✪ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ✪

# ਨਿਹਕਲੰਕ ਹਰਿਸ਼ਬਦ ਭੰਡਾਰ

# ਤੇਈਵਾਂ ਭਾਗ







http://nehklankharshabad.com/

## ਤਤਕਰਾ


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੨੮ ਜੇਠ ਸ਼ਹਿਨਸ਼ਾਹੀ ਸੰਮਤ ੮ | | ਕੱਲਾ | ਅੰਮ੍ਰਿਤਸਰ | ੦੧ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਕੁੰਦਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੩ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਸੁਖਦੇਵ ਰਾਜ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੪ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੪ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਗੁਰਬਖ਼ਸ਼ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੫ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਕਰਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੫ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਸਰਦਾਰਾ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੫ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਸਰਮੁਖ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੬ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੬ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਪ੍ਰੀਤਮ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੭ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਹਰਭਜਨ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੭ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਹਰਦੀਪ ਸਿੰਘ ਦੇ ਗ੍ਰਿਹਿ | ਕੱਲਾ | ਅੰਮ੍ਰਿਤਸਰ | ੦੮ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਮੱਖਣ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੦੮ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਕਰਨੈਲ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੦੮ |
| ੨੯ ਜੇਠ ਸ਼ਹਿਨਸ਼ਾਹੀ ਸੰਮਤ ੮ | ਮੱਸਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੦੯ |
| ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੮ | ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੦ |
| ੨ ਹਾੜ ਸ਼ਹਿਨਸ਼ਾਹੀ ਸੰਮਤ ੮ | ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੪ |
| ੩ ਹਾੜ ਸ਼ਹਿਨਸ਼ਾਹੀ ਸੰਮਤ ੮ | ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੬ |
| ੧੧ ਹਾੜ ਸ਼ਹਿਨਸ਼ਾਹੀ ਸੰਮਤ ੮ | ਹਰਭਜਨ ਸਿੰਘ ਦੇ ਗ੍ਰਿਹਿ | ਦਿੱਲੀ | | ੨੨ |
| ੧੫ ਹਾੜ ਸ਼ਹਿਨਸ਼ਾਹੀ ਸੰਮਤ ੮ | ਸੁਰਜੀਤ ਕੌਰ ਨਾਥੇਵਾਲ ਨਵਿਤ | ਜੇਠੂਵਾਲ | ਅੰਮ੍ਰਿਤਸਰ | ੨੫ |


1
੨੩

1
੨੩

| | | | |
|---|---|---|---|
| ੧੭ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਸ਼ਾਮ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੨੬ |
| ੧੭ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੨੯ |
| ੧੮ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਸ਼ਾਦੀਆਂ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੩੨ |
| ੧੮ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੪੧ |
| ੨੨ ਹਾੜ ਸ਼ਹਿਨਸ਼ਾਹੀ ਸੰਮਤ ੮ ਵਿਦੇਸ਼ੀ ਟੂਰ ਤੇ ਜਾਣ ਸਮੇਂ ਸਵੇਰੇ | ਜੇਠੂਵਾਲ | ਅੰਮ੍ਰਿਤਸਰ | ੪੭ |
| ੨੩ ਹਾੜ ਸ਼ਹਿਨਸ਼ਾਹੀ ਸੰਮਤ ੮ ਸੇਵਾ ਸਿੰਘ ਦੇ ਗ੍ਰਿਹਿ | ਗੁੜਗਾਉਂ | | ੫੦ |
| ੨੪ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਮਹਿੰਗਾ ਸਿੰਘ ਦੇ | ਨਵਿਤ ਧੀਰਪੁਰ ਦਿੱਲੀ | | ੫੧ |
| ੨੫ ਹਾੜ ਸ਼ਹਿਨਸ਼ਾਹੀ ਸੰਮਤ ੮ ਸੁਰਮੈਲ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | | ੫੨ |
| ੨੬ ਹਾੜ ਸ਼ਹਿਨਸ਼ਾਹੀ ਸੰਮਤ ੮ ਵਿਸ਼ਵਾਮਿੱਤਰ ਦੀ ਸ਼ਾਦੀ ਸਮੇਂ ਸਵੇਰੇ | ਮੇਰਠ ਛਾਉਣੀ | | ੫੪ |
| ੨੬ ਹਾੜ ਸ਼ਹਿਨਸ਼ਾਹੀ ਸੰਮਤ ੮ ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | | ੫੫ |
| ੩੦ ਹਾੜ ਸ਼ਹਿਨਸ਼ਾਹੀ ਸੰਮਤ ੮ ਅਜਮੇਰ ਸਿੰਘ ਦੇ ਗ੍ਰਿਹਿ | ਗਵਾਲੀਅਰ | | ੫੭ |
| ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੮ ਮੰਗਲ ਸਿੰਘ ਦੇ ਗ੍ਰਿਹਿ | ਭੁਪਾਲ | | ੬੦ |
| ੧ ਸਾਵਣ ਸ਼ਹਿਨਸ਼ਾਹੀ ਸੰਮਤ ੮ ਜਸਵੰਤ ਸਿੰਘ ਦੇ ਗ੍ਰਿਹਿ | ਇਟਾਰਸੀ | | ੬੨ |
| ੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਟੋਪਨ ਰਾਮ ਦੇ ਗ੍ਰਿਹਿ | ਇਟਾਰਸੀ | | ੬੬ |
| ੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਜੋਗਿੰਦਰ ਸਿੰਘ ਦੇ ਗ੍ਰਿਹਿ | ਇਟਾਰਸੀ | | ੬੯ |
| ੩ ਸਾਵਣ ਸ਼ਹਿਨਸ਼ਾਹੀ ਸੰਮਤ੮ ਚਮਨ ਲਾਲ ਦੇ ਗ੍ਰਿਹਿ | ਇਟਾਰਸੀ | | ੭੧ |
| ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਕੌੜਾ ਮਲ ਤੇ ਸਦਣ ਮਲ ਦੇ ਗ੍ਰਿਹਿ | ਇਟਾਰਸੀ | | ੭੨ |
| ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਜਸਵੰਤ ਸਿੰਘ ਦੇ ਗ੍ਰਿਹਿ | ਇਟਾਰਸੀ | | ੭੩ |
| ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਪਾਰੂ ਮੱਲ ਦੇ ਗ੍ਰਿਹਿ | ਇਟਾਰਸੀ | | ੭੮ |
| ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਹਰਦਿਤ ਸਿੰਘ ਦੇ ਗ੍ਰਿਹਿ | ਇਟਾਰਸੀ | | ੭੮ |
| ੪ ਸਾਵਣ ਸ਼ਹਿਨਸ਼ਾਹੀ ਸੰਮਤ ੮ ਸੁਰਿੰਦਰ ਸਿੰਘ ਦੇ ਗ੍ਰਿਹਿ | ਇਟਾਰਸੀ | | ੮੦ |
| ੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਸੰਤਾ ਸਿੰਘ ਦੇ ਗ੍ਰਿਹਿ | ਉਜੈਨ | | ੮੮ |



2 ੨੩

੧੪ ਸਾਵਣ ਸ਼ਹਿਨਸ਼ਾਹੀ ਸੰਮਤ ੮ ਪ੍ਰੀਤਮ ਸਿੰਘ ਦੇ ਗ੍ਰਿਹ ਪੂਨੇ ੯੦
੧੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਹਰਬੰਸ ਸਿੰਘ ਦੇ ਗ੍ਰਿਹ ਪੂਨੇ ੯੨
੧੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਭਾਨ ਸਿੰਘ ਦੇ ਗ੍ਰਿਹ ਪੂਨੇ ੯੩
੧੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਗਿਆਨ ਸਿੰਘ ਦੇ ਗ੍ਰਿਹ ਪੂਨੇ ੯੫
੧੬ ਸਾਵਣ ਸ਼ਹਿਨਸ਼ਾਹੀ ਸੰਮਤ ੮ ਅਜਾਇਬ ਸਿੰਘ ਦੇ ਗ੍ਰਿਹ ਪੂਨੇ ੯੭
੨੧ ਸਾਵਣ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਿਹ ਬੰਬਈ ੯੯
੨੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਖੁਸ਼ਹਾਲ ਸਿੰਘ ਦੇ ਗ੍ਰਿਹ ਬੰਬਈ ੧੦੨
੨੪ ਸਾਵਣ ਸ਼ਹਿਨਸ਼ਾਹੀ ਸੰਮਤ ੮ ਸ੍ਰੀ ਗੁਰੂ ਸਿੰਘ ਸਭਾ ਗੁਰੂਦੁਵਾਰਾ ਦਾਦਰ ਵਿਚ ਸਰ ਅਜ਼ੀਜ਼ ਫ਼ਕੀਰ
ਦੇ ਪਾਤਸ਼ਾਹ ਜੀ ਨਾਲ ਬਚਨ ਹੋਣ ਤੇ ਵਿਹਾਰ ਹੋਇਆ ਬੰਬਈ ੧੦੪
੨੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਸ੍ਰੀ ਗੁਰੂ ਸਿੰਘ ਸਭਾ ਗੁਰੂਦੁਵਾਰਾ ਵਿਚ ਗੁਰੂਦੁਵਾਰਾ ਪ੍ਰਬੰਧਕਾਂ
ਦੇ ਬਚਨ ਪੁਛਣ ਤੇ ਬੰਬਈ ੧੦੭
੨੬ ਸਾਵਣ ਸ਼ਹਿਨਸ਼ਾਹੀ ਸੰਮਤ ੮ ਬੰਦਰਗਾਹ ਤੋਂ ਜਹਾਜ਼ ਚਲਣ ਸਮੇਂ ਕਾਨਾ ਸੁਟਣ ਤੇ ਸਾਢੇ ਤਿੰਨ
ਸ਼ਾਮ ਨੂੰ ਵਿਹਾਰ ਹੋਇਆ ਬੰਬਈ ੧੧੧
੨੬ ਸਾਵਣ ਸ਼ਹਿਨਸ਼ਾਹੀ ਸੰਮਤ ੮ ਸਮੁੰਦਰੀ ਜਹਾਜ਼ ਵਿਚ ਰਾਤ ਸਾਢੇ ਦਸ ਵਜੇ ਵਿਹਾਰ ਹੋਇਆ ੧੧੨
੨੯ ਸਾਵਣ ਸ਼ਹਿਨਸ਼ਾਹੀ ਸੰਮਤ ੮ ਸਮੁੰਦਰੀ ਜਹਾਜ਼ ਵਿਚ ਕਪਤਾਨ ਮਿਲਾਫਸਕੀ ਤੇ ਦਇਆ ਕੀਤੀ ੧੧੬
੩੦ ਸਾਵਣ ਸ਼ਹਿਨਸ਼ਾਹੀ ਸੰਮਤ ੮ ਮਸਕਤ ਬੰਦਰਗਾਹ ਤੇ ਜਹਾਜ਼ ਪੁਜਣ ਤੇ ਦਇਆ ਕੀਤੀ ੧੧੬
੩੦ ਸਾਵਣ ਸ਼ਹਿਨਸ਼ਾਹੀ ਸੰਮਤ ੮ ਮਸਕਤ ਬੰਦਰਗਾਹ ਤੋਂ ਜਹਾਜ ਤੁਰਨ ਸਮੇਂ ਇਕਬਾਲ ਅਹਿਮਦਖਾਨ
ਡੀ ੫ ਹਾਜ਼ੀ ਅੱਛ ਬਿਲਡਿੰਗ ਬੰਬਈ ਤੇ ਅਲੀ ਹੁਸੈਨ ਸੰਨ ਆਫ ਮੁਹੰਮਦ ਹੁਸੈਨ
ਨਾਜ਼ਿਮ ਰਤਨਾਮ ਦੀ ਬੇਨਤੀ ਕਰਨ ਤੇ ਕਿ ਹਰ ਮਜ਼੍ਹਬ ਆਪਣੇ ਆਪ ਨੂੰ
ਬਹਿਤਰ ਸਮਝਦਾ ਹੈ ਪਰ ਸਤਿ ਕੀ ਹੈ ? ੧੧੯
ਫਿਰ ਬੇਨੰਤੀ ਕੀਤੀ ਕਿ ਆਪ ਜੀ ਦਾ ਸ਼ੁਭ ਨਾਮ ਕੀ ਹੈ ੧੨੦
੩੧ ਸਾਵਣ ਸ਼ਹਿਨਸ਼ਾਹੀ ਸੰਮਤ ੮ ਡੁਬੈਈ ਬੰਦਰਗਾਹ ਤੋਂ ਰਾਤ ਨੂੰ ਜਹਾਜ਼ ਚੱਲਣ ਸਮੇਂ ੧੨੧

| | | | |
|---|---|---|---|
| ੩੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਸਮੁੰਦਰ ਵਿਚ ਜਹਾਜ਼ ਚਲਿਆਂ ਜਾਂਦਿਆਂ ਹੀ ਵਿਹਾਰ ਹੋਇਆ | | | ੧੨੨ |
| ੩੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਦੋਹਾਂ ਬੰਦਰਗਾਹ ਤੇ ਜਹਾਜ਼ ਖੜੇ ਹੋਣ ਸਮੇਂ ਸ਼ਾਮ ਸਾਢੇ ਛੇ ਵਜੇ | | | ੧੨੫ |
| ੩੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਸ਼ਾਮ ਸਾਢੇ ਸੱਤ ਵੱਜੇ ਟਕਾ ਸੁੱਟਣ ਸਮੇਂ ਸਮੁੰਦਰ ਵਿਚ | | | ੧੨੬ |
| ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਬਹਿਰੀਨ ਤੇ ਖੜ੍ਹੇ ਜਹਾਜ਼ ਵਿਚ ਵਿਹਾਰ ਹੋਇਆ | | | ੧੨੭ |
| ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਾਢੇ ਅੱਠ ਵਜੇ ਸ਼ਾਮ ਬਹਿਰੀਨ ਬੰਦਰਗਾਹ ਤੇ ਖੜ੍ਹੇ ਜਹਾਜ਼ ਵਿਚ | | | ੧੩੨ |
| ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਾਢੇ ਦਸ ਵਜੇ ਰਾਤ ਬਹਿਰੀਨ ਬੰਦਰਗਾਹ ਤੇ ਖੜ੍ਹੇ ਜਹਾਜ਼ ਵਿਚ | | | ੧੩੪ |
| ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਵੇਰੇ ਬਹਿਰੀਨ ਬੰਦਰਗਾਹ ਤੇ ਖੜ੍ਹੇ ਜਹਾਜ਼ ਵਿਚ ਵਿਹਾਰ ਹੋਇਆ | | | ੧੩੭ |
| ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਵੇਰੇ ਕੁਵੈਤ ਬੰਦਰਗਾਹ ਤੇ ਸਮੁੰਦਰ ਵਿਚ ਜਹਾਜ਼ ਖੜ੍ਹੇ ਵਿਚ ਕਿਰਪਾ | | | ੧੪੧ |
| ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਿਹਿ ਸਵੇਰੇ ਕਿਰਪਾ ਕੀਤੀ | | ਕੁਵੈਤ | ੧੪੨ |
| ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਮਾਂ ੯ ਵਜੇ ਅਜੀਤ ਸਿੰਘ ਦੇ ਗ੍ਰਿਹਿ | | ਕੁਵੈਤ | ੧੪੪ |
| ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਰਾਤ ਬਾਰਾਂ ਵਜੇ ਅਜੀਤ ਸਿੰਘ ਦੇ ਗ੍ਰਿਹਿ | | ਕੁਵੈਤ | ੧੪੬ |
| ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਰਾਤ ਤਿੰਨ ਵਜੇ ਅਜੀਤ ਸਿੰਘ ਦੇ ਗ੍ਰਿਹਿ | | ਕੁਵੈਤ | ੧੪੮ |
| ੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਿਹਿ | | ਕੁਵੈਤ | ੧੪੯ |
| ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਿਹਿ | | ਕੁਵੈਤ | ੧੫੧ |
| ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਿਹਿ ਰੱਖੜੀ ਵਾਲੇ ਦਿਨ | | ਕੁਵੈਤ | ੧੫੨ |
| ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਬਸਰਾ ਹੱਦ ਤੋ ਅੱਧ ਮੀਲ ਉਤੇ ਦੁਪਹਿਰ ਇਰਾਕ ਵੜਦਿਆਂ | | | ੧੫੩ |
| ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਵੇਰੇ | ਬਸਰਾ | ਇਰਾਕ | ੧੫੬ |
| ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗਦਾਦ ਸ਼ਹਿਰ ਤੋਂ ੯ ਮੀਲ ਬਾਹਰ ਜਿਥੇ ਮੁਹੰਮਦ ਸਾਹਿਬ ਨੂੰ ਦਿਤੇ ਜ਼ਹਿਰ ਦਾ ਬੂਟਾ ਉਗਿਆ ਸੀ ਸਵਾ ਪਹਿਰ ਹਥਿਆਰਾਂ ਦਾ ਪਹਿਰਾ ਲਾ ਕੇ ਵਿਹਾਰ ਹੋਇਆ | | | ੧੫੯ |
| ਮੱਕਾ ਮੁਸ਼ਰਫ ਨੂੰ ਭੇਜਣ ਲਈ | | | ੧੬੫ |
| ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਦਜਲਾ ਦਰਿਆ ਦੇ ਕੰਢੇ ਤੇ | ਬਗਦਾਦ | ਇਰਾਕ | ੧੬੭ |


4
੨੩

੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹਿਲੋਲ ਲੋਧੀ ਨਾਲ
ਬੈਠ ਕੇ ਬਚਨ ਕੀਤੇ ਸਨ ਉਸ ਮਕਬਰੇ ਤੇ ਜਾ ਕੇ ਮਹਾਰਾਜ ਜੀ
ਨੇ ਕਿਰਪਾ ਕੀਤੀ ਬਗਦਾਦ ਇਰਾਕ ੧੬੯
੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਈਰਾਕ ਦੇ ਬਗਦਾਦ ਸ਼ਹਿਰ ਤੋਂ ਬਾਹਰ ਪਿੰਡ ਮੁਸਾਹਿਬ
ਫਰਾਤ ਦੇ ਕੰਢੇ ਖ਼ੂਨ ਕੱਢਣ ਸਮੇਂ ੧੭੩
੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਹਜ਼ਰਤ ਅਬਾਸ ਦੀ ਮੁਕੱਦਸ ਜਗ੍ਹਾ ਤੇ ਕਰਬਲੇ ਇਰਾਕ
ਦੇ ਬਗਦਾਦ ਸ਼ਹਿਰ ਤੋਂ ਬਾਦ ੧੭੬
੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗਦਾਦ ਸ਼ਹਿਰ ਤੋਂ ਬਾਹਰ ਕਰਬਲੇ ਦਰਵਾਜ਼ਾਏ ਕਿਬਲਾ
ਅਮਾਮ ਹੁਸੈਨ ਅਲੀ ਦੀ ਦਰਗਾਹ ਤੇ ੧੭੬
੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗਦਾਦ ਸ਼ਹਿਰ ਤੋਂ ਬਾਹਰ ਨਜ਼ਫ ਦਰਬਾਰ
ਐਲੀ ਦੇ ਮਕਬਰੇ ਤੇ ੧੭੭
੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸੀਰੀਆ ਦੇਸ ਤੇਲਕੋਟਚਕ ਤੋਂ ਕਮਿਸ਼ਲੀ ਦੇ ਰਸਤੇ ਵਿਚ
ਖੇਤਾਂ ਵਿਚ ਅਬਦੁਲ ਕਰੀਮ ਦੇ ਖਰਬੂਜੇ ਭੇਟਾ ਕਰਨ ਤੇ ੧੭੭
੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਤੁਰਕੀ ਇੰਸਤਮਬੋਲ ਸ਼ਹਿਰ ਰਾਤ ਨੂੰ ਆਟੋਮੁਬਾਇਲ ਦਫਤਰ ਦੇ
ਅੱਗੇ ਤਾਜ ਪਹਿਨ ਕੇ ੧੭੮
੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਤੁਰਕੀ ਦੇ ਇੰਸਤਮਬੋਲ ਸ਼ਹਿਰ ਤੋਂ ਇਕ ਸੌ ਇਕ ਮੀਲ ਬਾਹਰ
ਚਿਕਲੁਕ ਪਿੰਡ ਤੋਂ ਬਾਹਰ ੧੮੨
੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਪੈਰਿਸ ਤੋਂ ਬਾਹਰ ਫਰਾਂਸ ਦੀ ਰਾਜਧਾਨੀ ਦਰਿਆ ਦੇ ਕੰਢੇ ਤੇ ੧੮੫
੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਫਰਾਂਸ ਦੀ ਰਾਜਧਾਨੀ ਪੈਰਸ ਵਿਚ ਨੋਟੀ ਡੈਮ ਚਰਚ ਵੇਖ ਕੇ
ਦਰਿਆ ਦੇ ਕੰਢੇ ਤੇ ੧੮੯
੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਫਰਾਂਸ ਤੋਂ ਫੈਰੀ ਵਿਚ ਕੈਲੇ ਤੋਂ ਡੋਬਰ ਜਾਂਦਿਆਂ ਹੋਇਆਂ ੧੯੧
੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇੰਗਲੈਂਡ ਡੋਬਰ ਤੋਂ ਨਿਕਲ ਕੇ ਸੱਤ ਕੁ ਮੀਲ ਤੇ ਲੰਡਨ ਜਾਂਦਿਆਂ ੨੦੦

੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਮੁਕੰਦ ਸਿੰਘ ਦੇ ਗ੍ਰਹਿ ਇੰਗਲੈਂਡ ਲੰਡਨ ਸਾਊਥਹਾਲ
੭੬ ਬਰੈਸਫੋਰਡ ਰੋਡ ੨੦੫
੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਜੋਗਿੰਦਰ ਲਾਲ ਦੇ ਗ੍ਰਹਿ ਰਾਤ ਨੂੰ ਇੰਗਲੈਂਡ ਲੰਡਨ ਸਾਊਥ ਹਾਲ
੪੨ ਰੇਨੀਲੇਘ ਰੋਡ ਜੋਵਿੰਦਰ ੨੦੯
੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਹਰਬੰਸ ਸਿੰਘ ਦੇ ਗ੍ਰਹਿ ਇੰਗਲੈਂਡ ਲੰਡਨ ਸਾਊਥ ਹਾਲ ੨੧੨
੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇੰਗਲੈਂਡ ਲੰਡਨ ਸਾਊਥ ਹਾਲ ਰਾਮ ਗੜੀਆ ਗੁਰੂਦੁਵਾਰੇ ਵਿਚ ੨੧੬
ਫਿਰ ਸੰਗਤ ਬੇਨੰਤੀ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਹੈ
ਸ਼ਹਿਨਸ਼ਾਹ ਜੀ ਨੇ ਰਹਿਮਤ ਕੀਤੀ ੨੨੧
੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇੰਗਲੈਂਡ ਲੰਡਨ ਏਅਰ ਪੋਰਟ ਤੇ ਰਜਿੰਦਰ ਦੇ ਕਨੇਡਾ ਲਈ
ਵਿਦਾ ਹੋਣ ਸਮੇਂ ੨੨੫
੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸੁਖਦੇਵ ਕੌਰ ਦੇ ਗ੍ਰਹਿ ਇੰਗਲੈਂਡ ਵਰਮਿੰਗਮ ਵਾਲਸ ਆਲ ੬੫
ਕੈਰਨਜ਼ ਸਟਰੀਟ ਡਬਲੀਉ ਐਸ ੨੨੬
੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਮਹਿੰਦਰ ਸਿੰਘ ਤੇ ਸੋਹਣ ਸਿੰਘ ਦੇ ਗ੍ਰਹਿ
ਬਰਗਿੰਮ ਵਾਲਸ ਆਲ ੬੫ ਕੈਰਿਨਜ਼ ਸਟਰੀਟ ਇੰਗਲੈਂਡ ੨੨੯
੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਮਲਕੀਅਤ ਸਿੰਘ ਨਤ ਦੇ ਗ੍ਰਹਿ ਇੰਗਲੈਂਡ ਨਾਰਥ ਲੰਡਨ
੧੦ ਮਸਵਲਹਿਲ ੩੨ ਕਰੈਨ ਬੌਰਨ ਰੋਡ ੨੩੨
੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਭਾਗ ਸਿੰਘ ਹਰਾ ਦੇ ਗ੍ਰਹਿ ਇੰਗਲੈਂਡ ਨਾਰਥ ਲੰਡਨ ੧੫,
੮੪ ਕਾਰਲਿੰਗ ਫੋਰਡ ਰੋਡ ਭਾਗ ਸਿੰਘ ਹਰਾ ਦੇ ਗ੍ਰਹਿ ੨੩੪
੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਰਣਜੀਤ ਸਿੰਘ ਨਵਿਤ ਇੰਗਲੈਂਡ ਨਾਰਥ ਲੰਡਨ ੮ ਕੁਲੋਵੈਲੀ ਰੋਡ
੭ ਹਾਰਨ ਜੀ ੨੩੭
ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੮ ਨਿਰਭੈ ਸਿੰਘ ਦੇ ਗ੍ਰਹਿ
ਇੰਗਲੈਂਡ ਨਾਰਥ ਲੰਡਨ ੪੧ ਵੁਡ ਲੈਂਡ ਗਾਰਡਨ ੨੪੦


6 ੨੩

6 ੨੩

ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੮ ਜੁਗਿੰਦਰ ਸਿੰਘ ਦੇ ਗ੍ਰਹਿ ਸਰਬ ਹਰਿ ਸੰਗਤ ਨਵਿਤ ਇੰਗਲੈਂਡ
ਸਾਊਥ ਹਾਲ ੮੨ ਰੈਨਲ ਰੋਡ ੨੪੨

੨ ਅੱਸੂ ਸ਼ਹਿਨਸ਼ਾਹੀ ਸੰਮਤ ੮ ਸਾਊਥ ਹਾਲ ਸ੍ਰੀ ਗੁਰੂ ਸਿੰਘ ਸਭਾ ਗੁਰਦੁਵਾਰਾ ਲੰਡਨ ਇੰਗਲੈਂਡ ੨੪੮

੨ ਅੱਸੂ ਸ਼ਹਿਨਸ਼ਾਹੀ ਸੰਮਤ ੮ ਜੁਗਿੰਦਰ ਸਿੰਘ ਦੇ ਗ੍ਰਹਿ ਇੰਗਲੈਂਡ ਲੰਡਨ ਸਾਊਥ ਹਾਲ
੫੧ ਮੈਨਸਫੀਲਡ ਰੋਡ ੨੫੧

੨ ਅੱਸੂ ਸ਼ਹਿਨਸ਼ਾਹੀ ਸੰਮਤ ੮ ਗੁਰਦੀਪ ਸਿੰਘ ਦੇ ਗ੍ਰਹਿ ਇੰਗਲੈਂਡ ਲੰਡਨ ਸਾਊਥ ਹਾਲ
੧੫੬ ਬੀਕਨਸ ਫੀਲਡ ਰੋਡ ੨੫੫

੨ ਅੱਸੂ ਸ਼ਹਿਨਸ਼ਾਹੀ ਸੰਮਤ ੮ ਪਿਆਰੇ ਲਾਲ ਦੇ ਗ੍ਰਹਿ ਇੰਗਲੈਂਡ ਲੰਡਨ ਸਾਊਥ
੭ ਬਰੇਬੋਰਨ ਗਰੋਬ ਪੈਕਮ ੨੫੬

੩ ਅੱਸੂ ਸ਼ਹਿਨਸ਼ਾਹੀ ਸੰਮਤ ੮ ਮਨਜੀਤ ਕੌਰ ਦੇ ਗ੍ਰਹਿ ਇੰਗਲੈਂਡ ਸਾਊਥ ਲੰਡਨ
੭ ਬਰੇਬੋਨ ਗਰੋਬ ਪੈਕਮ ੨੫੯

੪ ਅੱਸੂ ਸ਼ਹਿਨਸ਼ਾਹੀ ਸੰਮਤ ੮ ਹਰਚਰਨ ਸਿੰਘ ਬਰਾੜ ਦੇ ਗ੍ਰਹਿ ਇੰਗਲੈਂਡ ਸਾਊਥ ਹਾਲ
੩੧ ਟਿਓਡਰ ਰੋਡ ੨੬੦

੫ ਅੱਸੂ ਸ਼ਹਿਨਸ਼ਾਹੀ ਸੰਮਤ ੮ ਪ੍ਰੀਤਮ ਸਿੰਘ ਦੇ ਗ੍ਰਹਿ ਇੰਗਲੈਂਡ ਲੰਲਨ ਸਾਊਥ ਹਾਲ
੧੫੯ ਬੀਕਨਸਫੀਲਡ ਰੋਡ ੨੬੩

੬ ਅੱਸੂ ਸ਼ਹਿਨਸ਼ਾਹੀ ਸੰਮਤ ੮ ਚੰਨਣ ਸਿੰਘ ਦੇ ਗ੍ਰਹਿ ਮਕਾਨ ਦੀ ਨੀਂਹ ਰੱਖਣ ਸਮੇਂ
ਇੰਗਲੈਂਡ ਹੋਨਜ਼ਲੋਹ ਮਿਡੈਕਸ ੭੦ ਵੇਅ ਅਵਨੀਉ ਕੈਰਨ ਫੋਰਡ ੨੬੬

੭ ਅੱਸੂ ਸ਼ਹਿਨਸ਼ਾਹੀ ਸੰਮਤ ੮ ਮਾਈ ਈਸ਼ਰ ਕੌਰ ਦੇ ਗ੍ਰਹਿ ਇੰਗਲੈਂਡ ਬਿਰਮਿੰਗਮ ਮੂਸਲੀ
੨੩ ਏ ਬੇਲੀ ਵਾਕ ੨੬੮

੮ ਅੱਸੂ ਸ਼ਹਿਨਸ਼ਾਹੀ ਸੰਮਤ ੮ ਮਾਈ ਮਹਿੰਦਰ ਕੌਰ ਦੇ ਗ੍ਰਹਿ ਇੰਗਲੈਂਡ ਬਿਰਮਿੰਗਮ ਮੂਸਲੀ
੨੩ ਏ ਬੇਲੀ ਵਾਕ ੨੭੨


7
੨੩


7
੨੩

੯ ਅੱਸੂ ਸ਼ਹਿਨਸ਼ਾਹੀ ਸੰਮਤ ੮ ਤੀਰਥ ਸਿੰਘ ਦੇ ਗ੍ਰਹਿ ਇੰਗਲੈਂਡ
ਵਾਲਸਆਲ ਲੀਮੋਰ ੨੩ ਕਾਰਲ ਸਟਰੀਟ ੨੭੪

੧੦ ਅੱਸੂ ਸ਼ਹਿਨਸ਼ਾਹੀ ਸੰਮਤ ੮ ਪ੍ਰਕਾਸ਼ ਸਿੰਘ ਦੇ ਗ੍ਰਹਿ ਇੰਗਲੈਂਡ ਹੋਲਵਰ ਹੇਮਪਟਨ ਸਟਾਫ
੭੫ ਡਨਸਟ ਆਲ ਰੋਡ ੨੭੮

੧੦ ਅੱਸੂ ਸ਼ਹਿਨਸ਼ਾਹੀ ਸੰਮਤ ੮ ਕੇਸਰ ਸੰਘ ਦੇ ਗ੍ਰਹਿ ਇੰਗਲੈਂਡ ਵਾਲਸਆਲ ਲੀਮੋਰ
੨੩ ਕਾਰਲ ਸਟਰੀਟ ੨੮੦

੧੧ ਅੱਸੂ ਸ਼ਹਿਨਸ਼ਾਹੀ ਸੰਮਤ ੮ ਅਜਮੇਰ ਕੌਰ ਦੇ ਗ੍ਰਹਿ ਇੰਗਲੈਂਡ ਵਾਲਸ ਆਲ ਸਟਾਫ
੬੫ ਕੈਰਨਜ਼ ਸਟਰੀਟ ੨੮੮

੧੪ ਅੱਸੂ ਸ਼ਹਿਨਸ਼ਾਹੀ ਸੰਮਤ ੮ ਇੰਗਲੈਂਡ ਲੰਡਨ ਗਰੀਨ ਹਾਲ ਗੁਰੂਦੁਵਾਰੇ ਵਿਚ ਵਿਹਾਰ ਹੋਇਆ ੨੯੧

8
੨੩

੧੪ ਅੱਸੂ ਸ਼ਹਿਨਸ਼ਾਹੀ ਸੰਮਤ ੮ ਸੋਹਣ ਸਿੰਘ ਲਲੀਆਂ ਦੇ ਗ੍ਰਹਿ ਇੰਗਲੈਂਡ ਲੰਡਨ ਸਾਊਥ ਹਾਲ
੮੫ ਰੈਨਲੇ ਰੋਡ ੩੦੮

੧੬ ਅੱਸੂ ਸ਼ਹਿਨਸ਼ਾਹੀ ਸੰਮਤ ੮ ਹਰਭਜਨ ਸਿੰਘ ਗੜ੍ਹ ਸ਼ੰਕਰ ਵਾਲੇ ਦੇ ਗ੍ਰਹਿ ਇੰਗਲੈਂਡ ਲੰਡਨ
ਸਾਊਥ ਹਾਲ ਮਿਡਲ ਸੈਕਸ ੪੧ ਹੋਮਨੋਡ ਰੋਡ ੩੧੧

੧੬ ਅੱਸੂ ਸ਼ਹਿਨਸ਼ਾਹੀ ਸੰਮਤ ੮ ਮੁਕੰਦ ਸਿੰਘ ਦੇ ਗ੍ਰਹਿ ਇੰਗਲੈਂਡ ਲੰਡਨ ਸਾਊਥ ਹਾਲ
੫੬ ਬਰੈਸਫੋਰਡ ਰੋਡ ੩੧੩

੧੭ ਅਸੂ ਸ਼ਹਿਨਸ਼ਾਹੀ ਸੰਮਤ ੮ ਪਿਆਰੇ ਲਾਲ ਦੇ ਗ੍ਰਹਿ ਇੰਗਲੈਂਡ ਸਾਊਥ ਲੰਡਨ
੭ ਬਰੇਬੋਰਨ ਗਰੋਬ ਪੈਕਮ ੩੧੯

੧੯ ਅੱਸੂ ਸ਼ਹਿਨਸ਼ਾਹੀ ਸੰਮਤ ੮ ਦਰਸ਼ਨ ਸਿੰਘ ਦੇ ਗ੍ਰਹਿ
ਇੰਗਲੈਂਡ ਬਲਵੀਦਰੀ ਕੈਂਟ ੨੯ ਰਿਪਲੀ ਰੋਡ ੩੨੧

੨੦ ਅੱਸੂ ਸ਼ਹਿਨਸ਼ਾਹੀ ਸੰਮਤ ੮ ਇੰਗਲੈਂਡ ਕੈਂਟਬਰੀ ਦੇ ਕੈਥੀਡਰਲ ਵਿਖੇ ਮਿਸਟਰ ਐਨ ਵਾਈਟ
ਟਾਮਸਨ ਡੀਅਨ ਕੈਂਟਰਬਰੀ ਕੈਥੀਡਰਲ ਦੇ ਨਵਿਤ ੩੨੪

8
੨੩

| | | | |
|---|---|---|---|
| ੨੩ ਅੱਸੂ ਸ਼ਹਿਨਸ਼ਾਹੀ ਸੰਮਤ ੮ ਫਰਾਂਸ ਪੈਰਸ ੨ ਰਿਊ ਸਿਸਲੀ ਪੋਰਟ ਡੀ ਕੈਲਿਸ਼ੀ ੧੭ ਈ ਪੈਰਸ ੭੫ ਸੈਲੀਨ ਡੀ ਪੈਰੀ ਜੋਨ ਡਰਨ ਦੇ ਗ੍ਰਹਿ | | | ੩੨੫ |
| ੮ ਕੱਤਕ ਸ਼ਹਿਨਸ਼ਾਹੀ ਸੰਮਤ ੮ ਕਰਤਾਰ ਸਿੰਘ ਦੇ ਗ੍ਰਹਿ | | ਕੁਵੈਤ | ੩੨੬ |
| ੧੦ ਕਤਕ ਸ਼ਹਿਨਸ਼ਾਹੀ ਸੰਮਤ ੮ ਗੁਰੁਦੁਵਾਰਾ ਨੀਗਰਾ ਸਾਲਮੀਆ ਵਿਖੇ | | ਕੁਵੈਤ | ੩੨੯ |
| ੧੩ ਕਤਕ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਹਿ | | ਕੁਵੈਤ | ੩੩੨ |
| ਪਹਿਲੀ ਮਘਰ ਸ਼ਹਿਨਸ਼ਾਹੀ ਸੰਮਤ ੮ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੩੪੮ |
| ੬ ਮੱਘਰ ਸ਼ਹਿਨਸ਼ਾਹੀ ਸੰਮਤ ੮ ਹਰਜੀਤ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੫੩ |
| ੧੫ ਮੱਘਰ ਸ਼ਹਿਨਸ਼ਾਹੀ ਸੰਮਤ ੮ ਬਖਸ਼ੀਸ਼ ਸਿੰਘ ਸੁਗੋ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੫੫ |
| ੧੮ ਮੱਘਰ ਸ਼ਹਿਨਸ਼ਾਹੀ ਸੰਮਤ ੮ ਪਿੰਦਰ ਸਿੰਘ ਜੰਡਿਆਲਾ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੫੬ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੮ ਰਾਮ ਸਿੰਘ ਦੇ ਗ੍ਰਹਿ | ਗਵਾਲ ਟੋਲੀ | ਫਿਰੋਜ਼ਪੁਰ ਛਾਉਣੀ | ੩੫੭ |
| ੩੦ ਮਘਰ ਸ਼ਹਿਨਸ਼ਾਹੀ ਸੰਮਤ ੮ ਰਤਨ ਸਿੰਘ ਦਲੀਪ ਸਿੰਘ ਪ੍ਰੀਤਮ ਸਿੰਘ ਸੁੱਚਾ ਸਿੰਘ ਨਿਹੰਗ ਸੁਲਖਣ ਸਿੰਘ ਕਸ਼ਮੀਰ ਸਿੰਘ | ਜੇਠੂਵਾਲ | ਅੰਮ੍ਰਿਤਸਰ | ੩੬੦ |
| ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੮ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੩੬੧ |
| ੨ ਪੋਹ ਸ਼ਹਿਨਸ਼ਾਹੀ ਸੰਮਤ ੮ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੩੬੯ |
| ੪ ਪੋਹ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੩੭੦ |
| ੯ ਪੋਹ ਸ਼ਹਿਨਸ਼ਾਹੀ ਸੰਮਤ ੮ ਜਗਦੀਸ਼ ਕੌਰ ਦੇ ਗ੍ਰਹਿ | ਅੰਮ੍ਰਿਤਸਰ | | ੩੭੧ |
| ੯ ਪੋਹ ਸ਼ਹਿਨਸ਼ਾਹੀ ਸੰਮਤ ੮ ਰਾਤ ਨੂੰ ਬੂਟਾ ਸਿੰਘ ਐਕਲਗਡੇ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੩੭੨ |
| ੧੦ ਪੋਹ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੩੭੩ |
| ੨੦ ਪੋਹ ਸ਼ਹਿਨਸ਼ਾਹੀ ਸੰਮਤ ੮ ਲਾਲ ਸਿੰਘ ਦੇ ਗ੍ਰਹਿ | ਡੱਲੇਵਾਲ | ਜਲੰਧਰ | ੩੭੪ |
| ੨੩ ਪੋਹ ਸ਼ਹਿਨਸ਼ਾਹੀ ਸੰਮਤ ੮ ਲੰਗਰ ਦੀ ਛੱਤ ਪਾਉਣ ਸਮੇ | ਜੇਠੂਵਾਲ | ਅੰਮ੍ਰਿਤਸਰ | ੩੭੫ |
| ੨੬ ਪੋਹ ਸ਼ਹਿਨਸ਼ਾਹੀ ਸੰਮਤ ੮ ਲੰਗਰ ਦੀ ਚੱਠ ਸਮੇਂ ਸਵੇਰੇ | ਜੇਠੂਵਾਲ | ਅੰਮ੍ਰਿਤਸਰ | ੩੭੭ |
| ੨੬ ਪੋਹ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੩੮੦ |


9
੨੩

| | | | |
|---|---|---|---|
| ੨੭ ਪੋਹ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੩੯੯ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੮ ਸਵੇਰੇ ਸ਼ਾਦੀਆਂ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੪੦੬ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੮ ਮਾਂ ਜੀ ਬਿਸ਼ਨ ਕੌਰ ਦੇ ਦਰਬਾਰ ਲਿਆਉਣ ਸਮੇਂ ਦੁਪਹਿਰੇ | ਜੇਠੂਵਾਲ | ਅੰਮ੍ਰਿਤਸਰ | ੪੦੯ |
| ੨੯ ਪੋਹ ਸ਼ਹਿਨਸ਼ਾਹੀ ਸੰਮਤ ੮ ਰਾਤ ਗਿਰਧਾਰਾ ਸਿੰਘ ਲਾਂਗਰੀ ਦੇ ਲੋਹੜੀ ਮੰਗਣ ਤੇ | ਜੇਠੂਵਾਲ | ਅੰਮ੍ਰਿਤਸਰ | ੪੧੨ |
| ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੮ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੪੧੪ |
| ੯ ਮਾਘ ਸ਼ਹਿਨਸ਼ਾਹੀ ਸੰਮਤ ੮ ਮਾਂ ਜੀ ਬਿਸ਼ਨ ਕੌਰ ਤੇ ਮਨਜੀਤ ਸਿੰਘ ਮਹੂ ਵਾਲੇ ਦੇ ਅੰਤਮ ਸਸਕਾਰ ਦੇ ਸਮੇਂ ਵਿਹਾਰ ਹੋਇਆ | ਜੇਠੂਵਾਲ | ਅੰਮ੍ਰਿਤਸਰ | ੪੨੧ |
| ੦੯ ਪੋਹ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੪੨੪ |
| ੧੨ ਮਾਘ ਸ਼ਹਿਨਸ਼ਾਹੀ ਸੰਮਤ ੮ ਸੁਵੇਰੇ ਮਾਂ ਜੀ ਬਿਸ਼ਨ ਕੌਰ ਤੇ ਮਨਜੀਤ ਸਿੰਘ ਮਹੂ ਵਾਲੇ ਦੀ ਅੰਤਮ ਸਸਕਾਰ ਤੋਂ ਬਾਦ ਰਾਖ ਇਕੱਠੀ ਕਰਨ ਸਮੇਂ | ਜੇਠੂਵਾਲ | ਅੰਮ੍ਰਿਤਸਰ | ੪੨੯ |
| ੧੨ ਮਾਘ ਸ਼ਹਿਨਸ਼ਾਹੀ ਸੰਮਤ ੮ ਰਾਤ ਨੂੰ ਮਾਂ ਜੀ ਬਿਸ਼ਨ ਕੌਰ ਤੇ ਮਨਜੀਤ ਸਿੰਘ ਮਹੂਵਾਲੇ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੪੩੩ |
| ੧੪ ਮਾਘ ਸ਼ਹਿਨਸ਼ਾਹੀ ਸੰਮਤ ੮ ਰਾਮ ਸਿੰਘ ਦੇ ਗ੍ਰਿਹਿ | ਗਵਾਲ ਟੋਲੀ | ਫਿਰੋਜਪੁਰ ਛਾਉਣੀ | ੪੩੭ |
| ੧੫ ਮਾਘ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਨਿਵਾਸੀ ਖੇਤਾਂ ਵਿਚ ਕੰਮ ਕਰਨ ਵਾਲਿਆਂ ਸਿੱਖਾਂ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੪੩੯ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੮ ਦਲੀਪ ਸਿੰਘ ਚਰਨ ਸਿੰਘ ਤਾਰਾ ਸਿੰਘ ਦੇ ਗ੍ਰਿਹਿ | ਮਾਨਾਵਾਲਾ | ਅੰਮ੍ਰਿਤਸਰ | ੪੪੦ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੮ ਮੰਗਲ ਸਿੰਘ ਦੇ ਗ੍ਰਿਹਿ | ਸਾਰੰਗੜਾ | ਅੰਮ੍ਰਿਤਸਰ | ੪੪੩ |
| ੧੮ ਮਾਘ ਸ਼ਹਿਨਸ਼ਾਹੀ ਸੰਮਤ ੮ ਕਾਰਜ ਸਿੰਘ ਦੇ ਗ੍ਰਿਹਿ | ਸਾਰੰਗੜਾ | ਅੰਮ੍ਰਿਤਸਰ | ੪੪੬ |
| ੧੮ ਮਾਘ ਸ਼ਹਿਨਸ਼ਾਹੀ ਸੰਮਤ ੮ ਅਵਤਾਰ ਸਿੰਘ ਦੇ ਗ੍ਰਿਹਿ | ਕਾਉਂਕੇ | ਅੰਮ੍ਰਿਤਸਰ | ੪੪੭ |

| | | | | | | | | |
|---|---|---|---|---|---|---|---|---|
| ੧੮ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਹਜ਼ਾਰਾ ਸਿੰਘ ਦੇ ਗ੍ਰਹਿ | ਘਨੂਕਪੁਰ | ਅੰਮ੍ਰਿਤਸਰ | ੪੪੮ |
| ੧੮ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਸਵਰਨ ਸਿੰਘ ਦੇ ਗ੍ਰਹਿ | ਗੁਮਾਨਪੁਰ | ਅੰਮ੍ਰਿਤਸਰ | ੪੪੯ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਅਜੀਤ ਸਿੰਘ ਦੇ ਗ੍ਰਹਿ | ਗੁਮਾਨਪੁਰ | ਅੰਮ੍ਰਿਤਸਰ | ੪੫੨ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਨਰਾਇਣ ਸਿੰਘ ਦੇ ਗ੍ਰਹਿ | ਗੁਮਾਨਪੁਰ | ਅੰਮ੍ਰਿਤਸਰ | ੪੫੪ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਪੂਰਨ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੪੫੬ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਮਹਿੰਦਰ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੪੫੬ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਹਰੀ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੪੫੭ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਅਜੈਬ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੫੯ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਮੁਖਤਿਆਰ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੬੦ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਬੀਰ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੬੧ |
| ੧੯ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਗੁਰਬਖ਼ਸ਼ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੬੨ |
| ੨੦ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਚੰਨਣ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੬੩ |
| ੨੦ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਕਰਮ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੬੪ |
| ੨੦ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਅਰਜਨ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੬੬ |
| ੨੦ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਜਗੀਰ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੪੬੭ |
| ੨੦ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਕਰਤਾਰ ਸਿੰਘ ਦੇ ਗ੍ਰਹਿ | ਭੋਜੀਆਂ | ਅੰਮ੍ਰਿਤਸਰ | ੪੬੮ |
| ੨੦ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਮੱਸਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੪੭੦ |
| ੨੧ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਦਾਰਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੪੭੧ |
| ੨੧ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਕਰਨੈਲ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੪੭੩ |
| ੨੧ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਮਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੪੭੪ |
| ੨੧ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਮਹਿੰਦਰ ਸਿੰਘ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੪੭੫ |
| ੨੧ | ਮਾਘ | ਸ਼ਹਿਨਸ਼ਾਹੀ | ਸੰਮਤ | ੮ | ਬੀਬੀ ਅਜੈਬ ਕੌਰ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੪੭੬ |

11
੨੩

| | | | |
|---|---|---|---|
| ੨੧ ਮਾਘ ਸ਼ਹਿਨਸ਼ਾਹੀ ਸੰਮਤ ੮ ਕੁੰਦਨ ਸਿੰਘ ਦੇ ਗ੍ਰਹਿ | ਮਾਲਚਕ | ਅੰਮ੍ਰਿਤਸਰ | ੪੭੭ |
| ੨੧ ਮਾਘ ਸ਼ਹਿਨਸ਼ਾਹੀ ਸੰਮਤ ੮ ਗੁਰਨਾਮ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੪੭੮ |
| ੨੧ ਮਾਘ ਸ਼ਹਿਨਸ਼ਾਹੀ ਸੰਮਤ ੮ ਨਰਾਇਣ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੪੭੯ |
| ੨੧ ਮਾਘ ਸ਼ਹਿਨਸ਼ਾਹੀ ਸੰਮਤ ੮ ਸੁਖਦੇਵ ਰਾਮ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੪੮੧ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਰੋਸ਼ਨ ਲਾਲ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੪੮੩ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਦਿਆਲ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੪੮੪ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੪੮੪ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੪੮੬ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਕੁੰਦਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੪੮੭ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਉਤਮ ਸਿੰਘ ਦੇ ਗ੍ਰਹਿ | ਵੈਰੋਵਾਲ | ਅੰਮ੍ਰਿਤਸਰ | ੪੮੮ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਸੋਹਣ ਸਿੰਘ ਦੇ ਗ੍ਰਹਿ | ਰਾਮਪੁਰ | ਅੰਮ੍ਰਿਤਸਰ | ੪੯੦ |
| ੨੨ ਮਾਘ ਸ਼ਹਿਨਸ਼ਾਹੀ ਸੰਮਤ ੮ ਊਧਮ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੪੯੨ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੮ ਗੁਲਜ਼ਾਰ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੪੯੫ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੮ ਮੁਖਤਿਆਰ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੪੯੬ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੮ ਗੁਰਮੁਖ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੪੯੬ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੮ ਪਾਲ ਸਿੰਘ ਦੇ ਗ੍ਰਹਿ | ਭਲਾਈਪੁਰ | ਅੰਮ੍ਰਿਤਸਰ | ੪੯੮ |
| ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੮ ਰਾਤ ਨੂੰ ਵਿਹਾਰ ਹੋਇਆ | ਜੇਠੂਵਾਲ | ਅੰਮ੍ਰਿਤਸਰ | ੪੯੯ |
| ੩ ਫੱਗਣ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੫੦੭ |
| ੪ ਫੱਗਣ ਸ਼ਹਿਨਸ਼ਾਹੀ ਸੰਮਤ ੮ ਹਜ਼ਾਰਾ ਸਿੰਘ ਦੇ ਗ੍ਰਹਿ | ਫਤੂਚਕ | ਕਪੂਰਥਲਾ | ੫੧੦ |
| ੫ ਫੱਗਣ ਸ਼ਹਿਨਸ਼ਾਹੀ ਸੰਮਤ ੮ ਗਿਆਨ ਸਿੰਘ ਦੇ ਗ੍ਰਹਿ | ਸੁਰਖਪੁਰ | ਕਪੂਰਥਲਾ | ੫੧੨ |
| ੫ ਫੱਗਣ ਸ਼ਹਿਨਸ਼ਾਹੀ ਸੰਮਤ ੮ ਮਨਜੀਤ ਕੌਰ ਦੇ ਗ੍ਰਹਿ | ਨੂਰਪੁਰ | ਕਪੂਰਥਲਾ | ੫੧੩ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਕਰਤਾਰ ਕੌਰ ਦੇ ਗ੍ਰਹਿ | ਮਜੀਦ ਪੁਰ | ਕਪੂਰਥਲਾ | ੫੧੪ |


12
੨੩

| | | | |
|---|---|---|---|
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਮਹਿੰਦਰ ਸਿੰਘ ਦੇ ਗ੍ਰਿਹਿ | ਹਰਨਾਮਪੁਰ | ਕਪੂਰਥਲਾ | ੫੧੬ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਸੁੰਦਰ ਸਿੰਘ ਦੇ ਨਵਿਤ ਦੁਵਾਬੇ ਦੇ ਟੂਰ ਸਮੇਂ | | ਕੱਲਾ | ੫੧੬ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਸਰੂਪ ਸਿੰਘ ਦੇ ਗ੍ਰਿਹਿ | ਟਿੱਬਾ | ਕਪੂਰਥਲਾ | ੫੧੭ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਪਿਆਰਾ ਸਿੰਘ ਦੇ ਗ੍ਰਿਹਿ | ਜਾਂਗਲੀ | ਕਪੂਰਥਲਾ | ੫੧੮ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਜਗੀਰ ਸਿੰਘ ਦੇ ਗ੍ਰਿਹਿ | ਸ਼ਕਾਰਪੁਰ | ਕਪੂਰਥਲਾ | ੫੧੯ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਗੁਰਦਿਤ ਸਿੰਘ ਦੇ ਗ੍ਰਿਹਿ | ਵਲਣੀ | ਕਪੂਰਥਲਾ | ੫੨੦ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਕਰਤਾਰ ਸਿੰਘ ਦੌਲਤ ਸਿੰਘ ਗੁਰਦਿਆਲ ਸਿੰਘ | ਦੇ ਨਵਿਤ | ਕਪੂਰਥਲਾ | ੫੨੧ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੮ ਗੁਰਬਚਨ ਸਿੰਘ ਦੇ ਗ੍ਰਿਹਿ | ਆਹਮਪੁਰ | ਕਪੂਰਥਲਾ | ੫੨੩ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਫੁੰਮਣ ਸਿੰਘ ਦੇ ਗ੍ਰਿਹਿ | ਆਹਮਪੁਰ | ਕਪੂਰਥਲਾ | ੫੨੫ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਿਹਿ | ਆਹਮਪੁਰ | ਕਪੂਰਥਲਾ | ੫੨੫ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਤਰਸੇਮ ਸਿੰਘ ਦੇ ਗ੍ਰਿਹਿ | ਆਹਮਪੁਰ | ਕਪੂਰਥਲਾ | ੫੨੬ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਜੁਗਿੰਦਰ ਸਿੰਘ ਦੇ ਗ੍ਰਿਹਿ | ਆਹਮਪੁਰ | ਕਪੂਰਥਲਾ | ੫੨੬ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਕਰਮ ਸਿੰਘ ਦੇ ਗ੍ਰਿਹਿ | ਆਹਮਪੁਰ | ਕਪੂਰਥਲਾ | ੫੨੭ |
| ੭ ਫਗਣ ਸ਼ਹਿਨਸ਼ਾਹੀ ਸੰਮਤ ੮ ਪ੍ਰੀਤਮ ਸਿੰਘ ਦੇ ਗ੍ਰਿਹਿ | ਕੋਟਲੀ | ਜਲੰਧਰ | ੫੨੮ |
| ੭ ਫਗਣ ਸ਼ਹਿਨਸ਼ਾਹੀ ਸੰਮਤ ੮ ਹਰਦਿਆਲ ਸਿੰਘ ਦੇ ਗ੍ਰਿਹਿ | | ਜਲੰਧਰ | ੫੩੦ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਪਿਆਰਾ ਸਿੰਘ ਦੇ ਗ੍ਰਿਹਿ | ਜਲੰਧਰ | ਜਲੰਧਰ | ੫੩੦ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਨਗੀਨਾ ਸਿੰਘ ਦੇ ਗ੍ਰਿਹਿ | ਜਲੰਧਰ | ਜਲੰਧਰ | ੫੩੨ |
| ੭ ਫਗਣ ਸ਼ਹਿਨਸ਼ਾਹੀ ਸੰਮਤ ੮ ਲਾਲ ਸਿੰਘ ਦੇ ਗ੍ਰਿਹਿ | ਹੇਰਾਂ | ਜਲੰਧਰ | ੫੩੪ |
| ੮ ਫੱਗਣ ਸ਼ਹਿਨਸ਼ਾਹੀ ਸੰਮਤ ੮ ਸਵਰਨ ਸਿੰਘ ਦੇ ਗ੍ਰਿਹਿ | ਹੇਰਾਂ | ਜਲੰਧਰ | ੫੪੧ |
| ੮ ਫੱਗਣ ਸ਼ਹਿਨਸ਼ਾਹੀ ਸੰਮਤ ੮ ਗੁਰਚਰਨ ਕੌਰ ਦੇ ਨਵਿਤ | ਹੇਰਾਂ | ਜਲੰਧਰ | ੫੪੨ |
| ੮ ਫੱਗਣ ਸ਼ਹਿਨਸ਼ਾਹੀ ਸੰਮਤ ੮ ਰਾਮ ਸਿੰਘ ਦੇ ਗ੍ਰਿਹਿ | ਸ਼ਰੀਹ | ਜਲੰਧਰ | ੫੪੨ |

| | | | | | | | | | |
|---|---|---|---|---|---|---|---|---|---|
| ੮ | ਫਗਣ | ਸ਼ਹਿਨਸ਼ਾਹੀ ਸੰਮਤ | ੮ | ਪ੍ਰੀਤਮ ਸਿੰਘ | ਦੇ | ਗ੍ਰਿਹਿ | ਜੰਡਿਆਲਾ | ਜਲੰਧਰ | ੫੪੪ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਕਰਤਾਰ ਕੌਰ | ਦੇ | ਗ੍ਰਿਹਿ | ਜੰਡਿਆਲਾ | ਜਲੰਧਰ | ੫੪੪ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗੁਰਮੇਜ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੪੫ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗੁਰਮੀਤ ਕੌਰ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੪੬ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਸਮਾਂ ਕੌਰ | ਦੇ | ਨਿਵਿਤ | ਰੁੜਕਾ | ਜਲੰਧਰ | ੫੪੭ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਪ੍ਰਕਾਸ਼ ਕੌਰ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੪੮ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਤੇਜ ਕੌਰ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੪੯ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਦਰਸ਼ਨ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੪੯ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਸੁਰਜੀਤ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੦ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਪ੍ਰੀਤਮ ਕੌਰ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੦ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਭਜਨੋ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੧ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਛਿੰਦੋ | ਦੇ | ਗ੍ਰਿਹਿ | ਬਿਲਗਾ | ਜਲੰਧਰ | ੫੫੧ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗਰਦਾਵਰ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੨ |
| ੯ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਜੁਗਿੰਦਰ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੨ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਜਾਗੀਰ ਕੌਰ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੩ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗੁਰਦੇਵ ਕੌਰ | ਦੇ | ਗ੍ਰਿਹਿ | ਬਿਲਗਾ | ਜਲੰਧਰ | ੫੫੩ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਕਰਤਾਰ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੪ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਆਤਮਾ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੪ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਨਿਰਮਲ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੫ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਜਸਵੰਤ ਸਿੰਘ | ਦੇ | ਗ੍ਰਿਹਿ | ਰੁੜਕਾ | ਜਲੰਧਰ | ੫੫੫ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗੁਰਦੇਵ ਸਿੰਘ | ਦੇ | ਗ੍ਰਿਹਿ | ਨਵਾਂ ਪਿੰਡ | ਜਲੰਧਰ | ੫੫੬ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਲਾਲ ਸਿੰਘ | ਦੇ | ਗ੍ਰਿਹਿ | ਡੱਲੇਵਾਲ | ਜਲੰਧਰ | ੫੫੭ |


14 ੨੩

| | | | | | | |
|---|---|---|---|---|---|---|
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਹਜ਼ੂਰਾ ਸਿੰਘ ਦੇ ਗ੍ਰਹਿ | ਗੁਰਾਇਆ | ਜਲੰਧਰ | ੫੫੮ |
| ੧੦ | ਫਗਣ | ਸ਼ਹਿਨਸ਼ਾਹੀ ਸੰਮਤ ੮ | ਕੇਹਰ ਸਿੰਘ ਦੇ ਗ੍ਰਹਿ | ਰੁੜਕਾ | ਜਲੰਧਰ | ੫੫੯ |
| ੧੦ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਸਾਧੂ ਸਿੰਘ ਦੇ ਗ੍ਰਹਿ | ਫਗਵਾੜਾ | ਜਲੰਧਰ | ੫੫੯ |
| ੧੦ | ਫਗਣ | ਸ਼ਹਿਨਸ਼ਾਹੀ ਸੰਮਤ ੮ | ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੫੬੦ |
| ੧੧ | ਫਗਣ | ਸ਼ਹਿਨਸ਼ਾਹੀ ਸੰਮਤ ੮ | ਮਣਸਾ ਸਿੰਘ ਗੁਰਨਾਮ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੫੬੨ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਰਾਮ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੫੬੨ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਪ੍ਰੇਮ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੫੬੩ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਚਰਨ ਕੌਰ ਦੇ ਗ੍ਰਹਿ | ਮਾਹਲ ਗੇਲਾ | ਜਲੰਧਰ | ੫੬੩ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਮਹਿੰਦਰ ਕੌਰ ਦੇ ਗ੍ਰਹਿ | ਫਰਾਲਾ | ਜਲੰਧਰ | ੫੬੪ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਗੁਰਦੇਵ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੫੬੫ |
| ੧੧ | ਫਗਣ | ਸ਼ਹਿਨਸ਼ਾਹੀ ਸੰਮਤ ੮ | ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੫੬੫ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਪ੍ਰੇਮ ਸਿੰਘ ਦੇ ਗ੍ਰਹਿ | ਜਮਸ਼ੇਰ | ਜਲੰਧਰ | ੨੬੬ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਸਿੰਘ ਦੇ ਗ੍ਰਹਿ | ਜਮਸ਼ੇਰ | ਜਲੰਧਰ | ੫੬੭ |
| ੧੧ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਜਸਬੀਰ ਸਿੰਘ ਦੇ ਗ੍ਰਹਿ | ਕੋਟਲੀ ਥਾਨਸਿੰਘ | ਜਲੰਧਰ | ੫੬੮ |
| ੧੧ | ਫਗਣ | ਸ਼ਹਿਨਸ਼ਾਹੀ ਸੰਮਤ ੮ | ਮਹਿੰਗਾ ਸਿੰਘ ਦੇ ਗ੍ਰਹਿ | ਹਰੀ ਪੁਰ | ਜਲੰਧਰ | ੫੬੮ |
| ੧੨ | ਫਗਣ | ਸ਼ਹਿਨਸ਼ਾਹੀ ਸੰਮਤ ੮ | ਭਜਨੋ ਦੇ ਨਵਿਤ | ਹਰੀ ਪੁਰ | ਜਲੰਧਰ | ੫੭੧ |
| ੧੨ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਸ਼ਿਵ ਸਿੰਘ ਦੇ ਗ੍ਰਹਿ | ਜਲ ਪੋਤਾ | ਜਲੰਧਰ | ੫੭੧ |
| ੧੨ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਸੰਤ ਗੁਰਬਖਸ਼ ਦੇ ਗ੍ਰਹਿ | ਨਵੀਂ ਡਰੋਲੀ | ਜਲੰਧਰ | ੫੭੪ |
| ੧੨ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਭਜਨ ਸਿੰਘ ਦੇ ਗ੍ਰਹਿ | ਆਦਮ ਪੁਰ | ਜਲੰਧਰ | ੫੭੫ |
| ੧੨ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਜਰਨੈਲ ਸਿੰਘ ਦੇ ਗ੍ਰਹਿ | ਸਗਵਾਲ | ਜਲੰਧਰ | ੫੭੭ |
| ੧੨ | ਫਗਣ | ਸ਼ਹਿਨਸ਼ਾਹੀ ਸੰਮਤ ੮ | ਜਸਵੰਤ ਸਿੰਘ ਦੇ ਗ੍ਰਹਿ | ਕਰਤਾਰ ਪੁਰ | ਜਲੰਧਰ | ੫੭੮ |
| ੧੩ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਹਰਬੰਸ ਸਿੰਘ ਦੇ ਨਵਿਤ | ਕਰਤਾਰ ਪੁਰ | ਜਲੰਧਰ | ੫੮੪ |


15
੨੩

16
੨੩

| | | | | | | | | |
|---|---|---|---|---|---|---|---|---|
| ੧੩ | ਫਗਣ | ਸ਼ਹਿਨਸ਼ਾਹੀ | ਸੰਮਤ | ੮ | ਬੰਨਾ ਸਿੰਘ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੫੮੪ |
| ੧੩ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਰਵੇਲ ਸਿੰਘ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੫੮੫ |
| ੧੩ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਮਹਿੰਦਰ ਕੌਰ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੫੮੬ |
| ੧੩ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਰਣਜੀਤ ਸਿੰਘ ਸੇਵਾ ਸਿੰਘ ਜਗਜੀਤ ਸਿੰਘ | ਕਲਸੀਆਂ | | ੫੮੬ |
| ੧੪ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਬੀਬੀ ਮੰਨੀ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੫੮੯ |
| ੧੪ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਗੰਢਾ ਸਿੰਘ ਦੇ ਗ੍ਰਿਹਿ | ਦਰਾਜਕੇ | ਅੰਮ੍ਰਿਤਸਰ | ੫੮੯ |
| ੧੬ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਸੁਰਜੀਤ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੫੯੧ |
| ੧੭ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਕੇਸਰ ਸਿੰਘ ਬੂਟਾ ਸਿੰਘ ਦੇ ਗ੍ਰਿਹਿ | ਮਹਿਸਮ ਪੁਰਾ | ਅੰਮ੍ਰਿਤਸਰ | ੫੯੨ |
| ੧੮ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਹਰਜੀਤ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੫੯੩ |
| ੧੯ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਹਰਿ ਭਗਤ ਦਵਾਰ ਮਹਿੰਦਰ ਕੌਰ ਸੁਰਜੀਤ ਕੌਰ ਕਲਸੀਆਂ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੫੯੪ |
| ੧੯ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਚੇਲਾ ਸਿੰਘ ਦੇ ਗ੍ਰਿਹਿ | ਵਜ਼ਾਰਤ ਰੋਡ | ਜੰਮੂ | ੫੯੫ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਰਾਮ ਕੌਰ ਦੇ ਗ੍ਰਿਹਿ | ਵਜ਼ਾਰਤ ਰੋਡ | ਜੰਮੂ | ੫੯੭ |
| ੨੦ | ਫਗਣ | ਸ਼ਹਿਨਸ਼ਾਹੀ | ਸੰਮਤ | ੮ | ਅਜੀਤ ਸਿੰਘ ਦੇ ਗ੍ਰਿਹਿ | ਵਜ਼ਾਰਤ ਰੋਡ | ਜੰਮੂ | ੫੯੮ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਕੇਸਰੀ ਦੇਵੀ ਦੇ ਗ੍ਰਿਹਿ | ਸਤਵਾਰੀ | ਜੰਮੂ | ੫੯੯ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਕ੍ਰਿਸ਼ਨ ਲਾਲ ਦੇ ਗ੍ਰਿਹਿ | ਜੰਮੂ | ਜੰਮੂ | ੬੦੦ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਫੁੰਮਣ ਸਿੰਘ ਦੇ ਗ੍ਰਿਹਿ | ਜੰਮੂ | ਜੰਮੂ | ੬੦੧ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਸੰਸਾਰ ਸਿੰਘ ਦੇ ਗ੍ਰਿਹਿ | ਜੰਮੂ | ਜੰਮੂ | ੬੦੨ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਰਾਜ ਸਿੰਘ ਦੇ ਗ੍ਰਿਹਿ | ਜੰਮੂ | | ੬੦੩ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਪ੍ਰਤਾਪ ਸਿੰਘ ਦੇ ਗ੍ਰਿਹਿ | ਮਿਸ਼ਰੀਵਾਲਾ ਕੈਂਪ | ਜੰਮੂ | ੬੦੩ |
| ੨੦ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਜੀਵਣ ਸਿੰਘ ਦੇ ਗ੍ਰਿਹਿ | ਮਿਸ਼ਰੀਵਾਲਾ ਕੈਂਪ | ਜੰਮੂ | ੬੦੫ |
| ੨੧ | ਫੱਗਣ | ਸ਼ਹਿਨਸ਼ਾਹੀ | ਸੰਮਤ | ੮ | ਪ੍ਰਕਾਸ਼ ਸਿੰਘ ਦੇ ਗ੍ਰਿਹਿ | ਮਿਸ਼ਰੀਵਾਲਾ ਕੈਂਪ | ਜੰਮੂ | ੬੦੬ |

16
੨੩

੨੧ ਫੱਗਣ ਸ਼ਹਿਨਸ਼ਾਹੀ ਸੰਮਤ ੮ ਸਧਰੋ ਦੇਵੀ ਦੀਵਾਨਾ ਦੇ ਗ੍ਰਿਹਿ ਮਿਸ਼ਰੀਵਾਲਾ ਕੈਂਪ ਜੰਮੂ ੬੦੭
੨੧ ਫੱਗਣ ਸ਼ਹਿਨਸ਼ਾਹੀ ਸੰਮਤ ੮ ਸਧਰੋ ਦੇਵੀ ਘਗਰੇਲ ਦੇ ਨਿਵਿਤ ਮਿਸ਼ਰੀਵਾਲਾ ਕੈਂਪ ਜੰਮੂ ੬੦੮
੨੧ ਫੱਗਣ ਸ਼ਹਿਨਸ਼ਾਹੀ ਸੰਮਤ ੮ ਈਸ਼ਰ ਸਿੰਘ ਦੜ ਦੇ ਗ੍ਰਿਹਿ ਮਿਸ਼ਰੀਵਾਲਾ ਕੈਂਪ ਜੰਮੂ ੬੦੯
੨੧ ਫੱਗਣ ਸ਼ਹਿਨਸ਼ਾਹੀ ਸੰਮਤ ੮ ਗੁਰਦਿਤ ਸਿੰਘ ਛੰਭ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੧
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਪੂਰਨ ਸਿੰਘ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੨
੨੨ ਫਗਣ ਸ਼ਹਿਨਸ਼ਾਹੀ ਸੰਮਤ ੮ ਸ਼ਾਹਣੀ ਦੇਵੀ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੩
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਇੰਦਰੋ ਦੇਵੀ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੪
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਸ਼ੰਕਰ ਸਿੰਘ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੪
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਰਸਾਲ ਸਿੰਘ ਤੇ ਵਿਦਿਆ ਦੇਵੀ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੫
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਪ੍ਰਕਾਸ਼ੋ ਦੇਵੀ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੫
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਤੋਤੀ ਦੇਵੀ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੬
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਬਲਵੰਤ ਕੌਰ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੬
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਭਾਗ ਸਿੰਘ ਦੇ ਗ੍ਰਿਹਿ ਕਿਸ਼ਨਪੁਰ ਕੈਂਪ ਜੰਮੂ ੬੧੭
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਗਿਆਨ ਚੰਦ ਖੋਜੂ ਰਾਮ ਦੇ ਗ੍ਰਿਹਿ ਮਨਵਾਲ ਕੈਂਪ ਜੰਮੂ ੬੧੮
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਗਿਆਨ ਸਿੰਘ ਦੇ ਗ੍ਰਿਹਿ ਮਨਵਾਲ ਕੈਂਪ ਜੰਮੂ ੬੧੯
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਸ਼ਾਹਣੀ ਦੇਵੀ ਮਾਜਰਾ ਦੇ ਨਿਵਿਤ ਮਨਵਾਲ ਕੈਂਪ ਜੰਮੂ ੬੧੯
੨੨ ਫੱਗਣ ਸ਼ਹਿਨਸ਼ਾਹੀ ਸੰਮਤ ੮ ਸਰਦਾਰਾ ਸਿੰਘ ਦੇ ਘਰ ਵੜਦਿਆਂ ਵਿਹੜੇ ਵਿਚ ਹੀ ਸੀੜ ੬੨੦
੨੨ ਫਗਣ ਸ਼ਹਿਨਸ਼ਾਹੀ ਸੰਮਤ ੮ ਸਰਦਾਰਾ ਸਿੰਘ ਦੇ ਗ੍ਰਿਹਿ ਸੀੜ ਜੰਮੂ ੬੨੧
੨੩ ਫਗਣ ਸ਼ਹਿਨਸ਼ਾਹੀ ਸੰਮਤ ੮ ਗੁਰਨਾਮ ਸਿੰਘ ਦੇ ਗ੍ਰਿਹਿ ਸੀੜ ਜੰਮੂ ੬੨੩
੨੩ ਫੱਗਣ ਸ਼ਹਿਨਸ਼ਾਹੀ ਸੰਮਤ ੮ ਭਾਈਆਂ ਦੇਵੀ ਦੇ ਗ੍ਰਿਹਿ ਕਲੋਏ ਜੰਮੂ ੬੨੩
੨੩ ਫੱਗਣ ਸ਼ਹਿਨਸ਼ਾਹੀ ਸੰਮਤ ੮ ਪਿਆਰਾ ਸਿੰਘ ਦੇ ਗ੍ਰਿਹਿ ਕਲੋਏ ਜੰਮੂ ੬੨੪
੨੩ ਫੱਗਣ ਸ਼ਹਿਨਸ਼ਾਹੀ ਸੰਮਤ ੮ ਰਣੀਆ ਰਾਮ ਦੇ ਗ੍ਰਿਹਿ ਕਲੋਏ ਜੰਮੂ ੬੨੫

| | | | | | | | |
|---|---|---|---|---|---|---|---|
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਮਾਈ ਲਛਮੀ ਦੇ ਗ੍ਰਿਹਿ | ਸੀੜ | ਜੰਮੂ | ੬੨੫ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਪ੍ਰਕਾਸ਼ ਸਿੰਘ ਦੇ ਗ੍ਰਿਹਿ | ਮਘੋਵਾਲੀ | ਜੰਮੂ | ੬੨੬ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਮਾਇਆ ਦੇਵੀ ਦੇ ਗ੍ਰਿਹਿ | ਮਘੋਵਾਲੀ | ਜੰਮੂ | ੬੨੮ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਦੇਵੀ ਸਿੰਘ ਦੇ ਗ੍ਰਿਹਿ | ਮਘੋਵਾਲੀ | ਜੰਮੂ | ੬੩੦ |
| ੨੩ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਭਗਤ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੬੩੦ |
| ੨੩ | ਫਗਣ | ਸ਼ਹਿਨਸ਼ਾਹੀ ਸੰਮਤ | ੮ | ਸੁੰਦਰ ਸਿੰਘ ਦੇ ਗ੍ਰਿਹਿ | ਮਘੋਵਾਲੀ | ਜੰਮੂ | ੬੩੧ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਦੌਲਤ ਰਾਮ ਦੇ ਗ੍ਰਿਹਿ | ਕੋਟਲੀ | ਜੰਮੂ | ੬੩੩ |
| ੨੪ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਵਕੀਲ ਸਿੰਘ ਦੇ ਗ੍ਰਿਹਿ | ਹੰਸਾ | ਜੰਮੂ | ੬੩੪ |
| ੨੪ | ਫਗਣ | ਸ਼ਹਿਨਸ਼ਾਹੀ ਸੰਮਤ | ੮ | ਤੇਜ ਭਾਨ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੩੬ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗੂਹੜਾ ਰਾਮ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੩੭ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਚਰਨਦਾਸ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੩੯ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗਿਆਨ ਸਿੰਘ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੦ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਸ਼ਿਵ ਸਿੰਘ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੧ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਨਾਨਕ ਚੰਦ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੩ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਬੇਲੂ ਰਾਮ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੪ |
| ੨੫ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਰਾਮ ਚੰਦ ਦੇ ਗ੍ਰਿਹਿ | ਨਿਕੋਵਾਲ | ਜੰਮੂ | ੬੪੫ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਅਮਰੋ ਦੇਵੀ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੭ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਪ੍ਰੇਮ ਚੰਦ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੭ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਸਰਦਾਰ ਸਿੰਘ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੮ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਗੁਰਾ ਰਾਮ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੪੯ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਚੰਨ ਪ੍ਰਕਾਸ਼ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੫੦ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ | ੮ | ਰਵੇਲਾ ਰਾਮ ਦੇ ਗ੍ਰਿਹਿ | ਸੇਈ ਖੁਰਦ | ਜੰਮੂ | ੬੫੦ |


18
੨੩

19
੨੩

| | | | | | | |
|---|---|---|---|---|---|---|
| ੨੬ | ਫਗਣ | ਸ਼ਹਿਨਸ਼ਾਹੀ ਸੰਮਤ ੮ | ਝੰਡੂ ਰਾਮ ਜਿਉੜੀਆਂ ਦੇ ਨਵਿਤ | ਸੇਈ | ਜੰਮੂ | ੬੫੧ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਫਕੀਰ ਸਿੰਘ ਦੇ ਗ੍ਰਹਿ | ਸੇਈ ਖੁਰਦ | ਜੰਮੂ | ੬੫੨ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਪੀਰੂ ਰਾਮ ਦੇ ਗ੍ਰਹਿ | ਸੇਈ ਖੁਰਦ | ਜੰਮੂ | ੬੫੩ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਸੋਭਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੫੪ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਈਸ਼ਰ ਦਾਸ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੫੬ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਨਾਮੇ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੫੭ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਬੇਲਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੫੭ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਸੇਵਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੫੮ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਲਛਮਣ ਸਿੰਘ ਦੇ ਗ੍ਰਹਿ ਦਰਵਾਜੇ ਵੜਦਿਆਂ ਹੀ ਸੇਈ ਕਲਾਂ | | | ੬੫੯ |
| ੨੬ | ਫਗਣ | ਸ਼ਹਿਨਸ਼ਾਹੀ ਸੰਮਤ ੮ | ਲਛਮਣ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੦ |
| ੨੬ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਸੰਤ ਰਾਮ ਗੋਕਲੇ ਚੱਕ ਨਵਿਤ | ਸੇਈ ਕਲਾਂ | ਜੰਮੂ | ੬੬੧ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਕੁਲਵੰਤ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੨ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਪ੍ਰੇਮੀ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੩ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਦੇਵਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੪ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਬਿਸ਼ਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੪ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਚੂੜ੍ਹ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੬ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਬਚਨ ਲਾਲ ਧਰਮੋ ਦੇਵੀ | ਸੇਈ ਕਲਾਂ | ਜੰਮੂ | ੬੬੭ |
| ੨੭ | ਫਗਣ | ਸ਼ਹਿਨਸ਼ਾਹੀ ਸੰਮਤ ੮ | ਦੇਵਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੮ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਭਾਈਆਂ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੮ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਵੀਰੋ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੯ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਪੂਰਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੬੯ |
| ੨੭ | ਫੱਗਣ | ਸ਼ਹਿਨਸ਼ਾਹੀ ਸੰਮਤ ੮ | ਰਾਜਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੦ |

19
੨੩

| | | | |
|---|---|---|---|
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਖੇਮ ਕੌਰ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੦ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਸੰਤੋਖ ਸਿੰਘ ਦੇ ਗ੍ਰਹਿ | ਸੇਈ ਕਲਾ | ਜੰਮੂ | ੬੭੧ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਹਿ | ਸੇਈ ਕਲਾ | ਜੰਮੂ | ੬੭੨ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਗੁਰਮੁਖ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੨ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਮੇਲਾ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੩ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਕਰਮੋ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੪ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਇੰਦਰ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੪ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਪੰਨੂੰ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੫ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਕ੍ਰਿਪਾਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੫ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਕ੍ਰਿਸ਼ਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੬ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਸੁਖਦੇਵ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੬ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਜਸਬੀਰ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੬ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਜਗਦੀਸ਼ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੭ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਲਾਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੭ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਬਚਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੭੮ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਫਰੰਗੀ ਰਾਮ ਦੇ ਗ੍ਰਹਿ | ਤਰੇਵਾ | ਜੰਮੂ | ੬੭੮ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਸਾਈਂ ਦਾਸ ਦੇ ਗ੍ਰਹਿ | ਤਰੇਵਾ | ਜੰਮੂ | ੬੭੯ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਅਨੰਤ ਰਾਮ ਦੇ ਗ੍ਰਹਿ | ਤਰੇਵਾ | ਜੰਮੂ | ੬੮੦ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਅੰਗਰੇਜ਼ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੮੧ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੮ ਜਗਜੀਤ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੮੫ |
| ੨੮ ਫੱਗਣ ਸ਼ਹਿਨਸ਼ਾਹੀ ਸੰਮਤ ੮ ਵਕੀਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੮੬ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੯ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੬੮੭ |

20
੨੩

| | | | | |
|---|---|---|---|---|
| ੨ ਚੇਤ ਸ਼ਹਿਨਸ਼ਾਹੀ ਸੰਮਤ ੯ | ਕੱਲਾ ਸੰਗਤ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੬੯੫ |
| ੨ ਚੇਤ ਸ਼ਹਿਨਸ਼ਾਹੀ ਸੰਮਤ ੯ | ਹਰਭਜਨ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੬੯੭ |
| ੨ ਚੇਤ ਸ਼ਹਿਨਸ਼ਾਹੀ ਸੰਮਤ ੯ | ਪ੍ਰੇਮ ਸਿੰਘ ਕਸ਼ਮੀਰ ਸਿੰਘ ਦੇ ਗ੍ਰਹਿ ਸਾਧੂ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੬੯੮ |
| ੨ ਚੇਤ ਸ਼ਹਿਨਸ਼ਾਹੀ ਸੰਮਤ ੯ | ਦਲੀਪ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੯੮ |
| ੨ ਚੇਤ ਸ਼ਹਿਨਸ਼ਾਹੀ ਸੰਮਤ ੯ | ਸੰਤੋਖ ਸਿੰਘ ਦੇ ਗ੍ਰਹਿ | ਜੇਠੂਵਾਲ | ਅੰਮ੍ਰਿਤਸਰ | ੬੯੯ |
| ੪ ਚੇਤ ਸ਼ਹਿਨਸ਼ਾਹੀ ਸੰਮਤ ੯ | ਜੁਗਿੰਦਰ ਸਿੰਘ ਦੇ ਗ੍ਰਹਿ | ਡਡਵਾਂ | ਗੁਰਦਾਸਪੁਰ | ੭੦੦ |
| ੪ ਚੇਤ ਸ਼ਹਿਨਸ਼ਾਹੀ ਸੰਮਤ ੯ | ਅਜੀਤ ਸਿੰਘ ਦੇ ਗ੍ਰਹਿ | ਹਮਰਾਜ ਪੁਰ | ਗੁਰਦਾਸਪੁਰ | ੭੦੩ |
| ੫ ਚੇਤ ਸ਼ਹਿਨਸ਼ਾਹੀ ਸੰਮਤ ੯ | ਬੀਬੀ ਹਰਬੰਸ ਕੌਰ ਦੇ ਗ੍ਰਹਿ | ਗਜ਼ਨੀ ਪੁਰ | ਗੁਰਦਾਸਪੁਰ | ੭੦੫ |
| ੫ ਚੇਤ ਸ਼ਹਿਨਸ਼ਾਹੀ ਸੰਮਤ ੯ | ਬੀਬੀ ਸੁਲਖਣੀ ਦੇ ਗ੍ਰਹਿ | ਗਜ਼ਨੀ ਪੁਰ | ਗੁਰਦਾਸਪੁਰ | ੭੦੬ |
| ੫ ਚੇਤ ਸ਼ਹਿਨਸ਼ਾਹੀ ਸੰਮਤ ੯ | ਦਾਰਾ ਸਿੰਘ ਦੇ ਗ੍ਰਹਿ | ਗਜ਼ਨੀ ਪੁਰ | ਗੁਰਦਾਸਪੁਰ | ੭੦੬ |
| ੫ ਚੇਤ ਸ਼ਹਿਨਸ਼ਾਹੀ ਸੰਮਤ ੯ | ਰਾਵੀ ਦੇ ਕੰਢੇ ਦੁਪਿਹਰ ਦੇ ਸਮੇਂ ਵਿਹਾਰ ਹੋਇਆ | | ਗੁਰਦਾਸਪੁਰ | ੭੦੮ |
| ੫ ਚੇਤ ਸ਼ਹਿਨਸ਼ਾਹੀ ਸੰਮਤ ੯ | ਬਲਾਕਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੧੭ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੫ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਮੱਖਣ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੫ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਗੰਢਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੬ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਦਰਸ਼ਨ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੭ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਰਵੇਲ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੭ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਹਜ਼ਾਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੮ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਪਿਆਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੮ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਭਾਗ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੨੯ |
| ੬ ਚੇਤ ਸ਼ਹਿਨਸ਼ਾਹੀ ਸੰਮਤ ੯ | ਸੰਤਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੧ |


21
੨੩

| | | | | | | | |
|---|---|---|---|---|---|---|---|
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਹਜ਼ਾਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੧ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਮੁਣਸ਼ਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੨ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਸਵਰਨ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੨ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੩ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਪਿਆਰੀ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੩ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਬਖ਼ਸ਼ੀਸ਼ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੪ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਮਹਿੰਦਰ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੪ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਹਰਨਾਮ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੫ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਵਿਰਸਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੫ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਦੀਦਾਰ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੬ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਕਰਤਾਰ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੭੩੭ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਕਿਸ਼ਨ ਸਿੰਘ ਦੇ ਗ੍ਰਹਿ | ਅਲੜਪਿੰਡੀ | ਗੁਰਦਾਸਪੁਰ | ੭੩੮ |
| ੬ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਲਾਜ ਕੌਰ ਦੇ ਗ੍ਰਹਿ | ਅਲੜਪਿੰਡੀ | ਗੁਰਦਾਸਪੁਰ | ੭੩੯ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਦਰਸ਼ਨ ਸਿੰਘ ਦੇ ਗ੍ਰਹਿ | ਅਲੜਪਿੰਡੀ | ਗੁਰਦਾਸਪੁਰ | ੭੪੦ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਬੂੜ ਸਿੰਘ ਦੇ ਗ੍ਰਹਿ | ਵਜ਼ੀਰਪੁਰ | ਗੁਰਦਾਸਪੁਰ | ੭੪੧ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਮਹਿੰਗਾ ਸਿੰਘ ਦੇ ਗ੍ਰਹਿ | ਸੱਦਾ | ਗੁਰਦਾਸਪੁਰ | ੭੪੧ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਜਰਨੈਲ ਸਿੰਘ ਦੇ ਗ੍ਰਹਿ | ਸੱਦਾ | ਗੁਰਦਾਸਪੁਰ | ੭੪੨ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਗੁਰਬਖਸ਼ ਦੇ ਗ੍ਰਹਿ | ਨੁਸ਼ਹਿਰਾ | ਗੁਰਦਾਸਪੁਰ | ੭੪੩ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਗਿਆਨ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੭੪੫ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਤਰਲੋਕ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੭੪੫ |
| ੭ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਹਰਦੀਪ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੭੪੬ |
| ੮ | ਚੇਤ | ਸ਼ਹਿਨਸ਼ਾਹੀ ਸੰਮਤ | ੯ | ਉਜ ਦਰਿਆ ਦੇ ਕੰਡੇ ਦੁਪਿਹਰ ਦੇ ਸਮੇਂ | ਗੁਰਦਾਸਪੁਰ | | ੭੪੭ |


22 ੨੩




| | | | |
|---|---|---|---|
| ੮ ਚੇਤ ਸ਼ਹਿਨਸ਼ਾਹੀ ਸੰਮਤ ੯ ਬਚਨ ਸਿੰਘ ਦੇ ਗ੍ਰਹਿ | ਸਿੰਮਲ ਸਕੋਰ | ਗੁਰਦਾਸਪੁਰ | ੭੪੮ |
| ੮ ਚੇਤ ਸ਼ਹਿਨਸ਼ਾਹੀ ਸੰਮਤ ੯ ਸੰਤੋਖ ਸਿੰਘ ਦੇ ਗ੍ਰਹਿ | ਸਿੰਮਲ ਸਕੋਰ | ਗੁਰਦਾਸਪੁਰ | ੭੫੦ |
| ੮ ਚੇਤ ਸ਼ਹਿਨਸ਼ਾਹੀ ਸੰਮਤ ੯ ਸੋਹਣ ਸਿੰਘ ਦੇ ਗ੍ਰਹਿ | ਸਿੰਮਲ ਸਕੋਰ | ਗੁਰਦਾਸਪੁਰ | ੭੫੦ |
| ੮ ਚੇਤ ਸ਼ਹਿਨਸ਼ਾਹੀ ਸੰਮਤ ੯ ਅਵਤਾਰ ਸਿੰਘ ਦੇ ਗ੍ਰਹਿ | ਸਿੰਮਲ ਸਕੋਰ | ਗੁਰਦਾਸਪੁਰ | ੭੫੧ |
| ੯ ਚੇਤ ਸ਼ਹਿਨਸ਼ਾਹੀ ਸੰਮਤ ੯ ਚਰਨ ਸਿੰਘ ਦੇ ਗ੍ਰਹਿ | ਸਿੰਮਲ ਸਕੋਰ | ਗੁਰਦਾਸਪੁਰ | ੭੫੨ |
| ੯ ਚੇਤ ਸ਼ਹਿਨਸ਼ਾਹੀ ਸੰਮਤ ੯ ਸੰਸਾਰ ਸਿੰਘ ਦੇ ਗ੍ਰਹਿ | ਮਰਾਜ਼ | ਗੁਰਦਾਸਪੁਰ | ੭੫੩ |
| ੯ ਚੇਤ ਸ਼ਹਿਨਸ਼ਾਹੀ ਸੰਮਤ ੯ ਚਰਨ ਸਿੰਘ ਦੇ ਗ੍ਰਹਿ | ਅੰਤੋਰ | ਗੁਰਦਾਸਪੁਰ | ੭੫੫ |
| ੯ ਚੇਤ ਸ਼ਹਿਨਸ਼ਾਹੀ ਸੰਮਤ ੯ ਲਾਲ ਸਿੰਘ ਦੇ ਗ੍ਰਹਿ | ਦੀਨਾ ਨਗਰ | ਗੁਰਦਾਸਪੁਰ | ੭੫੬ |
| ੯ ਚੇਤ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਗ੍ਰਹਿ | ਦੀਨਾ ਨਗਰ | ਗੁਰਦਾਸਪੁਰ | ੭੫੬ |
| ੯ ਚੇਤ ਸ਼ਹਿਨਸ਼ਾਹੀ ਸੰਮਤ ੯ ਜੀਤੋ ਦੇ ਗ੍ਰਹਿ | ਦੀਨਾ ਨਗਰ | ਗੁਰਦਾਸਪੁਰ | ੭੫੭ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਦੇਵਰਾਜ ਦੇ ਗ੍ਰਹਿ | ਭੀਮਪੁਰ | ਗੁਰਦਾਸਪੁਰ | ੭੫੮ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਲਾਲ ਸਿੰਘ ਦੇ ਗ੍ਰਹਿ | ਭੀਮਪੁਰ | ਗੁਰਦਾਸਪੁਰ | ੭੫੯ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਚਰਨ ਸਿੰਘ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੭੬੦ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਕੌਰ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੭੬੦ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਜਵੰਦ ਸਿੰਘ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੭੬੧ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਅਜੀਤ ਸਿੰਘ ਦੇ ਗ੍ਰਹਿ | ਕਤੋਵਾਲ | ਗੁਰਦਾਸਪੁਰ | ੭੬੧ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਧਰਮ ਸਿੰਘ ਦੇ ਗ੍ਰਹਿ | ਨਯਾਸ਼ਾਲਾ | ਗੁਰਦਾਸਪੁਰ | ੭੬੩ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਗੁਰਬਚਨ ਸਿੰਘ ਦੇ ਗ੍ਰਹਿ | ਨਯਾਸ਼ਾਲਾ | ਗੁਰਦਾਸਪੁਰ | ੭੬੪ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੯ ਸਰੂਪ ਸਿੰਘ ਦੇ ਗ੍ਰਹਿ | ਗੁਰਦਾਸਪੁਰ ਸ਼ਹਿਰ | | ੭੬੫ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ ਚੰਨਣ ਸਿੰਘ ਦੇ ਗ੍ਰਹਿ | ਠੀਕਰੀ | ਗੁਰਦਾਸਪੁਰ | ੭੬੬ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ ਅਵਤਾਰ ਸਿੰਘ ਦੇ ਗ੍ਰਹਿ | ਮਾੜ੍ਹੀ ਪੰਨੂਆ | ਗੁਰਦਾਸਪੁਰ | ੭੬੭ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ | ਮਾੜ੍ਹੀ ਪੰਨੂਆ | ਗੁਰਦਾਸਪੁਰ | ੭੬੮ |







23 ੨੩

| | | | |
|---|---|---|---|
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ | ਮਾੜ੍ਹੀ ਪੰਨੂਆ | ਗੁਰਦਾਸਪੁਰ | ੭੬੮ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ ਵਿਰਸਾ ਸਿੰਘ ਦੇ ਗ੍ਰਿਹਿ | ਹਰਿ ਗੋਬਿੰਦ ਪੁਰ | ਸ਼ਹਿਰ | ੭੬੯ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ ਮੋਹਨ ਸਿੰਘ ਦੇ ਗ੍ਰਿਹਿ | ਤਾਰਾ ਚੱਕ | ਗੁਰਦਾਸਪੁਰ | ੭੭੧ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ ਕੈਪਟਨ ਬੰਤਾ ਸਿੰਘ ਦੇ ਗ੍ਰਿਹਿ | ਪੰਜ ਗਰਾਈਂ | ਗੁਰਦਾਸਪੁਰ | ੭੭੨ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ ਸੁਰਜੀਤ ਸਿੰਘ ਦੇ ਗ੍ਰਿਹਿ | ਫੈਜਪੁਰ | ਗੁਰਦਾਸਪੁਰ | ੭੭੩ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੯ ਦਰਸ਼ਨ ਸਿੰਘ ਦੇ ਗ੍ਰਿਹਿ | ਨਯਾਸ਼ਾਲਾ | ਗੁਰਦਾਸਪੁਰ | ੭੭੪ |
| ੧੨ ਚੇਤ ਸ਼ਹਿਨਸ਼ਾਹੀ ਸੰਮਤ ੯ ਨਿਰੰਜਣ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੭੫ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਮਲਕੀਅਤ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੭੭ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਸੁਰਜਨ ਸਿੰਘ ਲਾਲ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੭੮ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਗੁਰਦੇਵ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੭੯ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਮਦਨ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੦ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਮੱਘਰ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੦ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਸਰਦਾਰਾ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੧ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਹਰਨੇਕ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੨ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਰਵੇਲ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੨ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੩ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਕੁਲਦੀਪ ਕੌਰ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੩ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਫੂਲਾਂ ਰਾਣੀ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੪ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਹਰਬੰਸ ਕੌਰ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੫ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਹਰਚਰਨ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੭੮੫ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ | ਲੁਧਿਆਣਾ | ਲੁਧਿਆਣਾ | ੭੮੬ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੯ ਧੰਨਾ ਸਿੰਘ ਦੇ ਗ੍ਰਿਹਿ | ਢਹਿ ਪਈ | ਲੁਧਿਆਣਾ | ੭੮੬ |

24 ੨੩

| | | | | | | |
|---|---|---|---|---|---|---|
| ੧੩ | ਚੇਤ | ਸ਼ਹਿਨਸ਼ਾਹੀ ਸੰਮਤ ੯ | ਸਰਦਾਰਾ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੮੮ |
| ੧੩ | ਚੇਤ | ਸ਼ਹਿਨਸ਼ਾਹੀ ਸੰਮਤ ੯ | ਪਾਖਰ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੮੯ |
| ੧੩ | ਚੇਤ | ਸ਼ਹਿਨਸ਼ਾਹੀ ਸੰਮਤ ੯ | ਭਗਵਾਨ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੯੦ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਕਰਮ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੯੧ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਸਾਧੂ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੯੨ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਸਵਰਣ ਸਿਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੯੩ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਭਾਗ ਸਿੰਘ ਦੇ ਗ੍ਰਿਹਿ | ਬਸਰਾਵਾਂ | ਲੁਧਿਆਣਾ | ੭੯੩ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਨਾਜ਼ਰ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੯੪ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਮੰਗਲ ਸਿੰਘ ਦੇ ਗ੍ਰਿਹਿ | ਪਖੋਵਾਲ | ਲੁਧਿਆਣਾ | ੭੯੫ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਭਗਤ ਸਿੰਘ ਦੇ ਗ੍ਰਿਹਿ | ਲਤਾਲਾ | ਲੁਧਿਆਣਾ | ੭੯੫ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਸ੍ਰੀ ਰਾਮ ਸਿੰਘ ਦੇ ਗ੍ਰਿਹਿ | ਮਕਸੂਦੜਾ | ਲੁਧਿਆਣਾ | ੭੯੬ |
| ੧੪ | ਚੇਤ | ਸ਼ਹਿਨਸ਼ਾਹੀ ਸੰਮਤ ੯ | ਨਛੱਤਰ ਸਿੰਘ ਦੇ ਗ੍ਰਿਹਿ | ਦੁਰਾਹਾ | ਲੁਧਿਆਣਾ | ੭੯੭ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਗੱਜਣ ਸਿੰਘ ਦੇ ਗ੍ਰਿਹਿ | ਦੁਰਾਹਾ | ਲੁਧਿਆਣਾ | ੭੯੯ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਜਸਵੰਤ ਕੌਰ ਦੇ ਗ੍ਰਿਹਿ | ਦੁਰਾਹਾ | ਲੁਧਿਆਣਾ | ੮੦੦ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਗੁਰਨਾਮ ਕੌਰ ਦੇ ਗ੍ਰਿਹਿ | ਦੁਰਾਹਾ | ਲੁਧਿਆਣਾ | ੮੦੧ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਗੁਰਦੇਵ ਸਿੰਘ ਦੇ ਗ੍ਰਿਹਿ | ਲਲਹੇੜੀ | ਲੁਧਿਆਣਾ | ੮੦੩ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਜਰਨੈਲ ਸਿੰਘ ਦੇ ਗ੍ਰਿਹਿ | ਮਹੌਣ | ਲੁਧਿਆਣਾ | ੮੦੪ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਚੈਂਚਲ ਸਿੰਘ ਦੇ ਗ੍ਰਿਹਿ | ਮਹੌਣ | ਲੁਧਿਆਣਾ | ੮੦੫ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਲਛਮਣ ਸਿੰਘ ਦੇ ਗ੍ਰਿਹਿ | ਧਨੌਰੀ | ਅੰਬਾਲਾ | ੮੦੭ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਜਗੀਰ ਸਿੰਘ ਦੇ ਗ੍ਰਿਹਿ | ਰੰਗੀਲ ਪੁਰ | ਰੋਪੜ | ੮੦੭ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਗੁਰਨਾਮ ਸਿੰਘ ਦੇ ਗ੍ਰਿਹਿ | ਮੁਰਿੰਡਾ | ਅੰਬਾਲਾ | ੮੦੮ |
| ੧੫ | ਚੇਤ | ਸ਼ਹਿਨਸ਼ਾਹੀ ਸੰਮਤ ੯ | ਭਜਨ ਸਿੰਘ ਦੇ ਗ੍ਰਿਹਿ | ਸ਼ੇਖ ਪੁਰਾ | ਅੰਬਾਲਾ | ੮੦੮ |


25
੨੩

| | | | |
|---|---|---|---|
| ੧੫ ਚੇਤ ਸ਼ਹਿਨਸ਼ਾਹੀ ਸੰਮਤ ੯ ਹਰਦਿਆਲ ਕੌਰ ਦੇ ਗ੍ਰਹਿ | ਸ਼ੇਖ ਪੁਰਾ | ਅੰਬਾਲਾ | ੮੦੯ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਮਨਜੀਤ ਕੌਰ ਦੇ ਗ੍ਰਹਿ | ਧਨੌਰੀ | ਅੰਬਾਲਾ | ੮੧੦ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਮਿਹਰ ਸਿੰਘ ਦੇ ਗ੍ਰਹਿ | ਸ਼ੇਖਪੁਰਾ | ਅੰਬਾਲਾ | ੮੧੦ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਸਰੂਪ ਕੌਰ ਦੇ ਗ੍ਰਹਿ | ਗੋਸਲਾ | ਅੰਬਾਲਾ | ੮੧੧ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਮੇਵਾ ਸਿੰਘ ਦੇ ਗ੍ਰਹਿ | ਕਲੋਦੀ | ਅੰਬਾਲਾ | ੮੧੨ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਨੱਥਾ ਸਿੰਘ ਦੇ ਗ੍ਰਹਿ | ਬਡਹੇੜੀ | ਅੰਬਾਲਾ | ੮੧੩ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਹਰਚਰਨ ਸਿੰਘ ਦੇ ਗ੍ਰਹਿ | ਬਡਹੇੜੀ | ਅੰਬਾਲਾ | ੮੧੩ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿਆਰਾ ਸਿੰਘ ਦੇ ਗ੍ਰਹਿ | ਚੰਡੀਗੜ੍ਹ | ਚੰਡੀਗੜ੍ਹ | ੮੧੪ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਨਿਰਮਲ ਸਿੰਘ ਦੇ ਗ੍ਰਹਿ | ਚੰਡੀਗੜ੍ਹ | ਚੰਡੀਗੜ੍ਹ | ੮੧੪ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਅਮਰ ਚੰਦ ਦੇ ਗ੍ਰਹਿ | ਚੰਡੀਗੜ੍ਹ | ਚੰਡੀਗੜ੍ਹ | ੮੧੪ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਕਰਨੈਲ ਸਿੰਘ ਦੇ ਗ੍ਰਹਿ | ਚੰਡੀਗੜ੍ਹ | ਚੰਡੀਗੜ੍ਹ | ੮੧੫ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਪ੍ਰਿਥੀ ਸਿੰਘ ਦੇ ਗ੍ਰਹਿ | ਚੰਡੀਗੜ੍ਹ | ਚੰਡੀਗੜ੍ਹ | ੮੧੫ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੯ ਜੁਗਿੰਦਰ ਸਿੰਘ ਦੇ ਗ੍ਰਹਿ | ਲੋਟੋ ਕਲੋਨੀ | ਚੰਡੀਗੜ੍ਹ | ੮੧੬ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਸੇਵਾ ਸਿੰਘ ਦੇ ਗ੍ਰਹਿ | ਰੁੜਕੀ ਕਲਾਂ | ਅੰਬਾਲਾ | ੮੧੭ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਬਚਨ ਸਿੰਘ ਦੇ ਗ੍ਰਹਿ | ਧਿਆਨ ਪੁਰਾ | ਅੰਬਾਲਾ | ੮੧੮ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਸੁਰਜੀਤ ਸਿੰਘ ਦੇ ਗ੍ਰਹਿ | ਘੜੂਆ | ਅੰਬਾਲਾ | ੮੧੮ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਗੁਰਦੇਵ ਸਿੰਘ ਦੇ ਗ੍ਰਹਿ | ਘੜੂਆ | ਅੰਬਾਲਾ | ੮੧੯ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਬੀਰ ਸਿੰਘ ਦੇ ਗ੍ਰਹਿ | ਬਠਲਾਣਾ | ਅੰਬਾਲਾ | ੮੧੯ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਗੁਰਦੇਵ ਸਿੰਘ ਦੇ ਗ੍ਰਹਿ | ਮਾਣਕ ਪੁਰ | ਅੰਬਾਲਾ | ੮੨੦ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਸੰਤ ਸਿੰਘ ਦੇ ਗ੍ਰਹਿ | ਮਾਣਕ ਪੁਰ | ਅੰਬਾਲਾ | ੮੨੦ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਹਜ਼ਾਰਾ ਸਿੰਘ ਦੇ ਗ੍ਰਹਿ | ਚੂਨੀ ਕਲਾ | ਅੰਬਾਲਾ | ੮੨੧ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੯ ਪ੍ਰੀਤਮ ਸਿੰਘ ਦੇ ਗ੍ਰਹਿ | ਰਾਜੇ ਮਾਜਰਾ | ਅੰਬਾਲਾ | ੮੨੧ |

| | | | | | | |
|---|---|---|---|---|---|---|
| ੧੮ | ਚੇਤ ਸ਼ਹਿਨਸ਼ਾਹੀ ਸੰਮਤ ੯ | ਜੇਠਾ ਸਿੰਘ ਦੇ ਗ੍ਰਹਿ | ਬਠਲਾਣਾ | ਅੰਬਾਲਾ | ੮੨੨ |
| ੧੮ | ਚੇਤ ਸ਼ਹਿਨਸ਼ਾਹੀ ਸੰਮਤ ੯ | ਪ੍ਰੀਤਮ ਸਿੰਘ ਦੇ ਗ੍ਰਹਿ | ਰਾਜੇ ਮਾਜਰਾ | ਅੰਬਾਲਾ | ੮੨੨ |
| ੧੮ | ਚੇਤ ਸ਼ਹਿਨਸ਼ਾਹੀ ਸੰਮਤ ੯ | ਹਰਜਿੰਦਰ ਸਿੰਘ ਦੇ ਗ੍ਰਹਿ | ਧਿਆਨ ਪੁਰਾ | ਰੋਪੜ | ੮੨੩ |
| ੧੮ | ਚੇਤ ਸ਼ਹਿਨਸ਼ਾਹੀ ਸੰਮਤ ੯ | ਪਿਆਰਾ ਸਿੰਘ ਦੇ ਗ੍ਰਹਿ | ਰੋੜ | ਰੋਪੜ | ੮੨੩ |
| ੧੮ | ਚੇਤ ਸ਼ਹਿਨਸ਼ਾਹੀ ਸੰਮਤ ੯ | ਪ੍ਰੀਤਮ ਸਿੰਘ ਦੇ ਗ੍ਰਹਿ | ਖੋਜਾ | ਰੋਪੜ | ੮੨੪ |
| ੧੮ | ਚੇਤ ਸ਼ਹਿਨਸ਼ਾਹੀ ਸੰਮਤ ੯ | ਅਮਰੋ ਦੇਵੀ ਦੇ ਗ੍ਰਹਿ | ਖੋਜਾ | ਰੋਪੜ | ੮੨੫ |
| ੧੮ | ਚੇਤ ਸ਼ਹਿਨਸ਼ਾਹੀ ਸੰਮਤ ੯ | ਸੰਤੋਖ ਸਿੰਘ ਦੇ ਗ੍ਰਹਿ | ਸੋਢੀਆਂ | ਹੁਸ਼ਿਆਰਪੁਰ | ੮੨੬ |
| ੧੯ | ਚੇਤ ਸ਼ਹਿਨਸ਼ਾਹੀ ਸੰਮਤ ੯ | ਪ੍ਰੀਤਮ ਕੌਰ ਦੇ ਗ੍ਰਹਿ | ਸੋਢੀਆਂ | ਜਲੰਧਰ | ੮੨੮ |
| ੧੯ | ਚੇਤ ਸ਼ਹਿਨਸ਼ਾਹੀ ਸੰਮਤ ੯ | ਗੁਰਦੇਵ ਸਿੰਘ ਦੇ ਗ੍ਰਹਿ | ਦੁਸਾਂਝ ਖੁਰਦ | ਹੁਸ਼ਿਆਰਪੁਰ | ੮੨੮ |
| ੧੯ | ਚੇਤ ਸ਼ਹਿਨਸ਼ਾਹੀ ਸੰਮਤ ੯ | ਦਰਸ਼ਨ ਸਿੰਘ ਦੇ ਗ੍ਰਹਿ | ਦੁਸਾਂਝ ਖੁਰਦ | ਹੁਸ਼ਿਆਰਪੁਰ | ੮੩੦ |
| ੧੯ | ਚੇਤ ਸ਼ਹਿਨਸ਼ਾਹੀ ਸੰਮਤ ੯ | ਮਿਲਖਾ ਸਿੰਘ ਦੇ ਗ੍ਰਹਿ | ਸੈਲੇ ਖੁਰਦ | ਹੁਸ਼ਿਆਰਪੁਰ | ੮੩੧ |
| ੧੯ | ਚੇਤ ਸ਼ਹਿਨਸ਼ਾਹੀ ਸੰਮਤ ੯ | ਹਰਭਜਨ ਸਿੰਘ ਦੇ ਗ੍ਰਹਿ | ਡਾਡੀਆਂ | ਹੁਸ਼ਿਆਰਪੁਰ | ੮੩੨ |
| ੧੯ | ਚੇਤ ਸ਼ਹਿਨਸ਼ਾਹੀ ਸੰਮਤ ੯ | ਨਸੀਬ ਕੌਰ ਦੇ ਗ੍ਰਹਿ | ਡਵਿਡਾ | ਹੁਸ਼ਿਆਰਪੁਰ | ੮੩੩ |
| ੧੯ | ਚੇਤ ਸ਼ਹਿਨਸ਼ਾਹੀ ਸੰਮਤ ੯ | ਪਾਲ ਸਿੰਘ ਦੇ ਗ੍ਰਹਿ | ਦਾਉਦ ਪੁਰ | ਕਪੂਰਥਲਾ | ੮੩੪ |
| ੨੦ | ਚੇਤ ਸ਼ਹਿਨਸ਼ਾਹੀ ਸੰਮਤ ੯ | ਜੁਗਿੰਦਰ ਸਿੰਘ ਦੇ ਗ੍ਰਹਿ | ਫਤਿਹਪੁਰ ਸੀਕਰੀ | ਹੁਸ਼ਿਆਰਪੁਰ | ੮੩੬ |
| ੨੦ | ਚੇਤ ਸ਼ਹਿਨਸ਼ਾਹੀ ਸੰਮਤ ੯ | ਅਰਜਨ ਸਿੰਘ ਦੇ ਗ੍ਰਹਿ | ਸਲੀਮ ਪੁਰ | ਹੁਸ਼ਿਆਰਪੁਰ | ੮੩੮ |
| ੨੦ | ਚੇਤ ਸ਼ਹਿਨਸ਼ਾਹੀ ਸੰਮਤ ੯ | ਮੁਣਸ਼ੀ ਰਾਮ ਦੇ ਗ੍ਰਹਿ | ਮਿਆਣੀ | ਹੁਸ਼ਿਆਰਪੁਰ | ੮੪੦ |
| ੨੦ | ਚੇਤ ਸ਼ਹਿਨਸ਼ਾਹੀ ਸੰਮਤ ੯ | ਸੋਮਰਾਜ ਸਿੰਘ ਦੇ ਗ੍ਰਹਿ | ਕੋਟਲੇ | ਜਲੰਧਰ | ੮੪੨ |
| ੨੧ | ਚੇਤ ਸ਼ਹਿਨਸ਼ਾਹੀ ਸੰਮਤ ੯ | ਮਹਿੰਦਰ ਸਿੰਘ ਦੇ ਗ੍ਰਹਿ | ਸੁਸਾਣਾ | ਜਲੰਧਰ | ੮੪੪ |
| ੨੨ | ਚੇਤ ਸ਼ਹਿਨਸ਼ਾਹੀ ਸੰਮਤ ੯ | ਗੁਰਨਾਮ ਕੌਰ ਦੇ ਗ੍ਰਹਿ | ਸੁਸਾਣਾ | ਜਲੰਧਰ | ੮੪੬ |
| ੨੨ | ਚੇਤ ਸ਼ਹਿਨਸ਼ਾਹੀ ਸੰਮਤ ੯ | ਤਾਰੂ ਸਿੰਘ ਦੇ ਗ੍ਰਹਿ | ਜੰਡੀਰੇ | ਜਲੰਧਰ | ੮੪੭ |
| ੨੨ | ਚੇਤ ਸ਼ਹਿਨਸ਼ਾਹੀ ਸੰਮਤ ੯ | ਸੁਰਿੰਦਰ ਸਿੰਘ ਦੇ ਗ੍ਰਹਿ | ਰੁਪੋਵਾਲੀ | ਹੁਸ਼ਿਆਰਪੁਰ | ੮੪੯ |


27
੨੩

| | | | |
|---|---|---|---|
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਧੰਨਾ ਸਿੰਘ ਦੇ ਗ੍ਰਹਿ | ਕੁਲੀਆਂ | ਜਲੰਧਰ | ੮੫੦ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਤਰਸੇਮ ਸਿੰਘ ਦੇ ਗ੍ਰਹਿ | ਖੁਰਦਾ | ਜਲੰਧਰ | ੮੫੦ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਭਜਨ ਸਿੰਘ, ਮਲਹਾਰ ਸਿੰਘ ਦੇ ਗ੍ਰਹਿ | ਬੈਰਮ ਪੁਰ | ਜਲੰਧਰ | ੮੫੨ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਅਮਰੀਕ ਸਿੰਘ ਦੇ ਗ੍ਰਹਿ | ਸਰਾਈਂ | ਜਲੰਧਰ | ੮੫੩ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਮੇਲਾ ਸਿੰਘ ਦੇ ਗ੍ਰਹਿ | ਸਰਾਈਂ | ਜਲੰਧਰ | ੮੫੫ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਗੁਰਮੀਤ ਕੌਰ ਦੇ ਗ੍ਰਹਿ | ਕੁਰਾਲਾ | ਜਲੰਧਰ | ੮੫੬ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਖਿਆਲ ਸਿੰਘ ਦੇ ਗ੍ਰਹਿ | ਦਸੂਹਾ | ਹੁਸ਼ਿਆਰਪੁਰ | ੮੫੭ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਵਤਨ ਸਿੰਘ ਦੇ ਗ੍ਰਹਿ | ਸ਼ਰੀਹ ਪੁਰ | ਹੁਸ਼ਿਆਰਪੁਰ | ੮੫੮ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਦਿਆਲ ਸਿੰਘ ਦੇ ਗ੍ਰਹਿ | ਡਡ | ਹੁਸ਼ਿਆਰਪੁਰ | ੮੬੦ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਲਾਲ ਸਿੰਘ ਦੇ ਗ੍ਰਹਿ | ਪੰਜ ਢੇਰਾ | ਹੁਸ਼ਿਆਰਪੁਰ | ੮੬੧ |
| ੨੨ ਚੇਤ ਸ਼ਹਿਨਸ਼ਾਹੀ ਸੰਮਤ ੯ ਕਰਤਾਰ ਸਿੰਘ ਦੇ ਗ੍ਰਹਿ | ਪੰਜ ਢੇਰਾ | ਹੁਸ਼ਿਆਰਪੁਰ | ੮੬੨ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਬਲਬੀਰ ਕੌਰ ਦੇ ਗ੍ਰਹਿ | ਪੰਜ ਢੇਰਾ | ਹੁਸ਼ਿਆਰਪੁਰ | ੮੬੪ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਗਿਆਨ ਚੰਦ ਗਾਂਧੀ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੮੬੪ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਨਰਾਇਣ ਸਿੰਘ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੮੬੫ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਜਗੀਰ ਸਿੰਘ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੮੬੬ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਜੀਆ ਲਾਲ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੮੬੬ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਹਰਬੰਸ ਸਿੰਘ ਦੇ ਕਵਿਤਾ ਬੋਲਣ ਤੇ | ਤਲਵਾੜਾ | ਹੁਸ਼ਿਆਰਪੁਰ | ੮੬੮ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਦਲਜੀਤ ਸਿੰਘ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੮੭੧ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਆਤਮ ਚੰਦ ਦੇ ਗ੍ਰਹਿ | ਤਲਵਾੜਾ | ਹੁਸ਼ਿਆਰਪੁਰ | ੮੭੧ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਮੰਗਲ ਸਿੰਘ ਰਾਮ ਸਿੰਘ ਦਰਬਾਰਾ ਸਿੰਘ ਦੇ ਗ੍ਰਹਿ | ਗਾਲੜੀਆਂ | ਹੁਸ਼ਿਆਰਪੁਰ | ੮੭੨ |
| ੨੩ ਚੇਤ ਸ਼ਹਿਨਸ਼ਾਹੀ ਸੰਮਤ ੯ ਰੇਸ਼ਮ ਸਿਂਘ ਦੇ ਗ੍ਰਹਿ | ਮੁਕੇਰੀਆਂ | ਹੁਸ਼ਿਆਰਪੁਰ | ੮੭੩ |


28
੨੩

| | | | |
|---|---|---|---|
| ੨੪ ਚੇਤ ਸ਼ਹਿਨਸ਼ਾਹੀ ਸੰਮਤ ੯ ਅਮੀਰ ਸਿੰਘ ਗੁਲਾਟੀ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੮੭੪ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੯ ਸਰਦੂਲ ਸਿੰਘ ਦੇ ਗ੍ਰਹਿ | ਅੰਬਾਲਾ ਛਾਉਣੀ | | ੮੭੫ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੯ ਆਸਾ ਸਿੰਘ ਦੇ ਗ੍ਰਹਿ | ਕਲਸਾਣੀ | ਕੁਰਕਸ਼ੇਤਰ | ੮੭੭ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੯ ਕਾਲਾ ਸਿੰਘ ਦੇ ਗ੍ਰਹਿ | ਕਲਸਾਣੀ | ਕੁਰਕਸ਼ੇਤਰ | ੮੭੮ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੯ ਬੰਤਾ ਸਿੰਘ ਦੇ ਗ੍ਰਹਿ | ਮੁਗਲ ਮਾਜਰਾ | ਕਰਨਾਲ | ੮੮੦ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੯ ਹਰਬੰਸ ਸਿੰਘ ਦੇ ਗ੍ਰਹਿ | ਠੀਕਰੀ ਛੰਨਾ | ਕਰਨਾਲ | ੮੮੧ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੯ ਸੰਪੂਰਨ ਸਿੰਘ ਦੇ ਗ੍ਰਹਿ | ਠੀਕਰੀ ਛੰਨਾ | ਕਰਨਾਲ | ੮੮੨ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੯ ਸੁਦਾਗਰ ਸਿੰਘ ਦੇ ਗ੍ਰਹਿ | ਭਠ ਮਾਜਰਾ | ਕਰਨਾਲ | ੮੮੩ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੯ ਅਰਜਨ ਸਿੰਘ ਦੇ ਗ੍ਰਹਿ | ਬਲੋਚਪੁਰ | ਕਰਨਾਲ | ੮੮੪ |
| ੨੭ ਚੇਤ ਸ਼ਹਿਨਸ਼ਾਹੀ ਸੰਮਤ ੯ ਮੋਹਣ ਸਿੰਘ ਦੇ ਗ੍ਰਹਿ | ਗੜ੍ਹੀ ਲਾਂਗਰੀ | ਕਰਨਾਲ | ੮੮੫ |
| ੨੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਰਣ ਸਿੰਘ ਦੇ ਗ੍ਰਹਿ | ਜੀਤ ਨਗਰ | ਕਰਨਾਲ | ੮੮੭ |
| ੨੭ ਚੇਤ ਸ਼ਹਿਨਸ਼ਾਹੀ ਸੰਮਤ ੯ ਸੁਰਜੀਤ ਕੌਰ ਦੇ ਗ੍ਰਹਿ | ਜੀਤ ਨਗਰ | ਕਰਨਾਲ | ੮੮੮ |
| ੨੭ ਚੇਤ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਗ੍ਰਹਿ | ਗੜ੍ਹੀ ਲਾਂਗਰੀ | ਕਰਨਾਲ | ੮੮੮ |
| ੨੮ ਚੇਤ ਸ਼ਹਿਨਸ਼ਾਹੀ ਸੰਮਤ ੯ ਸੰਤੋਖ ਸਿੰਘ ਦੇ ਗ੍ਰਹਿ | ਕੌਮੀ ਫਾਰਮ | ਕਰਨਾਲ | ੮੯੦ |
| ੨੮ ਚੇਤ ਸ਼ਹਿਨਸ਼ਾਹੀ ਸੰਮਤ ੯ ਚੰਨਣ ਸਿੰਘ ਦੇ ਗ੍ਰਹਿ | ਹਰਨੋਲਾ | ਕਰਨਾਲ | ੮੯੧ |
| ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਭਾਨ ਸਿੰਘ ਪ੍ਰੀਤਮ ਸਿੰਘ ਦੇ ਗ੍ਰਹਿ | ਨਾਨਕਸਰ | ਕਰਨਾਲ | ੮੯੪ |
| ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਸੋਹਣ ਸਿੰਘ ਦੇ ਗ੍ਰਹਿ | ਨਾਨਕ ਪੁਰ | ਕਰਨਾਲ | ੮੯੬ |
| ੨੯ ਚੇਤ ਸ਼ਹਿਨਸ਼ਾਹੀ ਸੰਮਤ ੯ ਨਿਰੰਜਣ ਸਿੰਘ ਦੇ ਗ੍ਰਹਿ | ਕੁਰਕੁਸ਼ੇਤਰ | | ੮੯੮ |
| ੨੯ ਚੇਤ ਸ਼ਹਿਨਸ਼ਾਹੀ ਸੰਮਤ ੯ ਸਰਦੂਲ ਸਿੰਘ ਦੇ ਗ੍ਰਹਿ | ਕੁਰਕੁਸ਼ੇਤਰ | | ੮੯੮ |
| ੨੯ ਚੇਤ ਸ਼ਹਿਨਸ਼ਾਹੀ ਸੰਮਤ ੯ ਗੁਰਮੇਜ ਸਿੰਘ ਦੇ ਗ੍ਰਹਿ | ਥਨੇਸਰ | | ੮੯੯ |
| ੨੯ ਚੇਤ ਸ਼ਹਿਨਸ਼ਾਹੀ ਸੰਮਤ ੯ ਬਚਨ ਸਿੰਘ ਦੇ ਗ੍ਰਹਿ | ਚਥੇ | ਕਰਨਾਲ | ੯੦੦ |
| ੨੯ ਚੇਤ ਸ਼ਹਿਨਸ਼ਾਹੀ ਸੰਮਤ ੯ ਠਾਕਰ ਸਿੰਘ ਦੇ ਗ੍ਰਹਿ | ਅਮੀਨ | ਕਰਨਾਲ | ੯੦੦ |


29
੨੩

| | | | |
|---|---|---|---|
| ੨੯ ਚੇਤ ਸ਼ਹਿਨਸ਼ਾਹੀ ਸੰਮਤ ੯ ਜਗਤਾਰ ਸਿੰਘ ਦੇ ਗ੍ਰਹਿ | ਅਮੀਨ | ਕਰਨਾਲ | ੯੦੧ |
| ੩੦ ਚੇਤ ਸ਼ਹਿਨਸ਼ਾਹੀ ਸੰਮਤ ੯ ਸੁਰਜਨ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੨ |
| ੩੦ ਚੇਤ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੩ |
| ੩੦ ਚੇਤ ਸ਼ਹਿਨਸ਼ਾਹੀ ਸੰਮਤ ੯ ਅਜੀਤ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੩ |
| ੩੦ ਚੇਤ ਸ਼ਹਿਨਸ਼ਾਹੀ ਸੰਮਤ ੯ ਚਰਨ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੪ |
| ੩੦ ਚੇਤ ਸ਼ਹਿਨਸ਼ਾਹੀ ਸੰਮਤ ੯ ਜਸਵੰਤ ਕੌਰ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੪ |
| ੩੦ ਚੇਤ ਸ਼ਹਿਨਸ਼ਾਹੀ ਸੰਮਤ ੯ ਪ੍ਰੀਤਮ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੫ |
| ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੯੦੫ |
| ੨ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਜਗੀਰ ਸਿੰਘ ਦੇ ਗ੍ਰਹਿ | ਸੋਹਲ | ਗੁਰਦਾਸਪੁਰ | ੯੧੩ |
| ੩ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਹਰਬੰਸ ਸਿੰਘ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੯੧੬ |
| ੬ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਮਾਲਵਾ ਦੁਆਬਾ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ | ਰਜੋਵਾਲ | ਲੁਧਿਆਣਾ | ੯੧੮ |
| ੧੦ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਸੰਗਤ ਦੇ ਵਾਢੀ ਕਰ ਕੇ ਰਾਤ ਆਉਣ ਦੇ ਸਮੇਂ | ਰਜੋਵਾਲ | ਲੁਧਿਆਣਾ | ੯੧੮ |
| ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਗੁਰਦੇਵ ਸਿੰਘ ਦੇ ਗ੍ਰਹਿ | ਲੁਧਿਆਣਾ | | ੯੧੯ |
| ੧੭ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਮਾਝਾ ਸੰਗਤ ਵਾਢੀ ਕਰਨ ਆਇਆਂ ਨਵਿਤ | ਜੇਠੂਵਾਲ | ਅੰਮ੍ਰਿਤਸਰ | ੯੨੨ |

੧੮ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਹਰਿਭਗਤ ਦੁਵਾਰ ਜੇਠੂਵਾਲ ਮਾਝਾ ਸੰਗਤ ਦੇ ਵਾਢੀ ਕਰਨ ਸਮੇਂ ੯੨੪

੨੨ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਹਰਿਭਗਤ ਦੁਵਾਰ ਜੇਠੂਵਾਲ ਗੁਰਦਾਸਪੁਰ ਸੰਗਤ ਦੇ ਵਾਢੀ ਕਰਨ ਸਮੇਂ ੯੨੭

੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਸਰੂਪ ਸਿੰਘ ਦੇ ਆਰੇ ਦੀ ਚੱਠ ਕਰਨ ਸਮੇਂ ਗੁਰਦਾਸਪੁਰ ਸ਼ਹਿਰ ੯੨੮

| | | | |
|---|---|---|---|
| ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਕਿਸ਼ਨ ਸਿੰਘ ਦੇ ਗ੍ਰਹਿ | ਅੱਲੜ ਪਿੰਡੀ | ਗੁਰਦਾਸਪੁਰ | ੯੨੯ |
| ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਮੱਖਣ ਸਿਂਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੯੩੦ |


30 ੨੩

੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਹਰਿ ਸੰਗਤ ਦੇ ਨਵਿਤ ਬਾਬੂ ਪੁਰ ਗੁਰਦਾਸਪੁਰ ੯੩੦

੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਪਾਤਸ਼ਾਹ ਜੀ ਦੀ ਬੰਬੀ ਤੇ, ਕਸ਼ਮੀਰ ਸਿੰਘ, ਜਸਬੀਰ ਸਿੰਘ,
ਭਾਗ ਸਿੰਘ, ਕੁਲਵੰਤ ਸਿੰਘ, ਮੇਲਾ ਸਿੰਘ, ਜਗਤਾਰ ਸਿੰਘ,
ਗੁਰਮੀਤ ਕੌਰ, ਚਰਨ ਕੌਰ, ਜਗੀਰ ਸਿੰਘ, ਨਿਰਮਲ ਸਿੰਘ,
ਸੁਲਖਣ ਸਿੰਘ, ਜਰਨੈਲ ਸਿੰਘ, ਦਲੀਪ ਸਿੰਘ, ਰਤਨ ਸਿੰਘ,
ਜੋਗਾ ਸਿੰਘ, ਭਜਨ ਸਿਘ, ਪ੍ਰੀਤਮ ਸਿੰਘ, ਕਸ਼ਮੀਰ ਸਿੰਘ
ਜੇਠੂਵਾਲ ਅੰਮ੍ਰਿਤਸਰ ੯੩੨

੩੧ ਵਿਸਾਖ ਸ਼ਹਿਨਸ਼ਾਹੀ ਸੰਮਤ ੯ ਮੌਤਾ ਸਿੰਘ ਕਲਸੀਆਂ ਵਾਲੇ ਦੇ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੯੩੩

ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੯੩੪

31 ੨੩ ੦੨ ਜੇਠ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਸਵੇਰ ਵੇਲੇ ਜੇਠੂਵਾਲ ਅੰਮ੍ਰਿਤਸਰ ੯੪੧ 31 ੨੩

੦੫ ਜੇਠ ਸ਼ਹਿਨਸ਼ਾਹੀ ਸੰਮਤ ੯ ਕਲਸੀਆਂ ਅੰਮ੍ਰਿਤਸਰ ੯੪੧

੦੫ ਜੇਠ ਸ਼ਹਿਨਸ਼ਾਹੀ ਸੰਮਤ ੯ ਹਰਿਭਗਤ ਦੁਵਾਰ ਜੇਠੂਵਾਲ ਤਰਿਪਤ ਕੌਰ ਜੁਗਿੰਦਰ ਕੌਰ ਦੇ ਨਵਿਤ ੯੪੩

੧੧ ਜੇਠ ਸ਼ਹਿਨਸ਼ਾਹੀ ਸੰਮਤ ੯ ਹਰਿਭਗਤ ਦੁਵਾਰ ਦਰਬਾਰ ਨਿਵਾਸੀਆਂ ਦਲੀਪ ਸਿੰਘ, ਰਤਨ ਸਿੰਘ,
ਸੁਲਖਣ ਸਿੰਘ, ਜਰਨੈਲ ਸਿੰਘ, ਕੁਲਵੰਤ ਸਿੰਘ, ਪ੍ਰੀਤਮ ਸਿੰਘ,
ਕਸ਼ਮੀਰ ਸਿੰਘ, ਬਲਕਾਰ ਸਿੰਘ, ਭਜਨ ਸਿੰਘ, ਕੇਹਰ ਸਿੰਘ,
ਜਗੀਰ ਸਿੰਘ, ਜਸਬੀਰ ਸਿੰਘ, ਈਸ਼ਰ ਸਿੰਘ, ਭਾਨ ਸਿੰਘ ਦੇ ਨਵਿਤ
ਜੇਠੂਵਾਲ ਅੰਮ੍ਰਿਤਸਰ ੯੪੬

੧੫ ਜੇਠ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਦਿੱਲੀ ਦਿੱਲੀ ੯੪੭

੧੬ ਜੇਠ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਦਿੱਲੀ ਦਿੱਲੀ ੯੫੦

ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੯੫੨

੦੨ ਹਾੜ ਸ਼ਹਿਨਸ਼ਾਹੀ ਸੰਮਤ ੯ ਕਾਬਲ ਸਿੰਘ ਦੇ ਗ੍ਰਹਿ ਬਾਸਰਕੇ ਅੰਮ੍ਰਿਤਸਰ ੯੫੬

32
੨੩

| | | | |
|---|---|---|---|
| ੦੩ ਹਾੜ ਸ਼ਹਿਨਸ਼ਾਹੀ ਸੰਮਤ ੯ | ਬਾਸਰਕੇ | ਅੰਮ੍ਰਿਤਸਰ | ੯੫੯ |
| ੦੩ ਹਾੜ ਸ਼ਹਿਨਸ਼ਾਹੀ ਸੰਮਤ ੯ ਨਰੈਣ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੯੬੦ |
| ੦੪ ਹਾੜ ਸ਼ਹਿਨਸ਼ਾਹੀ ਸੰਮਤ ੯ ਨਰੈਣ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੯੬੩ |
| ੦੪ ਹਾੜ ਸ਼ਹਿਨਸ਼ਾਹੀ ਸੰਮਤ ੯ ਕੱਲਾ ਹਰਿ ਸੰਗਤ ਦੇ ਨਵਿਤ | ਕੱਲਾ | ਅੰਮ੍ਰਿਤਸਰ | ੯੬੭ |
| ੦੪ ਹਾੜ ਸ਼ਹਿਨਸ਼ਾਹੀ ਸੰਮਤ ੯ ਕੱਲਾ ਹਰਿ ਸੰਗਤ ਦੇ ਨਵਿਤ | ਕੱਲਾ | ਅੰਮ੍ਰਿਤਸਰ | ੯੬੯ |
| ੦੫ ਹਾੜ ਸ਼ਹਿਨਸ਼ਾਹੀ ਸੰਮਤ ੯ ਕੱਲਾ ਹਰਿ ਸੰਗਤ ਦੇ ਨਵਿਤ | ਕੱਲਾ | ਅੰਮ੍ਰਿਤਸਰ | ੯੭੪ |
| ੧੬ ਹਾੜ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੯੭੬ |
| ੧੭ ਹਾੜ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੯੮੦ |
| ਭਾਰਤ ਦੇ ਰਾਸ਼ਟਰਪਤੀ ਵੀ੦ ਵੀ੦ ਗਿਰੀ ਨੂੰ ਸ਼ਬਦ ਭੇਜਿਆ | | | ੯੯੫ |
| ੧੮ ਹਾੜ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਸਵੇਰੇ ਸ਼ਾਦੀਆਂ ਦੇ ਸਮੇਂ ਜੇਠੂਵਾਲ | | | ੯੯੭ |
| ੧੮ ਹਾੜ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਦੇ ਸਮੇਂ ਜੇਠੂਵਾਲ | | ਅੰਮ੍ਰਿਤਸਰ | ੧੦੦੨ |
| ੧੯ ਹਾੜ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਦੇ ਸਮੇਂ ਜੇਠੂਵਾਲ | | ਅੰਮ੍ਰਿਤਸਰ | ੧੦੧੦ |
| ੩੦ ਹਾੜ ਸ਼ਹਿਨਸ਼ਾਹੀ ਸੰਮਤ ੯ ਰਾਮ ਸਿੰਘ ਦੇ ਗ੍ਰਹਿ | ਗਵਾਲ ਟੋਲੀ | ਫਿਰੋਜ਼ਪੁਰ ਛਾਉਣੀ | ੧੦੧੧ |
| ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਦੇ ਸਮੇਂ ਜੇਠੂਵਾਲ | | ਅੰਮ੍ਰਿਤਸਰ | ੧੦੧੨ |
| ੦੨ ਸਾਵਣ ਸ਼ਹਿਨਸ਼ਾਹੀ ਸੰਮਤ ੯ ਜਸਮੇਰ ਸਿੰਘ ਦੇ ਗ੍ਰਹਿ | ਗੰਗਾ ਨਗਰ | ਰਾਜਸਥਾਨ | ੧੦੨੨ |
| ੦੩ ਸਾਵਣ ਸ਼ਹਿਨਸ਼ਾਹੀ ਸੰਮਤ ੯ ਮਲਕੀਅਤ ਸਿੰਘ ਦੇ ਗ੍ਰਹਿ | ਬਣ ਆਲੀ | ਗੰਗਾਨਗਰ | ੧੦੨੪ |
| ੦੪ ਸਾਵਣ ਸ਼ਹਿਨਸ਼ਾਹੀ ਸੰਮਤ ੯ ਜਾਗੀਰ ਸਿੰਘ ਦੇ ਗ੍ਰਹਿ | ਰਤੇ ਵਾਲ | ਗੰਗਾਨਗਰ | ੧੦੨੬ |
| ੦੫ ਸਾਵਣ ਸ਼ਹਿਨਸ਼ਾਹੀ ਸੰਮਤ ੯ ਮਾਂਹ ਸਿੰਘ ਦੇ ਗ੍ਰਹਿ | ੨੫ ਬੀ੦ ਬੀ੦ | ਗੰਗਾਨਗਰ | ੧੦੨੮ |
| ੦੫ ਸਾਵਣ ਸ਼ਹਿਨਸ਼ਾਹੀ ਸੰਮਤ ੯ ਤਾਰਾ ਸਿੰਘ ਦੇ ਗ੍ਰਹਿ | ੨੫ ਬੀ੦ ਬੀ੦ | ਗੰਗਾਨਗਰ | ੧੦੩੨ |
| ੦੫ ਸਾਵਣ ਸ਼ਹਿਨਸ਼ਾਹੀ ਸੰਮਤ ੯ ਰਤਨ ਸਿੰਘ ਦੇ ਗ੍ਰਹਿ | ੨੫ ਬੀ੦ ਬੀ੦ | ਗੰਗਾਨਗਰ | ੧੦੩੫ |
| ੦੬ ਸਾਵਣ ਸ਼ਹਿਨਸ਼ਾਹੀ ਸੰਮਤ ੯ ਸੁਖਿੰਦਰ ਸਿੰਘ ਜਸਬੀਰ ਕੌਰ ਨਵਿਤ | ੨੫ ਬੀ ਬੀ | ਗੰਗਾਨਗਰ | ੧੦੩੯ |
| ੦੬ ਸਾਵਣ ਸ਼ਹਿਨਸ਼ਾਹੀ ਸੰਮਤ ੯ ਗੁਰਚਰਨ ਕੌਰ ਦੇ ਗ੍ਰਹਿ | ਫਿਰੋਜ਼ਪੁਰ ਸ਼ਹਿਰ | | ੧੦੪੧ |

32
੨੩

| | | | | |
|---|---|---|---|---|
| ੦੯ ਸਾਵਣ ਸ਼ਹਿਨਸ਼ਾਹੀ ਸੰਮਤ ੯ | ਹਰਿ ਭਗਤ ਦੁਵਾਰ ਨਿਵਾਸੀ ਜਰਨੈਲ ਸਿੰਘ ਰਤਨ ਸਿੰਘ ਦਲੀਪ ਸਿੰਘ ਪ੍ਰੀਤਮ ਸਿੰਘ ਸੁਲੱਖਣ ਸਿੰਘ ਹਰਭਜਨ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੦੪੨ |
| ੧੬ ਸਾਵਣ ਸ਼ਹਿਨਸ਼ਾਹੀ ਸੰਮਤ ੯ | ਸੁਰਿੰਦਰ ਕੌਰ ਦੇ ਗ੍ਰਿਹਿ ਹਰਿ ਭਗਤ ਦੁਵਾਰ | | ਦਿੱਲੀ | ੧੦੪੪ |
| ੧੭ ਸਾਵਣ ਸ਼ਹਿਨਸ਼ਾਹੀ ਸੰਮਤ ੯ | ਅਜਮੇਰ ਸਿੰਘ ਦੇ ਗ੍ਰਿਹਿ ਮਾਤਾ ਗੰਜੀ ਮਿਲਟਰੀ ਡੇਰੀਫਾਰਮ | | ਗਵਾਲੀਅਰ | ੧੦੪੬ |
| ੧੮ ਸਾਵਣ ਸ਼ਹਿਨਸ਼ਾਹੀ ਸੰਮਤ ੯ | ਮੰਗਲ ਸਿੰਘ ਦੇ ਗ੍ਰਿਹਿ | ਇਬਰਾਹੀਮ ਗੰਜ | ਭੂਪਾਲ | ੧੦੪੮ |
| ੧੯ ਸਾਵਣ ਸ਼ਹਿਨਸ਼ਾਹੀ ਸੰਮਤ ੯ | ਭਗਤ ਸਿੰਘ ਦੇ ਗ੍ਰਿਹਿ ਪਹੁੰਚਦਿਆਂ ਹੀ | | ਇਟਾਰਸੀ | ੧੦੫੦ |
| ੨੦ ਸਾਵਣ ਸ਼ਹਿਨਸ਼ਾਹੀ ਸੰਮਤ ੯ | ਜੁਗਿੰਦਰ ਸਿੰਘ ਦੇ ਗ੍ਰਿਹਿ | | ਇਟਾਰਸੀ | ੧੦੫੬ |
| ੨੦ ਸਾਵਣ ਸ਼ਹਿਨਸ਼ਾਹੀ ਸੰਮਤ ੯ | ਹਰਦਿਤ ਸਿੰਘ ਦੇ ਗ੍ਰਿਹਿ | | ਇਟਾਰਸੀ | ੧੦੫੮ |
| ੨੨ ਸਾਵਣ ਸ਼ਹਿਨਸ਼ਾਹੀ ਸੰਮਤ ੯ | ਸੁਰਿੰਦਰ ਸਿੰਘ ਦੇ ਗ੍ਰਿਹਿ | | ਇਟਾਰਸੀ | ੧੦੬੧ |
| ੨੨ ਸਾਵਣ ਸ਼ਹਿਨਸ਼ਾਹੀ ਸੰਮਤ ੯ | ਜਸਵੰਤ ਸਿੰਘ ਦੇ ਗ੍ਰਿਹਿ | | ਇਟਾਰਸੀ | ੧੦੬੪ |
| ੨੨ ਸਾਵਣ ਸ਼ਹਿਨਸ਼ਾਹੀ ਸੰਮਤ ੯ | ਜਸਵੰਤ ਸਿੰਘ ਦੇ ਗ੍ਰਿਹਿ | | ਇਟਾਰਸੀ | ੧੦੬੫ |
| ੨੨ ਸਾਵਣ ਸ਼ਹਿਨਸ਼ਾਹੀ ਸੰਮਤ ੯ | ਪਟੋਲਾ ਬਾਈ ਸਿੰਧੀ ਦੇ ਗ੍ਰਿਹਿ | | ਇਟਾਰਸੀ | ੧੦੬੮ |
| ੨੨ ਸਾਵਣ ਸ਼ਹਿਨਸ਼ਾਹੀ ਸੰਮਤ ੯ | ਚਮਨ ਲਾਲ ਦੇ ਗ੍ਰਿਹਿ | | ਇਟਾਰਸੀ | ੧੦੬੯ |
| ੨੩ ਸਾਵਣ ਸ਼ਹਿਨਸ਼ਾਹੀ ਸੰਮਤ ੯ | ਪ੍ਰੇਮਵਤੀ ਦੇ ਗ੍ਰਿਹਿ | | ਇਟਾਰਸੀ | ੧੦੭੨ |
| ੨੩ ਸਾਵਣ ਸ਼ਹਿਨਸ਼ਾਹੀ ਸੰਮਤ ੯ | ਅਮਰਜੀਤ ਕੌਰ ਦੇ ਗ੍ਰਿਹਿ | | ਇਟਾਰਸੀ | ੧੦੭੫ |
| ੨੩ ਸਾਵਣ ਸ਼ਹਿਨਸ਼ਾਹੀ ਸੰਮਤ ੯ | ਪਾਰੂ ਮਲ ਦੇ ਗ੍ਰਿਹਿ | | ਇਟਾਰਸੀ | ੧੦੭੭ |
| ੨੪ ਸਾਵਣ ਸ਼ਹਿਨਸ਼ਾਹੀ ਸੰਮਤ ੯ | ਅਰਜਨ ਸਿੰਘ ਦੇ ਗ੍ਰਿਹਿ | | ਨਾਗਪੁਰ | ੧੦੭੮ |
| ੨੫ ਸਾਵਣ ਸ਼ਹਿਨਸ਼ਾਹੀ ਸੰਮਤ ੯ | ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈ | ਦੁਰਗ | ੧੦੮੧ |
| ੨੬ ਸਾਵਣ ਸ਼ਹਿਨਸ਼ਾਹੀ ਸੰਮਤ ੯ | ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈ | ਦੁਰਗ | ੧੦੮੩ |
| ੨੭ ਸਾਵਣ ਸ਼ਹਿਨਸ਼ਾਹੀ ਸੰਮਤ ੯ | ਕਰਤਾਰ ਸਿੰਘ ਦੇ ਗ੍ਰਿਹਿ | | ਦੁਰਗ | ੧੦੮੭ |

33
੨੩

੨੭ ਸਾਵਣ ਸ਼ਹਿਨਸ਼ਾਹੀ ਸੰਮਤ ੯ ਅਰਜਨ ਸਿੰਘ ਦੇ ਗ੍ਰਿਹਿ ਦੁਰਗ ੧੦੮੯
੨੮ ਸਾਵਣ ਸ਼ਹਿਨਸ਼ਾਹੀ ਸੰਮਤ ੯ ਜਬਲਪੁਰ ਰੱਖੜੀ ਵਾਲੇ ਦਿਨ ਰੱਖੜੀ ਬੰਨ੍ਹਣ
ਸਮੇਂ ਮਾਂਹ ਸਿੰਘ ਦੇ ਗ੍ਰਿਹਿ ੧੦੯੪
੨੮ ਸਾਵਣ ਸ਼ਹਿਨਸ਼ਾਹੀ ਸੰਮਤ ੯ ਗੁਰਦਾਸ ਸਿੰਘ ਦੇ ਗ੍ਰਿਹਿ ਜਬਲਪੁਰ ੧੦੯੭
੨੮ ਸਾਵਣ ਸ਼ਹਿਨਸ਼ਾਹੀ ਸੰਮਤ ੯ ਮਾਂਹ ਸਿੰਘ ਦੇ ਗ੍ਰਿਹਿ ਜਬਲਪੁਰ ੧੦੯੯
੨੯ ਸਾਵਣ ਸ਼ਹਿਨਸ਼ਾਹੀ ਸੰਮਤ ੯ ਭਗਤ ਸਿੰਘ ਦੇ ਗ੍ਰਿਹਿ ਇਟਾਰਸੀ ੧੧੦੨
ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੧੦੨
੦੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਜੇਠੂਵਾਲ ਸੰਗਤ ਦੇ ਸੇਵਾ ਕਰ ਕੇ ਜਾਣ ਸਮੇਂ ੧੧੧੧
੦੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੧੧੨
੦੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੧੧੪
੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਰਘੁਬੀਰ ਸਿੰਘ ਦੇ ਨਵਿਤ ਹਰਿ ਭਗਤ ਦੁਵਾਰ ਜੇਠੂਵਾਲ ੧੧੧੬
੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਦੀਦਾਰ ਸਿੰਘ ਦੇ ਗ੍ਰਿਹਿ ਜੱਟਾ ਅੰਮ੍ਰਿਤਸਰ ੧੧੧੮
੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਪੂਰਨ ਸਿੰਘ ਦੇ ਗ੍ਰਿਹਿ ਚੰਬਲ ਅੰਮ੍ਰਿਤਸਰ ੧੧੨੦
੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹੀਰਾ ਸਿੰਘ ਨਿਰੰਜਣ ਸਿੰਘ ਤੇਜਾ ਸਿੰਘ ਮੋਹਣ ਸਿੰਘ
ਚੰਨਣ ਸਿੰਘ ਕਰਤਾਰ ਸਿੰਘ ਅਨੋਖ ਸਿੰਘ ਦੇ ਗ੍ਰਿਹਿ ਚੰਬਲ ਅੰਮ੍ਰਿਤਸਰ ੧੧੨੧
੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਅਨੋਖ ਸਿੰਘ ਦੇ ਗ੍ਰਿਹਿ ਚੰਬਲ ਅੰਮ੍ਰਿਤਸਰ ੧੧੨੩
੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸੋਹਣ ਸਿੰਘ ਦੇ ਗ੍ਰਿਹਿ ਸ਼ਾਹ ਬੁਕਰ ਫਰੀਦਕੋਟ ੧੧੨੪
੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਬਗੀਚਾ ਸਿੰਘ ਦੇ ਗ੍ਰਿਹਿ ਫਤਿਹ ਗੜ੍ਹ ਫਰੀਦਕੋਟ ੧੧੨੬
੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਜਰਨੈਲ ਸਿੰਘ ਦੇ ਗ੍ਰਿਹਿ ਸ਼ਾਹ ਵਾਲਾ ਫਿਰੋਜ਼ਪੁਰ ੧੧੨੮
੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਲਛਮਣ ਸਿੰਘ ਦੇ ਗ੍ਰਿਹਿ ਵਾੜਾ ਫਿਰੋਜ਼ਪੁਰ ੧੧੩੨
੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਬਲਵੰਤ ਸਿੰਘ ਦੇ ਗ੍ਰਿਹਿ ਤਲਵੰਡੀ ਜਲੇ ਖਾਂ ਫਿਰੋਜ਼ਪੁਰ ੧੧੩੪
੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਮਲ ਸਿੰਘ ਦੇ ਗ੍ਰਿਹਿ ਰੱਜ਼ੀ ਵਾਲਾ ਫਰੀਦਕੋਟ ੧੧੩੬


34
੨੩

| | | | |
|---|---|---|---|
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਕਪੂਰ ਸਿੰਘ ਦੇ ਗ੍ਰਿਹਿ | ਮੋਗਾ ਸ਼ਹਿਰ | ਫਰੀਦਕੋਟ | ੧੧੩੭ |
| ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਗੁਰਤੇਜ ਸਿੰਘ ਦੇ ਗ੍ਰਿਹਿ | ਘਲ ਕਲਾਂ | ਫਰੀਦਕੋਟ | ੧੧੩੮ |
| ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਧੰਨਾ ਸਿੰਘ ਦੇ ਗ੍ਰਿਹਿ | ਡਗਰੂ | ਫਰੀਦਕੋਟ | ੧੧੪੧ |
| ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਮੇਲਾ ਸਿੰਘ ਦੇ ਗ੍ਰਿਹਿ | ਡਗਰੂ | ਫਰੀਦਕੋਟ | ੧੧੪੨ |
| ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸੀਤਲ ਸਿੰਘ ਦੇ ਗ੍ਰਿਹਿ | ਡਗਰੂ | ਫਰੀਦਕੋਟ | ੧੧੪੩ |
| ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸੰਪੂਰਨ ਸਿੰਘ ਦੇ ਗ੍ਰਿਹਿ | ਫਿਰੋਜ਼ਸ਼ਾਹ | ਫਿਰੋਜਪੁਰ | ੧੧੪੪ |
| ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸੁੰਦਰ ਸਿੰਘ ਦੇ ਗ੍ਰਿਹਿ | ਫਿਰੋਜ਼ਸ਼ਾਹ | ਫਿਰੋਜਪੁਰ | ੧੧੪੫ |
| ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਅਰਜਨ ਸਿੰਘ ਦੇ ਗ੍ਰਿਹਿ | ਬਸਤੀ ਖਲੀਲ | ਫਿਰੋਜਪੁਰ | ੧੧੪੫ |
| ੧੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਰਾਮ ਸਿੰਘ ਦੇ ਗ੍ਰਿਹਿ | ਗਵਾਲ ਟੋਲੀ ਫਿਰੋਜਪੁਰ ਛਾਉਣੀ | | ੧੧੪੭ |
| ੧੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸਾਧੂ ਸਿੰਘ ਦੇ ਗ੍ਰਿਹਿ | ਬਸਤੀ ਤੇਗਾ ਸਿੰਘ | ਫਿਰੋਜਪੁਰ | ੧੧੫੨ |
| ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਰਾਜਿੰਦਰ ਸਿੰਘ ਦੇ ਨਵਿਤ | ਬਸਤੀ ਤੇਗਾ ਸਿੰਘ | ਫਿਰੋਜਪੁਰ | ੧੧੫੪ |
| ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸੁਲੱਖਣ ਸਿੰਘ ਦੇ ਗ੍ਰਿਹਿ | ਰੁਕਨਾ ਮੁਗਲਾ | ਫਿਰੋਜ਼ਪੁਰ | ੧੧੫੭ |
| ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸਰੂਪ ਸਿੰਘ ਦੇ ਗ੍ਰਿਹਿ | ਢੁਡੀਕੇ | ਫਿਰੋਜਪੁਰ | ੧੧੬੦ |
| ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਇਕਬਾਲ ਸਿੰਘ ਦੇ ਗ੍ਰਿਹਿ | ਡੋਗਰ ਬਸਤੀ | ਫਰੀਦਕੋਟ | ੧੧੬੨ |
| ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹਰਿ ਸੰਗਤ ਦੇ ਨਵਿਤ | ਬਠਿੰਡੇ | ਬਠਿੰਡਾ | ੧੧੬੩ |
| ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਮਾਧਾ ਸਿੰਘ ਦੇ ਗ੍ਰਿਹਿ | ਬਠਿੰਡਾ | | ੧੧੬੯ |
| ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹਰੀ ਸਿੰਘ ਦੇ ਗ੍ਰਿਹਿ | ਚੱਕ ਰਾਮ ਸਿੰਘ ਵਾਲਾ | ਬਠਿੰਡਾ | ੧੧੭੧ |
| ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਧੰਨ ਕੌਰ ਦੇ ਗ੍ਰਿਹਿ | ਚੱਕ ਫਤਿਹ ਸਿੰਘ | ਫਰੀਦਕੋਟ | ੧੧੭੩ |
| ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਸ਼ਾਮ ਸਿੰਘ ਦੇ ਗ੍ਰਿਹਿ | ਬਠਿੰਡਾ ਰੋਡ ਬਰਨਾਲਾ | | ੧੧੭੬ |
| ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਉਤਮ ਸਿੰਘ ਦੇ ਗ੍ਰਿਹਿ | ਪਟਿਆਲਾ ਗੇਟ | ਨਾਭਾ | ੧੧੭੮ |
| ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਬਲਵੰਤ ਸਿੰਘ ਦੇ ਗ੍ਰਿਹਿ | ਸੇਵਕ ਕਲੌਨੀ ਪਲਾਟ ਨੰ੦ ੩੧ | ਪਟਿਆਲਾ | ੧੧੮੦ |


35
੨੩

| | | | |
|---|---|---|---|
| ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਹਰਬੰਸ ਸਿੰਘ ਦੇ ਗ੍ਰਹਿ | ਧੂਰੀ ਗੇਟ | ਸੰਗਰੂਰ | ੧੧੮੩ |
| ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਤਰਲੋਕ ਸਿੰਘ ਦੇ ਗ੍ਰਹਿ | ਸੁਨਾਮ ਸ਼ਹਿਰ | ਪਟਿਆਲਾ | ੧੧੮੭ |
| ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਜਸਵੰਤ ਸਿੰਘ ਦੇ ਗ੍ਰਹਿ | ਰਾਜੇਆਣਾ | ਫਰੀਦਕੋਟ | ੧੧੮੯ |
| ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਕਰਤਾਰ ਸਿੰਘ ਦੇ ਗ੍ਰਹਿ | ਚੜਿਕ | ਫਰੀਦਕੋਟ | ੧੧੯੨ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਕੌਰ ਦੇ ਗ੍ਰਹਿ | ਚੜਿਕ | ਫਰੀਦਕੋਟ | ੧੧੯੫ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਗੁਰਦਿਆਲ ਸਿੰਘ ਦੇ ਗ੍ਰਹਿ | ਰਾਮੂਵਾਲਾ | ਫਰੀਦਕੋਟ | ੧੧੯੬ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਗੁਰਨਾਮ ਸਿੰਘ ਦੇ ਗ੍ਰਹਿ | ਗਾਲਬ ਰਣ ਸਿੰਘ ਵਾਲਾ | ਲੁਧਿਆਣਾ | ੧੧੯੭ |
| ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਨਿਰੰਜਣ ਸਿੰਘ ਦੇ ਗ੍ਰਹਿ | ਸਰਾਭਾ ਨਗਰ | ਲੁਧਿਆਣਾ | ੧੧੯੯ |
| ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੯ ਨਾਜਰ ਸਿੰਘ ਦੇ ਗ੍ਰਹਿ | ਲਾਡੂਵਾਲ | ਜਲੰਧਰ | ੧੨੦੨ |
| ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੨੦੨ |
| ੦੨ ਅਸੂ ਸ਼ਹਿਨਸ਼ਾਹੀ ਸੰਮਤ ੯ ਗੁਰਬਖਸ਼ ਸਿੰਘ ਦੇ ਗ੍ਰਹਿ | ਮੈਣੀਆਂ | ਅੰਮ੍ਰਿਤਸਰ | ੧੨੨੨ |
| ੦੩ ਅੱਸੂ ਸ਼ਹਿਨਸ਼ਾਹੀ ਸੰਮਤ ੯ ਗੁਰਦਿਆਲ ਸਿੰਘ ਦੇ ਘਰ ਸਵੇਰੇ | ਮੈਣੀਆਂ | ਅੰਮ੍ਰਿਤਸਰ | ੧੨੨੪ |
| ੦੩ ਅੱਸੂ ਸ਼ਹਿਨਸ਼ਾਹੀ ਸੰਮਤ ੯ ਮੈਣੀਆਂ ਤੋਂ ਹਰਿ ਭਗਤ ਦੁਵਾਰ ਵਿਖੇ ਪੁੱਜ ਕੇ ਜੇਠੂਵਾਲ | | | ੧੨੨੮ |
| ੦੩ ਅੱਸੂ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੨੨੯ |
| ੦੬ ਅੱਸੂ ਸ਼ਹਿਨਸ਼ਾਹੀ ਸੰਮਤ ੯ ਦਲੀਪ ਸਿੰਘ ਦੇ ਗ੍ਰਹਿ | ਜੰਡਿਆਲਾ | ਅੰਮ੍ਰਿਤਸਰ | ੧੨੩੨ |
| ੦੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਦਲੀਪ ਸਿੰਘ ਦੀ ਬੰਬੀ ਤੇ | ਜੰਡਿਆਲਾ | ਅੰਮ੍ਰਿਤਸਰ | ੧੨੩੪ |
| ੦੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਸਰੈਣ ਸਿੰਘ ਦੇ ਗ੍ਰਹਿ | ਜੰਡਿਆਲਾ | ਅੰਮ੍ਰਿਤਸਰ | ੧੨੩੫ |
| ੦੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਸਵਰਨ ਸਿੰਘ ਦੇ ਗ੍ਰਹਿ | ਜੰਡਿਆਲਾ | ਅੰਮ੍ਰਿਤਸਰ | ੧੨੩੫ |
| ੦੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਸੰਤੋਖ ਸਿੰਘ ਦੇ ਗ੍ਰਹਿ | ਜੰਡਿਆਲਾ | ਅੰਮ੍ਰਿਤਸਰ | ੧੨੩੭ |
| ੦੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਤੇਜਾ ਸਿੰਘ ਦੇ ਗ੍ਰਹਿ | ਜੰਡਿਆਲਾ | ਅੰਮ੍ਰਿਤਸਰ | ੧੨੩੮ |
| ੦੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਗੁਲਜ਼ਾਰ ਸਿੰਘ ਦੇ ਗ੍ਰਹਿ | ਜੰਡਿਆਲਾ | ਅੰਮ੍ਰਿਤਸਰ | ੧੨੩੯ |
| ੦੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਹਰੀ ਸਿੰਘ ਦੇ ਸਰੀਰ ਛੁੱਟਣ ਨਵਿਤ | ਕੱਲਾ | ਅੰਮ੍ਰਿਤਸਰ | ੧੨੪੦ |

37
੨੩

| | | | | | | | |
|---|---|---|---|---|---|---|---|
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਸਵਰਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੪੩ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੪੫ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਸਰਮੁਖ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੪੭ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਕੁੰਦਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੪੮ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਸੁਖਦੇਵ ਸਿੰਘ ਸੁੰਦਰ ਲਾਲ ਦੇ ਨਵਿਤ | ਕੱਲਾ | ਅੰਮ੍ਰਿਤਸਰ | ੧੨੪੮ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੪੯ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਗੁਰਬਖਸ਼ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੫੦ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਕਰਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੫੧ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਸਰਦਾਰਾ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੨੫੧ |
| ੦੮ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਸਵਰਨ ਸਿੰਘ ਦੇ ਗ੍ਰਹਿ | ਤਰਨਤਾਰਨ | ਅੰਮ੍ਰਿਤਸਰ | ੧੨੫੨ |
| ੦੯ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਦਾਰਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੧੨੫੫ |
| ੦੯ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਮੱਸਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੧੨੫੫ |
| ੦੯ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਮੱਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੧੨੫੬ |
| ੧੪ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਅਰਜਨ ਸਿੰਘ ਦੇ ਗ੍ਰਹਿ ਪੁਜਦਿਆਂ ਹੀ | ਸਲੀਮਪੁਰ | ਹੁਸ਼ਿਆਰਪੁਰ | ੧੨੫੭ |
| | | | | ਰਾਤ ਨੂੰ ਕਿਰਪਾ ਕੀਤੀ ਅਰਜਨ ਸਿੰਘ ਤੇ ਰਣਜੀਤ ਸਿੰਘ ਦੇ ਨਵਿਤ | | | ੧੨੫੮ |
| ੧੫ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਮੱਲਾ ਰਾਮ ਦੇ ਗ੍ਰਹਿ ਭੱਠੇ ਤੇ | ਸਰਵਾਲ | ਹੁਸ਼ਿਆਰਪੁਰ | ੧੨੬੩ |
| ੧੫ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਊਧਮ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੧੨੬੪ |
| ੧੫ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਉਤਮ ਸਿੰਘ ਦੇ ਗ੍ਰਹਿ | ਵੈਜੋਵਾਲ | ਅੰਮ੍ਰਿਤਸਰ | ੧੨੬੫ |
| ੧੫ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਸੋਹਣ ਸਿੰਘ ਦੇ ਗ੍ਰਹਿ | ਰਾਮਪੁਰ | ਅੰਮ੍ਰਿਤਸਰ | ੧੨੬੬ |
| ੧੭ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਤਾਰਾ ਸਿੰਘ ਗਗੋਬੂਆ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੬੮ |
| ੨੨ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਨਰਿੰਦਰ ਕੌਰ ਦੇ ਨਵਿਤ | ਗਵਾਲ ਟੋਲੀ | ਫਿਰੋਜਪੁਰ ਛਾਉਣੀ | ੧੨੬੯ |
| ੨੪ | ਅੱਸੂ | ਸ਼ਹਿਨਸ਼ਾਹੀ ਸੰਮਤ | ੯ | ਦਲਜੀਤ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੭੩ |

37
੨੩

| | | | |
|---|---|---|---|
| ੨੬ ਅੱਸੂ ਸ਼ਹਿਨਸ਼ਾਹੀ ਸੰਮਤ ੯ ਦਲੀਪ ਸਿੰਘ ਗਗੋਬੂਆ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੭੪ |
| ੨੭ ਅੱਸੂ ਸ਼ਹਿਨਸ਼ਾਹੀ ਸੰਮਤ ੯ ਅਜੀਤ ਸਿੰਘ ਬਟਾਲਾ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੭੫ |
| ੨੮ ਅੱਸੂ ਸ਼ਹਿਨਸ਼ਾਹੀ ਸੰਮਤ ੯ ਅਮੀਰ ਸਿੰਘ ਗੁਲਾਟੀ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੭੮ |
| ੨੯ ਅੱਸੂ ਸ਼ਹਿਨਸ਼ਾਹੀ ਸੰਮਤ ੯ ਰਾਤ ਨੂੰ ਸਾਢੇ ਗਿਆਰਾਂ ਵਜੇ | | | |
| ਜਸਬੀਰ ਕੌਰ ਇਟਾਰਸੀ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੨੮੨ |
| ੩੦ ਅੱਸੂ ਸ਼ਹਿਨਸ਼ਾਹੀ ਸੰਮਤ ੯ ਦੁਪਹਿਰ ਜਰਨੈਲ ਸਿੰਘ ਸ਼ਾਹ | | | |
| ਵਾਲੇ ਦੇ ਦਰਬਾਰ ਪੁੱਜਣ ਤੇ | ਜੇਠੂਵਾਲ | ਅੰਮ੍ਰਿਤਸਰ | ੧੨੮੫ |
| ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੨੮੬ |
| ੨ ਕੱਤਕ ਸ਼ਹਿਨਸ਼ਾਹੀ ਸੰਮਤ ੯ ਬਖ਼ਸ਼ੀਸ਼ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੨੯੩ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੯ ਕਰਨੈਲ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੨੯੬ |
| ੩ ਕਤਕ ਸ਼ਹਿਨਸ਼ਾਹੀ ਸੰਮਤ ੯ ਸਵਰਨ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੨੯੭ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੯ ਚੰਦਨ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੨੯੮ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੨੯੯ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੯ ਕਰਮ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੩੦੦ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੯ ਜੀਤ ਸਿੰਘ ਦੇ ਗ੍ਰਹਿ | ਕਾਦਰਾਬਾਦ | ਅੰਮ੍ਰਿਤਸਰ | ੧੩੦੧ |
| ੩ ਕੱਤਕ ਸ਼ਹਿਨਸ਼ਾਹੀ ਸੰਮਤ ੯ ਉਮਰਾਓ ਸਿੰਘ ਦੇ ਗ੍ਰਹਿ | ਬਲਪੁਰੀਆ | ਅੰਮ੍ਰਿਤਸਰ | ੧੩੦੨ |
| ੩ ਕਤਕ ਸ਼ਹਿਨਸ਼ਾਹੀ ਸੰਮਤ ੯ ਮੱਸਾ ਸਿੰਘ ਦੇ ਗ੍ਰਹਿ | ਬਲਪੁਰੀਆ | ਅੰਮ੍ਰਿਤਸਰ | ੧੩੦੩ |
| ੪ ਕੱਤਕ ਸ਼ਹਿਨਸ਼ਾਹੀ ਸੰਮਤ ੯ ਫੁੰਮਣ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੩੦੫ |
| ਭਾਈਏ ਤੇਜਾ ਸਿੰਘ ਨੂੰ ਗਲ ਵਕੜੀ ਪਾ ਕੇ ਸ਼ਬਦ ਉਚਾਰਿਆ ਰਾਤ ਹੀ | | | ੧੩੦੭ |
| ੫ ਕਤਕ ਸ਼ਹਿਨਸ਼ਾਹੀ ਸੰਮਤ ੯ ਦਲਬੀਰ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੩੦੭ |
| ੫ ਕਤਕ ਸ਼ਹਿਨਸ਼ਾਹੀ ਸੰਮਤ ੯ ਰਣਜੀਤ ਸਿੰਘ ਸੇਵਾ ਸਿੰਘ | ਕਲਸੀਆਂ | ਅੰਮ੍ਰਿਤਸਰ | ੧੩੦੯ |
| ੫ ਕਤਕ ਸ਼ਹਿਨਸ਼ਾਹੀ ਸੰਮਤ ੯ ਮੋਤਾ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੩੧੦ |


38 ੨੩

੮ ਕਤਕ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦਵਾਰ ਰਾਤ ਜਸਬੀਰ
ਕੌਰ ਇਟਾਰਸੀ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੩੧੧

ਸਿੰਘਾਸਣ ਦੇ ਅੱਗੇ ਜਸਬੀਰ ਕੌਰ ਨੂੰ ਲੰਮਾ ਪਾ ਕੇ ਉਪਰ ਜੁਗਿੰਦਰ ਸਿੰਘ
ਤੋਂ ਢਾਈ ਗਜ਼ ਲਾਲ ਕੱਪੜਾ ਦੁਵਾ ਕੇ ਫਿਰ ਕਿਰਪਾ ਕੀਤੀ ੧੩੧੮

ਰਾਤ ਨੂੰ ਹੀ ਇੱਕੀ ਸਿੱਖਾਂ ਦੇ ਇੱਕੀ ਮਿੰਟ ਸ਼ਬਦ ਪੜ੍ਹਨ ਤੋਂ ਬਾਦ ਕਿਰਪਾ ਕੀਤੀ ੧੩੨੧

੧੪ ਕੱਤਕ ਸ਼ਹਿਨਸ਼ਾਹੀ ਸੰਮਤ ੯ ਜਰਨੈਲ ਸਿੰਘ ਦੇ ਗ੍ਰਹਿ ਮਹੌਣ ਲੁਧਿਆਣਾ ੧੩੨੨

੧੫ ਕੱਤਕ ਸ਼ਹਿਨਸ਼ਾਹੀ ਸੰਮਤ ੯ ਚੈਂਚਲ ਸਿੰਘ ਦੇ ਗ੍ਰਹਿ ਮਹੌਣ ਲੁਧਿਆਣਾ ੧੩੨੬

੧੫ ਕਤਕ ਸ਼ਹਿਨਸ਼ਾਹੀ ਸੰਮਤ ੯ ਦਰਬਾਰਾ ਸਿੰਘ ਦੇ ਗ੍ਰਹਿ ਬਾਠ ਲੁਧਿਆਣਾ ੧੩੨੮

੧੫ ਕੱਤਕ ਸ਼ਹਿਨਸ਼ਾਹੀ ਸੰਮਤ ੯ ਪਿੰਡ ਧਨੌਰੀ ਤੋਂ ਬਾਹਰ ਸੜਕ ਤੇ ਜਲੂਸ ਦੇ
ਚਲਣ ਤੋਂ ਪਹਿਲਾਂ ਰੋਪੜ ੧੩੩੦

੧੫ ਕੱਤਕ ਸ਼ਹਿਨਸ਼ਾਹੀ ਸੰਮਤ ੯ ਸਰਬ ਮਾਲਵਾ ਸੰਗਤ ਦੇ ਇਕੱਠ ਨਵਿਤ ਰਾਤ ਧਨੌਰੀ ਰੋਪੜ ੧੩੩੧

੧੬ ਕੱਤਕ ਸ਼ਹਿਨਸ਼ਾਹੀ ਸੰਮਤ ੯ ਲਛਮਣ ਸਿੰਘ ਦੇ ਨਵਿਤ ਵਿਹਾਰ ਹੋਇਆ ਧਨੌਰੀ ਰੋਪੜ ੧੩੩੭

੧੬ ਕੱਤਕ ਸ਼ਹਿਨਸ਼ਾਹੀ ਸੰਮਤ ੯ ਮਾਲਵਾ ਸੰਗਤ ਦੇ ਨਵਿਤ ਧਨੌਰੀ ਰੋਪੜ ੧੩੪੨

੧੭ ਕੱਤਕ ਸ਼ਹਿਨਸ਼ਾਹੀ ਸੰਮਤ ੯ ਸਵਰਨ ਸਿੰਘ ਦੀਨਾ ਨਗਰ ਵਾਲੇ ਦੇ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੩੪੮

੧੮ ਕੱਤਕ ਸ਼ਹਿਨਸ਼ਾਹੀ ਸੰਮਤ ੯ ਹਰਜੀਤ ਸਿੰਘ ਜੇਠੂਵਾਲ ਵਾਲੇ ਦੇ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੩੫੨

੨੬ ਕੱਤਕ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੩੫੩

੨੯ ਕੱਤਕ ਸ਼ਹਿਨਸ਼ਾਹੀ ਸੰਮਤ ੯ ਸੁਰਜੀਤ ਸਿੰਘ ਜੇਠੂਵਾਲ ਵਾਲੇ ਦੇ ਛੋਟੇ ਕਾਕੇ ਦੇ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੩੫੫

੩੦ ਕੱਤਕ ਸ਼ਹਿਨਸ਼ਾਹੀ ਸੰਮਤ ੯ ਸ਼ਾਮ ਸਿੰਘ ਕਲਸੀਆਂ ਵਾਲੇ ਦੇ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੩੫੭


39 ੨੩

| | | | |
|---|---|---|---|
| ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੩੫੮ |
| ੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਨਿਵਾਸੀ ਸੁਲਖਣ ਸਿੰਘ ਜਰਨੈਲ ਸਿੰਘ ਪ੍ਰੀਤਮ ਸਿੰਘ ਕਸ਼ਮੀਰ ਸਿੰਘ ਦਲੀਪ ਸਿੰਘ ਰਤਨ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੩੭੨ |
| ੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਜੇਠੂਵਾਲ ਲੰਗਰ ਬਣਾਉਣ ਦੀ ਸੇਵਾ ਕਰਨ ਵਾਲੀ ਸੰਗਤ ਨਵਿਤ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੩੭੪ |
| ੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਵੇਰੇ ਲੰਗਰ ਸੱਚੇ ਪਾਤਸ਼ਾਹ ਜੀ ਦੇ ਵਰਤਾਉਣ ਤੇ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੩੭੭ |
| ੬ ਮੱਘਰ ਸ਼ਹਿਨਸ਼ਾਹੀ ਸੰਮਤ ੯ ਅਜੈਬ ਸਿੰਘ ਗਗੋਬੂਆ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੩੭੯ |
| ੧੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਤਰਲੋਕ ਸਿੰਘ ਹਰੀ ਪੁਰ ਜ਼ਿਲਾ ਜਲੰਧਰ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੩੮੧ |
| ੧੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦੀ ਨਿਵਾਸੀ ਸਤਵੰਤ ਕੌਰ ਦੇ ਨਵਿਤ | | | ੧੩੮੨ |
| ੧੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਚੇਲਾ ਸਿੰਘ ਦੇ ਗ੍ਰਿਹ | ਵਜ਼ਾਰਤ ਰੋਡ | ਜੰਮੂ | ੧੩੮੩ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਅਜੀਤ ਸਿੰਘ ਦੇ ਗ੍ਰਿਹ | ਵਜ਼ਾਰਤ ਰੋਡ | ਜੰਮੂ | ੧੩੮੬ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਚਰਨ ਸਿੰਘ ਦੇ ਗ੍ਰਿਹ | ਵਜ਼ਾਰਤ ਰੋਡ | ਜੰਮੂ | ੧੩੮੭ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਛੁੱਮਣ ਸਿੰਘ ਦੇ ਗ੍ਰਿਹ | ਵਜ਼ਾਰਤ ਰੋਡ | ਜੰਮੂ | ੧੩੮੮ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਰਾਮ ਕੌਰ ਦੇ ਗ੍ਰਿਹ | ਵਜ਼ਾਰਤ ਰੋਡ | ਜੰਮੂ | ੧੩੮੮ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਅਮਰੋ ਦੇਵੀ | ਨਹਿਰ ਤੇ | ਜੰਮੂ | ੧੩੮੯ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਈਸ਼ਰ ਸਿੰਘ | ਦੜ | ਜੰਮੂ | ੧੩੮੯ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਸੂਰਤ ਸਿੰਘ | ਗੁਰਵਾਲੀ | ਜੰਮੂ | ੧੩੯੦ |


40
੨੩

| | | | |
|---|---|---|---|
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਸੁਰਜੀਤ ਕੌਰ | ਵਜ਼ਾਰਤ ਰੋਡ | ਜੰਮੂ | ੧੩੯੧ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਕਿਸ਼ਨ ਲਾਲ | ਜੰਮੂ | ਜੰਮੂ | ੧੩੯੧ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਸੰਸਾਰ ਸਿੰਘ ਦੇ ਗ੍ਰਹਿ | ਜੰਮੂ | | ੧੩੯੨ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਵਰਣ ਕੌਰ ਦੇ ਗ੍ਰਹਿ | ਜੰਮੂ ਸ਼ਹਿਰ | | ੧੩੯੨ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਅੰਗ੍ਰੇਜ਼ ਸਿੰਘ ਦੇ ਗ੍ਰਹਿ | ਜੰਮੂ ਸ਼ਹਿਰ | | ੧੩੯੩ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੯ ਤੇਜਭਾਨ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੩੯੫ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਹਰਦੇਵ ਸਿੰਘ ਦੇ ਸਰੀਰ ਛੱਡਣ ਨਵਿਤ ਸੇਈ ਕੈਂਪ ਜੰਮੂ | | | ੧੩੯੭ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਸ਼ਿਵ ਸਿੰਘ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੩੯੮ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁੜ੍ਹਾ ਰਾਮ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੦ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਚਰਨ ਦਾਸ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੧ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਗਿਆਨ ਚੰਦ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੨ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਫ਼ਕੀਰ ਸਿੰਘ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੩ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਪੀਰੂ ਰਾਮ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੩ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਨਾਨਕ ਚੰਦ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੪ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਰਦਾਰਾ ਸਿੰਘ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੪ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਰਵੇਲਾ ਰਾਮ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੬ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਝੰਡੂ ਰਾਮ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੭ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਚੰਨ ਪ੍ਰਕਾਸ਼ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੮ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਬੇਲੂ ਰਾਮ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੮ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਪ੍ਰੇਮ ਚੰਦ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੯ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਗਿਆਨ ਚੰਦ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੦੯ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੯ ਹਰਬੰਸ ਸਿੰਘ ਦਤ ਦੇ ਨਵਿਤ | ਸੇਈ ਕੈਂਪ | ਜੰਮੂ | ੧੪੧੦ |


41 ੨੩

| | | | | | | | |
|---|---|---|---|---|---|---|---|
| ੨੨ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਰਾਮ ਚੰਦ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੧੧ |
| ੨੨ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਚੰਨੋ ਦੇਵੀ ਦੇ ਗ੍ਰਹਿ | ਸੇਈ ਕੈਂਪ | ਜੰਮੂ | ੧੪੧੧ |
| ੨੨ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਸੋਭਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੧੨ |
| ੨੨ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਈਸ਼ਰ ਦਾਸ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੧੩ |
| ੨੨ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਲਛਮਣ ਸਿੰਘ ਦੇ ਗ੍ਰਹਿ ਬਾਹਰ ਵਿਹੜੇ ਵਿਚ | ਸੇਈ ਕਲਾਂ | ਜੰਮੂ | ੧੪੧੪ |
| ੨੨ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਲਛਮਣ ਸਿੰਘ ਦੇ ਗ੍ਰਹਿ ਰਾਤ ਨੂੰ | ਸੇਈ ਕਲਾਂ | ਜੰਮੂ | ੧੪੧੫ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਕੁਲਵੰਤ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੧੭ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਸੁਰਜੀਤ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੧੮ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਵਜ਼ੀਰੋ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੧੮ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਸੰਤ ਰਾਮ ਦੇ ਗ੍ਰਹਿ | ਗੋਕਲੇ ਚੱਕ | ਜੰਮੂ | ੧੪੧੮ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਪ੍ਰੇਮੀ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੧੯ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਜਲੰਧਰ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੨੦ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਪੁਨੂੰ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੨੧ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਰੋਸ਼ਨ ਲਾਲ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੨੧ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਬਿਸ਼ਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੨੨ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਚੂਹੜਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੨੩ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਗੁਰਬਚਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੨੩ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਫ਼ਰੰਗੀ ਰਾਮ ਦੇ ਗ੍ਰਹਿ | ਤਰੇਵਾ | ਜੰਮੂ | ੧੪੨੪ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਸਾਂਈ ਦਾਸ ਦੇ ਗ੍ਰਹਿ | ਤਰੇਵਾ | ਜੰਮੂ | ੧੪੨੫ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਅਨੰਤ ਰਾਮ ਦੇ ਗ੍ਰਹਿ | ਤਰੇਵਾ | ਜੰਮੂ | ੧੪੨੫ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਕਿਰਪਾਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੧੪੨੬ |
| ੨੩ | ਮੱਘਰ | ਸ਼ਹਿਨਸ਼ਾਹੀ ਸੰਮਤ | ੯ | ਵਕੀਲ ਸਿੰਘ ਦੇ ਗ੍ਰਹਿ | ਹੰਸਾ | ਜੰਮੂ | ੧੪੨੮ |


42
੨੩

| | | | | |
|---|---|---|---|---|
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸਵਰਨ ਕੌਰ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੨੯ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸ਼ਾਂਤੀ ਦੇਵੀ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੨੯ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਦੇਵਾ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੦ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਚਰਨਜੀਤ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੧ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਇੰਦਰ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੨ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਜੀਤ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੩ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਗੁਰਮੁਖ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੪ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਖੇਮ ਕੌਰ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੫ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਪੂਰਨ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੫ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਰਾਜਾ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੬ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਭਗਵਾਨ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੭ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਦੇਵਾ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੭ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਵਕੀਲ ਸਿੰਘ ਦੇ ਗ੍ਰਿਹਿ | ਸੇਈ ਕਲਾ | ਜੰਮੂ | ੧੪੩੮ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਰਮੇਸ਼ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੧੪੩੯ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਦੌਲਤ ਰਾਮ ਦੇ ਗ੍ਰਿਹਿ | ਕੋਟਲੀ | ਜੰਮੂ | ੧੪੩੯ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਦੇਵੀ ਸਿੰਘ ਦੇ ਗ੍ਰਿਹਿ | ਮਘੋਵਾਲੀ | ਜੰਮੂ | ੧੪੪੧ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸ਼ਾਹਣੀ ਦੇਵੀ ਦੇ ਗ੍ਰਿਹਿ | ਮਾਜਰਾ | ਜੰਮੂ | ੧੪੪੩ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਜੀਵਣ ਸਿੰਘ ਦੇ ਗ੍ਰਿਹਿ | ਚੌਮਾਂਹ (ਅਖਨੂਰ) | ਜੰਮੂ | ੧੪੪੩ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਮਾਇਆ ਦੇਵੀ ਦੇ ਗ੍ਰਿਹਿ | ਮਘੋਵਾਲੀ | ਜੰਮੂ | ੧੪੪੫ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਪਰਕਾਸ਼ ਸਿੰਘ ਦੇ ਗ੍ਰਿਹਿ | ਮਘੋਵਾਲੀ | ਜੰਮੂ | ੧੪੪੬ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸੁੰਦਰ ਸਿੰਘ ਦੇ ਗ੍ਰਿਹਿ | ਮਘੋਵਾਲੀ | ਜੰਮੂ | ੧੪੪੭ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਪਰਕਾਸ਼ੋ ਦੇਵੀ ਦੇ ਗ੍ਰਿਹਿ | ਮਘੋਵਾਲੀ | ਜੰਮੂ | ੧੪੪੮ |


43 ੨੩

| | | | | |
|---|---|---|---|---|
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਜਗਜੀਤ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੧੪੪੮ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸੇਵਾ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੧੪੪੯ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਭਗਤ ਸਿੰਘ ਦੇ ਗ੍ਰਿਹਿ | ਕੀਰ | ਜੰਮੂ | ੧੪੪੯ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਜਸਵੰਤ ਕੌਰ ਦੇ ਗ੍ਰਿਹਿ | ਕੋਠੇ ਨਿਹਾਲ ਪੁਰ | ਜੰਮੂ | ੧੪੫੧ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸਰਦਾਰਾ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੧੪੫੨ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਲਛਮੀ ਦੇਵੀ ਦੇ ਗ੍ਰਿਹਿ | ਸੀੜ | ਜੰਮੂ | ੧੪੫੫ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਗੁਰਨਾਮ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੧੪੫੫ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਗੁਰਨਾਮ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੧੪੫੭ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਜੁਗਿੰਦਰ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੧੪੫੮ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਰਣੀਆ ਰਾਮ ਦੇ ਗ੍ਰਿਹਿ | ਕਲੋਏ | ਜੰਮੂ | ੧੪੫੯ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਪ੍ਰੀਤਮ ਸਿੰਘ ਦੇ ਗ੍ਰਿਹਿ | ਕਲੋਏ | ਜੰਮੂ | ੧੪੫੯ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸੇਵਾ ਰਾਮ ਦੇ ਗ੍ਰਿਹਿ | ਕਲੋਏ | ਜੰਮੂ | ੧੪੬੦ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ | ਪਿਆਰੇ ਲਾਲ ਦੇ ਗ੍ਰਿਹਿ | ਕਲੋਏ | ਜੰਮੂ | ੧੪੬੦ |
| ੨੭ ਮੱਘਰ ਸ਼ਹਿਨਸ਼ਾਹੀ ਸੰਮਤ ੯ | ਗੁਰਦਿਤ ਸਿੰਘ ਦੇ ਟੈਂਟ ਤੋਂ ਬਾਹਰ | ਕਿਸ਼ਨਪੁਰਾ ਕੈਂਪ | ਜੰਮੂ | ੧੪੬੧ |
| ੨੭ ਮੱਘਰ ਸ਼ਹਿਨਸ਼ਾਹੀ ਸੰਮਤ ੯ | ਗੁਰਦਿਤ ਸਿੰਘ ਦੇ ਟੈਂਟ ਵਿਚ | ਕਿਸ਼ਨਪੁਰਾ ਕੈਂਪ | ਜੰਮੂ | ੧੪੬੨ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ | ਇੰਦਰਾ ਦੇਵੀ ਦੇ ਗ੍ਰਿਹਿ | ਕਿਸ਼ਨਪੁਰਾ ਕੈਂਪ | ਜੰਮੂ | ੧੪੬੪ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸ਼ਾਹਣੀ ਦੇਵੀ ਦੇ ਗ੍ਰਿਹਿ | ਕਿਸ਼ਨਪੁਰਾ ਕੈਂਪ | ਜੰਮੂ | ੧੪੬੪ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ | ਸ਼ੰਕਰ ਸਿੰਘ ਦੇ ਗ੍ਰਿਹਿ | ਕਿਸ਼ਨਪੁਰਾ ਕੈਂਪ | ਜੰਮੂ | ੧੪੬੫ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ | ਰਸਾਲ ਸਿੰਘ ਦੇ ਟੈਂਟ ਵਿਚ | ਕਿਸ਼ਨਪੁਰਾ ਕੈਂਪ | ਜੰਮੂ | ੧੪੬੬ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ | ਹੰਸ ਰਾਜ ਦੇ ਟੈਂਟ ਵਿਖੇ | ਕਿਸ਼ਨਪੁਰਾ ਕੈਂਪ | ਜੰਮੂ | ੧੪੬੬ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ | ਪਰਕਾਸ਼ੋ ਦੇਵੀ ਦੇ ਗ੍ਰਿਹਿ | ਕਿਸ਼ਨਪੁਰਾ ਕੈਂਪ | ਜੰਮੂ | ੧੪੬੭ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ | ਗਿਆਨ ਚੰਦ ਦੇ ਗ੍ਰਿਹਿ | ਮਨਵਾਲ ਕੈਂਪ | ਜੰਮੂ | ੧੪੬੮ |


44
੨੩

| | | | |
|---|---|---|---|
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਖੋਲੂ ਰਾਮ ਦੇ ਟੈਂਟ ਵਿਚ | ਮਨਵਾਲ ਕੈਂਪ | ਜੰਮੂ | ੧੪੬੯ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਬਲਵਿੰਦਰ ਸਿੰਘ ਦੇ ਟੈਂਟ ਵਿਚ | ਮਨਵਾਲ ਕੈਂਪ | ਜੰਮੂ | ੧੪੭੦ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਗਿਆਨ ਸਿੰਘ ਦੇ ਟੈਂਟ ਵਿਖੇ | ਮਨਵਾਲ ਕੈਂਪ | ਜੰਮੂ | ੧੪੭੧ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਲਾਲ ਸਿੰਘ ਦੇ ਟੈਂਟ ਵਿਚ | ਮਨਵਾਲ ਕੈਂਪ | ਜੰਮੂ | ੧੪੭੨ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਵਰਨ ਕੌਰ ਦੇ ਗ੍ਰਹਿ | ਮਨਵਾਲ ਕੈਂਪ | ਜੰਮੂ | ੧੪੭੩ |
| ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਭਾਗ ਸਿੰਘ ਦੇ ਟੈਂਟ ਵਿਖੇ | ਕਿਸ਼ਨਪੁਰ ਕੈਂਪ | ਜੰਮੂ | ੧੪੭੩ |
| ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਬਚਨੋ ਦੇਵੀ ਦੇ ਗ੍ਰਹਿ | ਕਿਸ਼ਨਪੁਰ ਕੈਂਪ | ਜੰਮੂ | ੧੪੭੬ |
| ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਬਲਵੰਤ ਕੌਰ ਦੇ ਗ੍ਰਹਿ | ਕਿਸ਼ਨਪੁਰ ਕੈਂਪ | ਜੰਮੂ | ੧੪੭੭ |
| ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਪੂਰਨ ਸਿੰਘ ਦੇ ਗ੍ਰਹਿ | ਕਿਸ਼ਨਪੁਰ ਕੈਂਪ | ਜੰਮੂ | ੧੪੭੮ |
| ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਭਗਵਾਨ ਸਿੰਘ ਦੇ ਗ੍ਰਹਿ | ਕਿਸ਼ਨਪੁਰ ਕੈਂਪ | ਜੰਮੂ | ੧੪੭੯ |
| ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੯ ਸ਼ਾਮ ਨੂੰ ਦੁਆਬਾ ਸੰਗਤ ਦੇ ਬਿਸਤਰਿਆਂ ਦੀ ਸੇਵਾ ਲਿਆਉਣ ਸਮੇਂ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੪੮੦ |
| ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੪੮੧ |
| ੨ ਪੋਹ ਸ਼ਹਿਨਸ਼ਾਹੀ ਸੰਮਤ ੯ ਦੁਵਾਬਾ ਸੰਗਤ ਦੇ ਨਵਿਤ | ਫਰਾਲਾ | ਜਲੰਧਰ | ੧੪੮੯ |
| ੩ ਪੋਹ ਸ਼ਹਿਨਸ਼ਾਹੀ ਸੰਮਤ ੯ ਮੁਣਸ਼ਾ ਸਿੰਘ ਦੇ ਗ੍ਰਹਿ | ਫਰਾਲਾ | ਜਲੰਧਰ | ੧੪੯੫ |
| ੩ ਪੋਹ ਸ਼ਹਿਨਸ਼ਾਹੀ ਸੰਮਤ ੯ ਚਰਨ ਕੌਰ ਦੇ ਗ੍ਰਹਿ | ਫਰਾਲਾ | ਜਲੰਧਰ | ੧੪੯੬ |
| ੩ ਪੋਹ ਸ਼ਹਿਨਸ਼ਾਹੀ ਸੰਮਤ ੯ ਨਛੱਤਰ ਸਿੰਘ ਦੇ ਘਰ ਮਾਲਵਾ ਸੰਗਤ ਨਵਿਤ | ਦੁਰਾਹਾ | ਲੁਧਿਆਣਾ | ੧੪੯੭ |
| ੪ ਪੋਹ ਸ਼ਹਿਨਸ਼ਾਹੀ ਸੰਮਤ ੯ ਗੱਜਣ ਸਿੰਘ ਦੇ ਗ੍ਰਹਿ | ਦੁਰਾਹਾ | ਲੁਧਿਆਣਾ | ੧੫੦੪ |
| ੪ ਪੋਹ ਸ਼ਹਿਨਸ਼ਾਹੀ ਸੰਮਤ ੯ ਭਾਗ ਸਿੰਘ ਦੇ ਗ੍ਰਹਿ | ਦੁਰਾਹਾ | ਲੁਧਿਆਣਾ | ੧੫ ੬ |
| ੪ ਪੋਹ ਸ਼ਹਿਨਸ਼ਾਹੀ ਸੰਮਤ ੯ ਗੁਰਨਾਮ ਕੌਰ ਦੇ ਗ੍ਰਹਿ | ਦੁਰਾਹਾ | ਲੁਧਿਆਣਾ | ੧੫੦੭ |
| ੪ ਪੋਹ ਸ਼ਹਿਨਸ਼ਾਹੀ ਸੰਮਤ ੯ ਗੋਬਿੰਦ ਭਵਨ ਗੁਰਦਰਸ਼ਨ ਸਿੰਘ ਦੇ ਗ੍ਰਹਿ | ਸਰਹੰਦ | | ੧੫੦੮ |


45
੨੩

੪ ਪੋਹ ਸ਼ਹਿਨਸ਼ਾਹੀ ਸੰਮਤ ੯ ਠਾਕਰ ਸਿੰਘ ਦੇ ਗ੍ਰਿਹਿ ਕਰਨਾਲ ਸੰਗਤ ਨਵਿਤ
ਨਾਨਕ ਸਰ ਕੁਰਕਸ਼ੇਤਰ ੧੫੧੦

੫ ਪੋਹ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਵਿਖੇ ਰਾਤ ਨੂੰ ਧੀਰਪੁਰ ਦਿੱਲੀ-੯ ੧੫੧੩

੬ ਪੋਹ ਸ਼ਹਿਨਸ਼ਾਹੀ ਸੰਮਤ ੯ ਨਜੀਬਾਬਾਦ ੧੫੨੭

੨੧ ਪੋਹ ਸ਼ਹਿਨਸ਼ਾਹੀ ਸੰਮਤ ੯ ਸਵੇਰੇ ਲੰਗਰ ਦੀ ਚਾਰ ਦੀਵਾਰੀ ਦੀ ਨੀਂਹ ਰੱਖਣ
ਤੋਂ ਪਹਿਲਾਂ ਸਵੇਰੇ ਜੇਠੂਵਾਲ ਅੰਮ੍ਰਿਤਸਰ ੧੫੩੧

੨੧ ਪੋਹ ਸ਼ਹਿਨਸ਼ਾਹੀ ਸੰਮਤ ੯ ਲੰਗਰ ਦੀ ਚਾਰ ਦੀਵਾਰੀ ਦੀ ਨੀਂਹ ਰੱਖਣ ਸਮੇ ਸ਼ਹਿਨਸ਼ਾਹ ਜੀ ਨੇ
ਗੁਟ ਵਿਚੋਂ ਖੂਨ ਕੱਢ ਕੇ ਵਿਹਾਰ ਕੀਤਾ ਜੇਠੂਵਾਲ ਅੰਮ੍ਰਿਤਸਰ ੧੫੩੩

੨੧ ਪੋਹ ਸ਼ਹਿਨਸ਼ਾਹੀ ਸੰਮਤ ੯ ਇੰਦਰ ਸਿੰਘ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੫੩੬

੨੨ ਪੋਹ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੪੧

੨੩ ਪੋਹ ਸ਼ਹਿਨਸ਼ਾਹੀ ਸੰਮਤ ੯ ਦਰਬਾਰ ਨਿਵਾਸੀਆਂ ਦਲੀਪ ਸਿੰਘ ਰਤਨ ਸਿੰਘ ਪ੍ਰੀਤਮ ਸਿੰਘ
ਜਰਨੈਲ ਸਿੰਘ ਸੁਲੱਖਣ ਸਿੰਘ ਜਗੀਰ ਸਿੰਘ ਦੇ ਨਵਿਤ ਜੇਠੂਵਾਲ ੧੫੪੨

੨੪ ਪੋਹ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੫੪੪

੨੫ ਪੋਹ ਸ਼ਹਿਨਸ਼ਾਹੀ ਸੰਮਤ ੯ ਅਜੀਤ ਸਿੰਘ ਦੇ ਗ੍ਰਿਹਿ ਬਟਾਲਾ ਸ਼ਹਿਰ ਗੁਰਦਾਸਪੁਰ ੧੫੪੫

੨੬ ਪੋਹ ਸ਼ਹਿਨਸ਼ਾਹੀ ਸੰਮਤ ੯ ਸ਼ਾਮ ਨੂੰ ਲੰਗਰ ਦੀ ਚਾਰ ਦੀਵਾਰੀ ਦੇ
ਅੰਦਰ ਲੰਘਣ ਸਮੇਂ ਜੇਠੂਵਾਲ ਅੰਮ੍ਰਿਤਸਰ ੧੫੪੭

੨੬ ਪੋਹ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੫੮

੨੭ ਪੋਹ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੬੭

੨੮ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦੁਵਾਰ ਸਵੇਰੇ ਸ਼ਾਦੀਆਂ ਸਮੇਂ ਜੇਠੂਵਾਲ ਅੰਮ੍ਰਿਤਸਰ ੧੫੭੬

੨੮ ਪੋਹ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੭੮

੨੯ ਪੋਹ ਸ਼ਹਿਨਸ਼ਾਹੀ ਸੰਮਤ ੯ ਲੋਹੜੀ ਵਾਲੀ ਰਾਤ ਜੇਠੂਵਾਲ ਅੰਮ੍ਰਿਤਸਰ ੧੫੮੪

ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੫੮੫


46
੨੩

੨ ਮਾਘ ਸ਼ਹਿਨਸ਼ਾਹੀ ਸੰਮਤ ੯ ਨਰਾਇਣ ਸਿੰਘ ਦੇ ਗ੍ਰਿਹ ਵੇਰਕਾ ਅੰਮਿਤ੍ਰਸਰ ੧੫੮੭
੫ ਮਾਘ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਹਰਜਿੰਦਰ ਸਿੰਘ ਕਾਦਰਾਬਾਦ
ਦੇ ਜਨਮ ਨਵਿਤ ਜੇਠੂਵਾਲ ਅੰਮ੍ਰਿਤਸਰ ੧੫੮੮
੬ ਮਾਘ ਸ਼ਹਿਨਸ਼ਾਹੀ ਸੰਮਤ ੯ ਮਨਜੀਤ ਸਿੰਘ ਦੇ ਜਨਮ ਨਵਿਤ ਫਿਰੋਜਪੁਰ ਛਾਉਣੀ ਗਵਾਲ ਟੋਲੀ ੧੫੮੯
੭ ਮਾਘ ਸ਼ਹਿਨਸ਼ਾਹੀ ਸੰਮਤ ੯ ਗੁਰਦਾਸਪੁਰ ਸੰਗਤ ਨਵਿਤ ਦੀਨਾ ਨਗਰ ਗੁਰਦਾਸਪੁਰ ੧੫੯੧
੯ ਮਾਘ ਸ਼ਹਿਨਸ਼ਾਹੀ ਸੰਮਤ ੯ ਆਰ ਐਲ ਸ਼ਰਮਾ ਦੇ ਗ੍ਰਿਹ ਨੇੜੇ ਕੱਚੀ ਛਾਉਣੀ ਕਰਮ ਨਗਰ ਜੰਮੂ ੧੫੯੧
੧੦ ਮਾਘ ਸ਼ਹਿਨਸ਼ਾਹੀ ਸੰਮਤ ੯ ਤੇਜ ਭਾਨ ਦੇ ਗ੍ਰਿਹ ਸੇਈਂ ਕੈਂਪ ਜੰਮੂ ੧੫੯੭
੧੦ ਮਾਘ ਸ਼ਹਿਨਸ਼ਾਹੀ ਸੰਮਤ ੯ ਕਿਰਪਾਲ ਸਿੰਘ ਦੇ ਗ੍ਰਿਹ ਸੇਈਂ ਕੈਂਪ ਜੰਮੂ ੧੫੯੮
੧੦ ਮਾਘ ਸ਼ਹਿਨਸ਼ਾਹੀ ਸੰਮਤ ੯ ਗੁਰਨਾਮ ਸਿੰਘ ਸੀੜ ਦੇ ਨਵਿਤ ਸੇਈਂ ਕੈਂਪ ਜੰਮੂ ੧੫੯੯
੧੦ ਮਾਘ ਸ਼ਹਿਨਸ਼ਾਹੀ ਸੰਮਤ ੯ ਸ਼ਿਵ ਸਿੰਘ ਦੇ ਗ੍ਰਿਹ ਸੇਈਂ ਕੈਂਪ ਜੰਮ ੧੬੦੦
੧੦ ਮਾਘ ਸ਼ਹਿਨਸ਼ਾਹੀ ਸੰਮਤ ੯ ਸੇਈ ਕੈਂਪ ਤੋਂ ਵਾਪਸ ਜੰਮੂ ਸ਼ਹਿਰ ਜਾਂਦਿਆਂ ਐਕ ਕੇ
ਪਾਰ ਕਿਨਾਰੇ ਤੇ ਸੇਈ ਦੀ ਸੰਗਤ ਨਵਿਤ ੧੬੦੧
੧੧ ਮਾਘ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਮਾਂਗਾ ਸਰਾਏ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੬੦੧
੧੫ ਮਾਘ ਸ਼ਹਿਨਸ਼ਾਹੀ ਸੰਮਤ ੯ ਹੀਰਾ ਸਿੰਘ ਚੰਬਲ ਦੀ ਸ਼ਾਦੀ ਸਮੇਂ ਜੇਠੂਵਾਲ ਅੰਮ੍ਰਿਤਸਰ ੧੬੦੩
੧੫ ਮਾਘ ਸ਼ਹਿਨਸ਼ਾਹੀ ਸੰਮਤ ੯ ਸਾਧੂ ਸਿੰਘ ਦੇ ਗ੍ਰਿਹ ਝਾਮਕੇ ਅੰਮ੍ਰਿਤਸਰ ੧੬੦੭
੧੫ ਮਾਘ ਸ਼ਹਿਨਸ਼ਾਹੀ ਸੰਮਤ ੯ ਕਰਮ ਸਿੰਘ ਦੇ ਗ੍ਰਿਹ ਗਗੋਬੂਆ ਅੰਮ੍ਰਿਤਸਰ ੧੬੦੯
੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਅਰਜਨ ਸਿੰਘ ਦੇ ਗ੍ਰਿਹ ਗਗੋਬੂਆ ਅੰਮ੍ਰਿਤਸਰ ੧੬੧੩
੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਗੁਰਬਖ਼ਸ਼ ਸਿੰਘ ਦੇ ਗ੍ਰਿਹ ਗਗੋਬੂਆ ਅੰਮ੍ਰਿਤਸਰ ੧੬੧੪
੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਚੰਨਣ ਸਿੰਘ ਦੇ ਗ੍ਰਿਹ ਗਗੋਬੂਆ ਅੰਮ੍ਰਿਤਸਰ ੧੬੧੫
੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਜਗੀਰ ਸਿੰਘ ਦੇ ਗ੍ਰਿਹ ਗਗੋਬੂਆ ਅੰਮ੍ਰਿਤਸਰ ੧੬੧੬
੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਦਲੀਪ ਸਿੰਘ ਦੇ ਗ੍ਰਿਹ ਗਗੋਬੂਆ ਅੰਮ੍ਰਿਤਸਰ ੧੬੧੭
੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਮੁਖਤਿਆਰ ਸਿੰਘ ਦੇ ਗ੍ਰਿਹ ਗਗੋਬੂਆ ਅੰਮ੍ਰਿਤਸਰ ੧੬੧੮

47 ੨੩

| | | | | |
|---|---|---|---|---|
| ੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਵਰਿਆਮ ਸਿੰਘ ਦੇ ਗ੍ਰਹਿ | ਮਲੀਆਂਅੰਮ੍ਰਿਤਸਰ | | ੧੯੧੯ |
| ੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਗ੍ਰਹਿ | ਸੋਹਲ | ਅੰਮ੍ਰਿਤਸਰ | ੧੯੨੦ |
| ੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਹਰਪਾਲ ਸਿੰਘ ਗੜ੍ਹੀ ਲਾਂਗਰੀ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੯੨੨ |
| ੧੭ ਮਾਘ ਸ਼ਹਿਨਸ਼ਾਹੀ ਸੰਮਤ ੯ ਗੁਰਦੇਵ ਸਿੰਘ ਦੇ ਗ੍ਰਹਿ ਚੰਡੀਗੜ੍ਹ ਹਰਿ ਸੰਗਤ ਦੇ ਨਵਿਤ | ਚੰਡੀਗੜ੍ਹ | | ੧੯੨੩ |
| ੧੯ ਮਾਘ ਸ਼ਹਿਨਸ਼ਾਹੀ ਸੰਮਤ ੯ ਸੇਵਾ ਸਿੰਘ ਦੇ ਗ੍ਰਹਿ | ਗੁੜਗਾਉਂ | ਹਰਿਆਣਾ | ੧੯੨੫ |
| ੨੧ ਮਾਘ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਸੰਗਤ ਨਵਿਤ | ਧੀਰਪੁਰ | ਦਿੱਲੀ-੯ | ੧੯੨੮ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੯ਮਨਜੀਤ ਕੌਰ ਨੂਰਪੁਰ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੯੩੦ |
| ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੯ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੯੩੧ |
| ੨ ਫੱਗਣ ਸ਼ਹਿਨਸ਼ਾਹੀ ਸੰਮਤ ੯ ਸੰਸਾਰ ਸਿੰਘ ਰੁੜਕਾ ਕਲਾ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੯੩੯ |
| ੫ ਫੱਗਣ ਸ਼ਹਿਨਸ਼ਾਹੀ ਸੰਮਤ ੯ ਚਰਨ ਸਿੰਘ ਦੇ ਗ੍ਰਹਿ | ਮਾਨਾਵਾਲਾ | ਅੰਮ੍ਰਿਤਸਰ | ੧੯੪੦ |
| ੫ ਫੱਗਣ ਸ਼ਹਿਨਸ਼ਾਹੀ ਸੰਮਤ ੯ ਮੰਗਲ ਸਿੰਘ ਦੇ ਗ੍ਰਹਿ | ਸਾਰੰਗੜਾ | ਅੰਮ੍ਰਿਤਸਰ | ੧੯੪੨ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੯ ਕਾਰਜ ਸਿੰਘ ਦੇ ਗ੍ਰਹਿ | ਸਾਰੰਗੜਾ | ਅੰਮ੍ਰਿਤਸਰ | ੧੯੪੪ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੯ ਅਵਤਾਰ ਸਿੰਘ ਦੇ ਗ੍ਰਹਿ | ਕਾਉਂ ਕੇ | ਅੰਮ੍ਰਿਤਸਰ | ੧੯੪੫ |
| ੬ ਫੱਗਣ ਸ਼ਹਿਨਸ਼ਾਹੀ ਸੰਮਤ ੯ ਨਰਾਇਣ ਸਿੰਘ ਦੇ ਗ੍ਰਹਿ | ਗੁਮਾਨਪੁਰ | ਅੰਮ੍ਰਿਤਸਰ | ੧੯੪੬ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੯ ਸਵਰਨ ਸਿੰਘ ਦੇ ਗ੍ਰਹਿ | ਗੁਮਾਨਪੁਰ | ਅੰਮ੍ਰਿਤਸਰ | ੧੯੪੮ |
| ੭ ਫੱਗਣ ਸ਼ਹਿਨਸ਼ਾਹੀ ਸੰਮਤ ੯ ਕਰਤਾਰ ਪੁਰ ਦੀ ਸੁਰਜੀਤ ਕੌਰ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੯੪੯ |
| ੧੨ ਫੱਗਣ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ ਬੰਗਲਾ ਦੇਸ ਜਾਣ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੯੫੦ |
| ੧੩ ਫੱਗਣ ਸ਼ਹਿਨਸ਼ਾਹੀ ਸੰਮਤ ੯ ਗਰਦਾਵਰ ਸਿੰਘ ਦੇ ਗ੍ਰਹਿ | ਰੁੜਕਾ ਕਲਾ | ਜਲੰਧਰ | ੧੯੫੨ |
| ੧੪ ਫੱਗਣ ਸ਼ਹਿਨਸ਼ਾਹੀ ਸੰਮਤ ੯ ਮਹਿੰਦਰ ਸਿੰਘ ਦੇ ਗ੍ਰਹਿ | ਮੇਰਠ ਛਾਉਣੀ | | ੧੯੫੪ |
| ੧੫ ਫੱਗਣ ਸ਼ਹਿਨਸ਼ਾਹੀ ਸੰਮਤ ੯ ਸੁਰਮੈਲ ਸਿੰਘ ਦੇ ਗ੍ਰਹਿ ਸਵੇਰੇ | ਮੇਰਠ ਛਾਉਣੀ | | ੧੯੫੬ |
| ੧੯ ਫੱਗਣ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦੁਵਾਰ | ਧੀਰ ਪੁਰ | ਦਿਲੀ ੯ | ੧੯੫੭ |


48 ੨੩

੨੦ ਫਗਣ ਸ਼ਹਿਨਸ਼ਾਹੀ ਸੰਮਤ ੯ ਰਤਨ ਸਿੰਘ ਦੇ ਗ੍ਰਿਹ ਜੇ ਐਂਡ ਕੇ ਲਛਮੀ ਨਗਰ ਦਿੱਲੀ ੧੯੫੯

੨੦ ਫੱਗਣ ਸ਼ਹਿਨਸ਼ਾਹੀ ਸੰਮਤ ੯ ਪੂਰਨ ਸਿੰਘ ਦੇ ਗ੍ਰਿਹ ੭੩੬ ਗੁਰੂ ਰਾਮਦਾਸ ਨਗਰ ਦਿੱਲੀ ੧੯੬੧

੨੧ ਫਗਣ ਸ਼ਹਿਨਸ਼ਾਹੀ ਸੰਮਤ ੯ ਸੁਖਦੇਵ ਸਿੰਘ ਦੇ ਗ੍ਰਿਹ ਗੁੜਗਾਉਂ ਹਰਿਆਣਾ ੧੯੬੨

੨੭ ਫੱਗਣ ਸ਼ਹਿਨਸ਼ਾਹੀ ਸੰਮਤ ੯ ਹਰਭਜਨ ਸਿੰਘ ਦੇ ਗ੍ਰਿਹ ਬੜਾ ਜੁਗਲੀ ਨਾਦੀਆ ਵੈਸਟ ਬੰਗਾਲ ੧੯੬੩

੩੦ ਫੱਗਣ ਸ਼ਹਿਨਸ਼ਾਹੀ ਸੰਮਤ ੯ ਢਾਕਾ ਬੰਗਲਾ ਦੇਸ਼ ਨਾਨਕ ਸ਼ਾਹੀ ਗੁਰੂਦੁਵਾਰਾ ਢਾਕਾ ਯੂਨੀਵਰਸ਼ਟੀ ਦੇ ਪਿਛੇ ੩ ਮਾਈਮਨ ਸਿੰਘ ਰੋਡ ਸਵੇਰ ਵੇਲੇ ੧੯੬੪

੩੦ ਫੱਗਣ ਸ਼ਹਿਨਸ਼ਾਹੀ ਸੰਮਤ ੯ ਬੰਗਲਾ ਬਜ਼ਾਰ ਗੁਰੂਦੁਵਾਰਾ ਸੰਗਤ ਟੋਲਾ ਢਾਕਾ ਬੰਗਲਾ ਦੇਸ਼ ਵਿਖੇ ੧੯੭੧

੧ ਚੇਤ ਸ਼ਹਿਨਸ਼ਾਹੀ ਸੰਮਤ ੧੦ ਢਾਕਾ ਬੰਗਲਾ ਦੇਸ ਰੇਸ ਕੋਰਸ ਰੋਡ ਮੈਮਨ ਸਿੰਘ ਰੋਡ ਨਾਨਕ ਸ਼ਾਹ ਗਰੂਦੁਵਾਰੇ ਵਿਖੇ ਸਵੇਰੇ ੧੯੭੬



੧ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੁਰੂਦੁਵਾਰਾ ਨਾਨਕ ਸ਼ਾਹੀ ਢਾਕਾ ਬੰਗਲਾ ਦੇਸ ਵਕੀਲ ਅਜ਼ੀਜ਼ੁਲ ਰਹਿਮਾਨ ਤੇ ਮੌਲਾਨਾ ੧੯੮੦

49 ੨੩

੧ ਚੇਤ ਸ਼ਹਿਨਸ਼ਾਹੀ ਸੰਮਤ ੧੦ ਰਾਤ ਨੂੰ ਨਾਨਕ ਸ਼ਾਹੀ ਗੁਰੂਦੁਵਾਰਾ ਢਾਕਾ ਬੰਗਲਾ ਦੇਸ ੧੯੮੧

੨ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੁਰੂਦੁਵਾਰਾ ਨਾਨਕ ਸ਼ਾਹੀ ਢਾਕਾ ਬੰਗਲਾ ਦੇਸ ਐਡਵੋਕੇਟ ਯਾਕੂਬ ਅਲੀ ਸਾਹਿਬ ਦੇ ਨਾਲ ੧੯੮੩

੪ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੁਰਚਰਨ ਸਿੰਘ ਦੇ ਗ੍ਰਿਹ ਚਕਰ ਬੜੀਆਂ ਕਲਕੱਤਾ ੧੯੮੪

੪ ਚੇਤ ਸ਼ਹਿਨਸ਼ਾਹੀ ਸੰਮਤ ੧੦ ਮਲਕੀਅਤ ਸਿੰਘ ਦੇ ਗ੍ਰਿਹ ਕਲਕੱਤਾ ੧੯੮੬

੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਕਰਤਾਰ ਸਿੰਘ ਦੇ ਗ੍ਰਿਹ ਸੈਵਨ ਬਾਈ ਵਨ ਵਿਜੇ ਬਾਸੂ ਰੋਡ ਕਲਕਤਾ ੧੯੮੯

੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਬਰਦਬਾਨ ਅਜੀਤ ਸਿੰਘ ਦੇ ਗ੍ਰਿਹ ਲਕਸ਼ਮੀ ਪੁਰ ਜੀ ਟੀ ਰੋਡ ਮਾਰਫ਼ਤ ਗੁਦਰੀ ਸਿੰਘ ਕੋਠੀ ਨੰ੦ ੭ ੧੯੯੦

੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਆਸਨ ਸੋਲ ਸੋਹਣ ਸਿੰਘ ਪੂਰਬਾ ਸਿਊਟ ਮਸ਼ੀਨ ਦੇ ਗ੍ਰਿਹ ੧੯੯੧




੭ ਚੇਤ ਸ਼ਹਿਨਸ਼ਾਹੀ ਸੰਮਤ ੧੦ ਮੋਹਣ ਸਿੰਘ ਦੇ ਗ੍ਰਹਿ ਬਰਨਪੁਰ ਬਰਦਬਾਨ ਨਰਸਿੰਗ ਬਾਂਦ ੧੬੯੩
੭ ਚੇਤ ਸ਼ਹਿਨਸ਼ਾਹੀ ਸੰਮਤ ੧੦ ਜੁਗਿੰਦਰ ਸਿੰਘ ਦੇ ਗ੍ਰਹਿ ਟਾਟਾ ਨਗਰ ੧੬੯੪
੯ ਚੇਤ ਸ਼ਹਿਨਸ਼ਾਹੀ ਸੰਮਤ ੧੦ ਦੇਵ ਦਤ ਦੇ ਗ੍ਰਹਿ ਮੁਸਲਾਪੁਰ ਹਾਟ ਪਟਨਾ ੧੬੯੮
੧੦ ਚੇਤ ਸ਼ਹਿਨਸ਼ਾਹੀ ਸੰਮਤ ੧੦ ਸਤਵੰਤ ਕੌਰ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੬੯੯
੧੧ ਚੇਤ ਸ਼ਹਿਨਸ਼ਾਹੀ ਸੰਮਤ ੧੦ ਕਿਰਪਾ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੭੦੦
੧੧ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੁਰਦਿਤ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੭੦੨
੧੨ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੁਰਬਚਨ ਸਿੰਘ ਦੇ ਗ੍ਰਹਿ ਚਕੇਰੀ ਕਾਨਪੁਰ ਸ਼ਹਿਰ ਤੋਂ ਬਾਹਰ ੧੭੦੩
੧੨ ਚੇਤ ਸ਼ਹਿਨਸ਼ਾਹੀ ਸੰਮਤ ੧੦ ਮਹਿਲ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੭੦੫
੧੩ ਚੇਤ ਸ਼ਹਿਨਸ਼ਾਹੀ ਸੰਮਤ ੧੦ ਦਿਨੇਸ਼ ਚੰਦਰ ਤ੍ਰਿਪਾਠੀ ਦੇ ਗ੍ਰਹਿ ਲਖਨਊ ਬਧਿਰ ਵਿਦਿਆਲ ੧੭੦੮



50
੨੩

੧੩ ਚੇਤ ਸ਼ਹਿਨਸ਼ਾਹੀ ਸੰਮਤ ੧੦ ਅੰਮ੍ਰਿਤ ਕੌਰ ਦੇ ਗ੍ਰਹਿ ਮਹੂ ਮੋਹਣ ਲਾਲ ਗੰਜ ਲਖਨਊ ੧੭੦੯
੧੩ ਚੇਤ ਸ਼ਹਿਨਸ਼ਾਹੀ ਸੰਮਤ ੧੦ ਅਵਤਾਰ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੭੧੧
੧੩ ਚੇਤ ਸ਼ਹਿਨਸ਼ਾਹੀ ਸੰਮਤ ੧੦ ਮਹਿਲ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੭੧੩
੧੩ ਚੇਤ ਸ਼ਹਿਨਸ਼ਾਹੀ ਸੰਮਤ ੧੦ ਜਗਦੀਸ਼ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੭੧੪
੧੪ ਚੇਤ ਸ਼ਹਿਨਸ਼ਾਹੀ ਸੰਮਤ ੧੦ ਦਰਸ਼ਨ ਸਿੰਘ ਦੇ ਨਵਿਤ ਧੀਰਪੁਰ ਦਿਲੀ ੧੭੧੭
੧੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਰਭਜਨ ਸਿੰਘ ਦੇ ਗ੍ਰਹਿ ਦਿੱਲੀ ਦਿੱਲੀ ੧੭੧੮
੧੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਰਭਜਨ ਸਿੰਘ ਦੇ ਗ੍ਰਹਿ ਸ਼ੇਖਸਰ ਰੋਪੜ ੧੭੨੦
੧੭ ਚੇਤ ਸ਼ਹਿਨਸ਼ਾਹੀ ਸੰਮਤ ੧੦ ਮਿਹਰ ਸਿਘ ਦੇ ਗ੍ਰਹਿ ਸ਼ੇਖਸਰ ਰੋਪੜ ੧੭੨੩
੧੭ ਚੇਤ ਸ਼ਹਿਨਸ਼ਾਹੀ ਸੰਮਤ ੧੦ ਨਸੀਬ ਕੌਰ ਬੜਹੇੜੀ ਦੇ ਨਵਿਤ ਸ਼ੇਖਸਰ ਰੋਪੜ ੧੭੨੪
੧੭ ਚੇਤ ਸ਼ਹਿਨਸ਼ਾਹੀ ਸੰਮਤ ੧੦ ਸੁਰਜੀਤ ਕੌਰ ਰੰਗੀਲਪੁਰ ਦੇ ਨਵਿਤ ਸ਼ੇਖਸਰ ਰੋਪੜ ੧੭੨੫
੧੭ ਚੇਤ ਸ਼ਹਿਨਸ਼ਾਹੀ ਸੰਮਤ ੧੦ ਡਾਕਖਾਨਾ ਜਸਪਾਲ ਬਾਂਗਰ ਬੱਗਾ ਸਿੰਘ ਦੇ ਗ੍ਰਹਿ ਨਤ ਲੁਧਿਆਣਾ੧੭੨੭
੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਮਲਕੀਅਤ ਸਿੰਘ ਦੇ ਗ੍ਰਹਿ ਸਰਾਭਾ ਨਗਰ
ਚੰਦਾ ਸਿੰਘ ਕਲੋਨੀ ਲੁਧਿਆਣਾ ੧੭੩੨



50
੨੩




| | | | |
|---|---|---|---|
| ੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਨਿਰਵੈਰ ਸਿੰਘ ਦੇ ਗ੍ਰਿਹਿ ਇੰਜਨ ਸ਼ੈਡ ਕੂਚਾ ਨ੦ ੯ ਮਕਾਨ ਨ੦ ੭੦੯ | | ਲੁਧਿਆਣਾ | ੧੭੩੩ |
| ੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਜਸਵੰਤ ਸਿੰਘ ਦੇ ਗ੍ਰਿਹਿ ਨਿਊ | ਜਨਤਾ ਨਗਰ | ਲੁਧਿਆਣਾ | ੧੭੩੫ |
| ੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਰਬੰਸ ਸਿੰਘ ਦੇ ਗ੍ਰਿਹਿ | ਲੁਧਿਆਣਾ | | ੧੭੩੫ |
| ੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਦਰਸ਼ਨ ਸਿੰਘ ਅਜਨੌਧ ਦੇ ਨਵਿਤ | ਲੁਧਿਆਣਾ | | ੧੭੩੬ |
| ੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਜਰਨੈਲ ਸਿੰਘ ਦੇ ਗ੍ਰਿਹਿ | ਲੁਧਿਆਣਾ | | ੧੭੩੬ |
| ੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਬੰਗਲਾ ਦੇਸ਼ ਟੂਰ ਤੋਂ ਵਾਪਸ ਹਰਿ ਭਗਤ ਦੁਵਾਰ ਪੁੱਜਣ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੭੩੭ |
| ੧੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੭੩੮ |
| ੧੯ ਚੇਤ ਸ਼ਹਿਨਸ਼ਾਹੀ ਸੰਮਤ ੧੦ ਕੁੰਦਨ ਸਿੰਘ ਕਲਾ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੭੪੨ |
| ੨੪ ਚੇਤ ਸ਼ਹਿਨਸ਼ਾਹੀ ਸੰਮਤ ੧੦ ਕਿਸ਼ਨ ਸਿਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੭੪੩ |
| ੨੪ ਚੇਤ ਸ਼ਹਿਨਸ਼ਾਹੀ ਸੰਮਤ ੧੦ ਧਿਰਤਾ ਸਿੰਘ ਕਲਾਨੌਰ ਦੇ ਨਵਿਤ | ਅੱਲੜਪਿੰਡੀ | ਗੁਰਦਾਸਪੁਰ | ੧੭੪੬ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਵਕੀਲ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੭੪੮ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੁਰਦੇਵ ਸਿੰਘ ਸ਼ੋਹਣ ਦੇ ਨਵਿਤ | ਅੱਲੜਪਿੰਡੀ | ਗੁਰਦਾਸਪੁਰ | ੧੭੪੮ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਸਰੂਪ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੭੪੯ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਬਹਾਦਰ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੭੫੦ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਦਾਰਾ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੭੫੦ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਜ਼ਾਰਾ ਸਿੰਘ ਦੇ ਗ੍ਰਿਹਿ | ਅੱਲੜਪਿੰਡੀ | ਗੁਰਦਾਸਪੁਰ | ੧੭੫੧ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਦਰਸ਼ਨ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੭੫੨ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਰਵੇਲ ਕੌਰ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੭੫੩ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਪਿਆਰਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੭੫੩ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਬਲਾਕਾ ਸਿੰਘ ਦੇ ਗ੍ਰਿਹਿ | ਬਾਬੂਪੁਰ | ਗੁਰਦਾਸਪੁਰ | ੧੭੫੪ |


51 ੨੩

| | | | |
|---|---|---|---|
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਮੁਣਸ਼ਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੫ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੫ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਪਿਆਰੀ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੬ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਮਹਿੰਦਰ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੬ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਵਿਰਸਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੭ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਮੱਖਣ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੭ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੰਢਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੮ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਕਰਤਾਰ ਕੌਰ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੮ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੫੯ |
| ੨੫ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਜ਼ਾਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੬੦ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਮੇਲੋ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੬੦ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਮੇਲਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੬੧ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਦੀਦਾਰ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੬੨ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਸੰਤ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੭੬੨ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਗੁਰਬਖ਼ਸ਼ ਸਿੰਘ ਦੇ ਗ੍ਰਹਿ | ਨੁਸ਼ਹਿਰਾ | ਗੁਰਦਾਸਪੁਰ | ੧੭੬੩ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਗਿਆਨ ਸਿੰਘ ਦੇ ਗ੍ਰਹਿ | ੳਗਰਾ | ਗੁਰਦਾਸਪੁਰ | ੧੭੬੪ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਮੁਖਤਾਰ ਸਿੰਘ ਦੇ ਗ੍ਰਹਿ | ਮਮੀਆਂ | ਗੁਰਦਾਸਪੁਰ | ੧੭੬੪ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਤਰਲੋਕ ਸਿੰਘ ਦੇ ਗ੍ਰਹਿ | ੳਗਰਾ | ਗੁਰਦਾਸਪੁਰ | ੧੭੬੫ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਚਤੁਰ ਸਿੰਘ ਦੇ ਗ੍ਰਹਿ | ੳਗਰਾ | ਗੁਰਦਾਸਪੁਰ | ੧੭੬੫ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਅਤਰ ਸਿੰਘ ਦੇ ਗ੍ਰਹਿ | ੳਗਰਾ | ਗੁਰਦਾਸਪੁਰ | ੧੭੬੬ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਬੂੜ ਸਿੰਘ ਦੇ ਗ੍ਰਹਿ | ਵਜ਼ੀਦਪੁਰ | ਗੁਰਦਾਸਪੁਰ | ੧੭੬੬ |
| ੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਰਦੀਪ ਸਿੰਘ ਦੇ ਗ੍ਰਹਿ | ੳਗਰਾ | ਗੁਰਦਾਸਪੁਰ | ੧੭੬੭ |

52
੨੩

੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਜੀਤ ਸਿੰਘ ਦੇ ਗ੍ਰਹਿ ਓਗਰਾ ਗੁਰਦਾਸਪੁਰ ੧੭੬੭

੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਬਚਨ ਸਿੰਘ ਦੇ ਗ੍ਰਹਿ ਸਿੰਮਲ ਸਕੋਰ ਗੁਰਦਾਸਪੁਰ ੧੭੬੮

੨੬ ਚੇਤ ਸ਼ਹਿਨਸ਼ਾਹੀ ਸੰਮਤ ੧੦ ਮਹਿੰਦਰ ਸਿੰਘ ਸਵਰਨ ਸਿੰਘ
ਹਰਭਜਨ ਸਿੰਘ ਦੇ ਗ੍ਰਹਿ ਦੀਨਾ ਨਗਰ ਗੁਰਦਾਸਪੁਰ ੧੭੬੯

੨੭ ਚੇਤ ਸ਼ਹਿਨਸ਼ਾਹੀ ਸੰਮਤ ੧੦ ਸਰੂਪ ਸਿੰਘ ਦੇ ਗ੍ਰਹਿ ਗੁਰਦਾਸਪੁਰ ੧੭੭੧

੨੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੭੭੨

੨੯ ਚੇਤ ਸ਼ਹਿਨਸ਼ਾਹੀ ਸੰਮਤ ੧੦ ਉਧਮ ਸਿੰਘ ਦੇ ਗ੍ਰਹਿ ਜਲਾਲਾਬਾਦ ਅੰਮ੍ਰਿਤਸਰ ੧੭੭੪

੧ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੭੭੭

੨ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਹਰਦੀਪ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੨

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਪ੍ਰੀਤਮ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੪

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਦਰਸ਼ਨ ਸਿਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੫

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਸਰਮੁਖ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੫

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਸਰਦਾਰਾ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੬

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਕੁੰਦਨ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੭

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਸੁਖਦੇਵ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੭

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਪ੍ਰੀਤਮ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੯

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਜਗੀਰ ਕੌਰ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੮੯

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਗੁਰਬਖਸ਼ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੯੦

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਕਰਮ ਸਿੰਘ ਦੇ ਗ੍ਰਹਿ ਕੱਲਾ ਅੰਮ੍ਰਿਤਸਰ ੧੭੯੦

੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਮੱਖਣ ਸਿੰਘ ਦੇ ਗ੍ਰਹਿ ਨੌਰੰਗਾਬਾਦ ਅੰਮ੍ਰਿਤਸਰ ੧੭੯੧

੯ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ ਲਾਡੂਵਾਲ ਲੁਧਿਆਣਾ ੧੭੯੨

੧੦ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਧਰਮ ਚੰਦ ਦੇ ਗ੍ਰਹਿ ਲੁਧਿਆਣਾ ੧੭੯੪

| | | | |
|---|---|---|---|
| ੧੧ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਮਾਝਾ ਸੰਗਤ ਦੇ ਵਾਢੀ ਕਰਕੇ ਜਾਣ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੭੯੫ |
| ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ | ਬੁੱਗੇ | ਅੰਮ੍ਰਿਤਸਰ | ੧੭੯੭ |
| ੧੭ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਗੁਰਦਾਸਪੁਰ ਸੰਗਤ ਦੇ ਵਾਢੀ ਕਰ ਕੇ ਜਾਣ ਸਮੇ | ਜੇਠੂਵਾਲ | ਅੰਮ੍ਰਿਤਸਰ | ੧੭੯੮ |
| ੧੮ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੭੯੯ |
| ੨੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਸੰਗਤ ਦੇ ਕਣਕ ਦੀ ਗਹਾਈ ਕਰਕੇ ਜਾਣ ਸਮੇ | ਬੁਘੇ | ਅੰਮ੍ਰਿਤਸਰ | ੧੮੦੧ |
| ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੧੦ ਨਹਿਰੋਂ ਪਾਰ ਮਸ਼ੀਨ ਕਣਕ ਵਾਲੀ ਤੇ ਕੰਮ ਕਰਨ ਵਾਲਿਆਂ ਬੰਦਿਆਂ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੦੩ |
| ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੮੦੭ |
| ੨ ਜੇਠ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਜੇਠੂਵਾਲ ਸੰਗਤ ਦੇ ਬਾਹਰੋਂ ਖੇਤਾਂ ਵਿਚੋਂ ਸੇਵਾ ਕਰ ਕੇ ਆਉਣ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੮੧੬ |
| ੪ ਜੇਠ ਸ਼ਹਿਨਸ਼ਾਹੀ ਸੰਮਤ ੧੦ ਸੁਭਾਗਵੰਤੀ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੧੮੧੭ |
| ੫ ਜੇਠ ਸ਼ਹਿਨਸ਼ਾਹੀ ਸੰਮਤ ੧੦ ਅਰਜਨ ਸਿੰਘ ਦੇ ਗ੍ਰਿਹਿ | ਸਲੀਮਪੁਰ | ਹੁਸ਼ਿਆਰਪੁਰ | ੧੮੧੯ |
| ੬ ਜੇਠ ਸ਼ਹਿਨਸ਼ਾਹੀ ਸੰਮਤ ੧੦ ਜੁਗਿੰਦਰ ਸਿੰਘ ਦੇ ਗ੍ਰਿਹਿ | ਫਤਹਿ ਗੜ | ਹੁਸ਼ਿਆਰਪੁਰ | ੧੮੨੨ |
| ੬ ਜੇਠ ਸ਼ਹਿਨਸ਼ਾਹੀ ਸੰਮਤ ੧੦ ਮਨਜੀਤ ਸਿੰਘ ਦੇ ਗ੍ਰਿਹਿ | | ਕਪੂਰਥਲਾ | ੧੮੨੩ |
| ੯ ਜੇਠ ਸ਼ਹਿਨਸ਼ਾਹੀ ਸੰਮਤ ੧੦ ਗੁਰਮੁਖ ਦੁਵਾਰ | ਭਲਾਈਪੁਰ | ਅੰਮ੍ਰਿਤਸਰ | ੧੮੨੫ |
| ੧੦ ਜੇਠ ਸ਼ਹਿਨਸ਼ਾਹੀ ਸੰਮਤ ੧੦ ਪਾਲ ਸਿੰਘ ਦੇ ਗ੍ਰਿਹਿ | ਭਲਾਈਪੁਰ | ਅੰਮ੍ਰਿਤਸਰ | ੧੮੪੦ |
| ੧੫ ਜੇਠ ਸ਼ਹਿਨਸ਼ਾਹੀ ਸੰਮਤ ੧੦ ਗੁਰਦਰਸ਼ਨ ਕੌਰ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੮੪੦ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੧੦ ਚੇਲਾ ਸਿੰਘ ਅਜੀਤ ਸਿੰਘ ਗੁਰਚਰਨ ਸਿੰਘ ਰਾਮ ਕੌਰ ਸੁਰਜੀਤ ਕੌਰ | ਸ਼ਟਾਕੇ ਚੱਕ | ਜੰਮ | ੧੮੪੨ |

੨੦ ਜੇਠ ਸ਼ਹਿਨਸ਼ਾਹੀ ਸੰਮਤ ੧੦ ਸੰਸਾਰ ਸਿੰਘ ਸਵਰਨੋ ਲੀਲਾ ਵੰਤੀ ਸਧਰੋ ਦੇਵੀ
ਕਰਮੋ ਦੇਵੀ ਬਾਜ ਸਿੰਘ ਕੰਗਰੇਲ ਜੰਮੂ ੧੯੪੫

੨੦ ਜੇਠ ਸ਼ਹਿਨਸ਼ਾਹੀ ੧੦ ਫੁੰਮਣ ਸਿੰਘ ਕੇਸਰੀ ਦੇਵੀ ਅਮਰੋ ਦੇਵੀ ਪ੍ਰਕਾਸ਼ੋ ਦੇਵੀ ਭਾਗ ਕੌਰ ਜੰਮੂ ੧੯੪੭

੨੧ ਜੇਠ ਸ਼ਹਿਨਸ਼ਾਹੀ ਸੰਮਤ ੧੦ ਕ੍ਰਿਸ਼ਨ ਲਾਲ ਪੰਡੋਵਾ ਜੀਵਣ ਸਿੰਘ ਝਮਾਂ ਕੇਸਰ ਸਿੰਘ ਝਮਾਂ
ਫਤੂ ਰਾਮ ਅੰਬਾ ਰਾਏ ਬੰਤੀ ਦੇਵੀ ਅੰਬਾ ਰਾਏ ਮੋਹਣ ਲਾਲ
ਅੰਬਾ ਰਾਏ ਧਰਮ ਚੰਦ ਗੋਲਡਾ ੧੯੪੯

੨੧ ਜੇਠ ਸ਼ਹਿਨਸ਼ਾਹੀ ਸੰਮਤ ੧੦ ਈਸ਼ਰ ਸਿੰਘ ਪ੍ਰਤਾਪ ਸਿੰਘ ਪ੍ਰਕਾਸ਼ ਸਿੰਘ ਹਰਬੰਸ ਸਿੰਘ
ਪ੍ਰੀਤਮ ਸਿੰਘ ਦੜ ਝੰਡੂ ਰਾਮ ਜਿਉੜੀਆਂ ਕੁਲਦੀਪ ਸਿੰਘ ਮੁਠੀ ੧੯੫੧

੨੨ ਜੇਠ ਸ਼ਹਿਨਸ਼ਾਹੀ ਸੰਮਤ ੧੦ ਭਗਤ ਸਿੰਘ ਸੇਵਾ ਸਿੰਘ ਜਗਜੀਤ ਸਿੰਘ ਪਿੰਡ ਕੀਰ
ਜਸਬੀਰ ਕੌਰ ਕੋਠੇ ਨਿਹਾਲਪੁਰ ਸਿੰਬਲ ੧੯੫੨

੨੨ ਜੇਠ ਸ਼ਹਿਨਸ਼ਾਹੀ ਸੰਮਤ ੧੦ ਸਰਦਾਰ ਸਿੰਘ ਗੁਰਨਾਮ ਸਿੰਘ ਜੁਗਿੰਦਰ ਸਿੰਘ ਲਛਮੀ ਦੇਵੀ
ਹਰਬੰਸ ਕੌਰ ਖਜ਼ਾਨ ਸਿੰਘ ਰਣਬੀਰ ਸਿੰਘ ਪੁਰਾ
ਧਰਮ ਕੌਰ ਡਗਿਆਣਾ ਸੀੜ ਜੰਮੂ ੧੯੫੪

੨੩ ਜੇਠ ਸ਼ਹਿਨਸ਼ਾਹੀ ਸੰਮਤ ੧੦ ਰਣੀਆ ਰਾਮ ਸੇਵਾ ਰਾਮ ਪਿਆਰੇ ਲਾਲ ਪ੍ਰੀਤਮ ਸਿੰਘ ਪਿੰਡ ਜਾੜ
ਪਿਆਰੀ ਦੇਵੀ ਬਦੀ ਪੁਰ ਕਲੋਏ ਜੰਮੂ ੧੯੫੬

੨੩ ਜੇਠ ਸ਼ਹਿਨਸ਼ਾਹੀ ਸੰਮਤ ੧੦ ਦੇਵੀ ਸਿੰਘ ਹਰੀ ਸਿੰਘ ਪ੍ਰਕਾਸ਼ ਚੰਦ ਠਾਕਰ ਦਾਸ ਜੀਤੋ ਦੇਵੀ
ਮਘੋ ਵਾਲੀ ਜੰਮੂ ੧੯੫੮

੨੪ ਜੇਠ ਸ਼ਹਿਨਸ਼ਾਹੀ ਸੰਮਤ ੧੦ ਦੌਲਤ ਸਿੰਘ ਕੋਟਲੀ ਪ੍ਰੀਤੋ ਦੇਵੀ ਜਿੰਦੜ ਮੇਲੂ ਵਕੀਲ ਸਿੰਘ
ਹੰਸਾ ਸ਼ਾਹਣੀ ਦੇਵੀ ਚਕ ਮਾਜਰਾ ਕ੍ਰਿਸ਼ਨਾ ਦੇਵੀ ਬਿਰਲਾ
ਲਛਮੀ ਦੇਵੀ ਮੂਸੇ ਚੱਕ ਜੰਮੂ ੧੯੬੦

੨੪ ਜੇਠ ਸ਼ਹਿਨਸ਼ਾਹੀ ਸੰਮਤ ੧੦ ਸੇਈ ਕਲਾ ਤੇਜ ਭਾਨ ਸ਼ਿਵ ਸਿੰਘ ਗੂਹੜਾ ਰਾਮ ਗਿਆਨ ਚੰਦ
ਚਰਨ ਦਾਸ ਰਾਮ ਚੰਦ ਨਿਕੋ ਵਾਲ ਸੰਤੀ ਦੇਵੀ ਦੀਵਾਨਗੜ੍ਹ ੧੯੬੨

55
੨੩

56 ੨੩

੨੫ ਜੇਠ ਸ਼ਹਿਨਸ਼ਾਹੀ ਸੰਮਤ ੧੦ ਨਾਨਕ ਚੰਦ ਫਕੀਰ ਸਿੰਘ ਪੀਰਾ ਰਾਮ ਰਵੇਲਾ ਰਾਮ ਗੁਰਾ ਰਾਮ
ਬੰਤੀ ਦੇਵੀ ਸੇਈ ਖੁਰਦ ਜੰਮ ੧੮੬੪

੨੫ ਜੇਠ ਸ਼ਹਿਨਸ਼ਾਹੀ ਸੰਮਤ ੧੦ ਸਰਦਾਰ ਚੰਦ ਪ੍ਰੇਮ ਚੰਦ ਅਮਰੋ ਦੇਵੀ ਸਵਰਨੋ ਦੇਵੀ ਵਡੀ ਸੇਈ
ਕ੍ਰਿਸ਼ਨ ਲਾਲ ਸੇਈ ਸੇਈ ਖੁਰਦ ਜੰਮੂ ੧੮੬੬

੨੬ ਜੇਠ ਸ਼ਹਿਨਸ਼ਾਹੀ ਸੰਮਤ ੧੦ ਸੋਭਾ ਸਿੰਘ ਈਸ਼ਰ ਦਾਸ ਪ੍ਰੇਮੀ ਦੇਵੀ ਲਾਲ ਚੰਦ ਸ਼ਾਂਤੀ ਦੇਵੀ
ਬਿਸੋ ਦੇਵੀ ਜੰਮੂ ਸੰਤ ਸਿੰਘ ਦੀਵਾਨ ਗੜ੍ਹ ਸੇਈ ਕੈਂਪ ੧੮੬੭

੨੬ ਜੇਠ ਸ਼ਹਿਨਸ਼ਾਹੀ ਸੰਮਤ ੧੦ ਲਛਮਣ ਸਿੰਘ ਕੁਲਵੰਤ ਸਿੰਘ ਬਚਨ ਸਿੰਘ ਭਜਨ ਸਿੰਘ
ਸੁਰੈਣ ਸਿੰਘ ਖੇਮ ਕੌਰ ਸੇਈ ਕਲਾਂ ਜੰਮੂ ੧੮੭੦

੨੭ ਜੇਠ ਸ਼ਹਿਨਸ਼ਾਹੀ ਸੰਮਤ ੧੦ ਦੇਵਾ ਸਿੰਘ ਬਿਸ਼ਨ ਸਿੰਘ ਧਰਮ ਕੌਰ ਪੁਨੂੰ ਰਾਮ ਜਲੰਧਰ ਸਿੰਘ
ਤੋਤੀ ਦੇਵੀ ਨੰਦ ਪੁਰ ਪਿਆਰੀ ਦੇਵੀ ਖੇਰੋਵਾਲ ਸੇਈ ਖੁਰਦ ਜੰਮੂ ੧੮੭੨

੨੭ ਜੇਠ ਸ਼ਹਿਨਸ਼ਾਹੀ ਸੰਮਤ ੧੦ ਅੰਗ੍ਰੇਜ਼ ਸਿੰਘ ਬੰਸੋ ਦੇਵੀ ਜਸਬੀਰ ਸਿੰਘ ਬਚਨ ਸਿੰਘ ਧਰਮੋ ਦੇਵੀ
ਮੰਗਲ ਸਿੰਘ ਸੇਈ ਕਲਾਂ ਜੰਮੂ ੧੮੭੪

੨੮ ਜੇਠ ਸ਼ਹਿਨਸ਼ਾਹੀ ਸੰਮਤ ੧੦ ਬੇਲਾ ਸਿੰਘ ਸੇਵਾ ਸਿੰਘ ਦੇਵਾ ਸਿੰਘ ਭਾਈਆ ਦੇਵੀ ਬੰਤੀ ਦੇਵੀ
ਵੀਰੋ ਦੇਵੀ ਗੁਰਦੇਈ ਸੇਈ ਕਲਾਂ ਜੰਮੂ ੧੮੭੬

੨੮ ਜੇਠ ਸ਼ਹਿਨਸ਼ਾਹੀ ਸੰਮਤ ੧੦ ਪੂਰਨ ਸਿੰਘ ਰਾਜਾ ਸਿੰਘ ਗੁਰਮੁਖ ਸਿੰਘ ਕਾਸਤੋ ਦੇਵੀ ਲਛਮੀ ਦੇਵੀ
ਸੇਈ ਕੈਂਪ ਜੰਮੂ ੧੮੭੮

੨੮ ਚੇਤ ਸ਼ਹਿਨਸ਼ਾਹੀ ਸੰਮਤ ੧੦ ਵਕੀਲ ਸਿੰਘ ਦੇ ਗ੍ਰਹਿ ਰਮੇਸ਼ ਸਿੰਘ ਚੂਹੜ ਸਿੰਘ ਪਿੰਦਰ ਰਾਮ
ਬਚਨੋ ਦੇਵੀ ਸੇਈ ਕੈਂਪ ਜੰਮੂ ੧੮੭੯

੨੯ ਜੇਠ ਸ਼ਹਿਨਸ਼ਾਹੀ ਸੰਮਤ ੧੦ ਫਰੰਗੀ ਰਾਮ ਸਾਈਂ ਦਾਸ ਅਨੰਤ ਰਾਮ ਤ੍ਰੇਵਾ ਸੰਤ ਰਾਮ ਗੋਕਲੇ ਚੱਕ
ਚੰਨੋ ਦੇਵੀ ਸੰਤ ਕੌਰ ਸੇਈ ਕਲਾਂ ਜੰਮੂ ੧੮੮੦

੨੯ ਜੇਠ ਸ਼ਹਿਨਸ਼ਾਹੀ ਸੰਮਤ ੧੦ ਕਿਰਪਾਲ ਸਿੰਘ ਕ੍ਰਿਸ਼ਨ ਸਿੰਘ ਸੁਖਦੇਵ ਸਿੰਘ ਜਸਬੀਰ ਸਿੰਘ
ਰੋਸ਼ਨ ਲਾਲ ਕਰਮੋ ਦੇਵੀ ਦਰਸ਼ਨ ਸਿੰਘ ਸੇਈ ਕਲਾਂ ਜੰਮੂ ੧੮੮੩

56 ੨੩

੩੦ ਜੇਠ ਸ਼ਹਿਨਸ਼ਾਹੀ ਸੰਮਤ ੧੦ ਗਿਆਨ ਚੰਦ ਖੋਜੂ ਰਾਮ ਰਹੇਲੂ ਰਾਮ ਲਾਲ ਸਿੰਘ
ਆਤਮਾ ਸਿੰਘ ਗਿਆਨ ਸਿੰਘ ਸਵਰਨ ਸਿੰਘ ਵਲਵਿੰਦਰ ਸਿੰਘ ੧੮੮੪
੩੦ ਜੇਠ ਸ਼ਹਿਨਸ਼ਾਹੀ ਸੰਮਤ ੧੦ ਗੁਰਦਿਤ ਸਿੰਘ ਸ਼ਾਹਣੀ ਦੇਵੀ ਇੰਦਰੋ ਦੇਵੀ ਬੰਤੀ ਦੇਵੀ
ਰਸਾਲ ਸਿੰਘ ਬਲਵੰਤ ਕੌਰ ਕਿਸ਼ਨਪੁਰ ਕੈਂਪ ਜੰਮੂ ੧੮੮੬
੩੧ ਜੇਠ ਸ਼ਹਿਨਸ਼ਾਹੀ ਸੰਮਤ ੧੦ ਭਾਗ ਸਿੰਘ ਪੂਰਨ ਸਿੰਘ ਭਗਵਾਨ ਦਾਸ ਤੋਤੀ ਦੇਵੀ
ਪ੍ਰਕਾਸ਼ੋ ਦੇਵੀ ਸੋਮਾਂ ਦੇਵੀ ਕਿਸ਼ਨਪੁਰ ਕੈਂਪ ਜੰਮੂ ੧੮੮੮
ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੮੯੦
੦੨ ਹਾੜ ਸ਼ਹਿਨਸ਼ਾਹੀ ਸੰਮਤ ੧੦ ਠੇਕੇਦਾਰ ਠਾਕਰ ਸਿੰਘ ਦੇ ਗ੍ਰਹਿ ਅੰਮ੍ਰਿਤਸਰ ਸ਼ਹਿਰ ੧੮੯੭
੧੭ ਹਾੜ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੮੯੯
੧੮ ਹਾੜ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਸਵੇਰੇ ਸ਼ਾਦੀਆਂ ਸਮੇਂ ਜੇਠੂਵਾਲ ੧੯੧੫
੧੮ ਹਾੜ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੯੨੭
ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੯੩੨
੩ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਪਾਲ ਸਿੰਘ ਸਰਮੈਲ ਸਿੰਘ ਸੂਰਤ ਸਿੰਘ ਡਾਲਾ ਹਜ਼ਾਰਾ ਸਿੰਘ
ਫਤੂ ਚੱਕ ਚਰਨ ਕੌਰ ਢਿਲਵਾਂ ਸੁਰਜੀਤ ਕੌਰ ਢਿਲਵਾਂ
ਗੁਰਚਰਨ ਸਿੰਘ ਪੰਡੋਰੀ ਸੰਤ ਸਿੰਘ ਰਾਏ ਪੁਰ ਪੀਰ ਬਖਸ਼
ਹਜ਼ਾਰਾ ਸਿੰਘ ਢਿਲਵਾਂ ਡੀਪੂ ਦਾਉਦਪੁਰ ਕਪੂਰਥਲਾ ੧੯੪੨
੪ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਅਮਰੀਕ ਸਿੰਘ ਮੇਲਾ ਸਿੰਘ ਸਰਾਂਈ ਮਲਹਾਰ ਸਿੰਘ ਬੈਰਮਪੁਰ
ਹਰਭਜਨ ਸਿੰਘ ਬੈਰਮਪੁਰ ਰਾਮ ਸਿੰਘ ਫਤੋਵਾਲ
ਬਲਦੇਵ ਕੌਰ ਕੰਧਾਲਾ ਸ਼ੇਖਾ ਸਰਾਂਈ ੧੯੪੪
੪ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਸੋਮਰਾਜ ਸਿੰਘ ਅਰਜਨ ਸਿੰਘ ਸਲੀਮਪੁਰ ਮੁਣਸ਼ੀ ਰਾਮ ਮਿਆਣੀ
ਮਲਾਰਾਮ ਭਰਾ ਬੇਗੋਵਾਲ ਜੁਗਿੰਦਰ ਸਿੰਘ ਫਤਿਹ ਗੜ੍ਹ
ਗੁਰਮੀਤ ਕੌਰ ਕਰਾਲਾ ਕੋਟਲਾ ਕਾਲੂ ਵਾਲਾ ੧੯੪੭


57
੨੩

੫ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਖਿਆਲ ਸਿੰਘ ਵਤਨ ਸਿੰਘ ਸਰੀਂਹ ਪੁਰ ਜੀਆ ਲਾਲ ਤਲਵਾੜਾ
ਦਲਜੀਤ ਸਿੰਘ ਤਲਵਾੜਾ ਆਤਮ ਚੰਦ ਤਲਵਾੜਾ ਗਿਆਨ ਚੰਦ
ਤਲਵਾੜਾ ਸੁਰਿੰਦਰ ਸਿੰਘ ਰੁਪੋ ਵਾਲ ਧੰਨਾ ਸਿੰਘ ਕੁਲੀਆਂ ਦਸੂਹਾ ੧੯੪੯

੫ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਕਰਤਾਰ ਸਿੰਘ ਲਾਲ ਸਿੰਘ ਹਰਭਜਨ ਸਿੰਘ ਨਵਾਂ ਪਿੰਡ
ਦਿਆਲ ਸਿੰਘ ਡੱਡ ਰਾਮ ਸਿੰਘ ਗਾਲੜੀਆਂ ਦਰਬਾਰਾ ਸਿੰਘ
ਮੰਗਲ ਸਿੰਘ ਗਾਲੜੀਆ ਰੇਸ਼ਮ ਸਿੰਘ ਪੰਜ ਢੇਰਾ, ਪੰਜ ਢੇਰਾ ੧੯੫੨

੬ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਗੁਰਚਰਨ ਸਿੰਘ ਗੁਰਤਖਤ ਸਿੰਘ ਜ਼ਹੂਰਾ ਤਾਰੂ ਸਿੰਘ ਜੰਡੀਰਾ
ਗੁਰਨਾਮ ਕੌਰ ਮਹਿੰਦਰ ਕੌਰ ਸੁਸਾਣਾ ਜਹੂਰਾ ੧੯੫੪

੬ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਰੇਸ਼ਮ ਸਿੰਘ ਦੌਲਤ ਸਿੰਘ ਕਪੂਰਥਲਾ ਗੁਰਦਿਆਲ ਸਿੰਘ
ਕਰਤਾਰ ਸਿੰਘ ਅਮਰ ਕੌਰ ਕਪੂਰਥਲਾ ਸਾਧੂ ਸਿੰਘ ਕਪੂਰਥਲਾ
ਬਸੰਤ ਕੌਰ ਕੜਾਲ ਕਲਾਂ ਸੁਰਜੀਤ ਕੌਰ ਗੌਸਲ
ਕਿਸ਼ਨ ਸਿੰਘ ਸੁਰਖ ਪੁਰ ਖਹਿਰਾ ਮਝਾ ਸਿੰਘ ੧੯੫੬

58
੨੩

58
੨੩

੭ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਮਹਿੰਗਾ ਸਿੰਘ ਹਰਭਜਨ ਸਿੰਘ ਆਦਮ ਪੁਰ ਜੀਤ ਕੌਰ
ਜਲਪੋਤਾ ਹਰਭਜਨ ਕੌਰ ਕੋਟਲੀ ਥਾਨ ਸਿੰਘ ਜਰਨੈਲ ਸਿੰਘ
ਸਗਵਾਲ ਇਕਬਾਲ ਸਿੰਘ ਜਗਪਾਲ ਪੁਰ ਹਰੀ ਪੁਰ ੧੯੫੮

੭ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਗੁਰਬਚਨ ਸਿੰਘ ਅਵਤਾਰ ਸਿੰਘ ਤਰਸੇਮ ਸਿੰਘ ਹੁਕਮ ਸਿੰਘ
ਅਜੀਤ ਸਿੰਘ ਫੁੰਮਣ ਸਿੰਘ ਗੁਰਬਚਨ ਕੌਰ ਭਾਗਵੰਤੀ ਆਹਮ ਪੁਰ
ਪ੍ਰੀਤਮ ਸਿੰਘ ਕੋਟਲੀ ਇਬਰਾਹਿਮ ਦਰਸ਼ਨ ਕੌਰ ਪਾਤੜ ਆਹਮਪੁਰ ੧੯੬੦

੮ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਬੀਬੀ ਚਰਨੀ ਜੋ ਕੇ ਸਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ
ਸੇਵਾ ਕਰਦੀ ਹੋਈ ਉਨ੍ਹਾਂ ਦੇ ਹੁਕਮ ਅਨੁਸਾਰ ਆਪਣੇ ਸੁਵਾਸ ਪੂਰੇ
ਕਰਕੇ ਸਚਖੰਡ ਚਲੀ ਗਈ ਉਸ ਦੇ ਅੰਤਮ ਸਸਕਾਰ ਸਮੇਂ
ਵਿਹਾਰ ਹੋਇਆ ਜੇਠੂਵਾਲ ਅੰਮ੍ਰਿਤਸਰ ੧੯੬੩

੮ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਮਨਜੀਤ ਕੌਰ ਫਕੀਰ ਸਿੰਘ ਮਜੀਦ ਪੁਰ ਭਜਨ ਕੌਰ ਨੂਰਪੁਰ
ਮਹਿੰਦਰ ਸਿੰਘ ਹਰਨਾਮ ਪੁਰ ਨੂਰ ਪੁਰ ੧੯੬੭

੮ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਲਾਲ ਸਿੰਘ ਪਿਆਰਾ ਸਿੰਘ ਨਗੀਨਾ ਸਿੰਘ
ਹਰਦਿਆਲ ਸਿੰਘ ਜਲੰਧਰ ਸ਼ਹਿਰ ਜਗੀਰ ਕੌਰ ਬਾਹਮਣੀਆਂ
ਬਚਨ ਕੌਰ ਬੋਪਾ ਰਾਏ ਮਲ ਸਿੰਘ ਲਲੀਆਂ ਪਾਲ ਸਿੰਘ ਲਲੀਆਂ
ਕਰਤਾਰ ਸਿੰਘ ਗਾਂਧਰਾਂ ਸਵਰਨ ਸਿੰਘ ਹੇਰਾਂ ੧੯੬੯

੯ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਪ੍ਰੀਤਮ ਸਿੰਘ ਕਰਤਾਰ ਕੌਰ ਖੇੜਾ ਜਮਸ਼ੇਰ ਪ੍ਰੇਮ ਸਿੰਘ
ਮਹਿੰਦਰ ਕੌਰ ਉਜਾਗਰ ਸਿੰਘ ਸਰੀਂਹ ਭੁਪਿੰਦਰ ਸਿੰਘ ਫਰਾਲਾ
ਮਹਿੰਦਰ ਕੌਰ ਚੀਮਾ ਕਲਾ ਜੰਡਿਆਲਾ ੧੯੭੩

੯ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਗੁਰਮੇਜ ਸਿੰਘ ਸੁਰਜੀਤ ਸਿੰਘ ਜਗੀਰ ਕੌਰ ਕੇਹਰ ਸਿੰਘ
ਜੁਗਿੰਦਰ ਸਿੰਘ ਭਜਨ ਕੌਰ ਕਰਤਾਰ ਸਿੰਘ ਊਧਮ ਕੌਰ ਰੁੜਕਾ
ਗੁਰਨਾਮ ਸਿੰਘ ਸੁਰਾਨਸੀ ਜਸਬੀਰ ਕੌਰ ਦੌਲਤਪੁਰ ਰੁੜਕਾ ੧੯੭੫

59
੨੩

੧੦ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਆਤਮਾ ਸਿੰਘ ਦਰਸ਼ਨ ਸਿੰਘ ਗਰਦਾਵਰ ਸਿੰਘ ਬੰਤਾ ਸਿੰਘ
ਮਹਿੰਦਰ ਸਿੰਘ ਦਰਸ਼ਨ ਸਿੰਘ ਸੁਰਜੀਤ ਸਿੰਘ ਕਰਤਾਰ ਸਿੰਘ
ਬਿਲਗਾ ਛਿੰਦੋ ਗੁਰਦੇਵ ਕੌਰ ਬਿਲਗਾ ਪ੍ਰਕਾਸ਼ ਕੌਰ ਸੁਨੜ ਰੁੜਕਾ ੧੯੭੬

੧੦ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਹਰਿ ਸੰਗਤ ਨਵਿਤ ਰੁੜਕਾ ਕਲਾ ਜਲੰਧਰ ੧੯੭੮

੧੦ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਲਾਲ ਸਿੰਘ ਪ੍ਰੇਮ ਸਿੰਘ ਗੁਰਦੇਵ ਸਿੰਘ ਨਵਾ ਪਿੰਡ
ਹਜ਼ੂਰਾ ਸਿੰਘ ਗੁਰਾਇਆ ਨਛੱਤਰ ਕੌਰ ਗੁਰਾਇਆ ਨਾਜਰ ਸਿੰਘ
ਲਾਡੂਵਾਲ ਤ੍ਰਲੋਕ ਸਿੰਘ ਹਰੀਪੁਰ ਬੇਅੰਤ ਕੌਰ ਧਨੇਤਾ ਡਲੇਵਾਲ ੧੯੭੯

੧੧ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਨਸੀਬ ਕੌਰ ਡਵਿਡਾ ਰਿਹਾਣਾ ਦਰਸ਼ਨ ਸਿੰਘ
ਦੁਸਾਂਝ ਸਾਧੂ ਸਿੰਘ ਫਗਵਾੜਾ ਰਹਾਣਾ ਖੁਰਦ ੧੯੮੧

੧੧ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਗੁਰਮੀਤ ਸਿੰਘ ਚਰਨ ਕੌਰ ਪਿੰਡ ਫਰਾਲਾ ਰਾਮ ਸਿੰਘ
ਮਨਸਾ ਸਿੰਘ ਫਰਾਲਾ ਗਣੇਸ਼ਾ ਸਿੰਘ ਕੋਟ ਕਲਾ ਸਾਧੂ ਸਿੰਘ ਸਲਾਰਪੁਰ
ਮਹਿੰਦਰ ਸਿੰਘ ਦੌਲਤ ਪੁਰ ਚਰਨ ਕੌਰ ਮਹਿਲ ਗਹਿਲਾ ਗੁਰਦੇਵ ਸਿੰਘ
ਸਤਿਨਾਮ ਸਿੰਘ ਪ੍ਰੇਮ ਸਿੰਘ ਸਵਰਨ ਸਿੰਘ ਫਰਾਲਾ, ਫਰਾਲਾ ੧੯੮੩

੧੨ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਸੰਤੋਖ ਸਿੰਘ ਪ੍ਰੀਤਮ ਸਿੰਘ ਫਗਵਾੜਾ ਮਿਲਖਾ ਸਿੰਘ ਸੈਲਾਂ ਖੁਰਦ
ਪ੍ਰੀਤਮ ਕੌਰ ਮਾਹਲ ਗਹਿਲਾ ਸੋਢੀਆਂ ੧੯੮੫

੧੨ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਜਗੀਰ ਸਿੰਘ ਲਛਮਨ ਸਿੰਘ ਧਨੌਰੀ ਭਜਨ ਸਿੰਘ
ਮੇਹਰ ਸਿੰਘ ਸ਼ੇਖਪੁਰ ਪ੍ਰੀਤਮ ਸਿੰਘ ਰਾਜੇ ਮਾਜਰਾ ਸਰੂਪ ਕੌਰ ਗੌਂਸਲਾ
ਬਚਨ ਸਿੰਘ ਧਿਆਨਪੁਰ ਸੁਰਜੀਤ ਸਿੰਘ ਘੜੂਆ ਗੁਰਸ਼ਰਨ ਸਿੰਘ
ਨੰਗਲ ਕਿਰਪਾਲ ਸਿੰਘ ਧਨੌਰੀ ਸੁਰਜੀਤ ਸਿੰਘ ਜਗਤ ਪੁਰ
ਸੁਰਜੀਤ ਸਿੰਘ ਰਾਜੇ ਮਾਜਰਾ ਰੰਗੀਲਪੁਰ ੧੯੮੭

60
੨੩

੧੩ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਬੀਰ ਸਿੰਘ ਪਿੰਡ ਬਠਲਾਣਾ ਜੇਠਾ ਸਿੰਘ ਬਠਲਾਣਾ ਸੰਤ ਸਿੰਘ
ਮਾਣਕ ਪੁਰ ਕਲਰ ਗੁਰਦੇਵ ਸਿੰਘ ਮਾਣਕ ਪੁਰ ਕਲਰ ਹਜਾਰਾ ਸਿੰਘ
ਚੁਨੀ ਪਿਆਰਾ ਸਿੰਘ ਰੋੜਾ ਸਵਰਨ ਸਿੰਘ ਬਰਕਤ ਪੁਰ ੧੯੮੮

੧੩ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਕਰਨੈਲ ਸਿੰਘ ਪਿੰਡ ਬੜਹੇੜੀ ਨਿਰਮਲ ਸਿੰਘ ਅੰਮ੍ਰਿਤਸਰ ਬੰਨਾ ਸਿੰਘ
ਕਰਤਾਰ ਪੁਰ ਗੁਰਦੇਵ ਸਿੰਘ ਦੁਸਾਂਝ ਖੁਰਦ ਜਗੀਰ ਸਿੰਘ ਭੜੀ
ਅਮਰ ਚੰਦ ਪੰਜ ਕੋਹਾ ਹਰਚਰਨ ਸਿੰਘ ਅਵਤਾਰ ਸਿੰਘ ਚੰਡੀਗੜ੍ਹ
ਪਿਆਰਾ ਸਿੰਘ ਨਖਨੋਰ ਗੁਰਨਾਮ ਸਿੰਘ ਜਨੇਤਪੁਰ ੧੯੯੦

੧੩ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਗੱਜਣ ਸਿੰਘ ਨਛੱਤਰ ਸਿੰਘ ਭਾਗ ਸਿੰਘ ਗੁਰਨਾਮ ਕੌਰ ਦੁਰਾਹਾ
ਗੁਰਨਾਮ ਸਿੰਘ ਇੰਦਰ ਸਿੰਘ ਪ੍ਰੇਮ ਸਿੰਘ ਭੀਮ ਸਿੰਘ
ਗੁਰਦੇਵ ਸਿੰਘ ਬੰਤ ਸਿੰਘ ਹਰਬੰਸ ਸਿੰਘ ਸ੍ਰੀ ਰਾਮ ਮਕਸੂਦੜਾ
ਜਰਨੈਲ ਸਿੰਘ ਚੈਂਚਲ ਸਿੰਘ ਮਹੌਣ ਗੁਰਦੇਵ ਸਿੰਘ ਲਲਹੇੜੀ ਬੱਗਾ ਸਿੰਘ ਨਤ

60
੨੩

ਸਰਦਾਰਾ ਸਿੰਘ ਰੌੜੀ ਜਗਦੀਸ਼ ਸਿੰਘ ਅਜਨੌਧ ਅੰਗ੍ਰੇਜ਼ ਕੌਰ ਭਰਪੂਰ ਗੜ੍ਹ
ਗੁਰਮੀਤ ਸਿੰਘ ਚੱਕ ਮਾਫੀ ਦੁਰਾਹਾ ੧੯੯੨
੧੩ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਜਸਵੰਤ ਸਿੰਘ ਹਰਬੰਸ ਸਿੰਘ ਲਾਲ ਸਿੰਘ ਹਰਨੇਕ ਸਿੰਘ ਗੁਰਦੇਵ ਸਿੰਘ
ਨਿਰੰਜਣ ਸਿੰਘ ਮਲਕੀਅਤ ਸਿੰਘ ਸਰਦਾਰਾ ਸਿੰਘ ਨਿਰਵੈਰ ਸਿੰਘ
ਮੱਘਰ ਸਿੰਘ ਮਦਨ ਸਿੰਘ ਹਰਚਰਨ ਸਿੰਘ ਸੁਰਜਣ ਸਿੰਘ
ਕੁਲਦੀਪ ਕੌਰ ਫੂਲਾ ਰਾਣੀ ਹਰਵੇਲ ਸਿੰਘ ਮਹਿੰਦਰ ਸਿੰਘ
ਹਰਬੰਸ ਕੌਰ ਸੁਖਵੰਤ ਕੌਰ ਲੁਧਿਆਣਾ ਜੁਗਿੰਦਰ ਸਿੰਘ ਦਾਖਾਂ
ਦਰਸ਼ਨ ਸਿੰਘ ਅਜਨੌਧ ਮੁਖਤਿਆਰ ਸਿੰਘ ਮੁੰਡੀਆਂ ਭਗਵਾਨ ਸਿੰਘ
ਤਨੌੜ ਮਹਿੰਦਰ ਸਿੰਘ ਦਾਖਾਂ ਪੂਰਨ ਸਿੰਘ ਮੰਡਿਆਣੀ ਸ਼ਾਮ ਕੌਰ
ਮੰਡਿਆਣੀ ਕਰਮ ਸਿੰਘ ਗੁੜੇ ਲੁਧਿਆਣਾ ੧੯੯੪
੧੪ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਬਲਵੰਤ ਸਿੰਘ ਸੂਰਮੇ ਦੇ ਮਿਲਣ ਸਮੇਂ ਉਨ੍ਹਾਂ ਦੇ ਨਵਿਤ ਟਾਂਡਾ ੧੯੯੫



੧੪ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਗੁਰਨਾਮ ਸਿੰਘ ਧੰਨਾ ਸਿੰਘ ਢਹਿ ਪਈ ਹਰੀ ਸਿੰਘ
ਮਹਿੰਮਾ ਸਿੰਘ ਵਾਲਾ ਪਾਖਰ ਸਿੰਘ ਮੋਹੀ ਨਾਹਰ ਸਿੰਘ ਰਕਬਾ
ਬਲਵੰਤ ਸਿੰਘ ਗੁਜਰਵਾਲ ਗੁਰਦਿਆਲ ਕੌਰ ਬੋਪਾ ਰਾਏ ਬੁਢੇਲ ੧੯੯੮
੧੪ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਨਾਜਰ ਸਿੰਘ ਸਾਧੂ ਸਿੰਘ ਸਰਦਾਰਾ ਸਿੰਘ ਕਰਮ ਸਿੰਘ
ਸਰਵਣ ਸਿੰਘ ਮੰਗਲ ਸਿੰਘ ਪਖੋਵਾਲ ਹਰਜੀਤ ਸਿੰਘ ਲੀਲ ਗੁਰਮੇਜ ਸਿੰਘ
ਹਰੀ ਸਿੰਘ ਬੁਰਜ ਪਲਟੂ ਰਾਮ ਸੁਧਾਰ ਚੈਂਚਲ ਸਿੰਘ ਸੁਧਾਰ
ਹਰਚਰਨ ਸਿੰਘ ਡਾਂਗੋ ਭਾਗ ਸਿੰਘ ਬਸਰਾਵਾਂ ਗੁਰਦਿਆਲ ਸਿੰਘ
ਨੰਗਲ ਖੁਰਦ ਪਖੋਵਾਲ ੧੯੯੯
੧੫ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਹਰਬੰਸ ਸਿੰਘ ਸਤਿੰਦਰ ਪਾਲ ਕੌਰ ਪਟਿਆਲਾ
ਸਰਦਾਰਾ ਸਿੰਘ ਛਾਜਲਾ ਤਰਲੋਕ ਸਿੰਘ ਸਨਾਮ ਸ਼ਾਮ ਸਿੰਘ ਬਰਨਾਲਾ
ਹਰਦੇਵ ਕੌਰ ਬੁਰਜ ਲਿਟਾਂ ਸੰਗਰੂਰ ਸ਼ਹਿਰ ੨੦੦੧

੧੫ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਬਲਵੰਤ ਸਿੰਘ ਭਜਨ ਸਿੰਘ ਚੁਪਕੀ ਬਲਦੇਵ ਸਿੰਘ ਬੂਟਾ ਸਿੰਘ ਵਾਲਾ
ਪ੍ਰੇਮ ਸਿੰਘ ਦੌਣ ਕਲਾ ਮੋਹਣ ਸਿੰਘ ਨਾਭਾ ਪਟਿਆਲਾ ੨੦੦੩
੧੫ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਦਰਬਾਰ ਹਰਿ ਸੰਗਤ ਨਵਿਤ ਧੀਰ ਪੁਰ ਦਿੱਲੀ ੨੦੦੫

੧੬ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਭਾਨ ਸਿੰਘ ਪ੍ਰੀਤਮ ਸਿੰਘ ਸੋਹਣ ਸਿੰਘ ਠਾਕਰ ਸਿੰਘ ਬੀੜ ਅਮੀਨ
ਜਗਤਾਰ ਸਿੰਘ ਬੀੜ ਅਮੀਨ ਨਿਰੰਜਣ ਸਿੰਘ ਸਰਦੂਲ ਸਿੰਘ ਅਜੀਤ ਸਿੰਘ
ਗੁਰਮੇਜ ਸਿੰਘ ਕੁਰਕਸ਼ੇਤਰ ਮੋਹਣ ਸਿੰਘ ਗੜ੍ਹੀ ਲਾਂਗਰੀ ਮਾਨ ਸਿੰਘ ਬੋਡੀ
ਬਚਨ ਸਿੰਘ ਨਿਬਾ ਨਾਨਕ ਪੁਰ ੨੦੦੮

੧੭ ਸਾਵਣ ਸ਼ਹਿਨਸ਼ਾਹੀ ਸੰਮਤ ੧੦ ਹਰਬੰਸ ਸਿੰਘ ਸੁਰੈਣ ਸਿੰਘ ਕਲਸਾਣੀ, ਆਸਾ ਸਿੰਘ ਕਲਸਾਣੀ
ਬਲਬੀਰ ਸਿੰਘ ਜੀਤ ਨਗਰ ਬੰਤਾ ਸਿੰਘ ਮੁਗਲ ਮਾਜਰਾ
ਕਲਾ ਸਿੰਘ ਕਲਸਾਨਾ ਸੰਤਾ ਸਿੰਘ ਸ਼ਰੀਫ ਗੜ੍ਹ ਚਾਨਣ ਸਿੰਘ ਹਰਨੋਲਾ
ਹਜੂਰਾ ਸਿੰਘ ਰੋਹਤਕ ਲਖਾ ਸਿੰਘ ਬਾਬੂਪੁਰ ਸੁਦਾਗਰ ਸਿੰਘ ਭਠਮਾਜਰਾ
ਸੰਪੂਰਨ ਸਿੰਘ ਠੀਕਰੀ ਸੁਰਜੀਤ ਕੌਰ ਜੀਤ ਨਗਰ
ਅਰਜਨ ਸਿੰਘ ਬਲੋਚ ਪੁਰ ਠੀਕਰੀ ਛੰਨਾ ਕਰਨਾਲ ੨੦੧੦


62
੨੩



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ੨੮ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ



ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਹੁਕਮ ਲਓ ਦਸਤੀ, ਮੋਹਰ ਇਕੋ ਨਾਮ ਲਗਾਈਆ । ਕੌਲ ਇਕਰਾਰ ਵਾਅਦਾ ਕਰੋ ਸ਼ਰਤੀ, ਸ਼ਰਅ ਤੋਂ ਬਾਹਰ ਗੰਢ ਪਵਾਈਆ । ਸਭ ਦਾ ਇਕੋ ਇਕ ਏਕੰਕਾਰ ਨਿਧਪ੍ਰਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਦੇ ਹੁਕਮ ਵਿਚ ਸਾਰੇ ਹੋਏ ਭਰਤੀ, ਜੁਗ ਚੌਕੜੀ ਨਾਮ ਲਿਖਵਾਈਆ । ਖੇਲ ਤੱਕੋ ਉਸ ਦੇ ਘਰ ਦੀ, ਜੋ ਗ੍ਰਿਹਿ ਗ੍ਰਿਹਿ ਆਪਣਾ ਰੰਗ ਰੰਗਾਈਆ । ਧਾਰ ਤੱਕੋ ਨਰਾਇਣ ਨਰ ਦੀ, ਨਰ ਹਰਿ ਆਪਣੀ ਕਲ ਪ੍ਰਗਟਾਈਆ । ਸਾਰ ਪਾਓ ਸਰੋਵਰ ਸਰ ਦੀ, ਜੋ ਅੰਮ੍ਰਿਤ ਜਲ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਕਰੋ ਤਿਆਰੀ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਸਾਰੇ ਮਿਲ ਕੇ ਬੋਲੋ ਇਕ ਜੈਕਾਰੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਬਿਨਾ ਸੀਸ ਤੋਂ ਕਰੋ ਨਿਮਸਕਾਰੀ, ਬਿਨਾ ਚਰਨ ਤੋਂ ਲਾਗੋ ਪਾਈਂਆ । ਵੇਲਾ ਵਕਤ ਵੇਖੋ ਆਪਣੀ ਧਾਰੀ, ਧਰਨੀ ਧਰਤ ਅੱਖ ਉਠਾਈਆ । ਕੀ ਸੰਦੇਸ਼ਾ ਦਿਤਾ ਲੋਕਮਾਤ ਬਣ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਕੀ ਅੱਖਰਾਂ ਕੀਤੀ ਲਿਖਾਰੀ, ਕਾਗਤ ਕਲਮ ਸਿਆਹੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣੀ ਆਪਣੀ ਧਾਰ, ਧਰਮ ਧਾਰ ਖੋਜ ਖੁਜਾਈਆ । ਫੇਰ ਬੋਲੋ ਸਚ ਜੈਕਾਰ, ਉਚੀ ਕੂਕ ਕੂਕ ਸੁਣਾਈਆ । ਸਵਾਧਾਨ ਹੋਵੇ ਵਿਚ ਸਚਖੰਡ ਸੱਚੇ ਦਰਬਾਰ, ਦਰਗਾਹ ਸਾਚੀ ਲਓ ਅੰਗੜਾਈਆ । ਆਪਣਿਆਂ ਆਪਣਿਆਂ ਸਿੱਖਾਂ ਮੁਰੀਦਾਂ ਦਾ ਲੇਖਾ ਲਓ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਨਵ ਸੱਤ ਪਾਓ ਸਾਰ, ਮਹਾਂਸਾਰਥੀ ਹੋ ਕੇ ਭੱਜੋ ਵਾਹੋ ਦਾਹੀਆ । ਹਰਿਜਨ ਵੇਖੋ ਨਾਲ ਪਿਆਰ, ਨਿਗਾਹ ਨਿਗਾਹ ਵਿਚੋਂ ਉਠਾਈਆ । ਫੇਰ ਸ਼ਬਦੀ ਦਿਓ ਇਸ਼ਾਰ, ਇਸ਼ਾਰਾ ਮੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਤੱਕੋ ਲੋਕਮਾਤ ਅਸਥਾਨਾ, ਅਸਥਿਲ ਦਵਾਰੇ ਖੋਜ ਖੁਜਾਈਆ । ਨਿਗਾਹ ਮਾਰੋ ਜਗਤ ਜਹਾਨਾ, ਬਿਨ ਨੈਣਾਂ ਨੈਣ ਉਠਾਈਆ । ਹਰਿਜਨ ਵੇਖੋ ਚਤੁਰ ਸੁਜਾਨਾ, ਗੁਰਮੁਖ ਗੁਰ ਗੁਰ ਪਰਦਾ ਲਾਹੀਆ । ਕਵਣ

੧ ੨੩

ਪ੍ਰਭ ਚਰਨ ਕਵਲ ਕਰੇ ਧਿਆਨਾ, ਸੀਸ ਜਗਦੀਸ਼ ਰਿਹਾ ਨਿਵਾਈਆ । ਕਵਣ ਤੂੰ ਮੇਰਾ ਮੈਂ ਤੇਰਾ ਗਾਏ ਗਾਣਾ, ਆਤਮ ਪਰਮਾਤਮ ਸਿਫ਼ਤ ਸਾਲਾਹੀਆ । ਕਵਣ ਵੇਖੇ ਧਰਮ ਨਿਸ਼ਾਨਾ, ਧਰਮ ਨਿਸ਼ਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਬੰਨ੍ਹੋ ਆਪਣਾ ਬਸਤਾ, ਲੇਖਾ ਆਪਣੇ ਨਾਲ ਰਖਾਈਆ । ਲੋਕਮਾਤ ਦਰ ਤੱਕੋ ਰਸਤਾ, ਬਿਨ ਤਨ ਸ਼ਰੀਰ ਭੱਜੋ ਵਾਹੋ ਦਾਹੀਆ । ਕਿਹੜੀ ਕੂਟੇ ਧੁਰ ਦਾ ਨਾਮ ਹੋਵੇ ਸਸਤਾ, ਖੋਜੋ ਚਾਈਂ ਚਾਈਂਆ । ਕਿੱਥੇ ਪੈਜ ਹੋਵੇ ਰਖਦਾ, ਹੋਵੇ ਮਾਤ ਸਹਾਈਆ । ਭੇਤ ਖੋਲੇ ਅਲਖਣਾ ਅਲਖ ਦਾ, ਪਰਦਾ ਅੰਤਰ ਨਿਰੰਤਰ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਖ਼ੁਸ਼ੀਆਂ ਵਾਲੀ ਰਾਤ, ਭਿੰਨੜੀ ਨਾਲ ਵਡਿਆਈਆ । ਆਓ ਸਚਖੰਡ ਦੀ ਸਚ ਲਓ ਸੌਗ਼ਾਤ, ਪੱਲੇ ਸਤਿ ਸਤਿ ਬੰਧਾਈਆ । ਬਿਨਾ ਹੱਥਾਂ ਤੋਂ ਉਠਾਓ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਕੌਲ ਇਕਰਾਰ ਕਰੋ ਝਗੜਾ ਛਡਣਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਖੇਲ ਤਕਣਾ ਕਮਲਾਪਾਤ, ਜੋ ਪਤਿਪਰਮੇਸ਼ਵਰ ਰਿਹਾ ਕਰਾਈਆ । ਸਭ ਨੇ ਭਗਤਾਂ ਦੀ ਤਕਣੀ ਜਮਾਤ, ਜਿਥੇ ਵੱਖਰੀ ਵੱਖਰੀ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਉਤੇ ਧਰਮ ਧਾਰ ਪਾਬੰਦੀ, ਬੰਦਨਾ ਵਿਚ ਸੀਸ ਨਿਵਾਈਆ । ਜਗਤ ਸ੍ਰਿਸ਼ਟੀ ਵੇਖੀ ਅੰਧੀ, ਨੇਤਰਹੀਣ ਲੋਕਾਈਆ । ਜਨ ਭਗਤਾਂ ਧਾਰ ਵੇਖੀ ਚੰਗੀ, ਚਾਰੇ ਕੁੰਟ ਵੱਜੀ ਵਧਾਈਆ । ਜਿਨ੍ਹਾਂ ਇਕੋ ਮੰਗ ਮੰਗੀ, ਆਤਮ ਪਰਮਾਤਮ ਜੋੜ ਜੁੜਾਈਆ । ਸੁਰਤੀ ਹੋਵੇ ਕਦੇ ਨਾ ਰੰਡੀ, ਸ਼ਬਦੀ
੨ ੨੩ ਕੰਤ ਕੰਤੂਹਲ ਹੰਢਾਈਆ । ਝਗੜਾ ਰਹੇ ਨਾ ਪ੍ਰਕਿਰਤੀ ਪੰਜੀ, ਪੰਜਾਂ ਚੋਰਾਂ ਡੇਰਾ ਢਾਹੀਆ । ਕਲਜੁਗ ਆਯੂ ਮੇਟਣੀ ਲੰਬੀ, ਲਮਹ ਲਮਹ ੨ ੨੩
ਤੇਰੇ ਅਗੇ ਸੀਸ ਨਿਵਾਈਆ । ਕੂੜ ਕਿੜਿਆਰ ਰਹੇ ਨਾ ਦੰਭੀ, ਭੇਖ ਪਖੰਡ ਦੇਣਾ ਚੁਕਾਈਆ । ਜਨ ਭਗਤਾਂ ਬਣਨਾ ਸਭ ਨੇ ਸੰਗੀ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਇਕ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਵਸਤ ਲਓ ਹਜ਼ੂਰੀ, ਹਜ਼ਰਤ ਝੋਲੀਆਂ ਮਾਤ ਭਰਾਈਆ । ਪੈਂਡਾ ਮੁਕਾਉਣਾ ਪਿਛਲਾ ਦੂਰੀ, ਅਗਾ ਨੇੜੇ ਨਜ਼ਰੀ ਆਈਆ । ਪ੍ਰਕਾਸ਼ ਤੱਕੋ ਕੋਹਤੂਰੀ, ਤੁਰੀਆ ਤੋਂ ਬਾਹਰ ਨੂਰ ਅਲਾਹੀਆ । ਪਿਛਲੀ ਰਹੇ ਨਾ ਕੋਇ ਮਜ਼ਬੂਰੀ, ਮੁਜਰਮ ਨਜ਼ਰ ਕੋਇ ਨਾ ਆਈਆ । ਨਾਮ ਨਿਧਾਨ ਲਓ ਸਰੂਰੀ, ਸੁਰਤ ਸ਼ਬਦ ਨਾਲ ਜੁੜਾਈਆ । ਸਾਰੇ ਇਕੱਠੇ ਹੋ ਕੇ ਜਨ ਭਗਤਾਂ ਦੀ ਝੋਲੀ ਪਾਓ ਮਜ਼ਦੂਰੀ, ਜੋ ਜੁਗ ਜੁਗ ਨਾਮ ਕਲਮਾ ਗਾਈਆ । ਸ਼ੁਕਰਾਨੇ ਵਿਚ ਹੋਵੋ ਮਸ਼ਕੂਰੀ, ਸ਼ੁਕਰੀਆ ਕਹਿ ਕੇ ਖ਼ੁਸ਼ੀ ਬਣਾਈਆ । ਸਾਰੇ ਕਹੋ ਗੁਰਮੁਖ ਮਨਮਤ ਰਹੇ ਨਾ ਮੂੜ੍ਹੀ, ਗੁਰਮਤ ਨਾਲ ਮਿਲਾਈਆ । ਸਭ ਦੇ ਮਸਤਕ ਲੱਗੇ ਇਕੋ ਧੂੜੀ, ਟਿੱਕੇ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਗੁਰਮੁਖਾਂ ਅੰਦਰ ਵਸਤ ਰਖ, ਨਾਮ ਨਿਧਾਨਾ ਆਪ ਟਿਕਾਈਆ । ਜਿਹੜੇ ਮਿਲ ਗਏ ਅਗੇ ਨਾ ਹੋਵਣ ਵੱਖ, ਵੱਖਰੀ ਵੰਡ ਨਾ ਕੋਇ ਵੰਡਾਈਆ । ਨੇਤਰ ਸਭ ਦੀ ਮਿਲੀ ਰਹੇ ਅੱਖ, ਜਗਤ ਅੱਖੀਆਂ ਨੈਣ ਸ਼ਰਮਾਈਆ । ਭਾਗਹੀਣ ਬਣਾ ਦੇ ਲੱਖ, ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਹਰਿ ਸਾਚੀ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਕੌਲ ਇਕਰਾਰ ਚਿਰ ਦਾ, ਚਿਰੀਂ ਵਿਛੁੰਨੇ ਮੇਲ ਮਿਲਾਈਆ । ਸਭ ਦਾ ਠੰਡਾ ਕਰ ਦੇ ਹਿਰਦਾ, ਅਗਨੀ ਤਤ ਨਾ ਕੋਇ ਤਪਾਈਆ । ਜੇ ਕਿਰਪਾ ਨਿਧਾਨ ਆ ਗਿਉਂ ਫਿਰਦਾ ਫਿਰਦਾ, ਨਿਰਗੁਣ ਆਪਣਾ ਪੰਧ ਮੁਕਾਈਆ । ਪਿਆਰ ਬਖ਼ਸ਼ ਦੇ ਸਾਚੇ ਪਿਰ ਦਾ, ਪਿਤਾ ਪੁਰਖ ਅਕਾਲ ਦਇਆ ਕਮਾਈਆ । ਘਰ ਵਸੇਰਾ ਦੇਣਾ ਥਿਰ ਦਾ, ਥਿਰ ਘਰ ਵੱਜੇ ਵਧਾਈਆ । ਤੁਧ ਬਿਨ ਗੇੜਾ ਕਦੇ ਨਾ ਗਿੜਦਾ, ਚੁਰਾਸੀ ਗੇੜ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਦੀ ਵਸਤ ਦਿਤੀ, ਦੇਵਣਹਾਰ ਵਡਿਆਈਆ । ਸੰਮਤ ਸ਼ਹਿਨਸ਼ਾਹੀ ਅੱਠ ਅਠਾਈ ਜੇਠ ਦੀ ਮਿਤੀ, ਮਿਤਰ ਪਿਆਰਾ ਹੋਏ ਸਹਾਈਆ । ਜਿਸ ਦੀ ਬਦਲ ਸਕੇ ਕੋਇ ਨਾ ਥਿਤੀ, ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਸਤਿਗੁਰ ਦੀ ਧਾਰ ਸ਼ਬਦ ਦੀ ਨਿੱਕੀ, ਨਿਕਿਉਂ ਵੱਡੇ ਦਏ ਬਣਾਈਆ । ਗੁਰਮੁਖੋ ਤੁਹਾਡੀ ਸਤਿਗੁਰ ਸ਼ਬਦ ਧਾਰ ਦੀ ਸਿੱਖੀ, ਸਿਖਿਆ ਜਗਤ ਨਾ ਕੋਇ ਪੜ੍ਹਾਈਆ । ਜਿਸ ਨੂੰ ਗੋਬਿਦ ਕਿਹਾ ਧਾਰੋਂ ਤਿੱਖੀ, ਨਿੱਕੀ ਵਾਲੋਂ ਆਖ ਸੁਣਾਈਆ । ਉਸੇ ਦੇ ਹੁਕਮ ਦੀ ਪਤ੍ਰਕਾ ਸ਼ਬਦ ਧਾਰ ਦੀ ਚਿੱਠੀ, ਧੁਰ ਫ਼ਰਮਾਨੇ ਨਾਲ ਦ੍ਰਿੜ੍ਹਾਈਆ । ਤੁਹਾਡਾ ਝਗੜਾ ਮੇਟਿਆ ਪੱਥਰ ਇੱਟੀ, ਕਾਇਆ ਮੰਦਰ ਇਕ ਸੁਹਾਈਆ । ਤੁਹਾਡੀ ਧਾਰ ਕਦੇ ਨਾ ਜਾਵੇ ਭਿੱਟੀ, ਕੂੜੀ ਵੰਡ ਨਾ ਕੋਇ ਵੰਡਾਈਆ । ਸਭ ਨੇ ਮਾਨਸ ਦੇਹ ਜਨਮ ਦੀ ਜਿੱਤੀ, ਜਗਤ ਦੀ ਹਾਰ ਨੇੜ ਨਾ ਆਈਆ । ਤੁਹਾਡੇ ਅੰਦਰ ਸਤਿਗੁਰ ਪਿਆਰ ਦੀ ਵਸਤ ਰਹੇ ਟਿਕੀ, ਪ੍ਰੇਮ ਵਿਚ ਆਪਣੀ ਸੇਵ ਕਮਾਈਆ । ਸਚ ਦੀ ਕਰਨੀ ਲੱਗੇ ਮਿੱਠੀ,

੩ ੨੩

ਅਨਰਸ ਆਪ ਭਰਾਈਆ । ਸਦਾ ਹੱਥ ਰਖੇ ਤੁਹਾਡੀ ਪਿੱਠੀ, ਪੁਸ਼ਤ ਪਨਾਹ ਆਪ ਜਣਾਈਆ । ਤੁਹਾਡੀ ਜਨਮ ਕਰਮ ਦੀ ਕਰਨੀ ਆਪ ਨਜਿੱਠੀ, ਨਾਮ ਭਗਤੀ ਨਾ ਕੋਇ ਵਖਾਈਆ । ਇਕ ਹਾਹੇ ਉਤੇ ਲਾ ਕੇ ਟਿੱਪੀ, ਹੰ ਬ੍ਰਹਮ ਦਾ ਮੇਲਾ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਮੁਹੱਬਤ ਪਿਆਰ ਨਾਲ ਜਾਵੇ ਲਿਖੀ, ਜਿਸ ਦਾ ਲੇਖਾ ਲੇਖ ਨਾ ਕੋਇ ਮਿਟਾਈਆ ।

੩ ੨੩

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕੁੰਦਨ ਸਿੰਘ ਦੇ ਗ੍ਰਿਹ ✪

ਸੋ ਕਹੇ ਮੈਂ ਸਚ ਸਵਾਮੀ, ਸਹਿਜ ਸਹਿਜ ਸੁਖਦਾਇਆ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖਾਂ ਸ੍ਰਿਸ਼ਟ ਸਬਾਇਆ । ਸੰਦੇਸ਼ਾ ਦੇਵਾਂ ਨਾਮ ਕਲਾਮੀ, ਕਲਮਾ ਕਾਇਨਾਤ ਦ੍ਰਿੜ੍ਹਾਇਆ । ਮਾਲਕ ਹੋਵਾਂ ਇਕ ਅਨਾਮੀ, ਆਦਿ ਅੰਤ ਬੇਪ੍ਰਵਾਹਿਆ । ਮੇਰਾ ਦੂਸਰ ਕੋਇ ਨਾ ਸਾਨੀ, ਸ਼ਹਿਨਸ਼ਾਹ ਅਗੰਮ ਅਥਾਹਿਆ । ਜੋਤੀ ਨੂਰ ਨੂਰ ਨੁਰਾਨੀ, ਜ਼ਹੂਰ ਆਪਣਾ ਆਪ ਪ੍ਰਗਟਾਇਆ । ਪਾਤਸ਼ਾਹ ਸ਼ਾਹ ਸ਼ਹਿਨਸ਼ਾਹ ਸੁਲਤਾਨੀ, ਦੇਵਣਹਾਰ ਸਬਾਇਆ । ਸੰਦੇਸਾ ਧੁਰ ਧਰਮ ਧਾਰ ਪੈਗ਼ਾਮੀ, ਹੁਕਮੀ ਹੁਕਮ ਉਪਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਅੰਤ ਆਦਿ ਏਕੰਕਾਰ ਇਕ ਅਖਵਾਇਆ ।

✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸੁਖਦੇਵ ਰਾਜ ਦੇ ਗ੍ਰਹਿ ✪

ਸੋ ਪੁਰਖ ਨਿਰੰਜਣ ਕਹੇ ਮੇਰਾ ਖੇਲ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਮੇਰਾ ਨਾਮ ਨਿਧਾਨਾ ਮੰਤ, ਮੰਤਰ ਇਕੋ ਇਕ ਸਮਝਾਈਆ । ਜੋ ਸਭ ਦੀ ਬਣਾਏ ਬਣਤ, ਘੜਨ ਭੰਨਣਹਾਰ ਇਕ ਅਖਵਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਅੱਖਰ ਸਕੇ ਨਾ ਕੋਇ ਸਮਝਾਈਆ । ਓਹ ਲੇਖਾ ਜਾਣੇ ਭਗਤ ਧਾਰ ਸੰਤ, ਸੂਫ਼ੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਇਕੋ ਰੁਤ ਬਸੰਤ, ਖ਼ਿਜ਼ਾਂ ਰੂਪ ਨਾ ਕੋਇ ਦਰਸਾਈਆ । ਪੁਰਖ ਅਕਾਲ ਕਹੇ ਮੇਰਾ ਨੂਰ ਅਲਾਹੀ ਅੱਲਾ, ਦੂਜਾ ਰੂਪ ਨਾ ਕੋਇ ਦਰਸਾਈਆ । ਮੈਂ ਵਾਹਿਦ ਆਦਿ ਅੰਤ ਇਕੱਲਾ, ਅਕਲ ਕਲਧਾਰੀ ਵਡ ਵਡਿਆਈਆ । ਸਦਾ ਵਸਾਂ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਸੋਭਾ ਪਾਈਆ । ਆਪਣੇ ਪ੍ਰਕਾਸ਼ ਨਾਲ ਬਲਾ, ਜੋਤ ਨੂਰ ਰੁਸ਼ਨਾਈਆ । ਮੇਰਾ ਖੇਲ ਅਛਲ ਅਛੱਲਾ, ਛਲ ਸਮਝੇ ਕੋਇ ਨਾ ਰਾਈਆ । ਮੇਰਾ ਸ਼ਬਦੀ ਧਾਰ ਦਲਾ, ਜੋਧਾ ਸੂਰਬੀਰ ਅਖਵਾਈਆ । ਜਿਸ ਦਾ ਭੈ ਭਓ ਕਿਸੇ ਨਾ ਠੱਲਾ, ਅਗੇ ਹੋ ਨਾ ਕੋਇ ਅਟਕਾਈਆ । ਖੇਲ ਵੇਖਾਂ ਜ਼ਿਮੀਂ ਅਸਮਾਨਾਂ ਥਲਾਂ, ਜਲ ਥਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਰਗੁਣ ਧਾਰ ਹਰ ਘਟ ਰਲਾ, ਵੱਖਰਾ ਨਜ਼ਰ ਕੋਇ ਨਾ ਆਈਆ ।



✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਹਿ ✪

ਪੁਰਖ ਅਕਾਲ ਕਹੇ ਮੈਂ ਨੀਕਨ ਨੀਕਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਮੇਰਾ ਨਿਤ ਨਵਿਤ ਵੱਖਰਾ ਤਰੀਕਾ, ਤਰਤੀਬ ਸਮਝ ਕਿਸੇ ਨਾ ਆਈਆ । ਮੈਂ ਮਾਲਕ ਖ਼ਾਲਕ ਲੱਖ ਚੁਰਾਸੀ ਜੰਤ ਜੀਅ ਕਾ, ਸ਼ਹਿਨਸ਼ਾਹ ਬੇਪ੍ਰਵਾਹੀਆ । ਮੈਂ ਲਹਿਣਾ ਦੇਣਾ ਜਾਣਾ ਸਾਢੇ ਤਿੰਨ ਹੱਥ ਸੀਅ ਕਾ, ਤਨ ਵਜੂਦ ਮਾਟੀ ਵੇਖ ਵਖਾਈਆ । ਮੈਂ ਅੰਮ੍ਰਿਤ ਬਰਸਾਂ ਧੁਰ ਦੇ ਮੇਘ ਮੀਂਹ ਕਾ, ਭੰਡਾਰਾ ਮੁਹੱਬਤ ਨਾਮ ਵਰਤਾਈਆ । ਜੁਗ ਜੁਗ ਰਸਤਾ ਬਦਲਾਂ ਧਰਨੀ ਵਾਲੀ ਲੀਹ ਕਾ, ਲਾਈਨ ਆਪਣੀ ਆਪ ਸਮਝਾਈਆ । ਮੇਰਾ ਨਾਤਾ ਜਗਤ ਨਹੀਂ ਪੁਤਰ ਧੀ ਕਾ, ਜਨ ਭਗਤਾਂ ਸੰਗ ਵਖਾਈਆ । ਮੇਰਾ ਖੇਲ ਧਰਮ ਧਾਰ ਵਸੀਹ ਕਾ, ਹਦਾਂ ਵੰਡ ਨਾ ਕੋਇ ਵੰਡਾਈਆ । ਮੇਰਾ ਹੁਕਮ ਸੰਦੇਸਾ ਤਰਜੀਹ ਕਾ, ਅਦਲਾ ਬਦਲੀ ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਪੂਰਾ ਕਰੇ ਪੈਗ਼ੰਬਰ ਵਸੀਹ ਕਾ, ਅਵਤਾਰ ਗੁਰ ਬਚਿਆ ਰਹਿਣ ਕੋਇ ਨਾ ਪਾਈਆ ।

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਕਹੇ ਮੈਂ ਆਦਿ ਜੁਗਾਦੀ ਵੱਡਾ, ਵਡ ਵੱਡੀ ਮੇਰੀ ਵਡਿਆਈਆ । ਆਪਣਾ ਆਪਣੇ ਨਾਲ ਲਡਾਵਾਂ ਲੱਡਾ, ਨਿਰਗੁਣ ਨਿਰਗੁਣ ਖ਼ੁਸ਼ੀ ਬਣਾਈਆ । ਆਪਣਾ ਸਚ ਨਿਸ਼ਾਨਾ ਆਪੇ ਗੱਡਾਂ, ਸਚਖੰਡ ਸਾਚੇ ਆਪ ਝੁਲਾਈਆ । ਰੂਪ ਦਰਸਾਵਾਂ ਸਦਾ ਮਾਸ ਨਾੜੀ ਹੱਡਾਂ, ਜੋਤੀ ਜਾਤਾ ਡਗਮਗਾਈਆ । ਆਪਣੀ ਧਾਰ ਵਿਚੋਂ ਸ਼ਬਦੀ ਧਾਰ ਕਢਾਂ, ਆਦਿ ਦੀ ਬਣ ਜਣੇਂਦੀ ਮਾਈਆ । ਸਾਚੀ ਯੱਦ ਬਣਾਈ ਯੱਦਾ, ਯਦਪ ਆਪਣਾ ਖੇਲ ਖਿਲਾਈਆ । ਹੁਕਮੇ ਅੰਦਰ ਆਪਣਾ ਆਪ ਬੱਧਾ, ਬੰਧਨ ਆਪਣਾ ਭੇਵ ਵਖਾਈਆ । ਨੂਰ ਅਲਾਹੀ ਬਣ ਕੇ ਰੱਬਾ, ਮਿਹਰਵਾਨ ਮਹਿਬੂਬ ਸੋਭਾ ਪਾਈਆ । ਆਪਣੀ ਆਪ ਲਗਾ ਕੇ ਸਭਾ, ਸਚ ਸੰਦੇਸ਼ਾ ਇਕ ਸੁਣਾਈਆ । ਮੇਰਾ ਖੇਲ ਹੋਣਾ ਹਭਾ, ਹਮ ਸਾਜਣ ਹੋ ਕੇ ਵੇਖ ਵਖਾਈਆ । ਮੈਂ ਵੇਸ ਵਟਾਉਣਾ ਆਦਿ ਅੰਤ ਮੱਧਾ, ਆਪਣੀ ਕਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਦੱਸੇ ਕਿਸੇ ਨਾ ਵਜਹ, ਵਜੂਹਾਤ ਸਮਝ ਕਿਸੇ ਨਾ ਆਈਆ ।

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕਰਮ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਕਹੇ ਮੈਂ ਵਸਾਂ ਸਦਾ ਓਹਲੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਸ਼ਬਦ ਦੁਲਾਰਾ ਅਗੰਮੀ ਬੋਲੇ, ਨਾਦ ਅਨਾਦੀ ਧੁਨ ਕਰੇ ਸ਼ਨਵਾਈਆ । ਸਿਫ਼ਤੀ ਸਾਚੇ ਗਾਏ ਢੋਲੇ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਗੋਲੇ, ਦਰ ਠਾਂਡੇ ਸੇਵ ਕਮਾਈਆ । ਜੁਗ ਚੌਕੜੀ ਖੇਲੇ ਹੋਲੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਰੰਗ ਰੰਗਾਈਆ । ਨਿਰਗੁਣ ਹੋ ਕੇ ਸਰਗੁਣ ਧਾਰ ਮੌਲੇ, ਮੌਲਾ ਹੋ ਕੇ ਆਪਣੀ ਮਿਹਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਭ ਦਾ ਤੋਲ ਤੋਲੇ, ਤੋਲਣਹਾਰ ਇਕ ਅਖਵਾਈਆ ।

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸਰਦਾਰਾ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਕਹੇ ਮੈਂ ਊਚ ਅਗੰਮ, ਬੇਅੰਤ ਅਥਾਹ ਇਕ ਅਖਵਾਈਆ । ਗਗਨ ਰਹਾਵਾਂ ਬਿਨਾ ਥੰਮ, ਥਾਨ ਥਨੰਤਰ ਦਿਆਂ ਵਡਿਆਈਆ । ਹਰਖ ਸੋਗ ਮਿਟਾਵਾਂ ਗ਼ਮ, ਚਿੰਤਾ ਚਿਖਾ ਰਹੇ ਨਾ ਰਾਈਆ । ਜਨ ਭਗਤਾਂ ਸਵਾਰਾਂ ਜੁਗ ਜੁਗ ਕੰਮ, ਕੂੜ ਕਾਮਨੀ ਪਰੇ ਹਟਾਈਆ । ਲੇਖੇ ਲਾਵਾਂ ਪਵਣ ਸਵਾਸੀ ਦਮ, ਦਾਮਨਗੀਰ ਆਪ ਹੋ ਜਾਈਆ । ਭੇਵ ਖੁਲਾਵਾਂ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਿਆਂ ਬਦਲਾਈਆ । ਨੂਰ ਚਮਕਾਵਾਂ ਇਕ ਬ੍ਰਹਮ, ਪਾਰਬ੍ਰਹਮ ਹੋ ਕੇ ਵੇਖ ਵਖਾਈਆ । ਸਚ ਦਰਸਾਵਾਂ ਇਕੋ ਧਰਮ, ਦੂਜੀ ਵੰਡ ਨਾ ਕੋਇ ਵੰਡਾਈਆ । ਨਿਹਕਰਮੀ ਹੋ ਕੇ ਕਮਾਵਾਂ ਕਰਮ, ਕਰਮ ਕਾਂਡਾਂ ਦਾ ਡੇਰਾ ਢਾਹੀਆ । ਗੁਰਮੁਖਾਂ ਲੇਖੇ ਲਾਵਾਂ ਜਰਮ, ਜਨਮ ਆਪਣੇ ਰੰਗ ਰੰਗਾਈਆ । ਅੰਤਰ ਰਹਿਣ ਨਾ

ਦੇਵਾਂ ਭਰਮ, ਭਾਂਡਾ ਭਰਮ ਭਾਉ ਭੰਨਾਈਆ । ਝਗੜਾ ਮੇਟ ਕੇ ਵਰਨ ਬਰਨ, ਇਕੋ ਨੂਰ ਦਿਆਂ ਦਰਸਾਈਆ । ਆਪਣਾ ਨਾਉਂ ਧਰਾ ਕੇ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਹਰਿਜਨ ਲਿਆ ਕੇ ਆਪਣੀ ਸਰਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਗੇੜ ਮੁਕਾ ਕੇ ਜਨਮ ਮਰਨ, ਦਰਗਾਹ ਸਚ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਕੁਛ ਕਰਨੀ ਕਰਨ, ਕਰਨਹਾਰ ਕਰਤਾਰ ਇਕ ਅਖਵਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸਰਮੁਖ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਕਹੇ ਮੈਂ ਆਦਿ ਨਿਰੰਜਣਾ, ਆਦਿ ਜੁਗਾਦੀ ਬੇਪ੍ਰਵਾਹੀਆ । ਦੀਨ ਦਿਆਲ ਦਰਦ ਦੁੱਖ ਭੈ ਭੰਜਣਾ, ਮਿਹਰਵਾਨ ਵਡ ਵਡਿਆਈਆ । ਸਚ ਸਵਾਮੀ ਧੁਰ ਦਾ ਸੱਜਣਾ, ਸਗਲਾ ਸੰਗ ਨਿਭਾਈਆ । ਚਰਨ ਧੂੜ ਕਰਾਵਾਂ ਮਜਨਾ, ਦੁਰਮਤ ਮੈਲ ਮਿਟਾਈਆ । ਨੇਤਰ ਨਾਮ ਪਾਵਾਂ ਅੰਜਣਾ, ਅੰਧ ਅੰਧੇਰ ਰਹੇ ਨਾ ਰਾਈਆ । ਸ਼ਬਦ ਡੌਰੂ ਡੰਕਾ ਹੋ ਕੇ ਵੱਜਣਾ, ਦੋ ਜਹਾਨ ਕਰਾਂ ਸ਼ਨਵਾਈਆ । ਬ੍ਰਹਿਮੰਡ ਖੰਡ ਇਕੋ ਦੀਪਕ ਜਗਣਾ, ਪੁਰੀ ਲੋਅ ਕਰੇ ਰੁਸ਼ਨਾਈਆ । ਆਦਿ ਜੁਗਾਦੀ ਅਕਾਲ ਮੂਰਤ ਮਦਨਾ, ਮਧਸੂਦਨ ਆਪ ਅਖਵਾਈਆ । ਪੰਜ ਤਤ ਮਾਟੀ ਨਹੀਂ ਬਦਨਾ, ਜੋਤੀ ਜਾਤਾ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦਿ ਇਕੋ ਰੰਗਣਾ, ਦੂਸਰ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਨਾਲ ਆਅਲਾ ਅਦਨਾ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਕਹੇ ਮੇਰਾ ਖੇਲ ਅਜੀਬ, ਅਜਬ ਨਿਰਾਲਾ ਆਪ ਕਰਾਈਆ । ਜੁਗ ਜੁਗ ਸਦਾ ਦੇਵਾਂ ਤਰਤੀਬ, ਤਰੀਕਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰਾਂ ਦਰਸ ਦਿਖਾ ਕੇ ਧੁਰ ਦੀ ਦੀਦ, ਦੀਦਾ ਦਾਨਿਸਤਾ ਕਰਾਂ ਰੁਸ਼ਨਾਈਆ । ਸੁਤ ਦੁਲਾਰੇ ਬਣਾ ਅਜ਼ੀਜ਼, ਲੋਕਮਾਤ ਮਾਤ ਵਡਿਆਈਆ । ਨਾਮ ਕਲਮੇ ਦੀ ਦੇ ਤਮੀਜ਼, ਧੁਰ ਦੀ ਸਿਖਿਆ ਇਕ ਸਮਝਾਈਆ । ਨਿਰਗੁਣ ਹੋ ਕੇ ਸਰਗੁਣ ਕਰਾਂ ਰੀਝ, ਸਿਰ ਸਿਰ ਆਪਣਾ ਹੱਥ ਟਿਕਾਈਆ । ਚਾਰ ਜੁਗ ਦੇ ਸ਼ਾਸਤਰ ਮੇਰੀ ਸਿਫ਼ਤੀ ਸਿਫ਼ਤ ਰਸੀਦ, ਅੱਖਰ ਅੱਖਰਾਂ ਨਾਲ ਵਡਿਆਈਆ । ਲਹਿਣਾ ਦੇਣਾ ਲੇਖਾ ਪੂਰਾ ਕਰਾਂ ਕੁਰਾਨ ਮਜੀਦ, ਮੁਜਾਹਿਦ ਵੇਖਾ ਥਾਉਂ ਥਾਈਂਆ । ਸੰਮਤ ਸ਼ਹਿਨਸ਼ਾਹੀ ਨੌਂ ਮੇਲਾ ਕਰਨਾ ਨਾਲ ਮੁਜੀਬ, ਤੇਗ਼ ਬਹਾਦਰ ਆਸਾ ਪੂਰ ਕਰਾਈਆ । ਮੁਹੰਮਦ ਦੀ ਲੇਖੇ ਲਾਉਣੀ ਈਦ, ਈਦੁਲਫ਼ਿਤਰ ਨਾਲ ਮਿਲਾਈਆ । ਜੋ ਸ਼ਰਅ ਛੁਰੀ ਕੀਤੇ ਸ਼ਹੀਦ, ਸ਼ਹਿਨਸ਼ਾਹ ਹੋ ਕੇ ਦਿਆਂ ਮਾਣ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਵੇਖਣ ਲਾ ਕੇ ਨੀਝ, ਬਿਨ ਨੈਣਾਂ ਨੈਣ ਤਕਾਈਆ । ਸਦੀ ਚੌਧਵੀਂ ਆਸਾ ਮਨਸਾ ਪੂਰੀ ਕਰਾਂ ਉਮੀਦ, ਤ੍ਰਿਸ਼ਨਾ ਪੂਰਬ

ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਗ਼ਫ਼ਲਤ ਖੋਲੇ ਨੀਂਦ, ਆਲਸ ਨਿੰਦਰਾ ਜਗਤ ਜਹਾਨ ਕੂੜ ਕਿਰਿਆ ਵਿਚੋਂ ਦਏ ਜਗਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਿਹ ✪

ਪੁਰਖ ਅਕਾਲ ਕਹੇ ਮੈਂ ਬੇਨਜ਼ੀਰਾ, ਨਜ਼ਰੀ ਨਜ਼ਰ ਕਿਸੇ ਨਾ ਆਇੰਦਾ । ਮੇਰਾ ਰੂਪ ਲਾਤਸਵੀਰਾ, ਮੁਸੱਵਰ ਤਸੱਵਰ ਕਰ ਨਾ ਕੋਇ ਸਮਝਾਇੰਦਾ । ਮੇਰਾ ਗ੍ਰਿਹਿ ਇਕ ਅਖ਼ੀਰਾ, ਜਿਸ ਦਾ ਅੰਤ ਕੋਇ ਨਾ ਪਾਇੰਦਾ । ਮੇਰਾ ਨਾਂ ਗੁਣੀ ਗਹੀਰਾ, ਗਹਿਰ ਗਵਰ ਵੰਡ ਵੰਡਾਇੰਦਾ । ਮੇਰਾ ਲੇਖਾ ਨਾਲ ਭਗਤ ਕਬੀਰਾ, ਕਬਰਾਂ ਤੋਂ ਬਾਹਰ ਮੇਲ ਮਿਲਾਇੰਦਾ । ਮੈਂ ਤੋੜਨਹਾਰਾ ਸ਼ਰਅ ਜ਼ੰਜੀਰਾ, ਕੜੀ ਕੜੀ ਨਾਲ ਬਦਲਾਇੰਦਾ । ਬਦਲਣਹਾਰਾ ਜਗਤ ਜ਼ਮੀਰਾ, ਜ਼ਿਮੀਂ ਅਸਮਾਨਾਂ ਖੋਜ ਖੁਜਾਇੰਦਾ । ਵਰੋਲਣਹਾਰਾ ਸਮੁੰਦ ਸਾਗਰ ਨੀਰਾ, ਧਰਨੀ ਧਰਤ ਧਵਲ ਖ਼ਾਕ ਪਰਦਾ ਲਾਹਿੰਦਾ । ਮੈਂ ਲੇਖਾ ਜਾਣਾ ਗ਼ਰੀਬ ਅਮੀਰਾ, ਸ਼ਾਹ ਸੁਲਤਾਨਾਂ ਲਹਿਣਾ ਝੋਲੀ ਪਾਇੰਦਾ । ਮੈਂ ਬਦਲਣਹਾਰਾ ਤਕਦੀਰਾ, ਤਕੱਬਰਾਂ ਡੇਰਾ ਢਾਹਿੰਦਾ । ਮੈਂ ਲੇਖੇ ਲਾਉਣ ਵਾਲਾ ਰਵਦਾਸ ਕਸੀਰਾ, ਕੌਡੀ ਕੀਮਤ ਆਪੇ ਪਾਇੰਦਾ । ਮੈਂ ਖੋਲਣਹਾਰਾ ਜਗਤ ਜ਼ੰਜੀਰਾ, ਜਾਗਰਤ ਜੋਤ ਵੇਸ ਵਟਾਇੰਦਾ । ਮੈਂ ਖੜਕਾਉਣਹਾਰਾ ਜਗਤ ਸ਼ਮਸ਼ੀਰਾਂ, ਸ਼ਰਅ ਸ਼ਰਅ ਨਾਲ ਟਕਰਾਇੰਦਾ । ਮੈਂ ਘੱਤਣਹਾਰ ਵਹੀਰਾ, ਸਤਿਜੁਗ ਤਰੇਤਾ ਦੁਆਪਰ ਪਾਂਧੀ ਜਗਤ ਭਵਾਇੰਦਾ । ਮੈਂ ਮਾਲਕ ਖ਼ਾਲਕ ਪੀਰਨ ਪੀਰਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਮੇਟਣਹਾਰਾ ਪਿਛਲੀਆਂ ਲਕੀਰਾਂ, ਲੀਕ ਉਲੀਕ ਅਗਲਾ ਰਾਹ ਵਖਾਇੰਦਾ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਹਰਭਜਨ ਸਿੰਘ ਦੇ ਗ੍ਰਿਹ ✪

ਪੁਰਖ ਅਕਾਲ ਕਹੇ ਮੇਰਾ ਨਾਉਂ ਹਰਿ ਗੋਬਿੰਦਾ, ਗੋਬਿੰਦ ਗੋਬਿੰਦ ਗੋਬਿੰਦ ਖੇਲ ਖਿਲਾਈਆ । ਮੇਰੀ ਲਹਿਰ ਧਾਰ ਸਾਗਰ ਸਿੰਧਾ, ਗਹਿਰ ਗੰਭੀਰ ਗਵਰ ਵਡ ਵਡਿਆਈਆ । ਨਿਰਗੁਣ ਧਾਰ ਸਾਰੇ ਮੇਰੀ ਬਿੰਦਾ, ਨੂਰ ਜੋਤ ਜੋਤ ਰੁਸ਼ਨਾਈਆ । ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਲਹਿਣਾ ਸਭ ਨੂੰ ਦਿੰਦਾ, ਦੇਵਣਹਾਰ ਇਕ ਅਖਵਾਈਆ । ਅੰਮ੍ਰਿਤ ਧਾਰ ਬਖ਼ਸ਼ਾਂ ਸ਼ਬਦੀ ਸੁਰਪਤ ਇੰਦਾ, ਇੰਦਰਾਸਣ ਦਿਆਂ ਵਡਿਆਈਆ । ਜਗਤ ਜਹਾਨ ਦਾ ਮੇਰਾ ਵੱਜਾ ਜਿੰਦਾ, ਕੁਫ਼ਲ ਖੋਲੇ ਕੋਇ ਨਾ ਰਾਈਆ । ਮੈਂ ਵੇਖਣਹਾਰਾ ਜੀਓ ਪਿੰਡਾ, ਬ੍ਰਹਿਮੰਡ ਖੋਜ ਖੁਜਾਈਆ । ਖੇਲ ਖਲਾਵਾਂ ਜੇਰਜ ਅੰਡਾ, ਉਤਭੁਜ ਸੇਤਜ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਤੋਂ ਉੱਤਮ ਆਪਣਾ ਨਾਮ ਰਖੇ ਛਿੰਦਾ, ਪਿਆਰ ਮੁਹੱਬਤ ਮੋਹ ਮਿਹਰ ਵਾਲਾ ਦ੍ਰਿੜਾਈਆ ।


੭ ੨੩

✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਹਰਦੀਪ ਸਿੰਘ ਦੇ ਗ੍ਰਿਹ ✪

ਪੁਰਖ ਅਕਾਲ ਕਹੇ ਮੈਂ ਸਤਿ ਸਚ ਦਾ ਦਾਤਾ, ਦਾਨੀ ਧੁਰ ਦਾ ਇਕ ਅਖਵਾਈਆ । ਨਿਰਗੁਣ ਸਰਗੁਣ ਸਭ ਦਾ ਪਿਤਾ ਮਾਤਾ, ਪਰਮ ਪੁਰਖ ਬੇਪ੍ਰਵਾਹੀਆ । ਆਤਮ ਪਰਮਾਤਮ ਰਖਾਂ ਨਾਤਾ, ਮੇਲ ਮਿਲਾਵਾ ਹਰ ਘਟ ਥਾਈਂਆ । ਜੋਤੀ ਜੋਤ ਦਾ ਹੋਵਾਂ ਜਾਤਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਬਣ ਕੇ ਪਰਮ ਪੁਰਖ ਬਿਧਾਤਾ, ਬਿਧ ਆਪਣੀ ਇਕ ਸਮਝਾਈਆ । ਸੰਦੇਸਾ ਦੇਵਾਂ ਸਤਿ ਸਚ ਸਾਤਾ, ਸਤਿਗੁਰ ਰੂਪ ਸਮਾਈਆ । ਭੇਵ ਖੁਲਾਵਾਂ ਪਰਦਾ ਆਪਾ, ਆਪ ਆਪਣਾ ਰੰਗ ਰੰਗਾਈਆ । ਪਰਦਾ ਓਹਲਾ ਖੋਲਾਂ ਤਾਕਾ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਭਾਗ ਲਗਾਵਾਂ ਮਾਟੀ ਖ਼ਾਕਾ, ਪੰਜ ਤਤ ਵੱਜੀ ਵਧਾਈਆ । ਚਾਰ ਜੁਗ ਦਾ ਲੇਖਾ ਵੇਖਾਂ ਖਾਤਾ, ਦੋ ਜਹਾਨਾਂ ਖੋਜ ਖੁਜਾਈਆ । ਅਵਤਾਰ ਪੈਗ਼ੰਬਰ ਗੁਰ ਬਣਾ ਕੇ ਸ਼ਾਖ਼ਾ, ਸ਼ਨਾਖ਼ਤ ਆਪਣੀ ਇਕ ਦ੍ਰਿੜਾਈਆ । ਏਥੇ ਓਥੇ ਬਣ ਕੇ ਰਾਖਾ, ਰਖਿਆ ਕਰਾਂ ਥਾਉਂ ਥਾਈਆ । ਹਰਿਜਨ ਨੌਜਵਾਨ ਛੋਹਰਾ ਵੇਖਾਂ ਬਾਂਕਾ, ਲੋਕਮਾਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਜੁਗ ਦੀਆਂ ਮੇਟੇ ਵਾਟਾਂ, ਪਿਛਲਾ ਪੰਧ ਰਹੇ ਨਾ ਰਾਈਆ ।



✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਮੱਖਣ ਸਿੰਘ ਦੇ ਗ੍ਰਿਹ ✪

ਪੁਰਖ ਅਕਾਲ ਕਹੇ ਮੇਰਾ ਰੂਪ ਅਨੂਪ, ਰੰਗ ਰੇਖ ਸਕੇ ਨਾ ਕੋਇ ਸਮਝਾਈਆ । ਆਦਿ ਜੁਗਾਦੀ ਮਹਿੰਮਾ ਅਨੂਪ, ਕਥਨੀ ਕਥੇ ਨਾ ਕੋਇ ਵਡਿਆਈਆ । ਸ਼ਾਹ ਸੁਲਤਾਨਾਂ ਧੁਰ ਦਾ ਭੂਪ, ਪਾਤਸ਼ਾਹ ਇਕ ਅਖਵਾਈਆ । ਮੰਜ਼ਲ ਰਖਾਂ ਹਕ ਮਕਸੂਦ, ਦਰਗਾਹ ਸਾਚੀ ਸਚ ਸੁਹਾਈਆ । ਲੇਖਾ ਰਹੇ ਨਾ ਏਕਾ ਦੂਜ, ਦੁਤੀਆ ਭਾਉ ਨਾ ਕੋਇ ਬਣਾਈਆ । ਆਦਿ ਜੁਗਾਦੀ ਅਗੰਮ ਸੂਝ, ਅਭੁਲ ਭੁਲ ਕਦੇ ਨਾ ਜਾਈਆ । ਮੇਰੀ ਸਮਝੇ ਨਾ ਕੋਇ ਹਦੂਦ, ਅਰਸ਼ ਫ਼ਰਸ਼ ਕਹਿਣ ਕੋਇ ਨਾ ਪਾਈਆ । ਹਰ ਘਟ ਸਦਾ ਮੌਜੂਦ, ਥਾਨ ਥਨੰਤਰ ਵੇਖ ਵਖਾਈਆ । ਕਦੇ ਨਾ ਹੋਵਾਂ ਨੇਸਤੋ ਨਾਬੂਦ, ਜੜ ਸਕੇ ਨਾ ਕੋਇ ਉਖੜਾਈਆ । ਮਿਹਰ ਮੁਹੱਬਤ ਵਾਲਾ ਮਹਿਬੂਬ, ਮਹਿਵ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਧਾਮ ਅਰਸ਼ ਅਰੂਜ਼, ਸਚਖੰਡ ਦਵਾਰੇ ਸਾਚੇ ਸੋਭਾ ਪਾਈਆ ।

✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਕਰਨੈਲ ਸਿੰਘ ਦੇ ਗ੍ਰਿਹ ✪

ਪੁਰਖ ਅਕਾਲ ਪਰਵਰਦਿਗਾਰ ਸਚ ਰਹੀਮਾ, ਰਹਿਮਤ ਹਕ ਹਕ ਕਮਾਇੰਦਾ । ਆਦਿ ਅਨਾਦਿ ਜੁਗ ਕਦੀਮਾ, ਕੁਦਰਤ ਦਾ ਮਾਲਕ ਬੇਪ੍ਰਵਾਹ ਅਖਵਾਇੰਦਾ । ਜਿਸ ਦੀ ਹੱਦ ਹਦੂਦ ਜਾਣੇ ਕੋਇ ਨਾ ਸੀਮਾ, ਅੰਤ ਭੇਵ ਨਾ ਕੋਇ ਖੁਲ੍ਹਾਇੰਦਾ । ਓਹ ਵਸਣਹਾਰ ਆਲੀਸ਼ਾਨ ਦਰਗਾਹ ਸਚ ਅਜ਼ੀਮਾ, ਸਚਖੰਡ ਦਰਗਾਹ ਸਚ ਸੋਭਾ ਪਾਇੰਦਾ । ਜਿਸ ਨੇ ਦੀਨ ਦੁਨੀ ਕਰਾਈ ਤਕਸੀਮਾ, ਅਵਤਾਰ ਪੈਗ਼ੰਬਰ ਗੁਰ ਨਾਮ ਕਲਮੇ ਵੰਡ ਵੰਡਾਇੰਦਾ ।

ਓਹ ਲੇਖਾ ਜਾਣੇ ਨਰ ਮਦੀਨਾ, ਆਤਮ ਬ੍ਰਹਮ ਪਰਦਾ ਆਪ ਚੁਕਾਇੰਦਾ । ਜਨ ਭਗਤਾਂ ਠਾਂਡਾ ਕਰੇ ਸੀਨਾ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਸਭ ਦਾ ਵੇਖਣਹਾਰਾ ਮਰਨਾ ਜੀਣਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਲੱਖ ਚੁਰਾਸੀ ਤੱਕੇ ਖਾਣਾ ਪੀਣਾ, ਰਾਜ਼ਕ ਰਿਜ਼ਕ ਰਹੀਮ ਆਪਣੀ ਕਾਰ ਕਮਾਇੰਦਾ । ਝਗੜਾ ਮੇਟਣਹਾਰਾ ਮਜ਼੍ਹਬਾਂ ਦੀਨਾਂ, ਸ਼ਰਅ ਸ਼ਰੀਅਤ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਇੰਦਾ । ਪੁਰਖ ਅਕਾਲ ਕਹੇ ਮੈਂ ਮਿਹਰਵਾਨ ਮਹਿਬੂਬ, ਮਹਿਬਾਨ ਅਖਵਾਈਆ । ਮੇਰਾ ਨਿਸ਼ਾਨਾ ਅਰਸ਼ ਅਰੂਜ, ਆਲੀਸ਼ਾਨ ਸੋਭਾ ਪਾਈਆ । ਜਿਸ ਨੂੰ ਸਮਝੇ ਕੋਇ ਨਾ ਪੰਜ ਤਤ ਭੂਤ, ਤਨ ਮਾਟੀ ਖ਼ਾਕ ਭੇਵ ਕੋਇ ਨਾ ਆਈਆ । ਮੇਰਾ ਲੇਖਾ ਅਗੰਮ ਕੂਟ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਸਕੇ ਨਾ ਕੋਇ ਸਮਝਾਈਆ । ਮੇਰਾ ਨੂਰ ਨੁਰਾਨਾ ਸ਼ਬਦੀ ਧਾਰ ਮੇਰਾ ਦਏ ਸਬੂਤ, ਗੁਰ ਅਵਤਾਰ ਪੈਗ਼ੰਬਰ ਢੋਲੇ ਗੀਤ ਗਾਈਆ । ਮੈਂ ਲੇਖਾ ਜਾਣਾ ਦੀਨ ਦੁਨੀ ਕਲਬੂਤ, ਕਾਇਆ ਕਾਅਬੇ ਫੋਲ ਫੁਲਾਈਆ । ਆਦਿ ਜੁਗਾਦੀ ਹਰ ਘਟ ਮੌਜੂਦ, ਗ੍ਰਿਹ ਗ੍ਰਿਹ ਡੇਰਾ ਲਾਈਆ । ਮੇਰਾ ਕੋਈ ਨਾ ਜਾਣੇ ਤਾਣਾ ਪੇਟਾ ਸੂਤ, ਸੂਤਰਧਾਰੀ ਸਮਝ ਕਿਸੇ ਨਾ ਆਈਆ । ਮੇਰਾ ਇਕੋ ਸੁਤ ਦੁਲਾਰਾ ਦੂਲ੍ਹਾ ਸ਼ਬਦੀ ਦੂਤ, ਦੋ ਜਹਾਨਾਂ ਮਰਦ ਮਰਦਾਨਾ ਇਕ ਅਖਵਾਈਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਕਰਦੇ ਪੂਜ, ਪੂਜਸ ਪੂਜਸ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਧਰਮ ਦੀ ਦਿਸ਼ਾ ਸਚ ਦੀ ਕੂਟ, ਕੁਟੀਆ ਦੋ ਜਹਾਨ ਫੋਲ ਫੁਲਾਈਆ ।



## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੮ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਮੱਸਾ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਕਹੇ ਮੇਰਾ ਸੁਹੰਜਣਾ ਸਦਾ ਵਕਤ, ਵਾਰ ਥਿਤ ਘੜੀ ਪਲ ਸਮਝ ਕਿਸੇ ਨਾ ਆਈਆ । ਨਿਰਗੁਣ ਸਰਗੁਣ ਖੇਲ ਖੇਲਾਂ ਵਿਚ ਜਗਤ, ਜਾਗਰਤ ਜੋਤ ਨੂਰ ਕਰ ਰੁਸ਼ਨਾਈਆ । ਵੇਸ ਵਟਾਵਾਂ ਆਪਣੀ ਸ਼ਕਤ, ਸ਼ਖ਼ਸੀਅਤ ਆਪਣੇ ਰੰਗ ਰੰਗਾਈਆ । ਲੇਖੇ ਲਾਵਾਂ ਬੂੰਦ ਰਕਤ, ਧੁਰ ਮੇਲਾ ਮੇਲਾ ਸਹਿਜ ਸੁਭਾਈਆ । ਹਰਿਜਨ ਬਣਾ ਕੇ ਸਾਚੇ ਭਗਤ, ਦੀਨ ਮਜ਼੍ਹਬ ਵਿਚੋਂ ਬਾਹਰ ਕਢਾਈਆ । ਦੇ ਵਡਿਆਈ ਉਪਰ ਧਰਤ, ਧਰਨੀ ਧਵਲ ਧੌਲ ਸੁਹਾਈਆ । ਰਹਿਮਤ ਕਰ ਕੇ ਉਤੇ ਅਰਸ਼, ਅਰਸ਼ੀ ਪ੍ਰੀਤਮ ਹੋ ਕੇ ਮਿਲਾਂ ਚਾਈਂ ਚਾਈਂਆ । ਚੁਰਾਸੀ ਵਿਚੋਂ ਕਢਾਂ ਕਰ ਕੇ ਤਰਸ, ਫਾਸੀ ਜਮ ਨਾ ਕੋਇ ਲਟਕਾਈਆ । ਮੇਘ ਅਗੰਮਾ ਦੇਵਾਂ ਬਰਸ, ਬੂੰਦ ਸਵਾਂਤੀ ਇਕ ਟਪਕਾਈਆ । ਜਨਮ ਜਨਮ ਦੀ ਮੇਟਾਂ ਹਰਸ, ਹਵਸ ਕੂੜ ਦਿਆਂ ਗਵਾਈਆ । ਆਪਣਾ ਪੂਰਾ ਕਰਾਂ ਫ਼ਰਜ਼, ਗੁਰਮੁਖਾਂ ਹੋਵਾਂ ਸਹਾਈਆ । ਖੇਲ ਦੱਸਾਂ ਅਗੰਮ ਅਸਚਰਜ, ਪਰਦਾ ਓਹਲਾ ਆਪ ਉਠਾਈਆ । ਸ਼ਰਅ ਛੁਰੀ ਕੋਹੇ ਕਿਸੇ ਨਾ ਕਰਦ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਪ੍ਰੇਮ ਪਿਆਰ ਮੁਹੱਬਤ ਦੀ ਮਨਜ਼ੂਰ ਕਰ ਅਰਜ਼, ਆਰਜ਼ੂ ਸਭ ਦੀ ਖੋਜ ਖੁਜਾਈਆ । ਤੂੰ ਮੇਰਾ ਮੈਂ ਤੇਰਾ ਨਾਮ ਨਿਧਾਨਾ ਦੱਸਾਂ ਤਰਜ਼, ਸੋਹੰ ਢੋਲਾ ਧੁਰਦਰਗਾਹੀਆ । ਸੰਦੇਸਾ ਦੇਵਾਂ ਗਰਜ, ਬਿਨ ਰਸਨਾ ਜਿਹਵਾ ਬੱਤੀ ਦੰਦ ਸ਼ਬਦ ਸ਼ਨਵਾਈਆ । ਜਨਮ ਕਰਮ ਦਾ ਰਹਿਣ ਨਾ ਦੇਵਾਂ ਕਰਜ਼, ਮਕਰੂਜ਼ ਹੋ ਕੇ ਲੇਖਾ ਦਿਆਂ ਚੁਕਾਈਆ । ਜੋਧਾ

ਸੂਰਬੀਰ ਮਰਦਾਨਾ ਬਣ ਕੇ ਮਰਦ, ਮੱਦਦ ਕਰਾਂ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਹੋਣ ਨਾ ਦੇਵੇ ਹਰਜ, ਪੂਰਬ ਲਹਿਣਾ ਲੇਖਾ ਧਰਮ ਧਾਰ ਝੋਲੀ ਪਾਈਆ ।

## ✪ ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਹਾੜ ਕਹੇ ਮੇਰੇ ਸਾਥੀ ਸੱਸੇ ਉਤੇ ਹੋੜਾ, ਹੋਕਾ ਦੇਵਾਂ ਚਾਈਂ ਚਾਈਂਆ । ਭਗਤ ਭਗਵਾਨ ਦਾ ਆਦਿ ਅੰਤ ਦਾ ਜੋੜਾ, ਜੋੜੀ ਜੁਗ ਜੁਗ ਬਣਤ ਬਣਾਈਆ । ਜਿਸ ਵਿਚ ਅਟਕਾਏ ਕੋਇ ਨਾ ਰੋੜਾ, ਬੰਧਨ ਬੰਧ ਨਾ ਕੋਇ ਵਖਾਈਆ । ਦੋਹਾਂ ਦੀ ਇਕੋ ਧਾਰ ਤੇ ਇਕੋ ਲੋੜਾ, ਲੁੜੀਂਦਾ ਸੱਜਣ ਵੇਖ ਵਖਾਈਆ । ਸੱਸਾ ਸਤਿਗੁਰ ਜਿਸ ਦਾ ਮਾਰਗ ਹੋਏ ਨਾ ਸੌੜਾ, ਭੀੜੀ ਗਲੀ ਨਾ ਕੋਇ ਭਵਾਈਆ । ਰਸ ਅੰਮ੍ਰਿਤ ਨਾ ਹੋਏ ਕੌੜਾ, ਵਿਖ ਰੂਪ ਨਾ ਕੋਇ ਬਣਾਈਆ । ਸਾਚੀ ਮੰਜ਼ਲ ਦਾ ਹਕੀਕੀ ਪੌੜਾ, ਸਚ ਦਵਾਰਾ ਇਕ ਵਖਾਈਆ । ਜੋ ਚਾਰ ਜੁਗ ਫਿਰੇ ਦੌੜਾ, ਨਿਰਗੁਣ ਸਰਗੁਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਹਾਹਾ ਕਹੇ ਮੇਰੀ ਧਾਰ ਇਕ ਟਿੱਪੀ, ਟੀਕਾ ਟਿਪਣੀ ਸਮਝ ਕਿਸੇ ਨਾ ਆਈਆ । ਮੇਰੇ ਮਹਿਬੂਬ ਨੇ ਜਗਤ ਜਹਾਨ ਦੀ ਬਦਲ ਦੇਣੀ ਲਿੱਪੀ, ਅਨਬੋਲਤ ਆਪਣਾ ਰਾਗ ਸੁਣਾਈਆ । ਜਿਸ ਦੀ ਧਾਰ ਸਭ ਤੋਂ ਤਿੱਖੀ, ਖੰਡਾ ਖੜਗ ਨਾ ਕੋਇ ਚਤੁਰਾਈਆ । ਲੇਖਾ ਲੇਖ ਸਕੇ ਨਾ ਕੋਇ ਲਿਖੀ, ਕਾਤਬ ਚਲੇ ਨਾ ਕੋਇ ਚਤੁਰਾਈਆ । ਨਾਰਦ ਕਹੇ ਓਏ ਹਾਹਿਆ ਆਹ ਮੇਰੀ ਬੋਦੀ ਵਿਚ ਵੇਖ ਲੈ ਉਸ ਪ੍ਰਭ ਦੀ ਚਿੱਠੀ, ਜਿਸ ਦੇ ਅੱਖਰ ਨਜ਼ਰ ਕੋਇ ਨਾ ਪਾਈਆ । ਨਾ ਇਹ ਕਾਲੀ ਨਾ ਇਹ ਚਿੱਟੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਇਕੋ ਤੱਕ ਸੰਮਤ ਸ਼ਹਿਨਸ਼ਾਹੀ ਅੱਠ ਪਹਿਲੀ ਹਾੜ ਦੀ ਮਿਤੀ, ਮਿਤਰਾ ਤੈਨੂੰ ਦਿਆਂ ਜਣਾਈਆ । ਆਹ ਤੱਕ ਓਹ ਤੱਕ ਚਾਰ ਜੁਗ ਦੀ ਸ਼ਰਅ ਪਿੱਟੀ, ਬਹੁੜੀ ਬਹੁੜੀ ਕਰ ਕੁਰਲਾਈਆ । ਮਾਣ ਰਹਿਣਾ ਨਹੀਂ ਪੱਥਰ ਇੱਟੀ, ਪਾਹਨ ਪੂਜਣ ਕੋਇ ਨਾ ਜਾਈਆ । ਇਕੋ ਉਤੇ ਇਕ ਦੀ ਸੁਰਤ ਹੋਵੇ ਟਿਕੀ, ਟਿਕ ਟਿਕੀ ਆਤਮ ਪਰਮਾਤਮ ਨਾਲ ਬਣਾਈਆ । ਧੁਰ ਦੀ ਧਾਰ ਹੋਵੇ ਮਿੱਠੀ, ਅਨਰਸ ਆਪਣਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਚਿੱਠੀ ਕਹੇ ਨਾਰਦਾ ਤੂੰ ਬਾਹਮਣ ਕਿ ਕੰਮੀ, ਕਮੀਣਿਆਂ ਦੇ ਜਣਾਈਆ । ਤੈਨੂੰ ਹਰਖ ਸੋਗ ਕਿ ਗ਼ਮੀ, ਕਿ ਖ਼ੁਸ਼ੀਆਂ ਵੰਡ ਵੰਡਾਈਆ । ਤੇਰਾ ਪਿਆਰ ਹੱਡ ਮਾਸ ਨਾੜੀ ਕਿ ਚੰਮੀ, ਚੰਮ ਦ੍ਰਿਸ਼ਟੀ ਕੀ ਵਡਿਆਈਆ । ਕੀ ਨੇਤਰ ਨੀਰ ਵਿਰੋਲੇ ਛੰਮ ਛੰਮੀ, ਨੈਣਾਂ ਹੰਝੂਆਂ ਹਾਰ ਬਣਾਈਆ । ਕੀ ਤੇਰੀ ਆਯੂ ਸਾਲ ਬਸਾਲਾ ਲੰਮੀ, ਲਮਹ ਲਮਹ ਦੇ ਦ੍ਰਿੜਾਈਆ । ਨਾਰਦ ਕਹੇ ਸੱਜਣਾ ਇਕੋ ਬਚਨ ਮੰਨੀ, ਮਮਤਾ ਤੋਂ ਬਾਹਰ ਜਣਾਈਆ । ਮੈਂ ਸੰਦੇਸਾ ਸੁਣਦਾ ਨਹੀਂ ਕਦੇ ਕੰਨੀ, ਸਰਵਣਾਂ ਚਲੇ ਨਾ ਕੋਇ ਚਤੁਰਾਈਆ । ਮੇਰਾ ਪਿਆਰਾ ਮਹਿਬੂਬ ਇਕੋ ਧੁਰ ਦਾ ਤਨੀ, ਜੋ ਤਨ ਵਜੂਦ ਤੋਂ ਬਾਹਰ ਡੇਰਾ ਲਾਈਆ । ਜਿਹੜਾ ਵਸੇ ਕਦੇ ਨਾ ਛੱਪਰ ਛੰਨੀ, ਸ਼ਹਿਨਸ਼ਾਹ ਮਾਲਕ ਬੇਪਰਵਾਹੀਆ ।

ਜੁਗ ਜੁਗ ਸਭ ਦਾ ਬੇੜਾ ਰਿਹਾ ਬੰਨ੍ਹੀ, ਗੁਰ ਅਵਤਾਰ ਪੈਗ਼ੰਬਰਾਂ ਗੰਢ ਪਵਾਈਆ । ਮੈਂ ਉਸੇ ਦੀ ਧਾਰ ਓਸੇ ਦਾ ਵਜੂਦ ਉਸੇ ਦਾ ਤਨੀ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਚਿੱਠੀ ਕਹੇ ਮੇਰੀ ਖ਼ਬਰ ਨਿਰਾਲੀ, ਬੇਖ਼ਬਰਾਂ ਮਾਤ ਸੁਣਾਈਆ । ਇਹ ਹੁਕਮ ਜੋਤ ਅਕਾਲੀ, ਅਕਲ ਕਲਧਾਰੀ ਰਿਹਾ ਦ੍ਰਿੜਾਈਆ । ਜਿਸ ਨੇ ਸੰਬਲ ਸਭ ਦੀ ਸੁਰਤ ਸੰਭਾਲੀ, ਸੰਬਲ ਆਪਣਾ ਆਪ ਸੁਹਾਈਆ । ਓਹ ਖੇਲ ਕਰੇ ਨਿਰਾਲੀ, ਨਿਰਾਕਾਰ ਨੂਰ ਅਲਾਹੀਆ । ਕਲਜੁਗ ਕੂੜ ਕੁੜਿਆਰੇ ਕਰੇ ਠਾਲੀ, ਲੋਕਮਾਤ ਰਹਿਣ ਨਾ ਪਾਈਆ । ਸਤਿ ਧਰਮ ਦਾ ਬਣ ਕੇ ਮਾਲੀ, ਬੂਟੇ ਹਰਿਜਨ ਲਏ ਲਗਾਈਆ । ਉਹਦਾ ਲੇਖਾ ਕੋਇ ਨਾ ਜਾਣੇ ਸ਼ਾਲੀ, ਕੀ ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਪਤਾ ਨਹੀਂ ਕਦੋਂ ਮਾਲਕ ਤੇ ਕਦੋਂ ਸਵਾਲੀ, ਦਰ ਦਰਵੇਸ਼ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਿੱਠੀ ਕਹੇ ਮੇਰਾ ਸੰਦੇਸ਼ਾ ਬਿਨਾ ਵਕਤ, ਘੜੀ ਪਲ ਨਾ ਕੋਇ ਰਖਾਈਆ । ਮੈਂ ਬੇਦਾਰ ਕਰਾਂ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਧੁਰ ਦਾ ਹੁਕਮ ਇਕੋ ਅਗੰਮਾ ਸਖ਼ਤ, ਨਾ ਕੋਈ ਰੋਕੇ ਰੋਕ ਰੁਕਾਈਆ । ਕੀ ਹੁਕਮ ਸੰਦੇਸਾ ਦੇਵੇ ਪੁਰਖ ਅਕਾਲਾ ਜਿਗਰੇ ਲਖ਼ਤ, ਸ਼ਬਦੀ ਸ਼ਬਦ ਧਾਰ ਸਮਝਾਈਆ । ਕੋਟਾਂ ਵਿਚੋਂ ਮੇਰੇ ਪਿਆਰੇ ਲਭਣੇ ਭਗਤ, ਭਗਤੀ ਵੇਖਣੀ ਥਾਉਂ ਥਾਈਂਆ । ਮੈਂ ਤੱਕਾਂ ਉਤੋਂ ਅਰਸ਼, ਆਲੀਜਾਹ ਹੋ ਕੇ ਖੋਜ ਖੁਜਾਈਆ । ਤੂੰ ਭੱਜਣਾ ਉਤੇ ਧਰਤ, ਧਵਲ ਪੰਧ ਮੁਕਾਈਆ । ਮੇਰੇ ਕੋਲ ਆਉਣਾ ਪਰਤ, ਪਤਿਪਰਮੇਸ਼ਵਰ ਰਿਹਾ ਸੁਣਾਈਆ । ਜੋਤੀ ਜੋਤ

੧੧ ੨੩ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਭੁਗਤਾਈਆ । ਚਿੱਠੀ ਕਹੇ ਸਤਿਗੁਰ ਸ਼ਬਦ ਬਣ ੧੧ ੨੩

ਜਾ ਨਾਰਦ ਦੂਤ, ਦੋਹਰੀ ਧਾਰ ਸਮਝਾਈਆ । ਲੇਖਾ ਵੇਖ ਪੰਜ ਤਤ ਭੂਤ, ਕਾਇਆ ਗੜ੍ਹ ਫੋਲ ਫੁਲਾਈਆ । ਤਾਣਾ ਪੇਟਾ ਵੇਖਣਾ ਸੂਤ, ਸੂਤਰਧਾਰੀ ਰਿਹਾ ਸਮਝਾਈਆ । ਬਚਿਆ ਰਹੇ ਨਾ ਕੋਇ ਕਲਬੂਤ, ਕਾਇਆ ਕਾਅਬੇ ਵੇਖ ਵਖਾਈਆ । ਮੈਨੂੰ ਹਰ ਘਟ ਤੱਕਣਾ ਮੌਜੂਦ, ਦਰ ਦਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਆ ਗਿਆ ਲੋਕਮਾਤ ਦੀ ਭੂਮੀ, ਭੂਮਿਕਾ ਵਾਲਿਓ ਦਿਆਂ ਜਣਾਈਆ । ਮੈਂ ਵੇਖਣੀ ਲੱਖ ਚੁਰਾਸੀ ਜੂਨੀ, ਅਜੂਨੀ ਆਪਣਾ ਹੁਕਮ ਦ੍ਰਿੜਾਈਆ । ਪਿਛੇ ਨਾਲੋਂ ਵੇਖਣੀ ਦੂਣੀ, ਏਕਾ ਦੂਆ ਜੋੜ ਜੁੜਾਈਆ । ਨਿੱਕੀ ਜਿਹੀ ਧਾਰ ਦਿਸਦੀ ਕ੍ਰਿਸ਼ਨ ਵਾਲੀ ਅਠਾਰਾਂ ਕਸ਼ੂਣੀ, ਜੋ ਪੋਟਿਆਂ ਉਤੇ ਟਿਕਾਈਆ । ਮੇਰਾ ਸਾਹਿਬ ਬੜਾ ਜਨੂਨੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਹਾੜ ਕਹੇ ਨਾਰਦਾ ਕਿਉਂ ਐਵੇਂ ਕਰੇਂ ਬੁਲਾਰਾ, ਬਿਨਾ ਬੁੱਲਾਂ ਰਿਹਾ ਸੁਣਾਈਆ । ਉਠ ਵੇਖ ਪ੍ਰਭ ਦਾ ਨਜ਼ਾਰਾ, ਜੋ ਨਜ਼ਰੀਆ ਦਏ ਬਦਲਾਈਆ । ਨਿਰਗੁਣ ਨਿਰਾਕਾਰ ਲਏ ਅਵਤਾਰਾ, ਅਵਤਰ ਆਪਣਾ ਖੇਲ ਖਿਲਾਈਆ । ਪ੍ਰਗਟ ਹੋ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਰਖਾਈਆ । ਜਨ ਭਗਤਾਂ ਸੁਹਾ ਭਗਤ ਦਵਾਰਾ, ਹਰਿਜਨ ਮਿਲੇ ਚਾਈਂ ਚਾਈਂਆ । ਚਾਰ ਵਰਨਾਂ ਦੱਸ ਇਕ ਜੈਕਾਰਾ, ਤੂੰ ਮੇਰਾ ਮੈਂ ਤੇਰਾ ਪਰਦਾ ਦਿਤਾ ਉਠਾਈਆ । ਮੇਰੀ ਉਸ ਦੇ ਅਗੇ ਨਮੋ ਨਮੋ ਨਿਮਸਕਾਰਾ, ਡੰਡਾਵਤ ਵਿਚ ਸੀਸ ਝੁਕਾਈਆ । ਇਕੋ ਮੰਨਣਾ

ਸਭ ਨੇ ਪਰਮ ਪੁਰਖ ਪਰਵਰਦਿਗਾਰਾ, ਯਾਰ ਸਾਂਝਾ ਨੂਰ ਅਲਾਹੀਆ । ਜਿਸ ਦਾ ਸ਼ਬਦੀ ਸ਼ਬਦ ਇਸ਼ਾਰਾ, ਸੈਨਤ ਨਾਮ ਵਾਲੀ ਲਗਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਹੁਕਮ ਸੁਣਾਈਆ । ਨਾਰਦ ਕਹੇ ਜਨ ਭਗਤੋ ਸੁਣੋ
ਹੁਕਮ ਅਥਾਹ, ਅਥਰਾ ਹੋ ਕੇ ਦਿਆਂ ਜਣਾਈਆ । ਪੈਗ਼ੰਬਰਾਂ ਦੀ ਕਬੂਲ ਹੁੰਦੀ ਵੇਖੋ ਦੁਆ, ਦੋਏ ਜੋੜ ਜੋ ਸੀਸ ਨਿਵਾਈਆ । ਅਵਤਾਰ ਬਣਦੇ
ਵੇਖੋ ਗਵਾਹ, ਸ਼ਹਾਦਤ ਗੁਰੂ ਰਹੇ ਭੁਗਤਾਈਆ । ਤੂੰ ਮਾਲਕ ਵਾਹਿਦ ਇਕ ਖ਼ੁਦਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਹਿੱਸੇ ਜੁਜ਼ ਵੰਡ
ਦਿਤੀ ਵੰਡਾ, ਦੀਨ ਦੁਨੀ ਕੋਨੇ ਗੋਸ਼ਿਆਂ ਵਿਚ ਟਿਕਾਈਆ । ਸਭ ਨੇ ਮੰਨੀ ਤੇਰੀ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਸ਼ਰਨਾਈਆ । ਸਚ ਦੱਸ
ਕਿਉਂ ਸਭ ਦੇ ਸਿਰ ਤੇ ਕੂਕਦੀ ਕਜ਼ਾ, ਡੌਰੂ ਡੰਕ ਰਹੀ ਖੜਕਾਈਆ । ਤੇਰੇ ਪਿਆਰ ਦਾ ਕਿਸ ਨੂੰ ਮਿਲਦਾ ਮਜ਼ਾ, ਮੁਹੱਬਤ ਵਿਚ ਕਵਣ ਝਟ
ਲੰਘਾਈਆ । ਕਿਉਂ ਜੀਵ ਹੁੰਦੇ ਜ਼ਿਬਹ, ਛੁਰੀ ਸ਼ਰਅ ਬਣਿਆ ਰੂਪ ਕਸਾਈਆ । ਤੇਰਾ ਰੂਪ ਇਕੋ ਨੂਰ ਨੁਰਾਨੇ ਬੱਗਾ, ਦੂਸਰ ਵੰਡ ਨਾ ਕੋਇ
ਵੰਡਾਈਆ । ਜਨ ਭਗਤਾਂ ਦੇ ਦੇ ਸੱਦਾ, ਹਉਂ ਸਦਕੇ ਵਾਰੀ ਘੋਲ ਘੁਮਾਈਆ । ਤੇਰਾ ਨੂਰ ਬਿਨ ਤੇਰੀ ਕਿਰਪਾ ਕਿਸੇ ਨਾ ਲੱਧਾ, ਖੋਜਿਆਂ ਹੱਥ
ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ
ਕਹੇ ਜਨ ਭਗਤੋ ਕੀ ਪ੍ਰਭੂ ਤੁਹਾਡਾ ਡੈਡੀ ਕਿ ਮੰਮੀ, ਬਿਨਾ ਮਮਤਾ ਤੋਂ ਦਿਓ ਜਣਾਈਆ । ਕੀ ਤੁਹਾਨੂੰ ਪਿਆਰ ਕਰੇ ਹੱਡ ਮਾਸ ਨਾੜੀ ਕਿ ਚੰਮੀ,
ਕੀ ਆਤਮ ਮੇਲੇ ਸਹਿਜ ਸੁਭਾਈਆ । ਸਾਂਝਾ ਹੋਵੇ ਕੀ ਤੁਹਾਡੀ ਵਿਚ ਖ਼ੁਸ਼ੀ ਗ਼ਮੀ, ਚਿੰਤਾ ਚਿਖਾ ਬਾਹਰ ਕਢਾਈਆ । ਕੀ ਜੁਗ ਜੁਗ ਤੁਹਾਡੀ
੧੨ ੨੩ ਪ੍ਰੀਤੀ ਹੋਵੇ ਲੰਮੀ, ਜੀਵਣ ਜੀਵਣ ਨਾਲ ਮਿਲਾਈਆ । ਤੁਹਾਡੀ ਧਾਰ ਉਸ ਦੀ ਧਾਰ ਵਿਚੋਂ ਜੰਮੀ, ਜੰਮਣ ਵਾਲਿਓ ਭੇਵ ਦੇਣਾ ਖੁਲਾਈਆ । ਜੋਤੀ ੧੨ ੨੩
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਜਨ ਭਗਤੋ ਕੀ
ਤੁਹਾਡਾ ਇਕੋ ਪਿਓ ਦਾਦਾ, ਯਦ ਇਕੋ ਇਕ ਸੁਹਾਈਆ । ਕੀ ਤੁਹਾਡਾ ਮੇਲ ਸੀਤਾ ਰਾਮ ਕਿਸ਼ਨ ਰਾਧਾ, ਨਿਵ ਨਿਵ ਲਾਗੇ ਪਾਈਂਆ । ਕਿਸ
ਡੋਰ ਨਾਲ ਚੋਰ ਹੋ ਕੇ ਤੁਹਾਨੂੰ ਬਾਂਧਾ, ਬੰਧਨ ਆਪਣਾ ਰਿਹਾ ਪਾਈਆ । ਤੁਹਾਨੂੰ ਮਾਣ ਦਿਤਾ ਵੱਧ ਸੰਤਨ ਸਾਧਾ, ਸਤਿ ਆਪਣਾ ਰੰਗ ਰੰਗਾਈਆ ।
ਪਰ ਯਾਦ ਕਰ ਲਓ ਆਪਣੇ ਅੰਦਰੋਂ ਕਢ ਦਿਓ ਹਉਮੇ ਵਾਲੀ ਆਗਾ, ਅਗਨੀ ਤਤ ਨਾ ਕੋਇ ਤਪਾਈਆ । ਵੇਖੋ ਖੇਲ ਕੰਤ ਸੁਹਾਗਾ, ਕੀ ਕਰਨੀ
ਕਾਰ ਕਮਾਈਆ । ਯਾਦ ਰਖਣਾ ਹਾੜ ਸਤਾਰਾਂ ਸਭ ਨੇ ਇਕੋ ਪੰਗਤ ਵਿਚ ਬਹਿ ਕੇ ਖਾਣਾ ਪ੍ਰਸ਼ਾਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਹੱਥਾਂ
ਉਤੇ ਉਸ ਦਾ ਲੈਣਾ ਸਵਾਦਾ, ਬਰਤਨ ਜੋੜ ਨਾ ਕੋਇ ਜੁੜਾਈਆ । ਅੰਦਰ ਪ੍ਰੇਮ ਦਾ ਹੋਵੇ ਲਾਡਾ, ਮੁਹੱਬਤ ਵਿਚ ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ ।
ਤੁਹਾਡੇ ਅੰਤਸ਼ਕਰਨ ਵਿਚ ਹੋਵੇ ਵਾਧਾ, ਮਨਸਾ ਮਨ ਦੀ ਮਨ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਸਭ ਨੇ ਪਿਆਰ ਵਿਚ ਜਾਣਾ ਟਿਕ, ਆਪਣਾ ਆਸਣ ਲਾਈਆ । ਪੰਗਤ
ਬਹੇਗੀ ਗੁਰਸਿਖ ਇਕ ਸੌ ਇਕ, ਜ਼ੀਰੋ ਇਕ ਨਾਲ ਵਡਿਆਈਆ । ਸਭ ਦੇ ਹੱਥਾਂ ਉਤੇ ਪੂਰਨ ਨਾਮ ਦੀ ਪਹਿਲੋਂ ਰਖੀ ਜਾਏਗੀ ਚਿਟ, ਖ਼ਾਲੀ
ਨਜ਼ਰ ਕੋਇ ਨਾ ਆਈਆ । ਫੇਰ ਹੱਥ ਲਾਏਗਾ ਉਤੇ ਤੁਹਾਡੀ ਪਿਠ, ਪੁਸ਼ਤ ਪਨਾਹ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸਤਿਗੁਰ ਧਾਰ ਦਾ ਲੰਗਰ ਵਰਤੇ, ਖ਼ੁਸ਼ੀਆਂ ਨਾਲ ਵਰਤਾਈਆ । ਨਿਮਸਕਾਰ ਕਰੇ ਧਰਨੀ ਧਰਤੇ, ਧਵਲ ਸੀਸ ਝੁਕਾਈਆ । ਅਵਤਾਰ ਪੈਗ਼ੰਬਰ ਗੁਰੂ ਕਰਨ ਚਰਚੇ, ਚਾਰੋਂ ਕੁੰਟ ਮਤਾ ਪਕਾਈਆ । ਸਾਨੂੰ ਲਾਲਚ ਦਿਤਾ ਦੀਨਾਂ ਮਜ਼੍ਹਬਾਂ ਵਿਚ ਰਹੇ ਪਰਚੇ, ਪ੍ਰਾਚੀਨ ਦਾ ਲੇਖਾ ਵੇਖ ਵਖਾਈਆ । ਛੋਟੇ ਛੋਟੇ ਨਾਮ ਦੇ ਦੇ ਕੇ ਖ਼ਰਚੇ, ਜਗਤ ਰਹਿਬਰ ਦਿਤਾ ਦ੍ਰਿੜਾਈਆ । ਸਾਥੋਂ ਲੱਭੇ ਮੂਲ ਨਾ ਕਰਜ਼ੇ, ਮਕਰੂਜ਼ ਹੋ ਕੇ ਵੇਖੀਏ ਥਾਉਂ ਥਾਈਆ । ਅੰਤ ਇਕ ਅਰਦਾਸ ਬੇਨੰਤੀ ਅਰਜ਼ੇ, ਆਰਜ਼ੂ ਇਕ ਸੁਣਾਈਆ । ਪ੍ਰਭੂ ਜੇ ਤੇਰਾ ਭਗਤ ਥੋੜ੍ਹਾ ਜਿਹਾ ਸਮਾਂ ਹੋਰ ਜ਼ਰ ਜਾਏ, ਫੇਰ ਜਗਹ ਜਗਹ ਤੇਰੇ ਨਾਮ ਦੀ ਵੱਜੇ ਵਧਾਈਆ । ਤੇਰਾ ਦਰਸ ਕੀਤਿਆਂ ਦੀਨ ਦੁਨੀ ਸਭ ਤਰ ਜਾਏ, ਮਾਲਾ ਮਣਕੇ ਦੀ ਲੋੜ ਰਹੇ ਨਾ ਰਾਈਆ । ਜਿਸ ਦੀ ਯਾਦ ਵਿਚ ਕੋਟਨ ਕੋਟ ਯਾਦ ਕਰਦੇ ਮਰ ਗਏ, ਮਿਰਗਸ਼ਾਲਾ ਦੇਣ ਦੁਹਾਈਆ । ਕਈ ਧੂਣੀਆਂ ਉਤੇ ਸੜ ਗਏ, ਖੱਲਾਂ ਖੱਲ ਲੁਹਾਈਆ । ਕਈ ਸਿਰ ਕਦਮਾਂ ਉਤੇ ਧਰ ਗਏ, ਨਿਉਂ ਨਿਉਂ ਲਾਗਣ ਪਾਈਆ । ਪਰ ਮੈਂ ਹੈਰਾਨ ਹੋ ਗਿਆ ਕਈ ਤੇਰੇ ਭਗਤ ਤੇਰੇ ਹੁਕਮ ਅਗੇ ਅੜ ਗਏ, ਅੜਿਕਾ ਤੇਰੇ ਪ੍ਰੇਮ ਵਾਲਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਨਾਰਦ ਕਹੇ ਜਨ ਭਗਤੋ ਤੁਹਾਡਾ ਕੀ ਇਰਾਦਾ, ਮਨ ਮਨਸਾ ਦਿਓ ਜਣਾਈਆ । ਸਚ ਦੱਸਿਓ ਤਤ ਗੁਰੂ ਮੰਨਣਾ ਕਿ ਸ਼ਬਦ ਗੁਰੂ ਵਾਲਾ ਬਾਜ਼ਾ, ਜੋ ਬਾਜ਼ੀ ਦੋ ਜਹਾਨ ਆਪਣੇ ਹੱਥ ਰਖਾਈਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਤਖ਼ਤ ਤਾਜਾ, ਤਖ਼ਤ ਨਿਵਾਸੀ ਜਗ ਫਾਸੀ ਦਏ ਕਟਾਈਆ । ਗ਼ਰੀਬ ਨਿਮਾਣਿਆਂ ਰਖੇ ਲਾਜਾ, ਕੋੜ੍ਹਿਆਂ ਕਮਲਿਆਂ ਸਿਰ ਆਪਣਾ ਹੱਥ ਟਿਕਾਈਆ । ਹੰਸ ਬਣਾਏ ਕਾਗਾ, ਸੋਹੰ ਧੁਰ ਦੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਹਾੜ ਕਹੇ ਜਨ ਭਗਤੋ ਮੇਰਾ ਪ੍ਰਵਿਸ਼ਟਾ ਪਹਿਲਾ, ਪਹਿਲੀ ਵਾਲਿਓ ਤੁਹਾਨੂੰ ਅਖ਼ੀਰ ਦੀ ਲੋੜ ਰਹੇ ਨਾ ਰਾਈਆ । ਤੁਸਾਂ ਜਾਣਾ ਉਸ ਪ੍ਰਭੂ ਦਿਆਂ ਵਿਚ ਮਹਿਲਾ, ਜਿਸ ਮਹਿਲ ਨੂੰ ਸਚਖੰਡ ਕਹਿ ਕੇ ਸਾਰੇ ਗਾਈਆ । ਮੈਂ ਵੀ ਉਸ ਦੇ ਦਵਾਰੇ ਉਤੇ ਟਹਿਲਾ, ਬਿਨਾ ਕਦਮਾਂ ਚਲਾਂ ਚਾਈਂ ਚਾਈਂਆ । ਪਰ ਯਾਦ ਕਰ ਲਓ, ਤੁਹਾਨੂੰ ਮਾਰਗ ਮਿਲ ਗਿਆ ਸਹਿਲਾ, ਕੋਟਨ ਕੋਟ ਮਰ ਮਰ ਕੇ ਆਪਣਾ ਆਪ ਗਏ ਗਵਾਈਆ । ਓਹ ਵੇਖੋ ਰਾਏ ਧਰਮ ਸਭ ਦੇ ਲੇਖੇ ਦਾ ਚੁੱਕੀ ਫਿਰਦਾ ਥੈਲਾ, ਗੁਰਮੁਖਾਂ ਨੂੰ ਨਿਉਂ ਨਿਉਂ ਸੀਸ ਨਿਵਾਈਆ । ਰਾਏ ਧਰਮ ਕਹੇ ਮੇਰੀ ਰਹੀ ਕੋਈ ਨਾ ਜੇਲਾ, ਚੁਰਾਸੀ ਬੰਧਨ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਹਿਲੀ ਹਾੜ ਕਹੇ ਮੇਰਾ ਦਿਵਸ ਦਿਹਾੜਾ ਧਰਨੀ, ਧਵਲ ਵਾਲਿਓ ਦਿਆਂ ਸੁਣਾਈਆ । ਪੁਰਖ ਅਕਾਲ ਨੇ ਕਰਨੀ ਆਪਣੀ ਕਰਨੀ, ਕਲ ਕਲੂ ਵਿਚ ਵਰਤਾਈਆ । ਖੇਲ ਖੇਲਣੀ ਵਰਨੀ ਬਰਨੀ, ਝਗੜਾ ਮੇਟਣਾ ਕੂੜ ਲੋਕਾਈਆ । ਅੰਤਮ ਸਭ ਨੇ ਆਉਣਾ ਇਕ ਪ੍ਰਭੂ ਦੀ ਸਰਨੀ, ਸਰਨਗਤ ਸਭ ਦੀ ਦਏ ਸਮਝਾਈਆ । ਇਕੋ ਤੁਕ ਅਖ਼ੀਰੀ ਪੜ੍ਹਨੀ, ਢੋਲਾ ਧੁਰ ਦਾ ਰਾਗ ਅਲਾਈਆ । ਮੰਜ਼ਲ ਹਕ ਹਕੀਕੀ ਚੜ੍ਹਨੀ, ਚੜ੍ਹਦੇ ਲਹਿੰਦੇ ਇਕੋ ਰਾਹ ਵਖਾਈਆ । ਜਿਸ ਨੇ ਨਵੀਂ ਘਾੜਨ ਘੜਨੀ, ਦੱਖਣ ਪਹਾੜ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ

ਕਮਾਈਆ । ਹਾੜ ਕਹੇ ਮੇਰੇ ਪ੍ਰਭੂ ਦਾ ਇਕੋ ਵੱਜਣਾ ਹੜੱਪਾ, ਹੜ੍ਹ ਜਗਤ ਵਿਚ ਲਿਆਈਆ । ਜੋ ਕਹਿ ਕੇ ਗਿਆ ਨਾਨਕ ਤਪਾ, ਤਰਾ ਤਰਾ ਨਾਲ ਸਮਝਾਈਆ । ਜਿਸ ਨੇ ਆਪਣੀ ਛਾਤੀ ਦੇ ਉਤੇ ਲਿਖਿਆ ਅੱਖਰ ਪੱਪਾ, ਪੂਰਨ ਬ੍ਰਹਮ ਬੇਪ੍ਰਵਾਹੀਆ । ਉਸ ਦਾ ਇਕੋ ਅੱਖਰ ਤੇ ਇਕੋ ਟੱਪਾ, ਟਾਪੂਆਂ ਤੋਂ ਬਾਹਰ ਦਏ ਸੁਣਾਈਆ । ਪਿਛੇ ਗੁਰਮੁਖਾਂ ਨੂੰ ਦੇਂਦਾ ਰਹੇ ਗੱਫਾ, ਦਰਸ਼ਨ ਨਿਤ ਨਿਤ ਵਖਾਈਆ । ਕਦੇ ਕਦੇ ਦਿਨੇ ਵੀ ਮਾਰ ਜਾਇਆ ਕਰੇਗਾ ਛੱਪਾ, ਸਾਹਮਣੇ ਹੋ ਕੇ ਨਜ਼ਰੀ ਆਈਆ । ਕਿਸੇ ਨੂੰ ਹੱਸ ਕੇ ਮਸ਼ੌਲ ਵਿਚ ਕਰ ਜਾਇਆ ਕਰੇਗਾ ਠੱਠਾ, ਇਸ਼ਾਰਿਆਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਤ ਦੀਪ ਦਾ ਬੇੜਾ ਚਲਾਏ ਇਕੱਠਾ, ਨਵ ਖੰਡ ਤਿਨਕੇ ਨਾਲ ਬੰਧਾਈਆ ।

### ✪ ੨ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਪ੍ਰਭ ਸਾਚਾ ਮੀਤਾ, ਮਿਤਰ ਪਿਆਰਾ ਆਦਿ ਅੰਤ ਅਖਵਾਈਆ । ਜੁਗ ਚੌਕੜੀ ਚਲਾਏ ਰੀਤਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਕਰਾਏ ਠੰਡਾ ਸੀਤਾ, ਅਗਨੀ ਤਤਵ ਤਤ ਤਤ ਬੁਝਾਈਆ । ਸਚ ਸਵਾਮੀ ਵਸੇ ਵਸਣਹਾਰਾ ਚੀਤਾ, ਮਨ ਠਗੌਰੀ ਦੂਰ ਕਰਾਈਆ । ਪਰਦਾ ਲਾਹੇ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣਾ ਰੰਗ ਰੰਗਾਈਆ । ਸਚ ਨਾਮ
੧੪ ੨੩ ਕਰੇ ਬਖ਼ਸ਼ੀਸ਼ਾ, ਧੁਰ ਦੀ ਵਸਤ ਅਮੋਲਕ ਝੋਲੀ ਪਾਈਆ । ਮਿਹਰਵਾਨ ਮਿਹਰ ਕਰੇ ਜਗਦੀਸ਼ਾ, ਜਗਦੀਸ਼ਰ ਆਪਣਾ ਰੰਗ ਰੰਗਾਈਆ । ਜੋਤੀ ੧੪ ੨੩
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤਾਂ ਪ੍ਰਭ ਦੇਵੇ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਅੰਤਰ ਆਤਮ ਬਖ਼ਸ਼ੇ ਗਿਆਨ, ਪਾਰਬ੍ਰਹਮ ਬ੍ਰਹਮ ਪਰਦਾ ਆਪ ਉਠਾਈਆ । ਸ਼ਬਦੀ ਦੇਵੇ ਸੱਚੀ ਧੁਨਕਾਨ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਰਸ ਨਿਝਰ ਦੇਵੇ ਪੀਣ ਖਾਣ, ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਸਤਿ ਸਚ ਵਖਾਏ ਇਕ ਨਿਸ਼ਾਨ, ਧਰਮ ਦੀ ਧਾਰ ਇਕ ਪ੍ਰਗਟਾਈਆ । ਕੂੜੀ ਕਿਰਿਆ ਨਾਤਾ ਤੋੜੇ ਜਗਤ ਜਹਾਨ, ਜਾਗਰਤ ਜੋਤ ਬਿਨ ਗੋਤ ਕਰ ਰੁਸ਼ਨਾਈਆ । ਸਚ ਪ੍ਰੀਤੀ ਬਖ਼ਸ਼ੇ ਚਰਨ ਧਿਆਨ, ਧੂੜੀ ਟਿੱਕਾ ਮਸਤਕ ਖ਼ਾਕ ਦਏ ਰਮਾਈਆ । ਕਿਰਪਾ ਕਰ ਆਪ ਸ੍ਰੀ ਭਗਵਾਨ, ਹਰਿਜਨ ਮੇਲੇ ਚਾਈਂ ਚਾਈਆ । ਸੁਰਤ ਸਵਾਣੀ ਸ਼ਬਦੀ ਹਾਣੀ ਮਿਲੇ ਅਗੰਮਾ ਕਾਹਨ, ਜਿਸ ਦਾ ਰੰਗ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਦਰਗਾਹ ਸਾਚੀ ਸਚਖੰਡ ਹੋਵੇ ਪ੍ਰਵਾਨ, ਦਰ ਦਵਾਰੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਜਨ ਭਗਤਾਂ ਪ੍ਰਭ ਦੇਵੇ ਦਾਤ, ਦੀਨ ਦਿਆਲ ਦਇਆ ਕਮਾਇੰਦਾ । ਆਤਮ ਪਰਮਾਤਮ ਜੋੜੇ ਨਾਤ, ਨਿਰਗੁਣ ਨਿਰਗੁਣ ਮੇਲਾ ਮੇਲ ਮਿਲਾਇੰਦਾ । ਤੂੰ ਮੇਰਾ ਮੈਂ ਤੇਰਾ ਸੁਣਾਏ ਗਾਥ, ਸੋਹੰ ਢੋਲਾ ਰਾਗ ਦ੍ਰਿੜਾਇੰਦਾ । ਸਚ ਸਵਾਮੀ ਹੋ ਕੇ ਵਸੇ ਸਾਥ, ਏਥੇ ਓਥੇ ਸਗਲਾ ਸੰਗ ਨਿਭਾਇੰਦਾ । ਇਸ਼ਟ ਜਣਾਏ ਇਕ ਰਘੁਨਾਥ, ਰਘੁਪਤ ਪਰਦਾ ਆਪਣਾ ਆਪ ਉਠਾਇੰਦਾ । ਝਗੜਾ ਮੇਟੇ ਲੋਕਮਾਤ, ਲੱਖ ਚੁਰਾਸੀ ਵਿਚੋਂ

ਬਾਹਰ ਕਢਾਇੰਦਾ । ਵੰਡ ਵੰਡਾਏ ਨਾ ਕੋਇ ਜ਼ਾਤ ਪਾਤ, ਦੀਨ ਮਜ਼੍ਹਬ ਬੰਧਨ ਨਾ ਕੋਇ ਜਣਾਇੰਦਾ । ਜਨ ਭਗਤਾਂ ਅੰਤਰ ਨਿਰੰਤਰ ਵੇਖੇ ਮਾਰ ਝਾਤ, ਝਾਕੀ ਆਪਣੀ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਜਨ ਭਗਤਾਂ ਪ੍ਰਭ ਖੋਲ੍ਹੇ ਅੰਤਰ ਪਰਦਾ, ਪਰਦਾਨਸ਼ੀਂ ਭੇਵ ਚੁਕਾਈਆ । ਲੇਖਾ ਰਹੇ ਨਾ ਚੋਟੀ ਜੜ ਦਾ, ਚੇਤਨ ਸੁਰਤੀ ਸਤਿ ਸਮਝਾਈਆ । ਭੇਵ ਖੁਲਾਏ ਆਪਣੇ ਘਰ ਦਾ, ਘਰ ਘਰ ਕਰੇ ਰੁਸ਼ਨਾਈਆ । ਜਿਥੇ ਦੀਪ ਅਗੰਮਾ ਇਕੋ ਬਲਦਾ, ਬਿਨ ਤੇਲ ਬਾਤੀ ਡਗਮਗਾਈਆ । ਸ਼ਬਦ ਅਨਾਦੀ ਅਨਹਦ ਘਲਦਾ, ਬਿਨ ਰਸਨਾ ਜਿਹਵਾ ਢੋਲਾ ਰਿਹਾ ਸੁਣਾਈਆ । ਭੇਵ ਖੁਲਾਏ ਨਿਹਚਲ ਧਾਮ ਅਟਲ ਦਾ, ਸਚ ਦਵਾਰਾ ਇਕ ਜਣਾਈਆ । ਸੋ ਸਿੰਘਾਸਣ ਪੁਰਖ ਅਬਿਨਾਸ਼ਣ ਮੱਲਦਾ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਜਿਥੇ ਲੇਖਾ ਰਹੇ ਨਾ ਕਲਜੁਗ ਕਲ ਦਾ, ਕੂੜੀ ਕਿਰਿਆ ਪੰਧ ਮੁਕਾਈਆ । ਪੰਧ ਰਹੇ ਨਾ ਜਲ ਥਲ ਦਾ, ਮਹੀਅਲ ਲਹਿਣਾ ਦਏ ਚੁਕਾਈਆ । ਖੇਲ ਵਖਾਏ ਨਿਹਚਲ ਧਾਮ ਅਟਲ ਦਾ, ਜਿਸ ਗ੍ਰਿਹਿ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਗ੍ਰਿਹਿ ਇਕ ਵਸਾਈਆ । ਜਨ ਭਗਤਾਂ ਪ੍ਰਭ ਭਾਗ ਲਗਾਏ ਕਾਇਆ ਮੰਦਰ, ਤਨ ਵਜੂਦ ਵੱਜੇ ਵਧਾਈਆ । ਪ੍ਰਕਾਸ਼ ਕਰੇ ਅੰਧੇਰੀ ਕੰਧਰ, ਜੋਤੀ ਜਾਤਾ ਡਗਮਗਾਈਆ । ਬਜਰ ਕਪਾਟੀ ਤੋੜੇ ਜੰਦਰ, ਹਉਮੇ ਹੰਗਤਾ ਗੜ੍ਹ ਤੁੜਾਈਆ । ਮਨੂਆ ਮਨ ਭਵੇ ਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਦੇਵੇ ਪ੍ਰਕਾਸ਼ ਬਿਨਾ ਸੂਰੀਆ ਚੰਦਰ, ਨੂਰ ਨੁਰਾਨਾ ਡਗਮਗਾਈਆ । ਇਕੋ ਦੱਸੇ ਸਾਚੀ ਬੰਦਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਧੂੜੀ ਟਿੱਕਾ ਮਸਤਕ ਲਾਵੇ ਚੰਦਨ, ਸ਼ਬਦੀ ਧਾਰ ਮਹਿਕ ਮਹਿਕਾਈਆ । ਨਿਜ ਨੇਤਰ ਲੋਚਣ ਖੋਲ੍ਹੇ ਰਹਿਣ ਨਾ ਦੇਵੇ ਅੰਧਨ, ਕਵਲ ਨੈਣ ਨੈਣ ਬਿਗਸਾਈਆ । ਕੂੜ ਵਿਕਾਰੇ ਆਵੇ ਚੰਡਨ, ਖੰਡਾ ਨਾਮ ਹੱਥ ਉਠਾਈਆ । ਜਨ ਭਗਤਾਂ ਸਚ ਪ੍ਰੀਤੀ ਆਵੇ ਵੰਡਨ, ਪ੍ਰੀਤਮ ਹੋ ਕੇ ਦੇਵੇ ਚਾਈਂ ਚਾਈਂਆ । ਸੰਤ ਸੁਹੇਲੇ ਲਾਏ ਅੰਗਣ, ਅੰਗੀਕਾਰ ਇਕ ਹੋ ਜਾਈਆ । ਲੇਖਾ ਜਾਣੇ ਬ੍ਰਹਿਮਾਂਡ ਬ੍ਰਹਿਮੰਡਣ, ਬ੍ਰਹਿਮੰਡ ਖੋਜ ਖੁਜਾਈਆ । ਵੇਖੇ ਖੇਲ ਵਿਚ ਵਰਭੰਡਣ, ਅੰਡਜ ਜੇਰਜ ਉਤਭੁਜ ਸੇਤਜ ਪਰਦਾ ਦਏ ਚੁਕਾਈਆ । ਜਨ ਭਗਤਾਂ ਤ੍ਰੈਗੁਣ ਮਾਇਆ ਮੇਟੇ ਅਗਨ, ਅਗਨੀ ਤਤ ਨਾ ਕੋਇ ਤਪਾਈਆ । ਸਚ ਪਿਆਰ ਦੀ ਚਾੜ੍ਹੇ ਰੰਗਣ, ਦੋ ਜਹਾਨਾਂ ਉਤਰ ਨਾ ਜਾਈਆ । ਲੇਖਾ ਲਾਏ ਕਾਇਆ ਮਾਟੀ ਸਰੀਰ ਬਦਨ, ਬਦੀ ਦਾ ਡੇਰਾ ਦਏ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਜਨ ਭਗਤਾਂ ਪ੍ਰਭ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਆਤਮ ਦਰਸ ਦਾ ਬਣ ਕੇ ਦਾਨੀ, ਵਸਤ ਧੁਰ ਦੀ ਇਕ ਵਰਤਾਈਆ । ਨਾਮ ਤੀਰ ਅਣਿਆਲਾ ਮਾਰੇ ਕਾਨੀ, ਕਾਇਆ ਪਰਦਾ ਦਏ ਚੁਕਾਈਆ । ਧੁਰ ਦਾ ਨਾਮ ਕਲਮਾ ਦੱਸੇ ਕਲਾਮੀ, ਕਾਇਨਾਤ ਤੋਂ ਬਾਹਰ ਪੜ੍ਹਾਈਆ । ਭੇਵ ਖੁਲਾਏ ਜਿਸਮ ਜਮੀਰ ਜਿਸਮਾਨੀ, ਪਰਦਾ ਓਹਲਾ ਰਹੇ ਨਾ ਰਾਈਆ । ਮੰਜ਼ਲ ਬਖ਼ਸ਼ੇ ਹਕ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਇਕੋ ਦੇਵੇ ਪਦ ਨਿਰਬਾਨੀ, ਜਿਥੇ ਨਿਰਗੁਣ ਮਿਲ ਕੇ ਵਜਦੀ ਰਹੇ ਵਧਾਈਆ । ਅੰਤਰ ਨਿਰੰਤਰ ਆਪ ਹੋਵੇ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਜੁਗ ਚੌਕੜੀ ਜਨ ਭਗਤ ਪ੍ਰਭੂ ਦੀ ਧਰਮ ਧਾਰ ਨਿਸ਼ਾਨੀ, ਨਿਸ਼ਾਨਾ ਲੋਕਮਾਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੫
੨੩

ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਪੂਰਾ ਕਰੇ ਤਰੇਤਾ ਜੁਗ ਰਾਮ ਰਾਮ ਦਾ ਬਾਨੀ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ ।

✪ ੩ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਲਾਲ ਰੰਗ ਕਹੇ ਮੇਰਾ ਲੇਖਾ ਆਦਿ ਆਦਿ ਆਦਿ, ਪ੍ਰਭ ਦਿਤੀ ਮਾਣ ਵਡਿਆਈਆ । ਮੇਰਾ ਲਹਿਣਾ ਦੇਣਾ ਜੁਗਾ ਜੁਗਾਦਿ, ਜੁਗ ਚੌਕੜੀ ਵਜਦੀ ਰਹੇ ਵਧਾਈਆ । ਮੈਨੂੰ ਪੁਰਖ ਅਕਾਲੇ ਦਿਤੀ ਦਾਦ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰਾ ਭੇਵ ਬੋਧ ਅਗਾਧ, ਭੇਵ ਸਕੇ ਨਾ ਕੋਇ ਜਣਾਈਆ । ਸਤਿਗੁਰ ਸ਼ਬਦ ਨੂੰ ਸਾਚੀ ਯਾਦ, ਜਿਸ ਯਾਦਦਾਸ਼ਤ ਆਪਣੇ ਵਿਚ ਛੁਪਾਈਆ । ਜਿਸ ਦਾ ਅੰਤ ਕਹੇ ਨਾ ਕੋਇ ਸੰਤ ਸਾਧ, ਪਰਦਾ ਸਕੇ ਨਾ ਕੋਇ ਚੁਕਾਈਆ । ਉਸ ਦੀ ਧੁਰ ਦੀ ਅਗੰਮ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਸੇਵਾ ਗਏ ਲਾਗ, ਨਿਰਗੁਣ ਨਿਰਗੁਣ ਰੰਗ ਰੰਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਆਪ ਮਹਾਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਇਕ ਅਨਕ ਕਲਧਾਰੀ ਤਾਜ, ਤਖ਼ਤ ਨਿਵਾਸੀ ਧੁਰਦਰਗਾਹੀਆ । ਜੋ ਸਭ ਦੀ ਸਾਜਣਾ ਗਿਆ ਸਾਜ, ਸਾਜਣਹਾਰਾ ਬੇਪ੍ਰਵਾਹੀਆ । ਕਿਸੇ ਦੀ ਲਏ ਨਾ ਕੋਇ ਇਮਦਾਦ, ਸਾਥੀ ਸੰਗ ਨਾ ਕੋਇ ਵਖਾਈਆ । ਜੋ ਵਸੇ ਆਪਣੀ ਸਚ ਮਹਿਰਾਬ, ਮਹਿਬੂਬ ਮਾਲਕ ਨੂਰ ਅਲਾਹੀਆ । ਜਿਸ ਦੀ ਬਿਨ ਅੱਖਰਾਂ ਵਾਲੀ ਕਿਤਾਬ, ਨਿਰਅੱਖਰ ਧਾਰ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਲਾਲ ਰੰਗ ਕਹੇ ਮੇਰਾ ਖੇਲ ਅਪਾਰਾ, ਅਪਰੰਪਰ ਸਵਾਮੀ ਆਪ ਦ੍ਰਿੜਾਈਆ । ਮੇਰਾ ਜੋਤੀ ਨੂਰ ਜੋਤ ਉਜਿਆਰਾ, ਬਿਨ ਤੇਲ ਬਾਤੀ ਡਗਮਗਾਈਆ । ਸੋ ਪੁਰਖ ਨਿਰੰਜਣ ਕਹਿ ਕੇ ਮੇਰਾ ਨਾਮ ਉਚਾਰਾ, ਹਰਿ ਪੁਰਖ ਨਿਰੰਜਣ ਆਪਣੀ ਖ਼ੁਸ਼ੀ ਬਣਾਈਆ । ਏਕੰਕਾਰ ਮੇਰੀ ਬਣਾਈ ਧਾਰਾ, ਆਦਿ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤੇ ਕੀਤਾ ਤਿਆਰਾ, ਸ੍ਰੀ ਭਗਵਾਨ ਵੇਖੇ ਚਾਈਂ ਚਾਈਂਆ । ਪਾਰਬ੍ਰਹਮ ਖ਼ੁਸ਼ੀਆਂ ਵਿਚ ਕੀਤਾ ਇਜ਼ਹਾਰਾ, ਜ਼ਾਹਰ ਜ਼ਹੂਰ ਦਿਤੀ ਵਡਿਆਈਆ । ਸਤਿਗੁਰ ਸ਼ਬਦ ਕੀਤਾ ਪਿਆਰਾ, ਪ੍ਰੇਮ ਪ੍ਰੀਤੀ ਇਕੋ ਬੰਧਨ ਪਾਈਆ । ਵਿਸ਼ਨੂੰ ਵਿਸ਼ਵ ਦਿਤਾ ਇਸ਼ਾਰਾ, ਬਿਨ ਸੈਨਤ ਅੱਖ ਹਿਲਾਈਆ । ਬ੍ਰਹਮਾ ਕੂਕ ਕੂਕ ਪੁਕਾਰਾ, ਚਾਰ ਜੁਗ ਤੋਂ ਬਾਹਰ ਤੇਰੀ ਵਡਿਆਈਆ । ਸ਼ੰਕਰ ਹੱਸ ਕੇ ਕਿਹਾ ਤੇਰਾ ਖੇਲ ਨਿਆਰਾ, ਲੋਕਮਾਤ ਵੱਜੇ ਵਧਾਈਆ । ਤ੍ਰੈਗੁਣ ਦਾ ਤੱਕ ਨਜ਼ਾਰਾ, ਰਜੋ ਤਮੋ ਸਤੋ ਵੇਖ ਵਖਾਈਆ । ਪੰਜ ਤਤ ਦਾ ਵੇਖ ਪਸਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਤ ਬਣਾਈਆ । ਪਵਣ ਸਵਾਸ ਦਾ ਵੇਖ ਹੁਲਾਰਾ, ਪਵਣ ਉਨੰਜਾ ਸੀਸ ਝੁਕਾਈਆ । ਨੌ ਦਵਾਰਾ ਤੱਕ ਕਿਵਾੜਾ, ਜਗਤ ਵਾਸਨਾ ਨਾਲ ਵਡਿਆਈਆ । ਥਿਤ ਵਾਰ ਦਾ ਵੇਖ ਅਖਾੜਾ, ਬਾਰਾਂ ਰਾਸੀ ਸੋਭਾ ਪਾਈਆ । ਪ੍ਰਵਿਸ਼ਟਾ ਆਪਣਾ ਲੇਖਾ ਜਾਣੇ ਸਾਰਾ, ਮਹਾਸਾਰਥੀ ਤੇਰੀ ਬੇਪ੍ਰਵਾਹੀਆ । ਪਰਮ ਪੁਰਖ ਪਰਮਾਤਮ ਦੇਵੇ ਵਡਿਆਈ ਵਿਚ ਸੰਸਾਰਾ, ਸਗਲਾ ਸੰਗ ਬਣਾਈਆ । ਲਾਲ ਰੰਗ ਕਹੇ ਮੇਰਾ ਰੂਪ ਅਨੂਪ ਕਿਰਪਾ ਕੀਤੀ ਆਪ ਨਿਰੰਕਾਰਾ, ਨਰ ਹਰਿ ਆਪਣੀ

ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਲਾਲ ਰੰਗ ਕਹੇ ਮੈਂ ਹੋਇਆ ਪ੍ਰਗਟ, ਪ੍ਰਗਣਾ ਸਮਝ ਕਿਸੇ ਨਾ ਆਈਆ । ਪ੍ਰਭ ਨੇ ਆਪਣਾ ਨੂਰ ਧਰਿਆ ਹਰ ਘਟ, ਚੁਰਾਸੀ ਚੁਰਾਹਾ ਇਕ ਅਖਵਾਈਆ । ਜੋਤ ਜਗਾਈ ਲਟ ਲਟ, ਨੂਰ ਨੁਰਾਨਾ ਨਜ਼ਰੀ ਆਈਆ । ਧਰਮ ਧਾਰ ਦਾ ਖੋਲ ਕੇ ਹੱਟ, ਵਣਜ ਸਚ ਸਚ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਲਾਲ ਰੰਗ ਕਹੇ ਮੇਰੀ ਡੰਡਾਵਤ ਬੰਦਨਾ, ਬੰਦਗੀ ਵਿਚ ਸੀਸ ਨਿਵਾਈਆ । ਦਿਤੀ ਵਡਿਆਈ ਪੁਰਖ ਅਕਾਲ ਅਨੰਦਨਾ, ਅਨੰਦ ਅਨੰਦ ਵਿਚ ਰਖਾਈਆ । ਜਿਸ ਵੇਲੇ ਪ੍ਰਕਾਸ਼ ਕੀਤਾ ਸੂਰੀਆ ਚੰਦਨਾ, ਮੇਰਾ ਪਿਆਰ ਰੰਗ ਵਖਾਈਆ । ਮੰਡਲ ਮੰਡਪ ਪਾਈ ਗੰਢਨਾ, ਤਾਰ ਸਿਤਾਰ ਵੱਜੀ ਵਧਾਈਆ । ਖੇਲ ਰਚਾਈਂ ਬ੍ਰਹਿਮੰਡਣਾ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਹੋਈ ਰੁਸ਼ਨਾਈਆ । ਸਚ ਪਿਆਰ ਚਰਨ ਧੂੜੀ ਸਭ ਦੇ ਮਸਤਕ ਲਾਇਆ ਚੰਦਨਾ, ਤਿਲਕ ਲੇਖਾ ਧੁਰਦਰਗਾਹੀਆ । ਫੇਰ ਮਾਣ ਵਡਿਆਈ ਦਿਤੀ ਵਿਚ ਵਰਭੰਡਣਾ, ਧਰਨੀ ਧਰਤ ਧਵਲ ਧੌਲ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਲਾਲ ਰੰਗ ਕਹੇ ਮੇਰਾ ਰੂਪ ਧਰਿਆ ਜਗ, ਲੋਕਮਾਤ ਮਿਲੀ ਵਡਿਆਈਆ । ਲਾਲ ਰੂਪ ਹੋਇਆ ਅੱਗ, ਅਗਨੀ ਅੱਗ ਤਪਾਈਆ । ਮੇਰਾ ਖੇਲ ਕੀਤਾ ਬਿਨਾ ਹੱਦ, ਹਦੂਦ ਸਮਝ ਕਿਸੇ ਨਾ ਆਈਆ । ਮੈਨੂੰ ਆਪਣੀ ਬਣਾ ਕੇ ਯਦ, ਯਦੀ ਭੇਵ ਦਿਤਾ ਖੁਲਾਈਆ । ਤੂੰ ਜੁਗ ਚੌਕੜੀ ਸਭ ਤੋਂ ਰਹਿਣਾ ਅਲਗ, ਮਾਇਆ ਮਮਤਾ ਵਿਚ ਕਦੇ ਨਾ ਆਈਆ । ਮੇਰੇ ਹੁਕਮ ਵਿਚ ਜਾਣਾ ਬੱਝ, ਬੰਧਨ ਅਵਰ ਕੋਇ ਨਾ ਪਾਈਆ । ਤੇਰੇ ਨਾਲ ਖੇਲ ਕਰਾਂਗਾ ਹਭ, ਦੂਰ ਦੁਰਾਡੀ ਵੰਡ ਨਾ ਕੋਇ ਵੰਡਾਈਆ । ਲਾਲ ਰੰਗ ਕਹੇ ਮੈਂ ਹੋਇਆ ਗਦ ਗਦ, ਖ਼ੁਸ਼ੀਆਂ ਵਿਚ ਸੀਸ ਨਿਵਾਈਆ । ਪ੍ਰਭੂ ਮੇਰਾ ਨਾ ਕੋਈ ਮਾਸ ਨਾੜੀ ਹੱਡ, ਤਤਵ ਤਤ ਨਜ਼ਰ ਕੋਇ ਨਾ ਆਈਆ । ਵੇਖੀਂ ਕਿਤੇ ਪਿਆਰ ਮੁਹੱਬਤ ਨਾ ਜਾਈਂ ਛਡ, ਨਾਤਾ ਲੋਕਮਾਤ ਤੁੜਾਈਆ । ਆਪਣੇ ਦਰੋਂ ਨਾ ਦੇਵੀਂ ਕਢ, ਮਿੱਟੀ ਖ਼ਾਕ ਵਿਚ ਸਮਾਈਆ । ਮੇਰਾ ਰੂਪ ਕਦੇ ਨਾ ਹੋਵੇ ਕਗ, ਧੱਬਾ ਕੂੜ ਲੱਗੇ ਨਾ ਰਾਈਆ । ਤੂੰ ਸੂਰਬੀਰ ਸੂਰਾ ਸਰਬਗ, ਪ੍ਰਭ ਤੇਰੇ ਹੱਥ ਵਡਿਆਈਆ । ਮੈਂ ਤੇਰਾ ਸਦਾ ਦਰਸ਼ਨ ਲਵਾਂ ਲੱਭ, ਅਵਰ ਲੋੜ ਰਹੇ ਨਾ ਰਾਈਆ । ਆਪਣੇ ਮਿਲਣ ਦਾ ਆਪ ਬਣਾਈਂ ਸਬਬ, ਬੇਪ੍ਰਵਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਲਾਲ ਰੰਗ ਕਹੇ ਪ੍ਰਭ ਕੀਤੀ ਕਿਰਪਾ ਅਗੰਮ, ਅਗੰਮ ਦਿਤੀ ਵਡਿਆਈਆ । ਤੂੰ ਨੂਰ ਨੁਰਾਨੇ ਮੇਰੀ ਧਾਰੋਂ ਪਿਆ ਜੰਮ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਨਾ ਕੋਇ ਹੱਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਨਾ ਕੋਈ ਹਰਖ ਸੋਗ ਗ਼ਮ, ਚਿੰਤਾ ਚਿੱਖਾ ਨਾ ਕੋਇ ਜਲਾਈਆ । ਤੇਰਾ ਜੁਗ ਜੁਗ ਸੋਹਣਾ ਸੁਹੰਜਣਾ ਹੋਵੇ ਕੰਮ, ਨਿਤ ਨਵਿਤ ਚਲਣਾ ਮੇਰੀ ਵਿਚ ਰਜ਼ਾਈਆ । ਤੇਰਾ ਲਹਿਣਾ ਦੇਣਾ ਹੋਵੇ ਨਾਲ ਪਵਣ ਸਵਾਸੀ ਦਮ, ਦਾਮਨਗੀਰ ਆਪ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਦੇਵਾਂ ਬੰਨ੍ਹ, ਬੰਨ੍ਹਣਹਾਰ ਆਪ ਅਖਵਾਈਆ । ਤੂੰ ਮੇਰਾ ਲਾਡਲਾ ਚੰਨ, ਨੂਰ ਨੁਰਾਨਾ ਨਜ਼ਰੀ ਆਈਆ । ਸੁਣ ਹੁਕਮ ਘਨਘੋਰ ਕੰਨ, ਅਨਾਦ ਅਨਾਦੀ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਲਾਲ ਰੰਗ ਮਾਰ ਲੈ ਝਾਕੀ, ਪਰਦਾ ਦਿਆਂ ਚੁਕਾਈਆ । ਮੇਰਾ ਨੂਰ ਨੁਰਾਨਾ ਜੋਤ ਜਵਾਲਾ ਤੇਰੀ ਬਣਾਏ ਪੋਸ਼ਾਕੀ, ਅਸ਼ਟਭੁਜ ਆਪਣਾ ਰੰਗ ਰੰਗਾਈਆ । ਦੈਂਤ ਸਿੰਘਾਰੇ ਸੁੰਭ ਨਿਸੁੰਭ ਖ਼ਾਕੀ, ਖ਼ਾਲਸ ਆਪਣਾ ਬਲ ਪ੍ਰਗਟਾਈਆ । ਸਿੰਘ ਅਸਵਾਰ ਚੜ੍ਹੇ ਰਾਕੀ, ਚਾਰੋਂ ਕੁੰਟ ਵੇਖ ਵਖਾਈਆ । ਅੰਤਮ ਸਭ ਦੀ ਪੂਰੀ ਕਰੇ ਵਾਟੀ, ਲੇਖਾ ਲੋਕਮਾਤ ਮੁਕਾਈਆ । ਆਵੇ ਖ਼ੁਸ਼ੀਆਂ ਵਾਲੀ ਰਾਤੀ, ਮੰਡਲ ਮੰਡਪ ਸੋਭਾ ਪਾਈਆ । ਰਾਹ ਤੱਕੇ ਕਮਲਾਪਾਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਤੂੰ ਜਾਤਾ ਮੈਂ ਤੇਰਾ ਨੂਰ ਜ਼ਾਤੀ, ਜੋਤੀ ਜਾਤੇ ਤੇਰੀ ਵਡ ਵਡਿਆਈਆ । ਤੇਰਾ ਰੂਪ ਤੇਰੀ ਹਯਾਤੀ, ਤੇਰੀ ਜ਼ਿੰਦਗੀ ਤੇਰੇ ਵਿਚ ਰਖਾਈਆ । ਤੂੰ ਸਾਹਿਬ ਇਕ ਅਬਿਨਾਸ਼ੀ, ਜੰਮਣ ਮਰਨ ਵਿਚ ਕਦੇ ਨਾ ਆਈਆ । ਪੁਰਖ ਅਕਾਲ ਖ਼ੁਸ਼ੀਆਂ ਵਿਚ ਕੀਤੀ ਹਾਸੀ, ਹੱਸ ਕੇ ਦਿਤਾ ਦ੍ਰਿੜਾਈਆ । ਸ਼ੰਕਰ ਆ ਜਾ ਉਤੋਂ ਕੈਲਾਸ਼ੀ, ਬ੍ਰਹਮੇ ਬ੍ਰਹਮ ਲੋਕ ਤਜਾਈਆ । ਵਿਸ਼ਨੂੰ ਬਣ ਜਾ ਸੱਚਾ ਸਾਥੀ, ਸਗਲਾ ਸੰਗ ਰਖਾਈਆ । ਸਾਰੇ ਮਿਲ ਕੇ ਮਿਟਾਈਏ ਵਾਟੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਰਹੇ ਨਾ ਰਾਈਆ । ਉਥੇ ਚਲੀਏ ਜਿਥੇ ਮੇਰੀ ਜੋਤ ਜਗੇ ਲਲਾਟੀ, ਲਾਟਾਂ ਵਾਲੀ ਆਪਣਾ ਆਸਣ ਲਾਈਆ । ਜਿਸ ਦਾ ਨਾ ਕੋਈ ਪੂਜਾ ਨਾ ਕੋਈ ਪਾਠੀ, ਇਸ਼ਟ ਦੇਵ ਇਕੋ ਇਕ ਰਖਾਈਆ । ਜੋ ਸਭ ਦੀ ਕਰੇ ਰਾਖੀ, ਰਖਕ ਹੋ ਕੇ ਸ਼ਤਰੂਆਂ ਰਹੀ ਘਾਈਆ । ਸਭ ਨੇ ਖ਼ੁਸ਼ੀਆਂ ਵਿਚ ਮੰਨੀ ਆਖੀ, ਪੁਰਖ ਅਕਾਲ ਅਗੇ ਸੀਸ ਨਿਵਾਈਆ । ਚਲੋ ਚਲੀਏ ਬਣ ਕੇ ਸਤਿ ਸਚ ਦੇ ਬਰਾਤੀ, ਬ੍ਰਹਮਾ ਸ਼ਿਵ ਭੱਜੇ ਚਾਈਂ ਚਾਈਂਆ । ਅਗੇ ਖੇਲ ਤੱਕਿਆ ਬਿਨਾ ਆਫ਼ਤਾਬੀ, ਸੂਰੀਆ ਨਜ਼ਰ ਕੋਇ ਨਾ ਆਈਆ । ਜੰਗਲ ਉਜਾੜ ਬੈਠੀ ਜਿਸ ਦਾ ਨੂਰ ਆਦੀ, ਨੂਰ ਨੁਰਾਨਾ ਨਜ਼ਰੀ ਆਈਆ । ਅਸ਼ਟ ਭੁਜਾਂ ਚੁੱਕ ਕੇ ਲਾਈ ਸਮਾਧੀ, ਸ਼ਸਤਰ ਹੱਥਾਂ ਵਿਚ ਟਿਕਾਈਆ । ਸ਼ਕਤੀ ਸ਼ਸਤਰ ਪੁਰਖ ਅਕਾਲ ਇਮਦਾਦੀ, ਦੂਜੀ ਲੋੜ ਰਹੀ ਨਾ ਰਾਈਆ । ਝਟ ਹੁਕਮ ਮਿਲਿਆ ਜਵਾਬੀ, ਪਰਮ ਪੁਰਖ ਦਿਤਾ ਸੁਣਾਈਆ । ਇਹ ਲੇਖਾ ਨਹੀਂ ਕੋਈ ਕਿਤਾਬੀ, ਅੱਖਰਾਂ ਵਾਲੀ ਨਾ ਕੋਈ ਪੜ੍ਹਾਈਆ । ਹੁਕਮ ਵਿਚ ਕੀਤਾ ਖਿਤਾਬੀ, ਸੰਦੇਸ਼ਾ ਇਕ ਸੁਣਾਈਆ । ਲਾਲ ਦੀ ਧਾਰ ਲਾਲ ਭੂਸ਼ਣ ਵਾਲੀਏ, ਤੇਰੀ ਧੁਰ ਦੇ ਲਾਲ ਨਾਲ ਅੱਜ ਸ਼ਾਦੀ, ਸ਼ਹਿਨਸ਼ਾਹ ਦੂਲ੍ਹਾ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਲਾਲ ਰੰਗ ਧਰਮ ਦੀ ਧਾਰ ਉਤੇ ਬਹਿਣਾ ਨਾਲ ਮਜਾਜੀ, ਸਿੰਘਾਸਣ ਸਚ ਦਾ ਇਕ ਬਣਾਈਆ । ਦੁਰਗਾ ਅਗੇ ਰੂਪ ਧਰ ਕੇ ਆਪਣੀ ਸਾਧਨਾ ਸਾਧੀ, ਸਚ ਸਚ ਰੰਗ ਰੰਗਾਈਆ । ਝਟ ਵਿਸ਼ਨ ਬ੍ਰਹਮਾ ਸ਼ਿਵ ਬਣ ਗਏ ਢਾਡੀ, ਬਿਨਾ ਹੱਥਾਂ ਤਾਲੀ ਦਿਤੀ ਵਜਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਗਾਇਆ ਗਾਥੀ, ਦੂਜਾ ਰਾਗ ਨਾ ਕੋਇ ਸੁਣਾਈਆ । ਝਟ ਸੰਦੇਸਾ ਦਿਤਾ ਪੁਰਖ ਅਕਾਲ ਹੁਕਮ ਸਫ਼ਾਤੀ, ਸ਼ਬਦੀ ਧਾਰ ਦ੍ਰਿੜਾਈਆ । ਮੇਰਾ ਖੇਲ ਸਦਾ ਅਨਾਦੀ, ਜਿਸ ਨੂੰ ਕੋਈ ਨਾ ਮੇਟ ਮਿਟਾਈਆ । ਜੁਗ ਬਦਲਣ ਦੀ ਮੈਨੂੰ ਵਾਦੀ, ਕੋਟਨ ਕੋਟ ਚੌਕੜੀਆਂ ਬੈਠੀਆਂ ਸੀਸ ਨਿਵਾਈਆ । ਲਾਲ ਰੰਗ ਕਹੇ ਕੀ ਸਾਚੀ ਸਾਜਣ ਸਾਜੀ, ਸਚ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਧਰਮ ਦਾ ਬਣਾਵਾਂ ਇਕ ਸਮਾਜੀ, ਸਮਝ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਲਾਲ ਰੰਗ ਕਹੇ ਮੈਂ ਤੇਰਾ ਹੁਕਮ ਮੰਨਾ, ਮਨਸਾ ਤੇਰੇ ਵਿਚ ਮਿਲਾਈਆ । ਮੈਂ ਲੱਗਾ ਅੰਗ ਤਨਾ, ਤਤ ਮਿਲ ਕੇ ਆਪਣਾ ਖੇਲ ਵਖਾਈਆ । ਝਟ


੧੮
੨੩

ਪੁਰਖ ਅਕਾਲ ਨੇ ਰੂਪ ਬਣਾਇਆ ਨੰਨ੍ਹਾ, ਨੀਕਣ ਨੀਕਾ ਦਿਤਾ ਵਖਾਈਆ । ਫੇਰ ਧਨਾਢ ਬਣਿਆ ਧਨਾ, ਅਤੋਟ ਅਤੁਟ ਵਰਤਾਈਆ । ਫੇਰ ਜਗਤ ਜਹਾਨ ਵਖਾਇਆ ਬੰਨਾ, ਹਦੂਦਾਂ ਵੰਡ ਵੰਡਾਈਆ । ਫੇਰ ਸਮਝਾਇਆ ਮੈਂ ਆਦਿ ਦਾ ਇਕ ਤੇ ਅੰਤ ਦਾ ਮੇਰਾ ਇਕੋ ਕੰਨਾ, ਦੂਜਾ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਲਾਲ ਰੰਗ ਕਹੇ ਪ੍ਰਭੂ ਮੈਨੂੰ ਕਰੀਂ ਪ੍ਰਵਾਨ, ਦਰ ਤੇਰੇ ਸੀਸ ਨਿਵਾਈਆ । ਮੈਂ ਬੱਚਾ ਤੇਰਾ ਅਣਜਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਨੂੰ ਬਖ਼ਸ਼ਿਸ਼ ਕੀਤੀ ਵਿਚ ਜਹਾਨ, ਧਰਨੀ ਧਵਲ ਧੌਲ ਉਤੇ ਟਿਕਾਈਆ । ਸਦਾ ਮੇਲਾ ਰਖੀਂ ਆਪਣੇ ਨਾਲ, ਮਿਹਰਵਾਨ ਮਿਹਰ ਨਜ਼ਰ ਨਜ਼ਰ ਉਠਾਈਆ । ਸਤਿ ਸਚ ਦਾ ਦੇਵੀਂ ਦਾਨ, ਦਾਤੇ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਿਹਾ, ਲਾਲ ਤੇਰਾ ਰੰਗ ਰੰਗਾਵਾਂਗਾ । ਦੁਰਗਾ ਅਸ਼ਟਭੁਜ ਦੀ ਧਾਰ, ਧਰਨੀ ਧਰਤ ਧਵਲ ਸੁਹਾਵਾਂਗਾ । ਆਪੇ ਪੁਰਖ ਆਪੇ ਨਾਰ, ਕੰਤ ਕੰਤੂਹਲ ਆਪ ਹੋ ਜਾਵਾਂਗਾ । ਆਪੇ ਸੇਜ ਸੁਹੰਜਣੀ ਕਰਾਂ ਭਤਾਰ, ਪਰਮ ਪੁਰਖ ਨੂਰ ਰੁਸ਼ਨਾਵਾਂਗਾ । ਜੁਗ ਜੁਗ ਖੇਲ ਕਰਾਂ ਅਪਾਰ, ਅਪਰੰਪਰ ਸਵਾਮੀ ਹੋ ਕੇ ਵੇਖ ਵਖਾਵਾਂਗਾ । ਤੇਰਾ ਧਰਮ ਦਾ ਧਰਮ ਪਿਆਰ, ਧਰਮ ਦੀ ਧਾਰ ਨਾਲ ਪ੍ਰਗਟਾਵਾਂਗਾ । ਸਤਿਜੁਗ ਸਾਚੇ ਦਿਆਂ ਅਧਾਰ, ਅਵਤਾਰ ਅਠਾਰਾਂ ਨਾਲ ਵਡਿਆਵਾਂਗਾ । ਸਪਤਸ ਰਿਖੀਆਂ ਕਰ ਵਿਚਾਰ, ਤੇਰੀ ਪੱਲੂ ਗੰਢ ਪਵਾਵਾਂਗਾ । ਮੇਰਾ ਖੇਲ ਅਪਰ ਅਪਾਰ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਵਾਂਗਾ । ਲਾਲ ਰੰਗ ਤੇਰਾ ਸੰਤ ਕੁਮਾਰ ਮੀਤਾ, ਬਰਾਹ ਨਾਲ ਵਡਿਆਈਆ । ਯੱਗਅ ਪੁਰਸ਼ ਅਤੀਤਾ, ਹਾਵ ਗਰੀਵ ਨਾਲ ਮਿਲਾਈਆ । ਨਰ ਨਰਾਇਣ ਠਾਂਡਾ ਸੀਤਾ, ਕਪਲ ਮੁਨ ਸੁਖਦਾਈਆ । ਦੱਤਾਤ੍ਰੈ ਚਲਾਏ ਰੀਤਾ, ਰਿਖਵ ਦੇਵ ਵੇਖ ਵਖਾਈਆ । ਤੇਰਾ ਪਿਰਥੂ ਬਣੇ ਮੀਤਾ, ਮਤਸਯ ਮਿਲ ਕੇ ਵੱਜੇ ਵਧਾਈਆ । ਕਛਪ ਤੇਰਾ ਰੰਗ ਜਾਣੇ ਠੀਕਾ, ਧਨੰਤਰ ਆਪਣੀ ਗੰਢ ਪਵਾਈਆ । ਮੋਹਣੀ ਦਵਾਰੇ ਹੋਣਾ ਵਸਨੀਕਾ, ਬ੍ਰਾਹਿਮਣ ਬਾਵਨ ਬਿਰਧ ਨਾਲ ਰਖਾਈਆ । ਹਰੀ ਹਰਿ ਤੇਰਾ ਲੇਖਾ ਜਾਣੇ ਜੀਅ ਕਾ, ਨਰ ਨਰਾਇਣ ਖ਼ੁਸ਼ੀ ਵਖਾਈਆ । ਤੇਰੀਆਂ ਆਸਾਂ ਮਨਸਾਂ ਪੂਰੀਆਂ ਕਰਾਂ ਉਮੀਦਾਂ, ਦੇਵਾਂ ਮਾਣ ਵਡਿਆਈਆ । ਗਜ ਤੇਰੀਆਂ ਰਖੇ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਤੂੰ ਲੋਕਮਾਤ ਸਦਾ ਹੋਣਾ ਵਸਨੀਕਾ, ਸਚ ਦਵਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਲਾਲ ਰੰਗ ਤੇਰਾ ਪੂਰਨ ਹੋਵੇ ਕਾਮ, ਹਰਿ ਕਰਤਾ ਆਪ ਕਰਾਈਆ । ਤਰੇਤਾ ਯੁਗ ਕਰੇ ਪਰਨਾਮ, ਰਾਮ ਪਰਸ ਵੇਖ ਵਖਾਈਆ । ਰਾਮ ਰਾਮਾ ਦਏ ਮਾਣ, ਦਸਰਥ ਬੇਟਾ ਅੰਗ ਲਗਾਈਆ । ਸੀਤਾ ਤੇਰਾ ਝੁਲਾਏ ਨਿਸ਼ਾਨ, ਨਿਸ਼ਾਨਾ ਸਤਿ ਧਰਮ ਪ੍ਰਗਟਾਈਆ । ਬਾਲਮੀਕ ਕਰੇ ਵਖਿਆਨ, ਭੇਵ ਅਭੇਦਾ ਆਪ ਖੁਲਾਈਆ । ਸਭ ਨੇ ਤੈਨੂੰ ਕਰਨਾ ਦਾਨ, ਸਭਾਪਤੀ ਤੇਰਾ ਲੇਖਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੱਤ ਰੰਗ ਤੇਰੀ ਧਰਮ ਧਾਰ ਦੀ ਰਾਸਾ, ਲਾਲ ਰੰਗ ਤੈਨੂੰ ਮਿਲੇ ਵਡਿਆਈਆ । ਤੇਰਾ ਵੇਦ ਵਿਆਸਾ ਖੋਲੇ ਭੇਵ ਖੁਲਾਸਾ, ਪੁਰਾਨ ਅਠਾਰਾਂ ਗਣਤ ਗਿਣਾਈਆ । ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਜਿਸ ਦੀ

ਰਾਸਾ, ਲਾਲ ਰੰਗ ਚੀਰਾ ਸੀਸ ਟਿਕਾਈਆ । ਜਮਨਾ ਤੇਰੀਆਂ ਤੱਕਣੀਆਂ ਸ਼ਾਖ਼ਾਂ, ਗੋਕਲ ਵੇਖੇ ਥਾਉਂ ਥਾਈਂਆ । ਸੁਦਾਮੇ ਪੂਰੀਆਂ ਕਰਨੀਆਂ ਵਾਟਾਂ, ਤੰਦੁਲ ਤੰਦੁਲ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਲਾਲ ਰੰਗ ਤੇਰਾ ਸੋਹਣਾ ਹੋਵੇ ਚੀਰਾ, ਚਿਰੀ ਵਿਛੁੰਨੇ ਵੇਖ ਵਖਾਈਆ । ਜਨ ਭਗਤਾਂ ਦੇਣਾ ਧੀਰਾ, ਧੀਰਜ ਧਰਮ ਧਾਰ ਪ੍ਰਗਟਾਈਆ । ਜਿਸ ਵੇਲੇ ਪ੍ਰਭ ਨੇ ਰਵੀਦਾਸ ਦਾ ਲੇਖੇ ਲਾਉਣਾ ਕਸੀਰਾ, ਲਾਲ ਰੰਗ ਰੰਗਾਂ ਵਿਚੋਂ ਆਪਣਾ ਆਪ ਜਣਾਈਆ । ਨਾਲੇ ਇਸ਼ਾਰਾ ਦੇਣਾ ਮੇਰੇ ਸਾਹਿਬ ਦੇ ਹੱਥ ਸਭ ਦੀਆਂ ਤਕਦੀਰਾਂ, ਬਚਿਆ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਧਰਮ ਦਾ ਧਰਮ ਦੇ ਨਾਲ ਹੋਵੇ ਵਤੀਰਾ, ਧਰਮ ਧਰਮ ਨਾਲ ਬੰਧਾਈਆ । ਜਿਸ ਵੇਲੇ ਸ਼ਰਅ ਦੀਆਂ ਸ਼ਰਅ ਨਾਲ ਬਣੀਆਂ ਜ਼ੰਜੀਰਾਂ, ਹਿੱਸੇ ਜਗਤ ਵੰਡ ਵੰਡਾਈਆ । ਫੇਰ ਤੇਰਾ ਖੇਲ ਬੇਨਜ਼ੀਰਾ, ਨਜ਼ਰ ਤੋਂ ਓਹਲੇ ਦਿਆਂ ਵਖਾਈਆ । ਸਿਰ ਲਥਣੇ ਸਾਧਾਂ ਸੰਤਾਂ ਜਗਤ ਫ਼ਕੀਰਾਂ, ਧਰਨੀ ਲਾਲ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਲਾਲ ਰੰਗ ਓਹ ਤੱਕ ਲੈ ਅਗੰਮੀ ਧਾਰ, ਧਰਨੀ ਦਿਆਂ ਵਖਾਈਆ । ਲੇਖਾ ਮੁਕਣਾ ਤੇਈ ਅਵਤਾਰ, ਮੂਸਾ ਆਵੇ ਵਾਹੋ ਦਾਹੀਆ । ਈਸਾ ਖੇਲ ਕਰੇ ਅਪਾਰ, ਹਜ਼ਰਤ ਹਜ਼ਰਤਾਂ ਪਰਦਾ ਲਾਹੀਆ । ਉਸ ਵੇਲੇ ਤੇਰਾ ਲਾਲ ਰੰਗ ਵੇਖੇ ਜਗਤ ਸੰਸਾਰ, ਚਾਰੋਂ ਕੁੰਟ ਧਿਆਨ ਲਗਾਈਆ । ਈਸਾ ਕਰੇ ਵਿਚਾਰ, ਵਿਚਰ ਕੇ ਦਏ ਸੁਣਾਈਆ । ਸੁਣੋ ਮੁਰੀਦੋ ਹਾਲ, ਮੁਰਸ਼ਦ ਹੋ ਕੇ ਭੇਵ ਖੁਲਾਈਆ । ਮੇਰੀ ਵੇਖਣਾ ਮਿੱਟੀ ਖਾਲ, ਤਨ ਵਜੂਦ ਨਜ਼ਰੀ ਆਈਆ । ਜਿਸ ਵੇਲੇ ਮੈਨੂੰ ਛੁਰੀਆਂ ਨਾਲ ਕਰਨ ਹਲਾਲ, ਲਾਲ ਰੰਗ ਮੇਰੇ ਸੀਨੇ ਵਿਚੋਂ ਕਢਾਈਆ । ਫੇਰ ਅੰਤਮ ਵੀਹਵੀਂ ਸਦੀ ਸਭ ਨੇ ਹੋਣਾ ਬੇਹਾਲ, ਬਿਹਬਲ ਹੋ ਕੇ ਰੋਵੇ ਲੋਕਾਈਆ । ਮੇਰਾ ਬਾਪ ਹੋਵੇ ਕਿਰਪਾਲ, ਕਿਰਪਾਨਿਧ ਇਕ ਅਖਵਾਈਆ । ਅਸਮਾਨਾਂ ਤੋਂ ਉਤਰੇ ਮਾਰ ਕੇ ਛਾਲ, ਜੰਮਣ ਵਾਲੀ ਦਿਸੇ ਕੋਈ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਪੁਰਖ ਅਕਾਲ ਕਹੇ ਲਾਲ ਰੰਗ ਆਹ ਵੇਖ ਆਪਣਾ ਅਹਿਦ, ਅਹਿਦਨਾਮਾ ਦਿਆਂ ਵਖਾਈਆ । ਜਿਸ ਵੇਲੇ ਮੁਹੰਮਦ ਨੇ ਰੂਪ ਧਰਿਆ ਮੁਜਾਹਿਦ, ਖ਼ੁਦ ਖ਼ੁਦਾ ਦਿਤੀ ਵਡਿਆਈਆ । ਉਸ ਵੇਲੇ ਮਿੱਠਾ ਰਸ ਖਾਧਾ ਸ਼ਹਿਦ, ਸ਼ਾਇਦ ਪ੍ਰਭ ਨੇ ਇਹੋ ਵਸਤ ਝੋਲੀ ਪਾਈਆ । ਨਾਲੇ ਜਨਮ ਦਾ ਦੱਸਿਆ ਸਾਹਿਤ, ਸਾਹਿਤ ਸਤਿ ਵਾਲੀ ਬਣਾਈਆ । ਇਕ ਮੁੱਠੀ ਭਰ ਕੇ ਰੇਤ, ਬਾਲੂ ਆਪਣੇ ਉਤੋਂ ਸੁਟਾਈਆ । ਫੇਰ ਨੂਰੀ ਅੱਲਾ ਖੋਲਿਆ ਭੇਤ, ਪਰਦਾ ਦਿਤਾ ਚੁਕਾਈਆ । ਮਕਿਉਂ ਮਦੀਨੇ ਵੱਲ ਵੇਖ, ਹਿਜ਼ਰ ਕਰਨਾ ਚਾਈਂ ਚਾਈਂਆ । ਤੇਰੀ ਬਦਲ ਜਾਣੀ ਰੇਖ, ਤਕਦੀਰ ਤਦਬੀਰ ਨਾਲ ਤਕਬੀਰ ਆਪਣੀ ਦਏ ਪੜ੍ਹਾਈਆ । ਤੇਰੇ ਨਾਲ ਸਦੀ ਚੌਧਵੀਂ ਦਾ ਹੇਤ, ਚੌਦਾਂ ਸਦ ਦਿਆਂ ਵਡਿਆਈਆ । ਪੈਗ਼ੰਬਰ ਰਣ ਭੂਮੀ ਸੌਣੇ ਖੇਤ, ਤਨ ਨਜ਼ਰ ਕੋਇ ਨਾ ਆਈਆ । ਤੂੰ ਵੇਖ ਲੈ ਨੇਤਨ ਨੇਤ, ਨਿਰਗੁਣ ਧਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਸਤਿ ਕੀਤਾ ਸਜਦਾ, ਸਾਹਿਬ ਸੀਸ ਨਿਵਾਈਆ । ਮੈਂ ਤੇਰਾ ਗ਼ੁਲਾਮ ਬਰਦਾ, ਖ਼ਾਕੀ ਖ਼ਾਕ ਨਜ਼ਰੀ ਆਈਆ । ਜ਼ਰਾ ਭੇਵ ਖੋਲ ਆਪਣੇ ਘਰ ਦਾ, ਗ੍ਰਹਿ ਪਰਦਾ ਦੇ ਚੁਕਾਈਆ । ਪਰਵਰਦਿਗਾਰ ਕਿਹਾ ਚੌਦਾਂ ਤਬਕਾਂ ਅੰਦਰ ਤੇਰਾ ਨੂਰ ਵੜਦਾ, ਜ਼ਹੂਰ ਦਿਆਂ

ਚਮਕਾਈਆ । ਓਹ ਵੇਖ ਲੇਖਾ ਸੀਸ ਧੜ ਦਾ, ਲੇਖਾ ਤੱਕ ਖ਼ਲਕ ਖ਼ੁਦਾਈਆ । ਦੀਨ ਦੀਨ ਨਾਲ ਲੜਦਾ, ਦੁਨੀ ਦੁਨੀ ਨਾਲ ਟਕਰਾਈਆ । ਸਦੀ ਚੌਧਵੀਂ ਵੇਖ ਧਰਨੀ ਨੂੰ ਲਾਲ ਰੰਗ ਚੜ੍ਹਦਾ, ਚੜ੍ਹਦਿਉਂ ਲਹਿੰਦੇ ਆਪਣਾ ਰੂਪ ਪ੍ਰਗਟਾਈਆ । ਮੁਹੰਮਦ ਝਟ ਦੋਵੇਂ ਕੰਨ ਫੜਦਾ, ਵਾਸਤਾ ਪ੍ਰਭ ਦੇ ਅਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਮੁਹੰਮਦ ਕਹੇ ਮੇਰੇ ਮਾਲਕ ਮੇਰੀ ਚੌਦਾਂ ਸਦੀਆਂ ਹੱਦ, ਹਦੂਦ ਦਿਤੀ ਵੰਡਾਈਆ । ਕੀ ਢੋਲਾ ਗਾਵਾਂ ਸਦ, ਕੀ ਕਲਮਾ ਨਾਮ ਸਿਫ਼ਤ ਸਾਲਾਹੀਆ । ਕੀ ਲੇਖਾ ਜਾਣਾ ਜਗ, ਕਾਇਨਾਤ ਦ੍ਰਿੜਾਈਆ । ਦੇਵੇ ਹੁਕਮ ਸੂਰਾ ਸਰਬਗ, ਹਰਿ ਸਹਿਜ ਨਾਲ ਸਮਝਾਈਆ । ਸਦੀ ਚੌਧਵੀਂ ਜਾਣੀ ਲੰਘ, ਆਪਣਾ ਪੰਧ ਮੁਕਾਈਆ । ਤੇਰੀ ਉਮਤ ਕੱਚੀ ਭੱਜ ਜਾਣੀ ਵੰਗ, ਕਾਚੀ ਮਾਟੀ ਰਹਿਣ ਨਾ ਪਾਈਆ । ਸ਼ਰਅ ਦਾ ਸ਼ਰਅ ਨਾਲ ਹੋਣਾ ਜੰਗ, ਸ਼ਰੀਅਤ ਸਕੇ ਨਾ ਕੋਇ ਬਚਾਈਆ । ਚਾਰੋਂ ਕੁੰਟ ਤੱਕਣਾ ਲਾਲ ਰੰਗ, ਬਿਨ ਨੈਣਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਝਟ ਸ਼ਬਦੀ ਧਾਰ ਬੋਲੀ, ਆਲਮੀਨ ਦੇ ਮਾਲਕ ਦਿਆਂ ਜਣਾਈਆ । ਮੇਰੀ ਮੁਹੰਮਦ ਹੱਥ ਫੜਾਈ ਡੋਲੀ, ਸੋਹਣਾ ਜੋੜ ਜੁੜਾਈਆ । ਮੈਂ ਚਲਣਾ ਹੌਲੀ ਹੌਲੀ, ਸਾਲ ਬਸਾਲਾ ਪੰਧ ਮੁਕਾਈਆ । ਮੇਰਾ ਅੰਤ ਅੰਤ ਦਾ ਭੇਵ ਖੋਲੀ, ਪਰਦਾ ਰਹੇ ਨਾ ਰਾਈਆ । ਮੈਂ ਤੇਰੇ ਉਤੋਂ ਘੋਲ ਘੋਲੀ, ਆਪ ਆਪਾ ਭੇਟ ਕਰਾਈਆ । ਤੇਰੀ ਖੇਲ ਸਦਾ ਅਨਮੋਲੀ, ਅਨਮੁੱਲ ਤੇਰੀ ਵਡਿਆਈਆ । ਸਚ ਦੱਸ ਮੇਰੇ ਅੰਤ ਮੁਹੰਮਦ ਦੀ ਰਖੇਂ ਚੋਲੀ, ਕਿ ਆਪਣਾ ਵੇਸ ਵਟਾਈਆ । ਪਰਵਰਦਿਗਾਰ ਕਿਹਾ ਸਦੀ ਚੌਧਵੀਂ ਨਾ ਪਾ ਰੌਲੀ, ਰਹਿਮਤ ਨਾਲ ਸਮਝਾਈਆ । ਮੇਰੀ ਧਾਰ ਅਵਲ ਦੀ ਔਲੀ, ਔਲੀਆ ਸਮਝੇ ਕੋਈ ਨਾ ਰਾਈਆ । ਮੇਰਾ ਕਲਮਾ ਫ਼ਰਮਾਨ ਧੁਰ ਦਾ ਢੋਲੀ, ਸੁਨੇਹੜਾ ਇਕ ਸੁਣਾਈਆ । ਅਮਾਮ ਅਮਾਮਾ ਰੂਪ ਧਰ ਕੇ ਆਵਾਂ ਉਤੇ ਧੌਲੀ, ਧਰਨੀ ਉਤੇ ਵੱਜੇ ਵਧਾਈਆ । ਜਿਹੜਾ ਦੁਰਗਾ ਦੀ ਧਾਰ ਨੱਨ੍ਹਾ ਰੂਪ ਵਖਾਇਆ ਪੁਰਖ ਅਕਾਲ ਪਹਿਲੀ ਆਪਣੀ ਕੀਤੀ ਬੌਹਣੀ, ਆਤਮ ਆਤਮ ਨਾਲ ਵਡਿਆਈਆ । ਉਸ ਵੇਲੇ ਸ਼ਬਦ ਦੀ ਧਾਰ ਜੋਤ ਉਜਿਆਰ ਪ੍ਰਸਿੱਧ ਕਰਾਂ ਧਰਮ ਧਾਰ ਦੀ ਗੋਲੀ, ਚਾਰ ਜੁਗ ਦੀ ਗੋਲਕ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਝਟ ਵਕਤ ਲਿਆ ਤਾੜ, ਨਿਗਾਹ ਨਿਗਾਹ ਵਿਚੋਂ ਉਠਾਈਆ । ਜਾਂ ਦਿਵਸ ਤੱਕਿਆ ਉਹ ਦਿਵਸ ਸੀ ਤਿੰਨ ਹਾੜ, ਹਾੜਾ ਕਢ ਕੇ ਸੀਸ ਨਿਵਾਈਆ । ਹੁਣ ਮੁਹੰਮਦ ਦਾ ਲੇਖਾ ਹੋਣਾ ਵਿਚ ਉਜਾੜ, ਭੱਜਣਾ ਵਾਹੋ ਦਾਹੀਆ । ਕੀ ਤੇਰਾ ਖੇਲ ਪਰਵਰਦਿਗਾਰ, ਸਾਂਝੇ ਯਾਰ ਦੇਣਾ ਸਮਝਾਈਆ । ਕੀ ਵੇਸ ਵਟਾਏਂ ਅੰਤਮ ਵਾਰ, ਮੇਰਾ ਲਹਿਣਾ ਮੇਰੀ ਝੋਲੀ ਪਾਈਆ । ਝਟ ਕਲਮੇ ਦਾ ਹੋਇਆ ਇਜ਼ਹਾਰ, ਬਸਰੀ ਇਸਮ ਤੋਂ ਬਾਹਰ ਸਮਝਾਈਆ । ਹੋ ਜਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਅਮਾਮ ਅਮਾਮਾ ਨੂਰ ਨੂਰਾਨਾ ਹੋਣਾ ਉਜਿਆਰ, ਜੋਤੀ ਜੋਤ ਡਗਮਗਾਈਆ । ਮੁਹੰਮਦ ਦਾ ਲਹਿਣਾ ਦੇਣਾ ਕਰਜ਼ਾ ਦਿਆਂ ਉਤਾਰ, ਸਦੀ ਚੌਧਵੀਂ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੂਪ ਇਕ ਦਰਸਾਈਆ । ਸਦੀ ਚੌਧਵੀਂ ਕਹੇ ਮੇਰੀ ਅੰਤ ਅਖ਼ੀਰੀ ਇਕ ਅਰਜ਼ੋਈ, ਅਰਜ਼ ਆਰਜ਼ੂ ਨਾਲ ਮਿਲਾਈਆ । ਕਿਸ ਦਵਾਰੇ ਮਿਲੇ ਢੋਈ, ਮੈਂ ਢੋਆ ਲੈ ਕੇ ਆਵਾਂ

੨੧
੨੩

ਚਾਈਂ ਚਾਈਂਆ । ਮੈਨੂੰ ਤੇਰਾ ਨਾਮ ਦਰੋਹੀ, ਦਰੋਹੀ ਦਰੋਹੀ ਕਹਿ ਕੇ ਸੀਸ ਨਿਵਾਈਆ । ਪਰਵਰਦਿਗਾਰ ਹੱਸ ਕੇ ਕਿਹਾ ਏਸ ਭੇਵ ਨੂੰ ਜਾਣੇ ਕੋਈ, ਪਰਦਾ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਜਿਸ ਵੇਲੇ ਤੇਰੀ ਗੋਲੀ ਨੇ ਕਿਹਾ ਹੁਣ ਮੈਂ ਮੋਈ, ਮਰ ਮਰ ਆਪਣਾ ਜੀਵਣ ਆਪਣੇ ਲੇਖੇ ਪਾਈਆ । ਉਸ ਵੇਲੇ ਕਲਾ ਵਰਤਣੀ ਓਹੀ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਲਾਲ ਰੰਗ ਲਾਲਣ ਨਾਲ ਜਾਣਾ ਛੋਹੀ, ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਤਿੰਨ ਹਾੜ ਕਹੇ ਮੈਂ ਸੁਣਿਆ ਹੁੰਦਾ ਵੇਖਿਆ ਖਿਤਾਬ, ਮੁਖ਼ਾਤਬ ਹੋ ਕੇ ਧੁਰ ਦਾ ਹੁਕਮ ਜਣਾਈਆ । ਅੰਤ ਖੇਲ ਦੱਸਣਾ ਉਤੇ ਕਿਨਾਰੇ ਫ਼ਰਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਲਾਲ ਰੰਗ ਨੇ ਵੇਖਣਾ ਮਾਰ ਝਾਤ, ਗੋਲੀ ਤਨ ਦੇ ਨਾਲ ਛੁਹਾਈਆ । ਲੇਖਾ ਲਿਖਣਾ ਕਲਮ ਦਵਾਤ, ਜਿਸ ਦਾ ਹਰਫ਼ ਹਰੂਫ਼ ਸਮਝ ਕਿਸੇ ਨਾ ਆਈਆ । ਝਟ ਮੁਹੰਮਦ ਨੇ ਲਿਆ ਤਾਕ, ਨਿਗਹ ਨਿਗਹ ਵਿਚੋਂ ਬਦਲਾਈਆ । ਮੇਰਾ ਵਜੂਦ ਮਿਲਣਾ ਨਾਲ ਮਾਟੀ ਖ਼ਾਕ, ਉਸ ਵੇਲੇ ਮੇਰਾ ਮਕਬਰਾ ਦਏ ਗਵਾਹੀਆ । ਮਦੀਨੇ ਵਿਚੋਂ ਆਏ ਆਵਾਜ਼, ਤੂੰ ਹੀ ਤੂੰ ਹੀ ਰਾਗ ਅਲਾਈਆ । ਤੂੰ ਮੇਰਾ ਹਕ ਜਨਾਬ, ਸ਼ਹਿਨਸ਼ਾਹ ਆਲੀਜਾਹ ਅਖਵਾਈਆ । ਜਿਸ ਵੇਲੇ ਮੇਰੇ ਮਹਿਬੂਬ ਮਾਲਕ ਨੇ ਛਡ ਦਿਤਾ ਪੰਜਾਬ, ਪੰਚ ਵਿਕਾਰ ਰੋਵਣ ਮਾਰਨ ਧਾਹੀਂਆ । ਪੰਜਾਂ ਤਤਾਂ ਲੱਗਣੀ ਆਗ, ਚਾਰੋਂ ਕੁੰਟ ਨਾ ਕੋਇ ਬੁਝਾਈਆ । ਜੋਤੀ ਨੂਰ ਦਾ ਜਗਣਾ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਗੁਰਮੁਖਾਂ ਗੁਰਸਿਖਾਂ ਨੂੰ ਮਿਲਣਾ ਅਗੰਮਾ ਦਾਜ, ਦਾਤਾ ਦਾਨੀ ਆਪ ਵਰਤਾਈਆ । ਲਾਲ ਰੰਗ ਕਹੇ ਗੋਲੀ ਦੀ ਚੋਲੀ ਨੇ ਸਭ ਨੂੰ ਲਾਉਣੀ ਆਗ, ਅੱਗ ਭੜਕੇ ਥਾਉਂ ਥਾਈਂਆ । ਫੇਰ ਲੇਖਾ ਦੱਸਣਾ ਵਿਚ ਬਗ਼ਦਾਦ, ਬਗ਼ਲਗੀਰ ਬਣ ਕੇ ਧੁਰ ਦਾ ਮਾਹੀਆ । ਸ਼ਰਅ ਦਾ ਝਗੜਾ ਮੇਟਣਾ ਸ਼ਤਾਬ, ਛੁਰੀ ਪਕੜੇ ਨਾ ਕੋਇ ਕਸਾਈਆ । ਇਕੋ ਮਾਲਕ ਨੂੰ ਅਦਬ ਹੋਣਾ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਅੰਤ ਦਾ ਆਦਿ, ਆਦਿ ਦਾ ਅੰਤ ਆਪਣੇ ਵਿਚ ਰਖਾਈਆ ।



### ✪ ੧੧ ਹਾੜ ਸ਼ਹਿਨਸ਼ਾਹੀ ਸੰਮਤ ੮ ਦਿੱਲੀ ਹਰਭਜਨ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਕਹੇ ਮੈਂ ਜਗਤ ਵਿਚੋਲਾ, ਆਦਿ ਅੰਤ ਜੁਗ ਜੁਗ ਸੇਵ ਕਮਾਈਆ । ਨਿਰਗੁਣ ਧਾਰ ਸਰਗੁਣ ਸੁਣਾਵਾਂ ਢੋਲਾ, ਆਤਮ ਪਰਮਾਤਮ ਪਰਦਾ ਆਪ ਚੁਕਾਈਆ । ਸਚ ਸਵਾਮੀ ਮਾਲਕ ਦੱਸਾਂ ਮੌਲਾ, ਖ਼ਾਲਕ ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਅੰਮ੍ਰਿਤ ਰਸ ਨਿਝਰ ਦੇਵਾਂ ਬੂੰਦ ਸਵਾਂਤੀ ਕਵਲਾ, ਮਿਹਰਵਾਨ ਮਿਹਰ ਮਿਹਰ ਨਜ਼ਰ ਉਠਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਬਦਲ ਦੇਵਾਂ ਚੋਲਾ, ਚੋਲੀ ਧੁਰ ਦੇ ਰੰਗ ਰੰਗਾਈਆ । ਮਨੂਆ ਮਨਸਾ ਬਣਾ ਕੇ ਗੋਲਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਬਜਰ ਕਪਾਟੀ ਪਰਦਾ ਖੋਲਾ, ਤ੍ਰੈਗੁਣ ਲੇਖਾ ਦਿਆਂ ਮੁਕਾਈਆ । ਤ੍ਰਿਸ਼ਨਾ ਜਗਤ ਪਾਏ ਨਾ ਰੌਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਤਿ ਸਚ ਦਾ ਜਾਪ, ਰਸਨਾ ਜਿਹਵਾ ਕਹਿਣ ਕੋਇ ਨਾ ਪਾਈਆ । ਕਿਰਪਾ ਕਰੇ ਪਰਮ ਪੁਰਖ

ਪ੍ਰਭ ਆਪ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਅੰਧ ਅੰਧੇਰਾ ਮੇਟੇ ਰਾਤ, ਬਿਨ ਸੂਰੀਆ ਚੰਦ ਕਰੇ ਰੁਸ਼ਨਾਈਆ । ਆਤਮ ਪਰਦਾ ਖੋਲ੍ਹੇ ਤਾਕ, ਓਹਲਾ ਰਹਿਣ ਕੋਇ ਨਾ ਪਾਈਆ । ਨਿਰਗੁਣ ਹੋ ਕੇ ਸਰਗੁਣ ਪੁਛੇ ਵਾਤ, ਵਾਕਫਕਾਰ ਇਕ ਅਖਵਾਈਆ । ਰੂਹ ਬੁਤ ਕਰੇ ਪਾਕ, ਪਤਤ ਪੁਨੀਤ ਆਪਣੇ ਹੱਥ ਰਖੇ ਵਡਿਆਈਆ । ਸਚ ਮੰਜ਼ਲ ਚੜ੍ਹਾਏ ਘਾਟ, ਅਗਲਾ ਪੰਧ ਦਏ ਮੁਕਾਈਆ । ਸਚ ਪ੍ਰੀਤੀ ਬਖ਼ਸ਼ੇ ਖਾਟ, ਸਿੰਘਾਸਣ ਆਸਣ ਇਕ ਵਡਿਆਈਆ । ਜਨਮ ਜਨਮ ਦੀ ਕਰਮ ਕਰਮ ਦੀ ਦੁਰਮਤ ਮੈਲ ਦੇਵੇ ਕਾਟ, ਕਟਾਕਸ਼ ਆਪਣਾ ਨਾਮ ਰਖਾਈਆ । ਸਚ ਦਵਾਰ ਵਖਾਏ ਹਾਟ, ਵਸਤ ਅਮੋਲਕ ਅਗੰਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਾਲਕ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਦਾਤਾ ਗੁਣੀ ਗਹੀਰ, ਗਹਿਰ ਗਵਰ ਇਕ ਅਖਵਾਈਆ । ਮੇਰੀ ਨਜ਼ਰ ਨਾ ਆਏ ਕਿਸੇ ਤਸਵੀਰ, ਤਸੱਵਰ ਮੁਸੱਵਰ ਨਾ ਕੋਇ ਜਣਾਈਆ । ਮੇਰੀ ਆਦਿ ਅੰਤ ਜੁਗ ਜੁਗ ਜਗਤ ਵਿਚ ਤਦਬੀਰ, ਤਰੀਕਾ ਆਪਣੇ ਹੱਥ ਰਖਾਈਆ । ਜਿਸ ਦਾ ਹੋਕਾ ਦਿਤਾ ਕਬੀਰ, ਕਬਰਾਂ ਤੋਂ ਬਾਹਰ ਸੁਣਾਈਆ । ਉਹ ਮਾਲਕ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਦੀ ਮੰਜ਼ਲ ਹਕ ਅਖ਼ੀਰ, ਖ਼ਾਲਕ ਖ਼ਲਕ ਨੂਰ ਅਲਾਹੀਆ । ਸੋ ਕਾਇਆ ਚੋਲੀ ਬਦਲੇ ਚੀਰ, ਚਿਰੀ ਵਿਛੁੰਨੇ ਲਏ ਮਿਲਾਈਆ । ਜਨਮ ਕਰਮ ਦੀ ਮੇਟੇ ਤਕਦੀਰ, ਤੱਕਬਰ ਮਨ ਰਹੇ ਨਾ ਰਾਈਆ । ਨਾਮ ਖੰਡਾ ਫੜ ਸ਼ਮਸ਼ੀਰ, ਸ਼ਰਅ ਦਾ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜੋ ਜਨ ਭਗਤਾਂ ਦੇਵੇ ਜੋਤ ਪ੍ਰਕਾਸ਼, ਕਾਇਆ ਮੰਡਲ ਮੰਡਪ ਕਰੇ ਰੁਸ਼ਨਾਈਆ । ਅਗਿਆਨ ਅੰਧੇਰਾ ਹੋਏ ਵਿਨਾਸ, ਕੂੜੀ ਕਿਰਿਆ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਜਾਪ, ਜਗ ਜੀਵਣ ਦਾਤਾ ਆਪਣੇ ਰੰਗ ਰੰਗਾਈਆ । ਤ੍ਰੈਗੁਣ ਮੇਟ ਕੇ ਕੂੜੇ ਤਾਪ, ਅੰਮ੍ਰਿਤ ਮੇਘ ਇਕ ਬਰਸਾਈਆ । ਦਰਸ਼ਨ ਦੇਵੇ ਸਾਖਿਆਤ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਗੁਰ ਗੁਰ ਸਤਿਗੁਰ ਖੇਲੇ ਅੰਤਰ ਦ੍ਰਿਸ਼ਟ, ਦੁਤੀਆ ਭਾਉ ਰਹੇ ਨਾ ਰਾਈਆ । ਜੋਤੀ ਜਾਤਾ ਬਣ ਕੇ ਇਸ਼ਟ, ਇਸ਼ਟ ਦੇਵ ਇਕ ਅਖਵਾਈਆ । ਜਿਸ ਦਾ ਸੰਦੇਸ਼ਾ ਦਿਤਾ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਉਸ ਦਾ ਲੇਖਾ ਕੋਈ ਨਾ ਜਾਣਾ ਵਿਚ ਲਿਖਤ, ਅੱਖਰਾਂ ਅੰਕ ਨਾ ਕੋਇ ਬਣਾਈਆ । ਬਾਲਮੀਕ ਦਿਤਾ ਭਵਿਖਤ, ਭਵਿਸ਼ ਇਕ ਦ੍ਰਿੜਾਈਆ । ਜਿਸ ਦਾ ਲਹਿਣਾ ਨਾ ਟਾਂਕ ਨਾ ਜਿਸਤ, ਏਕਾ ਦੂਆ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਅੰਤਰ ਦੇਵੇ ਬ੍ਰਹਮ ਗਿਆਨ, ਪਾਰਬ੍ਰਹਮ ਪ੍ਰਭ ਭੇਵ ਅਭੇਦ ਖੁਲਾਈਆ । ਸ਼ਬਦ ਸੁਣਾਏ ਬਿਨਾ ਕਾਨ, ਧੁਨ ਅਨਾਦੀ ਅਨਹਦ ਆਪ ਵਜਾਈਆ । ਨਿਝਰ ਰਸ ਦੇਵੇ ਪੀਣ ਖਾਣ, ਅੰਮ੍ਰਿਤ ਝਿਰਨਾ ਆਪ ਝਿਰਾਈਆ । ਈੜਾ ਪਿੰਗਲ ਸੁਖਮਨ ਢੋਲੇ ਪ੍ਰਭ ਦੇ ਗਾਣ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਜੋਤੀ ਜਾਤਾ ਪੁਰਖ ਬਿਧਾਤਾ ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਜਨ ਭਗਤਾਂ

ਸਾਚੇ ਸੰਤਾਂ ਦੇਵੇ ਦਾਨ, ਦਾਤਾ ਦਾਨੀ ਖ਼ਾਲੀ ਝੋਲੀ ਆਪ ਭਰਾਈਆ । ਸੋਈ ਸੁਰਤ ਕਰਾਏ ਸਵਾਧਾਨ, ਸੁਰਤੀ ਸੁਰਤ ਸੁਰਤ ਉਠਾਈਆ । ਉਠ ਵੇਖ ਮਾਰ ਧਿਆਨ, ਕਾਇਆ ਮੰਦਰ ਨੈਣ ਉਠਾਈਆ । ਗ੍ਰਿਹਿ ਵੇਖ ਸ਼ਾਹ ਸੁਲਤਾਨ, ਸ਼ਹਿਨਸ਼ਾਹ ਬੇਪ੍ਰਵਾਹੀਆ । ਜਿਸ ਨੂੰ ਜੁਗ ਚੌਕੜੀ ਸ਼ਾਸਤਰ ਗਾਣ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਸੋ ਭਗਤਾਂ ਮਿਲੇ ਆਪ ਆਣ, ਦੂਸਰ ਸੰਗ ਨਾ ਕੋਇ ਰਖਾਈਆ । ਕਾਇਆ ਮੰਦਰ ਦੀਪ ਜੋਤ ਜਗਾਏ ਮਹਾਨ, ਬਿਨ ਤੇਲ ਬਾਤੀ ਅੱਠੇ ਪਹਿਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਆਦਿ ਅੰਤ ਦਾ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਜਨ ਭਗਤਾਂ ਜੋਤ ਜਗਾਏ ਬਿਨ ਤੇਲ ਬਾਤੀ, ਨੂਰੋ ਨੂਰ ਡਗਮਗਾਈਆ । ਸੋਵਤ ਜਾਗਤ ਦਰਸ ਦੇਵੇ ਬਹੁਭਾਤੀ, ਅਨਕ ਕਲਧਾਰੀ ਆਪਣੀ ਕਲ ਪ੍ਰਗਟਾਈਆ । ਦੋ ਜਹਾਨਾਂ ਪੁਛੇ ਵਾਤੀ, ਏਥੇ ਓਥੇ ਹੋਏ ਸਹਾਈਆ । ਨਿਰਗੁਣ ਸਰਗੁਣ ਬਣ ਕੇ ਸਾਥੀ, ਸਗਲਾ ਸੰਗ ਬਣਾਈਆ । ਜਨਮ ਜਨਮ ਦੀ ਮੇਟੇ ਵਾਟੀ, ਕਰਮ ਕਰਮ ਦਾ ਲੇਖਾ ਰਹੇ ਨਾ ਰਾਈਆ । ਮਨੂਆ ਮਨਸਾ ਖੇਲ ਮੁਕਾਏ ਬਾਜ਼ੀਗਰ ਨਾਟੀ, ਨਟੂਆ ਸਵਾਂਗ ਨਾ ਕੋਇ ਜਣਾਈਆ । ਨਿਰਗੁਣ ਜੋਤ ਜਗਾਏ ਲਲਾਟੀ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਗ੍ਰਿਹਿ ਇਕ ਵਖਾਈਆ । ਸਚ ਗ੍ਰਿਹਿ ਦੀਪਕ ਜੋਤੀ ਜਾਏ ਜਗ, ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਕਿਰਪਾ ਕਰੇ ਸੂਰਾ ਸਰਬਗ, ਪੁਰਖ ਅਕਾਲਾ ਦੀਨ ਦਿਆਲਾ ਆਪਣੀ ਦਇਆ ਕਮਾਈਆ । ਹੰਸ ਬੁੱਧੀ ਰਹੇ ਨਾ ਕਗ, ਸਤਿ ਸਚ ਵਿਚ ਮਿਲਾਈਆ । ਦਰਸ਼ਨ ਦੇਵੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪਰਦਾ ਲਾਹੀਆ । ਤ੍ਰੈਗੁਣ ਮਾਇਆ ਬੁਝਾਏ ਅੱਗ, ਅਗਨੀ ਅੱਗ ਨਾ ਕੋਇ ਤਪਾਈਆ । ਨੌਂ ਦਵਾਰੇ ਪੈਂਡਾ ਮੁਕੇ ਹੱਦ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਆਤਮ ਪਰਮਾਤਮ ਪਏ ਲੱਭ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਗ੍ਰਿਹਿ ਪ੍ਰਕਾਸ਼ ਹੋਵੇ ਦੀਪਕ ਜੋਤੀ ਕਰੇ ਡਗਮਗ, ਲਲਾਟ ਲਲਾਟੀ ਸੋਭਾ ਪਾਈਆ । ਅੰਧੇਰਾ ਰਹੇ ਨਾ ਡੂੰਘੀ ਖੱਡ, ਕਾਇਆ ਖੰਡਰ ਹੋਏ ਰੁਸ਼ਨਾਈਆ । ਆਤਮ ਪਰਮਾਤਮ ਹੋਏ ਕਦੇ ਨਾ ਅੱਡ, ਵਿਛੋੜਾ ਜਗਤ ਰਹੇ ਨਾ ਰਾਈਆ । ਸੁਰਤ ਸ਼ਬਦ ਨਾ ਜਾਏ ਛਡ, ਸਵਾਣੀ ਆਪਣੇ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਹੋਵੇ ਛੰਦ, ਸੋਹੰ ਢੋਲਾ ਧੁਰਦਰਗਾਹੀਆ । ਖ਼ੁਸ਼ੀ ਰਹੇ ਬੰਦ ਬੰਦ, ਬੰਦਨਾ ਇਕੋ ਇਕ ਸਮਝਾਈਆ । ਆਵਣ ਜਾਵਣ ਲੱਖ ਚੁਰਾਸੀ ਮੁਕੇ ਪੰਧ, ਰਾਏ ਧਰਮ ਨਾ ਦਏ ਸਜ਼ਾਈਆ । ਜਗਤ ਜਹਾਨ ਕੂੜ ਸਾਗਰ ਮੰਜ਼ਲ ਜਾਏ ਲੰਘ, ਮਮਤਾ ਵਹਿਣ ਨਾ ਕੋਇ ਵਹਾਈਆ । ਪੁਰਖ ਅਕਾਲਾ ਦੀਨ ਦਿਆਲਾ ਆਤਮ ਸੇਜਾ ਸੋਹੇ ਆਪ ਪਲੰਘ, ਬਿਨ ਪਾਵੇ ਚੂਲ ਆਪ ਟਿਕਾਈਆ । ਘਰ ਨੂਰ ਨੁਰਾਨਾ ਚੜ੍ਹੇ ਚੰਦ, ਬਿਨ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਜੋਤੀ ਜਾਤਾ, ਆਤਮ ਪਰਮਾਤਮ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਜੋੜਾਂ ਨਾਤਾ, ਜੀਵ ਈਸ਼ ਗੰਢ ਵਖਾਈਆ । ਸੁਰਤ ਸ਼ਬਦ ਬਖ਼ਸ਼ਾਂ ਅਗੰਮੀ ਦਾਤਾ, ਵਸਤ ਅਮੋਲਕ ਇਕ ਵਰਤਾਈਆ । ਮਸਤਕ ਰੇਖ ਬਦਲ ਦੇਵਾਂ ਮਾਥਾ, ਬਿਧਨਾ ਨਿਉਂ ਨਿਉਂ ਸੀਸ ਨਿਵਾਈਆ । ਆਦਿ ਅੰਤ ਸ੍ਰੀ ਭਗਵੰਤ ਪਰਮ ਪੁਰਖ ਜੋਤੀ ਜਾਤਾ, ਜਾਗਰਤ ਜੋਤ ਬਿਨ ਵਰਨ ਗੋਤ ਇਕ ਅਖਵਾਈਆ । ਨਿਰਗੁਣ

ਨਿਰਾਕਾਰ ਜਨ ਭਗਤਾਂ ਦਰਸ਼ਨ ਦੇਵੇ ਸਾਖਿਆਤਾ, ਘਟ ਨਿਵਾਸੀ ਪੁਰਖ ਅਬਿਨਾਸ਼ੀ ਨੂਰ ਨੁਰਾਨਾ ਮਰਦ ਮਰਦਾਨਾ ਨਜ਼ਰੀ ਆਈਆ । ਜਿਸ ਦਾ ਖੇਲ ਵੇਖੇ ਵਿਸ਼ਨ ਵਿਸ਼ਵ ਧਾਰ ਪ੍ਰਕਾਸ਼ਾ, ਬ੍ਰਹਮਾ ਬ੍ਰਹਮ ਖੋਜ ਖੁਜਾਈਆ । ਸ਼ੰਕਰ ਰਾਹ ਤੱਕੇ ਉਤੇ ਆਕਾਸ਼ਾ, ਅਕਲ ਕਲਧਾਰੀ ਕੀ ਆਪਣੀ ਖੇਲ ਵਖਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਪੁਰਖ ਅਕਾਲ ਪਰਵਰਦਿਗਾਰ ਸਾਂਝਾ ਯਾਰ ਆਤਮ ਨੂਰ ਨੂਰ ਜੋਤ ਪ੍ਰਕਾਸ਼ਾ, ਜਿਸ ਦਾ ਪ੍ਰਕਾਸ਼ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖੇ ਆਪਣਾ ਖੇਲ ਤਮਾਸ਼ਾ, ਖ਼ਾਲਕ ਖ਼ਲਕ ਮਖ਼ਲੂਕ ਆਪਣਾ ਖੇਲ ਵਖਾਈਆ ।

✪ ੧੫ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਸੁਰਜੀਤ ਕੌਰ ਨਾਥੇਵਾਲ ਨਵਿਤ ✪

ਹਾੜ ਕਹੇ ਮੇਰੇ ਅੰਤਰ ਹੋਈ ਹੈਰਾਨੀ, ਹਰ ਹਿਰਦਾ ਵੇਖ ਵਖਾਈਆ । ਕਿਉਂ ਕਲਜੁਗ ਕੂੜ ਚੜ੍ਹੀ ਤੁਗ਼ਿਆਨੀ, ਚਾਰੋਂ ਕੁੰਟ ਲਹਿਰ ਉਠਾਈਆ । ਝਗੜਾ ਪਿਆ ਚਾਰੇ ਖਾਣੀ, ਚਾਰ ਕੁੰਟ ਰੋਵੇ ਮਾਰੇ ਧਾਹੀਂਆ । ਧੁਰ ਦੀ ਸਮਝੇ ਕੋਇ ਨਾ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਮਨੂਆ ਮਨ ਹੋਇਆ ਅਭਿਮਾਨੀ, ਨਿਵਣ ਸੁ ਅੱਖਰ ਨਾ ਕੋਇ ਪੜ੍ਹਾਈਆ । ਸ਼ਰਅ ਛੁਰੀ ਬਣੀ ਸ਼ੈਤਾਨੀ, ਸ਼ਰੀਅਤ ਪੰਧ ਨਾ ਕੋਇ ਮੁਕਾਈਆ । ਆਤਮ ਬ੍ਰਹਮ ਜਾਣੇ ਨਾ ਕੋਇ ਨਿਸ਼ਾਨੀ, ਮੰਜ਼ਲ ਹਕ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਹਾੜ ਕਹੇ ਮੇਰਾ ਅੰਤਰ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਕੀ ਖੇਲ ਸਿਰਜਣਹਾਰ, ਕੀ ਕਰਤਾ ਰਿਹਾ ਕਰਾਈਆ । ਮੈਂ ਤੱਕਿਆ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਿਆਂ ਦ੍ਰਿੜਾਈਆ । ਮਿਤਰੋ ਮਿਤਰਾਂ ਦਾ ਰਿਹਾ ਕੋਈ ਨਾ ਯਾਰ, ਯਰਾਨਾ ਹਕ ਨਾ ਕੋਇ ਨਿਭਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਾਵੇ ਕੋਇ ਨਾ ਸਾਰ, ਮਹਾਸਾਰਥੀ ਮਿਲਣ ਕੋਇ ਨਾ ਪਾਈਆ । ਦਰੋਹੀ ਸਭ ਦੀ ਮੰਜ਼ਲ ਹੋਈ ਦੁਸ਼ਵਾਰ, ਦੁਸ਼ਮਣ ਖੈ ਨਾ ਕੋਇ ਕਰਾਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਮੇਰੇ ਮਾਲਕ ਮੈਂ ਤੇਰਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਤੇਰੀ ਕਿਰਪਾ ਧੁਰ ਦੇ ਪਰਵਰਦਿਗਾਰ, ਯਾਮਬੀਨ ਤੇਰੀ ਵਡਿਆਈਆ । ਮੈਂ ਤੱਕਾਂ ਝੁਕਦੇ ਚਾਰ ਯਾਰ, ਚਾਰੋਂ ਕੁੰਟ ਸੀਸ ਨਿਵਾਈਆ । ਸਜਦੇ ਕਰਦੇ ਅਹਿਲਕਾਰ, ਨਵ ਸੱਤ ਦੇਣ ਗਵਾਹੀਆ । ਕੀ ਹੁਕਮ ਸੱਚੀ ਸਰਕਾਰ, ਕੀ ਕਰਤਾ ਕਾਰ ਭੁਗਤਾਈਆ । ਜਿਸ ਨੂੰ ਈਸਾ ਕਿਹਾ ਪੁਕਾਰ, ਮੇਰਾ ਬਾਪ ਅਗੰਮ ਅਥਾਹੀਆ । ਮੁਹੰਮਦ ਸਜਦੇ ਵਿਚ ਕਰ ਕੇ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਮੇਰਾ ਅਮਾਮ ਅਮਾਮਾ ਸ਼ਾਹ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਲਹਿਣਾ ਦੇਣਾ ਸਭ ਦਾ ਕਰਜ਼ਾ ਦੇਣਾ ਉਤਾਰ, ਮਕਰੂਜ਼ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੰਦਰਾਂ ਹਾੜ ਕਹੇ ਮੈਨੂੰ ਨਿਰਗੁਣ ਧਾਰ ਲੱਗਾ ਧੱਕਾ, ਹਲੂਣਾ ਇਕ ਜਣਾਈਆ । ਜਿਸ ਲੇਖ ਮੁਕਾਉਣਾ ਮਦੀਨਾ

ਮੱਕਾ, ਕਾਅਬਿਆਂ ਖੋਜ ਖੁਜਾਈਆ । ਜੋਤੀ ਧਾਰ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਸਭ ਦਾ ਲੇਖਾ ਪੂਰਾ ਕਰੇ ਇਕੱਠਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਕਲਜੁਗ ਉਲਟੀ ਗੇੜੇ ਲੱਠਾ, ਗੇੜਾ ਗੇੜੇ ਵਿਚੋਂ ਭਵਾਈਆ । ਤ੍ਰੈਗੁਣ ਮਾਇਆ ਤਪਾਏ ਭੱਠਾ, ਬਿਨ ਅਗਨੀ ਅੱਗ ਜਲਾਈਆ । ਮੈਂ ਉਸ ਦੇ ਅਗੇ ਵਾਸਤਾ ਘੱਤਾਂ, ਨਿਉਂ ਨਿਉਂ ਲਾਗਾਂ ਪਾਈਂਆ । ਪ੍ਰਭੂ ਆਪਣਾ ਭੇਵ ਖੋਲ ਦੇ ਰਤਾ, ਰਤਨ ਅਮੋਲਕ ਗੁਰਮੁਖ ਗੋਦ ਟਿਕਾਈਆ । ਪਰਦਾ ਰਹੇ ਨਾ ਚੇਤਨ ਸਤਾ, ਸਤਿ ਸਤਿਵਾਦੀ ਰੰਗ ਦੇਣਾ ਰੰਗਾਈਆ । ਮੈਂ ਬਿਨਾ ਸੀਸ ਤੋਂ ਟੇਕਾਂ ਮੱਥਾ, ਚਰਨ ਕਵਲ ਸੀਸ ਨਿਵਾਈਆ । ਮੇਰਾ ਸਗਲ ਵਸੂਰਾ ਜਾਏ ਲੱਥਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਹਾੜ ਕਹੇ ਪ੍ਰਭੂ ਮੇਰੀ ਇਕ ਅਰਜ਼ੋਈ, ਬੇਨੰਤੀ ਵਿਚ ਜਣਾਈਆ । ਜਿਸ ਨੂੰ ਸਮਝੇ ਮੂਲ ਨਾ ਕੋਈ, ਅੱਖਰ ਅੱਖਰਾਂ ਨਾਲ ਸਾਲਾਹੀਆ । ਮੇਰੀ ਤੋਬਾ ਮੇਰੀ ਦਰੋਹੀ, ਦੋ ਜਹਾਨਾਂ ਸੀਸ ਨਿਵਾਈਆ । ਤੁਧ ਬਿਨ ਮਿਲੇ ਕਿਤੇ ਨਾ ਢੋਈ, ਜਨ ਭਗਤਾਂ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਵਡਿਆਈਆ । ਹਾੜ ਕਹੇ ਪ੍ਰਭ ਭਗਤਾਂ ਬਣਨਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਸਤਿਜੁਗ ਸਚ ਚਲਾਉਣੀ ਰੀਤਾ, ਰੀਤੀਵਾਨ ਨੂਰ ਅਲਾਹੀਆ । ਸਭ ਦੀ ਝੋਲੀ ਪਾਉਣਾ ਕੀਤਾ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਸੀਨਾ ਕਰਨਾ ਠਾਂਡਾ ਸੀਤਾ, ਅਗਨੀ ਤਨ ਨਾ ਕੋਇ ਰਖਾਈਆ । ਝਟ ਹਿਰਦੇ ਵਸਣਾ ਚੀਤਾ, ਜਗਤ ਠਗੌਰੀ ਡੇਰਾ ਢਾਹੀਆ । ਤੂੰ ਮਾਲਕ ਤ੍ਰੈਗੁਣ ਅਤੀਤਾ, ਤ੍ਰੈਭਵਣ ਤੇਰੀ ਸਰਨਾਈਆ । ਹਰਿਜਨ ਤੇਰੀ ਫੁਲਵਾੜੀ ਤੇਰਾ ਬਗ਼ੀਚਾ, ਤੂੰ ਮਾਲਕ ਇਕ ਅਖਵਾਈਆ । ਸਤਿ ਸਚ ਦੀ ਬਖ਼ਸ਼ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰਨੀ ਪੜ੍ਹਾਈਆ । ਜਨ ਭਗਤਾਂ ਪੂਰੀਆਂ ਕਰਨੀਆਂ ਆਸਾਂ ਉਮੀਦਾ, ਰਸੀਦਾ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਪਰਦਾ ਰਹੇ ਨਾ ਕੋਇ ਪੋਸ਼ੀਦਾ, ਪੁਸ਼ਤ ਪਨਾਹ ਆਪਣਾ ਹੱਥ ਦੇਣਾ ਟਿਕਾਈਆ ।

### ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਸ਼ਾਮ ਦੇ ਸਮੇਂ ਜ਼ਿਲਾ ਅੰਮ੍ਰਿਤਸਰ ✪

ਸਤਾਰਾਂ ਹਾੜ ਦਾ ਦਿਵਸ ਮਹਾਨ, ਮਹਿੰਮਾ ਅਗਣਤ ਗਣੀ ਨਾ ਜਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਪਤਿਪਰਮੇਸ਼ਵਰ ਬੇਪਰਵਾਹ ਅਗੰਮ ਅਥਾਹ ਬੇਪ੍ਰਵਾਹੀਆ । ਜੋ ਆਦਿ ਜੁਗਾਦੀ ਦੇਵਣਹਾਰਾ ਦਾਨ, ਆਤਮ ਪਰਮਾਤਮ ਦਏ ਵਡਿਆਈਆ । ਪੰਜ ਤਤ ਕਰੇ ਕਲਿਆਣ, ਕਾਇਆ ਕਾਅਬੇ ਕਰ ਰੁਸ਼ਨਾਈਆ । ਉਸ ਦੇ ਚਰਨ ਕਵਲਾਂ ਵਿਚ ਸਰਬ ਧਿਆਨ, ਦੂਸਰ ਇਸ਼ਟ ਨਾ ਕੋਇ ਮਨਾਈਆ । ਹਰਿ ਸੰਗਤ ਮਿਲ ਕੇ ਕਰੀਏ ਪ੍ਰਵਾਨ, ਪਰਮ ਪੁਰਖ ਅਗੇ ਸੀਸ ਨਿਵਾਈਆ । ਅਸੀਂ ਕਲਜੁਗ ਦੀ ਸ਼ਰਅ ਛਡੀ ਸ਼ੈਤਾਨ, ਫੰਦਨ ਜਗਤ ਸਮਾਜ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਹਰਿ ਸੰਗਤ ਸਾਚਾ ਕਰਨਾ ਕੌਲ, ਇਕਰਾਰ ਇਕ ਅਖਵਾਈਆ । ਸੰਦੇਸਾ ਦੇਣਾ ਉਪਰ ਧਰਨੀ ਧੌਲ, ਧਰਤ ਰੰਗ ਰੰਗਾਈਆ । ਆਤਮ ਪਰਮਾਤਮ ਮਿਲ ਕੇ ਜਾਣਾ ਮੌਲ, ਮੌਲਾ ਵੇਖਣਾ



੨੯
੨੩

ਥਾਉਂ ਥਾਈਆ । ਸਤਿ ਧਰਮ ਦੇ ਤੁਲਣਾ ਪੂਰੇ ਤੋਲ, ਤੱਕੜ ਜਗਤ ਨਾ ਕੋਇ ਰਖਾਈਆ । ਵੇਖਿਓ ਕਿਤੇ ਵਾਅਦੇ ਤੋਂ ਨਾ ਜਾਇਓ ਡੋਲ, ਅਨਡੋਲਤ ਪਰਮ ਪੁਰਖ ਅਗੇ ਸੀਸ ਨਿਵਾਈਆ । ਜਗਤ ਭਰਾਂਤ ਪਰਦਾ ਲੈਣਾ ਖੋਲ, ਅੰਤਰ ਨਿਰੰਤਰ ਧਿਆਨ ਲਗਾਈਆ । ਸਚ ਸਮਾਜ ਦਾ ਧਰਮ ਦੀ ਧਾਰ ਦਾ ਜਨ ਭਗਤੋ ਵਜਾਉਣਾ ਢੋਲ, ਢੋਲਾ ਤੂੰ ਮੇਰਾ ਮੈਂ ਤੇਰਾ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੇ ਵਸੇ ਕੋਲ, ਨਿਜ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਝੂਠੀ ਛਡਣੀ ਜਗਤ ਦਾਤ, ਮਾਇਆ ਦੁਨੀ ਕੰਮ ਕਿਸੇ ਨਾ ਆਈਆ । ਅੰਤਰ ਆਪਣੇ ਮਾਰ ਕੇ ਵੇਖੋ ਝਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਚ ਪ੍ਰੀਤੀ ਸੁਰਤੀ ਸ਼ਬਦੀ ਜੋੜੋ ਨਾਤ, ਆਤਮ ਪਰਮਾਤਮ ਮੇਲਾ ਮੇਲੋ ਚਾਈਂ ਚਾਈਆ । ਯਾਦ ਰਖਣੀ ਸਤਾਰਾਂ ਹਾੜ ਦੀ ਰਾਤ, ਰੁਤੜੀ ਭੇਵ ਵਿਚ ਮਹਿਕਾਈਆ । ਵਾਅਦਾ ਕਰੋ ਝਗੜਾ ਮਿਟ ਗਿਆ ਜ਼ਾਤ ਪਾਤ, ਦੀਨ ਮਜ਼੍ਹਬ ਵਰਨ ਬਰਨ ਸ਼ਰਅ ਵੰਡ ਨਾ ਕੋਇ ਵੰਡਾਈਆ । ਧਨ ਦੌਲਤ ਦਾ ਕਲਜੁਗ ਦੀ ਝੋਲੀ ਪਾਇਆ ਕੂੜਾ ਖਾਤ, ਸਚ ਧਰਮ ਵਾਸਤੇ ਲੋੜ ਰਹੀ ਨਾ ਰਾਈਆ । ਤੁਸੀਂ ਆਤਮ ਧਾਰ ਸਚ ਬਣ ਜਾਓ ਪਾਰਜਾਤ, ਜਗਤ ਮਾਇਆ ਮਲੰਮਾ ਦੇਣਾ ਤਜਾਈਆ । ਸਾਰੇ ਇਕ ਪ੍ਰਭੂ ਤੇ ਕਰੋ ਵਿਸ਼ਵਾਸ, ਜਗਤ ਵਿਸ਼ਿਆਂ ਦਾ ਡੇਰਾ ਢਾਹੀਆ । ਤੁਹਾਡੇ ਉਤੇ ਧਰਮ ਦੀ ਧਰਮ ਨਾਲ ਆਸ, ਪਿਆਰ ਮੁਹੱਬਤ ਨਾਤਾ ਲੈਣਾ ਜੁੜਾਈਆ । ਖੇਲੇ ਖੇਲ ਪਰਮ ਪੁਰਖ ਪਾਰਬ੍ਰਹਮ ਪ੍ਰਭ ਆਪ, ਆਪ ਆਪਣਾ ਰੰਗ ਰੰਗਾਈਆ । ਸਭ ਨੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਪਿਛਲਾ ਕਰਨਾ ਪੂਰਾ ਭਵਿਖਤ ਵਾਕ, ਪੇਸ਼ੀਨਗੋਈਆਂ ਧਰਮ ਦੀ ਧਾਰ ਲੇਖੇ ਲਾਈਆ । ਕਿਸੇ ਨੇ ਕਿਸੇ ਦਾ ਹੋਣਾ ਨਹੀਂ ਮੁਹਤਾਜ, ਲੋੜਵੰਦ ਜਗਤ ਨਜ਼ਰ ਕੋਇ ਨਾ ਆਈਆ । ਆਪਣੀ ਹਿੰਮਤ ਵਿਚ ਆਪਣਾ ਕਰਨਾ ਕੰਮ ਕਾਜ, ਸੇਵਕ ਹੋ ਕੇ ਆਪਣੀ ਸੇਵ ਕਮਾਈਆ । ਕੰਨਿਆਂ ਵਾਲੇ ਪੁਤਰਾਂ ਵਾਲਿਆਂ ਨਾਲ ਨਾਤਾ ਜੋੜਨਾ ਸੱਦ ਕੇ ਨਾਲ, ਜਗਤ ਮਾਇਆ ਆਸ ਨਾ ਕੋਇ ਰਖਾਈਆ । ਅੰਤ ਸਭ ਨੇ ਛਡ ਕੇ ਪਾ ਜਾਣੀ ਵਫ਼ਾਤ, ਅੰਤ ਨਜ਼ਰ ਕੋਇ ਨਾ ਆਈਆ । ਤੁਸੀਂ ਸਚ ਆਤਮਾ ਪਰਮਾਤਮਾ ਨਾਲ ਤੁਹਾਡਾ ਸਾਕ, ਸੱਜਣ ਇਕੋ ਇਕ ਅਖਵਾਈਆ । ਸਾਰੇ ਖ਼ੁਸ਼ੀ ਵਿਚ ਤੂੰ ਮੇਰਾ ਮੈਂ ਤੇਰਾ ਦਿਓ ਆਵਾਜ਼, ਦੂਜਾ ਰਹਿਣ ਕੋਇ ਨਾ ਪਾਈਆ । ਆਤਮਾ ਪਰਮਾਤਮਾ ਦਾ ਖੁਲ੍ਹ ਗਿਆ ਰਾਜ਼, ਪਾਰਬ੍ਰਹਮ ਬ੍ਰਹਮ ਪਰਦਾ ਦਿਤਾ ਉਠਾਈਆ । ਅਸੀਂ ਉਸ ਪ੍ਰਭੂ ਦੀ ਜਾਤ, ਜਿਸ ਪ੍ਰਭੂ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦੀ ਸਿਫ਼ਤ ਕਰਦੇ ਚਾਰ ਜੁਗ ਦੇ ਗ੍ਰੰਥਾਂ ਵਾਲੇ ਕਾਗ਼ਜ਼ਾਤ, ਅੱਖਰ ਅੱਖਰ ਨਾਲ ਮਿਲਾਈਆ । ਅੱਜ ਉਸ ਦੀ ਦਰਗਾਹ ਵਿਚੋਂ ਸਚਖੰਡ ਵਿਚੋਂ ਮੁਕਾਮੇ ਹਕ ਵਿਚੋਂ ਲੈਣੀ ਸਚ ਪ੍ਰੇਮ ਦੀ ਦਾਤ, ਮੁਹੱਬਤ ਦੀਆਂ ਝੋਲੀਆਂ ਲੈਣੀਆਂ ਭਰਾਈਆ । ਸਾਡਾ ਇਕੱਠਿਆਂ ਦਾ ਇਕੋ ਦਿਨ ਹੋ ਗਿਆ ਇਤਫ਼ਾਕ, ਦੀਨ ਮਜ਼੍ਹਬ ਦਾ ਝਗੜਾ ਦਿਤਾ ਮੁਕਾਈਆ । ਤੁਸਾਂ ਨੂੰ ਕੋਈ ਬੁਰੀ ਨਿਗਾਹ ਨਾਲ ਸਕੇ ਨਾ ਝਾਕ, ਨਿਗਹ ਨਿਗਹ ਵਿਚੋਂ ਬਦਲਾਈਆ । ਸਾਡਾ ਇਕੋ ਰੂਪ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਮਨ ਮਤ ਬੁਧ ਰੰਗ ਰੰਗਾਈਆ । ਸਾਡੇ ਅੰਦਰ ਪ੍ਰੇਮ ਦੀ ਵੱਜੇ ਠਾਠ, ਲਹਿਰ ਲਹਿਰ ਨਾਲ ਟਕਰਾਈਆ । ਅਸੀਂ ਸਚ ਧਰਮ ਦੀ ਅੰਦਰ ਦੇ ਕੇ ਜਾਣੀ ਗਾਠ, ਜਿਸ ਨੂੰ ਮਨ ਕਲਪਣਾ ਨਾ ਸਕੇ ਖੁਲਾਈਆ । ਸਾਡਾ ਵਿਹਾਰ ਪੂਜਾ ਇਹੋ ਪਾਠ, ਇਹੋ ਸਿਮਰਨ ਲੈਣਾ ਬਣਾਈਆ । ਸਾਡੀ ਅਗੇ ਨੇੜੇ ਤੇ ਪਿਛੇ ਦੂਰ ਰਹਿ ਗਈ ਵਾਟ, ਆਤਮਾ ਘਰ ਵਿਚ ਬਹਿ ਕੇ ਆਪਣੇ ਪ੍ਰਭ

ਦਾ ਦਰਸ਼ਨ ਲੈਣਾ ਪਾਈਆ । ਅੱਜ ਤੋਂ ਪਿਛਲੇ ਸਮਾਜ ਦੀ ਸ਼ਰਅ ਨੂੰ ਦਿਤਾ ਕਾਟ, ਕਟਾਕਸ਼ ਨਾਮ ਵਾਲਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਖੇਲ ਵਖਾਈਆ । ਜਨ ਭਗਤੋ ਅੱਜ ਦਾ ਦਿਵਸ ਵੇਖੋ ਚੰਗਾ, ਸੋਹਣੀ ਮਿਲੇ ਵਡਿਆਈਆ । ਤੁਹਾਡਾ ਅੰਦਰ ਆਤਮਾ ਤੀਰਥ ਅਗੰਮੀ ਗੰਗਾ, ਸਚ ਸਰੋਵਰ ਨਜ਼ਰੀ ਆਈਆ । ਸ਼ਬਦੀ ਧਾਰ ਵੱਜੇ ਮਰਦੰਗਾ, ਅਨਹਦ ਨਾਦੀ ਧੁਨ ਸ਼ਨਵਾਈਆ । ਓਹ ਜੋਤੀ ਨੂਰ ਕਰ ਜਾਣਾ ਚੰਦਾ, ਬਿਨ ਸੂਰੀਆ ਚੰਦ ਕਰੇ ਰੁਸ਼ਨਾਈਆ । ਤੁਹਾਡਾ ਮਾਲਕ ਸੂਰਾ ਸਰਬੰਗਾ, ਜੋ ਦੇਵਣਹਾਰ ਨੂਰ ਅਲਾਹੀਆ । ਉਹ ਤੁਸੀਂ ਪੰਜ ਤਤ ਖ਼ਾਕੀ ਬੰਦਾ, ਬੰਦਨਾ ਵਿਚ ਸਾਰੇ ਸੀਸ ਨਿਵਾਈਆ । ਜਗਤ ਸਮਾਜ ਜਗਤ ਦੁਨੀਆ ਦਾ ਧੰਦਾ, ਬੰਧਨ ਸ੍ਰਿਸ਼ਟੀ ਵਾਲਾ ਨਜ਼ਰੀ ਆਈਆ । ਅੱਜ ਤੋਂ ਸਤਿਗੁਰ ਸ਼ਬਦ ਦਾ ਹੱਥ ਵਿਚ ਫੜ ਲਓ ਖੰਡਾ, ਕੂੜੀ ਕਿਰਿਆ ਕਰਨੀ ਸਫ਼ਾਈਆ । ਤੁਹਾਡਾ ਅੰਦਰ ਖੰਡ ਬ੍ਰਹਿਮੰਡਾ, ਜੀਓ ਪਿੰਡ ਤੁਹਾਡਾ ਨਜ਼ਰੀ ਆਈਆ । ਤੁਸੀਂ ਪ੍ਰਭੂ ਨਾਲ ਪਿਆਰ ਕਰੋ ਤੁਹਾਡਾ ਆਤਮ ਕਦੇ ਨਾ ਹੋਏ ਰੰਡਾ, ਜਗਤ ਰੰਡੇਪਾ ਦੇਣਾ ਕਟਾਈਆ । ਤੁਸੀਂ ਤੂੰ ਮੇਰਾ ਮੈਂ ਤੇਰਾ ਗਾਇਆ ਛੰਦਾ, ਜੋ ਨਾਨਕ ਨਿਰਗੁਣ ਨਿਰਗੁਣ ਧਾਰ ਸੁਣਾਈਆ । ਜ਼ਰਾ ਮੇਰਾ ਵੇਖੋ ਪਿਛਲਾ ਮੁਕਦਾ ਜਾਂਦਾ ਪੰਧਾ, ਪਾਂਧੀ ਬੈਠੇ ਪੰਧ ਮੁਕਾਈਆ । ਕੂੜੀ ਦੁਨੀਆ ਕੂੜੀ ਸ੍ਰਿਸ਼ਟੀ ਕੂੜਾ ਕਾਇਨਾਤ ਦਾ ਧੰਦਾ, ਕੂੜੀ ਵਾਸ਼ਨਾ ਕੰਮ ਕਿਸੇ ਨਾ ਆਈਆ । ਉਹ ਤੁਹਾਡੇ ਅੰਦਰ ਉਸ ਪ੍ਰਭੂ ਦਾ ਦੁਰੰਗਾ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਓਹ ਆਪਣੇ ਅੰਦਰ ਧਨ ਦੌਲਤ ਵੇਖੋ ਨਾਮ ਭੰਡਾਰ ਅਚੰਭਾ, ਅਤੋਟ ਅਤੁਟ ਵਰਤਾਈਆ । ਸਾਰੇ ਖ਼ੁਸ਼ੀ ਵਿਚ ਕਹੋ ਜਗਤ ਜਹਾਨ ਦੇ ਸਿਰ ਵਿਚ ਮਾਰਾਂਗੇ ਡੰਡਾ, ਦੇਵਣ ਵਾਲਿਆਂ ਨਾਲੋਂ
੨੮ ਨਾਤਾ ਦੇਵਾਂਗੇ ਤੁੜਾਈਆ । ਨਾਲ ਸਰਕਾਰ ਨੂੰ ਕਹਾਂਗੇ ਆਓ ਚਾਰ ਕੁੰਟ ਵਜਾਓ ਏਸੇ ਦਾ ਮਰਦੰਗਾ, ਸਮਾਜ ਰਾਜ ਸਤਿ ਮਿਲ ਕੇ ਵੱਜੇ ਵਧਾਈਆ । ੨੮
੨੩ ੨੩
ਖ਼ੁਸ਼ੀ ਵਿਚ ਸਾਰੇ ਜੀ ਆਇਆਂ ਆਇਆਂ ਨੂੰ ਮਿਲੇ ਆਤਮ ਰਸ ਦਾ ਅਨੰਦਾ, ਜੋ ਅਨੰਦਪੁਰ ਵਾਲਾ ਅਨੰਦ ਅਨੰਦ ਵਿਚੋਂ ਗਿਆ ਜਣਾਈਆ । ਇਕੋ ਗ੍ਰਹਿ ਵਿਚ ਇਕੋ ਘਰ ਵਿਚ ਤੁਹਾਡਾ ਹੋਵੇ ਕਾਰਜ ਅਨੰਦਾ, ਅਨੰਦ ਅਨੰਦ ਨਾਲ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਜਨ ਭਗਤੋ ਕੂੜੀ ਰੀਤੀ ਦਾ ਲੱਕ ਦੇਣਾ ਤੋੜ, ਆਤਮਾ ਪਰਮਾਤਮਾ ਟੁੱਟੀ ਲੈਣੀ ਮਿਲਾਈਆ । ਸੁਰਤ ਸ਼ਬਦ ਦਾ ਨਾਤਾ ਲੈਣਾ ਜੋੜ, ਜੋੜੀ ਭਗਤ ਭਗਵਾਨ ਵਖਾਈਆ । ਆਤਮਾ ਮਨ ਦੀ ਕਲਪਣਾ ਨੂੰ ਲੈਣਾ ਮੋੜ, ਸ਼ਬਦ ਹੋੜਾ ਅਗੇ ਰਖਾਈਆ । ਓ ਜਗਤ ਮਾਇਆ ਰਸ ਮਿੱਠਾ ਕਦੀ ਨਾ ਸਮਝੋ ਕੌੜ, ਕੂੜੀ ਕਿਰਿਆ ਨਾ ਕੋਇ ਵਡਿਆਈਆ । ਕਲਪਣਾ ਪਿਛੇ ਕਦੇ ਨਾ ਜਾਣਾ ਦੌੜ, ਅਮੀਰਾਂ ਘਰ ਖ਼ੁਸ਼ੀ ਨਾ ਕਦੇ ਬਣਾਈਆ । ਤੁਹਾਡੀ ਸਾਰਿਆਂ ਦੀ ਇਕੋ ਮੰਜ਼ਲ ਤੇ ਇਕੋ ਸਤਿਗੁਰੂ ਦਾ ਪੌੜ, ਤੇ ਨਾਮ ਦਾ ਡੰਡਾ ਇਕੋ ਚੜ੍ਹ ਕੇ ਖ਼ੁਸ਼ੀ ਲੈਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਜਨ ਭਗਤੋ ਤੁਹਾਡੀ ਸੱਚੀ ਇਕ ਤਾਲੀਮ, ਤੁਲਬਾ ਧਰਮ ਧਾਰ ਬਣਾਈਆ । ਤੁਹਾਡਾ ਅਸੂਲ ਇਕ ਅਜ਼ੀਮ, ਆਲੀਸ਼ਾਨ ਦਿਤਾ ਸਮਝਾਈਆ । ਤੁਸੀਂ ਆਦਿ ਤੋਂ ਪਰਮਾਤਮਾ ਦੀ ਆਤਮਾ ਕਦੀਮ, ਅੰਤ ਪਰਮਾਤਮਾ ਦਾ ਰੂਪ ਨਜ਼ਰੀ ਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਚਾਰ ਜੁਗ ਜਗਤ ਸਮਾਜ ਦੀ ਹੁੰਦੀ ਰਹੀ ਤਰਮੀਮ, ਜੁਗ ਜੁਗ ਧਾਰਾ ਰਿਹਾ ਬਦਲਾਈਆ । ਹੁਣ ਅਗਲਾ ਮਾਰਗ

ਵੇਖੇ ਮਹੀਨ, ਜਗਤ ਨਿਗਾਹ ਨਿਗਾਹ ਵਿਚੋਂ ਬਦਲਾਈਆ । ਅਵਤਾਰਾਂ ਪੈਗੰਬਰਾਂ ਗੁਰੂਆਂ ਦੀ ਇਹੋ ਗੋਈ ਪੇਸ਼ੀਨ, ਪੇਸ਼ਤਰ ਗਏ ਸੁਣਾਈਆ । ਜਿਸ ਵੇਲੇ ਕਲਜੁਗ ਅੰਤਮ ਅੰਧੇਰਾ ਹੋਇਆ ਧਰਮ ਰਿਹਾ ਨਾ ਅਸਮਾਨ ਜ਼ਮੀਨ, ਜ਼ਿਮੀਂ ਜ਼ਮਾ ਰੋਵੇ ਮਾਰੇ ਧਾਹੀਆ । ਝਗੜਾ ਵੇਖਣਾ ਜਗਤ ਜਹਾਨ ਰੂਸਾ ਚੀਨ, ਸ਼ਰਅ ਸ਼ਰਅ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਬੇਪ੍ਰਵਾਹੀਆ । ਸਤਾਰਾਂ ਹਾੜ ਕਹੇ ਮੈਂ ਜਾਵਾਂ ਵਾਰੀ ਸਦਕੇ, ਬਲ ਬਲ ਸੀਸ ਨਿਵਾਈਆ । ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਲੱਭਦੇ, ਜੁਗ ਚੌਕੜੀ ਸੰਦੇਸੇ ਨਾਮ ਵਾਲੇ ਦ੍ਰਿੜਾਈਆ । ਉਸ ਦੇ ਨਾਮ ਨਗਾਰੇ ਦੋ ਜਹਾਨਾਂ ਵੱਜਦੇ, ਅਨਹਦ ਨਾਦੀ ਤਾਲ ਸ਼ਨਵਾਈਆ । ਉਸ ਦੇ ਹੁਕਮ ਨਾਲ ਜਗਤ ਸਮਾਜ ਜਾਣ ਭੱਜਦੇ, ਕੂੜ ਕੁੜਿਆਰਾ ਡੇਰਾ ਢਾਹੀਆ । ਇਕੋ ਖੇਲ ਹੋਣੇ ਉਸ ਪ੍ਰਭੂ ਸਮਰਥ ਦੇ, ਜੋ ਮਾਲਕ ਅਗੰਮ ਅਥਾਹੀਆ । ਤੁਸਾਂ ਕੌਲ ਯਾਦ ਰਖਣੇ ਅੱਜ ਜੋ ਖੜੇ ਕੀਤੇ ਹੱਥ ਦੇ, ਹੱਥ ਪੁਰਖ ਅਕਾਲ ਅਗੇ ਡਾਹੀਆ । ਮਿਹਰਵਾਨ ਮਹਿਬੂਬ ਸਾਡੇ ਅੰਦਰ ਹਿੰਮਤ ਦੇ ਤੇ ਨਾਲ ਸੱਚੇ ਪਿਆਰ ਦੀ ਵਥ ਦੇ, ਵਸਲ ਯਾਰ ਆਪਣਾ ਦੇਣਾ ਕਰਾਈਆ । ਕੂੜੀ ਕਿਰਿਆ ਨੂੰ ਭਗਤਾਂ ਦੇ ਚਰਨਾਂ ਹੇਠਾਂ ਮਥ ਦੇ, ਮਥਨ ਕਰ ਕੂੜ ਜਗਤ ਲੋਕਾਈਆ । ਸਭ ਨੂੰ ਸਾਚੀ ਇਕੋ ਸਿਖਿਆ ਸਿਖ ਦੇ, ਸਿਖਿਆ ਸਭ ਨੇ ਲੈਣੀ ਅਪਣਾਈਆ । ਤੁਸੀਂ ਦੁਲਾਰੇ ਬੱਚੇ ਦੂਲ੍ਹੇ ਪਰਮਾਤਮਾ ਇਕ ਦੇ, ਉਹੋ ਤੁਹਾਡਾ ਪਿਤਾ ਉਹੋ ਤੁਹਾਡੀ ਮਾਈਆ । ਉਸ ਤੋਂ ਬਿਨਾ ਸਾਰੇ ਜਗਤ ਜਹਾਨ ਗਏ ਪਿਟਦੇ, ਰੋ ਰੋ ਆਪਣਾ ਆਪ ਜਗਾਈਆ ।
ਜਨ ਭਗਤੋ ਤੁਸੀਂ ਪ੍ਰਭੂ ਦੇ ਸਚ ਸਿੰਘਾਸਣ ਲਿਟਦੇ, ਜਿਥੇ ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਤੁਹਾਡੇ ਝਗੜੇ ਮਿਟ ਗਏ ਪੱਥਰ ਇੱਟ ਦੇ, ਆਤਮਾ

ਪਰਮਾਤਮਾ ਮਿਲ ਕੇ ਵੱਜੇ ਵਧਾਈਆ । ਤੁਹਾਡੇ ਹੱਥ ਉਤੇ ਅੱਜ ਨਿਸ਼ਾਨੇ ਆ ਜਾਣੇ ਉਸ ਪੂਰਨ ਸਤਿਗੁਰ ਵਾਲੀ ਚਿਟ ਦੇ, ਜਿਸ ਨੂੰ ਚਿੱਟੇ ਬਾਜਾਂ ਵਾਲਾ ਕਹਿ ਕੇ ਸਾਰੇ ਗਾਈਆ । ਤੁਹਾਡੇ ਮਨ ਜੇ ਪ੍ਰਭੂ ਦੇ ਪਿਆਰ ਵਿਚ ਹੋਣ ਟਿਕਦੇ, ਟਿਕਟਿਕੀ ਇਕੋ ਨਾਲ ਲਗਾਈਆ । ਫੇਰ ਤੁਸੀਂ ਜਗਤ ਜੰਜਾਲਾਂ ਨੂੰ ਸ਼ੌਹ ਦਰਿਆ ਸਾਰੇ ਸੁੱਟਦੇ, ਜਗਤ ਮਾਇਆ ਦਾ ਝਗੜਾ ਦੇਣਾ ਚੁਕਾਈਆ । ਅੱਜ ਦੇ ਲੇਖ ਖ਼ੁਸ਼ੀਆਂ ਨਾਲ ਲਿਖਾਰੀ ਲਿਖਦੇ, ਲਿਖਿਆ ਲੇਖ ਨਾ ਕੋਇ ਮਿਟਾਈਆ । ਓ ਅਮੀਰੋ ਗਰੀਬੋ ਸ਼ਹਿਨਸ਼ਾਹੋ ਕੰਗਾਲੋ ਤੁਹਾਡੇ ਝਗੜੇ ਮਿਟ ਗਏ ਵੱਡੇ ਛੋਟੇ ਤੇ ਵਿਚ ਦੇ, ਪੰਜਾਬ ਸਰਕਾਰ ਦੇ ਮੰਤਰੀ ਨਸੀਬ ਸਿੰਘ ਤੁਹਾਡੇ ਵਿਚ ਬਹਿ ਕੇ ਇਕੋ ਖ਼ੁਸ਼ੀ ਆਪਣੇ ਗਲ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਨਿਰਗੁਣ ਖੇਲ ਕਰੇ ਆਪਣੇ ਹਿਤ ਦੇ, ਹਿਤਕਾਰੀ ਹੋ ਕੇ ਨਿਰੰਕਾਰੀ ਹੋ ਕੇ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣਾ ਖੇਲ ਦਏ ਖਿਲਾਈਆ ।

✪ ੧੭ ਹਾੜ ਨੂੰ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਸਤਾਰਾਂ ਹਾੜ ਕਹੇ ਸੁਣ ਮੀਤ ਪਿਆਰੇ ਪੱਪਿਆ, ਪਰਮ ਪੁਰਖ ਦਾ ਭੇਵ ਦੇ ਖੁਲਾਈਆ । ਕਿਉਂ ਮੇਰੇ ਵਿਚ ਜਗਤ ਜਹਾਨ ਤਪਿਆ, ਅਗਨੀ ਤਤ ਨਾ ਕੋਇ ਬੁਝਾਈਆ । ਉਠ ਵੇਖ ਲੈ ਗੋਬਿੰਦ ਵਾਲਾ ਢਈਆ ਟੱਪਿਆ, ਟਾਪੂ ਰੋਵਣ ਮਾਰਨ ਧਾਹੀਆ । ਮੁਹੰਮਦ ਦਾ ਬੂਟਾ ਪੱਕਿਆ, ਸਦੀ

ਚੌਧਵੀਂ ਦਏ ਗਵਾਹੀਆ । ਮਨੂਆ ਮਨਸਾ ਵਿਚ ਫਿਰੇ ਸਭ ਦਾ ਨੱਠਿਆ, ਭੱਜੇ ਵਾਹੋ ਦਾਹੀਆ । ਜਗਤ ਸ਼ਰਅ ਨਾ ਪਾਇਆ ਰੱਟਿਆ, ਝਗੜਾ ਸਕੇ ਨਾ ਕੋਇ ਮੁਕਾਈਆ । ਕਿਉਂ ਜ਼ੀਰੋ ਨਾਲ ਜ਼ੀਰੋ ਹੋਇਆ ਬਟਿਆ, ਸਿਫ਼ਰ ਸਿਫ਼ਰ ਰੂਪ ਦਰਸਾਈਆ । ਆਤਮ ਪਰਮਾਤਮ ਨਾਤਾ ਗਿਆ ਤੁੱਟਿਆ, ਟੁੱਟੀ ਗੰਢ ਨਾ ਕੋਇ ਰਖਾਈਆ । ਦੁਹਾਈ ਫਿਰ ਗਈ ਅੱਠ ਸੱਠਿਆ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਹੀਂਆ । ਨੇਤਰ ਰੋਵੇ ਮੰਦਰ ਮਸੀਤ ਗੁਰੂਦਵਾਰ ਮੱਠਿਆ, ਚਰਚ ਰਹੇ ਕੁਰਲਾਈਆ । ਬਹੁੜੀ ਜੋਤ ਦਿਸੇ ਨਾ ਲਟ ਲਟਿਆ, ਨੂਰ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦੀ ਬੁੱਧੀ ਮਿਲ ਗਈ ਵਿਚ ਘੱਟਿਆ, ਧਰਮ ਦਾ ਰੰਗ ਨਾ ਕੋਇ ਰੰਗਾਈਆ । ਜਗਤ ਸ੍ਰਿਸ਼ਟੀ ਪੂਜੇ ਪੱਥਰ ਇੱਟਿਆ, ਪਾਹਨਾ ਸੀਸ ਨਿਵਾਈਆ । ਮਨੂਆ ਅੰਤਰ ਕਿਸੇ ਨਾ ਟਿਕਿਆ, ਸਾਂਤਕ ਸਤਿ ਨਾ ਕਿਸੇ ਵਰਤਾਈਆ । ਕਲਜੁਗ ਕੂੜ ਕੁੜਿਆਰ ਨਾ ਕਿਸੇ ਨਜਿੱਠਿਆ, ਸਗਲਾ ਸੰਗ ਨਾ ਕੋਇ ਬਣਾਈਆ । ਅੰਤ ਦੀਨ ਦੁਨੀ ਦਾ ਕੀ ਨਿਕਲੇ ਸਿੱਟਿਆ, ਮੈਨੂੰ ਦੇ ਸਮਝਾਈਆ । ਵੇਖੀਂ ਗ਼ੁੱਸੇ ਵਿਚ ਨਾ ਹੋਵੀਂ ਛਿਥਿਆ, ਪ੍ਰੇਮ ਪ੍ਰੇਮ ਲੈਣਾ ਬੰਧਾਈਆ । ਕਿਉਂ ਅਵਤਾਰ ਪੈਗ਼ੰਬਰ ਗੁਰੂਆਂ ਦੀ ਭੁਲ ਗਈ ਸਿਖਿਆ, ਸਤਿ ਧਰਮ ਨਾ ਕੋਇ ਰਖਾਈਆ । ਤੂੰ ਕਿਉਂ ਨਹੀਂ ਹੋਕਾ ਦੇਂਦਾ ਜਗਤ ਜਹਾਨ ਮਿਥਿਆ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਹਾੜ ਕਹੇ ਕਿਉਂ ਮੇਰੇ ਵਿਚ ਵਾ ਵਗੇ ਤਤੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਿਉਂ ਆਤਮ ਪਰਮਾਤਮ ਨਾਤਾ ਤੁੱਟਾ ਨੱਤੀ, ਨਿਰਗੁਣ ਨਿਰਗੁਣ ਮੇਲ ਨਾ ਕੋਇ ਮਿਲਾਈਆ । ਕਿਉਂ ਵਿਛੋੜਾ ਹੋਇਆ ਕਮਲਾਪਤੀ, ਪਤਿਪਰਮੇਸ਼ਵਰ ਮਿਲਣ ਕੋਇ ਨਾ
੩੦ ੨੩ ਪਾਈਆ । ਜਗਤ ਜਹਾਨ ਵੇਖ ਅੱਖੀਂ, ਬਿਨ ਅੱਖਾਂ ਅੱਖ ਉਠਾਈਆ । ਕਿਸੇ ਦੀ ਪਤ ਰਿਹਾ ਕੋਇ ਨਾ ਰਖੀ, ਸਿਰ ਹੱਥ ਨਾ ਕੋਇ ਟਿਕਾਈਆ । ੩੦ ੨੩
ਕਲਜੁਗ ਖੇਲ ਬਾਜ਼ੀਗਰ ਨਟੀ, ਸਵਾਂਗੀ ਆਪਣਾ ਸਵਾਂਗ ਰਖਾਈਆ । ਸਤਿ ਦੀ ਦਿਸੇ ਕੋਈ ਨਾ ਹੱਟੀ, ਹਟਵਾਣਾ ਨਜ਼ਰ ਕੋਇ ਨਾ ਆਈਆ । ਸਚ ਦੱਸ ਕਿਉਂ ਸਦੀ ਚੌਧਵੀਂ ਭਰਨੀ ਚੱਟੀ, ਲੇਖਾ ਅਵਰ ਰਹੇ ਨਾ ਰਾਈਆ । ਓਹ ਵੇਖ ਮੁਹੰਮਦ ਆਸ਼ਾ ਫਿਰੇ ਨੱਠੀ, ਭੱਜੇ ਵਾਹੋ ਦਾਹੀਆ । ਕਲਮੇ ਦੀ ਕਾਇਨਾਤ ਵਿਚ ਬਣ ਕੇ ਪੱਠੀ, ਆਪ ਆਪਣਾ ਖੇਲ ਖਿਲਾਈਆ । ਸ਼ਰਅ ਦੀ ਤਪਾਈ ਜਾਏ ਭੱਠੀ, ਅਗਨੀ ਅੱਗ ਨਾ ਕੋਇ ਬੁਝਾਈਆ । ਕਿਉਂ ਸਭ ਦਾ ਜੀਵਣ ਪਿਆ ਨੱਟੀ, ਹਾਰ ਜਿੱਤ ਪਰਦਾ ਨਾ ਕੋਇ ਚੁਕਾਈਆ । ਮਦਿ ਪਿਆਲੇ ਪੀਂਦੇ ਗਟ ਗਟੀ, ਜਗਤ ਵਿਕਾਰ ਵਿਚ ਹਲਕਾਈਆ । ਮੈਨੂੰ ਸਚ ਸੰਦੇਸ਼ਾ ਦੱਸੀਂ ਥੋੜ੍ਹਾ ਰਤੀ, ਅਨਮੁਲੜਾ ਹੁਕਮ ਜਣਾਈਆ । ਕੀ ਲੇਖਾ ਦੱਸਿਆ ਨਾਨਕ ਜੁਗ ਧਾਰ ਛੱਤੀ ਛੱਤੀ, ਭਗਤ ਦਵਾਰ ਦਏ ਗਵਾਹੀਆ । ਜਿਸ ਛੱਤੀਆਂ ਦੀ ਆਸਾ ਗੁਰ ਅਵਤਾਰ ਪੈਗ਼ੰਬਰਾਂ ਰਖੀ, ਬਿਨ ਨੈਣਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਹਾੜ ਕਹੇ ਮੇਰਾ ਧਰਮ ਧਾਰ ਦਾ ਪ੍ਰਵਿਸ਼ਟਾ, ਸਤਾਰਾਂ ਵੱਜੇ ਵਧਾਈਆ । ਜਨ ਭਗਤੋ ਤੁਹਾਡਾ ਪੱਕਾ ਕਰਨਾ ਨਿਸਚਾ, ਨਿਹਚਲ ਧਾਮ ਦੇਣੀ ਵਡਿਆਈਆ । ਆਤਮ ਪਰਮਾਤਮ ਲਾਉਣਾ ਇਸ਼ਕਾ, ਹਕੀਕੀ ਮਜਾਜ਼ੀ ਦਾ ਲੇਖਾ ਦੇਣਾ ਮੁਕਾਈਆ । ਨੂਰ ਨੁਰਾਨਾ ਸਭ ਨੂੰ ਹੋਵੇ ਦਿਸਦਾ, ਜੋਤੀ ਜਾਤਾ ਡਗਮਗਾਈਆ । ਖੇਲ ਤੱਕਣਾ ਅਬਿਨਾਸ਼ੀ ਅਚੁਤ ਦਾ, ਕੀ ਅਚੁਤ ਆਪਣਾ ਹੁਕਮ ਵਰਤਾਈਆ । ਇਸ਼ਾਰਾ ਜਾਨਣਾ ਸਾਚੀ ਥਿਤ ਦਾ, ਜਿਸ ਦਾ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਹਾੜ ਕਹੇ ਮੇਰਾ ਲੇਖਾ ਇਕ ਹਕੀਕੀ, ਹੁਕਮਾਂ ਤੋਂ ਬਾਹਰ ਜਣਾਈਆ । ਮੇਰਾ ਮਾਲਕ ਲਾਸ਼ਰੀਕੀ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਵਿਚ ਹਕ ਤੌਫੀਕੀ, ਤਾਕਤਵਰ ਬੇਪ੍ਰਵਾਹੀਆ । ਉਸ ਨੇ ਬਦਲ ਦਿਤੀ ਨੀਤੀ, ਨੀਤੀਵਾਨ ਵੇਖ ਵਖਾਈਆ । ਵੇਖੋ ਕਲਜੁਗ ਧਾਰ ਰਹੀ ਚੀਕੀ, ਚੀਕ ਚਿਹਾੜਾ ਰਹੀ ਪਾਈਆ । ਮੇਰੀ ਪਰੇਮ ਧਾਰ ਹੋਣੀ ਫੀਕੀ, ਰਸ ਅਗੰਮ ਨਾ ਕੋਇ ਚੁਆਈਆ । ਸ੍ਰਿਸ਼ਟੀ ਜਾਏ ਮੂਲ ਨਾ ਜੀਤੀ, ਮੈਂ ਰੋ ਰੋ ਕੇ ਦਿਆਂ ਦੁਹਾਈਆ । ਇਕੋ ਪ੍ਰਭੂ ਦੀ ਸਚ ਪ੍ਰੀਤੀ, ਜੋ ਪ੍ਰੀਤਮ ਹੋ ਕੇ ਵੇਖ ਵਖਾਈਆ । ਜਨ ਭਗਤੋ ਪਿਛਲੀ ਯਾਦ ਨਾ ਕਰਿਓ ਬੀਤੀ, ਅਗੇ ਅਗਲਾ ਕਦਮ ਉਠਾਈਆ । ਸਭ ਨੇ ਬਦਲ ਲੈਣੀ ਨੀਤੀ, ਨੀਤੀਵਾਨ ਵੇਖ ਵਖਾਈਆ । ਤੁਹਾਡੀ ਪ੍ਰਫੁੱਲਤ ਹੋਵੇ ਨਿੱਕੀ, ਜਿਹੀ ਬਗ਼ੀਚੀ, ਬਾਗ਼ ਧੁਰ ਦਾ ਦਏ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਮੈਂ ਸਭ ਨੂੰ ਦੇਵਾਂ ਵਧਾਈ, ਵਾਧਾ ਪ੍ਰਭ ਦੇ ਨਾਲ ਵਧਾਈਆ । ਜਿਸ ਨੇ ਦਿਤੀ ਜਗਤ ਵਡਿਆਈ, ਹਰਿ ਵੱਡਾ ਬੇਪ੍ਰਵਾਹੀਆ । ਕਾਇਆ ਰੰਗ ਰਿਹਾ ਚੜ੍ਹਾਈ, ਦੂਸਰ ਸੰਗ ਨਾ ਕੋਇ ਬਣਾਈਆ । ਅੰਤਰ ਪਰਦਾ ਰਿਹਾ ਉਠਾਈ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਹੁਕਮ ਨੇ ਬਦਲ ਦੇਣੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਚਾਰੋਂ ਕੁੰਟ ਤੱਕਣੀ ਦੁਹਾਈ, ਦੋਹਰੀ ਧਰਮ ਦੀ ਧਾਰ ਪ੍ਰਗਟਾਈਆ । ਜਿਸ ਤੁਹਾਡੀ ਕੂੜ ਦੀ ਮੇਟਣੀ ਸ਼ਾਹੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਾੜ ਕਹੇ ਮੈਂ ਤੁਹਾਨੂੰ ਦੱਸਾਂ ਤੁਹਾਡੀ ਬੀਤੀ, ਬਿਨ ਪਰਦਾ ਪਰਦਾ ਚੁਕਾਈਆ । ਤੁਹਾਡੇ ਅੰਦਰ ਆਵੇ ਸਤਿ ਦੀ ਰੀਤੀ, ਰੀਤੀਵਾਨ ਵੇਖ ਵਖਾਈਆ । ਤੁਹਾਡੀ ਆਤਮਾ ਰਹੇ ਅਤੀਤੀ, ਤ੍ਰੈਗੁਣ ਵਿਚ ਨਾ ਕੋਇ ਬੰਧਾਈਆ । ਪੁਰਖ ਅਕਾਲ ਕਰੇ ਬਖ਼ਸ਼ੀਸ਼ੀ, ਰਹਿਮਤ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਹਾੜ ਸਤਾਰਾਂ ਕਹੇ ਤੁਸਾਂ ਧਰਮ ਦੀ ਧਾਰ ਖਾਧਾ ਪ੍ਰਸ਼ਾਦਾ, ਖਾਣਾ ਜਗਤ ਵਾਲਾ ਸਮਝਾਈਆ । ਇਹ ਵਰ ਦਿਤਾ ਸੀ ਕ੍ਰਿਸ਼ਨ ਨੂੰ ਰਾਧਾ, ਕ੍ਰਿਸ਼ਨ ਹੱਸ ਕੇ ਫਿਰ ਰਾਧਾ ਦੀ ਝੋਲੀ ਪਾਈਆ । ਕਲਜੁਗ ਮਾਣ ਰਹਿਣਾ ਨਹੀਂ ਸੰਤਨ ਸਾਧਾ, ਸਚ ਸਾਧਨਾ ਵਿਚ ਨਜ਼ਰ ਕੋਇ ਨਾ ਆਈਆ । ਉਸ ਵੇਲੇ ਪੂਰਾ ਕੌਲ ਕਰਾਵਾਂਗਾ ਵਾਹਿਦਾ, ਅਭੁਲ ਭੁਲ ਵਿਚ ਕਦੇ ਨਾ ਆਈਆ । ਤੇਰਾ ਲੇਖਾ ਮੁਕਾਵਾਂਗਾ ਬਾਕਾਇਦਾ, ਕਾਇਦਗੀ ਧੁਰ ਦੀ ਨਾਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੰਦਰ ਇਕ ਸੁਹਾਈਆ । ਹਾੜ ਕਹੇ ਜਨ ਭਗਤੋ ਮੇਰਾ ਤੁਹਾਨੂੰ ਸਜਦਾ, ਨਿਉਂ ਨਿਉਂ ਲਾਗਾਂ ਪਾਈਆਂ । ਕਲਜੁਗ ਖੇਲ ਵੇਖੋ ਕੂੜ ਕੁੜਿਆਰੀ ਅੱਗ ਦਾ, ਤਤਵ ਤਤ ਰਹੀ ਜਲਾਈਆ । ਕਪਟ ਵਿਕਾਰ ਵੇਖੋ ਜਗ ਦਾ, ਦੀਨ ਦੁਨੀ ਰੋਵੇ ਮਾਰੇ ਧਾਹੀਂਆ । ਤੁਹਾਨੂੰ ਪਰਮ ਪੁਰਖ ਪਰਮਾਤਮ ਆਪ ਸੱਦਦਾ, ਸੱਦਾ ਨਾਮ ਵਾਲਾ ਜਣਾਈਆ । ਤੁਹਾਡਾ ਬੰਸ ਹੁਣ ਅਗੇ ਜਾਣਾ ਵਧਦਾ, ਜਗਤ ਜਹਾਨ ਨਾ ਕੋਇ ਅਟਕਾਈਆ । ਤੁਹਾਡਾ ਪਿਆਰ ਤੁਹਾਡੇ ਵਿਚ ਸਜਦਾ, ਜੋ ਸੱਜਣ ਨੂਰ ਅਲਾਹੀਆ । ਤੁਹਾਡਾ ਪੰਧ ਮੁਕਾਇਆ ਸ਼ਾਹ ਰਗ ਦਾ, ਨੌ ਦਵਾਰੇ ਡੇਰਾ ਢਾਹੀਆ । ਤੁਸਾਂ ਸ਼ਬਦ ਰਾਗ ਸੁਣਨਾ ਅਨਹਦ ਦਾ, ਅਨਰਾਗੀ ਆਪ ਸੁਣਾਈਆ । ਤੁਹਾਨੂੰ ਘਰ ਘਰ ਫਿਰੇ ਲੱਭਦਾ,


੩੧
੨੩

ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਾੜ ਸਤਾਰਾਂ ਕਹੇ ਜਨ ਭਗਤੋ ਤੁਸਾਂ ਸਤਿਜੁਗ ਦੀ ਧਾਰ ਖਾਧਾ ਲੰਗਰ, ਕਲਜੁਗ ਰੋਵੇ ਮਾਰੇ ਧਾਹੀਆ । ਜਿਸ ਲੇਖਾ ਮੁਕਾਉਣਾ ਢੋਰਾਂ ਡੰਗਰ, ਪਸ਼ੂਆਂ ਹੋਏ ਸਹਾਈਆ । ਓਹ ਮਾਲਕ ਤੁਹਾਡੇ ਵੜਨਾ ਅੰਦਰ, ਆਪਣਾ ਰੰਗ ਰੰਗਾਈਆ । ਬਜਰ ਕਪਾਟੀ ਤੋੜੇ ਜੰਦਰ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਮਨੂਆ ਮਨ ਨਾ ਦੌੜੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਤੁਹਾਨੂੰ ਪ੍ਰਕਾਸ਼ ਦੇਵੇ ਬਿਨਾ ਸੂਰੀਆ ਚੰਦਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਤੁਸਾਂ ਕਿਸੇ ਦਵਾਰੇ ਨਹੀਂ ਜਾਣਾ ਮੰਗਣ, ਮਾਂਗਤ ਹੋ ਨਾ ਝੋਲੀ ਡਾਹੀਆ । ਕਿਰਪਾ ਕਰੇ ਸੂਰਾ ਸਰਬੰਗਣ, ਸਿਰ ਸਿਰ ਆਪਣਾ ਹੱਥ ਰਖਾਈਆ । ਸਭ ਦੀ ਪ੍ਰਵਾਨ ਕਰੇ ਬੰਦਨ, ਹਰਿਜਨ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦੇ ਵਿਛੜਿਆਂ ਟੁੱਟੀ ਆਇਆ ਗੰਢਣ, ਗੰਢ ਆਪਣਾ ਨਾਮ ਪਵਾਈਆ ।

## ✪ ੧੮ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਸ਼ਾਦੀਆਂ ਦੇ ਸਮੇਂ ਜ਼ਿਲਾ ਅੰਮ੍ਰਿਤਸਰ ✪

ਪੁਰਖ ਅਕਾਲ ਕਹੇ ਸੁਣ ਸ਼ਬਦ ਅਨਾਦੀ ਸੁਤ, ਦੂਲ੍ਹੇ ਧੁਰ ਦੇ ਦਿਆਂ ਜਣਾਈਆ । ਨਿਰਗੁਣ ਧਾਰ ਆਪਣੀ ਵੇਖ ਅਗੰਮੀ ਰੁਤ, ਨਿਰਵੈਰ ਹੋ ਕੇ ਅੱਖ ਉਠਾਈਆ । ਹੁਕਮ ਮੰਨਣਾ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਰਿਹਾ ਦ੍ਰਿੜਾਈਆ । ਪਰਦਾ ਓਹਲਾ ਰਹੇ ਨਾ ਲੁਕ, ਭੇਵ ਅਭੇਵ ਦੇਣਾ ਖੁਲਾਈਆ । ਭਾਗ ਲਗਾਉਣਾ ਕਾਇਆ ਪੰਜ ਤਤ ਬੁਤ, ਬੁਤਖ਼ਾਨਿਆਂ ਵੇਖ ਵਖਾਈਆ । ਮੇਰੇ ਨੌਜਵਾਨ ਮਰਦ ਮਰਦਾਨ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਕੋਲੋਂ ਪੁਛ, ਸੰਦੇਸਾ ਦੇ ਅਗੰਮ ਅਥਾਹੀਆ । ਕਿਉਂ ਜਗਤ ਜਹਾਨ ਤਤਾਂ ਰਿਹਾ ਝੁਕ, ਨਿਰਗੁਣ ਸੀਸ ਨਾ ਕੋਇ ਨਿਵਾਈਆ । ਕਿਉਂ ਆਤਮ ਪਰਮਾਤਮਾ ਭੁਲੀ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਕੋਇ ਨਾ ਗਾਈਆ । ਸਤਿ ਧਰਮ ਦਾ ਬੂਟਾ ਰਿਹਾ ਸੁੱਕ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਈਆ । ਪਿਆਰ ਮੁਹੱਬਤ ਦੀ ਧਾਰ ਵਿਚੋਂ ਉਠ, ਪ੍ਰਗਟ ਆਪਣੀ ਲੈ ਅੰਗੜਾਈਆ । ਕਲਜੁਗ ਅੰਤਮ ਆਪ ਤੁਠ, ਮਿਹਰਵਾਨ ਹੋ ਕੇ ਵੇਖ ਵਖਾਈਆ । ਕੂੜੀ ਕਿਰਿਆ ਜੜ ਪੁੱਟ, ਮਾਇਆ ਮਮਤਾ ਦੇ ਗਵਾਈਆ । ਸ਼ਰਅ ਸ਼ਰੀਅਤ ਦੀ ਰਹੇ ਕੋਇ ਨਾ ਲੁੱਟ, ਹਉਮੇ ਹੰਗਤਾ ਗੜ੍ਹ ਦੇਣਾ ਤੁੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਰਹਿਣਾ ਨਹੀਂ ਚੁੱਪ, ਉੱਤਰ ਪੂਰਬ ਪੱਛਮ ਦੱਖਣ ਭੱਜਣਾ ਵਾਹੋ ਦਾਹੀਆ । ਸਦੀ ਚੌਧਵੀਂ ਸੂਰੀਆ ਰਿਹਾ ਛੁਪ, ਸਤਿ ਆਫ਼ਤਾਬ ਨਜ਼ਰ ਕੋਇ ਨਾ ਆਈਆ । ਕਿਉਂ ਕਾਇਨਾਤ ਹੋਇਆ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲੇ ਬਾਪ, ਮਾਤ ਪਿਤ ਤੇਰੀ ਵਡਿਆਈਆ । ਮੈਂ ਨਿਰਗੁਣ ਧਾਰ ਕਰਾਂ ਬਾਤ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਧੁਰ ਸੰਦੇਸ਼ਾ ਦੇਵਾਂ ਆਖ, ਬਿਨਾ ਅੱਖਰ ਅੱਖਰ ਜਣਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਮਾਰੋ ਝਾਤ, ਸਚਖੰਡ ਦਵਾਰੇ ਦਰ ਦਰਵਾਜ਼ਾ ਅਗੰਮ

ਖੁਲਾਈਆ । ਕਿਉਂ ਦੀਨਾਂ ਮਜ਼੍ਹਬਾਂ ਜਗਤ ਅੰਧੇਰਾ ਪਾਇਆ ਰਾਤ, ਸਤਿ ਸਚ ਨਾ ਕੋਇ ਰੁਸ਼ਨਾਈਆ । ਆਪਣਾ ਲੇਖਾ ਵੇਖੇ ਜੋ ਲਿਖਿਆ ਕਲਮ ਦਵਾਤ, ਚਾਰਜੁਗ ਦੇ ਸ਼ਾਸਤਰ ਦੇਣ ਗਵਾਹੀਆ । ਕੀ ਭਵਿਖਤਾਂ ਵਿਚ ਦ੍ਰਿਸ਼ਟਾਂ ਵਿਚ ਆਏ ਆਖ, ਢੋਲੇ ਦੀਨ ਦੁਨੀ ਸੁਣਾਈਆ । ਬਿਨਾ ਪੁਰਖ ਅਕਾਲ ਤੋਂ ਕਿਸੇ ਦੀ ਪੁਛੇ ਕੋਈ ਨਾ ਵਾਤ, ਵਾਤਾਵਰਨ ਬਦਲੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਤੇਈ ਅਵਤਾਰ ਲਾਹੋ ਪਰਦਾ, ਪਰਦਾ ਰਹਿਣ ਕੋਇ ਨਾ ਪਾਈਆ । ਜਗਤ ਜਹਾਨ ਵੇਖੇ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਖੇਲ ਵੇਖੋ ਹੰਕਾਰ ਗੜ੍ਹ ਦਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਪ੍ਰਭ ਦਾ ਖੇਲ ਤੱਕਣਾ ਲਹਿੰਦਾ ਚੜ੍ਹਦਾ, ਦੱਖਣ ਪਹਾੜ ਸੋਭਾ ਪਾਈਆ । ਜੋ ਰੂਪ ਧਰੇ ਨਰਾਇਣ ਨਰ ਦਾ, ਨਰ ਹਰਿ ਆਪਣਾ ਖੇਲ ਖਿਲਾਈਆ । ਤੁਸਾਂ ਬਿਆਨ ਦਿਤਾ ਉਹ ਮਾਲਕ ਘਰ ਘਰ ਦਾ, ਤਨ ਵਜੂਦਾ ਸੋਭਾ ਪਾਈਆ । ਨਾ ਜਨਮੇ ਨਾ ਮਰਦਾ, ਅਗਨੀ ਅਗ ਨਾ ਕੋਇ ਤਪਾਈਆ । ਜਿਸ ਦਾ ਕਲਮਾ ਨਾਮ ਤਤ ਵਜੂਦ ਪੜ੍ਹਦਾ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਓਹ ਲੇਖਾ ਲਹਿਣਾ ਸਭ ਤੋਂ ਮੰਗਦਾ, ਮੰਗਣਹਾਰ ਬੇਪ੍ਰਵਾਹੀਆ । ਜਨ ਭਗਤਾਂ ਕਾਇਆ ਚੋਲੀ ਰੰਗਦਾ, ਰੰਗ ਇਕ ਚੜ੍ਹਾਈਆ । ਨਾਤਾ ਤੋੜੇ ਭੁੱਖ ਨੰਗ ਦਾ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਭੇਵ ਖੁਲਾਏ ਹੰ ਬ੍ਰਹਮ ਦਾ, ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਈਆ । ਜੋ ਮਾਲਕ ਖ਼ਾਲਕ ਪਵਣ ਸਵਾਸੀ ਦਮ ਦਾ, ਦਾਮਨਗੀਰ ਇਕ ਹੋ ਜਾਈਆ । ਓਹ ਜਗਤ ਨਾਤਾ ਜੋੜੇ ਮਾਟੀ ਚੰਮ ਦਾ, ਤਤਵ ਤਤਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪੈਗ਼ੰਬਰੋ ਮੁਖ ਤੋਂ ਲਾਹੋ ਨਕਾਬ, ਨੁਕਤਾ ਰਹਿਣ ਕੋਇ ਨਾ ਪਾਈਆ । ਜਿਸ ਮਹਿਬੂਬ ਨੂੰ ਕੀਤਾ ਅਦਾਬ, ਸਜਦਿਆਂ ਵਿਚ ਸੀਸ ਝੁਕਾਈਆ । ਉਸ ਦਾ ਹੁਜਰਾ ਤੱਕੋ ਮਹਿਰਾਬ, ਮਹਿਵਖ਼ਾਨਾ ਖੋਜ ਖੁਜਾਈਆ । ਜਿਥੇ ਨਾ ਕੋਈ ਸਵਾਲ ਨਾ ਕੋਈ ਜਵਾਬ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਨਾ ਕੋਇ ਹਿੱਸਾ ਨਾ ਕੋਈ ਬਾਬ, ਸ਼ਰਅ ਵੰਡ ਨਾ ਕੋਇ ਵੰਡਾਈਆ । ਨਾ ਕੋਈ ਢੋਲਾ ਗੀਤ ਰਾਗ, ਕਲਮਾ ਕਲਾਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਪੈਗ਼ੰਬਰੋ ਵੇਖੋ ਜਗਤ ਜਹਾਨ ਦੀ ਸ਼ਰਅ, ਸ਼ਰੀਅਤ ਖੋਜ ਖੁਜਾਈਆ । ਪੂਰਬ ਲੇਖਾ ਤੱਕੋ ਆਪਣੇ ਗ੍ਰਿਹ ਦਰਾ, ਘਰ ਪਰਦਾ ਆਪ ਚੁਕਾਈਆ । ਜਿਸ ਦੀ ਆਦਿ ਅੰਤ ਧਾਰ ਵਿਚ ਨਾ ਕੋਇ ਜੀਵਤ ਨਾ ਕੋਇ ਮਰਾ, ਏਕਾ ਜੋਤ ਨੂਰ ਰੁਸ਼ਨਾਈਆ । ਜਿਸ ਦਾ ਹੁਕਮ ਧੁਰ ਫ਼ਰਮਾਨਾ ਬੜਾ, ਨਾ ਕੋਇ ਮੇਟੇ ਮੇਟ ਮਿਟਾਈਆ । ਜਿਸ ਨੇ ਤੁਹਾਡਾ ਮਾਨਵ ਜ਼ਾਤੀ ਨਾਲ ਬਣਾਇਆ ਧੜਾ, ਮਾਨਸ ਮਾਨੁਖ ਖੋਜ ਖੁਜਾਈਆ । ਉਹ ਸਤਿ ਦਵਾਰੇ ਦਰਗਾਹ ਸਾਚੀ ਖੜ੍ਹਾ, ਖੰਡਾ ਖੜਗ ਨਾ ਕੋਇ ਉਠਾਈਆ । ਜਿਸ ਦਾ ਨਾਮ ਕਲਮਾ ਸਭ ਨੇ ਪੜ੍ਹਾ, ਅੱਖਰ ਅੱਖਰ ਮੇਲ ਮਿਲਾਈਆ । ਓਹ ਨਿਗਾਹ ਮਾਰੇ ਆਪਣੀ ਜਗਹ, ਜਗਹ ਜਗਹ ਵੇਖ ਵਖਾਈਆ । ਜਿਸ ਖੇਲ ਖਿਲਾਇਆ ਤਰਾ ਤਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਗੁਰੂ ਗੁਰਦੇਵਾ, ਦੇਵ ਆਤਮਾ ਵੇਖ ਵਖਾਈਆ । ਨਿਗਾਹ ਮਾਰੋ ਧਾਮ ਨਿਹਚਲ ਨਿਹਕੇਵਾ, ਬਿਨ ਨੈਣਾਂ ਨੈਣ ਉਠਾਈਆ । ਕੀ ਖੇਲ ਕਰੇ ਅਲਖ ਅਭੇਵਾ, ਅਗੋਚਰ ਬੇਪ੍ਰਵਾਹੀਆ । ਜਿਸ ਦੀ

ਸਿਫ਼ਤ ਚਾਰੇ ਬਾਣੀ ਕਰੇ ਨਾਲ ਜਿਹਵਾ, ਪਰਾ ਪਸੰਤੀ ਮਧਮ ਬੈਖਰੀ ਢੋਲੇ ਰਹੀ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸੁਣੋ ਹੁਕਮ ਅਥਾਹ, ਬੋਧ ਅਗਾਧ ਦ੍ਰਿੜਾਈਆ । ਪ੍ਰਭ ਮਾਲਕ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਰਿਹਾ ਉਠਾ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਸਵਾਧਾਨ ਹੋ ਕੇ ਸਚ ਦਵਾਰੇ ਜਾਣਾ ਆ, ਭੱਜਣਾ ਵਾਹੋ ਦਾਹੀਆ । ਸੰਦੇਸ਼ਾ ਸੁਣਨਾ ਥਾਉਂ ਥਾਂ, ਬਚਿਆ ਰਹਿਣ ਕੋਇ ਨਾ ਪਾਈਆ । ਰੁੱਤ ਸੁਹੰਜਣੀ ਸੁਹਾਵਣੀ ਕਰੇ ਮਿਹਰਵਾਂ, ਮਿਹਰ ਨਜ਼ਰ ਇਕ ਉਠਾਈਆ । ਆਪਣੀ ਕਰਨੀ ਦਾ ਲੇਖਾ ਆਪਣੇ ਕੋਲ ਲੈਣਾ ਉਠਾ, ਨੌਂ ਸੌ ਚੁਰਾਨਵੇਂ ਚੌਕੜੀ ਪਿਛਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਵੇਖੇ ਖੇਲ ਅਪਾਰਾ, ਅਪਰੰਪਰ ਆਪ ਦ੍ਰਿੜਾਈਆ । ਦੀਨਾਂ ਮਜ਼੍ਹਬਾਂ ਤੱਕੋ ਨਿਰਗੁਣ ਨੈਣ ਅੱਖ ਉਘਾੜਾ, ਜਗਤ ਲੋਚਣ ਦੀ ਲੋੜ ਰਹੇ ਨਾ ਰਾਈਆ । ਸ਼ਰਅ ਸ਼ਰੀਅਤ ਵੇਖੋ ਅਖਾੜਾ, ਨੌਂ ਖੰਡ ਪ੍ਰਿਥਮੀ ਖੋਜ ਖੁਜਾਈਆ । ਮਿਤੀ ਯਾਦ ਰਖਣੀ ਵੀਹ ਸੌ ਅੱਠ ਸੰਮਤ ਸ਼ਹਿਨਸ਼ਾਹੀ ਅੱਠ, ਇੱਕੀਆਂ ਦਾ ਲੇਖਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਸਚਖੰਡ ਦਵਾਰਾ ਸੋਭਾਵੰਤ, ਸੋਭਨੀਕ ਅਖਵਾਈਆ । ਜਿਥੇ ਇਕੋ ਸਭ ਦਾ ਕੰਤ, ਦੂਜਾ ਸੰਗ ਨਾ ਕੋਇ ਵਖਾਈਆ । ਇਕੋ ਨਾਮ ਅਗੰਮਾ ਮੰਤ, ਇਕੋ ਦਾਤਾ ਸਿਫ਼ਤ ਸਾਲਾਹੀਆ । ਇਕੋ ਆਦਿ ਇਕੋ ਅੰਤ, ਇਕੋ ਮੱਧ ਖੇਲ ਖਿਲਾਈਆ । ਇਕੋ ਬਣਾਏ ਸਾਚੀ ਬਣਤ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਇਕੋ ਅਗੰਮੀ ਹੋਵੇ ਪੰਡਤ, ਜਿਸ ਦੀ ਸਿਖਿਆ ਅੱਖਰਾਂ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਅਗੰਮਾ ਇਕ, ਏਕੰਕਾਰ ਰਿਹਾ ਦ੍ਰਿੜਾਈਆ । ਸਭ ਦਾ ਲੇਖਾ ਸਭ ਦੇ ਵਿਚ, ਪਰਦਿਆਂ ਪਰਦਿਆਂ ਵਿਚ ਛੁਪਾਈਆ । ਸਤਿਜੁਗ ਤਰੇਤਾ ਦੁਆਪਰ ਘਰ ਲੈਣਾ ਚਿਤ, ਕਲਜੁਗ ਆਪਣੇ ਨਾਲ ਮਿਲਾਈਆ । ਕਿਉਂ ਜਗਤ ਸੁਰਤ ਨਾ ਜਾਏ ਟਿਕ, ਅੰਤਸ਼ਕਰਨ ਹੋਏ ਨਾ ਕੋਇ ਸਫ਼ਾਈਆ । ਦੀਨ ਮਜ਼੍ਹਬ ਦਾ ਲੇਖਾ ਨਾ ਸਕੇ ਨਜਿੱਠ, ਧਰਮ ਦੀ ਧਾਰ ਰੋਵੇ ਮਾਰੇ ਧਾਹੀਆ । ਓਹ ਤਕੋ ਧਰਨੀ ਧਰਤ ਧਵਲ ਰਹੀ ਪਿਟ, ਬਿਨ ਨੈਣਾਂ ਨੀਰ ਵਹਾਈਆ । ਕਿਉਂ ਸਭ ਨੇ ਦੀਨ ਦੁਨੀ ਦਿਤੀ ਪਿਠ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਮੰਜ਼ਲ ਪੌੜੀ ਰਾਹ ਮੁਕੇ ਨਾ ਸਵਾ ਗਿਠ, ਦੋ ਜਹਾਨਾਂ ਪੰਧ ਨਾ ਕੋਇ ਚੁਕਾਈਆ । ਕਿਉਂ ਆਤਮਾ ਪਰਮਾਤਮਾ ਭੁਲਿਆ ਹਿਤ, ਪਾਰਬ੍ਰਹਮ ਮਿਲ ਕੇ ਵੱਜੇ ਨਾ ਕਿਸੇ ਵਧਾਈਆ । ਕਿਉਂ ਠਗੌਰੀ ਆਈ ਚਿਤ, ਮਨ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਦਈਏ ਇਕ ਸਲਾਹ, ਮਸ਼ਵਰਾ ਸਤਿਗੁਰ ਸ਼ਬਦ ਨਾਲ ਪਕਾਈਆ । ਸਾਡੇ ਚਾਰ ਜੁਗ ਦੇ ਵੱਖਰੇ ਵੱਖਰੇ ਰਾਹ, ਰਹਿਬਰ ਬਣ ਕੇ ਆਏ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਾਡੇ ਗਵਾਹ, ਅੰਜੀਲ ਕੁਰਾਨ ਲੇਖਾ ਰਹੇ ਸੁਣਾਈਆ । ਖਾਣੀ ਬਾਣੀ ਭੇਵ ਨਾ ਰਾਅ, ਪਰਦਾ ਓਹਲਾ ਨਾ ਕੋਇ ਪਾਈਆ । ਬੇਸ਼ਕ ਅਸਾਂ ਸਭ ਨੂੰ ਦੱਸਿਆ ਇਕੋ ਪਿਤਾ ਤੇ ਇਕੋ ਮਾਂ, ਪਰਵਰਦਿਗਾਰ ਇਕ ਅਖਵਾਈਆ । ਪ੍ਰਭੂ ਤੇਰੇ ਹੁਕਮ

ਨਾਲ ਵੱਖਰੇ ਵੱਖਰੇ ਦੱਸ ਕੇ ਨਾਂ, ਕਲਮਾ ਕਾਇਨਾਤ ਸੁਣਾਈਆ । ਝਗੜਾ ਪਾਇਆ ਥਾਉਂ ਥਾਂ, ਧਰਨੀ ਧਰਤ ਧਵਲ ਧੌਲ ਰਹੀ ਸੁਣਾਈਆ । ਅੰਤਮ ਸਭ ਦੀ ਪਕੜੇ ਕੋਇ ਨਾ ਬਾਂਹ, ਲਹਿਣਾ ਸਕੇ ਨਾ ਕੋਇ ਚੁਕਾਈਆ । ਅਸੀਂ ਭਵਿਖਤਾਂ ਵਿਚ ਲਿਖਤਾਂ ਵਿਚ ਦ੍ਰਿਸ਼ਟਾਂ ਵਿਚ ਇਸ਼ਟਾਂ ਵਿਚ ਆਏ ਜਣਾ, ਧੁਰ ਦਾ ਹੁਕਮ ਇਕ ਜਣਾਈਆ । ਜਿਸ ਵੇਲੇ ਕਲਜੁਗ ਅੰਤਮ ਜਾਏ ਆ, ਸਦੀ ਬੀਸਵੀਂ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਸਿਰ ਤੋਂ ਪਲੂ ਲਵੇ ਲਾਹ, ਓਢਣ ਸੀਸ ਨਾ ਕੋਇ ਰਖਾਈਆ । ਸਤਿ ਧਰਮ ਦੀ ਦੇਵੇ ਕੋਇ ਨਾ ਛਾਂ, ਕਲਜੁਗ ਅਗਨੀ ਅੱਗ ਤਪਾਈਆ । ਉਸ ਵੇਲੇ ਕਿਰਪਾ ਕਰੇ ਮਿਹਰਵਾਂ, ਮਹਿਬੂਬ ਨੂਰ ਅਲਾਹੀਆ । ਜੋ ਹਰ ਘਟ ਕਰੇ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਓਹ ਸਭ ਦਾ ਸਾਢੇ ਤਿੰਨ ਹੱਥ ਵੇਖੇ ਗਰਾਂ, ਕਾਇਆ ਮੰਦਰ ਖੋਜ ਖੁਜਾਈਆ । ਜਨ ਭਗਤਾਂ ਮਿਲਣ ਦਾ ਰਖੇ ਚਾਅ, ਚਾਓ ਘਨੇਰਾ ਇਕ ਦਰਸਾਈਆ । ਜਿਸ ਨੂੰ ਗੋਬਿੰਦ ਨੇ ਕਿਹਾ ਵਾਹੋ ਵਾਹ, ਵਾਹਿਗੁਰੂ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਪਿਆਰੇ ਸੁਤ, ਸਤਿ ਸਚ ਸੁਣਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰੇ ਦੂਤ, ਦੋ ਜਹਾਨਾਂ ਖੇਲ ਖਿਲਾਈਆ । ਮੈਂ ਮਾਲਕ ਅਗੰਮ ਊਚ, ਊਚ ਅਥਾਹ ਇਕ ਅਖਵਾਈਆ । ਮੈਥੋਂ ਅਗਲਾ ਹਾਲ ਪੁਛ, ਭੇਵ ਅਭੇਦਾ ਦਿਆਂ ਖੁਲਾਈਆ । ਪਿਛਲਾ ਪੈਂਡਾ ਜਾਏ ਮੁਕ, ਜਗਤ ਜਗਿਆਸੂਆਂ ਦੇਣਾ ਸੁਣਾਈਆ । ਜਿਸ ਤਰਾ ਅਵਤਾਰ ਪੈਗ਼ੰਬਰ ਗੁਰੂ ਮੇਰੀ ਇਕੋ ਗਾਉਂਦੇ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਏਸੇ ਤਰਾਂ ਦੀਨ ਦੁਨੀ ਦਾ ਬਦਲਣਾ ਰੁਖ਼, ਰੁਖ਼ਸਤ ਮਜ਼੍ਹਬਾਂ ਵਿਚੋਂ ਜਣਾਈਆ । ਸਭ ਨੇ ਇਕੋ ਨੂੰ ਜਾਣਾ ਝੁਕ, ਵਾਹਿਦ ਇਕੋ ਨੂਰ ਅਲਾਹੀਆ । ਸਤਿ ਸੁਹੰਜਣੀ ਕਰਨੀ ਰੁਤ, ਮੌਲਾ ਹੋ ਕੇ ਵੇਖ ਵਖਾਈਆ । ਓਹ ਵੇਲਾ ਗਿਆ ਢੁੱਕ, ਅਵਤਾਰ ਪੈਗ਼ੰਬਰ ਗੁਰੂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਅਵਤਾਰ ਕਹਿਣ ਪ੍ਰਭ ਸ਼ਬਦੀ ਧਾਰ ਸਾਡੀ ਮੰਗ, ਸ਼ਬਦ ਸ਼ਬਦ ਸ਼ਨਵਾਈਆ । ਤੂੰ ਸਾਹਿਬ ਸੂਰਾ ਸਰਬੰਗ, ਤੇਰੇ ਹੱਥ ਵਡਿਆਈਆ । ਸਾਨੂੰ ਚਾੜ੍ਹ ਦੇ ਸਾਚਾ ਰੰਗ, ਸੱਤ ਰੰਗ ਤੇਰਾ ਨਜ਼ਰੀ ਆਈਆ । ਝਗੜਾ ਰਹੇ ਨਾ ਚੰਡ ਪ੍ਰਚੰਡ, ਤੀਰ ਤਰਕਸ਼ ਦਾ ਡੇਰਾ ਢਾਹੀਆ । ਤੇਰਾ ਖੇਲ ਤੱਕੀਏ ਵਿਚ ਬ੍ਰਹਿਮੰਡ, ਪੁਰੀ ਲੋਅ ਵੱਜੇ ਵਧਾਈਆ । ਖ਼ੁਸ਼ੀਆਂ ਵਿਚ ਫਿਰਨ ਸੂਰੀਆ ਚੰਦ, ਮੰਡਲ ਮੰਡਪ ਭੱਜਣ ਵਾਹੋ ਦਾਹੀਆ । ਅਸੀਂ ਹੋਕਾ ਦੇਣਾ ਸਾਡਾ ਮੁਕਿਆ ਪੰਧ, ਅਗੇ ਵਾਟ ਰਹੀ ਨਾ ਰਾਈਆ । ਕਲਜੁਗ ਦੇਣਾ ਨਹੀਂ ਕੋਈ ਸੰਗ, ਸਗਲਾ ਸੰਗ ਨਾ ਕੋਇ ਬਣਾਈਆ । ਸਤਿ ਧਰਮ ਦਾ ਕੂੜੀ ਕਿਰਿਆ ਨਾਲ ਹੋਣਾ ਜੰਗ, ਝਗੜਾ ਸਕੇ ਨਾ ਕੋਇ ਮਿਟਾਈਆ । ਮਾਇਆ ਮਮਤਾ ਕਰਨੀ ਖੰਡ ਖੰਡ, ਖੰਡਾ ਧੁਰ ਦਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੈਗ਼ੰਬਰ ਕਹਿਣ ਪਰਵਰਦਿਗਾਰ ਸਾਡਾ ਸਜਦਾ, ਬੇਨਜ਼ੀਰ ਸੀਸ ਨਿਵਾਈਆ । ਇਹ ਖੇਲ ਤੇਰੇ ਅਗੰਮੇ ਘਰ ਦਾ, ਜਿਸ ਗ੍ਰਿਹਿ ਨੂੰ ਵੇਖਣ ਕੋਇ ਨਾ ਪਾਈਆ । ਜਿਥੇ ਇਕੋ ਨੂਰ ਤੇਰਾ ਨਰਾਇਣ ਨਰ ਦਾ, ਜੋਤੀ ਜੋਤ ਡਗਮਗਾਈਆ । ਜੋ ਹੁਕਮ ਸੰਦੇਸ਼ਾ ਘਲਦਾ, ਸ਼ਬਦੀ ਸ਼ਬਦ ਸ਼ਬਦ ਪੜ੍ਹਾਈਆ । ਕਲਮਾ ਕਾਇਨਾਤ ਤੇਰਾ ਦਰ ਮੱਲਦਾ, ਦਰਵੇਸ਼ ਹੋ ਕੇ ਸੇਵ ਕਮਾਈਆ । ਅਸੀਂ ਜਾਣਿਆ ਤੇਰਾ ਖੇਲ ਅਛਲ ਅਛਲ ਦਾ, ਵਲ ਛਲ ਤੇਰੀ ਬੇਪ੍ਰਵਾਹੀਆ ।

ਹੁਣ ਸਾਡਾ ਵੇਲਾ ਜਾਂਦਾ ਢਲਦਾ, ਈਸਾ ਮੂਸਾ ਮੁਹੰਮਦ ਸੀਸ ਨਿਵਾਈਆ । ਕਿਸੇ ਨੂੰ ਪਤਾ ਨਹੀਂ ਘੜੀ ਪਲ ਦਾ, ਕੀ ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਝਗੜਾ ਮੇਟਣਾ ਕਾਇਆ ਮਾਟੀ ਖੱਲ ਦਾ, ਖ਼ਾਲਕ ਖ਼ਲਕ ਦਇਆ ਕਮਾਈਆ । ਤੇਰਾ ਹੁਕਮ ਇਕੋ ਅਟਲ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਰਦਾ ਦੇਣਾ ਚੁਕਾਈਆ । ਗੁਰ ਸਤਿ ਸਤਿਗੁਰ ਕਹਿਣ ਸਾਹਿਬ ਅਬਿਨਾਸ਼ਾ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਹਰਿ ਪੁਰਖ ਨਿਰੰਜਣ ਤੇਰਾ ਖੇਲ ਤਮਾਸ਼ਾ, ਏਕੰਕਾਰ ਤੇਰੀ ਵਡ ਵਡਿਆਈਆ । ਆਦਿ ਨਿਰੰਜਣ ਤੇਰਾ ਨੂਰ ਪ੍ਰਕਾਸ਼ਾ, ਜੋਤੀ ਜੋਤ ਡਗਮਗਾਈਆ । ਸ੍ਰੀ ਭਗਵਾਨ ਪਾਵੇ ਰਾਸਾ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਅਬਿਨਾਸ਼ੀ ਕਰਤਾ ਬਣ ਕੇ ਜਾਤਾ, ਜੋਤੀ ਜਾਤਾ ਇਕ ਅਖਵਾਈਆ । ਪਾਰਬ੍ਰਹਮ ਬ੍ਰਹਮ ਦਾ ਬਣ ਕੇ ਪਿਤਾ ਮਾਤਾ, ਨਿਰਗੁਣ ਨੂਰ ਨੂਰ ਇਕ ਪ੍ਰਗਟਾਈਆ । ਜੁਗ ਚੌਕੜੀ ਤੇਰਾ ਖੇਲ ਤਮਾਸ਼ਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਰੂਪ ਧਰੇ ਕਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਨਾਮ ਕਲਮੇ ਦਾ ਖੋਲ ਕੇ ਹਾਟਾ, ਹੱਟੀ ਸ਼ਰਅ ਵਾਲੀ ਸਮਝਾਈਆ । ਅੰਤਮ ਸਭ ਦੀ ਮੇਟੇ ਵਾਟਾ, ਅੰਤ ਰਹਿਣ ਕੋਇ ਨਾ ਪਾਈਆ । ਤੇਰੇ ਨਾਲ ਇਕੋ ਅਗੰਮੀ ਨਾਤਾ, ਜਿਸ ਨੂੰ ਸਕੇ ਨਾ ਕੋਇ ਤੁੜਾਈਆ । ਆਤਮ ਪਰਮਾਤਮ ਧੁਰ ਦੀ ਗਾਥਾ, ਜਿਸ ਦੀ ਬਦਲੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੇ ਦੂਲ੍ਹੇ ਲਾਲ, ਲਾਲਨ ਹੋ ਕੇ ਦਿਆਂ ਜਣਾਈਆ । ਪੂਰਬ ਦਾ ਪਿਛੇ ਬੀਤਿਆ ਕਾਲ, ਜੁਗ ਚੌਕੜੀ ਆਪਣਾ ਪੰਧ ਮੁਕਾਈਆ । ਸਚਖੰਡ ਵੇਖੇ ਖੇਲ ਹਕ ਹਲਾਲ, ਦੂਜੀ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਤੱਕੇ ਚਾਲ, ਕੀ ਰੀਤੀ ਦਏ ਗਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬੇਹਾਲ, ਬਿਹਬਲ ਹੋ ਕੇ ਮਾਰੇ ਧਾਹੀਆ । ਕਿਸੇ ਦਾ ਹੱਲ ਨਾ ਹੋਏ ਸਵਾਲ, ਅੰਕੜੇ ਕੰਮ ਕਿਸੇ ਨਾ ਆਈਆ । ਫਲ ਲੱਗੇ ਨਾ ਕਾਇਆ ਡਾਲ, ਸਿੰਮਲ ਰੁੱਖ ਰਹੇ ਲਹਿਰਾਈਆ । ਚਾਰੇ ਕੁੰਟਾਂ ਕਰੇ ਭਾਲ, ਭੱਜੇ ਵਾਹੋ ਦਾਹੀਆ । ਕਵਣ ਆਤਮ ਮਿਲੀ ਪਰਮਾਤਮ ਨਾਲ, ਮਿਲ ਕੇ ਵੱਜੇ ਵਧਾਈਆ । ਕਿਉਂ ਤੁਹਾਡੇ ਹੁੰਦਿਆਂ ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਜਗਾਈਆ । ਕਿਉਂ ਨਹੀਂ ਸੁਰਤ ਸਭ ਦੀ ਸਕੇ ਸੰਭਾਲ, ਘਰ ਘਰ ਅੰਦਰ ਵੇਖ ਵਖਾਈਆ । ਕਿਉਂ ਨਾਮ ਖ਼ਜ਼ਾਨਾ ਲੁਟਿਆ ਧਨ ਮਾਲ, ਮਾਇਆ ਮਮਤਾ ਹੋਈ ਹਲਕਾਈਆ । ਪ੍ਰੇਮ ਨਾਲ ਪੁਛੇ ਦੀਨ ਦਿਆਲ, ਦਰਗਾਹ ਸਾਚੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਮਿਹਰਵਾਨੀ, ਮਿਹਰਵਾਨ ਤੇਰੀ ਸਰਨਾਈਆ । ਸਾਡੀ ਨਾਮ ਕਲਮੇ ਦੀ ਨਿਸ਼ਾਨੀ, ਦੀਨ ਦੁਨੀ ਦੇ ਗ੍ਰੰਥ ਦੇਣ ਗਵਾਹੀਆ । ਸ਼ਹਾਦਤ ਦੇਵੇ ਅੱਠ ਸੱਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਕੀ ਲਹਿਣਾ ਦੇਣਾ ਜੀਵ ਪ੍ਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਪਰ ਸਚ ਦੱਸੀਏ ਸਾਡਾ ਝਗੜਾ ਜਗਤ ਦੀਵਾਨੀ, ਪੂਰਬ ਦਾ ਚਲਿਆ ਆਈਆ । ਅਸਾਂ ਵੰਡ ਵੰਡਾਈ ਜਿਸਮ ਜਿਸਮਾਨੀ, ਸ਼ਰਅ ਜੰਜ਼ੀਰ ਨਾਲ ਬੰਧਾਈਆ । ਤੇਰੇ ਕਲਮੇ ਦੀ ਤੇਰੇ ਨਾਮ ਦੀ ਜਗਤ ਜਗਿਆਸੂਆਂ ਕੋਲੋਂ ਲਈ ਕੁਰਬਾਨੀ, ਧੜ ਸੀਸ ਵੱਖ ਕਰਾਈਆ । ਆਤਮ ਬ੍ਰਹਮ ਪਾਰਬ੍ਰਹਮ ਸਚ ਸ਼ਬਦ ਸ਼ਬਦ ਸਚ ਆਦਿ ਅੰਤ ਦਾ ਗਿਆਨੀ, ਜਿਸ ਦਾ ਗਿਆਨ ਜਗਤ ਧਿਆਨ

ਵਿਚ ਕਦੇ ਨਾ ਆਈਆ । ਤੇਰੀ ਮਹਿੰਮਾ ਦੀ ਸਿਫ਼ਤ ਸਲਾਹ ਦੀ ਵਡਿਆਈ ਦੀ ਨਿਰਅੱਖਰ ਧਾਰ ਵਿਚੋਂ ਅੱਖਰਾਂ ਨਾਲ ਲਿਖਾਈ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਅੰਤ ਅਖ਼ੀਰ ਸਦੀ ਚੌਧਵੀਂ ਭੁਲ ਗਏ ਕਲਜੁਗ ਜੀਵ ਨਾਦਾਨੀ, ਨਿਗਹ ਨਿਗਹ ਨਾ ਕੋਇ ਉਠਾਈਆ । ਸ਼ਰਅ ਛੁਰੀ ਹੋਈ ਦੀਨ ਮਜ਼੍ਹਬ ਵਾਲੀ ਸ਼ੈਤਾਨੀ, ਤੇਰਾ ਰੰਗ ਰੰਗ ਨਾ ਕੋਇ ਰੰਗਾਈਆ । ਸਾਡੀ ਇਕੋ ਮੰਗ ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਤੂੰ ਹਰ ਘਟ ਅੰਦਰ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਸ਼ਰਅ ਦੀ ਮੇਟ ਤੁਗਿਆਨੀ, ਸ਼ੌਹ ਦਰਿਆ ਰੁੜ੍ਹਾਈਆ । ਮਾਇਆ ਮਮਤਾ ਮਨਸਾ ਮਨ ਨਾ ਰਹੇ ਅਭਿਮਾਨੀ, ਹਉਮੇ ਰੋਗ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗ੍ਰਿਹਿ ਦੇਣਾ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਸ਼ਹਿਨਸ਼ਾਹ ਨਵਾਬ, ਬੇਪ੍ਰਵਾਹ ਤੇਰੀ ਸਰਨਾਈਆ । ਅਸੀਂ ਮੰਗ ਮੰਗੀਏ ਆਜ, ਹਾੜ ਅਠਾਰਾਂ ਨਾਲ ਮਿਲਾਈਆ । ਤੇਰੇ ਸੀਸ ਸੋਹਣਾ ਸੁਹੰਜਣਾ ਸੋਹਵੇ ਤਾਜ, ਤਖ਼ਤ ਨਿਵਾਸੀ ਨਜ਼ਰੀ ਆਈਆ । ਦੀਨ ਦੁਨੀ ਦਾ ਧੁਰ ਦੇ ਹੁਕਮ ਨਾਲ ਬਦਲ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਸੋਈ ਸੁਰਤੀ ਜਾਏ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਬਦ ਅਗੰਮੀ ਵੱਜੇ ਨਾਦ, ਅਨਹਦ ਨਾਦੀ ਧੁਨ ਸ਼ਨਵਾਈਆ । ਹੰਸ ਬਣਾਵੇ ਫੜ ਕੇ ਕਾਗ, ਕਾਗੋਂ ਹੰਸ ਉਡਾਈਆ । ਗ੍ਰਿਹਿ ਦੀਪਕ ਜੋਤ ਜਗੇ ਚਰਾਗ਼, ਅੰਧ ਅੰਧੇਰਾ ਰਹੇ ਨਾ ਰਾਈਆ । ਦੁਰਮਤ ਮੈਲ ਧੋ ਦਾਗ਼, ਪਾਪਾਂ ਕਰ ਸਫ਼ਾਈਆ । ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਦੀ ਆਪਣੇ ਹੱਥ ਫੜ ਵਾਗ, ਡੋਰੀ ਆਪਣੇ ਨਾਮ ਬੰਧਾਈਆ । ਸਾਡਾ ਤੇਰੇ ਵਿਚ ਤੇਰਾ ਰੂਪ ੩੭
੩੭ ੨੩ ਤੇਰਾ ਨਾਮ ਕਲਮਾ ਤੇਰੀ ਨਿਮਾਜ਼, ਨਮੋ ਨਮੋ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਦੇਣਾ ਵਰਤਾਈਆ । ੨੩
ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਡੰਡਾਵਤ ਬੰਦਨਾ ਸਜਦਾ ਸਲਾਮ, ਸਾਹਿਬ ਸਵਾਮੀ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਨੌਜਵਾਨ, ਮਰਦ ਮਰਦਾਨ ਇਕ ਅਖਵਾਈਆ । ਤੇਰਾ ਰੂਪ ਰੰਗ ਰੇਖ ਸਕੇ ਨਾ ਕੋਈ ਪਹਿਚਾਨ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਤੂੰ ਸਭ ਨੂੰ ਜੁਗ ਜੁਗ ਦੇਂਦਾ ਆਇਆ ਦਾਨ, ਗੁਰ ਅਵਤਾਰ ਪੈਗ਼ੰਬਰਾਂ ਝੋਲੀ ਨਾਮ ਭਰਾਈਆ । ਪਰ ਸਾਡੀ ਇਕ ਬੇਨੰਤੀ ਮਾਨ, ਨਿਮਰਤਾ ਵਿਚ ਸੀਸ ਨਿਵਾਈਆ । ਤੈਨੂੰ ਪੈਗ਼ੰਬਰਾਂ ਕਿਹਾ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਕਲ ਕਲਕੀ ਤੇਰਾ ਨਿਸ਼ਾਨ, ਨਿਸ਼ਾਨੇ ਦੋ ਜਹਾਨ ਖੋਜ ਖੁਜਾਈਆ । ਸਾਡਾ ਪਿਛਲਾ ਲੇਖਾ ਨਾ ਪਹਿਚਾਨ, ਬੇਪਹਿਚਾਨ ਬੇਪ੍ਰਵਾਹੀਆ । ਸਾਡਾ ਪਿਆਰ ਮੁਹੱਬਤ ਕਰ ਪ੍ਰਵਾਨ, ਪਰਮ ਪੁਰਖ ਤੇਰੀ ਵਡਿਆਈਆ । ਅਸੀਂ ਬੋਲੀਏ ਬਿਨਾ ਜ਼ਬਾਨ, ਸ਼ਬਦੀ ਸ਼ਬਦ ਸ਼ਨਵਾਈਆ । ਤੂੰ ਖ਼ਾਲਕ ਖ਼ਲਕ ਜ਼ਿਮੀਂ ਅਸਮਾਨ, ਦੋ ਜਹਾਨਾਂ ਸੋਭਾ ਪਾਈਆ । ਸਾਰੀ ਦੁਨੀਆ ਦਾ ਇਕ ਧਰਮ ਤੇ ਇਕ ਕਰ ਦੇ ਈਮਾਨ, ਇਸ਼ਟ ਇਕੋ ਇਕ ਸਮਝਾਈਆ । ਇਕੋ ਰਸਮ ਹੋਵੇ ਜਹਾਨ, ਕਸਮ ਖਾ ਕੇ ਰਹੇ ਸੁਣਾਈਆ । ਸਤਿ ਸਮਾਜ ਸਤਿ ਦਾ ਦੇ ਦੇ ਦਾਨ, ਸਤਿ ਸਤਿਵਾਦੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਭ ਦੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿਗੁਰ ਸ਼ਬਦ ਸਾਡੀ ਦੇ ਸ਼ਹਾਦਤ, ਮੁਸਨਿਫ਼ ਇਕੋ ਨਜ਼ਰੀ ਆਈਆ । ਸਾਨੂੰ ਕਬੂਲ ਇਕੋ ਅਬਾਦਤ, ਇਕੋ ਕਲਮਾ ਨਾਮ ਧਿਆਈਆ । ਕਿਸੇ ਦੀ ਰਹੀ ਨਾ ਕੋਇ ਲਿਆਕਤ, ਆਪਣੀ ਚਲੇ ਨਾ ਕੋਇ ਚਤੁਰਾਈਆ । ਅਸੀਂ ਪਿਛੇ ਦੇਂਦੇ

ਰਹੇ ਜ਼ਮਾਨਤ, ਸ਼ਰਅ ਸ਼ਰਅ ਨਾਲ ਜੁੜਾਈਆ । ਤੂੰ ਮਾਲਕ ਸਹੀ ਸਲਾਮਤ, ਨੂਰ ਨੁਰਾਨਾ ਨਜ਼ਰੀ ਆਈਆ । ਸਾਨੂੰ ਇਉਂ ਦਿਸਦਾ ਸਭ ਦੇ ਉਤੇ ਆਉਣੀ ਕਿਆਮਤ, ਕਾਇਮ ਮੁਕਾਮ ਬਿਨ ਤੇਰੇ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕਢ ਜਹਾਲਤ, ਵਿਕਾਰ ਹੰਕਾਰ ਦੇ ਗਵਾਈਆ । ਤੇਰਾ ਸਚਖੰਡ ਦਵਾਰਾ ਤੇ ਤੇਰੀ ਹਕੀਕੀ ਅਦਾਲਤ, ਹਕ ਦੇ ਮਾਲਕ ਦੇ ਵਡਿਆਈਆ । ਜਿਥੇ ਚਲੇ ਨਾ ਕੋਇ ਵਕਾਲਤ, ਵੁਕਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦੇਣਾ ਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਸਾਡੀ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਪਿਛਲਾ ਲੇਖਾ ਤੇਰੇ ਪਾਸ, ਅਗੇ ਵੰਡ ਰਹੀ ਨਾ ਰਾਈਆ । ਵਿਸ਼ਨੂੰ ਨਿਉਂ ਨਿਉਂ ਰਿਹਾ ਆਖ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਬ੍ਰਹਮਾ ਬੋਲੇ ਸਾਚ, ਸਚ ਤੇਰੀ ਸਰਨਾਈਆ । ਸ਼ੰਕਰ ਭੱਜਾ ਆਵੇ ਉਤੋਂ ਕੈਲਾਸ਼, ਕਲਾਧਾਰ ਤੇਰੀ ਵਡਿਆਈਆ । ਸਭ ਦੇ ਪਿਆਰ ਵਿਚ ਪਰਮ ਪੁਰਖ ਕਲਜੁਗ ਕੂੜੀ ਕਿਰਿਆ ਕਰ ਦੇ ਨਾਸ, ਨਾਸਤਕ ਨਜ਼ਰ ਕੋਇ ਨਾ ਆਈਆ । ਇਕੋ ਤੇਰੇ ਨਾਮ ਦਾ ਵਿਸ਼ਾ ਤੇ ਇਕੋ ਹੋਵੇ ਵਿਸ਼ਵਾਸ, ਜਗਤ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਤੂੰ ਪਰਮਾਤਮ ਦੀਨ ਦੁਨੀ ਤੇਰਾ ਆਤਮ ਤੇਰਾ ਨੂਰ ਜੋਤ ਪ੍ਰਕਾਸ਼, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਇਕੋ ਨਾਮ ਇਕੋ ਕਲਮਾ ਇਕੋ ਸ਼ਬਦ ਇਕੋ ਧੁਨ ਨਾਦ, ਅਨਹਦ ਨਾਦੀ ਨਾਦ ਜਣਾਈਆ । ਇਕੋ ਸੰਦੇਸ਼ਾ ਦੇਵਾਂ ਵਿਚ ਬ੍ਰਹਿਮਾਦ, ਬ੍ਰਹਿਮਾਂਡ ਆਪ ਸਮਝਾਈਆ । ਸਦੀ ਚੌਧਵੀਂ ਤੇਰੀ ਸਤਿ ਦੀ ਹੋਵੇ ਆਵਾਜ਼, ਸਚ ਸਚ ਜਣਾਈਆ । ਸਾਡਾ ਲੇਖੇ ਲਾਉਣਾ ਪੂਰਬ ਪਿਛਲਾ ਸਮਾਜ, ਸਮਾਜ ਵਾਲੇ ਤੇਰੀ ਝੋਲੀ ਪਾਈਆ । ਅਗੇ ਤੇਰਾ ਇਕੋ ਹੁਕਮ ਹੋਵੇ ਰਾਇਜ, ਸੰਦੇਸਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਪੁਰਖ ਅਕਾਲ ਕਹੇ ਮੈਂ ਧੁਰ ਦਾ ਹੁਕਮ ਸੁਣਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਲਸ ਨਿੰਦਰਾ ਵਿਚੋਂ ਬਾਹਰ ਕਢਾਵਾਂਗਾ । ਤੇਈ ਅਵਤਾਰਾਂ ਲੇਖਾ ਵੇਖ ਵਖਾਵਾਂਗਾ । ਪੈਗ਼ੰਬਰਾਂ ਦਾ ਪਰਦਾ ਪਰਦਿਆਂ ਵਿਚੋਂ ਉਠਾਵਾਂਗਾ । ਗੁਰੂ ਗੁਰਦੇਵ ਨਾਨਕ ਗੋਬਿੰਦ ਸੰਗ ਮਿਲਾਵਾਂਗਾ । ਪੁਰੀ ਲੋਅ ਬ੍ਰਹਿਮੰਡ ਖੰਡ ਦੋ ਜਹਾਨ ਖੋਜ ਖੁਜਾਵਾਂਗਾ । ਲੇਖਾ ਜਾਣ ਕੇ ਸੂਰੀਆ ਚੰਦ, ਮੰਡਲ ਮੰਡਪ ਸਮਝਾਵਾਂਗਾ । ਪ੍ਰਗਟ ਹੋ ਸੂਰਾ ਸਰਬੰਗ, ਸ਼ਬਦ ਅਗੰਮੀ ਡੰਕ ਵਜਾਵਾਂਗਾ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਪੁਰੀ ਅਨੰਦ, ਅਨੰਦ ਸਭ ਦਾ ਫੋਲ ਫੁਲਾਵਾਂਗਾ । ਤੁਹਾਡਾ ਚਾਰ ਜੁਗ ਦਾ ਜਗਤ ਸਮਾਜ ਸਚ ਦਵਾਰੇ ਦੇਵਾਂ ਟੰਗ, ਗ੍ਰਿਹ ਆਪਣੇ ਆਪ ਰਖਾਵਾਂਗਾ । ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਹੋ ਕੇ ਦੇਵਾਂ ਵੰਡ, ਹਿੱਸਾ ਜੁਜ਼ ਨਾ ਕੋਇ ਰਖਾਵਾਂਗਾ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਭ ਨੇ ਗਾਉਣਾ ਛੰਦ, ਸੋਹੰ ਧਾਰ ਇਕ ਪ੍ਰਗਟਾਵਾਂਗਾ । ਭਾਗ ਲਗਾ ਕੇ ਤਤ ਪੰਜ, ਪੰਚਮ ਨਾਦ ਧੁਨ ਸ਼ਨਵਾਵਾਂਗਾ । ਪੰਚ ਵਿਕਾਰਾ ਮੇਟ ਕੇ ਜੰਗ, ਝਗੜਾ ਕੂੜ ਮੇਟ ਮਿਟਾਵਾਂਗਾ । ਸਤਿ ਸਚ ਦੀ ਪਾ ਕੇ ਠੰਡ, ਅੰਮ੍ਰਿਤ ਮੇਘ ਇਕ ਬਰਸਾਵਾਂਗਾ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਊਚਾਂ ਨੀਚਾਂ ਪਾ ਕੇ ਇਕੋ ਗੰਢ, ਰਾਓ ਰੰਕਾਂ ਇਕੋ ਘਰ ਵਸਾਵਾਂਗਾ । ਉਹ ਵੇਖੋ ਸਦੀ ਚੌਧਵੀਂ ਰਹੀ ਲੰਘ, ਪੈਂਡੇ ਸਭ ਦੇ ਅੰਤ ਮੁਕਾਵਾਂਗਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਸੁਹਾਏ ਇਕ ਪਲੰਘ, ਜਿਸ ਦਾ ਬਾਡੀ ਆਪ ਇਕ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਵਾਂਗਾ । ਅਵਤਾਰ ਪੈਗ਼ੰਬਰ ਗੁਰੂ ਖ਼ੁਸ਼ੀਆਂ ਵਿਚ ਮਾਰਨੀ ਤਾਲੀ, ਸਚ ਦਵਾਰੇ ਵੱਜੇ ਵਧਾਈਆ । ਖੇਲ ਵੇਖਣਾ


੩੮
੨੩

ਸਮਾਂ ਹਾਲੀ, ਸਨਮੁਖ ਹੋ ਕੇ ਅੱਖ ਖੁਲਾਈਆ । ਜਨ ਭਗਤਾਂ ਦੀ ਸਤਿਗੁਰ ਸ਼ਬਦ ਕਰੇ ਦਲਾਲੀ, ਵਿਚੋਲਾ ਅਵਰ ਨਾ ਕੋਇ ਰਖਾਈਆ । ਜਿਸ ਦੀ ਆਤਮਾ ਉਸੇ ਨੇ ਸੁਰਤ ਸੰਭਾਲੀ, ਸੰਬਲ ਬੈਠਾ ਧੁਰ ਦਾ ਮਾਹੀਆ । ਜਿਸ ਦੇ ਕੋਲ ਨਾ ਸ਼ਹਿਨਸ਼ਾਹੀ ਨਾ ਕੰਗਾਲੀ, ਇਕੋ ਰੰਗ ਰੰਗਾਈਆ । ਸਤਿ ਨਾਮ ਸਚ ਦੀ ਵਸਤ ਦੇਵੇ ਬਾਹਲੀ, ਅਤੋਟ ਅਤੁਟ ਆਪ ਵਰਤਾਈਆ । ਜਿਹੜੀ ਜਗਤ ਹੱਥ ਨਾ ਆਵੇ ਭਾਲੀ, ਰਾਜ ਰਾਜਾਨ ਰੋਵਣ ਮਾਰਨ ਧਾਹੀਆ । ਜਿਸ ਨੇ ਕਲਜੁਗ ਰੈਣ ਮੇਟਣੀ ਕਾਲੀ, ਕਲਾ ਆਪਣੀ ਇਕ ਵਰਤਾਈਆ । ਉਸ ਦੇ ਦਰ ਤੇ ਸਾਰੇ ਸਵਾਲੀ, ਮਾਂਗਤ ਹੋ ਕੇ ਝੋਲੀ ਡਾਹੀਆ । ਉਹ ਆਦਿ ਅੰਤ ਦਾ ਨੂਰ ਜੋਤ ਅਕਾਲੀ, ਜੰਮਣ ਮਰਨ ਵਿਚ ਕਦੇ ਨਾ ਆਈਆ । ਜਿਸ ਨੇ ਸਤਿਜੁਗ ਤਰੇਤਾ ਦੁਆਪਰ ਕੀਤੀ ਸਭ ਦੀ ਚਾਲੀ, ਕਲਜੁਗ ਅੰਤਮ ਦਏ ਮਿਟਾਈਆ । ਬੇਸ਼ਕ ਉਸ ਦੀ ਆਯੂ ਚਾਰ ਲੱਖ ਬੱਤੀ ਹਜ਼ਾਰ ਗ੍ਰੰਥਾਂ ਵਿਚ ਬਾਹਲੀ, ਬਹੁਤੀ ਜਗਤ ਨਾ ਕੋਇ ਹੰਢਾਈਆ । ਸਦੀ ਚੌਧਵੀਂ ਅੰਤ ਸਭ ਦੇ ਹੱਥ ਹੋ ਜਾਣੇ ਖ਼ਾਲੀ, ਧਨਾਢ ਨਜ਼ਰ ਕੋਇ ਨਾ ਆਈਆ । ਫਲ ਰਹਿਣਾ ਨਹੀਂ ਕਿਸੇ ਡਾਲੀ, ਫੁਲ ਸਕੇ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਉਹ ਵੇਖੋ ਭੱਜਾ ਆ ਗਿਆ ਹਾੜ ਮਹੀਨਾ, ਪ੍ਰਵਿਸ਼ਟਾ ਅਠਾਰਾਂ ਨਾਲ ਲਿਆਈਆ । ਪ੍ਰਭੂ ਝਗੜਾ ਮਿਟਾ ਦੇ ਮਜ਼੍ਹਬਾਂ ਦੀਨਾਂ, ਦੀਨ ਦੁਨੀ ਦੇ ਬਦਲਾਈਆ । ਤੇਰੇ ਗ੍ਰਿਹਿ ਹੋਵੇ ਮਰਨਾ ਜੀਣਾ, ਦੂਜੀ ਓਟ ਨਾ ਕੋਇ ਰਖਾਈਆ । ਮੈਂ ਨਾਲ ਲੈ ਕੇ ਆਇਆ ਤ੍ਰੈਗੁਣ ਮਾਇਆ ਤੀਨਾ, ਰਜੋ ਤਮੋ ਸਤੋ ਨਾਲ ਮਿਲਾਈਆ । ਮੈਂ ਬੇਨੰਤੀ ਕਰਦਾ ਸਾਚੇ ਭਗਤਾਂ ਤੇ ਰੰਗ ਚਾੜ੍ਹ ਦੇ ਭੀਨਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਤੇਰੇ ਪ੍ਰੇਮ ਦੀ ਮਿਸਾਲ ਨਹੀਂ ਕੋਈ ਜਲ ਮੀਨਾ, ਜਗਤ ਵਾਲੀ ਵਡਿਆਈਆ । ਤੂੰ ਆਤਮਾ ਦਾ ਮਾਲਕ ਨਾ ਨਰ ਨਾ ਮਦੀਨਾ, ਇਸਤਰੀ ਪੁਰਖ ਵੰਡ ਨਾ ਕੋਇ ਵੰਡਾਈਆ । ਸਭ ਦਾ ਠਾਂਡਾ ਕਰਦੇ ਸੀਨਾ, ਅਗਨੀ ਤਤ ਗਵਾਈਆ । ਤੂੰ ਨਰ ਨਾ ਮਦੀਨਾ, ਪਰਮ ਪੁਰਖ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੁਰਖ ਅਕਾਲ ਖ਼ੁਸ਼ੀਆਂ ਦੇ ਵਿਚ ਹੱਸਿਆ, ਹੱਸ ਕੇ ਰਿਹਾ ਸੁਣਾਈਆ । ਕਿਹਾ ਅਠਾਰਾਂ ਹਾੜ ਆਇਉਂ ਨੱਸਿਆ, ਭੱਜਿਆ ਵਾਹੋ ਦਾਹੀਆ । ਔਹ ਵੇਖ ਕਲਜੁਗ ਰੈਣ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਮਮਤਾ ਮਾਇਆ ਤੀਰ ਨਿਰਾਲਾ ਕਸਿਆ, ਜਗਿਆਸੂਆਂ ਘਾਇਲ ਰਹੀ ਕਰਾਈਆ । ਡਸਣੀ ਹੋ ਕੇ ਸਭ ਨੂੰ ਡੱਸਿਆ, ਵਿਖ ਮਨ ਵਿਚ ਭਰਾਈਆ । ਸਾਚਾ ਸਾਹਿਬ ਕਿਸੇ ਨਾ ਤੱਕਿਆ, ਭੁੱਲਿਆ ਬੇਪ੍ਰਵਾਹੀਆ । ਜੋ ਸੰਦੇਸਾ ਦਿਤਾ ਮੁਹੰਮਦ ਮਦੀਨਾ ਮੱਕਿਆ, ਕਾਅਬਿਆਂ ਪਰੇ ਸੁਣਾਈਆ । ਮੇਰਾ ਮਹਿਬੂਬ ਨੂਰ ਅਲਾਹੀ ਅੱਲਾ ਇਕੋ ਸੱਚਿਆ, ਪਰਵਰਦਿਗਾਰ ਸਹਿਜ ਸੁਖਦਾਈਆ । ਜਿਸ ਕਾਇਆ ਭਾਂਡਾ ਵੇਖਣਾ ਕੱਚਿਆ, ਗੜ੍ਹ ਹਉਮੇ ਖੋਜ ਖੁਜਾਈਆ । ਉਹ ਆਪਣੀ ਧਾਰ ਵਿਚ ਹੋਣਾ ਮੱਤਿਆ, ਜੋਤੀ ਜਾਤਾ ਡਗਮਗਾਈਆ । ਗੋਬਿੰਦ ਨੇ ਜੈਕਾਰਾ ਲਾਇਆ ਫ਼ਤਿਹਾ, ਫ਼ਤਿਹ ਇਕੋ ਇਕ ਬੁਲਾਈਆ । ਕਲਜੁਗ ਕੂੜੀ ਕਿਰਿਆ ਦੀ ਕਰਨੀ ਹੱਤਿਆ, ਖੰਡਾ ਖੜਗ ਨਾਮ ਉਠਾਈਆ । ਸਤਿਜੁਗ ਦਾ ਸਾਚਾ ਦੇਣਾ ਪਤਿਆ, ਪਤਿਪਰਮੇਸ਼ਵਰ ਹੋ ਕੇ ਆਪ ਜਣਾਈਆ । ਜਿਸ ਦਾ ਲੇਖ ਨਾ ਜਾਵੇ ਲਖਿਆ, ਅਲਖ ਅਗੋਚਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਸੁਹਾਈਆ । ਹਾੜ ਕਹੇ ਪ੍ਰਭੂ ਆਤਮ ਪਰਮਾਤਮ ਤੇਰਾ ਰਿਸ਼ਤਾ, ਸਾਕ


੩੯
੨੩

ਸੱਜਣ ਇਕ ਅਖਵਾਈਆ । ਜਿਸ ਦਾ ਭੇਵ ਜਾਣੇ ਨਾ ਕੋਇ ਫ਼ਰਿਸ਼ਤਾ, ਜਬਰਾਈਲ ਮੇਕਾਈਲ ਇਜ਼ਰਾਈਲ ਇਸਰਾਫ਼ੀਲ ਸੀਸ ਝੁਕਾਈਆ । ਤੇਰਾ ਆਦਿ ਅੰਤ ਦਾ ਇਸ਼ਟਾ, ਅਵਤਾਰ ਪੈਗ਼ੰਬਰ ਗੁਰੂ ਤੈਨੂੰ ਸੀਸ ਨਿਵਾਈਆ । ਤੂੰ ਸਭ ਦੀ ਬਦਲਣਹਾਰਾ ਦ੍ਰਿਸ਼ਟਾ, ਇਸ਼ਟ ਦੇਵ ਤੇਰੀ ਸ਼ਰਨਾਈਆ । ਸਾਰੀ ਦੁਨੀਆ ਰੂਪ ਬਣਾ ਲੈ ਆਪਣੇ ਸਿਖ ਦਾ, ਸਿਖਿਆ ਸਤਿ ਸਤਿ ਸਮਝਾਈਆ । ਦੁਹਾਈ ਦਰੋਹੀ ਤੇਰੇ ਉਤੇ ਮਨ ਕਿਸੇ ਨਾ ਟਿਕਦਾ, ਸੁਰਤ ਵਿਚ ਸੁਰਤ ਨਾ ਕੋਇ ਸਮਾਈਆ । ਮੈਂ ਤੇਰੇ ਦਵਾਰੇ ਦੁਹੱਥੜ ਮਾਰ ਕੇ ਪਿੱਟਦਾ, ਹਾਏ ਹਾਏ ਕਰ ਸੁਣਾਈਆ । ਸਮਾਂ ਵੇਖ ਲੈ ਹਾਰ ਜਿੱਤ ਦਾ, ਚੇਤਨ ਚੇਤਨ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹਾੜ ਕਹੇ ਪ੍ਰਭੂ ਆਤਮਾ ਪਰਮਾਤਮਾ ਤੇਰਾ ਨੂਰ ਨਾਰ ਕੰਤ, ਕੰਤ ਕੰਤੂਹਲ ਤੇਰੀ ਵਡਿਆਈਆ । ਇਹੋ ਆਸਾ ਆਦਿ ਅੰਤ, ਸਾਧ ਸੰਤ ਮੰਗ ਮੰਗਾਈਆ । ਕਲਜੁਗ ਅੰਤ ਬਣਾ ਦੇ ਬਣਤ, ਘੜਨ ਭੰਨਣਹਾਰ ਤੇਰੀ ਵਡਿਆਈਆ । ਲੇਖੇ ਲਾ ਲੈ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਸਤਿਗੁਰ ਸ਼ਬਦ ਤੋਂ ਵੱਡਾ ਨਹੀਂ ਕੋਈ ਪੰਡਤ, ਬੁੱਧੀ ਤੋਂ ਪਰੇ ਨਾ ਕੋਇ ਸਮਝਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਤਨ ਵਜੂਦ ਤੇਰੀ ਇਕੋ ਹੋਵੇ ਸੰਗਤ, ਪੰਗਤ ਇਕੋ ਲੈਣੀ ਬਣਾਈਆ । ਮੇਰੀ ਤੇਰੇ ਦਰ ਦਵਾਰੇ ਮਿੰਨਤ, ਸੀਸ ਜਗਦੀਸ਼ ਇਕੋ ਇਕ ਝੁਕਾਈਆ । ਸ਼ਰਅ ਸ਼ਰੀਅਤ ਕਰੇ ਕੋਇ ਨਾ ਇੱਲਤ, ਆਲਮਾਂ ਇਲਮ ਦੇਣਾ ਦ੍ਰਿੜਾਈਆ । ਤੇਰਾ ਰਹੇ ਕੋਇ ਨਾ ਨਿੰਦਕ, ਦੁਤੀਆ ਭਾਉ ਦੇਣਾ ਮਿਟਾਈਆ । ਤੂੰ ਫਿਰਨਾ ਚਾਰੇ ਕੂਟਾਂ ਚਾਰੇ ਸਿੰਮਤ, ਲਹਿੰਦਾ ਚੜ੍ਹਦਾ ਦੱਖਨ ਪਹਾੜ ਆਪਣੀ ਵੰਡ ਵੰਡਾਈਆ । ਮੇਰੀ ਤਦ ਮੇਟਣੀ ਚਿੰਨਤ,
੪੦ ਚਿੰਤਾ ਚਿਖਾ ਕੂੜ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਸਚ ਦੇਣਾ ਸਮਝਾਈਆ । ਪੁਰਖ ਅਕਾਲ ੪੦
੨੩ ਕਹੇ ਸੁਣ ਮੇਰੇ ਹਾੜ ਅਠਾਰਾਂ, ਹੁਕਮ ਇਕ ਸੁਣਾਈਆ । ਸਤਿਜੁਗ ਸਤਿ ਸਚ ਸਤਿ ਦੀਆਂ ਧਾਰਾਂ, ਤੇਰੇ ਨਾਲ ਰਖਾਈਆ । ਇਕੋ ਪ੍ਰੇਮ ਹੋਵੇ ੨੩
ਪੁਰਖ ਨਾਰਾ, ਇਸਤ੍ਰੀ ਪੁਰਖ ਵੰਡ ਨਾ ਕੋਇ ਵੰਡਾਈਆ । ਇਕੋ ਗ੍ਰਿਹਿ ਹੋਣ ਬਹਾਰਾਂ, ਰੁਤੜੀ ਇਕੋ ਇਕ ਸੁਹਾਈਆ । ਇਕੋ ਮਾਣ ਮਿਲੇ ਚਾਰ ਯਾਰਾਂ, ਪੰਚ ਪਿਆਰਾ ਇਕੋ ਰੰਗ ਰੰਗਾਈਆ । ਸਭ ਦਾ ਸਾਂਝਾ ਸਚ ਹੋਵੇ ਦਵਾਰਾ, ਦਵਾਰਕਾ ਵਾਸੀ ਸਚ ਗਿਆ ਸੁਣਾਈਆ । ਇਕੋ ਖੇਲ ਕਰੇ ਸੱਚੀ ਸਰਕਾਰਾ, ਰਾਮ ਰਮਈਆ ਵੇਖ ਵਖਾਈਆ । ਨੂਰ ਅਲਾਹੀ ਪਰਵਰਦਿਗਾਰਾ, ਸਾਂਝਾ ਯਾਰ ਵਡ ਵਡਿਆਈਆ । ਸਤਿਗੁਰ ਸ਼ਬਦ ਸ਼ਬਦ ਉਜਿਆਰਾ, ਦੂਸਰ ਰੂਪ ਨਾ ਕੋਇ ਧਰਾਈਆ । ਸਾਂਝੀਵਾਲ ਜਗਤ ਜਹਾਨ ਬਣੇ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਜਗਤ ਨਾਤਾ ਜੋੜੇ ਅਪਰ ਅਪਾਰਾ, ਮੇਲਾ ਮੇਲੇ ਸਹਿਜ ਸੁਭਾਈਆ । ਮਾਣ ਦੇਵੇ ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਏ ਗਾੜ੍ਹਾ, ਅਗੇ ਉਤਰ ਕਦੇ ਨਾ ਜਾਈਆ । ਗੁਰਮੁਖ ਲਾੜੀ ਗੁਰਮੁਖ ਲਾੜਾ, ਗੁਰਮੁਖ ਗੁਰਮੁਖ ਨਾਲ ਮਿਲ ਕੇ ਵੱਜੇ ਵਧਾਈਆ । ਕਲਜੁਗ ਮਾਰੇ ਕੋਇ ਨਾ ਧਾੜਾ, ਮਾਇਆ ਮਮਤਾ ਵੱਜੇ ਨਾ ਕੋਇ ਵਧਾਈਆ । ਏਸ ਦਿਵਸ ਨੂੰ ਸਾਰੇ ਮਨਾਉਣਗੇ ਘਰ ਨਾਲ ਪਿਆਰਾ, ਪ੍ਰੇਮ ਪ੍ਰੀਤੀ ਵਿਚ ਰਖਾਈਆ । ਹਾੜ ਕਹੇ ਮੈਂ ਦੋਏ ਜੋੜ ਕਰਾਂ ਨਿਮਸਕਾਰਾ, ਨਿਉਂ ਨਿਉਂ ਲਾਗਾਂ ਪਾਈਆ । ਪ੍ਰਭੂ ਤੂੰ ਆਦਿ ਅੰਤ ਸਭ ਦਾ ਸਾਂਝਾ ਯਾਰਾ, ਮੀਤ ਮੁਰਾਰਾ ਇਕ ਅਖਵਾਈਆ । ਭਗਤ ਭਗਵਾਨ ਦੀ ਧਾਰ ਵਿਚ ਅਨੰਦ ਕਾਰਜ ਕਰੇਗਾ ਜਗਤ ਜਹਾਨ ਸਾਰਾ, ਸ਼ਰਅ ਸ਼ਰਅ ਨਾਲੋਂ ਬਦਲਾਈਆ । ਅਵਤਾਰ

ਪੈਗ਼ੰਬਰ ਗੁਰੂ ਤੇਰਾ ਹਕ ਦਾ ਬੋਲਣ ਜੈਕਾਰਾ, ਤੂੰ ਹੀ ਦਾਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਹਾੜ ਕਹੇ ਜਨ ਭਗਤੋ ਮੇਰੀ ਨਮੋ ਨਮੋ ਨਿਮਸਕਾਰ, ਨਿਮਰਤਾ ਵਿਚ ਜਣਾਈਆ । ਸਭ ਦਾ ਇਕੋ ਪੁਰਖ ਅਕਾਲ ਨਾਲ ਹੋਵੇ ਪਿਆਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਦਰ ਬੈਠੇ ਸੀਸ ਨਿਵਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਸਭ ਦੀ ਪਾਵੇ ਸਾਰ, ਮਹਾਸਾਰਥੀ ਇਕ ਅਖਵਾਈਆ । ਉਸੇ ਦੇ ਹੁਕਮ ਅੰਦਰ ਪਿਛਲੇ ਬੀਤੇ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਰੀਤੀ ਨੀਤੀ ਬਦਲ ਜਾਵੇ ਸੰਸਾਰ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਖ਼ੁਸ਼ੀਆਂ ਨਾਲ ਅਨੰਦ ਕਾਰਜ ਦਾ ਹੋਇਆ ਵਿਹਾਰ, ਨਾਤਾ ਭਗਤਾਂ ਭਗਤਾਂ ਨਾਲ ਜੁੜਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਦਰ ਆਇਆਂ ਨੂੰ ਪਿਆਰ ਦੀ ਦਰਦ ਨਾਲ ਦੇਵੇ ਪਿਆਰ, ਸਿਰ ਸਭ ਦੇ ਹੱਥ ਟਿਕਾਈਆ । ਸਿਰ ਤੋਂ ਉਤੇ ਤੇ ਉਤੇ ਦੀ ਮੰਜ਼ਲ ਜਗਤ ਦੁਸ਼ਵਾਰ, ਬਿਨਾ ਸਤਿਗੁਰ ਤੋਂ ਚੜ੍ਹਨ ਕੋਇ ਨਾ ਪਾਈਆ । ਜਨ ਭਗਤੋ ਤੁਹਾਨੂੰ ਕਿਰਪਾ ਨਾਲ ਪਰਮ ਪੁਰਖ ਦਿਤਾ ਤਾਰ, ਤਾਰਨਹਾਰ ਆਪਣੇ ਘਰ ਵਸਾਵੇ ਚਾਈਂ ਚਾਈਂਆ । ਤੁਸਾਂ ਖ਼ੁਸ਼ੀਆਂ ਵਿਚ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਾਉਂਦੇ ਰਹਿਣਾ ਜੈਕਾਰ, ਆਤਮ ਅੰਤਰ ਮਿਲ ਕੇ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰਦਾ ਆਇਆ ਕਾਰ, ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਪਰਵਰਦਿਗਾਰ ਬੇਐਬ ਨੂਰ ਅਲਾਹੀਆ ।


੪੧
੨੩

### ✪ ੧੮ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਰਾਤ ਦੇ ਸਮੇਂ ਜ਼ਿਲਾ ਅੰਮ੍ਰਿਤਸਰ ✪

ਭਗਤੀ ਕਹੇ ਵੇ ਸ਼ਬਦੀ ਨਾਰਦੂ, ਨਾਰਦਾ ਭੇਵ ਦੇ ਖੁਲਾਈਆ । ਮੇਰੀ ਤੇਰੇ ਅਗੇ ਆਰਜ਼ੂ, ਅਰਜ਼ ਵਿਚ ਸੀਸ ਨਿਵਾਈਆ । ਨਾਰਦ ਕਹੇ ਨੀ ਉਹ ਬੇਪ੍ਰਵਾਹ ਜਿਸ ਵੇਲੇ ਚਾਹੇ ਤਾਰਦੂ, ਤਾਰਨਹਾਰ ਇਕ ਅਖਵਾਈਆ । ਕੂੜੀ ਕਿਰਿਆ ਜਗਤ ਵਿਚੋਂ ਮਾਰਦੂ, ਮਰਦ ਮਰਦਾਨਾ ਹੁਕਮ ਵਰਤਾਈਆ । ਜਿਮੀ ਅਸਮਾਨਾਂ ਦੋ ਜਹਾਨਾਂ ਪਾੜ ਦੂ, ਟੁਕੜੇ ਟੁਕੜੇ ਕਰ ਵਖਾਈਆ । ਉਹ ਮਾਲਕ ਹਿਰਦਕ ਹਾਰਦੂ, ਹਿਰਦਿਆਂ ਫੋਲ ਫੁਲਾਈਆ । ਜਨ ਭਗਤਾਂ ਪੈਜ ਸਵਾਰ ਦੂ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਭਗਤੀ ਕਹੇ ਵੇ ਨਾਰਦ ਸ਼ਬਦ ਪਖੰਡੀ, ਸਚ ਦੇ ਸਮਝਾਈਆ । ਕਿਹੜਾ ਮਾਰਗ ਕਿਹੜੀ ਡੰਡੀ, ਰਸਤਾ ਕਵਣ ਸੋਭਾ ਪਾਈਆ । ਨਾਰਦ ਕਹੇ ਕਮਲੀਏ ਤੂੰ ਓਸ ਪ੍ਰਭੂ ਤੋਂ ਬਿਨਾ ਰੰਡੀ, ਜਗਤ ਮਿਲੀ ਨਾ ਕੋਇ ਵਡਿਆਈਆ । ਸਚ ਲੱਭੇ ਨਾ ਕੋਇ ਅਨੰਦੀ, ਅਨੰਦ ਵਿਚ ਨਾ ਕੋਇ ਰਖਾਈਆ । ਇਕ ਖ਼ਬਰ ਸੁਣਾਵਾਂ ਚੰਗੀ, ਚੰਗੀ ਤਰਾ ਦ੍ਰਿੜਾਈਆ । ਨੀ ਓਹ ਬਾਬਲ ਬੜਾ ਢੰਗੀ, ਜਿਹਨੂੰ ਕਹਿੰਦੇ ਬੇਪਰਵਾਹੀਆ । ਉਸ ਜੁਗ ਜੁਗ ਧਾਰ ਵੰਡੀ, ਹਿੱਸੇ ਲੋਕਮਾਤ ਬਣਾਈਆ । ਆਪਣੇ ਹੁਕਮ ਦੀ ਲਾ ਪਾਬੰਦੀ, ਬੰਧਨਾ ਵਿਚ ਸਰਬ ਬੰਧਾਈਆ । ਜਗਤ ਤ੍ਰਿਸ਼ਨਾ ਕਰ ਕੇ ਨੰਗੀ, ਜਗਤ

ਜਹਾਨ ਦਿਤੀ ਵਖਾਈਆ । ਜਿਸ ਦੀ ਜੁਗ ਚੌਕੜੀ ਲੰਘੀ, ਭੱਜੀ ਵਾਹੋ ਦਾਹੀਆ । ਉਸ ਦੀ ਬਿਨਾ ਅੱਖਰਾਂ ਤੋਂ ਸ਼ਬਦ ਧਾਰ ਦੀ ਸੰਧੀ, ਜਿਸ ਦਾ ਲੇਖਾ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਖੇਲ ਆਪ ਖਿਲਾਈਆ । ਭਗਤੀ ਕਹੇ ਵੇ ਨਾਰਦਾ ਮੈਂ ਬੜੀ ਜੋਬਨਵੰਤੀ, ਸੋਹਣਿਆਂ ਦਿਆਂ ਸੁਣਾਈਆ । ਮੇਰਾ ਜੋਬਨ ਇਕ ਬਸੰਤੀ, ਨਵ ਰੰਗ ਇਕ ਨਜ਼ਰੀ ਆਈਆ । ਮੈਂ ਕਦੇ ਕਿਸੇ ਦੀ ਨਾ ਮੰਨਦੀ, ਮਨਸਾ ਜਗਤ ਨਾ ਕੋਇ ਵਖਾਈਆ । ਮੈਂ ਵਣਜਾਰਨ ਨਹੀਂ ਤਨ ਦੀ, ਤਤਾਂ ਸੰਗ ਨਾ ਕੋਇ ਬਣਾਈਆ । ਮੈਂ ਸਰੋਤੀ ਨਹੀਂ ਕੰਨ ਦੀ, ਸਰਵਣਾਂ ਨਾ ਕੋਇ ਚਤੁਰਾਈਆ । ਮੈਂ ਵਣਜਾਰਨ ਉਸੇ ਅਗੰਮੇ ਚੰਨ ਦੀ, ਜਿਸ ਨੂੰ ਚੰਦ ਸਿਤਾਰੇ ਸੀਸ ਝੁਕਾਈਆ । ਮੈਂ ਪਿਆਸੀ ਸਚ ਬ੍ਰਹਮ ਦੀ, ਪਾਰਬ੍ਰਹਮ ਵੇਖ ਵਖਾਈਆ । ਮੈਂ ਸਚ ਦਵਾਰਿਉਂ ਜੰਮਦੀ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਮੈਂ ਸਭ ਦੇ ਬੇੜੇ ਬੰਨ੍ਹਦੀ, ਜਗਤ ਸਾਗਰਾਂ ਪਾਰ ਕਰਾਈਆ । ਮੇਰੀ ਵਡਿਆਈ ਧੰਨ ਧੰਨ ਦੀ, ਧੰਨ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਦਇਆ ਕਮਾਈਆ । ਭਗਤੀ ਕਹੇ ਵੇ ਨਾਰਦ ਤੇਰੀ ਕਿਧਰੇ ਫਿਰਦੀ ਬੋਦੀ, ਬੁੱਧੀ ਤੋਂ ਪਰੇ ਦੇ ਜਣਾਈਆ । ਤੂੰ ਜਗਤ ਸਾਧੂ ਕਿ ਜੋਗੀ, ਕਿ ਜੁਗੀਸ਼ਰ ਨਾਉਂ ਪ੍ਰਗਟਾਈਆ । ਕਿਸ ਬਿਧ ਧਾਰ ਆਪਣੀ ਸੋਧੀ, ਸੁਧ ਸਚ ਦੇ ਸਮਝਾਈਆ । ਤੂੰ ਕਿਸ ਵਕਤ ਦਾ ਲੋਭੀ, ਲਾਲਚ ਵਿਚ ਲਲਚਾਈਆ । ਜੇ ਮੈਂ ਹੱਥ ਲਾਵਾਂ ਤੇਰੇ ਗੋਡੀਂ, ਸਹਿਜ ਨਾਲ ਦਬਾਈਆ । ਫੇਰ ਉਂਗਲ ਰਖ ਕੇ ਉਤੇ ਠੋਡੀ, ਸੋਚਾਂ ਥਾਉਂ ਥਾਈਆ । ਤੇਰੀ ਟਿੰਡ ਰੋੜੀ ਭੋੜੀ, ਸਾਫ਼ ਸੁਥਰੀ ਸੋਭਾ ਪਾਈਆ । ਤੇਰੀ ਠੋਡੀ ਦਿਸੇ ਖੋਦੀ, ਮੁੱਛ

ਦਾੜ੍ਹੀ ਨਾ ਕੋਇ ਵਧਾਈਆ । ਤੇਰੀ ਕਾਇਆ ਦਿਸੇ ਕੋਝੀ, ਤਤਾਂ ਰੰਗ ਨਾ ਕੋਇ ਰੰਗਾਈਆ । ਤੈਨੂੰ ਕਿਥੋਂ ਤਾਈਂ ਸੋਝੀ, ਭੇਵ ਅਭੇਦਾ ਦੇਣਾ ਖੁਲਾਈਆ । ਤੇਰੀ ਕਿਤਨੀ ਲੰਬੀ ਔਧੀ, ਆਯੂ ਗਣਤ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸੁਣ ਭਗਤੀ ਜਗਤ ਵਣਜਾਰੀ, ਵਣਜਾਂ ਵਾਲੀਏ ਦਿਆਂ ਜਣਾਈਆ । ਤੈਨੂੰ ਖ਼ਰੀਦਣ ਵਾਲਾ ਦਿਸੇ ਨਾ ਕੋਇ ਵਪਾਰੀ, ਕੀਮਤ ਮਾਤ ਨਾ ਕੋਇ ਰਖਾਈਆ । ਤੇਰਾ ਰੂਪ ਜਾਣੇ ਨਾ ਕੋਇ ਗਵਾਰੀ, ਪਰਦਾ ਸਕੇ ਨਾ ਕੋਇ ਉਠਾਈਆ । ਤੂੰ ਚਾਰੋਂ ਕੁੰਟ ਜਾਵੇਂ ਵਾਰੋ ਵਾਰੀ, ਭੱਜੇਂ ਵਾਹੋ ਦਾਹੀਆ । ਕਮਲੀਏ ਤੇਰੇ ਨਾਲ ਲਾਵੇ ਕੋਈ ਨਾ ਯਾਰੀ, ਯਾਰਾਨਾ ਸਚ ਨਾ ਕੋਇ ਰਖਾਈਆ । ਭਾਵੇਂ ਮੇਰੀ ਮੁੱਛ ਨਹੀਂ ਕੋਈ ਦਾਹੜੀ, ਸੀਸ ਸੋਹਣਾ ਸਾਫ਼ ਸੁਥਰਾ ਨਜ਼ਰੀ ਆਈਆ । ਮੈਂ ਕਦੀ ਕਿਸੇ ਦੀ ਮੰਗਣ ਗਿਆ ਨਹੀਂ ਵਾੜੀ, ਖ਼ਾਲੀ ਝੋਲੀ ਨਾ ਅਗੇ ਡਾਹੀਆ । ਮੈਂ ਕਿਸੇ ਦੀ ਕੀਤੀ ਨਹੀਂ ਕਦੀ ਦਿਹਾੜੀ, ਨਿਵ ਨਿਵ ਸੀਸ ਨਾ ਕੋਇ ਝੁਕਾਈਆ । ਮੈਂ ਕਦੀ ਫਿਰਿਆ ਨਹੀਂ ਜੰਗਲ ਜੂਹ ਪਹਾੜੀ, ਟਿੱਲੇ ਪਰਬਤਾਂ ਡੇਰਾ ਲਾਈਆ । ਤੂੰ ਕਿਉਂ ਫਿਰੇਂ ਚਾਰ ਕੁੰਟ ਨੀ ਕਰ ਕਰ ਹਾਰ ਸ਼ਿੰਗਾਰੀ, ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਗਤੀ ਕਹੇ ਵੇ ਨਾਰਦਾ ਪੰਡੂ, ਪੰਡਤਾ ਦੇ ਸਮਝਾਈਆ । ਕੀ ਖੇਲ ਵੇਖਿਆ ਜੇਰਜ ਅੰਡੂ, ਉਤਭੁਜ ਸੇਤਜ ਫੋਲ ਫੁਲਾਈਆ । ਕੀ ਪ੍ਰਕਾਸ਼ ਤੱਕਿਆ ਤਾਰਾ ਚੰਦੂ, ਸੂਰੀਆ ਰੰਗ ਰੰਗਾਈਆ । ਕੀ ਖੇਲ ਕਰੇ ਦੀਨਾ ਬੰਧੂ, ਦੀਨ ਦਿਆਲ ਬੇਪ੍ਰਵਾਹੀਆ । ਵੇ ਕਿਹੋ ਜਿਹਾ ਅਗਲਾ ਸਮਾਂ ਲੰਘੂ, ਜਗਤ ਵਿਚ ਆਪਣਾ ਪੰਧ

ਮੁਕਾਈਆ । ਨਾਰਦ ਕਿਹਾ ਕਮਲੀਏ ਮੈਂ ਕੋਈ ਬ੍ਰਿਹਿਮਣ ਨਹੀਂ ਗੰਗੂ, ਜਗਤ ਮਾਇਆ ਵਿਚ ਲਲਚਾਈਆ । ਮੈਂ ਕੋਈ ਚੰਦਰਾ ਨਹੀਂ ਚੰਦੂ, ਚੰਦ
ਸਿਤਾਰ ਦੇਣ ਗਵਾਹੀਆ । ਮੈਂ ਇਕੋ ਗੱਲ ਦੱਸਾਂ, ਨੀ ਵੈਰਾਗਣੇ ਮੇਰਾ ਸਾਹਿਬ ਇਕੋ ਵਸਤ ਵੰਡੂ, ਦੇਵਣਹਾਰ ਆਪਣੀ ਦਇਆ ਕਮਾਈਆ ।
ਜਨ ਭਗਤਾਂ ਆਤਮ ਪਰਮਾਤਮ ਗੰਢੂ, ਗੰਢ ਆਪਣੇ ਨਾਲ ਰਖਾਈਆ । ਸਭ ਦਾ ਸੀਨਾ ਕਰੇ ਠੰਡੂ, ਠੰਡਕ ਆਪ ਵਰਤਾਈਆ । ਭਾਵੇਂ ਮੈਨੂੰ
ਲੁੱਚਾ ਕਹੋ ਭਾਵੇਂ ਕਹੋ ਲੰਡੂ, ਮੈਂ ਸਚ ਸਚ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਦਾਤਾ ਇਕ ਅਖਵਾਈਆ । ਭਗਤੀ ਕਹੇ ਬ੍ਰਿਹਿਮਣਾ ਅਗੇ ਕਰ ਲੈ ਗ਼ੌਰ, ਨਿਗਹ ਨਿਗਹ ਵਿਚੋਂ ਉਠਾਈਆ । ਕਿਸ ਬਿਧ ਜਨ ਭਗਤਾਂ
ਕਾਰਜ ਜਾਏ ਸੌਰ, ਬਿਨਾ ਮੇਰੇ ਤੋਂ ਮਿਲੇ ਨਾ ਕਿਸੇ ਵਡਿਆਈਆ । ਮੈਂ ਪ੍ਰੇਮ ਦੀ ਪ੍ਰੀਤਮ ਨਾਲ ਬੰਨ੍ਹਾਂ ਡੋਰ, ਪ੍ਰੇਮੀਆਂ ਪ੍ਰੇਮ ਨਾਲ ਬੰਨ੍ਹਾਈਆ ।
ਮੈਂ ਅੰਦਰੋਂ ਕਢਾਂ ਪੰਜ ਚੋਰ, ਸ਼ਰਅ ਸ਼ੈਤਾਨ ਬਾਹਰ ਕਢਾਈਆ । ਮੈਂ ਵਸਾਂ ਅੰਧੇਰੇ ਘੋਰ, ਕਾਇਆ ਮੰਦਰ ਡੇਰਾ ਲਾਈਆ । ਮੇਰੇ ਵਿਚ ਬੜਾ
ਜ਼ੋਰ, ਜੋਰੂ ਜ਼ਰ ਦਿਆਂ ਤਜਾਈਆ । ਰੂਪ ਬਣਾ ਕੇ ਹੋਰ ਦਾ ਹੋਰ, ਅਵਰਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਸਦ ਆਪਣੀ ਖੇਲ ਖਿਲਾਈਆ । ਨਾਰਦ ਕਹੇ ਨੀ ਭਗਤੀਏ ਦੱਸ ਤੇਰੀ ਕੀ ਤਾਕਤ, ਬਲ ਕੀ ਰਖਾਈਆ । ਤੂੰ ਕਿਸ ਦੀ ਕਰੇਂ ਸ਼ਨਾਖ਼ਤ,
ਫੜ ਬਾਹੋਂ ਲਏਂ ਜਗਾਈਆ । ਕੀ ਤੇਰੀ ਹੋਵੇ ਲਿਆਕਤ, ਅਕਲ ਕੀ ਵਡਿਆਈਆ । ਕੀ ਤੇਰੇ ਕੋਲ ਵਿਰਾਸਤ, ਮੈਨੂੰ ਦੇ ਸਮਝਾਈਆ । ਕਲਜੁਗ
ਜੀਵ ਕੋਈ ਨਾ ਆਵੇ ਤੇਰੀ ਵਿਚ ਹਿਰਾਸਤ, ਹੈਰਾਨੀ ਸਭ ਦੇ ਉਤੇ ਛਾਈਆ । ਤੇਰੀ ਸਾਰੇ ਕਰਨ ਖ਼ਿਲਾਫ਼ਤ, ਸਗਲਾ ਸੰਗ ਨਾ ਕੋਇ ਬਣਾਈਆ ।

ਤੇਰੇ ਵਿਚ ਕੀ ਕਰਨੀ ਮਹਾਨਤ, ਭੇਵ ਦੇਣਾ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ
੪੩ ੨੩
ਦਾ ਮਾਲਕ ਬੇਪ੍ਰਵਾਹੀਆ । ਭਗਤੀ ਕਹੇ ਨਾਰਦਾ ਨਾ ਕਰ ਬੋਲ ਕੌੜਾ, ਕੁੜੱਤਣ ਵਿਚ ਸੁਣਾਈਆ । ਤੂੰ ਕੀ ਜਾਣੇ ਮੇਰਾ ਮੰਜ਼ਲ ਪੌੜਾ, ਡੰਡਾ
ਡੰਡਾਵਤ ਵਾਲਾ ਨਜ਼ਰ ਕੋਇ ਨਾ ਆਈਆ । ਮੇਰਾ ਮਾਰਗ ਬੜਾ ਸੌੜਾ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਝਟ ਨਾਰਦ ਬੋਲਿਆ ਮੇਰਾ
ਹੁਕਮ ਸੁਣ ਲੈ ਥੋੜ੍ਹਾ, ਥੋੜ੍ਹੀਏ ਨਿੱਕੀਏ ਛੋਟੀਏ ਤੈਨੂੰ ਦਿਆਂ ਜਣਾਈਆ । ਉਹ ਵੇਖ ਭਗਤੀ ਵਾਲਿਆਂ ਭਗਵਾਨ ਨੂੰ ਕਿਹਾ ਉਹ ਆਵੇ ਬਣ ਕੇ
ਬ੍ਰਾਹਮਣ ਗੌੜਾ, ਮੈਂ ਉਸੇ ਬ੍ਰਹਮ ਦਾ ਬ੍ਰਾਹਮਣ ਰੂਪ ਨਜ਼ਰੀਂ ਆਈਆ । ਜਿਸ ਦਾ ਇਕੋ ਖੇਲ ਹੋਣਾ ਭਗਤ ਭਗਵਾਨ ਦਾ ਜੋੜਾ, ਮੇਲਾ ਧੁਰ ਦਾ
ਲੈਣਾ ਮਿਲਾਈਆ । ਸੱਸੇ ਉਤੇ ਲਾ ਕੇ ਹੋੜਾ, ਹਾਹੇ ਟਿੱਪੀ ਰੰਗ ਰੰਗਾਈਆ । ਨੀ ਜਗਤ ਦੀਏ ਵਣਜਾਰਨੇ ਤੈਨੂੰ ਜਵਾਬ ਦੇਣਾ ਕੋਰਾ, ਇਕੋ
ਵਾਰ ਸੁਣਾਈਆ । ਮੇਰਾ ਸ਼ਬਦ ਦੁਲਾਰਾ ਬਾਂਕਾ ਛੋਹਰਾ, ਜੋਬਨਵੰਤਾ ਨਜ਼ਰੀ ਆਈਆ । ਜਿਸ ਦੇ ਅਗੇ ਚਲੇ ਕੋਇ ਨਾ ਜੋਰਾ, ਚਾਰ ਜੁਗ
ਦੇ ਸ਼ਾਸਤਰ ਗੁਰ ਅਵਤਾਰ ਪੈਗ਼ੰਬਰ ਜਨ ਭਗਤ ਬੈਠੇ ਸੀਸ ਨਿਵਾਈਆ । ਉਸ ਦੀ ਉਸੇ ਨੂੰ ਪਈ ਲੋੜਾ, ਲੁੜੀਂਦਾ ਸੱਜਣ ਖੇਲ ਖਿਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਭਗਤੀ ਕਹੇ ਜਾ ਵੇ
ਨਾਰਦ ਪਲਾਲੀ, ਕਿਉਂ ਪਲ ਪਲ ਆਪਣਾ ਆਪ ਰਿਹਾ ਬਦਲਾਈਆ । ਵੇ ਤੂੰ ਔਤ੍ਰਾ ਨਿਖਤਾ ਮੈਂ ਤੈਨੂੰ ਕਢਾਂ ਗਾਲੀ, ਜ਼ੋਰ ਜ਼ੋਰ ਸੁਣਾਈਆ ।
ਤੇਰੀ ਸ਼ਕਲ ਨਾ ਗੋਰੀ ਨਾ ਕਾਲੀ, ਰੂਪ ਰੰਗ ਨਾ ਕੋਇ ਬਣਾਈਆ । ਤੂੰ ਸਚ ਦੱਸ ਕਿਸ ਗਗਨ ਮੰਡਲ ਵਸੇ ਕਿ ਆਕਾਸ਼ ਪਾਤਾਲੀ, ਕੀ ਧਰਨੀ

ਧਰਤ ਧਵਲ ਡੇਰਾ ਲਾਈਆ । ਨਾਰਦ ਹੱਸ ਕੇ ਕਿਹਾ, ਤਾਲੀ ਮਾਰ ਕੇ ਕਿਹਾ, ਨੀ ਸਤਿਗੁਰ ਸ਼ਬਦ ਦਾ ਮੈਂ ਦਲਾਲੀ, ਦਲਾਲ ਹੋ ਕੇ ਰਿਹਾ ਜਣਾਈਆ । ਜਿਸ ਨੇ ਸਭ ਦੀ ਸੁਰਤ ਸੰਭਾਲੀ, ਉਹ ਸਾਹਿਬ ਬੇਪ੍ਰਵਾਹੀਆ । ਨੀ ਭਗਤੀਏ ਤੇਰੀ ਕਿਸ ਨੇ ਘਾਲ ਘਾਲੀ, ਤੂੰ ਘਾਇਲ ਕੀਤੀ ਲੋਕਾਈਆ । ਦੱਸ ਤੇਰਾ ਕਿਹੜਾ ਵਾਰਸ ਤੇ ਕਿਹੜਾ ਵਾਲੀ, ਕਵਣ ਮਾਲਕ ਨਜ਼ਰੀ ਆਈਆ । ਮੈਨੂੰ ਇਉਂ ਦਿਸਦਾ ਤੇਰੇ ਬਿਨਾ ਸਾਰੀ ਦੁਨੀਆ ਖ਼ਾਲੀ, ਜਗ ਵਿਚ ਨਜ਼ਰ ਕੋਇ ਨਾ ਆਈਆ । ਮੈਂ ਸਤਿਗੁਰ ਸ਼ਬਦ ਸ਼ਬਦ ਸਤਿਗੁਰ ਜਿਸ ਦੀ ਤੂੰ ਸਦਾ ਬਣੀ ਰਹੇਂ ਸਵਾਲੀ, ਦਰ ਠਾਂਡੇ ਸੀਸ ਨਿਵਾਈਆ । ਹੁਣ ਖੇਲ ਕਰਾਂ ਨਿਰਾਲੀ, ਨਿਰਗੁਣ ਆਪਣੀ ਕਾਰ ਭੁਗਤਾਈਆ । ਉਠ ਵੇਖ ਨੇਤਰ ਹਾਲੀ, ਬਿਨ ਨੈਣਾਂ ਅੱਖ ਉਠਾਈਆ । ਕੀ ਖੇਲ ਕਰੇ ਸ਼ਹਿਨਸ਼ਾਹ ਵਾਲੀ ਦੋ ਜਹਾਨੀ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਉਹ ਦਾਤਾ ਬਣ ਕੇ ਦਾਨੀ, ਦਇਆਵਾਨ ਦਇਆ ਕਮਾਈਆ । ਲੇਖੇ ਲਾਏ ਜੀਵ ਪ੍ਰਾਣੀ, ਪੁਨਹ ਪੁਨਹ ਵੇਖ ਵਖਾਈਆ । ਮੰਜ਼ਲ ਦੱਸੇ ਇਕ ਅਸਾਨੀ, ਜ਼ਿਮੀਂ ਅਸਮਾਨਾਂ ਪਾਰ ਜਣਾਈਆ । ਆਪਣੀ ਮੰਜ਼ਲ ਆਪ ਬਣਾ ਰੁਹਾਨੀ । ਰੂਹ ਬੁਤ ਖੇਲ ਖਿਲਾਈਆ । ਜਨ ਭਗਤਾਂ ਤੇਰੀ ਕੱਟਣ ਨਾ ਦੇਵੇ ਗ਼ੁਲਾਮੀ, ਗ਼ੁਲਾਮ ਬਣਾਉਣ ਵਾਲੀਏ ਤੇਰਾ ਲੇਖਾ ਦੇਣਾ ਮੁਕਾਈਆ । ਧੁਰ ਸੰਦੇਸਾ ਦੇ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਆਪਣਾ ਰੰਗ ਚੜ੍ਹਾਈਆ । ਜਿਹੜਾ ਜਗਤ ਜਹਾਨ ਦਿਸੇ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵੇਸ ਆਪ ਵਟਾਈਆ । ਭਗਤੀ ਕਹੇ ਮੈਂ ਬੜੀ ਗੰਭੀਰ, ਨਾਰਦ ਦਿਆਂ ਜਣਾਈਆ । ਮੇਰੀ ਸਿਫ਼ਤ ਕੀਤੀ ਕਬੀਰ, ਕੂਕ ਕੂਕ ਸੁਣਾਈਆ । ਰਵਦਾਸ ਚਮਾਰੇ ਬਦਲੀ ਤਕਦੀਰ, ਤਦਬੀਰ ਇਕ ਦ੍ਰਿੜਾਈਆ । ਮੈਨੂੰ ਮੰਨਦੇ ਪੈਗ਼ੰਬਰ ਪੀਰ, ਸੂਫ਼ੀ ਸੰਤ ਧਿਆਨ ਰਖਾਈਆ । ਮੈਂ ਸਭ ਦੀ ਬਦਲਾਂ ਜ਼ਮੀਰ, ਕੂੜੀ ਕਿਰਿਆ ਡੇਰਾ ਢਾਹੀਆ । ਮੇਲ ਮਿਲਾਵਾਂ ਨਾਲ ਬੇਨਜ਼ੀਰ, ਨਜ਼ਰੀਆ ਦਿਆਂ ਬਦਲਾਈਆ । ਸੁਧ ਕਰਾਂ ਪੰਜ ਤਤ ਸ਼ਰੀਰ, ਦੁਰਮਤ ਮੈਲ ਧਵਾਈਆ । ਮੇਰੀ ਮੰਜ਼ਲ ਇਕ ਅਖ਼ੀਰ, ਮੇਲ ਮਿਲਾਵਾਂ ਧੁਰ ਦੇ ਮਾਹੀਆ । ਜਿਥੇ ਝਗੜਾ ਰਹੇ ਨਾ ਕੋਇ ਤਕਦੀਰ, ਕਰਮ ਕਾਂਡ ਦਾ ਡੇਰਾ ਢਾਹੀਆ । ਇਕ ਆਤਮਾ ਇਕ ਪਰਮਾਤਮਾ ਮੇਲ ਮਿਲਾਵਾ ਹੋਏ ਮੈਨੂੰ ਮਿਲੇ ਵਾਦ ਅਸ਼ੀਰ, ਖ਼ੁਸ਼ੀਆਂ ਵਿਚ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਭਗਤੀਏ ਨੀ ਤੇਰਾ ਸਫ਼ਰ ਬੜਾ ਲੰਮਾ, ਅਗਲਾ ਪੰਧ ਨਾ ਕੋਇ ਮੁਕਾਈਆ । ਜਗਤ ਜਹਾਨ ਤੈਨੂੰ ਵੇਖ ਕੇ ਕੰਬਾ, ਥਰ ਥਰਾਹਟ ਵਿਚ ਦੁਹਾਈਆ । ਕਿੱਡਾ ਮੁਸ਼ਕਲ ਚੜ੍ਹਨਾ ਡੰਡਾ, ਪੌੜੀ ਪੌੜੀ ਵੇਖ ਵਖਾਈਆ । ਦਿਵਸ ਰੈਣ ਗਾਉਂਦਾ ਰਹਾਂ ਛੰਦਾ, ਅੱਠੇ ਪਹਿਰ ਧਿਆਨ ਰਖਾਈਆ । ਬੰਦਗੀ ਵਿਚ ਫਸ ਜਾਏ ਬੰਦਾ, ਬੰਧਨ ਤੇਰੇ ਨਾਲ ਪਾਈਆ । ਦੁਨੀਆ ਵਿਚ ਹਾਲ ਹੋਵੇ ਮੰਦਾ, ਜਗਤ ਰੰਗ ਨਾ ਕੋਇ ਰੰਗਾਈਆ । ਮਨ ਮਿਲੇ ਨਾ ਸੁਖ ਅਨੰਦਾ, ਤ੍ਰਿਸ਼ਨਾ ਕੂੜ ਜਗਤ ਹਲਕਾਈਆ । ਤੱਕ ਖੇਲ ਸੂਰਾ ਸਰਬੰਗਾ, ਹਰਿ ਕਰਤਾ ਆਪ ਅਖਵਾਈਆ । ਨੇਤਰ ਹੀਣ ਕਰ ਕੇ ਅੰਧਾ, ਜਗਤ ਲੋਚਣ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਭਗਤੀ ਕਹੇ ਨਾਰਦਾ ਮੇਰੇ ਬਿਨਾ ਕੋਈ ਨਹੀਂ ਤਰਿਆ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਮੈਨੂੰ ਸਭ ਨੇ ਆਦਿ ਜੁਗਾਦਿ ਵਰਿਆ, ਜੁਗ ਜੁਗ ਮੇਲਾ ਮੇਲਿਆ ਸਹਿਜ ਸੁਭਾਈਆ ।

ਬਿਨਾ ਮੇਰੇ ਤੋਂ ਜਗਤ ਜਹਾਨ ਮਰਿਆ, ਤਨ ਵਜੂਦ ਮਾਟੀ ਖ਼ਾਕ ਕੰਮ ਕਿਸੇ ਨਾ ਆਈਆ । ਮੈਂ ਸਚ ਸੰਦੇਸ਼ਾ ਦੇਵਾਂ ਅੜਿਆ, ਅੜੱਕੇ ਨਾਲ ਜਣਾਈਆ । ਬਿਨਾ ਭਗਤੀ ਤੋਂ ਪ੍ਰਭ ਦੀ ਮੰਜ਼ਲ ਕੋਇ ਨਾ ਚੜ੍ਹਿਆ, ਦਰਗਾਹ ਸਾਚੀ ਪੁੱਜਣ ਕੋਇ ਨਾ ਪਾਈਆ । ਸਚ ਦਵਾਰ ਕੋਈ ਨਾ ਖੜਿਆ, ਸਨਮੁਖ ਹੋ ਨਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਨੀ ਭਗਤੀ ਤੇਰਾ ਮਾਰਗ ਬੜਾ ਸਖ਼ਤ, ਸਖ਼ਤੀ ਨਾਲ ਜਣਾਈਆ । ਮੈਨੂੰ ਯਾਦ ਆਉਂਦਾ ਵੇਲਾ ਵਕਤ, ਜਿਸ ਵੇਲੇ ਭਗਤਾਂ ਮਿਲੀ ਸਜ਼ਾਈਆ । ਤੇਰੀ ਤੱਕ ਕੇ ਅਸੂਲਾਂ ਵਾਲੀ ਸ਼ਰਤ, ਸ਼ਰਅ ਰਹੀ ਸ਼ਰਮਾਈਆ । ਤੂੰ ਜੁਗ ਜੁਗ ਖੇਲ ਕੀਤਾ ਉਤੇ ਧਰਤ, ਧਵਲੀ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਭਗਤੀ ਮੈਂ ਉਹ ਨਾਰਦ ਮੁਨੀ, ਜਿਸ ਨੂੰ ਮੁਨੀ ਮੁਨੀਸ਼ਰ ਸੀਸ ਨਿਵਾਈਆ । ਮੈਂ ਉਹ ਦਾਤਾ ਵਡ ਗੁਣ ਗੁਣੀ, ਗਹਿਰ ਗੰਭੀਰ ਇਕ ਅਖਵਾਈਆ । ਜੋ ਸਭ ਦੀ ਪੁਕਾਰ ਰਿਹਾ ਸੁਣੀ, ਲੱਖ ਚੁਰਾਸੀ ਵੇਖ ਵਖਾਈਆ । ਸ਼ਬਦ ਅਨਾਦੀ ਨਾਦ ਸੁਣੀ, ਅਨਹਦ ਨਾਦ ਕਰੇ ਸ਼ਨਵਾਈਆ । ਜਿਸ ਦੀ ਚੋਟੀ ਕਦੇ ਨਾ ਜਾਏ ਮੁੰਨੀ, ਮੇਰੀ ਬੋਦੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਸਤਿਗੁਰ ਸ਼ਬਦ ਸੁਹੰਜਣਾ, ਸੋਭਾਵੰਤ ਸੋਭਨੀਕ । ਮੇਰਾ ਮਾਲਕ ਆਦਿ ਨਿਰੰਜਣਾ, ਜਿਸ ਦੇ ਵਿਚ ਹਕ ਤੌਫ਼ੀਕ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਜੋ ਆਦਿ ਜੁਗਾਦਿ ਬਦਲੇ ਰੀਤ । ਚਰਨ ਧੂੜ ਦੇਵੇ ਮਜਨਾ, ਅੰਮ੍ਰਿਤ ਸਚ ਕਰੇ ਬਖ਼ਸ਼ੀਸ਼ । ਨਿਜ ਨੇਤਰ ਪਾਵੇ ਅੰਜਣਾ, ਤ੍ਰੈਗੁਣ ਦਾਤਾ ਇਕ ਅਤੀਤ । ਸਚ ਪ੍ਰੇਮ ਦੀ ਚਾੜ੍ਹੇ ਰੰਗਣਾ, ਹਰਿ ਮਾਲਕ ਅਗੰਮ ਅਨਡੀਠ । ਜਿਸ ਦੇ ਹੁਕਮ ਅੰਦਰ ਸਭ ਨੇ ਵੰਞਣਾ, ਜਗਤ ਦਾ ਜਗਤ ਰਹੇ ਕੋਇ ਨਾ ਮੀਤ । ਉਸੇ ਦੀ ਡੰਡਾਵਤ ਉਸੇ ਦੀ ਬੰਦਨਾ, ਉਸੇ ਨੂੰ ਰਖਿਆ ਚੀਤ । ਜੋ ਨਿਰਗੁਣ ਦਾਤਾ ਸੱਜਣਾ, ਜਿਸ ਸਾਹਿਬ ਉਤੇ ਉਮੀਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਜਿਸ ਦੀ ਕਰਨ ਤਾਰੀਫ਼ । ਭਗਤੀ ਕਹੇ ਜੇ ਤੂੰ ਨਾਰਦ ਸ਼ਬਦ ਗੁਰਦੇਵਾ, ਸਤਿਗੁਰ ਤੇਰੀ ਵਡਿਆਈਆ । ਮੈਂ ਤੇਰੇ ਹੁਕਮ ਵਿਚ ਜੁਗ ਜੁਗ ਕਰਨੀ ਸੇਵਾ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਮਾਲਕ ਖ਼ਾਲਕ ਵਸੇਂ ਨਿਹਚਲ ਧਾਮ ਨਿਹਕੇਵਾ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਤੂੰ ਬੇਪ੍ਰਵਾਹ ਅਲਖ ਅਭੇਵਾ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਨਾਰਦ ਉਹ ਨਰਾਇਣ, ਜਿਸ ਨੂੰ ਸਾਰੇ ਸੀਸ ਨਿਵਾਈਆ । ਮੇਰੇ ਢੋਲੇ ਸਾਰੇ ਕਹਿਣ, ਸਿਫ਼ਤਾਂ ਵਿਚ ਸੁਣਾਈਆ । ਮੈਂ ਕਲਜੁਗ ਅੰਤਮ ਲੇਖਾ ਆਇਆ ਦੇਣ, ਲਹਿਣਾ ਝੋਲੀ ਪਾਈਆ । ਜਨ ਭਗਤਾਂ ਬਣ ਕੇ ਸੱਜਣ ਸੈਣ, ਸਾਕ ਇਕ ਅਖਵਾਈਆ । ਦਰਸ਼ਨ ਦੇਵਾਂ ਨੈਣ, ਨੈਣ ਮੁੰਦਾਰੀ ਵਜੇ ਵਧਾਈਆ । ਝਗੜਾ ਮੇਟਾਂ ਤਰਫ਼ੈਣ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਨਜ਼ਰੀ ਆਵਾਂ ਐਨ ਦਾ ਐਨ, ਨੂਰ ਨੁਰਾਨਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮੇਲਾ ਆਪ ਮਿਲਾਈਆ । ਨਾਰਦ ਕਹੇ ਨੀ ਭਗਤੀ ਭਗਤ ਭਗਵਾਨ ਇਕ ਮਿਕ, ਰੂਪ ਇਕੋ ਨਜ਼ਰੀ ਆਈਆ । ਜਨ ਭਗਤਾਂ ਅੰਦਰ ਗਿਆ ਟਿਕ, ਆਸਣ ਸਿੰਘਾਸਣ

੪੫
੨੩

ਆਪ ਸੁਹਾਈਆ । ਸਚ ਮੁਹੱਬਤ ਵਿਚ ਗਿਆ ਵਿਕ, ਆਪਣੀ ਕੀਮਤ ਨਾ ਕੋਇ ਰਖਾਈਆ । ਨੀ ਤੂੰ ਹੱਥ ਮਾਰ ਆਪਣੀ ਛਾਤੀ ਉਤੇ ਹਿਕ, ਦੋਹੱਥੜ ਦੇ ਲਗਾਈਆ । ਵੇ ਪ੍ਰਭੂ ਕਿਉਂ ਮੇਰੇ ਨਾਲੋਂ ਪ੍ਰੀਤੀ ਲਈ ਖਿੱਚ, ਕੀ ਪ੍ਰੀਤਮ ਤੇਰੀ ਬੇਪ੍ਰਵਾਹੀਆ । ਝਟ ਨਾਰਦ ਨੂੰ ਆ ਗਈ ਨਿੱਛ, ਛਿੱਕ ਮਾਰ ਕੇ ਰਿਹਾ ਸੁਣਾਈਆ । ਨੀ ਸੋਹਣੀਏ ਕਮਲੀਏ ਉਹ ਭਗਤਾਂ ਦੇ ਵੜ ਗਿਆ ਵਿਚ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਤੈਨੂੰ ਗ਼ੁੱਸੇ ਵਿਚ ਚੜ੍ਹੇ ਨਾ ਚਿਪ, ਚੁੱਪ ਚੁਪਾਤੀ ਚਰਨੀ ਸੀਸ ਨਿਵਾਈਆ । ਭਗਤੀ ਕਹੇ ਮੈਂ ਵੀ ਕਲਜੁਗ ਦੀ ਸਵਾਣੀ ਬੁਲਾਂ ਨੂੰ ਲਾਵਾਂਗੀ ਸਟਿਕ, ਲਿਪ ਸੋਹਣਾ ਰੰਗ ਰੰਗਾਈਆ । ਮੈਂ ਪਰਦਾ ਚੁੱਕ ਕੇ ਵੇਖਾਂਗੀ ਵਿਚੋਂ ਮਾਇਆ ਵਾਲੀ ਚਿਟ, ਹੌਲੀ ਹੌਲੀ ਅੱਖ ਉਠਾਈਆ । ਨਾਲੇ ਦੱਸਾਂਗੀ ਮੇਰੇ ਕੋਲ ਪੁਰਾਣਿਆਂ ਭਗਤਾਂ ਦੀ ਚਿਟ, ਜੋ ਚਿੱਟੇ ਦਾ ਲੇਖਾ ਚਿੱਟਾ ਦਏ ਜਣਾਈਆ । ਕਲਜੁਗ ਮੇਰਾ ਲਹਿਣਾ ਲਓ ਨਜਿਠ, ਸਚ ਸਚ ਦਿਆਂ ਦ੍ਰਿੜਾਈਆ । ਨਾਰਦ ਕਹੇ ਜਗਤ ਦੀ ਭਗਤੀ ਤੈਨੂੰ ਭਗਤਾਂ ਕਰਨਾ ਠਿੱਠ, ਮੈਂ ਸਚ ਦਿਆਂ ਸੁਣਾਈਆ । ਉਹ ਇਕੋ ਵਾਰ ਆ ਗਏ ਪ੍ਰਭੂ ਦੇ ਚਰਨਾਂ ਹੇਠ, ਦੂਸਰ ਲੋੜ ਰਹੇ ਨਾ ਰਾਈਆ । ਕਮਲੀਏ ਤੂੰ ਵੀ ਭਗਤਾਂ ਦੇ ਨਾਲ ਏਥੇ ਲੇਟ, ਆਪਣਾ ਪੰਧ ਮੁਕਾਈਆ । ਆਪਣੀ ਕੀਤੀ ਕਰਨੀ ਕਰ ਦੇ ਭੇਟ, ਇਕੋ ਵਾਰ ਸੀਸ ਨਿਵਾਈਆ । ਅਗੇ ਭਗਤ ਭਗਵਾਨ ਦੀ ਚਲਣੀ ਖੇਡ, ਦੂਸਰ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਭਗਤੀ ਕਹੇ ਜੇ ਪ੍ਰਭ ਦਾ ਸੁਹੰਜਣਾ ਦਰ, ਸਤਿ ਦੇ ਸੁਣਾਈਆ । ਜਿਨ੍ਹਾਂ ਨੂੰ ਇਕੋ ਵਾਰ ਮਿਲ ਗਿਆ ਵਰ, ਵਰ ਪਾਇਆ ਬੇਪ੍ਰਵਾਹੀਆ । ਸਾਚੀ ਮੰਜ਼ਲ ਗਏ ਚੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਸਚ ਦਵਾਰੇ ਗਏ ਵੜ, ਅਗੇ ਜਿਥੇ ਬੈਠਾ ਬੇਪ੍ਰਵਾਹੀਆ । ਮੈਂ ਸਚ ਸਰਨਾਈ ਜਾਵਾਂ ਪੜ, ਨਿਉਂ ਨਿਉਂ ਸੀਸ ਝੁਕਾਈਆ । ਸਭ ਦਾ ਸਾਂਝਾ ਹੋ ਜਾਏ ਇਕੋ ਗੜ੍ਹ, ਜਿਥੇ ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਨਾ ਕੋਈ ਭੈ ਰਹੇ ਨਾ ਡਰ, ਚਿੰਤਾ ਸੋਗ ਨਾ ਕੋਇ ਵਖਾਈਆ । ਜਿਥੇ ਅਵਤਾਰ ਪੈਗ਼ੰਬਰ ਗੁਰੂ ਤੂੰ ਹੀ ਤੂੰ ਹੀ ਰਹੇ ਕਰ, ਦੂਜਾ ਰਾਗ ਨਾ ਕੋਇ ਅਲਾਈਆ । ਸੋ ਲੇਖਾ ਪੂਰਾ ਕਰੇ ਅਠਾਰਾਂ ਹਾੜ, ਹਾੜ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੰਧ ਮੁਕਾਈਆ । ਭਗਤੀ ਕਹੇ ਜਗਤ ਸਮਝਦਾ ਨਾਰਦ ਕੋਈ ਸ਼ੈਤਾਨ, ਜੁਗ ਜੁਗ ਖੇਲ ਖਿਲਾਈਆ । ਨਾਰਦ ਕਹੇ ਮੈਂ ਬੜਾ ਬਲਵਾਨ, ਬਲਧਾਰੀ ਇਕ ਅਖਵਾਈਆ । ਮੈਂ ਬ੍ਰਾਹਮਣ ਸਰਬ ਬਣਾਇਆ ਜਜਮਾਨ, ਮੰਗਾਂ ਥਾਉਂ ਥਾਈਆ । ਸਖ਼ੀਆਂ ਨੂੰ ਉਠਾਇਆ ਕਾਹਨ, ਸੀਤਾ ਨੂੰ ਰਾਮ ਜਣਾਈਆ । ਆਪ ਫਿਰ ਕੇ ਵਿਚ ਬੀਆਬਾਨ, ਜੰਗਲ ਜੂਹ ਸੁਹਾਈਆ । ਫੇਰ ਬਣ ਕੇ ਨੌਜਵਾਨ, ਜੋਬਨਵੰਤਾ ਭੱਜਾ ਵਾਹੋ ਦਾਹੀਆ । ਮੇਰੀ ਸ਼ਕਲ ਸਕੇ ਨਾ ਕੋਇ ਪਹਿਚਾਨ, ਅਕਲ ਆਕਲਾਂ ਵਿਚ ਨਾ ਕੋਇ ਦ੍ਰਿੜਾਈਆ । ਮੇਰਾ ਖੇਲ ਬੜਾ ਕੁਨ ਹੈਰਾਨ, ਹੈਰਾਨੀ ਵਿਚ ਸਰਬ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਨਾਰਦ ਕਹੇ ਮੈਂ ਬਣ ਜਾਵਾਂ ਵਣਜਾਰਾ, ਆਪਣਾ ਰੂਪ ਬਦਲਾਈਆ । ਸਮੁੰਦ ਸਾਗਰਾਂ ਕਰਨਾ ਪਾਰ ਕਿਨਾਰਾ, ਭੱਜਣਾ ਵਾਹੋ ਦਾਹੀਆ । ਮੁਹੰਮਦ ਨੂੰ ਹਲੂਣਾ ਦੇਣਾ ਨਾਲ ਚਾਰ ਯਾਰਾ, ਯਾਰਾਨਾ ਸਭ ਦਾ ਵੇਖ ਵਖਾਈਆ । ਮੂਸਾ ਦੇਣਾ ਇਸ਼ਾਰਾ, ਇਸ਼ਾਰਿਆਂ ਨਾਲ ਉਠਾਈਆ । ਈਸਾ ਦਾ ਲੇਖਾ ਵੇਖਣਾ ਦਿਨ ਦਿਹਾੜਾ, ਦਿਵਸ ਆਪਣੇ ਰੰਗ ਰੰਗਾਈਆ । ਨਾਲੇ ਦਰਵੇਸ਼ ਬਣਨਾ ਫ਼ਕੀਰ ਬਣਨਾ ਬੇਨਜ਼ੀਰ

ਬਣਨਾ ਨਾਲੇ ਬਣਨਾ ਧੁਰ ਦਾ ਲਾੜਾ, ਜੋਬਨ ਆਪਣਾ ਇਕ ਵਖਾਈਆ । ਕਿਤੇ ਧਾਰ ਧਰਮ ਕਿਤੇ ਪ੍ਰੇਸ਼ਾਨੀ ਦਾ ਲਾਉਣਾ ਅਖਾੜਾ, ਦੋਵੇਂ ਰੰਗ ਰੰਗਾਈਆ । ਖੇਲ ਕਰਨਾ ਜੰਗਲਾਂ ਵਿਚ ਉਜਾੜਾਂ, ਪਹਾੜਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਚਵ੍ਹੀਆਂ ਅਵਤਾਰਾਂ, ਜਨ ਭਗਤਾਂ ਦਰਸ਼ਨ ਦੇਂਦਾ ਰਹੇ ਕਾਇਆ ਦਰ ਦਵਾਰਾ, ਸਚ ਸਵਾਮੀ ਹੋ ਕੇ ਦਇਆ ਕਮਾਈਆ ।

✪ ੨੨ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਵਿਦੇਸ਼ੀ ਟੂਰ ਤੇ ਜਾਣ ਸਮੇਂ ਸਵੇਰੇ ✪

ਸਦੀ ਚੌਧਵੀਂ ਕਹੇ ਮੇਰੇ ਅੰਤਰ ਚੜ੍ਹ ਗਈ ਲਾਲੀ, ਲਾਲ ਗੁਲਾਲਾ ਮਿਲਿਆ ਧੁਰ ਦਾ ਮਾਹੀਆ । ਮੈਂ ਪੂਰਬ ਦੀ ਪਤ੍ਰਕਾ ਆਪ ਸੰਭਾਲੀ, ਸੰਬਲ ਵੇਖਾਂ ਧੁਰ ਦਾ ਮਾਹੀਆ । ਜਿਸ ਦਾ ਨੂਰ ਜੋਤ ਅਕਾਲੀ, ਅਕਲ ਕਲਧਾਰੀ ਵਡ ਵਡਿਆਈਆ । ਜਿਸ ਦੀ ਸੇਵਾ ਸੰਮਤ ਸੰਮਤੀ ਘਾਲੀ, ਘਾਇਲ ਹੋ ਕੇ ਭੱਜੀ ਵਾਹੋ ਦਾਹੀਆ । ਉਹ ਮਾਲਕ ਤੱਕਿਆ ਜੋ ਅਰਸ਼ ਫ਼ਰਸ਼ ਦਾ ਵਾਲੀ, ਵਾਲੀ ਦੋ ਜਹਾਨ ਅਖਵਾਈਆ । ਮੇਰੇ ਅੰਤਰ ਖ਼ੁਸ਼ੀ ਬਾਹਲੀ, ਖ਼ੁਸ਼ੀਆਂ ਰੰਗ ਰੰਗਾਈਆ । ਮੈਂ ਦਰ ਤੇ ਹੋਈ ਸਵਾਲੀ, ਖ਼ਾਲੀ ਝੋਲੀ ਅਗੇ ਡਾਹੀਆ । ਤੂੰ ਦੀਨ ਮਜ਼੍ਹਬ ਦਾ ਮਾਲੀ, ਅਵਤਾਰ ਪੈਗ਼ੰਬਰ ਗੁਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ
੪੭ ੨੩ ਚੌਧਵੀਂ ਕਹੇ ਮੇਰੀ ਨਿਮਸਕਾਰ, ਦਰ ਠਾਂਡੇ ਸੀਸ ਨਿਵਾਈਆ । ਮੈਂ ਨਾਲ ਲਿਆਈ ਮੁਹੰਮਦ ਯਾਰ, ਚਾਰ ਯਾਰੀ ਸੰਗ ਰਖਾਈਆ । ਮੇਰਾ ਲੇਖਾ ੪੭ ੨੩
ਵੇਖ ਚੌਦਾਂ ਤਬਕ ਦੀ ਧਾਰ, ਚੌਦਸ ਚੰਦ ਦਏ ਗਵਾਹੀਆ । ਤੇਰੇ ਬਰਦੇ ਤੇਰੇ ਬਰਖ਼ੁਰਦਾਰ, ਤੇਰੀ ਸੇਵ ਕਮਾਈਆ । ਕਰਦੀ ਰਹੀ ਇੰਤਜ਼ਾਰ, ਬਿਨ ਅੱਖਾਂ ਅੱਖ ਉਠਾਈਆ । ਕੱਦ ਆਵੇ ਸਾਂਝਾ ਯਾਰ, ਯਾਰਾਨਾ ਤੋੜ ਨਿਭਾਈਆ । ਦਿਵਸ ਰੈਣ ਮੇਰੀ ਮੁਕੇ ਨਾ ਕਦੇ ਗੁਫ਼ਤਾਰ, ਗੁਫ਼ਤ ਸ਼ਨੀਦ ਖ਼ੁਸ਼ੀ ਬਣਾਈਆ । ਤੂੰ ਮਾਲਕ ਸਭ ਦਾ ਕਿਰਦਾਰ, ਕਾਦਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੈਂ ਹਾਰ ਸ਼ਿੰਗਾਰ ਕੀਤਾ, ਸੋਹਣਾ ਰੂਪ ਬਣਾਈਆ । ਦਰਸ਼ਨ ਕਰ ਸਾਹਿਬ ਅਨਡੀਠਾ, ਅਨਡਿੱਠੜੀ ਧਾਰ ਵੇਖ ਵਖਾਈਆ । ਮੈਨੂੰ ਰਸ ਮਿਲਿਆ ਮੀਠਾ, ਕੂੜੀ ਕਿਰਿਆ ਬਾਹਰ ਸੁਟਾਈਆ । ਵਿਕਾਰ ਰਿਹਾ ਨਾ ਕੌੜਾ ਰੀਠਾ, ਹੰਕਾਰ ਦਿਤਾ ਗਵਾਈਆ । ਜਿਸ ਦਾ ਜਗਤ ਜਹਾਨ ਤਪਣ ਵਾਲਾ ਅੰਗੀਠਾ, ਅਗਨੀ ਤ੍ਰੈਗੁਣ ਤਤ ਵਖਾਈਆ । ਸੋ ਮੈਨੂੰ ਚਾੜ੍ਹੇ ਰੰਗ ਮਜੀਠਾ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰਾ ਸਾਹਿਬ ਮਿਲਿਆ ਮੀਤ, ਮਿਤਰ ਇਕ ਅਖਵਾਈਆ । ਮੈਂ ਛਡ ਕੇ ਹੁਜਰੇ ਮਸੀਤ, ਕਾਅਬਿਆਂ ਆਈ ਤਜਾਈਆ । ਨੇਤਰ ਪੇਖ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਸੀਸ ਨਿਵਾਈਆ । ਮੇਰੇ ਸਦਾ ਵਸਿਆ ਚੀਤ, ਠਗੌਰੀ ਰਹੇ ਨਾ ਰਾਈਆ । ਮੇਰਾ ਝੁਕਦਾ ਰਹੇ ਸੀਸ, ਸਿਰ ਸਰ ਦੋਵੇਂ ਭੇਟ ਕਰਾਈਆ । ਮੇਰਾ ਕਲਗੀਧਰ ਜਗਦੀਸ਼, ਜਗਦੀਸ਼ਰ ਨੂਰ ਅਲਾਹੀਆ । ਜਿਸ ਦੀ ਆਇਤ

ਹਦੀਸ, ਹਜ਼ਰਤਾਂ ਕੀਤੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਸੁਹੰਜਣਾ ਲਿਬਾਸ, ਮਸਤਕ ਨੂਰ ਨੂਰ ਰੁਸ਼ਨਾਈਆ । ਮੈਂ ਆ ਗਈ ਉਸ ਸਾਹਿਬ ਦੇ ਪਾਸ, ਜਿਸ ਤੋਂ ਪਾਸਾ ਸਕੇ ਨਾ ਕੋਇ ਬਦਲਾਈਆ । ਇਕ ਸੰਦੇਸ਼ਾ ਦੇਵਾਂ ਖ਼ਾਸ, ਸਹਿਜ ਨਾਲ ਸੁਣਾਈਆ । ਜਨ ਭਗਤੋ ਪੂਰਾ ਰੱਖਣਾ ਵਿਸ਼ਵਾਸ, ਵਿਸ਼ਾ ਜਗਤ ਨਾ ਕੋਇ ਭੁਲਾਈਆ । ਜਿਸ ਦੇ ਦਰਸ਼ਨ ਨੂੰ ਭੱਜਾ ਫਿਰੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਵਾਹੋ ਦਾਹੀਆ । ਵਿਸ਼ਨੂੰ ਤਕ ਮੰਡਲ ਦੀ ਰਾਸ, ਨਿਵ ਨਿਵ ਲਾਗੇ ਪਾਈਆਂ । ਗੋਬਿੰਦ ਦੀ ਪੂਰੀ ਕਰੇ ਅਰਦਾਸ, ਅਰਦਾਸਾ ਆਪਣੇ ਵਿਚ ਰਖਾਈਆ । ਮੈਂ ਸਭ ਨੂੰ ਦੇਣ ਆਈ ਸ਼ਾਬਾਸ਼, ਨਿਵ ਨਿਵ ਸੀਸ ਨਿਵਾਈਆ । ਤੁਹਾਡੇ ਅੰਦਰ ਉਸ ਪ੍ਰਭੂ ਦਾ ਵਾਸ, ਜੋ ਆਤਮ ਪਰਮਾਤਮ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਸਦੀ ਚੌਧਵੀਂ ਕਹੇ ਮੁਹੰਮਦ ਆ ਤੱਕੀਏ ਸਭ ਦਾ ਜੁੱਸਾ, ਜਿਸਮ ਜਮੀਰ ਖੋਜ ਖੁਜਾਈਆ । ਗਠੜੀ ਬੰਨ੍ਹੀਏ ਕੂੜ ਕੁੜਿਆਰ ਦਾ ਗੁੱਸਾ, ਗੰਢ ਆਪਣੇ ਨਾਲ ਰਖਾਈਆ । ਪ੍ਰਭੂ ਦਾ ਭਗਤ ਰਹੇ ਕੋਇ ਨਾ ਰੁੱਸਾ, ਰੁਸਿਆਂ ਲਏ ਮਨਾਈਆ । ਤੂੰ ਕੌਲ ਕੀਤਾ ਸੀ ਜਿਸ ਵੇਲੇ ਲਵ ਕਟਾਈ ਮੁੱਛਾ, ਮੁਸ਼ਕਲ ਵੇਲੇ ਹੋਣਾ ਆਪ ਸਹਾਈਆ । ਓਹ ਵੇਖ ਖੇਲ ਹੁੰਦਾ ਦੀਪ ਕੁਸ਼ਾ, ਕੁਛ ਕਹਿਣ ਦੀ ਲੋੜ ਰਹੇ ਨਾ ਰਾਈਆ । ਮੈਂ ਉਸ ਸਾਹਿਬ ਤੋਂ ਪੁਛਾਂ, ਜੋ ਪੁਸ਼ਤ ਪਨਾਹ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਖ਼ੁਸ਼ੀਆਂ ਨਾਲ ਵਸੋ, ਗੀਤ ਖ਼ੁਸ਼ੀਆਂ ਵਾਲੇ ਗਾਈਆ । ਅੰਦਰ ਪ੍ਰਭੂ ਨੂੰ ਯਾਦ ਕਰੋ ਬੁੱਲਾਂ ਨਾਲ ਹੱਸੋ, ਮਸਤਕ ਤੇਵੜੀ ਨਾ ਕੋਇ ਰਖਾਈਆ । ਅੰਮ੍ਰਿਤ ਧਾਰ ਪੀਓ ਰਸੋ, ਬਿਨਾ ਰਸਨਾ ਰਸ ਚਖਾਈਆ । ਦਰਸ਼ਨ ਪਾਓ ਨਿਜ ਨੇਤਰ ਨੈਣ ਅੱਖੋ, ਲੋਚਨ ਅੰਤਰ ਨਿਰੰਤਰ ਇਕ ਖੁਲਾਈਆ । ਓਟ ਇਕ ਪ੍ਰਭੂ ਦੀ ਰਖੋ, ਦੂਸਰ ਸੀਸ ਨਾ ਕਿਸੇ ਝੁਕਾਈਆ । ਭਾਗ ਲਗਾਓ ਕਾਇਆ ਮੱਟੋ, ਮਟਕੀ ਫੋੜਨ ਵਾਲਾ ਕ੍ਰਿਸ਼ਨ ਦਏ ਗਵਾਹੀਆ । ਜੋਤ ਵੇਖੋ ਲਟ ਲਟੋ, ਨੂਰ ਨੁਰਾਨਾਂ ਨਜ਼ਰੀ ਆਈਆ । ਧਰਮ ਦੀ ਧਾਰ ਸੂਰਬੀਰ ਜੱਟੋ, ਜਟਾ ਜੂਟ ਦਾ ਡੇਰਾ ਦੇਣਾ ਢਾਹੀਆ । ਸਾਚਾ ਲਾਹਾ ਏਕੋ ਖਟੋ, ਖਟਕਾ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਵੇਖ ਭਗਤ ਦਵਾਰ, ਚਹੁੰ ਯਾਰਾਂ ਸੰਗ ਧਿਆਨ ਲਗਾਈਆ । ਜਿਥੇ ਨੂਰ ਅਲਾਹੀ ਪਰਵਰਦਿਗਾਰ, ਮਾਲਕ ਖ਼ਾਲਕ ਇਕ ਅਖਵਾਈਆ । ਪਾਤਸ਼ਾਹਾਂ ਦਾ ਪਾਤਸ਼ਾਹ ਗ਼ਰੀਬਾਂ ਦਾ ਗ਼ਰੀਬ ਆਪ ਨਿਰੰਕਾਰ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਸਾਡੇ ਨਾਲ ਕਰਨ ਚਲਿਆ ਪਿਆਰ, ਉਮਤ ਉਮਤੀ ਵੇਖ ਵਖਾਈਆ । ਜਿਸ ਦਾ ਸਿਫ਼ਤਾਂ ਵਾਲਾ ਇਜ਼ਹਾਰ, ਮਹਿੰਮਾ ਵਿਚ ਵਡਿਆਈਆ । ਉਹ ਹੁਕਮ ਸੰਦੇਸ਼ਾ ਦੇਵੇ ਇਕੋ ਵਾਰ, ਇਕ ਇਕੱਲਾ ਅਗੰਮ ਅਥਾਹੀਆ । ਜਨ ਭਗਤੋ ਰਹਿਣਾ ਹੁਸ਼ਿਆਰ, ਜਗਤ ਦਲਿੱਦਰ ਦੇਣਾ ਮਿਟਾਈਆ । ਤੁਹਾਡੀ ਕੂੜੀ ਕਿਰਿਆ ਲੈ ਜਾਏ ਬਾਹਰ, ਹੁਕਮ ਆਪਣਾ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਨੂੰ ਆਇਆ ਚਮਤਕਾਰ, ਨੂਰ ਨੂਰ ਨੂਰ ਨੂਰ ਰੁਸ਼ਨਾਈਆ । ਫੇਰ ਵੇਖਿਆ ਨਾਲ ਪਿਆਰ, ਬਿਨ ਨੈਣਾਂ ਨੈਣ ਉਠਾਈਆ । ਮੈਂ ਝਟ ਅਰਜ਼ ਦਿਤੀ ਗੁਜ਼ਾਰ, ਬੇਨੰਤੀ ਇਕ ਸੁਣਾਈਆ । ਸੁਣ ਸਾਹਿਬ ਮੇਰੀ

ਸਰਕਾਰ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਕਿਸ ਬਿਧ ਲਹਿਣਾ ਦੇਣਾ ਪੂਰਾ ਕਰੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਲੇਖਾ ਰਹੇ ਨਾ ਰਾਈਆ । ਆਦਮ ਹੱਵਾ ਕਰ ਰਹੇ ਵਿਚਾਰ, ਬਿਨ ਸਮਝ ਤੋਂ ਸਮਝ ਬਦਲਾਈਆ । ਕਿਸ ਵੇਲੇ ਹੋਵੇ ਦੀਦਾਰ, ਦੀਦ ਈਦ ਕਰੇ ਨੂਰ ਰੁਸ਼ਨਾਈਆ । ਉਧਰੋਂ ਮੁਹੰਮਦ ਰੂਪ ਧਰੇ ਸਾਕਾਰ, ਨਿਰਾਕਾਰ ਭੇਵ ਚੁਕਾਈਆ । ਜਿਸ ਦੀ ਆਦਿ ਜੁਗਾਦਿ ਆਪਣੀ ਰਫ਼ਤਾਰ, ਰਫ਼ਤਾ ਰਫ਼ਤਾ ਆਪਣਾ ਖੇਲ ਖਿਲਾਈਆ । ਉਹ ਮਾਲਕ ਖ਼ੁਦ ਮੁਖ਼ਤਿਆਰ, ਮੁਖ਼ਤਿਆਰਨਾਮੇ ਸਭ ਦੇ ਵੇਖ ਵਖਾਈਆ । ਜਿਸ ਨੂੰ ਸਭ ਨੇ ਕਿਹਾ ਅਮਾਮ ਅਮਾਮਾ ਕਲ ਕਲਕੀ ਨਿਹਕਲੰਕ ਨਿਰੰਕਾਰ, ਨਿਰਵੈਰ ਇਕ ਅਖਵਾਈਆ । ਓਹ ਜਨ ਭਗਤਾਂ ਨਾਲ ਜਾਣ ਵਾਲਿਆਂ ਨੂੰ ਆਪਣੇ ਦੋਵੇਂ ਹੱਥ ਜੋੜ ਕੇ ਕਰੇ ਨਿਮਸਕਾਰ, ਵੱਡਿਆਂ ਛੋਟਿਆਂ ਸੀਸ ਨਿਵਾਈਆ । ਵੇਖਿਓ ਬਣਿਓ ਨਾ ਕੋਇ ਗ਼ਦਾਰ, ਗ਼ਦਾਰੀ ਕੰਮ ਕਿਸੇ ਨਾ ਆਈਆ । ਗੁਰਸਿਖ ਗੁਰਸਿਖ ਨਾਲ ਕਰਨਾ ਪਿਆਰ, ਗੁਰਮੁਖ ਗੁਰਮੁਖ ਵਿਚ ਸਮਾਈਆ । ਈਸਾ ਕਹੇ ਮੈਂ ਵੇਖਣਾ ਜ਼ਰੂਰ ਨਿਗਹ ਮਾਰ, ਬਿਨ ਨੈਣਾਂ ਨੈਣ ਉਠਾਈਆ । ਮੂਸਾ ਕਹੇ ਮੈਂ ਹਾਜ਼ਰ ਹੋਵਾਂ ਸਚ ਸੱਚੇ ਦਰਬਾਰ, ਦਰ ਠਾਂਡੇ ਸੀਸ ਨਿਵਾਈਆ । ਜਨ ਭਗਤੋ ਤੁਸੀਂ ਵੱਡੇ ਤੁਹਾਡਾ ਸਾਹਿਬ ਤੁਹਾਡੇ ਚਰਨਾਂ ਦੀ ਛਾਰ, ਧੂੜੀ ਤੁਹਾਡੇ ਟਿੱਕੇ ਖ਼ਾਕ ਰਮਾਈਆ । ਪੂਰਬ ਦਾ ਲਹਿਣਾ ਜੁਗਾਂ ਦਾ ਕਰਜ਼ਾ ਜਨਮਾਂ ਦਾ ਉਧਾਰ, ਕਰਮਾਂ ਦਾ ਲੇਖਾ ਪੂਰ ਕਰਾਈਆ । ਅੱਜ ਤੋਂ ਪੂਰਨ ਨਹੀਂ ਪੂਰਨ ਸਮਝਣਾ ਚਵ੍ਹੀਆਂ ਅਵਤਾਰ, ਚੌਬੀਸਾ ਜਗਦੀਸ਼ਾ ਆਪਣਾ ਖੇਲ ਖਿਲਾਈਆ । ਸਾਰੇ ਖ਼ੁਸ਼ੀ ਵਿਚ ਹੱਸ ਕੇ ਦਿਓ ਵਖਾਲ, ਹੰਸ ਮੁਖ ਮੁਖ ਹੰਸ ਗੁਰਮੁਖ ਨਜ਼ਰੀ ਆਈਆ । ਗੁਰਮੁਖੋ ਤੁਸੀ ਪਾਤਸ਼ਾਹ ਤੁਹਾਡਾ ਸਤਿਗੁਰ ਸਦਾ ਕੰਗਾਲ, ਜੁਗ ਜੁਗ ਪ੍ਰੇਮ ਪ੍ਰੀਤੀ ਮੰਗੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਜਨ ਭਗਤ ਕਹਿਣ ਪ੍ਰਭੂ ਸਾਨੂੰ ਬਖ਼ਸ਼ ਦੇ ਆਪਣੀ ਧੂੜ, ਚਰਨੋਦਕ ਨਾਮ ਨਿਧਾਨ ਵਰਤਾਈਆ । ਅੰਤਰ ਰਹੇ ਨਾ ਕਿਸੇ ਦਾ ਮੂਰਖ ਮੂੜ੍ਹ, ਬੁਧ ਬਿਬੇਕ ਦੇਣੀ ਕਰਾਈਆ । ਸਾਡੇ ਅੰਦਰੋਂ ਕਢਣਾ ਗ਼ੁੱਸਾ ਗ਼ਰੂਰ, ਹਉਮੇ ਗੜ੍ਹ ਤੁੜਾਈਆ । ਨਾਮ ਖੁਮਾਰੀ ਬਖ਼ਸ਼ ਸਰੂਰ, ਸਿਰ ਸਿਰ ਆਪਣਾ ਹੱਥ ਰਖਾਈਆ । ਸਾਡੀ ਬੇਨੰਤੀ ਕਰੀਂ ਮਨਜ਼ੂਰ, ਦਰ ਠਾਂਡੇ ਸੀਸ ਨਿਵਾਈਆ । ਤੂੰ ਮਾਲਕ ਹਾਜ਼ਰ ਹਜ਼ੂਰ, ਹਰਿ ਕਰਤਾ ਇਕ ਅਖਵਾਈਆ । ਸਾਨੂੰ ਦਰਸ ਦੇਂਦਾ ਰਹੀਂ ਜ਼ਰੂਰ, ਹਾਜ਼ਰ ਹਜ਼ੂਰ ਜ਼ਾਹਰ ਜ਼ਹੂਰ ਨਜ਼ਰੀ ਆਈਆ । ਪਿਛਲੇ ਬਖ਼ਸ਼ ਦੇ ਸਰਬ ਕਸੂਰ, ਅਗੇ ਆਪਣਾ ਰੰਗ ਰੰਗਾਈਆ । ਓਹ ਮੂਸਾ ਇੰਤਜ਼ਾਰ ਕਰਦਾ ਉਤੇ ਕੋਹਤੂਰ, ਈਸਾ ਭੱਜੇ ਵਾਹੋ ਦਾਹੀਆ । ਮੁਹੰਮਦ ਤੇਰਾ ਨਾਮ ਕਰ ਕੇ ਗਿਆ ਮਸ਼ਹੂਰ, ਕਲਮਿਆਂ ਵਿਚ ਸਾਲਾਹੀਆ । ਸਦੀ ਚੌਧਵੀਂ ਕਹੇ ਮੇਰੇ ਮਾਲਕ ਹਾਜ਼ਰ ਹਜ਼ੂਰ, ਕਦਮ ਬੋਸੀ ਵਿਚ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਮੁਹੰਮਦ ਕਹੇ ਮੇਰੇ ਤਬਕਾਂ ਸੰਭਾਲੀ ਸੁਰਤੀ, ਸਤਿ ਸਤਿ ਲੈਣ ਅੰਗੜਾਈਆ । ਇਹ ਖੇਲ ਅਗੰਮੀ ਧੁਰ ਕੀ, ਨਾ ਕੋਈ ਮੇਟੇ ਮੇਟ ਮਿਟਾਈਆ । ਆਸ਼ਾ ਰਖੀ ਸੀ ਉਸ ਅਲਾਹੀ ਨੂਰ ਕੀ, ਜੋ ਨੂਰ ਨੁਰਾਨਾ ਨਜ਼ਰੀ ਆਈਆ । ਮੈਂ ਧਾਰ ਬਣਾਈ ਸੀ ਆਪਣੀ ਮਜ਼ਦੂਰ ਕੀ, ਮਜ਼ਦੂਰੀ ਕਰ ਕੇ ਝਟ ਲੰਘਾਈਆ । ਸਦੀ ਚੌਧਵੀਂ ਕਹੇ ਮੈਂ ਤੇਰੇ ਨਾਲੋਂ ਕਰਾਂ ਫੁਰਤੀ, ਫੁਰਤੀਲੀ ਹੋ ਕੇ ਦਿਆਂ ਵਖਾਈਆ । ਇਕ ਗੱਲ ਗੁਰਮੁਖ ਜਾਣ ਵਾਲੇ ਮੇਰੇ ਮਾਲਕ ਨੂੰ ਦੇਣ ਇਕ ਇਕ ਬੁਰਕੀ, ਬੁਰਕਾ ਸ਼ੇਰ ਵਾਲਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੪੯
੨੩

ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਇਕੋ ਦੱਸਾਂ ਦੱਸ, ਜਿਸ ਦੀ ਦੱਸ ਸਾਰੇ ਆਏ ਪਾਈਆ । ਜੋ ਹਰ ਘਟ ਰਿਹਾ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਨਿਰਗੁਣ ਧਾਰ ਹੋ ਕੇ ਦੋ ਜਹਾਨਾਂ ਰਿਹਾ ਨੱਸ, ਭੱਜੇ ਵਾਹੋ ਦਾਹੀਆ । ਜਿਸ ਪਿਛਲਾ ਲੇਖਾ ਕਰਨਾ ਬਸ, ਅਗਲਾ ਮਾਰਗ ਦਏ ਲਗਾਈਆ । ਤੀਰ ਅਣਿਆਲਾ ਮਾਰੇ ਕਸ, ਕਸਮ ਖਾ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੁਰਖ ਅਕਾਲ ਕਹੇ ਹਰਿਜਨ ਮੇਰੇ ਸੁਤ ਦੁਲਾਰ, ਬੱਚੇ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਨਾਲ ਕੌਲ ਇਕਰਾਰ, ਪੂਰਬ ਦਾ ਪੂਰਬ ਚਲਿਆ ਆਈਆ । ਸੋ ਲਹਿਣਾ ਦੇਣਾ ਪੂਰਾ ਕਰ ਉਧਾਰ, ਲੇਖਾ ਸਭ ਦਾ ਝੋਲੀ ਪਾਈਆ । ਹਰਿ ਸੰਗਤ ਜਾਣ ਵਾਲਿਆਂ ਨੂੰ ਗਲ ਵਿਚ ਪਾਏ ਦੋ ਦੋ ਹਾਰ, ਹਾਰ ਬਾਰਾਂ ਬਾਰਾਂ ਮਾਸ ਦਾ ਪੰਧ ਮੁਕਾਈਆ । ਫੇਰ ਹੱਥ ਮਿਲਾਉਣਾ ਭਗਤ ਭਗਤ ਦੀ ਧਾਰ, ਨਾਤਾ ਧਰਮ ਵਾਲਾ ਜੁੜਾਈਆ । ਤੁਸਾਂ ਜਾਣਾ ਸਮੁੰਦਰਾਂ ਤੋਂ ਪਾਰ, ਧਰਨੀ ਧਰਤ ਧਵਲ ਪੰਧ ਮੁਕਾਈਆ । ਪਾਤਸ਼ਾਹਾਂ ਦੇ ਨਾਲ ਤੁਹਾਡਾ ਵੀ ਹੋਇਆ ਕਰੇ ਦੀਦਾਰ, ਸੋਹਣਾ ਧੁਰ ਦਾ ਸੰਗ ਬਣਾਈਆ । ਤੁਹਾਡੀ ਸਾਰੇ ਕਰਦੇ ਰਹੀਏ ਇੰਤਜ਼ਾਰ, ਰਾਹ ਤੱਕੀਏ ਚਾਈਂ ਚਾਈਂਆ । ਜਿਸ ਵੇਲੇ ਕੰਢੇ ਉਤਰਨਾ ਉਰਾਰ, ਆਰ ਪਾਰ ਦਾ ਪੰਧ ਮੁਕਾਈਆ । ਤੁਹਾਡਾ ਸੋਹਣਾ ਹੋਵੇ ਸ਼ਿੰਗਾਰ, ਸੁਨਿਹਰੀ ਬਿੰਦੀਆਂ ਮਸਤਕ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਨੂੰ ਦੇਵੇ ਓਹ ਪਿਆਰ, ਜਿਸ ਪਿਆਰ ਦੀ ਖੋਜ ਵਿਚ ਅਵਤਾਰ ਪੈਗ਼ੰਬਰ ਗੁਰ ਗਏ ਸੇਵ ਕਮਾਈਆ ।



੫੦
੨੩

### ✪ ੨੩ ਹਾੜ ਸ਼ਹਿਨਸ਼ਾਹੀ ਸੰਮਤ ੮ ਗੁੜਗਾਉਂ ਸ਼ਹਿਰ ਸੇਵਾ ਸਿੰਘ ਦੇ ਗ੍ਰਿਹਿ ✪

ਸਦੀ ਚੌਧਵੀਂ ਕਹੇ ਮੈਂ ਸਦਕੇ, ਹਉਂ ਵਾਰੀ ਘੋਲ ਘੁਮਾਈਆ । ਜਿਸ ਦੀ ਯਾਦ ਕਰਦੇ ਸਾਂ ਕਦ ਦੇ, ਮੁੱਦਤਾਂ ਦੇ ਨਿਗਾਹ ਨੈਣ ਉਠਾਈਆ । ਧੁਰ ਕਲਮੇ ਵਿਚ ਆਇਉਂ ਸਦਕੇ, ਸੰਦੇਸਾ ਕਾਇਨਾਤ ਦ੍ਰਿੜਾਈਆ । ਚੌਦਾਂ ਤਬਕਾਂ ਆਇਉਂ ਲੱਭ ਕੇ, ਚਾਰੋਂ ਕੁੰਟ ਧਿਆਨ ਲਗਾਈਆ । ਵੇਖ ਖੇਲ ਉਸ ਅਲਾਹੀ ਰੱਬ ਦੇ, ਜੋ ਨੂਰ ਨੁਰਾਨਾ ਬੇਪਰਵਾਹੀਆ । ਜਿਸ ਦੇ ਲਹਿਣੇ ਦੇਣੇ ਜਗਤ ਸਬੱਬ ਦੇ, ਜੁਗ ਜੁਗ ਆਪਣਾ ਖੇਲ ਵਰਤਾਈਆ । ਜਿਸ ਦੇ ਦਵਾਰੇ ਉਤੇ ਬਹਿ ਕੇ ਸਾਰੇ ਸਜਦੇ, ਸੱਜਣ ਮੀਤ ਇਕੋ ਰੰਗ ਵਖਾਈਆ । ਉਹ ਲੇਖੇ ਪੂਰੇ ਕਰੇ ਅੰਤਮ ਆਪਣੇ ਹੱਜ ਦੇ, ਹੁਜਰਾ ਇਕੋ ਇਕ ਸੁਹਾਈਆ । ਜਿਸ ਦੇ ਨਾਦ ਤੂਰ ਵੱਜਦੇ, ਤੁਰੀਆ ਤੋਂ ਪਰੇ ਕਰੇ ਸ਼ਨਵਾਈਆ । ਉਸ ਲੇਖੇ ਵੇਖਣੇ ਜਗ ਦੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਮਾਣ ਰਖਣੇ ਭਗਤਾਂ ਵਾਲੀ ਪੱਗ ਦੇ, ਜੋ ਸੀਸ ਜਗਦੀਸ ਸੁਹਾਈਆ । ਸਾਨੂੰ ਵਿਛੋੜੇ ਹੋਣੇ ਅੰਤ ਅਲਗ ਦੇ, ਅਗੇ ਮੇਲ ਨਾ ਕੋਇ ਮਿਲਾਈਆ । ਝਗੜੇ ਰਹਿਣੇ ਨਹੀਂ ਦੀਨ ਮਜ਼੍ਹਬ ਦੀ ਹੱਦ ਦੇ, ਹਦੂਦ ਵੰਡ ਨਾ ਕੋਇ ਵੰਡਾਈਆ । ਅਵਤਾਰ ਪੈਗ਼ੰਬਰ ਗੁਰੂ ਨਾਤੇ ਵੇਖਣੇ ਛਡਦੇ, ਸਗਲਾ ਸੰਗ ਨਾ ਕੋਇ ਬਣਾਈਆ । ਖੇਲ ਤੱਕਣੇ ਕਾਇਆ ਮਾਟੀ ਹੱਡ ਦੇ, ਚੰਮ ਦ੍ਰਿਸ਼ਟੀ ਫੋਲ ਫੁਲਾਈਆ । ਹੁਣ ਸ਼ਰਅ ਦਾ ਜ਼ੰਜੀਰ ਕੱਟ ਦੇ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਸਭ ਨੇ ਵਣਜਾਰੇ ਬਣਨਾ ਇਕੋ ਹੱਟ ਦੇ, ਅਵਤਾਰ ਪੈਗ਼ੰਬਰ ਗੁਰ ਝੋਲੀਆਂ ਡਾਹੀਆ । ਵਸ ਪੈਣਾ ਸਤਿਗੁਰ ਸ਼ਬਦ

ਧਾਰ ਜੱਟ ਦੇ, ਜੋ ਜਟਾ ਜੂਟਾਂ ਲੇਖਾ ਦਏ ਮੁਕਾਈਆ । ਜਿਸ ਰਹਿਬਰ ਦਾ ਰਾਹ ਰਹੇ ਤਕਦੇ, ਨਜ਼ਰ ਬੇਨਜ਼ੀਰ ਵੱਲ ਟਿਕਾਈਆ । ਓਹ ਅੰਤਮ ਫ਼ੈਸਲੇ ਕਰੇ ਹਕ ਦੇ, ਹਕੀਕਤ ਵੇਖੇ ਥਾਉਂ ਥਾਈਂਆ । ਉਸ ਵਾਅਦੇ ਪੂਰੇ ਕਰਨੇ ਯਕ ਦੇ, ਜੋ ਯਕੇ ਬਾਦ ਦੀਗਰੇ ਸਭ ਨੂੰ ਦਿਤੇ ਸੁਣਾਈਆ । ਜਗਤ ਜੀਵ ਜਹਾਨ ਵੇਖ ਨੱਸਦੇ, ਭੱਜਣ ਵਾਹੋ ਦਾਹੀਆ । ਨਾਤੇ ਰਹੇ ਨਾ ਅੰਮ੍ਰਿਤ ਰਸ ਦੇ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਹੁਣ ਵਣਜਾਰੇ ਰਹਿਣਾ ਨਹੀਂ ਸਿਫ਼ਤਾਂ ਵਾਲੇ ਜਸ ਦੇ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਖੇਲ ਤੱਕੀਏ ਅਲਖਣਾ ਅਲਖ ਦੇ, ਜੋ ਅਲਖ ਅਗੋਚਰ ਆਪ ਕਰਾਈਆ । ਦਰਸ਼ਨ ਪਾਈਏ ਓਸ ਪ੍ਰਤਖ ਦੇ, ਜੋ ਪਰਮ ਪੁਰਖ ਬੇਪ੍ਰਵਾਹੀਆ । ਜੋ ਮਿਹਰਵਾਨ ਮਿਹਰਵਾਨ ਮਿਹਰਵਾਨ ਦਰਸ਼ਨ ਦੇਵੇ ਝਬ ਦੇ, ਝਲਕ ਆਪਣੀ ਇਕ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੂੰ ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰ ਗਏ ਲੱਭਦੇ, ਬਿਨ ਨੈਣਾਂ ਨੈਣ ਉਠਾਈਆ ।

### ੨੪ ਹਾੜ ਸ਼ਹਿਨਸ਼ਾਹੀ ਸੰਮਤ ੮ ਹਰਿ ਭਗਤ ਦਵਾਰ ਧੀਰਪੁਰ ਦਿੱਲੀ ਮਹਿੰਗਾ ਸਿੰਘ ਦੇ ਨਵਿਤ

ਮੁਹੰਮਦ ਵੇਖ ਖੇਲ ਧੁਰ ਅਮਾਮ, ਸਦੀ ਚੌਧਵੀਂ ਰਹੀ ਜਣਾਈਆ । ਹਜ਼ਰਤ ਬਿਨ ਅੱਖਰਾਂ ਤੋਂ ਸੁਣ ਕਲਾਮ, ਕਾਇਨਾਤ ਦੇ ਇਲਮ ਤੋਂ ਬਾਹਰ ਪੜ੍ਹਾਈਆ । ਕੀ ਸੰਦੇਸ਼ਾ ਦੇਵੇ ਸ਼ਾਹ ਸੁਲਤਾਨ, ਸ਼ਾਹ ਪਾਤਸ਼ਾਹ ਬੇਪ੍ਰਵਾਹੀਆ । ਜਿਸ ਦਾ ਬਣਿਆ ਤਾਰਾ ਚੰਦ ਨਿਸ਼ਾਨ, ਉਮਤ ਉਮਤੀ ਰੰਗ ਰੰਗਾਈਆ । ਓਹ ਮਾਲਕ ਖ਼ਾਲਕ ਵਾਲੀ ਦੋ ਜਹਾਨ, ਚੌਦਾਂ ਤਬਕਾਂ ਵੇਖ ਵਖਾਈਆ । ਜਿਸ ਦਾ ਇਸਮ ਆਜ਼ਮ ਇਸਲਾਮ, ਅਸਲਾਮੁਲੈਕਮ ਕਹਿ ਕੇ ਸੀਸ ਨਿਵਾਈਆ । ਉਸ ਦਾ ਹੁਕਮ ਸੁਣ ਅਗੰਮਾ ਫ਼ਰਮਾਨ, ਫ਼ੁਰਨਿਆਂ ਤੋਂ ਬਾਹਰ ਸੁਣਾਈਆ । ਜਿਸ ਲੇਖਾ ਚੁਕਾਉਣਾ ਅਵਾਮ, ਦੀਨ ਦੁਨੀ ਫੋਲ ਫੁਲਾਈਆ । ਓਹ ਝਗੜਾ ਮੇਟਣ ਆਇਆ ਤਮਾਮ, ਤਮਅ ਸ਼ਰਅ ਨਾ ਕੋਇ ਰਖਾਈਆ । ਹਕੀਕਤ ਹਕ ਦਾ ਦਏ ਜਾਮ, ਖ਼ੁਮਾਰੀ ਇਕੋ ਇਕ ਰਖਾਈਆ । ਮਹਿਬੂਬ ਹੋਵੇ ਮਿਹਰਵਾਨ, ਮਹਿਬਾਨ ਬੀਦੋ ਆਪਣਾ ਖੇਲ ਵਖਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਜ਼ਨੋ ਮਰਦ ਨਿਵ ਨਿਵ ਲਾਗਣ ਪਾਈਆ । ਓਹ ਕੁਦਰਤ ਦਾ ਕਾਦਰ ਨੌਜਵਾਨ, ਜੋਬਨਵੰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦ ਤੱਕ ਉਹ ਮਹਿਬੂਬ, ਜੋ ਮੁਹੱਬਤ ਵਿਚ ਸਮਾਈਆ । ਜਿਸ ਦੀ ਮਜ਼੍ਹਬਾਂ ਵਾਲੀ ਨਹੀਂ ਹਦੂਦ, ਸ਼ਰਅ ਵੰਡ ਨਾ ਕੋਇ ਵੰਡਾਈਆ । ਜਿਧਰ ਤੱਕੀਏ ਉਧਰ ਮੌਜੂਦ, ਹਾਜ਼ਰ ਹਜ਼ੂਰ ਨਜ਼ਰੀ ਆਈਆ । ਜਿਸ ਦੀ ਮੰਜ਼ਲ ਹਕ ਮਕਸੂਦ, ਦਰਗਾਹ ਸਾਚੀ ਨੂਰ ਰੁਸ਼ਨਾਈਆ । ਉਹ ਲੇਖਾ ਮੁਕਾਏ ਏਕਾ ਦੂਜ, ਦਵੈਤ ਦੁਤੀਆ ਭਾਉ ਮਿਟਾਈਆ । ਉਸ ਦੀ ਸਮਝ ਨਾ ਆਵੇ ਸੂਝ, ਬੇਸਮਝ ਹੋਈ ਲੋਕਾਈਆ । ਸੋ ਲੇਖਾ ਜਾਣੇ ਕਾਇਆ ਪੰਜ ਭੂਤ, ਮਾਟੀ ਖ਼ਾਕ ਫੋਲ ਫੁਲਾਈਆ । ਪਰਦਾ ਰਹਿਣ ਨਾ ਦੇਵੇ ਤਨ ਵਜੂਦ, ਨੂਰੇ ਚਸ਼ਮ ਕਰੇ ਰੁਸ਼ਨਾਈਆ । ਕੂੜੀ ਕਿਰਿਆ ਕਰੇ ਨੇਸਤੋ ਨਾਬੂਦ, ਜੜ ਮਮਤਾ ਦਏ ਉਖੜਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇਣ ਸਬੂਤ, ਪੇਸ਼ੀਨਗੋਈਆਂ ਨਾਲ ਮਿਲਾਈਆ । ਓਹ ਵੇਖਣਹਾਰਾ ਚਾਰੇ ਕੂਟ, ਕੁੰਟ ਦਿਸ਼ਾ ਫੋਲ ਫੁਲਾਈਆ । ਸ਼ਰਅ

ਦੀ ਮੇਟਣ ਵਾਲਾ ਹਦੂਦ, ਹੱਦ ਆਪਣੀ ਇਕ ਦਰਸਾਈਆ । ਜੋ ਵਸੇ ਆਲੀਸ਼ਾਨ ਉਚ ਅਰੂਜ, ਆਲੀਜਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਰਖਣਹਾਰ ਮਹਿਫ਼ੂਜ਼, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ ।

## ✪ ੨੫ ਹਾੜ ਸ਼ਹਿਨਸ਼ਾਹੀ ਸੰਮਤ ੮ ਮੇਰਠ ਛਾਉਣੀ ਸੁਰਮੈਲ ਸਿੰਘ ਦੇ ਗ੍ਰਿਹਿ ✪

ਸਦੀ ਚੌਧਵੀਂ ਕਹੇ ਮੈਂ ਕਹਾਂ ਧੰਨ ਧੰਨ, ਬਿਨ ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਪਰਵਰਦਿਗਾਰ ਸਾਂਝੇ ਯਾਰ ਮੇਰੇ ਕੀਤੇ ਭਾਗ ਮੱਥਨ, ਭਾਗਹੀਣ ਮਿਲੀ ਵਡਿਆਈਆ । ਨੂਰ ਅਲਾਹੀ ਨਿਰਾਕਾਰ ਤੱਕਿਆ ਚੰਨ, ਜਿਸ ਨੂੰ ਚੰਦ ਸਿਤਾਰ ਸੀਸ ਝੁਕਾਈਆ । ਮੇਰੀ ਆਸਾ ਮਨਸਾ ਗਈ ਮੰਨ, ਖ਼ਾਹਿਸ਼ ਅਵਰ ਨਾ ਕੋਇ ਰਖਾਈਆ । ਮੈਂ ਫ਼ਰਮਾਨਾ ਸੁਣਿਆ ਬਿਨਾ ਕੰਨ, ਬਿਨਾ ਸਰਵਣਾ ਦਿਤਾ ਦ੍ਰਿੜਾਈਆ । ਜਿਸ ਮਾਲਕ ਨੇ ਕਲਜੁਗ ਕੂੜੀ ਕਿਰਿਆ ਕਰਨੀ ਖੰਨ ਖੰਨ, ਖੰਡਾ ਖੜਗ ਨਾਮ ਉਠਾਈਆ । ਜਗਤ ਵਿਕਾਰੇ ਦੇਣਾ ਡੰਨ, ਡੌਰੂ ਡੰਕਾ ਇਕੋ ਨਾਮ ਕਰੇ ਸ਼ਨਵਾਈਆ । ਭੇਵ ਖੁਲਾਉਣਾ ਆਤਮ ਬ੍ਰਹਮ, ਅੱਲਾ ਹੂ ਅੱਨਾ ਹੂ ਪਰਦਾ ਦਏ ਉਠਾਈਆ । ਸੂਫ਼ੀ ਫ਼ਕੀਰ ਭਗਤ ਬਣਾ ਕੇ ਜਨ, ਜਨ ਜਣੇਂਦੀ ਬਣੇ ਧੁਰ ਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਨੂਰ ਨੁਰਾਨਾ ਤੱਕਿਆ ਬਿਨਾ ਝਲਕ, ਜੋਤੀ ਜਾਤਾ ਨਜ਼ਰੀ ਆਈਆ । ਮੇਰੀ ਬਦਲ ਨਾ ਸਕੀ ਪਲਕ, ਪਲਕ ਵਿਚ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਨਜ਼ਰੀ ਆਇਆ ਨੂਰ ਅਲਾਹੀ ਖ਼ਾਲਕ ਖ਼ਲਕ, ਖ਼ਾਲਸ ਇਕੋ ਇਕ ਵੇਖ ਵਖਾਈਆ । ਜਿਸ ਦਾ ਜਲਵਾ ਉਤੇ ਫ਼ਲਕ, ਧਰਨੀ ਧਵਲ ਕਰੇ ਰੁਸ਼ਨਾਈਆ । ਉਸ ਦੀ ਝੱਲੀ ਨਾ ਜਾਏ ਡਲ੍ਹਕ, ਜਿਸ ਡਾਵਾਂਡੋਲ ਕਰਨੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਸ਼ਾਹ ਸ਼ਹਾਨਾ, ਸ਼ਹਿਨਸ਼ਾਹ ਬੇਪ੍ਰਵਾਹੀਆ । ਜਿਸ ਨੂੰ ਪੈਗ਼ੰਬਰ ਕਰਨ ਸਲਾਮਾ, ਸਜਦਿਆਂ ਵਿਚ ਸੀਸ ਨਿਵਾਈਆ । ਸੁਣਨ ਅਗੰਮ ਕਲਾਮਾ, ਅਲਫ਼ ਯੇ ਤੋਂ ਬਾਹਰ ਪੜ੍ਹਾਈਆ । ਸ਼ਬਦੀ ਵੱਜੇ ਦਮਾਮਾ, ਧੁਨ ਅਨਾਦੀ ਇਕ ਸੁਣਾਈਆ । ਜਿਸ ਅੰਤ ਪਹਿਰਿਆ ਬਾਣਾ, ਬਾਨੀ ਦੋ ਜਹਾਨ ਅਖਵਾਈਆ । ਜਿਸ ਨੂੰ ਝੁਕਦੇ ਸੀਤਾ ਰਾਮਾ, ਰਾਧਾ ਕ੍ਰਿਸ਼ਨ ਕ੍ਰਿਸ਼ਨ ਰਾਧਾ ਰੂਪ ਵਖਾਈਆ । ਸੋ ਲੇਖਾ ਜਾਣੇ ਜ਼ਿਮੀਂ ਅਸਮਾਨਾਂ, ਬ੍ਰਹਿਮੰਡਾਂ ਖੰਡਾਂ ਪਰਦਾ ਆਪ ਉਠਾਈਆ । ਜੋ ਹਰ ਘਟ ਜਾਣੀ ਜਾਣਾ, ਲੱਖ ਚੁਰਾਸੀ ਵੇਖ ਵਖਾਈਆ । ਸੋ ਸਵਾਮੀ ਅੰਤਰਯਾਮੀ ਹੋਏ ਪ੍ਰਧਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੂਪ ਬਦਲਾਈਆ । ਜਿਸ ਦਾ ਇਕੋ ਹੋਵੇ ਨਾਮ ਨਿਧਾਨਾ, ਕਲਮਾ ਕਾਇਨਾਤ ਸੁਣਾਈਆ । ਨਵ ਸੱਤ ਝੁਲਾਏ ਨਿਸ਼ਾਨਾ, ਨਿਸ਼ਾਨਾ ਧਰਮ ਧਾਰ ਪ੍ਰਗਟਾਈਆ । ਮਹਿਬੂਬ ਹੋਵੇ ਮਿਹਰਵਾਨਾ, ਮਹਿਬਾਨ ਬੀਦੋ ਆਪਣਾ ਖੇਲ ਖਿਲਾਈਆ । ਜਿਸ ਨੇ ਦੀਨ ਦੁਨੀ ਬਦਲ ਦੇਣਾ ਜ਼ਮਾਨਾ, ਜ਼ਿਮੀਂ ਅਸਮਾਨਾਂ ਵੇਖੇ ਚਾਈਂ ਚਾਈਆ । ਸੋ ਸ਼ਾਹੋ ਭੂਪ ਬਣ ਸੁਲਤਾਨਾ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਧੁਰ ਫ਼ਰਮਾਨ, ਬਿਨਾ ਅੱਖਰਾਂ ਦਿਤਾ ਦ੍ਰਿੜਾਈਆ । ਨਾ ਬੋਲਿਆ ਕਿਸੇ ਜ਼ਬਾਨ, ਜਿਹਵਾ ਚਲੀ ਨਾ ਕੋਇ ਚਤੁਰਾਈਆ । ਮੇਰਾ ਅੰਤਰ ਹੋਇਆ ਹੈਰਾਨ, ਹੈਰਾਨੀ ਵਿਚ ਕੁਰਲਾਈਆ । ਕੀ ਖੇਲ ਕਰੇ ਨੌਜਵਾਨ, ਮਰਦ ਮਰਦਾਨਾ ਆਪਣਾ ਹੁਕਮ ਵਰਤਾਈਆ । ਝਟ ਸੰਦੇਸਾ ਸੁਣਿਆ ਇਕ ਇਕ ਦਾ ਇਕ ਗਿਆਨ, ਦੂਤੀਆ ਭਾਉ ਨਾ ਕੋਇ ਵਖਾਈਆ । ਸ਼ਾਹ ਪਾਤਸ਼ਾਹ ਵਾਲੀ ਦੋ ਜਹਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਵੇਖੇ ਆਣ, ਆਨਨ ਫ਼ਾਨਨ ਸਭ ਦਾ ਪਰਦਾ ਦਏ ਉਠਾਈਆ । ਜੋ ਸੂਰਬੀਰ ਬਣ ਬਲਵਾਨ, ਬਲਧਾਰੀ ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਲੇਖਾ ਸਭ ਦਾ ਲਏ ਜਾਣ, ਜਾਣਨਹਾਰ ਆਪਣੇ ਹੱਥ ਰਖੇ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨ, ਨਵ ਸੱਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਧੁਰ ਦੀ ਧਾਰ ਨੂਰ ਅਲਾਹ, ਬੇਪ੍ਰਵਾਹ ਵਡ ਵਡਿਆਈਆ । ਜੋ ਸਭ ਦਾ ਬਣੇ ਮਲਾਹ, ਬੇੜਾ ਲੱਖ ਚੁਰਾਸੀ ਆਪਣੇ ਕੰਧ ਉਠਾਈਆ । ਧੁਰ ਸੰਦੇਸ਼ਾ ਦਏ ਸੁਣਾ, ਅਣਸੁਣਤ ਆਪਣਾ ਹੁਕਮ ਦਏ ਵਰਤਾਈਆ । ਕਲਜੁਗ ਰੈਣ ਅੰਧੇਰਾ ਮੇਟੇ ਸ਼ਾਹ, ਕੂੜੀ ਕਿਰਿਆ ਡੇਰਾ ਢਾਹੀਆ । ਅਵਤਾਰ ਪੈਗ਼ੰਬਰ ਗੁਰ ਬਣਾਏ ਗਵਾਹ, ਸ਼ਹਾਦਤ ਸ਼ਬਦ ਧਾਰ ਭੁਗਤਾਈਆ । ਲਹਿਣਾ ਦੇਣਾ ਖ਼ਾਲਕ ਖ਼ਲਕ ਸਭ ਦਾ ਦਏ ਚੁਕਾ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦੇ ਅਗੇ ਸਾਰੇ ਕਰਦੇ ਆਏ ਦੁਆ, ਤੋਬਾ ਤੋਬਾ ਕਰ ਕੇ ਸੀਸ ਨਿਵਾਈਆ । ਓਹ ਵਾਹਿਦ ਇਕ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਜਿਸ ਨੇ ਦੀਨ ਮਜ਼੍ਹਬ ਜੁਜ਼ ਦਿਤੇ ਵੰਡਾ, ਹੱਦ ਹਦੂਦ ਕਲਮਿਆਂ ਵਾਲੀ ਰਖਾਈਆ । ਅੰਤਮ ਸਭ ਦਾ ਲੇਖਾ ਕਰੇ ਸਫ਼ਾ, ਸਫ਼ ਮਲੇਛਾਂ ਦਏ ਉਠਾਈਆ । ਕੂੜੀ ਕਿਰਿਆ ਕਰੇ ਰਫ਼ਾ, ਰਹਿਮਤ ਸਚ ਸਚ ਕਮਾਈਆ । ਸਤਿ ਧਰਮ ਚਲਾਏ ਰਥਾ, ਰਥਵਾਹੀ ਇਕੋ ਇਕ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਣਾਏ ਕਥਾ, ਕਥਨੀ ਦੀ ਲੋੜ ਰਹੇ ਨਾ ਰਾਈਆ । ਕਲਜੁਗ ਅੰਦਰ ਸਤਿਜੁਗ ਖੇਲ ਕਰੇ ਯਥਾਰਥ ਯਥਾ, ਯਦੀ ਆਪਣਾ ਹੁਕਮ ਵਰਤਾਈਆ । ਭੇਵ ਖੁਲਾਏ ਪੁਰਖ ਸਮਰਥਾ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪਰਦਾ ਆਪ ਉਠਾਈਆ । ਸਭ ਦਾ ਲਹਿਣਾ ਦੇਣਾ ਨਿਰਗੁਣ ਸਰਗੁਣ ਦੇਵੇ ਹੱਥੋ ਹੱਥਾ, ਪਿਛਲਾ ਲੇਖਾ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕੂੜੀ ਕਿਰਿਆ ਜ਼ੀਰੋ ਜ਼ੀਰੋ ਨਾਲ ਕਰੇ ਬਟਾ, ਸਿਫ਼ਰ ਸਿਫ਼ਰ ਨਾਲ ਉਡਾਈਆ । ਸਤਿ ਧਰਮ ਦੀ ਸਾਚੀ ਦੇਵੇ ਇਕੋ ਮਤਾ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਲਹਿਣਾ ਦੇਣਾ ਮੁਕਾਏ ਪੰਜ ਤਤਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲੇਖਾ ਕੂੜ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਵੇਸ ਵਟਾਏ ਨਿਤ ਨਵਿਤਾ, ਨਿਰਗੁਣ ਸਰਗੁਣ ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਾਰ ਭੁਗਤਾਈਆ ।

## ੨੯ ਹਾੜ ਸ਼ਹਿਨਸ਼ਾਹੀ ਸੰਮਤ ੮ ਮੇਰਠ ਛਾਉਣੀ ਵਿਸ਼ਵਾ ਮਿਤਰ ਦੀ ਸ਼ਾਦੀ ਸਮੇਂ ਸਵੇਰੇ

ਧਰਨੀ ਕਹੇ ਮੇਰਾ ਖ਼ੁਸ਼ੀ ਬੰਦ ਬੰਦ, ਬੰਦਗੀ ਡੰਡਾਵਤ ਵਿਚ ਪ੍ਰਭ ਨੂੰ ਸੀਸ ਨਿਵਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਗਾਇਆ ਛੰਦ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਿਫ਼ਤ ਸਲਾਹ ਕਰਨ ਬੱਤੀ ਦੰਦ, ਜਿਹਵਾ ਗਹਿਰ ਗੰਭੀਰ ਰਹੀ ਗੁਣ ਗਾਈਆ । ਮੇਰੇ ਅੰਤਰ ਨਿਰੰਤਰ ਆਈ ਠੰਡ, ਅਗਨੀ ਤਤ ਰਿਹਾ ਨਾ ਰਾਈਆ । ਸਤਿ ਧਰਮ ਦੀ ਮੇਰੇ ਪਲੇ ਬੰਨ੍ਹੀ ਗੰਢ, ਕੂੜੀ ਕਿਰਿਆ ਦਿਤੀ ਖੁਲਾਈਆ । ਮੈਂ ਨਿਗਾਹ ਮਾਰੀ ਨਜ਼ਰ ਆਇਆ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ ਸੂਰੀਆ ਚੰਦ, ਮੰਡਲ ਮੰਡਪ ਸੀਸ ਨਿਵਾਈਆ । ਓਹ ਸਚ ਸਵਾਮੀ ਅੰਤਰਜਾਮੀ ਜਨ ਭਗਤਾਂ ਪੂਰੀ ਕਰੇ ਮੰਗ, ਆਸ਼ਾ ਆਸ਼ਾ ਨਾਲ ਮਿਲਾਈਆ । ਸਚ ਪ੍ਰੀਤੀ ਚਾੜ੍ਹ ਕੇ ਰੰਗ, ਦੁਰਮਤ ਮੈਲ ਦਏ ਧੁਆਈਆ । ਆਵਣ ਜਾਵਣ ਮੇਟੇ ਪੰਧ, ਚੁਰਾਸੀ ਗੇੜ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਅੰਤਰ ਚਾਓ ਘਨੇਰਾ, ਗ੍ਰਿਹ ਸਚ ਵੱਜੇ ਵਧਾਈਆ । ਪ੍ਰਭ ਪਾਇਆ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮੇਰਾ ਭਰਮਾ ਢੱਠਿਆ ਡੇਰਾ, ਭਰਮ ਰਿਹਾ ਨਾ ਰਾਈਆ । ਇਕੋ ਰੰਗ ਤੱਕਿਆ ਸੰਝ ਸਵੇਰਾ, ਰੁਤ ਰੁਤੜੀ ਇਕ ਮਹਿਕਾਈਆ । ਇਕੋ ਰੂਪ ਤੱਕਿਆ ਗੁਰੂ ਗੁਰ ਚੇਰਾ, ਚੇਲਾ ਗੁਰ ਮਿਲ ਕੇ ਵੱਜੇ ਵਧਾਈਆ । ਸਚ ਸਵਾਮੀ ਕਰੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਭਾਗ ਲਗਾਏ ਮੇਰੇ ਵਿਹੜਾ, ਘਰ ਮੰਦਰ ਸੋਭਾ ਪਾਈਆ । ਜਨ ਭਗਤ ਵਸਾਏ ਖੇੜਾ, ਕਾਇਆ ਖਿੜਕੀ ਆਪ ਖੁਲਾਈਆ । ਜਗਤ ਵਿਕਾਰ ਰਹੇ ਨਾ ਝੇੜਾ, ਝਗੜਾ ਦੁਤੀਆ ਭਾਉ ਕਢਾਈਆ । ਮਾਰਗ ਦੱਸ ਕੇ ਨੇਰਨ ਨੇੜਾ, ਗ੍ਰਿਹ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਮੇਰੇ ਅੰਤਰ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਰਾਗ ਸੁਣਾਈਆ । ਮੇਰੇ ਮਸਤਕ ਚੜ੍ਹੀ ਲਾਲੀ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਫਲ ਲੱਗਾ ਮੇਰੀ ਡਾਲੀ, ਪੱਤ ਟਹਿਣੀ ਦਿਤੀ ਮਹਿਕਾਈਆ । ਮੈਂ ਸਚ ਦਵਾਰ ਤੇ ਬਣੀ ਸਵਾਲੀ, ਬੇਨੰਤੀ ਆਪਣੀ ਇਕ ਜਣਾਈਆ । ਕਿਰਪਾ ਕਰ ਜੋਤ ਅਕਾਲੀ, ਅਕਲ ਕਲ ਧਾਰ ਤੇਰੀ ਸੇਵ ਕਮਾਈਆ । ਜੁਗ ਚੌਕੜੀ ਤੇਰੀ ਸੇਵਾ ਘਾਲੀ, ਨਿਤ ਨਵਿਤ ਭੱਜੀ ਵਾਹੋ ਦਾਹੀਆ । ਕਲਜੁਗ ਅੰਤਮ ਮੇਟ ਰੈਣ ਅੰਧੇਰੀ ਕਾਲੀ, ਕਲਾ ਆਪਣੀ ਇਕ ਪ੍ਰਗਟਾਈਆ । ਤੂੰ ਜਗਤ ਜਹਾਨ ਦਾ ਮਾਲੀ, ਮਾਲਕ ਖ਼ਾਲਕ ਇਕ ਅਖਵਾਈਆ । ਤੇਰੇ ਸਚ ਦਵਾਰੇ ਮੇਰੇ ਉਤੇ ਹੋਵੇ ਧਰਮ ਦੀ ਧਰਮਸਾਲੀ, ਧੁਰ ਦਵਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਮੇਰੇ ਬੇਪ੍ਰਵਾਹ, ਬੇਅੰਤ ਤੇਰੀ ਸ਼ਰਨਾਈਆ । ਤੂੰ ਦਾਤਾ ਦਾਨੀ ਸ਼ਹਿਨਸ਼ਾਹ, ਪਾਤਸ਼ਾਹ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰੂ ਦੇਣ ਸਲਾਹ, ਮਸ਼ਵਰਾ ਧਰਮ ਧਾਰ ਬਣਾਈਆ । ਚਾਰੋਂ ਕੁੰਟ ਤੱਕਣ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਸਤਿ ਧਰਮ ਦਾ ਰਿਹਾ ਕੋਇ ਨਾ ਨਾਂ, ਭਰਮੇ ਭੁਲੀ ਕੂੜ ਲੋਕਾਈਆ । ਝਗੜਾ ਪਿਆ ਪਿਤਾ ਪੂਤ ਪੁਤਰ ਮਾਂ, ਨਾਤਾ ਸਕੇ ਨਾ ਕੋਇ ਜੁੜਾਈਆ । ਹੰਸ ਬੁੱਧੀ ਹੋਈ ਕਾਂ, ਕਾਗ ਵਾਂਗ ਸ੍ਰਿਸ਼ਟ ਕੁਰਲਾਈਆ । ਦੀਨ ਮਜ਼੍ਹਬ ਰੋਵੇ ਮਾਰ ਧਾਹ,

ਬਿਨ ਨੈਣਾਂ ਨੀਰ ਵਹਾਈਆ । ਕਿਰਪਾ ਕਰ ਪਰਵਰਦਿਗਾਰ ਮੇਰੇ ਖ਼ੁਦਾ, ਖ਼ੁਦ ਮਾਲਕ ਹੋ ਸਹਾਈਆ । ਜੋ ਮਾਨਸ ਮਾਨਸ ਨਾਲੋਂ ਹੋਏ ਜੁਦਾ, ਜੁਜ਼ ਵੱਖਰਾ ਵੰਡ ਵੰਡਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਭ ਨੂੰ ਇਕੋ ਦੇ ਰਾਹ, ਆਤਮ ਪਰਮਾਤਮ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਅੰਤਮ ਪਕੜ ਬਾਂਹ, ਫੜ ਬਾਹੋਂ ਗਲੇ ਲਗਾਈਆ । ਗ਼ਰੀਬ ਨਿਮਾਣਿਆਂ ਨਿਥਾਵਿਆਂ ਦੇ ਥਾਂ, ਗ੍ਰਿਹਿ ਆਪਣਾ ਇਕ ਸੁਹਾਈਆ । ਤੇਰੇ ਚਰਨ ਕਵਲ ਬਲ ਬਲ ਜਾਂ, ਘੋਲੀ ਆਪਣਾ ਆਪ ਘੋਲ ਘੁਮਾਈਆ । ਚਾਰ ਕੁੰਟ ਦਹਿ ਦਿਸ਼ਾ ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਕਹੇ ਵਾਹ ਵਾਹ, ਵਾਹਵਾ ਕਹਿ ਕੇ ਖ਼ੁਸ਼ੀ ਮਨਾਈਆ । ਸਿਰ ਸਵਾਮੀ ਦੇਣੀ ਠੰਡੀ ਛਾਂ, ਅਗਨੀ ਤਤ ਨਾ ਲਾਗੇ ਰਾਈਆ । ਆਤਮ ਪਰਮਾਤਮ ਲੈਣੀ ਪਰਨਾ, ਪਰਮ ਪੁਰਖ ਆਪਣਾ ਮੇਲ ਮਿਲਾਈਆ । ਤਤਾਂ ਨਾਲ ਨਾਤਾ ਤਤ ਦੇਣਾ ਜੁੜਾ, ਜੋੜੀ ਜਗਤ ਵਡ ਵਡਿਆਈਆ । ਮਾਨਵ ਜ਼ਾਤੀ ਸਾਚੀ ਧਾਰ ਦੀਨ ਦੁਨੀ ਧਰਮ ਦਾ ਧਰਮ ਹੋਵੇ ਵਿਵਾਹ, ਰੀਤੀ ਭਗਤ ਭਗਵਾਨ ਦੇਣੀ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰਸ ਦਾ ਧਰਨੀ ਧਵਲ ਧੌਲ ਧਰਤ ਕਹੇ ਮੇਰੇ ਅੰਤਰ ਸਦਾ ਰਹੇ ਚਾਅ, ਚਾਉ ਘਨੇਰਾ ਮੇਰੀ ਝੋਲੀ ਦੇਣਾ ਪਾਈਆ ।



## ✪ ੨੯ ਹਾੜ ਸ਼ਹਿਨਸ਼ਾਹੀ ਸੰਮਤ ੮ ਮੇਰਠ ਛਾਉਣੀ ਰੇਸ਼ਮ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਵਾਹ ਪ੍ਰਭੂ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਬੇਪ੍ਰਵਾਹੀਆ । ਮੈਂ ਭਗਤੀ ਦੀ ਧਾਰ ਤੇਰਾ ਦੁਲਾਰਾ ਸੁਤ, ਨਿਰਗੁਣ ਨਿਰਗੁਣ ਨਜ਼ਰੀ ਆਈਆ । ਆਪਣੀ ਗੋਦੀ ਮੈਨੂੰ ਚੁੱਕ, ਸਚਖੰਡ ਨਿਵਾਸੀ ਦਇਆ ਕਮਾਈਆ । ਮੈਂ ਹੈਰਾਨ ਹੋ ਗਿਆ ਸੁਣ ਕੇ ਤੇਰੀ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਦਿਤਾ ਜਣਾਈਆ । ਦੀਨ ਦੁਨੀ ਦਾ ਬਦਲ ਦੇਣਾ ਰੁਖ਼, ਰੁਖ਼ਸਤ ਦੇਣੀ ਕੂੜ ਕੁੜਿਆਰ ਲੋਕਾਈਆ । ਸਚ ਧਰਮ ਦਾ ਬਖ਼ਸ਼ਣਾ ਸੁਖ, ਸੁਖ ਸਾਗਰ ਵਿਚ ਸਮਾਈਆ । ਧਰਨੀ ਧਰਤ ਧਵਲ ਧੌਲ ਦੀ ਸੁਹੰਜਣੀ ਕਰਨੀ ਕੁੱਖ, ਆਪ ਬਣਨਾ ਜਣੇਂਦੀ ਮਾਈਆ । ਕਲਜੁਗ ਕੂੜ ਕੁੜਿਆਰਾ ਕਢਣਾ ਕੁੱਟ, ਕਾਇਆ ਕੁਟੀਆ ਹੋਏ ਸਫ਼ਾਈਆ । ਨਿਰਗੁਣ ਧਾਰ ਨਿਰਵੈਰ ਹੋ ਕੇ ਉਠ, ਨਿਰਾਕਾਰ ਦੋ ਜਹਾਨ ਕਰ ਰੁਸ਼ਨਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਤੁਠ, ਸਿਰ ਸਿਰ ਆਪਣਾ ਹੱਥ ਟਿਕਾਈਆ । ਪਿਆਰ ਮੁਹੱਬਤ ਨਾਲ ਜਨ ਭਗਤਾਂ ਫੜ ਗੁਟ, ਬਾਂਹ ਸਕੇ ਨਾ ਕੋਇ ਛੁਡਾਈਆ । ਚਾਰੋਂ ਕੁੰਟ ਵੇਖ ਮਾਇਆ ਮਮਤਾ ਪਈ ਲੁੱਟ, ਲੁਟੇਰਾ ਕਲਜੁਗ ਭੱਜੇ ਵਾਹੋ ਦਾਹੀਆ । ਸ੍ਰਿਸ਼ਟੀ ਤੇਰਾ ਨਾਮ ਜਪੇ ਬੁੱਲਾਂ ਬੁੱਟ, ਹਿਰਦੇ ਹਰਿ ਨਾ ਕੋਇ ਵਸਾਈਆ । ਸਤਿ ਸਚ ਬੂਟਾ ਗਿਆ ਸੁੱਕ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਈਆ । ਤੂੰ ਕਿਹੜੀ ਧਾਰ ਬੈਠੋਂ ਲੁਕ, ਪਰਦਾ ਪਰਦਿਆਂ ਵਿਚੋਂ ਦੇ ਉਠਾਈਆ । ਸਦੀ ਚੌਧਵੀਂ ਤੇਰਾ ਨਿਸ਼ਾਨਾ ਨਾ ਜਾਏ ਉਕ, ਤੀਰ ਅਣਿਆਲਾ ਦੇਣਾ ਚਲਾਈਆ । ਜਿਸ ਕਾਰਨ ਮੁਹੰਮਦ ਕਟਾਈ ਮੁੱਛ, ਲਬਾਂ ਜਗਤ ਵਖਾਈਆ । ਸੋ ਸੁਹੰਜਣੀ ਕਰਨੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਨਾਰਦ ਕਹੇ ਸਦੀ ਚੌਧਵੀਂ ਬੈਠੀ ਰਹੀਂ ਨਾ ਚੁੱਪ, ਨੇਤਰ ਨੈਣ ਨੈਣ ਸ਼ਰਮਾਈਆ । ਸ਼ਰਅ ਤੱਕ ਅੰਧੇਰਾ ਘੁੱਪ, ਸੂਰੀਆ ਚੰਦ ਨਾ ਕੋਇ ਚਮਕਾਈਆ । ਸਭ ਦੀ

ਖੁਲ੍ਹੀ ਵੇਖ ਗੁੱਤ, ਮੇਢੀ ਸੀਸ ਨਾ ਕੋਇ ਗੁੰਦਾਈਆ । ਸਾਚੇ ਮਾਰਗ ਤੋਂ ਦੀਨ ਦੁਨੀ ਰਹੀ ਘੁੱਥ, ਮੰਜ਼ਲ ਹਕ ਚੜ੍ਹਨ ਕੋਇ ਨਾ ਪਾਈਆ । ਸਤਿ ਸਚ ਰਿਹਾ ਨਾ ਕਿਸੇ ਵਿਚ ਮਨੁੱਖ, ਮਨੁੱਸ਼ ਮਾਨਵ ਰੋਵਣ ਮਾਰਨ ਧਾਹੀਆ । ਤੇਰਾ ਆਤਮ ਤੇਰੇ ਨਾਲੋਂ ਗਿਆ ਰੁਸ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਕਲਜੁਗ ਅੰਤਮ ਵੇਲਾ ਰਿਹਾ ਢੁਕ, ਅਵਤਾਰ ਪੈਗ਼ੰਬਰ ਗੁਰ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਨਾਰਦ ਕਹੇ ਮੇਰੇ ਮਾਲਕ ਅਗੰਮ ਖ਼ਸਮ, ਖ਼ਾਵੰਦ ਤੇਰੀ ਵਡਿਆਈਆ । ਜਗਤ ਜਹਾਨ ਵੇਖ ਨੂਰੇ ਚਸ਼ਮ, ਚਸ਼ਮੇ ਦੀਦ ਧਿਆਨ ਰਖਾਈਆ । ਤੇਰੀ ਦਰੋਹੀ ਤੇਰੀ ਕਸਮ, ਸੁਗੰਦ ਖਾ ਕੇ ਦਿਆਂ ਸੁਣਾਈਆ । ਮੁਹੱਬਤ ਰਹੀ ਨਾ ਕਿਸੇ ਜਿਸਮ, ਜਮੀਰ ਦੀਨ ਦੁਨੀਆ ਗਈ ਬਦਲਾਈਆ । ਇਕੋ ਇਕ ਵਾਹਿਦ ਕਰ ਦੇ ਇਸਮ, ਇਸਮ ਆਜ਼ਮ ਤੇਰਾ ਨਜ਼ਰੀ ਆਈਆ । ਅਵਤਾਰ ਪੈਗ਼ੰਬਰ ਗੁਰ ਤੇਰਾ ਨੂਰ ਦਿਸਣ, ਦੂਸਰ ਰੂਪ ਨਾ ਕੋਇ ਬਦਲਾਈਆ । ਤੇਰੀ ਮਹਿੰਮਾ ਸਾਰੇ ਲਿਖਣ, ਵੇਦ ਪੁਰਾਨ ਅੰਜੀਲ ਕੁਰਾਨ ਸਿਫ਼ਤ ਸਾਲਾਹੀਆ । ਤੇਰੀ ਦਰਗਾਹ ਸਾਚੀ ਸੇਜਾ ਸਾਰੇ ਲਿਟਣ, ਆਸਣ ਇਕੋ ਨਜ਼ਰੀ ਆਈਆ । ਤੇਰੇ ਨਾਮ ਕਲਮੇ ਦੀ ਲੋਕਮਾਤ ਦੇ ਕੇ ਚਿਟਣ, ਚਿੱਟੇ ਤੇ ਕਾਲਾ ਗਏ ਪਾਈਆ । ਤੇਰੀ ਸ਼ਰਅ ਸ਼ਰੀਅਤ ਨਾ ਦੇਵੇ ਟਿਕਣ, ਮਜ਼੍ਹਬ ਮਜ਼੍ਹਬ ਨਾਲ ਲੜਾਈਆ । ਓਹ ਵੇਖ ਸਦੀ ਚੌਧਵੀਂ ਲੱਗੀ ਪਿੱਟਣ, ਬਿਨ ਨੈਣਾਂ ਰੋਵੇ ਮਾਰੇ ਧਾਹੀਆ । ਜਗਤ ਜਹਾਨ ਖੜਕ ਜਾਏ ਇੱਟ ਨਾਲ ਇੱਟਣ, ਪਾਥਰ ਪਾਹਨ ਭੱਜਣ ਵਾਹੋ ਦਾਹੀਆ । ਤੂੰ ਸਾਹਿਬ ਸਵਾਮੀ ਪੁਰਖ ਅਕਾਲਾ ਬਣ ਮਿਤਣ, ਮਿਤਰ ਪਿਆਰਾ ਗੋਬਿੰਦ ਦਿਆਂ ਦ੍ਰਿੜਾਈਆ । ਆਤਮ ਪਰਮਾਤਮ ਕਰ ਹਿਤਣ, ਹਿਤਕਾਰੀ ਹੋ ਕੇ ਆਪਣਾ ਜੋੜ ਜੁੜਾਈਆ । ਤੇਰੀ ਸਿਖਿਆ ਸਾਰ ਸ਼ਬਦ ਦੀ ਸਾਰੇ ਸਿਖਣ, ਸਾਰ ਆਪਣੀ ਦੇ ਸਮਝਾਈਆ । ਬਿਨ ਤੇਰੀ ਕਿਰਪਾ ਕਲਜੁਗ ਅੰਤਮ ਕੋਇ ਨਾ ਆਏ ਨਜਿੱਠਣ, ਲੇਖਾ ਸਕੇ ਨਾ ਕੋਇ ਮੁਕਾਈਆ । ਮਿਹਰਵਾਨ ਮਹਿਬੂਬ ਆਪਣਾ ਭਾਣਾ ਦੱਸ ਮਿੱਠਣ, ਅਨਰਸ ਆਪਣਾ ਦੇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਨਾਰਦ ਕਹੇ ਪ੍ਰਭੂ ਮੈਂ ਕੀ ਦੱਸਾਂ, ਉਫ਼ ਹਾਏ ਸੀਸ ਨਿਵਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਹਸਤੀ ਤੇਰੀ ਬੇਪਰਵਾਹੀਆ । ਤੂੰ ਨਿਗਾਹ ਮਾਰ ਬਿਨਾ ਅੱਖਾਂ, ਅੱਖੀਆਂ ਵਾਲੇ ਤੈਨੂੰ ਗਏ ਭੁਲਾਈਆ । ਤੇਰਾ ਭਗਤ ਮਿਲੇ ਨਾ ਕੋਇ ਵਿਚੋਂ ਕੋਟਾਂ ਲੱਖਾਂ, ਅਣਗਿਣਤ ਦਿਸੇ ਲੋਕਾਈਆ । ਜੇ ਮੇਰਾ ਵਸ ਹੋਵੇ ਮੈਂ ਦੀਨ ਦੁਨੀ ਮਥਾਂ, ਮਥ ਕੇ ਦਿਆਂ ਵਖਾਈਆ । ਜਿਹੜੀ ਗ੍ਰੰਥ ਸ਼ਾਸਤਰਾਂ ਚਲਾਈ ਕਥਾ, ਕਥਨੀ ਕਥ ਸਕੇ ਕੋਇ ਨਾ ਰਾਈਆ । ਤੇਰੇ ਸਬਰ ਕੋਇ ਨਾ ਲੱਭਾ, ਯਾਰੜਾ ਸੇਜ ਨਾ ਕੋਇ ਹੰਢਾਈਆ । ਓਹ ਵੇਖ ਆਪਣਿਆਂ ਪੰਜ ਤਤ ਅੱਠਾਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਰਲਾਈਆ । ਚਾਰੋਂ ਕੁੰਟ ਤੇਰੇ ਨਾਮ ਕਲਮੇ ਪਾਇਆ ਰੱਟਾ, ਦੀਨ ਦੁਨੀ ਰਹੀ ਕੁਰਲਾਈਆ । ਕਿਸੇ ਦੀ ਕੀਮਤ ਰਹੀ ਕੋਇ ਨਾ ਟਕਾ, ਮਾਇਆ ਮਮਤਾ ਘਾਇਲ ਕੀਤੀ ਲੋਕਾਈਆ । ਮੈਂ ਆਪਣਾ ਸਿਰ ਤੇਰੇ ਚਰਨ ਕਵਲਾਂ ਸਿਟਾਂ, ਸੀਸ ਜਗਦੀਸ਼ ਨਿਵਾਈਆ । ਤੂੰ ਸਭ ਦਾ ਲਹਿਣਾ ਦੇਣਾ ਮੁਕਾ ਦੇ ਏਕੰਕਾਰ ਇਕੱਠਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਪੈਗ਼ੰਬਰਾਂ ਦਾ ਪੂਰਾ ਕਰ ਪਟਾ, ਪਟਨੇ ਵਾਲਾ ਨਾਲ ਮਿਲਾਈਆ । ਸਦੀ ਚੌਧਵੀਂ ਵਕਤ ਜਾਂਦਾ ਟੱਪਾ, ਟਾਪੂਆਂ ਤੋਂ ਪਰੇ ਲੇਖਾ ਚੁਕਾਉਣਾ ਥਾਉਂ ਥਾਈਆ । ਮੈਂ ਚਾਰ ਕੁੰਟ ਫਿਰਾਂ ਨੱਠਾ, ਉੱਤਰ ਪੂਰਬ

ਪੱਛਮ ਦੱਖਣ ਵਾਹੋ ਦਾਹੀਆ । ਬਿਨ ਤੇਰੀ ਕਿਰਪਾ ਤੇਰਾ ਨੂਰ ਦਿਸੇ ਨਾ ਲਟ ਲਟਾ, ਜੋਤ ਜੋਤ ਨਾ ਕੋਇ ਰੁਸ਼ਨਾਈਆ । ਕਿਸੇ ਅੰਤਰ ਨਿਰੰਤਰ ਸ਼ਬਦ ਨਾਦ ਵੱਜੇ ਨਾ ਅਨਹਦਾ, ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਪੀਏ ਕੋਇ ਨਾ ਮਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਸਚ ਦਵਾਰ ਏਕੰਕਾਰ ਜਨ ਭਗਤਾਂ ਸ਼ਬਦੀ ਧਾਰ ਦੇ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਕਲਜੁਗ ਅੰਤ ਅਖ਼ੀਰ ਜਾਂਦਾ ਲੱਦਾ, ਭਾਰ ਕੂੜੀ ਕਿਰਿਆ ਸਿਰ ਉਠਾਈਆ । ਤੇਰੀ ਇਕੋ ਪੁਸ਼ਤ ਇਕੋ ਕੁਲ ਇਕੋ ਯੱਦਾ, ਆਤਮ ਪਰਮਾਤਮ ਤੇਰਾ ਨੂਰ ਅਲਾਹੀਆ । ਗੁਰਮੁਖਾਂ ਦਰਸ਼ਨ ਦੇ ਉਪਰ ਸ਼ਾਹ ਰਗਾ, ਸ਼ਹਿਨਸ਼ਾਹ ਆਪਣਾ ਪਰਦਾ ਅੰਦਰੋਂ ਦੇ ਉਠਾਈਆ । ਹਰਿਜਨ ਹੰਸ ਬਣਾ ਕਗਾ, ਗੁਰਸਿਖ ਆਪਣੇ ਰੰਗ ਰੰਗਾਈਆ । ਕਾਇਆ ਮੰਦਰ ਪਵਿਤ੍ਰ ਕਰ ਜਗਹ, ਆਤਮ ਸੇਜ ਸੁਹੰਜਣੀ ਇਕ ਸੁਹਾਈਆ । ਤੇਰੇ ਨਾਮ ਦਾ ਸਚ ਖ਼ੁਮਾਰੀ ਵਿਚ ਆਵੇ ਮਜ਼ਾ, ਬਿਨ ਰਸਨਾ ਰਸ ਚਖਾਈਆ । ਜਨ ਭਗਤਾਂ ਸਦਾ ਰਖਣਾ ਆਪਣੀ ਵਿਚ ਰਜ਼ਾ, ਰਾਜਕ ਰਿਜਕ ਰਹੀਮ ਕੁਦਰਤ ਦੇ ਕਾਦਰ ਆਪਣੀ ਦਇਆ ਕਮਾਈਆ । ਮੈਨੂੰ ਇਉਂ ਦਿਸਦਾ ਨਾਰਦ ਕਹੇ ਨੌ ਖੰਡ ਪ੍ਰਿਥਮੀ ਸਭ ਨੂੰ ਮਿਲਣੀ ਸਜ਼ਾ, ਜੋ ਸਾਜਸ਼ ਪ੍ਰਭ ਨਾਲ ਕਰੇ ਲੋਕਾਈਆ । ਜਿਸ ਦੀ ਬਿਆਨ ਕਰ ਸਕੇ ਕੋਈ ਨਾ ਵਜਹ, ਵਜੂਹਤ ਸਕੇ ਨਾ ਕੋਇ ਸਮਝਾਈਆ । ਸਭ ਨੇ ਲੇਖਾ ਦੇਣਾ ਜਿਸ ਨੇ ਪਸ਼ੂ ਪੰਛੀ ਕੀਤੇ ਜ਼ਿਬਹ, ਛੁਰੀ ਸ਼ਰਅ ਵਾਲੀ ਚਲਾਈਆ । ਸਦੀ ਚੌਧਵੀਂ ਦੁਹਾਈ ਦੇਵੇ ਉਫ਼ ਹਾਏ ਮੇਰਿਆ ਰੱਬਾ, ਯਾਮਬੀਨ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬਗਾ, ਮਰਦ ਮਰਦਾਨਾ ਨੌਜਵਾਨਾ ਸ੍ਰੀ ਭਗਵਾਨਾ ਇਕੋ ਨਜ਼ਰੀ ਆਈਆ ।



### ✪ ੩੦ ਹਾੜ ਸ਼ਹਿਨਸ਼ਾਹੀ ਸੰਮਤ ੮ ਅਜਮੇਰ ਸਿੰਘ ਦੇ ਗ੍ਰਿਹ ਗਵਾਲੀਅਰ ਸ਼ਹਿਰ ✪

ਸਦੀ ਚੌਧਵੀਂ ਕਹੇ ਮੁਹੰਮਦ ਹੋ ਮੁਖ਼ਾਤਬ, ਪਰਦਾ ਰਹਿਣ ਕੋਇ ਨਾ ਪਾਈਆ । ਕੀ ਆਇਤ ਸ਼ਰਾਇਤ ਲਿਖੀ ਬਣ ਅਗੰਮੀ ਕਾਤਬ, ਜਬਰਾਈਲ ਸ਼ਹਾਦਤ ਦਏ ਭੁਗਤਾਈਆ । ਕਿਸ ਬਿਧ ਬੇਨਜ਼ੀਰ ਕਰੇ ਤੁਆਕਬ, ਚੌਦਾਂ ਤਬਕ ਵੇਖ ਵਖਾਈਆ । ਸਚ ਕਲਮੇ ਦੀ ਦੱਸ ਕਿਹੜੀ ਸਦਾਕਤ, ਭੇਵ ਅਭੇਦ ਦੇ ਖੁਲਾਈਆ । ਕਿਉਂ ਦੀਨ ਮਜ਼੍ਹਬ ਦੀ ਬਦਲੀ ਆਦਤ, ਅਦਲ ਸਚ ਦਾ ਨਾ ਕੋਇ ਕਮਾਈਆ । ਹਕ ਨਿਮਾਜ਼ ਨਾ ਕੋਇ ਅਬਾਦਤ, ਸ਼ਰਅ ਸ਼ਰੀਅਤ ਗਈ ਤਜਾਈਆ । ਕਿਸ ਨੇ ਉਲਮਾ ਸ਼ਰਫਾ ਦਿਤੀ ਇਜਾਜਤ, ਜਾਹਿਦ ਮੁਜਾਹਿਦ ਭੇਵ ਖੁਲਾਈਆ । ਅਕਲ ਬੁੱਧੀ ਨਾ ਰਹੀ ਲਿਆਕਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਕੀ ਸੰਦੇਸ਼ਾ ਦਏ ਮੇਰਾ ਅਹਿਬਾਬ, ਪਰਵਰਦਿਗਾਰ ਨੂਰ ਅਲਾਹੀਆ । ਮੈਂ ਵੇਖਾਂ ਬਿਨ ਹਰਫ਼ ਹਰੂਫ਼ ਕਿਤਾਬ, ਬਿਨ ਕੁਤਬਖਾਨਿਆਂ ਫੋਲ ਫੁਲਾਈਆ । ਜਿਸ ਵਿਚ ਲੇਖਾ ਨਹੀਂ ਇਸ਼ਕ ਹਕੀਕੀ ਤੇ ਮਜਾਜ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਨਾ ਕੋਇ ਹੁਜਰਾ ਨਾ ਕੋਇ ਮਹਿਰਾਬ, ਸ਼ਕਲ ਅਕਲ ਨਾ ਕੋਇ ਚਤੁਰਾਈਆ । ਇਕੋ ਨੂਰ ਅਲਾਹੀ ਅੱਲਾ ਹਕ ਆਦਾਬ, ਅਦਬ ਵਿਚ ਸਜਦਾ ਸਿਰ ਸਰ ਨਿਵਾਈਆ । ਜਿਸ ਨੇ ਸਭ ਦੇ

ਮੁਖ ਤੋਂ ਲਾਹੁਣੀ ਨਕਾਬ, ਪਰਦਾ ਪਰਦਾ ਦਏ ਚੁਕਾਈਆ । ਉਸ ਦੀ ਆਮਦ ਵਿਚ ਸਦੀ ਚੌਧਵੀਂ ਇਕ ਦਵਾਏ ਏਜਾਜ਼, ਆਜਜ਼ ਹੋ ਕੇ ਸੀਸ ਨਿਵਾਈਆ । ਜਿਸ ਦਾ ਨੂਰ ਨੁਰਾਨਾ ਰੂਪ ਸ਼ਹਾਨਾ ਉਸ ਦਾ ਹੋਵਾਂ ਮੁਹਤਾਜ, ਖ਼ਾਦਮ ਹੋ ਕੇ ਸੀਸ ਨਿਵਾਈਆ । ਸਚ ਮੁਨਾਰੇ ਧੁਰ ਅੰਬਰ ਚੜ੍ਹ ਕੇ ਮਾਰਾਂ ਆਵਾਜ਼, ਅੱਨਾ ਹੂ ਤੇਰਾ ਰਾਹ ਤਕਾਈਆ । ਸੋ ਮਾਲਕ ਖ਼ਾਲਕ ਖੋਲੇ ਆਗ਼ਾਜ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਨੂੰ ਪਿਛਲੀ ਆ ਗਈ ਯਾਦ, ਯਾਦਦਾਸ਼ਤ ਦਿਆਂ ਸੁਣਾਈਆ । ਅੰਤਮ ਸਭ ਦਾ ਲੇਖਾ ਪੂਰਾ ਕਰਨਾ ਵਾਹਿਦ, ਵਾਅਦਾ ਆਪਣਾ ਵੇਖ ਵਖਾਈਆ । ਜਿਸ ਦਾ ਇਕੋ ਕਲਮਾ ਹੋਣਾ ਆਇਦ, ਕਾਇਨਾਤ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਵੇਖ ਖੇਲ ਅਜ਼ੀਮ, ਆਲੀਜਾਹ ਕੀ ਜਣਾਈਆ । ਜਿਸ ਨੇ ਨਿਰਗੁਣ ਸਰਗੁਣ ਧਾਰ ਕੀਤੀ ਤਕਸੀਮ, ਵੰਡ ਸ਼ਰਅ ਵਾਲੀ ਪਵਾਈਆ । ਉਹ ਖੇਲ ਕਰੇ ਖ਼ਾਲਕ ਕਦੀਮ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਅਮਾਮ ਅਮਾਮਾ ਪ੍ਰਗਟ ਹੋ ਉਤੇ ਜ਼ਮੀਨ, ਜ਼ਿਮੀਂ ਜ਼ਮਾ ਵੇਖ ਵਖਾਈਆ । ਜਿਸ ਦਾ ਨੁਕਤਾ ਮਾਰਗ ਜਗਤ ਮਹੀਨ, ਨੇਤਰ ਨੈਣ ਨਜ਼ਰ ਨਾ ਆਈਆ । ਉਹ ਮੇਰੇ ਅੰਤ ਸ਼ਰਅ ਦੀ ਸ਼ਰਅ ਨਾਲ ਕਰੇ ਤਰਮੀਮ, ਤਰਫ਼ਦਾਰੀ ਰਹਿਣ ਕੋਇ ਨਾ ਪਾਈਆ । ਤੇਰੀ ਲੇਖੇ ਲਾਏ ਗੋਈਪੇਸ਼ੀਨ, ਪੇਸ਼ੀਨਗੋਈ ਵੇਖੇ ਚਾਈਂ ਚਾਈਂਆ । ਹੁਣ ਉਸ ਉਤੇ ਕਰਨਾ ਪੈਣਾ ਯਕੀਨ, ਜੋ ਯਕ ਆਪਣਾ ਹੁਕਮ ਵਰਤਾਈਆ । ਜਿਸ ਝਗੜਾ ਮੇਟਣਾ ਨਰ ਮਦੀਨ, ਮੁਦਾ ਇਕੋ ਇਕ ਸਮਝਾਈਆ । ਸਭ ਦਾ ਹਕ ਹਕੂਕ ਲੈਣਾ ਛੀਨ, ਚੌਦਾਂ ਤਬਕ ਰਹੇ ਕੁਰਲਾਈਆ । ਚੌਦਾਂ ਵਿਦਿਆ ਕਰੇ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਚਾਰ ਕੁੰਟ ਜੋ ਸ੍ਰਿਸ਼ਟੀ ਹੋਈ ਨਾਬੀਨ, ਨੂਰ ਜ਼ਹੂਰ ਦਏ ਚਮਕਾਈਆ । ਸਭ ਨੇ ਉਸ ਨੂੰ ਕਹਿਣਾ ਆਮੀਨ, ਆਮਦ ਵਿਚ ਸਾਰੇ ਸੀਸ ਨਿਵਾਈਆ । ਓਹ ਪਾਖਰ ਪਾਵਣ ਵਾਲਾ ਅਸਵ ਉਤੇ ਜ਼ੀਨ, ਸ਼ਾਹ ਸ਼ਹਾਨਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਮੈਂ ਨਿਗਾਹ ਮਾਰੀ ਅਰਸ਼ ਫ਼ਰਸ਼, ਚੌਦਾਂ ਤਬਕ ਧਿਆਨ ਲਗਾਈਆ । ਮਿਹਰਵਾਨ ਮਹਿਬੂਬ ਕਰੇ ਤਰਸ, ਰਹਿਮਤ ਆਪਣੀ ਹਕ ਕਮਾਈਆ । ਮੇਰਾ ਲੇਖਾ ਪੂਰਾ ਕਰੇ ਕੁਛ ਏਸੇ ਬਰਸ, ਬਰਸੀ ਉਮਤ ਵਾਲੀ ਨਾਲ ਮਿਲਾਈਆ । ਸ਼ਰਅ ਬਗ਼ਦਾਦੀ ਦੇਵੇ ਦਰਸ, ਅਮਦਾਦੀ ਅਵਰ ਨਾ ਕੋਇ ਰਖਾਈਆ । ਨਾਨਕ ਦਾ ਪਿਛਲਾ ਲਾਹਵੇ ਕਰਜ਼, ਮਕਰੂਜ਼ ਆਪਣਾ ਪੰਧ ਮੁਕਾਈਆ । ਸਦੀ ਚੌਧਵੀਂ ਤੇਰੀ ਮਨਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਨਾਲ ਰਖਾਈਆ । ਸਾਡੀ ਲੇਖੇ ਲਾਵੇ ਗਰਜ਼, ਗਰਜ਼ੇ ਕਿ ਆਪਣਾ ਭੇਵ ਨਾ ਕੋਇ ਜਣਾਈਆ । ਧੁਰ ਦਾ ਖੇਲ ਕਰੇ ਅਸਚਰਜ, ਅਚਰਜ ਆਪਣੀ ਕਾਰ ਭੁਗਤਾਈਆ । ਮੈਂ ਪਿਛਲੀ ਖੋਲ ਕੇ ਵੇਖਾਂ ਫ਼ਰਦ, ਜੋ ਬਿਨਾ ਅੱਖਰਾਂ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਕੋੜ੍ਹਿਆਂ ਹੋਏ ਸਹਾਈਆ । ਤੇਰਾ ਮੇਟੇ ਅੰਧੇਰਾ ਗਰਦ, ਗਰਦਸ਼ ਵੇਖੇ ਜਗਤ ਲੋਕਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੁਹੰਮਦ ਵੇਖ ਪਿਛਲੀਆਂ ਤਵਾਰੀਖਾਂ, ਬਿਨ ਨੈਣਾਂ ਨੈਣ ਉਠਾਈਆ । ਜਿਸ ਦੀਆਂ ਕਲਮਿਆਂ ਵਿਚ ਰਖੀਆਂ ਉਡੀਕਾਂ, ਤੀਸ ਬਤੀਸੇ ਨਾਲ ਵਡਿਆਈਆ । ਸੋ ਉਮਤ ਉਮਤੀ ਪਰਖੇ ਨੀਤਾ, ਨੀਤੀਵਾਨ ਨੂਰ ਅਲਾਹੀਆ ।

੫੮
੨੩

ਜਿਸ ਝਗੜਾ ਮਿਟਾਉਣਾ ਮੰਦਰ ਮਸੀਤਾ, ਕਾਅਬਿਆਂ ਆਪਣਾ ਰੰਗ ਰੰਗਾਈਆ । ਲੇਖ ਚੁਕਾਉਣਾ ਉਚਾਂ ਨੀਚਾਂ, ਰਾਓ ਰੰਕ ਇਕੋ ਦਰ ਟਿਕਾਈਆ । ਜਨ ਭਗਤਾਂ ਉਤੇ ਕਰੇ ਬਖ਼ਸ਼ੀਸ਼ਾ, ਰਹਿਮਤ ਰਹਿਮਾਨ ਰਹੀਮ ਆਪ ਕਮਾਈਆ । ਜਿਸ ਨੌ ਖੰਡ ਪ੍ਰਿਥਮੀ ਸਤ ਦੀਪ ਸਭ ਦੀਆਂ ਸਾਂਝੀਆਂ ਕਰਨੀਆਂ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਇਕੋ ਛਤਰ ਝੁਲਣਾ ਜਿਸ ਦੇ ਸੀਸਾ, ਛਤਰਧਾਰੀ ਸਾਰੇ ਸੀਸ ਨਿਵਾਈਆ । ਜਿਸ ਦਾ ਰਾਹ ਤੱਕੇ ਹਜ਼ਰਤ ਈਸਾ, ਮੂਸਾ ਭੱਜੇ ਵਾਹੋ ਦਾਹੀਆ । ਓਹ ਭੇਵ ਖੁਲਾਏ ਬੀਸ ਬੀਸਾ, ਸਰਗੁਣ ਨਿਰਗੁਣ ਆਪਣੀ ਕਾਰ ਭੁਗਤਾਈਆ । ਸਦੀ ਚੌਧਵੀਂ ਸਭ ਦਾ ਬਣ ਕੇ ਮੀਤਾ, ਮਿਤਰ ਪਿਆਰਾ ਗੋਬਿੰਦ ਮੇਲਾ ਲਏ ਮਿਲਾਈਆ । ਜਿਸ ਦੇ ਵਿਚ ਹਕ ਤੌਫ਼ੀਕਾ, ਤੋਹਫ਼ਾ ਤੋਹਫ਼ਾ ਨਾਨਕ ਨਿਰਗੁਣ ਦਏ ਵਰਤਾਈਆ । ਲੇਖਾ ਜਾਣੇ ਹਸਤ ਕੀਟਾ, ਕੀਟ ਕੀਟਾ ਵੇਖ ਵਖਾਈਆ । ਉਸ ਦਾ ਭਾਣਾ ਸਭ ਨੇ ਮੰਨਣਾ ਕਰ ਕੇ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜੀ ਕਿਰਿਆ ਭੰਨੇ ਕੌੜਾ ਰੀਠਾ, ਅੰਮ੍ਰਿਤ ਰਸ ਦਏ ਚਖਾਈਆ । ਮਾਨਸ ਮਾਨਵ ਮਾਨੁਖ ਚਾੜ੍ਹੇ ਰੰਗ ਮਜੀਠਾ, ਚਾਰ ਵਰਨ ਅਠਾਰਾਂ ਬਰਨ ਉਤਰ ਕਦੇ ਨਾ ਜਾਈਆ । ਆਪ ਹੋ ਕੇ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣਾ ਖੇਲ ਖਿਲਾਈਆ । ਜਿਸ ਨੂੰ ਕਹਿਣਾ ਸਭ ਨੇ ਜਗਤ ਜਗਦੀਸ਼ਾ, ਜਗਦੀਸ਼ਰ ਨੂਰ ਅਲਾਹੀਆ । ਉਹ ਸਾਡੀਆਂ ਪੂਰੀਆਂ ਕਰੇ ਆਸਾਂ ਉਮੀਦਾਂ, ਉਸ ਦੀ ਆਮਦ ਵਿਚ ਖ਼ੁਸ਼ੀ ਵਿਚ ਫਿਰੀਏ ਵਾਹੋ ਦਾਹੀਆ । ਸਦੀ ਚੌਧਵੀਂ ਕਹੇ ਤੇਰੇ ਕਲਮੇ ਕਰਨੀਆਂ ਤਸਦੀਕਾਂ, ਮੈਂ ਸਾਲ ਬਸਾਲਾ ਸ਼ਹਾਦਤ ਦਿਆਂ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰਾ ਇਕੋ ਇਕ ਸਜਦਾ, ਸਿਰ ਸਰ ਝੁਕਾਈਆ । ਮੈਂ ਖ਼ਾਦਮ ਉਸ ਦਾ ਬਰਦਾ, ਬੰਦਨਾ ਵਿਚ ਨਿਉਂ ਨਿਉਂ ਲਾਗਾਂ ਪਾਈਆ । ਮੈਂ ਦਰਵੇਸ਼ ਉਸ ਦਰ ਦਾ, ਜਿਸ ਦਰੇ ਦਰਬਾਰ ਨੂਰ ਅਲਾਹੀਆ । ਮੈਂ ਖ਼ਾਦਮ ਉਸ ਗ੍ਰਿਹਿ ਘਰ ਦਾ, ਜਿਥੇ ਜਲਵਾਗਰ ਡਗਮਗਾਈਆ । ਮੈਂ ਉਸੇ ਦੀ ਆਇਤ ਪੜ੍ਹਦਾ, ਜੋ ਕਲਮਾ ਸਿਫ਼ਤ ਸਲਾਹੀਆ । ਮੈਂ ਉਸ ਮਹਿਬੂਬ ਦੀ ਮੰਜ਼ਲ ਚੜ੍ਹਦਾ, ਜੋ ਚੌਦਾਂ ਤਬਕ ਹੋਏ ਸਹਾਈਆ । ਸਦੀ ਚੌਧਵੀਂ ਮੈਂ ਉਸੇ ਕੋਲੋਂ ਰਿਹਾ ਡਰਦਾ, ਅੰਤ ਉਸ ਦਾ ਰਾਹ ਤਕਾਈਆ । ਜੋ ਜੁਗ ਚੌਕੜੀ ਸਭ ਨੂੰ ਭੰਨਦਾ ਘੜਦਾ, ਘੜਨ ਭੰਨਣਹਾਰ ਬੇਪਰਵਾਹੀਆ । ਜਿਸ ਦਾ ਖੇਲ ਹੋਣਾ ਲਹਿੰਦਾ ਚੜ੍ਹਦਾ, ਲਹਿੰਦਿਉਂ ਚੜ੍ਹਦੇ ਚੜ੍ਹਦਿਉਂ ਲਹਿੰਦੇ ਆਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਹਜ਼ਰਤ ਪਾ ਦੇ ਸਹੀ, ਸਹੀ ਸਲਾਮਤ ਧਿਆਨ ਲਗਾਈਆ । ਕੀ ਹੁਕਮ ਸੰਦੇਸ਼ਾ ਫ਼ਰਮਾਨ ਨਾਜ਼ਲ ਹੁੰਦਾ ਵਹੀ, ਵਾਹਿਦ ਕੀ ਜਣਾਈਆ । ਕੀ ਉਮਤ ਧਾਰ ਆਇਤ ਸ਼ਰਾਇਤ ਕਹੀ, ਸਿਫ਼ਤਾਂ ਨਾਲ ਸਲਾਹੀਆ । ਝਟ ਮੁਹੰਮਦ ਨਿਉਂ ਕੇ ਕਿਹਾ ਮੇਰੀ ਆਪਣੀ ਕੀਤੀ ਅੰਤ ਗਈ, ਮਾਲਕ ਨਜ਼ਰ ਕੋਇ ਨਾ ਆਈਆ । ਜਿਸ ਦੀ ਵਸਤ ਉਸੇ ਨੂੰ ਦਈਂ, ਕਦਮਬੋਸੀ ਕਰ ਕੇ ਕਦਮਾਂ ਵਿਚ ਟਿਕਾਈਆ । ਅਗੇ ਖੇਲ ਤੱਕਣੀ ਨਈ, ਨੂਰ ਨੁਰਾਨਾ ਕੀ ਆਪਣੀ ਕਾਰ ਭੁਗਤਾਈਆ । ਸਦੀ ਚੌਧਵੀਂ ਤੂੰ ਰਾਹ ਵਿਚ ਜਾ ਕੇ ਬਹੀਂ, ਬਿਨ ਕਦਮਾ ਪੰਧ ਮੁਕਾਈਆ । ਉਹ ਤੱਕ ਗੋਬਿੰਦ ਦਾ ਲੇਖਾ ਮੁਕਿਆ ਸਾਲ ਸੈਂਕੜੇ ਢਈ, ਢਈਆ ਆਪਣਾ ਪੰਧ ਮੁਕਾਈਆ । ਹੁਣ ਸਭ ਦਾ ਲੇਖਾ ਮੰਗੇ ਕਢ ਕੇ ਆਪਣੀ ਅਗੰਮੀ ਵਹੀ, ਜਿਸ ਦਾ ਕਾਤਬ ਨਜ਼ਰ ਕੋਇ ਨਾ ਆਈਆ । ਪਤਾ ਨਹੀਂ ਉਸ ਦਾ ਕੀ ਮੁੱਦਾ ਤੇ

੫੯
੨੩

ਕਿਹੜਾ ਮੁੱਦਈ, ਮੁਦਤਾਂ ਦਾ ਮਾਲਕ ਕੀ ਆਪਣਾ ਹੁਕਮ ਵਰਤਾਈਆ । ਮੇਰੀ ਆਸ਼ਾ ਮੇਰੀ ਤਮੰਨਾ ਉਸ ਦੇ ਕਦਮਾਂ ਉਤੇ ਸਜਦੇ ਵਿਚ ਢਈ, ਨਿਵ ਨਿਵ ਲਾਗੀ ਪਾਈਆ । ਤੇਰੇ ਬਿਨਾ ਧੁਰ ਦੇ ਮਹਿਬੂਬ ਕਾਇਨਾਤ ਕਲਮੇ ਵਾਲਿਆਂ ਦੀ ਪਤ ਗਈ, ਸਿਰ ਹੱਥ ਨਾ ਕੋਇ ਰਖਾਈਆ । ਕੂੜੀ ਕਿਰਿਆ ਦੇ ਹੋਏ ਨਸ਼ਈ, ਆਬੇ ਹਯਾਤ ਵਸਲੇ ਯਾਰ ਹੱਥ ਕਿਸੇ ਨਾ ਆਈਆ । ਤੇਰੇ ਨਾਮ ਦੀ ਖ਼ੁਦ ਖ਼ੁਦਾ ਇਕ ਦਰੋਹੀ, ਯਾਮਬੀਨ ਮਹਿਬਾਨ ਬੀਦੋ ਬੀ ਖ਼ੈਰ ਯਾ ਅਲਾਹ ਤੇਰੀ ਇਕ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖੇਲੇ ਕੋਟਨ ਵਾਰ ਕਈ, ਆਦਿ ਅੰਤ ਕਹਿਣ ਕੋਇ ਨਾ ਪਾਈਆ ।

### ✪ ੧ ਸਾਵਣ ਸ਼ਹਿਨਸ਼ਾਹੀ ਸੰਮਤ ੮ ਮੰਗਲ ਸਿੰਘ ਦੇ ਗ੍ਰਿਹ ਭੁਪਾਲ ਸ਼ਹਿਰ ✪

ਸਦੀ ਚੌਧਵੀਂ ਕਹੇ ਮੈਂ ਤੱਕਾਂ ਰਾਹ ਅਮਾਮ, ਬਿਨ ਨੇਤਰ ਲੋਚਨ ਨੈਣਾਂ ਨੈਣ ਉਠਾਈਆ । ਜਿਸ ਦਾ ਹੁਕਮ ਸੰਦੇਸ਼ਾ ਅਗੰਮ ਕਲਾਮ, ਕਾਇਨਾਤ ਦੇ ਕਲਮਿਆਂ ਬਾਹਰ ਪੜ੍ਹਾਈਆ । ਜਿਸ ਦੀ ਸ਼ਰਅ ਦੀਨ ਮਜ਼੍ਹਬ ਇਸਲਾਮ, ਇਸਮ ਆਜ਼ਮ ਨੂਰ ਅਲਾਹੀਆ । ਉਸੇ ਦੇ ਕਦਮਾਂ ਕਰਾਂ ਪ੍ਰਨਾਮ, ਪਰਮ ਪੁਰਖ ਸੀਸ ਨਿਵਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਗ਼ੁਲਾਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਸੋ ਸਭ ਦਾ ਲੇਖਾ ਪੂਰਾ ਕਰੇ ਵਿਚ ਜਹਾਨ, ਦੋ ਜਹਾਨਾਂ ਫੋਲ ਫੁਲਾਈਆ । ਸ਼ਰਅ ਛੁਰੀ ਮੇਟੇ ਜਗਤ ਸ਼ੈਤਾਨ, ਧਰਮ ਦੀ ਧਾਰ ਇਕ ਸਮਝਾਈਆ । ਨਿਰਗੁਣ ਨਿਰਗੁਣ ਦੱਸ ਈਮਾਨ, ਅਮਲ ਦੱਸੇ ਬੇਪ੍ਰਵਾਹੀਆ । ਮੈਨੂੰ ਹੋਇਆ ਇਕ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਸੁਣੀ ਅਗੰਮੀ ਖ਼ਬਰ, ਬੇਖ਼ਬਰ ਦਿਤੀ ਜਣਾਈਆ । ਇਸ਼ਾਰਾ ਕੀਤਾ ਵੇਖ ਮੁਹੰਮਦ ਦੀ ਕਬਰ, ਮਕਬਰਾ ਫੋਲ ਫੁਲਾਈਆ । ਕੀ ਕਰਨੀ ਕਰੇ ਜਾਬਰ ਜਬਰ, ਹਰਿ ਕਰਤਾ ਧੁਰਦਰਗਾਹੀਆ । ਜੋ ਸ਼ਰਅ ਦਾ ਸ਼ੇਰ ਬੱਬਰ, ਸ਼ਾਹ ਸੁਲਤਾਨਾ ਇਕ ਅਖਵਾਈਆ । ਉਹ ਵੇਖਣਹਾਰਾ ਜਗਤ ਜਹਾਨਾਂ ਟੱਬਰ, ਨਵ ਸਤ ਪਰਦਾ ਆਪ ਉਠਾਈਆ । ਜਿਸ ਦੀ ਇਕੋ ਧੁਨ ਮਧੁਰ, ਸ਼ਬਦ ਨਾਦ ਕਰੇ ਸ਼ਨਵਾਈਆ । ਸਭ ਦੀ ਪੂਰੀ ਕਰੇ ਸੱਧਰ, ਸਦਮਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੈਨੂੰ ਦੱਸਿਆ ਇਕੋ ਬੋਲ, ਅਣਬੋਲਤ ਦਿਤਾ ਜਣਾਈਆ । ਮੇਰੀ ਹਕੀਕਤ ਦਾ ਵੱਜਾ ਢੋਲ, ਡੰਕਾ ਡੋਰੂ ਨਾਮ ਖ਼ੁਦਾਈਆ । ਕੁਛ ਈਸਾ ਕੁਛ ਮੂਸਾ ਲੇਖਾ ਇਸਤਮਬੋਲ, ਭੇਵ ਅਭੇਦਾ ਦਿਆਂ ਖੁਲਾਈਆ । ਤੂੰ ਨਿਰਗੁਣ ਧਾਰ ਆਉਣਾ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਵੇਲੇ ਚਰਨ ਟਿਕਿਆ ਉਪਰ ਧੌਲ, ਪਾਰ ਕਿਨਾਰਾ ਸੋਭਾ ਪਾਈਆ । ਜਿਸ ਖ਼ਾਲਕ ਮਾਲਕ ਨੌਂ ਸੌ ਨੜ੍ਹਿਨਵੇਂ ਫ਼ਕੀਰਾਂ ਅੰਦਰ ਜਾਣਾ ਮੌਲ, ਮੌਲਾ ਹੋ ਕੇ ਆਪਣਾ ਰੰਗ ਰੰਗਾਈਆ । ਸਵਾ ਪਾ ਨਿਆਜ਼ ਵੇਖਣੀ ਚੌਲ, ਦਾਣਾ ਦਾਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਧਾਰ ਇਕ ਪ੍ਰਗਟਾਈਆ । ਸਦੀ ਚੌਧਵੀਂ ਕਹੇ ਮੈਂ ਆਵਾਂ ਪੈਰੀਂ ਨੰਗੀਂ, ਬਿਨ ਪੈਰਾਂ ਪੰਧ ਮੁਕਾਈਆ । ਕੁਛ ਮੇਰਾ ਲੇਖਾ ਨਾਲ ਫ਼ਰੰਗੀ, ਫ਼ਾਰਸ ਤੋਂ ਪਰੇ ਦਿਆਂ ਦ੍ਰਿੜਾਈਆ । ਮੇਰੇ ਮਾਲਕ ਦਜਲਾ ਫ਼ਰਾਤ ਦੇ ਵੇਖੀਂ ਕੰਢੀ, ਕੂਫ਼ਾ ਕਾਅਬਿਆਂ ਨਾਲ ਦੁਹਾਈਆ । ਬਗ਼ਦਾਦ ਤੋਂ ਵਿੰਗੀ ਟੇਢੀ ਡੰਡੀ, ਨਵ ਮੀਲ ਤੇ ਨਜ਼ਰੀ ਆਈਆ । ਜਿਥੋਂ ਮੁਹੰਮਦ ਲਈ ਉਗਾਈ ਜ਼ਹਿਰ ਦੀ ਗੰਢੀ, ਨਿਸ਼ਾਨਾ ਸਵਾ ਗਿਠ ਲੰਬਾਈ ਚੌੜਾਈਆ । ਜਿਥੇ ਪਹਿਰਾ ਹੋਣਾ ਸ਼ਸਤਰ ਧਾਰ ਜੰਗੀ, ਹਰਿਜਨ ਨੌਜਵਾਨ ਨਜ਼ਰੀ ਆਈਆ । ਨਾਲ ਪਾਣੀ ਦੀ ਧਾਰ ਰਖਣੀ ਠੰਡੀ, ਹੁਸੈਨ ਆਸ਼ਾ ਰਿਹਾ ਵਖਾਈਆ । ਐਲੀ ਨੇ ਢਾਲ ਉਥੇ ਮੰਗੀ, ਵਾਸਤਾ ਇਕੋ ਅਗੇ ਰਖਾਈਆ । ਰਾਹ ਤੱਕੇ ਚੰਦ ਨੌਚੰਦੀ, ਨੂਰ ਨੁਰਾਨਾ ਨੈਣ ਬਿਗਸਾਈਆ । ਜਿਸ ਦੀ ਮੰਜ਼ਲ ਪਿਛੇ ਰਹਿ ਗਈ ਲੰਬੀ, ਅਗਲਾ ਪੰਧ ਰਿਹਾ ਨਾ ਰਾਈਆ । ਮੈਂ ਥਰਥਰਾਹਟ ਵਿਚ ਕੰਬੀ, ਤੋਬਾ ਤੋਬਾ ਕਹਿ ਕੇ ਦਿਆਂ ਸੁਣਾਈਆ । ਮੈਂ ਬੰਦਗੀ ਵਿਚ ਕਦੇ ਨਾ ਹੋਈ ਬੰਦੀ, ਬੰਦੀਖ਼ਾਨਿਆਂ ਵਿਚੋਂ ਲੇਖਾ ਦੇਣਾ ਮੁਕਾਈਆ । ਮੇਰਾ ਲਹਿਣਾ ਦੇਣਾ ਯਕ ਸ਼ੰਬੀ, ਮਿਹਰਵਾਨ ਮਹਿਬੂਬ ਤੇਰੇ ਅਗੇ ਰਖਾਈਆ । ਉਥੇ ਹਿੰਦਸਾ ਲਿਖਣਾ ਦੋ ਪੰਜ ਤੇ ਪੰਝੀ, ਜਿਸ ਦਾ ਭੇਵ ਈਸਾ ਗਿਆ ਸਮਝਾਈਆ । ਮੈਂ ਖੜੀ ਹੋਵਾਂ ਇਕ ਟੰਗੀ, ਬਿਨ ਹੱਥਾਂ ਹੱਥ ਉਠਾਈਆ । ਰਹਿਮਤ ਦੀ ਦਾਤ ਮੇਰੇ ਮਹਿਬੂਬ ਵੰਡੀ, ਬਖ਼ਸ਼ਿਸ਼ ਮੇਰੀ ਝੋਲੀ ਪਾਈਆ । ਉਥੇ ਨਾਨਕ ਦਾ ਪਿਆਰਾ ਇਕ ਭੁਜੰਗੀ, ਬਾਲੀ ਬੁਧ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਦੀ ਚੌਧਵੀਂ ਕਹੇ ਮੈਂ ਆਵਾਂ ਪੈਰ ਦੱਬੀ, ਆਹਟ ਸੁਣਨ ਕੋਇ ਨਾ ਪਾਈਆ । ਮੈਂ ਵੇਖਾਂ ਜਲਵਾਗਰ ਨੂਰ ਅਲਾਹੀ ਰੱਬੀ, ਸ਼ਾਹ ਸੁਲਤਾਨਾ ਇਕੋ ਸੋਭਾ ਪਾਈਆ । ਜੋ ਲੱਖ ਚੁਰਾਸੀ ਜੀਵ ਜੰਤ ਦਾ ਤਬੀ, ਤਬੀਅਤ ਵੇਖੇ ਖ਼ਲਕ ਖ਼ੁਦਾਈਆ । ਜਿਸ ਨੂੰ ਝੁਕਣੇ ਪੈਗ਼ੰਬਰ ਨਬੀ, ਰਸੂਲ ਕਦਮ ਬੋਸੀ ਵਿਚ ਸੀਸ ਨਿਵਾਈਆ । ਉਸ ਦੀ ਜੋਤ ਨਿਰਾਲੀ ਹੋਣੀ ਜਗੀ, ਜੋਤੀ ਜਾਤਾ ਡਗਮਗਾਈਆ । ਉਥੇ ਗੁਰਮੁਖਾਂ ਨੇ ਪਾਣੀ ਲਗਾਉਣਾ ਮੁਖ ਲਬੀਂ, ਅੰਦਰ ਘੁਟ ਨਾ ਕੋਇ ਲੰਘਾਈਆ । ਸਵਾ ਪਹਿਰ ਸਭਾ ਰਹਿਣੀ ਸਜੀ, ਧੁਰ ਦਾ ਕਲਮਾ ਦਏ ਵਡਿਆਈਆ । ਪਿਛਲੀ ਰੀਤੀ ਸਭ ਨੇ ਜਾਣਾ ਛਡੀ, ਛੁਟਣੀ ਕੂੜ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਹੋਵਾਂ ਝਟ ਅਧੀਨਾ, ਸਜਦੇ ਵਿਚ ਸੀਸ ਨਿਵਾਈਆ । ਉਥੇ ਲੇਖਾ ਲਿਖਣਾ ਇਕ ਮੱਕਾ ਇਕ ਮਦੀਨਾ, ਮੁੱਦਬਰਾਂ ਦੇਣਾ ਦ੍ਰਿੜਾਈਆ । ਮੁੱਲਾ ਸ਼ੇਖ਼ ਮੁਸਾਇਕਾਂ ਤੱਕਣਾ ਸੀਨਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੀਰ ਅਣਿਆਲਾ ਮਾਰਨਾ ਨਾਮ ਨਗੀਨਾ, ਦੋ ਜਹਾਨਾਂ ਪਾਰ ਕਰਾਈਆ । ਹਕ ਹਕੂਕ ਸਭ ਦਾ ਜਾਣਾ ਛੀਨਾ, ਸ਼ਾਇਦ ਮਿਹਰਵਾਨ ਮਿਲਣ ਕਿਸੇ ਨਾ ਪਾਈਆ । ਜਿਸ ਦੇ ਹੱਥ ਮਰਨਾ ਜੀਣਾ, ਉਹ ਮਰਦ ਮਰਦਾਨ ਆਪਣਾ ਹੁਕਮ ਵਰਤਾਈਆ । ਫੇਰ ਖੇਲ ਤੱਕਣਾ ਰੂਸਾ ਚੀਨਾ, ਚਾਰੋਂ ਕੁੰਟ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਜੋਤ ਪ੍ਰਬੀਨਾ, ਪਰਮ ਪੁਰਖ ਪਰਮਾਤਮ ਬੇਪ੍ਰਵਾਹੀਆ ।

## ੧ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਇਟਾਰਸੀ ਸੰਗਤ ਨਵਿਤ ਜਸਵੰਤ ਸਿੰਘ ਦੇ ਗ੍ਰਹਿ

ਸੰਮਤ ਸ਼ਹਿਨਸ਼ਾਹੀ ਅੱਠ ਕਹੇ ਮੇਰਾ ਆਇਆ ਪ੍ਰੇਮੀ ਸਾਵਣ, ਸਵਰੀਆ ਆਪਣਾ ਰੂਪ ਬਦਲਾਈਆ । ਪ੍ਰਭ ਦਾ ਭੇਵ ਖੁਲਾਏ ਕਿਰਪਾ ਨਿਧਾਨ ਬਾਵਨ, ਬਲਧਾਰੀ ਦਇਆ ਕਮਾਈਆ । ਪਰਦਾ ਰਹੇ ਨਾ ਰਮਈਆ ਰਾਮਨ, ਜੋਤੀ ਜੋਤ ਕਰੇ ਰੁਸ਼ਨਾਈਆ । ਲੇਖਾ ਵੇਖੇ ਘਨਈਆ ਸ਼ਾਮਨ, ਨੂਰ ਨੁਰਾਨਾ ਡਗਮਗਾਈਆ । ਪੈਗ਼ੰਬਰਾਂ ਪਕੜਨ ਵਾਲਾ ਦਾਮਨ, ਦਾਮਨਗੀਰ ਅਗੰਮ ਅਥਾਹੀਆ । ਗੁਰੂ ਗੁਰਦੇਵਾ ਬਣ ਕੇ ਜ਼ਾਮਨ, ਜ਼ਾਮਨੀ ਆਪਣੀ ਇਕ ਜਣਾਈਆ । ਲੇਖਾ ਪੂਰਾ ਕਰੇ ਗੌੜ ਬ੍ਰਹਿਮਣ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਦੋ ਜਹਾਨਾਂ ਕਰੇ ਚਾਨਣ, ਬ੍ਰਹਿਮੰਡ ਖੰਡ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਾਵਣ ਕਹੇ ਮੈਂ ਚੜ੍ਹਿਆ ਲੋਕਮਾਤ, ਮਾਤਰ ਭੂਮੀ ਖ਼ੁਸ਼ੀ ਮਨਾਈਆ । ਮੇਰੇ ਸਾਹਿਬ ਨੇ ਤੱਕਣੀ ਕਲਜੁਗ ਅੰਧੇਰੀ ਰਾਤ, ਬਿਨ ਨੈਣਾਂ ਨੈਣ ਉਠਾਈਆ । ਜ਼ਿਮੀਂ ਅਸਮਾਨਾਂ ਮਾਰਨੀ ਝਾਤ, ਝਾਕੀ ਆਪਣੀ ਇਕ ਦ੍ਰਿੜਾਈਆ । ਸਭ ਦਾ ਪੂਰਾ ਕਰਨਾ ਭਵਿਖਤ ਵਾਕ, ਵਾਕਿਆ ਵੇਖੇ ਥਾਉਂ ਥਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕਲਮ ਦਵਾਤ, ਕਾਗਦ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਾਵਣ ਕਹੇ ਮੇਰੀ ਆਈ ਅਗੰਮੀ ਰੁਤ, ਮਿਹਰਵਾਨ ਰੁਤੜੀ ਰਿਹਾ ਮਹਿਕਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਭਾਗ ਲਗਾਉਣਾ ਕਾਇਆ ਮਾਟੀ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਮੈਂ ਉਸ ਸਾਹਿਬ ਨੂੰ ਜਾਵਾਂ ਝੁਕ, ਨਿਵ ਨਿਵ ਲਾਗਾਂ ਪਾਈਆ । ਜਿਸ ਦੀ ਆਤਮ ਪਰਮਾਤਮ ਧੁਰ ਦੀ ਤੁਕ, ਤੁਖ਼ਮ ਤਾਸੀਰ ਦੀਨ ਦੁਨੀ ਦਏ ਬਦਲਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਸਾਰੇ ਰਹੇ ਪੁਛ, ਗਲ ਪੱਲੂ ਵਾਸਤਾ ਪਾਈਆ । ਸਾਡਾ ਪੈਂਡਾ ਰਿਹਾ ਮੁਕ, ਅਗੇ ਵਾਟ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਸਾਵਣ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਚੜ੍ਹਿਆ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਨਿਰਗੁਣ ਧਾਰ ਅੱਖਰ ਅਖਸ਼ਰ ਇਕੋ ਪੜ੍ਹਿਆ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਮੈਂ ਸਚ ਦੀ ਮੰਜ਼ਲ ਹਕੀਕੀ ਚੜ੍ਹਿਆ, ਚਾਰੋਂ ਕੁੰਟ ਖੋਜ ਖੁਜਾਈਆ । ਮੇਰਾ ਮਾਲਕ ਮੇਰਾ ਮਹਿਬੂਬ ਮੇਰਾ ਪਰਮਾਤਮ ਕਿਸੇ ਨਾ ਵਰਿਆ, ਨਾਰ ਦੁਹਾਗਣ ਦਿਸੇ ਜਗਤ ਲੋਕਾਈਆ । ਮੈਂ ਹੈਰਾਨੀ ਦੇ ਵਿਚ ਡਰਿਆ, ਭੈ ਵਿਚ ਭੱਜਾ ਵਾਹੋ ਦਾਹੀਆ । ਜਾਂ ਤੱਕਿਆ ਪੁਰਖ ਅਕਾਲ ਦੀ ਸਰਨ ਕੋਇ ਨਾ ਪਰਿਆ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਸਾਵਣ ਕਹੇ ਮੇਰਾ ਆਇਆ ਖ਼ੁਸ਼ੀਆਂ ਵਾਲਾ ਪ੍ਰਵਿਸ਼ਟਾ, ਪਰਮ ਪੁਰਖ ਦਿਤੀ ਵਡਿਆਈਆ । ਜਿਸ ਦਾ ਆਦਿ ਅੰਤ ਦਾ ਇਕੋ ਇਸ਼ਟਾ, ਇਸ਼ਟ ਦੇਵ ਨੂਰ ਨੁਰਾਨਾ ਇਕ ਅਖਵਾਈਆ । ਜੋ ਸਭ ਦੀ ਖੋਲਣਹਾਰਾ ਦ੍ਰਿਸ਼ਟਾ, ਦ੍ਰਿਸ਼ਟੀ ਦੀਨ ਦੁਨੀ ਵੇਖੇ ਚਾਈਂ ਚਾਈਂਆ । ਜਿਸ ਦਾ ਲਹਿਣਾ ਦੇਣਾ ਟਾਂਕ ਜਿਸਤਾ, ਨਿਰਗੁਣ ਸਰਗੁਣ ਵਜਦੀ ਰਹੇ ਵਧਾਈਆ । ਓਹ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰੇ ਨਿਸਚਾ, ਨਿਹਚਲ ਧਾਮ ਦਾ ਮਾਲਕ ਦਇਆ ਕਮਾਈਆ । ਜਿਸ ਦਾ ਲੇਖ ਸ਼ਬਦ ਸ਼ਬਦੀ ਧਾਰ ਲਿਖਦਾ, ਸ਼ਬਦੀ ਸ਼ਬਦ

ਸ਼ਬਦ ਕਰੇ ਸ਼ਨਵਾਈਆ । ਓਹ ਰੂਪ ਧਾਰ ਅਗੰਮੇ ਪਿਤ ਦਾ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਜੋ ਸਤਿਜੁਗ ਤਰੇਤਾ ਦੁਆਪਰ ਲਹਿਣਾ ਦੇਣਾ ਆਇਆ ਨਜਿੱਠਦਾ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਸਾਵਣ ਕਹੇ ਸਦੀ ਚੌਧਵੀਂ ਆਵੇ ਭੱਜੀ, ਭਜਨ ਬੰਦਗੀ ਵਾਲਿਆਂ ਰਹੀ ਜਣਾਈਆ । ਵੇਖੋ ਨੌਬਤ ਨੂਰ ਅਲਾਹੀ ਵੱਜੀ, ਜਿਸ ਦੀ ਵਜਹ ਸਮਝ ਕੋਇ ਨਾ ਪਾਈਆ । ਜਿਸ ਦੀ ਪ੍ਰੀਤ ਸਭ ਨਾਲ ਲੱਗੀ, ਲਗ ਮਾਤਰ ਦਾ ਡੇਰਾ ਢਾਹੀਆ । ਓਹ ਸਾਹਿਬ ਸੂਰਾ ਸਰਬਗੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੈਂ ਉਸ ਨੂੰ ਨੂਰ ਅਲਾਹੀ ਕਹਾਂ ਰੱਬੀ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਜਿਸ ਦੇ ਹੁਕਮ ਵਿਚ ਲੱਖ ਚੁਰਾਸੀ ਆਤਮ ਬੱਧੀ, ਬੰਦਨਾ ਵਿਚ ਦੀਨ ਦੁਨੀ ਸੀਸ ਨਿਵਾਈਆ । ਉਸ ਦੇ ਹੁਕਮ ਵਿਚ ਸੇਵਾ ਕਰੇ ਚੌਧਵੀਂ ਸਦੀ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਓਹ ਮਾਲਕ ਮਹਿਬੂਬ ਆਉਂਦਾ ਕਦੀ ਕਦੀ, ਕਦੀਮ ਦੇ ਵਿਛੜੇ ਮੇਲ ਮਿਲਾਈਆ । ਜਿਸ ਹਜ਼ਰਤ ਨੂਹ ਦੀ ਵੇਖਣੀ ਨੂਹ ਨਦੀ, ਹੂਬਹੂ ਆਪਣਾ ਫੇਰਾ ਪਾਈਆ । ਮੈਂ ਉਸ ਨੂੰ ਸੀਸ ਨਿਵਾਵਾਂ ਯਦੀ, ਯਦਪ ਆਪਣਾ ਮਾਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਸੁਣ ਸਾਵਣ ਮੇਰੇ ਮੀਤ, ਮਿਤਰਾ ਦਿਆਂ ਜਣਾਈਆ । ਸਚ ਦੱਸ ਪ੍ਰਭੂ ਦੀ ਰੀਤ, ਕੀ ਕਰਨੀ ਕਾਰ ਕਮਾਈਆ । ਮੈਂ ਨਿਮਾਣੀ ਨਾਚੀਜ਼, ਹਉਮੇ ਹੰਗਤਾ ਨਾ ਕੋਇ ਰਖਾਈਆ । ਮੈਂ ਮੰਦਰ ਜਾਵਾਂ ਕਿ ਮਸੀਤ, ਕਵਣ ਦਵਾਰਾ ਤੱਕਾਂ ਚਾਈਂ ਚਾਈਂਆ । ਕਦਮ ਰਖਾਂ ਕਿਸ ਅੰਦਰ ਦਹਿਲੀਜ਼, ਸਚ ਦੇਣਾ ਸਮਝਾਈਆ । ਸਾਵਣ ਹੱਸ ਕੇ ਕਹੇ ਕਮਲੀਏ ਮੈਂ ਇਕ ਮਾਲਕ ਦਾ ਅਜ਼ੀਜ਼, ਜੁਗ ਚੌਕੜੀ ਸੇਵ ਕਮਾਈਆ । ਜਿਸ ਨੇ ਪੈਗੰਬਰਾਂ ਦਿਤੀ ਤਮੀਜ਼, ਤਹਿਜ਼ੀਬ ਦਿਤੀ ਸਮਝਾਈਆ । ਓਹ ਅੰਤਮ ਸਭ ਦੀ ਪੂਰੀ ਕਰੇ ਰੀਝ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਤੇਰੀ ਆਸਾ ਮੇਰੀ ਮਨਸਾ ਦੋਹਾਂ ਦੀ ਇਕ ਉਮੀਦ, ਆਮਦ ਵਿਚ ਸੀਸ ਨਿਵਾਈਆ । ਆਹ ਤਕ ਰਾਮ ਨੇ ਸੀਤਾ ਨੂੰ ਕੀਤੀ ਤਾਕੀਦ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਰਾਧਾ ਨੂੰ ਕ੍ਰਿਸ਼ਨ ਕਿਹਾ ਸੀ ਠੀਕ, ਠਾਕਰ ਵੇਖ ਬੇਪ੍ਰਵਾਹੀਆ । ਵੇਦ ਵਿਆਸ ਲਿਖੀ ਤਾਰੀਖ, ਤਵਾਰੀਖ ਦਏ ਗਵਾਹੀਆ । ਜਿਸ ਤੋਂ ਹਜ਼ਰਤ ਮੂਸਾ ਈਸਾ ਮੰਗੀ ਭੀਖ, ਖ਼ਾਲੀ ਝੋਲੀ ਜਗਤ ਭਰਾਈਆ । ਹਜ਼ਰਤ ਦਾ ਕਲਮਾ ਮੁਹੰਮਦ ਅਹਿਮਦ ਦਾ ਕਲਮਾ ਕਰੇ ਤਸਦੀਕ, ਸ਼ਹਾਦਤ ਕਲਮੇ ਵਾਲੀ ਭੁਗਤਾਈਆ । ਨਾਨਕ ਨੇ ਦੱਸਿਆ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਅਗੰਮ ਅਥਾਹੀਆ । ਗੋਬਿੰਦ ਨੇ ਖੰਡੇ ਦੀ ਧਾਰ ਨਾਲ ਮਾਰੀ ਲੀਕ, ਲਾਈਨ ਐਨ ਦਿਤੀ ਬਣਾਈਆ । ਪੁਰਖ ਅਕਾਲ ਦਾ ਖੇਲ ਹੋਣਾ ਅਜੀਬ, ਅਜਬ ਨਿਰਾਲਾ ਆਪਣਾ ਹੁਕਮ ਵਰਤਾਈਆ । ਜੋ ਸਭ ਨੂੰ ਦੇਂਦਾ ਆਇਆ ਤਰਤੀਬ, ਤਰਾ ਤਰਾ ਨਾਲ ਸਮਝਾਈਆ । ਓਹ ਅੰਤਮ ਦਾ ਲੇਖਾ ਤੱਕੇ ਲਾ ਕੇ ਨੀਝ, ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਾਵਣ ਕਹੇ ਸਦੀ ਚੌਧਵੀਂ ਤੱਕ ਅਮਾਮ ਅਗੰਮੀ, ਗ਼ਮਖ਼ਾਰ ਬੇਪ੍ਰਵਾਹੀਆ । ਜਿਸ ਦੀ ਧਾਰੋਂ ਕਮਲੀਏ ਜੰਮੀ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਤੈਨੂੰ ਚਲਾਏ ਬਿਨਾ ਸਾਸ ਦਮੀ, ਸਵਾਸਾਂ ਦੀ ਲੋੜ ਨਾ ਕੋਇ ਰਖਾਈਆ । ਸੁਣੀਂ ਸੰਦੇਸ਼ਾ ਬਿਨਾ ਕੰਨੀ, ਕੀ ਫ਼ਰਮਾਨਾ ਅਗੰਮ ਅਥਾਹੀਆ । ਜੋ ਸਭ ਦੀ ਬੇਨੰਤੀ


੬੩
੨੩

ਰਿਹਾ ਮੰਨੀ, ਮਨਸਾ ਸਭ ਦੀ ਪੂਰ ਕਰਾਈਆ । ਜੋ ਨੂਰ ਨੁਰਾਨਾ ਨਿਰਗੁਣ ਧਾਰ ਚੰਨ ਚੰਨੀ, ਚੰਦ ਚਾਂਦਨਾ ਇਕ ਅਖਵਾਈਆ । ਉਹ ਨਿਰਗੁਣ ਨੂਰ ਜੋਤ ਜਗਾਏ ਆਪਣੀ ਸ਼ਮੀ, ਬਿਨਾ ਸ਼ਮਾਦਾਨਾਂ ਕਰੇ ਰੁਸ਼ਨਾਈਆ । ਝਗੜਾ ਮੇਟੇ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਸਾਵਣ ਕੀ ਮੈਂ ਉਸ ਦੀ ਕਰਾਂ ਆਰਤੀ, ਘਿਰਤ ਦੀਪਕ ਨਾਲ ਰੁਸ਼ਨਾਈਆ । ਕਿ ਕਲਮਾ ਪੜ੍ਹਾਂ ਫ਼ਾਰਸੀ, ਸਿਫ਼ਤ ਸਿਫ਼ਤਾਂ ਨਾਲ ਵਡਿਆਈਆ । ਕੀ ਮਹਿੰਮਾ ਦੱਸਾਂ ਅਗੰਮੇ ਯਾਰ ਦੀ , ਪਰਦਾ ਪਰਦਿਆਂ ਵਿਚੋਂ ਚੁਕਾਈਆ । ਕੀ ਸੂਰਤ ਦੱਸਾਂ ਪੁਰਖ ਨਾਰ ਦੀ, ਨਰ ਨਰਾਇਣ ਕੀ ਵਡਿਆਈਆ । ਕੀ ਰੁਤ ਦੱਸਾਂ ਸਚ ਬਹਾਰ ਦੀ, ਬਸੰਤ ਨਿਉਂ ਨਿਉਂ ਲਾਗੇ ਪਾਈਆ । ਕੀ ਸ਼ਕਲ ਦੱਸਾਂ ਦਿਲਬਰ ਦਿਲਦਾਰ ਦੀ, ਹਕੀਕਤ ਹਕ ਵਿਚੋਂ ਦ੍ਰਿੜਾਈਆ । ਕੀ ਮਹਿੰਮਾ ਕਰਾਂ ਬੇਸ਼ੁਮਾਰ ਦੀ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਕਰਾਈਆ । ਸਾਵਣ ਕਹੇ ਮੈਂ ਦੱਸਾਂ ਇਕ ਸਲਾਹ, ਸਹਿਜ ਨਾਲ ਸੁਣਾਈਆ । ਉਠ ਵੇਖ ਬੇਪ੍ਰਵਾਹ, ਜੋ ਬੇਪ੍ਰਵਾਹੀ ਵਿਚ ਸਮਾਈਆ । ਜੋ ਸਭ ਦੇ ਬਖ਼ਸ਼ਣਹਾਰ ਗੁਨਾਹ, ਬੇਐਬ ਨੂਰ ਅਲਾਹੀਆ । ਉਸ ਦੀ ਚਲੀਏ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਜਿਸ ਨੇ ਸਦੀ ਚੌਧਵੀਂ ਤੇਰੇ ਅੰਤ ਵਿਚ ਸਭ ਨੂੰ ਦੇਣੀ ਸਜ਼ਾ, ਸਜ਼ਾ ਯਾਫ਼ਤਾ ਦਿਸੇ ਲੋਕਾਈਆ । ਉਠ ਵੇਖ ਨੌ ਦੇਸ਼ਾਂ ਦੇ ਸਿਰ ਤੇ ਕੂਕਦੀ ਕਜ਼ਾ, ਕਜ਼ਾਕ ਕਲਜੁਗ ਭੱਜੇ ਵਾਹੋ ਦਾਹੀਆ । ਜਿਥੇ ਮਿਤਰ ਮਿਤਰਾਂ ਨਾਲ ਕਰਨਾ ਦਗ਼ਾ, ਸੱਜਣ ਨਜ਼ਰ ਕੋਇ ਨਾ ਆਈਆ । ਉਸ ਦੀ ਤਸਵਰ ਕਰਾਉਣੀ
੬੪ ਜਗਹ, ਹੁਕਮ ਧੁਰ ਦਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ੬੪
੨੩ ੨੩
ਆਪ ਰੰਗਾਈਆ । ਸਦੀ ਚੌਧਵੀਂ ਕਹੇ ਸੁਣ ਸਾਵਣ ਪਿਆਰੇ ਸੱਜਣਾ, ਸਹਿਜ ਨਾਲ ਸੁਣਾਈਆ । ਤੇਰੇ ਮਾਲਕ ਦਾ ਡੌਰੂ ਕਿਥੇ ਵੱਜਣਾ, ਕਵਣ ਡੰਕਾ ਕਰੇ ਸ਼ਨਵਾਈਆ । ਜਿਸ ਲੇਖਾ ਵੇਖਣਾ ਆਅਲਾ ਅਦਨਾ, ਸ਼ਾਹ ਫ਼ਕੀਰਾਂ ਖੋਜ ਖੁਜਾਈਆ । ਉਹ ਨੂਰ ਅਲਾਹੀ ਮੂਰਤ ਗੋਪਾਲ ਮਦਨਾ, ਮਧੁ ਸੂਦਨ ਇਕ ਅਖਵਾਈਆ । ਜਿਸ ਨੂੰ ਸਾਰੇ ਕਰਦੇ ਬੰਦਨਾ, ਬੰਦਗੀ ਵਾਲੇ ਬੰਦੇ ਸਾਰੇ ਸੀਸ ਨਿਵਾਈਆ । ਸਾਚਾ ਦੀਪਕ ਕਵਣ ਕੂਟੇ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਿਸ ਮਹੂਰਤ ਵਿਚ ਉਸ ਦੀ ਸੂਰਤ ਦਾ ਹੋਵੇ ਸਗਨਾ, ਸਗਲ ਸ੍ਰਿਸ਼ਟੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਾਵਣ ਕਹੇ ਉਹ ਸਾਹਿਬ ਮੇਰਾ ਭਗਵੰਤ, ਭਗਵਨ ਬੇਪ੍ਰਵਾਹੀਆ । ਜਿਸ ਦਾ ਇਕੋ ਨਾਮ ਇਕੋ ਮੰਤ, ਮੰਤਵ ਇਕੋ ਇਕ ਦ੍ਰਿੜਾਈਆ । ਇਕੋ ਮਾਲਕ ਖ਼ਾਲਕ ਖ਼ਾਵੰਦ ਇਕੋ ਕੰਤ, ਕੰਤ ਕੰਤੂਹਲ ਇਕ ਅਖਵਾਈਆ । ਜਿਸ ਨੂੰ ਕੋਟਨ ਕੋਟ ਲੱਭਦੇ ਸੰਤ, ਖੋਜਿਆਂ ਹੱਥ ਕਿਸੇ ਨਾ ਆਈਆ । ਉਹ ਬੋਧ ਅਗਾਧਾ ਬਣ ਕੇ ਪੰਡਤ, ਦੀਨ ਦੁਨੀ ਦਏ ਪੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਨਵ ਖੰਡ ਪ੍ਰਿਥਮੀ ਬਣਾ ਕੇ ਇਕ ਸੰਗਤ, ਨਾਤਾ ਜੋੜੇ ਥਾਉਂ ਥਾਈਆ । ਝਗੜਾ ਮੇਟੇ ਜੇਰਜ ਅੰਡਜ, ਉਤਭੁਜ ਸੇਤਜ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਸਾਵਣ ਕਹੇ ਮੈਂ ਖੋਲ ਕੇ ਵੇਖਾਂ ਆਪਣੀ ਗੰਢਾ, ਨੌ ਸੌ ਚੁਰਾਨਵੇਂ ਚੌਕੜੀ ਜੁਗ

ਪੂਰਬ ਧਿਆਨ ਲਗਾਈਆ । ਜਿਸ ਦਾ ਭੇਵ ਪਾਏ ਕੋਈ ਨਾ ਪੰਡਾ, ਚਾਰ ਜੁਗ ਦੇ ਸ਼ਾਸਤਰ ਪਰਦਾ ਨਾ ਕੋਇ ਉਠਾਈਆ । ਜਿਸ ਨੇ ਭਗਤਾਂ ਸੀਨਾ ਕਰਨਾ ਠੰਡਾ, ਅਗਨੀ ਤਤ ਦੇਣਾ ਬੁਝਾਈਆ । ਆਤਮ ਪਰਮਾਤਮ ਦੇਣਾ ਇਕ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਨਿਰਗੁਣ ਨੂਰ ਜੋਤ ਚਾੜ੍ਹ ਕੇ ਚੰਦਾ, ਅੰਧ ਅੰਧੇਰ ਦਏ ਗਵਾਈਆ । ਸ਼ਬਦ ਧੁਨ ਨਾਦ ਸੁਣਾਏ ਅਚੰਭਾ, ਸਰਵਣ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਕਲਜੁਗ ਵੇਲਾ ਜਾਂਦਾ ਲੰਘਾ, ਸਦੀ ਚੌਧਵੀਂ ਸੀਸ ਨਿਵਾਈਆ । ਓਹ ਸਭ ਦਾ ਵੇਖਣਹਾਰਾ ਅੰਤਮ ਕੰਢਾ, ਕੰਢੀ ਬੈਠਾ ਧੁਰ ਦਾ ਮਾਹੀਆ । ਜਿਸ ਜਗਤ ਜਹਾਨ ਪਾਈਆਂ ਵੰਡਾਂ, ਅੰਤਮ ਲਹਿਣਾ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ ਧੁਰ ਦਾ ਖੇਲ ਆਪ ਖਿਲਾਈਆ । ਸਾਵਣ ਕਹੇ ਆਹ ਉਹ ਨਾਰਦ ਕਿਧਰੋਂ ਆਉਂਦਾ, ਮੇਰਾ ਦਿਵਸ ਦਏ ਗਵਾਹੀਆ । ਜਿਹੜਾ ਬਿਨਾ ਰਸਨਾ ਤੋਂ ਗਾਉਂਦਾ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਆਪਣੀ ਬੋਦੀ ਫਿਰੇ ਹਿਲਾਉਂਦਾ, ਸਾਰੀ ਸ੍ਰਿਸ਼ਟੀ ਰਿਹਾ ਸੁਣਾਈਆ । ਮੇਰਾ ਮਾਲਕ ਕਦੇ ਬਣਾਉਂਦਾ ਕਦੇ ਢਾਉਂਦਾ, ਘੜਨ ਭੰਨਣਹਾਰ ਇਕ ਅਖਵਾਈਆ । ਕਦੇ ਉਜਾੜੇ ਕਦੇ ਵਸਾਉਂਦਾ, ਜੁਗ ਜੁਗ ਰੀਤੀ ਚਲੀ ਆਈਆ । ਕਦੇ ਕਲਮੇ ਨਾਮ ਪੜ੍ਹਾਉਂਦਾ, ਕਦੇ ਫ਼ਾਤਿਆ ਵਿਚ ਸਭ ਦੀ ਕਰੇ ਸਫ਼ਾਈਆ । ਮੈਂ ਧੁਰ ਦਾ ਹੁਕਮ ਇਕ ਸੁਣਾਉਂਦਾ, ਸੁਣਨਾ ਖ਼ਲਕ ਖ਼ੁਦਾਈਆ । ਗੌੜ ਬ੍ਰਾਹਮਣ ਵੇਸ ਵਟਾਉਂਦਾ, ਨਿਹਕਲੰਕ ਕਰੇ ਰੁਸ਼ਨਾਈਆ । ਅਮਾਮ ਅਮਾਮਾ ਫੇਰਾ ਪਾਉਂਦਾ, ਜਿਸ ਨੂੰ ਬਾਬਾ ਆਦਮ ਹੱਵਾ ਗਏ ਗਾਈਆ । ਕਲ ਕਲਕੀ ਰੰਗ ਰੰਗਾਉਂਦਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਸੰਬਲ ਆਪਣਾ ਧਾਮ ਸੁਹਾਉਂਦਾ, ਸਾਢੇ ਤਿੰਨ ਹੱਥ ਵੱਜੇ ਵਧਾਈਆ ।

੬੫
੨੩

ਜੋਤੀ ਨੂਰ ਨੂਰ ਚਮਕਾਉਂਦਾ, ਨਿਰਗੁਣ ਧਾਰ ਕਰੇ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਸਮਝਾਉਂਦਾ, ਬੁੱਧੀ ਤੋਂ ਪਾਰ ਕਰੇ ਪੜ੍ਹਾਈਆ । ਹਰਿਜਨ ਸਾਚੇ ਮੇਲ ਮਿਲਾਉਂਦਾ, ਜਨ ਭਗਤਾਂ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਫਿਰੇ ਭਰਮਾਉਂਦਾ, ਭਰਮ ਭਰਮਾਂ ਨਾਲ ਕਰੇ ਕੁੜਮਾਈਆ । ਆਪਣਾ ਭੇਵ ਅਭੇਦ ਛੁਪਾਉਂਦਾ, ਸਮਝ ਵਿਚ ਕਿਸੇ ਨਾ ਆਈਆ । ਨਾਰਦ ਕਹੇ ਮੈਂ ਦੱਸਾਂ ਖੇਲ ਅਪਾਰਾ, ਅਪਰੰਪਰ ਇਕ ਜਣਾਈਆ । ਜਿਸ ਨੂੰ ਕਹਿੰਦੇ ਚਵ੍ਹੀਆਂ ਅਵਤਾਰਾ, ਨਰ ਨਰਾਇਣ ਨੂਰ ਅਲਾਹੀਆ । ਓਹ ਬਹਿ ਕੇ ਧਾਮ ਨਿਆਰਾ, ਨਿਰਗੁਣ ਆਪਣੀ ਕਲ ਵਰਤਾਈਆ । ਖੇਲ ਕਰੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਰਖਾਈਆ । ਮੇਲ ਮਿਲਾਏ ਤੇਈ ਅਵਤਾਰਾ, ਨਰ ਨਰਾਇਣ ਜੋੜ ਜੁੜਾਈਆ । ਈਸਾ ਮੂਸਾ ਮੁਹੰਮਦ ਦਏ ਨਜ਼ਾਰਾ, ਨਜ਼ਰੀਆ ਸਭ ਦਾ ਦਏ ਬਦਲਾਈਆ । ਨਾਨਕ ਗੋਬਿੰਦ ਦਿਸੇ ਜ਼ਾਹਿਰਾ, ਜ਼ਾਹਿਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੇ ਨੌਵਾਂ ਦੇਸਾਂ ਦਾ ਨੌ ਸੌ ਨੜਿਨਵੇਂ ਕੋਸ ਦਾ ਰਖਣਾ ਦਾਇਰਾ, ਚਾਰੋਂ ਕੁੰਟ ਵੰਡ ਵੰਡਾਈਆ । ਕੁਛ ਲੇਖਾ ਪੂਰਾ ਕਰਨਾ ਵਿਚ ਕਾਹਿਰਾ, ਕਾਲਮ ਕਲਮ ਨਾਲ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਨਾਰਦ ਕਹੇ ਮੈਨੂੰ ਸਮਝਿਓ ਨਾ ਜਗਤ ਸ਼ਰਾਰਤੀ, ਸ਼ਰਅ ਵਾਲਿਆਂ ਦਿਆਂ ਜਣਾਈਆ । ਆਪਣਾ ਲੇਖ ਵੇਖੋ ਇਬਾਰਤੀ, ਜੋ ਅੱਖਰਾਂ ਨਾਲ ਅੱਖਰ ਮਿਲਾਈਆ । ਮੇਰੀ ਗੱਲ ਨਹੀਂ ਤਕਰਾਰ ਦੀ, ਧੁਰ ਦਾ ਹੁਕਮ ਹੁਕਮ ਦ੍ਰਿੜਾਈਆ । ਤੁਹਾਡੀ ਪ੍ਰੀਤੀ ਰਹੀ ਨਹੀਂ ਸਾਂਝੇ ਯਾਰ ਦੀ, ਯਰਾਨੇ ਸਾਰੇ ਗਏ ਤੁੜਾਈਆ । ਹੁਣ ਵਡਿਆਈ ਰਹਿਣੀ ਨਹੀਂ ਕਿਸੇ ਅਵਤਾਰ ਪੈਗ਼ੰਬਰ ਗੁਰੂ ਮੁਖ਼ਤਿਆਰ ਦੀ, ਮੁਹਲਤ ਪੁੱਜੀ ਚਾਈਂ ਚਾਈਂਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ

ਕੂੜੀ ਕਿਰਿਆ ਲਲਕਾਰ ਦੀ, ਉਚੀ ਕੂਕ ਕੂਕ ਸੁਣਾਈਆ । ਤਾਕਤ ਰਹਿਣੀ ਨਹੀਂ ਕਿਸੇ ਤਲਵਾਰ ਦੀ, ਖੰਡਾ ਖੜਗ ਨਾ ਕੋਇ ਚਮਕਾਈਆ । ਕਲਜੁਗ ਭੱਠੀ ਤਪਣੀ ਇਕ ਅੰਗਿਆਰ ਦੀ, ਅਗਨੀ ਤਤ ਨਾ ਕੋਇ ਬੁਝਾਈਆ । ਖੇਲ ਵਰਤਣੀ ਇਕ ਸਿਕਦਾਰ ਦੀ, ਜੋ ਸਿੱਕਾ ਨਾਮ ਕਲਮਾ ਦਏ ਬਦਲਾਈਆ । ਔਧ ਮੁਕਣੀ ਅੰਤਮ ਜੁਗ ਚਾਰ ਦੀ, ਚਾਰ ਯਾਰੀ ਦਏ ਗਵਾਹੀਆ । ਵਡਿਆਈ ਰਹਿਣੀ ਨਹੀਂ ਕਿਸੇ ਗ਼ਦਾਰ ਦੀ, ਗਦਾਗਰ ਹੋਏ ਲੋਕਾਈਆ । ਸ਼ਾਨ ਸ਼ੌਕਤ ਦਿਸੇ ਨਾ ਕਿਸੇ ਬਜ਼ਾਰ ਦੀ, ਹਟਵਾਣੇ ਰੋਵਣ ਮਾਰਨ ਧਾਹੀਆ । ਨਾਰਦ ਕਹੇ ਚਾਰੋਂ ਕੁੰਟ ਧਰਨੀ ਧਰਤ ਧਵਲ ਧੌਲ ਦਰਗਾਹ ਸਾਚੀ ਰੋ ਰੋ ਪੁਕਾਰ ਦੀ, ਬਿਨ ਨੈਣਾਂ ਨੀਰ ਵਹਾਈਆ । ਦਰੋਹੀ ਤੇਰੀ ਇਸਤਗੁਫ਼ਾਰ ਦੀ, ਤੇਰਾ ਨਾਮ ਦੁਹਾਈਆ । ਜਨ ਭਗਤਾਂ ਸਿਕ ਤੇਰੇ ਦੀਦਾਰ ਦੀ, ਦਰਸ ਦੇਣਾ ਚਾਈਂ ਚਾਈਆ । ਨਾਰਦ ਕਹੇ ਜਨ ਭਗਤੋ ਕੁਛ ਖ਼ਬਰ ਦੱਸਾਂ ਸਮੁੰਦ ਸਾਗਰ ਪਾਰ ਦੀ, ਥਲਾਂ ਦਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਾਵਣ ਕਹੇ ਸੁਣ ਸੰਮਤ ਅੱਠ, ਅੱਠਾਂ ਤਤਾਂ ਤੋਂ ਬਾਹਰ ਦਿਆਂ ਜਣਾਈਆ । ਤੂੰ ਖ਼ੁਸ਼ੀਆਂ ਵਿਚ ਨੱਠ, ਭੱਜ ਵਾਹੋ ਦਾਹੀਆ । ਮੇਰਾ ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਵੇਖ ਹੱਠ, ਹਠੀਲਾ ਹੋ ਕੇ ਦਿਆਂ ਸੁਣਾਈਆ । ਤਰੇਤੇ ਜੁਗ ਦੀ ਖੋਲ ਕੇ ਵੇਖ ਗੱਠ, ਪਰਦਾ ਪਰਦਿਆਂ ਵਿਚ ਉਠਾਈਆ । ਏਥੇ ਰਾਮ ਰਿਹਾ ਸੀ ਦਿਨ ਸੱਤ, ਸਤਿ ਸਤਿ ਦੀ ਖੇਲ ਖਿਲਾਈਆ । ਜਿਥੇ ਹਰਿ ਸੰਗਤ ਦਾ ਹੋਇਆ ਇਕੱਠ, ਪਹਿਲੀ ਸਾਵਣ ਵੱਜੀ ਵਧਾਈਆ । ਸਤਿਜੁਗ ਭਗਤ ਦਵਾਰੇ ਦੀ ਭਗਤ ਏਥੇ ਕਰਨਗੇ ਚੱਠ, ਚਾਰ ਜੁਗ ਦਾ ਲੇਖਾ ਨਾਲ ਬਣਾਈਆ । ਰੈਣ ਬਸੇਰਾ ਉਥੇ ਲੈਣਾ ਕਟ, ਜਿਥੇ ਤਿੰਨੇ ਭੱਜੇ ਵਾਹੋ ਦਾਹੀਆ । ਜਿਸ ਨੇ ਸ਼ਰਅ ਦੀ ਮੇਟਣੀ ਵੱਟ, ਝਗੜਾ ਕੂੜ ਦੇਣਾ ਮਿਟਾਈਆ । ਓਹ ਵਸਣਹਾਰਾ ਘਟ ਘਟ, ਹਰ ਘਟ ਦਾ ਮਾਲਕ ਨੂਰ ਅਲਾਹੀਆ । ਜਿਸ ਜਗਤ ਦਵੈਤ ਦਾ ਮੇਲਣਾ ਫਟ, ਪੱਟੀ ਧੁਰ ਦੀ ਧਰਮ ਧਾਰ ਬੰਧਾਈਆ । ਜਨ ਭਗਤਾਂ ਪਿਛਲਾ ਵਿਛੋੜਾ ਜਾਵੇ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਹਰਿ ਸੰਗਤ ਸੰਗਤ ਹਰਿ ਇਟਾਰਸੀ ਖੇੜਾ ਕਦੇ ਨਾ ਹੋਵੇ ਭਠ, ਭਠਿਆਲਾ ਕਲਜੁਗ ਸੀਸ ਨਿਵਾਈਆ । ਜਿਸ ਦੀ ਸਿਫ਼ਤ ਸਲਾਹ ਵਡਿਆਈ ਗਾਉਂਦੇ ਸ਼ਬਦੀ ਧਾਰ ਭੱਟ, ਅੱਖਰ ਅੱਖਰਾਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦੀ ਸਾਂਝੀ ਕਰੇ ਮਤ, ਜਗਤ ਮਤਾਂਤਰ ਦਾ ਡੇਰਾ ਢਾਹੀਆ ।

✪ ੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਟੋਪਨ ਰਾਮ ਦੇ ਗ੍ਰਹਿ ✪

ਹੱਸ ਕੇ ਕਹਿਣ ਸਪਤਸ ਅਤਰੀ ਰਿਖੀ, ਖ਼ੁਸ਼ੀ ਨਾਲ ਜਣਾਈਆ । ਭਾਰਦਵਾਜ ਵੇਖ ਅਗੰਮੀ ਸਤਰ ਲਿਖੀ, ਜੋ ਸਤਹ ਬੁਲੰਦੀ ਉਤੇ ਨਜ਼ਰ ਕਿਸੇ ਨਾ ਆਈਆ । ਜਿਸ ਦੀ ਬਿਨਾ ਅੰਕੜਿਆਂ ਤੋਂ ਸੁਹਾਉਣੀ ਮਿਤੀ, ਮਿਤਰ ਪਿਆਰਾ ਰਿਹਾ ਜਣਾਈਆ । ਪ੍ਰਵਿਸ਼ਟਾ ਦੋ ਸਾਵਣ ਦੀ ਥਿਤੀ, ਦਿਵਸ ਵਾਰ ਦਏ ਗਵਾਹੀਆ । ਜਿਸ ਦੀ ਧਾਰ ਤਰੇਤਾ ਦੁਆਪਰ ਕਲਜੁਗ ਕਿਸੇ ਨਾ ਦਿਸੀ, ਦਹਿ ਦਿਸ਼ਾ ਅੱਖ ਨਾ ਕੋਇ ਖੁਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਾਵਣ ਕਹੇ ਸਪਤਸ ਰਿਖ ਕਰਨ ਇਸ਼ਾਰੇ, ਆਸ਼ਾਵਾਦੀ ਖ਼ੁਸ਼ੀ ਬਣਾਈਆ । ਲੇਖਾ ਤੱਕ ਜਮਨ ਕਿਨਾਰੇ, ਜਲ ਥਲ ਵੱਜੇ ਵਧਾਈਆ । ਜਿਸ ਦੀ ਖੇਲ ਵਿਚ ਸੰਸਾਰੇ, ਸੋ ਸਵਾਮੀ ਆਪਣੀ ਕਲ ਵਰਤਾਈਆ । ਨਿਗਾਹ ਮਾਰੀਏ ਜੁਗ ਚੌਕੜੀ ਖੇਲ ਨਿਆਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਜੋ ਹਰ ਘਟ ਵਸਿਆ ਲੇਖਾ ਜਾਣੇ ਗੁਪਤ ਜ਼ਾਹਰੇ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਉਹ ਆਪਣੀ ਕਲ ਅਕਲ ਕਲ ਧਾਰੇ, ਧਾਰ ਕਲਕੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਪਤਸ ਰਿਖ ਕਹਿਣ ਵੇਖ ਧਾਰ ਧਾਰ ਜਮਨਾ, ਸੁਰਸਤੀ ਸੰਗ ਨਾ ਕੋਇ ਰਖਾਈਆ । ਤੇਰੀ ਲਹਿਰ ਲਹਿਰ ਦਾ ਚਮਨਾ, ਚੰਮ ਦ੍ਰਿਸ਼ਟੀ ਜਗਤ ਬਦਲਾਈਆ । ਸਾਚਾ ਵਕਤ ਹੋਏ ਸੁਹੰਜਣਾ, ਸੋਹਣੀ ਰੁਤ ਸੁਹਾਈਆ । ਜਿਸ ਦੇ ਕੰਢੇ ਚਰਨ ਛੁਹਾਉਣਾ ਦੁਸ਼ਟ ਦਮਨਾ, ਦੁਸ਼ਟ ਦਮਨ ਵੰਡ ਵੰਡਾਈਆ । ਜਿਸ ਦਾ ਲੇਖਾ ਪੂਰਾ ਕਰਨਾ ਗੋਬਿੰਦ ਚੰਨਣਾ, ਚੰਨ ਚੰਨ ਨੂਰ ਅਲਾਹੀਆ । ਉਸ ਦਾ ਹੁਕਮ ਸਭ ਨੇ ਮੰਨਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਪਤਸ ਰਿਖੀ ਕਹਿਣ ਸਾਡੀ ਉਸ ਨੂੰ ਬੰਦਨਾ, ਬੰਦਗੀ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜਮਨਾ ਕਹੇ ਰਿਸ਼ੀ ਬੈਠੇ ਮੇਰੇ ਉਤੇ ਕੰਢੇ, ਘਾਟ ਮੇਰੀ ਖ਼ੁਸ਼ੀ ਮਨਾਈਆ । ਇਕ ਦੂਜੇ ਨੂੰ ਰੇਤ ਦੇ ਦਾਣੇ ਰਹੇ ਵੰਡੇ, ਬਿਨ ਮੁੱਠੀ ਹੱਥ ਵੰਡਾਈਆ । ਕਦੇ ਹੱਥ ਮਾਰਨ ਵਿਚ ਮੇਰੇ ਪਾਣੀ ਠੰਡੇ, ਉਂਗਲਾਂ ਚਾਰ ਕੁੰਟ ਭਵਾਈਆ । ਕਦੀ ਹੱਸ ਕੇ ਕਹਿਣ ਕੋਟਨ ਜੁਗ ਚੌਕੜੀ ਲੰਘੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਕਦੇ ਖ਼ੁਸ਼ੀਆਂ ਵਿਚ ਸਾਚੀ ਮੰਗਣ ਰਹੇ ਮੰਗੇ, ਪ੍ਰਭ ਅਗੇ ਝੋਲੀ ਡਾਹੀਆ । ਕਦੇ ਚੜ੍ਹ ਕੇ ਧਰਮ ਧਾਰ ਦੇ ਡੰਡੇ, ਡੰਡਾਵਤ ਵਿਚ ਸੀਸ ਨਿਵਾਈਆ । ਕਦੇ ਖ਼ੁਸ਼ੀਆਂ ਵਿਚ ਪ੍ਰੇਮ ਪ੍ਰੀਤੀ ਰੰਗ ਰੰਗੇ, ਰੰਗਤ ਵੇਖੀ ਬੇਪ੍ਰਵਾਹੀਆ । ਕਦੇ ਨਿਗਾਹ ਮਾਰਨ ਕਲਜੁਗ ਧਾਰ ਤੱਕਣ ਬੰਦੇ, ਬੰਦਗੀ ਵਾਲਾ ਨਜ਼ਰ ਕੋਇ ਨਾ ਆਈਆ । ਪਰਮਾਤਮ ਪਿਆਰ ਬਿਨਾ ਆਤਮ ਦਿਸੇ ਰੰਡੇ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਦਿਸੇ ਕਰੀਰ ਜੰਡੇ, ਪਾਥਰ ਪਾਹਨ ਲਾਗਣ ਪਾਈਆ । ਚੁਰਾਸੀ ਵਾਲੇ ਸਫ਼ਰ ਮੁਕਣ ਨਾ ਲੰਬੇ, ਲੰਮਹ ਲੰਮਹ ਸਮਝ ਕਿਸੇ ਨਾ ਆਈਆ । ਫੇਰ ਇਕ ਦੂਜੇ ਦੇ ਹਿਲਾਵਣ ਕੰਧੇ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਨਿਗਾਹ ਮਾਰੇ ਕੀ ਕਲਜੁਗ ਦੇ ਕੂੜੀ ਧਾਰ ਵਿਚ ਧੰਦੇ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਕੀ ਖੇਲ ਹੋਵੇ ਵਿਚ ਵਰਭੰਡੇ, ਬ੍ਰਹਿਮੰਡ ਕੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਪਤਸ ਰਿਖੀਆਂ ਝਟ ਨਿਗਾਹ ਮਾਰੀ ਕੁੰਟ ਹੇਮ, ਪਰਬਤ ਚੋਟੀ ਧਿਆਨ ਲਗਾਈਆ । ਕੀ ਓਥੇ ਹੋਵੇ ਨੇਮ, ਕਵਣ ਧਾਰ ਵੱਜੇ ਵਧਾਈਆ । ਇਕ ਦੂਜੇ ਨੂੰ ਲੱਗੇ ਕਹਿਣ, ਕਹਿ ਕਹਿ ਰਹੇ ਸੁਣਾਈਆ । ਉਸ ਦਾ ਲੇਖਾ ਬਾਲਮੀਕ ਨੇ ਲਿਖਿਆ ਵਿਚ ਰਮਾਇਣ, ਰਾਮ ਰਾਮਾ ਦਏ ਗਵਾਹੀਆ । ਜੋ ਸ਼ਹਿਨਸ਼ਾਹ ਤਰਫ਼ੈਣ, ਤਰਫ਼ਦਾਰੀ ਵਿਚ ਕਦੇ ਨਾ ਆਈਆ । ਜਿਸ ਨੇ ਅਠਾਰਾਂ ਧਿਆਏ ਬਣਾਏ ਸਾਕ ਸੈਣ, ਸੱਜਣ ਅੱਖਰ ਅੱਖਰ ਵਖਾਈਆ । ਅਲਿਫ਼ ਯੇ ਗਾਏ ਗਾਇਣ, ਗਾ ਗਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੯੭
੨੩

ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਜਮਨਾ ਕਹੇ ਮੇਰੇ ਕੰਢੇ ਆਇਆ ਪਵਣ ਦਾ ਝਕੋਲਾ, ਰੇਤ ਬਾਲੂ ਦਿਤੀ ਉਡਾਈਆ । ਉਸ ਵੇਲੇ ਸਪਤਸ ਰਿਖੀ ਬੋਲ ਇਕੋ ਬੋਲਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਨਾਲੇ ਧੁਰ ਆਵਾਜ਼ ਆਈ ਉਹ ਵੇਖੋ ਮੇਰਾ ਸੰਬਲ ਵਾਲਾ ਚੋਲਾ, ਜਿਸ ਚੋਲੀ ਚੋਲੇ ਨੂੰ ਸਕੇ ਨਾ ਕੋਇ ਸਮਝਾਈਆ । ਜਿਥੇ ਬ੍ਰਹਿਮੰਡ ਖੰਡ ਦਾ ਹੱਟ ਖੋਲਾ, ਵਣਜਾਰੇ ਭੱਜਣ ਵਾਹੋ ਦਾਹੀਆ । ਮੌਲਾ ਧਾਰ ਹੋ ਕੇ ਮੌਲਾ, ਮੌਲਵੀ ਮੁੱਲਾ ਸ਼ੇਖ਼ ਮੁਸਾਇਕ ਸਮਝ ਕੋਇ ਨਾ ਪਾਈਆ । ਤੁਹਾਡੇ ਨਾਲ ਵਾਅਦਾ ਪੂਰਾ ਕਰਾਂ ਕੌਲਾ, ਇਕਰਾਰ ਪੂਰਾ ਦਿਆਂ ਕਰਾਈਆ । ਪ੍ਰਭ ਹੋ ਕੇ ਉਪਰ ਧਰਨੀ ਧਰਤ ਧਵਲ ਧੌਲਾ, ਧਰਮ ਦੀ ਧਾਰ ਇਕ ਵਖਾਈਆ । ਲੱਖ ਚੁਰਾਸੀ ਦੀਨ ਦੁਨੀ ਦਾ ਵੇਖਾਂ ਰੌਲਾ, ਹੌਲੀ ਹੌਲੀ ਆਪਣਾ ਪਰਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਪਤਸ ਰਿਖ ਕਹਿਣ ਸਾਡੇ ਅੰਤਰ ਵੱਜਾ ਨਾਦ, ਧੁਨ ਹੋਈ ਸ਼ਨਵਾਈਆ । ਅਸਾਂ ਤੱਕਿਆ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਈਆ । ਨੂਰ ਤੱਕਿਆ ਆਦੀ ਆਦਿ ਜੁਗਾਦਿ, ਜੁਗ ਚੌਕੜੀ ਦਾ ਮਾਲਕ ਬੇਪ੍ਰਵਾਹੀਆ । ਜਿਸ ਨੂੰ ਸਾਰੇ ਰਹੇ ਅਰਾਧ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਆਪ ਕਰੇ ਇਮਦਾਦ, ਦੂਸਰ ਲੋੜ ਨਾ ਕੋਇ ਰਖਾਈਆ । ਪ੍ਰਗਟ ਹੋ ਕੇ ਏਕੰਕਾਰਾ ਇਕ ਇਕੱਲਾ ਵਾਹਿਦ, ਵਾਅਦੇ ਸਭ ਦੇ ਪੂਰ ਕਰਾਈਆ । ਖੇਲ ਖੇਲੇ ਇਕ ਤੋਂ ਦੋ ਦੋ ਇਕ ਤੋਂ ਬਾਦ, ਸਰਗੁਣ ਨਿਰਗੁਣ ਰੂਪ ਵਟਾਈਆ । ਜਿਸ ਨੇ ਸਭ ਦੀ ਲੇਖੇ ਰਖਣੀ ਯਾਦ, ਯਾਦਦਾਸ਼ਤ ਭੁਲ ਕਦੇ ਨਾ ਜਾਈਆ । ਜਨ ਭਗਤਾਂ ਖੇੜਾ ਕਰੇ ਆਬਾਦ, ਗ੍ਰਿਹ ਮੰਦਰ ਇਕ ਸੁਹਾਈਆ । ਪੰਜ ਤਤ ਦੀ ਦੇ ਕੇ ਦਾਦ, ਸਿਰ ਆਪਣਾ ਹੱਥ ਰਖਾਈਆ । ਜਗਤ ਜਹਾਨ ਰਖੇ ਲਾਜ, ਲਾਜਾਵੰਤ ਵੇਖ ਵਖਾਈਆ । ਸ਼ਬਦ ਅਗੰਮੀ ਮਾਰ ਆਵਾਜ਼, ਸੋਈ ਸੁਰਤ ਸ਼ਬਦ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਪਤਸ ਰਿਖ ਕਹਿਣ ਸੁਹੰਜਣਾ ਵੇਖਿਆ ਸਚ ਕਿਨਾਰਾ, ਕਿਨਾਰੇ ਬੈਠੇ ਧਿਆਨ ਲਗਾਈਆ । ਸ਼ਬਦੀ ਸ਼ਬਦ ਦਾ ਦਿਤਾ ਇਸ਼ਾਰਾ, ਐਸ਼ੋ ਇਸ਼ਰਤ ਤੋਂ ਬਾਹਰ ਸੁਣਾਈਆ । ਓਹ ਤੱਕੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਚਵ੍ਹੀਆਂ ਅਵਤਾਰਾ, ਜਿਸ ਨੂੰ ਚੌਬੀਸਾ ਜਗਦੀਸਾ ਕਹੇ ਲੋਕਾਈਆ । ਓਹ ਆਵੇ ਆਪਣੀ ਵਿਚੋਂ ਧਾਰਾ, ਧਰਨੀ ਧਰਤ ਧਵਲ ਕਰੇ ਰੁਸ਼ਨਾਈਆ । ਉਸ ਦਾ ਖੇਲ ਹੋਣਾ ਦੁਬਾਰਾ, ਦੋਹਰੀ ਆਪਣੀ ਕਲ ਪ੍ਰਗਟਾਈਆ । ਭਗਤ ਸੁਹੇਲਾ ਮੀਤ ਬਣ ਮੁਰਾਰਾ, ਮਿਹਰਵਾਨ ਆਪਣਾ ਰੰਗ ਰੰਗਾਈਆ । ਜਨ ਭਗਤਾਂ ਲੱਜਿਆ ਰੱਖੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਗੁਰਮੁਖਾਂ ਪਾਵੇ ਸਾਰਾ, ਮਹਾਸਾਰਥੀ ਹੋ ਕੇ ਭੱਜੇ ਵਾਹੋ ਦਾਹੀਆ । ਨਿਮਾਣਿਆਂ ਬਣੇ ਆਪ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਪਤਸ ਰਿਖ ਕਹਿਣ ਪ੍ਰਭੂ ਦਾ ਖੇਲ ਸਦਾ ਬੇਅੰਤ, ਬੇਅੰਤ ਬੇਪਰਵਾਹੀਆ । ਜਿਸ ਦੀ ਮਹਿੰਮਾ ਕਰਦੇ ਸਾਧ ਸੰਤ, ਜੀਵ ਜੰਤ ਰਹੇ ਜਸ ਗਾਈਆ । ਉਸ ਦੀ ਮਹਿੰਮਾ ਸਦਾ ਅਣਗਣਤ, ਅਲਖ ਅਗੋਚਰ ਵਡ ਵਡਿਆਈਆ । ਜਿਸ ਨੇ ਨਾਮ ਜਣਾਇਆ ਆਪਣਾ ਮੰਤ, ਤੂੰ ਮੇਰਾ ਮੈਂ ਤੇਰਾ ਦਿਤਾ ਦ੍ਰਿੜਾਈਆ । ਓਹ ਤੱਕ ਸੰਦੇਸਾ ਦਿਤਾ ਸਿੰਘ ਜਸਵੰਤ, ਜਿਸਮ ਜਮੀਰ ਤੋਂ ਬਾਹਰ ਦ੍ਰਿੜਾਈਆ । ਜਗਤ ਦੀ ਧਾਰ ਵਿਛੋੜਾ ਹੋਣ ਵਾਲਾ ਨਾਰ ਕੰਤ, ਟੋਪਨ ਪਰੇਮ

ਨਾਤਾ ਰਹੇ ਨਾ ਰਾਈਆ । ਭਗਤਾਂ ਦੀ ਧਾਰ ਵਿਚ ਸ੍ਰੀ ਭਗਵਾਨ ਕੀਤੀ ਮਿੰਨਤ, ਜਨ ਭਗਤੇ ਆਪਣਾ ਆਪ ਲਓ ਬਚਾਈਆ । ਦੋ ਚਾਰ ਅੱਖਰ ਲਿਖੋ ਨਾਲ ਹਿੰਮਤ, ਹੌਸਲਾ ਹਿਰਸ ਵਾਲਾ ਰਖਾਈਆ । ਅਗੇ ਚੌਵ੍ਹੀ ਸਾਲ ਰਹੇ ਨਾ ਕੋਈ ਕਰਨੀ ਚਿੰਤ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੀ ਮੇਟੇ ਚਿੰਤ, ਕਰਮ ਕਰਮ ਦਾ ਲੇਖਾ ਪੂਰ ਕਰਾਈਆ ।

### ✪ ੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਜੋਗਿੰਦਰ ਸਿੰਘ ਦੇ ਗ੍ਰਹਿ ✪

ਸਦੀ ਚੌਧਵੀਂ ਕਹੇ ਮੈਂ ਸੁਣਿਆ ਹਕ ਹੋਕਾ, ਹੁਕਮ ਦਿਤਾ ਧੁਰਦਰਗਾਹੀਆ । ਤੇਰੇ ਅੰਤ ਅਖ਼ੀਰ ਅਗੰਮੀ ਮੌਕਾ, ਵੇਲਾ ਗਿਆ ਹੱਥ ਨਾ ਆਈਆ । ਮੁਹੰਮਦ ਦੀ ਧਾਰ ਤੱਕ ਲੈ ਚੌਦਾਂ ਤਬਕ ਚੌਦਾਂ ਲੋਕਾ, ਲੋਕ ਪਰਲੋਕ ਨੈਣ ਉਠਾਈਆ । ਦੀਨ ਦੁਨੀ ਜਗਤ ਧਾਰ ਵੇਖ ਲੈ ਧੋਖਾ, ਸਤਿ ਸਚ ਨਾ ਕੋਇ ਵਡਿਆਈਆ । ਤੇਰਾ ਵਕਤ ਬੀਤ ਗਿਆ ਚੋਖਾ, ਅਗਲਾ ਪੰਧ ਲੈਣਾ ਮੁਕਾਈਆ । ਦਰਗਾਹ ਸਾਚੀ ਬਿਨਾ ਅੱਖਾਂ ਤੋਂ ਵੇਖ ਲੈ ਪੋਥਾ, ਜਿਸ ਵਿਚ ਅਲਿਫ਼ ਯੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਅਗੰਮ ਤਰਾਨਾ, ਤੁਰੀਆ ਤੋਂ ਬਾਹਰ ਜਣਾਈਆ । ਕੀ ਹੁਕਮ ਦੇਵੇ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਭੁਗਤਾਈਆ । ਨਵ ਸੱਤ ਮਾਰੇ ਧਿਆਨਾ, ਨਵ ਨੌ ਚਾਰ ਖੋਜ ਖੁਜਾਈਆ । ਜਗਤ ਤਤ ਵੇਖੇ ਨਿਸ਼ਾਨਾ, ਬੇਨਿਸ਼ਾਂ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਫ਼ਰਮਾਨ ਏਕ, ਫੁਰਨਿਆਂ ਤੋਂ ਬਾਹਰ ਜਣਾਈਆ । ਜਿਸ ਤੇ ਸਭ ਨੇ ਰਖਣੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋ ਆਦਿ ਜੁਗਾਦਿ ਵੇਸ ਕਰੇ ਅਨੇਕ, ਅਕਲ ਕਲਧਾਰੀ ਬੇਪਰਵਾਹੀਆ । ਉਹ ਜੋਤੀ ਜਾਤਾ ਬਦਲ ਕੇ ਭੇਖ, ਸ਼ਬਦੀ ਸ਼ਬਦ ਰੂਪ ਵਟਾਈਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਮੁੱਲਾ ਸ਼ੇਖ਼, ਮੁਸਾਇਕਾਂ ਪੈਗ਼ੰਬਰ ਚਾਰ ਯਾਰੀ ਨਾਲ ਮਿਲਾਈਆ । ਬੇਪਰਵਾਹ ਹੋ ਕੇ ਖੋਲਣਾ ਆਪਣਾ ਭੇਤ, ਭੇਵ ਦਏ ਸਮਝਾਈਆ । ਜਿਸ ਕਾਰਨ ਸਤਿਗੁਰ ਅਰਜਨ ਸੀਸ ਪਵਾਈ ਰੇਤ, ਰਾਵੀ ਕੰਢਾ ਲੇਖਾ ਲੇਖੇ ਲਾਈਆ । ਗੋਬਿੰਦ ਗੋਬਿੰਦ ਨਾਲ ਕਰੇ ਹੇਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਸੋ ਮਾਲਕ ਵਸਣਹਾਰਾ ਸਚਖੰਡ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਦੋ ਜਹਾਨਾਂ ਬਣ ਨਰੇਸ਼, ਨਰ ਨਰਾਇਣ ਆਪਣਾ ਹੁਕਮ ਵਰਤਾਈਆ । ਜਿਸ ਦੇ ਅਗੇ ਕਿਸੇ ਦੀ ਚਲੇ ਕੋਇ ਨਾ ਪੇਸ਼, ਪੇਸ਼ਤਰ ਪੇਸ਼ੀਨਗੋਈਆਂ ਸਾਰੇ ਗਏ ਸੁਣਾਈਆ । ਸੋ ਸਾਹਿਬ ਸਵਾਮੀ ਰਹਿਣ ਵਾਲਾ ਹਮੇਸ਼, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਅੰਤਮ ਦੀਨ ਦੁਨੀ ਦੀ ਬਦਲ ਦੇਵੇ ਰੇਖ, ਰਿਸ਼ੀ ਮੁਨੀ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਸੁਣੀ ਘਨਘੋਰ, ਘੋਰੀ ਹੋ ਕੇ ਦਿਤੀ ਜਣਾਈਆ । ਮੇਰਾ ਖੇਲ ਅਵਰ ਕਾ ਔਰ, ਭੇਵ ਸਮਝੇ ਕੋਇ ਨਾ ਰਾਈਆ ।

ਲੱਖ ਚੁਰਾਸੀ ਆਪਣੇ ਹੱਥ ਵਿਚ ਫੜਨੀ ਡੋਰ, ਡੋਰੀ ਸ਼ਬਦ ਨਾਮ ਬੰਧਾਈਆ । ਜਿਸ ਦੀ ਸਭ ਨੇ ਰਖੀ ਲੋੜ, ਲੁੜੀਂਦਾ ਸੱਜਣ ਹੋ ਕੇ ਲਏ ਅੰਗੜਾਈਆ ਅੰਤਮ ਧਰਨੀ ਧਰਤ ਧਵਲ ਉਤੇ ਜਾਏ ਬਹੁੜ, ਬਹੁੜੀ ਬਹੁੜੀ ਮੇਰੀ ਦੁਹਾਈਆ । ਜਿਸ ਦਾ ਸ਼ਾਹ ਸ਼ਹਾਨਾ ਅਸਵ ਰਿਹਾ ਦੌੜ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਨਬੀ ਰਸੂਲਾਂ ਮਾਰਨਾ ਪਹਿਲਾ ਪੌੜ, ਪੌੜੀ ਡੰਡੇ ਵੇਖੇ ਥਾਉਂ ਥਾਈਂਆ । ਕਲਜੁਗ ਜੀਵ ਵੇਖੇ ਮਿੱਠੇ ਕੌੜ, ਅੰਤਰ ਨਿਰੰਤਰ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਹੁਕਮ ਅਲਾਹ, ਆਲਮੀਨ ਦਿਆਂ ਜਣਾਈਆ । ਮੈਂ ਮਾਲਕ ਖ਼ਾਲਕ ਪ੍ਰਿਤਪਾਲਕ ਬੇਪ੍ਰਵਾਹ, ਬੇਐਬ ਨੂਰ ਖ਼ੁਦਾਈਆ । ਅਵਤਾਰ ਪੈਗ਼ੰਬਰ ਗੁਰ ਮੇਰਾ ਤੱਕਦੇ ਰਾਹ, ਬਿਨ ਨੈਣਾਂ ਨੈਣ ਉਠਾਈਆ । ਮੈਂ ਧੁਰ ਦਾ ਰਾਮ ਨੂਰ ਅਲਾਹੀ ਇਕ ਖ਼ੁਦਾ, ਕਾਹਨ ਕਾਹਨਾ ਨਜ਼ਰੀ ਆਈਆ । ਜਿਹੜੀ ਦੀਨ ਦੁਨੀ ਇਕ ਦੂਜੇ ਨਾਲੋਂ ਕੀਤੀ ਜੁਦਾ, ਜੁਜ਼ ਮਜ਼੍ਹਬਾਂ ਵਾਲੇ ਵੰਡ ਵੰਡਾਈਆ । ਸਭ ਦਾ ਲੇਖਾ ਮੰਗਾਂ ਆ, ਦੋ ਜਹਾਨਾਂ ਫੋਲ ਫੁਲਾਈਆ । ਰਾਏ ਧਰਮ ਚਿਤ੍ਰਗੁਪਤ ਨੈਣ ਰਹੇ ਸ਼ਰਮਾ, ਸਿਰ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਹਿਬ ਸਚ ਵਡਿਆਈਆ । ਸਦੀ ਚੌਧਵੀਂ ਕਹੇ ਮੇਰਾ ਸੀਸ ਗਿਆ ਝੁਕ, ਬਿਨ ਸੀਸ ਸੀਸ ਨਿਵਾਈਆ । ਫੇਰ ਸੁਣੀ ਅਗੰਮੀ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਪਿਛਲਾ ਪੈਂਡਾ ਜਾਣਾ ਮੁਕ, ਅਗੇ ਪੰਧ ਨਾ ਕੋਇ ਭਵਾਈਆ । ਆਪਣਾ ਲਹਿਣਾ ਦੇਣਾ ਆਪੇ ਚੁੱਕ, ਭਾਰ ਆਪਣੇ ਕੰਧ ਉਠਾਈਆ । ਜਿਸ ਦੀਆਂ ਸੁੱਖਣਾਂ ਰਹੇ ਸੁੱਖ, ਖ਼ੁਸ਼ੀਆਂ ਪੰਧ ਮੁਕਾਈਆ । ਉਸ ਦਾ ਵੇਲਾ ਗਿਆ ਪੁਜ, ਵਕਤ ਸੁਹੰਜਣਾ ਨਾਲ ਮਿਲਾਈਆ । ਆਪਣਾ ਭੇਵ ਖੁਲਾਏ ਗੁਝ, ਪਰਦਾ ਓਹਲਾ ਰਹੇ ਨਾ ਰਾਈਆ । ਤੇਰੀ ਸਾਰ ਲਏ ਛੇਤੀ ਸੁਧ, ਵਧੀ ਸੁਧੀ ਵੰਡ ਨਾ ਕੋਇ ਵੰਡਾਈਆ । ਜਗਤ ਸਮਝੇ ਕੋਇ ਨਾ ਅਕਲ ਬੁਧ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜਿਸ ਨੇ ਲੇਖਾ ਮੁਕਾਉਣਾ ਕਲਜੁਗ, ਜੁਗ ਚੌਕੜੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਸਚ ਸੰਦੇਸ਼ ਸੁਣਾਵਾਂਗੀ । ਜੋ ਆਦਿ ਜੁਗਾਦਿ ਰਹੇ ਹਮੇਸ਼, ਤਿਸ ਪਰਦਾ ਅੰਤ ਉਠਾਵਾਂਗੀ । ਓਹ ਮਾਲਕ ਖ਼ਾਲਕ ਇਕ ਨਰੇਸ਼, ਨਰ ਨਰਾਇਣ ਸਮਝਾਵਾਂਗੀ । ਜਿਸ ਦਾ ਲਹਿਣਾ ਨਾਲ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਡੰਕ ਵਜਾਵਾਂਗੀ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼, ਸ਼ੇਸ਼ ਸਹੰਸਰ ਮੁਖ ਅਲਾਵਾਂਗੀ । ਉਹ ਵਸਿਆ ਸੰਬਲ ਦੇਸ, ਸਾਢੇ ਤਿੰਨ ਹੱਥ ਦ੍ਰਿੜਾਵਾਂਗੀ । ਜਿਸ ਦਾ ਖੇਲ ਹੋਣਾ ਪ੍ਰਦੇਸ, ਮੁਹੰਮਦ ਉਮਤ ਨਾਲ ਰਲਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਵਾਂਗੀ । ਸਦੀ ਚੌਧਵੀਂ ਕਹੇ ਮੈਂ ਮੰਗ ਅਗੰਮੀ ਮੰਗਾਂਗੀ । ਸਾਹਿਬ ਸਵਾਮੀ ਅੰਤਰਜਾਮੀ ਕੋਲੋਂ ਮੂਲ ਨਾ ਸੰਗਾਂਗੀ । ਲਾਲ ਗੁਲਾਲਾ ਰੂਪ ਅਗੰਮ ਅਗੰਮੜੇ ਰੰਗਾਂਗੀ । ਮੇਰਾ ਸਾਹਿਬ ਸ਼ਾਹੋ ਭੂਪ, ਸਚ ਦਵਾਰ ਉਸ ਦਾ ਲੰਘਾਂਗੀ । ਜਿਸ ਦਾ ਨਾ ਕੋਈ ਰੰਗ ਰੇਖ ਰੂਪ, ਘਰ ਸੁਹੰਜਣੇ ਉਸ ਦੇ ਵੰਞਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਆਪਣੀ ਆਸਾ ਇਕੋ ਟੰਗਾਂਗੀ । ਸਦੀ ਚੌਧਵੀਂ ਕਹੇ ਉਫ਼ ਆਹ ਆ ਗਿਆ

ਜਬਰਾਈਲ, ਕੀ ਜਾਬਰ ਹੁਕਮ ਸੁਣਾਈਆ । ਮੈਂ ਧੁਰ ਕਲਮਾ ਨਬੀ ਰਸੂਲਾਂ ਕੋਲੋਂ ਕਰਾਵਾਂ ਤਾਅਮੀਲ, ਬਚਿਆ ਨਜ਼ਰ ਕੋਇ ਨਾ ਆਈਆ । ਰਸੂਲਾਂ ਦੱਸਾਂ ਖੇਲ ਵੇਖੇ ਅਜ਼ੀਮ, ਕੀ ਆਜ਼ਮ ਰਿਹਾ ਕਰਾਈਆ । ਜਿਸ ਤੁਹਾਡੀ ਕੀਤੀ ਤਕਸੀਮ, ਵੰਡਨ ਵੰਡ ਵਖਾਈਆ । ਉਹ ਮਾਲਕ ਖ਼ਾਲਕ ਕਦੀਮ, ਕੁਦਰਤ ਦਾ ਕਾਦਰ ਨੂਰ ਅਲਾਹੀਆ । ਜਿਸ ਦੀ ਦੀਨ ਦੁਨੀ ਉਸੇ ਦੀ ਤਾਲੀਮ, ਤੁਲਬੇ ਪੈਗ਼ੰਬਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਜਬਰਾਈਲ ਕਹੇ ਹੁਕਮ ਅਲਾਹ ਵਲਜ਼ਲੀ ਜੂ ਨਜ਼ ਜ਼ਬਤੇ ਜਵਿਸ ਕੁਨਿਨਜ਼ਾ ਅਲਹਵਦ ਆਜ਼ਿਮ ਆਜ਼ੂਨੇ ਜ਼ਮਤਮੂਹ ਜ਼ੂਜ਼ੇ ਜ਼ਵਾ ਨੂਰੇ ਖ਼ੁਦਾ ਅੱਲਾ ਅਲਾਹ ਬੇਪ੍ਰਵਾਹ ਇਕ ਅਖਵਾਈਆ । ਮੁਹੰਮਦੇ ਨਕੁਸ ਕਲਮਾ ਜ਼ੀਗੇ ਲਜ਼ਹੂ ਵਜ਼ਹੀ ਜ਼ਕਵਿਲਵਾ ਜ਼ੀਨਾ ਜ਼ਕੂ ਨੂਰੇ ਤਲੂਅ ਸ਼ਮਅ ਨੂਰ ਨੂਰ ਰੁਸ਼ਨਾਈਆ । ਸਤਿਗੁਰ ਸ਼ਬਦ ਸ਼ਬਦ ਗੁਰੂ, ਗੁਰਦੇਵ ਇਕ ਅਖਵਾਈਆ । ਜਿਸ ਦਾ ਹੁਕਮ ਬਿਨਾ ਹਾਕਮਾਂ ਹੋਣਾ ਸ਼ੁਰੂ, ਬਿਨਾ ਸ਼ਰਅ ਤੋਂ ਸ਼ਰਅ ਪੜ੍ਹਾਈਆ । ਉਸ ਦਾ ਲਹਿਣਾ ਦੇਣਾ ਲੇਖਾ ਜਗਤ ਜਹਾਨ ਕੋਲੋਂ ਕਦੇ ਨਾ ਮੁੜ੍ਹ, ਦੇਵਣਹਾਰ ਨਾ ਕੋਇ ਅਖਵਾਈਆ । ਸਦੀ ਚੌਧਵੀਂ ਅੰਤ ਕੂੜ ਕੁੜਿਆਰਿਆਂ ਬੇੜਾ ਸ਼ੌਹ ਦਰਿਆ ਰੁੜ੍ਹ, ਨਬੀ ਨੂਹ ਦੂਰ ਬੈਠਾ ਸੀਸ ਨਿਵਾਈਆ । ਸਚਖੰਡ ਸਚ ਦਵਾਰੇ ਬਿਨਾ ਭਗਤਾਂ ਤੋਂ ਪਰਮ ਪੁਰਖ ਦੀ ਲੱਭਣੀ ਨਹੀਂ ਕਿਸੇ ਨੂੰ ਜੂਹ, ਬੇਵਤਨਾਂ ਵਤਨ ਨਾ ਕੋਇ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜਿਸ ਦਾ ਕਲਮਾ ਸਤਿਗੁਰ ਸ਼ਬਦ ਸ਼ਬਦ ਧਾਰ ਫੁਰੂ, ਮਨ ਮਨਸਾ ਫੁਰਨਾ ਨਜ਼ਰ ਕੋਇ ਨਾ ਆਈਆ ।



### ✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਚਮਨ ਲਾਲ ਦੇ ਗ੍ਰਿਹ ✪

ਧੁਰ ਕਲਮਾ ਕਹੇ ਐ ਮਾਲਕ ਕੁੱਲ, ਕਲ ਕਲਕੀ ਤੇਰੀ ਬੇਪ੍ਰਵਾਹੀਆ । ਤੇਰਾ ਹੁਕਮ ਨਾਮ ਅਨਮੁੱਲ, ਕਰਤੇ ਕੀਮਤ ਕੋਇ ਨਾ ਪਾਈਆ । ਤੂੰ ਆਦਿ ਜੁਗਾਦੀ ਸੁਲਹਕੁਲ, ਨਿਰਵੈਰ ਇਕ ਅਖਵਾਈਆ । ਜੁਗ ਚੌਕੜੀ ਕਦੇ ਨਾ ਜਾਏ ਭੁਲ, ਅਭੁਲ ਤੇਰੀ ਬੇਪ੍ਰਵਾਹੀਆ । ਤੇਰੇ ਤੋਲ ਸਕੇ ਕੋਇ ਨਾ ਤੁਲ, ਅਤੁਲ ਤੇਰੀ ਵਡ ਵਡਿਆਈਆ । ਜਗਤ ਜਹਾਨ ਬਿਨ ਤੇਰੇ ਰਿਹਾ ਰੁਲ, ਚਾਰ ਕੁੰਟ ਧੂੜੀ ਖ਼ਾਕ ਉਡਾਈਆ । ਅੰਮ੍ਰਿਤ ਰਸ ਸਭ ਦਾ ਗਿਆ ਡੁੱਲ੍ਹ, ਰਸਨਾ ਰਸ ਨਾ ਕੋਇ ਵਡਿਆਈਆ । ਜਗਤ ਵਿਕਾਰ ਅੰਧੇਰ ਰਿਹਾ ਝੁਲ, ਝਕੋਲਾ ਪਵਣ ਪਾਣੀ ਦੇਵੇ ਥਾਉਂ ਥਾਈਂਆ । ਸਤਿ ਦਾ ਬੂਟਾ ਗਿਆ ਹੁਲ, ਧੁਰ ਦਾ ਫੁੱਲ ਨਾ ਕੋਇ ਲਗਾਈਆ । ਤੇਰੀ ਪ੍ਰੀਤੀ ਵਿਚ ਜਾਏ ਕੋਇ ਨਾ ਘੁਲ, ਘੋਲੀ ਘੋਲ ਨਾ ਕੋਇ ਘੁਮਾਈਆ । ਚਾਰੋਂ ਕੁੰਟ ਸਭ ਦਾ ਦੀਵਾ ਹੋਣ ਵਾਲਾ ਗੁੱਲ, ਗੁਲਸ਼ਨ ਮਹਿਕ ਨਾ ਕੋਇ ਮਹਿਕਾਈਆ । ਬਿਨ ਤੇਰੀ ਕਿਰਪਾ ਸਚ ਦਵਾਰਾ ਸਕੇ ਕੋਈ ਨਾ ਖੁਲ, ਖ਼ਾਲਕ ਖ਼ਲਕ ਭੇਵ ਨਾ ਕੋਇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦ ਵਰ, ਦਰ ਤੇਰੇ ਆਸ ਰਖਾਈਆ । ਧੁਰ ਕਲਮਾ ਕਹੇ ਮੇਰੇ ਸਾਹਿਬ ਸਾਹਿਬ ਸੁਲਤਾਨਾ, ਸਤਿਗੁਰ ਗੁਰ ਗੁਰ ਤੈਨੂੰ ਸੀਸ ਨਿਵਾਈਆ । ਆਦਿ ਜੁਗਾਦਿ ਨਿਗਾਹਬਾਨਾ,

ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਅੰਤਮ ਵੇਖ ਮਾਰ ਧਿਆਨਾ, ਨਿਗਾਹ ਨਿਗਾਹ ਵਿਚੋਂ ਉਠਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨਾ, ਸ਼ਰੀਅਤ ਘਰ ਘਰ ਕਰੇ ਲੜਾਈਆ । ਆਪਣਾ ਵੇਖ ਜ਼ਿਮੀਂ ਅਸਮਾਨਾ, ਤਬਕ ਤਬਕਾਂ ਫੋਲ ਫੁਲਾਈਆ । ਤੇਰਾ ਤੇਰੇ ਨਾਲੋਂ ਹੋਇਆ ਬੇਗਾਨਾ, ਸਾਚਾ ਸੰਗ ਨਾ ਕੋਇ ਨਿਭਾਈਆ । ਬਿਨ ਤੇਰੇ ਸ਼ਬਦੀ ਧਾਰ ਤੋਂ ਸਚ ਰਿਹਾ ਨਾ ਕੋਇ ਤਰਾਨਾ, ਤੁਰੀਆ ਤੋਂ ਪਾਰ ਸਮਝ ਕਿਸੇ ਨਾ ਆਈਆ । ਵੇਖ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਲਏ ਅੰਗੜਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਹੁੰਦਿਆਂ ਬਦਲ ਗਿਆ ਜ਼ਮਾਨਾ, ਜ਼ਾਹਰ ਜ਼ਹੂਰ ਤੇਰਾ ਦਰਸ ਕੋਇ ਨਾ ਪਾਈਆ । ਨੇਤਰ ਰੋਵੇ ਤੇਰਾ ਆਸਮਾਨੀ ਸ਼ਾਮਿਆਨਾ, ਜਿਸ ਵਿਚ ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਤੇਰੀ ਯਾਦ ਵਿਚ ਆਪਣੀ ਫ਼ਰਿਆਦ ਵਿਚ ਗੁਰ ਅਵਤਾਰ ਪੈਗ਼ੰਬਰਾਂ ਤੇਰੇ ਹੁਕਮ ਦਾ ਦਿਤਾ ਬਿਆਨਾ, ਅੰਤ ਤੇਰੇ ਹੱਥ ਰਖਾਈਆ । ਉਠ ਵੇਖ ਮੇਰੇ ਸਾਹਿਬ ਸੁਲਤਾਨਾ, ਸ਼ਹਿਨਸ਼ਾਹ ਪਰਦਾ ਆਪ ਚੁਕਾਈਆ । ਤੂੰ ਮਰਦ ਮਰਦ ਮਰਦਾਨਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੇਰੀ ਕਿਰਪਾ ਨਾਲ ਮੈਂ ਹੋਵਾਂ ਲੋਕਮਾਤ ਪ੍ਰਧਾਨਾ, ਪ੍ਰਧਾਨਗੀ ਤੇਰੀ ਦਿਆਂ ਸਮਝਾਈਆ । ਨਵ ਖੰਡਾਂ ਦੱਸਾਂ ਕਲ ਕਲਕੀ ਪਹਰਿਆ ਜਾਮਾ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਦਾ ਡੰਕਾ ਨਾਮ ਦਮਾਮਾ, ਦਮਾਂ ਵਾਲਿਆਂ ਦਿਆਂ ਸੁਣਾਈਆ । ਜਿਸ ਝਗੜਾ ਮੇਟਣਾ ਤਮਾਮਾ, ਤਮਅ ਮਜ਼੍ਹਬ ਨਾ ਕੋਇ ਰਖਾਈਆ । ਸ਼ਰਅ ਜ਼ੰਜੀਰ ਦਾ ਰਹੇ ਨਾ ਕੋਇ ਗ਼ੁਲਾਮਾ, ਬੰਧਨ ਦੀਨ ਦੁਨੀ ਤੁੜਾਈਆ । ਮੇਰਾ ਮਹਿਬੂਬ ਮਾਲਕ ਖ਼ਾਲਕ ਤੇਰੇ ਕਦਮਾਂ ਵਿਚ ਮੇਰੀ ਸਲਾਮਾ, ਸਜਦਿਆਂ ਵਿਚ ਬਰਦਾ ਹੋ ਕੇ ਸੀਸ ਨਿਵਾਈਆ । ਲੇਖਾ ਪੂਰਾ ਕਰੀਂ ਜ਼ਰੂਰ ਵਿਚ ਕੁਰਾਸਾਨਾ, ਖੁਰਾਸਾਨਾ ਆਪਣਾ ਰੰਗ ਰੰਗਾਈਆ । ਇਹ ਲੇਖਾ ਬਿਨਾ

੭੨ ੨੩ ਲਿਖਤ ਤੋਂ ਪੁਰਾਨਾ, ਪੁਰਾਨ ਭਵਿਖਤ ਦਏ ਗਵਾਹੀਆ । ਮੇਰੀ ਇਕੋ ਆਸ਼ਾ ਇਕੋ ਚਾਹਨਾ, ਚਾਓ ਆਪਣਾ ਦਿਤਾ ਜਣਾਈਆ । ਜੋਤੀ ਜੋਤ ੭੨ ੨੩

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਜ਼ਿਮੀਂ ਅਸਮਾਨਾਂ, ਦੋ ਜਹਾਨਾਂ ਤੇਰਾ ਹੁਕਮ ਵਰਤੇ ਥਾਉਂ ਥਾਈਂਆ ।

## ✪ ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਕੌੜਾ ਮਲ ਤੇ ਸਦਣ ਮਲ ਦੇ ਗ੍ਰਿਹ ✪

ਕਲਮਾ ਕਹੇ ਪ੍ਰਭੂ ਤੂੰ ਆਦਿ ਅੰਤ ਏਕਾ, ਏਕੰਕਾਰ ਇਕ ਅਖਵਾਈਆ । ਕਲਜੁਗ ਅੰਤਮ ਸਭ ਦਾ ਪੂਰਾ ਕਰਾ ਦੇ ਠੇਕਾ, ਠੇਕੇਦਾਰੀ ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਆਤਮ ਧਾਰ ਤੇਰੀ ਹੋਵੇ ਟੇਕਾ, ਦੂਸਰ ਓਟ ਨਾ ਕੋਇ ਤਕਾਈਆ । ਮੈਂ ਇਕਲੌਤਾ ਤੇਰਾ ਹੋਵਾਂ ਬੇਟਾ, ਜਿਸ ਬੇਟੇ ਨੂੰ ਸ਼ਬਦ ਗੋਬਿੰਦ ਕਹੇ ਲੋਕਾਈਆ । ਤੇਰੀ ਆਦੀ ਸੇਜਾ ਉਤੇ ਹੋਵਾਂ ਲੇਟਾ, ਜੁਗਾਦੀ ਤੇਰੀ ਖ਼ੁਸ਼ੀ ਬਣਾਈਆ । ਤੂੰ ਮਾਲਕ ਲੋਕਮਾਤ ਮੈਨੂੰ ਮੁਨਤਖਿਬ ਕਰ ਲੈ ਆਪਣਾ ਨੇਤਾ, ਨਰ ਨਰਾਇਣ ਆਪਣੀ ਦਇਆ ਕਮਾਈਆ । ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਸਭ ਨੂੰ ਪਿਛਲਾ ਕਰਾਵਾਂ ਚੇਤਾ, ਪੂਰਬ ਦਾ ਪਰਦਾ ਆਪ ਉਠਾਈਆ । ਉਠੋ ਵੇਖੋ ਚਾਰੋਂ ਕੁੰਟ ਬਾਲੂ ਉਡਦੀ ਰੇਤਾ, ਅਗਨੀ ਤਤੀ ਤਤ ਤਪਾਈਆ । ਆਤਮ ਪਰਮਾਤਮ ਕਰੇ ਕੋਇ ਨਾ ਹੇਤਾ, ਹਿਤਕਾਰੀ ਰੂਪ ਨਾ ਕੋਇ ਵਟਾਈਆ । ਤੂੰ ਆਦਿ ਅੰਤ ਜਗਤ ਕਿਰਸਾਨਾ ਖੇਤਾ, ਬਾਡੀ ਤੇਰੀ ਬੇਪ੍ਰਵਾਹੀਆ । ਦੀਨ ਦੁਨੀ ਦੀ ਦਾਅਵੇ

ਨਾਲ ਬਦਲ ਦੇ ਰੇਖਾ, ਰੇਖਾ ਆਪਣੀ ਇਕ ਸਮਝਾਈਆ । ਤੇਰਾ ਮਨਜ਼ੂਰ ਹੋਵੇ ਮਹਿਬੂਬ ਸ਼ਬਦੀ ਧਾਰ ਭੇਖਾ, ਭੇਖ ਕੂੜਾ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧੁਰ ਕਲਮਾ ਕਹੇ ਮੇਰੇ ਮਾਲਕ ਮੇਰੀ ਮੰਨ, ਮਨਸਾ ਦਿਆਂ ਜਣਾਈਆ । ਤੇਰਾ ਇਕੋ ਚਮਕੇ ਨੂਰੀ ਚੰਨ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਜਗਤ ਵਿਕਾਰਾ ਕੂੜਾ ਰੇਠਾ ਦੇਣਾ ਭੰਨ, ਘੜਨ ਭੰਨਣਹਾਰ ਤੇਰੀ ਸ਼ਰਨਾਈਆ । ਭਾਗ ਲਗਾਉਣਾ ਭਗਤਾਂ ਤਨ, ਤਤਵ ਤਤ ਦੇਣੀ ਵਡਿਆਈਆ । ਪਿਆਰ ਮੁਹੱਬਤ ਵਿਚ ਬਣਾਉਣੇ ਜਨ, ਬਣਨਾ ਆਪ ਜਣੇਂਦੀ ਮਾਈਆ । ਵਸੇਰਾ ਵੇਖਣਾ ਛੱਪਰੀ ਛੰਨ, ਛਤਰਧਾਰੀ ਖੋਜ ਖੁਜਾਈਆ । ਘਰ ਭੰਡਾਰਾ ਦੇਣਾ ਜਲ ਅੰਨ, ਅਤੋਟ ਅਤੁਟ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਪੂਰਾ ਕਰਨਾ ਨਿਰਗੁਣ ਧਾਰ ਆਪਣੇ ਬ੍ਰਹਮ, ਪਾਰਬ੍ਰਹਮ ਆਪਣੀ ਦਇਆ ਕਮਾਈਆ ।

## ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਜਸਵੰਤ ਸਿੰਘ ਦੇ ਗ੍ਰਿਹ

ਨਾਰਦ ਕਹੇ ਪ੍ਰਭੂ ਮੈਨੂੰ ਮਾਰ ਧੱਫਾ, ਜ਼ੋਰ ਨਾਲ ਲਗਾਈਆ । ਜਿਸ ਨਾਲ ਮੈਨੂੰ ਨਜ਼ਰ ਆਏ ਤੇਰਾ ਰੂਪ ਪੱਪਾ, ਪੂਰਨ ਪਰਮੇਸ਼ਵਰ ਬੇਪ੍ਰਵਾਹੀਆ । ਪਰ ਯਾਦ ਕਰ ਮੈਂ ਤੈਨੂੰ ਸਪਤਸ ਰਿਖੀਆਂ ਦੀ ਇਕ ਸੁਣਾਉਣ ਲੱਗਾ ਗੱਪਾ, ਜਿਸ ਨੂੰ ਸ਼ਾਸਤਰ ਕਹਿ ਸਕਣ ਨਾ ਰਾਈਆ । ਜਿਸ ਦਾ ਇਕੋ ਮੂਲ ਤੇ ਇਕੋ ਟੱਪਾ, ਅੰਤ ਇਕੋ ਵੇਖ ਵਖਾਈਆ । ਉਨ੍ਹਾਂ ਖ਼ੁਸ਼ੀਆਂ ਵਿਚ ਬਚਨ ਕੀਤਾ ਸੱਚਾ, ਮਾਛੂਵਾੜੇ ਡੇਰਾ ਲਾਈਆ । ਨਾਲੇ ਖਿੱਚੀਆਂ ਆਪਣੀਆਂ ਲਿਟਾਂ, ਸਿਰੋਂ ਨੰਗੇ ਹੋ ਕੇ ਦਿਤੀ ਦੁਹਾਈਆ । ਮੈਂ ਉਸ ਵੇਲੇ ਨਿੱਕੀਆਂ ਵੱਡੀਆਂ ਲੈ ਕੇ ਇੱਟਾਂ, ਪਾਥਰ ਪਾਹਨ ਕੋਲ ਟਿਕਾਈਆ । ਜਿਸ ਉਤੇ ਉਨ੍ਹਾਂ ਤੇਰੇ ਧਰਮ ਦੀਆਂ ਲਿਖੀਆਂ ਚਿਟਾਂ, ਓਹ ਚਟਾਨਾਂ ਦੇਣ ਗਵਾਹੀਆ । ਜਿਸ ਦਾ ਸਮਝਿਆ ਕਿਸੇ ਨਾ ਸਿੱਟਾ, ਸਿਟੇਬਾਜ਼ੀ ਵਿਚ ਲੋਕਾਈਆ । ਪਹਿਲੇ ਉਤੇ ਲਿਖਿਆ ਸ਼ੇਰ ਸਿੰਘ ਦਾ ਨਿਸ਼ਾਨ ਹੋਵੇ ਉਤੇ ਖੱਬਾ ਗਿੱਟਾ, ਅੰਤ ਓਸੇ ਵਿਚ ਸਮਾਈਆ । ਫੇਰ ਸਭ ਨੇ ਇਕੱਠਾ ਬਣਾਇਆ ਇਕ ਚਿੱਠਾ, ਜਿਸ ਨੂੰ ਚਿੱਠੀ ਰਸੈਣ ਫੜਨ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਤਕਦਾ ਰਿਹਾ ਬਿਟ ਬਿਟਾ, ਨਿਗਾਹ ਜ਼ਿਮੀਂ ਅਸਮਾਨ ਉਠਾਈਆ । ਫੇਰ ਧਰਤੀ ਉਤੇ ਲਿਟਾ, ਲੰਮਾ ਪੈ ਕੇ ਵੇਖ ਵਖਾਈਆ । ਮੈਨੂੰ ਨਜ਼ਰ ਆਇਆ ਦੋ ਜਹਾਨ ਦਾ ਕਿੱਤਾ, ਜਿਥੇ ਕੇਤੇ ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਫੇਰ ਹੁਕਮ ਸੁਣਿਆ ਅਗੰਮੀ ਜੋ ਸੁਣਾਇਆ ਮੇਰੇ ਪਿਤਾ, ਪਤਿਪਰਮੇਸ਼ਵਰ ਦਿਤਾ ਦ੍ਰਿੜਾਈਆ । ਬਿਨਾ ਮੇਰੀ ਕਿਰਪਾ ਜੁਗ ਚੌਕੜੀ ਕਿਸੇ ਦੀ ਪੂਰੀ ਹੋਵੇ ਨਾ ਇਛਾ, ਇਛਿਆ ਵਿਚ ਸਾਰੇ ਜੁਗ ਜੁਗ ਸੀਸ ਨਿਵਾਈਆ । ਮੈਨੂੰ ਉਸ ਵੇਲੇ ਆ ਗਈ ਨਿੱਛਾ, ਛੀਂ ਛੀਂ ਕਰ ਕੇ ਦਿਤਾ ਸੁਣਾਈਆ । ਝਟ ਅਤਰੀ ਪੈ ਗਿਆ ਛਿੱਥਾ, ਨਿਗਾਹ ਮੇਰੇ ਵੱਲ ਉਠਾਈਆ । ਮੈਂ ਉਸੇ ਵੇਲੇ ਦੋਹੱਥੜ ਮਾਰ ਕੇ ਪਿੱਟਾ, ਬਹੁੜੀ ਬਹੁੜੀ ਕਰ ਸੁਣਾਈਆ । ਰਿਸ਼ੀ ਜੀ ਤੁਸਾਂ ਅਜੇ ਮਨ ਨਹੀਂ ਆਪਣਾ ਜਿੱਤਾ, ਕਿਉਂ ਭੱਜੇ ਵਾਹੋ ਦਾਹੀਆ । ਮੈਂ ਪ੍ਰਭੂ ਦਾ ਭਗਤ ਕਦੇ ਨਾ ਹੋਵਾਂ ਦੋ ਚਿੱਤਾ, ਜਗਤ ਰੀਤੀ ਨਾ ਕਦੇ ਅਪਣਾਈਆ । ਜੇ ਕੋਈ ਮੈਨੂੰ ਕਹੇ ਇਹ ਕਿਸੇ ਗੁਰੂ ਦਾ ਸਿੱਖਾ, ਮੈਂ ਸਿਰ ਫੇਰ ਕੇ

ਨਾ ਦਿਆਂ ਕਰਾਈਆ । ਆਹ ਤੱਕੋ ਕੀ ਲੇਖ ਮੇਰੀ ਉਤੇ ਹਿਕਾ, ਹਿਕਮਤ ਨਾਲ ਦਿਤੇ ਲਿਖਾਈਆ । ਯਾਦ ਰਖਿਓ ਕਲਜੁਗ ਅੰਤ ਇਕੋ ਮੇਰੇ ਸਾਹਿਬ ਦਾ ਚਲੇਗਾ ਸਿੱਕਾ, ਦੂਜਾ ਨਜ਼ਰ ਕੋਇ ਨਾ ਆਈਆ । ਝਟ ਸਪਤਸ ਰਿਖੀਆਂ ਫੜ ਕੇ ਉਹਨੂੰ ਖਿੱਚਾ, ਘਸੀਟਣ ਵਾਹੋ ਦਾਹੀਆ । ਜਾਹ ਸਾਡਾ ਛਡ ਜਾ ਪਿਛਾ, ਬ੍ਰਾਹਮਣਾ ਤੇਰੀ ਲੋੜ ਨਾ ਕੋਇ ਰਖਾਈਆ । ਨਾਰਦ ਕਹੇ ਮੈਂ ਉਸੇ ਵੇਲੇ ਇਕ ਹੁਕਮ ਅਗੰਮੀ ਲਿਖਾ, ਜਿਸ ਨੂੰ ਲਿਖਣ ਵਾਲੀ ਜਾਣੇ ਮੂਲ ਨਾ ਸਿਆਹੀਆ । ਉਸ ਵੇਲੇ ਮੇਰੇ ਸਾਹਿਬ ਮੇਰੀ ਝੋਲੀ ਪਾਈ ਭਿੱਖਾ, ਭਿਖਾਰੀ ਇਕੋ ਮੈਂ ਹੀ ਨਜ਼ਰੀ ਆਈਆ । ਜਾਂ ਤੱਕਿਆ ਉਸ ਵਿਚ ਕਲਜੁਗ ਜੀਵਾਂ ਦੀ ਭਰੀ ਵਿਖਾ, ਜਿਸ ਵਿਖ ਨੂੰ ਬਿਨ ਸਤਿਗੁਰ ਸ਼ਬਦ ਸਕੇ ਨਾ ਕੋਇ ਮਿਟਾਈਆ । ਮੇਰੇ ਅੰਤਰ ਤੀਰ ਅਣਿਆਲਾ ਵੱਜਾ ਤਿੱਖਾ, ਮੈਂ ਰੋ ਕੇ ਦਿਤਾ ਸੁਣਾਈਆ । ਐ ਮੇਰੇ ਅਬਿਨਾਸ਼ੀ ਅਚੁਤਾ, ਕੀ ਤੇਰੀ ਬੇਪ੍ਰਵਾਹੀਆ । ਕਿਉਂ ਕਲਜੁਗ ਕੂੜੀ ਹੋਵੇ ਰੁਤਾ, ਸਚ ਰੁਤ ਨਾ ਕੋਇ ਮਹਿਕਾਈਆ । ਪੁਰਖ ਅਕਾਲ ਕਿਹਾ ਐ ਨਾਰਦ ਉਸ ਵੇਲੇ ਮੇਰੀ ਰਹੇ ਕੋਇ ਨਾ ਪੁਛਾ, ਪਰੇਮੀ ਨਜ਼ਰ ਕੋਇ ਨਾ ਆਈਆ । ਮੇਰੇ ਨਾਲੋਂ ਜਗਤ ਨਾਤਾ ਹੋਵੇ ਸੁੱਚਾ, ਜਗਤ ਸਨਬੰਧੀ ਮਿਲ ਕੇ ਖ਼ੁਸ਼ੀ ਬਣਾਈਆ । ਮੇਰਾ ਅੰਤਰ ਪਿਆਰ ਸਭ ਨਾਲੋਂ ਹੋਵੇ ਟੁਟਾ, ਬਿਨ ਮੇਰੀ ਕਿਰਪਾ ਗੰਢ ਨਾ ਕੋਇ ਪਵਾਈਆ । ਮੈਨੂੰ ਜ਼ਰੂਰ ਗਾਉਣਗੇ ਬੁੱਲਾਂ ਬੁਟਾ, ਹਿਰਦੇ ਸਕੇ ਨਾ ਕੋਇ ਵਸਾਈਆ । ਨਾਰਦ ਕਹੇ ਮੈਂ ਉਸ ਵੇਲੇ ਪ੍ਰਭੂ ਨਾਲ ਰੁੱਸਾ, ਰੁਸ ਕੇ ਆਪਣੀ ਬੋਦੀ ਦਿਤੀ ਹਿਲਾਈਆ । ਕਰਵਟ ਵਿਚ ਬਦਲਿਆ ਜੁੱਸਾ, ਪਾਸਾ ਪਰਤ ਲਈ ਅੰਗੜਾਈਆ । ਮੈਂ ਬਿਨਾ ਮੁੱਛਾਂ ਤੋਂ ਤਾਅ ਦਿਤਾ ਮੁੱਛਾਂ, ਆਪਣਾ ਬਲ ਪ੍ਰਗਟਾਈਆ । ਮੇਰੇ ਸਾਹਿਬ ਮੇਰੇ ਮਾਲਕ ਧੁਰ ਦੇ ਪਿਤਾ ਕਿਉਂ ਬਚਨ ਕਰੇ ਰੁੱਖਾ, ਤੇਰੇ ਕਦਮਾਂ ਸੀਸ ਨਿਵਾਈਆ । ਤੂੰ ਆਦਿ ਦੀ ਜਨਣੀ ਜਨ ਭਗਤ ਆਤਮ ਧਾਰ ਪ੍ਰਗਟੇ ਤੇਰੀ ਕੁੱਖਾ, ਦੂਜੀ ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਬਿਨ ਤੇਰੀ ਕਿਰਪਾ ਜਗਤ ਜਹਾਨ ਜਾਵੇ ਲੁੱਟਾ, ਲੁਟੇਰਾ ਸਤਿਜੁਗ ਤਰੇਤਾ ਦੁਆਪਰ ਕਲਜੁਗ ਚਾਰੇ ਜੁਗ ਦਾ ਨਜ਼ਰੀ ਆਈਆ । ਨਾਰਦ ਕਹੇ ਫੇਰ ਪ੍ਰਭੂ ਨੇ ਮੇਰੀ ਧੌਣ ਵਿਚ ਮਾਰਿਆ ਮੁੱਕਾ, ਮੂੰਹ ਦੇ ਭਾਰ ਸੁਟਾਈਆ । ਹੁਕਮ ਦਿਤਾ ਉਹ ਵੇਖ ਕਲਜੁਗ ਅੰਤਮ ਵੇਲਾ ਢੁੱਕਾ, ਸਪਤਸ ਰਿਖੀਆਂ ਨਾਲ ਮਿਲਾਈਆ । ਮੇਰੇ ਨਾਮ ਦੇ ਥਾਂ ਮੁਖ ਵਿਚ ਹੋਣਾ ਨੜੀ ਤੇ ਹੁੱਕਾ, ਹੁਕਮ ਭੁਲਣਾ ਬੇਪ੍ਰਵਾਹੀਆ । ਤੂੰ ਉਸ ਵੇਲੇ ਰਹੀਂ ਨਾ ਸੁੱਤਾ, ਲੈਣੀ ਸ਼ਬਦ ਧਾਰ ਅੰਗੜਾਈਆ । ਮੇਰਾ ਭਾਣਾ ਕਦੇ ਨਾ ਰੁਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਨਾਰਦ ਕਹੇ ਨਾਲੇ ਪ੍ਰਭੂ ਨੇ ਹਲੂਣਿਆਂ ਫੜ ਕੇ ਗੁੱਟਾ, ਘੁਟਣਿਆਂ ਭਾਰ ਸੁਟਾਈਆ । ਫੇਰ ਦੇ ਕੇ ਅਗੰਮੀ ਝੂਟਾ, ਝੂਲਾ ਦੋ ਜਹਾਨ ਝੁਲਾਈਆ । ਫੇਰ ਵਖਾਇਆ ਕਲਜੁਗ ਅੰਤਮ ਜਗਤ ਜਹਾਨ ਝੂਠਾ, ਸਚ ਵਿਚ ਸਚ ਨਾ ਕੋਇ ਸਮਾਈਆ । ਸਭ ਦਾ ਖ਼ਾਲੀ ਦਿਸੇ ਕਾਇਆ ਠੂਠਾ, ਅੰਮ੍ਰਿਤ ਨਾਮ ਰਸ ਨਜ਼ਰ ਕੋਇ ਨਾ ਆਈਆ । ਬਿਨ ਪ੍ਰਭੂ ਦੀ ਕਿਰਪਾ ਜਗਤ ਖ਼ਾਲੀ ਦਿਸੇ ਬੂਟਾ, ਫਲ ਫੁੱਲ ਨਜ਼ਰ ਕੋਇ ਨਾ ਆਈਆ । ਨਾਰਦ ਕਹੇ ਮੈਂ ਝਟ ਦੋਵੇਂ ਮੀਟ ਲਈਆਂ ਮੁੱਠਾਂ, ਫੇਰ ਮਸਤਕ ਉਤੇ ਟਿਕਾਈਆ । ਕੰਨ ਪਕੜ ਕੇ ਤੱਕੀਆਂ ਚਾਰੇ ਗੁੱਠਾਂ, ਉਂਗਲੀ ਠੋਡੀ ਉਤੇ ਰਖਾਈਆ । ਜਾਂ ਨੈਣ ਉਠਾਇਆ ਕਲਜੁਗ ਪਾਈਆਂ ਲੁੱਟਾਂ, ਲੁਟੇਰਾ ਕਲਜੁਗ ਭੱਜੇ ਵਾਹੋ ਦਾਹੀਆ । ਜਾਂ ਅੰਦਰ ਵੜ ਕੇ ਵੇਖਿਆ ਕੂੜ ਕੁਕਰਮ ਸਚ ਪਿਆਰ ਨਾਲ ਜੁੱਟਾ, ਜੋ ਬਲ ਆਪਣਾ ਆਪ ਵਖਾਈਆ । ਜਾਂ ਫੇਰ ਨਿਗਾਹ ਮਾਰੀ ਮੈਨੂੰ ਜਗਤ ਪਿਆਰ ਦਾ ਆਇਆ ਹੂਟਾ, ਮੁਹੱਬਤ ਦੁਨੀ ਵਾਲੀ ਨਜ਼ਰੀ ਆਈਆ । ਦੁਨੀਆ ਵਾਲੇ ਪ੍ਰਭੂ ਤੈਨੂੰ ਕਹਿਣ ਇਹ

੭੫
੨੩

ਸਾਹਿਬ ਸ਼ੈਤਾਨ ਦਾ ਟੂਟਾ, ਤੇ ਸ਼ਬਦ ਨੂੰ ਸ਼ੈਤਾਨ ਟੂਟੀ ਕਹਿ ਕੇ ਸਾਰੇ ਗਾਈਆ । ਮੈਂ ਹੈਰਾਨ ਹੋ ਗਿਆ ਪਰੇਸ਼ਾਨੀ ਵਿਚ ਝੁਕਾ, ਝੁਕ ਕੇ ਸੀਸ ਨਾ ਕੋਇ ਨਿਵਾਈਆ । ਜਾਂ ਤੱਕਿਆ ਘਰ ਘਰ ਇਹੋ ਦੁੱਖਾ, ਦੁੱਖਾਂ ਭਰੀ ਲੋਕਾਈਆ । ਫੇਰ ਤੇਰੇ ਵੱਲ ਅਸਮਾਨਾਂ ਤੋਂ ਪਰੇ ਚੁਕਿਆ ਮੁਖਾ, ਗਗਨ ਗਗਨੰਤਰਾਂ ਪੰਧ ਮੁਕਾਈਆ । ਮੇਰੇ ਮਾਲਕ ਸਾਹਿਬ ਤੇਰੇ ਬਿਨਾ ਤੇਰਿਆਂ ਭਗਤਾਂ ਨੂੰ ਕਹੇ ਕੋਇ ਨਾ ਪੁੱਤਾ, ਪਿਤਾ ਪੂਤ ਨਾ ਕੋਇ ਗੋਦ ਉਠਾਈਆ । ਕਿਰਪਾਨਿਧ ਗਹਿਰ ਗੁਣ ਸਾਗਰ ਸਚ ਸਵਾਮੀ ਕਰ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਨਾਰਦ ਕਹੇ ਫੇਰ ਮੈਨੂੰ ਸੰਦੇਸਾ ਦਿਤਾ ਇਕ ਨਿੱਕਾ, ਸਹਿਜ ਸਹਿਜ ਸਹਿਜ ਨਾਲ ਸੁਣਾਈਆ । ਨਾਰਦ ਕਹੇ ਮੈਂ ਭਗਤ ਦਵਾਰੇ ਭਗਤਾਂ ਗ੍ਰਿਹਿ ਹੋਵਾਂ ਵਿਕਾ, ਮੇਰੀ ਕੀਮਤ ਨਾ ਕੋਇ ਚੁਕਾਈਆ । ਨਾਰਦ ਕਹੇ ਮੈਂ ਸਿਰ ਕਦਮਾਂ ਤੇ ਸਿਟਾਂ, ਨਿਵ ਨਿਵ ਸੀਸ ਨਿਵਾਈਆ । ਪ੍ਰਭੂ ਨੇ ਇਸ਼ਾਰਾ ਕੀਤਾ ਉਹ ਵੇਖ ਆਪਣੀਆਂ ਚਿਟਾਂ, ਜੋ ਸ਼ਹਾਦਤ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਸਤਿਗੁਰ ਸ਼ਬਦ ਸ਼ਬਦੀ ਧਾਰ ਅਗੰਮ, ਅਗੋਚਰ ਨਜ਼ਰ ਕਿਸੇ ਨਾ ਆਈਆ । ਮੇਰਾ ਕਥਾ ਕਹਾਣੀ ਵਾਲਾ ਚੰਮ, ਜਗਤ ਜਵਾਨੀ ਜਗਤ ਨਾਲ ਹੰਢਾਈਆ । ਮੇਰਾ ਉਣੰਜਾ ਪਵਣ ਸਵਾਸੀ ਤੋਂ ਬਾਹਰ ਦਮ, ਬਿਨਾ ਦਮਾਂ ਤੋਂ ਸਵਾਸ ਚਲਾਈਆ । ਜੁਗ ਜੁਗ ਜਗਤ ਵਿਚ ਫਿਰਨਾ ਮੇਰਾ ਕੰਮ, ਕਮੀਨਾ ਬਣ ਕੇ ਭੱਜਾਂ ਵਾਹੋ ਦਾਹੀਆ । ਨਾ ਕੋਈ ਖ਼ੁਸ਼ੀ ਤੇ ਨਾ ਕੋਈ ਗ਼ਮ, ਹਰਖ਼ ਸੋਗ ਵੰਡ ਨਾ ਕੋਇ ਵੰਡਾਈਆ । ਪਰ ਜੁਗ ਜੁਗ ਮੈਂ ਇਕ ਪੱਲੇ ਬੱਧੀ ਗੱਲ, ਜਿਸ ਗੱਲ ਵਿਚ ਭੇਤ ਪ੍ਰਭ ਨੇ ਦਿਤਾ ਛੁਪਾਈਆ । ਉਹਨੂੰ ਸਮਝਣ ਦਾ ਚਾਰ ਜੁਗ ਦੇ ਸ਼ਾਸਤਰ ਸਮਝਾ ਸਕੇ ਨਾ ਵਲ, ਪਰਦਾ ਸਕਿਆ ਨਾ ਕੋਇ ਉਠਾਈਆ । ਸਿਰਫ਼ ਥੋੜ੍ਹਾ ਜਿਹਾ ਇਸ਼ਾਰਾ ਕੀਤਾ ਸੀ ਬਾਵਨ ਨੇ ਰਾਜੇ ਬਲ, ਛਲੀਆ ਹੋ ਕੇ ਆਪ ਜਣਾਈਆ । ਆਹ ਤੱਕ ਔਹ ਤੱਕ ਤੇ ਵੇਖ ਕਲਜੁਗ ਕਲ, ਕਲਕਾਤੀ ਰਾਜੇ ਦਿਸਣ ਕਸਾਈਆ । ਕੂੜ ਕੁੜਿਆਰਾ ਘਰ ਘਰ ਡੇਰਾ ਬਹੇ ਮੱਲ, ਆਸਣ ਕਾਇਆ ਮੰਦਰ ਅੰਦਰ ਲਾਈਆ । ਸ੍ਰਿਸ਼ਟੀ ਭੁਲ ਜਾਣਾ ਜਿਹੜਾ ਵਸੇ ਜਲ ਥਲ, ਮਹੀਅਲ ਰਿਹਾ ਸਮਾਈਆ । ਉਸ ਆਉਣਾ ਲੋਕਮਾਤ ਚਲ, ਨਿਰਗੁਣ ਆਪਣਾ ਖੇਲ ਖਿਲਾਈਆ । ਉਸ ਵੇਲੇ ਝਟ ਸੀਸ ਨਿਵਾਇਆ ਬਲ, ਬਲ ਬਲ ਆਪਣਾ ਆਪ ਕਰਾਈਆ । ਵਕਤ ਨਾ ਘੜੀ ਲੱਗੀ ਨਾ ਪਲ, ਪਲਕਾਂ ਦੇ ਪਿਛੇ ਖੇਲ ਦਿਤਾ ਵਖਾਈਆ । ਨਾਰਦ ਕਹੇ ਉਸ ਵੇਲੇ ਮੇਰੇ ਅੰਦਰ ਵੱਜਾ ਸੱਲ, ਘਾਉ ਡੂੰਘਾ ਨਜ਼ਰੀ ਆਈਆ । ਮੇਰੀ ਹਿਲਣ ਲੱਗੀ ਖੱਲ, ਹੌਕਿਆਂ ਹੌਕਿਆਂ ਨਾਲ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਂ ਵੇਖਾਂ ਉਹ ਚਿੱਠੀਆਂ, ਜਿਸ ਦਾ ਅੱਖਰ ਨਾ ਕੋਇ ਸਮਝਾਈਆ । ਜਿਸ ਵਿਚ ਅਗੰਮੀ ਲਿਖਤਾਂ ਲਿਖੀਆਂ, ਜਗਤ ਕਾਤਬਾਂ ਸਮਝ ਕੋਇ ਨਾ ਆਈਆ । ਉਸ ਵਿਚ ਇਕ ਸਾਹਿਬ ਦੀ ਸ਼ਰਅ ਤੇ ਇਕ ਸਾਹਿਬ ਦੀਆਂ ਮਿਤੀਆਂ, ਜਿਸ ਨੂੰ ਮਿਤਰ ਪਿਆਰਾ ਗੋਬਿੰਦ ਕਿਹਾ ਮਾਹੀਆ । ਉਹ ਕਿਸੇ ਦਵਾਰੇ ਨਾ ਵਿਕੀਆਂ, ਕੀਮਤ ਜਗਤ ਨਾ ਕੋਇ ਰਖਾਈਆ । ਉਹ ਨਾ ਵੱਡੀਆਂ ਨਾ ਨਿੱਕੀਆਂ, ਸਭੇ ਇਕੇ ਰੰਗ ਸਮਾਈਆ । ਉਹ ਕਲਜੁਗ ਨੂੰ ਵੇਖ ਮੈਨੂੰ ਮਾਰਨ ਖਿੱਚੀਆਂ, ਹਲੂਣੇ ਦੇ ਕੇ ਰਹੀਆਂ ਜਗਾਈਆ । ਵੇ ਨਾਰਦਾ ਕਿਉਂ ਨਹੀਂ ਸਾਡੀਆਂ ਗੱਲਾਂ ਦੱਸਦਾ ਵਿਚੀਆਂ, ਵਿਚਲਾ ਭੇਵ ਖੁਲਾਈਆ । ਅਸੀਂ ਨਾ ਊਚ ਨਾ ਨੀਚੀਆਂ, ਵੱਡੀ ਛੋਟੀ ਬਣਤ ਨਾ ਕੋਇ ਬਣਾਈਆ । ਸਾਨੂੰ ਏਸੇ

ਕਾਰਨ ਚੜ੍ਹਦੀਆਂ ਕਚੀਚੀਆਂ, ਵੱਡੇ ਛੋਟੇ ਲੜ ਲੜ ਮਰਨ ਤੇ ਨਾਤਾ ਰਖਣ ਭੈਣ ਭਾਈਆ । ਪ੍ਰਭੂ ਦੇ ਪਿਆਰ ਦੀਆਂ ਫੁਲਵਾੜੀਆਂ ਤੇ ਬਗ਼ੀਚੀਆਂ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤ ਨਜ਼ਰੀ ਆਈਆ । ਇਹੋ ਇਸ਼ਾਰਾ ਦੇਵੇ ਮੁਹੰਮਦ ਵਿਚ ਹਦੀਸੀਆਂ, ਕਲਮਿਆਂ ਵਿਚ ਗਾਈਆ । ਫੇਰ ਸਾਡਾ ਲੇਖ ਵੇਖ ਜਗਤ ਜਹਾਨ ਦੀਆਂ ਚੱਕੀਆਂ ਜਾਣੀਆਂ ਪੀਸੀਆਂ, ਚਕਨਾਚੂਰ ਹੋਵੇ ਲੋਕਾਈਆ । ਫੇਰ ਪਿਓ ਪੁਤਰਾਂ ਮਾਵਾਂ ਧੀਆਂ ਨਾਰਾਂ ਮਰਦਾਂ ਇਕ ਦੂਜੇ ਨੂੰ ਵਟਣੀਆਂ ਕਸੀਸੀਆਂ, ਕਿਸਮਤ ਦੇ ਮਾਰਿਓ ਕਿਉਂ ਭੁੱਲਿਆ ਬੇਪ੍ਰਵਾਹੀਆ । ਜਿਸ ਸਾਹਿਬ ਦੇ ਕੋਲ ਜਗਤ ਦੀਆਂ ਜਗਦੀਸੀਆਂ, ਜਗਦੀਸ਼ਰ ਇਕ ਅਖਵਾਈਆ । ਉਸ ਦੀਆਂ ਕਿਆ ਰੀਸੀਆਂ, ਜੋ ਰਸਤੇ ਜਾਂਦਿਆਂ ਨੂੰ ਦਏ ਭੁਲਾਈਆ । ਜੇ ਉਹ ਰਹਿਮਤ ਕਰੇ ਤੇ ਰਹਿਮਤ ਦੀਆਂ ਬਖ਼ਸ਼ੀਸ਼ੀਆਂ, ਕੋਝਿਆਂ ਕਮਲਿਆਂ ਗਲੇ ਲਗਾਈਆ । ਨਾਰਦਾ ਵੇਖ ਸਾਡਾ ਲੇਖ ਉਤੇ ਗੀਟੀਆਂ, ਸਪਤਸ ਰਿਖੀਆਂ ਨੂੰ ਹਲੂਣਾ ਦੇ ਲਗਾਈਆ । ਸਾਰਿਆਂ ਦੇ ਕੋਲੋਂ ਲੇਖੇ ਮੁਕ ਜਾਣੇ ਗੁਰ ਅਵਤਾਰ ਪੈਗ਼ੰਬਰਾਂ ਲੋਕਮਾਤ ਸਚਖੰਡ ਦੀਆਂ ਟਿਕਟਾਂ ਵੇਖਣੀਆਂ ਨਹੀਂ ਜਗਤ ਦੀਆਂ ਟੀਟੀਆਂ, ਸਾਰੇ ਲੇਖਾ ਪ੍ਰਭ ਦੇ ਹੱਥ ਫੜਾਈਆ । ਪਿਛਲਿਆਂ ਜੁਗਾਂ ਦੀਆਂ ਕਹਾਣੀਆਂ ਪਿਛੇ ਬੀਤੀਆਂ, ਪਿਛਲਾ ਲੇਖਾ ਰਹੇ ਨਾ ਰਾਈਆ । ਅਗੇ ਇਕੋ ਇਕ ਦੀਆਂ ਚਲਣੀਆਂ ਰੀਤੀਆਂ, ਰੀਤੀਵਾਨ ਬੇਪ੍ਰਵਾਹੀਆ । ਮਾਣ ਮਿਲਣਾ ਹਸਤ ਕੀਟਾਂ ਚਿਉਂਟੀਆਂ, ਗਜਾਂ ਮਾਣ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚਿਟਾਂ ਕਹਿਣ ਨਾਰਦ ਸੋਹਣਿਆਂ ਬੋਦੀ ਖੁਰਕ, ਉਂਗਲਾਂ ਜਗਤ ਵਾਲੀਆਂ ਹਿਲਾਈਆ । ਉਹ ਵੇਖ ਸਾਡੇ ਵਿਚ ਲੇਖਾ ਲਿਖਿਆ ਕਲਜੁਗ ਅੰਤ ਪਰਮ ਪੁਰਖ ਆਉਣਾ ਤੁਰਤ, ਨਿਰਗੁਣ ਆਪਣਾ ਪੰਧ ਮੁਕਾਈਆ ।
੭੬ ੨੩ ਉਸ ਨੇ ਸਭ ਦੀ ਵੇਖਣੀ ਨਿਰਤ ਤੇ ਸੁਰਤ, ਸੁਰਤੀ ਤੋਂ ਪਰੇ ਆਪਣਾ ਸ਼ਬਦ ਰਖਾਈਆ । ਫੇਰ ਉਨ੍ਹ ਖੇਲ ਖੇਲਣਾ ਵਿਚ ਤੁਰਕ, ਤੁਰਕੀ ਵਿਚ ਤੂਰ ਨਾਦ ਸ਼ਨਵਾਈਆ । ਇਹ ਲਹਿਣਾ ਸਭ ਦਾ ਪੂਰਬ, ਪਿਛਲਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚਿਟਾਂ ਕਹਿਣ ਨਾਰਦਾ ਸਾਨੂੰ ਦੂਜੇ ਪਾਸਿਉਂ ਪਲਟ, ਬਿਨਾ ਵਰਕੇ ਤੋਂ ਵਰਕਾ ਉਲਟਾਈਆ । ਨਾਰਦ ਬਿਨਾ ਹੱਥਾਂ ਤੋਂ ਹੱਥ ਲਾਇਆ ਝਟ, ਝਟਕਾ ਦਿਤਾ ਲਗਾਈਆ । ਜਾਂ ਤੱਕਿਆਂ ਇਕੋ ਨਜ਼ਰ ਆਇਆ ਜੋ ਵਸੇ ਘਟ ਘਟ, ਘਟ ਘਟ ਦਾ ਮਾਲਕ ਬੇਪ੍ਰਵਾਹੀਆ । ਜੋ ਸਾਰਿਆਂ ਬ੍ਰਹਿਮੰਡਾਂ ਖੰਡਾਂ ਰਿਹਾ ਟੱਪ, ਟਾਪੂਆਂ ਤੋਂ ਪਰੇ ਆਪਣਾ ਹੁਕਮ ਵਰਤਾਈਆ । ਨਾਰਦ ਕਿਹਾ ਵਾਹ ਮੇਰੇ ਸਾਹਿਬ ਸਮਰਥ, ਤੇਰੀ ਬੇਪ੍ਰਵਾਹੀਆ । ਤੇਰੀ ਮਹਿੰਮਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਮੈਂ ਤੇਰਾ ਜੁਗ ਚੌਕੜੀ ਚਲਦਾ ਵੇਖਾਂ ਰਥ, ਰਥਵਾਹੀ ਸਾਰੇ ਤੇਰੀ ਸੇਵ ਕਮਾਈਆ । ਪਰ ਮੈਨੂੰ ਇਕ ਗੱਲ ਦੱਸ, ਬਿਨਾ ਕੰਨਾਂ ਤੋਂ ਦੇਣਾ ਸੁਣਾਈਆ । ਤੂੰ ਕਿਉਂ ਭਗਵਾਨ ਹੋ ਕੇ ਭਗਤਾਂ ਦੇ ਪਏਂ ਵਸ, ਇਹ ਤੇਰੀ ਕੀ ਵਡਿਆਈਆ । ਜੋਤੀ ਧਾਰ ਪਿਆ ਹੱਸ, ਬਿਨ ਮੁਖ ਤੋਂ ਹੱਸ ਕੇ ਦਿਤਾ ਵਖਾਈਆ । ਨਾਰਦ ਉਹ ਮੇਰਾ ਮੈਂ ਉਨ੍ਹਾਂ ਦਾ ਮਾਣਾਂ ਰਸ, ਰਸਤਾ ਆਤਮ ਪਰਮਾਤਮ ਜਣਾਈਆ । ਨਾਰਦ ਸਿਰ ਫੇਰਿਆ ਝਟ, ਉਂਗਲੀ ਦਿਤੀ ਹਿਲਾਈਆ । ਪ੍ਰਭੂ ਤੂੰ ਮੈਨੂੰ ਕਲਜੁਗ ਵਖਾਇਆ ਤੇ ਮੈਂ ਉਸ ਦੀ ਪੱਲੇ ਬੰਨ੍ਹ ਲਈ ਗਠ, ਫੇਰ ਬੋਦੀ ਵਿਚ ਟਿਕਾਈਆ । ਓਹ ਵੇਖ ਲੈ ਤੇਰੇ ਭਗਤ ਤੇਰੇ ਪਿਆਰ ਨੂੰ ਰਹੇ ਛਡ, ਮੁਹੱਬਤ ਵਿਚ ਨਾ ਕੋਇ ਸਮਾਈਆ । ਉਨ੍ਹਾਂ ਦਾ ਨਾਤਾ ਸੰਸਾਰ ਮਾਸ ਨਾੜੀ ਤੇ ਹੱਡ, ਜਿਹੜਾ ਮਿੱਟੀ ਖ਼ਾਕ ਅਗਨ ਵਿਚ ਜਲਾਈਆ । ਨਾਲੇ ਨਾਰਦ

ਨੇ ਘੂਰੀ ਲਈ ਵਟ, ਤਿਉੜੀ ਪਾ ਕੇ ਨਿਗਾਹ ਪੁਰਖ ਅਕਾਲ ਵੱਲ ਉਠਾਈਆ । ਨਾਲੇ ਹੱਸ ਕੇ ਕਿਹਾ ਪ੍ਰਭੂ ਭਾਵੇਂ ਮੇਰਾ ਸੀਸ ਕੱਟ, ਧੜ ਆਪਣੇ ਕਦਮ ਟਿਕਾਈਆ । ਪਰ ਇਕ ਮੈਨੂੰ ਆਪਣੇ ਹੁਕਮ ਦਾ ਦੇ ਦੇ ਖ਼ਤ, ਖ਼ੁਸ਼ਖ਼ਤੀ ਤੇਰਾ ਪਰੇਮ ਨਜ਼ਰੀ ਆਈਆ । ਜਿਸ ਵੇਲੇ ਚਾਰ ਜੁਗ ਦੇ ਸ਼ਾਸਤਰ ਸੰਸਾਰ ਨੂੰ ਦੇ ਨਾ ਸਕੇ ਮਤ, ਤੇਰੇ ਸਿਫ਼ਤਾਂ ਵਾਲੇ ਕਲਮੇ ਕੰਮ ਕਿਸੇ ਨਾ ਆਈਆ । ਇਹ ਲੇਖਾ ਮੈਂ ਤੈਨੂੰ ਫੇਰ ਵਿਖਾਵਾਂਗਾ ਵੱਤ, ਜਿਸ ਵੇਲੇ ਬੇਵਤਨ ਹੋਈ ਲੋਕਾਈਆ । ਤੈਨੂੰ ਕੋਈ ਨਹੀਂ ਮੰਨੇਗਾ ਪਰਮੇਸ਼ਵਰ ਪਤਿ, ਜਗਤ ਪਤੀਆਂ ਦੇ ਪਿਛੇ ਭੱਜਣ ਵਾਹੋ ਦਾਹੀਆ । ਉਸ ਵੇਲੇ ਮੈਂ ਲੰਗੜਾ ਲੂਲ੍ਹਾ ਹੋਣਾ ਤੇ ਮੇਰੀ ਟੁੱਟ ਜਾਣੀ ਲੱਤ, ਬਲਹੀਣ ਅਖਵਾਈਆ । ਝਟ ਸ੍ਰੀ ਭਗਵਾਨ ਨੇ ਘਸੁੰਨ ਮਾਰਿਆ ਕਸ, ਜ਼ੋਰ ਨਾਲ ਦਬਾਈਆ । ਨਾਰਦ ਕੀਤਾ ਅਸ਼ ਅਸ਼, ਤੇਰੀ ਬੇਪ੍ਰਵਾਹੀਆ । ਮੈਂ ਤੇਰਾ ਸ਼ਬਦ ਸਰੂਪ ਦੋ ਜਹਾਨਾਂ ਲਵਾਂ ਕੱਛ, ਕੱਛ ਮੱਛ ਚਰਨਾਂ ਹੇਠ ਦਬਾਈਆ । ਪਰ ਇਕ ਮੇਰੀ ਬੇਨੰਤੀ ਤੇਰਾ ਦਰਸ਼ਨ ਹੋਏ ਸਰੂਪ ਸਵੱਛ, ਸਵੱਛ ਸਰੂਪੀ ਨਜ਼ਰੀ ਆਈਆ । ਪਰਮ ਪੁਰਖ ਕਿਹਾ ਮੇਰੀ ਇਕੋ ਧਾਰ ਤੇ ਇਕੋ ਮਤ, ਇਕੋ ਹੁਕਮ ਮੰਨਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਫੇਰ ਚਿੱਠੀ ਖੋਲੀ ਮੈਂ, ਉਸੇ ਨੂੰ ਲਿਆ ਉਲਟਾਈਆ । ਮੈਂ ਲੇਖਾ ਪੜ੍ਹਿਆ ਮੇਰੇ ਅੰਦਰੋਂ ਨਿਕਲੀ ਹੈਂ, ਹੈਰਾਨ ਹੋ ਕੇ ਵੇਖ ਵਖਾਈਆ । ਜਾਂ ਤੱਕਿਆ ਪੜ੍ਹਿਆ ਸਮਝ ਆਈ ਏਥੇ ਹੋ ਕੇ ਪੈਗ਼ੰਬਰ ਗੁਰੂ ਅਵਤਾਰ ਗਏ ਕੈ, ਕਾਇਮ ਮੁਕਾਮ ਨਜ਼ਰ ਕੋਇ ਨਾ ਆਈਆ । ਸਦਾ ਜੁਗ ਚੌਕੜੀ ਬਿਨਾ ਪ੍ਰਭੂ ਤੋਂ ਭੰਡਾਰਾ ਕੋਈ ਨਾ ਦਏ, ਰਾਜੇ ਬਲ ਨੂੰ ਬਾਵਨ ਇਹੋ ਆਇਆ ਸਮਝਾਈਆ । ਪ੍ਰਭੂ ਦੀ ਕਿਰਪਾ ਬਿਨਾ ਕਦੇ ਉਪਜੇ ਕੋਇ ਨਾ ਸ਼ੈ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਨਾਰਦ ਕਹੇ ਏਸੇ ਕਰ ਕੇ ਉਸ ਚਿੱਠੀਆਂ ਦੇ ਅਧਾਰ ਉਤੇ ਹਰਿ ਸੰਗਤ ਨੂੰ ਹੁਕਮ ਦਿਤਾ ਲੰਗਰ ਵਰਤਾਉਣ ਤੋਂ ਪਹਿਲਾਂ ਤੇ ਲੰਗਰ ਵਰਤਾਉਣ ਤੋਂ ਬਾਅਦ ਸਦਾ ਬੋਲਣੀ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਜੈ ਜੈ ਜੈਕਾਰ ਸੁਣਾਈਆ । ਇਹ ਲੇਖਾ ਹਰਿ ਭਗਤ ਦਵਾਰ ਤੇ ਭਗਤਾਂ ਦੇ ਗ੍ਰਿਹਿ ਗ੍ਰਿਹਿ, ਬਚਿਆ ਰਹਿਣ ਕੋਇ ਨਾ ਪਾਈਆ । ਨਾਰਦ ਕਹੇ ਮੇਰਾ ਸਾਹਿਬ ਸਵਾਮੀ ਜਿਸ ਅਸਥਾਨ ਬਹੇ, ਸੋ ਥਾਨ ਥਨੰਤਰ ਵੱਜੇ ਵਧਾਈਆ । ਜੋ ਸਦਾ ਸਦ ਸ੍ਰਿਸ਼ਟੀ ਨੂੰ ਕਰਦਾ ਲਯ, ਉਤਪਤ ਆਪਣੇ ਹੁਕਮ ਵਿਚ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਨਾਰਦ ਕਹੇ ਲੇਖਾ ਲਿਖਿਆ ਭਵਿਖਤ ਵਾਕ, ਭਾਖਿਆ ਸਮਝ ਕਿਸੇ ਨਾ ਆਈਆ । ਪ੍ਰਭ ਕਿਰਪਾ ਕੀਤੀ ਮੈਂ ਖੋਲ ਕੇ ਵੇਖਿਆ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਲਜੁਗ ਅੰਤ ਜਿਸ ਵੇਲੇ ਸ੍ਰਿਸ਼ਟੀ ਦਾ ਗਿਆ ਇਖ਼ਲਾਕ, ਨਫ਼ਾਕ ਵਿਚ ਕੁਰਲਾਈਆ । ਉਸ ਵੇਲੇ ਮਿਹਰ ਕਰੇ ਮਿਹਰਵਾਨ ਆਪ, ਆਪਣੀ ਦਇਆ ਕਮਾਈਆ । ਕੋਟ ਜਨਮ ਦੇ ਜਨ ਭਗਤਾਂ ਮੇਟੇ ਪਾਪ, ਪਤਤ ਪੁਨੀਤ ਬਣਾਈਆ । ਆਤਮ ਪਰਮਾਤਮ ਬਣਾਕੇ ਸਾਕ, ਸੱਜਣ ਇਕ ਅਖਵਾਈਆ । ਆਪਣੇ ਮਿਲਣ ਦੀ ਦੱਸ ਕੇ ਜਾਚ, ਯਾਚਕ ਆਪਣੇ ਰੰਗ ਰੰਗਾਈਆ । ਤਨ ਮਾਟੀ ਭਾਂਡਾ ਵੇਖੇ ਕਾਚ, ਕੰਚਨ ਗੜ੍ਹ ਸੁਹਾਈਆ । ਤ੍ਰੈਗੁਣ ਅਗਨੀ ਤੱਕੇ ਆਂਚ, ਰਜੋ ਤਮੋ ਸਤੋ ਫੋਲ ਫੁਲਾਈਆ । ਜਨ ਭਗਤਾਂ ਨੂੰ ਵਡਿਆਈ ਦੇ ਕੇ ਵਿਚ ਮਾਤ, ਸਿਰ ਸਿਰ ਆਪਣਾ ਹੱਥ ਰਖਾਈਆ । ਜਨ ਭਗਤਾਂ ਦੀ ਧੂੜੀ ਆਪਣੇ ਮਸਤਕ ਲਾਵੇ ਖ਼ਾਕ, ਮਾਣ ਨਿਮਾਣਾ ਆਪ ਅਖਵਾਈਆ । ਜਿਸ ਦਾ ਆਦਿ ਅੰਤ ਪ੍ਰਤਾਪ, ਪਤਿਪਰਮੇਸ਼ਵਰ ਬੇਪ੍ਰਵਾਹੀਆ ।

ਨਾਰਦ ਕਹੇ ਮੈਂ ਉਸੇ ਦਾ ਪੁਤਰ ਉਸੇ ਦੇ ਚਲਿਤ੍ਰ ਨੂੰ ਰਿਹਾ ਵਾਚ, ਵਾਚਕ ਸ਼ਬਦ ਗੁਰੂ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਅੰਤ ਜੁਗਾ ਜੁਗੰਤ ਇਕੋ ਸ਼ਬਦ ਹੁਕਮ ਦੀ ਬਾਤ, ਦੂਸਰ ਗੱਲ ਕਹਿਣ ਕੋਇ ਨਾ ਪਾਈਆ ।

### ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਪਾਰੂ ਮਲ ਦੇ ਗ੍ਰਹਿ

ਨਾਰਦ ਕਹੇ ਚਾਰੋਂ ਤਰਫ਼ ਪਤ੍ਰਕਾ ਖੋਲੀ, ਬ੍ਰਹਮਾ ਚਾਰੇ ਮੁਖ ਉਠਾਈਆ । ਤੂੰ ਮੇਰਾ ਮੈਂ ਤੇਰਾ ਗਾਵੇ ਬੋਲੀ, ਬਿਨ ਰਸਨਾ ਜਿਹਵਾ ਸ਼ਬਦ ਸ਼ਨਵਾਈਆ । ਫੇਰ ਲੱਖ ਚੁਰਾਸੀ ਤੱਕੀ ਚੋਲੀ, ਕਾਇਆ ਤਤ ਨਜ਼ਰੀ ਆਈਆ । ਫੇਰ ਅੰਤਮ ਜਾਂਦੀ ਵੇਖੀ ਡੋਲੀ, ਥਿਰ ਰਹਿਣ ਕੋਇ ਨਾ ਪਾਈਆ । ਫੇਰ ਤੱਕਿਆ ਕੁਦਰਤ ਰਚਨਾ ਰਚਨਾ ਕੁਦਰਤ ਪ੍ਰਭ ਦੀ ਗੋਲੀ, ਸੇਵਕ ਹੋ ਕੇ ਸੇਵ ਕਮਾਈਆ । ਜਿਸ ਦੇ ਵਿਚ ਦੀਨ ਦੁਨੀ ਦੀ ਹੋਲੀ, ਹੋਲਾ ਵੇਖੇ ਬੇਪ੍ਰਵਾਹੀਆ । ਜੋ ਆਦਿ ਜੁਗਾਦਿ ਸਭ ਦੀ ਭਰਦਾ ਝੋਲੀ, ਝੂਲਾ ਨਾਮ ਝੁਲਾਈਆ । ਉਹ ਭਗਤਾਂ ਦਿਸੇ ਹਮਜੋਲੀ, ਹਮ ਸਾਜਣ ਨਜ਼ਰੀ ਆਈਆ । ਫੇਰ ਵੇਖਿਆ ਜਿਸ ਆਤਮ ਸ਼ਬਦੀ ਧਾਰ ਪਰਮਾਤਮ ਛੋਹ ਲੀ, ਸ਼ੋਲਾ ਅਗਨ ਜੋਤ ਰੁਸ਼ਨਾਈਆ । ਉਸ ਮਾਣ ਮਿਲਿਆ ਉਪਰ ਧੌਲੀ, ਧਰਨੀ ਧਰਤ ਧਵਲ ਵੱਜੀ ਵਧਾਈਆ । ਜੋ ਸਭ ਦੇ ਵਾਅਦੇ ਪੂਰੇ ਕਰੇ ਇਕਰਾਰ ਕੌਲੀ, ਕਵਲ ਨੈਣ ਇਕ ਅਖਵਾਈਆ । ਉਹ ਪੰਧ ਮੁਕਾਵੇ ਹੌਲੀ ਹੌਲੀ, ਆਹਿਸਤਾ ਆਹਿਸਤਾ ਆਪਣਾ ਕਦਮ ਉਠਾਈਆ । ਨਾਰਦ ਕਹੇ ਮੇਰੀ ਆਸਾ ਪਈ ਤੌਲੀ, ਕਾਹਲੀ ਹੋ ਕੇ ਭੱਜੀ ਵਾਹੋ ਦਾਹੀਆ । ਐ ਪ੍ਰਭੂ ਮੈਂ ਤੇਰੀ ਰੁੱਤ ਵੇਖਣੀ ਮੌਲੀ, ਜੋ ਰੁਤੜੀ ਭਗਤਾਂ ਨਾਲ ਮਹਿਕਾਈਆ । ਉਧਰੋਂ ਕਲਜੁਗ ਦਿਸਿਆ ਪਾਵੇ ਰੌਲੀ, ਉਚੀ ਕੂਕ ਕੂਕ ਜਣਾਈਆ । ਮੈਂ ਸਭ ਦੀ ਸੱਚੀ ਆਸ਼ਾ ਮਨਸ਼ਾ ਢਾਹੁਣੀ, ਕੂੜੀ ਕਿਰਿਆ ਰੰਗ ਬਣਾਈਆ । ਕਾਇਆ ਗੜ੍ਹ ਹੰਕਾਰ ਬਣਾਉਣੀ, ਮਾਇਆ ਮਮਤਾ ਨਾਲ ਸੁਹਾਈਆ । ਸਚ ਖੁਸ਼ੀ ਕਿਸੇ ਦੇ ਘਰ ਨਾ ਰਹੇ ਪ੍ਰਾਹੁਣੀ, ਛਿੰਨ ਆਵੇ ਤੇ ਉਠ ਜਾਈਆ । ਜਗਤ ਕਾਮਨਾ ਹੋਣੀ ਕਾਂ ਕਾਉਣੀ, ਜੋੜਾ ਜਗਤ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮਨ ਮਨਸਾ ਪੂਰ ਕਰਾਉਣੀ, ਹੰਸਾ ਗੁਰਮੁਖ ਰੂਪ ਦਰਸਾਈਆ ।

### ੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਹਰਦਿਤ ਸਿੰਘ ਦੇ ਗ੍ਰਹਿ

ਨਾਰਦ ਕਹੇ ਮੈਂ ਵੇਖਾਂ ਕਲਜੁਗ, ਜਗਤ ਜੁਗਤ ਧਿਆਨ ਲਗਾਈਆ । ਜਾਂ ਮੈਂ ਪੈਰ ਧਰਿਆ ਮੈਨੂੰ ਧਰਨੀ ਮਾਰੀ ਹੁੱਝ, ਹਲੂਣਾ ਦਿਤਾ ਲਗਾਈਆ । ਉਠ ਵੇਖ ਪਰਮ ਪੁਰਖ ਦਾ ਵੇਲਾ ਗਿਆ ਪੁੱਜ, ਪੂਜਾ ਤੱਕ ਜਗਤ ਲੋਕਾਈਆ । ਸਭ ਦਾ ਭਾਉ ਹੋਇਆ ਦੁਤੀਆ ਦੁਜ, ਏਕਾ ਰੰਗ ਨਾ ਕੋਇ ਰੰਗਾਈਆ । ਸਤਿ ਧਰਮ ਦੀਨ ਦੁਨੀ ਵਿਚੋਂ ਗਿਆ ਉਡ, ਚਾਰ ਕੁੰਟ ਰਹਿਣ ਕੋਇ ਨਾ ਪਾਈਆ । ਉਜਲ ਦਿਸੇ ਕੋਇ ਨਾ ਬੁੱਧ, ਮਨ ਕਲਪਣਾ ਸ੍ਰਿਸ਼ਟ ਹਲਕਾਈਆ । ਕਿਸੇ ਦੀ ਲਏ ਕੋਇ ਨਾ ਸੁਧ, ਸਿਰ ਹੱਥ ਨਾ ਕੋਇ ਟਿਕਾਈਆ । ਨੇਤਰ ਰੋਵੇ ਧਰਨੀ ਬਸੁਧ,


੭੮ ੨੩

ਬਸੁਧਾ ਦਏ ਦੁਹਾਈਆ । ਦਰੋਹੀ ਮੇਰੇ ਉਤੇ ਹੋਣ ਵਾਲਾ ਯੁੱਧ, ਯੁਧਿਸ਼ਟਰ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਖੇਲ ਤੱਕਿਆ ਬੇਨਜ਼ੀਰ, ਜਗ ਨੇਤਰ ਨਾ ਕੋਇ ਵਡਿਆਈਆ । ਜਿਸ ਦਾ ਲੇਖਾ ਅੰਤ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਜਿਸ ਨੂੰ ਝੁਕਦੇ ਅਵਤਾਰ ਪੈਗ਼ੰਬਰ ਪੀਰ, ਗੁਰ ਗੁਰ ਲਾਗਣ ਪਾਈਆ । ਉਹ ਖੇਲ ਕਰੇ ਲੇਖਾ ਜਾਣੇ ਸ਼ਾਹ ਹਕੀਰ, ਸ਼ਾਹ ਸੁਲਤਾਨਾ ਨੂਰ ਅਲਾਹੀਆ । ਜਿਸ ਦੀ ਦੋ ਜਹਾਨ ਜਗੀਰ, ਬ੍ਰਹਿਮੰਡ ਖੰਡ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਂ ਤੱਕਾਂ ਨੂਰ ਅਲਾਹ, ਆਲਮੀਨ ਬੇਪ੍ਰਵਾਹੀਆ । ਜਿਸ ਨੂੰ ਕਹਿੰਦੇ ਵਾਹਿਦ ਖ਼ੁਦਾ, ਖ਼ੁਦ ਮਾਲਕ ਸ਼ਹਿਨਸ਼ਾਹੀਆ । ਉਸ ਦੇ ਅਗੇ ਹਜ਼ਰਤ ਈਸਾ ਮੂਸਾ ਮੁਹੰਮਦ ਕਰੇ ਦੁਆ, ਕਲਮਿਆਂ ਵਿਚ ਸਜਦਾ ਸੀਸ ਨਿਵਾਈਆ । ਮੇਰੇ ਰਹਿਬਰ ਬੇਪ੍ਰਵਾਹ, ਪਰਵਰਦਿਗਾਰ ਤੇਰੀ ਸ਼ਰਨਾਈਆ । ਕਿਉਂ ਸਾਡਾ ਲੇਖਾ ਹੋਣ ਲੱਗਾ ਜੁਦਾ, ਜੁਜ਼ ਜਗਤ ਵੰਡ ਵੰਡਾਈਆ । ਕਿਉਂ ਉਮਤ ਉਮਤੀ ਮਿਲਣ ਵਾਲੀ ਸਜ਼ਾ, ਸਜ਼ਾਯਾਫ਼ਤਾ ਦਿਸੇ ਲੋਕਾਈਆ । ਤੂੰ ਮਾਲਕ ਖ਼ਾਲਕ ਨੂਰ ਨੁਰਾਨਾ ਵਾਲੀ ਦੋ ਜਹਾਂ, ਚੌਦਾਂ ਤਬਕ ਤੇਰਾ ਰਾਹ ਤਕਾਈਆ । ਤੈਨੂੰ ਝੁਕਦੇ ਜ਼ਿਮੀਂ ਅਸਮਾਂ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲਾਈਆ । ਧਰਨੀ ਕਹੇ ਸੁਣ ਨਾਰਦ ਸੱਚੇ ਮੀਤ, ਮਿਤਰਾ ਦਿਆਂ ਦ੍ਰਿੜਾਈਆ । ਮੇਰੇ ਅੰਦਰੋਂ ਨਿਕਲੇ ਚੀਕ, ਬਿਨ ਨੈਣਾਂ ਨੀਰ ਦਿਆਂ ਵਹਾਈਆ । ਮੇਰੇ ਮਾਲਕ ਵਿਚ ਹਕ ਤੌਫ਼ੀਕ, ਤਾਕਤਵਰ ਨੂਰ ਅਲਾਹੀਆ । ਜਿਸ ਮੁਹੰਮਦ ਨੂੰ ਦੱਸੀ ਹਦੀਸ, ਰਸੂਲਾਂ ਕਰੀ ਪੜ੍ਹਾਈਆ । ਉਹ ਨਿਰਗੁਣ ਧਾਰ ਅਵਤਾਰ ਚੌਬੀਸ, ਜਗਦੀਸ਼ ਅਗੰਮ ਅਥਾਹੀਆ । ਜਿਸ ਨੂੰ ਵੇਦ ਵਿਆਸ ਕਿਹਾ ਬ੍ਰਾਹਮਣ ਗੌੜਾ ਠੀਕ, ਠਾਕਰ ਧੁਰ ਦਾ ਨਜ਼ਰੀ ਆਈਆ । ਜਿਸ ਦੀ ਨਾਮ ਕਲਮੇ ਕਰਨ ਤਸਦੀਕ, ਸ਼ਹਾਦਤ ਅੱਖਰਾਂ ਵਾਲੀ ਭੁਗਤਾਈਆ । ਧਰਨੀ ਕਹੇ ਮੈਨੂੰ ਉਸ ਮਾਲਕ ਦੀ ਉਮੀਦ, ਜਿਸ ਦੀ ਆਮਦ ਵਿਚ ਸਾਰੇ ਬੈਠੇ ਸੀਸ ਨਿਵਾਈਆ । ਮੇਰੀ ਸਧਰਾਂ ਭਰੀ ਪੂਰੀ ਕਰੇ ਰੀਝ, ਸਿਰ ਮੇਰੇ ਹੱਥ ਟਿਕਾਈਆ । ਦੀਨ ਦੁਨੀ ਦੇ ਕਾਇਆ ਖੇਤ ਅੰਦਰ ਧਰਮ ਦਾ ਬੀਜੇ ਬੀਜ, ਕੂੜੀ ਕਿਰਿਆ ਬਾਹਰ ਕਢਾਈਆ । ਮੇਰੀ ਸੇਵਾ ਲੇਖੇ ਲਾਏ ਮੈਂ ਕਮਲੀ ਕੋਝੀ ਨਾਚੀਜ਼, ਜਗਤ ਮਿੱਟੀ ਖ਼ਾਕ ਨਜ਼ਰੀ ਆਈਆ । ਉਠ ਵੇਖ ਸਦੀ ਚੌਧਵੀਂ ਰਹੀ ਬੀਤ, ਆਪਣਾ ਪੰਧ ਮੁਕਾਈਆ । ਝਗੜਾ ਤੱਕ ਮੰਦਰ ਮਸੀਤ, ਕਾਅਬੇ ਰੋਵਣ ਮਾਰਨ ਧਾਹੀਆ । ਕੀ ਖੇਲ ਕਰੇ ਪ੍ਰਭੂ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣਾ ਹੁਕਮ ਵਰਤਾਈਆ । ਨਾਰਦ ਕਿਹਾ ਧਰਨੀਏ ਉਹ ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਅੰਦਰ ਫੋਲ ਫੁਲਾਈਆ । ਸਚ ਪ੍ਰੇਮ ਦੀ ਕਰੇ ਬਖ਼ਸ਼ੀਸ਼, ਰਹਿਮਤ ਆਪਣੀ ਹਕ ਕਮਾਈਆ । ਧੁਰ ਦਾ ਕਲਮਾ ਦੱਸੇ ਬਾਹਰ ਹਦੀਸ, ਹਜ਼ਰਤਾਂ ਤੋਂ ਪਰੇ ਪੜ੍ਹਾਈਆ । ਜਿਸ ਦੇ ਛਤਰ ਝੁਲਣਾ ਸੀਸ, ਛਤਰਧਾਰੀ ਨੂਰ ਅਲਾਹੀਆ । ਉਸ ਦਾ ਇਕੋ ਢੋਲਾ ਇਕੋ ਹੋਵੇ ਗੀਤ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਇਕੋ ਇਸ਼ਟ ਇਕ ਪ੍ਰੀਤ, ਪ੍ਰੀਤਮ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਨਾਰਦ ਕਹੇ ਸੁਣ ਧਰਨੀ ਮੈਂ ਦੱਸਾਂ ਯਥਾਰਥ ਯਥਾ, ਯਦੀ ਆਪ ਦ੍ਰਿੜਾਈਆ । ਮੇਰਾ ਸਾਹਿਬ ਪੁਰਖ ਸਮਰਥਾ,

੭੯
੨੩

ਸਮਰਥ ਪੁਰਖ ਵਡ ਵਡਿਆਈਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਗਾਈ ਗਾਥਾ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਉਹ ਕਲਜੁਗ ਲਹਿਣਾ ਦੇਣਾ ਸਭ ਦਾ ਚੁਕਾਏ ਹੱਥੋ ਹੱਥਾ, ਜਗਤ ਉਧਾਰ ਨਾ ਕੋਇ ਜਣਾਈਆ । ਉਠ ਵੇਖ ਲੈ ਸਭ ਦਾ ਬੁਰਜ ਢੱਠਾ, ਗੜ੍ਹ ਕੂੜੀ ਕਿਰਿਆ ਦਏ ਤੁੜਾਈਆ । ਲੇਖਾ ਜਾਣੇ ਤਤ ਅੱਠਾ, ਨਵ ਦਵਾਰੇ ਫੋਲੇ ਥਾਉਂ ਥਾਈਂਆ । ਲਹਿਣਾ ਦੇਣਾ ਜਾਣੇ ਤੀਰਥ ਅੱਠ ਸੱਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪਰਦਾ ਆਪ ਚੁਕਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤਾ, ਰਤਨ ਅਮੋਲਕ ਹੀਰੇ ਹਰਿਜਨ ਵੇਖੇ ਚਾਈਂ ਚਾਈਂਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਿਨ੍ਹਾਂ ਆਪਣੀ ਆਤਮ ਸਤ੍ਹਾ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਕੀ ਸੋਚਾਂ, ਜਗਤ ਬੁੱਧੀ ਚਲੇ ਨਾ ਕੋਇ ਚਤੁਰਾਈਆ । ਮੈਂ ਇਕੋ ਦਰਸ ਪ੍ਰਭੂ ਦਾ ਲੋਚਾਂ, ਲੋਚਨ ਇਕੋ ਨੈਣ ਖੁਲਾਈਆ । ਜਿਸ ਨਾਲ ਤੱਕਾਂ ਚੌਦਾਂ ਲੋਕਾਂ, ਚੌਦਾਂ ਤਬਕ ਪਰਦਾ ਰਹੇ ਨਾ ਰਾਈਆ । ਫੇਰ ਸੁਣਾਂ ਅਗੰਮਾ ਸਲੋਕਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਫੇਰ ਸੁਣਾਵਾਂ ਜਗਤ ਜਗਿਆਸੂਆਂ ਚੁਰਾਸੀ ਵਿਚੋਂ ਮਾਨਸ ਜਨਮ ਮੌਕਾ, ਮੁਕੰਮਲ ਪ੍ਰਭ ਨੂੰ ਮਿਲ ਕੇ ਖ਼ੁਸ਼ੀ ਲੈਣੀ ਬਣਾਈਆ । ਨੌਂ ਖੰਡ ਪ੍ਰਿਥਮੀ ਦੇਵਾਂ ਹੋਕਾ, ਹੁਕਮ ਸੁਣਾਵਾਂ ਧੁਰਦਰਗਾਹੀਆ । ਆਦਿ ਅੰਤ ਜੁਗਾ ਜੁਗੰਤ ਇਕੋ ਸਤਿਗੁਰ ਸ਼ਬਦ ਬਹੁਤਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਖੇਲ ਖੇਲੇ ਨਾਲ ਸ਼ੌਕਾ, ਗ਼ਮੀ ਚਿੰਤਾ ਜਗਤ ਵਾਲੀ ਗਵਾਈਆ ।



### ੪ ਸਾਵਣ ਸ਼ਹਿਨਸ਼ਾਹੀ ਸੰਮਤ ੮ ਇਟਾਰਸੀ ਸ਼ਹਿਰ ਸੁਰਿੰਦਰ ਸਿੰਘ ਦੇ ਗ੍ਰਿਹਿ

ਕਲਜੁਗ ਕਹੇ ਪ੍ਰਭ ਮੇਰਾ ਵੇਖ ਲੈ ਜ਼ੋਰ, ਜੋਰੂ ਜ਼ਰ ਦਿਤੀ ਵਡਿਆਈਆ । ਹਰ ਘਟ ਅੰਦਰ ਮੈਂ ਹੋਰ ਦਾ ਹੋਰ, ਹੋਰ ਦਾ ਹੋਰ ਰੂਪ ਬਦਲਾਈਆ । ਵੱਡਾ ਡਾਕੂ ਬਣ ਕੇ ਚੋਰ, ਡਾਕਾ ਮਾਰਾਂ ਥਾਉਂ ਥਾਈਆ । ਤੇਰੀ ਕਿਰਪਾ ਨਾਲ ਤੇਰੇ ਹੁੰਦਿਆਂ ਰਖਾਂ ਅੰਧੇਰਾ ਘੋਰ, ਤੇਰਾ ਚਾਨਣ ਨਜ਼ਰ ਕਿਸੇ ਨਾ ਆਈਆ । ਮੇਰਾ ਦਿਲ ਚਾਹੁੰਦਾ ਮੈਂ ਸਾਰੇ ਤੇਰੇ ਨਾਲੋਂ ਦਿਆਂ ਵਿਛੋੜ, ਤੂੰ ਇਕ ਇਕੱਲਾ ਭੱਜੇ ਵਾਹੋ ਦਾਹੀਆ । ਨੌ ਸਾਲ ਤੱਕ ਕਿਸੇ ਦਾ ਹੋਣ ਨਾ ਦੇਵਾਂ ਜੋੜ, ਸਦੀ ਚੌਧਵੀਂ ਨਾਲ ਮਿਲਾਈਆ । ਮੈਂ ਕਲਪਣਾ ਵਿਚ ਕਲਪ ਕੇ ਪਾਵਾਂ ਸ਼ੋਰ, ਸ਼ੋਰ ਨਾਲ ਸੁਣਾਈਆ । ਮਿਹਰਵਾਨ ਇਕ ਵਾਰ ਸਾਰਿਆਂ ਦੀ ਆਪਣੇ ਨਾਲੋਂ ਕੱਟ ਦੇ ਡੋਰ, ਤੇਰਾ ਦਰਸ ਕਰਨ ਵਾਲਾ ਰਹਿਣ ਕੋਇ ਨਾ ਪਾਈਆ । ਝੂਠੇ ਭਾਂਡੇ ਮਾਟੀ ਦੇ ਫੋੜ, ਤਨ ਵਜੂਦ ਕੰਮ ਕਿਸੇ ਨਾ ਆਈਆ । ਮੇਰੀ ਬੇਨੰਤੀ ਦੋਏ ਹੱਥ ਜੋੜ, ਨਿਵ ਨਿਵ ਲਾਗਾਂ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰੀ ਪੁਸ਼ਤ ਦੇ ਥਾਪੀ, ਥਪਕ ਥਪਕ ਵਡਿਆਈਆ । ਮੈਂ ਰਹਿਣ ਦੇਵਾਂ ਨਾ ਕੋਇ ਤੇਰਾ ਜਾਪੀ, ਬਲ ਆਪਣਾ ਆਪ ਵਖਾਈਆ । ਉਹ ਵੇਖ ਧਰਨੀ ਰਹੀ ਕਾਂਪੀ, ਕੰਬ ਕੰਬ ਕੇ ਰਹੀ ਸੁਣਾਈਆ । ਮੇਰੇ ਉਤੇ

ਮਾਨਸ ਖ਼ਾਕੀ, ਪੰਜਾਂ ਤਤਾਂ ਵਾਲੇ ਭੱਜਣ ਵਾਹੋ ਦਾਹੀਆ । ਬਾਹਰੋਂ ਨਿਰਮਲ ਅੰਦਰੋਂ ਕਾਤੀ, ਕੁਦਰਤ ਦੇ ਮਾਲਕ ਤੇਰੀ ਸਮਝ ਕੋਇ ਨਾ ਆਈਆ । ਤੂੰ ਪਾਰਬ੍ਰਹਮ ਬ੍ਰਹਮ ਤੇਰੀ ਸਮਝੇ ਕੋਇ ਨਾ ਜ਼ਾਤੀ, ਪਰਦਾ ਸਕੇ ਨਾ ਕੋਇ ਉਠਾਈਆ । ਮੇਰੀ ਮਨਜ਼ੂਰ ਕਰ ਬੇਨੰਤੀ ਜੋ ਕੀਤੀ ਨੌ ਵਾਰ ਰਾਤੀਂ, ਦਰ ਤੇਰੇ ਸੀਸ ਨਿਵਾਈਆ । ਸ਼ਰਅ ਦਾ ਰਹੇ ਕੋਇ ਨਾ ਹਾਜੀ, ਹਜ਼ਰਤਾਂ ਦਾ ਮੇਲ ਨਾ ਕੋਇ ਮਿਲਾਈਆ । ਬਿਨ ਤੇਰੇ ਸੁਰਤੀ ਹੋਵੇ ਕਿਸੇ ਨਾ ਜਾਗੀ, ਜਾਗਰਤ ਸਾਰੇ ਦੇਣੇ ਸਵਾਈਆ । ਮੈਂ ਚਾਹੁੰਦਾ ਦੀਨ ਦੁਨੀ ਦੀ ਬੁੱਧੀ ਕਰ ਕਾਗੀ, ਘਰ ਘਰ ਕਾਗ ਵਾਂਗ ਕੁਰਲਾਈਆ । ਸਾਚੇ ਨਾਮ ਦਾ ਦਿਸੇ ਕੋਇ ਨਾ ਰਾਗੀ, ਧੁਰ ਦਾ ਰਾਗ ਨਾ ਕੋਇ ਅਲਾਈਆ । ਬੇਮੁਹਾਰਿਆਂ ਦਾ ਬਣੇ ਕੋਇ ਨਾ ਵਾਗੀ, ਅਵਤਾਰ ਪੈਗ਼ੰਬਰ ਗੁਰੂ ਸਿਰ ਹੱਥ ਨਾ ਕਿਸੇ ਟਿਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਵਾਂਗੀ, ਹਰਿ ਕਰਤਾ ਨੂਰ ਅਲਾਹੀਆ । ਤੂੰ ਆਦਿ ਤੋਂ ਅੰਤ ਅੰਤ ਤੋਂ ਆਦਿ ਜੁਗ ਜੁਗ ਇਕੱਲਾ ਪਾਂਧੀ, ਇਕ ਇਕੱਲੇ ਜਗਤ ਮੁਹੱਲੇ ਵੇਖ ਚਾਈਂ ਚਾਈਆ । ਚਾਰੋਂ ਕੁੰਟ ਤੇਰੇ ਹੁਕਮ ਦੀ ਚਲੇ ਆਂਧੀ, ਅੰਧੇਰਾ ਹੋਏ ਕੂੜ ਲੋਕਾਈਆ । ਉਹ ਵੇਖ ਸਦੀ ਚੌਧਵੀਂ ਖੁਲ੍ਹੀ ਗੁੱਤ ਹੱਥ ਫੜੀ ਪਰਾਂਦੀ, ਭੱਜੇ ਵਾਹੋ ਦਾਹੀਆ । ਕੂਕਾਂ ਮਾਰੇ ਮੁਹੰਮਦਾ ਮੇਰੇ ਸਾਹਿਬ ਬਿਨਾ ਪਤ ਜਾਂਦੀ, ਜਾਂਦੀ ਵਾਰੀ ਭੁਲ ਲੈ ਬਖ਼ਸ਼ਾਈਆ । ਉਨ ਸਾਡੇ ਗ੍ਰਿਹ ਆਉਣਾ ਸੁੱਖੀ ਸਾਂਦੀ, ਕਮਲਿਆ ਆਪਣੀ ਲੈ ਅੰਗੜਾਈਆ । ਜ਼ਰਾ ਨਿਗਾਹ ਮਾਰ ਲੈ ਕਿਸੇ ਨੇ ਗਾਂ ਖਾਧੀ ਕਿਸੇ ਨੇ ਖਾਧੀ ਢਾਂਡੀ, ਬਚਿਆ ਨਜ਼ਰ ਕੋਇ ਨਾ ਆਈਆ । ਮੈਨੂੰ ਐਂ ਜਾਪਦਾ ਉਸ ਨੇ ਵੇਖਣੇ ਸਾਡੇ ਮੂਸਾ ਵਾਲੇ ਗਵਾਂਢੀ, ਹਮਸਾਇਆ ਖੋਜ ਖੁਜਾਈਆ । ਉਸ ਦਾ ਲੇਖਾ ਮੈਂ ਕੀ ਦੱਸਾਂ ਉਸ ਦੀ ਬਾਂਦੀ, ਜਿਸ ਦੀ ਬੰਦਨਾ ਵਿਚ ਨਿਵ ਨਿਵ ਲਾਗਾਂ ਪਾਈਆ । ਮੈਂ ਸੁਗੰਦ ਕਸਮ ਉਸ ਖ਼ਸਮ ਦੀ ਖਾਂਦੀ, ਜਿਹੜੀ ਖ਼ਸਮਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਉਠ ਮੁਹੰਮਦ ਮੇਰਿਆ ਵੀਰਾ, ਵੈਰਾਨ ਵੇਖ ਲੋਕਾਈਆ । ਮੇਰਾ ਪਰਵਰਦਿਗਾਰ ਘਤੀ ਆਏ ਵਹੀਰਾ, ਨਜ਼ਰ ਕਿਸੇ ਨਾ ਆਈਆ । ਜਿਸ ਦੇ ਭਗਤਾਂ ਕੋਲ ਤਰਕਸ਼ ਤੀਰਾ, ਰਾਮ ਰਾਮਾ ਸੇਵ ਕਮਾਈਆ । ਉਸ ਤੋੜਨ ਆਉਣਾ ਸ਼ਰਅ ਦੀਆਂ ਜ਼ੰਜੀਰਾਂ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦੇ ਸੀਸ ਉਤੇ ਸਾਡੇ ਗ੍ਰਿਹ ਵੜਦਿਆਂ ਨੀਲਾ ਹੋਵੇ ਚੀਰਾ, ਨੀਲੀ ਧਾਰ ਰੰਗ ਰੰਗਾਈਆ । ਮੇਰਾ ਮਾਲਕ ਪੀਰਨ ਪੀਰਾ, ਬੇਪਰਵਾਹ ਸੋਭਾ ਪਾਈਆ । ਅਸੀਂ ਬੇਨੰਤੀ ਕਰਨੀ ਸਾਡੀ ਬਦਲ ਜਾਈਂ ਤਕਦੀਰਾ, ਤਕਦੀਰ ਜਮੀਰ ਵਿਚ ਨਾ ਕਿਸੇ ਫਸਾਈਆ । ਜਿਸ ਦੇ ਕੋਲ ਨਾਮ ਸ਼ਬਦ ਸ਼ਮਸ਼ੀਰਾ, ਖੰਡਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਕੀ ਸਚ ਆਵੇ ਮੇਰਾ ਮਾਲਕ, ਨੁਰਾਨਾ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਉਹ ਪਿਆਰ ਵਿਚ ਸਭ ਨੂੰ ਦੇਵੇ ਦਾਵਤ, ਦਾਅਵੇਦਾਰ ਇਕ ਅਖਵਾਈਆ । ਮੁਹੰਮਦ ਕਹੇ ਕੀ ਬਖ਼ਸ਼ਿਸ਼ ਕਰੇ ਸਿਖ਼ਾਵਤ, ਰਹਿਮਤ ਕੀ ਕਮਾਈਆ । ਸਦੀ ਚੌਧਵੀਂ ਕਹੇ ਉਸ ਇਕੋ ਕਲਮਾ ਕਹਿਣਾ, ਸਾਰੇ ਛਡ ਦਿਉ ਬਗ਼ਾਵਤ, ਬਗ਼ਲਗੀਰ ਹੋ ਕੇ ਇਕੋ ਰੰਗ ਵਖਾਈਆ । ਆਦਿ ਦਾ ਆਦਿ ਅੰਤ ਦਾ ਅੰਤ ਇਕੋ ਨਾਮ ਕਲਮਾ ਮੇਰਾ ਨਿਆਮਤ, ਵਸਤ ਅਮੋਲਕ ਇਕ ਵਰਤਾਈਆ । ਹਜ਼ਰਤੋ ਵੇਖੇ ਮੈਂ ਸਦਾ ਸਹੀ ਸਲਾਮਤ, ਸਾਹਿਬ ਸੁਲਤਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ

੮੧
੨੩

ਵਰਤਾਈਆ । ਝਟ ਕਲਜੁਗ ਕਹੇ ਸਦੀ ਚੌਧਵੀਂ ਨਾ ਕਰ ਐਡਾ ਚਾਅ, ਖ਼ੁਸ਼ੀਆਂ ਰੰਗ ਰੰਗਾਈਆ । ਉਹ ਮਾਲਕ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਨੂੰ ਤੇਰੇ ਮੁਹੰਮਦ ਨੇ ਕਿਹਾ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਐਵੇਂ ਉਸ ਤੋਂ ਹੋ ਨਾ ਫ਼ਿਦਾ, ਆਪਣੀ ਖ਼ੁਸ਼ੀ ਬਣਾਈਆ । ਉਹ ਜਿਸ ਨੂੰ ਚਾਹੇ ਆਪਣੇ ਨਾਲੋਂ ਕਰੇ ਜੁਦਾ, ਤੇ ਜਿਸ ਨੂੰ ਚਾਹੇ ਆਪਣੇ ਨਾਲ ਮਿਲਾਈਆ । ਉਸ ਦੇ ਕੋਲ ਅਨੰਤ ਕਲਾ ਦੀ ਵਿਧਾ, ਜਿਸ ਦੀ ਵਿਧੀ ਜਗਤ ਸ਼ਾਸਤਰ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਸਦੀ ਚੌਧਵੀਂ ਮੈਂ ਹੀ ਏਥੇ ਆਵਾਂਗਾ । ਕੂੜ ਦਾ ਡੰਕਾ ਇਕ ਵਜਾਵਾਂਗਾ । ਭਰਮ ਭੁਲੇਖੇ ਸਰਬ ਭੁਲਾਵਾਂਗਾ । ਇਹ ਮੌਲਾ ਨਹੀਂ ਤੇ ਮੌਲਾ ਕਲਜੁਗ ਕਹੇ ਮੈਂ ਅਖਵਾਵਾਂਗਾ । ਆਪਣਾ ਡੌਲਾ ਫੇਰ ਫਰਕਾਵਾਂਗਾ । ਢੋਲ ਮਰਦੰਗਾ ਇਕ ਵਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਵਾਂਗਾ । ਸਦੀ ਚੌਧਵੀਂ ਕਹੇ ਕਲਜੁਗ ਤੂੰ ਬੜਾ ਸੋਹਣਾ, ਜਗਤ ਜਹਾਨ ਨਜ਼ਰੀ ਆਈਆ । ਤੂੰ ਬੜਾ ਪ੍ਰੇਮੀ ਪਿਆਰ ਵਿਚ ਸਭ ਨੂੰ ਮੋਹਣਾ, ਮੁਹੱਬਤ ਵਾਲਾ ਇਕ ਅਖਵਾਈਆ । ਪਰ ਮੈਨੂੰ ਐਂ ਦਿਸਦਾ ਤੂੰ ਜਿਸ ਘਰ ਵਿਚ ਵੜ ਜਾਵੇਂ ਉਸ ਘਰ ਵਿਚ ਪੈ ਜਾਂਦਾ ਰੋਣਾ, ਰੋ ਰੋ ਕੇ ਸਾਰੇ ਮਾਰਨ ਧਾਹੀਂਆ । ਤੇਰਾ ਖੇਲ ਬੜਾ ਅਨਹੋਣਾ, ਹੋਣੀ ਨੇ ਬੱਚੇ ਨੀਹਾਂ ਹੇਠ ਦਿਤੇ ਦਬਾਈਆ । ਮੈਂ ਬੇਨੰਤੀ ਕਰਦੀ ਤੂੰ ਕਿਸੇ ਪਿਛੇ ਪਿਛੇ ਸੌਣਾ, ਅਗੇ ਅਗੇ ਕਦਮ ਨਾ ਕੋਇ ਟਿਕਾਈਆ । ਸਾਨੂੰ ਖ਼ੁਸ਼ੀਆਂ ਸਾਡੇ ਮਾਹੀ ਮਹਿਬੂਬ ਨੇ ਆਉਣਾ, ਜਿਸ ਦੀ ਯਾਦ ਵਿਚ ਚੌਦਾਂ ਸੌ ਸਾਲ ਰਾਹ ਤਕਾਈਆ । ਅਸੀਂ ਆਪਣਾ ਆਪ ਉਸ ਦੇ ਚਰਨਾਂ ਹੇਠ ਵਿਛਾਉਣਾ, ਕਦਮ ਬੋਸੀ ਕਰ ਕੇ ਧੂੜੀ ਖ਼ਾਕ ਰਮਾਈਆ । ਉਹ ਮੇਰਾ ਮਹਿਬੂਬ ਨਹੀਂ ਓਹ ਜਗਤ ਦਾ ਨਹੀਂ ਪ੍ਰਾਹੁਣਾ, ਓਹ ਕੁਲ ਮਾਲਕ ਨਜ਼ਰੀ ਆਈਆ । ਜਿਸ ਨੇ ਕਲਜੁਗ ਨੂੰ ਢਾਹੁਣਾ ਤੇ ਸਤਿਜੁਗ ਨੂੰ ਵਸਾਉਣਾ, ਇਹ ਉਹਦੀ ਬੇਪ੍ਰਵਾਹੀਆ । ਧਰਤੀ ਉਤੇ ਆਪਣਾ ਖੇਲ ਖਿਲਾਉਣਾ, ਖ਼ਾਲਕ ਖ਼ਲਕ ਆਪਣੀ ਕਾਰ ਭੁਗਤਾਈਆ । ਕਲਜੁਗ ਉਹਦਿਆਂ ਪ੍ਰੇਮੀਆਂ ਨੂੰ ਸੂਫ਼ੀਆਂ ਨੂੰ ਤੂੰ ਆਪਣੇ ਜਾਲ ਵਿਚ ਨਾ ਫਸਾਉਣਾ, ਜਗਤ ਜੰਜਾਲਾ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਸਦੀ ਚੌਧਵੀਂ ਤੂੰ ਕਿੱਡੀ ਸੋਹਣੀ ਸੁਨੱਖੀ, ਬਿੰਦੀ ਸੋਭਾ ਪਾਈਆ । ਨੀਂ ਮੈਂ ਤੇਰਾ ਰੂਪ ਤੱਕ ਕੇ ਅੱਖੀਂ, ਮੇਰਾ ਦਿਲ ਕਰਦਾ ਅਲਫ਼ ਯੇ ਦੇ ਅੱਖਰ ਦਿਆਂ ਮਿਟਾਈਆ । ਮੈਨੂੰ ਤੇ ਨਾਰਦ ਨੂੰ ਭੁਲ ਗਈ ਕ੍ਰਿਸ਼ਨ ਵਾਲੀ ਸਖ਼ੀ, ਜਿਸ ਸਖ਼ੀ ਨੇ ਇਸ਼ਾਰਾ ਕਲਜੁਗ ਦਿਤਾ ਕਰਾਈਆ । ਇਕ ਵਾਰ ਤੂੰ ਖਿੜ ਖਿੜਾ ਕੇ ਹੱਸੀ, ਹੱਸ ਕੇ ਦੇਣਾ ਜਣਾਈਆ । ਮੇਰਾ ਦਿਲ ਕਰਦਾ ਤੇਰੀ ਗੁੱਤ ਨੂੰ ਪਾ ਕੇ ਰੱਸੀ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਨਾਲੇ ਹੋਕਾ ਦੇਵਾਂ ਇਹ ਵੇਖੋ ਸਦੀ ਚੌਧਵੀਂ ਜਿਸ ਦੇ ਵਿਚ ਸਭ ਨੇ ਖਾਧੀ ਮੱਛੀ ਤੇ ਡੱਡੀ, ਪਸ਼ੂ ਪੰਛੀਆਂ ਖੱਲ ਲੁਹਾਈਆ । ਫੇਰ ਤੂੰ ਆਪਣੀ ਕਥਾ ਕਹਾਣੀ ਉਸ ਪ੍ਰਭੂ ਨੂੰ ਦੱਸੀਂ, ਜੋ ਆਦਿ ਅੰਤ ਦਾ ਮਾਲਕ ਇਕ ਅਖਵਾਈਆ । ਆਹ ਵੇਖ ਮੈਂ ਵੀ ਉਸੇ ਦੀ ਪੜ੍ਹੀ ਪੱਟੀ, ਪਟਨੇ ਵਾਲਾ ਨਾਲ ਮਿਲਾਈਆ । ਮੈਨੂੰ ਉਨ੍ਹਾਂ ਇਸ਼ਾਰਾ ਦਿਤਾ ਕਲਜੁਗ ਸਾਡੇ ਨਾਲ ਸਮੁੰਦ ਸਾਗਰਾਂ ਟੱਪੀਂ, ਭਾਰਤ ਵਿਚ ਨਾਲ ਚਲੀਂ ਚਾਈਂ ਚਾਈਆ । ਜਿਹੜੀ ਮੇਰਿਆਂ ਭਗਤਾਂ ਕੂੜ ਕੁੜਿਆਰ ਦੀ ਖੱਟੀ ਹੋਵੇ ਖੱਟੀ, ਉਸ ਦੀ ਗੰਢ ਆਪਣੇ ਸਿਰ ਲੈਣੀ ਟਿਕਾਈਆ । ਜਿਸ ਦੀ ਯਾਦ ਵਿਚ ਨਾਨਕ


੮੨
੨੩

ਨੇ ਲੇਖ ਲਿਖਿਆ ਜੁਗ ਛੱਤੀ, ਛੱਤੀ ਰਾਗਾਂ ਤੋਂ ਬਾਹਰ ਦ੍ਰਿੜਾਈਆ । ਉਹ ਮਾਲਕ ਕਮਲਾਪਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਸਦੀ ਚੌਧਵੀਂ ਆਹ ਮੁਹੰਮਦ ਨੂੰ ਵਖਾ ਆਪਣੀ ਤਖ਼ਤੀ, ਤਖ਼ਤ ਨਿਵਾਸੀ ਰਿਹਾ ਜਣਾਈਆ । ਜਿਸ ਦੇ ਹੁਕਮ ਵਿਚ ਹੋਵੇ ਸਖ਼ਤੀ, ਸਖ਼ਤ ਆਪਣਾ ਹੁਕਮ ਵਰਤਾਈਆ । ਮੈਨੂੰ ਐਂ ਦਿਸਦਾ ਪੀਰਾਂ ਪੈਗ਼ੰਬਰਾਂ ਦੀ ਆਉਣੀ ਕਮਬਖਤੀ, ਸਿਰ ਹੱਥ ਨਾ ਕੋਇ ਟਿਕਾਈਆ । ਮੇਰੇ ਮਹਿਬੂਬ ਦੀ ਸਭ ਤੋਂ ਵੱਖਰੀ ਹਸਤੀ, ਹਸਤ ਕੀਟਾਂ ਲੇਖਾ ਦਏ ਚੁਕਾਈਆ । ਜਗਤ ਖ਼ੁਮਾਰੀ ਲਾਹੇ ਮਸਤੀ, ਹਉਮੇ ਹੰਗਤਾ ਗੜ੍ਹ ਤੁੜਾਈਆ । ਪਰ ਇਹ ਖੇਲ ਉਨ ਤੈਨੂੰ ਦੇਣਾ ਦਸਤੀ, ਤੂੰ ਮਦੀਨੇ ਮੱਕੇ ਦੇਣਾ ਪੁਜਾਈਆ । ਨਾਲੇ ਮੁਹੰਮਦ ਨੂੰ ਕਹਿਣਾ ਵੇਖ ਸਾਡੀ ਹਾਲਤ ਹੋਈ ਖਸਤੀ, ਖ਼ਸਮ ਨੂੰ ਖਾਣਾ ਕਿਧਰੋਂ ਆਇਆ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਕਲਜੁਗ ਇਹ ਗੱਲ ਨਹੀਂ ਫਬਦੀ, ਮੈਂ ਨਿਉਂ ਕੇ ਸੀਸ ਨਿਵਾਈਆ । ਮੈਂ ਚਾਹੁੰਦੀ ਉਹਦੇ ਚਰਨ ਹੋਵਾਂ ਝਸਦੀ, ਬਿਨ ਹੱਥਾਂ ਤੋਂ ਹੱਥ ਛੁਹਾਈਆ । ਮੈਨੂੰ ਕਸਮ ਉਸੇ ਮਬੀਨ ਤੇ ਉਸੇ ਰੱਬ ਦੀ, ਜਿਸ ਨੂੰ ਰਬੀਉਲ ਰਹਿਮਾਨ ਕਹੇ ਲੋਕਾਈਆ । ਕਲਜੁਗ ਹੱਸ ਪਿਆ ਆਂਹਦਾ ਕਮਲੀਏ ਤੂੰ ਵੀ ਕੀ ਜਾਣੇਂ ਉਹਦੀ ਸੂਰਤ ਕਿਸੇ ਜੱਟ ਦੀ, ਵਲੀਆ ਛਲੀਆਂ ਆਪਣਾ ਰੂਪ ਬਦਲਾਈਆ । ਝਟ ਮੁਹੰਮਦ ਬੋਲ ਪਿਆ ਉਹਦਾ ਨੂਰ ਨੁਰਾਨਾ ਜੋਤ ਹੋਵੇ ਲਟ ਲਟ ਦੀ, ਦੋ ਜਹਾਨਾਂ ਡਗਮਗਾਈਆ । ਉਹ ਖੇਲ ਵੇਖੇ ਮੇਰੇ ਚੌਦਾਂ ਤਬਕਾਂ ਹੱਟ ਦੀ, ਹਟਵਾਣਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਕਲਜੁਗ ਮੈਂ ਖ਼ੁਸ਼ੀਆਂ ਨਾਲ ਹੋਵਾਂ ਟੱਪਦੀ, ਟਾਪੂਆਂ ਤੋਂ ਪਰੇ ਭੱਜਾਂ ਵਾਹੋ ਦਾਹੀਆ । ਖੇਲ ਤੱਕਾਂ ਉਸ ਅਲਖ ਦੀ, ਜੋ ਅਲਖ ਅਗੋਚਰ ਇਕ ਅਖਵਾਈਆ । ਉਸ ਦੀ ਧਾਰ ਹੋਣੀ ਸਚ ਦੀ, ਸਚ ਸਚ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਨੀਂ ਸਦੀ ਚੌਧਵੀਂ ਤੇਰਾ ਆ ਗਿਆ ਬੁਢਾਪਾ, ਹੋਸ਼ ਹਵਾਸ ਕਾਇਮ ਲੈ ਕਰਾਈਆ । ਉਹ ਵੇਖ ਚਾਰ ਯਾਰੀ ਚੜ੍ਹਿਆ ਤਾਪਾ, ਮੁਹੰਮਦ ਨੈਣ ਰਿਹਾ ਸ਼ਰਮਾਈਆ । ਉਮਤ ਦਾ ਚੀਥੜ ਵੇਖ ਪਾਟਾ, ਓਢਣ ਸੀਸ ਨਾ ਕੋਇ ਟਿਕਾਈਆ । ਕਲਮਿਆਂ ਵਾਲਿਆਂ ਨੂੰ ਆਇਆ ਘਾਟਾ, ਰੋਜ਼ਾ ਨਿਮਾਜ਼ ਪਾਰ ਨਾ ਕੋਇ ਲੰਘਾਈਆ । ਜਿਸ ਨੇ ਆਪਣੀ ਮਨਸਾ ਪੂਰੀ ਕਰਨੀ ਤੇ ਪੂਰੀ ਕਰਨੀ ਤੇਰੀ ਵਾਟਾ, ਵਟਣਾ ਤੇਰੇ ਦੇਸ਼ ਆ ਕੇ ਲਾਵੇ ਚਾਈਂ ਚਾਈਆ । ਤੇਰੀ ਇਕੋ ਵਸਤ ਟੁੱਟੀ ਹੋਣੀ ਪੁਰਾਣੀ ਖਾਟਾ, ਖਟੀਆ ਜਗਤ ਵਾਲੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਸਦੀ ਚੌਧਵੀਂ ਮੈਂ ਦੱਸਾਂ ਨਾਲ ਈਮਾਨ, ਅਮਾਨ ਨਾਲ ਜਣਾਈਆ । ਕਦ ਤੱਕ ਮੁਹੰਮਦ ਦਾ ਲੇਖਾ ਚੁਕਣਾ ਵਿਚੋਂ ਕੁਰਾਨ, ਕਾਇਨਾਤ ਹੋਵੇ ਸਫ਼ਾਈਆ । ਜੋ ਅਮਾਮਾਂ ਦਾ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਸ਼ਰਅ ਵਾਲਿਆਂ ਉਸ ਨੂੰ ਕਹਿਣਾ ਸ਼ੈਤਾਨ, ਸਮਝ ਵਾਲਾ ਸਮਝ ਨਾ ਕੋਇ ਰਖਾਈਆ । ਉਸ ਦਾ ਵਸੇਰਾ ਬੀਆਬਾਨ, ਜੰਗਲਾਂ ਜੂਹਾਂ ਰੰਗ ਚੜ੍ਹਾਈਆ । ਤੂੰ ਕਿਸ ਬਿਧ ਕਰੇ ਪਹਿਚਾਨ, ਮੈਨੂੰ ਦੇ ਸਮਝਾਈਆ । ਝਟ ਮੁਹੰਮਦ ਕਿਹਾ ਉਹ ਨੂਰ ਅਲਾਹੀ ਅਮਾਮ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਉਸ ਦੀ ਅਗੰਮ ਤੋਂ ਅਗੰਮੀ ਕਲਾਮ, ਕਾਇਨਾਤ ਤੋਂ ਬਾਹਰ ਸੁਣਾਈਆ । ਜਿਸ ਨੇ ਪਿਛਲਾ ਬਦਲ ਦੇਣਾ ਸਰਬ ਇੰਤਜ਼ਾਮ, ਅਗਲਾ ਬੰਦੋਬਸਤ ਆਪਣੇ ਹੱਥ ਰਖਾਈਆ । ਉਹ ਸੂਰਬੀਰ

ਬਲਵਾਨ, ਬਲਧਾਰੀ ਵਡ ਵਡਿਆਈਆ । ਉਹਨੂੰ ਸਮਝੇ ਨਾ ਕੋਇ ਇਨਸਾਨ, ਇਨਸਾਨ ਬੁੱਧੀ ਕੰਮ ਕਿਸੇ ਨਾ ਆਈਆ । ਸਦੀ ਚੌਧਵੀਂ ਕਹੇ ਮੈਂ ਉਸ ਦਾ ਜਦੋਂ ਸੁਣਾਂਗੀ ਕਲਾਮ, ਸੁਣ ਕੇ ਉਸੇ ਨੂੰ ਸੀਸ ਨਿਵਾਈਆ । ਕਲਜੁਗ ਕਹਿੰਦਾ ਉਹ ਵਕਤ ਵੇਖ ਲੈ ਸੁਬਹ ਹੋਵੇ ਕਿ ਸ਼ਾਮ, ਸਰਘੀ ਸੰਧਿਆ ਖੋਜ ਖੁਜਾਈਆ । ਮੁਹੰਮਦ ਕਿਹਾ ਉਹ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਈਆ । ਕਲਜੁਗ ਕਹੇ ਸਦੀ ਚੌਧਵੀਂ ਲੁਕ ਜਾਵੀਂ ਮੁਹੰਮਦਾ ਛੁਪ ਜਾਵੀਂ ਉਨ ਸਭ ਨੂੰ ਕਰਨ ਆਉਣਾ ਗ਼ੁਲਾਮ, ਬਰਦੇ ਧੁਰ ਦੇ ਲਏ ਬਣਾਈਆ । ਹੁਣ ਮਾਲਕ ਤੁਸੀਂ ਉਮਤ ਤਮਾਮ, ਏਸੇ ਤਮਅ ਵਿਚ ਦੀਨ ਦੁਨੀ ਦਿਤੀ ਲੜਾਈਆ । ਆਹ ਵੇਖੋ ਇਕ ਹੁਕਮ ਉਸ ਦਾ ਗੁਮਨਾਮ, ਜਿਸ ਨੂੰ ਅੱਖਰਾਂ ਵਿਚ ਸਕੇ ਨਾ ਕੋਇ ਸਮਝਾਈਆ । ਨਾਲੇ ਤੁਹਾਨੂੰ ਕਲਮੇ ਦਿਤੇ ਨਾਲੇ ਅੰਤ ਸ਼ਰਅ ਨੂੰ ਕੀਤਾ ਬਦਨਾਮ, ਸਚ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵਸਤ ਆਪ ਵਰਤਾਈਆ । ਕਲਜੁਗ ਕਹੇ ਸਦੀ ਚੌਧਵੀਂ ਮੇਰਾ ਵੀ ਉਸੇ ਨਾਲ ਠੇਕਾ, ਮੈਂ ਜਗਤ ਦਾ ਠੇਕੇਦਾਰ ਅਖਵਾਈਆ । ਮੈਂ ਵੀ ਕਿਸੇ ਦਾ ਰਹਿਣ ਨਹੀਂ ਦੇਣਾ ਏਕਾ, ਇਕ ਦੂਜੇ ਨਾਲ ਸਾਰੇ ਦੇਣੇ ਲੜਾਈਆ । ਪ੍ਰਭੂ ਤੇ ਰਖੇ ਕੋਇ ਨਾ ਟੇਕਾ, ਟਿੱਕੇ ਮਸਤਕ ਸਾਰੇ ਰਹੇ ਛੁਹਾਈਆ । ਮੈਂ ਸਭ ਨੂੰ ਭੁਲਾ ਦੇਣਾ ਸੌਹਰਾ ਤੇ ਪੇਕਾ, ਸੌਹਰੇ ਪੇਈਏ ਕੰਮ ਕਿਸੇ ਨਾ ਆਈਆ । ਚਾਰ ਯਾਰੀ ਮੁਕਾਉਣਾ ਲੇਖਾ, ਲਿਖਤ ਪਿਛਲੀ ਦਏ ਗਵਾਹੀਆ । ਲਹਿਣਾ ਦੇਣਾ ਪੂਰਾ ਕਰਨਾ ਮੁੱਲਾ ਸ਼ੇਖ਼ਾ, ਮੁਸਾਇਕਾਂ ਡੇਰਾ ਢਾਹੀਆ । ਆਪਣਾ ਬਦਲ ਕੇ ਭੇਖਾ, ਭੇਖੀ ਦੀਨ ਦੁਨੀ ਦਿਆਂ ਜਣਾਈਆ । ਨਾਲੇ ਹੋਕਾ ਦਿਆਂ ਪਰਵਰਦਿਗਾਰ ਕਿਸੇ ਨਾ ਵੇਖਾ, ਬਿਨ ਵੇਖਿਆਂ ਮੰਨਣ ਕੋਇ ਨਾ ਪਾਈਆ । ਪਤਾ ਨਹੀਂ ਕੌਣ ਫਿਰੇ ਦੇਸ ਪ੍ਰਦੇਸਾ, ਆਪਣਾ ਖੇਲ ਖਿਲਾਈਆ । ਜੋ ਮਾਲਕ ਰਹੇ ਹਮੇਸ਼ਾ, ਸੋ ਸਾਹਿਬ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਸੰਮਤ ਸ਼ਹਿਨਸ਼ਾਹੀ ਅੱਠ ਵਿਚ ਮੇਰੀ ਵੱਡੀ ਕਾਰ, ਸੇਵਾ ਪ੍ਰਭੂ ਦਿਤੀ ਲਗਾਈਆ । ਮੈਂ ਵੇਖਣੇ ਕੁੰਟ ਚਾਰ, ਦਹਿ ਦਿਸ਼ਾ ਧਿਆਨ ਲਗਾਈਆ । ਵੇਖਣੇ ਵੇਦ ਚਾਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਵੇਖਣੇ ਵਰਨ ਚਾਰ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਬਚਿਆ ਰਹਿਣ ਕੋਇ ਨਾ ਪਾਈਆ । ਵੇਖਣੇ ਸੰਗ ਮੁਹੰਮਦ ਯਾਰ ਚਾਰ, ਚੌਦਸ ਚੰਦ ਨਾਲ ਮਿਲਾਈਆ । ਫੇਰ ਸਾਰਿਆਂ ਨੂੰ ਪੁਛਣਾ ਦੱਸੋ ਐਸ ਵੇਲੇ ਪ੍ਰਭੂ ਉਤੇ ਕਿਸ ਨੂੰ ਇਤਬਾਰ, ਕਿ ਬੇਇਤਬਾਰੀ ਵਿਚ ਲੋਕਾਈਆ । ਕਲਜੁਗ ਕਹੇ ਮੈਂ ਬੜਾ ਹੁਸ਼ਿਆਰ, ਹੁਸ਼ਿਆਰੀ ਨਾਲ ਸਭ ਨੂੰ ਦੇਣਾ ਸੁਣਾਈਆ । ਦੁਨੀਆਦਾਰੋ ਤੁਹਾਡਾ ਕਿਸ ਦੇ ਨਾਲ ਪਿਆਰ, ਲਿਖ ਕੇ ਦਿਓ ਵਖਾਈਆ । ਜਗਤ ਜਗਿਆਸੂਓ ਜਗਤ ਸਨਬੰਧੀ ਜਗਤ ਵਿਚ ਦਿਨ ਦੋ ਤੇ ਚਾਰ, ਅੰਤ ਕੰਮ ਕੋਇ ਨਾ ਆਈਆ । ਮਰ ਮਰ ਜੰਮੇ ਜੰਮੇ ਮਰੇ ਵਾਰੋ ਵਾਰ, ਲੱਖ ਚੁਰਾਸੀ ਵਿਚ ਭਵਾਈਆ । ਕੋਟਾਂ ਵਿਚੋਂ ਸ਼ਾਇਦ ਕਲਜੁਗ ਕਹੇ ਕੋਈ ਭਗਤ ਕਹੇ ਬਾਂਹ ਉਠਾਲ, ਉਹ ਮੇਰਾ ਮਾਲਕ ਧੁਰਦਰਗਾਹੀਆ । ਜਿਸ ਦੇ ਪਿਛੇ ਮੈਂ ਪਾਤਸ਼ਾਹ ਹੋ ਕੇ ਹੋਵਾਂ ਕੰਗਾਲ, ਕੰਗਲਾ ਹੋ ਕੇ ਆਪਣਾ ਰੰਗ ਰੰਗਾਈਆ । ਕਲਜੁਗ ਕਹੇ ਮੇਰੇ ਹੁੰਦਿਆਂ ਕੋਈ ਸੁਰਤ ਨਾ ਸਕੇ ਸੰਭਾਲ, ਸੰਬਲ ਬੈਠਾ ਮਾਹੀ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਨੀਂ ਤੂੰ ਵੀ ਕੋਈ ਲੱਭ ਲੈ ਦਲਾਲ, ਜੋ ਵਿਚੋਲਾ ਹੋ ਕੇ ਤੈਨੂੰ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਵੀ ਉਸੇ ਪਿਛੇ ਘਾਲਣਾਂ ਰਹੀ ਘਾਲ, ਮੇਰੀ ਕੋਈ ਮਹੀਨਿਆਂ ਦਿਨਾਂ ਬਰਸਾਂ ਦੀ ਸੇਵਾ ਨਹੀਂ ਮੈਂ ਚੌਦਾਂ ਸੌ

੮੪
੨੩

ਸਾਲ ਉਸੇ ਦਾ ਰਾਹ ਤਕਾਈਆ । ਉਹ ਆਪੇ ਮੇਰੀ ਸੁਰਤ ਲਊ ਸੰਭਾਲ, ਫੜ ਬਾਹੋਂ ਗਲੇ ਲਗਾਈਆ । ਕਲਜੁਗ ਕਹੇ ਬੀਬੀਏ ਰਾਣੀਏ ਤੂੰ ਨਹੀਂ ਜਾਣਦੀ ਉਹਦੀ ਚਾਲ, ਉਹ ਵਲ ਛਲਧਾਰੀ ਆਪਣੇ ਜਾਲ ਵਿਚ ਸਭ ਨੂੰ ਲਏ ਫਸਾਈਆ । ਸਦੀ ਚੌਧਵੀਂ ਕਹੇ ਮੈਂ ਉਸੇ ਦੀ ਯਾਦ ਵਿਚ ਹੋ ਗਈ ਨਿਢਾਲ, ਆਪਣਾ ਬਲ ਨਾ ਕੋਇ ਰਖਾਈਆ । ਮੇਰਾ ਪੁਕਾਰੇ ਰੋਮ ਰੋਮ ਵਾਲ ਵਾਲ, ਵਾਲੀ ਵਾਰਸ ਆਵੇ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਵਰਤਾਈਆ । ਕਲਜੁਗ ਕਹੇ ਸਦੀ ਚੌਧਵੀਂ ਜ਼ਰਾ ਮੇਰੇ ਵੱਲ ਵੇਖ, ਮੱਥੇ ਤਿਉੜੀ ਨਾ ਕੋਇ ਰਖਾਈਆ । ਸਦੀ ਚੌਧਵੀਂ ਨੈਣ ਚੁਕਿਆ ਕਲਜੁਗ ਨੇ ਕਿਹਾ ਆਹ ਵੇਖ ਦਸ ਦਸਮੇਸ਼, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਜਿਸ ਦੇ ਸਾਹਮਣੇ ਸਾਰੇ ਹੋਣੇ ਪੇਸ਼, ਪੇਸ਼ਤਰ ਦਿਆਂ ਦ੍ਰਿੜਾਈਆ । ਜਿਸ ਦਾ ਸੰਬਲ ਵਿਚ ਵੇਸ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਉਸ ਦਾ ਅਗੰਮ ਤੋਂ ਅਗੰਮੜਾ ਲੇਖ, ਲਿਖਤ ਲਿਖਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਕਲਜੁਗ ਕਹੇ ਸਦੀ ਚੌਧਵੀਂ ਤੇਰਾ ਮੇਰਾ ਚੰਗਾ ਰਾਜ, ਚਲ ਸਭ ਨੂੰ ਦਈਏ ਸੁਣਾਈਆ । ਪ੍ਰਭੂ ਦੇ ਭਗਤਾਂ ਨੂੰ ਵੀ ਕਹੀਏ ਤੁਹਾਡਾ ਪ੍ਰਭੂ ਬੜਾ ਧੋਖੇਬਾਜ਼, ਧੋਖੇ ਵਿਚ ਕੋਇ ਨਾ ਆਈਆ । ਇਹਦੇ ਨਾਲੋਂ ਤੁਹਾਡੇ ਚੰਗੇ ਆਪਣੇ ਕਾਜ, ਕਾਜਾਂ ਵਿਚ ਆਪਣੀ ਖ਼ੁਸ਼ੀ ਬਣਾਈਆ । ਏਸ ਤੋਂ ਬਿਨਾ ਤੁਸੀਂ ਇਕ ਦੂਜੇ ਨੂੰ ਕਹੋ ਤੁਸੀਂ ਮੇਰੇ ਗੁਰੂ ਮਹਾਰਾਜ, ਪਤ ਪਤਨੀ ਇਕ ਦੂਜੇ ਨੂੰ ਸੀਸ ਨਿਵਾਈਆ । ਭੈਣ ਭਰਾ ਤੁਹਾਡੇ ਏਸ ਨਾਲੋਂ ਚੰਗਾ ਸਾਕ, ਏਸ ਨੂੰ ਛਡੋ ਪਰਵਾਰ ਨੂੰ ਮਿਲੋ ਚਾਈਂ ਚਾਈਂਆ । ਜਿਸ ਨੇ ਅਵਤਾਰਾਂ ਪੈਗੰਬਰਾਂ

੮੫ ੨੩ ਗੁਰੂਆਂ ਤੋਂ ਦੀਨਾਂ ਮਜ਼੍ਹਬਾਂ ਦਾ ਪਵਾਇਆ ਨਫ਼ਾਕ, ਕਲਮੇ ਕਲਮੇ ਨਾਲ ਟਕਰਾਈਆ । ਏਸ ਤੋਂ ਸਾਰੇ ਪਾਉ ਨਜਾਤ, ਪੱਲਾ ਲਊ ਛੁਡਾਈਆ । ੮੫ ੨੩

ਏਸ ਦੀ ਆਦਤ ਜੁਗ ਜੁਗ ਕਾਲੇ ਕਰਨੇ ਕਾਗ਼ਜ਼ਾਤ, ਅੱਖਰ ਅੱਖਰਾਂ ਨਾਲ ਮਿਲਾਈਆ । ਸੰਸਾਰ ਦਾ ਸੁਖ ਮਨ ਦਾ ਪਿਆਰ ਵੇਖੋ ਲੋਕਮਾਤ, ਨੌਂ ਦਵਾਰੇ ਦਾ ਰਸ ਚੱਖੋ ਚਾਈਂ ਚਾਈਂਆ । ਮਾਤ ਪਿਤਾ ਨੂੰ ਮਿਲਿਆਂ ਆਵੇ ਸ਼ਾਂਤ, ਪ੍ਰਭੂ ਨੂੰ ਮਿਲ ਕੇ ਭਜਨ ਬੰਦਗੀ ਵਿਚ ਆਪਣਾ ਆਪ ਫਸਾਈਆ । ਤੁਹਾਡਾ ਮਨੁਸ਼ਾ ਜਨਮ ਕਲਜੁਗ ਜੀਵੋ ਕਲ ਰਹੇ ਪਾਰਜ਼ਾਤ, ਤੁਹਾਡੇ ਵਰਗਾ ਨਜ਼ਰ ਕੋਇ ਨਾ ਆਈਆ । ਸਾਰੇ ਆਪਣੇ ਅੰਦਰ ਵੇਖੋ ਮਾਰ ਝਾਤ, ਪਰਦਾ ਪਰਦੇ ਵਿਚੋਂ ਚੁਕਾਈਆ । ਝਟ ਸਦੀ ਚੌਧਵੀਂ ਬੋਲੀ ਕਲਜੁਗ ਕੁਫ਼ਰ ਵਾਲੇ ਨਾ ਕਰ ਵਾਕ, ਕਲਮਾ ਕੁਫਰ ਨਾ ਕੋਇ ਸੁਣਾਈਆ । ਪ੍ਰਭੂ ਦੇ ਭਗਤ ਅਜੇ ਵੀ ਲੋਕਮਾਤ ਪਾਕ, ਜਿਨ੍ਹਾਂ ਦੇ ਉਤੇ ਆਪਣਾ ਹੱਥ ਟਿਕਾਈਆ । ਕਲਜੁਗ ਨੇ ਝਟ ਕਢ ਲਿਆ ਗੋਬਿੰਦ ਵਾਲਾ ਕਾਟ, ਜੋ ਮਾਛੂਵਾੜੇ ਲਿਖਾਈਆ । ਨਾਲੇ ਸਦੀ ਚੌਧਵੀਂ ਨੂੰ ਮਾਰੀ ਡਾਟ, ਭੈ ਵਿਚ ਰਿਹਾ ਡਰਾਈਆ । ਹੁਣ ਵੇਖ ਲੈ ਤੇਰੀ ਛੇਤੀ ਮੁਕਾਵੇ ਵਾਟ, ਵਟਣਾ ਮਲਣ ਵਾਲੀਏ ਤੇਰੇ ਤੇ ਬੁਢਾਪਾ ਗਿਆ ਆਈਆ । ਤੇਰਾ ਖੁਲਾ ਹੋਵੇ ਝਾਟ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਤੇਰਾ ਲੇਖਾ ਮੁਕਣਾ ਚੌਦਾਂ ਹਾਟ, ਚੌਦਾਂ ਤਬਕ ਰੋਵਣ ਮਾਰਨ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਮੇਰੇ ਸਾਹਿਬ ਸਤਿਗੁਰੂ, ਸਤਿ ਸਤਿ ਦਇਆ ਕਮਾਈਆ । ਤੇਰਾ ਹੁਕਮ ਮੈਨੂੰ ਮਿਲਿਆ ਸ਼ੁਰੂ, ਸ਼ੁਰੂ ਤੋਂ ਮੈਂ ਆਪਣੀ ਝੋਲੀ ਪਾਈਆ । ਭਾਵੇਂ ਮੈਨੂੰ ਸਾਰੇ ਕਰਦੇ ਦੂਰੂ ਦੂਰੂ, ਭੈੜਾ ਕਹਿ ਕੇ ਮੈਨੂੰ ਰਹੇ ਸੁਣਾਈਆ । ਪਰ ਮੈਂ ਵੀ ਸਭ ਨੂੰ ਕਿਹਾ ਜਗਿਆਸੂਓ ਤੁਹਾਡੀ ਸੁਰਤੀ ਕਦੇ ਨਾ

ਜੁੜੂ, ਸ਼ਬਦ ਦਾ ਨਾਤਾ ਨਾ ਕੋਇ ਮਿਲਾਈਆ । ਜਿਸ ਵੇਲੇ ਮੇਰੇ ਸਾਹਿਬ ਦਾ ਮੁਹਾਣਾ ਮੁੜੂ, ਬਿਨ ਵੰਝਾਂ ਤੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਜਨ ਭਗਤੋ ਇੱਟ ਚੰਗੀ ਕਿ ਪੱਥਰ, ਪੱਥਰ ਮਨ ਵਾਲਿਓ ਦਿਓ ਸੁਣਾਈਆ । ਯਾਰੜਾ ਚੰਗਾ ਕੇ ਸਥਰ, ਕਿ ਸੇਜ ਜਗਤ ਵਡਿਆਈਆ । ਪ੍ਰਭੂ ਪਿਆਰ ਚੰਗਾ ਕਿ ਜਗਤ ਵਾਲੇ ਅੱਥਰ, ਆਸੂਆਂ ਰੰਗ ਰੰਗਾਈਆ । ਸੰਸਾਰੀ ਗੱਲਾਂ ਚੰਗੀਆਂ ਕਿ ਧੁਰ ਦੇ ਲੇਖ ਦਾ ਅੱਖਰ, ਜਿਸ ਅੱਖਰ ਨਾਲ ਗੁਰ ਅਵਤਾਰ ਪੈਗ਼ੰਬਰਾਂ ਬਣਤ ਬਣਾਈਆ । ਮਿੱਟੀ ਵਿਚ ਮਿਲਣਾ ਚੰਗਾ ਕਿ ਚੜ੍ਹਨਾ ਸ਼ਿਖ਼ਰ, ਸਤਿ ਦਿਓ ਦ੍ਰਿੜਾਈਆ । ਸਤਿਗੁਰ ਵਿਚ ਸਮਾਉਣਾ ਚੰਗਾ ਕਿ ਕੂੜ ਕੁੜਿਆਰਾ ਫ਼ਿਕਰ, ਫ਼ਿਕਰਾ ਬੇਸਮਝੀ ਵਾਲਾ ਗਾਈਆ । ਮੇਰੀ ਇਕੋ ਆਸ਼ਾ ਕਲਜੁਗ ਕਹੇ ਜਨ ਭਗਤੋ ਜੇ ਆਪਣੇ ਅੰਦਰ ਆਪਣੇ ਸਾਹਿਬ ਦਾ ਵੇਖੋ ਚਿਤ੍ਰ, ਬਾਹਰ ਚਿਤਰ ਦੀ ਲੋੜ ਰਹੇ ਨਾ ਰਾਈਆ । ਜੋ ਆਤਮਾ ਦਾ ਮਿਤ੍ਰ, ਪਰਮਾਤਮਾ ਰੂਪ ਅਲਾਹੀਆ । ਇਹ ਕਾਇਆ ਮਾਟੀ ਜਗਤ ਵਿਕਾਰੀ ਚਿੱਕੜ, ਪਵਿਤ੍ਰ ਸਾਫ਼ ਨਾ ਕੋਇ ਕਰਾਈਆ । ਜਨਮ ਜਨਮ ਦੀ ਰਹੀ ਵਿਛੜ, ਵਿਛੜਿਆਂ ਮੇਲ ਨਾ ਕੋਇ ਕਰਾਈਆ । ਜਿਸ ਦਾ ਗ੍ਰੰਥਾਂ ਸ਼ਾਸ਼ਤਰਾਂ ਅਵਤਾਰ ਪੈਗ਼ੰਬਰਾਂ ਗੁਰੂਆਂ ਕੀਤਾ ਜ਼ਿਕਰ, ਜ਼ਿਕਰੀਏ ਚੀਰ ਪਵਾ ਕੇ ਦਿਤੀ ਦੁਹਾਈਆ । ਐਨੁਲਹਕ ਹਕ ਕਿਹਾ ਉਹ ਹਕੀਕਤ ਦਾ ਮਾਲਕ ਆਪਣੀ ਧਾਰੋਂ ਆਵੇ ਨਿਕਲ, ਨੂਰ ਨਰਾਨਾ ਨੂਰ ਅਲਾਹੀਆ । ਨਾ ਉਹ ਸੋਨਾ ਨਾ ਉਹ ਚਾਂਦੀ ਨਾ ਓਹ ਪਿਤਲ, ਜਗਤ ਧਾਤ ਕੀਮਤ ਕੋਇ ਨਾ ਪਾਈਆ । ਬਾਹਰੋਂ ਵੇਖੋ ਪੰਜ ਤਤ ਕੁੰਭ ਤੇ ਜਿਹਨੂੰ ਕਹਿੰਦੇ ਬਿਠਲ, ਅੰਦਰ ਬੀਠਲੋ ਬੇਪ੍ਰਵਾਹੀਆ । ਜਨ ਭਗਤੋ ਜਿਸ ਸਰੀਰ ਨੂੰ ਸਾਰੇ ਘਰ ਦੇ ਅੰਤ ਪਿਟਣ, ਉਹ ਸਰੀਰ ਕੰਮ ਕਿਸੇ ਨਾ ਆਈਆ । ਭਗਤ ਭਗਵਾਨ ਆਤਮਾ ਪਰਮਾਤਮਾ ਸਚਖੰਡ ਦਵਾਰੇ ਦੋਵੇਂ ਟਿਕਣ, ਦਰਗਾਹ ਸਾਚੀ ਸੋਭਾ ਪਾਈਆ । ਪ੍ਰਭੂ ਦਾ ਹੁਕਮ ਹੁਣ ਬਣਦਾ ਲੇਖ ਲਿਖਣ, ਫੇਰ ਹੁਕਮ ਦੇਣਾ ਵਰਤਾਈਆ । ਕਲਜੁਗ ਕਹੇ ਮੇਰੀ ਦੁਹਾਈ ਮੈਨੂੰ ਵੀ ਮਿਲਦਾ ਨਹੀਂ ਕਿਤੇ ਟਿਕਣ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਜਿਧਰ ਤੱਕਾਂ ਕੂੜੀ ਕਿਰਿਆ ਸਾਰੇ ਵਿਕਣ, ਕੀਮਤ ਟਕਿਆਂ ਵਾਲੀ ਪਵਾਈਆ । ਮੇਰੀ ਦਰੋਹੀ ਮੇਰੀ ਦੁਹਾਈ ਇਹ ਸ੍ਰਿਸ਼ਟ ਸਬਾਈ ਮਿਥਣ, ਅੰਤ ਰਹਿਣ ਕੋਇ ਨਾ ਪਾਈਆ । ਗੁਰਮੁਖ ਵਿਰਲੇ ਭਗਤ ਸੁਹੇਲੇ ਸਤਿਗੁਰ ਸ਼ਬਦ ਦੀ ਸਿਖਿਆ ਸਿੱਖਣ, ਸਿਖਿਆ ਵਿਚ ਸਿਖ ਸਤਿਗੁਰ ਵਿਚ ਸਮਾਈਆ । ਹਰਿ ਸੰਗਤ ਤੁਹਾਡਾ ਇਕੋ ਮਾਈ ਬਾਪ ਤੇ ਇਕੋ ਪਿਤਣ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਜੋ ਜਨਮ ਜਨਮ ਦੇ ਲੇਖੇ ਆਏ ਨਜਿਠਣ, ਕਰਮ ਕਰਮ ਦੇ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਹਿਬ ਵਡ ਵਡਿਆਈਆ । ਕਲਜੁਗ ਕਹੇ ਜਨ ਭਗਤੋ ਮੈਨੂੰ ਦਿਓ ਮੁਆਫ਼ੀ, ਇਟਾਰਸੀ ਵਾਲਿਓ ਮੈਂ ਤੁਹਾਨੂੰ ਸੀਸ ਨਿਵਾਈਆ । ਮੇਰੀ ਬਖ਼ਸ਼ ਦਿਓ ਗੁਸਤਾਖ਼ੀ, ਮੈਂ ਰੋ ਰੋ ਮਾਰਾਂ ਧਾਹੀਂਆ । ਮੇਰੀ ਹਰ ਥਾਂ ਬੇਇਨਸਾਫ਼ੀ, ਇਨਸਾਫ਼ ਸਤਿਗੁਰ ਹੱਥ ਫੜਾਈਆ । ਮੈਂ ਹੁਣ ਜਾਣਾ ਉਤੇ ਕੋਹ ਕਾਫ਼ੀ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕਹੇ ਜਨ ਭਗਤੋ ਮੈਨੂੰ ਥੋੜ੍ਹਾ ਮਾਰ ਦਿਓ ਧੱਕਾ, ਧਕੇਲ ਕੇ ਦਿਓ ਵਖਾਈਆ । ਮੈਂ ਇਕਰਾਰ ਕਰਾਂ ਪੱਕਾ, ਵਾਇਦਾ ਇਕ ਸਮਝਾਈਆ । ਸਭ ਦਾ ਮਾਲਕ ਇਕ ਯਕਾ, ਵਾਹਿਦ ਨੂਰ ਅਲਾਹੀਆ । ਮੈਂ ਪਹਿਲੋਂ ਜਾ ਕੇ ਮੁਹੰਮਦ

ਨੂੰ ਮਿਲਾਂ ਵਿਚ ਮੱਕਾ, ਮਦੀਨੇ ਮਕਬਰਾਂ ਵੇਖ ਵਖਾਈਆ । ਪਰ ਯਾਦ ਰੱਖਿਓ ਸੱਤਾਂ ਗੁਰਮੁਖਾਂ ਦੇ ਕੋਲ ਇਕ ਇਕ ਹੋਵੇ ਟਕਾ, ਨਾਲ ਜਾਣ ਵਾਲਿਓ ਭੁਲ ਨਾ ਜਾਣਾ ਰਾਈਆ । ਜਿਸ ਟੱਕੇ ਪਿਛੇ ਮੈਂ ਸਾਰੀ ਦੁਨੀਆ ਵਿਚ ਪਾਉਣਾ ਰੱਟਾ, ਤੇ ਸ਼ਾਹ ਸੁਲਤਾਨਾਂ ਦੇਣਾ ਲੜਾਈਆ । ਸਿਫ਼ਰ ਨੂੰ ਜ਼ੀਰੋ ਜ਼ੀਰੋ ਨੂੰ ਸਿਫ਼ਰ ਨਾਲ ਕਰਨਾ ਬਟਾ, ਅਗਲਾ ਪਿਛਲਾ ਅੰਕ ਸਮਝ ਕਿਸੇ ਨਾ ਆਈਆ । ਕਲਜੁਗ ਕਹੇ ਗੁਰਮੁਖੋ ਮੈਨੂੰ ਆਪਣੇ ਵਿਕਾਰ ਹੰਕਾਰ ਦੀ ਬੰਨ੍ਹ ਦਿਓ ਗੱਠਾ, ਮੈਂ ਸਿਰ ਤੇ ਲਵਾਂ ਟਿਕਾਈਆ । ਸਿਰ ਪੈਰ ਦੋਵਾਂ ਨਾਲ ਜਾਵਾਂ ਨੱਠਾ, ਭੱਜਾਂ ਵਾਹੋ ਦਾਹੀਆ । ਅਗੇ ਜਾ ਕੇ ਸਦੀ ਚੌਧਵੀਂ ਨੂੰ ਕਰਾਂ ਠੱਠਾ, ਮਖ਼ੌਲ ਦਿਆਂ ਉਡਾਈਆ । ਕੀ ਕਹਾਂ ਕਮਲੀਏ ਨਾਲੇ ਪੁਰਖ ਅਕਾਲ ਆਉਂਦਾ ਤੇ ਨਾਲ ਆਉਂਦਾ ਸ਼ਬਦ ਪੱਠਾ, ਨੌਜਵਾਨਾ ਸੋਭਾ ਪਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼ ਲਟ ਲਟਾ, ਦੋ ਜਹਾਨਾਂ ਡਗਮਗਾਈਆ । ਜਿਸ ਨੇ ਬਦਲ ਦੇਣਾ ਸਿਲ ਦੇ ਨਾਲ ਪੱਥਰ ਪੱਥਰ ਨਾਲ ਵੱਟਾ, ਜਗਤ ਤਰਾਜੂਆਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਜਨ ਭਗਤੋ ਅੱਜ ਮੈਨੂੰ ਦੇ ਦਿਓ ਆਪਣੇ ਗ਼ੁੱਸੇ ਵਾਲੀ ਪੂੰਜੀ, ਪੂੰਜੀਦਾਰੋ ਮੇਰਾ ਭਾਰ ਦਿਓ ਬਣਾਈਆ । ਮੈਂ ਚਾਹੁੰਦਾ ਸਤਿਗੁਰ ਦਾ ਦਰਸ ਕਰੋ ਤੁਹਾਡੇ ਅੰਦਰੋਂ ਦੁਰਮਤ ਮੈਲ ਜਾਏ ਪੂੰਜੀ, ਵਿਕਾਰ ਰਹਿਣ ਕੋਇ ਨਾ ਪਾਈਆ । ਨਾ ਕੋਈ ਮਹਸੂਲ ਮੰਗਾਂ ਤੇ ਨਾ ਕੋਈ ਮੰਗਾਂ ਚੁੰਗੀ, ਬਿਨਾ ਚੁੰਗੀਖ਼ਾਨਿਆਂ ਤੋਂ ਤੁਹਾਡਾ ਭਾਰ ਦਿਆਂ ਲੰਘਾਈਆ । ਵੇਖਿਓ ਪਰੇਸ਼ਾਨੀ ਵਿਚ ਕੋਈ ਨਾ ਪਾਇਓ ਊਂਧੀ, ਨੈਣ ਮੂੰਦ ਵੇਖਣਹਾਰਾ ਥਾਉਂ ਥਾਈਂਆ । ਇਸ਼ਾਰਿਆਂ ਤੇ ਹੱਥਾਂ ਨਾਲ ਕਿਸੇ ਨੂੰ ਨਾ ਵੱਢਿਓ ਚੂੰਡੀ, ਇਹ ਗੱਲ ਮੰਨਣ ਦੀ ਲੋੜ ਨਾ ਕੋਇ ਰਖਾਈਆ ।



ਕਲਜੁਗ ਕਹੇ ਗੁਰਮੁਖੋ ਇਹ ਬੰਦਾ ਨਹੀਂ ਇਹ ਅੰਧਾ ਨਹੀਂ ਇਹ ਨਾ ਸਮਝਿਓ ਕਿ ਲੱਕੜੀ ਦੀ ਫੜੀ ਫਿਰਦਾ ਖੂੰਡੀ, ਖੂੰਡਾਂ ਦੋ ਜਹਾਨ ਵੇਖ ਵਖਾਈਆ । ਇਹਦੀ ਸੂਰਤ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਦੀ ਨਹੀਂ ਲੱਭਦੀ ਢੂੰਡੀ, ਢੂੰਡ ਢੂੰਡ ਕੇ ਅਵਤਾਰ ਪੈਗ਼ੰਬਰ ਗੁਰ ਗਏ ਸੇਵ ਕਮਾਈਆ । ਕਲਜੁਗ ਕਹੇ ਤੁਸਾਂ ਬੜੀਆਂ ਖ਼ੁਸ਼ੀਆਂ ਨਾਲ ਕਿਸੇ ਮਠਿਆਈ ਖਾਧੀ ਤੇ ਕਿਸੇ ਖਾਧੀ ਬੂੰਦੀ, ਤੇ ਮੈਂ ਭੁੱਖਾ ਰਹਿ ਕੇ ਆਪਣਾ ਝਟ ਲੰਘਾਈਆ । ਪਰ ਮੇਰੀ ਅੰਤਰ ਪ੍ਰਭੂ ਦੀ ਯਾਦ ਵਿਚ ਇਕੋ ਵਾਰ ਹੂੰਗੀ, ਹਾਏ ਹਾਏ ਕਰ ਸੁਣਾਈਆ । ਝਟ ਮੈਨੂੰ ਮਿਲੀ ਅੰਮ੍ਰਿਤ ਸਵਾਂਤ ਬੂੰਦੀ, ਰਸ ਦਿਤਾ ਚਖਾਈਆ । ਮੇਰੀ ਜ਼ਬਾਨ ਹੋ ਗਈ ਗੂੰਗੀ, ਮੁਖ ਕਹਿ ਨਾ ਕਿਛ ਸੁਣਾਈਆ । ਫੇਰ ਵੇਖਿਆ ਉਹ ਪ੍ਰਭੂ ਤੇਰੀ ਕਿੱਡੀ ਵੱਡੀ ਲੱਖ ਚੁਰਾਸੀ ਜੂਨੀ, ਜੂਨੀਆਂ ਵਿਚ ਭਵਾਉਣ ਵਾਲਿਆ ਕੀ ਤੇਰੀ ਬੇਪ੍ਰਵਾਹੀਆ । ਨਾਲੇ ਮੈਂ ਕਿਹਾ ਮੈਂ ਤੇਰਾ ਦੁਲਾਰਾ ਤੇ ਨਾਲੇ ਗੁਰ ਅਵਤਾਰ ਪੈਗ਼ੰਬਰਾਂ ਦਾ ਖ਼ੂਨੀ, ਜਿਸ ਨੇ ਦੀਨ ਮਜ਼੍ਹਬ ਸਾਰੇ ਦਿਤੇ ਲੜਾਈਆ । ਨਾਲੇ ਨਿਉਂ ਕੇ ਕਿਹਾ ਪ੍ਰਭੂ ਤੂੰ ਬੜਾ ਕਾਨੂੰਨੀ, ਕਾਨੂੰਨ ਦੇ ਕਵਾਇਦ ਕਾਇਦੇ ਸਮਝ ਕੋਇ ਨਾ ਪਾਈਆ । ਕਲਜੁਗ ਕਹੇ ਫੇਰ ਮੈਂ ਅੱਖ ਮਲੀ ਨੀਰ ਵਗਿਆ ਮੈਂ ਹੱਸਿਆ ਉਹ ਮਾਲਕਾ ਦੁਨੀਆ ਤੇਰਾ ਖੇਲ ਵੇਖੇ ਬੈਰੂਨੀ, ਬਾਹਰ ਧਿਆਨ ਲਗਾਈਆ । ਜਾਂ ਤੂੰ ਮੇਰੇ ਆਹ ਮਾਰਿਆ ਤੇ ਮੈਨੂੰ ਨੂਰ ਨਜ਼ਰ ਆਇਆ ਅੰਦਰੂਨੀ, ਮੇਰਾ ਪਰਦਾ ਦਿਤਾ ਉਠਾਈਆ । ਫੇਰ ਮੇਰੀ ਧਾਰ ਹਲੂਣੀ, ਹਲੂਣ ਕੇ ਦਿਤਾ ਜਗਾਈਆ । ਪਿਆਰ ਦਿਤਾ ਕਲਜੁਗ ਜਾਹ ਕੂੜ ਕੁੜਿਆਰ ਦਾ ਝੂਟਾ ਝੂਲੀ, ਝੂਲਿਆਂ ਵਿਚ ਲੋਕਾਈਆ । ਓਹ ਵੇਖ ਹਜ਼ਰਤ ਦੀ ਉਮਤ ਫਲੀ ਫੂਲੀ, ਚੌਦਾਂ ਤਬਕਾਂ ਅੱਖ ਉਠਾਈਆ । ਨਾਲੇ ਚਪੇੜ ਮਾਰੀ ਹੌਲੀ ਜਿਹੀ ਕੂਲੀ, ਕੁਲ ਮਾਲਕ ਦਿਤਾ ਦ੍ਰਿੜਾਈਆ । ਮੈਂ ਸ੍ਰਿਸ਼ਟੀ ਨੂੰ ਐਂ ਪੁੱਟਣਾ ਜਿਸ ਤਰਾ

੮੭ ੨੩

ਜੱਟ ਆਪਣੇ ਖੇਤ ਵਿਚੋਂ ਪੁੱਟੇ ਮੂਲੀ, ਏਸੇ ਤਰਾ ਜੱਟ ਦਾ ਰੂਪ ਲਿਆ ਬਦਲਾਈਆ । ਉਹ ਵੇਖ ਬ੍ਰਹਮਾ ਦਾ ਸਿੰਘਾਸਣ ਹਿੱਲੇ ਚਾਰੇ ਚੂਲੀ, ਪਾਵਾ ਚੂਲ ਰਹੇ ਕੁਰਲਾਈਆ । ਸ਼ੰਕਰ ਦੀ ਮਸਤਕ ਤੋਂ ਡਿਗਦੀ ਜਾਏ ਧੂਲੀ, ਤ੍ਰਿਸੂਲ ਨਿਉਂ ਨਿਉਂ ਲਾਗੇ ਪਾਈਆ । ਵਿਸ਼ਨੂੰ ਲੱਭਦਾ ਫਿਰੇ ਕੰਤ ਕੰਤੂਲੀ, ਭੱਜੇ ਵਾਹੋ ਦਾਹੀਆ । ਔਹ ਵੇਖ ਪੁਕਾਰਦਾ ਈਸਾ ਕਹੇ ਜਿਸ ਮੈਨੂੰ ਚਾੜ੍ਹਿਆ ਸੂਲੀ, ਗਲ ਫਾਸੀ ਦਿਤੀ ਲਟਕਾਈਆ । ਮੁਹੰਮਦ ਕਹੇ ਮੈਨੂੰ ਉਹਦੀ ਕਲਾਮ ਅਜੇ ਨਹੀਂ ਭੂਲੀ, ਜੋ ਭੁੱਲਿਆਂ ਮਾਰਗ ਲਾਈਆ । ਨਾਨਕ ਕਹੇ ਮੇਰਾ ਕੰਤ ਕੰਤੂਹਲੀ, ਕੁਦਰਤ ਦਾ ਕਾਦਰ ਇਕ ਅਖਵਾਈਆ । ਗੋਬਿੰਦ ਕਹੇ ਉਹ ਮੇਰਾ ਪਿਤਾ ਬੜਾ ਅਸੂਲੀ, ਅਸੂਲ ਵਿਚ ਆਪਣਾ ਅਸਲ ਲਏ ਪ੍ਰਗਟਾਈਆ । ਜਿਸ ਨੇ ਸਭ ਦੇ ਕੋਲੋਂ ਪਿਛਲੀ ਕਰਨੀ ਵਸੂਲੀ, ਲੇਖਾ ਮੰਗੇ ਥਾਉਂ ਥਾਈਂਆ । ਸਦੀ ਚੌਧਵੀਂ ਕਹੇ ਹਾਏ ਮੇਰੇ ਵਿਚ ਉਮਤ ਸਾਰੀ ਭੂਲੀ, ਰੋਜ਼ਾ ਨਿਮਾਜ਼ ਬਾਂਗ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਜੁਗ ਬਦਲਣਾ ਖੇਲ ਸਦਾ ਮਾਮੂਲੀ, ਵੱਡੇ ਦੀ ਵੱਡੀ ਵਡ ਵਡਿਆਈਆ ।

### ੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਉਜੈਨ ਸ਼ਹਿਰ ਸੰਤਾ ਸਿੰਘ ਦੇ ਗ੍ਰਿਹਿ



ਪੰਜ ਸਾਵਣ ਕਹੇ ਮੇਰਾ ਪਰਵਿਸ਼ਟਾ ਸਚ, ਪ੍ਰਭ ਦਿਤੀ ਮਾਣ ਵਡਿਆਈਆ । ਮੈਂ ਖ਼ੁਸ਼ੀਆਂ ਵਿਚ ਰਿਹਾ ਨੱਚ, ਨਿਰਗੁਣ ਧਾਰ ਭੱਜਾ ਵਾਹੋ ਦਾਹੀਆ । ਭਾਗ ਲਗਾਵਾਂ ਭਗਤਾਂ ਕਾਇਆ ਸਾਚੀ ਕੱਚ, ਕੰਚਨ ਗੜ੍ਹ ਸੁਹਾਈਆ । ਲੂੰ ਲੂੰ ਅੰਦਰ ਜਾਵਾਂ ਰਚ, ਰਚਨਾ ਪ੍ਰਭ ਦੀ ਦਿਆਂ ਵਖਾਈਆ । ਮੇਲ ਮਿਲਾਵਾਂ ਪਰਮੇਸ਼ਵਰ ਪਤਿ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਚਰਨ ਪ੍ਰੀਤੀ ਜੋੜਾਂ ਨਤ, ਪ੍ਰੀਤਮ ਦਰਸਾਵਾਂ ਅਗੰਮ ਅਥਾਹੀਆ । ਸ਼ਬਦ ਅਨਾਦੀ ਦੱਸਾਂ ਸਤਿ, ਸਤਿ ਸਤਿਵਾਦੀ ਆਪ ਦ੍ਰਿੜਾਈਆ । ਇਕ ਸਮਝਾ ਕੇ ਸਤਿਗੁਰ ਮਤ, ਮਨਮਤ ਦਾ ਡੇਰਾ ਢਾਹੀਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਬੁਝਾਈਆ । ਕਿਰਪਾ ਕਰੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਨ ਭਗਤਾਂ ਲਹਿਣਾ ਦੇਣਾ ਦੇਵੇ ਹੱਥੋ ਹੱਥ, ਜੁਗ ਜੁਗ ਦਾ ਲੇਖਾ ਝੋਲੀ ਪਾਈਆ । ਆਪਣੀ ਮਹਿੰਮਾ ਦੱਸੇ ਅਕਥ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਕਲਜੁਗ ਕੂੜੀ ਕਿਰਿਆ ਦੇਵੇ ਮਥ, ਨਾਮ ਖੰਡਾ ਇਕ ਖੜਕਾਈਆ । ਲੇਖਾ ਪੂਰਾ ਕਰੇ ਤਨ ਸਰੀਰ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪੰਜ ਸਾਵਣ ਕਹੇ ਮੇਰੀ ਰੁੱਤ ਬਸੰਤ, ਪ੍ਰਭ ਦਿਤੀ ਮਾਣ ਵਡਿਆਈਆ । ਜਿਸ ਦੀ ਮਹਿੰਮਾ ਸਦਾ ਬੇਅੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਉਹ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਪਰਦਾ ਆਪ ਉਠਾਈਆ । ਹਉਮੇ ਗੜ੍ਹ ਤੋੜੇ ਹੰਗਤ, ਹੰ ਬ੍ਰਹਮ ਭੇਵ ਚੁਕਾਈਆ । ਬੋਧ ਅਗਾਧਾ ਬਣ ਕੇ ਪੰਡਤ, ਬਿਨ ਅੱਖਰਾਂ ਕਰੇ ਪੜ੍ਹਾਈਆ । ਹਰਿਜਨ ਬਣਾਏ ਸਾਚੀ ਸੰਗਤ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ ।

ਸਾਵਣ ਪੰਜ ਕਹੇ ਮੇਰੀ ਰੁਤੜੀ ਸੋਭਾਵੰਤ, ਮੇਰਾ ਸਾਹਿਬ ਦਏ ਵਡਿਆਈਆ । ਮੇਲ ਮਿਲਾਵਾ ਭਗਤ ਭਗਵੰਤ, ਭਗਵਨ ਆਪਣਾ ਰੰਗ ਰੰਗਾਈਆ । ਜਿਸ ਦੀ ਮਹਿੰਮਾ ਸਦਾ ਬੇਅੰਤ, ਬੇਐਬ ਨੂਰ ਅਲਾਹੀਆ । ਜੋ ਤੋੜਨਹਾਰਾ ਗੜ੍ਹ ਹਉਮੇ ਹੰਗਤ, ਬੂੰਦ ਸਵਾਂਤੀ ਅਗੰਮ ਚੁਆਈਆ । ਭੇਵ ਖੁਲਾਏ ਬਹਿਸ਼ਤ ਜੰਨਤ, ਜਾਗਰਤ ਜੋਤ ਕਰ ਰੁਸ਼ਨਾਈਆ । ਜੋ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਅੰਤ, ਅੰਤਸ਼ਕਰਨ ਵੇਖਣਹਾਰਾ ਥਾਉਂ ਥਾਈਂਆ । ਸੋ ਕਲਜੁਗ ਅੰਦਰ ਸੀਤਜੁਗ ਬਣਾਏ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਧੁਰ ਦਾ ਨਾਮ ਦੇ ਕੇ ਮਣੀਆਂ ਮੰਤ, ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਕਰੇ ਪੜ੍ਹਾਈਆ । ਜਨਮ ਕਰਮ ਦੀ ਮੇਟੇ ਚਿੰਤ, ਰੋਗ ਸੋਗ ਸਗਲਾ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੰਚਮ ਸਾਵਣ ਕਹੇ ਮੇਰਾ ਸਾਹਿਬ ਬੜਾ ਮਿਹਰਵਾਨ, ਮਹਿਬੂਬ ਬੇਪਰਵਾਹੀਆ । ਜਨ ਭਗਤਾਂ ਦੇਵੇ ਜੀਆ ਦਾਨ, ਆਤਮ ਪਰਮਾਤਮ ਪਰਦਾ ਆਪ ਚੁਕਾਈਆ । ਸਾਚੀ ਸੁਰਤੀ ਮੇਲੇ ਕਾਹਨ, ਸੁਰਤੀ ਸ਼ਬਦੀ ਮੇਲ ਮਿਲਾਈਆ । ਭਗਤ ਸੁਹੇਲੇ ਲਏ ਪਹਿਚਾਨ, ਜੁਗ ਚੌਕੜੀ ਭੁਲ ਰਹੇ ਨਾ ਰਾਈਆ । ਅੰਤਰ ਨਿਰੰਤਰ ਦੱਸੇ ਗਾਨ, ਬਿਨ ਰਸਨਾ ਜਿਹਵਾ ਆਪ ਸੁਣਾਈਆ । ਕਿਰਪਾ ਕਰ ਨੌਜਵਾਨ, ਮਰਦ ਮਰਦਾਨਾ ਵਡ ਵਡਿਆਈਆ । ਕਲਜੁਗ ਅੰਤਮ ਵੇਲੇ ਮਾਰ ਧਿਆਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਸਮਝਾਈਆ । ਜਿਸ ਦਾ ਲੇਖਾ ਸਮਝ ਸਕੇ ਨਾ ਕੋਇ ਇਨਸਾਨ, ਪੰਜ ਤਤ ਨਾ ਕੋਇ ਵਡਿਆਈਆ । ਉਹ ਖੇਲੇ ਖੇਲ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਜਿਸ ਨੂੰ ਝੁਕਦੇ ਸ਼ਾਹ ਪਾਤਸ਼ਾਹ ਰਾਜ ਰਾਜਾਨ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਉਸੇ ਦੇ ਢੋਲੇ ਗਾਣ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਸੋ ਸਤਿਗੁਰ ਸਾਚਾ ਸਚ ਸਵਾਮੀ ਹਰਿਜਨ ਸਾਚੇ ਮੇਲੇ ਆਣ, ਆਪ ਆਪਣਾ ਰੰਗ ਰੰਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਸ੍ਰੀ ਭਗਵਾਨ, ਭਗਵਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਇਕ ਅਖਵਾਈਆ । ਪੰਜ ਸਾਵਣ ਕਹੇ ਪ੍ਰਭ ਆਦਿ ਜੁਗਾਦੀ ਧੁਰ ਦਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੀ ਸਭ ਤੋਂ ਵੱਖਰੀ ਰੀਤਾ, ਜੁਗ ਚੌਕੜੀ ਸਮਝ ਕੋਇ ਨਾ ਆਈਆ । ਤ੍ਰੈਗੁਣ ਮਾਇਆ ਹੋ ਅਤੀਤਾ, ਤ੍ਰੈਭਵਣ ਧਨੀ ਆਪਣਾ ਹੁਕਮ ਵਰਤਾਈਆ । ਲੱਖ ਚੁਰਾਸੀ ਪਰਖੇ ਨੀਤਾ, ਭਗਤ ਸੁਹੇਲੇ ਲਏ ਜਗਾਈਆ । ਅੰਮ੍ਰਿਤ ਆਤਮ ਰਸ ਦੇਵੇ ਠਾਂਡਾ ਸੀਤਾ, ਅਗਨੀ ਤਤ ਬੁਝਾਈਆ । ਸਚ ਪ੍ਰੀਤੀ ਬਖ਼ਸ਼ੇ ਚਰਨ ਪ੍ਰੀਤਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਸੁਹਾਗੀ ਗੀਤਾ, ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਝਗੜਾ ਮੇਟੇ ਊਚਾਂ ਨੀਚਾਂ, ਬ੍ਰਹਮ ਪਾਰਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਸਾਵਣ ਕਿਹਾ ਮੈਂ ਹੋ ਗਿਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਕਿਸ ਬਿਧ ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪਣਾ ਪਰਦਾ ਲਾਹੀਆ । ਜੋਤੀ ਜਾਤਾ ਬਣ ਕੇ ਨੌਜਵਾਨ, ਜੋਬਨਵੰਤਾ ਇਕ ਅਖਵਾਈਆ । ਜਨ ਭਗਤਾਂ ਸਾਚੇ ਸੰਤਾਂ ਅੰਤਰ ਆਤਮ ਪਰਮਾਤਮ ਕਰੇ ਪਰਵਾਨ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਵੇਖੇ ਵਿਗਸੇ ਹਰਿ ਵੱਡਾ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਜੋ ਨਿਰਗੁਣ ਨੂਰ ਜੋਤ ਮਹਾਨ, ਮਹਿੰਮਾ ਅਕਥ ਕਥੀ ਨਾ ਜਾਈਆ । ਪੰਚਮ ਸਾਵਣ ਕਹੇ ਸੋ

੮੯
੨੩

ਸਤਿਗੁਰ ਸ਼ਬਦ ਉਜੈਨ ਪਹੁੰਚਿਆ ਆਣ, ਚੌਥੇ ਜੁਗ ਦਾ ਪੰਧ ਮੁਕਾਈਆ । ਸੰਤ ਸਿੰਘ ਨੂੰ ਕਰ ਪ੍ਰਵਾਨ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਜਨਮ ਮਰਨ ਦਾ ਲੇਖਾ ਚੁੱਕੇ ਵਿਚ ਜਹਾਨ, ਲੱਖ ਚੁਰਾਸੀ ਜਮ ਕੀ ਫਾਸੀ ਰਹੇ ਨਾ ਰਾਈਆ । ਸਚਖੰਡ ਦਵਾਰੇ ਕਰੇ ਪ੍ਰਵਾਨ, ਦਰਗਾਹ ਸਾਚੀ ਜੋਤੀ ਜੋਤ ਰਖਾਈਆ । ਜਨਮ ਜਨਮ ਦੀ ਕਰਮ ਕਰਮ ਦੀ ਸੇਵਾ ਕਰੇ ਪ੍ਰਵਾਨ, ਪਰਮ ਪੁਰਖ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਗ੍ਰਹਿ ਮੰਦਰ ਘਰ ਸੁਹਾਇਆ ਥਾਨ, ਥਨੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਜਾਣੇ ਦੋ ਜਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਕਾਸ਼ ਪਾਤਾਲ ਗਗਨ ਗਗਨੰਤਰ ਸੂਰੀਆ ਭਾਨ ਜ਼ਿਮੀਂ ਅਸਮਾਨ ਮੰਡਲ ਮੰਡਪ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੋਜ ਖੁਜਾਈਆ ।

✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ੮ ਪੂਨੇ ਸ਼ਹਿਰ ਪ੍ਰੀਤਮ ਸਿੰਘ ਦੇ ਗ੍ਰਹਿ ✪

ਸਦੀ ਚੌਧਵੀਂ ਸੁਣ ਸੰਦੇਸ਼ਾ ਜਾਬਰ ਜਬਰ, ਜਬਰਾਈਲ ਰਿਹਾ ਦ੍ਰਿੜਾਈਆ । ਵੇਖ ਨੂਰ ਨੁਰਾਨਾ ਸ਼ਹਿਨਸ਼ਾਹੇ ਸ਼ਾਹ ਬੱਬਰ, ਪਰਵਰਦਿਗਾਰ ਸਾਂਝਾ ਯਾਰ ਅਗੰਮ ਅਥਾਹੀਆ । ਜਿਸ ਨੇ ਪੈਗ਼ੰਬਰਾਂ ਪੂਰੀ ਕਰਨੀ ਮਨਸਾ ਆਸਾ ਸਧਰ, ਸਦ ਸਦ ਆਪਣਾ ਹੁਕਮ ਵਰਤਾਈਆ । ਧੂੜੀ ਖ਼ਾਕ ਕਦਮਬੋਸੀ ਵਿਚ ਕਰੀਏ ਉਸ ਦੀ ਕਦਰ, ਸਜਦਿਆਂ ਵਿਚ ਸੀਸ ਨਿਵਾਈਆ । ਜੋ ਨੂਰ ਨੁਰਾਨਾ ਨੂਰ ਅਲਾਹੀ ਆਪਣਾ ਵੇਸ ਆਏ ਬਦਲ, ਮਹਿਬਾਨ ਬੀਦੋ ਬੀਖੈਰ ਯਾ ਅਲਾਹ ਇਕ ਅਖਵਾਈਆ । ਚੌਦਾਂ ਤਬਕ ਜਿਸ ਦੇ ਉਡੀਕਦੇ ਅਦਲ, ਬਿਨ ਨੈਣਾਂ ਨੈਣ ਉਠਾਈਆ । ਜਿਸ ਸ਼ਰਅ ਨਾਲ ਸ਼ਰਅ ਕਰਨੀ ਕਤਲ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਉਹ ਵੇਖਣਹਾਰਾ ਧਾਮ ਮੁਕੱਦਸ ਬੈਤਲ, ਬੇਪ੍ਰਵਾਹ ਵਡ ਵਡਿਆਈਆ । ਜਿਸ ਨੂੰ ਮੁਹੰਮਦ ਚਾਰ ਯਾਰੀ ਸੰਗ ਰਿਹਾ ਹੈਂਕਲ, ਕਲਮਾ ਅਲਿਫ਼ ਯੇ ਸਮਝਾਈਆ । ਓਹ ਤੱਕਣਹਾਰਾ ਬੁੱਧੀ ਸਭ ਦੀ ਚੈਂਚਲ, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਬਰਾਈਲ ਕਹੇ ਸੁਣ ਸਦੀ ਚੌਧਵੀਂ ਧੁਰ ਸੰਦੇਸ਼ਾ, ਦੋ ਜਹਾਨਾਂ ਦਿਆਂ ਜਣਾਈਆ । ਤੂੰ ਆਪਣਾ ਬਦਲ ਵੇਸਾ, ਅਲਫ਼ੀ ਅਲਫ਼ ਵਾਲੀ ਬਦਲਾਈਆ । ਧੁਰਦਰਗਾਹੀ ਤੱਕ ਨਰੇਸ਼ਾ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਸਦਾ ਰਹੇ ਹਮੇਸ਼ਾ, ਮਰ ਜੀਵਤ ਰੂਪ ਨਾ ਕੋਇ ਵਟਾਈਆ । ਉਹ ਮੰਗਣ ਆਏ ਲੇਖਾ, ਲੇਖਾ ਲਿਖਤ ਨਾਲ ਮਿਲਾਈਆ । ਕੀ ਉਸ ਦੀ ਕਰੀਏ ਭੇਟਾ, ਜਗਤ ਨਿਆਜ਼ਾਂ ਕੀ ਵਡਿਆਈਆ । ਉਹ ਮਾਲਕ ਧੁਰ ਦਾ ਖੇਵਟ ਖੇਟਾ, ਸਮੁੰਦ ਸਾਗਰਾਂ ਡੇਰਾ ਢਾਹੀਆ । ਜਿਸ ਦਾ ਮਸੀਹ ਬਣਿਆ ਬੇਟਾ, ਬਾਪ ਕਹਿ ਕੇ ਪ੍ਰਤਾਪ ਇਕ ਵਧਾਈਆ । ਮੁਹੰਮਦ ਉਸੇ ਦਾ ਕਰਾਇਆ ਚੇਤਾ, ਚੇਤਨ ਸਭ ਨੂੰ ਗਿਆ ਕਰਾਈਆ । ਉਹ ਮਹਜ਼ ਮਹਿਬੂਬ ਇਕੋ ਹੋਵੇ ਨੇਤਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਜਬਰਾਈਲ ਕਹੇ ਸੁਣ ਬਿਨ ਹਰਫ਼ ਹਰੂਫ਼ ਦੀ ਧਾਰ, ਯਕ ਵਾਹਿਦ ਕੀ ਦ੍ਰਿੜਾਈਆ । ਜਿਸ ਦੀ ਬਿਨਾ ਜ਼ਬਾਂ ਤੋਂ ਗੁਫ਼ਤਾਰ, ਗੁਫ਼ਤ ਸ਼ਨੀਦ ਰਿਹਾ ਸੁਣਾਈਆ । ਉਹ ਹਕੀਕਤ ਦਾ ਮਾਲਕ ਦੋ ਜਹਾਨਾਂ ਪਰਵਰਦਿਗਾਰ,

ਸ਼ਾਹ ਸ਼ਹਾਨਾ ਨਜ਼ਰੀ ਆਈਆ । ਜਿਸ ਨੂੰ ਸਜਦਾ ਕਰਾਂ ਬਾਰ ਬਾਰ, ਬੰਦਨਾ ਵਿਚ ਸੀਸ ਨਿਵਾਈਆ । ਉਹ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਜਿਸ ਦਾ ਰਾਹ ਤੱਕਦੇ ਚਾਰ ਯਾਰ, ਸੰਗ ਮੁਹੰਮਦ ਅੱਖ ਉਠਾਈਆ । ਉਹ ਸੰਦੇਸਾ ਦੇਵੇ ਕਲਮਿਆਂ ਬਾਹਰ, ਕੁੱਲ ਮਾਲਕ ਦਇਆ ਕਮਾਈਆ । ਤੂੰ ਸ਼ਰਅ ਦਾ ਛਡ ਤਕਰਾਰ, ਸ਼ਰੀਅਤ ਰੰਗ ਨਾ ਕੋਇ ਰੰਗਾਈਆ । ਨਬੀ ਰਸੂਲਾਂ ਦੱਸ ਪੁਕਾਰ, ਪੈਗ਼ੰਬਰਾਂ ਦੇ ਜਣਾਈਆ । ਤੁਸੀਂ ਸੁੱਤੇ ਮਕਬਰਿਆਂ ਵਾਲੇ ਵਿਚ ਮਿਜ਼ਾਰ, ਕਬਰਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਸੁਣ ਜਬਰਾਈਲ ਫ਼ਰਿਸ਼ਤਾ, ਫ਼ੈਸਲਾ ਹਕ ਜਣਾਈਆ । ਕੀ ਲੇਖਾ ਮੁਹੰਮਦ ਗੁਜ਼ਸ਼ਤਾ, ਬਹਿਰੇਹਾਲ ਦੇ ਸਮਝਾਈਆ । ਕੀ ਇਸਮ ਆਜ਼ਮ ਦਾ ਨਿਸਚਾ, ਨਿਹਚਲ ਧਾਮ ਵੱਜੇ ਕੀ ਵਧਾਈਆ । ਉਫ਼ ਮੇਰਾ ਪੰਧ ਮੁਕ ਗਿਆ ਆਹਿਸਤਾ ਆਹਿਸਤਾ, ਸਫ਼ਰ ਅਵਰ ਰਿਹਾ ਨਾ ਰਾਈਆ । ਉਹ ਤੱਕ ਜਬਰਾਈਲ ਸਭ ਦਾ ਲੇਖਾ ਰਿਹਾ ਲਿਖਦਾ, ਅਸਰਾਫ਼ੀਲ ਨਾਲ ਮਿਲਾਈਆ । ਮੇਕਾਈਲ ਸਭ ਨੂੰ ਰਿਹਾ ਜਿੱਤਦਾ, ਚੌਦਾਂ ਸਦੀਆਂ ਭੱਜਾ ਵਾਹੋ ਦਾਹੀਆ । ਅੰਤ ਲਹਿਣਾ ਦੇਣਾ ਹੋਣਾ ਏਕਾ ਇਕ ਦਾ, ਵਾਹਿਦ ਆਪਣੀ ਕਾਰ ਭੁਗਤਾਈਆ । ਉਹ ਨਿਸ਼ਾਨ ਵੇਖ ਸ਼ਰਅ ਵਾਲੀ ਚਿਟ ਦਾ, ਜੋ ਮੁਹੰਮਦ ਹੱਥ ਫੜਾਈਆ । ਨਜ਼ਾਰਾ ਤੱਕ ਮੱਕੇ ਕਾਅਬੇ ਵਾਲੇ ਪੱਥਰ ਇੱਟ ਦਾ, ਜਿਸ ਦੀ ਵੰਡ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਜਬਰਾਈਲ ਮੈਂ ਕੀ ਤੱਕਾਂ, ਤਾਕਤ ਰਹੀ ਨਾ ਰਾਈਆ । ਉਸ ਦਾ ਖੇਲ ਹਕੀਕਤ ਹਕਾ, ਹਕ ਦਾ ਮਾਲਕ ਬੇਪ੍ਰਵਾਹੀਆ । ਜਿਸ ਵਿਚ ਫ਼ਰਕ ਰਹੇ ਨਾ ਰਤਾ, ਰਤੀ ਰੱਤ ਰਹੀ ਕੁਰਲਾਈਆ । ਮੈਨੂੰ ਇਉਂ ਦਿਸਦਾ ਉਹਦਿਆਂ ਭਗਤਾਂ ਸਾਗਰੋਂ ਪਾਰ ਲਿਆਉਣਾ ਇਕ ਇਕ ਟਕਾ, ਟਿਕਟਿਕੀ ਨਾਲ ਵੇਖ ਵਖਾਈਆ । ਫੇਰ ਚਾਰੋਂ ਕੁੰਟ ਉਡਣਾ ਘੱਟਾ, ਮਿੱਟੀ ਖ਼ਾਕ ਦਏ ਦੁਹਾਈਆ । ਜਿਸ ਦੀਨ ਨਾਲ ਦੀਨ ਦਾ ਕਰਨਾ ਵਟਾ, ਦੁਨੀ ਦੁਨੀ ਨਾਲ ਬਦਲਾਈਆ । ਜਿਸ ਐਲੀ ਦੇ ਮਜ਼ਾਰ ਤੇ ਆਪਣਾ ਵੇਸ ਰਖਣਾ ਖੱਟਾ, ਖੰਡਾ ਖੜਗ ਨਾਲ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਦਿਆਂ ਜਣਾਈਆ । ਉਹ ਮਾਲਕ ਖ਼ਾਲਕ ਸ਼ਹਿਨਸ਼ਾਹ ਸੁਲਤਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਵੇਸ ਹੋਣਾ ਈਰਾਨੀ, ਦਜਲਾ ਫ਼ਰਾਤ ਦਏ ਗਵਾਹੀਆ । ਕੂਫ਼ੇ ਦੱਸਣੀ ਆਪਣੀ ਅਗਲੀ ਕਹਾਣੀ, ਕੋਹ ਕਾਫ਼ਾਂ ਪਰਦਾ ਲਾਹੀਆ । ਨੌ ਸੌ ਨੜ੍ਹਿਨਵੇਂ ਫ਼ਕੀਰਾਂ ਮੰਜ਼ਲ ਦੱਸ ਰੁਹਾਨੀ, ਰੂਹ ਬੁਤ ਤੋਂ ਪਰੇ ਦਏ ਸਮਝਾਈਆ । ਅੰਤ ਝਗੜਾ ਮੇਟਣਾ ਜਿਸਮ ਜਿਸਮਾਨੀ, ਜ਼ਮੀਰ ਦਏ ਬਦਲਾਈਆ । ਉਸ ਦਾ ਇਕੋ ਹੁਕਮ ਕਲਮਾ ਕਾਇਨਾਤ ਹੋਵੇ ਐਲਾਨੀ, ਚਾਰੋਂ ਕੁੰਟ ਦਏ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜਬਰਾਈਲ ਕਹੇ ਸੁਣ ਸਦੀ ਚੌਧਵੀਂ ਕਦੀਮ ਦੇ ਮਾਲਕ ਜਾਈਂ ਝੁਕ, ਕਦਮਾਂ ਸੀਸ ਨਿਵਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹੀਂ ਤੁਕ, ਢੋਲਾ ਧੁਰਦਰਗਾਹੀਆ । ਵੇਖੀਂ ਏਸ ਨਿਸ਼ਾਨਿਉਂ ਜਾਈਂ ਨਾ ਉਕ, ਉਗਣ ਆਥਣ ਸੀਸ ਨਿਵਾਈਆ । ਮੈਂ ਮੁਹੰਮਦ ਕੋਲੋਂ ਆਵਾਂ ਪੁਛ, ਪੁਸ਼ਤ ਪਨਾਹ ਮੇਰੇ ਹੱਥ ਟਿਕਾਈਆ । ਜਿਸ ਕਾਰਨ ਲਬ ਕਟਾਈ ਮੁੱਛ, ਮੁਸ਼ਕਲ ਪਰਦਾ ਦੇ ਚੁਕਾਈਆ । ਉਹ

ਮਾਲਕ ਤੱਕ ਜਿਸ ਦੇ ਕੋਲ ਸਭ ਕੁਛ, ਮਲਕੁਲਮੌਤ ਨਿਉਂ ਨਿਉਂ ਲਾਗੇ ਪਾਈਆ । ਦਰ ਆਇਆ ਨਿਰਮਾਣਤਾ ਵਿਚ ਲੈਣਾ ਪੁਛ, ਬੰਦਗੀ ਵਿਚ ਸੀਸ ਨਿਵਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਤੇਰਾ ਕਲਮਾ ਸ਼ਬਦ ਗੁਰੂ ਪੈਗ਼ੰਬਰ ਕਿਹੜਾ ਸੁਤ, ਦੁਲਾਰਾ ਦੇ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਕਿਸ ਨੂੰ ਗੋਦੀ ਰਖੇਂ ਚੁੱਕ, ਮਾਟੀ ਖ਼ਾਕ ਨਾ ਕਦੇ ਰੁਲਾਈਆ । ਤ੍ਰਿਸ਼ਨਾ ਨੇੜ ਨਾ ਆਵੇ ਭੁੱਖ, ਕਲਪਣਾ ਕੂੜ ਨਾ ਕਦੇ ਵਧਾਈਆ । ਜਿਸ ਦੀ ਸਦਾ ਮੌਲੀ ਰਹੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਆਬ ਜਲ ਨਾ ਪੀਏ ਘੁੱਟ, ਰਸਨਾ ਰਸ ਨਾ ਕੋਇ ਵਖਾਈਆ । ਸੋ ਦੁਲਾਰਾ ਸਤਿ ਸਚ ਕਿਹੜਾ ਤੇਰਾ ਸੁਤ, ਪਤਿਪਰਮੇਸ਼ਵਰ ਦੇ ਸਮਝਾਈਆ । ਜਿਸ ਦਾ ਪਰਦਾ ਓਹਲਾ ਰਹੇ ਨਾ ਕੋਇ ਲੁਕ, ਭੇਵ ਅਭੇਦਾ ਅਛਲ ਅਛੇਦਾ ਦੇ ਖੁਲਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਸੁੱਖਣਾ ਰਹੇ ਸੁੱਖ, ਅਵਤਾਰ ਪੈਗ਼ੰਬਰ ਗੁਰ ਰਾਹ ਰਹੇ ਤਕਾਈਆ । ਕੀ ਉਹ ਮਾਨਸ ਹੋਏ ਮਨੁੱਖ, ਕਿ ਮਾਨਵ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਦਾ ਸਦ ਅਬਿਨਾਸ਼ੀ ਅਚੁਤ, ਚੇਤਨ ਆਪਣਾ ਪਰਦਾ ਦੇਣਾ ਉਠਾਈਆ ।



### ✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਪੂਨੇ ਸ਼ਹਿਰ ਹਰਬੰਸ ਸਿੰਘ ਦੇ ਗ੍ਰਿਹਿ ✪

੬੨ ੨੩

ਜਬਰਾਈਲ ਕਹੇ ਸਦੀ ਚੌਧਵੀਂ ਜ਼ੁਲੇ ਅਲਵਿਜ਼ਾ ਨਲਜ਼ਹੀ ਬਵਜ਼ਿਤੇ ਚਾਨਿਸਤੀ ਨੂਰ ਅਲਾਹੀਆ । ਦਸਤ ਬਾਦਸਤ ਦੁਆ ਦੋਜ਼ਕ ਬਹਿਸ਼ਤ ਦੋਵੇਂ ਸੀਸ ਨਿਵਾਈਆ । ਵਾਹਿਦੇ ਵਾਹਿਬ ਨੂਰੇ ਖ਼ੁਦਾ ਨਾ ਅਜਹਿਨ ਹਜ਼ਰਤੋ ਨੂਰ ਅਲਾਹੀਆ । ਵਜੂਦੇ ਖ਼ਾਕ ਖ਼ਾਕੇ ਪਾਕ ਤਨ ਵਜ਼ਿਗ ਅਜ਼ਹਿਦੇ ਹਜ਼ੂਰੇ ਦੁਆ, ਦਰਗਾਹ ਸਾਚੀ ਮੁਕਾਮੇ ਹਕ ਬੇਪ੍ਰਵਾਹੀਆ । ਸਜਦਾ ਏ ਅਦਾ ਮੁਹੰਮਦੇ ਰਜ਼ਾ, ਚਾਰ ਯਾਰੀ ਫ਼ਿਦਾ ਵੇਜ਼ਵਲਹਕ ਵਸਤੇ ਮਹਿਤ ਦੀਨੁਲ ਜ਼ਵਾ ਜ਼ਾਹਰ ਜ਼ਹੂਰ ਇਕ ਅਖਵਾਈਆ । ਬਾਜ਼ੀਦੇ ਵਸ਼ਿਦ ਪਰਵਰਦਿਗਾਰੇ ਨਜ਼ਿਦ ਚਸ਼ਮੇ ਚਸ਼ਮਾ ਨੂਰੇ ਅਸਮਾਂ ਜ਼ਿਮੀਂ ਜ਼ਮਾਂ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੇਰਾ ਮਹਿਬੂਬ ਨੁਰਾਨਾ, ਮੁਹੱਬਤ ਦਾ ਮਾਲਕ ਇਕ ਅਖਵਾਈਆ । ਜਿਨ੍ਹ ਉਮਤ ਉਮਤੀ ਧੁਰ ਦਾ ਕਲਮਾ ਦਿਤਾ ਤਰਾਨਾ, ਤੁਰੀਆ ਤੋਂ ਪਰੇ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਜਦਿਆਂ ਵਿਚ ਪੈਗ਼ੰਬਰ ਕਰਨ ਸਲਾਮਾ, ਕਦਮ ਬੋਸੀ ਵਿਚ ਖ਼ੁਸ਼ੀ ਬਣਾਈਆ । ਉਹ ਸ਼ਾਹੋ ਭੂਪ ਨੌਜਾਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਜਿਸ ਦਾ ਹੁਕਮ ਚੌਦਾਂ ਤਬਕ ਪੈਗ਼ਾਮਾ, ਅਲਫ਼ ਯੇ ਤੋਂ ਬਾਹਰ ਪੜ੍ਹਾਈਆ । ਸੋ ਖ਼ਾਲਕ ਖ਼ਲਕ ਮਿਹਰਵਾਨਾ, ਪਰਵਰਦਿਗਾਰ ਅਗੰਮ ਅਥਾਹੀਆ । ਜਿਸ ਲਹਿਣਾ ਦੇਣਾ ਚੁਕਾਉਣਾ ਦੋ ਜਹਾਨਾਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਰਦਾ ਰਹਿਣ ਕੋਇ ਨਾ ਪਾਈਆ । ਸੋ ਹੁਕਮ ਸੰਦੇਸ਼ਾ ਦੇਵੇ ਧੁਰ ਫ਼ਰਮਾਨਾ, ਜਿਸ ਦਾ ਚਾਰ ਜੁਗ ਦੇ ਸ਼ਾਸਤਰ ਭੇਵ ਕਹਿ ਸਕਣ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਖ਼ਾਲਕ ਪਿਤਪਾਲਕ ਨੂਰ ਅਲਾਹ,

ਆਲਮੀਨ ਵਡ ਵਡਿਆਈਆ । ਜੋ ਏਥੇ ਓਥੇ ਦੋ ਜਹਾਨਾਂ ਸਦਾ ਮਲਾਹ, ਖੇਵਟ ਖੇਟਾ ਬੇਪ੍ਰਵਾਹੀਆ । ਸੋ ਲਹਿਣਾ ਦੇਣਾ ਪੂਰਬ ਲੇਖਾ ਦਏ ਚੁਕਾ, ਚੁਕੰਨੀ ਹੋ ਕੇ ਵੇਖਾਂ ਥਾਉਂ ਥਾਈਂਆ । ਜੋ ਜਲ ਥਲ ਮਹੀਅਲ ਵਸਿਆ ਨੂਰ ਖ਼ੁਦਾ, ਖ਼ੁਦ ਮਾਲਕ ਆਪਣਾ ਖੇਲ ਖਿਲਾਈਆ । ਉਸ ਦੇ ਕਦਮਾਂ ਹੋਵਾਂ ਫ਼ਿਦਾ, ਜੋ ਫ਼ਿਤਰਤ ਦਾ ਮਾਲਕ ਬੇਪ੍ਰਵਾਹੀਆ । ਜੁਗ ਬਦਲਣਾ ਜਿਸ ਦੀ ਅਦਾ, ਸਤਿਜੁਗ ਤ੍ਰੇਤਾ ਦੁਆਪਰ ਅੰਤ ਕਲਜੁਗ ਪਾਰ ਕਰਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂ ਯਾਦ ਵਿਚ ਬੈਠੇ ਸੀਸ ਨਿਵਾ, ਬਿਨ ਕਦਮਾ ਸੀਸ ਝੁਕਾਈਆ । ਸੋ ਮਾਲਕ ਵੇਖੇ ਥਾਨ ਥਨੰਤਰ ਜਗਤ ਥਾਂ, ਚਾਰੋਂ ਕੁੰਟ ਫੋਲ ਫੁਲਾਈਆ । ਮੁਹੰਮਦ ਦਾ ਲਹਿਣਾ ਦੇਣਾ ਪੂਰੇ ਕਰੇ ਆ, ਸਦੀ ਚੌਦਵੀਂ ਕਹੇ ਮੇਰੀ ਆਸਾ ਪੂਰ ਕਰਾਈਆ । ਪਾਰ ਕਿਨਾਰੇ ਚਰਨ ਕਵਲ ਲਏ ਟਿਕਾ, ਨੂਰ ਨੁਰਾਨਾ ਨੂਰ ਅਲਾਹੀਆ । ਮੈਂ ਮੱਕੇ ਮਦੀਨੇ ਸੰਦੇਸਾ ਦਿਆਂ ਪੁਚਾ, ਮਕਬਰਿਆਂ ਵਿਚ ਸੁੱਤੇ ਪੈਗ਼ੰਬਰਾਂ ਦਿਆਂ ਉਠਾਈਆ । ਆਪਣਾ ਲੇਖਾ ਬਿਨਾ ਕਾਤਬ ਤੋਂ ਬਿਨਾ ਕੁਤਬਖ਼ਾਨਿਆਂ ਦਿਓ ਵਖਾ, ਅਲਫ਼ ਯੇ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਗੀਤ ਅਗੰਮਾ ਗਾਉਣਾ, ਦੇਸ਼ ਪਰਦੇਸ਼ਾਂ ਦਿਆਂ ਸੁਣਾਈਆ । ਮੇਰਾ ਮਹਿਬੂਬ ਮਾਹੀ ਆਉਣਾ, ਮੁਹੱਬਤ ਦਾ ਮਾਲਕ ਵਡ ਵਡਿਆਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਲੇਖ ਮੁਕਾਉਣਾ, ਮਾਇਆ ਮਮਤਾ ਡੇਰਾ ਢਾਹੀਆ । ਸਚ ਸੰਦੇਸ਼ਾ ਆਤਮ ਪਰਮਾਤਮ ਅੱਲਾ ਹੂ ਅੱਨਾ ਹੂ ਇਕੋ ਢੋਲਾ ਗਾਉਣਾ, ਸੋਹੰ ਸ਼ਬਦ ਥਾਉਂ ਥਾਈਂਆ । ਚਾਰ ਵਰਨ ਅਠਾਰਾਂ ਬਰਨ ਏਕਾ ਰੰਗ ਰੰਗਾਉਣਾ, ਦੁਤੀਆ ਭਾਉ ਨਾ ਕੋਇ ਰਖਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਕਾਇਆ ਕਾਅਬੇ ਗੁਰੂਦਵਾਰ ਇਕੋ ਦੀਪਕ ਜੋਤ ਜਗਾਉਣਾ, ਅਨਹਦ ਧੁਨ ਕਰੇ ਸ਼ਨਵਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਆਬੇ ਹਯਾਤ ਪਿਆਉਣਾ, ਹਯਾਤੀ ਜ਼ਿੰਦਗੀ ਦਏ ਬਦਲਾਈਆ । ਮੈਂ ਉਸੇ ਦੀ ਧਾਰ ਵਿਚ ਆਪਣਾ ਆਪ ਸਮਾਉਣਾ, ਸੰਬਲ ਦੇ ਮਾਲਕ ਮਿਲ ਕੇ ਵਜੇ ਵਧਾਈਆ । ਜਿਸ ਅਮਾਮ ਅਮਾਮਾ ਕਾਲੀ ਨੀਲੀ ਧਾਰ ਵੇਸ ਵਟਾਉਣਾ, ਕਲ ਕਲਕੀ ਆਪਣਾ ਖੇਲ ਖਿਲਾਈਆ । ਨਾਨਕ ਦਾ ਲੇਖਾ ਪੂਰ ਕਰਾਉਣਾ, ਬਗ਼ਦਾਦ ਦਏ ਗਵਾਹੀਆ । ਸਦੀ ਚੌਧਵੀਂ ਕਹੇ ਜਬਰਾਈਲ ਮੁਹੰਮਦ ਦਾ ਪਿਆਰ ਚਾਰ ਦਿਨ ਦਾ ਪ੍ਰਾਹੁਣਾ, ਚਾਰ ਯਾਰੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਅੰਤਰ ਆਪਣਾ ਖੇਲ ਖਲਾਉਣਾ, ਬਸੰਤਰ ਜਗਤ ਵਾਲੀ ਬੁਝਾਈਆ ।

✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਪੂਨੇ ਸ਼ਹਿਰ ਭਾਨ ਸਿੰਘ ਦੇ ਗ੍ਰਹਿ ✪

ਸਦੀ ਚੌਧਵੀਂ ਕਹੇ ਮੈਂ ਖੇਲ ਤੱਕਾਂ ਬੇਨਜ਼ੀਰ, ਜਗ ਨੇਤਰ ਲੋਚਨ ਨੈਣ ਨਜ਼ਰ ਕਿਸੇ ਨਾ ਆਈਆ । ਮੈਨੂੰ ਅਰਸ਼ਾਂ ਤੋਂ ਪਰੇ ਇਸ਼ਾਰਾ ਦਏ ਕਬੀਰ, ਮਕਬਰਿਆਂ ਤੋਂ ਬਾਹਰ ਰਿਹਾ ਸਮਝਾਈਆ । ਉਠ ਵੇਖ ਆਪਣੀ ਤਕਦੀਰ, ਮੁਖ ਨਕਾਬ ਲੈ ਉਠਾਈਆ । ਨਾਲ ਰਲਾ ਵਲੀ ਗੌਸ

ਫ਼ਕੀਰ, ਸੂਫ਼ੀਆਂ ਦੇ ਹਿਲਾਈਆ । ਕੀ ਆਸਾ ਰਖੀ ਮੁਹੰਮਦ ਆਪਣੀ ਵਿਚ ਤਕਬੀਰ, ਤਦਬੀਰ ਇਕ ਦ੍ਰਿੜਾਈਆ । ਕੀ ਖੇਲ ਕਰੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਾਹ ਹਕੀਰ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੀਨ ਦੁਨੀ ਬਦਲ ਦੇਣੀ ਜ਼ਮੀਰ, ਅੰਤਰ ਨਿਰੰਤਰ ਵੇਖ ਵਖਾਈਆ । ਜਿਸ ਦਾ ਨਾਮ ਖੰਡਾ ਕਲਮਾ ਅਲਾਹੀ ਸ਼ਮਸ਼ੀਰ, ਸ਼ਮਾ ਨੂਰ ਡਗਮਗਾਈਆ । ਸੋ ਦੀਨ ਦੁਨੀ ਵੇਖਣਹਾਰਾ ਦਿਲਗੀਰ, ਨਵ ਸੱਤ ਪਰਦਾ ਆਪ ਉਠਾਈਆ । ਜਿਸ ਸ਼ਰਅ ਵਿਚੋਂ ਸ਼ਰਅ ਕਰਨੀ ਤਾਅਮੀਰ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਰਾਹ ਤੱਕਾਂ ਵਿਛੋੜੇ ਵਿਚ ਹਿਜਰ, ਹਿਜਰਤ ਕੀਤੀ ਮੁਹੰਮਦ ਦਏ ਸਾਲਾਹੀਆ । ਮੈਂ ਸੰਦੇਸ਼ਾ ਦੇਵਾਂ ਪੀਰ ਖ਼ਵਾਜਾ ਖਿਜਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਜ਼ਰਾ ਨਿਗਾਹ ਮਾਰੋ ਨੇਤਰ ਨੈਣ ਨਿਝਰ, ਜਗਤ ਲੋਚਣ ਕੰਮ ਕਿਸੇ ਨਾ ਆਈਆ । ਜਿਸ ਪੈਗ਼ੰਬਰਾਂ ਦੇ ਮਕਬਰਿਆਂ ਵਿਚ ਵੇਖਣ ਆਉਣਾ ਪਿੰਜਰ, ਮਾਟੀ ਖ਼ਾਕ ਫੋਲ ਫੁਲਾਈਆ । ਸਮੁੰਦ ਸਾਗਰ ਰਾਹ ਤੱਕੇ ਦੇਵਤਾ ਇੰਦਰ, ਇੰਦਰਾਸਣ ਆਪਣਾ ਆਪ ਤਜਾਈਆ । ਜੋ ਆਦਿ ਜੁਗਾਦੀ ਸ਼ਾਹ ਸੁਲਤਾਨਾ ਜਿਸ ਦੀ ਲੱਖ ਚੁਰਾਸੀ ਬਿੰਦਣ, ਆਤਮ ਪਰਮਾਤਮ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਖ਼ਵਾਜਾ ਖਿਜਰ ਕਹੇ ਮੈਂ ਆਬ ਆਬੇ ਹਯਾਤ ਦਾ ਪੀਰਾ, ਪੈਗ਼ੰਬਰਾਂ ਖੇਲ ਖਿਲਾਈਆ । ਮੇਰਾ ਮਹਿਬੂਬ ਗੁਣੀ ਗਹੀਰਾ, ਗੁਣਵੰਤ ਇਕ ਅਖਵਾਈਆ । ਜਿਸ ਦੀ ਨਜ਼ਰ ਨਾ ਆਏ ਤਸਵੀਰਾ, ਲਾਸ਼ਰੀਕ ਨੂਰ ਅਲਾਹੀਆ । ਉਹਦਾ ਕਲਮਾ ਕਾਇਨਾਤ ਅਗੰਮੀ ਹੀਰਾ, ਕੀਮਤ ਸਕੇ ਨਾ ਕੋਇ ਚੁਕਾਈਆ । ਉਹ ਘੜੀ ਆਏ ਵਹੀਰਾ, ਭੱਜੇ ਵਾਹੋ ਦਾਹੀਆ । ਜਿਸ ਦੇ ਸੀਸ ਸੁਹੰਜਣਾ ਨੀਲਾ ਹੋਵੇ ਚੀਰਾ, ਚਿਰੀ ਵਿਛੁੰਨੇ ਵੇਖ ਵਖਾਈਆ । ਮੇਰੀ ਅਰਜ਼ ਅਰਜ਼ੋਈ ਨਾਲ ਆਸ਼ਾ ਰਖਾਂ ਕਬੀਰਾ, ਸਹਿਜ ਨਾਲ ਸੁਣਾਈਆ । ਮੇਰੇ ਸਾਹਿਬ ਸੁਲਤਾਨਾ ਮਿਹਰਵਾਨਾ ਸ੍ਰੀ ਭਗਵਾਨਾ ਤੇਰੇ ਹੱਥ ਮੇਰੀ ਤਕਦੀਰਾ, ਤਕੱਬਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਖਵਾਜਾ ਕਹੇ ਮੇਰਾ ਮਿਹਰਵਾਨ ਮਿਹਰਵਾਨਾ, ਮਿਹਰ ਨਜ਼ਰ ਉਠਾਈਆ ।, ਮੈਂ ਮੰਗਣਾ ਅਗੰਮੀ ਦਾਨਾ, ਦਰ ਠਾਂਡੇ ਸੀਸ ਝੁਕਾਈਆ । ਕਿਰਪਾ ਕਰ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੂੰ ਵਾਲੀ ਦੋ ਜਹਾਨਾਂ, ਬ੍ਰਹਿਮੰਡ ਖੰਡ ਸਾਰੇ ਸੀਸ ਨਿਵਾਈਆ । ਮੈਂ ਮੂਰਖ ਮੁਗਧ ਅੰਜਾਣਾ, ਬਲਹੀਣ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਕਾਹਨਾ, ਲੱਖ ਚੁਰਾਸੀ ਮਾਲਕ ਧੁਰਦਰਗਾਹੀਆ । ਤੇਰਾ ਕਲਮਾ ਨਾਮ ਤਰਾਨਾ, ਤੁਰੀਆ ਤੋਂ ਪਰੇ ਸ਼ਨਵਾਈਆ । ਮੇਰੀ ਬੇਨੰਤੀ ਜਿਸ ਵੇਲੇ ਸਮੁੰਦ ਸਾਗਰ ਤੂੰ ਆਪਣਾ ਚਰਨ ਟਿਕਾਣਾ, ਸੱਜਾ ਖੱਬੇ ਨਾਲ ਬਦਲਾਈਆ । ਮੈਂ ਹਾਜ਼ਰ ਹੋਵਾਂ ਕਰਾਂ ਚਰਨ ਧਿਆਨਾ, ਬਿਨ ਸੀਸ ਸੀਸ ਨਿਵਾਈਆ । ਜਿਸ ਵੇਲੇ ਸਾਗਰ ਵਿਚ ਸਮੁੰਦ ਸਮੁੰਦ ਵਿਚ ਸਾਗਰ ਅੰਤਰ ਅੰਤਰ ਹੋਣ ਰਵਾਨਾ, ਰਵਾਨਗੀ ਵੇਖਣੀ ਚਾਈਂ ਚਾਈਂਆ । ਮੇਰੀ ਬਖ਼ਸ਼ਿਸ਼ ਆਪਣੀ ਰਹਿਮਤ ਦਾਤ ਦੇਵੀਂ ਸਾਢੇ ਤਿੰਨ ਹੱਥ ਦਾ ਕਾਨਾ, ਕਸੀਰਾ ਰਵਦਾਸ ਵਾਲਾ ਨਾਲ ਮਿਲਾਈਆ । ਮੈਂ ਸੰਦੇਸ਼ਾ ਦੇਵਾਂ ਬਤਾਲੀ ਲੱਖ ਜੂਨੀ ਜਲ ਵਿਚ ਕਰੇ ਬਿਸਰਾਮਾ, ਜਲ ਜਲ ਧਾਰ ਵਡਿਆਈਆ । ਤੇਰਾ ਸੰਦੇਸ਼ਾ ਹੋਵੇ ਧੁਰ ਫ਼ਰਮਾਨਾ, ਧੁਰ ਦੀ ਕਾਰ ਆਪ ਕਮਾਈਆ । ਜੋਤੀ ਜੋਤ ਸਰੂਪ

੬੪
੨੩

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੈਨੂੰ ਝੁਕਦੇ ਆਦਿ ਜੁਗਾਦਿ ਜ਼ਿਮੀਂ ਅਸਮਾਨਾਂ, ਚੌਦਾਂ ਤਬਕ ਤੇਰੀ ਆਸ ਰਖਾਈਆ ।

### ✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਪੂਨੇ ਸ਼ਹਿਰ ਗਿਆਨ ਸਿੰਘ ਦੇ ਗ੍ਰਹਿ ✪

ਸਦੀ ਚੌਧਵੀਂ ਕਹੇ ਮੈਂ ਤੱਕਾਂ ਨੂਰ ਅਲਾਹੀ ਚੰਨਾ, ਜਿਸ ਨੂੰ ਸੂਰੀਆ ਚੰਨ ਸੀਸ ਨਿਵਾਈਆ । ਜਿਸ ਭੇਵ ਖੁਲਾਉਣਾ ਗੋਬਿੰਦ ਵਾਲਾ ਕੰਨਾ, ਕਾਇਨਾਤ ਦਾ ਪਰਦਾ ਦਏ ਉਠਾਈਆ । ਦੀਨ ਮਜ਼੍ਹਬ ਸ਼ਰਅ ਦਾ ਤੋੜੇ ਬੰਨਾ, ਬੰਦਗੀ ਇਕੋ ਦਏ ਸਮਝਾਈਆ । ਕੂੜੀ ਕਿਰਿਆ ਹਰ ਘਟ ਅੰਦਰ ਕਰੇ ਮਨ੍ਹਾਂ, ਮਨ ਮਨਸਾ ਮੇਟ ਮਿਟਾਈਆ । ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਤਨਾਂ, ਤਤਵ ਤਤ ਖੋਜ ਖੁਜਾਈਆ । ਹਰਿਜਨ ਉਪਜਾਏ ਚੁਰਾਸੀ ਵਿਚੋਂ ਜਨਾਂ, ਬਣੇ ਆਪ ਜਣੇਂਦੀ ਮਾਈਆ । ਜਿਸ ਲੇਖੇ ਲਾਉਣਾ ਚੌਦਾਂ ਸੌ ਤੀਹ ਅੰਕ ਦਾ ਪੰਨਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜਿਸ ਦਾ ਧੁਰ ਫ਼ਰਮਾਨਾ ਸਦੀ ਚੌਧਵੀਂ ਅੰਤ ਹੋਣਾ ਰਵਾਂ, ਰਵਾਨਗੀ ਕਲਜੁਗ ਕੂੜੀ ਕਿਰਿਆ ਦਏ ਕਰਾਈਆ । ਸਤਿ ਧਰਮ ਦਾ ਸੁਹੰਜਣਾ ਬਖ਼ਸ਼ੇ ਸਮਾਂ, ਸਤਿ ਸਤਿਵਾਦੀ ਆਪਣਾ ਡੰਕ ਵਜਾਈਆ । ਅਗੇ ਵਕਤ ਰਹੇ ਮੂਲ ਨਾ ਲੰਮਾ, ਲੰਮਹ ਲੰਮਹ ਆਪਣਾ ਪੰਧ ਮੁਕਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨੂਰ ਜੋਤ ਜਗਾਏ ਸ਼ਮਅ, ਸ਼ਮਸ ਤਬਰੇਜ਼ ਦੀ ਆਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੇਰਾ ਸਾਹਿਬ ਮਿਹਰ ਕਰੇ ਮਿਹਰਵਾਨਾ, ਮਹਿਬੂਬ ਖ਼ਲਕ ਖ਼ੁਦਾਈਆ । ਜਿਸ ਨੂੰ ਪੈਗ਼ੰਬਰ ਕਰਨ ਸਲਾਮਾ, ਸਜਦਿਆਂ ਵਿਚ ਸੀਸ ਝੁਕਾਈਆ । ਉਹ ਜੋਤੀ ਜਾਤਾ ਅਗੰਮ ਅਮਾਮਾ, ਪੰਜ ਤਤ ਵੰਡ ਨਾ ਕੋਇ ਵੰਡਾਈਆ । ਸ਼ਬਦੀ ਧਾਰ ਸ਼ਬਦ ਦਮਾਮਾ, ਦੋ ਜਹਾਨਾਂ ਡੰਕ ਵਜਾਈਆ । ਸ਼ਰਅ ਜ਼ੰਜੀਰ ਕਟੇ ਰਹਿਣ ਦੇਵੇ ਨਾ ਕੋਇ ਗ਼ੁਲਾਮਾ, ਬੰਧਨ ਬੰਦ ਨਾ ਕੋਇ ਰਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬਦਲ ਜਾਏ ਨਿਜ਼ਾਮਾ, ਨਵ ਸੱਤ ਆਪਣਾ ਰੰਗ ਰੰਗਾਈਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਹੋਵੇ ਜਾਣੀ ਜਾਣਾ, ਜਾਨਣਹਾਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਅਲਵਜ਼ੀ ਜਲਵਿਜ਼ਹਾ ਨੂਰੇ ਨਜ਼ਾ ਨੂਰ ਅਲਾਹੀਆ । ਤਖ਼ਤੇ ਜ਼ਮਮ ਅਰਸ਼ੇ ਜ਼ਗਅਲ ਜ਼ੂਦੇ ਮੁਫ਼ਦ ਅਰਸ਼ੇ ਨਵਦ ਜ਼ਿਮੀਂ ਜ਼ਮਾਂ ਖ਼ਾਲਕ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਨਿਵ ਨਿਵ ਕਰਾਂ ਸਜਦਾ, ਸੀਸ ਜਗਦੀਸ਼ ਝੁਕਾਈਆ । ਜਿਸ ਦਾ ਪੈਗ਼ੰਬਰ ਹੋਇਆ ਬਰਦਾ, ਦਰ ਠਾਂਡੇ ਅਲਖ ਜਗਾਈਆ । ਉਹ ਖੇਲ ਵੇਖੇ ਚੌਦਾਂ ਤਬਕ ਆਪਣੇ ਘਰ ਦਾ, ਗ੍ਰਹਿ ਗ੍ਰਹਿ ਫੋਲ ਫੁਲਾਈਆ । ਜਿਥੇ ਲੇਖਾ ਨਹੀਂ ਸੀਸ ਧੜ ਦਾ, ਮਾਟੀ ਖ਼ਾਕ ਵੰਡ ਵੰਡਾਈਆ । ਇਕੋ ਦੀਪਕ ਜੋਤੀ ਜੋਤੀ ਨੂਰ ਨੁਰਾਨਾ ਜਗਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਹ ਖੇਲ ਸੂਰੇ ਸਰਬਗ ਦਾ, ਪਰਵਰਦਿਗਾਰ ਆਪਣੀ ਕਾਰ ਭੁਗਤਾਈਆ । ਸਦੀ ਚੌਧਵੀਂ ਕਹੇ ਮੇਰਾ ਪੁਰਾਣਾ ਲੇਖਾ ਅੱਜ ਦਾ, ਜਬਰਾਈਲ ਮੇਕਾਈਲ



੯੫
੨੩

ਅਜਰਾਈਲ ਅਸਰਾਫੀਲ ਚਾਰੇ ਦੇਣ ਗਵਾਹੀਆ । ਮੁਹੰਮਦ ਸ਼ਰਅ ਦੀ ਧਾਰ ਵਿਚ ਭੱਜਦਾ, ਸ਼ਰੀਅਤ ਆਪਣੀ ਗੰਢ ਬੰਧਾਈਆ । ਨਵ ਨਵ ਕੂੜ ਕੁੜਿਆਰਾ ਅੰਗਿਆਰ ਦਗਦਾ, ਚਾਰੋਂ ਕੁੰਟ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਕੀ ਕਹਿਣਾ, ਕਹਿਣ ਦੀ ਲੋੜ ਰਹੇ ਨਾ ਰਾਈਆ । ਮੈਂ ਮਾਲਕ ਖ਼ਾਲਕ ਪ੍ਰਿਤਪਾਲਕ ਤੱਕਾਂ ਆਪਣੇ ਨਿਜ ਨੇਤਰ ਨੈਣਾਂ, ਲੋਚਨ ਅਗੰਮ ਖੁਲਾਈਆ । ਜਿਥੇ ਨਾ ਕੋਈ ਸਾਕ ਸੱਜਣ ਸੈਣਾ, ਮਿਤਰ ਪਿਆਰਾ ਵੰਡ ਨਾ ਕੋਇ ਵੰਡਾਈਆ । ਜਿਸ ਨੇ ਅੰਤ ਮੇਰਾ ਚੁਕਾਉਣਾ ਲਹਿਣਾ, ਭਗਵੰਤ ਆਪਣਾ ਹੁਕਮ ਵਰਤਾਈਆ । ਦਰੋਹੀ ਅੰਤਮ ਸ਼ਰਅ ਦਾ ਬੁਰਜ ਢਹਿਣਾ, ਢਾਹ ਢਾਹ ਢੇਰੀ ਖ਼ਾਕ ਬਣਾਈਆ । ਨਬੀ ਨੂਹ ਦਾ ਵਹਿਣ ਵਹਿਣਾ, ਖਵਾਜਾ ਖਿਜਰ ਦਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਨੂੰ ਦਿਸੇ ਨੂਰ ਅਲਾਹ, ਆਲਮੀਨ ਇਕੋ ਨਜ਼ਰੀ ਆਈਆ । ਜਿਸ ਨੂੰ ਸੀਸ ਦੇਵਾਂ ਝੁਕਾ, ਨਿਵ ਨਿਵ ਲਾਗਾਂ ਪਾਈਆਂ । ਤੂੰ ਮਾਲਕ ਬੇਪ੍ਰਵਾਹ, ਬੇਅੰਤ ਬੇਅੰਤ ਸਾਰੇ ਗਾਈਆ । ਮੇਰੇ ਮਹਿਬੂਬ ਅਪਣਾ ਕਲਮਾ ਇਕ ਇਕ ਦ੍ਰਿੜਾ, ਜੋ ਦ੍ਰਿਸ਼ਟੀ ਸ੍ਰਿਸ਼ਟੀ ਦਏ ਬਦਲਾਈਆ । ਹਰ ਘਟ ਨਿਰਗੁਣ ਨੂਰ ਕਰੇ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਧੁਨ ਆਤਮਕ ਰਾਗ ਦਏ ਸੁਣਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਭੇਵ ਅਭੇਦਾ ਰਹੇ ਨਾ ਰਾਅ, ਰਹਿਮਤ ਆਪਣੀ ਸਚ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪਰਵਰਦਿਗਾਰ ਕਹੇ ਸੁਣ ਸਦੀ ਚੌਧਵੀਂ ਹਦੀਸ, ਹਜ਼ਰਤਾਂ ਤੋਂ ਬਾਹਰ ਸੁਣਾਈਆ । ਮੇਰਾ ਮਾਲਕ ਇਕ ਜਗਦੀਸ਼, ਜਗਦੀਸ਼ਵਰ ਬੇਪ੍ਰਵਾਹੀਆ । ਨੌਂ ਸੌ ਚੁਰਾਨਵੇਂ ਜੁਗ ਚੌਕੜੀ ਮੇਰੀ ਕਰਦੇ ਰਹੇ ਉਡੀਕ, ਬਿਨ ਨੈਣਾਂ ਨੈਣ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਕਰਨ ਤਸਦੀਕ, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਲਾ ਕੇ ਨੀਝ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਜੋ ਗੋਬਿੰਦ ਮਾਛੂਵਾੜੇ ਕਰ ਕੇ ਗਿਆ ਤਸਦੀਕ, ਸੰਦੇਸਾ ਪੁਰਖ ਅਕਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਸਦੀ ਚੌਦਵੀਂ ਕਹੇ ਮੇਰਾ ਨੂਰ ਅਗੰਮ ਅਥਾਹ, ਜਗ ਨੇਤਰ ਨਜ਼ਰ ਨਾ ਆਈਆ । ਲੇਖਾ ਲਿਖ ਸਕੇ ਨਾ ਕੋਇ ਰਾਅ, ਭੇਵ ਅਭੇਦ ਨਾ ਕੋਇ ਖੁਲਾਈਆ । ਮੈਂ ਆਦਿ ਅੰਤ ਦਾ ਇਕ ਮਲਾਹ, ਖੇਵਟ ਖੇਟਾ ਧੁਰਦਰਗਾਹੀਆ । ਜਿਸ ਕੋਟਨ ਕੋਟ ਜੁਗ ਦਿਤੇ ਬਦਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਅਵਤਾਰ ਪੈਗ਼ੰਬਰ ਗੁਰੂ ਸੇਵਾ ਗਏ ਕਮਾ, ਨਾਮ ਕਲਮਾ ਸਿਫ਼ਤ ਸਾਲਾਹੀਆ । ਸੋ ਸਾਰੇ ਮੰਗਣ ਇਕ ਦੁਆ, ਦਰ ਠਾਂਡੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਪਾਰਬ੍ਰਹਮ ਪਰਵਰਦਿਗਾਰ ਕਲਜੁਗ ਕੂੜੀ ਕਿਰਿਆ ਦੇ ਮਿਟਾ, ਕਰਮ ਕਾਂਡ ਦਾ ਡੇਰਾ ਢਾਹੀਆ । ਸਤਿ ਧਰਮ ਦਾ ਸਾਚਾ ਜੁਗ ਦੇ ਚਲਾ, ਚਾਰੋਂ ਕੁੰਟ ਤੇਰੇ ਨਾਮ ਦੀ ਵੱਜੇ ਵਧਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਖ਼ੁਦਾ, ਖ਼ੁਦੀ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਇਕ ਸਮਝਾਵਾਂਗਾ । ਜੋਤੀ ਨੂਰ ਨੂਰ ਰੁਸ਼ਨਾਵਾਂਗਾ । ਸ਼ਬਦੀ ਸ਼ਬਦ ਸ਼ਬਦ ਡੰਕ ਵਜਾਵਾਂਗਾ । ਬੇਅੰਤ

ਬੇਅੰਤ ਬੇਅੰਤ ਇਕ ਅਖਵਾਵਾਂਗਾ । ਹਰਿਜਨ ਗੁਰਮੁਖ ਵੇਖ ਸੰਤ, ਸੂਫ਼ੀ ਫ਼ਕੀਰਾਂ ਜੋੜ ਜੁੜਾਵਾਂਗਾ । ਕਲਜੁਗ ਮਾਇਆ ਤੱਕ ਅਨੰਤ, ਅਨੰਤ ਕਲ ਆਪਣੀ ਆਪ ਪ੍ਰਗਟਾਵਾਂਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਵਾਂਗਾ । ਬੋਧ ਅਗਾਧਾ ਬਣ ਕੇ ਪੰਡਤ, ਬੁੱਧੀ ਤੋਂ ਪਰੇ ਭੇਵ ਖੁਲਾਵਾਂਗਾ । ਮਾਨਵ ਜ਼ਾਤੀ ਬਣਾ ਕੇ ਇਕੋ ਸੰਗਤ, ਇਕੋ ਰੰਗਤ ਨਾਮ ਰੰਗਾਵਾਂਗਾ । ਦੂਜੇ ਦਵਾਰੇ ਹੋਏ ਕੋਈ ਨਾ ਮੰਗਤ, ਇਸ਼ਟ ਪੁਰਖ ਅਕਾਲ ਇਕ ਪ੍ਰਗਟਾਵਾਂਗਾ । ਨਾਤਾ ਤੋੜ ਕੇ ਭੁੱਖ ਨੰਗਤ, ਤ੍ਰਿਸ਼ਨਾ ਕੂੜੀ ਕੂੜ ਚੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਾਵਣਹਾਰਾ ਬਣਤ, ਘੜਨ ਭੰਨਣਹਾਰ ਸਮਰਥ ਸਮਰਥ ਕਲ ਇਕ ਅਖਵਾਵਾਂਗਾ ।

✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ੮ ਪੂਨਾ ਸ਼ਹਿਰ ਅਜਾਇਬ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਕਹੇ ਪ੍ਰਭੂ ਤੂੰ ਆਦਿ ਜੁਗਾਦੀ, ਬੇਅੰਤ ਬੇਪਰਵਾਹ ਵਡ ਵਡਿਆਈਆ । ਤੇਰਾ ਖੇਲ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਵਜਦੀ ਰਹੇ ਵਧਾਈਆ । ਤੇਰਾ ਰੂਪ ਅਨੂਪ ਵਿਸਮਾਦੀ, ਬਿਸਮਿਲ ਸਮਝ ਕਿਸੇ ਨਾ ਆਈਆ । ਤੂੰ ਬੋਧ ਅਗਾਧਾ ਰਾਗੀ, ਅਨਰਾਗੀ ਧੁਨ ਕਰੇ ਸ਼ਨਵਾਈਆ । ਤੂੰ ਵਿਸ਼ਨ ਬ੍ਰਹਮਾ ਸ਼ਿਵ ਸਾਜਣਾ ਸਾਜੀ, ਨਿਰਵੈਰ ਆਪਣੀ ਕਲ ਪਰਗਟਾਈਆ । ਤੂੰ ਮਿਹਰਵਾਨ ਮਹਿਬੂਬ ਮੋਹਣ ਮਾਧਵ ਮਾਧੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੂੰ ਦੀਨ ਦਿਆਲਾ, ਦਇਆਨਿਧ ਇਕ ਅਖਵਾਈਆ । ਸਚਖੰਡ ਦਵਾਰ ਤੇਰੀ ਸੱਚੀ ਧਰਮਸਾਲਾ, ਦਰਗਾਹ ਸਚ ਮੁਕਾਮੇ ਹਕ ਸੋਭਾ ਪਾਈਆ । ਤੇਰਾ ਦੀਪਕ ਨੂਰ ਹੋਏ ਉਜਾਲਾ, ਜੋਤੀ ਜਾਤਾ ਡਗਮਗਾਈਆ । ਤੇਰਾ ਖੇਲ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਿਰਾਲਾ, ਨਿਤ ਨਵਿਤ ਆਪਣਾ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਰਮ ਦੀ ਧਾਰ ਬਦਲਦਾ ਆਇਉਂ ਚਾਲਾ, ਚਾਲ ਨਿਰਾਲੀ ਆਪਣੀ ਇਕ ਰਖਾਈਆ । ਲੇਖਾ ਜਾਣੇ ਸ਼ਾਹ ਕੰਗਾਲਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਦਰ ਤੇਰੇ ਸਾਰੇ ਕਰਦੇ ਰਹਿਣ ਸਵਾਲਾ, ਭਿੱਖਕ ਭਿਖਾਰੀ ਵਿਸ਼ਨ ਬ੍ਰਹਮਾ ਸ਼ਿਵ ਝੋਲੀਆਂ ਡਾਹੀਆ । ਗੁਰ ਅਵਤਾਰ ਪੈਗ਼ੰਬਰ ਤੇਰੀ ਘਾਲਣਾ ਰਹੇ ਘਾਲਾ, ਨਿਤ ਨਵਿਤ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਤੇਰੀ ਓਟ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰੇ ਮਾਲਕ ਹਕ ਮਹਿਬੂਬ, ਪਰਵਰਦਿਗਾਰ ਤੇਰੀ ਸ਼ਰਨਾਈਆ । ਤੇਰਾ ਆਲੀਸ਼ਾਨ ਅਰੂਜ, ਐਲੀਜਾਹ ਤੇਰੀ ਵਡ ਵਡਿਆਈਆ । ਤੇਰੀ ਸਮਝ ਸਕੇ ਨਾ ਕੋਇ ਹਦੂਦ, ਅੰਤ ਕਹਿਣ ਕੋਇ ਨਾ ਪਾਈਆ । ਤੂੰ ਹਰ ਘਟ ਅੰਦਰ ਦੋ ਜਹਾਨਾਂ ਮੌਜੂਦ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਨਜ਼ਰੀ ਆਈਆ । ਤੇਰੀ ਮੰਜ਼ਲ ਹਕ ਮਕਸੂਦ, ਦਰਗਾਹ ਸਾਚੀ ਵਜਦੀ ਰਹੇ ਵਧਾਈਆ । ਤੇਰਾ ਨਾਮ ਕਲਮਾ ਹਜ਼ਰਤਾਂ ਤੋਂ ਬਾਹਰ ਹਜ਼ਾਰਾ ਦਰੂਦ, ਇਸਮ ਆਜ਼ਮ ਇਕ ਅਖਵਾਈਆ । ਮਿਹਰਵਾਨ ਜਨ ਭਗਤਾਂ ਸੂਫ਼ੀਆਂ ਸਦਾ ਰਖੇ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ

੯੮
੨੩

ਅਕਾਲੇ ਦੀਨ ਦਿਆਲੇ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੂੰ ਆਦਿ ਜੁਗਾਦੀ ਦੇਵੀ ਦੇਵਾ, ਦੇਵ ਆਤਮਾ ਤੇਰੀ ਸਰਨਾਈਆ । ਤੇਰੇ ਨਾਮ ਪਦਾਰਥ ਅਗੰਮੀ ਮੇਵਾ, ਚਾਰ ਜੁਗ ਦੇ ਸ਼ਾਸਤਰ ਗਾ ਗਾ ਖ਼ੁਸ਼ੀ ਬਣਾਈਆ । ਤੇਰਾ ਨਾਮ ਕੌਸਤਕ ਮਨੀਆ ਥੇਵਾ, ਜੋਤ ਲਲਾਟ ਕਰੇ ਰੁਸ਼ਨਾਈਆ । ਤੇਰੀ ਸਿਫ਼ਤ ਕਰੇ ਕੀ ਜਿਹਵਾ, ਰਸਨਾ ਰਸ ਨਾ ਕੋਇ ਵਡਿਆਈਆ । ਤੂੰ ਵਸਣਹਾਰਾ ਨਿਹਚਲ ਧਾਮ ਨਿਹਕੇਵਾ, ਅਟੱਲ ਮਹੱਲ ਤੇਰਾ ਨੂਰ ਕਰੇ ਰੁਸ਼ਨਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਲਖ ਅਭੇਵਾ, ਅਗੋਚਰ ਤੇਰੀ ਸਿਫ਼ਤ ਕਹਿਣ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੇ ਹੱਥ ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸਚ ਸੁਲਤਾਨ, ਸ੍ਰੀ ਭਗਵਾਨ ਤੇਰੀ ਸਰਨਾਈਆ । ਕਲਜੁਗ ਅੰਤਮ ਵੇਖ ਕੂੜ ਨਿਸ਼ਾਨ, ਚਾਰੋਂ ਕੁੰਟ ਸੋਭਾ ਪਾਈਆ । ਆਤਮ ਰਿਹਾ ਨਾ ਕਿਸੇ ਗਿਆਨ, ਬ੍ਰਹਮ ਵਿਦਿਆ ਨਾ ਕਿਸੇ ਸਮਝਾਈਆ । ਸ਼ਰਅ ਛੁਰੀ ਹੋਈ ਸ਼ੈਤਾਨ, ਕਤਲਗਾਹ ਬਣੀ ਲੋਕਾਈਆ । ਦੀਨ ਮਜ਼੍ਹਬ ਹੋਏ ਵੈਰਾਨ, ਵੈਰੀ ਕਾਮ ਕਰੋਧ ਲੋਭ ਮੋਹ ਹੰਕਾਰ ਸੋਭਾ ਪਾਈਆ । ਕਿਰਪਾ ਕਰ ਮਰਦ ਮਰਦਾਨ ਨੌਜਵਾਨ, ਸੂਰਬੀਰ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਤੇਰਾ ਅੰਤਰ ਨਿਰੰਤਰ ਵੇਖ ਮਾਰ ਧਿਆਨ, ਮਾਨਸ ਮਾਨਵ ਮਾਨੁਖ ਖੋਜ ਖੁਜਾਈਆ । ਜਨ ਭਗਤਾਂ ਉਤੇ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨਾਮ ਭੰਡਾਰਾ ਅਤੁਟ ਦੇ ਦਾਨ, ਨਿਖੁਟ ਕਦੇ ਨਾ ਜਾਈਆ । ਦਿਵਸ ਰੈਣ ਅੰਦਰ ਬਾਹਰ ਗੁਪਤ ਜ਼ਾਹਰ ਤੇਰਾ ਨਾਮ ਗਾਣ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਸੁਣਾਈਆ । ਸ਼ਬਦ ਅਨਾਦੀ ਧੁਨ ਆਤਮਕ ਸੁਣਾ ਸੱਚੀ ਧੁਨਕਾਨ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਦੀਪਕ ਜੋਤੀ ਜੋਤ ਜਗਾ ਮਹਾਨ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਗ੍ਰਹਿ ਮੰਦਰ ਬਿਰਾਜਣ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲਾ ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪਰਮ ਪੁਰਖ ਪਰਮਾਤਮ, ਸਚ ਸਵਾਮੀ ਤੇਰੀ ਓਟ ਤਕਾਈਆ । ਹਰਿਜਨ ਵੇਖ ਆਪਣਾ ਆਤਮ, ਅੰਤਰ ਦ੍ਰਿਸ਼ਟੀ ਪਰਦਾ ਲਾਹੀਆ । ਕਲਜੁਗ ਮੇਟ ਅੰਧੇਰੀ ਰਾਤਨ, ਅੰਧ ਅੰਧੇਰਾ ਦੇ ਗਵਾਈਆ । ਸਭ ਨੂੰ ਆਪਣੇ ਨਾਮ ਦਾ ਦੱਸ ਮਹਾਤਮ, ਮਹਾਬਲੀ ਤੇਰੀ ਬੇਪ੍ਰਵਾਹੀਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਪੁਰਾਤਨ, ਪਰਾ ਪਸੰਤੀ ਮਧਮ ਬੈਖਰੀ ਤੇਰਾ ਢੋਲਾ ਗਾਈਆ । ਤੂੰ ਦੀਨਾਂ ਬੰਧੂ ਨਾਥ ਅਨਾਥਣ, ਦਇਆਨਿਧ ਇਕ ਅਖਵਾਈਆ । ਕਲਜੁਗ ਜਨ ਭਗਤਾਂ ਦੇ ਸਾਥਣ, ਸਗਲਾ ਸੰਗ ਬਣਾਈਆ । ਪੂਨੇ ਵਾਲੇ ਹਰਿ ਭਗਤ ਸਾਰੇ ਮਿਲ ਕੇ ਆਖਣ, ਦਿਨੇ ਜਾਗਦਿਆਂ ਰਾਤੀਂ ਸੁੱਤਿਆਂ ਦਰਸ਼ਨ ਦੇਣਾ ਚਾਈਂ ਚਾਈਆ । ਕਿਰਪਾ ਕਰੇ ਪੁਰਖ ਸਮਰਾਥਣ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਪੂਰਾ ਕਰੇ ਗੁਪਤ ਜ਼ਾਹਰ ਬਾਤਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ ।

੯੮
੨੩

## ✪ ੨੧ ਸਾਵਣ ਸ਼ਹਿਨਸ਼ਾਹੀ ਸੰਮਤ ੮ ਅਜੀਤ ਸਿੰਘ ਦੇ ਗ੍ਰਿਹ ਬੰਬਈ ਸ਼ਹਿਰ ਵਿਚ ਵਿਹਾਰ ਹੋਇਆ ✪

ਸਤਿਗੁਰ ਕਿਰਪਾ ਮਨ ਜਾਏ ਟਿਕ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਇਸ਼ਟ ਸਵਾਮੀ ਬਣੇ ਇਕ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਵਸੇ ਸਰੀਰ ਸਦਾ ਨਿਤ, ਨਵਿਤ ਆਪਣੀ ਕਾਰ ਕਮਾਈਆ । ਜਗਤ ਨੇਤਰ ਨਾ ਪਏ ਦਿਸ, ਨਿਜ ਲੋਚਨ ਨਜ਼ਰੀ ਆਈਆ । ਕੂੜੀ ਕਿਰਿਆ ਲਾਹੇ ਵਿਸ, ਅੰਮ੍ਰਿਤ ਰਸ ਬੂੰਦ ਸਵਾਂਤੀ ਆਪ ਚੁਆਈਆ । ਜਨਮ ਵਿਚੋਂ ਜਨਮ ਦਾ ਲੇਖਾ ਲਏ ਲਿਖ, ਕਰਮ ਕਰਮ ਦਾ ਡੇਰਾ ਢਾਹੀਆ । ਬਜਰ ਕਪਾਟੀ ਪਾੜ ਕੇ ਇੱਟ, ਪਾਹਨ ਪਾਥਰ ਦੂਰ ਕਰਾਈਆ । ਦਰਸ ਦਿਖਾਏ ਘਰ ਆਤਮ ਨਿਜ, ਗ੍ਰਿਹਿ ਮੰਦਰ ਵੱਜੇ ਵਧਾਈਆ । ਸ਼ਬਦ ਸ਼ਬਦ ਸਤਿਗੁਰ ਸਤਿਗੁਰ ਸ਼ਬਦ ਮਨ ਬੰਨ੍ਹਣ ਦੀ ਸਾਚੀ ਬਿਧ, ਅਵਤਾਰ ਪੈਗ਼ੰਬਰ ਗੁਰ ਸਾਰੇ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਮੇਲ ਮਿਲਾਈਆ । ਮਨੂਆ ਮਨ ਨਾ ਜਾਏ ਨੱਠ, ਸਤਿਗੁਰ ਡੋਰੀ ਸ਼ਬਦ ਬੰਨ੍ਹਾਈਆ । ਵੇਖ ਵਖਾਣੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਖੋਜ ਖੁਜਾਈਆ । ਸੁਰਤੀ ਸੁਰਤ ਦੇਵੇ ਹੱਠ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਨਿਜ ਨੇਤਰ ਖੋਲ ਕੇ ਅੱਖ, ਪ੍ਰਤਖ ਮਿਲੇ ਬੇਪਰਵਾਹੀਆ । ਆਤਮਾ ਰਹਿਣ ਨਾ ਦੇਵੇ ਵੱਖ, ਪਰਮਾਤਮ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ । ਹਕੀਕਤ ਦਾ ਭੇਵ ਖੁਲਾਏ ਹਕ, ਹੋਕਾ ਹਕ ਹਕ ਸੁਣਾਈਆ । ਜੈਕਾਰਾ ਲਾਏ ਨਾਦ ਸ਼ਬਦ ਧੁਨ ਅਲੱਖ, ਅਗੋਚਰ ਆਪਣਾ ਹੁਕਮ ਵਰਤਾਈਆ । ਉਸ ਵੇਲੇ ਮਨ ਮਨਸਾ ਮਨੂਆ ਜਾਏ ਢੱਠ, ਬਲਹੀਨ ਨਿਵ ਨਿਵ ਲਾਗੇ ਪਾਈਂਆ । ਫੇਰ ਪਰਕਾਸ਼ ਹੋਵੇ ਜੋਤੀ ਲਟ ਲਟ, ਗ੍ਰਿਹਿ ਮੰਦਰ ਡਗਮਗਾਈਆ । ਮੇਲ ਮਿਲਾਏ ਪੁਰਖ ਸਮਰਥ, ਸਮਰਥ ਸਵਾਮੀ ਆਪਣਾ ਗ੍ਰਿਹਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਮਨ ਮਨਸਾ ਮਨ ਹੀ ਵਿਚ ਸਮਾਈਆ । ਮਨੂਆ ਚਾਰ ਕੁੰਟ ਨਾ ਸਕੇ ਦੌੜ, ਦਿਵਸ ਰੈਣ ਭੱਜੇ ਨਾ ਵਾਹੋ ਦਾਹੀਆ । ਸਤਿਗੁਰ ਕਿਰਪਾ ਰਸ ਰਹੇ ਕੋਇ ਨਾ ਕੌੜ, ਅੰਮ੍ਰਿਤ ਰਸ ਦਏ ਭਰਾਈਆ । ਸਚ ਦਵਾਰੇ ਲਾ ਕੇ ਧਰਮ ਧਾਰ ਦਾ ਪੌੜ, ਪੌੜੀ ਡੰਡਾ ਇਕੋ ਦਏ ਵਖਾਈਆ । ਜਿਥੇ ਨਿਰਮਲ ਧਾਰ ਬ੍ਰਾਹਮਣ ਗੌੜ, ਗੌੜੀ ਰਾਗ ਜਿਸ ਨੂੰ ਸੀਸ ਨਿਵਾਈਆ । ਮਨਸਾ ਮਨ ਨਾ ਹੋਵੇ ਚੋਰ, ਠੱਗੀ ਚੋਰੀ ਨਾ ਕੋਇ ਕਮਾਈਆ । ਅੰਦਰੋਂ ਮਿਟੇ ਅੰਧੇਰਾ ਘੋਰ, ਨੂਰੀ ਚੰਦ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਬੰਨ੍ਹੇ ਆਪਣੀ ਨਾਮ ਦੀ ਡੋਰ, ਡੋਰੀ ਆਪਣੇ ਹੱਥ ਰਖਾਈਆ । ਤਿਨ੍ਹਾਂ ਗੁਰਮੁਖਾਂ ਭਗਤਾਂ ਸੰਤਾਂ ਭਾਗ ਹੋਣ ਮਥੋਰ, ਮਿਥਿਆ ਦਿਸੇ ਲੋਕਾਈਆ । ਮਨ ਪਾ ਨਾ ਸਕੇ ਸ਼ੋਰ, ਉਚੀ ਕੂਕ ਨਾ ਕੋਇ ਸੁਣਾਈਆ । ਝਗੜਾ ਨਾ ਰਹੇ ਜ਼ਰ ਜੋਰੂ ਜ਼ੋਰ, ਜ਼ੱਰਾ ਜ਼ੱਰਾ ਇਕੋ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਘਰ, ਗ੍ਰਿਹਿ ਮੰਦਰ ਵੱਜਦੀ ਰਹੇ ਵਧਾਈਆ । ਮਨੂਆ ਮਨ ਬੜਾ ਚਲਾਕ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਕਿਸੇ ਦਾ ਅੰਦਰੋਂ ਖੁਲ੍ਹਣ ਨਾ ਦੇਵੇ ਤਾਕ, ਬਜਰ ਕਪਾਟ ਪਰਦਾ ਨਾ ਕੋਇ ਖੁਲਾਈਆ । ਚਾਰ ਕੁੰਟ ਧੂੜ ਉਡਾਵੇ ਖ਼ਾਕ, ਖ਼ਾਕੀ ਬੰਦੇ ਮਾਨਸ ਵੇਖ ਵਖਾਈਆ । ਕਲਪਣਾ ਦੀ ਚੜ੍ਹਿਆ ਰਹੇ ਰਾਕ, ਮਨਸਾ ਜਗਤ ਜਹਾਨ ਭਵਾਈਆ । ਕੂੜ ਕੁੜਿਆਰ ਦੀ ਅੰਧੇਰੀ ਰਖੇ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਸਤਿ ਸਚ ਦੀ ਮਿਲੇ ਕਿਸੇ ਨਾ ਦਾਤ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ ।

ਜਿਨ੍ਹਾਂ ਉਤੇ ਸਤਿਗੁਰ ਕਿਰਪਾ ਕਰੇ ਆਪ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇਵੇ ਜਾਪ, ਸਾਚਾ ਢੋਲਾ ਅਗੰਮ ਅਥਾਹੀਆ । ਤ੍ਰੈਗੁਣ ਮਾਇਆ ਮੇਟ ਕੇ ਤਾਪ, ਤ੍ਰੈਭਵਨ ਧਨੀ ਆਪਣਾ ਰੰਗ ਰੰਗਾਈਆ । ਤਨ ਵਜੂਦ ਮਾਟੀ ਖ਼ਾਕ ਕਰ ਕੇ ਪਾਕ, ਪਤਤ ਪੁਨੀਤ ਸਾਚਾ ਰੰਗ ਰੰਗਾਈਆ । ਨਿਰਗੁਣ ਧਾਰ ਸਰਗੁਣ ਹੋ ਕੇ ਪੁਛੇ ਵਾਤ, ਪਰਦਾ ਓਹਲਾ ਆਪ ਉਠਾਈਆ । ਮਨੂਆ ਮਨ ਮਨ ਤੋਂ ਮਿਲੇ ਨਜਾਤ, ਮਨਸਾ ਮਨ ਨਾ ਕੋਇ ਭਵਾਈਆ । ਸੋ ਹਰਿਜਨ ਗੁਰਮੁਖ ਪਾਰਜਾਤ, ਪਾਰਬ੍ਰਹਮ ਮਿਲ ਕੇ ਵੱਜੇ ਵਧਾਈਆ । ਜਿਨ੍ਹਾਂ ਦਾ ਲੇਖਾ ਨਾਲ ਕਮਲਾਪਾਤ, ਪਤਿਪਰਮੇਸ਼ਵਰ ਆਪਣਾ ਭੇਵ ਦਏ ਖੁਲਾਈਆ । ਮਨ ਕਹੇ ਮੈਂ ਉਨ੍ਹਾਂ ਗੁਰਮੁਖਾਂ ਦੇ ਚਰਨੀ ਜਾਣਾ ਲਾਗ, ਜਿਨ੍ਹਾਂ ਦਾ ਮਾਲਕ ਇਕੋ ਇਕ ਅਗੰਮ ਅਥਾਹੀਆ । ਜਿਸ ਗ੍ਰਿਹਿ ਦੀਪਕ ਜੋਤ ਜਗੇ ਚਰਾਗ਼, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਮਨ ਕਹੇ ਮੈਨੂੰ ਗਾਉਂਦੇ ਚਾਰ ਜੁਗ ਦੇ ਮੁਨੀ ਰਿਖੀ, ਸੂਫ਼ੀ ਸੰਤ ਫ਼ਕੀਰ ਦੇਣ ਗਵਾਹੀਆ । ਗ੍ਰੰਥ ਸ਼ਾਸਤਰ ਵੇਦ ਪੁਰਾਨ ਅੰਜੀਲ ਕੁਰਾਨ ਮੇਰੀ ਧਾਰ ਲਿਖੀ, ਕਲਮ ਸ਼ਾਹੀ ਨਾਲ ਵਡਿਆਈਆ । ਮੇਰੀ ਖੇਲ ਆਦਿ ਦੀ ਆਦਿ ਜੁਗ ਦੀ ਜੁਗ ਸਦਾ ਸਦਾ ਨਿੱਕੀ, ਨਿੱਕਿਆਂ ਵੱਡਿਆਂ ਦਿਆਂ ਸੁਣਾਈਆ । ਮੇਰੀ ਸਮਝ ਸਕੇ ਕੋਇ ਨਾ ਮਿਤੀ, ਦਿਵਸ ਰੈਣ ਪਰਵਿਸ਼ਟਾ ਸਕੇ ਨਾ ਕੋਇ ਸਮਝਾਈਆ । ਮੈਂ ਘਰ ਅੰਦਰ ਕਾਇਆ ਮੰਦਰ ਸਰੀਰ ਵਿਚ ਸੰਦੇਸ਼ਾ ਦੇਵਾਂ ਬਿਨਾ ਲਿਖੀ ਹੋਈ ਚਿੱਠੀ, ਪਤਰਕਾ ਮਨਸਾ ਵਾਲੀ ਸਮਝਾਈਆ । ਜਗਿਆਸੂਓ ਸੰਸਾਰੀਓ ਜਗਤ ਵਿਭਚਾਰ ਪੰਚ ਵਿਕਾਰ ਵਾਲੀ ਪ੍ਰਭ ਤੋਂ ਮਿੱਠੀ, ਸਚ ਦਾ ਰਸ ਹੱਥ ਕਿਸੇ ਨਾ ਆਈਆ । ਮੇਰੀ ਖੇਲ ਸਦਾ ਅਨਡਿਠੀ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਮੇਰਾ ਮਾਲਕ ਬੇਪਰਵਾਹੀਆ । ਮਨ ਕਹੇ ਜਦ ਡਿੱਗਾ ਮੈਂ ਤੇ ਡਿੱਗਾ ਹਰਿ ਕੇ ਦਵਾਰ, ਗੁਰੂ ਗੁਰਦੇਵ ਸੀਸ ਨਿਵਾਈਆ । ਜੋ ਸਦਾ ਸਦਾ ਸਦ ਬਖ਼ਸ਼ਣਹਾਰ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜਿਸ ਦੀ ਧਾਰ ਵਿਚ ਤੇਈ ਅਵਤਾਰ, ਰਾਮਾ ਕ੍ਰਿਸ਼ਨਾ ਰੰਗ ਰੰਗਾਈਆ । ਈਸਾ ਮੂਸਾ ਮੁਹੰਮਦ ਖੇਲ ਕੀਤਾ ਅਪਾਰ, ਅਪਰੰਪਰ ਆਪਣੀ ਕਲ ਵਰਤਾਈਆ । ਨਾਨਕ ਗੋਬਿੰਦ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਮਨ ਕਹੇ ਮੈਂ ਬੜਾ ਬਲਕਾਰ, ਬਲਧਾਰੀ ਇਕ ਅਖਵਾਈਆ । ਮੇਰਾ ਨੂਰ ਜੋਤ ਅਕਾਰ, ਨਿਰਾਕਾਰ ਨਜ਼ਰੀ ਆਈਆ । ਮੈਂ ਨੌ ਖੰਡ ਪ੍ਰਿਥਮੀ ਸੱਤ ਦੀਪ ਸਮੁੰਦ ਸਾਗਰਾਂ ਧਰਨੀ ਧਰਤ ਧਵਲ ਧੌਲ ਖੇਲ ਖੇਲਾਂ ਅਪਰ ਅਪਾਰ, ਅਪਰੰਪਰ ਹੋ ਕੇ ਆਪਣੀ ਕਾਰ ਭੁਗਤਾਈਆ । ਮਨ ਕਹੇ ਬਿਨਾ ਸਤਿਗੁਰ ਸ਼ਬਦ ਤੋਂ ਮੈਨੂੰ ਦੇਵੇ ਕੋਇ ਨਾ ਹਾਰ, ਮੇਰਾ ਸੀਸ ਝੁਕਣ ਕਦੇ ਨਾ ਪਾਈਆ । ਜਿਨ੍ਹਾਂ ਉਤੇ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਿਨ੍ਹਾਂ ਭਗਤਾਂ ਮਨ ਕਹੇ ਮੈਂ ਨਿਉਂ ਨਿਉਂ ਕਰਾਂ ਨਿਮਸਕਾਰ, ਡੰਡਾਵਤ ਵਿਚ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ ।

ਹਾਰ ਕਹਿਣ ਅਸੀਂ ਬਣ ਗਏ ਹਾਰ, ਕਲੀ ਕਲੀ ਜੋੜ ਜੁੜਾਈਆ । ਪਹਿਲਾਂ ਕਰੀਏ ਪ੍ਰਭੂ ਚਰਨ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ ।

ਫੇਰ ਤੱਕੀਏ ਵਿਸ਼ਨ ਬ੍ਰਹਮਾ ਸ਼ਿਵ ਧਾਰ, ਤ੍ਰੈਗੁਣ ਤੋਂ ਪਰੇ ਪਰਦਾ ਉਠਾਈਆ । ਸਾਡਾ ਖੇਲ ਰਿਹਾ ਨਾਲ ਤੇਈ ਅਵਤਾਰ, ਪੈਗ਼ੰਬਰਾਂ ਗੰਢ ਪਵਾਈਆ । ਗੁਰੂ ਗੁਰਦੇਵ ਜਾਂਦੇ ਰਹੇ ਬਲਹਾਰ, ਬਲਹਾਰੀ ਆਪਣਾ ਸੀਸ ਨਿਵਾਈਆ । ਜੁਗ ਬਦਲਿਆ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੀ ਬਹਾਰ, ਚਾਰੋਂ ਕੁੰਟ ਅੱਖ ਖੁਲਾਈਆ । ਸਚ ਸੁਗੰਧੀ ਨਾਮ ਧਰਮ ਦੀ ਰਹੀ ਨਾ ਵਿਚ ਸੰਸਾਰ, ਕੂੜ ਕਿਰਿਆ ਗ੍ਰਿਹਿ ਗ੍ਰਿਹਿ ਭੱਜੇ ਵਾਹੋ ਦਾਹੀਆ । ਜਗਤ ਵਾਸ਼ਨਾ ਜਗਤ ਕਿਰਿਆ ਜਗਤ ਦਾ ਸ਼ਿੰਗਾਰ, ਤਨ ਵਜੂਦ ਮਾਟੀ ਖ਼ਾਕ ਸੋਭਾ ਪਾਈਆ । ਜਿਧਰ ਤੱਕੀਏ ਉਧਰ ਦਿਸੇ ਵਿਭਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਅਸੀਂ ਸੰਦੇਸ਼ਾ ਦੇਣਾ ਸਾਰੇ ਹੋਵੋ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਦੀਨ ਦੁਨੀ ਵਰਨ ਬਰਨ ਹੋਇਆ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲ ਨੂੰ ਕਹਿਣ ਧੁਰ ਦੇ ਰਾਮ ਪਰਵਰਦਿਗਾਰ, ਬੇਪ੍ਰਵਾਹ ਕੀ ਤੇਰੀ ਬੇਪ੍ਰਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਵੇਖ ਨਿਗਾਹ ਮਾਰ, ਨਰ ਨਰਾਇਣ ਪਰਦਾ ਆਪ ਚੁਕਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਬਣੇ ਨਾ ਕੋਇ ਮੁਰਾਰ, ਈਸ਼ ਜੀਵ ਜਗਦੀਸ਼ ਤੇਰਾ ਸੰਗ ਨਾ ਕੋਇ ਨਿਭਾਈਆ । ਹਾਰ ਕਹਿਣ ਅਸੀਂ ਰੋ ਰੋ ਦਰਗਾਹ ਸਾਚੀ ਸਚਖੰਡ ਦਵਾਰ ਕਰਨੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਕਿਰਪਾ ਕਰ ਮਨੋਹਰ ਲਖਮੀ ਨਰਾਇਣ ਧੁਰ ਦੇ ਗੋਪਾਲ, ਦੀਨ ਦਿਆਲ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਹਾਰ ਕਹਿਣ ਸਾਨੂੰ ਬੱਧਾ ਨਾਲ ਤੰਦ, ਕੱਚਾ ਧਾਗਾ ਡੋਰੀ ਦਏ ਗਵਾਹੀਆ । ਸਾਡਾ ਪੁਕਾਰੇ ਬੰਦ ਬੰਦ, ਬੰਦਗੀ ਵਾਲਾ ਬੰਦਾ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰਾ ਅੰਧ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਦੁਨੀ ਪਰਮ ਪੁਰਖ ਤੈਨੂੰ ਗਾਉਣ ਬੱਤੀ ਦੰਦ, ਹਿਰਦੇ ਹਰਿ ਨਾ ਕੋਇ ਵਸਾਈਆ । ਉਠ ਵੇਖ ਮਿਹਰਵਾਨ ਅਵਤਾਰ ਪੈਗ਼ੰਬਰਾਂ ਗੁਰੂਆਂ ਪੈਂਡਾ ਰਿਹਾ ਲੰਘ, ਮੰਜ਼ਲ ਬਮੰਜ਼ਲ ਬੈਠੇ ਪੰਧ ਮੁਕਾਈਆ । ਤੇਰਾ ਨਿਝਰ ਧਾਰ ਆਤਮ ਰਸ ਲਏ ਨਾ ਕੋਇ ਅਨੰਦ, ਅਨੰਦ ਵਿਚੋਂ ਅਨੰਦ ਨਾ ਕੋਇ ਪ੍ਰਗਟਾਈਆ । ਜਗਤ ਵਾਸਨਾ ਫਿਰੇ ਨੌ ਖੰਡ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਇ ਨਾ ਛੰਦ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਦਏ ਗਵਾਹੀਆ । ਨਿਗਾਹ ਮਾਰ ਮਹਿਬੂਬ ਆਤਮ ਸੇਜਾ ਵੇਖ ਪਲੰਘ, ਕਾਇਆ ਮੰਦਰ ਅੰਦਰ ਪਰਦਾ ਆਪ ਉਠਾਈਆ । ਤੂੰ ਮਾਲਕ ਖ਼ਾਲਕ ਸਾਹਿਬ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸ਼ਰਨਾਈਆ । ਹਾਰ ਕਹਿਣ ਸਾਡੀ ਆਦਿ ਦੀ ਆਦਿ ਅੰਤ ਦੀ ਅੰਤ ਦਰ ਦਵਾਰ ਅਗੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭੂ ਆਪਣੇ ਪਿਆਰਿਆਂ ਦੇ ਦੁਲਾਰਿਆਂ ਦੇ ਤਨ ਮਾਟੀ ਖ਼ਾਕ ਰੰਗ, ਰੰਗਤ ਧੁਰ ਦਾ ਨਾਮ ਚੜ੍ਹਾਈਆ । ਪੰਚ ਵਿਕਾਰ ਨਿਰੰਤਰ ਕਰੇ ਕੋਇ ਨਾ ਜੰਗ, ਮਨ ਮਨਸਾ ਦੇਣੀ ਮਿਟਾਈਆ । ਪ੍ਰੇਮੀਆਂ ਦੇ ਪਿਆਰ ਵਿਚ ਅੰਤਰ ਪਾਉਣੀ ਠੰਡ, ਅਗਨੀ ਤਤ ਦੇਣਾ ਬੁਝਾਈਆ । ਸਤਿ ਧਰਮ ਦੀ ਸਚ ਨਾਮ ਦੀ ਰਾਮ ਰਾਮਾ ਪੱਲੇ ਬੰਨ੍ਹਣੀ ਗੰਢ, ਕਾਹਨ ਕਾਹਨਾ ਹੋਣਾ ਸਹਾਈਆ । ਚਾਰੇ ਵੇਦ ਧਰਮ ਧਾਰ ਦਾ ਦੇਣ ਸੰਗ, ਸਗਲਾ ਸਾਥੀ ਇਕੋ ਨਜ਼ਰੀ ਆਈਆ । ਹਾਰ ਕਹਿਣ ਸਾਡੀ ਡੰਡਾਵਤ ਬੰਦਨਾ ਨਿਮਸਕਾਰ ਸਜਦੇ ਵਿਚ ਸੀਸ ਝੁਕਾਈਏ ਤੇ ਮੰਗੀਏ ਪਰਮ ਪੁਰਖ ਤੇਰਾ ਉਹ ਅਨੰਦ, ਜਿਸ ਅਨੰਦ ਵਿਚ ਹਰਿਜਨ ਹਰਿ ਭਗਤ ਮਿਲ ਕੇ ਖ਼ੁਸ਼ੀ ਬਣਾਈਆ ।


੧੦੧
੨੩

## ✪ ੨੩ ਸਾਵਣ ਸ਼ਹਿਨਸ਼ਾਹੀ ਸੰਮਤ ੮ ਬੰਬਈ ਸ਼ਹਿਰ ਖ਼ੁਸ਼ਹਾਲ ਸਿੰਘ ਦੇ ਗ੍ਰਿਹ ✪

ਖਵਾਜਾ ਕਹੇ ਮੇਰੀ ਅਗੰਮੀ ਆਸ, ਤ੍ਰਿਸ਼ਨਾ ਜਗਤ ਨਾ ਕੋਇ ਰਖਾਈਆ । ਇੰਦਰਾ ਤੂੰ ਵੀ ਆ ਜਾ ਪਾਸ, ਪਿਛਲਾ ਪੰਧ ਮੁਕਾਈਆ । ਖੇਲ ਤੱਕੀਏ ਪੁਰਖ ਅਬਿਨਾਸ਼, ਪਾਰਬ੍ਰਹਮ ਕੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਾਰੇ ਗਾਉਂਦੇ ਸਵਾਸ ਸਵਾਸ, ਸਾਹ ਸਾਹ ਨਾਮ ਧਿਆਈਆ । ਉਹ ਨਿਰਗੁਣ ਨੂਰ ਜੋਤ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਉਸ ਦੇ ਸੇਵਕ ਸੇਵਾਦਾਰ ਖ਼ਾਸ, ਖ਼ਾਲਕ ਖ਼ਲਕ ਲਏ ਅੰਗੜਾਈਆ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੀਸ ਨਿਵਾਈਆ । ਜਿਸ ਦਾ ਰਾਹ ਤੱਕਦੇ ਰਹੇ ਜੁਗ ਚੌਕੜੀ ਬਰਸ ਮਾਸ, ਦਿਵਸ ਰੈਣ ਘੜੀ ਪਲ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਖਵਾਜਾ ਕਹੇ ਮੇਰੀ ਅਗੰਮੀ ਖ਼ਾਹਿਸ਼, ਅੰਤਰ ਅੰਤਰ ਧਿਆਨ ਲਗਾਈਆ । ਜਿਸ ਦੀ ਜੁਗ ਚੌਕੜੀ ਕਰਦੇ ਰਹੇ ਤਲਾਸ਼, ਜੀਵ ਜੰਤ ਭੱਜਣ ਵਾਹੋ ਦਾਹੀਆ । ਉਸ ਸਾਹਿਬ ਕਹੀਏ ਸ਼ਾਬਾਸ਼, ਜੋ ਸ਼ਹਿਨਸ਼ਾਹ ਧੁਰਦਰਗਾਹੀਆ । ਜੋ ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਆਸ, ਨਿਰਾਸ਼ਾ ਨਜ਼ਰ ਕੋਇ ਨਾ ਆਈਆ । ਉਹ ਤਨ ਵਜੂਦ ਮਹਿਬੂਬ ਆਪਣੇ ਸੁਹਾਏ ਲਿਬਾਸ, ਖਵਾਜਾ ਕਹੇ ਜਿਸ ਉਤੇ ਨਿਉਂ ਨਿਉਂ ਲਾਗਾਂ ਪਾਈਆ । ਜੋ ਗੋਬਿੰਦ ਮਾਛੂਵਾੜੇ ਗਿਆ ਆਖ, ਆਖ਼ਰ ਉਸ ਦਾ ਲੇਖਾ ਲੇਖੇ ਵਿਚ ਲਗਾਈਆ । ਚਰਨ ਧੂੜੀ ਲਾਵਾਂ ਰਾਖ, ਮਸਤਕ ਟਿੱਕੇ ਖ਼ਾਕ ਰਮਾਈਆ । ਸੰਦੇਸ਼ਾ ਦੇਵਾਂ ਪੈਗ਼ੰਬਰੋ ਸ਼ਰਅ ਵਿਚ ਰਹੇ ਨਾ ਕੋਇ ਗੁਸਤਾਖ਼, ਹਉਮੇ ਗੜ੍ਹ ਨਾ ਕੋਇ ਬਣਾਈਆ । ਸਾਰੇ ਇਕ ਮਹਿਬੂਬ ਦੇ ਹੋਣੇ ਮੁਸ਼ਤਾਕ, ਜੋ ਮੁਸ਼ਕਲ ਹੱਲ ਕਰਾਈਆ । ਸ਼ਰਅ ਸ਼ਰੀਅਤ ਸ਼ਰੇਈ ਬਣੇ ਨਾ ਕੋਇ ਅੱਯਾਸ਼, ਵਾਸਨਾ ਮਨ ਨਾ ਕੋਇ ਹਲਕਾਈਆ । ਇਕੋ ਜਲਵਾ ਜਲਵਾ ਨੂਰ ਤੱਕੋ ਪ੍ਰਕਾਸ਼, ਜੋ ਪ੍ਰਕਾਸ਼ਤ ਖ਼ਲਕ ਖ਼ੁਦਾਈਆ । ਜਿਸ ਨੇ ਸਭ ਦਾ ਲੇਖਾ ਲਹਿਣਾ ਦੇਣਾ ਪੂਰਾ ਕਰਨਾ ਪੰਜ ਤਤ ਲਾਸ਼, ਹੱਡ ਮਾਸ ਨਾੜੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਖਵਾਜਾ ਕਹੇ ਮੇਰੀ ਆਦੀ ਇਕੋ ਸੱਧਰ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਮਿਹਰਵਾਨ ਮਹਿਬੂਬ ਮਿਹਰ ਕਰੇ ਨਦਰ, ਜੋ ਨਦਰੀ ਨਦਰ ਨਿਹਾਲ ਅਖਵਾਈਆ । ਜਿਸ ਬਤਾਲੀ ਲੱਖ ਜੂਨੀ ਪਾਉਣੀ ਕਦਰ, ਕੁਦਰਤ ਦਾ ਮਾਲਕ ਆਪਣਾ ਚਰਨ ਛੁਹਾਈਆ । ਨੌਂ ਸੌ ਚੁਰਾਨਵੇਂ ਜੁਗ ਪਿਛੋਂ ਧਰਮ ਦੀ ਧਾਰ ਕਰੇ ਅਦਲ, ਇਨਸਾਫ਼ ਆਪਣਾ ਇਕ ਸਮਝਾਈਆ । ਉਸ ਦੀ ਕਿਰਪਾ ਨਾਲ ਕਲਜੁਗ ਕੂੜ ਕੁੜਿਆਰਾ ਜਾਣਾ ਬਦਲ, ਬਦਲਾ ਚੁੱਕੇ ਥਾਉਂ ਥਾਈਂਆ । ਸ਼ਰਅ ਕਰੇ ਕਿਸੇ ਨਾ ਕਤਲ, ਕਤਲਗਾਹ ਦਾ ਡੇਰਾ ਢਾਹੀਆ । ਤੱਟ ਕਿਨਾਰੇ ਮੁਕੱਦਸ ਕਰੇ ਬੈਤੁਲ, ਪਾਕ ਪਤਤ ਪੁਨੀਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਖਵਾਜਾ ਕਹੇ ਮੈਂ ਮਹਿਬੂਬ ਅਗੰਮੀ ਝੁਕਾਂ, ਬਿਨਾ ਕਦਮਾਂ ਸੀਸ ਨਿਵਾਈਆ । ਜਲਧਾਰਾ ਵਿਚ ਕਦੇ ਨਾ ਰੁਕਾਂ, ਭੱਜਾਂ ਵਾਹੋ ਦਾਹੀਆ । ਸਾਹਿਬ ਸਵਾਮੀ ਆ ਕੇ ਪੁਛਾਂ, ਦਰ ਬੇਨੰਤੀ ਇਕ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੀਆਂ ਕਿਸ ਬਿਧ ਸੁਹਾਵਣ ਰੁਤਾਂ, ਰੁਤੜੀ ਜਗਤ ਵਿਚ ਮਹਿਕਾਈਆ । ਭਾਗ ਲੱਗੇ ਕਾਇਆ ਬੁਤਾਂ, ਬੁਤਖ਼ਾਨਿਆਂ ਹੋਏ ਸਫ਼ਾਈਆ । ਇਕੋ ਰੰਗ ਦਿਸਣ ਛਾਵਾਂ ਧੁੱਪਾ, ਸ਼ਬੇ ਰੋਜ਼ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ

੧੦੨
੨੩

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਖਵਾਜਾ ਖਿਜਰ ਕਹੇ ਮੈਂ ਲੱਗਾ ਨਾਲ ਸੀਨੇ, ਆਪਣੀ ਅਗਨ ਦਿਆਂ ਬੁਝਾਈਆ । ਫੇਰ ਸੰਦੇਸ਼ਾ ਦੇਵਾਂ ਮੱਕੇ ਮਦੀਨੇ, ਕਾਅਬਿਆਂ ਕਰਾਂ ਸ਼ਨਵਾਈਆ । ਪੈਗ਼ੰਬਰੋ ਸਭ ਦੇ ਹਕ ਹਕੂਕ ਜਾਣੇ ਛੀਨੇ, ਮਾਲਕ ਰਹਿਣ ਕੋਇ ਨਾ ਪਾਈਆ । ਉਮਤੀ ਰੰਗ ਰਹਿਣੇ ਨਹੀਂ ਭੀਨੇ, ਕੁਸੰਬੜਾ ਰੂਪ ਜਾਏ ਬਦਲਾਈਆ । ਖੇਲ ਵੇਖਣਾ ਲੋਕ ਤੀਨੇ, ਤ੍ਰੈਗੁਣ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਖਵਾਜਾ ਕਹੇ ਮੈਂ ਵੇਖਾਂ ਸਮੁੰਦ ਸਾਗਰ, ਸਾਗਰਾਂ ਧਿਆਨ ਲਗਾਈਆ । ਕਿਸ ਦਾ ਕਰਮ ਹੋਇਆ ਉਜਾਗਰ, ਨਿਰਗੁਣ ਰੂਪ ਲਿਆ ਬਦਲਾਈਆ । ਜਿਸ ਦੀ ਆਸ਼ਾ ਰਖੀ ਗੁਰੂ ਗੁਰੂ ਤੇਗ਼ ਬਹਾਦਰ, ਤੇਗ਼ ਸੀਸ ਨਾਲ ਛੁਹਾਈਆ । ਉਹ ਖੇਲ ਕਰੇ ਕਰਤਾ ਕਰੀਮ ਕਾਦਰ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਮੈਂ ਉਸ ਦਾ ਦਰਵੇਸ਼ ਦਰ ਭਿਖਾਰੀ ਆਜਿਜ਼, ਅਜ਼ੀਜ਼ ਹੋ ਕੇ ਸੀਸ ਨਿਵਾਈਆ । ਜਿਸ ਸਭ ਦੀ ਮੇਟਣੀ ਸ਼ਰਅ ਵਾਲੀ ਸਾਜਸ਼, ਸ਼ਰੀਅਤ ਦਾ ਲੇਖਾ ਦੇਣਾ ਚੁਕਾਈਆ । ਮੈਂ ਇਕ ਬੇਨੰਤੀ ਕਰਨੀ ਕਰਨੀ ਗੁਜ਼ਾਰਸ਼, ਗੁਜ਼ਸ਼ਤਾ ਹਾਲ ਦੇਣਾ ਸੁਣਾਈਆ । ਮਿਹਰਵਾਨ ਆਪਣੇ ਹੁਕਮ ਵਿਚ ਸੁਣੀ ਨਾ ਕਿਸੇ ਦੀ ਸਫ਼ਾਰਸ਼, ਸਫ਼ਾਰਸ਼ੀ ਨਜ਼ਰ ਕੋਇ ਨਾ ਆਈਆ । ਜਗਤ ਵਿਦਿਆ ਰਿਹਾ ਕੋਇ ਨਾ ਆਰਫ਼, ਉਲਮਾ ਚਲੇ ਨਾ ਕੋਇ ਚਤੁਰਾਈਆ । ਤੇਰਾ ਸ਼ਬਦ ਗੁਰਦੇਵ ਤੇਰੇ ਕਲਮੇ ਦਾ ਕਰੇ ਤੁਆਰਫ਼, ਦੂਤੀਆ ਨਜ਼ਰ ਕੋਇ ਨਾ ਆਈਆ । ਤੇਰਾ ਚਰਨ ਸੱਜਾ ਉਠਿਆ ਵਿਚ ਭਾਰਤ, ਸੱਜਣ ਸਾਰੇ ਵੇਖਣ ਚਾਈਂ ਚਾਈਂਆ । ਤੇਰੀ ਕੋਈ ਦੀਨ ਦੁਨੀ ਵਾਲੀ ਨਹੀਂ ਤਜਾਰਤ, ਹਟਵਾਣਾ ਹੱਟ ਨਾ ਕੋਇ ਵਖਾਈਆ । ਨਾਮ ਕਲਮੇ ਦੀ ਨਹੀਂ ਆੜ੍ਹਤ, ਹਿੱਸਾ ਵੰਡ ਨਾ ਕੋਇ ਵੰਡਾਈਆ । ਤੇਰਾ ਇਕੋ ਹੁਕਮ ਇਕੋ ਸੰਦੇਸ਼ਾ ਇਕੋ ਮਾਰਗ ਇਕੋ ਮਾਰਫ਼ਤ, ਮਹਿਬੂਬ ਇਕੋ ਨਜ਼ਰੀ ਆਈਆ । ਮੈਂ ਤੇਰੇ ਨੂਰ ਦਰਸ ਦੀ ਦੀਦ ਵਿਚ ਕਰਾਂ ਜ਼ਿਆਰਤ, ਈਦ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਦੇਣਾ ਰੰਗਾਈਆ । ਖਵਾਜਾ ਕਹੇ ਮੇਰੀ ਇਕ ਇਕ ਅਰਜ਼ੋਈ, ਬਿਨਾ ਅਰਜ਼ ਤੋਂ ਅਰਜ਼ ਜਣਾਈਆ । ਪੈਗ਼ੰਬਰਾਂ ਪੀਰਾਂ ਦੀ ਦਰੋਹੀ, ਦਸਤਗੀਰ ਤੇਰੀ ਸਰਨਾਈਆ । ਤੇਰਾ ਭੇਵ ਜਾਣੇ ਨਾ ਕੋਈ, ਪਰਦਾਨਸ਼ੀਂ ਪਰਦਾ ਸਕੇ ਨਾ ਕੋਇ ਉਠਾਈਆ । ਤੁਧ ਬਿਨ ਚੌਦਾਂ ਤਬਕ ਮਿਲੇ ਨਾ ਢੋਈ, ਚੌਦਸ ਚੰਦ ਰੋਵੇ ਮਾਰੇ ਧਾਹੀਆ । ਸਭ ਦੀ ਸੁਰਤੀ ਜਗਤ ਵਿਚ ਸੋਈ, ਸੁੱਤਿਆਂ ਸਕੇ ਨਾ ਕੋਇ ਉਠਾਈਆ । ਆਬੇ ਹਯਾਤ ਬੂੰਦ ਕਿਸੇ ਨਾ ਚੋਈ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰੇ ਬਿਨਾ ਪਤ ਖੋਈ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ ।


੧੦੩
੨੩

## ੨੪ ਸਾਵਣ ਸ਼ਹਿਨਸ਼ਾਹੀ ਸੰਮਤ ੮ ਬੰਬਈ ਸ੍ਰੀ ਗੁਰੂ ਸਿੰਘ ਸਭਾ ਗੁਰੂਦਵਾਰਾ ਦਾਦਰ ਵਿਚ ਸਰ ਅਜ਼ੀਜ਼ ਫ਼ਕੀਰ ਦੇ ਪਾਤਸ਼ਾਹ ਜੀ ਨਾਲ ਬਚਨ ਹੋਣ ਤੇ ਵਿਹਾਰ ਹੋਇਆ

ਆਦਿ ਨਿਰੰਜਣ ਆਦਿ ਪੁਰਖ ਅਪਰੰਪਰ ਧਾਰ, ਨਿਰਗੁਣ ਨੂਰ ਨੂਰ ਜੋਤ ਰੁਸ਼ਨਾਈਆ । ਸ਼ਬਦ ਸ਼ਬਦ ਸ਼ਬਦ ਅਗੰਮੀ ਜਿਸ ਦੀ ਕਾਰ, ਕਰਨੀ ਕਰਤਾ ਆਪਣਾ ਖੇਲ ਖਿਲਾਈਆ । ਸਚਖੰਡ ਦਵਾਰਾ ਏਕੰਕਾਰਾ ਦਰਗਾਹ ਸਾਚੀ ਹੋ ਉਜਿਆਰ, ਮੁਕਾਮੇ ਹਕ ਡਗਮਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਮਾਇਆ ਪੰਜ ਤਤ ਆਪਣਾ ਹੁਕਮ ਵਰਤਾਈਆ । ਪਰਮਾਤਮ ਆਤਮ ਹੋ ਉਜਿਆਰ, ਵਸਤ ਅਮੋਲਕ ਅਗੰਮ ਅਥਾਹ ਬੇਪ੍ਰਵਾਹ ਪਰਵਰਦਿਗਾਰ ਆਪਣੀ ਆਪ ਵਰਤਾਈਆ । ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰ, ਚਾਰ ਅੱਸੀ ਸੋਭਾ ਪਾਈਆ । ਮਾਨਸ ਮਾਨੁਖ ਮਾਨਵ ਤਨ ਵਜੂਦ ਕਾਇਆ ਮਾਟੀ ਕਰ ਸ਼ਿੰਗਾਰ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਨਿਰਗੁਣ ਨੂਰ ਜੋਤ ਕਰ ਆਕਾਰ, ਜੋਤੀ ਜਾਤਾ ਆਪਣਾ ਖੇਲ ਖਿਲਾਈਆ । ਧੁਰ ਦਾ ਹੁਕਮ ਸੰਦੇਸ਼ਾ ਸ਼ਬਦ ਧੁਨ ਨਾਦ ਕਲਮਾ ਪੈਗ਼ਾਮ ਸੰਦੇਸ਼ਾ ਦੇਵੇ ਏਕੰਕਾਰ, ਇਕ ਇਕੱਲਾ ਆਪਣੀ ਕਾਰ ਭੁਗਤਾਈਆ । ਜੋ ਪ੍ਰਗਟ ਹੋਵੇ ਸਰਗੁਣ ਸਤਿ ਸਰੂਪ ਵਿਚ ਸੰਸਾਰ, ਅਵਤਾਰ ਪੈਗ਼ੰਬਰ ਗੁਰੂ ਸਤਿਗੁਰੂ ਨਾਮ ਸ਼ਨਵਾਈਆ । ਬਿਨਾ ਰਸਨਾ ਜਿਹਵਾ ਬੱਤੀ ਦੰਦ ਕਾਇਆ ਮੰਦਰ ਧੁਰ ਦੇ ਕਾਅਬੇ ਦੇਵੇ ਆਪਣਾ ਹੁਕਮ ਕਰਤਾਰ, ਕਰਨੀ ਦਾ ਕਰਤਾ ਆਪਣੀ ਕਾਰ ਭੁਗਤਾਈਆ । ਜਿਸ ਦਾ ਸੰਦੇਸ਼ਾ ਪਰਾ ਪਸੰਤੀ ਮਧਮ ਬੈਖਰੀ ਜਗਤ ਜਹਾਨ ਦਏ ਵਿਚਾਰ, ਸ਼ਬਦੀ ਸ਼ਬਦ ਸ਼ਬਦ ਮਾਤ ਪ੍ਰਗਟਾਈਆ । ਤਿਸ ਦਾ ਲੇਖਾ ਵੇਦ ਪੁਰਾਨ ਸ਼ਾਸ਼ਤਰ ਗੀਤਾ ਗਿਆਨ, ਅੰਜੀਲ ਕੁਰਾਨ ਬਾਈਬਲ ਤੁਰੈਤ ਗੁਰੂ ਗ੍ਰੰਥ ਸਾਹਿਬ ਗੁਰੂਦੇਵ ਗੁਰ ਗੁਰ ਹੁਕਮ ਸੁਣਾਈਆ । ਜਿਸ ਹੁਕਮ ਵਿਚ ਦੀਨ ਮਜ਼੍ਹਬ ਨਾਮ ਕਲਮਾ ਵੰਡ ਦਿਤੀ ਜਗਤ ਅਧਾਰ, ਫ਼ਰਮਾਨਾ ਸੰਦੇਸਾ ਧੁਰਦਰਗਾਹੀਆ । ਉਸੇ ਦੇ ਪਿਆਰ ਵਿਚ ਸਾਰੇ ਕਰਕੇ ਗਏ ਗੁਫ਼ਤਾਰ, ਗੁਫ਼ਤ ਸ਼ਨੀਦ ਧੁਰ ਦਾ ਖੇਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਆਦਿ ਪੁਰਖ ਅਪਰੰਪਰ ਏਕ, ਸੋ ਪੁਰਖ ਨਿਰੰਜਣ ਬੇਪ੍ਰਵਾਹੀਆ । ਹਰਿ ਪੁਰਖ ਨਿਰੰਜਣ ਬਖ਼ਸ਼ਣਹਾਰਾ ਸਾਚੀ ਟੇਕ ਏਕ, ਏਕੰਕਾਰਾ ਆਪਣੀ ਕਾਰ ਭੁਗਤਾਈਆ । ਆਦਿ ਨਿਰੰਜਣ ਵਸਣਹਾਰਾ ਅਗੰਮੇ ਦੇਸ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਰੇਸ਼, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਸ੍ਰੀ ਭਗਵਾਨ ਸਦਾ ਰਹੇ ਹਮੇਸ਼, ਆਦਿ ਅੰਤ ਕਹਿ ਨਾ ਕੋਇ ਸਮਝਾਈਆ । ਪਾਰਬ੍ਰਹਮ ਆਪੇ ਜਾਣੇ ਆਪਣਾ ਵੇਸ, ਵੇਸ ਅਨੇਕਾ ਆਪਣਾ ਰੂਪ ਵਟਾਈਆ । ਸ਼ਬਦੀ ਧਾਰ ਸ਼ਬਦ ਦੇਵੇ ਸੰਦੇਸ਼, ਸ਼ਬਦ ਨਾਮ ਸ਼ਬਦ ਕਲਮਾ ਸ਼ਬਦ ਸ਼ਬਦ ਸ਼ਨਵਾਈਆ । ਸ਼ਬਦੀ ਧਾਰ ਵਿਚ ਲੱਖ ਚੁਰਾਸੀ ਲੇਖਾ ਜਾਣੇ ਏਕ, ਇਕ ਇਕੱਲਾ ਆਪਣਾ ਹੁਕਮ ਵਰਤਾਈਆ । ਅਵਤਾਰ ਤੇਈ ਜਿਸ ਦੀ ਰਖ ਕੇ ਗਏ ਟੇਕ, ਹਜ਼ਰਤ ਈਸਾ ਮੂਸਾ ਮੁਹੰਮਦ ਜਿਸ ਨੂੰ ਸਜਦਿਆਂ ਵਿਚ ਸੀਸ ਨਿਵਾਈਆ । ਨਾਨਕ ਗੋਬਿੰਦ ਗੋਬਿੰਦ ਨਾਨਕ ਜੋਤ ਦਸ ਦਸਮੇਸ਼, ਪੁਰਖ ਅਕਾਲ ਮਿਲ ਕੇ ਵੱਜੇ ਵਧਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਵਾਹਿਦ ਸਦਾ ਰਹੇ ਹਮੇਸ਼, ਅਜੂਨੀ ਰਹਿਤ ਆਪਣਾ ਹੁਕਮ ਵਰਤਾਈਆ । ਤਨ ਵਜੂਦ ਕਾਇਆ ਮਾਟੀ ਅੰਦਰ ਸ਼ਬਦ ਧੁਨ ਨਾਦ ਆਵਾਜ਼ ਅਜ਼ਾਂ ਬਾਂਗ ਹੁਕਮ


੧੦੪
੨੩

ਦੇਣਾ ਉਸ ਦਾ ਖੇਲ ਹਮੇਸ਼, ਜੁਗ ਚੌਕੜੀ ਰੀਤੀ ਚਲੀ ਆਈਆ । ਸੰਤਾਂ ਭਗਤਾਂ ਸੂਫ਼ੀਆਂ ਦਰਵੇਸਾਂ ਨਿਜ ਨੇਤਰ ਗਿਆਨ ਨੇਤਰ ਦਿਬ ਨੇਤਰ ਆਪਣੀ ਅੱਖ ਨਾਲ ਲਏ ਵੇਖ, ਜਗਤ ਵੇਖਣ ਦੀ ਲੋੜ ਰਹੇ ਨਾ ਰਾਈਆ । ਜਿਸ ਦੇ ਦਵਾਰੇ ਉਤੇ ਸਦੀ ਚੌਧਵੀਂ ਹੁਣ ਸਾਰੇ ਹੋਏ ਪੇਸ਼, ਪੇਸ਼ਤਰ ਪੇਸ਼ੀਨਗੋਈਆਂ ਵਿਚ ਜੋ ਆਪਣਾ ਭੇਵ ਗਿਆ ਖੁਲਾਈਆ । ਸਾਰੇ ਬੈਠੇ ਦਰਗਾਹ ਸਾਚੀ ਮੁਕਾਮੇ ਹਕ ਹਕ ਸਾਚੇ ਦੇਸ, ਜਿਸ ਦੀ ਦਿਸ਼ਾ ਵੰਡ ਨਾ ਕੋਇ ਵੰਡਾਈਆ । ਜਿਥੇ ਦੀਨ ਮਜ਼ਬ ਜ਼ਾਤ ਪਾਤ ਨਾਮ ਕਲਮਾ ਤਤਾਂ ਵਾਲਾ ਦਿਸੇ ਨਾ ਕੋਇ ਸ਼ੇਖ਼, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਪੈਗ਼ੰਬਰ ਗੁਰੂ ਅਵਤਾਰ ਇਕੋ ਜੋਤ ਧਾਰ ਸਭ ਦਾ ਇਕੋ ਸ਼ਬਦ ਸੰਦੇਸ਼, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਸੋ ਮਾਲਕ ਬੇਪ੍ਰਵਾਹ ਨਿਤ ਨਵਿਤ ਜੁਗ ਚੌਕੜੀ ਨਿਰਗੁਣ ਤੋਂ ਸਰਗੁਣ ਕਰ ਕੇ ਆਉਂਦਾ ਭੇਸ, ਭੇਖਾਧਾਰੀ ਆਪਣਾ ਭੇਖ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਪਰਦਾ ਆਪ ਚੁਕਾਈਆ । ਪੁਰਖ ਅਕਾਲ ਖੇਲ ਅਪਾਰਾ, ਪਰਵਰਦਿਗਾਰ ਆਪ ਕਰਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਇਕੱਠੇ ਕੀਤੇ ਪੈਗ਼ੰਬਰ ਗੁਰ ਅਵਤਾਰਾ, ਜੋਤ ਜੋਤ ਵਿਚੋਂ ਪ੍ਰਗਟਾਈਆ । ਸ਼ਬਦ ਸੰਦੇਸ਼ਾ ਦੇਵੇ ਏਕੰਕਾਰਾ, ਇਕ ਇਕੱਲਾ ਵਾਹਿਦ ਆਪਣਾ ਹੁਕਮ ਵਰਤਾਈਆ । ਸਾਰੇ ਬੋਲੋ ਪ੍ਰਭੂ ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਅੱਲਾ ਹੂ ਅੱਨਾ ਹੂ ਸਭ ਦਾ ਇਕ ਜੈਕਾਰਾ, ਦੂਜੀ ਵੰਡ ਨਾ ਕੋਇ ਵੰਡਾਈਆ । ਨਾਲੇ ਨਿਗਾਹ ਮਾਰੋ ਸ਼ਬਦੀ ਧਾਰ ਜੋਤ ਸਰੂਪ ਬਿਨਾ ਤਤਾਂ ਤੋਂ ਵੇਖੋ ਜਗਤ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਬਾਬਾ ਆਦਮ ਮਾਈ ਹੱਵਾ ਨੂੰ ਕਰੋ ਖ਼ਬਰਦਾਰਾ, ਸੰਦੇਸ਼ਾ ਦੇਣਾਂ ਚਾਈਂ ਚਾਈਂਆ । ਨੌ ਖੰਡ ਪ੍ਰਿਥਮੀ
੧੦੫ ੨੩ ਸੱਤ ਦੀਪ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਚੌਦਸ ਚੰਦ ਚੌਧਵੀਂ ਸਦੀ ਕਿਉਂ ਹੋਇਆ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ੧੦੫ ੨੩
ਦੀਨ ਮਜ਼ਬ ਊਚ ਨੀਚ ਜ਼ਾਤ ਪਾਤ ਰਾਓ ਰੰਕ ਮਨ ਮਮਤਾ ਕਿਉਂ ਲੱਗਾ ਅਖਾੜਾ, ਬੁਧ ਬਿਬੇਕ ਨਾ ਕੋਇ ਕਰਾਈਆ । ਚਾਰੋਂ ਕੁੰਟ ਦਹਿ ਦਿਸ਼ਾ ਸਭ ਦੇ ਪਿਛੇ ਲੱਗੀ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਹੰਕਾਰ ਤ੍ਰੈਗੁਣ ਮਾਇਆ ਅਗਨੀ ਤਤ ਤਪਾਈਆ । ਸਚ ਪ੍ਰਕਾਸ਼ ਕਿਸੇ ਦਿਸੇ ਨਾ ਬਹੱਤਰ ਨਾੜਾ, ਤਿੰਨ ਸੌ ਸੱਠ ਹਾਡੀ ਨਾ ਕੋਇ ਰੁਸ਼ਨਾਈਆ । ਲੋਕਮਾਤ ਮਾਰੋ ਝਾਤ ਨਾਲ ਇਤਫ਼ਾਕ ਵੇਖੋ ਭਵਿਖਤ ਵਾਕ ਦੀਨ ਦੁਨੀ ਸਚ ਧਰਮ ਸਚ ਕਲਮਾ ਸਚ ਇਸਮ ਰੂਪ ਬਣ ਗਿਆ ਜੰਗਲ ਜੂਹ ਉਜਾੜ ਪਹਾੜਾ, ਖ਼ਿਜ਼ਾਂ ਰੁਤ ਚਾਰੋਂ ਕੁੰਟ ਨਜ਼ਰੀ ਆਈਆ । ਤੁਹਾਡੇ ਸਭ ਦੇ ਹੁੰਦਿਆਂ ਕਿਉਂ ਕਲਜੁਗ ਸਭ ਦੇ ਅੰਦਰ ਮਾਰੀ ਜਾਂਦਾ ਕੂੜ ਕਿਰਿਆ ਦਾ ਧਾੜਾ, ਡਾਕੂ ਹੋ ਕੇ ਭੱਜੇ ਵਾਹੋ ਦਾਹੀਆ । ਜ਼ਰਾ ਅਗੇ ਤੱਕੋ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਦੀਨਾਂ ਮਜ਼੍ਹਬਾਂ ਲੱਗਣ ਵਾਲਾ ਅਖਾੜਾ, ਸ਼ਰਅ ਸ਼ਰਅ ਨਾਲ ਟਕਰਾਈਆ । ਝਟ ਖ਼ੁਦਾ ਮੁਹੰਮਦ ਨੂੰ ਦਏ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਆਹ ਤੱਕ ਔਹ ਤੱਕ ਆਪਣੀ ਸਦੀ ਚੌਧਵੀਂ ਦਾ ਅੰਤ ਕਿਨਾਰਾ, ਕਿਨਾਰੇ ਬੈਠੀ ਉਮਤ ਤੇਰਾ ਰਾਹ ਤਕਾਈਆ । ਜ਼ਰਾ ਲੇਖਾ ਵੇਖ ਸੰਗ ਮੁਹੰਮਦ ਚਾਰ ਯਾਰਾ, ਅਬੂ ਬਕਰ ਉਮਰ ਉਸ਼ਮਾਨ ਅਲੀ ਕੀ ਦ੍ਰਿੜਾਈਆ । ਹੋਰ ਤੱਕ ਗੋਬਿੰਦ ਵਾਲਾ ਨਜ਼ਾਰਾ, ਮਾਛੂਵਾੜਾ ਦਏ ਗਵਾਹੀਆ । ਪੁਰਖ ਅਕਾਲ ਕਹੇ ਤੇਈ ਅਵਤਾਰ ਹੋ ਜਾਓ ਖ਼ਬਰਦਾਰਾ, ਬੇਖ਼ਬਰਾਂ ਖ਼ਬਰ ਸੁਣਾਈਆ । ਜਿਹੜਾ ਸਰਬ ਸਵਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਭ ਦੇ ਅੰਦਰ ਗੁਪਤ ਤੇ ਸਭ ਦੇ ਅੰਦਰ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਉਸ ਦਾ ਨਾਦ ਉਸ ਦੀ ਧੁਨ ਧੁਨ ਆਤਮ ਰਾਗ

ਰਾਗ ਰਾਗਣੀਆਂ ਤੋਂ ਬਾਹਰਾ, ਜਿਸ ਨੂੰ ਬ੍ਰਹਮਾ ਨਾਰਦ ਸੁਰਸਤੀ ਮਸਤੀ ਵਿਚ ਸੀਸ ਝੁਕਾਈਆ । ਉਹ ਖੇਲ ਕਰੇ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਸਚ ਸੱਚਾ ਸਚਖੰਡ ਦਵਾਰਾ, ਦਰਗਾਹ ਸਾਚੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪਣਾ ਆਪ ਚੁਕਾਈਆ । ਪੁਰਖ ਅਕਾਲ ਕਹੇ ਅਵਤਾਰ ਪੈਗ਼ੰਬਰ ਗੁਰੂ ਲੋਕਮਾਤ ਮਾਰੋ ਝਾਕੀ, ਨਵ ਸੱਤ ਧਿਆਨ ਲਗਾਈਆ । ਤਨ ਵਜੂਦ ਵੇਖੋ ਬੰਦੇ ਖ਼ਾਕੀ, ਖ਼ਾਕ ਵਿਚ ਮਿਲੀ ਖ਼ਲਕ ਖ਼ੁਦਾਈਆ । ਕਿਸੇ ਦੇ ਅੰਦਰੋਂ ਕਾਇਆ ਮੰਦਰੋਂ ਬਜਰ ਕਪਾਟੀ ਖੁਲ੍ਹੀ ਨਾ ਤਾਕੀ, ਸਾਧ ਸੰਤ ਰੋਵਣ ਬੈਠੇ ਮਾਰਨ ਧਾਹੀਆ । ਜਿਧਰ ਤੱਕੋ ਉਧਰ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਵੇਖੋ ਦੀਨ ਮਜ਼੍ਹਬ ਜ਼ਾਤ ਪਾਤੀ, ਊਚ ਨੀਚ ਕਰੇ ਲੜਾਈਆ । ਲੇਖਾ ਵੇਖੋ ਉਹ ਗੋਬਿੰਦ ਦਾ ਧਰਮ ਧਾਰ ਦੀ ਵਸਾਖੀ, ਜਿਸ ਨੇ ਵਸਾਹ ਕੇ ਚਾਰ ਵਰਨ ਅਠਾਰਾਂ ਬਰਨ ਪ੍ਰਭ ਦੇ ਨਾਲ ਦਿਤੇ ਮਿਲਾਈਆ । ਝਟ ਗੋਬਿੰਦ ਕਹੇ ਮੇਰੇ ਪਰਮ ਪੁਰਖ ਮੇਰੇ ਕੋਲ ਬਿਨਾ ਅੱਖਰਾਂ ਤੋਂ ਉਹ ਪਾਤੀ, ਜਿਸ ਵਿਚ ਲੇਖਾ ਮੁਹੰਮਦ ਨੂੰ ਦਿਤਾ ਸੁਣਾਈਆ । ਮੁਹੰਮਦ ਹਮਦ ਵਿਚ ਤੇਰੇ ਕਲਮੇ ਦਾ ਬਣਿਆ ਨਿਮਾਜ਼ੀ, ਸਜਦਿਆਂ ਵਿਚ ਸੀਸ ਝੁਕਾਈਆ । ਦੀਨ ਮਜ਼੍ਹਬ ਕਿਸੇ ਦੀ ਬਣੀ ਨਹੀਂ ਮਲਕੀਅਤ ਤੇ ਆਰਾਜ਼ੀ, ਜੁਗ ਚੌਕੜੀ ਪਟੇਦਾਰ ਆਪਣਾ ਲੇਖਾ ਸਾਰੇ ਪੂਰ ਕਰਾਈਆ । ਜਿਸ ਪੁਰਖ ਅਕਾਲ ਦੀਨ ਦਿਆਲ ਨੇ ਆਦਿ ਅੰਤ ਤੋਂ ਸ੍ਰਿਸ਼ਟੀ ਸਾਜੀ, ਸਤਿਜੁਗ ਤਰੇਤਾ ਦੁਆਪਰ ਕਲਜੁਗ (ਖੇਲ ਖਿਲਾਈਆ ।) ਦੀਨ ਦੁਨੀ ਉਲਟਾਉਂਦਾ ਆਇਆ ਬਾਜ਼ੀ, ਬਾਜਾਂ ਵਾਲਾ ਗੋਬਿੰਦ ਉਸ ਦੀ ਦਏ ਗਵਾਹੀਆ । ਜਿਸ ਦੇ ਇਸ਼ਾਰੇ ਵਿਚ ਅਵਤਾਰ ਪੈਗ਼ੰਬਰ ਗੁਰੂ ਸਚਖੰਡ ਦਵਾਰੇ ਦਰਗਾਹ ਸਾਚੀ ਬੈਠੇ ਇਕ ਘਰ ਦੇ ਹਾਜੀ, ਹੁਜਰਾ ਹਕ ਇਕੋ ਨਜ਼ਰੀ ਆਈਆ । ਉਨ੍ਹਾਂ ਦੀ ਜੋਤ ਧਾਰ ਜੋਤ ਵਿਚ ਪ੍ਰਕਾਸ਼ੀ, ਤਨ ਵਜੂਦ ਰੂਪ ਨਾ ਕੋਇ ਦਰਸਾਈਆ । ਉਹ ਖੇਲ ਕਰੇ ਕਲਜੁਗ ਅੰਤ ਲੋਕਮਾਤੀ, ਦੀਨ ਦੁਨੀ ਵੇਖੇ ਥਾਉਂ ਥਾਈਂਆ । ਜਿਸ ਦਾ ਸ਼ਬਦ ਕਲਮਾ ਪੈਗ਼ਾਮ ਅਨਸੁਣਤ ਸੁਣਨ ਤੋਂ ਬਿਨਾ ਸਦਾ ਨਾਦੀ, ਅਨਾਦ ਕਾਲ ਤੋਂ ਚਲਿਆ ਆਈਆ । ਜੁਗ ਬਦਲਣਾ ਜਿਸ ਨੂੰ ਸਦਾ ਸਦਾ ਦੀ ਵਾਦੀ, ਵਾਅਦੇ ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਇਕੱਲਾ ਨੂਰ ਅਲਾਹੀਆ । ਪਰਵਰਦਿਗਾਰ ਕਹੇ ਵਲਇਲ ਜ਼ਹਾ ਨੂਰੇ ਨਵਜ਼ ਅਜ਼ੀ ਵਜ਼ਿਸ਼ ਜ਼ੂਕੇ ਮਲਾਹ ਮੀਨੋ ਜ਼ਵੀਹ ਤਖ਼ਤੇ ਜ਼ਵੀਹ ਅਰਸ਼ੇ ਨਵੀਂ ਜੀਮੋ ਖ਼ੁਦਾ ਉਸ ਖ਼ੁਦਾ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜਿਹੜਾ ਆਤਮਾ ਨਾਲੋਂ ਪਰਮਾਤਮ ਹੋ ਕੇ ਕਦੇ ਨਾ ਹੋਵੇ ਜੁਦਾ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਉਸ ਦੀ ਇਕੋ ਆਵਾਜ਼ ਤੇ ਇਕੋ ਸਦਾ, ਇਕੋ ਤਰਾਨਾ ਗੀਤ ਸੰਗੀਤ ਬਿਨ ਰਸਨਾ ਜਿਹਵਾ ਬੱਤੀ ਦੰਦ ਬਿਨਾ ਸਤਾਰਾਂ ਤੋਂ ਕਾਇਆ ਮੰਦਰ ਅੰਦਰ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਖ਼ਲਕ ਦਾ ਖ਼ਾਲਕ ਮਖ਼ਲੂਕ ਵੇਖਣਹਾਰਾ ਚਾਈਂ ਚਾਈਂਆ ।



੧੦੬
੨੩

✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ੮ ਬੰਬਈ ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ ਵਿਚ
ਗੁਰਦਵਾਰਾ ਪ੍ਰਬੰਧਕਾਂ ਦੇ ਬਚਨ ਪੁਛਣ ਤੇ ✪

ਸੱਚੇ ਪਾਤਸ਼ਾਹ ਦੀਨ ਦਿਆਲ, ਆਦਿ ਪੁਰਖ ਅਗੰਮ ਅਥਾਹੀਆ । ਵਸਤ ਅਮੋਲਕ ਦੇਵੇ ਲਾਲ, ਅਨਮੁੱਲੜੀ ਦਾਤ ਆਪ ਵਰਤਾਈਆ । ਦੀਪਕ ਜੋਤੀ ਜੋਤ ਬਾਲ, ਆਤਮ ਆਪਣਾ ਰੰਗ ਰੰਗਾਈਆ । ਸਾਢੇ ਤਿੰਨ ਹੱਥ ਅੰਦਰ ਰਖੇ ਸੰਭਾਲ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਗੰਮ ਅਪਾਰ ਹਰਿ ਗੋਪਾਲ ਦਾਤਾ ਬੇਪਰਵਾਹੀਆ । ਸਾਚੀ ਦੇਣ ਦੇਵੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਆਤਮ ਪਰਮਾਤਮ ਕਰ ਉਜਿਆਰ, ਬਿਨ ਤੇਲ ਬਾਤੀ ਦੀਆ ਡਗਮਗਾਈਆ । ਤ੍ਰੈਗੁਣ ਮਾਇਆ ਖੇਲ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੇਵ ਕਮਾਈਆ । ਪੰਜ ਤਤ ਕਰ ਆਕਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਗਲਾ ਸੰਗ ਬਣਾਈਆ । ਰਕਤ ਬੂੰਦ ਦੇ ਅਪਾਰ, ਉਦਰ ਆਪਣਾ ਰੰਗ ਰੰਗਾਈਆ । ਨਵ ਦਵਾਰ ਖੋਲ ਕਿਵਾੜ, ਵਿਸ਼ਵ ਵਾਸ਼ਨਾ ਵਿਚ ਸਮਾਈਆ । ਨਾਦ ਧੁਨ ਸ਼ਬਦ ਜੈਕਾਰ, ਅਨਾਦੀ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵਸਤ ਆਪ ਵਰਤਾਈਆ । ਸਚ ਵਸਤ ਦੇਵੇ ਨਿਰੰਕਾਰ, ਨਿਰਵੈਰ ਵਡ ਵਡਿਆਈਆ । ਲੱਖ ਚੁਰਾਸੀ ਵਿਚੋਂ ਮਾਨਸ ਜਨਮ ਅਪਾਰ, ਅਪਰੰਪਰ ਸਵਾਮੀ ਵਸਤ ਅਮੋਲਕ ਆਪ ਵਰਤਾਈਆ । ਨਾਮ ਭੰਡਾਰਾ ਦੇਵੇ ਦੇਵਣਹਾਰ, ਤਨ ਖ਼ਜ਼ੀਨੇ ਆਪ ਭਰਾਈਆ । ਸ਼ਬਦੀ ਸ਼ਬਦ ਸ਼ਬਦ ਧੁਨਕਾਰ, ਧੁਨ ਆਤਮਕ ਰਾਗ ਸੁਣਾਈਆ । ਮਨ ਮਤ ਬੁਧ ਕਰੇ ਖ਼ਬਰਦਾਰ, ਪਰਦਾ ਓਹਲਾ ਦਏ ਉਠਾਈਆ । ਪਰਾ ਪਸੰਤੀ ਮਧਮ ਬੈਖਰੀ ਪਾਵੇ ਸਾਰ, ਮਾਹਸਾਰਬੀ ਆਪਣੀ ਕਲ ਵਰਤਾਈਆ । ਰਸਨਾ ਜਿਹਵਾ ਜਿਹਵਾ ਰਸਨਾ ਕਰ ਸ਼ਿੰਗਾਰ, ਸਾਚਾ ਰੰਗ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਕਾਇਆ ਗੋਲਕ ਅਮੋਲਕ ਆਪ ਟਿਕਾਈਆ । ਦੇਵਣਹਾਰ ਪੁਰਖ ਅਗੰਮ, ਹਰਿ ਵੱਡਾ ਵਡ ਵਡਿਆਈਆ । ਪਵਣ ਸਵਾਸੀ ਦੇਵੇ ਦਮ, ਪਵਣ ਉਨੰਜਾ ਭੇਵ ਚੁਕਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਇਸ਼ਟ ਵਿਚ ਸਮਾਈਆ । ਲੇਖਾ ਜਾਣੇ ਪੂਰਬ ਕਰਮ, ਕਰਮ ਕਾਂਡ ਦਾ ਪਰਦਾ ਆਪ ਉਠਾਈਆ । ਆਤਮ ਸਤਿ ਸਰੂਪ ਪਰਮਾਤਮ ਸਤਿ ਬ੍ਰਹਮ, ਸਤਿ ਪਾਰਬ੍ਰਹਮ ਸਤਿ ਸਤਿ ਆਪਣਾ ਦੱਸੇ ਧਰਮ, ਜਿਸ ਧਰਮ ਦੀ ਵੰਡ ਨਾ ਕੋਇ ਵੰਡਾਈਆ । ਚੁਰਾਸੀ ਵਿਚੋਂ ਉੱਤਮ ਸ੍ਰੇਸ਼ਟ ਮਾਨਸ ਜਰਮ, ਜਨਮ ਆਪਣੇ ਲੇਖੇ ਲਾਈਆ । ਸਤਿ ਸਚ ਧੁਰ ਦਾ ਨਾਮ ਦੇ ਕੇ ਕਢੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਝਗੜਾ ਮੇਟ ਕੇ ਵਰਨ ਬਰਨ, ਏਕਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਨਿਜ ਨੇਤਰ ਖੋਲ ਕੇ ਹਰਨ ਫਰਨ, ਲੋਚਣ ਇਕੋ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਦਾਤ ਦਾਤਾ ਹੋ ਕੇ ਦੇਵਣਹਾਰ ਦਇਆ ਕਮਾਈਆ । ਸਤਿਗੁਰ ਦਾਤ ਸਦਾ ਅਲਖ, ਲਖ ਸਕੇ ਕੋਇ ਨਾ ਰਾਈਆ । ਹਰ ਘਟ ਅੰਦਰ ਨਿਰਗੁਣ ਨੂਰ ਕਰ ਪ੍ਰਤਖ, ਪਾਰਖੂ ਵੇਖੇ ਚਾਈਂ ਚਾਈਆ । ਕਾਇਆ ਮਾਟੀ ਵਸਤ ਅਮੋਲਕ ਦੇ ਕੇ ਸਚ, ਸਚ ਨਾਮ ਇਕ ਦ੍ਰਿੜਾਈਆ । ਸਾਢੇ ਤਿੰਨ ਕਰੋੜ ਲੂੰ ਲੂੰ ਅੰਦਰ ਰਚ, ਰਚਨਾ ਆਪਣੀ ਦਏ ਸਮਝਾਈਆ । ਭੇਵ

੧੦੮
੨੩

ਖੁਲਾ ਕੇ ਬੁਧ ਮਤ, ਮਨ ਮਨਸਾ ਤੋਂ ਪਰੇ ਆਪਣਾ ਪਰਦਾ ਲਾਹੀਆ । ਜਗਤ ਵਿਕਾਰਾ ਕਰੇ ਭੱਠ, ਖੇੜਾ ਧਰਮ ਧਾਰ ਵਸਾਈਆ । ਸਚ ਮੁਹੱਬਤ ਵਿਚ ਜੋਤੀ ਜਾਤਾ ਦਏ ਰੱਤ, ਰਤਨ ਅਮੋਲਕ ਆਪਣੇ ਦਏ ਬਣਾਈਆ । ਬੀਜ ਬੀਜੇ ਆਪਣੀ ਰੁਤ ਸਾਚੇ ਵਤ, ਜਿਸ ਦੀ ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕ ਅਖਵਾਈਆ । ਦੇਵੇ ਦਾਤ ਦੇਵਣ ਯੋਗ, ਪੁਰਖ ਅਕਾਲ ਬੇਪਰਵਾਹੀਆ । ਜਗਤ ਕਿਰਿਆ ਜਗਤ ਰੋਗ, ਜਗਤ ਵਾਸ਼ਨਾ ਵਿਚ ਹਲਕਾਈਆ । ਸਤਿ ਵਸਤ ਸਚ ਦਾਤ ਦੇਵੇ ਅਤੋਟ, ਨਾਮ ਭੰਡਾਰਾ ਅਗੰਮ ਅਥਾਹੀਆ । ਪਰਮ ਪੁਰਖ ਪਰਮਾਤਮ ਸਤਿ ਸਚ ਦੀ ਸਾਚੀ ਦੇਵੇ ਚੋਗ, ਅਣਮੁੱਲੀ ਅਣਤੁਲੀ ਆਪਣੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਦੇਵਣਹਾਰ ਸਾਹਿਬ ਸਵਾਮੀ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦੀ ਅੰਤਰਜਾਮੀ, ਘਟ ਨਿਵਾਸੀ ਵੇਖਣਹਾਰਾ ਥਾਉਂ ਥਾਈਆ । ਸਚ ਜਣਾਏ ਦਰਗਾਹ ਸਾਚੀ ਸਚਖੰਡ ਧਾਮੀ, ਮਹਲ ਅਟਲ ਵੱਜੇ ਵਧਾਈਆ । ਜਿਸ ਗ੍ਰਿਹ ਵਸੇ ਨਿਰਗੁਣ ਨਿਹਕਾਮੀ, ਨਿਰਵੈਰ ਸੋਭਾ ਪਾਈਆ । ਮਿਹਰਵਾਨ ਹੋ ਕੇ ਲੋਕਮਾਤ ਮਾਨਸ ਮਾਨੁਸ਼ ਸ਼ਬਦ ਧਾਰ ਸ਼ਬਦ ਗੁਰਦੇਵ ਸ਼ਬਦ ਸਤਿਗੁਰ ਬਖ਼ਸ਼ਿਸ਼ ਕਰੇ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਵਸਤ ਵੰਡੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪਣੀ ਦਇਆ ਕਮਾਈਆ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਸਾਚੇ ਸੰਤਾਂ ਦੇਵੇ ਪਦ ਇਕ ਨਿਰਬਾਣੀ, ਨਿਰਬਾਣ ਆਪਣਾ ਪਰਦਾ ਦਏ ਉਠਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਦੇਵੇ ਧੁਰ ਦਾ ਪਾਣੀ, ਜਿਸ ਨੂੰ ਅੱਠ ਸੱਠ ਸਾਰੇ ਸੀਸ ਨਿਵਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਵੇ ਧੁਰ ਸੰਜੋਗੀ ਹਾਣੀ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਦੇਵਣਹਾਰਾ ਦਾਤਾ ਪੁਰਖ ਅਕਾਲਾ ਦੀਨ ਦਿਆਲਾ ਜੁਗ ਚੌਕੜੀ ਸਦਾ ਸਦਾ ਦਾ ਦਾਨੀ, ਦਾਤਾ ਇਕੋ ਇਕ ਅਖਵਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਨਿਸ਼ਾਨੀ, ਨਿਸ਼ਾਨਾ ਲੋਕਮਾਤ ਨਾਮ ਨਾਮ ਦ੍ਰਿੜਾਈਆ । ਜੋ ਸਦਾ ਸਦਾ ਕਰਨਹਾਰਾ ਮਿਹਰਵਾਨੀ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਮਾਤਾ ਪਿਤਾ ਦੀ ਬਖ਼ਸ਼ੀ ਦਾਤ ਤਨ ਵਜੂਦ ਬੂੰਦ ਰਕਤ ਦਾ ਹੋ ਜਾਏ ਫ਼ਾਨੀ, ਲੋਕਮਾਤ ਰਹਿਣ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੀ ਆਤਮ ਸਾਚੀ ਦਾਤ ਸਦਾ ਸਦਾ ਸਤਿ ਰਹੇ ਨਵ ਜਵਾਨੀ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਦੇਵਣਹਾਰਾ ਦਇਆਨਿਧ ਠਾਕਰ ਮੀਤਾ, ਜਿਸ ਉਤੋਂ ਵਿਟਹੁ ਜਾਣ ਸਰਬ ਕੁਰਬਾਨੀ, ਨਿਵ ਨਿਵ ਸੀਸ ਨਿਵਾਈਆ । ਉਹਦਾ ਲੇਖਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨੀ, ਦੋਏ ਧਾਰ ਨਿਰਗੁਣ ਸਰਗੁਦ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਬਿਨਾ ਜਗਤ ਦਸਤ ਸਤਿ ਪੁਰਖ ਸਤਿ ਸਤਿਵਾਦ ਸਦਾ ਸਦਾ ਆਪ ਵਰਤਾਈਆ । ਪੁਰਖ ਅਕਾਲ ਦੇਵਣਹਾਰ ਸਮਰਥ, ਸਮਰਥ ਸਮਰਥ ਸਮਰਥ ਇਕ ਅਖਵਾਈਆ । ਜੋ ਜੁਗ ਚੌਕੜੀ ਚਲਾਏ ਰਥ, ਰਥਵਾਹੀ ਹੋ ਕੇ ਖੇਲ ਖੇਲੇ ਚਾਈਂ ਚਾਈਂਆ । ਤਨ ਵਜੂਦ ਮਾਟੀ ਖ਼ਾਕ ਅੰਗ ਸਰੀਰ ਤਨ ਲਗਾਏ ਹੱਥ, ਜੋ ਸੇਵਾ ਸਤਿਗੁਰ ਸਚ ਕਮਾਈਆ । ਜਗਤ ਨਿਸ਼ਾਨਾ ਬਖ਼ਸ਼ ਅੱਖ, ਨੇਤਰ ਲੋਚਨ ਦੋਏ ਵੰਡ ਵੰਡਾਈਆ । ਮਿਹਰਵਾਨ ਹੋ ਕੇ ਅੰਤਰ ਹੋ ਪ੍ਰਤਖ, ਨਿਜ ਲੋਚਨ ਕਰੇ ਰੁਸ਼ਨਾਈਆ । ਭੇਵ ਖੁਲਾਏ ਹਕੀਕਤ ਹਕ, ਹਕ ਦਾ ਮਾਲਕ ਆਪ ਹੋ ਜਾਈਆ । ਜੋ ਦੇਵਣਹਾਰ

ਸਦਾ ਸਦਾ ਅਣਥੱਕ, ਦੇਂਦਿਆਂ ਤੋਟ ਰਹੇ ਨਾ ਰਾਈਆ । ਸੋ ਪੁਰਖ ਅਕਾਲਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜਿਸ ਦਾ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਜਸ, ਸਿਫ਼ਤ ਸਾਲਾਹੀ ਵਡ ਵਡਿਆਈਆ । ਉਸ ਦੀ ਦੇਣ ਉਸ ਦੀ ਦਾਤ ਉਸ ਦੀ ਬਖ਼ਸ਼ਿਸ਼ ਉਸ ਦੀ ਰਹਿਮਤ ਕਦੇ ਹੋ ਨਾ ਸਕੇ ਬਸ, ਅਨਗਿਣਤ ਪ੍ਰੇਮੀਆਂ ਪਿਆਰਿਆਂ ਗੁਰਮੁਖਾਂ ਦੀ ਝੋਲੀ ਪਾਈਆ । ਜਿਸ ਨੇ ਹਰਬੰਸ ਸਿੰਘ ਹੋਰਾਂ ਦੀ ਪਿਠ ਤੇ ਰਖਿਆ ਹੱਥ, ਸਾਧੂ ਸਿੰਘ ਆਪਣੇ ਪਿਆਰ ਮੁਹੱਬਤ ਦੀ ਉਂਗਲੀ ਨਾਲ ਚਲਾਈਆ । ਹੈਡ ਗ੍ਰੰਥੀ ਸਾਹਿਬ ਹੋਰਾਂ ਸ਼ਬਦ ਧਾਰ ਵਿਚ ਮਨ ਕਰ ਕੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਤਿਗੁਰ ਸ਼ਬਦ ਤੇ ਸ਼ਬਦ ਗੁਰੂ ਗ੍ਰੰਥ, ਸਾਹਿਬ ਗੋਬਿੰਦ ਗਿਆ ਸਮਝਾਈਆ । ਸਤਿਗੁਰੂ ਦਵਾਰਾ ਨਾਨਕ ਦਾ ਹੱਟ, ਜਿਥੇ ਤੋਲਾ ਬੈਠਾ ਤੇਰਾਂ ਤੇਰਾਂ ਦਾ ਆਪਣਾ ਵਾਕ ਸੁਣਾਈਆ । ਜਿਸ ਦੀ ਜੋਤ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਆਕਾਸ਼ ਪਾਤਾਲ ਚਾਰੇ ਖਾਣੀ ਵਿਚ ਜਗੇ ਲਟ ਲਟ, ਚਾਰੇ ਬਾਣੀ ਦਾ ਮਾਲਕ ਨਾਨਕ ਦੀ ਧਾਰ ਨਿਰਗੁਣ ਸਰਗੁਣ ਦੋਵੇਂ ਖੇਲ ਖਿਲਾਈਆ । ਉਸੇ ਦੀ ਦਾਤ ਅਨਮੁੱਲੀ ਜਗਤ ਤਰਾਜ਼ੂ ਕਦੇ ਨਾ ਤੁਲੀ, ਜੇ ਕਿਰਪਾ ਕਰੇ ਰਖ ਦੇਵੇ ਭਗਤਾਂ ਦੀ ਫੁਲਵਾੜੀ ਫੁੱਲੀ, ਕਬੀਰ ਜੁਲਾਹਾ ਸਚਖੰਡ ਚੜ੍ਹ ਕੇ ਕੂਕ ਕੂਕ ਕੇ ਸਭ ਨੂੰ ਗਿਆ ਸੁਣਾਈਆ । ਉਸ ਦੀ ਦੇਣ ਉਸ ਦੀ ਦਾਤ ਪ੍ਰੇਮੀਆਂ ਦੇ ਅੰਦਰੋਂ ਬਾਹਰ ਕਦੇ ਨਾ ਡੁਲ੍ਹੀ, ਜਿਸ ਅੰਦਰ ਵੜ ਗਈ ਖ਼ੁਮਾਰੀ ਚੜ੍ਹ ਗਈ ਮਸਤੀ ਵਿਚ ਮਸਤ ਮਸਤ ਮਹਿਬੂਬ ਨੂੰ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਵਸਤ ਦੇਵਣਹਾਰਾ ਸਚ ਸਚ ਦੀ ਦਾਤ, ਜੋ ਇਕੋ ਰੰਗ ਰੰਗਾਏ ਦਿਵਸ ਰਾਤ, ਘੜੀ ਪਲ ਵੰਡ ਨਾ ਕੋਇ ਵੰਡਾਈਆ ।



੧੦੯
੨੩

ਪੁਰਖ ਅਕਾਲ ਦਾ ਮਿਸ਼ਨ ਮਿਸ਼ਨ ਨਾਨਕ ਗੋਬਿੰਦ, ਦੂਸਰ ਵੰਡ ਨਾ ਕੋਇ ਵੰਡਾਈਆ । ਨਾਨਕ ਦਾ ਮਿਸ਼ਨ ਨਹੀਂ ਕੋਈ ਹਿੱਸਾ ਭਾਰਤ ਹਿੰਦ, ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਡੰਕ ਵਜਾਈਆ । ਜੋ ਜ਼ਾਤ ਪਾਤ ਦੀਨ ਮਜ਼੍ਹਬ ਊਚ ਨੀਚ ਰਾਓ ਰੰਕ ਦੀ ਮੇਟੇ ਚਿੰਦ, ਚਿੰਤਾ ਚਿਖਾ ਸ਼ਰਅ ਵਾਲੀ ਦੂਰ ਕਰਾਈਆ । ਜਿਸ ਦੀ ਬਖ਼ਸ਼ਿਸ਼ ਪਰਮ ਪੁਰਖ ਕਰੇ ਬਖ਼ਸ਼ਿੰਦ, ਹਰਿ ਦਾਤਾ ਅਗੰਮ ਅਥਾਹੀਆ । ਗੋਬਿੰਦ ਤਤ ਨਹੀਂ ਵਜੂਦ ਨਹੀਂ ਸਰੀਰ ਨਹੀਂ ਉਹ ਸ਼ਬਦ ਗੋਬਿੰਦ, ਜਿਸ ਨੂੰ ਗੋਬਿੰਦ ਗੋਬਿੰਦ ਗੋਬਿੰਦ ਸਾਰੇ ਰਹੇ ਗਾਈਆ । ਗੋਬਿੰਦ ਦਾ ਡੰਕਾ ਮਰਦੰਗਾ ਜਗਤ ਹੰਕਾਰੀਆਂ ਦੀ ਭੰਨੇ ਕਿੰਗ, ਕਿੰਗਰੇ ਕਿੰਗਰੇ ਪੁਰਖ ਅਕਾਲ ਦਾ ਨਾਮ ਜਪਾਈਆ । ਜਿਸ ਦਾ ਹੁਕਮ ਫ਼ਰਮਾਨ ਸੰਦੇਸ਼ਾ ਸ਼ਬਦੀ ਧਾਰ ਸਾਗਰ ਸਿੰਧ, ਗਹਿਰ ਗੰਭੀਰ ਗਵਰ ਧੁਰ ਦਾ ਨਾਮ ਇਕ ਦ੍ਰਿੜਾਈਆ । ਮਾਨਵ ਜ਼ਾਤੀ ਭੇਵ ਖੁਲਾਉਣਾ ਜੀਉ ਪਿੰਡ, ਕਾਇਆ ਮੰਦਰ ਅੰਦਰ ਬ੍ਰਹਿਮੰਡ ਖੰਡ ਸਮਝਾਈਆ । ਕੋਈ ਪੂਜਾ ਰਹਿਣ ਨਹੀਂ ਦੇਣੀ ਪੱਥਰ ਪਾਹਨ ਤੇ ਲਿੰਗ, ਬਿਨਾ ਕਾਹਨ ਤੋਂ ਸੀਸ ਨਾ ਕਿਸੇ ਨਿਵਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਬਿਨ ਨੈਣਾਂ ਤੋਂ ਵਹਾਉਂਦੇ ਹਿੰਝ, ਹੰਝੂਆਂ ਹਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਨਾਨਕ ਗੋਬਿੰਦ ਦਾ ਮਿਸ਼ਨ ਏਕੰਕਾਰ, ਤਤਾਂ ਵਾਲੀ ਵੰਡ ਨਾ ਕੋਇ ਵੰਡਾਈਆ । ਇਕੋ ਜੋਤ ਸੱਚੀ ਸਰਕਾਰ, ਜੋ ਜੋਤੀ ਜਾਤਾ ਲੱਖ ਚੁਰਾਸੀ ਦਾ ਮਾਲਕ ਬੇਪ੍ਰਵਾਹੀਆ । ਜਿਸ ਦਾ ਇਕ ਸ਼ਬਦ ਇਕ ਨਾਮ ਇਕ ਕਲਮਾ ਇਕ ਜੈਕਾਰ, ਇਕੋ ਢੋਲਾ ਇਕੋ ਸੋਹਲਾ ਜੋ

ਦੋ ਜਹਾਨਾਂ ਕਰੇ ਸ਼ਨਵਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਹਲੂਣਾ ਦੇ ਕੇ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਦੁਨੀਆਦਾਰੋ ਜਗਤ ਜਗਿਆਸੂਓ ਉਠੋ ਹੋਵੋ ਹੁਸ਼ਿਆਰ, ਜਗਤ ਮਾਇਆ ਦਾ ਪਰਦਾ ਦਿਓ ਉਠਾਈਆ । ਪੂਜਣ ਨੂੰ ਇਕੋ ਇਕ ਸੱਚਾ ਕਰਤਾਰ, ਜੋ ਕੁਦਰਤ ਦਾ ਮਾਲਕ ਨਜ਼ਰੀ ਆਈਆ । ਜਿਸ ਨੂੰ ਹਰੀ ਓਮ ਹਰੀ ਤਤ ਸਤਿ ਸੀਤਾ ਰਾਮ ਰਾਧੇ ਕ੍ਰਿਸ਼ਨ ਅੱਲਾ ਸਤਿਨਾਮ ਵਾਹਿਗੁਰੂ ਕਹਿ ਕੇ ਲਿਆ ਉਚਾਰ, ਉਸ ਗੁਰੂ ਨੂੰ ਵਾਹਵਾ ਸਤਿਗੁਰੂ ਲਈਏ ਮਨਾਈਆ । ਜਿਸ ਵਿਚ ਦੀਨ ਮਜ਼੍ਹਬ ਦੀ ਨਹੀਂ ਕੋਈ ਖ਼ਾਰ, ਲਾਸ਼ਰੀਕ ਨੂਰ ਅਲਾਹੀਆ । ਜਿਸ ਨੇ ਸਭ ਦਾ ਪਿਛਲਾ ਕਰਜ਼ ਦੇਣਾ ਉਤਾਰ, ਸਦੀ ਚੌਧਵੀਂ ਲੇਖਾ ਮੁਹੰਮਦ ਦਾ ਝੋਲੀ ਪਾਈਆ । ਜੋ ਨਾਨਕ ਸਤਿਗੁਰ ਨਿਰਗੁਣ ਧਾਰ ਵਿਚ ਬਗ਼ਦਾਦ, ਬਗ਼ਲਗੀਰਾਂ ਨੂੰ ਆਇਆ ਆਖ, ਬਿਨਾ ਅੱਖਰਾਂ ਤੋਂ ਅੱਖਰ ਸੁਣਾਈਆ । ਉਨ੍ਹਾਂ ਅੱਖਰਾਂ ਨੂੰ ਬਿਨਾ ਪੁਰਖ ਅਕਾਲ ਤੇ ਬਿਨਾ ਨਾਨਕ ਤੋਂ ਸਕੇ ਕੋਇ ਨਾ ਵਾਚ, ਬਿਨਾ ਸਤਿਗੁਰ ਗੋਬਿੰਦ ਦੇ ਕਰੇ ਨਾ ਕੋਇ ਪੜ੍ਹਾਈਆ । ਇਹ ਹੁਕਮ ਸੰਦੇਸ਼ਾ ਮਾਛੂਵਾੜੇ ਪਰਮ ਪੁਰਖ ਨਾਲ ਸੇਜਾ ਤੇ ਸੁੱਤੇ ਨੇ ਕੀਤਾ ਸੀ ਵਾਕ, ਵਾਕਿਆ ਕਲਜੁਗ ਦਾ ਦਿਤਾ ਵਖਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਜ਼ਰਾ ਆਪਣੀ ਧਰਨੀ ਧਰਤ ਧਵਲ ਉਤੇ ਝਾਕ, ਚਾਰੋਂ ਕੁੰਟ ਅੱਖ ਉਠਾਈਆ । ਜਿਧਰ ਵੇਖੇਂ ਦਿਸੇ ਕਿਸੇ ਨਾ ਸਾਚ, ਸਚ ਨਜ਼ਰ ਕੋਇ ਨਾ ਆਈਆ । ਕਲਮੇ ਵਾਲਾ ਰਹੇ ਕੋਇ ਨਾ ਪਾਕ, ਪਾਕੀਜ਼ਾ ਦਿਸੇ ਨਾ ਖ਼ਲਕ ਖ਼ੁਦਾਈਆ । ਝਟ ਪੁਰਖ ਅਕਾਲ ਨੇ ਸ਼ਬਦ ਵਿਚ ਦਿਤੀ ਆਵਾਜ਼, ਧੁਰ ਸੰਦੇਸ਼ਾ ਦਿਤਾ ਦ੍ਰਿੜਾਈਆ । ਗੋਬਿੰਦ ਗੋਬਿੰਦ ਗੋਬਿੰਦ ਹੁਣ ਤੇਰਾ ਮੈਂ ਖੰਭਾਂ ਵਾਲਾ ਉਡਾਇਆ ਬਾਜ਼, ਫੇਰ ਬਾਜ਼ਾਂ ਵਾਲਿਆ ਤੇਰਾ ਸ਼ਬਦ ਗੁਰੂ ਭੱਜੇ ਵਾਹੋ ਦਾਹੀਆ । ਜਿੰਨਾਂ ਚਿਰ ਤੇਰਾ ਇਕ ਨਾਲ ਇਕ ਮਿਲ ਕੇ ਨੌ ਸੱਤ ਪੂਰਾ ਨਾ ਹੋਇਆ ਰਾਜ, ਰਈਅਤ ਇਕ ਨਾ ਰੰਗ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਹੋਏਗੀ ਤੇਰੀ ਦਾਸ, ਦਾਸ ਦਾਸੀ ਹੋ ਕੇ ਸੇਵ ਕਮਾਈਆ । ਨਾਨਕ ਗੋਬਿੰਦ ਦਾ ਮਿਸ਼ਨ ਆਪਣਾ ਨਹੀਂ ਉਹ ਪੁਰਖ ਅਕਾਲ ਦਾ ਖ਼ਾਸ, ਜਿਸ ਨੇ ਖ਼ਾਲਸ ਖ਼ਾਲਸਾ ਖ਼ਸਮ ਦੀ ਧਾਰ ਵਿਚੋਂ ਦਿਤਾ ਪ੍ਰਗਟਾਈਆ । ਉਸ ਨੂਰ ਦਾ ਜ਼ਹੂਰ ਦਾ ਕਰਨ ਜਾਣਾ ਪ੍ਰਕਾਸ਼, ਹੁਕਮ ਧੁਰ ਦੇ ਨਾਲ ਧੁਰ ਦਾ ਹੁਕਮ ਸੁਣਾਈਆ । ਜਿਸ ਨਾਨਕ ਨਿਜ ਨੇਤਰ ਵੇਖੇ ਲੱਖ ਆਕਾਸ਼ ਦੇ ਆਕਾਸ਼, ਚੌਦਾਂ ਤਬਕਾਂ ਵਾਲਿਓ ਸਾਰੇ ਉਸੇ ਨੂੰ ਸੀਸ ਲਓ ਨਿਵਾਈਆ । ਪੁਰਖ ਅਕਾਲ ਜਿਸ ਦੇ ਸਦਾ ਵਸੇ ਪਾਸ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਇਕ ਏਕੰਕਾਰ ਬੇਪ੍ਰਵਾਹੀਆ । ਨਾਨਕ ਦਾ ਮਿਸ਼ਨ ਗੋਬਿੰਦ ਧਾਰ ਧੁਰ ਦਾ ਹੁਕਮ ਜ਼ਰੂਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਇਕ ਆਵਾਜ਼ ਮੂਸਾ ਦਿਤੀ ਸੀ ਉਤੇ ਕੋਹਤੂਰੀ, ਮੂੰਹ ਦੇ ਭਾਰ ਪੈ ਕੇ ਹਾਏ ਉਫ਼ ਨਾਲ ਸੁਣਾਈਆ । ਈਸਾ ਕਹੇ ਮੇਰਾ ਮਾਲਕ ਇਕ ਨੂਰੀ, ਨੂਰ ਨੁਰਾਨਾ ਇਕ ਅਖਵਾਈਆ । ਜਿਸ ਦੇ ਹੁਕਮ ਨਾਲ ਮੈਂ ਸਲੀਬ ਲਈ ਮਜਬੂਰੀ, ਫਾਸੀ ਗਲ ਵਿਚ ਲਟਕਾਈਆ । ਮੁਹੰਮਦ ਕਿਹਾ ਉਹ ਮਹਿਬੂਬ ਹਾਜ਼ਰ ਹਜ਼ੂਰੀ, ਹਜ਼ਰਤਾਂ ਦਾ ਮਾਲਕ ਇਕ ਅਖਵਾਈਆ । ਸਤਿਗੁਰ ਗੋਬਿੰਦ ਕਿਹਾ ਚਾਰ ਵਰਨ ਅਠਾਰਾਂ ਬਰਨ ਹਿੰਦੂ ਮੁਸਿਲਮ ਸਾਰੇ ਲਓ ਉਸ ਪੁਰਖ ਅਕਾਲ ਦੇ ਚਰਨਾਂ ਦੀ ਧੂੜੀ, ਜਿਹੜਾ ਆਦਿ ਜੁਗਾਦਿ ਜਨਮ ਮਰਨ ਵਿਚ ਕਦੇ ਨਾ ਆਈਆ । ਅਵਤਾਰੋ ਪੈਗ਼ੰਬਰੋ ਆਪਣਾ ਆਪ ਕਦੇ ਨਾ ਕਰਿਓ ਮਸ਼ਹੂਰੀ, ਮਸ਼ਵਰੇ ਧੁਰ ਦੇ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਸਚ ਦਾ ਮਿਸ਼ਨ ਸਤਿਗੁਰ ਸ਼ਬਦ


੧੧੦
੨੩

ਸ਼ਬਦ ਸਤਿਗੁਰ ਦੋ ਜਹਾਨਾਂ ਜਗਤ ਚਲਾਈਆ । ਗੋਬਿੰਦ ਦਾ ਮਿਸ਼ਨ ਬੜਾ ਸੁਖੱਲਾ, ਸਭ ਨੂੰ ਗਿਆ ਜਣਾਈਆ । ਜਗਿਆਸੂਓ ਇਕੋ ਮੰਨ ਲਓ ਪੁਰਖ ਅਕਾਲ ਇਕੱਲਾ, ਦੂਜੇ ਸਤਿਗੁਰ ਦੀ ਲੋੜ ਰਹੇ ਨਾ ਰਾਈਆ । ਜੋ ਵਸੇ ਜਲਾਂ ਥਲਾਂ, ਮਹੀਅਲ ਆਪਣਾ ਖੇਲ ਖਿਲਾਈਆ । ਜੋਤੀ ਧਾਰ ਸਭ ਦੇ ਅੰਦਰ ਰਲਾ, ਜੋਤੀ ਜਾਤਾ ਡਗਮਗਾਈਆ । ਸ਼ਬਦ ਸੰਦੇਸ਼ਾ ਧੁਰਦਰਗਾਹੋਂ ਰਿਹਾ ਘੱਲਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਜਿਸ ਨੂੰ ਮੁਹੰਮਦ ਕਹੇ ਅੱਲਾ, ਆਲਮੀਨ ਨੂਰ ਅਲਾਹੀਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਆਪਣੇ ਪ੍ਰਕਾਸ਼ ਵਿਚ ਆਪੇ ਬਲਾ, ਆਪ ਆਪਾ ਆਪਣੇ ਵਿਚੋਂ ਪ੍ਰਗਟਾਈਆ । ਜਿਸ ਨੇ ਸਤਿਗੁਰ ਨਾਨਕ ਨੂੰ ਕਿਹਾ ਜਾਹ ਸਤਿਨਾਮ ਨਾਲ ਸਭ ਦਾ ਕਰ ਭਲਾ, ਖੋਟੇ ਖਰੇ ਆਪਣੇ ਗਲੇ ਲਗਾਈਆ । ਗੋਬਿੰਦ ਨੂੰ ਕਿਹਾ ਸ਼ਬਦ ਖੰਡੇ ਦਾ ਕਰ ਦੇ ਹੱਲਾ, ਹਲਤ ਪਲਤ ਵਿਚ ਕੂੜੀ ਕਿਰਿਆ ਕਰ ਸਫ਼ਾਈਆ । ਮੇਰਾ ਪਿਆਰ ਵਾਲਾ ਤੇਰੇ ਨਾਲ ਬੱਝਾ ਪੱਲਾ, ਪੱਲੂ ਗੰਢ ਨਾ ਕੋਇ ਛੁਡਾਈਆ । ਤੂੰ ਫਿਰਨਾ ਜੰਗਲਾਂ ਜੂਹਾਂ ਵਿਚ ਥਲਾ, ਅਸਗਾਹਾਂ ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਿਸ਼ਨ ਨਾਨਕ ਦੀ ਧਾਰ ਗੋਬਿੰਦ, ਗੋਬਿੰਦ ਦੀ ਧਾਰ ਸਤਿਗੁਰ ਸ਼ਬਦ ਸ਼ਬਦ ਦੀ ਧਾਰ ਪੁਰਖ ਅਕਾਲ, ਜਿਸ ਅਕਾਲ ਦਾ ਕਲਮਾ ਸਾਰੇ ਗਾਵਣ ਥਾਉਂ ਥਾਈਂਆ ।

### ✪ ੨੯ ਸਾਵਣ ਸ਼ਹਿਨਸ਼ਾਹੀ ਸੰਮਤ ੮ ਬੰਬਈ ਬੰਦਰਗਾਹ ਤੋਂ ਜਹਾਜ਼ ਚੱਲਣ ਸਮੇਂ ਕਾਨਾ ਸੁੱਟਣ ਤੇ ਸਾਢੇ ਤਿੰਨ ਸ਼ਾਮ ਨੂੰ ਵਿਹਾਰ ਹੋਇਆ ✪

ਕਸੀਰਾ ਕਹੇ ਮੇਰੀ ਆਸਾ ਪੁੰਨੀ ਚੌਧਵੀਂ ਸਦੀ, ਚੌਦਾਂ ਤਬਕ ਦੇਣ ਗਵਾਹੀਆ । ਤ੍ਰਿਖਾ ਬੁਝਣੀ ਨੌ ਸੌ ਨੜ੍ਹਿਨਵੇਂ ਨਦੀ, ਜਲ ਧਾਰਾ ਰਾਹ ਤਕਾਈਆ । ਧੁਰ ਦੇ ਹੁਕਮ ਅੰਦਰ ਲੱਖ ਬਤਾਲੀ ਜੂਨੀ ਬੱਧੀ, ਬੰਦਨਾ ਵਿਚ ਸਾਰੇ ਸੀਸ ਨਿਵਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੀ ਪ੍ਰੀਤ ਆਤਮ ਪਰਮਾਤਮ ਲੱਗੀ, ਅੰਤਰ ਨਿਰੰਤਰ ਮਿਲ ਕੇ ਵੱਜੇ ਵਧਾਈਆ । ਧੰਨ ਭਾਗ ਤੇਰੀ ਜੋਤ ਸਮੁੰਦ ਸਾਗਰਾਂ ਜਗੀ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਕਸੀਰਾ ਕਹੇ ਮੇਰਾ ਲੇਖਾ ਨਾਲ ਰਵੀਦਾਸ ਚਮਾਰਾ, ਚੰਮ ਦ੍ਰਿਸ਼ਟੀ ਦਾ ਡੇਰਾ ਢਾਹੀਆ । ਮੇਰਾ ਸਾਹਿਬ ਗੁਣੀ ਗਹੀਰ ਜ਼ਾਹਿਰਾ, ਪੀਰ ਪੀਰਾ ਬੇਪ੍ਰਵਾਹੀਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਲਾਇਆ ਨਾਅਰਾ, ਹਕੀਕਤ ਹਕ ਹਕ ਸੁਣਾਈਆ । ਉਹ ਚਲ ਕੇ ਆਇਆ ਸਚਖੰਡ ਨਿਵਾਸੀ ਵਿਚ ਜਲਧਾਰਾ, ਜਲ ਥਲ ਮਹੀਅਲ ਵੇਖ ਵਖਾਈਆ । ਸਭ ਨੂੰ ਕੀਤਾ ਅੰਤਰ ਨਿਰੰਤਰ ਬੇਦਾਰਾ, ਆਲਸ ਨਿੰਦਰਾ ਦਿਤੀ ਮਿਟਾਈਆ । ਜਿਸ ਦਾ ਲੇਖਾ ਲਿਖਦੇ ਰਹੇ ਸ਼ਾਸਤਰ ਜੁਗ ਚਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਢੋਲੇ ਗਾਈਆ । ਉਹ ਪ੍ਰੀਤਮ ਪ੍ਰੇਮੀ ਸਚ ਮੁਹੱਬਤ ਵਿਚ ਕਰੇ ਪਿਆਰਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜਿਸ ਨੇ ਲੇਖਾ ਪੂਰਾ ਕੀਤਾ ਭਾਰਤ ਖੰਡ ਦਾ ਭਾਰਤ ਕਿਨਾਰਾ, ਭਰਮ ਰਿਹਾ ਨਾ ਰਾਈਆ । ਜਿਥੇ ਦਵਾਰਕਾ ਵਾਸੀ ਕ੍ਰਿਸ਼ਨ ਕੀਤਾ ਇਸ਼ਾਰਾ, ਬਿਨ ਨੈਣਾਂ ਨੈਣ ਉਠਾਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਗੁਣ ਆਪਣੀ ਕਾਰ ਭੁਗਤਾਈਆ । ਕਲਜੁਗ

ਅੰਤਮ ਚੌਬੀਸਾ ਲਏ ਅਵਤਾਰਾ, ਹਰਿ ਜਗਦੀਸ਼ਾ ਧੁਰ ਦਾ ਕਦਮ ਟਿਕਾਈਆ । ਨਵ ਸੱਤ ਬਿਨ ਵੰਞ ਮੁਹਾਨਿਆਂ ਲਾਵੇ ਪਾਰ ਕਿਨਾਰਾ, ਜੀਵ ਜੰਤ ਵੇਖ ਵਖਾਈਆ । ਜਿਨ੍ਹਾਂ ਦੀ ਜੂਨੀ ਫੇਰ ਨਾ ਹੋਏ ਦੁਬਾਰਾ, ਦੋਹਰਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਮੁੰਦ ਕਹੇ ਕਸੀਰੇ ਮੇਰੇ ਅੰਦਰ ਮਾਰੀ ਆਵਾਜ਼, ਹਲੂਣਾ ਦਿਤਾ ਲਗਾਈਆ । ਉਠ ਵੇਖ ਗ਼ਰੀਬ ਨਿਵਾਜ, ਗ਼ਰੀਬ ਨਿਮਾਨਿਆਂ ਹੋਏ ਸਹਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਰਾਜ, ਰਈਅਤ ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਸਭ ਦਾ ਸਾਂਝਾ ਕਰੇ ਸਮਾਜ, ਸਮਿਗਰੀ ਨਾਮ ਵਾਲੀ ਵਰਤਾਈਆ । ਜੋ ਆਸ਼ਾ ਰਖੀ ਨਾਨਕ ਨਿਰਗੁਣ ਸਰਗੁਣ ਬਗ਼ਦਾਦ, ਆਪਣਾ ਖੇਲ ਵਖਾਈਆ । ਸ਼ਬਦ ਦਾ ਸ਼ਬਦ ਸੁਣਾ ਦੇ ਨਾਦ, ਅਨਾਦੀ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਮੁੰਦ ਕਹੇ ਕਸੀਰਾ ਵੱਜਾ ਵਿਚ ਮੇਰੀ ਛਾਤੀ, ਹਲੂਣਾ ਦਿਤਾ ਲਗਾਈਆ । ਕਮਲਿਆ ਉਠ ਵੇਖ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਸਭ ਤੋਂ ਵੱਖਰੀ ਝਾਕੀ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਜੋ ਆਦਿ ਜੁਗਾਦਿ ਦਾ ਨਾਦੀ, ਸਗਲਾ ਸੰਗ ਬਣਾਈਆ । ਉਸ ਨੇ ਲੇਖਾ ਦੱਸਣਾ ਸਤਿਗੁਰ ਨਾਨਕ ਦਾ ਸਾਢੇ ਦਸ ਅੱਜ ਦੀ ਰਾਤੀ, ਰੁਤੜੀ ਸ਼ਬਦ ਧਾਰ ਮਹਿਕਾਈਆ । ਫੇਰ ਸਭ ਦੀ ਅੰਦਰੇ ਅੰਦਰ ਪੁਛੇ ਵਾਤੀ, ਬਚਿਆ ਰਹਿਣ ਕੋਇ ਨਾ ਪਾਈਆ । ਨਵੀਂ ਨਵੇਂ ਜੁਗ ਦੀ ਦੱਸੇ ਸਾਖੀ, ਸਾਕਾ ਪਿਛਲਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਕਾਨਾ ਕਹੇ ਮੈਂ ਜੀਵਤ ਜੀਅ ਮਰਿਆ, ਮਰ ਜੀਵਤ ਰੂਪ ਬਦਲਾਈਆ । ਮੈਂ ਜਗਤ ਸਾਗਰ ਤਰਿਆ, ਸਮੁੰਦ ਸਾਗਰ ਡੇਰਾ ਢਾਹੀਆ । ਪੁਰਖ ਅਕਾਲਾ ਇਕੋ ਵਰਿਆ, ਵਰ ਦਾਤਾ ਬੇਪਰਵਾਹੀਆ । ਜਿਸ ਨੇ ਭਗਤਾਂ ਕਾਰਜ ਕਰਿਆ, ਕਰਨੀ ਕਰਤਾ ਕਾਰ ਕਮਾਈਆ । ਮੈਂ ਚਾਰ ਜੁਗ ਦਾ ਸ਼ਾਸਤਰ ਜੋ ਮੇਰੇ ਨਾਲ ਲਿਖਿਆ ਉਹ ਪੜ੍ਹਿਆ, ਅੱਖਰ ਅੱਖਰ ਖੋਜ ਖੁਜਾਈਆ । ਨਿਗਾਹ ਮਾਰੀ ਇਕੋ ਰੂਪ ਨਜ਼ਰ ਆਇਆ ਚੋਟੀ ਜੜ੍ਹਿਆ, ਜੋ ਚੇਤਨ ਆਪਣੀ ਵੰਡ ਵੰਡਾਈਆ । ਮੈਂ ਉਸ ਦੀ ਸਰਨੀ ਜਾਂਦੀ ਵਾਰ ਪਰਿਆ, ਨਿਉਂ ਨਿਉਂ ਸੀਸ ਝੁਕਾਈਆ । ਨਾਲੇ ਹੱਸ ਕੇ ਕਿਹਾ ਲੇਖਾ ਪੂਰਾ ਕਰੀਂ ,ਅੜਿਆ, ਮਿਹਰਵਾਨ ਆਪਣੀ ਦਇਆ ਕਮਾਈਆ । ਮੇਰਾ ਜਗਤ ਦਲਿਦ੍ਰ ਝੜਿਆ, ਖਵਾਜਾ ਖਿਜਰ ਦਏ ਗਵਾਹੀਆ । ਇੰਦਰ ਆ ਕੇ ਨਿਮਸਕਾਰ ਰਿਹਾ ਕਰਿਆ, ਨਮੋ ਨਮੋ ਤੇਰੀ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਘਰਿਆ, ਸੂਰੀਆ ਚੰਨ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਕਰਨੀ ਦਾ ਕਰਤਾ ਲੱਖ ਬਤਾਲੀ ਭੈ ਚੁਕਾਵੇ ਡਰਿਆ, ਭਉ ਆਪਣਾ ਇਕ ਚੁਕਾਈਆ ।


੧੧੨
੨੩

### ✪ ੨੯ ਸਾਵਣ ਸ਼ਹਿਨਸ਼ਾਹੀ ਸੰਮਤ ੮ ਸਮੁੰਦਰੀ ਜਹਾਜ ਵਿਚ ਰਾਤ ਸਾਢੇ ਦਸ ਵਜੇ ਵਿਹਾਰ ਹੋਇਆ ✪

ਕਸੀਰਾ ਕਹੇ ਮੈਂ ਵੇਖੀ ਅਗੰਮੀ ਵਸਤ, ਸਮੁੰਦ ਸਾਗਰ ਅੰਦਰ ਧਿਆਨ ਲਗਾਈਆ । ਜਿਸ ਤੇ ਨਿਸ਼ਾਨ ਤੱਕਿਆ ਨਾਨਕ ਹਸਤ, ਹਥੇਲੀ

ਬਿਨ ਰੇਖ ਨਜ਼ਰੀ ਆਈਆ । ਉਸ ਇਸ਼ਾਰਾ ਕੀਤਾ ਲਹਿਣਾ ਪੂਰਾ ਹੋਵੇ ਮਤਸਯ, ਮੱਛ ਦਇਆ ਕਮਾਈਆ । ਜਿਸ ਵੇਲੇ ਕਲਜੁਗ ਸ਼ਰਅ ਦੀ ਹੋਵੇ ਹਸਦ, ਸਚ ਪਿਆਰ ਨਜ਼ਰ ਕੋਇ ਨਾ ਆਈਆ । ਝਗੜਾ ਹੋਵੇ ਦੀਨ ਮਜ਼੍ਹਬ, ਜ਼ਾਤ ਪਾਤ ਕਰੇ ਲੜਾਈਆ । ਚਾਰੋਂ ਕੁੰਟ ਅੰਧੇਰਾ ਗ਼ਜ਼ਬ, ਸਾਚਾ ਚੰਦ ਨਾ ਕੋਇ ਚਮਕਾਈਆ । ਧੁਰ ਪ੍ਰੇਮ ਦਾ ਰਹੇ ਕੋਇ ਨਾ ਵਜਦ, ਹਕੀਕੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਸੀਰਾ ਕਹੇ ਮੈਂ ਹੋਰ ਤੱਕਿਆ ਨਜ਼ਾਰਾ, ਪ੍ਰਭ ਨਜ਼ਰ ਦਿਤੀ ਬਦਲਾਈਆ । ਮੈਂ ਆ ਗਿਆ ਦੂਰ ਕਿਨਾਰਾ, ਭੱਜਿਆ ਵਾਹੋ ਦਾਹੀਆ । ਤੱਕੀ ਜਲਧਾਰਾ, ਜਲ ਜਲ ਹੀਂ ਮਾਹੇਂ ਸਮਾਈਆ । ਵਿਚੋਂ ਨਜ਼ਰੀ ਆਇਆ ਏਕੰਕਾਰਾ, ਇਕ ਇਕੱਲਾ ਧੁਰ ਦਾ ਮਾਹੀਆ । ਜਿਸ ਨੇ ਕਛਪ ਦਿਤਾ ਇਸ਼ਾਰਾ, ਕੁਛ ਆਪਣਾ ਹੁਕਮ ਸੁਣਾਈਆ । ਅੰਤਮ ਪ੍ਰਗਟ ਹੋ ਕੇ ਆਵਾਂ ਚਵ੍ਹੀਆਂ ਅਵਤਾਰਾ, ਚਾਰੋਂ ਕੁੰਟ ਖੋਜ ਖੁਜਾਈਆ । ਜਲ ਹੋੜਿਆਂ ਪਾਵਾਂ ਸਾਰਾ, ਵਿਛੜਿਆਂ ਬਾਹਰ ਕਢਾਈਆ । ਵੇਖਾਂ ਡੂੰਘੀਆਂ ਗਾਰਾ, ਬਿਨ ਅੱਖਾਂ ਅੱਖ ਉਠਾਈਆ । ਸਭ ਦਾ ਲਾਹਵਾਂ ਭਾਰਾ, ਪਿਛਲਾ ਕਰਜ਼ ਚੁਕਾਈਆ । ਸਮੁੰਦ ਸਾਗਰਾਂ ਪ੍ਰਗਟ ਹੋਵਾਂ ਜ਼ਾਹਿਰਾ, ਜ਼ਾਹਿਰ ਆਪਣਾ ਆਪ ਕਰਾਈਆ । ਕਛਪ ਨੂੰ ਇਹੋ ਦੱਸਿਆ ਸੀ ਨਾਅਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਸੁਣਾਈਆ । ਜਿਸ ਦਾ ਵੇਦ ਵਿਆਸ ਲੇਖਾ ਲਿਖਿਆ ਧਿਆਏ ਅਠਾਰਾਂ, ਇਕ ਪੁਰਾਨ ਇਕ ਧਿਆਏ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਾਨਾ ਕਹੇ ਨਾਨਕ ਨੇ ਮੇਰੇ ਵਿਚ ਸੁੱਟੀ ਸੀ ਕਾਨੀ, ਕਲਮ ਘੜ



ਕੇ ਆਪ ਟਿਕਾਈਆ । ਹੱਥ ਬੱਧੀ ਸੀ ਗਾਨੀ, ਬਿਨਾ ਮਣਕਿਆਂ ਆਪ ਟਿਕਾਈਆ । ਫੇਰ ਤੱਕਿਆ ਜ਼ਿਮੀਂ ਅਸਮਾਨੀ, ਦੋ ਜਹਾਨਾਂ ਵੇਖ ਵਖਾਈਆ । ਹੁਕਮ ਸੁਣਿਆ ਪ੍ਰਗਟ ਹੋਵੇ ਨੂਰ ਨੁਰਾਨੀ, ਨੂਰ ਨੁਰਾਨਾ ਧੁਰਦਰਗਾਹੀਆ । ਵੇਖੋ ਜਲ ਪਾਣੀ, ਅੰਦਰ ਬਾਹਰ ਖੋਜ ਖੁਜਾਈਆ । ਸ਼ਹਿਨਸ਼ਾਹ ਬਣ ਸੁਲਤਾਨੀ, ਸੁਤ ਹਰਿਜਨ ਨਾਲ ਰਖਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਝਗੜਾ ਵੇਖੇ ਦੀਵਾਨੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਉਸ ਦੀ ਸਤਿ ਸਚ ਦੀ ਨਿਸ਼ਾਨੀ, ਨਿਸ਼ਾਨਾ ਧੁਰ ਦਾ ਹੁਕਮ ਲਗਾਈਆ । ਧੁਰ ਦਾ ਦਾਤਾ ਬਣ ਕੇ ਦਾਨੀ, ਦਇਆਵਾਨ ਦਇਆ ਕਮਾਈਆ । ਲੇਖਾ ਜਾਣ ਕੇ ਚਾਰੇ ਖਾਣੀ, ਖ਼ਾਨਾ ਗੋਬਿੰਦ ਫੋਲ ਫੁਲਾਈਆ । ਜਿਸ ਵਿਚ ਬਣ ਕੇ ਜਾਣ ਜਾਣੀ, ਜਾਨਣਹਾਰ ਇਕ ਹੋ ਜਾਈਆ । ਨੌ ਅਗਸਤ ਕਹੇ ਮਿਹਰਵਾਨੀ, ਨਵ ਨੌ ਚਾਰ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਾਨੀ ਕਹੇ ਨਾਨਕ ਸ਼ਬਦੀ ਧਾਰ ਸਮੁੰਦ ਵਿਚ ਲਿਖੇ ਅੱਖਰ, ਬਿਨਾ ਅੱਖਰਾਂ ਅੱਖਰ ਬਣਾਈਆ । ਫੇਰ ਵੇਖੇ ਪਾਹਨ ਪੱਥਰ, ਬਿਨ ਨੈਣਾਂ ਨੈਣ ਖੁਲਾਈਆ । ਫੇਰ ਲੇਖ ਬਣਾਇਆ ਮੇਰੀ ਅੰਤਰ ਧਾਰ ਗੋਬਿੰਦ ਲਹਿਣਾ ਸਬਰ, ਯਾਰੜਾ ਸੇਜ ਹੰਢਾਈਆ । ਫੇਰ ਖੇਲ ਕਰਨਾ ਵੱਖਰ, ਵੱਖਰਾ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਮਝੇ ਨਾ ਕੋਇ ਗ੍ਰਹਿ ਨਛੱਤਰ, ਸ਼ਾਸਤਰ ਸਮਝ ਕੋਇ ਨਾ ਪਾਈਆ । ਧਰਨੀ ਬਣਾ ਕੇ ਪੱਤਰ, ਪਤ੍ਰਕਾ ਦਿਤੀ ਲਿਖਾਈਆ । ਜਿਸ ਭਗਤ ਪ੍ਰਗਟਾਉਣੇ ਬਹੱਤਰ, ਸੱਤਰਾਂ ਰੰਗ ਰੰਗਾਈਆ । ਲੇਖਾ ਚੁਕਾਏ ਚੁਹੱਤਰ, ਪੰਜ ਪੰਜ ਪੰਜ ਨਾਲ ਸਮਝਾਈਆ । ਚਾਰ ਕੁੰਟ ਕਰੇ ਇਕੱਤਰ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਗੁਰਮੁਖ ਹੀਰੇ ਉਪਜਾਏ ਰਤਨ, ਧੁਰ ਦਾ

੧੧੩ ੨੩

ਰੰਗ ਰੰਗਾਈਆ । ਜਿਨ੍ਹਾਂ ਨੂੰ ਕਰਨਾ ਪਏ ਕੋਇ ਨਾ ਯਤਨ, ਯਥਾਰਥ ਆਪਣੀ ਗੋਦ ਉਠਾਈਆ । ਉਹ ਛਡੇ ਭਾਰਤ ਖੰਡ ਵਾਲਾ ਵਤਨ, ਬੇਵਤਨਾਂ ਵੇਖ ਵਖਾਈਆ । ਲੇਖਾ ਜਾਣੇ ਬਿਨਾ ਘਾਟ ਤੇ ਪਤਣ, ਪਤ੍ਰਕਾ ਦਏ ਗਵਾਹੀਆ । ਤੂੰ ਮੇਰਾ ਮੈਂ ਤੇਰਾ ਸਾਰੇ ਢੋਲਾ ਜਪਣ, ਆਤਮ ਪਰਮਾਤਮ ਵੱਜੇ ਵਧਾਈਆ । ਅੰਤ ਕਲਜੁਗ ਸੂਰੀਆ ਆਏ ਛਪਣ, ਆਪਣਾ ਤੇਜ ਗਵਾਈਆ । ਅਵਤਾਰ ਪੈਗ਼ੰਬਰ ਗੁਰੂਆਂ ਕਰੇ ਇਕੱਠਣ, ਸਚਖੰਡ ਹੁਕਮ ਸੁਣਾਈਆ । ਲੇਖਾ ਪੂਰਾ ਕਰੇ ਪਾਟਲ ਪਟਨ, ਪਟਨੇ ਵਾਲਾ ਸੰਗ ਰਖਾਈਆ । ਜੋਤ ਜਗਾ ਕੇ ਲਟ ਲਟਣ, ਲੋਆਂ ਪੁਰੀਆਂ ਡਗਮਗਾਈਆ । ਸਤਿ ਸਚ ਦਾ ਖੋਲ੍ਹੇ ਹੱਟਣ, ਵਣਜਾਰਾ ਬਣੇ ਬੇਪਰਵਾਹੀਆ । ਜਨ ਭਗਤਾਂ ਪੈਜ ਆਏ ਰਖਣ, ਸਿਰ ਸਿਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਮੁੰਦ ਕਹੇ ਮੇਰੇ ਅੰਤਰ ਧਰਤੀ ਹੱਸੀ, ਖ਼ੁਸ਼ੀ ਵਿਚ ਸੁਣਾਈਆ । ਜਿਸ ਤਾਰੀ ਲੱਖ ਚਾਰ ਅੱਸੀ, ਚੁਰਾਸੀ ਹੋਇਆ ਸਹਾਈਆ । ਉਸ ਮਤਸਯ ਨੂੰ ਹੁਕਮੀ ਗੱਲ ਦੱਸੀ, ਕਛਪ ਆਇਆ ਸਮਝਾਈਆ । ਜਿਸ ਕਲਜੁਗ ਦੀ ਆਯੂ ਮੁਕਾਉਣੀ ਲੱਖ ਚਾਰ ਬੱਤੀ, ਬਤੀਸਾ ਲੇਖਾ ਦਏ ਚੁਕਾਈਆ । ਉਸ ਦਾ ਲੇਖ ਮਿਟੇ ਨਾ ਰਤੀ, ਨਾਨਕ ਕਲਮ ਦਏ ਗਵਾਹੀਆ । ਉਹ ਆਏ ਵਹੀਰਾਂ ਘੱਤੀ, ਸਾਗਰਾਂ ਭੱਜੇ ਵਾਹੋ ਦਾਹੀਆ । ਜਿਸ ਨੂੰ ਗਾਉਂਦੇ ਰਾਗ ਛੱਤੀ, ਛਤਰਧਾਰੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੱਤੀ ਰਾਗ ਕਹਿਣ ਹੋ ਗਏ ਛੱਤੀ ਬਰਸ, ਬਰਸੀ ਬਰਸੀ ਧਿਆਨ ਲਗਾਈਆ । ਸਾਹਿਬ ਸਵਾਮੀ ਕੀਤਾ ਤਰਸ, ਮਿਹਰ ਨਜ਼ਰ ਉਠਾਈਆ । ਨੌਂ ਅਗਸਤ ਮੇਟੀ ਹਰਸ, ਹਰਸ ਦਿਤੀ ਚੁਕਾਈਆ । ਏਸੇ ਦਿਵਸ ਅਮਰਜੀਤ ਮਾਤਲੋਕ ਆਇਆ ਸੀ ਪਰਤ, ਤਨ ਵਜੂਦ ਵੱਜੀ ਵਧਾਈਆ । ਜਨਮ ਲਿਆ ਉਤੇ ਧਰਤ, ਗੋਬਿੰਦ ਰੰਗ ਰੰਗਾਈਆ । ਪਿਛਲਾ ਪੂਰਬ ਦਾ ਕਰਜ਼, ਪੁਰਖ ਅਕਾਲ ਦਿਤਾ ਚੁਕਾਈਆ । ਇਹੋ ਖੇਲ ਅਸਚਰਜ, ਸਮੁੰਦ ਸਾਗਰ ਕਾਨਾ ਕਲਮ ਦਏ ਗਵਾਹੀਆ । ਕਸੀਰਾ ਕਹੇ ਮੈਂ ਬੈਠਾ ਰਿਹਾ ਸ਼ਾਲਾ ਮਿਰਗ, ਦਰ ਠਾਂਡੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਭੁਗਤਾਈਆ । ਕੌਡੀ ਕਹੇ ਮੇਰੀ ਕਾਨੇ ਨਾਲ ਤਕਦੀਰ, ਸਚ ਦਿਆਂ ਸੁਣਾਈਆ । ਮੇਰੇ ਸਾਹਿਬ ਦੀ ਅਨੋਖੀ ਤਦਬੀਰ, ਜਿਸ ਦਾ ਭੇਵ ਕੋਇ ਨਾ ਪਾਈਆ । ਮੈਨੂੰ ਖ਼ੁਸ਼ੀਆਂ ਨਾਲ ਤੱਕਿਆ ਕਬੀਰ, ਬਿਨਾ ਕਾਇਆ ਤੋਂ ਧਿਆਨ ਲਗਾਈਆ । ਮੈਂ ਰਵੀਦਾਸ ਦੇ ਵੇਖੇ ਪਾਟੇ ਚੀਰ, ਚੀਥੜ ਲੀਰੋ ਲੀਰ ਸੋਭਾ ਪਾਈਆ । ਮੇਰੀ ਅੱਖੀਂ ਵਗਿਆ ਨੀਰ, ਨੈਣਾਂ ਛਹਿਬਰ ਲਾਈਆ । ਜਿਸ ਗੰਗਾ ਦੀ ਭੇਟਾ ਵਾਸਤੇ ਆਪਣੀ ਰੰਬੀ ਨਾਲ ਮਾਰੀ ਸੀ ਲਕੀਰ, ਲਾਈਨ ਮੇਰੇ ਉਤੇ ਬਣਾਈਆ । ਜਾਹ ਤੇਰਾ ਲੇਖਾ ਅੰਤਮ ਕਲਜੁਗ ਨਾਲ ਨੌਂ ਸੌ ਨੜ੍ਹਿੰਨਵੇਂ ਫ਼ਕੀਰ ਸੂਫ਼ੀ ਸੰਤਾਂ ਰੰਗ ਰੰਗਾਈਆ । ਤੈਨੂੰ ਜ਼ਾਹਿਰ ਕਰੇ ਮੇਰਾ ਗੁਣੀ ਗਹੀਰ, ਗਹਿਰ ਗਵਰ ਆਪਣੀ ਦਇਆ ਕਮਾਈਆ । ਜੋ ਸ਼ਬਦ ਧਾਰ ਸਮੁੰਦ ਸਾਗਰਾਂ ਜਾਏ ਚੀਰ, ਚਾਰ ਜੁਗ ਦਾ ਲੇਖਾ ਵੇਖ ਵਖਾਈਆ । ਜਿਸ ਝਗੜਾ ਮੇਟਣਾ ਸ਼ਾਹ ਹਕੀਰ, ਉਚਾਂ ਨੀਚਾਂ ਡੇਰਾ ਢਾਹੀਆ । ਸ਼ਰਅ ਦਾ ਕੱਟਣਾ ਜ਼ੰਜੀਰ, ਛੁਰੀ ਸ਼ਰਅ ਬਣੇ ਨਾ ਜਗਤ ਕਸਾਈਆ । ਦੀਨ ਦੁਨੀ ਬਦਲਣੀ ਜ਼ਮੀਰ, ਮਨ ਮਨਸਾ ਦਏ ਗਵਾਈਆ । ਭਾਗ ਲਗਾਵੇ ਤਨ ਮਾਟੀ ਸਰੀਰ, ਪੰਜ ਤਤ ਵੱਜੇ ਵਧਾਈਆ । ਜੋ ਲੇਖਾ ਲਿਖਿਆ ਹਜ਼ਰਤ ਮੁਹੰਮਦ ਵਿਚ ਕੁਰਾਨ ਮਜੀਦ, ਧੁਰ ਦੇ ਕਾਅਬੇ ਖੋਜ ਖੁਜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਮੈਂ ਜਲ ਵਿਚ ਡੁੱਬੀ, ਜਗਤ ਡੁਬਦਾ ਵੇਖ ਵਖਾਈਆ । ਮੈਂ ਰੋਵਾਂ ਉਚੀ ਸਾਹ ਭੁੱਬੀ, ਹੌਕਿਆਂ ਵਿਚ ਜਣਾਈਆ । ਮੇਰੇ ਮਾਲਕ ਨੇ ਧਾਰ ਰਹਿਣ ਨਹੀਂ ਦੇਣੀ ਦੂਜੀ, ਦੂਆ ਏਕਾ ਗੰਢ ਪਵਾਈਆ । ਜਿਸ ਦੀ ਰਮਜ਼ ਸ਼ਬਦ ਧਾਰ ਦੀ ਗੁੱਝੀ, ਜਗਤ ਵਾਲਿਆਂ ਨਾ ਕੋਇ ਸਮਝਾਈਆ । ਮੈਂ ਉਸੇ ਦੀ ਸੇਵਾ ਵਿਚ ਰੁਝੀ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਜੋ ਖੇਲ ਕਰਦਾ ਜੁਗ ਜੁਗੀ, ਜੁਗਾਂ ਜੁਗੰਤਰਾਂ ਵੇਸ ਵਟਾਈਆ । ਜਿਸ ਦੀ ਜੋਤ ਹੋਵੇ ਉਘੀ, ਉਗਣ ਆਥਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਖੇਲ ਆਪ ਖਿਲਾਈਆ । ਸਮੁੰਦ ਕਹੇ ਮੈਂ ਵੇਖਾਂ ਘੜੀ ਪਲਾਂ, ਪਲਕਾਂ ਤੋਂ ਪਰੇ ਧਿਆਨ ਲਗਾਈਆ । ਮੇਰੀਆਂ ਕੂਕਣ ਲਹਿਰਾਂ ਤੇ ਛੱਲਾਂ, ਰੋਵਣ ਮਾਰਨ ਧਾਹੀਆ । ਜੋ ਵਸੇ ਜਲਾਂ ਥਲਾਂ, ਮਹੀਅਲਾਂ ਰਿਹਾ ਸਮਾਈਆ । ਕਦ ਆਵੇ ਸਾਡੇ ਵਿਚ ਮਹੱਲਾਂ, ਮਹੱਲ ਆਪਣਾ ਇਕ ਬਣਾਈਆ । ਉਹ ਹੋਵੇ ਧੁਰ ਦੀ ਧਾਰ ਇਕੱਲਾ, ਅਕਲ ਕਲਧਾਰੀ ਨੂਰ ਅਲਾਹੀਆ । ਜਿਸ ਦਾ ਨਿਹਚਲ ਧਾਮ ਅਟੱਲਾ, ਦਰਗਾਹ ਸਾਚੀ ਸਚਖੰਡ ਸੋਭਾ ਪਾਈਆ । ਉਸ ਦਾ ਰੂਪ ਹੋਵੇ ਵਲ ਛਲਾ, ਵਲ ਛਲ ਆਪਣੀ ਕਾਰ ਭੁਗਤਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਸ਼ਬਦ ਸੰਦੇਸ਼ਾ ਘੱਲਾ, ਜੁਗ ਜੁਗ ਮਾਤ ਸੁਣਾਈਆ । ਜਿਸ ਨੂੰ ਮੁਹੰਮਦ ਕਿਹਾ ਅਲਾਹੀ ਅੱਲਾ, ਨੂਰ ਨੁਰਾਨਾ ਡਗਮਗਾਈਆ । ਜਿਸ ਨੇ ਗੋਬਿੰਦ ਫੜਾਇਆ ਪੱਲਾ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸਮੁੰਦ ਕਹੇ ਮੇਰੀ ਆਦਿ ਆਦਿ ਦੀ ਤ੍ਰਿਸ਼ਨਾ, ਤ੍ਰਿਖਾਵੰਤ ਹੋ ਕੇ ਦਿਆਂ ਦੁਹਾਈਆ । ਮੇਰੀ ਸ਼ਹਾਦਤ ਦੇਵੇ ਬ੍ਰਹਮਾ ਸ਼ਿਵ ਵਿਸ਼ਨਾ, ਵਿਸ਼ਵ ਦਾ ਪਰਦਾ ਆਪ ਚੁਕਾਈਆ । ਮੈਨੂੰ ਇਸ਼ਾਰਾ ਦਿਤਾ ਰਾਮ ਤੇਰਾ ਲੇਖਾ ਉਸ ਨੇ ਲਿਖਣਾ, ਜਿਸ ਦਾ ਲੇਖਾ ਨਾ ਕੋਇ ਬਣਾਈਆ । ਤੂੰ ਕਲਜੁਗ ਅੰਤਮ ਉਸ ਦੇ ਚਰਨੀ ਟਿਕਣਾ, ਜਿਸ ਦੇ ਟਿੱਕੇ ਧੂੜੀ ਸਾਰੇ ਖ਼ਾਕ ਰਮਾਈਆ । ਮੇਰਾ ਲੇਖਾ ਨਾਲ ਪੱਥਰ ਇੱਟਣਾ, ਲੰਕਾ ਗੜ੍ਹ ਸੁਹਾਈਆ । ਤੇਰਾ ਲਹਿਣਾ ਅੰਤ ਇਕ ਇਕ ਨੇ ਨਜਿੱਠਣਾ, ਜਿਸ ਦਾ ਜੇਠਾ ਸੁਤ ਸ਼ਬਦੀ ਧਾਰ ਸੋਭਾ ਪਾਈਆ । ਤੂੰ ਉਸ ਦੇ ਚਰਨਾਂ ਹੇਠ ਲਿਟਣਾ, ਆਪਣਾ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਮੁੰਦ ਕਹੇ ਮੈਂ ਮਾਣਾਂ ਉਹ ਰਸ, ਜੋ ਰਸ ਰਸਨਾ ਵਿਚ ਨਾ ਆਈਆ । ਮੇਰੀ ਕੀ ਕਰੇ ਬਣੀ ਮਸ, ਸਮੁੰਦਰ ਸੱਤ ਸਤਿ ਨਾ ਕੋਇ ਵਡਿਆਈਆ । ਮੇਰੀ ਮੇਰੇ ਵਿਚੋਂ ਹੋਈ ਬਸ, ਬਲਹੀਣ ਦਿਆਂ ਦੁਹਾਈਆ । ਤੇਰਾ ਲਿਖਿਆ ਨਾ ਜਾਵੇ ਜਸ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਜਿਉਂ ਭਾਵੇ ਤਿਉਂ ਲੈਣਾ ਰਖ, ਤੇਰੀ ਇਕ ਸਰਨਾਈਆ । ਮੇਰੀ ਅੰਦਰੋਂ ਖੁਲ੍ਹੀ ਅੱਖ, ਪ੍ਰਤੱਖ ਤੱਕਿਆ ਬੇਪਰਵਾਹੀਆ । ਜਿਸ ਧਰਤੀ ਨਾਲੋਂ ਮੇਰੇ ਵਿਚ ਜੂਨੀ ਰਖੀ ਬਤਾਲੀ ਲੱਖ, ਅਲਖ ਅਲਖਣਾ ਵਡ ਵਡਿਆਈਆ । ਅੱਜ ਉਹ ਸਵਾਮੀ ਗ੍ਰਿਹਿ ਮੇਰੇ ਆਇਆ ਸਚ, ਸਚ ਦਿਆਂ ਸੁਣਾਈਆ । ਜੀਵ ਜੰਤ ਸਾਰੇ ਪਏ ਨੱਚ, ਨੱਚਣ ਟੱਪਣ ਕੁੱਦਣ ਚਾਈਂ ਚਾਈਆ । ਸਾਡਾ ਮਿਲਿਆ ਪਰਮੇਸ਼ਵਰ ਪਤਿ, ਪਾਰਬ੍ਰਹਮ ਬੇਪਰਵਾਹੀਆ । ਜੋ ਪਰਵਰਦਿਗਾਰ ਨੂਰ ਅਲਾਹੀ ਸਮਰਥ, ਬੇਅੰਤ ਇਕ ਅਖਵਾਈਆ । ਉਹ ਸਾਡੇ ਸਿਰ ਤੇ ਰਖੇ ਹੱਥ, ਬਿਨ ਹੱਥਾਂ ਹੱਥ ਟਿਕਾਈਆ । ਜਿਸ ਖੇਲ ਖਿਲਾਇਆ ਨੌ ਅਗਸਤ,

ਅਗਸਤ ਮੁੰਨੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਸਰੂਪ ਸਦਾ ਸਵਛ, ਜੋਤੀ ਜਾਤਾ ਨਜ਼ਰੀ ਆਈਆ ।

✪ ੨੯ ਸਾਵਣ ਸ਼ਹਿਨਸ਼ਾਹੀ ਸੰਮਤ ੮ ਸਮੁੰਦਰੀ ਜਹਾਜ਼ ਵਿਚ ਉਸ ਦੇ ਕਪਤਾਨ ਮਿਲਾਫ਼ਸਕੀ ਤੇ ਦਇਆ ਕੀਤੀ ✪

ਕੈਪਟਨ ਮਿਲਾਫ਼ਸਕੀ ਹੋਇਆ ਮਿਲਾਪ, ਦਵਾਰਕਾ ਸ਼ਿਪ ਦਏ ਗਵਾਹੀਆ । ਨੂਰ ਨੁਰਾਨਾ ਮਿਲੇ ਬਾਪ, ਗਾਡ ਧੁਰਦਰਗਾਹੀਆ । ਤਨ ਵਜੂਦ ਸਰੀਰ ਬਾਡੀ ਕਰੇ ਪਾਕ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਿੰਨ ਸੌ ਅੱਸੀ ਦਿਨ ਬਾਦ ਮਿਲੇ ਆਪ, ਦਰਸ ਏਸੇ ਤਰਾਂ ਦਿਖਾਈਆ । ਵਕਤ ਸਾਢੇ ਬਾਰਾਂ ਹੋਏ ਰਾਤ, ਬਾਰਾਂ ਅਗਸਤ ਵੱਜੇ ਵਧਾਈਆ । ਅੰਤਰ ਅੰਤਰ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਵਾਹਿਦ ਵਾਹਿਦ ਜੋੜੇ ਨਾਤ, ਨਾਤਾ ਆਪਣੇ ਨਾਲ ਰਖਾਈਆ । ਮਸੀਹ ਦਾ ਪੂਰਾ ਹੋਵੇ ਵਾਕ, ਕੈਥਲਕ ਰੋਮਨ ਸਾਰੇ ਵੇਖ ਵਖਾਈਆ । ਪੋਲਿਸ਼ ਪੌਲੈਂਡ ਵਿਚ ਪੋਸ਼ੀਦਾ ਖੋਲੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅੱਜ ਦਾ ਵਕਤ ਸਮਾਂ ਰਖਣਾ ਯਾਦ, ਯਾਦਦਾਸਤ ਅਗਲੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੀ ਸਚ ਨਾਮ ਦੇਵੇ ਦਾਤ, ਮੁਹੱਬਤ ਵਿਚੋਂ ਮਿਹਰ ਨਜ਼ਰ ਬੇਨਜ਼ੀਰ ਉਠਾਈਆ ।



✪ ੩੦ ਸਾਵਣ ਸ਼ਹਿਨਸ਼ਾਹੀ ਸੰਮਤ ੮ ਮਸਕਤ ਬੰਦਰਗਾਹ ਤੇ ਜਹਾਜ਼ ਪੁੱਜਣ ਤੇ ਦਇਆ ਕੀਤੀ ✪

ਨਾਰਦ ਕਹੇ ਮੇਰੀ ਬੋਦੀ ਦਿਤਾ ਹੁਲਾਰਾ, ਉਛਲ ਉਛਲ ਰਹੀ ਸੁਣਾਈਆ । ਉਹ ਵੇਖ ਖੇਲ ਅਗੰਮੀ ਯਾਰਾ, ਕੀ ਪਰਵਰਦਿਗਾਰ ਵਖਾਈਆ । ਖਵਾਜਾ ਕੂਕ ਕੂਕ ਪੁਕਾਰਾ, ਇੰਦਰ ਹੋਕਾ ਰਿਹਾ ਸੁਣਾਈਆ । ਮੈਂ ਨਿਗਾਹ ਮਾਰੀ ਮੈਨੂੰ ਦਿਸਿਆ ਦਵਾਰਕਾ ਕਿਨਾਰਾ, ਸਾਵਣ ਸਤਾਈ ਰੰਗ ਰੰਗਾਈਆ । ਮੈਂ ਹੱਸ ਕੇ ਕਿਹਾ ਕਾਹਨ ਉਹ ਵੇਖ ਸਖ਼ੀਆਂ ਦਾ ਅਖਾੜਾ, ਬਿਨ ਗੋਪੀਆਂ ਨਾਚ ਨਚਾਈਆ । ਜਿਹੜਾ ਫਿਰਦਾ ਵਿਚ ਜਲਧਾਰਾ, ਜਲਵਾਯੂ ਰੰਗ ਰੰਗਾਈਆ । ਮੈਂ ਝਟ ਨਿਉਂ ਕੇ ਕੀਤੀ ਨਿਮਸਕਾਰਾ, ਨਮੋਂ ਨਮੋਂ ਸੀਸ ਝੁਕਾਈਆ । ਨਾਲੇ ਹੱਸ ਕੇ ਕਿਹਾ ਐ ਮੇਰੇ ਪ੍ਰਭੂ ਸਮੁੰਦ ਸਾਗਰ ਵੇਖ ਖਾਰਾ, ਖਾਈ ਕੰਢੇ ਧਿਆਨ ਲਗਾਈਆ । ਆਪਣੀ ਦੀਨ ਦੁਨੀ ਵੇਖ ਜਗਤ ਵਾਸ਼ਨਾ ਖੁਭੀ ਗਾਰਾ, ਚਿਕੜ ਬਾਹਰ ਨਾ ਕੋਇ ਕਢਾਈਆ । ਨਾਲੇ ਕੂਕ ਕੇ ਆਹ ਦਾ ਮਾਰਿਆ ਨਾਅਰਾ, ਹਾਏ ਹਾਏ ਕਰ ਸੁਣਾਈਆ । ਤੂੰ ਚੌਵ੍ਹੀਆਂ ਕਿ ਚੌਬੀਸਾ ਕਿ ਕਲਕੀ ਅਵਤਾਰਾ, ਕਿ ਅਮਾਮ ਅਮਾਮਾ ਨਜ਼ਰੀ ਆਈਆ । ਝਟ ਸ਼ਬਦ ਸੁਣਿਆ ਮੇਰਾ ਅੰਤ ਨਾ ਪਾਰਾਵਾਰਾ, ਬੇਪਰਵਾਹ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਇਕ ਦਿਨ ਹਾਸੇ ਵਿਚ ਕ੍ਰਿਸ਼ਨ ਦੀ ਪਕੜੀ ਬਾਂਹ, ਅਗੇ ਹੋ ਅਟਕਾਈਆ । ਤੂੰ ਆਪਣਾ ਦੱਸ ਨਾਂ, ਜਿਸ ਨਾਮ ਨਾਲ ਦੋ ਜਹਾਨ ਤਰਾਈਆ । ਤਤਾਂ ਵਾਲੇ ਅਣਗਿਣਤ ਰਾਮ ਕ੍ਰਿਸ਼ਨ ਜੰਮੇ ਮਾਂ,

ਅੰਤ ਖ਼ਾਕ ਵਿਚ ਮਿਲ ਜਾਈਆ । ਫੇਰ ਹੱਸ ਕੇ ਕਿਹਾ ਦੱਸ ਕਵਣ ਸਚ ਮਲਾਹ, ਖੇਵਟ ਇਕ ਅਖਵਾਈਆ । ਜੋ ਚੁਰਾਸੀ ਬੰਨੇ ਦੇਵੇ ਲਾ, ਜਲਾਂ ਥਲਾਂ ਹੋਏ ਸਹਾਈਆ । ਜਿਸ ਨੂੰ ਵੇਖ ਸਕੇ ਕੋਈ ਨਾ, ਜਗਤ ਜਹਾਨ ਨਜ਼ਰ ਕਿਸੇ ਨਾ ਆਈਆ । ਉਹ ਵੇਖੇ ਹਰ ਘਟ ਥਾਂ, ਥਾਨ ਥਨੰਤਰ ਫੋਲ ਫੁਲਾਈਆ । ਕ੍ਰਿਸ਼ਨ ਨੇ ਮੇਰੀ ਬੋਦੀ ਨੂੰ ਹਲੂਣਾ ਦਿਤਾ ਲਾ, ਹਿਲਾ ਕੇ ਦਿਤਾ ਵਖਾਈਆ । ਨਾਰਦ ਤੇਰੀ ਬੋਦੀ ਬੁੱਧੀ ਤੋਂ ਪਰੇ ਗਵਾਹ, ਸ਼ਹਾਦਤ ਅਕਲ ਤੋਂ ਬਿਨਾ ਭੁਗਤਾਈਆ । ਕਲਜੁਗ ਅੰਤਮ ਕਾਹਨ ਦਾ ਕਾਹਨ ਜਾਵੇ ਆ, ਜਿਸ ਨੂੰ ਘਨਈਆ ਸੀਸ ਨਿਵਾਈਆ । ਉਹ ਸਭ ਦਾ ਲਹਿਣਾ ਦੇਣਾ ਦਏ ਮੁਕਾ, ਪੂਰਬ ਲੇਖਾ ਰਹੇ ਨਾ ਰਾਈਆ । ਤਟ ਕਿਨਾਰਿਆਂ ਫੇਰਾ ਜਾਏ ਪਾ, ਜਲਾਂ ਹੋਏ ਸਹਾਈਆ । ਨਾਰਦ ਕਹੇ ਝਟ ਕ੍ਰਿਸ਼ਨ ਨੇ ਮੇਰੇ ਸੀਸ ਥਪਕੀ ਦਿਤੀ ਲਾ, ਮੇਰੇ ਨੈਣ ਬੰਦ ਕਰਾਈਆ । ਮੈਨੂੰ ਵੇਲਾ ਦਿਤਾ ਸਮਝਾ, ਪਰਦਾ ਓਹਲਾ ਆਪ ਚੁਕਾਈਆ । ਮੈਂ ਉਸ ਸਮੇਂ ਨੂੰ ਭੁੱਲਿਆ ਨਾ, ਵਕਤ ਨਾਲ ਵਕਤ ਲਿਆ ਮਿਲਾਈਆ । ਛੱਬੀ ਸਾਵਣ ਸਾਢੇ ਦਸ ਮੈਨੂੰ ਸੰਦੇਸ਼ਾ ਪੁੱਜਾ ਮੇਰੇ ਅੰਤਰ ਚੜ੍ਹਿਆ ਚਾਅ, ਚਾਉ ਘਨੇਰਾ ਇਕ ਦਰਸਾਈਆ । ਤਿਸ ਸਵਾਮੀ ਅੰਤਰਜਾਮੀ ਦਾ ਦਰਸ ਚਾਰ ਤੀਸ ਲਿਆ ਪਾ, ਵਕਤ ਸੁਹੰਜਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਨਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਨਿਰਗੁਣ ਧਾਰ ਦਰਸ਼ਨ ਪਾਇਆ, ਸ਼ਬਦ ਵੱਜੀ ਵਧਾਈਆ । ਮੈਨੂੰ ਦੂਰੋਂ ਤੱਕੇ ਤ੍ਰੈਗੁਣ ਮਾਇਆ, ਬਿਨ ਨੈਣਾਂ ਨੈਣ ਉਠਾਈਆ । ਮੈਂ ਹੱਸ ਕੇ ਕਿਹਾ ਕਮਲੀਏ ਮੈਂ ਪੰਜਾਂ ਤਤਾਂ ਤੋਂ ਪਲੂ ਛੁਡਾਇਆ, ਤਨ ਵਜੂਦ ਨਾ ਕੋਇ ਰਖਾਈਆ । ਉਸ ਕਾਹਨ ਦੇ ਕੋਲ ਚਲ ਕੇ ਆਇਆ, ਜਿਸ ਕਾਹਨ ਨੂੰ ਕਾਹਨ ਗਿਆ ਦ੍ਰਿੜਾਈਆ । ਦੁਆਪਰ ਦਾ ਚੇਤਾ ਕਲਜੁਗ ਅੰਤ ਨਾ ਅਜੇ ਭੁਲਾਇਆ, ਅਭੁਲ ਦਿਤੀ ਵਡਿਆਈਆ । ਖੇਲ ਤੱਕਿਆ ਬੇਪ੍ਰਵਾਹਿਆ, ਬੇਪ੍ਰਵਾਹ ਦਿਤਾ ਸਮਝਾਈਆ । ਜਾਂ ਮੈਂ ਨਿਗਾਹ ਮਾਰੀ ਮੈਨੂੰ ਰਵੀਦਾਸ ਦਾ ਕਸੀਰਾ ਨਜ਼ਰੀ ਆਇਆ, ਜੋ ਪਿਛੋਂ ਭੱਜਿਆ ਆਵੇ ਵਾਹੋ ਦਾਹੀਆ । ਕਾਨਾ ਕਲਮ ਵਾਲਾ ਸੁਹਾਇਆ, ਜਿਸ ਕਲ ਕਾਤਬਾਂ ਰੰਗ ਰੰਗਾਈਆ । ਝਟ ਮੈਂ ਅਗੇ ਹੋ ਕੇ ਹੁਕਮ ਦਿਤਾ ਸੁਣਾਇਆ, ਕਿਉਂ ਭੱਜੇ ਵਾਹੋ ਦਾਹੀਆ । ਧੁਰ ਦਾ ਮਾਲਕ ਲੱਭਿਆਂ ਹੱਥ ਕਿਸੇ ਨਾ ਆਇਆ, ਖੋਜਣ ਵਿਚ ਕਦੇ ਨਾ ਆਈਆ । ਕਸੀਰੇ ਕਿਹਾ ਜਿਸ ਸਮੁੰਦ ਸਾਗਰ ਚਰਨ ਕਵਲ ਬਦਲਾਇਆ, ਬਦਲੀ ਦੋ ਜਹਾਨ ਕਰਾਈਆ । ਨਾਰਦਾ ਮੈਂ ਤੈਨੂੰ ਸੰਦੇਸ਼ਾ ਦੇਵਣ ਆਇਆ, ਸਹਿਜ ਨਾਲ ਦੇਣਾ ਸੁਣਾਈਆ । ਮੈਂ ਆਪਨਾ ਆਪ ਤੇਰੀ ਭੇਟ ਕਰਾਇਆ, ਚਰਨ ਕਵਲ ਕਵਲ ਚਰਨ ਦੇਣੀ ਸ਼ਰਨਾਈਆ । ਬਤਾਲੀ ਦਾ ਲੇਖਾ ਲੱਖ ਨਾਲ ਵਡਿਆਇਆ, ਅਲਖ ਤੇਰੀ ਬੇਪਰਵਾਹੀਆ । ਨਾਰਦ ਕਹੇ ਮੈਂ ਵੀ ਉਸੇ ਦਾ ਰਾਹ ਤਕਾਇਆ, ਫਿਰਾਂ ਵਾਹੋ ਦਾਹੀਆ । ਜੁਗ ਪਿਛੋਂ ਉਸ ਦੇ ਦਰਸ ਦਾ ਦਰਸ ਪਾਇਆ, ਦੀਦ ਦਰਸ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਂ ਖੇਲ ਤੱਕਿਆ ਰਾਤੀ ਸਤਾਈ ਸਾਵਣ, ਸਮਾਂ ਅੱਠ ਦਸ ਵਡਿਆਈਆ । ਨਾਰਦ ਕਹੇ ਮੈਨੂੰ ਚੇਤਾ ਆਇਆ ਕੀ ਸੰਦੇਸਾ ਦਿਤਾ ਬਾਵਨ, ਬਾਵਨ ਅੱਖਰੀ ਤੋਂ ਬਾਹਰ ਦ੍ਰਿੜਾਈਆ । ਕੀ ਲੇਖਾ ਲਿਖਿਆ ਪੱਥਰ ਉਤੇ ਜਿਸ ਵੇਲੇ ਰਾਮ ਚਲਿਆ ਵੱਲ ਰਾਵਣ, ਅੱਖਰ ਅੱਖਰ ਨਾਲ ਰਲਾਈਆ । ਜਿਸ ਨੂੰ ਸੀਤਾ ਰਾਮ ਸਾਰੇ ਗਾਵਣ, ਗਾ ਗਾ ਖ਼ੁਸ਼ੀ ਬਣਾਈਆ । ਕਲਜੁਗ ਅੰਤਮ ਆਵੇ ਪਤਤ ਪਾਵਨ, ਪਾਪੀਆਂ ਲਏ ਤਰਾਈਆ । ਸਭ ਦਾ ਪਕੜੇ ਦਾਮਨ, ਦਾਮਨਗੀਰ

੧੧੭
੨੩

ਇਕ ਅਖਵਾਈਆ । ਜਿਸ ਨੂੰ ਪੈਗ਼ੰਬਰਾਂ ਬਣਾਉਣਾ ਆਪਣਾ ਜ਼ਾਮਨ, ਜ਼ਾਮਨੀ ਆਪਣੀ ਪੂਰ ਕਰਾਈਆ । ਕਲਜੁਗ ਮੇਟੇ ਅੰਧੇਰੀ ਸ਼ਾਮਨ, ਸ਼ਮਾ ਨੂਰ ਕਰੇ ਰੁਸ਼ਨਾਈਆ । ਸ਼ਰਅ ਦਾ ਰਹਿਣ ਦੇਵੇ ਨਾ ਕੋਇ ਗ਼ੁਲਾਮਨ, ਜ਼ੰਜੀਰ ਜਗਤ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਠਾਈ ਸਾਵਣ ਕਹੇ ਮੇਰਾ ਚੜ੍ਹਿਆ ਦਿਵਸ ਦਿਹਾੜਾ, ਦਿਉਹਾੜੀ ਸੀਸ ਨਿਵਾਈਆ । ਧੁਰਦਰਗਾਹੀ ਤੱਕਿਆ ਲਾੜਾ, ਹਰਿ ਕਰਤਾ ਬੇਪਰਵਾਹੀਆ । ਜਿਸ ਦੇ ਅਗੇ ਖਵਾਜਾ ਖਿਜਰ ਕਢੇ ਹਾੜਾ, ਨਿਵ ਨਿਵ ਲਾਗੇ ਪਾਈਆ । ਦੀਨ ਮਜ਼੍ਹਬ ਦਾ ਮੇਟ ਕੇ ਪਾੜਾ, ਪੱਟੀ ਧੁਰ ਦਾ ਨਾਮ ਪੜ੍ਹਾਈਆ । ਸ਼ਰੀਅਤ ਸ਼ਰਅ ਨਾ ਰਹੇ ਅਖਾੜਾ, ਖਾੜੀ ਕਰਾਚੀ ਦੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਮੇਰੇ ਨਾਲ ਮੇਰੀ ਆਸ਼ਾ ਚਲ ਪਈ ਗੋਪੀ, ਮਨਸਾ ਸੋਹਣਾ ਰੂਪ ਬਣਾਈਆ । ਕਰਾਚੀ ਪਹੁੰਚ ਕੇ ਖਵਾਜੇ ਖਿਜਰ ਦੀ ਵੇਖੀ ਟੋਪੀ, ਪੱਗੜੀ ਨਾਲ ਵਟਾਈਆ । ਮੈਂ ਹੱਸ ਕੇ ਕਿਹਾ ਆਓ ਵਲੀ ਅੱਲਾ ਸਾਡੀ ਦੋਹਾਂ ਦੀ ਇਕੋ ਗੋਤੀ, ਦੂਸਰ ਵੰਡ ਨਾ ਕੋਇ ਵੰਡਾਈਆ । ਦੋਹਾਂ ਦੇ ਅੰਦਰ ਇਕੋ ਜੋਤੀ, ਇਕੋ ਨੂਰ ਨੂਰ ਰੁਸ਼ਨਾਈਆ । ਇਕੋ ਕਾਇਆ ਕਾਅਬਾ ਇਕੋ ਮੰਦਰ ਤਨ ਵਜੂਦ ਕੋਠੀ, ਕੁਟੀਆ ਸੋਭਾ ਪਾਈਆ । ਇਕੋ ਸਿਫ਼ਤ ਸਲਾਹ ਸਾਰੇ ਪੜ੍ਹਦੇ ਪੋਥੀ, ਰਾਮ ਅੱਲਾ ਢੋਲਾ ਗਾਈਆ । ਮੇਰਾ ਹਕ ਦਾ ਹਕ ਸਲੋਕੀ, ਸੋਹਲਾ ਦਿਤਾ ਜਣਾਈਆ । ਜਿਸ ਦੀ ਉਡੀਕ ਚਰੋਖੀ, ਚੌਦਾਂ ਸਦ ਬੈਠੇ ਰਾਹ ਤਕਾਈਆ । ਉਹ ਸਭ ਦਾ ਰਾਹ ਬੈਠਾ ਰੋਕੀ, ਅਗੇ ਹੋ ਕੇ ਡੇਰਾ ਲਾਈਆ । ਜਿਸ ਨੂੰ ਸਹਾਰਾ ਨਹੀਂ ਸਾਂਢਣੀ ਬੋਤੀ, ਚੁਪਾਏ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਖਵਾਜਾ ਕਹੇ ਮਸਕਤ ਨਾਲ ਪਿਆਰ, ਨਾਰਦ ਮੁਨ ਜਣਾਈਆ । ਦੋਵੇਂ ਹੋਈਏ ਹੁਸ਼ਿਆਰ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਕੀ ਪੈਗ਼ੰਬਰਾਂ ਦਿਤੀ ਵਿਚਾਰ, ਕੀ ਅਵਤਾਰ ਗਏ ਸਮਝਾਈਆ । ਕੀ ਗੁਰੂਆਂ ਕੀਤਾ ਇਜ਼ਹਾਰ, ਸਿਫ਼ਤਾਂ ਵਿਚ ਸਾਲਾਹੀਆ । ਨਾਰਦ ਕਹੇ ਉਨ ਹੱਸ ਕੇ ਕਿਹਾ ਅਸੀਂ ਸਾਰੇ ਬੰਦੇ ਖ਼ਾਕੀ ਸਾਡਾ ਮਾਲਕ ਇਕ ਏਕੰਕਾਰ, ਇਸਤਗੁਫ਼ਾਰ ਇਕ ਅਖਵਾਈਆ । ਸਾਡੇ ਕਲਬੂਤਾਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਬਣਾਇਆ ਵਜੂਦਾਂ ਵੱਖ ਵੱਖ ਵੰਡਾਈਆ । ਕਿਸੇ ਧੋਤੀ ਪਹਿਨੀ ਕਿਸੇ ਪਹਿਨੀ ਸਲਵਾਰ, ਕੋਈ ਕਮਰਕਸਾ ਕਸ ਕੇ ਭੱਜਿਆ ਵਾਹੋ ਦਾਹੀਆ । ਨਾਰਦ ਕਹੇ ਮੈਂ ਉਚੀ ਕੂਕ ਕੇ ਰੋ ਕੇ ਧਾਹ ਮਾਰ ਕੇ ਬਾਂਹ ਫੜ ਕੇ ਕਿਹਾ ਆਹ ਵੇਖ ਮੇਰੇ ਯਾਰ, ਯਾਰਾ ਦਿਆਂ ਜਣਾਈਆ । ਸਭ ਦਾ ਇਕੋ ਮਾਲਕ ਵਾਹਿਦ ਖ਼ਾਲਕ ਪਰਵਰਦਿਗਾਰ, ਜਿਸ ਦਾ ਰੂਪ ਰੰਗ ਰੇਖ ਜਗਤ ਨਾ ਕੋਇ ਸਮਝਾਈਆ । ਉਹ ਖੇਲ ਕਰੇ ਅਪਰ ਅਪਾਰ, ਅਪਰੰਪਰ ਆਪਣੀ ਕਲ ਵਰਤਾਈਆ । ਸਦੀ ਚੌਧਵੀਂ ਪਾਵੇ ਸਾਰ, ਚੰਨਾਂ ਦਾ ਚੰਦ ਨੂਰ ਰੁਸ਼ਨਾਈਆ । ਅਮਾਮ ਅਮਾਮਾ ਹੋ ਤਿਆਰ, ਸਚ ਦਮਾਮਾ ਰਿਹਾ ਵਜਾਈਆ । ਉਸ ਘਾਟ ਪਹੁੰਚਿਆ ਜਿਥੇ ਹਜ਼ਰਤਾਂ ਗੁਜ਼ਾਰਿਸ਼ ਵਿਚ ਕੀਤੀ ਪੁਕਾਰ, ਆਜਿਜ਼ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ ।



੧੧੮
੨੩

## ✪ ੩੦ ਸਾਵਣ ਸ਼ਹਿਨਸ਼ਾਹੀ ਸੰਮਤ ੮ ਮਸਕਤ ਬੰਦਰਗਾਹ ਤੋਂ ਜਹਾਜ਼ ਤੁਰਨ ਸਮੇਂ ਇਕਬਾਲ ਅਹਿਮਦ ਖ਼ਾਨ ਡੀ-੫ ਹਾਜੀ ਅੱਛੂ ਬਿਲਡਿੰਗ ਬੰਬਈ ਤੇ ਅਲੀ ਹੁਸੈਨ ਸੰਨ ਆਫ਼ ਮੁਹੰਮਦ ਹੁਸੈਨ ਨਾਜ਼ਿਮ ਰਤਨਾਮ ਦੀ ਬੇਨਤੀ ਕਰਨ ਤੇ ਕਿ ਹਰ ਮਜ਼੍ਹਬ ਆਪਣੇ ਆਪ ਨੂੰ ਬਿਹਤਰ ਸਮਝਦਾ ਹੈ ਪਰ ਸਤਿ ਕੀ ਹੈ ✪

ਮਜ਼੍ਹਬ ਖ਼ੁਦ ਖ਼ੁਦਾ ਕੀ ਹੈ ਤਹਜ਼ੀਬ, ਕਾਇਨਾਤ ਦੀਨ ਦੁਨੀ ਸਮਝਾਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਦੇ ਅਜ਼ੀਜ਼, ਮੁਹੱਬਤ ਵਿਚ ਆਪਣਾ ਨਾਮ ਕਲਮਾ ਦਿਤਾ ਸੁਣਾਈਆ । ਜਿਨ੍ਹਾਂ ਸਚ ਦੀ ਹੁਕਮ ਦਿਤੀ ਤਮੀਜ਼, ਮੁਕਾਮੇ ਹਕ ਦਰਗਾਹ ਸਚ ਸਚਖੰਡ ਦਾ ਪਰਦਾ ਦਿਤਾ ਉਠਾਈਆ । ਧੁਰ ਦੇ ਹੁਕਮ ਪੈਗ਼ਾਮ ਦੀ ਸਚੇ ਨਾਮ ਦੀ ਕੀਤੀ ਤਸਦੀਕ, ਸ਼ਹਾਦਤ ਆਪਣੇ ਕਲਮੇ ਵਾਲੀ ਭੁਗਤਾਈਆ । ਸਾਰੇ ਮਾਰਗ ਸਾਰੇ ਰਸਤੇ ਖ਼ੁਦਾ ਰਾਮ ਅਲਾਹ ਵਾਹਿਗੁਰੂ ਨੂੰ ਮਿਲਣ ਵਾਲੇ ਠੀਕ, ਇਕੋ ਠਾਕਰ ਨੂੰ ਸਾਰੇ ਸੀਸ ਨਿਵਾਈਆ । ਜਿਸ ਦੀ ਸਿਫ਼ਤ ਕਰੇ ਕੁਰਾਨ ਮਜੀਦ ਕੁਰਾਨੇ ਹਦੀਸ, ਹੁਕਮ ਧੁਰ ਦਾ ਰਹੀ ਸੁਣਾਈਆ । ਸਾਰੇ ਮਜ਼੍ਹਬ ਮਜ਼੍ਹਬੀ ਰਹਨੁਮਾ ਗ਼ਫ਼ਲਤ ਵਿਚੋਂ ਖੋਲਣ ਨੀਂਦ, ਸੁਰਤ ਸ਼ਬਦ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਦੀਨ ਮਜ਼੍ਹਬ ਸਾਰੇ ਸੱਚੇ, ਸਚ ਨਾਲ ਮਿਲਾਈਆ । ਜੋ ਸੰਦੇਸ਼ੇ ਦੇਂਦੇ ਕਾਇਆ ਮਾਟੀ ਭਾਂਡੇ ਕੱਚੇ, ਤਨ ਵਜੂਦ ਕਰਨ ਸਫ਼ਾਈਆ । ਜਿਹੜਾ ਹਜ਼ਰਤ ਹਜ਼ੂਰ ਮਿਲਦਾ ਮਦੀਨੇ ਮੱਕੇ, ਉਹ ਹਰ ਕਾਇਆ ਕਾਅਬੇ ਵਿਚ ਬੈਠਾ ਡੇਰਾ ਲਾਈਆ । ਇਹੋ ਸੰਦੇਸ਼ੇ ਰਾਮ ਕ੍ਰਿਸ਼ਨ ਨੇ ਦੱਸੇ, ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਵੱਜੇ ਵਧਾਈਆ । ਨਾਨਕ ਗੋਬਿੰਦ ਏਸੇ ਧਾਰ ਵਿਚ ਵਸੇ, ਜੋ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਵਾਹਿਦ ਲਾਸ਼ਰੀਕ ਰਿਹਾ ਦ੍ਰਿੜਾਈਆ । ਖ਼ੁਦਾ ਦੀ ਮਿਹਰ ਨਾਲ ਲੋਕਮਾਤ ਕਾਇਨਾਤ ਸ੍ਰਿਸ਼ਟੀ ਵਿਚ ਆਏ ਦੀਗਰੇ ਬਾਦ ਯਕੇ, ਧੁਰ ਦਾ ਪੈਗ਼ਾਮ ਧਰਨੀ ਧਰਤ ਧਵਲ ਧੌਲ ਗਏ ਸੁਣਾਈਆ । ਜਿਤਨੇ ਮਜ਼੍ਹਬ ਜਿਤਨੇ ਰਹਨੁਮਾ ਇਹ ਸਚ ਘਰ ਵਿਚ ਪਿਆਰ ਮੁਹੱਬਤ ਵਿਚ ਸਕੇ, ਦੂਜੀ ਵੰਡ ਨਾ ਕੋਇ ਵੰਡਾਈਆ । ਜੋ ਆਪਣੇ ਮਜ਼੍ਹਬ ਵਿਚ ਮੁਜਾਹਿਦ ਹੋਣ ਪੱਕੇ, ਪਰਵਰਦਿਗਾਰ ਇਕੋ ਨੂੰ ਸੀਸ ਨਿਵਾਈਆ । ਉਨ੍ਹਾਂ ਦੇ ਅੰਦਰ ਨਾ ਕੋਇ ਸ਼ੱਕ ਨਾ ਕੋਇ ਸ਼ਕੂਕ ਨਾ ਕੋਇ ਸ਼ੱਕੇ, ਮਜ਼੍ਹਬ ਦੀ ਸ਼ਰਅ ਵਿਚ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਦਰਗਾਹ ਸਾਚੀ ਸਚਖੰਡ ਮੁਕਾਮੇ ਹਕ ਓਥੇ ਸਾਰੇ ਇਕ ਨੂਰ ਤੇ ਇਕੋ ਨੂਰ ਵਿਚ ਸਾਰੇ ਕੀਤੇ ਇਕੱਠੇ, ਜਿਥੇ ਦੀਨ ਮਜ਼੍ਹਬ ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਦੀਨ ਮਜ਼੍ਹਬ ਖ਼ੁਦ ਖ਼ੁਦਾ ਦਾ ਰਾਹ, ਰਹਿਬਰ ਬੇਪਰਵਾਹੀਆ । ਜਿਸ ਨੇ ਵਹੀ ਹੋ ਕੇ ਆਪਣੇ ਧੁਰ ਹੁਕਮ ਕਲਮੇ ਨਾਮ ਵੀ ਦਿਤੇ ਸੁਣਾ, ਸੰਦੇਸਾ ਅਗੰਮ ਅਥਾਹੀਆ । ਮੇਰਿਓ ਮੇਰੇ ਨਾਲ ਨਾ ਹੋਇਓ ਜੁਦਾ, ਜੁਜ਼ ਵੱਖਰਾ ਹਿੱਸਾ ਵੰਡ ਨਾ ਕੋਇ ਵੰਡਾਈਆ । ਇਕ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਰਾਮ ਹਕ ਖ਼ੁਦਾ, ਅਲਾਹ ਵਾਹਿਗੁਰੂ ਬੇਪਰਵਾਹੀਆ । ਸਾਰਿਆਂ ਮਜ਼੍ਹਬਾਂ ਦਾ ਖ਼ੁਦਾ ਨੂੰ ਮਿਲਣ ਦਾ ਰਸਤਾ ਤੇ ਇਕੋ ਮੁੱਦਾ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਖ਼ਲਕ ਦਾ ਖ਼ਾਲਕ ਏਕਾ ਏਕ ਨੂਰ ਅਲਾਹੀਆ ।


੧੧੯
੨੩

✪ ਫਿਰ ਬੇਨੰਤੀ ਕੀਤੀ ਆਪ ਜੀ ਦਾ ਸ਼ੁਭ ਨਾਮ ਕੀ ਹੈ ✪



ਮੇਰਾ ਸ਼ੁਭ ਨਾਮ ਜਗਤ ਕਹੇ ਪੂਰਨ ਸਿੰਘ, ਪੂਰਨ ਸਤਿਗੁਰ ਦਿਤੀ ਵਡਿਆਈਆ । ਜੋਤ ਆਵਾਜ਼ ਦਿਤੀ ਦਿਲ ਰੁਬਾ ਵਜਦੀ ਕਿੰਗ, ਸਿਤਾਰ ਸਿਤਾਰ ਸਤ੍ਰਾ ਬੁਲੰਦੀ ਤੋਂ ਉਤੇ ਸੁਣਾਈਆ । ਸਤਿ ਵਿਚ ਸਚ ਵਿਚ ਇਹ ਆਤਮਾ ਪਰਮਾਤਮਾ ਦੀ ਬਿੰਦ, ਨੂਰ ਦਾ ਨੂਰ ਤਨ ਵਜੂਦ ਵਿਚ ਸੋਭਾ ਪਾਈਆ । ਜਿਸ ਨੇ ਜਨਮ ਲਿਆ ਵਿਚ ਭਾਰਤ ਹਿੰਦ, ਜਿਸ ਨੂੰ ਹੁਣ ਪਾਕਿਸਤਾਨ ਕਹਿ ਕੇ ਗਾਈਆ । ਜ਼ਿਲਾ ਲਾਇਲਪੁਰ ਚੱਕ ਸਤਾਈ ਇਹ ਸੀ ਰਹਿਣ ਵਾਲਾ ਪਿੰਡ, ਨਹਿਰ ਝੰਗ ਬਰਾਂਚ ਸੋਭਾ ਪਾਈਆ । ਪਰਵਰਦਿਗਾਰ ਨੇ ਰਹਿਮਤ ਕੀਤੀ ਆਪਣੇ ਪਿਆਰ ਮੁਹੱਬਤ ਦੀ ਧਾਰ ਬਖ਼ਸ਼ੀ ਸਾਗਰ ਸਿੰਧ, ਆਬੇ ਹਯਾਤ ਧੁਰ ਦਾ ਦਿਤਾ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਗ੍ਰਿਹਿ ਇਕ ਵਖਾਈਆ । ਸੱਚਾ ਘਰ ਸੱਚਾ ਟਿਕਾਣਾ, ਸਚ ਗ੍ਰਿਹਿ ਇਕੋ ਨਜ਼ਰੀ ਆਈਆ । ਜਿਥੇ ਵਸੇ ਮਾਲਕ ਰਹੀਮ ਰਹਿਮਾਨਾ, ਰਹਿਮਤਾਂ ਦਾ ਦਾਤਾ ਬੇਪ੍ਰਵਾਹੀਆ । ਜਿਸ ਨੂੰ ਝੁਕਦੇ ਚੌਦਾਂ ਤਬਕ ਜ਼ਿਮੀਂ ਆਸਮਾਨਾਂ, ਸਮੁੰਦ ਸਾਗਰ ਨਿਉਂ ਨਿਉਂ ਲਾਗਣ ਪਾਈਆ । ਜਿਸ ਦਾ ਖੇਲ ਸਦਾ ਦੋ ਜਹਾਨਾਂ, ਨੂਰ ਨੁਰਾਨਾ ਡਗਮਗਾਈਆ । ਜਿਸ ਸਦੀ ਚੌਧਵੀਂ ਖੇਲ ਤੱਕਣਾ ਜ਼ਿਮੀਂ ਅਸਮਾਨਾਂ, ਜ਼ਾਹਰ ਜ਼ਹੂਰ ਆਪਣੀ ਕਲ ਵਰਤਾਈਆ । ਉਸ ਮੁਕਾਮ ਜਿਥੇ ਕਿਸੇ ਦਾ ਨਹੀਂ ਨਿਜ਼ਾਮ, ਵਾਹਿਦ ਮਾਲਕ ਇਕੋ ਨਜ਼ਰੀ ਆਈਆ । ਉਸ ਦੇ ਨੂਰ ਵਿਚ ਜ਼ਹੂਰ ਵਿਚ ਮਸ਼ਕੂਰ ਹੋ ਕੇ ਕਰਾਂ ਬਿਸਰਾਮ, ਬਿਸਮਿਲਾ ਕਹਿ ਕੇ ਬਿਸਮਿਲ ਹੋ ਕੇ ਉਸੇ ਵਿਚ ਸਮਾਈਆ । ਜਿਸ ਨੂੰ ਕਹਿੰਦੇ ਪਰਦਾਨਸ਼ੀਂ ਮੁਖ ਤੇ ਰਖੇ ਨਕਾਬ, ਬਿਨਾ ਸੂਫ਼ੀਆਂ ਤੋਂ ਕਿਸੇ ਦਾ ਮਨਜ਼ੂਰ ਨਾ ਕਰੇ ਅਦਾਬ, ਸਜਦਾ ਆਪਣਾ ਇਕ ਦਰਸਾਈਆ । ਉਸੇ ਦੇ ਗ੍ਰਿਹਿ ਉਸੇ ਦੇ ਘਰ ਉਸੇ ਦੇ ਮੰਦਰ ਉਸ ਦੇ ਕਾਅਬੇ ਉਸ ਦੀ ਧਾਰ ਵਿਚ ਹਕ ਦਾ ਹਕ ਆਰਾਮ, ਆਰਾਮਗਾਹ ਨਜ਼ਰ ਕੋਇ ਨਾ ਆਈਆ । ਜਾਂ ਤੱਕਾਂ ਨਾ ਉਥੇ ਕੋਈ ਸੁਬਹ ਨਾ ਕੋਇ ਸ਼ਾਮ, ਸੂਰੀਆ ਚੰਦ ਬੈਠੇ ਮੁਖ ਛੁਪਾਈਆ । ਇਕੋ ਹਕੀਕਤ ਦਾ ਹਕ ਵਾਲਾ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਕਰੇ ਸ਼ਨਵਾਈਆ । ਉਸੇ ਦੇ ਬਿਨਾ ਕਦਮਾਂ ਤੋਂ ਕਦਮ ਬੋਸੀ ਕਰ ਕੇ ਇਕ ਇਕ ਸਲਾਮ, ਜੋ ਅਮਾਮਾਂ ਦਾ ਅਮਾਮ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਏਕਾ ਰੰਗ ਰੰਗਾਈਆ । ਸਚ ਗ੍ਰਿਹਿ ਘਰ ਸਚ ਟਿਕਾਣਾ, ਜਿਥੇ ਲਾਸ਼ਰੀਕ ਦਿਸੇ ਨੂਰ ਅਲਾਹੀਆ । ਉਥੇ ਨਾ ਕੋਈ ਰਾਗ ਨਾ ਕੋਈ ਧੁਨ ਨਾ ਕੋਇ ਗਾਣਾ, ਤਾਰ ਸਿਤਾਰ ਨਾ ਕੋਇ ਹਿਲਾਈਆ । ਨਾ ਕੋਈ ਸ਼ਾਇਰ ਨਾ ਕੋਈ ਸ਼ਰਅ ਨਾ ਕੋਈ ਸ਼ਰੀਅਤ ਨਾ ਕੋਈ ਮਸਤੀ ਵਿਚ ਮਸਤਾਨਾ, ਨਾ ਕੋਈ ਜਾਮ ਮੈਖ਼ਾਨੇ ਵਾਲੇ ਹੱਥ ਫੜਾਈਆ । ਜਿਧਰ ਤੱਕੀਏ ਇਕੋ ਮਹਿਬੂਬ ਮਿਹਰਵਾਨ ਜਿਸ ਦੀ ਬਖ਼ਸ਼ਿਸ਼ ਨਾਮ ਕਲਮਾ ਦੀਨ ਦੁਨੀ ਨੂੰ ਦਿਤਾ ਨਜ਼ਰਾਨਾ, ਨਜ਼ਰ ਵਿਚ ਮਿਹਰਵਾਨ ਆਪਣੇ ਰੰਗ ਰੰਗਾਈਆ । ਉਸ ਮੰਜ਼ਲ ਤੇ ਇਕੋ ਹਕੀਕਤ ਦਾ ਹਕ ਪੈਮਾਨਾ, ਜਿਸ ਨੂੰ ਨਾਪ ਵਾਲਾ ਸਾਕੀ ਵੇਖਣ ਕੋਇ ਨਾ ਪਾਈਆ । ਉਥੇ ਦਾਸ ਦਾ ਗ਼ਰੀਬਾਂ ਦੇ ਗ਼ਰੀਬ ਦਾ ਗ਼ਰੀਬਖ਼ਾਨਾ, ਜਿਥੇ ਗ਼ੁਰਬਤ ਨਜ਼ਰ ਕੋਇ ਨਾ ਆਈਆ । ਏਸ ਨੂਰੇ ਅਲਾਹੀ ਦਾ ਅੱਨਾ ਹੂ ਦਾ ਅੱਲਾ ਹੂ ਦੇ ਵਿਚ ਆਸ਼ਿਆਨਾ, ਜਿਸ ਆਸ਼ਿਆਨੇ ਵਿਚੋਂ ਬਾਹਰ ਨਾ ਕੋਇ ਕਢਾਈਆ । ਉਸ ਮੇਰੇ ਮਾਲਕ ਦਾ ਏਡਾ ਵੱਡਾ ਦੌਲਤਖ਼ਾਨਾ, ਜਿਸ ਨੇ ਆਪਣੇ ਨਾਮ ਕਲਮੇ ਦੀ ਦੌਲਤ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਨੂੰ ਦਿਤੀ ਵਰਤਾਈਆ । ਜਿਸ

੧੨੦
੨੩

ਦੇ ਹੁਕਮ ਨਾਲ ਫੇਰ ਬਦਲ ਜਾਣਾ ਜ਼ਮਾਨਾ, ਜਿਮੀਂ ਜ਼ਮਾਂ ਸਾਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਕਬਾਲੇ ਅਲਵਿਜ਼ ਹੀਹ ਜ਼ੂਨਾ ਵਜ਼ਸ਼ ਮੋਜ਼ਤੂ ਜ਼ਮੀਨ ਨੂਰੇ ਯਵਸ਼ ਮੁਹੰਮਦੇ ਤਗਸ਼ ਸ਼ੌਉਰੇ ਸ਼ਮਾ ਸ਼ਮਾ ਨੂਰੇ ਨੂਰ ਦੀਦਾ ਦਾਨਿਸਤਾ ਸਭ ਨੂੰ ਨਜ਼ਰੀ ਆਈਆ । ਉਹ ਮੁਹੱਬਤੇ ਮਹਿਬੂਬ, ਜਿਸ ਦਾ ਆਲੀਸ਼ਾਨ ਅਰੂਜ, ਜਿਥੇ ਸੂਫ਼ੀਆਂ ਨੂੰ ਰਖੇ ਮਹਿਫੂਜ਼, ਸ਼ਰਅ ਦੀ ਨਹੀਂ ਕੋਈ ਦੂਜ, ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਇਨਸਾਨ ਨੇ ਇਨਸਾਨੇ ਅਨਨਜ਼ ਜ਼ਹੂ ਜ਼ਲਉਲਾ ਵਵਿਦ ਅਰਸ਼ੇ ਨਜ਼ੀ ਖ਼ੁਦਾਏ ਸਵਦ ਉਸਹਾਬੇ ਮਜਲਹੂ ਯਕ ਵਾਹਿਦ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਖ਼ਾਲਕ ਬੇਐਬ ਪਰਵਰਦਿਗਾਰ ਸਾਂਝਾ ਯਾਰ ਯਰਾਨਾ ਆਪਣੇ ਨਾਲ ਰਖਾਈਆ ।



### ✪ ੩੧ ਸਾਵਣ ਸ਼ਹਿਨਸ਼ਾਹੀ ਸੰਮਤ ੮ ਡੁਬੈਈ ਬੰਦਰਗਾਹ ਤੋਂ ਰਾਤ ਨੂੰ ਜਹਾਜ ਚਲਣ ਸਮੇਂ ✪

ਕਸੀਰਾ ਕਹੇ ਮੈਂ ਮਾਰੀ ਚੁੱਭੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰੀ ਕਾਇਮ ਰਹੀ ਨਾ ਬੁੱਧੀ, ਬੁੱਧ ਦਾ ਲੇਖਾ ਦਏ ਗਵਾਹੀਆ । ਜਿਸ ਸੰਦੇਸ਼ਾ ਦਿਤਾ ਮੇਰਾ ਸਾਹਿਬ ਖੇਲ ਖੇਲੇ ਜੁਗ ਜੁਗੀ, ਜਗਤ ਆਪਣੀ ਕਾਰ ਭੁਗਤਾਈਆ । ਉਸ ਦੀ ਨਿਰਗੁਣ ਧਾਰ ਹੋ ਗਈ ਉਘੀ, ਚੜ੍ਹਦੇ ਤੋਂ ਲਹਿੰਦੇ ਆਪਣਾ ਪਰਦਾ ਲਾਹੀਆ । ਜਿਸ ਦੀ ਰਮਜ਼ ਕਿਸੇ ਨਾ ਬੁੱਝੀ, ਇਸ਼ਾਰਾ ਸਮਝ ਕਿਸੇ ਨਾ ਆਈਆ । ਝਟ ਉਸ ਦੇ ਕੋਲ ਆਈ ਇਕ ਘੁੱਗੀ, ਘੂੰ ਘੂੰ ਕਰ ਕੇ ਦਿਤਾ ਸੁਣਾਈਆ । ਫੇਰ ਖੰਭ ਹਿਲਾ ਕੇ ਉਡੀ, ਚਲੀ ਚਾਈਂ ਚਾਈਂਆ । ਨਾਲੇ ਹੱਸ ਕੇ ਕਿਹਾ ਮੈਨੂੰ ਕਥਾ ਕਹਾਣੀ ਦੱਸ ਮੁੱਢੀ, ਕੀ ਸ਼ੁਰੂ ਵਿਚ ਆਪਣਾ ਰੰਗ ਰੰਗਾਈਆ । ਬੁੱਧ ਨੇ ਸਹਿਜ ਨਾਲ ਪਾਈ ਊਧੀ, ਚਰਨ ਕਵਲਾਂ ਧਿਆਨ ਰਖਾਈਆ । ਸਹਿਜ ਨਾਲ ਰਸਨਾ ਕੂੰਦੀ, ਪ੍ਰੇਮ ਨਾਲ ਸੁਣਾਈਆ । ਜਿਸ ਸਮੁੰਦ ਸਾਗਰਾਂ ਧਾਰ ਵੇਖਣੀ ਡੂੰਘੀ, ਵਹਿਣਾ ਦੇ ਗਹਿਣ ਚਰਨ ਛੁਹਾਈਆ । ਉਸ ਦੀ ਸ਼ਬਦ ਦੀ ਧਾਰ ਦੀ ਖੂੰਡੀ, ਖੰਡਾ ਖੜਗ ਡੇਰਾ ਢਾਹੀਆ । ਉਸ ਦੀ ਸ਼ਕਲ ਲੱਭਣੀ ਨਹੀਂ ਢੂੰਡੀ, ਚਾਰ ਕੁੰਟ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਘੁੱਗੀ ਕਹੇ ਬੁੱਧ ਲੇਖਾ ਦੱਸ ਵਾਸਤਕ, ਪਰਦਾ ਰਹੇ ਨਾ ਰਾਈਆ । ਬੁੱਧ ਕਿਹਾ ਜਿਸ ਵੇਲੇ ਦੀਨ ਦੁਨੀ ਹੋਈ ਨਾਸਤਕ, ਸਚ ਧਰਮ ਦਏ ਦੁਹਾਈਆ । ਮਨ ਬੁੱਧੀ ਹੋਏ ਰਾਕਸ਼ਸ਼, ਦੇਵਤ ਰੂਪ ਨਾ ਕੋਇ ਦਰਸਾਈਆ । ਚਾਰੋਂ ਕੁੰਟ ਦਿਸੇ ਆਤਸ਼, ਸਾਂਤਕ ਸਤਿ ਨਾ ਕੋਇ ਵਰਤਾਈਆ । ਉਸ ਵੇਲੇ ਨਿਰਗੁਣ ਧਾਰ ਸਰਗੁਣ ਸਰੂਪ ਚਰਨ ਛੁਹਾਏ ਗਾਹ ਬੰਦਰ ਮਸਕਤ, ਮਗ਼ਰਬ ਦਾ ਲੇਖਾ ਵੇਖ ਵਖਾਈਆ । ਜਿਸ ਦੀ ਆਸ਼ਾ ਰਖੀ ਜਸਰਤ, ਦਸਰਥ ਧਿਆਨ ਲਗਾਈਆ । ਮੁਹੰਮਦ ਨੇ ਇਸ਼ਾਰਾ ਕੀਤਾ ਦੀਨ ਦੁਨੀ ਵੇਖੇ ਹਸਰਤ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜਿਸ ਦਾ ਲੇਖਾ ਲਿਖੇ ਨਾ ਕੋਇ ਵਿਚ ਨਸਰ ਨਸਰਤ, ਨਜ਼ਮ ਨਗ਼ਮਾ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਆਹ ਵੇਖ ਉਏ ਸਾਵਣਾ ਇਕੱਠੀ, ਇਕ ਤੀਸਿਆ ਦਿਆਂ ਜਣਾਈਆ । ਮੇਰਾ ਬਚਨ ਸੁਣ ਬਿਨਾ ਦੰਦ ਬੱਤੀ, ਜਿਸ

ਦੀ ਤੀਸ ਬਤੀਸਾ ਦਏ ਗਵਾਹੀਆ । ਉਹ ਵੇਖ ਜਿਸ ਨੂੰ ਗਾਉਂਦੇ ਰਾਗ ਛੱਤੀ, ਛਤਰਧਾਰੀ ਵਡ ਵਡਿਆਈਆ । ਜਿਸ ਨੂੰ ਕਹਿੰਦੇ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਉਹ ਮੈਨੂੰ ਇਸ਼ਾਰਾ ਦੇਵੇ ਰਤੀ, ਜਗਤ ਵਿਦਿਆ ਤੋਂ ਬਾਹਰ ਸਮਝਾਈਆ । ਚਾਰੋਂ ਕੁੰਟ ਅੱਗ ਤਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਭ ਦੀ ਕਾਇਆ ਚੋਲੀ ਫਟੀ, ਚੀਥੜ ਸੀਸ ਨਾ ਕੋਇ ਟਿਕਾਈਆ । ਧਰਮ ਦੀ ਰਹੀ ਕੋਇ ਨਾ ਹੱਟੀ, ਸਤਿ ਸਚ ਨਾ ਕੋਇ ਵਖਾਈਆ । ਝਟ ਵੇਖ ਲੈ ਨਾਰਦਾ ਗੋਬਿੰਦ ਵਾਲੀ ਪੱਟੀ, ਜੋ ਪਾਟਲ ਹੋ ਕੇ ਗਿਆ ਜਣਾਈਆ । ਜਿਸ ਦੀ ਦੀਨ ਮਜ਼੍ਹਬ ਦੀ ਸ਼ਰਅ ਪੈਣੀ ਨਟੀ, ਨਟੂਆ ਆਪਣਾ ਸਵਾਂਗ ਵਰਤਾਈਆ । ਜਿਸ ਯੂਸਫ਼ ਦੀ ਕੀਮਤ ਪਵਾਈ ਅੱਟੀ, ਹੱਟੋ ਹੱਟ ਫਿਰਾਈਆ । ਉਸ ਦੀ ਜੋਤ ਜਗੇ ਲਟ ਲਟੀ, ਲਹਿੰਦੀ ਦਿਸ਼ਾ ਕਰੇ ਰੁਸ਼ਨਾਈਆ । ਉਹ ਹਿੰਦ ਨੂੰ ਆਇਆ ਛਡੀ, ਪਾਕਿਸਤਾਨ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਸਮਝਾਈਆ । ਨਾਰਦ ਕਹੇ ਉਹ ਭਗਵਾਨ ਰਿਹਾ ਹੱਸ, ਹੱਸ ਕੇ ਰਿਹਾ ਜਣਾਈਆ । ਮੈਨੂੰ ਰਿਹਾ ਦੱਸ, ਇਸ਼ਾਰੇ ਨਾਲ ਵਖਾਈਆ । ਮੈਂ ਹੱਥ ਰਿਹਾ ਮਸ, ਤਲੀ ਤਲੀ ਨਾਲ ਰਗੜਾਈਆ । ਮੇਰੀ ਚੜ੍ਹ ਗਈ ਉਪਰ ਨਾਸਕਾ ਨਸ, ਆਪਣਾ ਰੁਖ਼ ਬਦਲਾਈਆ । ਮੇਰਾ ਰਿਹਾ ਕੋਈ ਨਾ ਵਸ, ਵਾਸਤਾ ਦਿਤਾ ਪਾਈਆ । ਪ੍ਰਭੂ ਮੇਰੀ ਹੋਈ ਬਸ, ਤੇਰੇ ਚਰਨਾਂ ਸੀਸ ਨਿਵਾਈਆ । ਝਟ ਅਗੋਂ ਇਸ਼ਾਰਾ ਮਿਲਿਆ ਸੱਚ, ਸਹਿਜ ਨਾਲ ਸੁਣਾਈਆ । ਨਾਰਦਾ ਉਠ ਵੇਖ ਏਥੇ ਫਿਰ ਗਿਆ ਸੀ ਕੱਛ, ਕਛਪ ਯਾਰਵਾਂ ਅਵਤਾਰ ਸਮਝਾਈਆ । ਉਹ ਨਿਸ਼ਾਨੀ ਗਿਆ ਰਖ, ਮੁਖ ਵਿਚੋਂ ਬਾਹਰ ਕਢਾਈਆ । ਜਿਸ ਵੇਲੇ ਮਾਲਕ ਆਏ ਸੱਚ, ਪੱਛਮ

੧੨੨ ੨੩ ਵਾਹੇ ਦਾਹੀਆ । ਨਵੀਂ ਰਚਨਾਂ ਦੇਵੇ ਰਚ, ਨਵੀਂ ਖੇਲ ਖਿਲਾਈਆ । ਝਟ ਪੁੱਠਾ ਹੋ ਕੇ ਜੋੜੇ ਪੈਰ ਹੱਥ, ਸੀਸ ਦਿਤਾ ਨਿਵਾਈਆ । ਫੇਰ ੧੨੨ ੨੩

ਖੋਲ ਕੇ ਆਪਣੀ ਅੱਖ, ਨੌਂ ਸੌ ਕਦਮ ਕੰਢੇ ਤੋਂ ਪਿਛੇ ਸੋਭਾ ਪਾਈਆ । ਗਾਵਣ ਲੱਗਾ ਜਸ, ਤੇਰੀ ਬੇਪਰਵਾਹੀਆ । ਬਤਾਲੀ ਲੱਖ ਦੀ ਪੂਰੀ ਕਰਨੀ ਅਸ, ਆਸਾ ਤੇਰੇ ਅਗੇ ਧਰਾਈਆ । ਫੇਰ ਸਿੱਧਾ ਹੋਇਆ ਝਟ, ਆਪਣਾ ਆਪ ਬਦਲਾਈਆ । ਬਿਨਾ ਕਥਨੀ ਤੋਂ ਕਥਾ ਦਿਤੀ ਕਥ, ਕਹਿ ਕਹਿ ਗਿਆ ਸੁਣਾਈਆ । ਏਥੇ ਖਿਜਰ ਨੂੰ ਲੱਗਣਾ ਵਟ, ਖਵਾਜਾ ਰੂਪ ਬਦਲਾਈਆ । ਤੂੰ ਸਾਹਿਬ ਮੇਰਾ ਸਮਰਥ, ਸਚ ਤੇਰੀ ਸਰਨਾਈਆ । ਮੇਰਾ ਲੇਖਾ ਲਾਉਣਾ ਡੁਬੈਈ ਵਾਲਾ ਘਾਟ, ਘਾਟਾ ਪਿਛਲਾ ਪੂਰ ਕਰਾਈਆ । ਮੇਰੀ ਮੰਜ਼ਲ ਮੁਕੇ ਨਾਲ ਤੇਰੀ ਵਾਟ, ਦਰ ਤੇਰੇ ਆਸ ਰਖਾਈਆ । ਝਟ ਸੁਹੰਜਣੀ ਹੋਵੇ ਰਾਤ, ਰੈਣ ਭਿੰਨੜੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਰਨੀ ਨਾ ਪਏ ਤਲਾਸ਼, ਅਕਲ ਕਲ ਧਾਰੀ ਆਪਣੀ ਕਲ ਆਪਣੇ ਹੱਥ ਲੈਣੀ ਰਖਾਈਆ ।

### ✪ ੩੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਸਮੁੰਦਰ ਵਿਚ ਜਹਾਜ ਚਲਿਆਂ ਜਾਂਦਿਆਂ ਹੀ ਵਿਹਾਰ ਹੋਇਆ ✪

ਬੱਤੀ ਸਾਵਣ ਕਹੇ ਮੈਂ ਵੇਖਿਆ ਖੇਲ ਅਚੰਬਿਆ, ਪ੍ਰਭ ਅਚਰਜ ਦਿਤਾ ਵਖਾਈਆ । ਨਾਲ ਤੱਕਿਆ ਨਾਰਦ ਗੰਜਿਆ, ਬੋਦੀ ਬਦੂਆਂ ਵਾਂਗ

ਹਿਲਾਈਆ । ਉਨ੍ਹ ਵੇਖਿਆ ਪਿਛਲਾ ਸਮਾਂ ਲੰਘਿਆ, ਬੀਤਿਆ ਖੋਜ ਖੁਜਾਈਆ । ਝਟ ਯਾਦ ਆਈ ਜਿਸ ਵੇਲੇ ਬਾਵਨ ਢਾਈ ਕਰਮ ਥਾਂ ਮੰਗਿਆ, ਰਾਜੇ ਬਲ ਦਵਾਰ ਆਸ ਰਖਾਈਆ । ਉਸ ਸੀਸ ਨਿਵਾ ਕੇ ਕਿਹਾ ਚੰਗਿਆ, ਲੈ ਲਓ ਮੇਰੇ ਗੁਸਾਈਆ । ਬਾਵਨ ਦਾ ਪਹਿਲਾ ਚਰਨ ਏਸ ਧਾਰ ਉਤੋਂ ਦੀ ਲੰਘਿਆ, ਜਿਸ ਦੀ ਨੌ ਸੌ ਨੜ੍ਹਿਨਵੇਂ (ਜੋਜਨ) ਲੰਬਾਈਆ । ਢਾਈ ਕਰਮਾਂ ਵਿਚ ਆਪਣੀ ਮਨਸਾ ਬੇੜਾ ਬੰਨ੍ਹਿਆ, ਧਰਨੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਮੁੰਦ ਕਹੇ ਜਿਸ ਵੇਲੇ ਮੇਰੇ ਉਤੋਂ ਚਰਨ ਹੋਇਆ ਪਾਰ, ਮੈਂ ਚਰਨ ਕਵਲ ਸੀਸ ਦਿਤਾ ਨਿਵਾਈਆ । ਨਾਲੇ ਹੱਸ ਕੇ ਕਿਹਾ ਵਲੀਏ ਛਲੀਏ ਨਿਰੰਕਾਰ, ਕੀ ਤੇਰੀ ਬੇਪਰਵਾਹੀਆ । ਮੇਰੇ ਅੰਦਰ ਮਛ ਕਛ ਲਏ ਅਵਤਾਰ, ਮੱਛਾਂ ਕੱਛਾਂ ਵਾਲਾ ਰੂਪ ਵਖਾਈਆ । ਮੇਰਾ ਦਿਲ ਕਰਦਾ ਤੂੰ ਮੇਰੇ ਘਰ ਆਵੇਂ ਬਣ ਸਿਕਦਾਰ, ਸਿਰ ਸਿਰ ਹੁਕਮ ਮਨਾਈਆ । ਮੈਂ ਤੇਰਾ ਦਰਸ ਕਰਾਂ ਅਪਾਰ, ਅਪਰੰਪਰ ਸਵਾਮੀ ਸੀਸ ਨਿਵਾਈਆ । ਬਾਵਨ ਸ਼ਬਦ ਦਿਤਾ ਜਿਸ ਵੇਲੇ ਕਲ ਕਲਕੀ ਲਵਾਂ ਅਵਤਾਰ, ਕਲ ਕਾਤੀ ਡੇਰਾ ਢਾਹੀਆ । ਪ੍ਰਗਟ ਹੋ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਤੇਰਾ ਗ੍ਰਿਹ ਸੁਹਾਵਾਂ ਬਣ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਨਾਲ ਲਿਆਵਾਂ ਤੇਈ ਅਵਤਾਰ, ਪੈਗ਼ੰਬਰਾਂ ਸੰਗ ਬਣਾਈਆ । ਗੁਰੂਆਂ ਬੰਨ੍ਹਾਂ ਧਾਰ, ਧਰਨੀ ਦੂਰੋਂ ਨੈਣ ਉਠਾਈਆ । ਤੇਰਾ ਲੇਖਾ ਵੇਖਾਂ ਮੰਝਧਾਰ, ਸਮੁੰਦ ਸਾਗਰ ਫੋਲ ਫੁਲਾਈਆ । ਸਾਚੀ ਕਰਨੀ ਦੀ ਪਾਵਾਂ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਸਚ ਦਿਵਸ ਸਚ ਲਹਿਣਾ ਲਿਆ ਵਿਚਾਰ, ਸਚ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਾਵਣ ਕਹੇ ਮੈਂ ਸੁਣਿਆ ਅਗੰਮ ਸਲੋਕ, ਮੇਰੇ ਸਾਹਿਬ ਦਿਤਾ ਸੁਣਾਈਆ । ਮੇਰੇ ਅੰਦਰ ਲੱਗੀ ਚੋਟ, ਚੋਟੀ ਚੜ੍ਹ ਕੇ ਦਿਤਾ ਹਿਲਾਈਆ । ਮੈਂ ਵੇਖਣ ਚਲਿਆ ਚੌਦਾਂ ਲੋਕ, ਚੌਦਾਂ ਤਬਕਾਂ ਪਰਦਾ ਲਾਹੀਆ । ਚੌਦਾਂ ਚੌਦਾਂ ਮਿੰਟ ਇਕ ਇਕ ਦਾ ਮਾਲ ਥੋਕ, ਇਕ ਇਕ ਨਾਲ ਜੋੜ ਜੁੜਾਈਆ । ਜਿਸ ਨੂੰ ਕੋਈ ਨਾ ਸਕੇ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਮੁਹੰਮਦ ਨੂੰ ਜਣਾਇਆ ਵੇਖ ਆਪਣੀ ਮੌਜ, ਕੀ ਮਜਲਸ ਬੇਪਰਵਾਹੀਆ । ਫੇਰ ਤੱਕ ਅੱਲਾ ਦਾ ਚੋਜ, ਜੋ ਨੂਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦੇ ਲੇਖੇ ਨਿਮਾਜ਼ਾਂ ਰੋਜ਼, ਰੋਜ਼ੇ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਲੋਕ ਕਹਿਣ ਸਾਨੂੰ ਵਕਤ ਮਿਲਿਆ ਚੌਦਾਂ ਮਿੰਟ, ਚੌਦਾਂ ਚੌਦਾਂ ਇਕ ਇਕ ਦੀ ਵੰਡ ਵੰਡਾਈਆ । ਅਸੀਂ ਸਾਰਿਆਂ ਕੀਤੀ ਮਿੰਨਤ, ਪੱਲੂ ਗਲ ਵਿਚ ਪਾਈਆ । ਤੂੰ ਆਇਉਂ ਸ਼ਰਅ ਵਾਲੀ ਸਿੰਮਤ, ਮੁਹੰਮਦ ਕਲਮਾ ਦਏ ਗਵਾਹੀਆ । ਦੀਨ ਦੁਨੀ ਦੀ ਤੱਕੇ ਇੱਲਤ, ਆਲਮਾਂ ਖੋਜ ਖੁਜਾਈਆ । ਦਰੋਹੀ ਤੇਰੇ ਬਾਝੋਂ ਸਾਰੀ ਜ਼ਿੱਲਤ, ਖ਼ੁਆਰੀ ਰਹੀ ਕੁਰਲਾਈਆ । ਹਕ ਮਹਿਬੂਬਾ ਮਿਹਰਵਾਨਾ ਪਿਆਰ ਦਾ ਦੇ ਖ਼ਿਲਤ, ਖ਼ਲਾ ਵਿਚ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਮੇਟ ਕੇ ਜ਼ਿਲਤ, ਇਕ ਸੌ ਛਿਆਨਵੇਂ ਮਿੰਟ ਤੇਰੇ ਪ੍ਰੇਮ ਦੀ ਤਾਰ ਰਹੇ ਵਜਾਈਆ । ਤੇਰੇ ਗ੍ਰਿਹ ਦਾ ਰਹੇ ਕੋਇ ਨਾ ਨਿੰਦਕ, ਦਵੈਤੀ ਵੰਡ ਨਾ ਕੋਇ ਵੰਡਾਈਆ । ਸਭ ਦੀ ਮੇਟ ਕੇ ਚਿੰਨਤ, ਚਿਖਾ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤਰੀ ਸ਼ਰਨਾਈਆ । ਨਾਰਦ

੧੨੪
੨੩

ਕਹੇ ਮੈਨੂੰ ਸਾਰੇ ਕਹਿੰਦੇ ਗੰਜਾ, ਬੋਦੀ ਲੰਬੀ ਸੋਭਾ ਪਾਈਆ । ਮੈਂ ਕੁਛ ਲੇਖਾ ਦੱਸਾਂ ਸੰਜਾ, ਜਿਸ ਨੇ ਦੁਆਪਰ ਜੁਗ ਤੱਕਿਆ ਚਾਈਂ ਚਾਈਆ । ਉਸ ਨੇ ਨਿਗਾਹ ਮਾਰੀ ਇਸ਼ਾਰਾ ਕੀਤਾ ਨਾਨਕ ਤਪੇ ਨੇ ਲਾਉਣਾ ਪੰਜਾ, ਪੰਜਾ ਪੰਜੇ ਨਾਲ ਸੁਹਾਈਆ । ਹਰਿ ਗੋਬਿੰਦ ਦਾ ਖੇਲ ਹੋਣਾ ਬਵੰਜਾ, ਬਵੰਜਾ ਧਾਰ ਲੈਣੇ ਤਰਾਈਆ । ਫੇਰ ਵੇਖਿਆ ਕਲਜੁਗ ਦਾ ਖੇਲ ਬੜਾ ਲੰਬਾ, ਚਾਰੋਂ ਕੁੰਟ ਅੰਧੇਰਾ ਛਾਈਆ । ਨਿਸ਼ਾਨ ਤੱਕਿਆ ਮੁਹੰਮਦ ਤਾਰਾ ਚੰਦਾ, ਚੰਦ ਸਿਤਾਰ ਸੋਭਾ ਪਾਈਆ । ਜਗਤ ਸੀਸ ਦਿਸਿਆ ਨੰਗਾ, ਸਿਰ ਹੱਥ ਨਾ ਕੋਇ ਰਖਾਈਆ । ਗੋਬਿੰਦ ਦਾ ਨਜ਼ਰੀ ਆਇਆ ਕੰਘਾ, ਬੱਤੀ ਦੰਦਾਂ ਵਾਲਾ ਇੱਕੀਆਂ ਦਾ ਰੂਪ ਵਟਾਈਆ । ਫੇਰ ਸਾਹ ਲਿਆ ਠੰਡਾ, ਹੌਕੇ ਵਿਚ ਸੁਣਾਈਆ । ਫਿਰ ਸੁਣਿਆ ਧੁਰ ਦਾ ਛੰਦਾ, ਤੂੰ ਮੇਰਾ ਮੈਂ ਤੇਰਾ ਢੋਲਾ ਬੇਪ੍ਰਵਾਹੀਆ । ਫੇਰ ਤੱਕਿਆ ਜੋਤੀ ਜਾਤਾ ਤਨ ਵਜੂਦੀ ਬੰਦਾ, ਬੰਦਗੀ ਤੋਂ ਬਾਹਰ ਸੋਭਾ ਪਾਈਆ । ਫੇਰ ਵੇਖਿਆ ਉਸ ਦੇ ਕੋਲ ਸ਼ਬਦ ਧਾਰ ਦਾ ਫੰਦਾ, ਦੋ ਜਹਾਨਾਂ ਰਿਹਾ ਬੰਧਾਈਆ । ਝਟ ਕ੍ਰਿਸ਼ਨ ਇਸ਼ਾਰਾ ਦਿਤਾ ਉਹ ਜ਼ਰੂਰ ਲੰਘੇ ਦਵਾਰਕਾ ਕੰਢਾ, ਕੰਢੀ ਪਾਰ ਆਪਣਾ ਰੰਗ ਰੰਗਾਈਆ । ਜਿਸ ਲੇਖੇ ਲਾਉਣਾ ਜਗਤ ਢਾਲ ਤੇ ਖੰਡਾ, ਤੀਰ ਤਰਕਸ਼ਾਂ ਗੰਢ ਪਵਾਈਆ । ਜਗਤ ਸ਼ਰਅ ਦੀਆਂ ਮੇਟੇ ਵੰਡਾਂ, ਸ਼ਰੀਅਤਾ ਡੇਰਾ ਢਾਹੀਆ । ਬੋਧ ਅਗਾਧੀ ਬਣੇ ਪੰਡਾ, ਜਗਤ ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਮੁੱਲਾ ਸ਼ੇਖ਼ਾਂ ਹਲੂਣੇ ਕੰਧਾ, ਕਲਮਾ ਇਕ ਸੁਣਾਈਆ । ਬਿਨਾ ਸਾਹਿਬ ਤੋਂ ਜਿਸ ਦਸਾਉਣਾ ਦੀਨ ਦੁਨੀ ਝੂਠਾ ਧੰਦਾ, ਬਿਨਾ ਸਾਹਿਬ ਤੋਂ ਸਚ ਵਿਚ ਨਾ ਕੋਇ ਸਮਾਈਆ । ਸਭ ਦਾ ਇਕੋ ਮਾਰਗ ਦੱਸਣਾ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਿਸ ਦਾ ਲੇਖਾ ਪੈਗ਼ੰਬਰਾਂ ਦੱਸਿਆਂ ਯਕ ਸ਼ੰਬਾ, ਦੂਸਰ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸਮੁੰਦ ਕਹੇ ਮੇਰੇ ਅੰਦਰ ਜੰਤ ਜੀਵ, ਜੀਵ ਆਤਮਾ ਵੇਖ ਵਖਾਈਆ । ਤੇਰਾ ਲੇਖਾ ਅੰਤ ਅੰਤ ਅੰਤਰੀਵ, ਅੰਤਰ ਦ੍ਰਿਸ਼ਟੀ ਫੋਲ ਫੁਲਾਈਆ । ਮਨੁਸ਼ ਉਧਾਰੇ ਬਖ਼ਸ਼ੇ ਸਾਢੇ ਤਿੰਨ ਹੱਥ ਸੀਵ, ਰਵਦਾਸ ਚਮਾਰਾ ਦਏ ਗਵਾਹੀਆ । ਜਲ ਹੋੜੇ ਜਲ ਧਾਰਾ ਵਿਚ ਹੀਨ, ਮਹੀਅਲ ਰੋਵਣ ਮਾਰਨ ਧਾਹੀਆ । ਤੂੰ ਕਾਦਰ ਇਕ ਕਰੀਮ, ਕਰਤਾ ਬੇਪ੍ਰਵਾਹੀਆ । ਤੂੰ ਰਹਿਮਤ ਦਾ ਮਾਲਕ ਰਹੀਮ, ਨੁਰਾਨਾ ਨੂਰ ਅਲਾਹੀਆ । ਤੇਰੀ ਨੌਂ ਦਸ ਗਿਆਰਾਂ ਬੀਸ ਤੀਸ ਚਾਰ ਲੱਖ ਦੀ ਤਕਸੀਮ, ਚੁਰਾਸੀ ਵੰਡ ਵੰਡਾਈਆ । ਮੈਨੂੰ ਤੇਰੇ ਉਤੇ ਯਕੀਨ, ਭਰੋਸੇ ਵਿਚ ਸੀਸ ਨਿਵਾਈਆ । ਤੂੰ ਮਾਲਕ ਇਕ ਅਜ਼ੀਮ, ਆਲੀਜ਼ਾਹ ਅਖਵਾਈਆ । ਤੂੰ ਧਰਤੀ ਤੱਕੀ ਜ਼ਮੀਨ, ਸਮੁੰਦ ਸਾਗਰਾਂ ਵੇਖ ਵਖਾਈਆ । ਇਹ ਸਾਰੇ ਤੇਰੇ ਅਧੀਨ, ਨੌ ਸੌ ਚੁਰਾਨਵੇਂ ਚੌਕੜੀ ਜੁਗ ਦੇ ਤੇਰਾ ਰਾਹ ਤਕਾਈਆ । ਤੂੰ ਮਾਲਕ ਇਕ ਪ੍ਰਬੀਨ, ਪਰਮ ਪੁਰਖ ਅਖਵਾਈਆ । ਤੈਨੂੰ ਯਾਦ ਕੀਤਾ ਮੁਹੰਮਦ ਜਿਸ ਵੇਲੇ ਹਰਫ਼ ਲਿਖਿਆ ਸੀਨ, ਹੱਥ ਸੀਨੇ ਉਤੇ ਰਖਾਈਆ । ਮੇਰੇ ਖ਼ੁਦਾ ਖ਼ੁਦ ਮਾਲਕ ਅੰਤ ਜ਼ਰੂਰ ਕਰੀਂ ਤਰਮੀਮ, ਤਰਾ ਤਰਾ ਦੀ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਸਮੁੰਦ ਕਹੇ ਮੇਰੇ ਅੰਦਰ ਮਾਰ ਲੈ ਝਾਕੀ, ਝਾਕੀਆਂ ਦੇਣ ਵਾਲਿਆ ਆਪਣੀ ਦਇਆ ਕਮਾਈਆ । ਤੂੰ ਕਿਹੜਾ ਬੰਦਾ ਖ਼ਾਕੀ, ਜਿਸ ਨੂੰ ਦੀਨ ਦੁਨੀ ਆਪਣੀ ਵੰਡ ਵਿਚ ਪਾਈਆ । ਤੂੰ ਮਾਲਕ ਇਕ ਅਬਿਨਾਸ਼ੀ, ਕਰਤਾ ਬੇਪਰਵਾਹੀਆ । ਓਹ ਵੇਖ ਸ਼ੰਕਰ ਤੱਕੇ ਕੈਲਾਸ਼ੀ, ਬ੍ਰਹਮਾ ਬ੍ਰਹਮ ਲੋਕ ਵਿਚੋਂ ਅੱਖ ਉਠਾਈਆ । ਵਿਸ਼ਨੂੰ ਕਹੇ ਸ਼ਾਬਾਸ਼ੀ, ਵਾਹਵਾ ਤੇਰੀ

ਵਡ ਵਡਿਆਈਆ । ਤੇਈ ਅਵਤਾਰ ਕਹਿਣ ਸਾਡੀ ਪੂਰੀ ਕਰ ਆਸੀ, ਨਿਰਾਸ਼ਾ ਰਹਿਣ ਕੋਇ ਨਾ ਪਾਈਆ । ਈਸਾ ਮੂਸਾ ਮੁਹੰਮਦ ਕਹੇ ਸਾਡੀ ਕਰ ਬੰਦ ਖ਼ਲਾਸੀ, ਬੰਧਨ ਸ਼ਰਅ ਵਾਲੇ ਤੁੜਾਈਆ । ਗੁਰ ਦਸ ਕਹਿਣ ਸਾਰੀ ਸ੍ਰਿਸ਼ਟੀ ਤੇਰੀ ਹੋਵੇ ਦਾਸੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਜੋਤ ਹੋਵੇ ਪ੍ਰਕਾਸ਼ੀ, ਪ੍ਰਕਾਸ਼ ਹੋਵੇ ਖ਼ਲਕ ਖ਼ੁਦਾਈਆ । ਸਾਰੇ ਗਾਉਂਦੇ ਤੈਨੂੰ ਸਵਾਸ ਸਵਾਸੀ, ਸਾਹ ਸਾਹ ਨਾਲ ਬਦਲਾਈਆ । ਬਿਨ ਤੇਰੀ ਕਿਰਪਾ ਕਿਸੇ ਕੰਮ ਨਾ ਆਵੇ ਵਜੂਦ ਲਾਸ਼ੀ, ਤਤਾਂ ਲੇਖ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਨਾਲ ਲੱਖ ਚੁਰਾਸੀ, ਜਮ ਕੀ ਫਾਸੀ ਫ਼ੈਸਲੇ ਨਾਲ ਦੇਣੀ ਕਟਾਈਆ ।

✪ ੩੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਦੋਹਾ ਬੰਦਰਗਾਹ ਤੇ ਜਹਾਜ਼ ਖੜ੍ਹੇ ਹੋਣ ਸਮੇਂ ਸ਼ਾਮ ਸਾਢੇ ਛੇ ਵਜੇ ✪

ਸਤਿਗੁਰ ਸ਼ਬਦ ਕਹੇ ਹਰਿ ਕਾ ਭੇਵ ਨਾ ਜਾਣੇ ਕੋਆ, ਕੂਕ ਕੂਕ ਸਾਰੇ ਗਏ ਸੁਣਾਈਆ । ਉਨੀ ਸੌ ਛਿਆਠ ਬਿਕ੍ਰਮੀ ਮਨੀ ਸਿੰਘ ਸੀ ਸੋਆ, ਮਸਤੂਆਣਾ ਜੇਲ ਸੁਹਾਈਆ । ਪ੍ਰਭੂ ਪ੍ਰਕਾਸ਼ ਵੇਖਿਆ ਤ੍ਰੈ ਲੋਆ, ਤ੍ਰੈਭਵਨ ਦਿਤਾ ਦ੍ਰਿੜਾਈਆ । ਨਾਲੇ ਹੱਸਿਆ ਨਾਲੇ ਰੋਆ, ਨੈਣਾਂ ਨੀਰ ਵਹਾਈਆ । ਝਟ ਸਤਿਗੁਰ ਸ਼ਬਦ ਸ਼ਬਦੀ ਅੰਮ੍ਰਿਤ ਚੋਆ, ਸਾਂਤਕ ਸਤਿ ਵਰਤਾਈਆ । ਸਵਾਧਾਨ ਉਠ ਖਲੋਆ, ਆਪਣੀ ਲਈ ਅੰਗੜਾਈਆ ।

ਅਗਲਾ ਖੇਲ ਕੀ ਹੋਆ, ਸਾਹਿਬ ਸਤਿਗੁਰ ਦਿਤਾ ਵਖਾਈਆ । ਉਠ ਨਿਗਾਹ ਮਾਰ ਜਿਸ ਵੇਲੇ ਤੇਰਾ ਪਾਤਸ਼ਾਹ ਜਾਏ ਵਿਚ ਦੋਹਾ, ਦੋਹਰੀ ਖੇਲ ਖਿਲਾਈਆ । ਤੇਰੇ ਪਿਆਰ ਦਾ ਤੇਰੀ ਸੇਵਾ ਦਾ ਇਕ ਇਕ ਟਕਾ ਲੈ ਕੇ ਜਾਵੇ ਢੋਆ, ਗੁਰਮੁਖਾਂ ਗੰਢ ਬੰਨ੍ਹਾਈਆ । ਸੱਤ ਸਮੁੰਦਰਾਂ ਕਰੇ ਨਵਾਂ ਨਰੋਆ, ਸੁਤਿਆਂ ਲਏ ਜਗਾਈਆ । ਝਟ ਆਤਮ ਨਾਲ ਛੋਹਾ, ਸ਼ੌਹਰ ਆਪਣੀ ਦਇਆ ਕਮਾਈਆ । ਵਾਂਗ ਬੱਕਰੇ ਗਿਆ ਕੋਹਾ, ਤਨ ਵਜੂਦ ਆਪਣੀ ਸੁਰਤ ਭੁਲਾਈਆ । ਮਨੀ ਸਿੰਘ ਕਹੇ ਮੇਰਾ ਸਭ ਕੁਛ ਗਿਆ ਖੋਹਾ, ਲੁੱਟਿਆ ਬੇਪ੍ਰਵਾਹੀਆ । ਝਟ ਸਾਹਿਬ ਨੇ ਬਾਹੋਂ ਫੜ ਕੇ ਜੋਹਾ, ਹਲੂਣਾ ਦਿਤਾ ਲਗਾਈਆ । ਤੇਰੀ ਮੁਹੱਬਤ ਵਿਚ ਸਭ ਕੁਝ ਹੋਆ, ਤੇਰੀ ਕਲਮ ਦਏ ਗਵਾਹੀਆ । ਔਹ ਤੱਕ ਪੂਰਨ ਸਤਿਗੁਰ ਪ੍ਰੇਮ ਵਿਚ ਜਾਏ ਪਰੋਆ, ਪਰਮ ਪੁਰਖ ਗੰਢ ਪਵਾਈਆ । ਸਭ ਦਾ ਲੇਖਾ ਜਾਏ ਧੋਆ, ਧੌਲ ਕਰੇ ਸਫ਼ਾਈਆ । ਆਪਣੇ ਜਿਹਾ ਆਪੇ ਹੋਆ, ਆਪ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪਣੇ ਹੱਥ ਰਖਾਈਆ । ਮਨੀ ਸਿੰਘ ਝਟ ਮਾਰੇ ਹੱਥ ਛਾਤੀ, ਖ਼ੁਸ਼ੀ ਨਾਲ ਲਗਾਈਆ । ਮੇਰਾ ਸਾਹਿਬ ਕਮਲਾਪਾਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਉਹ ਖੇਲ ਵੇਖੇ ਕਲਜੁਗ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਮੇਰੀ ਕਾਨੇ ਦੀ ਕਲਮ ਦੀ ਹੋਵੇ ਖ਼ੁਲਾਸੀ, ਸਾਢੇ ਤਿੰਨ ਹੱਥ ਕਾਨਾ ਸਾਗਰਾਂ ਵਿਚ ਰੁੜ੍ਹਾਈਆ । ਪੰਜਾਂ ਲਿਖਾਰੀਆਂ ਪੁਛੇ ਵਾਤੀ, ਮੇਰੀਆਂ ਪੰਜੇ ਉਂਗਲਾਂ ਦੇਣ ਗਵਾਹੀਆ । ਫੇਰ ਫੜ ਕੇ ਆਪਣੀ ਚਾਦਰ ਪਾਟੀ, ਲੰਮਾ ਪੈ ਕੇ ਨੇਤਰ ਬੰਦ ਕਰਾਈਆ । ਪ੍ਰਭੂ ਤੇਰੀ ਜਗਤ ਅਗੰਮੀ ਘਾਟੀ, ਬਿਨਾ ਤੇਰੀ ਕਿਰਪਾ ਚੜ੍ਹਨ ਕੋਇ ਨਾ ਪਾਈਆ । ਬਵੰਜਾ ਤਰਵੰਜਾ ਸਾਲ ਦੀ ਤੇਰੀ ਵਾਟੀ, ਪੰਧ ਨੇੜੇ ਸੋਭਾ

ਪਾਈਆ । ਮੈਂ ਸ਼ਾਹ ਸੁਲਤਾਨਾਂ ਲਿਖਣੇ ਕਾਟ ਜਵਾਬੀ, ਨੌ ਕਾਟ ਮੇਰਾ ਹਿੱਸਾ ਵੰਡ ਵੰਡਾਈਆ । ਨੌ ਖੰਡ ਪ੍ਰਿਥਮੀ ਰਹਿਣਾ ਨਹੀਂ ਕੋਈ ਪਾਠੀ, ਪੂਜਾ ਜਗਤ ਨਾ ਕੋਇ ਵਡਿਆਈਆ । ਤੇਰੇ ਨਾਮ ਸ਼ਬਦ ਦੀ ਇਕੋ ਚਲੇ ਲਾਠੀ, ਡੰਡਾ ਡੰਡਾਵਤ ਸਭ ਦੀ ਦਏ ਬਦਲਾਈਆ । ਝਗੜਾ ਮੁਕੇ ਅੱਠ ਸਾਠੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣਾਂ ਨੀਰ ਵਹਾਈਆ । ਲੇਖਾ ਤੱਕਣਾ ਮੰਦਰ ਮਸਜਿਦ ਸ਼ਿਵਦਵਾਲੇ ਮਾਠੀ, ਚਰਚਾਂ ਖੋਜ ਖੁਜਾਈਆ । ਤੇਰੇ ਸੰਦੇਸ਼ੇ ਵਾਲੀ ਸ਼ਬਦ ਧਾਰ ਦੀ ਪਾਤੀ, ਸਤਿਗੁਰ ਸ਼ਬਦ ਹੱਥ ਫੜਾਈਆ । ਜਿਸ ਨੂੰ ਸਮਝੇ ਨਾ ਸ਼ੰਕਰ ਉਤੇ ਕੈਲਾਸ਼ੀ, ਬ੍ਰਹਮਾ ਵਿਸ਼ਨ ਭੇਵ ਨਾ ਕੋਇ ਖੁਲਾਈਆ । ਤੇਰਾ ਇਕ ਨੂਰ ਨੂਰ ਜੋਤ ਪ੍ਰਕਾਸ਼ੀ, ਪੂਰਨ ਸਤਿਗੁਰ ਪੂਰਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣਾ ਆਪ ਵਰਤਾਈਆ । ਝਟ ਮਨੀ ਸਿੰਘ ਕੀਤੀ ਅਰਦਾਸ, ਚੱਕਰ ਚਾਰੋਂ ਕੁੰਟ ਲਗਾਈਆ । ਤੇਰਾ ਖੇਲ ਵੇਖਣਾ ਖ਼ਾਸ, ਸਾਹਿਬ ਤੇਰੇ ਵਿਚ ਸਮਾਈਆ । ਮਾਤ ਗਰਭ ਜਨਮ ਲਵਾਂ ਨਾ ਦਸ ਦਸ ਮਾਸ, ਅਗਨੀ ਅੱਗ ਨਾ ਕੋਇ ਤਪਾਈਆ । ਤੇਰੇ ਚਰਨਾਂ ਧੂੜੀ ਲੱਗੇ ਮੇਰੇ ਤਨ ਦੀ ਰਾਖ, ਬਿਆਸ ਕਿਨਾਰਾ ਦਏ ਗਵਾਹੀਆ । ਇਕ ਸੰਦੇਸ਼ਾ ਜਾਵਾਂ ਆਖ, ਸੀਸ ਜਗਦੀਸ਼ ਝੁਕਾਈਆ । ਤੇਰੀ ਜੋਤ ਦਾ ਤੇਰਾ ਹੋਵੇ ਪ੍ਰਕਾਸ਼, ਪ੍ਰਕਾਸ਼ ਤੇਰਾ ਨਜ਼ਰੀ ਆਈਆ । ਜਨ ਭਗਤਾਂ ਦੇਵੀਂ ਆਪ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਕਢਾਈਆ । ਜੇ ਤੈਨੂੰ ਪਾਹਨ ਪੱਥਰ ਕਹਿਣ ਫੇਰ ਵੀ ਰਖੀਂ ਸਾਥ, ਸਗਲਾ ਸੰਗ ਬਣਾਈਆ । ਇਹ ਸਮਾਂ ਫੇਰ ਨਹੀਂ ਆਉਣਾ ਹਾਥ, ਜੁਗ ਚੌਕੜੀ ਰੋਵਣ ਮਾਰਨ ਧਾਹੀਂਆ । ਮੇਰਾ ਸੰਦੇਸਾ ਕਮਲਾਪਾਤ, ਪਤਿਪਰਮੇਸ਼ਵਰ ਤੇਰੇ ਅਗੇ ਟਿਕਾਈਆ । ਸੱਤਾਂ ਗੁਰਮੁਖਾਂ ਸੱਤ ਟਕੇ ਸਮੁੰਦ ਸਾਗਰ ਦੀ ਝੋਲੀ ਪਾਉਣੀ ਦਾਤ, ਵਕਤ ਸਾਢੇ ਸੱਤ ਸੁਹਾਈਆ । ਮੇਰਾ ਕਾਨਾ ਕਲਮ ਰਵਦਾਸ ਕਸੀਰਾ ਤਿੰਨੇ ਤੇਰੇ ਚਰਨ ਪਾਸ, ਪਾਸਾ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਪੂਰੀ ਕਰਨੀ ਆਸ, ਆਸ਼ਾ ਤੇਰੇ ਚਰਨਾਂ ਵਿਚ ਰਖਾਈਆ ।



## ✪ ੩੨ ਸਾਵਣ ਸ਼ਹਿਨਸ਼ਾਹੀ ਸੰਮਤ ੮ ਸ਼ਾਮ ਸਾਢੇ ਸੱਤ ਵਜੇ ਟਕਾ ਸੁੱਟਣ ਸਮੇਂ ਸਮੁੰਦ ਵਿਚ ✪

ਸਮੁੰਦ ਕਹੇ ਮੈਂ ਤੇਰਾ ਰੂਪ ਅਥਾਹ, ਅਥਾਹ ਦੇਣੀ ਵਡਿਆਈਆ । ਧੁਰ ਦੇ ਮਾਲਕ ਬੇਪ੍ਰਵਾਹ, ਵਡ ਤੇਰੀ ਬੇਪ੍ਰਵਾਹੀਆ । ਜਗਤ ਕਿਰਿਆ ਦੀ ਪੂਜਾ ਜਨ ਭਗਤਾਂ ਮੇਰੇ ਵਿਚ ਦਿਤੀ ਸੁਟਾ, ਕੂੜੀ ਕਿਰਿਆ ਪੰਧ ਮੁਕਾਈਆ । ਖਵਾਜਾ ਖ਼ਿਜ਼ਰ ਕਹੇ ਹਾਜ਼ਰ ਹੋਏ ਆਦਮ ਤੇ ਹੱਵਾ, ਹਾਜ਼ਰ ਹੋ ਕੇ ਵੇਖ ਵਖਾਈਆ । ਤੇਈ ਅਵਤਾਰ ਕਰ ਨਾ ਸਕਣ ਨਾਹ, ਪੈਗ਼ੰਬਰ ਬਿਨਾ ਕਲਮਿਉਂ ਕਲਮਾ ਰਹੇ ਜਣਾਈਆ । ਗੁਰ ਦਸ ਕਹਿਣ ਤੂੰ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਸਤਿ ਧਰਮ ਦਾ ਮਾਰਗ ਸਤਿਜੁਗ ਦੇਣਾ ਚਲਾ, ਸਚ ਸਚ ਵਰਤਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੇ ਮਾਇਆ ਮਮਤਾ ਝਗੜਾ ਦੇਣਾ ਮੁਕਾ, ਕਲਮਾ ਵਿਚ ਨਾ ਕੋਇ ਹਲਕਾਈਆ । ਤੂੰ ਬਣਨਾ ਸਭ ਦਾ ਖ਼ੈਰਖ਼ਾਹ, ਖ਼ਾਲਸ ਆਪਣਾ ਰੰਗ ਰੰਗਾਈਆ । ਸਭ ਦੀ ਕਬੂਲ ਕਰਨੀ ਦੁਆ, ਦਰ ਤੇਰੇ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਵਡ ਵਡਿਆਈਆ । ਸੱਤ ਟਕੇ ਕਹਿਣ ਇਕ ਦਿਨ ਰਵਦਾਸ ਨੇ ਕਮਾਏ ਟਕੇ ਸੱਤ, ਪਾਨਹਾ ਗੰਢ ਕੇ ਖ਼ੁਸ਼ੀ ਬਣਾਈਆ । ਉਹਦਾ ਖ਼ੁਸ਼ੀ ਹੋਇਆ ਪੰਜ ਤਤ, ਤਤਾਂ ਵੱਜੀ ਵਧਾਈਆ । ਉਧਰੋਂ ਪੁਰਖ ਅਕਾਲ ਆ ਗਿਆ ਝਟ, ਆਪਣਾ ਵੇਸ ਵਟਾਈਆ । ਅਨੋਖਾ ਹੀਰਾ ਵਖਾਇਆ ਕਢ, ਅਣਮੁੱਲਾ ਲਾਲ ਜਣਾਈਆ । ਰਵਦਾਸ ਨੇ ਉਹਨੂੰ ਪਿਛੇ ਦਿਤਾ ਛਡ, ਸੱਤ ਟਕੇ ਪ੍ਰਭ ਦੀ ਭੇਟ ਚੜ੍ਹਾਈਆ । ਨਾਲੇ ਮੱਥੇ ਤੇ ਪਾ ਕੇ ਵਟ, ਗ਼ੁੱਸਾ ਪ੍ਰੇਮ ਵਿਚ ਵਖਾਈਆ । ਗਹਿਰ ਗੰਭੀਰ ਇਹ ਸਾਂਭ ਕੇ ਆਪਣੇ ਕੋਲ ਰਖ, ਤੇਰੀ ਦੌਲਤ ਤੇਰੇ ਹੱਥ ਫੜਾਈਆ । ਅਬਿਨਾਸ਼ੀ ਕਰਤਾ ਪਿਆ ਹੱਸ, ਹੱਸ ਕੇ ਦਿਤਾ ਸੁਣਾਈਆ । ਰਵਦਾਸ ਉਹ ਵੇਖ ਕਲਜੁਗ ਦਾ ਅੰਤ ਕਿਨਾਰਾ ਤਟ, ਕੰਢਾ ਘਾਟ ਖੋਜ ਖੁਜਾਈਆ । ਤੇਰੇ ਪ੍ਰੇਮ ਦੇ ਟਕੇ ਸਮੁੰਦ ਸਾਗਰ ਵਿਚ ਦੇਵਾਂ ਘਤ, ਖ਼ਜ਼ਾਨਾ ਸਤਿਜੁਗ ਵਾਲਾ ਭਗਤਾਂ ਹੱਥ ਰਖਾਈਆ । ਰਵਦਾਸ ਖ਼ੁਸ਼ੀ ਵਿਚ ਪਿਆ ਨੱਚ, ਟੱਪਿਆ ਚਾਈਂ ਚਾਈਆ । ਮੇਰੇ ਸਾਹਿਬ ਕੀ ਇਹ ਬਚਨ ਹੋਵੇ ਸਚ, ਸਚ ਦੇਣਾ ਜਣਾਈਆ । ਮੇਰਾ ਭਾਂਡਾ ਰਹਿਣਾ ਨਹੀਂ ਕਾਇਆ ਮਾਟੀ ਕੱਚ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤੇ ਕਿਹਾ ਤੇਰਾ ਫੇਰ ਬਣਾਵਾਂ ਰਥ, ਤਤਾਂ ਵਾਲਾ ਲੋਕਮਾਤ ਚਲਾਈਆ । ਆਪ ਬਣ ਕੇ ਪੁਰਖ ਸਮਰਥ, ਆਵਾਂ ਚਾਈਂ ਚਾਈਂਆ । ਤੈਨੂੰ ਸਚ ਦੇਵਾਂ ਦੱਸ, ਸਤਿ ਨਾਲ ਮਿਲਾਈਆ । ਪਹਿਲੋਂ ਜਨ ਭਗਤਾਂ ਦੇ ਹੱਥ ਉਤੇ ਇਕ ਇਕ ਰੁਪਈਆ ਰਖ, ਪਗੜੀ ਸੀਸ ਦਸਤਾਰ ਬੰਧਾਈਆ । ਫੇਰ ਖੇਲ ਕਰਾਂ ਅਕਥ, ਜਿਸ ਨੂੰ ਕਥਨੀ ਕਥ ਨਾ ਸਕੇ ਰਾਈਆ । ਉਥੇ ਜਾਵਾਂ ਨੱਸ, ਜਿਥੇ ਸਤਿਗੁਰ ਸ਼ਬਦ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਤੇਰਿਆਂ ਟਕਿਆਂ ਨਾਲ ਪਰਦਾ ਲਏ ਢੱਕ, ਤੇਰਾ ਕਸੀਰਾ ਕੌਡੀ ਸਮੁੰਦ ਸਾਗਰਾਂ ਵਿਚ ਨਾਲ ਮਿਲਾਈਆ ।



## ✪ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਬਹਿਰੀਨ ਬੰਦਰਗਾਹ ਤੇ ਖੜ੍ਹੇ ਜਹਾਜ਼ ਵਿਚ ਵਿਹਾਰ ਹੋਇਆ ✪

ਭਾਦਰੋਂ ਕਹੇ ਮੈਂ ਲੋਕਮਾਤ ਚੜ੍ਹਿਆ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਮੈਂ ਨਿਰਅੱਖਰ ਧਾਰ ਗੋਬਿੰਦ ਕੰਨਾ ਪੜ੍ਹਿਆ, ਜਿਸ ਕੰਨੇ ਦੀ ਸਮਝ ਕਿਸੇ ਨਾ ਆਈਆ । ਮੁਹੰਮਦ ਦਾ ਨਿਸ਼ਾਨਾ ਚੰਦ ਸਿਤਾਰਾ ਵੇਖਿਆ ਚੜ੍ਹਿਆ, ਚਾਰੋਂ ਕੁੰਟ ਨੈਣ ਉਠਾਈਆ । ਜਗਤ ਜਹਾਨ ਤੱਕਿਆ ਹੰਕਾਰੀ ਗੜ੍ਹਿਆ, ਹਉਮੇ ਹੰਗਤਾ ਨਾਲ ਮਿਲਾਈਆ । ਤ੍ਰੈਗੁਣ ਅਗਨੀ ਦੀਨ ਦੁਨੀ ਸੜਿਆ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੈਂ ਨਿਗਾਹ ਮਾਰੀ ਚੋਟੀ ਜੜ੍ਹਿਆ, ਚੇਤਨ ਵੇਖਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਭਾਦਰੋਂ ਤੇਰਾ ਦਿਵਸ ਚੰਗਾ, ਚੰਗੀ ਤਰਾ ਜਣਾਈਆ । ਮੇਰਾ ਖੇਲ ਵੇਖ ਜੋ ਖਿਲਾਏ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਮੈਂ ਲੇਖਾ ਪੂਰਾ ਕਰਨਾ ਜੋ ਸੰਦੇਸ਼ਾ ਦਿਤਾ ਗੋਬਿੰਦ ਪੁਰੀ ਅਨੰਦਾ, ਅਨੰਦ ਚੰਦ ਗਿਆ ਸਮਝਾਈਆ । ਜਿਸ ਦਾ ਸ਼ਬਦੀ ਧਾਰ ਅਗੰਮੀ ਖੰਡਾ, ਜਗਤ ਖੜਗਾਂ ਡੇਰਾ ਢਾਹੀਆ । ਫਿਰੇ ਵਿਚ ਬ੍ਰਹਿਮੰਡਾਂ, ਪੁਰੀਆਂ ਲੋਆਂ ਖੋਜ ਖੁਜਾਈਆ । ਮੇਰੀਆਂ ਉਸ ਦੇ ਹੱਥ ਵੰਡਾਂ, ਜੋ ਵੰਡਣਹਾਰਾ ਅਗੰਮ ਅਥਾਹੀਆ । ਮੈਂ ਦਰੋਹੀ ਫੇਰਨੀ ਵਿਚ ਵਰਭੰਡਾ, ਨਵ ਸੱਤ ਭੱਜਾਂ ਵਾਹੋ ਦਾਹੀਆ । ਮੇਰੇ ਕੋਲ ਪਹਿਲੀ

ਸਾਵਣ ਦੀਆਂ ਕੂੜ ਕੁੜਿਆਰ ਦੀਆਂ ਚੁੱਕੀਆਂ ਪੰਡਾਂ, ਗਠੜੀ ਪ੍ਰਭ ਦਿਤੀ ਬੰਧਾਈਆ । ਮੈਂ ਉਸ ਨੂੰ ਸੁੱਟਣਾ ਸਮੁੰਦ ਸਾਗਰਾਂ ਕੰਢਾ, ਜਿਥੇ ਮੁਹੰਮਦ ਆਸ਼ਾ ਰਹੀ ਕੁਰਲਾਈਆ । ਮੇਰਾ ਸਫ਼ਰ ਰਿਹਾ ਨਾ ਲੰਬਾ, ਸਦੀ ਚੌਧਵੀਂ ਸੰਦੇਸਾ ਦੇਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਭਾਦਰੋਂ ਕਹੇ ਮੇਰਾ ਜਗਤ ਦਿਵਸ ਦਿਹਾੜਾ, ਜੁਗ ਚੌਕੜੀ ਸਾਲ ਬਸਾਲਾ ਵੱਜਦੀ ਰਹੇ ਵਧਾਈਆ । ਮੈਂ ਤੱਕਣਾ ਇਕੋ ਅਗੰਮਾ ਲਾੜਾ, ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਬੇਪ੍ਰਵਾਹੀਆ । ਜੋ ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰਾਂ ਫੋਲ ਫੁਲਾਈਆ । ਜਿਸ ਦੇ ਅਗੇ ਤੇਈ ਅਵਤਾਰਾਂ ਕੱਢਿਆ ਹਾੜਾ, ਨਿਵ ਨਿਵ ਲਾਗੇ ਪਾਈਆ । ਪੈਗ਼ੰਬਰਾਂ ਕਿਹਾ ਉਹ ਅਮਾਮ ਨੂਰ ਨਿਆਰਾ, ਅਲਾਹ ਅਲਾਹੀ ਰੂਪ ਸਮਾਈਆ । ਗੁਰੂਆਂ ਕਿਹਾ ਜੋਤ ਨਿਰੰਕਾਰਾ, ਜੋਤਾ ਜਾਤਾ ਡਗਮਗਾਈਆ । ਆਦਿ ਜੁਗਾਦੀ ਖੇਲੇ ਖੇਲ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸਮਝ ਕਿਸੇ ਨਾ ਆਈਆ । ਸੋ ਲੇਖਾ ਜਾਣੇ ਦੀਨ ਦੁਨੀ ਜੀਵ ਜੰਤ ਧੁਰ ਦਾ, ਹਰਿ ਵੱਡਾ ਵਡ ਵਡਿਆਈਆ । ਭਾਦਰੋਂ ਕਹੇ ਉਹ ਨਾਰਦ ਆਇਆ ਨੱਠਾ, ਬੋਦੀ ਆਪਣੀ ਰਿਹਾ ਹਿਲਾਈਆ । ਨਾਲੇ ਹੱਸੇ ਮਖ਼ੌਲ ਕਰੇ ਠੱਠਾ, ਮੱਥੇ ਤਿਊੜੀ ਰਿਹਾ ਪਾਈਆ । ਨਾਲੇ ਕਹੇ ਵਾਹ ਮੇਰੇ ਪਰਮੇਸ਼ਵਰ ਪਿਤਾ, ਪਤਿਪਰਮੇਸ਼ਵਰ ਤੇਰੀ ਬੇਪ੍ਰਵਾਹੀਆ । ਤੇਰਾ ਨਾਮ ਨਿਧਾਨ ਜਗਤ ਜਹਾਨ ਰਿਹਾ ਨਾ ਰਤਾ, ਰਤੀ ਰਤ ਰਹੀ ਕੁਰਲਾਈਆ । ਆਪਣੀ ਆਤਮ ਧਾਰ ਵੇਖ ਸਤਾ, ਸਤਿ ਸਤਿਵਾਦੀ ਕਾਇਆ ਮੰਦਰ ਫੋਲ ਫੁਲਾਈਆ । ਦੀਨ ਮਜ਼੍ਹਬ ਇਕ ਦੂਜੇ ਦੀ ਕਰਦੇ ਹੱਤਾ, ਹਤਿਆਰੀ ਹੋਈ ਖ਼ਲਕ ਖ਼ੁਦਾਈਆ । ਸ਼ਰਅ ਵਿਚ ਦਿਸੇ ਨਾ ਕੋਇ ਸੱਚਾ, ਸ਼ਰੀਅਤ ਰੋਵੇ ਮਾਰੇ ਧਾਹੀਆ । ਆਪਣਾ ਲੇਖਾ ਪੂਰਾ ਕਰਨਾ ਮੁਹੰਮਦ ਵਾਲਾ ਮਦੀਨਾ ਮੱਕਾ, ਕਾਅਬਿਆਂ ਭੁਲ ਰਹੇ ਨਾ ਰਾਈਆ । ਗੋਬਿੰਦ ਦਾ ਫ਼ਤਿਹ ਵੇਖਣਾ ਡੰਕਾ, ਡੇਰੂ ਆਪਣਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਸ਼ਬਦੀ ਧਾਰ ਤੇਰਾ ਸੁਤ, ਅਪਰਾਧੀ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਬੇਪ੍ਰਵਾਹੀਆ । ਪਰਵਰਦਿਗਾਰ ਸਾਂਝੇ ਯਾਰ ਤੇਰੀ ਸੁਹੰਜਣੀ ਵੇਖਾਂ ਰੁਤ, ਰੁਤੜੀ ਆਪਣੇ ਨਾਲ ਲੈਣੀ ਮਹਿਕਾਈਆ । ਪਰ ਮੈਨੂੰ ਤੇਰੀ ਦੀਨ ਦੁਨੀ ਵੇਖ ਕੇ ਦੁੱਖ, ਦੁਖੀਆ ਹੋ ਕੇ ਦਿਆਂ ਸੁਣਾਈਆ । ਭਗਤ ਜਨਮੇ ਕੋਇ ਨਾ ਕੁੱਖ, ਜਣੇਂਦੀ ਬਣੇ ਕੋਇ ਨਾ ਮਾਈਆ । ਸਾਰੇ ਲਟਕਦੇ ਉਲਟੇ ਰੁਖ਼, ਦਸ ਦਸ ਮਾਸ ਅਗਨ ਤਪਾਈਆ । ਮਿਹਰਵਾਨ ਮਹਿਬੂਬ ਲੋਕਮਾਤ ਮਾਰ ਝਾਤ ਆਪ ਪੁਛ, ਪਰਦਾ ਪਰਦਿਆਂ ਵਿਚੋਂ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਸਾਰਿਆਂ ਕਰ ਸਨਮੁਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਪੂਰ ਕਰਾਈਆ । ਨਾਰਦ ਕਹੇ ਪ੍ਰਭੂ ਤੇਰਾ ਕਲਜੁਗ ਬੜਾ ਚਲਾਕ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਜਿਸ ਦੀਨ ਦੁਨੀ ਦੀ ਉਡਾਈ ਖ਼ਾਕ, ਖ਼ਾਕਛਾਰ ਕੀਤੀ ਲੋਕਾਈਆ । ਵਜੂਦ ਰਿਹਾ ਕਿਸੇ ਨਾ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਸਾਚੇ ਮੰਡਲ ਪੈਣ ਦੇਵੇ ਨਾ ਰਾਸ, ਗੋਪੀ ਕਾਹਨ ਦੇਣ ਦੁਹਾਈਆ । ਬਿਨਾ ਕਲਮਿਆਂ ਤੋਂ ਖ਼ਾਲੀ ਦਿਸੇ ਉਮਤ ਵਾਲੀ ਲਾਸ਼, ਨਾਅਰਾ ਹਕ ਨਾ ਕੋਇ ਸੁਣਾਈਆ । ਨਾਮ ਸਤਿ ਸਤਿ ਨਾਮ ਦਾ ਦਿਸੇ ਨਾ ਕੋਇ ਪ੍ਰਕਾਸ਼, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਉਠ ਵੇਖ ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ

੧੨੯
੨੩

ਚੰਦ ਨਾ ਕੋਇ ਚਮਕਾਈਆ । ਜੋ ਪੇਸ਼ੀਨਗੋਈਆਂ ਵਿਚ ਲੇਖਾ ਲਿਖਿਆ ਉਤੇ ਕਾਗ਼ਜ਼ਾਤ, ਕਲਮ ਸ਼ਾਹੀ ਰੰਗ ਰੰਗਾਈਆ । ਭਵਿਖਤਾਂ ਆਪਣਿਆਂ ਨੂੰ ਵਾਚ, ਵਾਚਕ ਹੋ ਕੇ ਪਰਦਾ ਲਾਹੀਆ । ਫਿਰੀ ਦਰੋਹੀ ਲੋਕਮਾਤ, ਚਾਰੋਂ ਕੁੰਟ ਰਹੀ ਕੁਰਲਾਈਆ । ਸਤਿ ਧਰਮ ਦੀ ਕਰੇ ਕੋਇ ਨਾ ਬਾਤ, ਬਾਤਨ ਪਰਦਾ ਨਾ ਕੋਇ ਖੁਲਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਤਮ ਦਾ ਕਮਲਾਪਾਤ, ਪਰਵਰਦਿਗਾਰ ਨੂਰ ਅਲਾਹੀਆ । ਮੈਂ ਤੇਰੇ ਦਰ ਦਾ ਸੇਵਕ ਦਰਵੇਸ਼ ਦਾਸ, ਭਿਖਾਰੀ ਮੰਗਤਾ ਨਜ਼ਰੀ ਆਈਆ । ਤੇਰਾ ਸਮੁੰਦ ਸਾਗਰਾਂ ਦੇ ਵਿਚ ਮਿਲਣ ਦਾ ਹੋਇਆ ਇਤਫ਼ਾਕ, ਇਤਫ਼ਾਕੀਆ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਭਾਦਰੋਂ ਕਹੇ ਨਾਰਦ ਉਹ ਤੱਕ ਮੇਰਾ ਸਵਾਮੀ, ਸੋ ਪੁਰਖ ਨਿਰੰਜਣ ਨਜ਼ਰੀ ਆਈਆ । ਜੋ ਆਦਿ ਜੁਗਾਦਿ ਅੰਤਰਜਾਮੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜਿਸ ਦਾ ਸ਼ਬਦ ਨਾਦ ਬੋਧ ਅਗਾਧੀ ਬਾਣੀ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਸ ਨੂੰ ਗਾਉਂਦੀ ਚਾਰੇ ਖਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲੇ ਰਹੀ ਸੁਣਾਈਆ । ਉਹ ਨਿਰਗੁਣ ਨੂਰ ਨੂਰ ਜੋਤ ਨੁਰਾਨੀ, ਦਰਗਾਹ ਸਾਚੀ ਸਚਖੰਡ ਦਵਾਰੇ ਸੋਭਾ ਪਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨੀ, ਮਹਾਬਲੀ ਆਪਣਾ ਵੇਸ ਵਟਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਦੇਣ ਨਿਸ਼ਾਨੀ, ਨਿਸ਼ਾਨਾ ਨਾਮ ਕਲਮੇ ਵਾਲਾ ਲਗਾਈਆ । ਉਹ ਹੁਕਮ ਸੰਦੇਸ਼ਾ ਦੇਵੇ ਧੁਰ ਫ਼ਰਮਾਨੀ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਭਾਦਰੋਂ ਉਹ ਤੱਕ ਦੀਨ ਦੁਨੀ ਦੀ ਹਾਲਤ, ਨਵ ਖੰਡ ਸੱਤ ਦੀਪ ਧਿਆਨ ਲਗਾਈਆ । ਮਨ ਮਨਸਾ ਹੋਈ ਜਹਾਲਤ, ਬੁਧ ਬਿਬੇਕ ਨਾ ਕੋਇ ਕਰਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਹਕ ਦੀ ਕਰੇ ਨਾ ਕੋਇ ਅਬਾਦਤ, ਅੱਲਾ ਹੂ ਅੱਨਾ ਹੂ ਨਾਅਰਾ ਕੋਇ ਨਾ ਲਾਈਆ । ਸਤਿ ਧਰਮ ਦੀ ਰਹੀ ਨਾ ਕੋਇ ਸਦਾਕਤ, ਸਚ ਦਾ ਰੰਗ ਨਾ ਕੋਇ ਚੜ੍ਹਾਈਆ । ਪਰਵਰਦਿਗਾਰ ਨੂੰ ਕਹੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਸਭ ਨੂੰ ਲੋਕਮਾਤ ਕਰ ਮੁਖ਼ਾਤਬ, ਆਪਣੀ ਦੀਨ ਦੁਨੀ ਵੇਖਣ ਥਾਉਂ ਥਾਈਂਆ । ਜਿਨ੍ਹਾਂ ਵਾਸਤੇ ਨਾਮ ਕਲਮੇ ਲਿਖਾਏ ਬਣ ਕੇ ਕਾਤਬ, ਨਿਰਅੱਖਰ ਅੱਖਰਾਂ ਵਿਚ ਬਦਲਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਸਭ ਦੀ ਦੇਵੇ ਸ਼ਹਾਦਤ, ਚਾਰ ਜੁਗ ਦੀ ਗਵਾਹੀ ਇਕੋ ਵਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਧੁਰ ਦਾ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਸਚਖੰਡ ਦਵਾਰੇ ਜਾਂਦਾ ਹਾਂ । ਦਰਗਾਹ ਸਾਚੀ ਸਚ ਧਾਮ ਸੁਹਾਉਂਦਾ ਹਾਂ । ਤੇਈ ਅਵਤਾਰ ਪਕੜ ਉਠਾਉਂਦਾ ਹਾਂ । ਹਜ਼ਰਤ ਈਸਾ ਮੂਸਾ ਮੁਹੰਮਦ ਜਗਾਉਂਦਾ ਹਾਂ । ਨਾਨਕ ਨਿਰਗੁਣ ਧਾਰ ਨਾਲ ਮਿਲਾਉਂਦਾ ਹਾਂ । ਸਚ ਸੰਦੇਸ਼ਾ ਨਰ ਨਰੇਸ਼ਾ ਤੇਰਾ ਇਕ ਅਲਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਉਂਦਾ ਹਾਂ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਸਚ ਦਵਾਰ, ਦਰਗਾਹ ਸਾਚੀ ਧਿਆਨ ਲਗਾਈਆ । ਉਠੋ ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂ ਮੇਰੇ ਸਾਹਿਬ ਦੇ ਬਰਖ਼ੁਰਦਾਰ ਬਾਲ ਬਾਲੇ ਲਓ ਅੰਗੜਾਈਆ । ਜੋਤੀ ਵਿਚੋਂ ਜੋਤ ਹੋਵੇ ਉਜਿਆਰ, ਤਨ ਵਜੂਦ ਨਾ ਕੋਇ ਰਖਾਈਆ । ਦੀਨਾਂ ਮਜ਼੍ਹਬਾਂ ਤੋਂ ਹੋਣਾ ਬਾਹਰ, ਵੰਡ ਨਾ ਕੋਇ ਵੰਡਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ

ਖੰਡਾਂ ਆਕਾਸ਼ਾਂ ਪਾਤਾਲਾਂ ਗਗਨ ਗਗਨੰਤਰਾਂ ਜਿਮੀਂ ਅਸਮਾਨਾਂ ਆਉਣਾ ਪਾਰ, ਪਾਰ ਕਿਨਾਰਾ ਵੇਖ ਵਖਾਈਆ । ਜਿਸ ਧਰਨੀ ਧਰਤ ਧਵਲ ਧੌਲ ਉਤੇ ਆਪਣਾ ਨਾਮ ਕਲਮਾ ਅੱਖਰਾਂ ਵਿਚ ਆਏ ਉਚਾਰ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਮਾਨਸ ਮਾਨਵ ਮਾਨੁਖ ਹਿੱਸੇ ਕੀਤੇ ਅਪਰ ਅਪਾਰ, ਦੀਨ ਮਜ਼੍ਹਬ ਰੰਗ ਰੰਗਾਈਆ । ਕਲਜੁਗ ਅੰਤਮ ਪਾਵੇ ਸਾਰ, ਮਹਾਸਾਰਥੀ ਰਿਹਾ ਸੁਣਾਈਆ । ਸਚ ਮੁਹੱਬਤ ਰਿਹਾ ਨਾ ਕੋਇ ਪਿਆਰ, ਮਿਹਰਵਾਨ ਮਿਲਣ ਕੋਇ ਨਾ ਆਈਆ । ਚਾਰੋਂ ਕੁੰਟ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਆਪਣਾ ਆਪਣਾ ਲੇਖਾ ਲਓ ਵਿਚਾਰ, ਪੂਰਬ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਤੇਈ ਅਵਤਾਰ ਕਹਿਣ ਕੀ ਤੱਕੀਏ ਉਤੇ ਧਰਤ, ਧਵਲ ਧਿਆਨ ਲਗਾਈਆ । ਸਾਡੇ ਵਿਚੋਂ ਫੇਰ ਆਇਆ ਕੋਇ ਨਾ ਪਰਤ, ਦੀਨ ਦੁਨੀ ਨਾ ਵੇਖਣ ਪਾਈਆ । ਸਾਡੀ ਪੁਰਖ ਅਕਾਲ ਨਾਲ ਇਕੋ ਸ਼ਰਤ, ਸ਼ਰਅ ਤੋਂ ਬਾਹਰ ਲੇਖਾ ਦਿਤਾ ਲਿਖਾਈਆ । ਤੂੰ ਮਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਬੇਪ੍ਰਵਾਹੀਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਮਦਦ ਦੇਵੇਂ ਥਾਉਂ ਥਾਈਂਆ । ਕਲਜੁਗ ਅੰਤ ਸਭ ਦੀ ਸਾਂਝੀ ਵੰਡੀ ਦਰਦ, ਦੀਨ ਦੁਨੀ ਵੇਖ ਵਖਾਈਆ । ਸਾਡੀ ਮਨਜ਼ੂਰ ਕਰੀ ਅਰਜ਼, ਕਲ ਕਲਕੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਲੈਣਾ ਮਿਲਾਈਆ । ਪੈਗ਼ੰਬਰ ਕਹਿਣ ਵਾਹਿਦ ਮਾਲਕ ਮਿਹਰਵਾਨ, ਮਿਹਰਵਾਨ ਤੇਰੀ ਸਰਨਾਈਆ । ਹਜ਼ਰਤ ਈਸਾ ਨਿਗਾਹ ਮਾਰੀ ਜ਼ਿਮੀਂ ਅਸਮਾਨ, ਜ਼ਿਮੀਂ ਜ਼ਮਾਂ ਵੇਖ ਵਖਾਈਆ । ਮੂਸਾ ਕੋਹਤੂਰ ਧਰੇ ਧਿਆਨ, ਨੇਤਰ ਨੈਣ ਨਾ ਕੋਇ ਖੁਲਾਈਆ ।



ਮੁਹੰਮਦ ਮੱਕੇ ਦਿਤਾ ਬਿਆਨ, ਸਦੀ ਚੌਧਵੀਂ ਸੰਗ ਰਲਾਈਆ । ਅੰਤ ਖੇਲ ਹੋਣਾ ਮਹਾਨ, ਖ਼ਾਲਕ ਖ਼ਲਕ ਆਪ ਖਿਲਾਈਆ । ਸਾਬਤ ਰਹਿਣਾ ਨਹੀਂ ਕਿਸੇ ਈਮਾਨ, ਕਾਮਲ ਮੁਰਸ਼ਦ ਵੇਖੇ ਬੇਪ੍ਰਵਾਹੀਆ । ਜਿਸ ਨੇ ਹਲੂਣਾ ਦੇਣਾ ਚੌਦਾਂ ਤਬਕ ਸੱਤ ਜ਼ਿਮੀਂ ਸੱਤ ਅਸਮਾਨ, ਚੌਦਾਂ ਲੋਕਾਂ ਪਰਦਾ ਲਾਹੀਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਆਵੇ ਇਕ ਅਮਾਮ, ਅਲਾਹੀ ਆਪਣਾ ਫੇਰਾ ਪਾਈਆ । ਜਿਸ ਦਾ ਇਕੋ ਕਲਮਾ ਹੋਵੇ ਕਲਾਮ, ਕਾਇਨਾਤ ਦਏ ਸਮਝਾਈਆ । ਇਕੋ ਸਜਦਾ ਹੋਵੇ ਸਲਾਮ, ਸਲਾਮਾਲੈਕਮ ਇਕ ਸਮਝਾਈਆ । ਇਕੋ ਹਕ ਹੋਵੇ ਮੁਕਾਮ, ਦਰਗਾਹ ਸਾਚੀ ਨਜ਼ਰੀ ਆਈਆ । ਇਹ ਹਕੀਕਤ ਦਾ ਪੈਗ਼ਾਮ, ਰਸੂਲ ਮਾਕੂਲ ਗਿਆ ਦ੍ਰਿੜਾਈਆ । ਜਿਸ ਨੇ ਬਦਲ ਦੇਣਾ ਇੰਤਜ਼ਾਮ, ਇੰਤਕਾਮ ਆਪਣੇ ਹੱਥ ਰਖਾਈਆ । ਇਕ ਲੱਖ ਚੌਵ੍ਹੀ ਹਜ਼ਾਰ ਪੈਗ਼ੰਬਰ ਦੇਣ ਬਿਆਨ, ਮਕਬਰਿਆਂ ਵਿਚ ਸਾਰੇ ਕਰਨ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਨੂਰ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਕਹੇ ਦਸ ਗੁਰੂ ਗੁਰੂ ਸੰਦੇਸਾ, ਸ਼ਬਦ ਸ਼ਬਦ ਧਾਰ ਜਣਾਈਆ । ਪ੍ਰਗਟ ਹੋਵੇ ਨਰ ਨਰੇਸ਼ਾ, ਨਰ ਨਰਾਇਣ ਬੇਪ੍ਰਵਾਹੀਆ । ਸੋ ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਵਿਚ ਨਾ ਆਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਸੂਫ਼ੀ ਸੰਤਾਂ ਲਏ ਮਿਲਾਈਆ । ਜਿਸ ਦੇ ਕੋਲੋਂ ਦੀਨਾਂ ਮਜ਼੍ਹਬਾਂ ਨੂੰ ਅੰਦੇਸ਼ਾ, ਚਾਰ ਕੁੰਟ ਵੇਖ ਵਖਾਈਆ । ਉਹਨੂੰ ਝੁਕਦੇ ਸੁਰਪਤ ਇੰਦ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਸਿਰ ਸਕੇ ਨਾ ਕੋਇ ਉਠਾਈਆ । ਉਹ ਫਿਰੇ ਦੇਸ ਪਰਦੇਸਾ, ਉੱਤਰ ਪੂਰਬ ਪੱਛਮ ਦੱਖਣ ਵਾਹੋ ਦਾਹੀਆ । ਉਸ ਦਾ ਰੂਪ ਅਨੂਪ ਨਾ ਮੁੱਛ ਨਾ ਦਾਹੜੀ ਕੇਸਾ, ਜੋਤੀ ਜਾਤਾ ਡਗਮਗਾਈਆ । ਲੇਖਾ ਜਾਣੇ ਪੰਡਤ ਪਾਂਧੇ ਮੁੱਲਾ ਸ਼ੇਖ਼ਾ, ਮੁਸਾਇਕਾਂ ਪਰਦਾ ਦਏ

ਉਠਾਈਆ । ਗ਼ਰੀਬ ਨਿਮਾਣਿਆਂ ਕਰੇ ਹੇਤਾ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਗੋਬਿੰਦ ਢਈਏ ਦਾ ਕਦੇ ਨਾ ਭੁਲੇ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਮਾਛੂਵਾੜੇ ਦਾ ਯਾਦ ਰਖੇ ਲੇਖਾ, ਜਗਤ ਲੇਖਣੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਦਸ ਗੁਰੂ ਗੁਰਦੇਵ ਦਿਤਾ ਬਿਆਨ, ਸ਼ਬਦ ਸ਼ਬਦ ਧਾਰ ਜਣਾਈਆ । ਨਾਨਕ ਨਿਰਗੁਣ ਸਰਗੁਣ ਕਿਹਾ ਬਲੀ ਬਲਵਾਨ, ਨਿਹਕਲੰਕ ਆਵੇ ਚਾਈਂ ਚਾਈਂਆ । ਗੋਬਿੰਦ ਕਿਹਾ ਡੰਕਾ ਵਜਾਏ ਜਗਤ ਜਹਾਨ, ਕਲ ਕਲਕੀ ਆਪਣੀ ਕਲ ਪ੍ਰਗਟਾਈਆ । ਜਿਸ ਨੂੰ ਸਮਝੇ ਨਾ ਕੋਇ ਬੁੱਧੀ ਵਿਚ ਇਨਸਾਨ, ਅਕਲ ਚਲੇ ਨਾ ਕੋਇ ਚਤੁਰਾਈਆ । ਚਾਰ ਜੁਗ ਦੇ ਸ਼ਾਸਤਰ ਉਸੇ ਦੇ ਢੋਲੇ ਗਾਣ, ਸਿਫ਼ਤ ਸਿਫ਼ਤ ਨਾਲ ਮਿਲਾਈਆ । ਸਮੁੰਦ ਸਾਗਰ ਕਹਿਣ ਬਤਾਲੀ ਲੱਖ ਉਸੇ ਦਾ ਦਾਨ, ਜੋ ਗਹਿਰ ਗੰਭੀਰ ਸਾਡੇ ਵਿਚ ਟਿਕਾਈਆ । ਜਿਸ ਦਾ ਲੇਖਾ ਮਛ ਕਛ ਕੀਤਾ ਪ੍ਰਵਾਨ, ਬਾਵਨ ਸੰਦੇਸ਼ਾ ਗਿਆ ਸੁਣਾਈਆ । ਹਜ਼ਰਤ ਮੁਹੰਮਦ ਇਸ਼ਾਰਾ ਕੀਤਾ ਵਿਚ ਬਾਂਗ ਅਜ਼ਾਨ, ਆਅਲਾ ਅਦਨਾ ਇਕ ਸੁਣਾਈਆ । ਮਾਲਕ ਖ਼ਾਲਕ ਉਤੋਂ ਜਾਓ ਕੁਰਬਾਨ, ਜੋ ਕਰਬਲੇ ਦਾ ਲੇਖਾ ਵੇਖ ਵਖਾਈਆ । ਚਾਰ ਯਾਰੀ ਕਰੇ ਪ੍ਰਵਾਨ, ਹਜ਼ਰਤ ਐਲੀ ਦਏ ਗਵਾਹੀਆ । ਹਸਨ ਹੁਸੈਨ ਦਾ ਇਕ ਨਿਸ਼ਾਨ, ਨਿਸ਼ਾਨਾ ਜਗਤ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਖ਼ਾਲਕ ਪਰਵਰਦਿਗਾਰ, ਸਾਂਝਾ ਯਾਰ ਨੂਰ ਅਲਾਹੀਆ । ਸਾਂਝਾ ਯਾਰ ਨੂਰ ਅਲ੍ਹਾ, ਆਲਮੀਨ ਇਕ ਅਖਵਾਈਆ । ਮਹਿਬਾਨ ਬੀਦੋ ਬੀਖੈਰੀ ਯਾ ਮੁਬੀਨ ਕਰੇ ਖ਼ੁਦਾ, ਅਲਹਜ਼ੀ ਵਲਜ਼ਵੀ ਜ਼ਹੂਰ ਕਰੇ ਰੁਸ਼ਨਾਈਆ ।



ਜੋ ਸੂਫ਼ੀਆਂ ਫਕੀਰਾਂ ਨਾਲੋਂ ਕਦੇ ਨਾ ਹੋਏ ਜ਼ੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਸਾਰੇ ਉਸੇ ਤੋਂ ਹੋਏ ਫਿਦਾ, ਹਜ਼ਰਤ ਇਬਰਾਹੀਮ ਦਏ ਗਵਾਹੀਆ । ਜਿਸ ਅੰਤਮ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਭ ਨੂੰ ਕਹਿਣਾ ਅਲਵਿਦਾ, ਬਪਕੀ ਪੁਸ਼ਤ ਪਨਾਹ ਟਿਕਾਈਆ । ਇਕੋ ਸਜਦੇ ਵਿਚ ਇਕ ਮਹਿਬੂਬ ਅਗੇ ਸਾਰੇ ਕਰੋ ਦੁਆ, ਦੁਆਬਾ ਕਾਅਬਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਦਿਵਸ ਰੈਣ ਉਡੀਕਾਂ, ਬਿਨ ਅੱਖਾਂ ਅੱਖ ਉਠਾਈਆ । ਮੈਂ ਸਾਲ ਬਸਾਲਾ ਬਦਲਦੀਆਂ ਵੇਖੀਆਂ ਤਵਾਰੀਖਾਂ, ਤਾਰੀਖਾਂ ਧਿਆਨ ਲਗਾਈਆ । ਮੇਰੇ ਕੋਲ ਗੂੰਜਦੀਆਂ ਹਜ਼ਰਤ ਮੁਹੰਮਦ ਦੀਆਂ ਤਬਲੀਕਾਂ, ਜੋ ਵਾਹਿਦ ਦਾ ਵਾਅਦਾ ਗਿਆ ਸਮਝਾਈਆ । ਜਿਸ ਨੇ ਚੌਦਾਂ ਤਬਕਾਂ ਮਾਰੀਆਂ ਲੀਕਾਂ, ਲਾਈਨ ਐਨ ਇਕ ਬਣਾਈਆ । ਉਮਤ ਨੂੰ ਹਕ ਦੀਆਂ ਕੀਤੀਆਂ ਵਸੀਅਤਾਂ, ਵਸਲ ਯਾਰ ਵਾਲਾ ਸਮਝਾਈਆ । ਕਲਮੇ ਦੀਆਂ ਦੇ ਨਸੀਹਤਾਂ, ਨਸਰ ਨਾਲ ਦਿਤਾ ਦ੍ਰਿੜਾਈਆ । ਅੰਤਮ ਲੇਖਾ ਮੁਕਣਾ ਜਗਤ ਸ਼ਰਅ ਦੀਆਂ ਅਕਲੀਅਤਾਂ, ਕੁਲ ਮਾਲਕ ਇਕੋ ਨਜ਼ਰੀ ਆਈਆ । ਜਿਸ ਨੇ ਬਦਲ ਦੇਣੀਆਂ ਅੰਦਰੋਂ ਦੀਨ ਦੁਨੀ ਤਬੀਅਤਾਂ, ਤਬੀਬ ਇਕੋ ਬੇਪ੍ਰਵਾਹੀਆ । ਜਿਸ ਲੇਖੇ ਲਾਉਣੀਆਂ ਮੰਦਰ ਮਸਜਿਦ ਸ਼ਿਵਦੁਆਲੇ ਮਸੀਤਾਂ, ਜਗਤ ਮਸਲਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਨੈਣ ਚੁੱਕ, ਮੁਖ ਨਕਾਬ ਨਾ ਕੋਇ ਰਖਾਈਆ । ਮੇਰਾ ਪੈਂਡਾ ਕਿਸ ਵੇਲੇ ਜਾਏ ਮੁਕ, ਮੁਕੰਮਲ ਮਿਲੇ ਨੂਰ ਅਲਾਹੀਆ । ਜਿਸ ਦਾ ਹੁਕਮ ਕਦੇ ਨਾ ਜਾਵੇ ਰੁਕ, ਨਾ ਕੋਈ ਰੋਕੇ ਰੋਕ ਰੁਕਾਈਆ ।

ਜਿਸ ਨੂੰ ਜ਼ਿਮੀਂ ਅਸਮਾਨ ਰਹੇ ਝੁਕ, ਚੌਦਾਂ ਤਬਕਾਂ ਸਜਦਾ ਸੀਸ ਝੁਕਾਈਆ । ਉਹ ਆਪਣੀ ਧਾਰੋਂ ਆਪੇ ਉਠ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਸਦੀ ਚੌਧਵੀਂ ਕਹੇ ਮੇਰੇ ਮਾਲਕ ਕਿਬਲੇ ਅਜ਼, ਵਾਹਿਦ ਲਾ ਇਲਾਹ ਸੀਸ ਨਿਵਾਈਆ । ਤੂੰ ਰਾਜ਼ਕ ਰਹੀਮ ਰਜ਼, ਤੇਰੀ ਰਹਿਮਤ ਬੇਪ੍ਰਵਾਹੀਆ । ਮੈਂ ਦਰ ਦਰਵੇਸ਼ ਤੇਰੀ ਆਜਿਜ਼, ਸਤਿ ਸਚ ਸੇਵ ਕਮਾਈਆ । ਮੇਰੇ ਅੰਤ ਵੇਖ ਦੀਨ ਦੁਨੀ ਆਤਸ਼, ਚਾਰੋਂ ਕੁੰਟ ਨਜ਼ਰੀ ਆਈਆ । ਸ਼ਰਅ ਸ਼ਰਅ ਨਾਲ ਕਰੇ ਸਾਜ਼ਸ਼, ਕਲਮਾ ਕਲਮੇ ਨਾਲ ਠੁਕਰਾਈਆ । ਤੂੰ ਸਭ ਦਾ ਮਾਲਕ ਲੇਖਾ ਜਾਣ ਬਾਤਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੇਰੀ ਇਕੋ ਖ਼ਾਹਿਸ਼ ਇਕੋ ਮਨਸਾ ਇਕੋ ਆਸਨ, ਆਸ਼ਾਵੰਦ ਤੇਰੇ ਅਗੇ ਝੋਲੀ ਡਾਹੀਆ । ਤੂੰ ਸਹੀ ਸਲਾਮਤ ਸਾਹਿਬ ਬਖ਼ਸ਼ੰਦ ਸਭ ਦੇ ਸਾਥਨ, ਸਗਲਾ ਸੰਗ ਨਿਭਾਈਆ । ਤੂੰ ਦੀਨ ਦੁਨੀ ਦਾ ਮਾਲਕ ਪੁਰਾਤਨ, ਕਦੀਮ ਦਾ ਇਕੋ ਨਜ਼ਰੀ ਆਈਆ । ਤੇਰੀ ਵੰਡ ਨਾ ਕੋਈ ਜ਼ਾਤ ਨਾ ਕੋਇ ਪਾਤਨ, ਇਕੋ ਨੂਰ ਇਕ ਜ਼ਹੂਰ ਇਕੋ ਜ਼ਾਹਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਚ ਦਵਾਰਾ ਸਚਖੰਡ ਦਰਗਾਹ ਸਾਚੀ ਮੁਕਾਮੇ ਹਕ ਹਕ ਹਕੀਕਤ ਵਾਲੇ ਸਾਰੇ ਆਖਣ, ਆਖ਼ਰ ਅਖ਼ੀਰ ਬੇਨਜ਼ੀਰ ਆਪਣਾ ਰੰਗ ਆਪਣੀ ਮਿਹਰ ਨਜ਼ਰ ਨਾਲ ਦੇਣਾ ਜਣਾਈਆ ।



### ✪ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਾਢੇ ਅੱਠ ਵੱਜੇ ਸ਼ਾਮ ਬਹਿਰੀਨ ਬੰਦਰਗਾਹ ਤੇ ਖੜ੍ਹੇ ਜਹਾਜ਼ ਵਿਚ ✪

੧੩੨
੨੩

ਸਦੀ ਚੌਧਵੀਂ ਕਹੇ ਮੇਰਾ ਪੂਰਾ ਹੋਇਆ ਅਹਿਦ, ਅਹਿਦਨਾਮਾ ਮੁਹੰਮਦ ਵਾਲਾ ਦਏ ਗਵਾਹੀਆ । ਮੇਰੀ ਆਸਾ ਮਨਸਾ ਪੂਰੀ ਹੋਵੇ ਉਮੀਦ, ਤ੍ਰਿਸ਼ਨਾ ਤ੍ਰਿਖਾ ਦਏ ਗਵਾਹੀਆ । ਜਿਸ ਨੇ ਸ਼ਬਦੀ ਧਾਰ ਮੈਨੂੰ ਕੀਤਾ ਕੈਦ, ਬੰਧਨ ਆਪਣਾ ਦਿਤਾ ਪਾਈਆ । ਜਿਸ ਕਾਰਨ ਆਇਆ ਮਹਿਜ਼, ਮਹਿਵ ਆਪਣਾ ਹੁਕਮ ਵਰਤਾਈਆ । ਪੂਰਾ ਕਰੇ ਫ਼ਰਾਇਜ਼, ਫ਼ਰਜ਼ੀ ਖੇਲ ਨਾ ਕੋਇ ਵਖਾਈਆ । ਮੇਰੀ ਦੁਹਾਈ ਕੋਈ ਨਾ ਸਮਝਿਓ ਹੁਕਮ ਨਜਾਇਜ਼, ਜਾਇਜ਼ਾ ਲਏ ਥਾਉਂ ਥਾਈਂਆ । ਜਿਸ ਦਾ ਹੁਕਮ ਹੋਣਾ ਅਰਾਇਜ਼, ਆਰਜ਼ੂ ਮੇਰੀ ਲੇਖੇ ਪਾਈਆ । ਅੰਤ ਕਢ ਕੇ ਜਾਏ ਨਤਾਇਜ, ਨਤੀਜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਨੂੰ ਲਿਆ ਬੰਨ੍ਹ, ਬੰਧਨ ਦਿਤਾ ਪਾਈਆ । ਮੇਰਾ ਸੰਦੇਸ਼ਾ ਸੁਣੇ ਕੋਇ ਨਾ ਕੰਨ, ਉਮਤ ਉਮਤੀ ਸਮਝ ਕਿਸੇ ਨਾ ਪਾਈਆ । ਮੈਂ ਇਸ਼ਾਰਾ ਦੇਵਾਂ ਤਾਰਾ ਚੰਦ, ਚੰਦ ਸਿਤਾਰ ਰਹੀ ਦ੍ਰਿੜਾਈਆ । ਮੈਂ ਹੁਣ ਖ਼ੁਸ਼ੀ ਕਰਾਂ ਕਿ ਗ਼ਮ, ਕਿਹੜਾ ਰੰਗ ਬਦਲਾਈਆ । ਕਿਉਂ ਮੇਰੀ ਨਾ ਮਾਟੀ ਨਾ ਚੰਮ, ਤਨ ਵਜੂਦ ਨਾ ਕੋਇ ਰਖਾਈਆ । ਮੈਂ ਹੱਸਾਂ ਕਿ ਰੋਵਾਂ ਛੰਮਾਂ ਛੰਮ, ਸ਼ਮਾਂ ਨੂਰ ਤੱਕਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰੇ ਹੱਥਾਂ ਬੱਧਾ ਤੰਦ, ਬਿਨ ਤੰਦੀ ਡੋਰੀ ਪਾਈਆ । ਮੇਰਾ ਮਾਲਕ ਵਡ ਬਖ਼ਸ਼ੰਦ, ਰਹਿਮਾਨ ਇਕ ਅਖਵਾਈਆ । ਮਾਰ ਕੇ ਮੇਰੇ ਪਿਛੇ ਆਇਆ ਪੰਧ, ਪਾਂਧੀ ਹੋ ਕੇ

ਭੱਜਿਆ ਵਾਹੋ ਦਾਹੀਆ । ਨਾ ਕੋਈ ਝਗੜਾ ਨਾ ਕੋਈ ਜੰਗ, ਸ਼ਰਅ ਸ਼ਰੀਅਤ ਨਾ ਕੋਇ ਰਖਾਈਆ । ਲੇਖਾ ਜਾਣੇ ਅੰਧੇਰਾ ਅੰਧ, ਅੰਧ ਅੰਧਿਆਰਾ ਫੋਲ ਫੁਲਾਈਆ । ਜਿਸ ਨੇ ਸੁੰਞੀ ਕੀਤੀ ਜਗਤ ਸੇਜਾ ਪਲੰਘ, ਧਰਨੀ ਧਰਤ ਧਵਲ ਆਸਣ ਲਾਈਆ । ਮੇਰੇ ਸੀਨੇ ਪਾਵੇ ਠੰਡ, ਪਿਛਲੀ ਅੱਗ ਬੁਝਾਈਆ । ਅਗਲੀ ਦਾਤ ਦੇਵੇ ਵੰਡ, ਵੰਡਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਗਈ ਭਗਤ ਦਵਾਰੇ, ਭਗਤਾਂ ਵੇਖ ਕੇ ਖ਼ੁਸ਼ੀ ਮਨਾਈਆ । ਜਿਹੜੇ ਪ੍ਰੇਮ ਵਿਚ ਲਾਵਣ ਜੈਕਾਰੇ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਦਰਸ਼ਨ ਦੇ ਪ੍ਰੀਤਮ ਪਿਆਰੇ, ਨੈਣ ਮੀਟ ਵੇਖਣ ਚਾਈਂ ਚਾਈਂਆ । ਕਦੇ ਜੋਤ ਦੇ ਤੱਕਣ ਚਮਤਕਾਰੇ, ਕਦੇ ਸ਼ਬਦ ਧੁਨ ਸ਼ਨਵਾਈਆ । ਕਦੇ ਰੋਵਣ ਜ਼ਾਰੋ ਜ਼ਾਰੇ, ਤੇਰੀ ਝਲੀ ਨਾ ਜਾਏ ਜੁਦਾਈਆ । ਆ ਮਿਲ ਮਹਿਬੂਬ ਪਿਆਰੇ, ਮੁਹੱਬਤ ਸਾਡੀ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਅਜਬ ਤਮਾਸ਼ਾ, ਪ੍ਰਭੂ ਅਜੀਬ ਦਿਤਾ ਵਖਾਈਆ । ਨਾਲੇ ਖ਼ੁਸ਼ੀ ਨਾਲੇ ਹਾਸਾ, ਨਾਲ ਵੈਰਾਗੀ ਵੈਰਾਗ ਰੂਪ ਬਦਲਾਈਆ । ਅੰਦਰੇ ਅੰਦਰ ਆਪਣਾ ਆਪ ਦੇਣ ਦਿਲਾਸਾ, ਖ਼ੁਸ਼ੀਆਂ ਰੰਗ ਜਣਾਈਆ । ਜੇ ਸਤਿਗੁਰ ਹੋਇਆ ਦਰਸ ਦਊ ਸਾਖਿਆਤਾ, ਸਨਮੁਖ ਹੋ ਕੇ ਸੋਭਾ ਪਾਈਆ । ਸਮੁੰਦ ਨਾਲੋਂ ਸਾਡਾ ਪਿਆਰ ਮਾਰਦਾ ਠਾਠਾ, ਸਾਗਰਾਂ ਨਾਲੋਂ ਵੱਧ ਉਛਾਲ ਰਖਾਈਆ । ਸਾਨੂੰ ਕਦੇ ਪੈਣ ਨਹੀਂ ਦੇਂਦਾ ਘਾਟਾ, ਲੇਖਾ ਲੇਖੇ ਨਾਲ ਬਣਾਈਆ । ਕਈਆਂ ਗੁਰਸਿਖਾਂ ਪ੍ਰੇਮ ਵਿਚ ਖੇਲ ਲੈਣਾ ਝਾਟਾ, ਨੱਚਣ ਟੱਪਣ ਕੁੱਦਣ ਚਾਈਂ ਚਾਈਂਆ । ਸਾਹਿਬ ਤੇਰੀਆਂ ਦੂਰ ਨਹੀਂ ਕੋਈ ਵਾਟਾ, ਵੱਟਣਾ ਮਲਣ ਵਾਲਿਆ ਹੋਣਾ ਆਪ ਸਹਾਈਆ । ਬਹਿਰੀਨ ਦਾ ਲੇਖਾ ਲਿਖਿਆ ਯਸੂਹ ਨੇ ਆਪਣੀ ਵਿਚ ਕਲਮੇ ਵਾਲੀ ਕਿਤਾਬਾ, ਮੁਹੰਮਦ ਕਾਅਬੇ ਬਾਹਰ ਗਿਆ ਸੁਣਾਈਆ । ਜਿਸ ਵੇਲੇ ਧੁਰ ਦਾ ਕਲਮਾ ਬਣ ਕੇ ਆਇਆ ਸ਼ਹਿਜ਼ਾਦਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਉਸ ਵੇਲੇ ਦੀਨ ਦੁਨੀ ਦਾ ਝਗੜਾ ਹੋਏ ਫ਼ਸਾਦਾ, ਨਵ ਗੰਢ ਨਾ ਕੋਇ ਤੁੜਾਈਆ । ਰਾਜ ਰਾਜਾਨ ਹੋਏ ਮੁਹਤਾਜਾ, ਸ਼ਾਹ ਸੁਲਤਾਨ ਫਿਰਨ ਵਾਹੋ ਦਾਹੀਆ । ਜਿਸ ਲੇਖਾ ਪੂਰਾ ਕਰਨਾ ਨਾਨਕ ਵਿਚ ਬਗ਼ਦਾਦਾ, ਬਗ਼ਲਗੀਰਾਂ ਖੋਜ ਖੁਜਾਈਆ । ਜਿਸ ਸੁੱਕਾ ਮਿੱਸਾ ਆਪਣੀ ਖ਼ੁਸ਼ੀ ਨਾਲ ਖਾਣਾ ਪ੍ਰਸਾਦਾ, ਜਗਤ ਰਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਚੜ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖੇ ਜਗਤ ਮੁਸਾਫ਼ਰ, ਮੁਸਾਫ਼ਰਖ਼ਾਨੇ ਦੀਨ ਮਜ਼੍ਹਬ ਧਿਆਨ ਲਗਾਈਆ । ਮੋਮਨ ਤੱਕੇ ਕਾਫ਼ਰ, ਕਲਮਾ ਕੁਫ਼ਰ ਵਾਲਾ ਜਣਾਈਆ । ਆਲਮ ਵੇਖੇ ਆਰਫ਼, ਉਲਮਾ ਖੋਜ ਖੁਜਾਈਆ । ਮੇਰੇ ਮਹਿਬੂਬ ਦਾ ਕਰਾਏ ਨਾ ਕੋਇ ਤੁਆਰਫ਼, ਤਾਰੀਫ਼ ਸਾਰੇ ਰਹੇ ਗਾਈਆ । ਮੇਰਾ ਸਜਦਾ ਨਾਲ ਮੁਸ਼ਾਰਫ਼, ਮੁਸਤਫ਼ਾ ਹੋ ਕੇ ਸੀਸ ਨਿਵਾਈਆ । ਜਿਸ ਦੀ ਹਕੀਕਤ ਤੋਂ ਪਰੇ ਜ਼ਿਆਰਤ, ਜਿਆਰਤਗਾਹਾਂ ਤੱਕਣ ਬਿਨ ਨੈਣਾਂ ਨੈਣ ਉਠਾਈਆ । ਉਸ ਦੀ ਸਮਝੇ ਨਾ ਕੋਇ ਅਬਾਰਤ, ਅਲਿਫ਼ ਯੇ ਭੇਵ ਨਾ ਕੋਇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਖੇਲ ਦੱਸਾਂ ਯਕ ਤਰਫ਼ੀ, ਤਰਫ਼ਦਾਰੀ ਨਾ ਕੋਇ ਰਖਾਈਆ । ਜਿਸ ਦਾ ਹੁਕਮ ਵਰਤਣਾ ਦੋ ਹਰਫ਼ੀ, ਦੋ ਜਹਾਨਾਂ ਆਪ ਵਰਤਾਈਆ । ਜੋ ਫਿਰੇ ਸ਼ਰਕਨ ਗ਼ਰਬੀ, ਸ਼ਮਾਲਨ ਨੈਣ

੧੩੩
੨੩

ਉਠਾਈਆ । ਉਸ ਸੰਦੇਸ਼ਾ ਦੇਣਾ ਵਿਚ ਅਰਬੀ, ਅਰਬ ਅਰਬਾਨੀਆਂ ਦਏ ਸੁਣਾਈਆ । ਜਿਸ ਦਾ ਲੇਖਾ ਅੰਤ ਜਾਣੇ ਕੋਇ ਨਾ ਦੇ ਕੇ ਜ਼ਰਬੀ, ਹਾਸਲ ਸਕੇ ਨਾ ਕੋਇ ਸਮਝਾਈਆ । ਉਸ ਦੇ ਕੋਲ ਸਦੀ ਚੌਧਵੀਂ ਕਹੇ ਮੈਂ ਕਿਨਾਰੇ ਉਤਰਦਿਆਂ ਦੇਵਾਂਗੀ ਇਕ ਅਰਜ਼ੀ, ਆਰਜ਼ੂ ਪੈਗ਼ੰਬਰਾਂ ਨਾਲ ਮਿਲਾਈਆ । ਕਵੈਤ ਦਾ ਕੰਢਾ ਮੇਰੇ ਮਾਲਕ ਦੀ ਮੇਰੀ ਹੋਵੇਗੀ ਵਰਦੀ, ਗੋਲੀ ਤਾਰੇ ਚੰਦ ਨਾਲ ਖੁਲ੍ਹੀ ਗੁੱਤ ਰਖਾਈਆ । ਅੰਦਰ ਤੂੰ ਮੇਰਾ ਮੈਂ ਤੇਰਾ ਹੋਵੇ ਪੜ੍ਹਦੀ, ਚੌਦਾਂ ਵਾਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਸਾਢੇ ਦਸ ਹੋਣਗੇ ਰਾਤ, ਇਕ ਬੇਨੰਤੀ ਦਿਆਂ ਸੁਣਾਈਆ । ਸੂਰਜ ਦਿਸੇ ਨਾ ਕੋਇ ਆਫ਼ਤਾਬ, ਆਪਣਾ ਨੂਰ ਨਾ ਕੋਇ ਚਮਕਾਈਆ । ਲੇਖਾ ਦੱਸਣਾ ਜਿਸ ਨੂੰ ਲਿਖੇ ਆਪ ਜਨਾਬ, ਹਰਫ਼ ਦੋ ਢਾਈ ਪਾਈਆ । ਫੇਰ ਮੈਂ ਜਾਵਾਂ ਮੱਕੇ ਦੀ ਵਿਚ ਮਹਿਰਾਬ, ਕਾਅਬੇ ਸੀਸ ਨਿਵਾਈਆ । ਨਾਲ ਲੈ ਕੇ ਆਵਾਂ ਪੈਗ਼ੰਬਰਾਂ ਦੇ ਪਿਆਰ ਦਾ ਏਜ਼ਾਜ਼, ਰਸੂਲ ਜੋ ਰਸਮ ਨਾਲ ਗਿਆ ਸਮਝਾਈਆ । ਪਹਿਲੋਂ ਸਜਦੇ ਵਿਚ ਧੁਰ ਦੇ ਵੁਜ਼ੂ ਨਾਲ ਪੜ੍ਹਾਂ ਨਿਮਾਜ਼, ਨਿਵਾਜ਼ਸ਼ ਵਿਚ ਸੀਸ ਝੁਕਾਈਆ । ਤਾਂ ਕਿ ਮੇਰਾ ਖ਼ੁਦਾ ਖ਼ੁਦ ਮਾਲਕ ਮੈਨੂੰ ਕਹੇ ਸ਼ਾਬਾਸ਼, ਮੇਰੀ ਪੁਸ਼ਤ ਪਨਾਹ ਹੱਥ ਟਿਕਾਈਆ । ਮੇਰਾ ਖ਼ੁਸ਼ੀ ਹੋਏ ਮਿਜ਼ਾਜ, ਤਬੀਅਤ ਦਏ ਬਦਲਾਈਆ । ਫੇਰ ਮੈਂ ਕਿਹਾ ਤੇਰੇ ਸਾਰੇ ਮੁਹਤਾਜ, ਤੇਰੀ ਆਸ ਤਕਾਈਆ । ਕਲਮਿਆਂ ਵਿਚ ਕਰਨ ਯਾਦ, ਯਾਦਦਾਸ਼ਤ ਰਹੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੇਰੇ ਹੱਥ ਪੈਰ ਦੀ ਬੇੜੀ, ਬੇੜਾ ਜਗਤ ਜਹਾਨ ਬੰਧਾਈਆ । ਸਮੁੰਦ ਸਾਗਰ ਵਿਚੋਂ ਛੇੜ ਛੇੜੀ, ਤਰਕੀਬ ਆਪਣੀ ਇਕ ਵਖਾਈਆ । ਸਭ ਦੀ ਜੜ ਦੇਣੀ ਉਖੇੜੀ, ਉਗਣ ਆਥਣ ਹੋਏ ਸਫ਼ਾਈਆ । ਮੇਰਾ ਸਾਹਿਬ ਨਾ ਲਾਏ ਦੇਰੀ, ਦੂਰ ਦੁਰਾਡਾ ਪੰਧ ਮੁਕਾਈਆ । ਓਹ ਮਾਲਕ ਖ਼ਾਲਕ ਮੈਂ ਉਸ ਦੀ ਚੇਰੀ, ਚਿਰੀ ਵਿਛੁੰਨਿਆਂ ਲਿਆ ਮਿਲਾਈਆ । ਜਨ ਭਗਤੋ ਤੁਹਾਡੀ ਪਿਆਰ ਧਾਰ ਮੇਰੇ ਮਹਿਬੂਬ ਕੋਲ ਬਥੇਰੀ, ਬੇਅੰਤ ਬੇਅੰਤ ਬੇਅੰਤ ਆਪਣੇ ਵਿਚੋਂ ਪ੍ਰਗਟਾਈਆ । ਗਲਤੀ ਪਿਛੇ ਕੀਤੀ ਜਿਹੜੀ, ਉਹ ਅੱਜ ਦਿਤੀ ਬਖ਼ਸ਼ਾਈਆ । ਅਗੇ ਖੇਲ ਵੇਖਣੀ ਬਥੇਰੀ, ਬਹੁਰੰਗਾ ਕੀ ਆਪਣੀ ਕਾਰ ਕਮਾਈਆ । ਇਕ ਲੇਖੇ ਲਾਉਣੀ ਜੋ ਘੋੜੀ ਦੀ ਵਛੇਰੀ, ਜਿਸ ਮੁਹੰਮਦ ਦਰਸ਼ਨ ਪਾ ਕੇ ਆਪਣੀ ਖ਼ੁਸ਼ੀ ਬਣਾਈਆ । ਉਹਦਾ ਲੇਖ ਲਿਖਣਾ ਵਿਚ ਹਨੇਰੀ, ਬਾਲੂ ਬਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਵਰਤੇ ਅਕਲ ਕਲਾ ਵਧੇਰੀ, ਅੰਤ ਕੰਤ ਭਗਵੰਤ ਕਹਿਣ ਕੋਇ ਨਾ ਪਾਈਆ ।

✪ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਾਢੇ ਦਸ ਵੱਜੇ ਰਾਤ ਬਹਿਰੀਨ ਬੰਦਰਗਾਹ ਤੇ ਖੜ੍ਹੇ ਜਹਾਜ਼ ਵਿਚ ਸਮੁੰਦਰ ਵਿਚ ✪

ਸਦੀ ਚੌਧਵੀਂ ਕਹੇ ਕਲਜੁਗ ਤੈਨੂੰ ਭਾਗ ਲੱਗਾ ਦੁੱਧ ਪੁਤਰ, ਧੀਆਂ ਦੇ ਪਿਆਰ ਵਿਚ ਸਾਰੇ ਪ੍ਰਭ ਨੂੰ ਗਏ ਭੁਲਾਈਆ । ਵੇਖੀਂ ਆਪਣੇ ਕੌਲ ਇਕਰਾਰ ਤੋਂ ਜਾਈਂ ਨਾ ਮੁਕਰ, ਵਾਅਦਾ ਆਪਣਾ ਵੇਖ ਵਖਾਈਆ । ਕੁਛ ਲੇਖਾ ਯਾਦ ਕਰ ਕੀ ਤੈਨੂੰ ਵਰ ਦਿਤਾ ਪ੍ਰੋਹਤ ਸ਼ੁੱਕਰ, ਬਲ ਦਵਾਰੇ

ਬਚਨ ਦ੍ਰਿੜਾਈਆ । ਮੈਂ ਚਾਹੁੰਦੀ ਤੂੰ ਮੇਰੇ ਮਾਲਕ ਨਾਲੋਂ ਪਹਿਲੋਂ ਜਾਵੀਂ ਉਤਰ, ਭਾਰ ਆਪਣਾ ਭਗਤਾਂ ਵਾਲੀ ਗੰਢ ਨਾਲ ਰਖਾਈਆ । ਮੈਂ ਮਿੱਸੀ ਤਿੱਸੀ ਖਾਂਦੀ ਰਹੀ ਟੁਕਰ, ਟੁਕੜੇ ਟੁਕੜੇ ਵੇਖੀ ਖ਼ਲਕ ਖ਼ੁਦਾਈਆ । ਮੈਨੂੰ ਯਾਦ ਆਇਆ ਲਾਲੋ ਦਾ ਕੁੱਕੜ, ਜੋ ਕੂਕ ਕੂਕ ਸੁਣਾਈਆ । ਤੂੰ ਸਾਹਿਬ ਦਾ ਲਾਡਲਾ ਪੁਤਰ, ਛੋਟਾ ਨੰਨ੍ਹਾ ਸੋਭਾ ਪਾਈਆ । ਤੇਰੀ ਸੁਹੰਜਣੀ ਸੋਹਣੀ ਹੋਈ ਰੁਤਰ, ਰੁਤੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰੀ ਆਸਾ ਪੂਰ ਕਰਾਈਆ । ਕਲਜੁਗ ਕਹੇ ਨੀ ਸਦੀ ਚੌਧਵੀਂ ਜਗਤ ਦੀਏ ਚੰਨੀਏ, ਚੰਦ ਸਿਤਾਰ ਵੇਖ ਖ਼ੁਸ਼ੀ ਬਣਾਈਆ । ਜ਼ਰਾ ਨਿਗਹ ਮਾਰ ਨੇਤਰ ਅੰਨ੍ਹੀਏ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਕਰਮ ਆਪ ਕਮਾਈਆ । ਕਲਜੁਗ ਕਹੇ ਸਦੀ ਚੌਧਵੀਂ ਮੇਰੀ ਗੰਢ ਵੇਖ ਲੈ ਘੁੱਟੀ, ਘੁੱਟ ਕੇ ਲਏ ਬੰਧਾਈਆ । ਮੈਂ ਵੀ ਅੱਜ ਸਾਹਿਬ ਤੋਂ ਲੈਣੀ ਸੀ ਛੁੱਟੀ, ਨਿਉਂ ਕੇ ਸੀਸ ਨਿਵਾਈਆ । ਮੈਂ ਖੇਲ ਵਖਾਇਆ ਜਨ ਭਗਤੋ ਤੁਹਾਡੀ ਇਕ ਵੇਰਾਂ ਪ੍ਰਭ ਨਾਲੋਂ ਟੁੱਟੀ, ਟੁੱਟੀ ਫੇਰ ਗੰਢ ਪਵਾਈਆ । ਪਰ ਯਾਦ ਕਰ ਲੈ ਤੂੰ ਅੰਤਮ ਜਾਣਾ ਲੁੱਟੀ, ਲੁਟੇਰਾ ਬਣਿਆ ਧੁਰਦਰਗਾਹੀਆ । ਉਸ ਦੇ ਕਦਮਾਂ ਵਿਚ ਰਾਮ ਧਾਰ ਦੀ ਜੁੱਤੀ, ਜੋਤੀ ਜਾਤਾ ਡਗਮਗਾਈਆ । ਉਹਦਾ ਸ਼ਬਦ ਸੰਦੇਸ਼ਾ ਦੂਤੀ, ਸੁਨੇਹੜਾ ਇਕ ਸਮਝਾਈਆ । ਤੂੰ ਵੇਖੀਂ ਕਾਇਆ ਵਜੂਦ ਕਲਬੂਤੀ, ਉਮਤੀ ਫੋਲ ਫੁਲਾਈਆ । ਪਰ ਆਪਣਾ ਦਿਲ ਰਖੀਂ ਮਜ਼ਬੂਤੀ, ਮੈਂ ਸਖ਼ਤੀ ਨਾਲ ਸੁਣਾਈਆ । ਇਕ ਵੇਰਾਂ ਉਨ ਸਾਹਿਬ ਦੀ ਬਲੀ ਲੈਣੀ ਨਾਲ ਲੈਣੀ ਅਹੂਤੀ, ਕੁਰਬਾਨੀ ਵਾਲਿਆਂ ਕੁਰਬਾਨ ਕਰ ਕੇ ਦਏ ਵਖਾਈਆ । ਮੈਂ ਸਚ ਦੱਸਾਂ, ਤੇਰੇ ਕੋਲ ਕੋਈ ਲਾਵਣ ਨਹੀਂ ਆਇਆ ਲੂਤੀ, ਝੂਠੀ ਗੱਲ ਸੁਣਾਈਆ । ਇਕ ਵੇਰ ਤੇਰੇ ਅੰਤ ਵਿਚ ਦੀਨ ਦੁਨੀ ਜਾਣੀ ਫੂਕੀ, ਫੁੰਕਾਰਾ ਮੈਂ ਵੀ ਦੇਣਾ ਲਗਾਈਆ । ਦੀਨ ਮਜ਼੍ਹਬਾਂ ਦੀ ਖੇਲ ਹੋਣੀ ਕਸੂਤੀ, ਕਸਮ ਖਾ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਲੇਖਾ ਧੁਰ ਆਪ ਵਰਤਾਈਆ । ਸਦੀ ਚੌਧਵੀਂ ਕਹੇ ਕਲਜੁਗ ਤੂੰ ਕੀ ਆਖਿਆ, ਭਰਾਊ ਦੇ ਜਣਾਈਆ । ਕਲਜੁਗ ਕਹੇ ਮੈਂ ਦੱਸੀ ਧੁਰ ਦੀ ਭਾਖਿਆ, ਭਖ ਅੰਗਿਆਰਾ ਤਪੇ ਲੋਕਾਈਆ । ਖੇਲ ਕਰੇ ਅਲਖਣਾ ਅਲਾਖਿਆ, ਅਲਖ ਅਗੋਚਰ ਧੁਰਦਰਗਾਹੀਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂ ਜਗਤ ਦੀ ਸ਼ਾਖਿਆ, ਹਿੱਸੇ ਤਤਾਂ ਵਾਲੇ ਵੰਡਾਈਆ । ਉਹ ਬੇਨਜ਼ੀਰ ਗਹਿਰ ਗੰਭੀਰ ਪ੍ਰਕਾਸ਼ਿਆ, ਪ੍ਰਕਾਸ਼ ਕਰੇ ਨੂਰ ਅਲਾਹੀਆ । ਸਾਨੂੰ ਸਭ ਨੂੰ ਦੇਵੇ ਸ਼ਾਬਾਸ਼ਿਆ, ਕਰਨੀ ਦਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਸਚ ਪ੍ਰਗਟਾਈਆ । ਕਲਜੁਗ ਕਹੇ ਸਦੀ ਚੌਧਵੀਂ ਵੇਖ ਲੈ ਮੈਂ ਚੁੱਕਿਆ ਭਾਰ, ਭਾਰਤ ਵਿਚੋਂ ਗੰਢ ਲਿਆਈਆ । ਸਮੁੰਦ ਸਾਗਰਾਂ ਕਰ ਕੇ ਪਾਰ, ਪਾਰ ਕਿਨਾਰਾ ਵੇਖ ਵਖਾਈਆ । ਅੱਜ ਉਤਰ ਜਾਵਾਂ ਕੰਢੇ ਉਰਾਰ, ਬਿਨ ਕਦਮਾਂ ਕਦਮ ਟਿਕਾਈਆ । ਸਭ ਨੂੰ ਕਰਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਅਮਾਮ ਅਮਾਮਾ ਤੱਕੇ ਸਿਕਦਾਰ, ਨੂਰ ਨੁਰਾਨਾ ਨੂਰ ਅਲਾਹੀਆ । ਪਰ ਇਕ ਗੱਲ ਯਾਦ ਰਖੀਂ ਮੈਂ ਦੱਸਾਂ ਵਾਰ ਵਾਰ, ਵਾਰਨੇ ਜਾ ਕੇ ਸੀਸ ਨਿਵਾਈਆ । ਜਿਸ ਨੇ ਅੱਜ ਤੈਨੂੰ ਕੀਤਾ ਗ੍ਰਿਫ਼ਤਾਰ, ਪੇਸ਼ੀ ਤੇਰੀ ਕਲ੍ਹ ਨੂੰ ਵੇਖ ਵਖਾਈਆ । ਤੂੰ ਆਉਣਾ ਚਰਨ ਦਵਾਰ, ਭੱਜਣਾ ਵਾਹੋ ਦਾਹੀਆ । ਸ਼ਬਦ ਸੰਦੇਸ਼ਾ ਲੈ ਕੇ ਜਾਵਾਂ ਹਲੂਣਾ ਦੇਵਾਂ ਚਾਰ ਯਾਰ, ਸੰਗ ਮੁਹੰਮਦ ਲਏ ਅੰਗੜਾਈਆ ।

੧੩੫
੨੩

ਮੱਕੇ ਕਾਅਬੇ ਦੱਸਣੀ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਤਕਣਾ ਧੁਰਦਰਗਾਹੀਆ । ਮੇਰਾ ਦਸਤ ਤੇਰੇ ਦਸਤ ਨਾਲ ਮਿਲੇ ਵਿਚ ਪਿਆਰ, ਮੁਹੱਬਤ ਮੁਹੱਬਤ ਨਾਲ ਰਖਾਈਆ । ਇਨਸ਼ਾ ਅੱਲਾ ਦੋਹਾਂ ਦਾ ਲੇਖਾ ਪੂਰਾ ਕਰੇ ਇਕਸਾਰ, ਯਕ ਸਾਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਕਲਜੁਗ ਕਹੇ ਜਨ ਭਗਤੋ ਮੈਂ ਤੁਹਾਡੇ ਪਿੰਡੇ ਤੇ ਜਾਵਾਂ ਖੁਰਕ, ਹੌਲੀ ਹੌਲੀ ਹੱਥ ਛੁਹਾਈਆ । ਮੇਰੇ ਸਾਹਿਬ ਨੇ ਵੇਖਣੇ ਤੁਰਕ, ਤੁਰਤ ਆਪਣਾ ਹੁਕਮ ਵਰਤਾਈਆ । ਜੋ ਇਕ ਦੂਜੇ ਨੂੰ ਰਹੇ ਘੁਰਕ, ਘੁਰੀਆਂ ਵੱਟਣ ਥਾਉਂ ਥਾਈਆ । ਉਸ ਫੁਰਤੀਲੇ ਨੇ ਆਪਣਾ ਹੁਕਮ ਦੇਣਾ ਫੁਰਤ, ਫੁਰਨਿਆਂ ਤੋਂ ਬਾਹਰ ਸੁਣਾਈਆ । ਮੇਰੀ ਤੇ ਸਦੀ ਚੌਧਵੀਂ ਦੀ ਲੱਗੀ ਬੁਰਦ, ਦੋਹਾਂ ਨੇ ਜ਼ੋਰ ਲੈਣਾ ਲਗਾਈਆ । ਸਾਡਾ ਪਤਾ ਤੇ ਡਾਕਖ਼ਾਨਾ ਮੁਹੰਮਦ ਦੀ ਧਾਰ ਖ਼ੁਰਦ, ਕਲਾਂ ਦਾ ਲੇਖਾ ਪ੍ਰਭ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵੇਲਾ ਦਏ ਸੁਹਾਈਆ । ਜਨ ਭਗਤੋ ਮੈਂ ਚਲਿਆ ਤੁਹਾਨੂੰ ਵੱਢ ਕੇ ਚੂੰਢੀ, ਚੁਟਕੀਆਂ ਰਿਹਾ ਵਜਾਈਆ । ਮੇਰੀ ਜ਼ਬਾਨ ਹੋ ਗਈ ਗੁੰਗੀ, ਕੁਛ ਕਹਿ ਨਾ ਸਕਾਂ ਰਾਈਆ । ਮੈਂ ਆਵਾਜ਼ ਸੁਣਦਾ ਤੁਹਾਡੇ ਅੰਦਰ ਤੂੰ ਹੀ ਤੂੰ ਦੀ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਮੈਨੂੰ ਖੇਲ ਦਿਸੇ ਹੂਬਹੂ ਦੀ, ਆਤਮ ਪਰਮਾਤਮ ਪਰਮਾਤਮ ਆਤਮ ਵੱਜੇ ਵਧਾਈਆ । ਗੁਰਮੁਖੋ ਤੁਹਾਡੀ ਕੋਈ ਧਾਰ ਨਹੀਂ ਜਗਤ ਵਾਲੇ ਬੁਤ ਰੂਹ ਦੀ, ਰੂਹਾਂ ਬੁਤਾਂ ਤੋਂ ਪਰੇ ਤੁਹਾਡਾ ਮੇਲਾ ਨੂਰ ਅਲਾਹੀਆ । ਇਹ ਕੋਈ ਖੇਲ ਨਹੀਂ ਦੀਨ ਮਜ਼੍ਹਬ ਸ਼ਰਅ ਵਾਲੇ ਗੁਰੂ ਦੀ, ਜੋ ਹਿੱਸਿਆਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਰੰਗਾਈਆ । ਕਲਜੁਗ ਕਹੇ ਭਗਤੋ ਮੇਰੇ ਨਾਲ ਅੰਤ ਕਰ ਲਓ ਪਿਆਰ, ਫੇਰ ਪਤਾ ਨਹੀਂ ਮਿਲਣਾ ਕਿਹੜੀ ਥਾਈਆ । ਦਰਸ਼ਨ ਸਿੰਘ ਤੂੰ ਵੀ ਬੜਾ ਯਾਰ, ਯਰਾਨਾ ਪਿਛਲਾ ਰਿਹਾ ਜਣਾਈਆ । ਕਪੂਰ ਸਿੰਘ ਤੇਰੀ ਮੁਹੱਬਤ ਨਾੜ ਨਾੜ, ਨਾੜੀ ਨਾੜੀ ਦਏ ਗਵਾਹੀਆ । ਨਾਜਰ ਸਿੰਘ ਮੈਨੂੰ ਵਖਾ ਦੇ ਆਪਣਾ ਯਾਰ, ਯਰਾਨਾ ਜਿਸ ਦਾ ਇਕੋ ਨਜ਼ਰੀ ਆਈਆ । ਅਮਰਜੀਤ ਸਿੰਘ ਮੈਨੂੰ ਤੇਰੇ ਉਤੇ ਇਤਬਾਰ, ਪ੍ਰਭ ਤੋਂ ਭੁਲ ਦੇਣੀ ਬਖ਼ਸ਼ਾਈਆ । ਤ੍ਰਿਪਤ ਕੌਰ ਤੂੰ ਆਪਣਾ ਗ਼ੁੱਸਾ ਮੈਨੂੰ ਦੇ ਦੇ ਉਧਾਰ, ਮੈਂ ਉਧਾਰਾ ਲੈ ਕੇ ਸਮੁੰਦ ਸਾਗਰ ਵਿਚ ਸੁਟਾਈਆ । ਜੁਗਿੰਦਰ ਕੌਰ ਤੇਰਾ ਸਦੀ ਚੌਧਵੀਂ ਨਾਲ ਪਿਆਰ, ਤਾਰੇ ਚੰਦ ਵਾਲੀਏ ਮੈਨੂੰ ਥਪਕੀ ਦੇ ਲਗਾਈਆ । ਦਵਿੰਦਰ ਕੌਰ ਤੇਰਾ ਪਿਤਾ ਪੁਰਖ ਅਕਾਲ, ਅਕਲ ਕਲਧਾਰੀ ਨਜ਼ਰੀ ਆਈਆ । ਮੇਰਾ ਤੁਹਾਡੇ ਅਗੇ ਸਵਾਲ, ਖ਼ਾਲੀ ਝੋਲੀ ਰਿਹਾ ਵਖਾਈਆ । ਆਪਣੇ ਬੰਧਨ ਵਿਚੋਂ ਮੈਨੂੰ ਦਿਓ ਨਿਕਾਲ, ਮੈਂ ਜਾਵਾਂ ਚਾਈਂ ਚਾਈਂਆ । ਸਚ ਪੁਛੋ ਮੈਂ ਹੁਣੇ ਮਾਰਾਂ ਛਾਲ, ਛਲਾਂਗ ਦਿਆਂ ਲਗਾਈਆ । ਤੁਹਾਡੀ ਕਾਇਆ ਮੰਦਰ ਬਣ ਜਾਏ ਧਰਮਸਾਲ, ਧਰਮ ਦਵਾਰਾ ਸੋਭਾ ਪਾਈਆ । ਤੁਹਾਡਾ ਜੀਵਣ ਹੋਏ ਖ਼ੁਸ਼ਹਾਲ, ਖ਼ੁਸ਼ੀਆਂ ਰੰਗ ਰੰਗਾਈਆ । ਪਰ ਮੇਰੇ ਸਾਹਿਬ ਦੇ ਹੁਕਮ ਦੀ ਵੱਡੀ ਝਾਲ, ਜਿਸ ਅਵਤਾਰ ਪੈਗ਼ੰਬਰ ਗੁਰੂ ਦੀਨਾਂ ਮਜ਼੍ਹਬਾਂ ਵਿਚ ਝੱਲੇ ਦਿਤਾ ਬਣਾਈਆ । ਸਮੁੰਦ ਸਾਗਰਾਂ ਤੋਂ ਬਾਹਰ ਉਸ ਦਾ ਉਛਾਲ, ਜਿਸ ਦਾ ਕੰਢਾ ਘਾਟ ਨਜ਼ਰ ਕੋਇ ਨਾ ਆਈਆ । ਤੁਸੀਂ ਮੇਰੀ ਕਰਨੀ ਦੇ ਦਲਾਲ, ਕਰਤਾ ਤੁਹਾਨੂੰ ਦਏ ਵਡਿਆਈਆ । ਪਰ ਇਕ ਗੱਲ ਯਾਦ ਰਖਿਓ, ਤੁਸਾਂ ਆਪਣੇ ਆਪ ਨੂੰ ਰਖਣਾ ਸੰਭਾਲ, ਸੰਬਲ ਬੈਠਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੩੬
੨੩

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਕਲਜੁਗ ਕਹੇ ਮੈਂ ਜਾਂਦਾ ਜਾਂਦਾ ਦੱਸਾਂ ਅਖ਼ੀਰ, ਨਿਵ ਨਿਵ ਲਾਗਾਂ ਪਾਈਆ । ਮੇਰਾ ਮਾਲਕ ਦਸਤਗੀਰ, ਪਰਵਰਦਿਗਾਰ ਇਕ ਅਖਵਾਈਆ । ਜਿਸ ਦਾ ਨੂਰ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਹ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਤੁਹਾਨੂੰ ਖ਼ੁਸ਼ੀਆਂ ਨਾਲ ਮਿਲੇ ਕਬੀਰ, ਕਾਅਬਿਆਂ ਤੋਂ ਪਰੇ ਅੱਖ ਮਿਲਾਈਆ । ਪਰ ਸਵੇਰੇ ਰੋਜ਼ ਕੱਠੇ ਹੋ ਕੇ ਇਕ ਵਾਰ ਆਪਣੇ ਸਤਿਗੁਰੂ ਦੀ ਜ਼ਰੂਰ ਤੱਕਿਆ ਕਰੋ ਤਸਵੀਰ, ਜਿਸ ਵਿਚ ਲਾਤਸਵੀਰ ਬੈਠਾ ਸੋਭਾ ਪਾਈਆ । ਤੁਹਾਡਾ ਪ੍ਰਵਿਤਰ ਰਹੇ ਸਰੀਰ, ਚਿੰਤਾ ਰੋਗ ਦਾ ਡੇਰਾ ਢਾਹੀਆ । ਮੈਂ ਵੀ ਉਸੇ ਦਾ ਆਜ਼ੀਜ਼, ਬਰਖ਼ੁਰਦਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦੀ ਸਤਿ ਦਏ ਤਮੀਜ਼, ਅਸਤਿ ਦਾ ਲੇਖਾ ਦਏ ਮੁਕਾਈਆ ।



### ✪ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਵੇਰੇ ਬਹਿਰੀਨ ਬੰਦਰਗਾਹ ਤੇ ਖੜ੍ਹੇ ਜਹਾਜ ਵਿਚ ਵਿਹਾਰ ਹੋਇਆ ✪

ਨਾਰਦ ਕਹੇ ਪੈਗ਼ੰਬਰੋ ਸਵਾਰੋ ਬੁਲ ਬੁਟ, ਜ਼ਬਾਨ ਵਾਲਾ ਰਸ ਨਾਲ ਮਿਲਾਈਆ । ਤੁਹਾਡੀ ਜੂਹ ਅੰਦਰ ਭੇਟਾ ਹੋਏ ਬਿਸਕੁਟ, ਪਹਿਲੀ ਵਾਰ ਜਿਨ੍ਹਾਂ ਨੂੰ ਭੋਗ ਦਿਤਾ ਲਗਾਈਆ । ਮੁਹੰਮਦ ਕਹੇ ਬਾਹਮਣਾ ਅਸੀਂ ਖਾਂਦੇ ਰਹੇ ਸੱਤੂ ਤੇ ਜਵਾਂ ਦਾ ਟੁਕ, ਉਨ੍ਹਾਂ ਨਾਲੋਂ ਚੰਗੇ ਨਜ਼ਰੀ ਆਈਆ । ਸਾਂਢਣੀਆਂ ਉਤੇ ਮਿਲਦਾ ਰਿਹਾ ਪਾਣੀ ਦਾ ਘੁਟ, ਹਲਕ ਖ਼ੁਸ਼ਕ ਦਏ ਗਵਾਹੀਆ । ਹੁਣ ਤੇ ਮੁਰੀਦਾਂ ਨੂੰ ਮੁਫ਼ਤ ਦੀ ਮਿਲੀ ਲੁੱਟ, ਮੁਰਸ਼ਦ ਬਣਿਆ ਧੁਰਦਰਗਾਹੀਆ । ਸ਼ਰਅ ਦਾ ਝਗੜਾ ਗਿਆ ਛੁਟ, ਤੀਰ ਤਲਵਾਰ ਨਾ ਕੋਇ ਉਠਾਈਆ । ਕਾਇਆ ਵਿਚ ਸਿਰਫ਼ ਮਨ ਜਾਏ ਰੁਠ, ਰੁਸਿਆਂ ਫੇਰ ਮਨਾਈਆ । ਮੈਨੂੰ ਖ਼ੁਸ਼ੀ ਮੇਰਾ ਮਹਿਬੂਬ ਰਿਹਾ ਤੁਠ, ਟੁਟਿਆਂ ਤਰੁਟਿਆਂ ਆਪਣੀ ਗੰਢ ਪਵਾਈਆ । ਮੈਨੂੰ ਯਾਦ ਆ ਗਿਆ ਮੇਰੀ ਮੁਹਾਰ ਤੁੱਟੀ ਸੀ ਉੱਠ, ਨਕੇਲ ਨੱਕ ਵਿਚੋਂ ਬਾਹਰ ਨਜ਼ਰੀ ਆਈਆ । ਮੈਂ ਕੁਹਾਨ ਨੂੰ ਫੜਿਆ ਘੁੱਟ, ਦੋਹਾਂ ਹੱਥਾਂ ਨਾਲ ਦਬਾਈਆ । ਮੁਖ ਤੋਂ ਹੋ ਕੇ ਚੁੱਪ, ਵਾਸਤਾ ਅੱਲਾ ਅਗੇ ਪਾਈਆ । ਮੈਨੂੰ ਮਿਲਦਾ ਰਿਹੋਂ ਛੁਪ ਛੁਪ, ਉਹਲਿਆਂ ਵਿਚ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਮੁਹੰਮਦ ਕਹੇ ਊਠ ਨੇ ਗਰਦਨ ਦਿਤੀ ਮੋੜ, ਸੀਸ ਮੇਰੇ ਮਸਤਕ ਨਾਲ ਛੁਹਾਈਆ । ਝਟ ਮੈਂ ਟੁੱਟੀ ਮੁਹਾਰ ਦਿਤੀ ਜੋੜ, ਨਕੇਲ ਨੱਕ ਵਿਚ ਪਾਈਆ । ਸਜਦੇ ਵਿਚ ਕਿਹਾ ਮੈਨੂੰ ਤੇਰੀ ਸਦਾ ਲੋੜ, ਮਿਹਰਵਾਨ ਸਦਾ ਮਿਲਣਾ ਚਾਈਂ ਚਾਈਂਆ । ਝਟ ਅੰਦਰ ਕਲਮੇ ਨੇ ਪਾਇਆ ਸ਼ੋਰ, ਸ਼ੋਰ ਦਿਤਾ ਮਚਾਈਆ । ਜਿਸ ਵੇਲੇ ਸਦੀ ਚੌਧਵੀਂ ਹੋਇਆ ਅੰਧੇਰਾ ਘੋਰ, ਤੇਰਾ ਚੰਦ ਚੰਦ ਨਜ਼ਰ ਨਾ ਆਈਆ । ਤੇਰੀ ਉਮਤ ਦੀ ਤੇਰੇ ਹੱਥ ਰਹਿਣੀ ਨਹੀਂ ਡੋਰ, ਬੇਮੁਹਾਰੀ ਭੱਜੇ ਵਾਹੋ ਦਾਹੀਆ । ਉਸ ਵੇਲੇ ਤੇਰੇ ਦੇਸ਼ ਆਵਾਂਗਾ ਤੇਰੇ ਕੋਲ, ਬਦੇਸ਼ਾਂ ਪੰਧ ਮੁਕਾਈਆ । ਝਟ ਸਮੁੰਦ ਨੇ ਅੱਖ ਵੇਖੀ ਖੋਲ, ਨੂਰ ਚਮਕ ਨਾਲ ਚਮਕਾਈਆ । ਆਪਣੀ ਛਾਤੀ ਦਾ ਬਣਾ ਕੇ ਢੋਲ, ਦੁਹੱਥੜ ਜ਼ੋਰ ਨਾਲ ਲਗਾਈਆ । ਖ਼ੁਸ਼ੀ ਵਿਚ ਕਿਹਾ ਯਾਮਬੀਨ ਬੋਲ, ਮਬੀਨ ਤੇਰੀ ਸਰਨਾਈਆ । ਉਮਤ ਦਾ ਪੂਰਾ ਕਰਨਾ

ਕੌਲ, ਵਾਅਦਾ ਵਾਅਦਿਆਂ ਵਿਚੋਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਨੂੰ ਵੀ ਦੇ ਦਿਓ ਬਿਸਕੁਟ ਦਾ ਭੋਰਾ, ਭੋਰਾ ਭੋਰਾ ਖਾਣ ਵਾਲਿਓ ਮੇਰੀ ਤ੍ਰਿਸ਼ਨਾ ਪੂਰ ਕਰਾਈਆ । ਵੇਖਿਓ ਕੋਈ ਅਣਸੁਣਤ ਵਿਚ ਬਣਿਓ ਨਾ ਬੋਲਾ, ਸਚ ਦਿਆਂ ਦ੍ਰਿੜਾਈਆ । ਜੋ ਤੁਹਾਡਾ ਸਾਹਿਬ ਉਹੋ ਸਾਹਿਬ ਮੋਰਾ, ਮੁਹਰ ਇਕੋ ਨਾਮ ਵਾਲੀ ਲਗਾਈਆ । ਪਰ ਮੈਂ ਫਿਰਦਾ ਵਾਂਗ ਚੋਰਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਚਾਰ ਜੁਗ ਦਾ ਬਾਂਕਾ ਛੋਹਰਾ, ਬਿਰਧ ਬਾਲ ਇਕੋ ਰੰਗ ਵਖਾਈਆ । ਮੈਂ ਵੀ ਸਮੁੰਦ ਸਾਗਰਾਂ ਵਿਚ ਆ ਗਿਆ ਖਾ ਕੇ ਮੋੜਾ, ਮੁੜ ਮੁੜ ਏਸੇ ਦਾ ਰਾਹ ਤਕਾਈਆ । ਯਾਦ ਰਖਿਓ ਭਗਤ ਭਗਵਾਨ ਦਾ ਭਗਵਾਨ ਭਗਤ ਦਾ ਬਣਾਈ ਰਖੇ ਜੋੜਾ, ਜਗਤ ਜੋੜੀਆਂ ਕੰਮ ਕਿਸੇ ਨਾ ਆਈਆ । ਬਿਰਹੋਂ ਵਿਚ ਮੈਥੋਂ ਵੀ ਝਲਿਆ ਨਹੀਂ ਜਾਂਦਾ ਵਿਛੋੜਾ, ਹੁਕਮ ਵਿਚ ਆਪਣੀ ਸੇਵ ਕਮਾਈਆ । ਸ੍ਰਿਸ਼ਟੀ ਹਾਹੇ ਦੇ ਉਤੇ ਵੇਖਦੀ ਹੋੜਾ, ਭਗਤਾਂ ਦੀ ਦ੍ਰਿਸ਼ਟੀ ਸੱਸੇ ਤੇ ਹੋੜਾ ਹਾਹੇ ਦੀ ਟਿੱਪੀ ਏਕਾ ਰੂਪ ਸਮਾਈਆ । ਮੈਨੂੰ ਯਾਦ ਆ ਗਿਆ ਬਾਬੂਪੁਰ ਦਾ ਬੋਹੜਾ, ਜਿਸ ਉਤੇ ਟੀਂ ਟੀਂ ਕਰ ਕੇ ਦਿਤਾ ਸੁਣਾਈਆ । ਰਾਵੀ ਦਾ ਕੰਢਾ ਵੇਖਿਆ ਥੋੜਾ ਥੋੜਾ, ਥੋੜਾ ਲੇਖਾ ਮੁਹੰਮਦ ਦਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਮੈਂ ਵੀ ਖਾ ਪੀ ਕੇ ਰੱਜਾ, ਡਿੱਗਾ ਢੱਠਾ ਭੋਰਾ ਖਾ ਕੇ ਖ਼ੁਸ਼ੀ ਬਣਾਈਆ । ਜਿਸ ਕਾਰਨ ਸਾਹਿਬ ਨੇ ਚਰਨ ਰਖਿਆ ਸੱਜਾ, ਸਮੁੰਦ ਸਾਗਰ ਆਪ ਟਿਕਾਈਆ । ਇਹ ਲੇਖਾ ਜਿਸ ਵੇਲੇ ਕ੍ਰਿਸ਼ਨ ਨੂੰ ਬੱਧਕ ਦਾ ਬਾਣ ਵੱਜਾ, ਖੱਬਾ ਚਰਨ ਵਿੰਨ੍ਹ ਕੇ ਰੰਗ ਰੰਗਾਈਆ । ਨਾਰਦ ਕਹੇ ਮੈਨੂੰ ਉਹ ਚੇਤੇ ਅਜੇ ਜਗਹ, ਜਿਥੇ ਮੈਂ ਵੀ ਪੁੱਜਿਆ ਚਾਈਂ ਚਾਈਂਆ । ਮੈਂ ਹੱਸ ਕੇ ਕਿਹਾ ਕਾਹਨ ਜੀ ਪਿਛੇ ਗਊਆਂ ਚਾਰੀਆਂ ਕੀ ਅਗੇ ਚਾਰੋਗੇ ਮੱਝਾਂ, ਮੱਝੀਆਂ ਦਾ ਛੇੜੂ ਬਣ ਕੇ ਖ਼ੁਸ਼ੀ ਮਨਾਈਆ । ਨਾਰਦ ਕਹੇ ਝਟ ਕ੍ਰਿਸ਼ਨ ਉਠਾਇਆ ਪੰਜਾ, ਪੰਜੇ ਉਂਗਲੀਆਂ ਦਿਤੀਆਂ ਵਖਾਈਆ । ਕਲਜੁਗ ਅੰਤਮ ਖੇਲ ਖਿਲਾਉਣਾ ਪੁਰਖ ਅਕਾਲ ਬਾਹਰ ਧਾਰ ਬਵੰਜਾ, ਬਾਵਨ ਅੱਖਰੀ ਸਮਝ ਕੋਇ ਨਾ ਆਈਆ । ਫੇਰ ਖੇਲ ਕਰੇ ਅਚੰਭਾ, ਅਚਰਜ ਆਪਣੀ ਕਲ ਵਰਤਾਈਆ । ਜਗਤ ਜਹਾਨ ਵਿਚ ਸ਼ਸਤਰ ਲੜੇ ਕੋਇ ਨਾ ਜੰਗਾ, ਜਹਾਲਤ ਵੇਖੇ ਥਾਉਂ ਥਾਈਂਆ । ਆਪਣਾ ਛਡ ਕੇ ਬਿਸਤਰ ਮੰਜਾ, ਸਿੰਘਾਸਣ ਸੁਖ ਆਸਣ ਨਾਲ ਤਜਾਈਆ । ਸਮੁੰਦ ਸਾਗਰਾਂ ਕਰੇ ਠੰਡਾ, ਅਗਨੀ ਤਤ ਬੁਝਾਈਆ । ਕ੍ਰਿਸ਼ਨ ਕਿਹਾ ਐ ਨਾਰਦ ਖੱਬੇ ਵਿਚ ਵੱਜਾ ਤੀਰ, ਭਗਤਾਂ ਦਾ ਸੀਰ ਏਸੇ ਦਾ ਰਸ ਕਲਜੁਗ ਦਾ ਪੈਂਡਾ ਲੰਬਾ, ਬਿਨਾ ਰਸਨਾ ਤੋਂ ਰਸ ਚਖਾਈਆ । ਸੱਜਾ ਚਰਨ ਸਮੁੰਦ ਸਾਗਰ ਪਾਰ ਜਾਏ ਲੰਘਾ, ਇਹ ਉਹਦੀ ਬੇਪਰਵਾਹੀਆ । ਮੇਰੀਆਂ ਤਤਾਂ ਵਾਲੀਆਂ ਟੰਗਾਂ, ਪੰਜਾਂ ਤਤਾਂ ਸੋਭਾ ਪਾਈਆ । ਉਹ ਕਾਹਨ ਫਿਰੇ ਵਿਚ ਬ੍ਰਹਿਮੰਡਾਂ, ਜੇਰਜ ਅੰਡਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਮਖ਼ੌਲ ਵਿਚ ਕਿਹਾ ਕ੍ਰਿਸ਼ਨਾ ਕਾਹਨਾ, ਗੋਪੀਆਂ ਵਾਲਿਆ ਗੋਪ ਰੂਪ ਵਟਾਈਆ । ਜਿਸ ਬੱਧਕ ਨੇ ਮਾਰਿਆ ਤੀਰ ਨਿਸ਼ਾਨਾ, ਉਸ ਨੂੰ ਜਹਨਮ ਦੇ ਵਿਚ ਦੇ ਪਹੁੰਚਾਈਆ । ਇਹ ਤੇਰਾ ਸ਼ਤਰੂ ਮਹਾਨਾ, ਦੁਸ਼ਮਣ ਇਕ ਅਖਵਾਈਆ । ਨਾਲੇ ਨਾਰਦ ਨੇ ਮੁਖ ਵਿਚੋਂ ਗਾਇਆ ਗਾਣਾ, ਰਾਧਾ ਰੁਕਮਣੀ ਵਾਲਿਆ ਕੁਛ ਮੈਨੂੰ ਦੇ ਸੁਣਾਈਆ । ਫੇਰ ਮੈਂ ਸਿਤਾਰ ਦਾ ਸੁਣਿਆ ਤਰਾਨਾ, ਤੂੰ ਹੀ ਤੂੰ ਹੀ ਦਿਤੀ ਖੜਕਾਈਆ । ਵਾਹ ਮੇਰਿਆ

੧੩੮
੨੩

ਭਗਵਾਨਾ, ਕੀ ਤੇਰੀ ਬੇਪ੍ਰਵਾਹੀਆ । ਤੂੰ ਸੁੱਤਾ ਵਿਚ ਬੀਆਬਾਨਾ, ਬਾਣ ਨਿਰਾਲਾ ਚਰਨਾਂ ਵਿਚ ਨਜ਼ਰੀ ਆਈਆ । ਮੈਨੂੰ ਐਂ ਜਾਪਦਾ ਤੇਰਾ ਖ਼ਰਾਬ ਹੋ ਗਿਆ ਖ਼ਾਨਾ, ਤੇਰਾ ਪਦਮ ਅਦਮ ਦਾ ਰੂਪ ਜਣਾਈਆ । ਕ੍ਰਿਸ਼ਨ ਕਿਹਾ ਨਾਰਦ ਮੈਂ ਵੱਡਾ ਨਿਗਾਹਬਾਨਾ, ਬਿਨ ਨੈਣਾਂ ਨੈਣ ਉਠਾਈਆ । ਮੈਨੂੰ ਕਲਜੁਗ ਦਿਸੇ ਵਿਚ ਜਹਾਨਾ, ਆਪਣੀ ਕਲ ਵਰਤਾਈਆ । ਉਸ ਵੇਲੇ ਨਿਰਗੁਣ ਧਾਰ ਆਵੇ ਮਰਦ ਮਰਦਾਨਾ, ਜੋਤੀ ਜਾਤਾ ਧੁਰਦਰਗਾਹੀਆ । ਮੇਰਾ ਖ਼ੂਨ ਦੇ ਖ਼ੂਨ ਨਾਲ ਭਗਤਾਂ ਰੰਗ ਰੰਗਾਣਾ, ਬਿਨਾ ਭਗਤੀਉਂ ਪਾਰ ਲੰਘਾਈਆ । ਬੱਧਕ ਦਾ ਆਪਣੇ ਨਾਲ ਸੁਹਾਏ ਜ਼ਮਾਨਾ, ਜ਼ਿਮੀਂ ਜ਼ਮਾਂ ਵੇਖ ਵਖਾਈਆ । ਆਪਣੀ ਮਿਹਰ ਦਾ ਕਰ ਕੇ ਸ਼ਮਿਆਨਾ, ਆਸ ਗੁਰਮੁਖਾਂ ਦਏ ਸੁਹਾਈਆ । ਜਿਸ ਦੇ ਕੋਲ ਹੋਣਾ ਨਹੀਂ ਕੋਈ ਬੇਗਾਨਾ, ਮੇਰੇ ਖ਼ੂਨ ਸ਼ਬਦ ਮਜ਼ਮੂਨ ਬਣ ਕੇ ਸ਼ਾਹੀ ਦੀ ਬੇਪ੍ਰਵਾਹੀ ਦਏ ਚਲਾਈਆ । ਉਸ ਦਾ ਖੇਲ ਹੋਵੇ ਮਰਦ ਮਰਦਾਨਾ, ਮਦਦ ਅਵਰ ਨਾ ਮੰਗ ਮੰਗਾਈਆ । ਸ਼ਸਤਰ ਫੜੇ ਨਾ ਚਿੱਲਾ ਤੀਰ ਕਮਾਨਾ, ਤਲਵਾਰ ਧਾਰ ਨਾ ਕੋਇ ਰਖਾਈਆ । ਉਹ ਜਾਣੇ ਸ਼ਰਅ ਦੇ ਵਿਚ ਮੈਦਾਨਾਂ, ਪੈਗ਼ੰਬਰਾਂ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਨਾਰਦ ਕਿਹਾ ਕ੍ਰਿਸ਼ਨ ਜੀ ਕੀ ਤੁਹਾਨੂੰ ਹੁੰਦੀ ਦਰਦ, ਮੈਨੂੰ ਦਿਓ ਸੁਣਾਈਆ । ਕ੍ਰਿਸ਼ਨ ਨੇ ਕਿਹਾ ਉਹ ਵੇਖ ਕਲਜੁਗ ਦੀ ਫ਼ਰਦ, ਕੀ ਫ਼ੈਸਲਾ ਰਹੀ ਸੁਣਾਈਆ । ਜਿਸ ਦੀ ਸ਼ਰਅ ਛੁਰੀ ਬਣਨੀ ਕਰਦ, ਮੁਹੰਮਦ ਧਾਰ ਬੰਨ੍ਹਾਈਆ । ਮੌਲੀ ਤੰਦ ਉਸ ਦਾ ਪੂਰਾ ਕਰਨਾ ਫ਼ਰਜ਼, ਫ਼ਜ਼ਲ ਰਹਿਮਤ ਨਾਲ ਰਖਾਈਆ । ਝਟ ਨਾਰਦ ਨੇ ਫੇਰ ਕੀਤੀ ਅਰਜ਼, ਅਰਜ਼ ਗੁਜ਼ਾਰ ਕੇ ਦਿਤਾ ਜਣਾਈਆ । ਨਾਲੇ ਬੋਲ ਕੇ ਕਿਹਾ ਗਰਜ, ਕੂਕ ਕੂਕ ਸੁਣਾਈਆ । ਕਾਹਨ ਜੀ ਕੀ ਤੁਹਾਨੂੰ ਫੇਰ ਹੁੰਦੀ ਦਰਦ, ਦੂਹਰੀ ਵਾਰ ਪੁਛ ਪੁਛਾਈਆ । ਕਾਹਨ ਨੇ ਕਿਹਾ ਸ਼ਰੀਰ ਨੂੰ ਸ਼ਰੀਰ ਨਾਲ ਦੇ ਜ਼ਰਬ, ਅੰਕੜੇ ਵੇਖ ਜਗਤ ਲੋਕਾਈਆ । ਚੁਰਾਸੀ ਸੰਖਿਆ ਅਰਬ ਖ਼ਰਬ, ਨੀਲਮ ਪਦਮ ਸੰਖ ਗਣਤ ਗਿਣਾਈਆ । ਧਨ ਦੌਲਤ ਵੇਖ ਦਰਬ, ਜਗਤ ਖ਼ਜ਼ਾਨਾ ਚਾਰ ਕੁੰਟ ਹਲਕਾਈਆ । ਪਰ ਯਾਦ ਰਖੀਂ ਮੇਰਾ ਕਾਹਨ ਮਸ਼ਰਕ ਤੋਂ ਜਾਏ ਵਿਚ ਗ਼ਰਬ, ਗਾਲਬਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਨਾਰਦ ਕਹੇ ਕਾਹਨ ਜੀ ਤੁਹਾਡੇ ਨਾਲ ਹੋਈ ਬੁਰੀ, ਤੁਹਾਨੂੰ ਫਾਂਦਕੀ ਤੀਰ ਦਿਤਾ ਲਗਾਈਆ । ਆਹ ਵੇਖੋ ਮੇਰੇ ਕੋਲ ਛੁਰੀ, ਜੇ ਆਖੋ ਤੇ ਇਸ ਨੂੰ ਚੀਰ ਕੇ ਦਿਆਂ ਵਖਾਈਆ । ਇਹ ਬੜੀ ਤਿੱਖੀ ਕਿਸੇ ਪਾਸਿਉਂ ਨਹੀਂ ਮੁੜੀ, ਧਾਰ ਸੋਹਣੀ ਨਜ਼ਰੀ ਆਈਆ । ਕ੍ਰਿਸ਼ਨ ਨੇ ਕਿਹਾ ਨਾਰਦ ਉਹ ਵੇਖ ਬੱਧਕ ਦੀ ਭੈ ਨਾਲ ਮੇਰੇ ਅੰਦਰ ਸੁਰਤੀ ਜੁੜੀ, ਧਿਆਨ ਇਕੋ ਵਿਚ ਸਮਾਈਆ । ਕਹੇ ਮੇਰੀ ਬੇੜੀ ਜਾਂਦੀ ਰੁੜ੍ਹੀ, ਬੇੜਾ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਕਾਹਨ ਮੇਰੀ ਛੁਰੀ ਬੜੀ ਤਿੱਖੀ, ਝਟ ਤੈਨੂੰ ਚੀਰ ਕੇ ਦਿਆਂ ਵਖਾਈਆ । ਕ੍ਰਿਸ਼ਨ ਕਿਹਾ ਨਾਰਦਾ ਮੇਰੇ ਕੋਲ ਤਕਦੀਰ ਉਹਦੀ ਲਿਖੀ, ਬੱਧਕ ਦਾ ਅਗਲਾ ਲੇਖ ਬਣਾਈਆ । ਜਿਸ ਵੇਲੇ ਹਾਹੇ ਦੇ ਉਤੇ ਲਗਣੀ ਟਿੱਪੀ, ਟੀਕਾ ਟਿਪਣੀ ਕਰੇ ਲੋਕਾਈਆ । ਝਗੜਾ ਪੈਣਾ ਪੱਥਰ ਇੱਟੀ, ਪਾਹਨ ਦੇਣ ਦੁਹਾਈਆ । ਸਾਬਤ ਰਹੇ ਕੋਇ ਨਾ ਸਿੱਖੀ, ਸਿਖ ਮੁਰੀਦ ਸਾਰੇ ਭੱਜਣ ਵਾਹੋ ਦਾਹੀਆ । ਓਹ ਵੇਖ ਸੰਮਤ ਸ਼ਹਿਨਸ਼ਾਹੀ ਅੱਠ ਦੀ ਮਿਤੀ, ਮਿਤਰਾ ਤੈਨੂੰ ਦਿਆਂ ਜਣਾਈਆ । ਏਸੇ

ਕਰਦ ਨਾਲ ਮੁਹੰਮਦ ਦੀ ਬਣੇ ਲਿੱਪੀ, ਗੰਢ ਅੱਖਰਾਂ ਨਾਲ ਪਵਾਈਆ । ਸਤਿਜੁਗ ਦੀ ਧਾਰ ਜੋ ਸਤਿਗੁਰ ਵਿਚ ਟਿਕੀ, ਬਾਹਰ ਨਜ਼ਰ ਕਿਤੇ ਨਾ ਆਈਆ । ਆਹ ਮੇਰੇ ਖ਼ੂਨ ਦੇ ਨਾਲ ਲਿਖੀ ਵੇਖ ਚਿੱਠੀ, ਜੋ ਖੱਬੇ ਚਰਨ ਨਾਲ ਲਿਖਾਈਆ । ਜਿਸ ਵੇਲੇ ਅਰਬ ਦੇਸ਼ ਦੀ ਉਸ ਦੇ ਕਦਮਾਂ ਛੁਹਣੀ ਮਿੱਟੀ, ਮੇਟ ਦੇਵੇ ਕੂੜ ਲੋਕਾਈਆ । ਝਟ ਨਾਰਦ ਦੀ ਬੋਦੀ ਪਿੱਟੀ, ਕੂਕ ਕੂਕ ਸੁਣਾਈਆ । ਵੇ ਕਾਹਨਾ ਇਹ ਦੋ ਅੱਖਰਾਂ ਦੀ ਧਾਰ ਕਿਤੇ ਨਾ ਸਿੱਟੀਂ, ਮੇਰੇ ਹੱਥ ਦੇ ਫੜਾਈਆ । ਕ੍ਰਿਸ਼ਨ ਨੇ ਕਿਹਾ ਨਾ ਕਾਲੀ ਨਾ ਇਹ ਚਿੱਟੀ, ਰੰਗ ਰੂਪ ਨਾ ਕੋਇ ਸਮਝਾਈਆ । ਨਾਰਦ ਦੀ ਬੋਦੀ ਲੰਮੀ ਹੋ ਕੇ ਲਿਟੀ, ਆਪਣਾ ਮਾਣ ਗਵਾਈਆ । ਕਾਹਨ ਤੇਰੀ ਰਸਨਾ ਬੜੀ ਮਿੱਠੀ, ਗੋਪੀਆਂ ਵਾਂਗ ਮੈਨੂੰ ਲਿਆ ਭਰਮਾਈਆ । ਮੇਰੀ ਹੱਥ ਰਖ ਪਿਠੀ, ਪੁਸ਼ਤ ਪਨਾਹ ਟਿਕਾਈਆ । ਮੇਰੀ ਸੁਰਤ ਰਹੇ ਟਿਕੀ, ਕਲਜੁਗ ਅੰਤ ਭੁਲ ਕਦੇ ਨਾ ਜਾਈਆ । ਪਰ ਮੇਰੀ ਕਰਦ ਇਹ ਵੀ ਧਾਰ ਮੁਨੀ ਰਿਖੀ, ਦਰਦ ਭਗਤਾਂ ਲਏ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਨਾਰਦ ਕਹੇ ਕਾਹਨਾ ਤੇਰੇ ਕਾਹਨ ਦਾ ਵੱਡਾ ਕਾਨੂੰਨ, ਕਾਇਦਾ ਸਮਝ ਕਿਸੇ ਨਾ ਆਈਆ । ਕੀ ਉਸ ਦਾ ਆਦਿ ਜੁਗਾਦਿ ਮਜ਼ਮੂਨ, ਅੱਖਰ ਲਿਖ ਲਿਖ ਅੰਤ ਨਾ ਕੋਇ ਕਰਾਈਆ । ਕ੍ਰਿਸ਼ਨ ਨੇ ਹੱਸ ਕੇ ਕਿਹਾ ਓਹ ਕਰਦੇ ਬੇਦਰਦੇ ਤੇਰੇ ਨਾਲ ਉਸ ਪ੍ਰਭੂ ਦੇ ਭਗਤ ਕਢਣਗੇ ਖ਼ੂਨ, ਸਾਹਿਬ ਦੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਰੰਗ ਰੰਗਾਈਆ । ਕਰਦ ਕਹੇ ਮੈਨੂੰ ਨਾ ਬਣਾ ਖ਼ੂਨ ਖਾਰ, ਜ਼ਾਲਮ ਰੂਪ ਬਣਾਈਆ । ਮੈਂ ਤੇਰਿਆਂ ਭਗਤਾਂ ਕਰਨਾ ਚਾਹੁੰਦੀ ਪਿਆਰ, ਮੁਹੱਬਤ ਵਿਚ ਵੇਖ ਵਖਾਈਆ । ਫੇਰ ਕ੍ਰਿਸ਼ਨ ਨੇ ਚਰਨ ਦੱਬਿਆ ਵਿਚੋਂ ਨਿਕਲੀ ਖ਼ੂਨ ਦੀ ਧਾਰ, ਵਗੀ ਵਾਹੋ ਦਾਹੀਆ । ਨਾਲੇ ਹੱਸ ਕੇ ਕਿਹਾ ਇਹ ਬੱਧਕ ਦਾ ਪਿਆਰ, ਤੀਰ ਨਿਸ਼ਾਨਾ ਸਗਲਾ ਸੰਗ ਬਣਾਈਆ । ਜਿਸ ਤੇ ਕਿਰਪਾ ਹੋਣੀ ਫੇਰ ਅਪਰ ਅਪਾਰ, ਅਪਰੰਪਰ ਦਏ ਵਡਿਆਈਆ । ਪੁਰਖ ਅਕਾਲ ਸਦੀ ਚੌਧਵੀਂ ਕਰੇ ਸ਼ਿੰਗਾਰ, ਭੇਖਾਧਾਰੀ ਆਪਣਾ ਭੇਖ ਬਦਲਾਈਆ । ਕਲਜੁਗ ਬੱਧਕ ਦੀ ਕੰਨਿਆ ਹੋਈ ਮੁਟਿਆਰ, ਗੋਲੀ ਮੁਹੰਮਦ ਨਿਸ਼ਾਨਾ ਨਾਲ ਰਲਾਈਆ । ਗੁਰਮੁਖਾਂ ਖ਼ੂਨ ਕਢਣਾ ਨਾਲ ਪਿਆਰ, ਅਮਰਜੀਤ ਸਿੰਘ ਸੱਜੇ ਅੰਗੂਠੇ ਵਿਚੋਂ ਕਢਾਈਆ । ਤ੍ਰਿਪਤ ਕੌਰ ਦੂਜੀ ਉਂਗਲੀ ਕਰੇ ਤਿਆਰ, ਕਪੂਰ ਸਿੰਘ ਤੀਜੀ ਰੰਗ ਰੰਗਾਈਆ । ਨਾਜਰ ਸਿੰਘ ਚੌਥੀ ਦਾ ਕਰੇ ਵਿਹਾਰ, ਦਰਸ਼ਨ ਸਿੰਘ ਪੰਜਵੀਂ ਵੰਡ ਵੰਡਾਈਆ । ਦਵਿੰਦਰ ਕੌਰ ਖੱਬੇ ਹੱਥ ਦੀ ਛੋਟੀ ਉਂਗਲ ਲਏ ਉਠਾਲ, ਸੱਜੇ ਹੱਥ ਨਾਲ ਦਬਾਈਆ । ਜੁਗਿੰਦਰ ਕੌਰ ਥੱਲੇ ਰਖ ਕੇ ਢਾਲ, ਦੂਜੀ ਉਂਗਲ ਕਰਦ ਦਏ ਛੁਹਾਈਆ । ਖ਼ੂਨ ਨਿਕਲੇ ਕਤਰਾ ਲਾਲ, ਲਾਲ ਲਾਲ ਲਾਲ ਮਸਤਕ ਰੰਗ ਰੰਗਾਈਆ । ਉਸ ਵੇਲੇ ਜ਼ਰੂਰ ਭੂਰੇ ਰੰਗ ਦੀ ਸਾਹਿਬ ਦੇ ਹੇਠ ਵਿਛੇ ਦੁਸ਼ਾਲ, ਆਸ਼ਾ ਮੁਹੰਮਦ ਦੀ ਨਾਲ ਰਲਾਈਆ । ਸਾਰਿਆਂ ਦਾ ਮੁਖ ਹੋਵੇ ਵੱਲ ਸ਼ਮਾਲ, ਸਿਮਤ ਕ੍ਰਿਸ਼ਨ ਵਾਲੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਸੁਰਤ ਲਏ ਸੰਭਾਲ, ਸੰਭਾਲ ਕੇ ਗੁਰਮੁਖ ਆਪਣੀ ਗੋਦ ਰਖਾਈਆ ।

੧੪੦
੨੩

✪ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਵੇਰੇ ਕਵੈਤ ਬੰਦਰਗਾਹ ਤੇ ਸਮੁੰਦਰ ਵਿਚ ਜਹਾਜ਼ ਖੜੇ ਵਿਚ ਕਿਰਪਾ ਕੀਤੀ ✪

ਧਰਨੀ ਕਹੇ ਮੈਂ ਜੁਗ ਚੌਕੜੀ ਘੁੰਮਾ, ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਸਦੀ ਚੌਧਵੀਂ ਕਹੇ ਮੈਂ ਪਰਵਰਦਿਗਾਰ ਦੇ ਚਰਨ ਚੁੰਮਾ, ਨਿਵ ਨਿਵ ਲਾਗਾ ਪਾਈਆ । ਹਜ਼ਰਤ ਮੁਹੰਮਦ ਕਹੇ ਸ਼ੁਕਰਾਨੇ ਵਾਲਾ ਮੇਰਾ ਜੁਮਾ, ਜੁਮਲਾ ਅੱਖਰ ਦੇਣ ਗਵਾਹੀਆ । ਜਗਤ ਜਹਾਨ ਦਿਸਦਾ ਸੁੰਨਾ, ਸੁੰਞ ਮਸਾਣ ਦਿਸੇ ਲੋਕਾਈਆ । ਖੇਲ ਕਰੇ ਮਾਲਕ ਕੁੱਨਾ, ਕੁਲ ਮਾਲਕ ਅਗੰਮ ਅਥਾਹੀਆ । ਜੋ ਲੇਖਾ ਜਾਣੇ ਬਤਾਲੀ ਜੂਨਾ, ਲੱਖ ਨਾਲ ਵਡਿਆਈਆ । ਉਸ ਦਾ ਚਾਰ ਜੁਗ ਦੇ ਸ਼ਾਸਤਰ ਦੇ ਨਾ ਸਕਣ ਨਮੂਨਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਉਹ ਲੇਖੇ ਲਾਏ ਜਨ ਭਗਤ ਭਗਤੀ ਵਿਹੂਣਾ, ਮਿਹਰ ਨਜ਼ਰ ਉਠਾਈਆ । ਜਿਸ ਦਾ ਪ੍ਰਕਾਸ਼ ਨਾ ਕੋਇ ਸਮਝੇ ਚੌਣਾ ਕਿ ਦੂਣਾ, ਬੇਅੰਤ ਆਪਣੀ ਕਾਰ ਭੁਗਤਾਈਆ । ਉਹ ਧਰਨੀ ਨੂੰ ਦੇਵਣ ਆਇਆ ਹਲੂਣਾ, ਹੁਲਾਰਾ ਆਪਣਾ ਰੰਗ ਰੰਗਾਈਆ । ਜਿਸ ਦਾ ਖੇਲ ਨਾਮਾਲੂਮਾ, ਅਕਲ ਬੁੱਧੀ ਸਮਝਣ ਕੋਇ ਨਾ ਆਈਆ । ਉਹ ਆਸ਼ਾ ਪੂਰੀ ਕਰੇ ਅਵਤਾਰ ਪੈਗ਼ੰਬਰ ਗੁਰੂ ਮਾਸੂਮਾਂ, ਨੰਨ੍ਹਿਆਂ ਵੇਖ ਵਖਾਈਆ । ਸ਼ਰਅ ਮਜ਼੍ਹਬ ਵੇਖੇ ਹਜੂਮਾ, ਚਾਰੋਂ ਕੁੰਟ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਧਰਨੀ ਨੀ ਤੈਨੂੰ ਸਾਰੇ ਕਹਿੰਦੇ ਮਾਤਾ, ਧਵਲ ਦੇ ਸਮਝਾਈਆ । ਜਗਤ ਸ਼ਾਸਤਰ ਗਾਉਂਦੇ ਗਾਥਾ, ਅੱਖਰ ਅੱਖਰ ਜੋੜ ਜੁੜਾਈਆ । ਤੈਨੂੰ ਸਾਰੇ ਟੇਕਣ ਮਾਥਾ, ਮਿੱਟੀ ਖ਼ਾਕ ਰਮਾਈਆ । ਧਰਨੀ ਕਹੇ ਸਦੀ ਚੌਧਵੀ ਇਹ ਖੇਲ ਪੁਰਖ ਅਬਿਨਾਸ਼ਾ, ਜੁਗ ਜੁਗ ਆਪਣੀ ਕਾਰ ਕਮਾਈਆ । ਮੈਂ ਵੇਖਦੀ ਰਹੀ ਜਗਤ ਤਮਾਸ਼ਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣੀ ਅੱਖ ਉਠਾਈਆ । ਤੇਰੇ ਅੰਤਮ ਮੈਨੂੰ ਆਉਂਦਾ ਹਾਸਾ, ਹੱਸ ਕੇ ਦਿਆਂ ਵਖਾਈਆ । ਜਿਸ ਦੀਨ ਦੁਨੀ ਬਦਲ ਦੇਣਾ ਪਾਸਾ, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਤੂੰ ਉਸ ਦਾ ਮੰਨਣਾ ਆਖਾ, ਨਿਵ ਨਿਵ ਸੀਸ ਝੁਕਾਈਆ । ਜੋ ਦੋ ਜਹਾਨ ਰਾਖਾ, ਚੌਦਾਂ ਤਬਕ ਹੋਏ ਸਹਾਈਆ । ਜਿਸ ਦਾ ਇਕੋ ਨੂਰ ਜੋਤੀ ਧਾਰ ਸਭ ਦੀ ਜਗੇ ਲਲਾਟਾ, ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਧਰਨੀ ਕਹੇ ਸਦੀ ਚੌਧਵੀਂ ਮੇਰੇ ਅੰਦਰ ਬੜੀ ਰੀਝ, ਖ਼ੁਸ਼ੀਆਂ ਨਾਲ ਜਣਾਈਆ । ਮੇਰਾ ਮਾਲਕ ਗਿਆ ਪਤੀਜ, ਪਾਰਬ੍ਰਹਮ ਬੇਪ੍ਰਵਾਹੀਆ । ਜਿਸ ਦੇ ਪੈਗ਼ੰਬਰ ਬਣੇ ਅਜ਼ੀਜ਼, ਈਸਾ ਮੂਸਾ ਮੁਹੰਮਦ ਸੀਸ ਨਿਵਾਈਆ । ਉਹ ਤੇਰੇ ਗ੍ਰਿਹ ਆਉਣਾ ਉਹਦਾ ਕਦਮ ਧਰਨੀ ਕਹੇ ਮੇਰੀ ਹੋਣਾ ਦਹਿਲੀਜ਼, ਸੋਹਣਾ ਚਰਨ ਟਿਕਾਈਆ । ਜਿਸ ਨੇ ਕਪੂਰ ਸਿੰਘ ਨੂੰ ਪਵਾਈ ਲਾਲ ਕਮੀਜ਼, ਲਾਲ ਗੁਲਾਲਾ ਰੰਗ ਚੜ੍ਹਾਈਆ । ਜ਼ਰਾ ਤੱਕ ਲੈ ਲਾ ਕੇ ਨੀਝ, ਬਿਨ ਅੱਖਾਂ ਅੱਖ ਉਠਾਈਆ । ਜੋ ਸ਼ਰਅ ਸ਼ਰੀਅਤ ਉਮਤ ਬੀਜਿਆ ਬੀਜ, ਉਹ ਵੇਖੇ ਚਾਈਂ ਚਾਈਂਆ । ਭੇਵ ਖੋਲੇ ਭਰਮ ਵਾਲੀ ਹਦੀਸ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਦੇ ਛਤਰ ਝੁਲਣਾ ਸੀਸ, ਦੋ ਜਹਾਨ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਸਦੀ ਚੌਧਵੀਂ ਕਹੇ ਸੁਣ ਵੇ ਲਾਲ ਰੰਗਾ, ਜਗਤ ਕਪੜਿਆ ਦਿਆਂ ਸੁਣਾਈਆ । ਹਜ਼ਰਤ ਮੁਹੰਮਦ ਦੀਆਂ ਮੰਗਾਂ, ਚਾਰ ਯਾਰੀ ਸੰਗ ਧਿਆਨ ਰਖਾਈਆ । ਜਿਸ ਵੇਲੇ ਮੇਰਾ ਅੰਤਮ ਵੇਲਾ ਲੰਘਾ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਕਿਸੇ ਦਾ ਸੀਨਾ

ਰਹੇ ਨਾ ਠੰਢਾ, ਅਗਨੀ ਤਤ ਨਾ ਕੋਇ ਬੁਝਾਈਆ । ਮੈਂ ਇਕੋ ਮੰਗ ਉਸ ਪ੍ਰਭੂ ਤੋਂ ਮੰਗਾਂ, ਪਰਵਰਦਿਗਾਰ ਮੇਰੀ ਝੋਲੀ ਦੇਣਾ ਪਾਈਆ । ਮੇਰਾ ਸਫ਼ਰ ਰਿਹਾ ਨਾ ਲੰਬਾ, ਅੰਤਮ ਲੇਖਾ ਰਿਹਾ ਮੁਕਾਈਆ । ਮੈਂ ਜਦੋਂ ਸੁਣਦੀ ਤੂੰ ਮੇਰਾ ਮੈਂ ਤੇਰਾ ਛੰਦਾ, ਮੁਛੰਦਗੀ ਦਾ ਲੇਖਾ ਦਿਆਂ ਚੁਕਾਈਆ । ਮੈਨੂੰ ਯਾਦ ਆ ਗਿਆ ਜੋ ਸੰਦੇਸਾ ਦਿਤਾ ਗੋਬਿੰਦ ਪੁਰੀ ਅਨੰਦਾ, ਅਨੰਦਪੁਰ ਛਡਣ ਲੱਗਿਆਂ ਦਿਤਾ ਸੁਣਾਈਆ । ਜਿਸ ਦਾ ਭੇਵ ਪਾਏ ਕੋਇ ਨਾ ਪੰਡਾ, ਗ੍ਰਹਿ ਨਛੱਤਰ ਸਮਝ ਕਿਸੇ ਨਾ ਆਈਆ । ਮੇਰਾ ਪੁਰਖ ਅਕਾਲ ਸਾਹਿਬ ਗੁਣੀ ਗਹਿੰਦਾ, ਗਹਿਰ ਗਵਰ ਗਵਰ ਅਖਵਾਈਆ । ਜਿਸ ਲੇਖੇ ਲਾਉਣਾ ਨਿਸ਼ਾਨ ਤਾਰਾ ਚੰਦਾ, ਆਸਾ ਮੁਹੰਮਦ ਪੂਰ ਕਰਾਈਆ । ਉਸ ਦੇ ਗ੍ਰਹਿ ਵੜਦਿਆਂ ਸੱਤਾਂ ਗੁਰਮੁਖਾਂ ਆਪਣੇ ਗਾਨੇ ਦੀਆਂ ਖੋਲਣੀਆਂ ਗੰਢਾਂ, ਲਾਲ ਰੰਗ ਧਰਤੀ ਉਤੇ ਦੇਣਾ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਜੁਗ ਚੌਕੜੀ ਮੇਟਣਹਾਰਾ ਪੰਧਾ, ਪਾਂਧੀ ਵੇਖੇ ਖ਼ਲਕ ਖ਼ੁਦਾਈਆ ।

### ✪ ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਹਿ ਸਵੇਰੇ ਕਿਰਪਾ ਕੀਤੀ ✪

ਸਦੀ ਚੌਧਵੀਂ ਕਹੇ ਮੈਂ ਮਿਲੀ ਇਕ ਅਲਾਹ, ਜਿਸ ਨੂੰ ਵਲੀ ਅੱਲਾ ਸਾਰੇ ਸੀਸ ਨਿਵਾਈਆ । ਚੌਦਾਂ ਤਬਕ ਤੋਂ ਬਾਹਰ ਫਿਰੇ ਇਕੱਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜੋ ਵਸੇ ਤਨ ਵਜੂਦ ਮਾਟੀ ਖੱਲਾ, ਖ਼ਾਲਕ ਖ਼ਲਕ ਵਡ ਵਡਿਆਈਆ । ਮੇਰਾ ਵਿਛੋੜੇ ਦਾ ਮੇਟਣ ਆਇਆ ਸੱਲਾ, ਸੁਲਹਕੁਲ ਆਪਣਾ ਰੰਗ ਰੰਗਾਈਆ । ਲੇਖਾ ਜਾਣੇ ਮਾਰੂ ਥਲਾ, ਤਿਨਕਾ ਤਿਨਕਾ ਦਏ ਗਵਾਹੀਆ । ਜਿਸ ਦਾ ਸੰਗ ਭਗਤੀ ਧਾਰ ਭਗਤ ਦਲਾ, ਸੱਤ ਜ਼ਿਮੀਂ ਸੱਤ ਅਸਮਾਨ ਵੇਖਣ ਚਾਈਂ ਚਾਈਂਆ । ਜਿਸ ਲਹਿਣਾ ਪੂਰਾ ਕਰਨਾ ਗੋਬਿੰਦ ਧਾਰ ਡੱਲਾ, ਇਸ਼ਾਰਾ ਅਰਬ ਗੋਬਿੰਦ ਅੱਖ ਉਠਾਈਆ । ਜਿਸ ਲੇਖਾ ਵੇਖਣਾ ਗੁਰਦਾਸ ਕਲਮ ਅਛੱਲਾ, ਵਲ ਛਲਧਾਰੀ ਆਪਣੀ ਖੇਲ ਖਿਲਾਈਆ । ਜਿਸ ਧਰਮ ਦੀ ਧਾਰ ਗੋਲੀ ਦਾ ਤਿੰਨ ਦਿਨ ਇਕ ਮੋਢੇ ਤੇ ਰਖਣਾ ਪੱਲਾ, ਤ੍ਰੈਗੁਣ ਮਾਇਆ ਪੰਧ ਮੁਕਾਈਆ । ਮੈਨੂੰ ਖ਼ੁਸ਼ੀ ਦਿਸੇ ਮਛ ਕਛ ਧਾਰ ਵਿਚ ਜਲਾ, ਸਾਰੇ ਰਹੇ ਸੁਣਾਈਆ । ਤੇਰੇ ਆਇਆ ਅਗੰਮ ਮਹੱਲਾ, ਖ਼ਿਆਲਾਂ ਦੇ ਮਹੱਲ ਵਾਲੀਏ ਆਪਣਾ ਮਹੱਲ ਲੈਣਾ ਸੁਹਾਈਆ । ਪਰ ਇਕ ਗੱਲ ਉਹਦੇ ਕੋਲ ਹੋਣਾ ਤੇਲ ਦਾ ਪਲਾ, ਪਲਕ ਪਲਕ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਵੇਖ ਕੇ ਚੰਦ ਨੂਰਾ, ਨੂਰ ਵਿਚ ਸਮਾਈਆ । ਜਿਸ ਵਾਇਦਾ ਕੀਤਾ ਪੂਰਾ, ਪੁਰੀਆਂ ਲੋਆਂ ਤੋਂ ਬਾਹਰ ਨਜ਼ਰੀ ਆਈਆ । ਤੱਕਿਆ ਹਾਜ਼ਰ ਹਜ਼ੂਰਾ, ਕਵੈਤ ਤਟ ਸੋਭਾ ਪਾਈਆ । ਮੈਂ ਮੁਹੰਮਦ ਨੂੰ ਕਿਹਾ ਹੋ ਜਾ ਮਸ਼ਕੂਰਾ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਮੁਹੰਮਦ ਕਿਹਾ ਮੈਨੂੰ ਚੜ੍ਹ ਗਿਆ ਰੰਗ ਗੂੜ੍ਹਾ, ਬਿਨਾ ਤਨ ਵਜੂਦ ਰੰਗਤ ਨਜ਼ਰੀ ਆਈਆ । ਮੈਨੂੰ ਨਜ਼ਰ ਆ ਗਿਆ ਨਾਨਕ ਦਾ ਓਅੰਕਾਰ ਵਾਲਾ ਊੜਾ, ਜਿਸ ਅਲਿਫ਼ ਨਾਲ ਹਲਫ਼ ਲਿਆ ਉਠਾਈਆ । ਝਟ ਮੇਰੀ ਨਜ਼ਰ ਪਈ ਕੋਹਤੂਰਾ, ਮੂਸਾ ਨੂਰ ਚਮਕਾਈਆ । ਈਸੇ ਦੀ ਸੁਣੀ ਤੂਰਾ, ਜੋ ਤੁਰਤ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ

ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਤੱਕ ਕੇ ਨੂਰ ਅਲਾਹ, ਅੱਲਾ ਅੱਲਾ ਕਹਿ ਕੇ ਸੀਸ ਨਿਵਾਈਆ । ਨਾਲੇ ਕਿਹਾ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਜਿਸ ਮੇਰੀ ਗੋਲੀ ਆਪਣੀ ਗੋਲਕ ਵਿਚੋਂ ਕਢ ਕੇ ਸਾਡੇ ਦੇਸ਼ ਦਿਤੀ ਪਹੁੰਚਾ, ਪਿਛਲਾ ਪੰਧ ਮੁਕਾਈਆ । ਜੇ ਮਹਿਬੂਬ ਇਹਦਾ ਮਕਬਰਾ ਕਰਬਲੇ ਦਏ ਬਣਾ, ਪੈਗ਼ੰਬਰਾਂ ਦੀ ਆਸ਼ਾ ਰਹੇ ਨਾ ਰਾਈਆ । ਮੇਰੇ ਹਕ ਖ਼ੁਦਾ, ਤੇਰੇ ਅਗੇ ਅਰਜ਼ੋਈਆ । ਝਟ ਨਾਰਦ ਪਹੁੰਚਿਆ ਆ, ਆਪਣੇ ਕੰਨ ਰਿਹਾ ਖਿਚਾਈਆ । ਵਿੰਗਾ ਮੂੰਹ ਕਰ ਕੇ ਰਿਹਾ ਮੁਸਕਰਾ, ਹੱਸ ਹੱਸ ਰਿਹਾ ਸੁਣਾਈਆ । ਵਾਹ ਨੀ ਸਵਾਣੀਏ ਕੀ ਮੁਖੋਂ ਬੋਲਿਆ ਨਾਂ, ਚਾਅ ਖ਼ੁਸ਼ੀਆਂ ਨਾਲ ਸੁਣਾਈਆ । ਨੀ ਇਹਦਾ ਮਾਲਕ ਬੇਪ੍ਰਵਾਹ, ਬੇਅੰਤ ਇਕ ਅਖਵਾਈਆ । ਤੈਨੂੰ ਪਤਾ ਨਹੀਂ ਤੇਰਿਆਂ ਪੈਗ਼ੰਬਰਾਂ ਇਹਦੇ ਚਰਨਾਂ ਕਰਨੀ ਦੁਆ, ਕਦਮਾਂ ਆਸ ਰਖਾਈਆ । ਇਹਦਾ ਮਕਬਰਾ ਬਣੇਗਾ ਨਹੀਂ ਸਾਰਿਆਂ ਮਕਬਰਿਆਂ ਦਾ ਅੰਤ ਜਾਏ ਕਰਾ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ । ਤੂੰ ਹੁਣ ਆਪਣੀ ਗੱਲ ਸੁਣਾ, ਪਿਛਲੀ ਰੈਣ ਕੀ ਖੇਲ ਖਿਲਾਈਆ । ਝਟ ਸਦੀ ਚੌਧਵੀਂ ਨੈਣ ਲਿਆ ਬਦਲਾ, ਬਿਨ ਅੱਖੀਆਂ ਅੱਖ ਭਵਾਈਆ । ਮੈਂ ਕੀ ਦੱਸਾਂ ਆ, ਕੀ ਕੀ ਹਾਲ ਸੁਣਾਈਆ । ਮੈਂ ਮੱਕੇ ਗਈ ਬੈਤੁਲ ਵਿਚ ਮਾਰੀ ਹਾਹ, ਮੁਕੱਦਸ ਦਿਤਾ ਸੁਣਾਈਆ । ਤੈਨੂੰ ਵੀ ਇੱਟਾਂ ਪੱਥਰਾਂ ਦਾ ਦਿਤਾ ਬਣਾ, ਖ਼ੁਦਾ ਨੂਰ ਨਜ਼ਰ ਕੋਇ ਨਾ ਆਈਆ । ਕਾਅਬਿਆਂ ਵੰਡ ਵੰਡਾ, ਕਿਬਲ ਦਾ ਰੂਪ ਨਾ ਕੋਇ ਦਰਸਾਈਆ । ਜ਼ਨ ਹੀ ਵਜ਼ ਹੂ ਤੋਜ਼ੀ ਮਹਿਬਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਗਈ ਮਦੀਨੇ ਸ਼ਰੀਫ਼, ਸ਼ੁਰਫ਼ਾ ਮੁਹੰਮਦ ਦਿਤਾ ਜਣਾਈਆ । ਹਜ਼ਰਤ ਕੀ ਉਸ ਦੀ ਤਾਰੀਫ਼, ਜੋ ਹਜ਼ੂਰ ਇਕ ਅਖਵਾਈਆ । ਉਹ ਜਵਾਂ ਕਿ ਜ਼ਈਫ਼, ਭੇਵ ਦੇਣਾ ਖੁਲਾਈਆ । ਉਹਦੀ ਸਿਫ਼ਤ ਕੀ ਤਸਨੀਫ਼, ਤਹਿਰੀਰ ਕੀ ਜਣਾਈਆ । ਉਹ ਹਕੀਰ ਕਿ ਹਰੀਫ਼, ਹੁਕਮ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਮੇਰਾ ਮਕਬਰਾ ਖਾ ਗਿਆ ਤਨ ਵਜੂਦ, ਮੁਕਾਹ ਨਜ਼ਰ ਕੋਇ ਨਾ ਆਈਆ । ਉਹ ਮੇਰਾ ਮਹਿਬੂਬ, ਜੋ ਓਮ ਦੋਮ ਸੋਮ ਵਿਚ ਕਦੇ ਨਾ ਆਈਆ । ਕੀ ਤੇਰਾ ਕਰਾਵਣ ਆਇਆ ਕੂਚ, ਕੂਚਾ ਗਲੀ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਨੂੰ ਇਹੋ ਰਿਹਾ ਸੂਝ, ਸਮਝ ਤੋਂ ਪਰੇ ਦ੍ਰਿੜਾਈਆ । ਉਹ ਕਲਮਿਆਂ ਦੀਨਾਂ ਇਸਲਾਮਾਂ ਮਜ਼੍ਹਬਾਂ ਤੋਂ ਬਾਹਰ ਮੌਜੂਦ, ਦੋ ਜਹਾਨਾਂ ਇਕੋ ਨੂਰ ਅਲਾਹੀਆ । ਜਿਸ ਤੱਕਣੀ ਕਲਮੇ ਵਾਲੀ ਹਦੂਦ, ਹੱਦਾਂ ਵਿਚ ਬੇਹੱਦ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਸਚ ਰਖਾਈਆ । ਮੁਹੰਮਦ ਕਹੇ ਮੇਰੀ ਖ਼ਾਹਿਸ਼ ਪੁਰਾਣੀ ਤਮੰਨਾ, ਤਾਮਨ ਤ੍ਰਿਸ਼ਨਾ ਨਾ ਕੋਇ ਰਖਾਈਆ । ਜਿਸ ਨੇ ਮੇਰਾ ਅੰਤ ਕਰਨਾ ਅਮਨਾ, ਆਮਦ ਵਿਚ ਆਵੇ ਬੇਪ੍ਰਵਾਹੀਆ । ਮੇਰੀ ਉਮਤ ਨਾ ਵੇਖੇ ਚਮਨਾ, ਗੁਲਸ਼ਨ ਥਲਾਂ ਵਿਚ ਮਹਿਕਾਈਆ । ਉਸ ਲੇਖਾ ਜ਼ਰੂਰ ਪੂਰਾ ਕਰਨਾ ਜੋ ਕ੍ਰਿਸ਼ਨ ਕਿਹਾ ਕਿਨਾਰੇ ਜਮਨਾ, ਦੁਆਪਰ ਆਪਣਾ ਰੰਗ ਰੰਗਾਈਆ । ਮੇਰਾ ਵਜੂਦ ਉਸ ਦੀ ਖੇਲ ਵੇਖ ਕੇ ਕੰਬਣਾ, ਹਲੂਣਾ ਸਮਝ ਕਿਸੇ ਨਾ ਆਈਆ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਅਦਲ ਅਦਾਲਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਂ ਇਕ ਗੱਲ

ਦੱਸਾਂ ਖ਼ਾਸ, ਖ਼ਸੂਸੀਅਤ ਨਾਲ ਜਣਾਈਆ । ਮੈਂ ਬੜੀ ਸਾਂ ਉਦਾਸ, ਉਦਾਸੀ ਵਿਚ ਉਸੇ ਦਾ ਰਾਹ ਤਕਾਈਆ । ਮੇਰੇ ਅੰਦਰ ਬਲਾਂ ਵਾਲੀ ਸੀ ਪਿਆਸ, ਸਕੇ ਨਾ ਕੋਇ ਬੁਝਾਈਆ । ਜਿਸ ਵੇਲੇ ਮੇਰੇ ਮਹਿਬੂਬ ਨੇ ਮੇਰਾ ਤਨ ਛੁਹਾਇਆ ਲਬਾਸ, ਉਸ ਵੇਲੇ ਪਿਆਸ ਦੀ ਆਗ ਆਪਣੇ ਵਿਚ ਰਖਾਈਆ । ਮੈਂ ਫਿਰੀ ਵਿਚ ਆਕਾਸ਼, ਭੱਜੀ ਵਾਹੋ ਦਹੀਆ । ਸ਼ੰਕਰ ਨੂੰ ਕਿਹਾ ਛਡ ਦੇ ਕੈਲਾਸ਼, ਕਲਧਾਰੀ ਦਰਸ਼ਨ ਪਾਈਆ । ਬ੍ਰਹਮੇ ਨੂੰ ਕਿਹਾ ਆ ਜਾ ਪਾਸ, ਬ੍ਰਹਮ ਦੇਸ਼ ਤਜਾਈਆ । ਵਿਸ਼ਨੂੰ ਨੂੰ ਕਿਹਾ ਤੂੰ ਉਸੇ ਦਾ ਸਾਥ, ਸਗਲਾ ਸੰਗ ਰਖਾਈਆ । ਅਵਤਾਰਾਂ ਨੂੰ ਕਿਹਾ ਤੁਹਾਨੂੰ ਏਸੇ ਨੇ ਦਿਤੀ ਦਾਤ, ਦੇਵਣਹਾਰਾ ਬੇਪ੍ਰਵਾਹੀਆ । ਪੈਗ਼ੰਬਰਾਂ ਨੂੰ ਕਿਹਾ ਤੁਸੀਂ ਏਸੇ ਦੀ ਜ਼ਾਤ, ਏਸੇ ਦਾ ਨੂਰ ਚਮਕਾਈਆ । ਗੁਰੂਆਂ ਨੂੰ ਕਿਹਾ ਤੱਕੋ ਸਤਿਗੁਰ ਸਾਖਿਆਤ, ਸਚ ਸਵਾਮੀ ਨਜ਼ਰੀ ਆਈਆ । ਜਿਸ ਨੂੰ ਕਲਜੁਗ ਅੰਤ ਸਭ ਨੇ ਰਖੀ ਖ਼ਾਹਿਸ਼, ਸਾਡਾ ਮਾਲਕ ਆਵੇ ਚਾਈਂ ਚਾਈਂਆ । ਉਸ ਆਉਣਾ ਅਰਬ ਦੇ ਘਾਟ ਕਰੋ ਤਲਾਸ਼, ਜੋ ਉਰਫ਼ ਆਪਣਾ ਨਾਮ ਬਦਲਾਈਆ । ਨੂਰ ਤੱਕੋ ਜ਼ਹੂਰ ਤੱਕੋ ਲਾਟ, ਤਨ ਵਜੂਦ ਅੰਦਰ ਆਪਣਾ ਰੂਪ ਵਖਾਈਆ । ਜਿਸ ਸਾਡਾ ਲੇਖਾ ਪੂਰਾ ਕਰਨਾ ਅੱਜ ਦੀ ਰਾਤ, ਨੌ ਬਾਰਾਂ ਤਿੰਨ ਤਿੰਨੇ ਵਕਤ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਸਾਰੀ ਖੋਲ ਕੇ ਦੱਸਾਂਗੀ ਬਾਤ, ਬਾਤਨ ਪਰਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਜਿਸ ਨੇ ਆਪਣੇ ਅੰਦਰ ਸਾਡੀ ਸਾਰੀ ਰਖੀ ਤਪਸ, ਹਵਸ ਸਾਰੀ ਨਾਲ ਰਖਾਈਆ । ਉਸ ਨੂੰ ਵੇਖਣ ਰਿਖੀ ਸਪਤ, ਉਂਗਲਾਂ ਮੂੰਹ ਵਿਚ ਪਾਈਆ । ਜਿਸ ਆਪਣਾ ਸੁਹੰਜਣਾ ਕੀਤਾ ਵਕਤ, ਬੇਵਕਤਾਂ ਦਾ ਵਕਤ ਵੇਖ ਵਖਾਈਆ । ਨਾਲ ਲਿਆ ਕੇ ਜਨਮ ਜਨਮ ਦੇ ਭਗਤ, ਭਗਤੀ ਵਿਚ ਆਪਣਾ ਖੇਲ ਖਿਲਾਈਆ । ਜਿਸ ਧਾਰ ਬਦਲਣੀ ਜਗਤ, ਜੁਗਤੀ ਸ਼ਬਦੀ ਵੰਡ ਵੰਡਾਈਆ । ਮੈਂ ਉਸ ਦੇ ਅਗੇ ਕਰਾਂ ਅਰਜ਼, ਨਿਮਾਣੀ ਹੋ ਕੇ ਸੀਸ ਝੁਕਾਈਆ । ਮੇਰਾ ਲੇਖਾ ਆਪਣੇ ਦਰ ਕਰੀਂ ਦਰਜ, ਦਰਜਾ ਚਰਨਾਂ ਦਾ ਦੇਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਆਪਣੀ ਇਕ ਵਖਾਈਆ ।



## ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸਮਾਂ ਨੌਂ ਵਜੇ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਿਹ

ਸਦੀ ਚੌਧਵੀਂ ਕਹੇ ਮੈਨੂੰ ਇਸ਼ਾਰਾ ਕਰੇ ਤਾਰਾ ਚੰਦ, ਬਿਨ ਸੈਨਤ ਸੈਨਤ ਲਗਾਈਆ । ਸਾਡਾ ਖ਼ੁਸ਼ੀ ਹੋਇਆ ਬੰਦ ਬੰਦ, ਬੰਦਗੀ ਵਿਚ ਸੀਸ ਝੁਕਾਈਆ । ਜਿਹੜਾ ਮਹਿਬੂਬ ਪਾਰ ਕਿਨਾਰਾ ਆਇਆ ਲੰਘ, ਆਪਣਾ ਰੰਗ ਰੰਗਾਈਆ । ਸਭ ਦਾ ਸ਼ਰਅ ਦਾ ਤੋੜੇ ਬੰਧ, ਬੰਧਨ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਵੇਖੇ ਅੰਧੇਰਾ ਅੰਧ, ਖ਼ਾਲਕ ਖ਼ਲਕ ਫੋਲ ਫੁਲਾਈਆ । ਸਾਡੇ ਗ੍ਰਿਹ ਸਾਨੂੰ ਦਏ ਅਨੰਦ, ਅਨੰਦ ਆਪਣਾ ਇਕ ਦਰਸਾਈਆ । ਜਿਸ ਦਾ ਲੇਖਾ ਬਿਨਾ ਮੁਹਾਣਿਆਂ ਵੰਝ, ਚਲੇ ਬੇਪਰਵਾਹੀਆ । ਨਾ ਖ਼ੁਸ਼ੀ ਨਾ ਰੰਜ, ਗ਼ਮੀ ਗ਼ਮਖ਼ਾਰ ਨਾ ਕੋਇ ਰਖਾਈਆ । ਸਾਡੀ ਖ਼ੁਸ਼ੀ ਵਿਚ ਵਹਿ ਗਈ ਹੰਝ, ਹੰਝੂਆਂ ਹਾਰ ਬਣਾਈਆ । ਜਿਸ ਮਜ਼੍ਹਬਾਂ ਦੀ ਢਾਹੁਣੀ ਕੰਧ, ਦੁਤੀਆ ਭਾਉ ਦਏ ਚੁਕਾਈਆ । ਕੂੜੀ

ਵਾਸਨਾ ਕਰਨੀ ਖੰਡ, ਬ੍ਰਹਿਮੰਡ ਆਪ ਸਮਝਾਈਆ । ਫੇਰੇ ਦਰੋਹੀ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਈਆ । ਲੇਖਾ ਚੁਕਾਏ ਜੇਰਜ ਅੰਡ, ਉਤਭੁਜ ਸੇਤਜ ਪਰਦਾ ਰਹੇ ਨਾ ਰਾਈਆ । ਉਸ ਦੇ ਕੋਲੋਂ ਇਕ ਵਸਤ ਲਈਏ ਮੰਗ, ਮਾਂਗਤ ਹੋ ਕੇ ਝੋਲੀ ਲਈਏ ਡਾਹੀਆ । ਉਹਦਾ ਸੁਹੰਜਣਾ ਸਮਾਂ ਤੇ ਆਪਣਾ ਖੇਲ ਕਰੇ ਆਰੰਭ, ਸ਼ੁਰੂ ਦੀ ਸ਼ਰਅ ਇਕ ਜਣਾਈਆ । ਗਵਾਹੀ ਦੇਵੇ ਮੁਹੰਮਦ ਦਾ ਮੌਲੀ ਵਾਲਾ ਤੰਦ, ਕੱਚਾ ਤੰਦ ਰਿਹਾ ਜਣਾਈਆ । ਜਿਸ ਦਾ ਕਲਮਾ ਗਾਇਆ ਸਿਫ਼ਤਾਂ ਵਾਲੇ ਦੰਦ, ਜ਼ਬਾਂ ਜ਼ੇਰ ਜ਼ਬਰ ਬਣਾਈਆ । ਸੋ ਢੋਲਾ ਦੱਸੇ ਛੰਦ, ਕਲਮਾ ਕਾਇਨਾਤ ਸਮਝਾਈਆ । ਅਸੀਂ ਵੇਖ ਕੇ ਹੋਏ ਦੰਗ, ਹੈਰਾਨੀ ਸਾਡੇ ਅੰਦਰ ਆਈਆ । ਸਦੀ ਚੌਧਵੀਂ ਕਹੇ ਮੇਰੇ ਸੀਨੇ ਪਈ ਠੰਡ, ਅਗਨੀ ਤਤ ਬੁਝਾਈਆ । ਸ਼ੁਕਰ ਹੈ ਉਸ ਨੇ ਆਪਣੀ ਖੋਲੀ ਗੰਢ, ਪੱਲੂ ਲਿਆ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਸੁਣ ਵੇ ਤਾਰਾ ਚੰਦਾ, ਚੰਦਰੀ ਵੇਖੇ ਲੋਕਾਈਆ । ਦੀਨ ਮਜ਼੍ਹਬ ਜਗਤ ਜਹਾਨ ਹੋਇਆ ਗੰਦਾ, ਕੂੜ ਕਲਪਨਾ ਮਨ ਮਨਸਾ ਹਲਕਾਈਆ । ਨੇਤਰ ਹੀਣ ਹੋਇਆ ਅੰਧਾ, ਨਿਜ ਲੋਚਣ ਨਾ ਕੋਇ ਖੁਲਾਈਆ । ਖ਼ੁਦਾ ਦੇ ਨਾਮ ਦਾ ਸਾਰੇ ਲੈਂਦੇ ਚੰਦਾ, ਹਿੰਦੂ ਮੁਸਲਮ ਸਿਖ ਇਸਾਈ ਬਚਿਆ ਨਜ਼ਰ ਕੋਇ ਨਾ ਆਈਆ । ਸਚ ਮੁਹੱਬਤ ਵਿਚ ਮੇਰਾ ਮਹਿਬੂਬ ਹੋਇਆ ਰੰਡਾ, ਜਗਤ ਦਾਸੀ ਸੇਵ ਨਾ ਕੋਇ ਕਮਾਈਆ । ਜਿਸ ਨੇ ਸੂਫ਼ੀਆਂ ਭਗਤਾਂ ਦੇ ਪਿਆਰ ਵਿਚ ਰਸਨਾ ਭੋਗ ਲਗਾਇਆ ਗੰਢਾ, ਉਹ ਗੰਢ ਸਾਡੇ ਨਾਲ ਪਾਈਆ । ਪਹਿਲੋਂ ਉਮਤ ਦੀਆਂ ਵੰਡਾ ਕੇ ਵੰਡਾਂ, ਕਲਮਾ ਸ਼ਰਅ ਵਾਲਾ ਸੁਣਾਈਆ । ਲੜਾ ਕੇ ਵਿਚ ਜੰਗਾ, ਸ਼ਹਾਦਤਾਂ ਸ਼ਰਅ ਦੀਆਂ ਭੁਗਤਾਈਆ । ਉਸ ਨੂੰ ਫੇਰ ਵੀ ਸਾਰੇ ਕਹਿੰਦੇ ਚੰਗਾ, ਉਸ ਦੀ ਚੰਗੀ ਬੇਪ੍ਰਵਾਹੀਆ । ਪਰ ਮੇਰਾ ਹਲੂਣ ਕੇ ਕੰਧਾ, ਆਲਸ ਨਿੰਦਰਾ ਵਿਚੋਂ ਉਠਾਈਆ । ਨਾਲ ਇਸ਼ਾਰਾ ਦਿਤਾ ਨੂਰ ਤੱਕ ਜ਼ਹੂਰ ਤੱਕ ਤੱਕ ਖ਼ਾਕੀ ਬੰਦਾ, ਖ਼ਾਲਕ ਮਾਲਕ ਦਿਤਾ ਸੁਣਾਈਆ । ਮੈਂ ਫਿਰੀ ਸਮੁੰਦ ਸਾਗਰ ਕੰਡਾ, ਅਰਬ ਖਰਬ ਦਾ ਮਾਲਕ ਰਾਹ ਤਕਾਈਆ । ਮੈਨੂੰ ਦੂਰੋਂ ਇਸ਼ਾਰਾ ਦਿਸਿਆ ਉਹ ਹਿਲਾਏ ਸੱਤ ਰੰਗ ਦਾ ਡੰਡਾ, ਸੱਤ ਜਿਮੀ ਅਸਮਾਨਾਂ ਸੀਸ ਨਿਵਾਈਆ । ਮੈਂ ਕਦਮ ਬੋਸੀ ਵਿਚ ਆਪਣਾ ਆਪ ਪਾਇਆ ਲੰਬਾ, ਖ਼ਾਕ ਮਸਤਕ ਨਾਲ ਛੁਹਾਈਆ । ਤੇਰਾ ਸ਼ੁਰੂ ਦਾ ਖੇਲ ਹੋਣਾ ਆਰੰਭਾ, ਰੰਭਾ ਦਏ ਗਵਾਹੀਆ । ਫੇਰ ਮੇਰਾ ਆਪਣਾ ਆਪ ਕੰਬਾ, ਹਲੂਣਾ ਵੱਜਿਆ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਾਰਾ ਚੰਦ ਕਹੇ ਸਦੀ ਚੌਧਵੀਂ ਮਾਰ ਧਿਆਨ, ਆਪਣਾ ਨੈਣ ਉਠਾਈਆ । ਤੇਰਾ ਵਕਤ ਪਹੁੰਚਿਆ ਆਣ, ਆਨਨ ਫ਼ਾਨਨ ਖ਼ਾਲਕ ਆਪਣਾ ਖੇਲ ਖਿਲਾਈਆ । ਮੁਹੰਮਦ ਦਾ ਕਲਮਾ ਦਏ ਬਿਆਨ, ਸ਼ਹਾਦਤ ਹਦੀਸਾਂ ਵਾਲੀ ਪਾਈਆ । ਸਾਡਾ ਮਿਟਣ ਵਾਲਾ ਨਿਸ਼ਾਨ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਅੰਤਮ ਟੁੱਟਣਾ ਸਭ ਦਾ ਮਾਣ, ਮਾਨਸ ਸਾਰੇ ਰੋਵਣ ਮਾਰਨ ਧਾਹੀਂਆ । ਅਸੀਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਤੱਕਿਆ ਜਗਤ ਜਹਾਨ, ਮੰਡਲ ਰਾਸੀ ਆਪਣਾ ਆਸਣ ਲਾਈਆ । ਮੇਰੇ ਮਹਿਬੂਬ ਤੋਂ ਬਿਨਾ ਧਰਨੀ ਉਤੇ ਰਹੀ ਨਹੀਂ ਕਿਸੇ ਦੀ ਸ਼ਾਨ, ਸ਼ਹਿਨਸ਼ਾਹ ਰਹਿਣ ਕੋਇ ਨਾ ਪਾਈਆ । ਜੋ ਆਇਆ ਸੋ ਲੈ ਕੇ ਆਇਆ ਨਾਮ ਕਲਮੇ ਦਾ ਦਾਨ, ਦਾਤਾ ਦਾਨੀ ਆਪ ਵਰਤਾਈਆ । ਅਸੀਂ ਹੋ ਰਹੇ ਹੈਰਾਨ, ਹੈਰਾਨੀ ਸਾਡੇ ਅੰਦਰ ਛਾਈਆ । ਅਸੀਂ ਚੌਦਾਂ ਸਦ ਦੇ ਤੇਰੇ ਨਾਲ ਹੋਏ ਪ੍ਰਵਾਨ, ਪ੍ਰਵਾਨਗੀ ਧੁਰ

ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤਾਰਾ ਚੰਦ ਕਹੇ ਸਾਡਾ ਵੇਖ ਪ੍ਰਕਾਸ਼ ਲਿਸ਼ਕ, ਜਿਸ ਨੂੰ ਲਸ਼ਕਰ ਸਾਰੇ ਸੀਸ ਨਿਵਾਈਆ । ਮੁਹੰਮਦ ਹਜ਼ਰਤ ਦਾ ਜਿਸ ਨਾਲ ਇਸ਼ਕ, ਆਸ਼ਕ ਮਾਸ਼ੂਕ ਦੋਵੇਂ ਖੇਲ ਖਿਲਾਈਆ । ਵੇਖੀਂ ਅੰਤ ਸਦੀ ਚੌਧਵੀਂ ਨਾ ਜਾਵੀਂ ਖ਼ਿਸਕ, ਆਪਣਾ ਪੱਲੂ ਨਾ ਕੋਇ ਛੁਡਾਈਆ । ਪ੍ਰਭੂ ਦਾ ਖੇਲ ਨਾ ਟਾਂਕ ਨਾ ਜਿਸਤ, ਜੁਸਤਜੂ ਸਭ ਦੀ ਫੋਲ ਫੁਲਾਈਆ । ਹਜ਼ਰਤ ਦਾ ਇਸ਼ਾਰਾ ਕਿਆਮਤ ਵਿਚ ਸਭ ਨੂੰ ਮਿਲੇ ਬਹਿਸ਼ਤ, ਸਹੀ ਸਲਾਮਤ ਖ਼ੁਦ ਮਾਲਕ ਲਏ ਉਠਾਈਆ । ਉਸ ਨੂੰ ਤੱਕੋ ਸਾਰੇ ਆਪਣੀ ਆਪਣੀ ਦ੍ਰਿਸ਼ਟ, ਅੰਤਰ ਦ੍ਰਿਸ਼ਟੀ ਧਿਆਨ ਲਗਾਈਆ । ਜਿਸ ਲੇਖਾ ਪੂਰਾ ਕਰਨਾ ਰਾਮ ਵਸ਼ਿਸ਼ਟ, ਮੁਨੀ ਗੁਰਦੇਵ ਗਿਆ ਦ੍ਰਿੜਾਈਆ । ਜਿਸ ਦੀ ਆਸ਼ਾ ਰਖੀ ਯਸੂਹ ਕਰਿਸਟ, ਕ੍ਰਿਸ਼ਨ ਦਾ ਲੇਖਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਵਿਕੀ ਇਕ ਦੇ ਹਾਟ, ਕੀਮਤ ਅਵਰ ਕੋਇ ਨਾ ਪਾਈਆ । ਮੇਰੀ ਮੰਜ਼ਲ ਮੁਕਣੀ ਵਾਟ, ਪੰਧ ਦੀਨ ਦੁਨੀ ਚੁਕਾਈਆ । ਸੌਣਾ ਮਿਲੇ ਨਾ ਕਿਸੇ ਖਾਟ, ਖਟੀਆ ਰੋਵੇ ਮਾਰੇ ਧਾਹੀਆ । ਮੇਰੇ ਮਹਿਬੂਬ ਦਾ ਲੇਖਾ ਕੁਛ ਸਮੁੰਦ ਵਾਲੇ ਘਾਟ, ਘਾਟਾ ਮੇਰਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਨੂਰ ਜੋਤ ਕਰ ਪ੍ਰਕਾਸ਼, ਪ੍ਰਕਾਸ਼ ਅਗੰਮੇ ਡਗਮਗਾਈਆ ।



੧੪੬
੨੩

## ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਰਾਤ ਬਾਰਾਂ ਵਜੇ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਹਿ

ਸਦੀ ਚੌਧਵੀਂ ਕਹੇ ਮੇਰੇ ਅਲਾਹ ਮਵਜ਼ ਜੇ ਅਜ਼ੀ ਕਿਵਜ਼ਮਤੋ ਹਮਜ਼ਿਲਹਾ ਵਲੀਉਲ ਜ਼ਕਿਨ ਯਾਵਸੇ ਮਖ਼ਲੂਕੇ ਨੂਰੇ ਚਸ਼ਮੇ ਜ਼ਾਇਲਵ ਜ਼ਹੀ ਨੌਜ਼ੁਮਹਾ ਤੌਹਫ਼ੀਕੇ ਖ਼ੁਦਾ ਰਫ਼ੀਕੇ ਨਹਾ ਕੂਨੇ ਕਜ਼ਾਕ ਸ਼ਾਹੇ ਅਹਿਬਾਬ ਵਨਜ਼ਇਤ ਇਜ਼ਵਹਿਕ ਜ਼ਾਜ਼ੀਨਸੋ ਅਸਹੂਬੇ ਖ਼ੁਦਾ ਮੁਹੰਮਦੇ ਰਜ਼ਾ ਰਾਜ਼ਕ ਰਿਜ਼ਕ ਰਹੀਮ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਆਪ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਸਜਦਾ ਨਾਲ ਅਦਬ, ਅਦਾਬ ਨਾਲ ਸੀਸ ਝੁਕਾਈਆ । ਜਿਸ ਵਿਚ ਸਾਰੇ ਹੋਣੇ ਜਜ਼ਬ, ਸ਼ਰਅ ਸ਼ਰੀਅਤ ਨਜ਼ਰ ਕੋਇ ਨਾ ਆਈਆ । ਜਿਸ ਲੇਖਾ ਪੂਰਾ ਕਰਨਾ ਦੀਨ ਮਜ਼੍ਹਬ, ਅਵਤਾਰ ਪੈਗ਼ੰਬਰ ਗੁਰੂਆਂ ਪੇਸ਼ੀਨਗੋਈਆਂ ਆਪਣੇ ਰੰਗ ਰੰਗਾਈਆ । ਕਾਇਨਾਤ ਹੈਰਾਨ ਹੋਣੀ ਤਅੱਜੁਬ, ਪਰੇਸ਼ਾਨੀ ਵਿਚ ਸਾਰੇ ਦੇਣ ਦੁਹਾਈਆ । ਉਹ ਪਰਵਰਦਿਗਾਰ ਸਾਂਝਾ ਯਾਰ ਮਹਿਬੂਬ ਮੁਹੱਬਤ ਵਾਲਾ ਆਪਣਾ ਅਗੰਮੀ ਚੁਕੇ ਕਦਮ, ਜੋ ਕਦਮ ਕਦੀਮ ਤੋਂ ਨਜ਼ਰ ਕਿਸੇ ਨਾ ਆਈਆ । ਜਿਸ ਦੀ ਮਸਤੀ ਵਿਚ ਸੰਤਾਂ ਫ਼ਕੀਰਾਂ ਆਇਆ ਵਜਦ, ਮਸਤੀ ਵਿਚ ਉਸੇ ਦੇ ਢੋਲੇ ਗਾਈਆ । ਉਹ ਕਲਜੁਗ ਅੰਤ ਨੌਂ ਖੰਡ ਪ੍ਰਿਥਮੀ ਸੱਤ ਦੀਪ ਮੇਟਣ ਆਏ ਹਸਦ, ਦੂਈ ਦਵੈਤ ਰਹਿਣ ਕੋਇ ਨਾ ਪਾਈਆ । ਉਹ ਬੇਮੁਕਾਮ ਲਾਹਕ ਲਾਸ਼ਰੀਕ ਮੁਕਾਮੇ ਹਕ ਦਾ ਨੂਰ ਨੁਰਾਨਾ ਮੁਰਸ਼ਦ, ਜਿਸ ਦੇ ਮੁਰੀਦ ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਆਪਣੀ ਕਰ ਕੇ ਆਪ ਫ਼ੁਰਸਤ, ਪਾਰਬ੍ਰਹਮ ਪ੍ਰਭ ਆਪਣਾ ਖੇਲ ਖਿਲਾਈਆ । ਜਿਸ ਸੰਸਾਰੀ ਭੰਡਾਰੀ ਸੰਘਾਰੀ ਸਰਗੁਣ ਧਾਰ ਸਭ

ਨੂੰ ਦੇਣੀ ਫ਼ੁਰਸਤ, ਸ਼ਬਦੀ ਸ਼ਬਦ ਸ਼ਬਦ ਹੁਕਮ ਸੁਣਾਈਆ । ਉਸ ਮਿਹਰਵਾਨ ਮਹਿਬੂਬ ਦੀ ਕੀ ਹਰਫ਼ਾਂ ਹਰੂਫਾਂ ਅਲਿਫ਼ ਯੇ ਵਿਚ ਕਰਾਂ ਉਲਫਤ, ਜਿਸ ਦੀ ਸਿਫ਼ਤ ਸਲਾਹ ਵਡਿਆਈ ਅੱਖਰ ਕਹਿਣ ਕੋਇ ਨਾ ਪਾਈਆ । ਉਹ ਦੀਨ ਦੁਨੀ ਲੇਖਾ ਵੇਖੇ ਗ਼ਰੀਬ ਨਿਮਾਣੇ ਮੁਫ਼ਲਿਸ, ਅਪਾਹਾਜ਼ਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਸੁਣ ਸੰਦੇਸ਼ਾ ਚੰਦ ਸਿਤਾਰ, ਸਤ੍ਹਾ ਬੁਲੰਦੀ ਦਿਆਂ ਜਣਾਈਆ । ਜਿਸ ਦੀ ਮੁਰੀਦ ਮੁਰਸ਼ਦ ਮਜਲਸ ਵਿਚ ਕਰਨ ਇੰਤਜ਼ਾਰ, ਅੰਤਰ ਨਿਰੰਤਰ ਧਿਆਨ ਲਗਾਈਆ । ਉਹ ਨੂਰ ਨੁਰਾਨਾ ਹੋ ਉਜਿਆਰ, ਆਪਣਾ ਜ਼ਹੂਰ ਕਰੇ ਰੁਸ਼ਨਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਰਨ ਆਇਆ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਦਰਗਾਹ ਸਾਚੀ ਮੁਕਾਮੇ ਹਕ ਉਠੋ ਮੇਰੇ ਬਰਖ਼ੁਰਦਾਰ, ਅਜ਼ੀਜ਼ੋ ਆਪਣੀ ਲਓ ਅੰਗੜਾਈਆ । ਆਪਣੀ ਉਮਤ ਦੀਨ ਕਲਮਾ ਤੱਕੋ ਵਿਚ ਸੰਸਾਰ, ਮੁੱਲਾ ਸ਼ੇਖ਼ ਮੁਸਾਇਕ ਪਰਦਾ ਅੰਦਰ ਉਠਾਈਆ । ਜਿਸ ਨੂੰ ਵਾਹਿਦ ਮਿਲਿਆ ਹਕੀਕਤ ਵਿਚ ਯਾਰ, ਜੋ ਧੁਰ ਦਾ ਮਾਲਕ ਇਕ ਅਖਵਾਈਆ । ਜਿਸ ਨੇ ਅਮਾਮ ਅਮਾਮਾ ਵੇਸ ਧਰਨਾ ਅਪਰ ਅਪਾਰ, ਅਗੰਮ ਅਗੰਮੜਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਚੰਦ ਸਿਤਾਰ ਕਹੇ ਸੁਣ ਚੌਧਵੀਂ ਸਦੀ ਸਾਡੀ ਧਰਮ ਧਾਰ ਦੀ ਭੈਣ, ਕਲਮਾ ਮੁਹੰਮਦ ਦਏ ਗਵਾਹੀਆ । ਚਾਰੋਂ ਕੁੰਟ ਆਪਣੀ ਵੇਖ ਅੰਧੇਰੀ ਰੈਣ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਰਸਨਾ ਜਿਹਵਾ ਬੱਤੀ ਦੰਦ ਨਾਮ ਕਲਮਾ ਸਾਰੇ ਕਹਿਣ, ਹਿਰਦੇ ਅੰਦਰ ਕਾਇਆ ਮੰਦਰ ਧੁਰ ਦੇ ਕਾਅਬੇ ਵਿਚ ਪਰਵਰਦਿਗਾਰ ਨਾ ਕੋਇ ਵਸਾਈਆ । ਮਨ ਕਾਮਨਾ ਜਗਤ ਵਾਸਨਾ ਮਾਇਆ ਹੋਈ ਡੈਣ, ਦੀਨਾਂ ਮਜ਼੍ਹਬਾਂ ਰਹੀ ਖਾਈਆ । ਜ਼ਰਾ ਨਿਗਾਹ ਮਾਰ ਲੈ ਜਿਸ ਕਾਰਨ ਨੁਕਤਾ ਲਾਇਆ ਐਨ ਉਤੇ ਗ਼ੈਨ, ਕੁਆਫ਼ ਦਾ ਕੁਤਰ ਸਮਝ ਕੋਇ ਨਾ ਪਾਈਆ । ਮਾਲਕ ਸਚ ਨਾਲੋਂ ਸਾਰੇ ਹੋਏ ਤਰਫ਼ੈਨ, ਤਰਫ਼ ਉੱਤਰ ਪੂਰਬ ਪੱਛਮ ਦੱਖਣ ਚਾਰੇ ਕੁੰਟ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹਉਮੇ ਹੰਗਤਾ ਕੂੜ ਕੁੜਿਆਰ ਦਾ ਵਹਿੰਦਾ ਵਹਿਣ, ਅਗੇ ਹੋ ਨਾ ਕੋਇ ਅਟਕਾਈਆ । ਮਨ ਮਨਸਾ ਮਿਲੇ ਕਿਸੇ ਨਾ ਚੈਨ, ਸਾਂਤਕ ਸਤਿ ਨਾ ਕੋਇ ਵਰਤਾਈਆ । ਕੁਛ ਲੇਖਾ ਯਾਦ ਕਰ ਕਰਬਲੇ ਵਾਲਾ ਹਸਨ ਹੁਸੈਨ, ਸ਼ਾਹ ਅਲੀ ਦੀ ਆਸ਼ਾ ਨਾਲ ਮਿਲਾਈਆ । ਅੱਬੂ ਬਕਰ ਦਾ ਦੇਣਾ ਕੀ ਦੇਣ, ਉਮਰ ਆਹ ਭਰ ਕੇ ਕੀ ਸੁਣਾਈਆ । ਚੌਥੇ ਯਾਰ ਦਾ ਕਿਸ ਕਾਰਨ ਹੋਇਆ ਬਹਿਣ, ਜਗਤ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਤਾਰਾ ਚੰਦ ਕਹੇ ਸਦੀ ਚੌਧਵੀਂ ਸੁਣ ਸ਼ਬਦ ਅਗੰਮਾ ਨਾਨਕ, ਕੀ ਨਿਰਗੁਣ ਸਰਗੁਣ ਗਿਆ ਸੁਣਾਈਆ । ਜਿਸ ਵੇਲੇ ਤੇਰਾ ਵਕਤ ਹੋਇਆ ਭੈ ਭਿਆਨਕ, ਚਾਰੋਂ ਕੁੰਟ ਅੰਧੇਰਾ ਛਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਧਰਮ ਰਹੇ ਨਾ ਕੋਇ ਅਮਾਨਤ, ਅਮਲ ਸਚ ਨਾ ਕੋਇ ਕਮਾਈਆ । ਸ਼ਰਅ ਦੀ ਸ਼ਰਅ ਰਹੇ ਨਾ ਕੋਇ ਜ਼ਮਾਨਤ, ਨਾਤਾ ਧਰਮ ਜਾਣ ਤੁੜਾਈਆ । ਮਨ ਕਲਪਣਾ ਜਗਤ ਵਾਸਨਾ ਕਰੇ ਬਗ਼ਾਵਤ, ਬਗ਼ਲਗੀਰ ਹੋ ਕੇ ਬਗ਼ਦਾਦ ਨਾਨਕ ਗਿਆ ਸਮਝਾਈਆ । ਪ੍ਰਭੂ ਦਾ ਖੇਲ ਹੋਣਾ ਤੇਰੇ ਅੰਤ ਅਚਾਨਕ, ਅਮਾਮ ਅਮਾਮਾ ਆਪਣਾ ਨੂਰ ਕਰੇ ਰੁਸ਼ਨਾਈਆ । ਜਿਸ ਦੀ ਸਮਝੇ ਨਾ ਕੋਇ ਜ਼ਿਆਰਤ, ਜ਼ੱਰਾ ਜ਼ੱਰਾ ਆਪਣਾ ਹੁਕਮ ਵਰਤਾਈਆ । ਜਿਸ ਦਾ ਇਕੋ ਹੁਕਮ ਇਕੋ ਇਬਾਰਤ,

ਲੇਖਾ ਇਕੋ ਇਕ ਸੁਣਾਈਆ । ਤੇਰਾ ਅੰਤ ਮੁਰੀਦਾਂ ਦੀ ਮੁਰਸ਼ਦ ਕਰੇ ਨਾ ਕੋਇ ਸਿਫ਼ਾਰਸ਼, ਸਜਦਿਆਂ ਵਿਚ ਸਾਰੇ ਸੀਸ ਨਿਵਾਈਆ । ਉਸ ਮਹਿਬੂਬ ਦੀ ਮਿਹਰਵਾਨ ਨੂਰ ਅਲਾਹ ਦੀ ਉਸਤਤ ਕਰ ਸਕੇ ਨਾ ਕੋਇ ਤੁਆਰਫ਼, ਤਾਰੀਫ਼ ਕਹਿ ਸਕੇ ਨਾ ਰਾਈਆ । ਭੇਵ ਪਾਵੇ ਕੋਇ ਨਾ ਆਰਫ਼, ਉਲਮਾ ਅਕਲ ਵਿਚ ਨਾ ਕੋਇ ਜਣਾਈਆ । ਉਹਦਾ ਲੇਖਾ ਪੂਰਾ ਹੋਣਾ ਭਾਰਤ, ਭਾਰਤ ਦਾ ਵਾਰਸ ਅਰਬ ਅਰਬਾਨੀਆਂ ਖੋਜ ਖੁਜਾਈਆ । ਜਿਸ ਦੇ ਕੋਲ ਹੁਕਮ ਧਾਰ ਦੇ ਨੌ ਕਾਰਡ, ਨੌਵਾਂ ਖੰਡਾਂ ਹੁਕਮ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਕਹੇ ਮੈਂ ਸਦਕੇ ਵਾਰੀ ਉਸ ਤੋਂ ਘੋਲੀ, ਆਪਣਾ ਆਪ ਘੋਲ ਘੁਮਾਈਆ । ਜਿਸ ਦੀ ਕਲਮਿਆਂ ਕਲਾਮਾਂ ਤੋਂ ਬਾਹਰ ਬੋਲੀ, ਅਨਬੋਲਤ ਆਪਣਾ ਰਾਗ ਸੁਣਾਈਆ । ਜਿਸ ਦੀ ਤਨ ਵਜੂਦ ਕਾਇਆ ਨਹੀਂ ਵਿਚੋਲੀ, ਵਿਚਲਾ ਭੇਵ ਸਤਿਗੁਰ ਸ਼ਬਦ ਹੋ ਕੇ ਆਪ ਜਣਾਈਆ । ਉਹ ਮੇਰੇ ਕਿਵਾੜ ਚੌਦਾਂ ਤਬਕਾਂ ਸੰਗ ਰਿਹਾ ਖੋਲੀ, ਮੁਹੰਮਦ ਢੋਲੀ ਡੱਗਾ ਕਲਮੇ ਵਾਲਾ ਲਾਈਆ । ਜਿਸ ਦਾ ਹੁਕਮ ਮੇਰੇ ਵਿਚ ਵਰਤਣਾ ਹੌਲੀ ਹੌਲੀ, ਹੁਕਮ ਆਪਣਾ ਇਕ ਵਰਤਾਈਆ । ਨੌ ਦੇਸ਼ਾਂ ਜਗਤ ਧਾਰ ਵਿਚ ਪਾਵੇ ਰੌਲੀ, ਰੌਣਕ ਆਪਣੀ ਇਕ ਬਣਾਈਆ । ਉਸ ਦਾ ਖੇਲ ਹੋਣਾ ਦੇਸ ਪਰਦੇਸ ਉਪਰ ਧੌਲੀ, ਧਰਨੀ ਧਰਤ ਧਵਲ ਬੈਠੀ ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਸਗਨ ਕੱਚਾ ਤੰਦ ਮੌਲੀ, ਮੌਲਾ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਧਾਰ ਆਪਣੇ ਨਾਮ ਕਲਮੇ ਦੀ ਆਪੇ ਗਾਉਣੀ, ਗਾਵਤ ਗਾਵਤ ਗਾਵਤ ਆਪਣਾ ਰੰਗ ਰੰਗਾਈਆ ।


੧੪੮
੨੩

### ✪ ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਰਾਤ ਤਿੰਨ ਵਜੇ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਮੈਨੂੰ ਨਜ਼ਰ ਆਇਆ ਨਾਨਕ ਦਾ ਨਿਰਅੱਖਰ, ਜੋ ਅੱਖਰਾਂ ਰੂਪ ਬਣਾਈਆ । ਜਿਸ ਨੇ ਤਾਰੇ ਪਾਹਨ ਪੱਥਰ, ਲੋਕਮਾਤ ਦਿਤੀ ਵਡਿਆਈਆ । ਉਸ ਦੀ ਯਾਦ ਵਿਚ ਮਾਰੂਥਲ ਵਹਾਉਂਦੇ ਅੱਥਰ, ਬਿਨ ਨੈਣਾਂ ਨੀਰ ਵਹਾਈਆ । ਜਿਸ ਦੀ ਪਿਆਰ ਸ਼ਰੀਣੀ ਸ਼ੱਕਰ, ਰਸ ਅਨਰਸ ਅਨਡਿਠੜਾ ਦਿਤਾ ਚਖਾਈਆ । ਉਸ ਦੀ ਯਾਦ ਵਿਚ ਸੈਂਕੜੇ ਸਾਲ ਕੀਤੇ ਬਸਰ, ਸੋ ਬਿਸਰਤ ਮੇਲ ਮਿਲਾਈਆ । ਸੋ ਸ਼ਰਅ ਦਾ ਵੇਖੇ ਹਸ਼ਰ, ਹਜ਼ਰਤਾਂ ਦਾ ਪਰਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਨਿਰਅੱਖਰ ਕਹੇ ਮੇਰੀ ਅੱਖਰਾਂ ਵਾਲੀ ਵੰਡ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਮੇਰੀ ਨਾਮ ਕਲਮੇ ਦੀ ਗੰਢ, ਸ਼ਬਦੀ ਧਾਰ ਸੋਭਾ ਪਾਈਆ । ਜੋ ਮਾਨਸ ਮਾਨਵ ਪਾਵੇ ਠੰਡ, ਮਾਨੁਸ਼ ਆਪਣੇ ਰੰਗ ਰੰਗਾਈਆ । ਨਾਨਕ ਇਸ਼ਾਰਾ ਕੀਤਾ ਅੰਤ ਲੇਖਾ ਮੁਕਣਾ ਤਾਰਾ ਚੰਦ, ਮੁਹੰਮਦ ਨਿਸ਼ਾਨ ਨਿਸ਼ਾਨ ਦਏ ਬਦਲਾਈਆ । ਖੇਲ ਕਰੇ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਚਾਰ ਜੁਗ ਤੋਂ ਵੱਖਰਾ ਹੋਣਾ ਪੰਧ, ਪਾਂਧੀ ਬਣ ਕੇ ਭੱਜੇ ਵਾਹੋ ਦਾਹੀਆ । ਉਸ ਲੇਖੇ ਲਾਉਣੀ ਜੇਰਜ ਅੰਡ, ਉਤਭੁਜ ਸੇਤਜ ਹੋਏ ਸਹਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਨਾਨਕ ਲਹਿੰਦੇ ਚੜ੍ਹਦੇ ਮਾਰੀ ਲੀਕ, ਲਕੀਰ ਫ਼ਕੀਰ ਦਿਤੀ ਬਣਾਈਆ । ਫੇਰ ਸਤਿਨਾਮ ਨਾਲ ਕੀਤਾ ਤਸਦੀਕ, ਸ਼ਹਾਦਤ ਧੁਰ ਦੀ ਇਕ ਰਖਾਈਆ । ਨਾਲ ਮੁਹੰਮਦ ਦੀ ਤੱਕੀ ਤਬਲੀਕ, ਜਿਸ ਨੂੰ ਤਬਕ ਵੇਖ ਵਖਾਈਆ । ਫੇਰ ਨੇਤਰ ਲਏ ਮੀਟ, ਮੇਲ ਮਿਲਿਆ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸ਼ਬਦ ਸੰਦੇਸ਼ਾ ਦਿਤਾ ਠੀਕ, ਧੁਰ ਫ਼ਰਮਾਨਾ ਇਕ ਅਲਾਈਆ । ਮਹਾਬਲੀ ਉਤਰੇ ਆਪਣੀ ਤਰੀਕ, ਤਵਾਰੀਖ ਸਮਝ ਕੋਇ ਨਾ ਪਾਈਆ । ਜਿਸ ਦਾ ਮਾਰਗ ਹੋਣਾ ਬਾਰੀਕ, ਗੋਬਿੰਦ ਖੰਡਾ ਧਾਰ ਵੰਡ ਵੰਡਾਈਆ । ਉਸ ਨੂੰ ਕਹਿਣਾ ਜਗਤ ਜਗਤ ਜਗਦੀਸ਼, ਜਗਦੀਸ਼ਰ ਬੇਪ੍ਰਵਾਹੀਆ । ਜਿਸ ਸਦੀ ਚੌਧਵੀਂ ਅੰਤ ਸਭ ਨੂੰ ਜਾਣਾ ਪੀਸ, ਪੀਸਣ ਪੀਸੇ ਖ਼ਲਕ ਖ਼ੁਦਾਈਆ । ਚਾਰ ਕੁੰਟ ਭੱਜੇ ਅਬਲੀਸ, ਦਿਵਸ ਰੈਣ ਖੇਲ ਖਿਲਾਈਆ । ਲਹਿਣਾ ਪੂਰਾ ਕਰਨਾ ਮੁਹੰਮਦ ਵਾਲੀ ਹਦੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਨਿਰਅੱਖਰ ਕਹੇ ਮੈਨੂੰ ਲਿਖਿਆ ਖ਼ੁਸ਼ਖ਼ਤ, ਬਿਨਾ ਕਲਮ ਸ਼ਾਹੀ ਦਿਤੀ ਵਡਿਆਈਆ । ਜਿਸ ਨੂੰ ਸਮਝੇ ਕੋਇ ਨਾ ਬੰਦਾ ਪੰਜ ਤਤ, ਤਤਵ ਤਤ ਨਜ਼ਰ ਕਿਸੇ ਨਾ ਆਈਆ । ਉਸ ਵਿਚ ਲਿਖੀ ਉਹ ਬ੍ਰਹਮ ਮਤ, ਜਿਸ ਨੂੰ ਬ੍ਰਹਮਾ ਸ਼ਿਵ ਵਿਸ਼ਨ ਸਾਰੇ ਰਹੇ ਸਾਲਾਹੀਆ । ਜਿਸ ਅੰਤ ਲੇਖੇ ਲਾਉਣੀ ਦੀਨ ਮਜ਼੍ਹਬ ਦੀ ਰਤ, ਰਤੀ ਰਤ ਲੇਖੇ ਲਾਹੀਆ । ਉਹ ਸਾਹਿਬ ਸਵਾਮੀ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਸਤਿਜੁਗ ਤਰੇਤਾ ਦੁਆਪਰ ਕਲਜੁਗ ਚਲਾਇਆ ਰਥ, ਰਥਵਾਹੀ ਹੋ ਕੇ ਵੇਖ ਵਖਾਈਆ । ਸੋ ਸਾਹਿਬ ਸਚ ਦੀ ਸਚ ਦੇਵੇ ਵਥ, ਵਸਤ ਅਮੋਲਕ ਆਪ ਵਰਤਾਈਆ । ਮਾਰੂਥਲਾਂ ਆਵੇ ਨਠ, ਕਦਮ ਕਦਮਾਂ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਸਰੂਪ ਆਦਿ ਜੁਗਾਦਿ ਸਦਾ ਸਵੱਛ, ਸਤਿ ਸਰੂਪੀ ਆਪਣਾ ਖੇਲ ਵਖਾਈਆ ।



### ✪ ੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਦੀਨ ਦੁਨੀ ਦਾ ਹੋਛਾ ਹੋਇਆ ਕਰਮ, ਕੁਕਰਮ ਕਰੇ ਲੋਕਾਈਆ । ਜਗਤ ਵਾਸਨਾ ਹੋਇਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਪਿਆਰ ਵਧਿਆ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਨਾਲ ਮਿਲਾਈਆ । ਪੁਰਖ ਅਕਾਲ ਪੂਜੇ ਕੋਇ ਨਾ ਚਰਨ, ਚਰਨੋਦਕ ਮੁਖ ਨਾ ਕੋਇ ਚੁਆਈਆ । ਸਚ ਸਾਹਿਬ ਦੀ ਮਿਲੇ ਕਿਸੇ ਨਾ ਸਰਨ, ਸਰਨਗਤ ਨਾ ਕੋਇ ਅਖਵਾਈਆ । ਅੱਖਰਾਂ ਵਾਲੀ ਵਿਦਿਆ ਪੜ੍ਹਨ, ਨਿਰਅੱਖਰ ਪਰਦਾ ਨਾ ਕੋਇ ਚੁਕਾਈਆ । ਹਕੀਕੀ ਮੰਜ਼ਲ ਮੂਲ ਨਾ ਚੜ੍ਹਨ, ਨੌ ਦਵਾਰ ਭੇਵ ਨਾ ਕੋਇ ਚੁਕਾਈਆ । ਦੀਨ ਮਜ਼੍ਹਬ ਸ਼ਰਅ ਸ਼ਰੀਅਤ ਵਿਚ ਲੜਨ, ਅਗਨੀ ਤਤ ਨਾ ਕੋਇ ਬੁਝਾਈਆ । ਨਿਰਭੈ ਕੋਲੋਂ ਮੂਲ ਨਾ ਡਰਨ, ਭਉ ਅੰਦਰ ਨਾ ਕੋਇ ਟਿਕਾਈਆ । ਮੈਂ ਕਲਜੁਗ ਅੰਤ ਸਾਹਿਬ ਨਾਲ ਬਚਨ ਆਈ ਕਰਨ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਸਚ ਦਵਾਰਾ ਮੇਰੇ ਉਤੇ ਦਿਸੇ ਨਾ ਕੋਇ ਦਰਨ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਤੱਕਣ ਥਾਉਂ ਥਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਵਿਰਲੇ ਤੇਰਾ ਭਾਣਾ ਜਰਨ, ਭਾਵੀ ਸਭ ਦੇ ਉਤੇ ਨਜ਼ਰੀ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਸਾਹਿਬ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਸੰਤ ਕੁਮਾਰ ਲੇਟਿਆ ਉਤੇ ਮੇਰੀ ਛਾਤੀ, ਬਰਾਹ ਭੱਜਿਆ ਵਾਹੋ ਦਾਹੀਆ । ਯਗਅ ਪੁਰਸ਼ ਜੋੜਿਆ ਨਾਤੀ, ਹਾਵਗਰੀਬ ਆਪਣਾ ਖੇਲ ਖਿਲਾਈਆ । ਨਰ ਨਰਾਇਣ ਮੈਂ ਤੇਰਾ ਵੇਖਿਆ ਖੇਲ ਤਮਾਸ਼ੀ, ਕਪਲ ਮੁਨ ਆਪਣੀ ਖ਼ੁਸ਼ੀ ਬਣਾਈਆ । ਦੱਤਾ ਤ੍ਰੈ ਪ੍ਰਗਟ ਕਰ ਕੇ ਤੇਰੀ ਜ਼ਾਤੀ, ਹੁਕਮ ਧੁਰ ਦਾ ਗਿਆ ਸੁਣਾਈਆ । ਰਿਖਪ ਦੇਵ ਅਠਵੇਂ ਅਵਤਾਰ ਇਕ ਖ਼ਬਰ ਅਗੰਮੀ ਆਖੀ, ਕਲਜੁਗ ਅੰਤ ਧਿਆਨ ਲਗਾਈਆ । ਪ੍ਰਿਥੁ ਮੇਰੇ ਵਿਚੋਂ ਮਥਨ ਕੇ ਕੱਢਿਆ ਅੰਨ ਦਾਤੀ, ਭੰਡਾਰਾ ਜਗਤ ਵਰਤਾਈਆ । ਮੱਤਸ ਬਣ ਕੇ ਸਮੁੰਦ ਸਾਗਰ ਖੇਲ ਖੇਲੀ ਜਲ ਜੀਵਾਂ ਬਣਿਆ ਸਾਥੀ, ਸਗਲਾ ਸੰਗ ਬਣਾਈਆ । ਕਛਪ ਹੋ ਕੇ ਮਿੰਦਰਾ ਚੁਕਿਆ ਆਪ ਲੇਟਿਆ ਹੇਠ ਸਫ਼ਾਤੀ, ਸਫ਼ਾ ਜਗਤ ਵਾਲੀ ਹਿਲਾਈਆ । ਧਨੰਤਰ ਤੇਰਾ ਖੇਲ ਤੱਕ ਅਬਿਨਾਸ਼ੀ, ਔਸ਼ਧ ਜਗਤ ਰੰਗ ਰੰਗਾਈਆ । ਮੋਹਣੀ ਧਾਰ ਤੇਰੀ ਬਹੁਭਾਂਤੀ, ਬਾਵਨ ਆਪਣਾ ਪੰਧ ਮੁਕਾਈਆ । ਹਰੀ ਹਰਿ ਆਪਣੀ ਕਰਨੀ ਕੀਤੀ ਮੇਰੇ ਨਾਲ ਜੋੜਿਆ ਨਾਤੀ, ਨਰ ਸਿੰਘ ਆਪਣੀ ਵੰਡ ਵੰਡਾਈਆ । ਨਰ ਨਰਾਇਣ ਤੇਰੀ ਜੋਤ ਮੇਰੇ ਉਤੇ ਪ੍ਰਕਾਸ਼ੀ, ਪ੍ਰਕਾਸ਼ਤ ਹੋਇਆ ਚਾਈਂ ਚਾਈਂਆ । ਇਕ ਲੇਖਾ ਉਹਦਾ ਭੇਵ ਫੇਰ ਦੱਸਣਾ ਜੋ ਸਤਿਜੁਗ ਦਾ ਸਾਥੀ, ਸਗਲਾ ਸੰਗ ਰਖਾਈਆ । ਤਰੇਤੇ ਪਰਸ ਰਾਮ ਚੜ੍ਹਿਆ ਮੇਰੀ ਘਾਟੀ, ਰਾਮ ਰਾਮਾ ਰੰਗ ਰੰਗਾਈਆ । ਵੇਦ ਵਿਆਸ ਲੇਖਾ ਲਿਖਿਆ ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਪੁਰਾਨ ਅਠਾਰਾਂ ਬਹੁਭਾਂਤੀ, ਭਵਿਖਤ ਪੁਰਾਨ ਨੌਂ ਹਜ਼ਾਰ ਸਲੋਕ ਤੇਰੀ ਦਏ ਗਵਾਹੀਆ । ਘਨਈਆ ਕ੍ਰਿਸ਼ਨ ਖੇਲ ਖੇਲਿਆ ਮੰਡਲ ਗੋਪੀ ਪਾਈ ਰਾਸੀ, ਤਟ ਕਿਨਾਰਾ ਜਮਨਾ ਵਾਲਾ ਸੁਹਾਈਆ । ਬੁੱਧ ਮੇਰੇ ਉਤੇ ਆਸਣ ਲਾ ਕੇ ਤੇਰੀ ਮਾਰੀ ਝਾਕੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰਾ ਖੇਲ ਮੈਂ ਜੁਗ ਚੌਕੜੀ ਤੱਕਿਆ ਸਫ਼ਾਤੀ, ਅਬਿਨਾਸ਼ੀ ਤੇਰੀ ਬੇਪ੍ਰਵਾਹੀਆ । ਤੂੰ ਪੈਗ਼ੰਬਰਾਂ ਦਿਤਾ ਇਖ਼ਲਾਕੀ, ਇਖ਼ਲਾਕ ਆਪਣੇ ਨਾਲ ਬਣਾਈਆ । ਮੂਸੇ ਦਿਤੀ ਹਯਾਤੀ, ਜੀਵਣ ਜ਼ਿੰਦਗੀ ਵਿਚੋਂ ਬਦਲਾਈਆ । ਮਸੀਹ ਸੰਦੇਸਾ ਦਿਤਾ ਪਾਤੀ, ਕਲਮਾ ਧੁਰ ਦਾ ਇਕ ਦ੍ਰਿੜਾਈਆ । ਮੁਹੰਮਦ ਪਰਦਾ ਲਾਹ ਚੌਦਾਂ ਤਬਕ ਹਾਟੀ, ਹਮਦ ਆਪਣੀ ਇਕ ਸੁਣਾਈਆ । ਨਾਨਕ ਨਿਰਗੁਣ ਸਰਗੁਣ ਸਤਿਨਾਮ ਦੀ ਦੇ ਕੇ ਦਾਤੀ, ਮੇਰੇ ਉਤੇ ਭੇਜਿਆ ਚਾਈਂ ਚਾਈਂਆ । ਨਾਨਕ ਖੇਲ ਕੀਤਾ ਬਹੁਭਾਂਤੀ, ਖ਼ਿਮਾਂ ਗ਼ਰੀਬੀ ਸੰਗ ਰਖਾਈਆ । ਗੋਬਿੰਦ ਹੱਥ ਫੜਾ ਕੇ ਬਾਟੀ, ਅੰਮ੍ਰਿਤ ਭੰਡਾਰਾ ਦਿਤਾ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੇ ਉਤੇ ਬਦਲਦੇ ਰਹੇ ਆਪਣੀ ਵਾਟੀ, ਜਗਤ ਪੈਂਡਾ ਪੰਧ ਮੁਕਾਈਆ । ਮੈਂ ਸੁਣਦੀ ਰਹੀ ਮੇਰੇ ਸਾਹਿਬ ਸਭ ਨੇ ਰਖੀ ਇਹੋ ਆਸੀ, ਆਸ਼ਾ ਆਪਣੀ ਆਸ਼ਾ ਵਿਚੋਂ ਪ੍ਰਗਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਵੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਨੂੰ ਸੀਸ ਨਿਵਾਏ ਸ਼ੰਕਰ ਕੈਲਾਸ਼ੀ, ਬ੍ਰਹਮਾ ਭੱਜੇ ਵਾਹੋ ਦਾਹੀਆ । ਵਿਸ਼ਨੂੰ ਕਹੇ ਮੈਂ ਹੋ ਕੇ ਦਾਸਨ ਦਾਸੀ, ਸਾਚੀ ਸੇਵ ਕਮਾਈਆ । ਅਠਾਰਾਂ ਭਗਤ ਸੌਦਾ ਲੈਣ ਅਗੰਮੀ ਹਾਟੀ, ਵਸਤ ਇਕੋ ਇਕ ਵਰਤਾਈਆ । ਸੂਫ਼ੀਆਂ ਕਲਾਮ ਦੇਵੇ ਸਾਚੀ, ਧੁਰ ਦਾ ਕਲਮਾ ਇਕ ਸੁਣਾਈਆ । ਧਰਨੀ ਕਹੇ ਮੇਰੇ ਮਹਿਬੂਬ ਮੇਰੇ ਉਤੇ ਸਭ ਨੇ ਇਹ ਧਾਰ ਖ਼ੁਸ਼ੀਆਂ ਨਾਲ ਆਖੀ, ਆਖ ਕੇ ਗਏ ਸੁਣਾਈਆ । ਬੇਸ਼ਕ ਤੂੰ ਸਚਖੰਡ ਦਰਗਾਹ ਸਚ ਦਾ ਨਿਵਾਸੀ, ਹਰਿਜਨ ਤੇਰੇ ਥਿਰ ਘਰ ਡੇਰਾ ਲਾਈਆ । ਚਾਰ ਜੁਗ ਦੇ ਸ਼ਾਸਤਰ ਤੇਰੀ ਹੁਕਮ ਵਾਲੀ ਪਾਤੀ, ਪਤ੍ਰਕਾ

ਤੇਰੀ ਦਏ ਗਵਾਹੀਆ । ਮਿਹਰਵਾਨ ਏਸ ਵੇਲੇ ਆਪਣੀ ਦੁਨੀ ਵੇਖ ਕਾਇਆ ਮਾਟੀ, ਵਜੂਦ ਸਾਢੇ ਤਿੰਨ ਹੱਥ ਫੋਲ ਫੁਲਾਈਆ । ਦੁਰਮਤ ਮੈਲ ਕਿਸੇ ਨਾ ਜਾਏ ਕਾਟੀ, ਵਿਭਚਾਰ ਭਰੀ ਲੋਕਾਈਆ । ਤੇਰਾ ਨਾਮ ਕਲਮਾ ਪੜ੍ਹਨ ਵਾਲੇ ਠੱਗੀ ਚੋਰੀ ਕਰਨ ਬਦਮਾਸ਼ੀ, ਧਰਮ ਦਵਾਰਾ ਧਰਮ ਨਾ ਕੋਇ ਕਮਾਈਆ । ਮਨ ਕਲਪਣਾ ਵਧੀ ਅਯਾਸ਼ੀ, ਸੁਰਤ ਨਿਰਤ ਤੇਰਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਵੇਖ ਸਾਹਿਬ ਆਪਣਾ ਜਗ, ਚਾਰ ਕੁੰਟ ਧਿਆਨ ਲਗਾਈਆ । ਦਹਿ ਦਿਸ਼ਾ ਕਾਮ ਕਰੋਧ ਦੀ ਅੱਗ, ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਗੁਰਮਤ ਸਾਰੇ ਗਏ ਤਜ, ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਮੇਰੇ ਉਤੇ ਕਬੂਲ ਹੋਏ ਕਿਸੇ ਨਾ ਹੱਜ, ਹੁਜਰਾ ਹਕ ਨਾ ਕੋਇ ਸੁਹਾਈਆ । ਸਦੀ ਚੌਧਵੀਂ ਮੇਰੇ ਮਾਲਕ ਮੇਰੀ ਰਖਣੀ ਲਜ, ਖ਼ਲਕ ਦੇ ਖ਼ਾਲਕ ਮੇਰਾ ਲੇਖਾ ਦੇਣਾ ਚੁਕਾਈਆ । ਮੇਰੇ ਉਤੇ ਚਰਨ ਟਿਕਾਉਣਾ ਭੱਜ ਭੱਜ, ਭਜਨ ਬੰਦਗੀ ਵਾਲੇ ਵੇਖਣੇ ਚਾਈਂ ਚਾਈਂਆ । ਅੰਤ ਅਖ਼ੀਰ ਬੇਨਜ਼ੀਰ ਧਰਮ ਨਿਸ਼ਾਨਾ ਦੇਣਾ ਗੱਡ, ਵਾਹਿਦ ਗਾਡ ਇਕੋ ਨਜ਼ਰੀ ਆਈਆ । ਮਕਬਰੇ ਰੋਵਣ ਪੁਕਾਰਨ ਮਾਸ ਨਾੜੀ ਹੱਡ, ਕੂਕ ਕੂਕ ਜਣਾਈਆ । ਕੇਤੇ ਮੇਰੇ ਉਤੇ ਗਏ ਲਦ, ਗੁਰੂ ਅਵਤਾਰ ਪੈਗ਼ੰਬਰ ਫੇਰੀਆਂ ਪਾਈਆ । ਦੀਨ ਮਜ਼੍ਹਬ ਬਣਾ ਕੇ ਹੱਦ, ਕਲਮੇ ਨਾਮ ਜਗਤ ਸੁਣਾਈਆ । ਅੰਤ ਮੈਂ ਨਿਮਾਣੀ ਤੇਰੇ ਚਰਨ ਰਹੀ ਢੱਠ, ਬਲਹੀਣ ਸੁਣਾਈਆ । ਕਲਜੁਗ ਲੇਖਾ ਮੁਕਾ ਤੇ ਤਤ ਅੱਠ, ਅੱਠ ਸਾਲ ਸਦੀ ਚੌਧਵੀਂ ਤੇਰੀ ਸੇਵ ਕਮਾਈਆ । ਕੂੜ ਕੁੜਿਆਰਾ ਖੇੜਾ ਕਰਦੇ ਭੱਠ, ਭਠਿਆਲਾ ਕਲਜੁਗ ਅਗਨੀ ਡਾਹੀਆ । ਇਕੋ ਪ੍ਰਕਾਸ਼ ਹੋਵੇ ਤੇਰਾ ਨੂਰੀ ਜੋਤ ਲਟ ਲਟ, ਲਾਟਾਂ ਵਾਲੀਏ ਤੈਨੂੰ ਸੀਸ ਨਿਵਾਈਆ । ਇਕੋ ਕਲਮਾ ਮਾਨਵ ਜ਼ਾਤੀ ਲਏ ਰੱਟ, ਇਕੋ ਇਸ਼ਟ ਦੇਣਾ ਬਣਾਈਆ । ਤੂੰ ਸਾਹਿਬ ਪੁਰਖ ਸਮਰਥ, ਪਾਰਬ੍ਰਹਮ ਤੇਰੀ ਸਰਨਾਈਆ । ਮੈਂ ਬਿਨ ਹੱਥਾਂ ਤੋਂ ਜੋੜਾਂ ਹੱਥ, ਧਰਨੀ ਕਹੇ ਨਿਉਂ ਨਿਉਂ ਲਾਗਾਂ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਪੂਰਾ ਦੇ ਦੇ ਹਕ, ਹਕੀਕਤ ਦੇ ਮਾਲਕ ਆਪਣੀ ਦਇਆ ਕਮਾਈਆ ।

### ✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਿਹਿ ✪

ਭਾਦਰੋਂ ਕਹੇ ਮੇਰੇ ਪ੍ਰਵਿਸ਼ਟੇ ਸੱਤ ਦੀ ਵੰਡ, ਸੱਤ ਜ਼ਿਮੀਂ ਅਸਮਾਨ ਦੇਣ ਗਵਾਹੀਆ । ਚੌਦਾਂ ਤਬਕ ਕੰਨੀ ਦੀ ਖੁਲ੍ਹੀ ਵੇਖਣ ਗੰਢ, ਤ੍ਰਿਪਤ ਆਪਣੀ ਸੇਵ ਕਮਾਈਆ । ਇਹ ਇਸ਼ਾਰਾ ਕੀਤਾ ਸੀ ਨਾਨਕ ਜਿਸ ਵੇਲੇ ਸੁੱਤਾ ਸਾਇਆ ਹੇਠ ਜੰਡ, ਸੱਪ ਮੁਖ ਉਤੇ ਸੋਭਾ ਪਾਈਆ । ਇਸ਼ਾਰਾ ਕਰ ਕੇ ਤਾਰਾ ਚੰਦ, ਦਿਵਸ ਰੈਣ ਇਕੋ ਹੁਕਮ ਵਰਤਾਈਆ । ਸਦੀ ਚੌਧਵੀਂ ਤੱਕ ਕੇ ਪੰਧ, ਪਾਂਧੀ ਆਪਣਾ ਖੇਲ ਖਿਲਾਈਆ । ਫੇਰ ਖ਼ੁਸ਼ੀ ਹੋਇਆ ਬੰਦ ਬੰਦ, ਬਿਨਾ ਬੰਦਗੀ ਵੱਜੀ ਵਧਾਈਆ । ਭਰਮਾਂ ਰਹੀ ਮੂਲ ਨਾ ਕੰਧ, ਕੰਢੀ ਬੈਠਾ ਸੋਭਾ ਪਾਈਆ । ਮੇਰਾ ਸਾਹਿਬ ਸੂਰਾ ਸਰਬੰਗ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਓਹ ਲੇਖਾ ਮੁਕਾਵੇ ਜ਼ੇਰਜ ਅੰਡ, ਉਤਭੁਜ ਸੇਤਜ ਪਰਦਾ ਲਾਹੀਆ । ਪੂਰਨ ਜੋਤ ਪੂਰਨ ਹੋਵੇ ਅਨੰਦ, ਅਨੰਦ

ਅਨੰਦ ਆਪਣੇ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੱਤ ਭਾਦਰੋਂ ਕਹੇ ਹੁਕਮ ਦੀ ਧਾਰ ਗੰਢ ਗਈ ਖੁਲ੍ਹ, ਬੰਧਨ ਰਿਹਾ ਨਾ ਰਾਈਆ । ਹਜ਼ਰਤਾਂ ਦੇ ਹਿਲਣੋਂ ਹਟੇ ਬੁੱਲ, ਬੁੱਲੇ ਸ਼ਾਹ ਨੀਰ ਵਹਾਈਆ । ਮਾਲਕ ਤੱਕਣ ਸੁਲਹਕੁਲ, ਕੁਲ ਮਾਲਕ ਨੂਰ ਅਲਾਹੀਆ । ਜੋ ਸਭ ਦੀ ਕੀਮਤ ਪਾਏ ਮੁੱਲ, ਅਨਮੁੱਲ ਅਮੁੱਲ ਆਪਣੀ ਵਸਤ ਵਰਤਾਈਆ । ਉਸ ਦੀ ਪ੍ਰੀਤੀ ਜਾਣਾ ਘੁਲ, ਆਪਣਾ ਆਪ ਘੋਲ ਘੁਮਾਈਆ । ਜਿਸ ਦੇ ਹੁਕਮ ਅੰਦਰ ਜਗਤ ਅੰਧੇਰਾ ਜਾਣਾ ਝੁਲ, ਝਲਕ ਆਪਣੀ ਇਕ ਵਖਾਈਆ । ਹੰਕਾਰ ਵਿਕਾਰ ਜਾਣਾ ਫੁਲ, ਫੜ ਬਾਹੋਂ ਨਾ ਕੋਇ ਉਠਾਈਆ । ਜਗਤ ਬੂਟਾ ਜਾਣਾ ਹੁਲ, ਹੁਲੀਆ ਦੀਨ ਦੁਨੀ ਬਦਲਾਈਆ । ਮੇਰਾ ਸਾਹਿਬ ਸਦਾ ਅਭੁਲ, ਭਾਦਰੋਂ ਕਹੇ ਮੈਂ ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਅਗੰਮੀ ਧੂਲ, ਧਵਲ ਤੋਂ ਪਰੇ ਆਪਣਾ ਰੰਗ ਰੰਗਾਈਆ ।

### ✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਿਹ ਰਖੜੀ ਵਾਲੇ ਦਿਨ ✪

ਸਦੀ ਚੌਧਵੀਂ ਕਹੇ ਮੈਂ ਫਿਰੀ ਵਿਚ ਕਵੈਤ, ਕਾਅਬੇ ਘਰ ਘਰ ਵੇਖ ਵਖਾਈਆ । ਸ਼ਰਅ ਦੀ ਸ਼ਰਅ ਅੰਦਰ ਦਵੈਤ, ਤਨ ਵਜੂਦ ਪਾਕ ਨਜ਼ਰ ਕੋਇ ਨਾ ਆਈਆ । ਮੇਰੇ ਮਹਿਬੂਬ ਤੇਰੀ ਭੁਲੇ ਸਰਬ ਹਦਾਇਤ, ਮੰਨਣੇ ਵਿਚ ਮਨ ਨਾ ਕੋਇ ਟਿਕਾਈਆ । ਮੈਂ ਤੇਰੇ ਅਗੇ ਆਪਣੀ ਇਕ ਰਖਣੀ ਸ਼ਰਾਇਤ, ਦਰ ਠਾਂਡੇ ਸੀਸ ਨਿਵਾਈਆ । ਮੈਂ ਚੌਦਾਂ ਸੌ ਸਾਲ ਤੋਂ ਸੇਵਾ ਕਰਦੀ ਬਣ ਲਾਇਕ, ਨਲਾਇਕ ਤੱਕਾਂ ਖ਼ਲਕ ਖ਼ੁਦਾਈਆ । ਜ਼ਰਾ ਆਪਣੀ ਵੇਖ ਮੁਹੰਮਦ ਇਸ਼ਾਰੇ ਵਾਲੀ ਆਇਤ, ਅਤਿਆਦਿਕ ਧਿਆਨ ਲਗਾਈਆ । ਜਿਸ ਦਾ ਲੇਖਾ ਮੇਰੇ ਨਾਲ ਮਹਿਜ਼, ਮਿਹਰਵਾਨ ਪਰਦਾ ਦੇਣਾ ਚੁਕਾਈਆ । ਮੇਰੀ ਮੰਗ ਹੋਵੇਗੀ ਜਾਇਜ਼, ਬਸਰੇ ਜਾ ਕੇ ਦੇਣੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੇਰੇ ਗ਼ਰੀਬ ਨਿਵਾਜ਼ਾ, ਪਰਵਰਦਿਗਾਰ ਤੇਰੀ ਸਰਨਾਈਆ । ਜਿਸ ਵੇਲੇ ਇਰਾਕ ਦੇ ਅੰਦਰ ਵੜਿਆ ਦਰਵਾਜ਼ਾ, ਦਰ ਮੇਰਾ ਸੋਭਾ ਪਾਈਆ । ਓਥੇ ਹਾਜ਼ਰ ਹੋਵੇਗਾ ਖਿਜਰ ਖਵਾਜਾ, ਲੋਟਾ ਜਲ ਹੱਥ ਉਠਾਈਆ । ਮੈਂ ਯਾਦ ਕਰਾਵਾਂਗੀ ਜੋ ਹੁਕਮ ਸੰਦੇਸ਼ਾ ਸ਼ੁਰੂ ਵਿਚ ਦਿਤਾ ਦੇਸ ਮਾਝਾ, ਆਵਣ ਲੱਗਿਆਂ ਆਪ ਲਿਖਾਈਆ । ਉਸ ਦਾ ਸਭ ਨੂੰ ਦੇਣਾ ਪਏਗਾ ਜਵਾਬਾ, ਜਵਾਬ ਤਲਬੀ ਤੇਰੇ ਹੱਥ ਰਖਾਈਆ । ਕਿਤੇ ਮੁਹੰਮਦ ਦੇ ਦੇਸ਼ ਦਾ ਐਵੇਂ ਸੁਫ਼ਨਾ ਨਾ ਰਹਿ ਜਾਏ ਖੁਆਬਾ, ਖ਼ਾਹਮਖ਼ਾਹ ਆਪਣਾ ਵਕਤ ਸੁਹਾਈਆ । ਫੇਰ ਤੈਨੂੰ ਇਕੱਲੇ ਨੂੰ ਜਾਣਾ ਪਏਗਾ ਕੂਫ਼ਾ ਤੇ ਵਿਚ ਬਗ਼ਦਾਦਾ, ਆਪਣਾ ਪੰਧ ਮੁਕਾਈਆ । ਤੂੰ ਨੂਰ ਨੁਰਾਨਾ ਮਿਹਰਵਾਨਾ ਮੇਰਾ ਆਦਿ ਦਾ ਅੰਤ ਅੱਬਾ ਦਾਦਾ, ਅੰਮੀ ਜਾਨ ਤੂੰ ਹੀ ਨਜ਼ਰੀ ਆਈਆ । ਮੈਂ ਦੂਸਰਾ ਵੇਖਣਾ ਨਹੀਂ ਚਾਹੁੰਦੀ ਸਵਾਂਗਾ, ਸਚ ਨਾਲ ਸਚ ਦਾ ਖੇਲ ਖਿਲਾਈਆ । ਮੈਂ ਬਿਨਾ ਮੰਬਰਾਂ ਤੋਂ ਦੇਵਾਂਗੀ ਬਾਂਗਾ, ਉਚੀ ਕੂਕ ਕੂਕ ਸੁਣਾਈਆ । ਹਜ਼ਰਤ ਮੁਹੰਮਦ ਨੂੰ ਕਹਾਂਗੀ ਆਪਣੀਆਂ ਪੂਰੀਆਂ ਕਰ ਤਾਂਘਾਂ, ਖ਼ਾਹਿਸ਼ ਤਮੰਨਾ ਪਿਛਲੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ

ਸਚ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਸਾਡੇ ਗ੍ਰਿਹਿ ਆਵੇ ਓਹ, ਜਿਸ ਦੀ ਆਮਦ ਵਿਚ ਸੀਸ ਝੁਕਾਈਆ । ਜਿਸ ਦਾ ਨਿਰਗੁਣ ਸਰਗੁਣ ਹੋਵੇ ਮੋਹ, ਮੁਹੱਬਤ ਆਤਮ ਪਰਮਾਤਮ ਬੰਧਾਈਆ । ਮੈਨੂੰ ਕੋਈ ਬਹੁਤਾ ਨਹੀਂ ਚਾਹੀਦਾ ਗਰੋਹ, ਜੋ ਹੁਕਮ ਵਿਚ ਹੁਕਮ ਨਾ ਕੋਇ ਰਖਾਈਆ । ਤੇਰੇ ਨੂਰ ਦੀ ਸਾਚੀ ਹੋਵੇ ਲੋਅ, ਜਿਸ ਲੋਇਨ ਮੇਰਾ ਦਿਤਾ ਖੁਲਾਈਆ । ਮੈਂ ਸੁਣ ਕੇ ਦਰਗਾਹ ਸਾਚੀ ਦੀ ਸੋਅ, ਸੋ ਸਵਾਮੀ ਦਰ ਤੇਰੇ ਸੀਸ ਨਿਵਾਈਆ । ਮੇਰੇ ਲਈ ਢੋਆ ਜੋ ਲੈ ਕੇ ਢੋ, ਪਿਆਰ ਮੁਹੱਬਤ ਦਾ ਨਾਤਾ ਮੇਰੀ ਝੋਲੀ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਸਦੀ ਚੌਧਵੀਂ ਕਹੇ ਤੂੰ ਸ਼ਹਿਨਸ਼ਾਹ ਪਰਵਰਦਿਗਾਰ, ਆਲਮੀਨ ਤੇਰੀ ਵਡਿਆਈਆ । ਪੈਗ਼ੰਬਰ ਤੇਰੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਤੂੰ ਸਭ ਦਾ ਸਾਂਝਾ ਯਾਰ, ਵਾਹਿਦ ਇਕ ਨੂਰ ਅਲਾਹੀਆ । ਤੂੰ ਉਸ ਕਰਬਲੇ ਆਉਣਾ ਜਿਥੇ ਮੁਹੰਮਦ ਦਾ ਲੇਖੇ ਲੱਗੇ ਦੋਹਤ ਵਾਲਾ ਪ੍ਰਵਾਰ, ਹਜ਼ਰਤ ਅਲੀ ਗੰਢ ਵਖਾਈਆ । ਇਹ ਮੰਜ਼ਲ ਘਾਟੀ ਸਭ ਤੋਂ ਦੁਸ਼ਵਾਰ, ਜਿਥੇ ਮੁਰਸ਼ਦ ਪਿਛੇ ਮੁਰੀਦ ਆਪਣਾ ਆਪ ਤਨ ਸ਼ਹੀਦ ਗਏ ਕਰਾਈਆ । ਨਾ ਕੋਇ ਕਰੋਧ ਨਾ ਹੰਕਾਰ, ਚਿੰਤਾ ਗ਼ਮ ਨਾ ਕੋਇ ਸਤਾਈਆ । ਥਲ ਮਾਰੂ ਪਾਣੀ ਅਗਨੀ ਰੋਵੇ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਮੈਂ ਜ਼ਰੂਰ ਅਰਜ਼ ਦੇਵਾਂ ਗੁਜ਼ਾਰ, ਗੁਜ਼ਾਰਿਸ਼ ਵਿਚ ਸੀਸ ਝੁਕਾਈਆ । ਬਸਰੇ ਵਿਚ ਨਾਨਕ ਦਾ ਉਧਾਰ, ਓਹ ਨਿਰਅੱਖਰ ਅੱਖਰ ਦੇਣੇ ਪ੍ਰਗਟਾਈਆ । ਮੇਰੇ ਮਿਹਰਵਾਨ ਮੇਰੀ ਨਮੋ ਨਮੋ ਡੰਡਾਵਤ ਬੰਦਨਾ ਸਜਦੇ ਵਿਚ ਨਿਮਸਕਾਰ, ਚਰਨ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਇਕ ਉਮੀਦ, ਤਮੰਨਾ ਆਪਣੀ ਦਿਆਂ ਜਣਾਈਆ । ਤੇਰਾ ਦਰਸ ਕਰਾਂ ਗੁਫ਼ਤ ਸ਼ਨੀਦ, ਤੱਕਾਂ ਨੂਰ ਨੁਰਾਨਾ ਨੂਰ ਅਲਾਹੀਆ । ਪਹਿਲੇ ਸੁਣੀ ਹਰਫ਼ਾਂ ਵਾਲੀ ਤਮਹੀਦ, ਅੱਖਰਾਂ ਵਾਲੀ ਵੰਡ ਵੰਡਿਆਈਆ । ਨਾਲ ਤੇਰਾ ਹੋਵੇ ਮੁਹੰਮਦ ਅਜ਼ੀਜ਼, ਰਸੂਲ ਰਸੂਲਲਿਲ੍ਹਾ ਸੀਸ ਨਿਵਾਈਆ । ਜਿਸ ਵੇਲੇ ਮੇਰੇ ਗ੍ਰਿਹਿ ਆਇਓਂ ਪਹਿਲਾ ਕਦਮ ਰਖਿਆ ਦਹਿਲੀਜ਼, ਦਹਿ ਦਿਸ਼ਾ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਪੁਰਖ ਬਿਧਾਤੇ ਪਰਵਰਦਿਗਾਰ ਸਾਂਝੇ ਯਾਰ ਨੂਰ ਅਲਾਹੀ ਅੱਲਾ ਤੇਰੀ ਉਡੀਕ, ਆਲਮ ਦੇ ਮਾਲਕ ਆਲਮੀਨ ਤੇਰਾ ਧਿਆਨ ਲਗਾਈਆ ।

### ✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਬਸਰਾ ਹੱਦ ਤੋਂ ਅੱਧ ਮੀਲ ਉਤੇ ਦੁਪਹਿਰੇ ਇਰਾਕ ਵੜਦਿਆਂ ✪

ਮੁਹੰਮਦ ਕਹੇ ਮੇਰੇ ਅੰਦਰੋਂ ਨਿਕਲੀ ਆਹ, ਆਹ ਦਿਤਾ ਸੁਣਾਈਆ । ਵਾਹ ਮੇਰੇ ਖ਼ੁਦਾ, ਤੇਰੀ ਬੇਪ੍ਰਵਾਹੀਆ । ਤੇਰੇ ਹੱਥ ਨਾ ਆਇਆ ਕਿਸੇ ਮੁੱਦਾ, ਮੁੱਦਤਾਂ ਦੇ ਬੈਠੇ ਧਿਆਨ ਲਗਾਈਆ । ਏਸ ਥਾਂ ਬੈਠਾ ਸੀ ਇਕ ਬੁੱਢਾ, ਜਿਸ ਬਗ਼ਦਾਦ ਬੂਟਾ ਜ਼ਹਿਰ ਦਿਤਾ ਉਗਾਈਆ । ਉਹਨੂੰ ਜਗਤ ਸਮਾਂ ਬੀਤਿਆ ਜੁਗਾ, ਵਕਤ ਰਿਹਾ ਕੁਰਲਾਈਆ । ਉਸ ਦੀ ਆਸ਼ਾ ਮੈਂ ਅੰਤ ਰਖੀ ਉਪਰ ਲਬਾ, ਜ਼ਹਿਰ ਬੀਜਣ ਵਾਲਿਆ ਤੇਰਾ ਖ਼ੁਦਾ ਹੋਏ ਸਹਾਈਆ । ਨਾਲੇ ਖ਼ੁਦਾ ਨੂੰ ਕਿਹਾ ਵਾਹ ਮੇਰਿਆ ਅੱਬਾ, ਬਾਬਾ ਤੇਰੇ ਹੱਥ ਵਡਿਆਈਆ । ਉਸ ਦੀ ਲੇਖੇ ਲਾਉਣੀ ਉਹ ਜਗਹ, ਜਿਸ

੧੫੩
੨੩

ਜਗਹ ਬਹਿ ਕੇ ਤੇਰੀ ਯਾਦ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਮੁਹੰਮਦ ਕਹੇ ਵਾਹ ਮੇਰੇ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਸਰਨਾਈਆ । ਉਹ ਵੇਖ ਮੇਰੀ ਵੰਡ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਿਸ ਕਾਰਨ ਚੌਦਾਂ ਦਿਵਸ ਤ੍ਰਿਪਤ ਬੰਧਾਈ ਗੰਢ, ਭਗਤਾਂ ਦਾ ਕੂੜ ਕੁੜਿਆਰਾ ਹਉਮੇ ਹੰਗਤਾ ਗੜ੍ਹ ਵਿਚ ਬੰਧਾਈਆ । ਜਿਸ ਦਾ ਲੇਖਾ ਧਰਮ ਰਾਏ ਨਾ ਦਏ ਦੰਡ, ਚਿਤ੍ਰਗੁਪਤ ਨਾ ਲੇਖ ਵਖਾਈਆ । ਉਹ ਸਾਰੇ ਕੁਕਰਮ ਅਗਲਵਾਂਢੀ ਏਥੇ ਆਏ ਲੰਘ, ਮੇਰੀ ਆਸ਼ਾ ਨਾਲ ਮਿਲਾਈਆ । ਉਨ੍ਹਾਂ ਜ਼ੋਰ ਨਾਲ ਕਿਹਾ ਅਸੀਂ ਤੇਰੇ ਨਾਲ ਕਰਾਂਗੇ ਜੰਗ, ਭਗਤਾਂ ਸੰਗ ਆਪਣਾ ਬਲ ਵਖਾਈਆ । ਹਜ਼ਰਤ ਕਹੇ ਮੇਰੀ ਆਸ਼ਾ ਮੇਰੇ ਅਗੰਮੀ ਚੰਦ, ਚੰਦ ਸਿਤਾਰ ਤੇਰਾ ਰਾਹ ਤਕਾਈਆ । ਤੇਰਾ ਦੇਸ ਤੇਰਾ ਭੇਸ ਤੇਰਾ ਵੇਸ ਖ਼ਲਕ ਪਖੰਡ, ਪਖੰਡੀ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੰਢ ਕਹੇ ਜਿਸ ਵੇਲੇ ਮੈਨੂੰ ਹੌਲੀ ਜਿਹੀ ਖੋਲਿਆ, ਮੈਂ ਅੰਤਰ ਅੰਤਰ ਦਿਤੀ ਦੁਹਾਈਆ । ਮੈਂ ਮੁਹੰਮਦ ਨੂੰ ਸੰਦੇਸੇ ਵਿਚ ਜਾ ਕੇ ਬੋਲਿਆ, ਸਹਿਜ ਨਾਲ ਸੁਣਾਈਆ । ਉਠ ਉਸ ਦੇ ਵਿਚੋਲਿਆ, ਜਿਸ ਤੇਰੇ ਅੰਤ ਦਾ ਬੀਅ ਦਿਤਾ ਬਿਜਾਈਆ । ਉਹ ਧਾਮ ਵੇਖਣਾ ਤਟ ਮੌਲਿਆ, ਅਨਮੋਲਾ ਆਏ ਚਾਈਂ ਚਾਈਂਆ । ਮੁਹੰਮਦ ਕਹੇ ਮੈਂ ਵੀ ਤੱਕਿਆ ਆਪਣਾ ਇਕਰਾਰ ਕੌਲਿਆ, ਕਲਮੇ ਤੋਂ ਪਰੇ ਵੇਖ ਵਖਾਈਆ । ਮੇਰਾ ਅੰਤਰ ਹੋਇਆ ਅਡੋਲਿਆ, ਸਿਦਕ ਵਿਚ ਖ਼ੁਸ਼ੀ ਮਨਾਈਆ । ਇਕ ਪ੍ਰੇਮ ਦਿਤਾ ਝਕੋਲਿਆ, ਸਾਜ ਦਿਤਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੰਢ ਕਹੇ ਮੈਂ ਗੰਢ ਜਗਤ ਨਹੀਂ ਸੀ ਬੰਨ੍ਹੀ, ਬੰਧਨ ਕੂੜ ਨਾ ਕੋਇ ਰਖਾਈਆ । ਮੈਨੂੰ ਮੁਹੰਮਦ ਦੀ ਗੱਲ ਸੁਣਨੀ ਪਈ ਕੰਨੀਂ, ਅਣਸੁਣਤ ਦਿਤਾ ਸਮਝਾਈਆ । ਜਿਸ ਦਾ ਵਸੇਰਾ ਨਹੀਂ ਛੱਪਰ ਛੰਨੀ, ਉਹ ਆਵੇ ਧੁਰ ਦਾ ਮਾਹੀਆ । ਉਸ ਦੀ ਰਸਮ ਕਸਮ ਨਾਲ ਨਵੀਂ, ਨਵੀਂ ਦਿਆਂ ਸਮਝਾਈਆ । ਏਥੇ ਹਾਜ਼ਰ ਹੋਵੇ ਅਰਜਨ ਬੈਠਾ ਤਤੀ ਤਵੀ, ਆਪਣਾ ਪੰਧ ਮੁਕਾਈਆ । ਨੇਤਰ ਰੋਵੇ ਭਾਵੀ ਭਵੀ, ਰੋ ਰੋ ਮਾਰੇ ਧਾਹੀਆ । ਜਿਹੜੀ ਆਸ਼ਾ ਪ੍ਰਹਿਲਾਦ ਨੇ ਗਵੀ, ਗਾ ਕੇ ਦਿਤੀ ਸੁਣਾਈਆ । ਉਸ ਨੂੰ ਜ਼ਰੂਰ ਪੂਰਾ ਕਰੇ ਆਪਣੀ ਬਿਧ ਨਾਲ ਅਵਤਾਰ ਚਵ੍ਹੀ, ਚੌਬੀਸਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੰਢ ਕਹੇ ਤ੍ਰਿਪਤ ਮੁਖ ਕਰ ਲੈ ਦਿਸ਼ਾ ਲਹਿੰਦੀ, ਲਹਿੰਦੇ ਵੱਲ ਧਿਆਨ ਲਗਾਈਆ । ਖ਼ੁਸ਼ੀ ਵਿਚ ਅੱਜ ਉਸ ਅਮਾਮ ਨੂੰ ਲਾਉਣੀ ਮਹਿੰਦੀ, ਜਿਸ ਦੀ ਰੰਗਣ ਚੜ੍ਹੇ ਥਾਉਂ ਥਾਈਂਆ । ਜਗਤ ਵਾਸ਼ਨਾ ਕਦੇ ਬਣਦੀ ਕਦੇ ਢਹਿੰਦੀ, ਇਹ ਪ੍ਰਭ ਦੀ ਬੇਪ੍ਰਵਾਹੀਆ । ਭਗਤ ਆਤਮਾ ਸਦਾ ਭਾਣਾ ਸਹਿੰਦੀ, ਜੁਗ ਜੁਗ ਸਿਰ ਆਪਣਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੰਢ ਕਹੇ ਮੈਂ ਚੌਦਾਂ ਦਿਨ ਰਹੀ ਘੁੱਟੀ, ਮੈਨੂੰ ਸਕਿਆ ਨਾ ਕੋਇ ਛੁਡਾਈਆ । ਮੈਂ ਗਈ ਲੁੱਟੀ, ਰੋ ਕੇ ਦਿਆਂ ਦੁਹਾਈਆ । ਮੈਂ ਪੁਕਾਰਿਆ ਉਚੀ ਉਚੀ, ਕੂਕ ਕੂਕ ਸੁਣਾਈਆ । ਇਹ ਤੇਰੀ ਧਾਰ ਸੁੱਚੀ, ਤੂੰ ਦਾਤਾ ਬੇਪ੍ਰਵਾਹੀਆ । ਇਕ ਵੇਰਾਂ ਸੰਤ ਮਨੀ ਸਿੰਘ ਦੇ ਪਿਆਰ ਅਨੁਸਾਰ ਆਪਣਿਆਂ ਪਿਆਰਿਆਂ ਨਾਲੋਂ ਤੁਟੀ, ਜਿਥੇ ਟੁੱਟਿਆਂ ਨੂੰ ਵੇਖਣ ਵਾਲਾ ਨਜ਼ਰ ਕੋਇ ਨਾ ਆਈਆ ।

ਫੇਰ ਸਚ ਪਿਆਰ ਵਿਚ ਜੁਟੀ, ਜੋੜੇ ਧੁਰ ਦੇ ਲੈਣੇ ਬਣਾਈਆ । ਜਿਸ ਵੇਲੇ ਬਸਰਾ ਵਿਚ ਨਾਨਕ ਨੇ ਆਪਣੀ ਛਾਤੀ ਵਿਚ ਮਾਰੀ ਸੀ ਮੁੱਕੀ, ਮੁਕੰਮਲ ਦਿਤਾ ਜਣਾਈਆ । ਭਗਤਾਂ ਦੇ ਮਸਤਕ ਤੇ ਧਾਰ ਹੋਵੇ ਦੋ ਤੁਕੀ, ਦੋਹਰਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਛਾਤੀ ਰਹੇ ਨਾ ਲੁਕੀ, ਲੋਕ ਪ੍ਰਲੋਕ ਵੇਖ ਵਖਾਈਆ । ਜਿਸ ਨੇ ਅੰਤ ਸਭ ਦੀ ਖੇਲ ਉਲਟਾਉਣੀ ਹੁੱਕੀ, ਹੁਕਮ ਆਪਣਾ ਇਕ ਵਰਤਾਈਆ । ਉਸ ਦੀ ਸੁਹੰਜਣੀ ਹੋਵੇ ਰੁਤੀ, ਬਸਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੰਢ ਕਹੇ ਉਹ ਸਦੀ ਚੌਧਵੀਂ ਵੇਖੋ ਆਉਣੀ ਦੌੜੀ, ਭੱਜੇ ਵਾਹੋ ਦਾਹੀਆ । ਮੈਂ ਨਾ ਕੋਈ ਡੰਡਾ ਲਾਇਆ ਪੌੜੀ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਧਰਤੀ ਵੇਖੀ ਲੰਬੀ ਚੌੜੀ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਅੰਤ ਮੈਨੂੰ ਇਕ ਗੱਲ ਔੜੀ, ਜਿਸ ਦਾ ਨਿਸ਼ਾਨ ਮੁਹੰਮਦ ਗਿਆ ਲਗਾਈਆ । ਮੈਂ ਰਾਹ ਵਿਚ ਆਉਂਦੀ ਹੋ ਗਈ ਬਾਉਰੀ, ਬਵਰੀ ਹੋ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਆਪਣੀ ਹੱਥੀਂ ਕਰੋ ਤਸਦੀਕ, ਸ਼ਹਾਦਤ ਧੁਰ ਦਾ ਨਾਮ ਪਾਈਆ । ਜਿਸ ਦੀ ਤੁਹਾਡੇ ਨਾਲ ਪ੍ਰੀਤ, ਉਹ ਮਾਲਕ ਸਭ ਦਾ ਨਜ਼ਰੀ ਆਈਆ । ਅੱਜ ਰੈਣ ਸਬਾਈ ਮੈਂ ਖੇਲ ਤੱਕਾਂਗੀ ਠੀਕ, ਨੇਤਰ ਨੈਣ ਅੱਖ ਉਠਾਈਆ । ਮੈਨੂੰ ਬੜੇ ਚਿਰਾਂ ਦੀ ਉਡੀਕ, ਆਇਆ ਧੁਰਦਰਗਾਹੀਆ । ਤੁਸੀਂ ਸਾਰੇ ਖ਼ੁਸ਼ੀ ਵਿਚ ਕਹੋ ਨੀ ਉਹ ਸਾਡਾ ਸਤਿਗੁਰੂ ਦਾਤਾ ਮੀਤ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਭੇਖ ਵਟਾਉਣਾ ਲੇਖ ਲਿਖਾਉਣਾ ਉਸ ਦੀ ਪੁਰਾਣੀ ਰੀਤ, ਅਛਲ ਛਲ ਆਪਣਾ ਹੁਕਮ ਵਰਤਾਈਆ । ਅਸੀਂ ਸਾਰੇ ਮਿਲ ਕੇ ਉਸ ਦੀ ਸੁਹੰਜਣੀ ਕਰਨੀ ਤਾਰੀਖ, ਤਵਾਰੀਖ ਪਿਛਲੀ ਵੇਖ ਵਖਾਈਆ । ਮੁਹੰਮਦ ਦੀ ਮਹਿਜ਼ ਤਕਣੀ ਤਬਲੀਕ, ਕੀ ਹੁਕਮ ਗਿਆ ਜਣਾਈਆ । ਉਹ ਮਾਲਕ ਲਾਸ਼ਰੀਕ, ਵਾਹਿਦ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੁਹੰਮਦ ਦਾ ਰਾਤ ਨੂੰ ਵਛਾਉਣਾ ਹੇਠਾਂ ਧੁਸਾ, ਗੋਲੀ ਸੋਹਣੀ ਸੇਵ ਕਮਾਈਆ । ਫੇਰ ਲੇਖਾ ਦੱਸਣਾ ਕਿਉਂ ਸਭ ਦੇ ਅੰਦਰ ਗ਼ੁੱਸਾ, ਗਿਲਾ ਕੀ ਲਿਖਤ ਬਣਾਈਆ । ਪਿਆਰ ਭਰਨਾ ਅਗੰਮਾ ਜੁਸਾ, ਜਿਸਮ ਜਮੀਰ ਦੇਣਾ ਰੰਗਾਈਆ । ਇਹ ਲੇਖਾ ਦੇਸ ਕੁਸ਼ਾ, ਕਛਪ ਮਨਸਾ ਪੂਰ ਕਰਾਈਆ । ਏਸ ਕਾਰਨ ਮੇਰਾ ਪਰਵਰਦਿਗਾਰ ਤੁਹਾਨੂੰ ਝੁਕਾ, ਸਦੀ ਚੌਧਵੀਂ ਕਹੇ ਚੌਦਾਂ ਤਬਕ ਤੁਹਾਡੀ ਸਰਨੀ ਦਿਤੇ ਲਗਾਈਆ । ਉਹ ਤੁਹਾਡਾ ਦਰਜਾ ਪੈਗੰਬਰਾਂ ਤੋਂ ਉਚਾ, ਪੀਰਾਂ ਦਾ ਪੀਰ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰੀ ਮਨਸਾ ਸਭ ਦੇ ਅਗੇ, ਸਚ ਦਿਆਂ ਸੁਣਾਈਆ । ਤੇਰਾ ਖੇਲ ਸੂਰਾ ਸਰਬਗੇ, ਸੂਰਤਾਂ ਮੁਹੰਮਦ ਦੀਆਂ ਦੇਣ ਗਵਾਹੀਆ । ਮਹਿੰਦੀ ਵਿਚ ਹੱਥਾਂ ਤੇ ਪੰਜ ਰਖਣੇ ਡੱਬੇ, ਨਿਸ਼ਾਨ ਛੋਟੇ ਛੋਟੇ ਵਖਾਈਆ । ਜਿਹੜੇ ਦਾਗ਼ ਕ੍ਰਿਸ਼ਨ ਨੂੰ ਸੀ ਲੱਗੇ, ਉਨ੍ਹਾਂ ਲਹਿਣਾ ਪੂਰਾ ਦੇਣਾ ਕਰਾਈਆ । ਫੇਰ ਜਨ ਭਗਤਾਂ ਦੇ ਸਾਰੀ ਦੁਨੀਆ ਵਿਚ ਸਦਾ ਸਦਾ ਰਹਿਣਗੇ ਮਜ਼ੇ, ਮਜ਼ਾ ਆਤਮ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਕਬੂਲ ਕਰਨੇ ਹੱਜੇ, ਅਵਤਾਰ ਪੈਗ਼ੰਬਰ ਗੁਰ ਤੇਰੇ ਚਰਨ ਕਾਅਬੇ ਆਉਣ ਚਾਈਂ ਚਾਈਂਆ ।

੧੫੫
੨੩

## ✪ ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਵਿਚ ਬਸਰਾ ਸ਼ਹਿਰ ਵਿਖੇ ਸਵੇਰੇ ✪

ਬਸਰਾ ਕਹੇ ਮੁੱਦਤਾਂ ਤੋਂ ਮੇਰਾ ਏਥੇ ਬਸਰ, ਬਸ਼ਰਤੇ ਖ਼ੁਦ ਮਾਲਕ ਮੇਰਾ ਰੰਗ ਰੰਗਾਈਆ । ਮੇਰਾ ਲੇਖਾ ਕਿਸੇ ਲਿਖਿਆ ਨਹੀਂ ਵਿਚ ਨਸਰ, ਨਸੀਬ ਰੇਨੁਮਾ ਨਾ ਕੋਇ ਕਰਾਈਆ । ਮੈਂ ਵੀ ਦੂਰੋਂ ਤੱਕਦਾ ਰਿਹਾ ਜੋ ਪੈਗ਼ੰਬਰਾਂ ਦਾ ਹੋਇਆ ਹਸ਼ਰ, ਹਸਰਤ ਵਿਚ ਆਪਣਾ ਧਿਆਨ ਲਗਾਈਆ । ਮੇਰੀ ਕਲਪਣਾ ਦਾ ਹਜ਼ਰਤ ਮੁਹੰਮਦ ਉਤੇ ਹੋਇਆ ਅਸਰ, ਉਹ ਇਸ਼ਾਰਾ ਪਰਵਰਦਿਗਾਰ ਵਲ ਕਰਾਈਆ । ਮੇਰਾ ਮਹਿਬੂਬ ਆਪ ਕਰੇਗਾ ਜਸ਼ਨ, ਮੁਕੱਦਸ ਆਪਣਾ ਕਦਮ ਮੁਬਾਰਕ ਆਪ ਟਿਕਾਈਆ । ਜਿਸ ਲੇਖਾ ਪੂਰਾ ਕਰਨਾ ਚਾਰ ਜੁਗ ਹੁਸੈਨ ਹਸਨ, ਐਲੀ ਅੱਲਾ ਆਪਣਾ ਮੇਲ ਮਿਲਾਈਆ । ਸੋ ਭੇਵ ਅਭੇਦਾ ਆਪਣਾ ਆਵੇ ਦੱਸਣ, ਪਰਦਾ ਪੂਰਬ ਆਪ ਚੁਕਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਨੱਸਣ, ਅਵਤਾਰ ਪੈਗ਼ੰਬਰ ਗੁਰ ਭੱਜਣ ਵਾਹੋ ਦਾਹੀਆ । ਖ਼ਾਲੀ ਝੋਲੀ ਜੋੜਨ ਹੱਥਣ, ਸਜਦੇ ਵਿਚ ਸੀਸ ਨਿਵਾਈਆ । ਸਦੀ ਚੌਧਵੀਂ ਉਹ ਆਵੇ ਸਭ ਦੀ ਪਤ ਰਖਣ, ਰਖਕ ਹੋ ਕੇ ਵੇਖ ਵਖਾਈਆ । ਜਿਸ ਲਹਿੰਦੀ ਦਿਸ਼ਾ ਤੋਂ ਫੇਰ ਜਾਣਾ ਵੱਲ ਦੱਖਣ, ਆਪਣਾ ਚਰਨ ਉਠਾਈਆ । ਲੇਖਾ ਪੂਰਾ ਕਰਨਾ ਦੀਪ ਲਖਣ, ਲੇਖਾ ਵੇਦ ਵਿਆਸ ਫੋਲ ਫੁਲਾਈਆ । ਪ੍ਰਕਾਸ਼ ਕਰੇ ਅਲਖ ਅਲਖਣ, ਅਗੋਚਰ ਅਗੰਮ ਅਥਾਹੀਆ । ਸ਼ਬਦੀ ਧਾਰ ਦਾ ਸ਼ਬਦ ਖੋਲ ਕੇ ਹੱਟਣ, ਵਸਤ ਅਗੰਮ ਕਲਮਾ ਨਾਮ ਵਰਤਾਈਆ । ਕਲਜੁਗ ਕੂੜੀ ਕਿਰਿਆ ਜੜ ਜਾਏ ਪੁੱਟਣ, ਆਸ਼ਾ ਸਭ ਦੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਸਰਾ ਕਹੇ ਮੇਰਾ ਇਨਸਾਨਾਂ ਵਾਲਾ ਨਹੀਂ ਵਜੂਦ, ਮੇਰੀ ਮਾਟੀ ਦਏ ਗਵਾਹੀਆ । ਮੇਰੀ ਧਰਤੀ ਦੀ ਖ਼ਾਕ ਰਾਹ ਤਕਦੀ ਰਹੀ ਮਹਿਬੂਬ, ਜਿਸ ਦੀ ਮਜਲਸ ਬੇਪ੍ਰਵਾਹੀਆ । ਜਿਸ ਨੇ ਕੂੜ ਕੁਕਰਮ ਕਰਨਾ ਨੇਸਤੋ ਨਾਬੂਦ, ਜੜ ਨਜ਼ਰ ਕੋਇ ਨਾ ਆਈਆ । ਮੰਜ਼ਲ ਹਕ ਦੱਸ ਮਕਸੂਦ, ਮਕਸਦ ਸਭ ਦਾ ਆਪ ਸਮਝਾਈਆ । ਜਿਸ ਪਿਛੇ ਸ਼ਰਅ ਵਾਲੇ ਗਏ ਝੂਜ, ਉਮਤ ਉਮਤੀ ਸ਼ਹਾਦਤ ਪਾਈਆ । ਉਹ ਮਾਲਕ ਊਚੋ ਊਚ, ਅਗੰਮ ਇਕ ਅਖਵਾਈਆ । ਸੋ ਆਪਣਾ ਦੇਣ ਆਇਆ ਸਬੂਤ, ਖ਼ਾਲਕ ਆਪਣਾ ਰੰਗ ਰੰਗਾਈਆ । ਜਿਧਰ ਤੱਕਾਂ ਉਧਰ ਮੌਜੂਦ, ਸ਼ਾਹ ਮੁਫ਼ਲਿਸ ਆਪਣੀ ਖੇਲ ਖਿਲਾਈਆ । ਜਿਸ ਇਰਾਕ ਦੀ ਆ ਕੇ ਵਿਚ ਹਦੂਦ, ਹੱਦ ਪਿਛਲੀ ਦਿਤੀ ਮੁਕਾਈਆ । ਇਹ ਆਸ਼ਾ ਲਿਖੀ ਵਿਚ ਹਜ਼ਾਰਾ ਦਰੂਦ, ਬਸਰੀ ਇਸਮ ਦਏ ਗਵਾਹੀਆ । ਮੇਰਾ ਮਾਲਕ ਸਾਹਿਬ ਇਕ ਮਲੂਕ, ਮਲਕੁਲਮੌਤ ਤੋਂ ਆਪਣਾ ਖੇਲ ਖਿਲਾਈਆ । ਜਿਸ ਦਾ ਹੁਕਮ ਰਹਿਣ ਦੇਵੇ ਨਾ ਕਿਤੇ ਸਲੂਕ, ਪਹਿਲੋਂ ਸਲੂਕ ਆਪਣਾ ਲਿਆ ਤੁੜਾਈਆ । ਕੀ ਕਰੇ ਤਤ ਕਲਬੂਤ, ਵਜੂਦ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਬਸਰਾ ਕਹੇ ਮੇਰੀ ਹਮਦ ਲਾ ਇਲਾਹ ਰਸੂਲ ਸਲਅਲ ਸਮਅਮ ਜੋਵੇਜ਼ ਕੁਨੇ ਮਾਲਡਕ ਵਾਹਿਦੇ ਖ਼ੁਦਾ ਅਜ਼ ਹਮੀ ਨੂਰੇ ਚਸ਼ ਗੋਸ਼ੇ ਅਸ਼ ਸ਼ਮਸ਼ੇ ਸਾਅਊ ਅਲਵਿਜ਼ੇ ਜ਼ਕ ਹਬੂ ਹਜ਼ਰਤੇ ਮੁਹੰਮਦ ਲੇਖਾ ਧੁਰਦਰਗਾਹੀਆ । ਬਸਰਾ ਕਹੇ ਮੇਰੇ ਉਤੇ ਨਾਨਕ ਮਾਰੀ ਝਾਤੀ, ਝੁਕ ਝੁਕ ਕੇ ਦਿਤਾ ਸੁਣਾਈਆ । ਫੇਰ ਧਰਤੀ ਦੀ ਵੇਖੀ ਛਾਤੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਫੇਰ ਨਿਗਹ ਮਾਰੀ ਵਲ ਕਮਲਾਪਾਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਦਾ ਖੇਲ ਨੂਰ ਸਫ਼ਾਤੀ, ਸਫ਼ਾ ਹਸਤੀ ਸਭ ਦੀ ਮੇਟ ਮਿਟਾਈਆ । ਜਿਸ ਦੇ ਕੋਲ

੧੫੬
੨੩

ਜ਼ਿੰਦਗੀ ਹਯਾਤੀ, ਜੀਵਣ ਸਭ ਦਾ ਆਪਣੇ ਹੱਥ ਸਮਝਾਈਆ । ਉਸ ਦਾ ਹੁਕਮ ਸ਼ਬਦ ਪੈਗ਼ਾਮ ਕਲਮਾ ਸੰਦੇਸ਼ਾ ਕਾਗ਼ਜ਼ਾਤੀ, ਕਾਇਆ ਕਾਅਬਾ ਕਰਬਲਾ ਦੀਨ ਦੁਨੀ ਵੇਖ ਵਖਾਈਆ । ਉਸ ਦਿਨ ਨਾਨਕ ਬਣਿਆ ਸੀ ਆਪ ਰਬਾਬੀ, ਸਿਤਾਰ ਆਪਣੀ ਉਂਗਲ ਛੁਹਾਈਆ । ਨਾਲੇ ਨਿਗਾਹ ਮਾਰੀ ਮੇਰੇ ਸਤਿ ਪੁਰਖ ਨਾਲ ਸੱਤ ਗੁਰਮੁਖ ਆਉਣਗੇ ਪੰਜਾਬੀ, ਪੰਜਾਂ ਦਰਿਆਵਾਂ ਰੰਗ ਰੰਗਾਈਆ । ਉਸ ਦੀ ਖੇਲ ਹੋਣੀ ਅਹਿਲਾਦੀ, ਐਲਾਨ ਧੁਰ ਦਾ ਇਕ ਜਣਾਈਆ । ਸ਼ਰਅ ਤੋਂ ਬਾਹਰ ਖੇਲ ਹਕੀਕੀ ਤੇ ਮਜਾਜ਼ੀ, ਮਜ਼ਾ ਆਪਣਾ ਇਕ ਦ੍ਰਿੜਾਈਆ । ਜਿਸ ਨੇ ਇਰਾਕ ਵਿਚ ਕਦਮ ਰਖਦਿਆਂ ਖੇਲ ਕਰਨਾ ਇਨਕਲਾਬੀ, ਇਨਕਲਾਬ ਪਹਿਲੇ ਗੁਰਮੁਖਾਂ ਵਿਚ ਪ੍ਰਗਟਾਈਆ । ਫੇਰ ਨੌਂ ਦੇਸ਼ ਦੇਸ਼ਾਂ ਦੀ ਹੋਵੇ ਬਰਬਾਦੀ, ਨੌਂ ਭਾਦਰੋਂ ਨੌਂ ਦਵਾਰ ਨੌਂ ਰਸ ਜਗਤ ਵਾਸ਼ਨਾ ਇਕੇ ਦਿਨ ਦੀ ਸਭ ਦੀ ਝੋਲੀ ਪਾਈਆ । ਅਗਲਾ ਖੇਲ ਹੋਣਾ ਵਿਚ ਬਗ਼ਦਾਦੀ, ਬੱਗੇ ਅਸਵ ਆਪਣਾ ਚਰਨ ਟਿਕਾਈਆ । ਮਿਹਰਵਾਨ ਮਿਹਰ ਦਾ ਬਣੇ ਹਾਜੀ, ਹੁਜਰਾ ਆਪਣਾ ਹਕ ਸੁਹਾਈਆ । ਜਿਸ ਨੇ ਨੌਂ ਕਾਰਡ ਨਵ ਧਾਰ ਲਿਖਣੇ ਜਵਾਬੀ, ਮਜ਼ਮੂਨ ਇਕੋ ਅੱਖਰ ਬਣਾਈਆ । ਸਭ ਦਾ ਲਹਿਣਾ ਦੇਣਾ ਸ਼ਤਾਬੀ, ਸ਼ਰਅ ਸ਼ਰਅ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਸਰਾ ਕਹੇ ਮੈਂ ਦੱਸਿਆ ਨਾਲ ਸ਼ਰਤ, ਸ਼ਰਅ ਵਾਲਿਆਂ ਦਿਤਾ ਸਮਝਾਈਆ । ਜਿਹੜਾ ਕੌਲ ਕੀਤਾ ਸੀ ਰਾਮ ਨਾਲ ਭਰਤ, ਉਸ ਦਾ ਭਰਮ ਦਿਤਾ ਮਿਟਾਈਆ । ਜਿਸ ਕਾਰਨ ਭੀਲਣੀ ਭੁੱਖੀ ਰਖਦੀ ਸੀ ਵਰਤ, ਵਰਤਮਾਨ ਸਮਾਂ ਦਿਤਾ ਭੁਗਤਾਈਆ । ਜਿਸ ਦੀ ਸੀਤਾ ਰਖੀ ਸੀ ਸ਼ਰਤ, ਉਹ ਸ਼ਰੀਅਤ ਸ਼ਰਅ ਸੰਗ ਰਖਾਈਆ । ਜਿਸ ਨੂੰ ਕਾਹਨ ਕਿਹਾ ਸੀ ਉਤੇ ਅਰਸ਼, ਅਰਸ਼ੀ ਪ੍ਰੀਤਮ ਬੇਪ੍ਰਵਾਹੀਆ । ਵੇਦ ਵਿਆਸ ਆਖਿਆ ਆਵੇ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਮੂਸਾ ਕਿਹਾ ਮੇਰੀ ਉਸੇ ਨਾਲ ਲਿਖਤ ਪੜ੍ਹਤ, ਦੂਜਾ ਨਜ਼ਰ ਕੋਇ ਨਾ ਆਈਆ । ਹਜ਼ਰਤ ਈਸਾ ਕਿਹਾ ਉਸ ਦਾ ਇਕੋ ਰਸਤਾ ਤੇ ਇਕੋ ਸੜਕ, ਰਾਹ ਇਕੋ ਇਕ ਜਣਾਈਆ । ਹਜ਼ਰਤ ਮੁਹੰਮਦ ਪੇਸ਼ੀਨਗੋਈ ਦਿਤੀ ਨਿਧੜਕ, ਨਿਗਾਹ ਚੌਦਾਂ ਤਬਕ ਉਠਾਈਆ । ਨਾਨਕ ਕਿਹਾ ਉਹ ਜ਼ਰੂਰ ਆਵੇਗਾ ਏਸ ਧਰਤ, ਧਰਨੀ ਕਦਮਬੋਸੀ ਕਰ ਕੇ ਸੀਸ ਨਿਵਾਈਆ । ਗੋਬਿੰਦ ਕਿਹਾ ਉਹਦਾ ਲੇਖਾ ਨਹੀਂ ਬੂੰਦ ਰਕਤ, ਖੰਡਾ ਖੜਗ ਨਾ ਕੋਇ ਚਮਕਾਈਆ । ਉਹ ਸਤਿਗੁਰ ਸ਼ਬਦ ਸ਼ਬਦ ਧਾਰ ਦੀ ਸ਼ਕਤ, ਸ਼ਖ਼ਸੀਅਤ ਜਗਤ ਨਾ ਕੋਇ ਵਖਾਈਆ । ਸਭ ਦੇ ਉਤੇ ਮਿਹਰਵਾਨ ਹੋ ਕੇ ਕਰ ਕੇ ਤਰਸ, ਤਸੀਹਾ ਵੇਖੇ ਖ਼ਲਕ ਖ਼ੁਦਾਈਆ । ਮਿਹਰਵਾਨ ਹੋ ਕੇ ਮਿਹਰ ਮੁਹੱਬਤ ਦੇਵੇ ਬਰਸ, ਬਰਸੀ ਬਰਸੀ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਰੰਗ ਰੰਗਾਈਆ । ਨੌਂ ਭਾਦਰੋਂ ਕਹੇ ਨੌਂ ਦੇਸ਼ ਰਹੇ ਤੜਪ, ਅਗਨੀ ਅੰਦਰੇ ਅੰਦਰ ਭੜਕਾਈਆ । ਮੈਂ ਕੂਕ ਸੁਣਾਵਾਂ ਕੜਕ, ਹੁਕਮ ਬੇਪ੍ਰਵਾਹੀਆ । ਜਿਸ ਨੇ ਆਪਣੇ ਹੁਕਮ ਨਾਲ ਪਹਿਲੇ ਭਗਤਾਂ ਆਪਣੀ ਕੀਤੀ ਝੜਪ, ਝਗੜਾ ਦਿਤਾ ਪਾਈਆ । ਇਹ ਹੁਕਮ ਦਿਤਾ ਸੀ ਗੋਬਿੰਦ ਵਿਚ ਦੇਸ਼ ਦੜਪ, ਦੋਹਰੀ ਕਾਰ ਭੁਗਤਾਈਆ । ਮੈਂ ਏਸੇ ਖ਼ਾਹਿਸ਼ ਵਿਚ ਰਿਹਾ ਭਟਕ, ਭਟਕਣਾ ਆਪਣੀ ਦਿਆਂ ਜਣਾਈਆ । ਕੁਛ ਲੇਖਾ ਰਣਜੀਤ ਸਿੰਘ ਦਾ ਉਤੇ ਅਟਕ, ਜਿਸ ਵੇਲੇ ਗੋਬਿੰਦ ਦਰਸ਼ਨ ਕੀਤਾ ਚਾਈਂ ਚਾਈਂਆ । ਉਹ ਪਾਹਨ ਨਾਲ ਗਿਆ ਲਟਕ, ਆਪਣਾ ਸੀਸ ਝੁਕਾਈਆ । ਮਹੀਨਾ ਸੀ ਕੱਤਕ, ਪ੍ਰਵਿਸ਼ਟਾ ਨੌਂ ਨਜ਼ਰੀ ਆਈਆ । ਗੋਬਿੰਦ ਸੰਦੇਸ਼ਾ ਦਿਤਾ ਸਖ਼ਤ, ਸਖ਼ਤੀ ਨਾਲ ਸੁਣਾਈਆ ।

ਮੇਰੇ ਪੁਰਖ ਅਕਾਲ ਦਾ ਆਉਣਾ ਵਕਤ, ਗੁਰਮੁਖਾਂ ਦਿਆਂ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ। ਬਸਰਾ ਕਹੇ ਮੈਂ ਪੁਰਾਣਾ ਬਸਿਆ, ਬਿਸਤਰ ਧਰਤੀ ਸੋਭਾ ਪਾਈਆ। ਨਾ ਕਦੀ ਰੋਇਆ ਨਾ ਕਦੀ ਹੱਸਿਆ, ਖ਼ੁਸ਼ੀ ਗ਼ਮੀ ਨਾ ਕੋਇ ਰਖਾਈਆ। ਮੈਨੂੰ ਸੰਦੇਸ਼ੇ ਵਿਚ ਹੁਕਮ ਅਗੰਮਾ ਦੱਸਿਆ, ਫ਼ਰਮਾਨਾ ਇਕ ਜਣਾਈਆ। ਮਿਹਰਵਾਨ ਆਵੇ ਨੱਸਿਆ, ਆਪਣਾ ਪੰਧ ਮੁਕਾਈਆ। ਜਿਸ ਮੇਟਣੀ ਕਲਜੁਗ ਰੈਣ ਅੰਧੇਰੀ ਮੱਸਿਆ, ਨੂਰ ਨੁਰਾਨਾ ਚੰਦ ਚਮਕਾਈਆ। ਉਸ ਦਾ ਪ੍ਰਕਾਸ਼ ਰਹੇ ਨਾ ਛਪਿਆ, ਛਾਪੇ ਮਾਰੇ ਥਾਉਂ ਥਾਈਂਆ। ਜਿਸ ਆਤਮ ਪਰਮਾਤਮ ਸੋਹੰ ਜਪਾਉਣਾ ਜਪਿਆ, ਪਾਰਬ੍ਰਹਮ ਬ੍ਰਹਮ ਪਰਦਾ ਆਪ ਉਠਾਈਆ। ਉਹ ਸਮੁੰਦ ਸਾਗਰਾਂ ਆਵੇ ਟੱਪਿਆ, ਆਪਣਾ ਪੰਧ ਚੁਕਾਈਆ। ਨਾਨਕ ਨੇ ਨਿਰਗੁਣ ਸਰਗੁਣ ਧਾਰ ਉਸ ਨੂੰ ਤੱਕਿਆ, ਤਕਵਾ ਜਿਸ ਉਤੇ ਅਵਤਾਰ ਪੈਗ਼ੰਬਰ ਗਏ ਰਖਾਈਆ। ਉਸ ਦਾ ਸੰਦੇਸ਼ਾ ਜਾਣਾ ਮਦੀਨਾ ਮੱਕਿਆ, ਮੁੱਦਤਾਂ ਦਾ ਲੇਖਾ ਪੂਰ ਕਰਾਈਆ। ਕਿਉਂ ਗੋਬਿੰਦ ਦਾ ਢਈਆ ਆਪਣਾ ਪੰਧ ਮੁਕਾ ਕੇ ਟੱਪਿਆ, ਪੈਂਡਾ ਰਿਹਾ ਨਾ ਰਾਈਆ। ਜਿਸ ਸਭ ਦਾ ਲੇਖਾ ਪੂਰਾ ਕਰਨਾ ਇਕੱਠਿਆ, ਬਚਿਆ ਨਜ਼ਰ ਕੋਇ ਨਾ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ। ਬਸਰਾ ਕਹੇ ਮੇਰਾ ਪੰਧ ਨਾ ਰਿਹਾ ਦੂਰ, ਨੇਰਨ ਨੇਰਾ ਗਿਆ ਆਈਆ। ਮੇਰੇ ਵਿਚ ਕਦਮ ਰੱਖਿਆ ਹਜ਼ੂਰ, ਕਦੀਮ ਦੀ ਆਸਾ ਪੂਰ ਕਰਾਈਆ। ਮੈਂ ਸ਼ੁਕਰਾਨੇ ਵਿਚ ਹੋਇਆ ਮਸ਼ਕੂਰ, ਸ਼ੁਕਰ ਗੁਜ਼ਾਰ ਸੂਫ਼ੀਆਂ ਭਗਤਾਂ ਦਾ ਅਖਵਾਈਆ। ਜਿਨ੍ਹਾਂ ਨੇ ਮੇਰਾ ਨਾਮ ਦੇਸ਼ ਪ੍ਰਦੇਸ਼ਾਂ ਕਰਨਾ ਮਸ਼ਹੂਰ, ਮਸ਼ਵਰਾ ਪ੍ਰਭ ਨਾਲ ਰਖਾਈਆ।



ਨਾਨਕ ਦੀ ਆਸ਼ਾ ਮੈਂ ਦੱਸਾਂ ਜ਼ਰੂਰ, ਮਰਦਾਨੇ ਤ੍ਰਿਸ਼ਨਾ ਨਾਲ ਮਿਲਾਈਆ। ਭੁੱਖੇ ਕਿਹਾ ਨਾਨਕ ਤੇਰੇ ਨਾਮ ਦਾ ਤੈਨੂੰ ਸਰੂਰ, ਮੇਰੇ ਹੱਥ ਕਿਛ ਨਾ ਆਈਆ। ਨਾਨਕ ਕਿਹਾ ਮਰਦਾਨੇ ਓਹ ਵੇਖ ਥਲਾਂ ਵਿਚ ਅੰਗੂਰ, ਕਿੱਡੇ ਸੋਹਣੇ ਸੋਭਾ ਪਾਈਆ। ਮਰਦਾਨੇ ਕਿਹਾ ਮੈਂ ਮੂਰਖ ਮੂੜ੍ਹ, ਮੈਨੂੰ ਨਜ਼ਰ ਕੁਛ ਨਾ ਆਈਆ। ਮੈਨੂੰ ਤੇ ਐਵੇਂ ਦਿਸਦਾ ਕੂੜ, ਮੇਰਾ ਮਨ ਰਿਹਾ ਭਰਮਾਈਆ। ਨਾਨਕ ਨੇ ਕਿਹਾ ਓਹ ਵੇਖ ਮੂਸਾ ਤੱਕੇ ਉਤੋਂ ਕੋਹਤੂਰ, ਤੁਰੀਆ ਤੋਂ ਪਰੇ ਅੱਖ ਖੁਲਾਈਆ। ਈਸਾ ਸੂਲੀ ਤੇ ਚੜ੍ਹਿਆ ਹੁਕਮ ਕਰੇ ਮਨਜ਼ੂਰ, ਨਿਵ ਨਿਵ ਸੀਸ ਝੁਕਾਈਆ। ਹਜ਼ਰਤ ਮੁਹੰਮਦ ਕਿਹਾ ਜਿਸ ਵੇਲੇ ਸ਼ਰਅ ਦਾ ਪਏ ਫ਼ਤੂਰ, ਫ਼ਤਵਾ ਲੱਗੇ ਥਾਉਂ ਥਾਈਂਆ। ਨਾਨਕ ਕਿਹਾ ਮਰਦਾਨੇ ਮੇਰਾ ਬਚਨ ਨਹੀਂ ਕੂੜ, ਸਚ ਦਿਆਂ ਸੁਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ। ਬਸਰਾ ਕਹੇ ਮੈਂ ਨਾਨਕ ਨਾਲ ਹੋਇਆ ਮੁਖ਼ਾਤਬ, ਦੂਰੋਂ ਦੂਰੋਂ ਨਿਗਾਹ ਮਿਲਾਈਆ। ਤੇਰਾ ਬਚਨ ਲਿਖਿਆ ਨਹੀਂ ਕਿਸੇ ਕਾਤਬ, ਕਾਗ਼ਜ਼ ਸ਼ਾਹੀ ਕਲਮ ਵੰਡ ਨਾ ਕੋਇ ਵੰਡਾਈਆ। ਇਸ ਨੂੰ ਕੌਣ ਸਬੂਤ ਕਰੇਗਾ ਸਾਬਤ, ਸਾਲਸ ਕਵਣ ਅਖਵਾਈਆ। ਨਾਨਕ ਕਿਹਾ ਜਿਸ ਖ਼ੁਦਾ ਦੀ ਸਾਰੇ ਕਰਨ ਅਬਾਦਤ, ਸਜਦਿਆਂ ਵਿਚ ਸੀਸ ਝੁਕਾਈਆ। ਮੈਂ ਦੱਸਿਆ ਉਸ ਦੀ ਨਾਲ ਇਜਾਜ਼ਤ, ਹੁਕਮ ਦਿਤਾ ਸੁਣਾਈਆ। ਓਹ ਜ਼ਰੂਰ ਆਪਣਿਆਂ ਭਗਤਾਂ ਨੂੰ ਖਵਾਵੇਗਾ ਅੰਗੂਰਾਂ ਵਾਲੀ ਨਿਆਮਤ, ਮਰਦਾਨੇ ਭੁਲ ਰਹੇ ਨਾ ਰਾਈਆ। ਆਪ ਬਣ ਕੇ ਸਹੀ ਸਲਾਮਤ, ਸੁਬਹ ਸ਼ਾਮ ਇਕੋ ਵੰਡ ਵੰਡਾਈਆ। ਇਸ ਧਰਤੀ ਦੇ ਉਤੇ ਰੂਪ ਬਣਾਏਗਾ ਆਪ ਕਿਆਮਤ, ਮੁਰੀਦ ਕਿਧਰੇ ਤੇ ਮੁਰਸ਼ਦ ਕਿਧਰੇ ਮੁਖ ਭਵਾਈਆ। ਇਹ ਅਖ਼ੀਰੀ ਸਦੀ ਚੌਧਵੀਂ ਦੀ ਹੋਏਗੀ ਅਲਾਮਤ, ਆਲਮ

ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਸਰਾ ਕਹੇ ਮੇਰੀ ਖ਼ੁਸ਼ੀ ਨਾਲ ਮਿੱਟੀ ਖ਼ਾਕ, ਖ਼ਾਕ ਸਾਰ ਹੋ ਕੇ ਸੀਸ ਨਿਵਾਈਆ । ਮੈਂ ਖੇਲ ਤੱਕਿਆ ਜਿਸ ਤਰਾ ਪਰਵਰਦਿਗਾਰ ਨੇ ਦੀਨ ਦੁਨੀ ਨੂੰ ਦੇਣਾ ਤਲਾਕ, ਨਾਤਾ ਜਗਤ ਵਾਲਾ ਤੁੜਾਈਆ । ਓਹ ਖੇਲ ਵੇਖਿਆ ਹਾਲਾਤ, ਹੈਰਾਨੀ ਮੇਰੇ ਅੰਦਰ ਛਾਈਆ । ਇਹਦੀ ਕਿਰਪਾ ਬਿਨਾ ਦੀਨ ਦੁਨੀ ਵਿਚ ਰਹਿ ਨਹੀਂ ਸਕਦਾ ਇਤਫ਼ਾਕ, ਮੁਹੱਬਤ ਨਾਤਾ ਨਾ ਕੋਇ ਜਣਾਈਆ । ਚਾਰੋਂ ਕੁੰਟ ਹੋਣੀ ਅੰਧੇਰੀ ਰਾਤ, ਗੁਰਮੁਖਾਂ ਦੀ ਇਕ ਘੜੀ ਘੜਿਆਲ ਦੋ ਜਹਾਨ ਵਜਾਈਆ । ਜਿਸ ਦੀ ਉਡੀਕ ਰਖਦੇ ਦਜਲਾ ਫ਼ਰਾਤ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਉਹਦਾ ਹੁਕਮ ਸ਼ਬਦ ਕਲਮਾ ਜਗਤ ਦੀ ਸ਼ਰਅ ਕੱਟ ਦੇਵੇ ਫ਼ਲਾਦ, ਫ਼ਿਲਾਸਫ਼ਰਾਂ ਦੀ ਅਕਲ ਚਲੇ ਨਾ ਕੋਇ ਚਤੁਰਾਈਆ । ਜੋ ਇਸ਼ਾਰਾ ਕੀਤਾ ਨਰ ਸਿੰਘ ਪ੍ਰਹਿਲਾਦ, ਆਪਣਾ ਭੇਵ ਖੁਲਾਈਆ । ਜਿਸ ਵੇਲੇ ਕਲਜੁਗ ਅੰਤ ਪਿਓ ਪੁਤ ਬਣੇ ਜਲਾਦ, ਮੁਹੱਬਤ ਮਾਤਲੋਕ ਕਰੇ ਨਾ ਰਾਈਆ । ਉਸ ਵੇਲੇ ਮੇਰਾ ਨੂਰ ਕਰੇ ਅਮਦਾਦ, ਜੋਤੀ ਜਾਤਾ ਫੇਰਾ ਪਾਈਆ । ਸ਼ਰਅ ਵਿਚੋਂ ਸਾਰੇ ਕਰ ਆਜ਼ਾਦ, ਪ੍ਰਹਿਲਾਦ ਤੇਰੇ ਵਾਂਗ ਭਗਤ ਦਏ ਬਣਾਈਆ । ਪ੍ਰਹਿਲਾਦ ਕਿਹਾ ਤੇਰਾ ਹੁਕਮ ਬੋਧ ਅਗਾਧ, ਕੁਛ ਪਰਦਾ ਦੇ ਉਠਾਈਆ । ਕੀ ਦੁਨੀਆ ਦਾ ਹੋਵੇਗਾ ਮਜ਼ਾਜ, ਤਬੀਅਤ ਕਿਸ ਬਿਧ ਨਜ਼ਰੀ ਆਈਆ । ਨਰ ਸਿੰਘ ਇਸ਼ਾਰਾ ਦਿਤਾ ਸ਼ਰਅ ਵਾਲੇ ਪੜ੍ਹਨਗੇ ਨਿਮਾਜ਼, ਰੋਜ਼ੇ ਰਜ਼ਾ ਵਿਚ ਰਖਾਈਆ । ਖ਼ੁਦਾ ਦਾ ਰਹੇ ਨਾ ਕੋਇ ਅਦਾਬ, ਅਦਬ ਵਿਚ ਸੀਸ ਨਾ ਕੋਇ ਨਿਵਾਈਆ । ਫੇਰ ਲੇਖਾ ਦੱਸਣਾ ਉਸ ਵਿਚ ਬਗ਼ਦਾਦ, ਜਿਸ ਕਾਰਨ ਗੁਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਸਰਾ ਕਹੇ ਮੇਰੀ ਇਕ ਗੁਜ਼ਾਰਿਸ਼, ਗੁਜ਼ਰਿਆ ਹਾਲ ਸੁਣਾਈਆ । ਜਨ ਭਗਤੋ ਕਰਿਓ ਸਫ਼ਾਰਸ਼, ਸਫ਼ਾ ਦੇਵੇ ਥਾਉਂ ਥਾਈਂਆ । ਮੇਰੀ ਪੂਰੀ ਹੋਵੇ ਜ਼ਿਆਰਤ, ਸਿਰ ਮੇਰੇ ਹੱਥ ਟਿਕਾਈਆ । ਤੁਸਾਂ ਖ਼ੁਸ਼ੀ ਨਾਲ ਲਿਖਣੀ ਇਬਾਰਤ, ਜਿਸ ਦੀ ਉਡੀਕ ਵਿਚ ਅਣਗਿਣਤ ਸਾਲ ਲੰਘਾਈਆ । ਮੈਂ ਸੁਣਿਆ ਜਿਸ ਦਾ ਪੈਗ਼ੰਬਰਾਂ ਨਾਲ ਹੋਇਆ ਤੁਆਰਫ਼, ਤਾਰੀਫ਼ ਕਲਮਿਆਂ ਵਾਲੀ ਸੁਣਾਈਆ । ਉਸ ਆਉਣਾ ਵਿਚੋਂ ਭਾਰਤ, ਆਪਣਾ ਪਰਦਾ ਲਾਹੀਆ । ਸਭ ਦਾ ਬਣਨਾ ਵਾਰਸ, ਵਿਰਸਾ ਕਲਜੁਗ ਵਾਲਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਸਰਾ ਕਹੇ ਮੇਰੇ ਵਿਚੋਂ ਬਾਹਰ ਜਾ ਕੇ ਪੁਰਸ਼ਾਰਥ ਨਾਲ ਪ੍ਰਸ਼ਾਦ ਨਾਨਕ ਦੀ ਆਸ਼ਾ ਮਰਦਾਨੇ ਦੀ ਖ਼ਾਹਿਸ਼ ਅੰਗੂਰ ਜ਼ਰੂਰ ਦੇਣੇ ਵਰਤਾਈਆ ।



✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗ਼ਦਾਦ ਸ਼ਹਿਰ ਤੋਂ ਨੌ ਮੀਲ ਬਾਹਰ ਜਿਥੇ ਮੁਹੰਮਦ ਸਾਹਿਬ ਨੂੰ ਦਿਤੇ ਜ਼ਹਿਰ ਦਾ ਬੂਟਾ ਉਗਿਆ ਸੀ ਸਵਾ ਪਹਿਰ ਹਥਿਆਰਾਂ ਦਾ ਪਹਿਰਾ ਲਾ ਕੇ ਵਿਹਾਰ ਹੋਇਆ ✪

ਧਰਨੀ ਕਹੇ ਮੇਰਾ ਲੇਖਾ ਦੱਸੇ ਬੇਨਜ਼ੀਰ, ਜੋ ਨਜ਼ੀਰ ਨੂੰ ਬਸਰੇ ਵਿਚੋਂ ਬਗ਼ਦਾਦ ਵਿਚ ਵਸਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਲਾਸ਼ਰੀਕ ਬੇਪ੍ਰਵਾਹੀਆ । ਜੋ ਆਦਿ ਜੁਗਾਦਿ ਦੀਨ ਦੁਨੀ ਕਰੇ ਤਾਮੀਰ, ਅਵਤਾਰ ਪੈਗ਼ੰਬਰ ਗੁਰੂ ਹੁਕਮ ਸਮਝਾਈਆ । ਜਿਸ ਦੇ ਕੋਲ ਨਾਮ

ਖੰਡਾ ਸ਼ਮਸ਼ੀਰ, ਦੋ ਜਹਾਨ ਆਪ ਚਮਕਾਈਆ । ਉਹ ਬਣਾਵਣਹਾਰਾ ਸਰਬ ਤਕਦੀਰ, ਮੁਕੱਦਰ ਆਪਣੇ ਹੱਥ ਰਖਾਈਆ । ਜਿਸ ਦੀ ਸਮਝੇ ਨਾ ਕੋਇ ਤਦਬੀਰ, ਤਰੀਕਾ ਜਗਤ ਨਾ ਕੋਇ ਦ੍ਰਿੜਾਈਆ । ਜਿਸ ਲੱਖ ਚੁਰਾਸੀ ਬਣਾਏ ਸ਼ਰੀਰ, ਤਨ ਵਜੂਦ ਰੰਗ ਰੰਗਾਈਆ । ਖੇਲ ਖੇਲੇ ਸ਼ਾਹ ਹਕੀਰ, ਘਟ ਘਟ ਆਪਣਾ ਰੰਗ ਰੰਗਾਈਆ । ਅੰਤ ਕਰੇ ਸਰਬ ਅਖ਼ੀਰ, ਆਖ਼ਿਰ ਆਪਣੀ ਕਾਰ ਭੁਗਤਾਈਆ । ਧਰਨੀ ਕਹੇ ਮੇਰੇ ਉਤੇ ਕਿਸੇ ਦੀ ਮਲਕੀਅਤ ਸਦਾ ਨਹੀਂ ਰਹੀ ਜਗੀਰ, ਜਗੀਰਦਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਨਜ਼ੀਰ ਕਹੇ ਮੇਰੇ ਉਤੇ ਹੋਈ ਮਿਹਰ ਨਜ਼ਰ, ਮੇਰਾ ਨਜ਼ਰੀਆ ਦਿਤਾ ਬਦਲਾਈਆ । ਮੈਂ ਬਸਰੇ ਵਿਚ ਜ਼ਿੰਦਗੀ ਕਰ ਕੇ ਆਇਆ ਬਸਰ, ਹੁਕਮ ਧੁਰ ਦੇ ਨਾਲ ਆਪਣਾ ਪੰਧ ਮੁਕਾਈਆ । ਬਗ਼ਦਾਦ ਪਹੁੰਚ ਕੇ ਕੀਤਾ ਜਸ਼ਨ, ਖ਼ੁਸ਼ੀਆਂ ਰੰਗ ਰੰਗਾਈਆ । ਕਾਰ ਕਰਨ ਲੱਗਾ ਨਾਲ ਹੱਥਨ, ਆਪਣਾ ਬਲ ਵਖਾਈਆ । ਧਰਨੀ ਲੱਗਾ ਮੱਥਨ, ਖੋਦੀ ਚਾਈਂ ਚਾਈਆ । ਪੋਸਤ ਬੂਟਾ ਲੱਗਾ ਗੱਡਣ, ਨਿਗਾਹ ਜ਼ਿਮੀਂ ਅਸਮਾਨ ਟਿਕਾਈਆ । ਮੈਨੂੰ ਇਸ਼ਾਰਾ ਹੋਇਆ ਵੱਲੋਂ ਮਦੀਨੇ ਮੱਕਣ, ਕਾਅਬਿਆਂ ਖੇਲ ਵਖਾਈਆ । ਨੂਰੀ ਅੱਲਾ ਆਵੇ ਤੇਰੇ ਵਤਨ, ਬੇਵਤਨ ਬੇਪ੍ਰਵਾਹੀਆ । ਹਜ਼ਰਤ ਮੁਹੰਮਦ ਦਾ ਤੇਰਾ ਲੇਖਾ ਅੰਤ ਯਥਾਰਥ ਸਮਝੇ ਕੋਇ ਨਾ ਯਤਨ, ਪਰਦਾ ਭੇਵ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਜ਼ੀਰ ਕਹੇ ਮੇਰਾ ਬੂਟਾ ਹੋਇਆ ਤਿਆਰ, ਮੈਂ ਸੇਵਾ ਸਚ ਕਮਾਈਆ । ਮੇਰੇ ਵਪਾਰੀ ਆਏ ਦੋ ਚਾਰ, ਕੀਮਤ ਦੇਣ ਸੁਣਾਈਆ । ਯਹੂਦਣ
੧੯੦ ਟਕੇ ਨੌਂ ਕਰ ਕੇ ਮੇਰੇ ਨਾਲ ਉਧਾਰ, ਲੈ ਕੇ ਗਈ ਚਾਈਂ ਚਾਈਆ । ਜਿਸ ਦਾ ਲੇਖਾ ਮੁਹੰਮਦ ਨਾਲ ਪਿਆਰ, ਧੁਰ ਦਾ ਮੇਲ ਮਿਲਾਈਆ । ੧੯੦
੨੩ ਸਤਿ ਸਚ ਦਿਤਾ ਖਵਾਲ, ਸਵਾ ਪਾ ਨਿਆਜ਼ ਦਏ ਗਵਾਹੀਆ । ਜਿਸ ਦੀ ਝਲ ਨਾ ਸਕਿਆ ਝਾਲ, ਗਿਆਰਾਂ ਦਿਵਸ ਆਪਣਾ ਵਜੂਦ ਕੁਹਾਈਆ । ੨੩
ਅੰਤ ਮਹਿਬੂਬ ਨੇ ਮੁਹੱਬਤ ਵਿਚ ਪੁੱਛਿਆ ਹਾਲ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਭ ਕੁਛ ਅਬੂ ਬਕਰ ਨੂੰ ਸੰਭਾਲ, ਤਨ ਲੇਖਾ ਰਹੇ ਨਾ ਰਾਈਆ । ਚੌਦਾਂ ਤਬਕਾਂ ਤੋਂ ਬਾਹਰ ਮਾਰਨੀ ਛਾਲ, ਸ਼ਾਲਾ ਆਪਣਾ ਘਰ ਵਖਾਈਆ । ਜਿਥੇ ਨੂਰ ਜੋਤ ਬੇਮਿਸਾਲ, ਮਿਸਲ ਸ਼ਾਸਤਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਭੱਜੀ ਆਈ ਪੈਰੀਂ ਨੰਗੀਂ, ਆਪਣਾ ਪੰਧ ਮੁਕਾਈਆ । ਮੈਂ ਖੜ੍ਹੀ ਹੋਈ ਇਕ ਟੰਗੀ, ਪੱਲੂ ਗਲ ਵਿਚ ਰਖਾਈਆ । ਮੇਰੀ ਅੰਤ ਰੁੱਤ ਜਾਂਦੀ ਲੰਘੀ, ਲੰਗੜੀ ਲੂਲੀ ਹੋ ਕੇ ਦਿਆਂ ਸੁਣਾਈਆ । ਤੇਰੀ ਦੁਨੀਆ ਹੋਈ ਅੰਧੀ, ਨੇਤਰ ਅੱਖ ਨਾ ਕੋਇ ਖੁਲਾਈਆ । ਮੇਰੀ ਖ਼ੁਸ਼ੀਆਂ ਵਾਲੀ ਰਹੀ ਨਾ ਵੰਗੀ, ਤੇਰੀ ਲਾਲ ਮਹਿੰਦੀ ਮੇਰਾ ਜੋਬਨ ਗਈ ਲੁਟਾਈਆ । ਮੈਂ ਫਿਰਾਂ ਕੋਠੇ ਕੰਧੀ, ਭੱਜਾਂ ਵਾਹੋ ਦਾਹੀਆ । ਜਿਧਰ ਤੱਕਾਂ ਪਾਬੰਦੀ, ਬੰਧਨ ਸਕੇ ਨਾ ਕੋਇ ਤੁੜਾਈਆ । ਮੇਰੀ ਆਯੂ ਲੰਘ ਗਈ ਲੰਬੀ, ਵਕਤ ਥੋੜ੍ਹਾ ਨਜ਼ਰੀ ਆਈਆ । ਮੇਰੀ ਆਸ਼ਾ ਜਿਹੜੀ ਐਲੀ ਨੇ ਮੰਗ ਮੰਗੀ, ਹਜ਼ਰਤ ਹਜ਼ੂਰ ਸੀਸ ਨਿਵਾਈਆ । ਜਿਸ ਵੇਲੇ ਉਮਤ ਉਮਤੀ ਆਵੇ ਤੰਗੀ, ਤੰਗਦਸਤ ਹੋਵੇ ਲੋਕਾਈਆ । ਅੰਤਰ ਤ੍ਰਿਸ਼ਨਾ ਹੋਵੇ ਰੰਡੀ, ਖ਼ਾਹਿਸ਼ ਪੂਰ ਨਾ ਕੋਇ ਵਖਾਈਆ । ਚਾਰੋਂ ਕੁੰਟ ਦਿਸੇ ਭੰਡੀ, ਵਰਭੰਡ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਾਹਿਬ ਸਚ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਮੇਰੀ ਪਹਿਲੀ ਸਦੀ ਦਾ ਹਾਲ, ਮੈਂ ਵੇਖਿਆ ਚਾਈਂ ਚਾਈਆ । ਸੰਗ ਮੁਹੰਮਦ ਚਾਰ ਯਾਰ ਹੋਏ ਬੇਹਾਲ, ਬਿਹਬਲ ਹੋ ਕੇ ਸਜਦਾ ਤੇਰੇ ਅਗੇ ਕਰਾਈਆ । ਤੇਰੀ ਸ਼ਰਅ ਨਾ ਹੋਵੇ ਨਿਢਾਲ, ਮੇਰੀ ਉਮਤ ਦੇ ਵਡਿਆਈਆ । ਹੱਥ ਬੰਨ੍ਹ ਕੇ ਹਜ਼ਰਤ ਐਲੀ ਪੁੱਠੀ ਕਰ ਕੇ ਢਾਲ, ਤੇਰੇ ਅਗੇ ਵਾਸਤਾ ਪਾਈਆ । ਮੇਰੇ ਪਰਵਰਦਿਗਾਰ ਮੇਰੀ ਕਰ ਸੰਭਾਲ, ਤੇਰੇ ਕਦਮਾਂ ਸੀਸ ਨਿਵਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਮਕਬਰਿਆਂ ਵਿਚੋਂ ਰੋਵੇ ਵਜੂਦ ਖਾਲ, ਖ਼ਾਲਕ ਖ਼ਲਕ ਤੇਰੀ ਸ਼ਰਨਾਈਆ । ਆਹ ਵੇਖ ਮੁਰੀਦਾਂ ਹਾਲ, ਤੂੰ ਮੁਰਸ਼ਦ ਬੇਪ੍ਰਵਾਹੀਆ । ਉਸ ਵੇਲੇ ਮੁਹੰਮਦ ਦੇ ਕੋਲ ਐਲੀ ਦੀ ਨਿਸ਼ਾਨੀ ਸੀ ਇਕ ਸ਼ਾਲ, ਸ਼ਾਲ ਭੂਰੇ ਰੰਗ ਵਖਾਈਆ । ਉਸ ਦੇ ਉਤੇ ਨਾ ਕੋਈ ਜਵਾਬ ਨਾ ਕੋਈ ਸਵਾਲ, ਬਿਨਾ ਅੱਖਰ ਅੱਖਰ ਨਜ਼ਰੀ ਆਈਆ । ਉਹ ਵੇਖ ਨੂਰੀ ਨੂਰ ਜ਼ਲਾਲ, ਜਲਵਾਗਰ ਬੇਪ੍ਰਵਾਹੀਆ । ਜਿਸ ਦੀ ਜੁਗ ਚੌਕੜੀ ਅਵੱਲੜੀ ਚਾਲ, ਹੁਕਮ ਹੁਕਮ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਨੂਰ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੈਂ ਇਕ ਟੰਗ ਖਲੋਤੀ, ਖ਼ਾਲਕ ਦੇ ਮਾਲਕ ਦਿਆਂ ਸੁਣਾਈਆ । ਉਹ ਵੇਖ ਉਮਤ ਦੀ ਜਗਤ ਆਸ਼ਾ ਰੋਤੀ, ਨੈਣਾਂ ਨੀਰ ਵਹਾਈਆ । ਜਿਥੇ ਬੇਮੁਹਾਰ ਹੋਈ ਹੁਸੈਨ ਵਾਲੀ ਬੋਤੀ, ਸਾਂਢਣੀ ਪੱਲੂ ਗਈ ਛੁਡਾਈਆ । ਉਥੇ ਤੇਰਾ ਜ਼ਹੂਰ ਤੱਕਿਆ ਅਗੰਮ ਧਾਰ ਦੀ ਜੋਤੀ, ਨੂਰ ਨੁਰਾਨੇ ਨਜ਼ਰੀ ਆਈਆ । ਫੇਰ ਤੇਰੀ ਤੱਕੀ ਓਟੀ, ਓੜਕ ਸੀਸ ਨਿਵਾਈਆ । ਜਿਥੇ ਹੁਸੈਨ ਹਸਨ ਦੀ ਹੋਈ ਬੋਟੀ ਬੋਟੀ, ਸ਼ਸਤਰ ਘਾਇਲ ਕਰ ਕੇ ਖ਼ੁਸ਼ੀ ਬਣਾਈਆ । ਪਾਣੀ ਹੱਥ ਨਾ ਆਇਆ ਲੋਟੀ, ਜਲ ਆਬ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਓਟ ਤਕਾਈਆ । ਸਦੀ ਚੌਧਵੀਂ ਕਹੇ ਮੈਂ ਖਲੋਤੀ ਇਕ ਟੰਗ ਦੇ ਭਾਰ, ਪੈਰ ਸਕਾਂ ਨਾ ਕੋਇ ਬਦਲਾਈਆ । ਮੈਂ ਸੰਦੇਸ਼ਾ ਦਿਤਾ ਮੁਹੰਮਦ ਯਾਰ, ਦਰ ਤੇਰੇ ਸੀਸ ਨਿਵਾਈਆ । ਉਠ ਤੱਕ ਹਜ਼ਰਤ ਈਸਾ ਦੀ ਵਿਚਾਰ, ਕੀ ਵਿਚਰ ਕੇ ਰਿਹਾ ਸੁਣਾਈਆ । ਜਿਸ ਦਾ ਰੂਪ ਹੋਣਾ ਅਪਰ ਅਪਾਰ, ਅਲਖ ਅਗੋਚਰ ਆਪਣੀ ਕਲ ਵਰਤਾਈਆ । ਨਜ਼ਰ ਨਾ ਆਵੇ ਵਿਚ ਸੰਸਾਰ, ਬੇਨਜ਼ੀਰ ਨਜ਼ਰ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਹਜ਼ਰਤ ਈਸਾ ਕਹੇ ਮੇਰੀ ਤੇਰੇ ਨਾਲ ਸੰਧੀ, ਸੰਧਿਆ ਵੇਲੇ ਗੰਢ ਪਵਾਈਆ । ਜਿਸ ਵੇਲੇ ਵੀਹਵੀਂ ਸਦੀ ਜਾਵੇ ਲੰਘੀ, ਭੱਜੇ ਵਾਹੋ ਦਾਹੀਆ । ਸਭ ਦੇ ਨੇਤਰ ਵਗੇ ਅੰਝੀ, ਹੰਝੂਆਂ ਹਾਰ ਬਣਾਈਆ । ਮੇਰੇ ਮਾਲਕਾ ਖ਼ਾਲਕਾ ਤੂੰ ਦੋ ਪੰਜ ਧਾਰ ਤੋਂ ਬਾਹਰ ਆਉਣਾ ਮੈਂ ਲੇਖਾ ਲਿਖਦਾ ਹਿੰਦਸਾ ਪੰਝੀ, ਪੰਜ ਤਤ ਤੇਰਾ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਨੇ ਸਭ ਨੂੰ ਮੁਹੱਬਤ ਦੀ ਧਾਰ ਦੇਣੀ ਠੰਡੀ, ਅਗਨੀ ਤਤ ਪਤ ਗਵਾਈਆ । ਮੇਰੀ ਪ੍ਰੀਤ ਤੇਰੇ ਨਾਲ ਜਾਣੀ ਗੰਢੀ, ਨਾਤਾ ਜੋੜਨਾ ਚਾਈਂ ਚਾਈਆ । ਚਾਰੋਂ ਕੁੰਟ ਹੋਣਾ ਫ਼ਸਾਦ ਜੰਗੀ, ਦੰਗਾ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰੇ ਸਾਹਿਬ ਦੀਨ ਦਿਆਲ, ਪਰਵਰਦਿਗਾਰ ਤੇਰੀ ਸਰਨਾਈਆ । ਮੇਰੀ ਗੋਲੀ ਉਹ ਬਾਲ, ਜੋ ਨੰਨ੍ਹੀ ਬੱਚੀ ਨਾਨਕ ਹੱਟੀ ਆਈ ਚਾਈਂ ਚਾਈਆ । ਉਸ ਦਾ ਪੂਰਾ ਕਰਨਾ ਸਵਾਲ, ਸਵਾ ਪਹਿਰ ਤੇਰੇ ਚਰਨਾਂ ਸੀਸ ਨਿਵਾਈਆ । ਤੂੰ ਦਾਤਾ

੧੬੧
੨੩

੧੬੨ ੨੩

ਦਾਨੀ ਦੇਵਣਹਾਰ ਸਚਾ ਧਨ ਮਾਲ, ਵਡ ਖਜ਼ੀਨਾ ਬੇਪ੍ਰਵਾਹੀਆ । ਤੇਰੇ ਅਗੇ ਚਲੇ ਨਾ ਕਿਸੇ ਮਜਾਲ, ਸਿਰ ਸਕੇ ਨਾ ਕੋਇ ਉਠਾਈਆ । ਸਭ ਦੀ ਕਰਨੀ ਆਪਣੇ ਹੁਕਮ ਨਾਲ ਕਰ ਬਹਾਲ, ਦੂਸਰ ਓਟ ਨਾ ਕੋਇ ਤਕਾਈਆ । ਮੇਰੇ ਅੰਦਰ ਉਠੇ ਉਛਾਲ, ਉਛਲ ਉਛਲ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੇ ਹੱਥ ਵਡਿਆਈਆ । ਧਰਨੀ ਕਹੇ ਸਦੀ ਚੌਧਵੀਂ ਮੇਰਾ ਭਾਗ ਮਥਨ, ਸਚ ਦਿਆਂ ਸੁਣਾਈਆ । ਮੇਰੇ ਗ੍ਰਿਹਿ ਚੜ੍ਹਿਆ ਉਹ ਅਗੰਮੀ ਚੰਨ, ਜਿਸ ਨੂੰ ਚੰਨ ਸਿਤਾਰੇ ਸੀਸ ਨਿਵਾਈਆ । ਉਸ ਦਾ ਕਹਿਣਾ ਲਈਏ ਮੰਨ, ਮਨ ਮਨਸਾ ਦੂਰ ਕਰਾਈਆ । ਭਾਂਡਾ ਭਰਮ ਦਈਏ ਭੰਨ, ਹਉਮੇ ਗੜ੍ਹ ਰਹੇ ਨਾ ਰਾਈਆ । ਜਿਸ ਨੇ ਲੇਖੇ ਲਾਉਣਾ ਸਭ ਦਾ ਖਾਣਾ ਪੀਣਾ ਅੰਨ, ਅਨੰਦ ਆਪਣੇ ਵਿਚੋਂ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਉਹ ਤੱਕ ਹੁਸੈਨ ਕੀ ਰਖੀ ਆਸ, ਧਰਨੀ ਤੇਰੇ ਉਤੇ ਧਿਆਨ ਲਗਾਈਆ । ਜਿਸ ਦੀ ਕਰਬਲੇ ਨਾ ਬੁਝੀ ਪਿਆਸ, ਕੁਰਲਾਹਟ ਵਿਚ ਦੁਹਾਈਆ । ਉਸ ਦੀ ਕਰਨੀ ਪਈ ਤਲਾਸ਼, ਜਿਸ ਤਸੀਹੇ ਦਿਤੇ ਬਲ ਅਸਗਾਹੀਆ । ਅੰਤ ਲੈਣ ਆਈ ਸ਼ਾਬਾਸ਼, ਪੰਧ ਮਾਰਿਆ ਚਾਈਂ ਚਾਈਂਆ । ਮੇਰੇ ਸਾਹਿਬ ਮੈਨੂੰ ਤੇਰੇ ਉਤੇ ਵਿਸ਼ਵਾਸ, ਜਿਸ ਵਿਛੜਿਆਂ ਲਿਆ ਮਿਲਾਈਆ । ਮੇਰੀ ਆਸ਼ਾ ਨਾ ਹੋਈ ਨਿਰਾਸ਼, ਨਿਰਗੁਣ ਤੇਰੀ ਇਕ ਸਰਨਾਈਆ । ਤੇਰੇ ਗੁਰਮੁਖ ਬੁੱਲਾਂ ਪਾਣੀ ਦਾ ਲਾਉਣ ਗਿਲਾਸ, ਅੰਦਰ ਘੁਟ ਨਾ ਕੋਇ ਲੰਘਾਈਆ । ਮੇਰਾ ਲਹਿਣਾ ਪੂਰਾ ਹੋਵੇ ਵਿਚ ਮਾਤ, ਮਾਤਰ ਭੂਮੀ ਦਏ ਗਵਾਹੀਆ । ਮੇਰੀ ਖ਼ੁਸ਼ੀਆਂ ਵਾਲੀ ਹੋਵੇ ਪ੍ਰਭਾਤ, ਤੇਰੇ ਨਾਮ ਕਲਮੇ ਦੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਸਦੀ ਚੌਧਵੀਂ ਤੂੰ ਨਿਗਾਹ ਮਾਰ ਮੇਰੀ ਉਤੇ ਛਾਤੀ, ਕੀ ਸ਼ਹਿਨਸ਼ਾਹ ਖੇਲ ਖਿਲਾਈਆ । ਜਿਸ ਨੇ ਅਵਤਾਰਾਂ ਪੈਗ਼ੰਬਰਾਂ ਲੇਖੇ ਲਾਈ ਹਯਾਤੀ, ਜਿੰਦਗੀ ਪੀਰ ਫ਼ਕੀਰਾਂ ਰੰਗ ਚੜ੍ਹਾਈਆ । ਉਸ ਦਾ ਖੇਲ ਹੋਣਾ ਇਤਫ਼ਾਕੀ, ਇਤਫ਼ਾਕੀਆ ਗਿਆ ਆਈਆ । ਜਿਸ ਦੀ ਮੁਹੰਮਦ ਨੇ ਪਾਈ ਝਾਕੀ, ਝੁਕ ਝੁਕ ਉਸ ਨੂੰ ਸੀਸ ਨਿਵਾਈਆ । ਆਪਣੀ ਹੱਥੀਂ ਖੋਲ ਨਾ ਸਕਿਆ ਤਾਕੀ, ਰਹਿਮਤ ਨਾਲ ਮਿਲੀ ਵਡਿਆਈਆ । ਅੱਲਾ ਰਸੂਲ ਦਾ ਜੁੜਿਆ ਨਾਤੀ, ਜਬਰਾਈਲ ਹੁਕਮ ਸੁਣਾਈਆ । ਇਹ ਖੇਲ ਸਾਹਿਬ ਅਬਿਨਾਸ਼ੀ, ਕੀ ਅਬਿਨਾਸ਼ੀ ਆਪਣੀ ਕਲ ਵਰਤਾਈਆ । ਜਿਸ ਨੂੰ ਹਜ਼ਰਤ ਕਿਹਾ ਹਮ ਸ਼ਾਹ ਅੱਲਾ ਮਲਾਸ਼ੀ, ਹਿਲ ਵਜ਼ੀਹ ਨੂਰ ਅਲਾਹੀਆ । ਉਹ ਸਭ ਦੀ ਬਖ਼ਸ਼ ਦੇਵੇ ਗੁਸਤਾਖ਼ੀ, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਆਪਣਾ ਰੰਗ ਰੰਗਾਈਆ । ਧਰਨੀ ਕਹੇ ਸਦੀ ਚੌਧਵੀਂ ਤੂੰ ਨਿਕੀ ਜਿਹੀ ਬਾਲੀ, ਬਚਪਨ ਤੇਰਾ ਨਜ਼ਰੀ ਆਈਆ । ਮੁਹੰਮਦ ਦੀ ਉਮਤ ਨਿੱਕੀ ਜਿਹੀ ਡਾਲੀ, ਸ਼ਰਅ ਜਗਤ ਵੰਡ ਵੰਡਾਈਆ । ਮੇਰੇ ਪਰਵਰਦਿਗਾਰ ਦੀ ਲੱਖ ਚੁਰਾਸੀ ਨਾਲ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਸਮਾਈਆ । ਉਹ ਸਭ ਦਾ ਨਿਮਕ ਹਲਾਲੀ, ਜੋ ਤਨ ਵਜੂਦਾਂ ਅੰਦਰ ਡੇਰਾ ਲਾਈਆ । ਜਿਸ ਦੀ ਕਰੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਸਾਰੇ ਦਰ ਦਰਵੇਸ਼ ਦਿਸਣ ਸਵਾਲੀ, ਜੁਗ ਜੁਗ ਮੰਗਣ ਥਾਉਂ ਥਾਈਆ । ਉਸ ਦੀ ਸੂਰਤ ਲੱਭੇ ਨਾ ਭਾਲੀ, ਖੋਜਿਆਂ ਹੱਥ ਕਿਸੇ ਨਾ ਆਈਆ । ਆਪਣੇ ਅੰਤ ਵੇਖ ਖੇਲ ਨਿਰਾਲੀ, ਨਿਰਾਕਾਰ ਨੂਰ

ਜੋਤ ਰੁਸ਼ਨਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਹਾਲੀ, ਮਾਜ਼ੀ ਲੇਖਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਸੁਣ ਧਰਤੀ ਮਾਟੀ, ਮੈਂ ਮਟਕਿਆਂ ਵਾਲਿਆਂ ਦਾ ਹਾਲ ਸੁਣਾਈਆ । ਮੇਰੇ ਕੋਲ ਅਗੰਮੀ ਪਾਤੀ, ਪਤ੍ਰਕਾ ਦਿਆਂ ਵਖਾਈਆ । ਜਿਸ ਦੇ ਉਤੇ ਹਜ਼ਰਤ ਮੁਹੰਮਦ ਦਾ ਕੌਲ ਲਿਖਿਆ ਇਤਫ਼ਾਕੀ, ਵਾਅਦਾ ਇਕ ਕਰਾਈਆ । ਜਿਸ ਵੇਲੇ ਦੀਨ ਦੁਨੀ ਵਿਚ ਅੰਤ ਹੋਵੇ ਬੇਇਤਫ਼ਾਕੀ, ਸਾਬਤ ਰਹਿਣ ਕੋਇ ਨਾ ਪਾਈਆ । ਉਸ ਵੇਲੇ ਨਿਰਗੁਣ ਧਾਰ ਆਵੇ ਜਿਸ ਦੀ ਜਗਤ ਵਾਲੀ ਹਯਾਤੀ, ਆਯੂ ਉਮਰ ਵੰਡ ਨਾ ਕੋਇ ਵੰਡਾਈਆ । ਝਗੜਾ ਮੇਟੇ ਕਾਗ਼ਜ਼ਾਤੀ, ਕਲਮਿਆਂ ਆਪਣਿਆਂ ਵਿਚ ਸਮਾਈਆ । ਖੇਲੇ ਖੇਲ ਖ਼ੁਦ ਬਜ਼ਾਤੀ, ਜੋਤੀ ਜਾਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਲੇਖੇ ਵਿਚੋਂ ਕਢਾਈਆ । ਸਦੀ ਚੌਧਵੀਂ ਕਹੇ ਧਰਨੀ ਆਹ ਵੇਖ ਮੇਰਾ ਕੌਲ ਇਕਰਾਰ, ਇਕਰਾਰਨਾਮਾ ਦਿਆਂ ਜਣਾਈਆ । ਜਿਸ ਵੇਲੇ ਹਜ਼ਰਤ ਮੁਹੰਮਦ ਮੱਕੇ ਵਿਚੋਂ ਹੋਇਆ ਬਾਹਰ, ਮਦੀਨਾ ਰਾਹ ਤਕਾਈਆ । ਉਸ ਵੇਲੇ ਨੂਰ ਅਲਾਹੀ ਹੋਇਆ ਜ਼ਾਹਿਰ, ਜ਼ਹੂਰ ਕੀਤੀ ਰੁਸ਼ਨਾਈਆ । ਜਿਸ ਦਾ ਲੇਖਾ ਲਿਖ ਸਕੇ ਨਾ ਕੋਇ ਸ਼ਾਇਰ, ਸ਼ਰਅ ਵਿਚ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਮੇਰੀ ਰਖੀ ਬੁਨਿਆਦ, ਧਰਨੀ ਤੇਰੇ ਉਤੇ ਨਾਂ ਪ੍ਰਗਟਾਈਆ । ਮੈਂ ਰੋ ਕੇ ਕੀਤੀ ਫ਼ਰਿਆਦ, ਦਰੋਹੀ ਤੇਰਾ ਨਾਮ ਖ਼ੁਦਾਈਆ । ਮੈਨੂੰ ਦਰਗਾਹੋਂ ਆਈ ਆਵਾਜ਼, ਹੋਕਾ ਹਕ ਅਲਾਹੀਆ । ਚੌਦਾਂ ਸਦ ਤੇਰਾ ਹੋਵੇ ਆਗ਼ਾਜ਼, ਚੌਦਾਂ ਸੌ ਸਾਲ ਤੇਰੀ ਵਡਿਆਈਆ । ਤੇਰਾ ਮੇਲਾ ਨਾਲ ਰੋਜ਼ਾ ਨਿਮਾਜ਼, ਵੁਜ਼ੂਆਂ ਸੰਗ ਬਣਾਈਆ । ਫੇਰ ਲੇਖਾ ਪੂਰਾ ਕਰਾਂ ਆਵਾਂ ਉਤੋਂ ਆਕਾਸ਼, ਆਪਣਾ ਆਪ ਫੇਰਾ ਪਾਈਆ । ਤੈਨੂੰ ਆਪੇ ਕਰਾਂ ਤਾਲਾਸ਼, ਫੜ ਬਾਹੋਂ ਲਵਾਂ ਉਠਾਈਆ । ਤੇਰੀ ਦਫ਼ਨ ਨਹੀਂ ਹੋਣੀ ਲਾਸ਼, ਮਕਬਰਿਆਂ ਵਿਚ ਨਾ ਕੋਇ ਟਿਕਾਈਆ । ਤੇਰਾ ਲੇਖਾ ਨਹੀਂ ਕੋਇ ਫਾਹਿਸ਼, ਆਲਮਾਂ ਫ਼ਾਜ਼ਲਾਂ ਤੋਂ ਬਾਹਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਇਕ ਬਣਾਈਆ । ਸਦੀ ਚੌਧਵੀਂ ਕਹੇ ਮੈਂ ਮੱਕੇ ਕੀਤੀ ਆਪਣੀ ਅਰਜ਼, ਖ਼ਾਹਿਸ਼ ਦਿਤੀ ਸੁਣਾਈਆ । ਮੈਨੂੰ ਸ਼ਰਅ ਦੀ ਨਹੀਂ ਕੋਈ ਗ਼ਰਜ਼, ਦੀਨ ਦੁਨੀ ਨਾ ਕੋਇ ਚਤੁਰਾਈਆ । ਮੈਂ ਕੋਈ ਔਰਤ ਨਹੀਂ ਮਰਦ, ਤਨ ਵਜੂਦ ਨਾ ਕੋਇ ਰਖਾਈਆ । ਮੈਂ ਕੋਈ ਛੁਰੀ ਨਹੀਂ ਕਰਦ, ਕਤਲਗਾਹ ਰੰਗ ਚੜ੍ਹਾਈਆ । ਮੈਂ ਤੇਰੇ ਹੁਕਮ ਦਾ ਪੂਰਾ ਕਰਾਂ ਫ਼ਰਜ਼, ਫ਼ਾਜ਼ਲ ਤੈਨੂੰ ਸੀਸ ਨਿਵਾਈਆ । ਅੰਤ ਕਿਸ ਬਿਧ ਮੇਰੀ ਵੰਡੇਂ ਦਰਦ, ਮੈਨੂੰ ਦੇ ਸਮਝਾਈਆ । ਮੇਰਾ ਹੋਣ ਨਾ ਦੇਵੀਂ ਹਰਜ, ਦਰ ਤੇਰੇ ਵਾਸਤਾ ਪਾਈਆ । ਧੁਰ ਦਾ ਸ਼ਬਦ ਕਲਮਾ ਅਲਾਹ ਹੁਕਮ ਆਇਆ ਨਾਲ ਗਰਜ, ਜ਼ੋਰ ਨਾਲ ਦ੍ਰਿੜ੍ਹਾਈਆ । ਮੇਰਾ ਨੂਰ ਰੂਪ ਹੋਣਾ ਅਸਚਰਜ, ਅਚਰਜ ਆਪਣੀ ਕਾਰ ਭੁਗਤਾਈਆ । ਅੰਤ ਆਵਾਂ ਦੇਸ ਤੁਹਾਡੇ ਅਰਬ, ਆਪਣਾ ਫੇਰਾ ਪਾਈਆ । ਲੇਖਾ ਜਾਣਾ ਮਸ਼ਰਕ ਤੋਂ ਮਗ਼ਰਬ, ਸ਼ਰਕਨ ਪਰਦਾ ਆਪ ਚੁਕਾਈਆ । ਦੀਨ ਦੁਨੀ ਧਨ ਦੌਲਤ ਵੇਖਾਂ ਦਰਬ, ਮਾਇਆ ਮਮਤਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਆਪ ਵਰਤਾਈਆ । ਸਦੀ ਚੌਧਵੀਂ ਕਹੇ ਮੇਰੀ ਮਨਜ਼ੂਰ ਕੀਤੀ ਦੁਆ, ਮਿਹਰ ਨਜ਼ਰ ਉਠਾਈਆ ।

ਮੇਰਾ ਰੂਪ ਨੂਰੀ ਨੂਰ ਖ਼ੁਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਤੇਰੇ ਅੰਤ ਅਖ਼ੀਰ ਆਪਣਾ ਨੂਰ ਕਰਾਂ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਤੇਰਾ ਲਹਿਣਾ ਦੇਣਾ ਪੂਰਾ ਦੇਵਾਂ ਕਰਾ, ਲੇਖਾ ਪੂਰਬ ਝੋਲੀ ਪਾਈਆ । ਤੇਰੇ ਦਵਾਰੇ ਚਰਨ ਦੇਵਾਂ ਛੁਹਾ, ਕਦਮ ਮੁਬਾਰਕ ਇਕ ਟਿਕਾਈਆ । ਜਿਸ ਮੱਕੇ ਵਿਚ ਤੈਨੂੰ ਜਨਮ ਦਿਤਾ ਦਵਾ, ਦੁਆ ਏਸੇ ਕਰ ਕੇ ਕਬੂਲ ਕਰਾਂ ਚਾਈਂ ਚਾਈਂਆ । ਅੰਤ ਸੁੱਤੀ ਨੂੰ ਲਵਾਂ ਜਗਾ, ਬਿਨ ਨੇਤਰ ਅੱਖ ਖੁਲਾਈਆ । ਤੂੰ ਭੱਜੀ ਆਉਣਾ ਵਾਹੋ ਦਾਹ, ਆਪਣਾ ਪੰਧ ਮੁਕਾਈਆ । ਤੇਰੀ ਇਕ ਟੰਗੀ ਦੀ ਸੁਣਾਂ ਹਾਹ, ਹੌਕਾ ਵੇਖਾਂ ਚਾਈਂ ਚਾਈਂਆ । ਧੁਰ ਦ ਵਸਤ ਤੇਰੀ ਝੋਲੀ ਦੇਵਾਂ ਪਾ, ਕਲਮਾ ਇਕ ਦਰਗਾਹੀਆ । ਤੇਰਾ ਠੰਡਾ ਹੋਵੇ ਸਾਹ, ਅਗਨੀ ਅੱਗ ਬੁਝਾਈਆ । ਮੱਕੇ ਦਾ ਵਾਇਦਾ ਪੂਰਾ ਦਿਆਂ ਕਰਾਂ, ਮਦੀਨੇ ਦਾ ਲੇਖਾ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਖੇਲ ਆਪਣੀ ਅੱਖਣ, ਪਿਛਲਾ ਲੇਖਾ ਯਾਦ ਕਰਾਈਆ । ਜਿਸ ਵੇਲੇ ਮੁਹੰਮਦ ਉਤੇ ਦਿਤਾ ਕਫ਼ਨ, ਸੂਸਾ ਹਰਾ ਵੰਡ ਵੰਡਾਈਆ । ਕਰਨ ਲੱਗੇ ਦਫ਼ਨ, ਮਿੱਟੀ ਗੋਰ ਵਿਚ ਟਿਕਾਈਆ । ਕਲਮਾ ਲੱਗੇ ਰਟਣ, ਯਾਰ ਮਿਤਰ ਰੋਵਨ ਮਾਰਨ ਧਾਹੀਆ । ਅੰਦਰੇ ਅੰਦਰ ਲੱਗੇ ਪਿੱਟਣ, ਕੂਕ ਕੂਕ ਸੁਣਾਈਆ । ਉਸ ਵੇਲੇ ਚਾਰ ਫਰਿਸਤੇ ਲੇਖਾ ਲੱਗੇ ਸੀ ਲਿਖਣ, ਲਿਖ ਲਿਖ ਬੰਦ ਕਰਾਈਆ । ਸ਼ਰਅ ਦਾ ਰਿਹਾ ਕੋਇ ਨਾ ਮਿਤਣ, ਸ਼ਰੀਅਤ ਦਾ ਸੰਗ ਨਾ ਕੋਇ ਨਿਭਾਈਆ । ਨੂਰ ਅਲਾਹੀ ਵਿਚ ਸਾਰੇ ਦਿਸਣ, ਅਵਤਾਰ ਪੈਗ਼ੰਬਰ ਡੇਰਾ ਲਾਈਆ । ਉਸੇ ਦੇ ਕਾਅਬੇ ਵਿਚ ਲਿਟਣ, ਜਿਸ ਦਾ ਹੁਜਰਾ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੇਰੇ ਸਾਹਿਬ ਮੈਂ ਤੱਕਿਆ ਅੰਤ ਨਜ਼ਾਰਾ, ਬੇਨਜ਼ੀਰ ਦਿਤਾ ਵਖਾਈਆ । ਏਸ ਦੁਨੀ ਦਾ ਅੰਤ ਤੇਰੇ ਵਿਚ ਕਿਨਾਰਾ, ਨਈਆ ਸਭ ਦੀ ਡੋਲੇ ਥਾਉਂ ਥਾਈਂਆ । ਮੁਹੰਮਦ ਨੇ ਅੰਤ ਮੇਰੇ ਕੋਲ ਲਗਾਇਆ ਇਕ ਨਾਅਰਾ, ਬਿਨ ਰਸਨਾ ਜਿਹਵਾ ਸੁਣਾਈਆ । ਸਦੀ ਚੌਧਵੀਂ ਮੇਰਾ ਅਮਾਮ ਪੈਗ਼ੰਬਰਾਂ ਦਾ ਪੈਗ਼ੰਬਰ ਜ਼ਾਹਰਾ, ਰਸੂਲਾਂ ਦਾ ਰਸੂਲ ਨੂਰ ਅਲਾਹੀਆ । ਜਿਸ ਦਾ ਸਮਝੇ ਵਸੀਹ ਕੋਇ ਨਾ ਦਾਇਰਾ, ਹਦੂਦ ਵੰਡ ਨਾ ਕੋਇ ਵੰਡਾਈਆ । ਉਹ ਮਾਲਕ ਖ਼ਾਲਕ ਗੰਭੀਰ ਗਹਿਰਾ, ਬੇਅੰਤ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਖੇਲ ਵਖਾਈਆ । ਸਦੀ ਚੌਧਵੀਂ ਕਿਹਾ ਰਸੂਲੋ ਕੀ ਕਰੇ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਕੀ ਅੰਤ ਉਸ ਦੀ ਨਿਸ਼ਾਨੀ, ਨਿਸ਼ਾਨਾ ਦੇ ਸਮਝਾਈਆ । ਹਜ਼ਰਤ ਮੁਹੰਮਦ ਕਿਹਾ ਉਹ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਤੇਰੀ ਜੂਹ ਨਾ ਸਮਝੇ ਬੇਗਾਨੀ, ਮੇਰਾ ਹਿੱਸਾ ਨਾ ਕੋਇ ਰਖਾਈਆ । ਉਹ ਮਾਲਕ ਦੋ ਜਹਾਨੀ, ਦੋ ਜਹਾਨਾਂ ਹੋਏ ਸਹਾਈਆ । ਤੈਨੂੰ ਦੇ ਕੇ ਕਲਮੇ ਵਾਲਾ ਪੈਗ਼ਾਮੀ, ਆਪਣਾ ਸੰਗ ਵਖਾਈਆ । ਤੂੰ ਪਕੜਨਾ ਉਸ ਦਾ ਦਾਮਨ ਦਾਮੀ, ਦਾਮਨਗੀਰ ਮੇਲ ਮਿਲਾਈਆ । ਵੇਖੀਂ ਕਿਤੇ ਬਣੇ ਨਾ ਉਸ ਦੀ ਨਿਮਕ ਹਰਾਮੀ, ਸਚ ਹੁਕਮ ਚੋਂ ਨਿਕਲਣਾ ਚਾਈਂ ਚਾਈਂਆ । ਅੰਤ ਲੈਣੀ ਨਹੀਂ ਕੋਈ ਬਦਨਾਮੀ, ਬਿਨਾ ਬਦਨ ਤੋਂ ਸੀਸ ਨਿਵਾਈਆ । ਉਸ ਦਾ ਹੁਕਮ ਸੰਦੇਸਾ ਹੋਣਾ ਅਗੰਮ ਪੈਗ਼ਾਮੀ, ਪੈਗ਼ੰਬਰ ਰਸੂਲ ਨੂੰ ਦੇਣਾ ਪਹੁੰਚਾਈਆ । ਵੇਖੀਂ ਕਿਤੇ ਪਸੀਨਾ ਆਵੇ ਨਾ ਤੇਰੀ ਪੇਸ਼ਾਨੀ, ਪ੍ਰੇਸ਼ਾਨੀ ਨਾ ਕੋਇ ਰਖਾਈਆ । ਉਹ ਜਲਵਾਗਰ ਨੂਰ ਨੁਰਾਨੀ, ਨੂਰੀ ਅਲਾਹ

੧੬੪
੨੩

ਇਕ ਵਡਿਆਈਆ । ਮੇਰੀ ਗੱਲ ਕਦੇ ਨਾ ਸਮਝਣੀ ਪੁਰਾਣੀ, ਪੂਰਬ ਲੇਖਾ ਤੇਰੇ ਸੰਗ ਬਣਾਈਆ । ਉਸ ਦਾ ਇਸ਼ਾਰਾ ਮੇਰੇ ਸੂਰੇ ਹਦੀਸਾ ਦੇਣ ਵਿਚ ਕੁਰਾਨੀ, ਆਇਤਾਂ ਗੰਢ ਪਵਾਈਆ । ਜਿਸ ਨੇ ਸਭ ਦੀ ਕੱਟਣੀ ਗ਼ੁਲਾਮੀ, ਗ਼ੁਲਾਮ ਨਜ਼ਰ ਕੋਇ ਨਾ ਆਈਆ । ਇਕੋ ਮਾਰਗ ਦੱਸਣਾ ਅਨਾਮੀ, ਸ਼ਰਅ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਨੂਰ ਕਰੇ ਰੁਸ਼ਨਾਈਆ । ਸਦੀ ਚੌਧਵੀਂ ਕਹੇ ਬਿਸਮਿਲਾ ਅੱਲਾ ਰਹੀਮ, ਰਹਿਮਤ ਕਰੇ ਬੇਪ੍ਰਵਾਹੀਆ । ਮੈਂ ਉਸ ਦਾ ਹੁਕਮ ਕਰਾਂ ਤਸਲੀਮ, ਨਿਵ ਨਿਵ ਸੀਸ ਝੁਕਾਈਆ । ਜਿਸ ਦੀ ਆਅਲਾ ਅਦਨਾ ਇਕ ਤਾਲੀਮ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਉਹ ਕੁਦਰਤ ਦਾ ਮਾਲਕ ਕਦੀਮ, ਕਰਨੀ ਦਾ ਕਰਤਾ ਇਕ ਅਖਵਾਈਆ । ਜਿਸ ਨੇ ਲੇਖੇ ਲਾਉਣੀ ਸਭ ਦੀ ਗੋਈਪੇਸ਼ੀਨ, ਪੇਸ਼ੀਨਗੋਈਆਂ ਵੇਖ ਵਖਾਈਆ । ਮੈਂ ਉਸ ਨੂੰ ਕਹਾਂ ਆਮੀਨ, ਸਜਦੇ ਵਿਚ ਸੀਸ ਝੁਕਾਈਆ । ਜਿਹੜੀ ਮੈਨੂੰ ਦਏ ਤਾਲੀਮ, ਮੈਂ ਤੁਲਬਾ ਹੋ ਕੇ ਸਿਖਾਂ ਚਾਈਂ ਚਾਈਂਆ । ਮੇਰੇ ਅੰਤ ਉਸ ਸ਼ਰਅ ਦੀ ਮੇਟਣੀ ਤਕਸੀਮ, ਹਦੂਦਾਂ ਦਾ ਡੇਰਾ ਢਾਹੀਆ । ਉਸ ਦਾ ਖੇਲ ਹੋਣਾ ਗ਼ਨੀਮ, ਗ਼ਨੀਮਤ ਵਿਚ ਵੇਖਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਨੂੰ ਜੋ ਦੇਵੇ ਸੰਦੇਸ਼, ਖ਼ੁਸ਼ੀ ਨਾਲ ਆਪਣੀ ਝੋਲੀ ਪਾਈਆ । ਮੱਕੇ ਮਦੀਨੇ ਕਰਾਂ ਪੇਸ਼, ਪੇਸ਼ਤਰ ਉਸ ਨੂੰ ਸੀਸ ਨਿਵਾਈਆ । ਜਿਸ ਦਾ ਲੇਖਾ ਅਗੇ ਨਹੀਂ ਲਿਖਿਆ ਲੇਖ, ਲਿਖਤ ਪਿਛਲੀ ਦਏ ਗਵਾਹੀਆ । ਉਹ ਮਾਲਕ ਇਕ ਨਰੇਸ਼, ਨਰ ਨਰਾਇਣ ਨੂਰ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ ।



## ✪ ਮੱਕਾ ਮੁਸ਼ਰਫ਼ ਨੂੰ ਭੇਜਣ ਲਈ ✪

ਮੁਸ਼ਰਫ਼ੇ ਬਿਸਮਿਲ ਕਿਬਲੇ ਨੂਹਿਜ਼ ਵਜ਼ ਉ ਜ਼ਮ ਜ਼ੀ ਕੂਨਿਧ ਨਕੁਸ਼ ਸ਼ੈ ਜ਼ੂ ਵਜ਼ੀ ਅਜ਼ ਮਵਜ਼ੇ ਮਲੀਅਤੇ ਦਨਜ਼ੀ ਅਲਕਵਿਜ਼ ਗੋਸ਼ੇ ਸ਼ਮਾ ਨਚਿਸ਼ ਚਕਸ਼ੇ ਵਜ਼ੂ ਅਲ ਬੇ ਜ਼ੀ ਨਾਵੀਜ਼ਾ ਉਲਬਾ ਮੌਤੀ ਲਿਜ਼ੇ ਜ਼ਵਲੇ ਖ਼ੁਦਾ ਅਲਾਹ ਬੇਪ੍ਰਵਾਹ ਨੂਰੇ ਰੁਸ਼ਨਾ ਅਮਾਮੇ ਵਿਸਮਾ ਵਜੂਦੇ ਰਹਿਨੁਮਾ ਪੂਰਨੇ ਫੁਰਮਾ ਸ਼ਰਕਨੇ ਗਰਬਣੇ ਕੁਨਿੰਦੇ ਦੁਆ ਦਵਸ ਨਾਖ਼ਸਤੋ ਬੇਜ਼ਬਤ ਜ਼ਵੀ ਹਜ਼ਹੀਹ ਹਜ਼ਰਤੇ ਹਜ਼ੂ ਮਹਿਵੇ ਚਸ਼ਮੇ ਨਵਫਸ਼ ਪਰਵਰਦਿਗਾਰ ਬੇਅਜ਼ਾ ਜ਼ਵਾ ਹੀਆ ।

ਅਜ਼ ਮਕਤਬੇ ਮਦੀਨਾ ਮਤਲੂ ਤਲ ਮੀਆ ਆਜ਼ੂ ਅਜ਼ ਨਕੋਸ਼ੇ ਗਵੀਜ਼ੀ ਜ਼ੋਕੂਅ ਜ਼ਾਇਬੀ ਵਿਨਹੂਜੇ ਸ਼ਰਬੀਬੇ ਸ਼ਜੁਗ ਉਲੂ ਸਵੂਲੋ ਨੂਜੋ ਬਲੂਲ ਜਮਸੇ ਯਖਲਮ ਕਜ਼ਨੂਅ ਮਸੂਤੋ ਅਜ਼ਾ ਜਾਲੂਉ ਕੂਜ਼ਾ ਜਸੂ ਰਸੂਲੱਲਾਹ ਮੁਸਤੁਗੋ ਗੋਨਿਜ਼ੀ ਸ਼ੁਜੇ ਖ਼ੁਦੋ ਦਵਾਏ ਮਜ਼ੀਹ ਜ਼ਫ਼ਨੋ ਰਵੂਲਿਲ ਤਲਜ਼ੀਹ ਵਖਲਮ ਬਲਜ਼ਹੂ ਜ਼ਨਮਾ ਚਖਤੇ ਜ਼ਾਇਲਮਾ ਅਲਵਾ ਅਲਵਾ ਅਜ਼ਵਾ ਮਸਤੂ ਦਸਤੀ ਤੀਸੇ ਜ਼ਵਦ ਨੂਰੇ ਨਵਦ ਅਦਾਏ ਅਦਾ ਅਲਾਹ ਅਲਾਹ ਅਲਾਹ ਅਲਾਹ ਵਲ ਜ਼ਹੀਲੀਆ ।

ਧਰਨੀ ਕਹੇ ਮੈਂ ਮਿੱਟੀ ਖ਼ਾਕ ਜਗ, ਜੁਗ ਜੁਗ ਖੇਲ ਵੇਖੇ ਚਾਈਂ ਚਾਈਂਆ । ਜੋ ਅਵਤਾਰ ਪੈਗ਼ੰਬਰ ਗੁਰ ਆਇਆ ਮੇਰੇ ਉਤੇ ਮਜ਼੍ਹਬ ਦੀ ਲਾ ਕੇ ਗਿਆ ਅੱਗ, ਮਾਨਸਾਂ ਅੰਦਰ ਮਾਨਸਾਂ ਵਾਲੀ ਸ਼ਰਅ ਬਦਲਾਈਆ । ਮੇਰੇ ਉਤੇ ਅਜੇ ਤਕ ਇਕ ਦਾ ਹੋਇਆ ਨਹੀਂ ਹੱਜ, ਇਕ ਨੂੰ ਇਕ ਮੰਨ ਕੇ ਵਾਹਿਦ ਨੂੰ ਸੀਸ ਨਾ ਕੋਇ ਝੁਕਾਈਆ । ਮੈਂ ਦਿਵਸ ਰੈਣ ਰਹੀ ਭੱਜ, ਭੱਜਾਂ ਚਾਈਂ ਚਾਈਂਆ । ਮੈਨੂੰ ਖ਼ੁਸ਼ੀ ਹੋਈ ਅੱਜ, ਗਿਆਰਾਂ ਭਾਦਰੋਂ ਮੇਰਾ ਰੰਗ ਰੰਗਾਈਆ । ਜਨ ਭਗਤਾਂ ਦੀ ਖ਼ੁਸ਼ੀ ਵਾਲੀ ਸਭਾ ਗਈ ਸਜ, ਵੈਰੀ ਸਜਣ ਰਹਿਣ ਕੋਇ ਨਾ ਪਾਈਆ । ਇਕ ਦੂਜੇ ਨੂੰ ਸਾਰਿਆਂ ਪਿਆਰ ਵਿਚ ਲੈਣਾ ਸੱਦ, ਬਗ਼ਦਾਦ ਦੀ ਧਰਤੀ ਕਹੇ ਮੇਰੀ ਆਸਾ ਪੂਰ ਕਰਾਈਆ । ਇਹ ਪਹਿਲਾ ਲੇਖ ਕੋਈ ਲਾਇਆ ਨਹੀਂ ਅੱਜ ਪੱਜ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੇ ਤੁਸੀਂ ਭਾਰਤ ਵਿਚੋਂ ਏਥੇ ਆਏ ਭੱਜ, ਜਿਥੇ ਨਾਨਕ ਤਪਾ ਤਪ ਕਰ ਕੇ ਆਸਾ ਗਿਆ ਰਖਾਈਆ । ਤੁਸੀਂ ਮਿਲ ਕੇ ਰਹਿਣਾ ਸਭ, ਮੈਂ ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਜਨ ਭਗਤੋ ਮੇਰੇ ਉਤੇ ਰਹੇ ਨਾ ਕੋਇ ਪ੍ਰੇਸ਼ਾਨੀ, ਖ਼ੁਸ਼ੀ ਸਭ ਦੇ ਅੰਦਰ ਨਜ਼ਰੀ ਆਈਆ । ਤੁਹਾਡੀ ਸੱਤਾਂ ਗੁਰਮੁਖਾਂ ਦੀ ਸਤਿਜੁਗ ਏਸ ਤੋਂ ਅਗਲੇ ਤੱਕ ਰਹਿਣੀ ਸਦਾ ਨਿਸ਼ਾਨੀ, ਚਾਰ ਜੁਗ ਤੁਹਾਡਾ ਜਸ ਗਾਈਆ । ਜਿਨ੍ਹਾਂ ਲੇਖਾ ਲਿਖਿਆ ਨਾਲ ਕਲਮ ਕਾਨੀ, ਦਰਸ਼ਨ ਸਿੰਘ ਤਰਿਪਤ ਕੌਰ ਜੁਗਿੰਦਰ ਕੌਰ ਗੋਲੀ ਸੰਗ ਬਣਾਈਆ । ਕਪੂਰ ਸਿੰਘ ਗਲ ਲਾਲ ਪਹਿਨ ਕੇ ਰੰਗ ਲੁਹਾਨੀ, ਦੁਰਗਾ ਨੂੰ ਠੰਡ ਦਿਤੀ ਵਰਤਾਈਆ । ਨਾਜਰ ਸਿੰਘ ਗੋਬਿੰਦ ਦੀ ਦੜਪ ਵਾਲੀ ਲੇਖੇ ਲਾਈ ਕਲਾਮ ਜ਼ਬਾਨੀ, ਜੋ ਖ਼ੁਸ਼ੀ ਨਾਲ ਸੁਣਾਈਆ । ਅਮਰਜੀਤ ਸਿੰਘ ਦੇ ਨੌ ਕਾਰਡ ਨੌਵਾਂ ਦੇਸਾਂ ਦੀ ਖੇਲ ਤੱਕਣ ਮਹਾਨੀ, ਮਹਾਬਲੀ ਹੋ ਕੇ ਭੱਜਣ ਵਾਹੋ ਦਾਹੀਆ । ਨੌ ਖੰਡ ਪ੍ਰਿਥਮੀ ਏਸੇ ਦਾ ਮੰਗਦੀ ਰਹੀ ਦਾਨੀ, ਦਾਤਾ ਦਾਨੀ ਹੋ ਕੇ ਦਏ ਵਰਤਾਈਆ । ਦਵਿੰਦਰ ਕੌਰ ਪਾਰਬ੍ਰਹਮ ਪਤਿਪਰਮੇਸ਼ਵਰ ਅੱਠਾਂ ਤਤਾਂ ਖੇਲ ਜਹਾਨੀ, ਜਗਤ ਜਗਤ ਵਿਚ ਬਣਾਈਆ । ਸਦੀ ਚੌਧਵੀਂ ਕਹੇ ਮੈਂ ਇਕ ਟੰਗ ਖਲੋਤੀ ਅਜੇ ਤੱਕ ਨਹੀਂ ਪੀਤਾ ਪਾਣੀ, ਮੇਰੀ ਪਿਆਸ ਪਿਆਸ ਨੂੰ ਰਹੀ ਬਦਲਾਈਆ । ਨੀ ਕਮਲੀਏ ਜਿਸ ਵੇਲੇ ਮਿਲ ਜਾਏ ਮਾਲਕ ਸ਼ਾਹ ਸੁਲਤਾਨੀ, ਫੇਰ ਦੁਨੀਆ ਫ਼ਾਨੀ ਕੰਮ ਕਿਸੇ ਨਾ ਆਈਆ । ਧਰਨੀ ਕਹੇ ਜਨ ਭਗਤੋ ਤੁਹਾਡੇ ਵਾਸਤੇ ਇਹ ਦੇਸ਼ ਇਸਲਾਮੀ, ਕਲਮਾ ਮੁਹੰਮਦ ਵਾਲਾ ਗਾਈਆ । ਮੇਰੇ ਪਰਵਰਦਿਗਾਰ ਵਾਸਤੇ ਇਹ ਸ਼ਰਅ ਦੀ ਇਕ ਨਿੱਕੀ ਜਿਹੀ ਹੁਕਮਰਾਨੀ, ਜੋ ਹੁਕਮ ਨਾਲ ਚਲਾਈਆ । ਅੰਤ ਉਸ ਨੂੰ ਵੇਖਣ ਆਇਆ ਜਿਸ ਦੇ ਪਿਛੇ ਸਾਰਿਆਂ ਦਿਤੀ ਕੁਰਬਾਨੀ, ਕਰਬਲਾ ਬੈਠਾ ਅੱਖ ਉਠਾਈਆ । ਇਹ ਲੇਖਾ ਲਿਖਤ ਦਾ ਕਲਮੇ ਦਾ ਨਾਮ ਦਾ ਕੋਈ ਗੱਲਬਾਤ ਨਹੀਂ ਜ਼ਬਾਨੀ, ਜ਼ਬਾਨਾਂ ਵਾਲਿਓ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮੰਜ਼ਲ ਕਰੇ ਆਸਾਨੀ, ਸਿਰ ਅਹਿਸਾਨ ਨਾ ਕਿਸੇ ਚੜ੍ਹਾਈਆ ।

## ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗ਼ਦਾਦ ਸ਼ਹਿਰ ਦੇ ਦਜਲਾ ਦਰਿਆ ਦੇ ਕੰਢੇ ਤੇ ✪

ਦਜਲਾ ਕਹੇ ਮੈਂ ਪਾਣੀ ਧਾਰ ਵਹਿੰਦਾ, ਵਹਿਣ ਧੁਰ ਦਾ ਦਿਆਂ ਜਣਾਈਆ । ਜਿਸ ਵੇਲੇ ਗੁਰ ਨਾਨਕ ਚੜ੍ਹਿਦਿਉਂ ਆਇਆ ਲਹਿੰਦਾ, ਕਦਮ ਕਦਮ ਨਾਲ ਉਠਾਈਆ । ਨੌਂ ਦਿਨ ਮੇਰੇ ਕੰਢੇ ਮਰਦਾਨੇ ਨਾਲ ਸੀ ਆ ਕੇ ਬਹਿੰਦਾ, ਰਬਾਬ ਅਹਿਬਾਬ ਵਾਲੀ ਵਜਾਈਆ । ਅੰਤਰ ਅੰਤਰ ਪੁਰਖ ਅਕਾਲ ਦੀ ਚਰਨੀ ਢਹਿੰਦਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਕਦੇ ਉਠਦਾ ਕਦੇ ਲੰਮਾ ਪੈਂਦਾ, ਪੈਂਦ ਸਰਹਾਣਾ ਵੰਡ ਨਾ ਕੋਇ ਵੰਡਾਈਆ । ਕਦੇ ਖੇਲ ਤੱਕੇ ਮੇਰੀ ਨੈਂ ਦਾ, ਜੋ ਭੱਜੇ ਵਾਹੋ ਦਾਹੀਆ । ਕਦੇ ਹੰਕਾਰ ਤੱਕੇ ਤੁਰਕਾਂ ਵਾਲੀ ਮੈਂ ਦਾ, ਮਨਸਾ ਜਗਤ ਵਾਲੀ ਗਵਾਈਆ । ਕਦੇ ਅਸਮਾਨਾਂ ਦੇ ਉਤੇ ਤੱਕੇ ਕੀ ਖੇਲ ਹੋਣਾ ਖੈ ਦਾ, ਖ਼ੈਰਖ਼ਾਹ ਨਜ਼ਰ ਕੋਇ ਨਾ ਆਈਆ । ਫੇਰ ਚਾਰੋਂ ਕੁੰਟ ਨਜ਼ਾਰਾ ਤੱਕੇ ਹਰ ਸ਼ੈ ਦਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਫੇਰ ਮੇਰਾ ਰਾਹ ਤੱਕੇ ਗੈਹ ਦਾ, ਜੋ ਰਸਤਾ ਲਏ ਬਦਲਾਈਆ । ਫੇਰ ਹਕ ਤੱਕੇ ਇਸ ਧਰਤੀ ਉਤੇ ਕਿਸ ਬੈਅ ਦਾ, ਮਾਲਕ ਕਵਣ ਅਖਵਾਈਆ । ਜਾਂ ਪਰਦਾ ਚੁਕਿਆ ਨਜ਼ਾਰਾ ਤੱਕਿਆ ਇਕ ਨਿਰਭੈ ਦਾ, ਜੋ ਨਿਰਭਉ ਆਪਣਾ ਹੁਕਮ ਵਰਤਾਈਆ । ਜਿਸ ਲੇਖਾ ਪੂਰਾ ਕਰਨਾ ਮੇਰੇ ਚਰਨ ਕਵਲ ਗ੍ਰਹਿ ਦਾ, ਗ੍ਰਹਿ ਆਵੇ ਚਾਈਂ ਚਾਈਂਆ । ਝਗੜਾ ਮਿਟਾਉਣਾ ਦਵੈਤ ਦਵੇ ਦਾ, ਦੂਤੀਆ ਭਉ ਮੁਕਾਈਆ । ਦਜਲਾ ਕਹੇ ਨਾਨਕ ਕਿਹਾ ਨਿਸ਼ਾਨ ਰਹੇ ਨਾ ਕਿਸੇ ਹਿੰਦੂ ਮੁਸਲਿਮ ਮਜ਼੍ਹਬ ਦੀ ਜੈ ਦਾ, ਜੈ ਜੈ ਇਕੋ ਪੁਰਖ ਅਕਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦਜਲਾ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਘੁੰਮਦਾ, ਘੁੰਮਣਘੇਰੀਆਂ ਨੱਚਣ ਟੱਪਣ ਕੁੱਦਣ ਚਾਈਂ ਚਾਈਂਆ । ਮੈਂ ਨਿਰਗੁਣ ਸਰਗੁਣ ਨਾਨਕ ਦੇ ਚਰਨ ਚੁੰਮਦਾ, ਚਰਨੋਦਕ ਆਪਣੇ ਵਿਚ ਟਿਕਾਈਆ । ਝਟ ਉਸ ਮੈਨੂੰ ਇਸ਼ਾਰਾ ਕੀਤਾ ਮਾਲਕ ਕੁੰਨ ਦਾ, ਜੋ ਕੁਨਬੇ ਅਵਤਾਰ ਪੈਗ਼ੰਬਰ ਗੁਰੂਆਂ ਵੇਖ ਵਖਾਈਆ । ਉਸ ਦਾ ਖੇਲ ਹੋਣਾ ਸੁਲਹਕੁਲ ਦਾ, ਦਵੈਤ ਵਿਚ ਦਵੈਸ਼ ਨਾ ਕੋਇ ਪ੍ਰਗਟਾਈਆ । ਉਹਦਾ ਰੂਪ ਹੋਣਾ ਅਨਮੁਲ ਦਾ, ਕੀਮਤ ਸਕੇ ਨਾ ਕੋਇ ਚੁਕਾਈਆ । ਸਦੀ ਚੌਧਵੀਂ ਅੰਤ ਉਸ ਦਾ ਦਵਾਰਾ ਹੋਣਾ ਖੁਲਦਾ, ਖ਼ਾਲਕ ਖ਼ਲਕ ਆਪਣਾ ਪਰਦਾ ਲਾਹੀਆ । ਉਸ ਵੇਲੇ ਦੀਨ ਮਜ਼੍ਹਬ ਹੋਵੇ ਰੁਲਦਾ, ਸ਼ਰਅ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਦਜਲਾ ਕਹੇ ਨਾਨਕ ਮੇਰੇ ਵੱਲ ਪਿਆਰ ਨਾਲ ਤੱਕਿਆ, ਮੇਰਾ ਤਕਵਾ ਦਿਤਾ ਬੰਨ੍ਹਾਈਆ । ਫੇਰ ਇਸ਼ਾਰਾ ਕੀਤਾ ਮਦੀਨਾ ਮੱਕਿਆ, ਕਾਅਬਿਆਂ ਰੰਗ ਰੰਗਾਈਆ । ਜਿਸ ਵੇਲੇ ਮੇਰਾ ਮਹਿਬੂਬ ਆਵੇ ਹੱਕਿਆ, ਹਕੀਕਤ ਦਾ ਮਾਲਕ ਧੁਰਦਰਗਾਹੀਆ । ਨੌ ਸੌ ਨੜ੍ਹਿਨਵੇਂ ਫ਼ਕੀਰਾਂ ਦੇ ਅੰਦਰ ਹੋਵੇ (ਵਸਿਆ), ਨਵ ਨਵ ਨਵ ਦਾ ਪੰਧ ਮੁਕਾਈਆ । ਉਸ ਵੇਲੇ ਮਰਦਾਨਾ ਭੁੱਖ ਨਾਲ ਸੀ ਥੱਕਿਆ, ਥਕਾਵਟ ਅੰਤੜੀਆਂ ਵਿਚ ਆਈਆ । ਉਹ ਬੋਲਿਆ ਛੇਤੀ ਝਟਿਆ, ਸਹਿਜ ਦਿਤਾ ਸੁਣਾਈਆ । ਹੱਥ ਮਾਰ ਕੇ ਉਤੇ ਪੱਟਿਆ, ਬਹੁੜੀ ਬਹੁੜੀ ਕਰ ਕੁਰਲਾਈਆ । ਨਾਨਕ ਮੇਰਾ ਖ਼ਾਲੀ ਵੇਖ ਮਟਿਆ, ਅੰਦਰ ਵਸਤ ਨਜ਼ਰ ਕੋਇ ਨਾ ਆਈਆ । ਬਹੁੜੀ ਤੇਰੇ ਨਾਲ ਮੈਂ ਇਹ ਕੀ ਖੱਟਿਆ, ਭੁੱਖਾ ਰਹਿ ਕੇ ਝਟ ਲੰਘਾਈਆ । ਝਟ ਗੁਰੂ ਨਾਨਕ ਨੇ ਆਪਣਾ ਚਰਨ ਉਹਦੇ ਵਲ ਸਟਿਆ, ਅੰਗੂਠਾ ਅਗੇ ਦਿਤਾ ਕਰਾਈਆ । ਮਰਦਾਨੇ ਪ੍ਰੇਮ ਨਾਲ ਚੱਟਿਆ, ਚੇਟਕ ਤ੍ਰਿਸ਼ਨਾ ਰਹੀ ਨਾ ਰਾਈਆ । ਫੇਰ ਖ਼ੁਸ਼ੀਆਂ

ਦੇ ਵਿਚ ਟੱਪਿਆ, ਦਜਲਾ ਕਹੇ ਪਾਣੀ ਮੇਰੇ ਵਿਚੋਂ ਪੀ ਕੇ ਹੱਥ ਛਾਤੀ ਉਤੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦਜਲਾ ਕਹੇ ਮੇਰੇ ਉਤੇ ਨਾਨਕ ਢਾਈ ਘੰਟੇ ਲਈ ਲਾਈ ਸਮਾਧੀ, ਸਮਾਂ ਸਮੇਂ ਨਾਲ ਬੰਨਾਈਆ । ਉਸ ਵੇਲੇ ਉਸ ਦਾ ਰੂਪ ਲਬਾਸ ਸੀ ਬਗ਼ਦਾਦੀ, ਬਗ਼ਲੀ ਗਲ ਵਿਚ ਲਟਕਾਈਆ । ਨਾਲ ਮਰਦਾਨਾ ਸੀ ਰਬਾਬੀ, ਜੋ ਤੰਦ ਸਿਤਾਰ ਹਿਲਾਈਆ । ਜਿਹੜਾ ਭੁੱਖ ਦਾ ਬੜਾ ਆਦੀ, ਘੜੀ ਘੜੀ ਪਲ ਪਲ ਖਾਣ ਨੂੰ ਦਿਲ ਲਲਚਾਈਆ । ਉਸ ਨੂੰ ਰੁਸਣ ਦੀ ਬੜੀ ਸੀ ਵਾਦੀ, ਵਾਹਿਦੇ ਝਟ ਪਿਛਲੇ ਜਾਏ ਭੁਲਾਈਆ । ਦਜਲਾ ਕਹੇ ਮਰਦਾਨੇ ਕਿਹਾ ਉਹ ਬਾਬਾ ਨਾਨਕਾ ਤੇਰੇ ਨਾਲੋਂ ਤਾਂ ਚੰਗੀ ਸੀ ਮੇਰੀ ਬੁੱਢੀ ਦਾਦੀ, ਜਿਹੜੀ ਟੁਕ ਦਹੀਂ ਨਾਲ ਖਵਾਈਆ । ਸਦਾ ਘਰ ਚੜ੍ਹੀ ਰਹਿੰਦੀ ਸੀ ਹਾਂਡੀ, ਜਿਸ ਵੇਲੇ ਚਾਹਵਾਂ ਲਵਾਂ ਖਾਈਆ । ਹੁਣ ਮੈਂ ਤੇਰੀ ਬਾਂਦੀ, ਕੀ ਤੇਰੀ ਬੰਦਨਾ ਨਾਲ ਆਪਣਾ ਆਪ ਲਵਾਂ ਪ੍ਰਚਾਈਆ । ਝਟ ਚੜ੍ਹਦਿਉਂ ਆ ਗਈ ਆਂਧੀ, ਹਵਾ ਜ਼ੋਰ ਜ਼ੋਰ ਚਲਾਈਆ । ਮਰਦਾਨਾ ਕਹੇ ਮੈਨੂੰ ਯਾਦ ਆਉਂਦੀ ਮਾਂ ਦੀ, ਜਿਹੜੀ ਗੋਦੀਆਂ ਵਿਚ ਲਾਡ ਲਡਾਈਆ । ਮੈਨੂੰ ਕਸਮ ਸੂਰ ਗਾਂ ਦੀ, ਜੀਅ ਕਰਦਾ ਨਾਨਕਾ ਤੇਰੇ ਨਾਲੋਂ ਪੱਲਾ ਜਾਵਾਂ ਛੁਡਾਈਆ । ਮੈਨੂੰ ਇਕ ਖ਼ਾਹਿਸ਼ ਹਾਂ ਤੇ ਨਾਂਹ ਦੀ, ਜੇ ਸਮਾਧੀ ਨਹੀਂ ਖੋਲਣੀ ਸਿਰ ਦੇ ਹਿਲਾਈਆ । ਏਥੇ ਭੁੱਖ ਪਿਆਸ ਨਾਲੋਂ ਬਹੁਤੀ ਲੋੜ ਛਾਂ ਦੀ, ਅਗਨੀ ਅੱਗ ਰਹੀ ਜਲਾਈਆ । ਫੇਰ ਝਟ ਅੰਦਰੋਂ ਆਵਾਜ਼ ਨਿਕਲੀ ਧਾਹ ਦੀ, ਹੌਕਿਆਂ ਵਿਚ ਜਣਾਈਆ । ਝਟ ਸਤਿਗੁਰ ਨਾਨਕ ਇਸ਼ਾਰਾ ਦਿਤਾ ਮਰਦਾਨਿਆਂ ਉਹ ਖੇਲ ਵੇਖ ਉਸ ਬੇਪਰਵਾਹ ਦੀ, ਜੋ ਬੇਪਰਵਾਹੀ ਵਿਚ ਸਮਾਈਆ । ਮੈਨੂੰ ਖ਼ਾਹਿਸ਼ ਉਸੇ ਦੇ ਨਾਂ ਦੀ, ਜੋ ਨਰ ਨਿਰੰਕਾਰਾ ਨੂਰ ਅਲਾਹੀਆ । ਜਿਸ ਦੀ ਸਿਫ਼ਤ ਚਾਰ ਜੁਗ ਹੋਈ ਵਾਹਵਾ ਦੀ, ਵਾਹਵਾ ਕਹਿ ਕੇ ਸਾਰੇ ਗਏ ਸੁਣਾਈਆ । ਮੁਹੰਮਦ ਉਸ ਦੀ ਖ਼ਬਰ ਉਡਾਈ ਅਫ਼ਵਾਹ ਦੀ ਕਲਮੇ ਵਿਚ ਜਣਾਈਆ । ਏਥੇ ਆਮਦ ਹੋਣੀ ਆਲੀਜ਼ਾਹ ਦੀ, ਅਲਿਲ ਸੁਬਹ ਆਪਣਾ ਖੇਲ ਖਿਲਾਈਆ । ਇਹ ਸ਼ਹਾਦਤ ਭੁਗਤਾਉਣੀ ਦਜਲੇ ਗਵਾਹ ਦੀ, ਦੂਜਾ ਮਾਨਸ ਏਸ ਵੇਲੇ ਦਾ ਰਹਿਣ ਕੋਇ ਨਾ ਪਾਈਆ । ਉਸ ਦੀ ਖੇਲ ਵਰਤਣੀ ਆਪਣੀ ਕਲਾ ਦੀ, ਕਲਧਾਰੀ ਆਪਣੀ ਕਲ ਵਖਾਈਆ । ਲੇਖੇ ਲਾਉਣੀ ਧਾਰ ਜਲਾਂ ਦੀ, ਜਲ ਥਲ ਦੋਵੇਂ ਵੇਖ ਵਖਾਈਆ । ਜਿਸ ਦੀ ਖੇਲ ਘੜੀ ਪਲਾਂ ਦੀ, ਪਲਕਾਂ ਦੇ ਪਿਛੇ ਧੁਰਦਰਗਾਹੀਆ । ਮਰਦਾਨੇ ਕਿਹਾ ਨਾਨਕ ਸਤਿਗੁਰ ਤੂੰ ਸੌਹ ਖਾ ਅਲਾਹ ਦੀ, ਕੀ ਅੱਲਾ ਇਹੋ ਖੇਲ ਵਰਤਾਈਆ । ਝਟ ਸਤਿਗੁਰ ਨਾਨਕ ਕਿਹਾ ਉਹਦੀ ਕਰਨੀ ਨਾਲ ਭਗਤਾਂ ਵਾਲੇ ਦਲਾਂ ਦੀ, ਸੱਤ ਸੱਤ ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਖਿਲਾਈਆ । ਦਜਲਾ ਕਹੇ ਮੈਂ ਸੁਣਿਆ ਅਗੰਮ ਭਵਿਖ, ਸਤਿਗੁਰ ਨਾਨਕ ਦਿਤਾ ਸੁਣਾਈਆ । ਮੈਂ ਆਪਣੀ ਤਹਿ ਵਿਚ ਲਿਆ ਲਿਖ, ਜਿਸ ਦਾ ਹਰਫ਼ ਨਾ ਕੋਇ ਮਿਟਾਈਆ । ਧੰਨਭਾਗ ਮੈਂ ਵੀ ਤੱਕਾਂਗਾ ਉਸ ਸਾਹਿਬ ਦੇ ਸਿਖ, ਜੋ ਸਿਖਿਆ ਵਿਚ ਸਮਾਈਆ । ਉਹ ਮਹਿਬੂਬ ਵੇਖਣਾ ਇਕ, ਜਿਸ ਨੂੰ ਵਾਹਿਦ ਏਕੰਕਾਰ ਕਰ ਕੇ ਸਾਰੇ ਗਾਈਆ । ਮੇਰੀ ਸੁਰਤੀ ਜਾਣੀ ਟਿਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਮੈਂ ਜਨ ਭਗਤਾਂ ਨੂੰ ਬਿਠਾਵਾਂਗਾ ਆਪਣੀ ਹਿਕ, ਹਿਕਮਤ ਆਪਣੀ ਆਪ ਬਣਾਈਆ । ਉਡੀਕ ਕਰਾਂਗਾ ਨਿਤ, ਜੋ ਨਵਿਤ ਆਵੇ ਮੇਰਾ ਮਾਹੀਆ । ਮੈਂ ਤੱਕਾਂ ਪਰਮੇਸ਼ਵਰ ਪਿਤ, ਪਾਰਬ੍ਰਹਮ ਧੁਰਦਰਗਾਹੀਆ । ਜੋ ਮੇਰਾ ਯਾਦ ਰਖੇ


੧੬੮ ੨੩

ਹਿਤ, ਸ਼ਹਾਦਤ ਨਾਨਕ ਨਾਨਕ ਨਾਨਕ ਨਾਲ ਭੁਗਤਾਈਆ । ਨਿਸ਼ਾਨਾ ਹੋਵੇ ਨਾ ਕੋਈ ਪੱਥਰ ਇੱਟ, ਕੰਢਾ ਘਾਟ ਨਾ ਕੋਇ ਰਖਾਈਆ । ਮੇਰੇ ਅੰਤਰ ਉਸੇ ਦੇ ਨਾਮ ਦੀ ਚਿਟ, ਜੋ ਚਿੱਟੇ ਉਤੇ ਕਾਲਾ ਦੇਵੇ ਪਾਈਆ । ਮੈਂ ਸੁਣਾਂ ਬਚਨ ਅਨਮੋਲੇ ਮਿੱਠ, ਮਿੱਠੜਾ ਰਸ ਚਖਾਈਆ । ਜਿਸ ਪਹਿਲੋਂ ਲੇਖੇ ਲਾ ਕੇ ਆਉਣਾ ਥਾਂ ਸਵਾ ਗਿੱਠ, ਗਿੱਠ ਮਾਰੂ ਡੰਡ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਦਜਲਾ ਕਹੇ ਝਟ ਮਰਦਾਨੇ ਨੂੰ ਆਈ ਉਬਾਸੀ, ਮੁਖ ਖੋਲ ਕੇ ਹੱਥ ਮੁਖ ਉਤੇ ਟਿਕਾਈਆ । ਨਾਲੇ ਰੋਵੇ ਨਾਲੇ ਕਰੇ ਹਾਸੀ, ਨਾਲੇ ਭੁੱਖ ਵੱਲ ਤਕਾਈਆ । ਫੇਰ ਗ਼ੁੱਸੇ ਵਿਚ ਕਿਹਾ, ਓਹ ਨਾਨਕਾ, ਬਹੁੜੀ ਤੇਰੀ ਕਦੋਂ ਖ਼ਤਮ ਹੋਵੇਗੀ ਉਦਾਸੀ, ਘਰਦਿਆਂ ਨਾਲੋਂ ਵਿਛੋੜਾ ਥਲਾਂ ਵਿਚ ਪਵਾਈਆ । ਮੈਨੂੰ ਯਾਦ ਆਉਂਦੀ ਮੇਰੀ ਮਾਸੀ, ਜਿਹੜੀ ਚੁਲੀਆਂ ਦੁੱਧ ਪਿਲਾਈਆ । ਮੈਨੂੰ ਮੁਆਫ਼ ਕਰੀਂ ਮੇਰੀ ਗੁਸਤਾਖ਼ੀ, ਮੈਂ ਪੱਲੂ ਜਾਵਾਂ ਛੁਡਾਈਆ । ਆਹ ਲੈ ਰਬਾਬ ਮੈਂ ਨਹੀਂ ਤੇਰਾ ਸਾਥੀ, ਇਕ ਇਕੱਲਾ ਫਿਰਨਾ ਵਾਹੋ ਦਾਹੀਆ । ਝਟ ਸਤਿਗੁਰ ਨਾਨਕ ਮਾਰੀ ਝਾਕੀ, ਮਿਹਰ ਨਜ਼ਰ ਟਿਕਾਈਆ । ਮਰਦਾਨੇ ਮੇਰੀ ਮੰਨ ਲੈ ਆਖੀ, ਸਹਿਜ ਨਾਲ ਸੁਣਾਈਆ । ਸੁਣ ਭਵਿਖਤ ਵਾਕੀ, ਪਰਦਾ ਕੰਨਾਂ ਉਤੋਂ ਚੁਕਾਈਆ । ਉਹ ਨਜ਼ਾਰਾ ਤੱਕ ਜਿਥੇ ਖੇਲ ਕਰਨਾ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣੀ ਕਾਰ ਭੁਗਤਾਈਆ । ਨਿਰਗੁਣ ਨੂਰ ਜੋਤ ਹੋਵੇ ਪ੍ਰਕਾਸ਼ੀ, ਦੋ ਜਹਾਨਾਂ ਚੰਦ ਚਮਕਾਈਆ । ਉਹਦੇ ਨਾਲ ਵੀ ਤੇਰੇ ਵਰਗੇ ਗੁਰਮੁਖ ਹੋਣੇ ਬਹੁਭਾਤੀ, ਜਨ ਭਗਤ ਰੂਪ ਬਦਲਾਈਆ । ਕੋਈ ਦਿਨੇ ਰੁੱਸੇ ਤੇ ਕੋਈ ਰੁੱਸੇ ਰਾਤੀ, ਰੁਤੜੀ ਏਸੇ ਤਰਾ ਮਹਿਕਾਈਆ । ਪਰ ਯਾਦ ਰਖੀਂ ਜਿਸ ਵੇਲੇ ਮੇਰੇ ਪੁੱਜਣ ਉਤੇ ਘਾਟੀ, ਕੰਢੇ ਡੇਰਾ ਲਾਈਆ । ਦਜਲੇ ਦੇ ਨਾਲ ਉਨ੍ਹਾਂ ਦੀ ਬਦਲ ਜਾਵੇ ਹਯਾਤੀ, ਫ਼ਰਾਤ ਨਾਲ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਸਦਾ ਆਦਿ ਜੁਗਾਦੀ, ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਹੁਕਮ ਵਰਤਾਈਆ ।



✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗ਼ਦਾਦ ਸ਼ਹਿਰ ਵਿਚ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹਿਲੋਲ ਨਾਲ ਬੈਠ ਕੇ ਬਚਨ ਕੀਤੇ ਸਨ ਉਸ ਦੇ ਮਕਬਰੇ ਤੇ ਜਾ ਕੇ ਮਹਾਰਾਜ ਜੀ ਨੇ ਕਿਰਪਾ ਕੀਤੀ ✪

ਨਿਰਗੁਣ ਸਰਗੁਣ ਸਤਿਗੁਰ ਨਾਨਕ ਧਾਰ, ਧਰਨੀ ਧਰਤ ਧਵਲ ਧੌਲ ਚਰਨ ਟਿਕਾਈਆ । ਸ਼ਬਦ ਉਦਾਸੀ ਫਿਰਿਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਜਿਸ ਦਾ ਖੇਲ ਤੱਕਣ ਤੇਈ ਅਵਤਾਰ, ਜੋਤ ਜੋਤ ਵਿਚੋਂ ਧਿਆਨ ਲਗਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਰੇ ਵਿਚਾਰ, ਕੀ ਕਲਮਿਆਂ ਤੋਂ ਬਾਹਰ ਕਾਇਨਾਤ ਆਪਣਾ ਰੰਗ ਰੰਗਾਈਆ । ਜੋ ਫਿਰੇ ਬਿਨਾ ਸ਼ਰਅ ਦੀ ਚਾਰ ਦੀਵਾਰ, ਹਦੂਦ ਵੰਡ ਨਾ ਕੋਇ ਵੰਡਾਈਆ । ਹਿੰਦੂ ਮੁਸਲਿਮ ਦੋਹਾਂ ਤੋਂ ਵਸਿਆ ਬਾਹਰ, ਨੂਰ ਨੁਰਾਨਾ ਨੂਰ ਅਲਾਹੀਆ । ਗ਼ਰੀਬ ਨਿਮਾਣਿਆਂ ਬਣ ਕੇ ਖ਼ਿਦਮਤਗਾਰ, ਖ਼ਾਦਮ ਹੋ ਕੇ ਵੇਖ ਵਖਾਈਆ । ਜਿਹੜੀ ਜਗਤ ਮੰਜ਼ਲ ਦੁਸ਼ਵਾਰ, ਦੁਸ਼ਮਣ ਦੂਈ ਨਜ਼ਰ ਕੋਇ ਨਾ ਆਈਆ । ਸੋ ਮੱਕੇ ਕਾਅਬੇ ਕਰ ਕੇ ਖ਼ਬਰਦਾਰ,

ਬੇਖ਼ਬਰਾਂ ਖ਼ਬਰ ਸੁਣਾਈਆ । ਨਾਲ ਮਰਦਾਨੇ ਦੀ ਸਿਤਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਜਿਥੇ ਸਤਿਗੁਰ ਨਾਨਕ ਸੱਚੇ ਪਾਤਸ਼ਾਹ ਪਾਰਬ੍ਰਹਮ ਪੁਰਖ ਅਕਾਲ ਦਾ ਤੱਕਿਆ ਦਰਬਾਰ, ਦਰਗਾਹ ਸਾਚੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮੇਲਾ ਲਏ ਮਿਲਾਈਆ । ਨਾਨਕ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦਾ ਇਮਦਾਦੀ, ਦੂਸਰ ਓਟ ਨਾ ਕੋਇ ਤਕਾਈਆ । ਪੁਰਖ ਅਕਾਲ ਦਾ ਸੁਣ ਸ਼ਬਦ ਨਾਦ ਅਨਾਦੀ, ਧੁਨ ਆਤਮਕ ਵਜਦੀ ਰਹੇ ਵਧਾਈਆ । ਨਿਰਵੈਰ ਨਾਲ ਹੋਇਆ ਅਹਿਲਾਦੀ, ਜਿਸ ਦਾ ਐਨੁਲਹਕ ਸਾਰੇ ਢੋਲੇ ਗਾਈਆ । ਉਹਦਾ ਖੇਲ ਸਦਾ ਇਤਫ਼ਾਕੀ, ਇਤਫ਼ਾਕੀਆ ਆਪਣਾ ਰੰਗ ਰੰਗਾਈਆ । ਦਰਵੇਸ਼ ਹੋ ਕੇ ਨਰੇਸ਼ ਹੋ ਕੇ ਪਹੁੰਚਿਆ ਵਿਚ ਬਗ਼ਦਾਦੀ, ਬਗ਼ਲਗੀਰ ਸਾਰੇ ਲਏ ਬਣਾਈਆ । ਉਸ ਵੇਲੇ ਮਹੀਨਾ ਸੀ ਅਲਜਮਾਦੀ, ਜੁਮਾ ਨਿਉਂ ਨਿਉਂ ਲਾਗੇ ਪਾਈਆ । ਨਿਗਾਹ ਮਾਰੀ ਦਜਲਾ ਫ਼ਰਾਤੀ, ਬਿਨ ਅੱਖਾਂ ਅੱਖ ਉਠਾਈਆ । ਮੁਹੰਮਦ ਦਾ ਲੇਖਾ ਤੱਕਿਆ ਸ਼ਰਅ ਕਾਗ਼ਜ਼ਾਤੀ, ਕੀ ਕਲਮਾ ਦਏ ਗਵਾਹੀਆ । ਕੀ ਹੁਕਮ ਸੰਦੇਸ਼ਾ ਪੈਗ਼ਾਮ ਧੁਰ ਸਫਾਤੀ, ਹਦੀਸਾਂ ਤੋਂ ਬਾਹਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਨਾਨਕ ਸੁਣਿਆ ਸ਼ਬਦ ਅਗੰਮੀ ਢੋਲ, ਢੋਲਾ ਬੇਪਰਵਾਹੀਆ । ਜਿਸ ਦਾ ਅੱਖਰਾਂ ਵਾਲਾ ਨਹੀਂ ਬੋਲ, ਜਗਤ ਵਾਲੀ ਨਾ ਕੋਇ ਪੜ੍ਹਾਈਆ । ਉਹ ਧੁਰ ਦਾ ਹੁਕਮ ਨਿਰੋਲ, ਜੋ ਸਤਿਨਾਮ ਵਿਚ ਸਮਾਈਆ । ਝਟ ਸਚ ਦਾ ਸਚ ਦਵਾਰਾ ਖੋਲ, ਖ਼ਾਲਕ ਖ਼ਲਕ ਦਿਤਾ ਸਮਝਾਈਆ । ਜ਼ਰਾ ਵੇਖੀਂ ਪੁਜਿਆ ਕੋਲ ਬਹਿਲੋਲ, ਜਿਸ ਨੂੰ ਬਾਈਬਲ ਵਿਚ ਈਸਾ ਗਿਆ ਦ੍ਰਿੜਾਈਆ । ਜਗਤ ਧਾਰੀ ਕਿਸੇ ਹਾਸੀ ਕੀਤੀ ਕਿਸੇ ਮਖ਼ੌਲ, ਕੋਈ ਮਸਖ਼ਰੀ ਰਿਹਾ ਉਡਾਈਆ । ਮਰਦਾਨਾ ਗਿਆ ਡੋਲ, ਹੌਲੀ ਜਿਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਨਾਨਕ ਕਿਹਾ ਮਰਦਾਨੇ ਐਵੇਂ ਨਾ ਡਰ, ਡਰਪੋਕ ਰੂਪ ਵਟਾਈਆ । ਆਹ ਵੇਖ ਓਹ ਵੇਖ ਮੇਰੇ ਨਾਲ ਮੇਰਾ ਹਰਿ, ਦੂਜਾ ਰੂਪ ਨਾ ਕੋਇ ਵਟਾਈਆ । ਮੈਂ ਆਇਆ ਉਸ ਉਮਤ ਦੇ ਘਰ, ਜਿਸ ਦੀ ਰਸੂਲ ਸ਼ਹਾਦਤ ਦੇਣ ਗਵਾਹੀਆ । ਜਿਸ ਦਾ ਲੇਖਾ ਸਦੀ ਚੌਧਵੀਂ ਅੰਤਮ ਮੁੱਕਣਾ ਧਰਨੀ ਨਹੀਂ ਰਹਿਣੀ ਜੜ, ਜੜ ਚੇਤਨ ਦੋਵੇਂ ਖੋਜ ਖੁਜਾਈਆ । ਤੂੰ ਢਾਈ ਕਦਮ ਖਜੂਰ ਉਤੇ ਚੜ੍ਹ, ਰਾਜੇ ਬਲ ਦਾ ਲੇਖਾ ਬਾਵਨ ਵਾਲਾ ਪੂਰ ਵਖਾਈਆ । ਜਿਥੇ ਮਾਟੀ ਖ਼ਾਕ ਵਿਚ ਦਫਨ ਹੋਏ ਸੀਸ ਧੜ, ਕਫ਼ਨਾਂ ਵਾਲੇ ਸਾਰੇ ਰਹੇ ਕੁਰਲਾਈਆ । ਸਤਿਗੁਰ ਨਾਨਕ ਮਹਿਬੂਬ ਪਿਆਰੇ ਮੁਹੱਬਤ ਵਿਚ ਕਿਰਪਾ ਕਰ, ਕਿਰਪਾ ਨਿਧਾਨ ਤੇਰੇ ਹੱਥ ਵਡਿਆਈਆ । ਸਾਨੂੰ ਲਾਰਾ ਦਿਤਾ ਸਹਾਰਾ ਦਿਤਾ ਅੰਤ ਬਹਿਸ਼ਤੀ ਜਾਣਾ ਵੜ, ਹੂਰਾਂ ਸੰਗ ਬਣਾਈਆ । ਅਸੀਂ ਮਕਬਰਿਆਂ ਵਿਚ ਰਹੇ ਸੜ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਧੁਰਦਰਗਾਹੀਆ । ਨਾਨਕ ਸਤਿਗੁਰ ਧਰਿਆ ਹੱਥ ਉਤੇ ਛਾਤੀ, ਸ਼ਹਿਨਸ਼ਾਹ ਵੱਲ ਧਿਆਨ ਲਗਾਈਆ । ਤੂੰ ਪਾਰਸ ਕਮਲਾਪਾਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਸਭ ਨੂੰ ਜੀਵਣ ਸਾਚੀ ਜ਼ਿੰਦਗੀ ਦੇ ਹਯਾਤੀ, ਜੀਵਣ ਆਪਣੇ ਨਾਲ ਮਿਲਾਈਆ । ਸ਼ਰਅ ਦੀ ਮੇਟ ਸਰਬ ਗੁਸਤਾਖ਼ੀ, ਤੂੰ ਬਖ਼ਸ਼ਣਹਾਰ ਇਕ ਅਖਵਾਈਆ । ਮੁਰੀਦ ਮੁਰਸ਼ਦ ਸਾਰੇ ਮੰਗਣ ਮੁਆਫ਼ੀ, ਬਹਿਲੋਲ ਦਾ ਮਕਬਰਾ ਆਪਣੀ ਖ਼ਾਹਿਸ਼ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ

ਧਰਨੀ ਅੰਦਰ ਕਰ ਤਲਾਸ਼ੀ, ਸੱਤ ਜ਼ਿਮੀਂ ਅਸਮਾਨ ਚੌਦਾਂ ਤਬਕਾਂ ਫੋਲ ਫੁਲਾਈਆ । ਤੇਰਾ ਖੇਲ ਅੱਲਾ ਮੁਆਸ਼ੀ, ਮੁਸ਼ਕਲ ਸਭ ਦੀ ਹੱਲ ਕਰਾਈਆ । ਮੈਂ ਤੇਰਾ ਸੇਵਕ ਚੇਰੀ ਦਾਸੀ, ਨਾਨਕ ਸਰਗੁਣ ਨਿਰਗੁਣ ਆਇਆ ਚਾਈਂ ਚਾਈਂਆ । ਮੇਰਾ ਲੇਖਾ ਤੇਰੇ ਕੋਲ ਭਵਿਖਤ ਵਾਕੀ, ਸ਼ਬਦ ਸੰਦੇਸ਼ੇ ਵਿਚ ਦ੍ਰਿੜਾਈਆ । ਕਲਜੁਗ ਅੰਤਮ ਲਹਿਣਾ ਦੇਣਾ ਪੂਰਾ ਕਰਨਾ ਬਾਕੀ, ਬਕਾਇਦਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਸਤਿਗੁਰ ਨਾਨਕ ਤੇਰਾ ਸ਼ਬਦ ਸਤਿਗੁਰੂ ਯੋਧਾ ਮਰਦਾਨਾ ਮਰਦ, ਮੱਦਦ ਦੀ ਲੋੜ ਰਹੇ ਨਾ ਰਾਈਆ । ਤੇਰੀ ਬੇਨੰਤੀ ਮਨਜ਼ੂਰ ਦਰਗਾਹ ਸਾਚੀ ਅਰਜ਼, ਆਰਜ਼ੂ ਤੇਰੇ ਨਾਲ ਰਖਾਈਆ । ਸਦੀ ਚੌਧਵੀਂ ਹਜ਼ਰਤ ਮੁਹੰਮਦ ਦੀ ਪੂਰੀ ਹੋਵੇ ਗ਼ਰਜ਼, ਗ਼ਰਜ਼ ਸਭ ਦੀ ਵੇਖ ਵਖਾਈਆ । ਬੇਐਬ ਬੇਪ੍ਰਵਾਹ ਆਪਣਾ ਖੇਲ ਕਰੇ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਝਟ ਮਰਦਾਨੇ ਨੂੰ ਉਠੀ ਦਰਦ, ਦੁਖੀ ਹੋ ਕੇ ਹਾਲ ਸੁਣਾਈਆ । ਇਕ ਮੁਰੀਦ ਨੇ ਨਾਨਕ ਤਪੇ ਦੇ ਅਗੇ ਰਖੀ ਕਰਦ, ਖ਼ੁਸ਼ੀਆਂ ਨਾਲ ਹੱਥ ਫੜਾਈਆ । ਨਾਨਕ ਹੱਸ ਕੇ ਕਿਹਾ ਇਹ ਕਰਦ ਨਹੀਂ ਹਰਿ ਗੋਬਿੰਦ ਦੀ ਬਣੇਗੀ ਖੜਗ, ਖੰਡਾ ਗੋਬਿੰਦ ਸਿੰਘ ਰੂਪ ਵਟਾਈਆ । ਜੋ ਲੇਖਾ ਲਿਖਿਆ ਵਿਚ ਪੁਰਾਣ ਗਰੜ, ਤਿਸ ਦਾ ਲਹਿਣਾ ਪੂਰ ਕਰਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਲੇਖਾ ਜਾਣੇ ਗੋਰ ਮਰੜ, ਮਕਬਰਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਖੇਲ ਵਖਾਈਆ । ਛੁਰੀ ਕਿਹਾ ਸਤਿਗੁਰ ਨਾਨਕ ਮੈਂ ਤੇਰੇ ਆ ਗਈ ਵਿਚ ਪੰਜੇ, ਪੰਜਾਂ ਤੋਂ ਖਹਿੜਾ ਦੇਣਾ ਛੁਡਾਈਆ । ਨਾ ਹਰਖ ਰਹੇ ਨਾ ਸੋਗ ਰਹੇ ਨਾ ਰੰਜੇ, ਰੰਜਸ਼ ਪਿਛਲੀ ਦੇ ਗਵਾਈਆ । ਮੇਰਾ ਸੰਗ ਰਹੇ ਨਾਲ ਕਿਸੇ ਨਾ ਗੰਜੇ, ਸਾਬਤ ਸੂਰਤ ਮੇਰਾ ਮੇਲਾ ਦੇਣਾ ਮਿਲਾਈਆ । ਇਹ ਦੁਨੀਆਦਾਰ ਅਕਲ ਬੁੱਧੀ ਦੇ ਅੰਧੇ, ਤੇਰੀ ਸਾਰ ਕੋਇ ਨਾ ਪਾਈਆ । ਬਾਹਰੋਂ ਦਿਸਣ ਪੰਜਾਂ ਤਤਾਂ ਕਲਬੂਤੀ ਬੰਦੇ, ਬੰਦਗੀ ਵਿਚ ਨਾ ਕੋਇ ਸਮਾਈਆ । ਤੂੰ ਆਇਉਂ ਦਜਲਾ ਦੇ ਕੰਢੇ, ਦਜਲਾ ਦਾ ਜਲ ਤੇਰਾ ਚਰਨ ਛੋਹ ਕੇ ਆਪਣੀ ਖ਼ੁਸ਼ੀ ਬਣਾਈਆ । ਪਰ ਇਕ ਗੱਲ ਦੱਸ ਜਿਸ ਸ਼ਰਅ ਦੀ ਵੰਡਣ ਵੰਡੇ, ਹਿੱਸੇ ਮਜ਼੍ਹਬਾਂ ਵਾਲੇ ਪਾਈਆ । ਉਸ ਦਾ ਸਮਾਂ ਕਿਹੜੀ ਧਾਰ ਲੰਘੇ, ਮੈਨੂੰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਨਾਨਕ ਕਿਹਾ ਉਹ ਮੇਰਾ ਸਾਹਿਬ ਸ੍ਰੀ ਭਗਵਾਨਾ, ਪਰਵਰਦਿਗਾਰ ਬੇਪ੍ਰਵਾਹੀਆ । ਜਿਹੜਾ ਜੁਗ ਚੌਕੜੀ ਬਦਲ ਦਏ ਜ਼ਮਾਨਾ, ਜ਼ਿਮੀਂ ਜ਼ਮਾ ਵੇਖ ਵਖਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼ ਅਸਮਾਨਾ, ਇਸਮ ਆਜ਼ਮ ਇਕ ਅਖਵਾਈਆ । ਉਹ ਕਦੇ ਨਾ ਹੋਏ ਬੇਗਾਨਾ, ਸਾਂਝਾ ਪੀਰ ਗੁਣੀ ਗਹੀਰ ਇਕੋ ਨਜ਼ਰੀ ਆਈਆ । ਸਤਿ ਸਚ ਸਤਿ ਧਰਮ ਉਸ ਦਾ ਨਿਸ਼ਾਨਾ, ਮੇਰਾ ਸਤਿਨਾਮ ਸਤਿ ਦੀ ਦਏ ਗਵਾਹੀਆ । ਝਟ ਸਤਿਗੁਰ ਨਾਨਕ ਕਰਦ ਉਤੇ ਆਪਣੇ ਹੱਥ ਨਾਲ ਸੱਤ ਰੰਗ ਦਾ ਬੱਧਾ ਗਾਨਾ, ਮੌਲਾ ਮੌਲੀ ਗੰਢ ਪਵਾਈਆ । ਉਹ ਵੇਖੇ ਖੇਲ ਵਿਚ ਜਹਾਨਾ, ਨਵ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਲੋਕ ਚੌਦਾਂ ਤਬਕ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਨਿਰਗੁਣ ਨਿਰਵੈਰ ਨਿਰੰਕਾਰ ਵੇਖ ਵਖਾਈਆ । ਜਿਸ ਦੇ ਚਰਨ ਝੁਕਦੇ ਸੀਤਾ ਰਾਮਾ, ਕੋਟਨ ਕ੍ਰਿਸ਼ਨ ਕਾਹਨਾ, ਸੰਗ ਪੈਗ਼ੰਬਰ ਸਜਦਿਆਂ ਵਿਚ ਸੀਸ ਨਿਵਾਈਆ ।


੧੭੧
੨੩

ਉਹ ਮੇਰਾ ਜ਼ਰੂਰ ਸੁਣੇ ਪੈਗ਼ਾਮਾ, ਪੈਗ਼ੰਬਰਾਂ ਦਾ ਪੈਗ਼ੰਬਰ ਅਮਾਮ ਇਕੋ ਨੂਰ ਅਲਾਹੀਆ । ਜਿਸ ਦਾ ਸ਼ਬਦ ਕਲਮਾ ਵੱਜੇ ਇਕ ਦਮਾਮਾ, ਦੋ ਜਹਾਨਾਂ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਨਾਨਕ ਕਿਹਾ ਪਰਵਰਦਿਗਾਰ ਕਰੇ ਮਿਹਰਵਾਨੀ, ਮਕਬਰਿਆਂ ਵਾਲਿਓ ਦਿਆਂ ਜਣਾਈਆ । ਉਹ ਜਲਵਾਗਰ ਨੂਰਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦਾ ਤਤ ਵਜੂਦ ਨਹੀਂ ਜਿਸਮਾਨੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਨਾ ਕੋਇ ਵੰਡਾਈਆ । ਉਹਦਾ ਖੇਲ ਬਾਹਰ ਜ਼ਿਮੀਂ ਅਸਮਾਨੀ, ਅੰਤ ਕਹਿਣ ਕੋਇ ਨਾ ਆਈਆ । ਜਿਸ ਵੇਲੇ ਕੂੜ ਕੁੜਿਆਰ ਅੰਤ ਚੜ੍ਹੀ ਤੁਗ਼ਿਆਨੀ, ਸਦੀ ਚੌਧਵੀਂ ਵਹਿਣ ਵਹਾਈਆ । ਉਹ ਵੇਖਣਹਾਰਾ ਪੈਗ਼ੰਬਰਾਂ ਦੀ ਕੁਰਬਾਨੀ, ਰਸੂਲਾਂ ਹਕ ਕਲਮਾ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗਾਨਾ ਕਹੇ ਮੈਨੂੰ ਕਹਿੰਦੇ ਕੱਚਾ ਤੰਦ, ਕਰਦ ਨਾਲ ਬੰਧਾਈਆ । ਮੇਰਾ ਸਾਹਿਬ ਸਦਾ ਬਖ਼ਸ਼ੰਦ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ । ਜਿਸ ਨਿਸ਼ਾਨ ਬਣਾਇਆ ਤਾਰਾ ਚੰਦ, ਚੰਦ ਸਿਤਾਰ ਤਿਸ ਨੂੰ ਸੀਸ ਨਿਵਾਈਆ । ਉਹਦਾ ਅੰਤ ਖੇਲ ਹੋਣਾ ਪੂਰੀ ਅਨੰਦ, ਅਨੰਦ ਆਪਣਾ ਇਕ ਪ੍ਰਗਟਾਈਆ । ਜਗਤ ਜਹਾਨ ਦੀ ਮੰਜ਼ਲ ਲੰਘ, ਪੁਰਖ ਅਕਾਲ ਦਾ ਹੁਕਮ ਸੁਣਾਈਆ । ਸ਼ਰਅ ਦੀ ਰਹੇ ਕੋਇ ਨਾ ਵੰਡ, ਇਕੋ ਰੂਪ ਖ਼ਲਕ ਖ਼ੁਦਾਈਆ । ਜਿਸ ਦਾ ਖੇਲ ਹੋਣਾ ਵਿਚ ਬ੍ਰਹਿਮੰਡ, ਜ਼ਿਮੀਂ ਅਸਮਾਨਾਂ ਕਾਰ ਭੁਗਤਾਈਆ । ਜਿਸ ਨੂੰ ਝੁਕਣੇ ਕਰੀਰ ਜੰਡ, ਬਨਾਸਪਤੀ ਸੀਸ ਨਿਵਾਈਆ । ਉਹ ਨੌ ਖੰਡ ਪ੍ਰਿਥਮੀ ਮਾਰੇ ਪੰਧ, ਸਤਿਗੁਰ ਸ਼ਬਦ ਰੂਪ ਬਦਲਾਈਆ । ਜਿਸ ਨੇ ਹੁਕਮੀ ਹੁਕਮ ਕਰਾਉਣਾ ਜੰਗ, ਜੰਗਲ ਜੂਹਾਂ ਰੋਵਣ ਮਾਰਨ ਧਾਹੀਆ । ਨੌਵਾਂ ਦੇਸ਼ਾਂ ਪਹਿਲੋਂ ਲੇਖਾ ਕਰੇ ਅਰੰਭ, ਸ਼ਰਅ ਸ਼ੁਰੂ ਵਾਲੀ ਵਖਾਈਆ । ਸਾਡੀ ਸੱਤਾਂ ਦੀ ਇਕੱਠੀ ਕਰ ਕੇ ਗੰਢ, ਨਾਨਕ ਨੇ ਇਕੋ ਤੰਦ ਬੰਧਾਈਆ । ਅੰਤ ਪਾਵੇ ਜ਼ਰੂਰ ਠੰਡ, ਸਾਂਤਕ ਸਤਿ ਸਤਿ ਵਰਤਾਈਆ । ਜਗਤ ਮੇਟੇ ਅੰਧੇਰ ਪਾਖੰਡ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਨਾਨਕ ਲਿਖਿਆ ਭਵਿਖਤ ਲੇਖ, ਜ਼ਿਮੀਂ ਅਸਮਾਨਾਂ ਵਿਚ ਲਿਖਾਈਆ । ਜਿਸ ਨੂੰ ਲੱਭੇ ਨਾ ਕੋਇ ਕਤੇਬ, ਕੁਤਬਖ਼ਾਨਾ ਨਾ ਕੋਇ ਵਡਿਆਈਆ । ਜਿਸ ਵਿਚ ਦੀਨ ਦੁਨੀ ਦਾ ਫ਼ਰੇਬ, ਚਾਰੇ ਫ਼ਰਿਸ਼ਤੇ ਜਬਰਾਈਲ ਮੇਕਾਈਲ ਅਜਰਾਈਲ ਅਸਰਾਫ਼ੀਲ ਸਾਰੇ ਬੰਦ ਕਰਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਅਰਬ ਦੇ ਦੇਸ਼, ਅਰਬ ਖਰਬਾਂ ਤੋਂ ਬਾਹਰ ਆਪਣੀ ਕਾਰ ਭੁਗਤਾਈਆ । ਕਲਜੁਗ ਚਾਰ ਕੁੰਟ ਦਾ ਤੱਕੇ ਕਲੇਸ਼, ਕੈਲਾਸ਼ ਉਤੇ ਸ਼ੰਕਰ ਵੇਖ ਵਖਾਈਆ । ਉਹਦਾ ਦੋ ਜਹਾਨਾਂ ਇਕ ਪ੍ਰਦੇਸ਼, ਪ੍ਰਦੇਸ਼ੀ ਬਣੇ ਧੁਰਦਰਗਾਹੀਆ । ਉਹਦਾ ਸੰਗ ਦਸ ਦਸਮੇਸ਼, ਜੋ ਜਨਮ ਮਰਨ ਵਿਚ ਕਦੇ ਨਾ ਆਈਆ । ਰੰਗ ਕਹਿਣ ਨਾਲ ਕਰਦ ਅਸੀਂ ਨਾਨਕ ਤਪੇ ਦੀ ਦਰਗਾਹ ਵਿਚ ਹੋਈਏ ਪੇਸ਼, ਪੇਸ਼ੀਨਗੋਈ ਪਿਛਲੀ ਨਾਲ ਮਿਲਾਈਆ । ਜਿਸ ਪੁਰਖ ਅਕਾਲ ਦੀਨ ਦਿਆਲ ਦਾ ਹੁਕਮ ਰਹਿਣਾ ਹਮੇਸ਼, ਹਮ ਸਾਜਣ ਇਕੋ ਨਜ਼ਰੀ ਆਈਆ । ਉਸ ਦੇ ਚਰਨ ਕਵਲ ਵਿਸ਼ਿਆਂ ਤੋਂ ਬਾਹਰ ਵਿਸ਼ੇਸ਼, ਉੱਤਮ ਸ੍ਰੇਸ਼ਟ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਚੜ੍ਹਾਈਆ । ਬਹਿਲੋਲ ਦੀ ਕਹੇ ਕਬਰ, ਕਾਅਬਿਆਂ ਰਹੀ ਸੁਣਾਈਆ । ਥੋੜਾ ਸਾਰੇ ਕਰੋ ਸਬਰ, ਬੇਸਬਰੀ ਵਿਚ ਨਾ ਰੋਵੋ ਮਾਰੋ ਧਾਹੀਆ । ਵੇਖੋ ਖੇਲ ਧੁਰ

ਅਮਾਮ ਕਰੇ ਜ਼ਬਰ, ਜ਼ਾਬਰ ਇਕ ਅਖਵਾਈਆ । ਜਿਸ ਨੇ ਸਾਰੀ ਮਾਨਵ ਜ਼ਾਤੀ ਮਨੁੱਖਤਾ ਦਾ ਇਕ ਬਨਾਉਣਾ ਟੱਬਰ, ਇਨਸਾਨ ਇਨਸਾਨਾਂ ਵਿਚ ਮਿਲਾਈਆ । ਉਸ ਦੀ ਇਹ ਪਹਿਲੀ ਖ਼ਬਰ, ਬੇਖ਼ਬਰਾਂ ਦੇਣਾ ਸੁਣਾਈਆ । ਜਿਸ ਨੂੰ ਕਹਿੰਦੇ ਵਸੇ ਉਪਰ ਅੰਬਰ, ਧਰਨੀ ਧਰਤ ਉਹੋ ਭੱਜੇ ਵਾਹੋ ਦਾਹੀਆ । ਉਹ ਗੰਭੀਰ ਗਹਿਰ ਗਵਰ, ਬੇਨਜ਼ੀਰ ਇਕ ਅਖਵਾਈਆ । ਸਦੀ ਚੌਧਵੀਂ ਸਭ ਦੀ ਪੂਰੀ ਕਰੇ ਸਧਰ, ਸਦਮੇ ਵਾਲਾ ਰਹਿਣ ਕੋਇ ਨਾ ਪਾਈਆ । ਉਹ ਇਨਕਲਾਬੀ ਬੇਮੁਹਤਾਜੀ ਸੱਚਾ ਕਰੇ ਅਦਲ, ਇਨਸਾਫ਼ ਆਪਣੇ ਹੱਥ ਰਖਾਈਆ । ਸ਼ਰਅ ਨਾਲ ਸ਼ਰੀਅਤ ਸ਼ਰੀਅਤ ਨਾਲ ਸ਼ਰਅ ਦੇਵੇ ਬਦਲ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪੁਰਖ ਅਕਾਲ ਪਰਵਰਦਿਗਾਰ ਸਾਂਝਾ ਯਾਰ ਆਪਣਾ ਹੁਕਮ ਵਰਤਾਈਆ । ਛੁਰੀ ਕਹੇ ਛੁਰੀ ਸ਼ਰਅ ਵਾਲੀ ਜਗਤ ਜਹਾਨ ਹੋਣੇ ਕਤਲ, ਕਾਤਲ ਮਕਤੂਲ ਸਮਝ ਕੋਇ ਨਾ ਪਾਈਆ । ਨਾਨਕ ਦਾ ਘਰ ਮੁਕੱਦਸ ਬੈਤਲ, ਜਿਥੇ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਵੇਖੇ ਪਤਣ, ਪਾਟਲ ਗੋਬਿੰਦ ਸਤਿਗੁਰ ਸ਼ਬਦ ਵਡ ਵਡਿਆਈਆ ।

ਫੁੱਲ ਕਹਿਣ ਅਸੀਂ ਆਏ ਉਸ ਵਿਚ ਕਬਰਸਤਾਨ, ਜਿਥੇ ਮੁਰਦੇ ਮੁਰੀਦ ਦੋਵੇਂ ਰਾਹ ਤਕਾਈਆ । ਮੁਰਸ਼ਦ ਮੁਰਸ਼ਦ ਦੇਵੇ ਦਾਨ, ਮੁਰਸ਼ਦਾਂ ਆਪਣਾ ਰੰਗ ਰੰਗਾਈਆ । ਨਾਨਕ ਗ੍ਰਿਹ ਪੁਰਖ ਅਕਾਲ ਦਰ ਹੋਵੇ ਪ੍ਰਵਾਨ, ਪਰਮ ਪੁਰਖ ਆਪਣੀ ਗੰਢ ਪਵਾਈਆ । ਧਰਨੀ ਉਤੇ ਧਰਤੀ ਉਤੇ
੧੭੩ ੨੩ ਧਵਲ ਉਤੇ ਸਦਾ ਕਾਇਮ ਰਹੇ ਨਿਸ਼ਾਨ, ਜ਼ਿਮੀਂ ਅਸਮਾਨ ਦੋਵੇਂ ਵੇਖ ਵਖਾਈਆ । ਸਚ ਦੀ ਸ਼ਰਅ ਤੇ ਸਚ ਦਾ ਈਮਾਨ, ਸਚ ਦਾ ਧਰਮ ਸਤਿ ੧੭੩ ੨੩
ਪੁਰਖ ਦਾ ਇਕੋ ਨਜ਼ਰੀ ਆਈਆ । ਜਿਸ ਦਾ ਨਾਮ ਜਿਸ ਦਾ ਕਲਮਾ ਜਿਸ ਦਾ ਸਿਫ਼ਤਾਂ ਵਾਲੀ ਕਲਾਮ, ਕਾਇਨਾਤ ਜਿਸ ਦੇ ਢੋਲੇ ਗਾਈਆ । ਉਸੇ ਦੇ ਮਜ਼ਬ ਤੇ ਉਸੇ ਦਾ ਇਸਲਾਮ, ਉਸੇ ਦੀ ਰਈਅਤ ਉਸੇ ਦੇ ਕਰਨ ਧਿਆਨ, ਇਕ ਬਿਨ ਦੂਜਾ ਵਾਹਿਦ ਅਵਰ ਨਾ ਕੋਇ ਅਖਵਾਈਆ । ਉਹ ਜ਼ਰੂਰ ਕਲਜੁਗ ਮੇਟੇ ਅੰਧੇਰੀ ਸ਼ਾਮ, ਸ਼ਮਾਂ ਨੂਰ ਜੋਤ ਕਰੇ ਰੁਸ਼ਨਾਈਆ । ਜਿਥੇ ਨਾਨਕ ਬਹਿਲੋਲ ਕੋਲ ਕੀਤਾ ਬਿਸਰਾਮ, ਬਿਸਤਰਾ ਮਾਟੀ ਖ਼ਾਕ ਉਤੇ ਵਿਛਾਈਆ । ਉਹ ਹਰਫ਼ ਹਰੂਫ਼ ਉਹ ਜਿਸ ਦਾ ਅਜੇ ਤੱਕ ਮਿਲਿਆ ਨਹੀਂ ਕੋਈ ਤਰਜਮਾਨ, ਤਰਜਮਾ ਕਰ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਨਕ (ਫ਼ਰਮਾਨ) ਮੁਤਲਾਏ ਵਲਜ਼ਵਿਲ ਕਲਮਾ ਜ਼ੂ ਜੁਏ ਵਜ਼ਾਹ ਤਾਮੋਜ਼ੂ ਅਜ਼ੂ ਨੂਰੇ ਨਵਾ ਗਮਲਸੇ ਚਸ਼ਮੇਨਨੋ ਤਲਿਵਾਜ਼ਵੀ ਜੋਜ਼ਮੇ ਨਾਨਕੇ ਤਵਲ ਰਬਾਬੇ ਮਰਦੰਗ ਸ਼ਬੂ ਜਆਸ਼ਤੇ ਨਫ਼ੀ ਜ਼ਵਾਹ ।

✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਈਰਾਕ ਦੇ ਬਗ਼ਦਾਦ ਸ਼ਹਿਰ ਤੋਂ ਬਾਹਰ
ਪਿੰਡ ਮੁਸਾਹਿਬ ਫ਼ਰਾਤ ਦੇ ਕੰਢੇ ਖ਼ੂਨ ਕਢਣ ਸਮੇਂ ✪

ਫ਼ਰਾਤ ਕਹੇ ਮੇਰੀ ਲੱਗੀ ਰਹੀ ਸੁਰਤੀ, ਬਿਨਾ ਸੋਚ ਤੋਂ ਸੋਚ ਵਿਚ ਸਮਾਈਆ । ਜਿਸ ਵੇਲੇ ਮੈਂ ਆਵਾਜ਼ ਸੁਣੀ ਸ਼ਬਦ ਧਾਰ ਗੋਬਿੰਦ ਗੁਰ

ਦੀ, ਮੇਰੇ ਅੰਦਰ ਆਈ ਚਾਈਂ ਚਾਈਂਆ । ਉਹ ਖੇਲ ਛਡਣ ਵਾਲੀ ਅਨੰਦ ਪੁਰ ਦੀ, ਪੁਰੀ ਅਨੰਦ ਦਏ ਗਵਾਹੀਆ । ਜਿਸ ਇਸ਼ਾਰਾ ਕੀਤਾ ਨਾਲ ਫੁਰਤੀ, ਫੁਰਨਿਆਂ ਤੋਂ ਬਾਹਰ ਸੁਣਾਈਆ । ਮੇਰਾ ਮਾਲਕ ਲੇਖਾ ਜਾਣੇ ਅਰਬੀ ਇਰਾਨਾ ਤੁਰਕੀ, ਦੋ ਜਹਾਨਾਂ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਜਿਸ ਵੇਲੇ ਹੋਣ ਲੱਗੀ ਮੁਰਦੀ, ਮੁਰੀਦ ਮੁਰਸ਼ਦ ਸਾਰੇ ਰਾਹ ਤਕਾਈਆ । ਜਿਹੜੀ ਗੁਰਮੁਖ ਧਾਰ ਮੇਰੀ ਸਰਸੇ ਵਿਚ ਰੁੜ੍ਹਦੀ, ਇਹ ਚਾਰ ਯਾਰੀ ਦਾ ਲੇਖਾ ਦਏ ਚੁਕਾਈਆ । ਮੇਰੇ ਮਹਿਬੂਬ ਸ਼ਰਅ ਮੁਕਾਉਣੀ ਸ਼ਰੀਣੀ ਸ਼ੱਕਰ ਗੁੜ ਦੀ, ਚਾਵਲ ਚਾ ਨਾਲ ਵਰਤਾਈਆ । ਮੈਨੂੰ ਭਰੋਸਾ ਗੱਲ ਅਜੇ ਨਹੀਂ ਭੁਲਦੀ, ਫ਼ਰਾਤ ਕਹੇ ਮੈਂ ਸਚ ਦਿਆਂ ਸੁਣਾਈਆ । ਹੁਣ ਖੇਲ ਵੇਖਣੀ ਮਾਲਕ ਕੁੱਲ ਦੀ, ਜਿਸ ਨੂੰ ਸਜਦੇ ਪੈਗ਼ੰਬਰ ਕਰਨ ਥਾਉਂ ਥਾਈਂਆ । ਜਿਸ ਆਸਾ ਪੂਰੀ ਕਰਨੀ ਐਲੀ ਵਾਲੇ ਦੁਲਦੁਲ ਦੀ, ਢਾਲ ਆਪਣਾ ਰੰਗ ਰੰਗਾਈਆ । ਏਥੇ ਵਡਿਆਈ ਨਹੀਂ ਕਿਸੇ ਸਿਫ਼ਤ ਬੁੱਲ ਦੀ, ਬੁੱਲੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫ਼ਰਾਤ ਕਹੇ ਮੈਂ ਵੇਖਿਆ ਉਹ ਅਗੰਮੀ ਦਰਸਾ, ਜਿਸ ਦੀ ਦੀਦ ਨੂਰ ਅਲਾਹੀਆ । ਮੇਰੇ ਵੱਲ ਗੋਬਿੰਦ ਇਸ਼ਾਰਾ ਕੀਤਾ ਸੀ ਉਤੇ ਸਰਸਾ, ਵਹਿੰਦੇ ਵਹਿਣ ਵੇਖ ਵਖਾਈਆ । ਹੁਕਮ ਦਿਤਾ ਜਿਸ ਵੇਲੇ ਸਦੀ ਚੌਧਵੀਂ ਤੇਰਾ ਇਕ ਤਿੰਨ ਨੌਂ ਦਾ ਆਵੇ ਬਰਸਾ, ਬਰਸੀ ਪਰਵਰਦਿਗਾਰ ਆਪ ਮਨਾਈਆ । ਉਹ ਧਰਨੀ ਉਤੇ ਆਵੇ ਉਤੋਂ ਅਰਸ਼ਾ, ਫ਼ਰਸ਼ ਖ਼ਾਕੀ ਸੋਭਾ ਪਾਈਆ । ਜਿਸ ਵੇਲੇ ਦੀਨ ਮਜ਼੍ਹਬ ਹੋਇਆ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਜਗਤ ਜਗਿਆਸੂ ਹੋਏ ਮਰਦਾ, ਪਾਰ ਕਿਨਾਰ ਨਾ ਕੋਇ ਲੰਘਾਈਆ । ਉਹ ਲੇਖਾ ਜਾਣੇ ਹਜ਼ਰਤ ਮੁਹੰਮਦ ਵਾਲੇ ਘਰ ਦਾ, ਪਰਦਾ ਓਹਲਾ ਰਹੇ ਨਾ ਰਾਈਆ । ਜੋ ਮੈਨੂੰ ਇਸ਼ਾਰੇ ਨਾਲ ਸੱਦਦਾ, ਸੰਦੇਸ਼ਾ ਰਿਹਾ ਸੁਣਾਈਆ । ਅੰਤ ਤੇਰੇ ਵਿਚ ਫ਼ਰਾਤਾ ਖ਼ੂਨ ਵੇਖਣਾ ਵਗਦਾ, ਵਹਿੰਦੇ ਵਹਿਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਫ਼ਰਾਤ ਕਹੇ ਮੈਨੂੰ ਨਾਪਿਆ ਬਿਨਾ ਫ਼ੀਤਾ, ਪੈਮਾਇਸ਼ ਸਬਦ ਵਾਲੀ ਕਰਾਈਆ । ਗੋਬਿੰਦ ਆਪਣੀ ਛਾਤੀ ਉਤੇ ਮਾਰੀਆਂ ਤਿੰਨ ਲੀਕਾਂ, ਤਿੰਨਾਂ ਲੋਕਾਂ ਦਾ ਲੇਖ ਚੁਕਾਈਆ । ਹੱਸ ਕੇ ਕਿਹਾ ਤੇਰੇ ਵਿਚ ਸਾਹਿਬ ਹਕ ਤੌਫ਼ੀਕਾ, ਤੇਰੀ ਬੇਪ੍ਰਵਾਹੀਆ । ਹੁਣ ਸਰਸੇ ਦਾ ਵਹਿਣ ਫੇਰ ਫ਼ਰਾਤ ਕਹੇ ਮੇਰੀਆਂ ਤੇਰੀਆਂ ਉਡੀਕਾਂ, ਬਿਨ ਅੱਖਾਂ ਅੱਖ ਉਠਾਈਆ । ਝਟ ਚੌਦਾਂ ਤਬਕਾਂ ਨਿਕਲੀਆਂ ਚੀਕਾਂ, ਕੂਕ ਕੂਕ ਸੁਣਾਈਆ । ਹਾਏ ਉਹ ਕਿਤੇ ਕਰਨ ਨਾ ਆਏ ਪੂਰੀਆਂ ਮੁਹੰਮਦ ਵਾਲੀਆਂ ਵਸੀਹਤਾਂ, ਵਸੀਹ ਹੋ ਕੇ ਆਪਣਾ ਖੇਲ ਖਿਲਾਈਆ । ਜਿਸ ਦਾ ਲੇਖਾ ਬਾਹਰ ਮੰਦਰ ਮਸੀਤਾਂ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਫ਼ਰਾਤ ਕਹੇ ਜਿਸ ਵੇਲੇ ਮੇਰੀ ਨਿਗਾਹ ਸਰਸੇ ਉਤੇ ਜਾਂਦੀ, ਮੈਂ ਰੋ ਰੋ ਦਿਆਂ ਦੁਹਾਈਆ । ਪੋਹ ਮਹੀਨਾ ਠੱਕਾ ਵਗੇ ਆਂਧੀ, ਜਲ ਧਾਰ ਰਹੀ ਠਰਾਈਆ । ਜਿਸ ਦੇ ਕੰਢੇ ਮਾਤਾ ਗੁਜਰੀ ਸ਼ਬਦ ਇਹੋ ਗਾਂਦੀ, ਵਾਹ ਵਾਹ ਤੇਰੀ ਬੇਪ੍ਰਵਾਹੀਆ । ਨਾਲੇ ਵਿਚ ਸੁੱਟੀ ਇਕ ਪਰਾਂਦੀ, ਸਹਿਜ ਨਾਲ ਲਮਕਾਈਆ । ਕਸਮ ਖਾਧੀ ਇਕੋ ਤੇਰੇ ਨਾਂ ਦੀ, ਦੂਜੀ ਓਟ ਨਾ ਕੋਇ ਰਖਾਈਆ । ਗੋਬਿੰਦ ਮੇਰੀ ਮੁਹੱਬਤ ਛੁਟੀ ਮਾਂ ਦੀ, ਮਮਤਾ ਰਹੀ ਨਾ ਰਾਈਆ । ਗੋਬਿੰਦ ਹੱਸ ਕੇ ਕਿਹਾ ਕਲਜੁਗ ਅੰਤਮ ਬੁੱਧੀ ਹੋਣੀ ਕਾਂ ਦੀ, ਕਾਗ ਵਾਂਗ ਕੁਰਲਾਈਆ । ਨਿਗਾਹ ਮਾਰ ਉਮਤ ਵਾਲੀ

ਥਾਂ ਦੀ, ਫ਼ਰਾਤ ਕੰਢੇ ਅੱਖ ਉਠਾਈਆ । ਜਿਥੇ ਸਹਾਇਤਾ ਕਰਨੀ ਨਹੀਂ ਕਿਸੇ ਬਾਂਹ ਦੀ, ਸਿਰ ਹੱਥ ਨਾ ਕੋਇ ਟਿਕਾਈਆ । ਉਥੇ ਵਡਿਆਈ ਹੋਣੀ ਪੁਰਖ ਅਕਾਲ ਫੇਰ ਵਾਹ ਵਾਹ ਦੀ, ਇਕ ਕਲਮਾ ਅਲਾਹ ਸਾਰੇ ਗਾਈਆ । ਰੁਤ ਸੁਹੰਜਣੀ ਹੋਣੀ ਬੇਪ੍ਰਵਾਹ ਦੀ, ਮੇਰੇ ਗੁਰਮੁਖਾਂ ਨਾਲ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫ਼ਰਾਤ ਕਹੇ ਉਸ ਦਿਨ ਮੇਰੇ ਵਿਚ ਆਇਆ ਤੁਫ਼ਾਨ, ਉਪਰ ਆਪਣਾ ਰੰਗ ਰੰਗਾਈਆ । ਮੇਰੇ ਅੰਦਰ ਆਇਆ ਗਿਆਨ, ਸਮਝ ਦਿਤੀ ਬਦਲਾਈਆ । ਸ਼ਬਦ ਸੁਣਿਆ ਫ਼ਰਮਾਨ, ਕਲਮਾ ਅਗੰਮ ਅਥਾਹੀਆ । ਕਮਲਿਆ ਤੇਰੇ ਦਵਾਰੇ ਸਭ ਦਾ ਮਹਿਬੂਬ ਆਉਣਾ ਬਣ ਮਹਿਮਾਨ, ਸਦੀ ਚੌਧਵੀਂ ਅੰਤ ਵਜੇ ਵਧਾਈਆ । ਤੇਰੇ ਕੰਢੇ ਤੇਰੇ ਦੇਸ਼ ਦਾ ਹੋਵੇ ਪੀਣ ਖਾਣ, ਜਗਤ ਰਸ ਨਾ ਕੋਇ ਬਣਾਈਆ । ਫੇਰ ਲਹਿਣਾ ਦੇਣਾ ਪੈਣਾ ਜਿਹੜਾ ਸਰਸੇ ਯੁੱਧ ਹੋਇਆ ਘਮਸਾਣ, ਘੁੰਮਣ ਘੇਰੀ ਰਹੀ ਸੁਣਾਈਆ । ਤੇਰੇ ਕੰਢੇ ਸਾਬਤ ਰਹਿਣਾ ਨਹੀਂ ਕਿਸੇ ਈਮਾਨ, ਅਮਨ ਵਿਚ ਨਜ਼ਰ ਕੋਇ ਨਾ ਆਈਆ । ਸਾਰੇ ਹੋਵਣ ਪ੍ਰੇਸ਼ਾਨ, ਧੀਰਜ ਧੀਰ ਨਾ ਕੋਇ ਰਖਾਈਆ । ਫ਼ਰਾਤ ਕਹੇ ਮੈਂ ਸੁਣਿਆ ਬਿਨਾ ਕਾਨ, ਸੰਦੇਸ਼ਾ ਇਕ ਅਲਾਹੀਆ । ਮੈਂ ਵੇਖਦਾ ਰਿਹਾ ਕਦੋਂ ਆਵੇ ਮੇਰਾ ਸੁਲਤਾਨ, ਮੈਨੂੰ ਸੁੱਤਿਆਂ ਲਏ ਜਗਾਈਆ । ਮੈਂ ਬਾਲ ਬਾਲਾ ਨਾਦਾਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਸੇਵਕ ਬਣਾਂ ਗ਼ੁਲਾਮ, ਜਨ ਭਗਤਾਂ ਸੀਸ ਨਿਵਾਈਆ । ਜਿਨ੍ਹਾਂ ਆਪਣੇ ਖ਼ੂਨ ਦਾ ਮੇਰੇ ਉਤੇ ਦਿਤਾ ਦਾਨ, ਦਾਨਸ਼ਮੰਦੀ ਨਾਲ ਆਪਣਾ ਆਪ ਲਿਆ ਬਚਾਈਆ । ਮੇਰੀ ਸਿਫ਼ਤ ਕਰਨ ਵਾਲੀ ਨਹੀਂ ਜ਼ਬਾਨ, ਬੇਜ਼ਬਾਨ ਹੋ ਕੇ ਦਿਆਂ ਸੁਣਾਈਆ । ਮੁਰਸ਼ਦੋ ਮੁਰੀਦੋ ਮੁਰੀਦੋ ਮੁਰਸ਼ਦੋ ਇਕ ਇਕ ਦਾ ਕਰੋ ਧਿਆਨ, ਇਕ ਇਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਲੇਖਾ ਆਪ ਬਣਾਈਆ । ਢਾਲ ਕਹੇ ਮੈਂ ਜਗਤ ਖ਼ੂਨ ਦੀ ਭੁੱਖੀ, ਭੁੱਖੀ ਨਾ ਕੋਇ ਰਜਾਈਆ । ਮੈਂ ਫਿਰਾਂ ਵਿਚ ਅਰਬ ਦੇ ਦੁਖੀ, ਐਲੀ ਦਏ ਗਵਾਹੀਆ । ਮੈਂ ਖਾ ਕੇ ਰੋਟੀ ਰੁੱਖੀ, ਆਪਣਾ ਝਟ ਲੰਘਾਈਆ । ਜਗਤ ਜਹਾਨ ਰਹੀ ਲੁਕੀ, ਆਪਣਾ ਸੀਸ ਨਾ ਬਾਹਰ ਕਢਾਈਆ । ਜਿਸ ਵੇਲੇ ਸ਼ਰਅ ਸੁਣੀ ਦੋ ਤੁਕੀ, ਮੇਰੇ ਅੰਤਰ ਲਈ ਅੰਗੜਾਈਆ । ਹੁਣ ਦੀਨਾਂ ਮਜ਼੍ਹਬਾਂ ਦੀ ਔਧ ਰਹੀ ਮੁਕੀ, ਆਯੂ ਉਮਰ ਨਾ ਕੋਇ ਵਧਾਈਆ । ਦੁਨੀਆ ਕਾਇਨਾਤ ਸ੍ਰਿਸ਼ਟ ਸਬਾਈ ਸੁੱਤੀ, ਸੁੱਤਿਆਂ ਨਾ ਕੋਇ ਉਠਾਈਆ । ਅਣਗਿਣਤਾਂ ਵਿਚੋਂ ਹਰਿਜਨ ਭਗਤ ਇਕ ਮੁੱਠੀ, ਜੋ ਮੁੱਠੀ ਖ਼ਾਕ ਫ਼ਰਾਤ ਦੀ ਝੋਲੀ ਪਾਈਆ । ਜਿਨ੍ਹਾਂ ਦੇ ਖ਼ੂਨ ਦੀ ਧਾਰ ਜਲ ਧਾਰ ਨਾਲੋਂ ਉਚੀ, ਉਚ ਅਗੰਮ ਨਾਲ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਫ਼ਰਾਤ ਕਹੇ ਮੇਰਾ ਚਰਨ ਕਵਲ ਕਦਮਾਂ ਵਿਚ ਸਜਦਾ, ਸਿਰ ਇਕ ਨਿਵਾਈਆ । ਮੈਂ ਸ਼ੁਕਰੀਏ ਵਾਲਾ ਦਿਹਾੜਾ ਸਮਝਾਂ ਅੱਜ ਦਾ, ਜਿਸ ਆਜਿਜ਼ ਨੂੰ ਦਰਸ਼ਨ ਮਿਲਿਆ ਚਾਈਂ ਚਾਈਂਆ । ਮੈਂ ਅਗੇ ਪਿਛੇ ਭੱਜਦਾ, ਭੱਜਾ ਵਾਹੋ ਦਾਹੀਆ । ਮੈਂ ਖ਼ਾਦਮ ਉਸੇ ਰੱਬ ਦਾ, ਜੋ ਰੱਬੇ ਰਹੀਮ ਨੂਰ ਅਲਾਹੀਆ । ਉਸ ਦੇ ਚਰਨਾਂ ਵਿਚ ਫੱਬਦਾ, ਸੋਹਣਾ ਰੰਗ ਬਣਾਈਆ । ਜੋ ਮਾਲਕ ਹੋਣਾ ਜਗ ਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤੋ ਤੁਹਾਡੇ ਨਾਲ ਮੇਰਾ ਨਾਤਾ ਬੱਝਦਾ, ਜੋੜ ਲੈਣਾ ਜੁੜਾਈਆ । ਜਗਤ ਜਹਾਨ ਵੇਖਿਓ ਤਪਿਆ ਅੱਗ ਦਾ, ਮੇਰਾ ਪਾਣੀ ਵਹਿਣ ਸ਼ਾਂਤ ਨਾ ਕਇ ਕਰਾਈਆ । ਮੈਂ ਹੁਕਮ ਮੰਨਾਂ ਉਸ ਸੂਰੇ ਸਰਬਗ ਦਾ, ਜੋ ਸ਼ਹਿਨਸ਼ਾਹ ਸ਼ਾਹ ਪਾਤਸ਼ਾਹੀਆ ।

ਮੇਰਾ ਲੇਖਾ ਪੂਰਾ ਹੋਇਆ ਜੁਗ ਚੌਕੜੀ ਹੱਜ ਦਾ, ਹਜ਼ਰਤ ਹਜ਼ੂਰ ਮਿਲਿਆ ਅਮਾਮ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਆਪਣੇ ਸਬਬ ਦਾ, ਸਬਬੀ ਮੇਰੇ ਉਤੇ ਤਰਸ ਕਮਾਈਆ ।

✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਹਜ਼ਰਤ ਅਬਾਸ ਦੀ ਮੁਕੱਦਸ ਜਗਹ ਤੇ ਕਰਬਲੇ ਇਰਾਕ ਦੇ ਬਗ਼ਦਾਦ ਸ਼ਹਿਰ ਤੋਂ ਬਾਦ ✪

ਕਰਬਲਾ ਕਹੇ ਵਾਹਿਦੇ ਖ਼ੁਦਾ, ਰਬੇ ਆਲਮੀਨ ਨੂਰ ਅਲਾਹੀਆ । ਜਿਸ ਤੋਂ ਸਾਰੇ ਹੋਏ ਫ਼ਿਦਾ, ਉਸ ਦੀ ਯਾਦ ਵਿਚ ਆਪਣਾ ਰੰਗ ਰੰਗਾਈਆ । ਉਹ ਮਹਿਬੂਬ ਦਿਲ ਰੁਬਾ, ਮੁਹੱਬਤ ਦਾ ਮਾਲਕ ਨੂਰ ਅਲਾਹੀਆ । ਜਿਸ ਦੇ ਅਗੇ ਸਾਰੇ ਕਰਦੇ ਦੁਆ, ਸਜਦੇ ਵਿਚ ਸੀਸ ਝੁਕਾਈਆ । ਉਹ ਮਕਬਰਿਆਂ ਵੇਖੇ ਥਾਉਂ ਥਾਂ, ਜਗਹ ਬਜਗਹ ਖੋਜ ਖੁਜਾਈਆ । ਅਲਹਿਮਜ਼ ਯਕਵਜ਼ਹੀ ਜੁਨੇ ਮਜ਼ਹੂ ਲਾਵਿਜਕ ਮਹਿਬੂਬੇ ਖ਼ੁਦਾ ਪਰਵਰਦਿਗਾਰੇ ਨੂਰ ਅਲਾਹੀਆ । ਚਸ਼ਮੇ ਦਨਿਸ਼ ਵਹੀਜ਼ਾ ਬਹਿਸ਼ਤ ਅਸਲਾਮੇ ਇਸਮ ਮਜ਼ਹੀ ਮਖ਼ਲੂਕ ਖ਼ਾਲਕ ਖ਼ਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਕਲਮਾ ਹਕ ਈਮਾਨ, ਕਾਇਨਾਤ ਸਚ ਸੁਣਾਈਆ । ਸਭ ਦਾ ਵਾਹਿਦ ਇਕ ਅਮਾਮ, ਅੱਲਾ ਅਲਾਹ ਬੇਪ੍ਰਵਾਹੀਆ । ਜਿਸ ਦੇ ਪੈਗ਼ੰਬਰ ਰਸੂਲ ਬਣੇ ਬਨਾਮ, ਸੰਦੇਸਾ ਦਰਗਾਹ ਸਾਚੀ ਮੁਕਾਮੇ ਹਕ ਹਕ ਹਕ ਸੁਣਾਈਆ । ਉਹ ਨੂਰੇ ਬੇਨਜ਼ੀਰ ਵਾਹਿਦ ਇਕ ਯਕ, ਯਕੇ ਬਾਦ ਦੀਗਰੇ ਰਸੂਲਾਇਲਾਹਾ ਮੁਹੰਮਦ ਦਏ ਵਡਿਆਈਆ । ਸ਼ਾਹੇ ਸ਼ਵਸ਼ ਫ਼ਰਸ਼ੇ ਅਰਸ਼ ਚੌਦਾਂ ਤਬਕ ਤਬੀਬ ਬੇਨਜ਼ੀਰ ਨੂਰੇ ਨੂਰ ਜ਼ਹੂਰੇ ਅਲਾਹ ਆਲਮੀਨ ਇਕ ਅਖਵਾਈਆ । ਤਲਵਲਜ਼ਹੀ ਜ਼ਾਕੂ ਜ਼ਮਹੀ ਸਜਦਾ ਕਦਮੇਬੋਸੀ ਚਸ਼ਮੇ ਨੂਰ ਸ਼ਾਹੇ ਸ਼ਹਿਨਸ਼ਾਹ ਸੁਲਤਾਨੇ ਪਿਸਰ ਮਦਰ ਬੇਐਬ ਪਰਵਰਦਿਗਾਰ ਸਾਂਝਾ ਯਾਰ ਏਕਾ ਏਕ ਇਕੱਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਕ ਦਾ ਮਾਲਕ ਖ਼ਲਕ ਦਾ ਖ਼ਾਲਕ ਖ਼ਾਦਮ ਅਜ਼ੀਜ਼ ਵੇਖਣਹਾਰਾ ਚਾਰ ਕੁੰਟ ਆਪਣੀ ਮਿਹਰੇ ਨਜ਼ਰ ਨਜ਼ਰ ਇਕ ਉਠਾਈਆ ।

✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗ਼ਦਾਦ ਸ਼ਹਿਰ ਤੋਂ ਬਾਹਰ
ਕਰਬਲੇ ਦਰਵਾਜ਼ਾਏ ਕਿਬਲਾ ਅਮਾਮ ਹੁਸੈਨ ਅਲੀ ਦੀ ਦਰਗਾਹ ਤੇ ✪

ਵਾਹਿਦ ਅਲਾਹ ਯਕ ਅਬਾਦਤ ਯਾਮਬੀਨ ਯਾਆਮੀਨ ਨੂਰ ਨੂਰ ਅਲਾਹੀਆ । ਖ਼ੁਦਾਏ ਮਹਿਸ ਹੁਸੈਨ ਕਬੂਲ ਹੋਈ ਸ਼ਹਾਦਤ, ਸ਼ਰਅ ਸ਼ਰੀਅਤ ਰੰਗ ਰੰਗਾਈਆ । ਜਿਸ ਦੀ ਦੀਨ ਇਸਲਾਮ ਕਰੇ ਜ਼ਿਆਰਤ, ਜ਼ਿਆਰਤਗਾਹ ਖ਼ਲਕ ਖ਼ੁਦਾਈਆ । ਉਸ ਦੀ ਖ਼ਾਹਿਸ਼ ਤਮੰਨਾ ਇਕ ਨਿਆਮਤ, ਅੰਤ ਆਸ਼ਾ ਗਿਆ ਰਖਾਈਆ । ਮੇਰਾ ਮਹਿਬੂਬ ਮੁਹੱਬਤ ਵਾਲਾ ਸਹੀ ਸਲਾਮਤ, ਫ਼ਰਮਾਬਰਦਾਰ ਹੋ ਕੇ ਜਿਸ ਦੀ ਸੇਵ ਕਮਾਈਆ । ਉਹ ਅਮਾਮਾ

ਅਮਾਮ ਲੇਖਾ ਜਾਣੇ ਅੰਤ ਕਿਆਮਤ, ਸਦੀ ਚੌਧਵੀਂ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਰਹੀਮ ਰਹਿਮਾਨ ਇਕ ਅਖਵਾਈਆ । ਹੁਸੈਨ ਵਜ਼ੀਉਲ ਮਜ਼ਸ ਨੂਰੇ ਚਸ਼ਮੇ ਚਸ਼ ਮਖ਼ਲੂਕੇ ਖ਼ਲਕ ਵਾਹਿਦੇ ਅਜ਼ਕ ਅੱਲਾ ਅਲਾਹ ਮੁਹੰਮਦੇ ਰਸੂਲ ਇਲੱਲਾਹ ਪੈਗਾਮੇ ਵਹੀ ਜਬਰਾਈਲ ਫੁਨਫ ਸਹੀ ਸ਼ਹਾਦਤ ਹੁਸੈਨ ਅਬਾਦਤ ਐਨ ਜਿਸ ਦੀ ਦਰਗਾਹ ਮੁਕਾਮੇ ਹਕ ਹਕੀਕਤ ਵਿਚ ਕਾਇਮ ਕਿਆਮਗਾਹ ਬੇਪ੍ਰਵਾਹ ਨੂਰ ਅਲਾਹ ਵਾਹਿਦੇ ਖ਼ੁਦਾ ਕਦੀਮੇਂ ਕੁਦਰਤ ਕਾਦਰੇ ਰਹੀਮ ਰਹਿਮਤ ਵਿਚ ਵੇਖ ਵਖਾਈਆ । ਹੁਸੈਨੇ ਖ਼ੂਨ ਸ਼ਰਅ ਦਾ ਮਜ਼ਮੂਨ ਉਮਤੀ ਕਾਨੂੰਨ ਕਾਇਦਾ ਬਾਕਾਇਦਾ ਬਿਸਮਿਲ ਬਿਸਮਿਲਾ ਅਲਾਹ ਕਹਿ ਕੇ ਕਦਮ ਬੋਸੀ ਆਪਣਾ ਸਿਰ ਸਰ ਸਜਦੇ ਵਿਚ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੁਰਸ਼ਦੇ ਮੁਰੀਦ ਦਰਸੇ ਦੀਦ ਹਜ਼ਰਤ ਮੁਹੰਮਦੇ ਤਬਲੀਕ ਇਸਮੇ ਆਜ਼ਮ ਹਜ਼ਾਰਾ ਏ ਦਰੂਦ ਹਜ਼ੂਰ ਇਕ ਅਲਾਹ ਅਲਾਹੀਆ ।

### ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇਰਾਕ ਦੇ ਬਗ਼ਦਾਦ ਸ਼ਹਿਰ ਤੋਂ ਬਾਹਰ ਨਜ਼ਫ ਦਰਬਾਰ ਐਲੀ ਦੇ ਮਕਬਰੇ ਤੇ

ਮੁਕੱਦਸੇ ਖ਼ਾਕ ਜ਼ਮੀਨੇ ਨਜ਼ਰ ਨੂਰ ਜ਼ਹੂਰ ਜ਼ੈਬੋ ਅਜ਼ਾ, ਮਿਹਰਵਾਨੇ ਰਹਿਨੁਮਾ ਹਕੀਕਤੇ ਹਕ ਜ਼ਦਹਿਜ਼ਾ ਵਲਜ਼ੀ ਸ਼ਬਾਬੇ ਅਬਾਬ ਵਹਨੀਈ ਦਸਤੇ ਦਨਾ ਨੂਰੇ ਵਜ਼ ਹਾਜ਼ਰ ਹਜ਼ੂਰ ਇਕੋ ਨੂਰ ਨੂਰੀ ਅਲਾਹ ਮੁਹੰਮਦੇ ਰਸੂਲ ਰਸੂਲਲਿਲਾ ਅਲਾਹ ਇਕੋ ਨਜ਼ਰੀ ਆਈਆ । ਰਸੂਲੇ ਮੁਹੰਮਦੇ ਰਫ਼ੀਕ ਹਜ਼ਰਤ ਅਲੀ ਅਲਾਹ ਮਹਿਬੂਬ ਵਿਚ ਸਮਾਈਆ । ਜਿਸ ਦੀ ਯਾਦ ਯਾਦਦਾਸ਼ਤ ਵਿਚ ਅਜੀਬ ਹਜ਼ਰਤ ਨੂਰ ਆਦਮ ਸਾਚਾ ਸੰਗ ਰਖਾਈਆ । ਜਿਸ ਦਾ ਨੂਰੇ ਜ਼ਹੂਰ ਹੂਬਹੂ ਮੰਜ਼ਲ ਮਕਸੂਦ, ਮੁਕਾਮੇ ਹਕ ਹਕੀਕਤ ਬੇਪ੍ਰਵਾਹੀਆ । ਸ਼ਹਾਦਤ ਦਿਤੀ ਕੂਫਾ ਵਿਚ ਵਜੂਦ, ਮਕਬਰਾ ਜ਼ਿਮੀਂ ਅਸਮਾਨ ਦੋਵੇ ਰੰਗ ਰੰਗਾਈਆ । ਹਜ਼ਰਤੇ ਅਲੀ ਅਵੀ ਉਲਾ ਨੂਰੇ ਚਸ਼ਮ ਚਜ਼ੀ ਬੇਨਜ਼ੀਰ ਲਿਵਹਜ਼ਾ ਵਾਹਿਦੇ ਖ਼ੁਦਾ ਦਸਤੇ ਦੁਆ ਕਦਮ ਬੋਸੀ ਸਜਦਾ ਏ ਰਹਿਨੁਮਾ ਮਖ਼ਲੂਕੇ ਖ਼ਾਲਕ ਵਾਹਿਦੇ ਪਰਵਰਦਿਗਾਰ ਜ਼ਮਲਹੂ ਤਾਨੀਜਾ ਜਗਤ ਸਿਤਾਰ ਸਤਹ ਨਿਸ਼ਾਨ ਨਜ਼ਰੀ ਆਈਆ । ਮਕਬਰਾ ਐਲੀ ਅੱਲਾ ਸ਼ਹਾਦਤ ਅਬਾਦਤ ਕਿਆਦਤ ਸਦਾਕਤ ਅਜੀਬੋ ਅਜਬ ਮੁਕੱਦਸੇ ਖ਼ਾਕ ਜ਼ਮੀਨੇ ਨਜ਼ਬ ਨੂਰ ਜ਼ਹੂਰ ਜ਼ੇਬੋ ਅਜ਼ਾਂ ਮਿਹਰਵਾਨੇ ਰਹਿਨੁਮਾ ਹਕੀਕਤੇ ਹਕ ਜਦ ਹਿਜ਼ਾਂ ਵਨਜ਼ੀ ਸ਼ਬਾਬੇ ਅਬਾਬ ਵਤਨੇ ਹੀ ਦਸਤੇ ਦੁਆ ਨੂਰੇ ਨਵਜ਼ ਹਾਜ਼ਰ ਹਜ਼ੂਰ ਇਕੋ ਨੂਰ ਨੂਰੀ ਅਲਾਹ ਮੁਹੰਮਦੇ ਰਸੂਲ ਰੂਸਲ ਇਲੱਲਾਹ ਇਕੋ ਨਜ਼ਰੀ ਆਈਆ ।

### ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਸੀਰੀਆ ਦੇਸ਼ ਤੇਲਕੋਟਚਕ ਤੋਂ ਕਮਿਸ਼ਲੀ ਦੇ ਰਸਤੇ ਵਿਚ ਖੇਤਾਂ ਵਿਚ ਅਬਦੁਲ ਕਰੀਮ ਦੇ ਖਰਬੂਜੇ ਭੇਟਾ ਕਰਨ ਤੇ

ਧੁਰ ਦਾ ਹੁਕਮ ਹੁਕਮ ਇਕ ਰਹੀਮ, ਰਹਿਮਤ ਸਚ ਕਮਾਈਆ । ਜਿਸ ਦਾ ਖੇਲ ਆਲੀਸ਼ਾਨ ਅਜ਼ੀਮ, ਐਲੀ ਸ਼ਹਾਦਤ ਦਏ ਗਵਾਹੀਆ । ਜਿਸ ਦੀ ਯਾਦ ਪੁਰਾਣੀ ਕਦੀਮ, ਕੁਦਰਤ ਦਾ ਮਾਲਕ ਵੇਖ ਵਖਾਈਆ । ਜਿਸ ਖੰਡਾ ਖੜਗ ਤਲਵਾਰ ਚਲਾਈ ਉਹ ਅਬਦੁਲ ਕਰੀਮ, ਕਰਮ

ਕਾਂਡ ਤੋਂ ਲੇਖਾ ਲਿਆ ਕਢਾਈਆ । ਸਜਦਿਆਂ ਵਿਚ ਝੁਕਿਆ ਐਲੀ ਕਰ ਰਿਹਾ ਸੀ ਤਨਜ਼ੀਮ, ਤਾਲੀਮ ਮੁਹੰਮਦ ਵਾਲੀ ਅਪਣਾਈਆ । ਪਲਕ ਵਿਚ ਅੰਤਰ ਹੋਇਆ ਗਮਗੀਨ, ਗ਼ਮੀ ਵਿਚ ਭੁੱਲਿਆ ਨੂਰ ਅਲਾਹੀਆ । ਉਸੇ ਵੇਲੇ ਵਾਰ ਹੋਇਆ ਡਿੱਗਾ ਉਤੇ ਜ਼ਮੀਨ, ਜ਼ਾਮਨ ਨਜ਼ਰ ਕੋਇ ਨਾ ਆਈਆ । ਮੁਖੋਂ ਕਿਹਾ ਯਾਮਬੀਨ, ਅੱਲਾ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਐਲੀ ਮਾਟੀ ਖ਼ਾਕ ਕੀਤਾ ਕਿਆਮ, ਬਸਤਰ ਸੇਜ ਸੁਹਾਈਆ । ਵਕਤ ਨਾ ਸੁਬਹ ਨਾ ਸ਼ਾਮ, ਸ਼ਮਸ ਆਪਣਾ ਨੂਰ ਚਮਕਾਈਆ । ਹੁਕਮ ਸੰਦੇਸਾ ਸੁਣਿਆ ਪੈਗ਼ਾਮ, ਪੈਗ਼ੰਬਰਾਂ ਦੇ ਪੈਗ਼ੰਬਰ ਦਿਤਾ ਦ੍ਰਿੜਾਈਆ । ਸਦੀ ਚੌਧਵੀਂ ਆਵੇ ਵਾਲੀ ਦੋ ਜਹਾਨ, ਅਮਾਮ ਅਮਾਮਾਂ ਫੇਰਾ ਪਾਈਆ । ਤੇਰਾ ਲਹਿਣਾ ਦੇਣਾ ਲੇਖਾ ਚੁਕਾਏ ਆਣ, ਪੂਰਬ ਪੂਰਾ ਦਏ ਕਰਾਈਆ । ਜੋ ਦਰਗਾਹ ਹੋਏ ਪ੍ਰਵਾਨ, ਪ੍ਰਵਾਨੇ ਆਪਣੇ ਨਾਲ ਰਖਾਈਆ । ਅੰਤਰ ਤੇਰੇ ਨਿਗਾਹਬਾਨ, ਬਿਨ ਨਿਗਾਹ ਤੋਂ ਵੇਖ ਵਖਾਈਆ । ਫੇਰ ਯਾਦ ਆਈ ਮਜ਼ੀਦ ਕੁਰਾਨ, ਕੁਰਾਨ ਕੁਰਾਹ ਵੇਖ ਵਖਾਈਆ । ਹਜ਼ਰਤ ਐਲੀ ਅੱਲਾ ਨੂੰ ਦਿਤਾ ਬਿਆਨ, ਆਹ ਆਪਣੀ ਦਿਤੀ ਸੁਣਾਈਆ । ਮੇਰੀ ਮੁਹੱਬਤ ਦਾ ਮੁਹੱਬਤ ਵਿਚ ਦੇਣਾ ਦਾਨ, ਦਾਨਸ਼ਮੰਦੀ ਤੇਰੇ ਅਗੇ ਰਖਾਈਆ । ਇਹ ਕੂਫੇ ਲੈ ਕੇ ਆਇਆ ਸੀ ਖ਼ਰਬੂਜਿਆਂ ਭਾਰ ਮਹਾਨ, ਆਪਣਾ ਵੇਸ ਵਟਾਈਆ । ਨਵ ਜੋਬਨ ਭੇਵ ਪਾ ਰਕਾਨ, ਕਸਮ ਕੁਰਾਨ ਵਾਲੀ ਖਾਈਆ । ਧੁਰ ਹੁਕਮ ਹੋਇਆ ਕਾਇਨਾਤ ਦੀਨ ਦੁਨੀ ਸ਼ੈਤਾਨ, ਸ਼ਬੋ ਰੋਜ਼ ਸ਼ਾਂਤ ਨਾ ਕੋਇ ਕਰਾਈਆ । ਮੈਂ ਤੇਰੇ ਈਮਾਨ ਦਾ ਕਾਇਮ ਰਖਾਂ ਈਮਾਨ, ਅਮਲ ਆਪਣੇ ਵਿਚ ਰਖਾਈਆ । ਤੇਰੀ ਆਸ਼ਾ ਤੇਰੀ ਖ਼ਾਹਿਸ਼ਾ ਇਸ ਦੇ ਖ਼ਰਬੂਜੇ ਤਰਬੂਜ ਜਰੂਰ ਕਰਾਂ ਪ੍ਰਵਾਨ, ਆਪਣਾ ਰਸ ਚਖਾਈਆ । ਸ਼ਾਮ ਵਿਚੋਂ ਬਨਾਮ ਫੇਰ ਫੜਾਂ ਆਣ, ਨਿਸ਼ਕਾਮ ਆਪਣਾ ਖੇਲ ਖਿਲਾਈਆ । ਉਥੇ ਤਲਵਾਰ ਦਾ ਲਾ ਨਿਸ਼ਾਨ, ਲਿਖ ਕੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਸ਼ਾਨਾ ਆਵਾਂ ਬਣਾਈਆ । ਫੇਰ ਸਤਿਜੁਗ ਹੋਵੇ ਪ੍ਰਧਾਨ, ਜਿਸ ਵੇਲੇ ਸਭ ਨੇ ਮੰਨਣੀ ਇਕੋ ਆਣ, ਮੱਕਾ ਮਦੀਨਾ ਸਾਰੇ ਸੀਸ ਝੁਕਾਣ, ਕੂਫਾ ਨਜ਼ਫ ਕਰੇ ਧਿਆਨ, ਕਰਬਲਾ ਇਕੋ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਪੂਰਾ ਕਰੇ ਪੂਰਬ ਲੇਖ ਮਹਾਨ, ਜਗਤ ਲਿਖਤ ਸੰਗ ਨਾ ਕੋਇ ਰਖਾਈਆ ।



੧੭੮
੨੩

✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਤੁਰਕੀ ਇੰਸਤਮਬੋਲ ਸ਼ਹਿਰ ਰਾਤ ਨੂੰ
ਆਟੋਮੁਬਾਇਲ ਦਫ਼ਤਰ ਦੇ ਅਗੇ ਤਾਜ ਪਹਿਨ ਕੇ ✪

ਸੋਲਾਂ ਭਾਦਰੋਂ ਕਹੇ ਧੁਰ ਦਾ ਸ਼ਬਦ ਅਗੰਮਾ ਢੋਲ, ਹਰਿ ਕਲਮਾ ਏਕਾ ਏਕ ਦਿਤਾ ਵਜਾਈਆ । ਸਚ ਦਵਾਰ ਦਾ ਪਰਦਾ ਖੋਲ, ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਵਖਾਈਆ । ਉਠੋ ਵੇਖੋ ਨੈਣ ਤੱਕੋ ਵਸਤ ਰਹੀ ਕਿਸੇ ਨਾ ਕੋਲ, ਸਤਿ ਸਚ ਬੈਠਾ ਮੁਖ ਛੁਪਾਈਆ । ਝਟ ਹਜ਼ਰਤ ਮੂਸਾ ਬਿਨ ਰਸਨਾ ਪਿਆ ਬੋਲ, ਅਨਬੋਲਤ ਆਵਾਜ਼ ਸੁਣਾਈਆ । ਤੂੰ ਮਾਲਕ ਮੇਰਾ ਮੇਰੇ ਵਿਚ ਰਿਹਾ ਮੌਲ, ਦੂਜਾ ਨਜ਼ਰ ਕੋਇ ਨਾ ਆਈਆ । ਆਪਣੇ

ਜਲਵੇ ਵਾਲਾ ਤੱਕ ਅਗੰਮਾ ਕੌਲ, ਇਕਰਾਰ ਇਕੋ ਨਜ਼ਰੀ ਆਈਆ । ਈਸਾ ਕਹੇ ਨਿਗਾਹ ਮਾਰ ਲੈ ਉਪਰ ਧੌਲ, ਈਮਾਨ ਸਚ ਨਾ ਕੋਇ ਕਮਾਈਆ ।
ਮੈਂ ਬੈਠਾ ਤੱਕਦਾ ਰਿਹਾ ਅਡੋਲ, ਤੇਰੇ ਨੂਰ ਵਿਚ ਸਮਾਈਆ । ਤੇਰੀ ਖ਼ਲਕਤ ਹੋਈ ਅਨਭੋਲ, ਅਭੁਲ ਆਪਣਾ ਲੇਖਾ ਦੇਣਾ ਮੁਕਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਡਾ ਲਹਿਣਾ ਦੇਣਾ ਪੂਰਾ ਕਰ ਇੰਸਤਮਬੋਲ, ਪੂਰਬ ਲੇਖਾ ਰਹੇ ਨਾ
ਰਾਈਆ । ਸੋਲਾਂ ਭਾਦਰੋਂ ਕਹੇ ਸਦੀ ਚੌਧਵੀਂ ਆਈ ਮਾਰਦੀ ਹਾਕਾਂ, ਹੁਕਮ ਧੁਰ ਦਾ ਇਕ ਸੁਣਾਈਆ । ਵੇਖੋ ਖੇਲ ਉਸ ਖ਼ੁਦਾ ਕਾ, ਜੋ ਖ਼ੁਦ
ਮਾਲਕ ਨੂਰ ਅਲਾਹੀਆ । ਜਿਸ ਦਾ ਹਜ਼ਰਤ ਮੁਹੰਮਦ ਨਿੱਕਾ ਜਿਹਾ ਕਾਕਾ, ਮੁਹੰਮਦ ਰਸੂਲ ਨਾਮ ਵਡਿਆਈਆ । ਉਹ ਚੱਲ ਆਇਆ ਇਤਫ਼ਾਕਾ,
ਇਤਫ਼ਾਕੀਆ ਆਪਣਾ ਹੁਕਮ ਵਰਤਾਈਆ । ਜਿਸ ਮੇਰਾ ਸ਼ਰਅ ਨਾਲ ਜੋੜਿਆ ਨਾਤਾ, ਤਅੱਲੁਕ ਦਿਤਾ ਬਣਾਈਆ । ਜਿਸ ਨੂੰ ਹਿੰਦੂ ਕਹਿੰਦੇ
ਪੁਰਖ ਬਿਧਾਤਾ, ਮੁਸਲਮ ਅੱਲਾ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ,
ਧੁਰ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਸਾਹਿਬ ਦਾ ਹੁਕਮ ਮੰਨਾ, ਮਨਸਾ ਮਨ ਨਾ ਕੋਇ ਰਖਾਈਆ । ਮੇਰਾ ਨਿਸ਼ਾਨ ਤਾਰਾ
ਚੰਨਾ, ਤੁਰਕੀਆ ਦਏ ਗਵਾਹੀਆ । ਇੰਸਤਮਬੋਲ ਹੱਦ ਬੰਨਾ, ਮੁਹੰਮਦ ਅੱਖ ਗਿਆ ਉਠਾਈਆ । ਇਹ ਖੇਲ ਸ੍ਰੀ ਭਗਵੰਨਾ, ਕਰਤਾ ਕਰੇ
ਨੂਰ ਅਲਾਹੀਆ । ਜਿਸ ਲੇਖੇ ਲਾਉਣਾ ਗੋਬਿੰਦ ਵਾਲਾ ਕੰਨਾ, ਸੁਨਿਹਰੀ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮੇਲਾ ਲਏ ਮਿਲਾਈਆ । ਪੈਗ਼ੰਬਰ ਕਹਿਣ ਸਾਡਾ ਇਸਮ ਇਸਲਾਮ, ਆਜ਼ਮ ਸੀਸ ਨਿਵਾਈਆ ।
ਸੁਣਿਆ ਅਗੰਮਾ ਕਲਾਮ, ਕਲਮਾ ਧੁਰਦਰਗਾਹੀਆ । ਸਦੀ ਚੌਧਵੀਂ ਅੰਤ ਵਿਗੜਿਆ ਇੰਤਜ਼ਾਮ, ਬੰਦੋਬਸਤ ਨਾ ਕੋਇ ਰਖਾਈਆ । ਸ਼ਰਅ
੧੭੯ ੨੩
ਸ਼ਰਅ ਹੋਈ ਗ਼ੁਲਾਮ, ਸ਼ਰੀਅਤ ਭੇਵ ਨਾ ਕੋਇ ਉਠਾਈਆ । ਸਾਚਾ ਕਲਮਾ ਨਾ ਸਕੇ ਕੋਈ ਪਹਿਚਾਨ, ਬੇਪਹਿਚਾਨ ਹੋਈ ਲੋਕਾਈਆ । ਲੇਖਾ
ਪੂਰਾ ਕਰੇ ਨੌਜਵਾਨ, ਮਰਦ ਮਰਦਾਨਾ ਅਗੰਮ ਅਥਾਹੀਆ । ਜਿਸ ਗੋਬਿੰਦ ਕਰਾਇਆ ਇਕ ਧਿਆਨ, ਬਿਨ ਅੱਖਾਂ ਅੱਖ ਖੁਲਾਈਆ । ਜਿਥੇ
ਈਸਾ ਮੂਸਾ ਮੁਹੰਮਦ ਤਿੰਨੇ ਮਿਲ ਜਾਣ, ਉਹਲਾ ਪਰਦਾ ਦਿਆਂ ਚੁਕਾਈਆ । ਸਦੀ ਚੌਧਵੀਂ ਹੋਵੇ ਖੇਲ ਮਹਾਨ, ਮਹਿੰਮਾ ਕੋਈ ਕਥ ਨਾ ਸਕੇ ਰਾਈਆ ।
ਪੈਗ਼ੰਬਰ ਸਾਰੇ ਸੁਣਨ ਕਲਾਮ, ਕਲਮਿਆਂ ਬਾਹਰ ਜਣਾਈਆ । ਉਥੇ ਲੇਖੇ ਲੱਗਣ ਤਾਰਾ ਚੰਦ ਨਿਸ਼ਾਨ, ਨਿਸ਼ਾਨ ਗੋਲੀ ਵਾਲਾ ਰਖਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਤੱਕ ਜ਼ਿਮੀਂ
ਅਸਮਾਨ, ਇਸਮ ਧੁਰ ਦਾ ਵੇਖ ਵਖਾਈਆ । ਮੁਹੰਮਦ ਝਟ ਬੋਲਿਆ ਬਿਨਾ ਜ਼ਬਾਨ, ਕਲਮਾ ਇਕ ਦ੍ਰਿੜਾਈਆ । ਕੀ ਉਹ ਨੂਰ ਅਲਾਹੀ ਇਕ
ਅਮਾਮ, ਅਮਲਾਂ ਤੋਂ ਰਹਿਤ ਬੇਪ੍ਰਵਾਹੀਆ । ਜਿਸ ਗੋਬਿੰਦ ਦਾ ਕੰਨਾ ਲੇਖੇ ਲਾਇਆ ਆਣ, ਜਿਸ ਦੀ ਸਮਝ ਕੋਇ ਨਾ ਪਾਈਆ । ਉਸ ਨੂੰ
ਝੁਕਦੇ ਸੂਰੀਆ ਭਾਨ, ਨਿਵ ਨਿਵ ਸੀਸ ਨਿਵਾਈਆ । ਉਹਦਾ ਲਹਿਣਾ ਦੇਣਾ ਕੁਛ ਲੇਖਾ ਨਾਲ ਚੀਨ ਜਾਪਾਨ, ਪੂਰਬ ਪਰਦਾ ਲਏ ਉਠਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਮੁਹੰਮਦ ਕਹੇ ਯਾਕੁਵਿਸਤਾ
ਅਲਬਹੂ ਮਜ਼ਨੂ ਲਮਹਾ ਯਾਉਸਤੇ ਵਲਹੂ ਤਾਮੀਨੇ ਜ਼ਵੀਹ ਅਜ਼ੀਮੇ ਯਸੂਹ ਤਕਸ਼ਾ ਮਸੀਹ ਮੁਜ਼ੇ ਮੁਸਾਹ ਮੁਹੰਮਦੇ ਦੁਆ ਦਲਵੀਜ਼ੇ ਉਜ਼ਜੂਉ ਮੋਜ਼ੀਨਾ ਵਜ਼ੇ

ਇਸਤਮਬੋਲ ਕੁਜੈ ਨੁਜ਼ੇ ਨੁਖਦ ਬਿਖਤੋ ਜ਼ਵਦ ਚੀਨੇ ਜ਼ਲੂ ਜਲਵਿਜ਼ ਹਾ ਮੌਜ਼ੂਨੋ ਵਜ਼ਿਸ ਖ਼ੁਨਾ ਵਿਜ਼ਾ ਯਾਵਿਲ ਵਲਜ਼ਜ਼ਲੀ ਤਾਨੂਜ਼ਾ ਮਮਮ ਮਾਦਿਲ ਵਾਹੁਲ ਕੋਮਜ਼ੇ ਯਸਵਸ਼ੀ ਪਲ ਅਫ਼ਜ਼ਾ ਹਮ ਜ਼ਾਲੂਲ ਜ਼ਜ਼ਮ ਚੋ ਵਲਲ ਅਜ਼ਹਮ ਇਵਜ਼ੀ ਮੂਸਾ ਮੁਲਾਹਲ ਈਸ ਜ਼ਹੁਲਾ ਮੁਹੰਮਦ ਰੂਸਲਇਲੱਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਗੋਬਿੰਦ ਕੰਨਾ ਕਹੇ ਮੈਂ ਆਇਆ ਗੋਬਿੰਦ ਧਾਰ, ਚੌਦਾਂ ਸੌ ਤੀਹ ਦਏ ਗਵਾਹੀਆ । ਮੈਂ ਕਲਜੁਗ ਅੰਤ ਸਭ ਦੀ ਵੇਖਣੀ ਬਹਾਰ, ਫੁਲ ਫੁਲਵਾੜੀ ਦੀਨ ਮਜ਼੍ਹਬ ਕਾਇਨਾਤ ਮਹਿਕਾਈਆ । ਲੇਖਾ ਤੱਕਣਾ ਹਜ਼ਰਤ ਈਸਾ ਮੂਸਾ ਰਸੂਲ ਮੁਹੰਮਦ ਯਾਰ, ਯਰਾਨਾ ਯਾਰ ਵਾਲਾ ਖੋਜ ਖੁਜਾਈਆ । ਮੈਂ ਕਰਦਾ ਰਿਹਾ ਜਿਸ ਦੀ ਇੰਤਜ਼ਾਰ, ਆਪ ਆਪਣੀ ਅੱਖ ਉਠਾਈਆ । ਕਵਣ ਵੇਲਾ ਸਾਂਝਾ ਆਵੇ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਜੋ ਲੇਖਾ ਲਹਿਣਾ ਸਭ ਦਾ ਪੂਰਾ ਕਰੇ ਉਧਾਰ, ਅਗੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਕੰਨਾ ਕਹੇ ਮੈਂ ਕੰਨਾ ਕਾਇਨਾਤ, ਗੋਬਿੰਦ ਧਾਰ ਮਿਲੀ ਵਡਿਆਈਆ । ਮੈਨੂੰ ਲਿਖਿਆ ਨਹੀਂ ਕਾਇਨਾਤ ਕਾਨੀ ਕਿਸੇ ਕਾਗ਼ਜ਼ਾਤ, ਬਣ ਗਏ ਸਮਝ ਕੋਇ ਨਾ ਪਾਈਆ । ਗੋਬਿੰਦ ਦੀ ਉਂਗਲ ਸਚ ਦੀ ਧਾਰ ਬਣ ਦਵਾਤ, ਪ੍ਰੇਮ ਰਸ ਨਾਲ ਲਿਖਾਈਆ । ਨਾਲੇ ਸੁਣ ਅਗੰਮੀ ਆਵਾਜ਼, ਖ਼ੁਸ਼ੀ ਲਈ ਬਣਾਈਆ । ਪੁਰਖ ਅਕਾਲ ਖੋਲਿਆ ਰਾਜ਼, ਰਾਜ਼ਕ ਰਿਜ਼ਕ ਰਹੀਮ ਆਪ ਦ੍ਰਿੜਾਈਆ । ਓਹ ਵੇਖ ਪੈਗ਼ੰਬਰਾਂ ਦਾ ਆਗਾਜ਼, ਸਦੀ ਚੌਧਵੀਂ ਧਿਆਨ ਲਗਾਈਆ । ਜਿਸ ਵੇਲੇ ਮਾਣ ਰਿਹਾ ਨਾ ਰੋਜ਼ਾ ਨਿਮਾਜ਼, ਸਜਦਾ ਹਕ ਨਾ ਕੋਇ ਕਰਾਈਆ । ਧਰਮ ਰਿਹਾ ਨਾ ਕਿਸੇ ਸਮਾਜ, ਸਿੰਘ ਸਿਖ ਨਜ਼ਰ ਕੋਇ ਨਾ ਆਈਆ । ਮਨ ਕਲਪਣਾ ਹੋਵੇ ਰਾਜ, ਰਈਅਤ ਭੱਜੇ ਵਾਹੋ ਦਾਹੀਆ । ਉਸ ਵੇਲੇ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਮੰਗਾਂਗਾ ਜਵਾਬ, ਜਵਾਬ ਤਲਬੀ ਕਰਾਂ ਥਾਉਂ ਥਾਈਆ । ਨਿਰਗੁਣ ਧਾਰ ਆਪਣੀ ਸਾਜਣਾ ਸਾਜ, ਸਾਜਣ ਹੋ ਕੇ ਵੇਖ ਵਖਾਈਆ । ਜਿਥੇ ਹਜ਼ਰਤ ਮੁਹੰਮਦ ਈਸਾ ਮੂਸਾ ਦੀ ਆਸ਼ਾ ਵਾਲੀ ਆਵਾਜ਼, ਖ਼ਾਹਿਸ਼ ਤਿੰਨਾਂ ਮੇਲ ਮਿਲਾਈਆ । ਤੇਰਾ ਉਥੇ ਹੱਦ ਬੰਨਾ ਬਣਾਵਾਂ ਆਪ, ਕੰਨਾ ਕਰਮ ਕਾਂਡ ਤੋਂ ਬਾਹਰ ਲਗਾਈਆ । ਜਿਸ ਨੂੰ ਸਾਰਿਆਂ ਮੰਨਣਾ ਬਾਪ, ਪਿਤਾ ਪੁਰਖ ਅਕਾਲ ਕਹਿ ਕੇ ਸੀਸ ਨਿਵਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਜਪਣਾ ਜਾਪ, ਸੋਹੰ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਗੋਬਿੰਦ ਕਿਹਾ ਪੁਰਖ ਅਕਾਲ ਮੇਰੀ ਇਕੋ ਆਸਾ, ਆਸ਼ਾ ਦਿਆਂ ਜਣਾਈਆ । ਮੈਂ ਲੇਖੇ ਲਾਈ ਗੁਰ ਤੇਗ਼ ਬਹਾਦਰ ਵਾਲੀ ਲਾਸ਼ਾ, ਸੀਸ ਧੜ ਤੇਰੇ ਭੇਟ ਕਰਾਈਆ । ਉਸ ਨੇ ਅੰਤਮ ਇਕੋ ਰਖੀ ਖ਼ਾਹਿਸ਼ਾ, ਉਂਗਲੀ ਸਮੁੰਦਰਾਂ ਪਾਰ ਉਠਾਈਆ । ਔਰੰਗੇ, ਟੋਪੀ ਵਾਲੇ ਆਉਂਦੇ ਜੋ ਮੇਰਾ ਦੇਣ ਸਾਥਾ, ਸਗਲਾ ਸੰਗ ਬਣਾਈਆ । ਖ਼ੁਸ਼ੀ ਵਿਚ ਨਾਲੇ ਤੇਰੀ ਗਾਈ ਗਾਥਾ, ਤੁਧ ਬਿਨ ਅੰਤ ਹੋਏ ਨਾ ਕੋਇ ਸਹਾਈਆ । ਮੇਰੇ ਮਿਹਰਵਾਨ ਮੈਂ ਤੇਰਾ ਸੁਤ ਗੁਰੂ ਤੇਗ਼ ਬਹਾਦਰ ਦਾ ਕਾਕਾ, ਜਗਤ ਜਨਮ ਦੇਣ ਵਾਲੀ ਗੁਜ਼ਰੀ ਮਾਈਆ । ਪਰ ਮੈਨੂੰ ਤੇਰਾ ਅਗਲਾ ਦਿਸਦਾ ਖ਼ਾਕਾ, ਸੋਹਣਾ ਨਕਸ਼ਾ ਸੋਭਾ ਪਾਈਆ । ਜਿਸ ਵੇਲੇ ਸਦੀ ਚੌਧਵੀਂ ਹੋਏ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਤੂੰ ਸਭ ਦੀਆਂ ਲੇਖੇ ਲਾਵਣ ਆਏਂ ਪੇਸ਼ੀਨਗੋਈਆਂ ਵਾਲੀਆਂ ਗਾਥਾ, ਅਵਤਾਰ ਪੈਗ਼ੰਬਰ ਗੁਰੂਆਂ ਲਹਿਣਾ ਦਏਂ ਚੁਕਾਈਆ । ਮੇਰਾ ਤੇਰੇ ਨਾਲ ਹੋਵੇ ਸਾਥਾ, ਜੋਤ

੧੮੦
੨੩

ਸ਼ਬਦ ਧਾਰ ਮਿਲ ਕੇ ਵੱਜੇ ਵਧਾਈਆ । ਸੰਬਲ ਹੋਵੇ ਵਾਸਾ, ਸਚ ਸਵਾਮੀ ਤੇਰਾ ਰੰਗ ਰੰਗਾਈਆ । ਮੈਂ ਤੇਰੇ ਚਰਨ ਕਵਲ ਕਰਾਂ ਅਰਦਾਸਾ, ਬੇਨੰਤੀ ਇਕੋ ਵਾਰ ਸੁਣਾਈਆ । ਮੈਨੂੰ ਤੇਰੇ ਉਤੇ ਭਰਵਾਸਾ, ਦੂਸਰ ਓਟ ਨਾ ਕੋਇ ਤਕਾਈਆ । ਮੇਰੇ ਸਾਹਿਬ ਪੁਰਖ ਅਕਾਲ ਦੀਨ ਦਿਆਲ ਮੈਂ ਸਦਾ ਤੇਰਾ ਮੰਨਾ ਆਖਾ, ਤੂੰ ਮੇਰਾ ਇਕੋ ਅੱਖਰ ਆਪਣੀ ਭੇਟਾ ਲੈਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤੂੰ ਦੱਸ ਆਪਣੀ ਸਲਾਹ, ਮਸ਼ਵਰੇ ਨਾਲ ਜਣਾਈਆ । ਗੋਬਿੰਦ ਕਿਹਾ ਪਹਿਲੋਂ ਮੇਰਾ ਆਪ ਬਣ ਗਵਾਹ, ਸ਼ਹਾਦਤ ਇਕ ਭੁਗਤਾਈਆ । ਪੁਰਖ ਅਕਾਲ ਸ਼ਬਦੀ ਸ਼ਬਦ ਕੀਤੀ ਹਾਂ, ਹਾਂ ਹਾਂ ਵਿਚ ਮਿਲਾਈਆ । ਗੋਬਿੰਦ ਹੱਸ ਕੇ ਤਾਲੀ ਦਿਤੀ ਲਾ, ਦੋ ਹੱਥਾਂ ਤਾਲ ਬਣਾਈਆ । ਮੇਰੇ ਪੁਰਖ ਅਕਾਲ ਜਿਸ ਵੇਲੇ ਕਲਜੁਗ ਅੰਤਮ ਜਾਵੇ ਆ, ਆਪ ਆਪਣਾ ਫੇਰਾ ਪਾਈਆ । ਗੋਬਿੰਦ ਸ਼ਬਦ ਬਣਾਉਣਾ ਮਲਾਹ, ਬੇੜਾ ਸਾਚਾ ਕੰਧ ਟਿਕਾਈਆ । ਖਵਾਜਾ ਜਿਸ ਨੂੰ ਸੀਸ ਦਏ ਝੁਕਾ, ਇੰਦਰ ਨਿਉਂ ਨਿਉਂ ਲਾਗੇ ਪਾਈਂਆ । ਸਦੀ ਚੌਧਵੀਂ ਜਿਸ ਦਾ ਤੱਕੇ ਰਾਹ, ਮੁਹੰਮਦ ਆਸ਼ਾ ਜੋੜ ਜੁੜਾਈਆ । ਈਸਾ ਜਿਸ ਦਾ ਲਿਆ ਸਾਹ, ਸਾਹ ਸਾਹ ਵਿਚ ਸਮਾਈਆ । ਹਜ਼ਰਤ ਮੂਸਾ ਜਿਸ ਨੂੰ ਕਿਹਾ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਤੂੰ ਸਭ ਦਾ ਸਵਾਮੀ ਬੇਪ੍ਰਵਾਹ, ਪ੍ਰਭੂ ਤੇਰੇ ਹੱਥ ਵਡਿਆਈਆ । ਇਕੋ ਬਚਨ ਮੈਂ ਦਿਆਂ ਸੁਣਾ, ਨਿਵ ਨਿਵ ਸੀਸ ਝੁਕਾਈਆ । ਮੇਰਾ ਕੰਨਾ ਗੋਬਿੰਦ ਕਹੇ ਤੇਗ਼ ਬਹਾਦਰ ਆਸ਼ਾ ਲੰਡਨ ਵਿਚ ਦੇਣਾ ਪਹੁੰਚਾ, ਇੰਗਲਿਸਤਾਨ ਪੂਰਬ ਲਹਿਣਾ ਝੋਲੀ ਪਾਈਆ । ਫੇਰ ਸਾਰਿਆਂ ਪੈਗ਼ੰਬਰਾਂ ਦੀ ਪੂਰੀ ਕਰੀਂ ਦੁਆ, ਮਨਜ਼ੂਰੀ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਕੰਨਾ ਕਹੇ ਮੈਂ ਸੁਣਿਆ ਗੋਬਿੰਦ ਸ਼ਬਦ ਅਪਾਰ, ਜੋ ਅਪਰੰਪਰ ਦਿਤਾ ਦ੍ਰਿੜਾਈਆ । ਮੈਂ ਹੋ ਕੇ ਬਹਿ ਗਿਆ ਤਿਆਰ, ਤ੍ਰੈਗੁਣ ਤੋਂ ਬਾਹਰ ਡੇਰਾ ਲਾਈਆ । ਕਰਦਾ ਰਿਹਾ ਇੰਤਜ਼ਾਰ, ਬਿਨ ਅੱਖਾਂ ਅੱਖ ਖੁਲਾਈਆ । ਪੁਛਦਾ ਰਿਹਾ ਵਾਰੋ ਵਾਰ, ਹਜ਼ਰਤ ਮੁਹੰਮਦ ਮੂਸਾ ਈਸਾ ਮੁਹੰਮਦ ਰਸੂਲ ਆਵਾਜ਼ ਸੁਣਾਈਆ । ਮੈਨੂੰ ਕਰਨੀ ਵਿਚ ਕਰਦੇ ਰਿਹੋ ਖ਼ਬਰਦਾਰ, ਬੇਖ਼ਬਰੀ ਵਿਚ ਰਹਿਣ ਕੋਇ ਨਾ ਪਾਈਆ । ਜਿਸ ਵੇਲੇ ਕਲ ਕਲਕੀ ਲਏ ਅਵਤਾਰ, ਨਿਹਕਲੰਕਾ ਵੇਸ ਵਟਾਈਆ । ਅਮਾਮ ਅਮਾਮਾ ਆਵੇ ਸੱਚੀ ਸਰਕਾਰ, ਸ਼ਹਿਨਸ਼ਾਹ ਧੁਰਦਰਗਾਹੀਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਉਧਾਰ, ਕਰਜ਼ਾ ਮਕਰੂਜ਼ ਰਹਿਣ ਕੋਇ ਨਾ ਪਾਈਆ । ਮੇਰੀ ਉਸ ਦੇ ਚਰਨ ਕਵਲ ਨਿਮਸਕਾਰ, ਮੈਂ ਨਿਵ ਨਿਵ ਲਾਗਾਂ ਪਾਈਆ । ਇਸਤਮਬੋਲ ਤੋਂ ਜਿਸ ਵੇਲੇ ਹੋਣਾ ਬਾਹਰ, ਚਲਣਾ ਚਾਈਂ ਚਾਈਆ । ਇਕ ਸੌ ਇਕ ਮੀਲ ਤਾਰਾ ਚੰਦ ਝੁਲਾਉਣਾ ਨਿਸ਼ਾਨ, ਨਿਸ਼ਾਨਾ ਸਭ ਦਾ ਵੇਖ ਵਖਾਈਆ । ਕੰਨਾ ਕਹੇ ਮੈਂ ਵੀ ਵੇਖਾਂ ਉਸ ਸਮੇਂ ਦਾ ਹਾਲ, ਹਾਲਤ ਮੇਰੀ ਮੇਰਾ ਸਾਹਿਬ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਰਾ ਵਰ, ਸਚ ਦਾ ਰੰਗ ਆਪ ਰੰਗਾਈਆ । ਇਸਤਮਬੋਲ ਕਹੇ ਮੇਰੀ ਬੋਲੀ ਅਰਜ਼ ਜੁਰਦ ਜਿਵ ਨੀ ਯਾਕੂਅਸ ਸੁੱਚੀ, ਸਚ ਦਿਆਂ ਜਣਾਈਆ । ਮੈਨੂੰ ਹਜ਼ਰਤ ਮੂਸਾ ਕੋਹਤੂਰ ਉਤੋਂ ਵੇਖਿਆ ਗਰਦਨ ਕਰ ਕੇ ਉਚੀ, ਆਪਣੀ ਅੱਖ ਉਠਾਈਆ । ਹਜ਼ਰਤ ਈਸਾ ਹੱਥ ਲਾਇਆ ਮੁੱਛੀ, ਮੁੱਛਾਂ ਨਾਲ ਛੁਹਾਈਆ । ਜਿਸ ਵੇਲੇ ਗਲ ਫਾਸੀ ਰੱਸੀ ਟੁੱਟੀ, ਟੁੱਟੀ ਵੇਖ ਵਖਾਈਆ । ਮੁਹੰਮਦ ਪੁਕਾਰ ਕੇ ਬਾਹਰ ਕਿਹਾ ਵਜੂਦ ਬੁਤੀ, ਬੁਤਖ਼ਾਨਿਆਂ ਬਾਹਰ ਸੁਣਾਈਆ । ਸਦੀ ਚੌਧਵੀਂ ਦਰੋਹੀ ਉਮਤ



੧੮੧
੨੩

ਜਾਣੀ ਲੁੱਟੀ, ਲੁਟੇਰਾ ਬਣੇ ਬੇਪ੍ਰਵਾਹੀਆ । ਧੁਰ ਫ਼ਰਮਾਨ ਹੋਇਆ ਚੌਦਾਂ ਤਬਕ ਰਹੇ ਨਾ ਲੁਕੀ, ਪਰਦਾ ਓਹਲਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਇੰਸਤਮਬੋਲ ਕਹੇ ਮੇਰਾ ਮਾਲਕ ਮਲਵਿਜ਼ ਹਾਹ ਜ਼ਲਬੁ ਅਲਵਾ ਯਕਬੀ ਨਲਜ਼ੂ ਜ਼ੀਨਾ ਅਸਤ ਕੁਜ਼ੇ ਮਸ਼ਿਲ ਚਸ਼ਮੀ ਨਾਵੂ ਤਮਬੇਜ਼ੀ ਤਾਖਤੁਮਾ ਸਖਮੇ ਵਹਾ ਵਨਾਹ ਜ਼ੂਏ ਵਜ਼ੀ ਜਾਏ ਜ਼ਊ ਯਸੂਹ ਵਲਜ਼ ਮੁਮਬਾ ਦੜਮਫ਼ਲੇ ਜ਼ਾਵਹੁਲਾ ਮੁਸਤਬੀ ਮਹੱਲ ਮਹੁਮਬਾ ਜ਼ਾਹਮਲੀਯਾ ਕੌਜ਼ਿਵਵਹੌਲਾ ਲਾਵਿਲ ਜ਼ਵਿਲ ਜ਼ਾਵੌਦਾ ਤੂਲਾ ਅਲਹਮਬਾ ਕਾਜ਼ਿਲ ਮਹੌ ਜ਼ਾਵਿਲ ਅਲਗਲਾ ਲਗੌ ਗੋਬਿੰਦੇ ਤਕਜ਼ਵਲਾ ਨੂਰੇ ਵਸਹਾ ਮਾਰਵਲਾ ਜਾਂ ਵਲਵਾ ਜ਼ਾ ਵਲਵਾ ਨੂਰੇ ਅਲਾਹ ਵੀ ਰਾ ।

✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਤੁਰਕੀ ਦੇ ਇਸਤਮਬੋਲ ਸ਼ਹਿਰ ਤੋਂ
ਇਕ ਸੌ ਇਕ ਮੀਲ ਬਾਹਰ ਚਿਕਲੁਕ ਪਿੰਡ ਤੋਂ ਬਾਹਰ ✪

ਸਦੀ ਚੌਧਵੀਂ ਕਹੇ ਸੁਣ ਵੇ ਤਾਰਾ ਚੰਨਾ, ਚੰਨ ਚੰਨਾ ਦਿਆਂ ਜਣਾਈਆ । ਸਾਡਾ ਆ ਗਿਆ ਨੇੜੇ ਹੱਦ ਬੰਨਾਂ, ਅਗਲਾ ਪੰਧ ਰਿਹਾ ਨਾ ਰਾਈਆ । ਮੈਨੂੰ ਨਜ਼ਰੀ ਆਉਂਦਾ ਗੋਬਿੰਦ ਵਾਲਾ ਕੰਨਾ, ਜੋ ਭੱਜੇ ਵਾਹੋ ਦਾਹੀਆ । ਜਿਸ ਜਗਤ ਜਹਾਨ ਤੱਕਣਾ ਅੰਨ੍ਹਾ, ਨੇਤਰ ਨੈਣ ਨਾ ਕੋਇ ਖੁਲਾਈਆ । ਕਰੇ ਖੇਲ ਸ੍ਰੀ ਭਗਵਾਨਾ, ਕੁਦਰਤ ਕਾਦਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਤਾਰਾ ਚੰਨ ਕਹਿਣ ਅਸੀਂ ਕਰ ਲਈਏ ਸਲਾਮ, ਬਿਸਮਿਲਾ ਕਹਿ ਕੇ ਸੀਸ ਨਿਵਾਈਆ । ਐ ਮਾਲਕ ਸਾਨੂੰ ਕਰੀਂ ਨਾ ਕਿਤੇ ਨੀਲਾਮ, ਬੋਲੀ ਜਗਤ ਵਾਲੀ ਦਵਾਈਆ । ਅਸੀਂ ਸੁਣੀ ਤੇਰੀ ਕਲਾਮ, ਕਲਮਾ ਤੇਰੀ ਸਿਫ਼ਤ ਸਲਾਹੀਆ । ਤੇਰੇ ਹੱਥ ਸਭ ਦਾ ਅੰਜਾਮ, ਦੂਜਾ ਨਜ਼ਰ ਕੋਇ ਨਾ ਆਈਆ । ਪੈਗ਼ੰਬਰ ਸਜਦੇ ਕਰਨ ਤਮਾਮ, ਤਮਾ ਲਾਲਚ ਮਜ਼੍ਹਬ ਵਾਲੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲਹਿਣਾ ਲਹਿਣੇ ਪਾਈਆ । ਤਾਰਾ ਚੰਨ ਕਹੇ ਮੈਂ ਸਜਦਾ ਕੀਤਾ ਇਕ ਜ਼ੀਰੋ ਇਕ, ਜਗਤ ਫ਼ਾਸਲਾ ਮੀਲਾਂ ਵੰਡ ਵੰਡਾਈਆ । ਮੇਰਾ ਸੀਨਾ ਫਟਿਆ ਹਿਕ, ਨੇਤਰ ਰਹੇ ਕੁਰਲਾਈਆ । ਮੇਰੇ ਮਹਿਬੂਬ ਮੇਰਾ ਲੇਖਾ ਆਪਣੇ ਨਾਲ ਲੈਣਾ ਲਿਖ, ਦੂਸਰ ਸੰਗ ਨਾ ਕੋਇ ਬਣਾਈਆ । ਬ੍ਰਹਿਮੰਡ ਖੰਡ ਜਿਤਨੇ ਗ੍ਰਹਿ ਤੇਰੇ ਸਾਰੇ ਸਿਖ, ਦਿਵਸ ਰਾਤ ਤੇਰੀ ਸੇਵ ਕਮਾਈਆ । ਮੁਹੰਮਦ ਦਾ ਪੂਰਾ ਕਰਨਾ ਭਵਿਖ, ਪੇਸ਼ੀਨਗੋਈ ਧੁਰ ਦੀ ਵੇਖ ਵਖਾਈਆ । ਅਗੇ ਆਪਣੇ ਨਾਮ ਕਲਮੇ ਦੀ ਮਾਰਨੀ ਹਿੱਟ, ਹੁਕਮ ਧੁਰ ਦਾ ਇਕ ਦ੍ਰਿੜਾਈਆ । ਈਸਾ ਕਢੀ ਖਲੋਤਾ ਚਿਟ, ਚਿੱਟੇ ਉਤੇ ਕਾਲਾ ਦੇਣਾ ਪਾਈਆ । ਤੇਰਾ ਹੁਕਮ ਸਦਾ ਅਮਿਟ, ਮੇਟ ਸਕੇ ਕੋਇ ਨਾ ਰਾਈਆ । ਤੇਰੇ ਦਰੇ ਦਰਬਾਰ ਜਾਵਾਂ ਟਿਕ, ਤਾਰਾ ਚੰਨ ਵਾਸਤਾ ਪਾਈਆ । ਸਦੀ ਚੌਧਵੀਂ ਸੰਗ ਮੁਹੰਮਦ ਫੇਰ ਕਰੇ ਕੋਇ ਨਾ ਰਿਟ, ਰਿਟਨ ਲੇਖਾ ਸਭ ਦਾ ਦੇਣਾ ਮੁਕਾਈਆ । ਤੇਰੀ ਦੀਨ ਦੁਨੀ ਤੇਰਾ ਇਸਲਾਮ ਪਏ ਕਲਮੇ ਵਾਲੇ ਪਿਟ, ਪਟੀਸ਼ਨ ਅਵਰ ਨਾ ਕੋਇ ਜਣਾਈਆ । ਤੇਰੇ ਹੁਕਮੇ ਅੰਦਰ ਤੇਰੀ ਦਰਗਾਹ ਹੋਣਾ ਸਿਟ, ਸਟੈਂਡ ਐਂਡ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਤਾਰਾ ਚੰਨ ਕਹੇ ਸਾਡੀ ਮਾਰਨਿੰਗ ਗੁਡ, ਗਾਡ ਸੀਸ ਨਿਵਾਈਆ । ਅਸੀਂ
ਸੜਨਾ ਨਹੀਂ ਕਿਸੇ ਵੁਡ, ਲੱਕੜੀ ਤਨ ਨਾ ਕੋਇ ਰਖਾਈਆ । ਭੁੱਖ ਪਿਆਸ ਨਹੀਂ ਕਿਸੇ ਫੂਡ, ਫ਼ਾਇਰ ਅਗਨੀ ਸੰਗ ਨਾ ਕੋਇ ਬਣਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਸੀਸ ਨਿਵਾਈਆ । ਤਾਰਾ ਚੰਨ ਕਹੇ ਸਦੀ ਚੌਧਵੀਂ
ਆਹ ਵੇਖ ਲੈ ਆਪਣਾ ਕਿਨਾਰਾ, ਕੀਨੇ ਅਜ਼ੀ ਇਜ਼ਹਾ ਧਿਆਨ ਲਗਾਈਆ । ਜਿਥੇ ਸ਼ਰਅ ਦਾ ਅਖ਼ੀਰੀ ਇਸ਼ਾਰਾ, ਆਸ਼ਾ ਮੁਹੰਮਦ ਦਏ ਗਵਾਹੀਆ ।
ਇਸ ਤੋਂ ਅਗੇ ਮੁਸਲਸਲ ਈਸਾ ਦਾ ਨਜ਼ਾਰਾ, ਈਸ਼ਵਰ ਆਪਣਾ ਰੰਗ ਰੰਗਾਈਆ । ਜੋ ਸਰਗੁਣ ਨਿਰਗੁਣ ਧਾਰ ਆਇਆ ਦੁਬਾਰਾ, ਕਲ ਕਲਕੀ
ਫੇਰਾ ਪਾਈਆ । ਜਿਸ ਦੀ ਸ਼ਬਦ ਸ਼ਬਦ ਅਖ਼ਬਾਰਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਉਹ ਸਭ ਦਾ ਮਾਲਕ ਜ਼ਾਹਿਰਾ, ਜ਼ਾਹਰ ਜ਼ਹੂਰ ਡਗਮਗਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੈਂ
ਧੂੜੀ ਲਾਵਾਂ ਖ਼ਾਕ, ਟਿੱਕੇ ਖ਼ੁਸ਼ੀ ਵਾਲੇ ਰਮਾਈਆ । ਅੰਤ ਜੋੜ ਕੇ ਦੋਵੇਂ ਹਾਥ, ਸੀਸ ਦੇਵਾਂ ਝੁਕਾਈਆ । ਤੂੰ ਸਾਹਿਬ ਪੁਰਖ ਸਮਰਾਥ, ਦਾਤਾ
ਇਕ ਅਖਵਾਈਆ । ਜਿਹੜੇ ਹਰਿ ਭਗਤ ਤੇਰੇ ਸਾਥ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਤੇਰੇ ਪਿਆਰ ਦਾ ਪੂਰਨ ਕਰਨ ਵਾਕ, ਵਾਕਫ਼ਕਾਰ
ਦਿਸੇ ਖ਼ਲਕ ਖ਼ੁਦਾਈਆ । ਮੈਂ ਲਹਿਣਾ ਦੇਣਾ ਜਾਣਾ ਦਿਵਸ ਰਾਤ, ਖੋਜਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਤਾਰਾ ਚੰਨ ਕਹਿਣ ਅਸੀਂ ਝੁਲੇ ਸਚ ਸਚੀ ਦਰਗਾਹ, ਦਰਗਾਹ ਸਚ ਮਿਲੀ
 ਸਰਨਾਈਆ । ਮੁਕਾਮੇ ਹਕ ਹਕ ਗਵਾਹ, ਸੁਧ ਇਕੋ ਨਜ਼ਰੀ ਆਈਆ । ਸਾਡਾ ਸਜਦਾ ਸਜਦੇ ਵਿਚ ਦੁਆ, ਦੋਏ ਜੋੜ ਵਾਸਤਾ ਪਾਈਆ । ੧੮੩ ੨੩
ਮਾਲਕ ਖ਼ਾਲਕ ਵਾਹਿਦ ਇਕ ਖ਼ੁਦਾ, ਖ਼ਿਦਮਤਗਾਰ ਤੇਰਾ ਨਜ਼ਰੀ ਆਈਆ । ਤੈਨੂੰ ਖ਼ੁਸ਼ੀਆਂ ਵਿਚ ਕਰੀਏ ਅਲਵਿਦਾ, ਨੇਤਰ ਮੁਹੱਬਤ ਨੀਰ ਵਹਾਈਆ ।
ਤੇਰੇ ਚਰਨ ਕਵਲ ਮੁਹੰਮਦ ਦੀ ਆਸ਼ਾ ਦਾ ਮੁੱਦਾ, ਖ਼ਾਹਿਸ਼ ਪਿਛਲੀ ਵੇਖ ਵਖਾਈਆ । ਕਬੀਰ ਨੇ ਇਸ਼ਾਰਾ ਦਿਤਾ ਉਤੇ ਬਸੁਧਾ, ਸਚਖੰਡ ਵਿਚੋਂ
ਅੱਖ ਉਠਾਈਆ । ਸ਼ਮਸ ਤਬਰੇਜ਼ ਨੇ ਕਿਹਾ ਮੇਰਾ ਪੀਰ ਉਚਾ, ਜੋ ਮਾਲਕ ਨੂਰ ਅਲਾਹੀਆ । ਤੇਗ਼ ਬਹਾਦਰ ਇਕੱਠਾ ਕਰ ਕੇ ਪਿਆਰ ਗ਼ੁੱਸਾ,
ਦੋਵੇਂ ਧਾਰਾ ਵੇਖ ਵਖਾਈਆ । ਜਿਸ ਵੇਲੇ ਕਲਜੁਗ ਪੈਂਡਾ ਮੁਕਾ, ਅਗੇ ਅਵਰ ਨਾ ਕੋਇ ਵਧਾਈਆ । ਉਸ ਵੇਲੇ ਹੁਕਮ ਹੋਣਾ ਦੋ ਤੁਕਾ, ਤੂੰ
ਮੇਰਾ ਮੈਂ ਤੇਰਾ ਨਾਮ ਜਣਾਈਆ । ਸਦੀ ਚੌਧਵੀਂ ਚੰਦ ਸਿਤਾਰ ਸੀਸ ਹੋਣਾ ਝੁਕਾ, ਗੋਬਿੰਦ ਸਤਿਗੁਰ ਸ਼ਬਦ ਦਏ ਗਵਾਹੀਆ । ਪੂਰਨ ਸਤਿਗੁਰ
ਪਰਮ ਪੁਰਖ ਪੂਰਨ ਹੋਣਾ ਪਿਤਾ, ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ
ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਧਰਨੀ ਕਹੇ ਮੇਰਾ ਸਾਹਿਬ ਆਇਆ ਮੇਰੇ ਕੰਢੇ, ਤੁਰਕੀ ਧਾਰ ਦਏ ਗਵਾਹੀਆ । ਮੇਰਾ
ਸੀਨਾ ਕਰੇ ਠੰਡੇ, ਠੰਡਕ ਇਕ ਵਰਤਾਈਆ । ਧੁਰ ਦਾ ਕਲਮਾ ਧੁਰ ਹੁਕਮ ਵਿਚ ਵੰਡੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖਾਂ
ਦੇ ਘਰ ਘਰ ਦੇ ਖਾ ਕੇ ਗੰਢੇ, ਗੰਢਾਂ ਸਭ ਦੀਆਂ ਰਿਹਾ ਖੁਲਾਈਆ । ਮੇਰੇ ਦੇਸ਼ ਦੇ ਤਾਰਾ ਨਿਸ਼ਾਨ ਦੇ ਵੇਖੇ ਝੰਡੇ, ਤਾਰਾ ਨਿਸ਼ਾਨ ਧੁਰ ਦਾ
ਨਾਲ ਝੁਲਾਈਆ । ਇਹ ਖੇਲ ਪੁਰਾਣਾ ਨਾਨਕ ਦੱਸਿਆ ਜਿਸ ਵੇਲੇ ਸੁੱਤਾ ਹੇਠਾਂ ਜੰਡੇ, ਸਾਇਆ ਸਰਪ ਮੁਖ ਉਤੇ ਕਰਾਈਆ । ਉਸ ਵੇਲੇ ਅੰਤਰ

ਧਾਰ ਸਫ਼ਰ ਚੜ੍ਹਿਆ ਸੀ ਲੰਬੇ, ਥਾਨ ਇਹੋ ਨਜ਼ਰੀ ਆਈਆ । ਲੱਖਾਂ ਜਿਮੀਂ ਅਸਮਾਨ ਕੰਬੇ, ਥਰਥਰਾਹਟ ਵਿਚ ਕੁਰਲਾਈਆ । ਹਰਿ ਬਿਨ ਵਕਤ ਕੋਇ ਨਾ ਸੰਭੇ, ਸੰਬਲ ਬੈਠਾ ਨੂਰ ਅਲਾਹੀਆ । ਫੇਰ ਖੇਲ ਤੱਕੇ ਅਚੰਭੇ, ਜੋਤੀ ਜਾਤਾ ਡਗਮਗਾਈਆ । ਦੀਨ ਦੁਨੀ ਦੇ ਭਾਗ ਦਿਸਣ ਮੰਦੇ, ਕੂੜ ਕੁੜਿਆਰੇ ਕਲਜੁਗ ਨਾਲ ਵੱਜੀ ਵਧਾਈਆ । ਝਟ ਸ਼ਬਦ ਸੁਣਿਆ ਸਭ ਦੇ ਲੇਖੇ ਮੁਕਣੇ ਨਾਲ ਸੋਹੰ ਖੰਡੇ, ਜਗਤ ਖੜਗ ਨਾ ਕੋਇ ਚਮਕਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਜੇਰਜ ਅੰਡੇ, ਉਤਭੁਜ ਸੇਤਜ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰੇ ਪੀਰਾਂ ਦਿਆਂ ਪੀਰਾ ਅਮੀਰਾਂ ਦਿਆ ਅਮੀਰਾ, ਲਾਤਸਵੀਰਾ ਕੀ ਤੇਰੀ ਸੇਵ ਕਮਾਈਆ । ਤੇਰਾ ਨੂਰ ਅਨਮੁਲੜਾ ਹੀਰਾ, ਹੀਰੇ ਰਤਨ ਜਵਾਹਰ ਮਾਣਕ ਮੋਤੀ ਕੀ ਤੇਰੇ ਚਰਨ ਟਿਕਾਈਆ । ਮੈਨੂੰ ਲੇਖਾ ਦਿਸ ਪਿਆ ਰਵੀਦਾਸ ਵਾਲੇ ਕਸੀਰਾ, ਜੋ ਸਾਡੇ ਦੇਸ ਆਉਣ ਲੱਗਿਆਂ ਸਮੁੰਦ ਸਾਗਰ ਵਿਚ ਰਖਾਈਆ । ਮੈਨੂੰ ਨਜ਼ਰੀ ਆਇਆ ਤੇਰਾ ਨੀਲਾ ਚੀਰਾ, ਚੀਰੇ ਵਾਲਿਆ ਤੇਰੀ ਬੇਪ੍ਰਵਾਹੀਆ । ਮੇਰੀ ਬੇਨੰਤੀ ਸਭ ਦੀ ਬਦਲ ਜਾਈਂ ਤਕਦੀਰਾ, ਤਦਬੀਰ ਆਪਣੇ ਹੱਥ ਰਖਾਈਆ । ਜਿਹੜੇ ਆਸਾ ਰਖ ਕੇ ਬੈਠੇ ਤੇਰੇ ਫ਼ਕੀਰਾ, ਫ਼ਿਕਰ ਵਿਚ ਉਹਨਾਂ ਮਿਲਣਾ ਚਾਈਂ ਚਾਈਂਆ । ਤੂੰ ਮਾਲਕ ਗਹਿਰ ਗੰਭੀਰਾ, ਗਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਚ ਤੇਰੀ ਵਡਿਆਈਆ । ਤਾਰਾ ਚੰਨ ਕਹੇ ਅਸੀਂ ਝੁੱਲੇ ਤੇਰੇ ਹੁਕਮ, ਹੁਕਮੀ ਹੁਕਮ ਵਰਤਾਈਆ । ਦੀਨ ਦੁਨੀ ਤਾਅਸੀਰ ਬਦਲ ਦੇ ਤੁਖ਼ਮ, ਤਾਮਸ ਤ੍ਰਿਸ਼ਨਾ ਦੇ ਗਵਾਈਆ । ਤੂੰ ਨੂਰ ਅਲਾਹੀ ਚਸ਼ਮੇ ਚਸ਼ਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਤੇਰੀ ਯਾਦ ਵਿਚ ਆਪਣੀ ਫ਼ਰਿਆਦ ਵਿਚ ਮੁਹੰਮਦ ਦੀ ਦਾਦ ਵਿਚ ਸ਼ਹਾਦਤ ਦੇ ਗਏ ਹੁਸੈਨ ਹਸਨ, ਐਲੀ ਆਲੀਜ਼ਾਹ ਤੇਰੇ ਚਰਨਾਂ ਸੀਸ ਨਿਵਾਈਆ । ਮੈਂ ਜ਼ਰੂਰ ਚਾਹੁੰਦੀ ਜਨ ਭਗਤ ਤੇਰੇ ਨਾਲ ਮੂਲ ਨਾ ਰੁੱਸਣ, ਰੁੱਸਿਆਂ ਲੈਣਾ ਮਨਾਈਆ । ਜਿਸ ਨੂੰ ਜ਼ਿਮੀਂ ਅਸਮਾਨ ਝੁਕਣ, ਲੋਕ ਪਰਲੋਕ ਭੱਜਣ ਵਾਹੋ ਦਾਹੀਆ । ਉਹ ਮੇਰਾ ਸਾਹਿਬ ਰੁਕਨ, ਰੁਖ਼ਸਤ ਕਰਾਂ ਚਾਈਂ ਚਾਈਂਆ । ਤਾਰਾ ਚੰਨ ਕਹੇ ਸਦੀ ਚੌਧਵੀਂ ਸਾਡਾ ਨਿਸ਼ਾਨਾ ਲੱਗਾ ਟੁੱਟਣ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਸਚ ਪ੍ਰਕਾਸ਼ ਲੱਗਾ ਫੁੱਟਣ, ਪੌਹ ਫੁਟੀ ਨੂਰ ਅਲਾਹੀਆ । ਆਪਣੇ ਹੁਕਮ ਨਾਲ ਸਭ ਦਾ ਸਭ ਕੁਛ ਆਇਆ ਲੁੱਟਣ, ਲੁਟੇਰਾ ਵੇਖਣ ਕੋਇ ਨਾ ਪਾਈਆ । ਤੂੰ ਆਪਣਾ ਲਹਿੰਗਾ ਸੰਭਾਲ ਸਲਵਾਰ ਸੁੱਥਣ, ਪੱਲੂ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਤਾਰਾ ਚੰਨ ਤਿੰਨੇ ਮਿਲ ਕੇ ਰਹੇ ਆਖ, ਆਖ਼ਰ ਸੀਸ ਨਿਵਾਈਆ । ਪਰਵਰਦਿਗਾਰ ਕਰਨਾ ਮੁਆਫ਼, ਬੰਦੇ ਨਿਵਾਜ਼ ਤੇਰੀ ਸ਼ਰਨਾਈਆ । ਅਸੀਂ ਸਦਾ ਤੇਰੇ ਦਾਸ, ਗੁਸਤਾਖ਼ੀ ਸਾਡੇ ਅੰਦਰ ਰਹੇ ਨਾ ਰਾਈਆ । ਖ਼ੁਸ਼ੀਆਂ ਵਿਚ ਖ਼ੁਸ਼ੀ ਦੇਣੀ ਵਸੀਹਤ ਤੇਰੇ ਪਾਸ, ਪਾਸਾ ਬਦਲ ਕਦੇ ਨਾ ਜਾਈਆ । ਮਕਬਰੇ ਵਿਚ ਤੱਕੇ ਮੁਹੰਮਦ ਦੀ ਲਾਸ਼, ਲਸ਼ਕਰ ਰੋਵਣ ਮਾਰਨ ਧਾਹੀਆ । ਤੇਰਾ ਨੂਰ ਹੋਵੇ ਪ੍ਰਕਾਸ਼, ਪ੍ਰਕਾਸ਼ਤ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਅਮਾਮ ਸਾਡਾ ਪੂਰਾ ਕਰਨਾ ਵਿਸ਼ਵਾਸ, ਵਿਸ਼ਾ ਇਕੋ ਨਜ਼ਰੀ ਆਈਆ ।

## ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਫ਼ਰਾਂਸ ਦੀ ਰਾਜਧਾਨੀ ਪੈਰਿਸ ਤੋਂ ਬਾਹਰ ਦਰਿਆ ਦੇ ਕੰਢੇ ਤੇ ✪

ਸਤਾਰਾਂ ਭਾਦਰੋਂ ਕਹੇ ਮੈਂ ਪੜ੍ਹੀਆਂ ਅਗੰਮੀ ਅਖ਼ਬਾਰਾਂ, ਪਰਚੇ ਨਾਰਦ ਰਿਹਾ ਵਖਾਈਆ । ਖਵਾਜੇ ਖਿਜਰ ਕਿਹਾ ਸਲਾਮ ਦੁਆ ਚਾਰ ਯਾਰਾਂ, ਮੁਹੰਮਦ ਸਦੀ ਚੌਧਵੀਂ ਸੰਗ ਸੀਸ ਨਿਵਾਈਆ । ਨੂਰ ਨੁਰਾਨਾ ਤੱਕਿਆ ਜ਼ਹੂਰ ਜ਼ਹੂਰੀ ਜ਼ਾਹਿਰਾ, ਜ਼ਾਹਿਦ ਮੁਜਾਹਿਦ ਬੇਪ੍ਰਵਾਹੀਆ । ਜਿਸ ਦਾ ਆਦਿ ਅੰਤ ਨਾ ਕੋਇ ਕਿਨਾਰਾ, ਕਿਸ਼ਤੀ ਨਈਆ ਨੌਕਾ ਦੋ ਜਹਾਨ ਰਿਹਾ ਚਲਾਈਆ । ਹਜ਼ਰਤ ਦਾਊਦ ਦਾ ਇਸ਼ਾਰਾ, ਜੀਭ ਦੰਦਾਂ ਹੇਠ ਦਬਾਈਆ । ਮੇਰਾ ਮਬੀ ਅੱਲਾ ਹਕ ਪਿਆਰਾ, ਪਰਵਰਦਿਗਾਰ ਅਗੰਮ ਅਥਾਹੀਆ । ਸਦੀ ਚੌਧਵੀਂ ਬੀਸਵੀਂ ਨਾਲ ਦਏ ਉਧਾਰਾ, ਮਸੀਹ ਨੈਣ ਮੁੰਧ ਰਿਹਾ ਸੁਣਾਈਆ । ਮੂਸੇ ਮੁਸ਼ਕਣੀਆਂ ਵਿਚ ਕਿਹਾ ਆਏ ਦੁਬਾਰਾ, ਦੂਹਰੀ ਆਪਣੀ ਕਲ ਵਰਤਾਈਆ । ਬਲ ਇਸ਼ਾਰਾ ਦਿਤਾ ਬਾਵਨ ਨਰ ਨਿਰੰਕਾਰਾ, ਨਰਾਇਣ ਧੁਰਦਰਗਾਹੀਆ । ਸ਼ੁਕਰ ਪ੍ਰੋਹਤ ਵਖਾਇਆ ਅਖਾੜਾ, ਹੁਕਮ ਹੁਕਮ ਵਿਚੋਂ ਸੁਣਾਈਆ । ਉਹ ਤੱਕ ਬਲਗਾਰੀਆ ਬ਼ਗਲਗੀਰ ਹੋਵੇ ਯਾਰਾ, ਸਨਫ਼ੀ ਸੋਭਾ ਪਾਈਆ । ਜਿਸ ਨੂੰ ਅੰਤ ਸੂਫ਼ੀਆਂ ਕਿਹਾ ਆਵੇ ਵਿਚ ਸੰਸਾਰਾ, ਜਗਤ ਰਸਨਾ ਨਾਲ ਸਲਾਹੀਆ । ਝਟ ਨਾਰਦ ਖਲ੍ਹੋ ਕੇ ਮਾਰੇ ਲਲਕਾਰਾ, ਕੂਕ ਕੂਕ ਸੁਣਾਈਆ । ਕੀ ਬਾਵਨ ਤੂੰ ਆਵੇਂ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਬਾਵਨ ਧਰਤੀ ਉਤੇ ਲੇਖ ਲਿਖਿਆ ਮੈਂ ਮੇਰਾ ਨੂਰ ਆਵੇ ਚਵ੍ਹੀਆਂ ਅਵਤਾਰਾ, ਚਾਰ ਬੀਸਾ ਚੌਬੀਸਾ ਆਪਣਾ ਰੂਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਵੇਖੇ ਮੁਹੰਮਦ ਯਾਰ ਚਾਰ ਸੰਗ, ਹੱਦ ਹਦੂਦ ਫੋਲ ਫੁਲਾਈਆ । ਈਸਾ ਮੰਗਾਂ ਰਿਹਾ ਮੰਗ, ਇੰਸਤਮਬੋਲ ਦਏ ਗਵਾਹੀਆ । ਇਕ ਸੌ ਇਕ ਮੀਲ ਚੜ੍ਹਿਆ ਰੰਗ, ਤਾਰਾ ਚੰਦ ਨਿਸ਼ਾਨ ਸੁਹਾਈਆ । ਜਿਸ ਵੇਲੇ ਹੱਦ ਬਲਗਾਰੀਆ ਆਇਆ ਲੰਘ, ਲਹਿਣਾ ਪਿਛਲਾ ਰਿਹਾ ਚੁਕਾਈਆ । ਏਥੋਂ ਦਾ ਦੀਵਾਨ ਹੁੰਦਾ ਸੀ ਤੁਲੀਆ ਚੰਦ, ਬਲ ਦਵਾਰੇ ਸੋਭਾ ਪਾਈਆ । ਜਿਸ ਦਾ ਲੇਖਾ ਵਿਚ ਪੁਰਾਣ ਸੁਕੰਦ, ਈਕਾਸੀ ਹਜ਼ਾਰ ਸਲੋਕ ਦੇਣ ਗਵਾਹੀਆ । ਨਾਰਦ ਕਹੇ ਮੈਂ ਹੈਰਾਨ ਹੋ ਗਿਆ ਹੈਰਾਨੀ ਵਿਚ ਹੋਇਆ ਦੰਗ, ਪਰੇਸ਼ਾਨੀ ਵਿਚ ਬੋਦੀ ਰਿਹਾ ਹਿਲਾਈਆ । ਕੀ ਖੇਲ ਸੂਰਾ ਸਰਬੰਗ, ਹਰਿ ਕਰਤਾ ਰਿਹਾ ਵਖਾਈਆ । ਜੁਗ ਜੁਗ ਦੀ ਪਿਛਲੀ ਵੰਡ, ਪੂਰਬ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਲਗਾਰੀਆ ਕਹੇ ਮੈਂ ਦੱਸਾਂ ਆਪਣੀ ਕਹਾਣੀ, ਕਹਾਵਤ ਵਿਚ ਸੁਣਾਈਆ । ਮੇਰੀ ਧਾਰ ਜ਼ਿਮੀਂ ਮੇਰਾ ਨੂਰ ਅਸਮਾਨੀ, ਮਿਲ ਕੇ ਵੱਜੇ ਵਧਾਈਆ । ਮੇਰਾ ਤਤ ਨਹੀਂ ਜਿਸਮਾਨੀ, ਜ਼ਮੀਰ ਜਗਤ ਨਾ ਕੋਇ ਰਖਾਈਆ । ਜਿਸ ਵੇਲੇ ਬਲ ਦਵਾਰ ਅਸਵਮੇਧ ਯੱਗ ਪੱਕਾ ਪਕਵਾਨੀ, ਪੱਕਾ ਕੱਚਾ ਸੋਭਾ ਪਾਈਆ । ਮੇਰੀ ਧਰਤੀ ਵਿਚੋਂ ਗਿਆ ਸੀ ਫਲ ਨਾਂ ਨਿਧਾਨੀ, ਜਿਸ ਦਾ ਖੱਟਾ ਮਿੱਠਾ ਰਸ ਵਖਾਈਆ । ਉਸ ਫਲ ਵਿਚੋਂ ਬਾਵਨ ਦੀ ਭੇਟਾ ਕੀਤਾ ਬਲ ਕਿਹਾ ਖਾਹ ਮੇਰੀ ਮਹਿਮਾਨੀ, ਆਪਣੇ ਮੁਖ ਲਗਾਈਆ । ਬਾਵਨ ਕਿਹਾ ਮੈਂ ਨਹੀਂ ਖਾਣਾ ਅੰਨ ਪੀਣਾ ਨਹੀਂ ਪਾਣੀ, ਰਸਨਾ ਰਸ ਨਾ ਕੋਇ ਬਣਾਈਆ । ਉਠ ਵੇਖ ਤੈਨੂੰ ਸੁਣਾਵਾਂ ਭਵਿਖਤ ਬਾਣੀ, ਬਾਣ ਅਣਿਆਲਾ ਇਕ ਚਲਾਈਆ । ਜਿਸ ਵੇਲੇ ਸ਼ਹਿਨਸ਼ਾਹ ਸ਼ਾਹ ਆਵੇ ਸੁਲਤਾਨੀ, ਪਾਤਸ਼ਾਹ ਬੇਪ੍ਰਵਾਹੀਆ । ਉਸ ਵੇਲੇ ਇਹ ਜੂਹ ਹੋਣੀ ਬੇਗਾਨੀ, ਫਲ ਭੇਟ ਨਾ ਕੋਇ ਕਰਾਈਆ । ਉਸ ਵਕਤ ਉਹ ਖੇਲ ਕਰੇ ਮਹਾਨੀ, ਮਿਹਰਵਾਨ

ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਝਟ ਬਾਵਨ ਦੋ ਜਹਾਨਾਂ ਲਿਆ ਤੱਕ, ਸਭਾ ਬਲ ਵਾਲੀ ਵੇਖ ਵਖਾਈਆ । ਫੇਰ ਤੱਕਿਆ ਕਿਸ ਦਾ ਹਕ, ਹਕੀਕਤ ਖੋਜ ਖੁਜਾਈਆ । ਉਧਰੋਂ ਦਾਸੀ ਆਈ ਨੱਠ, ਗੋਲੀ ਭੱਜੀ ਚਾਈਂ ਚਾਈਂਆ । ਛੋਟੇ ਬੱਚੇ ਕੀਤਾ ਹੱਠ, ਰਸ ਮੈਨੂੰ ਦੇ ਖਵਾਈਆ । ਉਧਰੋਂ ਆ ਗਿਆ ਯੋਧਾ ਨਾਯੂ ਇਕ ਸਮਰਠ, ਬਲਖ ਨਗਰੀ ਸੋਭਾ ਪਾਈਆ । ਇਕ ਰਿਸ਼ੀ ਆ ਗਿਆ ਪ੍ਰੇਮ ਦੀ ਲਾਉਂਦਾ ਰਟ, ਰਸਨਾ ਢੋਲਾ ਗਾਈਆ । ਅਮਰਜੀਤ ਸਿੰਘ ਉਸੇ ਰਿਸ਼ੀ ਦਾ ਰੂਪ ਸਚ, ਸਚ ਸਚ ਰੰਗ ਰੰਗਾਈਆ । ਸਮਰਠ ਕਪੂਰ ਸਿੰਘ ਜਨਮ ਆਇਆ ਪਲਟ, ਪਲਟਾ ਚੌਥੇ ਜੁਗ ਖਾਈਆ । ਦਾਸੀ ਤ੍ਰਿਪਤ ਹੋਈ ਵਸ, ਨੱਨ੍ਹਾ ਬੱਚਾ ਜੁਗਿੰਦਰ ਵੱਜੀ ਵਧਾਈਆ । ਦਰਸ਼ਨ ਸਿੰਘ ਰਾਜੇ ਬਲ ਦਾ ਸੀ ਸਮਸ, ਸਮਸਿਆ ਸਾਰੀ ਹੱਲ ਕਰਾਈਆ । ਨਾਜਰ ਸਿੰਘ ਇਸ ਜਨਮ ਦਾ ਲਹਿਣਾ ਗੁਰਦਿਆਲ ਸਿੰਘ ਦੇ ਮਿਲਿਆ ਵਿਚੋਂ ਹੱਟ, ਗੋਬਿੰਦ ਮੇਲਾ ਸਹਿਜ ਸੁਭਾਈਆ । ਦਵਿੰਦਰ ਬਿਰਧ ਅਵਸਥਾ ਬਾਵਨ ਦਰਸ ਪਾਇਆ ਸੀ ਹੱਸ, ਦੂਰ ਦੁਰਾਡੀ ਸੀਸ ਨਿਵਾਈਆ । ਉਸ ਇਸ਼ਾਰਾ ਕੀਤਾ ਅੱਖ, ਅੱਖੀਆਂ ਤੋਂ ਪਰੇ ਬੇਪਰਵਾਹੀਆ । ਤੇਰਾ ਮੇਲਾ ਕਲਜੁਗ ਨਾਲ ਪੁਰਖ ਸਮਰਥ, ਪਤਿਪਰਮੇਸ਼ਵਰ ਵੇਖ ਵਖਾਈਆ । ਨਾਰਦ ਕਹੇ ਮੈਂ ਪਹਿਲੋਂ ਨਾ ਮੰਨਿਆ ਸਚ, ਸਚ ਦਿਆਂ ਸੁਣਾਈਆ । ਮੈਂ ਚਾਰ ਜੁਗ ਭੱਜਾ ਨੱਠਾ ਬਚ ਬਚ, ਆਪਣਾ ਭੇਵ ਨਾ ਕਿਸੇ ਸਮਝਾਈਆ । ਸਦੀ ਚੌਧਵੀਂ ਹੁਣ ਖ਼ੁਸ਼ੀਆਂ ਵਿਚ ਰਿਹਾ ਹੱਸ, ਹੱਸ ਕੇ ਦਿਆਂ ਸੁਣਾਈਆ । ਜਿਸ ਕਲਜੁਗ ਮੇਟਣਾ ਅੰਧੇਰਾ ਮਸ, ਨਿਰਗੁਣ ਨੂਰ ਚੰਦ ਕਰੇ ਰੁਸ਼ਨਾਈਆ । ਸਤਾਰਾਂ ਭਾਦਰੋਂ ਆਪਣਾ ਆਪ ਰਤ, ਰੰਗਣ ਰੰਗਤ ਵਾਲੀ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਮੇਲ ਲਏ ਮਿਲਾਈਆ ।

ਅਠਾਰਾਂ ਭਾਦਰੋਂ ਕਹੇ ਮੇਰੀ ਅੱਖ ਖੁਲੀ, ਖ਼ਾਲਕ ਖ਼ਲਕ ਦਿਤੀ ਵਡਿਆਈਆ । ਮੈਂ ਜਸ ਗਾ ਨਾ ਸਕਿਆ ਬੁੱਲੀਂ, ਸਿਫ਼ਤਾਂ ਸਿਫ਼ਤ ਨਾ ਕੋਇ ਵਡਿਆਈਆ । ਮੈਨੂੰ ਯਾਦ ਆਇਆ ਬਲਗਾਰੀਆ ਛਡਿਆ ਯੁਗੋਸਲਾਵੀਆ ਵੇਖਿਆ ਜਿਥੇ ਸ਼ਾ ਜ਼ੀਨ ਤ੍ਰਿਸਿੰਦੀ ਰਿਸ਼ੀ ਦੀ ਸੀ ਕੁੱਲੀ, ਬੁਲਗਰੇਡ ਜਗਤ ਵੱਜੇ ਵਧਾਈਆ । ਉਸ ਦੀ ਯਾਦ ਅਗੰਮੀ ਸਦਾ ਸੁਲਹਕੁਲੀ, ਕੁਲ ਮਾਲਕ ਵੇਖ ਵਖਾਈਆ । ਬਲ ਦਵਾਰੇ ਏਥੋਂ ਲੈ ਕੇ ਗਿਆ ਸੀ ਨੌਂ ਦਾਣੇ ਜਗਤ ਮੱਕੀ ਭੁੰਨੀ, ਚੱਕੀ ਸੰਗ ਨਾ ਕੋਇ ਰਖਾਈਆ । ਪ੍ਰਭ ਨੂੰ ਯਾਦ ਕਰਦਾ ਸੀ ਵਾਰ ਰੋਜ਼ ਉਨੀ, ਇਕ ਨੌਂ ਸੰਗ ਰਖਾਈਆ । ਤੇਰਾ ਸ਼ਬਦ ਧਾਰ ਸਦਾ ਧੁਨੀ, ਧੁਨ ਆਤਮਕ ਰਾਗ ਦੇਣਾ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਸਾਚਾ ਵਰ, ਸਚ ਰਿਹਾ ਸਮਝਾਈਆ । ਰਿਸ਼ੀ ਗਿਆ ਬਲ ਦਵਾਰ, ਭੁੰਨਿਆ ਅਨਾਜ ਭੇਟ ਚੜ੍ਹਾਈਆ । ਹੱਸ ਕੇ ਕਿਹਾ ਆਹ ਲਓ ਮੇਰੀ ਸਰਕਾਰ, ਸਚ ਭੰਡਾਰੇ ਵਿਚ ਟਿਕਾਈਆ । ਉਧਰੋਂ ਨਾਰਦ ਆ ਗਿਆ ਦੰਦੀਆਂ ਰਿਹਾ ਵਖਾਲ, ਹੱਸ ਕੇ ਰਿਹਾ ਜਣਾਈਆ । ਮੂਰਖਾ ਜੇ ਏਡੀ ਦੂਰੋਂ ਘਾਲੀ ਘਾਲ, ਕੀ ਅਸਵਮੇਧ ਯੱਗ ਵਿਚ ਰਿਹਾ ਪਾਈਆ । ਰਿਸ਼ੀ ਕਿਹਾ ਸੁਣ ਮੇਰਾ ਹਾਲ, ਹਾਲਤ ਸਾਰੀ ਦਿਆਂ ਦ੍ਰਿੜ੍ਹਾਈਆ ।


੧੮੬
੨੩

ਓਹ ਵੇਖ ਕਲਜੁਗ ਅੰਤ ਸਭ ਦੇ ਸਿਰ ਤੇ ਕੂਕਦਾ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਜਗਤ ਸਹਾਰਾ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਨੇ ਤੱਕਣਾ ਢਾਲ, ਖੰਡਾ ਖੜਗ ਤੀਰ ਕਮਾਨਾ ਸੰਗ ਰਖਾਈਆ । ਮੈਂ ਉਸ ਵਕਤ ਦੀ ਕਰ ਰਿਹਾ ਸੰਭਾਲ, ਜਿਸ ਵੇਲੇ ਸੰਬਲ ਆਵੇ ਮੇਰਾ ਮਾਹੀਆ । ਬੇਸ਼ਕ ਮੈਂ ਨੌ ਦਾਣੇ ਲਿਆਇਆ ਬਣ ਕੰਗਾਲ, ਦੂਰੋਂ ਪੰਧ ਮੁਕਾਈਆ । ਮੇਰੀ ਬੇਨੰਤੀ ਇਕੋ ਇਕ ਸਵਾਲ, ਸਵਾਲੀ ਹੋ ਕੇ ਦਿਆਂ ਸੁਣਾਈਆ । ਮੈਂ ਬਣਨ ਆਇਆ ਦਲਾਲ, ਦਲਾਲੀ ਪ੍ਰੇਮ ਵਾਲੀ ਵਖਾਈਆ । ਜਿਸ ਵੇਲੇ ਦੀਨ ਦੁਨੀ ਵਿਚ ਹਕ ਨਾ ਰਿਹਾ ਹਲਾਲ, ਹਰਾਮਖੋਰ ਹੋਏ ਲੋਕਾਈਆ । ਅਵਤਾਰਾਂ ਰਹੇ ਨਾ ਕੋਇ ਜਲਾਲ, ਪੈਗ਼ੰਬਰਾਂ ਨੂਰ ਨਾ ਕੋਇ ਰੁਸ਼ਨਾਈਆ । ਗੁਰੂਆਂ ਵੱਜੇ ਕੋਇ ਨਾ ਤਾਲ, ਸ਼ਬਦ ਕਰੇ ਨਾ ਕੋਇ ਸ਼ਨਵਾਈਆ । ਉਸ ਵੇਲੇ ਆਵੇ ਮੇਰਾ ਮਹਿਬੂਬ ਮਿਹਰਵਾਨ, ਭੇਖਾਧਾਰੀ ਆਪਣਾ ਭੇਸ ਵਟਾਈਆ । ਜਿਸ ਦਾ ਨਾ ਕੋਇ ਗ੍ਰਿਹ ਮੰਦਰ ਮਕਾਨ, ਸਚ ਘਰ ਵਸੇ ਚਾਈਂ ਚਾਈਂਆ । ਮੇਰੀ ਭੂਮਿਕਾ ਵੇਖੇ ਅਸਥਾਨ, ਨਿਗਾਹ ਨਿਗਾਹ ਵਿਚੋਂ ਟਿਕਾਈਆ । ਮੇਰਾ ਲਹਿਣਾ ਕਰੇ ਪ੍ਰਵਾਨ, ਪ੍ਰਵਾਨਾ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਯੋਗੇਸਲਾਵੀਆ ਕਹੇ ਮੇਰਾ ਪਹਿਲਾ ਨਾਮ ਸੀ ਯੋਗ, ਰਿਸ਼ੀ ਰਖੇਸ਼ ਮਿਲੀ ਵਡਿਆਈਆ । ਸਲਾਵੀਆ ਸਰਬ ਵਿਆਪੀ ਨਾਲ ਹੋਇਆ ਮੇਲ ਸੰਜੋਗ, ਇਕ ਉਸ ਨੇ ਆਪਣਾ ਅੰਕ ਦਿਤਾ ਬਣਾਈਆ । ਜਿਹੜਾ ਯਾਦ ਕਰਦਾ ਸੀ ਰੋਜ਼, ਇਕ ਨੌ ਵੰਡ ਵੰਡਾਈਆ । ਧਰਤੀ ਉਤੇ ਕਰਦਾ ਸੀ ਚੋਜ, ਮੇਰੇ ਅੰਤਰ ਫਿਰੇ ਚਾਈਂ ਚਾਈਂਆ । ਇਕ ਦਿਨ ਬੈਠਾ ਵਿਚ ਵਿਜੋਗ, ਮੁਸਕਰਾਹਟ ਨਾ ਕੋਇ ਸੁਹਾਈਆ । ਮੈਂ ਨਿਉਂ ਕੇ ਕਿਹਾ ਕੀ ਤੱਕੇਂ ਮਾਤਲੋਕ, ਚਾਰੋਂ
੧੮੭ ੨੩ ਕੁੰਟ ਵੇਖ ਵਖਾਈਆ । ਰਿਸ਼ੀ ਦੱਸਿਆ ਇਕ ਸਲੋਕ, ਸਹਿਜ ਨਾਲ ਸੁਣਾਈਆ । ਮੈਂ ਤੱਕਾਂ ਉਸ ਮਾਲਕ ਦੀ ਮੌਜ, ਜੋ ਮੌਜੂਦ ਹਰ ਘਟ ਥਾਈਆ । ੧੮੭ ੨੩
ਜਿਸ ਦਾ ਭਾਣਾ ਸਕੇ ਕੋਈ ਨਾ ਰੋਕ, ਦੋ ਜਹਾਨਾਂ ਸੀਸ ਨਿਵਾਈਆ । ਉਹਦਾ ਵੇਸ ਅਨੇਕਾ ਕੋਟੀ ਕੋਟ, ਕੋਟਨ ਕੋਟਾਂ ਰਹਿਣ ਕੋਇ ਨਾ ਪਾਈਆ । ਉਹ ਕਲਜੁਗ ਅੰਤ ਤੇਰਾ ਵੇਖੇ ਹਰਖ ਸੋਗ, ਚਿੰਤਾ ਚਿਖਾ ਗ਼ਮ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੈਨੂੰ ਦਸਦੇ ਰਹੇ ਯੋਗੀ ਰਿਸ਼ੀ, ਰਿਸ਼ਤਾ ਪ੍ਰਭ ਦੇ ਨਾਲ ਰਖਾਈਆ । ਸਚ ਪਿਆਰ ਦੇ ਵਿਚ ਵਿਕੀ, ਕੀਮਤ ਆਪਣੀ ਨਾ ਕੋਇ ਰਖਾਈਆ । ਆਪਣੀ ਆਸ਼ਾ ਰਖੀ ਨਿੱਕੀ, ਵੱਡੀ ਵਡ ਨਾ ਕੋਇ ਵਡਿਆਈਆ । ਧੁਰ ਦਾ ਸਾਹਿਬ ਜਿਸ ਦੀ ਧਾਰ ਸਦਾ ਤਿੱਖੀ, ਦੋ ਜਹਾਨਾਂ ਖੋਜ ਖੁਜਾਈਆ । ਉਹ ਜ਼ਰੂਰ ਤੇਰੇ ਪੂਰਬਲੇ ਜਨਮ ਕਰਮ ਦੀ ਵੇਖੇ ਚਿੱਠੀ, ਵਰਕਾ ਵਰਕਿਆਂ ਵਿਚੋਂ ਉਠਾਈਆ । ਧਰਨੀ ਕਹੇ ਮੈਂ ਚਰਨਾਂ ਉਤੇ ਜਾਵਾਂ ਲਿਟੀ, ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰ ਨਜ਼ਰ ਇਕ ਉਠਾਈਆ ।

ਵੀਹ ਭਾਦਰੋਂ ਕਹੇ ਨਾਰਦ ਲੇਖ ਵੇਖ ਜਿਸ ਜਿਸ, ਸੱਜਣਾ ਕੁਛ ਮੈਨੂੰ ਦੇ ਸਮਝਾਈਆ । ਨਾਰਦ ਕਹੇ ਮੈਨੂੰ ਆਹ ਰਿਹਾ ਦਿਸ, ਦਿਸ਼ਾ ਆਪਣੀ ਧਿਆਨ ਲਗਾਈਆ । ਜਿਸ ਵੇਲੇ ਮਸੀਹ ਜਨਮਿਆਂ ਮਰੀਆ ਨੂੰ ਆਈ ਨਿੱਛ, ਛਿੱਕ ਮਾਰ ਕੇ ਨੱਕ ਲਿਆ ਚੜ੍ਹਾਈਆ । ਫਿਰ ਹੱਥ ਪਾਇਆ

ਪੱਥਰ ਰੋੜੇ ਇੱਟ, ਪਾਹਨ ਨਾਲ ਛੁਹਾਈਆ । ਫਿਰ ਬਾਲ ਤੱਕਿਆ ਬਿਟ ਬਿਟ, ਨਿਗਾਹ ਨਿਗਾਹ ਨਾਲ ਰਲਾਈਆ । ਝਟ ਅੰਦਰ ਵੱਜੀ ਸਿਕ, ਹੁਕਮ ਧੁਰ ਦਾ ਇਕ ਸੁਣਾਈਆ । ਤੇਰੇ ਪੁੱਤ ਦਾ ਜਿਹੜਾ ਪਿਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਲੇਖਾ ਲਹਿਣਾ ਦੇਵੇ ਦੁਨੀਆ ਵਿਚ, ਵਿਚਲਾ ਭੇਵ ਖੁਲਾਈਆ । ਪਰ ਯਾਦ ਕਰ ਉਹ ਜ਼ਰੂਰ ਚਰਨ ਛੁਹਾਏ ਵਿਚ ਸਵਿਸ, ਜਿਸ ਨੂੰ ਸਵਿਟਜ਼ਰਲੈਂਡ ਕਹਿ ਕੇ ਸਾਰੇ ਗਾਈਆ । ਤੈਨੂੰ ਕਿਸੇ ਮਿਸਿਜ਼ ਕਹਿਣਾ ਕਿਸੇ ਮਿਸ, ਮੁਸਲਸਲ ਭੇਵ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪਣੇ ਹੱਥ ਰਖਾਈਆ । ਨਾਰਦ ਕਹੇ ਮੈਂ ਇਸ਼ਾਰਾ ਤੱਕਿਆ ਮਰੀਅਮ, ਮਰੀਅਮ ਸਮਝ ਕੋਇ ਨਾ ਆਈਆ । ਨਾ ਖ਼ੁਸ਼ੀ ਨਾ ਕੋਈ ਗ਼ਮ, ਗ਼ਮੀ ਖ਼ੁਸ਼ੀ ਨਾ ਕੋਇ ਵੰਡ ਵੰਡਾਈਆ । ਫੇਰ ਮੈਂ ਸ਼ਬਦ ਧਾਰ ਹੋ ਕੇ ਇਸ਼ਾਰਾ ਦਿਤਾ ਜਿਸ ਦਾ ਅੰਤ ਇਕੋ ਹੋਣਾ ਧਰਮ, ਮਸੀਹ ਆਪਣੇ ਰੰਗ ਰੰਗਾਈਆ । ਉਹ ਮਿਹਰਵਾਨ ਆਪਣਾ ਕਰੇ ਕਰਮ, ਕਰਮ ਕਾਂਡ ਤੋਂ ਲੇਖਾ ਦਏ ਚੁਕਾਈਆ । ਜ਼ਰੂਰ ਆਪਣਾ ਛੁਹਾਏ ਚਰਨ, ਕਵਲ ਕਵਲ ਦਏ ਵਡਿਆਈਆ । ਨਾਰਦ ਕਹੇ ਮੈਂ ਵੀ ਉਸੇ ਦੀ ਲੱਗਾ ਸ਼ਰਨ, ਸ਼ਰਨ ਇਕੋ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਵੀਹ ਭਾਦਰੋਂ ਕਹੇ ਮੈਂ ਆਇਆ ਫ਼ਰਸਿਸ, ਫ਼ਰਾਂਸ ਮੇਰੀ ਦਏ ਗਵਾਹੀਆ । ਬਲ ਦਾ ਰਾਜਦੂਤ ਏਥੇ ਹੁੰਦਾ ਸੀ ਜਿਸ ਦਾ ਨਾਮ ਦਿਤ, ਮੀਨਾ ਜਿਸ ਦੀ ਜਨਮ ਵਾਲੀ ਮਾਈਆ । ਕਿਆਂਤੂ ਹੁੰਦਾ ਸੀ ਪਿਤ ਬੁਖਾਰੇ ਤੋ ਨੌ ਮੀਲ ਚੜ੍ਹਦੀ ਦਿਸ਼, ਜਿਸ ਦੀ ਨਗਰੀ ਵੱਜੇ ਵਧਾਈਆ । ਉਹ ਸਦਾ ਪ੍ਰਭ ਨੂੰ ਰਖਦਾ ਸੀ ਚਿਤ, ਅੱਠੇ ਪਹਿਰ
੧੮੮ ਇਕੋ ਰੰਗ ਰੰਗਾਈਆ । ਆਤਮ ਧਾਰ ਬਣਿਆ ਹਿਤ, ਹਿਤਕਾਰੀ ਹੋ ਕੇ ਸੀਸ ਝੁਕਾਈਆ । ਮਨ ਵਾਸਨਾ ਰਖੀ ਜਿੱਤ, ਕਾਮ ਕਰੋਧ ਲੋਭ ੧੮੮
੨੩ ੨੩
ਮੋਹ ਹੰਕਾਰ ਨਾ ਕੋਇ ਹਲਕਾਈਆ । ਇਕ ਦਿਨ ਨੂਰ ਦਰਸਾਇਆ ਅਬਿਨਾਸ਼ੀ ਅਚੁਤ, ਅਚੁਤ ਆਪਣੀ ਦਇਆ ਕਮਾਈਆ । ਹੱਸ ਕੇ ਕਿਹਾ ਮੇਰੇ ਨਾਮ ਦਾ ਪੀ ਰਸ, ਜਿਸ ਧਾਮ ਨੂੰ ਕਲਜੁਗ ਅੰਤਮ ਪੈਰਸ ਕਹੇ ਲੋਕਾਈਆ । ਉਸ ਵਕਤ ਕੁੱਲੀਆਂ ਵਿਚ ਰਿਹਾ ਸੀ ਵਸ, ਬੁੱਲੀਆਂ ਵਿਚ ਪ੍ਰਭ ਦਾ ਢੋਲਾ ਗਾਈਆ । ਖ਼ੁਸ਼ੀਆਂ ਨਾਲ ਆਸ਼ਾ ਰਖੀ ਨੌਵਾਂ ਦਵਾਰਿਆਂ ਤੋਂ ਬਾਹਰ ਜਾਵਾਂ ਨੱਠ, ਅੱਠਾਂ ਤਤਾਂ ਦੇਣਾ ਰੰਗ ਰੰਗਾਈਆ । ਪੁਰਖ ਅਕਾਲ ਕਿਹਾ ਕਲਜੁਗ ਅੰਤ ਹੋ ਪ੍ਰਗਟ, ਪ੍ਰਗਣਾ ਤੇਰਾ ਵੇਖ ਵਖਾਈਆ । ਮੇਰੀ ਧਾਰ ਆਤਮ ਪਰਮਾਤਮ ਫੇਰ ਰੂਪ ਹੋਣਗੇ ਅੱਠ, ਦੱਸ ਮਿਲ ਕੇ ਵੱਜੇ ਵਧਾਈਆ । ਸ਼ਬਦੀ ਧਾਰ ਕਰੇ ਇਕੱਠ, ਮਹਿੰਮਾ ਕਥ ਨਾ ਸਕੇ ਨਾ ਕਥੀ ਜਾਈਆ । ਜਿਸ ਨੇ ਜਗਤ ਵਾਲਾ ਛਤਰ ਧਾਰੀ ਬਣ ਚਲਾਉਣਾ ਨਹੀਂ ਰਥ, ਹੁਕਮ ਹੁਕਮ ਵਿਚ ਮਨਾਈਆ । ਖੰਡਾ ਸ਼ਸਤਰ ਤੀਰ ਕਮਾਨ ਨਹੀਂ ਫੜਨਾ ਹੱਥ, ਖ਼ਾਲੀ ਹੱਥੀਂ ਪੂਰਬ ਲਹਿਣੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਲੇਖਾ ਜਾਣੇ ਅਲਖ, ਲਖਣ ਵਿਚ ਲਿਖਣ ਵਿਚ ਸਿਖਣ ਵਿਚ ਸਮਝ ਕਿਸੇ ਨਾ ਆਈਆ ।

## ✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਫ਼ਰਾਂਸ ਦੀ ਰਾਜਧਾਨੀ ਪੈਰਸ ਵਿਚ ਨੋਟੀ ਡੈਮ ਚਰਚ ਵੇਖ ਕੇ ਦਰਿਆ ਦੇ ਕੰਢੇ ਤੇ ✪

ਡੈਨਕੋ ਡੈਨਮ ਮਿਲਿਆ ਹੱਥ, ਹਥੇਲੀ ਹਥੇਲੀ ਨਾਲ ਛੁਹਾਈਆ । ਅੰਤਰ ਨਿਕਾਬ ਜਾਏ ਲਥ, ਪਰਦਾ ਰਹੇ ਨਾ ਰਾਈਆ । ਮਸੀਹ ਦਾ ਮਾਲਕ ਨਜ਼ਰ ਆਏ ਆਏ ਸਮਰਥ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਯਸੂਹ ਗਾਇਆ ਜਸ, ਜਸ ਸਿਫ਼ਤਾਂ ਵਿਚ ਵਡਿਆਈਆ । ਉਸ ਦੀ ਮਹਿਮਾ ਸ਼ਬਦ ਅਕਥ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਅੰਤਮ ਪੂਰੀ ਕਰੇ ਅਸ, ਵੀਂਹਵੀ ਸਦੀ ਦਏ ਗਵਾਹੀਆ । ਦਰਗਾਹ ਸਾਚੀ ਆਇਆ ਨੱਸ, ਧਰਨੀ ਧਰਤ ਧਵਲ ਸੋਭਾ ਪਾਈਆ । ਪੈਰਸ ਖੇਲ ਕਰੇ ਅਕਥ, ਚਰਾਗਾਹਾਂ ਚਰਚ ਰੂਪ ਬਦਲਾਈਆ । ਦੀਨ ਦੁਨੀ ਮੇਟੇ ਵੱਟ, ਹੱਦ ਬੰਨਾ ਰਹੇ ਨਾ ਰਾਈਆ । ਇਕੋ ਨਾਮ ਸੰਦੇਸਾ ਸਭ ਦੇ ਅੰਦਰ ਦੇਵੇ ਘੱਤ, ਮਾਨਵ ਆਪਣਾ ਭੇਵ ਚੁਕਾਈਆ । ਜੋ ਨਿਰਗੁਣ ਧਾਰ ਆਇਆ ਵਤ, ਵਤਨ ਵੇਖੇ ਬੇਪ੍ਰਵਾਹੀਆ । ਜਿਸ ਦੇ ਲੇਖੇ ਲੱਗੀ ਕਰਿਸਤੀਅਨ ਰਤ, ਰਤੀ ਰਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਚਰਚ ਕਹੇ ਸਾਡੇ ਅੰਦਰ ਆਈ ਖ਼ੁਸ਼ਹਾਲੀ, ਬਹੁ ਖ਼ੁਸ਼ੀ ਰੰਗ ਰੰਗਾਈਆ । ਉਸ ਨੂਰ ਦੀ ਚੜ੍ਹੀ ਲਾਲੀ, ਜਿਸ ਨੂਰ ਪੈਗ਼ੰਬਰਾਂ ਦਿਤੀ ਰੁਸ਼ਨਾਈਆ । ਜਿਸ ਦੇ ਪਿਛੇ ਮਸੀਹ ਨੇ ਘਾਲਣ ਘਾਲੀ, ਫਾਂਸੀ ਗਲ ਵਿਚ ਲਟਕਾਈਆ । ਹੋਇਆ ਅੰਤ ਅੰਤ ਸਵਾਲੀ, ਖ਼ਾਲੀ ਹੱਥ ਹੱਥ ਵਖਾਈਆ । ਸਦੀ ਵੀਹਵੀਂ ਹੋਵੇ ਰੈਣ ਅੰਧੇਰੀ ਕਾਲੀ, ਕਲਾ ਆਪਣੀ ਲੈਣੀ ਵਰਤਾਈਆ । ਜਗਤ ਜਹਾਨ ਵੇਖਣਾ ਜਗਤ ਦੇ ਮਾਲੀ, ਮਾਲਕ ਆਪਣਾ ਫੇਰਾ ਪਾਈਆ । ਧਰਮ ਰਹਿਣਾ ਨਹੀਂ ਕਿਸੇ ਡਾਲੀ, ਦੀਨ ਮਜ਼੍ਹਬ ਰੋਵਣ ਮਾਰਨ ਧਾਹੀਂਆ । ਅਵਤਾਰ ਪੈਗ਼ੰਬਰ ਗੁਰ ਸਕੇ ਨਾ ਕੋਇ ਸੰਭਾਲੀ, ਸੰਬਲ ਆਉਣਾ ਚਾਈਂ ਚਾਈਂਆ । ਜਲਧਾਰਾ ਤੇਰਾ ਚਰਨ ਚੁੰਮੇ ਹਾਲੀ, ਹਾਲਤ ਸਭ ਦੀ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਆਪਣਾ ਰੰਗ ਰੰਗਾਈਆ । ਭਾਦਰੋਂ ਕਹੇ ਮੈਂ ਉਨੀ ਉਨੀਸਾ, ਉਨੀਸਵੀਂ ਸਦੀ ਧਿਆਨ ਲਗਾਈਆ । ਮੇਰਾ ਕੌਲ ਇਕਰਾਰ ਬੀਸਾ, ਬੀਸਵੀਂ ਵੱਜੇ ਵਧਾਈਆ । ਹਜ਼ਰਤ ਮਸੀਹ ਯਸੂਹ ਜਿਸ ਦੀਆਂ ਕੀਤੀਆਂ ਉਡੀਕਾਂ, ਦੋਵੇਂ ਹੱਥ ਖ਼ਾਲੀ ਆਪ ਵਖਾਈਆ । ਉਹ ਆਵੇ ਸ਼ਹਿਨਸ਼ਾਹ ਰਫੀਕਾ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਉਸ ਦਾ ਸਾਥੀ ਗਨਸਨੀ ਜਿਸ ਦਾ ਕਿਸੇ ਨਾਲ ਨਹੀਂ ਸ਼ਰੀਕਾ, ਨੌ ਸਾਲ ਮਸੀਹ ਸੰਗ ਨਿਭਾਈਆ । ਇਕ ਦਿਨ ਹੱਸ ਕੇ ਕਿਹਾ ਸਚ ਦੱਸ ਸਚੀ ਕਿਹੜੀ ਪ੍ਰੀਤਾ, ਕੀ ਚਰਨ ਤੇਰੀ ਸ਼ਰਨਾਈਆ । ਮਸੀਹ ਕਿਹਾ ਮੇਰਾ ਵਸੀਹ ਮਾਲਕ ਅਨਡੀਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਅੰਤਮ ਕਲ ਤਪਿਆ ਅੰਗੀਠਾ, ਅਗਨੀ ਅੱਗ ਨਾ ਕੋਇ ਬੁਝਾਈਆ । ਉਹ ਸਭ ਦੀਆਂ ਮਨਸਾਂ ਪੂਰੀਆਂ ਕਰੇ ਉਮੀਦਾਂ, ਤ੍ਰਿਸ਼ਨਾ ਜਗਤ ਖੋਜ ਖੁਜਾਈਆ । ਤੇਰੀਆਂ ਪੂਰੀਆਂ ਕਰੇ ਰੀਝਾਂ, ਦਰਸ਼ਨ ਦੇਵੇ ਚਾਈਂ ਚਾਈਂਆ । ਹੁਣ ਤੇਰੀਆਂ ਲੰਮੀਆਂ ਗਿਟਿਆਂ ਤਾਈਂ ਕਮੀਜ਼ਾਂ, ਫੇਰ ਜਨਮ ਦਏ ਬਦਲਾਈਆ । ਪੈਰਿਸ ਵਿਚ ਕਰੇ ਤਸਦੀਕਾਂ, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਸੀਨ ਜਿਸ ਦਾ ਪਹਿਲਾ ਨਾਂ ਹਮ ਹਮੀਦਾ, ਹਮ ਸਾਜਣ ਖੋਜ ਖੁਜਾਈਆ । ਜਿਸ ਦਾ ਅਗਲਾ ਹੁਕਮ ਪੋਸ਼ੀਦਾ, ਉੱਤਰ ਪੱਛਮ ਦੱਖਣ ਪਹਾੜ ਆਪ ਵਰਤਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੈਰਿਸ ਕਹੇ ਏਥੇ ਰਿਸ਼ੀਆਂ ਪੀਤਾ ਰਸ, ਸਤਿਜੁਗ ਦਏ ਗਵਾਹੀਆ । ਜਿਨ੍ਹਾਂ ਮਨ ਕਲਪਣਾ ਕੀਤੀ ਵਸ, ਵਾਸਤਾ ਪ੍ਰਭ ਦੇ ਨਾਲ ਰਖਾਈਆ । ਇਸ਼ਾਰਾ ਦੇ ਕੇ ਗਏ ਦੱਸ, ਬਲ ਦਵਾਰੇ ਹੱਥ ਉਠਾਈਆ । ਕਲਜੁਗ ਅੰਤ ਜ਼ਰੂਰ ਆਵੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜੋ ਦੀਨ ਦੁਨੀ ਕਰੇ ਇਕੱਠ, ਏਕਾ ਰੰਗ ਰੰਗੇ ਖ਼ਲਕ ਖ਼ੁਦਾਈਆ । ਜੋਧਾ ਸੂਰਬੀਰ ਸ਼ਬਦ ਬਣਾਏ ਸਮਰਠ, ਹੁਕਮ ਆਪਣਾ ਇਕ ਵਰਤਾਈਆ । ਜਿਹਦੀ ਸਿਫ਼ਤ ਗਾਈ ਅਵਤਾਰ ਪੈਗ਼ੰਬਰਾਂ ਗੁਰੂਆਂ ਰਸਨਾ ਰਠ, ਨਾਮ ਨਾਮਾ ਜਗਤ ਸ਼ਨਵਾਈਆ । ਉਹ ਸਭ ਦੇ ਲਹਿਣੇ ਦੇਣੇ ਪਿਛਲੇ ਵੇਖੇ ਕਢ, ਬਚਿਆ ਰਹਿਣ ਕੋਇ ਨਾ ਪਾਈਆ । ਸੰਬਲ ਦਾ ਮਾਲਕ ਸੰਭਲ ਕੇ ਆਵੇ ਨੱਠ, ਸੰਬਲ ਆਪਣਾ ਕਦਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਹੱਥ ਕਹੇ ਮੈਂ ਜਿਸ ਦੇ ਨਾਲ ਲੱਗਾ, ਲਗ ਮਾਤਰ ਦਿਤੀ ਬਦਲਾਈਆ । ਉਹਦਾ ਥੋੜ੍ਹਾ ਜੀਵਣ ਅਗਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਮੇਲ ਹੋਵੇ ਉਪਰ ਸ਼ਾਹ ਰਗਾ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਇਹ ਸੀ ਗਾਡ ਦੀ ਜਗਹ, ਧਾਮ ਧਰਮ ਧਾਰ ਵਖਾਈਆ । ਜਿਥੇ ਇਕ ਸੌ ਇਕ ਸਾਲ ਪਿਛੋਂ ਜ਼ਰੂਰ ਭਗਤ ਭਗਵਾਨ ਦਾ ਬਣੇਗਾ ਅੱਡਾ, ਅੱਡੀ ਚੋਟੀ ਤੱਕ ਸਾਰੇ ਸੀਸ ਨਿਵਾਈਆ । ਸ਼ਬਦ ਸੰਦੇਸ਼ਾ ਹੁਕਮ ਧਾਰ ਦਾ ਪੱਟਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਗਤ ਦਵਾਰ ਭਗਤ ਭੰਡਾਰ ਦਾ ਖੁਲੇ ਹੱਟਾ, ਭਗਤਾਂ ਦੀ ਭਗਤੀ ਦਏ ਗਵਾਹੀਆ । ਜਿਸ ਲਹਿਣੇ ਪਿਛੇ ਲਹਿਣੇਦਾਰ ਆਇਆ ਨੱਠਾ, ਭੱਜਿਆ ਵਾਹੋ ਦਾਹੀਆ । ਓਸ ਦਾ ਇਕੋ ਨਾਮ ਤੇ ਇਕੋ ਟੱਪਾ, ਸੋਹੰ ਢੋਲਾ ਸਭ ਦੀ ਕਰੇ ਅਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪੈਰਿਸ ਕਹੇ ਮੇਰੇ ਪ੍ਰੇਮ ਦੀ ਵਹਿੰਦੀ ਧਾਰ, ਵਹਿ ਵਹਿ ਦਰਸਾਈਆ । ਮੈਂ ਵੇਖਿਆ ਜੀਵਣ ਸਰਬ ਸੰਸਾਰ, ਮਾਨਵ ਜ਼ਾਤੀ ਖੋਜ ਖੁਜਾਈਆ । ਪ੍ਰਭ ਨਾਲ ਰਿਹਾ ਨਾ ਕਿਸੇ ਪਿਆਰ, ਪ੍ਰੀਤੀ ਜਗਤ ਵਾਲੀ ਹੰਢਾਈਆ । ਜਿਸ ਦਾ ਹਜ਼ਰਤ ਈਸਾ ਖ਼ਿਦਮਤਗਾਰ, ਸਲੀਵ ਗਲ ਗਿਆ ਲਟਕਾਈਆ । ਉਨੀਸਾ ਬੀਸਾ ਕਰ ਕੇ ਇੰਤਜ਼ਾਰ, ਅੰਤਮ ਸਭ ਨੂੰ ਗਿਆ ਸਮਝਾਈਆ । ਉਹ ਆਵੇ ਸ਼ਾਹ ਸਿਕਦਾਰ, ਸ਼ਹਿਨਸ਼ਾਹ ਬੇਪ੍ਰਵਾਹੀਆ । ਜਿਸ ਨੇ ਮੇਰੇ ਪੂਰੇ ਹੋਣ ਨਹੀਂ ਦੇਣੇ ਸੰਮਤ ਦੋ ਹਜ਼ਾਰ, ਦੂਏ ਦਾ ਸਿਫ਼ਰਾ ਬੈਠਾ ਰਾਹ ਤਕਾਈਆ ਧੁਰ ਦੇ ਸ਼ਬਦ ਦਾ ਹੋਵੇ ਕਲਾਕਾਰ, ਕਲ ਆਪਣੀ ਇਕ ਵਰਤਾਈਆ । ਚਾਰੋਂ ਕੁੰਟ ਵੇਖੇ ਵੇਖਣਹਾਰ, ਪਾਵੇ ਸਾਰ ਥਾਉਂ ਥਾਈਆਂ । ਜਨ ਭਗਤ ਸੁਹੇਲੇ ਦਏ ਉਧਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਪੈਰਿਸ ਕਹੇ ਮੈਂ ਓਸ ਪਰਮ ਪੁਰਖ ਦੀ ਪ੍ਰੀਤੀ ਵਿਚ ਬਲਿਹਾਰ, ਜੋ ਪ੍ਰੀਤਮ ਹੋ ਕੇ ਮਿਲੇ ਚਾਈਂ ਚਾਈਆ । ਵਹਿੰਦੇ ਵਹਿਣਾਂ ਪਾਵੇ ਸਾਰ, ਜਲ ਧਾਰਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਾਲ ਸਚ ਸਤਿ ਨਾਲ ਸਤਿ ਦੇਵਣ ਆਇਆ ਅਧਾਰ, ਸਤਿ ਦਾ ਆਪਣਾ ਰੰਗ ਰੰਗਾਈਆ ।

## ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਫ਼ਰਾਂਸ ਤੋਂ ਫੈਰੀ ਵਿਚ ਕੈਲੇ ਤੋਂ ਡੋਵਰ ਜਾਂਦਿਆਂ ਹੋਇਆਂ ✪

ਜੋਤ ਨਿਰਾਕਾਰ ਪੂਰਨ । ਸ਼ਬਦ ਸ਼ਬਦ ਦੀ ਧਾਰ ਪੂਰਨ । ਵਿਸ਼ਨ ਬ੍ਰਹਮਾ ਸ਼ਿਵ ਸਾਕਾਰ ਪੂਰਨ । ਤ੍ਰੈਗੁਣ ਮਾਇਆ ਤਤ ਵਿਚਾਰ ਪੂਰਨ । ਤਤ ਪੰਜ ਤਤ ਤੇ ਆਰ ਤਿਆਰ ਪੂਰਨ । ਲੱਖ ਚੁਰਾਸੀ ਖੇਲ ਕਰਤਾਰ ਪੂਰਨ । ਆਤਮ ਪਰਮਾਤਮ ਅਧਾਰ ਪੂਰਨ । ਪਾਰਬ੍ਰਹਮ ਬ੍ਰਹਮ ਸ਼ਿੰਗਾਰ ਪੂਰਨ । ਈਸ਼ ਜੀਵ ਜੀਵ ਈਸ਼ ਖੇਲ ਮਿਹਰਵਾਨ ਪੂਰਨ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪੂਰਨ । ਆਦਿ ਸ਼ਕਤ ਸ਼ਕਤ ਦੀ ਧਾਰ ਸ਼ਵੈ ਸ਼ਕਤੀ ਸਰਬ ਸੁਧਾਰ ਪੂਰਨ । ਅਨਕ ਕੋਟ ਅਨੰਤ ਕਲ ਨਾਮ ਨਿਧਾਨ ਨੌਜਵਾਨ ਪੂਰਨ । ਪਾਤਸ਼ਾਹ ਸ਼ਾਹ ਸ਼ਹਿਨਸ਼ਾਹ ਦੋ ਜਹਾਨ ਪੂਰਨ । ਪੁਰੀ ਲੋਅ ਬ੍ਰਹਿਮੰਡ ਖੰਡ ਜ਼ਿਮੀਂ ਅਸਮਾਨ ਸੂਰੀਆ ਚੰਦ ਪੂਰਨ । ਗਗਨ ਗਗਨੰਤਰ ਨਿਧਾਨ ਮੰਤਰ ਖੇਲ ਨਿਰੰਤਰ ਅੰਤਰ ਵਿਚਾਰ ਪੂਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਚ ਸਚ ਧਾਰ ਪੂਰਨ । ਸਚਖੰਡ ਦਾ ਸਚ ਸਰੂਪ ਸੱਚਾ, ਪੂਰਨ ਪੂਰਨ ਪ੍ਰਭ ਸਮਾਇਆ ਆਪ ਪੂਰਨ । ਥਿਰ ਘਰ ਦਾ ਥਿਰ ਦਰਬਾਰ ਸੱਚਾ, ਜੋਤ ਨਿਰੰਕਾਰ ਬਣਾਇਆ ਆਪ ਪੂਰਨ । ਮੁਕਾਮੇ ਹਕ ਦਾ ਹਕ ਦਰ ਦਰਗਾਹ ਸਾਚਾ, ਘਾੜਤ ਘੜੀ ਘੜਤ ਘੜਾਇਆ ਪੂਰਨ । ਸ਼ਬਦ ਸ਼ਹਿਨਸ਼ਾਹ ਬੇਮੁਕਾਮ ਲਾਪਤਾ, ਪਤਿਪਰਮੇਸ਼ਵਰ ਨੂਰ ਸੁਬਾਨ ਪੂਰਨ । ਆਦਿ ਮਧ ਅੰਤ ਸੁਮੀਪ ਰੱਤਾ, ਸਾਕਾਰਾ ਸਵਿਨ ਸਿਤਾਰ ਪੂਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੰਤਰ ਸੁਣਨਹਾਰ ਸੱਚਾ ਸਾਕਾਰ ਪੂਰਨ । ਪਵਣ ਪੌਣ ਪਾਣੀ, ਜਲ ਧਾਰ ਪੂਰਨ । ਨਾਮ ਸ਼ਬਦ ਬਾਣੀ, ਕਲਮਾ ਕਾਇਨਾਤ ਪੂਰਨ । ਲੇਖਾ ਵੇਦ ਸ਼ਾਸਤਰ ਅੱਖਰ ਪੁਰਾਣੀ, ਪਰਮ ਪੁਰਖ ਦਾ ਨੂਰ ਚਮਤਕਾਰ ਪੂਰਨ । ਨਿਰਗੁਣ ਸਰਗੁਣ ਧਾਰ ਰਸਨਾ ਕਥਾ ਕਹਾਣੀ, ਕਥ ਕਥੀ ਦਾ ਖੇਲ ਮਹਾਨ ਪੂਰਨ । ਰਾਓ ਰੰਕ ਰਾਜ ਰਾਜਾਨ ਰਾਣੀ, ਸ਼ਾਹ ਕੰਗਾਲ ਅਮੀਰ ਹਕੀਰ ਫ਼ਕੀਰ ਪੂਰਨ । ਜੁਗ ਚੌਕੜੀ ਚਾਰ ਦੀ ਚਾਰ ਖਾਣੀ, ਖਾਣੀ ਖ਼ਾਹਿਸ਼ ਵਿਚਾਰ ਦੀ ਧਾਰ ਪੂਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਸਚ ਹੁਕਮਰਾਨ ਪੂਰਨ । ਸਚ ਹੁਕਮ ਹੁਕਮ ਤਾਮੀਲ ਕਰਦਾ, ਤਾਬਿਆਦਾਰੀ ਦਾ ਤਾਬਿਆਦਾਰ ਪੂਰਨ । ਸ਼ਬਦ ਧਾਰ ਅਗੰਮ ਹੁਕਮ ਹਰਿ ਦਾ, ਆਦਿ ਅੰਤ ਜੁਗਾ ਜੁਗੰਤ ਸਮਝਣਹਾਰ ਇਕ ਸਾਕਾਰ ਪੂਰਨ । ਨਿਰਭੈ ਭਾਉ ਵਿਚ ਜਿਸ ਸਭ ਡਰਦਾ, ਸੋ ਸਾਹਿਬ ਸੁਲਤਾਨਾ ਸੁਲਤਾਨ ਪੂਰਨ । ਆਦਿ ਜੁਗਾਦਿ ਜੋ ਘਾੜਨ ਘੜਦਾ, ਘੜਨ ਭੰਨਣਹਾਰ ਪਰਮ ਪੁਰਖ ਦੀ ਧਾਰ ਪੂਰਨ । ਜਗਤ ਜਹਾਨ ਦੋਹਰੀ ਮੰਜ਼ਲ ਜੋ ਨਿਰਵੈਰ ਹੋ ਕੇ ਫੜਦਾ, ਚਾਰ ਕੁੰਟ ਦਾ ਚਰਾਗਾਹਾਂ ਦਾ ਧਰਮ ਦਾ ਧਰਮ ਪੂਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜੋਤ ਦੀ ਧਾਰ ਜੋਤ ਦਾ ਰੂਪ ਇਕੋ, ਇਕੋ ਜੋਤ ਤੇ ਇਕ ਅਕਾਲ ਪੂਰਨ । ਸ਼ਬਦ ਦਾ ਖੇਲ ਤੇ ਸ਼ਬਦ ਵਿਚਾਰ ਤੇ ਸ਼ਬਦ ਦਾ ਸਾਰ ਪੂਰਨ । ਕਰਨੀ ਕਰਤਾ ਕੁਦਰਤ ਕਰਤਾਰ ਇਕੋ, ਕਰਨਹਾਰ ਵੇਖੇ ਵਿਗਸੇ ਸ੍ਰਿਸ਼ਟ ਦ੍ਰਿਸ਼ਟ ਦੀ ਸਾਰ ਪੂਰਨ । ਆਦਿ ਅੰਤ ਜੁਗਾ ਜੁਗੰਤ ਦਾ ਪਿਆਰ ਇਕੋ, ਪ੍ਰੀਤਮ ਪ੍ਰੀਆ ਪਿਆਰ ਮੁਹੱਬਤ ਦੀ ਧਾਰ ਪੂਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸ਼ਬਦ ਧਾਰ ਪੂਰਨ । ਸ਼ਬਦ ਸਾਰ ਪੂਰਨ ਸ਼ਬਦ ਕਰਤਾਰ ਪੂਰਨ । ਸ਼ਬਦ ਅਧਾਰ

੧੯੨
੨੩

ਪੂਰਨ । ਸ਼ਬਦ ਸ਼ਿੰਗਾਰ ਪੂਰਨ । ਸ਼ਬਦ ਸ਼ਬਦ ਖ਼ਿਆਲ ਇਕਾ, ਨਿਰਗੁਣ ਧਾਰ ਨਿਰਾਕਾਰ ਸਾਕਾਰ ਵਿਚਾਰ ਪੂਰਨ । ਜਿਸ ਦੀ ਸਿਕ ਦੀ ਸਿਕ ਹੁਕਮ ਸਰਕਾਰ ਸਿਕਾ, ਸਿਕ ਸਿਕ ਦੀ ਸਿਕ ਵਿਚ ਸਦਾ ਸ਼ੁਮਾਰ ਪੂਰਨ । ਜਿਸ ਦਾ ਨੂਰ ਜ਼ਹੂਰ ਬੇਨਜ਼ੀਰ ਅਬਿਨਾਸ਼ੀ ਅਚੁਤਾ, ਚੇਤਨ ਜੜ ਤੋਂ ਸਦਾ ਨਿਰਾਹਾਰ ਪੂਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਇਕ ਅਖਵਾਈਆ । ਜੋਤ ਕਹੇ ਮੈਂ ਆਦਿ ਆਦਿ ਦੀ ਅਨਾਦੀ ਬ੍ਰਹਿਮਾਦੀ, ਮੇਰੀ ਸਮਝ ਕਦੇ ਨਾ ਆਈਆ । ਮੇਰਾ ਹੁਕਮ ਸ਼ਬਦ ਲੋਕਮਾਤ ਦਾ ਬੋਧ ਅਗਾਧੀ, ਮੇਰਾ ਭੇਵ ਕਹਿਣ ਨਾ ਪਾਈਆ । ਜਿਸ ਦੀ ਧਾਰ ਸਦਾ ਸਾਦੀ, ਸਿੱਧ ਮੇਰਾ ਨਾਮ ਕਰਾਈਆ । ਜਿਸ ਦੀ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਲੱਖ ਚੁਰਾਸੀ ਅਬਾਦੀ, ਆਬਾਦਕਾਰ ਇਕੋ ਮੇਰਾ ਨੂਰ ਨਜ਼ਰੀ ਆਈਆ । ਜੋ ਸੰਦੇਸੇ ਹੁਕਮ ਫ਼ਰਮਾਨ ਦੇਵੇ ਜੁਗ ਜੁਗਾਦੀ, ਜਾਗਰਤ ਜਗਤ ਜੁਗਤ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਜੋਤ ਕਹੇ ਮੇਰਾ ਪੂਰਨ ਇਸ਼ਟਾ, ਇਸ਼ਟ ਦੇਵ ਅਖਵਾਈਆ । ਮੇਰਾ ਮਾਰਗ ਸਦਾ ਵਸ਼ਿਸ਼ਟਾ, ਵਿਸ਼ੇਸ਼ ਆਪਣੇ ਵਿਚੋਂ ਪ੍ਰਗਟਾਈਆ । ਮੇਰੀ ਅੰਤ ਦੀ ਇਕੋ ਦ੍ਰਿਸ਼ਟਾ, ਦ੍ਰਿਸ਼ਟੀਕੋਣ ਸਕੇ ਨਾ ਕੋਇ ਸਮਝਾਈਆ । ਮੇਰੀ ਹਰਫ਼ ਹਰੂਫ਼ ਲਿਖ਼ਤਾ, ਜਿਸ ਦਾ ਲੇਖ ਸਮਝ ਕਿਸੇ ਨਾ ਆਈਆ । ਮੇਰਾ ਨੂਰ ਜ਼ਹੂਰ ਜਗ ਨੇਤਰ ਨਾ ਦਿਸਦਾ, ਵੇਖਣ ਵਿਚ ਸਕੇ ਨਾ ਕੋਇ ਸਮਝਾਈਆ । ਮੇਰਾ ਆਦਿ ਦਾ ਆਦਿ ਅੰਤ ਦਾ ਅੰਤ ਲੇਖਾ ਇਕ ਦਾ, ਏਕੰਕਾਰ ਹੋ ਕੇ ਆਪਣਾ ਹੁਕਮ ਵਰਤਾਈਆ । ਮੇਰੀ ਆਸ਼ਾ ਮੇਰਾ ਰੂਪ ਕਦੇ ਨਾ ਜਿੱਤ ਦਾ, ਜਿੱਤ ਹਾਰ ਵੰਡ ਨਾ ਕੋਇ ਵੰਡਾਈਆ । ਮੇਰਾ ਪ੍ਰਕਾਸ਼ ਨਹੀਂ ਕੋਈ ਤਨ ਰਿੱਤ ਦਾ, ਨੂਰ ਨੁਰਾਨਾ ਨਜ਼ਰੀ ਆਈਆ । ਮੇਰਾ ਲੇਖ ਮੇਰੀ ਕਿਰਪਾ ਬਿਨਾ ਨਹੀਂ ਕੋਈ ਲਿਖਦਾ, ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰ ਗਏ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਜੋਤ ਕਹੇ ਉਠ ਵੇਖ ਮੇਰੇ ਬਾਲੂ, ਬਾਲਿਆ ਦਿਆਂ ਜਣਾਈਆ । ਉਹ ਲੇਖਾ ਯਾਦ ਕਰ ਲੈ ਜਿਹੜਾ ਨਾਨਕ ਨਾਲ ਕਾਲੂ, ਕਲਮਿਆਂ ਤੋਂ ਬਾਹਰ ਪੜ੍ਹਾਈਆ । ਉਹ ਵੇਲਾ ਵੇਖ ਲੈ ਜਿਸ ਵੇਲੇ ਗੋਬਿੰਦ ਕਿਹਾ ਮੇਰਾ ਸਾਹਿਬ ਸਰਬ ਸੰਭਾਲੂ, ਸੰਬਲ ਵਿਚ ਆ ਕੇ ਡੇਰਾ ਲਾਈਆ । ਓਹ ਲੇਖਾ ਪੜ੍ਹ ਲੈ ਜਿਸ ਵੇਲੇ ਨਾਨਕ ਇਸ਼ਾਰਾ ਕੀਤਾ ਲਾਲੂ, ਲਾਲਨ ਆਪਣੇ ਰੰਗ ਰੰਗਾਈਆ । ਓਹ ਵਕਤ ਵਿਚਾਰ ਲੈ ਜਿਸ ਵੇਲੇ ਹਰਿਗੋਬਿੰਦ ਮਾਰਿਆ ਬਾਲੂ, ਭਾਲੂ ਖੰਡੇ ਨਾਲ ਘਾਉ ਕਰਾਈਆ । ਉਹ ਵਕਤ ਤੱਕ ਲੈ ਜਿਸ ਵੇਲੇ ਅਸ਼ਟ ਭੁਜਾ ਤੇ ਦਿਤਾ ਸਾਲੂ, ਲਾਲ ਰੰਗ ਰੰਗਾਈਆ । ਉਹ ਰਾਹ ਜਾਣ ਲੈ ਜਿਸ ਵੇਲੇ ਸੀਤਾ ਰਾਮ ਘਾਲਦੇ ਸੀ ਘਾਲੂ, ਬਣਾਂ ਭੱਜਣ ਵਾਹੋ ਦਾਹੀਆ । ਉਹ ਵਰਕਾ ਪਲਟ ਲੈ ਜਿਸ ਵੇਲੇ ਕ੍ਰਿਸ਼ਨ ਅਰਜਨ ਦਾ ਬਣਿਆ ਸ਼ਰਧਾਲੂ, ਸ਼ਰਧਾ ਅਰਜਨ ਦੀ ਆਪਣੇ ਵਿਚ ਰਖਾਈਆ । ਉਹ ਅੱਖਰ ਵੇਖ ਲੈ ਜਿਸ ਵੇਲੇ ਮੂਸਾ ਮੂੰਹ ਵਿਚ ਫੜ ਕੇ ਆਲੂ, ਬਿਨ ਦੰਦਾਂ ਦਿਤਾ ਦਬਾਈਆ । ਉਹ ਨਿਗਾਹ ਮਾਰ ਲੈ ਜਿਸ ਵੇਲੇ ਹਜ਼ਰਤ ਈਸਾ ਹੋਣ ਲੱਗਾ ਚਾਲੂ, ਨਾਤਾ ਜਗਤ ਵਾਲਾ ਤੁੜਾਈਆ । ਉਹ ਸਮਾਂ ਤੱਕ ਲੈ ਜਿਸ ਵੇਲੇ ਮੁਹੰਮਦ ਕਿਹਾ ਮੇਰਾ ਅਲਾਹ ਹੋਏ ਦਿਆਲੂ, ਦੀਨ ਦਿਆਲ ਦਇਆ ਕਮਾਈਆ । ਉਠ ਸ਼ਬਦ ਉਹ ਦੂਲਿਆ ਉਹ ਤੱਕ ਜਿਸ ਵੇਲੇ ਬ੍ਰਹਮਾ ਹੋਇਆ ਸਵਾਲੂ, ਚਾਰੇ ਮੁਖ ਇਕੋ ਨਾਮ ਧਿਆਈਆ । ਵਿਸ਼ਨੂੰ ਕਿਹਾ

ਤੇਰੀ ਕਿਰਪਾ ਨਾਲ ਕਰਾਂ ਸਰਬ ਪ੍ਰਿਤਪਾਲੂ, ਵਸਤ ਅਮੋਲਕ ਦੇ ਵਰਤਾਈਆ । ਹੋਰ ਤੱਕ ਸ਼ੰਕਰ ਚਰਨ ਧੂੜ ਲਾ ਕੇ ਕਿਹਾ ਮੈਂ ਫਲ ਰਹਿਣ ਨਾ ਦੇਵਾਂ ਕਿਸੇ ਡਾਲੂ, ਬਿਨ ਤੇਰੀ ਕਿਰਪਾ ਮੇਰੀ ਆਸ ਪੂਰ ਨਾ ਕੋਇ ਕਰਾਈਆ । ਸਤਿਗੁਰ ਸ਼ਬਦ ਕਿਹਾ ਵਾਹ ਮੇਰੇ ਜੋਤੀ ਜਾਤੇ, ਵਾਹ ਮੇਰੇ ਪੁਰਖ ਵਿਧਾਤੇ, ਵਾਹ ਮੇਰੇ ਪਿਤ ਮਾਤੇ, ਵਾਹ ਮੇਰੇ ਅਗੰਮੀ ਨਾਤੇ, ਵਾਹ ਮੇਰੇ ਦੋ ਜਹਾਨੀ ਸਾਕੇ, ਵਾਹ ਮੇਰੇ ਲੱਖ ਚੁਰਾਸੀ ਬੁਤ ਬਣਾਉਣ ਵਾਲੇ ਖ਼ਾਕੇ, ਵਾਹ ਤੇਰੇ ਅਗੰਮੀ ਖੇਲ ਤਮਾਸ਼ੇ, ਵਾਹਵਾ ਤੂੰਹੀ ਹਰ ਘਟ ਅੰਦਰ ਰਾਚੇ, ਵਾਹਵਾ ਬੇਪ੍ਰਵਾਹ ਹੋ ਕੇ ਨਾਚੇ, ਵਾਹਵਾ ਤੇਰੇ ਹੁਕਮ ਸੰਦੇਸ਼ੇ ਸਾਚੇ, ਵਾਹਵਾ ਇਕ ਦਾਸ ਸਤਿਗੁਰ ਸ਼ਬਦ ਕਹੇ ਇਕ ਬੇਨੰਤੀ ਆਖੇ, ਬਿਨਾ ਅੱਖਰਾਂ ਤੋਂ ਦਿਆਂ ਸੁਣਾਈਆ । ਉਹ ਮੇਰਿਆ ਮੇਰਿਆ ਸ਼ਹਿਨਸ਼ਾਹ ਤੇਰੇ ਬਿਨਾ ਪਤ ਕੋਈ ਨਾ ਰਾਖੇ, ਚਾਰੇ ਜੁਗ ਤੇਰਾ ਰਾਹ ਤਕਾਈਆ । ਉਹ ਤੱਕ ਗੋਬਿੰਦ ਆਪਣੇ ਕਾਕੇ, ਜਿਸ ਨੂੰ ਆਪਣੀ ਗੋਦ ਟਿਕਾਈਆ । ਜਿਸ ਦੇ ਬਦਲੇ ਮਾਰਨੀ ਵਾਟੇ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਦੇ ਅੰਮ੍ਰਿਤ ਪਾਇਆ ਬਾਟੇ, ਚਰਨ ਛੋਹ ਲਗਾਈਆ । ਉਹ ਅੰਤਮ ਤੱਕੇ ਤੇਰੀ ਵਾਟੇ, ਬਿਨ ਨੈਣਾਂ ਨੈਣ ਉਠਾਈਆ । ਕੀ ਹੋਵੇ ਖੇਲ ਤਮਾਸ਼ੇ, ਮੈਨੂੰ ਦੇ ਸਮਝਾਈਆ । ਸਤਿਗੁਰ ਸ਼ਬਦ ਕਿਹਾ ਤੇਰੇ ਅਗੇ ਕਰਾਂ ਅਰਦਾਸੇ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਜੋਤ ਕਹੇ ਮੈਂ ਜਾਤਾ ਸਭ ਦਾ, ਸਭ ਕੁਛ ਦਿਆਂ ਸੁਣਾਈਆ । ਮੈਂ ਲਾਲ ਲਾਲਾਂ ਮੈਂ ਲੱਭਦਾ, ਲਾਲਨ ਬੇਪ੍ਰਵਾਹੀਆ । ਮੇਰਾ ਨੂਰ ਅਗੰਮੀ ਹੋਵੇ ਰੱਬ ਦਾ, ਜਗ ਵੇਖਣ ਕੋਇ ਨਾ ਪਾਈਆ । ਮੈਂ ਲੇਖਾ ਜਾਣਾ ਦੋ ਜਹਾਨਾਂ ਜਗ ਦਾ, ਜਾਗਰਤ ਜੋਤ ਵਿਚ ਡਗਮਗਾਈਆ । ਮੈਂ ਰੂਪ ਧਾਰਾਂ ਅਗਨੀ ਅੱਗ ਦਾ, ਭਸਮ ਕਰਾਂ ਲੋਕਾਈਆ । ਮੇਰਾ ਖੇਲ ਸੂਰੇ ਸਰਬਗ ਦਾ, ਸਮਝ ਕਿਸੇ ਨਾ ਆਈਆ । ਮੈਂ ਲੱਭਿਆ ਕਿਸੇ ਨਹੀਂ ਲੱਭਦਾ, ਕੋਟਨ ਕੋਟ ਅਵਤਾਰ ਪੈਗੰਬਰ ਗੁਰੂ ਮੈਨੂੰ ਲੱਭਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਤੂੰ ਵੱਡਾ ਚੰਗਾ, ਚੰਗੀ ਤੇਰੀ ਵਡਿਆਈਆ । ਮੈਂ ਨਾ ਜਾਣਾ ਤੇਰਾ ਪੈਂਡਾ ਲੰਬਾ, ਦੂਰ ਦੁਰਾਡੇ ਮੇਰੇ ਮਾਹੀਆ । ਮੈਂ ਹੁਕਮ ਵਿਚ ਥਰ ਥਰ ਕੰਬਾ, ਨਿਉਂ ਨਿਉਂ ਸੀਸ ਨਿਵਾਈਆ । ਤੂੰ ਹੀ ਮੇਰੀ ਮਈਆ ਤੂੰ ਹੀ ਮੇਰੀ ਅੰਮਾ, ਅੰਮੜੀ ਕਹਿ ਕੇ ਤੇਰਾ ਰਸ ਆਪਣੇ ਮੁਖ ਵਿਚ ਪਾਈਆ । ਨਾ ਮੈਂ ਮਾਟੀ ਨਾ ਮੈਂ ਚੰਮਾ, ਚੰਮ ਦ੍ਰਿਸ਼ਟੀ ਨਾ ਕੋਇ ਵਖਾਈਆ । ਨਾ ਕੋਈ ਮੇਰਾ ਹੱਦ ਨਾ ਕੋਇ ਮੇਰਾ ਬੰਨਾ, ਹਦੂਦ ਨਜ਼ਰ ਕੋਇ ਨਾ ਆਈਆ । ਮੈਂ ਇਕੋ ਨੂਰ ਤੇ ਇਕੋ ਤੇਰਾ ਚੰਨਾ, ਮੈਂ ਲਾਡਲਾ ਸੁਤ ਤੇਰਾ ਅਖਵਾਈਆ । ਮੈਨੂੰ ਸਚ ਦੱਸ ਦੇ ਮੈਂ ਤੇਰੇ ਅਗੇ ਵਾਸਤਾ ਪਾਵਾਂ ਕਿਉਂ ਗੋਬਿੰਦ ਨੇ ਲਾਇਆ ਕੰਨਾ, ਜਿਸ ਨੂੰ ਕੰਨਾਂ ਵਾਲਾ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਜੋਤ ਧਾਰ ਕਿਹਾ ਸੁਣ ਵੇ ਲਾਡਲੇ ਸੁਤਾ, ਬਿਨਾ ਸੁੱਤਿਆਂ ਦਿਆਂ ਜਗਾਈਆ । ਮੈਨੂੰ ਨਾ ਕੋਈ ਪਰਦਾ ਨਾ ਕੋਈ ਓਹਲਾ ਨਾ ਕੋਈ ਲੁਕਾ, ਆਪਣਾ ਲੇਖਾ ਦਿਆਂ ਵਖਾਈਆ । ਮੇਰਾ ਆਦਿ ਅੰਤ ਜੁਗਾ ਜੁਗੰਤ ਪੰਧ ਕਦੇ ਨਾ ਮੁਕਾ, ਮੁਕਣ ਵਿਚ ਕਦੇ ਨਾ ਆਈਆ । ਤੂੰ ਸਦਾ ਮੇਰੇ ਪਿਆਰ ਦੀਆਂ ਗਾਉਂਦੇ ਰਹਿਣਾ ਤੁਕਾਂ, ਨਾਮ ਕਲਮੇ ਢੋਲੇ ਗੀਤ ਸੰਗੀਤ ਜਗਤ ਵਾਲੇ ਸੁਣਾਈਆ । ਸਭ ਨੇ ਤੈਥੋਂ ਮੇਰੀਆਂ ਕਰਦੇ ਰਹਿਣਾ ਪੁਛਾਂ, ਭੇਵ ਅਭੇਦਾ ਦੇਣਾ ਖੁਲਾਈਆ । ਪਰ ਯਾਦ ਕਰ ਲੈ ਜਿਸ ਵੇਲੇ ਨੂਰ ਜ਼ਹੂਰ ਪ੍ਰਗਟ ਹੋਇਆ ਵਿਚ

੧੯੩
੨੩

੧੯੪
੨੩

ਕੁਸ਼ਾ, ਕੱਛ ਮੱਛ ਸਭ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਤੇਰਾ ਲਾਡਲਾ ਉਹ, ਉਹੋ ਨਜ਼ਰੀ ਆਈਆ । ਜੋ ਸਭ ਦੇ ਨਾਲੋਂ ਨਿਰਮੋਹ, ਮੁਹੱਬਤ ਤੇਰੇ ਵਿਚ ਟਿਕਾਈਆ । ਤੁਧ ਬਿਨ ਅਵਰ ਨਾ ਦੀਸਾ ਕੋਅ, ਕੂਕ ਕੂਕ ਸੁਣਾਈਆ । ਮੇਰੇ ਅੰਦਰ ਤੇਰੀ ਕਿਰਪਾ ਦੀ ਲੋ, ਲੋਇਣ ਦੀ ਲੋੜ ਰਹੇ ਨਾ ਰਾਈਆ । ਮੈਂ ਜਦ ਸੁਣਾਂ ਤੇ ਨਾਮ ਸੰਦੇਸ਼ਾ ਸੋ, ਸੋ ਪੁਰਖ ਨਿਰੰਜਣ ਤੇਰੀ ਬੇਪ੍ਰਵਾਹੀਆ । ਤੂੰ ਆਪੇ ਹੰ ਬ੍ਰਹਮ ਹੋ, ਲੱਖ ਚੁਰਾਸੀ ਵਿਚ ਸਮਾਈਆ । ਤੂੰ ਜਦ ਚਾਹਵੇਂ ਮੇਰੀ ਝੋਲੀ ਢੋਆ ਦੇਵੇਂ ਮੈਂ ਦੀਨ ਦੁਨੀ ਦੇਣਾ ਢੋ, ਲੋਕਮਾਤ ਮਾਤੀ ਵਿਚ ਵਰਤਾਈਆ । ਜਿਸ ਨੂੰ ਕੋਈ ਨਾ ਸਕੇ ਖੋਹ, ਲੁਟੇਰਾ ਨਜ਼ਰ ਕੋਇ ਨਾ ਆਈਆ । ਪਰ ਯਾਦ ਕਰ ਲੈ ਆਹ ਲੇਖਾ ਤੇਰਾ ਨਵਾਂ ਨਿਮਾਨਾ ਜੋ ਰੂਪ ਧਰ ਲਿਆ ਛੱਬੀ ਪੋਹ, ਪ੍ਰਗਣਾ ਕਿਸੇ ਨੂੰ ਸਮਝ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਮੇਰੇ ਸ਼ਬਦ ਕੁਨਿੰਦਾ ਗੁਣੀ ਗਹਿੰਦਾ ਵਡ ਮਰਗਿੰਦਾ ਸ਼ੇਰ ਧਾਰ ਅਬਿਨਾਸ਼ੀ । ਰਾਜ ਯੋਗ ਧਰਮ ਧਾਰ ਦੀ ਸਾਰ ਨਿਰੰਕਾਰ ਜਗਤ ਖੇਲ ਬਹੁਭਾਂਤੀ । ਆਵਤ ਜਾਵਤ ਖੇਲ ਖਿਲਾਵਤ ਨਿਰਗੁਣ ਸਰਗੁਣ ਖੇਲ ਅਨੂਪ ਮਹਾਬਲੀ ਬਲ ਕਮਲਾਪਾਤੀ । ਦੇਸ਼ ਪ੍ਰਦੇਸ਼ ਜਹਾਨ ਬੇਪਹਿਚਾਨ ਫਿਰਾ ਨੌਜਵਾਨ ਮਰਦ ਮਰਦਾਨ ਕੋਈ ਮੇਰਾ ਲੇਖਾ ਜਾਣੇ ਦਿਵਸ ਨਾ ਰਾਤੀ । ਲੋਕ ਪਰਲੋਕ ਹੱਟ ਬ੍ਰਹਿਮੰਡ ਖੰਡ ਸਭ ਨੂੰ ਦੇਵਾਂ ਦਾਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਏਕਾ ਇਕ ਇਕ ਅਬਿਨਾਸ਼ੀ । ਸਤਿਗੁਰ ਸ਼ਬਦ ਕਹੇ ਤੂੰ ਸੂਰਾ ਸਰਬਗ ਤੇਰਾ ਖੇਲ ਬਹੁ ਬਿਧ ਰੰਗਾ, ਤੇਰਾ ਪ੍ਰੇਮ ਰਸ ਅਨੰਦਾ, ਤੇਰਾ ਲੇਖਾ ਜ਼ਿਮੀਂ ਅਸਮਾਨਾਂ ਤਾਰਾ ਚੰਦਾ, ਤੂੰ ਲੇਖਾ ਜਾਣੇ ਲੱਖ ਚੁਰਾਸੀ ਬੰਦਾ, ਤੂੰ ਵਸੇ ਜੇਰਜ ਅੰਡਾ, ਤੇਰਾ ਨਾਮ ਨਿਧਾਨਾ ਬਲੀ ਬਲਵਾਨਾ ਇਕੋ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਇਕ ਵਸਤ ਅਮੋਲਕ ਸਚ ਦਵਾਰ ਏਕੰਕਾਰ ਹਰਿ ਨਿਰੰਕਾਰ ਤੇਰੇ ਦਰ ਤੇ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰਾ ਸੰਦੇਸ਼ ਨਰ ਨਰੇਸ਼ ਬਿਨਾ ਲੇਖ ਮੈਂ ਨਵ ਸਤ ਵੰਡਾਂ, ਭੱਜਾਂ ਵਾਹੋ ਦਾਹੀਆ । ਪਰ ਮੈਨੂੰ ਲੇਖਾ ਯਾਦ ਆ ਗਿਆ ਗੋਬਿੰਦ ਵਾਲਾ ਤੂੰ ਪਹੁੰਚਿਆ ਉਸ ਘਾਟ ਤੇ ਉਸ ਕੰਢਾ, ਜਿਥੇ ਸਮੁੰਦ ਸਾਗਰ ਤੇਰਾ ਰਾਹ ਤਕਾਈਆ । ਜਿਸ ਨੂੰ ਸੰਤ ਮਨੀ ਸਿੰਘ ਨੌ ਦਿਨ ਰਾਤੀਂ ਰੋ ਰੋ ਰੋ ਕੇ ਹੱਥ ਮੱਥੇ ਤੇ ਰਖ ਕੇ ਕਹਿੰਦਾ ਰਿਹਾ ਇਹ ਤੇਰੀਆਂ ਡਾਹਢੀਆਂ ਵੰਡਾਂ, ਵੰਡਣ ਵਾਲੇ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਪੁਰਖ ਅਕਾਲ ਕਹੇ ਸ਼ਬਦੀ ਆਹ ਮੇਰੇ ਮਲਾਹ ਜਗਤ ਗਵਾਹ ਜੁਗ ਆਂਦਾ ਸਚ ਸਦਾ ਹਕ ਖ਼ੁਦਾ ਤੇਰਾ ਨਗਮਾ ਨਾਮ ਸੰਦੇਸ਼ਾ ਪੈਗ਼ਾਮ ਹੁਕਮੇ ਬੇਨਾਮ ਇਸਮੇ ਇਸਲਾਮ ਰੂਹੇ ਅਜ਼ਾਮ ਬੁਤੇ ਖ਼ਾਕਾਨ ਅਬਿਨਾਸ਼ੀ ਅਚੁਤੇ ਰਹਿਮਾਨ ਸੁਤੇ ਨਾਦਾਨ ਲੂਏ ਲੋਅ ਲੁਕਸੇ ਮਜ਼ਾ ਗਾਡ ਏ ਗਾਈਡ ਨੀਜ਼ੇ ਅਵਸ ਕਲਮਾ ਮਹੂ ਬੇਇਸਤੇ ਤਮਾ ਹਮਜ਼ੀ ਨਹਕ ਗੋਬਿੰਦੇ ਤਫ਼ਕ ਪੂਰਨੇ ਪ੍ਰੀ ਪਜ਼ਿਜ਼ਤੇ ਅਵੀ ਨਾਦੇ ਸ਼ਦਾਦ ਸ਼ਬਦੇ ਅਦਾ ਜ਼ਹੂਰੇ ਜਵਾ ਨੂਰੇ ਚਸਾ ਕੋਸ਼ੇ ਤਰਸਕੀ ਪਸ਼ਤਹਾ ਆਰ ਹਾਖਫਲ ਮਹਾ ਦਸਤਾ ਬ਼ਗਲਗੀਰ ਕਿੰਗੇ ਕਿੰਗਜ਼ ਸ਼ਾਹੇ ਨਹਨ ਬਾਸਨ ਜੂਆ ਬੇਕਸ ਸਰਫ ਹੂ ਚਾਤੇ ਜ਼ਗਾ ਅਕਾਲੇ ਅਕਾਲ ਅਕਾਲ ਇਕ ਅਖਵਾਈਆ । ਸ਼ਬਦ ਕਹੇ ਮੇਰੇ ਮਾਲਕਾ ਮੈਂ ਕੀ ਮੰਗਾ, ਮਾਂਗਤ ਦੀ ਆਸ਼ਾ ਕੀ ਵਡਿਆਈਆ । ਮੈਂ ਕਿਸ ਬਿਧ ਤੇਰਾ

ਦਰ ਲੰਘਾਂ, ਅਗੇ ਹੋ ਕੇ ਸੀਸ ਨਿਵਾਈਆ । ਮੈਂ ਚਾਹੁੰਦਾ ਤੇਰਾ ਨੂਰ ਨੂਰ ਦਾ ਹੋਵੇ ਚੰਦਾ, ਚੰਦ ਚਾਂਦਨਾ ਡਗਮਗਾਈਆ । ਮੈਂ ਜ਼ਿਮੀਂ ਅਸਮਾਨ ਤੇਰਾ ਕੀ ਨੂਰ ਤੱਕਾਂ ਬੰਦਾ, ਕਿ ਬੰਦਗੀ ਵਿਚ ਤੇਰੀ ਵਡ ਵਡਿਆਈਆ । ਮੈਂ ਨਿਗਾਹ ਮਾਰਦਾ ਮੈਨੂੰ ਨਾ ਕੋਈ ਤੀਰ ਦਿਸੇ ਨਾ ਕਮਾਨ ਦਿਸੇ ਨਾ ਖੜਗ ਨਾ ਦਿਸੇ ਖੰਡਾ, ਸ਼ਸਤਰ ਹਸਤ ਨਾ ਕੋਇ ਉਠਾਈਆ । ਮੈਨੂੰ ਇਕ ਨਜ਼ਰੇ ਨਜ਼ੂ ਆਉਂਦਾ ਤੇਰਾ ਨੂਰ ਜਿਸ ਵਿਚ ਖੇਲ ਦਿਸੇ ਅਚੰਭਾ, ਅਚਰਜ ਤੇਰੀ ਬੇਪਰਵਾਹੀਆ । ਪਰ ਇਕ ਗੱਲ ਯਾਦ ਜਿਸ ਵੇਲੇ ਚੌਦਾਂ ਰਤਨ ਕਢੇ ਜੋ ਸੰਦੇਸ਼ਾ ਦਿਤਾ ਸੀ ਪਰੀ ਅਰੰਬਾ, ਗਜ ਹੁਕਮ ਨਾਲ ਸੁਣਾਈਆ । ਐਰਾਪਤ ਹਾਥੀ ਹਲੂਣ ਕੇ ਕੰਧਾ, ਹੁਲਾਰਾ ਦਿਤਾ ਲਗਾਈਆ । ਉਹ ਧਰਨੀ ਦਾ ਆਰ ਤੇ ਪਾਰ ਤੱਕ ਕੰਢਾ, ਜਿਥੇ ਹੱਸ ਕੇ ਕਿਹਾ ਫਿਰ ਕੇ ਆਵੇ ਮਾਹੀ ਜਿਸ ਨੂੰ ਫੈਰੀ ਕਹੇ ਲੋਕਾਈਆ । ਉਹ ਪਿਛਲਾ ਵਕਤ ਮਿਹਰਵਾਨਾ ਤੇਰੀ ਮਿਹਰ ਨਾਲ ਲੰਘਾ, ਕੁਛ ਅਗਲਾ ਹੁਕਮ ਦੇ ਸਮਝਾਈਆ । ਮੈਂ ਰੋਜ਼ ਤੱਕਦਾ ਸਾਢੇ ਤਿੰਨ ਇੰਚ ਕੰਨਾ ਕਰਾਇਆ ਲੰਬਾ, ਜਿਸ ਦੀ ਪੌਣਾ ਇੰਚ ਚੌੜਾਈਆ । ਕੀ ਇਸ ਦੇ ਨਾਲ ਦੀਨ ਦੁਨੀ ਵਿਚ ਕਰੇ ਜੰਗਾ, ਕਿ ਜੰਗਜੂ ਬਹਾਦਰ ਕਿਸ ਨੂੰ ਦਏ ਬਣਾਈਆ । ਪੁਰਖ ਅਕਾਲ ਕਿਹਾ ਸ਼ਬਦ ਦੁਲਾਰੇ ਸ਼ਾਂਤੀ ਵਿਚ ਹੋ ਠੰਡਾ, ਨਿਮਰਤਾ ਵਿਚ ਬੇਨੰਤੀ ਦੇ ਜਣਾਈਆ । ਆਹ ਵੇਖ ਉਹ ਤੱਕ ਇਹ ਟੁੱਟਿਆਂ ਦੀਆਂ ਪਾਵਣ ਵਾਲਾ ਗੰਢਾਂ, ਗੰਢ ਧੁਰ ਦਾ ਨਾਮ ਰਖਾਈਆ । ਪਿਛਲਾ ਸਮਾਂ ਤੱਕ ਜੋ ਬੀਤਿਆ ਨਹੀਂ ਲੰਬਾ, ਦਮਦਮਾ ਸਾਹਿਬ ਅੱਖ ਖੁਲਾਈਆ । ਝਟ ਸ਼ਬਦ ਕਿਹਾ ਮੈਂ ਵੇਖਿਆ ਧਰਮ ਦੀ ਧਾਰ ਇਕੋ ਪੰਜਾ, ਪੰਚਮ ਪੰਚਮ ਪੰਚਮ ਸੋਭਾ ਪਾਈਆ । ਜਿਸ ਦਾ ਲੇਖਾ ਸਮਝ ਸਕੇ ਨਹੀਂ ਧਾਰ ਕਵੀ ਬਵੰਜਾ, ਬਾਵਨ ਅੱਖਰੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਇਹ ਕੰਨੇ ਦਾ ਕੀ ਕਰਨਾ, ਉਹ ਕਰਨੀ ਦੇ ਕਰਤਿਆਂ ਦੇ ਸਮਝਾਈਆ । ਇਕ ਕੰਨੇ ਪਿਛੇ ਜੇ ਸਾਰੇ ਜਗਤ ਨੂੰ ਪਿਆ ਮਰਨਾ, ਤੇ ਕੰਨੇ ਦੀ ਕੀ ਵਡਿਆਈਆ । ਤੇਰਾ ਕਿਹੋ ਜਿਹਾ ਘਾੜਨ ਤੇ ਕਿਹੋ ਜਿਹਾ ਘੜਨਾ, ਕਿਹੋ ਜਿਹੀ ਬਣਤ ਬਣਾਈਆ । ਦੱਸ ਕਿਹੜੀ ਕੂਟ ਤੇ ਕਿਹੜੀ ਮੰਜ਼ਲ ਚੜ੍ਹਨਾ, ਪਰਦਾ ਦੇ ਚੁਕਾਈਆ । ਮੈਂ ਸੀਸ ਨਿਵਾਵਾਂ ਤੇਰੇ ਚਰਨਾਂ, ਚਰਨਾਂ ਵਿਚ ਸੀਸ ਝੁਕਾਈਆ । ਤੂੰ ਸਚਖੰਡ ਬੈਠਾ ਰਹੀਂ ਨਾ ਮਾਰ ਕੇ ਧਰਨਾ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪਣੇ ਹੱਥ ਰਖਾਈਆ । ਜੋਤ ਨਿਰੰਕਾਰ ਕਿਹਾ ਸ਼ਬਦਾ ਉਹ ਕਰ ਲੈ ਚੇਤਾ, ਚਿਤਮਨੀ ਰਹੇ ਨਾ ਰਾਈਆ । ਜਿਸ ਵੇਲੇ ਗੋਬਿੰਦ ਨੇ ਲੇਖ ਲਿਖਿਆ ਬੈਠਾ ਸੀ ਵਿਚ ਖੇਤਾ, ਮਹੱਲ ਨਜ਼ਰ ਕੋਇ ਨਾ ਆਈਆ । ਕੋਲ ਬਹਾਇਆ ਨਹੀਂ ਕੋਈ ਬੇਟੀ ਬੇਟਾ, ਲਿਖਾਰੀ ਲੇਖ ਨਾ ਕੋਇ ਬਣਾਈਆ । ਸਾਰਿਆਂ ਗੁਰਸਿਖਾਂ ਨੂੰ ਕਿਹਾ ਮੇਰੇ ਵੱਲ ਸਕੇ ਕੋਇ ਨਾ ਵੇਖਾ, ਵੇਖਣ ਵੇਖਣ ਕੋਇ ਨਾ ਪਾਈਆ । ਮੈਂ ਬਦਲਣੀ ਦੀਨ ਦੁਨੀ ਦੀ ਰੇਖਾ, ਜਿਸ ਨੂੰ ਰਿਖੀ ਮੁਨੀ ਸਮਝੇ ਕੋਇ ਨਾ ਰਾਈਆ । ਝਗੜਾ ਮੇਟਣਾ ਮੁਲਾ ਸ਼ੇਖ਼ਾ, ਕਾਜ਼ੀਆਂ ਕਜ਼ਾ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜਦੋਂ ਮੁਕਤੇ ਤੋਂ ਬਾਦ ਲਾਇਆ ਕੰਨਾ, ਕੰਨੇ ਤਾੜੀ ਦਿਤੀ ਵਜਾਈਆ । ਸ਼ੁਕਰ ਕਿਹਾ ਕਿਹਾ ਧੰਨ ਧੰਨਾ, ਧੰਨ ਤੇਰੀ ਵਡਿਆਈਆ । ਮੈਂ ਬਚਨ ਤੇਰਾ ਮੰਨਾ, ਮੰਨ ਕੇ ਸੀਸ ਨਿਵਾਈਆ । ਤੂੰ ਪ੍ਰੀਤਮ ਮੇਰੇ ਤਨਾ, ਤਨ

੧੯੫
੨੩

ਮਾਲਕ ਇਕ ਅਖਵਾਈਆ । ਤੂੰ ਮੇਰਾ ਰੂਪ ਜਨਾ, ਸੁਨਹਿਰੀ ਰੰਗ ਰੰਗਾਈਆ । ਮੈਂ ਵਾਰੀ ਤੈਥੋਂ ਖੰਨ ਖੰਨਾ, ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਕੰਨੇ ਕਿਹਾ ਗੋਬਿੰਦ ਜਿਸ ਵੇਲੇ ਮੇਰਾ ਲੇਖ ਲਿਖਣਾ, ਮੇਰਾ ਰੂਪ ਬਣਾਈਆ । ਮੈਂ ਚਾਹੁੰਦਾ ਉਸ ਵੇਲੇ ਤੇਰੇ ਕੋਲ ਪ੍ਰੇਮੀ ਹੋਵੇ ਕੋਇ ਨਾ ਸਿਖਣਾ, ਸਿਖ ਤੇਰੇ ਪ੍ਰੇਮ ਵਿਚ ਨਾ ਕੋਇ ਸਮਾਈਆ । ਤੂੰ ਇਕ ਇਕੱਲੇ ਮੈਨੂੰ ਰਖਣਾ ਆਪਣੇ ਚਿਤਨਾ, ਦੂਸਰ ਹੱਥ ਨਾ ਕਦੇ ਫੜਾਈਆ । ਮੈਂ ਟਕਿਆਂ ਵਿਚ ਨਹੀਂ ਵਿਕਣਾ, ਕੀਮਤ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਸਾਚੀ ਬਾਤ, ਕਹਾਣੀ ਬੇਪ੍ਰਵਾਹੀਆ । ਜਿਸ ਵੇਲੇ ਗੋਬਿੰਦ ਨੇ ਕੰਨਾ ਲਿਖਿਆ ਤੇ ਲਾਈ ਇਕ ਕਨਾਤ, ਚਾਰੋਂ ਤਰਫ਼ ਗਡਾਈਆ । ਨਾ ਕੋਈ ਸਿਖ ਹੋਵੇ ਮੇਰੇ ਸਾਥ, ਸੰਗੀ ਸੰਗ ਨਾ ਕੋਇ ਨਿਭਾਈਆ । ਨਾ ਕੋਈ ਹੋਵੇ ਕਲਮ ਦਵਾਤ, ਧੁਰ ਦੇ ਹੁਕਮ ਨਾਲ ਲੇਖਾ ਦਿਆਂ ਬਣਾਈਆ । ਨਾ ਕੋਈ ਸਕੇ ਇਹਨੂੰ ਵਾਚ, ਵਾਚਕ ਹੋ ਕੇ ਕਰੇ ਨਾ ਕੋਇ ਪੜ੍ਹਾਈਆ । ਉਸ ਵੇਲੇ ਨਾ ਕੋਈ ਦਿਵਸ ਸੀ ਨਾ ਰਾਤ, ਸੁਬਹ ਸ਼ਾਮ ਸੰਗ ਨਾ ਕੋਇ ਨਿਭਾਈਆ । ਇਕੋ ਨੂਰ ਜੋਤ ਪ੍ਰਕਾਸ਼, ਨੂਰ ਨੁਰਾਨਾ ਨਜ਼ਰੀ ਆਈਆ । ਸਚ ਸੰਦੇਸ਼ਾ ਦਿਤਾ ਆਖ, ਸਹਿਜ ਨਾਲ ਸੁਣਾਈਆ । ਇਹਦਾ ਲੇਖਾ ਪੂਰਾ ਕਰਨਾ ਜੋ ਮਛ ਗਿਆ ਆਖ, ਕਛਪ ਆਪਣਾ ਧਿਆਨ ਲਗਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਇਸ ਦੇ ਵਿਚ ਭਰੀ ਸੁਗਾਤ, ਸੁਗੰਧੀ ਧੁਰ ਦੀ ਨਾਮ ਭਰਾਈਆ । ਤੇਰਾ ਖੇਲ ਹੋਣਾ ਫੇਰ ਵਿਚ ਮਾਤ, ਮਾਤਰ ਭੂਮੀ ਤੇਰਾ ਰਾਹ ਤਕਾਈਆ । ਤੂੰ ਵਸਣਾ ਵਰਨ ਗੋਤ ਬਾਹਰ ਜ਼ਾਤ, ਅਜ਼ਾਤੀ ਤੇਰਾ ਨੂਰ ਰੁਸ਼ਨਾਈਆ । ਪੂਰਨ ਜੋਤ ਤੇਰਾ ਪ੍ਰਕਾਸ਼, ਪੂਰਨ ਪੂਰਨ ਵਿਚ ਸਮਾਈਆ । ਤੇਰਾ ਮੰਡਲ ਤੇਰੀ ਹੋਵੇ ਰਾਸ, ਤੇਰਾ ਖੇਲ ਅਗੰਮ ਅਥਾਹੀਆ । ਤੂੰ ਫੇਰ ਫਿਰ ਕੇ ਆਉਣਾ ਓਸ ਕੰਢੇ ਘਾਟ, ਜਿਸ ਦੀ ਘਾਟ ਸਾਰੇ ਗਏ ਰਖਾਈਆ । ਪੰਧ ਮੇਟਣਾ ਵਾਟ, ਹੱਥੀਂ ਮਹਿੰਦੀ ਲਾਲ ਰੰਗ ਰੰਗਾਈਆ । ਤੈਨੂੰ ਤੱਕਣ ਪ੍ਰਿਥਮੀ ਆਕਾਸ਼, ਦੋ ਜਹਾਨ ਸੀਸ ਨਿਵਾਈਆ । ਪਰ ਵਕਤ ਯਾਦ ਕਰ ਲੈਣਾ ਲੇਖਾ ਲਿਖਣਾ ਨਹੀਂ ਕਿਸੇ ਉਤੇ ਕਾਗ਼ਜ਼ਾਤ, ਕਾਨੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਕੰਨਾ ਬੜਾ ਵੱਡਾ, ਵੱਡਿਆਂ ਦੀ ਵਡ ਵਡਿਆਈਆ । ਇਹ ਨਿਰਗੁਣ ਧਾਰ ਨਿਸ਼ਾਨਾ ਗੱਡਾ, ਸਰਗੁਣ ਸਕੇ ਨਾ ਕੋਇ ਉਖੜਾਈਆ । ਇਸ ਨੇ ਲਹਿਣਾ ਦੇਣਾ ਬਾਕੀ ਕਿਸੇ ਨਾ ਛੱਡਾ, ਛਡ ਦਿਤੀ ਕੂੜ ਲੋਕਾਈਆ । ਇਹ ਲੇਖਾ ਜਾਣੇ ਲੱਖ ਚੁਰਾਸੀ ਹੱਡਾ, ਤਨ ਮਾਟੀ ਫੋਲ ਫੁਲਾਈਆ । ਜਿਸ ਦੀ ਸਮਝ ਸਕੇ ਕੋਈ ਨਾ ਵਜਹ, ਵਜੂਹਾਤ ਨਾ ਕੋਇ ਜਣਾਈਆ । ਬਹੁੜੀ ਦੁਹਾਈ ਦਰੋਹੀ ਸਭ ਦੇ ਸਿਰ ਤੇ ਕੂਕਦੀ ਕਜ਼ਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਬਿਨਾ ਪ੍ਰਭ ਦੀ ਕਿਰਪਾ ਤੋਂ ਕੋਈ ਚਲੇ ਨਾ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਸਾਰੇ ਗਾਵਣ ਚਾਈਂ ਚਾਈਂਆ । ਨਿਹਚਲ ਧਾਮ ਸੁਹੱਲਾ ਆਵੇ ਇਕੱਲਾ ਸਚ ਮਹੱਲਾ ਸੁਹੰਜਣੀ ਹੋਵੇ ਜਗਹ, ਥਲਾਂ ਤੋਂ ਜਲਾਂ ਵਿਚ ਆਪਣਾ ਖੇਲ ਖਿਲਾਈਆ । ਜਿਸ ਨੂੰ ਸਾਰਿਆਂ ਕਹਿਣਾ ਨੂਰੀ ਅੱਲਾ, ਅੱਲਾ ਆਲਮੀਨ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੰਨਾ ਕਹੇ ਗੋਬਿੰਦ ਨੇ ਮੈਨੂੰ ਤਿੰਨ ਵਾਰ ਹੱਥਾਂ ਦੇ ਨਾਲ ਰਗੜਿਆ,

੧੯੭
੨੩

ਉਏ ਮਸ ਕੇ ਦਿਤਾ ਵਖਾਈਆ । ਫੇਰ ਦੋਹਾਂ ਹੱਥਾਂ ਵਿਚ ਪਕੜਿਆ, ਪਕੜ ਕੇ ਦਿਤਾ ਟਿਕਾਈਆ । ਫੇਰ ਪੁਰਖ ਅਕਾਲ ਨਾਲ ਝਗੜਿਆ, ਸ਼ਬਦ ਸ਼ਬਦ ਨਾਲ ਲੜਾਈਆ । ਤੇਰਾ ਜਹਾਨ ਤੇਰੇ ਨਾਲੋਂ ਵਿਗੜਿਆ, ਕੀ ਤੇਰੀ ਬੇਪ੍ਰਵਾਹੀਆ । ਤੂੰ ਸੂਰਬੀਰ ਦੋ ਜਹਾਨਾਂ ਕਿਉਂ ਨਿਗਰਿਆ, ਬਲਹੀਣ ਆਪਣਾ ਆਪ ਕਰਾਈਆ । ਕਲਜੁਗ ਕੂੜ ਕੁੜਿਆਰਾ ਵੇਖ ਚੜ੍ਹਿਆ ਸਿਖ਼ਰਿਆ, ਚੋਟੀ ਅਗਨੀ ਸਭ ਨੂੰ ਰਿਹਾ ਲਾਈਆ । ਸੁਣ ਮੇਰੇ ਯਾਰ ਪਿਆਰੇ ਮਿਤਰਿਆ, ਮਿਤਰਾ ਦਿਆਂ ਸੁਣਾਈਆ । ਤੇਰਾ ਮਾਨਵ ਦੀਨਾਂ ਮਜ਼੍ਹਬਾਂ ਵਿਚ ਖਿਲਰਿਆ, ਖ਼ਲਕ ਦੇ ਖ਼ਾਲਕ ਤੇਰੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਚੰਨਾ ਕੰਨਾ ਕਹੇ ਮੈਂ ਬਣ ਗਿਆ ਲੰਬਾ ਚੌੜਾ, ਮੇਰੀ ਗੋਬਿੰਦ ਵੰਡ ਵੰਡਾਈਆ । ਮੇਰਾ ਲੇਖਾ ਨਾਲ ਬ੍ਰਹਿਮਣ ਗੌੜਾ, ਗੌੜੀ ਰਾਗ ਦਏ ਗਵਾਹੀਆ । ਮੈਂ ਗੋਬਿੰਦ ਦੇ ਨਾਲ ਗੋਬਿੰਦ ਦੇ ਘਰ ਪ੍ਰਗਟਿਆ ਬਣ ਕੇ ਜੋੜਾ, ਦੋਹਰਾ ਸੰਗ ਬਣਾਈਆ । ਮੈਨੂੰ ਅੰਤ ਉਸ ਦੀ ਲੋੜਾ, ਜੋ ਲੋੜੀਂਦਾ ਸੱਜਣ ਇਕ ਅਖਵਾਈਆ । ਜਿਸ ਨੇ ਫਲ ਵੇਖਣਾ ਦੀਨ ਦੁਨੀ ਦਾ ਮਿੱਠਾ ਕੌੜਾ, ਕੁਦਰਤਣ ਤੱਕੇ ਖ਼ਲਕ ਖ਼ੁਦਾਈਆ । ਉਹਦਾ ਸੱਸੇ ਵਾਲਾ ਹੋੜਾ, ਹਾਹੇ ਦੀ ਟਿੱਪੀ ਦਏ ਗਵਾਹੀਆ । ਸਾਹਿਬ ਅਗੇ ਚਲੇ ਕਿਸੇ ਨਾ ਜ਼ੋਰਾ, ਜੋਰੂ ਜ਼ਰ ਰੋਵਨ ਮਾਰਨ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਕੰਨਾ ਕਹੇ ਮੈਂ ਗੋਬਿੰਦ ਕੀਤੀ ਡੰਡਾਵਤ, ਨਮਸਤੇ ਸੀਸ ਝੁਕਾਈਆ । ਤੂੰ ਮੇਰੀ ਬਣਾਈ ਬਣਾਵਟ, ਮੇਰਾ ਰੂਪ ਪ੍ਰਗਟਾਈਆ । ਮੈਨੂੰ ਰਖਣਾ ਸਹੀ ਸਲਾਮਤ, ਸਦ ਆਪਣੇ ਰੰਗ ਰੰਗਾਈਆ । ਤੇਰੇ ਪ੍ਰੇਮ ਦੀ ਮਿਲੇ ਨਿਆਮਤ, ਅੰਮਿਉਂ ਰਸ ਚੁਆਈਆ । ਗੋਬਿੰਦ ਹੱਸ ਕੇ ਕਿਹਾ ਮੈਂ ਤੇਰੀ ਪ੍ਰੇਮ ਦਿਆਂ ਜ਼ਮਾਨਤ, ਪੁਰਖ ਅਕਾਲ ਤੇਰਾ ਧੁਰ ਦਾ ਮਾਹੀਆ । ਤੂੰ ਸੋਹਣਿਆ ਅਜੇ ਅਣਜਾਣਤ, ਭੇਵ ਸਮਝ ਸਕੇ ਨਾ ਰਾਈਆ । ਉਹ ਮਾਣ ਨਿਮਾਣਿਆਂ ਦੇਵੇ ਮਾਨਤ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਕੰਨਾ ਕਹੇ ਮੇਰਾ ਰੂਪ ਬਣਾਇਆ ਸੁਨਹਿਰੀ, ਮੈਨੂੰ ਸੋਹਣੇ ਦਿਤੀ ਵਡਿਆਈਆ । ਮੈਨੂੰ ਤਾਰ ਕੇ ਚਲਿਆ ਵਿਚ ਬੇੜੇ ਬਹਿਰੀ, ਸਮੁੰਦ ਸਾਗਰਾਂ ਪੰਧ ਮੁਕਾਈਆ । ਮੈਨੂੰ ਤੱਕਿਆ ਕਿਸੇ ਨਾ ਸ਼ਹਿਰੀ, ਸ਼ਹਿਨਸ਼ਾਹ ਆਪਣੇ ਵਿਚ ਟਿਕਾਈਆ । ਪਾਰ ਕੰਢੇ ਮੈਨੂੰ ਕਢ ਕੇ ਸੱਤਾਂ ਗੁਰਮੁਖਾਂ ਫੜ ਕੇ ਪ੍ਰਭ ਦੇ ਚਰਨਾਂ ਕਰਨਾ ਫੇਰੀ, ਜ਼ਿਮੀਂ ਉਤੇ ਨਾ ਕੋਇ ਛੁਹਾਈਆ । ਫੇਰ ਨੌਂ ਵੇਰਾਂ ਨਿਮਸਕਾਰ ਕਰਨੀ ਇਕੋ ਵੇਰੀ, ਵੇਰਵਾ ਵਿਚ ਨਾ ਕੋਇ ਰਖਾਈਆ । ਅੰਦਰ ਆਪਣੇ ਰਖਣੀ ਦਲੇਰੀ, ਮਨੂਆ ਕਰੇ ਨਾ ਕੋਇ ਲੜਾਈਆ । ਇਹੋ ਖ਼ਾਹਿਸ਼ ਰਖੀ ਸੀ ਹਜ਼ਰਤ ਮੁਹੰਮਦ ਦੀ ਵਢੇਰੀ, ਜੋ ਦਰਸ਼ਨ ਪਾ ਕੇ ਸੀਸ ਨਿਵਾਈਆ । ਮੁਹੰਮਦ ਕਿਹਾ ਜਿਸ ਵੇਲੇ ਮੇਰਾ ਅਮਾਮ ਆਵੇ ਸਦੀ ਚੌਧਵੀਂ ਝੁਲੀ ਹੋਵੇ ਅੰਧੇਰੀ, ਝੱਖੜ ਜਗਤ ਵਾਲਾ ਨਜ਼ਰੀ ਆਈਆ । ਓਸ ਤੋਂ ਬਿਨਾ ਚੌਦਾਂ ਤਬਕਾਂ ਚਲਾਏ ਕੋਇ ਨਾ ਬੇੜੀ, ਬੇੜੇ ਬਹਿ ਕੇ ਆਪਣੀ ਕਾਰ ਭੁਗਤਾਈਆ । ਕਲਜੁਗ ਜੜ ਜਾਏ ਉਖੇੜੀ, ਉਖੇੜਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਗੋਬਿੰਦ ਕਹੇ ਮੈਂ ਲਿਖਿਆ ਕੰਨਾ ਕਲਮ ਸ਼ਾਹੀ ਤੋਂ ਬਿਨ, ਪ੍ਰਭ ਦੀ ਦਇਆ ਟਿਕਾਈਆ । ਉਹਦਾ ਰੂਪ ਹੂ ਬਹੂ ਇੰਨ, ਜੋ ਸੁਨਹਿਰੀ ਤ੍ਰਿਪਤ ਲਿਆਈ ਬਣਾਈਆ । ਜਿਸ ਦਾ ਲੇਖਾ ਅਗੰਮੀ ਚਿੰਨ, ਚੰਦ ਸਿਤਾਰੇ ਸੀਸ ਝੁਕਾਈਆ । ਓਸ ਦੇ ਅੰਕੜੇ

ਸਕੇ ਕੋਈ ਨਾ ਗਿਣ, ਗਿਣਤੀ ਵਿਚ ਨਾ ਕੋਇ ਸਮਝਾਈਆ । ਮੇਰਾ ਫ਼ਾਸਲਾ ਸਕੇ ਕੋਈ ਨਾ ਮਿਣ, ਮਿਣਤੀ ਜਗਤ ਵਿਚ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਆਪ ਵਰਤਾਈਆ । ਗੋਬਿੰਦ ਕਹੇ ਮੈਂ ਹੋਇਆ ਅਨੂਪ, ਇਕੋ ਵਿਚ ਸਮਾਈਆ । ਇਕੋ ਸ਼ਾਹ ਤੇ ਇਕੋ ਭੂਪ, ਇਕੋ ਏਕੰਕਾਰ ਨਜ਼ਰੀ ਆਈਆ । ਇਕੋ ਪਿਤਾ ਇਕੋ ਪੂਤ, ਇਕੋ ਜੋਤ ਨੂਰ ਰੁਸ਼ਨਾਈਆ । ਇਕੋ ਤਾਣਾ ਤੇ ਇਕੋ ਸੂਤ, ਇਕੋ ਪੇਟਾ ਤੇ ਇਕੋ ਪਾਵਣ ਵਾਲਾ ਮਾਹੀਆ । ਓਸ ਵੇਲੇ ਨਾ ਕੋਈ ਤਤ ਵਜੂਦ ਪੰਜ ਤਤ ਭੂਤ, ਕਾਇਆ ਕੱਪੜ ਨਾ ਰੰਗ ਰੰਗਾਈਆ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਸਚਖੰਡ ਸਾਚੇ ਵੱਜੇ ਵਧਾਈਆ । ਨਾ ਕੋਈ ਸਚ ਤੇ ਨਾ ਕੋਈ ਝੂਠ, ਕੂੜ ਕੁੜਿਆਰ ਨਾ ਕੋਇ ਸਮਝਾਈਆ । ਓਸ ਦਾ ਸਤਿਗੁਰ ਸ਼ਬਦ ਤੇ ਸ਼ਬਦ ਸਤਿਗੁਰ ਦਾ ਸਤਿਗੁਰ ਸਬੂਤ, ਬਿਨਾ ਸਬੂਤ ਸਤਿਗੁਰ ਤੋਂ ਪੂਰਨ ਬ੍ਰਹਮ ਨਾ ਕੋਇ ਦ੍ਰਿੜਾਈਆ । ਜਿਸ ਦੀ ਨਾ ਕੋਈ ਪੂਜਾ ਨਾ ਕੋਈ ਪੂਜ, ਪੂਜਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਗੋਬਿੰਦ ਕਹੇ ਜਿਸ ਵੇਲੇ ਮੈਂ ਕੰਨਾ ਲਾਇਆ, ਲਾ ਕੇ ਦਿਤਾ ਜਣਾਈਆ । ਤ੍ਰੈਗੁਣ ਤੋਂ ਪਰੇ ਧੱਕਿਆ ਦੂਰ ਕਰਾਈ ਮਾਇਆ, ਮਮਤਾ ਮੋਹ ਮਿਟਾਈਆ । ਇਕੋ ਸਾਹਿਬ ਸਵਾਮੀ ਪੁਰਖ ਅਕਾਲਾ ਦੀਨ ਦਿਆਲਾ ਮਾਹੀ ਨਜ਼ਰੀ ਆਇਆ, ਨਜ਼ਰਾਨਾ ਉਸ ਦੀ ਭੇਟ ਕਰਾਈਆ । ਤੂੰ ਮੇਰਾ ਮੈਂ ਤੇਰਾ ਬਹਿ ਕੇ ਢੋਲਾ ਗਾਇਆ, ਗਾ ਕੇ ਦਿਤਾ ਸੁਣਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਤੇਰਾ ਅੰਤ ਕਿਸੇ ਨਾ ਪਾਇਆ, ਬੇਅੰਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਕੰਨਾ ਕਹੇ ਜਿਸ ਵੇਲੇ ਮੇਰੀ ਬਣਾਈ ਬਣਤ, ਘੜਨ ਭੰਨਣਹਾਰ ਦਿਤੀ ਵਡਿਆਈਆ । ਗੋਬਿੰਦ ਦੇ ਕੋਲ ਨਹੀਂ ਕੋਈ ਸਾਧ ਤੇ ਨਹੀਂ ਸੀ ਸੰਤ, ਗੁਰਮੁਖ ਸੰਗ ਨਾ ਕੋਇ ਰਖਾਈਆ । ਨਾ ਕਿਸੇ ਕੋਲ ਹਉਮੇ ਨਾ ਕੋਈ ਹੰਗਤ, ਹਉਮੇ ਗੜ੍ਹ ਨਾ ਕੋਇ ਜਣਾਈਆ । ਨਾ ਕੋਈ ਗਿਆਨੀ ਨਾ ਕੋਈ ਪੰਡਤ, ਵਿਦਵਾਨ ਲਿਖਾਰੀ ਭਿਖਾਰੀ ਸੰਗ ਨਾ ਕੋਇ ਬਣਾਈਆ । ਨਾ ਦੋਜ਼ਕ ਨਾ ਬਹਿਸ਼ਤ ਨਾ ਜੱਨਤ, ਇਕੋ ਸਚਖੰਡ ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕੰਨਾ ਕਹੇ ਮੈਂ ਸੁਣਿਆ ਕੰਨੀਂ, ਬਿਨ ਕੰਨਾਂ ਕੰਨ ਸੁਣਾਈਆ । ਮੇਰਾ ਸਾਹਿਬ ਪ੍ਰਭੂ ਸਭ ਦਾ ਤਨੀ, ਤਨ ਮਾਲਕ ਇਕ ਅਖਵਾਈਆ । ਜਿਸ ਦੀ ਧਾਰ ਦੀਨ ਦੁਨੀ ਬਣੀ, ਲੱਖ ਚੁਰਾਸੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਓਸ ਵੇਲੇ ਗੋਬਿੰਦ ਸ਼ਬਦ ਇਹ ਉਚਾਰਾ, ਖ਼ੁਸ਼ੀ ਨਾਲ ਸੁਣਾਈਆ । ਤੂੰ ਨਿਰੰਕਾਰ ਨਿਰੰਕਾਰ ਨਿਰੰਕਾਰਾ, ਨਿਰੰਕਾਰਾ ਨਿਰੰਕਾਰਾ ਨਿਰੰਕਾਰ ਨਜ਼ਰੀ ਆਈਆ । ਤੂੰ ਦੂਲ੍ਹਾ ਪਿਤ ਮੈਂ ਤੇਰਾ ਦੁਲਾਰਾ ਦੁਲਾਰਾ ਦੁਲਾਰਾ, ਦੁਲਾਰਾ ਦੁਲਾਰਾ ਪਤਿਪਰਮੇਸ਼ਵਰ ਤੇਰੀ ਸਰਨਾਈਆ । ਤੂੰ ਕਲ ਕਲਕੀ ਅਵਤਾਰਾ ਅਵਤਾਰਾ ਅਵਤਾਰਾ, ਅਵਤਰ ਤੇਰਾ ਨੂਰ ਅਲਾਹੀਆ । ਤੂੰ ਸੰਬਲ ਆਵੇਂ ਦੋਬਾਰਾ ਦੋਬਾਰਾ ਦੋਬਾਰਾ, ਦੋਹਰੀ ਆਪਣੀ ਖੇਲ ਖਿਲਾਈਆ । ਜਿਹੜਾ ਲੇਖ ਲਿਖਿਆ ਨਹੀਂ ਮੇਰੇ ਬਵਿੰਜਾ ਕਵੀਆਂ ਬਣ ਲਿਖਾਰਾ, ਉਹ ਤੇਰੇ ਪੰਜ ਲਿਖਾਰੀ ਪੂਰਾ ਦੇਣ ਕਰਾਈਆ । ਓਹ ਮੇਰਾ ਲਹਿਣਾ ਰਹਿ ਗਿਆ ਵਿਚ ਸਰਸਾ ਧਾਰਾ, ਸਰਸੇ ਦੇ ਮਾਲਕ ਸਭ ਕੁਛ ਤੇਰੀ ਭੇਟ

ਕਰਾਈਆ । ਜਿਸ ਵੇਲੇ ਤੂੰ ਜਾਏਂ ਸਮੁੰਦ ਸਾਗਰਾਂ ਪਾਰ ਕਰੇਂ ਉਤਾਰਾ, ਉੱਤਰ ਪੂਰਬ ਪੱਛਮ ਦੱਖਣ ਸਾਰੇ ਵੇਖ ਵਖਾਈਆ । ਵੇਖੀਂ ਮੇਰੀ ਆਸ਼ਾ ਵਿਚ ਆਸ਼ਾਂ ਭਰਿਆ ਰਹਿ ਨਾ ਜਾਏ ਲਾਰਾ, ਲਾਰੇ ਦੇਣ ਵਾਲਿਆ ਵਾਅਦਾ ਪੂਰਾ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕੰਨਾ ਕਹੇ ਮੈਂ ਕੋਮਲ ਬੜਾ ਮਲੂਕ, ਮੈਨੂੰ ਸਮਝ ਨਾ ਸਕਿਆ ਕੋਇ ਰਾਈਆ । ਮੇਰੀ ਚੌਦਾਂ ਤਬਕਾਂ ਤੋਂ ਪਰੇ ਗਈ ਕੂਕ, ਚੌਧਵੀਂ ਸਦੀ ਸੁਣੇ ਚਾਈਂ ਚਾਈਂਆ । ਮੁਹੰਮਦ ਦਾ ਮਕਬਰੇ ਵਿਚ ਤੱਕੇ ਕਲਬੂਤ, ਨੂਰ ਵਿਚ ਵੇਖ ਵਖਾਈਆ । ਮੂਸਾ ਕਹੇ ਉਹ ਮੇਰਾ ਮਾਹੀ ਮੌਜੂਦ, ਚੌਬੀਸਾ ਆਪਣੇ ਅੰਗ ਲਗਾਈਆ । ਉਸ ਦਾ ਸਤਿਗੁਰ ਸ਼ਬਦ ਤੇ ਸ਼ਬਦ ਅਗੰਮਾ ਦੂਤ, ਦੋ ਜਹਾਨਾਂ ਹੁਕਮ ਵਰਤਾਈਆ । ਉਸ ਵੇਲੇ ਗੋਬਿੰਦ ਨੇ ਕਿਹਾ ਜਿਸ ਵੇਲੇ ਆਰ ਤੋਂ ਪਾਰ ਕਿਨਾਰਾ ਉਤਰਨਾ ਮੇਰੇ ਗੁਰਮੁਖਾਂ ਵਿਚ ਹੋਵੇਗਾ ਸਖਾ ਸਲੂਕ, ਅਗੇ ਵਿਛੋੜਾ ਰਹੇ ਨਾ ਰਾਈਆ । ਪਿਛੇ ਕੰਨੇ ਦਾ ਲੇਖਾ ਤੇ ਕੰਨੇ ਵਾਲੀ ਦੂਜ, ਪੈਰਿਸ ਦਾ ਪਾਰ ਉਤਾਰਾ ਆਪਣਾ ਰੰਗ ਰੰਗਾਈਆ । ਇੰਗਲੈਂਡ ਵਿਚ, ਧਰਮ ਦੀ ਲੈਂਡ ਵਿਚ, ਗੁਰਮੁਖਾਂ ਦੇ ਹੈਂਡ ਵਿਚ, ਸਚ ਸਟੈਂਡ ਕਰਨਾ ਮਹਿਫ਼ੂਜ਼, ਮੁਫ਼ਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਖੇਲ ਲੈਣਾ ਵਖਾਈਆ । ਕੰਨਾ ਕਹੇ ਔਹ ਵੇਖੋ ਨਾਰਦ ਆਉਂਦਾ ਮਾਰਦਾ ਥਾਪੀ, ਪਟ ਰਿਹਾ ਖੜਕਾਈਆ । ਮੈਨੂੰ ਕਹਿੰਦਾ ਉਹ ਗੋਬਿੰਦ ਦਿਆ ਪ੍ਰੇਮੀਆ ਤੱਕ ਲੈ ਗੁਰਬਾਣੀ ਦੇ ਹੁੰਦਿਆਂ ਕਿੰਨੇ ਵੱਧ ਗਏ ਪਾਪੀ, ਪਤਤ ਪੁਨੀਤ ਨਜ਼ਰ ਕੋਇ ਨਾ ਆਈਆ । ਦੁਨੀਆ ਵਾਲੇ ਤੱਕ ਲੈ ਪਾਠੀ, ਪੂਜਾ ਵਾਲੀ ਵੇਖ ਜਗਤ ਲੋਕਾਈਆ । ਜਲ ਧਾਰਾ ਠਰਦੇ ਵੇਖ ਲੈ ਰਾਤੀ, ਵਹਿਣਾਂ ਵਿਚ ਆਪਣਾ ਆਪ ਵਹਾਈਆ । ਦੀਨ ਮਜ਼੍ਹਬ ਤੱਕ ਲੈ ਜ਼ਾਤੀ, ਝਗੜਾ ਥਾਉਂ ਥਾਈਂਆ । ਸਤਿ ਦਾ ਸਚ ਮਿਲੇ ਕੋਇ ਨਾ ਸਾਥੀ, ਸਗਲਾ ਸੰਗ ਨਾ ਕੋਇ ਬਣਾਈਆ । ਓਹ ਵੇਖ ਖੇਲ ਪੁਰਖ ਅਬਿਨਾਸ਼ੀ, ਕੀ ਕਰਤਾ ਕਾਰ ਕਮਾਈਆ । ਜਿਹੜੀ ਆਸ਼ਾ ਗੋਬਿੰਦ ਨੇ ਬਿਨਾ ਗੁਰੂ ਬਣਨ ਤੋਂ ਆਖੀ, ਪ੍ਰਭ ਅਗੇ ਸੀਸ ਨਿਵਾਈਆ । ਅੱਜ ਤੋਂ ਲੇਖ ਲਿਖਣਾ ਪੂਰਨ ਨੂੰ ਗੁਰੂ ਕੋਇ ਨਾ ਕਹੇਗਾ ਕੋਈ ਗੁਰਸਿਖ ਨਾਲ ਆਪਣੀ ਜ਼ਬਾਨ ਤੇ ਕਲਮ ਦੀ ਕਲਮ ਸ਼ਾਹੀ ਦਵਾਤੀ, ਨਿਰਾਕਾਰ ਦਾ ਰੂਪ ਨਿਰੰਕਾਰ ਪੂਰਨ ਨਜ਼ਰੀ ਆਈਆ । ਗੁਰੂ ਏਸ ਦੀ ਰਾਹ ਤੱਕਣ ਤੇ ਬਣਦੇ ਰਹੇ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਜਿਹੜੀ ਕਥਾ ਕਹਾਣੀ ਗੋਲੀ ਜੁਗਿੰਦਰ ਨੇ ਮੂੰਹੋਂ ਆਖੀ, ਉਹ ਵਕਤ ਨਾਲ ਸ਼ਹਾਦਤ ਦਏ ਭੁਗਤਾਈਆ । ਪੂਰਨ ਪਰਮੇਸ਼ਵਰ ਪੂਰਨ ਸਤਿ ਸਤਿਗੁਰੂ, ਪੂਰਨ ਗੁਰੂ ਨਹੀਂ ਜੋ ਜਗਤ ਵਾਲੀ ਬਣਾਏ ਸਾਖੀ, ਪੂਜਾ ਪਾਠ ਕਰ ਕੇ ਮਾਲਾ ਮਣਕੇ ਫੇਰ ਕੇ ਆਪਣਾ ਸਾਹਿਬ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੰਨਾ ਕਹੇ ਮੈਂ ਗੋਬਿੰਦ ਅਗੇ ਰੱਖਿਆ ਆਪਣਾ ਫੁਰਨਾ, ਫੁਰਨਿਆਂ ਤੋਂ ਬਾਹਰ ਸੁਣਾਈਆ । ਦੱਸ ਕਿਹੜੇ ਮਾਰਗ ਤੁਰਨਾ, ਕੀ ਤੁਰੀਆ ਤੋਂ ਪਰੇ ਚੜ੍ਹਾਈਆ । ਕਿਹੜੀ ਦਿਸ਼ਾ ਮੁੜਨਾ, ਮੋੜ ਕੇ ਦੇ ਵਖਾਈਆ । ਗੋਬਿੰਦ ਹੱਸ ਕੇ ਕਿਹਾ ਸੋਹਣਿਆ ਤੂੰ ਇਕ ਇਕ ਨਾਲ ਜੁੜਨਾ, ਜੋੜੀ ਜਗਤ ਦੇਣੀ ਤਜਾਈਆ । ਜਿਸ ਵੇਲੇ ਜਗਤ ਜਹਾਨ ਦਾ ਬੇੜਾ ਰੁੜ੍ਹਨਾ, ਬੇੜੇ ਉਤੇ ਬਹਿ ਕੇ ਬੇੜੇ ਦਾ ਮਾਲਕ ਤੇਰਾ ਬੇੜਾ ਬੰਨੇ ਦਏ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ ।

੧੯੯
੨੩

## ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇੰਗਲੈਂਡ ਡੋਬਰ ਤੋਂ ਨਿਕਲ ਕੇ ਸੱਤ ਕੁ ਮੀਲ ਤੇ ਲੰਡਨ ਜਾਂਦਿਆਂ ਰਸਤੇ ਵਿਚ ✪

ਕੰਨਾ ਕਹੇ ਵੇਖ ਵਿਸ਼ਨ ਬ੍ਰਹਮਾ, ਸ਼ਿਵ ਧਿਆਨ ਲਗਾਈਆ । ਧਰਨੀ ਦਾ ਉੱਤਮ ਹੋਇਆ ਕਰਮਾ, ਸ੍ਰੇਸ਼ਟ ਮਿਲੀ ਵਡਿਆਈਆ । ਜਿਥੇ ਸੱਤਾਂ ਗੁਰਮੁਖਾਂ ਭਗਤਾਂ ਛੁਹਾਇਆ ਚਰਨਾਂ, ਚਰਨੋਦਕ ਚੁਆਇਆ ਚਾਈਂ ਚਾਈਆ । ਝਗੜਾ ਮਿਟਿਆ ਵਰਨਾਂ ਬਰਨਾਂ, ਯਸੂਹ ਖ਼ੁਸ਼ੀ ਵਿਚ ਨੱਚੇ ਟੱਪੇ ਉਠਾਏ ਬਾਹੀਆ । ਸਭ ਦੀ ਸਾਂਝੀ ਹੋਣੀ ਸਰਨਾ, ਮੂਸਾ ਮੂੰਹ ਦੇ ਭਾਰ ਧਿਆਨ ਲਗਾਈਆ । ਮੁਹੰਮਦ ਕਹੇ ਹਕ ਇਕੋ ਕਲਮਾ ਪੜ੍ਹਨਾ, ਹੁਕਮ ਧੁਰ ਦਾ ਇਕ ਜਣਾਈਆ । ਨਾਨਕ ਕਹੇ ਨਾਮ ਸਤਿ ਸਤਿ ਸਭ ਦੁੱਖ ਹਰਨਾ, ਹਰਨਾਕਸ਼ ਲੇਖਾ ਪ੍ਰਹਿਲਾਦ ਰਿਹਾ ਸਮਝਾਈਆ । ਗੋਬਿੰਦ ਕਹੇ ਮੇਰਾ ਮਾਲਕ ਕਰਨੀ ਕਰਨਾ, ਕਰਤਾ ਪੁਰਖ ਇਕ ਅਖਵਾਈਆ । ਜਿਸ ਤੋੜਨਾ ਹੰਕਾਰੀ ਗੜ੍ਹਨਾ, ਹਉਮੇ ਹੰਗਤਾ ਦਏ ਮਿਟਾਈਆ । ਸਤਿਗੁਰ ਸ਼ਬਦ ਕਹੇ ਮੈਂ ਇਕੋ ਖੇਲ ਕਰਨਾ, ਕਰਨੀ ਦਾ ਕਰਤਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਮੈਂ ਘੁੰਮਦੀ । ਭਗਤਾਂ ਦੇ ਚਰਨ ਚੁੰਮਦੀ । ਮੇਰੀ ਖ਼ੁਸ਼ੀ ਰੋਮ ਰੋਮ ਦੀ, ਪੂਜਾ ਮੁਕੀ ਦੋਇਮ ਸੋਇਮ ਦੀ । ਮੇਰੀ ਲੈਂਡ ਸੁਹਾਈ ਹੋਮ ਦੀ । ਕਲਾ ਰਹਿਣੀ ਨਹੀਂ ਕਿਸੇ ਕੌਮ ਦੀ । ਸ਼ਰਅ ਦਿਸੇ ਨਾ ਕਿਸੇ ਮੋਮ ਦੀ । ਲਬਾਸ ਵਡਿਆਈ ਨਹੀਂ ਕਿਸੇ ਗੌਨ ਦੀ । ਹੁਣ ਮੇਰਾ ਵਕਤ ਮੈਂ ਕੂਕਾਂ ਖੇਲ ਕਰਾਂ ਸ਼ੋਰ ਮਚਾਉਣ ਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਸੰਗ ਨਿਭਾਉਣ ਦੀ । ਧਰਨੀ ਕਹੇ ਮੇਰੇ ਸੀਨੇ ਲੱਗੇ ਗੁਰਮੁਖਾਂ ਦੇ ਪੈਰ, ਸਵਾ ਪਹਿਰ ਦਾ ਕਹਿਰ ਦਏ ਸਮਝਾਈਆ । ਜੋ ਸੰਦੇਸ਼ਾ ਦਿਤਾ ਮੁਹੰਮਦ ਨੇ ਖਾ ਕੇ ਜ਼ਹਿਰ, ਜ਼ਾਹਰ ਜ਼ਹੂਰ ਦਿਤਾ ਦ੍ਰਿੜਾਈਆ । ਜੋ ਮੂਸਾ ਕਿਹਾ ਸਭ ਦਾ ਮਾਲਕ ਇਕ ਨਾਇਰ, ਨੂਰ ਜ਼ਹੂਰ ਚਮਕਾਈਆ । ਈਸਾ ਕਹੇ ਓਹ ਵੇਖੇ ਸਾਰੇ ਕਾਇਨਾਤ ਦੇ ਕਾਇਰ, ਕਾਇਮ ਮੁਕਾਮ ਆਪਣਾ ਹੁਕਮ ਵਰਤਾਈਆ । ਮੁਹੰਮਦ ਕਿਹਾ ਓਹ ਪਾਰ ਕਿਨਾਰਾ ਕਰੇ ਰੂਮ ਬਹਿਰ, ਬਾਹਿਰਾ ਰੂਮ ਸੀਸ ਨਿਵਾਈਆ । ਨਾਨਕ ਕਿਹਾ ਸ਼ਬਦ ਦੀ ਤਰਨੀ ਜਾਏ ਤੈਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਮੰਦਰ ਮਸੀਤਾਂ ਬਾਹਰ ਖੇਲ ਖਿਲਾਈਆ । ਗੋਬਿੰਦ ਕਿਹਾ ਉਸ ਦੀ ਜਗਤ ਕਹਾਣੀ ਹੋਵੇ ਸੈਰ, ਸੈਰਗਾਹ ਖ਼ਲਕ ਖ਼ੁਦਾਈਆ । ਓਹ ਲੇਖਾ ਮੇਰਾ ਪੂਰਾ ਕਰੇ ਨਾ ਲਾਏ ਦੇਰ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੰਨਾ ਕਹੇ ਗੁਰਮੁਖੋ ਗੁਰਸਿਖ ਦੀ ਧਾਰ ਬਣਨਾ ਕੰਨਾ, ਕੰਨਿਆ ਅਸ਼ਟਭੁਜ ਦਏ ਗਵਾਹੀਆ । ਜਗਤ ਜਹਾਨ ਤੋੜਨਾ ਬੰਨਾ, ਬੰਦਗੀ ਆਪਣੀ ਬਲ ਪ੍ਰਗਟਾਈਆ । ਜਿਸ ਪਾਹਨ ਪੱਥਰ ਨੂੰ ਯਾਦ ਕੀਤਾ ਧੰਨਾ, ਸੋ ਧਨਾਢ ਹੋ ਕੇ ਤੁਹਾਡਾ ਖੇਲ ਖਿਲਾਈਆ । ਤੁਸੀਂ ਸੁਣਨਾ ਸਭ ਨੇ ਨਾਲ ਕੰਨਾਂ, ਕੰਨਾ ਕਹੇ ਕਰਮ ਕਾਂਡ ਦਾ ਡੇਰਾ ਢਾਹੀਆ । ਜਗਤ ਝਗੜਾ ਝੂਠਾ ਮਾਟੀ ਚੰਮਾ, ਇਹੋ ਸੰਦੇਸਾ ਪਹਿਲੋਂ ਸੁਣਿਆ ਵਿਸ਼ਨ ਬ੍ਰਹਮਾ, ਸ਼ਿਵ ਦਿਤਾ ਦ੍ਰਿੜਾਈਆ । ਨਾ ਕੋਈ ਹਰਖ ਸੋਗ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਗੋਬਿੰਦ ਕਹੇ ਜਿਸ ਵੇਲੇ ਮੈਂ ਕੰਨੇ ਦਾ ਕੀਤਾ ਇਸ਼ਾਰਾ,

ਈਸ਼ਵਰ ਮੇਰੇ ਸਨਮੁਖ ਸੋਭਾ ਪਾਈਆ । ਮੈਂ ਨੌ ਵਾਰ ਕੀਤੀ ਨਿਮਸਕਾਰਾ, ਨਵ ਨੌ ਚਾਰ ਦਾ ਪੰਧ ਮੁਕਾਈਆ । ਨਾਲੇ ਕਿਹਾ ਮੇਰੇ ਸ਼ਹਿਨਸ਼ਾਹ ਸ਼ਾਹ ਸਿਕਦਾਰਾ, ਤੇਰੀ ਸ਼ਹਿਨਸ਼ਾਹੀਆ । ਜੇ ਮੈਂ ਆਉਣਾ ਫੇਰ ਦੁਬਾਰਾ, ਤਤਾਂ ਰੰਗ ਨਾ ਕੋਇ ਰੰਗਾਈਆ । ਤੇਰਾ ਖੰਡਾ ਸ਼ਬਦ ਹੋਵੇ ਮੇਰੀ ਦੋ ਧਾਰਾ, ਧਰਨੀ ਧਰਤ ਧਵਲ ਆਕਾਸ਼ਾਂ ਵੇਖ ਵਖਾਈਆ । ਮੇਰੇ ਬੁਤ ਦੇ ਥਾਂ ਤੇਰੇ ਸੁਤ ਗੁਰਮੁਖਾਂ ਦਾ ਹੋਵੇ ਮੁਨਾਰਾ, ਜਿਸ ਨੂੰ ਰਿਖੀ ਮੁਨੀ ਸੀਸ ਨਿਵਾਈਆ । ਤੂੰ ਪਹੁੰਚਣਾ ਓਥੇ ਜਿਥੇ ਤੇਗ਼ ਬਹਾਦਰ ਨੇ ਦੱਸਿਆ ਤੇਰਾ ਹੋਵੇ ਦੀਦਾਰਾ, ਇਹੋ ਮੈਂ ਦਾਦੂ ਆਇਆ ਸਮਝਾਈਆ । ਬੁਧੂ ਸ਼ਾਹ ਨੂੰ ਦੱਸਿਆ ਸੀ ਮੇਰਾ ਪੀਰ ਗੁਣੀ ਗਹੀਰ ਬੇਨਜ਼ੀਰ ਬਦਲੇ ਤਕਦੀਰ ਸਰਬ ਸੰਸਾਰਾ, ਸਹਿਸਾ ਜਗਤ ਨਾ ਕੋਇ ਰਖਾਈਆ । ਤੂੰ ਮੇਰਾ ਮਹਿਬੂਬ ਮੈਂ ਤੇਰਾ ਦੁਲਾਰਾ, ਦੂਲ੍ਹੇ ਗੁਰਮੁਖ ਲੈਣੇ ਉਪਜਾਈਆ । ਜਿਨ੍ਹਾਂ ਛੱਡਿਆ ਹੋਵੇ ਘਰ ਬਾਹਰਾ, ਪ੍ਰਦੇਸਾਂ ਵਿਚ ਪ੍ਰਦੇਸੀ ਤੇਰਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਰੰਗਤ ਰੰਗ ਰੰਗਾਈਆ । ਕੰਨਾ ਕਹੇ ਧਰਨੀਏ ਗੁਰਮੁਖਾਂ ਦੇ ਡਿੱਗ ਪਓ ਚਰਨਾਂ ਉਤੇ, ਆਪਣੇ ਪ੍ਰਭ ਨੂੰ ਲੈ ਮਨਾਈਆ । ਨੀ ਤੇਰੇ ਕਮਲੀਏ ਭਾਗ ਜਾਗ ਪੈਣ ਸੁੱਤੇ, ਨੀ ਸੁਤੀਏ ਲੈ ਅੰਗੜਾਈਆ । ਜਿਹੜੇ ਤੇਰੀ ਖਾਤਰ ਜਗਤ ਦੀ ਧਾਰ ਵਿਚ ਰਹੇ ਗੁੱਸੇ, ਗੁੱਸਾ ਗੋਬਿੰਦ ਦੀ ਝੋਲੀ ਪਾਈਆ । ਨੀ ਓਹ ਕੌਲ ਇਕਰਾਰ ਵਾਅਦੇ ਤੇਰੇ ਪਿਛਲੇ ਸਾਰੇ ਪੁੱਜੇ, ਪੂਜਣ ਵਾਲੀਏ ਪੂਜਾ ਕਰ ਲੈ ਬੇਪ੍ਰਵਾਹੀਆ । ਜਿਹੜੇ ਮਸੀਹ ਨੇ ਭੇਵ ਰਖੇ ਸੀ ਗੁੱਝੇ, ਗੋਬਿੰਦ ਗੋਬਿੰਦ ਗੋਬਿੰਦ ਇਸ਼ਾਰਾ ਗਿਆ ਸੁਣਾਈਆ । ਉਹ ਨੀ ਖੇਲ ਕਰਨ ਆਇਆ ਉਘੇ, ਜਿਸ ਨੂੰ ਉਗਣ ਆਥਣ ਤਾਈਂ ਮਨੀ ਸਿੰਘ ਗਿਆ ਸੀਸ ਨਿਵਾਈਆ । ਨਾ ਉਹ ਬੁਤ ਨਾ ਉਹ ਦਿਸੇ ਖ਼ਾਨਿਆਂ ਵਿਚ ਬੁਤੇ, ਬੁੱਤੀਆਂ ਕਰਨ ਵਾਲਾ ਧੁਰ ਦਾ ਮਾਹੀਆ । ਜੋ ਸੰਤ ਸੁਹੇਲੇ ਭਗਤਾਂ ਆਪਣੀ ਉਸ ਅਗੰਮੀ ਗੋਦੀ ਚੁੱਕੇ, ਜਿਥੋਂ ਬਾਹਰ ਨਾ ਕੋਇ ਕਢਾਈਆ । ਹੁਣ ਆ ਗਿਆ ਰੰਗ ਰੰਗਾ ਗਿਆ ਭਗਤ ਬਹਾ ਗਿਆ ਨੀ ਤੇਰੇ ਸੀਨੇ ਉਤੇ ਸੀਂਨ ਦੇ ਤਿੰਨੇ ਮੁਖ ਸ਼ਹਾਦਤ ਰਹੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕੰਨਾ ਕਹੇ ਨਾਨਕ ਆਇਆ ਹੱਥ ਵਿਚ ਫੜ ਕੇ ਖੂੰਡੀ ਮੋਢੇ ਖੇਸੀ, ਖ਼ਾਲਸ ਸਭ ਨੂੰ ਰਿਹਾ ਜਣਾਈਆ । ਇਕ ਸ਼ਹਿਨਸ਼ਾਹ ਇਕ ਨਰੇਸ਼ੀ, ਨਰਾਇਣ ਇਕ ਅਖਵਾਈਆ । ਮੈਂ ਬਗ਼ਦਾਦ ਲਿਖਿਆ ਦਿਤੀ ਸਿਖਿਆ ਧਰਨੀ ਨੂੰ ਪਾਈ ਭਿਖਿਆ ਨੀ ਤੇਰੇ ਉਤੇ ਮੇਰਾ ਮਹਿਬੂਬ ਆਵੇ ਤੇ ਨਾਲ ਗੁਰਮੁਖ ਹੋਣ ਪ੍ਰਦੇਸੀ, ਪ੍ਰਦੇਸਾਂ ਵਿਚ ਆਪਣਾ ਪੰਧ ਮੁਕਾਈਆ । ਜਿਨ੍ਹਾਂ ਦੀ ਗੋਬਿੰਦ ਧਾਰ ਸਿਖ਼ੀ, ਨਿਭੇ ਨਾਲ ਕੇਸੀ, ਕੇਸਗੜ੍ਹ ਦਾ ਲੇਖਾ ਪੂਰ ਕਰਾਈਆ । ਜੋਤ ਦੀ ਧਾਰ ਸ਼ਬਦ ਸਤਿ ਸਤਿ ਸਰੂਪ ਅਨੂਪ ਸਰੂਪ ਆਤਮਾ ਪ੍ਰਭੂ ਦੀ ਬੇਟੀ, ਬੇਟਾ ਆਤਮ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਵਿਚ ਸਮਾਈਆ । ਕੰਨਾ ਕਹੇ ਮੈਨੂੰ ਹੱਥ ਲੱਗੇ ਸੱਤ, ਸਤਿ ਮਿਲੀ ਵਡਿਆਈਆ । ਮੇਰੀ ਮਾਤਲੋਕ ਰਹਿ ਗਈ ਪਤ, ਪਤਿਪਰਮੇਸ਼ਵਰ ਹੋਇਆ ਸਹਾਈਆ । ਮੈਂ ਸਤਿਗੁਰ ਸ਼ਬਦ ਨੂੰ ਦੇਵਾਂ ਦੱਸ, ਦੱਸ ਦੱਸ ਕੇ ਖ਼ੁਸ਼ੀ ਬਣਾਈਆ । ਮੇਰਾ ਮਾਲਕ ਮੇਰਾ ਦੇਵਣ ਆ ਗਿਆ ਹਕ, ਹਕੀਕਤ ਆਪਣੀ ਵਿਚੋਂ ਪ੍ਰਗਟਾਈਆ । ਮੈਂ ਉਸ ਨੂੰ ਕੁਛ ਨਹੀਂ ਕਿਹਾ ਗੁਡ ਲਕ, ਸ਼ੁਕਰਾਨੇ ਵਿਚ ਸ਼ੁਕਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਕਰਾਈਆ ।

ਕੰਨਾ ਕਹੇ ਓਏ ਕੰਨਿਆ, ਕੀ ਕਰਨ ਦਿਤਾ ਬਣਾਈਆ । ਤੂੰ ਫਿਰੇ ਜਗਤ ਜਹਾਨ ਕਿਹੜੇ ਬੰਨਿਆ, ਭੱਜੇਂ ਵਾਹੋ ਦਾਹੀਆ । ਕਵਣ ਵਿਟੋ, ਵਾਰੀ ਹੋਏ ਚਹੁੰ ਖੰਨਿਆ, ਚੌਗਿਰਦੇ ਵੇਖ ਵਖਾਈਆ । ਤੂੰ ਕਿਉਂ ਚੌੜਾ ਤੂੰ ਕਿਉਂ ਲੰਮਿਆ, ਲੰਮਾ ਪੈ ਕੇ ਦੇ ਸਮਝਾਈਆ । ਝਟ ਕੰਨਾ ਰੋ ਪਿਆ ਛੰਮ ਛੰਮਿਆ, ਬਿਨ ਨੈਣਾਂ ਨੀਰ ਦਿਤਾ ਵਰਸਾਈਆ । ਮੈਂ ਜਗਤ ਜਹਾਨ ਵੇਖ ਕੇ ਕੰਬਿਆ, ਥਰਥਰਾਹਟ ਵਿਚ ਦੁਹਾਈਆ । ਸਾਰੇ ਪ੍ਰਭੂ ਨੂੰ ਗਾਉਂਦੇ ਨਾਲ ਦੰਮਿਆ, ਦਾਮਨਗੀਰ ਦਾਮਨ ਗੰਢ ਨਾ ਕੋਇ ਰਖਾਈਆ । ਮੈਂ ਵੇਖਿਆ ਚੌਦਾਂ ਸੌ ਤੀਹ ਅੰਕ ਦਾ ਪੰਨਿਆ, ਪਰਦਾ ਪਰਦਾ ਪਰਦੇ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਕੰਨਾ ਕਹੇ ਗੋਬਿੰਦ ਮਰਗਿੰਦ ਬਖ਼ਸ਼ਿੰਦ, ਬਖ਼ਸ਼ਣਹਾਰ ਇਕ ਸਮਝਾਈਆ । ਜੀਉ ਪਿੰਡ ਵੇਖ ਬ੍ਰਹਿਮੰਡ ਲੇਖਾ ਇੰਡ, ਇੰਦਰਾਸਣ ਸਿੰਘਸਣ ਸਾਰੇ ਖੋਜ ਖੁਜਾਈਆ । ਸਾਗਰ ਸਿੰਧ ਮੇਟੇ ਚਿੰਦ, ਹਰਿਜਨ ਬਣਾਏ ਧੁਰ ਦੀ ਬਿੰਦ, ਬਿੰਦਰਬਨ ਵਾਸੀ ਜਿਸ ਦਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਕੰਨਾ ਕਹੇ ਕੌਲ ਮੇਰਾ ਮੇਰਾ ਇਕਰਾਰ ਤੇਰਾ ਤੇਰਾ ਇਕਰਾਰ ਪੱਕਾ, ਪੱਕੀ ਪੱਕਿਆਂ ਨਾਲ ਪਕਾਈ ਹੋਈ ਆ । ਤੂੰ ਮਹਿਬੂਬ ਮੇਰਾ ਅਰੂਜ ਮੇਰਾ ਆਲੀਜ਼ਾਹ ਆਲਮਾ ਦਾ ਯਾਰ ਸਕਾ, ਤੇ ਸੱਜਣ ਸਚ ਦਾ ਸਚ ਅਖਵਾਈਆ । ਮੈਂ ਕਿਸ ਨੂੰ ਕਿਹੜੀ ਧਾਰ ਵਿਚ ਤੱਕਾਂ, ਬਿਨ ਤੁਧ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਮੁਕਾਮ ਮੇਰੇ ਮਿਹਰਵਾਨ ਸਦਾ ਲਾ ਪਤਾ, ਨਿਸ਼ਾਨਿਆਂ ਤੋਂ ਬਾਹਰ ਨਿਸ਼ਾਨਾ ਸਾਰੇ ਗਏ ਜਣਾਈਆ । ਆਪਣਾ ਭੇਵ ਦੱਸੀਂ ਮਿਹਰਵਾਨ ਰਤਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੈਨੂੰ ਇਉਂ ਦਿਸਿਆ ਗੋਬਿੰਦ ਤੇਰੇ ਸਥਰ ਲਥਾ, ਤੇ ਸਥਰ ਯਾਰੜੇ ਵਾਲਾ ਹੰਢਾਈਆ । ਉਸੇ ਦੀ ਧਾਰ ਵਿਚ ਉਸੇ ਦੇ ਪਿਆਰ ਵਿਚ ਜਨ ਭਗਤਾਂ ਦੀ ਏਸ ਧਰਨੀ ਉਤੇ ਨਵੀਂ ਬਣਾ ਕੇ ਕਥਾ, ਜਿਸ ਨੂੰ ਕਥਨੀ ਕਥ ਨਾ ਸਕੇ ਰਾਈਆ । ਏਥੇ ਸਵਾ ਪਹਿਰ ਬਲ ਦਾ ਖਲੋਤਾ ਸੀ ਰਥਾ, ਪਵਣ ਪਾਣੀ ਸਾਰੇ ਦੇਣ ਗਵਾਹੀਆ । ਬਾਵਨ ਦਾ ਪਵਣ ਇਸ਼ਾਰਾ ਪੈ ਬਹਾਰਾ ਇਥੇ ਇਸ਼ਾਰਾ ਦੇ ਗਿਆ ਕਲਜੁਗ ਆਏ ਪੁਰਖ ਸਮਰਥਾ, ਸਮਰਥ ਆਪਣੀ ਦਇਆ ਕਮਾਈਆ । ਜਿਸ ਨੇ ਦੀਨ ਦੁਨੀ ਤੇ ਦੁਨੀਆਦਾਰ ਦੀ ਧਾਰ ਤੋਂ ਬਾਹਰ ਸੰਸਾਰ ਵਿਚ ਮਾਰਨਾ ਸ਼ਬਦ ਅਗੰਮੀ ਛੱਪਾ, ਛੁਪਿਆ ਨਜ਼ਰ ਕਿਸੇ ਨਾ ਆਈਆ । ਨਾਲੇ ਜ਼ਬਾਨ ਨਾਲ ਅੱਖਰ ਲਿਖਿਆ ਪੱਪਾ, ਮਾਟੀ ਰਸ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਕੰਨਾ ਕਹੇ ਗੁਰਮੁਖੋ ਮੈਂ ਦੱਸਾਂ ਪਿਛਲੀ ਬਾਤੀ, ਬਾਤਨ ਭੇਵ ਖੁਲਾਈਆ । ਮੈਨੂੰ ਗੋਬਿੰਦ ਲਿਖਿਆ ਨਾ ਸੁਭਾ ਨਾ ਰਾਤੀ, ਵਕਤ ਜਗਹ ਨਾ ਕੋਇ ਰਖਾਈਆ । ਉਸ ਵੇਲੇ ਮਹਿਬੂਬ ਆਇਆ ਮੇਰਾ ਸਾਹਿਬ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਪਹਿਲੋਂ ਗੋਬਿੰਦ ਦੇ ਅੰਦਰ ਮਾਰੀ ਝਾਤੀ, ਫੇਰ ਨੂਰ ਨੁਰਾਨਾ ਅੱਖਾਂ ਅਗੇ ਨੂਰ ਚਮਕਾਈਆ । ਫੇਰ ਹੱਸ ਕੇ ਕਿਹਾ ਉਠ ਵੇਖ ਅਗੇ ਵੱਲ ਝਾਕੀ, ਅਗਾ ਦਿਆਂ ਵਖਾਈਆ । ਝਗੜਾ ਮੇਟਣਾ ਜਿਸ ਵੇਲੇ ਜ਼ਾਤੀ ਪਾਤੀ, ਤੇਰਾ ਲਹਿਣਾ ਨਾਲ ਮਿਲਾਈਆ । ਗੋਬਿੰਦ ਕਿਹਾ ਮੇਰੇ ਪੁਰਖ ਅਕਾਲਾ ਦੀਨ ਦਿਆਲਾ ਮੇਰੇ ਮੇਰੇ ਨਾਲ ਜਿਹੜੇ ਹੋਣਗੇ ਸਾਥੀ, ਗੁਰਮੁਖ ਸੋਭਾ ਪਾਈਆ । ਫੇਰ ਨੌ ਖੰਡ ਪ੍ਰਿਥਮੀ ਤੇਰੇ ਹੁਕਮ ਵਿਚ ਪੰਧ ਮੁਕਾ ਕੇ ਕੱਟਾਂਗਾ ਵਾਟੀ, ਨੇੜਾ ਦੂਰ ਨਾ ਕੋਇ ਰਖਾਈਆ । ਸਾਰੀਆਂ ਮੰਜ਼ਲਾਂ ਚੜ੍ਹਾਂਗਾ ਗੁਰਮੁਖ ਖੜਾਂਗਾ

ਉਸ ਦੀ ਘਾਟੀ, ਜਿਥੇ ਤੇਗ ਬਹਾਦਰ ਉਂਗਲੀ ਗਿਆ ਉਠਾਈਆ । ਮੇਰੀ ਨੌ ਸਾਲ ਦੀ ਆਯੂ ਮੈਂ ਹੱਥ ਮਾਰਿਆ ਸੀ ਉਤੇ ਛਾਤੀ, ਛਤਰਧਾਰੀਆਂ ਕਰਾਂ ਸਫ਼ਾਈਆ । ਉਸ ਦਾ ਲਹਿਣਾ ਜ਼ਰੂਰ ਤੈਥੋਂ ਪੂਰ ਕਰਾਵਾਂਗਾ ਬਾਕੀ, ਲੇਖਾ ਤੇਰਾ ਤੇਰੇ ਕੋਲੋਂ ਚੁਕਾਈਆ । ਬੇਸ਼ਕ ਬੱਚੇ ਭੁਲ ਕੇ ਕੋਟਨ ਵਾਰ ਕਰਨ ਗੁਸਤਾਖ਼ੀ, ਸਤਿਗੁਰ ਦੀਨ ਦਿਆਲ ਬਖ਼ਸ਼ਣਹਾਰ ਪੁਰਖ ਅਕਾਲ ਤੂੰ ਆਦਿ ਅੰਤ ਇਕ ਅਖਵਾਈਆ । ਇੰਗਲੈਂਡ ਵਿਚ ਵੜਦਿਆਂ ਪਿਛਲੀ ਸਾਰੀ ਬਦਲ ਜਾਣੀ ਸਾਖੀ, ਅਗਲਾ ਲੇਖਾ ਨਵੇਂ ਤੋਂ ਨਵਾਂ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਗੁਰਮੁਖੋ ਮੈਨੂੰ ਦਬਾਓ ਨਾਲ ਅੱਡੀ, ਥੋੜੀ ਥੋੜੀ ਥੋੜੀ ਤਿੰਨ ਵਾਰ ਲਗਾਈਆ । ਮੈਂ ਵੀ ਉਡੀਕਦੀ ਉਨੀਸਵੀਂ ਬੀਸਵੀਂ ਸਦੀ, ਸਦੀ ਚੌਧਵੀਂ ਦੂਰੋਂ ਵੇਖੇ ਰਾਹ ਤਕਾਈਆ । ਸਾਰੇ ਆਪਣੀ ਆਪਣੀ ਵਾਰ ਆਪਣਾ ਭਾਰ ਗਏ ਲੱਦੀ, ਜਗਤ ਜਹਾਨ ਨਜ਼ਰ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਦੀ ਚਲਾਉਂਦੇ ਗਏ ਗੱਦੀ, ਹਿੱਸਿਆਂ ਵਾਲੀ ਵੰਡ ਵੰਡਾਈਆ । ਮੈਂ ਦੋਵੇਂ ਹੱਥ ਸਮਰਥ ਅਗੇ ਖਲੋਤਾ ਅੱਡੀ, ਅੱਡੀ ਚੋਟੀ ਤਕ ਧਿਆਨ ਲਗਾਈਆ । ਮੇਰੇ ਮਾਲਕ ਖ਼ਲਕ ਦੇ ਖ਼ਾਲਕ ਮੈਂ ਬਹੁਤੀ ਨਹੀਂ ਹੁੰਦੀ ਲਬੀ, ਲਬਾਂ ਤੋਂ ਮੁਸਕਰਾ ਕੇ ਦਿਆਂ ਸੁਣਾਈਆ । ਤੂੰ ਸ਼ਹਿਨਸ਼ਾਹ ਨੂਰ ਅਲਾਹੀ ਰੱਬੀ, ਰੱਬੇ ਆਲਮੀਨ ਤੇਰੀ ਵਡਿਆਈਆ । ਤੇਰੀ ਜੋਤ ਬਿਨਾ ਸ਼ਰਅ ਤੋਂ ਜਗੀ, ਚਾਰ ਕੁੰਟ ਹੋਵੇ ਰੁਸ਼ਨਾਈਆ । ਮੈਂ ਖ਼ੁਸ਼ੀਆਂ ਵਿਚ ਫਿਰਾਂ ਭੱਜੀ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦੇਣਾ ਰੰਗਾਈਆ । ਕੰਨਾ ਕਹੇ ਧਰਨੀਏ ਨੀ ਤੂੰ ਧਰਨੀ ਬਣਨਾ ਕੇ ਧਰਮ, ਸਚ ਦੇ ਸੁਣਾਈਆ । ਧਰਨੀ ਕਿਹਾ ਨਾ ਮੈਂ ਆਪਣਾ ਕਰਾਂ ਕੋਈ ਕਰਮ, ਕਰਮ ਕਾਂਡ ਨਾ ਕੋਇ ਰਖਾਈਆ । ਮੈਂ ਚਾਹੁੰਦੀ ਸਦਾ (ਗਾਉਂਦੀ) ਧਿਆਉਂਦੀ ਇਕੋ ਮਿਲੇ ਸਰਨ, ਸਰਨਗਤ ਇਕੋ ਇਕ ਅਖਵਾਈਆ । ਜਿਸ ਦੀ ਮੰਜ਼ਲ ਅਵਤਾਰ ਪੈਗ਼ੰਬਰ ਗੁਰੂ ਸਾਰੇ ਸਿਲਸਲੇਵਾਰ ਚੜ੍ਹਨ, ਜੁਗ ਜੁਗ ਪਾਂਧੀ ਆਪਣਾ ਪੰਧ ਮੁਕਾਈਆ । ਮੈਂ ਉਸ ਦਾ ਪੱਲੂ ਫੜਾਂ ਲੜਨ, ਜਿਸ ਦਾ ਲੜ ਨਾ ਕੋਇ ਛੁਡਾਈਆ । ਜੋ ਨਵੀਂ ਸਾਜਨਾ ਆਪਣੀ ਘਾੜਤ ਆਇਆ ਘੜਨ, ਘੜੇ ਘੁੰਮਿਆਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਕੰਨਾ ਕਹੇ ਮੈਂ ਦੱਸਾਂ ਖੇਲ ਅਪਾਰਾ, ਸਤਿ ਸਤਿ ਸੱਤ ਵਾਰ ਸੁਣਾਈਆ । ਜਿਸ ਦਿਨ ਗੋਬਿੰਦ ਨੇ ਮੈਨੂੰ ਕੀਤਾ ਤਿਆਰਾ, ਮੇਰਾ ਨੂਰ ਪ੍ਰਗਟਾਈਆ । ਉਸ ਵੇਲੇ ਜ਼ਰੂਰ ਗੁਰਸਿਖਾਂ ਨੂੰ ਇੱਕੀ ਘੰਟੇ ਮੁਖ ਛੁਹਾਉਣ ਦਿਤਾ ਨਹੀਂ ਸੀ ਕੋਈ ਜਗਤ ਵਾਲਾ ਅਹਾਰਾ, ਅੰਨ ਮੁਖ ਨਾ ਕੋਇ ਛੁਹਾਈਆ । ਮੈਂ ਰੋ ਕੇ ਕਿਹਾ ਪੁਕਾਰਾ, ਕੂਕ ਕੂਕ ਦ੍ਰਿੜਾਈਆ । ਐ ਸਤਿਗੁਰ ਇਹ ਕੀ ਵਰਤਿਆ ਕਹਿਰਾ, ਕਿਉਂ ਭੁੱਖੇ ਦਿਤੇ ਰਖਾਈਆ । ਗੋਬਿੰਦ ਹੱਸ ਕੇ ਕਿਹਾ ਕੰਨਿਆ ਵਡ ਧੰਨਿਆ, ਤੂੰ ਮੇਰਾ ਕਹਿਣਾ ਮੰਨਿਆ, ਮੈਂ ਆਪਣੀ ਧਾਰੋਂ ਤੈਨੂੰ ਜੰਮਿਆ, ਜਨਮ ਦੇਣ ਵਾਲੀ ਕੋਈ ਨਾ ਮਾਈਆ । ਜਿਸ ਵੇਲੇ ਦੀਨ ਦੁਨੀ ਦਾ ਤੋੜਾਂ ਬੰਨਿਆ, ਪੁਰਖ ਅਕਾਲ ਆਵੇ ਭੰਨਿਆ, ਨਜ਼ਰ ਦਿਸੇ ਨਾ ਕਲਜੁਗ ਜੀਵਾਂ ਅੰਨ੍ਹਿਆਂ, ਤੇਰਾ ਲਹਿਣਾ ਦੇਣਾ ਉਸੇ ਦੇ ਹੱਥ ਉਸੇ ਦਾ ਕਹਿਣਾ ਮੈਂ ਮੰਨਿਆ, ਮਨਸਾ ਧੁਰ ਦੀ ਦਿਆਂ ਜਣਾਈਆ । ਇਹ ਮੇਰੀ ਹੋਵੇ ਨਿਸ਼ਾਨੀ, ਖੇਲ ਸ੍ਰੀ ਭਗਵਾਨੀ, ਤੂੰ ਸਮਝ ਜਾ ਜਗਤ ਜਹਾਨੀ, ਸੂਰਬੀਰ ਬਣ ਮਰਦਾਨੀ, ਉਸ ਦਿਨ ਫੇਰ ਨਾ ਕਿਸੇ ਪੀਣਾ ਪਾਣੀ, ਖਾਣਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਖੇਲ ਆਪ ਕਰਾਈਆ । ਗੋਬਿੰਦ ਕਿਹਾ ਕੰਨਿਆ ਜਿਸ ਵੇਲੇ ਤੂੰ ਗਿਉਂ ਜਗਤ ਦਵਾਰ, ਭਗਤ ਮਿਲੇ ਵਡਿਆਈਆ । ਤੇਰੇ ਨਾਲ ਦੀਨ ਦੁਨੀ ਦਾ ਬਦਲ ਜਾਣਾ ਵਿਵਹਾਰ, ਵਿਵਹਾਰੀ ਆਪਣੀ ਖੇਲ ਖਿਲਾਈਆ । ਗੁਰਮੁਖਾਂ ਦੀ ਮਹਿਕਣੀ ਟਹਿਕਣੀ ਗੁਲਜ਼ਾਰ, ਫੁਲਵਾੜੀ ਸਚ ਰੰਗ ਰੰਗਾਈਆ । ਕੰਨੇ ਕਿਹਾ ਮੈਂ ਜ਼ਰੂਰ ਕਰਾਂ ਇੰਤਜ਼ਾਰ, ਖ਼ੁਸ਼ੀਆਂ ਵਿਚ ਧਿਆਨ ਰਖਾਈਆ । ਜਿਸ ਵੇਲੇ ਮੇਰਾ ਸਾਹਿਬ ਆਵੇ ਤੇਰਾ ਹੁਕਮ ਬਣੇ ਸਚੀ ਸਰਕਾਰ, ਸਚ ਦੇ ਮਾਲਕ ਵੇਖਾਂ ਚਾਈਂ ਚਾਈਂਆ । ਨਾਲੇ ਨਿਉਂ ਕੇ ਕਰਾਂ ਨਿਮਸਕਾਰ, ਬਿਨਾ ਧਰਤੀ ਤੋਂ ਸੀਸ ਨਿਵਾਈਆ । ਗੋਬਿੰਦ ਖ਼ੁਸ਼ੀ ਵਿਚ ਤਾਲੀ ਦਿਤੀ ਮਾਰ, ਹੱਥ ਦੋਵੇਂ ਲਏ ਉਠਾਈਆ । ਏਸ ਵਕਤ ਨੂੰ ਲੈਣਾ ਸੰਭਾਲ, ਸੰਬਲ ਵਿਚ ਲੇਖਾ ਪੂਰ ਕਰਾਈਆ । ਤੇਰੀ ਪੂਰੀ ਕਰਨੀ ਘਾਲ, ਘਾਲ ਸਭ ਦੀ ਲੇਖੇ ਪਾਈਆ । ਪਹਿਲੋਂ ਤੇਰਾ ਹੱਲ ਕਰਾਂ ਸਵਾਲ, ਮੁਸ਼ਕਲ ਪਿਛਲੀ ਰਹੇ ਨਾ ਰਾਈਆ । ਫੇਰ ਗੁਰਮੁਖਾਂ ਭਗਤਾਂ ਸਚ ਭੰਡਾਰਾ ਦੇਵਾਂ ਖਵਾਲ, ਕੰਨਿਆ ਤੈਨੂੰ ਭੰਡਾਰੇ ਨਾਲ ਛੁਹਾਈਆ । ਕੰਨਾ ਕਹੇ ਮੇਰੇ ਸਤਿਗੁਰੂ ਤੂੰ ਮੁਰਦੇ ਦੇਵੇਂ ਜਵਾਲ, ਜਨਮ ਜਨਮ ਵਿਚੋਂ ਬਦਲਾਈਆ । ਮੇਰਾ ਲੇਖਾ ਅਗੇ ਲਿਖਣਾ ਹੋਵੇਗਾ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਰਖਾਈਆ । ਹਰਿਜਨ ਗੁਰਮੁਖ ਤੇਰੇ ਅਗੇ ਪਿਛੇ ਸੱਜੇ ਖੱਬੇ ਰਹਿਣਗੇ ਨਾਲ, ਚੱਲਣ ਚਾਈਂ ਚਾਈਂਆ । ਗੁਟ ਤੇ ਬੱਧਾ ਹੋਵੇਗਾ ਚਿੱਟਾ ਰੁਮਾਲ, ਰੋਮਨ ਕੈਥਲਕ ਦੋਵੇਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਕੰਨਾ ਕਹੇ ਗੁਰਮੁਖੋ ਸ਼ਾਬਾਸ਼, ਸ਼ਾਬਾ ਸ਼ਾਬਾ ਤੀਨ ਲੋਕ ਕਰਾਈਆ । ਸ਼ੰਕਰ ਝੁਕਦਾ ਉਤੋਂ ਕੈਲਾਸ਼, ਬ੍ਰਹਮਾ ਬ੍ਰਹਮਲੋਕ ਵੇਖ ਵਖਾਈਆ । ਵਿਸ਼ਨੂੰ ਫਿਰੇ ਆਸ ਪਾਸ, ਚਾਰੋਂ ਕੁੰਟ ਆਪਣਾ ਰੰਗ ਰੰਗਾਈਆ । ਤੁਸੀਂ ਉਸ ਧਰਨੀ ਦੀ ਧਰਤੀ ਦੀ ਜਗਹ ਨੂੰ ਕੀਤਾ ਤਲਾਸ਼, ਜਿਸ ਉਤੇ ਇਸ਼ਾਰਾ ਇਸ਼ਾਰੇ ਵਾਲੇ ਗਏ ਕਰਾਈਆ । ਤੁਹਾਡੀ ਸਭ ਦੀ ਕਲ ਸੁਬਾ ਨੂੰ ਚਿੱਟੀ ਹੋਵੇ ਪੋਸ਼ਾਕ, ਚਿੱਟੇ ਬਸਤਰਾਂ ਨਾਲ ਸੀਸ ਲੈਣਾ ਝੁਕਾਈਆ । ਇਕੋ ਸਭ ਨੇ ਮੰਨਣਾ ਮਾਈ ਬਾਪ, ਪਿਤਾ ਪੁਰਖ ਅਕਾਲ ਬੇਪ੍ਰਵਾਹੀਆ । ਪਹਿਲੋਂ ਅੰਦਰੇ ਅੰਦਰ ਚੁਪ ਚੁਪੀਤਿਆਂ ਠਾਂਡੇ ਸੀਤਿਆਂ ਪੰਜ ਵਾਰ ਕਰਨਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਜਾਪ, ਜਪ ਜਪ ਕੇ ਅੰਦਰੇ ਅੰਦਰ ਟਿਕਾਈਆ । ਨਾ ਜਨਮ ਰਹੇ ਨਾ ਕਰਮ ਰਹੇ ਪਿਛਲਾ ਪਿਛੇ ਧੋਤਾ ਜਾਏ ਪਾਪ, ਪਤਤ ਪੁਨੀਤ ਸਾਰੇ ਲਏ ਬਣਾਈਆ । ਤੁਹਾਡੇ ਕੋਲੋਂ ਸ਼ਬਦ ਲਿਖਾਉਣਾ ਪੰਜਾਬ ਪਹੁੰਚਾਉਣਾ ਸੰਦੇਸ਼ਾ ਦੇਣਾ ਪੰਥ ਖ਼ਾਲਸੇ ਖ਼ਾਸ, ਖ਼ਾਸ ਆਪਣਾ ਰੰਗ ਰੰਗਾਈਆ । ਤੁਸੀਂ ਉਹ ਦੁਲਾਰੇ ਗੋਬਿੰਦ ਪਿਆਰੇ ਜਿਨ੍ਹਾਂ ਦੀ ਪੂਰੀ ਹੋਈ ਅਰਦਾਸ, ਫੇਰ ਅਰਦਾਸੇ ਦੀ ਲੋੜ ਰਹੀ ਨਾ ਰਾਈਆ । ਤੁਹਾਡਾ ਲੇਖੇ ਲੱਗਾ ਸਵਾਸ ਸਵਾਸ, ਸਾਹ ਸਾਹ ਤੁਹਾਡਾ ਮਾਲਕ ਸਵਾਮੀ ਤੁਹਾਡੇ ਵਿਚ ਸਮਾਈਆ । ਕੰਨਾ ਕਹੇ ਮੈਂ ਇਕੋ ਗੱਲ ਇਕੋ ਬਚਨ ਇਕੋ ਸ਼ਬਦ ਇਕੋ ਨਾਮ ਇਕੋ ਕਲਮਾ ਇਕੋ ਪਿਆਰ ਮੁਹੱਬਤ ਵਿਚ ਚਲਿਆ ਆਖ, ਆਖ਼ਰ ਆਖ਼ਰ ਇਕ ਸੁਣਾਈਆ । ਮੈਨੂੰ ਫੇਰ ਹੱਥ ਲਾਓ ਸੱਤੇ ਕਹੋ ਸਾਡਾ ਇਕੋ ਪਿਤ ਮਾਤ, ਭੈਣ ਭਰਾ ਸੱਜਣ ਮੀਤ ਸਚਾ ਸੰਗੀ ਬਹੁ ਰੰਗੀ ਅਨਕ ਕਲ ਧਾਰੀ ਜੋਤ ਨਿਰੰਕਾਰੀ ਪੁਰਖ ਬਿਧਾਤਾ ਸਹਾਇਕ ਨਾਇਕ ਖ਼ਸਮ ਖ਼ਸਮਾਨਾ ਸ੍ਰੀ ਭਗਵਾਨਾ ਮਿਹਰਵਾਨਾ ਮਹਿਬੂਬ ਗੋਬਿੰਦ ਧਾਰ ਧਾਰ ਗੋਬਿੰਦ ਗੋਬਿੰਦ ਗੁਰਸਿਖ ਗੁਰਸਿਖ ਗੋਬਿੰਦ ਸਿਖ ਗੋਬਿੰਦ ਗੋਬਿੰਦ ਮਰਗਿੰਦ ਮੇਟੇ ਚਿੰਦ, ਚਿਖਾ ਚਿੰਤ ਜਗਤ ਜਹਾਨ ਤੋਂ ਬਾਹਰ ਕਢਾਈਆ ।


੨੦੪
੨੩

## ✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੮ ਇੰਗਲੈਂਡ ਲੰਡਨ ਸਾਊਥਹਾਲ ੭੬ ਬਰੈਸਫ਼ੋਰਡ ਰੋਡ ਮੁਕੰਦ ਸਿੰਘ ਦੇ ਗ੍ਰਹਿ ✪

ਗੋਬਿੰਦਾ ਕੰਨਾ ਕਹੇ ਮੈਂ ਚਾਰ ਜੁਗ ਦੇ ਸ਼ਾਸਤਰਾਂ ਵੇਖੇ ਅੱਖਰ, ਨਿਰਅੱਖਰ ਧਾਰ ਵਿਚ ਪ੍ਰਭੂ ਦਿਆਂ ਜਣਾਈਆ । ਕਾਇਆ ਮਾਟੀ ਜਗਤ ਜਹਾਨ ਤੱਕੇ ਬੁਤ ਪੱਥਰ, ਪਾਹਨ ਪਾਹਨਾਂ ਖੋਜ ਖੁਜਾਈਆ । ਖੇਲ ਵੇਖਿਆ ਨਿਰਗੁਣ ਸਰਗੁਣ ਸੂਰਾ ਲੱਭਾ ਯਾਰ ਦੇ ਸਥਰ, ਸੇਜ ਅਗੰਮੀ ਇਕ ਹੰਢਾਈਆ । ਨੇਤਰ ਨੈਣ ਲੋਚਣ ਵਿਰੋਲਿਆ ਕੋਇ ਨਾ ਅੱਥਰ, ਚਿੰਤਾ ਗ਼ਮ ਨਾ ਕੋਇ ਰਖਾਈਆ । ਜਾਂ ਨਿਗਾਹ ਮਾਰੀ ਜੋ ਧਾਰ ਚੜ੍ਹਿਆ ਚੋਟੀ ਸਿਖ਼ਰ, ਜਿਸ ਦੀ ਮੰਜ਼ਲ ਮਹਿਬੂਬ ਵਿਚ ਨਜ਼ਰੀ ਆਈਆ । ਨਾਮ ਸੰਦੇਸ਼ਾ ਸ਼ਬਦੀ ਧਾਰ ਲੇਖ ਲਿਖਿਆ ਅਨੋਖਾ ਪਤਰ, ਜਿਸ ਦੀ ਕਾਗਦ ਕਲਮ ਸ਼ਾਹੀ ਸਾਰ ਕੋਇ ਨਾ ਪਾਈਆ । ਓਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਦੀਪਕ ਲੱਗਾ ਜਗਣ, ਜਾਗਰਤ ਜੋਤ ਬਿਨ ਵਰਨ ਗੋਤ ਅਗੰਮ ਅਗੰਮੜਾ ਨਜ਼ਰੀ ਆਈਆ । ਤਤ ਵਜੂਦਾ ਹਕ ਮਹਿਬੂਬਾ ਸਤਿ ਸਤਿ ਸਤਿ ਵਿਚ ਹੋਇਆ ਮਗਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕੰਨਾ ਕਹੇ ਜਿਸ ਵੇਲੇ ਗੋਬਿੰਦ ਬਣਿਆ ਮੇਰਾ ਲਿਖਾਰੀ, ਲੇਖਕ ਕਾਤਬ ਦੋ ਜਹਾਨ ਸੀਸ ਨਿਵਾਈਆ । ਜੋਤ ਧਾਰ ਹਾਜ਼ਰ ਹੋਏ ਤੇਈ ਅਵਤਾਰੀ, ਅਵਤਰ ਆਪਣਾ ਪੰਧ ਮੁਕਾਈਆ । ਮੂਸਾ ਈਸਾ ਹਜ਼ਰਤ ਮੁਹੰਮਦ ਵੇਖਣ ਨੈਣ ਉਘਾੜੀ, ਬਿਨ ਲੋਚਨ ਅੱਖ ਖੁਲਾਈਆ । ਨਾਨਕ ਨਿਰਗੁਣ ਸਰਗੁਣ ਜੋਤ ਨੂਰ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਗੋਬਿੰਦ ਇਸ਼ਾਰਾ ਕੀਤਾ ਇਹ ਖੇਲ ਅਗੰਮ ਅਪਾਰੀ, ਅਲਖ ਅਗੋਚਰ ਆਪਣੀ ਕਾਰ ਭੁਗਤਾਈਆ । ਮੈਂ ਸੁਤ ਦੁਲਾਰਾ ਵਿਚ ਸੰਸਾਰਾ ਸੇਵਕ ਸੇਵਾਦਾਰੀ, ਯਾਚਕ ਹੋ ਕੇ ਧੁਰ ਦੀ ਸੇਵ ਕਮਾਈਆ । ਇਹ ਹੁਕਮ ਸੰਦੇਸਾ ਨਰ ਨਰੇਸ਼ਾ ਦੇਵਣਹਾਰ ਏਕਾ ਏਕ ਏਕੰਕਾਰੀ, ਅਕਲ ਕਲਧਾਰੀ ਆਪਣਾ ਹੁਕਮ ਸੁਣਾਈਆ । ਜੋ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਮੁਕਾਮੇ ਹਕ ਆਪਣਾ ਨੂਰ ਨੂਰ ਕਰੇ ਰੁਸ਼ਨਾਈਆ । ਇਹ ਧੁਰ ਦਾ ਕੰਨਾ, ਜਿਸ ਨੇ ਮੇਟਣਾ ਹੱਦ ਬੰਨਾ, ਸਤਿ ਪ੍ਰਕਾਸ਼ ਕਰਾਏ ਚੰਨਾ, ਸਦੀ ਚੌਧਵੀਂ ਚੌਦਾਂ ਤਬਕਾਂ ਮੁਹੰਮਦ ਵਾਲੇ ਰਾਹ ਤਕਾਈਆ । ਜਿਸ ਦੀ ਸ਼ਹਾਦਤ ਅਬਾਦਤ ਸਦਾਕਤ ਵਿਚ ਭੇਵ ਖੁਲਾਏ ਚੌਦਾਂ ਸੌ ਤੀਹ ਅੰਕ ਦਾ ਪੰਨਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਵਿਚ ਨਾ ਕੋਈ ਹਰਖ ਸੋਗ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਣਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਇ ਤਮਅ, ਤਾਮਸ ਅਗਨ ਨਾ ਕੋਇ ਲਗਾਈਆ । ਜਿਸ ਦੀ ਸਾਰ ਪਾ ਸਕੇ ਨਾ ਬ੍ਰਹਮਾ, ਚਾਰ ਵੇਦ ਕਹਿਣ ਕਿਛ ਨਾ ਪਾਈਆ । ਸ਼ੰਕਰ ਜਾਣੇ ਮੂਲ ਨਾ ਧਰਮਾ, ਸਿੰਘਾਰੀ ਬੈਠਾ ਸੀਸ ਨਿਵਾਈਆ । ਵਿਸ਼ਨੂੰ ਵਿਸ਼ਵ ਤੋੜ ਨਾ ਸਕੇ ਭਰਮਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਸੋ ਪੁਰਖ ਨਿਰੰਜਣ ਹਰਿ ਕਰਤਾ ਕਰਨੀ ਕਰਨਾ, ਹਰਿ ਪੁਰਖ ਨਿਰੰਜਣ ਅਗੰਮ ਅਥਾਹੀਆ । ਜਿਸ ਦਾ ਲੇਖ ਬਿਨ ਗੋਬਿੰਦ ਕਿਸੇ ਨਾ ਪੜ੍ਹਨਾ, ਜਗਤ ਵਿਦਿਆ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਚੁਕਾਈਆ । ਕੰਨਾ ਕਹੇ ਜਿਸ ਵੇਲੇ ਗੋਬਿੰਦ ਮੇਰਾ ਬਣਾਇਆ ਰੂਪ, ਰੇਖਾ ਜਗਤ ਨਾ ਕੋਇ ਜਣਾਈਆ । ਮੈਨੂੰ ਨਜ਼ਰੀ ਆਇਆ ਸਤਿ ਸਰੂਪ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਜਲਵਾਗਰ ਨੂਰ ਅਲਾਹੀਆ । ਜਿਸ ਦਾ ਖੇਲ ਅਗੰਮਾ ਚਾਰੇ ਕੂਟ, ਚਾਰੇ ਖਾਣੀ ਚਾਰੇ ਬਾਣੀ ਚਾਰੇ ਜੁਗ ਖੇਲ ਖਿਲਾਈਆ । ਜਿਸ ਸੰਦੇਸਾ ਦਿਤਾ ਸਦੀ


੨੦੫
੨੩

ਚੌਧਵੀਂ ਅੰਤਮ ਸਭ ਦਾ ਹੋਣਾ ਕੂਚ, ਸ਼ਰਅ ਦਾ ਕੂਚਾ ਗਲੀ ਰਹਿਣ ਕੋਇ ਨਾ ਪਾਈਆ । ਬਿਨ ਨੈਣਾਂ ਰੋਵਣ ਖ਼ਾਨੇ ਬੁਤ, ਤਤਵ ਤਤ ਧੀਰ ਨਾ ਕੋਇ ਧਰਾਈਆ । ਹੁਕਮ ਵਰਤਣਾ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦਏ ਕਰਾਈਆ । ਜਿਸ ਦੀ ਸੁਹੰਜਣੀ ਇਕੋ ਹੋਣੀ ਰੁੱਤ, ਰੁਤੜੀ ਧੁਰ ਦੀ ਨਾਲ ਆਪਣਾ ਆਪ ਮਹਿਕਾਈਆ । ਜਿਸ ਦੀ ਆਸ਼ਾ ਤੇਗ਼ ਬਹਾਦਰ ਰਖੀ ਆਪਣੇ ਅੰਦਰ ਮੁਖ, ਰਸਨਾ ਜਿਹਵਾ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਰੰਗਤ ਇਕ ਰੰਗਾਈਆ । ਕੰਨਾ ਕਹੇ ਗੋਬਿੰਦ ਮੇਰੀ ਧਾਰ ਬਣਾਈ ਅਵਲੀ, ਅਵੱਲ ਅੱਲਾ ਆਲਮੀਨ ਜਣਾਈਆ । ਮੇਰੀ ਸੂਰਤ ਮੂਰਤ ਤੂਰਤ ਜਗਤ ਜਹਾਨ ਨਾਲੋਂ ਇਕੱਲੀ, ਅਕਲ ਕਲਧਾਰੀ ਦਿਤੀ ਵਡਿਆਈਆ । ਜਿਸ ਦਾ ਲਹਿਣਾ ਦੇਣਾ ਪੂਰਾ ਕਰ ਨਾ ਸਕਿਆ ਹਜ਼ਰਤ ਅਲੀ, ਖੰਡਾ ਖੜਗ ਦਏ ਗਵਾਹੀਆ । ਮੁਹੰਮਦ ਦੀ ਧਾਰ ਰਹਿ ਗਈ ਤੇਲ ਦੀ ਪਲੀ, ਪਲਕਾਂ ਦੇ ਪਿਛੇ ਨੂਰ ਅਲਾਹੀ ਨਜ਼ਰ ਕਿਸੇ ਨਾ ਆਈਆ । ਜੋ ਹਜ਼ਰਤ ਮੂਸਾ ਖੇਲ ਖਿਲਾਇਆ ਬਣ ਕੇ ਵਲੀ ਛਲੀ, ਨੈਣ ਮੂੰਧ ਮੂੰਹ ਦੇ ਭਾਰ ਸੁਟਾਈਆ । ਜਿਸ ਹਜ਼ਰਤ ਮਸੀਹ ਈਸਾ ਅੰਤਮ ਕੀਮਤ ਪਾਈ ਇਕ ਕਲੀ, ਫੂਲ ਫੂਲਨ ਵੰਡ ਵੰਡਾਈਆ । ਗੋਬਿੰਦ ਗੁਰਮੁਖਾਂ ਸੀਸ ਧਰਾਇਆ ਪਿਆਰ ਵਿਚ ਤਲੀ, ਮੁਹੱਬਤ ਨਾਮ ਰੰਗ ਰੰਗਾਈਆ । ਉਸ ਦਾ ਲਹਿਣਾ ਦੇਣਾ ਅੰਤਮ ਹੋਣਾ ਜਲੀ ਥਲੀ, ਜਲ ਥਲ ਮਹੀਅਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕੰਨਾ ਕਹੇ ਗੋਬਿੰਦ ਜਿਸ ਵੇਲੇ ਗੋਬਿੰਦ ਮੇਰੀ ਧਾਰ ਕੀਤੀ ਸ਼ੁਰੂ, ਸ਼ਰਅ ਜਗਤ ਦਾ ਡੇਰਾ ਢਾਹੀਆ । ਬਿਨਾ ਸ਼ਬਦ ਤੋਂ ਰਹੇ ਨਾ ਕੋਇ ਸਤਿਗੁਰੂ, ਸਤਿਗੁਰ ਸ਼ਬਦ ਇਕ ਸ਼ਰਨਾਈਆ । ਜਿਸ ਦਾ ਮੰਤਰ ਨਾਮ ਨਿਧਾਨਾ ਇਕੋ ਫੁਰਨਾ ਫੁਰੂ, ਜਗਤ ਫੁਰਨਿਆਂ ਤੋਂ ਬਾਹਰ ਸ਼ਨਵਾਈਆ । ਉਸ ਦਾ ਮਾਰਗ ਜਗਤ ਜਹਾਨ ਏਕੰਕਾਰ ਦੀ ਧਾਰ ਏਕੋ ਤੁਰੂ, ਤੁਰੀਆ ਤੋਂ ਪਰੇ ਆਪਣਾ ਪਰਦਾ ਲਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਪਰਮ ਪੁਰਖ ਪਰਮਾਤਮ ਪਰਵਰਦਿਗਾਰ ਹੋ ਕੇ ਮੁੜੂ, ਮੋੜਾ ਜਗਤ ਜਹਾਨ ਵਾਲਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਕੰਨਾ ਕਹੇ ਜਿਸ ਵੇਲੇ ਗੋਬਿੰਦ ਮੇਰਾ ਮਿਲਿਆ ਧੁਰ ਪ੍ਰਵਾਨਾ, ਪਰਮ ਪੁਰਖ ਦਿਤੀ ਵਡਿਆਈਆ । ਉਸ ਨੌ ਵਾਰ ਤੱਕਿਆ ਜ਼ਿਮੀਂ ਜ਼ਿਮੀਂ ਅਸਮਾਨਾਂ, ਅਸਮਾਨਾਂ ਤੋਂ ਪਰੇ ਧਿਆਨ ਲਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਇਆ ਨੌਜਵਾਨ ਅਗੰਮਾ ਕਾਹਨਾ, ਜਿਸ ਨੂੰ ਕੋਟਨ ਕੋਟ ਕਾਹਨ ਬੈਠੇ ਸੀਸ ਨਿਵਾਈਆ । ਜਿਸ ਦੇ ਚਰਨ ਕਵਲ ਕੇਤੇ ਰਾਮ ਕਰਨ ਬਿਸਰਾਮਾ, ਵਿਸ਼ਨ ਬ੍ਰਹਮਾ ਸ਼ਿਵ ਦੂਰ ਦੁਰਾਡੇ ਸੀਸ ਨਿਵਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਨਿਰਗੁਣ ਧਾਰ ਕਰਨ ਸਲਾਮਾ, ਸਜਦਿਆਂ ਵਿਚ ਸੀਸ ਝੁਕਾਈਆ । ਕਦਮ ਬੋਸੀ ਵਿਚ ਕਰਨ ਪ੍ਰਨਾਮਾ, ਪਰਵਰਦਿਗਾਰ ਤੇਰੀ ਵਡਿਆਈਆ । ਜਿਸ ਦਾ ਨਿਰਗੁਣ ਸਰਗੁਣ ਨਾਨਕ ਮੰਤਰ ਗਾਇਆ ਸਤਿਨਾਮਾ, ਸਤਿ ਸਤਿ ਤੇਰੀ ਸਰਨਾਈਆ । ਸੋ ਗੋਬਿੰਦ ਧਾਰ ਜੋਧਾ ਸੂਰਬੀਰ ਬਲੀ ਬਲਕਾਰ ਕਰੇ ਖੇਲ ਜਗਤ ਜਹਾਨਾ, ਜਾਗਰਤ ਆਪਣਾ ਰੂਪ ਦਰਸਾਈਆ । ਕੰਨਾ ਕਹੇ ਮੇਰਾ ਲੇਖਾ ਬਣਾਇਆ ਮਹਾਨਾ, ਜਿਸ ਦਾ ਭੇਵ ਸਮਝੇ ਕੋਇ ਨਾ ਰਾਈਆ । ਅੱਖਰਾਂ ਵਿਚ ਦੀਨ ਦੁਨੀ ਗਾਏ ਗਾਣਾ, ਪਰਦਾ ਸਕੇ ਨਾ ਕੋਇ ਉਠਾਈਆ । ਮੈਂ ਸਚ ਦੱਸਾਂ ਸਤਿਗੁਰ ਸ਼ਬਦ ਗੋਬਿੰਦ ਗੋਬਿਦ ਸਤਿਗੁਰ ਸਿੰਘ ਗੋਬਿੰਦ ਦਿਤਾ ਇਕ ਬਿਆਨਾ, ਬਿਨਾ ਕਲਮ ਸ਼ਾਹੀ ਕਾਗ਼ਜ਼ ਤੋਂ

ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਗੋਬਿੰਦੇ ਫ਼ਰਮਾਨ ਅਸਤ ਤਲਵੀਜ਼ਾ ਹਮਜੂਲ ਚੋਈਜ਼ੇ ਨਜ਼ਸਤ ਕੋਮਲ ਹਮਅਮ ਦੀਨੇ ਜ਼ਲਮ ਚੋਸੇ ਅਜ਼ਮ ਕੋਨੇ ਜ਼ਦਾ ਜ਼ਦਾ ਸਹੰਮਦੇ ਖ਼ੁਦਾ ਨਿਜ਼ਾਲੇ ਅਲਾਹ ਜ਼ੂਕੋਹ ਜ਼ਵਾ ਰਹਿਨਮਾਏ ਬੇਪ੍ਰਵਾਹ ਪੁਰਖ ਅਕਾਲ ਇਕ ਅਖਵਾਈਆ । ਜੋ ਪੈਗ਼ੰਬਰਾਂ ਵੇਖੇ ਦੁਆ, ਦਾਵਤਨਾਮੇ ਸਭ ਦੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਆਪ ਸੁਹਾਈਆ । ਕੰਨਾ ਕਹੇ ਗੋਬਿੰਦ ਮੇਰਾ ਅੱਖਰ ਬਣਾਇਆ ਆਪ, ਆਪਣੀ ਦਇਆ ਕਮਾਈਆ । ਫੇਰ ਪੁਛਿਆ ਕੋਲੋਂ ਆਪਣੇ ਬਾਪ, ਜੋ ਪਿਤਾ ਪੁਰਖ ਅਕਾਲ ਧੁਰਦਰਗਾਹੀਆ ।, ਮੇਰਾ ਨਿਸ਼ਾਨਾ ਜਗਤ ਜਹਾਨਾ ਤੇਰਾ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਈਆ । ਸਚ ਸੰਦੇਸ਼ਾ ਦੇਵਾਂ ਜਿਉਂ ਭਾਵੇ ਤਿਉਂ ਲੈਣਾ ਰਾਖ, ਰਖਕ ਹੋ ਕੇ ਆਪਣੀ ਦਇਆ ਕਮਾਈਆ । ਮੈਨੂੰ ਇਉਂ ਦਿਸਦਾ ਮੇਰੇ ਢਈਏ ਤੋਂ ਬਾਦ ਦੀਨ ਮਜ਼੍ਹਬ ਰਹਿਣਾ ਨਹੀਂ ਕੋਈ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇਣਾ ਨਹੀਂ ਕਿਸੇ ਦਾ ਸਾਥ, ਸਗਲਾ ਸੰਗ ਨਾ ਕੋਇ ਰਖਾਈਆ । ਫਿਰਨੀ ਦਰੋਹੀ ਪੰਜ ਤਤ ਮਾਟੀ ਖ਼ਾਕ, ਖ਼ਾਲਸ ਰੰਗ ਨਾ ਕੋਇ ਚੜ੍ਹਾਈਆ । ਤੂੰ ਨਿਗਾਹ ਮਾਰ ਲੈ ਤੇਰਿਆਂ ਦੀਨਾਂ ਮਜ਼੍ਹਬਾਂ ਮਾਨਸ ਜ਼ਾਤੀ ਵਿਚ ਰਹਿਣ ਨਹੀਂ ਦਿਤਾ ਇਤਫ਼ਾਕ, ਤੇਰੇ ਨਾਮ ਕਲਮੇ ਦੀਨ ਦੁਨੀ ਰਹੇ ਲੜਾਈਆ । ਮੈਂ ਮੰਗ ਮੰਗਾਂ ਸਚਖੰਡ ਦਵਾਰੇ ਉਠਾ ਕੇ ਦੋਵੇਂ ਹਾਥ, ਬਿਨ ਹਥੇਲੀ ਹਾਥ ਵਖਾਈਆ । ਤੂੰ ਸਾਹਿਬ ਪੁਰਖ ਸਮਰਾਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਜੋ ਤੇਰੀ ਧਾਰ ਨੌਂ ਦਵਾਰੇ ਬਾਹਰ ਗੁਰ ਤੇਗ਼ ਬਹਾਦਰ ਗਿਆ ਆਖ, ਦਿਲੀ ਧਾਰ ਦਲੀਲ ਬਣਾਈਆ । ਹਜ਼ਰਤ ਈਸਾ ਸਦੀ ਬੀਸਵੀਂ ਅੱਖੀਂ ਤਾਕ, ਉਸੇ ਦਾ ਇਸ਼ਾਰਾ ਦਿਤਾ ਦ੍ਰਿੜਾਈਆ । ਜਿਸ ਵੇਲੇ ਕਲਜੁਗ ਹੋਈ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮੁਹੱਬਤ ਰਹੇ ਨਾ ਪਿਤਾ ਮਾਤ, ਪੂਤ ਸਪੂਤ ਨਾ ਕੋਇ ਅਖਵਾਈਆ । ਝਗੜਾ ਹੋਵੇ ਜ਼ਾਤ ਪਾਤ, ਦੀਨ ਦੁਨੀ ਕਰੇ ਲੜਾਈਆ । ਸਚ ਦੇ ਉਤਰੇ ਕੋਈ ਨਾ ਘਾਟ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਸਦੀ ਚੌਧਵੀਂ ਅੰਤਮ ਮੁਹੰਮਦ ਦੀ ਮਿਟਣੀ ਵਾਟ, ਬੀਸ ਬੀਸਾ ਈਸਾ ਰਾਹ ਤਕਾਈਆ । ਉਸ ਵੇਲੇ ਖੇਲ ਕਰਨਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਭੁਗਤਾਈਆ । ਮੇਰੀ ਪੂਰੀ ਕਰੇ ਆਸ, ਆਸ਼ਾ ਪੂਰਨ ਦਏ ਦ੍ਰਿੜਾਈਆ । ਸਚ ਮੰਡਲ ਦੀ ਸਾਚੀ ਵੇਖੇ ਰਾਸ, ਰਹਿਬਰ ਹੋ ਕੇ ਨੂਰ ਖ਼ੁਦਾਈਆ । ਗੋਬਿੰਦ ਕਹੇ ਮੇਰਾ ਕੰਨਾ ਉਸੇ ਹੁਕਮ ਦੀ ਸ਼ਾਖ਼, ਜਿਸ ਦੀ ਸ਼ਨਾਖ਼ਤ ਤੇਗ਼ ਬਹਾਦਰ ਗਿਆ ਸਮਝਾਈਆ । ਧਰਮ ਸੰਦੇਸ਼ਾ ਸ਼ਬਦ ਸੁਨੇਹੜਾ ਨਾਮ ਨਿਧਾਨਾ ਸੁਨਾਉਣਾ ਆਪ, ਆਪਣੀ ਦਇਆ ਕਮਾਈਆ । ਜਿਨ੍ਹਾਂ ਦੀ ਮੁਹੱਬਤ ਪਿਆਰ ਵਿਚ ਟੋਪੀ ਵਾਲੇ ਕਹਿ ਕੇ ਰਖੀ ਆਸ, ਜੜ ਕੂੜ ਕੁੜਿਆਰ ਉਖੜਾਈਆ । ਇਹ ਗੋਬਿੰਦ ਕੰਨਾ ਜਾਣਾ ਉਹਨਾਂ ਦੇ ਘਾਟ, ਜਿਸ ਦਾ ਘਾਟਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕੰਨਾਂ ਕਹੇ ਮੈਨੂੰ ਗੋਬਿੰਦ ਬਣਾ ਕੇ ਦਿਤੀ ਸਲਾਹ, ਮਸ਼ਵਰਾ ਬਿਨ ਮਸ਼ਵਰੇ ਦਿਤਾ ਜਣਾਈਆ । ਤੇਰਾ ਮਾਲਕ ਇਕੋ ਮਲਾਹ, ਜੋ ਨਈਆ ਨੌਕਾ ਬੇੜੇ ਦੋ ਜਹਾਨ ਚਲਾਈਆ । ਜਿਸ ਨੂੰ ਓਮ ਗਾਡ ਹਰੀ ਓਮ ਕਹਿੰਦੇ ਖ਼ੁਦਾ, ਵਾਹਵਾ ਵਾਹਿਗੁਰੂ ਕਹਿ ਕੇ ਸੀਸ ਨਿਵਾਈਆ । ਤੂੰ ਉਸ ਦਾ ਮਾਰਗ ਦੇਣਾ ਬਦਲਾ, ਬਦਲੀ ਕਰਾ ਥਾਉਂ ਥਾਈਂਆ । ਕਲਜੁਗ ਕੂੜ ਕੁੜਿਆਰਾ ਮੇਟਣਾ ਅੰਧੇਰਾ

ਛਾਂ, ਸਾਚਾ ਨੂਰ ਕਰ ਰੁਸ਼ਨਾਈਆ । ਇਸ਼ਾਰਾ ਦਿਤਾ ਤੂੰ ਪੁਜਣਾ ਉਸ ਕਿਨਾਰੇ ਥਾਂ, ਜੋ ਥਾਨ ਥਨੰਤਰ ਬਲ ਗਿਆ ਸਮਝਾਈਆ । ਜਿਸ ਦਾ ਮਾਰਗ ਅਪਨਾਇਆ ਬਾਵਨ ਹੋ ਕੇ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਸਲੀਵ ਲੈਂਦਿਆਂ ਈਸਾ ਨੇ ਕੀਤੀ ਸੀ ਇਕ ਦੁਆ, ਦੋਵੇਂ ਹੱਥ ਹੱਥ ਉਠਾਈਆ । ਮੇਰੀ ਸਦੀ ਬੀਸਵੀਂ ਮੇਰੇ ਲਹਿਣੇ ਦੇਣੇ ਸਾਰੇ ਦਈਂ ਚੁਕਾ, ਚੁਕੰਨਾ ਹੋ ਕੇ ਦਿਆਂ ਸੁਣਾਈਆ । ਮੇਰੇ ਬਾਪ ਵਾਹਿਦ ਮਾਲਕ ਤੂੰ ਜ਼ਰੂਰ ਜਾਣਾ ਆ, ਨਿਰਗੁਣ ਨਿਰਾਕਾਰ ਆਪਣਾ ਖੇਲ ਖਿਲਾਈਆ । ਮੈਨੂੰ ਇਉਂ ਦਿਸਦਾ ਤੇਰਾ ਗੋਬਿੰਦ ਸੂਰਾ ਸ਼ਬਦ ਸੁਤ ਜਿਸ ਨੇ ਸਭ ਦੀ ਪਕੜਨੀ ਬਾਂਹ, ਬਾਜ਼ੂ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਸਮਝਾਉਣਾ ਨਾਂ, ਦੂਜਾ ਨਜ਼ਰ ਕੋਇ ਨਾ ਆਈਆ । ਸੋ ਦੀਨਾਂ ਮਜ਼੍ਹਬਾਂ ਕਲਮਿਆਂ ਵਿਚ ਰਸੂਲਾਂ ਤੈਨੂੰ ਲਿਆ ਗਾ, ਢੋਲੇ ਸਿਫ਼ਤਾਂ ਵਾਲੇ ਸੁਣਾਈਆ । ਤੂੰ ਅੰਤਮ ਸਭ ਦਾ ਫ਼ੈਸਲਾ ਦੇਣਾ ਕਰਾ, ਅਦਲ ਇਨਸਾਫ਼ ਤੇਰੇ ਹੱਥ ਨਜ਼ਰੀ ਆਈਆ । ਮੇਰੀ ਪੇਸ਼ੀਨਗੋਈ ਗੋਬਿੰਦ ਦਾ ਕੰਨਾ ਮੈਨੂੰ ਦਿਸਦਾ ਸਾਖਿਆਤ ਮੈਂ ਖ਼ੁਸ਼ੀ ਵਿਚ ਕਹਾਂ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਉਸ ਕੰਨੇ ਦਾ ਅੰਤ ਕਾਇਨਾਤ ਦਾ ਅੰਤ ਦਏ ਕਰਾ, ਮਖ਼ਲੂਕ ਦੇ ਮਾਲਕ ਖ਼ਲਕੇ ਖ਼ੁਦਾ ਤੇਰੀ ਵਡ ਵਡਿਆਈਆ । ਪਰ ਮੈਂ ਚਾਹੁੰਦਾ ਜਿਥੇ ਮੈਂ ਨਹੀਂ ਪੁੱਜਾ ਉਥੇ ਉਸ ਨੂੰ ਦੇਣਾ ਪੁਜਾ, ਹੱਦ ਜਗਤ ਨਾ ਕੋਇ ਰਖਾਈਆ । ਨਿਤ ਨਵਿਤ ਖੇਲ ਕਰਨਾ ਤੇਰੀ ਅਦਾ, ਅਦਬ ਵਿਚ ਸੀਸ ਦਿਆਂ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਕੰਨਾ ਕਹੇ ਮੇਰੇ ਅੰਦਰ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਢੋਲੇ ਗਾਈਆ । ਮੇਰਾ ਸਾਹਿਬ ਦੀਨ ਦੁਨੀ ਜਗਤ ਬਾਗ਼ ਦਾ ਮਾਲੀ, ਮਾਲਕ ਨੂਰ ਅਲਾਹੀਆ । ਜਿਸ ਤੇ ਅਗੇ
੨੦੮
੨੩
ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਦਸ ਗੁਰੂ ਵਿਸ਼ਨ ਬ੍ਰਹਮਾ ਦੇਵਤ ਸੁਰ ਖੜ੍ਹੇ ਸਵਾਲੀ, ਖ਼ਾਲੀ ਝੋਲੀਆਂ ਰਹੇ ਡਾਹੀਆ । ਤੇਰਾ ਨਾਮ ਕਲਮਾ ਸ਼ਬਦ ਧਾਰ ਸ਼ਬਦ ਸੰਦੇਸ਼ਾ ਸ਼ਬਦ ਧੁਨ ਜਗਤ ਧੁਨ ਨਾਦਾਂ ਦੀ ਤਾਲੀ, ਛੱਤੀ ਰਾਗ ਭੇਵ ਕੋਇ ਨਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਦਿਸਣ ਖ਼ਾਲੀ, ਵਸਤ ਅਮੋਲਕ ਆਪਣੀ ਗੋਲਕ ਵਿਚ ਨਾ ਕੋਇ ਟਿਕਾਈਆ । ਕੋਟਨ ਕੋਟਨ ਤੇਰੇ ਨਾਮ ਜਗਤ ਦੀ ਕਰਦੇ ਗਏ ਦਲਾਲੀ, ਵਿਚੋਲੇ ਸੋਹਲੇ ਢੋਲੇ ਤੇਰੇ ਗਾਈਆ । ਤੂੰ ਮਿਹਰਵਾਨ ਮਹਿਬੂਬਾ ਵਸੇਂ ਅਰਸ਼ ਉਚ ਅਰੂਜਾ ਅੰਤਮ ਸਮਾਂ ਵੇਖਣਾ ਹਾਲੀ, ਹਾਲਤ ਖ਼ਲਕ ਖ਼ੁਦਾਈਆ । ਜਿਹੜੀ ਗੋਬਿੰਦ ਤੇਰੇ ਪਿਆਰ ਵਿਚ ਘਾਲਣ ਘਾਲੀ, ਆਪ ਆਪਾ ਘੋਲ ਘੁਮਾਈਆ । ਫਲ ਲਾਉਣਾ ਅੰਤ ਉਸ ਦੀ ਡਾਲੀ, ਪਤ ਟਹਿਣੀ ਦੇਣੀ ਮਹਿਕਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਇਕੋ ਜੋਤ ਜੋਤ ਦੀ ਹੋਵੇ ਲਾਲੀ, ਲਾਲ ਗੁਲਾਲੇ ਨੂਰ ਨੂਰਾਨੇ ਨੂਰੀ ਚੰਦ ਦੇਣਾ ਚਮਕਾਈਆ । ਸਚਖੰਡ ਦਵਾਰਾ ਏਕੰਕਾਰਾ ਦਰਗਾਹ ਸਾਚੀ ਮੁਕਾਮੇ ਹਕ ਤੇਰੀ ਧਰਮ ਦੀ ਹੋਵੇ ਸੱਚੀ ਧਰਮਸਾਲੀ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਤੂੰ ਸੰਬਲ ਬਹਿਕੇ ਸਭ ਦੀ ਕਰੇਂ ਸੰਭਾਲੀ, ਗੋਬਿੰਦ ਸੰਭਲ ਕੇ ਤੇਰਾ ਲੇਖਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਗੋਬਿੰਦ ਕਹੇ ਮੈਂ ਕੰਨੇ ਨਾਲ ਲਾਈ ਆਪਣੀ ਸ਼ਰਤ, ਸ਼ਰਅ ਸ਼ਰਅ ਦਿਤੀ ਬਦਲਾਈਆ । ਫੇਰ ਹੱਥ ਮਾਰਿਆ ਉਤੇ ਫ਼ਰਸ਼, ਧਰਨੀ ਧਰਤ ਧਵਲ ਧੌਲ ਦਿਤੀ ਹਿਲਾਈਆ । ਫੇਰ ਤੱਕਿਆ ਉਪਰ ਅਰਸ਼, ਲੱਖ ਆਕਾਸ਼ਾਂ ਆਕਾਸ਼ ਬੈਠੇ ਸੀਸ ਨਿਵਾਈਆ । ਫੇਰ ਪੁਰਖ ਅਕਾਲ

੨੦੮
੨੩

ਅਗੇ ਕੀਤੀ ਅਰਜ਼, ਬੇਨੰਤੀ ਅਗੰਮੀ ਦਿਤੀ ਸੁਣਾਈਆ । ਉਠ ਖੇਲ ਤੱਕ ਆਪਣਾ ਅਸਚਰਜ, ਅਚਰਜ ਲੀਲਾ ਵੇਖ ਵਖਾਈਆ । ਕਲਜੁਗ ਅੰਤ ਅਵਤਾਰ ਪੈਗ਼ੰਬਰ ਗੁਰੂਆਂ ਸਭ ਨੇ ਤੇਰੀ ਰਖੀ ਗ਼ਰਜ਼, ਗਰਜ਼ੇ ਕਿ ਪੇਸ਼ੀਨਗੋਈਆਂ ਵਿਚ ਤੇਰਾ ਰਾਹ ਗਏ ਸਮਝਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪੁਰਖ ਅਕਾਲੇ ਆਉਣਾ ਪਰਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਸ਼ਰਅ ਛੁਰੀ ਕਟਾਕਸ਼ ਕਰੇ ਕੋਇ ਨਾ ਕਰਦ, ਦੀਨ ਮਜ਼੍ਹਬ ਕਾਤਲ ਮਕਤੂਲ ਦਾ ਲੇਖਾ ਦੇਣਾ ਮੁਕਾਈਆ । ਗ਼ਰੀਬ ਨਿਮਾਨਿਆਂ ਕੋੜ੍ਹਿਆਂ ਕਮਲਿਆਂ ਗੁਰਮੁਖਾਂ ਗੁਰਸਿਖਾਂ ਭਗਤਾਂ ਸੰਤ ਫ਼ਕੀਰਾਂ ਸੂਫ਼ੀਆਂ ਵੰਡਣਾ ਦਰਦ, ਦਰਦੀ ਹੋ ਕੇ ਦਰਦ ਸਭ ਦਾ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਨੁਰਾਨਾ ਆਦਿ ਜੁਗਾਦੀ ਜੋਧਾ ਸੂਰਬੀਰ ਮਰਦ, ਮਦਦ ਅਵਰ ਨਾ ਕੋਇ ਰਖਾਈਆ ।

✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ੪੨ ਰੇਨੀਲੇਘ ਰੋਡ ਜੋਗਿੰਦਰ ਲਾਲ ਦੇ ਗ੍ਰਿਹ ਰਾਤ ਨੂੰ ✪

ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਸਾਹਿਬ ਮਿਹਰਵਾਨਾ, ਮਿਹਰਵਾਨ ਇਕ ਅਖਵਾਈਆ । ਆਦਿ ਅੰਤ ਜੁਗਾ ਜੁਗੰਤ ਦੇਵੇ ਦਾਨਾ, ਦਾਤਾ ਦਾਨੀ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਵੇਖੇ ਖੇਲ ਮਹਾਨਾ, ਮਹਾਬਲੀ ਕੀ ਆਪਣੀ ਕਾਰ ਭੁਗਤਾਈਆ । ਜਿਸ ਦਾ ਭਵਿਖਤਾਂ ਵਿਚ ਦਿਤਾ ਬਿਆਨਾ, ਅੱਖਰ ਅੱਖਰਾਂ ਨਾਲ ਜੁੜਾਈਆ । ਸੋ ਸ਼ਾਹੋ ਭੂਪ ਬਣ ਸੁਲਤਾਨਾ, ਦੋ ਜਹਾਨਾਂ ਵੇਖ ਵਖਾਈਆ । ਜਿਸ ਦਾ ਅੰਤਰ ਨਿਰੰਤਰ ਬਿਨਾ ਨਾਦ ਧੁਨ ਤੋਂ ਸ਼ਬਦ ਅਗੰਮੀ ਗਾਣਾ, ਆਵਾਜ਼ ਸਮਝ ਕੋਇ ਨਾ ਪਾਈਆ । ਉਹ ਨੂਰ ਜ਼ਹੂਰ ਕਰੇ ਸ੍ਰੀ ਭਗਵਾਨਾ, ਪਰਵਰਦਿਗਾਰ ਸਾਂਝਾ ਯਾਰ ਅਗੰਮ ਅਥਾਹੀਆ । ਝਟ ਮੁਹੰਮਦ ਨਿਵ ਕੇ ਕਰੇ ਸਲਾਮਾ, ਸਜਦੇ ਵਿਚ ਸੀਸ ਝੁਕਾਈਆ । ਤੇਰਾ ਹਕ ਹਕੀਕਤ ਵਾਲਾ ਪੈਗ਼ਾਮਾ, ਪੈਗ਼ੰਬਰ ਸਾਰੇ ਰਾਹ ਤਕਾਈਆ । ਤੇਰਾ ਇਸਮੇ ਆਜ਼ਮ ਇਕ ਇਸਲਾਮਾ, ਵਾਹਿਦ ਤੇਰਾ ਨੂਰ ਨਜ਼ਰੀ ਆਈਆ । ਸਦੀ ਚੌਧਵੀਂ ਬੇਨਜ਼ੀਰ ਮੇਰਾ ਵੇਖ ਇੰਤਜ਼ਾਮਾ, ਅੰਜਾਮ ਆਪਣੇ ਹੱਥ ਰਖਾਈਆ । ਮੁੱਲਾ ਸ਼ੇਖ਼ ਮੁਸਾਇਕ ਹੋਇਆ ਬੇਗਾਨਾ, ਹਕ ਵਿਚ ਹਕੀਕਤ ਨਾ ਕੋਇ ਰਖਾਈਆ । ਤੂੰ ਨੂਰ ਅਲਾਹ ਬੇਪ੍ਰਵਾਹ ਮਰਦ ਮਰਦਾਨਾ, ਬੇਐਬ ਤੇਰੀ ਸਰਨਾਈਆ । ਮੈਂ ਦਰਵੇਸ਼ ਦਰ ਤੇਰਾ ਗ਼ੁਲਾਮਾ, ਗ਼ੁਰਬਤ ਅੰਦਰ ਨਾ ਕੋਇ ਟਿਕਾਈਆ । ਚੌਦਾਂ ਤਬਕ ਵੇਖਾਂ ਤੇਰਾ ਨਿਸ਼ਾਨਾ, ਸਦੀ ਚੌਧਵੀਂ ਨਾਲ ਮਿਲਾਈਆ । ਫਿਰੇ ਦਰੋਹੀ ਧਰਨੀ ਉਤੇ ਅਸਮਾਨਾਂ, ਜ਼ਿਮੀਂ ਜ਼ਮਾਂ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਆਪਣਾ ਹੁਕਮ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਓਹ ਤੱਕ ਹਕ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦੀ ਕਦਮ ਬੋਸੀ ਵਿਚ ਕੀਤਾ ਸਲਾਮ, ਇਸਲਾਮ ਜਗਤ ਵੰਡ ਵੰਡਾਈਆ । ਕੀ ਖੇਲ ਕਰੇ ਮਿਹਰਵਾਨ, ਮਹਿਬੂਬ ਆਪਣੀ ਕਲ ਪ੍ਰਗਟਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਤਮਾਮ, ਤਮੰਨਾ ਜਗਤ ਵਾਸ਼ਨਾ ਉਮਤ ਵਾਲੀ ਤੇਰੀ ਝੋਲੀ ਪਾਈਆ । ਅੰਤ ਅਖ਼ੀਰ ਬਣਿਆ ਨਾ ਰਹੀਂ ਨਾਦਾਨ, ਚੌਦਾਂ ਤਬਕ ਲੈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਮੇਰਾ ਇਸਮ ਅਜ਼ਹਲੂ ਜ਼ਾਵੀਅਸ ਜ਼ਮਹਾ ਜ਼ੂਏ ਨਜ਼ੀ ਕਾਸੇ ਮਕੂ ਕੁਲਮਾਏਆਲ ਆਲਮਾਏ ਦੋ ਜਹਾਂ ਨੂਰੀ ਅਲਾਹ ਮੁਹੰਮਦੇ ਰਸੂਲ ਧਾਰ ਬਿਸਮਿਲ ਯੂਅਜ਼ ਨਾਅਜ਼ਹੂ ਬੇਵਸ ਬੇਅਵਸ ਨੂਰੇ ਚਸ਼ਮ ਜਹਾਨੇ ਅਜ਼ੀ ਨੂਰੇ ਜ਼ਮੀਂ ਪਰਦਾ ਨਸ਼ੀਂ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦ ਤੱਕ ਇਸ਼ਾਰਾ ਅਜਬ, ਖੇਲ ਅਜੂਬਾ ਵੇਖ ਵਖਾਈਆ । ਮੈਂ ਹੈਰਾਨ ਹੋਈ ਤਅੱਜੁਬ, ਪਰੇਸ਼ਾਨੀ ਵਿਚ ਕੁਰਲਾਈਆ । ਜਿਸ ਦਾ ਕਰਦਾ ਆਇਉਂ ਅਦਬ, ਅਦਾਬ ਵਿਚ ਸੀਸ ਨਿਵਾਈਆ । ਉਹ ਝਗੜਾ ਮੇਟਣ ਵਾਲਾ ਦੀਨ ਮਜ਼੍ਹਬ, ਸ਼ਰਅ ਸ਼ਰਅ ਨਾਲ ਟਕਰਾਈਆ । ਜਿਸ ਵਿਚ ਚਾਰ ਜੁਗ ਦੇ ਸ਼ਾਸਤਰ ਸਾਰੇ ਹੋਣੇ ਜਜ਼ਬ, ਅੱਖਰ ਨਿਰਅੱਖਰ ਧਾਰ ਆਪਣਾ ਰੂਪ ਜਾਣ ਬਦਲਾਈਆ । ਤੇਰੀ ਧਰਨੀ ਤੇਰੇ ਗ੍ਰਿਹਿ ਉਸ ਦਾ ਮੁਬਾਰਕ ਟਿਕਿਆ ਕਦਮ, ਕਦੀਮ ਦਾ ਮਾਲਕ ਆਪਣਾ ਖੇਲ ਖਿਲਾਈਆ । ਤੇਰਾ ਰਿਹਾ ਨਾ ਤਨ ਵਜੂਦ ਬਦਨ, ਖ਼ਾਕੀ ਵੰਡ ਨਾ ਕੋਇ ਵੰਡਾਈਆ । ਮੈਂ ਮਕਬਰੇ ਵਿਚ ਤੈਨੂੰ ਗਈ ਲੱਭਣ, ਕਾਅਬੇ ਹੱਥ ਕਿਛ ਨਾ ਆਈਆ । ਜਿਧਰ ਤੱਕਾਂ ਮਾਟੀ ਦੇ ਦੀਵੇ ਜਗਣ, ਜੋਤ ਨੂਰ ਨਾ ਕੋਇ ਰੁਸ਼ਨਾਈਆ । ਸ਼ਰਅ ਸ਼ਰੀਅਤ ਉਮਤ ਲੱਗੀ ਅਗਨ, ਆਬੇ ਹਯਾਤ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਲੇਖ ਲਿਖਾਈਆ । ਮੁਹੰਮਦ ਕਹੇ ਸਦੀ ਚੌਧਵੀਂ ਨਾ ਪਾ ਰੌਲਾ, ਦੋ ਜਹਾਨ ਸੁਣਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਮੌਲਾ, ਜੋ ਮਿਹਰਵਾਨ ਮਹਿਬੂਬ ਨੂਰ ਅਲਾਹੀਆ । ਅੰਤ ਇਕਰਾਰ ਤੇਰਾ ਪੂਰਾ ਕਰੇ ਕੌਲਾ, ਧਰਨੀ ਧਰਤ ਧਵਲ ਧੌਲ ਫੋਲ ਫੁਲਾਈਆ । ਜਿਸ ਨੇ ਜਗਤ ਜਹਾਨ ਅੰਤਰ ਦ੍ਰਿਸ਼ਟੀ ਕੀਤਾ ਕਮਲਾ, ਕਾਮਲ ਮੁਰਸ਼ਦ ਮਿਲਣ ਕੋਇ ਨਾ ਪਾਈਆ । ਮਾਨਵ ਜ਼ਾਤੀ ਖ਼ਾਲੀ ਦਿਸੇ ਰੁਖ ਸਿੰਮਲਾ, ਕਾਇਨਾਤ ਫਲ ਫੁੱਲ ਨਾ ਕੋਇ ਮਹਿਕਾਈਆ । ਅੰਤ ਤੇਰਾ ਗੁਲਸ਼ਨ ਰਹਿਣਾ ਨਹੀਂ ਚਮਨਾ, ਉਮਤੀ ਮਹਿਕ ਨਾ ਕੋਇ ਮਹਿਕਾਈਆ । ਉਹ ਵੇਖ ਲੇਖਾ ਪੂਰਾ ਕਰਨ ਵਾਲਾ ਦੁਸ਼ਟ ਦਮਨਾ, ਗੋਬਿੰਦ ਗੋਬਿੰਦ ਧੁਰ ਦਾ ਮਹੀਆ । ਜਿਸ ਨੇ ਸੰਦੇਸ਼ਾ ਦਿਤਾ ਕਾਹਨ ਕ੍ਰਿਸ਼ਨ ਉਤੇ ਜਮਨਾ, ਗੰਗਾ ਗੋਦਾਵਰੀ ਸੁਰਸਤੀ ਆਇਆ ਸਮਝਾਈਆ । ਉਹ ਰੂਪ ਧਾਰ ਗੌੜ ਬ੍ਰਹਿਮਣਾ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਜਿਸ ਨੂੰ ਸੀਤਾ ਰਾਮ ਰਾਮੇ ਸਤਿ ਕਰ ਕੇ ਮੰਨਣਾ, ਸਿਰ ਸਕੇ ਨਾ ਕੋਇ ਉਠਾਈਆ । ਪੈਗ਼ੰਬਰਾਂ ਉਸੇ ਦਾ ਤੱਕਣਾ ਨੂਰ ਅਲਾਹੀ ਚੰਦਨਾ, ਚੰਦ ਸਿਤਾਰ ਮੁਹੰਮਦ ਕਹੇ ਮੇਰਾ ਨਿਸ਼ਾਨ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਂ ਮਦੀਨੇ ਤੇਰੇ ਮਕਬਰੇ ਕੋਲ ਪੁੱਜੀ, ਭੱਜ ਭੱਜ ਕੇ ਪੰਧ ਮੁਕਾਈਆ । ਮੈਂ ਕੂਕ ਸੁਣਾਇਆ ਉਚੀ, ਹਾਏ ਉਫ਼ ਤੇਰਾ ਨਾਮ ਦੁਹਾਈਆ । ਵੇਖ ਮੇਰੀ ਔਧ ਗਈ ਮੁਕੀ, ਅਗਲਾ ਪੰਧ ਰਿਹਾ ਨਾ ਰਾਈਆ । ਤੇਰੀ ਪੇਸ਼ੀਨਗੋਈ ਨੇੜੇ ਢੁਕੀ, ਪਿਛਾ ਪਿਛੇ ਆਈ ਤਜਾਈਆ । ਤੇਰੀ ਉਮਤ ਹੋਈ ਰੁੱਖੀ, ਕਲਮਾ ਹਕ ਨਾ ਕੋਇ ਸੁਣਾਈਆ । ਮੈਂ ਮੱਕੇ ਹੋਈ ਦੁਖੀ, ਕਾਅਬੇ ਰਹੀ ਕੁਰਲਾਈਆ । ਮੇਰੀ ਜੜ ਜਾਣੀ ਪੁੱਟੀ, ਪਟਨੇ ਵਾਲਾ ਦਏ ਹਿਲਾਈਆ । ਮੇਰੀ ਪੁਕਾਰ ਰਹਿ ਗਈ ਬੁੱਲੀਂ ਬੁਟੀਂ, ਮੁਖੋਂ ਬਾਹਰ ਨਾ ਕੋਇ ਸੁਣਾਈਆ । ਤੇਰੀ ਮੁਹੱਬਤ ਜਾਂਦੀ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਤੇਰੀ ਸ਼ਰਅ ਜਾਣੀ ਲੁੱਟੀ, ਲੁਟੇਰਾ ਬਣਨਾ ਧੁਰਦਰਗਾਹੀਆ ।

ਤੇਰੀ ਖ਼ਾਕ ਦੀ ਖ਼ਾਕ ਨਹੀਂ ਰਹਿਣੀ ਮੁੱਠੀ, ਹੱਡ ਮਾਸ ਨਾੜੀ ਨਜ਼ਰ ਕੋਇ ਨਾ ਆਈਆ । ਉਸ ਦਾ ਖੇਲ ਤੱਕ ਕੀ ਖੇਲ ਕਰਦਾ ਰੁਖ਼ੀ ਰੁਖ਼ੀ, ਰੁਖ਼ਸਤ ਸਭ ਨੂੰ ਰਿਹਾ ਦਵਾਈਆ । ਜਿਸ ਦੀ ਸ਼ਬਦ ਧਾਰ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਢੋਲਾ ਸ਼ਬਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਰੰਗ ਰੰਗਾਈਆ । ਮੁਹੰਮਦ ਕਿਹਾ ਸਦੀ ਚੌਧਵੀਂ ਮੇਰੇ ਅੰਦਰ ਉਹ ਇਸ਼ਾਰਾ, ਜੋ ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰਾ ਸਾਹਿਬ ਪਰਵਰਦਿਗਾਰਾ, ਬੇਐਬ ਨੂਰ ਅਲਾਹੀਆ । ਜਿਸ ਨੇ ਚੌਦਾਂ ਤਬਕ ਸਬਕ ਮੈਨੂੰ ਦਿਤਾ ਜ਼ਾਹਰਾ, ਕਲਮਾ ਕਾਇਨਾਤ ਪੜ੍ਹਾਈਆ । ਮੈਂ ਉਸ ਦਾ ਜ਼ਹੂਰ ਤੱਕਾਂ ਨੂਰ ਤੱਕਾਂ ਨਿਰਗੁਣ ਧਾਰ ਕਰਾਂ ਦੀਦਾਰਾ, ਜੋ ਅੱਲਾ ਹੂ ਅੱਨਾ ਹੂ ਆਪਣਾ ਹੁਕਮ ਮਨਾਈਆ । ਕਿਸੇ ਕੰਮ ਨਹੀਂ ਆਉਣਾ ਮਕਬਰੇ ਵਾਲਾ ਮੁਨਾਰਾ, ਇੱਟ ਪੱਥਰ ਪਾਹਨ ਸਾਰੇ ਰੋਵਨ ਮਾਰਨ ਧਾਹੀਆ । ਮੈਂ ਵੀ ਉਸੇ ਦੇ ਹੁਕਮ ਅੰਦਰ ਆਪਣਾ ਕੀਤਾ ਗੁਜ਼ਾਰਾ, ਗੁਜ਼ਾਰਿਸ਼ ਵਿਚ ਉਸੇ ਨੂੰ ਸੀਸ ਨਿਵਾਈਆ । ਜੋ ਨੂਰੀ ਨੂਰ ਜਲਵਾਗਰ ਆਏ ਦੁਬਾਰਾ, ਦੋਹਰੀ ਆਪਣੀ ਖੇਲ ਖਿਲਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰਾ, ਬੇਅੰਤ ਬੇਅੰਤ ਬੇਅੰਤ ਨਾਨਕ ਗੁਰੂ ਸ਼ਬਦੀ ਧਾਰ ਗਿਆ ਸਮਝਾਈਆ । ਸੋ ਕਲ ਕਲਕੀ ਲਏ ਅਵਤਾਰਾ, ਅਮਾਮ ਅਮਾਮਾ ਹੋ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੇਰੀ ਵੇਖ ਪਹਿਲੇ ਦਿਨ ਦੀ ਵਾਟ, ਮੱਕਾ ਮੁਸ਼ੱਰਫ਼ ਧਿਆਨ ਲਗਾਈਆ । ਉਹ ਤੱਕ ਅਗੰਮੀ ਰਾਤ, ਜਿਸ ਸ਼ਬ ਵਿਚ ਨੂਰ ਨੁਰਾਨਾ ਨਜ਼ਰੀ ਆਈਆ । ਭੇਵ ਖੋਲ ਆਪਣੇ ਬਾਤਨ ਬਾਤ, ਬੇਵਤਨ ਆਪਣਾ ਭੇਵ ਚੁਕਾਈਆ । ਕੀ ਹੁਕਮ ਸੰਦੇਸਾ ਮਿਲਿਆ ਸਾਖਿਆਤ, ਪਰਵਰਦਿਗਾਰ ਕਲਮਾ ਕੀ ਦ੍ਰਿੜਾਈਆ । ਜਬਰਾਈਲ ਕੀ ਗਿਆ ਆਖ, ਅਲਿਫ਼ ਯੇ ਤੋਂ ਬਾਹਰ ਵੰਡ ਵੰਡਾਈਆ । ਮੁਹੰਮਦ ਝਟ ਖੋਲ ਕੇ ਆਂਖ, ਨੇਤਰ ਨੈਣ ਨੈਣ ਬਦਲਾਈਆ । ਮੇਰਾ ਪਰਵਰਦਿਗਾਰ ਸਾਂਝਾ ਯਾਰ ਨੂਰ ਅਗੰਮੀ ਅਲਾਹੀ ਆਪ, ਅਮਾਮ ਅਮਾਮਾ ਧੁਰਦਰਗਾਹੀਆ । ਜਿਸ ਨੇ ਜਿਸਮ ਜ਼ਮੀਰ ਤਨ ਮਾਟੀ ਖ਼ਾਕ ਵਜੂਦ ਕਰਨੇ ਪਾਕ, ਪਤਤ ਪੁਨੀਤ ਦਏ ਬਣਾਈਆ । ਉਹ ਸਦੀ ਚੌਧਵੀਂ ਤੇਰੇ ਅੰਤ ਪ੍ਰਗਟ ਹੋਵੇ ਖ਼ਾਸ, ਖ਼ਾਹਿਸ਼ ਸਭ ਦੀ ਵੇਖ ਵਖਾਈਆ । ਤੈਨੂੰ ਕਰਨੀ ਨਾ ਪਏ ਤਲਾਸ਼, ਲੱਭਣ ਦੀ ਲੋੜ ਰਹੇ ਨਾ ਰਾਈਆ । ਉਹ ਹਰ ਘਟ ਥਾਂ ਸਭ ਦਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਮੇਰਾ ਸਜਦਾ ਉਸੇ ਨੂੰ ਜੋੜ ਕੇ ਹਾਥ, ਕਦਮਾਂ ਵਿਚ ਸਿਰ ਸਰ ਝੁਕਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਲੇਖਾ ਰਹੇ ਨਾ ਬਾਕ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਕੀ ਆਵੇ ਮਹਿਬੂਬਾ, ਮਿਹਰਵਾਨ ਬੇਪ੍ਰਵਾਹੀਆ । ਜਿਸ ਦੀ ਸਮਝੇ ਕੋਇ ਨਾ ਹੱਦ ਹਦੂਦਾ, ਅੰਤ ਕਹਿਣ ਕੋਇ ਨਾ ਪਾਈਆ । ਚਾਰ ਕੁੰਟ ਹੋਏ ਮੌਜੂਦਾ, ਦਹਿ ਦਿਸ਼ਾ ਆਪਣਾ ਨੂਰ ਜ਼ਹੂਰ ਦਏ ਚਮਕਾਈਆ । ਸਚ ਦੱਸ ਕੀ ਲਿਖਿਆ ਬਿਨਾ ਸ਼ਰਅ ਤੋਂ ਹਜ਼ਾਰਾ ਦਰੂਦਾ, ਬਸਰੀ ਇਸਮ ਕੀ ਦ੍ਰਿੜਾਈਆ । ਉਹ ਕਿਸ ਬਿਧ ਤੇਰੀ ਉਮਤ ਨੂੰ ਰਖੇ ਮਹਿਫ਼ੂਜ਼ਾ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਕਿਸ ਬਿਧ ਲੇਖੇ ਲਾਵੇ ਸਭ ਦਾ ਨਿਮਾਜ਼ ਰੋਜ਼ਾ, ਰੋਜ਼ਮੱਰਾ ਜੋ ਖ਼ਿਦਮਤ ਵਿਚ ਖ਼ਾਦਮ ਸੇਵ ਕਮਾਈਆ । ਮੁਹੰਮਦ ਕਿਹਾ ਸਦੀ ਚੌਧਵੀਂ ਉਹਦਾ ਭੇਵ ਅਗੰਮਾ ਗੂਝਾ, ਪਰਦਾ ਸਕੇ ਨਾ ਕੋਇ ਖੁਲਾਈਆ । ਉਹਦਾ ਹੁਕਮ ਅਗਾਧ ਬੋਧਾ,

ਬੁੱਧੀ ਵਿਚ ਕਿਸੇ ਨਾ ਆਈਆ । ਉਹਦਾ ਰੂਪ ਅਨੂਪ ਨਾ ਪਹਿਨੇ ਤਨ ਕੋਈ ਚੋਗਾ, ਵਜੂਦ ਤਤ ਨਾ ਕੋਇ ਹੰਢਾਈਆ । ਸੋ ਮਾਲਕ ਮੇਰਾ ਜਿਸ
ਨੂੰ ਨਾ ਕੋਈ ਹਰਖ ਨਾ ਕੋਈ ਸੋਗਾ, ਚਿੰਤਾ ਚਿਖਾ ਨਾ ਕੋਇ ਰਖਾਈਆ । ਤੇਰੇ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਆਪੇ ਭਾਰ ਲਾਹ ਦੇਵੇ ਬੋਝਾ,
ਮਿਹਰ ਨਜ਼ਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ ।
ਸਦੀ ਚੌਧਵੀਂ ਕਹੇ ਮੁਹੰਮਦ ਉਹ ਵੇਖ ਨਾਰਦ ਆਉਂਦਾ ਪੈਰ ਦੱਬੀ, ਬਿਨ ਕਦਮਾਂ ਕਦਮ ਟਿਕਾਈਆ । ਨਾਰਦ ਕਹੇ ਮੇਰੀ ਸ਼ਬਦ ਧਾਰ ਬੱਗੀ,
ਰੂਪ ਰੰਗ ਰੇਖ ਸਕੇ ਨਾ ਕੋਇ ਸਮਝਾਈਆ । ਉਹ ਕਮਲੀਏ ਵੇਖ ਇਕੋ ਜੋਤ ਨੁਰਾਨੀ ਜਗੀ, ਜਾਗਰਤ ਜੋਤ ਹੋਏ ਰੁਸ਼ਨਾਈਆ । ਮੁਹੰਮਦਾ ਤੱਕ
ਲੈ ਆਪਣੀ ਅਖ਼ੀਰੀ ਸਦੀ, ਸਦਮਾ ਅੰਤ ਰਹੇ ਨਾ ਰਾਈਆ । ਸ਼ਰਅ ਦੀ ਰਹਿਣੀ ਮੂਲ ਨਹੀਂ ਗੱਦੀ, ਗਦਾਗਰ ਹੋਏ ਲੋਕਾਈਆ । ਅਵਤਾਰ
ਲੇਖਾ ਜਾਂਦੇ ਛਡੀ, ਸਚਖੰਡ ਬੈਠੇ ਆਸਣ ਲਾਈਆ । ਗੁਰੂ ਗੁਰਦੇਵ ਕਹਿਣ ਦੋਵੇਂ ਹੱਥ ਬੱਧੀ, ਪੁਰਖ ਅਕਾਲ ਅਗੇ ਵਾਸਤਾ ਪਾਈਆ । ਤੇਰੀ
ਨੌਬਤ ਇਕੋ ਦੋ ਜਹਾਨ ਹੋਵੇ ਵੱਜੀ, ਨਾਮ ਡੰਕਾ ਦੇਣਾ ਲਗਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਦ੍ਰਿਸ਼ਟ ਅਨਦ੍ਰਿਸ਼ਟ ਵਿਚ ਨਿਰੰਤਰ ਅੰਤਰ ਤੇਰੇ ਨਾਲ
ਹੋਵੇ ਬੱਝੀ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੂੰ ਨੂਰ ਅਲਾਹੀ ਆਲਮੀਨ ਰੱਬੀ, ਯਾਮਬੀਨ ਤੇਰੀ ਸਰਨਾਈਆ । ਤੇਰਾ ਖੇਲ ਹੁੰਦਾ
ਨੌਂ ਸੌ ਚੁਰਾਨਮੇ ਚੌਕੜੀ ਬਾਦ ਕਦੀ, ਕਦੀਮ ਦੇ ਮਾਲਕ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
੨੧੨ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਲਹਿਣਾ ਦੇਣਾ ਦੋ ਜਹਾਨ ਦੋਹਰੀ ਧਾਰ ਹਰਿ ੨੧੨
੨੩ ਨਿਰੰਕਾਰ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਤੇਰੇ ਹੁਕਮ ਵਿਚ ਬੱਧੀ, ਬੰਦਨਾ ਬੰਦਗੀ ਬੰਦੇ ਨਿਵਾਜ਼ ਬੰਧਨ ਸਾਰੇ ਦੇਣੇ ਤੁੜਾਈਆ । ੨੩

## ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ਹਰਬੰਸ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਮਾਰੋ ਇਕ ਧਿਆਨ, ਬਿਨ ਨੈਣਾਂ ਨੈਣ ਦੋ ਜਹਾਨ ਉਠਾਈਆ । ਚਾਰ ਜੁਗ ਦੇ ਅੱਖਰਾਂ ਵਾਲਾ
ਵੇਖੋ ਸ਼ਾਸ਼ਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਫੋਲ ਫੁਲਾਈਆ । ਹੁਕਮ ਸੰਦੇਸ਼ਾ ਤੱਕੋ ਧੁਰ ਫ਼ਰਮਾਨ, ਜੋ ਨਾਮ ਕਲਮਾ
ਰਸਨਾ ਜਿਹਵਾ ਬੱਤੀ ਦੰਦ ਆਏ ਦ੍ਰਿੜਾਈਆ । ਧਰਮ ਨਵ ਖੰਡ ਵੇਖੋ ਆਪਣਾ ਨਿਸ਼ਾਨ, ਉੱਤਰ ਪੂਰਬ ਪੱਛਮ ਦੱਖਣ ਪਰਦਾ ਰਹੇ ਨਾ ਰਾਈਆ ।
ਚਾਰ ਵਰਨ ਅਠਾਰਾਂ ਬਰਨ ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਕਿਉਂ ਹੋਏ ਪ੍ਰੇਸ਼ਾਨ, ਦੀਨ ਮਜ਼੍ਹਬ ਆਤਮ ਸ਼ਾਂਤ ਸਤਿ ਸਤਿ ਨਾ ਕੋਇ ਕਰਾਈਆ । ਨੌਂ
ਖੰਡ ਪ੍ਰਿਥਮੀ ਸੱਤ ਦੀਪ ਖੇਲ ਤੱਕੋ ਜ਼ਿਮੀਂ ਅਸਮਾਨ, ਪੁਰੀ ਲੋਅ ਬ੍ਰਹਿਮੰਡ ਖੰਡ ਭੇਵ ਰਹੇ ਨਾ ਰਾਈਆ । ਖੇਲ ਤੱਕੋ ਜੋ ਭਵਿਖਤ ਦਿਤਾ ਦੀਨ ਦੁਨੀ
ਦਾਨ, ਸੰਦੇਸਾ ਧੁਰਦਰਗਾਹੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ
ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਤੇਈ ਲਾਹੋ ਆਪਣਾ ਪਰਦਾ, ਓਹਲਾ ਰਹਿਣ ਕੋਇ ਨਾ ਪਾਈਆ । ਨਜ਼ਾਰਾ ਤੱਕੋ ਚੋਟੀ
ਜੜ ਦਾ, ਚੇਤਨ ਵੇਖਣਾ ਚਾਈਂ ਚਾਈਂਆ । ਕਿਉਂ ਦੀਨ ਦੁਨੀ ਧਾਰ ਵਿਚ ਮਾਨਸ ਮਾਨੁਖ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਕਿਉਂ

੨੧੩
੨੩

ਤਨ ਵਜੂਦ ਮਾਟੀ ਖ਼ਾਕ ਹੰਕਾਰ ਬਣਿਆ ਗੜ੍ਹ ਦਾ, ਹਉਮੇ ਹੰਗਤਾ ਬਾਹਰ ਨਾ ਕੋਇ ਕਢਾਈਆ । ਨਾਮ ਕਲਮਾ ਜਗਤ ਧਾਰ ਵਿਚ ਲੜਦਾ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਨਾ ਕੋਇ ਮਿਲਾਈਆ । ਹੁਕਮ ਸੰਦੇਸਾ ਧੁਰ ਫ਼ਰਮਾਨ ਸੁਣੇ ਅਗੰਮੇ ਘਰ ਦਾ, ਪੁਰਖ ਅਬਿਨਾਸ਼ੀ ਘਟ ਨਿਵਾਸੀ ਪਰਵਰਦਿਗਾਰ ਸਾਂਝਾ ਯਾਰ ਕੀ ਸੁਣਾਈਆ । ਜਿਸ ਦੇ ਭੈ ਵਿਚ ਵਿਸ਼ਨ ਬ੍ਰਹਮਾ ਸ਼ਿਵ ਡਰਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨਿਵ ਨਿਵ ਲਾਗੇ ਪਾਈਆਂ । ਉਹ ਕਰਨੀ ਦਾ ਕਰਤਾ ਪੁਰਖ ਅਕਾਲਾ ਦੀਨ ਦਿਆਲਾ ਆਪਣਾ ਖੇਲ ਕਰਦਾ, ਕੁਦਰਤ ਦਾ ਕਾਦਰ ਆਪਣੀ ਕਾਰ ਕਮਾਈਆ । ਜਿਸ ਲਹਿਣਾ ਦੇਣਾ ਲੇਖਾ ਮੁਕਾਉਣਾ ਸੀਸ ਧੜ ਦਾ, ਤਨ ਵਜੂਦ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਪੈਗ਼ੰਬਰੋ ਪਰਦਾ ਚੁਕੋ ਆਪਣੀ ਮਹਿਰਾਬ, ਮਹਿਬੂਬ ਇਕੋ ਨਜ਼ਰੀ ਆਈਆ । ਨਿਸ਼ਾਨਾ ਦਿਸੇ ਨਾ ਕਿਸੇ ਨਕਾਬ, ਨਕਾਬ ਪੋਸ਼ੀ ਸੰਗ ਨਾ ਕੋਇ ਬਣਾਈਆ । ਸਜਦੇ ਵਿਚ ਕਰੋ ਅਦਾਬ, ਅਦਬ ਨਾਲ ਸਿਰ ਸਰ ਝੁਕਾਈਆ । ਆਪਣਾ ਲੇਖਾ ਤੱਕੋ ਕਾਗ਼ਜ਼ਾਤ, ਅਲਿਫ਼ ਯੇ ਫੋਲ ਫੁਲਾਈਆ । ਝਗੜਾ ਤੱਕੋ ਦੀਨ ਮਜ੍ਹਬ ਜ਼ਾਤ, ਕਿਉਂ ਸ਼ਰਅ ਸ਼ਰਅ ਨਾਲ ਟਕਰਾਈਆ । ਸਦੀ ਬੀਸਵੀਂ ਵੇਖੋ ਅੰਧੇਰੀ ਰਾਤ, ਚੌਧਵੀਂ ਨੇਤਰ ਨੈਣਾਂ ਨੀਰ ਵਹਾਈਆ । ਸਾਚਾ ਦੇਵੇ ਕੋਇ ਨਾ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਜੋ ਪੇਸ਼ੀਨਗੋਈਆਂ ਵਿਚ ਆਏ ਆਖ, ਆਖ਼ਰ ਆਵੇ ਬੇਪ੍ਰਵਾਹੀਆ । ਜੋ ਸਾਹਿਬ ਸਰਬ ਕਲਾ ਸਮਰਾਥ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਲਹਿਣਾ ਦੇਣਾ ਸਭ ਦਾ ਪੂਰਾ ਕਰੇ ਹੱਥੋ ਹਾਥ, ਪਿਛਲਾ ਵਣਜ ਰਹੇ ਨਾ ਰਾਈਆ । ਸਤਿਜੁਗ ਸਤਿ ਧਰਮ ਸਤਿ ਸਤਿਵਾਦੀ ਖੋਲੇ ਹੱਟ, ਹੱਟ ਹਟਵਾਣਾ ਨੌਜਵਾਨਾ ਮਰਦ ਮਰਦਾਨਾ ਇਕੋ ਨਜ਼ਰੀ ਆਈਆ । ਜਿਸ ਦੇ ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਧਾਰ ਦੋਵੇਂ ਵਸ, ਲੱਖ ਚੁਰਾਸੀ ਵਾਸਤਾ ਆਪਣੇ ਨਾਲ ਕਰਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਵੇਖੇ ਆਪਣੀ ਉਸ ਅਗੰਮੀ ਅੱਖ, ਜਿਸ ਅੱਖ ਨੇਤਰ ਨੂੰ ਜਗਤ ਵੇਖਣ ਕੋਇ ਨਾ ਪਾਈਆ । ਜੋ ਅਮਾਮ ਅਮਾਮਾ ਨੂਰ ਅਲਾਹੀ ਆਵੇ ਵਤ, ਵਤਨ ਦਾ ਮਾਲਕ ਬੇਵਤਨਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਲਕ ਨੂਰ ਅਲਾਹੀਆ । ਸਤਿਗੁਰ ਸ਼ਬਦ ਕਹੇ ਗੁਰੂ ਗੁਰਦੇਵ ਤੱਕੋ ਖੇਲ ਅਗੰਮਾ, ਅਗੰਮ ਅਗੰਮੜਾ ਧਿਆਨ ਲਗਾਈਆ । ਕੀ ਹੁਕਮ ਸੰਦੇਸਾ ਦੇਵੇ ਸ੍ਰੀ ਭਗਵਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਸੰਦੇਸਾ ਇਕ ਸੁਣਾਈਆ । ਜਿਸ ਝਗੜਾ ਮੇਟਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਸਭ ਦੀ ਦਏ ਬਦਲਾਈਆ । ਭਾਗ ਲਗਾਏ ਦਇਆ ਕਮਾਏ ਪੰਜ ਤਤ ਤਨਾ, ਆਤਮ ਬ੍ਰਹਮ ਪਾਰਬ੍ਰਹਮ ਆਪਣਾ ਭੇਵ ਖੁਲਾਈਆ । ਜਿਸ ਦੀ ਧਾਰ ਸ੍ਰਿਸ਼ਟ ਦ੍ਰਿਸ਼ਟ ਇਸ਼ਟ ਸੰਸਾਰ ਲੇਖਾ ਜਾਣੇ ਭਗਤ ਜਨਾਂ, ਸੂਫ਼ੀ ਸੰਤਾਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਹੋਏ ਸਹਾਈਆ । ਤੇਈ ਅਵਤਾਰ ਕਹਿਣ ਸ਼ਬਦ ਗੁਰ ਕੀ ਦੱਸੀਏ ਹਾਲ ਪੁਰਾਣਾ, ਪੁਰਾਨ ਅਠਾਰਾਂ ਸਮਝ ਕੋਇ ਨਾ ਪਾਈਆ । ਕੀ ਦੱਸੀਏ ਨਾਮ ਸੰਦੇਸਾ ਧੁਰ ਦਾ ਗਾਣਾ, ਜੋ ਕੋਟਨ ਕੋਟ ਆਪਣੇ ਨਾਮ ਲਏ ਬਦਲਾਈਆ । ਕੀ ਖੇਲ ਦੱਸੀਏ ਸ਼ਾਹ ਸੁਲਤਾਨਾ, ਜੋ ਸ਼ਹਿਨਸ਼ਾਹ ਹੁਕਮਰਾਨ ਇਕ ਅਖਵਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਝੁਕੇ ਜ਼ਿਮੀਂ ਅਸਮਾਨਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼

ਪਾਤਾਲ ਗਗਨ ਗਗਨੰਤਰ ਸਾਰੇ ਸੀਸ ਨਿਵਾਈਆ । ਓਹ ਦੇਵਣਹਾਰਾ ਸਭ ਨੂੰ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਸਮਝਾਈਆ । ਜਿਸ ਦਾ ਕਲਜੁਗ ਅੰਤ ਵੇਦ ਵਿਆਸ ਤੱਕਿਆ ਨਿਸ਼ਾਨਾ, ਨਿਸ਼ਾਨਾ ਬਾਣ ਅਣਿਆਲਾ ਇਕ ਚਲਾਈਆ । ਓਹ ਕਲ ਕਲਕੀ ਪਹਿਨ ਕੇ ਆਵੇ ਬਾਣਾ, ਜੋਤੀ ਜਾਤਾ ਪੁਰਖ ਬਿਧਾਤਾ ਜਿਸ ਨੂੰ ਜਨਮੇ ਕੋਇ ਨਾ ਮਾਈਆ । ਬ੍ਰਹਿਮਣ ਗੌੜ ਸਾਰਾ ਕਹੇ ਜਗਤ ਜਹਾਨਾ, ਭਵਿਖਤ ਪੁਰਾਨ ਨੌਂ ਸੌ ਸਲੋਕ ਦਏ ਗਵਾਹੀਆ । ਉਸ ਦਾ ਤੁਰੀਆ ਤੋਂ ਪਰੇ ਹੋਵੇ ਤਰਾਨਾ, ਸੁਪਨ ਸਖੋਪਤ ਜਾਗਰਤ ਸਮਝ ਕਿਸੇ ਨਾ ਆਈਆ । ਜੋਧਾ ਸੂਰਬੀਰ ਪ੍ਰਗਟ ਹੋਵੇ ਮਰਦ ਮਰਦਾਨਾ, ਮਦਦ ਅਵਰ ਨਾ ਕੋਇ ਤਕਾਈਆ । ਉਸ ਕਲਜੁਗ ਕੂੜੀ ਕਿਰਿਆ ਅੰਤਮ ਲੇਖ ਚੁਕਾਨਾ, ਚਾਰ ਜੁਗ ਦਾ ਲਹਿਣਾ ਝੋਲੀ ਪਾਈਆ । ਜਿਸ ਲੇਖਾ ਪੂਰਾ ਕਰਨਾ ਸੀਤਾ ਰਾਮਾ, ਰਾਧੇ ਕ੍ਰਿਸ਼ਨਾ ਆਪਣੇ ਵਿਚ ਸਮਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਆਪਣੇ ਦਰ ਬਹਾਨਾ, ਓਮ ਓਅੰਕਾਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਭੇਦ ਆਪ ਖੁਲਾਈਆ । ਪੈਗ਼ੰਬਰ ਕਹਿਣ ਧੁਰ ਕਲਮੇ ਮਹਿਬੂਬ ਅਗੰਮੀ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਨੂੰ ਕਦਮ ਬੋਸੀ ਵਿਚ ਕਰੀਏ ਸਲਾਮ, ਇਸਮ ਆਜ਼ਮ ਇਕ ਅਖਵਾਈਆ । ਹਜ਼ਾਰਾ ਦਰੂਦ ਜਿਸ ਦਾ ਦਏ ਪੈਗ਼ਾਮ, ਜਬਰਾਈਲ ਸੰਦੇਸਾ ਜਿਸ ਦਾ ਰਿਹਾ ਸੁਣਾਈਆ । ਉਸ ਸਭ ਦਾ ਬਦਲ ਦੇਣਾ ਇੰਤਜ਼ਾਮ, ਸਦੀ ਚੌਧਵੀਂ ਬੈਠੀ ਰਾਹ ਤਕਾਈਆ । ਸ਼ਰਅ ਦਾ ਰਹਿਣ ਦੇਣਾ ਨਹੀਂ ਕੋਈ ਗ਼ੁਲਾਮ, ਸ਼ਰੀਅਤ ਲੇਖਾ ਦਏ ਚੁਕਾਈਆ । ਮਾਨਵ ਜ਼ਾਤੀ ਲੇਖੇ ਲਾਉਣੀ ਪਿਆਰ ਬਖ਼ਸ਼ਣਾ ਇਕ ਇਨਸਾਨ, ਇਨਸਾਨੀਅਤ ਸਚ ਦਏ ਦ੍ਰਿੜਾਈਆ । ਜਿਸ ਨੂੰ ਚੌਦਾਂ ਤਬਕ ਸਿਰ ਝੁਕਾਣ, ਮੁਹੰਮਦ ਨਿਵ ਨਿਵ ਲਾਗੇ ਪਾਈਆ । ਉਸ ਦੀ ਸ਼ਹਾਦਤ ਦੇਵੇ ਮਜੀਦ ਕੁਰਾਨ, ਤੀਸ ਬਤੀਸਾ ਜਿਸ ਦਾ ਢੋਲਾ ਗਾਈਆ । ਉਹ ਮਿਹਰਵਾਨ ਬੀਦੋ ਮਿਹਬਾਨ, ਬੀਖੈਰੀ ਯਾ ਅਲਾਹ ਜਿਸ ਨੂੰ ਕਹੇ ਲੋਕਾਈਆ । ਓਹ ਦੀਨ ਦੁਨੀ ਵੇਖੇ ਗਿਰੇਬਾਨ, ਕਾਇਆ ਮਾਟੀ ਤਨ ਵਜੂਦ ਮਾਟੀ ਖ਼ਾਕ ਫੋਲ ਫੁਲਾਈਆ । ਅਸੀਂ ਸਾਰੇ ਹੋਏ ਹੈਰਾਨ, ਸਾਡਾ ਕਲਮਾ ਬੈਠਾ ਸਿਰ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਸਤਿਗੁਰ ਦਸ ਕਹਿਣ ਸੁਣ ਸ਼ਬਦ ਦਾਤਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਪ੍ਰਭ ਦਾ ਖੇਲ ਅਗੰਮ ਅਪਾਰ, ਅਲਖ ਅਗੋਚਰ ਕੀ ਆਪਣੀ ਖੇਲ ਖਿਲਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਪਾਰਬ੍ਰਹਮ ਪਤਿਪਰਮੇਸ਼ਵਰ ਬੇਅੰਤ ਇਕ ਅਖਵਾਈਆ । ਅਸੀਂ ਸੰਦੇਸ਼ਾ ਦਿਤਾ ਸਤਿਨਾਮ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤਿੰਨੇ ਦੇਣ ਗਵਾਹੀਆ । ਵਾਹਿਗੁਰੂ ਫ਼ਤਿਹ ਬੋਲ ਜੈਕਾਰ, ਜੈ ਜੈ ਪੁਰਖ ਅਕਾਲ ਇਕੋ ਦ੍ਰਿੜਾਈਆ । ਧੁਰ ਸੰਦੇਸਾ ਦਿਤਾ ਮਨ ਮਤ ਬੁਧੀ ਤੋਂ ਬਾਹਰ, ਅਨਭਵ ਦ੍ਰਿਸ਼ਟੀ ਵਿਚ ਸਮਾਈਆ । ਜਿਸ ਦੀ ਜੁਗ ਚਾਰ ਸਾਰੇ ਕਰਦੇ ਰਹੇ ਇੰਤਜ਼ਾਰ ਰਾਹ ਤੱਕਣ ਥਾਉਂ ਥਾਈਆ । ਉਹ ਕਲ ਕਲਕੀ ਲਏ ਅਵਤਾਰ, ਕਲ ਕਲੇਸ਼ ਮੇਟੇ ਜਗਤ ਲੋਕਾਈਆ । ਨਾਮ ਖੰਡਾ ਫੜ ਦੋ ਧਾਰ, ਦੋ ਜਹਾਨਾਂ ਹੋਏ ਸਹਾਈਆ । ਕਲਜੁਗ ਕੂੜੀ ਕਿਰਿਆ ਕਰੇ ਖ਼ੁਆਰ, ਕਰਮ ਕਾਂਡ ਦਾ ਖੇਲ ਰਹੇ ਨਾ ਰਾਈਆ । ਨਾਮ ਸੰਦੇਸ਼ਾ ਦੇਵੇ ਏਕਾ ਏਕਾ ਧਾਰ, ਸੋ ਪੁਰਖ ਨਿਰੰਜਣ ਆਪਣਾ ਹੁਕਮ ਸੁਣਾਈਆ । ਹਰਿ ਪੁਰਖ ਨਿਰੰਜਣ ਪਾਵੇ ਸਾਚੀ ਸਾਰ, ਏਕੰਕਾਰਾ ਆਪਣੀ ਕਲ ਪ੍ਰਗਟਾਈਆ । ਆਦਿ ਨਿਰੰਜਣ ਜੋਤੀ ਜਾਤਾ ਹੋ ਉਜਿਆਰ, ਅਬਿਨਾਸ਼ੀ ਕਰਤਾ ਖੇਲ ਵੇਖੇ ਥਾਉਂ

੨੧੪
੨੩

ਬਾਈਆ । ਸ੍ਰੀ ਭਗਵਾਨ ਹੋਏ ਜ਼ਾਹਰ, ਜ਼ਹੂਰ ਆਪਣਾ ਨੂਰ ਕਰੇ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਖੇਲ ਕਰੇ ਆਪਣੀ ਧਾਰ, ਧਰਤ ਧਵਲ ਧੌਲ ਧੁਰ ਦਾ ਰੰਗ ਰੰਗਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਏਕਾ ਹੁਕਮ ਵਰਤੇ ਦੂਸਰ ਸੁਣੇ ਨਾ ਕੋਇ ਪੁਕਾਰ, ਜਗਤ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਹੋਏ ਸਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸ਼ਬਦ ਸਤਿਗੁਰੂ ਗੁਰੂਦੇਵਾ, ਦੇਵ ਆਤਮਾ ਤੇਰਾ ਧਿਆਨ ਲਗਾਈਆ । ਸਿਫ਼ਤੀ ਨਾਮ ਗਾਵੇ ਰਸਨਾ ਜਿਹਵਾ, ਬੱਤੀ ਦੰਦਾਂ ਨਾਲ ਵਡਿਆਈਆ । ਸਭ ਦਾ ਸਾਹਿਬ ਪੁਰਖ ਅਕਾਲ ਅਲਖ ਅਭੇਵਾ, ਅਗੋਚਰ ਕਹਿਣ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਸੀਂ ਸਭ ਨੇ ਕੀਤੀ ਸੇਵਾ, ਲੋਕਮਾਤ ਪ੍ਰਭ ਨਾਮ ਜਪਾਈਆ । ਨਾਮ ਰਸ ਅੰਮ੍ਰਿਤ ਜੀਵ ਜੰਤ ਚਖਾਇਆ ਮੇਵਾ, ਕੂੜ ਕੁੜਿਆਰ ਅੰਤਰ ਬਾਹਰ ਕਢਾਈਆ । ਸੋ ਸਵਾਮੀ ਸਚਖੰਡ ਨਿਵਾਸੀ ਵਸਣਹਾਰਾ ਧਾਮ ਨਿਹਚਲ ਨਿਹਕੇਵਾ, ਨਿਹਕਰਮੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਸ਼ਬਦ ਗੁਰੂ ਗੁਰਦੇਵ ਸਵਾਮੀ, ਸਾਹਿਬ ਸੁਲਤਾਨੇ ਨੌਜਵਾਨੇ ਤੇਰੀ ਵਡ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸਭ ਦਾ ਅੰਤਰਜਾਮੀ, ਅੰਤਰ ਆਤਮ ਲੱਖ ਚੁਰਾਸੀ ਵੇਖ ਵਖਾਈਆ । ਜਿਸ ਦਾ ਨਾਮ ਕਲਮਾ ਸ਼ਬਦੀ ਧਾਰ ਦੱਸਿਆ ਬਾਣੀ, ਗ੍ਰੰਥ ਸ਼ਾਸਤਰ ਕਾਗ਼ਜ਼ ਕਲਮ ਸ਼ਾਹੀ ਨਾਲ ਲਿਖਾਈਆ । ਸੋ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਰੇ ਮਿਹਰਵਾਨੀ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ ।
੨੧੫
੨੩
ਜਿਸ ਕਲਜੁਗ ਅੰਤ ਖੇਲ ਕਰਨਾ ਮਹਾਨੀ, ਮਹਾਬਲੀ ਆਪਣਾ ਹੁਕਮ ਵਰਤਾਈਆ । ਸਮੁੰਦ ਸਾਗਰ ਵਿਰੋਲੇ ਪਾਣੀ, ਨਾਮ ਮਧਾਣਾ ਇਕ ਰਖਾਈਆ ।
੨੧੫
੨੩
ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਹਤਜ ਭੇਵ ਰਹੇ ਨਾ ਰਾਈਆ । ਜਿਸ ਦੀ ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਮੰਜ਼ਲ ਇਕ ਰੁਹਾਨੀ, ਰੂਹ ਬੁਤ ਤੋਂ ਬਾਹਰ ਬੇਐਬ ਨੂਰ ਅਲਾਹੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਆਪਣੀ ਤੱਕੋ ਪੇਸ਼ੀਨਗੋਈ, ਭਵਿਖਤਾਂ ਵਲ ਅੱਖ ਉਠਾਈਆ । ਪੈਗ਼ੰਬਰਾਂ ਜਿਸ ਦੇ ਨਾਮ ਦੀ ਪਾਈ ਦਰੋਹੀ, ਤੋਬਾ ਤੋਬਾ ਕਰ ਕੇ ਸੀਸ ਨਿਵਾਈਆ । ਅਵਤਾਰਾਂ ਕਿਹਾ ਉਹ ਆਤਮ ਧਾਰ ਉਠਾਏ ਸੋਈ, ਸੋਈ ਸੁਰਤੀ ਸ਼ਬਦ ਹਲੂਣਾ ਦਏ ਲਗਾਈਆ । ਗੁਰੂਆਂ ਕਿਹਾ ਉਸ ਬਿਨ ਕਲਜੁਗ ਅੰਤਮ ਮਿਲੇ ਕਿਸੇ ਨਾ ਢੋਈ, ਢੋਆ ਦੋ ਜਹਾਨਾਂ ਸਚ ਨਾਮ ਨਾ ਕੋਇ ਵਰਤਾਈਆ । ਦੀਨ ਦੁਨੀ ਸਭ ਦੀ ਪਤ ਜਾਂਦੀ ਖੋਹੀ, ਖ਼ਾਲਕ ਖ਼ਲਕ ਮਖ਼ਲੂਕ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਭਵਿਖਤ ਨਿਰਅੱਖਰ, ਅੱਖਰ ਜਗਤ ਵਾਲੇ ਸ਼ਹਾਦਤ ਪਾਈਆ । ਸਾਡਾ ਸਭ ਦਾ ਲਹਿਣਾ ਗੋਬਿੰਦ ਨਾਲ ਜੋ ਲੱਭਾ ਯਾਰ ਸਥਰ, ਸਥਰ ਯਾਰ ਇਕ ਹੰਢਾਈਆ । ਜਗਤ ਪਿਆਰ ਵਿਚ ਨਾ ਵਹਾਇਆ ਅਥਰ, ਨੇਤਰ ਨੈਣ ਨਾ ਕੋਇ ਟਪਕਾਈਆ । ਉਸ ਨੇ ਖੰਡੇ ਦੀ ਧਾਰ ਨਾਲ ਲਿਖੀ ਉਹ ਅਗੰਮੀ ਸਤਰ, ਜਿਸ ਨੂੰ ਸੱਤਰ ਬਹੱਤਰ ਜਨ ਭਗਤ ਆਪਣੇ ਰੰਗ ਰੰਗਾਈਆ । ਉਸ ਦਾ ਬਿਨਾ ਅੱਖਰਾਂ ਵਾਲਾ ਪਤਰ, ਪਾਤੀ ਸੰਦੇਸ਼ਾ

ਦੇਵੇ ਧੁਰ ਦੇ ਮਾਹੀਆ । ਮੇਰਾ ਪੁਰਖ ਅਕਾਲਾ ਨਿਰਗੁਣ ਧਾਰੋਂ ਆਵੇ ਉਤਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਹੱਥ ਫੜਾਏ ਕੋਇ ਨਾ ਸ਼ਸਤਰ, ਖੰਡਾ ਖੜਗ ਤੀਰ ਕਮਾਨ ਨਾ ਕੋਇ ਉਠਾਈਆ । ਕਲਜੁਗ ਕੂੜੀ ਕਿਰਿਆ ਚਾਰ ਕੁੰਟ ਵੇਖੇ ਚੋਟੀ ਚੜ੍ਹੀ ਸਿਖ਼ਰ, ਅੰਤ ਅੰਤਸ਼ਕਰਨ ਖੋਜ ਖੁਜਾਈਆ । ਧੁਰ ਫ਼ਰਮਾਨਾ ਨੌਜਵਾਨਾ ਕਲਮਾ ਧਾਰ ਆਵੇ ਲਿਖਣ, ਸ਼ਬਦ ਸ਼ਬਦੀ ਹੁਕਮ ਸੁਣਾਈਆ । ਜਗਤ ਜਹਾਨ ਮ੍ਰਿਸ਼ਟੀ ਦੱਸੇ ਮਿਥਣ, ਮਿਥਿਆ ਜਗਤ ਲੋਕਾਈਆ । ਜਿਸ ਦਾ ਲੇਖਾ ਰਾਈਟ ਹੋਵੇ ਰਿਟਣ, ਅਗੇ ਸਕੇ ਨਾ ਕੋਇ ਮਿਟਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦਾ ਲਹਿਣਾ ਆਏ ਨਜਿਠਣ, ਬਚਿਆ ਰਹਿਣ ਕੋਇ ਨਾ ਪਾਈਆ । ਜਗਤ ਜਹਾਨ ਸ਼ਰਅ ਸ਼ਰੀਅਤ ਆਵੇ ਜਿੱਤਣ, ਦੀਨ ਮਜ਼੍ਹਬ ਝਗੜਾ ਦਏ ਮੁਕਾਈਆ । ਆਤਮ ਪਰਮਾਤਮ ਸਭ ਦਾ ਬਣੇ ਪਿਤਣ, ਪਤਿਪਰਮੇਸ਼ਵਰ ਇਕ ਅਖਵਾਈਆ । ਪਾਰਬ੍ਰਹਮ ਬ੍ਰਹਮ ਧਾਰ ਦਿਸੇ ਮਿਤਣ, ਮਿਤਰ ਪਿਆਰਾ ਧੁਰਦਰਗਾਹੀਆ । ਚਾਰੋਂ ਕੁੰਟ ਏਕਾ ਰੂਪ ਆਏ ਦਿਸਣ, ਨੂਰ ਨੁਰਾਨਾ ਇਕੋ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਤਰ ਨਿਰੰਤਰ ਧੁਰ ਦਾ ਨਾਮ ਅੰਮ੍ਰਿਤ ਆਏ ਸਿੰਚਣ, ਰਸ ਅਗੰਮਾ ਕਾਇਆ ਮਾਟੀ ਚੰਮਾ ਅੰਤਰ ਆਪ ਚੁਆਈਆ ।



✪ ੨੬ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ਰਾਮਗੜੀਆ ਗੁਰੂਦਵਾਰੇ ਵਿਚ ✪

੨੧੬
੨੩

ਸਤਿਗੁਰ ਮਾਨ ਸਚ ਬੁੱਢਾ, ਅਵਸਥਾ ਜਗਤ ਨਾ ਕੋਇ ਜਣਾਈਆ । ਜਿਸ ਨੂੰ ਮਾਣ ਮਿਲਿਆ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਚਰਨ ਚੁੰਮ ਕੇ ਜਿਸ ਦੀ ਖ਼ੁਸ਼ੀ ਬਣਾਈਆ । ਉਹ ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਜਿਸ ਨੇ ਮਾਤਾ ਸੀਰ ਚੁੰਘਿਆ ਕਦੇ ਨਹੀਂ ਦੁੱਧਾ, ਜਗਤ ਰਸ ਨਾ ਮੁਖ ਲਗਾਈਆ । ਉਹਦਾ ਸ਼ਬਦ ਸਰੂਪ ਏਥੇ ਓਥੇ ਦੋ ਜਹਾਨਾਂ ਉਘਾ, ਊਗਣ ਆਥਣ ਉਸੇ ਦਾ ਢੋਲਾ ਗਾਈਆ । ਜਿਸ ਦਾ ਭੇਵ ਅਭੇਦ ਅਕਲ ਬੁੱਧੀ ਵਿਚ ਕਿਸੇ ਨਾ ਬੁਝਾ, ਸ਼ਾਸਤਰ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਬੁੱਢਾ ਸ਼ਬਦ ਨਹੀਂ ਕੋਈ ਜਗਤ ਦੀ ਧਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਸੀਸ ਨਿਵਾਈਆ । ਜਿਸ ਦਾ ਲੇਖਾ ਸ਼ਬਦ ਧਾਰ ਵਿਚ ਕਲਮੇ ਨਿਰਾਕਾਰ ਵਿਚ ਲਿਖ ਗਏ ਗੁਰੂ ਅਵਤਾਰ ਪੈਗ਼ੰਬਰ ਭੇਵ ਅਭੇਦਾ ਉਹ ਲੇਖਾ ਜਾਣੇ ਬ੍ਰਹਮ ਪਛਾਣੇ ਆਤਮ ਅੰਤਰ ਜਿਸ ਦਾ ਨੂਰ ਜੋਤ ਉਜਿਆਰ, ਉਜਾਲਾ ਏਥੇ ਓਥੇ ਦੋ ਜਹਾਨ ਕਰਾਈਆ । ਜਿਸ ਦਾ ਕਾਤਬ ਬਣਿਆ ਨਾ ਕੋਇ ਲਿਖਾਰ, ਕਲਮ ਸ਼ਾਹੀ ਸ਼ਾਹੀ ਕਾਗ਼ਜ਼ ਦਏ ਨਾ ਕੋਇ ਗਵਾਹੀਆ । ਉਹ ਬੁੱਢਾ ਸਤਿਗੁਰ ਨਾਨਕ ਦਾ ਸਤਿ ਸਰੂਪ ਪੰਜਾਂ ਤਤਾਂ ਵਿਚ ਖੇਲ ਕਰੇ ਅਪਾਰ, ਅਪਰੰਪਰ ਸਵਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਜਿਸ ਦੇ ਵਿਚ ਆਪਣੀ ਕਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਬੁੱਢਾ ਸ਼ਬਦ ਜਗਤ ਨਹੀਂ ਅੱਖਰ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਉਹ ਨਹੀਂ ਕੋਈ ਬੁਤਖ਼ਾਨੇ ਵਾਲਾ ਪਾਹਨ ਪੱਥਰ, ਸਿਲ ਨਜ਼ਰ ਕੋਇ ਨਾ ਆਈਆ । ਉਹ ਰੋਵੇ ਨਹੀਂ ਨੇਤਰ ਵਹਾਵੇ ਅੱਥਰ, ਜਗਤ

ਗ਼ਮੀ ਖ਼ੁਸ਼ੀ ਜਗਤ ਬਣਾਈਆ । ਉਹ ਪੁਰਖ ਅਕਾਲ ਦੀ ਧਾਰ ਚੋਟੀ ਚੜ੍ਹੇ ਉਸ ਸ਼ਿਖ਼ਰ, ਜਿਥੇ ਸਾਖਿਆਤ ਨਜ਼ਰੀ ਆਵੇ ਧੁਰਦਰਗਾਹੀਆ । ਉਥੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕੋ ਹੋਵੇ ਬਚਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਾਤਾ ਨਹੀਂ ਕੋਈ ਕਾਇਆ ਗੜ੍ਹ ਕੰਚਨ, ਤਤਾਂ ਨਾਲ ਰੰਗ ਨਾ ਕੋਇ ਰੰਗਾਈਆ । ਸਚ ਦਾ ਬੁੱਢਾ ਬੈਠਾ ਸਚ ਦਵਾਰ ਸਚਖੰਡ ਸਚ ਦੇ ਪੱਤਣ, ਜਿਥੇ ਸਤਿਗੁਰ ਨਾਨਕ ਆਪਣਾ ਆਸਣ ਲਾਈਆ । ਉਹ ਨੌਜਵਾਨ ਹੀਰਾ ਅਮੋਲਕ ਰਤਨ, ਜਿਸ ਦੀ ਕੀਮਤ ਸਕੇ ਨਾ ਕੋਇ ਚੁਕਾਈਆ । ਉਹ ਫੜਿਆ ਕਿਸੇ ਨਾ ਹੱਥਨ, ਖੋਜ ਖੋਜ ਥੱਕੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਜੋ ਸਤਿਗੁਰ ਦੇ ਚਰਨ ਬੈਠਾ ਮੱਲ, ਧੂੜੀ ਮਸਤਕ ਖ਼ਾਕ ਰਮਾਈਆ । ਆਤਮ ਪਰਮਾਤਮ ਵਿਚ ਗਿਆ ਰਲ, ਆਪ ਆਪਾ ਦਿਤਾ ਮਿਟਾਈਆ । ਉਹ ਪਾਰ ਹੋ ਗਿਆ ਜਲ ਥਲ ਬੈਠ ਅਗੰਮ ਅਟਲ, ਅਟਲ ਪਦਵੀ ਵੇਖੇ ਸ਼ਹਿਨਸ਼ਾਹੀਆ । ਉਥੇ ਦੂਈ ਦਵੈਤ ਨਹੀਂ ਸੱਲ, ਸਲਲ ਇਕੋ ਨਜ਼ਰੀ ਆਈਆ । ਜਿਸ ਦਾ ਵਿਛੋੜਾ ਹੋਏ ਘੜੀ ਨਾ ਪਲ, ਪਲਕਾਂ ਦੇ ਪਿਛੇ ਤੱਕੇ ਆਪਣਾ ਮਾਹੀਆ । ਇਹ ਇਸ਼ਾਰਾ ਬਾਵਨ ਨੂੰ ਮਿਲਿਆ ਸੀ ਦਵਾਰੇ ਬਲ, ਬੁੱਢਾ ਕਹਿ ਕੇ ਸਾਰੇ ਉਸ ਨੂੰ ਗਾਈਆ । ਉਨ ਢਾਈ ਕਦਮਾਂ ਵਿਚ ਨੌਂ ਖੰਡ ਪ੍ਰਿਥਮੀ ਕੀਤੀ ਹੱਲ, ਸੱਤਾਂ ਦੀਪਾਂ ਡੇਰਾ ਦਿਤਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਸੁਣਾਈਆ । ਸਭ ਨੇ ਬੁੱਢਾ ਕਿਹਾ ਬਾਲਮੀਕ, ਲੰਬੀ ਅਵਸਥਾ ਜਗਤ ਜਣਾਈਆ । ਉਸ ਨੂੰ ਧੁਰਦਰਗਾਹੋਂ ਮਿਲੀ ਭੀਖ, ਰਾਮ ਦੇ ਰਾਮ ਦਿਤੀ ਵਰਤਾਈਆ । ਉਹ ਹੋ ਕੇ ਤ੍ਰੈਗੁਣ ਅਤੀਤ, ਤ੍ਰੈਭਵਨ ਵਿਚ ਸਮਾਈਆ । ਉਹਦੇ ਅੰਦਰ ਲੰਬੀ ਨੀਝ, ਨਿਜ ਨੇਤਰ ਲੋਚਨ ਨੈਣ ਅੱਖ ਖੁਲਾਈਆ । ਉਹਨੂੰ ਆਈ ਸਚ ਤਮੀਜ਼, ਤਮਅ ਕੂੜ ਦਿਤੀ ਮੁਕਾਈਆ । ਉਨ ਲਿਖੀ ਤਵਾਰੀਖ, ਰਾਮ ਰਾਮਾ ਇਕ ਗੁਸਾਈਂਆ । ਜੋ ਸਭ ਨੂੰ ਲਏ ਜੀਤ, ਗੜ੍ਹ ਹੰਕਾਰੀ ਦਏ ਤੁੜਾਈਆ । ਉਸ ਦੀ ਇਕ ਇਕ ਨਾਲ ਪ੍ਰੀਤ, ਪ੍ਰੀਤਮ ਬੇਪ੍ਰਵਾਹੀਆ । ਜਿਸ ਦੀ ਸਤਿਗੁਰ ਸ਼ਬਦ ਕਰੇ ਤਸਦੀਕ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਉਸ ਦਾ ਪੰਧ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਕੁੰਟ ਨਜ਼ਦੀਕ, ਵੱਡੀ ਵੱਡੀ ਨਾ ਕੋਇ ਵਡਿਆਈਆ । ਉਹਦੇ ਵਿਚ ਹਕ ਤੌਫ਼ੀਕ, ਉਹ ਮਾਲਕ ਧੁਰਦਰਗਾਹੀਆ । ਜਿਸਦੇ ਚਾਰ ਜੁਗ ਦੇ ਸ਼ਾਸਤਰ ਅੱਖਰਾਂ ਵਾਲੀ ਰਸੀਦ, ਰਸਮ ਰਿਵਾਜ ਦੀਨ ਦੁਨੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸ਼ਨਵਾਈਆ । ਸਭ ਨੇ ਕਿਹਾ ਬੁੱਢਾ ਵੇਦ ਵਿਆਸ, ਬਿਨਾ ਪੱਬਾਂ ਤੋਂ ਆਪਣਾ ਖੇਲ ਖਿਲਾਈਆ । ਜਿਸ ਦਾ ਨਾ ਕੋਇ ਪਵਣ ਨਾ ਕੋਇ ਸਵਾਸ, ਸਾਹ ਸਾਹ ਪ੍ਰਭ ਦੇ ਵਿਚ ਸਮਾਈਆ । ਜਿਸ ਨੂੰ ਤੱਕੇ ਸ਼ੰਕਰ ਉਪਰ ਕੈਲਾਸ਼, ਬ੍ਰਹਮਾ ਬ੍ਰਹਮ ਵਿਚ ਧਿਆਨ ਲਗਾਈਆ । ਵਿਸ਼ਨੂੰ ਵੇਖੇ ਉਸ ਦਾ ਖੇਲ ਤਮਾਸ਼, ਭੱਜੇ ਵਾਹੋ ਦਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਪੂਰੀ ਕਰੇ ਆਸ, ਤ੍ਰਿਸ਼ਨਾ ਜਗਤ ਗਵਾਈਆ । ਜਿਸ ਨੇ ਪੁਰਾਨ ਅਠਾਰਾਂ ਲੇਖਾ ਲਿਖਿਆ ਆਪ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਬਣਾਈਆ । ਭਵਿਖਤ ਵਿਚ ਸਹਿਜ ਨਾਲ ਸੁਣਾਇਆ ਖੇਲ ਕਰੇ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਦੀ ਅੰਤਮ ਸਦੀ ਚੌਧਵੀਂ ਵੇਖਣੀ ਰਾਸ, ਮੰਡਲ ਮੰਡਪ ਖੋਜ ਖੁਜਾਈਆ । ਜਿਸ ਨੇ ਆਪਣੇ ਚਰਨ ਕਵਲ ਤੇਈ ਅਵਤਾਰ ਸੱਦਣੇ ਪਾਸ, ਪਾਸਾ ਜ਼ਿਮੀਂ ਅਸਮਾਨ ਉਲਟਾਈਆ । ਹਜ਼ਰਤ

ਮੂਸਾ ਈਸਾ ਮੁਹੰਮਦ ਲੇਖਾ ਜਾਣੇ ਖ਼ਾਸ, ਖ਼ਸੂਸੀਅਤ ਚੌਦਾਂ ਤਬਕਾਂ ਦਏ ਸਮਝਾਈਆ । ਨਾਨਕ ਗੋਬਿੰਦ ਗੋਬਿੰਦ ਨਾਨਕ ਇਕੋ ਜੋਤ ਕਰੇ ਪ੍ਰਕਾਸ਼, ਪ੍ਰਕਾਸ਼ਤ ਹੋਵੇ ਥਾਉਂ ਥਾਈਆ । ਜਿਸ ਬੁੱਢੇ ਨੂੰ ਬੁੱਢਾ ਕਹਿ ਕੇ ਦੀਨ ਦੁਨੀਆ ਵਾਲੇ ਕਹਿਣ ਗੁਰੂਆਂ ਦਾ ਦਾਸ, ਮਸਤਕ ਤਿਲਕ ਤਿਲਕ ਲਗਾਈਆ । ਉਹਦਾ ਰੂਪ ਸਤਿ ਸਤਿ ਦਾ ਸਤਿ ਸਤਿਵਾਦ, ਸਤਿ ਸਤਿ ਵਿਚ ਸਮਾਈਆ । ਉਹਦਾ ਨੂਰ ਨੂਰ ਜੋਤ ਪ੍ਰਕਾਸ਼, ਪ੍ਰਕਾਸ਼ ਦਿਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਬੁੱਢੇ ਦਾ ਕਦੇ ਨਾ ਹੋਵੇ ਬੁਢਾਪਾ, ਬੁਢਾਪੇ ਵਿਚ ਕਦੇ ਨਾ ਆਈਆ । ਜਿਸ ਦਾ ਸਤਿਗੁਰ ਨਾਨਕ ਮਾਈ ਬਾਪਾ, ਪਿਤਾ ਪੁਰਖ ਅਕਾਲ ਦਿਤੀ ਸਰਨਾਈਆ । ਜਿਸ ਦਾ ਸਤਿਨਾਮ ਦਾ ਜਾਪਾ, ਅੰਤਰ ਵਜਦੀ ਰਹੇ ਵਧਾਈਆ । ਤ੍ਰੈਗੁਣ ਲੱਭਾ ਤਾਪਾ, ਰਜੋ ਤਮੋ ਸਤੋ ਨਾ ਕੋਇ ਸਤਾਈਆ । ਪੰਜਾਂ ਤਤਾਂ ਵੇਖੇ ਖੇਲ ਤਮਾਸ਼ਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਉਸ ਦੀ ਜੁਗ ਚੌਕੜੀ ਮੁਕਦੀ ਜਾਏ ਵਾਟਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਉਹ ਸਵਾਮੀ ਅੰਤਰਜਾਮੀ ਆਪਣਿਆਂ ਪਿਆਰਿਆਂ ਦਾ ਪੂਰਾ ਕਰੇ ਘਾਟਾ, ਘਟ ਨਿਵਾਸੀ ਆਪਣੀ ਦਇਆ ਕਮਾਈਆ । ਜਿਸ ਗੋਬਿੰਦ ਨੇ ਅੰਮ੍ਰਿਤ ਪਿਆਇਆ ਅੰਮ੍ਰਿਤ ਰਸ ਅਗੰਮੇ ਬਾਟਾ, ਚਰਨੋਦਕ ਧੁਰ ਦਾ ਇਕ ਲਿਆਈਆ । ਉਸ ਦਾ ਸਾਥ ਦੇਣ ਵਾਲਾ ਨਾ ਬੁੱਢਾ ਨਾ ਜਵਾਨ ਨਾ ਜਗਤ ਤੋਂ ਟੁੱਟੇ ਨਾਤਾ, ਨਾਤਵਾਂ ਨਜ਼ਰ ਕੋਇ ਨਾ ਆਈਆ । ਜਿਸ ਦਾ ਸ੍ਰਿਸ਼ਟੀ ਦੀ ਦ੍ਰਿਸ਼ਟੀ ਤੋਂ ਪਰੇ ਖਾਤਾ, ਦਰਗਾਹ ਸਾਚੀ ਸਚਖੰਡ ਧੁਰਦਰਗਾਹੀਆ । ਮੁਕਾਮੇ ਹਕ ਧੁਰ ਦਾ ਲੇਖ ਬਣਾਈਆ । ਉਸ ਦਾ ਭਗਤ ਸੰਤ ਸੂਫ਼ੀ ਫ਼ਕੀਰ ਸਦਾ ਜੀਵਨ ਵਿਚ ਜੁਗਤੀ ਵਿਚ ਭਗਤੀ ਵਿਚ ਮੁਕਤੀ ਤੋਂ ਬਾਹਰ ਨਿੱਕਾ ਜਿਹਾ ਕਾਕਾ, ਜਿਸ ਨੂੰ ਆਤਮ ਕਹਿ ਕੇ ਸਾਰੇ ਗਾਈਆ । ਬਾਕੀ ਜਗਤ ਜਹਾਨ ਦੀਆਂ ਕਥਨੀ ਵਾਲੀਆਂ ਬਾਤਾਂ, ਬਾਤਨ ਪਰਦਾ ਨਾ ਕੋਇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮੇਲਾ ਲਏ ਮਿਲਾਈਆ । ਬੁੱਢਾ ਜਗਤ ਬੈਖਰੀ ਬਾਣੀ, ਤਨ ਵਜੂਦ ਨੂੰ ਰਹੀ ਸੁਣਾਈਆ । ਜੋ ਆਤਮ ਜੀਵ ਪ੍ਰਾਣੀ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਵੇਖ ਵਖਾਈਆ । ਜਿਹੜਾ ਆਤਮ ਨੂਰ ਜੋਤ ਨੁਰਾਨੀ, ਨਰੂ ਨੁਰਾਨਾ ਡਗਮਗਾਈਆ । ਜਿਸ ਲੱਖ ਚੁਰਾਸੀ ਖੇਲ ਖੇਲਨਾ ਮਹਾਨੀ, ਭੱਜੇ ਨੱਠੇ ਵਾਹੋ ਦਾਹੀਆ । ਉਹਦਾ ਵਜੂਦ ਸਬੂਤ ਵਿਚ ਨਾ ਮਰਦ ਨਾ ਜਨਾਨੀ, ਰੂਪ ਅਨੂਪ ਇਕ ਦਰਸਾਈਆ । ਉਹ ਬੁੱਢਾ ਨਹੀਂ ਡੁੱਡਾ ਨਹੀਂ ਜਿਸ ਦਾ ਮਾਲਕ ਸਤਿਗੁਰ ਨਾਨਕ ਨਾਨਕ ਗੋਬਿੰਦ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕੋ ਰੰਗ ਰੰਗਾਈਆ । ਜਿਸ ਦੇ ਅੰਤਰ ਨਿਰੰਤਰ ਬੂੰਦ ਸਵਾਂਤੀ ਨਿਝਰ ਝਿਰਨੇ ਕਵਲ ਨਾਭੀ ਵਿਚੋਂ ਬਖ਼ਸ਼ਿਆ ਅੰਮ੍ਰਿਤ ਧੁਰ ਦਾ ਪਾਣੀ, ਰਸ ਅਨਰਸ ਦਿਤਾ ਬਣਾਈਆ । ਓਹ ਝਗੜਾ ਛੁਡਾ ਜਾਏ ਵਿਚੋਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵਿਚ ਕਦੇ ਨਾ ਆਈਆ । ਉਹ ਬੁੱਢਾ ਨਹੀਂ ਉਹ ਪੁਰਾਣਾ ਨਹੀਂ ਉਹ ਅੰਞਾਣਾ ਨਹੀਂ ਉਹ ਇਕ ਜੋਤ ਤੇ ਜੋਤ ਦੀ ਇਕ ਨਿਸ਼ਾਨੀ, ਜਿਸ ਨਿਸ਼ਾਨੇ ਨੂੰ ਚਾਰ ਜੁਗ ਦੇ ਸ਼ਾਸਤਰ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਸਰੀਰ ਕਹੇ ਮੈਨੂੰ ਬੁੱਢਾ ਕਿਸੇ ਨਾ ਕਹਿਣਾ, ਕਹਿ ਕੇ ਦੇ ਜਣਾਈਆ । ਜਿਸ ਨੇ ਸਤਿਗੁਰ ਨਾਨਕ ਬੁੱਢੇ ਲਹਿਣੇ ਤੋਂ ਅੰਗਦ ਨੂੰ ਪਹਿਨਾ ਕੇ ਗਹਿਣਾ, ਨਾਮ ਦੀ ਰੰਗਤ ਦਿਤੀ ਚੜ੍ਹਾਈਆ । ਸਤਿਗੁਰ ਅਮਰਦਾਸ ਦਾ ਅਮਰੂ ਤੋਂ ਖੇਲ ਕੇ ਅਗੰਮਾ ਨੈਣਾ, ਨਿਜ ਨੇਤਰ ਦੋ ਜਹਾਨ ਕੀਤੀ ਰੁਸ਼ਨਾਈਆ ।


੨੧੮
੨੩

੨੧੯
੨੩

ਸਤਿਗੁਰ ਰਾਮਦਾਸ ਨੂੰ ਦੱਸਿਆ ਬਹਿਣਾ, ਘਰ ਮੰਦਰ ਵੱਜੀ ਵਧਾਈਆ । ਪੰਚਮ ਪਾਤਸ਼ਾਹ ਗੁਰ ਅਰਜਨ ਦੇਵ ਜਿਸ ਗੁਰੂ ਗ੍ਰੰਥ ਗੁਰਦੇਵ ਦਾ ਲੇਖਾ ਲਿਖਾਇਆ ਇਕੋ ਧਾਮ ਦੱਸਿਆ ਸੰਤਾਂ ਭਗਤਾਂ ਸੂਫ਼ੀਆਂ ਫ਼ਕੀਰਾਂ ਰਹਿਣਾ, ਗ੍ਰਿਹਿ ਮੰਦਰ ਘਰ ਦਵਾਰ ਸੋਭਾਵੰਤ ਮਹੱਲ ਅਟੱਲ ਇਕੋ ਨਜ਼ਰੀ ਆਈਆ । ਜਿਸ ਨੇ ਹਰਿਗੋਬਿੰਦ ਖੰਡਾ ਖੜਗ ਧਾਰ ਮੀਰੀ ਪੀਰੀ ਕੀਤਾ ਦੇਣਾ, ਉਹ ਸਤਿਧਾਰ ਰੂਪ ਅਨੂਪ ਬਦਲਾਈਆ । ਜਿਸ ਹਰਿਰਾਏ ਆਪਣਾ ਖੇਲ ਖਿਲਾਇਆ ਭੇਵ ਦੱਸਿਆ ਜਗਤ ਵਹਿਣਾ, ਦੀਨ ਦੁਨੀ ਪਰਦਾ ਆਪ ਉਠਾਈਆ । ਹਰਿਕ੍ਰਿਸ਼ਨ ਬਾਲ ਅਵਸਥਾ ਗਿਆਨ ਦਿਤਾ ਬਿਰਧ ਬ੍ਰਾਹਮਣਾ ਸਮਝਾਇਣਾ, ਬੁੱਧੀ ਤੋਂ ਪਰੇ ਪਰੇ ਦ੍ਰਿੜਾਈਆ । ਗੁਰ ਤੇਗ਼ ਬਹਾਦਰ ਧਰਮ ਦੀ ਚਾਦਰ ਨੌ ਦਵਾਰਿਆਂ ਤੋਂ ਬਾਹਰ ਨੌ ਖੰਡ ਪ੍ਰਿਥਮੀ ਦਾ ਵਾਸ ਜਿਸ ਦੇ ਚਰਨਾਂ ਉਤੇ ਢਹਿਣਾ, ਧੂੜੀ ਖ਼ਾਕ ਖ਼ਾਕ ਖ਼ਾਕ ਰਮਾਈਆ । ਗੋਬਿੰਦ ਸੂਰਬੀਰ ਬਹਾਦਰ ਨੌਜਵਾਨ ਮਰਦ ਮਰਦਾਨ ਜਿਸ ਨੂੰ ਸ੍ਰੀ ਭਗਵਾਨ ਆਪਣਾ ਸੁਤ ਦੁਲਾਰਾ ਬਣਾ ਕੇ ਕਿਹਾ ਮੈਂ ਤੇਰਾ ਦੁਸ਼ਟ ਦਮਨ ਦੇਣਾ, ਪਿਛਲਾ ਲੇਖਾ ਤੇਰੀ ਝੋਲੀ ਪਾਈਆ । ਉਸ ਹੱਸ ਕੇ ਕਿਹਾ ਮੈਂ ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਤੇਰਾ ਭਾਣਾ ਸਹਿਣਾ, ਸਹਿ ਕੇ ਦਿਆਂ ਵਖਾਈਆ । ਨਾਲੇ ਤਾਲੀ ਮਾਰੀ ਹੱਥ ਉਠਾਇਆ, ਸਮਰਥ ਅਗੇ ਡਾਹਿਆ, ਮੇਰੇ ਪ੍ਰਭੂ ਪ੍ਰੀਤਮ ਮੇਰਾ ਸਿਖ ਭਗਤ ਨਾਨਕ ਦੀ ਧਾਰ ਵਿਚ ਸ਼ਬਦ ਦੇ ਪਿਆਰ ਵਿਚ ਤੇਰੇ ਚਰਨ ਦੇ ਸਤਿਕਾਰ ਵਿਚ ਦੋ ਜਹਾਨ ਸਦਾ ਰਹਿਣਾ, ਜਨਮ ਮਰਨ ਵਿਚ ਚੁਰਾਸੀ ਕਰਮ ਵਿਚ ਬਾਲ ਬੁਢੇਪੇ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਆਪਣਾ ਹੁਕਮ ਲਿਖਾਈਆ । ਸਤਿਗੁਰ ਨਾਨਕ ਮੰਤਰ ਸਤਿਨਾਮ ਦ੍ਰਿੜਾਇਆ, ਸਤਿ ਸਤਿ ਬ੍ਰਹਮ ਦਿਤਾ ਸਮਝਾਈਆ । ਨਾਲੇ ਗੁਰਮੁਖਾਂ ਨੂੰ ਮਾਰਗ ਇਕ ਦਰਸਾਇਆ, ਮੰਜ਼ਲ ਚੌਥੀ ਬਾਹਰ ਕਢਾਈਆ । ਓਹ ਗੁਰਮੁਖੋ ਗੁਰਸਿਖੋ ਪ੍ਰਭ ਦਾ ਪਿਆਰਾ ਨਾ ਕਦੀ ਮਰੇ ਨਾ ਕਦੇ ਜਾਇਆ, ਜਨਮ ਮਰਨ ਵਿਚ ਕਦੇ ਨਾ ਆਈਆ । ਪੋਹ ਸਕੇ ਨਾ ਤ੍ਰੈਗੁਣ ਮਾਇਆ, ਪੰਜ ਤਤ ਖਹਿੜਾ ਜਾਣ ਛੁਡਾਈਆ । ਜਿਨ੍ਹਾਂ ਸਤਿਗੁਰ ਨਾਨਕ ਦੇ ਚਰਨਾਂ ਸੀਸ ਨਿਵਾਇਆ, ਨਾ ਉਹ ਬੁੱਢਾ ਨਾ ਉਹ ਬਿਰਧ ਉਹ ਸਦਾ ਦਾ ਧਰਮ ਧਾਰ ਦਾ ਜਵਾਨ ਇਕੋ ਰੂਪ ਇਕੋ ਘਰ ਵਿਚ ਬੈਠਾ ਡੇਰਾ ਲਾਈਆ । ਜਗਤ ਰਸਨਾ ਅਕਲ ਬੁੱਧੀ ਵਿਚ ਸਾਰੇ ਕਹਿਣ ਬਾਬਾ ਬੁੱਢਾ ਜਿਸ ਨੇ ਤਿਲਕ ਮਸਤਕ ਵਿਚ ਲਗਾਇਆ, ਮਸਤਕ ਧਾਰ ਦਿਤੀ ਬਦਲਾਈਆ । ਗੁਰ ਪਦਵੀ ਦਾ ਪਦ ਦ੍ਰਿੜਾਇਆ, ਪਰਮ ਪੁਰਖ ਮਿਲੀ ਸਰਨਾਈਆ । ਸਾਚਾ ਮਾਰਗ ਇਕ ਚਲਾਇਆ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਬਾ ਬੁੱਢਾ ਸਦਾ ਹੱਸਦਾ, ਹੱਸ ਹੱਸ ਰਹੇ ਸੁਣਾਈਆ । ਨਾਲੇ ਪ੍ਰੇਮ ਪਿਆਰ ਦੇ ਬਚਨ ਰਹੇ ਦੱਸਦਾ, ਦਹਿ ਦਿਸ਼ਾ ਤੋਂ ਬਾਹਰ ਪੜ੍ਹਾਈਆ । ਪ੍ਰੇਮ ਅਣਿਆਲਾ ਤੀਰ ਰਹੇ ਕਸਦਾ, ਖ਼ੁਸ਼ੀਆਂ ਵਾਲੇ ਲਗਾਈਆ । ਉਹਦੇ ਅੰਦਰ ਭੰਡਾਰਾ ਭਰਿਆ ਸੀ ਸਤਿਗੁਰ ਜਸ ਦਾ, ਸਿਫ਼ਤਾਂ ਨਾਲ ਸਲਾਹੀਆ । ਉਹ ਨਜ਼ਾਰਾ ਲੈਂਦਾ ਸੀ ਨਿਜ ਨੇਤਰ ਅੱਖ ਦਾ, ਜਗਤ ਲੋਚਨ ਕੰਮ ਕਿਸੇ ਨਾ ਆਈਆ । ਉਹ ਹੁਕਮ ਮੰਨਦਾ ਸੀ ਸਚ ਦਾ, ਸਚ ਸਚ ਵਿਚ ਸਮਾਈਆ । ਉਸ ਨੇ ਕਦੀ ਪਿਆਰ ਨਹੀਂ ਸੀ ਕੀਤਾ ਕਾਇਆ ਮਾਟੀ ਕੱਚ ਦਾ, ਕੰਚਨ ਗੜ੍ਹ ਤੋਂ ਪਰੇ ਉਸ ਦਾ ਖੇਲ ਵੇਖੇ ਚਾਈਂ ਚਾਈਆ । ਉਹ ਪ੍ਰਫੁਲਤ ਹੋਇਆ ਸੀ ਪ੍ਰੇਮ ਧਾਰ ਰਤ ਦਾ, ਰਤਨ ਅਮੋਲਕ ਰੂਪ ਵਟਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਸਚ ਦਾ ਪਿਆਰ ਸਚ ਸਚ ਵਿਚ ਸਮਾਈਆ । ਬੁੱਢਾ ਕਹਿੰਦੇ ਕਿਸ, ਕਿਸਮਤ ਜਗਤ ਦਏ ਗਵਾਹੀਆ । ਜੋ ਬਾਹਰੋਂ ਸ਼ਰੀਰ ਆਵੇ ਦਿਸ, ਬਲਹੀਣ ਹੋਈ ਦਿਸੇ ਲੋਕਾਈਆ । ਕੁਬੀ ਹੋ ਜਾਏ ਪਿਠ, ਚਲ ਸਕੇ ਨਾ ਚਾਈਂ ਚਾਈਂਆ । ਨੇਤਰ ਹੋਣ ਅਨਡਿਠ, ਨੈਣ ਹੀਨ ਅਖਵਾਈਆ । ਧਰਤੀ ਉਤੇ ਮੂੰਹ ਦੇ ਭਾਰ ਜਾਏ ਲਿਟ, ਫੇਰ ਸਕੇ ਨਾ ਕੋਇ ਉਠਾਈਆ । ਆਪਣਾ ਆਪ ਨਾ ਸਕੇ ਜਿੱਤ, ਹਿਰਦੇ ਹਰਿ ਨਾ ਕਦੇ ਵਸਾਈਆ । ਉਹਦਾ ਬੁਢਾਪਾ ਸਦਾ ਨਿਤ, ਜਨਮ ਤੋਂ ਲੈ ਕੇ ਮਰਨ ਤਕ ਉਹ ਸਤਿਗੁਰੂ ਤੋਂ ਵਿਛੜਿਆ ਤੇ ਬੁੱਢਾ ਨਜ਼ਰੀ ਆਈਆ । ਜਿਸ ਦਾ ਮਾਲਕ ਪਰਮੇਸ਼ਵਰ ਪਤ ਇਕ, ਏਕੰਕਾਰ ਇਕ ਦਇਆ ਕਮਾਈਆ । ਉਸ ਦਾ ਜਨਮ ਕਰਮ ਧਰਮ ਆਪਣੇ ਪਿਆਰ ਵਿਚ ਦੇਵੇ ਲਿਖ, ਬਿਧਨਾ ਦਾ ਲੇਖਾ ਦਏ ਚੁਕਾਈਆ । ਜਿਹੜਾ ਸਤਿਗੁਰ ਨਾਨਕ ਗੋਬਿੰਦ ਦੀ ਧਾਰ ਬਣ ਗਿਆ ਸਿਖ, ਉਹ ਬੁੱਢਾ ਬ੍ਰਿਧ ਜਵਾਨ ਇਕੋ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਬੁੱਢੇ ਨੂੰ ਕਹਿੰਦੇ ਬਾਬਾ ਬੁੱਢਾ ਬੜੀ ਉਮਰ ਜਿਸ ਦੀ ਲੰਬੀ, ਸਿਫ਼ਤਾਂ ਵਿਚ ਸਲਾਹੀਆ । ਉਸ ਦਾ ਕਿਸੇ ਤੱਕਿਆ ਨਹੀਂ ਅੰਦਰ ਤਨੀ, ਘਰ ਬੈਠਾ ਬੇਪ੍ਰਵਾਹੀਆ । ਜਿਹੜਾ ਸ਼ਬਦ ਸੁਣਨਾ ਨਹੀਂ ਕੰਨੀ, ਧੁਨ ਆਤਮਕ ਸ਼ਬਦ ਨਾਲ ਵੱਜਦੀ ਰਹੇ ਵਧਾਈਆ । ਜਿਸ ਨੇ ਇਕੇ ਦੀ ਰਜ਼ਾ ਮੰਨੀ, ਮਨਸਾ ਉਸੇ ਵਿਚ ਰਖਾਈਆ । ਉਹ ਸਭ ਦਾ ਬੇੜਾ ਰਿਹਾ ਬੰਨ੍ਹੀ, ਬੰਨ੍ਹਣਹਾਰਾ ਜਿਸ ਦੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇੱਕ ਰੰਗਾਈਆ । ਬੁੱਢਾ ਕਹੇ ਮੈਂ ਤਿਲਕ ਲਾਉਂਦਾ ਮਸਤਕ ਮਾਥੇ, ਧੁਰ ਦਾ ਹੁਕਮ ਸੀਸ ਉਤੇ ਟਿਕਾਈਆ । ਮੇਰਾ ਸਾਹਿਬ ਪੁਰਖ ਸਮਰਾਥੇ, ਜੋ ਦੇਵਣਹਾਰ ਵਡਿਆਈਆ । ਮੈਂ ਉਸ ਨੂੰ ਤੱਕਾਂ ਪ੍ਰਿਥਮੀ ਆਕਾਸ਼ੇ, ਗਗਨ ਗਗਨੰਤਰ ਮੰਡਲ ਮੰਡਪ ਦੋ ਜਹਾਨਾਂ ਸੋਭਾ ਪਾਈਆ । ਉਸ ਦੇ ਸ਼ਬਦ ਸੰਦੇਸ਼ੇ ਸਾਚੇ, ਜੋ ਨਾਨਕ ਧਾਰ ਸਤਿਗੁਰ ਸਾਰੇ ਰਹੇ ਗਾਈਆ । ਉਹ ਲੱਖ ਚੁਰਾਸੀ ਅੰਦਰ ਰਾਚੇ, ਮਾਨਵ ਜ਼ਾਤੀ ਸਾਢੇ ਤਿੰਨ ਕਰੋੜ ਰੋਮ ਗੁਰਮੁਖਾਂ ਦੇਣ ਗਵਾਹੀਆ । ਜੋ ਅਗਲੇ ਪਿਛਲੇ ਦੋ ਜਹਾਨਾਂ ਵੇਦ ਪੁਰਾਨਾਂ ਸ਼ਾਸਤਰਾਂ ਗੀਤਾ ਗਿਆਨਾਂ ਅੰਜੀਲ ਕੁਰਾਨਾਂ ਬਾਈਬਲਾਂ ਅੱਖਰ ਨਿਰਅੱਖਰ ਧਾਰ ਵਿਚ ਵਾਚੇ, ਵਾਚਣਹਾਰ ਬੇਪ੍ਰਵਾਹੀਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਦਾਸਨ ਦਾਸੇ, ਦਾਸੀ ਦਾਸ ਹੋ ਕੇ ਸੇਵ ਕਮਾਈਆ । ਉਹ ਜੁਗ ਜੁਗ ਖੇਲ ਕਰੇ ਪ੍ਰਭ ਆਪੇ, ਆਪ ਆਪਣੀ ਕਲ ਪ੍ਰਗਟਾਈਆ । ਜਿਸ ਦਾ ਸਤਿਗੁਰ ਸ਼ਬਦ ਬਣ ਗਿਆ ਮਾਈ ਬਾਪੇ, ਪਿਤਾ ਪੁਰਖ ਅਕਾਲ ਬੇਪ੍ਰਵਾਹੀਆ । ਉਸ ਦਾ ਬੁਢਾਪਾ ਦੀਨ ਦੁਨੀਆ ਵਿਚ ਜਗਤ ਨੇਤਰ ਬੇਸ਼ਕ ਦੁਨੀਆ ਨੂੰ ਜਾਪੇ, ਅੰਤਰ ਨਿਰੰਤਰ ਆਤਮਾ ਬੁਢਾਪੇ ਵਿਚ ਕਦੇ ਨਾ ਆਈਆ । ਉਹ ਰੂਹ ਬੁਤ ਦੋਵੇਂ ਹੋਣ ਪਾਕੇ, ਜਿਸ ਨੂੰ ਪਤਤ ਪੁਨੀਤ ਮਿਲੇ ਖ਼ਲਕ ਖ਼ੁਦਾਈਆ । ਉਨ੍ਹਾਂ ਦੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਗਾਉਂਦੀ ਗਾਥੇ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਉਹ ਲੇਖਾ ਜਾਣੇ ਇਕ ਪੁਰਖ ਅਬਿਨਾਸ਼ੇ, ਅਬਿਨਾਸ਼ੀ ਕਰਤੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਬੁੱਢਾ ਕਹਿਣਾ ਕਹਾਣੀ ਜਗ, ਰਸਨਾ ਜਿਹਵਾ ਸਿਫ਼ਤ ਸਲਾਹੀਆ । ਉਹ ਬਾਬਾ ਬੁੱਢਾ ਚੜ੍ਹਿਆ ਉਪਰ ਸ਼ਾਹ ਰਗ, ਨੌ ਦਵਾਰੇ ਦਾ ਡੇਰਾ ਢਾਹਿਆ । ਅਗੇ ਮਿਲਿਆ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ

ਦੀਪਕ ਜੋਤ ਰਿਹਾ ਜਗ, ਨੂਰ ਨੁਰਾਨਾ ਨਜ਼ਰੀ ਆਈਆ । ਨਾ ਕੋਈ ਬੰਨਾ ਨਾ ਕੋਈ ਹੱਦ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਸਚ ਦਵਾਰੇ ਏਕੰਕਾਰ ਬੈਠਾ ਸਜ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੀ ਕੀਤੀ ਕੋਈ ਨਾ ਸਕੇ ਰੱਦ, ਹੁਕਮ ਹੁਕਮ ਵਿਚੋਂ ਮਨਾਈਆ । ਜਿਸ ਉਸ ਨੂੰ ਪ੍ਰੇਮੀ ਪ੍ਰੀਤਮ ਪਿਆਰੇ ਨੂੰ ਲਿਆ ਲੱਭ, ਲਭਾਂ ਤੋਂ ਪਿਛੇ ਆਪਣਾ ਧਿਆਨ ਲਗਾਈਆ । ਸਚ ਪ੍ਰੇਮ ਦੀ ਪੀ ਕੇ ਮਧ, ਨਾਮ ਰਸ ਖ਼ੁਮਾਰੀ ਲਈ ਚੜ੍ਹਾਈਆ । ਓਹ ਖੇਲ ਕਰੇ ਓਹ ਮਿਹਰ ਕਰੇ ਦੀਨ ਦੁਨੀ ਵਿਚੋਂ ਆਯੂ ਉਮਰ ਤੋਂ ਵੱਧ, ਮਾਸ ਬਰਸ ਦਿਵਸ ਵੰਡ ਨਾ ਕੋਇ ਵੰਡਾਈਆ । ਬਾਬਾ ਬੁੱਢਾ ਕਹੇ ਮੇਰਾ ਇਕੋ ਮੀਤ ਪਿਆਰਾ ਇਕੋ ਹਰਿ ਦਵਾਰਾ ਜਿਥੇ ਨੂਰ ਜੋਤ ਉਜਿਆਰਾ ਸ਼ਬਦ ਅਨਾਦੀ ਵੱਜੇ ਅਨਹਦ, ਦੂਜੀ ਧੁਨ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹ, ਖ਼ਲਕ ਦਾ ਖ਼ਾਲਕ ਆਪਣਾ ਭੇਵ ਦਏ ਖੁਲਾਈਆ । ਬੁੱਢੇ ਦੀ ਜਗਤ ਜਹਾਨ ਛਡ ਦਿਓ ਰੀਤੀ, ਆਤਮ ਅੰਤਰ ਧਿਆਨ ਲਗਾਈਆ । ਇਹ ਜਗਤ ਜਹਾਨ ਪ੍ਰਭ ਦੀ ਬਗ਼ੀਚੀ, ਆਵਣ ਜਾਵਣ ਖੇਲ ਖਿਲਾਈਆ । ਉਸ ਦੀ ਮੰਜ਼ਲ ਤੱਕੋ ਹਕੀਕੀ, ਹਕ ਹਕ ਦਾ ਮੇਲਾ ਲਏ ਮਿਲਾਈਆ । ਸਤਿਗੁਰ ਚਰਨ ਪਿਆਰ ਵਿਚ ਰਖੋ ਆਪਣੀ ਨੀਤੀ, ਮਨ ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਇਕੋ ਨੂਰ ਤੱਕੋ ਹਸਤ ਕੀਟੀ, ਕੀਟ ਕੀਟਾਂ ਵਿਚ ਸਮਾਈਆ । ਤੁਹਾਡੀ ਜਗਤ ਵਾਸ਼ਨਾ ਜਾਏ ਜੀਤੀ, ਮਮਤਾ ਅਵਰ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਤੁਹਾਡੀ ਧਰਮ ਧਾਰ ਕਰੇ ਅਤੀਤੀ, ਤ੍ਰੈਭਵਣ ਧਨੀ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ

੨੨੧ ੨੩ ਮਿਲਾਈਆ । ਬੁੱਢਾ ਬਚਨ ਬਚਨ ਜਗ ਮੀਤਾ, ਹਰਿ ਕਰਤਾ ਆਪ ਬਣਾਈਆ । ਹਰਿਜਨ ਕਰ ਕੇ ਠਾਂਡਾ ਸੀਤਾ, ਸਤਿ ਸਚ ਵਿਚ ਸਮਾਈਆ । ੨੨੧ ੨੩

ਨਾਮ ਨਿਧਾਨ ਸ੍ਰੀ ਭਗਵਾਨ ਪਾ ਕੇ ਭੀਖਾ, ਭਿਖਕ ਝੋਲੀ ਦਏ ਭਰਾਈਆ । ਸਤਿ ਸਚ ਦੀ ਦੇ ਹਦੀਸਾ, ਕਲਮਾ ਧੁਰ ਦਾ ਇਕ ਦ੍ਰਿੜਾਈਆ । ਜਿਸ ਨੂੰ ਬੁੱਢਾ ਬਾਪ ਕਿਹਾ ਸੀ ਹਜ਼ਰਤ ਈਸਾ, ਜਿਸ ਵੇਲੇ ਸਲੀਬ ਗਲ ਲਟਕਾਈਆ । ਉਹ ਆਵੇ ਅੰਤਮ ਮੇਰੀ ਸਦੀ ਬੀਸਵੀਂ ਬੀਸਾ, ਸਰਗੁਣ ਨਿਰਗੁਣ ਆਪਣਾ ਰੂਪ ਬਦਲਾਈਆ । ਜਿਸ ਦੀ ਭਗਤ ਧਾਰ ਹਰਿ ਸੰਗਤ ਹੋਵੇ ਖੇਲ ਅਕੀਸਾ, ਦੋ ਇਕ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੂਫ਼ੀ ਪਰਖਣਹਾਰਾ ਨੀਤਾ, ਘਟ ਘਟ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਧੁਰ ਦਾ ਹੁਕਮ ਧੁਰ ਦੀ ਧਾਰ ਵਿਚੋਂ ਸੰਸਾਰ ਸਾਗਰ ਵਿਚ ਸਮਾਈਆ ।

### ✪ ਫਿਰ ਸੰਗਤ ਨੇ ਬੇਨੰਤੀ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਹੈ ਸ਼ਹਿਨਸ਼ਾਹ ਜੀ ਨੇ ਰਹਿਮਤ ਕੀਤੀ ✪

ਪੁਰਖ ਅਕਾਲ ਖੇਲ ਨਿਰਗੁਣ ਨਿਰਵੈਰ ਨਿਰਾਕਾਰ, ਧਰਤ ਧਵਲ ਧੌਲ ਉਤੇ ਆਈਆ । ਸਨਕ ਸਨੰਦਨ ਸਨਾਤਨ ਬਣ ਕੇ ਸੰਤ ਕੁਮਾਰ, ਬ੍ਰਾਹ ਆਪਣਾ ਵੇਸ ਵਟਾਈਆ । ਯਗੈ ਪੁਰਸ਼ ਹੋ ਤਿਆਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਹਾਵਗਰੀਵ ਖੇਲ ਅਪਾਰ, ਨਰ ਨਰਾਇਣ ਸਰਬ ਸਮਝਾਈਆ । ਕਪਲ ਮੁਨ ਹੋ ਉਜਿਆਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਿੱਥੇ ਇਕ ਦਾ ਦੱਸਣਾ ਲੇਖਾ ਨਹੀਂ ਉਸ ਦੀ ਆਉਣੀ

ਫੇਰ ਵਾਰ, ਵਾਰਤਾ ਅਗਲੀ ਆਪ ਜਣਾਈਆ । ਰਿਖਵ ਹੋ ਕੇ ਖ਼ਬਰਦਾਰ, ਪ੍ਰਿਥੂ ਆਪਣੀ ਗੰਢ ਪਵਾਈਆ । ਮਤਸ ਹੋ ਕੇ ਜ਼ਾਹਰ, ਕਛਪ ਵੱਡੀ ਵਡਿਆਈਆ । ਧਨੰਤਰ ਖੋਲ ਕਿਵਾੜ, ਬਾਵਨ ਵੇਸ ਵਟਾਈਆ । ਹਰਨਾਕਸ਼ ਦਿਤਾ ਸੰਘਾਰ, ਆਪਣੀ ਕਲ ਸਮਝਾਈਆ । ਧਰੂ ਲਗਾਇਆ ਪਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਹੰਸ ਚੋਗ ਦਿਤੀ ਖਵਾਲ, ਮਾਣਕ ਮੋਤੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਆਇਆ ਰਾਮ ਪਰਸ, ਰਾਮ ਦਸਰਥ ਬੇਟਾ ਖੇਲ ਖਿਲਾਈਆ । ਵੇਦ ਵਿਆਸੇ ਕਰ ਕੇ ਤਰਸ, ਲੋਕਮਾਤ ਤਨ ਦਿਤੀ ਵਡਿਆਈਆ । ਕ੍ਰਿਸ਼ਨ ਖੇਲ ਕੀਤਾ ਅਸਚਰਜ, ਨੂਰ ਨੁਰਾਨਾ ਡਗਮਗਾਈਆ । ਯੋਧਾ ਬਣ ਕੇ ਸੂਰਬੀਰ ਮਰਦਾਨਾ ਮਰਦ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸ਼ਨਵਾਈਆ । ਨਿਰਗੁਣ ਸਰਗੁਣ ਧਾਰ ਸ਼ਬਦ, ਤਨ ਵਜੂਦ ਦਏ ਵਡਿਆਈਆ । ਜਿਸ ਨੇ ਬਣਾਏ ਦੀਨ ਮਜ਼੍ਹਬ, ਸ਼ਰਅ ਸ਼ਰਅ ਦਿਤੀ ਤਜਾਈਆ । ਮੂਸਾ ਤੇ ਹੋਇਆ ਗਜ਼ਬ, ਨੂਰ ਨੁਰਾਨਾ ਕੋਹਤੂਰ ਦਏ ਗਵਾਹੀਆ । ਈਸਾ ਦੇ ਅੰਦਰ ਰਖਿਆ ਕਦਮ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਨਿਰਗੁਣ ਕਿਰਪਾਹਾਰ ਦਿਆਲਾ, ਦੀਨ ਦਰਦ ਦੁੱਖ ਭੰਜਨ ਅਖਵਾਈਆ । ਜਿਸ ਮੁਹੰਮਦ ਕੀਤਾ ਅਲਹਾਮਾ, ਵਹੀ ਨਾਜ਼ਲ ਦਿਤਾ ਕਰਾਈਆ । ਜਬਰਾਈਲ ਦਏ ਪੈਗ਼ਾਮਾ, ਸੰਦੇਸ਼ਾ ਧੁਰਦਰਗਾਹੀਆ । ਸਜਦਾ ਕਰਨਾ ਕਬੂਲ ਸਲਾਮਾ, ਕਦਮਬੋਸੀ ਵਿਚ ਸੀਸ ਝੁਕਾਈਆ । ਉਸ ਦਾ ਖੇਲ ਬੜਾ ਮਹਾਨਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜਿਸ ਸਤਿਗੁਰ ਨਾਨਕ ਭੇਜਿਆ ਦੇ ਕੇ ਸਤਿਨਾਮਾ, ਬਿਨਾ ਦੇਹ ਤੋਂ ਸਤਿਨਾਮ ਟਿਕਣ ਕਿਤੇ ਨਾ ਪਾਈਆ । ਉਸ ਸਤਿਨਾਮ ਨੇ ਅੰਗਦ ਕੀਆ ਪ੍ਰਵਾਨਾ, ਅਮਰਦਾਸ ਵੱਜੀ ਵਧਾਈਆ । ਰਾਮਦਾਸ ਹੋਇਆ ਪ੍ਰਧਾਨਾ, ਗੁਰੂ ਅਰਜਨ ਗੁਰੂ ਗੁਰਦੇਵ ਅਖਵਾਈਆ । ਹਰਿਗੋਬਿੰਦ ਪਹਿਰ ਕੇ ਬਾਣਾ, ਦੀਨ ਦੁਨੀ ਰੀਤੀ ਦਿਤੀ ਬਦਲਾਈਆ । ਹਰਿਰਾਏ ਪਿਆਰ ਕੀਤਾ ਮਹਾਨਾ, ਹਰਿਕ੍ਰਿਸ਼ਨ ਵੱਜੀ ਵਧਾਈਆ । ਗੁਰ ਤੇਗ਼ ਬਹਾਦਰ ਧਰਮ ਦਾ ਬਣ ਨਿਸ਼ਾਨਾ, ਨਿਸ਼ਾਨਾ ਜਗਤ ਜਹਾਨ ਗਿਆ ਝੁਲਾਈਆ । ਗੋਬਿੰਦ ਖੰਡਾ ਖੜਗ ਖਿੱਚ ਕ੍ਰਿਪਾਨਾ, ਦੁਸ਼ਟਾਂ ਦਿਤਾ ਘਾਈਆ । ਉਸੇ ਗੋਬਿੰਦ ਦੀ ਧਾਰ ਸ਼ਬਦ ਸ਼ਬਦ ਗੁਰੂ ਗ੍ਰੰਥ ਜਿਸ ਨੂੰ ਸੀਸ ਝੁਕਾਉਣ ਜ਼ਿਮੀਂ ਅਸਮਾਨਾਂ, ਵਿਸ਼ਨ ਬ੍ਰਹਮਾ ਸ਼ਿਵ ਸਾਰੇ ਝੋਲੀਆਂ ਡਾਹੀਆ । ਬਿਨਾ ਦੇਹ ਤੋਂ ਪਰਮਾਤਮਾ ਦਾ ਨਿਰਗੁਣ ਸਰੂਪ ਲੋਕਮਾਤ ਕਦੇ ਨਹੀਂ ਹੋਇਆ ਪ੍ਰਧਾਨਾ, ਪ੍ਰਧਾਨਗੀ ਵਿਚ ਕਦੇ ਨਾ ਆਈਆ । ਉਹ ਨਿਰਗੁਣ ਦੀ ਮਹਿੰਮਾ ਇਹ ਸਿਫ਼ਤਾਂ ਦਾ ਖ਼ਜ਼ਾਨਾ, ਨਾਮ ਦਾ ਭੰਡਾਰਾ ਬੋਧ ਅਗਾਧ ਕਾਗ਼ਜ਼ਾਂ ਉਤੇ ਕਾਦਰ ਕਰਤੇ ਕਰੀਮਾਂ ਨੂੰ ਰਿਹਾ ਮਿਲਾਈਆ । ਇਹ ਕੋਈ ਅੱਖਰਾਂ ਵਾਲਾ ਪੱਥਰਾਂ ਵਾਲਾ ਸਿਫ਼ਤਾਂ ਵਾਲਾ ਸਲਾਹਵਾਂ ਵਾਲਾ ਅਕਲ ਬੁਧੀ ਦਾ ਨਹੀਂ ਅਫ਼ਸਾਨਾ, ਇਹ ਧੁਰ ਸੰਦੇਸ਼ਾ ਧੁਰ ਪੈਗ਼ਾਮ ਧੁਰ ਦਾ ਹੁਕਮ ਹੁਕਮ ਇਕੋ ਨਜ਼ਰੀ ਆਈਆ । ਇਹ ਤਤ ਦੇਹ ਨਹੀਂ ਇਹਦਾ ਸਵਾਸ ਨਹੀਂ ਪਵਨ ਨਹੀਂ ਨੌ ਦਵਾਰ ਨਹੀਂ ਇਹ ਸਤਿਗੁਰ ਦਾ ਨਿਰਾਕਾਰ ਦਾ ਅਕਾਰ ਗੁਰੂ ਗ੍ਰੰਥ ਸਾਹਿਬ ਮਹਾਨਾ, ਜਿਸ ਦੇ ਉਤੇ ਸਿਫ਼ਤ ਸਿਫ਼ਤ ਸਲਾਹ, ਇਕੋ ਇਕ ਅਕਾਰ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਸਾਰੇ ਕਹਿੰਦੇ ਜਗਤ ਮਲਾਹ, ਜਿਸ ਦੇ ਵਿਚੋਂ ਮਿਲੇ ਹਕੀਕਤ ਵਾਲਾ ਹਕ ਖ਼ੁਦਾ, ਜਿਸ ਦੇ ਅਗੇ ਅਵਤਾਰ ਪੈਗ਼ੰਬਰ ਸਾਰੇ ਕਰਨ ਦੁਆ, ਵਾਸਤਾ ਬਗ਼ਲਗੀਰ

ਹੋ ਕੇ ਪਾਈਆ । ਉਸ ਦਾ ਸਤਿਗੁਰ ਨਾਨਕ ਬਣਿਆ ਰਹਿਨੁਮਾ, ਗੁਰੂ ਅਰਜਨ ਮੋਹਰ ਦਿਤੀ ਲਗਾ, ਸ਼ਹਾਦਤ ਸ਼ਬਦ ਗੁਰੂ ਭੁਗਤਾ, ਸੰਤ ਸੁਹੇਲੇ ਭਗਤ ਸਾਰੇ ਨਾਲ ਲਏ ਰਲਾ, ਵੱਡਾ ਛੋਟਾ ਉਚ ਨੀਚ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮੇਲ ਆਪਣੇ ਹੱਥ ਰਖਾਈਆ । ਗੁਰੂ ਗ੍ਰੰਥ ਸ਼ਬਦ ਬੋਧ ਗੁਰਬਾਣੀ, ਅੱਖਰ ਅੱਖਰ ਨਾਲ ਜੁੜਾਈਆ । ਜਿਸ ਦੀ ਮਹਿੰਮਾ ਅਕਥ ਕਹਾਣੀ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਇਹ ਸਤਿਗੁਰ ਅਰਜਨ ਸਭ ਨੂੰ ਅੰਮ੍ਰਿਤ ਜਾਮ ਪਿਆਇਆ ਪਾਣੀ, ਕੋਝਿਆਂ ਕਮਲਿਆਂ ਗ਼ਰੀਬਾਂ ਨਿਮਾਣਿਆਂ ਅੰਤਰ ਆਤਮ ਧੁਰ ਦਾ ਰਸ ਚੁਆਈਆ । ਇਹ ਝਗੜਾ ਮੁਕਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਇਹੋ ਮੰਜ਼ਲ ਚਾਰ ਜੁਗ ਦੇ ਅਵਤਾਰਾਂ ਨੇ ਪੈਗ਼ੰਬਰਾਂ ਨੇ ਦੱਸੀ ਰੁਹਾਨੀ, ਰੂਹ ਬੁਤ ਵਿਚ ਮਿਲੇ ਮੇਲ ਧੁਰ ਦੇ ਮਾਹੀਆ । ਜਿਸ ਦੀ ਸਦਾ ਤਰਲ ਜਵਾਨੀ, ਬੁਢ੍ਹਾਪੇ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸ਼ਬਦ ਸ਼ਬਦ ਗੁਰਬਾਣੀ, ਬਾਣ ਸ਼ਬਦ ਸ਼ਬਦ ਗੁਰ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਸ਼ਬਦ ਗੁਰੂ ਗ੍ਰੰਥ, ਗੁਰਦੇਵਾ ਨਜ਼ਰੀ ਆਈਆ । ਜਿਸ ਦਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ ਨਾ ਕੋਈ ਅੱਖਰੀ ਅੰਸ, ਮਾਨਵ ਜ਼ਾਤੀ ਏਕਾ ਗੰਢ ਪਵਾਈਆ । ਜੋ ਠੱਗਾਂ ਚੋਰਾਂ ਯਾਰਾਂ ਬਦਮਾਸ਼ਾਂ ਬਣਾਵੇ ਗੁਰਮੁਖ ਹੰਸ, ਬੁੱਧੀ ਬਿਬੇਕ ਦਏ ਬਣਾਈਆ । ਜੋ ਹੰਕਾਰ ਨਿਵਾਰੇ ਕੰਸ, ਨਿਮਰਤਾ ਨਿਰਮਾਣਤਾ ਇਕ ਸਮਝਾਈਆ । ਜੋ ਹਿੰਦੂ ਮੁਸਲਮ ਸਿਖ ਈਸਾਈਆਂ ਦਾ ਇਕੱਠਾ ਬਣਾਵੇ ਬੰਸ, ਪ੍ਰੀਵਾਰ ਇਕੋ ਇਕ ਦ੍ਰਿੜਾਈਆ । ਜਿਸ ਦੀ ਸਭ ਤੋਂ ਵੱਖਰੀ ਬਣਤ, ਘੜਨ ਭੰਨਣਹਾਰ ਜਿਸ ਦਾ ਮਾਰਗ ਇਕ ਅਖਵਾਈਆ । ਏਸੇ ਦੀ ਮਹਿੰਮਾ ਕਰਦੇ ਸੰਤ, ਸਿਫ਼ਤਾਂ ਵਿਚ ਸਲਾਹੀਆ । ਇਹਦਾ ਲੇਖਾ ਆਦਿ ਅੰਤ, ਜੁਗ ਜੁਗ ਰੀਤੀ ਚਲੀ ਆਈਆ । ਇਹਦਾ ਮੇਲਾ ਨਾਲ ਭਗਵੰਤ, ਭਗਵਨ ਮੇਲਾ ਸਹਿਜ ਸੁਭਾਈਆ । ਇਹ ਕਦੇ ਨਾ ਹੋਏ ਭਸਮੰਤ, ਭਸਮੜ ਰੂਪ ਨਾ ਕੋਇ ਦਰਸਾਈਆ । ਇਸ ਦੇ ਵਿਚੋਂ ਮਿਲੇ ਬਹਿਸ਼ਤ ਜੱਨਤ, ਜੱਨਤ ਸਵਰਗ ਇਸ ਦੇ ਚਰਨ ਚੁੰਮੇ ਚਾਈਂ ਚਾਈਂਆ । ਗੜ੍ਹ ਪੁੱਟੇ ਹਉਮੇ ਹੰਗਤ, ਹੰ ਬ੍ਰਹਮ ਦਏ ਦ੍ਰਿੜਾਈਆ । ਬੋਧ ਅਗਾਧ ਮਿਲੇ ਪੰਡਤ, ਘਰ ਬੈਠਿਆਂ ਸਭ ਨੂੰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਹਿਬਰ ਇਕ ਅਖਵਾਈਆ । ਗੁਰੂ ਗ੍ਰੰਥ ਸ਼ਬਦ ਗੁਰਦੇਵਾ, ਦੇਵ ਆਤਮ ਮੇਲ ਮਿਲਾਈਆ । ਜਿਸ ਦਾ ਭੇਵ ਅਲਖ ਅਭੇਵਾ, ਅਗੋਚਰ ਕਹਿਣ ਕੋਇ ਨਾ ਪਾਈਆ । ਜਿਸ ਨੂੰ ਪੜ੍ਹਨਾ ਨਾਲ ਰਸਨਾ ਜਿਹਵਾ, ਆਤਮ ਬ੍ਰਹਮ ਦਏ ਸਮਝਾਈਆ । ਜਿਸ ਦੇ ਨਾਲ ਮਿਲੇ ਧਾਮ ਸਚਖੰਡ ਦਵਾਰ ਨਿਹਚਲ ਨਿਹਕਵਾ, ਦਰਗਾਹ ਸਾਚੀ ਸੋਭਾ ਪਾਈਆ । ਇਹ ਅੰਮ੍ਰਿਤ ਰਸ ਮਾਨਵ ਜ਼ਾਤੀ ਦਾ ਅੰਤਰ ਆਤਮ ਦਾ ਮੇਵਾ, ਰਸਨਾ ਦੇ ਨੌਂ ਰਸ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਇਕ ਅਖਵਾਈਆ । ਵੱਡਾ ਸਤਿਗੁਰ ਆਪ, ਆਪਣੀ ਦਇਆ ਕਮਾਈਆ । ਜਿਸ ਦਾ ਚਾਰ ਜੁਗ ਦਾ ਧੁਰ ਦਾ ਜਾਪ, ਜਗਜੀਵਣ ਦਾਤਾ ਆਪਣਾ ਨਾਮ ਦ੍ਰਿੜਾਈਆ । ਜਿਸ ਦੀ ਰਚਨਾ ਰਚੀ ਨਿਰਗੁਣ ਸਰਗੁਣ ਨਾਨਕ ਹੋ ਕੇ ਆਪ, ਪਰਦਾ ਪਰਦਿਆਂ ਵਿਚੋਂ ਉਠਾਈਆ । ਇਹ ਤ੍ਰੈਗੁਣ ਦੀ ਧਾਰ ਤ੍ਰੈਗੁਣ ਦਾ ਮੇਟੇ ਪਾਪ, ਤ੍ਰੈਭਵਨ ਦਾ ਮੇਲਾ ਮੇਲੇ ਸਹਿਜ ਸੁਭਾਈਆ । ਇਹਦੇ ਵਿਚ ਨਾ ਕੋਈ ਦਿਵਸ ਨਾ ਕੋਈ ਰਾਤ, ਘੜੀ

ਪਲ ਵੰਡ ਨਾ ਕੋਇ ਵੰਡਾਈਆ । ਨਾ ਕੋਈ ਦੱਸਿਆ ਅੰਧੇਰਾ ਡੂੰਘਾ ਖਾਤ, ਗੜ੍ਹ ਸ਼ਰਅ ਨਾ ਕੋਇ ਬਣਾਈਆ । ਨਾ ਕੋਈ ਝਗੜਾ ਰਖਿਆ ਜ਼ਾਤ ਪਾਤ, ਦੀਨ ਦੁਨੀ ਨਾ ਕੋਇ ਲੜਾਈਆ । ਇਕੋ ਸਾਹਿਬ ਦੱਸਿਆ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਸੋ ਪੁਰਖ ਨਿਰੰਜਣ ਜਿਸ ਦਾ ਕੀਤਾ ਪ੍ਰਕਾਸ਼, ਹਰਿ ਪੁਰਖ ਨਿਰੰਜਣ ਦਇਆ ਕਮਾਈਆ । ਏਕੰਕਾਰ ਖੇਲ ਖਿਲਾਇਆ ਤਮਾਸ਼, ਆਦਿ ਨਿਰੰਜਣ ਡਗਮਗਾਈਆ । ਸ੍ਰੀ ਭਗਵਾਨ ਦਿਤੀ ਦਾਤ, ਅਬਿਨਾਸ਼ੀ ਕਰਤੇ ਦਿਤੀ ਵਰਤਾਈਆ । ਪਾਰਬ੍ਰਹਮ ਖੋਲ ਕੇ ਹਾਟ, ਬ੍ਰਹਮ ਵਸਤ ਅਮੋਲਕ ਝੋਲੀ ਦਿਤੀ ਪਾਈਆ । ਇਹ ਨਾਨਕ ਦੀ ਧੁਰ ਦੀ ਲਿਆਂਦੀ ਸੌਗਾਤ, ਸਤਿਗੁਰ ਨਾਨਕ ਸਤਿਗੁਰੂ ਪੁਰਖ ਅਕਾਲ ਦੀ ਸਿਫ਼ਤ ਸਿਫ਼ਤ ਸਿਫ਼ਤ ਵਿਚ ਵਡਿਆਈਆ ।ਜਿਸ ਦਾ ਗੋਬਿੰਦ ਬਣਿਆ ਦਾਸ, ਪੁਰਖ ਅਕਾਲ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਸਾਂਝਾ ਯਾਰ ਨੂਰ ਅਲਾਹ ਅੱਲਾ ਆਲਮੀਨ ਇਕੋ ਇਕ ਅਖਵਾਈਆ । ਗੁਰੂ ਗ੍ਰੰਥ ਜਗਤ ਸੁਹੇਲਾ, ਹਿੰਦੂ ਮੁਸਲਮ ਸਿਖ ਈਸਾਈ ਪਾਰਸੀ ਬੋਧੀ ਜੈਨੀ ਆਪਣੇ ਅੰਗ ਲਗਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਕਰਾਏ ਮੇਲਾ, ਪਰਦਾ ਦੂਈ ਦਵੈਤ ਉਠਾਈਆ । ਇਕੇ ਘਰ ਵਖਾਏ ਗੁਰੂ ਗੁਰ ਚੇਲਾ, ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਘਰ ਸਵਾਮੀ ਸੱਜਣ ਮਿਲੇ ਉਹ ਅਗੰਮੀ ਸੁਹੇਲਾ, ਜਿਸ ਦਾ ਵਿਛੋੜਾ ਏਥੇ ਓਥੇ ਹੋਣ ਕਦੇ ਨਾ ਪਾਈਆ । ਜਿਸ ਦੀ ਧਾਰ ਸਤਿਗੁਰ ਸ਼ਬਦ ਸ਼ਬਦ ਗੁਰ ਸਤਿਗੁਰ ਅਚਰਜ ਖੇਲਾ, ਖ਼ਾਲਕ ਖ਼ਲਕ ਖ਼ਲਕ ਖ਼ਾਲਕ ਵਿਚ ਗਿਆ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਗੁਰੂ ਗ੍ਰੰਥ ਸਤਿਗੁਰੂ ਸਤਿਗੁਰੂ ਸਤਿਗੁਰੂ ਦਾ ਪਦ, ਪਦਵੀ ਧੁਰਦਰਗਾਹੀਆ । ਜਿਥੇ ਦੀਨ ਮਜ਼੍ਹਬ ਜ਼ਾਤ ਪਾਤ ਅਵਤਾਰ ਪੈਗ਼ੰਬਰ ਗੁਰੂ ਦੀ ਨਹੀਂ ਕੋਈ ਹੱਦ, ਤਨ ਵਜੂਦ ਮਾਟੀ ਖ਼ਾਕ ਪੁਤਲਾ ਨਜ਼ਰ ਕੋਇ ਨਾ ਆਈਆ । ਜਿਥੇ ਇਕੋ ਜੋਤ ਦੀਪਕ ਰਿਹਾ ਜਗ, ਨੂਰ ਨੁਰਾਨਾ ਡਗਮਗਾਈਆ । ਵਿਸ਼ਨ ਬ੍ਰਹਮਾ ਸ਼ਿਵ ਉਥੇ ਕੋਈ ਨਾ ਸਕੇ ਲੱਭ, ਦੂਰ ਦੁਰਾਡੇ ਥੱਲੇ ਬੈਠੇ ਨੈਣ ਉਠਾਈਆ । ਸਤਿਗੁਰ ਨਾਨਕ ਓਥੇ ਚੜ੍ਹਿਆ ਭੱਜ, ਨਿਰਗੁਣ ਧਾਰ ਵੇਖਿਆ ਪਰਮ ਪੁਰਖ ਦਾ ਨੂਰ ਚਾਈਂ ਚਾਈਂਆ । ਓਥੋਂ ਵਸਤ ਲਿਆਂਦੀ ਦੁਰਲੱਭ, ਆਪਣੀ ਸਤਿ ਵਾਲੀ ਝੋਲੀ ਪਾਈਆ । ਫੇਰ ਆਇਆ ਲੋਕਮਾਤ ਵਸਤ ਲੈ ਕੇ ਹਕ, ਹਮਸਾਜਣ ਆਪਣਾ ਨਾਲ ਰਖਾਈਆ । ਓਸ ਨੂੰ ਉਸ ਦੇ ਪਿਆਰ ਵਿਚ, ਓਸ ਦੀ ਧਾਰ ਵਿਚ, ਸੰਸਾਰ ਵਿਚ, ਗਾਇਆ ਨਾਲ ਰਸਨਾ ਜਿਹਵਾ ਲਬ, ਧੁਰ ਦਾ ਰਾਗ ਧੁਨ ਆਤਮਕ ਵਿਚੋਂ ਖ਼ੁਸ਼ੀਆਂ ਨਾਲ ਬਾਹਰ ਕਢਾਈਆ । ਜਿਸ ਦਾ ਰੂਪ ਸੂਰਾ ਸਰਬਗ, ਪੁਰਖ ਅਕਾਲਾ ਇਕੋ ਨਜ਼ਰੀ ਆਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਯਾਮਬੀਨ ਅਲਾਹੀ ਰੱਬ, ਨੂਰੀ ਰੱਬ ਨੂਰ ਅਲਾਹੀਆ । ਓਸੇ ਦਾ ਨਾਮ, ਓਸੇ ਦਾ ਕਲਮਾ, ਓਸੇ ਦਾ ਸ਼ਬਦ, ਓਸੇ ਦਾ ਨਾਦ, ਓਸੇ ਦੀ ਧੁਨ, ਓਸੇ ਦੀ ਸਦ, ਓਸੇ ਦਾ ਢੋਲਾ ਗਾਈਆ । ਜੋ ਐਸ ਵੇਲੇ ਸਾਰੀ ਸ੍ਰਿਸ਼ਟੀ ਦੇ ਸਾਹਮਣੇ ਪ੍ਰਗਟ ਤੇ ਉਹਦਾ ਮਾਲਕ ਪ੍ਰਗਟ ਅੱਜ, ਜਿਸ ਨੂੰ ਆਜ਼ਜ਼ ਹੋ ਕੇ ਸਾਰੇ ਸੀਸ ਨਿਵਾਈਆ । ਏਸ ਦਾ ਪਰਦਾ ਪਰਦਿਆਂ ਵਿਚ ਸਕੇ ਕੋਈ ਨਾ ਕੱਜ, ਉਹਲਿਆਂ ਵਿਚ ਨਾ ਕੋਇ ਛੁਪਾਈਆ । ਜਿਸ ਦੇ ਪਿਛੇ ਗੋਬਿੰਦ ਨੇ ਵਾਹਿਗੁਰੂ ਜੀ ਦਾ ਖ਼ਾਲਸਾ ਤੇ ਵਾਹਿਗੁਰੂ ਜੀ ਦੀ ਫ਼ਤਿਹ ਦਾ ਜੈਕਾਰਾ ਲਾਇਆ ਗੱਜ, ਜਿਸ ਗਜ ਦੇ ਤੰਦ ਦਿਤੇ ਤੁੜਾਈਆ । ਉਹ ਸਾਰੀ ਸ੍ਰਿਸ਼ਟੀ ਦਾ ਦ੍ਰਿਸ਼ਟੀ ਦਾ ਆਤਮਾ

ਦਾ ਬ੍ਰਹਮ ਦਾ ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਕਬੂਲ ਕਰਨ ਵਾਲਾ ਹੱਜ, ਹਾਜਤ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਗੁਰੂ ਗ੍ਰੰਥ ਸਾਹਿਬ ਗੁਰਬਾਣੀ ਆਦਿ ਪੁਰਖ ਅਪਰੰਪਰ, ਪਾਰਬ੍ਰਹਮ ਵਡਿਆਈਆ । ਜਿਸ ਦਾ ਜੁਗ ਚੌਕੜੀ ਹੁੰਦਾ ਰਿਹਾ ਸਵੰਬਰ, ਨਿਰਗੁਣ ਸਰਗੁਣ ਤਤਾਂ ਵਾਲੇ ਤਤ ਲਏ ਪ੍ਰਨਾਈਆ । ਜਿਸ ਨੇ ਆਪਣੀ ਨਾਮ ਬਾਣੀ ਦਾ ਅਵਤਾਰ ਪੈਗ਼ੰਬਰ ਗੁਰੂ ਦੀ ਧਾਰ ਵਿਚੋਂ ਕੀਤਾ ਅਡੰਬਰ, ਲੇਖਾ ਲਿਖਤ ਲਿਖਤ ਨਾਲ ਬਣਾਈਆ । ਓਹ ਸਰਬ ਕਲਾ ਭਰਤੰਬਰ, ਭਰਪੂਰ ਰਿਹਾ ਸਰਬ ਥਾਈਂਆ । ਉਸ ਦਾ ਕਾਇਆ ਰੂਪੀ ਸਚ ਸਚ ਦਾ ਮੰਦਰ, ਜਿਸ ਮੰਦਰ ਅੰਦਰ ਵਸੇ ਧੁਰ ਦਾ ਮਾਹੀਆ । ਭਾਗ ਲਗਾਏ ਡੂੰਘੀ ਕੰਦਰ, ਅੰਧ ਅੰਧੇਰ ਦਏ ਗਵਾਈਆ । ਗੜ੍ਹ ਤੋੜ ਹੰਕਾਰੀ ਜੰਦਰ, ਪਰਦਾ ਦੂਈ ਵਾਲਾ ਚੁਕਾਈਆ । ਪ੍ਰਕਾਸ਼ ਕਰ ਕੇ ਬਿਨਾ ਸੂਰੀਆ ਚੰਦਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸ਼ਬਦ ਸ਼ਬਦ ਗੁਰ ਦਾਤ, ਸਤਿਗੁਰ ਨਾਨਕ ਨਿਰਗੁਣ ਧਾਰ ਸਰਗੁਣ ਲਿਆਂਦੀ ਲੋਕਮਾਤ, ਧਰਨੀ ਧਰਤ ਧਵਲ ਧੌਲ ਉਤੇ ਮਾਨੁਸ ਮਾਨਸ ਮਾਨਵ ਸਭ ਦੀ ਝੋਲੀ ਦਿਤੀ ਭਰਾਈਆ । ਏਸੇ ਦਾ ਰੂਪ ਪਰਮੇਸ਼ਵਰ ਕਮਲਾਪਾਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਹੁਕਮ ਫ਼ਰਮਾਨ ਆਦਿ ਜੁਗਾਦੀ ਦੇਵੇ ਜਗਤ ਜਹਾਨ, ਬ੍ਰਹਮ ਵੇਤਾ ਆਤਮ ਨੇਤਾ ਨਰ ਨਿਰੰਕਾਰ ਨਿਰਾਕਾਰ ਆਪਣੀ ਦਇਆ ਕਮਾਈਆ ।



### ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਏਅਰ ਪੋਰਟ ਤੇ ਰਜਿੰਦਰ ਦੇ ਕਨੇਡਾ ਲਈ ਵਿਦਾ ਹੋਣ ਸਮੇਂ ✪

ਸਤਿਗੁਰ ਪਿਆਰ ਸਦਾ ਸੰਗ, ਸਗਲਾ ਸੰਗ ਨਿਭਾਈਆ । ਅੰਤਰ ਆਤਮ ਚਾੜ੍ਹੇ ਰੰਗ, ਨਿਰੰਤਰ ਆਪਣੀ ਦਇਆ ਕਮਾਈਆ । ਆਸਾ ਮਨਸਾ ਪੂਰੀ ਹੋਵੇ ਮੰਗ, ਤ੍ਰਿਸ਼ਨਾ ਜਗਤ ਪੂਰ ਕਰਾਈਆ । ਘਰ ਸਵਾਮੀ ਦੇਵੇ ਅਨੰਦ, ਸੁਖ ਸਾਗਰ ਵਿਚ ਰਖਾਈਆ । ਗੁਰਸਿਖ ਚਮਕੇ ਸਾਚਾ ਨੂਰੀ ਚੰਦ, ਚੰਦ ਚਾਂਦਨਾ ਹੋਵੇ ਰੁਸ਼ਨਾਈਆ । (ਖ਼ੁਸ਼ੀ) ਹੋਵੇ ਬੰਦ ਬੰਦ, ਬੰਦਗੀ ਪੂਰਬ ਲੇਖੇ ਪਾਈਆ । ਮਨਸਾ ਮਨ ਮੰਜ਼ਲ ਜਾਏ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਸ਼ਬਦ ਦਿਆਲਾ, ਦੀਨਾਂ ਅਨਾਥਾਂ ਵੇਖ ਵਖਾਈਆ । ਏਥੇ ਓਥੇ ਹੋਏ ਰਖਵਾਲਾ, ਸਗਲਾ ਸੰਗ ਬਣਾਈਆ । ਗੁਰਸਿਖ ਨਾਮ ਦੇਵੇ ਸਚੀ ਮਨ ਤੋਂ ਪਰੇ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਜਗਤ ਵਿਚੋਲਾ ਬਣੇ ਦਲਾਲਾ, ਲੇਖਾ ਅਗਲਾ ਵੇਖ ਵਖਾਈਆ । ਫਲ ਲਗਾਏ ਜੀਵਣ ਜ਼ਿੰਦਗੀ ਵਾਲੇ ਡਾਲਾ, ਮਿਹਰ ਨਜ਼ਰ ਇਕ ਟਿਕਾਈਆ । ਰਜਿੰਦਰ ਸਿੰਘ ਰਾਜ ਜੋਗ ਵਿਚ ਰਹੇ ਸੁਖਾਲਾ, ਸੁਖ ਦਾ ਮਾਲਕ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਸਦ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਹੋ ਕੇ ਆਪਣਾ ਰੰਗ ਰੰਗਾਈਆ ।

✪ ੨੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਵਰਮਿੰਗਮ ਵਾਲਸਾਲ
੬੫ ਕੈਰਨਜ਼ ਸਟਰੀਟ ਡਬਲੀਉ ਐਸ ੨, ਸੁਖਦੇਵ ਕੌਰ ਦੇ ਗ੍ਰਿਹ ✪

ਭਾਦਰੋਂ ਕਹੇ ਮੇਰਾ ਪ੍ਰਵਿਸ਼ਟਾ ਆਇਆ ਸਤਾਈ, ਸਰਗੁਣ ਧਾਰ ਦੂਆ ਸੱਤ ਨਾਲ ਮਿਲ ਕੇ ਵੱਜੇ ਵਧਾਈਆ । ਸਤਿਗੁਰ ਸ਼ਬਦ ਖੇਲ ਖਿਲਾਈ, ਕਰਤਾ ਪੁਰਖ ਬੇਪ੍ਰਵਾਹ ਆਪਣੇ ਨਾਲ ਮਿਲਾਈਆ । ਜਨ ਭਗਤਾਂ ਮੇਲਾ ਮਿਲਿਆ ਚਾਈਂ ਚਾਈਂ, ਚਾਉ ਘਨੇਰਾ ਇਕ ਦਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਥਾਉਂ ਥਾਈਂ, ਥਾਨ ਥਨੰਤਰ ਸੋਭਾ ਪਾਈਆ । ਤੇਈ ਅਵਤਾਰ ਖ਼ੁਸ਼ੀ ਰਹੇ ਮਨਾਈ, ਮਨਸਾ ਮਨਸਾ ਵਿਚੋਂ ਪ੍ਰਗਟਾਈਆ । ਪੈਗ਼ੰਬਰ ਢੋਲੇ ਸਦ ਰਹੇ ਗਾਈ, ਤੂੰ ਹੀ ਤੂੰ ਹੀ ਰਾਗ ਦ੍ਰਿੜਾਈਆ । ਗੁਰ ਦਸ ਕਹਿਣ ਤੇਰੀ ਬੇਪ੍ਰਵਾਹੀ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰੀ ਸਰਨਾਈ, ਸੂਰੀਆ ਚੰਦ ਸੀਸ ਨਿਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਾਹੋ ਦਾਹੀ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਗਵਾਹੀ, ਸ਼ਹਾਦਤ ਧੁਰ ਦੀ ਧਾਰ ਭੁਗਤਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਏਕੰਕਾਰਾ ਇਕ ਗੁਸਾਈਂ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਮਿਹਰਵਾਨ ਮਿਹਬਾਨ ਬੀਦੋ ਤੇਰੇ ਅਗੇ ਇਕ ਦਰੋਹੀ ਨਾਲ ਦੁਹਾਈ, ਤੋਬਾ ਤੋਬਾ ਕਹਿ ਕੇ ਸੀਸ ਨਿਵਾਈਆ । ਓਹ ਤੱਕ ਜੋ ਗੋਬਿੰਦ ਬੂਟਾ ਪੁਟਿਆ ਕਾਹੀ, ਕਲਜੁਗ ਜੜ ਗਿਆ ਉਖੜਾਈਆ । ਨੇਤਰ ਰੋਵੇ ਸਰਸੇ ਵਾਲੀ ਖਾਈ, ਖ਼ਾਲਸ ਆਪਣਾ ਹਾਲ ਸੁਣਾਈਆ । ਧਰਨੀ ਦੋਵੇਂ ਚੁੱਕ ਕੇ ਬਾਹੀਂ, ਦਰ ਤੇਰਾ ਰਾਹ ਤਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀ, ਸਚਖੰਡ ਨਿਵਾਸੀ ਤੇਰੀ ਵਡ ਵਡਿਆਈਆ । ਤੇਰਾ ਇਸ਼ਾਰਾ ਕਰ ਗਏ ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰ ਰਾਹੀ, ਰਹਿਬਰ ਹੋ ਕੇ ਗਏ ਦ੍ਰਿੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਆਵੇ ਪਰਵਰਦਿਗਾਰ ਧੁਰ ਦਾ ਮਾਹੀ, ਮਿਹਰਵਾਨ ਮਿਹਬਾਨ ਆਪਣਾ ਰੂਪ ਬਦਲਾਈਆ । ਗੋਬਿੰਦ ਨੇ ਲੇਖਾ ਲਿਖਿਆ ਜਿਸ ਵੇਲੇ ਮੇਰਾ ਬੀਤਿਆ ਢਈਆ ਢਾਈ, ਮੇਰਾ ਢੌਂਕਾ ਲਏ ਅੰਗੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਲੇਖਾ ਵੇਖੇ ਥਾਉਂ ਥਾਈਂ, ਸੰਗ ਮੁਹੰਮਦ ਸਦੀ ਚੌਧਵੀਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਸਤਾਈ ਭਾਦਰੋਂ ਕਹੇ ਮੇਰੀ ਬੰਦਨ, ਬਿਨ ਹੱਥਾਂ ਸੀਸ ਨਿਵਾਈਆ । ਮੇਰਾ ਸਾਹਿਬ ਸਦਾ ਬਖ਼ਸ਼ੰਦਨ, ਬਖ਼ਸ਼ਣਹਾਰ ਨੂਰ ਅਲਾਹੀਆ । ਜਿਸ ਨਿਸ਼ਾਨਾ ਮੇਟਣਾ ਤਾਰਾ ਚੰਦਨ, ਜ਼ਿਮੀਂ ਅਸਮਾਨ ਦੋਵੇਂ ਵੇਖਣ ਚਾਈਂ ਚਾਈਂਆ । ਓਹ ਲਹਿਣਾ ਦੇਣਾ ਪੂਰਾ ਕਰੇ ਬ੍ਰਹਿਮੰਡਨ, ਬ੍ਰਹਿਮਾਂਡ ਖੋਜ ਖੁਜਾਈਆ । ਮੈਂ ਹੈਰਾਨ ਹੋ ਕੇ ਤੱਕਿਆ ਓਹ ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਜੋਤ ਸ਼ਬਦ ਦੀ ਧਾਰ ਫਿਰੇ ਜਗਤ ਦੇ ਲੰਡਨ, ਭੇਵ ਅਭੇਦ ਆਪ ਖੁਲਾਈਆ । ਜਨ ਭਗਤਾਂ ਧੁਰ ਦੀ ਦਾਤ ਵਡ ਕਰਾਮਾਤ ਨਾਮ ਨਿਧਾਨਾ ਆਇਆ ਵੰਡਨ, ਵਸਤ ਅਵਰ ਨਾ ਕੋਇ ਜਣਾਈਆ । ਕਾਇਆ ਮਾਟੀ ਪੰਜ ਤਤ ਵਜੂਦ ਖ਼ਾਕ ਆਇਆ ਰੰਗਣ, ਰੰਗਤ ਅਗੰਮ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਭਾਦਰੋਂ ਕਹੇ ਮੇਰਾ ਸਤਾਈ ਦਿਵਸ ਦਿਹਾੜਾ, ਦਿਉਹੜੀ ਸੀਸ ਨਿਵਾਈਆ । ਮੇਰਾ ਲੇਖ

ਲਿਖਿਆ ਵੇਦ ਵਿਆਸ ਬਹਿ ਕੇ ਵਿਚ ਉਜਾੜਾ, ਭਵਿਖਤ ਪੁਰਾਨ ਦਏ ਗਵਾਹੀਆ । ਬਾਲਮੀਕ ਨੇ ਤੱਕਿਆ ਨੂਰੀ ਲਾੜਾ, ਜੋਤੀ ਜਾਤਾ ਨੂਰ ਅਲਾਹੀਆ । ਰਾਮ ਹਨੂਵੰਤ ਕੀਤਾ ਇਸ਼ਾਰਾ, ਕਲਜੁਗ ਅੰਤਮ ਅੱਖ ਉਠਾਈਆ । ਕ੍ਰਿਸ਼ਨ ਨੇ ਅਰਜਨ ਕਿਹਾ ਦੁਬਾਰਾ, ਦੂਹਰੀ ਧਾਰ ਸਮਝਾਈਆ । ਬੁੱਧ ਨੇ ਬੁੱਧੀ ਤੋਂ ਪਰੇ ਕੀਤੀ ਨਿਮਸਕਾਰਾ, ਨਿਵ ਨਿਵ ਲਾਗਾ ਪਾਈਆਂ । ਮੂਸਾ ਕੂਕ ਕੇ ਮਾਰਿਆ ਨਾਅਰਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਈਸਾ ਕਹੇ ਮੇਰਾ ਪਿਤਾ ਬਾਪ ਹੋਇਆ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਮੁਹੰਮਦ ਖ਼ੁਸ਼ੀਆਂ ਨਾਲ ਕਿਹਾ ਚਾਰ ਯਾਰਾਂ, ਅਮਾਮ ਅਮਾਮਾ ਮੇਰਾ ਧੁਰਦਰਗਾਹੀਆ । ਨਾਨਕ ਨਿਰਗੁਣ ਧਾਰ ਕਿਹਾ ਉਤਰੇ ਮਾਂਹਬਲੀ ਅਵਤਾਰਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਗੋਬਿੰਦ ਕਿਹਾ ਪੁਰਖ ਅਕਾਲਾ ਦੀਨ ਦਿਆਲਾ ਕਲ ਕਲਕੀ ਕਲ ਵੇਖੇ ਵਿਗਸੇ ਪਾਵੇ ਸਾਰਾ, ਮਹਾਸਾਰਥੀ ਆਪਣਾ ਹੁਕਮ ਵਰਤਾਈਆ । ਜਿਸ ਲਹਿਣਾ ਦੇਣਾ ਚੁਕਾਉਣਾ ਜ਼ਿਮੀਂ ਅਸਮਾਨਾ ਸੂਰੀਆ ਚੰਦ ਸਿਤਾਰਾ, ਸਦੀ ਚੌਧਵੀਂ ਆਪਣਾ ਹੁਕਮ ਵਰਤਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਖੇਲ ਖੇਲੇ ਵਿਚ ਸੰਸਾਰਾ, ਸਹਿੰਸਾ ਜਗਤ ਨਾ ਕੋਇ ਰਖਾਈਆ । ਕੁਦਰਤ ਦਾ ਕਾਦਰ ਕਰਨੀ ਦਾ ਕਰਤਾ ਬੇਐਬ ਪਰਵਰਦਿਗਾਰਾ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਅੰਤ ਅਖ਼ੀਰ ਬੇਨਜ਼ੀਰ ਏਕਾ ਗੋਬਿੰਦ ਕੰਨੇ ਦੇਣਾ ਉਧਾਰਾ, ਕਾਇਨਾਤ ਦਾ ਭੇਵ ਚੁਕਾਈਆ । ਜਿਸ ਸਭ ਨੂੰ ਕਰਨਾ ਦਸਤ ਬਰਦਾਰਾ, ਬੇਦਸਤ ਹੋਏ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਪਰਦਾ ਕਹੇ ਮੇਰਾ ਸਾਹਿਬ ਮੇਰੇ ਮੁਖ ਤੋਂ ਲਾਹੇ ਨਕਾਬ, ਨੁਕਤਾ ਰਹਿਣ ਕੋਇ ਨਾ ਪਾਈਆ । ਸਮੁੰਦ ਸਾਗਰਾਂ ਤੱਕੇ ਆਬ, ਆਬੇਹਯਾਤ ਧੁਰਦਰਗਾਹ ਦਾ ਵੇਖ ਵਖਾਈਆ । ਜੋ ਪੈਗ਼ੰਬਰਾਂ ਦਿਤਾ ਖਿਤਾਬ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਨਾਮ ਕਲਮਾ ਦਿਤੀ ਦਾਤ, ਪੈਗ਼ਾਮ ਧੁਰ ਦਾ ਇਕ ਸੁਣਾਈਆ । ਅੰਤ ਸਭ ਤੋਂ ਮੰਗੇ ਜਵਾਬ, ਜਵਾਬ ਤਲਬੀ ਵਿਚ ਰਖਾਈਆ । ਭਵਿਖਤਾਂ ਵਾਲੇ ਵੇਖੇ ਖ਼ਵਾਬ, ਪੇਸ਼ੀਨਗੋਈਆਂ ਖੋਜ ਖੁਜਾਈਆ । ਸਜਦਿਆਂ ਤੱਕੇ ਅਦਾਬ, ਕਦਮਬੋਸੀਆਂ ਭੁਲ ਰਹੇ ਨਾ ਰਾਈਆ । ਨਿਰਗੁਣ ਧਾਰ ਪ੍ਰਗਟ ਹੋ ਕੇ ਆਪ, ਆਪ ਆਪਣੀ ਕਲ ਵਰਤਾਈਆ । ਚਾਰ ਜੁਗ ਦਾ ਕਲਮਾ ਤੱਕੇ ਜਾਪ, ਨਾਮ ਨਿਧਾਨਾ ਵੇਖ ਵਖਾਈਆ । ਰੂਹ ਬੁਤ ਤੱਕੇ ਪਾਕੀ ਪਾਕ, ਤਨ ਵਜੂਦ ਫੋਲ ਫੁਲਾਈਆ । ਲਹਿਣਾ ਵੇਖੇ ਕਲਜੁਗ ਅੰਧੇਰੀ ਰਾਤ, ਸਾਚਾ ਚੰਦ ਕਵਣ ਚਮਕਾਈਆ । ਭਗਤ ਸੁਹੇਲੇ ਤੱਕੇ ਮਾਤ, ਧਰਨੀ ਧਵਲ ਖੋਜ ਖੁਜਾਈਆ । ਜੋ ਗੋਬਿੰਦ ਦਾ ਲਹਿਣਾ ਦੇਣਾ ਪੂਰਾ ਕਰੇ ਵਿਚ ਪੰਜ ਆਬ, ਪੰਚਮ ਪੰਚਮ ਪੰਚਮ ਦਾ ਰੰਗ ਰੰਗਾਈਆ । ਸ਼ਬਦ ਧਾਰ ਦਾ ਤੱਕੇ ਨਾਤ, ਨਾਤਾ ਸਤਿਗੁਰ ਸ਼ਬਦ ਵੇਖ ਵਖਾਈਆ । ਜੋ ਲੇਖਾ ਮਨੀ ਸਿੰਘ ਲਿਖਿਆ ਨਾਲ ਕਲਮ ਦਵਾਤ, ਤਿਸ ਦੀ ਆਸਾ ਪੂਰ ਕਰਾਈਆ । ਜਗਤ ਵਲੈਤ ਦਿਸੇ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਜੋ ਈਸਾ ਇਸ਼ਾਰਾ ਦਿਤਾ ਬਿਨਾ ਕਾਗ਼ਜ਼ਾਤ, ਬਿਨ ਨੈਣਾਂ ਨੈਣ ਉਠਾਈਆ । ਮੇਰੇ ਨੂਰ ਦਾ ਜ਼ਹੂਰ ਹੋਵੇ ਪ੍ਰਕਾਸ਼, ਜਿਸ ਨੂੰ ਬਾਪ ਕਹਿ ਕੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਤਾਈ ਭਾਦਰੋਂ ਕਹੇ ਆਹ ਨਾਰਦ ਆਇਆ ਨਿਵਾਵੇ ਆਪਣਾ ਸੀਸਾ, ਝੁਕ ਝੁਕ ਰਿਹਾ ਜਣਾਈਆ । ਨਾਲੇ ਇਸ਼ਾਰਾ ਕਰੇ ਉਹ ਵੇਖ ਲੈ ਈਸਾ, ਈਸੁਲਸਲਾਮ ਆਪਣੀ ਅੱਖ ਉਠਾਈਆ । ਮਿਤਰਾ ਤੱਕ ਲੈ ਆਪਣਾ ਇਸ਼ਾਰਾ ਬੀਸਾ, ਉਨੀਸਵੀਂ ਵੰਡ ਵੰਡਾਈਆ ।


੨੨੭ ੨੩

ਸਭ ਦਾ ਖ਼ਾਲੀ ਹੋਇਆ ਖੀਸਾ, ਪਾਕਟ ਮਨੀ ਦੋਵੇਂ ਰਹੇ ਕੁਰਲਾਈਆ । ਓਹ ਤੱਕ ਸੋਹਣਿਆਂ ਬਦਲਣ ਵਾਲੀ ਰੀਤਾ, ਰੀਤੀਵਾਨ ਦਏ ਬਦਲਾਈਆ । ਨਾਰਦ ਕਹੇ ਮੁਹੰਮਦ ਤੂੰ ਵੀ ਆ ਜਾ ਨਜ਼ਦੀਕਾ, ਦਰਗਾਹ ਸਚ ਮੁਕਾਮੇ ਹਕ ਵਿਚੋਂ ਲੈ ਅੰਗੜਾਈਆ । ਆਪਣੀ ਅੰਤ ਅਖ਼ੀਰ ਵੇਖ ਤਾਰੀਖਾ, ਤਵਾਰੀਖ ਤੇਰੀ ਦਏ ਗਵਾਹੀਆ । ਸਭ ਦਾ ਵੇਲਾ ਅੰਤਮ ਬੀਤਾ, ਸਦੀ ਚੌਧਵੀਂ ਰੋਵੇ ਮਾਰੇ ਧਾਹੀਆ । ਨਾਰਦ ਕਹੇ ਦੀਨ ਦੁਨੀ ਨੂੰ ਵੇਖ ਕੇ ਸਜਣੋ ਮੇਰੀਆਂ ਨਿਕਲਦੀਆਂ ਚੀਕਾਂ, ਬਹੁੜੀ ਬਹੁੜੀ ਕਰ ਕੇ ਦਿਆਂ ਸੁਣਾਈਆ । ਜਿਸ ਦੀਆਂ ਚਾਰ ਜੁਗ ਕਰਦੇ ਰਹੇ ਉਡੀਕਾਂ, ਉਹ ਤੱਕੋ ਧੁਰ ਦਾ ਮਾਲਕ ਬੇਪ੍ਰਵਾਹੀਆ । ਜਿਸ ਦਾ ਦੀਨ ਮਜ਼੍ਹਬ ਦਾ ਨਹੀਂ ਕੋਈ ਸ਼ਰੀਕਾ, ਸ਼ਿਰਕਤ ਵਿਚ ਕਦੇ ਨਾ ਆਈਆ । ਸ਼ਰਅ ਦੀਆਂ ਮੇਟਣ ਆਇਆ ਲੀਕਾਂ, ਲਾਈਨ ਧੁਰ ਦੀ ਦਏ ਸਮਝਾਈਆ । ਜਿਸ ਦੀਆਂ ਕਲਮਿਆਂ ਵਿਚ ਕਰਦੇ ਗਏ ਤਬਲੀਕਾਂ, ਇਸਮ ਆਜ਼ਮ ਇਕ ਦਰਸਾਈਆ । ਜਿਸ ਦੇ ਪਿਛੇ ਵਡਿਆਈਆਂ ਦੇਂਦੇ ਰਹੇ ਸ਼ਹੀਦਾਂ, ਸ਼ਹਾਦਤ ਜਗਤ ਵਾਲੀ ਭੁਗਤਾਈਆ । ਓਹ ਵੇਖਣ ਆਇਆ ਹਾਲ ਮੁਰੀਦਾਂ, ਮੁਰਸ਼ਦ ਬੇਪ੍ਰਵਾਹੀਆ । ਨਾਲੇ ਆਪਣੇ ਸਪਾਰੇ ਤੱਕੋ ਤੇ ਤੱਕੋ ਕੁਰਾਨ ਮਜੀਦਾ, ਕੀ ਮਜਮੂਹਾ ਅੱਖਰਾਂ ਅਲਫ਼ ਯੇ ਦਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਪੁਰਾਣਾ ਪ੍ਰਭੂ ਦਾ ਦੋ ਧਾਰ ਦਾ ਭਗਤ, ਮੇਰੀ ਭਗਤੀ ਸਮਝ ਕਿਸੇ ਨਾ ਆਈਆ । ਮੇਰਾ ਖੇਲ ਜਾਣੇ ਨਾ ਕੋਈ ਜਗਤ, ਜੀਵਣ ਜੁਗਤ ਨਾ ਕਿਸੇ ਦ੍ਰਿੜਾਈਆ । ਮੈਂ ਬਣਿਆ ਨਹੀਂ ਕਿਸੇ ਨਾਲ ਬੂੰਦ ਰਕਤ, ਜਨਮ ਦੇਣ ਵਾਲੀ ਕੋਇ ਨਾ ਮਾਈਆ । ਮੈਂ ਨੂਰ ਨੁਰਾਨਾ ਸ਼ਾਹ ਸੁਲਤਾਨਾ ਪ੍ਰਭੂ ਦੀ ਜੋਤ ਧਾਰ ਦੀ ਸ਼ਕਤ, ਸ਼ਖ਼ਸੀਅਤ ਅਵਰ ਨਾ ਕੋਇ ਰਖਾਈਆ । ਮੈਂ ਸੰਦੇਸ਼ਾ ਦੇਵਣ ਆਇਆ ਪੈਗ਼ੰਬਰੋ ਤੁਹਾਡਾ ਅੰਤ ਅਖ਼ੀਰੀ ਵਕਤ, ਕਲਾਕ ਈਸਾ ਆਪਣਾ ਵੇਖ ਵਖਾਈਆ । ਨਾਲੇ ਸ਼ਰਅ ਦੀ ਤੱਕੋ ਸ਼ਰੀਅਤ ਵਾਲੀ ਸ਼ਰਤ, ਸ਼ਾਇਦ ਭੁਲੇਖਾ ਰਹੇ ਨਾ ਰਾਈਆ । ਨਿਗਾਹ ਮਾਰੋ ਬਿਨ ਨੈਣਾਂ ਉਤੇ ਫ਼ਰਸ਼ ਅਰਸ਼, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਕਿਤੇ ਉਹੋ ਨਾ ਆਇਆ ਹੋਵੇ ਪਰਤ, ਜਿਸ ਨੂੰ ਪਤਿਪਰਮੇਸ਼ਵਰ ਕਹੇ ਲੋਕਾਈਆ । ਬਿਨਾ ਜਗਤ ਨੈਣਾਂ ਤੋਂ ਕਰੋ ਦਰਸ, ਦੀਦ ਆਪਣੀ ਵੇਖ ਵਖਾਈਆ । ਤੁਹਾਡੀ ਤ੍ਰਿਸ਼ਨਾ ਮੇਟੇ ਹਰਸ, ਹਵਸ ਦਏ ਗਵਾਈਆ । ਤੁਹਾਡਾ ਪੂਰਾ ਹੋਵੇ ਪਿਛਲਾ ਲਹਿਣਾ ਕਰਜ਼, ਮਕਰੂਜ਼ ਦਏ ਚੁਕਾਈਆ । ਲੇਖੇ ਲਾਵੇ ਸਦੀ ਚੌਧਵੀਂ ਸੰਗ ਮੁਹੰਮਦ ਅਰਜ਼, ਈਸਾ ਮੂਸਾ ਭਰਮ ਰਹੇ ਨਾ ਰਾਈਆ । ਖੇਲ ਕਰੇ ਯੋਧਾ ਸੂਰਬੀਰ ਮਰਦਾਨਾ ਮਰਦ, ਓਟ ਅਵਰ ਨਾ ਕੋਇ ਤਕਾਈਆ । ਜਨ ਭਗਤਾਂ ਵੰਡਣ ਆਇਆ ਦਰਦ, ਦੀਨ ਦੁਨੀ ਦਾ ਮਾਲਕ ਆਪਣੀ ਦਇਆ ਕਮਾਈਆ । ਜਿਸ ਕਲਜੁਗ ਮੇਟਣਾ ਅੰਧੇਰਾ ਗਰਦ, ਖ਼ੁਸ਼ੀ ਗ਼ਮੀ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਜੋਤ ਸ਼ਬਦ ਧਾਰ ਰੂਪ ਅਸਚਰਜ, ਜਗ ਨੇਤਰ ਲੋਚਨ ਨੈਣ ਵੇਖਣ ਕੋਇ ਨਾ ਪਾਈਆ ।

**੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਵਰਮਿਗੰਮ ਵਾਲਸ ਆਲ**
**੬੫ ਕੈਰਿਨਜ਼ ਸਟਰੀਟ ਮਹਿੰਦਰ ਸਿੰਘ ਤੇ ਸੋਹਣ ਸਿੰਘ ਦੇ ਗ੍ਰਹਿ**

ਧਰਨੀ ਕਹੇ ਸੁਣ ਵੇ ਅਸਮਾਨਾ, ਇਸਮ ਆਜ਼ਮ ਦਾ ਭੇਵ ਜਣਾਈਆ । ਤੇਰੇ ਵੇਂਹਦਿਆਂ ਜੁਗ ਚੌਕੜੀ ਲੰਘਿਆ ਜ਼ਮਾਨਾ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਕਲਜੁਗ ਅੰਤਮ ਖੇਲ ਤੱਕ ਮਹਾਨਾ, ਮਹਿੰਮਾ ਕਥ ਕਥ ਦ੍ਰਿੜਾਈਆ । ਬਿਨਾ ਨਿਗਾਹ ਤੋਂ ਨਿਗਾਹ ਮਾਰ ਕਰ ਧਿਆਨਾ, ਬਿਨ ਲੋਚਨ ਨੈਣ ਖੁਲਾਈਆ । ਖੇਲ ਵੇਖਿਆ ਸੀਤਾ ਰਾਮਾ, ਕ੍ਰਿਸ਼ਨਾ ਕਾਹਨਾ ਭੇਵ ਰਿਹਾ ਨਾ ਰਾਈਆ । ਪੈਗ਼ੰਬਰਾਂ ਦਾ ਸੁਣਿਆ ਕਲਾਮਾ, ਜੋ ਕਾਇਨਾਤ ਗਏ ਸੁਣਾਈਆ । ਮੰਤਰ ਧੁਰ ਦਾ ਜਾਣਿਆ ਸਤਿਨਾਮਾ, ਸਤਿ ਸਤਿ ਵੱਜੀ ਵਧਾਈਆ । ਉਠ ਨਿਗਾਹ ਮਾਰ ਚਾਰੋਂ ਕੁੰਟ ਸ਼ਰਅ ਦਿਸੇ ਸ਼ੈਤਾਨਾ, ਸ਼ਰੀਅਤ ਆਪਣੀ ਲਏ ਅੰਗੜਾਈਆ । ਹਿਰਦੇ ਵਸੇ ਨਾ ਕਿਸੇ ਸ੍ਰੀ ਭਗਵਾਨਾ, ਅੰਤਸ਼ਕਰਨ ਕਰੇ ਨਾ ਕੋਇ ਸਫ਼ਾਈਆ । ਕੂੜੀ ਕਿਰਿਆ ਜਗਤ ਹੋਇਆ ਪੀਣਾ ਖਾਣਾ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਦਿਸੇ ਬੀਆਬਾਨਾ, ਪੱਤ ਟਹਿਣੀ ਫੁੱਲ ਨਾ ਕੋਇ ਮਹਿਕਾਈਆ । ਦੀਨ ਮਜ਼੍ਹਬ ਹੋਇਆ ਬੇਗਾਨਾ, ਸਗਲਾ ਸੰਗ ਨਾ ਕੋਇ ਰਖਾਈਆ । ਉਠ ਤੱਕ ਚਾਰ ਯਾਰੀ ਸੰਗ ਮੁਹੰਮਦ ਬੰਨ੍ਹੇ ਗਾਨਾ, ਮਹਿੰਦੀ ਲਾਲ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਬੇਪ੍ਰਵਾਹੀਆ । ਧਰਨੀ ਕਹੇ ਨਿਗਾਹ ਮਾਰ ਆਸਮਾਂ, ਮੰਡਲ ਮੰਡਪ ਸਾਰੇ ਵੇਖ ਵਖਾਈਆ । ਹੰਸ ਬੁੱਧੀ ਹੋਈ ਕਲਜੁਗ ਜੀਵਾਂ ਕਾਂ, ਹੰਸ ਰੂਪ ਨਾ ਕੋਇ ਬਦਲਾਈਆ । ਧਰਨੀ ਕਹੇ ਨਾਲੇ ਮੈਨੂੰ ਕਹਿੰਦੇ ਧਰਨੀ ਮਾਂ, ਮਾਤਾ ਕਹਿ ਕੇ ਮੇਰੇ ਉਤੇ ਕੁਕਰਮ ਕਮਾਈਆ । ਨਿਥਾਵਿਆਂ ਮਿਲੇ ਕੋਇ ਨਾ ਥਾਂ, ਨਿਮਾਣਿਆਂ ਹੋਏ ਨਾ ਕੋਇ ਸਹਾਈਆ । ਮੇਰੀ ਦੁਹਾਈ ਦਰੋਹੀ ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਆਤਮ ਬ੍ਰਹਮ ਸਮਝ ਕੋਇ ਨਾ ਆਈਆ । ਬਹੁੜੀ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਅਵਤਾਰ ਪੈਗ਼ੰਬਰ ਗੁਰੂ ਸਭ ਦੀ ਛਡ ਗਏ ਬਾਂਹ, ਬਾਹੋਂ ਫੜ ਗਲਵਕੜੀ ਕੋਇ ਨਾ ਪਾਈਆ । ਚੌਦਾਂ ਲੋਕ ਚੌਦਾਂ ਤਬਕ ਚਾਰੋਂ ਕੁੰਟ ਰੋਵਣ ਮਾਰਨ ਧਾਹ, ਧੀਰਜ ਧੀਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਸੁਣ ਅਸਮਾਨ ਨੀਲੇ, ਬਸਨ ਬਨਵਾਰੀ ਦਿਆਂ ਜਣਾਈਆ । ਧਰਮ ਦੀ ਧਾਰ ਰਹੇ ਨਾ ਕੋਇ ਵਸੀਲੇ, ਵਸਲ ਯਾਰ ਹੱਥ ਕਿਸੇ ਨਾ ਆਈਆ । ਦੀਨ ਮਜ਼੍ਹਬ ਦੀਨ ਦੁਨੀ ਬਣੀ ਕਬੀਲੇ, ਕਾਮਲ ਮੁਰਸ਼ਦ ਮਿਲਣ ਕੋਇ ਨਾ ਪਾਈਆ । ਜੋ ਸੰਦੇਸ਼ਾ ਦਿਤਾ ਗੋਬਿੰਦ ਨੌਜਵਾਨ ਛੈਲ ਛਬੀਲੇ, ਸੂਰਬੀਰ ਸੁਲਤਾਨ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਲੇਖਾ ਆਪ ਦ੍ਰਿੜਾਈਆ । ਅਸਮਾਨ ਕਹੇ ਸੁਣ ਪ੍ਰੇਮ ਪਿਆਰ ਦੀ ਧਰਤੀ, ਧਰਨੀਏ ਦਿਆਂ ਜਣਾਈਆ । ਤੇਰੇ ਕੋਲ ਪ੍ਰੇਮ ਵਾਲੀ ਅਰਜ਼ੀ, ਜਿਸ ਦੀ ਸਮਝ ਕਿਸੇ ਨਾ ਆਈਆ । ਉਸ ਕਿਹਾ ਪੁਰਖ ਅਕਾਲਾ ਦੀਨ ਦਿਆਲਾ ਸਦੀ ਚੌਧਵੀਂ ਅੰਤਮ ਕਰੇ ਆਪਣੀ ਮਰਜ਼ੀ, ਮਿਹਰਵਾਨ ਮਹਿਬੂਬ ਆਪਣਾ ਹੁਕਮ ਵਰਤਾਈਆ । ਉਹ ਸਾਰ ਪਾਵੇ ਨਵ ਸੱਤ ਘਰ ਘਰ ਦੀ, ਲੱਖ ਚੁਰਾਸੀ ਤਨ ਵਜੂਦ ਮਾਟੀ ਖ਼ਾਕ ਫੋਲ ਫੁਲਾਈਆ । ਉਸ ਵੇਲੇ ਦੀਨ ਦੁਨੀ ਦੁਨਿਆਦਾਰੀ ਵਿਚ ਹੋਵੇ ਲੜਦੀ, ਪਿਤਾ ਪੂਤ ਰੂਪ

ਬਣੇ ਕਸਾਈਆ । ਕਾਇਆ ਮਾਟੀ ਭਰੀ ਹੋਵੇ ਹਉਮੇ ਹੰਕਾਰ ਗੜ੍ਹ ਦੀ, ਨਿਮਰਤਾ ਵਿਚ ਨਜ਼ਰ ਕੋਇ ਨਾ ਆਈਆ । ਉਸ ਵੇਲੇ ਖੇਲ ਵਰਤਣੀ ਚੋਟੀ ਜੜ ਦੀ, ਚੇਤਨ ਆਪਣਾ ਹੁਕਮ ਵਰਤਾਈਆ । ਮਾਨਵ ਜ਼ਾਤੀ ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਹੋਵੇ ਸੜਦੀ, ਅਗਨੀ ਤਤ ਨਾ ਕੋਇ ਬੁਝਾਈਆ । ਮੈਂ ਭੈ ਭਉ ਵਿਚ ਰਹਾਂ ਡਰਦੀ, ਪੁਰਖ ਅਕਾਲ ਅਗੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿ ਸਚ ਤੇਰੀ ਸਰਨਾਈਆ । ਅਸਮਾਨ ਕਹੇ ਧਰਨੀਏ ਕੁਛ ਦੱਸ ਅਗੰਮੀ ਖ਼ਬਰ, ਬੇਖ਼ਬਰਾਂ ਦੇ ਜਣਾਈਆ । ਕੀ ਪੁਕਾਰੇ ਮੁਹੰਮਦ ਦੀ ਅੰਦਰੋਂ ਕਬਰ, ਮਕਬਰੇ ਕੀ ਰਹੇ ਦ੍ਰਿੜਾਈਆ । ਧਰਨੀ ਕਹੇ ਉਹ ਸਾਰੇ ਅੰਦਰੋਂ ਹੋਏ ਬੇਸਬਰ, ਬੇਸਬਰੀ ਵਿਚ ਜਣਾਈਆ । ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਅਲਾਹੀ ਆਏ ਜਬਰ, ਜੋ ਜਬਰਾਈਲ ਨੂੰ ਸੰਦੇਸ਼ੇ ਦੇ ਕੇ ਮੁਹੰਮਦ ਗਿਆ ਸਮਝਾਈਆ । ਉਹਦਾ ਖੇਲ ਉਤੇ ਅਸਮਾਨਾਂ ਅੰਬਰ, ਚੌਦਾਂ ਤਬਕ ਨਿਵ ਨਿਵ ਲਾਗਣ ਪਾਈਆ ਉਹਦੇ ਕਲਮੇ ਦੀ ਧਾਰ ਨਾਮ ਸੰਦੇਸਾ ਧੁਨ ਮਧੁਰ, ਸੁੰਨ ਸਮਾਧੀ ਤੋਂ ਬਾਹਰ ਦਏ ਦ੍ਰਿੜਾਈਆ । ਜਿਸ ਦਾ ਚਾਰ ਕੁੰਟ ਦਹਿ ਦਿਸ਼ਾ ਨਵ ਦਵਾਰੇ ਪੈਣਾ ਗ਼ਦਰ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਦੀਨ ਮਜ਼੍ਹਬ ਖੇਲ ਕਰਨ ਮਕਤੂਲ ਕਾਤਲ ਦੀਨ ਦੁਨੀ ਹੋਵੇ ਕਤਲ, ਕਤਲਗਾਹ ਦਿਸੇ ਖ਼ਲਕ ਖ਼ੁਦਾਈਆ । ਯਥਾਰਥ ਚਲਣਾ ਨਹੀਂ ਕਿਸੇ ਦਾ ਯਤਨ, ਯਦੀ ਆਪਣਾ ਹੁਕਮ ਵਰਤਾਈਆ । ਮਾਨਵ ਜ਼ਾਤੀ ਪੁੱਜੀ ਅੰਤ ਕਿਨਾਰੇ ਆਪਣੇ ਪੱਤਨ, ਜਿਸ ਪੱਤਨ ਦਾ ਲੇਖਾ ਗੋਬਿੰਦ ਬਿਨ ਪਤ੍ਰਕਾ ਗਿਆ ਸਮਝਾਈਆ । ਸਭ ਨੂੰ ਛਡਣਾ ਪੈਣਾ ਆਪਣਾ ਵਤਨ, ਬੇਵਤਨ ਦਿਸੇ ਖ਼ਲਕ ਖ਼ੁਦਾਈਆ । ਕੋਟਾਂ ਵਿਚੋਂ ਗੁਰਮੁਖ ਹੀਰੇ ਲਾਲ ਅਮੋਲਕ ਰਤਨ, ਹਰਿਜਨ ਸਾਚੇ ਨਜ਼ਰੀ ਆਈਆ । ਜੋ ਸਚ ਦਵਾਰੇ ਸਾਚੇ ਨਾਮ ਦਾ ਲਾਹਾ ਖੱਟਣ, ਖਟਕਾ ਅਵਰ ਰਹੇ ਨਾ ਰਾਈਆ । ਉਨ੍ਹਾਂ ਨੂੰ ਗੋਬਿੰਦ ਮਾਹੀ ਵਾਸੀ ਪਟਨ, ਪਾਟਲ ਆਪਣਾ ਪਰਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਆਪਣਾ ਭੇਵ ਦਏ ਖੁਲਾਈਆ । ਅਸਮਾਂ ਕਹੇ ਧਰਨੀ ਤੈਨੂੰ ਕਹਿ ਕੇ ਗਏ ਬਸੁਧਾ, ਜਨ ਭਗਤ ਦਿਤੀ ਵਡਿਆਈਆ । ਦੱਸ ਕੀ ਆਸਾ ਰਖੀ ਬੁੱਧਾ, ਪਰਦਾ ਓਹਲਾ ਦੇਣਾ ਉਠਾਈਆ । ਕੀ ਅੰਤਮ ਲੇਖਾ ਹੋਣਾ ਕਲਜੁਗਾ, ਚੌਥੇ ਜੁਗ ਦੇ ਸਮਝਾਈਆ । ਧਰਨੀ ਕਹੇ ਅਸਮਾਂ ਮੇਰਾ ਮਿਹਰਵਾਨ ਇਕੋ ਹੋਵੇ ਉਘਾ, ਉਗਣ ਆਥਣ ਜਿਸ ਦਾ ਨੂਰ ਰੁਸ਼ਨਾਈਆ । ਓਸ ਨੇ ਸਤਿਜੁਗ ਲਾਉਣਾ ਧਰਮ ਦਾ ਧਰਮ ਚਲਾਉਣਾ ਇਕੋ ਮੁੱਦਾ, ਮੁੱਦਤ ਦੇ ਵਿਛੜੇ ਗੁਰਮੁਖ ਲਏ ਮਿਲਾਈਆ । ਜਿਸ ਦਾ ਭੇਵ ਅਕਲ ਬੁੱਧੀ ਤੋਂ ਗੁੱਝਾ, ਮਨ ਕਲਪਣਾ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਸਾਹਿਬ ਦਇਆ ਕਮਾਏਗਾ । ਦੀਨ ਦਿਆਲਾ ਵੇਸ ਵਟਾਏਗਾ । ਨੂਰ ਨੁਰਾਨਾ ਨੂਰ ਰੁਸ਼ਨਾਏਗਾ । ਜੋਤੀ ਜਾਤਾ ਡਗਮਗਾਏਗਾ । ਸ਼ਬਦ ਅਨਾਦੀ ਧੁਨ ਪ੍ਰਗਟਾਏਗਾ । ਬ੍ਰਹਮ ਬ੍ਰਹਿਮਾਦੀ ਖੇਲ ਖਿਲਾਏਗਾ । ਆਦਿ ਜੁਗਾਦੀ ਹੁਕਮ ਵਰਤਾਏਗਾ । ਜੁਗ ਬਦਲਣਾ ਜਿਸ ਦੀ ਵਾਦੀ, ਉਹ ਵਾਅਦੇ ਪਿਛਲੇ ਵੇਖ ਵਖਾਏਗਾ । ਜੋ ਸੰਦੇਸ਼ਾ ਦੇ ਕੇ ਗਈ ਜ਼ੋਰਾਵਰ ਸਿੰਘ ਫ਼ਤਿਹ ਸਿੰਘ ਨੂੰ ਗੁਜਰੀ ਦਾਦੀ, ਦਾਅਵੇਦਾਰ ਇਕ ਅਖਵਾਏਗਾ । ਕਲਜੁਗ ਅੰਤਮ ਅੰਤਮ ਵੇਖੇ ਬਾਜ਼ੀ, ਬਾਜਾਂ ਵਾਲਾ ਅਪਣਾ ਰੂਪ ਪ੍ਰਗਟਾਏਗਾ । ਜੋ ਸ਼ਰਅ ਸ਼ਰੀਅਤ ਦੇ ਵੇਖੇ ਹਾਜੀ, ਮਕਬਰੇ ਪੈਗ਼ੰਬਰਾਂ ਫੋਲ ਫੁਲਾਏਗਾ । ਜੋ ਲਹਿਣਾ ਦੇਣਾ ਨਾਨਕ

੨੩੦
੨੩

ਵੇਖੇ ਬਗ਼ਦਾਦੀ, ਬਗ਼ਲਗੀਰ ਸਰਬ ਅਖਵਾਏਗਾ । ਜਿਹੜਾ ਲੇਖਾ ਚੁਕਾਵੇ ਇਸ਼ਕ ਹਕੀਕੀ ਤੇ ਮਜਾਜ਼ੀ, ਦੋਹਾਂ ਤੋਂ ਪਰੇ ਆਪਣਾ ਨੂਰ ਰੁਸ਼ਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਆਪਣਾ ਰੰਗ ਰੰਗਾਏਗਾ । ਧਰਨੀ ਕਹੇ ਅਸਮਾਂ ਮੇਰਾ ਸਾਹਿਬ ਸੁਲਤਾਨਾ ਆਏਗਾ । ਮਿਹਰਵਾਨ ਇਕ ਅਖਵਾਏਗਾ । ਨੌਜਵਾਨਾ ਰੂਪ ਵਟਾਏਗਾ । ਤੂੰ ਮੇਰਾ ਮੈਂ ਤੇਰਾ ਢੋਲਾ ਇਕ ਸੁਣਾਏਗਾ । ਜਗਤ ਵਿਚੋਲਾ ਸ਼ਬਦੀ ਧਾਰ ਰੰਗ ਰੰਗਾਏਗਾ । ਪਰਦਾ ਓਹਲਾ ਸਰਬ ਉਠਾਏਗਾ । ਨੌ ਖੰਡ ਪ੍ਰਿਥਮੀ ਪਾਵੇ ਰੌਲਾ, ਮੌਲਾ ਆਪਣਾ ਵੇਸ ਵਟਾਏਗਾ । ਪ੍ਰਗਟ ਹੋ ਕੇ ਉਤੇ ਧੌਲਾ, ਧਰਨੀ ਕਹੇ ਮੇਰਾ ਹੌਲਾ ਭਾਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਵੇਗਾ । ਸਚ ਦਾ ਹੁਕਮ ਇਕ ਸੁਣਾਏਗਾ । ਸਚਖੰਡ ਨਿਵਾਸੀ ਦਇਆ ਕਮਾਏਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਏਗਾ । ਤੇਈ ਅਵਤਾਰ ਆਪ ਹਿਲਾਏਗਾ । ਪੈਗ਼ੰਬਰਾਂ ਆਲਸ ਨਿੰਦਰਾ ਆਪ ਖੁਲਾਏਗਾ । ਗੁਰੂਆਂ ਬੋਧ ਅਗਾਧ ਦ੍ਰਿੜਾਏਗਾ । ਚੌਦਾਂ ਲੋਕ ਆਪ ਸਮਝਾਏਗਾ । ਚੌਦਾਂ ਤਬਕ ਸਬਕ ਪੜ੍ਹਾਏਗਾ । ਬੰਕ ਦਵਾਰਾ ਇਕ ਸੁਹਾਏਗਾ । ਡੰਕ ਨਗਾਰਾ ਇਕ ਵਜਾਏਗਾ । ਕਲਜੁਗ ਕੂੜ ਕੁੜਿਆਰਾ ਡੇਰਾ ਢਾਹੇਗਾ । ਸਤਿਜੁਗ ਸਤਿ ਸਤਿ ਕਰੇ ਉਜਿਆਰਾ, ਨੂਰੀ ਚੰਦ ਚੰਦ ਚਮਕਾਏਗਾ । ਲੇਖਾ ਪੂਰਾ ਕਰੇ ਗੁਰ ਅਵਤਾਰਾ, ਪੈਗ਼ੰਬਰਾਂ ਲੇਖਾ ਵੇਖ ਵਖਾਏਗਾ । ਸ਼ਾਹੋ ਭੂਪ ਬਣ ਸਿਕਦਾਰਾ, ਸਿਰ ਸਿਰ ਆਪਣਾ ਹੁਕਮ ਮਨਾਏਗਾ । ਜੋ ਆਸਾ ਰਖੀ ਭਗਤ ਰਵੀਦਾਸ ਚਮਿਆਰਾ, ਕਸੀਰਾ ਕੌਡੀ ਗੰਗਾ ਦੀ ਧਾਰ ਉਸ ਦਾ ਲੇਖਾ ਪਾਏਗਾ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਜ਼ਾਹਿਰਾ, ਜ਼ਾਹਰ ਜ਼ਹੂਰ ਨੂਰ ਰੁਸ਼ਨਾਏਗਾ । ਜਿਸ ਨੇ ਖੇਲ ਖੇਲਣਾ ਵਿਚ ਕਾਹਿਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਵੱਡਾ ਇਕ ਅਖਵਾਏਗਾ । ਅਸਮਾਨ ਕਹੇ ਧਰਨੀ ਸੁਣ ਹੁਕਮ ਅਗੰਮੀ ਤੁਕ ਦੇ, ਜੋ ਤੁਰੀਆ ਤੋਂ ਪਰੇ ਜਣਾਈਆ । ਜਿਸ ਨੂੰ ਸਾਰੇ ਅਸੀਂ ਝੁਕਦੇ, ਸਜਦਿਆਂ ਵਿਚ ਸੀਸ ਨਿਵਾਈਆ । ਖੇਲ ਵੇਖ ਉਸ ਦੇ ਅਗੰਮੀ ਪੁਤ ਦੇ, ਜੋ ਸਤਿਗੁਰ ਸ਼ਬਦ ਬੇਪ੍ਰਵਾਹੀਆ । ਜਿਸ ਦੇ ਭਾਣੇ ਕਦੇ ਨਾ ਰੁਕਦੇ, ਨਾ ਕੋਈ ਮੇਟੇ ਮੇਟ ਮਿਟਾਈਆ । ਉਸ ਦੇ ਵੇਲੇ ਅੰਤਮ ਢੁੱਕਦੇ, ਅਵਤਾਰ ਪੈਗ਼ੰਬਰ ਗੁਰੂ ਦੇਣ ਗਵਾਹੀਆ । ਖੇਲ ਹੋਣ ਅਬਿਨਾਸ਼ੀ ਅਚੁਤ ਦੇ, ਚੇਤਨ ਸਭ ਨੂੰ ਰਿਹਾ ਕਰਾਈਆ । ਜਗਤ ਜਗਿਆਸੂ ਦੀਨ ਦੁਨੀ ਮਜ਼੍ਹਬ ਭਰੇ ਦੁਖ ਦੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਉਜਲ ਭਾਗ ਨਾ ਦਿਸਣ ਕਿਸੇ ਮਨੁੱਖ ਦੇ, ਬਿਨ ਸਤਿਗੁਰ ਕਿਰਪਾ ਚੁਰਾਸੀ ਪਾਰ ਨਾ ਕੋਇ ਕਰਾਈਆ । ਪੈਂਡੇ ਮੁਕਦੇ ਨਹੀਂ ਉਲਟੇ ਰੁੱਖ ਦੇ, ਨੌ ਅਠਾਰਾਂ ਪੰਧ ਨਾ ਕੋਇ ਮੁਕਾਈਆ । ਜਿਧਰ ਤੱਕਾਂ ਨੌ ਖੰਡ ਪ੍ਰਿਥਮੀ ਸੱਤ ਦੀਪ ਧੂੰਏਂ ਧੁੱਖ ਦੇ, ਧਰਨੀ ਧਰਤ ਧਵਲ ਧੌਲ ਲਏ ਅੰਗੜਾਈਆ । ਕਲਜੁਗ ਖੇਲ ਤੱਕਣੇ ਅੰਤਮ ਲੁੱਟ ਦੇ, ਲੁਟੇਰਾ ਅੰਤਮ ਭੱਜੇ ਵਾਹੋ ਦਾਹੀਆ । ਸਦੀ ਚੌਧਵੀਂ ਸਭ ਦੇ ਭਾਗ ਜਾਂਦੇ ਨਿਖੁਟਦੇ, ਸੰਗ ਮੁਹੰਮਦ ਚਾਰ ਯਾਰ ਚਾਰੋਂ ਕੁੰਟ ਉਠ ਉਠ ਵੇਖਣ ਤੱਕਣ ਥਾਉਂ ਥਾਈਆ । ਕੀ ਹੁਕਮ ਵਰਤਣੇ ਅੰਤਮ ਗੋਬਿੰਦ ਸੂਰੇ ਪੁਰਖ ਅਕਾਲ ਦੇ ਸੁਤ ਦੇ, ਜੋ ਸੁੱਤਿਆਂ ਸਭ ਨੂੰ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧੁਰ ਮਾਲਕ ਦਇਆ ਕਮਾਉਂਦਾ ਏ । ਹਰਿਜਨ ਸਾਚੇ ਵੇਖ ਵਖਾਉਂਦਾ ਏ । ਭਗਤ ਸੁਹੇਲੇ ਮੇਲ ਮਿਲਾਉਂਦਾ ਏ । ਗੁਰ ਚੇਲੇ ਰੰਗ ਚੜ੍ਹਾਉਂਦਾ ਏ । ਆਤਮ ਸੇਜਾ ਸਚ ਪਲੰਘ ਸੁਹਾਉਂਦਾ

ਏ । ਨਾਮ ਸ਼ਬਦ ਮਰਦੰਗ ਅਗੰਮ ਵਜਾਉਂਦਾ ਏ । ਗੁਰਮੁਖਾਂ ਸੀਨੇ ਠੰਡ ਅੰਮ੍ਰਿਤਧਾਰ ਆਪ ਬਰਸਾਉਂਦਾ ਏ । ਨਾਮ ਸ਼ਬਦ ਮਰਦੰਗ ਅਗੰਮ ਵਜਾਉਂਦਾ ਏ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਆਪ ਅਖਵਾਉਂਦਾ ਏ । ਗੁਰਸਿਖਾਂ ਆਤਮ ਕਦੇ ਨਾ ਹੋਵੇ ਰੰਡ, ਕੰਤ ਸੁਹਾਗੀ ਜੋੜ ਜੁੜਾਉਂਦਾ ਏ । ਜੋ ਸਮੁੰਦ ਸਾਗਰਾਂ ਧਰਨੀ ਕਹੇ ਪਾਰ ਆਵੇ ਲੰਘ, ਮੰਜ਼ਲ ਸਭ ਦੀ ਪੰਧ ਮੁਕਾਉਂਦਾ ਏ । ਬੇੜਾ ਚਲਾਏ ਬਿਨਾ ਮੁਹਾਣੇ ਵੰਝ, ਖੇਵਟ ਖੇਟਾ ਇਕ ਅਖਵਾਉਂਦਾ ਏ । ਗੁਰਸਿਖਾਂ ਮੇਟ ਕੇ ਚਿੰਤਾ ਗ਼ਮ, ਗ਼ਮੀ ਗ਼ਮਖਾਰ ਬਾਹਰ ਕਢਾਉਂਦਾ ਏ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇਵੇ ਅਨੰਦ, ਸੋਹੰ ਸ਼ਬਦ ਇਕ ਸਮਝਾਉਂਦਾ ਏ । ਅੰਦਰੋਂ ਭਰਮਾ ਢਾਹਵੇ ਕੰਧ, ਭਾਂਡਾ ਭਰਮ ਭਉ ਭੰਨਾਉਂਦਾ ਏ । ਹਰਿਜਨ ਨੇਤਰ ਰਹਿਣ ਨਾ ਦੇਵੇ ਅੰਧ, ਨਿਜ ਨੇਤਰ ਨੂਰ ਚਮਕਾਉਂਦਾ ਏ । ਪਾਰਬ੍ਰਹਮ ਬਖ਼ਸ਼ ਕੇ ਸੰਗ, ਈਸ਼ ਜੀਵ ਵੇਖ ਵਖਾਉਂਦਾ ਏ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਝੋਲੀ ਪਾਉਂਦਾ ਏ । ਜਨ ਭਗਤੋ ਤੁਹਾਡਾ ਜਨਮ ਜਨਮ ਦਾ ਕਰਮ ਕਰਮ ਦਾ ਆਤਮ ਪਰਮਾਤਮ ਧਾਰ ਸੱਚਾ ਸਨਬੰਧ, ਰਿਸ਼ਤਾ ਬ੍ਰਹਮ ਪਾਰਬ੍ਰਹਮ ਅਖਵਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਚ ਅਨੰਦ, ਅਨੰਦ ਅਨੰਦ ਅਨੰਦ ਆਪ ਆਪਣਾ ਆਪਣੇ ਵਿਚੋਂ ਪ੍ਰਗਟਾਉਂਦਾ ਏ ।


੨੩੨
੨੩

✪ ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਨਾਰਥ ਲੰਡਨ ੧੦ ਮਸਵਲਹਿਲ ੩੨ ਕਰੈਨ ਬੌਰਨ ਰੋਡ ਮਲਕੀਅਤ ਸਿੰਘ ਨਤ ਦੇ ਗ੍ਰਹਿ ✪

ਧਰਨੀ ਕਹੇ ਮੈਨੂੰ ਗੋਬਿੰਦ ਦਿਤਾ ਮਾਣ, ਮਾਣ ਨਿਮਾਣੀ ਮਿਲੀ ਵਡਿਆਈਆ । ਇਸ਼ਾਰਾ ਦਿਤਾ ਵਿਚ ਜਗਤ ਜਹਾਨ, ਲੋਕਮਾਤ ਦਇਆ ਕਮਾਈਆ । ਮੇਰਾ ਸਾਹਿਬ ਬਲੀ ਬਲਵਾਨ, ਵਡ ਦਾਤਾ ਬੇਪ੍ਰਵਾਹੀਆ । ਜੋਤੀ ਜਾਤਾ ਨੂਰ ਨੁਰਾਨ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਗੁਰ ਤੇਗ਼ ਬਹਾਦਰ ਦਾ ਲਹਿਣਾ ਦੇਣਾ ਪੂਰਾ ਕਰੇ ਆਣ, ਆਨਨ ਫ਼ਾਨਨ ਆਪਣਾ ਹੁਕਮ ਵਰਤਾਈਆ । ਪੁਰਖ ਬਿਧਾਤਾ ਪ੍ਰਗਟ ਹੋ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਪੂਰਬ ਲਹਿਣਾ ਤੱਕੇ ਕ੍ਰਿਸ਼ਨਾ ਕਾਹਨ, ਪਰਦਾ ਅਰਜਨ ਨਾਲ ਉਠਾਈਆ । ਜੋ ਸੰਦੇਸ਼ਾ ਸੀਤਾ ਨੂੰ ਰਾਮ ਦਿਤਾ ਵਿਚ ਕਾਨ, ਰਸਨਾ ਸਹਿਜ ਸਹਿਜ ਸੁਣਾਈਆ । ਸਪਤਮ ਰਿਖੀਆਂ ਨਿਗਾਹ ਨਾਲ ਵੇਖਿਆ ਖੇਲ ਮਹਾਨ, ਮਹਿੰਮਾ ਕਥ ਕਥ ਸਮਝਾਈਆ । ਬਾਵਨ ਬਲ ਦਵਾਰੇ ਕੀਤਾ ਪ੍ਰਵਾਨ, ਪਰਮ ਪੁਰਖ ਸੀਸ ਨਿਵਾਈਆ । ਜਿਸ ਕਲਜੁਗ ਅੰਤਮ ਕੂੜ ਕਿਰਿਆ ਮੇਟਣਾ ਨਿਸ਼ਾਨ, ਨਿਸ਼ਾਨਾ ਤਾਰਾ ਚੰਦ ਪੂਰ ਕਰਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਹੋਵੇ ਜਾਣੀ ਜਾਣ, ਜਾਨਣਹਾਰ ਬੇਪ੍ਰਵਾਹੀਆ । ਜਿਸ ਨੂੰ ਝੁਕਣੇ ਜ਼ਿਮੀਂ ਅਸਮਾਨ, ਪਵਣ ਪਾਣੀ ਨਿਵ ਨਿਵ ਲਾਗਣ ਪਾਈਆ । ਉਹ ਵੇਖਣਹਾਰਾ ਥਨੰਤਰ ਥਾਨ, ਧਰਨੀ ਧਰਤ ਧਵਲ ਧੌਲ ਦਏ ਵਡਿਆਈਆ । ਜੋ ਬ੍ਰਹਿਮੰਡਣ ਖੰਡਣ ਲੇਖਾ ਜਾਣੇ ਹੋ ਮਿਹਰਵਾਨ, ਮਹਿਬੂਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਸਾ ਵੇਖ ਵਖਾਈਆ । ਧਰਨੀ ਕਹੇ ਮੇਰਾ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਧੁਰਦਰਗਾਹੀਆ । ਚਰਨ ਧੂੜ ਮੈਂ ਮਸਤਕ ਲਾਵਾਂ

ਚੰਦਨ, ਤਿਲਕ ਲਲਾਟੀ ਡਗਮਗਾਈਆ । ਬਿਨਾ ਹੱਥਾਂ ਤੋਂ ਕਰਾਂ ਬੰਦਨ, ਦਰ ਦਰਵੇਸ਼ ਹੋ ਕੇ ਸੀਸ ਝੁਕਾਈਆ । ਮੇਰੇ ਸਾਹਿਬ ਸਵਾਮੀ ਮੈਨੂੰ ਲਾਈਂ ਆਪਣੇ ਅੰਗਣ, ਅੰਗੀਕਾਰ ਤੇਰੀ ਵਡਿਆਈਆ । ਦਰ ਠਾਂਡੇ ਆਵਾਂ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਲੇਖਾ ਪਿਛਲਾ ਦੇਣਾ ਸਚ ਅਨੰਦਨ, ਜੋ ਅਨੰਦਪੁਰ ਵਾਸੀ ਗੋਬਿੰਦ ਗਿਆ ਦ੍ਰਿੜਾਈਆ । ਜਿਸ ਵੇਲੇ ਧਰਮ ਦੀ ਧਾਰ ਸ਼ਬਦੀ ਆਪਣਾ ਕੰਨਾ ਆਵੇਂ ਵੰਡਣ, ਵੰਡ ਦੋ ਜਹਾਨ ਮਿਟਾਈਆ । ਮੈਂ ਰਾਹ ਤੱਕਾਂ ਤੇਰਾ ਵਿਚ ਲੰਡਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਸਮੁੰਦ ਸਾਗਰਾਂ ਮੇਰੇ ਸਾਹਿਬ ਸਵਾਮੀ ਆਉਣਾ ਲੰਘਣ, ਮਛ ਕਛ ਤੇਰਾ ਰਾਹ ਤਕਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਨਿੰਮ ਵਾਸ ਮਹਿਕਾਏ ਚੰਦਨ, ਕੂੜ ਕਿਰਿਆ ਬਾਹਰ ਕਢਾਈਆ । ਕਲਜੁਗ ਕੁਕਰਮ ਆਉਣਾ ਡੰਨਣ, ਖੰਡਾ ਖੜਗ ਇਕੋ ਧੁਰ ਦਾ ਹੱਥ ਉਠਾਈਆ । ਝਗੜਾ ਮੇਟਣਾ ਜੇਰਜ ਅੰਡਨ, ਉਤਭੁਜ ਸੇਤਜ ਰਹੇ ਨਾ ਕੋਇ ਲੜਾਈਆ । ਭਾਂਡਾ ਭਰਮ ਭੰਨਾਉਣਾ ਕੰਧਨ, ਜ਼ਾਤ ਪਾਤ ਲਹਿਣਾ ਦੇਣਾ ਚੁਕਾਈਆ । ਤੂੰ ਦੀਨ ਦਿਆਲ ਸਵਾਮੀ ਇਕ ਬਖ਼ਸ਼ੰਦਨ, ਬਖ਼ਸ਼ਣਹਾਰੇ ਤੇਰੀ ਸਰਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਰਸ ਦੇਣਾ ਪਰਮਾਨੰਦਨ, ਅਨੰਦ ਆਪਣੇ ਵਿਚੋਂ ਪ੍ਰਗਟਾਈਆ । ਮੈਨੂੰ ਚੜ੍ਹਾਉਣੀ ਅਨੋਖੀ ਰੰਗਣ, ਰੰਗਤ ਤੇਰੀ ਨਜ਼ਰੀ ਆਈਆ । ਮੇਰਾ ਇਕ ਵਾਸਤਾ ਬਹੁੜੀ ਮੇਰੇ ਤੇ ਹੋਣਾ ਫ਼ਸਾਦ ਦੰਗਣ, ਉੱਤਰ ਪੂਰਬ ਪੱਛਮ ਦੱਖਣ ਚਾਰੇ ਕੁੰਟ ਲੈਣ ਅੰਗੜਾਈਆ । ਕਲਜੁਗ ਕੂੜ ਕੁੜਿਆਰੇ ਕਸਣਾ ਤੰਗਣ, ਅਸਵ ਮਾਇਆ ਮਮਤਾ ਨਾਲ ਰਲਾਈਆ । ਮੇਰਾ ਗੁਲਸ਼ਨ ਰਹਿਣਾ ਨਹੀਂ ਚਮਨ, ਚੰਮ ਦ੍ਰਿਸ਼ਟੀ ਸਭ ਦੀ ਵੇਖ ਵਖਾਈਆ । ਤੂੰ ਗਗਨ ਰਹਾਇਆ ਬਿਨ ਥੰਮ੍ਹਨ, ਕੋਟਨ ਬ੍ਰਹਿਮੰਡ ਖੰਡ ਤੈਨੂੰ ਸੀਸ ਨਿਵਾਈਆ । ਬੇਸ਼ਕ ਮੇਰੀ ਕੁੱਖੋਂ ਸਤਿਜੁਗ ਲੱਗਾ ਜੰਮਣ, ਸਤਿ ਧਰਮ ਆਪਣੇ ਨਾਲ ਲਿਆਈਆ । ਪਰ ਤੂੰ ਲੇਖਾ ਜਾਣੇ ਸ਼ੂਦਰ ਵੈਸ਼ ਸ਼ਤਰੀ ਬ੍ਰਹਿਮਣ, ਬ੍ਰਹਮ ਵੇਤਾ ਬ੍ਰਹਮਾ ਤੈਨੂੰ ਸੀਸ ਨਿਵਾਈਆ । ਉਠ ਵੇਖ ਸ਼ੰਕਰ ਲੱਗਾ ਕੰਬਣ, ਧੀਰਜ ਧੀਰ ਨਾ ਕੋਇ ਧਰਾਈਆ । ਵਿਸ਼ਨੂੰ ਕਹੇ ਨਾ ਖ਼ੁਸ਼ੀ ਨਾ ਗ਼ਮਣ, ਗ਼ਮਖਾਰ ਦੀ ਇਕੋ ਬੇਪਰਵਾਹੀਆ । ਸਦੀ ਚੌਧਵੀਂ ਵੇਲਾ ਲੱਗਾ ਲੰਘਣ, ਮੁਹੰਮਦ ਬਿਨ ਨੈਣਾਂ ਨੈਣ ਉਠਾਈਆ । ਈਸਾ ਆਪਣੇ ਬਾਪ ਦਾ ਹੁਕਮ ਲੱਗਾ ਮੰਨਣ, ਸਿਰ ਸਰ ਨਾ ਕੋਇ ਉਠਾਈਆ । ਮੂਸਾ ਕਹੇ ਮੇਰਾ ਮਾਲਕ ਸਭ ਨੂੰ ਲੱਗਾ ਡੰਨਣ, ਬਚਿਆ ਰਹਿਣ ਕੋਇ ਨਾ ਪਾਈਆ । ਨਾਨਕ ਕਹੇ ਮੈਂ ਸੰਦੇਸ਼ਾ ਦੇਵਾਂ ਬਿਨਾ ਕੰਨਣ, ਸੁਰਤ ਸ਼ਬਦ ਨਾਲ ਮਿਲਾਈਆ । ਗੋਬਿੰਦ ਕਹੇ ਪੁਰਖ ਅਕਾਲਾ ਦੀਨ ਦਿਆਲਾ ਪਿਛਲਾ ਘੜਿਆ ਆਵੇ ਭੰਨਣ, ਘਾੜਤ ਆਪਣੀ ਲਏ ਬਣਾਈਆ । ਪੂਜਾ ਰਹੇ ਨਾ ਕਿਸੇ ਕਰੀਰ ਜੰਡਨ, ਪਾਹਨ ਸੀਸ ਨਾ ਕੋਇ ਨਿਵਾਈਆ । ਝਗੜਾ ਮੇਟੇ ਜਗਤ ਪਖੰਡਣ, ਪਾਰਬ੍ਰਹਮ ਪ੍ਰਭ ਇਸ਼ਟ ਦ੍ਰਿਸ਼ਟ ਸ੍ਰਿਸ਼ਟ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦਨ, ਸੋਹੰ ਢੋਲਾ ਇਕ ਦਰਸਾਈਆ । ਜਿਸ ਦੀ ਕਰੇ ਨਾ ਕੋਇ ਉਲੰਘਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਨਿਰਗੁਣ ਸਰਗੁਣ ਸਾਰੇ ਗਾਵਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਜਾਗੇ ਭਾਗ, ਭਾਗਵੰਤ ਭਗਵੰਤ ਦਿਤੀ ਬਣਾਈਆ । ਮੇਰੇ ਗ੍ਰਿਹ ਜਗਿਆ ਅਗੰਮੀ ਦੀਪਕ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਜਿਸ ਮੇਰੇ ਅੰਦਰ ਪ੍ਰੇਮ ਉਪਜਾਇਆ ਵੈਰਾਗ, ਵੈਰੀ ਕੂੜੇ ਬਾਹਰ ਕਢਾਈਆ । ਚਰਨ ਛੋਹ ਨਾਲ ਮੇਰੇ ਦੁਰਮਤ ਮੈਲ ਧੋ ਕੇ ਜਾਏ ਦਾਗ਼, ਦਗਾ ਫ਼ਰੇਬ ਤੱਕੇ ਜਗਤ ਲੋਕਾਈਆ ।


੨੩੩
੨੩

ਸਚ ਦਾ ਸਚ ਸਮਝਾ ਕੇ ਜਾਏ ਸਮਾਜ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਜਿਸ ਦੇ ਹੁਕਮ ਦਾ ਨਵ ਸੱਤ ਹੋਣਾ ਰਾਜ, ਨਵ ਨੌ ਬੈਠਣ ਸੀਸ ਨਿਵਾਈਆ । ਓਹ ਸਦੀ ਬੀਸਵੀਂ ਰਚ ਕੇ ਆਪਣਾ ਕਾਜ, ਹਜ਼ਰਤ ਈਸਾ ਇਸਮ ਜਾਏ ਸਮਝਾਈਆ । ਖ਼ਾਲਕ ਮਖ਼ਲੂਕ ਦਾ ਜਿਸ ਪੂਰਾ ਕਰਨਾ ਕਾਜ, ਮੁਹੰਮਦ ਤ੍ਰਿਸ਼ਨਾ ਨਾਲ ਮਿਲਾਈਆ । ਓਹ ਜੁਗ ਚੌਕੜੀ ਸਭ ਦੀ ਯਾਦਦਾਸ਼ਤ ਰਖੇ ਯਾਦ, ਯਦੀ ਆਪਣਾ ਪਰਦਾ ਦਏ ਚੁਕਾਈਆ । ਨਿਰਗੁਣ ਰੂਪ ਨਿਰਾਕਾਰ ਨਿਰਵੈਰ ਹੋ ਕੇ ਆਪ, ਆਪਣਾ ਖੇਲ ਖਿਲਾਈਆ । ਆਤਮ ਪਰਮਾਤਮ ਦੇ ਕੇ ਜਾਪ, ਜਗਜੀਵਣ ਦਾਤਾ ਮੇਲਾ ਮੇਲੇ ਸਹਿਜ ਸੁਭਾਈਆ । ਰੂਹ ਬੁੱਤ ਕਰ ਕੇ ਪਾਕ, ਤਨ ਵਜੂਦਾਂ ਕਰੇ ਸਫ਼ਾਈਆ । ਧਰਨੀ ਕਹੇ ਮੇਰੀ ਸੁਹੰਜਣੀ ਹੋਈ ਅੱਜ ਦੀ ਰਾਤ, ਰੁਤੜੀ ਪ੍ਰਭ ਆਪਣੇ ਨਾਲ ਮਹਿਕਾਈਆ । ਜਨ ਭਗਤਾਂ ਬਖ਼ਸ਼ਿਸ਼ ਕਰੇ ਮੁਹੱਬਤ ਦਾਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦਰਸ਼ਨ ਦੇਵੇ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਜੋ ਜਨਮ ਕਰਮ ਦਾ ਪੂਰਬ ਲਹਿਣਾ ਜਾਣੇ ਖਾਤ, ਅਭੁਲ ਭੁਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚਾ ਇਕ ਅਖਵਾਈਆ । ਧਰਨੀ ਕਹੇ ਮੇਰਾ ਭਾਗ ਹੋਇਆ ਉਦਾ, ਉਦੇ ਅਸਤ ਮਿਲੇ ਵਡਿਆਈਆ । ਜੋ ਇਸ਼ਾਰਾ ਦੇ ਕੇ ਮੈਨੂੰ ਗਿਆ ਬੁੱਧਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਕਬੀਰ ਹੱਸ ਕੇ ਕਿਹਾ ਸੁਣ ਬਸੁਧਾ, ਤੈਨੂੰ ਦਿਆਂ ਦ੍ਰਿੜਾਈਆ । ਮੇਰਾ ਮੌਲਾ ਮਾਲਕ ਕਲਜੁਗ ਆਵੇ ਅੰਤਮ ਜੁਗਾ, ਜੋ ਜੁਗ ਚੌਕੜੀ ਵੇਖ ਵਖਾਈਆ । ਉਹਦਾ ਖੇਲ ਕਿਸੇ ਨਾ ਬੁਝਾ, ਪਰਦਾ ਸਕੇ ਨਾ ਕੋਇ ਉਠਾਈਆ । ਉਹ ਖੇਲ ਕਰੇ ਅਗੰਮੀ ਗੁਝਾ, ਸ਼ਬਦੀ ਸ਼ਬਦ ਹੁਕਮ ਦ੍ਰਿੜਾਈਆ । ਉਸ ਦਾ ਆਦਿ ਆਦਿ ਦਾ ਅੰਤ

ਅਖ਼ੀਰੀ ਇਕੋ ਮੁੱਦਾ, ਮੁੱਦਤ ਦੇ ਵਿਛੜੇ ਜਨ ਭਗਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਉ ਚੁਕਾਏ ਏਕਾ ਦੂਜਾ, ਦੁਤੀਆ ਲੇਖਾ ਰਹਿਣ ਕੋਇ ਨਾ ਪਾਈਆ ।

## ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਨਾਰਥ ਲੰਡਨ ੧੫, ੮੪ ਕਾਰਲਿੰਗ ਫ਼ੋਰਡ ਰੋੜ ਭਾਗ ਸਿੰਘ ਹਰਾ ਦੇ ਗ੍ਰਿਹ

ਧਰਨੀ ਕਹੇ ਮੇਰੇ ਮਿਹਰਵਾਨ ਅੱਬਾ, ਅੰਮੀਜਾਨ ਤੇਰੀ ਵਡਿਆਈਆ । ਮੇਰਾ ਤਨ ਜਗਤ ਪਾਪਾਂ ਭਾਰ ਦੱਬਾ, ਹੌਲਾ ਸਕੇ ਨਾ ਕੋਇ ਕਰਾਈਆ । ਮਨ ਕਲਪਣਾ ਕੂੜ ਕੁੜਿਆਰ ਬਣੀ ਸਭਾ, ਮਲੇਛ ਧਾਰ ਦਿਸੇ ਲੋਕਾਈਆ । ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰ ਤੈਨੂੰ ਦੇ ਕੇ ਗਏ ਸੱਦਾ, ਸੰਦੇਸ਼ਾ ਤੇਰਾ ਧੁਰ ਫ਼ਰਮਾਨ ਦ੍ਰਿੜਾਈਆ । ਉਫ਼ ਹਾਏ ਦਰੋਹੀ ਮੇਰੇ ਮਹਿਬੂਬ ਰੱਬਾ, ਯਾਮਬੀਨ ਤੇਰੀ ਸਰਨਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਜਹਾਨ ਝਗੜਾ ਲੱਗਾ, ਦੀਨ ਮਜ਼੍ਹਬ ਸੰਗ ਨਾ ਕੋਇ ਬਣਾਈਆ । ਪਵਿਤ੍ਰ ਰਹੀ ਕੋਇ ਨਾ ਜਗਹ, ਮੰਦਰ ਮਸੀਤ ਸ਼ਿਵਦਵਾਲੇ ਮਠ ਗੁਰੂਦਵਾਰ ਮੇਰੇ ਉਤੇ ਕੁਰਲਾਈਆ । ਧੁਨ ਆਤਮਕ ਤੇਰਾ ਸੁਣੇ ਕੋਇ ਨਾ ਨਦਾ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਤੇਰਾ ਦਰਸ ਹੋਵੇ ਕਿਸੇ ਨਾ ਉਪਰ ਸ਼ਾਹ ਰਗਾ, ਨੌਂ ਦਵਾਰੇ ਪੰਧ ਨਾ ਕੋਇ ਚੁਕਾਈਆ । ਦੀਨ ਦੁਨੀ ਤੈਨੂੰ ਗਾਉਂਦੀ ਬੁੱਲਾਂ ਨਾਲ ਉਤੇ ਲਬਾਂ, ਹਿਰਦੇ ਸਕੇ ਨਾ ਕੋਇ ਵਸਾਈਆ ।

ਬਿਨ ਤੇਰੇ ਨਾਮ ਓਢਣ ਸੀਸ ਸਭ ਦਾ ਹੋਇਆ ਨੰਗਾ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਅੰਮ੍ਰਿਤ ਰਸ ਨੀਰ ਧਾਰ ਰਿਹਾ ਨਾ ਗੰਗਾ, ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਮੇਰੇ ਉਤੇ ਸਤਿਜੁਗ ਤ੍ਰੇਤਾ ਦੁਆਪਰ ਪਿਛੇ ਲੰਘਾ, ਕਲਜੁਗ ਅੰਤਮ ਆਪਣਾ ਪੰਧ ਮੁਕਾਈਆ । ਜਿਸ ਦਾ ਲੇਖਾ ਬਹੁ ਗਿਣਤੀ ਵਿਚ ਲੰਬਾ, ਗੋਬਿੰਦ ਧਾਰ ਗਿਆ ਮਿਟਾਈਆ । ਜਿਸ ਖੇਲ ਖੇਲਿਆ ਪੂਰੀ ਅਨੰਦਾ, ਅਨੰਦ ਅਨੰਦ ਅਨੰਦ ਤੇਰੇ ਵਿਚੋਂ ਦਰਸਾਈਆ । ਉਸ ਦਾ ਭੇਵ ਅਭੇਦਾ ਬ੍ਰਹਮ ਹੰਗਾ, ਹੰ ਬ੍ਰਹਮ ਖੋਜ ਖੁਜਾਈਆ । ਸਚ ਪਿਆਰ ਵਿਚ ਮਾਨਵ ਮਾਨਸ ਦਿਸੇ ਮੂਲ ਨਾ ਰੰਗਾ, ਰੰਗਤ ਰੰਗ ਨਾ ਕੋਇ ਚੜ੍ਹਾਈਆ । ਦੀਨ ਮਜ਼੍ਹਬ ਹੋਏ ਦੰਗਾ, ਸ਼ਰਅ ਸ਼ਰੀਅਤ ਦਿਵਸ ਰੈਣ ਕਰੇ ਲੜਾਈਆ । ਮੇਰੇ ਮਿਹਰਵਾਨਾ ਨੌਜਵਾਨਾ ਸ਼ਬਦੀ ਅਸਵ ਕਸ ਤੰਗਾ, ਦੋ ਜਹਾਨਾਂ ਪੰਧ ਮੁਕਾਈਆ । ਧਰਨੀ ਕਹੇ ਮੈਂ ਚਾਹੁੰਦੀ ਤੇਰੇ ਨਾਮ ਦਾ ਇਕੋ ਵੱਜੇ ਮਰਦੰਗਾ, ਦੂਜੀ ਸਿਤਾਰ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰਾ ਸੀਨਾ ਕਰ ਠੰਡਾ, ਕਲਜੁਗ ਕੂੜੀ ਅਗਨੀ ਅੱਗ ਬੁਝਾਈਆ । ਸਚ ਪ੍ਰੇਮ ਦੀਆਂ ਪਾ ਗੰਢਾਂ, ਆਤਮ ਪਰਮਾਤਮ ਸੰਗ ਰਖਾਈਆ । ਤੇਰਾ ਰਾਹ ਤੱਕੇ ਸਦੀ ਚੌਧਵੀਂ ਰੈਣ ਦਾ ਚੰਦਾ, ਚੰਦ ਸਿਤਾਰਾ ਸੀਸ ਨਿਵਾਈਆ । ਮੁਹੰਮਦ ਦਾ ਅੰਤ ਅਖ਼ੀਰ ਬੇਨਜ਼ੀਰ ਦਿਸੇ ਕੰਢਾ, ਘਾਟ ਪਤਣ ਬੈਠੇ ਰਾਹ ਤਕਾਈਆ । ਤੇਰੇ ਸਚਖੰਡ ਦਵਾਰ ਧਰਮ ਦੀ ਧਾਰ ਕਿਹੜਾ ਅਜੰਡਾ, ਕੀ ਹੁਕਮ ਤੇਰੀ ਸਿਫ਼ਤ ਸਲਾਹੀਆ । ਸਚ ਦੱਸ ਕਵਣ ਧਾਰ ਸਭ ਦਾ ਬਣੇ ਸੰਗਾ, ਸਗਲਾ ਸੰਗ ਬਣਾਈਆ । ਧਰਨੀ ਕਹੇ ਮੇਰਾ ਹਾਲ ਵੇਖ ਮੰਦਾ, ਭਾਗਹੀਣ ਰਹੀ ਕੁਰਲਾਈਆ । ਤਨ ਵਜੂਦ ਮਾਟੀ ਖ਼ਾਕ ਕੂੜੀ ਕਿਰਿਆ ਕੀਤਾ ਗੰਦਾ, ਪਤਤ ਪੁਨੀਤ ਨਾ ਕੋਇ ਕਰਾਈਆ । ਤੂੰ ਦੀਨ ਦਿਆਲ ਸਾਹਿਬ ਬਖ਼ਸ਼ੰਦਾ, ਬਖ਼ਸ਼ਣਹਾਰ ਤੇਰੀ ਵਡਿਆਈਆ । ਤੂੰ ਸਤਿਗੁਰ ਸ਼ਬਦ ਸ਼ਬਦ ਧਾਰ ਗੋਬਿੰਦਾ, ਗੋਬਿੰਦ ਗੋਬਿੰਦ ਇਕ ਅਖਵਾਈਆ । ਤੇਰਾ ਲਹਿਣਾ ਦੇਣਾ ਵਿਚ ਭਾਰਤ ਹਿੰਦਾ, ਚਾਰ ਕੁੰਟ ਵੱਜਦੀ ਰਹੇ ਵਧਾਈਆ । ਤੂੰ ਕੁਸ਼ਾ ਦੀਪ ਖੋਲ ਕੇ ਜਿੰਦਾ, ਦਰ ਦਰਵਾਜ਼ਾ ਦੇਣਾ ਸਮਝਾਈਆ । ਧਰਨੀ ਕਹੇ ਮੇਰੇ ਉਤੇ ਆਸ਼ਾ ਰਖੀ ਸੀ ਸੁਰਪਤ ਇੰਦਾ, ਕਰੋੜ ਤੇਤੀਸਾ ਰਾਹ ਤਕਾਈਆ । ਤੂੰ ਸ਼ਹਿਨਸ਼ਾਹ ਸ਼ਾਹ ਮਰਗਿੰਦਾ, ਮਿਰਗਸ਼ਾਲਾ ਤੇ ਸਪਤਸ ਰਿਖੀ ਵੇਖ ਵਖਾਈਆ । ਮੇਰੇ ਸਾਹਿਬ ਤੇਰੀ ਚਾਰੋਂ ਕੁੰਟ ਹੋਵੇ ਨਿੰਦਾ, ਨਿੰਦਕ ਹੋਈ ਲੋਕਾਈਆ । ਤੂੰ ਆਤਮ ਦਾਨ ਸ੍ਰੀ ਭਗਵਾਨ ਹੋ ਕੇ ਸਭ ਨੂੰ ਦੇਂਦਾ, ਤਨ ਵਜੂਦ ਵਿਚ ਟਿਕਾਈਆ । ਮੇਰੇ ਮਹਿਬੂਬ ਮੈਂ ਆਪਣੇ ਗ੍ਰਹਿ ਨਿਰਮਾਣਤਾ ਵਿਚ ਤੈਨੂੰ ਦੇਂਦੀ ਨੇਂਦਾ, ਗ੍ਰਹਿ ਆਉਣਾ ਚਾਈਂ ਚਾਈਆ । ਬੇਸ਼ਕ ਤੂੰ ਬ੍ਰਹਿਮੰਡ ਖੰਡ ਵੇਂਹਦਾ, ਪੁਰੀ ਲੋਅ ਆਪਣੀ ਅੱਖ ਉਠਾਈਆ । ਤੇਰਾ ਖੇਲ ਅਗੰਮਾ ਨਿਰਗੁਣ ਸਰਗੁਣ ਜੋਤ ਸਰੂਪੀ ਦੇਹ ਦਾ, ਸ਼ਬਦੀ ਧਾਰ ਵੱਜੇ ਵਧਾਈਆ । ਤੇਰਾ ਨਾਮ ਭੰਡਾਰਾ ਅੰਮ੍ਰਿਤ ਰਸ ਮੇਂਹ ਦਾ, ਮੇਘਲਾ ਧੁਰ ਦਾ ਇਕ ਬਰਸਾਈਆ । ਤੇਰਾ ਨਾਤਾ ਭਗਤ ਭਗਵਾਨ ਨੇਂਹ ਦਾ, ਸੱਜਣ ਸਾਥੀ ਇਕ ਅਖਵਾਈਆ । ਜਗਤ ਜਹਾਨ ਪੁਤਲਾ ਮਾਟੀ ਖੇਹ ਦਾ, ਅੰਤ ਖਾਕ ਵਿਚ ਮਿਲ ਜਾਈਆ । ਤੇਰਾ ਰੂਪ ਅਨੂਪ ਸਚਖੰਡ ਨਿਵਾਸੀ ਧੁਰ ਦੇ ਪੇਅ ਦਾ, ਪਿਤਾ ਪੁਰਖ ਅਕਾਲ ਤੇਰੀ ਬੇਪ੍ਰਵਾਹੀਆ । ਤੇਰਾ ਲੇਖਾ ਮੇਰੇ ਗ੍ਰਹਿ ਦਾ, ਘਰ ਸਾਚੇ ਵੱਜੇ ਵਧਾਈਆ । ਤੇਰਾ ਅੰਤ ਜੈਕਾਰਾ ਨੌ ਖੰਡ ਪ੍ਰਿਥਮੀ ਹੋਣਾ ਜੈ ਦਾ, ਰਸਨਾ ਜਿਹਵਾ ਸਾਰੇ ਢੋਲੇ ਗਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰਾ ਖੇਲ ਤਕਣਾ ਖੈ ਦਾ, ਖੈਬਰ ਤੋਂ ਪਰੇ ਪਏ ਦੁਹਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਹੁਕਮ ਹੋਵੇ ਭੈ ਦਾ, ਭਉ ਵਿਚ ਸਾਰੇ ਸੀਸ ਨਿਵਾਈਆ । ਤੇਰਾ ਸਤਿ ਸਚ ਸਤਿਜੁਗ

੨੩੫
੨੩

ਲੇਖਾ ਹੋਵੇ ਵਹਿਣ ਵਹਿ ਦਾ, ਗਹਿਣ ਜਗਤ ਜਹਾਨ ਇਕ ਬਣਾਈਆ । ਤੂੰ ਝਗੜਾ ਮੇਟਣਾ ਦਵੈਤ ਦਵੈ ਦਾ, ਦੁਤੀਆ ਭਾਉ ਨਾ ਕੋਇ ਸਮਝਾਈਆ । ਮਾਣ ਗਵਾਉਣਾ ਮਮਤਾ ਮੈਂ ਦਾ, ਮਾਨਸ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਦਰ ਤੇਰੇ ਦੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਲੇਖਾ ਨਹੀਂ ਨਾਲ ਕਿਸੇ ਪੰਡਤੀ, ਜਗਤ ਆਸ਼ਾ ਨਾ ਕੋਇ ਜਣਾਈਆ । ਮੈਂ ਖ਼ਾਹਿਸ਼ ਰਖਦੀ ਨਹੀਂ ਕਿਸੇ ਮਨ (ਦੀ), ਮਨਸਾ ਮਨ ਨਾ ਕੋਇ ਬਣਾਈਆ । ਮੈਂ ਵਣਜਾਰੀ ਨਹੀਂ ਤਨ ਦੀ, ਕਾਇਆ ਕੱਪੜ ਗੜ੍ਹ ਸੁਹਾਈਆ । ਮੈਂ ਭਿਖਾਰਨ ਨਹੀਂ ਧਨ ਦੀ, ਮਾਇਆ ਮਮਤਾ ਵਿਚ ਲਲਚਾਈਆ । ਮੈਂ ਪੁਜਾਰਨ ਉਸ ਗੋਬਿੰਦ ਸੂਰੇ ਚੰਨ ਦੀ, ਜਿਸ ਚੰਨ ਸ਼ਬਦ ਨੂੰ ਜਨਮੇ ਕੋਇ ਨਾ ਮਾਈਆ । ਮੈਂ ਭੁੱਖੀ ਨਹੀਂ ਜਗਤ ਵਾਸਨਾ ਅੰਨ ਦੀ, ਤ੍ਰਿਸ਼ਨਾ ਕੂੜ ਨਾ ਕੋਇ ਵਧਾਈਆ । ਮੈਂ ਸਰੋਤੀ ਨਹੀਂ ਤਤਾਂ ਵਾਲੇ ਕੰਨ ਦੀ, ਚਾਰ ਖਾਣੀ ਤੋਂ ਬਾਹਰ ਤੇਰਾ ਰਾਹ ਤਕਾਈਆ । ਮੈਨੂੰ ਆਸ਼ਾ ਨਹੀਂ ਖ਼ੁਸ਼ੀ ਗ਼ਮ ਦੀ, ਗ਼ਮਖ਼ਾਰ ਤੇਰੀ ਓਟ ਤਕਾਈਆ । ਮੈਂ ਬਣੀ ਨਹੀਂ ਮਿੱਟੀ ਚੰਮ ਦੀ, ਹੱਡ ਮਾਸ ਨਾੜੀ ਨਜ਼ਰ ਕੋਇ ਨਾ ਆਈਆ । ਮੈਂ ਸਵਾਲਣ ਨਹੀਂ ਦਮ ਦੀ, ਦਾਮਨਗੀਰ ਤੇਰੀ ਓਟ ਤਕਾਈਆ । ਮੈਂ ਖੇਲ ਤੱਕਾਂ ਤੇਰੀ ਬ੍ਰਹਮ ਦੀ, ਪਾਰਬ੍ਰਹਮ ਪਰਦਾ ਦੇਣਾ ਉਠਾਈਆ । ਮੇਰੀ ਦੁਹਾਈ ਮੇਰੇ ਉਤੇ ਧਾਰ ਰਹੀ ਨਹੀਂ ਕਿਸੇ ਧਰਮ ਦੀ, ਕੁਕਰਮ ਕਰੇ ਲੋਕਾਈਆ । ਨਿਜ ਕਪੂਤ ਜਨਣੀ ਮੇਰੇ ਉਤੇ ਜੰਮਦੀ, ਜੋ ਪ੍ਰਭ ਨੂੰ ਗਏ ਭੁਲਾਈਆ । ਮੇਰੀ ਅੱਖ ਰੋਵੇ ਨੇਤਰ ਛੰਮ ਛੰਮ ਦੀ, ਹੰਝੂਆਂ ਹਾਰ ਬਣਾਈਆ । ਤੇਰੀ ਖੇਲ ਤੱਕਾਂ ਜਿਹੜੀ ਦੀਨ ਦੁਨੀ ਘੜਦੀ ਭੰਨਦੀ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਹੁਣ ਰੁੱਤ ਸੁਹੰਜਣੀ ਆਉਂਦੀ ਦਿਸੇ ਕੂੜ ਕੁੜਿਆਰਾਂ ਦੇ ਡੰਨ ਦੀ, ਚਿਤ੍ਰਗੁਪਤ ਰਾਏ ਧਰਮ ਲੇਖਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਨਾਲੇ ਰੋਵਾਂ ਨਾਲੇ ਹੱਸਾ, ਹਸਤੀ ਤੱਕਾਂ ਤੇਰੀ ਬੇਪਰਵਾਹੀਆ । ਨਾਲੇ ਗੁਰ ਅਵਤਾਰ ਪੈਗ਼ੰਬਰਾਂ ਦੱਸਾਂ, ਸੰਦੇਸਾ ਦੇਵਾਂ ਥਾਉਂ ਥਾਈਆ । ਓਹ ਤੱਕੋ ਸਭ ਦੀਆਂ ਪੂਰੀਆਂ ਹੋਣ ਲੱਗੀਆਂ ਆਸਾ, ਆਸ਼ਾਵੰਦ ਪਰਦਾ ਲਓ ਚੁਕਾਈਆ । ਅੰਤ ਅਖ਼ੀਰ ਸਮਾਂ ਆਇਆ ਮਸਾਂ, ਮਸਿਆ ਰੈਣ ਅੰਧੇਰੀ ਤੱਕੋ ਜਗਤ ਲੋਕਾਈਆ । ਵੇਦ ਵਿਆਸਾ ਖੋਲੇ ਅੱਖਾਂ, ਨੈਣ ਨੈਣ ਰਿਹਾ ਉਠਾਈਆ । ਮੂਸਾ ਵੇਖੇ ਆਪਣਿਆਂ ਪੱਖਾਂ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਈਸਾ ਕਹੇ ਮੇਰੇ ਮਿਹਰਵਾਨ ਤੇਰਾ ਖੇਲ ਅੱਛਾ, ਅੱਛੀ ਤਰਾ ਦ੍ਰਿੜਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੂਲ ਨਾ ਬਚਾ, ਬਚਪਨ ਤੇਰੀ ਝੋਲੀ ਪਾਈਆ । ਨਾਨਕ ਕਹੇ ਤੇਰਾ ਹੁਕਮ ਸੱਚਾ, ਨਾ ਕੋਈ ਮੇਟੇ ਮੇਟ ਮਿਟਾਈਆ । ਗੋਬਿੰਦ ਕਹੇ ਮੇਰੇ ਕਾਰਨ ਤੂੰ ਆਪਣਾ ਖੇਲ ਰਚਾ, ਰਚਨਹਾਰ ਤੇਰੀ ਬੇਪਰਵਾਹੀਆ । ਨਿਰਗੁਣ ਨਿਰਗੁਣ ਧਾਰ ਗੁਰ ਅਵਤਾਰ ਪੈਗ਼ੰਬਰ ਨਾਤਾ ਸਕਾ, ਸਰਗੁਣ ਹੋ ਕੇ ਦੀਨ ਮਜ਼੍ਹਬ ਵੰਡ ਵੰਡਾਈਆ । ਪੇਸ਼ੀਨਗੋਈਆਂ ਵਿਚ ਤੇਰੇ ਨਾਲ ਵਾਅਦਾ ਕੀਤਾ ਪੱਕਾ, ਕੱਚੀ ਗੰਢ ਨਾ ਕੋਇ ਪਵਾਈਆ । ਤੂੰ ਕਲਜੁਗ ਅੰਤ ਆਉਣਾ ਪੁਰਖ ਸਮਰਥਾ, ਜੋਤੀ ਧਾਰ ਕਰਨੀ ਸ਼ਨਵਾਈਆ । ਸਭ ਦਾ ਲਹਿਣਾ ਦੇਣਾ ਦੇਣਾ ਹੱਥੋ ਹੱਥਾ, ਲੇਖਾ ਉਧਾਰ ਰਹੇ ਨਾ ਰਾਈਆ । ਤੇਰਾ ਹੁਕਮ ਵਰਤਣਾ ਯਥਾਰਥ ਯਥਾ, ਯਦੀ ਆਪਣਾ ਖੇਲ ਦੇਣਾ ਸਮਝਾਈਆ । ਸਤਿਗੁਰ ਸ਼ਬਦ ਕਹੇ ਤੂੰ ਨੌਜਵਾਨਾ ਹੱਟਾ ਕੱਟਾ, ਸੂਰਬੀਰ ਅੱਖ ਉਠਾਈਆ । ਧਰਨੀ ਉਤੇ ਦੀਨ ਦੁਨੀ ਨਾਲ ਦੀਨ ਕਰਦੇ ਬਟਾ, ਜ਼ੀਰੋ ਦਾ ਜ਼ੀਰੋ

੨੩੬
੨੩

ਅੰਕ ਜਣਾਈਆ । ਲੇਖੇ ਲਾ ਆਪਣੇ ਚਰਨ ਕਵਲ ਦਾ ਘੱਟਾ, ਧੂੜੀ ਖ਼ਾਕ ਦੇ ਵਡਿਆਈਆ । ਜੋ ਸਮੁੰਦ ਸਾਗਰਾਂ ਵਿਚ ਰਖਾਇਆ ਟਕਾ, ਸਤਿ ਧਰਮ ਦੀ ਧਾਰ ਸਮਝਾਈਆ । ਆਹ ਵੇਖ ਦੀਨਾਂ ਮਜ਼੍ਹਬਾਂ ਦਾ ਅੰਤਮ ਲਹਿਣਾ ਦੇਣ ਅੰਤਮ ਪੂਰਾ ਹੋਇਆ ਪਟਾ, ਪਟਨੇ ਵਾਲਾ ਦਏ ਗਵਾਹੀਆ । ਜਗਤ ਜਹਾਨ ਤੇਰਾ ਖੇਲ ਹੋਵੇ ਬਾਜ਼ੀਗਰ ਨਟਾ, ਸਵਾਂਗੀ ਆਪਣਾ ਸਵਾਂਗ ਦੇਣਾ ਵਰਤਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕ ਵਖਾ ਬ੍ਰਹਮ ਦਾ ਹੱਟਾ, ਪਾਰਬ੍ਰਹਮ ਆਪਣਾ ਨਾਮ ਵਿਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਸ਼ਬਦ ਤੇਰਾ ਹੋਵੇ ਟੱਪਾ, ਟਾਪੂਆਂ ਤੋਂ ਪਾਰ ਦੇਣਾ ਜਣਾਈਆ । ਤੇਰਾ ਪ੍ਰਕਾਸ਼ ਹੋਵੇ ਲਟ ਲਟਾ, ਨੂਰ ਨੁਰਾਨਾ ਨਜ਼ਰੀ ਆਈਆ । ਧਰਨੀ ਕਹੇ ਮੇਰੇ ਮਹਿਬੂਬ ਮੈਂ ਇਹੋ ਲਾਹਾ ਖੱਟਾ, ਦਰਸ ਕਰ ਕੇ ਮੇਰੇ ਅੰਤਰ ਵੱਜੀ ਵਧਾਈਆ । ਜਿਹੜਾ ਘਰ ਕਿਸੇ ਹੱਥ ਨਾ ਆਇਆ ਛੱਟਾ, ਸਤਿ ਸਤਿਵਾਦੀ ਸਪਤਮ ਰੰਗ ਨਾ ਕੋਇ ਚੜ੍ਹਾਈਆ । ਓਹ ਲੇਖਾ ਲਹਿਣਾ ਪੂਰਾ ਕਰ ਦੇ ਤਤ ਅੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਭਰਮ ਰਹੇ ਨਾ ਰਾਈਆ । ਧੁਰ ਦੇ ਧਾਮ ਦਾ ਧਰਨੀ ਕਹੇ ਤੇਰੀ ਚਰਨ ਛੋਹ ਨਾਲ ਮੈਨੂੰ ਲੱਗਾ ਪਤਾ, ਪਤਿਪਰਮੇਸ਼ਵਰ ਤੇਰਾ ਨੂਰ ਨਜ਼ਰੀ ਆਈਆ । ਤੇਰੀ ਆਦਿ ਜੁਗਾਦੀ ਇਕੋ ਧਾਰ ਸਤਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰਾ ਨੂਰ ਨਜ਼ਰੀ ਆਈਆ । ਅੰਤ ਕੰਤ ਭਗਵੰਤ ਧਰਨੀ ਕਹੇ ਤੇਰੀ ਚਰਨ ਕਵਲ ਮੇਰਾ ਝੁਕੇ ਮਸਤਕ ਮੱਥਾ, ਬਿਨ ਧੂੜੀ ਧੂੜੀ ਖ਼ਾਕ ਖ਼ਲਕ ਦੇ ਖ਼ਾਲਕ ਇਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਪ੍ਰਭੂ ਅਬਿਨਾਸ਼ੀ ਅਚੁਤ, ਚੇਤਨ ਤੇਰੀ ਵਡ ਵਡਿਆਈਆ । ਮੇਰੀ ਸੁਹੰਜਣੀ ਹੋਈ ਰੁੱਤ, ਰੁਤੜੀ ਦਿਤੀ ਮਹਿਕਾਈਆ । ਮੈਂ ਤੱਕੇ ਤੇਰੇ ਭਗਤ ਸੁਹੇਲੇ ਸਾਚੇ ਸੁਤ, ਜਿਨ੍ਹਾਂ ਕਾਰਨ ਆਇਆ ਚਾਈਂ ਚਾਈਂਆ । ਮੇਰੀ ਮੇਂਢੀ ਖੁਲ੍ਹੀ ਵੇਖ ਗੁੱਤ, ਓਢਣ ਸੀਸ ਨਾ ਕੋਇ ਰਖਾਈਆ । ਮੈਨੂੰ ਕਲਜੁਗ ਅੰਤਮ ਜੀਵਾਂ ਵੇਖ ਆਵੇ ਦੁੱਖ, ਦੁੱਖਾਂ ਵਿਚ ਦੁਹਾਈਆ । ਬਿਨ ਤੇਰੀ ਕਿਰਪਾ ਸੁਫਲ ਹੋਏ ਨਾ ਕਿਸੇ ਜਨਣੀ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਮੇਰੇ ਮਿਹਰਵਾਨ ਮਹਿਬੂਬਾ ਹਰਿਜਨ ਆਪਣੀ ਗੋਦੀ ਚੁੱਕ, ਲਖ ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਧਰਨੀ ਕਹੇ ਪਰਦਾ ਰਹੇ ਨਾ ਓਹਲਾ ਲੁਕ, ਜੋ ਤੇਰੀ ਸਰਨ ਗਿਆ ਝੁਕ, ਤਿਨ੍ਹਾਂ ਝੁਕਿਆਂ ਗੁਰਮੁਖਾਂ ਘਰ ਬਖ਼ਸ਼ਿਸ਼ ਦੀ ਦਾਤ ਸੱਚਾ ਫਲ ਦੇਣਾ ਲਗਾਈਆ ।



✪ ੩੧ ਭਾਦਰੋਂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਨਾਰਥ ਲੰਡਨ ੮ ਕੁਲੋਵੈਲੀ ਰੋਡ ੭ ਹਾਰਨ ਜੀ ਰਣਜੀਤ ਸਿੰਘ ਨਤ ✪

ਧਰਨੀ ਕਹੇ ਉਹ ਨਾਰਦ ਆਇਆ ਹਿਲਾਉਂਦਾ ਬੋਦੀ, ਬੁੱਧੀ ਤੋਂ ਪਰੇ ਆਪਣਾ ਖੇਲ ਖਿਲਾਈਆ । ਨਾਰਦ ਕਹੇ ਧਰਤੀਏ ਤੇਰੇ ਉਤੇ ਖੇਲ ਕਰ ਗਏ ਵੇਦੀ ਸੋਢੀ, ਧੁਰ ਦੇ ਹੁਕਮ ਨਾਲ ਵੱਜਦੀ ਰਹੀ ਵਧਾਈਆ । ਅਣਗਿਣਤ ਆਸਣ ਲਾ ਗਏ ਧੂਣੀਆਂ ਵਿਚ ਜੋਗੀ, ਜੁਗੀਸ਼ਰ ਤਪੀਸ਼ਰ ਆਪਣਾ ਧਿਆਨ ਰਖਾਈਆ । ਨੀ ਮੇਰਾ ਸਾਹਿਬ ਠਾਕਰ ਮੌਜੀ, ਮਜਲਸਾਂ ਦਾ ਮਾਲਕ ਬੇਪ੍ਰਵਾਹੀਆ । ਜਿਸ ਦੀ ਕਦੇ ਨਾ ਮੁਕੇ ਔਧੀ, ਔਧ

ਸਮਝ ਕਿਸੇ ਨਾ ਆਈਆ । ਜਿਸ ਲੇਖੇ ਲਾਈ ਰਵਦਾਸ ਚਮਾਰ ਦੀ ਕੌਡੀ, ਕਸੀਰਾ ਘਾਟ ਦਿਤੀ ਵਡਿਆਈਆ । ਜਿਸ ਚਰਨ ਛੋਹ ਲਗਾਈ ਅਸ਼ਟਭੁਜ ਦੀ ਠੋਡੀ, ਧੁਰ ਦਾ ਤਿਲਕ ਨਾਮ ਸਮਝਾਈਆ । ਉਹ ਵੇਖਣਹਾਰਾ ਦੀਨ ਦੁਨੀ ਕਲਜੁਗ ਅੰਤਮ ਰੋਗੀ, ਦੁੱਖਾਂ ਭਰੀ ਲੋਕਾਈਆ । ਸਾਧ ਸੰਤ ਕਮਲੀਏ ਤੇਰੇ ਉਤੇ ਜਗਤ ਵਾਸਨਾ ਭੋਗੀ, ਭਸਮੜ ਰੂਪ ਨਾ ਕੋਇ ਬਣਾਈਆ । ਜਗਤ ਤ੍ਰਿਸ਼ਨਾ ਸਭ ਨੂੰ ਕੀਤਾ ਲੋਭੀ, ਲਾਲਚ ਵਿਚ ਮਨ ਹਲਕਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਦੀ ਕਿਸੇ ਨਾ ਆਵੇ ਸੋਝੀ, ਸਮਝ ਵਿਚ ਨਾ ਕੋਇ ਸਮਝਾਈਆ । ਝਟ ਨਾਰਦ ਬਹਿ ਗਿਆ ਭਾਰ ਗੋਡੀ, ਗੁਡਮਾਰਨਿੰਗ ਕਹਿ ਕੇ ਖ਼ੁਸ਼ੀ ਬਣਾਈਆ । ਆਹ ਵੇਖ ਜਗਤ ਜਹਾਨ ਦੀ ਆਸ਼ਾ ਹੋਈ ਰੋਡੀ, ਸੀਸ ਓਢਣ ਨਾ ਕੋਇ ਰਖਾਈਆ । ਬਿਰਹੋਂ ਵਿਛੋੜੇ ਦਾ ਦਿਸੇ ਨਾ ਕੋਇ ਵਿਯੋਗੀ, ਪ੍ਰੇਮ ਪੀੜ ਨਾ ਕੋਇ ਰਖਾਈਆ । ਬਿਨਾ ਸਾਹਿਬ ਤੋਂ ਭਗਤਾਂ ਚੁੱਕੇ ਕੋਇ ਨਾ ਗੋਦੀ, ਜੋ ਗੋਦਾਵਰੀ ਕੰਢੇ ਗੋਬਿੰਦ ਆਇਆ ਦ੍ਰਿੜਾਈਆ । ਆਤਮ ਧਾਰ ਜਾਏ ਕਿਸੇ ਨਾ ਸੋਧੀ, ਵਧੀ ਸੁਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਸੁਣ ਧਰਨੀ ਮੈਂ ਦੱਸਾਂ ਖੇਲ ਹਕੀਕਤ ਹਕਾ, ਹੁਕਮ ਧੁਰ ਦਾ ਦਿਆਂ ਜਣਾਈਆ । ਨੀ ਮੈਂ ਚਾਰ ਜੁਗ ਦਾ ਪਾਂਧੀ ਥੱਕਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜਿਆ ਵਾਹੋ ਦਾਹੀਆ । ਮੈਂ ਫਿਰ ਕੇ ਆਇਆ ਮਦੀਨਾ ਮੱਕਾ, ਕਾਅਬਿਆਂ ਖੋਜ ਖੁਜਾਈਆ । ਹੁਣ ਤੱਕਣ ਲੱਗਾ ਬੂਰਾ ਕੱਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰੇ ਕੋਲ ਨਾ ਕੋਈ ਪੈਸਾ ਟਕਾ, ਕੀਮਤ ਜਗਤ ਨਾ ਕੋਇ ਰਖਾਈਆ । ਮੈਂ ਖੇਲ ਤੱਕਣੀ ਇਕ ਪੁਰਖ ਸਮਰਥਾ, ਜੋ ਮਾਲਕ ਧੁਰਦਰਗਾਹੀਆ । ਜਿਸ ਦਾ ਲੇਖਾ ਅਕਥਨਾ ਕਥਾ, ਕਥ ਸਕੇ ਕੋਇ ਨਾ ਰਾਈਆ । ਮੈਂ ਨਿਰਗੁਣ ਧਾਰ ਟੇਕ ਕੇ ਮੱਥਾ, ਮਸਤਕ ਚਰਨ ਨਾਲ ਛੁਹਾਈਆ । ਉਸ ਭੇਵ ਖੁਲਾਇਆ ਯਥਾਰਥ ਯਥਾ, ਯਦੀ ਆਪ ਹੁਕਮ ਸੁਣਾਈਆ । ਨਾਰਦਾ ਓਹ ਤੱਕ ਗੋਬਿੰਦ ਵਾਲਾ ਤੀਰ ਕਮਾਨ ਭੱਥਾ, ਮਾਛੂਵਾੜਾ ਦਏ ਗਵਾਹੀਆ । ਜੋ ਸ਼ਬਦੀ ਧਾਰ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਗੁਰਮੁਖ ਪ੍ਰੇਮੀ ਕਰ ਕੇ ਇਕੱਠਾ, ਗੰਢ ਇਕੋ ਇਕ ਪਵਾਈਆ । ਲੇਖਾ ਚੁਕਾਉਣਾ ਤਤ ਅੱਠਾ, ਨਵ ਦਵਾਰ ਦਏ ਖੁਲਾਈਆ । ਦਸਵੇਂ ਜੋਤ ਜਗਾਏ ਲਟ ਲਟਾ, ਨੂਰ ਨੁਰਾਨਾ ਕਰ ਰੁਸ਼ਨਾਈਆ । ਜਗਤ ਜਹਾਨ ਚੀਥੜ ਵੇਖੇ ਫਟਾ, ਤਨ ਵਜੂਦ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਨਾਰਦ ਕਹੇ ਸੁਣ ਧਵਲ ਮੇਰੀ ਧਰਮ ਦੀ ਧਾਰ ਭੈਣ, ਸਤਿ ਦੀ ਸਚ ਦਿਆਂ ਜਣਾਈਆ । ਮੈਂ ਤੈਨੂੰ ਇਕ ਗਲ ਆਇਆ ਕਹਿਣ, ਕਹਿ ਕੇ ਦਿਆਂ ਸੁਣਾਈਆ । ਚਾਰੋਂ ਕੁੰਟ ਕਲਜੁਗ ਵੇਖ ਅੰਧੇਰੀ ਰੈਣ, ਭਿੰਨੜੀ ਰੂਪ ਨਾ ਕੋਇ ਵਖਾਈਆ । ਉਠ ਉਠ ਵੇਖੇ ਲਾੜੀ ਮੌਤ ਡੈਣ, ਰਾਏ ਧਰਮ ਇਸ਼ਾਰਾ ਗਿਆ ਕਰਾਈਆ । ਚਿਤ੍ਰਗੁਪਤ ਮੂਲ ਲਏ ਨਾ ਚੈਨ, ਲੇਖਾ ਸਭ ਦਾ ਰਿਹਾ ਵਖਾਈਆ । ਮੁਹੰਮਦ ਰਾਹ ਤੱਕੇ ਲੇਖਾ ਵੇਖੇ ਐਨ ਗ਼ੈਨ, ਨੁਕਤਾ ਸਮਝ ਕੋਇ ਨਾ ਪਾਈਆ । ਜੋ ਬਾਲਮੀਕ ਇਸ਼ਾਰਾ ਦਿਤਾ ਵਿਚ ਰਮਾਇਣ, ਰਾਮ ਰਾਮਾ ਕੀ ਆਪਣੀ ਕਲ ਵਰਤਾਈਆ । ਵੇਦ ਵਿਆਸ ਲਿਖਿਆ ਸੰਬਲ ਪ੍ਰਗਟ ਹੋਵੇ ਮਾਲਕ ਹਿੰਦਵਾਇਣ, ਬ੍ਰਹਿਮਣ ਗੌੜ ਰੂਪ ਅਥਾਹੀਆ । ਕ੍ਰਿਸ਼ਨ ਅਰਜਨ ਵਖਾਇਆ ਐਨ, ਨੂਰ ਨੁਰਾਨਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਧਰਨੀ ਮੈਂ



੨੩੮
੨੩

ਕੀ ਦੱਸਾਂ ਹਾਲਤ, ਜਗਤ ਜਹਾਨ ਨੇਤਰ ਬਿਨ ਰੋਵੇ ਮਾਰੇ ਧਾਹੀਆ । ਕੂੜ ਕੁੜਿਆਰ ਵਧੀ ਜਹਾਲਤ, ਸਤਿ ਸਚ ਵਿਚ ਨਾ ਕੋਇ ਸਮਾਈਆ । ਧਰਮ ਦੀ ਕਰੇ ਨਾ ਕੋਇ ਅਦਾਲਤ, ਅਦਲ ਇਨਸਾਫ਼ ਹੱਥ ਕਿਸੇ ਨਾ ਆਈਆ । ਪੈਗ਼ੰਬਰ ਕਰੇ ਨਾ ਕੋਇ ਸਖ਼ਾਵਤ, ਸਖ਼ੀ ਸੁਲਤਾਨ ਹੋਏ ਨਾ ਕਿਸੇ ਸਹਾਈਆ । ਸਤਿਗੁਰ ਮੇਟੇ ਨਾ ਕੋਇ ਅਦਾਵਤ, ਦਵੈਤ ਦੂਰ ਨਾ ਕੋਇ ਕਰਾਈਆ । ਇਕੋ ਨਾਮ ਮਿਲੇ ਨਾ ਕਿਸੇ ਨਿਆਮਤ, ਨਿਰਗੁਣ ਨਾਲ ਨਿਰਗੁਣ ਮਿਲ ਕੇ ਵਜੇ ਨਾ ਕੋਇ ਵਧਾਈਆ । ਮੈਂ ਰਾਹ ਵਿਚ ਸਦੀ ਚੌਧਵੀਂ ਨੂੰ ਪੁਛਿਆ ਕਮਲੀਏ ਕਿਸ ਵੇਲੇ ਆਵੇ ਕਿਆਮਤ, ਕਿਆਮਗਾਹ ਕਿਹੜੀ ਮੁਹੰਮਦ ਗਿਆ ਸਮਝਾਈਆ । ਕਿਹੜੀ ਮਿਲੇ ਅਗੰਮੀ ਨਿਆਮਤ, ਰਸ ਧੁਰ ਦਾ ਇਕ ਚਖਾਈਆ । ਓਸ ਹੱਸ ਕੇ ਕਿਹਾ ਮੇਰਾ ਬੇਪ੍ਰਵਾਹ ਸਹੀ ਸਲਾਮਤ, ਸਾਹਿਬ ਧੁਰਦਰਗਾਹੀਆ । ਮੈਂ ਓਸੇ ਦੀ ਆਸਾ ਓਸੇ ਦੀ ਅਮਾਨਤ, ਓਸੇ ਦੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਧਰਨੀ ਮੈਂ ਆਇਆ ਸੰਦੇਸਾ ਲੈ ਕੇ, ਪੈਗ਼ਾਮ ਦਿਆਂ ਦ੍ਰਿੜਾਈਆ । ਜੋ ਗੋਬਿੰਦ ਗਿਆ ਕਹਿ ਕੇ, ਬਿਨ ਰਸਨਾ ਢੋਲਾ ਗਾਈਆ । ਹਰਿ ਸਰਨਾਈ ਢਹਿ ਕੇ, ਬਿਨ ਖ਼ਾਕ ਖ਼ਾਕ ਰਮਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸੰਬਲ ਆਵੇ ਬਹਿ ਕੇ, ਆਸਣ ਸਿੰਘਾਸਣ ਇਕੋ ਇਕ ਸਜਾਈਆ । ਜੋ ਲੇਖਾ ਅਵਤਾਰ ਪੈਗ਼ਬਰਾਂ ਗੁਰੂਆਂ ਜਾਵੇ ਦੇ ਕੇ, ਦੇਵਣਹਾਰ ਆਪਣੇ ਹੱਥ ਰਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੈਨੂੰ ਚੌਦਾਂ ਤਬਕਾਂ ਤੋਂ ਬਾਹਰ ਮਿਲ ਗਈ ਚਿੱਠੀ, ਓਹ ਪਤਰਕਾ ਧੁਰਦਰਗਾਹੀਆ । ਜਿਹੜੀ ਚਾਰ ਜੁਗ ਕਿਸੇ ਨਹੀਂ ਡਿੱਠੀ, ਵਾਚਕ ਹੋ ਕੇ ਸਕੇ ਨਾ ਕੋਇ ਸਮਝਾਈਆ । ਕਿਸੇ ਕਾਗ਼ਜ਼ ਉਤੇ ਨਹੀਂ ਲਿਖੀ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਉਹਦੇ ਉਤੇ ਬਿਨਾ ਅੰਕੜਿਆਂ ਤੋਂ ਲਿਖੀ ਮਿਤੀ, ਮਿਤਰ ਪਿਆਰਾ ਆਵੇ ਧੁਰਦਰਗਾਹੀਆ । ਜਿਸ ਦੀ ਲੱਖ ਚੁਰਾਸੀ ਸਿਖ਼ੀ, ਸਿਖਿਆ ਸਾਖਿਆਤ ਸਮਝਾਈਆ । ਸਰਗੁਣ ਧਾਰ ਨਿਰਗੁਣ ਦੂਆ ਏਕਾ ਹੋਵੇ ਇੱਕੀ, ਏਕੰਕਾਰ ਮਿਲ ਕੇ ਵਜੇ ਵਧਾਈਆ । ਓਸ ਦੀ ਮੰਜ਼ਲ ਹੋਵੇ ਚਿੱਟੀ, ਜਗਤ ਰੰਗ ਨਾ ਕੋਇ ਵਖਾਈਆ । ਓਹ ਸਭ ਦਾ ਖਹਿੜਾ ਛੁੜਾਵੇ ਪੱਥਰ ਇੱਟੀ, ਪਾਹਨ ਪੂਜਨ ਕੋਇ ਨਾ ਜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਲਿਪੀ, ਅਕਲ ਬੁੱਧੀ ਇਕੋ ਰੰਗ ਰੰਗਾਈਆ । ਜਿਹੜੀ ਮੰਜ਼ਲ ਜਗਤ ਜਹਾਨ ਕਿਸੇ ਨਹੀਂ ਦਿਸੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਓਸ ਦੀ ਧਾਰ ਹਰਿ ਨਿਰੰਕਾਰ ਜਾਏ ਨਜਿੱਠੀ, ਨਿਰਗੁਣ ਆਪਣਾ ਹੁਕਮ ਵਰਤਾਈਆ । ਜਿਸ ਮਹਿਬੂਬ ਮਿਹਰਵਾਨ ਸੱਸੇ ਉਤੇ ਹੋੜਾ ਹਾਹੇ ਉਤੇ ਲਾਈ ਟਿੱਪੀ, ਸੋਹੰ ਆਤਮ ਪਰਮਾਤਮ ਧਾਰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਨਾਰਦ ਤੂੰ ਸਭ ਦਾ ਬੜਾ ਅਜ਼ੀਜ਼, ਆਅਲਾ ਅਦਨਾ ਮਿਲਕੇ ਵੱਜੇ ਵਧਾਈਆ । ਤੇਰੇ ਅੰਦਰ ਬੜੀ ਤਮੀਜ, ਮੁਹੱਬਤ ਵਹਿਣ ਦਿਤਾ ਵਹਾਈਆ । ਸਚ ਦੱਸ ਮੈਨੂੰ ਇਕ ਮਾਲਕ ਨੂੰ ਮਿਲਣ ਦੀ ਰੀਝ, ਦੂਜਾ ਇਸ਼ਟ ਨਾ ਕੋਇ ਮਨਾਈਆ । ਮੈਂ ਭੇਟਾ ਕਰਾਂ ਕਿਹੜੀ ਚੀਜ਼, ਚਾਰੇ ਖਾਣੀ ਪਰਦਾ ਦੇ ਖੁਲਾਈਆ । ਮੈਂ ਕਿਹੜੇ ਨੇਤਰ ਤੱਕਾਂ ਲਾ ਕੇ ਨੀਝ, ਲੋਚਨ ਨੈਣ ਅੱਖ ਬਦਲਾਈਆ । ਨਾਰਦ ਕਿਹਾ ਧਰਨੀਏ ਓਹ ਵੇਖ ਕਲਜੁਗ ਅੰਤਮ ਗਿਆ ਬੀਤ, ਆਪਣਾ ਪੰਧ ਮੁਕਾਈਆ । ਮੇਰੇ ਮਹਿਬੂਬ ਦੀ ਅਵੱਲੜੀ ਰੀਤ, ਰੀਤੀਵਾਨ ਨੂਰ

ਅਲਾਹੀਆ । ਜਿਸ ਨੇ ਝਗੜਾ ਮੇਟਣਾ ਮੰਦਰ ਮਸੀਤ, ਮੁੱਦਾ ਆਤਮ ਪਰਮਾਤਮ ਦਰਸਾਈਆ । ਜੋ ਸੰਬਲ ਵਸਿਆ ਬੀਚ, ਗੋਬਿੰਦ ਮੇਲਾ ਸਹਿਜ ਸੁਭਾਈਆ । ਤ੍ਰੈਗੁਣ ਤੋਂ ਹੋ ਅਤੀਤ, ਤ੍ਰੈਭਵਨ ਧਨੀ ਹੋ ਕੇ ਵੇਖ ਵਖਾਈਆ । ਲੱਖ ਚੁਰਾਸੀ ਪਰਖੇ ਨੀਤ, ਨੀਤੀਵਾਨ ਘਟ ਘਟ ਵੇਖੇ ਚਾਈਂ ਚਾਈਂਆ । ਜਿਸ ਨੇ ਸਭ ਦਾ ਸਾਂਝਾ ਕਰਨਾ ਗੀਤ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵੱਜਦੀ ਰਹੇ ਵਧਾਈਆ । ਜੋ ਭਗਤਾਂ ਕਾਇਆ ਕਰੇ ਠੰਡੀ ਸੀਤ, ਅਗਨੀ ਅੱਗ ਬੁਝਾਈਆ । ਝਗੜਾ ਮੁਕਾ ਕੇ ਹਸਤ ਕੀਟ, ਉਚਾਂ ਨੀਚਾਂ ਡੇਰਾ ਢਾਹੀਆ । ਜਗਤ ਜਹਾਨ ਵਿਚ ਆਪਣੀ ਕਰਵਟ ਬਦਲ ਕੇ ਪੀਠ, ਪੁਸ਼ਤ ਪਨਾਹ ਸਭ ਦੇ ਹੋਏ ਸਹਾਈਆ । ਮੈਨੂੰ ਇਉਂ ਦਿਸਦਾ ਜਿਸ ਨੇ ਪਿਛਲੇ ਕਲਜੁਗ ਦੇ ਲੇਖੇ ਤੇ ਮਾਰਨੀ ਲੀਕ, ਸਤਿਜੁਗ ਦੀ ਲਾਈਨ ਐਨ ਦਿਤੀ ਵਖਾਈਆ । ਉਸ ਦੀ ਅਵਤਾਰ ਪੈਗੰਬਰ ਗੁਰੂ ਸ਼ਹਾਦਤ ਵਿਚ ਇਬਾਦਤ ਵਿਚ ਕਰਨ ਤਸਦੀਕ, ਗਵਾਹੀ ਅਵਰ ਨਾ ਕੋਇ ਭੁਗਤਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਆਮਦ ਵਿਚ ਆਇਆ ਧੁਰਦਰਗਾਹੀਆ । ਜਿਸ ਦਾ ਵਕਤ ਸੁਹੰਜਣਾ ਸੁਹਾਉਣਾ ਦਿਸੇ ਕਰੀਬ, ਕਰਬਲੇ ਵਾਲੇ ਸਾਰੇ ਬੈਠੇ ਨੈਣ ਉਠਾਈਆ । ਓਹ ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲਾ ਦੀਨ ਦਿਆਲਾ, ਪਰਵਰਦਿਗਾਰ ਸਾਂਝਾ ਯਾਰ ਸਭ ਨੂੰ ਕਰੇ ਪਾਕੀਜ਼, ਪਾਕੀਜ਼ਾ ਆਪਣਾ ਰੰਗ ਰੰਗਾਈਆ । ਨੀ ਉਹ ਸਮੁੰਦ ਸਾਗਰਾਂ ਤੇਰੇ ਦਰ ਵੜਿਆ ਦਹਿਲੀਜ਼, ਦਹਿ ਦਿਸ਼ਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਨੇਤਰ ਲੋਚਨ ਨੈਣ ਦਰਸ਼ਨ ਦੇਵੇ ਆਪਣੇ ਦੀਦ, ਦੀਦਾ ਦਾਨਿਸਤਾ ਇਕੋ ਨੂਰ ਨੂਰ ਨੁਰਾਨਾ ਨਜ਼ਰੀ ਆਈਆ ।



✪ ੧ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਨਾਰਥ ਲੰਡਨ ੪੧ ਵੁਡ ਲੈਂਡ ਗਾਰਡਨ ਨਿਰਭੈ ਸਿੰਘ ਦੇ ਗ੍ਰਿਹਿ ✪

ਪ੍ਰਭ ਸਰਨ ਸਰਨਾਈ ਢਹਿ ਕੇ ਕਹੇ ਅੱਸੂ, ਆਸਾਵੰਦ ਹੋ ਕੇ ਸੀਸ ਨਿਵਾਈਆ । ਮੇਰੇ ਸਾਹਿਬ ਸਤਿਗੁਰ ਕਿਹੜੀ ਧਾਰ ਵਸੂ, ਮਿਹਰਵਾਨ ਦੇਣਾ ਸਮਝਾਈਆ । ਪੁਰਖ ਅਕਾਲ ਉਹ ਵੇਖ ਕੀ ਆਸਾ ਰਖੀ ਯੈਸਹੂ, ਮਸੀਹ ਅੰਤਰ ਨਿਰੰਤਰ ਧਿਆਨ ਲਗਾਈਆ । ਮੇਰਾ ਪਿਤਾ ਪਰਵਰਦਿਗਾਰ ਸਭ ਕੁਝ ਦੱਸੂ, ਦਹਿ ਦਿਸ਼ਾ ਧਿਆਨ ਲਗਾਈਆ । ਸਦੀ ਬੀਸਵੀਂ ਕੂੜ ਕੁੜਿਆਰੀ ਕਿਰਿਆ ਨੱਸੂ, ਦੀਨ ਮਜ਼੍ਹਬ ਬੈਠਣ ਸੀਸ ਨਿਵਾਈਆ । ਬੇਐਬ ਹਰਿ ਤਨ ਵਜੂਦ ਰੱਤੂ, ਰੰਗ ਅਗੰਮਾ ਆਪ ਚੜ੍ਹਾਈਆ । ਆਤਮ ਪਰਮਾਤਮ ਜੋੜੇ ਨੱਤੂ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਹਰ ਘਟ ਅੰਤਰ ਆਪੇ ਵਸੂ, ਵਾਸਤਾ ਆਪਣੇ ਨਾਲ ਰਖਾਈਆ । ਤੀਰ ਅਨਿਆਲਾ ਏਕਾ ਕਸੂ, ਦੋ ਜਹਾਨਾਂ ਪਾਰ ਲੰਘਾਈਆ । ਭਾਗ ਲਗਾ ਕੇ ਕਾਇਆ ਮੱਟੂ, ਸੰਬਲ ਨੂਰ ਕਰੇ ਰੁਸ਼ਨਾਈਆ । ਜੋ ਜ਼ਿਮੀਂ ਘੁੰਮਦੀ ਵਾਂਗ ਲੱਟੂ, ਘੁੰਮਣ ਘੇਰੀ ਵਿਚ ਵੇਖੇ ਖ਼ਲਕ ਖ਼ੁਦਾਈਆ । ਨਵ ਸੱਤ ਅੰਤਸ਼ਕਰਨ ਧਾਰ ਫੱਟੂ, ਘਾਓ ਇਕੋ ਇਕ ਰਖਾਈਆ । ਕੂੜ ਕੁੜਿਆਰਾ ਜੜ ਪੱਟੂ, ਪਾਟਲ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਅੱਸੂ ਕਹੇ ਮੈਂ ਚੜ੍ਹਿਆ ਲੋਕਮਾਤ ਜਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਮੈਂ ਮਾਨਵ ਵੇਖੇ ਉਪਰ ਸ਼ਾਹ ਰਗ, ਨਵ ਦਵਾਰ ਪੰਧ ਮੁਕਾਈਆ । ਸ਼ਰਅ ਸ਼ਰੀਅਤ ਤੱਕਣਾ ਹੱਜ,

ਕਾਅਬਿਆਂ ਪਰੇ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਣੀ ਅੱਗ, ਜੋ ਕਾਇਆ ਕੱਪੜ ਰਹੀ ਜਲਾਈਆ । ਦੀਨ ਮਜ਼੍ਹਬ ਖੋਜਣੀ ਹੱਦ, ਜੋ ਵੰਡਾਂ ਰਹੀ ਪਾਈਆ । ਖੇਲ ਵੇਖਣਾ ਸੂਰਾ ਸਰਬਗ, ਜੋ ਹਰਿ ਕਰਤਾ ਪੁਰਖ ਆਪ ਕਰਾਈਆ । ਦੀਨ ਦੁਨੀ ਤੱਕਣੀ ਅਲਪਗ, ਜੋ ਮਾਰਗ ਭੁਲੀ ਬੇਪ੍ਰਵਾਹੀਆ । ਧੁਰ ਦਾ ਸ਼ਬਦ ਅਗੰਮੀ ਸੁਣਨਾ ਨਦ, ਅਨਹਦ ਨਾਦੀ ਨਾਦ ਸ਼ਨਵਾਈਆ । ਨਿਰਗੁਣ ਨੂਰ ਜੋਤ ਤੱਕਣੀ ਲਟ ਲਟ, ਜੋ ਦੋ ਜਹਾਨਾਂ ਕਰੇ ਰੁਸ਼ਨਾਈਆ । ਇਕ ਨਾਮ ਦਾ ਖੁਲ੍ਹਿਆ ਵੇਖਣਾ ਹੱਟ, ਹਟਵਾਣਾ ਬਣੇ ਧੁਰਦਰਗਾਹੀਆ । ਮੈਂ ਪੰਧ ਮੁਕਾਇਆ ਨੱਠ ਨੱਠ, ਸਤਿਜੁਗ ਤਰੇਤਾ ਦੁਆਪਰ ਭੱਜਿਆ ਵਾਹੋ ਦਾਹੀਆ । ਮੇਰਾ ਸੰਮਤ ਸ਼ਹਿਨਸ਼ਾਹੀ ਚੜ੍ਹ ਗਿਆ ਅੱਠ, ਅੱਠਾਂ ਤਤਾਂ ਭੇਵ ਰਹੇ ਨਾ ਰਾਈਆ । ਮੇਰੇ ਮਹਿਬੂਬ ਨੇ ਕਲਜੁਗ ਅੰਤਮ ਖੇੜਾ ਕਰਨਾ ਭੱਠ, ਭਠਿਆਲਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅੱਸੂ ਕਹੇ ਮੇਰਾ ਚੜ੍ਹਿਆ ਦਿਵਸ ਸੁਭਾਗਾ, ਪ੍ਰਭ ਦਏ ਮਾਣ ਵਡਿਆਈਆ । ਮੈਂ ਲੋਕਮਾਤ ਜਾਗਾ, ਆਲਸ ਨਿੰਦਰਾ ਰਹੀ ਨਾ ਰਾਈਆ । ਹਰਿ ਸਰਨਾਈ ਲਾਗਾ, ਦੂਸਰ ਓਟ ਨਾ ਕੋਇ ਤਕਾਈਆ । ਮੈਂ ਸੁਣੀ ਅਗੰਮੀ ਆਵਾਜ਼ਾ, ਪ੍ਰਭ ਸ਼ਬਦ ਦਿਤਾ ਦ੍ਰਿੜਾਈਆ । ਓਹ ਲੇਖਾ ਤੱਕ ਲੈ ਜੋ ਦੱਸ ਕੇ ਗਿਆ ਗੋਬਿਦ ਵਾਲਾ ਬਾਜਾ, ਕੀ ਬਾਜ਼ੀਗਰ ਆਪਨਾ ਸਵਾਂਗ ਵਰਤਾਈਆ । ਜੋ ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਇਕ ਨੂਰ ਅਲਾਹੀਆ । ਜਿਸ ਨੇ ਲੇਖਾ ਮੁਕਾਉਣਾ ਤਖ਼ਤ ਤਾਜਾ, ਤਖਤ ਨਿਵਾਸੀ ਰੋਵਣ ਮਾਰਨ ਧਾਹੀਆ । ਕਲਜੁਗ ਅੰਤਮ ਪ੍ਰਗਟ ਹੋ ਕੇ ਦੇਸ ਮਾਝਾ, ਸੰਬਲ ਆਪਣੀ ਰੁਤ ਸੁਹਾਈਆ । ਜਿਸ ਦੀ ਆਸ਼ਾ ਰਖੀ ਕ੍ਰਿਸ਼ਨ ਰਾਧਾ, ਸੀਤਾ ਰਾਮ ਬੈਠੇ ਧਿਆਨ ਲਗਾਈਆ । ਜਿਸ ਨੇ ਚਾਰ ਜੁਗ ਦੇ ਸ਼ਾਸਤਰਾਂ ਤੋਂ ਬਾਹਰ ਕਰਨਾ ਵਾਧਾ, ਵੇਦ ਪੁਰਾਨ ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਅੱਸੂ ਕਹੇ ਨਾਰਦ ਤੂੰ ਕਿਧਰੋਂ ਆਇਆ, ਸੱਜਣਾ ਭੇਵ ਦੇਣਾ ਖੁਲਾਈਆ । ਨਾਰਦ ਕਹੇ ਮੈਂ ਤੱਕਾਂ ਤ੍ਰੈਗੁਣ ਮਾਇਆ, ਰਜੋ ਤਮੋ ਸਤੋ ਫੋਲ ਫੁਲਾਈਆ । ਉੱਤਰ ਪੂੱਰਬ ਪੱਛਮ ਦੱਖਣ ਭੱਜਾਂ ਵਾਹੋ ਦਾਹਿਆ, ਨੌ ਖੰਡ ਆਪਣਾ ਪੰਧ ਮੁਕਾਈਆ । ਮਾਨਵ ਵੇਖਿਆ ਹਿਰਦੇ ਹਰਿ ਨਾ ਕਿਸੇ ਵਸਾਇਆ, ਵਸਲ ਯਾਰ ਨਾ ਕੋਇ ਕਰਾਈਆ । ਸਦੀ ਚੌਧਵੀਂ ਦਰੋਹੀ ਦਰੋਹੀ ਕਰੇ ਮਰੇ ਖ਼ੁਦਾਇਆ, ਖ਼ਾਲਕ ਖ਼ਲਕ ਕੀ ਤੇਰੀ ਬੇਪ੍ਰਵਾਹੀਆ । ਮੈਨੂੰ ਤੇਈ ਅਵਤਾਰਾਂ ਹਾਲ ਸੁਣਾਇਆ, ਉਚੀ ਕੂਕ ਕੂਕ ਜਣਾਈਆ । ਨਾਨਕ ਗੋਬਿੰਦ ਭੇਵ ਖੁਲਾਇਆ, ਪਰਦਾ ਪਰਦਿਆਂ ਵਿਚੋਂ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਸਾਜਣ ਮੀਤ ਨਜ਼ਰ ਕੋਇ ਨਾ ਆਇਆ, ਮੁਹੱਬਤ ਵਿਚ ਨਾ ਕੋਇ ਸਮਾਈਆ । ਜਿਧਰ ਤੱਕਾਂ ਅੰਧੇਰਾ ਛਾਇਆ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਪ੍ਰਭੂ ਦੇ ਅਗੇ ਵਾਸਤਾ ਪਾਇਆ, ਖ਼ਾਲੀ ਝੋਲੀ ਅਗੇ ਡਾਹੀਆ । ਤੇਰਾ ਨਾਮ ਕਲਮਾ ਕਿਸੇ ਦਾ ਅੰਦਰ ਕਰੇ ਨਾ ਕੋਇ ਸਫਾਇਆ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਤੈਨੂੰ ਕਿਹਾ ਦਾਈ ਦਾਇਆ, ਦਇਆਵਾਨ ਕੀ ਤੇਰੀ ਬੇਪ੍ਰਵਾਹੀਆ । ਕਲਜੁਗ ਸਭ ਨੂੰ ਰਿਹਾ ਭੁਲਾਇਆ, ਮਨੂਆ ਮਨ ਦਿਤਾ ਬਦਲਾਈਆ । ਸਾਧ ਸੰਤ ਜੀਵ ਜੰਤ ਤੇਰਾ ਦਰਸ ਕਿਸੇ ਨਾ ਪਾਇਆ, ਸਮ ਦਰਸੀ ਤੇਰੀ ਸਮਝ ਕਿਸੇ ਨਾ ਆਈਆ । ਓਹ ਲਹਿਣਾ ਮੁਕਾਉਣਾ ਸੀਸ ਧੜਿਆ, ਪੰਜ ਤਤ ਖੋਜ ਖੁਜਾਈਆ । ਤੋੜਨਾ ਹਉਮੇ ਹੰਕਾਰੀ ਗੜ੍ਹਿਆ, ਨਿਮਰਤਾ ਆਪਣੀ ਇਕ ਸਮਝਾਈਆ । ਆਹ ਤੱਕ ਔਹ ਤੱਕ ਦੀਨ ਮਜ਼੍ਹਬ ਜਗਤ ਅਗਨੀ

ਸੜ੍ਹਿਆ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੁਰਖ ਅਕਾਲ ਦੀ ਸਰਨ ਕੋਇ ਨਾ ਪਰਿਆ, ਗ੍ਰੰਥ ਸ਼ਾਸਤਰਾਂ ਸਾਰੇ ਸੀਸ ਨਿਵਾਈਆ । ਮਾਨਸ ਜਨਮ ਕਲਜੁਗ ਜੀਵਾਂ ਹਰਿਆ, ਹਰਿਜਨ ਮੇਲਾ ਮਿਲੇ ਨਾ ਧੁਰ ਦੇ ਮਾਹੀਆ । ਸਚ ਦਵਾਰ ਮਿਲੇ ਕਿਸੇ ਨਾ ਘਰਿਆ, ਗ੍ਰਿਹਿ ਮੰਦਰ ਵਜੇ ਨਾਂ ਕੋਇ ਵਧਾਈਆ । ਆਤਮ ਧਾਰ ਪਰਮਾਤਮ ਪਲੂ ਕੋਇ ਨਾ ਫੜਿਆ, ਮੰਜ਼ਲ ਹਕ ਨਾ ਕੋਇ ਚੜ੍ਹਾਈਆ । ਸਚ ਸੰਦੇਸ਼ਾ ਦੇਵਾਂ ਅੜਿਆ, ਧੁਰ ਫ਼ਰਮਾਨਾ ਇਕ ਸੁਣਾਈਆ । ਜਿਸ ਵਿਸ਼ਨ ਬ੍ਰਹਮਾ ਸ਼ਿਵ ਘਾੜਨ ਘੜਿਆ, ਸੋ ਲੱਖ ਚੁਰਾਸੀ ਭੰਨਣਹਾਰ ਅਖਵਾਈਆ । ਉਸ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਰਗੁਣ ਧਾਰ ਧਰਨੀ ਧਰਤ ਧਵਲ ਧੌਲ ਉਤੇ ਆਪਣਾ ਅਗੰਮਾ ਚਰਨ ਧਰਿਆ, ਜਿਸ ਦੀ ਸਰਨ ਸਾਰੇ ਰਹੇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਨਾਰਦ ਕਹੇ ਅੱਸੂ ਮੇਰੀ ਆਸ਼ਾ ਵਸੀਹ, ਵਸੀਯਤ ਪੈਗ਼ੰਬਰ ਅਵਤਾਰਾਂ ਗੁਰੂਆਂ ਵੇਖ ਵਖਾਈਆ । ਤੇਰੇ ਦਰ ਹਾਜ਼ਰ ਹੋਵੇ ਮਸੀਹ, ਮਸਲਾ ਅਗਲਾ ਦਏ ਸਮਝਾਈਆ । ਜਿਸ ਵਿਚ ਪ੍ਰਵਦਿਗਾਰ ਦੀ ਹੋਵੇ ਤਰਜੀਹ, ਦੂਜਾ ਹੁਕਮ ਨਾ ਕੋਇ ਵਰਤਾਈਆ । ਓਹ ਖੇਲ ਕਰੇ ਮਾਲਕ ਰੱਬੀ, ਰਬੀਉਲ ਸਾਨੀ ਦਏ ਗਵਾਹੀਆ । ਜੋ ਆਸ਼ਾ ਰਖੀ ਇਕ ਲੱਖ ਚਵ੍ਹੀ ਹਜ਼ਾਰ ਨਬੀ, ਰਸੂਲ ਰਸੂਲ ਇਲਾਹ ਕਹਿ ਕੇ ਸੀਸ ਨਿਵਾਈਆ । ਉਸ ਦੀ ਖੇਲ ਹੋਣੀ ਜੱਦੀ, ਯਦੀ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦਵਾਰੇ ਬੈਠਣ ਹੱਥ ਬੱਧੀ, ਬੰਦਨਾ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤ ਬਿਨ ਵਰਨ ਗੋਤ ਸਤਿ ਸਰੂਪ ਅਗੰਮੀ ਜਗੀ, ਜਾਗਰਤ ਆਪਣਾ ਖੇਲ ਖਿਲਾਈਆ ।



੨੪੨
੨੩

✪ ੧ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਸਾਊਥ ਹਾਲ ੮੨ ਰੈਨਲੇ ਰੋਡ ਜੁਗਿੰਦਰ ਸਿੰਘ ਦੇ ਗ੍ਰਿਹਿ ਸਰਬ ਹਰਿ ਸੰਗਤ ਨਵਿਤ ✪

ਅੱਸੂ ਕਹੇ ਮੇਰੇ ਮਾਲਕ ਸਹੀ ਸਲਾਮਤ, ਪੁਰਖ ਅਕਾਲ ਦੀਨ ਦਿਆਲ ਤੇਰੀ ਸਰਨਾਈਆ । ਮੈਂ ਬੰਦਗੀ ਵਿਚ ਕਰਾਂ ਡੰਡਾਵਤ, ਬਿਨ ਸੀਸ ਧੜ ਲਾਗਾਂ ਪਾਈਆ । ਮੇਰੇ ਮਿਹਰਵਾਨ ਮਹਿਬੂਬ ਆਪਣੀ ਦੀਨ ਦੁਨੀ ਤੱਕ ਅੰਦਰ ਬਗ਼ਾਵਤ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂਆਂ ਤੇਰਾ ਨਾਮ ਕਲਮਾ ਰਖੀ ਧੁਰ ਦੀ ਨਾਮ ਅਮਾਨਤ, ਸਚ ਸਵਾਮੀ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਅੱਸੂ ਕਹੇ ਮੇਰੇ ਪ੍ਰਭੂ ਮੈਂ ਦੇਵਾਂ ਉਚੀ ਹੋਕਾ, ਹੁਕਮ ਧੁਰ ਦਾ ਇਕ ਜਣਾਈਆ । ਭੇਵ ਰਹੇ ਨਾ ਚੌਦਾਂ ਲੋਕਾਂ, ਚੌਦਾਂ ਤਬਕ ਉਠਣ ਥਾਉਂ ਥਾਈਆ । ਤੇਰਾ ਅਗੰਮਾ ਹੋਵੇ ਅਗੰਮ ਸਲੋਕਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੱਜੇ ਇਕ ਵਧਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਵੇਖ ਧਰਨੀ ਉਤੇ ਮੌਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਲਜੁਗ ਕੂੜੀ ਕਿਰਿਆ ਵਹਿਣ ਵਿਚ ਵਹੇ ਧਰਮ ਦੀ ਨੌਕਾ, ਨਈਆ ਪਾਰ ਨਾ ਕੋਇ ਕਰਾਈਆ । ਕਿਸੇ ਭੈ ਰਿਹਾ ਨਾ ਤੇਰੇ ਭਾਉ ਕਾ, ਦੁਤੀਆ ਭਾਉ ਨਾ ਕੋਇ ਮਿਟਾਈਆ । ਨਗਾਰਾ ਵੱਜੇ ਨਾ ਵਾਹੋ ਵਾਹੋ ਕਾ, ਵਾਹਿਗੁਰੂ ਤੇਰੀ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਤੇਰੀ ਸਰਨਾਈਆ । ਅੱਸੂ ਕਹੇ ਮੈਂ ਰਖਾਂ ਇਕ ਉਡੀਕ, ਆਸ ਆਸਾ ਵਿਚ ਜਣਾਈਆ । ਪੇਸ਼ੀਨਗੋਈਆਂ ਵੇਖ ਤਰੀਕ, ਤਵਾਰੀਖ ਚਾਰ ਜੁਗ ਦੀ ਦਏ ਗਵਾਹੀਆ । ਨਾਮ ਕਲਮੇ ਤੱਕ ਹਦੀਸ, ਹਜ਼ਰਤ ਹਜ਼ੂਰ ਵੇਖ ਵਖਾਈਆ । ਦੀਨਾਂ ਮਜ਼੍ਹਬਾਂ ਰਾਹ ਤੱਕ ਨੀਤ, ਨੀਤੀਵਾਨ ਕੀ ਤੇਰੀ ਬੇਪ੍ਰਵਾਹੀਆ । ਝਗੜਾ ਦਿਸੇ ਮੰਦਰ ਮਸੀਤ, ਕਾਇਆ ਕਾਅਬੇ ਹਕ ਨਾ ਕੋਇ ਰੁਸ਼ਨਾਈਆ । ਪੂਰਬ ਲੇਖਾ ਤੇਰਾ ਕਲਮਾ ਕਰੇ ਤਸਦੀਕ, ਸ਼ਹਾਦਤ ਸ਼ਹਿਨਸ਼ਾਹ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੁਰਖ ਅਕਾਲ ਕਹੇ ਸੁਣ ਅੱਸੂ ਮੇਰੇ ਨੰਨ੍ਹੇ ਬੱਚੇ, ਬਚਪਨ ਤੇਰਾ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਧੁਰ ਦੇ ਬੱਚੇ, ਸੰਗੀ ਸਾਥੀ ਜੁਗ ਚੌਕੜੀ ਤੇਰੇ ਨਾਲ ਰਲਾਈਆ । ਜੋ ਭਾਂਡੇ ਭੰਨ ਗਏ ਕਾਇਆ ਮਾਟੀ ਕੱਚੇ, ਤਨ ਵਜੂਦ ਰਿਹਾ ਨਾ ਰਾਈਆ । ਮੇਰੀ ਸ਼ਬਦ ਧਾਰ ਵਿਚ ਰੱਤੇ, ਰਤਨ ਅਮੋਲਕ ਆਪਣੀ ਕੀਮਤ ਜਗਤ ਤੋਂ ਬਾਹਰ ਰਖਾਈਆ । ਜਿਨ੍ਹਾਂ ਸੰਦੇਸ਼ੇ ਦਿਤੇ ਮੇਰੇ ਪਤੇ, ਪਤਿਪਰਮੇਸ਼ਵਰ ਕਹਿ ਕੇ ਸਾਰੇ ਗਏ ਗਾਈਆ । ਗੋਬਿੰਦ ਅੰਤ ਡੰਕ ਵਜਾਇਆ ਫ਼ਤਹਿ, ਫ਼ਾਤਿਆ ਪੜ੍ਹੇ ਕੂੜ ਲੋਕਾਈਆ । ਜੋ ਸਾਹਿਬ ਇਕ ਸਮਰਥੇ, ਸਮਰਥ ਪੁਰਖ ਨੂਰ ਅਲਾਹੀਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਕਥਨਾ ਕਥਨੀ ਕਥ ਰਹੇ ਕਥੇ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਕਹੇ ਪ੍ਰਭੂ ਮੈਂ ਜੁਗ ਚੌਕੜੀ ਪੁਰਾਣਾ, ਪੂਰਬ ਲੇਖਾ ਤੇਰੇ ਅਗੇ ਟਿਕਾਈਆ । ਤੂੰ ਵੇਖਣਹਾਰਾ ਸ੍ਰੀ ਭਗਵਾਨਾ, ਨੂਰ ਨੁਰਾਨਾ ਨੂਰ ਅਲਾਹੀਆ । ਤੈਨੂੰ ਝੁਕਦੇ ਜ਼ਿਮੀਂ ਅਸਮਾਨਾ, ਲੋਕ ਪਰਲੋਕ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਨੌਜਵਾਨਾ, ਮਰਦ ਮਦਾਨਾ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਹਿਰ ਕੇ ਬਾਣਾ, ਅਵਤਾਰ ਪੈਗ਼ੰਬਰ ਗੁਰ ਗੁਰੂ ਨਾਉਂ ਪ੍ਰਗਟਾਈਆ । ਮੈਂ ਸੁਣਦਾ ਰਿਹਾ ਤੇਰਾ ਨਿਰਅੱਖਰ ਧਾਰ ਗਾਣਾ, ਜੋ ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਤੇਰਾ ਨੂਰ ਜ਼ਹੂਰ ਸ਼ਹਿਨਸ਼ਾਹ ਜਗ ਨੇਤਰ ਨਾ ਕਿਸੇ ਪਹਿਚਾਨਾ, ਪਹਿਚਾਨ ਵਿਚ ਕਦੇ ਨਾ ਆਈਆ । ਤੂੰ ਮਿਹਰਵਾਨ ਮਿਹਰਵਾਨ ਮਿਹਰਵਾਨਾ, ਮਹਿਬੂਬ ਤੇਰੇ ਹੱਥ ਵਡਿਆਈਆ । ਅੰਤ ਵੇਖ ਲੈ ਆਪਣਾ ਦੀਨ ਦੁਨੀ ਵਾਲਾ ਜ਼ਮਾਨਾ, ਜ਼ਿਮੀਂ ਜ਼ਮਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਅੱਸੂ ਕਹੇ ਤੇਰੇ ਕੋਲ ਪ੍ਰਭੂ ਮੇਰੇ ਓਹ ਖ਼ਤ, ਜਿਸ ਦਾ ਅੱਖਰ ਨਜ਼ਰ ਕਿਸੇ ਨਾ ਆਈਆ । ਉਸ ਦੇ ਵਿਚ ਇਕੋ ਬ੍ਰਹਮ ਮਤ, ਜੋ ਬ੍ਰਹਮਾ ਵਿਸ਼ਨ ਸ਼ਿਵ ਦਿਤੀ ਸਮਝਾਈਆ । ਝਗੜਾ ਦਿਸੇ ਨਾ ਕੋਈ ਤਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰੇ ਨਾ ਕੋਇ ਲੜਾਈਆ । ਸ਼ਰਅ ਵਿਚ ਉਬਲੇ ਕੋਇ ਨਾ ਰਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਮੈਂ ਤੇਰੇ ਅਗੇ ਕਰਾਂ ਆਪਣੇ ਖ਼ਾਲੀ ਹੱਥ, ਬਿਨਾ ਹਥੇਲੀ ਝੋਲੀ ਡਾਹੀਆ । ਪਰਮ ਪੁਰਖ ਪਰਮਾਤਮ ਆਤਮ ਦੇ ਅਗੰਮੀ ਵਥ, ਵਾਸਤਾ ਤੇਰੇ ਨਾਲ ਰਖਾਈਆ । ਤੂੰ ਜੁਗ ਜੁਗ ਮਾਨਸ ਮਾਨਵ ਮਾਨੁੱਖ ਚਲਾਏ ਰਥ, ਰਥ ਰਥਵਾਹੀ ਇਕ ਅਖਵਾਈਆ । ਤੇਰੇ ਸਰਨ ਸਰਨਾਈ ਰਿਹਾ ਢੱਠ, ਧੂੜੀ ਚਰਨਾਂ ਖ਼ਾਕ ਰਮਾਈਆ । ਝਗੜਾ ਮੇਟ ਕੇ ਤਤ ਅੱਠ, ਨੌ ਦਰ ਲੇਖਾ ਰਹੇ ਨਾ ਰਾਈਆ । ਸਤਿ ਧਰਮ ਦੀ ਦੇ ਸੁਮੱਤ, ਸਤਿਗੁਰ ਦਾਤਾ ਬਣ ਕੇ ਬੇਪ੍ਰਵਾਹੀਆ । ਕਲਜੁਗ ਅੰਤਮ ਸਭ ਦੀ ਰਖਣੀ ਪਤ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ ।

ਆਤਮ ਪਰਮਾਤਮ ਜੋੜਨਾ ਨੱਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਅੱਸੂ ਪੂਰੀ ਆਸ ਕਰਾਵਾਂਗਾ । ਨਿਰਗੁਣ ਨੂਰ ਜੋਤ ਪ੍ਰਕਾਸ਼ ਇਕ ਦ੍ਰਿੜਾਵਾਂਗਾ । ਸ਼ਬਦ ਅਗੰਮੀ ਨਾਦ, ਧੁਨ ਅਨਾਦੀ ਇਕ ਸੁਣਾਵਾਂਗਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮਾਰ ਆਵਾਜ਼, ਸੋਈ ਸੁਰਤ ਆਪ ਹਿਲਾਵਾਂਗਾ । ਜਿਸ ਕਾਰਨ ਗੋਬਿੰਦ ਉਡਾਇਆ ਬਾਜ, ਬਾਜਾਂ ਵਾਲੇ ਦਾ ਭੇਵ ਖੁਲਾਵਾਂਗਾ । ਦੀਨ ਮਜ਼੍ਹਬ ਦਾ ਬਦਲ ਦੇ ਰਾਜ, ਰਈਅਤ ਮਾਨਵ ਜ਼ਾਤੀ ਇਕ ਦਰਸਾਵਾਂਗਾ । ਪਾਰਬ੍ਰਹਮ ਹੋ ਕੇ ਪਕੜਾਂ ਵਾਗ, ਵਾਗਾਂ ਦੋ ਜਹਾਨਾਂ ਹੱਥ ਰਖਾਵਾਂਗਾ । ਕਲਜੁਗ ਕੂੜੀ ਕਿਰਿਆ ਬੁੱਧੀ ਬਦਲ ਕੇ ਕਾਗ, ਗੁਰਮੁਖ ਹੰਸ ਆਪ ਪ੍ਰਗਟਾਵਾਂਗਾ । ਨਿਰੰਤਰ ਦੇ ਕੇ ਇਕ ਵੈਰਾਗ, ਬਸੰਤਰ ਕੂੜੀ ਮਾਤ ਬੁਝਾਵਾਂਗਾ । ਗੁਰਮੁਖਾਂ ਕਰ ਕੇ ਵਡ ਵਡਭਾਗ, ਸਿਰ ਆਪਣਾ ਹੱਥ ਟਿਕਾਵਾਂਗਾ । ਦੀਪਕ ਜੋਤ ਜਗਾ ਚਰਾਗ਼, ਚਰਾਗਾਹਾਂ ਆਪ ਰੁਸ਼ਨਾਵਾਂਗਾ । ਇਨਸਾਨ ਇਨਸਾਨੀਅਤ ਦਾ ਦੇ ਸਮਾਜ, ਸਮਿਗਰੀ ਸਚ ਨਾਮ ਵਰਤਾਵਾਂਗਾ । ਜੋਤੀ ਸ਼ਬਦ ਖੇਲ ਕਰ ਕੇ ਵਿਚ ਪੰਜ ਆਬ, ਪੰਜਾ ਨੌ ਖੰਡ ਪ੍ਰਿਥਮੀ ਸੱਤ ਦੀਪ ਆਪ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਡਗਮਗਾਏਗਾ । ਸ਼ਬਦੀ ਸਤਿਗੁਰ ਇਕ ਉਪਜਾਏਗਾ । ਬਿਨ ਰੂਪ ਰੰਗ ਰੇਖ ਖੇਲ ਖਿਲਾਏਗਾ । ਦੇਸ ਪਰਦੇਸ ਦੋ ਜਹਾਨਾਂ ਵੇਸ ਵਟਾਏਗਾ । ਭੇਵ ਅਭੇਦਾ ਅਛਲ ਅਛੇਦਾ ਆਪ ਸਮਝਾਏਗਾ । ਅੰਤਮ ਲੇਖਾ ਪੂਰਾ ਕਰ ਕੇ ਚਾਰ ਵੇਦਾ, ਪੁਰਾਨ ਅਠਾਰਾਂ ਲੱਖ ਚਾਰ ਹਜ਼ਾਰ ਸਤਾਰਾਂ, ਸਲੋਕ ਆਪਣੇ ਵਿਚ ਛੁਪਾਏਗਾ । ਨਿਰਗੁਣ ਨੂਰ ਹੋ ਕੇ ਜ਼ਾਹਿਰਾ, ਜ਼ਾਹਰ ਜ਼ਹੂਰ ਆਪ ਰੁਸ਼ਨਾਏਗਾ । ਜਿਸ ਝਗੜਾ ਪਾਉਣਾ ਵਿਚ ਕਹਿਰਾ, ਮੁਹੰਮਦ ਦਾ ਹਮਦ ਦਾ ਲੇਖਾ ਵੇਖ ਵਖਾਏਗਾ । ਨੌਵਾਂ ਦੇਸਾਂ ਹੋਏ ਮੁਸ਼ਾਇਰਾ, ਮੁਸ਼ਕਲ ਸਭ ਦੀ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਏਗਾ । ਅੱਸੂ ਕਹੇ ਪ੍ਰਭੂ ਮੇਰੇ ਮਾਲਕ ਵੇਖ ਆਪਣਾ ਕੌਲ ਇਕਰਾਰ, ਇਕਰਾਰਨਾਮਾ ਦਿਆਂ ਜਣਾਈਆ । ਜਿਥੇ ਸ਼ਰਅ ਦਾ ਨਹੀਂ ਕੋਈ ਤਕਰਾਰ, ਝਗੜਾ ਦਿਸੇ ਨਾ ਖ਼ਲਕ ਖ਼ੁਦਾਈਆ । ਹੁਕਮ ਤੇਰਾ ਸੱਚੀ ਸਰਕਾਰ, ਆਅਲਾ ਅਦਨਾ ਸੁਣੇ ਚਾਈਂ ਚਾਈਂਆ । ਤੂੰ ਸ਼ਾਹ ਸੁਲਤਾਨਾ ਨੌਜਵਾਨਾ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਤੈਨੂੰ ਹਜ਼ਰਤ ਕਿਹਾ ਇਸਤਗੁਫ਼ਾਰ, ਗੁਫ਼ਤ ਸ਼ਨੀਦ ਤੇਰਾ ਕਲਮਾ ਸੁਣੇ ਚਾਈਂ ਚਾਈਆ । ਤੇਰਾ ਨੂਰ ਅਲਾਹ ਰੂਪ ਦਿਸੇ ਨਾ ਨਰ ਨਾਰ, ਪੁਰਖ ਪੁਰਖੋਤਮ ਤੇਰੀ ਵਡ ਵਡਿਆਈਆ । ਦੀਨ ਦੁਨੀ ਲੱਖ ਚੁਰਾਸੀ ਜੀਵ ਜੰਤ ਅੰਤਮ ਹੋਏ ਸਾਰੇ ਗੁਨਾਹਗਾਰ, ਪਾਕ ਪਤਤ ਪੁਨੀਤ ਨਜ਼ਰ ਕੋਇ ਨਾ ਆਈਆ । ਨਾਤਾ ਛਡਦੇ ਜਾਂਦੇ ਤੇਈ ਅਵਤਾਰ, ਰਾਮ ਕ੍ਰਿਸ਼ਨ ਰਹੇ ਸੁਣਾਈਆ । ਮੂਸਾ ਕਹੇ ਕੂਕ ਲਲਕਾਰ, ਕੋਹਤੂਰ ਨਾਲ ਦਏ ਗਵਾਹੀਆ । ਈਸਾ ਕਹੇ ਜਿਸ ਸਲੀਵ ਮੇਰੇ ਗਲ ਵਿਚ ਦਿਤੀ ਡਾਰ, ਓਹ ਬਾਪ ਧੁਰਦਰਗਾਹੀਆ । ਹਜ਼ਰਤ ਮੁਹੰਮਦ ਕਿਹਾ ਮੈਨੂੰ ਉਸ ਉਤੇ ਇਤਬਾਰ, ਜੋ ਨੂਰ ਨੁਰਾਨਾ ਨਜ਼ਰੀ ਆਈਆ । ਸਤਿਗੁਰ ਨਾਨਕ ਕਿਹਾ ਜਿਸ ਦਾ ਨਾਮ ਸਤਿ ਕਰਾ ਪ੍ਰਚਾਰ, ਪ੍ਰਾਚੀਨ ਦਾ ਲੇਖਾ ਵੇਖ ਵਖਾਈਆ । ਗੋਬਿੰਦ ਕਿਹਾ ਜਿਸ ਨੇ ਬਖ਼ਸ਼ਿਆ ਖੜਗ ਖੰਡਾ ਕਟਾਰ, ਸ਼ਸਤਰ ਧੁਰ ਦਰਗਾਹੀਆ । ਓਹ ਕਲਜੁਗ ਅੰਤਮ ਆਵੇ ਕਲ ਕਲਕੀ

੨੪੪
੨੩

ਲਏ ਅਵਤਾਰ, ਅਵਤਰ ਆਪਣਾ ਫੇਰਾ ਪਾਈਆ । ਸੰਬਲ ਵਸੇ ਧਾਮ ਨਿਆਰ, ਜਿਸ ਸੰਬਲ ਦਾ ਲੇਖਾ ਵੇਦ ਵਿਆਸ ਗਿਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਆਪ ਵਰਤਾਈਆ । ਅੱਸੂ ਕਹੇ ਪ੍ਰਭੂ ਮੇਰੇ ਕੋਲ ਲੇਖ ਲਿਖਤ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਉਹ ਦੱਸਾਂ ਲੇਖਾ ਜਿਸ ਵੇਲੇ ਬਣਿਆ ਨਹੀਂ ਸੀ ਕੋਈ ਵੇਦ ਪੁਰਾਨੀ, ਗੀਤਾ ਗਿਆਨ ਨਾ ਕੋਇ ਦ੍ਰਿੜਾਈਆ । ਬਾਲਮੀਕ ਦੀ ਨਹੀਂ ਸੀ ਕੋਈ ਨਿਸ਼ਾਨੀ, ਸੀਤਾ ਰਾਮ ਨਾ ਕੋਇ ਜਣਾਈਆ । ਪੈਗ਼ੰਬਰਾਂ ਨੂਰ ਨਾ ਚਮਕਿਆ ਜਿਸਮ ਜਿਸਮਾਨੀ, ਸ਼ਰਅ ਸ਼ਰਅ ਨਾ ਕੋਇ ਵਖਾਈਆ । ਮੰਤਰ ਸੁਣਿਆ ਨਾ ਕਿਸੇ ਸਤਿਨਾਮੀ, ਡੰਕਾ ਫਤਹਿ ਨਾ ਕੋਇ ਦ੍ਰਿੜਾਈਆ । ਤੂੰ ਮੇਰੇ ਉਤੇ ਆਦਿ ਕੀਤੀ ਮਿਹਰਵਾਨੀ, ਜੁਗ ਜੁਗਾਦਿ ਮੇਰੇ ਵਿਚ ਟਿਕਾਈਆ । ਇਕ ਸੰਦੇਸ਼ਾ ਦਿਤਾ ਮੇਰਾ ਖੇਲ ਹੋਵੇ ਮਹਾਨੀ, ਮਹਿੰਮਾ ਕਥ ਕਥ ਸਮਝਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਪ੍ਰਗਟ ਹੋਵਾਂ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦਾ ਲੇਖਾ ਲਿਖ ਸਕੇ ਨਾ ਕੋਇ ਕਲਮ ਕਾਨੀ, ਕਾਗ਼ਜ਼ਾਤ ਨਾ ਕੋਇ ਚਤੁਰਾਈਆ । ਬ੍ਰਹਮਾ ਭੇਵ ਦੱਸ ਸਕਿਆ ਨਾ ਮੂਲ ਜ਼ਬਾਨੀ, ਚਾਰੇ ਮੁਖ ਚਾਰ ਕੁੰਟ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਭੇਵ ਖੁਲਾਈਆ । ਅੱਸੂ ਕਹੇ ਪ੍ਰਭੂ ਮੇਰੇ ਕੋਲ ਤੇਰਾ ਉਹ ਇਸ਼ਾਰਾ, ਜਿਸ ਨੂੰ ਐਸ਼ੋ ਇਸ਼ਰਤ ਕਰਨ ਵਾਲਾ ਸਮਝ ਕੋਇ ਨਾ ਪਾਈਆ । ਜਿਸ ਵਿਚ ਲੇਖਾ ਲਿਖਿਆ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਿਸ ਬਿਧ ਹੋਵੇ ਪਾਰ ਕਿਨਾਰਾ, ਨਈਆ ਜਗਤ ਜਹਾਨ ਰਹਿਣ ਨਾ ਪਾਈਆ । ਆਸਾ ਰਖ ਕੇ ਜਾਣ ਤੇਈ ਅਵਤਾਰਾ, ਪੇਸ਼ੀਨਗੋਈਆਂ ਵਿਚ ਆਸ ਰਖਾਈਆ । ਜਿਸ ਦਾ ਪੈਗ਼ੰਬਰ ਕਰਨ ਮੁਜ਼ਾਹਿਰਾ, ਖ਼ੁਸ਼ੀ ਖ਼ੁਸ਼ੀ ਨਾਲ ਦ੍ਰਿੜਾਈਆ । ਉਹ ਅਮਾਮ ਅਮਾਮਾ ਨੂਰ ਨੁਰਾਨਾ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦੀ ਤਾਰ ਸਿਤਾਰ ਨਾਨਕ ਨਿਰਗੁਣ ਸਰਗੁਣ ਵਜਾਈ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੁਣਨ ਥਾਉਂ ਥਾਈਆ । ਗੋਬਿੰਦ ਜਿਸ ਦਾ ਬੋਲਿਆ ਇਕ ਜੈਕਾਰਾ, ਧੁਰ ਦਾ ਹੁਕਮ ਹੁਕਮ ਸੁਣਾਈਆ । ਉਹ ਖੇਲ ਕਰੇ ਨਿਰਾਕਾਰ ਨਿਰੰਕਾਰ ਪਰਵਰਦਿਗਾਰਾ, ਬੇਐਬ ਨੂਰ ਖ਼ੁਦਾਈਆ । ਜਿਸ ਨੂੰ ਸਾਰਿਆਂ ਕਹਿਣਾ ਚਵ੍ਹੀਆਂ ਅਵਤਾਰਾ, ਅਮਾਮ ਅਮਾਮਾ ਆਪਣਾ ਰੂਪ ਪ੍ਰਗਟਾਈਆ । ਵੇਦ ਵਿਆਸੇ ਕਿਹਾ ਬ੍ਰਹਿਮਣ ਗੌੜ ਆਵੇ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਆਪ ਖੁਲਾਈਆ । ਅੱਸੂ ਕਹੇ ਪ੍ਰਭੂ ਇਕ ਹੋਰ ਮੇਰੇ ਕੋਲ ਤੇਰਾ ਲੇਖਾ, ਜਿਸ ਦੀ ਲਿਖਤ ਨਾ ਕੋਇ ਸਮਝਾਈਆ । ਤੈਨੂੰ ਸਭ ਨੇ ਕਿਹਾ ਵਸੇ ਸਚਖੰਡ ਸਾਚੇ ਦੇਸਾ, ਜਿਸ ਦੇਸ ਵਿਚ ਪ੍ਰਦੇਸੀ ਵੜਨ ਕੋਇ ਨਾ ਪਾਈਆ । ਤੈਨੂੰ ਮਾਲਕ ਮੰਨਿਆ ਆਦਿ ਅੰਤ ਹਮੇਸ਼ਾ, ਹਮ ਸਾਜਣ ਇਕੋ ਨਜ਼ਰੀ ਆਈਆ । ਪਰ ਸਚ ਦੱਸ ਮੇਰੇ ਸਾਹਿਬ ਕਲਜੁਗ ਅੰਤ ਕਿਉਂ ਦੀਨ ਦੁਨੀ ਪਿਆ ਭੁਲੇਖਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਮਾਣ ਰਿਹਾ ਨਾ ਗੋਬਿੰਦ ਵਾਲੇ ਕੇਸਾ, ਕੇਸਗੜ੍ਹ ਦਾ ਲੇਖਾ ਪੂਰ ਕਵਣ ਕਰਾਈਆ । ਉਹ ਤੱਕ ਝਗੜਾ ਪੈਣਾ ਮੁੱਲਾ ਸ਼ੇਖ਼ਾ, ਮੁਸਾਇਕ ਰੋਵਣ ਥਾਉਂ ਥਾਈਆ । ਦੀਨ ਮਜ਼੍ਹਬ ਰਹੇ ਕਿਸੇ ਨਾ ਹੇਤਾ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਅਸੂ ਕਹੇ ਮੈਨੂੰ ਬਲ ਦਵਾਰੇ ਦਾ ਬਾਵਨ ਦੇ ਹੁਕਮ ਦਾ ਚੇਤਾ, ਚੇਤਨ ਹੋ ਕੇ ਸੀਸ ਨਿਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਆਵੇ ਸੰਸਾਰ ਖੇਲੇ ਅਗੰਮੀ ਖੇਡਾ, ਜਿਸ ਦੀ ਸਮਝ ਕੋਇ ਨਾ ਪਾਈਆ । ਜੋਤੀ

੨੪੫
੨੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਅੱਸੂ ਕਹੇ ਮੈਂ ਵੇਖੀ ਆਪਣੀ ਜੇਬ, ਚਾਰ ਜੁਗ ਦਾ ਪਹਿਲਾ ਲਬਾਸ ਫੋਲ ਫੁਲਾਈਆ । ਉਸ ਦੇ ਵਿਚੋਂ ਨਿਕਲੀ ਉਹ ਅਗੰਮੀ ਕਿਤੇਬ, ਜੋ ਕੁਤਬਖ਼ਾਨਿਆਂ ਵਿਚ ਨਾ ਕਿਸੇ ਛਪਵਾਈਆ । ਓਹਦਾ ਅੱਖਰ ਇਕ ਕਹੇ ਕਲਜੁਗ ਅੰਤਮ ਦੀਨ ਦੁਨੀ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਕਰਨਾ ਫ਼ਰੇਬ, ਫ਼ਰਮਾਬਰਦਾਰ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਦਾ ਜਾਣੇ ਕੋਇ ਨਾ ਭੇਤ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਸਮਾਈਆ । ਪੁਰਖ ਅਕਾਲ ਦਾ ਦਰਸ ਕੋਈ ਨਾ ਕਰੇ ਨੇਤਨ ਨੇਤ, ਨਿਜ ਨੈਣ ਨਾ ਕੋਇ ਖੁਲਾਈਆ । ਜਗਤ ਤ੍ਰਿਸ਼ਨਾ ਭਰੇ ਕਿਸੇ ਨਾ ਪੇਟ, ਪਟਨੇ ਵਾਲਾ ਸੰਦੇਸਾ ਦੇ ਕੇ ਗਿਆ ਗੋਬਿੰਦ ਮਾਹੀਆ । ਈਸਾ ਕਿਹਾ ਮੇਰੀ ਵੀਹਵੀਂ ਸਦੀ ਮੇਰੇ ਪਿਤਾ ਦਾ ਕਰਨਾ ਸਭ ਨੇ ਵੇਟ, ਇੰਤਜ਼ਾਰ ਵਿਚ ਰਹਿਣਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਅੱਸੂ ਕਹੇ ਪ੍ਰਭੂ ਆਹ ਵੇਖ ਹਜ਼ਰਤ ਮੁਹੰਮਦ ਦਾ ਇਕ ਪੱਤਰ, ਅਲਿਫ਼ ਯੇ ਤੋਂ ਬਿਨਾ ਨਜ਼ਰੀ ਆਈਆ । ਜਿਸ ਦੀ ਇਕ ਨਾਲ ਇਕ ਸਤਰ, ਸੜ੍ਹਾ ਬੁਲੰਦੀ ਜ਼ਿਮੀਂ ਅਸਮਾਨ ਦੋਵੇਂ ਵੇਖ ਵਖਾਈਆ । ਉਹ ਲੇਖਾ ਤੱਕ ਅਵਤਾਰਾਂ ਵਾਲਾ ਉਤੇ ਪੱਥਰ, ਪਾਹਨ ਦੇਣ ਗਵਾਹੀਆ । ਅੰਤ ਅਖ਼ੀਰ ਬੇਨਜ਼ੀਰ ਵੇਖ ਗੋਬਿੰਦ ਲੱਭਾ ਯਾਰ ਤੇਰੇ ਸਥਰ, ਯਾਰੜਾ ਸੇਜ ਹੰਢਾਈਆ । ਨੀਰ ਵਿਰੋਲਿਆ ਕੋਇ ਨਾ ਅੱਥਰ, ਇੰਝੂ ਹੰਝੂ ਨਾ ਕੋਇ ਵਹਾਈਆ । ਪੁਰਖ ਅਕਾਲ ਕਿਹਾ ਅੱਸੂ ਮੈਂ ਵੇਖਾਂ ਕਲਜੁਗ ਚੜ੍ਹ ਗਿਆ ਚੋਟੀ ਸਿਖ਼ਰ, ਸਿਖਿਆ ਮੇਰੀ ਸਭ ਨੂੰ ਦਿਤੀ ਭੁਲਾਈਆ । ਮੇਰਾ ਭੇਵ ਅਭੇਦਾ ਗੋਬਿੰਦ ਸੂਰਾ ਲੱਗਾ ਸੀ ਲਿਖਣ, ਲੇਖਾ ਅਗੰਮ ਅਥਾਹੀਆ । ਉਹ ਵੀ ਮੈਂ ਸਰਸੇ ਕਰਾਇਆ ਭੇਟਣ, ਜਗਤ ਨਿਸ਼ਾਨ ਵੇਖਣ ਕੋਇ ਨਾ ਪਾਈਆ । ਮੈਂ ਅੰਤ ਖੇਲ ਖਿਲਾਉਣਾ ਝਗੜਾ ਮਿਟਾਉਣਾ ਪੱਥਰ ਇੱਟਣ, ਏਕਾ ਇਸ਼ਟ ਹੋਵੇ ਖ਼ਲਕ ਖ਼ੁਦਾਈਆ । ਮੈਂ ਚਾਰ ਜੁਗ ਦੀ ਕਥਾ ਕਹਾਣੀ ਵੇਖਣੀ ਚਿਟਣ, ਜੋ ਚਿਠੀ ਬਿਨਾ ਚਿਠੀ ਰਸੈਣ ਤੋਂ ਗੁਰ ਅਵਤਾਰ ਪੈਗ਼ੰਬਰਾਂ ਦਿਤੀ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਅੱਸੂ ਕਹੇ ਓਹ ਨਾਰਦ ਆ ਗਿਆ ਭੱਜਾ, ਬਿਨਾ ਭਜਨ ਬੰਦਗੀ ਰੌਲਾ ਰਿਹਾ ਪਾਈਆ । ਨਾਲੇ ਅੰਗੂਠਾ ਕਢ ਕੇ ਸੱਜਾ, ਸੱਜੇ ਹੱਥ ਦਾ ਰਿਹਾ ਵਖਾਈਆ । ਅੱਸੂ ਆ ਮਿਤਰਾ ਮੈਂ ਚਾਰ ਕੁੰਟ ਦੀ ਚਾਰ ਜੁਗ ਕਰ ਕੇ ਆਇਆ ਗਜ਼ਾ, ਨੌ ਖੰਡ ਪ੍ਰਿਥਮੀ ਸੱਤ ਦੀਪ ਫਿਰਿਆ ਥਾਉਂ ਥਾਈਆ । ਕਲਜੁਗ ਅੰਤ ਸਦੀ ਚੌਧਵੀਂ ਮੈਨੂੰ ਪਵਿਤਰ ਦਿਸੀ ਕੋਇ ਨਾ ਜਗਹ, ਧਰਨੀ ਧਰਤ ਧਵਲ ਧੌਲ ਮਾਰੇ ਧਾਹੀਆ । ਪ੍ਰਭ ਦਾ ਦਰਸ ਹੋਵੇ ਨਾ ਕਿਸੇ ਨੂੰ ਉਪਰ ਸ਼ਾਹ ਰਗਾ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਸਾਧਾਂ ਸੰਤਾਂ ਜੀਆਂ ਜੰਤਾਂ ਜਗਤ ਫ਼ਕੀਰਾਂ ਅਗਨੀ ਲੱਗੀ ਅੱਗਾ, ਤਾਮਸ ਤ੍ਰਿਸ਼ਨਾ ਦੂਰ ਨਾ ਕੋਇ ਕਰਾਈਆ । ਆਤਮ ਪਰਮਾਤਮ ਅੰਮ੍ਰਿਤ ਰਸ ਲਏ ਕੋਇ ਨਾ ਮਜ਼ਾ, ਬੂੰਦ ਸਵਾਂਤੀ ਕਵਲ ਨਾਭੀ ਨਾ ਕੋਇ ਟਪਕਾਈਆ । ਮੈਂ ਪੈਗ਼ੰਬਰਾਂ ਪੁੱਛਿਆ ਦਸੋ ਅੰਤ ਕੀ ਦਿਓਗੇ ਸਜ਼ਾ, ਜੋ ਭੁਲੀ ਖ਼ਲਕ ਨਾਮ ਖ਼ੁਦਾਈਆ । ਹਜ਼ਰਤ ਮੁਹੰਮਦ ਕਿਹਾ ਉਹ ਤੱਕ ਲੈ ਬ੍ਰਹਿਮਣਾ ਸਦੀ ਚੌਧਵੀਂ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਜ਼ਾਕ ਵੇਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੇ ਮਾਲਕ ਆਪਣੀ ਦਇਆ ਕਮਾਈਆ । ਅਸੂ ਕਹੇ ਮੇਰਾ ਇਕ ਅਵਰ ਨਿਸ਼ਾਨਾ, ਨਿਸ਼ਾਨ ਦੇਹੀ ਦਿਆਂ ਸਮਝਾਈਆ । ਜਿਹੜਾ ਅੰਤਮ ਮਸੀਹ

ਨੇ ਦਿਤਾ ਬਿਆਨਾ, ਬਿਨਾ ਅੱਖਰਾਂ ਲੇਖ ਬਣਾਈਆ । ਮਸਤੀ ਵਿਚ ਇਕ ਹਸਤੀ ਦਾ ਗਾਇਆ ਤਰਾਨਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਬਾਪ ਤੂੰ ਕਿਰਪਾ ਕਰਨੀ ਆਪ ਮੈਂ ਤੇਰਾ ਦੱਸਿਆ ਜਾਪ ਰਿਹਾ ਨਾ ਕੋਇ ਬੇਗਾਨਾ, ਬੇਪ੍ਰਵਾਹ ਤੇਰੀ ਇਕ ਸਰਨਾਈਆ । ਤੂੰ ਖੇਲ ਵੇਖਣਾ ਜ਼ਿਮੀਂ ਅਸਮਾਨਾਂ, ਪ੍ਰਗਟ ਹੋਣਾ ਵਿਚ ਜਹਾਨਾਂ, ਜਿਸ ਨੂੰ ਕਾਹਨ ਨੇ ਮੰਨਿਆ ਕਾਹਨਾ, ਰਾਮ ਨੇ ਕਿਹਾ ਰਾਮਾ, ਰਹੀਮ ਰਹਿਮਤ ਦੇਣੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਅੱਸੂ ਕਹੇ ਮੈਨੂੰ ਹਕੀਕਤ ਵਿਚ ਦੱਸਿਆ ਮੂਸਾ, ਮੁਸਲਸਲ ਇਕੋ ਹੁਕਮ ਸੁਣਾਈਆ । ਮੇਰਾ ਮਹਿਬੂਬ ਨੂਰ ਨੁਰਾਨਾ ਵੇਸ ਵਟਾਏ ਤਨ ਛੁਹਾਏ ਕਾਲਾ ਸੂਸਾ, ਸੂਰਬੀਰ ਆਪਣੀ ਦਇਆ ਕਮਾਈਆ । ਅੰਤ ਝਗੜਾ ਵੇਖੇ ਚੀਨਾ ਰੂਸਾ, ਰੋਸਾ ਸਭ ਦੇ ਅੰਦਰ ਟਿਕਾਈਆ । ਦੀਨ ਦੁਨੀ ਹੋਵੇ ਮਾਯੂਸਾ, ਕਲਮਾ ਸ਼ਰਅ ਚਲੇ ਨਾ ਕੋਇ ਚਤੁਰਾਈਆ । ਜਿਸ ਲੇਖਾ ਪੂਰਾ ਕਰਨਾ ਯਾਹੂਦਾ, ਨਾ ਕੋਇ ਮੇਟੇ ਮੇਟ ਮਿਟਾਈਆ । ਓਹ ਹੋਵੇ ਆਪ ਮੌਜੂਦਾ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਜਿਸ ਦਾ ਮੁਹੰਮਦ ਨੇ ਇਸ਼ਾਰਾ ਕੀਤਾ ਵਿਚ ਹਜਾਰਾਂ ਦਰੂਦਾ, ਇਸਮ ਆਜ਼ਮ ਇਕ ਜਣਾਈਆ । ਓਹ ਕਲਜੁਗ ਕੂੜੀ ਕਿਰਿਆ ਮੇਟੇ ਬੇਹੂਦਾ, ਬੇਵਾ ਤੱਕੇ ਜਗਤ ਲੋਕਾਈਆ । ਜਿਸ ਦੇ ਪਿਛੇ ਨਾਨਕ ਦੇ ਪਿਆਰ ਦੀ ਧਾਰ ਅਰਜਨ ਝੂਜਾ, ਗੁਰ ਤੇਗ਼ ਬਹਾਦਰ ਆਪਣਾ ਆਪ ਭੇਟ ਕਰਾਈਆ । ਜਿਸ ਦੇ ਹੁਕਮ ਵਿਚ ਗੋਬਿੰਦ ਆਪਣਾ ਖ਼ੂਨ ਧਰਨੀ ਵਿਚ ਕੀਤਾ ਮੂਧਾ, ਸ਼ਹਾਦਤ ਬੱਚਿਆਂ ਵਾਲੀ ਭੁਗਤਾਈਆ । ਉਹ ਆਸਾ ਰਖ ਕੇ ਬੈਠੀ ਧੌਲ ਨਿਮਾਣੀ ਬਸੁਧਾ, ਬਿਨ ਨੈਣਾਂ ਨੈਣ ਉਠਾਈਆ । ਕਵਣ ਵੇਲਾ ਕਲ ਮਿਟੇ ਕੂੜੀ ਕਿਰਿਆ ਕਲਜੁਗਾ, ਸਤਿਜੁਗ ਸਤਿ ਲਏ ਅੰਗੜਾਈਆ । ਦੁਤੀਆ ਭਾਉ ਰਹੇ ਨਾ ਦੂਜਾ, ਦੀਨ ਦੁਨੀ ਪ੍ਰਭ ਇਕੋ ਇਸ਼ਟ ਮਨਾਈਆ । ਜੋ ਹੁਕਮ ਸੁਣਦਾ ਰਿਹਾ ਤਿਲਕ ਲਗਾਉਣ ਲੱਗਿਆ ਬਾਬਾ ਬੁੱਢਾ, ਸ਼ਾਹ ਪਾਤਸ਼ਾਹ ਪਾਤਸ਼ਾਹੀਆਂ ਵਿਚ ਸੁਣਾਈਆ । ਸਭ ਦਾ ਲੇਖਾ ਅੰਤਮ ਹੋਣਾ ਉਘਾ, ਉਗਣ ਆਥਣ ਸੂਰੀਆ ਚੰਦ ਸੀਸ ਨਿਵਾਈਆ । ਅੱਸੂ ਕਹੇ ਮੈਂ ਪੁਰਖ ਅਕਾਲ ਦੀਨ ਦਿਆਲ ਤੇਰੇ ਦਰ ਤੇ ਝੁਕਾ, ਨਿਵ ਨਿਵ ਲਾਗਾ ਪਾਈਆ । ਤੇਰਾ ਨਿਸ਼ਾਨ ਕਦੇ ਨਾ ਉਕਾ, ਤੀਰ ਅਣਿਆਲਾ ਤੇਰਾ ਨਾਮ ਨਜ਼ਰੀ ਆਈਆ । ਜਨ ਭਗਤਾਂ ਅੰਤਮ ਉਜਲ ਕਰਨਾ ਮੁਖਾ, ਅੰਤਰ ਨਿਰੰਤਰ ਦੁਰਮਤ ਮੈਲ ਧਵਾਈਆ । ਕੂੜੀ ਤ੍ਰਿਸ਼ਨਾ ਮੇਟਣੀ ਭੁੱਖਾ, ਅੰਮ੍ਰਿਤ ਜਾਮ ਮੁਖ ਚੁਆਈਆ । ਸੁਫ਼ਲ ਕਰਾਉਣੀ ਮਾਤ ਕੁੱਖਾ, ਜੋ ਜਨ ਆਇਣ ਸਰਨਾਈਆ । ਲੱਖ ਚੁਰਾਸੀ ਨਾਤਾ ਜਾਏ ਤੁੱਟਾ, ਰਾਏ ਧਰਮ ਨਾ ਦਏ ਸਜ਼ਾਈਆ । ਸਚਖੰਡ ਵਸਾਉਣਾ ਆਪਣੀ ਗੁੱਠਾ, ਕੋਨੇ ਗੋਸ਼ੇ ਸਾਰੇ ਦੇਣੇ ਤਜਾਈਆ । ਤੂੰ ਮਿਹਰਵਾਨ ਸ੍ਰੀ ਭਗਵਾਨ ਇਕੋ ਤੁਠਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੈਨੂੰ ਸਭ ਨੇ ਕਿਹਾ ਅਬਿਨਾਸ਼ੀ ਅਚੁਤਾ, ਪਾਰਬ੍ਰਹਮ ਤੇਰੀ ਵਡਿਆਈਆ । ਕਲਜੁਗ ਅੰਤ ਸਤਿਜੁਗ ਸੁਹਾਉਣੀ ਰੁਤਾ, ਰੁਤੜੀ ਆਪਣੇ ਨਾਮ ਨਾਲ ਮਹਿਕਾਈਆ । ਭਾਗ ਲਗਾਉਣਾ ਕਾਇਆ ਮਾਟੀ ਬੁਤਾ, ਬੁਤਖ਼ਾਨਿਆਂ ਕਰੀਂ ਸਫ਼ਾਈਆ । ਤੇਰਾ ਲੇਖਾ ਦੇਸ਼ ਕੁਸ਼ਾ, ਜਿਸ ਕੁਸ਼ਾ ਦੇਸ਼ ਵਿਚ ਇੰਗਲੈਂਡ ਲੰਡਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਾਕਾਰ ਨਿਰੰਕਾਰ ਤੇਰਾ ਭੇਵ ਗੁਝਾ, ਭੇਵ ਅਭੇਦੇ ਅਛਲ ਅਛੇਦੇ ਤੇਰਾ ਅੰਤ ਸ੍ਰੀ ਭਗਵੰਤ ਕਹਿਣ ਕੋਇ ਨਾ ਪਾਈਆ ।


੨੪੭
੨੩

ਸਤਿਗੁਰ ਕਿਰਪਾ ਸਾਚੀ ਮੂਰਤ, ਰੂਪ ਰੰਗ ਰੇਖ ਬਾਹਰ ਨਜ਼ਰ ਕਿਸੇ ਨਾ ਆਈਆ । ਗੁਰ ਕਾ ਨਾਦ ਅਗੰਮੀ ਤੂਰਤ, ਤੁਰੀਆ ਤੋਂ ਬਾਹਰ ਸਮਝਾਈਆ । ਜੋਤੀ ਜਾਤਾ ਪੁਰਖ ਬਿਧਾਤਾ ਜਿਸ ਨੂੰ ਬਖ਼ਸ਼ੇ ਆਪਣਾ ਨੂਰਤ, ਨੂਰ ਨੁਰਾਨਾ ਨਜ਼ਰੀ ਆਈਆ । ਝਗੜਾ ਮੇਟੇ ਮੂਰਖ ਮੁੜ੍ਹਤ, ਹਉਮੇ ਹੰਗਤਾ ਦਏ ਗਵਾਈਆ । ਸਤਿਗੁਰ ਨੂੰ ਸਦਾ ਗੁਰਸਿਖਾਂ ਦੀ ਜ਼ਰੂਰਤ, ਭਗਵਾਨ ਭਗਤ ਲਏ ਪ੍ਰਗਟਾਈਆ । ਜਿਨ੍ਹਾਂ ਦੇ ਕਾਇਆ ਮੰਦਰ ਆਪਣੇ ਪ੍ਰੇਮ ਦੀ ਕਰੇ ਮਹੂਰਤ, ਮੁਰਦਿਆਂ ਆਪਣਾ ਰੰਗ ਰੰਗਾਈਆ । ਪੰਧ ਮੁਕਾ ਕੇ ਨੇੜੇ ਦੂਰਤ, ਘਰ ਸਵਾਮੀ ਮਿਲੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਮੂਰਤ ਅਨੁਭਵ ਦ੍ਰਿਸ਼ਟੀ ਵਿਚ ਸਮਝਾਈਆ । ਸਤਿਗੁਰ ਮੂਰਤ ਅਗੰਮ ਅਥਾਹ, ਕਥਨੀ ਕਥ ਸਕੇ ਨਾ ਰਾਈਆ । ਜੋ ਮਾਲਕ ਖ਼ਾਲਕ ਦਾਤਾ ਬੇਪ੍ਰਵਾਹ, ਬੇਐਬ ਪਰਵਰਦਿਗਾਰ ਇਕ ਅਖਵਾਈਆ । ਜਿਸ ਦੀ ਸਿਫ਼ਤਾਂ ਵਾਲੀ ਸਾਰੇ ਕਰਨ ਸਲਾਹ, ਮਹਿੰਮਾ ਵਿਚ ਵਡਿਆਈਆ । ਰਾਗਾਂ ਨਾਦਾਂ ਵਿਚ ਰਹੇ ਗਾ, ਧੁਨਾਂ ਵਿਚ ਸ਼ਬਦ ਸ਼ਨਵਾਈਆ । ਉਹ ਆਤਮ ਦਾ ਮਲਾਹ, ਬੇਪ੍ਰਵਾਹ ਵਡ ਖ਼ੁਦਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਅਲਾਹ, ਆਲਮੀਨ ਇਕ ਅਖਵਾਈਆ । ਸੋ ਬ੍ਰਹਮ ਵਿਦਿਆ ਬ੍ਰਹਮ ਵੇਤਾ ਬ੍ਰਹਮ ਗਿਆਨ ਬਿਨਾ ਅੱਖਰਾਂ ਤੋਂ ਦਏ ਸਮਝਾ, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਘਰ ਦੀਆ ਬਾਤੀ ਕਮਲਾਪਾਤੀ ਕਰ ਰੁਸ਼ਨਾ, ਅੰਧ ਅੰਧੇਰਾ ਦਏ ਮਿਟਾਈਆ । ਬੁੱਧੀ ਤੋਂ ਪਰੇ ਪਰਦਾ ਦਏ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਦਇਆ ਕਮਾਈਆ । ਸਤਿਗੁਰ ਮੂਰਤ ਅਗੰਮੀ ਧਾਰ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਜਨ ਉਪਰ ਕਿਰਪਾ ਕਰੇ ਆਪ ਨਿਰੰਕਾਰ, ਨਿਰਾਕਾਰ ਆਪਣਾ ਭੇਵ ਖੁਲਾਈਆ । ਅੰਤਰ ਆਤਮ ਪਰਮਾਤਮ ਹੋ ਕੇ ਕਰੇ ਪਿਆਰ, ਪ੍ਰੇਮੀ ਪ੍ਰੀਤਮ ਆਪਣੀ ਵੰਡ ਵੰਡਾਈਆ । ਬਿਨਾ ਬੁੱਧੀ ਤੋਂ ਸੁਰਤ ਵਿਚ ਸੁਰਤੀ ਦਾ ਦਏ ਗਿਆਨ, ਅਨਦ੍ਰਿਸ਼ਟ ਹੋ ਕੇ ਆਪਣਾ ਪਰਦਾ ਲਾਹੀਆ । ਸੰਦੇਸਾ ਸੁਣਾਵੇ ਬਿਨਾ ਕਾਨ, ਸਰੋਤਿਆਂ ਦੀ ਲੋੜ ਰਹੇ ਨਾ ਰਾਈਆ । ਕਾਇਆ ਕਾਅਬਾ ਧੁਰ ਦਾ ਮੰਦਰ ਕਰ ਪ੍ਰਵਾਨ, ਪਰਮ ਪੁਰਖ ਆਪਣਾ ਪਰਦਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਜ ਘਰ ਵਾਸੀ ਕਰਾਏ ਹਕ ਪਹਿਚਾਨ, ਬੇਪਹਿਚਾਨ ਪਰਦਾ ਦਏ ਚੁਕਾਈਆ । ਇਹੋ ਸਤਿਗੁਰ ਸ਼ਬਦ ਸ਼ਬਦ ਸਤਿਗੁਰੂ ਦਾ ਗਿਆਨ, ਜਿਸ ਗਿਆਨ ਨੂੰ ਸਾਰੇ ਸ਼ਾਸਤਰ ਗ੍ਰੰਥ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਮੂਰਤ ਜੋ ਧਿਆਨ ਧਰੇ ਅੰਦਰ ਧਰਨਾ, ਧਰਨੀ ਧਰਤ ਧਵਲ ਧੌਲ ਮਿਲੇ ਵਡਿਆਈਆ । ਪੁਰਖ ਅਕਾਲ ਦੀ ਮਿਲੇ ਸਰਨਾ, ਸਰਨਗਤ ਅਵਰ ਨਾ ਕੋਇ ਜਣਾਈਆ । ਮੰਜ਼ਲ ਹਕ ਹਕੀਕੀ ਚੜ੍ਹਨਾ, ਜਿਥੇ ਮਿਲੇ ਮਹਿਬੂਬ ਧੁਰ ਦਾ ਮਾਹੀਆ । ਨਾ ਉਥੇ ਜੰਮਣਾ ਨਾ ਉਥੇ ਮਰਨਾ, ਮਰ ਜੀਵਤ ਖੇਲ ਨਾ ਕੋਇ ਖਿਲਾਈਆ । ਨਾ ਕੋਈ ਭੰਨਣਾ ਨਾ ਕੋਈ ਘੜਨਾ, ਘੜਨ ਭੰਨਣਹਾਰ ਦੇਵੇ ਮਾਣ ਵਡਿਆਈਆ । ਜਿਸ ਨੇ ਸਤਿਗੁਰ ਸ਼ਬਦ ਦਾ ਬਿਨਾ ਅੱਖਰਾਂ ਤੋਂ ਅੱਖਰ ਪੜ੍ਹਨਾ, ਜਗਤ ਵਿਦਿਆ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਮੂਰਤ ਜਗਤ ਨਹੀਂ ਧਾਰਾ, ਵੇਖ

ਵੇਖ ਨਾ ਕੋਇ ਸਮਝਾਈਆ । ਜਿਸ ਦਾ ਖੇਲ ਅਗੰਮ ਅਗੋਚਰ ਅਪਾਰਾ, ਪਾਰਬ੍ਰਹਮ ਆਪਣਾ ਭੇਵ ਚੁਕਾਈਆ । ਜਿਸ ਨੂੰ ਨਾਨਕ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗਾਇਆ ਤੂੰ ਹੀ ਮੇਰਾ ਸਾਹਿਬ ਦਾਤਾਰਾ, ਜਿਸ ਦੀ ਦਾਤਾਰ ਸਿਤਾਰ ਜਗਤ ਵਿਚ ਹਿਲਾਈਆ । ਓਹ ਭੇਵ ਅਭੇਦਾ ਖੇਲੇ ਖੇਲਣਹਾਰਾ, ਅਨੁਭਵ ਦ੍ਰਿਸ਼ਟੀ ਤੋਂ ਬਾਹਰ ਦਏ ਸਮਝਾਈਆ । ਸਤਿਗੁਰ ਸੂਰਤ ਸਤਿਗੁਰ ਦੀ ਧਾਰ ਸਤਿਗੁਰ ਦਾ ਪਿਆਰ ਸਤਿਗੁਰ ਸਤਿ ਹੋਏ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜਗਤ ਵਿਦਿਆ ਜਗਤ ਵਾਸ਼ਨਾ ਜਗਤ ਵਿਆਖਿਆ ਪੜ੍ਹ ਪੜ੍ਹ ਥੱਕਾ ਸੰਸਾਰਾ, ਸੰਸਾਰ ਨੂੰ ਸੰਸਾਰੀ ਭੰਡਾਰੀ ਸਿੰਘਾਰੀ ਤਿੰਨੇ ਰਹੇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ ਸਤਿਗੁਰ ਮੂਰਤ ਜੋ ਜਨ ਅੰਤਰ ਧਰਦਾ, ਮਨ ਤੋਂ ਪਰੇ ਧਿਆਨ ਲਗਾਈਆ । ਉਹ ਸ਼ਬਦ ਸਤਿਗੁਰ ਸਤਿਗੁਰ ਸ਼ਬਦ ਆਪਣੇ ਆਪ ਨੂੰ ਵਰਦਾ, ਮਾਲਕ ਇਕੋ ਨਜ਼ਰੀ ਆਈਆ । ਦੀਨ ਦੁਨੀ ਵਿਚ ਨਾ ਡਰਦਾ, ਭੈ ਭਉ ਦਾ ਲੇਖਾ ਜਾਏ ਮੁਕਾਈਆ । ਸਚਖੰਡ ਦਵਾਰੇ ਘਰ ਸਾਚੇ ਸਚ ਸਚ ਹੋ ਵੜਦਾ, ਦੂਜਾ ਗ੍ਰਿਹ ਨਜ਼ਰ ਕੋਇ ਨਾ ਆਈਆ । ਉਥੇ ਨਾ ਕੋਈ ਸ਼ਾਸਤਰ ਨਾ ਕੋਈ ਵਿਦਿਆ ਨਾ ਕੋਈ ਗਿਆਨ ਨਾ ਕੋਈ ਧਿਆਨ ਨਾ ਕੋਈ ਅੱਖਰ ਨਾ ਕੋਈ ਰਸਨਾ ਨਾ ਕੋਈ ਜਿਹਵਾ ਨਾ ਕੋਈ ਬੱਤੀ ਦੰਦ ਸਲਾਹ ਸਿਫ਼ਤ ਕਰਦਾ, ਲਿਖਣ ਪੜ੍ਹਨ ਦਾ ਖਹਿੜਾ ਜਾਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਮੂਰਤ ਧਰਿਆ ਧਿਆਨ ਇਕ, ਜਿਸ ਏਕੰਕਾਰ ਦਿਤੀ ਵਡਿਆਈਆ । ਉਹ ਬਿਨਾ ਸੁਰਤੀ ਬਿਨਾ ਸ਼ਬਦ ਦੀ ਧਾਰ ਧਾਰ ਵਿਚ ਗਿਆ ਟਿਕ, ਮਨ ਮਨਸਾ ਨਾ ਕੋਇ ਹਲਕਾਈਆ । ਓਹ ਉਸ ਦਾ ਬਣਿਆ ਪਿਆਰਾ ਤੇ ਉਸ ਦਾ ਬਣਿਆ ਸਿਖ, ਜਿਸ ਨੂੰ ਗੋਬਿੰਦ ਕਹੇ ਮੇਰਾ ਧੁਰ ਦਾ ਮਾਹੀਆ । ਓਹਦਾ ਇਕੋ ਪਰਮਾਤਮ ਤੇ ਇਕੋ ਪਿਤ, ਪਤਿਪਰਮੇਸ਼ਵਰ ਵਿਚ ਸਮਾਈਆ । ਵਾਸ਼ਨਾ ਵਿਸ਼ਿਆਂ ਵਾਲੀ ਲਏ ਜਿੱਤ, ਹਾਰ ਦਾ ਲੇਖਾ ਰਹੇ ਨਾ ਰਾਈਆ । ਜਿਸ ਸਤਿਗੁਰ ਦੇ ਧਿਆਨ ਨੂੰ ਲਾਉਂਦੇ ਗਏ ਕਿਤ, ਕੋਟਨ ਕੋਟ ਅੱਖੀਂ ਮੀਟ ਮੂਧੇ ਹੋ ਕੇ ਵੇਖ ਵਖਾਈਆ । ਉਸ ਪ੍ਰਭੂ ਦਾ ਉਸ ਸਾਹਿਬ ਦਾ ਪਰਵਰਦਿਗਾਰ ਸਾਂਝੇ ਯਾਰ ਬੇਐਬ ਨੂਰ ਅਲਾਹ ਬੇਪ੍ਰਵਾਹ ਪਾਰਬ੍ਰਹਮ ਪਤਿਪਰਮੇਸ਼ਵਰ ਦਾ ਰੂਪ ਜਗਤ ਅਨਡਿੱਠ, ਜਗ ਨੇਤਰ ਲੋਚਨ ਨੈਣ ਅੱਖੀਆਂ ਦੋ ਵਾਲੇ ਵੇਖਣ ਕਦੇ ਨਾ ਪਾਈਆ । ਜਿਨ੍ਹਾਂ ਨੂੰ ਕਿਰਪਾ ਕਰੇ ਮੇਰਾ ਦੀਨ ਦਿਆਲਾ ਪੁਰਖ ਅਕਾਲਾ ਅੰਤਰ ਆਤਮ ਸਚ ਪੀਤੀ ਵਿਚ ਬਖ਼ਸ਼ ਕੇ ਹਿਤ, ਹਿਤਕਾਰੀ ਹੋ ਕੇ ਆਪਣਾ ਰੰਗ ਰੰਗਾਈਆ । ਉਹ ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਾਇਆ ਮੰਦਰ ਅੰਦਰ ਵਸੇ ਹੋ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦਏ ਕਰਾਈਆ । ਸਤਿਗੁਰ ਮੂਰਤ ਸਦਾ ਸੁਹੰਜਣੀ ਕਰੇ ਰੁਤ, ਜਿਸ ਰੁਤੜੀ ਆਪਣੇ ਨਾਲ ਮਹਿਕਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਧਿਆਨ ਧਰਿਆ ਨਾ ਜਾਏ ਵਿਚ ਕਾਇਆ ਬੁਤ, ਕਾਅਬੇ ਸਾਰੇ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਪੁਰਖ ਅਕਾਲਾ ਦੀਨ ਦਿਆਲਾ ਦਇਆਨਿਧ ਠਾਕਰ ਇਕੋ ਇਕ ਅਖਵਾਈਆ । ਸਤਿਗੁਰ ਮੂਰਤ ਸਤਿਗੁਰ ਸੂਰਤ ਬੜੀ ਮੁਸ਼ਕਲ ਲੱਭਦੀ, ਲੱਭ ਲੱਭ ਥੱਕੀ ਜਗਤ ਲੋਕਾਈਆ । ਓਹ ਖੇਲ ਅਗੰਮੇ ਰੱਬ ਦੀ, ਜੋ ਨੂਰ ਨੁਰਾਨਾ ਧੁਰਦਰਗਾਹੀਆ । ਓਹਦੀ ਕੋਈ ਕਾਇਆ ਨਹੀਂ ਵੱਡੇ ਛੋਟੇ ਕੱਦ ਦੀ, ਕੁਦਰਤ ਦਾ ਮਾਲਕ ਇਕ ਅਖਵਾਈਆ । ਓਹ ਵੱਢਿਆਂ ਟੁੱਕਿਆਂ ਨਹੀਂ ਬੱਧਦੀ, ਕਤਲਗਾਹ

ਵਿਚ ਕਤਲ ਨਾ ਕੋਇ ਕਰਾਈਆ । ਓਹ ਬੁੱਧੀ ਨਹੀਂ ਕਿਸੇ ਸ਼ਰਮ ਹਯਾ ਲਜ ਦੀ, ਲਜਿਆ ਵਿਚ ਕਦੇ ਨਾ ਆਈਆ । ਓਹ ਜੁਗ ਚੌਕੜੀ ਲੱਖ ਚੁਰਾਸੀ ਅੰਦਰ ਫਬਦੀ, ਘਰ ਘਰ ਅੰਦਰ ਡੇਰਾ ਲਾਈਆ । ਓਹ ਭਰੀ ਨਾਮ ਖ਼ੁਮਾਰੀ ਮਧ ਦੀ, ਮਧੁਰ ਧੁਨ ਦਏ ਸੁਣਾਈਆ । ਓਹ ਸੂਰਤ ਬਿਨ ਉਸ ਦੀ ਕਿਰਪਾ ਤੋਂ ਕਿਸੇ ਦੇ ਅੰਦਰ ਜੋਤ ਹੋ ਨਾ ਜਗਦੀ, ਜਾਗਰਤ ਜੋਤ ਨਾ ਕੋਇ ਦਰਸਾਈਆ । ਇਹ ਸ੍ਰਿਸ਼ਟੀ ਦ੍ਰਿਸ਼ਟੀ ਕਲਜੁਗ ਅੰਤਮ ਸਦੀ ਚੌਧਵੀਂ ਸਾਰੇ ਵੇਖੋ ਸਾਡੀ ਅੰਦਰੋਂ ਭਰੀ ਅੱਗ ਦੀ, ਤ੍ਰਿਸ਼ਨਾ ਅਗਨ ਨਾ ਕੋਇ ਬੁਝਾਈਆ । ਮਨ ਕਲਪਣਾ ਜਗਤ ਤ੍ਰਿਸ਼ਨਾ ਨੌ ਖੰਡ ਪ੍ਰਿਥਮੀ ਸਤ ਦੀਪ ਭੱਜਦੀ, ਭਜਨ ਬੰਦਗੀ ਵਿਚ ਮਨ ਨਾ ਕੋਇ ਟਿਕਾਈਆ । ਕਿਸੇ ਨੂੰ ਮੰਜ਼ਲ ਮਿਲੀ ਨਹੀਂ ਉਪਰ ਸ਼ਾਹ ਰਗ ਦੀ, ਨੌ ਦਵਾਰਿਆਂ ਥੱਲੇ ਸਾਧ ਸੰਤ ਰੋਵਨ ਮਾਰਨ ਧਾਹੀਆ । ਇਹ ਖੇਲ ਸੂਰੇ ਸਰਬਗ ਦੀ, ਜੋ ਸ਼ਹਿਨਸ਼ਾਹ ਇਕ ਅਖਵਾਈਆ । ਓਹ ਸੂਰਤ ਓਸੇ ਰੱਬ ਦੀ, ਜਿਸ ਦੇ ਨਾਲ ਗੁਰਮੁਖਾਂ ਦੀ ਆਤਮ ਪਿਆਰ ਵਿਚ ਫੱਬਦੀ, ਪ੍ਰੇਮ ਵਿਚ ਬਹਿ ਕੇ ਇਕੇ ਘਰ ਵਿਚ ਸੋਭਾ ਪਾਈਆ । ਓਹ ਤੂਰਤ ਸੁਣੇ ਉਸ ਦੇ ਸ਼ਬਦ ਅਨਾਦੀ ਨਦ ਦੀ, ਜੋ ਅਨਹਦ ਨਾਦ ਸੁਣਾਈਆ । ਜਿਹੜੀ ਦੋ ਜਹਾਨਾਂ ਦੀ ਮੰਜ਼ਲ ਛਡੇ ਹੱਦ ਦੀ, ਹਦੂਦ ਤੋਂ ਬਾਹਰ ਡੇਰਾ ਲਾਈਆ । ਉਥੇ ਪਵਣ ਜਗਤ ਸੁਗੰਧੀ ਨਹੀਂ ਕੋਈ ਵਗਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਮੂਰਤ ਸਭ ਤੋਂ ਚੰਗੀ, ਚੰਗੀ ਜਗਤ ਸਿਫ਼ਤਾਂ ਵਿਚ ਗਾਈਆ । ਕਿਸੇ ਨੇ ਬਾਹਰ ਵਖਾਈ ਨਹੀਂ ਕਰ ਕੇ ਨੰਗੀ, ਬਿਨਾ ਸਤਿਗੁਰੂ ਤੋਂ ਸਤਿਗੁਰ ਦਾ ਭੇਵ ਕੋਇ ਨਾ ਪਾਈਆ । ਇਹ ਲੇਖਾ ਇਹ ਦਾਤ ਬਿਨਾ ਭਗਤੀ ਤੋਂ ਬਿਨਾ ਸਤਿਗੁਰ ਤੋਂ ਕਿਸੇ ਦਵਾਰਿਉਂ ਮਿਲਦੀ ਕਦੇ ਨਹੀਂ ਮੰਗੀ, ਦੇਣ ਵਾਲਾ ਨਜ਼ਰ ਕੋਇ ਨਾ ਆਈਆ । ਸਾਰੇ ਤੱਕੋ ਕਾਇਆ ਮੰਦਰ ਅੰਦਰ ਤੁਹਾਡੇ ਪਿਛੇ ਬਹਾਦਰ ਜੰਗੀ, ਜੋ ਦਿਵਸ ਰੈਣ ਕਰਨ ਲੜਾਈਆ । ਤੁਹਾਨੂੰ ਜਗਤ ਕਾਮਨਾ ਜਗਤ ਵਾਸਨਾ ਸਭ ਨੂੰ ਦਿਤੀ ਤੰਗੀ, ਤੰਗਦਸਤ ਹੋਏ ਲੋਕਾਈਆ । ਜਿਨ੍ਹਾਂ ਦੀ ਤਨ ਵਜੂਦ ਮਾਟੀ ਖ਼ਾਕ ਮੇਰੇ ਸਤਿਗੁਰ ਨਾਨਕ ਗੁਰ ਗੋਬਿੰਦ ਆਪਣੇ ਪ੍ਰੇਮ ਪਿਆਰ ਨਾਲ ਰੰਗੀ, ਰੰਗਤ ਧੁਰ ਦੀ ਦਿਤੀ ਚੜ੍ਹਾਈਆ । ਓਥੇ ਕਰੇਗਾ ਕੀ ਫ਼ਰੰਗੀ, ਗੁਰਮੁਖ ਬੈਠੇ ਡੇਰਾ ਲਾਈਆ । ਜਿਨ੍ਹਾਂ ਦਾ ਤੇਜ਼ ਵਧਣਾ ਵਿਚ ਵਰਭੰਡੀ, ਬ੍ਰਹਿਮੰਡ ਵੇਖਣ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਗੁਰੂ ਗੋਬਿੰਦ ਦੀ ਸੰਧੀ, ਜੋ ਮਾਛੂਵਾੜੇ ਪੁਰਖ ਅਕਾਲ ਨਾਲ ਕਰਾਈਆ । ਬੇਸ਼ਕ ਸਾਰੀ ਸ੍ਰਿਸ਼ਟੀ ਦੀ ਆਤਮਾ ਹੋ ਜਾਏ ਰੰਡੀ, ਮੇਰਾ ਸਿਖ ਸੁਹਾਗੀ ਪ੍ਰਭੂ ਤੇਰਾ ਇਕੋ ਕੰਤ ਦਾ ਕੰਤ ਸਭ ਨੂੰ ਨਜ਼ਰੀ ਆਈਆ । ਕਰਦ ਜਿੰਨਾਂ ਚਿਰ ਗੋਬਿੰਦ ਦੇ ਸ਼ਬਦ ਦੀ ਸਰੀਰ ਅੰਦਰ ਖੜਗ ਕਟਾਰ ਫਿਰੇ ਨਾ ਚੰਡੀ, ਚੰਡਾਲਾਂ ਅੰਦਰੋਂ ਨਾ ਬਾਹਰ ਕਢਾਈਆ । ਓਨਾਂ ਚਿਰ ਸਤਿਗੁਰ ਮੂਰਤ ਧਿਆਨ ਵਿਚ ਕਦੇ ਨਾ ਆਵੇ ਬਹੁਰੰਗੀ, ਸੋ ਬਹੁ ਬਿਧ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਮੂਰਤ ਅਗੰਮ ਅਗੰਮੜੀ, ਅਗੰਮ ਭੇਵ ਖੁਲਾਈਆ । ਜਿਸ ਦੀ ਹੱਡ ਮਾਸ ਨਾੜੀ ਨਾ ਕੋਇ ਚਮੜੀ, ਚੰਮ ਦ੍ਰਿਸ਼ਟੀ ਵਿਚ ਨਾ ਕਦੇ ਸਮਾਈਆ । ਨਾ ਕੋਈ ਮਾਤਾ ਪਿਤਾ ਅੰਮੀ ਅੰਮੜੀ, ਜਗਤ ਨਾਤਾ ਨਾ ਕੋਇ ਰਖਾਈਆ । ਨਾ ਕੋਈ ਕੀਮਤ ਰਖਾਏ ਪੈਸਾ ਧੇਲਾ ਦੰਮੜੀ, ਟਕਿਆਂ ਵਿਚ ਨਾ ਹੱਟ ਵਿਕਾਈਆ । ਓਹ ਆਦਿ ਪੁਰਖ ਦੀ ਧਾਰ ਕਦੇ ਨਾ ਜਨਮ (ਦੀ), ਜਨਮ ਜਨਮ ਸਭ ਦੇ ਸੁਫਲ ਕਰਾਈਆ । ਜਿਨ੍ਹਾਂ ਉਤੇ ਕਿਰਪਾ ਕੀਤੀ ਸਤਿਗੁਰ ਭੇਵ ਖੁਲਾਏ

ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਉਨ੍ਹਾਂ ਵਾਸਨਾ ਰਹੇ ਨਾ ਮਨ ਦੀ, ਮਨੂਆ ਉਠ ਨਾ ਦਹਿ ਦਿਸ਼ ਧਾਹੀਆ । ਉਨ੍ਹਾਂ ਦੇ ਅੰਦਰ ਸੁਰਤ ਆਵੇ ਮੇਰੇ ਉਸ ਸਾਹਿਬ ਸਤਿਗੁਰ ਗੋਬਿੰਦ ਸੂਰੇ ਚੰਨ ਦੀ, ਜਿਸ ਚੰਦ ਸਿਤਾਰ ਦਾ ਨਿਸ਼ਾਨ ਸਦੀ ਚੌਧਵੀਂ ਅੰਤ ਦੇਣਾ ਮਿਟਾਈਆ । ਓਹਦੀ ਸੂਰਤ ਹੋਣੀ ਅੰਤਮ ਸ੍ਰੀ ਭਗਵਾਨ ਦੀ, ਜੋ ਸੰਬਲ ਬਹਿ ਕੇ ਆਪਣਾ ਖੇਲ ਖਿਲਾਈਆ । ਉਸ ਦੀ ਵਡਿਆਈ ਜਨ ਭਗਤੇ ਗੁਰਮੁਖੇ ਹੋਣੀ ਧੰਨ ਧੰਨ ਦੀ, ਧੰਨ ਧੰਨ ਧੰਨ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਮਾਲਕ ਖ਼ਲਕ ਦਾ ਖ਼ਾਲਕ ਆਦਿ ਪੁਰਖ ਅਪਰੰਪਰ ਸਵਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਏਕੰਕਾਰ ਇਕ ਇਕੱਲਾ ਵਸਣਹਾਰਾ ਸਚਖੰਡ ਸਚ ਮਹੱਲਾ, ਦਰਗਾਹ ਸਾਚੀ ਮੁਕਾਮੇ ਹਕ ਜੋ ਵੇਖਣਹਾਰਾ ਲੋਕ ਪ੍ਰਲੋਕ ਦੀਨ ਦੁਨੀ ਹਰਿਜਨ ਹਰਿਭਗਤ ਗੁਰਸਿਖ ਆਪ ਆਪ ਆਪ ਆਪਣੀ ਦਇਆ ਕਮਾਈਆ ।

✪ ੨ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ੫੧ ਮੈਨਸਫ਼ੀਲਡ ਰੋਡ ਜੁਗਿੰਦਰ ਸਿੰਘ ਦੇ ਗ੍ਰਹਿ ✪

ਦੋ ਅੱਸੂ ਕਹੇ ਹਾਜ਼ਰ ਹੋਇਆ ਕਬੀਰ, ਕਬਰਾਂ ਤੋਂ ਬਾਹਰ ਆਪਣਾ ਪੰਧ ਮੁਕਾਈਆ । ਜਿਸ ਦਾ ਤਨ ਵਜੂਦ ਦਿਸੇ ਨਾ ਕੋਇ ਸਰੀਰ, ਵਜੂਦ ਨਜ਼ਰ ਕੋਇ ਨਾ ਆਈਆ । ਮੈਂ ਸ਼ਰਅ ਦੀ ਬੱਝਾ ਨਹੀਂ ਵਿਚ ਜ਼ੰਜੀਰ, ਬੰਧਨ ਬੰਧ ਨਾ ਕੋਇ ਵਖਾਈਆ । ਮੇਰਾ ਨਾਤਾ ਨਹੀਂ ਗ਼ਰੀਬ ਅਮੀਰ, ਅਮਰਾਪਦ ਵਿਚ ਰਹਿ ਕੇ ਖ਼ੁਸ਼ੀ ਮਨਾਈਆ । ਮੇਰੀ ਜਗਤ ਵਾਲੀ ਨਹੀਂ ਤਕਦੀਰ, ਤਦਬੀਰ ਦੀਨ ਦੁਨੀ ਨਾ ਕੋਇ ਰਖਾਈਆ । ਮੇਰਾ ਮਾਲਕ ਇਕੋ ਪੀਰਨ ਪੀਰ, ਜਿਸ ਨੂੰ ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਜੋ ਪਿਛਲੀ ਕਰਨੀ ਤੇ ਮਾਰੇ ਲਕੀਰ, ਲਾਈਨ ਐਨ ਦਏ ਵਖਾਈਆ । ਨਾਤਾ ਤੋੜ ਕੇ ਸ਼ਾਹ ਹਕੀਰ, ਉਚਾਂ ਨੀਚਾਂ ਡੇਰਾ ਢਾਹੀਆ । ਆਪਣੀ ਕਿਰਪਾ ਨਾਲ ਅੰਦਰੋਂ ਬਦਲ ਦੇਵੇ ਜ਼ਮੀਰ, ਜ਼ਾਹਰ ਜ਼ਹੂਰ ਆਪਣਾ ਨੂਰ ਕਰੇ ਰੁਸ਼ਨਾਈਆ । ਭਾਗ ਲਗਾਏ ਕਾਇਆ ਮਾਟੀ ਬਸਤਰ ਚੀਰ, ਚੀਥੜ ਫੋਲੇ ਥਾਉਂ ਥਾਈਂਆ । ਕਦੀ ਹੋਣ ਨਾ ਦੇਵੇ ਦਿਲਗੀਰ, ਗ਼ਮੀ ਗ਼ਮਖ਼ਾਰ ਦਏ ਮਿਟਾਈਆ । ਮੈਂ ਤੱਕਿਆ ਮਾਲਕ ਖ਼ਾਲਕ ਬੇਨਜ਼ੀਰ, ਜਗ ਨੇਤਰ ਤੋਂ ਬਾਹਰ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਧਾਮ ਹੋਏ ਸਹਾਈਆ । ਕਬੀਰ ਕਹੇ ਮੈਂ ਆਇਆ ਵਿਚੋਂ ਧੁਰ ਦਰਗਾਹ, ਜਗਤ ਜਹਾਨ ਨਜ਼ਰ ਕਿਸੇ ਨਾ ਆਈਆ । ਮੈਂ ਹੁਕਮ ਸੰਦੇਸ਼ਾ ਦੇਵਾਂ ਬੇਪ੍ਰਵਾਹ, ਜੋ ਬੇਐਬ ਨੂਰ ਅਲਾਹੀਆ । ਜਿਸ ਨੂੰ ਵਹਦਤ ਵਿਚ ਵਾਹਿਦ ਕਿਹਾ ਖ਼ੁਦਾ, ਆਲਮੀਨ ਮੰਨ ਕੇ ਸਾਰੇ ਸੀਸ ਨਿਵਾਈਆ । ਉਸ ਦਾ ਆਦਿ ਅੰਤ ਜੁਗਾ ਜੁਗੰਤ ਇਕੋ ਮੁੱਦਾ, ਮੁੱਦਤਾਂ ਦਾ ਮਾਲਕ ਬੇਪਰਵਾਹੀਆ । ਜੋ ਨਿਤ ਨਵਿਤ ਨਿਰਗੁਣ ਸਰਗੁਣ ਖੇਲ ਕਰੇ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਆਪਣਾ ਫੇਰਾ ਪਾਈਆ । ਜਨ ਭਗਤਾਂ ਸਾਚੇ ਸੰਤਾਂ ਆਪਣਾ ਭੇਵ ਖੁਲਾਏ ਗੁਝਾ, ਅਨਭਵ ਦ੍ਰਿਸ਼ਟੀ ਵਿਚ ਸ੍ਰਿਸ਼ਟੀ ਤੋਂ ਬਾਹਰ ਪਰਦਾ ਦਏ ਚੁਕਾਈਆ । ਸਚ ਪ੍ਰਕਾਸ਼ ਕਰੇ ਉਦਾ, ਅੰਧ ਅੰਧੇਰ ਦਏ ਮਿਟਾਈਆ । ਜਿਸ ਦੀ ਯਾਦ ਵਿਚ ਸੰਦੇਸ਼ਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਰਿਹਾ ਸੁਣਾਈਆ । ਉਸ ਮਹਿਬੂਬ ਦਾ ਮਹੱਲ ਅਟਲ ਉਚਾ, ਸਚਖੰਡ ਦਵਾਰਾ

ਨਜ਼ਰੀ ਆਈਆ । ਜਿਥੇ ਅਵਤਾਰ ਪੈਗ਼ੰਬਰ ਗੁਰੂ ਸਭ ਝੁਕਾ, ਬਿਨਾ ਸੀਸ ਧੜ ਤੋਂ ਬੈਠੇ ਸੀਸ ਨਿਵਾਈਆ । ਓਹ ਮਿਹਰਵਾਨ ਨਿਗਾਹਬਾਨ ਹਰਿਜਨ ਅੰਦਰ ਘਟ ਘਟ ਨਿਵਾਸੀ ਲੁਕਾ, ਗ੍ਰਿਹਿ ਮੰਦਰ ਅੰਦਰ ਸੋਭਾ ਪਾਈਆ । ਜਿਸ ਨੂੰ ਆਪਣੀ ਧਰਮ ਧਾਰ ਦੀ ਦੱਸੇ ਤੁਕਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਉਸ ਦਾ ਨਿਸ਼ਾਨਾ ਕਦੇ ਨਾ ਉਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਕਬੀਰ ਕਹੇ ਮੈਂ ਵੇਖਣ ਆਇਆ ਕਲਜੁਗ ਅੰਤਮ ਤੇਰੀ ਭਗਤੀ, ਜਨ ਭਗਤਾਂ ਦਿਆਂ ਸਮਝਾਈਆ । ਵੇਖੋ ਕਿਸੇ ਦਾ ਦਿਸੇ ਕੋਇ ਨਾ ਦਰਦੀ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਦੁਹਾਈ ਤੱਕੋ ਘਰ ਘਰ ਦੀ, ਕਾਇਆ ਮੰਦਰ ਸਾਂਤਕ ਸਤਿ ਨਾ ਕੋਇ ਵਰਤਾਈਆ । ਖੇਲ ਤੱਕਣੀ ਚੋਟੀ ਜੜ ਦੀ, ਚੇਤਨ ਵੇਖਣਾ ਥਾਉਂ ਥਾਈਂਆ । ਜਿਹੜੀ ਸ੍ਰਿਸ਼ਟੀ ਅੱਖਰਾਂ ਵਾਲੇ ਅੱਖਰ ਪੜ੍ਹਦੀ, ਅੱਖਰ ਅੱਖਰਾਂ ਨਾਲ ਮਿਲਾਈਆ । ਓਹ ਖੇਲ ਤੱਕਣ ਤਨ ਵਜੂਦ ਧੜ ਦੀ, ਮਨ ਵਾਸਨਾ ਕਾਇਆ ਮਾਟੀ ਭੱਜਣ ਵਾਹੋ ਦਾਹੀਆ । ਬਿਨਾ ਮਿਹਰਵਾਨ ਮਹਿਬੂਬ ਸੁਰਤ ਸ਼ਬਦ ਮੰਜ਼ਲ ਕੋਈ ਨਾ ਚੜ੍ਹਦੀ, ਚੜ੍ਹਦਾ ਲਹਿੰਦਾ ਸਾਰੇ ਸੀਸ ਨਿਵਾਈਆ । ਮੇਰਾ ਮਾਲਕ ਖ਼ਾਲਕ ਖੇਲ ਵਖਾਏ ਆਪਣੇ ਗੜ੍ਹ ਦੀ, ਜਿਥੇ ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜੋਤ ਅਗੰਮੀ ਨਿਰਾਕਾਰ ਇਕੋ ਜਗਦੀ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਓਥੇ ਆਸ਼ਾ ਨਹੀਂ ਕਿਸੇ ਹੱਜ ਦੀ, ਹੁਜਰਿਆਂ ਵਿਚ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਭਗਤੀ ਕਹੇ ਜਨ ਭਗਤੋ ਮੈਂ ਭਗਤਾਂ ਜੁਗ ਜੁਗ ਦਾਸੀ, ਦਾਸੀ ਦਾਸ ਹੋ ਕੇ ਸੇਵ ਕਮਾਈਆ । ਮੈਨੂੰ ਹੁਕਮ ਦੇਵੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਮੰਡਲ ਮੰਡਪ ਦੋ ਜਹਾਨਾਂ ਰਾਸੀ, ਪੁਰੀਆਂ ਲੋਆਂ ਆਕਾਸ਼ਾਂ ਪਾਤਾਲਾਂ ਗਗਨ ਗਗਨੰਤਰਾਂ ਆਪਣਾ ਖੇਲ ਖਿਲਾਈਆ । ਓਹ ਲੇਖਾ ਜਾਣੇ ਦਿਵਸ ਰਾਤੀ, ਘੜੀ ਪਲ ਖੋਜ ਖੁਜਾਈਆ । ਬਿਨਾ ਉਸ ਦੀ ਕਿਰਪਾ ਤੋਂ ਮੈਂ ਦੇ ਸਕਾਂ ਨਾ ਕਿਸੇ ਦਾਤੀ, ਦਾਤਾ ਦਾਨੀ ਇਕੋ ਨਜ਼ਰੀ ਆਈਆ । ਜਿਸ ਦਾ ਨਾ ਕੋਇ ਮਜ਼੍ਹਬ ਤੇ ਨਾ ਕੋਇ ਜ਼ਾਤੀ, ਸ਼ਰਅ ਦੀਨ ਨਾ ਕੋਇ ਰਖਾਈਆ । ਓਹ ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਦੀ ਲਿਖਣ ਤੋਂ ਬਾਹਰ ਸੌਗਾਤੀ, ਵਸਤ ਅਮੋਲਕ ਆਪ ਵਰਤਾਈਆ । ਉਸ ਦੀ ਨਾ ਸੁਬਹ ਸ਼ਾਮ ਨਾ ਕੋਇ ਪ੍ਰਭਾਤੀ, ਸੰਧਿਆ ਵੰਡ ਨਾ ਕੋਇ ਵੰਡਾਈਆ । ਨਾ ਕੋਈ ਕਥਾ ਕਹਾਣੀ ਗਾਥੀ, ਕੂਕ ਕੂਕ ਨਾ ਕੋਇ ਸੁਣਾਈਆ । ਓਹ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਾਥੀ, ਸਮਰਥ ਪੁਰਖ ਇਕ ਅਖਵਾਈਆ । ਜੋ ਜੁਗ ਜੁਗ ਨਿਤ ਨਵਿਤ ਪੰਧ ਮਾਰ ਕੇ ਆਵੇ ਵਾਟੀ, ਪਿਛਲਾ ਪੈਂਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਭਗਤੀ ਕਹੇ ਕਬੀਰ ਵੇਖ ਦੀਨ ਦੁਨੀ ਕਰਦੀ ਭਜਨ, ਰਸਨਾ ਜਿਹਵਾ ਬੱਤੀ ਦੰਦ ਢੋਲੇ ਗਾਈਆ । ਅੰਤਰ ਆਤਮ ਮਿਲੇ ਕਿਸੇ ਨਾ ਸੱਜਣ, ਸਵਾਮੀ ਅੰਤਰਜਾਮੀ ਦਰਸ਼ਨ ਕੋਇ ਨਾ ਪਾਈਆ । ਜਗਤ ਨੇਤਰਾਂ ਵੇਖ ਪਾਉਂਦੇ ਕੱਜਲ, ਨਿਜ ਲੋਚਣ ਨੈਣ ਅੱਖ ਨਾ ਕੋਇ ਖੁਲਾਈਆ । ਜਗਤ ਪਿਆਰ ਵਾਸ਼ਨਾ ਵਿਚ ਇਕ ਦੂਜੇ ਤੋਂ ਅਗੇ ਵੱਧਣ, ਮੰਜ਼ਲ ਪੌੜੀ ਹਕ ਨਾ ਕੋਇ ਚੜ੍ਹਾਈਆ । ਮਨ ਕਲਪਣਾ ਅੰਦਰੋਂ ਮੂਲ ਨਾ ਕਢਣ, ਜਗਤ ਸ਼ਾਸਤਰ ਰਹੇ ਗਾਈਆ । ਆਤਮਾ ਪਰਮਾਤਮਾ ਨੂੰ ਲੱਗੇ ਕਿਸੇ ਨਾ ਲਗਨ, ਲਗ ਮਾਤਰ ਦਾ ਡੇਰਾ ਕੋਇ ਨਾ ਢਾਹੀਆ । ਬਿਨਾ ਪ੍ਰਭੂ ਦੀ ਕਿਰਪਾ ਦੀਪਕ ਮੂਲ ਨਾ ਜਗਣ,

ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਨਾਦੀ ਧੁਨ ਸੁਣੇ ਕੋਇ ਨਾ ਨਦਨ, ਮਧੁਰ ਧੁਨ ਨਾ ਕੋਇ ਸੁਣਾਈਆ । ਚਾਰੋਂ ਕੁੰਟ ਤੱਕ ਸਭ ਦੇ ਲੱਗੀ ਅਗਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ੍ਰਿਸ਼ਟੀ ਚਾਰੋਂ ਕੁੰਟ ਹੋਈ ਨਗਨ, ਓਢਣ ਸੀਸ ਨਾ ਕੋਇ ਟਿਕਾਈਆ । ਸਤਿਗੁਰ ਧੂੜੀ ਮਿਲੇ ਨਾ ਮਜਨ, ਅੱਠ ਸੱਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਭੱਜਣ ਵਾਹੋ ਦਾਹੀਆ । ਸਭ ਦਾ ਹਾਲ ਦਿਸੇ ਮੰਦਨ, ਮੰਦਭਾਗ ਹੋਈ ਲੋਕਾਈਆ । ਪੰਡਤ ਪਾਂਧੇ ਮਸਤਕ ਤਿਲਕ ਲਗਾਉਣੇ ਚੰਦਨ, ਪ੍ਰਭ ਦੇ ਚਰਨ ਧੂੜ ਖ਼ਾਕ ਨਾ ਕੋਇ ਰਮਾਈਆ । ਭਗਤੀ ਕਹੇ ਬਿਨਾ ਪ੍ਰਭੂ ਕਿਰਪਾ ਉਸ ਦੇ ਆਏ ਕੋਇ ਨਾ ਅੰਗਣ, ਗ੍ਰਿਹਿ ਮੰਦਰ ਨਾ ਕੋਇ ਸੁਹਾਈਆ । ਮੈਂ ਫਿਰਾਂ ਦਰੋਹੀ ਵਿਚ ਬ੍ਰਹਿਮੰਡਨ, ਵਰਭੰਡ ਦਿਆਂ ਸੁਣਾਈਆ । ਇਕੋ ਮਾਲਕ ਮਹਿਬੂਬ ਸੂਰਾ ਸੂਰਬੀਰ ਸਰਬੰਗਣ, ਜਿਸ ਦੀ ਸੇਵਾ ਵਿਚ ਜੁਗ ਚੌਕੜੀ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਬੇਪ੍ਰਵਾਹੀਆ । ਕਬੀਰ ਕਹੇ ਭਗਤੀ ਨੀ ਆਹ ਤੱਕ ਕਲਜੁਗ ਅੰਧੇਰੀ ਰੈਣ, ਭਿੰਨੜੀ ਨਜ਼ਰ ਕੋਇ ਨਾ ਆਈਆ । ਸਾਚਾ ਦਿਸੇ ਨਾ ਕੋਇ ਸੱਜਣ ਸੈਣ, ਸਾਕ ਸਚ ਨਾ ਕੋਇ ਬਣਾਈਆ । ਨਾਤਾ ਟੁੱਟਿਆ ਭਾਈ ਭੈਣ, ਪਿਤਾ ਪੂਤ ਨਾ ਕੋਇ ਵਡਿਆਈਆ । ਨੌ ਖੰਡ ਪ੍ਰਿਥਮੀ ਕੂੜੀ ਕਿਰਿਆ ਵਹਿੰਦਾ ਵਹਿਣ, ਅਗੇ ਹੋ ਨਾ ਕੋਇ ਅਟਕਾਈਆ । ਜਗਤ ਵਾਸ਼ਨਾ ਆਤਮਾ ਪਰਮਾਤਮਾ ਕੀਤਾ ਤ੍ਰਫ਼ੈਣ, ਤੁਰੀਆ ਤੋਂ ਪਰੇ ਭੇਵ ਨਾ ਕੋਇ ਚੁਕਾਈਆ । ਨੁਕਤਾ ਸਮਝੇ ਨਾ ਉਤੇ ਕੋਇ ਗ਼ੈਨ, ਮੁਹੰਮਦ ਰੋਵੇ ਮਾਰੇ ਧਾਹੀਆ । ਮੈਂ ਸਚ ਸੰਦੇਸ਼ਾ ਜਗਤ ਜਹਾਨਾਂ ਦੀਨ ਦੁਨੀ ਨੂੰ ਆਇਆ ਕਹਿਣ, ਕਹਿ ਕੇ ਦਿਆਂ ਦ੍ਰਿੜਾਈਆ । ਬਿਨਾ ਪ੍ਰਭੂ ਕਿਰਪਾ ਤੋਂ ਮੇਲਾ ਮਿਲੇ ਨਾ ਉਸ ਨਰਾਇਣ, ਜਿਸ ਨੂੰ ਨਰ ਨਰਾਇਣ ਕਹਿ ਕੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਝਟ ਨਾਰਦ ਆਇਆ ਦੋ ਅੱਸੂ ਕਹੇ ਓਹ ਆਪਣਾ ਵਖਾਏ ਨਿਸ਼ਾਨ, ਨਿਸ਼ਾਨਾ ਜਗਤ ਵੱਲ ਹਿਲਾਈਆ । ਭਗਤੀਏ ਤੂੰ ਚੰਗੀ ਕਿ ਕਬੀਰਾ ਦੱਸ ਚੰਗਾ ਭਗਵਾਨ, ਸੋਭਾਵੰਤ ਕਵਣ ਅਖਵਾਈਆ । ਕਬੀਰ ਕਹੇ ਮੇਰਾ ਮਹਿਬੂਬ ਮਿਹਰਵਾਨ, ਸਚ ਮੁਹੱਬਤ ਵਿਚ ਸਮਾਈਆ । ਭਗਤੀ ਕਹੇ ਬਿਨ ਮੇਰੇ ਕਿਸੇ ਨੂੰ ਦੇਂਦਾ ਨਹੀਂ ਦਾਨ, ਵਸਤ ਅਗੰਮ ਨਾ ਕਦੇ ਵਰਤਾਈਆ । ਨਾਰਦ ਕਹੇ ਸਚ ਦੱਸੋ ਉਸ ਦੀ ਕਿਸ ਬਿਧ ਹੋਏ ਪਹਿਚਾਨ, ਬੇਪਹਿਚਾਨ ਨਜ਼ਰ ਕਿਸੇ ਨਾ ਆਈਆ । ਓਹ ਸੂਰਬੀਰ ਮਰਦ ਮਰਦਾਨ, ਜੋਧਾ ਬਲੀ ਇਕ ਅਖਵਾਈਆ । ਜਿਸ ਦਾ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਗਾਇਆ ਗਾਣ, ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਗਏ ਜਣਾਈਆ । ਉਸ ਦਾ ਮੇਲਾ ਮਿਲਣਾ ਮੁਸ਼ਕਲ ਕਿ ਆਸਾਨ, ਭੇਵ ਅਭੇਦਾ ਦੇਣਾ ਦ੍ਰਿੜਾਈਆ । ਭਗਤੀ ਕਹੇ ਓਹ ਕਾਇਆ ਵਸੇ ਮੰਦਰ ਮਕਾਨ, ਮੈਂ ਉਸੇ ਦਾ ਰਾਹ ਤਕਾਈਆ । ਕਬੀਰ ਕਹੇ ਓਹ ਵਾਲੀ ਦੋ ਜਹਾਨ, ਸਚਖੰਡ ਨਿਵਾਸੀ ਸਚਖੰਡ ਸੋਭਾ ਪਾਈਆ । ਨਾਰਦ ਕਹੇ ਮੈਂ ਹੋ ਗਿਆ ਹੈਰਾਨ, ਕੀ ਦੋਵੇਂ ਰਹੇ ਸੁਣਾਈਆ । ਹੁਣ ਦੋਵੇਂ ਤੱਕੋ ਜ਼ਿਮੀਂ ਅਸਮਾਨ, ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਫੇਰ ਤੱਕ ਕੇ ਦਿਓ ਬਿਆਨ, ਬਿਨ ਹਰਫ਼ ਹਰੂਫ਼ ਸਮਝਾਈਆ । ਕਬੀਰ ਕਹੇ ਜੇ ਮੈਂ ਨਿਗਾਹ ਮਾਰਾਂ ਵਿਚ ਇਸਲਾਮ, ਮੁਹੰਮਦ ਸਦੀ ਚੌਧਵੀਂ ਰਾਹ ਤਕਾਈਆ । ਲੇਖਾ ਲਿਖ ਕੇ ਵਿਚ ਮਜੀਦ ਕੁਰਾਨ, ਕੂਕ ਕੂਕ ਸੁਣਾਈਆ । ਈਸਾ ਕਹੇ ਮੇਰਾ ਅਸਲ ਨਿਗਾਹਬਾਨ, ਜੋ ਵੇਖਣਹਾਰਾ ਥਾਉਂ ਥਾਈਂਆ । ਨਾਨਕ ਨਿਰਗੁਣ ਉਸੇ ਨੂੰ ਕੀਤਾ ਪ੍ਰਵਾਨ, ਜੋ ਪਰਮ ਪੁਰਖ ਬੇਪ੍ਰਵਾਹੀਆ । ਗੋਬਿੰਦ ਨੇ ਉਸੇ

ਦਾ ਖੰਡਾ ਖੜਕਾਇਆ ਆਣ, ਚਾਰੋਂ ਕੁੰਟ ਵੱਜੀ ਵਧਾਈਆ । ਜਿਸ ਦਾ ਸਭ ਤੋਂ ਸ੍ਰੇਸ਼ਟ ਉੱਤਮ ਸਤਿਗੁਰ ਸ਼ਬਦ ਸ਼ਬਦ ਮਿਹਰਵਾਨ, ਮਿਹਰਵਾਨ ਆਪ ਅਖਵਾਈਆ । ਜਿਸ ਦੇ ਕੋਲੋਂ ਝੋਲੀ ਅੱਡ ਕੇ ਭਗਤੀ ਮੰਗੇ ਪ੍ਰੇਮ ਦਾ ਦਾਨ, ਖੁਲ੍ਹੀ ਮੇਂਢੀ ਸੀਸ ਲਟਕਾਈਆ । ਕਬੀਰ ਕਹੇ ਮੈਂ ਉਸੇ ਦੀ ਆਹ ਵਿਚ ਆਪਣਾ ਜਗਤ ਪਿਆਰ ਕੀਤਾ ਵੈਰਾਨ, ਮੁਹੱਬਤ ਮੁਹੱਬਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਨਾਰਦ ਕਹੇ ਤੁਸੀਂ ਦੋਵੇਂ ਵੱਡੇ ਬਲੀ, ਬਲਧਾਰੀ ਨਜ਼ਰੀ ਆਈਆ । ਜੇ ਤੂੰ ਭਗਤੀਏ ਹੋ ਜਾਏਂ ਇਕੱਲੀ, ਪ੍ਰਭੂ ਸੰਗ ਨਾ ਕੋਇ ਰਖਾਈਆ । ਫੇਰ ਦੱਸ ਭਗਤ ਕਿਹੜੀ ਜਾਏ ਗਲੀ, ਕਵਣ ਪੰਧ ਮੁਕਾਈਆ । ਭਗਤੀ ਨੇ ਆਪਣੀ ਬਿਨਾ ਹੱਥਾਂ ਤੋਂ ਹੱਥਾਂ ਦੀ ਮਲੀ ਤਲੀ, ਹਾਏ ਉਫ਼ ਕਰ ਸੁਣਾਈਆ । ਨਾਰਦਾ ਓਹ ਮੇਰਾ ਮਾਲਕ ਬੜਾ ਵਲੀ ਛਲੀ, ਵਲੀਆ ਛਲੀਆ ਇਕ ਅਖਵਾਈਆ । ਜੋ ਵਸਦਾ ਜਲੀ ਥਲੀ, ਮਹੀਅਲ ਡੇਰਾ ਲਾਈਆ । ਮੈਂ ਉਸੇ ਦੀ ਸੇਵਾਦਾਰ ਉਸ ਨੇ ਘੱਲੀ, ਘਾਇਲ ਘਾਲਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਕਬੀਰਾ ਆਪਣੇ ਪ੍ਰਭੂ ਦਾ ਦੱਸਦੇ ਹਾਲ, ਸੱਜਣਾ ਦੇ ਸਮਝਾਈਆ । ਕਬੀਰ ਕਹੇ ਓਹ ਬੜਾ ਦੀਨ ਦਿਆਲ, ਦਇਆਨਿਧ ਇਕ ਅਖਵਾਈਆ । ਜਿਸ ਦਾ ਸਚਖੰਡ ਦਵਾਰ ਸੱਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੇ ਹੁਕਮ ਵਿਚ ਭੱਜੇ ਫਿਰਨ ਕਾਲ ਮਹਾਕਾਲ, ਵਿਸ਼ਨ ਬ੍ਰਹਮਾ ਸ਼ਿਵ ਨਿਵ ਨਿਵ ਲਾਗਣ ਪਾਈਆ । ਚਿਤ੍ਰਗੁਪਤ ਕਰੇ ਨਾ ਕੋਇ ਸਵਾਲ, ਰਾਏ ਧਰਮ ਨਾ ਨੈਣ ਉਠਾਈਆ । ਓਹ ਭਗਤਾਂ ਉਤੇ ਜਿਸ ਵੇਲੇ ਹੋਵੇ ਆਪ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਅਣਿਆਲਾ ਤੀਰ ਮਾਰੇ ਬਿਨਾ ਜਗਤ ਵਾਲੀ ਕਮਾਨ, ਨਿਰਾਲਾ ਆਪਣਾ ਆਪ ਚਲਾਈਆ । ਮੰਜ਼ਲ ਹਕ ਦਾ ਹਕੀਕੀ ਦਏ ਮਕਾਨ, ਬੇਮੁਕਾਮਾਂ ਆਪਣੇ ਘਰ ਪਹੁੰਚਾਈਆ । ਜਿਥੇ ਤਤਾਂ ਵਾਲਾ ਨਹੀਂ ਕੋਈ ਇਨਸਾਨ, ਬੁੱਧੀ ਮਤ ਨਾ ਕੋਇ ਚਤੁਰਾਈਆ । ਅੱਖਰਾਂ ਵਾਲਾ ਨਹੀਂ ਗਿਆਨ, ਸਿਫ਼ਤ ਵਾਲੀ ਨਾ ਕੋਇ ਪੜ੍ਹਾਈਆ । ਉਥੇ ਭਗਤੀ ਕਦੇ ਨਾ ਪੁੱਜੇ ਆਣ, ਭਗਤੀ ਨਿਮਾਣੀ ਲੋਕਮਾਤ ਬੈਠੀ ਆਸਣ ਲਾਈਆ । ਆਤਮ ਸ਼ਕਤੀ ਨੌਜਵਾਨ, ਸ਼ਹਿਨਸ਼ਾਹ ਆਪਣੇ ਨਾਲ ਪ੍ਰਨਾਈਆ । ਜਿਸ ਨੂੰ ਝੁਕਦੇ ਸੀਤਾ ਰਾਮ, ਕ੍ਰਿਸ਼ਨ ਕਾਹਨ ਸੀਸ ਨਿਵਾਈਆ । ਜਿਸ ਪੈਗ਼ੰਬਰਾਂ ਦਿਤਾ ਕਲਾਮ, ਕਾਇਨਾਤ ਸਮਝਾਈਆ । ਮੰਤਰ ਦੇ ਸਤਿ ਦਾ ਨਾਮ, ਸਤਿ ਸਤਿਵਾਦ ਅਖਵਾਈਆ । ਓਹ ਪੁਰਖ ਅਕਾਲ ਜਿਸ ਉਤੇ ਕਿਰਪਾ ਕਰੇ ਆਣ, ਆਨਨ ਫ਼ਾਨਨ ਆਪਣਾ ਭੇਵ ਚੁਕਾਈਆ । ਭਗਤੀ ਨਿਮਾਣੀ ਜਗਤ ਸਵਾਣੀ ਸੁਘੜ ਸਿਆਣੀ ਦੂਰ ਦੁਰਾਡੀ ਉਹ ਭਗਤਾਂ ਨੂੰ ਸਜਦਿਆਂ ਵਿਚ ਕਰੇ ਸਲਾਮ, ਸੂਫ਼ੀਆਂ ਸੀਸ ਨਿਵਾਈਆ । ਜਿਨ੍ਹਾਂ ਦਾ ਹਕ ਹਕੀਕਤ ਲਾਸ਼ਰੀਕਤ ਵਾਲਾ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਦਇਆ ਕਮਾਈਆ । ਭਗਤੀ ਕਹੇ ਨਾਰਦਾ ਸੁਣ ਵੇ ਬ੍ਰਹਿਮਣਾ, ਪੰਡਤਾ ਚਾਰ ਜੁਗ ਦਿਆ ਦਿਆਂ ਜਣਾਈਆ । ਬਿਨਾ ਮੇਰੇ ਤੋਂ ਕਿਸੇ ਮਿਟੀ ਨਹੀਂ ਤ੍ਰਿਸ਼ਨਾ ਤਾਮਨਾ, ਵਾਸ਼ਨਾ ਜਗਤ ਨਾ ਕੋਇ ਚੁਕਾਈਆ । ਕੂੜ ਕਿਰਿਆ ਨਾਲ ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੀਤਾ ਸਾਹਮਣਾ, ਬਲਧਾਰੀ ਆਪਣਾ ਬਲ ਪ੍ਰਗਟਾਈਆ । ਮੈਂ ਕੂੜੀ ਕਿਰਿਆ ਸ੍ਰਿਸ਼ਟੀ ਵਿਚੋਂ ਵਾਸਨਾ ਕਢਾਂ ਕਾਮਨਾ, ਕਰੋਧ ਲੋਭ ਮੋਹ ਹੰਕਾਰ ਮਿਟਾਈਆ । ਸਤਿਗੁਰ ਸ਼ਬਦ ਦਾ ਫੜਾਵਾਂ ਦਾਮਨਾ, ਜੋ ਦਾਮਨਗੀਰ

੨੫੪
੨੩

ਇਕ ਅਖਵਾਈਆ । ਭੇਵ ਖੁਲਾਵਾਂ ਨਗਰ ਗਰਾਮਨਾ, ਚੰਮ ਦ੍ਰਿਸ਼ਟੀ ਦਿਆਂ ਮਿਟਾਈਆ । ਵਜੂਦ ਕਰ ਕੇ ਪਤਤ ਪਾਵਨਾ, ਪੁਨੀਤ ਕਰ ਕੇ ਦਿਆਂ ਵਖਾਈਆ । ਮੇਟ ਅੰਧੇਰੀ ਸ਼ਾਮਨਾ, ਸਤਿ ਸਚ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਮੇਰੇ ਵਿਚ ਟਿਕਾਈਆ । ਨਾਰਦ ਕਹੇ ਭਗਤੀਏ ਤੇਰੇ ਨਾਲੋਂ ਵਡੀ ਪ੍ਰਭੂ ਦੀ ਕਿਰਪਾ, ਕਿਰਪਾਨਿਧਾਨ ਮੈਨੂੰ ਰਿਹਾ ਜਣਾਈਆ । ਉਸ ਦੇ ਅਗੇ ਅਟਕੇ ਕੋਇ ਨਾ ਬਿਪਤਾ, ਵਿਪਰੀਤ ਨੂੰ ਪ੍ਰੀਤ ਵਿਚ ਬਦਲਾਈਆ । ਓਹ ਜਦੋਂ ਚਾਹੇ ਜਨਮ ਕਰਮ ਦਾ ਲੇਖਾ ਲਿਖਦਾ, ਪੂਰਬ ਲੇਖਾ ਦਏ ਮਿਟਾਈਆ । ਓਹ ਖੇਲ ਕਰੇ ਅਗੰਮੇ ਪਿਤ ਦਾ, ਪਤਿਪਰਮੇਸ਼ਵਰ ਭਗਤ ਸੁਹੇਲੇ ਆਪਣੀ ਗੋਦ ਟਿਕਾਈਆ । ਓਹ ਝਗੜਾ ਮੇਟੇ ਆਵਣ ਜਾਵਣ ਨਿਤ ਦਾ, ਨਿਜ ਘਰ ਆਪਣੇ ਲਏ ਵਸਾਈਆ । ਹਰਿ ਕਾ ਭਗਤ ਜਗਤ ਵਿਚ ਕਦੇ ਨਾ ਵਿਕਦਾ, ਮਜ਼੍ਹਬਾਂ ਹੱਟ ਨਾ ਕੋਇ ਤੁਲਾਈਆ । ਓਹ ਪ੍ਰੇਮੀ ਪਿਆਰਾ ਹੋਵੇ ਅਬਿਨਾਸ਼ੀ ਅਚੁਤ ਦਾ, ਚੇਤਨ ਚੇਤਨ ਨਾਲ ਰਲਾਈਆ । ਓਹਦਾ ਨਾਤਾ ਉਸ ਅਗੰਮੀ ਜੋਤ ਦਾ, ਜਿਸ ਜੋਤ ਵਿਚ ਲੱਖ ਚੁਰਾਸੀ ਰਹੀ ਸਮਾਈਆ । ਓਹ ਵਾਸੀ ਹੋਏ ਅਗੰਮੀ ਕੋਟ ਦਾ, ਜਿਸ ਕੋਟਗੜ੍ਹ ਵਿਚ ਚੜ੍ਹ ਕੇ ਕਬੀਰ ਦਿਤੀ ਦੁਹਾਈਆ । ਓਹਦਾ ਲਹਿਣਾ ਦੇਣਾ ਮੁਕ ਜਾਏ ਲੋਕ ਪ੍ਰਲੋਕ ਦਾ, ਜੋ ਸਲੋਕ ਆਤਮ ਪਰਮਾਤਮ ਸੁਣੇ ਚਾਈਂ ਚਾਈਂਆ । ਲੇਖਾ ਰਹੇ ਨਾ ਮਲਕੁਲ ਮੌਤ ਦਾ, ਗੇੜਿਆਂ ਵਿਚ ਨਾ ਕੋਇ ਰਖਾਈਆ । ਬਿਨਾ ਪੁਰਖ ਅਕਾਲ ਦੀ ਕਿਰਪਾ ਸਚਖੰਡ ਦਵਾਰੇ ਜੁਗ ਚੌਕੜੀ ਕਦੇ ਕੋਇ ਨਾ ਪਹੁੰਚਦਾ, ਅੱਧਵਿਚਕਾਰ ਕੋਟਨ ਕੋਟ ਬੈਠੇ ਆਸਣ ਲਾਈਆ । ਇਹ ਕੋਈ ਮਜ਼ਬੂਨ ਨਹੀਂ ਅਕਲ ਬੁੱਧੀ ਸੋਚ ਦਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਇਹ ਖੇਲ ਉਸ ਅਗੰਮੀ ਮੌਜ ਦਾ, ਜਿਸ ਮੌਜ ਵਿਚ ਪ੍ਰਭ ਬੇਪ੍ਰਵਾਹ ਸਮਾਈਆ । ਇਹ ਗ੍ਰਿਹਿ ਖੇਲ ਨਹੀਂ ਜਗਤ ਵਾਲੀ ਖੋਜ ਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਇਹ ਲੇਖਾ ਜਗਤ ਤੱਕੇ ਤੇ ਜਗਤ ਵਾਲੇ ਵਿਜੋਗ ਦਾ, ਬਿਨਾ ਹਰਿ ਕਿਰਪਾ ਧੁਰ ਸੰਜੋਗੀ ਮੇਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਤਨ ਵਜੂਦ ਮਾਟੀ ਖ਼ਾਕ ਪੰਜ ਤਤ ਆਤਮ ਪਰਮਾਤਮ ਵਿਛੋੜਾ ਰੋਗ ਦਾ, ਅਨਡਿਠ ਆਪਣਾ ਹੁਕਮ ਵਰਤਾਈਆ ।



੨੫੫
੨੩

✪ ੨ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ੧੫੯ ਬੀਕਨਸ ਫੀਲਡ ਰੋਡ ਗੁਰਦੀਪ ਸਿੰਘ ਦੇ ਗ੍ਰਿਹਿ ✪

ਭਗਤੀ ਕਹੇ ਮੈਂ ਦੱਸਾਂ ਸਚ ਸਲਾਹ, ਜਨ ਭਗਤੋ ਇਕ ਜਣਾਈਆ । ਮੈਂ ਚਾਰ ਜੁਗ ਦਾ ਪਿਛਲਾ ਤੱਕਿਆ ਰਾਹ, ਸਤਿਜੁਗ ਤਰੇਤਾ ਦੁਆਪਰ ਕਲਜੁਗ ਰਾਹ ਤਕਾਈਆ । ਅਵਤਾਰ ਪੈਗੰਬਰ ਗੁਰੂਆਂ ਦੇ ਤੱਕੇ ਨਾਂ, ਜੋ ਰਾਗਾਂ ਨਾਦਾਂ ਵਿਚ ਗਾਈਆ । ਮੈਂ ਫਿਰੀ ਥਾਉਂ ਥਾਂ, ਥਾਨ ਥਨੰਤਰ ਭੱਜੀ ਵਾਹੋ ਦਾਹੀਆ । ਬਿਨਾ ਪ੍ਰਭੂ ਕਿਰਪਾ ਤੋਂ ਕਿਸੇ ਦੀ ਪਕੜੇ ਕੋਇ ਨਾ ਬਾਂਹ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਅੰਤਮ ਵੇਖੇ ਸਭ ਦੀ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਭਗਤੀ ਕਹੇ ਜਨ ਭਗਤੋ ਕਲਜੁਗ ਅੰਤਮ ਜਾਗੋ, ਆਲਸ ਨਿੰਦਰਾ ਦਿਓ ਗਵਾਈਆ । ਪੁਰਖ ਅਕਾਲ ਦੀ

ਸਰਨੀ ਲਾਗੋ, ਜੋ ਸਭ ਦਾ ਪਿਤਾ ਮਾਈਆ । ਦੁਰਮਤ ਮੈਲ ਧੋਵੇ ਦਾਗ਼ੋ, ਪਤਤ ਪੁਨੀਤ ਆਪਣਾ ਆਪ ਲੈਣਾ ਕਰਾਈਆ । ਗ੍ਰਿਹਿ ਮੰਦਰ ਜਗਾਓ ਚਰਾਗ਼ੋ, ਅੰਧ ਅੰਧੇਰਾ ਦੇਣਾ ਗਵਾਈਆ । ਝਗੜਾ ਮੇਟੋ ਝਗੜੇ ਵਾਲੇ ਸਮਾਜੇ, ਸਮਿਗਰੀ ਆਪਣੀ ਲੈਣੀ ਬਦਲਾਈਆ । ਅੰਤ ਸਹਾਈ ਹੋਏ ਨਾ ਕੋਈ ਪੁਰਖ ਅਕਾਲ ਬਾਝੋਂ, ਬਾਜਾਂ ਵਾਲਾ ਗੋਬਿੰਦ ਦੇ ਕੇ ਗਿਆ ਗਵਾਹੀਆ । ਇਕੋ ਸਾਹਿਬ ਸਵਾਮੀ ਅਰਾਧੋ, ਜੋ ਹਰ ਘਟ ਵਸਿਆ ਸੋਭਾ ਪਾਈਆ । ਆਪਣਾ ਆਪ ਸਤਿਗੁਰ ਕਿਰਪਾ ਸਾਧੋ, ਸਾਧਨਾ ਸਚ ਲੈਣੀ ਅਪਣਾਈਆ । ਧੁਰ ਦਾ ਮਾਲਕ ਅਗੰਮਾ ਮਾਧੋ, ਮਾਧਵ ਇਕ ਅਖਵਾਈਆ । ਜਿਸ ਦਾ ਪਿਆਰ ਸਚ ਵੈਰਾਗੋ, ਵੈਰੀ ਅੰਦਰੋਂ ਬਾਹਰ ਕਢਾਈਆ । ਮਮਤਾ ਮੋਹ ਵਿਕਾਰ ਤਿਆਗੋ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਰੰਗ ਇਕ ਰੰਗਾਈਆ । ਭਗਤੀ ਕਹੇ ਜਨ ਭਗਤੋ ਖੋਲੋ ਅੱਖ, ਨਿਜ ਨੈਣ ਨੈਣ ਰੁਸ਼ਨਾਈਆ । ਹਰਿ ਰੂਪ ਅਨੂਪ ਤੱਕੋ ਪ੍ਰਤੱਖ, ਜੋ ਪਾਰਬ੍ਰਹਮ ਇਕ ਅਖਵਾਈਆ । ਲਹਿਣਾ ਦੇਣਾ ਜੁਗ ਚੌਕੜੀ ਜਿਸ ਦੇ ਹੱਥ, ਧੁਰ ਦਾ ਕਰਤਾ ਵਡ ਵਡਿਆਈਆ । ਸਰਬ ਕਲਾ ਸਮਰਥ, ਦੇਵਣਹਾਰ ਨੂਰ ਅਲਾਹੀਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਜਸ, ਨਾਮ ਕਲਮੇ ਸਿਫ਼ਤ ਸਲਾਹੀਆ । ਓਹ ਅੰਮ੍ਰਿਤ ਆਤਮ ਦੇਵਣਹਾਰਾ ਰਸ, ਰਸਤਾ ਆਪਣਾ ਦਏ ਵਖਾਈਆ । ਆਤਮ ਪਰਮਾਤਮ ਰਹਿਣ ਨਾ ਦੇਵੇ ਵੱਖ, ਵਿਛੋੜਾ ਜਗਤ ਵਾਲਾ ਕਟਾਈਆ । ਮਾਨਸ ਜਨਮ ਖੇੜਾ ਹੋਏ ਨਾ ਭੱਠ, ਅਗਨੀ ਅੱਗ ਨਾ ਕੋਇ ਤਪਾਈਆ । ਮਿਹਰਵਾਨ ਹੋ ਕੇ ਲੇਖਾ ਮੁਕਾਏ ਤੀਰਥ ਅੱਠ ਸੱਠ, ਅੰਮ੍ਰਿਤ ਸਰੋਵਰ ਆਪ ਨੁਹਾਈਆ । ਪੱਲੇ ਬੰਨ੍ਹੇ ਇਕੋ ਨਾਮ ਗੱਠ, ਜਿਸ ਨੂੰ ਦੋ ਜਹਾਨ ਨਾ ਕੋਇ ਖੁਲਾਈਆ । ਜੋ ਦੋ ਜਹਾਨ ਚਲਾਵਣਹਾਰਾ ਰਥ, ਰਥ ਰਥਵਾਹੀ ਇਕ ਅਖਵਾਈਆ । ਓਹ ਦੇਵਣਹਾਰ ਅਗੰਮੀ ਵਥ, ਨਾਮ ਅਮੋਲਕ ਕਾਇਆ ਗੋਲਕ ਝੋਲੀ ਪਾਈਆ । ਤਿਸ ਸਾਹਿਬ ਦੀ ਸਰਨ ਸਰਨਾਈ ਜਾਣਾ ਢੱਠ, ਜਿਹੜਾ ਢੱਠਿਆਂ ਲਏ ਉਠਾਈਆ । ਜਨਮ ਕਰਮ ਦਾ ਲੇਖਾ ਦੇਵੇ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਖੇਲ ਖਿਲਾਏ ਸਚ, ਸਚ ਦਾ ਮਾਲਕ ਆਪਣੀ ਦਇਆ ਕਮਾਈਆ ।

### ✪ ੨ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ੭ ਬਰੇਬੋਰਨ ਗਰੋਬ ਪੈਕਮ ਪਿਆਰੇ ਲਾਲ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਂ ਕੀ ਦੱਸਾਂ, ਮਿਹਰਵਾਨ ਵੇਖ ਵਖਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਹਸਤੀ ਦੇ ਮਾਲਕ ਤੇਰੀ ਖੇਲ ਬੇਪਰਵਾਹੀਆ । ਮੇਰੀਆਂ ਤੱਕਣ ਵਾਲੀਆਂ ਨਹੀਂ ਜਗਤ ਦੀਆਂ ਅੱਖਾਂ, ਅੱਖਰਾਂ ਵਾਲੀ ਕਰਾਂ ਨਾ ਕੋਇ ਪੜ੍ਹਾਈਆ । ਮੈਂ ਇਕੋ ਓਟ ਤੇਰੇ ਤੇ ਰਖਾਂ, ਜੁਗ ਚੌਕੜੀ ਤੇਰਾ ਰਾਹ ਤਕਾਈਆ । ਤੂੰ ਸਵਾਮੀ ਮੇਰਾ ਸਖਾ, ਸਗਲਾ ਸੰਗ ਨਿਭਾਈਆ । ਆਪਣੀ ਨਿਗਾਹ ਮਾਰ ਲੈ ਰਤਾ, ਰੈਣ ਦਿਵਸ ਧਿਆਨ ਲਗਾਈਆ । ਜਗਤ ਵਾਸ਼ਨਾ ਵੇਖ ਮਤਾ, ਮਤ ਬੁੱਧੀ ਕੀ ਆਪਣਾ ਖੇਲ ਖਿਲਾਈਆ । ਦੀਨ ਮਜ਼੍ਹਬ ਵੇਖ ਲੈ ਤੱਤਾ, ਅਗਨੀ ਤਤ ਨਾ ਕੋਇ ਗਵਾਈਆ । ਚਾਰੋਂ ਕੁੰਟ ਜੀਵਾਂ ਜੰਤਾਂ ਹੁੰਦੀ ਹੱਤਾ, ਹਤਿਆਰੀ ਹੋਈ ਲੋਕਾਈਆ । ਡੰਕਾ ਗੋਬਿੰਦ ਸੁਣ ਲੈ ਫ਼ਤਿਹ, ਚਾਰੋਂ ਕੁੰਟ ਵੇਖ ਵਖਾਈਆ । ਸਤਿ ਧਰਮ ਦੀ

੨੫੬
੨੩

ਮੇਰੇ ਉਤੇ ਰਹੀ ਕੋਈ ਨਾ ਸੜ੍ਹਾ, ਸਤਿ ਸਤਿਵਾਦ ਨਾ ਕੋਇ ਜਣਾਈਆ । ਕੂੜੀ ਕਿਰਿਆ ਉਡਦਾ ਘੱਟਾ, ਮੁਖ ਸਭ ਦੇ ਲੱਗੀ ਛਾਹੀਆ । ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਦਾ ਪੂਰਾ ਹੋਇਆ ਪੱਟਾ, ਮਾਲਕ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੀ ਜਗਤ ਜਹਾਨ ਵਿਚ ਕੀਮਤ ਪੈ ਗਈ ਟਕਾ, ਟਕਿਆਂ ਹੱਟ ਵਿਕਾਈਆ । ਅੰਤਮ ਸਭ ਦਾ ਲੇਖਾ ਕਰ ਦੇ ਬਟਾ, ਜ਼ੀਰੋ ਅੰਕ ਦੇ ਸਮਝਾਈਆ । ਤੇਰੇ ਪਿਆਰ ਦਾ ਜਗਤ ਸੰਸਾਰ ਦਾ ਮੰਦਰ ਮੇਰੇ ਉਤੇ ਢੱਠਾ, ਕਾਅਬਾ ਹਕ ਨਜ਼ਰ ਕੋਇ ਨਾ ਆਈਆ । ਮੈਂ ਚਾਹੁੰਦੀ ਦੀਨ ਮਜ਼੍ਹਬ ਦੀਆਂ ਮੇਟ ਕੇ ਹੱਦਾਂ, ਵੱਟਾਂ ਇਕੋ ਰੰਗ ਦੇ ਰੰਗਾਈਆ । ਅੰਤ ਅਖ਼ੀਰ ਤੇਰੇ ਕੋਲੋਂ ਲਾਹਾ ਖੱਟਾਂ, ਖਟਕਾ ਮੇਰਾ ਦੇਣਾ ਚੁਕਾਈਆ । ਮੈਂ ਤੇਰਾ ਰਾਹ ਤੱਕਾਂ, ਤਕਦੀਰ ਦੇ ਮਾਲਕ ਆਪਣੀ ਦਇਆ ਦੇਣੀ ਕਮਾਈਆ । ਤੂੰ ਹਕੀਕਤ ਵਾਲਾ ਹਕਾ, ਹਕੂਮਤ ਤੇਰੀ ਬੇਐਬ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਂ ਰੋਂਦੀ ਕੁਰਲਾਂਦੀ, ਸਾਂਤਕ ਸਤਿ ਨਾ ਕੋਇ ਕਰਾਈਆ । ਮੈਂ ਨੌ ਸੌ ਚੁਰਾਨਵੇਂ ਜੁਗ ਚੌਕੜੀ ਥੱਕੀ ਮਾਂਦੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜੀ ਵਾਹੋ ਦਾਹੀਆ । ਨਿਰਗੁਣ ਧਾਰ ਤੇਰਾ ਰਾਹ ਰਹੀ ਤਕਾਂਦੀ, ਜੋ ਅਵਤਾਰ ਪੈਗ਼ੰਬਰ ਗੁਰ ਸੰਦੇਸੇ ਗਏ ਸੁਣਾਈਆ । ਨਾ ਕੁਛ ਪੀਂਦੀ ਨਾ ਕੁਛ ਖਾਂਦੀ, ਦਿਵਸ ਰੈਣ ਚਲਾਂ ਚਾਈਂ ਚਾਈਂਆ । ਇਕੋ ਢੋਲਾ ਗੀਤ ਗੋਬਿੰਦ ਗਾਂਦੀ, ਗਾ ਗਾ ਸ਼ੁਕਰ ਮਨਾਈਆ । ਬਹੁੜੀ ਮੇਰੇ ਉਤੇ ਝਗੜਾ ਪੈ ਗਿਆ ਸਵਰਨ ਚਾਂਦੀ, ਚੰਦ ਸਿਤਾਰਾ ਰੋਵੇ ਮਾਰੇ ਧਾਹੀਆ । ਕੂੜ ਵਿਕਾਰ ਦੀ ਆ ਗਈ ਆਂਧੀ, ਧਰਮ ਦੀ ਜੜ ਰਹੀ ਉਖੜਾਈਆ । ਤੇਰੇ ਪਿਆਰ ਵਿਚ ਹਰਿਜਨ ਦਾਸੀ ਦਿਸੇ ਕੋਇ ਨਾ ਬਾਂਦੀ, ਬੰਦਨਾ ਵਿਚ ਸੀਸ ਨਾ ਕੋਇ ਝੁਕਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਢਾਂਡੀ, ਬਚਿਆ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਦੇ ਮਾਨਵ ਸਾਰੇ ਮੈਨੂੰ ਕਹਿੰਦੇ ਮਾਂ ਜੀ, ਮਾਤਾ ਕਹਿ ਕੇ ਢੋਲੇ ਜਗਤ ਗਾਈਆ । ਝਟ ਮੈਂ ਤੱਕਦੀ ਸਭ ਦੀ ਬੁੱਧੀ ਹੋਈ ਕਾਂ ਦੀ, ਕਾਗ ਵਾਂਗ ਕੁਰਲਾਈਆ । ਕਿਸੇ ਮੁਹੱਬਤ ਰਹੀ ਨਾ ਤੇਰੇ ਨਾਂ ਦੀ, ਨਾਉਂ ਨਿਰੰਕਾਰ ਤੇਰਾ ਨਾ ਕੋਇ ਧਿਆਈਆ । ਵਡਿਆਈ ਰਹੀ ਨਾ ਕਿਸੇ ਥਾਂ ਦੀ, ਕਲਜੁਗ ਕੂੜਾ ਡੰਕ ਦਿਤਾ ਵਜਾਈਆ । ਮੈਂ ਵੇਖ ਹੈਰਾਨ ਹੋਈ ਖੇਲ ਤੇਰੀ ਬੇਪ੍ਰਵਾਹ ਦੀ, ਜੋ ਬੇਪ੍ਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਕੀ ਦੱਸਾਂ ਆਪਣਾ ਅੰਤਰ ਖ਼ਿਆਲ, ਕਹਿਣ ਦੀ ਸ਼ਕਤੀ ਰਹੀ ਨਾ ਰਾਈਆ । ਮੇਰੇ ਉਤੇ ਅਣਗਿਣਤ ਬਣੇ ਦਲਾਲ, ਵਿਚੋਲੇ ਜਗਤ ਵਾਲੇ ਅਖਵਾਈਆ । ਸਚ ਵਸਤ ਸਕਿਆ ਨਾ ਕੋਇ ਸੰਭਾਲ, ਸੰਬਲ ਦੇ ਮਾਲਕ ਤੇਰਾ ਦਰਸ ਕੋਇ ਨਾ ਪਾਈਆ । ਮੈਂ ਜੁਗ ਚੌਕੜੀ ਘਾਲਦੀ ਰਹੀ ਘਾਲ, ਘਾਇਲ ਹੋ ਕੇ ਆਪਣੀ ਸੇਵ ਕਮਾਈਆ । ਅੰਤ ਵੇਖ ਮੁਰੀਦਾਂ ਹਾਲ, ਮੇਰੇ ਮੁਰਸ਼ਦ ਬੇਪ੍ਰਵਾਹੀਆ । ਮੇਰਾ ਹੱਲ ਕਰ ਸਵਾਲ, ਜਵਾਬ ਇਕੋ ਦੇ ਜਣਾਈਆ । ਕਿਉਂ ਫਲ ਰਿਹਾ ਨਹੀਂ ਕਿਸੇ ਡਾਲ, ਮਾਨਵ ਸਿੰਮਲ ਵਾਂਗ ਲਹਿਰਾਈਆ । ਭੈ ਰਿਹਾ ਨਾ ਖੜਗ ਢਾਲ, ਤੀਰ ਕਮਾਨ ਅਣਿਆਲਾ ਤੀਰ ਨਾ ਕੋਇ ਚਲਾਈਆ । ਦੀਨ ਮਜ਼੍ਹਬ ਅਵਤਾਰ ਪੈਗ਼ੰਬਰ ਗੁਰੂ ਨਾ ਸਕੇ ਸੰਭਾਲ, ਮੇਰੇ ਉਤੇ ਕੂੜ ਕੁਕਰਮ ਵਧਿਆ ਥਾਉਂ ਥਾਈਆ । ਮੈਂ ਦੁੱਖਾਂ ਦੀ ਝਲ ਨਹੀਂ ਸਕਦੀ ਝਾਲ, ਆਪਣੀ ਝਲਕ ਦੀ ਦੇ ਰੁਸ਼ਨਾਈਆ । ਤ੍ਰੈਗੁਣ ਮਾਇਆ ਮੇਰੇ ਉਤੇ ਪਾਇਆ ਜੰਜਾਲ, ਬੰਧਨ ਸਕੇ ਨਾ ਕੋਇ ਤੁੜਾਈਆ । ਫਿਰੀ ਦਰੋਹੀ ਪੰਜ ਤਤ ਮਾਟੀ


੨੫੭
੨੩

੨੫੮
੨੩

ਖਾਲ, ਖ਼ਲਕ ਦੇ ਖ਼ਾਲਕ ਵੇਖ ਵਖਾਈਆ । ਮੈਂ ਹੈਰਾਨ ਹੋ ਗਈ ਕਿਸੇ ਝਟਕਾ ਖਾਧਾ ਕਿਸੇ ਨੇ ਖਾਧਾ ਹਲਾਲ, ਹਲਾਲੀ ਵਿਚ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਨੇਤਰ ਵਹਾਉਂਦੇ ਨੀਰ, ਬਿਨ ਅੱਖਾਂ ਵਹਿਣ ਵਹਾਈਆ । ਮੇਰੇ ਪੁਰਾਣੇ ਹੋਏ ਚੀਥੜ ਚੀਰ, ਓਢਣ ਸੀਸ ਨਾ ਕੋਇ ਟਿਕਾਈਆ । ਮੈਨੂੰ ਕਹਿ ਕੇ ਗਿਆ ਕਬੀਰ, ਕਬਰਾਂ ਤੋਂ ਬਾਹਰ ਹੁਕਮ ਸੁਣਾਈਆ । ਧਰਨੀਏ ਤੇਰੀ ਬਦਲੇ ਮੇਰਾ ਮਹਿਬੂਬ ਆਪ ਤਕਦੀਰ, ਕੁਦਰਤ ਦਾ ਕਾਦਰ ਦਇਆ ਕਮਾਈਆ । ਜਿਸ ਦੇ ਕੋਲ ਆਦਿ ਜੁਗਾਦਿ ਦੀ ਤਦਬੀਰ, ਤਰੀਕਾ ਕਹਿਣ ਕੋਇ ਨਾ ਪਾਈਆ । ਜਿਸ ਲੇਖੇ ਲਾਉਣੇ ਜਗਤ ਸ਼ਰੀਰ, ਸ਼ਰਅ ਦਾ ਲੇਖਾ ਦਏ ਮੁਕਾਈਆ । ਕਲਜੁਗ ਕੂੜੀ ਕਿਰਿਆ ਸਭ ਦੇ ਅੰਦਰੋਂ ਕਢੇ ਪੀੜ, ਹਉਮੇ ਰੋਗ ਦਏ ਗਵਾਈਆ । ਸਤਿ ਸਚ ਦੀ ਬੰਨ੍ਹ ਕੇ ਬੀੜ, ਬੀੜਾ ਆਪਣੇ ਕੰਧ ਉਠਾਈਆ । ਪਿਛਲੀ ਕੀਤੀ ਤੇ ਮਾਰ ਲਕੀਰ, ਅਗਲਾ ਹੁਕਮ ਦਏ ਦਰਸਾਈਆ । ਤੈਨੂੰ ਹੋਣ ਨਾ ਦੇਵੇ ਦਿਲਗੀਰ, ਚਿੰਤਾ ਗ਼ਮੀ ਤੋਂ ਬਾਹਰ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਮੈਂ ਅੰਤਮ ਹੋਈ ਨਿਢਾਲ, ਬਲਹੀਣ ਦਿਆਂ ਦੁਹਾਈਆ । ਮੇਰੇ ਸਾਹਿਬ ਆਪਣੀ ਸ੍ਰਿਸ਼ਟੀ ਆਪ ਸੰਭਾਲ, ਚਾਰੋਂ ਕੁੰਟ ਵੇਖ ਵਖਾਈਆ । ਮੈਥੋਂ ਘਾਲੀ ਨਾ ਜਾਏ ਘਾਲ, ਘਾਇਲ ਹੋ ਕੇ ਰੋਵਾਂ ਮਾਰਾਂ ਧਾਹੀਆ । ਤੇਰਾ ਸਾਥੀ ਦਿਸੇ ਕੋਈ ਨਾ ਤੇਰੇ ਨਾਲ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਤੇਰੀ ਖੇਲ ਤੱਕੀ ਕਮਾਲ, ਬੇਪ੍ਰਵਾਹ ਕੀ ਆਪਣੀ ਕਾਰ ਭੁਗਤਾਈਆ । ਮੇਰੇ ਉਤੇ ਆਪਣਾ ਜਲਵਾ ਦੇ ਨੂਰ ਜਲਾਲ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਤੇਰਾ ਲੇਖਾ ਤੱਕਾਂ ਵਿਸ਼ਾਲ, ਵਿਸ਼ਿਆਂ ਤੋਂ ਬਾਹਰ ਦੇਣਾ ਦ੍ਰਿੜਾਈਆ । ਮੈਨੂੰ ਇਉਂ ਦਿਸਦਾ ਮੇਰੇ ਉਤੇ ਝਗੜਾ ਪੈਣਾ ਵਿਚ ਸ਼ਮਾਲ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ ਕਹੇ ਮੈਂ ਉਠ ਕੇ ਵੇਖਾਂ ਨੈਣ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਮੈਨੂੰ ਅਵਤਾਰ ਪੈਗ਼ੰਬਰ ਗੁਰ ਸਾਰੇ ਕਹਿਣ, ਸਚਖੰਡ ਦਵਾਰਿਉਂ ਸਾਰੇ ਰਹੇ ਜਣਾਈਆ । ਨੀ ਤੂੰ ਦੁੱਖਾਂ ਭਰੀ ਦਰ ਠਾਂਡੇ ਰੋ ਪਾ ਕੇ ਵੈਣ, ਉਚੀ ਕੂਕ ਕੂਕ ਸੁਣਾਈਆ । ਇਸ਼ਾਰਾ ਦੇ ਕੇ ਬਾਲਮੀਕ ਵਾਲੀ ਰਮਾਇਣ, ਕ੍ਰਿਸ਼ਨ ਦਾ ਲਹਿਣਾ ਦੇ ਦ੍ਰਿੜਾਈਆ । ਜਿਸ ਨੇ ਸ਼ਰਅ ਸ਼ਰਅ ਨਾਲ ਕੀਤੀ ਤ੍ਰਫ਼ੈਣ, ਪੈਗ਼ੰਬਰਾਂ ਪਰਦਾ ਦੇ ਉਠਾਈਆ । ਚਾਰ ਕੁੰਟ ਨੁਕਤਾ ਨਜ਼ਰ ਨਾ ਆਏ ਐਨ ਗ਼ੈਨ, ਪਰਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਮੈਂ ਤੇਰਾ ਰਾਹ ਉਡੀਕਾਂ, ਬੇਅੰਤ ਬੇਪ੍ਰਵਾਹ ਧਿਆਨ ਲਗਾਈਆ । ਵਿਛੋੜੇ ਵਿਚ ਮੇਰੀਆਂ ਨਿਕਲਦੀਆਂ ਚੀਕਾਂ, ਚੀਕ ਚਿਹਾੜਾ ਦਿਤਾ ਸੁਣਾਈਆ । ਤੂੰ ਮਾਲਕ ਨੀਕਣ ਨੀਕਾ, ਵਡ ਵੱਡਾ ਇਕ ਅਖਵਾਈਆ । ਮੈਂ ਤੇਰੇ ਦਰ ਤੇ ਮੰਗਾਂ ਭੀਖਾ, ਭਿੱਖਕ ਹੋ ਕੇ ਝੋਲੀ ਡਾਹੀਆ । ਆਪਣਾ ਲੇਖ ਤੱਕ ਲੈ ਤੱਕ ਲੈ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀਆਂ ਵਸੀਯਤਾਂ, ਜੋ ਹੁਕਮ ਵਿਚ ਸੁਣਾਈਆ । ਕਲਜੁਗ ਅੰਤਮ ਸਭ ਦੀਆਂ ਬਦਲ ਗਈਆਂ ਨੀਤਾਂ, ਨੀਤੀਵਾਨ ਰਹਿਣ ਕੋਇ ਨਾ ਪਾਈਆ । ਫਿਰ ਗਈ ਦਰੋਹੀ ਵਿਚ ਮੰਦਰ ਮਸੀਤਾਂ, ਗੁਰਦਵਾਰੇ ਰਹੇ ਕੁਰਲਾਈਆ । ਧਾਹਾਂ ਮਾਰੇ ਅਠਾਰਾਂ ਧਿਆਏ ਗੀਤਾ, ਉਚੀ ਕੂਕ

ਕੂਕ ਜਣਾਈਆ । ਸਭ ਨੂੰ ਭੁਲੀਆਂ ਨਾਨਕ ਵਾਲੀਆਂ ਨਸੀਹਤਾਂ, ਗੋਬਿੰਦ ਰੰਗ ਨਾ ਕੋਇ ਰੰਗਾਈਆ । ਭੇਵ ਪਾਏ ਨਾ ਕੋਇ ਜੀਵ ਜੀਅ ਕਾ, ਜੀਵਣ ਸਮਝ ਕੋਇ ਨਾ ਆਈਆ । ਪ੍ਰਭੂ ਤੇਰਾ ਆਤਮ ਦਿਸੇ ਕੋਈ ਨਾ ਮੀਤਾ, ਪਰਮਾਤਮ ਸੰਗ ਨਾ ਕੋਇ ਬਣਾਈਆ । ਮੈਂ ਚਾਹੁੰਦੀ ਧਰਨੀ ਕਹੇ ਮੇਰੇ ਉਤੇ ਬਦਲ ਦੇ ਤਾਰੀਖ਼ਾਂ, ਤਵਾਰੀਖ਼ ਆਪਣੀ ਇਕ ਪ੍ਰਗਟਾਈਆ । ਮੈਨੂੰ ਚਾੜ੍ਹ ਦੇ ਰੰਗ ਮਜੀਠਾ, ਮੇਰੇ ਮਿਹਰਵਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਲ ਸਭ ਦੀਆਂ ਲਗੀਆਂ ਹੋਣ ਪ੍ਰੀਤਾਂ, ਪ੍ਰੀਤਮ ਸਭ ਦਾ ਸਭ ਨੂੰ ਇਕੋ ਨਜ਼ਰੀ ਆਈਆ ।

✪ ੩ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਸਾਊਥ ਲੰਡਨ ੭ ਬਰੇਬੋਰਨ ਗਰੋਬ ਪੈਕਮ ਮਨਜੀਤ ਕੌਰ ਦੇ ਗ੍ਰਹਿ ✪

ਨਾਰਦ ਕਹੇ ਪ੍ਰਭੂ ਤੈਨੂੰ ਭਗਵਾਨ ਕਹਾਂ ਕਿ ਜਜਮਾਨ, ਜ਼ਿਮੀਂ ਅਸਮਾਨ ਦੇ ਮਾਲਕ ਦੇ ਸਮਝਾਈਆ । ਤੈਨੂੰ ਗੋਪੀ ਕਹਾਂ ਕਿ ਕਾਹਨ, ਕਾਹਨਾਂ ਦੇ ਕਾਹਨ ਪਰਦਾ ਦੇ ਉਠਾਈਆ । ਤੈਨੂੰ ਸੀਤਾ ਕਹਾਂ ਕਿ ਰਾਮ, ਰਾਮ ਦੇ ਰਾਮ ਭੇਵ ਦੇਣਾ ਖੁਲਾਈਆ । ਤੈਨੂੰ ਪੈਗ਼ੰਬਰ ਕਹਾਂ ਕਿ ਅਮਾਮ, ਅੱਲਾ ਹੂ ਕਹਾਂ ਕਿ ਅੱਲਾ ਰਾਣੀ ਕਹਿ ਕੇ ਖ਼ੁਸ਼ੀ ਬਣਾਈਆ । ਤੈਨੂੰ ਸਤਿਨਾਮ ਕਹਾਂ ਕਿ ਵਾਹਿਗੁਰੂ ਨੌਜਵਾਨ, ਜਵਾਂ ਮਰਦ ਦੇਣਾ ਦ੍ਰਿੜ੍ਹਾਈਆ । ਜਿਧਰ ਤੱਕਾਂ ਉਧਰ ਤੇਰਾ ਨਿਸ਼ਾਨ, ਬਿਨਾ ਨਿਸ਼ਾਨੇ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਤੱਕਾਂ ਤੱਕਾਂ ਅਸਮਾਨ, ਮੰਡਲ ਮੰਡਪਾਂ ਖੋਜ ਖੁਜਾਈਆ । ਲੱਖ ਚੁਰਾਸੀ ਤੱਕਾਂ ਕਿ ਤੱਕਾਂ ਚੁਰਾਸੀ ਵਿਚੋਂ ਇਨਸਾਨ, ਪੰਜ ਤਤ ਦੇ ਮਾਲਕ ਭੇਤ ਦੇਣਾ ਖੁਲਾਈਆ । ਕਲਮਾ ਤੱਕਾਂ ਕਿ ਤੱਕਾਂ ਤੇਰਾ ਨਾਮ ਨਿਧਾਨ, ਨਾਮ ਦੇ ਮਾਲਕ ਧੁਰ ਦਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਨਾਰਦ ਕਹੇ ਪ੍ਰਭੂ ਤੈਨੂੰ ਦਾਤਾ ਕਹਾਂ ਕਿ ਦਾਨੀ, ਕਿ ਦਇਆਵਾਨ ਅਖਵਾਈਆ । ਤੈਨੂੰ ਜੋਤ ਕਹਾਂ ਕਿ ਨੂਰ ਨੁਰਾਨੀ, ਜ਼ਹੂਰ ਦੇ ਮਾਲਕ ਦੇਣਾ ਸਮਝਾਈਆ । ਤੈਨੂੰ ਸ਼ਬਦ ਕਹਾਂ ਕਿ ਨਾਦ ਧੁਨ ਬਾਣੀ, ਕਿ ਬਾਣ ਅਣਿਆਲਾ ਤੀਰ ਚਲਾਈਆ । ਤੈਨੂੰ ਵਿਸ਼ਨ ਬ੍ਰਹਮਾ ਸ਼ਿਵ ਕਹਾਂ ਕਿ ਤ੍ਰੈਗੁਣ ਮਾਇਆ ਪੰਜ ਤਤ ਤੇਰਾ ਰੂਪ ਲਾਸਾਨੀ, ਸਹਿਜ ਨਾਲ ਦੇਣਾ ਸਮਝਾਈਆ । ਤੈਨੂੰ ਲੱਖ ਚੁਰਾਸੀ ਕਹਾਂ ਕਿ ਅੰਡਜ ਜੇਰਜ ਉਤਭੁਜ ਸੇਤਜ ਖਾਣੀ, ਖਾਣੀਆਂ ਦੇ ਮਾਲਕ ਖ਼ੈਰਖ਼ਾਹ ਹੋ ਕੇ ਦੇਣਾ ਜਣਾਈਆ । ਤੈਨੂੰ ਮੰਜ਼ਲ ਹਕ ਕਹਾਂ ਕਿ ਰੁਹਾਨੀ, ਰਹਿਮਤ ਰਹੀਮ ਦੇਣੀ ਕਮਾਈਆ । ਤੈਨੂੰ ਜਗਤ ਕਹਾਂ ਕਿ ਕਹਾਂ ਜਗਤ ਦੀ ਜਵਾਨੀ, ਜੋਬਨਵੰਤੇ ਆਪਣਾ ਰੰਗ ਦੇਣਾ ਰੰਗਾਈਆ । ਮੈਂ ਦਰ ਠਾਂਡੇ ਇਕੋ ਓਟ ਰੱਖਾਂ ਤੇਰੀ ਕਾਨੀ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਨਾਰਦ ਕਹੇ ਪ੍ਰਭੂ ਤੈਨੂੰ ਸ਼ਾਹ ਕਹਾਂ ਕਿ ਕੰਗਾਲ, ਸ਼ਹਿਨਸ਼ਾਹ ਕੀ ਤੇਰੀ ਬੇਪ੍ਰਵਾਹੀਆ । ਤੈਨੂੰ ਨੂਰ ਕਹਾਂ ਕਿ ਜਮਾਲ, ਕਿ ਜੋਬਨਵੰਤਾ ਸੋਭਾ ਪਾਈਆ । ਸਤਿਗੁਰ ਸ਼ਬਦ ਕਹਾਂ ਕਿ ਕਹਾਂ ਭਗਤਾਂ ਦਾ ਦਲਾਲ, ਵਿਚੋਲਾ ਹੋ ਕੇ ਵਿਚਲਾ ਭੇਵ ਦੇਣਾ ਖੁਲਾਈਆ । ਤੈਨੂੰ ਮੁਰਸ਼ਦ ਕਹਾਂ ਕਿ ਮੁਰੀਦ ਕਹਾਂ ਕਿ ਕਹਾਂ ਸੁਣਨ ਵਾਲਾ ਮੁਰੀਦਾਂ ਹਾਲ, ਮਾਲਕ ਖ਼ਾਲਕ ਨੂਰ ਅਲਾਹੀਆ । ਸਚ ਦੱਸ ਤੈਨੂੰ

ਜਵਾਬ ਕਹਾਂ ਕਿ ਕਹਾਂ ਭਗਤਾਂ ਦਾ ਸਵਾਲ, ਜਵਾਬ ਸਵਾਲ ਦੇ ਮਾਲਕ ਮੇਰਾ ਸਹਿੰਸਾ ਦੇਣਾ ਮਿਟਾਈਆ । ਤੈਨੂੰ ਕਾਲ ਕਹਾਂ ਕਿ ਕਹਾਂ ਮਹਾਕਾਲ, ਕੀ ਮਹਾਸਾਰਥੀ ਤੇਰੀ ਬੇਪ੍ਰਵਾਹੀਆ । ਸਚ ਦੱਸ ਮੇਰੇ ਸਾਹਿਬ ਜਨ ਭਗਤਾਂ ਉਤੇ ਕਦੋਂ ਹੋਏਂ ਦਿਆਲ, ਦੀਨ ਦਿਆਲ ਦਇਆ ਕਮਾਈਆ । ਪਿਆਰ ਮੁਹੱਬਤ ਵਿਚ ਪਿਆਰਿਆਂ ਨੂੰ ਦੇਵੇਂ ਪਿਆਰ ਵਾਲਾ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਲੇਖੇ ਲਾਵੇਂ ਗੁਰਮੁਖਾਂ ਦੀ ਘਾਲ, ਘਾਲਣ ਆਪਣੇ ਚਰਨ ਟਿਕਾਈਆ । ਫਲ ਲਗਾਉਣਾ ਕਾਇਆ ਡਾਲ, ਫਲ ਫੁਲਵਾੜੀ ਦੇਣੀ ਮਹਿਕਾਈਆ । ਤੇਰਾ ਲੇਖਾ ਲਹਿਣਾ ਦੇਣਾ ਬੇਮਿਸਾਲ, ਮਿਸਲ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਪੂਰ ਕਰਾਈਆ । ਨਾਰਦ ਕਹੇ ਪ੍ਰਭੂ ਤੂੰ ਠਾਕਰ ਕਿ ਸਵਾਮੀ, ਸਮੇਂ ਦੇ ਮਾਲਕ ਦੇ ਜਣਾਈਆ । ਤੂੰ ਮਾਲਕ ਕਿ ਅੰਤਰਜਾਮੀ, ਅੰਤਸ਼ਕਰਨ ਦਾ ਪਰਦਾ ਦੇ ਚੁਕਾਈਆ । ਤੂੰ ਹਕੀਕਤ ਹਕ ਕਿ ਹਕ ਮੁਕਾਮੀ, ਮੁਕੰਮਲ ਆਪਣਾ ਲੇਖਾ ਦੇ ਸਮਝਾਈਆ । ਤੂੰ ਸ਼ਰਅ ਸ਼ਰੀਅਤ ਕਿ ਸ਼ਰਅ ਦਾ ਗ਼ੁਲਾਮੀ, ਕੀ ਜ਼ਿਮੀਂ ਅਸਮਾਨੀ ਖੇਲ ਖਿਲਾਈਆ । ਮਿਹਰਵਾਨ ਜਨ ਭਗਤਾਂ ਤੱਕ ਨਗਰ ਗਰਾਮੀ, ਕਾਇਆ ਖੇੜਾ ਫੋਲ ਫੁਲਾਈਆ । ਤਨ ਵਜੂਦ ਮਾਟੀ ਖ਼ਾਕ ਉਤੇ ਕਰ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਸਚ ਵਸਤ ਦਾ ਬਣ ਕੇ ਦਾਨੀ, ਦੀਨ ਦਿਆਲ ਦੇਣੀ ਵਰਤਾਈਆ । ਭਗਤ ਦੀ ਧਾਰ ਭਗਤ ਬਖ਼ਸ਼ਣਾ ਨਿਸ਼ਾਨੀ, ਨਿਸ਼ਾਨਾ ਜਗਤ ਵਿਚ ਵਡਿਆਈਆ । ਤੇਰੀ ਮਿਹਰ ਮਹਿਬੂਬ ਬਖ਼ਸ਼ਿਸ਼ ਸਦਾ ਆਸਾਨੀ, ਸਿਰ ਆਪਣਾ ਹੱਥ ਟਿਕਾਈਆ । ਨਾਰਦ ਕਹੇ ਪ੍ਰਭੂ ਜਨ ਭਗਤਾਂ ਊਣੀ ਪਿਛਲੀ ਰਹੇ ਨਾ ਖ਼ਾਮੀ, ਖ਼ਾਲਕ ਆਪਣਾ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨ ਹਰਿ ਤੇਰੇ ਦਰ ਦਵਾਰ ਦਾ ਰਾਹ ਤੱਕਣ ਜ਼ਿਮੀਂ ਅਸਮਾਨੀ, ਜ਼ਿਮੀਂ ਅਸਮਾਨਾਂ ਪਰੇ ਗ੍ਰਿਹ ਮੰਦਰ ਘਰ ਦੇਣੀ ਵਡਿਆਈਆ ।
੨੯੦
੨੩

✪ ੪ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ੩੧ ਟਿਊਡਰ ਰੋੜ ਹਰਚਰਨ ਸਿੰਘ ਬਰਾੜ ਦੇ ਗ੍ਰਿਹਿ ✪

ਕਲਜੁਗ ਕਹੇ ਮੇਰੇ ਸਤਿਗੁਰ ਸ਼ਬਦ ਸ਼ਬਦ ਗੁਰਦੇਵਾ, ਨਿਰਗੁਣ ਧਾਰ ਤੇਰੀ ਸਰਨਾਈਆ । ਮੇਰੀ ਸ੍ਰਿਸ਼ਟੀ ਦ੍ਰਿਸ਼ਟੀ ਦੇ ਅੰਤਰ ਨਿਰੰਤਰ ਵੇਖ ਸੇਵਾ, ਜੋ ਦਿਵਸ ਰੈਣ ਰਿਹਾ ਕਮਾਈਆ । ਮੈਂ ਅੰਮ੍ਰਿਤ ਨਾਮ ਰਸ ਕਿਸੇ ਖਾਣ ਨਾ ਦੇਵਾਂ ਮੇਵਾ, ਤ੍ਰਿਸ਼ਨਾ ਜਗਤ ਨਾ ਕੋਇ ਮਿਟਾਈਆ । ਕੋਟਨ ਕੋਟ ਜੀਵ ਤੈਨੂੰ ਜਪਦੇ ਰਸਨਾ ਜਿਹਵਾ, ਹਿਰਦੇ ਸਕੇ ਨਾ ਕਇ ਵਸਾਈਆ । ਬੇਸ਼ਕ ਪ੍ਰਭੂ ਤੂੰ ਅਲਖ ਅਭੇਵਾ, ਅਗੋਚਰ ਨੂਰ ਅਲਾਹੀਆ । ਵਸੇਂ ਦਰਗਾਹ ਸਾਚੀ ਧਾਮ ਨਿਹਕੇਵਾ, ਨਿਹਚਲ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਕਲਜੁਗ ਕਹੇ ਸਤਿਗੁਰ ਸ਼ਬਦ ਪੁਰਖ ਅਕਾਲ ਨੂਰ ਮੇਰੀ ਸਿਫ਼ਤ ਦੇ ਦੱਸ, ਦੱਸਣਹਾਰ ਤੇਰੀ ਵਡਿਆਈਆ । ਮੈਂ ਜਗਤ ਵਿਕਾਰ ਦਾ ਤੀਰ ਮਾਰਿਆ ਕਸ, ਜੀਵਾਂ ਜੰਤਾਂ ਸਾਧਾਂ ਸੰਤਾਂ ਅੰਦਰ ਲਗਾਈਆ । ਅੰਤਰ ਆਤਮ ਮਿਲੇ ਨਾ ਕਿਸੇ ਰਸ, ਰਸਤਾ ਆਤਮ ਪਰਮਾਤਮ ਨਾ ਕੋਇ ਖੁਲਾਈਆ । ਨਿਜ ਨੇਤਰ ਖੁਲ੍ਹਣ ਨਾ ਦੇਵਾਂ ਅੱਖ, ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਦਾ ਕੋਈ ਦਰਸ

ਕਰ ਸਕੇ ਨਾ ਪ੍ਰਤੱਖ, ਇਹ ਮੇਰੀ ਬੇਪ੍ਰਵਾਹੀਆ । ਪਾਰਬ੍ਰਹਮ ਬ੍ਰਹਮ ਕੀਤਾ ਵੱਖ ਵੱਖ, ਈਸ਼ ਜੀਵ ਜੋੜ ਨਾ ਕੋਇ ਜੁੜਾਈਆ । ਕਿਸੇ ਦੀ ਪਤ ਸਕੇ ਕੋਇ ਨਾ ਰਖ, ਸਿਰ ਹੱਥ ਨਾ ਕੋਇ ਟਿਕਾਈਆ । ਜਗਤ ਖੇੜਾ ਹੁੰਦਾ ਵੇਖ ਭੱਠ, ਕਲਜੁਗ ਕਹੇ ਮੈਂ ਭਠਿਆਲਾ ਹੋ ਕੇ ਘਰ ਘਰ ਅਗਨੀ ਡਾਹੀਆ । ਮਨੂਆ ਸਭ ਦੀ ਉਲਟੀ ਗੇੜੇ ਲੱਠ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਝਗੜਾ ਮਿਟੇ ਨਾ ਤਤ ਅੱਠ, ਨੌਂ ਦਵਾਰ ਵਾਸ਼ਨਾ ਸਰਬ ਹਲਕਾਈਆ । ਕਾਇਆ ਮਾਟੀ ਤਨ ਵਜੂਦ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੀ ਵਡਿਆਈਆ । ਕਲਜੁਗ ਕਹੇ ਸਤਿਗੁਰ ਸ਼ਬਦ ਮੇਰੀ ਵੇਖ ਕੁਰਬਾਨੀ, ਸੇਵਾ ਸਤਿ ਸਚ ਕਮਾਈਆ । ਤੇਈ ਅਵਤਾਰਾਂ ਜੋ ਦੱਸੀ ਸਚ ਨਿਸ਼ਾਨੀ, ਨਿਸ਼ਾਨੀ ਸਭ ਨੂੰ ਦਿਆਂ ਵਖਾਈਆ । ਮਾਣ ਰਹੇ ਨਾ ਕਿਸੇ ਵਿਦਵਾਨੀ, ਵਿਦਿਆ ਵਿਦਤ ਚਲੇ ਨਾ ਕੋਇ ਚਤੁਰਾਈਆ । ਚਾਰ ਕੁੰਟ ਕਰਾਈ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਝਗੜਾ ਪਿਆ ਜੇਰਜ ਖਾਣੀ, ਚਾਰੇ ਖਾਣੀ ਰੋਵੇ ਮਾਰੇ ਧਾਹੀਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਪਾਣੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਆਤਮ ਪਰਮਾਤਮ ਮੇਲ ਮਿਲੇ ਨਾ ਹਾਣੀ, ਸਚ ਘਰ ਵੱਜੇ ਨਾ ਕੋਇ ਵਧਾਈਆ । ਕਲਜੁਗ ਕਹੇ ਮੈਂ ਬਣਿਆ ਸਭ ਦਾ ਜਾਣ ਜਾਣੀ, ਚਾਰ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਸਤਿਗੁਰ ਸ਼ਬਦ ਮੈਂ ਆਇਆ ਦਿਸ਼ਾ ਲਹਿੰਦੀ, ਲਹਿਣਾ ਈਸਾ ਵੇਖ ਵਖਾਈਆ । ਮੂਸਾ ਧਾਰ ਜਿਸ ਨਾਲ ਬਹਿੰਦੀ, ਮੁਹੰਮਦ ਆਸ਼ਾ ਰਿਹਾ ਤਕਾਈਆ । ਸਭ ਦੀ ਕਲਾ ਹੋਣੀ ਢਹਿੰਦੀ, ਢਈਆ ਗੋਬਿੰਦ ਦਾ ਦਏ ਗਵਾਹੀਆ । ਖੇਲ ਕਰੇ ਧੁਰ ਅਮਾਮ ਮਹਿੰਦੀ, ਜੋ ਮਹਿੰਦੀ ਆਪਣੇ ਰੰਗ ਰੰਗਾਈਆ । ਜਿਸ ਦੀ ਧਾਰ ਹੋਵੇ ਅਗੰਮੀ ਨੈਂ ਦੀ, ਵਹਿਣ ਵਹਿਣਾਂ ਵਿਚੋਂ ਵਹਾਈਆ । ਜਿਨ੍ਹ ਹੰਗਤਾ ਕਢਣੀ ਮਮਤਾ ਮੈਂ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਅਗੰਮ ਅਥਾਹੀਆ । ਕਲਜੁਗ ਕਹੇ ਮੈਂ ਆਇਆ ਸਮੁੰਦ ਸਾਗਰਾਂ ਪਾਰ, ਪਰਮ ਪੁਰਖ ਤੇਰਾ ਧਿਆਨ ਲਗਾਈਆ । ਮੇਰਾ ਖੇਲ ਵੇਖ ਸੱਚੀ ਸਰਕਾਰ, ਸਰਕਾਰੇ ਆਅਲਾ ਦਿਆਂ ਜਣਾਈਆ । ਜੋ ਭਵਿਖਤ ਕਹਿ ਕੇ ਗਏ ਪੈਗ਼ੰਬਰ ਗੁਰ ਅਵਤਾਰ, ਭਵਿਖਤਾਂ ਖੋਜ ਖੁਜਾਈਆ । ਜੋਧਾ ਸੂਰਬੀਰ ਬਣ ਬਲਕਾਰ, ਤੇਰਾ ਹੁਕਮ ਮੰਨਾਂ ਚਾਈਂ ਚਾਈਆ । ਕੁਸ਼ਾ ਲਖਣ ਕਰਾਂ ਖ਼ਬਰਦਾਰ, ਕਰੌਚ ਦੀਪ ਡੰਕਾ ਦਿਆਂ ਵਜਾਈਆ । ਬ੍ਰਹਮੇ ਨੂੰ ਕਹਾਂ ਉਠ ਵੇਖ ਆਪਣਾ ਸੰਸਾਰ, ਸੰਸਾਰੀ ਪਰਦਾ ਲੈ ਚੁਕਾਈਆ । ਸ਼ੰਕਰ ਨੂੰ ਕਹਾਂ ਸ਼ੰਕਰ ਹੋ ਤਿਆਰ, ਮੈਂ ਸ਼ਰਅ ਸ਼ਰਅ ਨਾਲ ਟਕਰਾਈਆ । ਅੰਤ ਸਭ ਦੀ ਕਰਨੀ ਸੰਭਾਲ, ਸੰਬਲ ਬਹਿ ਕੇ ਵੇਖੇ ਧੁਰ ਦਾ ਮਾਹੀਆ । ਵਿਸ਼ਨੂੰ ਨੂੰ ਕਹਾਂ ਨਿਗਾਹ ਮਾਰ ਜਿਨ੍ਹਾਂ ਦੀ ਕਰੇਂ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਸਤਿ ਧਰਮ ਰਹਿਣ ਦਿਤਾ ਨਹੀਂ ਕਿਸੇ ਮਾਨਵ ਡਾਲ, ਫਲ ਫੁੱਲ ਧੁਰ ਦਾ ਨਾਮ ਨਜ਼ਰ ਕੋਇ ਨਾ ਆਈਆ । ਨਾਮ ਵਿਹੂਣੀ ਸ੍ਰਿਸ਼ਟੀ ਕੀਤੀ ਕੰਗਾਲ, ਜਗਤ ਧਨ ਦੌਲਤ ਚਲੇ ਨਾ ਕੋਇ ਚਤੁਰਾਈਆ । ਮੇਰਾ ਖੇਲ ਖੇਲ ਕਮਾਲ, ਪੁਰਖ ਅਕਾਲ ਤੇਰੀ ਓਟ ਇਕ ਤਕਾਈਆ । ਮੈਂ ਅਗੇ ਚਲਣੀ ਅਨੋਖੀ ਚਾਲ, ਚਾਰ ਜੁਗ ਦੇ ਸ਼ਾਸਤਰ ਜਿਸ ਨੂੰ ਸਮਝ ਸਕਣ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰੀ ਤੱਕ ਲੈ

ਆਪਣੇ ਹੁਕਮ ਵਾਲੀ ਰੀਤੀ, ਰੀਤੀਵਾਨ ਤੇਰੀ ਵਡਿਆਈਆ । ਮੈਂ ਤੇਰੇ ਨਾਲ ਕਿਸੇ ਦੀ ਰਹਿਣ ਨਹੀਂ ਦਿਤੀ ਪ੍ਰੀਤੀ, ਪ੍ਰੀਤਮ ਤੇਰਾ ਸੰਗ ਨਾ ਕੋਇ ਬਣਾਈਆ । ਕੋਟਾਂ ਵਿਚੋਂ ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੇ ਭਗਤਾਂ ਦੀ ਛੋਟੀ ਜਿਹੀ ਬਗ਼ੀਚੀ, ਫਲ ਤੇਰੇ ਪ੍ਰੇਮ ਵਾਲਾ ਨਜ਼ਰੀ ਆਈਆ । ਮੈਂ ਮਾਣ ਰਹਿਣ ਨਹੀਂ ਦਿਤਾ ਮੰਦਰ ਮਸੀਤੀ, ਜਗਤ ਕਾਅਬੇ ਰਹੇ ਕੁਰਲਾਈਆ । ਅੰਤ ਸਦੀ ਚੌਧਵੀਂ ਰਹੀ ਬੀਤੀ, ਪਿਛਲਾ ਆਪਣਾ ਪੰਧ ਮੁਕਾਈਆ । ਮੁਹੰਮਦ ਦੀ ਚਾਰ ਯਾਰੀ ਰਹੀ ਚੀਕੀ, ਉਮਤ ਰੋਵੇ ਮਾਰੇ ਧਾਹੀਆ । ਤੇਰਾ ਕਲਮਾ ਹਕ ਇਕ ਹਦੀਸੀ, ਹਜ਼ਰਤਾਂ ਤੋਂ ਬਾਹਰ ਤੇਰੀ ਪੜ੍ਹਾਈਆ । ਕਲਜੁਗ ਕਹੇ ਮੈਂ ਸਭ ਨੂੰ ਵਖਾਉਣੀ ਨਿਗਾਹ ਨੀਚੀ, ਸਿਰ ਸਕੇ ਨਾ ਕੋਇ ਉਠਾਈਆ । ਜੋ ਮੈਥੋਂ ਹੋਈ ਮੈਂ ਦੁਨੀਆ ਨਾਲ ਕੀਤੀ, ਕਰਨੀ ਦੇ ਕਰਤੇ ਤੇਰੀ ਓਟ ਤਕਾਈਆ । ਜੋ ਜਗਤ ਜਗਿਆਸੂ ਨੇਤਰ ਅੱਖ ਰਹੇ ਮੀਟੀ, ਅੰਤਰ ਅੱਖ ਦਿਆਂ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਪ੍ਰਭੂ ਮੈਂ ਤੱਕਾਂ ਤੇਰਾ ਦੀਨ ਮਜ਼੍ਹਬ ਦਾ ਦਵਾਰਾ, ਚਾਰੋਂ ਕੁੰਟ ਵੇਖ ਵਖਾਈਆ । ਅੰਤਰ ਨੂਰ ਰਹਿਣ ਦਿਤਾ ਨਹੀਂ ਕਿਸੇ ਉਜਿਆਰਾ, ਅੰਧ ਅੰਧਿਆਰਾ ਗਿਆ ਛਾਈਆ । ਤੇਰੇ ਨਾਮ ਗ੍ਰੰਥ ਟਕਿਆਂ ਉਤੇ ਵਿਕਦੇ ਵਿਚ ਬਜ਼ਾਰਾ, ਕਲਜੁਗ ਕਹੇ ਤੇਰੀ ਕੀਮਤ ਮੈਂ ਮਾਤਲੋਕ ਦਿਤੀ ਪਾਈਆ । ਉਠ ਚਾਰੋਂ ਕੁੰਟ ਤੱਕ ਲੈ ਧੂੰਆਂਧਾਰਾ, ਸੂਰੀਆ ਚੰਦ ਕਰੇ ਨਾ ਕੋਇ ਰੁਸ਼ਨਾਈਆ । ਮੈਂ ਮਾਣ ਰਹਿਣ ਨਹੀਂ ਦਿਤਾ ਤੇਈ ਅਵਤਾਰਾ, ਅਵਤਰ ਤੇਰਾ ਭੇਵ ਕੋਇ ਨਾ ਪਾਈਆ । ਓਹ ਤੱਕ ਲੈ ਈਸਾ ਮੂਸਾ ਮੁਹੰਮਦ ਹੋਣਾ ਪਾਰ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਜਗਤ ਵਾਸਨਾ ਖੇਲ ਬਣਿਆ ਗੁਰੂਦਵਾਰਾ, ਸਤਿਗੁਰ ਸਾਚੇ ਤੇਰਾ ਰੂਪ ਨਾ ਕੋਇ ਦਰਸਾਈਆ । ਕਲਜੁਗ ਕਹੇ ਮੈਂ ਚਾਰੋਂ ਕੁੰਟ ਦਿਵਸ ਰੈਣ ਭੱਜਾਂ ਵਾਰੋ ਵਾਰਾ, ਘੜੀ ਪਲ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਦੇਣਾ ਵਰਤਾਈਆ । ਝਟ ਨਾਰਦ ਆਇਆ ਹੱਸ ਕੇ ਕਹੇ ਕਲਜੁਗ ਨਾ ਮਾਰ ਐਡੀਆਂ ਗੱਪਾਂ, ਝੂਠਿਆ ਝੂਠ ਮਿਲਾਈਆ । ਓਹ ਤੱਕੋ ਜੋ ਸੰਦੇਸਾ ਦੇ ਕੇ ਗਿਆ ਨਾਨਕ ਤਪਾ, ਤਪੀਸ਼ਰਾਂ ਤੋਂ ਬਾਹਰ ਸਮਝਾਈਆ । ਪਤਿਪਰਮੇਸ਼ਵਰ ਖੇਲ ਕਰੇ ਜਿਸ ਦੀ ਧਾਰ ਅਗੰਮੀ ਪੱਪਾ, ਪੂਰਨ ਪਰਦਾ ਆਪ ਚੁਕਾਈਆ । ਜਿਸ ਦੀ ਆਦਿ ਜੁਗਾਦੀ ਇਕੋ ਸੜ੍ਹਾ, ਸਤਿ ਸਤਿਵਾਦੀ ਨੂਰ ਅਲਾਹੀਆ । ਓਹ ਹੁਕਮੀ ਹੁਕਮ ਆਪਣੇ ਨਾਲ ਪਕਾਏ ਮਤਾ, ਮਸ਼ਵਰਾ ਅਵਰ ਨਾ ਕੋਇ ਰਖਾਈਆ । ਜਿਸ ਪ੍ਰਭੂ ਦਾ ਗੋਬਿੰਦ ਡੰਕ ਵਜਾਇਆ ਫ਼ੜ੍ਹਾ, ਓਹ ਫ਼ਾਤਿਆ ਪੜ੍ਹੇ ਕੂੜ ਲੋਕਾਈਆ । ਉਠ ਨਿਗਾਹ ਮਾਰ ਲੈ ਰਤਾ, ਰਾਤੀ ਸੁੱਤਿਆਂ ਲੈ ਅੰਗੜਾਈਆ । ਖੇਲ ਕਰੇ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜੋ ਜਨ ਭਗਤਾਂ ਦੇਵੇ ਤੇਰੇ ਵਿਚ ਅਗੰਮੀ ਵਥਾ, ਵਸਤ ਅਮੋਲਕ ਆਪ ਵਰਤਾਈਆ ਉਸ ਨਾਮ ਦੀ ਕਰਨੀ ਪਏ ਨਾ ਕਥਾ, ਵਾਰਤਾ ਵਿਚ ਨਾ ਕੋਇ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਤਾ ਪੱਕਾ, ਗੰਢ ਇਕੋ ਇਕ ਪਵਾਈਆ । ਤਿਨ੍ਹਾਂ ਭਾਗ ਲਗਾਏ ਕਾਇਆ ਮਾਟੀ ਭਾਂਡਾ ਕੱਚਾ, ਤਨ ਵਜੂਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਮਹਿੰਮਾ ਸਦਾ ਅਕਥਾ, ਕਥਨੀ ਕਥ ਨਾ ਸਕੇ ਰਾਈਆ ।

੨੬੨
੨੩

**੫ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ੧੫੯ ਬੀਕਨਸਫੀਲਡ ਰੋੜ ਪ੍ਰੀਤਮ ਸਿੰਘ ਦੇ ਗ੍ਰਿਹਿ**

ਕਲਜੁਗ ਕਹੇ ਪ੍ਰਭੂ ਮੇਰਾ ਤੇਰੇ ਅਗੇ ਸਜਦਾ, ਪਰਵਰਦਿਗਾਰ ਬੇਪ੍ਰਵਾਹ ਸੀਸ ਨਿਵਾਈਆ । ਤੇਰਾ ਨੂਰ ਨੁਰਾਨਾ ਦੋ ਜਹਾਨਾਂ ਦੀਪਕ ਵੇਖਾਂ ਜਗਦਾ, ਜਾਗਰਤ ਜੋਤ ਬਿਨ ਵਰਨ ਗੋਤ ਸੋਭਾ ਪਾਈਆ । ਤੇਰਾ ਜ਼ਹੂਰ ਅਲਾਹੀ ਅਗੰਮੇ ਰੱਬ ਦਾ, ਜਿਸ ਨੂੰ ਆਲਮੀਨ ਕਹੇ ਖ਼ਲਕ ਖ਼ੁਦਾਈਆ । ਆਹ ਵੇਖ ਮੇਰੇ ਕੋਲ ਤੇਰਾ ਪਟਾ ਸਦੀ ਚੌਧਵੀਂ ਹਕ ਦਾ, ਹਕੀਕਤ ਦੇ ਮਾਲਕ ਦਿਆਂ ਸੁਣਾਈਆ । ਮੁਹੰਮਦ ਚਾਰ ਯਾਰੀ ਨਾਲ ਤੱਕਦਾ, ਸ਼ਰੀਅਤ ਤੋਂ ਬਾਹਰ ਅੱਖ ਉਠਾਈਆ । ਮੈਂ ਵੀ ਖ਼ੁਸ਼ੀਆਂ ਦੇ ਵਿਚ ਨੱਚਦਾ, ਟੱਪਾਂ ਕੁੱਦਾਂ ਚਾਈਂ ਚਾਈਂਆ । ਕਿਉਂ ਖੇਲ ਤੱਕਣਾ ਕਾਇਆ ਮਾਟੀ ਕੱਚ ਦਾ, ਤਨ ਵਜੂਦ ਭਾਂਡੇ ਫੋਲ ਫੁਲਾਈਆ । ਬਿਨ ਤੇਰੀ ਕਿਰਪਾ ਦਿਸੇ ਕੋਈ ਨਾ ਬਚਦਾ, ਬਚਪਨ ਸਮਝ ਕੋਇ ਨਾ ਆਈਆ । ਤੇਰਾ ਹੁਕਮ ਵਰਤਣਾ ਅਲਖ ਦਾ, ਅਲਖ ਅਗੋਚਰ ਤੇਰੀ ਵਡ ਵਡਿਆਈਆ । ਮੇਰਾ ਭੰਡਾਰਾ ਭਰਿਆ ਵੇਖ ਕੂੜ ਹੱਟ ਦਾ, ਚਾਰ ਕੁੰਟ ਦਿਤਾ ਵਰਤਾਈਆ । ਨਗਾਰਾ ਸੁਣੇ ਨਾ ਕੋਈ ਸ਼ਬਦ ਅਨਹਦ ਦਾ, ਨਾਦੀ ਨਾਦ ਨਾ ਕੋਇ ਜਣਾਈਆ । ਆਤਮ ਦੀਪ ਕਿਸੇ ਨਾ ਜਗਦਾ, ਜੀਵ ਜੰਤ ਸਾਧ ਸੰਤ ਰੋਵਣ ਮਾਰਨ ਧਾਹੀਆ । ਰਸ ਰਹਿਣ ਦਿਤਾ ਨਹੀਂ ਕਿਸੇ ਮੰਤ ਦਾ, ਮੰਤਵ ਹਲ ਨਾ ਕੋਇ ਕਰਾਈਆ । ਕਲਜੁਗ ਕਹੇ ਪ੍ਰਭੂ ਮੈਂ ਵਿਛੋੜਾ ਕੀਤਾ ਤੇਰੇ ਸੁਹਾਗੀ ਕੰਤ ਦਾ, ਨਾਰ ਦੁਹਾਗਣ ਦਿਸੇ ਲੋਕਾਈਆ । ਮਾਣ ਰਿਹਾ ਨਾ ਕਿਸੇ ਪੰਡਤ ਦਾ, ਬੁੱਧੀ ਤੋਂ ਪਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੇਰੇ ਉਤੇ ਹੋ ਮਿਹਰਵਾਨ, ਮਿਹਰਵਾਨ ਦਇਆ ਕਮਾਈਆ । ਮੇਰਾ ਚਾਰ ਕੁੰਟ ਝੁਲੇ ਨਿਸ਼ਾਨ, ਨਿਸ਼ਾਨਾ ਜਗਤ ਰਹਿਣ ਕੋਇ ਨਾ ਪਾਈਆ । ਮੈਂ ਟਿੱਲੇ ਪਰਬਤ ਜੰਗਲ ਜੂਹ ਬੀਆ ਬਾਨ, ਸਮੁੰਦ ਸਾਗਰਾਂ ਖੋਜ ਖੁਜਾਈਆ । ਚਾਰ ਜੁਗ ਦੇ ਸ਼ਾਸਤਰਾਂ ਤੱਕਾਂ ਗਿਆਨ, ਵਿਦਿਤ ਹੋ ਕੇ ਵਿਦਿਆ ਵੇਖਾਂ ਥਾਉਂ ਥਾਈਂਆ । ਤੇਰੀ ਕਿਰਪਾ ਨਾਲ ਮੈਂ ਧਰਨੀ ਉਤੇ ਹੋਇਆ ਹੁਕਮਰਾਨ, ਹੁਕਮ ਵਿਚ ਹੁਕਮੀ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਮੇਰਾ ਭਗਵਾਨ, ਭਗਵਨ ਤੇਰੀ ਬੇਪ੍ਰਵਾਹੀਆ । ਸਚ ਸਵਾਮੀ ਅੰਤਰਜਾਮੀ ਧੁਰ ਦੀ ਦਾਤ ਦੇ ਦਾਨ, ਦਇਆਵਾਨ ਦੇਣੀ ਵਰਤਾਈਆ । ਮੇਰਾ ਲੇਖਾ ਪੂਰਾ ਕਰ ਦੇ ਜੋ ਸੀਤਾ ਨੂੰ ਕਹਿ ਕੇ ਗਿਆ ਰਾਮ, ਬਨਵਾਸੀ ਹੁਕਮ ਸੁਣਾਈਆ । ਜੋ ਅਰਜਨ ਸੰਦੇਸ਼ਾ ਦਿਤਾ ਕਾਹਨ, ਘਨਈਆ ਹੋ ਕੇ ਨਈਆ ਕਲਜੁਗ ਵੇਖੀ ਚਾਈਂ ਚਾਈਂਆ । ਜੋ ਪੈਗ਼ੰਬਰਾਂ ਦਿਤਾ ਬਿਆਨ, ਬਿਨ ਰਸਨਾ ਜਿਹਵਾ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਕਲਜੁਗ ਕਹੇ ਮੇਰੇ ਪਰਮੇਸ਼ਵਰ ਮੈਂ ਤੇਰਾ ਧੁਰਦਰਗਾਹੀ ਪੁੱਤਰ, ਮੈਨੂੰ ਜਨਮੇ ਕੋਇ ਨਾ ਮਾਈਆ । ਮੈਂ ਨਿਰਗੁਣ ਧਾਰੋਂ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਮੇਰੀ ਵੱਜੇ ਵਧਾਈਆ । ਮੇਰੀ ਸੁਹੰਜਣੀ ਹੋਵੇ ਰੁਤੜ, ਰੁਤੜੀ ਕੂੜ ਕੁੜਿਆਰ ਨਾਲ ਮਹਿਕਾਈਆ । ਮੈਂ ਚਾਹੁੰਦਾ ਦੀਨ ਦੁਨੀ ਸਾਰੀ ਕਰਾਂ ਛੁੱਟੜ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਮਾਤ ਗਰਭ ਦਾ ਲੇਖਾ ਤੇਰੇ ਨਾਲੋਂ ਸਾਰੇ ਜਾਣ ਮੁੱਕਰ, ਛੁਟਕੀ ਲਿਵ ਨਾ ਕੋਇ ਲਗਾਈਆ । ਕਿਸੇ ਨੂੰ ਚੁੱਕੇ ਕੋਇ ਨਾ ਕੁੱਛੜ, ਸਚਖੰਡ ਦਵਾਰੇ ਸੋਭਾ ਕੋਇ ਨਾ ਪਾਈਆ । ਦੀਨ ਦੁਨੀ ਕਰਾਂ ਭੁੱਖੜ, ਭੁੱਖਿਆਂ ਤ੍ਰਿਸ਼ਨ ਨਾ ਕੋਇ ਮਿਟਾਈਆ । ਮੈਂ ਜਗਤ ਜਹਾਨ ਵੇਖਾਂ ਉਲਟਾ ਰੁੱਖੜ, ਦਸ ਦਸ ਮਾਸ ਅਗਨ

੨੬੩
੨੩

ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਕਲਜੁਗ ਕਹੇ ਪ੍ਰਭੂ ਤੂੰ ਦਾਤਾ ਗਹਿਰ ਗੰਭੀਰ, ਗੁਣਵੰਤ ਇਕ ਅਖਵਾਈਆ । ਤੇਰੀ ਕਿਰਪਾ ਨਾਲ ਮੈਂ ਦੀਨ ਦੁਨੀ ਦੀ ਬਦਲ ਦਿਤੀ ਤਕਦੀਰ, ਤਦਬੀਰ ਸਮਝ ਕੋਇ ਨਾ ਆਈਆ । ਤੇਰੀ ਨਜ਼ਰ ਨਾ ਆਏ ਕਿਸੇ ਤਸਵੀਰ, ਲਾਤਸਵੀਰ ਤੇਰਾ ਨੂਰ ਜ਼ਹੂਰ ਤੱਕੇ ਕੋਇ ਨਾ ਚਾਈਂ ਚਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੇ ਹੁੰਦਿਆਂ ਮੈਂ ਸਭ ਦੇ ਅੰਦਰੋਂ ਬਦਲ ਦਿਤੀ ਜ਼ਮੀਰ, ਜ਼ਿਮੀਂ ਜ਼ਮਾਂ ਦੋਵੇਂ ਵੇਖਣ ਰੋਵਣ ਮਾਰਨ ਧਾਹੀਆ । ਮੇਰੇ ਕੂੜ ਕੁੜਿਆਰ ਦਾ ਖੰਡਾ ਸ਼ਮਸ਼ੀਰ, ਸ਼ਰਅ ਵਿਚ ਚਲਾਵਾਂ ਚਾਈਂ ਚਾਈਂਆ । ਮੇਰਾ ਲੇਖਾ ਤੱਕ ਲੈ ਜੋ ਗੋਬਿੰਦ ਨੇ ਖੰਡੇ ਨਾਲ ਮਾਰੀ ਲਕੀਰ, ਲਾਈਨ ਐਨ ਦਿਤੀ ਵਖਾਈਆ । ਜੋ ਸਚਖੰਡ ਦਵਾਰੇ ਕੂਕ ਕੇ ਕਿਹਾ ਕਬੀਰ, ਦਰੋਹੀ ਤੇਰਾ ਖੇਲ ਬੇਪ੍ਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਬਿਨ ਤੇਰੀ ਕਿਰਪਾ ਸਾਚਾ ਰਹੇ ਕਿਸੇ ਨਾ ਚੀਰ, ਚਿਰੀ ਵਿਛੁੰਨੇ ਮੇਲ ਨਾ ਕੋਇ ਮਿਲਾਈਆ । ਝਗੜਾ ਮੇਟੇ ਨਾ ਕੋਇ ਹਕੀਰ, ਫ਼ਕੀਰ ਫ਼ਿਕਰਾ ਹਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਝਟ ਨਾਰਦ ਆ ਕੇ ਕਹੇ ਕਲਜੁਗਾ ਨਾ ਕਰ ਐਡਾ ਰੌਲਾ, ਕੂਕ ਕੂਕ ਸੁਣਾਈਆ । ਕਮਲਿਆ ਔਹ ਤੱਕ ਅਗੰਮਾ ਮੌਲਾ, ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਸੀਸ ਨਿਵਾਈਆ । ਉਹ ਸਭ ਦਾ ਪੂਰਾ ਕਰੇ ਇਕਰਾਰ ਕੌਲਾ, ਕਵਲ ਨੈਣ ਧੁਰਦਰਗਾਹੀਆ । ਜੋ ਦੇਸ ਦੇਸੰਤਰ ਲੇਖਾ ਪੂਰਾ ਕਰੇ ਧਰਨੀ ਧੌਲਾ, ਧਵਲ ਧਰਮ ਦੀ ਧਾਰ ਲਹਿਣਾ ਰਿਹਾ ਚੁਕਾਈਆ । ਜਿਸ ਖੇਲ ਖਿਲਾਇਆ ਕਾਹਨ ਸਾਂਵਲ ਸਵਲਾ, ਸੋ ਸਵਾਮੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਕਿਹਾ ਨੂਰ ਅਲਾਹੀ ਅਵਲਾ, ਅਵਲ ਅੱਲਾ ਇਕ ਅਖਵਾਈਆ । ਜੋ ਹਰ ਘਟ ਅੰਦਰ ਮਵਲਾ, ਲੱਖ ਚੁਰਾਸੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਆਪ ਖੁਲਾਈਆ । ਨਾਰਦ ਕਹੇ ਕਲਜੁਗ ਤੱਕ ਉਹ ਗੋਬਿੰਦ ਵਾਲੀ ਪਾਤੀ, ਬਿਨਾ ਅੱਖਰਾਂ ਖੋਜ ਖੁਜਾਈਆ । ਜਿਸ ਵਿਚ ਨਾ ਜ਼ਿੰਦਗੀ ਨਾ ਹਯਾਤੀ, ਜੀਵਣ ਮਰਨ ਨਾ ਕੋਇ ਵਡਿਆਈਆ । ਨਾ ਕੋਈ ਅੱਖਰ ਦਿਸੇ ਕਾਗ਼ਜ਼ਾਤੀ, ਕਲਮ ਚਲੇ ਨਾ ਕੋਇ ਚਤੁਰਾਈਆ । ਜਗਤ ਜਹਾਨ ਦਿਸੇ ਨਾ ਕੋਇ ਆਬਾਦੀ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਜਿਸ ਝਗੜਾ ਮਿਟਾਉਣਾ ਤੇਰਾ ਕਲਜੁਗ ਅੰਧੇਰੀ ਰਾਤੀ, ਰੁਤੜੀ ਆਪਣੀ ਇਕ ਮਹਿਕਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਕਮਲਾਪਾਤੀ, ਪਤਿਪਰਮੇਸ਼ਵਰ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਬੇਪ੍ਰਵਾਹੀਆ । ਕਲਜੁਗ ਕਹੇ ਉਠ ਜਾ ਨਾਰਦ ਬ੍ਰਹਿਮਣਾ, ਉਹ ਵੇਖ ਬ੍ਰਹਮਾ ਧਿਆਨ ਲਗਾਈਆ । ਮੇਰਾ ਕਿਸੇ ਨਹੀਂ ਕਰਨਾ ਸਾਹਮਣਾ, ਵਿਸ਼ਨੂੰ ਵੇਖੇ ਚਾਈਂ ਚਾਈਂਆ । ਮੈਂ ਸ਼ੰਕਰ ਫੜਾਉਣਾ ਸਭ ਦਾ ਦਾਮਨਾ, ਜਿਸ ਨੂੰ ਸੰਘਾਰੀ ਕਹੇ ਲੋਕਾਈਆ । ਸ੍ਰੀ ਭਗਵਾਨ ਬਣਾਉਣਾ ਜ਼ਾਮਨਾ, ਮੇਰਾ ਅੰਤਸ਼ਕਰਨ ਦਏ ਗਵਾਹੀਆ । ਮੈਂ ਕਲਜੁਗ ਜੀਵਾਂ ਪਵਿਤ੍ਰ ਰਹਿਣ ਨਹੀਂ ਦੇਣੀ ਭਾਵਨਾ, ਭਾਵੀ ਸਭ ਦੇ ਸਿਰ ਦੇ ਉਤੇ ਦੇਣੀ ਵਖਾਈਆ । ਮੇਰਾ ਖੇਲ ਬੇਪ੍ਰਵਾਹ ਜੋ ਲੇਖਾ ਰਾਮ ਰਾਵਣਾ, ਰਾਮ ਰਾਮਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਕਲਜੁਗ ਆਹ ਵੇਖ ਲੇਖ ਅਪਾਰਾ, ਅਪਰੰਪਰ ਰਿਹਾ ਜਣਾਈਆ । ਜਿਸ

ਵਿਚ ਤੇਰਾ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਆ । ਲਹਿਣਾ ਪੂਰਾ ਹੋਵੇ ਤੇਈ ਅਵਤਾਰਾ, ਅਵਤਰ ਆਪਣਾ ਹੁਕਮ ਵਰਤਾਈਆ । ਪੈਗ਼ੰਬਰਾਂ ਦੇਵੇ ਇਸ਼ਾਰਾ, ਸੈਨਤ ਅਗੰਮ ਅਗੰਮ ਲਗਾਈਆ । ਗੁਰੂਆਂ ਦੱਸੇ ਨਜ਼ਾਰਾ, ਬੇਨਜ਼ੀਰ ਭੇਵ ਖੁਲਾਈਆ । ਚਾਰੋਂ ਕੁੰਟ ਹਾਹਾਕਾਰਾ, ਹੌਕਿਆਂ ਭਰੀ ਲੋਕਾਈਆ । ਨੇਤਰ ਰੋਵੇ ਜ਼ਿਮੀਂ ਅਸਮਾਨ ਚੰਦ ਸਿਤਾਰਾ, ਸੂਰੀਆ ਕੂਕ ਕੂਕ ਸੁਣਾਈਆ । ਤੇਰਾ ਲਹਿਣਾ ਦੇਣਾ ਲੇਖਾ ਪੂਰਾ ਕਰੇ ਕਲ ਕਲਕੀ ਚਵ੍ਹੀਆਂ ਅਵਤਾਰਾ, ਚੌਬੀਸਾ ਜਗਦੀਸਾ ਆਪਣਾ ਹੁਕਮ ਵਰਤਾਈਆ । ਅਮਾਮ ਅਮਾਮਾ ਹੋਏ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਲੇਖਾ ਸੰਗ ਮੁਹੰਮਦ ਚਾਰ ਯਾਰਾਂ, ਸਦੀ ਚੌਧਵੀਂ ਲਹਿਣਾ ਝੋਲੀ ਪਾਈਆ । ਓਹ ਜੋਤ ਸਰੂਪੀ ਜੋਤ ਉਜਿਆਰਾ, ਸ਼ਬਦੀ ਸ਼ਬਦ ਸ਼ਬਦ ਦੀ ਧਾਰਾ, ਲੋਕਮਾਤ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਓਹਦੀ ਸਿਫ਼ਤ ਵਡਿਆਈ ਕਾਗਤ ਕਲਮ ਸ਼ਾਹੀ ਕੀ ਲਿਖੇ ਵਿਚ ਸੰਸਾਰਾ, ਜੋ ਨਿਰਅੱਖਰ ਧਾਰ ਨਿਰਵੈਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਨਾਰਦ ਬੇਸ਼ਕ ਮੇਰਾ ਮਾਲਕ ਬੇਐਬ, ਨੂਰ ਨੁਰਾਨਾ ਇਕ ਅਖਵਾਈਆ । ਮੈਂ ਉਸੇ ਦੇ ਮਤਹਿਤ, ਸਿਰ ਸਰ ਦੋਵੇਂ ਰਿਹਾ ਝੁਕਾਈਆ । ਮੈਨੂੰ ਉਸੇ ਨੇ ਕੀਤੀ ਹਦਾਇਤ, ਹਜ਼ਰਤਾਂ ਤੋਂ ਬਾਹਰ ਕਰੀ ਪੜ੍ਹਾਈਆ । ਇਕੋ ਕੂੜ ਕਿਰਿਆ ਦੀ ਬਖ਼ਸ਼ਿਸ਼ ਕੀਤੀ ਅਨਾਇਤ, ਅਗੰਮ ਅਥਾਹ ਮੇਰੀ ਝੋਲੀ ਦਿਤੀ ਭਰਾਈਆ । ਮਾਇਆ ਮਮਤਾ ਨਾਲ ਮੇਰੀ ਕੀਤੀ ਹਮਾਇਤ, ਮੋਹ ਵਿਕਾਰ ਸਾਜਣ ਦਿਤੇ ਨਾਲ ਰਲਾਈਆ । ਮੈਂ ਸਤਿ ਧਰਮ ਵਿਚ ਕਿਸੇ ਨੂੰ ਰਹਿਣ ਨਹੀਂ ਦਿਤਾ ਲਾਇਕ, ਅਕਲ ਬੁਧੀ ਦਾ ਲੇਖਾ ਦਿਤਾ ਮੁਕਾਈਆ । ਮਨ ਮਨੂਆਂ ਕਰ ਨਾਇਕ, ਕਾਇਆ ਮੰਦਰ ਅੰਦਰ ਦਿਤਾ ਨਚਾਈਆ । ਮੈਂ ਖੇਲ ਕੀਤਾ ਜਾਇਜ਼, ਨਾਜਾਇਜ਼ ਸੇਵ ਨਾ ਕੋਇ ਕਮਾਈਆ । ਮੇਰਾ ਸਾਹਿਬ ਮੇਰਾ ਮਨਜ਼ੂਰ ਕਰੇ ਫ਼ਰਾਇਜ਼, ਮੈਂ ਫ਼ਰਮਾਬਰਦਾਰ ਹੋ ਕੇ ਸੀਸ ਨਿਵਾਈਆ । ਮੈਨੂੰ ਸਭ ਕੁਛ ਦਿਸਦਾ ਜਿਸ ਬਿਧ ਪੂਰਾ ਹੋਣਾ ਅਹਿਦ, ਅਹਿਦਨਾਮਾ ਧੁਰ ਦਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵਡਾ ਵਡ ਵਡਿਆਈਆ । ਨਾਰਦ ਕਹੇ ਕਲਜੁਗ ਜ਼ਰਾ ਵੇਖ ਲੈ ਆਪਣੀ ਸ਼ਰਅ, ਸ਼ਰੀਅਤ ਨਾਲ ਮਿਲਾਈਆ । ਨਿਗਾਹ ਮਾਰ ਲੈ ਜ਼ਰਾ, ਜ਼ੱਰੇ ਜ਼ੱਰੇ ਵਿਚ ਵਸੇ ਬੇਪ੍ਰਵਾਹੀਆ । ਜਿਸ ਦਾ ਹੁਕਮ ਸੰਦੇਸਾ ਖਰਾ, ਖਰੇ ਖੋਟੇ ਪਰਖੇ ਜਗਤ ਲੋਕਾਈਆ । ਜੋ ਨਿਰਭੈ ਭੈ ਵਿਚ ਕਦੇ ਨਾ ਡਰਾ, ਭਾਉ ਵਿਚ ਸਭ ਨੂੰ ਰਿਹਾ ਰਖਾਈਆ । ਉਸ ਦਾ ਦੀਨਾਂ ਮਜ਼੍ਹਬਾਂ ਵਾਲਾ ਨਹੀਂ ਕੋਈ ਧੜਾ, ਦੋ ਜਹਾਨਾਂ ਇਕੋ ਨਜ਼ਰੀ ਆਈਆ । ਸਚਖੰਡ ਨਿਵਾਸੀ ਜੋਤੀ ਜਾਤਾ ਪੁਰਖ ਬਿਧਾਤਾ ਵੇਖ ਖੜਾ, ਸਨਮੁਖ ਸੋਭਾਵੰਤ ਨਜ਼ਰੀ ਆਈਆ । ਜੋ ਲੇਖਾ ਜਾਣੇ ਚੋਟੀ ਜੜਾ, ਚੇਤਨ ਭੇਵ ਰਹੇ ਨਾ ਰਾਈਆ । ਨਾ ਉਹ ਜੀਵਤ ਨਾ ਉਹ ਮਰਾ, ਮਰਨ ਜੰਮਣ ਖੇਲ ਨਾ ਕੋਇ ਖਿਲਾਈਆ । ਉਹ ਨਰ ਨਿਰੰਕਾਰ ਨਿਰਵੈਰ ਪਰਵਰਦਿਗਾਰ ਹਰਾ, ਜੋ ਹਰ ਘਟ ਰਿਹਾ ਸਮਾਈਆ । ਉਸ ਦਾ ਇਕੋ ਹੁਕਮ ਫ਼ਰਮਾਨ ਦੋ ਜਹਾਨ ਬੜਾ, ਧਰਨੀ ਧਰਤ ਧਵਲ ਧੌਲ ਦਿਵਸ ਰੈਣ ਭੱਜੇ ਵਾਹੋ ਦਾਹੀਆ । ਕਲਜੁਗਾ ਮੈਂ ਉਹ ਨਿਰਅੱਖਰ ਗੋਬਿੰਦ ਦੀ ਕਿਰਪਾ ਨਾਲ ਪੜ੍ਹਾ, ਜੋ ਖੰਡੇ ਦੀ ਨੋਕ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਕਲਜੁਗ ਗੋਬਿੰਦ ਖੰਡੇ ਦੀ ਹਿਲਾਈ ਨੋਕ, ਬਣਤ ਅਗੰਮ ਦਿਤੀ ਬਣਾਈਆ । ਜਿਸ ਵਿਚ ਉਲੀਕੇ

੨੬੫
੨੩

ਚੌਦਾਂ ਲੋਕ, ਚੌਦਾਂ ਤਬਕ ਉਸੇ ਵਿਚ ਸਮਾਈਆ । ਫੇਰ ਸੁਣਿਆ ਨਾਮ ਸਲੋਕ, ਢੋਲਾ ਬੇਪ੍ਰਵਾਹੀਆ । ਪੁਰਖ ਅਕਾਲ ਦਾ ਹੁਕਮ ਸਕੇ ਕੋਈ ਨਾ ਰੋਕ, ਨਾ ਕੋਈ ਰੋਕੇ ਰੋਕ ਰੁਕਾਈਆ । ਜਿਸ ਕਲਜੁਗ ਕੂੜੀ ਕਿਰਿਆ ਕੂੜ ਭਠਿਆਲੇ ਦੇਣੀ ਝੋਕ, ਜਗਤ ਵਿਕਾਰ ਦੇਣਾ ਮਿਟਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਨਿਰਅੱਖਰ ਧਾਰ ਦੱਸਣੀ ਗੋਤ, ਗੌਤਮ ਬੁੱਧ ਦੀ ਮਨਸਾ ਪੂਰ ਕਰਾਈਆ । ਜਿਸ ਸਾਹਿਬ ਦਾ ਭੇਵ ਪਾ ਸਕੇ ਨਾ ਕੋਟੀ ਕੋਟ, ਕੋਟਨ ਕੋਟ ਗਏ ਧਿਆਨ ਲਗਾਈਆ । ਉਸ ਦਾ ਪ੍ਰਕਾਸ਼ ਅੰਤਮ ਇਕੋ ਨਿਰਮਲ ਜੋਤ, ਜੋਤੀ ਜਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਨਾਰਦ ਮੈਨੂੰ ਉਸੇ ਦੀ ਕਸਮ, ਸੁਗੰਦ ਖਾ ਕੇ ਦਿਆਂ ਜਣਾਈਆ । ਉਹ ਮਾਲਕ ਦੀਨ ਦੁਨੀ ਦਾ ਖ਼ਸਮ, ਖ਼ਸਮਾਨਾ ਇਕ ਅਖਵਾਈਆ । ਮੈਂ ਉਸ ਦਾ ਨੂਰ ਤੱਕਾਂ ਚਸ਼ਮ, ਚਸ਼ਮੇ ਦੀਦ ਖ਼ੁਸ਼ੀ ਮਨਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਰਸਮ, ਰਿਵਾਜ ਦੀਨ ਦੁਨੀ ਸਮਝਾਈਆ । ਜਿਸ ਦਾ ਵਜੂਦ ਤਨ ਨਹੀਂ ਕੋਈ ਜਿਸਮ, ਜ਼ਮੀਰ ਨਜ਼ਰ ਕੋਇ ਨਾ ਆਈਆ । ਉਹ ਇਕੋ ਆਦਿ ਜੁਗਾਦਿ ਇਕੋ ਇਸ਼ਟ ਤੇ ਇਕੋ ਇਸਮ, ਇਸਮ ਆਜ਼ਮ ਇਕ ਅਖਵਾਈਆ । ਉਸ ਦਾ ਧਰਮ ਦੀ ਧਾਰ ਵਿਚ ਸੰਸਾਰ ਆਤਮ ਪਰਮਾਤਮ ਸਤਿ ਸਚ ਦਾ ਮਿਸ਼ਨ, ਦੂਸਰ ਰਾਹ ਨਾ ਕੋਇ ਵਖਾਈਆ । ਜਿਸ ਦੀ ਸ਼ਹਾਦਤ ਦੇਵੇ ਰਾਮ ਕ੍ਰਿਸ਼ਨ, ਤ੍ਰੈਲੋਕੀ ਨਾਥ ਨਾਥ ਅਖਵਾਈਆ । ਜਿਸ ਦਾ ਸੰਦੇਸ਼ਾ ਦਿਤਾ ਬ੍ਰਹਮਾ ਸ਼ਿਵ ਵਿਸ਼ਨ, ਵਿਸ਼ਵ ਦੀ ਧਾਰ ਦ੍ਰਿੜਾਈਆ । ਉਹ ਲੇਖਾ ਅੰਤਮ ਆਵੇ ਜਗਤ ਨਜਿੱਠਣ, ਨਿਰਗੁਣ ਆਪਣੀ ਦਇਆ ਕਮਾਈਆ । ਜਿਸ ਦੇ ਪਿਆਰ ਨਾਮ ਨਾਲ ਮਨੂਏ ਸਾਰੇ ਟਿਕਣ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਉਹ ਕੂੜੀ ਕਿਰਿਆ ਜਗਤ ਕਲਪਣਾ ਆਵੇ ਜਿੱਤਣ, ਮਨਸਾ ਮਨਸਾ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਦਇਆ ਨਿਧ ਠਾਕਰ ਸਵਾਮੀ ਸਭ ਦਾ ਇਕੋ ਦਿਸੇ ਪਿਤਣ, ਪਿਤਾ ਪੁਰਖ ਅਕਾਲ ਨਜ਼ਰੀ ਆਈਆ ।

## ✪ ੬ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਹੋਨਜ਼ਲੋਹ ਮਿਡੈਕਸ ੭੦ ਵੇਅ ਅਵਨੀਉ ਕੈਰਨ ਫ਼ੋਰਡ ਚੰਨਣ ਸਿੰਘ ਦੇ ਗ੍ਰਿਹਿ ਮਕਾਨ ਦੀ ਨੀਂਹ ਰਖਣ ਸਮੇਂ ✪

ਧਰਨੀ ਕਹੇ ਅੱਜ ਦਿਵਸ ਦਿਹਾੜਾ ਚੰਗਾ, ਪ੍ਰਭ ਚੰਗੀ ਦਏ ਵਡਿਆਈਆ । ਹਰਿ ਸੰਗਤ ਪਿਆਰ ਧਰਮ ਦੀ ਧਾਰ ਗੰਗਾ, ਨੀਰ ਅੰਮ੍ਰਿਤ ਰਸ ਵਹਾਈਆ । ਜਿਸ ਦਾ ਲੇਖਾ ਭਗਤਾਂ ਸੰਦਾ, ਕਬੀਰ ਜੁਲਾਹਾ ਦਏ ਗਵਾਹੀਆ । ਸਚ ਦਵਾਰਾ ਸੁਹੰਜਣਾ ਹੋਵੇ ਜਿਥੇ ਗੁਰਮੁਖਾਂ ਆਇਆ ਅਨੰਦਾ, ਅਨੰਦਪੁਰ ਵਾਲਾ ਗੋਬਿੰਦ ਮਿਲੇ ਮਾਲਕ ਧੁਰ ਦਾ ਮਾਹੀਆ । ਚੰਨਣ ਸਿੰਘ ਦਾ ਪ੍ਰਕਾਸ਼ ਜਿਉਂ ਨੂਰੀ ਚੰਦ ਦਾ ਚੰਦਾ, ਚੰਦ ਚਾਂਦਨੀ ਵੇਖ ਖ਼ੁਸ਼ੀ ਬਣਾਈਆ । ਬਖ਼ਸ਼ਣਹਾਰ ਦੀਨ ਦਿਆਲ ਪੁਰਖ ਅਕਾਲ ਸਰਬ ਬਖ਼ਸ਼ੰਦਾ, ਦੇਵਣਹਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰੇ ਉਤੇ ਲੱਗਾ ਪ੍ਰੇਮ ਦਾ ਟੱਪ, ਟਾਪੂਆਂ ਤੋਂ ਬਾਹਰ ਮਿਲੀ ਵਡਿਆਈਆ ।

ਮੇਰੇ ਅੰਦਰ ਉਪਜਿਆ ਸਤਿ, ਸਤਿ ਦੀ ਵੱਜੀ ਵਧਾਈਆ । ਮੇਰੀ ਖ਼ੁਸ਼ੀ ਵਿਚ ਉਬਲੀ ਰੱਤ, ਰਤਨ ਅਮੋਲਕ ਗੁਰਮੁਖ ਵੇਖੇ ਚਾਈਂ ਚਾਈਆ । ਸਾਰਿਆਂ ਦੇ ਅੰਦਰ ਪਿਆਰ ਪ੍ਰੇਮ ਦੀ ਬ੍ਰਹਮ ਮਤ, ਆਤਮ ਪਰਮਾਤਮ ਵਿਚ ਸਮਾਈਆ । ਮੈਂ ਪੁਰਖ ਅਕਾਲ ਅਗੇ ਜੋੜਾਂ ਹੱਥ, ਹਥੇਲੀ ਬਿਨਾ ਹੱਥ ਉਠਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਸਰਬ ਕਲਾ ਸਮਰਥ, ਤੇਰੀ ਵਡ ਵਡਿਆਈਆ । ਜੋ ਦਵਾਰਾ ਪ੍ਰਗਟ ਹੋਵੇ ਉਹ ਤੇਰੇ ਗੁਰਮੁਖਾਂ ਦਾ ਕਦੇ ਨਾ ਜਾਵੇ ਢੱਠ, ਲੰਡਨ ਵਿਚ ਵਜਦੀ ਰਹੇ ਵਧਾਈਆ । ਜਿਸ ਕਾਰਨ ਹਰਿਜਨ ਹਰਿ ਪਿਆਰਿਆਂ ਦਾ ਹੋਇਆ ਇਕੱਠ, ਇਕੱਤਰਤਾ ਵਿਚ ਲੇਖਾ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਚੰਨਣ ਸਿੰਘ ਪ੍ਰੇਮ ਪਿਆਰ ਦਾ ਮੀਤਾ, ਮਿਤਰ ਮਿਤਰਾਂ ਨਾਲ ਮੇਲ ਮਿਲਾਈਆ । ਜਿਸ ਦਾ ਅੰਤਰ ਅੰਤਸ਼ਕਰਨ ਠਾਂਡਾ ਸੀਤਾ, ਅਗਨੀ ਤਤ ਨਾ ਲਾਗੇ ਰਾਈਆ । ਮਾਨਸ ਜਨਮ ਜਾਏ ਜਗ ਜੀਤਾ, ਚੁਰਾਸੀ ਵੰਡ ਰਹੇ ਨਾ ਰਾਈਆ । ਸਭ ਤੋਂ ਉੱਤਮ ਸ੍ਰੇਸ਼ਟ ਧਰਨੀ ਕਹੇ ਮੈਨੂੰ ਅੰਮ੍ਰਿਤ ਰਸ ਮਿਲੇ ਉਹ ਮੀਠਾ, ਜੋ ਅੰਮਿਉਂ ਰਸ ਜਗਤ ਜਹਾਨ ਤੋਂ ਬਾਹਰ ਨਜ਼ਰੀ ਆਈਆ । ਮੇਰਾ ਖੇਲ ਹੋਵੇ ਅਨਡੀਠਾ, ਅਨਡਿੱਠੜੀ ਕਾਰ ਪਰਮ ਪੁਰਖ ਦਏ ਭੁਗਤਾਈਆ । ਜਿਸ ਧਰਨੀ ਉਤੇ ਗੋਬਿੰਦ ਦਾ ਤਪਿਆ ਅੰਗੀਠਾ, ਉਹ ਧਰਨੀ ਗੁਰਮੁਖਾਂ ਦਾ ਗ੍ਰਿਹ ਬਣਾ ਕੇ ਆਪਣੀ ਖ਼ੁਸ਼ੀ ਬਣਾਈਆ । ਜੋ ਹਰ ਘਟ ਹਰ ਗ੍ਰਿਹ ਹਰ ਤਨ ਵਜੂਦ ਵਸੇ ਚੀਤਾ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਚੜ੍ਹਾਈਆ । ਧਰਨੀ ਕਹੇ ਮੇਰੀ ਮਿੱਟੀ ਖ਼ਾਕ, ਖ਼ਾਕ ਖ਼ਾਕ ਨਜ਼ਰੀ ਆਈਆ । ਮੈਂ ਗੁਰਮੁਖ ਦਾ ਖੋਲਣ ਲੱਗੀ ਤਾਕ, ਜਿਸ ਦਾ ਮਾਲਕ ਇਕੋ ਬੇਪ੍ਰਵਾਹੀਆ । ਜਿਸ ਦਾ ਸੱਜਣਾ ਮਿਤਰਾਂ ਗੁਰਸਿਖਾਂ ਨਾਲ ਸਾਕ, ਨਾਤਾ ਧੁਰ ਦਾ ਆਤਮ ਪਰਮਾਤਮ ਬੰਧਾਈਆ । ਮੇਰੀ ਦੋਵੇਂ ਜੋੜ ਕੇ ਪੁਰਖ ਅਕਾਲ ਅਗੇ ਬੇਨੰਤੀ ਹਾਥ, ਬਿਨਾ ਹਥੇਲੀ ਰਹੀ ਵਖਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਦੀਨ ਦਿਆਲ ਤੂੰ ਸਦਾ ਸਦਾ ਸਦਾ ਦੇਣਾ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਤੇਰੀ ਸਰਨਾਈਆ । ਧਰਨੀ ਕਹੇ ਮੇਰੀ ਆਸਾ ਪੂਰੀ ਹੋਵੇ ਮਨਸਾ, ਖ਼ਾਹਿਸ਼ ਸਚ ਸਚ ਦਿਆਂ ਜਣਾਈਆ । ਜੋ ਗੁਰਮੁਖ ਰੂਪ ਹੰਸਾ, ਹੰਸ ਗੁਰਮੁਖ ਨਜ਼ਰੀ ਆਈਆ । ਜਿਸ ਦਾ ਪ੍ਰਵਾਰ ਸਦਾ ਖ਼ੁਸ਼ੀਆਂ ਵਿਚ ਵਸੇ ਏਥੇ ਬੰਸਾ, ਬੰਸਾਵਲੀ ਅਗੇ ਚਲੇ ਚਾਈਂ ਚਾਈਆ । ਮਿਲੇ ਪਰਮ ਪੁਰਖ ਪਰਮਾਤਮ ਸਚ ਦਾ ਮਾਲਕ ਆਤਮਾ ਦੀ ਧਾਰ ਵਿਚ ਕੰਤਾ, ਕੰਤ ਕੰਤੂਹਲ ਇਕੋ ਨਜ਼ਰੀ ਆਈਆ । ਇਹ ਫੁਲਵਾੜੀ ਇਹ ਰੁਤ ਮਹਿਕੀ ਰਹੇ ਸਦਾ ਬਸੰਤਾ, ਬਸੰਤ ਰੁਤ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਖ਼ਲਕ ਦਾ ਖ਼ਾਲਕ ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਗੁਰਮੁਖ ਦਵਾਰਾ ਜਗਤ ਦਏ ਬਣਾਈਆ ।

✪ ੭ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਬਿਰਮਿੰਗਮ ਮੁਸਲੀ ੨੩ ਏ ਬੇਲੀ ਵਾਕ ਮਾਈ ਈਸ਼ਰ ਕੌਰ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਜਾਣੇ ਹਰ ਘਟ ਅੰਦਰ, ਅੰਤਸ਼ਕਰਨ ਵੇਖੇ ਚਾਈਂ ਚਾਈਆ । ਕਰ ਕਿਰਪਾ ਭਾਗ ਲਗਾਏ ਕਾਇਆ ਮੰਦਰ, ਜਨ ਭਗਤਾਂ ਦਏ ਮਾਤ ਵਡਿਆਈਆ । ਕਰ ਪ੍ਰਕਾਸ਼ ਅੰਧੇਰੇ ਡੂੰਘੀ ਕੰਦਰ, ਅੰਧ ਅੰਧੇਰਾ ਦਏ ਚੁਕਾਈਆ । ਬਜਰ ਕਪਾਟੀ ਤੋੜ ਕੇ ਜੰਦਰ, ਨੌਂ ਦਵਾਰੇ ਲੇਖਾ ਦਏ ਮੁਕਾਈਆ । ਮਨੂਆ ਦਹਿ ਦਿਸ਼ਾ ਉਠ ਨਾ ਧਾਏ ਬੰਦਰ, ਡੋਰੀ ਨਾਮ ਨਾਲ ਬੰਧਾਈਆ । ਦੂਈ ਦਵੈਤੀ ਢਾਹ ਕੇ ਕੰਧਨ, ਪਰਦਾ ਅੰਦਰੋਂ ਦਏ ਚੁਕਾਈਆ । ਸ਼ਬਦ ਅਨਾਦੀ ਧੁਨ ਦੇਵੇ ਅਨੰਦਨ, ਅਨੰਦ ਅਨੰਦ ਵਿਚੋਂ ਵਖਾਈਆ । ਦੀਪਕ ਜੋਤ ਪ੍ਰਕਾਸ਼ ਕਰੇ ਸਾਹਿਬ ਸ੍ਰੀ ਭਗਵਾਨ ਬਖ਼ਸ਼ੰਦਨ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ । ਆਵਣ ਜਾਵਣ ਲੱਖ ਚੁਰਾਸੀ ਤੋੜ ਕੇ ਬੰਧਨ, ਬੰਦਾ ਬੰਦਗੀ ਵਿਚ ਆਪਣੇ ਰੰਗ ਰੰਗਾਈਆ । ਝਗੜਾ ਮੁਕਾਏ ਪੁਰੀ ਲੋਅ ਆਕਾਸ਼ ਪਾਤਾਲ ਬ੍ਰਹਿਮੰਡ ਖੰਡਣ, ਬ੍ਰਹਿਮਾਂਡ ਦਾ ਲੇਖਾ ਦਏ ਚੁਕਾਈਆ । ਨਾਤਾ ਰਹੇ ਨਾ ਉਤਭੁਜ ਸੇਤਜ ਜੇਰਜ ਅੰਡਨ, ਆਤਮ ਪਰਮਾਤਮ ਪਰਮਾਤਮ ਆਤਮ ਏਕਾ ਨੂਰ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦਨ, ਸਹਿੰਸਾ ਕੂੜ ਦਏ ਚੁਕਾਈਆ । ਪਾਰਬ੍ਰਹਮ ਬ੍ਰਹਮ ਪਾਏ ਆਪਣੀ ਗੰਢਣ, ਨਾਤਾ ਸਕੇ ਨਾ ਕੋਇ ਤੁੜਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਵਸਤ ਅਗੰਮੀ ਆਏ ਵੰਡਣ, ਦੇਵਣਹਾਰ ਆਪਣੀ ਦਇਆ ਕਮਾਈਆ । ਜਿਨ੍ਹਾਂ ਗੁਰਮੁਖਾਂ ਧੂੜੀ ਮਸਤਕ ਲਗਾਏ ਧੁਰ ਦਾ ਚੰਦਨ, ਦੁਰਮਤ ਮੈਲ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਚ ਮੇਲਾ ਕਰੇ ਸ੍ਰੀ ਭਗਵੰਤ,

ਭਗਵਨ ਆਪਣੀ ਦਇਆ ਕਮਾਈਆ । ਜਨ ਭਗਤਾਂ ਅੰਤਰ ਨਿਰੰਤਰ ਦੇ ਕੇ ਨਾਮ ਮੰਤ, ਮੰਤਵ ਆਪਣਾ ਦਏ ਸਮਝਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਦ੍ਰਿੜਾਈਆ । ਬੁੱਧੀ ਤੋਂ ਪਰੇ ਅਨੁਭਵ ਦ੍ਰਿਸ਼ਟੀ ਦਾ ਬਣ ਕੇ ਪੰਡਤ, ਨਿਰਅੱਖਰ ਦਏ ਜਣਾਈਆ । ਮੇਲ ਮਿਲਾਵਾ ਕਰਕੇ ਧੁਰ ਦੇ ਕੰਤ, ਕੰਤ ਕੰਤੂਹਲ ਇਕੋ ਨਜ਼ਰੀ ਆਈਆ । ਗੁਰਮੁਖਾਂ ਸਦਾ ਸੁਹੰਜਣੀ ਰੁਤ ਕਰੇ ਬਸੰਤ, ਪੱਤ ਟਹਿਣੀ ਫੁੱਲ ਕਾਇਆ ਤਤ ਆਪ ਮਹਿਕਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਹਉਮੇ ਰੋਗ ਰਹੇ ਨਾ ਚਿੰਤ, ਚਿਖਾ ਕੂੜ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਸਦਾ ਦਿਆਲਾ, ਦੀਨ ਦਿਆਲ ਇਕ ਅਖਵਾਈਆ । ਜੁਗ ਜੁਗ ਜਨ ਭਗਤਾਂ ਹੋਏ ਰਖਵਾਲਾ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਹਰਿਜਨ ਵੇਖੇ ਧਰਮ ਧਾਰ ਦੇ ਲਾਲਾ, ਪਾਰਬ੍ਰਹਮ ਪ੍ਰਭ ਪਰਦਾ ਆਪ ਚੁਕਾਈਆ । ਮੰਦਰ ਸੁਹਾਏ ਕਾਇਆ ਅੰਦਰ ਸੱਚੀ ਧਰਮਸਾਲਾ, ਸਚ ਦਵਾਰਾ ਇਕ ਵਖਾਈਆ । ਜਿਥੇ ਪੋਹ ਨਾ ਸਕੇ ਕਾਲਾ, ਮਹਾਕਾਲ ਵੇਖੇ ਚਾਈਂ ਚਾਈਆ । ਚਿਤ੍ਰਗੁਪਤ ਅੰਤ ਨਾ ਕਢੇ ਦਵਾਲਾ, ਰਾਏ ਧਰਮ ਨਾ ਦਏ ਸਜ਼ਾਈਆ । ਜਿਧਰ ਤੱਕਣ ਹਰਿਜਨ ਅੰਤਰ ਨਿਰੰਤਰ ਨਜ਼ਰੀ ਆਏ ਪੁਰਖ ਅਕਾਲਾ, ਅਕਲ ਕਲਧਾਰੀ ਆਪਣਾ ਰੂਪ ਦਰਸਾਈਆ । ਮਨ ਕਾ ਮਣਕਾ ਫਿਰੇ ਅਗੰਮੀ ਮਾਲਾ, ਜਗਤ ਤਸਬੀ ਲੋੜ ਰਹੇ ਨਾ ਰਾਈਆ । ਤੋੜਨਹਾਰਾ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਫਲ ਲਗਾਏ ਕਾਇਆ ਡਾਲਾ, ਸਾਢੇ ਤਿੰਨ ਹੱਥ ਬੂਟਾ ਧਰਮ ਇਕ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਰੰਗ ਆਪ ਰੰਗਾਈਆ । ਰੰਗ ਕਹੇ ਮੈਂ ਜਨ ਭਗਤਾਂ ਚੜ੍ਹਦਾ, ਜੁਗ ਜੁਗ ਪੁਰਖ ਅਕਾਲ ਦਏ ਵਡਿਆਈਆ । ਮੈਂ ਨਿਰਗੁਣ ਧਾਰ ਹੋ ਕੇ ਅੰਦਰ ਵੜਦਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਸਚ ਸਵਾਮੀ ਦਾ ਇਕੋ ਢੋਲਾ ਪੜ੍ਹਦਾ, ਅੰਤਰਜਾਮੀ ਵੇਖਾਂ ਚਾਈਂ ਚਾਈਆ । ਮੈਂ ਖੇਲ ਤੱਕਣਾ ਨਰਾਇਣ ਨਰ ਦਾ, ਜੋ ਦੋ ਜਹਾਨਾਂ ਨੂਰ ਅਲਾਹੀਆ । ਜੋ ਮਾਲਕ ਲੱਖ ਚੁਰਾਸੀ ਘਰ ਦਾ, ਘਰ ਘਰ ਬੈਠਾ ਡੇਰਾ ਲਾਈਆ । ਨਾ ਜਨਮੇ ਨਾ ਕਦੇ ਮਰਦਾ, ਆਦਿ ਜੁਗਾਦੀ ਇਕ ਅਖਵਾਈਆ । ਜਿਸ ਦੇ ਭੈ ਵਿਚ ਦੋ ਜਹਾਨ ਡਰਦਾ, ਅਵਤਾਰ ਪੈਗ਼ੰਬਰ ਗੁਰ ਬੈਠਣ ਸੀਸ ਨਿਵਾਈਆ । ਸੋ ਕਲਜੁਗ ਅੰਤਮ ਖੇਲ ਵੇਖੇ ਕਲ ਕਾਤੀ ਕਲ ਦਾ, ਕਾਇਨਾਤ ਦਾ ਪਰਦਾ ਦਏ ਉਠਾਈਆ । ਜਿਸ ਦਾ ਇਕੋ ਦੀਪਕ ਦੋ ਜਹਾਨ ਚਰਾਗ਼ ਬਲਦਾ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਜੋ ਮਾਲਕ ਖ਼ਾਲਕ ਮਹੀਅਲ ਜਲ ਥਲ ਦਾ, ਅਸਗਾਹਾਂ ਵੇਖੇ ਚਾਈਂ ਚਾਈਆ । ਜੋ ਵਾਸੀ ਨਿਹਚਲ ਧਾਮ ਅਟੱਲ ਦਾ, ਸਚਖੰਡ ਦਵਾਰੇ ਏਕੰਕਾਰ ਬੈਠਾ ਸੋਭਾ ਪਾਈਆ । ਸੋ ਸੱਜਣ ਸੁਹੇਲਾ ਠਾਂਡਾ ਸੀਤਾ ਧੁਰ ਦਾ ਮੀਤਾ ਸਚ ਦਵਾਰਾ ਇਕੋ ਮੱਲਦਾ, ਹਰਿਜਨ ਅੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਦਇਆ ਕਰੇ ਮੇਰਾ ਸਾਹਿਬ ਦਇਆਵਾਨ, ਦਇਆਨਿਧ ਅਖਵਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਲਾਗਣ ਪਾਈਆ । ਓਹ ਲਹਿਣਾ ਦੇਣਾ ਜਾਣੇ ਕੁੱਲ ਜਹਾਨ, ਕੁਲ ਮਾਲਕ ਇਕ ਅਖਵਾਈਆ । ਜੋ ਆਤਮ ਪਰਮਾਤਮ ਦਾ ਸੱਚਾ ਕਾਹਨ, ਪੁਰਖ ਅਕਾਲਾ ਇਕੋ ਨੂਰ ਅਲਾਹੀਆ । ਚੁਰਾਸੀ ਵਿਚੋਂ ਹਰਿਜਨ ਭਗਤ ਸੁਹੇਲੇ ਲਏ ਪਹਿਚਾਨ, ਬੇਪਹਿਚਾਨ ਆਪਣਾ ਮੇਲ ਮਿਲਾਈਆ । ਨਾਮ ਭਗਤੀ ਆਤਮ ਸ਼ਕਤੀ ਦੇਵੇ ਦਾਨ, ਸ਼ਰਅ ਸ਼ਰੀਅਤ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪ੍ਰਵਾਹੀਆ । ਸਚ ਕਹੇ ਮੇਰਾ ਮਾਲਕ ਸਵਾਮੀ, ਸਾਹਿਬ ਸਤਿਗੁਰ ਇਕ ਅਖਵਾਈਆ । ਜੋ ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖੇ ਬੇਪ੍ਰਵਾਹੀਆ । ਚਾਰ ਜੁਗ ਦੇ ਸ਼ਾਸਤਰ ਜਿਸ ਦੀ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਉਹ ਵਸੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੋਭਾਵੰਤ ਆਪ ਸੁਹਾਈਆ । ਜਿਸ ਦਾ ਅੰਮ੍ਰਿਤ ਰਸ ਨਿਝਰ ਝਿਰਨੇ ਅਮਿਉਂ ਰਸ ਪਾਣੀ, ਬੂੰਦ ਸਵਾਂਤੀ ਆਪ ਟਪਕਾਈਆ । ਜਿਸ ਦਾ ਨਾਦ ਧੁਨ ਅਨਾਦ ਅਨਾਹਦ ਖੇਲ ਮਹਾਨੀ, ਮਹਿੰਮਾ ਕਥ ਸਕੇ ਕੋਇ ਨਾ ਰਾਈਆ । ਜਿਸ ਦੀ ਜੋਤ ਜੋਤ ਨੁਰਾਨੀ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਭਗਤਾਂ ਉਤੇ ਕਰੇ ਮਿਹਰਵਾਨੀ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਸਰਗੁਣ ਇਕ ਅਖਵਾਈਆ । ਜਨ ਭਗਤ ਕਹੇ ਮੇਰਾ ਪਰਮ ਪੁਰਖ ਬਿਧਾਤਾ, ਵੇਦ ਪੁਰਾਨਾਂ ਬਾਹਰ ਡੇਰਾ ਲਾਈਆ । ਜੋ ਨਿਰਗੁਣ ਨਿਰਗੁਣ ਆਦਿ ਜੁਗਾਦੀ ਪਿਤਾ ਮਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦੀ ਸਤਿਜੁਗ ਤਰੇਤਾ ਦੁਆਪਰ ਗਾਉਂਦੇ ਆਏ ਗਾਥਾ, ਕਲਜੁਗ ਕਥਾ ਕਹਾਣੀ ਰਿਹਾ ਦ੍ਰਿੜਾਈਆ । ਜਿਸ ਦਾ ਖੇਲ ਹੁਕਮ ਦੋ ਜਹਾਨ ਸਦਾ ਸਮਰਾਥਾ, ਨਾ ਕੋਈ ਮੇਟੇ ਮੇਟ ਮਿਟਾਈਆ । ਓਹ ਲੇਖਾ ਜਾਣੇ ਦੀਨ ਦੁਨੀ ਜਿਸ ਆਤਮ ਬ੍ਰਹਮ ਪਛਾਤਾ, ਭੇਵ ਅਭੇਦਾ ਆਪ ਖੁਲਾਈਆ । ਲਹਿਣਾ ਤੱਕੇ ਕਲਜੁਗ ਰੈਣ ਅੰਧੇਰੀ ਰਾਤਾ, ਪਰਦਾ ਪਰਦਿਆਂ ਵਿਚੋਂ

ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਭਗਵਨ ਇਕ ਅਗੰਮ, ਅਗੰਮੜੀ ਖੇਲ ਖਿਲਾਈਆ । ਜਿਸ ਨੇ ਲੱਖ ਚੁਰਾਸੀ ਨਿਰਗੁਣ ਧਾਰੋਂ ਦਿਤੀ ਜੰਮ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਰਿਹਾ ਲਗਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਤਾਮਸ ਵਿਚ ਕਦੇ ਨਾ ਆਈਆ । ਜੋ ਆਪੇ ਘੜੇ ਆਪੇ ਲਏ ਭੰਨ, ਭੰਨਣਹਾਰ ਬੇਪ੍ਰਵਾਹੀਆ । ਜਿਸ ਕਲਜੁਗ ਅੰਤਮ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਸੂਰੀਆ ਚੰਨ, ਚੰਨ ਸਿਤਾਰ ਦੋਵੇਂ ਬੈਠੇ ਨੈਣ ਉਠਾਈਆ । ਜਿਸ ਦਾ ਹੁਕਮ ਸਦੀ ਚੌਧਵੀਂ ਮੁਹੰਮਦ ਲੈਣਾ ਮੰਨ, ਮਨਸਾ ਅਵਰ ਨਾ ਕੋਇ ਵਧਾਈਆ । ਈਸਾ ਮੂਸਾ ਕਹਿਣਾ ਧੰਨ ਧੰਨ, ਧੰਨ ਤੇਰੀ ਸਰਨਾਈਆ । ਸ਼ਬਦ ਸੰਦੇਸਾ ਸੁਣਨਾ ਬਿਨਾ ਕੰਨ, ਸਰੋਤੀ ਹੋ ਕੇ ਆਪਣਾ ਬਲ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਭਗਤੋ ਵੇਖੋ ਖੇਲ ਸਾਹਿਬ ਸੁਲਤਾਨਾ, ਸੋਈ ਸੁਰਤੀ ਮਾਤ ਉਠਾਈਆ । ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨਾ, ਦੋ ਜਹਾਨਾਂ ਇਕ ਅਖਵਾਈਆ । ਜਿਸ ਦਾ ਜਲਵਾ ਨੂਰ ਨੁਰਾਨਾ, ਜੋਤੀ ਜਾਤਾ ਡਗਮਗਾਈਆ । ਜਿਸ ਨੂੰ ਪੈਗ਼ੰਬਰਾਂ ਕੀਤੀਆਂ ਸਲਾਮਾਂ, ਸਜਦਿਆਂ ਵਿਚ ਸੀਸ ਝੁਕਾਈਆ । ਸੁਣਿਆ ਧੁਰ ਪੈਗ਼ਾਮਾ, ਅਲਫ਼ ਯੇ ਤੋਂ ਬਾਹਰ ਪੜ੍ਹਾਈਆ । ਅੰਤਮ ਆਉਣਾ ਇਕੋ ਮਰਦ ਮਰਦਾਨਾ, ਸੂਰਬੀਰ ਨੂਰ ਅਲਾਹੀਆ । ਜਿਸ ਦਾ ਰੂਪ ਇਕੋ ਹੋਵੇ ਇਕ ਅਮਾਮਾ, ਅਮਲਾਂ ਤੋਂ ਰਹਿਤ ਨੂਰ ਖ਼ੁਦਾਈਆ । ਉਸ ਦਾ ਤੀਸ ਬਤੀਸ ਹਦੀਸ ਤੋਂ ਬਾਹਰ ਹੋਣਾ ਕਲਮਾ ਕਲਾਮਾ, ਕਾਇਨਾਤ ਤੋਂ ਬਾਹਰ ਹਦਾਇਤ ਇਕ ਸੁਣਾਈਆ । ਜਿਸ ਨੇ ਸ਼ਰਅ ਮੇਟਣੀ ਅੰਧੇਰੀ ਸ਼ਾਮਾ, ਸ਼ਮਅ ਜੋਤ ਨੂਰ ਇਕੋ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਅੰਤਰ ਵੇਖੇ ਮਾਰ ਧਿਆਨਾ, ਕਾਇਆ ਮਾਟੀ ਜਗਤ ਹਾਟੀ ਫੋਲ ਫੁਲਾਈਆ । । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਭਗਤੀ ਭਾਵ ਅਪਾਰ, ਅਪਰੰਪਰ ਆਪ ਦ੍ਰਿੜਾਈਆ । ਜਿਨ੍ਹਾਂ ਦੇ ਅੰਦਰ ਵਸੇ ਕਰਤਾਰ, ਕੁਦਰਤ ਕਾਦਰ ਵਡ ਵਡਿਆਈਆ । ਦੂਈ ਦਵੈਤੀ ਪਰਦਾ ਦਏ ਉਠਾਲ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਮਾਰਗ ਦੱਸ ਇਕ ਸੁਖਾਲ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਅੰਮ੍ਰਿਤ ਸਰੋਵਰ ਦੇ ਉਛਾਲ, ਦੁਰਮਤ ਮੈਲ ਧਵਾਈਆ । ਦੀਪਕ ਜੋਤੀ ਦੇਵੇ ਬਾਲ, ਅੰਧ ਅਗਿਆਨ ਦੇਵੇ ਮਿਟਾਈਆ । ਸੁਣਾ ਕੇ ਸ਼ਬਦ ਸੱਚੀ ਧੁਨਕਾਨ, ਧੁਨ ਆਤਮਕ ਰਾਗ ਦਏ ਦ੍ਰਿੜਾਈਆ । ਲੱਖ ਚੁਰਾਸੀ ਆਵਣ ਜਾਵਣ ਚੁਕਾਏ ਕਾਨ, ਕਰਮ ਕਾਂਡ ਦਾ ਲੇਖਾ ਰਹੇ ਨਾ ਰਾਈਆ । ਹਰਿਜਨ ਵੇਖਣਹਾਰਾ ਬਿਰਧ ਬਾਲ ਜਵਾਨ, ਜਗਤ ਅਵਸਥਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਸਚ ਵਸਤ ਦਏ ਗੁਰ ਸਤਿਗੁਰ, ਸਤਿਗੁਰ ਸ਼ਬਦ ਦਇਆ ਕਮਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰੇ ਧੁਰ, ਧੁਰ ਮਸਤਕ ਵੇਖ ਵਖਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਅਨੰਦਪੁਰ, ਪੁਰੀਆਂ ਲੋਆਂ ਤੋਂ ਬਾਹਰ ਜਣਾਈਆ । ਜਿਸ ਵੇਲੇ ਕਲਜੁਗ ਹੋਇਆ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਵਡਿਆਈ ਮਿਲਣੀ ਠੱਗ ਚੋਰ, ਸਾਧ ਸੰਤ ਰੋਵਣ ਮਾਰਨ ਧਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਣੀ ਅਵਰ ਦੀ ਔਰ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਆਤਮ ਪਰਮਾਤਮ ਟੁੱਟਣੀ ਡੋਰ, ਹੰ ਬ੍ਰਹਮ ਨਾ ਕੋਇ ਸਮਝਾਈਆ ।

ਮਨੂਆ ਦਹਿ ਦਿਸ਼ਾ ਉਠ ਉਠ ਜਾਏ ਦੌੜ, ਅਗੇ ਹੋ ਨਾ ਕੋਇ ਅਟਕਾਈਆ । ਉਸੇ ਲੇਖੇ ਨੂੰ ਵੇਦ ਵਿਆਸੇ ਕਿਹਾ ਆਵੇ ਬ੍ਰਹਿਮਣ ਗੌੜ, ਪਾਰਬ੍ਰਹਮ ਆਪਣੀ ਕਲ ਧਰਾਈਆ । ਅਵਤਾਰਾਂ ਕਿਹਾ ਅਵਤਰ ਹੋ ਕੇ ਜਾਏ ਬਹੁੜ, ਜਿਸ ਵੇਲੇ ਬਹੁੜੀ ਬਹੁੜੀ ਕਰੇ ਲੋਕਾਈਆ । ਪੈਗ਼ੰਬਰਾਂ ਕਿਹਾ ਸਾਨੂੰ ਸੰਦੇਸਾ ਦੇਵੇ ਅਸੀਂ ਸੁਣਿਆ ਨਾਲ ਗ਼ੌਰ, ਗੋਰਾਂ ਵਿਚ ਪਏ ਸਾਡੇ ਮਕਬਰੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਇਕ ਰੰਗਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਇਹੋ ਮੇਰੀ ਸਲਾਹ, ਮਸ਼ਵਰਾ ਧੁਰ ਜਣਾਈਆ । ਤੇਈ ਅਵਤਾਰ ਪੈਗ਼ੰਬਰ ਬਣਨ ਗਵਾਹ, ਸ਼ਹਾਦਤ ਦਸ ਗੁਰੂ ਦੇਣ ਭੁਗਤਾਈਆ । ਸਭ ਦਾ ਇਕੋ ਪਿਤਾ ਤੇ ਇਕੋ ਮਾਂ, ਦੂਸਰ ਅਵਰ ਨਾ ਕੋਇ ਜਣੇਂਦੀ ਮਾਈਆ । ਇਕੋ ਕਲਮਾ ਇਕੋ ਨਾਂ, ਨਿਰੰਕਾਰਾ ਇਕ ਅਖਵਾਈਆ । ਜਿਸ ਦਾ ਸੰਦੇਸ਼ਾ ਸਭ ਨੇ ਦਿਤਾ ਥਾਉਂ ਥਾਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਰਿਹਾ ਜਣਾਈਆ । ਅੰਤਮ ਲਹਿਣਾ ਦੇਣਾ ਲੇਖਾ ਸਭ ਤੋਂ ਮੰਗੇ ਆ, ਬਚਿਆ ਰਹਿਣ ਕੋਇ ਨਾ ਪਾਈਆ । ਜਾਂ ਤੱਕੇ ਹਕੀਕਤ ਹਕੇ ਕਲਜੁਗ ਜੀਵਾਂ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਸਚ ਸੰਦੇਸ਼ਾ ਦੇਣਾ ਸੁਣਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਬੇਪ੍ਰਵਾਹ, ਪਰਮ ਪੁਰਖ ਤੇਰੇ ਹੱਥ ਵਡਿਆਈਆ । ਸਾਡੀ ਦਰੋਹੀ ਦੁਹਾਈ ਸਦੀ ਚੌਧਵੀਂ ਕਲਜੁਗ ਜੀਵਾਂ ਭੁਲੇ ਤੇਰਾ ਰਾਹ, ਰਹਿਬਰ ਸਾਰੇ ਰਹੇ ਸੁਣਾਈਆ । ਤੂੰ ਨੂਰ ਅਲਾਹੀ ਆਦਿ ਜੁਗਾਦੀ ਇਕ ਖ਼ੁਦਾ, ਵਾਹਿਦ ਤੇਰੇ ਹੱਥ ਵਡਿਆਈਆ । ਸਾਡੇ ਨਾਮ ਕਲਮੇ ਸਾਰੇ ਗਏ ਭੁਲਾ, ਅਭੁਲ ਤੇਰਾ ਭੇਵ ਕੋਇ ਨਾ ਪਾਈਆ । ਆਹ ਤੱਕ ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਮਾਨਸ ਹੋ ਕੇ ਪਸ਼ੂਆਂ ਖੱਲ ਲੁਹਾਈਆ । ਜਿਸ ਕਾਰਨ ਗੋਬਿੰਦ ਖੰਡਾ ਗਿਆ ਖੜਕਾ, ਖੜਗ ਆਪਣੇ ਦਸਤ ਉਠਾਈਆ । ਓਹਦਾ ਲਹਿਣਾ ਦੇਣਾ ਲੇਖਾ ਹੱਥੋ ਹੱਥ ਦੇਣਾ ਚੁਕਾ, ਚਾਰੋਂ ਕੁੰਟ ਲੇਖਾ ਰਹੇ ਨਾ ਰਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਲੈਣੇ ਜਗਾ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਪਰਮ ਪੁਰਖ ਪਰਮਾਤਮ ਆਤਮ ਮੇਲੇ ਲੈਣੇ ਮਿਲਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਕੋਝੇ ਕਮਲੇ ਗ਼ਰੀਬ ਨਿਮਾਣੇ ਗਲੇ ਲੈਣੇ ਲਗਾ, ਊਚ ਨੀਚ ਦਾ ਡੇਰਾ ਦੇਣਾ ਢਾਹੀਆ । ਜਨ ਭਗਤ ਸੁਹੇਲੇ ਸਾਚੇ ਮੀਤ ਦਰਗਾਹ ਸਾਚੀ ਸਚਖੰਡ ਦਵਾਰੇ ਦੇਣੇ ਬਹਾ, ਰਾਹ ਵਿਚ ਸਕੇ ਨਾ ਕੋਇ ਅਟਕਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਨ੍ਹਾਂ ਨੂੰ ਤੱਕਣ ਨਾਲ ਚਾਅ, ਅਵਤਾਰ ਪੈਗ਼ੰਬਰ ਗੁਰੂ ਵੇਖ ਕੇ ਖ਼ੁਸ਼ੀ ਬਣਾਈਆ । ਵਿਚ ਜੋਤੀ ਜੋਤ ਲੈਣੇ ਮਿਲਾ, ਜੋਤੀ ਜਾਤੇ ਤੇਰੇ ਹੱਥ ਵਡਿਆਈਆ । ਤੇਰੇ ਸੰਤ ਤੇਰੇ ਰੂਪ ਵਿਚ ਅਨੰਤ ਜਾਣਾ ਸਮਾ, ਕਲਜੁਗ ਕੂੜੀ ਕਿਰਿਆ ਸਮਾਪਤ ਹੋਵੇ ਖ਼ਲਕ ਖ਼ੁਦਾਈਆ । ਤੂੰ ਰਹੀਮ ਰਹਿਮਾਨਾ ਤੇਰੇ ਅਗੇ ਇਕ ਦੁਆ, ਦੋਏ ਜੋੜ ਕੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਤੇਰਾ ਉਜਲ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਸੁਫਲ ਹੋਵੇ ਜਨਣੀ ਕੁੱਖ, ਧੰਨ ਜਣੇਂਦੀ ਮਾਈਆ । ਨਾਤਾ ਤੁਟੇ ਉਲਟੇ ਗਰਭ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਆਤਮ ਪਰਮਾਤਮ ਦੇਵੇ ਸੁਖ, ਸੁਖ ਸਾਗਰ ਵਿਚ ਸਮਾਈਆ । ਝਗੜਾ ਮੇਟੇ ਕਾਇਆ ਪੰਜ ਭੂਤ, ਪੰਚਮ ਪੰਚ ਕਰੇ ਸ਼ਨਵਾਈਆ । ਸਚ ਸੁਹੰਜਣੀ ਹੋਵੇ ਰੁਤ, ਰੁਤੜੀ ਪ੍ਰਭ ਨਾਲ ਮਹਿਕਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਪਰਦਾ ਦਏ ਉਠਾਈਆ । ਆਵਣ ਜਾਵਣ

੨੭੧
੨੩

ਮੇਟੇ ਦੁੱਖ, ਦੁੱਖ ਅਵਰ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜਲ ਕਰੇ ਦੋ ਜਹਾਨਾਂ ਮੁਖ, ਜੋ ਮੁਖੜਾ ਹਰਿ ਹਰਿ ਨਾਮ ਧਿਆਈਆ ।

✪ ੮ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਵਿਲਨਹਾਲ ਸਟੈਫਰਡ ਸ਼ਾਇਰ ੧੩੫ ਜਿਪਸੀ ਲੇਨ ਮਹਿੰਦਰ ਕੌਰ ਦੇ ਗ੍ਰਹਿ ✪

ਸਪਤਸ ਰਿਖ ਕਹਿਣ ਸਾਡੀ ਏਥੇ ਆਸਾ ਪੁੱਜੀ, ਪ੍ਰਜਸ ਜਗਹ ਕੋਈ ਨਾ ਦਏ ਗਵਾਹੀਆ । ਅਸਾਂ ਰਮਜ਼ ਮਾਰੀ ਧਰਨੀ ਉਤੇ ਗੁੱਝੀ, ਇਸ਼ਾਰਾ ਇਸ਼ਾਰੇ ਵਿਚੋਂ ਜਣਾਈਆ । ਕਮਲੀਏ ਤੇਰਾ ਖੇਲ ਹੁੰਦਾ ਜੁਗ ਜੁਗੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਤੇਰੀ ਕਿਸਮ ਕਿਸੇ ਨਾ ਕੀਤੀ ਉਘੀ, ਦੋ ਜਹਾਨ ਮਿਲੇ ਨਾ ਕੋਇ ਵਡਿਆਈਆ । ਝਟ ਧਰਨੀ ਰੋ ਪਈ ਭੁੱਬੀ, ਬਿਨ ਨੈਣਾਂ ਨੀਰ ਵਹਾਈਆ । ਮੇਰੀ ਬਸੁਧਾ ਦੀ ਰਹੀ ਕੋਇ ਨਾ ਸੁਧੀ, ਵਦੀ ਸੁਦੀ ਸਮਝ ਕਿਸੇ ਨਾ ਆਈਆ । ਮੈਂ ਵੇਖਾਂ ਨੈਣ ਉਠਾ ਕੇ ਉਚੀ, ਉਚ ਅਗੰਮ ਅਥਾਹ ਕੀ ਤੇਰੀ ਬੇਪ੍ਰਵਾਹੀਆ । ਤੇਰੇ ਚਰਨ ਕਵਲਾਂ ਮੇਰੀ ਲੱਗੀ ਰਹੇ ਰੁਚੀ, ਇਸ਼ਟ ਦੇਵ ਇਕ ਮਨਾਈਆ । ਸਪਤਸ ਰਿਖ ਕਹਿਣ ਚਾਰ ਕੁੰਟ ਤੱਕ ਕੇ ਕਿਹਾ ਕਲਜੁਗ ਤੇਰੀ ਕੁੱਖ ਰਹਿਣੀ ਨਹੀਂ ਸੁੱਚੀ, ਸੰਜਮ ਸਚ ਨਾ ਕੋਇ ਕਮਾਈਆ । ਜੀਵ ਜੰਤ ਹੋਣੇ ਦੁਖੀ, ਦੁਖੀਆਂ ਦਰਦ ਨਾ ਕੋਇ ਮਿਟਾਈਆ । ਜਨਣੀ ਭਾਗ ਲੱਗੇ ਕਿਸੇ ਨਾ ਕੁੱਖੀ, ਭਗਤ ਜਨਮੇ ਕੋਇ ਨਾ ਮਾਈਆ । ਜਗਤ ਵਾਸ਼ਨਾ ਮਾਇਆ ਮਮਤਾ ਦੀਨ ਦੁਨੀ ਜਾਣੀ ਲੁੱਟੀ, ਲੁਟੇਰਾ ਕਲਜੁਗ ਬਣੇ ਭੱਜੇ ਵਾਹੋ ਦਾਹੀਆ । ਸਭ ਦੀ ਜੀਵਣ ਚੋਗ ਜਾਣੀ ਨਿਖੁੱਟੀ, ਸਿਰ ਹੱਥ ਨਾ ਕੋਇ ਟਿਕਾਈਆ । ਆਤਮ ਪਰਮਾਤਮ ਧਾਰ ਜਾਣੀ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਦੀਨਾਂ ਮਜ਼੍ਹਬਾਂ ਪਰਮ ਪੁਰਖ ਦਾ ਨਾਮ ਗਾਉਣਾ ਬੁੱਲੀਂ ਬੁੱਟੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਪਤਸ ਰਿਖ ਕਹਿਣ ਅਸੀਂ ਨਿਗਾਹ ਮਾਰੀ ਤੱਕਿਆ ਨੂਰ ਅਲਾਹ, ਆਦਿ ਪੁਰਖ ਬੇਪਰਵਾਹੀਆ । ਜੋ ਆਦਿ ਜੁਗਾਦਿ ਦੋ ਜਹਾਨਾਂ ਮਲਾਹ, ਬੇੜਾ ਇਕੋ ਇਕ ਰਖਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਮਲਾਹ, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਓਹ ਮਿਹਰਵਾਨ ਮਹਿਬੂਬ ਬੇਪਰਵਾਹ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਨੂੰ ਰਾਮ ਕ੍ਰਿਸ਼ਨ ਕਾਹਨ ਕਹਿ ਕੇ ਜਾਣ ਗਾ, ਰਾਮ ਰਾਮਾ ਧੁਰ ਦਾ ਮਾਹੀਆ । ਹਜ਼ਰਤ ਈਸਾ ਮੂਸਾ ਮੁਹੰਮਦ ਉਸੇ ਅਗੇ ਕਰਨ ਦੁਆ, ਖ਼ਾਲੀ ਹੱਥ ਹੱਥ ਉਠਾਈਆ । ਤੂੰ ਵਾਹਿਦ ਮਾਲਕ ਇਕ ਖ਼ੁਦਾ, ਖ਼ਾਦਮ ਹੋ ਕੇ ਸੀਸ ਨਿਵਾਈਆ । ਗੁਰ ਦਸ ਕਹਿਣ ਤੇਰੀ ਚਲੀਏ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਵਡਿਆਈਆ । ਸਪਤਸ ਰਿਖ ਕਹਿਣ ਅਸਾਂ ਧੁਰ ਸੰਦੇਸਾ ਅਵਰ ਦਿਤਾ ਸੁਣਾ, ਸਹਿਜ ਨਾਲ ਜਣਾਈਆ । ਕਲਜੁਗ ਅੰਤਮ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਰੂਪ ਜਾਵੇ ਆ, ਨੂਰ ਨੁਰਾਨਾ ਡਗਮਗਾਈਆ । ਨਵ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਨਾਲ ਚਾਅ, ਕੁਸ਼ਾ ਦੀਪ ਆਪਣਾ ਚਰਨ ਛੁਹਾਈਆ । ਜਿਸ ਵਿਚ ਇੰਗਲੈਂਡ ਇੰਗਲਿਸਤਾਨ ਜਾਵੇ ਆ, ਲੰਡਨ ਲੈਂਡ ਮਾਰਕ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਪਤਸ ਰਿਖ ਕਹਿਣ ਅਸੀਂ ਵੇਖਿਆ ਸੱਤਾਂ

ਝੁਕ, ਸੀਸ ਸੀਸ ਵਿਚੋਂ ਨਿਵਾਈਆ । ਉਸ ਵੇਲੇ ਸਾਡੇ ਮੁਖੋਂ ਨਿਕਲੀ ਅਗੰਮੀ ਤੁਕ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਦਿਤਾ ਗਾਈਆ । ਪੁਰਖ ਅਕਾਲ ਕਿਹਾ ਓਹ ਕਲਜੁਗ ਤੱਕੋ ਮਾਨਸ ਮਾਨੁਖ, ਮਾਨਵ ਖੋਜ ਖੁਜਾਈਆ । ਸਾਚੀ ਮੌਲੇ ਕਿਸੇ ਨਾ ਰੁਤ, ਰੁਤੜੀ ਨਾਮ ਨਾ ਕੋਇ ਮਹਿਕਾਈਆ । ਬਿਨ ਹਰਿਨਾਮੇ ਖ਼ਾਲੀ ਦਿਸਣ ਬੁਤ, ਬੁਤਖ਼ਾਨੇ ਰੋਵਣ ਮਾਰਨ ਧਾਹੀਆ । ਧਰਮ ਦੀ ਧਾਰ ਦਿਸੇ ਕੋਈ ਨਾ ਸੁਤ, ਅਪਰਾਧੀ ਹੋਏ ਕੂੜ ਕੁੜਿਆਰ ਮਚਾਏ ਲੁੱਟ, ਕਾਇਆ ਮੰਦਰ ਅੰਦਰ ਭੱਜੇ ਵਾਹੋ ਦਾਹੀਆ । ਉਸ ਵੇਲੇ ਸਾਹਿਬ ਸਵਾਮੀ ਅੰਤਰਯਾਮੀ ਪੁਰਖ ਅਕਾਲਾ ਦੀਨ ਦਿਆਲਾ ਪਏ ਉਠ, ਜੋਤੀ ਜਾਤਾ ਲਏ ਅੰਗੜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਚਾਰ ਕੁੰਟਾਂ ਵੇਖੇ ਗੁਠ, ਕੂਚਾ ਗਲੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਪਤਸ ਰਿਖ ਕਹਿਣ ਸਾਡੀ ਅੰਤਰ ਲੱਗੀ ਸੁਰਤੀ, ਅਸੁਤੇ ਪ੍ਰਭੂ ਦਿਤੀ ਵਡਿਆਈਆ । ਅਸਾਂ ਖੇਲ ਤੱਕੀ ਅਗੰਮੀ ਧੁਰ ਦੀ, ਜਿਸ ਦਾ ਭੇਵ ਚਾਰ ਵੇਦ ਕਹਿਣ ਕੋਇ ਨਾ ਪਾਈਆ । ਜੋਤ ਧਾਰ ਤੱਕੀ ਅਕਾਲ ਮੂਰਤੀ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਫੇਰ ਆਵਾਜ਼ ਸੁਣੀ ਅਗੰਮੀ ਤੂਰਤੀ, ਤੁਰੀਆ ਤੋਂ ਬਾਹਰ ਦ੍ਰਿੜਾਈਆ । ਓਹ ਖੇਲ ਤੱਕੋ ਕਲਜੁਗ ਕੂੜ ਦੀ, ਡੰਕਾ ਕੂੜ ਰਿਹਾ ਵਜਾਈਆ । ਜੀਵਾਂ ਜੰਤਾਂ ਬੁੱਧੀ ਹੋਈ ਮੂੜ੍ਹ ਦੀ, ਮੂਰਖ ਦਿਸੇ ਲੋਕਾਈਆ । ਉਸ ਵੇਲੇ ਮੂਸਾ ਦੀ ਆਵਾਜ਼ ਸੁਣਨੀ ਕੋਹਤੂਰ ਦੀ, ਕੁਦਰਤ ਦਾ ਮਾਲਕ ਦਇਆ ਕਮਾਈਆ । ਈਸਾ ਦੀ ਘੜੀ ਖੇਲ ਰਹੇ ਨਾ ਦੂਰ ਦੀ, ਦੂਰ ਦੁਰਾਡਾ ਪੰਧ ਮੁਕਾਈਆ । ਮੁਹੰਮਦ ਆਸ਼ਾ ਖ਼ਾਹਿਸ਼ ਮਨਸਾ ਹੋਏ ਮਨਜ਼ੂਰ ਦੀ, ਹਕੀਕਤ ਹਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਪਤਸ ਰਿਖ ਕਹਿਣ ਸਾਨੂੰ ਇਸ਼ਾਰਾ ਦਿਤਾ ਅਸੀਂ ਸ਼ਬਦੀ ਧਾਰ ਉਠੇ, ਆਤਮ ਅੰਤਰ ਲਈ ਅੰਗੜਾਈਆ । ਹੁਕਮੇ ਅੰਦਰ ਹੋ ਗਏ ਪੁੱਠੇ, ਕਰਵਟ ਆਪਣੀ ਲਈ ਬਦਲਾਈਆ । ਫੇਰ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਸਾਡੇ ਉਪਰ ਤੁਠੇ, ਮਿਹਰ ਨਜ਼ਰ ਉਠਾਈਆ । ਓਹ ਤੱਕੋ ਸਤਿਜੁਗ ਤਰੇਤਾ ਦੁਆਪਰ ਅੰਤਮ ਮਾਤ ਮੁਕੇ, ਕਲਜੁਗ ਅੰਤਮ ਬੈਠਾ ਰਾਹ ਤਕਾਈਆ । ਕਲਜੁਗ ਜੀਵ ਫਿਰਨ ਰਾਹ ਘੁੱਸੇ, ਮੰਜ਼ਲ ਹਕ ਨਜ਼ਰ ਕਿਸੇ ਨਾ ਆਈਆ । ਜਗਤ ਜਹਾਨ ਸੜੇ ਵਿਚ ਗ਼ੁੱਸੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪ੍ਰਭ ਵਿਛੜਿਆਂ ਨੂੰ ਮੂਲ ਕੋਈ ਨਾ ਪੁਛੇ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਝਗੜਾ ਦਿਸੇ ਸੋਨਾ ਰੁਪੇ, ਕਾਮ ਕਾਮਨੀ ਨਾਲ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਪਤਸ ਰਿਖ ਕਹਿਣ ਨਾਰਦ ਆ ਗਿਆ ਚੁਪਕੇ, ਸਹਿਜ ਨਾਲ ਸੁਣਾਈਆ । ਕਿਉਂ ਰਿਸ਼ੀਓ ਪੁਠੇ ਲਟਕੇ, ਲਟਕਣ ਵਾਲਿਓ ਦਿਆਂ ਜਣਾਈਆ । ਕਿਉਂ ਕਾਮਨਾ ਵਿਚ ਭਟਕੇ, ਭਾਂਡਾ ਭਰਮ ਦਿਓ ਭੰਨਾਈਆ । ਤੁਸੀਂ ਪਿਆਰੇ ਉਸ ਦੇ ਜੋ ਵਸਿਆ ਘਟ ਘਟ ਕੇ, ਘਟ ਘਟ ਰਿਹਾ ਸਮਾਈਆ । ਵਣਜਾਰੇ ਉਸ ਹੱਟ ਦੇ, ਜਿਥੋਂ ਅਵਤਾਰ ਪੈਗੰਬਰ ਗੁਰੂ ਨਾਮ ਕਲਮੇ ਝੋਲੀਆਂ ਵਿਚ ਭਰਾਈਆ । ਕੀ ਤੁਹਾਨੂੰ ਭੈ ਡਰ ਖਟਕੇ, ਮੈਨੂੰ ਦਿਉ ਸੁਣਾਈਆ । ਝਟ ਸਪਤਸ ਰਿਖੀ ਬੋਲੇ ਝੁੱਕ ਕੇ, ਹੌਲੀ ਹੌਲੀ ਦ੍ਰਿੜਾਈਆ । ਨਾਰਦਾ ਅਸੀਂ ਕਲਜੁਗ ਅੰਤ ਨਜ਼ਾਰੇ ਤੱਕਦੇ, ਜੋ ਪੁਰਖ ਅਕਾਲਾ ਰਿਹਾ ਵਖਾਈਆ । ਮਾਣ ਰਹੇ ਨਾ ਕਿਸੇ ਹਕ ਦੇ, ਹਕੀਕਤ ਸਮਝ ਕੋਇ ਨਾ ਪਾਈਆ । ਦੀਨ ਮਜ਼੍ਹਬ

੨੭੩
੨੩

ਪਿਆਸੇ ਹੋਣੇ ਰੱਤ ਦੇ, ਸ਼ਰਅ ਸ਼ਰਅ ਨਾਲ ਕਰੇ ਲੜਾਈਆ । ਸਭ ਨੇ ਸੰਦੇਸ਼ੇ ਭੁਲਣੇ ਪਰਮੇਸ਼ਵਰ ਪਤ ਦੇ, ਪਤਤ ਹੋਏ ਲੋਕਾਈਆ । ਧੀਰਜ ਰਹਿਣੇ ਨਹੀਂ ਕਿਸੇ ਯਤ ਦੇ, ਸੰਤੋਖ ਵਿਚ ਨਾ ਕੋਇ ਸਮਾਈਆ । ਵਣਜ ਹੋਣੇ ਬੁੱਧੀ ਮਤ ਦੇ, ਅਨੁਭਵ ਪਰਦਾ ਨਾ ਕੋਇ ਉਠਾਈਆ । ਫੇਰ ਖੇਲ ਤੱਕਣੇ ਸਵਾਮੀ ਪ੍ਰਗਟ ਦੇ, ਜੋ ਪ੍ਰਗਟ ਹੋਵੇ ਬੇਪ੍ਰਵਾਹੀਆ । ਓਹ ਤੱਕ ਸਤਿਜੁਗ ਤਰੇਤਾ ਦੁਆਪਰ ਜੁਗ ਜਾਂਦੇ ਟੱਪਦੇ, ਕਲਜੁਗ ਅੰਤਮ ਰਾਹ ਤਕਾਈਆ । ਉਸ ਵੇਲੇ ਕਲਜੁਗ ਜੀਵਾਂ ਰੂਪ ਧਰਨੇ ਸੱਪ ਦੇ, ਇਕ ਦੂਜੇ ਨੂੰ ਡੱਸਣ ਚਾਈਂ ਚਾਈਂਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਪ੍ਰਭ ਨੂੰ ਹੋਣੇ ਲੱਭਦੇ, ਜਿਨ੍ਹਾਂ ਦਾ ਮੇਲਾ ਆਪਣੇ ਆਪ ਨਾਲ ਕਰਾਈਆ । ਉਨ੍ਹਾਂ ਦੇ ਜਨਮ ਲੇਖੇ ਲਾਉਣੇ ਬਗੜੇ ਬਪ ਦੇ, ਹੰਸ ਗੁਰਮੁਖ ਆਪ ਬਣਾਈਆ । ਲੇਖੇ ਪੂਰੇ ਕਰ ਕੇ ਤ੍ਰੈਗੁਣ ਤਤ ਦੇ, ਤ੍ਰੈਗੁਣ ਅਤੀਤਾ ਦਏ ਵਡਿਆਈਆ । ਸਪਤਸ ਰਿਖ ਕਹਿਣ ਨਾਰਦ ਹਰਿਜਨ ਸੋਹੰ ਜਾਪ ਵੇਖੇ ਜਪਦੇ, ਕਲਜੁਗ ਅੰਤਮ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਪਤਸ ਰਿਖ ਕਹਿਣ ਅਸਾਂ ਹੁਕਮੇ ਅੰਦਰ ਤੱਕਿਆ, ਤੱਕਿਆ ਖੇਲ ਬੇਪ੍ਰਵਾਹ । ਸਾਨੂੰ ਭੇਵ ਜਣਾਇਆ ਮਦੀਨਾ ਮੱਕਿਆ, ਕਾਅਬਿਆਂ ਪਰਦਾ ਦਿਤਾ ਉਠਾ । ਰਾਹ ਦੱਸਿਆ ਹਕੀਕਤ ਹਕਿਆ, ਹਕੀਕਤ ਦਾ ਮਾਲਕ ਇਕ ਖ਼ੁਦਾ । ਜੋ ਸੂਫ਼ੀ ਭਗਤਾਂ ਦੇ ਪ੍ਰੇਮ ਵਿਚ ਰੱਤਿਆ, ਮੁਹੱਬਤ ਵਿਚ ਨਾ ਹੋਏ ਜੁਦਾ । ਜਿਸ ਇਸ਼ਾਰਾ ਕੀਤਾ ਗੋਬਿੰਦ ਦਾ ਡੰਕ ਵੱਜੇ ਫੜ੍ਹਿਆ, ਅੰਤਮ ਫ਼ਾਤਿਆ ਸਭ ਦਾ ਦਏ ਪੜ੍ਹਾ । ਓਹ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਥਿਆ, ਦੇਵਣਹਾਰਾ ਨੂਰ ਅਲਾਹ । ਉਸ ਦਾ ਸਤਿ ਸਤਿਵਾਦੀ ਹੋਵੇ ਹੱਟਿਆ, ਵਸਤ ਅਮੋਲਕ ਅਗੰਮ ਦਏ ਵਰਤਾ । ਜੋਤ ਨੂਰ ਜਗੇ ਲਟ ਲਟਿਆ, ਜਗਤ ਜਹਾਨ ਕਰੇ ਰੁਸ਼ਨਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧਰਨੀ ਧਰਤ ਧਵਲ ਧੌਲ ਆਵੇ ਨੱਠਿਆ, ਬਿਨ ਕਦਮਾ ਪੰਧ ਮੁਕਾ । ਗੁਰ ਅਵਤਾਰ ਪੈਗ਼ੰਬਰਾਂ ਲੇਖਾ ਲਿਖਿਆ ਵੇਖੇ ਪਟਿਆ, ਸੰਧੀ ਦਾ ਭੇਵ ਰਹੇ ਨਾ ਰਾਅ । ਸਪਤਸ ਰਿਖ ਕਹਿਣ ਨਾਰਦ ਖ਼ੁਸ਼ੀਆਂ ਦੇ ਵਿਚ ਹੱਸਿਆ, ਹੱਸ ਕੇ ਰਿਹਾ ਸੁਣਾ । ਰਿਸ਼ੀਓ ਉਸ ਵੇਲੇ ਕਲਜੁਗ ਰੈਣ ਅੰਧੇਰੀ ਹੋਣੀ ਮੱਸਿਆ, ਸਾਚਾ ਨੂਰ ਚੰਦ ਕਰੇ ਨਾ ਕੋਇ ਰੁਸ਼ਨਾ । ਮਜ਼੍ਹਬ ਦੀਨ ਦੀਨ ਮਜ਼੍ਹਬ ਦੀ ਕਰੇ ਹੱਤਿਆ, ਸਿਰ ਧੜ ਦੋਵੇਂ ਰੋਵਣ ਮਾਰਨ ਧਾਹ । ਚਾਰ ਕੁੰਟ ਕੂੜੀ ਧੂੜੀ ਉਡੇ ਘੱਟਿਆ, ਸਾਚੀ ਖ਼ਾਕ ਖ਼ਾਕੀ ਬੰਦਾ ਸਕੇ ਨਾ ਕੋਇ ਰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਭਗਤਾਂ ਅੰਤਰ ਆਤਮ ਦੇਵੇ ਰਸਿਆ, ਰਸਤਾ ਪਰਮ ਪੁਰਖ ਪਰਮਾਤਮ ਦਏ ਸਮਝਾ ।



✪ ੯ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਵਾਲਸਆਲ ਲੀਮੋਰ ੨੩ ਕਾਰਲ ਸਟਰੀਟ ਤੀਰਥ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਅਬਲੀਸ ਸੁਣ ਹਦੀਸਾ, ਹਜ਼ਰਤਾਂ ਤੋਂ ਬਾਹਰ ਸਮਝਾਈਆ । ਖੇਲ ਤੱਕ ਅਗੰਮੀ ਜਗਦੀਸ਼ਾ, ਕੀ ਜਗਦੀਸ਼ਰ ਹੁਕਮ ਵਰਤਾਈਆ । ਅਬਲੀਸ ਕਹੇ ਨਾਰਦਾ ਮੇਰਾ ਖ਼ਾਲੀ ਹੋਇਆ ਖ਼ੀਸਾ, ਈਮਾਨ ਨਜ਼ਰ ਕੋਇ ਨਾ ਆਈਆ । ਸੱਜਣ ਰਿਹਾ ਕੋਇ ਨਾ ਮੀਤਾ, ਉਮਤ ਸੰਗ ਨਾ ਕੋਇ ਨਿਭਾਈਆ । ਸ਼ਰਅ ਸ਼ਰੀਅਤ ਬਦਲੀ ਰੀਤਾ, ਹਕ ਹਕ ਨਾ ਕੋਇ ਦ੍ਰਿੜਾਈਆ । ਫਿਰੀ ਦਰੋਹੀ ਵਿਚ ਮਸੀਤਾ, ਕਾਅਬੇ ਰਹੇ ਕੁਰਲਾਈਆ ।

ਬਹੁੜੀ ਮੇਰੀਆਂ ਨਿਕਲਦੀਆਂ ਚੀਕਾਂ, ਚੀਕ ਚਿਹਾੜਾ ਦੇਵਾਂ ਪਾਈਆ । ਧੁਰ ਅਮਾਮ ਦੀਆਂ ਆ ਗਈਆਂ ਤਰੀਖਾਂ, ਜੋ ਤਵਾਰੀਖਾਂ ਦਏ ਬਦਲਾਈਆ । ਜਿਸ ਦਾ ਕਿਸੇ ਦੇ ਨਾਲ ਨਹੀਂ ਸ਼ਰੀਕਾ, ਸ਼ਰਕਤਾਂ ਦੀਨ ਦੁਨੀ ਦਏ ਮਿਟਾਈਆ । ਉਸ ਮਹਿਬੂਬ ਦੇ ਵਿਚ ਤੌਫ਼ੀਕਾ, ਜੋ ਨੂਰ ਨੁਰਾਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਵਰਤਾਈਆ । ਅਬਲੀਸ ਕਹੇ ਨਾਰਦ ਆਪਣੀ ਸਾਂਭ ਕੇ ਵੇਖ ਧੋਤੀ, ਹੱਥ ਬੋਦੀ ਉਤੇ ਲਗਾਈਆ । ਬ੍ਰਾਹਮਣਾ ਸ੍ਰਿਸ਼ਟੀ ਵੇਖ ਰੋਤੀ, ਧੀਰਜ ਧੀਰ ਨਾ ਕੋਇ ਰਖਾਈਆ । ਮਾਇਆ ਮਮਤਾ ਵਿਚ ਸੋਤੀ, ਨੇਤਰ ਅੱਖ ਨਾ ਕੋਇ ਉਠਾਈਆ । ਪ੍ਰਭੂ ਛੱਡਿਆ ਕਾਰਨ ਰੋਟੀ, ਬੋਟੀ ਜਗਤ ਮੁਖ ਹਲਕਾਈਆ । ਕਲਜੁਗ ਅੰਤਮ ਵੇਖ ਸ਼ੂਦਰ ਬ੍ਰਾਹਮਣ ਵੈਸ਼ ਸਭ ਦੀ ਮੁੰਨੀ ਚੋਟੀ, ਚੋਟੀ ਚੜ੍ਹ ਕੇ ਧਿਆਨ ਲਗਾਈਆ । ਭਗਤ ਸੁਹੇਲਾ ਵਿਰਲਾ ਦਿਸੇ ਵਿਚ ਕੋਟੀ, ਕੋਟਨ ਕੋਟ ਲੇਖਾ ਧਰਮ ਰਾਏ ਨਾਲ ਬਣਾਈਆ । ਸਚ ਦਵਾਰੇ ਜਗਦੀ ਦਿਸੇ ਕੋਈ ਨਾ ਜੋਤੀ, ਹਵਨ ਦੀਪਕ ਘਿਰਤ ਜਗਤ ਨਾ ਕੋਇ ਵਡਿਆਈਆ । ਮਾਣ ਰਿਹਾ ਨਾ ਚੌਦਾਂ ਲੋਕੀ, ਚੌਦਾਂ ਤਬਕ ਦੇਣ ਦੁਹਾਈਆ । ਕੁਛ ਲਹਿਣਾ ਤੱਕ ਲੈ ਰਵੀਦਾਸ ਚਮਾਰੇ ਮੋਚੀ, ਕਬੀਰ ਜੁਲਾਹਾ ਕੀ ਸੁਣਾਈਆ । ਬਿਨਾ ਆਤਮਾ ਤੋਂ ਪਰਮਾਤਮਾ ਦਾ ਬਣੇ ਕੋਇ ਨਾ ਗੋਤੀ, ਗੌਤਮ ਕਹਿ ਕੇ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਜਿਸ ਨੂੰ ਝੁਕਦੇ ਸੀਤਾ ਰਾਮਾ, ਰਾਧੇ ਕ੍ਰਿਸ਼ਨ ਨਿਵ ਨਿਵ ਲਾਗਣ ਪਾਈਆਂ । ਸੋ ਪਰਮ ਪੁਰਖ ਸੁਲਤਾਨਾ, ਪਤਿਪਰਮੇਸ਼ਵਰ ਇਕ ਅਖਵਾਈਆ । ਲੱਖ ਚੁਰਾਸੀ ਜਾਣੀ ਜਾਣਾ, ਘਟ ਘਟ ਅੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਆਪ ਚੁਕਾਈਆ । ਅਬਲੀਸ ਕਹੇ ਨਾਰਦ ਤੇਰੀ ਬੋਦੀ ਵੇਖਾਂ ਹਿਲਦੀ, ਸੀਸ ਉਤੇ ਸੁਹਾਈਆ । ਨਿਗਾਹ ਮਾਰ ਲੈ ਆਤਮ ਪਰਮਾਤਮ ਕਿਸੇ ਨਾ ਮਿਲਦੀ, ਬ੍ਰਹਮ ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਨਿਸ਼ਾਨੀ ਨਜ਼ਰ ਨਾ ਆਵੇ ਕਿਸੇ ਤਿਲ ਦੀ, ਤਿਲਕ ਲਲਾਟੀ ਨੂਰ ਨਾ ਕੋਇ ਰੁਸ਼ਨਾਈਆ । ਦੀਨ ਦੁਨੀ ਦੀ ਬੇੜੀ ਤੱਕ ਲੈ ਸ਼ੌਹ ਦਰਿਆਏ ਠਿਲ੍ਹਦੀ, ਹਜ਼ਰਤ ਨੂਹ ਬੇੜਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਅਬਲੀਸ ਕਿਹੜਾ ਹਜ਼ਰਤ ਨੂਹ, ਜਗਤ ਸਾਗਰ ਨਾ ਕੋਇ ਵਡਿਆਈਆ । ਮੈਨੂੰ ਯਾਦ ਆਇਆ ਜਿਹੜਾ ਸੰਦੇਸ਼ਾ ਦੇ ਕੇ ਗਿਆ ਧਰੂ, ਬਾਲ ਅਵਸਥਾ ਇਕ ਸੁਣਾਈਆ । ਜੋ ਆਸ਼ਾ ਰਖੀ ਵਸ਼ਿਸ਼ਟ ਗੁਰੂ, ਰਾਮ ਰਾਮਾ ਵਡ ਵਡਿਆਈਆ । ਕਾਹਨ ਨੇ ਕਿਹਾ ਮਿਹਰਵਾਨ ਦਾ ਖੇਲ ਹੋਣਾ ਸ਼ੁਰੂ, ਝਗੜਾ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਅਬਲੀਸ ਇਕ ਦਿਨ ਕ੍ਰਿਸ਼ਨ ਨੇ ਹੁਕਮ ਦਿਤਾ ਸੀ ਗੋਪੀ, ਰਾਧਾ ਰਾਧਕੇ ਦਿਤਾ ਜਣਾਈਆ । ਨੀ ਓਹ ਤੱਕ ਕਲਜੁਗ ਅਬਲੀਸ ਦੇ ਸਿਰ ਤੇ ਕਾਲੀ ਟੋਪੀ, ਕਾਲਾ ਵੇਸ ਜਗਤ ਲੋਕਾਈਆ । ਜਿਸ ਨੇ ਮਾਣ ਰਹਿਣ ਨਹੀਂ ਦੇਣਾ ਕਿਸੇ ਸ਼ਾਸਤਰ ਪੋਥੀ, ਗੀਤਾ ਗਿਆਨ ਨਾ ਕੋਇ ਚਤੁਰਾਈਆ । ਮੰਜ਼ਲ ਚੜ੍ਹਨ ਨਹੀਂ ਦੇਣੀ ਕਿਸੇ ਚੌਥੀ, ਚਾਰੋਂ ਕੁੰਟ ਹੋਵੇ ਹਲਕਾਈਆ । ਬੁੱਧੀ ਸਭ ਦੀ ਹੋਣੀ ਥੋਥੀ, ਨਿਰਮਲ ਰੂਪ ਨਾ ਕੋਇ ਦਰਸਾਈਆ । ਕਾਇਆ ਮੰਦਰ ਦਿਸੇ ਨਾ ਜਗਦੀ ਜੋਤੀ, ਜਾਗਰਤ ਜੋਤ ਨਜ਼ਰ ਨਾ ਆਈਆ । ਸਭ ਦੀ ਵਾਸਨਾ ਅੰਦਰੋਂ ਹੋਣੀ ਖੋਟੀ, ਖੋਟੇ ਖਰੇ ਨਾ ਕੋਇ ਬਣਾਈਆ । ਦੀਨ

੨੧੬
੨੩

ਦੁਨੀ ਸ਼ਰਅ ਵਿਚ ਹੋਣੀ ਰੋਤੀ, ਬਿਨ ਨੈਣਾਂ ਨੀਰ ਵਹਾਈਆ । ਨਾਰਦ ਕਹੇ ਅਬਲੀਸਾ ਸਭ ਦੀ ਮਤ ਹੋ ਜਾਣੀ ਹੋਛੀ, ਧੀਰਜ ਧੀਰ ਨਾ ਕੋਇ ਧਰਾਈਆ । ਪੰਡਤਾਂ ਮਾਣ ਨਹੀਂ ਰਹਿਣਾ ਕੋਸ਼ੀ, ਕੋਸ਼ ਕੋਕ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਬੇਪ੍ਰਵਾਹੀਆ । ਅਬਲੀਸ ਕਹੇ ਨਾਰਦਾ ਮੈਂ ਸੁਣਾਵਾਂ ਤੈਨੂੰ ਇਕ ਗਾਨ, ਸ਼ਰਅ ਸ਼ਰਅ ਵਿਚੋਂ ਜਣਾਈਆ । ਮੈਂ ਕੀ ਲੇਖਾ ਜਾਣਾ ਮੁਹੰਮਦ ਵਾਲੀ ਇਸਲਾਮ, ਇਸਮ ਇਕੋ ਇਕ ਵੇਖ ਵਖਾਈਆ । ਮੈਂ ਨਜ਼ਾਰਾ ਤੱਕਿਆ ਜਿਸ ਵੇਲੇ ਸਨਾਨ ਸੂਰੀਆ ਲੱਗਾ ਚੁਰਾਣ, ਮੈਂ ਅੰਦਰ ਵੜ ਕੇ ਦਿਤਾ ਹਿਲਾਈਆ । ਉਹਨੂੰ ਬਣਾ ਕੇ ਕਾਮ ਵਾਸਨਾ ਗ਼ੁਲਾਮ, ਗ਼ੁਰਬਤ ਅੰਦਰ ਇਕ ਭਰਾਈਆ । ਫੇਰ ਮੈਂ ਤਾੜੀ ਮਾਰੀ ਉਹ ਹੋ ਗਿਆ ਹੈਰਾਨ, ਹੈਰਾਨੀ ਵਿਚ ਦਏ ਦੁਹਾਈਆ । ਮੁਖੋਂ ਬੋਲ ਨਾ ਸਕੇ ਜ਼ਬਾਨ, ਜ਼ਿਬਹ ਆਸ਼ਾ ਦਿਤੀ ਕਰਾਈਆ । ਮੈਂ ਇਸ਼ਾਰਾ ਕੀਤਾ ਉਠ ਮਿਹਰਵਾਨ ਮਹਿਬਾਨ, ਮਹਿਬਾਨ ਬੀਦੋ ਨੂਰ ਅਲਾਹੀਆ । ਜਿਸ ਦੀ ਸਿਫ਼ਤ ਕਰੇ ਮਜੀਦ ਕੁਰਾਨ, ਅੱਲਾ ਅਲਾਹ ਇਕੋ ਨੂਰ ਅਲਾਹੀਆ । ਜੋ ਸਦੀ ਚੌਧਵੀਂ ਆਪਣਾ ਖੇਲ ਕਰੇ ਮਹਾਨ, ਅਮਾਮ ਅਮਾਮਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਇਕ ਅਖਵਾਈਆ । ਨਾਰਦ ਕਹੇ ਅਬਲੀਸ ਮੇਰੇ ਕੋਲ ਇਕੋ ਪਿਛਲਾ ਰੁੱਕਾ, ਜੋ ਰੁਕਮਣੀ ਨੂੰ ਚੁੱਕਣ ਲੱਗਿਆਂ ਕ੍ਰਿਸ਼ਨ ਦਿਤਾ ਲਿਖਾਈਆ । ਨਾਰਦਾ ਓਹ ਕਲਜੁਗ ਆਉਂਦਾ ਭੁੱਖਾ, ਭੱਜੇ ਵਾਹੋ ਦਾਹੀਆ । ਜਿਸ ਦਾ ਨਿਸ਼ਾਨਾ ਕਦੇ ਨਾ ਉਕਾ, ਤੀਰ ਅਣਿਆਲਾ ਇਕ ਚਲਾਈਆ । ਉਸ ਦਾ ਨਾ ਜਿਸਮ ਨਾ ਜ਼ਮੀਰ ਨਾ ਜੁੱਸਾ, ਜੁਸਤਜੂ ਵਿਚ ਆਪਣਾ ਭੇਵ ਨਾ ਕੋਇ ਖੁਲਾਈਆ । ਓਹ ਤੱਕ ਮੁਹੰਮਦੀ ਧਾਰ ਜਿਸ ਦੇ ਹੱਥ ਵਿਚ ਦਿਸਦਾ ਹੁੱਕਾ, ਹੁਕਮ ਧੁਰ ਦਾ ਦੇਵੇ ਬੇਪ੍ਰਵਾਹੀਆ । ਜਿਸ ਦੀ ਗੂੜ੍ਹੀ ਨੀਂਦ ਜਗਤ ਜਹਾਨ ਹੋਵੇ ਸੁੱਤਾ, ਆਲਸ ਨਿੰਦਰਾ ਨਾ ਕੋਇ ਹਟਾਈਆ । ਸਤਿ ਧਰਮ ਦਾ ਦਿਸੇ ਕੋਇ ਨਾ ਪੁਤਾ, ਪਿਤਾ ਪੂਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਬਲੀਸ ਕਹੇ ਨਾਰਦ ਆ ਕਰੀਏ ਹਕ ਸਲਾਹ, ਮਸ਼ਵਰਾ ਇਕੋ ਇਕ ਰਖਾਈਆ । ਪਹਿਲੋਂ ਦੋਵੇਂ ਬਖ਼ਸ਼ਾ ਲਈਏ ਗੁਨਾਹ, ਆਜਜ਼ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲ ਪਰਵਰਦਿਗਾਰ ਸਾਰੇ ਹੋਣ ਵਾਲੇ ਫ਼ਨਾਹ, ਫ਼ਨਾਹ ਫਿਲਾ ਦਿਸੇ ਲੋਕਾਈਆ । ਤੂੰ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਮਲਾਹ, ਬੇਪ੍ਰਵਾਹੀ ਵਿਚ ਸਮਾਈਆ । ਸਾਡੀ ਤੇਰੇ ਅਗੇ ਦੁਆ, ਬਿਨ ਹੱਥਾਂ ਹੱਥ ਉਠਾਈਆ । ਕਲਜੁਗ ਅੰਤਮ ਬੇੜਾ ਆਪਣੇ ਕੰਧ ਉਠਾ, ਲੇਖਾ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਪੂਰ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਮੰਗ ਇਕ ਮੰਗਾਈਆ । ਨਾਰਦ ਕਹੇ ਅਬਲੀਸ ਮੈਥੋਂ ਹੁੰਦਾ ਨਹੀਂ ਬਰਦਾਸ਼ਤ, ਬਦੀ ਕਰੇ ਕੂੜ ਲੋਕਾਈਆ । ਅਬਲੀਸ ਕਹੇ ਕੂੜ ਕੁੜਿਆਰਾ ਇਹਨਾਂ ਦੇ ਅੰਦਰ ਕੀਤਾ ਕਾਸ਼ਤ, ਕਲਜੁਗ ਆਪਣੇ ਨਾਲ ਮਿਲਾਈਆ । ਸਚ ਮੁਹੰਮਦ ਦਾ ਨਾਤਾ ਰਹੇ ਨਾ ਕਿਸੇ ਵਾਸਤਕ, ਵਸਲਯਾਰ ਨਾ ਕੋਇ ਹੰਢਾਈਆ । ਪ੍ਰੇਮ ਧਾਰ ਦਾ ਰਹੇ ਨਾ ਕੋਇ ਉਪਾਸ਼ਕ, ਉਪਨਿਸ਼ਦਾਂ ਦਾ ਲੇਖਾ ਦੇਣਾ ਮੁਕਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਧਰਮ ਦੀ ਰਹਿਣ ਨਹੀਂ ਦੇਣੀ ਵਿਰਾਸਤ, ਵਿਰਸੇ ਦਾ ਮਾਲਕ ਨਜ਼ਰ ਕੋਇ ਨਾ ਆਈਆ । ਇਕੋ ਜਲਵਾਗਰ ਨੂਰ ਦਾ ਜ਼ਹੂਰ ਹੋਣਾ ਪ੍ਰਕਾਸ਼ਤ, ਪੁਰਖ ਅਕਾਲਾ ਇਕੋ ਨਜ਼ਰੀ ਆਈਆ । ਜਿਸ ਨੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਵੇਖਣੀ ਨਾਸਤਕ, ਚਾਰੋਂ

ਕੁੰਟ ਤਨ ਵਜੂਦ ਫੋਲ ਫੁਲਾਈਆ । ਹਰਿਜਨ ਹਰਿ ਭਗਤ ਸੂਫ਼ੀ ਫ਼ਕੀਰ ਵੇਖਣੇ ਆਸਤਕ, ਕਾਇਆ ਮੰਦਰ ਅੰਦਰ ਪਰਦਾ ਆਪ ਚੁਕਾਈਆ । ਚੁਰਾਸੀ ਤੱਕਣੀ ਜਿਸ ਨੂੰ ਮਨੂਆ ਕਰ ਕੇ ਬੈਠਾ ਹਿਰਾਸਤ, ਆਪਣਾ ਬਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਖੇਲ ਖਿਲਾਈਆ । ਅਬਲੀਸ ਕਹੇ ਨਾਰਦ ਓਹ ਵੇਖ ਕੀ ਮੁਹੰਮਦ ਦਾ ਕਹੇ ਮਕਬਰਾ, ਗੋਰ ਕਹਿ ਕੇ ਕੀ ਸੁਣਾਈਆ । ਵਾਹਿਦ ਦਾ ਵਾਹਿਦ ਉਤੇ ਕੀ ਤਬਸਰਾ, ਕੀ ਤਬਲੀਕ ਰਹੀ ਜਣਾਈਆ । ਕੀ ਉਮਤ ਨੂੰ ਇਸ਼ਾਰਾ ਦਿਤਾ ਅੰਤ ਅਪੱਛਰਾ, ਹੁਕਮ ਸਾਦਰ ਸਦਰ ਬਣ ਸੁਣਾਈਆ । ਨਿਗਾਹ ਮਾਰ ਲੈ ਚੌਦਾਂ ਤਬਕਾਂ ਦਾ ਲੇਖਾ ਉਡਣ ਲੱਗਾ ਨਾਲ ਕਸਰਾ, ਕਸਰ ਇਸ਼ਾਰੀਆ ਲੇਖਾ ਸਭ ਦਾ ਦਏ ਉਡਾਈਆ । ਕੀ ਉਮਤ ਦਾ ਹੋਣਾ ਹਸ਼ਰਾ, ਹਸਤ ਕੀਟ ਰੋਵਣ ਮਾਰਨ ਧਾਹੀਆ । ਜੋ ਇਸ਼ਾਰਾ ਦੇ ਕੇ ਆਇਆ ਨਾਨਕ ਵਿਚ ਬਸਰਾ, ਬਸਰੀ ਇਸਮ ਤੋਂ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਖੇਲ ਖਿਲਾਈਆ । ਅਬਲੀਸ਼ ਕਹੇ ਨਾਰਦ ਕੀ ਕਹੇ ਤਾਰਾ ਕੁਤਬ, ਧਰੂ ਕੀ ਸ਼ਨਵਾਈਆ । ਵਲੀਆ ਅਲੀ ਵਲਮੁਜ਼ਾ ਜ਼ੁਬਤ, ਜੀਅਸ਼ ਚਸ਼ਮੇ ਨੂਰ ਰੁਸ਼ਨਾਈਆ । ਦੂਜ਼ਾਨੇ ਵਹਿਜ਼ ਮੁਸ਼ਤਾਨੇ ਰਚਿਸ਼ਪ ਅਲ ਅਹੂ ਜਾਂ ਵਲਅਹਮ ਮਨੂ ਆਹ ਵਜ਼ੀਅਲੇ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਅਬਲੀਸ ਸੁਣ ਹੁਕਮ ਯਥਾਰਥ ਯਦਪ ਯਦੀ ਦਿਆਂ ਜਣਾਈਆ । ਜਿਸ ਵਿਚ ਕਿਸੇ ਅਵਤਾਰ ਪੈਗ਼ੰਬਰ ਗੁਰ ਦਾ ਨਹੀਂ ਸਵਾਰਥ, ਸਵਾਰਥ ਦੀਨ ਦੁਨੀ ਨਾ ਕੋਇ ਵਡਿਆਈਆ । ਮਨਸਾ ਮਨ ਖ਼ਾਹਿਸ਼ ਨਹੀਂ ਕੋਈ ਪਦਾਰਥ, ਪਦਵੀ ਪਦ ਨਾ ਕੋਇ ਚਤੁਰਾਈਆ । ਮੈਂ ਚਾਰ ਜੁਗ ਦਾ ਵੇਖਿਆ ਪਰਮਾਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪ੍ਰਭ ਨੇ ਦਿਤਾ ਵਖਾਈਆ । ਸਭ ਦੇ ਸੰਦੇਸ਼ੇ ਸੁਣੇ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਅੰਤਮ ਕਲਜੁਗ ਪ੍ਰਗਟ ਹੋਵੇ ਵਿਚ ਭਾਰਤ, ਸੰਬਲ ਦਾ ਵਾਸੀ ਸੰਬਲ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ । ਜੋ ਏਥੇ ਓਥੇ ਦੋ ਜਹਾਨਾਂ ਸਭ ਦਾ ਬਣੇ ਵਾਰਸ, ਲੋਕ ਪਰਲੋਕਾਂ ਆਪਣਾ ਹੁਕਮ ਵਰਤਾਈਆ । ਉਸ ਦਾ ਇਕੋ ਸਤਿਗੁਰ ਸ਼ਬਦ ਹੋਵੇ ਸਾਲਸ, ਦੀਨਾਂ ਮਜ਼੍ਹਬਾਂ ਸਾਲਸੀ ਹਕ ਹਕ ਕਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਦੀਨਾਂ ਮਜ਼੍ਹਬਾਂ ਤੋਂ ਬਾਹਰ ਆਤਮਾ ਪਰਮਾਤਮਾ ਦੀ ਧਾਰ ਖ਼ਾਲਸਾ ਬਣਾਏ ਖ਼ਾਲਸ, ਜਿਸ ਦੀ ਰੂਪ ਰੰਗ ਰੇਖ ਸਕੇ ਨਾ ਕੋਇ ਬਦਲਾਈਆ । ਓਹ ਧਰਮ ਦੀ ਧਾਰ ਪੁਰਖ ਅਕਾਲ ਦਾ ਹੋਵੇ ਬਾਲਕ, ਬਾਲੀ ਬੁਧ ਆਪ ਜਣਾਈਆ । ਜਿਸ ਦਾ ਸਾਹਿਬ ਸਵਾਮੀ ਹੋਵੇ ਅਗੰਮਾ ਪਾਲਕ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਨਾਰਦ ਕਹੇ ਅਬਲੀਸ ਇਹ ਲਹਿਣਾ ਦੇਣਾ ਦੀਨ ਦੁਨੀ ਦਾ ਪੂਰਾ ਕਰੇ ਜੋ ਵੇਖੇ ਵਿਗਸੇ ਮਨੁੱਖ ਮਾਨਵ ਮਾਨਸ, ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਅਦਾਲਤ, ਅਦਲ ਇਨਸਾਫ਼ ਇਕੋ ਇਕ ਕਮਾਈਆ ।


੨੭੭
੨੩

✪ ੧੦ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਵੂਲਵਰ ਹੇਮਪਟਨ ਸਟਾਫ਼ ੭੫ ਡਨਸਟ ਆਲ ਰੋਡ ਪ੍ਰਕਾਸ਼ ਸਿੰਘ ਦੇ ਗ੍ਰਹਿ ✪

ਪੁਰਖ ਅਕਾਲ ਕਹੇ ਵੇਖ ਮੇਰੇ ਜੋਤ ਸਰੂਪ, ਜੋਤੀ ਜਾਤੇ ਧਿਆਨ ਲਗਾਈਆ । ਦੋ ਜਹਾਨ ਮੇਰੀ ਦਿਸ਼ਾ ਕੂਟ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਿੰਮਤਾਂ ਵਿਚ ਸਮਾਈਆ । ਮੇਰਾ ਨਜ਼ਰ ਨਾ ਆਵੇ ਕਿਸੇ ਰੰਗ ਰੇਖ ਰੂਪ, ਚਕਰ ਚਿੰਨ੍ਹ ਕਹਿਣ ਕੋਇ ਨਾ ਪਾਈਆ । ਮੇਰੇ ਆਦਿ ਅੰਤ ਦਾ ਦੇ ਨਾ ਸਕੇ ਕੋਇ ਸਬੂਤ, ਸਾਬਤ ਸੂਰਤ ਨਾ ਕੋਇ ਸਮਝਾਈਆ । ਮੈਂ ਸ਼ਾਹ ਸ਼ਹਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਨਿਰਗੁਣ ਧਾਰ ਮਹਿਬੂਬ, ਮਿਹਰਵਾਨ ਮਿਹਰਵਾਨ ਮਿਹਰਵਾਨ ਅਖਵਾਈਆ । ਮੇਰਾ ਸਚਖੰਡ ਦਵਾਰ ਦਰਗਾਹ ਸਾਚੀ ਮੁਕਾਮੇ ਹਕ ਹਕ ਅਰਸ਼ ਅਰੂਜ, ਆਲੀਸ਼ਾਨ ਦਾ ਆਲੀਜਾਹ ਇਕੋ ਨਜ਼ਰੀ ਆਈਆ । ਮੇਰੀ ਨਿਰਗੁਣ ਧਾਰ ਇਕ ਮੰਜ਼ਲ ਜਿਸ ਦੀ ਸਮਝੇ ਨਾ ਕੋਇ ਹਦੂਦ, ਹਿੱਸਾ ਵੰਡ ਨਾ ਕੋਇ ਵੰਡਾਈਆ । ਚਾਰੋਂ ਕੁੰਟ ਸਦਾ ਮੌਜੂਦ, ਜ਼ਿਮੀਂ ਅਸਮਾਨਾਂ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਸ਼ਬਦ ਕਹੇ ਸੁਣ ਮੇਰੀ ਅਗੰਮ ਦੀ ਧੁਨੀ, ਅਨਾਦੀ ਹੋ ਕੇ ਦਿਆਂ ਜਣਾਈਆ । ਮੇਰਾ ਖੇਲ ਬਹੁ ਬਹੁ ਗੁਣੀ, ਗੁਣਵੰਤਾ ਇਕ ਅਖਵਾਈਆ । ਮੇਰਾ ਮਾਲਕ ਖ਼ਾਲਕ ਇਕ ਕੁਨੀ, ਕੁੱਲ ਮਾਲਕ ਬੇਪ੍ਰਵਾਹੀਆ । ਜਿਸ ਦੀ ਸਮਾਧੀ ਨਹੀਂ ਵਿਚ ਕਦੇ ਸੁੰਨੀ, ਸੁੰਨ ਸਮਾਧ ਤੋਂ ਬਾਹਰ ਮੇਰਾ ਖੇਲ ਨਜ਼ਰੀ ਆਈਆ । ਮੇਰਾ ਰੂਪ ਰੰਗ ਜਾਣੇ ਨਾ ਕੋਇ ਵਿਚ ਦੁਨੀ, ਦੋ ਜਹਾਨ ਮੇਰੀ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਵਿਸ਼ਨ ਕਹੇ ਸੁਣ ਮੇਰੀ ਲਕਸ਼ਮੀ, ਲੱਛਣ ਮੇਰਾ ਸਮਝ ਕਿਸੇ ਨਾ ਆਈਆ । ਮੇਰਾ ਖੇਲ ਆਦਿ ਜੁਗਾਦੀ ਰਸਮੀ, ਹੁਕਮ ਵਰਤੇ ਬੇਪ੍ਰਵਾਹੀਆ । ਮੇਰਾ ਮਾਲਕ ਨੂਰ ਨੁਰਾਨਾ ਬਿਨਾ ਜਿਸਮੀ, ਬੇਪਰਵਾਹ ਵਡ ਵਡਿਆਈਆ । ਜਿਸ ਦੀ ਸਭ ਤੋਂ ਨਿਰਾਲੀ ਕਿਸਮੀ, ਭੇਵ ਅਭੇਦ ਨਾ ਕੋਇ ਖੁਲਾਈਆ । ਓਹ ਨਜ਼ਰੀ ਆਏ ਇਕੋ ਨੇਤਰ ਚਸ਼ਮੀ, ਸਚ ਚਸ਼ਮ ਕਰੇ ਰੁਸ਼ਨਾਈਆ । ਨਿਰਗੁਣ ਧਾਰ ਧਾਰ ਦਾ ਮਿਸ਼ਨੀ, ਮਿਸ਼ਨ ਆਪਣਾ ਆਪ ਪ੍ਰਗਟਾਈਆ । ਜਿਸ ਦੀ ਮਹਿੰਮਾ ਕਿਸੇ ਨਾ ਲਿਖਣੀ, ਲੇਖਾ ਅੰਤ ਨਾ ਕੋਇ ਦ੍ਰਿੜਾਈਆ । ਕੋਇ ਨਾ ਜਾਣੇ ਮੇਰੀ ਓਹਦੀ ਆਯੂ ਕਿਤਨੀ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਉਪਜਾਈਆ । ਬ੍ਰਹਮਾ ਕਹੇ ਸੁਣ ਮੇਰੀ ਸੁਰਸਤੀ, ਸਰਬ ਧਿਆਨ ਲਗਾਈਆ । ਧੁਨ ਨਾਦ ਦੀ ਲੈ ਮਸਤੀ, ਨਾਮ ਨਿਧਾਨਾ ਇਕ ਗੁਣ ਗਾਈਆ । ਜਿਸ ਨੇ ਸਾਨੂੰ ਬਖ਼ਸ਼ੀ ਹਸਤੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਉਸ ਦੀ ਮਹਿੰਮਾ ਕਰ ਜਿਸ ਦੀ ਖੇਲ ਅਲਖ ਦੀ, ਲਖ ਸਕੇ ਕੋਇ ਨਾ ਰਾਈਆ । ਝਟ ਸੁਰਸਤੀ ਖ਼ੁਸ਼ੀ ਦੇ ਵਿਚ ਹੱਸਦੀ, ਹੱਸ ਕੇ ਸੀਸ ਨਿਵਾਈਆ । ਮੈਂ ਵੀ ਧਾਰ ਓਸੇ ਦੀ ਪ੍ਰਕਾਸ਼ ਦੀ, ਮੈਨੂੰ ਜਨਮੇ ਕੋਇ ਨਾ ਮਾਈਆ । ਮੈਂ ਉਸੇ ਦਾ ਹੁਕਮ ਵਾਚਦੀ, ਵਾਚਕ ਹੋ ਕੇ ਧਿਆਨ ਲਗਾਈਆ । ਮੈਂ ਵਡਿਆਈ ਕਰਾਂ ਕੀ ਬ੍ਰਹਮਾ ਆਪਣੇ ਬਾਪ ਦੀ, ਪਿਤਾ ਪੁਰਖ ਅਕਾਲ ਅਗੰਮ ਅਥਾਹੀਆ । ਮੈਂ ਉਸ ਨੂੰ ਵੇਖ ਕੇ ਥਰ ਥਰ ਕਾਂਪਦੀ, ਬਲਹੀਣ ਬਲ ਨਾ ਕੋਇ ਧਰਾਈਆ । ਉਸ ਨੇ ਮੈਨੂੰ ਇਕ ਆਵਾਜ਼ ਸੁਣਾਈ ਆਪਣੇ ਜਾਪ ਦੀ, ਪਹਿਲੀ ਧੁਨ ਰਾਗ ਨਾਦ ਤੋਂ ਬਾਹਰ ਦ੍ਰਿੜਾਈਆ । ਸੁਰਸਤੀ ਤੂੰ ਮੈਨੂੰ ਰਹੀ ਅਲਾਪਦੀ, ਦੂਸਰ

ਅਵਰ ਨਾ ਕੋਇ ਚਤੁਰਾਈਆ । ਮੈਂ ਮਸਤਾਨੀ ਹੋਈ ਖੇਲ ਵੇਖ ਉਸ ਦੇ ਰਾਜ਼ ਦੀ, ਜਿਸ ਰਹਿਮਤ ਸਚ ਕਮਾਈਆ । ਧੁਨ ਸੁਣੀ ਸੋਹੰ ਸਾਚੇ ਨਾਦ ਦੀ, ਨਿਰਗੁਣ ਨਿਰਗੁਣ ਦਿਤੀ ਦ੍ਰਿੜਾਈਆ । ਬ੍ਰਹਮਾ ਬਾਕੀ ਖੇਲ ਹੋਣੀ ਸਭ ਬਾਦ ਦੀ, ਏਸ ਵੇਲੇ ਦੂਜਾ ਨਜ਼ਰ ਕੋਇ ਨਾ ਆਈਆ । ਮੇਰੀ ਆਸ਼ਾ ਉਸੇ ਦੇ ਵਿਚ ਜਾਗਦੀ, ਜੋ ਜਾਗਰਤ ਜੋਤ ਕਰੇ ਰੁਸ਼ਨਾਈਆ । ਮੇਰੀ ਤਮੰਨਾ ਭਰੀ ਪ੍ਰੇਮ ਵੈਰਾਗ ਦੀ, ਖ਼ੁਸ਼ੀਆਂ ਢੋਲੇ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਵਰਤਾਈਆ । ਸ਼ੰਕਰ ਕਹੇ ਸੁਣ ਧੁਰ ਦੀ ਧਾਰ ਪਾਰਬਤੀ, ਪਰਬਤ ਚੋਟੀਆਂ ਤੋਂ ਬਾਹਰ ਸੁਣਾਈਆ । ਕੁਛ ਸਿਫ਼ਤ ਦੱਸ ਧੁਰ ਦੇ ਕਮਲਾਪਤੀ, ਪਤਿਪਰਮੇਸ਼ਵਰ ਭੇਵ ਖੁਲਾਈਆ । ਆਸ਼ਾ ਤ੍ਰਿਸ਼ਨਾ ਜਿਸ ਦੇ ਨਾਲ ਤੇਰੀ ਰੱਤੀ, ਮਮਤਾ ਅਵਰ ਨਾ ਕੋਇ ਜਣਾਈਆ । ਪਾਰਬਤੀ ਝਟ ਉਠ ਕੇ ਨੱਠੀ, ਕਦਮ ਕਦਮ ਨਾਲ ਬਦਲਾਈਆ । ਫੇਰ ਮੂੰਹ ਦੇ ਭਾਰ ਢੱਠੀ, ਨੇਤਰ ਨੈਣਾਂ ਨੀਰ ਵਹਾਈਆ । ਮੈਂ ਇਕੋ ਤੱਕਿਆ ਮੇਰਾ ਸ਼ਾਹ ਸੁਲਤਾਨਾ ਮਰਦ ਮਰਦਾਨਾ ਪੁਰਖ ਅਕਾਲਾ ਜਿਸ ਦੀ ਜੋਤ ਅਗੰਮੀ ਬੱਤੀ, ਨੂਰ ਨੁਰਾਨਾ ਡਗਮਗਾਈਆ । ਉਸ ਦਾ ਸੰਦੇਸ਼ਾ ਮੇਰੇ ਅੰਤਰ ਆਇਆ ਰਤੀ, ਮੇਰੀ ਰਤ ਦੀ ਰਤ ਦਿਤੀ ਬਦਲਾਈਆ । ਉਸੇ ਦੀ ਧਾਰ ਉਸੇ ਦਾ ਪਿਆਰ ਉਸੇ ਦਾ ਨੂਰ ਉਸੇ ਦੀ ਬੱਚੀ, ਬਚਪਨ ਅਵਰ ਨਾ ਕੋਇ ਰਖਾਈਆ । ਮੈਨੂੰ ਪ੍ਰੇਮ ਵਿਚ ਸ਼ੰਕਰ ਪੜ੍ਹਾਏ ਪੱਟੀ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜਾਈਆ । ਜਿਸ ਦੇ ਕੋਲੋਂ ਭੋਲੇ ਨਾਥ ਤੂੰ ਸੋਹੰ ਦੀ ਖੱਟੀ ਖਟੀ, ਖਟਕਾ ਅਵਰ ਰਿਹਾ ਨਾ ਰਾਈਆ । ਮੈਂ ਵੀ ਉਸੇ ਦਾ ਦਰ ਦਵਾਰਾ ਟੱਪੀ, ਗ੍ਰਿਹਿ ਤੱਕਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਜੋਤ ਕਹੇ ਸ਼ਬਦ ਚਲਾਈਏ ਅਗੰਮਾ ਰਾਹ, ਰਹਿਮਤ ਸਚ ਕਮਾਈਆ । ਵਿਸ਼ਨੂੰ ਲਕਸ਼ਮੀ ਦੇਈਏ ਸਲਾਹ, ਪਰਦਾ ਆਪ ਉਠਾਈਆ । ਬ੍ਰਹਮਾ ਸੁਰਸਤੀ ਦੇਈਏ ਸਮਝਾ, ਭੇਵ ਅਭੇਦ ਆਪ ਖੁਲਾਈਆ । ਸ਼ੰਕਰ ਪਾਰਬਤੀ ਲਈਏ ਨਾਲ ਰਲਾ, ਵਿਛੋੜੇ ਵਿਚ ਵਿਛੜ ਨਾ ਜਾਈਆ । ਤਿੰਨਾਂ ਨੂੰ ਦਈਏ ਅਗੰਮ ਸਲਾਹ, ਜਿਸ ਦਾ ਮਸ਼ਵਰਾ ਅਵਰ ਨਾ ਕੋਇ ਪਕਾਈਆ । ਇਸ਼ਾਰਾ ਦੇਈਏ ਥਾਉਂ ਥਾਂ, ਥਨੰਤਰ ਇਕੋ ਇਕ ਵਡਿਆਈਆ । ਆਪਣੀ ਬਣਤ ਲਈਏ ਬਣਾ, ਦੂਸਰ ਸੰਗ ਨਾ ਕੋਇ ਮਿਲਾਈਆ । ਇਨ੍ਹਾਂ ਦੇ ਅੰਦਰ ਫੁਰਨੇ ਦੇਈਏ ਫੁਰਾ, ਅਨੁਭਵ ਆਪਣੀ ਖੇਲ ਖਿਲਾਈਆ । ਸੇਵਾਦਾਰ ਲਈਏ ਬਣਾ, ਵਫ਼ਾਦਾਰੀ ਵਿਚ ਟਿਕਾਈਆ । ਅੰਤਰ ਆਸ਼ਾ ਦੇਈਏ ਭੜਕਾ, ਖ਼ਾਹਿਸ਼ ਨਾਲ ਮਿਲਾਈਆ । ਫੇਰ ਸਾਨੂੰ ਤਿੰਨੇ ਸੀਸ ਦੇਣ ਝੁਕਾ, ਤਿੰਨਾਂ ਦੇ ਤਿੰਨ ਨਾਲ ਮਿਲਕੇ ਵੱਜੇ ਵਧਾਈਆ । ਮਿਹਰਵਾਨ ਹੋ ਕੇ ਤਿੰਨਾਂ ਦੀ ਝੋਲੀ ਤ੍ਰੈਗੁਣ ਮਾਇਆ ਦੇਈਏ ਪਾ, ਰਜੋ ਤਮੋ ਸਤੋ ਆਪਣੇ ਰੰਗ ਰੰਗਾਈਆ । ਪੰਜ ਤਤ ਨਾਲ ਦੇਈਏ ਮਿਲਾ, ਬਖ਼ਸ਼ਿਸ਼ ਹੋਵੇ ਏਕਾ ਥਾਈਆਂ । ਫੇਰ ਸੰਦੇਸ਼ਾ ਦੇਈਏ ਦ੍ਰਿੜਾ, ਧੁਰ ਫ਼ਰਮਾਨਾ ਵਡ ਵਡਿਆਈਆ । ਸਭ ਦੇ ਨਾਉਂ ਦੇਈਏ ਧਰਾ, ਸੰਸਾਰੀ ਭੰਡਾਰੀ ਸੰਘਾਰੀ ਖੇਲ ਖਿਲਾਈਆ । ਬ੍ਰਹਮੇ ਸ੍ਰਿਸ਼ਟੀ ਦੇ ਉਪਾ, ਵਿਸ਼ਨੂੰ ਰਿਜ਼ਕ ਦੇਣਾ ਸਬਾਈਆ । ਸ਼ੰਕਰ ਅੰਤਮ ਲੇਖਾ ਸਭ ਦਾ ਦੇਣਾ ਮੁਕਾ, ਬਚਿਆ ਰਹਿਣ ਕੋਇ ਨਾ ਪਾਈਆ । ਸਚਖੰਡ ਦਵਾਰੇ ਮਤਾ ਲਈਏ ਪਕਾ, ਬਦਲੀ ਕਰੇ ਨਾ ਕੋਇ ਰਾਈਆ । ਨਾਲੇ ਗੀਤ ਗਹਿਰ ਗੰਭੀਰ ਦਾ ਸੁਣੀਏ ਨਾਲ ਚਾਅ, ਚਾਓ ਘਨੇਰਾ ਇਕ ਵਖਾਈਆ । ਸ਼ਬਦੀ ਧਾਰ ਜੋਤ ਨਿਰੰਕਾਰ ਨੂੰ ਕਿਹਾ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਝਟ ਵਿਸ਼ਨੂੰ ਲਿਆ ਉਠਾ, ਪਾਰਬਤੀ ਸ਼ੰਕਰ ਨਾਲ ਲਏ ਅੰਗੜਾਈਆ ।



੨੧੯
੨੩

ਸੁਰਸਤੀ ਲਕਸ਼ਮੀ ਪਕੜੇ ਬਾਂਹ, ਹਲੂਣਾ ਬ੍ਰਹਮੇ ਤਾਈਂ ਲਗਾਈਆ । ਸੁਣੋ ਸੰਦੇਸਾ ਅਗੰਮ ਅਥਾਹ, ਜੋ ਬਿਨ ਰਸਨਾ ਜਿਹਵਾ ਗਾਈਆ । ਸੀਸ ਜਗਦੀਸ਼ ਲਉ ਝੁਕਾ, ਨਿਵ ਨਿਵ ਲਾਗੋ ਪਾਈਆ । ਆਦਿ ਦਾ ਢੋਲਾ ਲਉ ਗਾ, ਜਿਸ ਦਾ ਲੇਖਾ ਲਿਖਤ ਨਾ ਕੋਇ ਸਮਝਾਈਆ । ਸਾਰੇ ਖ਼ੁਸ਼ੀ ਲਓ ਮਨਾ, ਮਨਸਾ ਅਵਰ ਨਾ ਕੋਇ ਬਣਾਈਆ । ਸਚਖੰਡ ਦਵਾਰੇ ਇਕੋ ਜੋਤ ਨੂਰ ਰੁਸ਼ਨਾ, ਦੂਜਾ ਅਵਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਵਿਸ਼ਨੂੰ ਲਕਸ਼ਮੀ ਗਾਇਆ ਆਦਿ ਗੀਤ, ਹੱਥ ਪੇਸ਼ਾਨੀ ਉਤੇ ਟਿਕਾਈਆ । ਤੇਰੀ ਆਦਿ ਆਦਿ ਦੀ ਪ੍ਰੀਤ, ਅੰਤ ਅੰਤ ਤੇਰੇ ਵਿਚ ਸਮਾਈਆ । ਤੇਰਾ ਹੁਕਮ ਤੇਰੀ ਰੀਤ, ਰੀਤੀਵਾਨ ਤੇਰੀ ਵਡਿਆਈਆ । ਤੂੰ ਸਾਹਿਬ ਸਦਾ ਅਤੀਤ, ਤ੍ਰੈਭਵਨ ਧਨੀ ਇਕ ਅਖਵਾਈਆ । ਨਾਲੇ ਵਿਛੋੜੇ ਬ੍ਰਿਹੋਂ ਵਿਚ ਦੋਹਾਂ ਨੇ ਮਾਰੀ ਚੀਕ, ਕੂਕ ਕੂਕ ਸੁਣਾਈਆ । ਮੇਰੇ ਮਿਹਰਵਾਨਾ ਸਾਡੀ ਆਸ਼ਾ ਸਦ ਮਨਸਾ ਤੇਰੀ ਹੋਵੇ ਉਮੀਦ, ਤ੍ਰਿਸ਼ਨਾ ਅਵਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਿਸ਼ਨੂੰ ਲਕਸ਼ਮੀ ਸੀਸ ਨਿਵਾਈਆ । ਬ੍ਰਹਮਾ ਕਹੇ ਸੁਰਸਤੀ ਗਾ ਗੋਬਿੰਦ, ਗਹਿਰ ਗੰਭੀਰ ਵਡਿਆਈਆ । ਸੁਰਸਤੀ ਕਹੇ ਓਹ ਮਾਲਕ ਸਦ ਬਖ਼ਸ਼ਿੰਦ, ਬਖ਼ਸ਼ਣਹਾਰ ਅਖਵਾਈਆ । ਜਿਸ ਦਾ ਸਚ ਦਵਾਰ ਅਗੰਮਾ ਪਿੰਡ, ਜਿਉ ਵੰਡ ਨਾ ਕੋਇ ਵੰਡਾਈਆ । ਜਿਥੇ ਸਿਤਾਰ ਵੱਜੇ ਨਾ ਕੋਇ ਕਿੰਗ, ਤਾਰ ਸਕੇ ਨਾ ਕੋਇ ਹਿਲਾਈਆ । ਓਹ ਮਾਲਕ ਇਕ ਮਰਗਿੰਦ, ਮਿਹਰਵਾਨ ਵਡ ਵਡਿਆਈਆ । ਜੋ ਸਭ ਦੀ ਮੇਟੇ ਚਿੰਦ, ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪਾਰਬਤੀ ਕਹੇ ਸੁਣ ਸ਼ੰਕਰ ਗਾਈਏ ਇਕੋ ਢੋਲਾ, ਜਿਸ ਦੀ ਆਵਾਜ਼ ਸਮਝ ਕੋਇ ਨਾ ਪਾਈਆ । ਜੋ ਬਿਨਾ ਜ਼ਬਾਨ ਤੋਂ ਜਾਏ ਬੋਲਾ, ਅਨਬੋਲਤ ਵਿਚ ਸਮਾਈਆ । ਨਾਲੇ ਵਾਸਤਾ ਪਾਈਏ ਮਿਹਰਵਾਨ ਖੇਲ ਕਰੀਂ ਉਪਰ ਧਰਨੀ ਧਰਤ ਧਵਲ ਧੌਲਾ, ਪਹਿਲੋਂ ਧਵਲ ਆਪਣੀ ਲੈ ਬਣਾਈਆ । ਸਾਡੇ ਨਾਲ ਕਰ ਇਕਰਾਰ ਕੌਲਾ, ਕਵਲ ਵਿਚੋਂ ਜਿਸ ਬ੍ਰਹਮ ਲਿਆ ਪ੍ਰਗਟਾਈਆ । ਜੇ ਤੂੰ ਪੰਜ ਤਤ ਦਿਤੇ ਪਵਣ ਪਾਣੀ ਖੇਲੇ ਵਿਚ ਪਵਣਾ, ਖ਼ਾਕੀ ਖ਼ਾਕ ਰੰਗ ਰੰਗਾਈਆ । ਤੇਰੀ ਕਿਰਪਾ ਨਾਲ ਲੱਖ ਚੁਰਾਸੀ ਨੂਰ ਜੰਮਣਾ, ਵਿਸ਼ਨ ਬ੍ਰਹਮਾ ਸ਼ਿਵ ਚਲੇ ਨਾ ਕੋਇ ਚਤੁਰਾਈਆ । ਤੂੰ ਮਾਲਕ ਬਣਨਾ ਘੜਨਹਾਰ ਭੰਨਣਾ, ਸਮਰਥ ਇਕ ਅਖਵਾਈਆ । ਅਸੀਂ ਸਭ ਨੇ ਤੇਰਾ ਹੁਕਮ ਮੰਨਣਾ, ਨਿਵ ਨਿਵ ਲਗੀਏ ਪਾਈਆ । ਆਦਿ ਅੰਤ ਥਰ ਥਰ ਕੰਬਣਾ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਸਭ ਦਾ ਬੇੜਾ ਬੰਨ੍ਹਣਾ, ਭਾਰ ਆਪਣੇ ਕੰਧ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਾ ਕੋਈ ਹਰਖ ਸੋਗ ਰਹੇ ਚਿੰਤਾ ਗ਼ਮਣਾ, ਇਕੋ ਏਕ ਏਕ ਟੇਕ ਤੇਰੀ ਨਜ਼ਰੀ ਆਈਆ ।

✪ ੧੦ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਵਾਲਸਆਲ ਲੀਮੋਰ ੨੩ ਕਾਰਲ ਸਟਰੀਟ ਕੇਸਰ ਸੰਘ ਦੇ ਗ੍ਰਹਿ ✪

ਤ੍ਰੈਗੁਣ ਕਹੇ ਪੰਜ ਤਤ ਸਾਡਾ ਰੂਪ ਅਪਾਰ, ਅਪਰੰਪਰ ਸਵਾਮੀ ਦਿਤੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਸੇਵਾਦਾਰ, ਸੇਵਾ ਸਚ

ਸਚ ਕਮਾਈਆ । ਲਕਸ਼ਮੀ ਸੁਰਸਤੀ ਪਾਰਬਤੀ ਵੇਖੇ ਨੈਣ ਉਘਾੜ, ਚਾਰੋਂ ਕੁੰਟ ਧਿਆਨ ਲਗਾਈਆ । ਕੀ ਖੇਲ ਨਿਰਗੁਣ ਨਿਰੰਕਾਰ, ਜੋਤੀ ਜਾਤਾ ਪੁਰਖ ਬਿਧਾਤਾ ਕੀ ਆਪਣੀ ਕਾਰ ਕਮਾਈਆ । ਜੋ ਅਗੰਮ ਅਥਾਹ ਬੇਪ੍ਰਵਾਹ ਬਣਿਆ ਆਪ ਠਠਿਆਰ, ਦੂਸਰ ਸੰਗ ਨਾ ਕੋਇ ਬਣਾਈਆ । ਬ੍ਰਹਮ ਵੇਤੇ ਫੁਰਨਾ ਦਿਤਾ ਅਪਰ ਅਪਾਰ, ਅਪਰੰਪਰ ਸਵਾਮੀ ਦਿਤਾ ਦ੍ਰਿੜਾਈਆ । ਵਿਸ਼ਨੂੰ ਨੇ ਕਿਹਾ ਕਰ ਨਿਮਸਕਾਰ, ਬਿਨ ਡੰਡਾਵਤ ਬੰਦਨਾ ਸੀਸ ਝੁਕਾਈਆ । ਸ਼ੰਕਰ ਕਿਹਾ ਹੋਣਾ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਰਾਈਆ । ਤਿੰਨੇ ਇਸ਼ਟ ਮੰਨੋ ਸੱਚੀ ਸਰਕਾਰ, ਜਿਸ ਦਾ ਰੂਪ ਰੰਗ ਬਿਨ ਅਨੁਭਵ ਦ੍ਰਿਸ਼ਟੀ ਨਜ਼ਰ ਕਿਸੇ ਨਾ ਆਈਆ । ਜੋ ਜੋਤੀ ਜਾਤਾ ਤੁਹਾਡੀ ਜੋਤ ਕਰੇ ਉਜਿਆਰ, ਨੂਰ ਨੂਰ ਵਿਚੋਂ ਪ੍ਰਗਟਾਈਆ । ਵਸਤ ਅਮੋਲਕ ਦੇਵੇ ਥਾਰ, ਅਗੰਮ ਅਥਾਹ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਪੁਰਖ ਅਕਾਲ ਦਿਤੀ ਅੰਤਰ ਦ੍ਰਿਸ਼ਟ, ਵਾਸ਼ਨਾ ਅਵਰ ਨਾ ਕੋਇ ਜਣਾਈਆ । ਪਾਰਬ੍ਰਹਮ ਬ੍ਰਹਮ ਤੋਂ ਪਾਰ ਪਰੇ ਆਪਣਾ ਦੱਸਿਆ ਗ੍ਰਿਹਸਤ, ਸੇਜ ਸੁਹੰਜਣੀ ਸਚਖੰਡ ਨਿਰਗੁਣ ਨਿਰਗੁਣ ਨਿਰਗੁਣ ਆਪ ਹੰਢਾਈਆ । ਰੂਪ ਅਨੂਪ ਧਰ ਵਸ਼ਿਸ਼ਟ, ਵਿਸ਼ੇਸ਼ ਆਪਣਾ ਆਪ ਸਮਝਾਈਆ । ਤਿੰਨਾਂ ਇਕੋ ਵਾਰ ਖੇਲ ਕੇ ਦ੍ਰਿਸ਼ਟ, ਦ੍ਰਿਸ਼ਟੀ ਕੋਨ ਦਿਤਾ ਦ੍ਰਿੜਾਈਆ । ਮੈਂ ਟਾਂਕ ਮੇਰੀ ਨਿਰਗੁਣ ਧਾਰ ਹੋਈ ਜਿਸਤ, ਆਤਮ ਪਰਮਾਤਮ ਵੰਡ ਵੰਡਾਈਆ । ਬਿਨਾ ਕਲਮ ਸ਼ਾਹੀ ਤੋਂ ਨਿਰਅੱਖਰ ਕੀਤੀ ਲਿਖਤ, ਕਾਤਬ ਨਜ਼ਰ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕਣ ਨਾਲ ਹਿੰਮਤ, ਹੌਸਲਾ ਆਪਣਾ ਇਕ ਬੰਧਾਈਆ । ਨਾ ਕੋਈ ਦਿਸ਼ਾ ਕੂਟ ਦਿਸੇ ਸਿੰਮਤ, ਨੂਰ ਨੁਰਾਨਾ ਇਕੋ ਡਗਮਗਾਈਆ ।

੨੮੧
੨੩

ਤਿੰਨੇ ਬਿਰਹੋਂ ਵਿਚ ਕਰਨ ਲੱਗੇ ਮਿੰਨਤ, ਬਿਨ ਨੈਣਾਂ ਨੈਣਾਂ ਨੀਰ ਵਹਾਈਆ । ਪੁਰਖ ਅਕਾਲੇ ਸਾਡੇ ਅੰਤਰ ਆਵੇ ਕੋਇ ਨਾ ਚਿੰਤ, ਚਿੰਤਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਪ੍ਰਭ ਸਮਾਂ ਬਖ਼ਸ਼ਿਆ ਥੋੜ੍ਹਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਮੈਂ ਤੇਰਾ ਇਕ ਸੁਣਾਇਆ ਦੋਹਰਾ, ਦੋਹਰੀ ਆਪਣੀ ਕਲ ਵਰਤਾਈਆ । ਪਹਿਲੋਂ ਖੇਲ ਖਿਲਾਇਆ ਅੰਧ ਘੋਰਾ, ਫੇਰ ਨਿਰਗੁਣ ਨੂਰ ਚੰਦ ਕਰੇ ਰੁਸ਼ਨਾਈਆ । ਫੇਰ ਹੱਸ ਕੇ ਕਿਹਾ ਰੂਪ ਅਨੂਪ ਤੱਕੋ ਮੋਰਾ, ਜਿਸ ਦਾ ਚੱਕਰ ਚਿਨ੍ਹ ਨਜ਼ਰ ਕੋਇ ਨਾ ਆਈਆ । ਤੁਹਾਡਾ ਭਾਗ ਹੋਵੇ ਮਥੋਰਾ, ਮਸਤਕ ਟਿੱਕੇ ਧੂੜ ਰਮਾਈਆ । ਸਭ ਦੇ ਉਤੇ ਹੁਕਮ ਹੋਵੇ ਜ਼ਾਬਰ ਜੋਰਾ, ਆਪਣਾ ਬਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭ ਕਿਰਪਾ ਕੀਤੀ ਆਪ, ਆਪਣੀ ਦਇਆ ਕਮਾਈਆ । ਸਾਡਾ ਬਣ ਕੇ ਮਾਈ ਬਾਪ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਤੂੰ ਮੇਰਾ ਮੈਂ ਤੇਰਾ ਦੱਸਕੇ ਜਾਪ, ਸੋਹੰ ਨਾਦ ਦਿਤਾ ਵਜਾਈਆ । ਸ਼ਬਦ ਸ਼ਬਦੀ ਥਾਪਣ ਥਾਪ, ਸ਼ਬਦੀ ਸ਼ਬਦ ਦਏ ਵਡਿਆਈਆ । ਆਪ ਆਪਣਾ ਬਣਾ ਕੇ ਸਾਕ, ਸੱਜਣ ਇਕ ਅਖਵਾਈਆ । ਸਾਡਾ ਖੇਲ ਕੇ ਪਰਦਾ ਤਾਕ, ਨੂਰ ਦਿਤਾ ਚਮਕਾਈਆ । ਸਾਨੂੰ ਪਿਛਲੀ ਅਗੰਮੀ ਯਾਦ ਰਹੀ ਕੋਈ ਨਾ ਵਾਟ, ਵਕਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਦਏ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਕਿਰਪਾ ਕੀਤੀ ਅਬਿਨਾਸ਼ੀ

੨੮੧
੨੩

२८२
२३

ਅਚੁਤ, ਚੇਤਨ ਆਪਣੀ ਧਾਰ ਸਮਝਾਈਆ । ਸਾਡੇ ਅੰਤਰ ਮੌਲੀ ਰੁਤ, ਖ਼ੁਸ਼ੀਆਂ ਵੱਜੀ ਵਧਾਈਆ । ਸਾਡੀ ਨਿਗਾਹ ਵਿਚ ਆਇਆ ਲੱਖ ਚੁਰਾਸੀ ਬੁਤ, ਬੁਤਖ਼ਾਨੇ ਦਏ ਸਮਝਾਈਆ । ਇਹ ਨੂਰ ਨੁਰਾਨਾ ਮੇਰਾ ਲਾਡਲਾ ਸੁਤ, ਜੋ ਆਤਮ ਸਭ ਦੇ ਵਿਚ ਟਿਕਾਈਆ । ਵਿਸ਼ਨੂੰ ਫੜ ਹਲੂਣਿਆਂ ਗੁਟ, ਨੇਤਰ ਨੈਣ ਖੁਲਾਈਆ । ਬ੍ਰਹਮੇ ਗਿਆ ਤੁਠ, ਬ੍ਰਹਮ ਦਿਤਾ ਸਮਝਾਈਆ । ਸ਼ੰਕਰ ਲਗਾ ਕੇ ਚੋਟ, ਚੋਟੀ ਚੜ੍ਹ ਕੇ ਦਿਤਾ ਦ੍ਰਿੜਾਈਆ । ਤੁਹਾਡੀ ਸਭ ਦੀ ਝੋਲੀ ਪਾਵਾਂ ਆਪਣੀ ਅਗੰਮੀ ਜੋਤ, ਜੋਤੀ ਜਾਤਾ ਆਪ ਅਖਵਾਈਆ । ਤ੍ਰੈਗੁਣ ਮਾਇਆ ਪੰਜ ਤਤ ਤੁਹਾਡੀ ਧਰਮ ਦੀ ਗੋਤ, ਗੰਢ ਨਿਰਗੁਣ ਸਰਗੁਣ ਆਪ ਪਵਾਈਆ । ਅਗਲਾ ਲੇਖਾ ਵੇਖੋ ਕੋਟੀ ਕੋਟ, ਗਿਣਤੀ ਗਣਤ ਨਾ ਕੋਇ ਗਿਣਾਈਆ । ਕੁਛ ਵਿਸ਼ਨ ਬ੍ਰਹਮਾ ਸ਼ਿਵ ਪਈ ਸੋਚ, ਸੋਚ ਸੋਚ ਵਿਚ ਸਮਝਾਈਆ । ਪੁਰਖ ਅਕਾਲ ਅੰਦਰੋਂ ਖੋਲ੍ਹਿਆ ਲੋਚ, ਨੈਣ ਦਿਤਾ ਖੁਲਾਈਆ । ਮੇਰਾ ਖੇਲ ਅਗੰਮਾ ਬਹੁਤ, ਅਣਗਿਣਤ ਮੇਰੀ ਬੇਪ੍ਰਵਾਹੀਆ । ਨਿਰਮਲ ਨੂਰ ਤੱਕੋ ਮੇਰੀ ਨਿਰਗੁਣ ਜੋਤ, ਜੋਤੀ ਜਾਤਾ ਡਗਮਗਾਈਆ । ਵਿਸ਼ਨ ਬ੍ਰਹਮੇ ਸ਼ਿਵ ਪ੍ਰਕਾਸ਼ ਤੱਕਿਆ ਹੋਏ ਬੇਹੋਸ਼, ਆਪਣਾ ਆਪ ਰਿਹਾ ਨਾ ਰਾਈਆ । ਤਿੰਨੇ ਹੋਏ ਖ਼ਾਮੋਸ਼, ਸ਼ਬਦੀ ਧੁਨ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡੇ ਅੰਦਰ ਵੱਜੀ ਅਗੰਮੀ ਥਪਕ, ਮਾਰਨ ਵਾਲਾ ਨਜ਼ਰ ਨਾ ਆਈਆ । ਅਸੀਂ ਭੈ ਵਿਚ ਤਿੰਨੇ ਗਏ ਤਭਕ, ਧੀਰਜ ਧੀਰ ਨਾ ਕੋਇ ਧਰਾਈਆ । ਝਟ ਸਤਿਗੁਰ ਸ਼ਬਦ ਤੂੰ ਮੇਰਾ ਮੈਂ ਤੇਰਾ ਸੁਣਾਇਆ ਸਬਕ, ਸੋਹੰ ਨਾਦ ਦਿਤਾ ਦ੍ਰਿੜਾਈਆ । ਅਸਾਂ ਨਿਗਾਹ ਬਦਲੀ ਵੇਖਿਆ ਪਰਤ, ਪਤਿਪਰਮੇਸ਼ਵਰ ਨਜ਼ਰੀ ਆਈਆ । ਨਾ ਕੋਈ ਜ਼ਿਮੀਂ ਅਸਮਾਨ ਨਾ ਕੋਈ ਧਰਤ, ਮੰਡਲ ਮੰਡਪ ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਸੀਂ ਤੱਕਿਆ ਨਾਲ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਸਾਡੀ ਜਗਹ ਬੇਮੁਕਾਮ, ਬੇਮੁਕਾਮ ਦਿਤਾ ਟਿਕਾਈਆ । ਸਾਡੇ ਅੰਦਰ ਧੁਨੀ ਦਿਤਾ ਗਾਨ, ਅਨਾਦੀ ਨਾਦ ਵਜਾਈਆ । ਜੋਤੀ ਜਾਤਾ ਬਣ ਬਲਵਾਨ, ਸੂਰਬੀਰ ਆਪਣੀ ਕਲ ਪ੍ਰਗਟਾਈਆ । ਪ੍ਰਕਾਸ਼ ਕੀਤਾ ਆਪ ਮਹਾਨ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਅਸੀਂ ਤਿੰਨੇ ਹੋਏ ਹੈਰਾਨ, ਹੈਰਾਨੀ ਵਿਚ ਸੀਸ ਨਿਵਾਈਆ । ਇਹ ਕੀ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਲੇਖਾ ਦੇ ਸਮਝਾਈਆ । ਸਾਡੇ ਤਿੰਨਾਂ ਦੇ ਅੰਦਰ ਵੱਜੀ ਇਕੋ ਤਾਨ, ਧੁਰ ਦੀ ਤਨਕ ਦਿਤੀ ਲਗਾਈਆ । ਮੈਂ ਸਭ ਦਾ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ । ਤੁਸਾਂ ਸੁਣਨਾ ਅਗੰਮੀ ਫ਼ੁਰਮਾਨ, ਫ਼ੁਰਨਿਆਂ ਤੋਂ ਬਾਹਰ ਦ੍ਰਿੜਾਈਆ । ਤਿੰਨਾਂ ਨੂੰ ਬਣਾਵਾਂ ਪ੍ਰਧਾਨ, ਵਿਸ਼ਨ ਬ੍ਰਹਮੇ ਸ਼ਿਵ ਦਿਆਂ ਵਡਿਆਈਆ । ਵਿਸ਼ਨ ਆਹ ਲੈ ਭੰਡਾਰਾ ਮਹਾਨ, ਅਤੋਟ ਅਤੁਟ ਵਰਤਾਈਆ । ਬ੍ਰਹਮੇ ਬ੍ਰਹਮ ਦਾ ਲੈ ਦਾਨ, ਬ੍ਰਹਮ ਵੇਤੇ ਦਿਆਂ ਸਮਝਾਈਆ । ਚੁਰਾਸੀ ਲੱਖ ਕਰ ਪ੍ਰਵਾਨ, ਪਰਮ ਪੁਰਖ ਆਪ ਦ੍ਰਿੜਾਈਆ । ਸ਼ੰਕਰ ਹੋ ਸਵਾਧਾਨ, ਸਵਾਧਾਨੀ ਵਿਚ ਜਣਾਈਆ । ਆਹ ਲੈ ਸ਼ਸਤਰ ਮੇਰਾ ਮਹਾਨ, ਜਿਸ ਦਾ ਰੂਪ ਨਜ਼ਰ ਕਿਸੇ ਨਾ ਆਈਆ । ਜੋ ਉਪਜੇ ਤੇਰੇ ਸਬਰ ਲੱਥੇ ਆਣ, ਬਚਿਆ ਰਹਿਣ ਕੋਇ ਨਾ ਪਾਈਆ । ਤੁਸੀਂ ਤਿੰਨੇ ਨੌਜਵਾਨ, ਜਨਮ ਵਾਲੀ ਤੁਹਾਡੀ ਇਕੋ ਆਦਿ ਮਾਈਆ । ਅੰਮ੍ਰਿਤ ਰਸ ਦਿਆਂ ਪੀਣ ਖਾਣ, ਤ੍ਰਿਸ਼ਨਾ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

२८२
२३

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਨੂੰ ਅੰਤਰ ਦਿਤਾ ਦਿਲਾਸਾ, ਮਿਹਰਵਾਨ ਦਇਆ ਕਮਾਈਆ । ਸਾਡਾ ਬਿਨਾ ਬੁੱਲਾਂ ਤੋਂ ਨਿਕਲਿਆ ਹਾਸਾ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਅਸਾਂ ਇਕੱਠੀ ਇਕੋ ਰਖੀ ਆਸਾ, ਆਸਾ ਪ੍ਰਭ ਦੇ ਅਗੇ ਟਿਕਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਕਿਥੇ ਕਰੀਏ ਖੇਲ ਤਮਾਸ਼ਾ, ਧਾਮ ਨਜ਼ਰ ਕੋਇ ਨਾ ਆਈਆ । ਤੂੰ ਸਾਹਿਬ ਪੁਰਖ ਅਬਿਨਾਸ਼ਾ, ਸਭ ਤੇਰੀ ਵਡ ਵਡਿਆਈਆ । ਝਟ ਨਿਰਗੁਣ ਧਾਰ ਜਣਾਈ ਗਾਥਾ, ਸ਼ਬਦ ਅਗੰਮ ਸੁਣਾਈਆ । ਆਹ ਤੱਕੋ ਮੇਰੇ ਫੁਰਨੇ ਅੰਦਰ ਬਣੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਪੁਰੀ ਲੋਅ ਆਕਾਸ਼ ਪਾਤਾਲ ਸੋਭਾ ਪਾਈਆ । ਹਰ ਘਟ ਮੇਰਾ ਹੋਵੇ ਵਾਸਾ, ਵਾਸਤਾ ਆਪਣੇ ਨਾਲ ਰਖਾਈਆ । ਤੁਸਾਂ ਮੇਰੇ ਉਤੇ ਰਖਣਾ ਭਰਵਾਸਾ, ਭਰਮ ਅਵਰ ਨਾ ਕੋਇ ਜਣਾਈਆ । ਮੇਰਾ ਮੰਡਲ ਤੁਹਾਡੀ ਪੈਣੀ ਰਾਸਾ, ਲੱਖ ਚੁਰਾਸੀ ਗੋਪੀ ਕਾਹਨ ਨਚਾਈਆ । ਖ਼ੁਸ਼ੀਆਂ ਵਿਚ ਦੇਵਾਂ ਦਾਤਾ, ਦਾਨੀ ਹੋ ਕੇ ਆਪ ਵਰਤਾਈਆ । ਮੇਰਾ ਸਭ ਤੋਂ ਵੱਡਾ ਖਾਤਾ, ਜਿਸ ਦਾ ਅੰਤ ਕੋਇ ਨਾ ਪਾਈਆ । ਨਾਲ ਸੰਦੇਸਾ ਦਿਤਾ ਮੈਂ ਸਭ ਦਾ ਹੋਵਾਂ ਪਿਤਾ ਮਾਤਾ, ਆਤਮ ਰੂਪ ਬਾਲ ਸਖਾਈਆ । ਮੇਰਾ ਨਾਉਂ ਹੋਏ ਜੋਤੀ ਜਾਤਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਜੁਗ ਚੌਕੜੀ ਮੇਰੀ ਸਾਚੀ ਰਹਿਣੀ ਗਾਥਾ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਸੋਹੰ ਵਸਤ ਅਮੋਲਕ ਵਾਥਾ, ਅਨਮੁੱਲ ਆਪ ਵਰਤਾਈਆ । ਸਤਿਜੁਗ ਤਰੇਤਾ ਦੁਆਪਰ ਚਲਣਾ ਰਾਥਾ, ਰਥਵਾਹੀ ਹੋ ਕੇ ਖੇਲ ਖਿਲਾਈਆ । ਤਤਾਂ ਅੰਦਰ ਕਰਨਾ ਵਾਸਾ, ਪੰਚਮ ਰੰਗ ਰੰਗਾਈਆ । ਅਵਤਾਰ ਖੇਲਣਾ ਖੇਲ ਆਪ ਬਹੁਭਾਤਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਪੈਗ਼ੰਬਰ ਰੂਪ ਪ੍ਰਗਟਾਵਾਂ ਹੋ ਸਮਰਾਥਾ, ਆਪਣੀ ਕਲ ਵਰਤਾਈਆ । ਗੁਰੂਆਂ ਦੇਵਾਂ ਦਾਤਾ, ਅਤੋਟ ਅਤੁਟ ਜਣਾਈਆ । ਨਾਮ ਕਲਮੇ ਸੁਣਾਵਾਂ ਵਾਕਾ, ਧੁਰ ਦਾ ਹੁਕਮ ਪ੍ਰਗਟਾਈਆ । ਸੁਣ ਲੈ ਵਿਸ਼ਨੂੰ ਬਚਨ ਸਾਚਾ, ਸਹਿਜ ਨਾਲ ਸੁਣਾਈਆ । ਮੈਂ ਘਟ ਘਟ ਅੰਤਰ ਹੋਵਾਂ ਰਾਚਾ, ਤੂੰ ਰਿਜ਼ਕ ਪਹੁੰਚਾਉਣਾ ਥਾਉਂ ਥਾਈਂਆ । ਬ੍ਰਹਮੇ ਤੇਰਾ ਲੇਖਾ ਉਤਪਾਤਾ, ਉਤਪਤੀ ਤੇਰੇ ਹੱਥ ਫੜਾਈਆ । ਬ੍ਰਹਮ ਪਾਰਬ੍ਰਹਮ ਜੋੜਨਾ ਨਾਤਾ, ਬਿਧਾਤਾ ਰਿਹਾ ਸਮਝਾਈਆ । ਸ਼ੰਕਰ ਤੇਰਾ ਅਜਬ ਤਮਾਸ਼ਾ, ਤਮਾਸ਼ਬੀਨ ਬਣੇ ਬੇਪ੍ਰਵਾਹੀਆ । ਜੋ ਉਪਜੇ ਸੋ ਕਰਨਾ ਨਾਸਾ, ਅੰਤ ਰਹਿਣ ਕੋਇ ਨਾ ਪਾਈਆ । ਬ੍ਰਹਮੇ ਝਟ ਜੋੜਿਆ ਹਾਥਾ, ਮਸਤਕ ਹੱਥਾਂ ਨਾਲ ਛੁਹਾਈਆ । ਬਿਨ ਤੇਰੀ ਕਿਰਪਾ ਸਭ ਨੂੰ ਦਿਸੇ ਘਾਟਾ, ਭਰਪੂਰ ਨਜ਼ਰ ਕੋਇ ਨਾ ਆਈਆ । ਮੈਂ ਇਕੋ ਬੇਨਤੀ ਆਖਾਂ, ਬਿਨਾ ਅੱਖਰਾਂ ਦਿਆਂ ਜਣਾਈਆ । ਮੇਰੇ ਮਾਲਕ ਆਦਿ ਜੁਗਾਦਿ ਸਭ ਦਾ ਹੋਣਾ ਰਾਖਾ, ਰਖਕ ਹੋ ਕੇ ਵੇਖ ਵਖਾਈਆ । ਪਹਿਲੋਂ ਮੈਨੂੰ ਆਪਣਾ ਨਾਮ ਦੇ ਸਾਚਾ, ਬ੍ਰਹਮੇ ਝੋਲੀ ਅਗੇ ਡਾਹੀਆ । ਪੁਰਖ ਅਕਾਲ ਕਿਹਾ ਇਹ ਮੇਰੀ ਕਿਰਪਾ ਬਿਨਾ ਨਾ ਜਾਏ ਵਾਚਾ, ਵਾਚਕ ਨਜ਼ਰ ਕੋਇ ਨਾ ਆਈਆ । ਝਟ ਬ੍ਰਹਮੇ ਕਿਹਾ ਮੇਰਾ ਤੇਰੇ ਨਾਲ ਨਾਤਾ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਖੇਲ ਵਖਾਈਆ । ਪੁਰਖ ਅਕਾਲ ਕਿਹਾ ਸੁਣ ਬ੍ਰਹਮੇ ਮੇਰਾ ਪਾਰਬ੍ਰਹਮ ਦਾ ਭੇਦ, ਸਹਿਜ ਨਾਲ ਜਣਾਈਆ । ਤੇਰੀ ਇਛਿਆ ਮੇਰੀ ਭਿਛਿਆ ਬਖ਼ਸ਼ਿਸ਼ ਕਰਾਂ ਚਾਰੇ ਵੇਦ, ਚਾਰੇ ਖਾਣੀ ਚਾਰੇ ਬਾਣੀ ਚਾਰੇ ਜੁਗ ਰੰਗ ਰੰਗਾਈਆ । ਬਿਨ ਨੈਣਾਂ ਲੈਣਾ ਵੇਖ, ਬਿਨ ਅੱਖਰਾਂ ਦਿਤਾ ਦ੍ਰਿੜ੍ਹਾਈਆ । ਮੇਰਾ ਇਕੋ ਇਸ਼ਾਰਾ ਇਕੋ ਰੇਖ, ਇਕੋ ਮੰਤਰ ਮੰਤਰ ਸਮਝਾਈਆ । ਫੇਰ ਤੱਕ ਅਗੰਮਾ ਭੇਖ, ਭੇਖ ਆਪਣਾ ਦਿਤਾ ਵਖਾਈਆ । ਨਾ ਕੋਈ ਮੁੱਛ ਦਾਹੜੀ ਨਾ ਕੇਸ, ਮੂੰਡ

੨੮੩
੨੩

ਮੁੰਡਾਇਆ ਤਤ ਨਾ ਕੋਇ ਜਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜੋ ਵਿਸ਼ਨ ਬ੍ਰਹਮਾ ਸ਼ਿਵ ਆਪਣਾ ਕਰੇ ਹੇਤ, ਹਿਤਕਾਰੀ ਆਪ ਅਖਵਾਈਆ । ਦਰਸ ਦਖਾਵੇ ਨੇਤਨ ਨੇਤ, ਨਿਰਗੁਣ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਰਹੇ ਝੁਕ, ਸੀਸ ਜਗਦੀਸ਼ ਝੁਕਾਈਆ । ਅੰਦਰੋਂ ਨਿਕਲੇ ਤੂੰ ਮੇਰਾ ਮੈਂ ਤੇਰਾ ਤੁਕ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਝਟ ਪੁਰਖ ਅਕਾਲੇ ਦੀਨ ਦਿਆਲੇ ਤਿੰਨਾਂ ਨੂੰ ਗੋਦੀ ਲਿਆ ਚੁੱਕ, ਇਕੋ ਰੰਗ ਦਿਤਾ ਰੰਗਾਈਆ । ਫਿਰ ਫੜ ਹਲੂਣੇ ਗੁਟ, ਸਹਿਜ ਨਾਲ ਸਮਝਾਈਆ । ਵੇਖਿਓ ਤੁਹਾਡੇ ਵਿਚ ਕਦੇ ਨਾ ਪਵੇ ਫੁੱਟ, ਫੁਟਕਲ ਰੂਪ ਨਾ ਕੋਇ ਬਣਾਈਆ । ਤੁਹਾਨੂੰ ਤਿੰਨਾਂ ਨੂੰ ਭੰਡਾਰਾ ਦਿਤਾ ਅਤੁਟ, ਮੇਰੇ ਬਿਨਾ ਖ਼ਾਲੀ ਨਾ ਕੋਇ ਕਰਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੁਹਾਡੀ ਮੌਲੇ ਰੁੱਤ, ਅਵਤਾਰ ਪੈਗ਼ੰਬਰ ਗੁਰ ਮੇਰਾ ਲੇਖਾ ਜਗਤ ਦੇਣ ਸਮਝਾਈਆ । ਤੁਸਾਂ ਖੇਲ ਵੇਖਣੇ ਕਾਇਆ ਮਾਟੀ ਪੰਜ ਤਤ ਬੁਤ, ਤਨ ਵਜੂਦ ਧਿਆਨ ਲਗਾਈਆ । ਝਟ ਵਿਸ਼ਨੂੰ ਹੋਇਆ ਖ਼ੁਸ਼, ਖ਼ੁਸ਼ਹਾਲੀ ਵਿਚ ਜਣਾਈਆ । ਝਟ ਬ੍ਰਹਮੇ ਲਿਆ ਪੁਛ, ਪ੍ਰਭ ਤੇਰੀ ਕੀ ਬੇਪਰਵਾਹੀਆ । ਜੋ ਮੈਂ ਸ੍ਰਿਸ਼ਟੀ ਕਰਨੀ ਉਤਪਤ, ਲੱਖ ਚੁਰਾਸੀ ਵੰਡ ਵੰਡਾਈਆ । ਕੀ ਲੇਖਾ ਹੱਡ ਮਾਸ ਨਾੜੀ ਰੱਤ, ਰਕਤ ਬੂੰਦ ਸੰਗ ਕੀ ਬਣਾਈਆ । ਝਟ ਪੁਰਖ ਅਬਿਨਾਸ਼ੀ ਦੀਨ ਦਿਆਲ ਖੇਲ ਦਿਤਾ ਦੱਸ, ਭੇਵ ਅਭੇਦਾ ਆਪ ਜਣਾਈਆ । ਬ੍ਰਹਮੇ ਆਪਣੀ ਪਲਟ ਕੇ ਵੇਖ ਅੱਖ, ਪ੍ਰਤਖ ਦਿਸੇ ਬੇਪਰਵਾਹੀਆ । ਜਿਸ ਆਪਣੀ ਰਚਨਾ ਲਈ ਰਚ, ਰਚਨਾ ਰਚ ਕੇ ਆਪਣੀ ਖੇਲ ਖਿਲਾਈਆ । ਨਟੂਆ ਹੋ ਕੇ ਅੰਦਰ ਜਾਏ ਨੱਚ, ਗ੍ਰਹਿ ਮੰਦਰ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬ੍ਰਹਮੇ ਕਿਹਾ ਪ੍ਰਭੂ ਤੇਰਾ ਲੇਖਾ ਬੜਾ ਅਗਣਤ, ਗਿਣਤੀ ਵਿਚ ਕੋਇ ਨਾ ਆਈਆ । ਮੈਂ ਦਰ ਤੇਰੇ ਦਾ ਮੰਗਤ, ਭਿਖਿਆ ਧੁਰ ਦੀ ਦੇਣੀ ਪਾਈਆ । ਹੋ ਨਿਮਾਣਾ ਕਰਾਂ ਮਿੰਨਤ, ਨਿਵ ਨਿਵ ਲਾਗਾਂ ਪਾਈਂਆ । ਮੇਰੇ ਵਿਚ ਨਹੀਂ ਕੋਈ ਹਿੰਮਤ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਪੁਰਖ ਅਕਾਲ ਕਿਹਾ ਬ੍ਰਹਮੇ ਮੇਰੀ ਤੱਕ ਅਗੰਮੀ ਸਿੰਮਤ, ਜਿਸ ਦੀ ਦਿਸ਼ਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਬ੍ਰਹਮੇ ਨਿਗਾਹ ਮਾਰੀ ਥੱਲੇ ਉਤੇ, ਆਸ਼ਾ ਆਪਣੀ ਆਪ ਮਿਲਾਈਆ । ਕੀਤਾ ਖੇਲ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਪ੍ਰਭ ਪਰਦਾ ਦਿਤਾ ਉਠਾਈਆ । ਜਿਧਰ ਤੱਕੇ ਪੰਜ ਤਤ ਕਾਇਆ ਬੁਤੇ, ਬੁਤਖ਼ਾਨਿਆਂ ਵਿਚ ਵਸਿਆ ਬੇਪਰਵਾਹੀਆ । ਹਰ ਘਟ ਅੰਦਰ ਬੈਠਾ ਲੁਕੇ, ਆਸਣ ਸਿੰਘਾਸਣ ਇਕ ਸੁਹਾਈਆ । ਆਤਮਾ ਪਰਮਾਤਮਾ ਦੀ ਇਕੋ ਆਵਾਜ਼ ਤੇ ਇਕੋ ਤੁਕੇ, ਧੁਨ ਅਨਾਦੀ ਇਕ ਜਣਾਈਆ । ਸ਼ਬਦ ਬੋਲੇ ਬਿਨਾ ਮੁਖੇ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਬ੍ਰਹਮਾ ਕਹੇ ਮੈਂ ਝਟ ਨਿਗਾਹ ਆਪਣੀ ਪਰਤੀ, ਪਤਿਪਰਮੇਸ਼ਵਰ ਦਿਤੀ ਵਡਿਆਈਆ । ਮੈਨੂੰ ਨਜ਼ਰੀ ਆਈ ਧਰਤੀ, ਜੋ ਪ੍ਰਭ ਚਰਨੀ ਬੈਠੀ ਸੀਸ ਨਿਵਾਈਆ । ਫੇਰ ਮੈਂ ਵੇਖਿਆ ਉਪਰ ਅਰਸ਼ੀ, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਜੋ ਸਭ ਦਾ ਨਿਧਪ੍ਰਤੀ, ਬ੍ਰਹਮਾ ਕਹੇ ਵਿਸ਼ਨ ਸ਼ੰਕਰ ਰਿਹਾ ਸਮਝਾਈਆ । ਵੇਖੋ ਸਭ ਦੀ ਅੰਤਮ ਚੁੱਕੀ ਜਾਏ

੨੮੪
੨੩

ਅਰਬੀ, ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਆਹ ਤਿੰਨੇ ਲਓ ਮੇਰੀ ਧੁਰ ਦੀ ਪਰਚੀ, ਜੋ ਪ੍ਰਾਚੀਨ ਦਾ ਲੇਖਾ ਤੁਹਾਡੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਜਣਾਈਆ । ਵਿਸ਼ਨੂੰ ਕਹੇ ਮੈਂ ਓਹ ਅਗੰਮੀ ਪਰਚੀ ਪੜ੍ਹੀ, ਪੁਰਖ ਅਕਾਲ ਦਿਤੀ ਸਮਝਾਈਆ । ਸਚ ਦਵਾਰਾ ਮੇਰਾ ਇਕੋ ਗੜ੍ਹੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਥੇ ਨਿਰਗੁਣ ਜੋਤ ਨਿਰਾਕਾਰ ਹੋ ਕੇ ਧਰੀ, ਅਸੁਤੇ ਆਪਣਾ ਪ੍ਰਕਾਸ਼ ਕਰਾਈਆ । ਨਾ ਓਹ ਜਨਮੇ ਨਾ ਓਹ ਮਰੀ, ਆਵਣ ਜਾਵਣ ਸਮਝ ਕੋਇ ਨਾ ਪਾਈਆ । ਜੋ ਖੇਲ ਖੇਲੇ ਘਰ ਘਰੀ, ਸਭ ਨੂੰ ਦਏ ਵਡਿਆਈਆ । ਨਿਰਭੈ ਹੋਏ ਕਦੇ ਨਾ ਡਰੀ, ਭਾਉ ਆਪਣਾ ਇਕ ਜਣਾਈਆ । ਜਿਸ ਦੀ ਸਰਨ ਵਿਸ਼ਨੂੰ ਪਰੀਂ, ਧੂੜੀ ਖ਼ਾਕ ਰਮਾਈਆ । ਓਹ ਮਾਲਕ ਇਕੋ ਵਰੀਂ, ਕੰਤ ਸੁਹਾਗੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਚੁਕਾਈਆ । ਵਿਸ਼ਨੂੰ ਕਹੇ ਮੈਂ ਚਿੱਠੀ ਪੜ੍ਹ ਕੇ ਵਾਚੀ ਬਿਨਾ ਜਿਹਵਾ, ਬੁੱਧੀ ਨਾ ਕੋਇ ਚਤੁਰਾਈਆ । ਡੰਡਾਵਤ ਵਿਚ ਕਿਹਾ ਕਰਾਂ ਮੈਂ ਸੇਵਾ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਮਾਲਕ ਮੇਰਾ ਸਚ ਧਾਮ ਵਸੇ ਨਿਹਕੇਵਾ, ਨਿਹਚਲ ਸੋਭਾ ਪਾਈਆ । ਤੇਰਾ ਪਦਾਰਥ ਅੰਮਿਉਂ ਰਸ ਮੇਵਾ, ਰਸ ਸਮਝ ਕਿਸੇ ਨਾ ਆਈਆ । ਤੂੰ ਸਭ ਦਾ ਦੇਵੀ ਦੇਵਾ, ਦੇਵ ਆਤਮਾ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਿਸ਼ਨੂੰ ਨਿਵ ਨਿਵ ਲਾਗੇ ਪਾਈਆ । ਬ੍ਰਹਮਾ ਕਹੇ ਮੈਂ ਓਹੋ ਪਤ੍ਰਕਾ ਖੋਲੀ, ਕਾਗ਼ਜ਼ ਟੁਕੜਾ ਨਜ਼ਰ ਕੋਇ ਨਾ ਆਈਆ । ਓਹ ਬਿਨਾ ਅੱਖਰਾਂ ਤੋਂ ਬੋਲੀ, ਅਨਬੋਲਤ ਦਾ ਰਾਗ ਜਣਾਈਆ । ਬ੍ਰਹਮੇ ਓਹ ਤੱਕ ਲੈ ਲੱਖ ਚੁਰਾਸੀ ਦੀ ਚੋਲੀ, ਚੋਲੀ ਅੰਦਰ ਵੜਿਆ ਬੇਪ੍ਰਵਾਹੀਆ । ਜਿਸ ਦੀ ਆਤਮ ਧਾਰ ਹੋਣੀ ਗੋਲੀ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਥੋੜੀ ਜਿਹੀ ਨਿਝਰ ਧਾਰ ਅੰਮ੍ਰਿਤ ਬੂੰਦ ਸਵਾਂਤੀ ਰਖ ਦੇ ਵਿਚ ਨਾਭ ਕੌਲੀ, ਕਵਲ ਵਾਲਿਆ ਕਵਲ ਨੈਣ ਤੈਨੂੰ ਦਏ ਵਡਿਆਈਆ । ਫੇਰ ਧਰਨੀ ਦੀ ਰੁਤ ਜਾਏ ਮੌਲੀ, ਚਾਰੇ ਖਾਣੀ ਸੋਭਾ ਪਾਈਆ । ਬ੍ਰਹਮੇ ਆਖਿਆ ਸਹਿਜ ਨਾਲ ਹੌਲੀ, ਧੀਰਜ ਨਾਲ ਸੁਣਾਈਆ । ਚਿੱਠੀਏ ਮੇਰੀ ਧਾਰਾ ਉਸੇ ਤੋਂ ਘੋਲ ਘੋਲੀ, ਘੋਲੀ ਘੋਲ ਘੁਮਾਈਆ । ਝਟ ਅਗਲੀ ਸਤਰ ਵਿਚ ਲਿਖਿਆ ਬ੍ਰਹਮੇ ਮੂਲ ਨਾ ਡੋਲੀ, ਧੀਰਜ ਦਿਤਾ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਚਿੱਠੀ ਕਹੇ ਜਿਸ ਵੇਲੇ ਮੈਨੂੰ ਸ਼ੰਕਰ ਪੜ੍ਹਦਾ, ਬਿਨਾ ਵਰਕਿਆਂ ਵਰਕਾ ਉਲਟਾਈਆ । ਭੈ ਵਿਚ ਭੱਜਾ ਫਿਰੇ ਡਰਦਾ, ਨੱਠੇ ਵਾਹੋ ਦਾਹੀਆ । ਨਾਲੇ ਵੇਖੇ ਜਗਤ ਜਹਾਨ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਨਜ਼ਾਰਾ ਤੱਕੇ ਚੋਟੀ ਜੜ ਦਾ, ਕੀ ਚੇਤਨ ਵੰਡ ਵੰਡਾਈਆ । ਫੇਰ ਬੁਤਖ਼ਾਨਿਆਂ ਵੇਖਿਆ ਤਨ ਵਜੂਦ ਮਰਦਾ, ਅੰਤ ਰਹਿਣ ਕੋਇ ਨਾ ਪਾਈਆ । ਫੇਰ ਨਿਗਾਹ ਮਾਰੀ ਕੀ ਲੇਖਾ ਜਿਹੜਾ ਇਨ੍ਹਾਂ ਨੂੰ ਘੜਦਾ, ਘੜਨਹਾਰ ਕੀ ਵਡਿਆਈਆ । ਚਿੱਠੀ ਦਾ ਲੇਖ ਕਹੇ ਮੇਰੇ ਉਤੇ ਨਹੀਂ ਕੋਈ ਪਰਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੁਹਾਡਾ ਰੂਪ ਸੇਵਕ ਸੇਵਾਦਾਰ ਬਰਦਾ, ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਆਪਣੇ ਹੱਥ ਰਖਾਈਆ । ਝਟ ਸਤਿਗੁਰ ਸ਼ਬਦ ਆਇਆ ਭੱਜਾ, ਸ਼ੰਕਰ ਦਿਤਾ ਹਿਲਾਈਆ । ਸੂਰਬੀਰ ਹੋ ਕੇ ਗੱਜਾ, ਭੈ ਵਿਚ ਰਿਹਾ ਡਰਾਈਆ । ਓਹ ਤੱਕੋ ਸਚਖੰਡ ਦੀ ਜਗਹ, ਥਾਨ ਥਨੰਤਰ ਬਿਨ ਨੇਤਰ ਦਿਆਂ ਵਖਾਈਆ । ਜਿਥੇ

ਨਾ ਕੋਈ ਆਕਾਸ਼ ਨਾ ਬਸੁਧਾ, ਧਰਨੀ ਰੂਪ ਨਾ ਕੋਇ ਪ੍ਰਗਟਾਈਆ । ਉਸ ਸਾਹਿਬ ਦਾ ਹੁਕਮ ਸਦਾ ਗੁੱਝਾ, ਬੇਅੰਤ ਓਹਦੀ ਇਕ ਵਡਿਆਈਆ । ਜਿਸ ਨੇ ਤੁਹਾਡੇ ਕੋਲੋਂ ਖੇਲ ਖਿਲਾਉਣਾ ਕੋਟਨ ਜੁਗਾ, ਜੁਗ ਚੌਕੜੀ ਵੰਡ ਵੰਡਾਈਆ । ਆਪਣੇ ਨਾਮ ਦਾ ਦੱਸੇ ਮੁੱਦਾ, ਮੁਤਾਲਿਆ ਕਰੇ ਬ੍ਰਹਮੇ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਸਚ ਸਚ ਵਿਚੋਂ ਪ੍ਰਗਟਾਈਆ । ਸਤਿਗੁਰ ਸ਼ਬਦ ਕਿਹਾ ਬ੍ਰਹਮੇ ਮਾਰ ਲੈ ਆਹ, ਹੌਕਾ ਅਵਰ ਨਾ ਕੋਇ ਰਖਾਈਆ । ਪੁਰਖ ਅਕਾਲ ਤੱਕ ਮਲਾਹ, ਬੇੜਾ ਦੋ ਜਹਾਨ ਚਲਾਈਆ । ਮੇਰੀ ਲੈ ਸਲਾਹ, ਬਿਨਾ ਸਮਝ ਸਮਝਾਈਆ । ਸੁਣ ਲੈ ਧੁਰ ਦਾ ਨਾਂ, ਨਾਉਂ ਨਿਰੰਕਾਰਾ ਦਿਆਂ ਦ੍ਰਿੜਾਈਆ । ਜਿਸ ਦਾ ਨਾ ਕੋਈ ਪਿਤਾ ਤੇ ਨਾ ਕੋਈ ਮਾਂ, ਜਨਣੀ ਗੋਦ ਨਾ ਕੋਇ ਸੁਹਾਈਆ । ਓਹ ਵਸਤ ਅਮੋਲਕ ਤੇਰੇ ਅੰਤਰ ਦੇਵੇ ਸਵਾਮੀ ਹੋ ਕੇ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਭੇਵ ਅਭੇਦਾ ਅਛਲ ਅਛੇਦਾ ਦਏ ਜਣਾ, ਜਾਨਣਹਾਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਿਹਾ ਸ਼ੰਕਰਾ ਉਠ ਬਲਿਹਾਰ, ਬੱਚੂ ਤੈਨੂੰ ਦਿਆਂ ਜਣਾਈਆ । ਖੇਲ ਵੇਖ ਅਪਰ ਅਪਾਰ, ਅਪਰੰਪਰ ਸਵਾਮੀ ਰਿਹਾ ਸਮਝਾਈਆ । ਤੂੰ ਬਣਨਾ ਬਰਖ਼ੁਰਦਾਰ, ਬਾਲ ਬਾਲੇ ਵੱਜੇ ਵਧਾਈਆ । ਜੋ ਉਪਜੇ ਸੋ ਦੇਣਾ ਮਾਰ, ਤਨ ਮਾਟੀ ਪੰਜ ਤਤ ਰਹਿਣ ਕੋਇ ਨਾ ਪਾਈਆ । ਹੁਕਮ ਮੰਨਣਾ ਸਦਾ ਜੁਗ ਚਾਰ, ਨਿਵ ਨਿਵ ਲਗਣਾ ਪਾਈਆਂ । ਤੇਰੇ ਆਪਣੇ ਨਹੀਂ ਕੁਛ ਅਖਤਿਆਰ, ਮੁਖਤਾਰਨਾਮਾ ਤੇਰੇ ਹੱਥ ਫੜਾਈਆ । ਸਤਿਗੁਰ ਸ਼ਬਦ ਕਿਹਾ ਜਿਸ ਵੇਲੇ ਚਾਹੇ ਤੁਹਾਨੂੰ ਆਪਣੇ ਹੁਕਮ ਤੋਂ ਦਏ ਉਤਾਰ, ਸਦ



ਰਹਿਣ ਕੋਇ ਨਾ ਪਾਈਆ । ਤੁਸਾਂ ਤਿੰਨਾਂ ਰਹਿਣਾ ਹੁਸ਼ਿਆਰ, ਹੁਸ਼ਿਆਰੀ ਵਿਚ ਆਪ ਦ੍ਰਿੜਾਈਆ । ਝਟ ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਰੋ ਪਏ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਅਸੀਂ ਓਸੇ ਦੇ ਚਾਕਰ ਓਸੇ ਦੇ ਬਰਖ਼ੁਰਦਾਰ, ਬਖ਼ਸ਼ਿਸ਼ ਓਸੇ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਸਚ ਸਤਿ ਇਕੋ ਰੂਪ ਦਰਸਾਈਆ । ਸਤਿਗੁਰ ਸ਼ਬਦ ਕਿਹਾ ਤਿੰਨੇ ਕਰੋ ਅਰਦਾਸ, ਬੇਨੰਤੀ ਇਕ ਜਣਾਈਆ । ਪ੍ਰਭੂ ਤੂੰ ਵਸਣਾ ਸਾਡੇ ਪਾਸ, ਸਦਾ ਸਦ ਹੋਣਾ ਆਪ ਸਹਾਈਆ । ਅਸੀਂ ਰਹੀਏ ਸੇਵਕ ਤੇਰੇ ਦਾਸ, ਦਾਸੀ ਦਾਸ ਰੂਪ ਪ੍ਰਗਟਾਈਆ । ਸ਼ੰਕਰ ਝਟ ਉਠ ਕੇ ਕਿਹਾ ਮੇਰੇ ਮਹਿਬੂਬਾ ਜੋ ਉਪਜੇ ਸੋ ਕਰ ਦੇਵਾਂ ਨਾਸ, ਬਚਿਆ ਰਹਿਣ ਕੋਇ ਨਾ ਪਾਈਆ । ਬ੍ਰਹਮੇ ਕਿਹਾ ਪਾਰਬ੍ਰਹਮ ਬ੍ਰਹਮ ਤੇਰਾ ਹੋਏ ਪ੍ਰਕਾਸ਼, ਤੇਰਾ ਨੂਰ ਜ਼ਹੂਰ ਕਰਾਂ ਰੁਸ਼ਨਾਈਆ । ਵਿਸ਼ਨ ਕਿਹਾ ਮੈਂ ਸਭ ਦਾ ਖੋਲਾਂ ਤਾਕ, ਭੰਡਾਰਾ ਘਰ ਘਰ ਦਿਆਂ ਵਰਤਾਈਆ । ਸਤਿਗੁਰ ਸ਼ਬਦ ਕਿਹਾ ਤੁਸਾਂ ਤਿੰਨਾਂ ਨੇ ਲੈਣਾ ਭਾਖ, ਭਾਖਿਆ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਕਮਲਿਓ ਕੁਛ ਲਿਖਾ ਲਓ ਆਪਣਾ ਪੱਟਾ, ਹਕ ਆਪਣਾ ਲਓ ਬਣਾਈਆ । ਕੋਟਨ ਕੋਟ ਜੁਗ ਐਵੇਂ ਜਾਏ ਟੱਪਾ, ਭੱਜੇ ਵਾਹੋ ਦਾਹੀਆ । ਤੁਸੀਂ ਆਪਣਾ ਬਣਾ ਲਓ ਕੋਈ ਸੱਚਾ ਮਤਾ, ਮਸ਼ਵਰਾ ਮੇਰੇ ਨਾਲ ਰਖਾਈਆ । ਜਿਹੜਾ ਚੁਰਾਸੀ ਦਾ ਖੇਲ ਰਚਨਾ ਪੰਜ ਤਤਾ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਓਹਨਾਂ ਦੇ ਵਿਚ ਜੇ ਪੁਰਖ ਅਕਾਲਾ ਹੋਇਆ ਰਚਾ, ਰਚਨਾ ਆਪਣੀ ਆਪ ਦਏ ਸਮਝਾਈਆ । ਕੀ ਉਹਨੂੰ ਕਿਸ ਬਿਧ ਦਿਉਂਗੇ

੨੮੬ ੨੩

੨੮੭
੨੩

ਧੱਕਾ, ਆਪਣਾ ਬਲ ਪ੍ਰਗਟਾਈਆ । ਓਹ ਸੂਰਬੀਰ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਹੱਟਾ ਕੱਟਾ, ਬਿਨਾ ਰੂਪ ਰੰਗ ਰੇਖ ਤੋਂ ਭੱਜੇ ਵਾਹੋ ਦਾਹੀਆ । ਤੁਸੀਂ ਆਪਣਾ ਖ਼ਿਆਲ ਕਰੋ ਇਕੱਠਾ, ਅੰਤਰ ਵੰਡ ਨਾ ਕੋਇ ਵੰਡਾਈਆ । ਮੇਰਾ ਮਾਲਕ ਮਹਿਬੂਬ ਜਦੋਂ ਚਾਹੇ ਸ੍ਰਿਸ਼ਟੀ ਨੂੰ ਕਰ ਦੇਵੇ ਬਟਾ, ਜ਼ੀਰੋ ਦਾ ਜ਼ੀਰੋ ਅੰਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਤਿਗੁਰ ਸ਼ਬਦ ਕਰਾ ਦੇ ਲਿਖਤ, ਲੇਖ ਨਜ਼ਰ ਕਿਸੇ ਨਾ ਆਈਆ । ਉਸ ਨੇ ਕਿਹਾ ਪਹਿਲਾਂ ਤਿੰਨਾਂ ਦਾ ਹੋਵੇ ਇਕੋ ਇਸ਼ਟ, ਦੂਜਾ ਇਸ਼ਟ ਨਾ ਕੋਇ ਮਨਾਈਆ । ਝਟ ਧੁਰ ਦੀ ਖ਼ਬਰ ਆਈ ਸ਼ਬਦ ਇਨ੍ਹਾਂ ਨੂੰ ਦੱਸ ਮੇਰਾ ਭਵਿਖਤ, ਪੇਸ਼ੀਨਗੋਈਆਂ ਤੋਂ ਬਾਹਰ ਜਣਾਈਆ । ਇਕੋ ਵਾਰ ਜਣਾ ਦੇ ਨੌ ਸੌ ਚੁਰਾਨਵੇਂ ਚੌਕੜੀ ਜੁਗ ਦੀ ਮੇਰੀ ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਨਿੱਕੀ ਜਿਹੀ ਲਿਸਟ, ਫ਼ਰਿਸਤ ਬਿਨ ਅੱਖਰਾਂ ਦਿਤੀ ਬਣਾਈਆ । ਏਸ ਵਿਚ ਵਿਸ਼ਨ ਬ੍ਰਹਮੇ ਸ਼ਿਵ ਨੂੰ ਲੈਣਾ ਪਵੇਗਾ ਰਿਸਕ, ਸਿਰ ਸਕੇ ਨਾ ਕੋਇ ਉਠਾਈਆ । ਸਭ ਨੇ ਆਪਣੀ ਮੰਜ਼ਲ ਤੋਂ ਜਾਣਾ ਤਿਲਕ, ਤਿਲਕਣ ਬਾਜ਼ੀ ਮੇਰੀ ਖੇਲ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਰਿਹਾ ਦੱਸ, ਵਿਸ਼ਨ ਬ੍ਰਹਮਾ ਸ਼ਿਵ ਦਿਆਂ ਜਣਾਈਆ । ਬਿਨਾ ਮੁਖ ਤੋਂ ਰਿਹਾ ਹੱਸ, ਮੁਸਕਰਾਹਟਾਂ ਵਿਚ ਵੱਜੇ ਵਧਾਈਆ । ਬਿਨਾ ਨੈਣਾਂ ਤੋਂ ਇਸ਼ਾਰਾ ਦੇਵੇ ਅੱਖ, ਬਿਨਾ ਅੱਖਰਾਂ ਤੋਂ ਕਰੇ ਪੜ੍ਹਾਈਆ । ਮੇਰਾ ਨੂਰ ਜੋਤ ਪਰਕਾਸ਼, ਨੂਰ ਨੁਰਾਨਾ ਨਜ਼ਰੀ ਆਈਆ । ਮੈਂ ਇਕੋ ਸ਼ਬਦੀ ਸ਼ਬਦ ਸ਼ਬਦ ਦੀ ਦੱਸਾਂ ਬਾਤ, ਬਾਤਨ ਪਰਦੇ ਆਪ ਖੁਲਾਈਆ । ਮੇਰਾ ਸੁਣਨਾ ਅਗੰਮੀ ਵਾਕ, ਜੋ ਵਾਕਿਆ ਵਰਤੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਸਚ ਕਰਨੀ ਕਾਰ ਕਮਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਵਾਂਗਾ । ਤ੍ਰੈਗੁਣ ਲੇਖਾ ਵੇਖ ਵਖਾਵਾਂਗਾ । ਪੰਜ ਤਤ ਪਰਦਾ ਆਪੇ ਲਾਹਵਾਂਗਾ । ਲਖ ਚੁਰਾਸੀ ਰੰਗ ਰੰਗਾਵਾਂਗਾ । ਚਾਰੇ ਖਾਣੀ ਸੋਭਾ ਪਾਵਾਂਗਾ । ਚਾਰੇ ਬਾਣੀ ਸ਼ਬਦ ਅਲਾਵਾਂਗਾ । ਚਾਰੇ ਵੇਦ ਬ੍ਰਹਮੇ ਸਮਝਾਵਾਂਗਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੰਡ ਵੰਡਾਵਾਂਗਾ । ਤੇਈ ਅਵਤਾਰ ਨੂਰ ਜੋਤ ਰੁਸ਼ਨਾਵਾਂਗਾ । ਪੈਗ਼ੰਬਰਾਂ ਦੇ ਪੈਗ਼ਾਮ, ਕਲਮਾ ਧੁਰ ਦਾ ਹਕ ਸੁਣਾਵਾਂਗਾ । ਸਤਿਗੁਰੂ ਦੇ ਕੇ ਸਤਿਨਾਮ, ਫ਼ਤਿਹ ਡੰਕ ਡੰਕ ਵਜਾਵਾਂਗਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਕਰ ਵਿਚ ਜਹਾਨ, ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸ਼ਾਸਤਰ ਗ੍ਰੰਥਾਂ ਸੋਭਾ ਪਾਵਾਂਗਾ । ਲਹਿਣਾ ਦੇਣਾ ਵੇਖਾਂ ਜਗਤ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਫੋਲ ਫੁਲਾਵਾਂਗਾ । ਚੌਦਾਂ ਤਬਕਾਂ ਜੋ ਦਿਤਾ ਦਾਨ, ਚੌਦਾਂ ਲੋਕਾਂ ਲੇਖਾ ਵੇਖ ਵਖਾਵਾਂਗਾ । ਨੂਰ ਤੱਕਾਂ ਸੂਰੀਆ ਚੰਦ ਭਾਨ, ਮੰਡਲ ਮੰਡਪ ਪਰਦਾ ਲਾਹਵਾਂਗਾ । ਜਗਤ ਸ਼ਬਦ ਦਾ ਵੇਖਾਂ ਗਾਨ, ਰਸਨਾ ਜਿਹਵਾ ਫੋਲ ਫੁਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਯਾਦ ਰਖਣਾ ਅੰਤ ਸਭ ਦਾ ਲਹਿਣਾ ਚੁਕਾਵਾਂ ਆਣ, ਆਨਨ ਫ਼ਾਨਨ ਆਪਣਾ ਵੇਸ ਵਟਾਵਾਂਗਾ । ਜੋਤੀ ਜਾਤਾ ਹੋ ਪ੍ਰਧਾਨ, ਜੋਤ ਜੋਤ ਜੋਤ ਰੁਸ਼ਨਾਵਾਂਗਾ । ਜੋ ਜੁਗ ਚੌਕੜੀ ਦੇਂਦਾ ਰਿਹਾ ਦਾਨ, ਤਿੰਨਾਂ ਦਾ ਲੇਖਾ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਅਮੋਲਕ ਇਕ ਵਰਤਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਵਸਤ ਅਮੋਲਕ ਇਕ ਵਰਤਾਵਾਂਗਾ ।

ਕਾਇਆ ਗੋਲਕ ਇਕ ਭਰਾਵਾਂਗਾ । ਸ਼ਬਦ ਅਨਾਦੀ ਢੋਲਕ ਆਪ ਵਜਾਵਾਂਗਾ । ਅਨਬੋਲਤ ਸ਼ਬਦ ਸੁਣਾਵਾਂਗਾ । ਦੀਨ ਦੁਨੀ ਧਨ ਦੌਲਤ ਫੋਲ ਫੁਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਚੁਕਾਵਾਂਗਾ । ਧੁਰ ਪਰਦਾ ਆਪ ਚੁਕਾਏਗਾ । ਦੀਨ ਦਿਆਲ ਦਇਆ ਕਮਾਏਗਾ । ਵਿਸ਼ਨ ਬ੍ਰਹਮੇ ਸ਼ਿਵ ਆਪ ਉਠਾਏਗਾ । ਸਚ ਸੰਦੇਸਾ ਇਕ ਸੁਣਾਏਗਾ । ਜੁਗ ਚੌਕੜੀ ਪੰਧ ਮੁਕਾਏਗਾ । ਗੁਰ ਅਵਤਾਰ ਪੈਗ਼ੰਬਰ ਨਾਲ ਮਿਲਾਏਗਾ । ਜੋਤੀ ਧਾਰ ਸਰਬ ਉਠਾਏਗਾ । ਏਕਾ ਨੂਰ ਨੂਰ ਰੁਸ਼ਨਾਏਗਾ । ਨੇੜਾ ਦੂਰ ਪੰਧ ਮੁਕਾਏਗਾ । ਹਾਜ਼ਰ ਹਜ਼ੂਰ ਦਰਸ ਦਿਖਾਏਗਾ । ਕਲਜੁਗ ਅੰਤਮ ਪ੍ਰਗਟ ਹੋ ਜ਼ਰੂਰ, ਨਵ ਨੌਂ ਚਾਰ ਦਾ ਡੇਰਾ ਢਾਹੇਗਾ । ਲੇਖਾ ਵੇਖੇ ਕੂੜੋ ਕੂੜ, ਕੂੜੀ ਕਿਰਿਆ ਫੋਲ ਫੁਲਾਏਗਾ । ਜਨ ਭਗਤਾਂ ਦੇ ਕੇ ਮਸਤਕ ਧੂੜ, ਟਿੱਕੇ ਧੁਰ ਦੇ ਨਾਮ ਲਗਾਏਗਾ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਦੁਰਮਤ ਮੈਲ ਮੈਲ ਧੁਆਏਗਾ । ਸਭ ਦੀ ਆਸਾ ਮਨਸਾ ਕਰੇ ਪੂਰ, ਪੇਸ਼ੀਨਗੋਈਆਂ ਸਭ ਦੀਆਂ ਲੇਖੇ ਲਾਏਗਾ । ਜੋਤੀ ਜਾਤਾ ਜਲਵਾਗਰ ਅਗੰਮਾ ਨੂਰ, ਨੂਰ ਨੁਰਾਨਾ ਡਗਮਗਾਏਗਾ । ਜੋ ਸਰਬ ਕਲਾ ਭਰਪੂਰ, ਭਾਂਡਾ ਭਰਮ ਭਉ ਦੀਨ ਦੁਨੀ ਭੰਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਸਭ ਦੀ ਸੇਵਾ ਕਰੇ ਮਨਜ਼ੂਰ, ਮਨਸਾ ਮਨਸਾ ਵਿਚੋਂ ਵੇਖ ਵਖਾਵੇਗਾ ।

### ✪ ੧੧ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਵਾਲਸ ਆਲ ਸਟਾਫ਼ ੬੫ ਕੈਰਨਜ਼ ਸਟਰੀਟ ਅਜਮੇਰ ਕੌਰ ਦੇ ਗ੍ਰਹਿ ✪

ਤ੍ਰੈਗੁਣ ਕਹੇ ਸੁਣ ਪ੍ਰਭੂ ਤ੍ਰੈਗੁਣ ਅਤੀਤੇ, ਤ੍ਰੈਭਵਨ ਧਨੀ ਦਿਆਂ ਜਣਾਈਆ । ਜੁਗ ਚੌਕੜੀ ਲੋਕਮਾਤ ਬੀਤੇ, ਕੋਟਨ ਕੋਟ ਆਪਣਾ ਪੰਧ ਮੁਕਾਈਆ । ਤੇਰੀ ਨਿਰਗੁਣ ਸਰਗੁਣ ਚਲਦੀ ਰਹੀ ਰੀਤੇ, ਤਤ ਵਜੂਦ ਵੱਜਦੀ ਰਹੇ ਵਧਾਈਆ । ਤੇਰੇ ਨਾਮ ਸੰਦੇਸੇ ਸੁਣੇ ਮੀਠੇ, ਜੋ ਕਲਮੇ ਕਾਇਨਾਤ ਦ੍ਰਿੜਾਈਆ । ਸ਼ਰਅ ਵਾਲੇ ਤਪਦੇ ਵੇਖੇ ਅੰਗੀਠੇ, ਅਗਨੀ ਤੱਕੀ ਥਾਉਂ ਥਾਈਂਆ । ਸਚਖੰਡ ਨਿਵਾਸੀ ਜ਼ਰਾ ਨਿਗਾਹ ਮਾਰ ਧਰਨੀ ਉਤੇ ਨੀਚੇ, ਊਚ ਅਗੰਮ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਤ੍ਰੈਗੁਣ ਕਹੇ ਮੇਰੇ ਸਾਹਿਬ ਮਿਹਰਵਾਨ ਮਿਹਰਵਾਨਾ, ਮਿਹਰਵਾਨ ਤੇਰੀ ਸਰਨਾਈਆ । ਨਿਗਾਹ ਮਾਰ ਜ਼ਿਮੀਂ ਅਸਮਾਨਾ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਤੂੰ ਸ਼ਹਿਨਸ਼ਾਹ ਸ਼ਾਹ ਸੁਲਤਾਨਾ, ਹਉਂ ਦਰਵੇਸ਼ ਦਰ ਤੇਰੇ ਅਲਖ ਜਗਾਈਆ । ਪਰਵਰਦਿਗਾਰ ਮੇਰੇ ਸ੍ਰੀ ਭਗਵਾਨਾ, ਪਾਰਬ੍ਰਹਮ ਤੇਰੀ ਸਰਨਾਈਆ । ਮੇਰਾ ਖੇਲ ਤੱਕ ਜਗਤ ਜਹਾਨਾ, ਲੱਖ ਚੁਰਸੀ ਪਰਦਾ ਆਪ ਚੁਕਾਈਆ । ਮੈਂ ਨਿਵ ਨਿਵ ਕਰਾਂ ਸਲਾਮਾਂ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਮੇਰੇ ਮਹਿਬੂਬਾ ਵਸਣਹਾਰੇ ਊਚ ਅਰੂਜਾ ਨਿਰਗੁਣ ਧਾਰ ਪਹਿਰ ਕੇ ਬਾਣਾ, ਬਾਵਨ ਧਾਰੀ ਮੇਰਾ ਲੇਖਾ ਵੇਖ ਵਖਾਈਆ । ਜੋ ਸੰਦੇਸ਼ਾ ਦੇ ਕੇ ਗਿਆ ਬਿਨਾ ਅੱਖਰਾਂ ਤੋਂ ਕਾਹਨਾ, ਨਿਸ਼ਅੱਖਰ ਧਾਰ ਦ੍ਰਿੜਾਈਆ । ਜੋ ਆਸ਼ਾ ਰਖੀ ਬਿਨਾ ਸੀਤਾ ਤੋਂ ਰਾਮਾ, ਰਾਮ ਰਾਮਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਆਪਣੀ ਦਇਆ ਕਮਾਈਆ । ਤ੍ਰੈਗੁਣ ਕਹੇ ਮੇਰੇ ਸਾਹਿਬ ਸਚ ਧਨੀ, ਵਡ ਧਨਾਢ ਤੇਰੀ ਵਡਿਆਈਆ । ਮਿਹਰਵਾਨ ਬੇਨੰਤੀ ਮੇਰੀ ਇਕੋ ਮੰਨੀ, ਅਰਜ਼ ਆਰਜ਼ੂ ਤੇਰੇ ਅਗੇ ਰਖਾਈਆ । ਸਤਿ

੨੮੮
੨੩

ਪ੍ਰਕਾਸ਼ ਦਿਸੇ ਨਾ ਕੋਇ ਚੰਨੀ, ਚੰਦ ਸਿਤਾਰ ਰੋਵੇ ਮਾਰੇ ਧਾਹੀਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਹੋਈ ਅੰਨ੍ਹੀ, ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲਾਈਆ । ਮੇਰੇ ਅੰਤਸ਼ਕਰਨ ਵਿਚ ਆਈ ਗ਼ਮੀ, ਗ਼ਮਖ਼ਾਰ ਮੇਰਾ ਪਰਦਾ ਦੇਣਾ ਉਠਾਈਆ । ਓਹ ਤੱਕ ਪੰਜਾਂ ਤਤਾਂ ਵਾਲੇ ਤਨੀਂ, ਤਨ ਵਜੂਦ ਵੇਖ ਵਖਾਈਆ । ਤੇਰਾ ਖੇਲ ਤੱਕਿਆ ਆਯੂ ਮੇਰੀ ਹੋ ਗਈ ਲੰਮੀ, ਲਮਹ ਲਮਹ ਤੇਰਾ ਰਾਹ ਤਕਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਮੇਰਾ ਅੰਤਮ ਬੇੜਾ ਬੰਨ੍ਹੀਂ, ਬੰਨ੍ਹਣਹਾਰ ਤੇਰੀ ਵਡਿਆਈਆ । ਆਪਣੇ ਹੁਕਮ ਨਾਲ ਮੇਰੇ ਰੂਪ ਰੰਗ ਰੇਖ ਨੂੰ ਡੰਨੀਂ, ਤਨ ਵਜੂਦਾਂ ਧਿਆਨ ਲਗਾਈਆ । ਕੂੜ ਕੁੜਿਆਰੇ ਭਾਂਡੇ ਭੰਨੀਂ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਤ੍ਰੈਗੁਣ ਕਹੇ ਪ੍ਰਭੂ ਮੇਰਾ ਤੇਰੇ ਅਗੇ ਵਾਸਤਾ, ਵਾਸਤਕ ਦਿਆਂ ਜਣਾਈਆ । ਤੇਰਾ ਖੇਲ ਤੱਕਿਆ ਆਹਿਸਤਾ ਆਹਿਸਤਾ, ਆਸਤਕ ਤੋਂ ਨਾਸਤਕ ਹੁੰਦੀ ਦਿਸੇ ਤੇਰੀ ਲੋਕਾਈਆ । ਮੈਂ ਚਾਹੁੰਦੀ ਤੇਰੇ ਪ੍ਰੇਮ ਦਾ ਇਕੋ ਹੋਵੇ ਰਾਸਤਾ, ਰਹਿਬਰ ਇਕੋ ਦਿਸੇ ਧੁਰਦਰਗਾਹੀਆ । ਤੇਰੀ ਧਾਰ ਵਿਚ ਤੇਰਾ ਪਿਆਰ ਹੋਇਆ ਨਿਰਾਸਤਾ, ਮਨਸਾ ਪੂਰ ਨਾ ਕੋਇ ਕਰਾਈਆ । ਲੇਖਾ ਵੇਖ ਸ਼ੰਕਰ ਉਪਰ ਕੈਲਾਸ਼ ਦਾ, ਕੇਸ਼ਵ ਆਪਣਾ ਭੇਵ ਖੁਲਾਈਆ । ਕੀ ਬ੍ਰਹਮਾ ਬ੍ਰਹਮ ਧਾਰੀ ਆਖਦਾ, ਪਾਰਬ੍ਰਹਮ ਕੀ ਦ੍ਰਿੜਾਈਆ । ਵਿਸ਼ਨੂੰ ਵਿਸ਼ਵ ਕੀ ਵਾਚਦਾ, ਵਾਚਕ ਹੋ ਕੇ ਕੀ ਸਮਝਾਈਆ । ਤੂੰ ਲੇਖਾ ਜਾਣ ਕਾਇਆ ਮਾਟੀ ਕਾਚ ਦਾ, ਪੰਜਾਂ ਤਤਾਂ ਭੇਵ ਰਹੇ ਨਾ ਰਾਈਆ । ਜਿਨ੍ਹਾਂ ਦੇ ਅੰਦਰ ਮਨੂਆ ਨਾਚਦਾ, ਦਹਿ ਦਿਸ਼ਾ ਉਠ ਉਠ ਭੱਜੇ ਵਾਹੋ ਦਾਹੀਆ । ਅੰਤ ਝਗੜਾ ਮਿਟਾ ਦੇ ਕਲਜੁਗ ਅੰਧੇਰੀ ਰਾਤ ਦਾ, ਰੁਤੜੀ ਆਪਣੇ ਨਾਲ ਮਹਿਕਾਈਆ । ਮੁੱਲ ਪਾ ਦੇ ਗੁਰੂ ਅਵਤਾਰ ਪੈਗ਼ੰਬਰਾਂ ਵਾਲੀ ਬਾਤ ਦਾ, ਜੋ ਬਾਤਨ ਤੇਰਾ ਧਿਆਨ ਗਏ ਲਗਾਈਆ । ਝਗੜਾ ਮਿਟਾ ਦੇ ਸ਼ਰਅ ਵਾਲੀ ਜਮਾਤ ਦਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਅੱਖਰ ਸਮਝਾ ਦੇ ਨਿਰਅੱਖਰ ਵਾਲੀ ਲੁਗ਼ਾਤ ਦਾ, ਜਿਥੇ ਅਲਿਫ਼ ਯੇ ਸਮਝ ਕੋਇ ਨਾ ਆਈਆ । ਝਗੜਾ ਮਿਟਾ ਦੇ ਨਾਮ ਕਲਮੇ ਬਹੁ ਭਾਂਤ ਦਾ, ਇਕੋ ਹੁਕਮ ਦੇਣਾ ਸਮਝਾਈਆ । ਤ੍ਰੈਗੁਣ ਕਹੇ ਲੇਖਾ ਰਹੇ ਨਾ ਪੰਜਾਂ ਤਤਾਂ ਵਾਲੀ ਜ਼ਾਤ ਦਾ, ਇਕੋ ਨੂਰ ਦੇਣਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਲੇਖਾ ਮੁਕਾਉਣਾ ਝਗੜੇ ਵਾਲੀ ਕਿਤਾਬ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਾ ਕਰਨਾ ਪਿਛਲਾ ਵਰ, ਵਰ ਦਾਤੇ ਤੇਰੀ ਬੇਪਰਵਾਹੀਆ । ਤ੍ਰੈਗੁਣ ਕਹੇ ਮੇਰੀ ਉਮਰ ਵੇਖ ਜ਼ਈਫ਼ੀ, ਆਯੂ ਸਮਝ ਕਿਸੇ ਨਾ ਆਈਆ । ਪੰਜਾਂ ਤਤਾਂ ਵਾਲੇ ਤੇਰਾ ਨਾ ਗਾਉਂਦੇ ਰਹੇ ਤਾਰੀਫ਼ੀ, ਸਿਫ਼ਤਾਂ ਵਿਚ ਸਰਨਾਈਆ । ਤੇਰੀ ਸਮਝ ਨਾ ਆਈ ਕਿਸੇ ਬਾਰੀਕੀ, ਬੇਅੰਤ ਕੀ ਤੇਰੀ ਵਡ ਵਡਿਆਈਆ । ਮੈਂ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੀ ਦੱਸਾਂ ਤਾਰੀਖੀ, ਤਵਾਰੀਖਾਂ ਤੋਂ ਬਾਹਰ ਜਣਾਈਆ । ਜੋ ਆਦਿ ਸ਼ੰਕਰ ਦਿਤੀ ਹਦੀਸੀ, ਬ੍ਰਹਮੇ ਕੀਤੀ ਪੜ੍ਹਾਈਆ । ਵਿਸ਼ਨੂੰ ਜਣਾਈ ਰੀਤੀ, ਪਰਦਾ ਆਪ ਚੁਕਾਈਆ । ਸਤਿ ਸਚ ਕੀਤੀ ਬਖ਼ਸ਼ੀਸ਼ੀ, ਧਰਮ ਧਾਰ ਵਰਤਾਈਆ । ਅੰਤਮ ਸਭ ਦੀ ਔਧ ਦਿਸੇ ਬੀਤੀ, ਅਗਲਾ ਲੇਖਾ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਕਹੇ ਮੇਰੀ ਖੇਲ ਸਦਾ ਅਨਡੀਠੀ, ਅਨਡਿੱਠੜੇ ਤੇਰੇ ਹੁਕਮ ਵਿਚ ਕਮਾਈਆ । ਕਲਜੁਗ ਅੰਤਮ ਤੱਕ ਲੈ ਪੰਜਾਂ ਤਤਾਂ ਦੀ ਤਪਣ ਵਾਲੀ ਅੰਗੀਠੀ, ਕਲਜੁਗ ਭਠਿਆਲਾ ਅਗਨੀ ਰਿਹਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ

੨੮੯
੨੩

ਤੇਰੀ ਸਰਨਾਈਆ । ਤ੍ਰੈਗੁਣ ਕਹੇ ਪ੍ਰਭੂ ਵੇਖ ਮੈਂ ਤਪਦੀ, ਤਪੀਸ਼ਰ ਸ਼ਾਂਤ ਨਾ ਕੋਇ ਕਰਾਈਆ । ਪੰਜਾਂ ਤਤਾਂ ਵਾਲੀ ਮਾਟੀ ਖ਼ਾਕ ਜਿਹੜੀ ਤੈਨੂੰ ਜਪਦੀ, ਰਸਨਾ ਜਿਹਵਾ ਢੋਲੇ ਗਾਈਆ । ਓਹ ਅੰਦਰੋਂ ਵਣਜਾਰਨ ਹੋਈ ਮਾਇਆ ਸੱਪ ਦੀ, ਵਿਖ ਅੰਮ੍ਰਿਤ ਰੂਪ ਨਾ ਕੋਇ ਬਣਾਈਆ । ਤੂੰ ਖੇਲ ਕਰਨੀ ਆਪਣੀ ਹਕ ਦੀ, ਹਕੀਕਤ ਦੇ ਮਾਲਕ ਹੋਣਾ ਸਹਾਈਆ । ਮੈਂ ਜੁਗ ਚੌਕੜੀ ਤੇਰਾ ਰਾਹ ਤੱਕਦੀ, ਤਕਵਾ ਤੇਰੇ ਉਤੇ ਰਖਾਈਆ । ਤੇਰੀ ਖੇਲ ਘਟ ਘਟ ਦੀ, ਘਟ ਨਿਵਾਸੀ ਆਉਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਤ੍ਰੈਗੁਣ ਮਾਇਆ ਮੈਂ ਨਿਰਗੁਣ ਧਾਰ ਆਉਂਦਾ । ਜੋਤੀ ਜਾਤਾ ਜੋਤ ਰੁਸ਼ਨਾਉਂਦਾ । ਨਿਰਗੁਣ ਨੂਰ ਨੂਰ ਚਮਕਾਉਂਦਾ । ਜ਼ਾਹਰ ਜ਼ਹੂਰ ਭੇਵ ਖੁਲਾਉਂਦਾ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸਰਬ ਉਠਾਉਂਦਾ । ਜਿਸ ਬਿਧ ਮੇਰਾ ਲੇਖਾ ਹੋਣਾ ਸ਼ੁਰੂ, ਸ਼ਰਅ ਸ਼ਰੀਅਤ ਜਗਤ ਵਡਿਆਉਂਦਾ । ਇਕੋ ਸੰਦੇਸਾ ਦੇ ਕੇ ਸ਼ਬਦ ਗੁਰੂ, ਸਤਿਗੁਰ ਇਕੋ ਇਕ ਦਰਸਾਉਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਉਂਦਾ । ਧੁਰ ਮਾਲਕ ਇਕ ਅਖਵਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਡਗਮਗਾਏਗਾ । ਸ਼ਬਦ ਅਨਾਦੀ ਨਾਦ ਸ਼ਨਵਾਏਗਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾਏਗਾ । ਬੋਧ ਅਗਾਧੀ ਭੇਵ ਖੁਲਾਏਗਾ । ਜਿਸ ਨੇ ਸ੍ਰਿਸ਼ਟੀ ਸਾਜਣਾ ਸਾਜੀ, ਤ੍ਰੈਗੁਣ ਤੇਰਾ ਦਰਦ ਵੰਡਾਏਗਾ । ਕਲਜੁਗ ਅੰਤਮ ਉਲਟਾ ਕੇ ਬਾਜ਼ੀ, ਬਾਜ਼ਾਂ ਵਾਲਾ ਨਾਲ ਮਿਲਾਏਗਾ । ਤੂੰ ਕਮਲੀਏ ਸੁੱਤੀ ਜਾਗੀ, ਜਾਗਰਤ ਜੋਤ ਇਕ ਰੁਸ਼ਨਾਏਗਾ । ਧੁਰ ਦਾ ਸ਼ਬਦ ਬਣ ਅਨਰਾਗੀ, ਰਾਗ ਤੁਰੀਆ ਤੋਂ ਬਾਹਰ ਸੁਣਾਏਗਾ । ਵਿਸ਼ਨ ਬ੍ਰਹਮਾ ਸ਼ਿਵ ਹੋਣ ਵਡਭਾਗੀ, ਭਾਗ ਤੇਰੇ ਫੋਲ ਫੁਲਾਏਗਾ । ਪੰਜਾਂ ਤਤਾਂ ਦੇਵੇ ਸਾਧੀ, ਸਾਧਨਾ ਆਪਣੀ ਇਕ ਸਮਝਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਏਗਾ । ਸਚ ਹੁਕਮ ਇਕ ਵਰਤਾਵੇਗਾ । ਤ੍ਰੈਗੁਣ ਤੇਰਾ ਲੇਖਾ ਵੇਖ ਵਖਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨੇਤਾ ਨਾਲ ਮਿਲਾਵੇਗਾ । ਜਿਨ੍ਹਾਂ ਨੂੰ ਤੇਰਾ ਆਦਿ ਤੋਂ ਦਿਤਾ ਠੇਕਾ, ਪਟਾ ਸਭ ਦਾ ਫੋਲ ਫੁਲਾਵੇਗਾ । ਅੰਤਮ ਸਭ ਨੂੰ ਕਰਾ ਕੇ ਚੇਤਾ, ਚੇਤਨ ਸੱਤਾ ਆਪ ਸਮਝਾਵੇਗਾ । ਦੋ ਜਹਾਨਾਂ ਬਣ ਕੇ ਨੇਤਾ, ਨਿਰਗੁਣ ਆਪਣਾ ਹੁਕਮ ਵਰਤਾਵੇਗਾ । ਧਰਮ ਧਾਰ ਦੀ ਤੇਰੀ ਕਰ ਕੇ ਭੇਟਾ, ਬੇਟਾ ਸਤਿਗੁਰ ਸ਼ਬਦ ਸੰਗ ਨਿਭਾਵੇਗਾ । ਜੋ ਧੁਰਦਰਗਾਹੀ ਖੇਵਟ ਖੇਟਾ, ਨਈਆ ਜਗਤ ਆਪ ਚਲਾਵੇਗਾ । ਅੰਤਮ ਸਭ ਦਾ ਪੂਰਾ ਕਰੇ ਲੇਖਾ, ਲਿਖਤ ਭਵਿਖਤ ਫੋਲ ਫੁਲਾਵੇਗਾ । ਝਗੜਾ ਰਹੇ ਨਾ ਮੁੱਲਾ ਸ਼ੇਖ਼ਾ, ਸ਼ਾਹ ਸੁਲਤਾਨਾਂ ਆਪ ਸਮਝਾਵੇਗਾ । ਉਠ ਵੇਖ ਕਲਜੁਗ ਬਦਲਦੀ ਜਾਏ ਰੇਖਾ, ਰੇਖ ਆਪਣੀ ਇਕ ਪ੍ਰਗਟਾਵੇਗਾ । ਜਿਸ ਦਾ ਹੁਕਮ ਵਰਤੇ ਦੇਸ ਪ੍ਰਦੇਸਾ, ਦੋ ਜਹਾਨਾਂ ਆਪ ਸੁਣਾਵੇਗਾ । ਜੁਗ ਪਲਟਣਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਸਭ ਦੀਆਂ ਪੇਸ਼ਤਰ ਵੇਖ ਵਖਾਵੇਗਾ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼ਾ, ਨਿਰਗੁਣ ਆਪਣਾ ਹੁਕਮ ਵਰਤਾਵੇਗਾ । ਜਿਸ ਦਾ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਦਸ ਦਸਮੇਸਾ, ਸੋ ਦਹਿ ਦਿਸ਼ਾ ਆਪਣਾ ਡੰਕ ਵਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਜਿਸ ਦਾ ਆਦਿ ਅੰਤ ਦਾ ਇਕ ਉਪਦੇਸ਼ਾ, ਉਪਨਿਸ਼ਦਾਂ ਤੋਂ ਬਾਹਰ ਸਮਝਾਵੇਗਾ ।



੨੯੦
੨੩

## ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਗਰੀਨ ਹਾਲ ਗੁਰੂਦਵਾਰੇ ਵਿਚ ਵਿਹਾਰ ਹੋਇਆ ✪

ਧਰਨੀ ਕਹੇ ਮੈਨੂੰ ਕਹਿੰਦੇ ਧਵਲ ਧੌਲ ਧਰਤ, ਜਗਤ ਲੋਕਮਾਤ ਮਿਲੀ ਵਡਿਆਈਆ । ਮੇਰਾ ਮਾਲਕ ਖ਼ਾਲਕ ਅਗੰਮਾ ਵਾਲੀ ਅਰਸ਼, ਅਰਸ਼ੀ ਪ੍ਰੀਤਮ ਬੇਪਰਵਾਹੀਆ । ਜਿਸ ਦੇ ਹੁਕਮ ਵਿਚ ਮੇਰੀ ਅਗੰਮੀ ਗਰਜ਼, ਅੰਤਸ਼ ਸਮਝ ਸਕੇ ਕੋਇ ਨਾ ਰਾਈਆ । ਜਿਸ ਦਾ ਖੇਲ ਸਦਾ ਅਸਚਰਜ਼, ਆਦਿ ਅੰਤ ਮਧ ਭੇਵ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਧਰਤੀ ਕਹੇ ਮੇਰਾ ਰੂਪ ਮਿੱਟੀ ਖ਼ਾਕ, ਜਲ ਧਾਰਾ ਨਾਲ ਸਮਾਈਆ । ਮੈਨੂੰ ਪਤਤ ਕਹੋ ਕਿ ਪਾਕ, ਪੁਨੀਤ ਦਾ ਭੇਵ ਕੋਇ ਨਾ ਆਈਆ । ਮੈਂ ਆਦਿ ਦੀ ਚਾਕਰੀ ਵਿਚ ਚਾਕ, ਜੁਗ ਜੁਗ ਸੇਵ ਕਮਾਈਆ । ਮੇਰਾ ਇਕ ਸਾਹਿਬ ਉਤੇ ਵਿਸ਼ਵਾਸ, ਜੋ ਵਿਸ਼ਿਆਂ ਤੋਂ ਬਾਹਰ ਨੂਰ ਅਲਾਹੀਆ । ਜੋ ਸਰਬ ਗੁਣਾਂ ਗੁਣਤਾਸ, ਗੁਣਵੰਤਾ ਇਕ ਅਖਵਾਈਆ । ਜਿਸ ਦਾ ਆਦਿ ਅਸੁਤੇ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਸ਼ਬਦ ਸੁਤ ਦੁਲਾਰਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਾਵੇ ਰਾਸ, ਮੰਡਲ ਮੰਡਪ ਵੱਜੇ ਵਧਾਈਆ । ਓਹ ਸਾਹਿਬ ਸਵਾਮੀ ਅੰਤਰਜਾਮੀ ਜੋ ਮੇਰੇ ਅੰਤਰ ਨਿਰੰਤਰ ਕਰੇ ਨਿਵਾਸ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜਿਸ ਵਿਸ਼ਨ ਬ੍ਰਹਮਾ ਸ਼ਿਵ ਖੇਲ ਕੀਤਾ ਤਮਾਸ਼, ਤ੍ਰੈ ਆਪਣਾ ਹੁਕਮ ਸੁਣਾਈਆ । ਸੰਸਾਰੀ ਭੰਡਾਰੀ ਸੰਘਾਰੀ ਵੇਖਣ ਖੇਲ ਤਮਾਸ਼, ਭੇਵ ਅਭੇਦਾ ਆਪ ਜਣਾਈਆ । ਤ੍ਰੈਗੁਣ ਮਾਇਆ ਝੋਲੀ ਪਾ ਕੇ ਦਾਤ, ਤ੍ਰੈਗੁਣ ਅਤੀਤੇ ਤ੍ਰੈਭਵਣ ਧਨੀ ਦਿਤੀ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜਾਂ ਤਤਾਂ ਬਖ਼ਸ਼ ਕੇ ਸਾਥ, ਸਗਲਾ ਸੰਗ ਜਣਾਈਆ । ਧੁਰ ਦਾ ਹੁਕਮ ਸਚ ਪੈਗ਼ਾਮ ਸ਼ਬਦ ਅਗੰਮੀ ਸਤਿਗੁਰ ਦਿਤਾ ਆਖ, ਬਿਨ ਅੱਖਰਾਂ ਕੀਤੀ ਪੜ੍ਹਾਈਆ । ਧਰਨੀ ਮੇਰੇ ਚਰਨ ਕਵਲ ਦੀ ਰਾਖ, ਧੂੜੀ ਇਕੋ ਇਕ ਜਣਾਈਆ । ਜਿਸ ਦੀ ਮੈਂ ਸਦਾ ਸੁਣਾਂ ਫ਼ਰਿਆਦ, ਆਹ ਆਪਣੇ ਵਿਚ ਸਮਾਈਆ । ਮਿਹਰਵਾਨ ਮਹਿਬੂਬ ਹੋ ਕੇ ਇਕੋ ਧੁਰ ਦੀ ਦੇਵਾਂ ਦਾਦ, ਵਸਤ ਅਮੋਲਕ ਅਗੰਮ ਵਰਤਾਈਆ । ਲੱਖ ਚੁਰਾਸੀ ਜੀਵ ਜੰਤ ਕਰਾਂ ਆਬਾਦ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਕਿਰਪਾ ਕੀਤੀ ਮੇਰੇ ਭਗਵੰਤ, ਮਿਹਰਵਾਨ ਦਇਆ ਕਮਾਈਆ । ਮੇਰੀ ਚਰਨ ਧੂੜ ਬਣਾ ਕੇ ਬਣਤ, ਸਤਿ ਸਤਿ ਵਿਚ ਟਿਕਾਈਆ । ਧੁਰ ਸਵਾਮੀ ਬਣ ਕੇ ਕੰਤ, ਕੰਤ ਕੰਤੂਹਲ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਧਾਰ ਜਣਾਈ ਨਾਲ ਰਲਾਇਆ ਲਖ ਚੁਰਾਸੀ ਜੰਤ, ਜੀਵਾਂ ਰੰਗ ਰੰਗਾਈਆ । ਬੋਧ ਅਗਾਧਾ ਬਣ ਪੰਡਤ, ਬੁੱਧੀ ਤੋਂ ਪਰੇ ਕੀਤੀ ਪੜ੍ਹਾਈਆ । ਆਪਣਾ ਖੇਲ ਦੱਸ ਅਨੰਤ, ਅਨੰਤ ਕਲਧਾਰੀ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਧਰਨੀ ਕਹੇ ਮੇਰੇ ਉਤੇ ਖੇਲ ਕੀਤਾ ਅਪਾਰ, ਪੁਰਖ ਅਕਾਲ ਦਿਤੀ ਵਡਿਆਈਆ । ਧਵਲ ਕਹੇ ਮੇਰਾ ਧੌਲ ਨੇ ਚੁੱਕਿਆ ਭਾਰ, ਜਗ ਨੇਤਰ ਵੇਖਣ ਕੋਇ ਨਾ ਜਾਈਆ । ਧਰਨੀ ਕਹੇ ਮੈਂ ਖੇਲ ਖੇਲਾਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਧਵਲ ਕਹੇ ਮੇਰਾ ਲੇਖਾ ਓਸ ਪ੍ਰਭੂ ਦੇ ਨਾਲ, ਜਿਸ ਪਾਰਬ੍ਰਹਮ ਪਤਿਪਰਮੇਸ਼ਵਰ ਦਾ ਅੰਤ ਕਹਿਣ ਕੋਇ ਨਾ ਪਾਈਆ । ਓਹ ਬਖ਼ਸ਼ਿਸ਼ ਕੀਤੀ ਬਖ਼ਸ਼ਣਹਾਰ, ਰਹਿਮਤ ਆਪਣੀ ਸਚ ਕਮਾਈਆ । ਲੱਖ ਚੁਰਾਸੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ

੨੯੨
੨੩

ਮੇਰੀ ਝੋਲੀ ਦਿਤੀ ਡਾਰ, ਸੀਸ ਜਗਦੀਸ਼ ਆਪਣਾ ਹੱਥ ਟਿਕਾਈਆ । ਤ੍ਰੈਗੁਣ ਮਾਇਆ ਪੰਜਾਂ ਤਤਾਂ ਦੇ ਅਧਾਰ, ਤਨ ਵਜੂਦ ਕਰੀ ਰੁਸ਼ਨਾਈਆ । ਆਤਮ ਜੋਤ ਕਰ ਉਜਿਆਰ, ਪਰਮਾਤਮ ਕੀਤੀ ਸਚ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਖੇਲ ਕੀਤਾ ਅਗੰਮ ਅਪਾਰ, ਅਪਰੰਪਰ ਆਪਣਾ ਰਾਹ ਚਲਾਈਆ । ਈਸ਼ ਜੀਵ ਕਰ ਤਿਆਰ, ਤ੍ਰੈਗੁਣ ਅਤੀਤੇ ਆਪਣਾ ਰੰਗ ਦਿਤਾ ਚੜ੍ਹਾਈਆ । ਇਹ ਮੈਂ ਖੇਲ ਤੱਕਿਆ ਅਨਡੀਠ, ਅਨਡਿੱਠੜੀ ਹਰਿਜੂ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੇ ਉਤੇ ਆਏ ਜੀਵ ਜੰਤ ਮਾਨਸ, ਸੋਹਣਾ ਰੰਗ ਰੰਗਾਈਆ । ਮੇਰੇ ਵਿਚ ਨਾ ਕੋਈ ਨਿੰਦਰਾ ਨਾ ਕੋਈ ਆਲਸ, ਗ਼ਮੀ ਚਿੰਤਾ ਨਾ ਕੋਇ ਜਣਾਈਆ । ਮੇਰਾ ਰੂਪ ਅਨੂਪ ਪ੍ਰਭ ਪ੍ਰਗਟਾਇਆ ਖ਼ਾਲਸ, ਦੂਜਾ ਸੰਗ ਨਾ ਕੋਇ ਰਲਾਈਆ । ਮੈਂ ਉਸ ਦੀ ਧਾਰ ਓਸੇ ਦਾ ਬਾਲਕ, ਓਸੇ ਦਾ ਨੂਰ ਓਸੇ ਦਾ ਜ਼ਹੂਰ ਓਸੇ ਦਾ ਰੂਪ ਨਜ਼ਰੀ ਆਈਆ । ਮੇਰਾ ਆਦਿ ਅੰਤ ਦਾ ਇਕੋ ਸਾਲਸ, ਦੂਜਾ ਵਿਚੋਲਾ ਵੇਖਣ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਉਤੇ ਪੰਜ ਤਤ ਕੀਤੇ ਪ੍ਰਧਾਨ, ਤਨ ਵਜੂਦ ਦਿਤੀ ਵਡਿਆਈਆ । ਸ਼ਰੀਰ ਬਣਾਇਆ ਮਹਾਨ, ਵੱਖੋ ਵੱਖ ਖੇਲ ਖਿਲਾਈਆ । ਨੌਂ ਦਵਾਰੇ ਖੋਲ ਦੁਕਾਨ, ਆਸਾ ਮਨਸਾ ਤ੍ਰਿਸ਼ਨਾ ਸਭ ਵਿਚ ਟਿਕਾਈਆ । ਦੀਪਕ ਦੀਆ ਜੋਤ ਜਗਾ ਮਹਾਨ, ਨੂਰ ਜ਼ਹੂਰ ਦਿਤਾ ਟਪਕਾਈਆ । ਅੰਮ੍ਰਿਤ ਰਸ ਖੇਲ ਆਪਣੇ ਵਿਚੋਂ ਕੀਤਾ ਪ੍ਰਵਾਨ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਧਰਨੀ ਕਹੇ ਮਨੁੱਸ਼ਾਂ ਅੰਦਰ ਪ੍ਰਭੂ ਕੀਤੀ ਕਿਰਪਾ, ਮਿਹਰ ਨਜ਼ਰ ਉਠਾਈਆ । ਰੂਪ ਦੱਸਿਆ ਆਪਣਾ ਇਕ ਦਾ, ਏਕੰਕਾਰ ਦਿਤਾ ਸਮਝਾਈਆ । ਜਿਸ ਦਾ ਲੇਖਾ ਬ੍ਰਹਮਾ ਪਾਰਬ੍ਰਹਮ ਦੀ ਧਾਰ ਨਾਲ ਲਿਖਦਾ, ਚਾਰੇ ਵੇਦ ਦੇਣ ਗਵਾਹੀਆ । ਓਹ ਇਸ਼ਾਰਾ ਕਰੇ ਨਿਰਗੁਣ ਨਿਰਵੈਰ ਨਿਰੰਕਾਰ ਜਿਸ ਨੂੰ ਕਦੇ ਕੋਇ ਨਾ ਜਿਤਦਾ, ਹਾਰ ਵਿਚ ਸਰਬ ਰਖਾਈਆ । ਓਹ ਮਾਲਕ ਖ਼ਾਲਕ ਪ੍ਰਿਤਪਾਲਕ ਰੂਪ ਧਰ ਅਗੰਮੇ ਪਿਤ ਦਾ, ਲੱਖ ਚੁਰਾਸੀ ਆਪਣੀ ਗੋਦ ਟਿਕਾਈਆ । ਧਰਨੀ ਕਹੇ ਮੇਰਾ ਬਿਨ ਨੈਣ ਤੋਂ ਰਾਹ ਹੋਇਆ ਬਿਟ ਬਿਟ ਦਾ, ਵੇਖ ਵੇਖ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੀ ਕੀਤੀ ਅਗੰਮੀ ਵੰਡ, ਮੇਰੇ ਟੁਕੜੇ ਟੁਕੜੇ ਦਿਤੇ ਕਰਾਈਆ । ਮੇਰੇ ਅੰਦਰ ਆਇਆ ਰੰਜ, ਮੈਂ ਰੋ ਕੇ ਦਿਤੀ ਦੁਹਾਈਆ । ਪੁਰਖ ਅਕਾਲ ਕਿਹਾ ਨਾ ਕੋਈ ਮੇਰਾ ਸਵੇਰ ਨਾ ਕੋਈ ਸੰਝ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਆਦਿ ਜੁਗਾਦਿ ਰੂਪ ਧਰਾਂ ਸੂਰਾ ਸਰਬੰਗ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਿਹਾ ਮੇਰੇ ਮਾਲਕ ਮੇਰੇ ਸੁਲਤਾਨ, ਸਾਹਿਬ ਤੇਰੀ ਸਰਨਾਈਆ । ਮੇਰੇ ਵੱਲ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਤੇਰੀ ਚੁਰਾਸੀ ਹੋਈ ਪ੍ਰਧਾਨ, ਚਾਰੇ ਖਾਣੀ ਵੱਜੇ ਵਧਾਈਆ । ਮੈਂ ਵੇਖ ਕੇ ਹੋਈ ਹੈਰਾਨ, ਹੈਰਾਨੀ ਵਿਚ ਤੇਰੇ ਅਗੇ ਦਿਆਂ ਦੁਹਾਈਆ । ਇਨ੍ਹਾਂ ਦਾ ਵਾਰਸ ਇਨ੍ਹਾਂ ਦਾ ਮਾਲਕ ਕਵਣ ਹੋਵੇ ਵਿਚ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਭੇਵ ਦੇ ਚੁਕਾਈਆ । ਝਟ ਮੇਰੀ ਬੇਨੰਤੀ ਪੁਰਖ ਅਕਾਲੇ

ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਏਕੰਕਾਰ ਕੀਤੀ ਪ੍ਰਵਾਨ, ਬਿਨ ਅੱਖਰਾਂ ਮੈਨੂੰ ਦਿਤਾ ਦ੍ਰਿੜਾਈਆ । ਤੂੰ ਫ਼ਿਕਰ ਨਾ ਕਰ ਮੈਂ ਤੇਰੀ ਸਾਰ ਪਾਵਾਂ ਆਣ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਉਤੇ ਰੂਪ ਧਰਿਆ ਭਗਵਾਨ, ਨਿਰਗੁਣ ਸਰਗੁਣ ਖੇਲ ਖਿਲਾਈਆ । ਸੰਤ ਕੁਮਾਰਾ ਹੋ ਪ੍ਰਧਾਨ, ਪਰਦਾ ਦਿਤਾ ਉਠਾਈਆ । ਬਰਾਹ ਖੇਲ ਕੀਤਾ ਮਹਾਨ, ਮੈਨੂੰ ਦਿਤੀ ਮਾਣ ਵਡਿਆਈਆ । ਯੱਗਅ ਪੁਰਸ਼ ਕੀਤੀ ਕਲਿਆਣ, ਹਾਵ ਗਰੀਵ ਨਾਲ ਰਲਾਈਆ । ਨਰ ਨਰਾਇਣ ਹੁਕਮ ਦਿਤਾ ਆਣ, ਸੰਦੇਸ਼ਾ ਧੁਰਦਰਗਾਹੀਆ । ਕਪਲ ਮੁਨ ਕਰ ਪ੍ਰਧਾਨ, ਦੱਤਾ ਤ੍ਰੈ ਵੰਡ ਵੰਡਾਈਆ । ਰਿਖਪ ਭੇਵ ਖੁਲਾਇਆ ਮਹਾਨ, ਪਿਰਥੁ ਮੇਰੇ ਵਿਚੋਂ ਮਥ ਕੇ ਅੰਨ ਦਿਤਾ ਕਢਾਈਆ । ਮਤਸ ਖੇਲ ਕੀਤਾ ਮਹਾਨ, ਸਾਗਰਾਂ ਵਿਚ ਸਮਾਈਆ । ਕਛਪ ਕਰ ਪ੍ਰਧਾਨ, ਚੌਦਾਂ ਰਤਨ ਕਢੇ ਚਾਈਂ ਚਾਈਆ । ਫੇਰ ਨਰਸਿੰਗ ਰੂਪ ਧਰ ਮਹਾਨ, ਭਗਤਾਂ ਰੱਖਿਆ ਕਰੇ ਬੇਪ੍ਰਵਾਹੀਆ । ਬਲ ਬਾਵਨ ਹੋਏ ਪ੍ਰਧਾਨ, ਮੇਲ ਮਿਲਾਵਾ ਸਹਿਜ ਸੁਭਾਈਆ । ਹਰੀ ਹਰਿ ਕਰੇ ਕਲਿਆਣ, ਲੇਖਾ ਚੁਕਾਏ ਥਾਉਂ ਥਾਈਆ । ਗਜ ਮੇਲਾ ਮੇਲੇ ਪਰਮ ਪੁਰਖ ਆਪਣੀ ਧਾਰ, ਧਰਨੀ ਕਹੇ ਮੇਰੇ ਉਤੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੇਰੇ ਉਤੇ ਪ੍ਰਭ ਆਉਣ ਲੱਗਾ ਨਿਰਗੁਣ ਸਰਗੁਣ ਧਾਰ, ਆਪਣਾ ਵੇਸ ਵਟਾਈਆ । ਆਪਣੇ ਨਾਮ ਦਾ ਦੱਸਣ ਲੱਗਾ ਜੈਕਾਰ, ਧੁਰ ਦੀ ਸਿਫ਼ਤ ਸਲਾਹੀਆ । ਖੇਲ ਦੱਸਿਆ ਅਪਰ ਅਪਾਰ, ਅਗੰਮ ਅਗੋਚਰ ਦਿਤਾ ਦ੍ਰਿੜਾਈਆ । ਵੇਸ ਅਨੇਕਾ ਕਰ ਜੋਤੀ ਜਾਤਾ



ਹੋ ਉਜਿਆਰ, ਹੁਕਮੀ ਹੁਕਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੀ ਬਣਤ ਬਣਾਈਆ । ਧਰਨੀ ਕਹੇ ਸਤਿਜੁਗ ਸਤਿ ਧਰਮ ਦੀ ਧਾਰ, ਲੋਕਮਾਤ ਵੱਜੀ ਵਧਾਈਆ । ਮੈਂ ਵੇਖਿਆ ਪਾਰਬ੍ਰਹਮ ਕਰਤਾਰ, ਕੁਦਰਤ ਦਾ ਮਾਲਕ ਇਕ ਅਖਵਾਈਆ । ਜਿਸ ਦਾ ਹੁਕਮ ਸੰਦੇਸ਼ਾ ਲਿਖਣ ਪੜ੍ਹਨ ਤੋਂ ਬਾਹਰ, ਬਿਨ ਕਲਮ ਸ਼ਾਹੀ ਕਾਗ਼ਜ਼ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਉਤੇ ਹੋਰ ਹੋਇਆ ਦਿਆਲ, ਦੀਨ ਦਿਆਲ ਦਇਆ ਕਮਾਈਆ । ਸਤਿ ਬਣਾਈ ਸਚ ਧਰਮਸਾਲ, ਧਰਮ ਦਵਾਰਾ ਇਕ ਵਖਾਈਆ । ਅੰਮ੍ਰਿਤ ਰਸ ਕੀਤਾ ਪ੍ਰਵਾਨ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਵਿਖ ਖੇਲ ਕੀਤਾ ਮਹਾਨ, ਵਿਸ ਪਰਦਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਧਰਨੀ ਕਹੇ ਮੇਰੇ ਉਤੇ ਨਿਰਗੁਣ ਨੇ ਚਲਾਈਆਂ ਧਾਰਾਂ ਦੋ, ਆਦਿ ਪੁਰਖ ਖੇਲ ਖਿਲਾਈਆ । ਕਿਸੇ ਦੇ ਅੰਦਰ ਅੰਮ੍ਰਿਤ ਰਸ ਦਿਤਾ ਚੋ, ਨਿਝਰ ਝਿਰਨਾ ਦਿਤਾ ਝਿਰਾਈਆ । ਕਿਸੇ ਨੂੰ ਮਧ ਪਿਆ ਕੇ ਹੋਕਾ ਦਿਤਾ ਹੋ, ਹੰ ਬ੍ਰਹਮ ਹੰਕਾਰ ਵਿਚ ਰਖਾਈਆ । ਕਿਸੇ ਦੇ ਅੰਦਰ ਲੋਇਣ ਤੀਜਾ ਖੋਲ ਕੇ ਦਿਤੀ ਲੋ, ਨੂਰ ਜੋਤ ਕੀਤਾ ਰੁਸ਼ਨਾਈਆ । ਕਿਸੇ ਦੇ ਅੰਦਰ ਮਾਇਆ ਮਮਤਾ ਭਰ ਕੇ ਮੋਹ, ਹੰਕਾਰ ਵਿਕਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਉਤੇ ਖੇਲ ਹੋਇਆ ਅਵੱਲਾ, ਮੈਂ ਰੋ ਕੇ ਦਿਤਾ ਸੁਣਾਈਆ । ਮੇਰੇ

ਪੁਰਖ ਅਕਾਲੇ ਦੀਨ ਦਿਆਲੇ ਤੂੰ ਆਦਿ ਜੁਗਾਦੀ ਇਕ ਅਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਚਾਹੁੰਦੀ ਮੇਰਾ ਇਕੋ ਹੋਵੇ ਮਹੱਲਾ, ਦੂਜੀ ਵੰਡ ਨਾ ਕੋਇ ਵੰਡਾਈਆ । ਲੇਖਾ ਮੁਕਾ ਦੇ ਜਲ ਥਲਾ, ਮਹੀਅਲ ਤੇਰਾ ਨੂਰ ਨਜ਼ਰੀ ਆਈਆ । ਤੇਰਾ ਪ੍ਰਕਾਸ਼ ਦੀਪਕ ਇਕੋ ਹੋਵੇ ਬਲਾ, ਦੂਜਾ ਰੰਗ ਨਾ ਕੋਇ ਚਮਕਾਈਆ । ਜਿਸ ਤਰਾ ਸਚਖੰਡ ਦਵਾਰਾ ਤੇਰਾ ਨਿਹਚਲ ਧਾਮ ਅਟੱਲਾ, ਧਰਨੀ ਕਹੇ ਮਾਤਲੋਕ ਮੈਨੂੰ ਦੇ ਵਡਿਆਈਆ । ਮੈਂ ਗਲ ਵਿਚ ਪਾਵਾਂ ਪੱਲਾ, ਨਿਵ ਨਿਵ ਮਸਤਕ ਧੂੜ ਲਾਵਾਂ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਸੁਣ ਧਰਨੀ ਧਵਲ ਧਾਰ, ਧਰਮ ਧਾਰ ਦਿਆਂ ਜਣਾਈਆ । ਮੇਰਾ ਖੇਲ ਹੋਵੇ ਅਪਰ ਅਪਾਰ, ਭੇਵ ਅਭੇਦ ਨਾ ਕੋਇ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰਾਂ ਵਿਚ ਸੰਸਾਰ, ਸੰਸਾਰੀ ਆਪਣਾ ਹੁਕਮ ਵਰਤਾਈਆ । ਤੇਈ ਭੇਜ ਭੇਜ ਅਵਤਾਰ, ਅਵਤਰ ਆਪਣਾ ਰੂਪ ਬਦਲਾਈਆ । ਰਾਮ ਪਰਸ ਰਾਮ ਰਾਮਾ ਕਰ ਖ਼ਬਰਦਾਰ, ਰਾਮ ਰਾਮਾ ਪਰਦਾ ਲਾਹੀਆ । ਵੇਦ ਵਿਆਸਾ ਦੇ ਅਧਾਰ, ਕ੍ਰਿਸ਼ਨਾ ਕਾਹਨਾ ਗੰਢ ਪਵਾਈਆ । ਬੁੱਧੀ ਤੋਂ ਪਰੇ ਬੁੱਧ ਨੂੰ ਕਰ ਕੇ ਖ਼ਬਰਦਾਰ, ਬੋਧ ਆਪਣਾ ਦਿਤਾ ਸਮਝਾਈਆ । ਫੇਰ ਰੂਪ ਧਰ ਅਪਾਰ, ਅਪਰੰਪਰ ਸਵਾਮੀ ਕਹੇ ਮੈਂ ਆਪਣਾ ਵੇਸ ਲੈਣਾ ਬਦਲਾਈਆ । ਆਪਣੇ ਨਾਮ ਦੀ ਨਾਮ ਨਾਲ ਵੰਡ ਕਰਦਾ ਆਵਾਂ ਜੁਗ ਚਾਰ, ਇਕ ਇਕ ਦੇ ਨਾਲ ਬਦਲਾਈਆ । ਰਾਮ ਕ੍ਰਿਸ਼ਨ ਤੋਂ ਹੋ ਬਾਹਰ, ਅਗਲਾ ਖੇਲ ਆਪ ਖਿਲਾਈਆ । ਤਤਾਂ ਵਾਲਾ ਸਰਗੁਣ ਸਰੀਰ ਕਰ ਤਿਆਰ, ਪੈਗ਼ੰਬਰ ਰੂਪ ਬਦਲਾਈਆ । ਆਪਣੇ ਨੂਰ ਨੂੰ ਗਾਡ ਗੁਡ ਕਹਾਂ ਵਿਚ ਸੰਸਾਰ, ਗਾਈਡ ਆਪਣਾ ਆਪ ਆਪ ਪ੍ਰਗਟਾਈਆ । ਮੂਸੇ ਨੂੰ ਸੁੱਟ ਕੇ ਮੂੰਹ ਦੇ ਭਾਰ, ਈਸਾ ਆਪਣੇ ਰੰਗ ਰੰਗਾਈਆ । ਮੁਹੰਮਦ ਨੂੰ ਕਰ ਕੇ ਖ਼ਬਰਦਾਰ, ਤੀਸ ਬਤੀਸਾ ਢੋਲਾ ਦਿਆਂ ਸਮਝਾਈਆ । ਸ਼ਰਅ ਸ਼ਰਾਇਤ ਵੰਡਣੀ ਧਰਨੀਏ ਮੇਰਾ ਤੇਰੇ ਉਤੇ ਜੁਗ ਚੌਕੜੀ ਚਲਣਾ ਅਗੰਮ ਵਿਹਾਰ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਕਹਿਣ ਕੋਇ ਨਾ ਪਾਈਆ । ਕਿਉਂ ਮੈਂ ਆਦਿ ਜੁਗਾਦੀ ਇਕ ਇਕੱਲਾ ਏਕੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਝਟ ਰੋ ਪਈ ਧਾਹਾਂ ਮਾਰ, ਬਿਨ ਹੱਥਾਂ ਤੋਂ ਹੱਥ ਉਠਾਈਆ । ਮੇਰੇ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਆਤਮਾ ਤੇਰਾ ਨੂਰ ਉਜਿਆਰ, ਤੇਰੇ ਤੇਰੇ ਵਿਚ ਸਮਾਈਆ । ਸਭ ਨੂੰ ਇਕੋ ਦੱਸ ਦੇ ਆਪਣਾ ਘਰਬਾਰ, ਦੂਜਾ ਗ੍ਰਿਹ ਨਜ਼ਰ ਕੋਇ ਨਾ ਆਈਆ । ਜੇ ਤੂੰ ਸਚਖੰਡ ਦਵਾਰੇ ਦਰਗਾਹ ਸਾਚੀ ਇਕ ਇਕੱਲਾ ਨਿਰਗੁਣ ਨੂਰ ਜੋਤ ਉਜਿਆਰ, ਕਿਉਂ ਮੇਰੇ ਉਤੇ ਮਨੁੱਸ਼ਾਂ ਦੀ ਦੀਨਾਂ ਮਜ਼੍ਹਬਾਂ ਵਿਚ ਵੰਡ ਵੰਡਾਈਆ । ਕਿਉਂ ਆਪਣੇ ਨਾਮ ਦੇ ਹਿਸੇ ਕਰੇਂ ਜੁਗ ਚਾਰ, ਇਕੋ ਨਾਮ ਆਪਣਾ ਦੇ ਸਮਝਾਈਆ । ਮੈਂ ਤੇਰੇ ਚਰਨਾਂ ਦੀ ਧੂੜ ਲਾਵਾਂ ਛਾਰ, ਮਸਤਕ ਟਿੱਕਾ ਖ਼ਾਕ ਰਮਾਈਆ । ਝਟ ਦੀਨ ਦਿਆਲ ਪੁਰਖ ਅਕਾਲ ਕੀਤਾ ਖ਼ਬਰਦਾਰ, ਬੇਖ਼ਬਰੇ ਤੈਨੂੰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਪੁਰਖ ਅਕਾਲ ਕਹੇ ਮੈਂ ਖੇਲ ਖਿਲਾਉਂਦਾ ਹਾਂ । ਖ਼ਲਕ ਦਾ ਖ਼ਾਲਕ ਇਕ ਅਖਵਾਉਂਦਾ ਹਾਂ । ਪ੍ਰਿਤਪਾਲਕ ਨਾਮ ਧਰਾਉਂਦਾ ਹਾਂ । ਦੀਨ ਦਿਆਲ ਹੋ ਕੇ ਵੰਡ ਵੰਡਾਉਂਦਾ ਹਾਂ । ਬ੍ਰਹਿਮੰਡ ਖੰਡ ਆਪਣੀ ਰਚਨ ਜਣਾਉਂਦਾ ਹਾਂ । ਜੇਰਜ ਅੰਡ ਉਤਭੁਜ ਸੇਤਜ ਰੰਗ ਰੰਗਾਉਂਦਾ ਹਾਂ । ਢੋਲਾ ਜਿਹਵਾ ਦੱਸ, ਨਾਮ ਬੱਤੀ ਦੰਦ ਪੜ੍ਹਾਉਂਦਾ ਹਾਂ । ਵੱਖ ਵੱਖ ਆਪਣਾ ਦੱਸ ਕੇ ਪਰਮਾਨੰਦ, ਅਨੰਦ ਅਨੰਦ ਵਿਚੋਂ ਜਣਾਉਂਦਾ ਹਾਂ । ਆਤਮ ਪਰਮਾਤਮ ਪਰਮਾਤਮ

੨੯੫
੨੩

ਆਤਮ ਮੇਰਾ ਆਦਿ ਦਾ ਇਕੋ ਛੰਦ, ਬਾਕੀ ਸੋਹਲੇ ਢੋਲੇ ਗੀਤ ਸਿਫ਼ਤਾਂ ਵਾਲੇ ਜਣਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਉਂਦਾ ਹਾਂ । ਧਰਨੀ ਕਹੇ ਮੇਰਿਆ ਮਹਿਬੂਬਾ ਕਿਉਂ ਮੇਰੇ ਉਤੇ ਕਰੇਂ ਗ਼ਜ਼ਬ, ਦਰੋਹੀ ਤੇਰਾ ਨਾਮ ਖ਼ੁਦਾਈਆ । ਬਹੁ ਕਰੀ ਨਾ ਜਾ ਮਜ਼੍ਹਬ, ਦੀਨਾਂ ਵੰਡ ਵੰਡਾਈਆ । ਇਕੋ ਤੇਰੇ ਪੂਜਣ ਹੋਵਣ ਕਦਮ, ਕਦਮਬੋਸੀ ਵਿਚ ਸਾਰੇ ਸੀਸ ਨਿਵਾਈਆ । ਭਾਵੇਂ ਸੰਖਿਆ ਕੋਟਨ ਕੋਟ ਹੋ ਜਾਏ ਅਸੰਖ ਅਸੰਖਾ ਅਸੰਖਾ ਪਦਮ, ਪਦ ਤੇਰਾ ਇਕੋ ਸੋਭਾ ਪਾਈਆ । ਕਿਉਂ ਤੂੰ ਸਭ ਨੂੰ ਪੰਜਾਂ ਤਤਾਂ ਵਾਲਾ ਦਿਤਾ ਬਦਨ, ਵਿਚ ਆਤਮ ਰਖ ਕੇ ਪਰਮਾਤਮ ਨੂਰ ਕੀਤਾ ਰੁਸ਼ਨਾਈਆ । ਤੂੰ ਸਚ ਸਵਾਮੀ ਸਭ ਦਾ ਸੱਜਣ, ਵੈਰੀ ਰਹਿਣ ਕੋਇ ਨਾ ਪਾਈਆ । ਬੇਸ਼ਕ ਜੇ ਤੂੰ ਘੜੇ ਭਾਂਡੇ ਅੰਤਮ ਭੱਜਣ, ਥਿਰ ਨਜ਼ਰ ਕੋਇ ਨਾ ਆਈਆ । ਮੇਰੇ ਮਿਹਰਵਾਨਾ ਸਭ ਨੂੰ ਅੰਤਰ ਨਿਰੰਤਰ ਇਕੋ ਆਪਣੇ ਨਾਮ ਦੀ ਦੇਦੇ ਲਗਨ, ਲਗ ਮਾਤਰ ਦਾ ਡੇਰਾ ਢਾਹੀਆ । ਤੇਰੇ ਦੀਪਕ ਜੋਤੀ ਘਰ ਘਰ ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਜਗਣ, ਗ੍ਰਿਹ ਗ੍ਰਿਹ ਹੋਵੇ ਰੁਸ਼ਨਾਈਆ । ਸ਼ਬਦ ਅਨਾਦੀ ਨਾਦ ਅਗੰਮੇ ਵੱਜਣ, ਸੋਈ ਸੁਰਤ ਸੁਰਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਤੂੰ ਕੀ ਕੀਤਾ ਖੇਲ ਵਿਚ ਅਵਾਮ, ਆਮ ਦੇ ਮਾਲਕ ਦਿਆਂ ਜਣਾਈਆ । ਤੂੰ ਸ਼ਰਅ ਸ਼ਰੀਅਤ ਦੱਸ ਇਸਲਾਮ, ਇਸਮ ਆਜ਼ਮ ਇਕ ਜਣਾਈਆ । ਅੱਲਾ ਰੂਪ ਹੋ ਮਿਹਰਵਾਨ, ਮਹਿਬਾਨ ਬੀਦੋ ਆਪਣਾ ਪਰਦਾ ਦਿਤਾ ਉਠਾਈਆ । ਮੈਂ ਤੇਰੇ ਕਦਮਾਂ ਵਿਚ ਸੀਸ ਝੁਕਾਵਾਂ ਆਣ, ਬਿਨ ਸੀਸ ਸੀਸ ਨਿਵਾਈਆ । ਤੂੰ ਵਸਤ ਅਮੋਲਕ ਦੇਣੀ ਦਾਨ, ਦਾਤੇ ਦਾਨੀ ਆਪ ਵਰਤਾਈਆ । ਮੈਂ ਪਹਿਲੋਂ ਤੱਕਿਆ ਮੇਰੇ ਤੇ ਸੀਤਾ ਆਇਆ ਰਾਮ, ਕਾਹਨਾ ਕ੍ਰਿਸ਼ਨ ਆਪਣਾ ਡੰਕ ਗਿਆ ਵਜਾਈਆ । ਹੁਣ ਹੋਰ ਖੇਲ ਕੀਤਾ ਸ਼ਰਅ ਦਾ ਸ਼ਰਅ ਨਾਲ ਨਾਮ ਦਾ ਕਲਮੇ ਨਾਲ ਹੋਵੇ ਕਤਲੇਆਮ, ਕਾਤਲ ਮਕਤੂਲ ਸਮਝ ਕੋਇ ਨਾ ਪਾਈਆ । ਮੈਨੂੰ ਆਪਣੇ ਨਾਮ ਕਲਮੇ ਵਿਚ ਵੱਖ ਵੱਖ ਨਾ ਕਰ ਗ਼ੁਲਾਮ, ਬੰਧਨ ਜ਼ੰਜੀਰ ਨਾ ਕੋਇ ਪਵਾਈਆ । ਮੈਂ ਚਾਹੁੰਦੀ ਤੇਰਾ ਇਕੋ ਦਾ ਹੋਵੇ ਇੰਤਜਾਮ, ਬੰਦੋਬਸਤ ਅਵਰ ਨਾ ਹੱਥ ਫੜਾਈਆ । ਸਾਰੀ ਸ੍ਰਿਸ਼ਟੀ ਦਾ ਸਾਂਝਾ ਕਰ ਦੇ ਪੀਣ ਖਾਣ, ਆਤਮ ਬ੍ਰਹਮ ਦੇ ਦ੍ਰਿੜਾਈਆ । ਮੈਂ ਪਹਿਲੋਂ ਤੱਕਿਆ ਸਾਰੇ ਗਊ ਦੀ ਪੂਜਾ ਕਰੇ ਜਹਾਨ, ਹੁਣ ਤੇਰੀ ਗਊ ਨੂੰ ਜ਼ਿਬਹ ਕਰ ਕੇ ਖਾਣ ਵਾਲੇ ਖ਼ੁਸ਼ੀਆਂ ਰਹੇ ਮਨਾਈਆ । ਝਟ ਹੁਕਮ ਹੋਇਆ ਮਿਹਰਵਾਨ, ਸੰਦੇਸਾ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਪਰਵਰਦਿਗਾਰ ਕਿਹਾ ਧਰਤੀ ਨਾ ਰੋ ਬਿਨ ਅੱਖਾਂ, ਹੰਝੂਆਂ ਹਾਰ ਬਣਾਈਆ । ਮੈਂ ਬੇਸ਼ਕ ਸਭ ਦਾ ਸਖ਼ਾ, ਮਿਤਰ ਪਿਆਰਾ ਇਕ ਅਖਵਾਈਆ । ਮੈਂ ਖੇਲ ਕਰਾਂ ਕੋਟਨ ਵਾਰ ਲੱਖਾਂ, ਗਿਣਤੀ ਗਣਤ ਨਾ ਕੋਇ ਗਿਣਾਈਆ । ਮੇਰਾ ਨੂਰ ਪ੍ਰਕਾਸ਼ ਜੋਤ ਲਟ ਲਟਾ, ਦੋ ਜਹਾਨਾਂ ਡਗਮਗਾਈਆ । ਮੈਂ ਵਸਣਹਾਰਾ ਘਟ ਘਟਾ, ਲੱਖ ਚੁਰਾਸੀ ਡੇਰਾ ਲਾਈਆ । ਪਰ ਮੇਰਾ ਖੇਲ ਮੈਂ ਦੀਨ ਮਜ਼੍ਹਬ ਦੀਆਂ ਜ਼ਰੂਰ ਤੇਰੇ ਉਤੇ ਬਣਾਉਣੀਆਂ ਵੱਟਾਂ, ਹੱਦਾਂ ਅਵਤਾਰਾਂ ਪੈਗ਼ੰਬਰਾਂ ਕੋਲੋਂ ਰਖਾਈਆ । ਔਹ ਵੇਖ ਮੁਹੰਮਦ ਦੇ ਪਿਛੇ ਨਾਨਕ ਨਿਰਗੁਣ ਧਾਰ ਆਉਂਦਾ ਨੱਠਾ, ਸਰਗੁਣ ਵੱਜੇ ਸਚ ਵਧਾਈਆ । ਜਿਸ ਦੇ ਕੋਲ ਨਾਮ ਸੰਦੇਸਾ ਸਤਿ ਦਾ ਹੋਣਾ ਜਿਸ ਵਿਚ ਹੋਣੀ ਸਤ੍ਹਾ, ਸਤਿਨਾਮ ਜਪਾਈਆ । ਓਸ ਦਾ ਸੁਣ ਲੈ ਕਮਲੀਏ ਪਤਾ, ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ ।

੨੯੫
੨੩

ਓਹਦਾ ਅੰਦਰ ਬਾਹਰ ਗੁਪਤ ਜ਼ਾਹਰ ਇਕੋ ਨਾਲ ਹੋਵੇਗਾ ਮਤਾ, ਮਤ ਮਤਾਂਤਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਨੀ ਕਿਹਾ ਪ੍ਰਭੂ ਕਰ ਲੈ ਛੇਤੀ, ਮੇਰੀ ਤੇਰੇ ਅਗੇ ਦੁਹਾਈਆ । ਜੇ ਸਤਿਗੁਰ ਨਾਨਕ ਨਿਰਗੁਣ ਹੋਵੇ ਤੇਰੇ ਘਰ ਦਾ ਭੇਤੀ, ਪਰਦਾ ਮੇਰਾ ਦਏ ਖੁਲਾਈਆ । ਮੈਂ ਵੀ ਆਦਿ ਤੋਂ ਤੇਰੀ ਬੇਟੀ, ਤੂੰ ਪਿਤਾ ਮੇਰਾ ਇਕੋ ਨਜ਼ਰੀ ਆਈਆ । ਮੇਰੇ ਨਾਲ ਨਾਨਕ ਨੂੰ ਭੇਜ ਕੇ ਕਰ ਦੇ ਨੇਕੀ, ਮੇਰੀ ਮਾਣ ਨਿਮਾਣੀ ਦੀ ਇੱਜ਼ਤ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਿਹਾ ਨਾਨਕ ਆਵੇ ਨਿਰਗੁਣ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਸ਼ਬਦ ਕਰੇ ਜੈਕਾਰ, ਢੋਲਾ ਧੁਰਦਰਗਾਹੀਆ । ਜਿਸ ਦਾ ਸਰੋਤਾ ਬਣੇ ਸਰਬ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੱਜੇ ਵਧਾਈਆ । ਓਹ ਉਠ ਉਠ ਧਾਵੇ ਚਾਰ ਕੁੰਟ ਵਾਰੋ ਵਾਰ, ਭੱਜੇ ਵਾਹੋ ਦਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਸਾਰੇ ਕਰਨ ਨਿਮਸਕਾਰ, ਧਰਨੀ ਤੂੰ ਵੀ ਚਰਨ ਚੁੰਮ ਕੇ ਆਪਣੀ ਖ਼ੁਸ਼ੀ ਲੈਣੀ ਬਣਾਈਆ । ਓਹ ਮੇਰਾ ਰੂਪ ਅਨੂਪ ਹੋਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਦੇਵਤ ਸੁਰ ਸਾਰੇ ਓਸੇ ਦਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੇਰੇ ਮਾਲਕਾ ਕੀ ਨਾਨਕ ਦੀ ਹੋਵੇ ਨਿਸ਼ਾਨੀ, ਨਿਸ਼ਾਨਾ ਦੇ ਜਣਾਈਆ । ਪੁਰਖ ਅਕਾਲ ਕਿਹਾ ਜ਼ਰਾ ਨਿਗਾਹ ਮਾਰ ਲੈ ਦੋ ਜਹਾਨੀ, ਦੋਹਾਂ ਰੂਪਾਂ ਤੋਂ ਬਾਹਰ ਵੇਖ ਵਖਾਈਆ । ਓਹ ਮੇਰਾ ਨੂਰ ਹੋਵੇ ਨੁਰਾਨੀ, ਸ਼ਬਦੀ ਡੰਕ ਸੁਣਾਈਆ । ਓਹਦੀ ਤਾਰ ਸਿਤਾਰ ਵੱਜੇ ਤਰੇਤੇ ਵਾਲੇ ਸੁਰੰਗੇ ਦੀ ਜਿਸ ਦੀ ਖੇਲ ਮਹਾਨੀ, ਰਾਜਾ ਜਨਕ ਦਏ ਗਵਾਹੀਆ । ਤੇਰਾ ਲੇਖਾ ਜਾਣੇ ਤੇ ਵੇਖੇ ਜੀਵ ਪ੍ਰਾਣੀ, ਘਟ ਘਟ ਅੰਦਰ ਫੋਲ ਫੁਲਾਈਆ । ਮੇਰੇ ਨਾਮ ਦੀ ਮੇਰੇ ਸੰਦੇਸੇ ਦੀ ਹੁਕਮ ਦੀ ਪੈਗ਼ਾਮ ਦੀ ਸਤਿ ਦੀ ਸਚ ਦੀ ਬ੍ਰਹਮਮਤ ਦੀ ਆਤਮ ਤਤ ਦੀ ਉਹ ਚਾਰ ਵਰਨਾਂ ਅਠਾਰਾਂ ਬਰਨਾਂ ਹਿੰਦੂ ਮੁਸਲਮ ਸਿਖ ਈਸਾਈ ਪਾਰਸੀਆਂ ਬੋਧੀਆਂ ਸੁਣਾਵੇ ਧਰਮ ਦੀ ਬਾਣੀ, ਧਰਮ ਦੀ ਧਾਰ ਧਾਰ ਜਣਾਈਆ । ਧਰਤੀਏ ਨੀਂ ਉਹ ਤੇਰਾ ਆਦਿ ਦਾ ਅੰਤ ਦਾ ਜੁਗਾਂ ਦਾ ਜੁਗੰਤ ਦਾ ਸੱਚਾ ਬਣੇ ਹਾਣੀ, ਹਾਣੀ ਇਕੋ ਵੇਖ ਵਖਾਈਆ । ਓਸ ਨੇ ਫੇਰਨੇ ਅੱਠ ਸੱਠ ਤੀਰਥ ਵਰੋਲਣੇ ਸਮੁੰਦਰਾਂ ਵਾਲੇ ਪਾਣੀ, ਭੱਜੇ ਵਾਹੋ ਦਾਹੀਆ । ਓਹਨ ਨਿਜ ਨੇਤਰ ਨਾਲ ਤੱਕਣੀ ਚਾਰੇ ਖਾਣੀ, ਅੰਡਜ ਜੇਰਜ ਉਤਭਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੇਰੇ ਪ੍ਰਭੂ ਦੱਸ ਦੇ ਇਕੋ ਬਾਤ, ਬਾਤਨ ਪਰਦਾ ਦੇ ਖੁਲਾਈਆ । ਕੀ ਸਤਿਗੁਰ ਨਾਨਕ ਤੇਰਾ ਰੂਪ ਦਿਨ ਵੇਖੇ ਕਿ ਰਾਤ, ਰੁਤੜੀ ਕਵਣ ਮਹਿਕਾਈਆ । ਬਾਹਰੋਂ ਤੱਕੇ ਕਿ ਅੰਦਰ ਮਾਰੇ ਝਾਤ, ਕਾਇਆ ਮਾਟੀ ਭਾਂਡੇ ਫੋਲ ਫੁਲਾਈਆ । ਕੀ ਨੌ ਦਵਾਰੇ ਵੇਖੇ ਕਿ ਅੰਦਰੋਂ ਖੋਲੇ ਬਜਰ ਕਪਾਟ, ਤ੍ਰੈਕੁਟੀ ਦਾ ਲੇਖਾ ਦਏ ਮੁਕਾਈਆ । ਕੀ ਰਸਨਾ ਨਾਲ ਗਾਵੇ ਕੀ ਸੁਣਾਵੇ ਅਗੰਮੀ ਸ਼ਬਦ ਅਨਾਦੀ ਨਾਦ, ਅਨਹਦ ਧੁਨ ਸੁਣਾਈਆ । ਕੀ ਧਰਨੀ ਵੇਖੇ ਕਿ ਵੇਖੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਈਆ । ਕੀ ਆਲਸ ਵਿਚ ਨਿੰਦਰਾ ਵਿਚ ਹੋਵੇ ਕਿ ਦਿਵਸ ਰੈਣ ਜਾਏ ਜਾਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਪੁਰਖ ਅਕਾਲ ਕਿਹਾ ਧਰਨੀਏ ਮੇਰਾ ਨਾਨਕ ਰੂਪ ਸਭ ਦੇ ਵਿਚ ਵਿਸਮਾਦ,

ਬਿਸਮਿਲ ਆਪਣਾ ਆਪ ਕਰਾਈਆ । ਉਹ ਵਖਾਵੇ ਖੇਲ ਅਗੰਮਾ ਤਮਾਸ਼, ਤਮਾਸ਼ਬੀਨ ਬਣੇ ਲੋਕਾਈਆ । ਮੈਂ ਵੇਖਾਂ ਉਤੋਂ ਆਕਾਸ਼, ਸਚਖੰਡ ਬੈਠੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਨੇ ਸਤਿਗੁਰ ਨਾਨਕ ਨਿਰਗੁਣ ਨੂੰ ਕਿਹਾ ਜਾਹ ਲੋਕਮਾਤ, ਧਰਨੀ ਧਰਤ ਤੇਰਾ ਰਾਹ ਤਕਾਈਆ । ਆਹ ਲੈ ਜਾਹ ਮੇਰੀ ਸਤਿਨਾਮ ਦੀ ਦਾਤ, ਧੁਰ ਦੇ ਦਾਤੇ ਅਗੰਮੀ ਝੋਲੀ ਦਿਤੀ ਪਾਈਆ । ਵੇਖੀਂ ਕੋਈ ਨਾ ਜ਼ਾਤ ਪਾਤ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਆਤਮ ਦਾ ਪਰਦਾ ਖੋਲਣਾ ਬ੍ਰਹਮ ਦਾ ਖੋਲਣਾ ਤਾਕ, ਈਸ਼ ਜੀਵ ਇਕੋ ਰੂਪ ਦਰਸਾਈਆ । ਮੇਰੇ ਨੂਰ ਦਾ ਜੋਤ ਦਾ ਹਰ ਘਟ ਅੰਦਰ ਕਰਨਾ ਪ੍ਰਕਾਸ਼, ਅੰਧ ਅੰਧੇਰਾ ਦੇਣਾ ਗਵਾਈਆ । ਸਾਚੇ ਸ਼ਬਦ ਦਾ ਵਜਾਉਣਾ ਨਾਦ, ਧੁਨ ਆਤਮਕ ਰਾਗ ਸੁਣਾਈਆ । ਹਰ ਹਿਰਦੇ ਵਿਚ ਮੇਰੀ ਕਰਾਉਣੀ ਯਾਦ, ਯਾਦਦਾਸ਼ਤ ਪਿਛਲੀ ਦੇਣੀ ਭੁਲਾਈਆ । ਮੇਰੇ ਪਿਆਰ ਨੂੰ ਕਰਨਾ ਅਬਾਦ, ਨੌ ਖੰਡ ਪ੍ਰਿਥਮੀ ਵਿਚ ਟਿਕਾਈਆ । ਜਾ ਕੇ ਅਗਲੀ ਸਾਜਣਾ ਸਾਜ, ਪਿਛਲਾ ਝਗੜਾ ਰਹੇ ਨਾ ਰਾਈਆ । ਮੇਰੇ ਹੁਕਮ ਦਾ ਦੱਸ ਸਚਖੰਡ ਦਵਾਰੇ ਇਕੋ ਪੁਰਖ ਅਕਾਲ ਦਾ ਰਾਜ, ਰਈਅਤ ਦੋ ਜਹਾਨ ਨਜ਼ਰੀ ਆਈਆ । ਜਿਸ ਦੇ ਅਗੇ ਅਵਤਾਰ ਪੈਗ਼ੰਬਰਾਂ ਗੁਰੂਆਂ ਨੂੰ ਦੇਣਾ ਪੈਣਾ ਜਵਾਬ, ਅੰਤਮ ਲੇਖਾ ਮੰਗੇ ਥਾਉਂ ਥਾਈਂਆ । ਉਹ ਨੂਰ ਅਲਾਹ ਵਾਹਿਦ, ਵਾਹਵਾ ਜਿਸ ਦੀ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਪੁਰਖ ਅਕਾਲ ਕਿਹਾ ਧਰਨੀਏ ਮੈਂ ਤੇਰੀ ਜਾਵਾਂ ਪੈਜ ਸਵਾਰੀ, ਮਿਹਰ ਨਜ਼ਰ ਇਕ ਉਠਾਈਆ । ਆਹ ਵੇਖ ਮੇਰੀ ਨਾਨਕ ਨਾਲ ਨਾਨਕ ਵਾਲੀ ਯਾਰੀ, ਨਾਨਕ ਰੂਪ ਮੇਰਾ ਨਜ਼ਰੀ ਆਈਆ । ਇਸ ਨੇ ਇਕ ਗੱਲ ਦੱਸਣੀ ਜਗਿਆਸੂਓ ਓਹ ਦੁਨੀਆ ਵਾਲਿਓ ਪੰਜਾਂ ਤਤਾਂ ਵਾਲਿਓ ਜੇ ਚਾਹੁੰਦੇ ਤੇ ਪੀਓ ਨਾਮ ਦੀ ਖ਼ੁਮਾਰੀ, ਰਸ ਕਾਇਆ ਆਤਮ ਅੰਤਰ ਨਿਝਰ ਝਿਰਨੇ ਵਿਚੋਂ ਝਿਰਾਈਆ । ਜਿਸ ਅੰਮ੍ਰਿਤ ਰਸ ਨੂੰ ਪੀਣ ਨਾਲ ਜਨਮ ਲੈਣਾ ਨਾ ਪਏ ਦੁਬਾਰੀ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਤੁਹਾਡਾ ਲੇਖਾ ਚਿਤ੍ਰਗੁਪਤ ਨਾ ਸਕੇ ਵਖਾਲੀ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਤੁਹਾਨੂੰ ਨਾ ਫਿਰੇ ਸੰਭਾਲੀ, ਤੁਹਾਡੀ ਮਾਟੀ ਖ਼ਾਕ ਅੰਤ ਧਰਤੀ ਖ਼ਾਕ ਵਿਚ ਮਿਲ ਜਾਈਆ । ਤੁਹਾਡੀ ਆਤਮਾ ਪਰਮਾਤਮਾ ਦਾ ਨੂਰ ਸਚਖੰਡ ਦਰਗਾਹ ਸਾਚੀ ਜਾਏ ਸੰਭਾਲੀ, ਜਿਥੋਂ ਫੇਰ ਨਾ ਕੋਇ ਕਢਾਈਆ । ਓਥੇ ਨਾ ਕੋਇ ਸ਼ਾਹ ਨਾ ਕੋਇ ਕੰਗਾਲੀ, ਇਕਾ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਜਿਸ ਵੇਲੇ ਨਾਨਕ ਨੂੰ ਪੁਰਖ ਅਕਾਲ ਨੇ ਇਹ ਦਿਤਾ ਵਰ, ਖ਼ੁਸ਼ੀਆਂ ਵਿਚ ਜਣਾਈਆ । ਝਟ ਕਲਜੁਗ ਗਿਆ ਡਰ, ਨੇਤਰ ਨੈਣਾਂ ਨੀਰ ਵਹਾਈਆ । ਉਠ ਕੇ ਗਿਆ ਖੜ੍ਹ, ਆਪਣੀ ਲਈ ਅੰਗੜਾਈਆ । ਨਿਰਅੱਖਰ ਧਾਰ ਲਿਆ ਪੜ੍ਹ, ਸਤਿਨਾਮ ਦੀ ਵਜਦੀ ਵਧਾਈਆ । ਮੈਂ ਵੀ ਉਸ ਦਵਾਰੇ ਜਾਵਾਂ ਚੜ੍ਹ, ਜਿਥੇ ਬੈਠਾ ਬੇਪ੍ਰਵਾਹੀਆ । ਜਿਸ ਨੇ ਨਾ ਮੇਰਾ ਸਰੀਰ ਬਣਾਇਆ ਨਾ ਬਣਾਇਆ ਧੜ, ਤਨ ਵਜੂਦ ਨਾ ਕੋਇ ਰਖਾਈਆ । ਮੇਰੇ ਅੰਦਰ ਇਕੋ ਕੂੜ ਕੁੜਿਆਰਾ ਭਰ ਦਿਤਾ ਗੜ੍ਹ, ਹਉਮੇ ਹੰਗਤਾ ਹੰਕਾਰ ਵਿਚ ਟਿਕਾਈਆ । ਨਾਲੇ ਮੈਨੂੰ ਖ਼ੁਸ਼ੀ ਨਾਲ ਕਿਹਾ ਕਲਜੁਗਾ ਕਿਸੇ ਦੇ ਧਰਮ ਦੀ ਰਹਿਣ ਨਹੀਂ ਦੇਣੀ ਜੜ, ਚੋਟੀ ਦੇਣੀ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ



੨੯੭
੨੩

ਵਰਤਾਈਆ । ਕਲਜੁਗ ਕਹੇ ਧਰਨੀਏ ਖੋਲ ਲੈ ਅੱਖ, ਆਪਣਾ ਨੈਣ ਖੁਲਾਈਆ । ਮੇਰੇ ਵੇਖ ਖ਼ਾਲੀ ਹੱਥ, ਮੈਂ ਤੈਨੂੰ ਰਿਹਾ ਜਣਾਈਆ । ਉਹ ਕੀ ਕਰੇ ਪੁਰਖ ਸਮਰਥ, ਜੋ ਕਰਤਾ ਧੁਰਦਰਗਾਹੀਆ । ਜਿਸ ਨਾਨਕ ਨੂੰ ਦੇ ਕੇ ਵਥ, ਸਤਿਨਾਮ ਲੋਕਮਾਤ ਤੇਰੇ ਵਿਚ ਟਿਕਾਈਆ । ਮੇਰਾ ਕੀ ਕਰੂਗਾ ਹੱਠ, ਜਿਥੇ ਨਿਰਗੁਣ ਦੀ ਸਰਗੁਣ ਵਿਚ ਵੱਜੇ ਵਧਾਈਆ । ਉਸ ਨੇ ਚਾਰ ਵਰਨ ਕਰਨੇ ਇਕੱਠ, ਦੂਤੀਆ ਭਾਉ ਨਾ ਕੋਇ ਰਖਾਈਆ । ਤੂੰ ਪ੍ਰਭੂ ਨੂੰ ਆਖ ਕੁਛ ਮੇਰਾ ਵੀ ਹਕ, ਕਲਜੁਗ ਕਹੇ ਹਕੀਕਤ ਦੇ ਮਾਲਕ ਨੂੰ ਦੇ ਸੁਣਾਈਆ । ਮੈਂ ਹੁਣ ਓਹਦੇ ਚਰਨਾਂ ਜਾਵਾਂ ਨੱਠ, ਭੱਜਾਂ ਵਾਹੋ ਦਾਹੀਆ । ਆਪਣਾ ਲੇਖਾ ਦੇਣਾ ਦੱਸ, ਭੇਵ ਅਭੇਦ ਖੁਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਜੇ ਤੂੰ ਸਭ ਕੁਛ ਨਾਨਕ ਨੂੰ ਦਿਤਾ ਤੇ ਮੇਰੀ ਹੋ ਗਈ ਬਸ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੇਰੀ ਆਯੂ ਚਾਰ ਲਖ ਬੱਤੀ ਹਜ਼ਾਰ ਮੈਂ ਕਿਸ ਬਿਧ ਲਵਾਂ ਕਟ, ਕਟਾਕਸ਼ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਨੀ ਕਹੇ ਕਲਜੁਗ ਤੂੰ ਆਪਣੀ ਕਰ ਅਰਦਾਸ, ਪ੍ਰਭ ਅਗੇ ਸੀਸ ਨਿਵਾਈਆ । ਓਹ ਵੇਖਣਹਾਰਾ ਸ਼ਾਹੋ ਸ਼ਾਬਾਸ਼, ਵਡ ਵੱਡਾ ਇਕ ਅਖਵਾਈਆ । ਕਲਜੁਗ ਕਿਹਾ ਮੇਰੇ ਮਾਈ ਬਾਪ, ਦੋਏ ਜੋੜ ਵਾਸਤਾ ਪਾਈਆ । ਮੇਰੀ ਝੋਲੀ ਮੇਰੀ ਪਾ ਦੇ ਦਾਤ, ਸਤਿਗੁਰ ਨਾਨਕ ਦਾ ਹਿੱਸਾ ਸਤਿਗੁਰ ਨਾਨਕ ਕੋਲ ਰਖਾਈਆ । ਮੈਂ ਚਾਹੁੰਦਾ ਮੇਰਾ ਛੇਤੀ ਛੇਤੀ ਲਹਿਣਾ ਦੇਣਾ ਪੂਰਾ ਹੋਵੇ ਖਾਤ, ਬਹੁਤੀ ਆਯੂ ਨਾ ਕੋਇ ਰਖਾਈਆ । ਤੂੰ ਉਤੋਂ ਵੇਖਣਾ ਮਾਰ ਝਾਤ, ਧਰਨੀ ਉਤੇ ਨਿਗਾਹ ਟਿਕਾਈਆ । ਮੈਂ ਆਪਣਾ ਪੰਧ ਮੁਕਾਉਣਾ ਵਾਟ, ਭੱਜਣਾ ਵਾਹੋ ਦਾਹੀਆ । ਪਿਛਲਿਆਂ ਅਵਤਾਰਾਂ ਦੀ ਸਾਰਿਆਂ ਦੇ ਅੰਦਰੋਂ ਕਰ ਦੇਣੀ ਸਤਿ ਵਾਲੀ ਦਾਤ ਨਾਸ, ਪੈਗ਼ੰਬਰਾਂ ਦਾ ਨੂਰ ਨਾ ਕੋਇ ਚਮਕਾਈਆ । ਤੂੰ ਸਤਿਗੁਰ ਨਾਨਕ ਨੂੰ ਇਕ ਸੰਦੇਸਾ ਦੇਣਾ ਆਖ, ਓਹ ਇਕ ਵਾਰ ਮੇਰੇ ਵੱਲ ਨਿਗਾਹ ਲੈ ਉਠਾਈਆ । ਫੇਰ ਮੈਂ ਓਸੇ ਨੂੰ ਕਹਾਂਗਾ ਕੁਛ ਮੇਰਾ ਲੇਖਾ ਬਣਾ ਦੇ ਵਿਚ ਮਾਤ, ਮੈਂ ਵੀ ਏਸੇ ਦੇ ਉਤੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਕਲਜੁਗ ਝਟ ਪੈ ਗਿਆ ਲੰਮਾ, ਡੰਡਾਵਤ ਵਿਚ ਸੀਸ ਨਿਵਾਈਆ । ਪ੍ਰਭੂ ਮੇਰੇ ਚੌਥੇ ਜੁਗ ਦਾ ਬੰਨਾ, ਹੱਦ ਤੇਰੇ ਚਰਨਾਂ ਵਿਚ ਰਖਾਈਆ । ਮੈਂ ਚਾਹੁੰਦਾ ਤੇਰੀ ਸ੍ਰਿਸ਼ਟੀ ਨੂੰ ਡੰਨਾਂ, ਨਾਮ ਸਿਮਰਨ ਵਾਲਾ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਰਸ ਪਿਛੇ ਜਗਤ ਜਗਿਆਸੂ ਫਿਰੇ ਭੰਨਾ, ਕਾਇਆ ਮੰਦਰ ਵਿਚੋਂ ਹੱਥ ਕਿਸੇ ਨਾ ਆਈਆ । ਦੋਏ ਲੋਚਨਾ ਵਾਲਾ ਤੈਨੂੰ ਵੇਖਣ ਵਿਚ ਹੋਵੇ ਅੰਨ੍ਹਾ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਕੰਨਾਂ ਤੋਂ ਸੁਣਨ ਵਾਲਾ ਸਰਵਣ ਕਰਨ ਵਾਲਾ ਆਪਣਾ ਮਨ ਨਾ ਸਕੇ ਬੰਨ੍ਹਾ, ਮਨਸਾ ਮਨ ਨਾ ਕੋਇ ਤਜਾਈਆ । ਮੈਂ ਵੀ ਤੇਰਾ ਲਾਡਲਾ ਸੁਤ ਤੇ ਮੈਂ ਵੀ ਤੇਰਾ ਦੁਲਾਰਾ ਚੰਨਾ, ਚੰਦ ਸੂਰਜ ਮੈਨੂੰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਿਹਾ ਕਲਜੁਗ ਉਠ ਮੇਰੇ ਦੁਲਾਰੇ, ਦੂਹਲਿਆ ਦਿਆਂ ਜਣਾਈਆ । ਸਤਿਜੁਗ ਤਰੇਤਾ ਦੁਆਪਰ ਬੀਤੇ ਵਿਚ ਸੰਸਾਰੇ, ਆਪਣਾ ਪੰਧ ਮੁਕਾਈਆ । ਹੁਣ ਖੇਲ ਤੇਰੇ ਅਪਾਰੇ, ਅਪਰੰਪਰ ਤੈਥੋਂ ਰਿਹਾ ਕਰਾਈਆ । ਤੂੰ ਜਾ ਨਾਨਕ ਦੇ ਦਵਾਰੇ, ਦਰ ਠਾਂਡੇ ਸੀਸ ਝੁਕਾਈਆ । ਓਹ ਤੈਨੂੰ ਬਖ਼ਸ਼ ਦੇਵੇ ਤੇ ਮੇਰਾ ਨਹੀਂ ਕੋਈ ਇਨਕਾਰੇ, ਬਿਨਾ ਨਾਨਕ ਤੋਂ ਰਹਿਮਤ ਝੋਲੀ ਕੋਇ ਨਾ ਪਾਈਆ । ਝਟ


੨੯੮
੨੩

ਕਲਜੁਗ ਕੀਤੀ ਨਿਮਸਕਾਰੇ, ਪੁਰਖ ਅਕਾਲ ਸੀਸ ਨਿਵਾਈਆ । ਢਹਿ ਡਿਗਾ ਨਾਨਕ ਦੇ ਕਾਇਆ ਮੰਦਰ ਅੰਦਰ ਵਾਲੇ ਚੁਬਾਰੇ, ਜਿਥੇ ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਪਹਿਲੋਂ ਤੱਕੇ ਜੋਤ ਦੇ ਨਜ਼ਾਰੇ, ਨੂਰ ਨੁਰਾਨਾ ਨੂਰ ਨੂਰ ਰੁਸ਼ਨਾਈਆ । ਨਾਲ ਸੁਣੇ ਸ਼ਬਦ ਦੇ ਧੁਨਕਾਰੇ, ਅਨਹਦ ਨਾਦੀ ਵੱਜਦੀ ਦਿਸੀ ਵਧਾਈਆ । ਫੇਰ ਅੰਮ੍ਰਿਤ ਝਿਰਨਾ ਡਿੱਗਾ ਝਿਰੇ ਅਪਰ ਅਪਾਰੇ, ਜਿਸ ਦੀ ਬੂੰਦ ਸਵਾਂਤੀ ਹੱਥ ਨਾ ਕਿਸੇ ਆਈਆ । ਕਲਜੁਗ ਰੋ ਰੋ ਧਾਹਾਂ ਮਾਰੇ , ਧਵਲ ਉਤੇ ਸੀਸ ਸੀਸ ਨਾਲ ਟਕਰਾਈਆ । ਝਟ ਓਸੇ ਵੇਲੇ ਸਤਿਗੁਰ ਨਾਨਕ ਸਮਾਧੀ ਵਿਚੋਂ ਨੈਣ ਉਘਾੜੇ, ਆਪ ਆਪਣਾ ਆਪ ਬਦਲਾਈਆ । ਓਸ ਵੇਲੇ ਸੁਣੇ ਓਸ ਦੇ ਹਾੜੇ, ਜੋ ਹੌਕੇ ਲੈ ਲੈ ਰਿਹਾ ਸੁਣਾਈਆ । ਤੂੰ ਸਤਿਗੁਰ ਨਾਨਕ ਮੈਂ ਆ ਡਿੱਗਾ ਤੇਰੇ ਦਰ ਦਰਬਾਰੇ, ਤੇਰਾ ਦਰਬਾਰ ਧੁਰ ਦਰਗਹ ਦਾ ਨਜ਼ਰੀ ਆਈਆ । ਮੈਨੂੰ ਇਕੋ ਖੈਰ ਪਾ ਦੇ ਬੀਖ਼ੈਰੀਯਾ ਅੱਲਾ ਅਲਾਹ ਤੇਰੇ ਅਗੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਝਟ ਕਲਜੁਗ ਨੇ ਫੇਰ ਸਤਿਗੁਰ ਨਾਨਕ ਦਾ ਚਰਨ ਚੁੰਮਿਆ, ਚੁੰਮ ਕੇ ਖ਼ੁਸ਼ੀ ਖ਼ੁਸ਼ੀ ਮਨਾਈਆ । ਬੇਸ਼ਕ ਸਤਿਗੁਰੂ ਮੈਂ ਕੜਵਾ ਵਾਂਗ ਤੁੰਮਿਆ, ਮੇਰੇ ਅੰਦਰ ਰਸ ਨਾ ਕੋਇ ਨਜ਼ਰੀ ਆਈਆ । ਮੈਂ ਚਾਰੇਂ ਕੁੰਟ ਘੁੰਮਿਆ, ਅਵਤਾਰ ਪੈਗ਼ੰਬਰ ਮੈਂ ਸਾਰੇ ਆਪਣੇ ਹੁਕਮ ਵਿਚ ਭਵਾਈਆ । ਮੈਨੂੰ ਪਤਾ ਲੱਗਾ ਤੈਨੂੰ ਪੁਰਖ ਅਕਾਲ ਨੇ ਆਪਣੀ ਧਾਰੋਂ ਜੰਮਿਆ, ਤੇਰਾ ਨਿਰਗੁਣ ਸਰੂਪ ਜਨਮਿਆਂ ਕਿਸੇ ਨਾ ਮਾਈਆ । ਤੂੰ ਨਾਨਕ ਦੇ ਵੱਸਿਆ ਵਿਚ ਤਨਿਆ, ਤਨ ਵਿਚ ਤੇਰਾ ਨੂਰ ਡਗਮਗਾਈਆ । ਮੇਰਾ ਬਹੁੜੀ ਸਮਾਂ ਹੋਵੇ ਨਾ ਲੰਮਿਆ, ਮੈਂ ਧਰਤੀ ਉਤੇ ਪੈ ਕੇ ਰੋਵਾਂ ਮਾਰਾਂ ਧਾਹੀਆਂ । ਝਟ ਸਤਿਗੁਰ ਨਾਨਕ ਨੇ ਫੜ ਕੇ ਕੰਨਿਆ, ਹਲੂਣਾ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਰਿਹਾ ਖੁਲਾਈਆ । ਨਾਨਕ ਕਿਹਾ ਸੁਣ ਧਰਤੀ ਨੀ ਤੱਕ, ਚਾਰ ਕੁੰਟ ਧਿਆਨ ਲਗਾਈਆ । ਸੱਤਾਂ ਦੀਪਾਂ ਖੋਲ ਕੇ ਅੱਖ, ਨੌ ਖੰਡ ਪ੍ਰਿਥਮੀ ਭੁਲ ਰਹੇ ਨਾ ਰਾਈਆ । ਨਿਗਾਹ ਮਾਰ ਲੈ ਕੀ ਭਵਿਖਤਾਂ ਵਿਚ ਅਵਤਾਰ ਗਏ ਦੱਸ, ਵੇਦ ਵਿਆਸਾ ਕੀ ਦਏ ਗਵਾਹੀਆ । ਕੀ ਹਜ਼ਰਤ ਮੂਸਾ ਨੇ ਮੂੰਹ ਦੇ ਭਾਰ ਢੱਠ, ਤੇਰੇ ਉਤੇ ਵਾਸਤਾ ਪਾਈਆ । ਕੀ ਹਜ਼ਰਤ ਈਸਾ ਨੇ ਆਪਣੇ ਆਪ ਨੂੰ ਸਲੀਵ ਨਾਲ ਕੀਤਾ ਲਟ, ਨੈਣ ਮੂੰਦ ਕੇ ਨੈਣਾਂ ਵਾਲਾ ਵੇਖ ਵਖਾਈਆ । ਕੀ ਮੁਹੰਮਦ ਨੇ ਲਿਖ ਕੇ ਲੇਖਾ ਕੁਰਾਨ ਮਜੀਦ ਵਿਚ ਦਿਤਾ ਦੱਸ, ਚੌਦਾਂ ਤਬਕਾਂ ਤੋਂ ਬਾਹਰ ਕਿਸ ਦੀ ਪੜ੍ਹਾਈਆ । ਓਸੇ ਦੇ ਹੁਕਮ ਨਾਲ ਨਾਨਕ ਨਿਰਗੁਣ ਆਇਆ ਨੱਸ, ਤਤਾਂ ਵਾਲੇ ਨਿਰਗੁਣ ਸਰਗੁਣ ਵਿਚ ਨਾਨਕ ਨਾਨਕ ਨਜ਼ਰੀ ਆਈਆ । ਆਹ ਵੇਖ ਕਲਜੁਗ ਕੂੜ ਕੁਕਰਮ ਦਾ ਭਾਰ ਲੈ ਕੇ ਮੇਰੇ ਚਰਨਾਂ ਵਿਚ ਗਿਆ ਢੱਠ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਮਾਇਆ ਮਮਤਾ ਆਪਣੇ ਨਾਲ ਮਿਲਾਈਆ । ਮੈਂ ਓਹ ਸਤਿਗੁਰ ਜਿਸ ਦਾ ਸਰੂਪ ਸਤਿ, ਸਦਾ ਸਤਿ ਸਤਿ ਸਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਸਤਿਗੁਰ ਨਾਨਕ ਮੇਰੀ ਵੇਖ ਲੈ ਖੁਲ੍ਹੜੀ ਗੁੱਤ, ਹਾਏ ਉਫ਼ ਦਰੋਹੀ ਮੇਰੀ ਦੁਹਾਈਆ । ਇਹ ਬੇਸ਼ਕ ਪ੍ਰਭੂ ਦਾ ਕਲਜੁਗ ਪੁਤ, ਓਸੇ ਦਾ ਨਜ਼ਰੀ ਆਈਆ । ਏਸ ਨੇ ਚਾਰ ਕੁੰਟ ਜੀਵਾਂ ਜੰਤਾਂ ਦੇ ਗਲੇ ਦਿਤੇ ਘੁੱਟ, ਔਹ ਵੇਖ ਪੈਗ਼ੰਬਰਾਂ ਨੂੰ ਮੰਨਣ ਵਾਲੇ ਬਣੇ ਕਸਾਈਆ । ਨਾਲੇ ਫੜ ਕੇ ਹਲੂਣਿਆਂ ਗੁੱਟ, ਜ਼ੋਰ ਨਾਲ ਦਬਾਈਆ । ਮੇਰੇ ਮਹਿਬੂਬਾ ਏਸ ਨੂੰ ਮੇਰੇ ਉਤੋਂ ਚੁੱਕ, ਧਰਤੀ ਰੋ ਰੋ ਕੇ ਵਾਸਤਾ ਪਾਈਆ । ਓਨਾਂ

ਚਿਰ ਮੇਰੀ ਸੁਫਲ ਨਹੀਂ ਹੋਣੀ ਕੁੱਖ, ਜਿੰਨਾਂ ਚਿਰ ਇਹ ਫਿਰਿਆ ਵਾਹੋ ਦਾਹੀਆ । ਚਾਰ ਕੁੰਟ ਏਸੇ ਨੇ ਪਾਉਣੀ ਲੁੱਟ, ਸਚ ਦਾ ਰੂਪ ਨਜ਼ਰ ਕੋਇ ਨਾ ਆਈਆ । ਏਨ ਅੰਮ੍ਰਿਤ ਦੀ ਥਾਂ ਸ਼ਰਅ ਦਾ ਆਬ ਜਗਤ ਵਾਸਨਾ ਮਨ ਕਲਪਣਾ ਵਿਚ ਮਨੁੱਸ਼ਾਂ ਨੂੰ ਪਿਆਉਣੀ ਘਰ ਘਰ ਘੁਟ ਘੁਟ, ਤਨ ਵਜੂਦ ਵਿਚ ਟਿਕਾਈਆ । ਜਿਸ ਦੇ ਪੀਣ ਨਾਲ ਨਾਨਕ ਤੇਰੀ ਵੀ ਤੇ ਪੁਰਖ ਅਕਾਲ ਦੀ ਵੀ ਲਿਵ ਜਾਣੀ ਛੁਟ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਬੇਸ਼ਕ ਸਤਿਗੁਰ ਨਾਨਕ ਤੇਰਾ ਨਾਮ ਭੰਡਾਰਾ ਸਤਿਨਾਮ ਅਤੁਟ, ਪਰ ਕਲਜੁਗ ਨੇ ਕਲਜੁਗ ਜੀਵਾਂ ਕੋਲੋਂ ਕਲਜੁਗ ਦਾ ਰਸ ਰਸਨਾ ਨਾਲ ਦੇਣਾ ਲਗਾਈਆ । ਏਸ ਗੱਲ ਦਾ ਮੈਨੂੰ ਬੜਾ ਦੁੱਖ, ਜੇ ਤੇਰੇ ਮੰਨਣ ਵਾਲਾ ਤੇਰਾ ਨਾਮ ਜਪਣ ਵਾਲਾ ਮੂੰਹ ਵਿਚ ਓਹ ਪਾਏ ਬੁੱਕ, ਜਿਸ ਦਾ ਰਸ ਨਜ਼ਰ ਕੋਇ ਨਾ ਆਈਆ । ਜੇ ਇਹ ਕਲਜੁਗ ਆਪਣੇ ਨਿਸ਼ਾਨਿਉਂ ਜਾਏ ਉਕ, ਫੇਰ ਮੇਰੀ ਸਹਾਇਤਾ ਤੂੰ ਕਰਨੀ ਚਾਈਂ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਤਿਗੁਰ ਨਾਨਕ ਕਿਹਾ ਧਰਨੀ ਨਾ ਕਰ ਗਿਰਿਆਜ਼ਾਰੀ, ਗਿਰਹਾ ਆਪਣੀ ਵੇਖ ਵਖਾਈਆ । ਮੇਰਾ ਸਾਹਿਬ ਅਕਲ ਕਲਾ ਕਲਧਾਰੀ, ਵਡ ਦਾਤਾ ਇਕ ਅਖਵਾਈਆ । ਜਿਸ ਨੇ ਜੁਗ ਚੌਕੜੀ ਸਭ ਦੀ ਪੈਜ ਸਵਾਰੀ, ਅਵਤਾਰ ਪੈਗ਼ੰਬਰਾਂ ਗੁਰੂਆਂ ਆਪਣਾ ਹੁਕਮ ਵਰਤਾਈਆ । ਓਸੇ ਦਾ ਨੂਰ ਮੇਰੇ ਅੰਦਰ ਨੂਰ ਜੋਤ ਉਜਿਆਰੀ, ਦਿਵਸ ਰੈਣ ਇਕੋ ਰੰਗ ਰੰਗਾਈਆ । ਓਸੇ ਦਾ ਸ਼ਬਦ ਓਸੇ ਦੀ ਧੁਨਕਾਰੀ, ਓਸੇ ਦਾ ਗੀਤ ਢੋਲੇ ਸੋਹਲੇ ਰਿਹਾ ਗਾਈਆ । ਕਲਜੁਗ ਆ ਡਿਗਾ ਮੇਰੇ ਦਵਾਰੀ, ਦਰ ਆਇਆਂ ਦੀ ਲਾਜ ਰਖਣੀ ਇਹ ਮੇਰੇ ਸਾਹਿਬ ਨੇ ਮੇਰੇ ਅੰਦਰ ਇਕ ਵਸਤ ਟਿਕਾਈਆ । ਭਾਵੇਂ ਇਹ ਕੂੜਾ ਤੇ
੩੦੦ ੨੩ ਇਹਦੀ ਕਰਨੀ ਤੇ ਕਿਰਿਆ ਕੁੜਿਆਰੀ, ਕੁਟੰਬ ਇਹਦਾ ਬੁਰਾ ਨਜ਼ਰੀ ਆਈਆ । ਮੈਂ ਇਹਦੀਆਂ ਵੇਖਦਾ ਅੱਖੀਆਂ ਵਾਲੀ ਧਾਰੀ, ਜੋ ਧਰਨੀ ਤੇਰੇ ਉਤੇ ਟਿਕਾਈਆ । ਮੈਂ ਏਸੇ ਕਰ ਕੇ ਆਪਣੀ ਜੋਤ ਸ਼ਬਦ ਦੀ ਧਾਰ ਨਾਲ ਓਹਦੀ ਜੜ ਦੇਵਾਂਗਾ ਉਖਾੜੀ, ਲੋਕਮਾਤ ਰਹਿਣ ਨਾ ਪਾਈਆ । ਮੇਰਾ ਰੂਪ ਹੋਣਾ ਦਸ ਅਵਤਾਰੀ, ਨਾਨਕ ਤੋਂ ਅੰਗਦ ਅੰਗਦ ਤੋਂ ਅਮਰਦਾਸ ਤੇ ਰਾਮਦਾਸ ਤੇ ਗੁਰ ਅਰਜਨ ਦਾ ਲੇਖਾ ਇਹਦੇ ਨਾਲ ਜਿਸ ਨੇ ਕਰਨੀ ਤਿਆਰੀ, ਤ੍ਰੈਗੁਣ ਦਾ ਡੇਰਾ ਦੇਵੇ ਢਾਹੀਆ । ਜਿਸ ਨੇ ਤਤੀ ਲੋਹ ਉਤੇ ਬਹਿ ਕੇ ਖੇਲ ਵੇਖਣਾ ਓਸ ਮੁਰਾਰੀ, ਜੋ ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਫੇਰ ਮੇਰਾ ਖੜਗ ਖੰਡਾ ਖੜਕੇ ਵਿਚ ਸੰਸਾਰੀ, ਹਰਿਗੋਬਿੰਦ ਮੇਰਾ ਰੰਗ ਰੰਗਾਈਆ । ਹਰਿਰਾਏ ਓਹ ਸ਼ਬਦ ਧਾਰ ਕਰੇ ਜਿਸ ਦੀ ਖੇਲ ਸੰਸਾਰ ਤੋਂ ਬਾਹਰੀ, ਹਰਿਕਿਸ਼ਨ ਮੇਰਾ ਰੂਪ ਅਨੂਪ ਦਏ ਦਰਸਾਈਆ । ਗੁਰ ਤੇਗ਼ ਬਹਾਦਰ ਆਵੇ ਓਸ ਓਸ ਦੀ ਲਾਉਣ ਵਾਸਤੇ ਯਾਰੀ, ਜਿਹੜਾ ਯਰਾਨਾ ਆਦਿ ਤੋਂ ਅੰਤ ਅੰਤ ਤੋਂ ਆਦਿ ਤੁਟ ਕਦੇ ਨਾ ਜਾਈਆ । ਓਸੇ ਦਾ ਨੂਰ ਓਸੇ ਦਾ ਜ਼ਹੂਰ ਓਸੇ ਦਾ ਰੂਪ ਅਪਾਰ ਹੋਵੇ ਗੋਬਿੰਦ ਸੂਰਾ ਸਿੰਘ ਗੋਬਿੰਦ ਬਲਕਾਰੀ, ਬਲ ਆਪਣਾ ਆਪ ਪ੍ਰਗਟਾਈਆ । ਯਾਦ ਰਖੀਂ ਤੇਗ਼ ਬਹਾਦਰ ਦਾ ਸੀਸ ਧਰਨੀਏ ਜਿਸ ਵੇਲੇ ਤੇਰੇ ਉਤੇ ਡਿੱਗਾ, ਕਲਜੁਗ ਦੀ ਆਯੂ ਲੱਖਾਂ ਲੱਖਾਂ ਦੀ ਹੋ ਜਾਣੀ ਖ਼ੁਆਰੀ, ਖ਼ਾਕ ਖ਼ਾਕ ਖ਼ਾਕ ਵਿਚ ਮਿਲਾਈਆ । ਜਿਸ ਵੇਲੇ ਗੋਬਿੰਦ ਦੇ ਬੱਚਿਆਂ ਨੂੰ ਨੀਹਾਂ ਵਿਚ ਦਿਤਾ ਉਸਾਰੀ, ਤੇਰਾ ਲੇਖਾ ਸਾਰਾ ਦੇਣਾ ਚੁਕਾਈਆ । ਇਹ ਮੇਰਾ ਬੋਲ ਨਹੀਂ ਸ਼ਬਦ ਧੁਰ ਦਾ ਤੇ ਪੈਗ਼ਾਮ ਏਕੰਕਾਰੀ, ਸੰਦੇਸ਼ਾ ਨੂਰ ਅਲਾਹੀਆ । ਉਸ ਵੇਲੇ ਧਰਨੀ ਕੀਤੀ ਨਿਮਸਕਾਰੀ, ਨਿਉਂ ਨਿਉਂ ਲਾਗੀ ਪਾਈਆ । ਕਲਜੁਗ ਉਠ ਕੇ ਦੋਏ ਹੱਥ ਜੋੜ ਕੇ ਕਿਹਾ ਵਾਹ ਮੇਰੇ ਸਤਿਗੁਰ ਮੈਂ

ਤੇਰੇ ਉਤੋਂ ਬਲਿਹਾਰੀ, ਬਲਿਹਾਰ ਬਲਿਹਾਰ ਬਲਿਹਾਰ ਮੈਂ ਆਪਣਾ ਤੇਰੇ ਉਤੋਂ ਕਰਾਈਆ । ਫੇਰ ਸਤਿਗੁਰ ਨਾਨਕ ਨੇ ਸੰਦੇਸ਼ਾ ਦਿਤਾ ਓਹ ਕਲਜੁਗਾ ਮੂਰਖਾ ਮੁਗਧਾ ਜ਼ਰਾ ਨਿਗਾਹ ਮਾਰ ਔਹ ਵੇਖ ਮੇਰਾ ਗੋਬਿੰਦ ਸੁੱਤਾ ਵਿਚ ਉਜਾੜੀ, ਮਾਛੂਵਾੜੇ ਡੇਰਾ ਲਾਈਆ । ਓਸ ਵੇਲੇ ਓਹਦੇ ਚਰਨਾਂ ਵਿਚ ਜਾ ਕੇ ਕਰੀਂ ਨਿਮਸਕਾਰੀ, ਜੇ ਆਪਣਾ ਲੇਖਾ ਛੇਤੀ ਦੇਣਾ ਮੁਕਾਈਆ । ਓਸ ਵੇਲੇ ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਹੋਣੀ ਦੁਰਾਚਾਰੀ ਵਿਭਚਾਰੀ, ਕਰਮ ਕਾਂਡ ਵਾਲਾ ਨਜ਼ਰ ਕੋਇ ਨਾ ਆਈਆ । ਕਲਜੁਗ ਨੇ ਆਪਣੀਆਂ ਭੁਜਾਂ ਬਿਨਾ ਕਿਸੇ ਸ਼ਰਤ ਤੋਂ ਬਿਨਾ ਧਰਨ ਦੇ ਉਤੇ ਪਸਾਰੀ, ਲੰਮਾ ਪੈ ਕੇ ਕੀਤੀ ਹਾਲ ਦੁਹਾਈਆ । ਮੈਂ ਕੰਗਾਲਾਂ ਦਾ ਕੰਗਾਲੀ, ਧਨ ਦੌਲਤ ਸਤਿ ਦੀ ਮੇਰੇ ਕੋਲ ਨਜ਼ਰ ਕੋਇ ਨਾ ਆਈਆ । ਪਰ ਸਤਿਗੁਰ ਨਾਨਕ ਮੈਂ ਤੇਰੀ ਕਿਰਪਾ ਨਾਲ ਸਤਿ ਧਰਮ ਦਾ ਫਲ ਕਿਸੇ ਰਹਿਣ ਨਹੀਂ ਦੇਣਾ ਕਾਇਆ ਪੰਜ ਤਤ ਦੀ ਡਾਲੀ, ਖ਼ਾਲੀ ਸਾਰੇ ਦੇਣੇ ਕਰਾਈਆ । ਬਿਨਾ ਗੋਬਿੰਦ ਤੋਂ ਗੋਬਿੰਦ ਦੀ ਧਾਰ ਸ਼ਬਦ ਸਤਿਗੁਰ ਤੋਂ ਕਿਸੇ ਦਾ ਰਹਿਣ ਨਹੀਂ ਦੇਣਾ ਕੋਈ ਸਵਾਲੀ, ਸਵਾਲ ਹੱਲ ਕਰਨ ਨਾ ਕੋਇ ਪਾਈਆ । ਜਿਸ ਵੇਲੇ ਠੀਕ ਰੈਣ ਮੇਰੀ ਅੰਧੇਰੀ ਹੋਈ ਕਾਲੀ, ਕਲਜੁਗ ਕਹੇ ਮੈਂ ਕਾਲਾ ਕੱਪੜ ਕਾਲਾ ਵੇਸ ਲੈਣਾ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਨਾਨਕ ਕਿਹਾ ਕਲਜੁਗ ਔਹ ਮਾਛੂਵਾੜਾ ਵੇਖੀਂ ਛੇਤੀ ਮਾਰ ਝਾਤੀ, ਮੇਰਾ ਨੂਰ ਨਜ਼ਰੀ ਆਈਆ । ਜਿਸ ਦਾ ਬਾਹਰੋਂ ਤਨ ਦਿਸਣਾ ਖ਼ਾਕੀ, ਅੰਦਰ ਪੁਰਖ ਅਕਾਲਾ ਬੈਠਾ ਬੇਪ੍ਰਵਾਹੀਆ । ਓਹ ਤੇਰੀ ਖ਼ੁਸ਼ੀਆਂ ਵਾਲੀ ਹੋਵੇ ਰਾਤੀ, ਰੁਤੜੀ ਤੇਰੇ ਨਾਲ ਮਹਿਕਾਈਆ । ਐਹ ਮੇਰੇ ਹੁਕਮ ਦੀ ਓਸ ਦੇ ਚਰਨਾਂ ਵਿਚ ਭੇਟ ਕਰ ਦੇਣੀ ਪਾਤੀ, ਪਤਰਕਾ ਬਿਨਾ ਅੱਖਰਾਂ ਤੋਂ ਸਤਿਗੁਰ ਨਾਨਕ ਹੱਥ ਦਿਤੀ ਫੜਾਈਆ । ਛੇਤੀ ਪੰਧ ਮੁਕਣ ਵਾਲਾ ਤੇ ਮੁਕੇ ਤੇਰੀ ਵਾਟੀ, ਅਗਲਾ ਲੇਖਾ ਲੇਖੇ ਵਿਚੋਂ ਕਢਾਈਆ । ਬਿਨਾ ਗੋਬਿੰਦ ਤੋਂ ਤੇਰਾ ਹੋਰ ਬਣਨਾ ਨਹੀਂ ਕੋਈ ਸਾਥੀ, ਅਵਤਾਰ ਪੈਗ਼ੰਬਰ ਗੁਰ ਬਾਕੀ ਪਿਛਾ ਜਾਣ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਕਲਜੁਗ ਕਹੇ ਨੀ ਧਰਨੀਏ ਵੇਖ ਮੇਰੇ ਸਤਿਗੁਰ ਨਾਨਕ ਦੀ ਸਲਾਹ, ਮਸ਼ਵਰਾ ਨਾਮ ਵਾਲਾ ਜਣਾਈਆ । ਤੇਰੇ ਉਤੋਂ ਮੇਰਾ ਪੰਧ ਰਿਹਾ ਮੁਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਤੂੰ ਮੇਰਾ ਬਣਨਾ ਗਵਾਹ, ਸ਼ਹਾਦਤ ਦੇਣੀ ਭੁਗਤਾਈਆ । ਜਿਸ ਵੇਲੇ ਗੋਬਿੰਦ ਮਾਛੂਵਾੜੇ ਸੁੱਤਾ ਆ, ਆਪਣਾ ਡੇਰਾ ਲਾਈਆ । ਮੈਂ ਓਸ ਵੇਲੇ ਜਾਵਾਂ ਨਾਲ ਚਾਅ, ਭੱਜਾਂ ਵਾਹੋ ਦਾਹੀਆ । ਪਹਿਲੋਂ ਜਾ ਕੇ ਹੌਲੀ ਜਿਹੀ ਸਤਿਨਾਮ ਦਾ ਮੰਤਰ ਦਿਤਾ ਸੁਣਾ, ਸਤਿ ਸਤਿ ਸਮਝਾਈਆ । ਝਟ ਸਤਿਗੁਰ ਨਾਨਕ ਕਿਹਾ ਕਲਜੁਗ ਇਕ ਹੋਰ ਗੱਲ ਯਾਦ ਰਖ, ਕਮਲਿਆ ਤੇਰੇ ਹਿਰਦੇ ਵਿਚ ਦਿਆਂ ਵਸਾਈਆ । ਸਤਿਨਾਮ ਤੋਂ ਬਾਦ ਵਾਹਿਗੁਰੂ ਦੀ ਫ਼ਤਿਹ ਦਾ ਡੰਕਾ ਦਈਂ ਵਜਾ, ਬਿਨਾ ਵਾਹਿਗੁਰੂ ਦੀ ਫ਼ਤਿਹ ਤੋਂ ਗੋਬਿਦ ਤੇਰੀ ਆਸ ਨਾ ਪੂਰ ਕਰਾਈਆ । ਝਟ ਕਲਜੁਗ ਨੇ ਸੀਸ ਲਿਆ ਨਿਵਾ, ਕੰਨ ਫੜ ਕੇ ਮੱਥਾ ਰਗੜ ਕੇ ਚਰਨਾਂ ਉਤੇ ਟਿਕਾਈਆ । ਸਤਿਗੁਰ ਨਾਨਕ ਤੇਰਾ ਰੂਪ ਗੋਬਿੰਦ ਵਾਹਵਾ ਵਾਹਵਾ ਵਾਹਵਾ, ਵਾਹਵਾ ਓਸੇ ਦੀ ਬੇਪ੍ਰਵਾਹੀਆ । ਮੈਂ ਓਸ ਨੂੰ ਮੰਨਾਂਗਾ ਪਰਮਾਤਮਾ ਓਸੇ ਨੂੰ ਮੰਨਾਂਗਾ ਖ਼ੁਦਾ, ਜੋ ਖ਼ੁਦ ਮਾਲਕ ਹੋ ਕੇ ਮੈਨੂੰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਵੇਖ ਕਲਜੁਗ ਵੇ ਵੀਰਾ, ਭੱਜੀ ਚਾਰੋਂ ਕੁੰਟ, ਉੱਤਰ ਪੂਰਬ ਪੱਛਮ ਦੱਖਣ ਵਾਹੋ

੩੦੨
੨੩

ਦਾਹੀਆ । ਤੈਨੂੰ ਬਚਨ ਹੁਕਮ ਮਿਲ ਗਿਆ ਧੁਰ ਦਾ ਹੀਰਾ, ਅਨਮੁਲੜਾ ਨਾਨਕ ਸਤਿਗੁਰ ਦਿਤਾ ਵਰਤਾਈਆ । ਮੇਰੇ ਉਤੇ ਕਦੇ ਕਿਸੇ ਦੀ ਰਹੀ ਨਹੀਂ ਮਿਲਖ ਜਗੀਰਾ, ਕੋਟਨ ਕੋਟ ਜੁਗ ਬੀਤੇ ਵਾਹੋ ਦਾਹੀਆ । ਮੇਰਾ ਮਾਲਕ ਇਕੋ ਪੀਰਨ ਪੀਰਾ, ਜਿਸ ਨੂੰ ਬੇਐਬ ਕਹੇ ਖ਼ਲਕ ਖ਼ੁਦਾਈਆ । ਜੋ ਅੰਤਮ ਤੇਰੀ ਮੇਰੀ ਦੋਹਾਂ ਦੀ ਕਟੇ ਭੀੜਾ, ਅਗਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਕਲਜੁਗ ਫੇਰ ਸਤਿਗੁਰ ਨਾਨਕ ਦੇ ਚਰਨਾਂ ਦੀ ਲਾਈ ਧੂੜੀ, ਖ਼ਾਕ ਮਸਤਕ ਨਾਲ ਰਮਾਈਆ । ਕਿਹਾ ਮੈਂ ਤੇਰਾ ਸੇਵਕ ਮੂਰਖ ਮੂੜ੍ਹੀ, ਜਗਤ ਬੁੱਧੀ ਨਾ ਕੋਇ ਚਤੁਰਾਈਆ । ਮੇਰੀ ਆਸ਼ਾ ਮਨਸ਼ਾ ਮੇਰੇ ਸਮੇਂ ਵਿਚ ਕੂੜੀ, ਕੂੜ ਕਿਰਿਆ ਮੈਂ ਸਭ ਦੇ ਨਾਲ ਕਰਨੀ ਕੁੜਮਾਈਆ । ਹਰ ਘਟ ਦੇ ਅੰਦਰ ਤੂੰ ਨਾਮ ਧਰਨਾ ਤੇ ਮੈਂ ਧਰਨੀ ਹੰਕਾਰ ਗ਼ਰੂਰੀ, ਹਉਮੇ ਵਿਚ ਰਲਾਈਆ । ਪਰ ਮੇਰਾ ਬਚਨ ਸਤਿਗੁਰ ਭੁਲਣਾ ਨਹੀਂ ਜ਼ਰੂਰੀ, ਜ਼ਰੂਰਤ ਤੇਰੇ ਅਗੇ ਟਿਕਾਈਆ । ਮੈਂ ਕਲਜੁਗ ਜੀਵਾਂ ਨੂੰ ਨਾਲੇ ਭੁਲਾਉਂਦਾ ਜਾਵਾਂ ਤੇ ਨਾਲੇ ਤੇਰਾ ਨਾਮ ਸੁਣਾਉਂਦਾ ਜਾਵਾਂ ਨਾਨਕ ਦੀ ਕਰੋ ਮਸ਼ਹੂਰੀ, ਮਸ਼ਵਰੇ ਮਨ ਦੇ ਲਾਲ ਬਣਾਈਆ । ਪਰ ਸਤਿਗੁਰ ਨਾਨਕ ਕਿਹਾ ਕਲਜੁਗ ਇਹ ਤੈਨੂੰ ਨਹੀਂ ਕੋਈ ਮਜਬੂਰੀ, ਮੈਂ ਸਭ ਕੁਝ ਆਪੇ ਦਿਆਂ ਵਖਾਈਆ । ਝਟ ਕਲਜੁਗ ਕਿਹਾ ਸਤਿਗੁਰ ਨਾਨਕ ਤੂੰ ਮੈਨੂੰ ਚਾੜ੍ਹੀ ਰੰਗਣ ਗੂੜ੍ਹੀ, ਅਨੰਤ ਰੂਪ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਸਤਿਗੁਰ ਨਾਨਕ ਮੈਂ ਚਾਰੋਂ ਕੁੰਟ ਸੇਵ ਕਮਾਵਾਂਗਾ । ਤੂੰ ਵੱਡਾ ਦੇਵੀ ਦੇਵ, ਤੇਰਾ ਨਾਮ ਵਡਿਆਵਾਂਗਾ । ਫੇਰ ਖੇਲ ਦੱਸਾਂ ਅਲੱਖ ਅਭੇਵ, ਅਗੰਮ ਅਗੋਚਰ ਇਕ ਸਮਝਾਵਾਂਗਾ । ਜੋ ਵਸੇ ਨਿਹਚਲ ਧਾਮ ਨਿਹਕੇਵ, ਅਟੱਲ ਉਸੇ ਦਾ ਰੂਪ ਵਖਾਵਾਂਗਾ । ਪਰ ਕਿਸੇ ਦੇ ਅੰਦਰ ਮੈਂ ਸਾਚਾ ਨਾਮ ਵਸਣ ਨਹੀਂ ਦੇਣਾ ਮੇਵ, ਹੰ ਬ੍ਰਹਮ ਆਪਣੇ ਰੰਗ ਰੰਗਾਵਾਂਗਾ । ਬੇਸ਼ਕ ਸਾਰੀ ਸ੍ਰਿਸ਼ਟੀ ਕਿਤਨੀ ਗਾਏ ਰਸਨਾ ਜਿਹਵ, ਸਿਫ਼ਤਾਂ ਵਿਚ ਸਿਫ਼ਤੀ ਢੋਲੇ ਜਗਤ ਸਲਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਵਾਂਗਾ । ਕਲਜੁਗ ਕਿਹਾ ਸਤਿਗੁਰ ਨਾਨਕ ਤੈਨੂੰ ਗਾਉਣਾ ਸਭ ਨੇ ਰਸਨਾ, ਸਤਿਨਾਮ ਸਤਿਨਾਮ ਸਤਿਨਾਮ ਸੁਣਾਈਆ । ਪਰ ਮੈਂ ਤੇਰੀ ਕਿਰਪਾ ਨਾਲ ਓਨ੍ਹਾਂ ਦੇ ਅੰਦਰ ਵਸਣਾ, ਸਾਢੇ ਤਿੰਨ ਹੱਥ ਮੰਦਰ ਡੇਰਾ ਲਾਈਆ । ਆਪਣਾ ਤੀਰ ਅਣਿਯਾਲਾ ਕਸਣਾ, ਨੌਆਂ ਦਾਰਿਆਂ ਦਵਾਰਿਆਂ ਵਿਚ ਦੇਣਾ ਚਲਾਈਆ । ਫੇਰ ਮੈਂ ਖ਼ੁਸ਼ੀਆਂ ਦੇ ਵਿਚ ਹੱਸਣਾ, ਦੋ ਹੱਥਾਂ ਤਾੜੀ ਦੇਣੀ ਲਾਈਆ । ਓਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਨੇ ਸਚ ਪਿਆਰ ਦਾ ਪਿਆਰ ਛਡਣਾ, ਜਗਤ ਪਿਆਰ ਵਿਚ ਭੱਜੇ ਵਾਹੋ ਦਾਹੀਆ । ਰਸਨਾ ਦੇ ਰਸ ਨਾਲ ਲਡਾਵਨਾ ਲੱਡਣਾ, ਆਤਮ ਰਸ ਹੱਥ ਕਿਸੇ ਨਾ ਆਈਆ । ਭਾਵੇਂ ਓਹ ਕਿਸੇ ਮਹੱਲ ਵਸਣ, ਕਿਸੇ ਘਰ ਵਸਣ, ਤੇ ਭਾਵੇਂ ਵਸਣ ਵਿਚ ਪਬਣਾ, ਪਬਲਕ ਪਲਕ ਦੇ ਵਿਚ ਆਪਣਾ ਰੰਗ ਰੰਗਾਈਆ । ਪਰ ਓਨ੍ਹਾਂ ਦਾ ਤਨ ਵਜੂਦ ਬਿਨਾ ਤੇਰੇ ਪਿਆਰ ਤੋਂ ਮੱਚਣਾ, ਤ੍ਰੈਗੁਣ ਅਗਨੀ ਅੱਗ ਨਾ ਕੋਇ ਬੁਝਾਈਆ । ਮਨੂਆ ਦਹਿ ਦਿਸ਼ਾ ਉਠ ਉਠ ਨੱਚਣਾ, ਜਗਤ ਤ੍ਰਿਸ਼ਨਾ ਨਾ ਕੋਇ ਗਵਾਈਆ । ਕੋਟਾਂ ਵਿਚੋਂ ਤੇਰਾ ਗੁਰਮੁਖ ਪ੍ਰੇਮੀ ਜਿਸ ਨੂੰ ਖ਼ੁਸ਼ੀਆਂ ਦੇ ਰੰਗ ਰੱਤਣਾ, ਆਤਮ ਰਸ ਜਾਮ ਦੇਣਾ ਪਿਆਈਆ । ਤੇਰੀ ਨਾਮ ਖ਼ੁਮਾਰੀ ਉਹਦਾ ਇਕੋ ਮਧ ਪਿਆਲਾ ਮੁਖ ਤੋਂ ਬਿਨਾ ਲੱਗਣਾ, ਜਿਸ ਦਾ ਰਸ ਰਸਨਾ ਜਿਹਵਾ ਸਮਝ ਸਕੇ ਨਾ ਰਾਈਆ । ਫੇਰ ਮੈਂ ਝਟ ਮਾਛੂਵਾੜੇ ਨੂੰ ਭੱਜਣਾ, ਮੈਨੂੰ ਓਹ ਵੇਲਾ ਵਕਤ ਦੇ ਦ੍ਰਿੜਾਈਆ ।

ਮੈਂ ਉਸ ਗੋਬਿੰਦ ਨੂੰ ਲੱਭਣਾ, ਜਿਸ ਨੂੰ ਪੁਰਖ ਅਕਾਲ ਆਪਣਾ ਸੁਤ ਲੈਣਾ ਬਣਾਈਆ । ਜਿਸ ਨੇ ਪੁਰੀ ਅਨੰਦ ਨੂੰ ਛਡਣਾ, ਅਨੰਦ ਗੁਰਸਿਖਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਧਰਨੀ ਸੁਣ ਲੈ ਹੁਕਮ ਸੰਦੇਸਾ, ਸ਼ਹਿਨਸ਼ਾਹ ਕੀ ਜਣਾਈਆ । ਜਿਹੜਾ ਰਹੇ ਆਦਿ ਜੁਗਾਦਿ ਹਮੇਸ਼ਾ, ਜੁਗ ਚੌਕੜੀ ਵੇਖ ਵਖਾਈਆ । ਉਸ ਦਾ ਰੂਪ ਅਨੂਪ ਸਤਿਗੁਰ ਨਾਨਕ ਜਿਸ ਦੀ ਬਾਹਰੋਂ ਲੱਭੇ ਕਿਸੇ ਨਾ ਰੇਖਾ, ਅਨੁਭਵ ਦ੍ਰਿਸ਼ਟੀ ਬਿਨਾ ਨਜ਼ਰ ਕਿਸੇ ਨਾ ਆਈਆ । ਉਸ ਦਾ ਦਸਵਾਂ ਜਾਮਾ ਮੈਨੂੰ ਰੂਪ ਨਜ਼ਰ ਆਇਆ ਜਿਸ ਦਾ ਨਾਂ ਹੋਣਾ ਦਸ ਦਸਮੇਸ਼ਾ, ਦਹਿ ਦਿਸ਼ਾ ਜਿਸ ਦੀ ਵੱਜਣੀ ਵਧਾਈਆ । ਉਸ ਨੇ ਧਾਰ ਚਲਾਉਣੀ ਮੁੱਛ ਦਾਹੜੀ ਤੇ ਕੇਸਾ, ਕੇਸਗੜ੍ਹ ਦਏ ਵਡਿਆਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਦਾ ਇਕੋ ਜਿਹਾ ਲੇਖਾ, ਊਚ ਨੀਚ ਜ਼ਾਤ ਪਾਤ ਨਾ ਕੋਇ ਰਖਾਈਆ । ਉਸ ਦੇ ਅਗੇ ਮੇਰਾ ਚਲਣਾ ਨਹੀਂ ਕੋਈ ਪੇਚਾ, ਮੈਂ ਬਲਹੀਣ ਹੋ ਕੇ ਦਿਆਂ ਦੁਹਾਈਆ । ਮੈਨੂੰ ਫੇਰ ਯਾਦ ਆਉਂਦੀ ਜਿਹੜੀ ਅਰਜਨ ਨੇ ਸੀਸ ਪਵਾਉਣੀ ਰੇਤਾ, ਤਤੀ ਲੋਹ ਮੇਰਾ ਤਨ ਦਏ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਸਚ ਦਾ ਹੁਕਮ ਹੁਕਮ ਵਿਚੋਂ ਬਦਲਾਈਆ । ਧਰਨੀ ਕਹੇ ਕਲਜੁਗ ਵੇਖੀਂ ਬਣੀ ਨਾ ਕਲਕਾਤੀ, ਆਪਣਾ ਰੂਪ ਬਦਲਾਈਆ । ਤੇਰੀ ਉਸ ਪੁਰਖ ਅਕਾਲ ਦੇ ਹੱਥ ਹਯਾਤੀ, ਜਿਹੜਾ ਸਭ ਦਾ ਪਿਤਾ ਮਾਈਆ । ਜਿਸ ਨੇ ਤੈਨੂੰ ਦਵਾਈ ਨਾਨਕ ਕੋਲੋਂ ਦਾਤੀ, ਅਮੋਲਕ ਅਗੰਮ ਦਿਤੀ ਵਰਤਾਈਆ । ਜ਼ਰਾ ਉਸ ਦੇ ਚਰਨਾਂ ਵੱਲ ਝਾਕੀਂ, ਜਿਸ ਦਾ ਚਰਨ ਰੂਪ ਰੇਖ ਤੋਂ ਬਿਨਾ ਸੋਭਾ ਪਾਈਆ । ਉਸ ਦੇ ਅਗੇ ਨਹੀਂ ਕੋਈ ਆਕੀ, ਸਿਰ ਸਕੇ ਨਾ ਕੋਇ ਉਠਾਈਆ । ਆਹ ਵੇਖ ਮੇਰੇ ਉਤੇ ਵਿਸ਼ਨ ਬ੍ਰਹਮੇ ਸ਼ਿਵ ਨੂੰ ਆਦਿ ਤੋਂ ਦਿਤੀ ਜਿਸ ਨੇ ਪਾਤੀ, ਪੱਤਰਕਾ ਦਿਤੀ ਫੜਾਈਆ । ਤੁਹਾਡਾ ਲੇਖਾ ਨਾਲ ਲੱਖ ਚੁਰਾਸੀ, ਚਾਰੇ ਖਾਣੀਆਂ ਵੰਡ ਵੰਡਾਈਆ । ਚਾਰੇ ਬਾਣੀਆਂ ਮੇਰੀ ਹੋਣੀ ਸਾਖੀ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਤੇਈ ਅਵਤਾਰਾਂ ਰੂਪ ਧਰਾ ਬਹੁਭਾਤੀ, ਪੈਗ਼ੰਬਰ ਆਪਣੀ ਖੇਲ ਖਿਲਾਈਆ । ਨਾਨਕ ਨੂਰ ਹੋਵੇ ਅਬਿਨਾਸ਼ੀ, ਗੋਬਿੰਦ ਵਿਚ ਸਮਾਈਆ । ਗੋਬਿੰਦ ਜੋਤ ਹੋਵੇ ਪ੍ਰਕਾਸ਼ੀ, ਦੋ ਜਹਾਨਾਂ ਡਗਮਗਾਈਆ । ਮਾਛੂਵਾੜਾ ਜਿਸ ਦੀ ਰਖੇ ਆਸੀ, ਸਪਤਸ ਰਿਖੀ ਨਿਸ਼ਾਨਾ ਗਏ ਲਗਾਈਆ । ਬਾਲਮੀਕ ਨੇ ਓਥੇ ਗਾਈ ਸੀ ਗਾਥੀ, ਢੋਲੇ ਰਾਮ ਵਾਲੇ ਸੁਣਾਈਆ । ਬਾਵਨ ਨੇ ਰਾਜੇ ਬਲ ਨੂੰ ਕਿਹਾ ਸੀ ਔਹ ਵੇਖ ਕਲਜੁਗ ਦਾ ਅੰਤਮ ਸਾਥੀ, ਜੋਧਾ ਸੂਰਬੀਰ ਵਡ ਵਡਿਆਈਆ । ਜਿਸ ਨੇ ਏਥੇ ਆਉਣਾ ਹੱਥ ਮਾਰ ਕੇ ਉਪਰ ਛਾਤੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਉਸ ਵੇਲੇ ਨਾ ਕੋਈ ਕੁਟੰਬ ਹੋਵੇ ਨਾ ਕੋਈ ਸੱਜਣ ਸਾਥੀ, ਬੰਸ ਸਰਬੰਸ ਸਾਰਾ ਪ੍ਰਭ ਦੀ ਭੇਟ ਕਰਾਈਆ । ਓਹ ਬੜੀ ਸੁਹੰਜਣੀ ਹੋਣੀ ਰਾਤੀ, ਯਾਰੜਾ ਸਥਰ ਸੇਜ ਲਏ ਹੰਢਾਈਆ । ਨਾਲੇ ਖ਼ੁਸ਼ੀਆਂ ਵਿਚ ਕਰੇ ਗਾਥੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਤੂੰ ਵੀ ਉਸ ਵੇਲੇ ਨੂੰ ਵਾਚੀਂ, ਵਾਚਕ ਹੋ ਕੇ ਆਪਣਾ ਲਹਿਣਾ ਲੈਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਧੁਰ ਦੀ ਖੇਲ ਆਪਣੇ ਹੱਥ ਰਖਾਈਆ । ਧਰਨੀ ਕਹੇ ਮੇਰੇ ਸੁਣ ਕੇ ਕੰਨ ਹੋ ਗਏ ਬੰਦ, ਮੈਂ ਮੂੰਹ ਦੇ ਭਾਰ ਆਪਣਾ ਆਪ ਟਿਕਾਈਆ । ਮੈਂ ਇਸ਼ਾਰਾ ਦਿਤਾ ਵੇ ਸੁਣ ਲੈ ਤਾਰਾ ਚੰਦ, ਚੌਧਵੀਂ ਚੰਦ ਵਾਲਿਆ ਤੈਨੂੰ ਦਿਆਂ ਜਣਾਈਆ । ਔਹ ਵੇਖ ਜਿਹੜਾ ਮੁਹੰਮਦ ਚੌਦਾਂ ਸਦੀਆਂ ਸ਼ਰਅ ਨੂੰ ਗਿਆ ਕਰ ਕੇ ਬੰਦ,


੩੦੩
੨੩

ਪਰਵਰਦਿਗਾਰ ਅਗੇ ਵਾਸਤਾ ਪਾਈਆ । ਅੰਤਮ ਤੁਹਾਡਾ ਵੀ ਲੇਖਾ ਹੋਣਾ ਖੰਡ ਖੰਡ ਖੰਡ, ਖੰਡਾ ਗੋਬਿੰਦ ਵਾਲਾ ਦਏ ਗਵਾਹੀਆ । ਜਿਸ ਦੀ ਆਸ਼ਾ ਰਖ ਕੇ ਗਈ ਅਸ਼ਟਭੁਜ ਜਿਸ ਨਾਮ ਜਣਾਇਆ ਚੰਡ ਪ੍ਰਚੰਡ, ਪ੍ਰਚੰਡਕਾ ਆਪਣੀ ਧਾਰ ਬਣਾਈਆ । ਜਿਹੜੀ ਸਾਰੀ ਧਰਤੀ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੀਨਾਂ ਮਜ਼੍ਹਬਾਂ ਵਿਚ ਹੁੰਦੀ ਰਹੀ ਵੰਡ, ਹਿੱਸੇ ਮਨੁੱਸ਼ਾਂ ਵਾਲੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਕਲਜੁਗ ਕਿਹਾ ਮੈਨੂੰ ਇਕ ਹੋਰ ਆ ਗਈ ਖ਼ਬਰ, ਪਤਾ ਨਹੀਂ ਬੇਖ਼ਬਰ ਦਿਤੀ ਸੁਣਾਈਆ । ਮੇਰਾ ਅੰਦਰੋਂ ਟੁੱਟ ਗਿਆ ਸਬਰ, ਧੀਰ ਰਹੀ ਨਾ ਰਾਈਆ । ਮੈਨੂੰ ਐਹ ਦਿਸਦਾ ਗੋਬਿੰਦ ਬੜਾ ਜਬਰ, ਜਾਬਰ ਨੂਰ ਅਲਾਹੀਆ । ਜਿਸ ਨੇ ਕਦੀ ਪੈਣਾ ਨਹੀਂ ਮੜ੍ਹੀ ਗੋਰ ਕਬਰ, ਕਬਰਾਂ ਤੋਂ ਬਾਹਰ ਡੇਰਾ ਲਾਈਆ । ਓਹਦਾ ਲੇਖਾ ਦਿਸੇ ਉਤੇ ਅੰਬਰ, ਨੂਰ ਨੁਰਾਨਾ ਨੂਰ ਡਗਮਗਾਈਆ । ਓਹ ਸਰਬ ਕਲਾ ਭਰਤੰਬਰ, ਭਰਪੂਰ ਰਿਹਾ ਸਰਬ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਝਟ ਕਲਜੁਗ ਕਹੇ ਮੈਨੂੰ ਇਕ ਹੋਰ ਵੱਜ ਗਿਆ ਧੱਕਾ, ਪਤਾ ਨਹੀਂ ਨਾਨਕ ਨੇ ਕਿਧਰੋਂ ਦਿਤਾ ਲਗਾਈਆ । ਮੈਂ ਚਾਰੋਂ ਕੁੰਟ ਕਰਦਾ ਪਤਾ, ਪਤਿਪਰਮੇਸ਼ਵਰ ਕਿਧਰੋਂ ਹੁਕਮ ਸੁਣਾਈਆ । ਫੇਰ ਮੈਂ ਮਲਣ ਲੱਗਾ ਅੱਖਾਂ, ਨੈਣਾਂ ਨੀਰ ਵਹਾਈਆ । ਝਟ ਨਜ਼ਰ ਆਇਆ ਔਹ ਵੇਖ ਲੇਖਾ ਮੁਕਦਾ ਮਦੀਨਾ ਮੱਕਾ, ਕਾਅਬਿਆਂ ਪਏ ਦੁਹਾਈਆ । ਈਸਾ ਦਾ ਲੇਖਾ ਰਹਿਣਾ ਨਹੀਂ ਬੂਰਾ ਕੱਕਾ, ਕੂੜ ਕੁੜਿਆਰਾ ਡੇਰਾ ਢਾਹੀਆ । ਮੂਸਾ ਫਿਰੇ ਨੱਠਾ, ਸਦੀ ਵੀਹਵੀਂ ਰਾਹ ਤਕਾਈਆ । ਸਦੀ ਚੌਧਵੀਂ ਕਹੇ ਮੇਰਾ ਇਕੋ ਦੇ ਨਾਲ ਮਤਾ, ਜੋ ਮਤ ਮਤਾਂਦਰ ਡੇਰਾ ਢਾਹੀਆ । ਝਟ ਗੋਬਿੰਦ ਦਾ ਦਿਸੇ ਰੂਪ ਅਨੂਪ ਜਿਸ ਦੇ ਵਿਚ ਅਗੰਮੀ ਸਤਾ, ਜੋਤੀ ਜੋਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਵਖਾਈਆ । ਕਲਜੁਗ ਕਹੇ ਮੈਨੂੰ ਹੋਰ ਹੋ ਗਿਆ ਇਸ਼ਾਰਾ, ਮੇਰੇ ਅੰਦਰ ਦਿਤਾ ਦ੍ਰਿੜਾਈਆ । ਕਲਜੁਗਾ ਔਹ ਵੇਖ ਤੇਰਾ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਜਿਸ ਵੇਲੇ ਗੋਬਿੰਦ ਨੇ ਗੁਰੂ ਗ੍ਰੰਥ ਸਾਹਿਬ ਲਿਖਿਆ ਦੁਬਾਰਾ, ਇਕ ਕੰਨਾ ਵਿਚ ਦੇਣਾ ਲਗਾਈਆ । ਓਸ ਨੇ ਲੇਖਾ ਮੁਕਾ ਵਖਾ ਦੇਣਾ ਚਾਰ ਯਾਰਾ, ਮੁਹੰਮਦ ਦੀ ਸਫਾ ਦਏ ਉਲਟਾਈਆ । ਈਸਾ ਮੂਸਾ ਸੁੱਟੇ ਮੂੰਹ ਦੇ ਭਾਰਾ, ਸਿਰ ਸਕੇ ਨਾ ਕੋਇ ਉਠਾਈਆ । ਤੇਰਾ ਮਿਟੇ ਅੰਧ ਅੰਧਿਆਰਾ, ਲੋਕਮਾਤ ਰਹਿਣ ਨਾ ਪਾਈਆ । ਫੇਰ ਉਸ ਦਾ ਰੂਪ ਹੋਣਾ ਅਗੰਮ ਅਪਾਰਾ, ਤਤਾਂ ਤੋਂ ਬਾਹਰ ਖੇਲ ਖਿਲਾਈਆ । ਸ਼ਬਦੀ ਸ਼ਬਦ ਹੋਏ ਜੋਤ ਜੋਤ ਦੀ ਧਾਰਾ, ਧਰਨੀ ਧਰਤ ਧਵਲ ਉਤੇ ਆਪਣਾ ਰੰਗ ਰੰਗਾਈਆ । ਇਕੋ ਹੁਕਮ ਦੇਵੇ ਸੱਚੀ ਸਰਕਾਰਾ, ਸ਼ਾਹ ਸੁਲਤਾਨਾ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਮੈਂ ਵੇਖਣਾ ਜ਼ਰੂਰ ਕਲਗੀਧਰ, ਜਗਦੀਸ਼ ਜਿਸ ਨੂੰ ਦਏ ਵਡਿਆਈਆ । ਜਿਸ ਦੇ ਕੋਲੋਂ ਮੈਨੂੰ ਮਿਲਣਾ ਵਰ, ਮੇਰੀ ਝੋਲੀ ਦੇਣੀ ਭਰਾਈਆ । ਮੇਰੀ ਕੂੜੀ ਉਖੜਨੀ ਜੜ, ਲੋਕਮਾਤ ਰਹਿਣ ਨਾ ਪਾਈਆ । ਮੈਂ ਕੂੜ ਕੁੜਿਆਰ ਦੀ ਅਗਨੀ ਜਾਵਾਂ ਸੜ, ਹਵਨ ਸਚ ਨਾ ਕੋਇ ਕਰਾਈਆ । ਮੇਰਾ ਸੀਸ ਰਹੇ ਨਾ ਧੜ, ਤਨ ਵਜੂਦ ਨਾ ਕੋਇ ਵਡਿਆਈਆ । ਮੈਂ ਜੀਉਂਦਾ ਜਾਵਾਂ ਮਰ, ਮਰ ਜੀਵਤ ਆਪਣਾ ਆਪ ਬਦਲਾਈਆ । ਮੈਂ ਜ਼ਰੂਰ ਓਸ ਸਾਹਿਬ ਦਾ ਵੇਖਣਾ ਘਰ, ਜਿਸ ਘਰ ਵਿਚੋਂ ਗੋਬਿੰਦ ਨੂੰ ਮਿਲੇ ਵਡਿਆਈਆ ।

੩੦੪
੨੩

ਕੀ ਓਹ ਰੂਪ ਨਰਾਇਣ ਨਰ, ਕੀ ਕਰਤਾ ਧੁਰਦਰਗਾਹੀਆ । ਕੀ ਪਰਵਰਦਿਗਾਰ ਸੱਚਾ ਯਾਰ, ਯਰਾਨਾ ਸਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲਾਈਆ । ਕਲਜੁਗ ਕਹੇ ਮੈਂ ਗੋਬਿੰਦ ਦੇ ਚਰਨ ਦਵਾਰੇ ਪੁੱਜਾ, ਮਾਛੂਵਾੜਾ ਸੇਜ ਸੁਹਾਈਆ । ਮੈਂ ਆਪਣਾ ਭੇਵ ਰਖ ਕੇ ਗੁੱਝਾ, ਦੂਰੋਂ ਸੀਸ ਦਿਤਾ ਨਿਵਾਈਆ । ਨਾਲੇ ਆਪਣਾ ਨੈਣ ਕਰ ਕੇ ਊਂਧਾ, ਅੱਖ ਲਈ ਸ਼ਰਮਾਈਆ । ਝਟ ਗੋਬਿੰਦ ਹੱਸ ਕੇ ਕਿਹਾ ਆਹ ਵੇਖ ਨਾਨਕ ਸਤਿਗੁਰ ਮੇਰੇ ਅੰਦਰ ਵੜ ਕੇ ਕੂੰਦਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਲੇਖਾ ਰੂਹ ਬੁਤ ਬੁਤ ਰੂਹ ਦਾ, ਰੂਹ ਬੁਤ ਤੋਂ ਬਾਹਰ ਨੂਰ ਜੋਤ ਵਿਚ ਸਮਾਈਆ । ਇਹੋ ਲਖ਼ਸ਼ ਇਹੋ ਲੱਛਣ ਪੂਰੇ ਸਤਿਗੁਰ ਦਾ, ਜੋ ਸ਼ਬਦ ਸ਼ਬਦ ਸ਼ਬਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਕਲਜੁਗ ਕਹੇ ਮੈਂ ਅੱਖਾਂ ਝਟ ਲਈਆਂ ਮੀਚ, ਹੱਥ ਸਿਰ ਉਤੇ ਟਿਕਾਈਆ । ਮੈਂ ਗਾਇਆ ਗੋਬਿੰਦ ਮਾਹੀ ਦਾ ਗੀਤ, ਗੋਬਿੰਦ ਤੇਰੀ ਬੇਪ੍ਰਵਾਹੀਆ । ਤੂੰ ਦੱਸ ਤੈਨੂੰ ਮੰਦਰ ਚੰਗਾ ਕਿ ਮਸੀਤ, ਕਿ ਕਾਅਬਿਆਂ ਖ਼ੁਸ਼ੀ ਬਣਾਈਆ । ਊਚ ਚੰਗਾ ਕਿ ਨੀਚ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਕਿਸ ਨੂੰ ਗਲੇ ਲਗਾਈਆ । ਝਟ ਗੋਬਿੰਦ ਨੇ ਕਿਹਾ ਕਲਜੁਗ ਐਸ ਧਰਨੀ ਨੂੰ ਕਹੋ ਮੇਰੇ ਸਤਿਗੁਰ ਨਾਨਕ ਦੀ ਕਰੇ ਤਸਦੀਕ, ਸ਼ਹਾਦਤ ਦੇਵੇ ਪਾਈਆ । ਮੇਰਾ ਕਿਸੇ ਦਾ ਨਾ ਕੋਈ ਸ਼ਰੀਕਾ ਤੇ ਨਾ ਕੋਈ ਸ਼ਰੀਕ, ਲਾਸ਼ਰੀਕ ਮੇਰਾ ਰੂਪ ਦਿਤਾ ਬਣਾਈਆ । ਮੈਂ ਤ੍ਰੈਗੁਣ ਤੋਂ ਅਤੀਤ, ਤ੍ਰੈਭਵਣ ਦਾ ਮਾਲਕ ਮੇਰਾ ਖੇਲ ਰਿਹਾ ਖਿਲਾਈਆ । ਮੈਂ ਵਸਿਆ ਬੇਸ਼ਕ ਪੰਜਾਂ ਤਤਾਂ ਵਿਚ ਠੀਕ, ਪਰ ਠਾਕਰ ਦਾ ਰੂਪ ਮੇਰੇ ਨਾਲ ਇਕੋ ਨੂਰ ਬੈਠਾ ਬਣਾਈਆ । ਮੈਂ ਸਭ ਨੂੰ ਵੇਖਾਂ ਹਸਤ ਕੀਟ, ਹਸਤ ਕੀਟ ਇਕੋ ਰੰਗ ਰੰਗਾਈਆ । ਆਹ ਲੈ ਹੋਰ ਤੈਨੂੰ ਦੱਸਾਂ ਹੁਕਮ ਇਕ ਅਨਡੀਠ, ਕੀ ਅਨਡਿੱਠੜੀ ਕਾਰ ਕਮਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਮੈਨੂੰ ਮਾਛੂਵਾੜੇ ਕਰ ਰਿਹਾ ਬਖ਼ਸ਼ੀਸ਼, ਰਹਿਮਤ ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਨੂਰ ਨੂਰ ਰੁਸ਼ਨਾਈਆ । ਕਲਜੁਗ ਕਹੇ ਗੋਬਿੰਦ ਕੀ ਪੁਰਖ ਅਕਾਲਾ ਪਾਵੇ ਤੇਰੀ ਝੋਲੀ, ਕੁਛ ਮੈਨੂੰ ਦੇ ਵਖਾਈਆ । ਗੋਬਿੰਦ ਕਿਹਾ ਓਹ ਕੂੜਿਆ ਓਹ ਕਿਸੇ ਕੰਡੇ ਨਾ ਜਾਵੇ ਤੋਲੀ, ਅਤੁੱਲ ਰਿਹਾ ਵਰਤਾਈਆ । ਤੇਰੀ ਸੁਰਤ ਰਹੇ ਨਾ ਭੋਲੀ, ਭੋਲਿਆ ਦਿਆਂ ਸਮਝਾਈਆ । ਜਿਸ ਸਾਹਿਬ ਦੀ ਆਦਿ ਜੁਗਾਦ ਦੀ ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਤਰ ਨਿਰੰਤਰ ਆਤਮ ਗੋਲੀ, ਸੇਵਾ ਵਿਚ ਸੇਵਕ ਸਾਰੇ ਝਟ ਲੰਘਾਈਆ । ਓਸ ਦੀ ਅੰਤ ਸਮਝ ਲੈ ਬੋਲੀ, ਕੀ ਢੋਲਾ ਰਿਹਾ ਸੁਣਾਈਆ । ਜਿਸ ਨੇ ਦੀਨ ਦੁਨੀਆ ਦੇ ਮਜ਼ਬ ਦੀ ਚੁਕਾਉਣੀ ਰੌਲੀ, ਰੌਲਾ ਨਾਮ ਕਲਮਾ ਨਾ ਕੋਇ ਰਖਾਈਆ । ਸਭ ਨੂੰ ਅੰਮ੍ਰਿਤ ਆਤਮ ਦੀ ਦੇਵੇ ਪਾਹੁਲੀ, ਧੁਰ ਦਾ ਰਸ ਇਕ ਚਖਾਈਆ । ਇਕ ਖੇਲ ਵੇਖਣਾ ਵਰਤਣਾ ਹੌਲੀ ਹੌਲੀ, ਮੇਰੇ ਢਈਏ ਤੋਂ ਬਾਦ ਕੀ ਆਪਣੀ ਕਾਰ ਭੁਗਤਾਈਆ । ਨਾਲੇ ਆਸ਼ਾ ਪੂਰੀ ਕਰੇ ਧਰਨੀ ਧਰਤ ਧਵਲ ਧੌਲੀ, ਜੋ ਧਰਮ ਦਾ ਰਾਹ ਤਕਾਈਆ । ਮੇਰਾ ਜੁਸਾ ਵੇਖ ਮੇਰੇ ਫਰਕਦੇ ਵੇਖ ਡੌਲੀ, ਜੋ ਦੋ ਜਹਾਨ ਰਹੇ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਵਖਾਈਆ । ਕਲਜੁਗ ਕਹੇ ਗੋਬਿੰਦ ਤੇਰਾ ਕੀ ਰੂਪ ਹੋਵੇਗਾ ਬਲਕਾਰ, ਬਲਧਾਰੀ ਦੇ ਜਣਾਈਆ । ਗੋਬਿੰਦ ਕਿਹਾ ਕਲਜੁਗ ਪਹਿਲੋਂ ਮੇਰੇ ਪੁਰਖ ਅਕਾਲ ਨੂੰ ਕਰ ਨਿਮਸਕਾਰ,

੩੦੬
੨੩

ਨਿਉਂ ਨਿਉਂ ਸੀਸ ਨਿਵਾਈਆ । ਫੇਰ ਆ ਮੇਰੀ ਖੰਡੇ ਦੀ ਬੱਲੇ ਧਾਰ, ਖੰਡਾ ਖਿੱਚ ਕੇ ਉਤੇ ਦਿਆਂ ਟਿਕਾਈਆ । ਫੇਰ ਕਹੀਂ ਮੇਰਾ ਕੋਈ ਨਹੀਂ ਯਾਰ, ਬਿਨਾ ਗੋਬਿੰਦ ਤੋਂ ਯਰਾਨਾ ਸਚ ਨਾ ਕੋਇ ਕਮਾਈਆ । ਫੇਰ ਮੈਂ ਤੈਨੂੰ ਹੋਰ ਦਿਆਂ ਅਖ਼ਤਿਆਰ, ਮੁਖ਼ਤਾਰਨਾਮਾ ਨਵਾਂ ਦਿਆਂ ਲਿਖਾਈਆ । ਤੂੰ ਚਾਰੋਂ ਕੁੰਟ ਫਿਰੀਂ ਗਲੀ ਬਾਜ਼ਾਰ, ਕੂਚੇ ਕਾਇਆ ਵਾਲੇ ਵੇਖ ਵਖਾਈਆ । ਕਾਇਆ ਮੰਦਰ ਅੰਦਰ ਕਰਾਈਂ ਵਿਭਚਾਰ, ਆਪਣਾ ਬਲ ਪ੍ਰਗਟਾਈਆ । ਤੇਰਾ ਲਹਿਣਾ ਦੇਣਾ ਫੇਰ ਛੇਤੀ ਦੇਵਾਂ ਨਿਵਾਰ, ਲੋਕਮਾਤ ਰਹਿਣ ਨਾ ਪਾਈਆ । ਪਰ ਯਾਦ ਰਖੀਂ ਮੇਰਾ ਰੂਪ ਹੋ ਜਾਏ ਸ਼ਬਦ ਸਤਿਗੁਰ ਤੇ ਸ਼ਬਦ ਦੀ ਧਾਰ, ਪੰਜਾਂ ਤਤਾਂ ਤਤ ਨਾ ਕੋਇ ਜਣਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਕਰਾਂਗਾ ਖ਼ਬਰਦਾਰ, ਬੇਖ਼ਬਰਾਂ ਇਕੋ ਹੁਕਮ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਲੇਖਾ ਦਿਆਂ ਸਮਝਾਈਆ । ਗੋਬਿੰਦ ਕਿਹਾ ਕਲਜੁਗ ਆਹ ਮੇਰਾ ਕੰਨਾ ਵੇਖ ਲੈ ਵਿਚ ਕਾਇਨਾਤ, ਦੀਨ ਦੁਨੀ ਦੇਣਾ ਸਮਝਾਈਆ । ਜਿਸ ਵੇਲੇ ਤੇਰੀ ਅੰਤ ਆਈ ਅੰਧੇਰੀ ਰਾਤ, ਮੁਹੰਮਦ ਦੀ ਚੌਧਵੀਂ ਸਦੀ ਬੈਠੇ ਆਪਣਾ ਪੰਧ ਮੁਕਾਈਆ । ਮੂਸਾ ਵੇਖੇ ਮਾਰ ਝਾਤ, ਵੀਹਵੀਂ ਸਦੀ ਨੈਣ ਉਠਾਈਆ । ਓਸ ਵੇਲੇ ਕੋਈ ਆਤਮਾ ਦਾ ਦੇਵੇ ਨਾ ਸਾਥ, ਪਰਮਾਤਮਾ ਰੰਗ ਨਾ ਕੋਇ ਰੰਗਾਈਆ । ਅੰਦਰੋਂ ਨਿਝਰ ਝਿਰਨੇ ਵਿਚੋਂ ਬੂੰਦ ਨਾ ਮਿਲੇ ਸਵਾਂਤ, ਬਾਹਰੋਂ ਪੀ ਪੀ ਕੇ ਆਪਣਾ ਢਿੱਡ ਭਰਾਈਆ । ਅੰਤਸ਼ਕਰਨ ਕਿਸੇ ਦਾ ਨਾ ਹੋਵੇ ਸਾਫ਼, ਪਤਤ ਪੁਨੀਤ ਨਾ ਕੋਇ ਰਖਾਈਆ । ਮਿਲੇ ਮੇਲ ਨਾ ਕਮਲਾਪਾਤ, ਪਤਿਪਰਮੇਸ਼ਵਰ ਆਪਣੀ ਗੋਦ ਨਾ ਕੋਇ ਟਿਕਾਈਆ । ਓਸ ਵੇਲੇ ਲੇਖਾ ਹੋਣਾ ਓਸ ਸਾਹਿਬ ਅਬਿਨਾਸ਼, ਜੋ ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਨੇ ਮੰਡਲ ਮੰਡਪ ਪਾਉਣੀ ਰਾਸ, ਲੱਖ ਚੁਰਾਸੀ ਗੋਪੀ ਕਾਹਨ ਨਿਰਗੁਣ ਸਰਗੁਣ ਧਾਰ ਆਤਮ ਪਰਮਾਤਮ ਵੇਖ ਵਖਾਈਆ । ਉਸ ਦਾ ਰੂਪ ਰੰਗ ਰੇਖ ਨਾ ਕੋਈ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਓਸ ਨੇ ਹੁਕਮ ਦੇਣਾ ਸ਼ੰਕਰਾ ਉਠ ਖਲੋ ਉਤੋਂ ਕੈਲਾਸ਼, ਕਲਾ ਆਪਣੀ ਲੈ ਪ੍ਰਗਟਾਈਆ । ਓਹ ਬ੍ਰਹਮੇ ਆਪਣਾ ਲੇਖਾ ਲੈ ਵਾਚ, ਪਰਦਾ ਪਰਦਿਆਂ ਵਿਚੋਂ ਖੁਲਾਈਆ । ਵਿਸ਼ਨੂੰ ਤੂੰ ਕਿਹੜੀ ਦਿੰਦਾ ਦਾਤ, ਚਾਰੋਂ ਕੁੰਟ ਭੱਜ ਆਪਣਾ ਪੰਧ ਲੈ ਮੁਕਾਈਆ । ਫੇਰ ਹੁਕਮ ਸੁਣ ਓਸ ਪ੍ਰਭੂ ਦਾ ਸਾਖਿਆਤ, ਜੋ ਸਾਖਿਆਤ ਜਗਤ ਜਹਾਨ ਦੀਨ ਦੁਨੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਲਿਖਾਈਆ । ਧਰਨੀ ਕਹੇ ਹਾਏ ਇਹ ਕਿਹੋ ਜਿਹਾ ਵੇਲਾ ਆਉਣਾ ਵਕਤ, ਪ੍ਰਭੂ ਕੀ ਤੇਰੀ ਬੇਪਰਵਾਹੀਆ । ਕੀ ਸਾਰੀ ਦੁਨੀਆ ਸ੍ਰਿਸ਼ਟੀ ਤੈਨੂੰ ਭੁੱਲ ਜਾਵੇ ਜਗਤ, ਜਾਗਰਤ ਜੋਤ ਬਿਨ ਵਰਨ ਗੋਤ ਨਾ ਕੋਇ ਰੁਸ਼ਨਾਈਆ । ਕੋਟਾਂ ਵਿਚੋਂ ਕੋਈ ਦਿਸੇ ਤੇਰਾ ਭਗਤ, ਭਗਵਾਨ ਤੇਰਾ ਦਰਸ ਕੋਇ ਨਾ ਪਾਈਆ । ਓਹ ਕਿਸ ਲੇਖੇ ਲੱਗੇਗੀ ਬੂੰਦ ਰਕਤ, ਜਨਣੀ ਕੁੱਖ ਕਵਣ ਵਡਿਆਈਆ । ਝਟ ਕਲਜੁਗ ਨੇ ਕਿਹਾ ਓਹ ਧਰਨੀਏ ਮੇਰੀ ਗੋਬਿੰਦ ਨਾਲ ਸ਼ਰਤ, ਓਨ ਮੇਰੀ ਸ਼ਰਅ ਦਿਤੀ ਬਣਾਈਆ । ਓਸ ਮੈਨੂੰ ਪਿਆਰ ਦਿਤਾ ਦਿਲਾਸਾ ਦਿਤਾ ਜਿਥੇ ਮੇਰੇ ਬੱਚੇ ਨੀਹਾਂ ਉਤੇ ਆਏ ਫ਼ਰਸ਼, ਏਸ ਫ਼ਰਸ਼ ਉਤੇ ਫ਼ੈਸਲਾ ਤੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਪਰਦਿਆਂ ਵਿਚੋਂ ਉਠਾਈਆ । ਧਰਨੀ ਕਹੇ ਮੈਂ ਰੋਵਾਂ ਨਾਲੇ ਹੱਸਾਂ, ਬਿਨ ਨੈਣਾਂ ਨੀਰ ਵਹਾਈਆ । ਮੈਂ ਕਿਸ ਨੂੰ ਹਾਲ ਦੱਸਾਂ, ਕਿਸ ਨੂੰ ਦਿਆਂ ਸੁਣਾਈਆ । ਕਿਸ ਦੀ ਚਰਨੀ ਢੱਠਾਂ, ਕਵਣ ਲਏ ਉਠਾਈਆ । ਮੈਂ ਫਿਰਦੀ ਮੰਦਰ ਮੱਠਾਂ, ਮਸਜਿਦਾਂ

ਪੰਧ ਮੁਕਾਈਆ । ਸ਼ਿਵਦਵਾਲਿਆਂ ਕਹਿ ਕਹਿ ਆਪਣੀ ਖੁਲ੍ਹੀਆਂ ਕੀਤੀਆਂ ਲਿਟਾਂ, ਮੇਂਢੀ ਲਈ ਖੁਲਾਈਆ । ਮੈਂ ਕਿਸ ਦੇ ਦਵਾਰੇ ਵਿਕਾਂ, ਜੋ ਮੇਰੀ ਕੀਮਤ ਲਏ ਪਾਈਆ । ਮੇਰਾ ਲੇਖਾ ਲਹਿਣਾ ਦੇਣਾ ਨਿੱਕਾ, ਨਿਕਿਉਂ ਵੱਡਾ ਕਵਣ ਮੇਰਾ ਲੇਖਾ ਆਪਣੇ ਹੱਥ ਰਖਾਈਆ । ਮੈਂ ਚਾਹੁੰਦੀ ਜੇ ਕਲਜੁਗ ਕੂੜ ਕੁੜਿਆਰੇ ਦਾ ਬਦਲ ਜਾਏ ਸਿੱਕਾ, ਬੇਸ਼ਕ ਭਾਵੇਂ ਸਿਕਮ ਤੋਂ ਸ਼ੁਰੂ ਹੋਵੇ ਲੜਾਈਆ । ਮੇਰੀ ਇਹੋ ਅੰਤਮ ਇੱਛਾ, ਨਿਰਇੱਛਤ ਪੂਰੀ ਦੇਣੀ ਕਰਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਆਦਿ ਜੁਗਾਦਿ ਇਕੋ ਵਿਸ਼ਾ, ਵਿਸ਼ੇਸ਼ ਤੇਰਾ ਭੇਵ ਕੋਇ ਨਾ ਪਾਈਆ । ਤੂੰ ਮੈਨੂੰ ਕੋਝੀ ਕਮਲੀ ਨੂੰ ਆਪਣੇ ਧੁਰ ਦੇ ਪਿਆਰ ਦੀ ਪਾ ਦੇ ਭਿਛਾ, ਭਿਛਕ ਹੋ ਕੇ ਝੋਲੀ ਡਾਹੀਆ । ਮੈਂ ਚਾਹੁੰਦੀ ਸਾਰੀ ਦ੍ਰਿਸ਼ਟੀ ਉਤੇ ਸ੍ਰਿਸ਼ਟੀ ਉਤੇ ਇਸ਼ਟੀ ਉਤੇ ਨਾਨਕ ਦੇ ਅਗੰਮ ਨਾਮ ਦੀ ਆਤਮ ਪਰਮਾਤਮ ਦੀ ਪਰਮਾਤਮ ਆਤਮ ਦੀ ਸਭ ਦੀ ਹੋਵੇ ਸਿਖਾ, ਸਿਖਿਆ ਦੂਜੀ ਨਜ਼ਰ ਕੋਇ ਨਾ ਆਈਆ । ਜਿਹੜਾ ਆਦਿ ਤੋਂ ਵਿਸ਼ਨ ਬ੍ਰਹਮੇ ਸ਼ਿਵ ਨੂੰ ਲੇਖ ਲਿਖ ਕੇ ਦਿਤਾ, ਚਾਰ ਜੁਗ ਓਸੇ ਦਾ ਢੋਲਾ ਗਾਈਆ । ਤੂੰ ਅਪਰੰਪਰ ਸਵਾਮੀ ਪਿਤਾ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਮੈਂ ਗਹਿਰ ਗੰਭੀਰਾ, ਗਵਰ ਇਕ ਅਖਵਾਈਆ । ਮੇਰਾ ਨਾ ਕੋਈ ਤਨ ਵਜੂਦ ਸਰੀਰਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਨਾ ਕੋਈ ਖ਼ੁਸ਼ੀ ਗ਼ਮੀ ਦਿਲਗੀਰਾ, ਚਿੰਤਾ ਚਿਖਾ ਨਾ ਕੋਇ ਜਣਾਈਆ । ਮੈਂ ਜੁਗ ਜੁਗ ਸਭ ਨੂੰ ਦੇਵਣਹਾਰਾ ਧੀਰਾ, ਧੀਰਜ ਆਪਣੇ ਵਿਚੋਂ ਪ੍ਰਗਟਾਈਆ । ਪਰ ਇਕ ਬਚਨ ਧਰਨੀਏ ਯਾਦ ਰਖ ਲੈ, ਜਿਸ ਵੇਲੇ ਰਵੀਦਾਸ ਗੰਗਾ ਵਿਚ ਦਿਤਾ ਸੀ ਕਸੀਰਾ, ਉਸ ਦੀ ਕੌਡੀ ਧੁਰ ਦੇ ਲੇਖੇ ਪਾਈਆ । ਨਾਲੇ ਹੱਸ ਕੇ ਕਿਹਾ ਭਗਤਾਂ ਦਾ ਆਪ ਚੁਕਾਂਗਾ ਬੀੜਾ, ਅੰਤਮ ਕਲਜੁਗ ਆਪਣੇ ਕੰਧ ਉਠਾਈਆ । ਬੇਸ਼ਕ ਦੀਨ ਦੁਨੀ ਦਾ ਮਾਰਗ ਹੋਵੇ ਭੀੜਾ, ਔਖੀ ਘਾਟੀ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਖੇਲ ਖੇਲ ਨਾਲ ਬਣਾਈਆ । ਧਰਨੀ ਕਹੇ ਮੇਰੇ ਉਤੇ ਖੇਲ ਅਨੰਤ, ਨੌ ਖੰਡ ਸੱਤ ਦੀਪ ਵੱਖ ਵੱਖ ਵੱਜੀ ਵਧਾਈਆ । ਸਚ ਦੱਸ ਮੇਰੇ ਭਗਵੰਤ, ਕੀ ਤੇਰੀ ਬੇਪ੍ਰਵਾਹੀਆ । ਅਨੇਕ ਮਾਰਗ ਦੱਸ ਕੇ ਗਏ ਤੇਰੇ ਸੰਤ, ਸੂਫ਼ੀ ਸਿਫ਼ਤਾਂ ਵਿਚ ਸਲਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰੇ ਨਾਮ ਕਲਮੇ ਦੀ ਬਣਾਈ ਬਣਤ, ਕਾਗ਼ਜ਼ ਕਲਮ ਸ਼ਾਹੀ ਨਾਲ ਲਿਖਾਈਆ । ਪਰ ਫੇਰ ਵੀ ਕਿਉਂ ਨਹੀਂ ਪਵਿਤਰ ਹੁੰਦੇ ਤੇਰੇ ਜੀਵ ਜੰਤ, ਨਿਰਮਲ ਰੂਪ ਨਾ ਕੋਇ ਜਣਾਈਆ । ਕਿਉਂ ਨਹੀਂ ਗੜ੍ਹ ਟੁੱਟਦਾ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਾਈਆ । ਸਚ ਦੱਸ, ਤੂੰ ਪਰਮਾਤਮਾ ਇਕ, ਸਰਬ ਵਿਆਪਕ ਤੇਰੀ ਆਤਮਾ ਇਕ, ਤੇਰਾ ਪੰਜਾਂ ਤਤਾਂ ਵਾਲਾ ਦਿਤਾ ਹੋਇਆ ਸਰੀਰ ਇਕ, ਕਿਉਂ ਨਾ ਤੇਰਾ ਇਕੋ ਨਾਮ ਜਪ ਕੇ ਸਾਰੇ ਝਟ ਲੰਘਾਈਆ । ਮੈਂ ਚਾਹੁੰਦੀ ਮੇਰੇ ਉਤੇ ਮਾਨਸ ਮਾਨੁੱਸ਼ ਮਨੁੱਖ ਤੇਰੇ ਪਿਆਰ ਵਿਚ ਜਾਣ ਟਿਕ, ਟਿੱਕੇ ਤੇਰੀ ਚਰਨ ਧੂੜੀ ਖ਼ਾਕ ਰਮਾਈਆ । ਝਟ ਕਲਜੁਗ ਨੂੰ ਆ ਗਈ ਨਿੱਛ, ਛਿੱਕ ਮਾਰ ਕੇ ਰਿਹਾ ਸੁਣਾਈਆ । ਨੀ ਧਰਨੀਏ ਜਿੰਨਾਂ ਚਿਰ ਦੀਨ ਦੁਨੀ ਕੂੜ ਕੁੜਿਆਰ ਦੀ ਕਰਨੀ ਵਿਚ ਨਾ ਗਈ ਵਿਕ, ਓਨਾ ਚਿਰ ਮੇਰਾ ਲੇਖਾ ਤੇਰੇ ਉਤੇ ਨਾ ਕੋਇ ਬਦਲਾਈਆ । ਓਹ ਤੇ ਘੜੀ ਨਾਮ ਜਪਦੇ ਤੇ ਮੈਂ ਅੱਠੇ ਪਹਿਰ ਉਨ੍ਹਾਂ ਦੇ ਅੰਦਰ ਮਾਰਦਾ ਰਹਿੰਦਾ ਖਿੱਚ, ਖਿੱਚ ਖਿੱਚ ਕੇ ਆਪਣੇ ਕਾਇਆ ਮੰਦਰ ਵਿਚੋਂ ਬਾਹਰ ਕਢਾਈਆ । ਓਸ ਸਭਾ ਵਿਚ ਜਾਂਦਾ ਜਿਥੇ ਰਸ ਰਸਨਾ ਦਾ ਮਿਲਦਾ ਮਿਠ, ਆਤਮ ਰਸ ਦੀ ਲੋੜ ਨਾ ਕੋਇ ਰਖਾਈਆ । ਨਾਲੇ

੩੦੭
੨੩

ਸਭ ਦੀ ਠਕੋਰਦਾ ਪਿਠ, ਕਲਜੁਗ ਜੀਵੇ ਸੂਰਮਿਓ ਬਹਾਦਰੋ ਗੁਰ ਅਵਤਾਰ ਪੈਗ਼ੰਬਰਾਂ ਦਾ ਲੇਖਾ ਆਪਣੇ ਨਾਲ ਨਾ ਕੋਇ ਰਖਾਈਆ । ਹੁਣ ਵੇਖੀਂ ਕੀ ਲੋਹੜਾ ਪੈਣਾ ਵਿਚ ਮੁੱਲਾਂ ਸ਼ੇਖ਼ਾਂ, ਮੁਹੰਮਦ ਦਾ ਮਕਬਰਾ ਚਾਰ ਯਾਰ ਰੋ ਰੋ ਦੇਣ ਦੁਹਾਈਆ । ਤੇਰਾ ਤੇਰੇ ਉਤੇ ਚੌਧਵੀਂ ਸਦੀ ਦਾ ਓਸ ਦਾ ਪੂਰਾ ਹੋਣਾ ਠੇਕਾ, ਅਗੇ ਪੱਟੇਦਾਰੀ ਨਜ਼ਰ ਕੋਇ ਨਾ ਆਈਆ । ਇਕੋ ਹੁਕਮ ਫਿਰਨਾ ਸਤਿਗੁਰ ਸ਼ਬਦ ਦਾ ਜੋ ਸ਼ਬਦ ਸਤਿਗੁਰ ਪੁਰਖ ਅਕਾਲ ਦਾ ਗੋਬਿੰਦ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋ ਹਰ ਘਟ ਅੰਦਰ ਲੇਟਾ, ਸੁਖ ਆਸਣ ਬਹਿ ਕੇ ਆਤਮ ਸੇਜ ਸੁਹਾਈਆ । ਓਹ ਇਕੋ ਏਕੰਕਾਰ ਸੱਚੀ ਸਰਕਾਰ ਦਾ ਬਣਨਾ ਨੇਤਾ, ਜਿਸ ਨਿਜ ਨੇਤਰ ਭਗਤਾਂ ਦੇਣੇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰੀ ਜੇ ਵੰਡ ਹੋ ਜਾਏ ਦੂਰ, ਹਿੱਸਾ ਜਗਤ ਰਹੇ ਨਾ ਰਾਈਆ । ਮੈਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਹੋਵਾਂ ਮਸ਼ਕੂਰ, ਨਿਵ ਨਿਵ ਲਾਗਾਂ ਪਾਈਆ । ਜਿਸ ਤਰਾ ਤੁਸੀਂ ਸਚਖੰਡ ਵਿਚ ਇਕੋ ਨੂਰ ਏਸੇ ਤਰਾ ਲੋਕਮਾਤ ਇਕੋ ਰੂਪ ਸ੍ਰਿਸ਼ਟੀ ਦਿਓ ਬਣਾਈਆ । ਇਕੇ ਸਤਿਗੁਰ ਨਾਮ ਦੇ ਬੇੜੇ ਤੇ ਸਭ ਦਾ ਇਕੱਠਾ ਬਹੇ ਪੂਰ, ਦੂਜੀ ਬੇੜੀ ਨਾ ਕੋਇ ਚਲਾਈਆ । ਜੋ ਸਭ ਦੀ ਆਸਾ ਮਨਸਾ ਕਰੇ ਪੂਰ, ਸੋ ਸਤਿਗੁਰ ਪੂਰਾ ਇਕੋ ਸ਼ਬਦ ਸ਼ਬਦ ਸ਼ਬਦ ਸਤਿਗੁਰੂ ਲਓ ਮਨਾਈਆ । ਜੋ ਨਾ ਨੇੜੇ ਨਾ ਦੂਰ, ਘਰ ਘਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧਰਨੀ ਕਹੇ ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਬੇਸ਼ਕ ਮੇਰੀ ਵੰਡ ਬਹੁ ਵੰਡੀ, ਹਿੱਸੇ ਜਗਤ ਵਾਲੇ ਪਾਈਆ । ਛੋਟੀ ਛੋਟੀ ਚਲੀ ਦੀਨ ਦੁਨੀ ਦੀ ਡੰਡੀ, ਡੰਡਾਵਤ ਇਕੇ ਨੂੰ ਕਰ ਕੇ ਝਟ ਲੰਘਾਈਆ । ਅੰਤਮ ਕਲਜੁਗ ਲੇਖਾ ਆਇਆ ਕੰਢੀ, ਮੇਰੇ ਉਤੇ ਰਹਿਣ ਨਾ ਪਾਈਆ । ਮੈਂ ਇਕੋ ਪੁਰਖ ਅਕਾਲ ਤੋਂ ਮੰਗ ਮੰਗੀ, ਨਾਨਕ ਸਤਿਗੁਰ ਨਾਲ ਰਲਾਈਆ । ਤੇਰਾ ਸੂਰਬੀਰ ਯੋਧਾ ਇਕੋ ਸ਼ਬਦ ਹੋਵੇ ਭੁਯੰਗੀ, ਗੋਬਿੰਦ ਨੂਰ ਨੁਰਾਨਾ ਨਜ਼ਰੀ ਆਈਆ । ਜੋ ਅੰਤ ਲਹਿਣਾ ਦੇਣਾ ਮੁਕਾਏ ਸਰਬ ਵਰਭੰਡੀ, ਬ੍ਰਹਿਮੰਡਾਂ ਆਪਣੀ ਕਾਰ ਭੁਗਤਾਈਆ । ਮੇਰਾ ਮਹਿਬੂਬ ਮਿਹਰਵਾਨ ਅੰਤਮ ਮੈਨੂੰ ਲਾਵੇ ਅੰਗੀ, ਅੰਗੀਕਾਰ ਕਰ ਕੇ ਦਇਆ ਕਮਾਈਆ । ਧਰਨੀ ਕਹੇ ਮੇਰੀ ਛਾਤੀ ਹੋਵੇ ਠੰਡੀ, ਹਰਿਜਨ ਗੁਰਮੁਖ ਗੁਰਸਿਖ ਭਗਤ ਸੰਤ ਸੂਫ਼ੀ ਸਭ ਪ੍ਰਭ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖੇਲੇ ਬਹੁਰੰਗੀ, ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ ।

✪ ੧੪ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ੮੫ ਰੈਨਲੇ ਰੋਡ ਸੋਹਣ ਸਿੰਘ ਲਲੀਆਂ ਦੇ ਗ੍ਰਹਿ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਸਾਡੀ ਇਕ ਫ਼ਰਿਆਦ, ਆਦਿ ਜੁਗਾਦੀ ਨਿਰਗੁਣ ਧਾਰ ਦੇਈਏ ਸੁਣਾਈਆ । ਜੋ ਨਾਮ ਕਲਮਾ ਲੋਕਮਾਤ ਦੇ ਕੇ ਆਏ ਦਾਦ, ਵਸਤ ਅਮੋਲਕ ਤੇਰੇ ਹੁਕਮ ਨਾਲ ਵਰਤਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਲਾਹੀ ਆਏ ਅਰਾਧ, ਰਾਗਾਂ ਨਾਦਾਂ ਵਿਚ ਗਾਈਆ । ਤੇਰਾ ਭੇਵ ਖੁਲਾਇਆ ਬੁੱਧੀ ਤੋਂ ਪਰੇ ਬੋਧ ਅਗਾਧ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਦੀਨ ਮਜ਼੍ਹਬ ਬਣਾਇਆ ਸਮਾਜ,

ਸਮਗਰੀ ਤੇਰਾ ਨਾਮ ਵਰਤਾਈਆ । ਮਨੁੱਸ਼ ਮਨੁੱਖ ਮਾਨਵ ਖੁਲਾਈ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਤੇਰੇ ਧੁਰ ਫ਼ਰਮਾਨੇ ਦੀ ਸੁਣਾਈ ਆਵਾਜ਼, ਕਲਮਾ ਨਾਮ ਜਗਤ ਨਾਦ ਧੁਨ ਵਡਿਆਈਆ । ਆਤਮ ਪਰਮਾਤਮ ਭੇਵ ਖੁਲਾਇਆ ਰਾਜ਼, ਅਨੁਭਵ ਦੇ ਮਾਲਕ ਅਨਦ੍ਰਿਸ਼ਟ ਤੇਰਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲੇ ਸਾਡੀ ਇਕ ਬੇਨੰਤੀ, ਬਿਨੈ ਡੰਡਾਵਤ ਵਿਚ ਸੀਸ ਨਿਵਾਈਆ । ਆਪਣਾ ਲੇਖਾ ਵੇਖ ਸੰਮਤ ਸੰਮਤੀ, ਸਦੀ ਚੌਧਵੀਂ ਧਿਆਨ ਲਗਾਈਆ । ਖੇਲ ਤੱਕ ਜਗਤ ਕਾਇਆ ਮਾਟੀ ਚੰਮ ਦੀ, ਚੰਮ ਦ੍ਰਿਸ਼ਟੀ ਖੋਜ ਖੁਜਾਈਆ । ਕਿਸੇ ਸਾਰ ਆਈ ਨਾ ਤੇਰੇ ਬ੍ਰਹਮ ਦੀ, ਪਾਰਬ੍ਰਹਮ ਭੇਵ ਨਾ ਕੋਇ ਖੁਲਾਈਆ । ਸਾਡੀ ਆਸ਼ਾ ਅੰਤਮ ਦਿਸੇ ਗ਼ਮ ਦੀ, ਗ਼ਮਖ਼ਾਰ ਕੀ ਤੇਰੀ ਵਡ ਵਡਿਆਈਆ । ਜਿਹੜੀ ਵਣਜਾਰੀ ਦੁਨੀਆ ਦਮ ਦੀ, ਪਵਣ ਸਵਾਸਾਂ ਵਿਚ ਸਮਾਈਆ । ਓਹ ਰਾਹ ਤੱਕੇ ਤੇਰੇ ਨੂਰੀ ਚੰਨ ਦੀ, ਜਿਸ ਚੰਨ ਦਾ ਪੱਖ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਵੇਖ ਲੈ ਆਪਣਾ ਚੌਥਾ ਜੁਗ, ਕਲਜੁਗ ਅੰਤਮ ਧਿਆਨ ਲਗਾਈਆ । ਸਭ ਦੀ ਔਧ ਰਹੀ ਪੁਗ, ਅਗੇ ਅਵਰ ਨਾ ਕੋਇ ਵਧਾਈਆ । ਆਪਣਾ ਭੇਵ ਦੱਸ ਦੇ ਗੁਝ, ਪਰਦਾ ਪਰਦਿਆਂ ਵਿਚੋਂ ਉਠਾਈਆ । ਓਹਲਾ ਰਹੇ ਨਾ ਲੁਕ, ਹੁਕਮ ਧੁਰ ਦਾ ਦੇਣਾ ਜਣਾਈਆ । ਤੇਰੀ ਧਾਰ ਜਾਣੇ ਕੋਈ ਨਾ ਤੁਕ, ਆਤਮ ਪਰਮਾਤਮ ਸਾਰ ਕੋਇ ਨਾ ਪਾਈਆ । ਦੀਨ ਮਜ਼੍ਹਬ ਸਾਰੇ ਰਹੇ ਰੁਠ, ਸਨਮੁਖ ਹੋ ਕੇ ਸੋਭਾ ਕੋਇ ਨਾ ਪਾਈਆ । ਸਭ ਦੀ ਪ੍ਰੀਤੀ ਅੰਦਰ ਰਹੀ ਤੁਟ, ਟੁੱਟੀ ਗੰਢ ਨਾ ਕੋਇ ਪਵਾਈਆ । ਅੰਦਰੋਂ ਲਿਵ ਗਈ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਬੁੱਤ, ਬੁੱਤਖ਼ਾਨੇ ਰੋਵਣ ਮਾਰਨ ਧਾਹੀਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਅਚੁਤ, ਚੇਤਨ ਪਰਦਾ ਦੇਣਾ ਖੁਲਾਈਆ । ਸਾਚੀ ਮੌਲੇ ਕੋਇ ਨਾ ਰੁਤ, ਰੁਤੜੀ ਪ੍ਰੇਮ ਨਾ ਕੋਇ ਮਹਿਕਾਈਆ । ਚਾਰੋਂ ਕੁੰਟ ਅੰਧੇਰਾ ਘੁਪ, ਸੂਰੀਆ ਚੰਦ ਬੈਠੇ ਸੀਸ ਨਿਵਾਈਆ । ਕਲਜੁਗ ਅੰਤਮ ਸਭ ਨੂੰ ਇਹੋ ਦੁੱਖ, ਦੁੱਖਾਂ ਭਰੀ ਲੋਕਾਈਆ । ਸੁਫਲ ਹੋਏ ਕੋਇ ਨਾ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਆਪਣੇ ਨਿਸ਼ਾਨਿਉਂ ਦੀਨ ਦੁਨੀ ਰਹੀ ਉਕ, ਤੇਰਾ ਮਾਰਗ ਨਜ਼ਰ ਕਿਸੇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਸਾਰੇ ਰਹੇ ਝੁਕ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਦੀਨ ਦੁਨੀ ਵੇਖ ਲੈ ਆਪਣੇ ਨੈਣਾਂ, ਬਿਨ ਨੈਣਾਂ ਨੈਣ ਖੁਲਾਈਆ । ਸਾਡਾ ਅੰਤਮ ਪੂਰਾ ਕਰ ਦੇ ਲਹਿਣਾ, ਬਕਾਇਆ ਸਭ ਦੀ ਝੋਲੀ ਪਾਈਆ । ਦੀਨ ਮਜ਼੍ਹਬ ਇਕ ਦੂਜੇ ਨਾਲ ਖਹਿਣਾ, ਵੇਲਾ ਵਕਤ ਸਭ ਦਾ ਦਏ ਗਵਾਹੀਆ । ਕਲਜੁਗ ਹੰਕਾਰੀ ਬੁਰਜ ਢਹਿਣਾ, ਢਈਆ ਗੋਬਿੰਦ ਦਏ ਗਵਾਹੀਆ । ਤੂੰ ਸਵਾਮੀ ਕਰਤੇ ਵੇਖ ਆਪਣੇ ਨਿਜ ਨੈਣਾਂ, ਜਗ ਨੇਤਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡਾ ਪੂਰਾ ਹੋਇਆ ਵਕਤ, ਸਚਖੰਡ ਨਿਵਾਸੀ ਦਈਏ ਜਣਾਈਆ । ਲੇਖਾ ਵੇਖ ਆਪਣੀ ਦੀਨ ਦੁਨੀ ਜਗਤ, ਜਗਤ ਦੇ ਮਾਲਕ ਫੋਲ ਫੁਲਾਈਆ ।

ਕੋਟਾਂ ਵਿਚ ਤੇਰਾ ਦਿਸੇ ਕੋਈ ਨਾ ਭਗਤ, ਬਿਨ ਤੇਰੀ ਕਿਰਪਾ ਭਗਤ ਬਣਨ ਕੋਇ ਨਾ ਪਾਈਆ । ਸਾਡੀ ਚਲੇ ਕੋਇ ਨਾ ਸ਼ਕਤ, ਸ਼ਕਤੀ ਸ਼ਾਲੀ ਤੇਰੀ ਓਟ ਰਖਾਈਆ । ਅੰਤ ਅਖ਼ੀਰ ਸਭ ਦਾ ਆਇਆ ਵਕਤ, ਵਕਤ ਵਕਤ ਰਿਹਾ ਜਣਾਈਆ । ਦੀਨ ਦੁਨੀ ਦਾ ਲੇਖਾ ਮੁਕਣਾ ਬੂੰਦ ਰਕਤ, ਤਨ ਵਜੂਦ ਰੋਵਨ ਮਾਰਨ ਧਾਹੀਂਆ । ਫਿਰਨੀ ਦਰੋਹੀ ਉਪਰ ਫ਼ਰਸ਼, ਅਰਸ਼ੀ ਪ੍ਰੀਤਮ ਹੋਣਾ ਆਪ ਸਹਾਈਆ । ਤੇਰਾ ਲਹਿਣਾ ਦੇਣਾ ਬਰਸੀ ਬਰਸ, ਸਾਲ ਬਸਾਲ ਤੇਰੇ ਹੱਥ ਵਡਿਆਈਆ । ਤੂੰ ਮਿਹਰਵਾਨ ਹੋ ਕੇ ਕਰਨਾ ਤਰਸ, ਰਹਿਮਤ ਸਚ ਕਮਾਈਆ । ਨਿਰਗੁਣ ਧਾਰ ਆਉਣਾ ਪਰਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਤੇਰਾ ਰਾਹ ਉਡੀਕੇ ਧਰਤ, ਧਰਨੀ ਆਪਣੀ ਅੱਖ ਖੁਲਾਈਆ । ਤੂੰ ਆ ਵਾਲੀ ਅਰਸ਼, ਅਰਸ਼ੀ ਪ੍ਰੀਤਮ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰੇ ਆਪਣੀ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਵੇਖ ਲੈ ਆਪਣੇ ਭਵਿਖਤ, ਪੇਸ਼ੀਨਗੋਈਆਂ ਤੇਰੇ ਅਗੇ ਰਖਾਈਆ । ਸਾਬਤ ਰਿਹਾ ਕਿਸੇ ਨਾ ਇਸ਼ਟ, ਇਸ਼ਟ ਰੂਪ ਨਾ ਕੋਇ ਵਡਿਆਈਆ । ਅੰਦਰੋਂ ਖੁਲ੍ਹੇ ਕਿਸੇ ਨਾ ਦ੍ਰਿਸ਼ਟ, ਦਿਬ ਨੇਤਰ ਨਾ ਕੋਇ ਰੁਸ਼ਨਾਈਆ । ਕੂੜ ਕਲਪਣਾ ਜਗਤ ਵਾਸ਼ਨਾ ਦਿਸੇ ਗ੍ਰਿਹਸਤ, ਗਹਿਰ ਗੰਭੀਰ ਨਾਲ ਕੰਤ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਆਪ ਸਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਬੇਪਰਵਾਹ, ਮੌਲਾ ਆਪਣਾ ਪਰਦਾ ਦੇ ਚੁਕਾਈਆ । ਨਿਰਗੁਣ ਧਾਰ ਸਾਰੇ ਤੱਕਦੇ ਤੇਰਾ ਰਾਹ, ਸਚਖੰਡ ਨਿਵਾਸੀ ਪਰਦਾ ਦੇਣਾ ਉਠਾਈਆ । ਤੂੰ ਸਭ ਦਾ ਸਾਂਝਾ ਬਣ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਉਠਾਈਆ । ਦੀਨ ਦੁਨੀ ਦਾ ਮਾਰਗ ਦੱਸ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਤੂੰ ਵਾਹਿਦ ਇਕ ਖ਼ੁਦਾ, ਅਸੀਂ ਖ਼ਾਦਮ ਖ਼ਾਦਮ ਤੇਰੇ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਦਰ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਦੀਨ ਦੁਨੀ ਸਾਚਾ ਪੜ੍ਹਦੀ ਕਲਮਾ ਨਾਮ, ਅੱਖਰਾਂ ਵਾਲੀ ਸਿਫ਼ਤ ਸਾਲਾਹੀਆ । ਅੰਮ੍ਰਿਤ ਆਤਮ ਮਿਲੇ ਕਿਸੇ ਨਾ ਜਾਮ, ਜਾਮੀ ਸਕੇ ਨਾ ਕੋਇ ਬਦਲਾਈਆ । ਭਾਗ ਲੱਗੇ ਨਾ ਕਾਇਆ ਮਾਟੀ ਗ੍ਰਾਮ, ਚੰਮ ਦ੍ਰਿਸ਼ਟੀ ਪੰਧ ਨਾ ਕੋਇ ਮੁਕਾਈਆ । ਤੂੰ ਮਾਲਕ ਇਕ ਮਿਹਰਵਾਨ, ਮਹਿਬੂਬ ਤੇਰੀ ਸ਼ਰਨਾਈਆ । ਤੂੰ ਪ੍ਰਗਟ ਹੋ ਵਾਲੀ ਦੋ ਜਹਾਨ, ਨਿਰਗੁਣ ਧਾਰ ਲੈ ਅੰਗੜਾਈਆ । ਜੋਤੀ ਜਾਤੇ ਬਣ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਲੇਖਾ ਪੂਰਾ ਕਰ ਦੇ ਸੀਤਾ ਰਾਮ, ਆਸ਼ਾ ਕ੍ਰਿਸ਼ਨਾ ਕਾਹਨਾ ਆਪਣੇ ਨਾਲ ਮਿਲਾਈਆ । ਤੂੰ ਨਿਰਗੁਣ ਦਾਤਾ ਨਿਰਵੈਰ ਸ੍ਰੀ ਭਗਵਾਨ, ਭਗਵਨ ਇਕ ਅਖਵਾਈਆ । ਸੰਤ ਸੁਹੇਲੇ ਗੁਰਮੁਖ ਗੁਰੂ ਗੁਰ ਚੇਲੇ ਆਪ ਪਹਿਚਾਨ, ਬੇਪਹਿਚਾਨ ਅੰਦਰੋਂ ਪਰਦਾ ਦੇ ਉਠਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਣ, ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਸ਼ਰਅ ਕੂੜ ਦਾ ਮੇਟ ਨਿਸ਼ਾਨ, ਨਿਸ਼ਾਨਾ ਇਕੋ ਇਕ ਝੁਲਾਈਆ । ਜਿਸ ਨੂੰ ਸਤਿਜੁਗ ਕਰੇ ਪ੍ਰਵਾਨ, ਪਰਮ ਪੁਰਖ ਇਕ ਤੇਰੀ ਬੇਪ੍ਰਵਾਹੀਆ । ਜਨ ਭਗਤਾਂ ਸਾਚੇ ਸੰਤਾਂ ਸਾਚੇ ਨਾਮ ਦਾ ਦੇਣਾ ਦਾਨ, ਅਤੋਟ ਅਤੁਟ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਕਰ ਪ੍ਰਵਾਨ, ਪਰਮ ਪੁਰਖ ਪਰਮਾਤਮ ਦਰ ਤੇਰੇ ਆਸ ਰਖਾਈਆ ।


੩੧੦
੨੩

## ੧੯ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ਮਿਡਲ ਐਕਸ ੪੧ ਹੋਮਨੋਡ ਰੋਡ ਹਰਭਜਨ ਸਿੰਘ ਗੜ੍ਹ ਸ਼ੰਕਰ ਵਾਲੇ ਦੇ ਗ੍ਰਹਿ

ਈਸਾ ਸੇਜ਼ ਮਾਈ ਗਾਡ, ਮਾਰਨਿੰਗ ਗੁਡ ਗਾਇਡ ਤੇਰੀ ਬੇਪ੍ਰਵਾਹੀਆ । ਤੇਰਾ ਹੁਕਮ ਲੇਖਾ ਬੜਾ ਹਾਰਡ, ਹੀਟ ਵਿਚ ਤਪੇ ਸਰਬ ਲੋਕਾਈਆ । ਦੀਨ ਮਜ਼੍ਹਬ ਤੇਰੇ ਵਾਰਡ, ਜਗਤ ਜਹਾਨ ਵੇਖ ਵਖਾਈਆ । ਤੇਰੇ ਹੁਕਮ ਦਾ ਡਾਢਾ ਰਾਡ, ਰਾਈਟ ਆਪਣਾ ਹੁਕਮ ਸੁਣਾਈਆ । ਮੇਰਾ ਲੇਖਾ ਵੇਖ ਆਪਣੇ ਅਗੰਮੇ ਕਾਰਡ, ਕਾਰਡੀਨਲਾਂ ਸਮਝ ਕਿਸੇ ਨਾ ਆਈਆ । ਤੇਰਾ ਅੰਤ ਪਾਏ ਨਾ ਗਿਣਤੀ ਵਿਚ ਕੋਈ ਯਾਰਡ, ਪੰਧ ਸਕੇ ਨਾ ਕੋਇ ਸਮਝਾਈਆ । ਅੰਤ ਲੇਖਾ ਮੁਕਾ ਜਲਦੀ ਛੇਤੀ ਸ਼ਾਰਟ, ਸ਼ੂਟ ਸ਼ਬਦ ਵਾਲੀ ਲਗਾਈਆ । ਕੋਈ ਨਾ ਜਾਣੇ ਵਟ ਯੂ ਵਾਂਟ, ਬੇਅੰਤ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਈਸਾ ਕਹੇ ਮੇਰੇ ਮਾਲਕ ਤੂੰ ਵੇਖੀ ਮੇਰੀ ਸਾਈਡ, ਸਿੰਮਤ ਧੁਰ ਦੀ ਫੋਲ ਫੁਲਾਈਆ । ਤੇਰਾ ਲੇਖਾ ਸਭ ਨੂੰ ਦਿਸੇ ਬੀਹਾਈਂਡ, ਸਮਝ ਕਿਸੇ ਨਾ ਆਈਆ । ਮੇਰੀ ਸ਼ਰਅ ਦੀ ਤੇਰੇ ਹੁਕਮ ਵਿਚ ਹੋਈ ਨਾਈਟ, ਸੱਨ ਮੂਨ ਕਰੇ ਨਾ ਕੋਇ ਰੁਸ਼ਨਾਈਆ । ਤੂੰ ਬੇਪ੍ਰਵਾਹ ਵਸੇਂ ਉਪਰ ਆਪਣੀ ਹਾਈਟ, ਜਿਥੇ ਹਾਈਡਰੋਜਨ ਪੋਹ ਨਾ ਸਕੇ ਰਾਈਆ । ਮੇਰੇ ਗਾਡ ਤੇਰਾ ਨੂਰ ਜ਼ਹੂਰ ਅਗੰਮੀ ਲਾਈਟ, ਲਾਈਟ ਇਕੋ ਨਜ਼ਰੀ ਆਈਆ । ਤੇਰਾ ਹੁਕਮ ਸੰਦੇਸ਼ਾ ਇਕੋ ਦਿਸੇ ਵਾਈਟ, ਵਿਟਨਸ ਦੀ ਲੋੜ ਰਹੇ ਨਾ ਰਾਈਆ । ਤੇਰੇ ਸ਼ਬਦ ਦੀ ਦੋ ਜਹਾਨ ਫ਼ਾਈਟ, ਫ਼ੈਸਲਾ ਹਕੋ ਹਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਈਸਾ ਕਹੇ ਮੇਰੇ ਗਾਡ ਗੁਡ, ਨਿਵ ਨਿਵ ਲਾਗਾਂ ਪਾਈਆਂ । ਮੈਂ ਤਨ ਵਜੂਦ ਸਰੀਰ ਵੇਖੇ ਵੁਡਨ ਵੁਡ, ਹਾਡੀ ਮਾਟੀ ਰਹਿਣ ਕੋਇ ਨਾ ਪਾਈਆ । ਤੇਰਾ ਲਹਿਣਾ ਦੇਣਾ ਲੇਖਾ ਸ਼ੁਡ, ਸ਼ਾਇਦ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਪਰਵਰਦਿਗਾਰ ਕਿਹਾ ਈਸਾ ਸੁਣ ਮੇਰਾ ਲੇਖਾ ਅਗੰਮੀ ਇਸਮ, ਆਜ਼ਮ ਇਕ ਜਣਾਈਆ । ਤੇਰਾ ਲਹਿਣਾ ਨਾਲ ਜਿਸਮ, ਤਨ ਵਜੂਦ ਵੇਖ ਵਖਾਈਆ । ਮੇਰੇ ਨੂਰ ਦੀ ਤਤਾਂ ਵਾਲੇ ਅਵਤਾਰ ਪੈਗ਼ੰਬਰ ਕਿਸਮ, ਕਾਸਮ ਇਕੋ ਹੁਕਮ ਸੁਣਾਈਆ । ਧੁਰ ਦੇ ਹੁਕਮ ਦੀ ਦੇ ਦੇ ਰਸਮ, ਰਿਵਾਜ ਜਗਤ ਵਿਚ ਸ਼ਨਵਾਈਆ । ਭੇਵ ਖੁਲਾਉਣਾ ਆਪਣੇ ਨੂਰੇ ਚਸ਼ਮ, ਚਸ਼ਮ ਦੀਦਾ ਸੋਭਾ ਪਾਈਆ । ਕੁਛ ਲੇਖਾ ਵੇਖ ਬ੍ਰਹਮਾ ਸ਼ਿਵ ਵਿਸ਼ਨ, ਕੀ ਵਿਸ਼ਵ ਆਪਣੀ ਖੇਲ ਖਿਲਾਈਆ । ਮੇਰੇ ਜ਼ਹੂਰ ਨਾਲ ਮੈਨੂੰ ਮੇਰੇ ਨੂਰ ਦਿਸਣ, ਜਗਤ ਅੱਖ ਦੀ ਲੋੜ ਨਾ ਕੋਇ ਰਖਾਈਆ । ਆਹ ਤੱਕ ਤੇਰਾ ਲਹਿਣਾ ਜਣਾਇਆ ਕਾਹਨ ਕ੍ਰਿਸ਼ਨ, ਸੁਕਲਾ ਕਿਸ਼ਨਾ ਪੱਖ ਵੇਖ ਵਖਾਈਆ । ਜਿਸ ਧਾਰ ਨੇ ਰਾਮ ਦਿਤਾ ਟਿਕਣ, ਟਿੱਕੇ ਮਸਤਕ ਸਭ ਦੇ ਫੋਲ ਫੁਲਾਈਆ । ਜਿਸ ਦੀ ਧਾਰ ਵਿਚ ਸਾਰੇ ਵਿਕਣ, ਆਪਣੀ ਕੀਮਤ ਨਾ ਕੋਇ ਰਖਾਈਆ । ਓਹ ਪਰਵਰਦਿਗਾਰ ਤੇਰਾ ਬਣਿਆ ਪਿੱਤਣ, ਜਿਸ ਨੂੰ ਬਾਪ ਕਹਿ ਕੇ ਸੀਸ ਨਿਵਾਈਆ । ਉਠ ਨਿਗਾਹ ਮਾਰ ਤੇਰਾ ਲੇਖਾ ਲੱਗਾ ਲਿਖਣ, ਲਿਖਤ ਬਿਨ ਅੱਖਰਾਂ ਦਏ ਗਵਾਹੀਆ । ਤੇਰੀ ਸਦੀ ਬੀਸਵੀਂ ਲੱਗਾ ਜਿੱਤਣ, ਬੀਸ ਬੀਸਾ ਬੇਪ੍ਰਵਾਹੀਆ । ਅੰਤ ਨਿਸ਼ਾਨਾ ਲੱਗਾ ਮਿਟਣ, ਮਿੱਟੀ ਖ਼ਾਕ ਰੋਵੇ ਮਾਰੇ ਧਾਹੀਆ । ਝਗੜਾ ਵੇਖ ਪੱਥਰ ਇੱਟਣ, ਪਾਹਨ ਪਾਹਨ ਨਾਲ


੩੧੧
੨੩

ਠੁਕਰਾਈਆ । ਤੇਰੇ ਆਬੇਹਯਾਤ ਦਾ ਰਸ ਰਿਹਾ ਕੋਇ ਨਾ ਮਿੱਠਣ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ, ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਈਸਾ ਕਹੇ ਮੇਰੇ ਇਸਮ ਹਜ਼ੂਰ, ਸ਼ਹਿਨਸ਼ਾਹ ਤੇਰੀ ਬੇਪ੍ਰਵਾਹੀਆ । ਇਹ ਮੇਰਾ ਨਹੀਂ ਕਸੂਰ, ਮੇਰੀ ਕਸਮ ਖਾਣ ਵਾਲੇ ਤੈਨੂੰ ਗਏ ਭੁਲਾਈਆ । ਮੈਂ ਤੇਰੇ ਨੂਰ ਦਾ ਨੂਰ, ਤੇਰੇ ਨੂਰ ਨੂਰ ਵਿਚ ਸਮਾਈਆ । ਅੰਤ ਮੈਂ ਵੀ ਹੋਇਆ ਮਜਬੂਰ, ਮਜਬੂਰੀ ਵਿਚ ਤੇਰੇ ਅਗੇ ਵਾਸਤਾ ਪਾਈਆ । ਚਾਰੋਂ ਕੁੰਟ ਦਿਸੇ ਕੂੜ, ਕੁੜਿਆਰ ਵੱਜੇ ਵਧਾਈਆ । ਚਰਚਾਂ ਚਰਾਗਾਹਾਂ ਵਿਚ ਬੈਠੇ ਮੂੜ੍ਹ, ਅੰਤਸ਼ਕਰਨ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਮੇਰੇ ਨਾਮ ਦਾ ਪਾਇਆ ਫ਼ਤੂਰ, ਫ਼ਤਵਾ ਮੁਆਫ਼ ਨਾ ਕੋਇ ਕਰਾਈਆ । ਤੇਰੀ ਦਿਸ਼ਾ ਤੇਰੀ ਮੰਜ਼ਲ ਮੇਰੇ ਮਹਿਬੂਬ ਹੋਈ ਦੂਰ, ਪਾਂਧੀ ਆਪਣਾ ਪੰਧ ਨਾ ਕੋਇ ਚੁਕਾਈਆ । ਓਹ ਵੇਖ ਮੈਨੂੰ ਇਸ਼ਾਰਾ ਦਿੰਦਾ ਜਿਸਦਾ ਲੇਖਾ ਕੋਹਤੂਰ, ਮੂਸਾ ਨੈਣ ਮੂੰਦ ਰਿਹਾ ਸੁਣਾਈਆ । ਨਾਲੇ ਵੇਖੇ ਕੁਰਲਾਵੇ ਕਹੇ ਈਸਾ ਸਾਡਾ ਲਹਿਣਾ ਦੇਣਾ ਹੋਣਾ ਚੂਰੋ ਚੂਰ, ਚਾਰੋਂ ਕੁੰਟ ਅੱਖ ਉਠਾਈਆ । ਜਿਸ ਬਾਪ ਖ਼ੁਦਾ ਨੂੰ ਦੱਸ ਕੇ ਆਏ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਪਰੇ ਨੂਰ ਅਲਾਹੀਆ । ਓਸ ਸਾਡੀ ਸ਼ਰਅ ਨੂੰ ਵੇਖਿਆ ਹੋਈ ਮਫ਼ਰੂਰ, ਹੁਕਮ ਲਾਅ ਮੰਨੇ ਨਾ ਕੋਇ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਮੂਸਾ ਕਹੇ ਈਸਾ ਦੋਵੇਂ ਤੱਕੀਏ ਆਪਣੀ ਬਹਿਬੂਦੀ, ਚਾਰੋਂ ਕੁੰਟ ਵੇਖ ਵਖਾਈਆ । ਮੇਰਾ ਲਹਿਣਾ ਨਾਲ ਯਹੂਦੀ, ਜੋ ਯੁਧਿਸ਼ਟਰ ਨੂੰ ਅਰਜਨ ਨਾਲ ਮਿਲਾ ਕੇ ਕ੍ਰਿਸ਼ਨ ਗਿਆ ਸਮਝਾਈਆ । ਸ਼ੁਕਰ ਪੁਰੋਹਤ ਨੂੰ ਬਲ ਦਵਾਰੇ ਹੁਕਮ ਮਿਲਿਆ ਅਰੂਜੀ, ਬਾਤਨ ਭੇਵ ਖੁਲਾਈਆ । ਕਲਜੁਗ ਅੰਤਮ ਪੁਰਖ ਅਕਾਲ ਨੇ ਧਾਰ ਚਲਾਉਣੀ ਦੂਜੀ, ਦੁਤੀਆ ਆਪਣਾ ਹੁਕਮ ਵਰਤਾਈਆ । ਸਭ ਦੀ ਵੇਖਣੀ ਅੰਤ ਹਕ ਮੰਜ਼ਲ ਮਕਸੂਦੀ, ਬਾਮੰਜ਼ਲ ਆਪਣਾ ਪੰਧ ਮੁਕਾਈਆ । ਫੇਰ ਓਹ ਵੇਖ ਇਸ਼ਾਰਾ ਪਾਉਂਦਾ ਪੈਗ਼ੰਬਰ ਯਾਕੂਬੀ, ਯਕੇ ਬਾਦ ਦੀਗਰੇ ਰਿਹਾ ਸੁਣਾਈਆ । ਮੁਹੰਮਦ ਕੂਕ ਪੁਕਾਰੇ ਮੇਰੇ ਅਮਾਮ ਦੀ ਅਗੰਮੀ ਖ਼ੂਬੀ, ਜੋ ਖ਼ੂਬਸੂਰਤ ਨੂਰ ਅਲਾਹੀਆ । ਉਨ ਸਦੀ ਚੌਧਵੀਂ ਖੇਲ ਮੁਕਾਉਣੀ ਸ਼ਰਕਨ ਜਨੂਬੀ, ਮਸ਼ਰਕ ਮਗ਼ਰਬ ਫੋਲ ਫੁਲਾਈਆ । ਓਹਦੀ ਖੇਲ ਹੋਣੀ ਇਕੋ ਸ਼ਬਦ ਸ਼ਬਦ ਸਤਿਗੁਰ ਦੀ, ਗੁਰਦੇਵ ਸਵਾਮੀ ਇਕ ਅਖਵਾਈਆ । ਅੰਤਮ ਧਾਰ ਅਨੋਖੀ ਸ਼ੁਰੂ ਦੀ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਮੂਸਾ ਕਹੇ ਮੈਂ ਵੇਖਿਆ ਇਸ ਵਕਤ ਨਜ਼ਾਰਾ, ਨੂਰ ਨੂਰ ਵਿਚੋਂ ਚਮਕਾਈਆ । ਜਿਸ ਹਜ਼ਰਤ ਮੁਹੰਮਦ ਦਾ ਤੱਕਿਆ ਦਾਰੂਦ ਹਜ਼ਾਰਾ, ਇਸਮ ਆਜ਼ਮ ਹੋ ਕੇ ਬਸਰੀ ਇਸਮ ਖੋਜ ਖੁਜਾਈਆ । ਜਿਸ ਨੂੰ ਸਦੀ ਚੌਧਵੀਂ ਡੰਡਾਵਤ ਬੰਦਨਾ ਸਜਦਿਆਂ ਵਿਚ ਕੀਤੀ ਨਿਮਸਕਾਰਾ, ਖ਼ਾਲੀ ਝੋਲੀ ਅਗੇ ਡਾਹੀਆ । ਓਹ ਹੁਕਮ ਸੰਦੇਸਾ ਲੈ ਕੇ ਗਈ ਮਦੀਨਾ ਮੱਕਾ ਦਵਾਰਾ, ਕਾਅਬਿਆਂ ਜਾ ਕਰੇ ਰੁਸ਼ਨਾਈਆ । ਸਾਡਾ ਅਮਾਮ ਅਮਾਮਾ ਜਿਸ ਦੀ ਅਗੰਮੀ ਕਲਾਮਾ ਕਾਇਨਾਤ ਹੋਏ ਜ਼ਾਹਿਰਾ, ਜ਼ਾਹਰ ਜ਼ਹੂਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮੂਸਾ ਕਹੇ ਸਦੀ ਚੌਧਵੀਂ ਮੈਂ ਵੇਖੀ ਚਰਨ ਕਵਲਾਂ ਢਹਿੰਦੀ, ਬਿਨ ਅੱਖਾਂ ਅੱਖ ਉਠਾਈਆ । ਓਸ ਨਿਗਾਹ ਟਿਕਾਈ ਦਿਸ਼ਾ ਲਹਿੰਦੀ, ਲਹਿਣੇ ਈਸਾ ਸਾਡੇ ਵੇਖ ਵਖਾਈਆ । ਮੇਰੀ ਆਸ਼ਾ ਨਿਰਗੁਣ ਧਾਰ ਕਹਿੰਦੀ, ਕਹਿ ਕਹਿ ਰਹੀ ਜਣਾਈਆ । ਜਿਸ ਕਾਰਨ

ਮੇਰੇ ਮਹਿਬੂਬ ਨੂੰ ਹੱਥੀਂ ਲਾਈ ਮਹਿੰਦੀ, ਬਸਰਾ ਬਗ਼ਦਾਦ ਨਾਨਕ ਨਾਨਕ ਨਾਨਕ ਲੇਖਾ ਦਏ ਭੁਗਤਾਈਆ । ਓਸ ਦੇ ਹੁਕਮ ਦੀ ਧਾਰ ਵਹਿਣਾ ਵਿਚ ਵਹਿੰਦੀ, ਜਿਸ ਦਾ ਸਮੁੰਦ ਸਾਗਰ ਭੇਵ ਕੋਇ ਨਾ ਪਾਈਆ । ਜਿਸ ਦੀ ਅੰਤਮ ਆਯੂ ਥੋੜੀ ਰਹਿੰਦੀ, ਸੋ ਸੰਦੇਸਾ ਮੁਹੰਮਦ ਰਹੀ ਸੁਣਾਈਆ । ਉਠ ਵੇਖ ਲੈ ਆਪਣੀ ਸ਼ਰਅ ਦੀ ਕਲਾ ਢਹਿੰਦੀ, ਚਾਰ ਯਾਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੁਹੰਮਦ ਅਵਲਾ ਜ਼ੂ ਜ਼ਵਦ ਯਾ ਅਲਹਮ ਜ਼ਮੀ ਨੂਰੇ ਚਸ਼ ਕੁਮਾ ਅਰਸ਼ੇ ਨੀਜ਼ੂਅਲ ਜ਼ੂਹਿਮ ਜ਼ਾਉ ਵਜ਼ਹਮ ਅਵਲਹੂ ਗੋਜ਼ੇ ਮਹਮ ਦੀਨਾ ਹੋ ਜ਼ਹੂ ਜਾਹਖਤੇ ਵਜ਼ੂਹ ਕਾਲ ਨਲਵਸੇਹਮ ਜੋ ਕੁਲਜ਼ਹੀ ਜ਼ਮ ਫ਼ਤਹੂ ਵਿਸਤੇ ਜ਼ਬੂ ਖ਼ੁਦਸੇ ਦਜ਼ਲਵੀ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਮੁਹੰਮਦ ਕਹੇ ਸਦੀ ਚੌਧਵੀਂ ਦੁਲ ਹਲ ਅਲਾ ਤਾਅਲਾ, ਵਿਜ਼ ਹੀ ਜਸਤੇ ਮੋਰਾਨਾ ਤਮਨਖ਼ਾਨਾ ਜ਼ਾਖਾ ਹੂ ਨਖ ਕਬੀਲ ਹੱਦ ਦਲ ਹਾ ਜ਼ੇ ਮਿਸ਼ਤ ਜ਼ਮਾ ਲੋਵ ਹਦੇ ਦੀ ਦੇਸੇ ਕੁਨਾ ਕਜ਼ੇ ਗੁਲਸੰਤੀ ਦੁਆਏ ਖ਼ੁਦਾ ਗਲ ਮਹਮ ਮਿਸਤੇ ਜ਼ਵਾ ਜੀਸਾਹਿਲ ਅਜ਼ੀ ਕੇਤੇ ਕੁਨਾ ਦੂਸੇ ਜ਼ਮਾ ਕਦਮੇ ਖ਼ਾਕੇ ਖ਼ਾਕੇ ਰਮਾ ਨੂਰੋ ਨਿਵਸ ਸਾਹਿਬ ਬਸਿਤ ਅਸਮਾਨੇ ਜਮਿਤ ਮੇਰੀ ਚਸ਼ਮੇ ਸ਼ਹੀਦ ਅਰਸ਼ੇ ਮੁਰੀਦ ਫ਼ਾਨੀ ਫ਼ਿਨਾ ਇਸਮੇ ਖ਼ੁਦਾ ਨੂਰੀ ਅਲਾਹ ਆਲਮੀਨ ਬੇਪ੍ਰਵਾਹੀਆ । ਮੂਸਾ ਕਹੇ ਮੈਂ ਸੁਣ ਕੇ ਹਮਦੇ ਹਦੀਸ, ਹਜ਼ਰਤੇ ਹਕ ਜਣਾਈਆ । ਈਸਾ ਆਪਣੇ ਹੁਕਮ ਦੀ ਕਰਨ ਆਇਆ ਤਸਦੀਕ, ਸ਼ਹਾਦਤ ਕਲਮਿਆਂ ਵਾਲੀ ਭੁਗਤਾਈਆ । ਓਹ ਫ਼ਰੈਂਡ ਏਂਡ ਸਾਡੀ ਅੰਤ ਪੂਰੀ ਕਰੇ ਉਮੀਦ, ਤ੍ਰਿਸ਼ਨਾ ਪਿਛਲੀ ਰਹੇ ਨਾ ਰਾਈਆ । ਜਿਸ ਦੇ ਬਣੇ ਰਹੇ ਅਜ਼ੀਜ਼, ਖ਼ਾਦਮ ਹੋ ਕੇ ਸੇਵ ਕਮਾਈਆ । ਓਹ ਸਾਡੇ ਗ੍ਰਹਿ ਆਇਆ ਤੇ ਲੰਘ ਆਇਆ ਦਹਿਲੀਜ਼, ਚਰਚਾਂ ਚਰਾਗਾਹਾਂ ਧਿਆਨ ਲਗਾਈਆ । ਵੇਖ ਸਾਡਾ ਪੂਰਬ ਲੇਖਾ ਜਿਸ ਦੇ ਹੁਕਮ ਵਿਚ ਰਿਹਾ ਬੀਤ, ਬੀਤਿਆ ਲੇਖਾ ਆਪਣੇ ਹੱਥ ਰਖਾਈਆ । ਜਿਸ ਦੀ ਜਗਤ ਜਹਾਨ ਅਵਤਾਰ ਪੈਗ਼ੰਬਰ ਗੁਰੂਆਂ ਅਗੰਮੀ ਤੇ ਵੱਖਰੀ ਰੀਤ, ਰੀਤੀਵਾਨ ਨੂਰ ਅਲਾਹੀਆ । ਜੋ ਆਤਮ ਪਰਮਾਤਮ ਪਰਮਾਤਮ ਆਤਮ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਦੱਸੇ ਆਪਣੀ ਪ੍ਰੀਤ, ਤੂੰ ਮੇਰਾ ਮੈਂ ਤੇਰਾ ਢੋਲਾ ਸੋਹੰ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਚਾਰ ਜੁਗ ਦੀ ਆਸ਼ਾ ਪੂਰੀ ਕਰੇ ਰੀਝ, ਅਵਤਾਰ ਪੈਗ਼ੰਬਰ ਗੁਰੂ ਭਵਿਖ ਅਨਦ੍ਰਿਸ਼ਟ ਆਪਣੇ ਲੇਖੇ ਲਾਈਆ ।

✪ ੧੯ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਲੰਡਨ ਸਾਊਥ ਹਾਲ ੫੯ ਬਰੈਸਫ਼ੋਰਡ ਰੋਡ ਮੁਕੰਦ ਸਿੰਘ ਦੇ ਗ੍ਰਹਿ ✪

ਪੁਰਖ ਅਕਾਲ ਕਹੇ ਸੁਣ ਸ਼ਬਦ ਅਗੰਮੀ ਦੂਲ੍ਹੇ, ਦੋ ਜਹਾਨ ਦੇ ਵਾਲੀ ਦਿਆਂ ਸੁਣਾਈਆ । ਤੂੰ ਸਭ ਨੂੰ ਦੱਸਿਆ ਸਾਹਿਬ ਸੁਲਤਾਨਾ ਇਕ ਕੰਤ ਕੰਤੂਹਲੇ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨਜ਼ਰੀ ਆਈਆ । ਪੰਜ ਤਤ ਕਾਇਆ ਮਾਟੀ ਵਿਚ ਧਾਰ ਸਭ ਨੂੰ ਦਿਤੇ ਝੂਲੇ, ਬ੍ਰਹਮ ਆਪਣਾ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਜਣਾਇਆ ਮੇਰਾ ਮੂਲੇ, ਭੇਵ ਅਭੇਦ ਖੁਲਾਈਆ । ਕਲਜੁਗ ਅੰਤ ਕਿਉਂ ਦੀਨ ਦੁਨੀ ਮੈਨੂੰ ਰਹੀ ਭੂਲੇ, ਮਾਰਗ ਹਕ ਨਾ ਕੋਇ ਅਪਣਾਈਆ । ਕਿਸੇ ਮਸਤਕ ਲੱਗੇ ਨਾ ਧੁਰ ਦੀ ਧੂਲੇ, ਧੂੜੀ ਖ਼ਾਕ ਨਾ ਕੋਇ ਰਮਾਈਆ । ਦੀਨ ਮਜ਼੍ਹਬ

ਦਾ ਰਿਹਾ ਨਾ ਕੋਇ ਅਸੂਲੇ, ਅਸਲ ਵਸਲ ਯਾਰ ਮਿਲੇ ਨਾ ਨੂਰ ਅਲਾਹੀਆ । ਕਵਣ ਕਲਜੁਗ ਅੰਤਮ ਲਹਿਣਾ ਦੇਣਾ ਵਸੂਲੇ, ਲੇਖਾ ਮੰਗੇ ਥਾਉਂ ਥਾਈਆ । ਇਕੋ ਹੁਕਮ ਮਿਲੇ ਧੁਰ ਮਾਕੂਲੇ, ਮੁਕੰਮਲ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਮੇਰੇ ਸਤਿਗੁਰ ਸ਼ਬਦ ਦੁਲਾਰੇ, ਨਿਰਗੁਣ ਨਿਰਵੈਰ ਦਿਆਂ ਸਮਝਾਈਆ । ਸਵਾਧਾਨ ਹੋ ਸਚਖੰਡ ਸਚ ਦਵਾਰੇ, ਦਰਗਾਹ ਸਾਚੀ ਮੁਕਾਮੇ ਹਕ ਲੈ ਅੰਗੜਾਈਆ । ਜਲਵਾ ਨੂਰ ਤੱਕ ਮੇਰਾ ਨੂਰ ਉਜਿਆਰੇ, ਜੋਤ ਜੋਤ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖ ਭਿਖਾਰੇ, ਦਰ ਬੈਠੇ ਸੀਸ ਨਿਵਾਈਆ । ਤ੍ਰੈਗੁਣ ਮਾਇਆ ਤੱਕ ਭੰਡਾਰੇ, ਰਜੋ ਤਮੋ ਸਤੋ ਬੇਅੰਤ ਵਰਤਾਈਆ । ਪੰਜ ਤਤ ਵੇਖ ਅਖਾੜੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਖੇਲ ਵੇਖ ਪੈਗ਼ੰਬਰ ਗੁਰ ਅਵਤਾਰੇ, ਕੀ ਅਵਤਰੀ ਰਿਹਾ ਜਣਾਈਆ । ਸ਼ਾਸਤਰ ਪੁਰਾਨ ਵੇਖ ਵੇਦ ਚਾਰੇ, ਚਾਰੇ ਖਾਣੀ ਚਾਰੇ ਬਾਣੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸੁਣ ਸਤਿਗੁਰ ਸ਼ਬਦ ਮੇਰੇ ਬਲਵਾਨ, ਬਲਧਾਰੀ ਦਿਆਂ ਜਣਾਈਆ । ਮੇਰਾ ਆਦਿ ਦਾ ਵੇਖ ਵਿਧਾਨ, ਅਸਲ ਅਸਲ ਵਿਚੋਂ ਪ੍ਰਗਟਾਈਆ । ਸੰਦੇਸਾ ਦੱਸ ਅਗੰਮਾ ਨਾਮ, ਨਿਧਾਨ ਇਕ ਜਣਾਈਆ । ਤੈਨੂੰ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਕਰ ਪ੍ਰਧਾਨ, ਹੁਕਮ ਧੁਰ ਦਾ ਇਕ ਜਣਾਈਆ । ਆਪਣਾ ਖੇਲ ਵੇਖ ਲੈ ਸਤਿਜੁਗ ਬਲ ਬਾਵਨ ਕਰ ਪਹਿਚਾਨ, ਬੇਪਹਿਚਾਨ ਅੱਖ ਖੁਲਾਈਆ । ਰਾਹ ਤੱਕ ਸੀਤਾ ਰਾਮ, ਸਈਆ ਹੋ ਕੇ ਵੇਖ ਵਖਾਈਆ । ਪਰਦਾ ਰਹੇ ਨਾ ਕ੍ਰਿਸ਼ਨਾ ਕਾਹਨ, ਘਨਈਆ ਲੇਖਾ ਰਹੇ ਨਾ ਰਾਈਆ ।

ਪੈਗ਼ੰਬਰਾਂ ਤੱਕ ਪੈਗ਼ਾਮ, ਪਰਾ ਬਸੰਤੀ ਮਧਮ ਬੈਖਰੀ ਤੋਂ ਬਾਹਰ ਜਣਾਈਆ । ਇਸਮ ਆਜ਼ਮ ਦਾ ਵੇਖ ਕਲਾਮ, ਕਾਇਨਾਤ ਖੋਜ ਖੁਜਾਈਆ । ਗੁਰੂਆਂ ਤੱਕ ਤਕਵੇ ਵਾਲਾ ਨਾਮ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਿਉਂ ਕਲਜੁਗ ਕੂੜੀ ਕਿਰਿਆ ਹੋਈ ਸ਼ੈਤਾਨ, ਸ਼ਰਅ ਸ਼ਰਅ ਨਾਲ ਕਰੇ ਲੜਾਈਆ । ਆਤਮ ਬ੍ਰਹਮ ਮਿਲੇ ਨਾ ਕਿਸੇ ਗਿਆਨ, ਸੋਹੰ ਰੂਪ ਨਾ ਕੋਇ ਸਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਮੈਂ ਬਾਲਾ ਤੇਰਾ ਨਾਦਾਨ, ਬਾਲੀ ਬੁਧ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਸਤਿਗੁਰ ਸ਼ਬਦ ਅੰਤਮ ਤੱਕ ਲੈ ਕਲਜੁਗ ਦੀ ਕਲ, ਕੀ ਕਲਕਾਤੀ ਖੇਲ ਖਿਲਾਈਆ । ਜਗਤ ਧਾਮ ਰਹੇ ਨਾ ਕੋਇ ਅਟਲ, ਸੋਭਾਵੰਤ ਨਾ ਕੋਇ ਵਡਿਆਈਆ । ਘਰ ਥਿਰ ਨਾ ਦਿਸੇ ਨਿਹਚਲ, ਨਿਹਕਰਮੀ ਭੇਵ ਨਾ ਕੋਇ ਖੁਲਾਈਆ । ਆਤਮ ਧਾਰ ਸਕੇ ਕੋਇ ਨਾ ਰਲ, ਪਰਮਾਤਮ ਵਿਚ ਸਮਾਈਆ । ਚਾਰੋਂ ਕੁੰਟ ਕੂੜ ਕੁੜਿਆਰਾ ਦਲ, ਭੈ ਭਉ ਰਿਹਾ ਵਖਾਈਆ । ਮਾਇਆ ਮਮਤਾ ਲਾਇਆ ਸੱਲ, ਮੁਸਲਸਲ ਨੂਰਾਨਾ ਨਜ਼ਰ ਕਿਸੇ ਨਾ ਆਈਆ । ਚਾਰੋਂ ਕੁੰਟ ਕਪਟ ਛਲ, ਅਛਲ ਛਲ ਦਾ ਭੇਵ ਕੋਇ ਨਾ ਪਾਈਆ । ਫਿਰੀ ਦਰੋਹੀ ਜਲ ਥਲ, ਮਹੀਅਲ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਪੁਰਖ ਅਕਾਲ ਕਹੇ ਸਤਿਗੁਰ ਸ਼ਬਦ ਵੇਖ ਲੈ ਕਲਜੁਗ ਕਰਮ, ਕਰਮ ਕਾਂਡ ਪਰਦਾ ਰਹੇ ਨਾ ਰਾਈਆ । ਆਤਮ ਬ੍ਰਹਮ ਦਿਸੇ ਨਾ ਕੋਇ ਧਰਮ, ਧਰਮਾਪਤ ਸਵਾਮੀ ਨਜ਼ਰ ਕਿਸੇ ਨਾ ਆਈਆ । ਝਗੜਾ ਪਿਆ ਚੰਮ ਦ੍ਰਿਸ਼ਟੀ ਚਰਮ, ਚਸ਼ਮ ਦੀਦ ਨਾ ਕੋਇ ਰੁਸ਼ਨਾਈਆ । ਅਵਤਾਰ ਪੈਗ਼ੰਬਰ ਗੁਰੂਆਂ

ਦੇ ਹੁੰਦਿਆਂ ਕਿਉਂ ਮੇਰੇ ਨਾਮ ਦਾ ਪਿਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਸ਼ਾਸਤਰਾਂ ਦਾ ਜਾਣੇ ਕੋਇ ਨਾ ਕਰਮ, ਨਿਹਕਰਮੀ ਮੇਲ ਨਾ ਕੋਇ ਮਿਲਾਈਆ । ਲੇਖਾ ਤੱਕ ਲੈ ਵਰਨ ਬਰਨ, ਜ਼ਾਤ ਪਾਤ ਭੇਵ ਰਹੇ ਨਾ ਰਾਈਆ । ਕੂੜੀ ਕਿਰਿਆ ਕਲਜੁਗ ਵਿਚ ਜੀਵ ਜੰਤ ਸੜਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬੇਸ਼ਕ ਰਸਨਾ ਜਿਹਵਾ ਬੱਤੀ ਦੰਦ ਅੱਖਰਾਂ ਵਾਲੇ ਨਾਮ ਪੜ੍ਹਨ, ਸਿਫ਼ਤਾਂ ਨਾਲ ਸਿਫ਼ਤ ਵਡਿਆਈਆ । ਕਿਉਂ ਨਾ ਮੇਰੀ ਮੰਜ਼ਲ ਚੜ੍ਹਨ, ਪਾਂਧੀਆਂ ਪੰਧ ਨਾ ਕੋਇ ਚੁਕਾਈਆ । ਚਾਰੋਂ ਕੁੰਟ ਤੱਕ ਹੰਕਾਰੀ ਗੜ੍ਹਨ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਮਾਨਸ ਮਾਨਵ ਮੇਰੀ ਲੱਗੇ ਕੋਇ ਨਾ ਸਰਨ, ਸਰਨਗਤ ਹੱਥ ਕਿਸੇ ਨਾ ਆਈਆ । ਨੇਤਰ ਖੁਲ੍ਹੇ ਨਾ ਹਰਨ ਫਰਨ, ਨਿਜ ਨੇਤਰ ਲੋਚਨ ਨਾ ਕੋਇ ਰੁਸ਼ਨਾਈਆ । ਮੈਂ ਸਭ ਦਾ ਮਾਲਕ ਘਾੜਨ ਘੜਨ, ਭੰਨਣਹਾਰ ਇਕ ਅਖਵਾਈਆ । ਸਚ ਦੱਸ ਕਿਉਂ ਨਾ ਮੇਰੇ ਭੈ ਵਿਚ ਡਰਨ, ਭਾਓ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਦਾ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪਰਮ ਪੁਰਖ ਅਕਾਲੇ, ਅਕਲ ਕਲਧਾਰੀ ਸੀਸ ਨਿਵਾਈਆ । ਮੇਰੇ ਸਤਿਗੁਰ ਦੀਨ ਦਿਆਲੇ, ਦਇਆਨਿਧ ਤੇਰੀ ਵਡਿਆਈਆ । ਤੇਰੇ ਜੁਗ ਜੁਗ ਖੇਲ ਨਿਰਾਲੇ, ਨਿਰਾਕਾਰ ਤੇਰੀ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰ ਤੇਰੇ ਨਾਮ ਦੀ ਘਾਲਣਾ ਗਏ ਘਾਲੇ, ਘਾਇਲ ਹੋ ਕੇ ਆਪਣਾ ਆਪ ਲੇਖੇ ਲਾਈਆ । ਤੇਰੇ ਜੁਗ ਜੁਗ ਮਾਰਗ ਦੱਸੇ ਸੁਖਾਲੇ, ਨਾਮ ਕਲਮਿਆਂ ਵੰਡ ਵੰਡਾਈਆ । ਦੀਨ ਮਜ਼੍ਹਬ ਪਾਲਣਾ ਕਰੇ ਪਾਲੇ, ਪ੍ਰਿਤਪਾਲਕ ਤੇਰਾ ਹੁਕਮ ਬੇਪਰਵਾਹੀਆ । ਮੰਦਰ ਮਸਜਿਦ ਸ਼ਿਵਦੁਆਲੇ ਮਠ ਚਰਚ ਬਣਾਏ ਧਰਮਸਾਲੇ, ਗੁਰੂਦਵਾਰਿਆਂ ਵੰਡ ਵੰਡਾਈਆ । ਕਲਜੁਗ ਕੂੜੀ ਕਿਰਿਆ ਦਾਗ਼ ਧੋਵੇ ਕੋਇ ਨਾ ਕਾਲੇ, ਕਰਮ ਕਾਂਡ ਦਾ ਲੇਖ ਨਾ ਕੋਇ ਚੁਕਾਈਆ । ਚਾਰੋਂ ਕੁੰਟ ਤ੍ਰੈਗੁਣ ਮਾਇਆ ਜੰਜਾਲੇ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮੇਰਾ ਅੰਤ ਇਕ ਸਵਾਲੇ, ਸਵਾਲੀ ਹੋ ਕੇ ਦਿਆਂ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਪੇਸ਼ੀਨਗੋਈਆਂ ਵਿਚ ਕਲਜੁਗ ਅੰਤਮ ਤੇਰੇ ਕਰ ਕੇ ਗਏ ਹਵਾਲੇ, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਵਡ ਦੇਵੀ ਦੇਵਾ, ਦੇਵਤ ਸੁਰ ਤੇਰਾ ਧਿਆਨ ਲਗਾਈਆ । ਮੈਂ ਆਦਿ ਜੁਗਾਦੀ ਚਾਕਰ ਤੇਰਾ ਸੇਵਕ ਹੋ ਕੇ ਕਰਾਂ ਸੇਵਾ, ਜੁਗ ਜੁਗ ਭੱਜਾਂ ਵਾਹੋ ਦਾਹੀਆ । ਤੇਰਾ ਨਾਮ ਪਦਾਰਥ ਜੀਵਾਂ ਜੰਤਾਂ ਦੇਵਾਂ ਮੇਵਾ, ਅਨਰਸ ਮਾਤ ਚਖਾਈਆ । ਸਿਫ਼ਤਾਂ ਵਿਚ ਲਗਾਵਾਂ ਰਸਨਾਂ ਜਿਹਵਾ, ਬੱਤੀ ਦੰਦ ਨਾਲ ਵਡਿਆਈਆ । ਤੂੰ ਮਾਲਕ ਅਲਖ ਅਭੇਵਾ, ਅਗੋਚਰ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਇਕ ਰਖਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਤੇਰਾ ਖੇਲ ਅਨੋਖਾ, ਅਕਲ ਕਲਧਾਰੀ ਕੀ ਤੇਰੀ ਵਡਿਆਈਆ । ਮੈਂ ਚਾਰ ਜੁਗ ਦਾ ਸ਼ਾਸਤਰ ਜਾਣਾ ਪੋਥਾ, ਪੁਸਤਕ ਤੇਰੀ ਸਿਫ਼ਤ ਸਲਾਹੀਆ । ਤੇਰਾ ਮਾਰਗ ਕਿਸੇ ਹੱਥ ਨਾ ਆਇਆ ਸੌਖਾ, ਚਾਰੋਂ ਕੁੰਟ ਮਾਰਨ ਧਾਹੀਂਆ । ਫਿਰੀ ਦਰੋਹੀ ਵਿਚ ਚੌਦਾਂ ਲੋਕਾ, ਚੌਦਾਂ ਤਬਕ ਬਿਨ ਨੈਣਾਂ ਨੀਰ ਵਹਾਈਆ । ਆਦਿ ਪੁਰਖ ਤੇਰਾ ਸਮਝੇ ਨਾ ਕੋਇ ਸਲੋਕਾ, ਸੋ ਪੁਰਖ ਨਿਰੰਜਣ ਤੇਰਾ ਭੇਵ ਨਾ ਕੋਇ ਖੁਲਾਈਆ । ਕੋਟਨ ਕੋਟ ਜੁਗ ਬੀਤੇ ਬੀਤਿਆਂ ਸਮਾਂ ਬਹੁਤਾ, ਬਹੁੜੀ ਬਹੁੜੀ ਕਰੇ ਲੋਕਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਅੰਤਮ

ਕਲਜੁਗ ਆਉਣ ਦਾ ਮੌਕਾ, ਮੁਕੰਮਲ ਦਿਆਂ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਡੋਲੇ ਨਈਆ ਨੌਕਾ, ਨਾਮ ਮੁਹਾਣਾ ਵੰਝ ਚਪੂ ਸਕੇ ਨਾ ਕੋਇ ਲਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਤਸ਼ਕਰਨ ਵਿਚ ਭਰੇ ਹੌਕਾ, ਹਾਏ ਉਫ਼ ਕਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਝਟ ਨਾਰਦ ਪ੍ਰਗਟ ਹੋ ਕੇ ਆਪ, ਡੰਡਾਵਤ ਬੰਦਨਾ ਕਹਿ ਕੇ ਸੀਸ ਨਿਵਾਈਆ । ਓਹ ਪੁਰਖ ਅਕਾਲ ਮੇਰੇ ਬਾਪ, ਬਿਨਾ ਜਨਣੀ ਤੋਂ ਤੂੰ ਹੀ ਇਕੋ ਮੇਰੀ ਮਾਈਆ । ਨਿਰਗੁਣ ਨਿਰਗੁਣ ਤੇਰਾ ਸਾਥ, ਸਰਗੁਣ ਸੰਗ ਨਾ ਕੋਇ ਬਣਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦੀ ਮੇਰੀ ਇਕੋ ਗਾਥ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਆਹ ਲੇਖਾ ਤੱਕ ਲੈ ਅਵਤਾਰ ਪੈਗ਼ੰਬਰ ਗੁਰੂਆਂ ਦਾ ਭਵਿਖਤ ਵਾਕ, ਕੀ ਪੇਸ਼ੀਨਗੋਈਆਂ ਵਿਚ ਗਏ ਦ੍ਰਿੜਾਈਆ । ਸਭ ਨੇ ਕਿਹਾ ਕਲਜੁਗ ਅੰਤਮ ਹੋਣੀ ਅੰਧੇਰੀ ਰਾਤ, ਸਾਚਾ ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਪੈਣਾ ਦੀਨ ਮਜ਼੍ਹਬ ਜ਼ਾਤ ਪਾਤ, ਊਚ ਨੀਚ ਕਰੇ ਲੜਾਈਆ । ਮਾਇਆ ਰਾਣੀ ਲਾਵੇ ਘਾਤ, ਘਾਓ ਸ਼ਾਹ ਸੁਲਤਾਨਾਂ ਜਗਤ ਲਗਾਈਆ । ਸਚ ਧਰਮ ਦੀ ਮਿਲੇ ਕਿਸੇ ਨਾ ਦਾਤ, ਦਾਨੀ ਦੌਲਤਮੰਦ ਨਜ਼ਰ ਕੋਇ ਨਾ ਆਈਆ । ਲੇਖਾ ਰਹੇ ਨਾ ਕਿਸੇ ਕਿਤਾਬ, ਕੁਤਬਖ਼ਾਨੇ ਰੋਵਨ ਮਾਰਨ ਧਾਹੀਆ । ਨਾਰਦ ਕਹੇ ਮੇਰੇ ਪਰਵਰਦਿਗਾਰ ਸਾਂਝੇ ਯਾਰ ਆਹ ਤੱਕ ਲੈ ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂਆਂ ਦਾ ਹਿਸਾਬ, ਜੋ ਲੇਖਾ ਬਿਨਾ ਅੰਕੜਿਆਂ ਗਏ ਲਗਾਈਆ । ਤੈਨੂੰ ਨਿਰਗੁਣ ਸਰਗੁਣ ਧਾਰ ਗੋਬਿੰਦ ਨੇ ਕੀਤਾ ਯਾਦ, ਮਾਛੂਵਾੜੇ ਬਿਨਾ ਰਸਨਾ ਜਿਹਵਾ ਢੋਲਾ ਗਾਈਆ । ਮੇਰੇ ਮਹਿਬੂਬਾ ਤੇਰੀ ਸਤਿ ਸਚ ਹਦੂਦਾ ਮੇਰੇ ਆਲੀਜਾਹ ਜਨਾਬ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਵਡਿਆਈਆ । ਨਾਲੇ ਨਾਨਕ ਦੀ ਆਸਾ ਤੱਕ ਜਿਹੜੀ ਬਿਨਾ ਅੱਖਰਾਂ ਤੋਂ ਲੇਖਾ ਦੱਸੇ ਵਿਚ ਬਗ਼ਦਾਦ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਨਾਰਦ ਕਹੇ ਮੈਂ ਚਾਰ ਜੁਗ ਦੇ ਸ਼ਾਸਤਰਾਂ ਗ੍ਰੰਥਾਂ ਦਾ ਲੈਂਦਾ ਰਿਹਾ ਸਵਾਦ, ਤੇਰੇ ਨਾਮ ਬਾਣੀ ਕਲਮੇ ਰਸ ਆਪਣਾ ਆਪ ਬਣਾਈਆ । ਮੇਰੇ ਪ੍ਰਭੂ ਮੇਰੇ ਅੰਦਰ ਕਦੇ ਉਪਜਿਆ ਨਹੀਂ ਵੈਰਾਗ, ਬ੍ਰਿਹੋਂ ਚੋਟ ਨਾ ਕੋਇ ਲਗਾਈਆ । ਜਗਤ ਵਾਲਾ ਆਇਆ ਨਹੀਂ ਤਿਆਗ, ਤ੍ਰੈਗੁਣ ਡੇਰਾ ਕੋਇ ਨਾ ਢਾਈਆ । ਮੈਨੂੰ ਪਤਾ ਨਹੀਂ ਕਵਣ ਹੰਸ ਤੇ ਕਵਣ ਕਾਗ, ਕਾਗ ਭਸੁੰਡ ਕਿਸ ਦਾ ਰਾਹ ਤਕਾਈਆ । ਲੱਖ ਚੁਰਾਸੀ ਦੀਨ ਦੁਨੀ ਤੇਰਾ ਨੂਰ ਤੇਰਾ ਚਰਾਗ਼, ਜੋਤੀ ਜਾਤੇ ਤੇਰੀ ਜੋਤ ਨਜ਼ਰੀ ਆਈਆ । ਪ੍ਰਭੂ ਸਚ ਦੱਸ ਨਾਰਦ ਕਹੇ ਕਿਉਂ ਗੋਬਿੰਦ ਉਡਾਇਆ ਬਾਜ, ਬਾਜ ਚਾਰੋਂ ਕੁੰਟ ਉਡਾਈਆ । ਕਿਉਂ ਪੰਜਾਂ ਉਂਗਲਾਂ ਨਾਲ ਤੇਰਾ ਲੇਖਾ ਲਿਖਿਆ ਧਰਨੀ ਉਤੇ ਪੰਜ ਆਬ, ਪੰਚਮ ਪੰਚਮ ਪੰਚ ਕਰ ਸਮਝਾਈਆ । ਤੇਰਾ ਖੇਲ ਬਾਹਰ ਸਮਾਜ, ਸਮਗਰੀ ਸਮਝ ਕਿਸੇ ਨਾ ਆਈਆ । ਮੈਂ ਕੁਛ ਬੇਨੰਤੀ ਕਰਨ ਲੱਗਾ ਆਜ, ਨਿਵ ਨਿਵ ਤੇਰੇ ਲਾਗਾ ਪਾਈਆ । ਮੈਨੂੰ ਪੰਡਤ ਨੂੰ ਦੇਣੀ ਦਾਤ, ਬ੍ਰਾਹਮਣ ਬ੍ਰਹਮ ਭਿਛਿਆ ਮੰਗ ਮੰਗਾਈਆ । ਆਪਣੀ ਬਿਨ ਅੱਖਰਾਂ ਤੋਂ ਕਢ ਉਹ ਲੁਗ਼ਾਤ, ਜਿਸ ਦਾ ਹਰਫ਼ ਹਰੂਫ਼ ਬਣਤ ਵਿਚ ਨਜ਼ਰ ਕੋਇ ਨਾ ਆਈਆ । ਮਿਹਰਵਾਨ ਹੋ ਕੇ ਕਰ ਇਮਦਾਦ, ਮਦਦ ਦੇਣੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਸਚ ਤੇਰੀ ਵਡਿਆਈਆ । ਨਾਰਦ ਕਹੇ ਪ੍ਰਭੂ ਮੈਂ ਚਾਰ ਜੁਗ ਦਾ ਤੇਰਾ ਭਗਤ ਅਜੀਬ, ਅਜਬ ਤੇਰੀ ਖੇਲ ਖਿਲਾਈਆ । ਨਾ ਮੇਰੀ ਕਿਸਮਤ ਕੋਈ ਨਸੀਬ, ਬਦਨਸੀਬ ਮੈਨੂੰ ਕਹਿ ਨਾ ਕੋਇ ਸੁਣਾਈਆ । ਮੈਂ ਤੇਰੀ ਜੁਗ ਜੁਗ ਤਕਦਾ

ਰਿਹਾ ਤਰਤੀਬ, ਜੋ ਦੀਨ ਦੁਨੀ ਵਿਚ ਤਰਾ ਤਰਾ ਕਰਾਈਆ । ਮੈਨੂੰ ਪਤਾ ਨਹੀਂ ਕਿਹੜਾ ਅਵਤਾਰ ਪੈਗ਼ੰਬਰ ਗੁਰੂ ਅਮੀਰ ਤੇ ਕਿਹੜਾ ਗ਼ਰੀਬ, ਕਵਣ ਵਸਤ ਨਾਲ ਆਪਣੀ ਝੋਲੀ ਰਿਹਾ ਭਰਾਈਆ । ਮੈਂ ਨਿਗਾਹ ਮਾਰ ਕੇ ਤੱਕਦਾ ਰਿਹਾ ਆਪਣੀ ਲਾ ਕੇ ਨੀਝ, ਬਿਨ ਅੱਖਾਂ ਅੱਖ ਉਠਾਈਆ । ਮੈਨੂੰ ਤੇਰੇ ਉਤੇ ਆਸ਼ਾ ਬੜੀ ਉਮੀਦ, ਆਸ਼ਾ ਦੇ ਮਾਲਕ ਆਪਣਾ ਭੇਵ ਦੇਣਾ ਖੁਲਾਈਆ । ਕਿਸ ਬਿਧ ਆਪਣੇ ਹੁਕਮ ਦੀ ਕੀਤੀ ਤਾਕੀਦ, ਤਾਈਦ ਵਿਚ ਸ਼ਰਅ ਦਿਤੀ ਦ੍ਰਿੜਾਈਆ । ਮੈਂ, ਨਾਰਦ ਕਹੇ ਵੇਖ ਕੇ ਤੀਸ ਬਤੀਸ ਹਦੀਸ ਕੁਰਾਨ ਮਜੀਦ, ਅਲਿਫ਼ ਯੇ ਤੋਂ ਪਰਲਾ ਅੱਖਰ ਕੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਾ ਰੰਗ ਇਕ ਰੰਗਾਈਆ । ਨਾਰਦ ਕਹੇ ਮੇਰੇ ਖ਼ੁਦਾਵੰਦ ਕਰੀਮ, ਕੁਦਰਤ ਦੇ ਮਾਲਕ ਦਿਆਂ ਜਣਾਈਆ । ਦੱਸ ਕਿਹੜੀ ਤੇਰੀ ਚੰਗੀ ਤਾਲੀਮ, ਕਿਉਂ ਤੁਲਬੇ ਅਵਤਾਰ ਪੈਗ਼ੰਬਰ ਗੁਰ ਤੇਰਾ ਨਾਮ ਜਗਤ ਸਮਝਾਈਆ । ਕਿਉਂ ਜਗਤ ਜਹਾਨ ਕੀਤੀ ਤਕਸੀਮ, ਮਜ਼੍ਹਬਾਂ ਵਿਚ ਵੰਡ ਵੰਡਾਈਆ । ਕੀ ਇਹੋ ਤੇਰਾ ਮਾਰਗ ਮਹੀਨ, ਜਿਹੜਾ ਜਗ ਨੇਤਰ ਵੇਖਣ ਕੋਇ ਨਾ ਪਾਈਆ । ਚਾਰ ਕੁੰਟ ਨਿਗਾਹ ਮਾਰ ਤੇਰੀ ਕਾਇਨਾਤ ਸ੍ਰਿਸ਼ਟੀ ਦੀਨ ਵਿਚ ਦਿਸੇ ਗ਼ਮਗੀਨ, ਗ਼ਮਖ਼ਾਰ ਗ਼ਮੀ ਬਾਹਰ ਨਾ ਕੋਇ ਕਢਾਈਆ । ਜ਼ਰਾ ਖੇਲ ਤੱਕ ਨਰ ਮਦੀਨ, ਨਰ ਨਰਾਇਣ ਅੰਤਰ ਨਿਰੰਤਰ ਵੜ ਕੇ ਵੇਖ ਵਖਾਈਆ । ਮੈਂ ਸਾਰੀ ਤੇਰੀ ਧਰਨੀ ਵੇਖੀ ਧਰਤੀ ਤੱਕੀ ਧੌਲ ਵੇਖੀ ਜ਼ਮੀਨ, ਜ਼ਿਮੀਂ ਜਮਾਂ ਦੇ ਮਾਲਕ ਭੱਜਿਆ ਵਾਹੋ ਦਾਹੀਆ । ਮੈਨੂੰ ਸਦੀ ਚੌਧਵੀਂ ਕਿਹਾ ਉਹ ਪੰਡਤਾ ਬ੍ਰਾਹਮਣਾ ਮੁਹੰਮਦ ਦਾ ਅਮਾਮ ਤੱਕ ਜੋ ਆਦਿ ਦਾ ਕਦੀਮ, ਕੁਦਰਤ ਦਾ ਕਾਦਰ ਨਜ਼ਰੀ ਆਈਆ । ਮੈਂ ਮਖ਼ੌਲ ਵਿਚ ਕਿਹਾ, ਨਾਰਦ ਕਹੇ ਸਦੀ ਚੌਧਵੀਂ ਨੀ ਤੂੰ ਕਿਹੜੀ ਹੁਸੀਨ, ਜੋਬਨ ਵੰਤੀਏ ਆਪਣਾ ਜੋਬਨ ਦੇ ਸਮਝਾਈਆ । ਨਾਰਦ ਕਹੇ ਸਦੀ ਚੌਧਵੀਂ ਹੈਰਾਨ ਹੋ ਗਈ ਪਰੇਸ਼ਾਨ ਹੋ ਗਈ ਨਾਲੇ ਹਜ਼ਰਤ ਮੁਹੰਮਦ ਕਿਹਾ ਨਾਲੇ ਕਿਹਾ ਆਮੀਨ, ਆਲਮੀਨ ਤੇਰੀ ਬੇਪਰਵਾਹੀਆ । ਜਿਸ ਨੇ ਸ਼ਰਅ ਦੀ ਸ਼ਰੀਅਤ ਅਸਲੀਅਤ ਅਸਲ ਵਿਚ ਲੈਣੀ ਛੀਨ, ਹਕ ਰਹਿਣ ਕੋਇ ਨਾ ਪਾਈਆ । ਵਾਹਿਦ ਦਾ ਕਲਮਾ ਕਾਇਨਾਤ ਕਰੇ ਅਧੀਨ, ਚੌਦਾਂ ਤਬਕ ਜਿਸ ਨੂੰ ਸੀਸ ਨਿਵਾਈਆ । ਜਿਸ ਨੇ ਲੇਖੇ ਲਾਉਣੀ ਸਭ ਦੀ ਗੋਈਪੇਸ਼ੀਨ, ਪੇਸ਼ਤਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਮੇਰੇ ਪਰਮਾਤਮਾ ਮੈਂ ਬੜਾ ਲਾਇਕ, ਮੇਰੀ ਬੋਦੀ ਮੇਰੀ ਦਏ ਗਵਾਹੀਆ । ਤੈਨੂੰ ਹੀਰੋ ਕਹਾਂ ਕਿ ਨਾਇਕ, ਕਿ ਲੱਖ ਚੁਰਾਸੀ ਜਿਹੜਾ ਖੇਲ ਰਿਹਾ ਖਿਲਾਈਆ । ਮੈਨੂੰ ਇਉਂ ਜਾਪਦਾ ਤੇਰੇ ਨਾਮ ਦਾ ਪੈ ਗਿਆ ਕਹਿਤ, ਨਾਮ ਦੇ ਭੰਡਾਰੇ ਖ਼ਾਲੀ ਦਿਸਣ ਥਾਉਂ ਥਾਈਆ । ਤੇਰੀ ਸ਼ਰਅ ਦੀ ਰਹੀ ਕੋਇ ਨਾ ਰਵਾਇਤ, ਰਹਿਮਤ ਹਕ ਨਾ ਕੋਇ ਕਮਾਈਆ । ਮੈਂ ਜਿਧਰ ਫਿਰਿਆ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਤੇ ਹੁੰਦੀ ਬਹਿਸ, ਝਗੜੇ ਵਿਚ ਲੋਕਾਈਆ । ਮੇਰੇ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਬੇਐਬ ਖ਼ੁਦਾ ਮੁਹੰਮਦ ਤੱਕੇ ਰਾਹ ਈਸਾ ਰਿਹਾ ਨੈਣ ਉਠਾ, ਮੂਸਾ ਕਰੇ ਦੁਆ, ਤੇਰਾ ਲਹਿਣਾ ਦੇਣਾ ਲੇਖਾ ਮੁਹੰਮਦ ਦੀ ਧਾਰ ਵਿਚ ਵਲਾਇਤ, ਵਲੀ ਅੱਲਾ ਸਾਰੇ ਤੈਨੂੰ ਸੀਸ ਨਿਵਾਈਆ । ਹਕ ਮਹਿਬੂਬਾ ਆਪਣੇ ਹੁਕਮ ਦੀ ਕਰੇ ਨਾ ਕੋਇ ਕਫ਼ਾਇਤ, ਕੁਫ਼ਲ ਕਾਫ਼ੀਏ ਤੋਂ ਬਾਹਰ ਦੇਣੇ ਖੁਲਾਈਆ । ਮੇਰਿਆ ਜਜਮਾਨਾ ਸ੍ਰੀ ਭਗਵਾਨਾ ਸ਼ਰਅ ਦੀ ਮੇਟ ਦੇ ਸ਼ਰਾਇਤ, ਸ਼ਰੀਅਤ ਅਸਲੀਅਤ ਵਾਲੀ ਆਪਣੀ ਦੇ ਸਮਝਾਈਆ । ਆਪਣੇ ਪਿਆਰ ਦੀ ਮੁਹਿੰਮ ਦੀ ਬਖ਼ਸ਼ਿਸ਼ ਕਰ ਅਨਾਇਤ, ਰਹਿਮਤ ਸਚ

ਕਮਾਈਆ । ਮੈਂ ਪਿਛਲਾ ਲੇਖਾ ਜਾਣਦਾ ਜਿਹੜੀ ਕਲਜੁਗ ਨੂੰ ਕੀਤੀ ਹਦਾਇਤ, ਹੁਕਮ ਅਗੰਮ ਸੁਣਾਈਆ । ਕਲਜੁਗ ਕਿਸੇ ਨਾ ਕਰੀਂ ਰਿਆਇਤ, ਜਗਤ ਜਗਿਆਸੂ ਸੰਤ ਸਾਧੂ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾਤੇ ਮੰਗ ਮੰਗਾਈਆ । ਝਟ ਕਲਜੁਗ ਆਇਆ ਨੱਠਾ, ਆਪਣਾ ਪੰਧ ਮੁਕਾਈਆ । ਨਾਰਦਾ ਤੂੰ ਕਿਉਂ ਮੇਰੇ ਨਾਮ ਦਾ ਗਾਇਆ ਟੱਪਾ, ਮੈਂ ਟਾਪੂਆਂ ਤੋਂ ਪਰੇ ਭੱਜਾ ਵਾਹੋ ਦਾਹੀਆ । ਮੇਰਾ ਪੁਰਖ ਅਕਾਲ ਨਾਲ ਵਾਹਿਦਾ ਪੱਕਾ, ਗੰਢ ਗੋਬਿੰਦ ਵਾਲੀ ਪਾਈਆ । ਜਿਸ ਦਾ ਇਕੋ ਡੰਕ ਵੱਜਣਾ ਫ਼ੜ੍ਹਾ, ਫ਼ਾਤਿਆ ਸਭ ਦਾ ਦਏ ਪੜ੍ਹਾਈਆ । ਪ੍ਰੇਮ ਰਹਿਣ ਨਹੀਂ ਦੇਣਾ ਰਤਾ, ਮੁੱਲਾ ਸ਼ੇਖ਼ ਮੁਸਾਇਕ ਦਿਆਂ ਭੁਲਾਈਆ । ਗ੍ਰੰਥੀਆਂ ਸਮਝ ਆਉਣ ਨਹੀਂ ਦੇਣਾ ਅੱਖਰ ਪੱਪਾ, ਜੋ ਪੂਰਨ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਆਹ ਵੇਖ ਲੈ ਮੇਰੇ ਕੋਲ ਬਿਨਾ ਅੱਖਰਾਂ ਤੋਂ ਪੱਟਾ, ਜਿਸ ਦੇ ਉਤੇ ਪਟਨੇ ਵਾਲੇ ਦਿਤੀ ਗਵਾਹੀਆ । ਮੇਰਾ ਵਕਤ ਰਹਿਣਾ ਨਹੀਂ ਛਪਾ, ਛਾਪਾ ਮਾਰਾਂ ਥਾਉਂ ਥਾਈਆ । ਮੈਂ ਉਠ ਉਠ ਚਾਰੋਂ ਕੁੰਟ ਤੱਕਾ, ਬਿਨ ਅੱਖਾਂ ਅੱਖ ਖੁਲਾਈਆ । ਮੇਰਾ ਮੁਹੰਮਦ ਨਾਲ ਵਾਇਦਾ ਸਦੀ ਚੌਧਵੀਂ ਲੇਖਾ ਪੂਰਾ ਕਰਨਾ ਮਦੀਨਾ ਮੱਕਾ, ਕਾਅਬਿਆਂ ਹੁਜਰਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਕਲਜੁਗਾ ਐਵੇਂ ਨਾ ਮਾਰ ਸ਼ੇਖ਼ੀ, ਸ਼ਖ਼ਸੀਅਤ ਤੱਕ ਜਗਤ ਲੋਕਾਈਆ । ਕਲਜੁਗ ਕਹੇ ਮੈਂ ਕੀ ਦੱਸਾਂ ਮੇਰੇ ਸਾਹਿਬ ਨੇ ਮੈਨੂੰ ਕੀਤਾ ਬਦੇਸ਼ੀ, ਭਾਰਤ ਖੰਡ ਮੇਰੀ ਦੁਹਾਈਆ । ਮੇਰਾ ਲਹਿਣਾ ਤੱਕ ਲੈ ਰਿਖੀ ਕੇਸ਼ੀ, ਗਵਰਧਨ ਧਾਰੀ ਰਿਹਾ ਜਣਾਈਆ । ਮੇਰੀ ਓਸ ਸਾਹਿਬ ਦੇ ਅਗੇ ਗੋਬਿੰਦ ਨੇ ਰਖੀ ਪੇਸ਼ੀ, ਜੋ ਪੇਸ਼ਤਰ ਇਕੋ ਨਜ਼ਰੀ ਆਈਆ । ਜਿਸ ਦੀ ਹੁਕਮ ਧਾਰ ਵਿਸ਼ੇਸ਼ੀ, ਜਗਤ ਵਿਸ਼ਿਆਂ ਤੋਂ ਬਾਹਰ ਸਮਝਾਈਆ । ਓਹ ਮਿਹਰਵਾਨ ਨਰੇਸ਼ੀ, ਨਰ ਨਰਾਇਣ ਇਕ ਅਖਵਾਈਆ । ਜਿਸ ਖੇਲ ਖਿਲਾਇਆ ਵੇਸ ਵਟਾਇਆ ਗੋਬਿੰਦ ਦਸ ਦਸਮੇਸ਼ੀ, ਦਹਿ ਦਿਸ਼ਾ ਫੋਲ ਫੁਲਾਈਆ । ਓਸ ਦਾ ਰੂਪ ਰੰਗ ਕਿਸੇ ਨਜ਼ਰ ਨਾ ਆਏ ਛੇਤੀ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੁਕਮ ਵਰਤਾਈਆ । ਕਲਜੁਗ ਕਹੇ ਨਾਰਦ ਤੂੰ ਮੇਰਾ ਮਿਤਰ ਕਿ ਯਾਰ, ਨਾਤਾ ਤਨ ਨਾ ਕੋਇ ਬਣਾਈਆ । ਕਲਜੁਗ ਕਹੇ ਕਿਸ ਬਿਧ ਮੇਰੇ ਨਾਲ ਕੀਤੀ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਕਲਜੁਗ ਕਹੇ ਨਾਰਦਾ ਮੈਂ ਵੀ ਆਪਣੇ ਸਮੇਂ ਦਾ ਮੁਖ਼ਤਿਆਰ, ਮੁਖ਼ਤਿਆਰਨਾਮਾ ਪੁਰਖ ਅਕਾਲ ਮੇਰਾ ਮੇਰੇ ਹੱਥ ਫੜਾਈਆ । ਜ਼ਰਾ ਮੇਰਾ ਖੇਲ ਵੇਖੀਂ ਮੇਰਾ ਕੋਈ ਮੁਕਾਬਲਾ ਕਰ ਨਾ ਸਕੇ ਨਾਲ ਤਲਵਾਰ, ਤਰਕਸ਼ ਤੀਰ ਕੰਮ ਕਿਸੇ ਨਾ ਆਈਆ । ਮੈਂ ਸ਼ਹਿਨਸ਼ਾਹ ਦਾ ਦੂਲ੍ਹਾ ਤੇ ਹੁਕਮ ਦਾ ਸਵਾਰ, ਜਗਤ ਜਹਾਨ ਭੱਜਾਂ ਵਾਹੋ ਦਾਹੀਆ । ਮੈਂ ਸਾਲ ਬਸਾਲਾ ਦੀਨ ਦੁਨੀ ਸਾਰੀ ਕਰ ਦੇਣੀ ਤਿਆਰ, ਤ੍ਰੈਗੁਣ ਪੰਜ ਤਤਾਂ ਨਾਲ ਲਏ ਅੰਗੜਾਈਆ । ਪਰ ਇਕ ਗੱਲ ਯਾਦ ਰਖੀਂ ਰੂਸਾ ਚੀਨਾ ਕਰਨੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਆਓ ਉਠੋ ਵੇਖੋ ਲੇਖਾ ਓਸ ਅਮਾਮ ਦਾ ਜਿਸ ਨੂੰ ਮੁਹੰਮਦ ਨੇ ਕਿਹਾ ਪਰਵਰਦਿਗਾਰ, ਬੇਐਬ ਨੂਰ ਅਲਾਹੀਆ । ਮੂਸਾ ਨੂੰ ਦੇਣਾ ਹੁਲਾਰ, ਹਲੂਣੇ ਨਾਲ ਦੇਣਾ ਜਗਾਈਆ । ਈਸਾ ਨੂੰ ਕਹਿਣਾ ਨੈਣ ਉਘਾੜ, ਅੱਖ ਅੱਖ ਵਿਚੋਂ ਬਦਲਾਈਆ । ਗੋਬਿੰਦ ਨੂੰ ਕਹਿਣਾ ਸ਼ਬਦ ਖੰਡਾ ਤੀਰ ਤੁਫੰਗ ਬਿਨਾ ਤੁਰੰਗ ਤੋਂ ਵਜੇ ਤੇਰਾ ਤਾੜ ਤਾੜ, ਫੇਰ ਤਾੜੀ ਲਾ ਕੇ ਦੋ ਜਹਾਨ ਵੇਖਣਾ ਚਾਈਂ ਚਾਈਂਆ । ਕਲਜੁਗ ਕਹੇ ਨਾਰਦਾ

ਯਾਦ ਰਖੀਂ ਜਦੋਂ ਮੈਂ ਖੇਲ ਰਚਾਇਆ ਤੇ ਰਚਾਵਾਂਗਾ ਵਿਚ ਹਾੜ, ਹਾੜ ਸਤਾਰਾਂ ਮੇਰੀ ਦਏ ਗਵਾਹੀਆ । ਮੈਂ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਚਬਾਵਾਂਗਾ ਆਪਣੀ ਹੇਠਾਂ ਦਾੜ੍ਹ, ਬਚਿਆ ਰਹਿਣ ਕੋਇ ਨਾ ਪਾਈਆ । ਮੇਰਾ ਜੀਅ ਕਰਦਾ ਦੀਨ ਦੁਨੀ ਨੂੰ ਦੇਵਾਂ ਉਜਾੜ, ਉਜੜਿਆਂ ਘਰਾਂ ਦਾ ਮਾਲਕ ਇਕੋ ਕਲਜੁਗ ਨਜ਼ਰੀ ਆਈਆ । ਫੇਰ ਪੰਡਤਾ ਬ੍ਰਾਹਮਣਾ ਨਾਰਦਾ ਤੈਨੂੰ ਖ਼ੁਸ਼ੀਆਂ ਨਾਲ ਕੂੜ ਦੀ ਖੀਰ ਦੇਵਾਂ ਖਵਾਲ, ਜਿਸ ਵਿਚ ਸਤਿ ਸਚ ਦਾ ਰਸ ਨਜ਼ਰ ਕੋਇ ਨਾ ਆਈਆ । ਪਰ ਇਕ ਗੱਲ ਯਾਦ ਕਰ ਕੇ ਦੱਸ ਤੂੰ ਝਟਕਾ ਖਾਏਂ ਕਿ ਹਲਾਲ, ਮੈਨੂੰ ਮੰਨੇਂ ਕਿ ਮੰਨੇਂ ਪ੍ਰਭੂ ਦਿਆਲ, ਜਿਸ ਦੇ ਅਗੇ ਕਰੇਂ ਸਵਾਲ, ਸਵਾਲੀ ਹੋ ਕੇ ਝੋਲੀ ਡਾਹੀਆ । ਕੁਛ ਲੇਖਾ ਵੇਖ ਲੈ ਮੁਹੰਮਦ ਦਾ ਜਿਸ ਨੇ ਇਸ਼ਾਰਾ ਕੀਤਾ ਵਲ ਦਜਾਲ, ਜ਼ਦੀਦ ਆਪਣਾ ਹੁਕਮ ਵਰਤਾਈਆ । ਝਟ ਹਾਜ਼ਰ ਹੋ ਗਿਆ ਕਾਲ, ਇਸ਼ਾਰੇ ਨਾਲ ਰਿਹਾ ਸੁਣਾਈਆ । ਓਹ ਕਲਜੁਗਾ ਜੇ ਮੈਂ ਨਾ ਆਵਾਂ ਤੇਰੀ ਘਾਲਣਾ ਕਿਸੇ ਨਾ ਲੇਖੇ ਲੱਗੇ ਘਾਲ, ਕਲਜੁਗ ਜੀਵਾਂ ਅੰਤ ਨਾ ਕੋਇ ਕਰਾਈਆ । ਓਹ ਤੱਕ ਚਿਤ੍ਰਗੁਪਤ ਰਾਏ ਧਰਮ ਤੂੰ ਲੇਖਾ ਰਿਹਾ ਵਖਾਲ, ਅੱਖਰ ਅੱਖਰ ਬਿਨ ਅੱਖਰਾਂ ਨਾਲ ਮਿਲਾਈਆ । ਜਿਸ ਦਾ ਲੇਖਾ ਪੂਰਾ ਤੱਕਣਾ ਤੇ ਵੇਖਣਾ ਅਗਲੇ ਸਾਲ, ਹਿਸਾਬ ਬਿਨਾ ਕਿਤਾਬ ਤੋਂ ਦੇਣਾ ਲਗਾਈਆ । ਝਟ ਨੈਣ ਉਘਾੜਿਆ ਮਹਾਕਾਲ, ਬਿਨਾ ਭੁਜਾਂ ਤੋਂ ਆਪਣੀ ਲਏ ਅੰਗੜਾਈਆ । ਮੇਰੀ ਝਲ ਸਕੇ ਨਾ ਕੋਇ ਝਾਲ, ਆਪਣੀ ਝਲਕ ਵਿਚ ਪਲਕ ਵਿਚ ਦੁਆਪਰ ਤਰੇਤਾ ਤੇ ਸਤਿਜੁਗ ਪਿਛਲੇ ਦਿਤੇ ਬਦਲਾਈਆ । ਮੇਰਾ ਵੀ ਜੀਅ ਕਰਦਾ ਹੁਣ ਮੈਂ ਮੌਕਾ ਵੇਖਾ ਹਾਲ, ਹਾਲਤ ਤੱਕਾਂ ਚਾਈਂ ਚਾਈਂਆ । ਜੇ ਨਿਗਾਹ ਮਾਰਾਂ, ਕੀ ਵੇਖਾਂ ਅਵਤਾਰ ਪੈਗ਼ੰਬਰ ਗੁਰ ਸਚਖੰਡ ਦਵਾਰੇ ਸਾਰੇ ਇਕੋ ਕਰਨ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣੀ ਸ੍ਰਿਸ਼ਟੀ ਅੰਤਮ ਆਪ ਸੰਭਾਲ, ਸੰਬਲ ਦੇ ਮਾਲਕ ਸੰਬਲ ਆਪਣੀ ਖੇਲ ਖਿਲਾਈਆ । ਅਸੀਂ ਸਾਰੇ ਚਾਹੁੰਦੇ ਦੀਨ ਦੁਨੀ ਜਗਤ ਜੁਗਤ ਦੀ ਬਦਲ ਦੇ ਚਾਲ, ਮਾਰਗ ਰਸਤਾ ਪੰਥ ਆਪਣਾ ਆਤਮ ਪਰਮਾਤਮ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਸਭ ਦੀ ਕਰਨਹਾਰ ਪ੍ਰਿਤਪਾਲ, ਪ੍ਰਿਤਪਾਲਕ ਮਾਲਕ ਖ਼ਾਲਕ ਦਰ ਤੇਰੇ ਆਸ ਰਖਾਈਆ ।



✪ ੧੭ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਸਾਊਥ ਲੰਡਨ ੭ ਬਰੇਬੋਰਨ ਗਰੋਬ ਪੈਕਮ ਪਿਆਰੇ ਲਾਲ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲ ਦਾਤਾ, ਦੀਨ ਦਿਆਲ ਦਇਆਵਾਨ ਤੇਰੀ ਸਰਨਾਈਆ । ਜਨ ਭਗਤਾਂ ਆਪਣੇ ਨਾਮ ਦੀ ਬਖ਼ਸ਼ ਅਗੰਮੀ ਦਾਤਾ, ਸੌਗ਼ਾਤ ਧੁਰ ਦੀ ਝੋਲੀ ਪਾਈਆ । ਜਿਨ੍ਹਾਂ ਚਾਰ ਜੁਗ ਦੀਆਂ ਛਡੀਆਂ ਜਮਾਤਾਂ, ਸ਼ਰਅ ਦੀਨ ਦੁਨੀ ਤਜਾਈਆ । ਕਲਜੁਗ ਮਿਟਾ ਦੇ ਅੰਧੇਰੀਆਂ ਰਾਤਾਂ, ਭਿੰਨੜੀ ਰੈਣ ਆਪਣੇ ਰੰਗ ਰੰਗਾਈਆ । ਜਨ ਭਗਤਾਂ ਏਥੇ ਓਥੇ ਬਣ ਪਿਤਾ ਮਾਤਾ, ਦੋ ਜਹਾਨ ਹੋਣਾ ਆਪ ਸਹਾਈਆ । ਹਰਿਜਨ ਦਰ ਤੇਰੇ ਰਹੇ ਨਾ ਕੋਇ ਨਿਰਾਸਾ, ਆਸਾ ਸਭ ਦੀ ਪੂਰ ਕਰਾਈਆ । ਸਚ ਪ੍ਰੀਤੀ ਚਰਨ ਕਵਲ ਬਖ਼ਸ਼ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਹਰ ਘਟ ਅੰਦਰ ਤੇਰਾ ਵਾਸਾ, ਵਾਸਤਾ ਆਪਣੇ ਨਾਲ ਰਖਾਈਆ । ਤੂੰ ਆਦਿ ਪੁਰਖ ਜੋਤੀ ਜਾਤਾ, ਜਾਗਰਤ ਜੋਤ ਕਰ ਰੁਸ਼ਨਾਈਆ ।

ਸਚ ਦਵਾਰ ਤੇਰੇ ਨਾਮ ਦੀ ਪਏ ਰਾਸਾ, ਕਾਇਆ ਮੰਡਲ ਮੰਡਪ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਵੇਖ ਆਪਣੇ ਭਗਤ ਸੁਹੇਲੇ ਗੁਰਮੁਖ ਲਾਲ, ਲਾਲ ਲਾਲਨ ਰੰਗ ਰੰਗਾਈਆ । ਕਲਜੁਗ ਅੰਤਮ ਕਰ ਸੰਭਾਲ, ਸੰਭਲ ਆਪਣੀ ਗੋਦ ਟਿਕਾਈਆ । ਜਗਤ ਮਾਇਆ ਤੋੜ ਜੰਜਾਲ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਮਾਨਸ ਜਨਮ ਦੀ ਲੇਖੇ ਪਾ ਘਾਲ, ਚੁਰਾਸੀ ਫਾਸੀ ਰਹੇ ਨਾ ਰਾਈਆ । ਮੇਰੀ ਇਕ ਬੇਨੰਤੀ ਇਕ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਦੇਣਾ ਚੜ੍ਹਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਤੇਰਾ ਨੂਰ ਨੁਰਾਨਾ ਨੂਰ ਅਗੰਮੀ ਚੰਦਨ, ਚੰਦ ਸਿਤਾਰ ਸਾਰੇ ਸੀਸ ਨਿਵਾਈਆ । ਤੇਰਾ ਖੇਲ ਪੁਰੀ ਲੋਅ ਆਕਾਸ਼ ਪਾਤਾਲ ਬ੍ਰਹਿਮੰਡਣ, ਬ੍ਰਹਿਮੰਡ ਖੰਡ ਤੇਰਾ ਰਾਹ ਤਕਾਈਆ । ਤੇਰਾ ਨੂਰ ਜ਼ਹੂਰ ਜ਼ੇਰਜ ਅੰਡਨ, ਉਤਭੁਜ ਸੇਤਜ ਤੇਰੀ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਤੇਰੇ ਮੰਗਣ, ਅਵਤਾਰ ਪੈਗ਼ੰਬਰ ਗੁਰ ਬੈਠੇ ਝੋਲੀਆਂ ਡਾਹੀਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਵਾਲੀ ਦੋ ਜਹਾਨਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਸਤਿ ਸਚ ਸਚ ਪ੍ਰੀਤੀ ਦੇ ਦੇ ਆਤਮ ਪਰਮਾਤਮ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਮੇਰੇ ਮਹਿਬੂਬਾ ਜਨ ਭਗਤਾਂ ਟੁਟੀਆਂ ਆਇਉਂ ਗੰਢਣ, ਗੰਢ ਧੁਰ ਦਾ ਨਾਮ ਰਖਾਈਆ । ਹਰਿਜਨ ਆਪਣੇ ਰੰਗ ਰੰਗਾਉਣੇ ਜੋ ਬੈਠੇ ਵਿਚ ਲੰਡਨ, ਲੈਂਡ ਇੰਗਲੈਂਡ ਦੇਣੀ ਸੁਹਾਈਆ । ਤੂੰ ਆਦਿ ਪੁਰਖ ਸਵਾਮੀ ਆਦਿ ਨਿਰੰਜਣ, ਨਿਰੰਜਣ ਤੇਰਾ ਨੂਰ ਨਜ਼ਰੀ ਆਈਆ । ਮਸਤਕ ਧੂੜੀ ਖ਼ਾਕ ਰਮਾ ਦੇ ਚੰਦਨ, ਦੁਰਮਤ ਮੈਲ ਮੈਲ ਧਵਾਈਆ । ਗ਼ਰੀਬ ਨਿਮਾਣੇ ਆਤਮ ਧਾਰ ਲਗਾਉਣੇ ਆਪਣੇ ਅੰਗਣ, ਅੰਗੀਕਾਰ ਆਪ ਅਖਵਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ੰਦਨ, ਬਖ਼ਸ਼ਣਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਸਤਿਗੁਰ ਸ਼ਬਦ ਕਹੇ ਪ੍ਰਭੁ ਜਨ ਭਗਤਾਂ ਉਪਰ ਕਰ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਪ੍ਰੇਮ ਦੀ ਦੇ ਨਿਸ਼ਾਨੀ, ਨਿਸ਼ਾਨਾ ਅਣਿਆਲਾ ਨਾਮ ਵਾਲਾ ਲਗਾਈਆ । ਤੂੰ ਆਤਮ ਬ੍ਰਹਮ ਦਾ ਬ੍ਰਹਮ ਗਿਆਨੀ, ਪਾਰਬ੍ਰਹਮ ਪਰਦਾ ਦੇਣਾ ਉਠਾਈਆ । ਗੁਰਮੁਖਾਂ ਲੇਖਾ ਮੁਕਾ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੇਖਾ ਰਿਹਾ ਨਾ ਰਾਈਆ । ਧੁਰ ਦੀ ਮੰਜ਼ਲ ਦੱਸ ਨੁਰਾਨੀ, ਆਤਮ ਪਰਮਾਤਮ ਮੇਲਾ ਹੋਵੇ ਸਹਿਜ ਸੁਭਾਈਆ । ਆਦਿ ਪੁਰਖ ਅਪਰੰਪਰ ਸਵਾਮੀ ਘਟ ਜਾਣ ਜਾਣੀ, ਜਾਣਨਹਾਰ ਤੇਰੀ ਵਡਿਆਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇ ਪਾਣੀ, ਕਵਲ ਨਾਭੀ ਨਾਭੀ ਕਵਲ ਆਪ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭੁ ਜਨ ਭਗਤਾਂ ਸੇਵਾ ਲੇਖੇ ਲਾਉਣੀ, ਸੇਵਕ ਸੇਵਾ ਵਿਚ ਸਮਾਈਆ । ਸਭ ਦੀ ਮਨਸਾ ਪੂਰੀ ਕਰਨੀ ਮਨ ਭਾਉਣੀ, ਜੋ ਭਾਵਨਾ ਤੇਰੇ ਅਗੇ ਰਖਾਈਆ । ਕਲਜੁਗ ਅੰਤ ਜੋ ਘੜੀ ਈਸਾ ਦੇ ਘੜਿਆਲ ਵਾਲੀ ਅੰਤਮ ਆਉਣੀ, ਕਲਾਕ ਆਪਣਾ ਰੂਪ ਬਦਲਾਈਆ । ਦੀਨ ਦੁਨੀ ਤੇਰੀ ਖੇਲ ਵਰਤਣੀ ਅਣਹੋਣੀ, ਸਮਝ ਸਕੇ ਕੋਇ ਨਾ ਰਾਈਆ । ਤੇਰਾ ਹੁਕਮ ਸੰਦੇਸਾ ਫਿਰਨਾ ਪਵਣ ਪੌਣੀ, ਪਾਣੀ ਜਲ ਥਲ ਅਸਗਾਹ ਨੈਣ

੩੨੦
੨੩

ਰਹੇ ਉਠਾਈਆ । ਬਿਨ ਤੇਰੀ ਕਿਰਪਾ ਤੇਰੀ ਸਾਰ ਕਿਸੇ ਨਾ ਪਾਉਣੀ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਮੇਰੇ ਸਾਹਿਬ ਕੰਤ ਭਗਵੰਤ ਸਭ ਦੀ ਕਰਨੀ ਕਰਤੇ ਤੇਰੇ ਕੋਲੋਂ ਬਖ਼ਸ਼ਾਉਣੀ, ਪਤਤ ਪੁਨੀਤ ਦੇਣੇ ਕਰਾਈਆ । ਹਰਿਸੰਗਤ ਹਰਿਜਨ ਹਰਿਭਗਤ ਆਪਣੇ ਰੰਗ ਰੰਗਾਉਣੀ, ਰੰਗ ਮਜੀਠ ਦੇਣਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਸਿਤਾਰ ਬਿਨ ਸੁਰ ਤਾਲ ਵਜਾਉਣੀ, ਅਨਾਦ ਨਾਦੀ ਧੁਨ ਕਰਨੀ ਸ਼ਨਵਾਈਆ ।

✪ ੧੯ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਬਲਵੀਦਰੀ ਕੈਂਟ ੨੯ ਰਿਪਲੀ ਰੋਡ ਦਰਸ਼ਨ ਸਿੰਘ ਦੇ ਗ੍ਰਹਿ ✪

ਹਜ਼ਰਤ ਈਸਾ ਕਹੇ ਮੇਰੀ ਸੋਹੇ ਲੈਂਡ, ਮਾਰਕ ਮਾਰਕ ਪਿਛਲਾ ਵੇਖ ਵਖਾਈਆ । ਮੇਰਾ ਸਜਦਾ ਖ਼ਾਲੀ ਹੈਂਡ, ਹੈਂਡਜ਼ ਅਪ ਕਰ ਕੇ ਸੀਸ ਨਿਵਾਈਆ । ਜੋ ਹੁਕਮ ਸੰਦਸਾ ਮੇਰੇ ਪਰਵਰਦਿਗਾਰ ਕੀਤਾ ਸੈਂਡ, ਧੁਰ ਫਰਮਾਨਾ ਇਕ ਜਣਾਈਆ । ਓਹ ਸੁਣਿਆ ਯੂਰਪ ਵਿਚ ਇੰਗਲੈਂਡ, ਇੰਗਲਿਸਤਾਨ ਅੱਖ ਖੁਲਾਈਆ । ਮੇਰੇ ਮਹਿਬੂਬਾ ਤੇਰੀ ਸਦੀ ਬੀਸਵੀਂ ਦਿਸੇ ਐਂਡ, ਇੰਡੈਕਸ ਸਦੀ ਸਦੀਵੀ ਵੇਖ ਵਖਾਈਆ । ਤੇਰੇ ਪਿਆਰ ਦੇ ਸ਼ਾਦਿਆਨੇ ਵਿਚ ਮੇਰੀ ਆਸਾ ਦਾ ਵੱਜੇ ਬੈਂਡ, ਤਰਾਨੇ ਖ਼ੁਸ਼ੀਆਂ ਵਾਲੇ ਗਾਈਆ । ਮੂਸਾ ਨਾਲ ਹੋਣਾ ਜੁਆਇੰਡ, ਨਾਤਾ ਹੁਕਮ ਵਾਲਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਹਜ਼ਰਤ ਈਸਾ ਕਹੇ ਪ੍ਰਭੂ ਮੇਰੀ ਅੰਤ ਟਾਪ ਦੀ ਟਿਪ, ਬਿਨ ਨੈਣਾਂ ਵੇਖ ਵਖਾਈਆ । ਭੇਵ ਖੋਲ ਨਾ ਸਕੇ ਮੇਰਾ ਲਿਪ, ਲਿਪਸ ਕਹਿਣ ਕਿਛ ਨਾ ਪਾਈਆ । ਆਪਣੀ ਕਰਨੀ ਧਾਰ ਵੇਖ ਹਿਪ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਹੁਕਮ ਨਾਲ ਮੈਂ ਤੇਰੇ ਚਰਨਾਂ ਬੈਠਾ ਸਿਟ, ਸਟੈਂਡ ਨਜ਼ਰ ਕੋਇ ਨਾ ਆਈਆ । ਤੂੰ ਲੇਖਾ ਦੱਸ ਇਟ, ਇਟਸ ਕੀ ਆਪਣੀ ਕਾਰ ਕਮਾਈਆ । ਮੈਂ ਤੇਰੀ ਮੁਹੱਬਤ ਵਿਚ ਹੋਇਆ ਵਿਟ, ਮਿਹਰਵਾਨ ਕੀ ਤੇਰੀ ਬੇਪ੍ਰਵਾਹੀਆ । ਤੇਰੇ ਅਗੇ ਮੇਰੀ ਨਹੀਂ ਕੋਈ ਰਿਟ, ਰਿਟਨ ਆਸਾ ਨਾ ਕੋਇ ਰਖਾਈਆ । ਇਕੋ ਅੱਖਰ ਕਲਮੇ ਦੀ ਚਿਟ, ਜੋ ਵਾਈਟ ਹਾਈਟ ਅਗੰਮ ਉਤੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਹਜ਼ਰਤ ਕਹੇ ਮੇਰੇ ਮਹਿਬੂਬ ਤੇਰਾ ਹੁਕਮ ਕਵਾਈਟ, ਕੁਇਕ ਲੈਣਾ ਮਨਾਈਆ । ਤੇਰੇ ਸ਼ਬਦ ਵਾਲੀ ਫ਼ਾਈਟ, ਫਿਟ ਆਪੇ ਲੈਣਾ ਕਰਾਈਆ । ਮੇਰੀ ਸ਼ਰਅ ਦੀ ਤਕਣੀ ਨਾਈਟ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਮਿਹਰਵਾਨ ਸਾਚੀ ਦਿਸ਼ਾ ਤੱਕਣੀ ਸਾਈਡ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਨਾ ਜਾਣਾ ਤੇਰਾ ਲੇਖਾ ਨੈਰੋ ਕਿ ਵਾਈਡ, ਬੇਅੰਤ ਤੇਰੀ ਬੇਪ੍ਰਵਾਹੀਆ । ਦੋ ਜਹਾਨਾਂ ਤੁਧ ਬਿਨ ਦਿਸੇ ਕੋਈ ਨਾ ਗਾਈਡ, ਭੇਵ ਅਭੇਦ ਨਾ ਕੋਇ ਖੁਲਾਈਆ । ਅੰਤ ਮਾਰਗ ਵੇਖ ਰੈਡ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੇਰੀ ਦੁਨੀਆ ਤੇਰੇ ਹੁਕਮ ਵਿਚ ਡਾਈਡ ਹੋਵੇ ਕਿ ਡੈਡ, ਵਰਲਡ ਲੇਖਾ ਦੇ ਸਮਝਾਈਆ । ਮੈਨੂੰ ਇਉਂ ਦਿਸਦਾ ਧਰਨੀ ਖ਼ਾਕ ਸਭ ਦਾ ਬਣੇ ਬੈਡ, ਮਕਬਰੇ ਰਾਹ ਤਕਾਈਆ । ਤੇਰੇ ਹੁਕਮ ਦਾ ਪਰਦਾ ਉਤੇ ਆਵੇ ਲੈਡ, ਲਿਡ ਆਪਣੀ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਈਸਾ

ਕਹੇ ਮੇਰੇ ਮਾਲਕ ਤੇਰਾ ਅਗੰਮੀ ਸੋਲ, ਨੇਤਰ ਨਜ਼ਰ ਕਿਸੇ ਨਾ ਆਈਆ । ਮੈਨੂੰ ਇਸ਼ਾਰਾ ਦਿਤਾ ਮੇਰੇ ਅੰਦਰ ਮੰਦਰ ਵਾਲੇ ਹੋਲ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੈਨੂੰ ਨਜ਼ਰ ਆਇਆ ਤੇਰੇ ਸਤਿ ਸਚ ਦਾ ਪੋਲ, ਪਰਮ ਪੁਰਖ ਕੀ ਤੇਰੀ ਬੇਪਰਵਾਹੀਆ । ਤੇਰਾ ਲਹਿਣਾ ਦੇਣਾ ਲੇਖਾ ਰਾਊਂਡ, ਰੋਲ ਕਿ ਗੋਲ ਪਰਦਾ ਪਰਦਿਆਂ ਵਿਚੋਂ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਝਟ ਮੂਸਾ ਕਹੇ ਮੇਰੇ ਆਜ਼ੇਵਜ਼ੂ ਜਾ ਜ਼ਾਜ਼ਸੀ ਈਸਤੋਮਨੁਦ ਸ਼ਮਾ ਸ਼ੇਮਜ਼ੂ ਨਿਵਜੇ ਖ਼ੁਦਾ ਉਹ ਤੱਕ ਮੁਹੰਮਦੇ ਰਜ਼ਾ ਜ਼ਵਹੀ ਜ਼ਮੂ ਨੂਰੇ ਅਲਾਹ ਮਾਕਸ਼ਤੇ ਖਵਿਦ ਨਾਜ਼ਿਸਤੇ ਯਹੂ ਦੁਆਏ ਸਵਗ ਕਮਿਲਜ਼ੋ ਚਾਨਿਸਤੇ ਅਵਦ ਗੋਸ਼ੇ ਖ਼ਮੂ ਨੀਜ਼ੇ ਅਵਾਂ ਨੂਰੇ ਅਮਾਂ ਤਖ਼ਲੇ ਜ਼ਵਾਂ ਹਜ਼ਰਤੇ ਨਾਉ ਜ਼ੋਓਫੇ ਬਵਾ ਜ਼ੂਜ਼ੇ ਖ਼ੁਦਾ ਮੂਸੇ ਰਜ਼ਾ ਮੁਹੰਮਦੇ ਅਜ਼ਾ ਕਾਵਿਨਜ਼ੇ ਕੁਨਾ ਅਲਾਹੇ ਪਨਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਈਸਾ ਕਹੇ ਮੇਰੇ ਪਰਵਰਦਿਗਾਰ, ਬੇਪਰਵਾਹ ਤੇਰੀ ਸਰਨਾਈਆ । ਖ਼ਾਦਮ ਤੱਕ ਖ਼ਿਦਮਤਗਾਰ, ਸੇਵਕ ਸੇਵ ਕਮਾਈਆ । ਦਸਤ ਬਦਸਤ ਮੰਗਾਂ ਮੰਗ ਦਵਾਰ, ਦਰ ਠਾਂਡੇ ਆਸ ਰਖਾਈਆ । ਜੋ ਤਖ਼ਤੇ ਸਲੀਵ ਦਿਤਾ ਨਜ਼ਾਰ, ਨਜ਼ਰੀਆ ਨਜ਼ਰ ਵਿਚੋਂ ਬਦਲਾਈਆ । ਸੋ ਪਰਦਾ ਦੇ ਉਤਾਰ, ਪਰਦਾਨਸ਼ੀਂ ਆਪਣਾ ਭੇਵ ਖੁਲਾਈਆ । ਤੇਰਾ ਨੂਰ ਹੋਵੇ ਉਜਿਆਰ, ਓਹਲਾ ਨਜ਼ਰ ਕੋਇ ਨਾ ਆਈਆ । ਤੂੰ ਸ਼ਹਿਨਸ਼ਾਹ ਸ਼ਾਹ ਸੱਚੀ ਸਰਕਾਰ, ਪਾਤਸ਼ਾਹ ਬੇਪਰਵਾਹੀਆ । ਸਭ ਕਿਛ ਤੇਰੇ ਅਖ਼ਤਿਆਰ, ਮੁਖ਼ਤਾਰਨਾਮੇ ਸਾਡੇ ਤੇਰੀ ਕਿਰਪਾ ਨਜ਼ਰੀ ਆਈਆ । ਸਦੀ ਬੀਸਵੀਂ ਬੀਸੇ ਜਗਦੀਸ਼ੇ ਆਪਣਾ ਹੁਕਮ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ,

੩੨੨ ੨੩ ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਪਰਵਰਦਿਗਾਰ ਕਹੇ ਸੁਣ ਹਜ਼ਰਤ ਈਸਾ ਇਸਮ ਆਜ਼ਮ ਇਕ ਜਣਾਈਆ । ਬੇਸ਼ਕ ਤੇਰਾ ਨਹੀਂ ਜਿਸਮ, ਤਨ ਵਜੂਦ ਨਾ ਕੋਇ ਰਖਾਈਆ । ਮੇਰੇ ਹੁਕਮ ਦਾ ਤੇਰਾ ਧਰਤੀ ਉਤੇ ਚਲਿਆ ਮਿਸ਼ਨ, ਸੰਦੇਸਾ ਦਿਤਾ ਥਾਉਂ ਥਾਈਂਆ । ਮੈਨੂੰ ਕੁਸ਼ਾ ਦੀਪ ਸਾਰੇ ਦਿਸਣ, ਓਹਲੇ ਰਹਿਣ ਕੋਇ ਨਾ ਪਾਈਆ । ਮੈਂ ਸਭ ਦਾ ਲੇਖਾ ਜੁਗ ਜੁਗ ਆਪਣਾ ਆਵਾਂ ਲਿਖਣ, ਧੁਰ ਫ਼ਰਮਾਨਾ ਸ਼ਬਦ ਪ੍ਰਗਟਾਈਆ । ਕਲਜੁਗ ਅੰਤਮ ਆਵਾਂ ਜਿੱਤਣ, ਜਗਤ ਜਹਾਨ ਵੇਖਾਂ ਛਾਹੀਆ । ਬੇਸ਼ਕ ਤੁਹਾਨੂੰ ਆਪਣਾ ਭੇਵ ਨਹੀਂ ਸਮਝਾਇਆ ਰਿਟਨ, ਧੁਰ ਸੰਦੇਸੇ ਨਾਲ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਹਜ਼ਰਤ ਈਸਾ ਕਹੇ ਪ੍ਰਭੂ ਮੇਰਾ ਵੇਖ ਲੈ ਹੁਕਮ ਵਾਲਾ ਕਲਾਕ, ਜਿਸ ਦੀ ਕਲਾ ਨਜ਼ਰ ਕਿਸੇ ਨਾ ਆਈਆ । ਇਕੋ ਮੇਰੀ ਤੇਰੇ ਨਾਲ ਟਾਕ, ਦੂਜਾ ਸ਼ਬਦ ਨਾ ਕੋਇ ਸੁਣਾਈਆ । ਮੈਂ ਤੇਰੇ ਹੁਕਮ ਵਿਚ ਕੀਤਾ ਵਾਕ, ਚਲਿਆ ਚਾਈਂ ਚਾਈਂਆ । ਤੂੰ ਜਗਤ ਜਹਾਨ ਦੀ ਆਸ਼ਾ ਵੇਖੇਂ ਰਾਕ, ਚਟਾਕ ਸਕੇ ਨਾ ਕੋਇ ਤੁੜਾਈਆ । ਪਤਾ ਨਹੀਂ ਕਿਸ ਬਿਧ ਅੰਦਰ ਲਾਇਆ ਲਾਕ, ਤੇਰੇ ਨਾਮ ਦੀ ਕੀਅ ਖੋਲ ਸਕੇ ਨਾ ਰਾਈਆ । ਜਗਤ ਵਾਸ਼ਨਾ ਤੇਰੇ ਪ੍ਰੇਮ ਨਾਲੋਂ ਹਾਟ, ਹੈਟ ਵਾਲੇ ਸਾਰੇ ਰੋਵਣ ਮਾਰਨ ਧਾਹੀਂਆ । ਮੈਂ ਨਿੱਕਾ ਜਿਹਾ ਹਿੱਸਾ ਤੇਰਾ ਪਾਰਟ, ਨੰਨ੍ਹਾ ਬੱਚਾ ਜਗਤ ਜਹਾਨ ਨਜ਼ਰੀ ਆਈਆ । ਤੇਰਾ ਖੇਲ ਅਵੱਲਾ ਸਾਹਿਬ ਸਵਾਮੀ ਆਰਟ, ਆਰਟਿਸਟ ਤੇਰਾ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਈਸਾ ਕਹੇ

ਮੇਰੇ ਮਾਲਕ ਤੇਰੀ ਪਾਵਰ ਵਿਲ, ਵੈਲਕਮ ਕਹਿ ਕੇ ਸੀਸ ਨਿਵਾਈਆ । ਤੈਨੂੰ ਵਿਚ ਸੀ ਤੱਕਾਂ ਕਿ ਤੱਕਾਂ ਉਤੇ ਹਿਲ, ਮਾਊਂਟ ਉਤੇ ਵੇਖ ਵਖਾਈਆ । ਤੇਰਾ ਨਜ਼ਾਰਾ ਦਿਸੇ ਕਿਹੜੀ ਬਿਲ, ਭੇਵ ਅਭੇਦਾ ਦੇਣਾ ਚੁਕਾਈਆ । ਮੈਨੂੰ ਇਉਂ ਦਿਸਦਾ ਮੇਰੇ ਮੁਰੀਦ ਸਾਰੇ ਹੋਏ ਇਲ, ਤੰਦਰੁਸਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਹਜ਼ਰਤ ਕਹੇ ਮੇਰੇ ਪ੍ਰਭੂ ਮੇਰਾ ਵੇਖਲਾ ਲੈਂਡ ਹੋਮ, ਹੋਮ ਨਜ਼ਰ ਕਿਸੇ ਨਾ ਆਈਆ । ਮੇਰਾ ਲਹਿਣਾ ਦੇਣਾ ਪਿਛਲਾ ਵਿਚ ਰੋਮ, ਰੋਮ ਰੋਮ ਮੇਰਾ ਦਏ ਦੁਹਾਈਆ । ਫੇਰ ਨਾਤਾ ਤੱਕ ਲੈ ਦੋਮ, ਕੀ ਮੂਸਾ ਗੰਢ ਪਵਾਈਆ । ਕੀ ਲਹਿਣਾ ਦੇਣਾ ਹਜ਼ਰਤ ਮੁਹੰਮਦ ਸੋਮ, ਸੋਹਣਿਆਂ ਅੱਖ ਦੇ ਖੁਲਾਈਆ । ਕੀ ਇਸ਼ਾਰਾ ਦਿਤਾ ਸੱਨ ਮੂਨ, ਚੰਦ ਚਾਂਦਨੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਈਸਾ ਕਹੇ ਮੈਂ ਤੇਰਾ ਖੇਲ ਤੱਕਿਆ ਬਿਨ ਨੈਣਾਂ ਵਾਰ ਅੱਸੀ, ਅਸਲ ਦਿਆਂ ਜਣਾਈਆ । ਇਹ ਖ਼ਬਰ ਮੈਂ ਕਿਸੇ ਨਹੀਂ ਸੀ ਦੱਸੀ, ਅੰਜੀਲ ਜ਼ੁਨਹਾ ਨਾ ਕੋਇ ਚਤੁਰਾਈਆ । ਜਿਸ ਵੇਲੇ ਮੇਰੇ ਗੱਲ ਵਿਚ ਪਾਈ ਰੱਸੀ, ਸਲੀਵ ਫਾਸੀ ਸੱਤਾਂ ਰੰਗਾਂ ਵਾਲੀ ਲਟਕਾਈਆ । ਮੇਰੀ ਖ਼ਾਹਿਸ਼ ਤੇਰੇ ਦਰ ਤੇ ਨੱਸੀ, ਭੱਜੀ ਵਾਹੋ ਦਾਹੀਆ । ਮੇਰੀ ਆਸ਼ਾ ਖਿੜ ਖਿੜਾ ਹੱਸੀ, ਹਸਤੀ ਤੱਕ ਅਗੰਮ ਅਥਾਹੀਆ । ਮੇਰੇ ਮਹਿਬੂਬਾ ਕੁਛ ਮੇਰੇ ਨਾਲ ਕਰ ਪੱਕੀ, ਵਾਅਦਾ ਆਪਣਾ ਲੈ ਬਣਾਈਆ । ਓਸ ਵੇਲੇ ਬਖ਼ਸ਼ਿਸ਼ ਦੀ ਮੈਨੂੰ ਮਿਲੀ ਰਤੀ, ਰਤਨਾਂ ਦੇ ਮਾਲਕ ਦਿਆਂ ਜਣਾਈਆ । ਨਾਲ ਸੰਦੇਸਾ ਦਿਤਾ ਨਾਨਕ ਧਾਰ ਨੇ ਰਾਗ ਗਾਉਣੇ ਛੱਤੀ, ਛਤੀਸਾ ਆਪਣਾ ਖੇਲ ਖਿਲਾਈਆ । ਜਿਸ ਨੇ ਗੋਬਿੰਦ ਦੀ ਧਾਰ ਪੜ੍ਹਨੀ ਪੱਟੀ, ਪਾਟਲ ਆਪਣਾ ਪਰਦਾ ਲਾਹੀਆ । ਅੰਤਮ ਉਸੇ ਦਾ ਨੂਰ ਜੋਤ ਜਗੇ ਲਟ ਲਟੀ, ਲਾਈਟ ਇਕੋ ਨਜ਼ਰੀ ਆਈਆ । ਓਹ ਤੇਰਾ ਧਰਨੀ ਵਾਲਾ ਦੇਸ਼ ਵੇਖੇ ਤੇਰੀ ਆਸ਼ਾ ਨਾਲ ਫਿਰੇ ਨੱਠੀ, ਸਗਲਾ ਸੰਗ ਬਣਾਈਆ । ਸਮੁੰਦ ਸਾਗਰਾਂ ਫਿਰੇ ਟੱਪੀ, ਟਾਪੂਆਂ ਚਰਨਾਂ ਹੇਠ ਦਬਾਈਆ । ਈਸਾ ਉਸ ਵੇਲੇ ਤੂੰ ਮੇਰਾ ਮੈਂ ਤੇਰਾ ਇਕੋ ਕਲਮਾ ਜਪੀਂ, ਬਿਨ ਰਸਨਾ ਜਿਹਵਾ ਹਿਲਾਈਆ । ਪਰ ਤੂੰ ਯਾਦ ਰਖੀਂ ਤੇਰੀ ਕੌਮ ਕੀ ਹੈਪੀ ਹੋਵੇ ਕਿ ਹਿੱਪੀ, ਹੋਪ ਕੀ ਸਮਝਾਈਆ । ਨਾਲੇ ਇਸ਼ਾਰਾ ਦਿਤਾ ਤੇਰੇ ਮਹਿਬੂਬ ਨੇ ਫਿਰ ਬਦਲ ਦੇਣੀ ਲਿਪੀ, ਲੈਂਗਵੇਜ ਟੰਗ ਇਕ ਦਏ ਜਣਾਈਆ । ਨਾਲ ਵਖਾਇਆ ਸੱਸੇ ਤੇ ਹੋੜਾ ਤੇ ਹਾਹੇ ਤੇ ਟਿੱਪੀ, ਟੀਕਾ ਟਿਪਣੀ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਧਾਰ ਪਰਵਰਦਿਗਾਰ ਦੀ ਹੋਣੀ ਸਿੱਖੀ, ਪੁਰਖ ਅਕਾਲ ਧੁਰ ਦਾ ਰਾਮ ਇਕੋ ਰੰਗ ਰੰਗਾਈਆ । ਓਸੇ ਵੇਲੇ ਝਟ ਜਲਾਦ ਨੇ ਥੱਲਿਉਂ ਰੱਸੀ ਖਿੱਚੀ, ਜ਼ੋਰ ਨਾਲ ਹਿਲਾਈਆ । ਝਟ ਸਾਢੇ ਤਿੰਨ ਉਂਗਲਾਂ ਲੰਮੀ ਹੋ ਗਈ ਗਿਚੀ, ਆਪਣਾ ਬਲ ਰਿਹਾ ਨਾ ਰਾਈਆ । ਓਸ ਵੇਲੇ ਖ਼ੁਦਾ ਨੇ ਖ਼ੁਦ ਖ਼ਬਰ ਦਿਤੀ ਨਿੱਕੀ, ਬਿਨਾ ਸਵਾਸਾਂ ਤੋਂ ਦਿਤੀ ਜਣਾਈਆ । ਈਸਾ ਤੇਰੀ ਇਕ ਨੌਂ ਸੱਤ ਦੋ ਧਾਰ ਦੀ ਮੇਰੇ ਸ਼ਹਿਨਸ਼ਾਹੀ ਅੱਠ ਸੰਮਤ ਦੀ ਮਿਤੀ, ਮਿਤਰਾ ਤੇਰਾ ਰੰਗ ਰੰਗਾਈਆ । ਜਿਸ ਨੂੰ ਸਮਝੇ ਕੋਇ ਨਾ ਮੁਨੀ ਰਿਖੀ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਜ਼ਰਤ ਈਸਾ ਛੱਡਿਆ ਤਨ ਵਜੂਦ, ਨਾਤਾ ਕੂੜ ਤਜਾਈਆ । ਮਿਲ ਕੇ ਹਕ ਮਹਿਬੂਬ, ਆਪਣੀ ਖ਼ੁਸ਼ੀ ਬਣਾਈਆ । ਤੱਕ ਕੇ ਉਚ ਅਰੂਜ, ਬੈਠਾ ਸੋਭਾ ਪਾਈਆ । ਤੇਰੀ ਮੰਜ਼ਲ ਹਕ ਮਕਸੂਦ, ਨੂਰ ਨੁਰਾਨੇ

ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਹਜ਼ਰਤ ਈਸਾ ਮਿਲ ਕੇ ਦਰਗਾਹ ਹਕ, ਹਕ ਦਿਤਾ ਸੁਣਾਈਆ । ਪਰਵਰਦਿਗਾਰ ਧਰਨੀ ਉਤੇ ਤੱਕ, ਆਪਣੀ ਦਇਆ ਕਮਾਈਆ । ਮੇਰਾ ਕਲਾਕ ਕਰੇ ਟਕ ਟਕ, ਟਿਕਟਿਕੀ ਤੇਰੇ ਵਲ ਲਗਾਈਆ । ਮੈਂ ਸੰਦੇਸਾ ਦੇ ਕੇ ਆਇਆ ਸਚ, ਸੁਣਾਇਆ ਥਾਉਂ ਥਾਈਆ । ਅੰਤਮ ਆਵੇ ਮੇਰਾ ਮਾਲਕ ਸਮਰਥ, ਦਾਤਾ ਧੁਰਦਰਗਾਹੀਆ । ਜਿਸ ਦਾ ਜੁਗ ਚੌਕੜੀ ਚਲੇ ਰਥ, ਰਥ ਰਥਵਾਹੀ ਆਪਣਾ ਹੁਕਮ ਵਰਤਾਈਆ । ਓਹ ਵੇਲਾ ਬੜਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਮੇਰੇ ਪਿਆਰਿਓ ਆਪਣੀ ਆਸ਼ਾ ਵਿਚ ਜਾਣਾ ਨੱਠ, ਸਗਲਾ ਸੰਗ ਨਾ ਕੋਇ ਬਣਾਈਆ । ਨਾਲੇ ਜ਼ਿਮੀਂ ਅਸਮਾਨ ਵਲ ਤੱਕਿਆ ਵਾਰ ਅੱਠ, ਅੱਠਾਂ ਤਤਾਂ ਖੋਜ ਖੁਜਾਈਆ । ਝਟ ਜੋਤੀ ਨੂਰ ਨਜ਼ਰ ਆਇਆ ਲਟ ਲਟ, ਨੂਰ ਨੁਰਾਨਾ ਡਗਮਗਾਈਆ । ਧੁਰ ਆਵਾਜ਼ ਆਈ ਬਿਨਾ ਸਰੀਰ ਤੋਂ ਲਾਈ ਸੱਟ, ਸਵਾਧਾਨ ਦਿਤਾ ਕਰਾਈਆ । ਓਹ ਵੇਖ ਆਪਣਾ ਅੰਤਮ ਲੇਖਾ ਜਿਸ ਵੇਲੇ ਲਗਣਾ ਫੱਟ, ਘਾਓ ਡੂੰਘਾ ਵੇਖ ਵਖਾਈਆ । ਤੇਰਾ ਪਰਵਰਦਿਗਾਰ ਸਾਂਝਾ ਯਾਰ ਕਲਾਕਾਰ ਹੋਣਾ ਤੇ ਰੂਪ ਹੋਵੇ ਜੱਟ, ਸੰਬਲ ਆਪਣਾ ਖੇਲ ਖਿਲਾਈਆ । ਜਿਸ ਨੇ ਉਲਟੀ ਗੇੜਨੀ ਲੱਠ, ਚਾਰ ਕੁੰਟ ਦਏ ਭਵਾਈਆ । ਲੇਖਾ ਜਾਣੇ ਵਜੂਦ ਕਾਇਆ ਮਾਟੀ ਹੱਟ, ਲੱਖ ਚੁਰਾਸੀ ਫੋਲ ਫੁਲਾਈਆ । ਓਹ ਤੇਰੇ ਜ਼ਰੂਰ ਜ਼ਰੂਰ ਘਾਟ ਪੁੱਜੇ ਕਿਨਾਰੇ ਤਟ, ਥਲ ਅਸਗਾਹਾਂ ਵੇਖ ਵਖਾਈਆ । ਤੂੰ ਓਹ ਸਚ ਦੱਸ ਕਿ ਤੂੰ ਹਾਊਸ ਹੋਮ ਰਹਿਣਾ ਕਿ ਰਹਿਣਾ ਵਿਚ ਹੱਟ, ਕਵਣ ਦਵਾਰਾ ਸੋਭਾ ਪਾਈਆ । ਹਜ਼ਰਤ ਈਸਾ ਕਿਹਾ ਮੇਰੇ ਮਹਿਬੂਬਾ ਮੈਨੂੰ ਇਉਂ ਦਿਸਦਾ ਜਿਵੇਂ ਸਭ ਕੁਛ ਜਾਣਾ ਢੱਠ, ਬਿਨ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਮੇਰਾ ਕੋਈ ਨਹੀਂ ਸਵਾਲੀਆ ਫ਼ਿਕਰਾ ਵੱਟ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੁਰਖ ਅਕਾਲ ਕਿਹਾ ਈਸਾ ਖੇਲ ਵੇਖ ਅਜ਼ੀਮ, ਕੀ ਆਜ਼ਮ ਰਿਹਾ ਕਰਾਈਆ । ਜਿਸ ਨੇ ਦੀਨ ਦੁਨੀ ਬਦਲ ਦੇਣੀ ਤਾਲੀਮ, ਕਰੇ ਹਕ ਪੜ੍ਹਾਈਆ । ਉਸ ਦੇ ਉਤੇ ਸਭ ਨੂੰ ਕਰਨਾ ਪੈਣਾ ਯਕੀਨ, ਜੋ ਯਕੇ ਬਾਦ ਦੀਗਰੇ ਅਵਤਾਰ ਪੈਗ਼ੰਬਰਾਂ ਗੁਰੂਆਂ ਖੇਲ ਖਿਲਾਈਆ । ਉਸ ਨੂੰ ਸਭ ਨੇ ਕਹਿਣਾ ਆਮੀਨ, ਆਮਦ ਵਿਚ ਸਾਰੇ ਰਾਹ ਤਕਾਈਆ । ਓਹਦਾ ਲਹਿਣਾ ਦੇਣਾ ਲੇਖਾ ਨਰ ਮਦੀਨ, ਪੰਜਾਂ ਤਤਾਂ ਫੋਲ ਫੁਲਾਈਆ । ਮਾਲਕ ਖ਼ਾਲਕ ਹੋਵੇ ਰਹੀਮ, ਰਹਿਮਤ ਆਪਣੀ ਇਕ ਕਮਾਈਆ । ਓਹਦਾ ਝਗੜਾ ਨਹੀਂ ਨਾਲ ਕਿਸੇ ਦੀਨ, ਦੁਨੀ ਵੇਖੇ ਥਾਉਂ ਥਾਈਆ । ਲੇਖੇ ਲਾਏ ਸਭ ਦੀ ਗੋਈਪੇਸ਼ੀਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਜੋਤ ਆਲਮੀਨ, ਆਲਮ ਦਾ ਮਾਲਕ ਇਕ ਅਖਵਾਈਆ ।

**✪ ੨੦ ਅੱਸੂ ਸ਼ਹਿਨਸ਼ਾਹੀ ਸੰਮਤ ਅੱਠ ਇੰਗਲੈਂਡ ਕੈਂਟਰਬਰੀ ਦੇ ਕੈਥੀਡਰਲ ਵਿਖੇ**
**ਮਿਸਟਰ ਐਨ ਵਾਈਟ ਟਾਮਸਨ ਡੀਅਨ ਕੈਂਟਰਬਰੀ ਕੈਥੀਡਰਲ ਦੇ ਨਿਵਿਤ ✪**

ਗਾਡ ਸੀ ਇੰਨ ਚਰਚ, ਚਾਰੋਂ ਕੁੰਟ ਨੂਰ ਨੁਰਾਨਾ ਨਜ਼ਰੀ ਆਈਆ । ਜੋ ਮਾਲਕ ਵਾਲੀ ਅਰਸ਼, ਫ਼ਰਸ਼ ਖੇਲੇ ਖੇਲ ਬੇਪਰਵਾਹੀਆ । ਜਿਸ

ਨੂੰ ਮਸੀਹ ਕਿਹਾ ਅਸਚਰਜ, ਅਚਰਜ ਆਪਣੀ ਕਾਰ ਭੁਗਤਾਈਆ । ਉਸ ਦਾ ਆਦਿ ਦਾ ਆਦਿ ਇਕ ਆਦਰਸ਼, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਰਤਾਈਆ । ਚਰਚ ਕਹੇ ਨੂਰ ਨੁਰਾਨਾ ਅਗੰਮਾ ਏਕ, ਵਾਹਿਦ ਗਾਡ ਨਜ਼ਰੀ ਆਈਆ । ਜਿਸ ਦੀ ਹਜ਼ਰਤ ਈਸਾ ਰਖੀ ਟੇਕ, ਮਸੀਹ ਮਸਲਿਆਂ ਵਿਚ ਜਣਾਈਆ । ਸੋ ਨਿਰਗੁਣ ਧਾਰ ਰਿਹਾ ਵੇਖ, ਵੇਖਣਹਾਰਾ ਬੇਪਰਵਾਹੀਆ । ਜਗਤ ਜਹਾਨ ਦੀਨ ਦੁਨੀ ਵਾਲਾ ਸ੍ਰਿਸ਼ਟੀ ਦਾ ਜਾਣੇ ਲੇਖ, ਭਵਿਖ ਆਪਣੇ ਵਿਚੋਂ ਪ੍ਰਗਟਾਈਆ । ਓਹ ਆਇਆ ਉਸ ਦੀ ਆਸ਼ਾ ਵਾਲੇ ਦੇਸ, ਜਿਸ ਨੂੰ ਇੰਗਲੈਂਡ ਲੰਡਨ ਕਹੇ ਲੋਕਾਈਆ । ਜਿਸ ਦੇ ਹੁਕਮ ਵਿਚ ਸਾਰੇ ਹੋਣੇ ਪੇਸ਼, ਪੇਸ਼ਤਰ ਪੇਸ਼ੀਨਗੋਈਆਂ ਸਭ ਦੀਆਂ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਚਰਚ ਕਹੇ ਅੱਜ ਦਾ ਦਿਵਸ ਦਿਹਾੜਾ ਡੇ, ਡੇਟ ਜਗਤ ਮਿਲੇ ਵਡਿਆਈਆ । ਪਰਵਰਦਿਗਾਰ ਸਾਂਝਾ ਯਾਰ ਜਿਸ ਦਾ ਆਦਿ ਦਾ ਆਦਿ ਜੁਗਾਦਿ ਦਾ ਜੁਗਾਦਿ ਜੁਗ ਚੌਕੜੀ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਨੇਂਹ, ਨਿਹਕਲੰਕ ਆਪਣੀ ਕਲ ਵਰਤਾਈਆ । ਜਿਸ ਨੇ ਨਵ ਸੱਤ ਮਾਨੁਸ਼ ਮਨੁੱਖ ਵੇਖਣੀ ਦੇਹ, ਤਨ ਵਜੂਦ ਤਨ ਸਰੀਰਾਂ ਫੋਲ ਫੁਲਾਈਆ । ਓਹ ਮਿਹਰਵਾਨ ਬਰਸਣਹਾਰਾ ਅੰਮ੍ਰਿਤ ਮੇਂਹ, ਬੂੰਦ ਅਗੰਮੀ ਇਕ ਬਰਸਾਈਆ । ਜਿਸ ਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਹੋਣੀ ਲਯ, ਲੈ ਕਰ ਕੇ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਏਕੰਕਾਰਾ ਏਕੋ ਹੋ ਕੇ, ਏਕ ਏਕ ਇਕੋ ਨਜ਼ਰੀ ਆਈਆ ।

### ✪ ੨੩ ਅਸੂ ਸ਼ਹਿਨਸ਼ਾਹੀ ਸੰਮਤ ਅੱਠ ਫ਼ਰਾਂਸ ਪੈਰਸ ੨ ਰਿਊ ਸਿਸਲੀ ਪੋਰਟ ਡੀ ਕੈਲਿਸ਼ੀ ੧੭ ਈ ਪੈਰਸ ੭੫ ਸੈਲੀਨ ਡੀ ਪੈਰੀ ਜੋਨ ਡਰਨ ਦੇ ਗ੍ਰਹਿ ✪

ਦੇਵਣ ਕੋ ਏਕਾ ਦਾਤਾ, ਦੇਵਣਹਾਰ ਅਖਵਾਈਆ । ਆਤਮਾ ਦਾ ਪਿਤਾ ਮਾਤਾ, ਸਾਚੀ ਗੋਦ ਸੁਹਾਈਆ । ਮੇਟ ਰੈਣ ਅੰਧੇਰੀ ਰਾਤਾ, ਸਾਚਾ ਨੂਰ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਦੇਵੇ ਸਾਥਾ, ਸਗਲਾ ਸੰਗ ਬਣਾਈਆ । ਕਾਇਆ ਮੰਦਰ ਮਾਰੇ ਝਾਤਾ, ਪਰਦਾਂ ਪਰਦਿਆਂ ਵਿਚੋਂ ਉਠਾਈਆ । ਨਿਰਗੁਣ ਨੂਰ ਕਰੇ ਪ੍ਰਕਾਸ਼ਾ, ਜੋਤੀ ਜੋਤ ਡਗਮਗਾਈਆ । ਏਥੇ ਓਥੇ ਪੁਛੇ ਵਾਤਾ, ਵੇਖਣਹਾਰਾ ਥਾਉਂ ਥਾਈਆ । ਭਾਰਤ ਪੈਰਿਸ ਇਕੋ ਨਾਤਾ, ਧੁਰ ਦੀ ਆਪਣੀ ਗੰਢ ਪਵਾਈਆ । ਲੇਖਾ ਜਾਣੇ ਅਲਖਣਾ ਅਲਾਖਾ, ਅਲਖ ਅਗੋਚਰ ਆਪਣਾ ਰੰਗ ਰੰਗਾਈਆ । ਸਾਚਾ ਰੰਗ ਰੰਗਾਏ ਬਣਾਏ ਧੁਰ ਦੀ ਜ਼ਾਤਾ, ਭੇਵ ਅਭੇਦ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਦੇਵਣਹਾਰ ਦਇਆਨਿਧ ਸਵਾਮੀ, ਸਾਹਿਬ ਇਕ ਅਖਵਾਈਆ । ਜਿਹੜਾ ਆਦਿ ਦਾ ਅੰਤਰਯਾਮੀ, ਭਗਵੰਤ ਬੇਪਰਵਾਹੀਆ । ਜੋ ਲੇਖਾ ਜਾਣੇ ਦੋ ਜਹਾਨੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਦੀ ਮਸੀਹ ਨਾਲ ਕਹਾਣੀ, ਯਸੂਹ ਹਾਜ਼ਰ ਹੋ ਕੇ ਦਏ ਗਵਾਹੀਆ । ਜਿਸ ਦੇ ਕੋਲ ਇਸ ਦੇ ਪਾਣੀ ਦੀ ਨਿਸ਼ਾਨੀ, ਜੋ ਪਿਆਸੇ ਦਿਤਾ ਪਿਲਾਈਆ । ਓਸ ਮਾਲਕ ਲੇਖਾ ਲਿਖਿਆ ਬਿਨਾ

ਕਲਮ ਕਾਨੀ, ਇਸ਼ਾਰੇ ਨਾਲ ਜਣਾਈਆ । ਜਿਸ ਵੇਲੇ ਮੇਰਾ ਪਿਤਾ ਆਇਆ ਅਸਮਾਨੀ, ਇਸਮ ਆਜ਼ਮ ਇਕ ਅਖਵਾਈਆ । ਓਹ ਤੇਰਾ ਲੇਖਾ ਜਾਣੇ ਜਿਸਮ ਜਿਸਮਾਨੀ, ਜ਼ਮੀਰ ਅੰਤਰ ਵੇਖ ਵਖਾਈਆ । ਪ੍ਰੇਮ ਪਿਆਰ ਭਗਤੀ ਦੇਵੇ ਰੁਹਾਨੀ, ਰੂਹ ਬੁਤ ਵੱਜਦੀ ਰਹੇ ਵਧਾਈਆ । ਅੰਤ ਸੰਦੇਸ਼ਾ ਫੇਰ ਮਸੀਹ ਦਿਤਾ ਜਿਸ ਵੇਲੇ ਦੇਣ ਲੱਗਾ ਆਪਣੀ ਕੁਰਬਾਨੀ, ਖ਼ੁਸ਼ੀ ਖ਼ੁਸ਼ੀ ਨਾਲ ਜਣਾਈਆ । ਮੇਰੇ ਮਹਿਬੂਬ ਮੇਰੇ ਖ਼ੁਦਾ ਮੇਰੇ ਗਾਡ ਤੂੰ ਮੇਰੀ ਬੇਨੰਤੀ ਮਾਨੀਂ, ਮਨਸਾ ਤੇਰੇ ਨਾਲ ਮਿਲਾਈਆ । ਧੁਰ ਆਵਾਜ਼ ਆਈ ਬੇਸ਼ਕ ਕਾਇਨਾਤ ਹੋਵੇ ਫ਼ਾਨੀ, ਫ਼ਨਾਹ ਫ਼ਿਲਾ ਦਿਸੇ ਲੋਕਾਈਆ । ਤੇਰਾ ਲੇਖਾ ਜ਼ਰੂਰ ਦੇਵਾਂ ਇਹ ਮੇਰੀ ਸ਼ਬਦ ਦੀ ਕਹਾਣੀ, ਲਿਖਣ ਦੀ ਲੋੜ ਨਾ ਕੋਇ ਰਖਾਈਆ । ਨਾਲੇ ਇਸ਼ਾਰਾ ਕੀਤਾ ਦਿਸ਼ਾ ਦੱਸੀ ਜਿਸ ਨੂੰ ਸਮਝੇ ਨਾ ਕੋਇ ਵਿਦਵਾਨੀ, ਭੇਵ ਭੇਵ ਨਾ ਕੋਇ ਖੁਲਾਈਆ । ਉਸ ਵੇਲੇ ਪੈਰੀ ਵਿਚੋਂ ਇਕ ਦਾਊਦ ਤੱਕਦਾ ਸੀ ਨੇਤਰ ਨਿਧਾਨੀ, ਆਸ਼ਾ ਦੂਰ ਦੁਰਾਡੀ ਰਖਾਈਆ । ਮਸੀਹ ਦੀ ਆਵਾਜ਼ ਸੁਣੀ ਕਾਨੀ, ਬਿਨਾ ਕੰਨਾਂ ਵੱਜੀ ਵਧਾਈਆ । ਉਸ ਝਟ ਸਜਦਾ ਕੀਤਾ ਜੇ ਕਿਰਪਾ ਕੀਤੀ ਕੀਤੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਤੇਰਾ ਬਾਪ ਮੇਰਾ ਪਾਕ ਕਰੇ ਅਸਥਾਨੀ, ਪੈਰੀ ਪੈਰਿਸ ਚਰਨ ਟਿਕਾਈਆ । ਯਸੂਹ ਕਿਹਾ ਓਹ ਮਾਲਕ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਜਿਸ ਪ੍ਰੇਮ ਵਿਚ ਇਕ ਘੁਟ ਪਿਲਾਇਆ ਪਾਣੀ, ਓਸੇ ਦੀ ਧਾਰ ਵਿਚ ਘੁਟ ਆਪਣੇ ਗਲੇ ਲਗਾਈਆ । ਤਿਸ ਦਾ ਲੇਖਾ ਜਿਸ ਦੀ ਅਮਾਨਤ ਅਮਾਨੀ, ਈਮਾਨ ਨਾਲ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰ ਨੁਰਾਨਾ ਸ਼ਹਿਨਸ਼ਾਹ ਅਸਮਾਨੀ, ਇਸਮ ਵਿਚ ਜਿਸਮ ਜ਼ਮੀਰ ਦਏ ਬਦਲਾਈਆ ।



### ੮ ਕੱਤਕ ਸ਼ਹਿਨਸ਼ਾਹੀ ਸੰਮਤ ਅੱਠ ਕਵੈਤ ਸ਼ਹਿਰ ਕਰਤਾਰ ਸਿੰਘ ਦੇ ਗ੍ਰਿਹ

ਭਗਤੀ ਕਹੇ ਮੈਂ ਉਸ ਪ੍ਰਭੂ ਦੀ ਦਾਸੀ, ਜੋ ਦਾਸਨ ਦਾਸਾ ਦਇਆ ਕਮਾਈਆ । ਜਿਸ ਦਾ ਖੇਲ ਮੰਡਲ ਰਾਸੀ, ਬ੍ਰਹਿਮੰਡਾਂ ਖੰਡਾਂ ਸੋਭਾ ਪਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ ਰਿਹਾ ਸਰਬ ਠਾਈਂਆ । ਸੋ ਮੇਰੀ ਜੁਗ ਜੁਗ ਪੂਰੀ ਕਰੇ ਆਸੀ, ਤ੍ਰਿਸ਼ਨਾ ਦਏ ਬੁਝਾਈਆ । ਸਚ ਵਸਤ ਦੀ ਦੇਵੇ ਰਾਸੀ, ਰਹਿਮਤ ਆਪ ਕਮਾਈਆ । ਨਿਰਗੁਣ ਧਾਰ ਜੋੜ ਕੇ ਨਾਤੀ, ਨਾਤਾ ਲਏ ਬੰਧਾਈਆ । ਸਦਾ ਪੁਛੇ ਵਾਤੀ, ਸਿਰ ਸਿਰ ਹੱਥ ਟਿਕਾਈਆ । ਮੈਂ ਜਦੋਂ ਰਹੀ ਤੇ ਰਹੀ ਇਕ ਇਕਾਂਤੀ, ਬਹੁ ਸੰਗ ਨਾ ਕੋਇ ਬਣਾਈਆ । ਮੇਰਾ ਲੇਖਾ ਨਹੀਂ ਅੰਧੇਰਾ ਰਾਤੀ, ਸੂਰੀਆ ਚੰਦ ਨਾ ਕੋਇ ਵਡਿਆਈਆ । ਮੇਰੇ ਕੋਲ ਉਸ ਪ੍ਰਭੂ ਦੀ ਇਕੋ ਅਗੰਮੀ ਪਾਤੀ, ਜੋ ਬਿਨ ਅੱਖਰਾਂ ਦਿਤੀ ਫੜਾਈਆ । ਆਹ ਵੇਖ ਜਿਨ੍ਹਾਂ ਦੇ ਅੰਦਰ ਮੇਰਾ ਨਾਮ ਕਲਮਾ ਸਫਾਤੀ, ਸਿਫ਼ਤੀ ਢੋਲੇ ਮੇਰੇ ਪਿਆਰ ਦੇ ਸਾਰੇ ਗਾਈਆ । ਉਨ੍ਹਾਂ ਦੀ ਜ਼ਿੰਦਗੀ ਮੇਰੇ ਲੇਖੇ ਲੱਗੇ ਹਯਾਤੀ, ਜੀਵਣ ਅਵਰ ਨਾ ਕੋਇ ਰਖਾਈਆ । ਮੰਜ਼ਲ ਬਾਮੰਜ਼ਲ ਮੇਰਾ ਮੇਲ ਹੋਵੇ ਇਤਫ਼ਾਕੀ, ਇਤਫ਼ਾਕੀਆ ਆਪਣਾ ਰੰਗ ਰੰਗਾਈਆ । ਤੇਰੇ ਪਿਆਰ ਵਿਚ ਭਗਤੀਏ ਤੇਰੀ ਧਾਰ ਵਿਚ ਉਨ੍ਹਾਂ ਦੀ ਖ਼ਤਮ ਹੋਵੇ ਗੁਸਤਾਖ਼ੀ, ਜਗਤ ਵਿਕਾਰ ਰਹਿਣ ਨਾ ਪਾਈਆ । ਤਨ ਵਜੂਦ ਅੰਤਰ ਨਿਰੰਤਰ ਦੁਰਮਤ ਮੈਲ ਜਾਏ ਕਾਟੀ,

ਵਿਕਾਰ ਹੰਕਾਰ ਨਜ਼ਰ ਕੋਇ ਨਾ ਆਈਆ । ਸਚ ਮੰਜ਼ਲ ਚੜ੍ਹਾਉਣੀ ਘਾਟੀ, ਨਵ ਦਵਾਰੇ ਪੰਧ ਮੁਕਾਈਆ । ਈੜਾ ਪਿੰਗਲ ਸੁਖਮਨ ਸੁਣਾਉਣੀ ਗਾਥੀ, ਤ੍ਰੈਕੁਟੀ ਰੰਗ ਰੰਗਾਈਆ । ਅੰਮ੍ਰਿਤ ਰਸ ਨਿਝਰ ਬੂੰਦ ਦੇਣੀ ਸਵਾਂਤੀ, ਨਾਭੀ ਕਵਲ ਕਵਲ ਉਲਟਾਈਆ । ਸ਼ਬਦ ਧੁਨ ਨਾਦ ਸੁਣਾਉਣੀ ਅਨਾਦੀ, ਅਨਹਦ ਰਾਗ ਜਣਾਈਆ । ਸੁਰਤ ਸ਼ਬਦ ਹੋਵੇ ਵਿਸਮਾਦੀ, ਬਿਸਮਿਲ ਆਪਣਾ ਆਪ ਕਰਾਈਆ । ਸਤਿਜੁਗ ਸਤਿ ਜੋਤ ਹੋਵੇ ਪ੍ਰਕਾਸ਼ੀ, ਨੂਰ ਜ਼ਹੂਰ ਇਕ ਚਮਕਾਈਆ । ਪੰਧ ਮੁਕਾਉਣਾ ਪ੍ਰਿਥਮੀ ਆਕਾਸੀ, ਗਗਨ ਗਗਨੰਤਰ ਡੇਰਾ ਢਾਹੀਆ । ਭਗਤੀ ਨਿਉਂ ਕੇ ਟੇਕਿਆ ਮਾਥੀ, ਬਿਨ ਮਸਤਕ ਸੀਸ ਨਿਵਾਈਆ । ਤੂੰ ਸਾਹਿਬ ਮੇਰਾ ਅਬਿਨਾਸ਼ੀ, ਹਰਿ ਕਰਤਾ ਵਡ ਵਡਿਆਈਆ । ਤੂੰ ਮਾਲਕ ਸਭ ਦਾ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੂੰ ਦੇਵੇਂ ਆਪਣੀ ਦਾਤੀ, ਦਾਤੇ ਦਾਨੀ ਦਇਆ ਕਮਾਈਆ । ਉਸ ਦਾ ਮਨੂਆ ਮਨ ਰਹੇ ਨਾ ਆਕੀ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਬਜਰ ਕਿਵਾੜਾ ਖੁਲ੍ਹੇ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੇਰਾ ਨਾਮ ਭੰਡਾਰਾ ਭਗਤਾਂ ਅੰਦਰ ਸਚ ਦੀ ਹਾਟੀ, ਵਣਜਾਰਾ ਸ਼ਬਦ ਗੁਰੂ ਅਖਵਾਈਆ । ਤੇਰਾ ਨਿਰਗੁਣ ਨੂਰ ਜੋਤ ਲਲਾਟੀ, ਲਾਲਨ ਇਕੋ ਸੋਭਾ ਪਾਈਆ । ਮੇਰੀ ਅੱਠੇ ਪਹਿਰ ਨਿਮਸਕਾਰ ਤੇਰੀ ਸਦਾ ਸਦਾ ਪ੍ਰਭਾਤੀ, ਸੰਧਿਆ ਸਰਘੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਭਗਤੀ ਕਹੇ ਮੈਂ ਤੇਰੀ ਚਾਕਰ, ਜੁਗ ਜੁਗ ਸੇਵ ਕਮਾਈਆ । ਤੇਰਾ ਸਚ ਸੰਦੇਸ਼ਾ ਨਾਮ ਪਾਤਰ, ਪਤ੍ਰਕਾ ਅੱਖਰ ਦੇਣ ਗਵਾਹੀਆ । ਤੇਰੇ ਪਿਆਰ ਦਾ ਨਾਮ ਅਗੰਮਾ ਮਾਤਰ, ਜਿਸ ਦੀ ਮਾਤਰਾ ਸਮਝ ਕੋਇ ਨਾ ਪਾਈਆ । ਹਰਿ ਭਗਤ ਸੁਹੇਲੇ ਤੇਰੇ ਯਾਤਰ, ਯਾਤਰੂ ਧੁਰ ਦੇ ਨਜ਼ਰੀ ਆਈਆ । ਮੈਂ ਉਨ੍ਹਾਂ ਦੀ ਸੇਵਾ ਕਰਾਂ ਸਿਰਫ਼ ਸਾਹਿਬ ਤੇਰੀ ਖ਼ਾਤਰ, ਖ਼ਤਰਾ ਵਿਭਚਾਰ ਹੰਕਾਰ ਨੇੜ ਕੋਇ ਨਾ ਆਈਆ । ਤੂੰ ਮਿਹਰਵਾਨ ਮਹਿਬੂਬ ਭੇਵ ਖੋਲਣਹਾਰਾ ਬਾਤਨ, ਬੇਨਜ਼ੀਰ ਭੇਵ ਉਠਾਈਆ । ਤੇਰਾ ਲੇਖਾ ਨਹੀਂ ਦਿਵਸ ਰਾਤਨ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਭਗਤੀ ਭਗਤੀ ਮੈਨੂੰ ਰਸਨਾ ਨਾਲ ਸਾਰੇ ਆਖਣ, ਭਗਤੀ ਕਹੇ ਭਗਵਾਨ, ਤੇਰੇ ਵਿਚ ਨਾ ਕੋਇ ਸਮਾਈਆ । ਮੈਂ ਸੰਦੇਸ਼ਾ ਦੇਵਾਂ ਲੋਕਮਾਤਨ, ਧਰਨੀ ਧਰਤ ਧਵਲ ਉਤੇ ਜਣਾਈਆ । ਜਨ ਭਗਤੋ ਤੁਹਾਡੇ ਪਿਛੇ ਜੁਗ ਜੁਗ ਪ੍ਰਭ ਲੋਕਮਾਤ ਮਾਰੇ ਵਾਟਣ, ਭੱਜੇ ਵਾਹੋ ਦਾਹੀਆ । ਮੈਂ ਓਸ ਦੇ ਕੰਢੇ ਖੜੀ ਘਾਟਨ, ਤਟਾਂ ਆਸਣ ਲਾਈਆ । ਜੋ ਵਸਿਆ ਕਾਇਆ ਮਾਟੀ ਮਾਟਨ, ਸਾਢੇ ਤਿੰਨ ਹੱਥ ਸੋਭਾ ਪਾਈਆ । ਓਹ ਮਹਿਬੂਬ ਮਾਲਕ ਇਕ ਅਬਿਨਾਸ਼ਨ, ਕਰਤਾ ਪੁਰਖ ਅਗੰਮ ਅਥਾਹੀਆ । ਜੋ ਰੱਖਿਆ ਕਰੇ ਉਦਰ ਦਸ ਦਸ ਮਾਸਨ, ਹੋਏ ਆਪ ਸਹਾਈਆ । ਤਿਸ ਦਾ ਲਹਿਣਾ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਫੋਲ ਫੁਲਾਈਆ । ਭਗਤੀ ਕਹੇ ਓਸੇ ਸਾਹਿਬ ਅਗੇ ਅੱਠੇ ਪਹਿਰ ਬਿਨਾ ਹੱਥਾਂ ਤੋਂ ਜੋੜੇ ਹਾਥਨ, ਨਿਮਰਤਾ ਵਿਚ ਨਿਰੰਤਰ ਅੰਤਰ ਸੀਸ ਨਿਵਾਈਆ । ਆਤਮ ਪਰਮਾਤਮ ਪਰਮਾਤਮ ਆਤਮ ਗਾਓ ਗਾਥਨ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਭਗਤੀ ਕਹੇ ਮੈਂ ਉਨ੍ਹਾਂ ਭਗਤਾਂ ਦੀ ਸਦਾ ਸਾਥਣ, ਸਗਲਾ ਸੰਗ ਬਣਾਈਆ । ਜਿਹੜੇ ਸਰੀਰੋਂ ਸੁੱਤੇ ਤੇ ਅੰਦਰੋਂ ਜਾਗਣ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਉਹਨਾਂ ਦੀ ਆਤਮਾ ਵਡ ਵਡ ਭਾਗਨ, ਮਨਸਾ ਮਨ ਦੇ ਵਿਚ ਸਮਾਈਆ । ਦਿਵਸ ਰੈਣ ਅਨਬੋਲਤ ਦਾ ਅੰਦਰ ਹੋਵੇ ਵੈਰਾਗਣ, ਵੈਰੀ ਅੰਦਰੋਂ ਭੱਜਣ ਵਾਹੋ ਦਾਹੀਆ । ਮਾਇਆ ਮਮਤਾ ਡਸੇ ਨਾ ਨਾਗਣ, ਕੂੜ ਕੁੜਿਆਰ ਨਾ ਕੋਇ ਰਖਾਈਆ । ਨਿਰਗੁਣ

੩੨੭
੨੩

ਨੂਰ ਜੋਤ ਜਗੇ ਅਗੰਮੀ ਚਾਂਦਨ, ਚੰਦ ਸਿਤਾਰ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਭਗਤੀ ਕਹੇ ਸਤਿਗੁਰ ਸ਼ਬਦ ਕਰੋ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਅਜਪਾ ਗਾਉ ਅਗੰਮਾ ਜਾਪ, ਰਸਨਾ ਜਿਹਵਾ ਬੁੱਲ ਨਾ ਕੋਇ ਹਿਲਾਈਆ । ਸਤਿਗੁਰ ਅੰਦਰ ਤੱਕੋ ਸਾਖਿਆਤ, ਬਾਹਰ ਵੇਖਣ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਪੀਉ ਆਬੇ ਹਯਾਤ, ਹਯਾਤੀ ਹਯਾਤੀ ਵਿਚੋਂ ਬਦਲਾਈਆ । ਧੁਨ ਆਤਮਕ ਸੁਣੋ ਅਗੰਮਾ ਰਾਗ, ਅਨਾਦੀ ਧੁਨ ਸ਼ਨਵਾਈਆ । ਸੋਈ ਸੁਰਤ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਆਤਮ ਪਰਮਾਤਮ ਮੇਲਾ ਮਿਲੇ ਕੰਤ ਸੁਹਾਗ, ਸੇਜ ਸੁਹੰਜਣੀ ਸੋਭਾ ਪਾਈਆ । ਘਰ ਦੀਪਕ ਜੋਤ ਹੋਏ ਪ੍ਰਕਾਸ਼, ਅੰਧ ਅੰਧੇਰਾ ਰਹੇ ਨਾ ਰਾਈਆ । ਭਗਤੀ ਕਹੇ ਮੈਂ ਸਚ ਰਹੀ ਆਖ, ਆਖ਼ਰ ਦਿਆਂ ਜਣਾਈਆ । ਇਕੋ ਪੁਰਖ ਅਕਾਲ ਤੇ ਰਖੋ ਵਿਸ਼ਵਾਸ, ਵਿਸ਼ਾ ਅਵਰ ਨਾ ਕੋਇ ਜਣਾਈਆ । ਜੋ ਆਤਮਾ ਦਾ ਮਾਈ ਬਾਪ, ਨੂਰ ਜੋਤ ਜੋਤ ਵਿਚੋਂ ਪ੍ਰਗਟਾਈਆ । ਸੋ ਮਿਹਰਵਾਨ ਮੇਟ ਕੇ ਤੀਨੋਂ ਤਾਪ, ਤ੍ਰੈਗੁਣ ਅਤੀਤਾ ਆਪਣੇ ਰੰਗ ਰੰਗਾਈਆ । ਤਨ ਵਜੂਦ ਰੂਹ ਬੁਤ ਕਰੇ ਪਾਕ, ਪਤਤ ਪੁਨੀਤ ਆਪ ਬਣਾਈਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤ, ਅਗਨੀ ਤਤ ਬੁਝਾਈਆ । ਸੁਹੇਲਾ ਹੋ ਕੇ ਪੁਛੇ ਵਾਤ, ਲੇਖਾ ਜਾਣੇ ਥਾਉਂ ਥਾਈਂਆ । ਆਪਣੇ ਸ਼ਰੀਰ ਅੰਦਰ ਭਗਤੀ ਕਹੇ ਜਨ ਭਗਤੋ ਹੋਣਾ ਇਕਾਂਤ, ਜਗਤ ਨੇਤਰ ਵੇਖਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਦਇਆ ਕਮਾਈਆ । ਭਗਤੀ ਕਹੇ ਜਨ ਭਗਤੋ ਸਤਿਗੁਰ ਸ਼ਬਦ ਕਮਾਵੋ, ਕਰਮ ਕਾਂਡ ਦਾ ਡੇਰਾ ਢਾਹੀਆ । ਸਤਿਗੁਰ ਇਸ਼ਟ ਦ੍ਰਿਸ਼ਟ ਸਮਾਵੋ, ਦੂਸਰ ਅਵਰ ਨਾ ਕੋਇ ਚਤੁਰਾਈਆ । ਧੂੜੀ ਮਜਨ ਚਰਨ ਨਹਾਵੋ, ਦੁਰਮਤ ਮੈਲ ਧਵਾਈਆ । ਗੁਰਮੁਖ ਹੰਸ ਬਣੋ ਕਾਂਵੋ, ਕਾਗ ਹੰਸ ਰੂਪ ਬਦਲਾਈਆ । ਸਤਿਗੁਰ ਵਿਟਹੁ ਬਲ ਬਲ ਜਾਵੋ, ਜਗ ਜੀਵਣ ਨਾ ਕੋਇ ਚਤੁਰਾਈਆ । ਭਗਤੀ ਕਹੇ ਮੇਰਾ ਸਾਹਿਬ ਸਵਾਮੀ ਹਿਰਦੇ ਇਕ ਵਸਾਵੋ, ਵਿਸਰ ਕਦੇ ਨਾ ਜਾਈਆ । ਉਸ ਦੇ ਚਰਨ ਕਵਲ ਬਿਗਸਾਵੋ, ਜੋ ਬਿਛਰਤ ਲਏ ਮਿਲਾਈਆ । ਧੂੜੀ ਮਸਤਕ ਖ਼ਾਕ ਰਮਾਵੋ, ਟਿੱਕੇ ਨਾਮ ਲਗਾਈਆ । ਤਿਸ ਸਾਹਿਬ ਦੇ ਬਲ ਬਲ ਜਾਵੋ, ਜੋ ਜਾਨਣਹਾਰ ਬੇਪ੍ਰਵਾਹੀਆ । ਭਗਤੀ ਕਹੇ ਇਕੋ ਪੁਰਖ ਅਕਾਲ ਦਾ ਨਾਮ ਧਿਆਵੋ, ਜੋ ਸੋ ਪੁਰਖ ਨਿਰੰਜਣ ਵਡ ਵਡਿਆਈਆ । ਹੰ ਬ੍ਰਹਮ ਆਪ ਹੋ ਜਾਵੋ, ਆਤਮ ਨੂਰ ਜੋਤ ਰੁਸ਼ਨਾਈਆ । ਮੇਰਾ ਲਹਿਣਾ ਦੇਣਾ ਆਪਣੇ ਨਾਲ ਰਖਾਵੋ, ਦੂਸਰ ਸੰਗ ਨਾ ਕੋਇ ਬਣਾਈਆ । ਤੁਸੀਂ ਸਚ ਦੀ ਧਾਰ ਅੰਤ ਸਚ ਵਿਚ ਮਿਲ ਜਾਵੋ, ਚੁਰਾਸੀ ਵੰਡ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਿਰਪਾ ਆਪ ਕਰਾਈਆ । ਭਗਤੀ ਕਹੇ ਜਨ ਭਗਤੋ ਤੁਹਾਡਾ ਇਕੋ ਠਾਕਰ ਸਵਾਮੀ, ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਜੋ ਆਦਿ ਜੁਗਾਦੀ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਉਸੇ ਦੀ ਸਿਫ਼ਤ ਸਲਾਹ ਬਾਣੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਉਸੇ ਦੀ ਸਿਫ਼ਤ ਸਲਾਹ ਕਹਾਣੀ, ਕਥਨੀ ਕਥ ਕਥ ਦ੍ਰਿੜਾਈਆ । ਭਗਤੀ ਕਹੇ ਬਿਨਾ ਉਸ ਤੋਂ ਕਰੇ ਨਾ ਕੋਇ ਮਿਹਰਵਾਨੀ, ਮਿਹਰਵਾਨ ਨਾ ਕੋਇ ਅਖਵਾਈਆ । ਜਿਸ ਦੀ ਆਤਮਾ ਪੰਜਾਂ ਤਤਾਂ ਵਿਚ ਜੋਤ ਨਿਸ਼ਾਨੀ, ਨੂਰ ਨੁਰਾਨਾ ਨਜ਼ਰੀ ਆਈਆ । ਓਹ ਪ੍ਰਭੂ ਨਿਰਗੁਣ ਧਾਰ ਨਹੀਂ ਬੇਗਾਨੀ, ਬੇਗਮਪੁਰ ਬੈਠਾ ਡੇਰਾ ਲਾਈਆ । ਤੁਸੀਂ ਝਗੜਾ ਛਡੋ ਜਿਸਮ ਜਿਸਮਾਨੀ,

ਜ਼ਮੀਰ ਅੰਦਰੋਂ ਲਓ ਬਦਲਾਈਆ । ਸਤਿਗੁਰ ਪਿਆਰ ਵਿਚ ਸਦਾ ਮੰਜ਼ਲ ਉਚ ਮਿਲਦੀ ਰੁਹਾਨੀ, ਰੋਮ ਰੋਮ ਸਾਢੇ ਤਿੰਨ ਕਰੋੜ ਵੱਜਦੀ ਰਹੇ ਵਧਾਈਆ । ਪੰਧ ਮਾਰਗ ਹੋਏ ਆਸਾਨੀ, ਅਗੇ ਹੋ ਨਾ ਕੋਇ ਅਟਕਾਈਆ । ਭਗਤੀ ਕਹੇ ਜਨ ਭਗਤੋ ਮੇਰੀ ਸਭ ਦੇ ਨਾਲ ਜੁਗ ਜੁਗ ਸਦਾ ਇਕੋ ਜਿਹੀ ਤਰਲ ਜਵਾਨੀ, ਬੁਢੇਪੇ ਵਿਚ ਕਦੇ ਨਾ ਆਈਆ । ਮੈਂ ਸੰਦੇਸ਼ਾ ਦੇਵਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਚ ਸੁਣਾਈਆ । ਸੁਣ ਲਓ ਸਾਰੇ ਜੀਵ ਪ੍ਰਾਣੀ, ਸਵਾਸ ਸਵਾਸਾਂ ਨਾਲ ਦ੍ਰਿੜ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਦਾਤਾ ਦਾਨੀ, ਦੇਵਣਹਾਰ ਅਖਵਾਈਆ । ਜਿਸ ਉਤੇ ਕਿਰਪਾ ਕਰੇ ਉਸ ਨੂੰ ਮੇਲੇ ਆਪ ਸ਼ਾਹ ਸੁਲਤਾਨੀ, ਭਗਤੀ ਕਹੇ ਮੈਂ ਬਾਲ ਅੰਞਾਣੀ, ਉਸ ਦੇ ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖੇਲੇ ਦੋ ਜਹਾਨੀ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਏਕੰਕਾਰ ਏਕਾ ਏਕ ਏਕ ਏਕ ਅਖਵਾਈਆ ।

## ✪ ੧੦ ਕਤਕ ਸ਼ਹਿਨਸ਼ਾਹੀ ਸੰਮਤ ਅੱਠ ਕਵੈਤ ਸ਼ਹਿਰ ਗੁਰੂਦਵਾਰਾ ਨੀਗਰਾ ਸਾਲਮੀਆ ਵਿਖੇ ✪



ਸ਼ਬਦ ਅਗੰਮੀ ਅਨਾਦੀ ਧੁਨ, ਛੱਤੀ ਰਾਗ ਜਿਸ ਨੂੰ ਰਹੇ ਗਾਈਆ । ਜਿਸ ਦਾ ਭੇਵ ਜਾਣੇ ਕੋਇ ਨਾ ਰਿਖ ਮੁਨ, ਮੁਨੀਸ਼ਰ ਜੁਗੀਸ਼ਰ ਬੈਠੇ ਸਾਰੇ ਧਿਆਨ ਲਗਾਈਆ । ਓਸ ਦਾ ਲੇਖਾ ਜਾਣੇ ਇਕੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰਾ ਜੋ ਮਾਲਕ ਕੁੰਨ, ਕੁਲ ਮਾਲਕ ਨੂਰ ਅਲਾਹੀਆ । ਓਸ ਨੂੰ ਗਾ ਸਕੇ ਨਾਲ ਨਾ ਕੋਇ ਬੁੱਲ, ਸਰਵਣ ਸੁਣ ਕੇ ਸਕੇ ਨਾ ਕੋਇ ਸਮਝਾਈਆ । ਓਸ ਦੀ ਸਿਫ਼ਤ ਸਲਾਹ ਵਡਿਆਈ ਸਦਾ ਅਨਮੁੱਲ, ਕੀਮਤ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧੁਨ ਆਪਣੇ ਵਿਚੋਂ ਆਪ ਪ੍ਰਗਟਾਈਆ । ਸ਼ਬਦੀ ਧੁਨ ਅਗੰਮ ਅਪਾਰ, ਅਲਖ ਅਗੋਚਰ ਆਪਣੀ ਆਪ ਬਣਾਈਆ । ਨਾ ਕੋਈ ਲੇਖਾ ਲਿਖ ਕੇ ਅੰਤ ਕਹਿ ਸਕੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਸੀਸ ਨਿਵਾਈਆ । ਜਿਸ ਸੁੰਨ ਦੇ ਧੁਨ ਦੇ ਤੇਈ ਅਵਤਾਰ ਕੁਲ ਮਾਲਕ ਦਾ ਕਲਮਾ ਹਕ ਦਾ ਹਕੀਕਤ ਸੁਣਿਆ ਹਜ਼ਰਤ ਈਸਾ ਮੂਸਾ ਮੁਹੰਮਦ ਆਪਣੀ ਅਲਾਹੀ ਵਿਚ ਗੁਫ਼ਤਾਰ, ਗੁਫ਼ਤ ਸ਼ਨੀਦ ਦੋਵੇਂ ਦਰਸ਼ਨ ਪਾਈਆ । ਓਸੇ ਸ਼ਬਦ ਦੀ ਧਾਰ ਵਿਚ ਪਿਆਰ ਵਿਚ ਨਾਨਕ ਨੇ ਵਜਾਈ ਸਿਤਾਰ, ਸਤਿਗੁਰ ਨਾਨਕ ਤੂੰਹੀ ਤੂੰਹੀ ਤੂੰਹੀ ਰਾਗ ਅਲਾਈਆ । ਓਸੇ ਦੀ ਧੁਨ ਵਿਚ ਸਤਿਗੁਰ ਗੋਬਿੰਦ ਗੋਬਿੰਦ ਸਿੰਘ ਨੇ ਸ਼ਬਦ ਦਾ ਖੰਡਾ ਬ੍ਰਹਿਮੰਡਾਂ ਤੋਂ ਪਰੇ ਦਿਤਾ ਵਖਾਲ, ਖ਼ਾਲਕੇ ਖ਼ਲਕ ਤੇਰੀ ਧੁਨ ਧੁਰ ਦੇ ਮਾਲਕ ਬੇਪ੍ਰਵਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਸੁਣਾਈਆ । ਧੁਰ ਦੇ ਧੁਨ ਦੀ ਆਵਾਜ਼ ਅਗੰਮੀ, ਸਰਵਣ ਸੁਣਨ ਕੋਇ ਨਾ ਪਾਈਆ । ਕਿਸੇ ਤਨ ਵਜੂਦ ਵਿਚੋਂ ਕਦੇ ਨਹੀਂ ਜੰਮੀ, ਜਨਮ ਦੇਣ ਵਾਲੀ ਕੋਇ ਨਾ ਮਾਈਆ । ਓਹ ਫਿਰਦੀ ਨਹੀਂ ਦੀਨ ਦੁਨੀਆ ਦੇ ਹੱਦ ਬੰਨੀਂ, ਨੌ ਖੰਡ ਪ੍ਰਿਥਮੀ ਸੱਤ ਦੀਪ ਭੱਜੇ ਨਾ ਵਾਹੋ ਦਹੀਆ । ਓਹ ਕੋਈ ਖੇਲ ਨਹੀਂ

ਸਿਤਾਰਿਆਂ ਵਾਲੀ ਚੰਨ ਚੰਨੀ, ਸੂਰੀਆ ਮੰਡਲ ਵੰਡ ਵੰਡਾਈਆ । ਓਹ ਕੋਈ ਨੇਤਰ ਹੀਣ ਨਹੀਂ ਅੰਨ੍ਹੀ, ਜਗਤ ਜਗਿਆਸੂਆਂ ਆਪਣਾ ਭੇਵ ਚੁਕਾਈਆ । ਓਹ ਬੇਪ੍ਰਵਾਹ ਦੀ ਧਾਰ ਜਿਸ ਨੂੰ ਵਜਾਏ ਆਪ ਨਿਰੰਕਾਰ, ਨਿਰਗੁਣ ਨਿਰਵੈਰ ਆਪਣਾ ਭੇਵ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਧੁਨ ਧੁਨ ਅਨਾਦ ਸ਼ਬਦ ਅਨਾਹਦ ਨਾਦੀ ਵਿਚੋਂ ਪਰੇ ਤੋਂ ਪਰੇ ਪਾਰ ਸੁਣਾਈਆ । ਸ਼ਬਦੀ ਧੁਨ ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ, ਬਾਹਰ ਤੋਂ ਬਾਹਰ ਬੇਪ੍ਰਵਾਹੀਆ । ਜਿਸ ਦਾ ਲੇਖਾ ਕੋਈ ਨਾ ਸਮਝੇ ਗੁਪਤ ਜ਼ਾਹਿਰ, ਜ਼ਾਹਰ ਜ਼ਹੂਰ ਇਕੋ ਪੁਰਖ ਅਕਾਲਾ ਦੀਨ ਦਿਆਲਾ ਆਪਣੇ ਵਿਚ ਸਮਾਈਆ । ਜਿਸ ਦਾ ਇਕੋ ਨਾਦ ਇਕੋ ਵਾਹਿਦ ਦਾ ਵਾਹਿਦ ਜ਼ਾਹਰ, ਜ਼ਾਹਰ ਜ਼ਹੂਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧੁਨ ਇਕ ਵਖਾਈਆ । ਸਾਚੀ ਧੁਨ ਅਨਾਦੀ ਨਾਦ, ਅਨਹਦ ਨਾਦ ਨਾਦ ਵਡਿਆਈਆ । ਜਿਸ ਦਾ ਲੇਖਾ ਆਦਿ ਜੁਗਾਦਿ, ਜੁਗ ਚੌਕੜੀ ਆਪਣੀ ਵੰਡ ਵੰਡਾਈਆ । ਜਿਸ ਦੀ ਅਵਾਜ਼ ਵਿਚ ਬ੍ਰਹਿਮਾਦ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਸੁਣ ਕੇ ਸਾਰੇ ਬਿਸਮਿਲ ਹੋ ਕੇ ਸੀਸ ਨਿਵਾਈਆ । ਓਸ ਦਾ ਰੂਪ ਅਨੂਪ ਸਮਝ ਸਕੇ ਨਾ ਕੋਈ ਸੰਤ ਸਾਧ, ਪੰਜ ਤਤ ਕਾਇਆ ਵਿਚ ਭੇਵ ਕੋਇ ਨਾ ਪਾਈਆ । ਜਿਸ ਦੇ ਅੰਦਰ ਪੁਰਖ ਅਕਾਲ ਦੀਨ ਦਿਆਲ ਦਿਤੀ ਓਹ ਆਵਾਜ਼, ਓਹ ਧੁਨ ਸੁਨ ਸੁਨ ਮੁਨ ਧੁਨ ਰੰਗ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਾਚੀ ਧੁਨ ਦਾ ਅਗੰਮਾ ਰਾਜ਼, ਰਾਜ਼ਕ ਰਿਜ਼ਕ ਰਹੀਮ ਆਪ ਜਣਾਇੰਦਾ । ਜਿਸ ਦਾ ਦੋ ਜਹਾਨਾਂ ਰਾਜ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬੇਪ੍ਰਵਾਹ ਸਚਖੰਡ ਨਿਵਾਸੀ ਪਰਵਰਦਿਗਾਰ ਸਾਂਝਾ ਯਾਰ ਦਰਗਾਹ ਸਾਚੀ ਸੋਭਾ ਪਾਇੰਦਾ । ਜਿਸ ਦੇ ਹੱਥ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਜੀਵ ਜੰਤ ਸਭ ਦੀ ਵਾਗ, ਜੋ ਵਾਗਾਂ ਵਾਲਾ ਵਾਗ ਆਪਣੇ ਹੱਥ ਭਵਾਇੰਦਾ । ਜਿਸ ਨੂੰ ਕਹਿੰਦੇ ਸ਼ਾਹ ਪਾਤਸ਼ਾਹ ਮਹਾਰਾਜ, ਮਿਹਰਵਾਨ ਮਹਿਬੂਬ ਆਪਣੀ ਕਲ ਵਰਤਾਇੰਦਾ । ਓਸ ਦੀ ਸਿਫ਼ਤ ਓਸ ਦੀ ਸਲਾਹ ਓਸੇ ਦਾ ਹੁਕਮ ਓਸੇ ਦਾ ਰਾਹ ਓਸੇ ਦੀ ਆਵਾਜ਼ ਓਸੇ ਦੀ ਧੁਨ ਓਹ ਸੁਨਣਹਾਰਾ ਬੇਪ੍ਰਵਾਹ, ਬੇਪ੍ਰਵਾਹੀ ਵਿਚ ਆਪਣੀ ਆਵਾਜ਼ ਲਗਾਈਆ । ਜਿਸ ਆਵਾਜ਼ ਨੂੰ ਸੁਣ ਕੇ ਅਵਤਾਰ ਪੈਗ਼ੰਬਰ ਗੁਰੂਆਂ ਕਿਹਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਤੂੰ ਹੀ ਰਾਮ ਤੂੰ ਹੀ ਕ੍ਰਿਸ਼ਨ ਤੂੰ ਹੀ ਅੱਲਾ ਹਕ ਖ਼ੁਦਾ, ਗਾਡ ਤੂੰਹੀ ਨਜ਼ਰੀ ਆਈਆ । ਤੂੰ ਹੀ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਏਕੰਕਾਰਾ ਨਿਰਗੁਣ ਸਰਗੁਣ ਨਾਨਕ ਗਿਆ ਗਾ, ਗੋਬਿੰਦ ਓਸੇ ਦਾ ਢੋਲਾ ਗਾਈਆ । ਜਿਸ ਵੇਲੇ ਓਹ ਅਗੰਮੀ ਧੁਨ ਮਾਛੂਵਾੜੇ ਗਈ ਆ, ਗੋਬਿੰਦ ਦੇ ਅੰਦਰ ਸੰਦੇਸ਼ਾ ਦਿਤਾ ਚਾਈਂ ਚਾਈਆ । ਸੂਰਬੀਰ ਨੌਜਵਾਨੇ ਓਹ ਵੇਖ ਕਲਜੁਗ ਭੱਜਾ ਫਿਰੇ ਵਾਹੋ ਦਾਹ, ਉੱਤਰ ਪੂਰਬ ਪੱਛਮ ਦੱਖਣ ਆਪਣਾ ਪੰਧ ਮੁਕਾਈਆ । ਨਿਗਾਹ ਮਾਰ ਥਲ ਅਸਗਾਹ, ਜੰਗਲ ਜੂਹ ਉਜਾੜ ਪਹਾੜ ਖੋਜ ਖੁਜਾਈਆ । ਗੋਬਿੰਦ ਨੇ ਹੱਸ ਕੇ ਕਿਹਾ ਮੇਰੇ ਸ਼ਹਿਨਸ਼ਾਹ, ਮੈਂ ਤੇਰਾ ਇਕੋ ਦੂਲ੍ਹਾ ਸੂਰਬੀਰ ਜੋ ਤੇਰੇ ਨਾਮ ਦਾ ਖੰਡਾ ਖੜਗ ਦਏ ਖੜਕਾ, ਦੋ ਜਹਾਨ ਇਕੋ ਹੁਕਮ ਵਰਤਾਈਆ । ਝਟ ਪੁਰਖ ਅਕਾਲ ਨੇ ਆਪਣੀ ਧੁਨ ਫੇਰ ਦਿਤੀ ਸੁਣਾ, ਜਿਸ ਧੁਨ ਨੂੰ ਜਗਤ ਸੁਣਨ ਕੋਇ ਨਾ ਪਾਈਆ । ਗੋਬਿੰਦ ਓਹ ਵੇਖ ਅੰਧ ਅੰਧੇਰਾ ਗਿਆ

੩੩੦
੨੩

ਛਾ, ਸੂਰੀਆ ਚੰਦ ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧੁਨ ਆਪ ਉਪਜਾਈਆ । ਗੋਬਿੰਦ ਕਹੇ ਤੇਰੀ ਧੁਨ ਮੇਰੇ ਅੰਦਰ ਲਾਈ ਸਿਕ, ਮੈਂ ਸਚ ਵਿਚ ਸਮਾਈਆ । ਮੇਰੇ ਅੰਦਰ ਬਿਨਾ ਲੇਖਿਆਂ ਤੋਂ ਲੇਖੇ ਦਿਤੇ ਲਿਖ, ਕਲਮ ਸ਼ਾਹੀ ਦੀ ਲੋੜ ਰਹੇ ਨਾ ਰਾਈਆ । ਤੇਰੀ ਧੁਨ ਦੀ ਮਿਲੀ ਅਗੰਮੀ ਭਿਖ, ਜਿਸ ਭਿਛਿਆ ਨੂੰ ਵੰਡਣ ਵਾਲਾ ਹੋਰ ਜਗਤ ਨਾ ਕੋਇ ਵਰਤਾਈਆ । ਮੈਨੂੰ ਆਦਿ ਜੁਗਾਦਿ ਜੁਗ ਚੌਕੜੀ ਤੇਰਾ ਨੂਰ ਜ਼ਹੂਰ ਸਦਾ ਰਹੇ ਦਿਸ, ਵਿਛੋੜਾ ਰਹਿਣ ਕੋਇ ਨਾ ਪਾਈਆ । ਤੂੰ ਪੁਰਖ ਅਕਾਲਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰ ਇਕ, ਮੈਂ ਤੇਰਾ ਸੁਤ ਦੁਲਾਰਾ ਨੌਜਵਾਨਾ ਇਕੋ ਨਜ਼ਰੀ ਆਈਆ । ਮੈਂ ਚਾਹੁੰਦਾ ਤੇਰੀ ਇਕ ਧੁਨ ਵਿਚ ਮੈਨੂੰ ਐਂ ਲਗਦਾ ਹਿਤ, ਹਿਤਕਾਰੀ ਹੋ ਕੇ ਅੰਤਰ ਵੇਖ ਵਖਾਈਆ । ਮੈਂ ਗੁਰਸਿਖਾਂ ਦੇ ਅੰਤਰ ਰਹਾਂਗਾ ਨਿਤ, ਨਵਿਤ ਆਪਣਾ ਫੇਰਾ ਪਾਈਆ । ਆਤਮ ਸੇਜਾ ਰਵ੍ਹਾਂਗਾ ਲਿਟ, ਮੇਰਾ ਹਰ ਸਿਖ ਦੇ ਅੰਦਰ ਪਿਆਰ ਦਾ ਬਿਨ ਬਾਜੂ ਤੋਂ ਸਿੰਘਾਸਣ ਇਕ ਸੁਹਾਈਆ । ਮੇਰਾ ਝਗੜਾ ਨਹੀਂ ਪੱਥਰ ਇੱਟ, ਪਾਹਨ ਵੰਡ ਨਾ ਕੋਇ ਵੰਡਾਈਆ । ਮੈਂ ਵਸਣਾ ਘਰ ਨਿਜ, ਸਾਢੇ ਤਿੰਨ ਹੱਥ ਮੇਰੇ ਗ੍ਰਿਹ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੀ ਧੁਨ ਦੀ ਸਦਾ ਵਜਦੀ ਰਹੇ ਵਧਾਈਆ । ਪੁਰਖ ਅਕਾਲ ਕਿਹਾ ਗੋਬਿੰਦ ਮੇਰੀ ਧੁਨ ਅਗੰਮ ਅਪਾਰ, ਅਪਰੰਪਰ ਹੋ ਕੇ ਦਿਆਂ ਸੁਣਾਈਆ । ਜਿਸ ਦਾ ਰਾਹ ਤਕਦੇ ਰਹੇ ਤੇਈ ਅਵਤਾਰ, ਰਾਮਾ ਕ੍ਰਿਸ਼ਨਾ ਨਿਵ ਨਿਵ ਲਾਗੇ ਪਾਈਆ । ਮੂਸਾ ਸੁਣ ਕੇ ਥੋੜੀ ਜਿਹੀ ਡਿੱਗਾ ਮੂੰਹ ਦੇ ਭਾਰ, ਬਲ ਆਪਣਾ ਆਪ ਗਵਾਈਆ । ਹਜ਼ਰਤ ਈਸਾ ਫਾਸੀ ਗਲ ਵਿਚ ਗਿਆ ਡਾਰ, ਮੇਰੀ ਧੁਨ ਨਾਲ ਧੁਨ ਧੁਨ ਵਿਚ ਸਮਾਈਆ । ਮੁਹੰਮਦ ਛਡ ਗਿਆ ਚਾਰ ਯਾਰ, ਨਾਤਾ ਜਗਤ ਨਾਲੋਂ ਮਿਟਾਈਆ । ਸਤਿਗੁਰ ਨਾਨਕ ਮੇਰੀ ਧੁਨ ਸੁਣ ਕੇ ਗਾਇਆ ਤੂੰ ਹੀ ਤੂੰ ਹੀ ਤੂੰ ਹੀ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਉਹੋ ਧੁਨ ਨਾਨਕ ਨਿਰਗੁਣ ਨੇ ਸਰਗੁਣ ਧਾਰ ਵਿਚ ਅੰਗਦ ਅੰਦਰ ਦਿਤੀ ਵਾੜ, ਅਮਰਦਾਸ ਨੂੰ ਉਹੋ ਦਿਤੀ ਸੁਣਾਈਆ । ਓਹ ਅਮਰਦਾਸ ਨੇ ਰਾਮਦਾਸ ਦੇ ਘਰ ਪਿਆਰ ਨਾਲ ਵਾੜ, ਕਾਇਆ ਮੰਦਰ ਅੰਦਰ ਬਿਨ ਕੰਨਾਂ ਤੋਂ ਦਿਤੀ ਟਿਕਾਈਆ । ਰਾਮਦਾਸ ਨੇ ਦਰਗਾਹ ਸਚ ਪੁਰਖ ਅਕਾਲ ਅਗੇ ਕਰ ਨਿਮਸਕਾਰ, ਸਤਿਗੁਰ ਅਰਜਨ ਅਰਜਨ ਦਾ ਨਾਤਾ ਪੁਰਖ ਅਕਾਲ, ਓਹ ਹੋਇਆ ਬੋਧ ਅਗਾਧਾ ਬਿਧਾਤੇ ਨਾਲ ਜੁੜਾਈਆ । ਸ਼ਬਦ ਆਇਆ ਅੰਦਰ ਨਾਦਾਂ ਧੁਨੀ ਸੁਣੀ ਧੁਨ ਤੋਂ ਬਾਹਰ, ਧੁਨ ਦਾ ਰਾਗ ਧੁਨ ਵਿਚ ਚੌਥਾ ਅੰਕ ਸ਼ਬਦ ਹਜ਼ਾਰੇ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧੁਨ ਇਕ ਰਖਾਈਆ । ਸਚ ਦੀ ਧੁਨ ਸਤਿਗੁਰ ਅਰਜਨ ਦਿਤੀ ਗੋਬਿੰਦ, ਹਰਿਗੋਬਿੰਦ ਗੋਬਿੰਦ ਬੇਪ੍ਰਵਾਹੀਆ । ਜਿਸ ਨੂੰ ਝੁਕੇ ਕਰੋੜ ਤਤੀਸਾ ਸੁਰਪਤ ਇੰਦ, ਵਿਸ਼ਨ ਬ੍ਰਹਮਾ ਸ਼ਿਵ ਨਿਵ ਨਿਵ ਸੀਸ ਨਿਵਾਈਆ । ਜਿਸ ਦੇ ਅੰਦਰ ਨਾ ਕੋਈ ਹਰਖ ਨਾ ਕੋਈ ਸੋਗ ਨਾ ਕੋਈ ਚਿੰਤ, ਗ਼ਮ ਵਿਚ ਗ਼ਮਖ਼ਾਰ ਮਿਲੇ ਬੇਪ੍ਰਵਾਹੀਆ । ਭਾਗ ਲੱਗਾ ਓਸੇ ਜੀਉ ਪਿੰਡ, ਸਾਢੇ ਤਿੰਨ ਹੱਥ ਕਾਇਆ ਪੰਜ ਤਤ ਵੱਜੀ ਵਧਾਈਆ । ਅੰਮ੍ਰਿਤ ਧਾਰਾ ਵਗੀ ਸਾਗਰ ਸਿੰਧ, ਗਹਿਰ ਗੰਭੀਰ ਬੇਨਜ਼ੀਰ ਦਿਤੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਧੁਨ ਆਪਣੀ ਇਕ ਪਰਗਟਾਈਆ । ਸਾਚੀ ਧੁਨ ਸੁਣੀ ਹਰਿਰਾਏ, ਹਰਿ ਹਰਿ ਵਿਚ ਸਮਾਈਆ ।


੩੩੧
੨੩

ਹਰਿਕ੍ਰਿਸ਼ਨ ਗਿਆ ਗਾਏ, ਭੇਵ ਅਭੇਦਾ ਇਕ ਜਣਾਈਆ । ਗੁਰੂ ਤੇਗ਼ਬਹਾਦਰ ਸੁਣ ਕੇ ਹਿੰਦ ਦਾ ਧਰਮ ਗਿਆ ਬਚਾਏ, ਆਪ ਆਪਾ ਖੇਲ ਖਿਲਾਈਆ । ਧੁਰ ਦੀ ਧੁਨ ਨਾਲ ਗੋਬਿੰਦ ਸੂਰਾ ਉਠਿਆ ਨੌਜਵਾਨਾ ਜੋ ਸਭ ਦੇ ਸੀਸ ਤੇ ਹੱਥ ਟਿਕਾਏ, ਚਾਰ ਵਰਨਾਂ ਇਕੋ ਰੰਗ ਰੰਗਾਈਆ । ਪਿਤਾ ਪੁਰਖ ਅਕਾਲ ਇਕੋ ਮਨਾਏ, ਦੂਜੀ ਓਟ ਨਾ ਕੋਇ ਤਕਾਈਆ । ਸੁਣੀ ਧੁਨ ਅੰਦਰ ਚੜ੍ਹਿਆ ਚਾਏ, ਚਾਉ ਘਨੇਰੇ ਵੱਜੀ ਵਧਾਈਆ । ਓਸੇ ਧੁਨ ਦੇ ਪਿਆਰ ਵਿਚ ਗੁਰਮੁਖ ਜੱਟ ਝੀਵਰ ਛੀਂਬੇ ਨਾਈ ਇਕੱਠੇ ਕਰਾਏ, ਇਕੋ ਰੰਗ ਰੰਗਾਈਆ । ਓਸੇ ਦੀ ਧੁਨ ਵਿਚ ਅੰਮ੍ਰਿਤ ਧੁਰ ਦਾ ਜਾਮ ਲਿਆਏ, ਭਰ ਬਾਟਿਆਂ ਨਾਲ ਪਿਆਈਆ । ਓਸੇ ਧੁਨ ਵਿਚ ਪੰਥ ਖ਼ਾਲਸਾ ਰਚਨ ਰਚਾਏ, ਗੁਰਮੁਖ ਸੁਹੇਲੇ ਰੰਗ ਰੰਗਾਈਆ । ਓਸੇ ਦੀ ਧੁਨ ਵਿਚ ਆਪ ਆਪਣੀ ਝੋਲੀ ਡਾਹੇ, ਗੁਰਮੁਖ ਗੁਰਸਿਖ ਸਿੰਘ ਸ਼ੇਰ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧੁਨ ਆਪਣੇ ਹੱਥ ਰਖਾਈਆ । ਸਚ ਦੀ ਧੁਨ ਸ਼ਬਦ ਅਨਾਦੀ, ਬ੍ਰਹਿਮੰਡ ਖੇਲ ਖਿਲਾਈਆ । ਜਿਸ ਦਾ ਰੂਪ ਅਨਾਦ ਅਨਾਦੀ, ਜੁਗ ਚੌਕੜੀ ਆਪਣਾ ਹੁਕਮ ਸੁਣਾਈਆ । ਗੁਰਮੁਖੋ ਗੁਰਸਿਖੋ ਉਸ ਧੁਨ ਨੂੰ ਸੁਣਨ ਦੀ ਸਤਿਗੁਰ ਗੋਬਿੰਦ ਦੇ ਕੋਲੋਂ ਹੁਣ ਵਾਰੀ ਆ ਗਈ ਤੁਹਾਡੀ, ਉਸੇ ਧੁਨ ਵਿਚ ਜਾਓ ਸਮਾਈਆ । ਜਿਸ ਦੀ ਆਵਾਜ਼ ਚੁਰਾਸੀ ਲੱਖ ਨਾਲੋਂ ਡਾਹਢੀ, ਡਾਹਢਾ, ਆਪਣਾ ਹੁਕਮ ਵਰਤਾਈਆ । ਜਿਨ੍ਹਾਂ ਦੀ ਸੁਰਤ ਅੰਦਰੋਂ ਹੋਵੇ ਜਾਗੀ, ਓਹ ਸੁਰਤ ਸ਼ਬਦ ਨਾਲ ਮਿਲ ਕੇ ਮੇਲਾ ਵੇਖਣਾ ਬੇਪ੍ਰਵਾਹੀਆ । ਓਹ ਘਰ ਤੱਕਣਾ ਜਿਥੇ ਆਤਮਾ ਪਰਮਾਤਮਾ ਦੀ ਹੋਵੇ ਸ਼ਾਦੀ, ਦੋਵੇਂ ਮਿਲ ਕੇ ਇਕੋ ਸੇਜਾ ਸੋਭਾ ਪਾਈਆ । ਸਾਚੀ ਧੁਨ ਉਸ ਪੁਰਖ ਅਕਾਲ ਦੀ ਨਾਨਕ ਗੋਬਿੰਦ ਗੋਬਿੰਦ ਨਾਨਕ ਸ਼ਬਦ ਧਾਰ ਤੋਂ ਬਿਨਾ ਕਿਸੇ ਨਾ ਲਾਧੀ, ਲੱਭਣ ਵਾਲਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਿਫ਼ਤ ਸਚ ਦੀ ਸਲਾਹ ਸਚ ਦਾ ਦਾਤਾ ਸਚ ਦਾ ਮਾਲਕ ਬੇਪ੍ਰਵਾਹ, ਜਿਸ ਦੀ ਧੁਨ ਧੁਨ ਆਤਮਕ ਰਾਗ ਵਿਚ ਵੈਰਾਗ ਵਿਚ ਤਿਆਗ ਵਿਚ ਜਾਗ ਵਿਚ ਓਹਦਿਆਂ ਭਗਤਾਂ ਸੰਤਾਂ ਸੂਫ਼ੀਆਂ ਫ਼ਕੀਰਾਂ ਨਾਨਕ ਧਾਰ ਨਾਲ ਮਿਲ ਕੇ ਨਾਨਕ ਨਾਨਕ ਨਾਨਕ ਵਿਚ ਗਾਈਆ ।

### ✪ ੧੩ ਕਤਕ ਸ਼ਹਿਨਸ਼ਾਹੀ ਸੰਮਤ ਅੱਠ ਕਵੈਤ ਸ਼ਹਿਰ ਅਜੀਤ ਸਿੰਘ ਦੇ ਗ੍ਰਹਿ ✪

ਸੰਤ ਮਨੀ ਸਿੰਘ ਕਹੇ ਮੇਰੀ ਨਿਮਸਕਾਰ ਨਿਮਸਕਾਰ ਨਿਮਸਕਾਰ, ਨਮਸਤੇ ਵਿਚ ਸੀਸ ਝੁਕਾਈਆ । ਤੇਰਾ ਖੇਲ ਵੇਖ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਤੇਰੀ ਤੱਕਾਂ ਬੇਪ੍ਰਵਾਹੀਆ । ਤੂੰ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਇਕ ਅਲਾਹੀਆ । ਮੈਂ ਤੇਰਾ ਖ਼ਿਦਮਤਗਾਰ, ਜਗ ਸਾਚੀ ਕਾਰ ਕਮਾਈਆ । ਨਾਤਾ ਤੋੜ ਕੂੜ ਸੰਸਾਰ, ਚਰਨ ਸਰਨ ਲਈ ਸਰਨਾਈਆ । ਬਣ ਕੇ ਦਰ ਭਿਖਾਰ, ਭਿਖਿਆ ਮੰਗੀ ਚਾਈਂ ਚਾਈਂਆ । ਤੋੜ ਕੇ ਜਗਤ ਹੰਕਾਰ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸੰਤ ਮਨੀ ਸਿੰਘ ਕਹੇ ਮੇਰੇ ਸਾਹਿਬ ਸਤਿਗੁਰ ਦਿਆਲੂ, ਦਇਆਵਾਨ ਦੇ ਜਣਾਈਆ । ਤੇਰਾ ਜਲਵਾ ਨੂਰ ਜਮਾਲੂ, ਜ਼ਾਹਰ ਜ਼ਹੂਰ ਇਕ ਅਖਵਾਈਆ । ਤੂੰ ਸਾਹਿਬ ਬਖ਼ਸ਼ੰਦ ਕਿਰਪਾਲੂ, ਕਿਰਪਾ ਨਿਧਾਨ ਤੇਰੀ ਵਡਿਆਈਆ । ਦੱਸ ਕਲਜੁਗ ਅੰਤਮ ਕਵਣ ਸੰਭਾਲੂ,

ਸੰਬਲ ਕਿਹੜਾ ਗ੍ਰਹਿ ਸੋਭਾ ਪਾਈਆ । ਕਿਸ ਬਿਧ ਤੇਰਾ ਖੇਲ ਹੋਵੇ ਚਾਲੂ, ਚਾਲ ਨਿਰਾਲੀ ਦੇ ਜਣਾਈਆ । ਮੈਨੂੰ ਭੇਵ ਦੱਸ ਦੇ ਜੋ ਇਸ਼ਾਰਾ ਦਿਤਾ ਨਾਨਕ ਪਿਤਾ ਕਾਲੂ, ਤ੍ਰਿਪਤਾ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸੰਤ ਮਨੀ ਸਿੰਘ ਕਹੇ ਮੈਂ ਤੇਰਾ ਹੁਕਮ ਤੱਕਦਾ ਸਖ਼ਤ, ਸਖ਼ਤੀ ਵਿਚ ਨਜ਼ਰੀ ਆਈਆ । ਮੈਂ ਪ੍ਰੇਮ ਦੀ ਕਰਾਂ ਮੁਸ਼ੱਕਤ, ਜੇਲ ਅੰਦਰ ਤੇਰਾ ਧਿਆਨ ਲਗਾਈਆ । ਪ੍ਰਭੂ ਮੇਰੀ ਕਮਾਈ ਵਿਚ ਪਾਉਣੀ ਬਰਕਤ, ਵਸਤ ਅਗੰਮ ਵਿਚ ਟਿਕਾਈਆ । ਤੇਰੀ ਕਿਸੇ ਨਾਲ ਨਹੀਂ ਸ਼ਰਕਤ, ਲਾਸ਼ਰੀਕ ਤੇਰੀ ਸ਼ਰਨਾਈਆ । ਤੇਰਾ ਨੂਰ ਨੁਰਾਨਾ ਹੋਵੇ ਦਰਸ਼ਕ, ਆਦਰਸ਼ ਆਪਣਾ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸੰਤ ਮਨੀ ਸਿੰਘ ਕਹੇ ਮੈਂ ਤੱਕਾਂ ਚਾਰੇ ਕੂਟ, ਬਿਨ ਨੈਣਾਂ ਨੈਣ ਉਠਾਈਆ । ਦੀਨ ਦੁਨੀਆ ਦਿਸਦੀ ਝੂਠ, ਸਗਲਾ ਸੰਗ ਨਾ ਕੋਇ ਬਣਾਈਆ । ਇਕੋ ਪੁਰਖ ਅਕਾਲੇ ਦੀਨ ਦਿਆਲੇ ਤੇਰੀ ਓਟ, ਇਕੋ ਤੇਰੇ ਦਰ ਤੇ ਸੀਸ ਨਿਵਾਈਆ । ਮੈਂ ਤੇਰਾ ਪ੍ਰਕਾਸ਼ ਤੱਕਣਾ ਨਿਰਗੁਣ ਜੋਤ, ਜੋਤੀ ਜਾਤੇ ਵੇਖ ਵਖਾਈਆ । ਕਿਰਪਾ ਕਰ ਕੇ ਬੁੱਧੀ ਤੋਂ ਪਰੇ ਬਖ਼ਸ਼ੀਂ ਸੋਚ, ਜਗਤ ਸਮਝ ਦੀ ਲੋੜ ਰਹੇ ਨਾ ਰਾਈਆ । ਪ੍ਰੇਮ ਭੰਡਾਰਾ ਦਈਂ ਅਤੋਟ, ਅਤੁਟ ਦੇਣਾ ਵਰਤਾਈਆ । ਤੇਰਾ ਖੇਲ ਹੋਣਾ ਲੋਕ ਪ੍ਰਲੋਕ, ਦੋ ਜਹਾਨ ਵੇਖਣ ਨੈਣ ਉਠਾਈਆ । ਜਿਹੜਾ ਸ਼ਬਦੀ ਧਾਰ ਮੈਨੂੰ ਦੱਸਿਆ ਸਲੋਕ, ਸੋਹੰ ਢੋਲਾ ਦਿਤਾ ਸਮਝਾਈਆ । ਮੈਂ ਏਸੇ ਦੀ ਮਾਣਾਂ ਮੌਜ, ਮਜਲਸ ਤੇਰੇ ਨਾਲ ਰਖਾਈਆ । ਤੂੰ ਮੇਰਾ ਪ੍ਰੀਤਮ ਚੋਜ, ਚੋਜੀ ਪ੍ਰੀਤਮ ਇਕੋ ਨਜ਼ਰੀ ਆਈਆ । ਮੈਨੂੰ ਬਾਹਰੋਂ ਕਰਨੀ ਪਏ ਨਾ ਖੋਜ, ਖੋਜਤ ਖੋਜਤ ਖੋਜਤ ਹੋ ਬੈਰਾਗਣ ਰੂਪ ਨਾ ਕੋਇ ਧਰਾਈਆ । ਬੇਸ਼ਕ ਮੈਨੂੰ ਤਾਅਨੇ ਦਿੰਦੇ ਲੋਕ, ਸ੍ਰਿਸ਼ਟੀ ਦੁਨੀਆ ਕਹੇ ਸ਼ੁਦਾਈਆ । ਇਕ ਬਚਨ ਮੈਂ ਸੁਣਾਵਾਂ ਠੋਕ, ਗ਼ੁੱਸਾ ਗਿਲਾ ਪ੍ਰਭੂ ਨਾ ਲੈਣਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਮਨੀ ਸਿੰਘ ਕਹੇ ਮੈਨੂੰ ਦੱਸ ਭੇਤ ਇਕ ਤੁਕ ਦਾ, ਮੇਰੀ ਤਾਸੀਰ ਦਿਤੀ ਬਦਲਾਈਆ । ਕਿਉਂ ਤਤਾਂ ਵਾਲੇ ਗੁਰੂ ਫਿਰੇਂ ਲੁਕਦਾ, ਪੱਲੂ ਜਗਤ ਨਾਲੋਂ ਛੁਡਾਈਆ । ਕਿਉਂ ਰੂਪ ਧਰਿਆ ਮਾਨਸ ਮਾਨੁੱਖ ਦਾ, ਤ੍ਰੈਗੁਣ ਵੇਖ ਵਖਾਈਆ । ਕੁਛ ਭੇਵ ਦੱਸ ਦੇ ਆਪਣੀ ਰੁਤ ਦਾ, ਕਿਸ ਬਿਧ ਰੁਤੜੀ ਦਏਂ ਮਹਿਕਾਈਆ । ਮੈਂ ਨਜ਼ਾਰਾ ਤੱਕਣਾ ਤੇਰੇ ਦੁਲਾਰੇ ਸੁਤ ਦਾ, ਜਿਸ ਗੋਬਿੰਦ ਨੂੰ ਜਨਮੇ ਕੋਇ ਨਾ ਮਾਈਆ । ਮੈਂ ਕੋਟਨ ਵਾਰ ਬਿਨਾ ਕਟਾਕਸ਼ ਤੋਂ ਝੁਕਦਾ, ਨਿਵ ਨਿਵ ਲਾਗਾ ਪਾਈਂਆ । ਜੇ ਜਗਤ ਦੀ ਰੀਤੀ ਪੁਛੇ ਮੈਂ ਇਕ ਦਿਨ ਕਟਿਆ ਨਹੀਂ ਸੁਖ ਦਾ, ਸੁਖ ਤਨ ਸਰੀਰ ਨਜ਼ਰ ਕੋਇ ਨਾ ਆਈਆ । ਅੰਤਮ ਪੈਂਡਾ ਜਾਂਦਾ ਮੁਕਦਾ, ਪੰਧ ਆਪਣਾ ਪੰਧ ਮੁਕਾਈਆ । ਮੇਰੇ ਅੰਦਰ ਤੇਰਾ ਸ਼ਬਦ ਸ਼ੇਰ ਹੋ ਕੇ ਬੁਕਦਾ, ਸ਼ੇਰ ਸ਼ੇਰਾ ਇਕੋ ਨਜ਼ਰੀ ਆਈਆ । ਜੋ ਸਭ ਨੂੰ ਫਿਰੇ ਲੁਟਦਾ, ਲੁਟੇਰਾ ਹੋ ਕੇ ਭੱਜੇ ਵਾਹੋ ਦਾਹੀਆ । ਮੈਂ ਵਣਜਾਰਾ ਓਸੇ ਦੇ ਅੰਮ੍ਰਿਤ ਘੁਟ ਦਾ, ਜੋ ਨਿਝਰ ਰਸ ਦਏ ਝਿਰਾਈਆ । ਸਚ ਦੱਸ ਕਿਸ ਬਿਧ ਲੇਖਾ ਪੂਰਾ ਕਰਨਾ ਅੰਤਮ ਕਲਜੁਗ ਦਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਧਿਆਨ ਲਗਾਈਆ । ਕਿਸ ਬਿਧ ਝਗੜਾ ਹੋਣਾ ਮਨ ਮਤ ਬੁਧ ਦਾ, ਅੰਤਰ ਆਤਮ ਪਰਮਾਤਮ ਤੇਰੀ ਸਮਝ ਕੋਇ ਨਾ ਪਾਈਆ । ਨਾਲੇ ਬੁੱਢਾ ਖ਼ੁਸ਼ੀਆਂ ਦੇ ਵਿਚ ਕੁੱਦਦਾ, ਮਨੀ ਸਿੰਘ ਆਪਣੀ ਲਏ ਅੰਗੜਾਈਆ । ਫੇਰ ਸੱਜੇ ਹੱਥ ਦਾ ਨਾਖੁਨ ਦੰਦਾਂ ਨਾਲ ਟੁਕਦਾ, ਟੁਕ ਟੁਕ

ਕੇ ਹਿੱਸੇ ਪੰਜ ਕਰਾਈਆ । ਫੇਰ ਇਸ਼ਾਰਾ ਕੀਤਾ ਆਪਣੇ ਸੱਜੇ ਹੱਥ ਦੇ ਗੁੱਟ ਦਾ, ਜ਼ੋਰ ਨਾਲ ਦਬਾਈਆ । ਮੇਰਾ ਹੁਣ ਅੰਤਮ ਸਮਾਂ ਪੁੱਜਦਾ, ਤੇਰੀ ਪੂਜਾ ਵਿਚ ਆਪਣਾ ਝਟ ਲੰਘਾਈਆ । ਮੇਰੀ ਇਕ ਬੇਨੰਤੀ ਮੇਰਾ ਆਤਮ ਦੀਵਾ ਕਦੇ ਨਾ ਹੋਵੇ ਬੁਝਦਾ, ਤੇਰੇ ਨਾਲ ਜੋਤ ਰੁਸ਼ਨਾਈਆ । ਤੇਰਾ ਭੇਵ ਅਨੋਖਾ ਗੁੱਝ ਦਾ, ਪਰਦਾ ਸਕੇ ਨਾ ਕੋਇ ਉਠਾਈਆ । ਮੇਰਾ ਤਨ ਵਣਜਾਰਾ ਹੋਣਾ ਅੰਤਮ ਲੱਕੜੀ ਵੁੱਡ ਦਾ, ਦੂਜਾ ਸੰਗੀ ਸੰਗ ਨਾ ਕੋਇ ਰਖਾਈਆ । ਪਰ ਯਾਦ ਰਖੀਂ, ਜਿਸ ਵੇਲੇ ਹਜ਼ਰਤ ਈਸਾ ਸਮਾਂ ਸੁਹਾਇਆ ਮਾਰਨਿੰਗ ਗੁਡ ਦਾ, ਗਾਡ ਆਪਣਾ ਰੰਗ ਰੰਗਾਈਆ । ਕੁਛ ਲੇਖਾ ਲਹਿਣਾ ਦੇਣਾ ਪੂਰਾ ਕਰਨਾ ਬਲ ਬਾਵਨ ਵਾਲੀ ਫੂਡ ਦਾ, ਭੇਵ ਅਭੇਦ ਚੁਕਾਈਆ । ਤੇਰਾ ਸੰਦੇਸ਼ਾ ਸ਼ਬਦ ਹੋਣਾ ਅਗੰਮੀ ਦੂਤ ਦਾ, ਦੋ ਜਹਾਨਾਂ ਹੁਕਮ ਵਰਤਾਈਆ । ਤੇਰਾ ਖੇਲ ਤੱਕਣਾ ਕੂਚ ਦਾ, ਚਲਣਾ ਚਾਈਂ ਚਾਈਂਆ । ਤੇਰਾ ਲੇਖਾ ਮੰਜ਼ਲ ਹਕ ਮਕਸੂਦ ਦਾ, ਮੁਹੰਮਦ ਬੈਠਾ ਰਾਹ ਤਕਾਈਆ । ਮੇਰਾ ਹਿਸਾਬ ਕਿਤਾਬ ਮੌਜੂਦ ਦਾ, ਮੌਜੂਦਾ ਹੋ ਕੇ ਦੇਣਾ ਚੁਕਾਈਆ । ਲੇਖਾ ਤੱਕ ਲੈ ਹਜ਼ਾਰਾ ਦਰੂਦ ਦਾ, ਇਸਮ ਬਸਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸੰਤ ਮਨੀ ਸਿੰਘ ਆਪਣੀਆਂ ਉਂਗਲਾਂ ਲਈਆਂ ਮਰੋੜ, ਪੰਜਾ ਪੰਜਾਂ ਨਾਲ ਦਬਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਤੈਨੂੰ ਪੰਜਾਂ ਦੀ ਪੈਣੀ ਲੋੜ, ਮੇਰਾ ਪੰਜਾ ਕਲਮ ਵਾਲਾ ਦਏ ਗਵਾਹੀਆ । ਤੂੰ ਸ਼ਾਹ ਸਵਾਰ ਚੜ੍ਹਨਾ ਸ਼ਬਦ ਘੋੜ, ਤਨ ਰਾਕੀ ਖ਼ਾਕੀ ਨਜ਼ਰ ਕੋਇ ਨਾ ਆਈਆ । ਜੋ ਅਵਤਾਰ ਪੈਗ਼ੰਬਰ ਗੁਰ ਲੇਖਾ ਪੂਰਾ ਕਰ ਕੇ ਗਏ ਮੜ੍ਹੀ ਗੋਰ, ਮਕਬਰਿਆਂ ਵਿਚ ਤਨ ਰਖਾਈਆ । ਉਨ੍ਹਾਂ ਦੀ ਜੋਤੀ ਧਾਰ ਹਰਿ ਨਿਰੰਕਾਰ ਆਪਣੇ ਨਾਲ ਲੈਣੀ ਤੋਰ, ਤੁਰਤ ਆਪਣਾ ਖੇਲ ਖਿਲਾਈਆ । ਮੇਰੀ ਬੇਨੰਤੀ ਹੱਥ ਜੋੜ, ਨਮੋ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਦਾ ਵਰ, ਸਚ ਤੇਰਾ ਖੇਲ ਵੇਖ ਵਖਾਈਆ । ਸੰਤ ਮਨੀ ਸਿੰਘ ਕਹੇ ਪ੍ਰਭੂ ਕੀ ਤੇਰਾ ਇਹ ਦਸਤੂਰ, ਸਤਿਗੁਰ ਦਾਤੇ ਦੇਣਾ ਸਮਝਾਈਆ । ਕਿਉਂ ਜਗਤ ਸਜ਼ਾ ਦੇਵੇਂ ਬਿਨਾ ਕਸੂਰ, ਜੋ ਸੰਤ ਭਗਤ ਤੇਰਾ ਨਾਮ ਧਿਆਈਆ । ਓਹ ਤੇਰੀ ਪ੍ਰੀਤੀ ਵਿਚ ਤੇਰਾ ਮੰਗਦੇ ਨੂਰ, ਤੇਰਾ ਜ਼ਹੂਰ ਵੇਖਣ ਚਾਈਂ ਚਾਈਂਆ । ਮਸਤਕ ਲਾਉਣੀ ਚਾਹੁੰਦੇ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਕਿਉਂ ਉਨ੍ਹਾਂ ਨੂੰ ਤਾਅਨੇ ਮਾਰਨ ਮੂਰਖ ਮੂੜ੍ਹ, ਮੁਗਧ ਦੇਣ ਸਜ਼ਾਈਆ । ਮੇਰੀ ਇਕ ਬੇਨੰਤੀ ਜਨ ਭਗਤਾਂ ਉਤੇ ਕਿਰਪਾ ਕਰਦਾ ਰਹੀਂ ਜ਼ਰੂਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਇਹੋ ਆਸ਼ਾ ਰਖੀ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਤੇਰਾ ਰਾਹ ਤਕਾਈਆ । ਹਜ਼ਰਤ ਈਸਾ ਤੇਰਾ ਕੀਤਾ ਸ਼ਅਊਰ, ਸ਼ੁਕਰੀਏ ਵਿਚ ਸ਼ੁਕਰਾਨਾ ਤੇਰਾ ਗਿਆ ਗਾਈਆ । ਮੁਹੰਮਦ ਹਮਦ ਵਿਚ ਤੇਰਾ ਵਸਲ ਕਰੇ ਮਨਜ਼ੂਰ, ਅਸਲ ਲੇਖਾ ਦੇਣਾ ਚੁਕਾਈਆ । ਪਰ ਮੈਨੂੰ ਇਹ ਖੇਲ ਵਖਾਉਣਾ ਜ਼ਰੂਰ, ਜ਼ਰੂਰਤ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਸਿਰ ਮੇਰੇ ਹੱਥ ਰਖਾਈਆ । ਝਟ ਮਨੀ ਸਿੰਘ ਕਲਮ ਨਾਲ ਆਪਣੇ ਸੀਨੇ ਤੇ ਮਾਰੀਆਂ ਸੱਤ ਲੀਕਾਂ, ਸੱਤ ਵਾਰ ਸੱਸਾ ਤੇ ਸੱਤ ਵਾਰ ਹਾਹਾ ਲਿਖ ਕੇ ਦਿਤਾ ਵਖਾਈਆ । ਤੇਰੇ ਵਿਚ ਹਕ ਤੌਫ਼ੀਕਾ, ਮਿਹਰਵਾਨ ਤੇਰੀ ਵਡਿਆਈਆ । ਬਾਵਨ ਬਾਵਨ ਧਾਰ ਮੈਂ ਤੇਰੀਆਂ ਕਰਾਂ ਉਡੀਕਾਂ, ਪੰਜ ਦੋ ਦਾ ਅੰਕ ਜੋੜ ਜੁੜਾਈਆ । ਤੂੰ ਸਾਹਿਬ ਲਾਸ਼ਰੀਕਾ, ਮਾਲਕ ਕੁੱਲ ਤੇਰੀ ਵਡਿਆਈਆ । ਤੂੰ ਮੇਰੀਆਂ ਪੂਰੀਆਂ ਕਰਨੀਆਂ ਵਸੀਅਤਾਂ,

ਜੋ ਲਿਖ ਲਿਖ ਕੇ ਲੇਖੇ ਤੇਰੇ ਬਣਾਈਆ । ਤੇਰੀਆਂ ਜਗ ਤੋਂ ਵੱਖਰੀਆਂ ਹੋਣੀਆਂ ਰੀਤਾਂ, ਤੇਰਾ ਰਹਿਬਰ ਅਗੰਮ ਅਥਾਹੀਆ । ਤੂੰ ਝਗੜਾ ਮੁਕਾਉਣਾ ਮੰਦਰ ਮਸੀਤਾਂ, ਕਾਅਬਿਆਂ ਹੋਣਾ ਆਪ ਸਹਾਈਆ । ਪਰ ਯਾਦ ਰਖੀਂ ਸੱਤ ਗੁਰਮੁਖ ਤੇਰੇ ਨਾਲ ਮੇਰੀਆਂ ਕਰਨ ਤਸਦੀਕਾਂ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਬੀਸ ਦਿਨ ਮੈਂ ਜੋ ਚੱਕੀ ਦਾ ਪੀਸਣ ਪੀਸਾ, ਅੰਦਰੋਂ ਨਾਤਾ ਤੇਰੇ ਨਾਲੋਂ ਤੁੜਾਈਆ । ਏਸ ਦਾ ਲੇਖਾ ਅਰਜਨ ਲਿਖਣ ਲੱਗਾ ਸੀ ਵਿਚ ਗੀਤਾ, ਜਿਹੜੇ ਵੇਲੇ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਵਿਚ ਮਿਲ ਕੇ ਗਿਆ ਸੁਣਾਈਆ । ਝਟ ਕਾਹਨ ਨੇ ਕਿਹਾ ਕਾਹਨ ਤੇਰਾ ਸਮਾਂ ਤੇਰੇ ਨਾਲ ਬੀਤਾ, ਅਗੇ ਮੇਰੀ ਬੇਪ੍ਰਵਾਹੀਆ । ਓਸ ਵੇਲੇ ਕ੍ਰਿਸ਼ਨ ਨੇ ਸੱਤਾਂ ਉਂਗਲਾਂ ਨਾਲ ਆਪਣੀ ਅਗੋਂ ਪਾੜੀ ਕਮੀਜਾਂ, ਉਂਗਲਾਂ ਢਾਈ ਢਾਈ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਸੰਤ ਮਨੀ ਸਿੰਘ ਕਹੇ ਮੈਂ ਜੇਲ ਵਿਚ ਰਿਹਾ ਬੰਦ, ਬੰਦੀਖ਼ਾਨੇ ਖ਼ੁਸ਼ੀ ਮਨਾਈਆ । ਮਾਣਦਾ ਰਿਹਾ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਇਕ ਦਿਨ ਮੈਨੂੰ ਹੱਸ ਕੇ ਕਹੇ ਤਾਰਾ ਚੰਦ, ਸਤਿਗੁਰ ਦੇ ਚੰਦ ਕੁਛ ਸਾਨੂੰ ਦੇ ਸਮਝਾਈਆ । ਮੈਂ ਖ਼ੁਸ਼ੀ ਵਿਚ ਕਿਹਾ ਮੇਰੇ ਮਾਲਕ ਦਾ ਸਮਾਂ ਰਿਹਾ ਲੰਘ, ਭੱਜੇ ਵਾਹੋ ਦਾਹੀਆ । ਓਹ ਤੱਕੋ ਜਿਸ ਦਾ ਕੌਲ ਗੋਬਿੰਦ ਨਾਲ ਪੁਰੀ ਅਨੰਦ, ਅਨੰਦ ਦਾ ਮਾਲਕ ਇਕ ਅਖਵਾਈਆ । ਓਹ ਸੰਬਲ ਸੇਜ ਸੁਹਾਏ ਪਲੰਘ, ਆਸਣ ਅਬਿਨਾਸ਼ਣ ਇਕ ਲਗਾਈਆ । ਜਿਸ ਦੀ ਮੰਜ਼ਲ ਦਾ ਜਾਣੇ ਕੋਇ ਨਾ ਪੰਧ, ਅਵਤਾਰ ਪੈਗ਼ੰਬਰ ਗੁਰ ਅੰਤ ਕਹਿਣ ਕੋਇ ਨਾ ਪਾਈਆ । ਓਹ ਮੇਰਾ ਸਾਹਿਬ ਦਿਆਲੂ ਬਖ਼ਸ਼ੰਦ, ਬਖ਼ਸ਼ਿਸ਼ ਵਿਚ ਵਡਿਆਈਆ । ਕਮਲਿਓ ਤੁਸੀਂ ਐਵੇਂ ਨਾ ਪਾਓ ਡੰਡ, ਮੰਡਲਾਂ ਉਪਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਨੀ ਸਿੰਘ ਕਹੇ ਮੈਨੂੰ ਅੰਦਰ ਵੱਜਾ ਧੱਕਾ, ਸ਼ਬਦੀ ਸ਼ਬਦ ਨਾਲ ਹਿਲਾਈਆ । ਸਾਧਾ ਸਤਿ ਵਿਚ ਹੋ ਜਾ ਪੱਕਾ, ਅਡੋਲ ਨਾਲ ਮਿਲ ਕੇ ਅਡੋਲ ਨਜ਼ਰੀ ਆਈਆ । ਜਿਸ ਲੇਖਾ ਚੁਕਾਉਣਾ ਮਦੀਨਾ ਮੱਕਾ, ਕਾਅਬਿਆਂ ਵੇਖ ਵਖਾਈਆ । ਓਸ ਲਹਿਣਾ ਦੇਣਾ ਪੂਰਾ ਕਰਨਾ ਬੂਰਾ ਕੱਕਾ, ਈਸਾ ਨੈਣਾਂ ਰਾਹ ਤਕਾਈਆ । ਜਿਸ ਨੂੰ ਪਰਵਰਦਿਗਾਰ ਕਹਿੰਦੇ ਯਕਾ, ਵਾਹਿਦ ਨੂਰ ਅਲਾਹੀਆ । ਓਸ ਦਾ ਲੇਖਾ ਕੋਈ ਨਾ ਜਾਣੇ ਚੂੰਕਿ ਚੁਨਾਚੇ ਅਲਬਤਾ, ਆਲਮ ਫ਼ਾਜ਼ਲ ਸਮਝ ਕੋਇ ਨਾ ਪਾਈਆ । ਜਿਸ ਦਾ ਗੋਬਿੰਦ ਡੰਕ ਵਜਾਇਆ ਫ਼ੜ੍ਹਾ, ਓਹ ਫ਼ਾਤਿਆ ਪੜ੍ਹੇ ਸਰਬ ਲੋਕਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਕਰਨੀ ਹੱਤਾ, ਹੱਤਕ ਆਪਣੀ ਸਮਝੇ ਮੂਲ ਨਾ ਰਾਈਆ । ਓਸ ਦਾ ਇਕੋ ਟਿਕਾਣਾ ਤੇ ਇਕੋ ਪਤਾ, ਪਤਿਪਰਮੇਸ਼ਵਰ ਸਚਖੰਡ ਵਸੇ ਧੁਰ ਦਾ ਮਾਹੀਆ । ਅੰਤਮ ਉਸ ਦਾ ਜੋਤ ਸ਼ਬਦ ਦੀ ਧਾਰ ਜਨ ਭਗਤਾਂ ਨਾਲ ਹੋਣਾ ਮਤਾ, ਜਗਤ ਦੀ ਮਤ ਕੰਮ ਕਿਸੇ ਨਾ ਆਈਆ । ਇਕੋ ਹੁਕਮ ਦੀ ਹੋਣੀ ਸਤਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਹੁਕਮ ਵਰਤਾਈਆ । ਪਰ ਯਾਦ ਰਖੀਂ ਤਾਰੇ ਚੰਨ ਉਸ ਨੇ ਸਮੁੰਦ ਸਾਗਰਾਂ ਝੋਲੀ ਪਾਉਣਾ ਇਕ ਇਕ ਟਕਾ, ਲੱਖ ਬਤਾਲੀ ਤ੍ਰਿਸ਼ਨਾ ਤ੍ਰਿਪਤ ਕਰਾਈਆ । ਜਿਸ ਦਾ ਨੂਰ ਪ੍ਰਕਾਸ਼ ਲਟ ਲਟਾ, ਦੋ ਜਹਾਨਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਮੈਨੂੰ ਜੇਲ ਵਿਚ ਆ ਕੇ ਮਿਲਿਆ ਸੰਗ਼ਰੂਰ, ਹੱਥ ਸੀਨੇ ਉਤੇ ਟਿਕਾਈਆ । ਗ਼ੁੱਸੇ ਵਿਚ ਕਿਹਾ ਸਾਧਾ ਦੱਸ ਪੈਂਡਾ ਨੇੜੇ ਕੇ ਦੂਰ, ਪਾਂਧੀ ਪੰਧ ਕਵਣ ਵਖਾਈਆ । ਮੈਂ ਸਤਿਗੁਰ

ਸਚ ਕਿ ਕੂੜ, ਪਰਦਾ ਦੇ ਉਠਾਈਆ । ਮੈਂ ਚਤੁਰ ਸੁਘੜ ਕਿ ਮੂੜ੍ਹ, ਕਿ ਮੂਰਖ ਵਡ ਵਡਿਆਈਆ । ਸੰਤ ਮਨੀ ਸਿੰਘ ਕਹੇ ਮੈਂ ਰੋ ਕੇ ਕਿਹਾ ਤੇਰਾ ਭੇਵ ਕੀ ਜਾਣਾ ਮੈਂ ਤੇਰਾ ਮਜ਼ਦੂਰ, ਸੇਵਾ ਵਿਚ ਸੇਵ ਕਮਾਈਆ । ਜੁਗ ਚੌਕੜੀ ਓਹ ਰੋਂਦੇ ਗਏ ਜਿਨ੍ਹਾਂ ਮਜ਼੍ਹਬਾਂ ਦਾ ਪਾਇਆ ਫ਼ਤੂਰ, ਕਲਮੇ ਢੋਲੇ ਨਾਮ ਗੀਤ ਜਗ ਵਿਚ ਗਾਈਆ । ਮੈਨੂੰ ਇਕੋ ਦਿਸਦਾ ਤੂੰ ਆਦਿ ਪੁਰਖ ਅਪਰੰਪਰ ਤੇਰਾ ਨੂਰ, ਜਲਵਾਗਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸੰਤ ਮਨੀ ਸਿੰਘ ਕਹੇ ਮੈਨੂੰ ਫੜ ਕੇ ਸ਼ਬਦ ਵਿਚ ਕੁਟਿਆ, ਤਨ ਵਜੂਦ ਭੰਨ ਵਖਾਈਆ । ਫੇਰ ਧੱਕਾ ਮਾਰ ਕੇ ਗੋਦੀ ਵਿਚੋਂ ਸੁੱਟਿਆ, ਪਰ੍ਹਾਂ ਦਿਤਾ ਸੁਟਾਈਆ । ਫੇਰ ਫੜ ਕੇ ਕੀਤਾ ਪੁੱਠਿਆ, ਜ਼ਿਮੀਂ ਉਤੇ ਲਿਟਾਈਆ । ਫੇਰ ਹੋ ਕੇ ਗ਼ੁੱਸੇ ਵਿਚੋਂ ਗ਼ੁੱਸਿਆ, ਆਪਣਾ ਰੂਪ ਲਿਆ ਵਟਾਈਆ । ਫੇਰ ਬੋਲਿਆ ਬਿਨਾ ਬੁੱਲਾਂ ਤੇ ਬੁਟਿਆ, ਸ਼ਬਦੀ ਸ਼ਬਦ ਜਣਾਈਆ । ਮਨੀ ਸਿੰਘ ਵੇਖ ਲੈ ਸ਼ੇਰ ਸਿੰਘ ਦਾ ਸਰੀਰ ਛੁਟਿਆ, ਤਨ ਵਜੂਦ ਮਿੱਟੀ ਖ਼ਾਕ ਨਜ਼ਰ ਕੋਇ ਨਾ ਆਈਆ । ਮੇਰਾ ਨੂਰ ਜੋਤ ਸਰੂਪਿਆ, ਜੋਤ ਜੋਤ ਜੋਤ ਵੱਜੇ ਵਧਾਈਆ । ਮੈਂ ਬਣਨਾ ਸ਼ਾਹੋ ਭੂਪਿਆ, ਸ਼ਹਿਨਸ਼ਾਹ ਇਕ ਅਖਵਾਈਆ । ਨੌਂ ਖੰਡ ਪ੍ਰਿਥਮੀ ਫਿਰਨਾ ਸੱਤਾਂ ਦੀਪਾਂ ਕੂਟਿਆ, ਭੱਜਣਾ ਵਾਹੋ ਦਾਹੀਆ । ਝਟ ਮਨੀ ਸਿੰਘ ਕਹੇ ਮੈਂ ਇਸ਼ਾਰੇ ਨਾਲ ਤੱਕਿਆ ਪੈਰੀਂ ਜੋੜਾ ਨਾ ਜੁਤਿਆ, ਚਰਨ ਕਵਲ ਨਜ਼ਰ ਕੋਇ ਨਾ ਆਈਆ । ਸਰੀਰ ਦਿਸਿਆ ਨਾ ਪੰਜ ਭੂਤਿਆ, ਮੇਰੀ ਹੈਰਾਨੀ ਵਿਚ ਦੁਹਾਈਆ । ਮੇਰਾ ਅੰਤਰ ਬੜਾ ਦੁਖਿਆ, ਦੁੱਖ ਵਿਚ ਕੁਰਲਾਈਆ । ਕਿਧਰ ਗਿਆ ਮੇਰਾ ਸਾਹਿਬ ਅਚੁਤਿਆ, ਪਰਮੇਸ਼ਵਰ ਸਖ਼ਾ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸੰਤ ਮਨੀ ਸਿੰਘ ਕਹੇ ਫੇਰ ਚੜ੍ਹ ਕੇ ਮੇਰੀ ਉਤੇ ਛਾਤੀ, ਛਤਰਧਾਰੀ ਸਾਰੇ ਦਿਤੇ ਮੁਕਾਈਆ । ਇਕ ਖ਼ਬਰ ਅਗੰਮੀ ਆਖੀ, ਬਿਨ ਅੱਖਰਾਂ ਦਿਤੀ ਸੁਣਾਈਆ । ਉਠ ਤੱਕ ਲੈ ਮੇਰੀ ਸਾਖੀ, ਜਿਸ ਦੀ ਕੀਮਤ ਨਾ ਅਜੇ ਲਿਖਾਈਆ । ਸਾਧਾ ਮੇਰੇ ਕੋਲ ਮੇਰੇ ਹੁਕਮ ਦੀ ਬੜੀ ਬਾਕੀ, ਜਿਸ ਦਾ ਅੰਤ ਕਿਸੇ ਨਾ ਪਾਈਆ । ਤੈਨੂੰ ਥੋੜ੍ਹੀ ਜਿਹੀ ਵਖਾਈ ਝਾਕੀ, ਪਰਦਾ ਆਪਣਾ ਆਪ ਉਠਾਈਆ । ਮੈਂ ਸਭ ਦਾ ਕਮਲਾਪਾਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਇਹ ਦਰਸ ਦਿਤਾ ਸੀ ਉਨੀਂ ਸੌ ਅਠਾਰਾਂ ਈਸਵੀ ਏਸੇ ਕੱਤਕ ਰੈਣ ਦੀ ਰਾਤੀ, ਰੁਤੜੀ ਆਪਣੇ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸੰਤ ਮਨੀ ਸਿੰਘ ਕਹੇ ਮੈਂ ਵੇਖਿਆ ਜ਼ਿਮੀਂ ਉਤੇ ਫ਼ਰਸ਼, ਨੈਣ ਮੂੰਦ ਬਿਗਸਾਈਆ । ਨਾਲੇ ਹੱਸ ਕੇ ਕਿਹਾ ਮੇਰੀ ਤੇਰੇ ਨਾਲ ਲੱਗੀ ਸ਼ਰਤ, ਸ਼ਰਤੀਆ ਸ਼ਰਤ ਬਣਾਈਆ । ਕੀ ਤੂੰ ਜੋਤ ਸਰੂਪ ਆਵੇਂਗਾ ਪਰਤ, ਪਤਿਪਰਮੇਸ਼ਵਰ ਰੂਪ ਵਖਾਈਆ । ਝਟ ਹੁਕਮ ਹੋਇਆ ਇਹ ਸੰਦੇਸ਼ਾ ਦਿਤਾ ਸੀ ਰਾਮ ਨੇ ਭਰਤ, ਜਦੋਂ ਅਯੁਧਿਆ ਬਿਨਾ ਯੁੱਧ ਤਜਾਈਆ । ਅਰਜਨ ਨੇ ਕੀਤੀ ਅਰਜ਼, ਕ੍ਰਿਸ਼ਨ ਅਗੇ ਸੀਸ ਝੁਕਾਈਆ । ਉਨ੍ਹ ਹੱਸ ਕੇ ਕਿਹਾ ਮੇਰਾ ਕਾਹਨ ਵੰਡੇਗਾ ਦਰਦ, ਦੁਖੀਆਂ ਦੁੱਖ ਗਵਾਈਆ । ਜਿਸ ਦੀ ਸ਼ਬਦ ਹੋਵੇਗੀ ਗਰਜ, ਭਬਕ ਇਕੋ ਨਾਮ ਪ੍ਰਗਟਾਈਆ । ਸੂਰਬੀਰ ਮਰਦਾਨਾ ਹੋਵੇਗਾ ਮਰਦ, ਬੇਐਬ ਨੂਰ ਅਲਾਹੀਆ । ਜਿਸ ਨੇ ਸ਼ਰਅ ਛੁਰੀ ਮੇਟਣੀ ਕਰਦ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲਾਈਆ । ਮਨੀ ਸਿੰਘ ਕਹੇ ਮੈਨੂੰ ਇਕ ਦਿਨ ਗ਼ੁੱਸੇ ਵਿਚ ਮਾਰਿਆ ਆਣ ਕੇ ਦਬਕਾ,

ਭੈ ਵਿਚ ਡਰਾਈਆ । ਸਾਧਾ ਮੈਂ ਤੇਰੇ ਪਿਛੇ ਭੱਜਦਾ ਰੈਣ ਅੰਧੇਰੀ ਵਾਹੋ ਦਾਹੀਆ । ਤੈਨੂੰ ਜੇਲਾਂ ਦੇ ਵਿਚ ਲੱਭਦਾ, ਦਰੋਗਾ ਵੇਖਣ ਕੋਇ ਨਾ ਪਾਈਆ । ਮਨੀ ਸਿੰਘ ਕਹੇ ਮੈਂ ਵੀ ਗ਼ੁੱਸੇ ਦੇ ਵਿਚ ਕਿਹਾ ਮੈਂ ਰਸ ਛੱਡਿਆ ਜਗ ਦਾ, ਤੇਰੇ ਵਿਚ ਆਪਣਾ ਆਪ ਟਿਕਾਈਆ । ਜਾਹ ਮੈਂ ਵੀ ਤੈਨੂੰ ਛਡਦਾ, ਤੇਰੀ ਮੇਰੀ ਛੁੱਟੇ ਲੜਾਈਆ । ਮੈਨੂੰ ਚੰਗਾ ਰਹਿਣਾ ਅਲੱਗ ਦਾ, ਵੱਖਰਾ ਹੋ ਕੇ ਤੇਰਾ ਨਾਮ ਧਿਆਈਆ । ਜੇ ਤੂੰ ਮੈਨੂੰ ਨਹੀਂ ਸੱਦ ਦਾ, ਮੈਨੂੰ ਤੇਰੀ ਲੋੜ ਰਹੇ ਨਾ ਰਾਈਆ । ਮਨੀ ਸਿੰਘ ਕਿਹਾ ਫੇਰ ਸਤਿਗੁਰ ਸ਼ਬਦ ਹੋ ਕੇ ਗੱਜਦਾ, ਭੈ ਅਵਰ ਰਿਹਾ ਸਮਝਾਈਆ । ਮੇਰੇ ਕੋਲ ਅੰਗਿਆਰਾ ਅੱਗ ਦਾ, ਜਿਸ ਨੂੰ ਸੱਤ ਸਮੁੰਦਰ ਸ਼ਾਂਤ ਕਰਨ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸੰਤ ਮਨੀ ਸਿੰਘ ਕਹੇ ਮੈਂ ਗ਼ੁੱਸੇ ਵਿਚ ਫੇਰ ਫੜ ਕੇ ਕਲਮ ਡੋਬੀ ਵਿਚ ਦਵਾਤ, ਅੱਖਰ ਲਿਖੇ ਚਾਈਂ ਚਾਈਆ । ਮੇਰੇ ਪਿਛੇ ਸਮੁੰਦਰਾਂ ਤੋਂ ਪਾਰ ਤੈਨੂੰ ਮਾਰਨੀ ਪਏਗੀ ਝਾਤ, ਝਾਕੀ ਆਪਣੀ ਪਾਉਣੀ ਥਾਉਂ ਥਾਈਆ । ਪਰ ਮੇਰੀ ਇਹ ਨਿੱਕੀ ਜਿਹੀ ਦਾਤ, ਦਾਤਿਆ ਆਪਣੇ ਚਰਨ ਲੈਣੀ ਟਿਕਾਈਆ । ਇਹੋ ਮੇਰੀ ਸੌਗ਼ਾਤ, ਖ਼ਾਲੀ ਹੱਥ ਜੇਲ ਵਿਚ ਹੋਰ ਵਸਤ ਅਗੇ ਨਾ ਕੋਇ ਟਿਕਾਈਆ । ਮੇਰਾ ਲਹਿਣਾ ਪੂਰਾ ਕਰਨਾ ਵਿਚ ਲੋਕਮਾਤ, ਮਾਤਲੋਕ ਤੇਰੀ ਸਰਨਾਈਆ । ਮੇਰਾ ਲੇਖਾ ਲੈਣਾ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਮੈਂ ਯਾਚਕ ਤੇਰਾ ਯਾਚ, ਯਦੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਮੰਗ ਮੰਗਾਈਆ । ਮਨੀ ਸਿੰਘ ਕਹੇ ਫੇਰ ਮੈਂ ਝਟ ਕਲਮ ਦਿਤੀ ਸੁੱਟ, ਹੱਥ ਮੱਥੇ ਉਤੇ ਟਿਕਾਈਆ । ਨਾਲੇ ਕਿਹਾ ਤੇਰੀ ਮੇਰੀ ਗਈ ਟੁੱਟ, ਟੁਟਿਆਂ ਨਾ ਕੋਇ ਜੁੜਾਈਆ । ਸਾਹਿਬ ਨੇ ਝਟ ਮੇਰਾ ਫੜ ਕੇ ਗੁੱਟ, ਉਪਰ ਲਿਆ ਉਠਾਈਆ । ਤੂੰ ਭਾਵੇਂ ਉਮਰ ਵਿਚ ਵੱਡਾ ਬਾਬਾ ਬੁੱਢਾ ਆਤਮਾ ਧਾਰ ਮੇਰਾ ਸੁਤ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਮੇਰਾ ਨੂਰ ਨੁਰਾਨਾ ਜੋਤ ਸਰੂਪ, ਜੋਤੀ ਜਾਤਾ ਵਡ ਵਡਿਆਈਆ । ਪਰ ਯਾਦ ਰਖੀਂ ਜਿਸ ਵੇਲੇ ਬਣਾਂ ਸ਼ਾਹੋ ਭੂਪ, ਭੂਪਤ ਭੂਪ ਇਕ ਅਖਵਾਈਆ । ਸਮੁੰਦ ਸਾਗਰਾਂ ਪਾਰ ਜਾਵਾਂ ਕਰਕੇ ਕੂਚ, ਤੇਰਾ ਲਿਖਿਆ ਲੇਖ ਨਾ ਕੋਇ ਮਿਟਾਈਆ । ਉਥੇ ਤੈਨੂੰ ਸਾਰੀ ਦੇਵਾਂ ਸੂਝ, ਅਭੁਲ ਭੁਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਪੁਰਖ ਅਕਾਲ ਕਿਹਾ ਮਨੀ ਸਿੰਘ ਤੈਨੂੰ ਯਾਦ ਕਰਾਵਾਂ ਤੇਰਾ ਦਿਹਾੜਾ, ਭੁਲ ਕਦੇ ਨਾ ਜਾਈਆ । ਤੈਨੂੰ ਫੇਰ ਕਢਣਾ ਪਏ ਨਾ ਹਾੜਾ, ਮਿੰਨਤ ਵਿਚ ਸੀਸ ਨਿਵਾਈਆ । ਫਿਰਨਾ ਪਏ ਨਾ ਜੰਗਲਾਂ ਵਿਚ ਉਜਾੜਾਂ, ਪਹਾੜਾਂ ਟਿਲਿਆ ਪਰਬਤਾਂ ਫੇਰਾ ਪਾਈਆ । ਮੇਰਾ ਭਗਤਾਂ ਵਿਚ ਹੋਵੇਗਾ ਅਖਾੜਾ, ਗੁਰਮੁਖਾਂ ਰੰਗ ਰੰਗਾਈਆ । ਪਰ ਯਾਦ ਰਖੀਂ ਇਹੋ ਦਬਕਾ ਮਾਰਾਂਗਾ ਫੇਰ ਦੁਬਾਰਾ, ਗ਼ੁੱਸੇ ਵਿਚ ਸੁਣਾਈਆ । ਕਿਉਂ ਇਹ ਸੰਦੇਸ਼ਾ ਦਿਤਾ ਮੁਹੰਮਦ ਨੇ ਚਾਰ ਯਾਰਾਂ, ਅਰਬ ਅਰੇਬਾਂ ਗਿਆ ਸੁਣਾਈਆ । ਜਿਸ ਵੇਲੇ ਮੇਰਾ ਆਵੇ ਅਮਾਮ ਪਰਵਰਦਿਗਾਰਾ, ਸਾਂਝਾ ਯਾਰ ਨੂਰ ਅਲਾਹੀਆ । ਓਹ ਆਪਣੇ ਲੇਖ ਨੂੰ ਕਾਤਬਾਂ ਕੋਲੋਂ ਕਰਾਏ ਜ਼ਾਹਰਾ, ਮੁਖ਼ਾਤਬ ਹੋ ਕੇ ਹੁਕਮ ਸੁਣਾਈਆ । ਓਸ ਦਾ ਦੋ ਜਹਾਨ ਭੈ ਵਿਚ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਮਝਣ ਇਸ਼ਾਰਾ, ਚੌਦਾਂ ਤਬਕ ਥਰ ਥਰ ਕੰਬਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਸੰਤ ਮਨੀ ਸਿੰਘ ਕਹੇ ਮੈਂ ਜ਼ਿਮੀਂ

ਉਤੇ ਤੱਕਾਂ ਜ਼ਿਮੀਂ ਜ਼ਮਾਂ, ਜ਼ਾਮਨ ਧੁਰ ਦਾ ਵੇਖ ਵਖਾਈਆ । ਫੇਰ ਨਿਗਾਹ ਬਦਲ ਕੇ ਤੱਕਿਆ ਅਸਮਾਂ, ਅਸਮਾਨਾਂ ਉਤੇ ਨੂਰ ਰੁਸ਼ਨਾਈਆ । ਮੇਰੀ ਮਿਟ ਗਈ ਤ੍ਰਿਸ਼ਨਾ ਜਗਤ ਵਾਲੀ ਤਮਾਂ, ਤਮਾਮ ਤਮਾਂ ਦਿਤੀ ਚੁਕਾਈਆ । ਨਾ ਹਰਖ ਸੋਗ ਰਿਹਾ ਨਾ ਗ਼ਮਾ, ਚਿੰਤਾ ਚਿਖਾ ਅਗਨ ਨਾ ਕੋਇ ਟਿਕਾਈਆ । ਮੇਰੇ ਅੰਤਰ ਚਾਓ ਘਨੇਰਾ ਮੈਂ ਓਹ ਸਮਾਂ ਵੇਖਣਾ ਨਵਾਂ, ਜੋ ਨੌਵਾਂ ਖੰਡਾਂ ਵਿਚ ਜਣਾਈਆ । ਨਾਲੇ ਉਚੀ ਬੋਲ ਕੇ ਕਹਿਵਾਂ, ਪ੍ਰਭ ਤੇਰੀ ਬੇਪ੍ਰਵਾਹੀਆ । ਨਾਲੇ ਲੇਖ ਲਿਖਿਆ ਜੇ ਤੂੰ ਮੇਰਾ ਸਵਾਮੀ ਪਹਿਲੋਂ ਰੋਟੀ ਖਾਵੀਂ ਜਵਾਂ, ਤਤਾ ਪਾਣੀ ਪੀ ਕੇ ਗੰਢਿਆਂ ਨਾਲ ਝਟ ਲੰਘਾਈਆ । ਫੇਰ ਪਾਰ ਸਾਗਰਾਂ ਹੋਵੀਂ ਰਵਾਂ, ਰਵਾਨਗੀ ਤੇਰੀ ਵੇਖ ਵਖਾਈਆ । ਮੈਂ ਚਰਨ ਕਵਲ ਤੇਰੇ ਬਹਿਵਾਂ, ਆਸਣ ਸਿੰਘਾਸਣ ਇਕ ਸੁਹਾਈਆ । ਮੇਰਾ ਤੇਰੇ ਲੇਖੇ ਲੱਗੇ ਅਖ਼ੀਰੀ ਦਮਾ, ਸਵਾਸਾਂ ਦੀ ਲੋੜ ਰਹੀ ਨਾ ਰਾਈਆ । ਤੇਰਾ ਪ੍ਰਕਾਸ਼ ਤੱਕਾਂ ਅਗੰਮੀ ਸ਼ਮਅ, ਜਿਥੇ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਮਨੀ ਸਿੰਘ ਕਹੇ ਮੈਨੂੰ ਸਚ ਦਿਤਾ ਆਖ, ਪਿਆਰ ਨਾਲ ਸੁਣਾਈਆ । ਤੇਰਾ ਪੂਰਾ ਕਰਾਂ ਵਾਕ, ਭਵਿਖਤਾਂ ਜੋੜ ਜੁੜਾਈਆ । ਚਾੜ੍ਹ ਕੇ ਸ਼ਬਦ ਘੋੜੇ ਰਾਕ, ਦੇਸ਼ ਪ੍ਰਦੇਸ਼ਾਂ ਵਿਚ ਭਵਾਈਆ । ਬਖ਼ਸ਼ ਕੇ ਜੋਤ ਸ਼ਬਦ ਦਾ ਸਾਥ, ਸਗਲਾ ਸੰਗ ਬਣਾਈਆ । ਤੇਰਾ ਫੇਰ ਕਦੇ ਨਹੀਂ ਹੋਣਾ ਗਰਭ ਵਾਸ, ਜਨਮ ਵਿਚ ਜਨਮ ਨਾ ਕੋਇ ਰਖਾਈਆ । ਤੂੰ ਵਸਣਾ ਮੇਰੇ ਪਾਸ, ਘਰ ਠਾਂਡਾ ਇਕ ਸੁਹਾਈਆ । ਝਟ ਮਨੀ ਸਿੰਘ ਧੂੜੀ ਮਸਤਕ ਲਾਈ ਮਾਥ, ਨਿਵ ਨਿਵ ਲਾਗਾ ਪਾਈਆ । ਤੂੰ ਮੇਰਾ ਧੁਰ ਦਾ ਬਾਪ, ਪਰਮ ਪੁਰਖ ਤੇਰੀ ਸਰਨਾਈਆ । ਦੱਸ ਤੂੰ ਮੈਨੂੰ ਇਕੱਲੇ ਨੂੰ ਕਿਉਂ ਦੱਸਿਆ ਸੋਹੰ ਜਾਪ, ਦੂਜਿਆਂ ਸਿੱਖਾਂ ਨੂੰ ਅਜੇ ਤੱਕ ਨਾ ਕੋਇ ਸੁਣਾਈਆ । ਝਟ ਹੁਕਮ ਹੋਇਆ ਜਿਸ ਵੇਲੇ ਜੋਤ ਸਰੂਪ ਪ੍ਰਗਟ ਹੋਵਾਂ ਆਪ, ਫੇਰ ਆਪਣਿਆਂ ਲਵਾਂ ਉਠਾਈਆ । ਮੇਟ ਕੇ ਤੀਨੋ ਤਾਪ, ਤ੍ਰੈਗੁਣ ਡੇਰਾ ਢਾਹੀਆ । ਗੁਰ ਅਵਤਾਰ ਪੈਗ਼ੰਬਰਾਂ ਖੇਲ ਖਿਲਾਵਾਂ ਸਾਖਿਆਤ, ਸਾਕਨ ਇਕੋ ਘਰ ਸਮਝਾਈਆ । ਜਿਥੇ ਨੂਰ ਜੋਤ ਪ੍ਰਕਾਸ਼, ਜਲਵਾਗਰ ਬੇਪ੍ਰਵਾਹੀਆ । ਉਥੇ ਪੜ੍ਹਨੀ ਪਏ ਨਾ ਕੋਇ ਕਿਤਾਬ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਲੱਭਣਾ ਪਏ ਨਾ ਹਯਾਤੇ ਆਬ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਮਨੀ ਸਿੰਘ ਤੇਰੇ ਨਾਲ ਲੇਖਾ ਪੂਰਾ ਕਰਨਾ ਸਿੰਘ ਮਤਾਬ, ਜੋ ਬਰਕੀ ਵਿਚ ਬੁਰਕਾ ਪਾ ਕੇ ਮੇਰਾ ਰਾਹ ਤਕਾਈਆ । ਮੈਂ ਪ੍ਰਗਟ ਹੋਵਾਂ ਵਿਚ ਪੰਜਾਬ, ਪੰਜਾ ਗੋਬਿੰਦ ਵਾਲਾ ਦਏ ਗਵਾਹੀਆ । ਉਧਰ ਨਾਨਕ ਉਡੀਕਾਂ ਕਰਦਾ ਵਿਚ ਬਗ਼ਦਾਦ, ਬਗ਼ਲਗੀਰ ਹੋ ਕੇ ਧਿਆਨ ਲਗਾਈਆ । ਮੂਸਾ ਗਿਆ ਆਖ, ਇਸਤਮਬੋਲ ਅੱਖ ਉਠਾਈਆ । ਈਸਾ ਦਾ ਸੂਲਾਂ ਵਾਲਾ ਮੰਗ ਮੰਗੇ ਤਾਜ, ਤਾਜਾਂ ਵਾਲਾ ਆਵੇ ਵਾਹੋ ਦਾਹੀਆ । ਬਲ ਦਾ ਲਹਿਣਾ ਦੇਣਾ ਜੋ ਲੇਖਾ ਵਿਚ ਸਮਾਜ, ਬਲਗਾਰੀਆ ਨੈਣ ਉਠਾਈਆ । ਮੁਨੀ ਦੀ ਇਕੋ ਆਸ, ਯੋਗੋਸਲਾਵੀਆ ਮੱਕੀ ਦੇ ਦਾਣੇ ਦੇਣ ਗਵਾਹੀਆ । ਅਸਟਰੀਆ ਕਰੇ ਤਲਾਸ਼, ਜਿਥੇ ਈਸਾ ਉਂਗਲ ਗਿਆ ਕਰਾਈਆ । ਸਵਿਸ ਦਾ ਫਲਾਸ਼, ਫਲਹਜ਼ਮੀ ਜ਼ਾਨੂਜ਼ਾ ਕੂਬ ਵੇਖ ਵਖਾਈਆ । ਫ਼ਰਾਂਸ ਦੀ ਲਾਸ਼, ਲਸ਼ਕਰ ਫ਼ੌਜ ਰੋਵਨ ਮਾਰਨ ਧਾਹੀਆ । ਇੰਗਲੈਂਡ ਵਿਚ ਵਾਸ, ਆਸ਼ਾ ਬਲ ਗਿਆ ਦ੍ਰਿੜਾਈਆ । ਬਾਵਨ ਚਰਨ ਧੂੜ ਦੀ ਬਖ਼ਸ਼ ਕੇ ਰਾਖ, ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਇਕ ਜਣਾਈਆ । ਮਨੀ ਸਿੰਘ ਕਹੇ ਮੈਂ ਫੜ ਕੇ ਕਲਮ ਕਾਨੇ ਤੇ ਦਿਤੀ ਠੋਕ ਨੋਕ, ਪੰਜ ਪੰਜ ਪੰਜ ਵਾਰ ਲਗਾਈਆ ।

ਮੈਂ ਅਗਲਾ ਨਹੀਂ ਲਿਖਣਾ ਸਲੋਕ, ਹੱਥ ਦੋਵੇਂ ਦਿਤੇ ਉਠਾਈਆ । ਹੁਕਮ ਦੇ ਦੇ ਆਪਣੀ ਜੋਤ, ਆਪਣੀ ਬਣਤ ਲੈ ਬਣਾਈਆ । ਤੇਰਾ ਲੇਖਾ ਕੀ ਰੋਜ਼, ਦਿਵਸ ਰੈਣ ਰੈਣ ਦਿਵਸ ਇਹੋ ਕਾਰ ਭੁਗਤਾਈਆ । ਸਾਰੀ ਸ੍ਰਿਸ਼ਟੀ ਮਾਣਦੀ ਮੌਜ, ਮੈਂ ਤੇਰਾ ਲੇਖ ਲਿਖ ਕੇ ਆਪਣਾ ਆਪ ਵਕਤ ਗਵਾਈਆ । ਨਾਲੇ ਸੇਵਾ ਕਰਾਂ ਨਾਲੇ ਜੇਲ ਵਿਚ ਦੋਸ਼ੀ ਤੇ ਲੱਗਾ ਦੋਸ਼, ਰਾਜੇ ਦੇਣ ਸਜ਼ਾਈਆ । ਮੈਨੂੰ ਇਹ ਨਹੀਂ ਚਾਹੀਦਾ ਤਨ ਮਾਟੀ ਪੋਸ਼, ਸਰੀਰ ਤੇਰੀ ਝੋਲੀ ਪਾਈਆ । ਫੇਰ ਨਾਲ ਕਿਹਾ ਜੋਸ਼, ਜੋਸ਼ੀਲਾ ਹੋ ਕੇ ਆਖ ਸੁਣਾਈਆ । ਭਾਵੇਂ ਮੈਂ ਬੁੱਢਾ ਮੈਂ ਰਹਿ ਨਹੀਂ ਸਕਦਾ ਖ਼ਾਮੋਸ਼, ਜੋ ਮੇਰੇ ਅੰਤਰ ਸੋ ਤੈਨੂੰ ਦਿਆਂ ਸੁਣਾਈਆ । ਭਾਵੇਂ ਤੂੰ ਫਿਰੇਂ ਲੋਕ ਪ੍ਰਲੋਕ, ਦੋ ਜਹਾਨਾਂ ਵਾਹੋ ਦਾਹੀਆ । ਭਾਵੇਂ ਤੇਰੇ ਬ੍ਰਹਿਮੰਡ ਖੰਡ ਕੋਟੀ ਕੋਟ, ਕੋਟਨ ਕੋਟਾਂ ਡੇਰਾ ਲਾਈਆ । ਪਰ ਪ੍ਰਭੂ ਯਾਦ ਕਰ ਲੈ ਤੇਰਾ ਲੇਖਾ ਪੂਰਾ ਕਰ ਨਾ ਸਕੇ ਲਿਖ ਕੇ ਤੇਰੀ ਜੋਤ, ਬਿਨਾ ਲਿਖਾਰੀਆਂ ਤੇਰਾ ਲੇਖ ਨਾ ਕੋਇ ਬਣਾਈਆ । ਤੇਰਾ ਹੁਕਮ ਸੰਦੇਸ਼ਾ ਤੇਰਾ ਫ਼ਰਮਾਨ ਤੇਰਾ ਨਾਮ ਸ਼ਬਦ ਕਲਮਾ ਇਹੋ ਤੇਰਾ ਓਤ ਪੋਤ, ਜਗਤ ਪੁਤ ਪੋਤਰੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਮਨੀ ਸਿੰਘ ਕਹੇ ਝਟ ਸਤਿਗੁਰ ਰੂਪ ਕਰ ਕੇ ਬਦਲੀ, ਕਲਜੁਗ ਦੇ ਬਦਲਾਂ ਵਿਚੋਂ ਨਜ਼ਰੀ ਆਈਆ । ਮੈਂ ਇਕੋ ਧੁਰ ਦਾ ਅਦਲੀ, ਇਨਸਾਫ਼ ਆਪਣਾ ਇਕ ਸਮਝਾਈਆ । ਸੰਤਾ ਮੈਂ ਵੇਖਾਂ ਉਨ੍ਹਾਂ ਜੋ ਮੇਰੇ ਵਤਨੀ, ਬੇਵਤਨਾਂ ਭੇਵ ਨਾ ਕੋਇ ਜਣਾਈਆ । ਮੈਂ ਜਦ ਆਵਾਂ ਤੇ ਜਾਵਾਂ ਭਗਤਾਂ ਦੇ ਪਤਣੀ, ਭਗਤ ਦਵਾਰੇ ਸੋਭਾ ਪਾਈਆ । ਮੇਰੀ ਧਾਰਾ ਸਭ ਨੇ ਰਟਣੀ, ਰੱਟਾ ਮੇਟਣਾ ਥਾਉਂ ਥਾਈਆ । ਪਰ ਮੇਰੇ ਪਿਛੇ ਸੰਤਾ ਜਗਤ ਕਸ਼ਟਣੀ ਪਏਗੀ ਕੱਟਣੀ, ਕਟਾਕਸ਼ ਇਕੋ ਇਕ ਰਖਾਈਆ । ਅਲੂਣੀ ਸਿਲ ਪਏਗੀ ਚੱਟਣੀ, ਚੇਟਕ ਰਸਨ ਨਾ ਕੋਇ ਜਣਾਈਆ । ਇਕੋ ਤੁਕ ਪਏਗੀ ਰੱਟਣੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੇਰਾ ਹੁਕਮ ਨਹੀਂ ਬਹੁ ਬਚਨੀ, ਫ਼ਰਮਾਨਾ ਧੁਰਦਰਗਾਹੀਆ । ਜਿਸ ਵੇਲੇ ਜਗਤ ਵਾਸ਼ਨਾ ਨੱਚਣੀ, ਘਰ ਘਰ ਲਏ ਅੰਗੜਾਈਆ । ਲੇਖਾ ਸਮਝੇ ਨਾ ਕੋਇ ਪਤ ਪਤਨੀ, ਪਤਿਪਰਮੇਸ਼ਵਰ ਭੇਵ ਕੋਇ ਨਾ ਪਾਈਆ । ਦੁਨੀਆ ਹੋਣੀ ਬਹੁ ਮੱਤਨੀ, ਮਨ ਮਤ ਬੁਧੀ ਜਗਤ ਖੇਲ ਵਖਾਈਆ । ਓਸ ਵੇਲੇ ਮੈਂ ਸਮੁੰਦ ਸਾਗਰਾਂ ਖਾਰੀ ਟੱਪਣੀ, ਟਾਪੂਆਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸਤਿਗੁਰ ਮਨੀ ਸਿੰਘ ਪੁਰਖ ਅਕਾਲ ਨੂੰ ਕਹੇ ਤੁਧ ਬਿਨ ਸਤਿਗੁਰ, ਨਜ਼ਰ ਕੋਇ ਨਾ ਆਈਆ । ਮੇਰਾ ਮਾਲਕ ਕੌਲ ਇਕਰਾਰਾ ਧੁਰ, ਧਰਨੀ ਉਤੇ ਪੂਰਾ ਦੇਣਾ ਕਰਾਈਆ । ਮੈਂ ਤੇਰੇ ਨਾਲ ਜਾਵਾਂ ਜੁਰ, ਜੋੜੀ ਆਪਣੇ ਰੰਗ ਰੰਗਾਈਆ । ਮੇਰੀ ਤ੍ਰਿਸ਼ਨਾ ਪਿਆਰ ਵਾਲੀ ਨਾ ਜਾਏ ਖੁਰ, ਅਗੇ ਹੋਏ ਦੂਣ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸੰਤ ਮਨੀ ਸਿੰਘ ਕਿਹਾ ਮੇਰੇ ਨਾਲ ਤੇਰਾ ਇਕਰਾਰ, ਵਾਅਦਾ ਪੱਕਾ ਲੈ ਕਰਾਈਆ । ਮੇਰਾ ਦਿਲ ਕਰਦਾ ਮੈਂ ਬਿਨਾ ਸਰੀਰ ਤੋਂ ਤੇਰੀ ਵੇਖਾਂ ਓਹ ਬਹਾਰ, ਜਿਸ ਬਹਾਰ ਵਿਚ ਪਿਆਰ ਇਕੋ ਨਜ਼ਰੀ ਆਈਆ । ਮੇਰੇ ਥੋੜੇ ਜਿਹੇ ਯਾਰ, ਜੇ ਤੇਰਾ ਹੁਕਮ ਤੇਰੀ ਦਰਗਾਹ ਵਿਚੋਂ ਉਹਨਾਂ ਨੂੰ ਨਾਲ ਲਿਆਵਾਂ ਚਾਈਂ ਚਾਈਂਆ । ਤੇਰਾ ਦਰੇ ਦਰਬਾਰ ਦਿਆਂ ਵਖਾਲ, ਸ੍ਰੀ ਭਗਵਾਨ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸੰਤ ਮਨੀ ਸਿੰਘ ਕਿਹਾ ਮੇਰੀ ਇਕ ਅਰਦਾਸ, ਅਰਦਾਸਾ ਇਕੋ ਵਾਰ ਸੁਣਾਈਆ ।

ਮੈਂ ਚਾਹੁੰਦਾ ਜਿਸ ਵੇਲੇ ਮੈਂ ਆਵਾਂ ਤੇਰੇ ਪਾਸ, ਓਸ ਵੇਲੇ ਸਾਰੀ ਸੰਗਤ ਤੇਰੇ ਚਰਨਾਂ ਮੈਨੂੰ ਨਜ਼ਰੀ ਆਈਆ । ਸਚ ਮੰਡਲ ਦੀ ਪੈਂਦੀ ਹੋਵੇ ਰਾਸ, ਆਤਮ ਪਰਮਾਤਮ ਖ਼ੁਸ਼ੀਆਂ ਵਿਚ ਗੋਪੀ ਕਾਹਨ ਰੂਪ ਦਰਸਾਈਆ । ਮੈਂ ਮਾਣਾ ਸਿੰਘ ਨੂੰ ਦੇਣਾ ਆਖ, ਬੋਹਲ ਸਿੰਘ ਨੂੰ ਲੈਣਾ ਜਗਾਈਆ । ਵੀਰ ਸਿੰਘਾ ਉਠ ਕੇ ਵਾਚ, ਕੀ ਹੁਕਮ ਧੁਰਦਰਗਾਹੀਆ । ਖ਼ੁਸ਼ਹਾਲ ਸਿੰਘ ਵੇਖ ਸਚ ਸਮਾਜ, ਜਿਥੇ ਸਮਗਰੀ ਬੇਪ੍ਰਵਾਹੀਆ । ਰੰਗਾ ਸਿੰਘ ਤੱਕ ਲੈ ਨਾਤ, ਨਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸੰਤ ਮਨੀ ਸਿੰਘ ਕਿਹਾ ਪ੍ਰਭੂ ਮੇਰੀ ਨਿਮਸਕਾਰੀ, ਡੰਡਾਵਤ ਬੰਦਨਾ ਕਹਿ ਕੇ ਖ਼ੁਸ਼ੀ ਬਣਾਈਆ । ਮੈਂ ਤੇਰੇ ਚਰਨਾਂ ਤੱਕਾਂ ਅਜ ਤੇਰੀ ਸੰਗਤ ਸਾਰੀ, ਜੋ ਦੇਸ ਪਰਦੇਸਾਂ ਭਾਰਤ ਵਿਚ ਤੇਰਾ ਧਿਆਨ ਲਗਾਈਆ । ਅੱਜ ਦੀ ਰਾਤ ਉਨ੍ਹਾਂ ਨੂੰ ਦਰਸ਼ਨ ਦੇਣਾ ਆਪਣੀ ਧਾਰੀ, ਧਰਮ ਦੀ ਧਾਰ ਦਇਆ ਕਮਾਈਆ । ਸ਼ਬਦੀ ਸ਼ਬਦ ਸ਼ਬਦ ਮਾਰਨੀ ਉਡਾਰੀ, ਕਦਮਾਂ ਪੰਧ ਨਾ ਕੋਇ ਰਖਾਈਆ । ਓਹ ਵੇਖ ਲੈ ਬਲਗਾਰੀਆ ਦੀ ਮਿੱਟੀ ਰਹੀ ਪੁਕਾਰੀ, ਕੂਕ ਕੂਕ ਰਹੀ ਸੁਣਾਈਆ । ਯੋਗੋਸਲਾਵੀਆ ਦੀ ਖ਼ਾਕ ਕਹੇ ਮੈਨੂੰ ਚੜ੍ਹੀ ਖ਼ੁਮਾਰੀ, ਮੇਰੇ ਖ਼ਾਨਦਾਨ ਦਾ ਮਾਲਕ ਚਰਨ ਛੋਹ ਨਾਲ ਮੇਰਾ ਮੋਹ ਗਿਆ ਬਣਾਈਆ । ਪਤਾ ਨਹੀਂ ਓਹ ਕਿਸ ਦਾ ਵਣਜ ਕਰੇ ਕਿਸ ਦਾ ਬਣਿਆ ਵਪਾਰੀ, ਕਵਣ ਵਸਤ ਆਪਣੇ ਸੰਗ ਰਖਾਈਆ । ਸੰਤ ਮਨੀ ਸਿੰਘ ਕਹੇ ਮੈਂ ਇਹ ਲੇਖਾ ਲਿਖਣ ਤੋਂ ਨਾਂਹ ਕੀਤੀ ਸੀ ਕਿਉਂ ਮੇਰੇ ਅੰਦਰ ਵੜ ਕੇ ਨਾਲ ਹੁਸ਼ਿਆਰੀ, ਮੇਰਾ ਮਨ ਦਿਤਾ ਬਦਲਾਈਆ । ਓਸ ਵੇਲੇ ਪੰਜ ਵੇਰਾਂ ਪੂਰਨ ਪੂਰਨ ਪੂਰਨ ਪੂਰਨ ਪੂਰਨ ਲਿਖਿਆ ਜੋਤ ਦੀ ਧਾਰੀ, ਬਿਨਾ ਕਲਮ ਸ਼ਾਹੀ ਤੋਂ ਮੈਨੂੰ ਦਿਤਾ ਵਖਾਈਆ । ਮੇਰੀ ਤੜਫ ਉਠੀ ਨਾੜੀ ਨਾੜੀ, ਨਾੜ ਬਹੱਤਰ ਲਈ ਅੰਗੜਾਈਆ । ਤਿੰਨ ਸੌ ਸਠ ਹੱਡੀ ਵੱਜੀ ਕਾੜ ਕਾੜੀ, ਥਰ ਥਰਾਹਟ ਵਿਚ ਕੁਰਲਾਈਆ । ਮੈਂ ਚਰਨ ਛੁਹਾਈ ਆਪਣੀ ਚਿੱਟੀ ਦਾਹੜੀ, ਨਿਵ ਨਿਵ ਲਾਗਾਂ ਪਾਈਆਂ । ਪ੍ਰਭੂ ਕੀ ਗ਼ਲਤੀ ਹੋ ਗਈ ਮਾੜੀ, ਮੇਰੀ ਕਲਮ ਦਿਤੀ ਰੁਕਾਈਆ । ਮੇਰਾ ਬੁੱਢੇ ਦਾ ਕੰਨ ਮਰੋੜ ਕਿਹਾ ਓ ਬਾਬਾ ਜਿਸ ਵੇਲੇ ਮੈਂ ਟੱਪਾਂਗਾ ਸਮੁੰਦ ਸਾਗਰਾਂ ਖਾਰੀ, ਖੋਟੇ ਖਰੇ ਵੇਖ ਵਖਾਈਆ । ਬਿਨਾ ਭਗਤਾਂ ਤੋਂ ਮੇਰੀ ਕਿਸੇ ਦੇ ਨਾਲ ਨਹੀਂ ਹੋਣੀ ਯਾਰੀ, ਯਰਾਨੇਦਾਰ ਨਾ ਕੋਇ ਅਖਵਾਈਆ । ਓਹ ਹੁਕਮ ਓਹ ਸੰਦੇਸ਼ਾ ਇਹ ਤੇਰਾ ਲੇਖਾ ਮੈਂ ਪੂਰਾ ਕਰਾਂਗਾ ਜਿਸ ਵੇਲੇ ਮੇਰੀ ਧਾਰ ਹੋਈ ਜ਼ਾਹਰੀ, ਜ਼ਾਹਰ ਜ਼ਹੂਰ ਹੋ ਕੇ ਵੇਖ ਵਖਾਈਆ । ਤੇਰੇ ਲਿਖੇ ਲੇਖ ਵਿਚੋਂ ਹੁਕਮ ਦੇ ਹੋਣਗੇ ਲਿਖਾਰੀ, ਲਿਖਤ ਭਵਿਖਤ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਮਨੀ ਸਿੰਘ ਦੀ ਕਲਮ ਕਹੇ ਉਸ ਵੇਲੇ ਮੇਰੇ ਮੁਖ ਹੋ ਗਏ ਦੋਫਾੜ, ਲਿਖਣ ਦੀ ਹਿੰਮਤ ਰਹੀ ਨਾ ਰਾਈਆ । ਫੇਰ ਦਰਸ ਦਿਤਾ ਨਾਲੇ ਦਿਵਸ ਵਖਾਇਆ ਸਤਾਰਾਂ ਹਾੜ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਨਾਲੇ ਧਰਮ ਜਣਾਇਆ ਨਾਲੇ ਵਖਾਇਆ ਅਖਾੜ, ਅਖਾੜਾ ਬੇਪਰਵਾਹੀਆ । ਮੈਂ ਰੋ ਕੇ ਕਿਹਾ ਪੁਕਾਰ, ਬਿਨ ਨੈਣਾਂ ਨੀਰ ਵਹਾਈਆ । ਪ੍ਰਭੂ ਮੈਂ ਤੇਰੀ ਸੇਵਾਦਾਰ, ਚਾਕਰ ਹੋ ਕੇ ਦਿਵਸ ਰੈਣ ਸੇਵ ਕਮਾਈਆ । ਫੇਰ ਮੈਨੂੰ ਮਨੀ ਸਿੰਘ ਲਿਆ ਉਠਾਲ, ਆਪਣਿਆਂ ਨੈਣਾਂ ਨਾਲ ਤਕਾਈਆ । ਨੀ ਤੂੰ ਬੜੀ ਘਾਲੀ ਸੀ ਘਾਲ, ਘਾਲ ਘਾਲਣ ਵਾਲੀਏ ਕਿਉਂ ਬੈਠੀ ਮੁਖ ਭਵਾਈਆ । ਕਲਜੁਗ ਕਿਹਾ ਤੂੰ ਸੁਣ ਮੇਰਾ ਹਾਲ, ਮੈਂ ਹਾਲਤ ਦਿਆਂ ਜਣਾਈਆ । ਸੰਤਾ ਉਸ ਪ੍ਰਭੂ ਦੀ ਅਵੱਲੜੀ ਚਾਲ, ਜੋ ਚਲਾਕੀ ਨਾਲ ਤੇਰੀ ਮੇਰੀ ਕਰੇ ਜੁਦਾਈਆ ।

੩੪੦
੨੩

ਓਸ ਨੇ ਅਗਲਾ ਆਪਣੇ ਹੁਕਮ ਵਿਚ ਲਿਆਉਣਾ ਹਾਲ, ਹਾਲਾਂਕਿ ਇਹੋ ਜੋਤ ਇਹੋ ਸ਼ਬਦ ਇਹੋ ਧਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭੇਵ ਅਭੇਦਾ ਬਾਹਰ ਚਾਰ ਵੇਦਾ ਆਪਣਾ ਦਏ ਜਣਾਈਆ । ਕਲਮ ਕਹੇ ਹੁਣ ਸ਼ੁਰੂ ਕਰਨੀ ਬਾਵਨ ਦੀ ਪਤਰੀ, ਜਿਸ ਦੀ ਦੇਵੇ ਨਾ ਕੋਇ ਗਵਾਹੀਆ । ਹੁਣ ਆਸ਼ਾ ਪੂਰੀ ਕਰਨੀ ਸਪਤਸ ਰਿਸ਼ੀਆਂ ਵਿਚੋਂ ਅਤਰੀ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਦੀ ਗਿਣਤੀ ਹੋ ਨਹੀਂ ਸਕਦੀ ਵਿਚ ਸਤਰੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਓਸ ਦਾ ਵਜ਼ਨ ਤੋਲੇ ਕੋਇ ਨਾ ਤਕੜੀ, ਤਰਾਜ਼ੂ ਚਲੇ ਨਾ ਕੋਇ ਚਤੁਰਾਈਆ । ਓਸ ਦਾ ਲੇਖਾ ਲਹਿਣਾ ਦੇਣਾ ਬਾਹਰ ਸ਼ੂਦਰ ਵੈਸ਼ ਬ੍ਰਾਹਮਣ ਸ਼ਤਰੀ, ਛਤਰਧਾਰੀਆਂ ਨਜ਼ਰ ਕਦੇ ਨਾ ਆਈਆ । ਓਹ ਸਾਹਿਬ ਸਵਾਮੀ ਅੰਤਰਜਾਮੀ ਧੁਰ ਦਾ ਵਤਨੀ, ਬੇਵਤਨਾਂ ਲਏ ਉਠਾਈਆ । ਜਿਸ ਦੇ ਦਰ ਤੋਂ ਝੋਲੀ ਰਹੇ ਕਦੇ ਨਾ ਸਖਣੀ, ਨਾਮ ਭੰਡਾਰੇ ਨਾਲ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਨਾਰਦ ਕਹੇ ਜਨ ਭਗਤੋ ਮੈਂ ਦੁਨੀ ਦੀਨ ਦਾ ਲੈ ਕੇ ਆਇਆ ਭੇਤ, ਚਾਰੋਂ ਕੁੰਟ ਆਪਣਾ ਪੰਧ ਮੁਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਦਾ ਵੇਖ ਕੇ ਆਇਆ ਹੇਤ, ਘਰ ਘਰ ਗ੍ਰਿਹਿ ਗ੍ਰਿਹਿ ਮੰਦਰ ਫੋਲ ਫੁਲਾਈਆ । ਜਿਹੜੇ ਰਸਨਾ ਕਹਿੰਦੇ ਪ੍ਰਭੂ ਨੇਤ ਨੇਤ, ਨਿਜ ਨੇਤਰ ਹੋਈ ਨਾ ਕਿਸੇ ਰੁਸ਼ਨਾਈਆ । ਜਗਤ ਵਾਸ਼ਨਾ ਵਿਚ ਆਪਣਾ ਆਪ ਬੈਠੇ ਵੇਚ, ਸਤਿ ਵਸਤ ਘਰ ਸਤਿ ਨਾ ਕੋਇ ਟਿਕਾਈਆ । ਪਰ ਯਾਦ ਰਖੋ ਮੈਂ ਵੀ ਇਕ ਲਾ ਕੇ ਆਇਆ ਪੇਚ, ਪੇਚੀਦਾ ਹੋ ਕੇ ਸਭ ਨੂੰ ਦਿਆਂ ਸੁਣਾਈਆ । ਵੇਖੇ ਸਾਰੇ ਮੁਲਾ ਕਾਜ਼ੀ ਸ਼ੇਖ਼, ਸ਼ਰਅ ਦੀ ਸ਼ਰੀਅਤ ਵਿਚੋਂ ਜਗਾਈਆ । ਤੁਹਾਡਾ ਬਦਲਣ ਵਾਲਾ ਰੇਖ, ਲੇਖਾ ਰਿਹਾ ਮੁਕਾਈਆ । ਓਸ ਦੇ ਦਰ ਤੇ ਹੋਣਾ ਪੇਸ਼, ਪੇਸ਼ੀਨਗੋਈਆਂ ਬਗ਼ਲਾਂ ਵਿਚ ਟਿਕਾਈਆ । ਨਾਲੇ ਹਲੂਣ ਕੇ ਕਿਹਾ ਸ਼ੇਸ਼, ਬਾਸ਼ਕ ਕਿਹਾ ਕੀ ਵਿਸ਼ਨੂੰ ਤੇਰੇ ਉਤੇ ਸੇਜ ਸਿੰਘਾਸਣ ਸੋਭਾ ਪਾਈਆ । ਨਾਲੇ ਤੱਕਿਆ ਜਗਤ ਦਾ ਕਲੇਸ਼, ਕਲ ਕਾਤੀ ਵੇਖ ਵਖਾਈਆ । ਮੈਂ ਭਾਰਤ ਗਿਆ ਨਦੇੜ, ਵੇਖਿਆ ਲੇਖਾ ਦਸ ਦਸਮੇਸ਼, ਜੋ ਪਟਨੇ ਵਾਲਾ ਬਿਨਾ ਅੱਖਰਾਂ ਤੋਂ ਪੱਟੇ ਵਾਲਾ ਪੱਟਾ ਆਪਣਾ ਗਿਆ ਬਣਾਈਆ । ਓਥੋਂ ਮੈਨੂੰ ਮਿਲਿਆ ਇਕ ਸੰਦੇਸ਼, ਸ਼ਬਦ ਸ਼ਬਦ ਸ਼ਬਦ ਧੁਨ ਸ਼ਨਵਾਈਆ । ਓਏ ਨਾਰਦਾ ਓਥੇ ਜਾਹ ਜਿਥੇ ਰਹੇ ਹਮੇਸ਼, ਭਗਤ ਦਵਾਰਾ ਹਰਿ ਭਗਤਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਫਿਰ ਕੇ ਆਇਆ ਦੂਰ ਨੇੜੇ, ਭੱਜਿਆ ਹੁਕਮ ਵਿਚ ਵਾਹੋ ਦਾਹੀਆ । ਜਿਧਰ ਤੱਕਾਂ ਜਗਤ ਵਾਲੇ ਝੇੜੇ, ਬਿਨਾ ਪ੍ਰਭੂ ਤੋਂ ਭਗਤੀ ਵਿਚ ਭਗਤ ਨਾ ਕੋਇ ਸਮਾਈਆ । ਮੈਂ ਵੇਖੇ ਨੌਂ ਖੰਡ ਪ੍ਰਿਥਮੀ ਖੇੜੇ, ਖਿੜਕੀ ਕੁੰਡਾ ਅੰਦਰੋਂ ਕੋਇ ਨਾ ਲਾਹੀਆ । ਮੈਂ ਆ ਗਿਆ ਹੁਣ ਓਸ ਸਾਹਿਬ ਦੇ ਵਿਹੜੇ, ਜਿਸ ਦੀ ਹੱਦ ਹਦੂਦ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਸੰਦੇਸ਼ੇ ਗਹਿਰੇ, ਗਹਿਰ ਗਵਰ ਆਪਣੇ ਵਿਚ ਰਖਾਈਆ । ਜਿਸ ਦੇ ਚਾਰ ਜੁਗ ਅਵਤਾਰ ਪੈਗ਼ੰਬਰ ਗੁਰ ਦਾਰ ਪਹਿਰੇ, ਪਹਿਰੇਦਾਰ ਹੋ ਕੇ ਜਗਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਨਾਰਦ ਕਹੇ ਮੈਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਸਾਰੀ ਢੂੰਡੀ, ਖੋਜਤ ਖੋਜਤ ਵੇਖ ਵਖਾਈਆ । ਮੈਨੂੰ ਪ੍ਰਭੂ ਪਿਆਰ ਦੀ ਲੱਭੀ ਕਿਤੋਂ ਨਾ ਬੂੰਦੀ, ਬਿਨਾ ਭਗਤਾਂ ਤੋਂ ਬੂੰਦ ਸਵਾਂਤ ਕਾਇਆ ਮੰਦਰ ਨਾ ਕੋਇ ਟਿਕਾਈਆ । ਮੈਂ ਸਭ ਦੀ ਵਾਸ਼ਨਾ ਵੇਖੀ ਕੂੰਦੀ, ਕੂਕ ਕੂਕ ਜਣਾਈਆ ।

੩੪੨
੨੩

ਮੈਂ ਖੇਲ ਤੱਕੀ ਬੁਤ ਰੂਹ ਦੀ, ਬੁਤਖ਼ਾਨੇ ਦੇਣ ਗਵਾਹੀਆ । ਪਰ ਇਕ ਗੱਲ ਯਾਦ ਰਖਣੀ ਸ਼ਬਦ ਗੁਰੂ ਦੀ, ਜੋ ਸਤਿਗੁਰੂ ਹੋ ਕੇ ਆਦਿ ਅੰਤ ਸਮਝਾਈਆ । ਓਸ ਦੀ ਕਰਨੀ ਕਦੇ ਨਾ ਮੁੜੂਗੀ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਨਾਰਦ ਕਹੇ ਮੈਂ ਲੈ ਕੇ ਆਇਆ ਓਸ ਦਾ ਭੇਤ, ਭੇਵ ਦਿਆਂ ਜਣਾਈਆ । ਜਿਸ ਦੇ ਪਿਛੇ ਪੈਗ਼ੰਬਰ ਹੋਏ ਖੇਤ, ਰਣਭੂਮੀ ਰੰਗ ਰੰਗਾਈਆ । ਓਸ ਦਾ ਲੇਖੇ ਲਾਉਣਾ ਦੇਸ਼, ਦੇਸ਼ ਦੇਸੰਤਰ ਜਿਸ ਨੂੰ ਸੀਸ ਝੁਕਾਈਆ । ਇਕੋ ਬਚਨ ਸਾਰਿਆਂ ਗੁਰਸਿਖਾਂ ਜਨ ਭਗਤਾਂ ਕਵੈਤ ਸਮੁੰਦਰ ਦੇ ਕੰਢੇ ਤੋਂ ਇਕ ਇਕ ਚੂੰਡੀ ਭਰ ਕੇ ਖੜਨੀ ਰੇਤ, ਭੁਲ ਕਦੇ ਨਾ ਜਾਈਆ । ਇਹ ਰਾਵੀ ਵਿਚ ਸੁੱਟਣੀ ਸੰਮਤ ਸ਼ਹਿਨਸ਼ਾਹੀ ਨੌਂ ਤੇ ਪੰਚਮ ਹੋਵੇ ਚੇਤ, ਪੰਚਮ ਪੰਚਾਂ ਰੰਗ ਰੰਗਾਈਆ । ਜਿਸ ਦੀ ਯਾਦ ਰਹੇ ਹਮੇਸ਼, ਹਮ ਸਾਜਣ ਦਏ ਦ੍ਰਿੜਾਈਆ । ਓਥੇ ਪੰਜ ਲਿਖਾਰੀ ਹੋਣਗੇ ਪੇਸ਼, ਪੰਜਾ ਗੋਬਿੰਦ ਵਾਲਾ ਦਏ ਗਵਾਹੀਆ । ਸਤਿਗੁਰ ਆਪ ਰੂਪ ਧਰੇ ਦਰਵੇਸ਼, ਭਿਖਾਰੀ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਮੇਰੀ ਡੰਡਾਵਤ, ਬੰਦਨਾ ਤੇਰੇ ਅਗੇ ਰਖਾਈਆ । ਤੇਰੀ ਵਸਤ ਤੇਰੀ ਅਮਾਨਤ, ਤੇਰੀ ਝੋਲੀ ਪਾਈਆ । ਤੂੰ ਸਦਾ ਸਹੀ ਸਲਾਮਤ, ਸਾਹਿਬ ਇਕ ਅਖਵਾਈਆ । ਤੇਰਾ ਨਾਮ ਭੰਡਾਰਾ ਨਿਆਮਤ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮੇਲਾ ਲੈਣਾ ਮਿਲਾਈਆ । ਨਾਰਦ ਕਹੇ ਮੈਂ ਗਿਆ ਵਿਚ ਬਲਗਾਰ, ਚੋਰੀ ਚੋਰੀ ਕਦਮ ਟਿਕਾਈਆ । ਓਸ ਧਰਨੀ ਨੇ ਕਿਹਾ ਪੁਕਾਰ, ਕੂਕ ਕੂਕ ਸੁਣਾਈਆ । ਇਕ ਬਲ ਦਾ ਬਣਨਾ ਦਵਾਰ, ਗੁਰਦਿਆਲ ਰੰਗ ਰੰਗਾਈਆ । ਮੇਰੀ ਮਿੱਟੀ ਧੂੜ ਓਥੇ ਪੁੱਜਣੀ, ਜਿਥੇ ਲੇਖੇ ਲਗਣੀ ਛਾਰ, ਇਸ਼ਾਰੇ ਨਾਲ ਸਮਝਾਈਆ । ਅਗਲਾ ਲੇਖਾ ਦੱਸਣਾ ਨਾਲ ਪਿਆਰ, ਦਿੱਲੀ ਦਰਬਾਰਾ ਸੋਭਾ ਪਾਈਆ । ਦੋ ਸੌ ਬਹੱਤਰ ਵਿਸਾਖੀ ਗੋਬਿੰਦ ਦੀ ਧਾਰ, ਦੋ ਸੱਤ ਦੋ ਵੱਜੇ ਵਧਾਈਆ । ਗੋਬਿੰਦ ਦਾ ਕੌਲ ਇਕਰਾਰ, ਪੂਰਾ ਦੇਣਾ ਕਰਾਈਆ । ਦੋ ਸੌ ਬਹੱਤਰ ਦਿਨ ਜਿਸ ਦੀ ਪ੍ਰੇਮ ਵਿਚ ਕਰਨੀ ਪਏ ਇੰਤਜ਼ਾਰ, ਇੰਤਜ਼ਾਰੀ ਵਿਚ ਵਡਿਆਈਆ । ਪਾਠ ਹੋਵੇਗਾ ਸਵਾ ਪਹਿਰ, ਸਵਾ ਪਹਿਰ ਰੰਗ ਰੰਗਾਈਆ । ਨਾਜਰ ਸਿੰਘ ਨੇ ਰਹਿਣਾ ਤਿਆਰ, ਸੋਲਾਂ ਮੱਘਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਰੰਗਾਈਆ । ਮਨੀ ਸਿੰਘ ਕਹੇ ਮੈਂ ਲਿਖਿਆ ਨਾਲ ਜ਼ਬਰਦਸਤੀ, ਕਲਮ ਧੱਕ ਧੱਕ ਚਲਾਈਆ । ਬੇਸ਼ਕ ਤੇਰੀ ਬੇਪ੍ਰਵਾਹ ਦੀ ਹਸਤੀ, ਬੇਪਰਵਾਹੀ ਵਿਚ ਸਮਾਈਆ । ਮੈਨੂੰ ਤੇਰੇ ਪਿਆਰ ਦੀ ਮਸਤੀ, ਮੈਂ ਮਸਤੀ ਵਿਚ ਤੇਰੀ ਸੇਵ ਕਰਾਈਆ । ਤੂੰ ਬੇਸ਼ਕ ਮਾਲਕ ਅਰਸ਼ੀ, ਅਰਸ਼ੀ ਪ੍ਰੀਤਮ ਧੁਰਦਰਗਾਹੀਆ । ਮੈਂ ਵੀ ਤੇਰਾ ਸੇਵਾਦਾਰ ਉਤੇ ਧਰਤੀ, ਧਰਮ ਦੀ ਧਾਰ ਧਾਰ ਵਿਚ ਕਰਾਂ ਲਿਖਾਈਆ । ਇਹੋ ਮੇਰੀ ਲਿਖਤ ਇਹੋ ਮੇਰੀ ਪੜ੍ਹਤੀ, ਬਾਕੀ ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਭਾਵੇਂ ਸਾਰੀ ਸ੍ਰਿਸ਼ਟੀ ਹੋਵੇ ਸੜਦੀ, ਮੈਨੂੰ ਤੇਰੇ ਪਿਆਰ ਦੀ ਇਕ ਸਰਨਾਈਆ । ਤੇਰੀ ਖੇਲ ਚੋਟੀ ਜੜ ਦੀ, ਜੜ ਚੇਤਨ ਤੇਰੇ ਵਿਚ ਸਮਾਈਆ । ਮੈਂ ਤੇਰੀ ਕਲਾ ਵੇਖਣੀ ਚੜ੍ਹਦੀ, ਜਿਸ ਵੇਲੇ ਚੜ੍ਹਦਿਉਂ ਲਹਿੰਦੇ ਜਾਵੇਂ ਚਾਈਂ ਚਾਈਂਆ । ਮੇਰੀ ਕਲਮ ਤੇਰੇ ਹੁਕਮ ਦਾ ਘਾੜਨ ਘੜਦੀ, ਤੇਰੇ ਅੱਖਰਾਂ ਰਹੀ ਬਣਾਈਆ । ਜਿਸ ਦੀ ਕਰਨੀ ਕਦੇ ਨਾ ਮਰਦੀ, ਕਰਤੇ ਤੇਰੇ ਹੱਥ ਵਡਿਆਈਆ । ਮੇਰੀ ਇਕ ਬੇਨੰਤੀ

ਤੂੰ ਭਗਤਾਂ ਦਾ ਬਣੀਂ ਦਰਦੀ, ਦਰਦੀ ਹੋ ਕੇ ਗੋਦ ਉਠਾਈਆ । ਭਾਵੇਂ ਉਹ ਕਿੰਨੀ ਵਰਤਣ ਆਪਣੀ ਮਰਜ਼ੀ, ਓਹ ਮਰੀਜ਼ਾਂ ਅਜ਼ੀਜ਼ਾਂ ਨੂੰ ਆਪਣੇ ਰੰਗ ਲੈਣਾ ਰੰਗਾਈਆ । ਇਹ ਤੇਰੀ ਖੇਲ ਆਪਣੇ ਘਰ ਦੀ, ਘਰਾਨੇ ਵਿਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਨਿਭਾਈਆ । ਮਨੀ ਸਿੰਘ ਕਹੇ ਮੈਨੂੰ ਇਕ ਦਿਨ ਪੁੱਠਾ ਦਿਤਾ ਲਟਕਾ, ਚਾਰੋਂ ਕੁੰਟ ਭਵਾਈਆ । ਕੋਟ ਵਖਾਏ ਥਲ ਅਸਗਾਹ, ਜੰਗਲਾਂ ਵਿਚ ਭਵਾਈਆ । ਟਿੱਲਿਆਂ ਪਰਬਤਾਂ ਉਤੇ ਦਿਤਾ ਚੜ੍ਹਾ, ਚੋਟੀਆਂ ਦਿਤਾ ਟਿਕਾਈਆ । ਅਗਨੀ ਵਿਚ ਦਿਤਾ ਸੁਟਾ, ਸਾਂਤਕ ਸਤਿ ਨਾ ਕੋਇ ਵਖਾਈਆ । ਜਲਧਾਰਾ ਦਿਤਾ ਰੁੜ੍ਹਾ, ਵਹਿਣਾਂ ਵਿਚ ਵਹਿਣ ਵਹਾਈਆ । ਸਮੁੰਦਰਾਂ ਦਿਤਾ ਡੁਬਾ, ਸਾਗਰਾਂ ਅੰਤ ਨਾ ਕੋਇ ਕਰਾਈਆ । ਫਿਰ ਪੱਲੂ ਲਿਆ ਛੁਡਾ, ਦੂਰ ਹੋ ਕੇ ਵੇਖੇ ਚਾਈਂ ਚਾਈਂਆ । ਮੈਂ ਰੋ ਕੇ ਕਿਹਾ ਬੇਸ਼ਕ ਮੈਂ ਵੀ ਬੁਢਾ, ਪਰ ਬਾਪੂ ਬੁਢਿਆ ਤੂੰ ਵੀ ਬੜਾ ਬੇਪਰਵਾਹ, ਜੁਗ ਜੁਗ ਆਪਣਾ ਖੇਲ ਖਿਲਾਈਆ । ਪਰ ਮੈਂ ਸਭ ਕੁਛ ਭੁਲ ਜਾਣਾ, ਇਕ ਭੁਲਣਾ ਨਹੀਂ ਤੇਰਾ ਸੋਹੰ ਨਾਂ, ਜੋ ਪਰਮਾਤਮ ਆਤਮ ਆਪਣਾ ਆਪ ਸਮਝਾਈਆ । ਝਟ ਅਗੋਂ ਹੁਕਮ ਸੁਣਿਆਂ ਵਾਹ, ਵਾਹਵਾ ਵਾਹਵਾ ਗੁਰਮੁਖ ਤੇਰੀ ਵਡ ਵਡਿਆਈਆ । ਮੈਨੂੰ ਪਤਾ ਨਹੀਂ ਲੱਗਾ ਕਿਸ ਵੇਲੇ ਪਕੜ ਲਈ ਮੇਰੀ ਬਾਂਹ, ਬਿਨ ਹੱਥਾਂ ਹੱਥ ਉਠਾਈਆ । ਮੇਰੇ ਅੰਤਰ ਚੜ੍ਹ ਗਿਆ ਚਾਅ, ਚਾਓ ਘਨੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੰਦੇਸ਼ਾ ਗਿਆ ਜਣਾਈਆ । ਮਨੀ ਸਿੰਘ ਸੀਸ ਨਿਵਾਇਆ ਏ । ਦੋਏ ਜੋੜ ਵਾਸਤਾ ਪਾਇਆ ਏ । ਦੀਨ ਦਿਆਲ ਦਇਆ ਕਮਾਇਆ ਏ । ਭੇਵ ਅਭੇਦਾ ਇਕ ਖੁਲਾਇਆ ਏ । ਅਛਲ ਅਛੇਦਾ ਵੇਸ ਵਟਾਇਆ ਏ । ਚਾਰੇ ਵੇਦਾਂ ਪੰਧ ਚੁਕਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੇ ਖੇਲ ਖਿਲਾਇਆ ਏ । ਸਚ ਆਪਣਾ ਖੇਲ ਖਿਲਾਵਾਂਗਾ । ਨਿਰਗੁਣ ਨੂਰ ਜੋਤ ਪ੍ਰਗਟਾਵਾਂਗਾ । ਸ਼ਬਦੀ ਧਾਰ ਡੰਕ ਵਜਾਵਾਂਗਾ । ਵਿਚ ਸੰਸਾਰ ਹੁਕਮ ਵਰਤਾਵਾਂਗਾ । ਸਮੁੰਦ ਸਾਗਰਾਂ ਪੰਧ ਚੁਕਾਵਾਂਗਾ । ਕਾਇਆ ਗਾਗਰਾਂ ਖੋਜ ਖੁਜਾਵਾਂਗਾ । ਜਗਤ ਸੁਦਾਗਰਾਂ ਵਣਜ ਕਰਾਵਾਂਗਾ । ਵਡ ਬਹਾਦਰਾਂ ਨਾਲ ਉਠਾਵਾਂਗਾ । ਸਤਿਗੁਰ ਦਾ ਲੇਖਾ ਬਾਵਨ ਧਾਰ ਪੂਰ ਕਰਾਵਾਂਗਾ । ਤਰੇਤਾ ਲੇਖੇ ਵਿਚ ਰਖਾਵਾਂਗਾ । ਦੁਆਪਰ ਆਪਣੀ ਵੰਡ ਵੰਡਾਵਾਂਗਾ । ਕਲਜੁਗ ਸਵਾਂਗ ਇਕ ਵਰਤਾਵਾਂਗਾ । ਕੂੜ ਕੁੜਿਆਰ ਕਾਂਗ ਚੜ੍ਹਾਵਾਂਗਾ । ਸਵਾਮੀ ਹੋ ਕੇ ਸਵਾਂਗ ਵਖਾਵਾਂਗਾ । ਰੋਜ਼ਾ ਨਿਮਾਜ਼ ਤੱਕ ਤਕਾਵਾਂਗਾ । ਆਪਣਾ ਭੇਵ ਆਗ਼ਾਜ਼ ਖੁਲਾਵਾਂਗਾ । ਸੂਫ਼ੀਆਂ ਸੰਤਾਂ ਫ਼ਕੀਰਾਂ ਬਖ਼ਸ਼ ਕੇ ਨਾਜ਼, ਭਗਤਾਂ ਆਪਣੀ ਗੋਦ ਟਿਕਾਵਾਂਗਾ । ਇਕੋ ਮਾਰ ਕੇ ਸ਼ਬਦ ਦੀ ਆਵਾਜ਼, ਜਗਤ ਜਹਾਨ ਵਿਚੋਂ ਉਠਾਵਾਂਗਾ । ਧਰਮ ਦਾ ਧਰਮ ਬਣਾ ਸਮਾਜ, ਧਰਨੀ ਧਰਤ ਧਵਲ ਧੌਲ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਵਾਂਗਾ । ਮਨੀ ਸਿੰਘ ਕਹੇ ਮੈਨੂੰ ਬਣਾ ਲਿਆ ਇਕ ਦਿਨ ਡਰਪੋਕ, ਮੈਂ ਡਰਦਿਆਂ ਡਰਦਿਆਂ ਕਲਮ ਦਿਤੀ ਚਲਾਈਆ । ਫੇਰ ਮੈਨੂੰ ਲਿਖਦਿਆਂ ਲਿਖਦਿਆਂ ਦਿਤਾ ਟੋਕ, ਮੇਰੀ ਕਲਮ ਦਿਤੀ ਅਟਕਾਈਆ । ਫੇਰ ਮੇਰੇ ਅਗੇ ਕਰ ਕੇ ਪ੍ਰਕਾਸ਼ ਜੋਤ, ਮੇਰੇ ਨੈਣ ਬੰਦ ਦਿਤੇ ਵਖਾਈਆ । ਫੇਰ ਸੁਣਾ ਕੇ ਅਗੰਮ ਸਲੋਕ, ਮੇਰੇ ਅੰਦਰ ਕੀਤੀ ਪੜ੍ਹਾਈਆ । ਮਨੀ ਸਿੰਘਾ ਇਹ ਮੇਰਾ ਸਰੀਰ ਹੋ ਜਾਣਾ ਫ਼ੌਤ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਮੈਨੂੰ ਭਗਤਾਂ ਦੇ ਮਿਲਣ ਦਾ ਸ਼ੌਕ, ਸ਼ੌਕੀਨ ਹੋ ਕੇ ਵੇਖਾਂ ਥਾਉਂ ਥਾਈਂਆ । ਲੱਭਿਆਂ ਹੱਥ ਨਾ ਆਵਾਂ ਕੋਟੀ ਕੋਟ,

੩੪੩
੨੩

ਕੋਟ ਕੋਟਾਂ ਬੈਠਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸੰਤ ਮਨੀ ਸਿੰਘ ਕਹੇ ਮੈਂ ਬੜਾ ਹੁੰਦਾ ਸਾਂ ਲੜਦਾ, ਦਿਵਸ ਰੈਣ ਕਰਾਂ ਲੜਾਈਆ । ਜਿਸ ਵੇਲੇ ਮੇਰੇ ਅੰਦਰ ਸੀ ਵੜਦਾ, ਮੈਂ ਹੱਥ ਮੁਖ ਉਤੇ ਟਿਕਾਈਆ । ਜਾਹ ਮੈਂ ਨਹੀਂ ਤੇਰਾ ਬਰਦਾ, ਕਿਉਂ ਐਵੇਂ ਰਿਹਾ ਸਤਾਈਆ । ਤੂੰ ਕਿਉਂ ਨਹੀਂ ਮੇਰਾ ਘਰ ਛਡਦਾ, ਮੇਰੇ ਨੌ ਦਵਾਰੇ ਰਸਾਂ ਵਾਲੇ ਮੈਥੋਂ ਦਿਤੇ ਤਜਾਈਆ । ਮੈਂ ਇਕ ਦਿਨ ਮੂੰਹ ਕਰ ਕੇ ਚੜ੍ਹਦਾ, ਚਾਰੇ ਉਂਗਲਾਂ ਮੁਖ ਵਿਚ ਪਾਈਆ । ਜ਼ੋਰ ਨਾਲ ਕਿਹਾ ਮੈਂ ਅੱਜ ਤੋਂ ਰਹਿਣਾ ਨਹੀਂ ਤੇਰਾ ਬਰਦਾ, ਜਿਸ ਦੀ ਸੇਵਾ ਕੀਤੀ ਤੇ ਸੇਵਾ ਦਾ ਫਲ ਮੈਨੂੰ ਜੇਲਾਂ ਵਿਚ ਭਵਾਈਆ । ਐਦੂੰ ਚੰਗਾ ਸੀ ਕਿ ਮੈਂ ਅੱਗ ਵਿਚ ਸੜਦਾ, ਜਾਂ ਪਾਣੀ ਵਿਚ ਡੁੱਬ ਕੇ ਆਪਣਾ ਆਪ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪਣੇ ਹੱਥ ਰਖਾਈਆ । ਮਨੀ ਸਿੰਘ ਕਿਹਾ ਮੈਂ ਸਾਰਾ ਦਿਨ ਰਿਹਾ ਗ਼ੁੱਸੇ, ਮੇਰੀ ਅਗਨੀ ਨਾ ਕੋਇ ਬੁਝਾਈਆ । ਮੈਨੂੰ ਕਰੋਧ ਚੜ੍ਹਿਆ ਜੁੱਸੇ, ਜਿਸਮ ਜ਼ਮੀਰ ਮੇਰਾ ਸੰਗ ਰਖਾਈਆ । ਮੇਰੀ ਕਲਮ ਵੀ ਸੁੱਤੀ ਨਾ ਉਠੇ, ਨਿਸਲ ਹੋ ਕੇ ਆਪਣਾ ਆਪ ਜਣਾਈਆ । ਮੇਰੇ ਵਰਕੇ ਵੀ ਨਾ ਕੋਈ ਉਲਟੇ, ਉਂਗਲਾਂ ਹੱਥ ਨਾ ਕੋਇ ਲਗਾਈਆ । ਉਤੇ ਅੰਕ ਕੋਈ ਨਾ ਘੱਤੇ, ਉਸ ਦਿਨ ਸਤਵੇਂ ਗ੍ਰੰਥ ਦਾ ਚੌਥਾ ਅੰਕ ਸੀ ਹੋਰ ਅੰਕ ਨਾ ਕੋਇ ਬਣਾਈਆ । ਓਸ ਵੇਲੇ ਹਿੱਲੇ ਮੂਲ ਨਾ ਪੱਤੇ, ਹਵਾ ਪਵਣ ਨਾ ਸੇਵ ਕਮਾਈਆ । ਮੈਂ ਭੁਲ ਗਿਆ ਪਿਛਲੇ ਖਾਤੇ, ਖਾਤੇ ਦਿਤੇ ਤਜਾਈਆ । ਜਦ ਵੇਖਾਂ ਮੈਂ ਵੜਿਆ ਜੇਲ ਦੇ ਹਾਤੇ, ਬੰਧਨ ਵਿਚ ਬੰਦ ਦਿਤਾ ਰਖਾਈਆ । ਮੇਰੇ ਕੋਲ ਲੋਹੇ ਦੇ ਬਾਟੇ, ਜਿਨ੍ਹਾਂ ਵਿਚ ਖਾ ਪੀ ਕੇ ਝਟ ਲੰਘਾਈਆ । ਮੈਨੂੰ ਆਪਣੇ ਬਸਤਰ ਦਿਸੇ ਪਾਟੇ, ਸੋਹਣਾ ਰੰਗ ਰੰਗਾਈਆ । ਮੇਰੇ ਅੰਦਰ ਹੋਰ ਗੁੱਸਾ ਆਇਆ ਏਸ ਦੇ ਨਾਲ ਮਿਲ ਕੇ ਜਿਧਰ ਵੇਖਾਂ ਤੇ ਉਧਰ ਘਾਟੇ, ਜਗਤ ਵਾਲਾ ਸੁਖ ਸੰਗ ਨਾ ਕੋਇ ਜਣਾਈਆ । ਐਵੇਂ ਜ਼ਿੰਦਗੀ ਦੇ ਕੱਟੇ ਫ਼ਾਕੇ, ਆਪਣਾ ਵਕਤ ਚੁਕਾਈਆ । ਨਾ ਗੰਗਾ ਦੇ ਤਟਾਂ ਸਰੋਵਰਾਂ ਉਤੇ ਨਹਾਤੇ, ਅੱਠ ਸੱਠ ਮੈਲ ਨਾ ਕੋਇ ਮਿਟਾਈਆ । ਨਾ ਪੂਰਬਲੇ ਗ੍ਰੰਥ ਵਾਚੇ, ਪੜ੍ਹ ਪੜ੍ਹ ਕੇ ਆਪਣੀ ਖ਼ੁਸ਼ੀ ਬਣਾਈਆ । ਨਾਲੇ ਸੇਵਾ ਕਰਾਂ ਨਾਲੇ ਖਾਵਾਂ ਤਮਾਚੇ, ਮੁਖ ਅਗੇ ਡਾਹੀਆ । ਮੇਰੇ ਅੰਦਰ ਵਿਚਾਰ ਆਉਂਦੀ ਹੁਣ ਇਹੋ ਚੰਗੀ ਬਾਤੇ, ਇਕੋ ਗੱਲ ਦਿਆਂ ਸੁਣਾਈਆ । ਤੂੰ ਮੇਰਾ ਨਹੀਂ ਤੇ ਮੈਂ ਤੇਰਾ ਨਹੀਂ ਹੁਣ ਇਕ ਦੂਜੇ ਦੇ ਛਡ ਜਾਈਏ ਸਾਥੇ, ਸਾਥੀਆ ਸਾਥ ਦੀ ਲੋੜ ਨਾ ਕੋਇ ਰਖਾਈਆ । ਮਨੀ ਸਿੰਘ ਕਿਹਾ ਜਦ ਮੈਂ ਧੁਰ ਇਹ ਬਚਨ ਕਢਿਆ ਝਟ ਮੇਰੇ ਪ੍ਰਕਾਸ਼ ਹੋਇਆ ਮਾਥੇ, ਮਸਤਕ ਵਿਚ ਮਸਤੀ ਵਾਲਾ ਨਜ਼ਰੀ ਆਈਆ । ਫੇਰ ਮੈਨੂੰ ਵਖਾਇਆ ਆਹ ਵੇਖ ਮਨੀ ਸਿੰਘਾ ਤੇਰੇ ਪਿਛਲੇ ਕਿੰਨੇ ਜਨਮ ਗਵਾਚੇ, ਬਿਨਾ ਮੇਰੀ ਕਿਰਪਾ ਤੇਰਾ ਜਨਮ ਲੇਖੇ ਕੋਇ ਨਾ ਪਾਈਆ । ਮੈਂ ਲਹਿਣਾ ਦੇਣਾ ਚੁਕਾਵਾਂ ਹੱਥੋ ਹਾਥੇ, ਇਹ ਮੇਰੀ ਬੇਪ੍ਰਵਾਹੀਆ । ਉਠ ਵੇਖ ਅਗਲੀ ਮੇਰੀ ਵਾਟੇ, ਵਟਣਾ ਮਲ ਕੇ ਅਵਤਾਰ ਪੈਗ਼ੰਬਰ ਗੁਰ ਬੈਠੇ ਰਾਹ ਤਕਾਈਆ । ਤੇਰੇ ਬਚਨ ਮੇਰੇ ਹੁਕਮ ਵਿਚ ਸਾਚੇ, ਸਚ ਦਿਆਂ ਸਮਝਾਈਆ । ਸ਼ੰਕਰਾ ਛਡ ਦੇ ਕੈਲਾਸ਼ੇ, ਬ੍ਰਹਮਾ ਬ੍ਰਹਮ ਪੁਰੀ ਦੇ ਤਜਾਈਆ । ਵਿਸ਼ਨੂੰ ਵਿਸ਼ਵ ਦੇ ਤੱਕ ਤਮਾਸ਼ੇ, ਵਿਸ਼ਵ ਧਾਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਮਨੀ ਸਿੰਘ ਕਹੇ ਮੈਨੂੰ ਦਰਸ ਦਿਤਾ ਹਜ਼ੂਰ, ਹਜ਼ੂਰ ਹਜ਼ੂਰ ਦਿਤਾ ਜਣਾਈਆ । ਮੇਰੀ ਜ਼ਬਾਨ ਦਾ ਬਖ਼ਸ਼ ਕੇ ਕਸੂਰ, ਕਸੂਰ

ਕਸੂਰ ਕਸਰ ਇਸ਼ਾਰੀਏ ਨਾਲ ਉਡਾਈਆ । ਨਾਲੇ ਦੱਸਿਆ ਸਤਿਗੁਰ ਦਾ ਹੁਕਮ ਮੰਨਣਾ ਜ਼ਰੂਰ, ਜ਼ਰੂਰਤ ਅਵਰ ਰਹੇ ਨਾ ਰਾਈਆ । ਜੋ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਓਸ ਦਾ ਪੰਧ ਨਾ ਨੇੜੇ ਨਾ ਦੂਰ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਮਨੀ ਸਿੰਘਾ ਤੇਰੇ ਨਾਲੋਂ ਮੇਰੇ ਭਗਤ ਹੋਰ ਵੀ ਹੋਣੇ ਮਜਬੂਰ, ਮੈਂ ਮਜਬੂਰੀ ਸਭ ਦੀ ਦਿਆਂ ਕਟਾਈਆ । ਕਿਉਂ ਬਿਨਾ ਭਗਤਾਂ ਤੋਂ ਪ੍ਰਭੂ ਹੋ ਨਹੀਂ ਸਕਦਾ ਮਸ਼ਹੂਰ, ਮਸ਼ਹੂਰੀ ਭਗਤਾਂ ਨਾਲ ਜਣਾਈਆ । ਉਨ੍ਹਾਂ ਦਾ ਓਸੇ ਵਰਗਾ ਨੂਰ, ਹਰਿਜਨ ਨੂਰ ਨੁਰਾਨੇ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਮਨੀ ਸਿੰਘ ਕਿਹਾ ਮੇਰੇ ਕੋਲ ਇਕੋ ਕਲਮ ਤੇ ਇਕ ਸੀ ਕਾਨੀ, ਕਾਇਨਾਤ ਦਾ ਲੇਖਾ ਰਿਹਾ ਲਿਖਾਈਆ । ਫੇਰ ਮੈਨੂੰ ਵਖਾਈ ਪਹਿਲੀ ਉਡਾਰੀ ਤੇ ਪਹਿਲੀ ਨਿਸ਼ਾਨੀ, ਪਹਿਲਾ ਪੰਧ ਮੁਕਾਈਆ । ਨਾਲੇ ਦੱਸਿਆ ਦੁਨੀਆ ਫ਼ਾਨੀ, ਫ਼ਨਾਹ ਫਿਲਾ ਹੋਏ ਲੋਕਾਈਆ । ਜਿਸ ਨੂੰ ਈਸਾ ਕਹੇ ਮੇਰਾ ਬਾਪ ਅਸਮਾਨੀ, ਇਸਮ ਆਜ਼ਮ ਨੂਰ ਅਲਾਹੀਆ । ਜਿਸ ਨੂੰ ਮੂਸਾ ਕਿਹਾ ਜੋਤ ਮਹਾਨੀ, ਮਹਿੰਮਾ ਅਕਥ ਅਕਥ ਵਡਿਆਈਆ । ਜਿਸ ਨੂੰ ਮੁਹੰਮਦ ਕਿਹਾ ਜਲਵਾਗਰ ਜਲਾਨੀ, ਅਮਾਮ ਅਮਾਮਾ ਇਕ ਅਖਵਾਈਆ । ਸਮੁੰਦ ਸਾਗਰਾਂ ਓਸ ਦੀ ਖੇਲ ਮਹਾਨੀ, ਧਰਨੀ ਧਰਤ ਧਵਲ ਹੋਏ ਸਹਾਈਆ । ਸਦੀ ਚੌਧਵੀਂ ਬਣੇ ਜਾਣ ਜਾਣੀ, ਜਾਨਣਹਾਰ ਵਡ ਵਡਿਆਈਆ । ਇਕ ਇਕੱਲਾ ਨੌਜਵਾਨੀ, ਮਰਦ ਮਰਦਾਨਾ ਨੌਜਵਾਨਾ ਸ਼ਾਹ ਸੁਲਤਾਨਾ ਇਕ ਅਖਵਾਈਆ । ਸੰਤ ਮਨੀ ਸਿੰਘ ਕਹੇ ਮੇਰੀ ਗ਼ੁੱਸੇ ਵਾਲੀ ਕਹਾਣੀ, ਭੁਲ ਕਦੇ ਨਾ ਜਾਈਆ । ਇਹੋ ਗ਼ੁੱਸਾ ਗੁਰਮੁਖਾਂ ਦਾ ਜਿਸਮ ਜ਼ਮੀਰ ਬਦਲ ਦੇਵੇ ਜਿਸਮਾਨੀ, ਪ੍ਰੇਮ ਪਿਆਰ ਮੁਹੱਬਤ ਵਿਚ ਨਾਤਾ ਜੋੜੇ ਸਹਿਜ ਸੁਭਾਈਆ । ਸਮੁੰਦ ਸਾਗਰ ਬੈਠੇ ਰਾਹ ਤਕਾਣੀ, ਬਿਨ ਨੈਣਾਂ ਨੈਣ ਉਠਾਈਆ । ਜਿਸ ਵੇਲੇ ਪਿਛੇ ਮੁੜਨਾ ਸ਼ਰਅ ਦੀ ਸ਼ਰੀਅਤ ਤਕਣੀ ਕੁਰਾਨੀ, ਕੁਰਹ ਕਾਇਨਾਤ ਵੇਖ ਵਖਾਈਆ । ਨੌਂ ਮਿੰਟ ਤੋਂ ਬਾਦ ਸੰਤ ਮਨੀ ਸਿੰਘ ਦੀ ਕਰਨੀ ਯਾਦ ਪੰਜ ਵੇਰ ਖ਼ੁਸ਼ੀ ਨਾਲ ਕਹਿਣਾ ਸ੍ਰਿਸ਼ਟੀ ਦੀ ਸਭ ਵਸਤੂ ਬੇਗਾਨੀ, ਬਿਨਾ ਸਤਿਗੁਰ ਸ਼ਬਦ ਤੋਂ ਸੰਗ ਨਾ ਕੋਇ ਰਖਾਈਆ । ਗੁਰਮੁਖਾਂ ਕਹਿਣਾ ਸਾਡੀ ਮੰਜ਼ਲ ਇਕ ਰੁਹਾਨੀ, ਰੂਹ ਦੇ ਮਾਲਕ ਤੇਰੀ ਸਰਨਾਈਆ । ਇਹ ਸਚ ਦੀ ਸਚ ਸਚ ਰਹੇ ਨਿਸ਼ਾਨੀ, ਹਿਰਦੇ ਅੰਦਰ ਇਕ ਵਾਰ ਇਕੋ ਲੈਣਾ ਟਿਕਾਈਆ । ਇਸ ਤੋਂ ਅਗੇ ਇਹ ਲੇਖ ਫੇਰ ਲਿਖਿਆ ਸੀ ਮਨੀ ਸਿੰਘ ਦੀ ਕਾਨੀ, ਜੋ ਦੋਹਾਂ ਹੱਥਾਂ ਨਾਲ ਫੜ ਕੇ ਚਲਾਈਆ । ਪ੍ਰਭ ਜੇ ਤੂੰ ਜਵਾਨ ਤੇਰਿਆਂ ਭਗਤਾਂ ਦੀ ਸਦਾ ਤੇਰੇ ਨਾਲ ਜਵਾਨੀ, ਬੁਢਾਪੇ ਵਿਚ ਬੁਢਾਪਾ ਕਦੇ ਨਾ ਆਈਆ । ਤੂੰ ਮਾਲਕ ਮਿਹਰਵਾਨੀ, ਮਿਹਰਵਾਨ ਤੇਰੀ ਸਰਨਾਈਆ । ਤਿੰਨ ਵੇਰਾਂ ਲਿਖਿਆ ਜੇ ਗੁਰਸਿਖਾਂ ਵਿਚ ਆ ਜਾਵੇ ਖ਼ਾਮੀ, ਉਨ੍ਹਾਂ ਦੀ ਪੂਰੀ ਆਪੇ ਦੇਣੀ ਕਰਾਈਆ । ਕਿਉਂ ਤੇਰੇ ਭਗਤ ਸਦਾ ਸਚਖੰਡ ਦੇ ਇਨਾਮੀ, ਬਿਨਾ ਸਚਖੰਡ ਤੋਂ ਦੂਜਾ ਘਰ ਨਾ ਕਦੇ ਵਖਾਈਆ । ਇਹ ਮਾਤਲੋਕ ਜਗਤ ਜੂਹ ਬੇਗਾਨੀ, ਤੇਰਿਆਂ ਗੁਰਮੁਖਾਂ ਤੇਰਾ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲੈਣਾ ਮਿਲਾਈਆ । ਸੰਤ ਮਨੀ ਸਿੰਘ ਕਹੇ ਉਸ ਵੇਲੇ ਤੇਰਾ ਹੁਕਮ ਇਕ ਅਬਿਨਾਸ਼, ਤੂੰ ਪੂਰਾ ਦੇਣਾ ਕਰਾਈਆ । ਗੁਰਮੁਖਾਂ ਦਾ ਇਕੋ ਚਿੱਟਾ ਹੋਵੇਗਾ ਲਬਾਸ, ਇਕੋ ਬਸਤਰ ਸਤਿਗੁਰ ਸ਼ਬਦ ਸ਼ਬਦ ਗੋਬਿੰਦ ਧਾਰ ਪੂਰਨ ਪੂਰਨ ਦੇਣਾ ਪਹਿਨਾਈਆ । ਪੰਜ ਸਕਿੰਟ ਆਪਣੇ ਅੰਦਰ ਇਕ ਰਖ ਵਿਸ਼ਵਾਸ, ਜਗਤ ਵਿਸ਼ਿਆਂ ਤੋਂ ਮਨ ਲੈਣਾ ਬਚਾਈਆ । ਏਸੇ ਵਿਚ ਮਾਨਸ ਜਨਮ ਹੋਵੇ ਰਾਸ, ਰਸਤਾ

ਮਿਲੇ ਧੁਰਦਰਗਾਹੀਆ । ਫੇਰ ਸਮੁੰਦ ਸਾਗਰ ਚਲ ਕੇ ਆਵੇ ਚਰਨਾਂ ਪਾਸ, ਨਿਵ ਨਿਵ ਲਾਗੇ ਪਾਈਆਂ । ਪ੍ਰਭੂ ਭਗਤਾਂ ਦੀ ਜਿਤਨੀ ਵਸਤੂ ਇਹ ਓਨੀ ਖ਼ਾਸ, ਖ਼ਾਲਸ ਤੇਰੇ ਰੰਗ ਰੰਗਾਈਆ । ਮੈਨੂੰ ਕੋਈ ਸੰਸਾਰ ਵਾਲੀ ਨਹੀਂ ਖ਼ਾਹਿਸ਼, ਖ਼ਾਹਿਸ਼ ਤੇਰੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਮਨੀ ਸਿੰਘ ਕਿਹਾ ਮੈਂ ਇਕ ਹੋਰ ਲੇਖਾ ਲਿਖਿਆ, ਸੱਸਾ ਨੌ ਵਾਰ ਪਾਈਆ । ਨੌ ਵਾਰ ਰੋਇਆ ਤੇ ਨੌ ਵਾਰ ਹੱਸਿਆ, ਤੇ ਨੌ ਵਾਰ ਕਲਮ ਦਿਤੀ ਸੁਟਾਈਆ । ਇਹ ਕੀ ਪਾਇਆ ਰੱਟਿਆ, ਅੱਠੇ ਪਹਿਰ ਵਾਹੋ ਦਾਹੀਆ । ਝਟ ਇਸ਼ਾਰਾ ਦਿਤਾ ਤੇ ਮੇਰਾ ਸਾਹਿਬ ਆਇਆ ਨੱਠਿਆ, ਮੈਨੂੰ ਲਿਆ ਹਿਲਾਈਆ । ਹੱਸ ਕੇ ਕਿਹਾ ਉਠ ਜਵਾਨਾ ਪੱਠਿਆ, ਆਪਣੀ ਲੈ ਅੰਗੜਾਈਆ । ਓਹ ਤੱਕ ਲੈ ਸਭ ਦਾ ਵੇਲਾ ਜਾਂਦਾ ਟੱਪਿਆ, ਟਾਪੂਆਂ ਤੋਂ ਪਰੇ ਕੀ ਆਪਣਾ ਹੁਕਮ ਵਰਤਾਈਆ । ਜਿਸ ਦੀ ਅਗੰਮੀ ਲੱਗੇ ਸੱਟਿਆ, ਚੋਟ ਨਗਾਰੇ ਸ਼ਬਦ ਜਣਾਈਆ । ਜਿਸ ਦੇ ਉਪਰ ਸਾਇਆ ਨਹੀਂ ਕਿਸੇ ਛੱਡਿਆ, ਓਢਣ ਸੀਸ ਨਾ ਕੋਇ ਟਿਕਾਈਆ । ਓਹ ਸਵਾਮੀ ਕਮਲਾਪਤਿਆ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦੇ ਵਿਚ ਹਕ ਹੋਵੇ ਸਮਰਥਿਆ, ਹਕੀਕਤ ਖੋਜ ਖੁਜਾਈਆ । ਸਮੁੰਦ ਸਾਗਰ ਆਵੇ ਨੱਸਿਆ, ਚਰਨ ਕਵਲ ਸਰਨਾਈਆ । ਫੇਰ ਖ਼ੁਸ਼ੀ ਵਿਚ ਗਾਵੇ ਜਸਿਆ, ਤੇਰੀ ਬੇਪ੍ਰਵਾਹੀਆ । ਕਲਜੁਗ ਵੇਖ ਰੈਣ ਅੰਧੇਰੀ ਮੱਸਿਆ, ਚਾਰੋਂ ਕੁੰਟ ਅੰਧੇਰਾ ਛਾਈਆ । ਤੁਧ ਬਿਨ ਭਗਤਾਂ ਪਰਦਾ ਜਾਏ ਨਾ ਢਕਿਆ, ਸਿਰ ਹੱਥ ਨਾ ਕੋਇ ਰਖਾਈਆ । ਤੇਰਾ ਬੇੜਾ ਚਲੇ ਬਿਨ ਵੰਝ ਮੁਹਾਣੇ ਚਪਿਆ, ਨਈਆ ਦੋ ਜਹਾਨਾਂ ਪਾਰ ਕਰਾਈਆ । ਤੇਰਾ ਲੇਖਾ ਰਹੇ ਨਾ ਛਪਿਆ, ਛਪਰ ਛੰਨ ਹੋਵੇ ਰੁਸ਼ਨਾਈਆ । ਓਹ ਆਹ ਤੱਕ ਲੈ ਪਪਿਆ, ਪੂਰਨ ਪਾਰਬ੍ਰਹਮ ਪਰਮੇਸ਼ਵਰ ਸੋਭਾ ਪਾਈਆ । ਜਿਸ ਦਾ ਇਕ ਦਵਾਰ ਇਕੋ ਹੱਟਿਆ, ਇਕੋ ਵਸਤ ਦਏ ਵਰਤਾਈਆ । ਫੇਰ ਮਨੀ ਸਿੰਘ ਕਹੇ ਮੈਂ ਵਾਸਤਾ ਚਰਨਾਂ ਵਿਚ ਘੱਤਿਆ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਮੁੰਦ ਕਹੇ ਗੁਰਮੁਖੋ ਮੇਰੇ ਸਾਹਿਬ ਦਾ ਵੇਖਿਓ ਅਸੂਲ, ਅਸਲ ਦਿਆਂ ਜਣਾਈਆ । ਮੈਂ ਤੁਹਾਡੇ ਕੋਲ ਆ ਕੇ ਤੁਹਾਡੀ ਭੇਟਾ ਕਰਾਂਗਾ ਕਬੂਲ, ਪ੍ਰਭੂ ਦੇ ਚਰਨ ਛੋਹ ਕੇ ਤੁਹਾਡੇ ਪ੍ਰੇਮ ਵਿਚ ਸਮਾਈਆ । ਤੁਹਾਡਾ ਇਹ ਜੁਗ ਚੌਕੜੀ ਦਾ ਬਣਿਆ ਰਹੇਗਾ ਅਸੂਲ, ਅਸਲ ਅਸਲ ਵਿਚੋਂ ਪ੍ਰਗਟਾਈਆ । ਜਨ ਭਗਤ ਇਕੋ ਲਾਉਂਦੇ ਸੀ ਪ੍ਰਭੂ ਚਰਨਾਂ ਦੀ ਧੂਲ, ਧੂੜੀ ਖ਼ਾਕ ਰਮਾਈਆ । ਜਿਨ੍ਹਾਂ ਦਾ ਮਾਲਕ ਕੰਤ ਕੰਤੂਹਲ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਪਿਆਰ ਵਿਚ ਮਸਤ ਰਹਿਣਾ ਮਸ਼ਗੂਲ, ਮਨੀ ਸਿੰਘ ਮੰਨ ਕੇ ਸੀਸ ਝੁਕਾਈਆ । ਯਾਦ ਰਖਣਾ ਹਰ ਇਕ ਗੁਰਸਿਖ ਦੇ ਕੋਲ ਇਕ ਇਕ ਹੋਵੇਗਾ ਫੂਲ, ਜੋ ਨੌ ਮਿੰਟ ਤੋਂ ਬਾਦ ਸਮੁੰਦ ਦੀ ਭੇਟਾ ਦੇਣਾ ਕਰਾਈਆ । ਓਹ ਤੁਹਾਡਾ ਸਾਚਾ ਲਹਿਣਾ ਦੇਣਾ ਏਸੇ ਵਿਚ ਕਰ ਲਵੇਗਾ ਵਸੂਲ, ਜੋ ਨਾਨਕ ਸਤਿਗੁਰ ਇਸ਼ਾਰੇ ਨਾਲ ਗਿਆ ਸਮਝਾਈਆ । ਕਿਸੇ ਸਮਝ ਨਾ ਲੈਣਾ ਪ੍ਰਭੂ ਨੂੰ ਜ਼ਾਤੀ ਸ਼ਡੂਲ, ਨੂਰ ਨੁਰਾਨਾ ਇਕੋ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਮੇਲ ਮਿਲਾਈਆ । ਸਮੁੰਦ ਕਹੇ ਜਨ ਭਗਤੋ ਮੇਰੇ ਵਿਚ ਚੜ੍ਹਨ ਲੱਗਿਆਂ ਜ਼ਰੂਰ ਆਪਣੀ ਨਿਗਾਹ ਦੀ ਮਾਰਨੀ ਝਾਕੀ, ਖ਼ੁਸ਼ੀਆਂ ਨਾਲ ਮੇਰੀ ਤਹਿ ਨੂੰ ਵੇਖ ਵਖਾਈਆ । ਉਥੇ ਮਛ ਕਛ ਦੀ ਬਾਕੀ, ਮਿੰਦਰਾ ਦਏ ਗਵਾਹੀਆ । ਜਿਥੇ ਚੌਦਾਂ ਰਤਨ ਦੀ ਸਾਕੀ, ਚੌਦਾਂ


੩੪੬
੨੩

ਤਬਕ ਵੰਡ ਵੰਡਾਈਆ । ਇਹ ਲੇਖਾ ਸਾਚਾ ਲੇਖ ਤੇ ਲਹਿਣਾ ਕਮਲਾਪਾਤੀ, ਪਤਿਪਰਮੇਸ਼ਵਰ ਰਿਹਾ ਬਣਾਈਆ । ਤੁਹਾਡੀ ਓਹ ਜ਼ਿੰਦਗੀ ਤੇ ਓਹ ਹਯਾਤੀ, ਜਿਸ ਹਯਾਤੀ ਵਾਸਤੇ ਪ੍ਰਭਾਤੀ ਉਠ ਕੇ ਮਨੀ ਸਿੰਘ ਕਲਮ ਗਿਆ ਚਲਾਈਆ । ਆਪਣੀ ਕਾਨੀ ਨੂੰ ਸਮਝ ਕੇ ਕਾਇਨਾਤ ਦਾ ਸਾਥੀ, ਸਗਲਾ ਸੰਗ ਬਣਾਈਆ । ਜੁਗ ਚੌਕੜੀ ਤੁਹਾਡਾ ਨਾਮ ਸੰਦੇਸੇ ਦੇਣਗੇ ਧਰਮ ਧਾਰ ਦੇ ਕਾਗ਼ਜ਼ਾਤੀ, ਸਤਿਗੁਰ ਲੇਖ ਨਾ ਕੋਇ ਮਿਟਾਈਆ । ਸਤਿਗੁਰ ਦਾ ਪਿਆਰ ਕਦੇ ਵੰਡਿਆ ਗਿਆ ਨਹੀਂ ਦਿਵਸ ਰਾਤੀ, ਅੱਠੇ ਪਹਿਰ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲੈਣਾ ਮਿਲਾਈਆ । ਜਨ ਭਗਤੋ ਸਮੁੰਦ ਕਹੇ ਮੇਰੇ ਕੰਢੇ ਤੋਂ ਆਪਣੀ ਖ਼ੁਸ਼ੀ ਦੀ ਕੋਈ ਲੈ ਕੇ ਜਾਇਓ ਨਿਸ਼ਾਨੀ, ਓਹ ਨਿਸ਼ਾਨੀ ਆਪਣੀ ਆਪ ਛੁਪਾਈਆ । ਉਹਨੂੰ ਸਮਝਣਾ ਨਹੀਂ ਨਵੀਂ ਕਿ ਪੁਰਾਣੀ, ਘੋਗੇ ਕੌਡੀਆਂ ਮੇਰੀ ਵੰਡ ਵੰਡਾਈਆ । ਮੈਂ ਫੇਰ ਦੱਸਾਂਗਾ ਕੀ ਕਥਾ ਕਹਾਣੀ ਪੁਰਾਣੀ, ਜਿਸ ਦੀ ਪੁਰਾਣ ਅਠਾਰਾਂ ਦੇਣ ਗਵਾਹੀਆ । ਜਿਨ੍ਹਾਂ ਵਾਸਤੇ ਵੇਦ ਵਿਆਸ ਫੜੀ ਸੀ ਕਾਨੀ, ਕਾਨੀਆਂ ਫੜਨ ਵਾਲਿਓ ਨਿਸ਼ਾਨਾ ਤੁਹਾਡੇ ਉਤੇ ਲਗਾਈਆ । ਕਿਉਂ ਗੁਰੂ ਅਵਤਾਰ ਪੈਗ਼ੰਬਰ ਜਿਸਮ ਧਰਦੇ ਰਹੇ ਜਿਸਮਾਨੀ, ਸ਼ਰੀਰ ਹੋ ਕੇ ਆਪਣੇ ਹੱਥਾਂ ਸੇਵ ਕਮਾਈਆ । ਤੁਹਾਡਾ ਲੇਖਾ ਨਾਲ ਜੋਤ ਨੁਰਾਨੀ, ਜੋ ਨੂਰ ਨੁਰਾਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਮੁੰਦ ਕਹੇ ਜਨ ਭਗਤੋ ਤੁਹਾਡੀ ਨਿਗਾਹ ਵਿਚ ਹੋਵੇ ਮੇਰੀ ਹਮਦਰਦੀ, ਦਰਦੀ ਹੋ ਕੇ ਦਰਦ ਵੰਡਾਈਆ । ਮੈਨੂੰ ਸੁਖ ਕਦੇ ਨਾ ਮਿਲਿਆ ਵਿਚ ਗਰਮੀ ਸਰਦੀ, ਸਰਦ ਗਰਮ ਆਪਣਾ ਆਪ ਆਪਣੇ ਵਿਚ ਰਖਾਈਆ । ਮੇਰੇ ਉਤੇ ਕੋਈ ਮੇਰੀ ਮਾਤਾ ਲੇਫ ਨਹੀਂ ਧਰਦੀ, ਠੰਡਾ ਜਲ ਨਾ ਕੋਈ ਪਿਆਈਆ । ਨਾ ਮੈਨੂੰ ਸਾਰ ਆਪਣੇ ਘਰ ਦੀ, ਕਿਸ ਘਰ ਵਿਚ ਆਪਣਾ ਝਟ ਲੰਘਾਈਆ । ਮੇਰੀ ਆਸ਼ਾ ਓਸੇ ਪ੍ਰਭੂ ਦਾ ਭਾਣਾ ਜਰਦੀ, ਜੋ ਹੁਕਮੇ ਵਿਚ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਸਮੁੰਦ ਕਹੇ ਜਨ ਭਗਤੋ ਤੁਸੀਂ ਮੇਰੇ ਭਰਾ ਤੇ ਮੇਰੇ ਵੀਰ, ਭੈਣਾਂ ਭਈਏ ਨਜ਼ਰੀ ਆਈਆ । ਪਰ ਤੁਹਾਨੂੰ ਪਤਾ ਮੇਰਾ ਅਜੇ ਲੇਖਾ ਮੇਰੇ ਵਿਚ ਨਾ ਅਜੇ ਕਮਾਨ ਸੁੱਟੀ ਤੇ ਨਾ ਸੁੱਟਿਆ ਤੀਰ, ਸੀਤਾ ਰੋਵੇ ਮਾਰੇ ਧਾਹੀਆ । ਇਹ ਇਸ਼ਾਰਾ ਦੇ ਕੇ ਗਿਆ ਸੀ ਭਗਤ ਕਬੀਰ, ਕਬੀਰ ਜੁਲਾਹਾ ਪਾਟੇ ਜੁੱਲੇ ਵਿਚ ਆਪਣਾ ਆਸਣ ਲਾਈਆ । ਜਿਸ ਵੇਲੇ ਮੇਰੇ ਮਹਿਬੂਬ ਨੇ ਨਈਂ ਕੀਤੀ ਤਅਮੀਰ, ਤਰਤੀਬ ਆਪਣੇ ਹੱਥ ਰਖਾਈਆ । ਤੇ ਮਨੀ ਸਿੰਘ ਨੇ ਲੇਖਾ ਲਿਖ ਦਿਤਾ ਉਸ ਨੇ ਛਡ ਜਾਣਾ ਸਰੀਰ, ਜੋਤੀ ਜਾਤਾ ਹੋ ਕੇ ਆਪਣਾ ਰੂਪ ਬਦਲਾਈਆ । ਸੰਬਲ ਬੈਠਣਾ ਜਿਸ ਦੀ ਮੰਜ਼ਲ ਉਸ ਦੀ ਅਖ਼ੀਰ, ਪੂਰਨ ਵਿਚ ਪੂਰਨ ਰੂਪ ਸਮਾਈਆ । ਜਿਸ ਨੇ ਦੀਨ ਦੁਨੀ ਬਦਲ ਦੇਣੀ ਤਕਦੀਰ, ਮੁਕੱਦਰ ਸਭ ਦਾ ਖੋਜ ਖੁਜਾਈਆ । ਜਿਸ ਦੀ ਦੋ ਜਹਾਨ ਜਗਤ ਮਿਲਖ ਜਗੀਰ, ਜਗਤ ਦਾ ਮਾਲਕ ਨਜ਼ਰੀ ਆਈਆ । ਉਸ ਦਾ ਲੇਖਾ ਬੇਨਜ਼ੀਰ, ਨਜ਼ੀਰ ਜ਼ਹਿਰ ਦੇ ਬੂਟੇ ਵਾਲਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਾਲਕ ਵਡ ਵਡਿਆਈਆ । ਝਟ ਸਦੀ ਚੌਧਵੀਂ ਕਹੇ ਮੈਂ ਆ ਗਈ ਥੱਕੀ ਮਾਂਦੀ, ਥਕਾਵਟ ਵਿਚ ਹਾਏ ਉਫ਼ ਕਰ ਸੁਣਾਈਆ । ਨਾ ਮੇਰੀ ਗੁੱਤ ਰਹੀ ਨਾ ਪਰਾਂਦੀ, ਪੱਟੀਆਂ ਸੀਸ ਨਾ ਕੋਇ ਗੁੰਦਾਈਆ । ਨਾ ਕੋਈ ਰੁਪਾ ਰਿਹਾ ਨਾ ਚਾਂਦੀ, ਹੀਰੇ ਜਵਾਹਰ ਵੰਡ ਨਾ ਕੋਇ ਵੰਡਾਈਆ । ਨਾ ਵਡਿਆਈ

ਦਿਸੀ ਕਿਸੇ ਥਾਂ ਦੀ, ਹੁਜਰਾ ਹਕ ਨਾ ਕੋਇ ਸੁਹਾਈਆ । ਆਸ਼ਾ ਰੋਵੇ ਬਾਬਾ ਆਦਮ ਤੇ ਮਾਈ ਹੱਵਾ ਦੀ, ਹਵਸ ਹਵਸ ਨਾ ਕੋਇ ਬੁਝਾਈਆ । ਮੈਨੂੰ ਕਸਮ ਉਸੇ ਅਲਾਹ ਦੀ, ਜਿਸ ਨੂੰ ਰਸੂਲ ਅਲਾਹ ਕਹਿ ਕੇ ਸੀਸ ਨਿਵਾਈਆ । ਮੈਨੂੰ ਉਡੀਕ ਇਕ ਮਲਾਹ ਦੀ, ਜੋ ਖੇਵਟ ਖੇਟਾ ਧੁਰਦਰਗਾਹੀਆ । ਸਿਰਫ ਲੋੜ ਜਨ ਭਗਤੋ ਤੁਹਾਡੀ ਸ਼ਹਾਦਤ ਤੇ ਤੁਹਾਡੇ ਗਵਾਹ ਦੀ, ਮੁਦੱਈ ਮੁੱਦਾਲਹਿ ਆਪਣਾ ਖੇਲ ਖਿਲਾਈਆ । ਮੈਂ ਖੇਲ ਵੇਖੀ ਬੇਪਰਵਾਹ ਦੀ, ਜੋ ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਖ਼ੁਸ਼ੀਆਂ ਵਿਚ ਵੰਡਾਂਗੀ ਨਿਆਜ਼, ਖ਼ੁਸ਼ੀਆਂ ਵਿਚ ਵਰਤਾਈਆ । ਭਗਤਾਂ ਨੂੰ ਦੇਵਾਂਗੀ ਏਜ਼ਾਜ਼, ਜੋ ਅਜ਼ੀਜ਼ ਧੁਰ ਦੇ ਨਜ਼ਰੀ ਆਈਆ । ਫੇਰ ਗੁਜ਼ਾਰਾਂਗੀ ਨਿਮਾਜ਼, ਬਿਨਾ ਵਜੂਦ ਤੋਂ ਸੀਸ ਨਿਵਾਈਆ । ਫੇਰ ਵੇਖਾਂਗੀ ਕੀ ਉਸ ਦਾ ਰਾਜ, ਕੀ ਆਪਣਾ ਹੁਕਮ ਜਣਾਈਆ । ਜਨ ਭਗਤੋ ਮੈਂ ਤੁਹਾਡੇ ਨਾਲ ਲੰਗੜੀ ਹੋਈ ਅਪਹਾਜ, ਇਕ ਟੰਗ ਖਲੋਤੀ ਬਗ਼ਦਾਦ ਮੇਰੀ ਦਏ ਗਵਾਹੀਆ । ਪਰ ਯਾਦ ਰਖਿਓ ਜਿਸ ਵੇਲੇ ਉਤੇ ਚੜ੍ਹਨ ਲੱਗੇ ਜਹਾਜ਼, ਇੱਕੀ ਵਾਰ ਮੇਰੇ ਸਾਹਿਬ ਦਾ ਨਾਮ ਲੈਣਾ ਧਿਆਈਆ । ਚੌਦਾਂ ਵਾਰ ਮੈਂ ਵੀ ਸੁਣਾਂਗੀ ਨਾਦ, ਚੌਦਾਂ ਤਬਕਾਂ ਫੇਰ ਦਿਆਂ ਸੁਣਾਈਆ । ਸਾਰੇ ਖੋਲੋ ਜਾਗ, ਅਵਤਾਰ ਪੈਗ਼ੰਬਰ ਸੋਇਆ ਰਹਿਣ ਕੋਇ ਨਾ ਪਾਈਆ । ਮੇਰਾ ਖ਼ੁਸ਼ੀ ਬੜਾ ਹੋਇਆ ਮਿਜ਼ਾਜ, ਖ਼ੁਸ਼ੀਆਂ ਵਿਚ ਖ਼ੁਸ਼ਹਾਲੀ ਨਜ਼ਰੀ ਆਈਆ । ਹਰਿ ਭਗਤ ਦਵਾਰੇ ਤੁਹਾਡੇ ਨਾਲ ਪੁਜਾਂਗੀ ਤੇ ਦਸਾਂਗੀ ਕਿ ਸੱਚਾ ਕੀ ਸਮਾਜ, ਜਿਸ ਵਿਚ ਚਾਰ ਜੁਗ ਦੇ ਦੀਨ ਮਜ਼੍ਹਬ ਜਾਣ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਾਲਕ ਇਕੋ ਵਾਹਿਦ, ਵਾਹਵਾ ਜਿਸ ਦੀ ਆਦਿ ਅੰਤ ਵੱਜਦੀ ਵਧਾਈਆ ।



### ✪ ਪਹਿਲੀ ਮਘਰ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਸੰਤ ਮਨੀ ਸਿੰਘ ਕਹੇ ਮੈਂ ਸਾਰੀ ਸੰਗਤ ਤੱਕੀ, ਤੱਕਿਆ ਤੇਰਾ ਨੂਰ ਬੇਪ੍ਰਵਾਹੀਆ । ਤੇਰੇ ਸ਼ਬਦ ਨਾਲ ਮੇਰਾ ਹਿੱਸਾ ਪੱਤੀ, ਪਤਤ ਪਾਵਨ ਦਿਆਂ ਜਣਾਈਆ । ਮੇਰੀ ਲਿਖਤ ਮਿਟੇ ਨਾ ਰਤੀ, ਧੁਰ ਦੇ ਰੰਗਣਾ ਰੰਗ ਰੰਗਾਈਆ । ਤੇਰੇ ਚਰਨਾਂ ਦੋ ਜਹਾਨਾਂ ਆਸ਼ਾ ਹੋਵੇ ਸਤੀ, ਸਤਿ ਸਤਿਵਾਦੀ ਤੇਰੀ ਵਡ ਵਡਿਆਈਆ । ਕਿਸੇ ਦੀ ਚਲੇ ਨਾ ਕੋਇ ਚਤੁਰਾਈ ਬੁਧ ਮਤੀ, ਮਨੂਆ ਮਨਸਾ ਨਾ ਰਖਾਈਆ । ਮੈਂ ਸਭ ਕੁਛ ਵੇਖਿਆ ਤੇਰੇ ਨੇਤਰ ਤੇਰੇ ਅੱਖੀਂ, ਆਪਣੀਆਂ ਅੱਖੀਆਂ ਤੇਰੇ ਵਿਚ ਮਿਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਇਕ ਬਚਨ ਅਗੰਮਾ ਦੱਸੀਂ, ਬਿਨਾ ਦਸਤ ਹਸਤ ਉਠਾਈਆ । ਸਚ ਦੀ ਵਸਤ ਦੱਸ ਕਿਥੇ ਸਾਂਭ ਕੇ ਰਖੀ, ਕਿਉਂ ਨਿਰਗੁਣ ਹੋ ਕੇ ਬੈਠਾ ਛੁਪਾਈਆ । ਮੇਰਿਆ ਮਹਿਬੂਬਾ ਤੇਰੇ ਪਿਆਰ ਵਿਚ ਬੁੱਢੇ ਨੇ ਪੀਠੀ ਚੱਕੀ, ਚਾਕਰਾਂ ਦਿਆਂ ਚਾਕਰਾ ਤੇਰੀ ਸੇਵ ਕਮਾਈਆ । ਤੂੰ ਮੇਰਾ ਜੀਵਣ ਪਾ ਕੇ ਧਰਮ ਨਟੀ, ਨਟੂਆ ਆਪਣਾ ਸ੍ਵਾਂਗ ਗਿਆ ਬਦਲਾਈਆ । ਪਰ ਮੈਨੂੰ ਇਕੋ ਤੇਰੀ ਯਾਦ ਰਹਿ ਗਈ ਪੱਟੀ, ਜੇ ਤੂੰ ਮੇਰਾ ਮੈਂ ਤੇਰਾ ਬਿਨਾ ਹਰਫ਼ਾਂ ਤੋਂ ਹਰਫ਼ ਦਿਤਾ ਸਮਝਾਈਆ । ਮੈਂ ਬੁੱਢਾ ਅਨਪੜ੍ਹ ਖ਼ੁਸ਼ੀਆਂ ਵਿਚ ਖ਼ੁਸ਼ਹਾਲ ਹੋਇਆ ਲਖੀ, ਤੇਰਾ ਖੇਲ ਵੇਖ ਵਖਾਈਆ । ਓਹ ਖ਼ਬਰ ਦੱਸਦੇ ਜਿਹੜੀ ਮੇਰੇ ਕੋਲੋਂ ਤੇਰੇ ਕੋਲ ਬਚੀ, ਬੱਚਿਆਂ

ਦੀ ਝੋਲੀ ਦੇ ਪਾਈਆ । ਮੈਂ ਫਿਰਦਾ ਖ਼ਾਲੀ ਹੱਥੀਂ, ਹਥੇਲੀ ਹਥੇਲੀ ਨਾਲ ਖੜਕਾਈਆ । ਪਰ ਮੇਰੀ ਆਸ਼ਾ ਅਜੇ ਨਹੀਂ ਢੱਠੀ, ਬਲਧਾਰੀ ਆਪਣਾ ਬਲ ਦੇਣਾ ਪ੍ਰਗਟਾਈਆ । ਮੇਰੇ ਪਿਆਰ ਦੀ ਲਾਜ ਰਖੀਂ, ਰਖਕ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸੰਤ ਮਨੀ ਸਿੰਘ ਕਹੇ ਮੈਂ ਤੱਕਾਂ ਤੇਰੇ ਪਿਆਰੇ, ਪਿਆਰਿਆਂ ਪਿਆਰ ਨਾਲ ਵੇਖ ਵਖਾਈਆ । ਜਿਨ੍ਹਾਂ ਨੂੰ ਸਤਿਗੁਰ ਸ਼ਬਦ ਕਹੇ ਦੁਲਾਰੇ, ਦੂਲ੍ਹੇ ਤੇਰੇ ਸੋਭਾ ਪਾਈਆ । ਧੰਨਭਾਗ ਤੂੰ ਮੇਰੇ ਮੰਨੇ ਹਾੜੇ, ਹੌਕੇ ਆਪਣੇ ਵਿਚ ਟਿਕਾਈਆ । ਬੇਸ਼ਕ ਤੂੰ ਜੁਗ ਚੌਕੜੀ ਕੋਟ ਉਜਾੜੇ, ਉਜੜਿਆਂ ਲਏ ਵਸਾਈਆ । ਮੇਰੀ ਆਸ਼ਾ ਪੂਰੀ ਕਰਨੀ ਚਰਨ ਛੁਹਾਏ ਦਾਹੜੇ, ਸ਼ਰਨ ਇਕ ਬਣਾਈਆ । ਮੈਂ ਤੱਕਣੇ ਤੇਰੇ ਮਿਤਰ ਪਿਆਰੇ, ਮੁਰੀਦ ਮੁਰਸ਼ਦ ਭੇਵ ਰਹੇ ਨਾ ਰਾਈਆ । ਨਈਆ ਵੇਖਣੀ ਇਕੋ ਘਾਟ ਕਿਨਾਰੇ, ਜਗਤ ਤੱਟਾਂ ਡੇਰਾ ਢਾਹੀਆ । ਜਿਹੜੇ ਚੁੱਪ ਚੁਪੀਤਾ ਮੈਨੂੰ ਦੇਂਦਾ ਰਿਹੋਂ ਇਸ਼ਾਰੇ, ਬਿਨਾ ਸੈਨਤ ਸੈਨਤ ਲਗਾਈਆ । ਪਰ ਮੈਂ ਵੀ ਵੇਖ ਲੈ ਹੌਸਲੇ ਰਖੇ ਭਾਰੇ, ਮੁਖ ਵਿਚੋਂ ਨਾ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸੰਤ ਮਨੀ ਸਿੰਘ ਕਹੇ ਮੈਨੂੰ ਤੱਕ ਲੈਣ ਦੇ ਆਪਣੇ ਗੁਰਮੁਖ ਮੀਤ, ਗੁਰ ਸਤਿਗੁਰ ਧਿਆਨ ਲਗਾਈਆ । ਜਿਨ੍ਹਾਂ ਦੇ ਵਸਿਉਂ ਚੀਤ, ਚੇਤਨ ਸਾਰੇ ਲਏ ਉਠਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਗਹਿਰ ਗੰਭੀਰ ਕੀਤੀ ਜਣਾਈਆ । ਜਿਸ ਦੇ ਉਤੇ ਮੇਰੇ ਕੋਲੋਂ ਫਿਰਾਉਂਦਾ ਰਿਹੋਂ ਲੀਕ, ਓਹ ਲਾਈਨ ਦੇਣੀ ਵਡਿਆਈਆ । ਮੇਰੀ ਮਨਸਾ ਪੂਰੀ ਕਰਨੀ ਉਮੀਦ, ਆਸ਼ਾ ਤੇਰੇ ਨਾਲ ਜਣਾਈਆ । ਓਹ ਤੱਕ ਮਨਜੀਤ ਸਿੰਘ ਪੁਕਾਰੇ ਚੀਕ, ਸ਼ਹਾਦਤ ਤੇਰਾ ਨਾਮ ਰਖਾਈਆ । ਜਿਸ ਦੀ ਪਾਲ ਸਿੰਘ ਕਰੇ ਤਸਦੀਕ, ਤਾਕੀਦ ਨਾਲ ਜਣਾਈਆ । ਜਗਦੀਸ਼ ਦੀ ਪੂਰੀ ਕਰ ਦੇ ਰੀਝ, ਮਿਹਰਵਾਨ ਹੋਣਾ ਸਹਾਈਆ । ਸੰਤ ਮਨੀ ਸਿੰਘ ਕਹੇ ਗੁਰਮੁਖੋ ਧਰਮ ਧਰਮ ਦਾ ਲਿਖਾਰੀ, ਲੇਖ ਧਰਮ ਧਰਮ ਬਣਾਈਆ । ਮੈਂ ਧਰਮ ਧਰਮ ਦਾ ਪੁਜਾਰੀ, ਪੂਜਾ ਧਰਮ ਧਰਮ ਸਮਝਾਈਆ । ਮੇਰੀ ਆਸ਼ਾ ਮਨਸਾ ਪੂਰੀ ਹੋਈ ਸਾਰੀ, ਮੇਰੇ ਸਾਹਿਬ ਦਿਤੀ ਕਰਾਈਆ । ਅਗਲਾ ਹੁਕਮ ਸੁਣੋ ਧੁਰ ਦਰਬਾਰੀ, ਕੀ ਕਰਤਾ ਰਿਹਾ ਜਣਾਈਆ । ਸਵਾਧਾਨ ਰਹਿਣਾ ਨਾਲ ਹੁਸ਼ਿਆਰੀ, ਆਲਸ ਨਿੰਦਰਾ ਪੰਧ ਮੁਕਾਈਆ । ਕੀ ਖੇਲ ਕਰੇ ਨਿਰੰਕਾਰੀ, ਨਰ ਨਰਾਇਣ ਨੂਰ ਅਲਾਹੀਆ । ਜਿਸ ਦੀ ਸ਼ਬਦੀ ਧਾਰ ਮੌਲੇ ਫੁਲਵਾੜੀ, ਪੱਤ ਟਹਿਣੀ ਮਹਿਕ ਮਹਿਕਾਈਆ । ਜਿਸ ਲੇਖਾ ਤੱਕਣਾ ਜੰਗਲ ਉਜਾੜੀ, ਜੂਹਾਂ ਖੋਜ ਖੁਜਾਈਆ । ਸਤਿ ਸਤਿ ਦੀ ਕਰ ਉਸਾਰੀ, ਮਹੱਲ ਅਟਲ ਦਏ ਬਣਾਈਆ । ਦੋ ਜਹਾਨਾਂ ਦਾ ਬਣ ਜੁਆਰੀ, ਖੇਲੇ ਖੇਲ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸੰਤ ਮਨੀ ਸਿੰਘ ਕਹੇ ਮੇਰੀ ਕਲਮ ਰੁਕ ਰੁਕ ਕੇ ਕਹਿੰਦੀ, ਕਹਿ ਕਹਿ ਸੀਸ ਨਿਵਾਈਆ । ਜਿਹੜਾ ਫਿਰ ਕੇ ਆਇਆ ਦਿਸ਼ਾ ਲਹਿੰਦੀ, ਲਹਿਣੇ ਪਿਛਲੇ ਪੂਰ ਕਰਾਈਆ । ਜਿਸ ਦੀ ਕਲਾ ਕਦੇ ਨਾ ਹੋਵੇ ਢਹਿੰਦੀ, ਕਲ ਕਾਤੀ ਧੁਰਦਰਗਾਹੀਆ । ਜਿਸ ਨੇ ਬਸਰੇ ਲਾਈ ਮਹਿੰਦੀ, ਸ਼ਰਅ ਵੰਡ ਵੰਡਾਈਆ । ਧਾਰ ਵੇਖੀ ਨੈਂ ਦੀ, ਵਹਿਣਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਝਟ ਨਾਰਦ ਆ ਗਿਆ ਫੜ ਕੇ ਪੋਥਾ, ਪੁਸਤਕ ਬੋਦੀ ਉਤੇ ਟਿਕਾਈਆ । ਉਚੀ ਦੇਵੇ ਹੋਕਾ, ਹੁਕਮ ਸੁਣੋ ਬੇਪ੍ਰਵਾਹੀਆ । ਜੋ ਫਿਰਿਆ ਚੌਦਾਂ ਲੋਕਾ, ਚੌਦਾਂ ਤਬਕਾਂ

ਪੰਧ ਮੁਕਾਈਆ । ਓਹਦਾ ਖੇਲ ਸਾਦਾ ਤੇ ਮੋਟਾ, ਬਾਰੀਕ ਲੀਕ ਨਾ ਕੋਇ ਜਣਾਈਆ । ਸਦੀ ਚੌਧਵੀਂ ਜਿਸ ਨੇ ਖ਼ਾਲੀ ਕਰਨਾ ਲੋਟਾ, ਲੁਟੀਆ ਹੱਥ ਕਿਸੇ ਨਾ ਆਈਆ । ਜਿਸ ਧਰਨੀ ਦਾ ਤੱਕਿਆ ਪੋਟਾ ਪੋਟਾ, ਪਾਟਲ ਹੋ ਕੇ ਖੋਜ ਖੁਜਾਈਆ । ਓਹਦਾ ਹੁਕਮ ਨਾ ਲੰਬਾ ਨਾ ਬਹੁਤਾ, ਬਹੁਗੁਣ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਸੁਣਾਈਆ । ਨਾਰਦ ਕਹੇ ਮੇਰਾ ਪੋਥਾ ਕੀ ਕੁਛ ਲਿਖਦਾ, ਲਿਖਿਆ ਹਾਲ ਜਣਾਈਆ । ਮੈਂ ਇਕ ਥਾਂ ਨਹੀਂ ਟਿਕਦਾ, ਭੱਜਾਂ ਵਾਹੋ ਦਾਹੀਆ । ਹੁਕਮ ਮੰਨਾਂ ਧੁਰ ਦੇ ਪਿਤ ਦਾ, ਜੋ ਪਰਮੇਸ਼ਵਰ ਬੇਪਰਵਾਹੀਆ । ਮੈਂ ਵਣਜਾਰਾ ਨਹੀਂ ਕਿਸੇ ਚਿਤ ਦਾ, ਠਗੌਰੀ ਨਾ ਕੋਇ ਬਣਾਈਆ । ਮੈਂ ਜਗਤ ਨੇਤਰ ਕਿਸੇ ਨਹੀਂ ਦਿਸਦਾ, ਅੱਖੀਆਂ ਨਾਲ ਵੇਖਣ ਕੋਇ ਨਾ ਪਾਈਆ । ਨਾਲੇ ਮਾਰ ਦੁਹੱਥੜ ਪਿਟਦਾ, ਬਹੁੜੀ ਬਹੁੜੀ ਕਰ ਕੁਰਲਾਈਆ । ਮੈਂ ਖੇਲ ਦੱਸਾਂ ਪ੍ਰਭੂ ਨਿਤ ਦਾ, ਜੋ ਨਵਿਤ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਮੇਰੀ ਪੋਥੀ ਵਿਚੋਂ ਹਰਫ਼ ਆਖ, ਅੱਖਰ ਅੱਖਰ ਰਿਹਾ ਕੁਰਲਾਈਆ । ਨਾਰਦ ਸਾਡਾ ਛਡ ਦੇ ਸਾਥ, ਸੰਗੀ ਦੀ ਲੋੜ ਨਾ ਕੋਇ ਜਣਾਈਆ । ਨਾਰਦ ਕਹੇ ਮੈਂ ਉਂਗਲੀ ਪਾ ਕੇ ਆਪਣੀ ਵਿਚ ਨਾਸ, ਨਕ ਟੇਢਾ ਕਰ ਕੇ ਰਿਹਾ ਵਖਾਈਆ । ਫਿਰ ਤੱਕਾਂ ਉਤੇ ਆਕਾਸ਼, ਬਿਨ ਨੈਣਾਂ ਨੈਣ ਉਠਾਈਆ । ਨਾਲੇ ਕਹਾਂ ਮੇਰੇ ਉਤੇ ਕਰੋ ਵਿਸ਼ਵਾਸ, ਵਿਸ਼ਵ ਦਾ ਭੇਵ ਦ੍ਰਿੜਾਈਆ । ਨਾਲੇ ਇਸ਼ਾਰਾ ਕੀਤਾ ਸ਼ੰਕਰ ਆ ਜਾ ਉਤੋਂ ਕੈਲਾਸ਼, ਆਪਣਾ ਪੰਧ ਮੁਕਾਈਆ । ਬ੍ਰਹਮੇ ਛਡ ਦੇ ਪਤਣ ਘਾਟ, ਵੇਖ ਖੇਲ ਬੇਪ੍ਰਵਾਹੀਆ । ਵਿਸ਼ਨੂੰ ਤੱਕ ਅਗੰਮਾ ਹਾਟ, ਵਣਜਾਰਾ ਜਿਥੇ ਇਕੋ ਵਣਜ ਕਰਾਈਆ । ਨਾਲੇ ਤੱਕ ਲੈ ਅੱਜ ਦੀ ਰਾਤ, ਭਿੰਨੜੀ ਰੈਣ ਸੁਹਾਈਆ । ਜਿਸ ਕਾਰਨ ਮਨੀ ਸਿੰਘ ਨੇ ਮੰਗੀ ਸੀ ਦਾਤ, ਆਸ਼ਾ ਮਨ ਤੋਂ ਬਾਹਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਾ ਖੇਲ ਵਖਾਈਆ । ਨਾਰਦ ਕਹੇ ਮੇਰੇ ਅੱਖਰੋ ਤੁਸੀਂ ਖੋਟੇ ਕਿ ਖਰੇ, ਖ਼ਰੀਦਦਾਰ ਤੁਹਾਡਾ ਕਵਣ ਨਜ਼ਰੀ ਆਈਆ । ਕਿਉਂ ਮੇਰੇ ਨਾਲੋਂ ਹੋਏ ਪਰੇ, ਪਰਾ ਪਸੰਤੀ ਮਧਮ ਬੈਖਰੀ ਨਾਲ ਆਪਣੀ ਕੀਤੀ ਵਡਿਆਈਆ । ਮੈਂ ਜੁਗ ਚੌਕੜੀ ਦੁੱਖ ਕਲੇਸ਼ ਜਰੇ, ਜ਼ਰਾ ਸੀ ਨਾ ਮੁਖ ਸੁਣਾਈਆ । ਮੈਂ ਤੁਹਾਨੂੰ ਲੈ ਕੇ ਆਇਆ ਹਰਿ ਭਗਤ ਦਵਾਰੇ ਭਗਤਾਂ ਦੇ ਘਰੇ, ਘਰਾਣਾ ਵੇਖੇ ਚਾਈਂ ਚਾਈਂਆ । ਜਿਥੇ ਪੁਰਖ ਅਕਾਲਾ ਭਗਤਾਂ ਕੋਲੋਂ ਡਰੇ, ਜੋ ਗ਼ੁੱਸੇ ਵਿਚ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਆਪਣੀ ਕਾਰ ਭੁਗਤਾਈਆ । ਅੱਖਰ ਕਹਿਣ ਨਾਰਦਾ ਜੇ ਆ ਗਏ ਭਗਤ ਦਵਾਰੇ, ਆਪਣਾ ਪੰਧ ਮੁਕਾਈਆ । ਹੁਣ ਸਾਡੇ ਲੇਖੇ ਸੁਣ ਲੈ ਸਾਰੇ, ਹਰਿ ਸੰਗਤ ਦੇ ਸਮਝਾਈਆ । ਨਾਲ ਵੇਖ ਲੈ ਪੈਗ਼ੰਬਰ ਗੁਰ ਅਵਤਾਰੇ, ਨੂਰ ਜੋਤ ਰੁਸ਼ਨਾਈਆ । ਹੋਰ ਤੱਕ ਲੈ ਪ੍ਰਭ ਦੇ ਦੁਲਾਰੇ, ਜੋ ਸੰਤ ਸੁਹੇਲੇ ਭਗਤ ਸਚਖੰਡ ਬੈਠੇ ਡੇਰਾ ਲਾਈਆ । ਕੁਛ ਲਹਿਣੇ ਤੱਕ ਲੈ ਵੀਹ ਸੌ ਅਠਾਰਾਂ ਬਿਕਰਮੀ ਹੁਕਮ ਜ਼ਾਹਿਰੇ, ਜ਼ਾਹਰ ਜ਼ਹੂਰ ਕੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲਾਈਆ । ਅੱਖਰ ਕਹਿਣ ਜਨ ਭਗਤੋ ਤੱਕ ਲਓ ਸੰਮਤ ਸ਼ਹਿਨਸ਼ਾਹੀ ਅੱਠ, ਅੱਠਾਂ ਤਤਾਂ ਵਾਲਿਓ ਧਿਆਨ ਲਗਾਈਆ । ਆਪਣੇ ਅੰਦਰੋਂ ਖੋਲੋ ਗੱਠ, ਬੰਧਨ ਕੂੜ ਦੇਣਾ ਤੁੜਾਈਆ । ਜਿਸ ਕਾਰਨ ਜੁਗ ਚੌਕੜੀ ਰਹੇ ਨੱਠ, ਭੱਜੇ ਵਾਹੋ ਦਾਹੀਆ ।



੩੫੦
੨੩

੩੫੧
੨੩

ਜਿਸ ਦੇ ਵਿਚ ਹੋਇਆ ਇਕੱਠ, ਮੇਲ ਮਿਲਿਆ ਬੇਪ੍ਰਵਾਹੀਆ । ਵੇਖੇ ਸ਼ਰਅ ਦੀ ਹੱਦ ਟੱਪ, ਟਾਪੂਆਂ ਤੋਂ ਬਾਹਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇਣਾ ਹੁਕਮ ਸੁਣਾਈਆ । ਅੱਖਰ ਕਹਿਣ ਜਨ ਭਗਤੋ ਸਾਡੀ ਪ੍ਰਵਾਨ ਕਰੋ ਨਿਮਸਕਾਰ, ਡੰਡਾਵਤ ਵਿਚ ਸੀਸ ਨਿਵਾਈਆ । ਜੇ ਤੁਸੀਂ ਨਾ ਹੋਵੋ ਸਾਡਾ ਬਣੇ ਨਾ ਕੋਇ ਅਕਾਰ, ਕਿਸ ਦੀ ਸਿਫ਼ਤ ਸਿਫ਼ਤ ਸਲਾਹੀਆ । ਤੁਹਾਡੇ ਪ੍ਰੇਮ ਵਿਚ ਸਾਡਾ ਵਿਸਥਾਰ, ਵਾਸਤਾ ਪ੍ਰਭ ਦੇ ਨਾਲ ਜੁੜਾਈਆ । ਨਾਲ ਕੌਲ ਤੱਕੋ ਤੇ ਨਾਲੇ ਤੱਕੋ ਇਕਰਾਰ, ਇਕਰਾਰਨਾਮੇ ਵੇਖ ਵਖਾਈਆ । ਬਲ ਬਾਵਨ ਦਾ ਤੱਕੋ ਉਧਾਰ, ਜੋ ਲੇਖਾ ਲੇਖੇ ਵਿਚੋਂ ਕਢਾਈਆ । ਲਹਿਣਾ ਤੱਕੋ ਯੋਗੋਸਲਾਵੀਆ ਤੇ ਬਲਗਾਰ, ਬਿਨ ਰਸਨਾ ਬੁੱਲ ਹਿਲਾਈਆ । ਜਿਥੇ ਹੋ ਨਾ ਸਕੇ ਕੋਇ ਤਕਰਾਰ, ਤਹਿਰੀਰ ਤਕਦੀਰ ਨਾ ਕੋਇ ਬਦਲਾਈਆ । ਖ਼ੁਸ਼ੀ ਨਾਲ ਜਿਸ ਦਾ ਕਰਦੇ ਰਹੇ ਇੰਤਜ਼ਾਰ, ਮੁਹੱਬਤ ਵਿਚ ਨੈਣ ਉਠਾਈਆ । ਓਸ ਦਾ ਖੇਲ ਗੋਬਿੰਦ ਦੀ ਧਾਰ, ਗੋਬਿੰਦ ਗੋਬਿੰਦ ਗੋਬਿੰਦ ਭੇਵ ਚੁਕਾਈਆ । ਪਹਿਲੀ ਮਘਰ ਕਹੇ ਵੀਹ ਸੌ ਅੱਠ ਦੂਆ ਜ਼ੀਰੋ ਜਾਏ ਨੱਠ, ਜ਼ੀਰੋ ਆਪਾ ਆਪ ਜਾਏ ਸੱਟ, ਅੱਠ ਦਾ ਅੱਠ ਸ਼ਹਿਨਸ਼ਾਹੇ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਅੱਖਰ ਕਹਿਣ ਅਸੀਂ ਇਕੋ ਦੱਸੀਏ ਸਲਾਹ, ਸਹਿਜ ਨਾਲ ਸੁਣਾਈਆ । ਬਲ ਦਾ ਬਾਵਨ ਬਾਵਨ ਦਾ ਬਲ ਦੋਵੇਂ ਸ਼ਬਦ ਗਵਾਹ, ਸ਼ਹਾਦਤ ਸਚ ਵਾਲੀ ਭੁਗਤਾਈਆ । ਸੰਮਤ ਸ਼ਹਿਨਸ਼ਾਹੀ ਅੱਠ ਪਰਦਾ ਰਿਹਾ ਚੁਕਾ, ਮੁਖ ਨਕਾਬ ਨਾ ਕੋਇ ਟਿਕਾਈਆ । ਗੋਬਿੰਦ ਵਿਸਾਖੀ ਉਠਾ ਕੇ ਬਾਂਹ, ਦੋ ਸੌ ਬਹੱਤਰ ਲਏ ਅੰਗੜਾਈਆ । ਦੋ ਸੌ ਬਹੱਤਰ ਦਿਨ ਸਤਿਗੁਰ ਦੇ ਲੇਖੇ ਦੇਣੇ ਪਾ, ਸਤਿਗੁਰ ਸਰਨ ਸਰਨ ਸਰਨਾਈਆ । ਸਚਖੰਡ ਦਵਾਰੇ ਸਾਚੇ ਸੰਦੇਸ਼ਾ ਪੁੱਜਣਾ ਨਾਲ ਚਾਅ, ਚਾਓ ਘਨੇਰਾ ਇਕ ਦ੍ਰਿੜਾਈਆ । ਗੁਰਦਿਆਲ ਸਿੰਘ ਤੇਰਾ ਲਹਿਣਾ ਦੇਣਾ ਧਰਨੀ ਧਰਤ ਧੌਲ ਸੁਹਾਉਣਾ ਥਾਂ, ਬਨੰਤਰ ਨਾਲ ਮਿਲਾਈਆ । ਸੋਲਾਂ ਮਘਰ ਨੂੰ ਤੇਰੇ ਬੱਚੇ ਤੇਰਾ ਉਜਲ ਕਰਨ ਨਾਂ, ਸੁਦਾਗਰ ਸਿੰਘ ਨਾਜਰ ਸਿੰਘ ਪੂਰਨ ਸਿੰਘ ਜੋੜ ਜੁੜਾਈਆ । ਪੰਜ ਪੰਜ ਮਰਲੇ ਤਿੰਨਾਂ ਨੇ ਦੇਣਾ ਥਾਂ, ਇਕ ਪੰਜ ਪੰਦਰਾਂ ਜੋੜ ਜੁੜਾਈਆ । ਲਿਖਤ ਵਿਚ ਅੱਖਰਾਂ ਦੇਣੀ ਕਰਾ, ਸ਼ਹਾਦਤ ਗੁਰਮੁਖਾਂ ਵਾਲੀ ਭੁਗਤਾਈਆ । ਮਹਿੰਦਰ ਸਿੰਘ ਬੂੜ ਸਿੰਘ ਜਗਤ ਬਣਨ ਗਵਾਹ, ਅੱਖਰ ਅੱਖਰ ਨਾਲ ਮਿਲਾਈਆ । ਨਾਲ ਦਸਖ਼ਤ ਕਰੇਗੀ ਤਿੰਨਾਂ ਦੀ ਮਾਂ, ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਗੁਰਦਿਆਲ ਸਿੰਘ ਕਹੇ ਜਿਥੇ ਮੇਰਾ ਬਣੇ ਅਸਥਾਨ, ਅਸਥਿਰ ਮਿਲੇ ਵਡਿਆਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਧੁਰਦਰਗਾਹੀਆ । ਸਤਿ ਸਤਿ ਦਾ ਦੇਵੇ ਮਾਣ, ਤਾਣ ਇਕੋ ਇਕ ਜਣਾਈਆ । ਮੈਂ ਤੱਕਾਂ ਖੇਲ ਜ਼ਿਮੀਂ ਅਸਮਾਨ, ਜਗਤ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਆਪਣਾ ਰੰਗ ਰੰਗਾਈਆ । ਅੱਖਰ ਕਹਿਣ ਝਟ ਬੋਲ ਪਿਆ ਭਗਤ ਦਵਾਰਾ, ਸਿੰਘ ਜਗਦੀਸ਼ ਲਏ ਅੰਗੜਾਈਆ । ਨੌ ਦਵਾਰੇ ਜਿਸ ਦਾ ਖੇਲ ਜ਼ਾਹਿਰਾ, ਜ਼ਾਹਰ ਜ਼ਹੂਰ ਅਗੰਮ ਅਥਾਹੀਆ । ਮੈਂ ਚਾਹੁੰਦਾ ਜਿਸ ਦਿਨ ਮੇਰਾ ਅੰਤ ਪੂਰਾ ਹੋਇਆ ਸੀ ਮੁਨਾਰਾ, ਚੌਵੀ ਮਘਰ ਮਿਲੀ ਵਡਿਆਈਆ । ਪਹਿਲੀ ਚੇਤ ਤੋਂ ਦੋ ਸੌ ਬਹੱਤਰ ਦਿਨ ਗੋਬਿੰਦ ਦੀ ਵਸਾਖੀ ਦੇ ਪੂਰੇ ਹੋਣੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੰਗ ਮਿਲਾਈਆ । ਪੰਝੀ ਮਘਰ ਤੋਂ ਸੋਹਣਾ ਰੰਗ ਰੰਗੇ ਨਿਰੰਕਾਰਾ, ਨਿਰਗੁਣ

ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਹੁਕਮ ਸੁਣਾਈਆ । ਹਰਿ ਭਗਤ ਦਵਾਰਾ ਕਹੇ ਚੌਵ੍ਹੀ ਮਘਰ ਸੰਮਤ ਵੀਹ ਸੌ ਅਠਾਰਾਂ ਮੇਰੀ ਮਨਸਾ ਹੋਈ ਪੂਰੀ, ਤ੍ਰਿਖਾ ਰਹੀ ਨਾ ਰਾਈਆ । ਪੰਝੀ ਮਘਰ ਤੋਂ ਨਾਜਰ ਸਿੰਘ ਪਾਠ ਕਰੇਗਾ ਜ਼ਰੂਰੀ, ਨਾਥੇਵਾਲਾ ਧਾਮ ਸੁਹਾਈਆ । ਸਵਾ ਪਹਿਰ ਮਨ ਮਨਸਾ ਕਰ ਕੇ ਦੂਰੀ, ਇਕੋ ਲਿਵ ਲਗਾਈਆ । ਦੋ ਸੌ ਬਹੱਤਰ ਦਿਨ ਚੌਵ੍ਹੀ ਭਾਦਰੋਂ ਪੰਧ ਚੁਕਾਉਣਾ ਨੇੜਾ ਦੂਰੀ, ਦੂਰ ਨੇੜੇ ਵਾਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਭਗਤ ਦਵਾਰ ਕਹੇ ਮੇਰੀ ਇਕੋ ਇਕ ਅਰਦਾਸ, ਬਿਨਾ ਅਰਦਾਸੇ ਦਿਆਂ ਜਣਾਈਆ । ਗੁਰਦਿਆਲ ਸਿੰਘ ਦਵਾਰ ਬਣਨਾ ਖ਼ਾਸ, ਖ਼ਾਲਸ ਰੰਗ ਰੰਗਾਈਆ । ਸਭ ਦੀ ਪੂਰੀ ਹੋਣੀ ਆਸ, ਆਸਾ ਨਿਰਾਸਾ ਰਹਿਣ ਕੋਇ ਨਾ ਪਾਈਆ । ਨੌ ਮਘਰ ਨੂੰ ਸੋਹਣਾ ਸੁਹੰਜਣਾ ਸਮਾਂ ਹੋਣਾ ਲੋਕਮਾਤ, ਧਰਨੀ ਵੱਜੇ ਵਧਾਈਆ । ਪੰਜ ਗੁਰਮੁਖ ਨਾਜਰ ਸਿੰਘ ਦੇ ਜਾਣਗੇ ਸਾਥ, ਪਿਛਲਾ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਨੌ ਮਘਰ ਹੋਣਾ ਰਵਾਨਾ, ਜਾਣਾ ਚਾਈਂ ਚਾਈਂਆ । ਸੋਲਾਂ ਮਘਰ ਲਿਖਣਾ ਪ੍ਰਵਾਨਾ, ਤਿੰਨਾਂ ਭਰਾਵਾਂ ਥਾਉਂ ਥਾਈਂਆ । ਚੌਵ੍ਹੀ ਮਘਰ ਗੱਡ ਨਿਸ਼ਾਨਾ, ਪੰਝੀ ਮਘਰ ਰੁਤ ਦੇਣੀ ਸੁਹਾਈਆ । ਸਵਾ ਪਹਿਰ ਜਾਪ ਜਪਣਾ ਸ਼ਾਮਾ, ਸੱਤ ਤੋਂ ਪੌਣੇ ਦਸ ਤਕ ਧਿਆਨ ਲਗਾਈਆ । ਬਾਹਰ ਕਰਨਾ ਨਹੀਂ ਕੋਈ ਧਿਆਨਾ, ਨਿਗਾਹ ਨਿਗਾਹ ਵਿਚ ਟਿਕਾਈਆ । ਓਥੇ ਨਾਲ ਮਹਾਰਾਜ ਸ਼ੇਰ ਸਿੰਘ ਦਾ ਫੋਟੋ ਰਖਣਾ ਨਿਸ਼ਾਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੱਤੀ ਮੀਲ ਤੋਂ ਦੂਰ ਬਾਹਰ ਨਾ ਜਾਣਾ, ਸੋਹਣਾ ਧਾਮ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਭਗਤ ਦਵਾਰ ਕਹੇ ਮੇਰੇ ਵਿਚ ਆਈ ਬਲਗਾਰੀਆ ਦੀ ਮਿੱਟੀ, ਕੀ ਮਿੱਟੀ ਰਹੀ ਜਣਾਈਆ । ਤਿੰਨ ਅੱਸੂ ਜਿਸ ਵੇਲੇ ਨੀਂਹ ਰਖਣੀ ਫੜ ਇੱਟੀ, ਰੋੜਿਆਂ ਨਾਲ ਸੁਹਾਈਆ । ਮੈਨੂੰ ਬੰਨ੍ਹ ਕੇ ਟਾਕੀ ਚਿੱਟੀ, ਵਿਚ ਦੇਣਾ ਟਿਕਾਈਆ । ਯੋਗੋਸਲਾਵੀਆ ਦੀ ਖ਼ਾਕ ਕਹੇ ਮੈਨੂੰ ਲਿਖਣਾ ਵਿਚ ਪੰਜਾਬੀ ਲਿਪੀ, ਸੋਹੰ ਅੱਖਰ ਬਣਾਈਆ । ਸ਼ਹਿਨਸ਼ਾਹੀ ਨੌ ਸੰਮਤ ਦੀ ਹੋਵੇ ਮਿਤੀ, ਮਿਤਰਾਂ ਦਿਆਂ ਜਣਾਈਆ । ਦੋ ਸੌ ਬਹੱਤਰ ਦਿਨ ਸੁਬਹ ਨਾਜਰ ਸਿੰਘ ਨੂੰ ਖਾਣੀ ਪਏਗੀ ਮੱਕੀ ਦੀ ਟਿੱਕੀ, ਨੌ ਦਾਣੇ ਜਗਤ ਸੋਭਾ ਪਾਈਆ । ਮਾਲਵੇ ਵਾਲੇ ਚੌਵੀ ਮਘਰ ਨੂੰ ਸਿਖ ਬੈਠੇ ਹੋਣਗੇ ਇੱਕੀ, ਨਾਥੇਵਾਲਾ ਰੰਗ ਰੰਗਾਈਆ । ਇਕ ਸੌ ਇਕ ਗੁਰਮੁਖਾਂ ਨੂੰ ਤਿੰਨੇ ਭਰਾ ਲਿਖਣਗੇ ਚਿੱਠੀ, ਤਿੰਨ ਅੱਸੂ ਨੂੰ ਗੁਰਦਿਆਲ ਦਵਾਰਾ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਭਗਤ ਦਵਾਰ ਕਹੇ ਮੇਰੀ ਇਕੋ ਮੰਗ, ਸਭ ਨੂੰ ਦਿਆਂ ਜਣਾਈਆ । ਦੋ ਸੌ ਬਹੱਤਰ ਦਿਨ ਇਕੋ ਹੋਵੇ ਰੰਗ, ਇਕੋ ਰੂਪ ਬਣਾਈਆ । ਇਕੋ ਰਸ ਇਕ ਅਨੰਦ, ਇਕ ਮਿਲੇ ਵਡਿਆਈਆ । ਕੋਲ ਨਿਸ਼ਾਨ ਰਖਣਾ ਤਾਰਾ ਚੰਦ, ਜੋ ਗੁਰਮੁਖ ਦਵਾਰੇ ਛੱਤ ਉਤੇ ਸੋਭਾ ਪਾਈਆ । ਓਸ ਦੀ ਨੀਂਹ ਵਿਚ ਹੋਣੀ ਵੰਡ, ਚੜ੍ਹਦਾ ਲਹਿੰਦਾ ਦੋਵੇਂ ਰਾਹ ਤਕਾਈਆ । ਅਗਲਾ ਖੇਲ ਸੂਰਾ ਸਰਬੰਗ, ਫੇਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਭਗਤ ਦਵਾਰ ਕਹੇ ਅੱਖਰੋ ਤੁਹਾਡਾ ਖੇਲ ਅਗੰਮਾ ਆਖ਼ਰ, ਆਖ਼ਰ ਇਕ ਜਣਾਈਆ ।

੩੫੨
੨੩

ਸਤਿਗੁਰ ਸ਼ਬਦ ਸ਼ਬਦ ਘੋੜਾ ਸ਼ਬਦੀ ਜ਼ੀਨ ਪਾਖਰ, ਆਸਣ ਸਿੰਘਾਸਣ ਇਕ ਜਣਾਈਆ । ਨਾਮ ਸੰਦੇਸ਼ਾ ਦਰਗਾਹ ਸਾਚੀ ਧੁਰ ਦਾ ਪਾਤਣ, ਲੇਖਣੀ ਨਾਲ ਮਿਲਾਈਆ । ਇਸ ਵਿਚ ਫ਼ਰਕ ਹੋਣਾ ਨਹੀਂ ਮਾਤਰ, ਲਗ ਮਾਤਰ ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਆਪਣਾ ਮੇਲ ਮਿਲਾਈਆ । ਅੱਖਰ ਕਹਿਣ ਅਸੀਂ ਜੁਗ ਚੌਕੜੀ ਸੇਵਾਦਾਰ, ਸਦ ਸਦ ਸੇਵ ਕਮਾਈਆ । ਸਾਡੀ ਏਸੇ ਖ਼ੁਸ਼ੀ ਵਿਚ ਬਹਾਰ, ਜਨ ਭਗਤਾਂ ਵੱਜਦੀ ਰਹੇ ਵਧਾਈਆ । ਗੁਰਦਿਆਲ ਸਿੰਘ ਦਾ ਸੋਹੇ ਦਵਾਰ, ਬਲ ਬਾਵਨ ਰੰਗ ਰੰਗਾਈਆ । ਦੋ ਸੌ ਬਹੱਤਰ ਦਿਨ ਸ਼ਬਦ ਗਾਉਣਾ ਏਕਾ ਧਾਰ, ਸਵਾ ਪਹਿਰ ਪਾਹਰ ਰੰਗ ਰੰਗਾਈਆ । ਪੰਝੀ ਭਾਦਰੋਂ ਇੱਟ ਰੋੜਾ ਕਰਨਾ ਤਿਆਰ, ਇੱਕੀ ਹਜ਼ਾਰ ਲੈਣਾ ਸੁਟਾਈਆ । ਤਿੰਨਾਂ ਬਣ ਕੇ ਬਰਖ਼ੁਰਦਾਰ, ਸੇਵਾ ਸਚ ਲੈਣੀ ਕਮਾਈਆ । ਇਹ ਖੇਲ ਓਸ ਨਿਰੰਕਾਰ, ਜਿਸ ਨਿਰੰਕਾਰ ਦਾ ਲੇਖਾ ਧੁਰਦਰਗਾਹੀਆ । ਓਹ ਜੁਗ ਜੁਗ ਸੰਤ ਸੁਹੇਲੇ ਦੇਵੇ ਤਾਰ, ਭਗਤਾਂ ਦਏ ਵਡਿਆਈਆ । ਫੇਰ ਬਣੇਗਾ ਦਿੱਲੀ ਦਰਬਾਰ, ਦਿਲਦਾਰ ਆਪਣੀ ਖ਼ੁਸ਼ੀ ਵਖਾਈਆ । ਫੇਰ ਕਿਸ਼ਨ ਸਿੰਘ ਨੇ ਹੋਣਾ ਖ਼ਬਰਦਾਰ, ਆਲਸ ਨਿੰਦਰਾ ਦੇਣੀ ਚੁਕਾਈਆ । ਫੇਰ ਲਾਲ ਸਿੰਘ ਤੋਂ ਲੈਣੀ ਆੜ, ਦਵਾਬਾ ਵੰਡ ਵੰਡਾਈਆ । ਫੇਰ ਭਾਗ ਲਗਾਉਣਾ ਵਿਚ ਉਜਾੜ, ਜੰਮੂ ਸੰਗਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨੌ ਮਘਰ ਕਹੇ ਨਾਜਰ ਸਿੰਘ ਕਰਨੀ ਤਿਆਰੀ, ਧਰਮ ਦਾ ਰਾਹ ਤਕਾਈਆ । ਅਜੀਤ ਸਿੰਘ ਨਾਲ ਤੁਰੇ ਮੁਹੱਬਤ ਪਿਆਰੀ, ਮਸਾ ਸਿੰਘ ਆਪਣੀ ਗੰਢ ਪਵਾਈਆ । ਬਖ਼ਸ਼ੀਸ਼ ਸਿੰਘ ਪੱਗੜੀ ਬੰਨ੍ਹ ਕੇ ਕਾਲੀ, ਚਲੇ ਚਾਈਂ ਚਾਈਆ ।

੩੫੩
੨੩

ਨਿਰੰਜਣ ਸਿੰਘ ਹੱਥ ਰਖ ਕੇ ਖ਼ਾਲੀ, ਬਾਜ਼ੂ ਬਾਂਹ ਨਾਲ ਮਿਲਾਈਆ । ਦਲੀਪ ਸਿੰਘ ਕਲਸੀਆਂ ਵਾਲਾ ਘਾਲਣਾ ਨਾਲ ਲਏ ਘਾਲੀ, ਘਾਲ ਪਿਛਲੀ ਲੇਖੇ ਲਾਈਆ । ਧੁਰ ਹੁਕਮ ਵਿਚ ਨਾ ਕੋਇ ਹੁਕਮ ਨਾ ਸਵਾਲੀ, ਸਵਾਲ ਜਵਾਬ ਨਾ ਕੋਇ ਰਖਾਈਆ । ਧਰਮ ਦਾ ਬੂਟਾ ਜਨ ਭਗਤਾਂ ਦਾ ਦਿਸੇ ਧਰਮ ਬਾਗ਼ ਦਾ ਮਾਲੀ, ਮਾਲਕ ਨੂਰ ਅਲਾਹੀਆ । ਗੁਰਦਿਆਲ ਸਿੰਘ ਕਹੇ ਮੈਨੂੰ ਸਚਖੰਡ ਸਚ ਦੀ ਚੜ੍ਹੇ ਲਾਲੀ, ਲਾਲ ਮੇਰੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਸਦਾ ਪ੍ਰਿਤਪਾਲੀ, ਪ੍ਰਿਤਪਾਲਕ ਹੋ ਕੇ ਜਨ ਭਗਤਾਂ ਵੇਖ ਵਖਾਈਆ ।

੩੫੩
੨੩

### ੯ ਮੱਘਰ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹਰਜੀਤ ਸਿੰਘ ਦੇ ਨਵਿਤ

ਪ੍ਰਭੂ ਤੇਰਾ ਕਵਲ ਕਿ ਕੌਲਾ, ਕਵਲ ਨੈਣ ਦੇਣਾ ਦ੍ਰਿੜ੍ਹਾਈਆ । ਤੇਰਾ ਖੇਲ ਧਵਲ ਕਿ ਧੌਲਾ, ਧਰਮ ਦੀ ਧਾਰ ਦੇਣਾ ਸਮਝਾਈਆ । ਤੇਰਾ ਰੂਪ ਮਵਲ ਕਿ ਮੌਲਾ, ਮਿਹਰਵਾਨ ਪਰਦਾ ਦੇਣਾ ਉਠਾਈਆ । ਤੇਰਾ ਰੂਪ ਸਾਂਵਲ ਕਿ ਸੌਲਾ, ਸਾਂਵਲ ਸੁੰਦਰ ਦੇਣਾ ਜਣਾਈਆ । ਤੇਰਾ ਲੇਖਾ ਹਵਲ ਕਿ ਹੌਲਾ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਪੁਰਖ ਅਕਾਲ ਕਹੇ ਮੇਰਾ ਖੇਲ ਅਗੰਮੀ, ਅਗੰਮ ਅਗੋਚਰ ਇਕ ਅਖਵਾਈਆ । ਮੇਰੀ ਹੱਦ ਹਦੂਦ ਨਾ ਹੋਣੀ ਬੰਨੀ, ਵੰਡਾਂ

ਵਿਚ ਨਾ ਕੋਇ ਵਡਿਆਈਆ । ਮੇਰਾ ਰੂਪ ਤਤ ਨਾ ਕੋਇ ਤਨੀ, ਤ੍ਰੈਗੁਣ ਵੇਸ ਨਾ ਕੋਇ ਵਟਾਈਆ । ਮੇਰਾ ਹੁਕਮ ਸਰਵਣ ਕਰੇ ਕੋਇ ਨਾ ਕੰਨੀ, ਕਾਇਨਾਤ ਨਾ ਕੋਇ ਚਤੁਰਾਈਆ । ਮੇਰੀ ਧਾਰ ਕਿਸੇ ਨਾ ਜੰਮੀ, ਜੰਮਣ ਵਾਲੀ ਕੋਇ ਨਾ ਮਾਈਆ । ਮੇਰਾ ਖੇਲ ਅਨੋਖਾ ਨਾ ਖ਼ੁਸ਼ੀ ਨਾ ਗ਼ਮੀ, ਹਰਖ ਸੋਗ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰੇ ਦਾਤੇ ਭਿਖਾਰੀ, ਭਿੱਖਕ ਹਰਿ ਸਮਝਾਉਣਾ ਹੇ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜੋਤ ਨਿਰੰਕਾਰੀ, ਨਿਰੰਕਾਰ ਨਿਰੰਜਣ ਭੇਵ ਖੁਲਾਉਣਾ ਹੇ । ਆਦਿ ਅੰਤ ਰੂਪ ਅਗੰਮ ਅਪਾਰੀ, ਅਲਖ ਅਗੋਚਰ ਖੇਲ ਖਿਲਾਉਣਾ ਹੇ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਕਦਾਰੀ, ਸੁਲਤਾਨ ਮਹਿਬੂਬ ਹੁਕਮ ਵਰਤਾਉਣਾ ਹੇ । ਵਿਸ਼ਨ ਬ੍ਰਹਮਾ ਸ਼ਿਵ ਸੇਵਕ ਸੇਵਾਦਾਰੀ, ਏਕਾ ਮਾਈ ਜੁਗਤ ਜੁੜਾਉਣਾ ਹੇ । ਤੇਰਾ ਖੇਲ ਅਵਤਾਰ ਪੈਗ਼ੰਬਰ ਗੁਰ ਸੰਸਾਰੀ, ਸਤਿਗੁਰ ਸ਼ਬਦ ਹੁਕਮ ਵਰਤਾਉਣਾ ਹੇ । ਨਿਰਗੁਣ ਨੂਰ ਜੋਤ ਤੇਰੀ ਉਜਿਆਰੀ, ਜੋਤੀ ਜਾਤਾ ਡਗਮਗਾਉਣਾ ਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਆਪ ਖੁਲਾਉਣਾ ਹੇ । ਪੁਰਖ ਅਕਾਲ ਕਹੇ ਸ਼ਬਦੀ ਦੂਲ੍ਹੇ ਦੂਲ੍ਹੇ, ਭੇਵ ਅਭੇਦ ਖੁਲੇਈਆ ਊ । ਆਦਿ ਅੰਤ ਕੋਈ ਨਾ ਜਾਣੇ ਮੂਲੇ, ਪਰਦਾ ਪਰਦਿਆਂ ਵਿਚ ਰਖੇਈਆ ਊ । ਆਦਿ ਜੁਗਾਦੀ ਕੰਤ ਕੰਤੂਹਲੇ, ਨਿਰਗੁਣ ਸਰਗੁਣ ਸਰਗੁਣ ਧਾਰ ਪਰਨੇਈਆ ਊ । ਜੁਗ ਚੌਕੜੀ ਕਦੇ ਨਾ ਭੂਲੇ, ਅਭੁਲ ਇਕ ਅਖਵੇਈਆ ਊ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਸਚ ਵਰਤੇਈਆ ਊ । ਸਤਿਗੁਰ ਸ਼ਬਦ ਕਹੇ ਮੇਰੇ ਗਹਿਰ ਗੰਭੀਰਾ, ਬੇਨਜ਼ੀਰ ਇਕ ਅਖਵਾਈਆ ਏ । ਤੇਰਾ ਲੇਖਾ ਬਿਨ ਤਨ ਸਰੀਰਾ, ਤ੍ਰੈਗੁਣ ਨਾ ਜੋੜ ਜੁੜਾਈਆ ਏ । ਤੇਰਾ ਲੇਖਾ ਸ਼ਾਹ ਹਕੀਰਾ, ਪਾਤਸ਼ਾਹ ਇਕ ਅਖਵਾਈਆ ਏ । ਤੇਰਾ ਨੂਰ ਬੇਨਜ਼ੀਰਾ, ਨੂਰੇ ਨਜ਼ਰ ਨੂਰ ਅਖਵਾਈਆ ਏ । ਤੂੰ ਸਾਹਿਬ ਜ਼ਾਹਰ ਜ਼ਹੂਰਾ, ਜੋਤੀ ਜੋਤ ਜੋਤ ਰੁਸ਼ਨਾਈਆ ਏ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਪੂਰਾ, ਪੂਰਨ ਬ੍ਰਹਮ ਪੂਰਨ ਸਮਾਈਆ ਏ । ਤੇਰਾ ਲੇਖਾ ਨੇੜ ਦੂਰਾ, ਜੁਗ ਚੌਕੜੀ ਪੰਧ ਮੁਕਾਈਆ ਏ । ਤੇਰੀ ਸ਼ਬਦ ਅਗੰਮੀ ਤੂਰਾ, ਤੁਰੀਆ ਤੋਂ ਪਰੇ ਨਾਦ ਵਜਾਈਆ ਏ । ਮੈਂ ਸਦਾ ਸਦਾ ਮਸ਼ਕੂਰਾ, ਮੇਰੀ ਮੁਸ਼ਕਲ ਹੱਲ ਕਰਾਈਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਸਚ ਤੇਰੀ ਓਟ ਰਖਾਈਆ ਏ । ਪੁਰਖ ਅਕਾਲ ਕਹੇ ਮੈਂ ਦੀਨਾ ਨਾਥ, ਦਿਆਲ ਦੀਨ ਅਖਵਾਈਆ ਊ । ਸਤਿਗੁਰ ਸ਼ਬਦ ਸ਼ਬਦ ਗੁਰ ਸਾਥ, ਸਗਲਾ ਸੰਗ ਨਿਭਾਈਆ ਊ । ਜੁਗ ਚੌਕੜੀ ਢੋਲੇ ਸਿਫ਼ਤੀ ਗਾਥ, ਅੱਖਰਾਂ ਹਰਫ਼ਾਂ ਜੋੜ ਜੁੜਾਈਆ ਊ । ਆਦਿ ਜੁਗਾਦੀ ਬਣ ਸਮਰਾਥ, ਪੁਰਖ ਅਗੰਮਾ ਇਕ ਅਖਵਾਈਆ ਊ । ਨਿਰਗੁਣ ਸਰਗੁਣ ਖੇਲ ਕਰਾਂ ਬਹੁ ਭਾਂਤ, ਵੇਸ ਅਵੱਲੜਾ ਆਪ ਵਟਾਈਆ ਊ । ਲਹਿਣਾ ਜਾਣਾ ਕਲਜੁਗ ਅੰਧੇਰੀ ਰਾਤ, ਲੇਖਾ ਸਭ ਦਾ ਹੱਥੋ ਹੱਥ ਫੜਾਈਆ ਊ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ਊ । ਸਤਿਗੁਰ ਸ਼ਬਦ ਧਾਰ ਬਹੁ ਰੰਗੀ, ਰੰਗਤ ਅਵੱਲੀ ਚੜ੍ਹੇਈਆ ਏ । ਜਿਸ ਦਾ ਭੇਵ ਸਮਝੇ ਕੋਇ ਨਾ ਚੰਦ ਨੌ ਚੰਦੀ, ਨਵ ਧਾਰ ਨਾ ਭੇਵ ਖੁਲ੍ਹੇਈਆ ਏ । ਜਿਸ ਦਾ ਖੇਲ ਹੁਕਮ ਸਤਿਗੁਰ ਭੁਯੰਗੀ, ਜਨਣੀ ਬਾਲ ਨਾ ਕੋਇ ਰਖੇਈਆ ਏ । ਜਿਸ ਦੀ ਨਿਰਗੁਣ ਸਰਗੁਣ ਧਾਰ ਸੰਧੀ, ਲੇਖਾ ਅਵਰ ਨਾ ਕੋਇ ਮਿਟੇਈਆ ਏ । ਜਿਸ ਦੇ ਹੁਕਮ ਦੀ ਦੀਨਾਂ ਮਜ਼੍ਹਬਾਂ

੩੫੪
੨੩

ਉਤੇ ਪਾਬੰਦੀ, ਪਰਮ ਪੁਰਖ ਹੁਕਮ ਇਕ ਸੁਣਈਆ ਏ । ਕਿਸੇ ਦੀ ਆਯੂ ਰਹੇ ਨਾ ਲੰਬੀ, ਕਲਜੁਗ ਲੇਖਾ ਵੇਖ ਵਖੇਈਆ ਏ । ਤ੍ਰੈਗੁਣ ਦੀ ਧਾਰ ਰਹੀ ਕੰਬੀ, ਧੀਰਜ ਧੀਰ ਨਾ ਕੋਇ ਧਰੇਈਆ ਏ । ਜਗਤ ਨੇਤਰਹੀਣ ਸ੍ਰਿਸ਼ਟੀ ਦ੍ਰਿਸ਼ਟੀ ਅੰਧੀ, ਲੋਚਣ ਨੈਣ ਨਾ ਕੋਇ ਖੁਲ੍ਹੇਈਆ ਏ । ਜਿਸ ਦੇ ਹੁਕਮ ਦੀ ਸਤਿ ਧਰਮ ਦੀ ਲੱਗਣੀ ਪਾਬੰਦੀ, ਹੁਕਮੀ ਹੁਕਮ ਹੁਕਮ ਦ੍ਰਿੜੇਈਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣੇਈਆ ਏ । ਸਤਿਗੁਰ ਸ਼ਬਦ ਕਹੇ ਮੈਂ ਤੇਰਾ ਸ਼ਬਦ ਫ਼ਕੀਰ, ਫ਼ਿਕਰਾ ਇਕ ਸੁਣੇਈਆ ਏ । ਤੇਰੇ ਦਰ ਮੇਰੀ ਤਾਮੀਰ, ਜੜ ਚੋਟੀ ਚੇਤਨ ਤੇਰਾ ਰੂਪ ਵਖੇਈਆ ਏ । ਮੈਨੂੰ ਆਦਿ ਤੋਂ ਮਿਲੀ ਤੇਰੀ ਸਚ ਅਸੀਰ, ਆਸਾਵੰਦ ਆਸ ਰਖੇਈਆ ਏ । ਜੋ ਚਿੱਟੇ ਉਤੇ ਕਾਲੀ ਪਾਈ ਲਕੀਰ, ਸਾਵਣ ਸਾਵਣ ਸਾਵਣ ਵੇਖ ਵਖੇਈਆ ਏ । ਮੇਰੀ ਮਾਤਲੋਕ ਵਿਚ ਤੇਰੇ ਨਾਲ ਤਕਦੀਰ, ਦੂਸਰ ਸੰਗ ਨਾ ਕੋਇ ਬਣੇਈਆ ਏ । ਮੇਰੇ ਬਸਤਰ ਲਥੇ ਵੇਖ ਚੀਰ, ਸੀਸ ਦਸਤਾਰ ਨਾ ਕੋਇ ਟਕੇਈਆ ਏ । ਹੱਸ ਰੋ ਕੇ ਕਹੇ ਕਬੀਰ, ਰਵੀਦਾਸਾ ਸੰਗ ਰਲੇਈਆ ਏ । ਨਾਮਾ ਛੀਪਰੋ ਨਾ ਧਰੇ ਧੀਰ, ਧੰਨਾ ਧਿਆਨ ਲਗੇਈਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਰਖੇਈਆ ਏ । ਓਟ ਰਖੀ ਆਸ ਇਕ, ਇਕ ਇਕ ਇਕ ਮੇਰਾ ਮਾਹੀ ਏ । ਕੋਟਨ ਕੋਟੀ ਲਾਈ ਬੈਠੇ ਸਿਕ, ਸ਼ਿਖ਼ਰ ਚੋਟੀਆਂ ਤੋਂ ਪਰੇ ਤੇਰਾ ਨੂਰ ਅਲਾਹੀ ਏ । ਤੈਨੂੰ ਸਭ ਨੇ ਮੰਨਿਆ ਮਾਤ ਪਿਤ, ਪਤਿਪਰਮੇਸ਼ਵਰ ਕੀ ਤੇਰੀ ਬੇਪ੍ਰਵਾਹੀ ਏ । ਨਿਰਗੁਣ ਧਾਰ ਨਿਰੰਕਾਰ ਕਰ ਸਾਚਾ ਹਿਤ, ਹਿਤਕਾਰੀ ਹੋ ਕੇ ਵੇਖ ਚਾਈਂ ਚਾਈਂ ਏ । ਜੋ ਹੁਕਮ ਸੰਦੇਸ਼ਾ ਫ਼ਰਮਾਨ ਦਿਤਾ ਲਿਖ, ਲੇਖਕਾਂ ਦੇ ਲੇਖਕ ਭੇਵ ਆਪਣਾ ਖੁਲਾਈ ਏ । ਗੁਰਮੁਖ ਸੁਹੇਲੇ ਸੰਤ ਪੇਖ ਆਪਣੇ ਸਿੱਖ, ਸਿਖਿਆ ਸਿਖ ਸਿਖ ਸਿਖ ਕੀ ਵਡਿਆਈ ਏ । ਮੇਰੇ ਸਾਹਿਬ ਸਵਾਮੀ ਤੇਰੀ ਮਹਿੰਮਾ ਭਗਤ ਦਵਾਰੇ ਹੋਵੇ ਨਿਤ, ਨਵਿਤ ਤੇਰਾ ਗੁਣ ਗਾਈ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਹੀਂ ਕੋਈ ਮਿਤ, ਮਿਤਰ ਪਿਆਰਾ ਇਕੋ ਨਜ਼ਰੀ ਆਈ ਏ ।

### ✪ ੧੫ ਮੱਘਰ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਬਖ਼ਸ਼ੀਸ਼ ਸਿੰਘ ਸੁਗੇ ਦੇ ਨਵਿਤ ✪

ਸਤਿਗੁਰ ਸ਼ਬਦ ਕਹੇ ਮੇਰੇ ਸਚ ਸਵਾਮੀ, ਸਿਰਜਣਹਾਰ ਤੇਰੀ ਸਰਨਾਈਆ । ਆਦਿ ਜੁਗਾਦੀ ਅੰਤਰਜਾਮੀ, ਬੇਅੰਤ ਤੇਰੀ ਬੇਪ੍ਰਵਾਹੀਆ । ਨਿਰਗੁਣ ਧਾਰ ਸਦਾ ਨਿਹਕਾਮੀ, ਨਿਰਵੈਰ ਤੇਰੀ ਵਡ ਵਡਿਆਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਮਿਹਰਵਾਨ ਮਹਿਬੂਬ ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੇਰੇ ਦੀਨ ਦਿਆਲ ਪ੍ਰਭ ਠਾਕਰ, ਗਹਿਰ ਗੰਭੀਰ ਨੂਰ ਅਲਾਹੀਆ । ਆਦਿ ਜੁਗਾਦੀ ਅਗੰਮ ਅਗੰਮੜੇ ਸਾਗਰ, ਭਵਰੀ ਤੇਰੀ ਜਗਤ ਲੋਕਾਈਆ । ਤੇਰਾ ਹੁਕਮ ਸੂਰਬੀਰ ਬਹਾਦਰ, ਨਾ ਕੋਈ ਮੇਟੇ ਮੇਟ ਮਿਟਾਈਆ । ਬਿਨ ਤੇਰੇ ਦੇਵੇ ਕੋਈ ਨਾ ਆਦਰ, ਦਰ ਸਚ ਨਾ ਕੋਇ ਸਰਨਾਈਆ । ਤੂੰ ਕਰਤਾ ਕਰੀਮ ਬੇਐਬ ਕਾਦਰ, ਕੁਦਰਤ ਦਾ ਮਾਲਕ ਇਕ ਅਖਵਾਈਆ । ਤੇਰੇ ਹੱਥ ਅਗੰਮਾ ਆਦਲ, ਇਨਸਾਫ਼ ਇਕੋ ਨਜ਼ਰੀ ਆਈਆ । ਤੂੰ ਲੇਖਾ ਲਹਿਣਾ

ਪੂਰਾ ਕਰਨਾ ਮਕਤੂਲ ਅੰਤਰ ਬਾਤਨ, ਕਾਤਲ ਦੀ ਧਾਰ ਕਤਲਗਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਸ਼ਬਦੀ ਧਾਰ ਵੇਖ ਆਦਤ, ਬਿਨ ਨੈਣਾਂ ਨੈਣ ਉਠਾਈਆ । ਜਨ ਭਗਤਾਂ ਵੇਖ ਅਬਾਦਤ, ਜੋ ਗੁਰਮੁਖ ਤੇਰਾ ਨਾਮ ਧਿਆਈਆ । ਬਖ਼ਸ਼ੀਸ਼ ਦੀ ਬਖ਼ਸ਼ਿਸ਼ ਵਿਚ ਲੇਖੇ ਲਾਉਣੀ ਸ਼ਹਾਦਤ, ਜੋ ਸਨਮੁਖ ਹੋ ਕੇ ਆਪਾ ਆਪ ਸ਼ਹੀਦ ਕਰਾਈਆ । ਝਗੜਾ ਰਹੇ ਨਾ ਤਾਮਸ ਰਾਜਸ, ਸਾਂਤਕ ਸਤਿ ਦੇਣਾ ਵਰਤਾਈਆ । ਲੇਖੇ ਲਾਉਣਾ ਜਨਮ ਮਾਨੁਖਾ ਮਾਨਸ਼, ਸਚਖੰਡ ਸਾਚੇ ਸੋਭਾ ਪਾਈਆ । ਧਰਮ ਦੀ ਧਾਰ ਬਣਾਉਣਾ ਬਾਲਕ, ਚਰਨ ਕਵਲ ਬਿਨ ਚਰਨਾਂ ਲੈਣਾ ਟਿਕਾਈਆ । ਤੂੰ ਸਚ ਸਵਾਮੀ ਖ਼ਲਕ ਦਾ ਖ਼ਾਲਕ, ਖ਼ੁਦ ਮਾਲਕ ਨੂਰ ਖ਼ੁਦਾਈਆ । ਏਥੇ ਓਥੇ ਦੋ ਜਹਾਨਾਂ ਹੋਵੇ ਪਾਲਕ, ਪ੍ਰਿਤਪਾਲਕ ਹੋ ਕੇ ਆਪਣੇ ਘਰ ਵਸਾਈਆ । ਸਤਿਗੁਰ ਸ਼ਬਦ ਕਹੇ ਮੈਂ ਨਿਰਗੁਣ ਧਾਰ ਬਣਾਂ ਸਾਲਸ, ਸਾਲਸੀ ਬਿਨਾ ਸਰੀਰ ਕਮਾਈਆ । ਗੁਰਸਿਖ ਰੂਪ ਬਣਾਉਣਾ ਖ਼ਾਲਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦੀ ਸ਼ਬਦ ਦੁਲਾਰੇ, ਸ਼ਬਦ ਧਾਰ ਸਮਝਾਈਆ । ਮੇਰੇ ਗੁਰਮੁਖ ਧੁਰ ਦੇ ਭਗਤ ਸਚਖੰਡ ਦੇ ਵਣਜਾਰੇ, ਚੁਰਾਸੀ ਵਿਚ ਕਦੇ ਨਾ ਆਈਆ । ਮਾਨਸ ਜਨਮ ਜਗਤ ਜੂਏ ਵਿਚ ਕਦੇ ਨਾ ਹਾਰੇ, ਲੇਖਾ ਚੁੱਕੇ ਥਾਉਂ ਥਾਈਂਆ । ਸਤਿ ਦੀ ਆਤਮਾ ਸਤਿ ਸਰੂਪ ਕੋਇ ਨਾ ਮਾਰੇ, ਤਨ ਵਜੂਦ ਜਗਤ ਜਗਤ ਵਡਿਆਈਆ । ਆਤਮ ਨੂਰ ਨੂਰ ਜੋਤ ਚਮਤਕਾਰੇ, ਨਿਰਗੁਣ ਧਾਰ ਡਗਮਗਾਈਆ । ਸਚਖੰਡ ਸਚ ਦਵਾਰ ਚੜ੍ਹੇ ਚੁਬਾਰੇ, ਜਿਥੇ ਅਸਥਿਲ ਗ੍ਰਹਿ ਇਕੋ ਨਜ਼ਰੀ ਆਈਆ । ਹਰਿਜਨ ਗੁਰਮੁਖ ਜਨਮ ਕਦੇ ਨਾ ਹਾਰੇ, ਜੋ ਹਿਰਦੇ ਰਿਹਾ ਸਮਾਈਆ । ਸਚ ਸਵਾਮੀ ਅੰਤਰਜਾਮੀ ਹੋ ਕੇ ਤਾਰੇ, ਤਾਰਨਹਾਰ ਬੇਪ੍ਰਵਾਹੀਆ । ਗੋਬਿੰਦ ਦੇ ਸੁਤ ਗੋਬਿੰਦ ਦੇ ਦੁਲਾਰੇ, ਜੋ ਰਣਭੂਮੀ ਅਖਾੜੇ ਵਿਚ ਆਪਣਾ ਆਪ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੱਚਿਆਂ ਵਾਲਾ ਰਖੇ ਆਪਣੇ ਨਾਮ ਸਹਾਰੇ, ਅਜੀਤ ਅਤੀਤ ਆਪ ਕਰਾਈਆ ।



✪ ੧੮ ਮੱਘਰ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਪਿੰਦਰ ਸਿੰਘ ਜੰਡਿਆਲਾ ਦੇ ਨਵਿਤ ✪

ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਕਰੇ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਬਣ ਕੇ ਧੁਰ ਦਾ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਸਤਿ ਸਰੂਪ ਸ਼ਾਹੋ ਭੂਪ ਸਤਿ ਦਾ ਬਣ ਕੇ ਦਾਨੀ, ਦਇਆਵਾਨ ਨੌਜਵਾਨ ਮਰਦ ਮਰਦਾਨ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਹਰਿਜਨ ਵੇਖੇ ਜਗਤ ਜਵਾਨੀ, ਜਵਾਂ ਮਰਦ ਹਮਦਰਦ ਆਪਣਾ ਰੰਗ ਰੰਗਾਈਆ । ਭੇਵ ਅਭੇਦਾ ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਭੇਵ ਰਹੇ ਨਾ ਰਾਈਆ । ਲਹਿਣਾ ਦੇਣਾ ਤੱਕੇ ਜੀਵ ਜੀਵ ਪ੍ਰਾਣੀ, ਪੂਰਨ ਪੁਰਖ ਪ੍ਰਭ ਆਪਣਾ ਭੇਵ ਚੁਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਹੋਵੇ ਜਾਣ ਜਾਣੀ, ਜਾਨਣਹਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸਦਾ ਸਦਾ ਸੁਖਦਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਆਦਿ ਜੁਗਾਦੀ

ਦੀਨ ਦਿਆਲਾ, ਦਇਆਨਿਧ ਅਖਵਾਈਆ । ਜੁਗ ਜੁਗ ਭਗਤਾਂ ਕਰੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਇਕ ਗੁਸਾਈਆ । ਮੇਟਣਹਾਰਾ ਕੂੜੀ ਕਿਰਿਆ ਜਗਤ ਜੰਜਾਲਾ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਅੰਦਰ ਪਾਏ ਸਾਚੀ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਲੇਖਾ ਜਾਣੇ ਮਾਜੀ ਹਾਲਾ, ਅਗਲਾ ਪਰਦਾ ਆਪ ਉਠਾਈਆ । ਭੇਵ ਚੁਕਾਏ ਕਾਇਆ ਮੰਦਰ ਸੱਚੀ ਧਰਮਸਾਲਾ, ਦਰ ਦਵਾਰ ਇਕ ਵਡਿਆਈਆ । ਲਹਿਣਾ ਰਹੇ ਨਾ ਕਾਲ ਮਹਾਕਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਸਚ ਸਰਨਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਅੰਦਰੋਂ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਆਤਮ ਬ੍ਰਹਮ ਤੇਰੀ ਧੁਰ ਦੀ ਜ਼ਾਤ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸ਼ਬਦੀ ਢੋਲਾ ਤੇਰੀ ਗਾਥ, ਅਗੰਮ ਅਗੰਮੜੇ ਆਪ ਪ੍ਰਗਟਾਈਆ । ਨਿਰਗੁਣ ਨਿਰਗੁਣ ਬਖ਼ਸ਼ ਦੇ ਸਾਥ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਚ ਸੁਹੰਜਣੀ ਸੇਜਾ ਤੇਰਾ ਹੋਵੇ ਬਿਲਾਸ, ਰਸ ਇਕੋ ਇਕ ਵਡਿਆਈਆ । ਗੁਰਮੁਖਾਂ ਪੂਰੀ ਕਰਨੀ ਆਸ, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਜੋ ਜਨ ਹੋਇਆ ਤੇਰਾ ਦਾਸ, ਦਾਸੀ ਦਾਸ ਹੋ ਕੇ ਸੇਵ ਕਮਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਪ੍ਰਕਾਸ਼ਤ ਵੇਖੇ ਖ਼ਲਕ ਖ਼ੁਦਾਈਆ । ਜਨ ਭਗਤਾਂ ਅੰਦਰ ਤੇਰਾ ਮੰਡਲ ਤੇਰੀ ਹੋਵੇ ਰਾਸ, ਸੁਰਤ ਸ਼ਬਦ ਗੋਪੀ ਕਾਹਨ ਨਚਾਈਆ । ਸਭ ਦਾ ਲੇਖੇ ਲਾਉਣਾ ਸਵਾਸ ਸਵਾਸ, ਜੋ ਰਸਨਾ ਜਿਹਵਾ ਰਹੇ ਧਿਆਈਆ । ਲੇਖਾ ਮੁਕਾਉਣਾ ਜਨਮ ਕਰਮ ਦਸ ਦਸ ਮਾਸ, ਨਵ ਅਠਾਰਾਂ ਡੇਰਾ ਢਾਹੀਆ । ਤੇਰਾ ਖੇਲ ਤੱਕੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਚਾਰੇ ਕੁੰਟ ਧਿਆਨ ਲਗਾਈਆ । ਵਿਸ਼ਨ ਵਿਸ਼ਵ ਦੀ ਵੇਖੇ ਖ਼ਾਹਿਸ਼, ਵਿਸ਼ਿਆਂ ਤੋਂ ਬਾਹਰ ਸਮਝਾਈਆ । ਤੇਰਾ ਰੂਪ ਅਨੂਪ ਕਦੇ ਨਾ ਹੋਵੇ ਨਾਸ, ਨਾਸਤਕ ਦਿਸੇ ਜਗਤ ਲੋਕਾਈਆ । ਗੁਰਮੁਖਾਂ ਗੁਰਸਿਖਾਂ ਕਲਜੁਗ ਅੰਤ ਸ੍ਰੀ ਭਗਵੰਤ ਪੁਛਣੀ ਵਾਤ, ਵਾਤਾਵਰਨ ਤਕਣਾ ਮਾਨਵ ਮਾਨਸ ਮਾਨੁਖ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਖੇਲ ਤਮਾਸ਼, ਜਗ ਨੇਤਰ ਅੱਖ ਵੇਖਣ ਕੋਇ ਨਾ ਪਾਈਆ ।



### ✪ ੨੬ ਮੱਘਰ ਸ਼ਹਿਨਸ਼ਾਹੀ ਸੰਮਤ ਅੱਠ ਫ਼ਿਰੋਜ਼ਪੁਰ ਛਾਉਣੀ ਗਵਾਲ ਟੋਲੀ ਰਾਮ ਸਿੰਘ ਦੇ ਗ੍ਰਿਹ ✪

ਓਹ ਸ਼ੰਕਰਾ ਤੱਕ ਕੈਲਾਸ਼ੀ, ਕਲਾ ਪ੍ਰਭ ਕੀ ਵਰਤਾਈਆ । ਬ੍ਰਹਮਾ ਵੇਖ ਖੇਲ ਅਬਿਨਾਸ਼ੀ, ਚਾਰੇ ਮੁਖ ਭਵਾਈਆ । ਵਿਸ਼ਨੂੰ ਰਹੇ ਨਾ ਕੋਇ ਉਦਾਸੀ, ਹਸਤੀ ਤੱਕ ਅਗੰਮ ਅਥਾਹੀਆ । ਰਾਮ ਲੇਖਾ ਵੇਖ ਬਨਬਾਸੀ, ਬਨਖੰਡ ਰੋਵਣ ਮਾਰਨ ਧਾਹੀਆ । ਜਿਸ ਦੀ ਖੇਲ ਚਾਰ ਜੁਗ ਕਿਸੇ ਨਾ ਵਾਚੀ, ਅਵਤਾਰ ਪੈਗ਼ੰਬਰ ਗੁਰ ਭੇਵ ਕਹਿਣ ਕੋਇ ਨਾ ਪਾਈਆ । ਸੋ ਸਾਹਿਬ ਸਵਾਮੀ ਜੋ ਆਦਿ ਅੰਤਾ ਹਰ ਘਟ ਵਾਸੀ, ਵਾਸਤਾ ਲੱਖ ਚੁਰਾਸੀ ਨਾਲ ਰਖਾਈਆ । ਉਸ ਦੀ ਖੇਲ ਅਗੰਮੀ ਮੰਡਲ ਰਾਸੀ, ਜਗਤ ਤਮਾਸ਼ੀ ਪਰਦਾ ਨਾ ਕੋਇ ਉਠਾਈਆ । ਨਿਰਗੁਣ ਧਾਰ ਨਿਰਵੈਰ ਆਪ ਸਾਖੀ, ਸਾਖਿਆਤ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ

ਦਾ ਹੁਕਮ ਇਕ ਸੁਣਾਈਆ । ਰਾਮ ਕਹੇ ਮੇਰਿਆ ਰਾਮਾ, ਰਾਮ ਦੀ ਰਾਮ ਦੁਹਾਈਆ । ਮੇਰੇ ਸਾਹਿਬ ਅੰਤਰਜਾਮਾ, ਅੰਤਰਜਾਮਤਾ ਤੇਰੀ ਕਿਰਪਾ ਨਜ਼ਰੀ ਆਈਆ । ਮੇਰਾ ਪੂਰਾ ਪੂਰਾ ਕਰਿਆ ਕਾਮਾ, ਤ੍ਰਿਸ਼ਨਾ ਤਰੇਤਾ ਰੰਗ ਰੰਗਾਈਆ । ਨਿਰਗੁਣ ਧਾਰ ਪਹਿਰ ਕੇ ਜਾਮਾ, ਨੂਰ ਨੁਰਾਨਾ ਵੇਸ ਵਟਾਈਆ । ਸਤਿ ਸਤਿ ਦਾ ਸਤਿ ਕੀਤਾ ਖੇਲ ਮਹਾਨਾ, ਮਹਿੰਮਾ ਤੇਰੀ ਵਡ ਵਡਿਆਈਆ । ਵਿਛੋੜਾ ਜੋੜਾ ਥੋੜਾ ਸੀਆ ਰਾਮਾ, ਸਿਰ ਆਪਣਾ ਹੱਥ ਟਿਕਾਈਆ । ਲੇਖਾ ਤੱਕ ਕ੍ਰਿਸ਼ਨ ਵਾਲਾ ਕਾਹਨਾ, ਕਾਹਨ ਧੁਰ ਦੇ ਮੇਰੇ ਮਾਹੀਆ । ਜਗਤ ਅੰਧੇਰ ਵੇਖ ਸ਼ਾਮਾ, ਸ਼ਾਮ ਘਨਈਆ ਆਪਣਾ ਪਰਦਾ ਆਪ ਚੁਕਾਈਆ । ਤੂੰ ਸ਼ਾਹੋ ਭੂਪ ਰਾਣਾ, ਦੋ ਜਹਾਨਾਂ ਇਕ ਅਖਵਾਈਆ । ਤਤਾਂ ਵਾਲਾ ਤੇਰਾ ਕੂੜ ਨਿਸ਼ਾਨਾ, ਤਤ ਤਤ ਵਿਚੋਂ ਬਦਲਾਈਆ । ਬਨਬਾਸੀ ਹੋ ਕੇ ਬਨ ਵਿਚ ਮੰਨਿਆ ਤੇਰਾ ਭਾਣਾ, ਚੌਦਾਂ ਸਾਲ ਸਦੀ ਚੌਧਵੀਂ ਵੇਖ ਵਖਾਈਆ । ਤੇਰੇ ਵਾਸਤੇ ਤਰੇਤਾ ਜੁਗ ਨਹੀਂ ਪੁਰਾਣਾ, ਪੁਰਾਣ ਅਠਾਰਾਂ ਤਰੇਤਾ ਧਾਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧੁਰ ਰਾਮ ਕਹੇ ਧੰਨ ਰਾਮ ਰਮਈਆ, ਰਮਤਾ ਰਮਤਾ ਪੰਧ ਮੁਕਾਈਆ । ਮੇਰੀ ਸ਼ਬਦੀ ਧਾਰ ਦੀ ਨਈਆ, ਅਵਤਾਰ ਪੈਗੰਬਰ ਗੁਰ ਜੁਗ ਜੁਗ ਚੜ੍ਹੇ ਚਾਈਂ ਚਾਈਂਆ । ਮੇਰੀ ਲੇਖੇ ਵਾਲੀ ਸਭ ਤੋਂ ਵਖਰੀ ਵਹੀਆ, ਜਿਸ ਨੂੰ ਜਗਤ ਅੱਖਰ ਨਾ ਕੋਇ ਲਿਖਾਈਆ । ਓਹ ਇਸ਼ਾਰਾ ਤੱਕ ਲੈ ਗੋਬਿੰਦ ਵਾਲਾ ਢਈਆ, ਜੋ ਢੱਠਿਆਂ ਫੇਰ ਉਠਾਈਆ । ਜਿਸ ਵੇਲੇ ਬੁਲ੍ਹੇ ਨੇ ਗਾਇਆ ਸੀ ਥਈਆ ਥਈਆ, ਦਈਆ ਦਈਆ ਕਹਿ ਕੇ ਤਾਲ ਵਜਾਈਆ । ਇਹੋ ਇਸ਼ਾਰਾ ਕੀਤਾ ਸੀ ਦੁਰਗਾ ਆਦਿ ਸ਼ਕਤ ਮਈਆ, ਸੁੰਬ ਨਿਸੁੰਬ ਸੰਘਾਰ ਨੈਣ ਉਠਾਈਆ । ਕਲਜੁਗ ਨਿਗਾਹ ਮਾਰੀ ਸਾਚਾ ਦਿਸੇ ਕੋਇ ਨਾ ਸਈਆ, ਸਾਜਣ ਮੀਤ ਨਜ਼ਰ ਕੋਇ ਨਾ ਆਈਆ । ਬਿਨੈ ਬਿਨੈ ਬੇਨੰਤੀ ਪ੍ਰਭ ਪਤ ਨਾ ਰਹੀਆ, ਪਰਮੇਸ਼ਵਰ ਪਤਵੰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਕਹੇ ਰਾਮ ਵੇਖ ਦੋ ਅੱਧਾ, ਧੁਰ ਰਾਮ ਹੁਕਮ ਸੁਣਾਈਆ । ਜਿਸ ਹੁਕਮ ਵਿਚ ਬੱਧਾ, ਬਨ ਫਿਰਿਆ ਵਾਹੋ ਦਾਹੀਆ । ਜਿਹੜਾ ਹੁਕਮ ਵਿਚ ਹੁਕਮ ਮਿਲਿਆ ਸੱਦਾ, ਸਦ ਧੁਰ ਦਾ ਢੋਲਾ ਗਾਈਆ । ਉਸ ਦਾ ਲੇਖਾ ਲੇਖੇ ਵਿਚੋਂ ਲੱਭਾ, ਜਗਤ ਸ਼ਾਸਤਰ ਨਾ ਫੋਲ ਫੁਲਾਈਆ । ਜਿਸ ਵੇਲੇ ਸੀਤਾ ਢਾਈ ਦਿਨ ਮੁਖ ਰਖਿਆ ਸੀ ਵਿਚ ਖੱਡਾ, ਤੇਰਾ ਦਰਸ ਨਾ ਮੂਲ ਦਰਸਾਈਆ । ਤੂੰ ਇਸ਼ਾਰਾ ਕੀਤਾ ਕਲ ਕਲਕੀ ਮੇਰਾ ਰਾਮ ਜਿਸ ਦੀ ਨਿਰਗੁਣ ਧਾਰ ਸਾਰੇ ਯੱਦਾ, ਯਾਦਵ ਮੇਰਾ ਖੇਲ ਘਨਈਆ ਕਾਹਨ ਬਣਾਈਆ । ਫੇਰ ਤੱਕ ਕੇ ਅਸਵ ਬੱਗਾ, ਨੈਣ ਨੈਣ ਨੈਣ ਬਿਗਸਾਈਆ । ਫੇਰ ਮਚਦੀ ਵੇਖੀ ਅੱਗਾ, ਅਗਨੀ ਰਹੀ ਜਲਾਈਆ । ਫੇਰ ਧਰਮ ਧਾਰ ਦੀ ਵੇਖੀ ਜਗਹ, ਬਨਬਾਸੀ ਅੱਖ ਉਠਾਈਆ । ਜਿਥੇ ਕਲਜੁਗ ਹੰਸ ਬਣੇ ਕਗਾ, ਕਾਗ ਹੰਸ ਰੂਪ ਬਦਲਾਈਆ । ਉਥੇ ਮੇਰਾ ਸਾਹਿਬ ਆਵੇ ਭੱਜਾ, ਮੇਰਾ ਰਾਮ ਰਾਮ ਬਨਬਾਸੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਰਾਮ ਕਹੇ ਰਾਮ ਮੇਰਾ ਲੇਖਾ ਵੇਖ ਰਿਗ ਵੇਦ ਵੇਦ ਰਿਗ, ਰਿਗ ਰਿਗ ਰਿਹਾ ਸਮਝਾਈਆ । ਜਿਸ ਵਿਚ ਕਲ ਕਲਕੀ ਦੀ ਅਨੋਖੀ ਬਿਧ, ਬਿਧੀ ਸਮਝ ਕੋਇ ਨਾ ਪਾਈਆ । ਸਤਿ ਦੀ ਸਤਿ ਨਾਲ ਜ਼ਿਦ, ਸਤਿ ਸਤਿ ਸਤਿ ਕਰੇ ਲੜਾਈਆ । ਓਸ ਵੇਲੇ ਰਾਮ ਕੋਲ ਆਇਆ ਇਕ ਗਿੱਧ, ਪੰਖ ਹਿਲਾ ਕੇ ਸੀਸ ਨਿਵਾਈਆ ।

ਦੂਰੋਂ ਚਰਨੀਂ ਗਿਆ ਡਿੱਗ, ਧੂੜੀ ਖ਼ਾਕ ਰਮਾਈਆ । ਨਾਲੇ ਰੋ ਕੇ ਕਿਹਾ ਮੇਰੇ ਰਾਮ ਤੇਰੇ ਰਾਮ ਦੀ ਹੋਵੇ ਨਿੰਦ, ਨਿੰਦਾ ਖ਼ਲਕ ਖ਼ੁਦਾਈਆ । ਰਾਮ ਹੱਸ ਕੇ ਕਿਹਾ ਮੇਰਾ ਰਾਮ ਫੇਰ ਰਾਮ ਬਣੇ ਵਿਚ ਹਿੰਦ, ਹਿੰਦਵਾਇਣ ਖੋਜ ਖੁਜਾਈਆ । ਝਟ ਸੀਤਾ ਨੂੰ ਆਈ ਚਿੰਦ, ਚਿੰਤਾ ਵਿਚ ਦਏ ਦੁਹਾਈਆ । ਰਾਮ ਇਸ਼ਾਰਾ ਕੀਤਾ ਓਹਦਾ ਲੇਖਾ ਇੰਜ ਨਹੀਂ ਹਿੰਝ, ਹੰਝੂਆਂ ਹਾਰ ਦਏ ਬਦਲਾਈਆ । ਓਹਦਾ ਖੇਲ ਕਸਾਈ ਬਿੰਗ, ਬਿੰਗ ਕਸਾਈਆਂ ਰੂਪ ਬਦਲਾਈਆ । ਉਸ ਦਾ ਸੁਤ ਹਰਿਜਨ ਆਤਮ ਅਗੰਮੀ ਬਿੰਦ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਸ ਦਾ ਰਸ ਜਗਤ ਵਾਸਨਾ ਨਹੀਂ ਲਿੰਗ, ਨਿਰਗੁਣ ਨਿਰਵੈਰ ਇਕ ਅਖਵਾਈਆ । ਉਹਦਾ ਅੰਮ੍ਰਿਤ ਧਾਰ ਸਿੰਧ, ਲਹਿਰ ਲਹਿਰ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਿਗ ਕਹੇ ਤੇਰਾ ਲੇਖਾ ਫੇਰ ਵੇਦ ਅਥਰਬਣਾ, ਅਰਥ ਭਾਵ ਸਮਝ ਕੋਇ ਨਾ ਪਾਈਆ । ਧੁਰ ਦੇ ਰਾਮ ਲਹਿਣਾ ਦੇਣਾ ਵੇਖਣਾ ਦੇਸ ਅਰਬਣਾ, ਅਰਬ ਖਰਬ ਸਮਝ ਕੋਇ ਨਾ ਪਾਈਆ । ਝਟ ਰਾਮ ਇਸ਼ਾਰਾ ਕੀਤਾ ਉਤੇ ਨਰਬਦਾ, ਵਹਿਣ ਪਾਣੀ ਵਹਿਣ ਵਹਾਈਆ । ਓਹ ਮਾਲਕ ਹੋਵੇ ਹੁਕਮ ਵਾਲੇ ਸਰਬ ਦਾ, ਸਰਬ ਵਿਆਪੀ ਬੇਪਰਵਾਹੀਆ । ਓਹ ਹੰਕਾਰ ਨਿਵਾਰੇ ਗਰਭ ਦਾ, ਹੰਗਤਾ ਦਏ ਮਿਟਾਈਆ । ਉਹਦਾ ਖੇਲ ਗਰਮ ਸਰਦ ਦਾ, ਸਰਦੀ ਗਰਮੀ ਸਕੇ ਨਾ ਕੋਇ ਸਮਝਾਈਆ । ਉਹਦਾ ਅੰਕੜਾ ਲੇਖਾ ਨਹੀਂ ਸੰਸਾਰ ਵਾਲੀ ਜ਼ਰਬ ਦਾ, ਹਿੰਦਸਾ ਅੰਕ ਅਨੰਤ ਦਏ ਬਣਾਈਆ । ਓਹ ਵਣਜਾਰਾ ਨਹੀਂ ਦਰਬ ਦਾ, ਦਿੱਬ ਦ੍ਰਿਸ਼ਟ ਵੇਖੇ ਥਾਉਂ ਥਾਈਂਆ । ਓਹਦਾ ਇਸ਼ਾਰਾ ਰਾਮ ਨੇ ਕਰਬ ਦਾ, ਕਿਬਲ ਆਪਣਾ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਕਹੇ ਮੈਂ ਬਨਬਾਸੀ ਨਹੀਂ ਤੇਰਾ ਬੰਸ, ਨਿਰਗੁਣ ਬੰਸਾਵਲੀ ਸੋਭਾ ਪਾਈਆ । ਆਤਮ ਧਾਰ ਤੇਰੀ ਅੰਸ, ਆਦਿ ਅੰਤ ਇਕੋ ਰੰਗ ਰੰਗਾਈਆ । ਤੇਰਾ ਖੇਲ ਅਗਣਤ ਸਹੰਸ, ਸਹੰਸਰ ਮੁਖ ਬਾਸ਼ਕ ਕੀ ਵਡਿਆਈਆ । ਤੇਰਾ ਨਾਮ ਨਾਮ ਅਗੰਮਾ ਮੰਤ, ਮੰਤਵ ਜਗਤ ਹੱਲ ਕਰਾਈਆ । ਤੇਰਾ ਲਹਿਣਾ ਦੇਣਾ ਕਲਜੁਗ ਅੰਤ, ਅੰਤਰਜਾਮੀ ਤੇਰੀ ਵਡ ਵਡਿਆਈਆ । ਤੇਰੀ ਅਨੋਖੀ ਸ੍ਰਿਸ਼ਟੀ ਵਿਚ ਹੋਣੀ ਬਣਤ, ਘੜਨ ਭੰਨਣਹਾਰ ਤੇਰੀ ਬੇਪ੍ਰਵਾਹੀਆ । ਬਿਨ ਤੇਰੀ ਕਿਰਪਾ ਤੇਰਾ ਪੂਰਾ ਰਹੇ ਕੋਇ ਨਾ ਸੰਤ, ਸੱਜਣ ਮੀਤ ਸਾਰੇ ਜਾਣ ਮੁਖ ਭਵਾਈਆ । ਤੂੰ ਮਿਹਰਵਾਨ ਰਾਮ ਰਾਮ ਦਾ ਕੰਤ, ਕੰਤ ਕੰਤੂਹਲ ਇਕ ਅਖਵਾਈਆ । ਤੇਰਾ ਵੇਸ ਅਨੇਕ ਅਨੰਤ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਰਾਮ ਰਾਮ ਅਗੇ ਸੀਸ ਨਿਵਾਈਆ । ਰਾਮ ਕਹੇ ਸਤਿ ਸਤਿ ਦਾ ਵਿਛੋੜਾ, ਸਤਿ ਸਤਿ ਨਾਲ ਮਿਲਾਈਆ । ਸਤਿ ਸਤਿ ਦਾ ਦੋਹੜਾ, ਦੋਹਰਾ ਸਤਿ ਸਤਿ ਗਾਈਆ । ਸਤਿ ਸਤਿ ਸਤਿ ਪਾਏ ਮੋੜਾ, ਸਤਿ ਸਤਿ ਮੋੜ ਮੁੜਾਈਆ । ਸਤਿ ਸਤਿ ਸਤਿ ਵੇਖੇ ਅੰਧ ਘੋਰਾ, ਅੰਧਘੋਰ ਸਤਿ ਸਤਿ ਖੋਜ ਖੁਜਾਈਆ । ਸਤਿ ਵਿਚ ਸਤਿ ਦੇ ਸਤਿ ਹੋਵਣ ਚੋਰਾ, ਸਤਿ ਸਤਿ ਦਏ ਸਜ਼ਾਈਆ । ਧੁਰ ਦੇ ਰਾਮ ਤੇਰਾ ਖੇਲ ਨਾ ਮੋਰਾ ਨਾ ਤੋਰਾ, ਮੋਹਨ ਤੇਰਾ ਭੇਵ ਕੋਇ ਨਾ ਪਾਈਆ । ਸਭ ਦੀ ਤੇਰੇ ਹੱਥ ਡੋਰਾ, ਆਕਾਸ਼ ਪਾਤਾਲ ਬੰਧਨ ਬੰਧ ਬੰਧਾਈਆ । ਅੰਤ ਤ੍ਰੀਆ ਧਾਰ ਤੇਰੀ ਲੋੜਾ, ਪ੍ਰੀਆ ਪ੍ਰੀਤਮ ਤੇਰਾ ਧਿਆਨ ਰਖਾਈਆ । ਝਟ ਸੀਤਾ ਮੁਖ ਵਿਚੋਂ ਹੱਸ ਕੇ ਥੋੜ੍ਹਾ, ਮੁਸਕਰਾਹਟ ਵਿਚ ਸੁਣਾਈਆ । ਹੇ ਰਾਮ ਕੀ ਰਾਮ ਦਾ ਹੋਏ ਅਜੋੜਾ, ਰਾਮ ਰਾਮ ਕਰੇ ਜੁਦਾਈਆ ।

ਰਾਮ ਨੇ ਝਟ ਕਿਹਾ ਉਸ ਦੇ ਅਗੇ ਨਹੀਂ ਕੋਈ ਜ਼ੋਰਾ, ਜ਼ੋਰਾਵਰ ਇਕ ਅਖਵਾਈਆ । ਸੀਤਾ ਕਿਹਾ ਮੈਂ ਵਿਛੋੜਾ ਝਲ ਨਾ ਸਕਾਂ ਤੇਰਾ, ਅੰਤਰ ਅੰਤਰ ਸਦ ਮੇਰੇ ਵੱਜਦੀ ਰਹੇ ਵਧਾਈਆ । ਜਿਸ ਸਾਹਿਬ ਦੀ ਏਥੇ ਉਥੇ ਦੋ ਜਹਾਨਾਂ ਸਦਾ ਲੋੜਾ, ਲੁੜੀਂਦਾ ਸਾਜਣ ਇਕੋ ਨਜ਼ਰੀ ਆਈਆ । ਝਟ ਰਾਮ ਨੇ ਸ਼ਬਦੀ ਸ਼ਬਦ ਜਣਾਇਆ ਘੋੜਾ, ਅਸਵ ਇਕੋ ਦਿਤਾ ਵਖਾਈਆ । ਜੋ ਬ੍ਰਹਿਮੰਡ ਖੰਡ ਪੁਰੀਆਂ ਲੋਆਂ ਫਿਰੇ ਦੌੜਾ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਨਾਲ ਇਸ਼ਾਰਾ ਕੀਤਾ ਜਨ ਭਗਤਾਂ ਦਾ ਦਵਾਰ ਬੜਾ ਵੱਡਾ ਚੌੜਾ, ਜਿਸ ਦਾ ਪੰਧ ਜੁਗਾਂ ਜੁਗੰਤ ਮੁਕ ਕਦੇ ਨਾ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾ ਹੋਏ ਵਿਛੋੜਾ, ਜਗਤ ਵਾਸ਼ਨਾ ਨਾਤਾ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਅਵਰ ਦਾ ਔਰਾ, ਹੋਰ ਦਾ ਹੋਰ ਨਜ਼ਰੀ ਆਈਆ ।

## ✪ ੩੦ ਮਘਰ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਰਤਨ ਸਿੰਘ ਦਲੀਪ ਸਿੰਘ ਪ੍ਰੀਤਮ ਸਿੰਘ ਸੁੱਚਾ ਸਿੰਘ ਨਿਹੰਗ ਸੁਲਖਣ ਸਿੰਘ ਕਸ਼ਮੀਰ ਸਿੰਘ ✪



ਸਤਿਗੁਰ ਸ਼ਬਦ ਕਹੇ ਜਨ ਭਗਤਾਂ ਸੁਹੰਜਣਾ ਵਕਤ, ਵਾਕਿਆ ਵੇਖੇ ਬੇਪ੍ਰਵਾਹੀਆ । ਜਿਨ੍ਹਾਂ ਦਾ ਲਹਿਣਾ ਦੇਣਾ ਨਾਲ ਪੁਰਖ ਅਕਾਲ ਫਕਤ, ਫ਼ਿਕਰੇ ਧੁਰ ਦੇ ਨਾਲ ਵਡਿਆਈਆ । ਦੀਨ ਦੁਨੀ ਨਾਲੋਂ ਉੱਤਮ ਸ੍ਰੇਸ਼ਟ ਵਿਚ ਜਗਤ, ਜਾਗਰਤ ਜੋਤ ਨੂਰ ਕਰੇ ਰੁਸ਼ਨਾਈਆ । ਮਾਣ ਬਖ਼ਸ਼ ਕੇ ਭਗਵਨ ਆਪ ਭਗਤ, ਭਾਗ ਹਿੱਸਾ ਧੁਰ ਦਾ ਝੋਲੀ ਪਾਈਆ । ਸਚ ਪ੍ਰੀਤੀ ਵਿਚ ਰਖੇ ਮਸਤ, ਮਸਤ ਦੀਵਾਨੇ ਆਪ ਬਣਾਈਆ । ਊਚ ਨੀਚ ਲੇਖੇ ਲਾਏ ਕੀਟ ਹਸਤ, ਹਸਤੀ ਆਪਣੀ ਇਕ ਸਮਝਾਈਆ । ਸਚ ਸੁਹੰਜਣਾ ਵੇਖੇ ਆਪਣਾ ਬਰਸ, ਬਰਸੀ ਧਰਮ ਧਾਰ ਸਮਝਾਈਆ । ਗੁਰਮੁਖਾਂ ਲੇਖੇ ਲਾਏ ਤਨ ਕਮਾਈ ਮੁਸ਼ੱਕਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚੇ ਜੀਵਣ ਵਿਚ ਸਚ ਦੀ ਪਾਈ ਬਰਕਤ, ਸਚ ਸਤਿ ਨਾਲ ਵਡਿਆਈਆ । ਕੂੜੀ ਰਹੇ ਨਾ ਅੰਤਰ ਸ਼ਰਕਤ, ਸ਼ਰਅ ਦਾ ਡੇਰਾ ਢਾਹੀਆ । ਮਮਤਾ ਮੋਹ ਕਰੇ ਨਾ ਹਰਕਤ, ਹਉਮੇ ਗੜ੍ਹ ਤੁੜਾਈਆ । ਗੁਰਮੁਖ ਸਾਚੇ ਸਾਚੇ ਧਾਮ ਜਾਣ ਆਪਣੇ ਘਰ ਤਕ, ਸਚਖੰਡ ਸਾਚੇ ਸੋਭਾ ਪਾਈਆ । ਪਿਛੇ ਕਰਨੀ ਇਹ ਕੀਤੀ ਨਹੀਂ ਕਿਸੇ ਅੱਜ ਤਕ, ਬਿਨਾ ਬੰਦਗੀ ਗੁਰਮੁਖ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਜੋ ਹਰਿਜਨ ਸੇਵਾਦਾਰ, ਸਦ ਸੇਵਾ ਵਿਚ ਸਮਾਈਆ । ਜਗਤ ਛਡ ਘਰ ਬਾਹਰ, ਘਰਾਨਾ ਇਕੋ ਇਕ ਵੇਖ ਵਖਾਈਆ । ਜਿਥੇ ਮਿਲੇ ਸ਼ਬਦ ਪਿਆਰ, ਪਰਮ ਪੁਰਖ ਦਏ ਵਡਿਆਈਆ । ਇਕੋ ਰੰਗ ਨਰ ਨਾਰ, ਨਰ ਨਰਾਇਣ ਹੋਵੇ ਸਹਾਈਆ । ਫੜ ਬਾਹੋਂ ਦੁਤਰ ਜਾਏ ਤਾਰ, ਦੁਤੀਆ ਭਾਉ ਮੁਕਾਈਆ । ਵੇਖੇ ਵਿਗਸੇ ਪਾਵੇ ਸਾਰ, ਮਹਾਸਾਰਥੀ ਹੋ ਕੇ ਭੱਜੇ ਵਾਹੋ ਦਾਹੀਆ । ਜਨ ਭਗਤਾਂ ਲੇਖੇ ਲਾਏ ਕਾਰ, ਜੋ ਹੱਥਾਂ ਨਾਲ ਕਮਾਈਆ । ਸੰਮਤ ਸ਼ਹਿਨਸ਼ਾਹੀ ਅੱਠ ਦਏ ਉਧਾਰ, ਮੱਘਰ ਤੀਹ ਨਾਲ ਵਡਿਆਈਆ । ਕਿਰਪਾ ਕਰ ਆਪ ਕਰਤਾਰ, ਕਰਨੀ

੩੯੦ ੨੩

ਸਭ ਦੀ ਵੇਖ ਵਖਾਈਆ । ਕਲਜੁਗ ਜੀਵ ਸੁੱਤਾ ਪੈਰ ਪਸਾਰ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਮੀਤਾ ਮਿਤਰ ਮੁਰਾਰ, ਮੁਰਾਰੀ ਨਿਰੰਕਾਰੀ ਆਪਣੀ ਦਇਆ ਕਮਾਈਆ ।

## ✪ ੧ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਦਰਦਮੰਦੇ ਆਸ ਤੇਰੀ, ਆਸਰਾ ਇਕ ਮਹਿਬੂਬ ਅਹਿਬਾਬ ਦਾ । ਖ਼ੁਸ਼ੀਆਂ ਵਿਚ ਚਾਉ ਘਨੇਰੀ, ਲਹਿਣਾ ਹਕ ਅਦਾਬ ਦਾ । ਨਿਰਗੁਣ ਧਾਰ ਤੇਰੀ ਮੇਰੀ, ਹੁਕਮ ਸਚ ਜਨਾਬ ਦਾ । ਨਿਰਗੁਣ ਧਾਰ ਅਗੰਮੀ ਫੇਰੀ, ਲੇਖਾ ਨਹੀਂ ਗ੍ਰੰਥ ਕਿਤਾਬ ਦਾ । ਚਾਰ ਕੁੰਟ ਤੱਕ ਅੰਧੇਰੀ, ਨੂਰ ਦਿਸੇ ਨਾ ਚੰਨ ਮਹਤਾਬ ਦਾ । ਧਰਮ ਬੇਨੰਤੀ ਮੰਨ ਮੇਰੀ, ਗੁਰ ਸ਼ਬਦੀ ਸ਼ਬਦ ਆਖਦਾ । ਜੁਗ ਚੌਕੜੀ ਤੇਰੀ ਗੇੜੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨਾਚਦਾ । ਮੇਰੀ ਖ਼ਾਹਿਸ਼ ਤੇਰੇ ਚਰਨਾਂ ਵਿਚ ਢੇਰੀ, ਡੇਰਾ ਢਾਹੁਣਾ ਕੂੜੀ ਖ਼ਾਕ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਲੇਖਾ ਪੂਰਾ ਕਰਨਾ ਵਾਕ ਦਾ । ਮੇਰੇ ਸਤਿਗੁਰ ਦੀਨ ਦਿਆਲ, ਦਇਆਨਿਧ ਅਮਿਧ । ਆਪਣਾ ਵੇਖ ਮੁਰੀਦਾਂ ਹਾਲ, ਲੇਖਾ ਜਾਣ ਸਿਧ ਬਸਿਧ । ਤੇਰਾ ਲਹਿਣਾ ਬੇਮਿਸਾਲ, ਜਗਤ ਸਮਝੇ ਨਾ ਵਿਦਿਆ ਵਿਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸ਼ਬਦੀ ਸ਼ਬਦ ਕਾਰਜ ਕਰਨਾ ਸਿਧ । ਤੂੰ ਅਨਡਿੱਠਾ ਸਾਹਿਬ ਸੁਲਤਾਨ, ਮੇਰਾ ਸ਼ਾਹਾਂ ਦਾ ਸ਼ਾਹ ਸਿਕਦਾਰ । ਬਿਨ ਵੇਖਿਆਂ ਸੁਣਿਆਂ ਮਿਹਰਵਾਨ, ਬਿਨ ਜਾਣਿਆਂ ਸਮਝਿਆਂ ਪਾਵੇ ਸਾਰ । ਤੂੰ ਆਦਿ ਜੁਗਾਦੀ ਨੌਜਵਾਨ, ਰੂਪ ਰੰਗ ਰੇਖ ਤੋਂ ਬਾਹਰ । ਤੇਰਾ ਸ਼ਬਦੀ ਚਿੱਲਾ ਭੱਥਾ ਅਗੰਮੀ ਤੀਰ ਕਮਾਨ, ਨਜ਼ਰ ਆਵੇ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਹਿਬ ਸੱਚੀ ਸਰਕਾਰ । ਸਤਿਗੁਰ ਸ਼ਬਦ ਕਹੇ ਮੇਰਾ ਵਾਸਤਾ, ਵਸਲ ਵਾਲਿਆਂ ਦਿਆਂ ਜਣਾਈਆ । ਤੂੰ ਮਿਤਰਾ ਬਦਲ ਕੇ ਰਾਸਤਾ, ਰੂਪ ਆਇਆ ਬਦਲਾਈਆ । ਤੇਰਾ ਸੰਬਲ ਬਣਿਆ ਬਰਾਸਤਾ, ਜਿਸ ਦਾ ਲੇਖਾ ਜਾਣੇ ਕੋਇ ਨਾ ਰਾਈਆ । ਤੇਰਾ ਲਹਿਣਾ ਦੇਣਾ ਜੁਗ ਜੁਗ ਆਹਿਸਤਾ, ਤੇਰਾ ਪੰਧ ਨਾ ਕੋਇ ਮੁਕਾਈਆ । ਸਤਿਗੁਰ ਸ਼ਬਦ ਕਹੇ ਤੇਰੀ ਲੱਖ ਚੁਰਾਸੀ ਤੇ ਮੇਰਾ ਨਿੱਕਾ ਜਿਹਾ ਨਾਸ਼ਤਾ, ਸਾਂਤਕ ਸਤਿ ਨਾ ਕੋਇ ਕਰਾਈਆ । ਕੀ ਹੋਇਆ ਤੂੰ ਮਾਲਕ ਪ੍ਰਿਥਮੀ ਆਕਾਸ਼ ਦਾ, ਕੋਟਨ ਕੋਟ ਬ੍ਰਹਿਮੰਡਾਂ ਵੇਖ ਵਖਾਈਆ । ਮੈਂ ਵੀ ਤੇਰਾ ਦੁਲਾਰਾ ਮਾਤ ਦਾ, ਸਤਿ ਪੁਰਖ ਤੇਰੀ ਸਰਨਾਈਆ । ਮੈਂ ਵਣਜਾਰਾ ਨਹੀਂ ਕਿਸੇ ਅੱਖ ਦਾ, ਅੱਖੀਆਂ ਤੋਂ ਬਾਹਰ ਤੇਰੀ ਰੁਸ਼ਨਾਈਆ । ਬੇਸ਼ਕ ਤੇਰਾ ਖੇਲ ਅਲਖਣਾ ਅਲਖ ਦਾ, ਅਗੰਮ ਅਥਾਹ ਤੇਰੀ ਵਡਿਆਈਆ । ਪਰ ਮੇਰੇ ਬਿਨਾ ਮੇਰਿਆ ਮਹਿਬੂਬਾ ਤੇਰੀ ਰਚਨਾ ਨਹੀਂ ਕੋਈ ਰਚਦਾ, ਰਚਨਹਾਰ ਨਾ ਕੋਇ ਅਖਵਾਈਆ । ਮੈਂ ਸੰਦੇਸ਼ਾ ਦੇਵਾਂ ਸਚ ਦਾ, ਸਚ ਸਚ ਸੁਣਾਈਆ । ਮੇਰੇ ਸਵਾਮੀ ਅੰਤਰਜਾਮੀ ਤੂੰ ਵਣਜਾਰਾ ਜੁਗ ਜੁਗ ਕਾਇਆ ਮਾਟੀ ਕੱਚ ਦਾ, ਮੈਂ ਤੇਰਾ ਕੰਚਨ ਗੜ੍ਹ ਸੁਹਾਈਆ । ਤੂੰ ਨਟੂਆ ਮੈਂ ਨਿਤ ਨਵਿਤ ਨੱਚਦਾ, ਬਿਨ ਘੁੰਗਟ ਮੁੱਖ ਛੁਪਾਈਆ । ਤੂੰ ਪਿਆਸਾ

ਰੱਤ ਦਾ, ਮੈਂ ਅੰਮ੍ਰਿਤ ਰਸ ਚੁਆਈਆ । ਤੂੰ ਮਾਲਕ ਸਭ ਦੀ ਪਤਿ ਦਾ, ਪਰਮੇਸ਼ਵਰ ਨੂਰ ਅਲਾਹੀਆ । ਮੈਂ ਸਭ ਦੇ ਲੇਖੇ ਘੱਤਦਾ, ਲੇਖਾ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋ ਸਹਾਈਆ । ਸਤਿਗੁਰ ਸ਼ਬਦ ਕਹੇ ਮੈਂ ਆਖਾਂਗਾ । ਤੇਰਾ ਭੇਵ ਅਗੰਮਾ ਭਾਖਾਂਗਾ । ਤੇਰਾ ਹੁਕਮ ਸੰਦੇਸ਼ਾ ਅਲਾਖਾਂਗਾ । ਤੂੰ ਮਾਲਕ ਪ੍ਰਿਤਪਾਲਕ ਮੈਂ ਸੇਵਾਦਾਰ ਅਨਾਥਾਂ ਦਾ । ਤੂੰ ਜੋਤ ਧਾਰ ਮੈਂ ਸ਼ਬਦ ਗੁੰਜਾਰ, ਜਗਤ ਲਹਿਣਾ ਦੇਣਾ ਹਾਥਾਂ ਦਾ । ਤੂੰ ਰੂਪ ਕਰਤਾਰ ਮੇਰਾ ਨਾਦ ਧੁਨਕਾਰ, ਤਨ ਵਸੇਰਾ ਸਾਚੇ ਦਾਸਾਂ ਦਾ । ਤੂੰ ਮਿਤਰ ਪਿਆਰ ਮੈਂ ਸਾਂਝਾ ਯਾਰ, ਮੇਰਾ ਝਗੜਾ ਨਹੀਂ ਜਗਤ ਦੀਨ ਮਜ਼੍ਹਬ ਕਲਾਸਾਂ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਸਚ ਕਰਨੀ ਕਾਰ ਵਾਚਾਂਗਾ । ਪੁਰਖ ਅਕਾਲ ਕਹੇ ਸੁਣ ਮੇਰੇ ਲਾਡਲੇ ਚੰਨਾ, ਚੰਨ ਦਿਆਂ ਜਣਾਈਆ । ਤੂੰ ਹੁਕਮ ਫ਼ਰਮਾਨ ਅਗੰਮੀ ਮੰਨਾ, ਮਨਸਾ ਨਾ ਅਵਰ ਰਖਾਈਆ । ਆਹ ਤੱਕ ਗੋਬਿੰਦ ਦਾ ਕੰਨਾ, ਜੋ ਕਾਇਨਾਤ ਦਏ ਬਦਲਾਈਆ । ਮੇਰਾ ਖੇਲ ਤੱਕ ਲੈ ਬਿਨਾ ਛੱਪਰ ਛੰਨਾ, ਮਹੱਲ ਅਟੱਲ ਨਾ ਕੋਇ ਵਡਿਆਈਆ । ਨਾ ਕੋਈ ਹਦੂਦ ਦਿਸੇ ਨਾ ਬੰਨਾ, ਹੱਦ ਨਜ਼ਰ ਕੋਇ ਨਾ ਆਈਆ । ਨਾ ਕੋਈ ਹਰਖ ਸੋਗ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮਅ, ਤਾਮਸ ਸੰਗ ਨਾ ਕੋਇ ਰਖਾਈਆ । ਤੇਰਾ ਮੇਰਾ ਸਮਾਂ ਨਹੀਂ ਕੋਈ ਲੰਬਾ, ਲਮਹ ਲਮਹ ਪੰਧ ਮੁਕਾਈਆ । ਲਹਿਣਾ ਤੱਕ ਲੈ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਫੋਲ ਫੁਲਾਈਆ । ਲੱਖ ਚੁਰਾਸੀ ਸਵਾਸ ਵੇਖ ਲੈ ਦਮਾ, ਪਵਣ ਪਵਣਾਂ ਵਿਚੋਂ ਫੋਲ ਫੁਲਾਈਆ । ਬਿਨ ਤੇਰੀ ਕਿਰਪਾ ਆਤਮ ਨੂਰ ਕਿਸੇ ਨਾ ਜੰਮਾ, ਜੰਮਣ ਵਾਲੀ ਕੋਇ ਨਾ ਮਾਈਆ । ਲੇਖਾ ਸਮਝੇ ਕੋਇ ਨਾ ਇਕ ਚਾਰ ਤਿੰਨ ਜ਼ੀਰੋ ਦਾ ਪੰਨਾ, ਅਕਲ ਬੁਧੀ ਰੋਵੇ ਮਾਰੇ ਧਾਹੀਆ । ਤੇਰੇ ਹੁਕਮ ਵਿਚ ਮੇਰਾ ਹੁਕਮ ਫਿਰੇ ਭੰਨਾ, ਭੱਜੇ ਵਾਹੋ ਦਾਹੀਆ । ਅਗਲਾ ਪਿਛਲਾ ਵਕਤ ਤੱਕ ਲੈ ਸਮਾਂ, ਥਿਤ ਵਾਰ ਸੰਗ ਨਾ ਕੋਇ ਰਖਾਈਆ । ਬਿਨ ਤੇਰੇ ਨੂਰ ਨਜ਼ਰ ਆਏ ਕੋਇ ਨਾ ਸ਼ਮਅ, ਸ਼ਮਸ਼ਾਨ ਭੂਮੀ ਦਿਸੇ ਲੋਕਾਈਆ । ਤੇਰੇ ਪਿਆਰ ਦਾ ਵਜ਼ਨ ਨਹੀਂ ਕੋਈ ਟੰਨਾ, ਤੋਲਾ ਤੋਲ ਨਾ ਕੋਇ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਆਹ ਵੇਖ ਆਪਣੀ ਬਾਣੀ ਭਵਿਖ, ਭਵਿਖਤਾਂ ਵਾਲਿਆ ਧਿਆਨ ਲਗਾਈਆ । ਜੋ ਬਿਨ ਕਾਗ਼ਜ਼ ਕਲਮ ਕਾਨੀ ਸ਼ਾਹੀ ਤੋਂ ਦਿਤੀ ਲਿਖ, ਕਾਤਬਾ ਤੈਨੂੰ ਕੁਤਬਖ਼ਾਨਿਆਂ ਵਾਲਾ ਵੇਖਣ ਕੋਇ ਨਾ ਪਾਈਆ । ਮੈਂ ਸਚ ਦੱਸਾਂ ਤੂੰ ਮਾਲਕ ਇਕ, ਏਕੰਕਾਰ ਧੁਰਦਰਗਾਹੀਆ । ਪਰ ਮੈਂ ਵੀ ਤੇਰਾ ਦੁਲਾਰਾ ਤੂੰ ਮੇਰਾ ਪਿਤ, ਪਰਮ ਪੁਰਖ ਅਖਵਾਈਆ । ਮੈਂ ਤੇਰੇ ਹੁਕਮ ਦੀ ਸਾਂਭ ਕੇ ਰਖੀ ਚਿਟ, ਜਿਸ ਦੀ ਧਾਰ ਨਾ ਕੋਇ ਬਦਲਾਈਆ । ਤੇਰਿਆਂ ਚਰਨਾਂ ਵਿਚ ਦੇਵਾਂ ਸਿਟ, ਖ਼ੁਸ਼ੀਆਂ ਨਾਲ ਟਿਕਾਈਆ । ਤੂੰ ਮੇਰਾ ਸਾਹਿਬ ਸਵਾਮੀ ਕਿ ਤੇਰਾ ਰੂਪ ਪੱਥਰ ਇੱਟ, ਕੀ ਪਾਹਨ ਰੰਗ ਰੰਗਾਈਆ । ਕੀ ਤੂੰ ਆਦਿ ਜੁਗਾਦੀ ਕਿ ਖੇਲੇਂ ਖੇਲ ਨਿਤ ਨਵਿਤ, ਆਪਣਾ ਰੂਪ ਬਦਲਾਈਆ । ਤੇਰੀ ਕਵਣ ਸੁਹੰਜਣੀ ਥਿਤ, ਘੜੀ ਪਲ ਕਵਣ ਵੰਡ ਵਡਾਈਆ । ਕਿਸ ਬਿਧ ਮੇਰੀ ਪੂਰੀ ਕਰੇਂ ਇਛ, ਇਛਿਆ ਜਗਤ ਨਾ ਕੋਇ ਰਖਾਈਆ । ਇਕੋ ਤੇਰੇ ਹੁਕਮ ਦੀ ਖਿੱਚ, ਦੂਜੀ ਓਟ ਨਾ ਕੋਇ ਤਕਾਈਆ । ਜੇ ਮੈਂ ਤੇਰਾ ਤੂੰ ਮੇਰਾ ਕੀ ਫ਼ਰਕ ਦੋਹਾਂ ਦੇ ਵਿਚ, ਵਿਚਲਾ ਭੇਵ ਦੇਣਾ ਚੁਕਾਈਆ । ਜੇ ਇਕ ਮੰਦਰ ਤੇ ਇਕ ਦਰਵਾਜ਼ਾ ਤੇ ਇਕੋ ਸਾਂਝਾ ਭਿਤ,

ਕੀ ਭੀਤਰ ਆਪਣਾ ਰੰਗ ਰੰਗਾਈਆ । ਕੀ ਸਾਜਣ ਸੋਹਣਾ ਮੀਤ ਪਿਆਰਾ ਮਿਤ, ਮਿਤਰ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਨਾ ਕੋਈ ਸੀਨਾ ਛਾਤੀ ਨਾ ਕੋਈ ਹਿਕ, ਤਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਿਆ ਸਜਣਾ ਤੇਰੀ ਚਿਟ ਕੀ ਕਹਿੰਦੀ, ਬਿਨਾ ਕਹਿਣ ਤੋਂ ਰਹੀ ਜਣਾਈਆ । ਤੇਰੀ ਦਿਸ਼ਾ ਵੇਖ ਲਈ ਲਹਿੰਦੀ, ਲਹਿਣੇ ਸਭ ਦੇ ਪੂਰ ਕਰਾਈਆ । ਮੇਰੀ ਧਾਰ ਤੇਰਾ ਭਾਣਾ ਸਹਿੰਦੀ, ਸਹਿ ਸਹਿ ਸੀਸ ਨਿਵਾਈਆ । ਤੇਰੇ ਪ੍ਰੇਮ ਦੀ ਰਾਂਗਲੀ ਮਹਿੰਦੀ, ਮਹਿਦੀ ਅਮਾਮ ਵੇਖ ਵਖਾਈਆ । ਜਗਤ ਦੀ ਖੇਲ ਤੱਕ ਲੈ ਢਹਿੰਦੀ, ਢਾਹ ਢਾਹ ਢੇਰੀ ਖ਼ਾਕ ਬਣਾਈਆ । ਕਿਸੇ ਨੂੰ ਸਮਝ ਨਾ ਆਏ ਸਰਹਾਣਾ ਪੈਂਦੀ, ਆਪਣਾ ਆਪ ਨਾ ਕੋਇ ਬਦਲਾਈਆ । ਜਿਧਰ ਤੱਕਾਂ ਵਾਸ਼ਨਾ ਮੈਂ ਦੀ, ਹੰਗਤਾ ਕੂੜ ਨਾ ਕੋਇ ਗਵਾਈਆ । ਕਲਜੁਗ ਮਾਇਆ ਤੱਕ ਲੈ ਨੈਂ ਦੀ, ਚਾਰੋਂ ਕੁੰਟ ਵਹਿਣ ਵਹਾਈਆ । ਤੇਰੀ ਸ੍ਰਿਸ਼ਟੀ ਅੰਤ ਖੇਲ ਲੈ ਦੀ, ਲਹਿਣਾ ਸਭ ਦਾ ਪੂਰ ਕਰਾਈਆ । ਏਥੇ ਮਲਕੀਅਤ ਨਹੀਂ ਕਿਸੇ ਦੀ ਬੈ ਦੀ, ਕੋਟਨ ਅਵਤਾਰ ਪੈਗ਼ੰਬਰ ਗੁਰ ਗਏ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਰੰਗਾਈਆ । ਚਿਟ ਕਹੇ ਮੈਂ ਕਿਸੇ ਦੀ ਨਹੀਂ ਸਕੀ, ਜਗਤ ਪ੍ਰੇਮ ਨਾ ਕੋਇ ਬਣਾਈਆ । ਮੇਰੀ ਅੰਦਰੋਂ ਧਾਰ ਕਿਸੇ ਨਾ ਤੱਕੀ, ਤਕਵੇ ਵਾਲੇ ਜਾਣ ਮੁਖ ਭਵਾਈਆ । ਮੈਨੂੰ ਅਵਤਾਰ ਪੈਗੰਬਰਾਂ ਗੁਰੂਆਂ ਫੜਿਆ ਸ਼ੱਕ ਵਿਚ ਸ਼ੱਕੀ, ਸ਼ਿਕਵਾ ਦੂਰ ਨਾ ਕੋਇ ਕਰਾਈਆ । ਬਿਨ ਸਤਿਗੁਰ ਸ਼ਬਦ ਤੋਂ ਖ਼ੁਸ਼ਹਾਲ ਹੋਇਆ ਕੋਇ ਨਾ ਲੱਕੀ, ਪ੍ਰੇਮ ਢੋਲਾ ਕੋਇ ਨਾ ਗਾਈਆ । ਮੈਂ ਪਤ੍ਰਕਾ ਧਰਮ ਧਾਰ ਦੀ ਹਿੱਸੇ ਪੱਤੀ, ਪਤਤ ਪਾਵਨ ਦਿਤੀ ਵਡਿਆਈਆ । ਮੈਥੋਂ ਵੱਡਾ ਨਹੀਂ ਕੋਈ ਤਪੀਸ਼ਰ ਤਪੀ, ਜੁਗੀਸ਼ਰ ਨਜ਼ਰ ਕੋਇ ਨਾ ਆਈਆ । ਮੈਂ ਸਭ ਦੀ ਵੇਖਣੀ ਆਤਮਾ ਧਾਰ ਮੋਮਬੱਤੀ, ਪ੍ਰਭ ਦੇ ਨੂਰ ਵਿਚੋਂ ਨੂਰ ਨੂਰ ਹੋਵੇ ਰੁਸ਼ਨਾਈਆ । ਅੰਤਮ ਸਭ ਦਾ ਲੇਖਾ ਤੱਕਣਾ ਅੱਖੀਂ, ਆਖ਼ਰ ਦਿਆਂ ਦ੍ਰਿੜਾਈਆ । ਕਵਣ ਦਾਸ ਕਵਣ ਸੇਵਕ ਕਵਣ ਸਾਹਿਬ ਦੀ ਸਖ਼ੀ, ਸੁਖ਼ਨ ਕਵਣ ਪੂਰ ਕਰਾਈਆ । ਜੁਗ ਚੌਕੜੀ ਮੈਂ ਸਭਨਾ ਦੀ ਯਾਦ ਆਪਣੇ ਵਿਚ ਰਖੀ, ਚਿੱਠੀ ਮਿੱਠੀ ਹੋ ਕੇ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਭੁਗਤਾਈਆ । ਚਿੱਠੀ ਕਹੇ ਮਹਿਬੂਬ ਵੇ ਮੇਰਿਆ ਰਾਣਿਆਂ ਦੇ ਰਾਣਾ, ਤੇਰਾ ਰਣ ਸਮਝ ਕਿਸੇ ਨਾ ਆਈਆ । ਤੇਰਾ ਗਾਣਿਆ ਦਾ ਗਾਣਾ, ਅਨਬੋਲ ਤੇਰੀ ਵਡ ਵਡਿਆਈਆ । ਨਿਮਾਣਿਆਂ ਦਾ ਮਾਣਾ, ਨਿਥਾਵਿਆਂ ਹੋਏ ਸਹਾਈਆ । ਚੁਰਾਸੀ ਦਾ ਕਿਰਸਾਣਾ, ਚਾਰੇ ਖਾਣੀ ਫੋਲ ਫੁਲਾਈਆ । ਤੇਰਾ ਵੇਸ ਅਗੰਮੀ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਤੇਰੇ ਚਰਨ ਵਿਟਹੂ ਕੁਰਬਾਨਾ, ਨਿਵ ਨਿਵ ਸੀਸ ਨਿਵਾਈਆ । ਤੇਰੇ ਪਿਆਰ ਵਿਚ ਦਿਸੇ ਨਾ ਕੋਇ ਬੇਗਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਆਪਣੀ ਨਿਗਾਹ ਮਾਰ ਦੋ ਜਹਾਨਾਂ, ਜ਼ਿਮੀਂ ਅਸਮਾਨਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਚਿੱਠੀ ਕਹੇ ਮੇਰੀ ਧਾਰ ਚਿੱਟੀ ਚਿਟਾਇਣ, ਵੇਖ ਅੱਖਰਾਂ ਵਾਲੇ ਮਾਹੀਆ । ਮੇਰਾ ਰੂਪ ਐਨ ਦਾ ਐਨ, ਅਵਤਾਰ ਪੈਗੰਬਰ ਗੁਰ ਸਕਿਆ ਨਾ ਕੋਇ ਬਦਲਾਈਆ । ਬੇਸ਼ਕ ਤੇਰਾ ਸ਼ਬਦੀ ਦੋਧ ਪੋਤ ਦਾ ਮਹਾਇਣ, ਬੰਸ ਸਰਬੰਸ ਬਣਾਈਆ ।

ਓਹ ਤੇ ਤੇਰੇ ਢੋਲੇ ਸਿਫ਼ਤੀ ਕਹਿਣ, ਜਿਨ੍ਹਾਂ ਦਾ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਮੇਰੇ ਕੋਲ ਤੇਰੀ ਧਾਰ ਦੀ ਓਹ ਰਸੈਣ, ਜਿਹੜੀ ਤਤਾਂ ਵਿਚੋਂ ਹੱਥ ਕਿਸੇ ਨਾ ਆਈਆ । ਜ਼ਰਾ ਵੇਖ ਲੈ ਆਪਣੇ ਅਗੰਮੀ ਨੈਣ, ਜਿਸ ਨੈਣ ਨੂੰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਤੇਰੇ ਹੱਥ ਵਡਿਆਈਆ । ਚਿੱਠੀ ਕਹੇ ਪ੍ਰਭੂ ਮੇਰੀ ਧਾਰ ਵੇਖ ਦੋ ਤੁਕੀ, ਤੁੱਕੇ ਲਾਉਣ ਵਾਲੇ ਸਾਰੇ ਲਏ ਬੁਲਾਈਆ । ਆਪਣੀ ਖੇਲ ਤੱਕ ਲੈ ਉਕੀ, ਅੰਤ ਅੰਤ ਵਿਚ ਮਿਲਾਈਆ । ਮੇਰੀ ਆਸ਼ਾ ਰਹੇ ਨਾ ਲੁਕੀ, ਪਰਦਾ ਦੇ ਚੁਕਾਈਆ । ਤੇਰੇ ਸਮੇਂ ਦੀ ਧਾਰ ਢੁਕੀ, ਢੁਕਵਾਂ ਖੇਲ ਵੇਖ ਵਖਾਈਆ । ਮੈਂ ਜਗਤ ਵਣਜਾਰਿਆਂ ਕੋਲੋਂ ਚਾਰ ਜੁਗ ਗਈ ਨਹੀਂ ਲੁਟੀ, ਲੁਟੇਰਾ ਸਕਿਆ ਮੈਨੂੰ ਬਥੇਰਾ ਅਵਤਾਰ ਪੈਗ਼ੰਬਰ ਗੁਰੂ ਫੜਦੇ ਰਹੇ ਗੁੱਟੀ, ਬਿਨ ਹੱਥਾਂ ਹੱਥ ਮਿਲਾਈਆ । ਮੈਂ ਸਭ ਨੂੰ ਕਹਿੰਦੀ ਰਹੀ ਜਾਓ ਮਿਤਰੋ ਤੁਹਾਡੀ ਆਉਣ ਜਾਣ ਦੀ ਮਾਤਲੋਕ ਵਿਚ ਪੂਰੀ ਹੋਣੀ ਬੁੱਤੀ, ਬੁਤਖ਼ਾਨਿਆਂ ਡੇਰਾ ਲਾਈਆ । ਤੁਸੀਂ ਵਣਜਾਰੇ ਬਣ ਜਾਓ ਨਾਰ ਕੰਤ ਤੇ ਧੀਆਂ ਪੁਤੀਂ, ਮਾਇਆ ਧਨ ਵਿਚ ਵਡਿਆਈਆ । ਮੈਂ ਤੇ ਇਹਨਾਂ ਨਾਲੋਂ ਰੁੱਸੀ, ਨਾਤਾ ਲਿਆ ਤੁੜਾਈਆ । ਤੁਸੀਂ ਤਾਅ ਦਿਓ ਮੁੱਛੀ, ਦੀਨ ਮਜ਼੍ਹਬਾਂ ਰਾਹ ਚਲਾਈਆ । ਇਹ ਮੇਰੇ ਸਾਹਿਬ ਨੇ ਤੁਹਾਨੂੰ ਨਿੱਕੀ ਜਿਹੀ ਦਿਤੀ ਗੁੱਛੀ, ਨਾਮ ਦੀ ਗੁੰਝਲ ਵਿਚ ਸਾਰੇ ਲਏ ਫਸਾਈਆ । ਅੰਤ ਸਭ ਨੇ ਹੋਣਾ ਦੁੱਖੀ, ਸੰਗੀ ਸੰਗ ਨਾ ਕੋਇ ਨਿਭਾਈਆ । ਤੁਹਾਡੇ ਤਨ ਨੂੰ ਜੰਮਣਾ ਪਏ ਵਿਚ ਮਾਤ ਦੀ ਕੁੱਖੀ, ਗਰਭਵਾਸ ਅਗਨ ਤਪਾਈਆ । ਤੁਸਾਂ ਪ੍ਰਭੂ ਦਾ ਨਾਮ ਲੈਣਾ ਬੁੱਲਾਂ ਬੁੱਟੀ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਅੰਤਮ ਸਭ ਦੀ ਜਗਤ ਜਹਾਨ ਖ਼ਾਹਿਸ਼ ਜੜ ਜਾਣੀ ਪੁੱਟੀ, ਵਾਸਨਾ ਰਹਿਣ ਕੋਇ ਨਾ ਪਾਈਆ । ਤੁਹਾਡੀ ਆਸ਼ਾ ਜਗਤ ਮਨਸਾ ਵਿਚ ਰਾਹ ਜਾਏ ਘੁਥੀ, ਮੁਰੀਦ ਸਿਖ ਪਾਂਧੀ ਬਣੇ ਕੋਇ ਨਾ ਰਾਹੀਆ । ਚਿੱਠੀ ਕਹੇ ਵੇਖੋ ਪ੍ਰਭੂ ਦੇ ਭਗਤ ਅੰਤ ਦੋ ਚਾਰ ਕਿ ਮੁੱਠੀ, ਗਿਣਤੀ ਸਾਹਿਬ ਨੇ ਆਪਣੇ ਹੱਥ ਰਖਾਈਆ । ਅੰਤਮ ਸ੍ਰਿਸ਼ਟੀ ਦ੍ਰਿਸ਼ਟੀ ਜਾਣੀ ਕੁੱਠੀ, ਕੁੱਠੀ ਜਾਏ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਝਟ ਨਾਰਦ ਆਇਆ ਹੱਸ ਕੇ ਕਹੇ ਨੀ ਚਿੱਠੀਏ ਪਾ ਨਾ ਰੌਲਾ, ਐਂਵੇ ਕੂਕ ਕੂਕ ਸੁਣਾਈਆ । ਤੈਨੂੰ ਪਤਾ ਨਹੀਂ ਰਾਮ ਕੌਣ ਤੇ ਕੌਣ ਮੌਲਾ, ਕਵਣ ਕਾਹਨਾ ਦਾ ਕਾਹਨ ਅਖਵਾਈਆ । ਪਹਿਲੋਂ ਆਪਣਾ ਮੁਖ ਧੋ ਲਾ, ਹੰਕਾਰ ਵਾਲੀ ਕਰ ਸਫ਼ਾਈਆ । ਫੇਰ ਤੱਕ ਉਸ ਮਹਿਬੂਬ ਦਾ ਕੌਲਾ, ਜੋ ਇਕਰਾਰ ਸ਼ਬਦ ਗੁਰੂ ਨਾਲ ਰਖਾਈਆ । ਜਿਸ ਦਾ ਹੁਕਮ ਵਰਤੇ ਜ਼ਿਮੀਂ ਅਸਮਾਨਾਂ ਉਪਰ ਧੌਲਾ, ਧਰਮ ਦੀ ਧਾਰ ਵਖਾਈਆ । ਤੂੰ ਕੀ ਜਾਣੇਂ ਉਹ ਸੁੰਦਰ ਮੁਰਾਰੀ ਕਿ ਸਾਂਵਲ ਸੌਲਾ, ਸਾਂਵਰੀਆ ਕੀ ਆਪਣੀ ਖੇਲ ਖਿਲਾਈਆ । ਉਸ ਦੀ ਯਾਦ ਵਿਚ ਕਮਲੀਏ ਕੋਈ ਪ੍ਰੇਮ ਦੇ ਗੀਤ ਗਾ ਲਾ, ਗਾਵਤ ਗਾਵਤ ਆਪਣੀ ਖ਼ੁਸ਼ੀ ਬਣਾਈਆ । ਜੇ ਗਾਉਣਾ ਨਹੀਂ ਆਉਂਦਾ ਗੂੜ੍ਹੀ ਨੀਂਦ ਸੌਂ ਲਾ, ਸੁੱਤੀ ਨਾ ਕੋਇ ਜਗਾਈਆ । ਜਿਸ ਦੇ ਪਿਆਰ ਵਿਚ ਰਵਦਾਸ ਨੇ ਗੰਢਿਆ ਪੌਲਾ, ਟੁੱਟੀਆਂ ਜੁੱਤੀਆਂ ਗੰਢ ਪਵਾਈਆ । ਉਸ ਨੇ ਸਭ ਦਾ ਭਾਰ ਕਰਨਾ ਹੌਲਾ, ਹਲਤ ਪਲਤ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਆਪ ਸੁਹਾਈਆ । ਚਿੱਠੀ ਕਹੇ ਨਾਰਦਾ ਕਿਉਂ ਮਾਰਦਾ ਏਂ ਤਾਅਨੇ, ਐਵੇਂ ਰਿਹਾ ਜਣਾਈਆ । ਮੇਰੇ ਬਿਨਾ ਤੇਰੇ ਪ੍ਰਭੂ ਦੇ ਰਹਿਣ ਨਾ ਕੋਇ ਨਿਸ਼ਾਨੇ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਤੇਰੇ

ਵਰਗੇ ਕੋਟਨ ਕੋਟ ਭਗਤ ਨਿਆਣੇ, ਬਾਲੀ ਬੁੱਧੀ ਵਿਚ ਦੇਣ ਦੁਹਾਈਆ । ਤੂੰ ਮੇਰੀ ਰਮਜ਼ ਨਾ ਮੂਲ ਪਛਾਣੇ, ਆਪਣੀ ਆਪ ਕਰੇ ਵਡਿਆਈਆ । ਝਟ ਨਾਰਦ ਕਿਹਾ ਨੀ ਚਿੱਠੀਏ ਤੂੰ ਭਾਵੇਂ ਜਾਣੇ ਭਾਵੇਂ ਨਾ ਜਾਣੇ, ਜਾਨਣਹਾਰ ਦਾ ਹੁਕਮ ਦਿਆਂ ਸੁਣਾਈਆ । ਜ਼ਰਾ ਨਿਗਾਹ ਮਾਰ ਲੈ ਜਿਸ ਬਲ ਦਵਾਰੇ ਖਾਧੇ ਨਹੀਂ ਸੀ ਖਾਣੇ, ਖਾਣੀ ਬਾਣੀ ਦਾ ਮਾਲਕ ਦਰ ਦਰਵੇਸ਼ ਆਪਣਾ ਆਸਣ ਲਾਈਆ । ਉਹਦੇ ਹੁਕਮ ਲੇਖ ਕੋਈ ਹੋ ਨਹੀਂ ਗਏ ਪੁਰਾਣੇ, ਪੁਰਾਨ ਅਠਾਰਾਂ ਜਿਸ ਨੂੰ ਸੀਸ ਨਿਵਾਈਆ । ਉਸ ਦੇ ਲੇਖੇ ਉਹ ਆਪ ਪਛਾਣੇ, ਪੱਛਮ ਦੀ ਧਾਰ ਦਏ ਗਵਾਹੀਆ । ਜਿਸ ਦੇ ਹੁਕਮ ਵਿਚ ਮੂਰਛਾ ਹੋਣ ਵਡ ਜਰਵਾਣੇ, ਸੂਰਬੀਰ ਸਿਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਰਾਹ ਪ੍ਰਗਟਾਈਆ । ਚਿੱਠੀ ਕਹੇ ਨਾਰਦਾ ਬ੍ਰਾਹਮਣਾ ਵੇਖ ਮੇਰਾ ਮਜ਼ਮੂਨ, ਮੌਜੂਦਾ ਹੋ ਕੇ ਅੱਖ ਖੁਲਾਈਆ । ਜਿਸ ਵਿਚ ਕਮਲਾਪਤ ਦਾ ਇਕ ਮਜ਼ਮੂਨ, ਮਜ਼ਮੂਆ ਅੱਖਰਾਂ ਦਾ ਨਜ਼ਰ ਕੋਇ ਨਾ ਆਈਆ । ਨਾ ਕੋਈ ਮੀਮ ਤੇ ਨਾ ਕੋਈ ਨੂਨ, ਨੁਕਤਾ ਗ਼ੈਨ ਨਾ ਕੋਇ ਅਖਵਾਈਆ । ਨਿਗਾਹ ਮਾਰ ਲੈ ਜਿਸ ਵਿਚ ਸਾਰੇ ਕੀਤੇ ਮਹਿਰੂਮ, ਮਸਲਾ ਆਪਣੇ ਹੱਥ ਰਖਾਈਆ । ਮੈਂ ਉਸ ਦੀ ਮਮਨੂਨ, ਨਿਵ ਨਿਵ ਲਾਗਾ ਪਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਝਟ ਨਾਰਦ ਬੋਦੀ ਦੇ ਥੱਲੇ ਲਿਆ ਖੁਰਕ, ਵੱਟ ਮੱਥੇ ਨੂੰ ਚੜ੍ਹਾਈਆ । ਅੱਖ ਦੇ ਇਸ਼ਾਰੇ ਨਾਲ ਲਿਆ ਘੁਰਕ, ਭੈ ਵਿਚ ਡਰਾਈਆ । ਨਾਲੇ ਇਸ਼ਾਰਾ ਕੀਤਾ ਤੁਰਤ, ਤੁਰੀਆ ਤੋਂ ਬਾਹਰ ਰਿਹਾ ਸੁਣਾਈਆ । ਓਹ ਵੇਖ ਅਕਾਲ ਮੂਰਤ, ਜਿਸ ਦਾ ਰੂਪ ਰੰਗ ਰੇਖ ਵੇਖਣ ਕੋਇ ਨਾ ਪਾਈਆ । ਆਹ ਵੇਖ ਉਸ ਦੀ ਸੂਰਤ, ਜਿਸ ਨੇ ਸੂਰੀਆ ਭਾਨ ਚੰਨ ਸਿਤਾਰ ਦਿਤੇ ਚਮਕਾਈਆ । ਆਹ ਵੇਖ ਲੈ ਬਾਹਮਣਾਂ ਦੀ ਮਹੂਰਤ, ਗ੍ਰਹਿ ਨਛੱਤਰਾਂ ਤੋਂ ਬਾਹਰ ਦਿਆਂ ਦ੍ਰਿੜਾਈਆ । ਜਿਸ ਦੀ ਸਭ ਨੂੰ ਪੈਣੀ ਜ਼ਰੂਰਤ, ਆਸ਼ਾਵੰਦ ਸਾਰੇ ਬੈਠਣ ਧਿਆਨ ਲਗਾਈਆ । ਉਹ ਨੂਰ ਨੁਰਾਨਾ ਅਗੰਮੀ ਨੂਰਤ, ਜੋਤ ਜੋਤ ਡਗਮਗਾਈਆ । ਉਹ ਸਰਬ ਕਲਾ ਭਰਪੂਰਤ, ਭਰਪੂਰ ਰਿਹਾ ਸਰਬ ਠਾਈਆਂ । ਉਹਦਾ ਪੰਧ ਨਾ ਨੇੜੇ ਨਾ ਦੂਰਤ, ਦੋ ਜਹਾਨਾਂ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਚਿੱਠੀ ਕਹੇ ਨਾਰਦਾ ਤੂੰ ਪੜ੍ਹੇ ਦੋ ਚਾਰ ਅੱਖਰ, ਜੋ ਆਪਣਾ ਆਪ ਬਦਲਾਈਆ । ਤੂੰ ਵੇਖੇ ਜਗਤ ਪੱਥਰ, ਪਾਹਨਾਂ ਅੱਖ ਉਠਾਈਆ । ਤੂੰ ਜਗਤ ਜਹਾਨ ਦੇ ਤੱਕੇ ਅੱਥਰ, ਨੇਤਰ ਨੈਣਾਂ ਖੋਜ ਖੁਜਾਈਆ । ਪਰ ਮੈਂ ਲੱਭੀ ਯਾਰ ਦੇ ਸਥਰ, ਜਗਤ ਸੁਹੰਜਣੀ ਸੇਜ ਤਜਾਈਆ । ਮੈਂ ਬਿਨਾ ਕਲਮ ਕਾਨੀ ਤੋਂ ਹੋਈ ਫੱਟੜ, ਬਿਨਾ ਸ਼ਸ਼ਤਰਾਂ ਘਾਇਲ ਹੋ ਕੇ ਦਿਤਾ ਦਿਖਾਈਆ । ਮੈਂ ਚੜ੍ਹਦੀ ਨਹੀਂ ਕਿਸੇ ਦੇ ਤੱਕੜ, ਤਰਾਜੂ ਤੋਲ ਨਾ ਕੋਇ ਤੁਲਾਈਆ । ਮੈਨੂੰ ਸਕਿਆ ਕੋਇ ਨਾ ਪਕੜ, ਬਾਹੂ ਬਲ ਵਖਾਈਆ । ਮੇਰੇ ਵਿਚ ਉਹ ਹੁਕਮ ਜਿਸ ਨੇ ਜੁਗ ਚੌਕੜੀ ਰਖੇ ਜਕੜ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਸੰਦੇਸ਼ੇ ਦੇਵਾਂ ਜੰਗਲ ਜੂਹ ਉਜਾੜ ਪਹਾੜਾਂ ਵਿਚ ਰੱਕੜ, ਸਮੁੰਦ ਸਾਗਰਾਂ ਫਿਰਾਂ ਵਾਹੋ ਦਾਹੀਆ । ਮੇਰੀ ਸਦਾ ਦੀਨ ਦੁਨੀ ਨਾਲ ਟੱਕਰ, ਟਾਕਰਾ ਟਕਿਆਂ ਵਾਲਾ ਰਖਾਈਆ । ਜੇ ਤੂੰ ਬ੍ਰਾਹਮਣ ਸੱਚਾ ਤੇ ਕੱਟਰ, ਕੱਟੇ ਵੱਛੇ ਖਾਣ ਵਾਲੇ ਸਾਰੇ ਪ੍ਰਭ ਨੂੰ ਦੇਣੇ ਵਖਾਈਆ । ਤੂੰ ਤੇ ਆਪ ਸੁੱਕਾ ਵਾਂਗ ਲੱਕੜ, ਬਲਹੀਣ ਦਏਂ ਦੁਹਾਈਆ । ਘਰੋਂ ਬੇਘਰ ਹੋਇਆ ਫਿਰੇਂ ਫੱਕੜ, ਮੈਨੂੰ ਤਾਅਨੇ ਦਏ ਲੋਕਾਈਆ । ਨਾਰਦ ਕਹੇ ਓਏ ਚਿੱਠੀਏ ਇਹ

ਵੀ ਮੇਰੇ ਸਾਹਿਬ ਦਾ ਚੱਕਰ, ਜਿਸ ਚਕਰਵਰਤੀ ਦੇਣੇ ਖਪਾਈਆ । ਮੈਂ ਬੇਮੁਹਤਾਜਾ ਤੇ ਮੈਂ ਉਸ ਸਾਹਿਬ ਦਾ ਫ਼ੱਕਰ, ਜਿਸ ਨੂੰ ਫ਼ਕੀਰ ਫ਼ਿਕਰਿਆਂ ਵਿਚ ਗਾਈਆ । ਝਟ ਨਾਰਦ ਨੇ ਇਕ ਆਪਣਾ ਕਰ ਲਿਆ ਮਕਰ, ਨੇਤਰ ਨੀਰ ਦਿਤਾ ਵਹਾਈਆ । ਨਾਲੇ ਕਿਹਾ ਚਿੱਠੀਏ ਮੈਨੂੰ ਖਵਾ ਗੁੜ ਸ਼ੱਕਰ, ਸ਼ਰੀਣੀਆਂ ਵੰਡ ਵੰਡਾਈਆ । ਕਮਲੀਏ ਜੇ ਭਗਤ ਨਾ ਹੋਣ ਤੇਰੀ ਕੰਮ ਨਾ ਆਵੇ ਇਹ ਪੱਤਰ, ਕਿਸ ਦਾ ਲੇਖਾ ਦਏਂ ਬਣਾਈਆ । ਚਿੱਠੀ ਕਿਹਾ ਨਾਰਦਾ ਮੇਰੀ ਕੋਈ ਪੂਰੀ ਅਜੇ ਤੱਕ ਨਹੀਂ ਹੋਈ ਸਤਰ, ਲਾਈਨ ਸਕਿਆ ਨਾ ਕੋਇ ਬਣਾਈਆ । ਮੈਂ ਥੋੜ੍ਹੀ ਆਪਣੀ ਕੱਟ ਕੇ ਤੈਨੂੰ ਦੇਵਾਂ ਕੰਨੀ ਦੀ ਕਤਰ, ਜਿਸ ਕੁਤਰਾ ਕੁਤਰਾ ਦੀਨ ਦੁਨੀ ਦੇਣੀ ਕਰਾਈਆ । ਨਾਰਦ ਕਿਹਾ ਕੀ ਮੈਂ ਤੇਰੇ ਵਾਸਤੇ ਸੋਹਣਾ ਭਗਤ ਪ੍ਰਭੂ ਦਾ ਰਤਨ, ਕਿ ਅਮੋਲਕ ਹੀਰਾ ਨਜ਼ਰੀ ਆਈਆ । ਪਰ ਇਕ ਗੱਲ ਯਾਦ ਕਰ ਲੈ ਆਹ ਵੇਖ ਉਸ ਦਾ ਇਕ ਕਿਨਾਰਾ ਤੇ ਇਕ ਪਤਣ, ਨਈਆ ਇਕੋ ਇਕ ਇਕ ਚਲਾਈਆ । ਭਾਵੇਂ ਕਿੰਨੇ ਕੀਤੇ ਜਾਣ ਯਤਨ, ਯਥਾਰਥ ਆਪਣੀ ਚਲੇ ਨਾ ਕੋਇ ਚਤੁਰਾਈਆ । ਫੇਰ ਆਪਣੇ ਕੰਨ ਫੜ ਕੇ ਲੱਗਾ ਟੱਪਣ, ਬੋਦੀ ਜ਼ੋਰ ਨਾਲ ਹਿਲਾਈਆ । ਫੇਰ ਗੁੱਸੇ ਵਿਚ ਆਪਣੇ ਬੁੱਲ ਦੰਦਾਂ ਨਾਲ ਲੱਗਾ ਕੱਟਣ, ਜ਼ੋਰ ਜ਼ੋਰ ਨਾਲ ਦਬਾਈਆ । ਫੇਰ ਗਲੋਂ ਲਾਹ ਕੇ ਬਟਨ, ਮੁੱਠ ਹੱਡੀਆਂ ਰਿਹਾ ਵਖਾਈਆ । ਫੇਰ ਪਿਛਲੇ ਪੈਰੀਂ ਲੱਗਾ ਨੱਠਣ, ਕਦਮ ਕਦਮ ਨਾਲ ਬਦਲਾਈਆ । ਝਟ ਇਕ ਖ਼ਬਰ ਅਗੰਮੀ ਲੱਗਾ ਦੱਸਣ, ਤਾੜੀ ਹੱਥਾਂ ਵਾਲੀ ਲਾਈਆ । ਚਿੱਠੀਏ ਓਹ ਤੱਕ ਭਗਤ ਭਗਵਾਨ ਇਕੇ ਘਰ ਵਸਣ, ਦੂਜਾ ਦਰ ਨਾ ਕੋਇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਚਿੱਠੀ ਕਹੇ ਆਹ ਵੇਖ ਲੇਖ ਪੁਰਾਣਾ, ਪ੍ਰਾਣ ਅਧਾਰੀਆਂ ਦੇ ਜਣਾਈਆ । ਬਾਵਨ ਵੱਲ ਕਰ ਧਿਆਨਾ, ਬਲ ਨੈਣ ਉਠਾਈਆ । ਯੋਗੋਸਲਾਵੀਆ ਵਾਲਾ ਨੌ ਦਾਣਾ, ਆਹ ਤੱਕ ਅੰਨ ਅੰਨ ਦਏ ਗਵਾਹੀਆ । ਜਿਸ ਨੂੰ ਬਾਵਨ ਨੇ ਨਿਗਾਹ ਨਾਲ ਕੀਤਾ ਪ੍ਰਵਾਨਾ, ਬਿਨਾ ਰਸਨਾ ਰਸ ਭੋਗ ਲਗਾਈਆ । ਤੇਰਾਂ ਸੌ ਸਤਾਸੀ ਰਿਸ਼ੀਆਂ ਦਿਤਾ ਦਾਨਾ, ਇਕ ਪਿਛਲੀ ਗੰਢ ਜੋੜ ਜੁੜਾਈਆ । ਫੇਰ ਪਿਆਰ ਵਿਚ ਦਿਤਾ ਫ਼ਰਮਾਨਾ, ਬਿਨਾ ਸਿਖਿਆ ਤੋਂ ਕੀਤੀ ਪੜ੍ਹਾਈਆ । ਤੁਹਾਨੂੰ ਅੰਨ ਮਿਲਿਆ ਕਿ ਭਗਵਾਨਾ, ਪਰਦਾ ਦਿਓ ਚੁਕਾਈਆ । ਸਭ ਨੇ ਕਿਹਾ ਤੂੰ ਹੀ ਜਾਣੀ ਜਾਣਾ, ਜਾਨਣਹਾਰ ਤੇਰੀ ਸਰਨਾਈਆ । ਬਾਵਨ ਕਿਹਾ ਮੇਰਾ ਨੂਰ ਜ਼ਹੂਰ ਤੱਕੋ ਮਿਹਰਵਾਨਾ, ਮਿਹਰਵਾਨ ਇਕ ਅਖਵਾਈਆ । ਤੁਹਾਨੂੰ ਫੇਰ ਜਨਮ ਦਵਾਉਣਾ, ਕਲਜੁਗ ਅੰਤ ਵੱਜੇ ਵਧਾਈਆ । ਪੁਰਖ ਅਕਾਲਾ ਪਹਿਰ ਕੇ ਬਾਣਾ, ਜੋਤੀ ਜਾਤਾ ਵੇਸ ਵਟਾਈਆ । ਤੁਹਾਡਾ ਮੇਲ ਹੋਵੇ ਵਿਚ ਜਹਾਨਾ, ਤੁਹਾਡੇ ਸੰਗੀ ਸਾਥੀ ਹੋਰ ਤਰਾਈਆ । ਸਾਰਿਆਂ ਹੱਸ ਕੇ ਕਿਹਾ ਅਸੀਂ ਉਸ ਨੂੰ ਆਪਣਾ ਆਪ ਭੇਟ ਚੜ੍ਹਾਉਣਾ, ਆਪ ਆਪਾ ਉਸੇ ਦੀ ਝੋਲੀ ਪਾਈਆ । ਅਸੀਂ ਉਸ ਦਾ ਅਸਵਮੇਧ ਯੱਗ ਕਰਾਉਂਣਾ, ਜ਼ਿਮੀਂ ਅਸਮਾਨਾ ਧਿਆਨ ਲਗਾਈਆ । ਬਾਵਨ ਕਿਹਾ ਉਹ ਵਕਤ ਕਲਜੁਗ ਕੂੜ ਦਾ ਹੋਣਾ ਨਿਸ਼ਾਨਾ, ਸਤਿ ਸਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਰਿਸ਼ੀਆਂ ਕਿਹਾ ਜਿਸ ਵੇਲੇ ਕਲਜੁਗ ਅੰਤਮ ਆਇਆ, ਕਲ ਕਲੇਸ਼ ਵੱਜੇ ਵਧਾਈਆ । ਜਗਤ ਛਲੇ ਝੂਠੀ ਮਾਇਆ, ਮਮਤਾ ਮੋਹ ਨਾਲ ਮਿਲਾਈਆ । ਮਿਹਰਵਾਨ ਸਾਡਾ ਜਨਮ ਦਵਾਇਆ, ਲੋਕਮਾਤ ਦਏ ਵਡਿਆਈਆ । ਅਸੀਂ ਉਸ ਦੇ ਚਰਨ ਸੀਸ ਹੋਵੇ ਨਿਵਾਇਆ, ਨਿਵ ਨਿਵ ਸੀਸ ਝੁਕਾਈਆ । ਸਾਡਾ ਲੇਖਾ

ਉਸ ਆਪ ਹੋਵੇ ਦੁਹਰਾਇਆ, ਪੂਰਬ ਜਨਮ ਸਮਝਾਈਆ । ਝਟ ਬਾਵਨ ਨੇ ਕਿਹਾ ਏਕਾ ਏਕਾ ਤਿੰਨ ਜੁਗ ਤੁਹਾਡੇ ਤੋਂ ਰਹੇ ਪਰਾਇਆ, ਚੌਥੇ ਆਪਣਾ ਰੰਗ ਰੰਗਾਈਆ । ਝਟ ਸਭ ਨੇ ਖ਼ੁਸ਼ੀਆਂ ਦਾ ਢੋਲਾ ਗਾਇਆ, ਨੌਵਾਂ ਨੇ ਆਪਣੇ ਅੰਦਰ ਲਿਆ ਟਿਕਾਈਆ । ਉਹ ਮਾਲਕ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਜਿਸ ਨੇ ਬਾਵਨ ਰੂਪ ਹੋ ਕੇ ਬਲ ਦਾ ਅਸਮੇਧ ਜਗ ਪੂਰ ਕਰਾਇਆ, ਪੂਰਨ ਬ੍ਰਹਮ ਤਹਾਨੂੰ ਦਿਤਾ ਦ੍ਰਿੜਾਈਆ । ਕਲਜੁਗ ਅੰਤਮ ਮੇਲਾ ਲਏ ਮਿਲਾਇਆ, ਮੇਲ ਕਰੇ ਸਹਿਜ ਸੁਭਾਈਆ । ਸਭ ਨੇ ਖ਼ੁਸ਼ੀ ਵਿਚ ਸੀਸ ਨਿਵਾਇਆ, ਮਾਣ ਅਭਿਮਾਣ ਦਿਤਾ ਗਵਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਇਆ, ਸੋਹੰ ਸ਼ਬਦ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਇਕ ਇਕ ਇਕ ਕਹੇ ਅਸੀਂ ਬਣ ਗਏ ਇਕ ਸੌ ਗਿਆਰਾਂ, ਗਹਿਰ ਗੰਭੀਰ ਦਿਤੀ ਵਡਿਆਈਆ । ਕਲਜੁਗ ਅੰਤ ਜਨ ਭਗਤਾਂ ਕੋਲੋਂ ਜਾਪ ਕਰਾਇਆ, ਨਵ ਸੱਤ ਦੀ ਧਾਰਾ ਸੋਲਾਂ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਅੰਤਮ ਉਸ ਦੇ ਭਗਤਾਂ ਦਾ ਚੱਲਣਾ ਇਕ ਭੰਡਾਰਾ, ਭਗਵਨ ਦੇਵੇ ਮਾਣ ਵਡਿਆਈਆ । ਭਗਤ ਸੁਹੇਲੇ ਤੱਕੜ ਚੜ੍ਹਨਗੇ ਇਕ ਸੌ ਗਿਆਰਾਂ, ਤੋਲ ਤਨ ਵਾਲਾ ਕਰਾਈਆ । ਦਾਨ ਦੇਣਗੇ ਨਾਲ ਪਿਆਰਾ, ਛੱਬੀ ਪੋਹ ਅੱਖ ਉਠਾਈਆ । ਭਾਗ ਲੱਗੇ ਇਕ ਦਵਾਰਾ, ਦਵਾਰਕਾਵਾਸੀ ਸੀਸ ਨਿਵਾਈਆ । ਇਕ ਗੁਰਮੁਖ ਹੋਵੇ ਜ਼ਾਹਰਾ, ਜੰਮੂ ਸੰਗਤ ਰੰਗ ਚੜ੍ਹਾਈਆ । ਨੌਵਾਂ ਗੁਰਮੁਖਾਂ ਜਨਮ ਹੋਵੇ ਸਵਾਰਾ, ਗੁਰਦਾਸਪੁਰ ਵੱਜੇ ਵਧਾਈਆ । ਨੌਵਾਂ ਨਵੀਆਂ ਹੋਣ ਬਹਾਰਾ, ਪੁਰ ਹੁਸ਼ਿਆਰ ਸੋਭਾ ਪਾਈਆ । ਨੌਵਾਂ ਪਿਆਰ ਰਸ ਦੀ ਲੈਣੀਆਂ ਧਾਰਾ, ਕਪੂਰਥਲਾ ਗੰਢ ਗੰਢਾਈਆ । ਨੌਵਾਂ ਕਰਨੀਆਂ ਪ੍ਰੇਮ ਦੀਆਂ ਕਾਰਾਂ, ਜਲੰਧਰ ਜਗਤ ਜੰਜਾਲ ਤੁੜਾਈਆ । ਨੌ ਗੁਰਮੁਖ ਆਪਣੇ ਗਲ ਵਿਚ ਪਾ ਕੇ ਹਾਰਾ, ਲੁਧਿਆਣੀਏ ਆਪਣਾ ਭਾਰ ਤੁਲਾਈਆ । ਨੌ ਤਨ ਪਹਿਨ ਕਟਾਰਾ, ਕਰਨਾਲ ਵਾਲੇ ਤਨ ਵਡਿਆਈਆ । ਨੌ ਮਿਲਣ ਮੀਤ ਮੁਰਾਰਾ, ਅੰਬਾਲਾ ਰੋਪੜ ਮੇਲ ਮਿਲਾਈਆ । ਵੇਖਣ ਅਗੰਮੀਆਂ ਬਹਾਰਾ, ਪੁਰ ਫ਼ਿਰੋਜ਼ ਵੱਜੇ ਵਧਾਈਆ । ਅੰਮ੍ਰਿਤਸਰ ਵਿਚੋਂ ਇੱਕੀਆਂ ਹੋਵੇ ਆਪਣਾ ਆਪ ਸ਼ਿੰਗਾਰਾ, ਨੈਣ ਕੱਜਲ ਵਿਚ ਛੁਪਾਈਆ । ਤਿੰਨਾਂ ਗੁਰਮੁਖਾਂ ਦਿੱਲੀ ਮਿਲੇ ਅਧਾਰਾ, ਤਿੰਨ ਮੇਰਠ ਜੋੜ ਜੁੜਾਈਆ । ਇਕ ਇਟਾਰਸੀ ਪਾਵੇ ਸਾਰਾ, ਇਕ ਕਾਨਪੁਰ ਜੋੜ ਜੁੜਾਈਆ । ਇਕ ਰਾਜਸਥਾਨ ਦਏ ਹੁਲਾਰਾ, ਰਾਜ ਰਾਜਾਨਾ ਵੇਖ ਵਖਾਈਆ । ਇਕ ਸੌ ਗਿਆਰਾਂ ਦਾ ਤੱਕੜ ਤੋਲ ਤੁਲੇਗਾ ਇਕੋ ਵਾਰਾ, ਅਨਾਜ ਤਿੰਨ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਚਿੱਠੀ ਕਹੇ ਨਾਰਦਾ ਵੇਖ ਮੇਰੀ ਯਾਦ, ਯਾਦਦਾਸ਼ਤ ਮੇਰੀ ਜਣਾਈਆ । ਭਗਤ ਦਵਾਰਾ ਹੋਣਾ ਆਬਾਦ, ਲੋਕਮਾਤ ਵੱਜੇ ਵਧਾਈਆ । ਨਵੀਂ ਸਾਜਣਾ ਦੇਣੀ ਸਾਜ, ਹਰਿ ਸਾਜਣ ਹੋਏ ਸਹਾਈਆ । ਏਕੋ ਸਾਹਿਬ ਦਾ ਹੋਣਾ ਰਾਜ, ਰਈਅਤ ਤੱਕੇ ਖ਼ਲਕ ਖ਼ੁਦਾਈਆ । ਹਰਿ ਸੰਗਤ ਅਸਵਮੇਧ ਜਗ ਦਾ ਹਿੱਸਾ ਦੇਣਾ ਅਨਾਜ, ਵਿਸ਼ਨੂੰ ਆ ਕੇ ਵੇਖੇ ਚਾਈਂ ਚਾਈਂਆ । ਮਾਝਾ ਮਾਲਵਾ ਦੁਆਬਾ ਜੰਮੂ ਨੌ ਨੌ ਸੇਰ ਦੁੱਧ ਨੂੰ ਕਾਂਜੀ ਦੀ ਲਾ ਕੇ ਲਿਆਉਣਗੇ ਜਾਗ, ਖ਼ੁਸ਼ੀਆਂ ਨਾਲ ਉਠਾਈਆ । ਇਕ ਇਕ ਘੋੜਾ ਗੁੰਦ ਕੇ ਲਿਆਉਣਗੇ ਵਾਗ, ਭਗਤ ਦਵਾਰ ਦੇ ਦਰਵਾਜ਼ੇ ਅਗੇ ਸੋਭਾ ਪਾਈਆ । ਇਕ ਇਕ ਜਗਾ ਕੇ ਲਿਆਉਣਗੇ ਚਰਾਗ਼, ਦੀਪਕ ਜੋਤੀ ਪੰਜ ਪੰਜ ਸੁਹਾਈਆ । ਛੱਬੀ ਪੋਹ ਨੂੰ ਉਚੀ ਕੂਕ ਕੂਕ ਕੇ ਮਾਰਨਗੇ ਆਵਾਜ਼, ਹਰਿਜਨ ਸੋਏ ਲਉ ਅੰਗੜਾਈਆ । ਤੁਸੀਂ

੩੬੭
੨੩

ਹੰਸ ਬਣਨਾ ਕਿ ਕਾਗ, ਖ਼ੁਸ਼ੀਆਂ ਨਾਲ ਲਓ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਚਿੱਠੀ ਕਹੇ ਨਾਰਦਾ ਵੇਖ ਸਤਿ, ਸਤਿ ਮੇਰੇ ਉਤੇ ਨਜ਼ਰੀ ਆਈਆ । ਨਾਰਦ ਕਹੇ ਮੈਂ ਤੈਨੂੰ ਤੱਕਾਂ ਕਿ ਦੁਨੀਆ ਤੱਕਾਂ, ਸਭ ਦੀ ਮਾਰੀ ਗਈ ਮਤ, ਮਤਾਂਤਰ ਡੇਰਾ ਕੋਇ ਨਾ ਢਾਹੀਆ । ਸਭ ਦੇ ਅੰਦਰ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਕਰਾਈਆ । ਧੀਰਜ ਰਿਹਾ ਕਿਸੇ ਨਾ ਜਤ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਧਰਮ ਦਾ ਦਿਸੇ ਕੋਇ ਨਾ ਹੱਟ, ਸੌਦਾ ਸਚ ਨਾ ਕੋਇ ਵਿਕਾਈਆ । ਮੈਂ ਸਭ ਕੁਛ ਦੇਣਾ ਛਡ, ਨਾਤਾ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਚਿੱਠੀ ਕਹੇ ਨਾਰਦ ਇਧਰ ਕਰ ਧਿਆਨ, ਬਿਨਾ ਅੱਖੀਆਂ ਅੱਖ ਬਦਲਾਈਆ । ਹੁਕਮ ਦੇਵੇ ਮਿਹਰਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਲੇਖਾ ਵੇਖੇ ਵਿਚ ਜਹਾਨ, ਜਗਤ ਭਗਤ ਖੋਜ ਖੁਜਾਈਆ । ਛੱਬੀ ਪੋਹ ਦਿਵਸ ਮਹਾਨ, ਸੰਮਤ ਅੱਠ ਨਾਲ ਵਡਿਆਈਆ । ਹਰਿ ਸੰਗਤ ਕੋਲੋਂ ਹਲਫ਼ੀਆ ਲਏ ਜਾਣਗੇ ਬਿਆਨ, ਚਿੱਠੀ ਕਹੇ ਨਾਰਦਾ ਦਸਖ਼ਤ ਮੇਰੇ ਉਤੇ ਕਰਾਈਆ । ਉਸ ਵੇਲੇ ਹਾਜ਼ਰ ਰਖੀ ਜਾਏਗੀ ਅੰਜੀਲ ਕੁਰਾਨ, ਗੀਤਾ ਰਮਾਇਣ ਨਾਲ ਸੰਗ ਬਣਾਈਆ । ਗੁਰੂ ਗ੍ਰੰਥ ਨਾਲ ਹੋਵੇ ਪ੍ਰਧਾਨ, ਪ੍ਰਧਾਨਗੀ ਪੰਜਾਂ ਵੇਖ ਵਖਾਈਆ । ਪੰਜ ਪਿਆਰੇ ਰੂਪ ਧਰ ਕੇ ਕਾਹਨ, ਆਪਣਾ ਵੇਸ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਚਿੱਠੀ ਕਹੇ ਨਾਰਦ ਮੇਰਾ ਬੜਾ ਲੰਬਾ ਚੌੜਾ ਲੇਖਾ, ਬਿਨਾ ਲੇਖ ਤੋਂ ਦਿਆਂ ਜਣਾਈਆ । ਜਿਹੜਾ ਸਾਹਿਬ ਜੁਗ ਜੁਗ ਧਾਰੇ ਭੇਖਾ, ਭੇਖਾਧਾਰੀ ਰੂਪ ਬਦਲਾਈਆ । ਉਨ੍ਹ ਕਿਸੇ ਦਾ ਰਹਿਣ ਨਹੀਂ ਦੇਣਾ ਠੇਕਾ, ਠੇਕੇਦਾਰੀ ਸਭ ਦੀ ਦਏ ਗਵਾਈਆ । ਜੋ ਭਗਤ ਰਹੇ ਸੰਤ ਰਹੇ ਜੋ ਗੁਰਮੁਖ ਰਹੇ ਜੋ ਗੁਰਸਿਖ ਰਹੇ ਜੋ ਸੰਤ ਰਹੇ ਰਹੇ ਤੇ ਬਣ ਕੇ ਸਤਿਗੁਰੂ ਦਾ ਬੇਟਾ, ਦੂਜੇ ਦੀ ਲੋੜ ਨਾ ਕੋਇ ਰਖਾਈਆ । ਬਾਕੀ ਭੁਲ ਜਾਣਾ ਅਭੁਲ ਦਾ ਚੇਤਾ, ਚਤੁਰ ਸੁਜਾਨ ਸਮਝ ਕੋਇ ਨਾ ਪਾਈਆ । ਨਾਰਦ ਕਹੇ ਪ੍ਰਭੂ ਤੇਰਾ ਵਲ ਛਲ ਦਾ ਪੇਸ਼ਾ, ਪੇਸ਼ੀਨਗੋਈਆਂ ਸਭ ਦੀਆਂ ਦੇਣ ਗਵਾਹੀਆ । ਪਰ ਯਾਦ ਕਰ ਲੈ ਗੋਬਿੰਦ ਨੂੰ ਉਹ ਛਡ ਗਏ ਜਿਨ੍ਹਾਂ ਅੰਮ੍ਰਿਤ ਵਿਚ ਪਵਾਇਆ ਕੇਸਾ, ਕੇਸਗੜ੍ਹ ਦਾ ਲੇਖਾ ਗਏ ਮੁਕਾਈਆ । ਹੁਣ ਤੇ ਤੇਰਾ ਅਵੱਲੜਾ ਵੇਸਾ, ਤੇਰਾ ਭੇਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਦਏ ਰੰਗਾਈਆ । ਚਿੱਠੀ ਕਹੇ ਨਾਰਦ ਉਠ ਵੇਖ ਮਿਤਰ, ਮਿਤਰਾ ਦਏ ਜਣਾਈਆ । ਓਹ ਵੇਖ ਅਗੰਮਾ ਚਿਤ੍ਰ, ਜਿਸ ਦਾ ਚਲਿਤ੍ਰ ਜਗਤ ਸੁਣਨ ਕਦੇ ਨਾ ਆਈਆ । ਓਹ ਬੜਾ ਪਾਰਖੂ ਵੇਖਣਹਾਰਾ ਸੋਨਾ ਤੇ ਪਿੱਤਲ, ਕਾਂਸੀ ਠੋਕਰਾਂ ਨਾਲ ਠੁਕਰਾਈਆ । ਉਹਦਾ ਲਹਿਣਾ ਇਤਲ ਬਿਤਲ ਤੇ ਸਿਤਲ, ਬਲਧਾਰ ਖੋਜ ਖੁਜਾਈਆ । ਪਤਾ ਨਹੀਂ ਉਹ ਕਿਹੜੀ ਧਾਰੋਂ ਆਇਆ ਨਿਕਲ, ਕਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਿੱਠੀ ਕਹੇ ਨਾਰਦਾ ਆਹ ਵੇਖ ਸੰਮਤ ਸ਼ਹਿਨਸ਼ਾਹੀ ਅੱਠ ਦਾ ਛੱਬੀ ਪੋਹ, ਪੋਹ ਮਹੀਨਾ ਧਿਆਨ ਲਗਾਈਆ । ਇਕ ਸੌ ਇਕ ਗੁਰਮੁਖ ਹੱਥ ਵਿਚ ਹਿੰਦਸਾ ਫੜਨਗੇ ਇਕ ਤੇ ਦੋ, ਦੂਆ ਇਕ ਨਾਲ ਬਦਲਾਈਆ । ਇਕ ਸੌ ਇਕ ਗੁਰਮੁਖ ਲੇਖਾ ਲਿਖ ਕੇ ਫੜਨਗੇ ਖੋਹ, ਅੱਖਰ ਹਿੰਦੀ ਵਾਲੇ ਸਮਝਾਈਆ । ਇਕ

ਸੌ ਇਕ ਗੁਰਮੁਖ ਲੇਖਾ ਲਿਖਣਗੇ ਮੋਹ, ਮੁਹੱਬਤ ਜਗਤ ਵਾਲੀ ਜਣਾਈਆ । ਇਕ ਸੌ ਇਕ ਗੁਰਮੁਖ ਲਿਖਣਗੇ ਹਕ ਹੋ, ਹੋਕਾ ਹਕ ਜਣਾਈਆ । ਇਕ ਸੌ ਇਕ ਗੁਰਮੁਖ ਇਕ ਸੌ ਗਿਆਰਾਂ ਨਾਲ ਆਪਣਾ ਆਪ ਲੈਣਗੇ ਪਰੋ, ਨਾਤਾ ਨਰਾਇਣ ਵਾਲਾ ਜੁੜਾਈਆ । ਇਕ ਸੌ ਇਕ ਗੁਰਮੁਖ ਲਿਖਣਗੇ ਧਰੋਹ, ਧਰੋਹ ਗੁਰਸਿਖ ਗੁਰਸਿਖਾਂ ਨਾਲ ਕਮਾਈਆ । ਪੰਜ ਲਿਖਾਰੀ ਆਪਣੇ ਪਿਛੇ ਰਖਣਗੇ ਲੋ, ਦੀਪਕ ਜਗਤ ਵਾਲੇ ਸੁਹਾਈਆ । ਪੰਜ ਦਰਬਾਰੀ ਆਪਣਾ ਨੱਕ ਲੈਣਗੇ ਧੋ, ਪਾਣੀ ਅਵਰ ਨਾ ਕਿਤੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੋਹ ਕਹੇ ਕੀ ਮੈਂ ਜਗ ਵਿਚ ਚੜ੍ਹਿਆ, ਲਹਿੰਦਿਉਂ ਚੜ੍ਹਦੇ ਧਿਆਨ ਲਗਾਈਆ । ਮੈਂ ਚਿੱਠੀ ਤੇ ਬਿਨਾ ਚਿੱਠੀ ਰਸੈਣ ਤੋਂ ਅੱਖਰ ਪੜ੍ਹਿਆ, ਪੜ੍ਹ ਕੇ ਵੇਖ ਵਖਾਈਆ । ਜਿਸ ਸਾਹਿਬ ਨੇ ਘਾੜਨ ਘੜਿਆ, ਦਿਤੀ ਮਾਣ ਵਡਿਆਈਆ । ਉਸ ਨੇ ਖੇਲ ਅਗੰਮਾ ਕਰਿਆ, ਕਰਨੀ ਕਰਤਾ ਆਪਣੀ ਕਾਰ ਭੁਗਤਾਈਆ । ਪੰਜਾਂ ਦੇਸਾਂ ਭਾਗ ਲਗਾਏ ਨਰਾਇਣ ਨਰਿਆ, ਸੰਮਤ ਨੌ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਜਨਮੇ ਨਾ ਕਦੇ ਮਰਿਆ, ਜਨਮ ਮਰਨ ਵਿਚ ਕਦੇ ਨਾ ਆਈਆ ।



## ✪ ੨ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਚਿੱਠੀ ਕਹੇ ਮੇਰਾ ਨਾਮ ਅਗੰਮੀ ਪਤ੍ਰਕਾ, ਪਾਤਰ ਮੇਰਾ ਸਮਝ ਕੋਇ ਨਾ ਪਾਈਆ । ਮੇਰਾ ਖੇਲ ਅਣਹੋਣਾ ਹੋਣਾ ਸੰਮਤ ਤਿਹੱਤਰ ਕਾ, ਸੱਤ ਤਿੰਨ ਖੇਲ ਖਿਲਾਈਆ । ਗੁਣ ਰਹਿਣਾ ਨਹੀਂ ਕਿਸੇ ਚਤੁਰ ਕਾ, ਬੁੱਧੀਮਾਨ ਨਾ ਕੋਇ ਵਡਿਆਈਆ । ਮਾਣ ਦਿਸੇ ਨਾ ਕਿਸੇ ਸਤਰ ਕਾ, ਅੱਖਰ ਅੱਖਰ ਕੂਕ ਸੁਣਾਈਆ । ਮੇਰੇ ਵਿਚ ਲੇਖਾ ਗੋਬਿੰਦ ਵਾਲੇ ਸਥਰ ਕਾ, ਯਾਰੜਾ ਧਿਆਨ ਲਗਾਈਆ । ਲਹਿਣਾ ਪੂਰਾ ਤਕਣਾ ਨੇਤਰ ਅੱਥਰ ਕਾ, ਅਥਰੂਆਂ ਵੇਖ ਵਖਾਈਆ । ਭੇਵ ਤੱਕਣਾ ਪਾਹਨ ਪੱਥਰ ਕਾ, ਸਿਲ ਸਿਲਾਂ ਖੋਜ ਖੁਜਾਈਆ । ਮੇਰੇ ਸਾਹਿਬ ਦਾ ਲੇਖ ਨਹੀਂ ਕੋਈ ਕਥਨ ਕਾ, ਕਥਨੀ ਕਥ ਨਾ ਸਕੇ ਰਾਈਆ । ਜਿਸ ਦਾ ਵਕਤ ਸੁਹੰਜਣਾ ਮਥਨ ਕਾ, ਮਿਥਿਆ ਦੱਸੇ ਲੋਕਾਈਆ । ਓਹਦਾ ਮਾਰਗ ਸਾਚੇ ਰਥਨ ਕਾ, ਸਤਿਜੁਗ ਸਤਿ ਰਥ ਚਲਾਈਆ । ਕਲਜੁਗ ਕੂੜਾ ਕੁਟੰਬ ਸਾੜੇ ਅਗਨ ਕਾ, ਤਤਵ ਤਤ ਜਲਾਈਆ । ਝਗੜਾ ਮੇਟੇ ਕਾਇਆ ਮਾਟੀ ਬਦਨ ਕਾ, ਬਦੀ ਬਦਨਾ ਵਿਚੋਂ ਬਾਹਰ ਕਢਾਈਆ । ਖੇਲ ਵੇਖਣਾ ਗੋਪਾਲ ਮੂਰਤ ਮਦਨ ਕਾ, ਕੀ ਮਧੁ ਸੂਦਨ ਹੁਕਮ ਵਰਤਾਈਆ । ਰੂਪ ਤਕਣਾ ਅਗੰਮੇ ਰਤਨ ਕਾ, ਅਨਮੋਲ ਹੀਰਾ ਖੋਜ ਖੁਜਾਈਆ । ਅੰਤਮ ਘਾਟ ਵੇਖਣਾ ਪਤਣ ਕਾ, ਤੱਟ ਖੋਜ ਖੁਜਾਈਆ । ਨੂਰ ਤਕਣਾ ਦੀਪਕ ਜਗਣ ਕਾ, ਜੋਤ ਜੋਤ ਡਗਮਗਾਈਆ । ਪ੍ਰੇਮ ਵੇਖਣਾ ਭਗਤਾਂ ਮਗਨ ਕਾ, ਸੁਰਤ ਸ਼ਬਦ ਵਿਚ ਸਮਾਈਆ । ਨਿਸ਼ਾਨ ਤੱਕਣਾ ਕ੍ਰਿਸ਼ਨ ਵਾਲੇ ਪਦਮ ਕਾ, ਬੱਧਕ ਵੰਡ ਵੰਡਾਈਆ । ਲੇਖਾ ਵੇਖਣਾ ਬਾਵਨ ਵਾਲੇ ਕਦਮ ਕਾ, ਜੋ ਕਦੀਮ ਦਾ ਭੇਵ ਚੁਕਾਈਆ । ਸੰਦੇਸਾ ਸੁਣਨਾ ਅਗੰਮੇ ਛੰਦਨ ਕਾ, ਢੋਲਾ ਧੁਰਦਰਗਾਹੀਆ । ਵਾਸ ਵੇਖਣਾ ਪਿਆਰ ਵਾਲੇ ਚੰਦਨ ਕਾ, ਨਿੰਮ ਰੂਪ ਬਦਲਾਈਆ । ਨੂਰ ਤੱਕਣਾ ਨੁਰਾਨੇ ਅੰਜਨ ਕਾ, ਜੋ ਸਤਿਗੁਰ ਧਾਰ ਸੋਭਾ ਪਾਈਆ । ਇਸ਼ਨਾਨ

ਤਕਣਾ ਧਰਮ ਧਾਰ ਮਜਨ ਕਾ, ਤੀਰਥ ਤਟ ਨਾ ਕੋਇ ਨੁਹਾਈਆ । ਜਨ ਭਗਤਾਂ ਰਾਹ ਦੱਸਣਾ ਭਜਨ ਕਾ, ਕਿਸ ਬਿਧ ਪ੍ਰਭ ਦਾ ਢੋਲਾ ਗਾਈਆ । ਮਾਰਗ ਦੱਸਣਾ ਨੌ ਦਵਾਰੇ ਅਗੇ ਵਧਣ ਕਾ, ਅਗੇ ਹੋ ਨਾ ਕੋਇ ਅਟਕਾਈਆ । ਖੇਲ ਦੱਸਣਾ ਸੁਰਤੀ ਸੁਰਤ ਲਗਣ ਦਾ, ਸ਼ਬਦ ਸ਼ਬਦ ਵਡਿਆਈਆ । ਮੇਲ ਦੱਸਣਾ ਆਤਮ ਪਰਮਾਤਮ ਸਗਨ ਦਾ, ਸਗਲਾ ਸੰਗ ਬਣਾਈਆ । ਭੇਵ ਖੁਲਾਉਣਾ ਪਰਮ ਪੁਰਖ ਨੂੰ ਠੱਗਣ ਦਾ, ਠਗੌਰੀ ਜਗਤ ਵਾਲੀ ਬਦਲਾਈਆ । ਨਜ਼ਾਰਾ ਦੱਸਣਾ ਉਪਰ ਸ਼ਾਹ ਰਗਣ ਦਾ, ਰਘੁਪਤ ਮਿਲੇ ਸਹਿਜ ਗੁਸਾਈਂਆ । ਹੁਕਮ ਦੱਸਣਾ ਜਗਤ ਵਿਕਾਰਾ ਤਜਣ ਦਾ, ਮਮਤਾ ਮੋਹ ਮਿਟਾਈਆ । ਮੇਲ ਦੱਸਣਾ ਪੁਰਖ ਅਕਾਲੇ ਸੱਜਣ ਦਾ, ਜੋ ਸਾਜਣ ਧੁਰਦਰਗਾਹੀਆ । ਲੇਖਾ ਦੱਸਣਾ ਪਰਦੇ ਕੱਜਣ ਦਾ, ਕਿਸ ਬਿਧ ਸਿਰ ਆਪਣਾ ਹੱਥ ਟਿਕਾਈਆ । ਰਾਜ਼ ਦੱਸਣਾ ਧੁਨ ਅਨਾਦੀ ਵੱਜਣ ਦਾ, ਵਾਜਾ ਅਨਹਦ ਨਾਦ ਸੁਣਾਈਆ । ਪਿਆਰ ਦੱਸਣਾ ਸਤਿਗੁਰ ਚਰਨ ਬੱਝਣ ਦਾ, ਤੰਦ ਸਕੇ ਨਾ ਕੋਇ ਤੁੜਾਈਆ । ਲੇਖਾ ਦੱਸਣਾ ਗੋਬਿੰਦ ਵਾਲੇ ਕੰਗਣ ਦਾ, ਕੰਘਾ ਆਪਣਾ ਰੰਗ ਰਗਾਈਆ । ਭੇਵ ਦੱਸਣਾ ਸਾਚਾ ਨਾਮ ਵੰਡਣ ਦਾ, ਜਗਤ ਵੰਡ ਨਾ ਕੋਇ ਬਣਾਈਆ । ਪਰਦਾ ਲਾਹੁਣਾ ਖੰਡ ਬ੍ਰਹਿਮੰਡ ਵਰਭੰਡਣ ਦਾ, ਬ੍ਰਹਿਮਾਂਡ ਧਿਆਨ ਲਗਾਈਆ । ਖੇਲ ਤੱਕਣਾ ਚੰਡ ਪ੍ਰਚੰਡਣ ਦਾ, ਜੋ ਪ੍ਰਚੰਡਕਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਿੱਠੀ ਕਹੇ ਮੇਰੀ ਵੇਖਣੀ ਨਵੀਂ ਲਕੀਰ, ਜੋ ਬਿਨਾ ਕਲਮ ਸ਼ਾਹੀ ਬਣਾਈਆ । ਜਗਤ ਰਹਿਣ ਦੇਣੀ ਨਹੀਂ ਕਿਸੇ ਦੀ ਜਾਗੀਰ, ਦੀਨ ਦੁਨੀ ਧਿਆਨ ਲਗਾਈਆ । ਝਗੜਾ ਤੱਕਣਾ ਸ਼ਰਅ ਫ਼ਕੀਰ, ਫ਼ਿਕਰਿਆਂ ਖੋਜ ਖੁਜਾਈਆ । ਸਭ ਦੀ ਬਦਲ ਜਾਣੀ ਜ਼ਮੀਰ,

ਧੀਰਜ ਧੀਰ ਨਾ ਕੋਇ ਧਰਾਈਆ । ਕੂਕ ਸੁਣੇ ਨਾ ਕੋਇ ਕਬੀਰ, ਕਾਅਬਿਆਂ ਪਰੇ ਦੁਹਾਈਆ । ਝਗੜਾ ਤਕਣਾ ਤਨ ਸ਼ਰੀਰ, ਵਜੂਦ ਮਹਿਬੂਬ ਦਏ ਠੁਕਰਾਈਆ । ਜਗਤ ਵੇਖਣਾ ਉਛਾਲੇ ਵਾਲਾ ਨੀਰ, ਵਹਿਣਾਂ ਵਹਿਣ ਵਹਾਈਆ । ਖੇਲ ਤਕਣਾ ਦੀਨ ਦੁਨੀ ਹੋਵੇ ਦਿਲਗੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਵੇਖਣਾ ਸ਼ਰਅ ਵਾਲੀ ਸ਼ਮਸ਼ੀਰ, ਖੰਡਾ ਖੜਗ ਖੜਗ ਨਾਲ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਸ਼ਬਦ ਦਾ ਸ਼ਬਦ ਹੋਏ ਬਗ਼ਲਗੀਰ, ਬਿਨਾ ਦਸਤ ਦਸਤ ਨਾਲ ਮਿਲਾਈਆ ।

## ੪ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਸੰਮਤ ਸ਼ਹਿਨਸ਼ਾਹੀ ਅੱਠ ਪੋਹ ਰੈਣ ਹੋਵੇ ਛੱਬੀ, ਛਬਿਆਂ ਵਾਲੇ ਸਾਰੇ ਧਿਆਨ ਲਗਾਈਆ । ਕਲਜੁਗ ਮੰਗਤਾ ਬਣੇ ਲਬੀ, ਲੋਭ ਮੋਹ ਹੰਕਾਰ ਮਾਇਆ ਕਾਮ ਨਾਲ ਰਖਾਈਆ । ਤੇੜ ਤੜਾਗੀ ਹੋਵੇ ਬੱਧੀ, ਬਦੀਆਂ ਗੰਢ ਪਵਾਈਆ । ਵਾਸ਼ਨਾ ਮਮਤਾ ਹੋਏ ਲੱਦੀ, ਬੋਝ ਬੋਝਾ ਸੀਸ ਉਠਾਈਆ । ਕੂੜ ਕੁੜਿਆਰ ਦੀ ਨਾਲ ਰਖੇ ਨਦੀ, ਵਹਿਣਾਂ ਵਹਿਣ ਵਹਾਈਆ । ਹੋਕਾ ਦੇਵੇ ਕਦੀ ਕਦੀ, ਕਦੀਮ ਦਿਓ ਵਿਛੜਿਓ ਵਿਛੋੜਾ ਲਓ ਕਟਾਈਆ । ਉਹ ਵੇਖੋ ਮੇਰੀ ਅੰਤ ਤਿਆਰ ਬੈਠੀ ਚੱਲਣ ਵਾਲੀ ਗੱਡੀ, ਜੋ ਬਿਨ ਪਹੀਆ ਭੱਜੇ ਵਾਹੋ ਦਾਹੀਆ । ਮੈਂ ਪਤ ਕਿਸੇ ਨਹੀਂ ਛਡੀ, ਸਿਰ ਸਕੇ ਨਾ

੩੭੧
੨੩

ਕੋਇ ਉਠਾਈਆ । ਮੈਂ ਸਭ ਦੀ ਚੂਸੀ ਹੱਡੀ, ਧਰਮ ਰਤ ਨਾ ਕੋਇ ਰੰਗਾਈਆ । ਮੇਰੀ ਸਭ ਤੋਂ ਵੱਡੀ ਖੱਡੀ, ਕਬੀਰ ਜੁਲਾਹਿਆ ਰਿਹਾ ਸੁਣਾਈਆ । ਧਰਮ ਦੀ ਰਹਿਣ ਨਹੀਂ ਦਿਤੀ ਗੱਦੀ, ਗਦਾਗਰ ਸਾਰੇ ਦਿਤੇ ਬਣਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਧੁਰ ਦੇ ਹੁਕਮ ਦਿਸਣ ਰੱਦੀ, ਚਾਰ ਜੁਗ ਦੇ ਸ਼ਾਸਤਰ ਰੋਵਣ ਮਾਰਨ ਧਾਹੀਆ । ਉਹ ਵੇਖੇ ਸਾਰੇ ਜਗਤ ਜਹਾਨ ਜਾਂਦੇ ਲੱਦੀ, ਪਿਛੇ ਪਰਤ ਕੋਇ ਨਾ ਆਈਆ । ਲਹਿਣਾ ਚੁਕਣਾ ਚੌਧਵੀਂ ਸਦੀ, ਸਦਮੇ ਵਿਚ ਪੈਗ਼ੰਬਰ ਵੇਖ ਵਖਾਈਆ । ਮੇਰੀ ਅੰਤ ਨੇੜੇ ਆਈ ਹੱਦੀ, ਹਦੂਦ ਸਤਿਜੁਗ ਰਿਹਾ ਵਖਾਈਆ । ਪ੍ਰਭ ਦਾ ਖੇਲ ਹੋਣਾ ਯਦੀ, ਯਦਪ ਆਪਣੀ ਕਾਰ ਭੁਗਤਾਈਆ । ਜਿਸ ਦੀ ਜੋਤ ਅਗੰਮੀ ਜਗੀ, ਨੂਰ ਨੁਰਾਨਾ ਡਗਮਗਾਈਆ । ਜਿਸ ਹੰਸ ਬਣਾਏ ਕੱਗੀ, ਕਾਗ ਹੰਸ ਗੁਰਮੁਖ ਰੰਗ ਰੰਗਾਈਆ । ਉਹ ਸਾਹਿਬ ਸੂਰਾ ਸਰਬੰਗੀ, ਸ਼ਹਿਨਸ਼ਾਹ ਵਡ ਵਡਿਆਈਆ । ਮਿਹਰਵਾਨ ਹੋ ਕੇ ਮੇਰੇ ਵਿਚ ਜਨ ਭਗਤਾਂ ਪੈਜ ਰਿਹਾ ਰਖੀ, ਰਖਕ ਹੋ ਕੇ ਵੇਖ ਵਖਾਈਆ । ਜਿਹੜੀ ਇਸ ਦੇ ਪਿਆਰ ਦੀ ਬਣ ਗਈ ਸਖ਼ੀ, ਸੁਖ਼ਨ ਪਿਛਲੇ ਪੂਰ ਕਰਾਈਆ । ਕਲਜੁਗ ਕਹੇ ਮੈਂ ਸਭ ਕੁਝ ਵੇਖਾਂ ਅੱਖੀਂ, ਅੱਖਾਂ ਵਾਲਿਆਂ ਨਜ਼ਰ ਨਾ ਆਈਆ । ਮੇਰਾ ਚੌਥੇ ਜੁਗ ਦਾ ਅਗਨ ਤੇਜ ਦਾ ਰਥੀ, ਚਾਰ ਕੁੰਟ ਦਿਆਂ ਜਲਾਈਆ । ਜਿਨ੍ਹਾਂ ਸਾਹਿਬ ਮਿਲਿਆ ਸਮਰਥੀ, ਪੁਰਖ ਅਕਾਲਾ ਧੁਰਦਰਗਾਹੀਆ । ਉਨ੍ਹਾਂ ਦਾ ਭਾਗ ਮਥਨ ਮਿਲੀ ਵਸਤ ਅਗੰਮੀ ਹੱਥੀ, ਸਾਹਿਬ ਸਤਿਗੁਰ ਦਿਤੀ ਵਡਿਆਈਆ । ਸਗਲੀ ਚਿੰਤਾ ਜਿਨ੍ਹਾਂ ਦੀ ਲਥੀ, ਵਸੂਰਾ ਜਗਤ ਰਹੇ ਨਾ ਰਾਈਆ । ਮੇਰਾ ਅੰਤਮ ਲੇਖਾ ਉਨ੍ਹਾਂ ਨਾਲ ਨਹੀਂ ਰਤੀ, ਲੇਖਾ ਪ੍ਰਭ ਦੇ ਹੱਥ ਵਖਾਈਆ । ਜਿਨ੍ਹਾਂ ਦਾ ਮਾਲਕ ਇਕੋ ਕਮਲਾਪਤੀ, ਪਤਿਪਰਮੇਸ਼ਵਰ ਧੁਰ ਦਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਧਾਰ ਬਣਾਈ ਸੱਚੀ, ਸਚ ਸਚ ਵਿਚੋਂ ਪ੍ਰਗਟਾਈਆ ।

### ✪ ੯ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਅੰਮ੍ਰਿਤਸਰ ਸ਼ਹਿਰ ਜਗਦੀਸ਼ ਕੌਰ ਦੇ ਗ੍ਰਿਹਿ ✪

ਅਸਵਮੇਧ ਕਹੇ ਮੇਰਾ ਵੱਖਰਾ ਹੋਵੇ ਪਕਵਾਨ, ਜਗਤ ਖਾਜ ਨਾ ਕੋਇ ਚਤੁਰਾਈਆ । ਮੈਨੂੰ ਭੋਗ ਲਗਾਏ ਸ੍ਰੀ ਭਗਵਾਨ, ਮਿਹਰਵਾਨ ਦਇਆ ਕਮਾਈਆ । ਜੋ ਗ਼ਰੀਬ ਨਿਮਾਣਿਆਂ ਦੇਵੇ ਦਾਨ, ਵਸਤ ਅਨਮੁਲ ਆਪ ਵਰਤਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਮਾਣ, ਮਾਨਸ ਜਨਮ ਲੇਖੇ ਪਾਈਆ । ਸਚ ਦਰ ਕਰੇ ਪ੍ਰਵਾਨ, ਘਰ ਮੰਦਰ ਗ੍ਰਿਹਿ ਵੱਜੇ ਵਧਾਈਆ । ਅੰਤਰਜਾਮੀ ਹੋਵੇ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ । ਲਹਿਣਾ ਦੇਣਾ ਪੂਰਾ ਕਰੇ ਦੋ ਜਹਾਨ, ਏਥੇ ਓਥੇ ਹੋਏ ਸਹਾਈਆ । ਪਰਮ ਪੁਰਖ ਪਰਮਾਤਮ ਆਤਮ ਮੀਤਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਹਰਿਜਨ ਸਖ਼ੀ ਸਤਿਗੁਰ ਸ਼ਬਦ ਅਗੰਮਾ ਕਾਹਨ, ਕਾਇਆ ਮੰਡਲ ਖ਼ੁਸ਼ੀਆਂ ਰਾਸ ਸਚ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਅਸਵਮੇਧ ਕਹੇ ਮੇਰਾ ਜਨ ਭਗਤਾਂ ਨਾਲ ਹੋਇਆ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਮੇਰਾ ਕਲਜੁਗ ਪੂਰਾ ਹੋਇਆ ਜੋਗ, ਜੁਗੀਸ਼ਰਾਂ ਸਮਝ ਕੋਇ ਨਾ ਆਈਆ । ਮੇਰਾ ਹਉਮੇ ਗਿਆ ਰੋਗ, ਹੰ ਬ੍ਰਹਮ ਭੇਵ ਚੁਕਾਈਆ ।

ਮੇਰੀ ਚਿੰਤਾ ਰਹੀ ਨਾ ਸੋਚ, ਸਮਝ ਦਿਤੀ ਬਦਲਾਈਆ । ਚਾਰ ਜੁਗ ਦੀ ਮਨਸਾ ਪੂਰੀ ਕਰੇ ਲੋਚ, ਲੋਚਨ ਨੈਣ ਅਗੰਮ ਖੁਲਾਈਆ । ਜਨ ਭਗਤਾਂ ਨਾਲ ਬਣਾਵੇ ਮੌਜ, ਮਜਲਸ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕੰਕਾਰਾ ਇਕੋ ਬਹੁਤ, ਬਹੁ ਗਿਣਤੀ ਵੰਡ ਨਾ ਕੋਇ ਵੰਡਾਈਆ ।

## ੯ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਬੂਟਾ ਸਿੰਘ ਐਕਲਗਡੇ ਦੇ ਨਵਿਤ

ਪ੍ਰਭੂ ਤੇਰਾ ਭੰਡਾਰਾ ਬਹੁਰੰਗਾ, ਅਸਵਮੇਧ ਨਿਵ ਨਿਵ ਸੀਸ ਨਿਵਾਈਆ । ਜਿਸ ਦਾ ਰਾਹ ਤੱਕੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗੰਗੋਤਰੀ ਧਿਆਨ ਲਗਾਈਆ । ਨੇਤਰ ਖੋਲੇ ਸੂਰੀਆ ਚੰਦਾ, ਬ੍ਰਹਿਮੰਡ ਖੰਡ ਅੱਖ ਉਠਾਈਆ । ਅਵਤਾਰ ਪੈਗ਼ੰਬਰ ਗੁਰ ਪੰਧ ਰਖਣ ਲੰਬਾ, ਪੂਰਬ ਖੋਜ ਖੁਜਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਅਚੰਭਾ, ਹੈਰਾਨੀ ਵਿਚ ਜਣਾਈਆ । ਚੌਦਾਂ ਲੋਕਾਂ ਦਿਲ ਕੰਬਾ, ਚੌਦਾਂ ਤਬਕ ਨੀਰ ਵਹਾਈਆ । ਚੌਦਾਂ ਰਤਨ ਆਪਣੀ ਧਾਰ ਕਰ ਕੇ ਠੰਡਾ, ਸਮੁੰਦ ਸਾਗਰਾਂ ਖੋਜ ਖੁਜਾਈਆ । ਕੀ ਖੇਲ ਕਰੇ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਕੋਲ ਸਚ ਅਨੰਦਾ, ਅਨੰਦ ਗੁਰਮੁਖ ਰਿਹਾ ਵਖਾਈਆ । ਸੋ ਕਲਜੁਗ ਅੰਤਮ ਮੇਟੇ ਪੰਧਾ, ਪਾਂਧੀ ਕੂੜ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚਾ ਸਤਿ ਧਰਮ ਦੱਸ ਦੇ ਧੰਦਾ, ਧਰਨੀ ਧਵਲ ਨਾਲ ਵਡਿਆਈਆ । ਹਰਿਜਨ ਨੇਤਰਹੀਣ ਨਾ ਹੋਵੇ ਅੰਧਾ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਦੱਸ ਕੇ ਛੰਦਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਜਨ ਭਗਤਾਂ ਸੀਸ ਹੋਣ ਨਾ ਦੇਵੇ ਨੰਗਾ, ਸਿਰ ਓਢਣ ਆਪਣਾ ਨਾਮ ਟਿਕਾਈਆ । ਸ਼ਬਦੀ ਧਾਰ ਫੜਕੇ ਖੰਡਾ, ਦੋ ਜਹਾਨਾਂ ਵੇਖ ਵਖਾਈਆ । ਹਰਿਜਨ ਆਤਮ ਹੋਏ ਨਾ ਰੰਡਾ, ਕੰਤ ਸੁਹਾਗੀ ਹਰਿ ਹੰਢਾਈਆ । ਮਨੂਆ ਮਨ ਕਰੇ ਨਾ ਦੰਗਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਵਾਮੀ ਸਤਿਗੁਰ ਹੋਵੇ ਸੰਗਾ, ਜਨ ਭਗਤਾਂ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਸਚ ਸਰਨਾਈਆ । ਅਸਵਮੇਧ ਕਹੇ ਮੇਰੀ ਭਗਤਾਂ ਨਾਲ ਪ੍ਰੀਤ, ਇਸ਼ਾਰਾ ਬਲ ਬਾਵਨ ਕਰਾਈਆ । ਜਿਨ੍ਹਾਂ ਦੀ ਜਗਤ ਜਹਾਨਾ ਵੱਖਰੀ ਰੀਤ, ਮੰਦਰ ਮਸੀਤਾਂ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਗਾਉਂਦੇ ਗੀਤ, ਸੋਹੰ ਢੋਲਾ ਸਹਿਜ ਸੁਖਦਾਈਆ । ਝਗੜਾ ਮਿਟਦਾ ਊਚ ਨੀਚ, ਰਾਓ ਰੰਕ ਇਕ ਸਰਨਾਈਆ । ਪਤਿਪਰਮੇਸ਼ਵਰ ਮਿਲੇ ਮੀਤ, ਮਿਤਰ ਪਿਆਰਾ ਧੁਰਦਰਗਾਹੀਆ । ਜੋ ਹਰ ਘਟ ਵਸਿਆ ਚੀਤ, ਚਿਤ ਠਗੌਰੀ ਰਹੇ ਨਾ ਰਾਈਆ । ਲੱਖ ਚੁਰਾਸੀ ਪਰਖੇ ਨੀਤ, ਚਾਰੇ ਖਾਣੀ ਫੋਲ ਫੁਲਾਈਆ । ਸਤਿਜੁਗ ਸਚ ਚਲਾਏ ਰੀਤ, ਰੀਤੀਵਾਨ ਧੁਰਦਰਗਾਹੀਆ । ਕਲਜੁਗ ਜੀਵ ਕਰੇ ਪਤਤ ਪੁਨੀਤ, ਪਤਤ ਪਾਵਨ ਨਾਉਂ ਧਰਾਈਆ । ਧੁਰ ਦਾ ਕਲਮਾ ਦੱਸ ਹਦੀਸ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਏਕਾ ਛਤਰ ਝੁਲਾ ਕੇ ਸੀਸ, ਸ਼ਾਹ ਸੁਲਤਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਅਸਵਮੇਧ ਕਹੇ ਮੈਨੂੰ ਜੁਗ ਚੌਕੜੀ ਕਰਦੇ, ਕਰ ਕਰ ਕਰਤੇ ਸੀਸ ਨਿਵਾਈਆ । ਮੈਨੂੰ ਕਰਨ ਵਾਲੇ ਸਦਾ ਰਹੇ ਮਰਦੇ, ਤਨ ਨਜ਼ਰ ਕਿਸੇ ਨਾ ਆਈਆ । ਮੈਂ ਵੇਖਿਆ ਲਹਿੰਦੇ

ਚੜ੍ਹਦੇ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਮੈਂ ਖੇਲ ਤੱਕੇ ਚੋਟੀ ਜੜ ਦੇ, ਜੜ ਚੇਤਨ ਫੋਲ ਫੁਲਾਈਆ । ਚਾਰੋਂ ਕੁੰਟ ਦਿਸੇ ਲੜਦੇ, ਧੀਰਜ ਧੀਰ ਨਾ ਕੋਇ ਧਰਾਈਆ । ਅੰਮ੍ਰਿਤ ਭੰਡਾਰੇ ਮਿਲੇ ਕਿਸੇ ਨਾ ਸਰ ਦੇ, ਸਰੋਵਰ ਵਿਚ ਨਾ ਕੋਇ ਨੁਹਾਈਆ । ਨਾਤੇ ਤੁੱਟੇ ਨਾ ਕਲਜੁਗ ਕਲ ਦੇ, ਕਲਕਾਤੀ ਤੋਂ ਸਕੇ ਨਾ ਕੋਇ ਬਚਾਈਆ । ਮਾਨਸ ਵਣਜਾਰੇ ਬਣੇ ਕਪਟ ਛਲ ਦੇ, ਵਲ ਛਲ ਆਪਣੀ ਖੇਲ ਖਿਲਾਈਆ । ਗੁਰਮੁਖ ਹਰਿਜਨ ਹਰਿਭਗਤ ਬੂਟੇ ਨਿਹਚਲ ਧਾਮ ਅਟਲ ਦੇ, ਸਚਖੰਡ ਸਾਚੇ ਸੋਭਾ ਪਾਈਆ । ਜਿਨ੍ਹਾਂ ਦੇ ਅੰਦਰ ਪ੍ਰੇਮ ਦੇ ਦੀਪਕ ਬਲਦੇ, ਬਿਨ ਬਾਤੀ ਤੇਲ ਹੋਏ ਰੁਸ਼ਨਾਈਆ । ਓਹ ਇਕੋ ਓਟ ਰਖਦੇ, ਇਸ਼ਟ ਦੇਵ ਇਕ ਮਨਾਈਆ । ਉਨ੍ਹਾਂ ਭੰਡਾਰੇ ਭਰੇ ਸਖ ਦੇ, ਪ੍ਰਭ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲਾਏ ਸਾਚੋ ਸਚ ਦੇ, ਸਤਿ ਸਚ ਆਪਣੇ ਰੰਗ ਨਾਮ ਰੰਗਾਈਆ ।

## ੧੦ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਅਸਵਮੇਧ ਕਹੇ ਪ੍ਰਭ ਬਣਿਆ ਆਪ ਭੰਡਾਰੀ, ਭੰਡਾਰਾ ਨਾਮ ਅਗੰਮ ਵਰਤਾਈਆ । ਜਨ ਭਗਤਾਂ ਪੈਜ ਜਾਏ ਸਵਾਰੀ, ਸਵਾਰਥ ਆਪਣਾ ਨਾ ਕੋਇ ਰਖਾਈਆ । ਚਾਰ ਜੁਗ ਦਾ ਲਹਿਣਾ ਦੇਣਾ ਰਿਹਾ ਉਤਾਰੀ, ਮਕਰੂਜ਼ ਕਰਜ਼ਾ ਆਪ ਚੁਕਾਈਆ । ਬ੍ਰਹਿਮਾਦੀ ਪਾਵੇ ਸਾਰੀ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰੀ, ਸਾਂਤਕ ਸਤਿ ਸਤਿ ਵਰਤਾਈਆ । ਸ਼ਬਦ ਨਾਦ ਦੇ ਧੁਨਕਾਰੀ, ਪਰਦਾ ਓਹਲਾ ਆਪ ਉਠਾਈਆ । ਨਿਰਗੁਣ ਜੋਤ ਕਰ ਉਜਿਆਰੀ, ਅੰਧ ਅੰਧੇਰ ਰਿਹਾ ਮਿਟਾਈਆ । ਸਚ ਪ੍ਰੀਤੀ ਦੱਸ ਕੇ ਯਾਰੀ, ਪ੍ਰੀਤਮ ਆਪਣੀ ਗੰਢ ਪਵਾਈਆ । ਸੇਵਾ ਵਿਚ ਸੇਵਕ ਬਣਾ ਪਰਉਪਕਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਤਿਨ੍ਹਾਂ ਗੁਰਮੁਖਾਂ ਸਦ ਬਲਿਹਾਰੀ, ਵਡ ਘੋਲੀ ਘੋਲ ਘੁਮਾਈਆ । ਜਿਨ੍ਹਾਂ ਅੰਤਰ ਨਿੰਰਤਰ ਇਕੋ ਪਿਆਸ ਅਪਾਰੀ, ਅਪਰੰਪਰ ਪ੍ਰਭ ਨੂੰ ਮਿਲ ਕੇ ਖ਼ੁਸ਼ੀ ਬਣਾਈਆ । ਦਿਵਸ ਰੈਣ ਕਾਰੀਆ ਕਰਮ ਕਰਨ ਕਾਰੀ, ਖ਼ੁਸ਼ੀਆਂ ਵਿਚ ਭੱਜਣ ਵਾਹੋ ਦਾਹੀਆ । ਹੱਥ ਕਾਂਡੀ ਸੀਸ ਤਿਗਾਰੀ, ਪੱਥਰ ਇੱਟਾਂ ਨਾਲ ਵੱਜੇ ਵਧਾਈਆ । ਸਚ ਗ੍ਰਿਹਿ ਦੀ ਕਰ ਤਿਆਰੀ, ਲੰਗਰ ਧਰਮ ਧਾਰ ਬਣਾਈਆ । ਜਿਥੇ ਆਉਣ ਚੱਲ ਅਵਤਾਰੀ, ਤੇਈ ਆਪਣਾ ਪੰਧ ਮੁਕਾਈਆ । ਪੈਗ਼ੰਬਰ ਭੱਜਣ ਵਾਰੋ ਵਾਰੀ, ਈਸਾ ਮੂਸਾ ਮੁਹੰਮਦ ਪੰਧ ਮੁਕਾਈਆ । ਗੁਰ ਦਸ ਖੋਲ ਕਿਵਾੜੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਲੇਖਾ ਲਿਖੇ ਅਗੰਮ ਅਪਾਰੀ, ਅਗੋਚਰ ਆਪਣੀ ਕਾਰ ਕਮਾਈਆ । ਲੇਖਾ ਲਿਖਣ ਪੰਜ ਲਿਖਾਰੀ, ਕਲਮ ਸੱਜੇ ਹੱਥ ਉਠਾਈਆ । ਕੋਲ ਅੱਗ ਦੀ ਰਖਣ ਅੰਗਿਆਰੀ, ਧੂਣੀਆਂ ਧੂੰਏ ਵਾਲੀਆਂ ਤਾਈਆ । ਲੇਖਾ ਜਾਣੇ ਆਪ ਨਿਰੰਕਾਰੀ, ਨਿਰਵੈਰ ਬੇਪ੍ਰਵਾਹੀਆ । ਇਕ ਸੱਠ ਮਿੰਟ ਹਰਿ ਸੰਗਤ ਬਣੇ ਪੁਜਾਰੀ, ਪੂਜਾ ਪਰਮ ਪੁਰਖ ਸਰਨਾਈਆ । ਰਸਨਾ ਗਾਵੇ ਨਰ ਨਾਰੀ, ਬਿਰਧ ਬਾਲਾਂ ਨਾਲ ਵਡਿਆਈਆ । ਚੌਦਾਂ ਗੁਰਮੁਖ ਹੋਣ ਚੋਬਦਾਰੀ, ਚੌਦਾਂ ਲੋਕ ਆਵਣ ਵਾਹੋ ਦਾਹੀਆ । ਚੌਦਾਂ ਗੁਰਮੁਖ ਫਿਰਨ ਨਾਲ ਹੁਸ਼ਿਆਰੀ, ਚੌਦਾਂ ਤਬਕਾਂ ਰਾਹ ਤਕਾਈਆ । ਚੌਦਾਂ ਗੁਰਮੁਖ ਵਿਦਿਆ ਦਾ ਬਲ ਹੋਣ ਧਾਰੀ, ਬਲ ਬਾਵਨ ਆਸਾ



੩੭੩
੨੩

ਪੂਰ ਕਰਾਈਆ । ਚੌਦਾਂ ਪੁੱਠੀ ਬੰਨ੍ਹ ਕੇ ਦਾਹੜੀ, ਬ੍ਰਹਿਮਣ ਮਸਤਕ ਤਿਲਕ ਛੁਹਾਈਆ । ਚੌਦਾਂ ਸੀਸ ਚੁੱਕ ਕੇ ਖਾਰੀ, ਲੰਗਰ ਧਰਮ ਧਾਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣੇ ਆਪ ਅਧਾਰੀ, ਉਦਰ ਦਾ ਲੇਖਾ ਅਗੇ ਰਿਹਾ ਨਾ ਰਾਈਆ ।

### ✪ ੨੦ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਡੱਲੇਵਾਲ ਜ਼ਿਲਾ ਜਲੰਧਰ ਲਾਲ ਸਿੰਘ ਦੇ ਗ੍ਰਿਹ ✪

ਅਸਵਮੇਧ ਕਹੇ ਮੇਰੀ ਨੌ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਆਈ ਵਾਰੀ, ਵਾਹਵਾ ਮੇਰੇ ਮਾਲਕ ਦਿਤੀ ਵਡਿਆਈਆ । ਸਤਿਜੁਗ ਬਲ ਬਾਵਨ ਦਿਤਾ ਇਸ਼ਾਰੀ, ਸੈਨਤ ਸ਼ਬਦ ਵਾਲੀ ਲਗਾਈਆ । ਰਿਖੀਆਂ ਮੁਨੀਆਂ ਕੀਤਾ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਸੁਣਾਈਆ । ਕਲਜੁਗ ਅੰਤਮ ਤੱਕੋ ਨਿਰਗੁਣ ਸਰਗੁਣ ਜੋਤ ਉਜਿਆਰੀ, ਪਾਤਸ਼ਾਹ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜਿਸ ਨੂੰ ਕਲਜੁਗ ਕਲਕੀ ਕਹਿਣ ਅਵਤਾਰੀ, ਅਵਤਰ ਹੋ ਕੇ ਨਿਹਕਲੰਕ ਆਪਣਾ ਹੁਕਮ ਵਰਤਾਈਆ । ਉਸ ਦੀ ਖੇਲ ਚਾਰ ਜੁਗਾਂ ਦੇ ਸ਼ਾਸਤਰਾਂ ਹੋਣੀ ਬਾਹਰੀ, ਅਵਤਾਰ ਪੈਗ਼ੰਬਰ ਗੁਰ ਵੇਖਣ ਚਾਈਂ ਚਾਈਂਆ । ਪੁਰਖ ਅਕਾਲ ਦੀਨ ਦਿਆਲ ਦਾ ਉੱਤਮ ਲੱਗਾ ਹੋਏ ਦਰਬਾਰੀ, ਦਰਬਾਰ ਇਕੋ ਨਜ਼ਰੀ ਆਈਆ । ਵਿਸ਼ਨੂੰ ਲਕਸ਼ਮੀ ਹਾਜ਼ਰ ਹੋਏ ਤਨ ਰੂਪ ਸ਼ਿੰਗਾਰੀ, ਵਜੂਦ ਮਹਿਬੂਬ ਸੋਭਾ ਪਾਈਆ । ਬ੍ਰਹਮਾ ਚਾਰ ਮੁਖ ਸੰਗ ਸੁਰਸਤੀ ਦਰ ਠਾਂਡੇ ਕਰੇ ਨਿਮਸਕਾਰੀ, ਦਰੇ ਦਰਬਾਰ ਸੋਭਾ
੩੭੪ ਪਾਈਆ । ਸ਼ੰਕਰ ਪਾਰਬਤੀ ਆਪਣੀ ਪੈਂਜ ਹੋਵੇ ਸਵਾਰੀ, ਮੁਖ ਬਿਭੂਤੀ ਮਸਤਕ ਤ੍ਰਿਸੂਲ ਨਜ਼ਰੀ ਆਈਆ । ਸੀਤਾ ਰਾਮ ਨੂਰ ਤਤ ਕਰ ਉਜਿਆਰੀ, ੩੭੪
੨੩ ਤੀਰ ਤਰਕਸ਼ ਕੰਧ ਟਿਕਾਈਆ । ਕਮਾਨ ਹੱਥ ਹੋਵੇ ਪਿਆਰੀ, ਪਰਮ ਪੁਰਖ ਸੀਸ ਝੁਕਾਈਆ । ਰਾਧਾ ਕ੍ਰਿਸ਼ਨ ਸਾਂਵਲ ਸੁੰਦਰ ਰੂਪ ਸ਼ਿੰਗਾਰੀ, ੨੩
ਕਵਲ ਨੈਣ ਕੁੰਡਲ ਮੁਖ ਸੋਭਾ ਪਾਈਆ । ਕੁਮੇਰ ਸੰਗ ਹੋਵੇ ਭੰਡਾਰੀ, ਦੋਵੇਂ ਹੱਥ ਖ਼ਾਲੀ ਅਗੇ ਡਾਹੀਆ । ਧਰਮ ਰਾਏ ਬੈਠਾ ਹੋਏ ਸਨਮੁਖ ਨਿਆਏਕਾਰੀ, ਨੌ ਵਾਰ ਨਿਵ ਨਿਵ ਸੀਸ ਝੁਕਾਈਆ । ਚਿਤ੍ਰਗੁਪਤ ਲੇਖ ਸਭ ਦਾ ਦੱਸੇ ਵਾਰੋ ਵਾਰੀ, ਸੈਨਤ ਇਸ਼ਾਰਾ ਉਂਗਲੀਆਂ ਨਾਲ ਕਰਾਈਆ । ਲਾੜੀ ਮੌਤ ਰੂਪ ਧਰਿਆ ਹੋਵੇ ਬਾਲੀ, ਜੋਬਨ ਜਵਾਨੀ ਆਪਣੇ ਵਿਚ ਛੁਪਾਈਆ । ਦੁਰਗਾ ਅਸ਼ਟਭੁਜ ਸ਼ਸਤਰ ਹੱਥ ਰਖੇ ਡਾਲੀ, ਖੜਗ ਖੰਜਰ ਨਾਲ ਸੁਹਾਈਆ । ਖੱਪਰ ਕੋਲ ਹੋਵੇ ਕਾਲੀ, ਜ਼ਬਾਨ ਲਾਲ ਰੰਗ ਰੰਗਾਈਆ । ਸਤਿਗੁਰ ਸ਼ਬਦ ਸਭ ਦਾ ਹੋਵੇ ਵਾਲੀ, ਵਾਰਸ ਹੋ ਕੇ ਵੇਖ ਵਖਾਈਆ । ਅਸਵਮੇਧ ਕਹੇ ਮੇਰਾ ਛੱਬੀ ਪੋਹ ਦੀਪਕ ਜਗੇ ਦੀਵਾਲੀ, ਜਿਸ ਨੂੰ ਵਾਹਵਾ ਮੰਡਲ ਮੰਡਪ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖਣ ਚਾਈਂ ਚਾਈਂਆ । ਹਰਿ ਭਗਤ ਹਰਿ ਜਨ ਗੁਰਮੁਖ ਗੁਰਸਿਖ ਪ੍ਰਭੂ ਪ੍ਰੇਮ ਦੀ ਮਾਰਨ ਤਾਲੀ, ਤਾਲ ਸਾਹਿਬ ਸਤਿਗੁਰ ਪ੍ਰੇਮ ਵਾਲਾ ਬਣਾਈਆ । ਸਭ ਦੇ ਅਗੇ ਇਕ ਰਖੀ ਹੋਵੇ ਕਨਾਲੀ, ਮਾਟੀ ਕੱਚੀ ਪੱਕੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਸਵਮੇਧ ਜਗ ਕਹੇ ਇਹ ਸਾਰੇ ਆਉਣਗੇ ਖਾਣ, ਭਗਤ ਭੰਡਾਰਾ ਖਾ ਕੇ ਖ਼ੁਸ਼ੀ ਬਣਾਈਆ । ਨਾਲੇ ਦਰਸ ਕਰਨਗੇ ਭਗਵਾਨ, ਭਗਵਨ ਸਨਮੁਖ ਨਜ਼ਰੀ ਆਈਆ । ਨਾਲੇ ਭਗਤਾਂ ਤੋਂ ਦੱਛਨਾ ਲੈਣਗੇ ਦਾਨ, ਜੋ ਸਤਿਗੁਰ ਆਪ ਵਰਤਾਈਆ ।

ਤੂੰ ਮੇਰਾ ਮੈਂ ਤੇਰਾ ਸਾਰੇ ਢੋਲਾ ਗਾਉਣਗੇ ਗੋਪੀ ਕਾਹਨ, ਸੀਤਾ ਰਾਮ ਵਿਸ਼ਨ ਬ੍ਰਹਮਾ ਸ਼ਿਵ ਗਾ ਗਾ ਖ਼ੁਸ਼ੀ ਮਨਾਈਆ । ਪੈਗ਼ੰਬਰ ਤੱਕਣਗੇ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਗੁਰੂ ਤੱਕਣਗੇ ਪੁਰਖ ਅਕਾਲ ਦਾ ਨਿਸ਼ਾਨ, ਨਿਸ਼ਾਨੇ ਵਿਚੋਂ ਬੇਪ੍ਰਵਾਹ ਨਜ਼ਰੀ ਆਈਆ । ਜਿਸ ਦੀ ਕਿਰਪਾ ਨਾਲ ਧਰਮ ਦੀ ਧਾਰ ਪੱਕਣ ਪਕਵਾਨ, ਕੱਚਾ ਪੱਕਾ ਪ੍ਰਭ ਆਪਣੇ ਲੇਖੇ ਲਾਈਆ । ਬਲ ਬਾਵਨ ਦੋਵੇਂ ਨਿਰਗੁਣ ਧਾਰ ਵਿਚ ਆਣ, ਆ ਆ ਕੇ ਸੀਸ ਨਿਵਾਈਆ । ਸਾਡੀ ਬੇਨੰਤੀ ਹੋਈ ਕੀਤੀ ਪ੍ਰਵਾਨ, ਤੇਰੀ ਬੇਪ੍ਰਵਾਹੀਆ । ਸਚ ਦਰਬਾਰ ਵਿਚ ਇਕੱਠੇ ਹੋਣਗੇ ਵਿਚ ਜਹਾਨ, ਜਹਾਲਤ ਜਗਤ ਵਾਲੀ ਗਵਾਈਆ । ਜਨ ਭਗਤਾਂ ਦੇਣਗੇ ਮਾਣ, ਖ਼ੁਸ਼ੀਆਂ ਢੋਲੇ ਗਾਈਆ । ਬੋਲ ਬੋਲਣਗੇ ਬਿਨਾ ਜ਼ਬਾਨ, ਪ੍ਰਭ ਤੇਰੀ ਬੇਪ੍ਰਵਾਹੀਆ । ਤੈਨੂੰ ਭਗਵਾਨ ਕਹੀਏ ਕਿ ਇਨਸਾਨ, ਜੋ ਭਗਵਨ ਹੋ ਕੇ ਇਨਸਾਨਾਂ ਆਪਣੇ ਰੂਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਉਤੇ ਹੋਏ ਮਿਹਰਵਾਨ, ਮਿਹਰਵਾਨ ਹੋ ਕੇ ਜਨ ਭਗਤਾਂ ਆਪਣੇ ਲੇਖੇ ਲਾਈਆ ।

### ✪ ੨੩ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਲੰਗਰ ਦੀ ਛੱਤ ਪਾਉਣ ਸਮੇਂ ✪

ਤੇਈ ਪੋਹ ਕਹੇ ਆਸਾ ਰਖ ਕੇ ਗਏ ਅਵਤਾਰ ਤੇਈ, ਸਤਿਜੁਗ ਕਲਜੁਗ ਦੁਆਪਰ ਤ੍ਰੇਤਾ ਧਿਆਨ ਲਗਾਈਆ । ਉਚੀ ਕੂਕ ਸੁਣਾ ਕੇ ਗਈ ਦੁਰਗਾ ਮਈ, ਦੋ ਜਹਾਨਾਂ ਕਰ ਸ਼ਨਵਾਈਆ । ਰਾਮ ਅੰਤ ਸੰਦੇਸ਼ਾ ਦਿਤਾ ਮਾਂ ਕੈਕਈ, ਬਾਹਰ ਅਯੁਧਿਆ ਚਰਨ ਟਿਕਾਈਆ । ਕ੍ਰਿਸ਼ਨ ਰਾਧਾ ਨੂੰ ਕਿਹਾ ਕਾਹਨ ਆਵੇ ਸਹੀ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਮੂਸੇ ਕਿਹਾ ਉਸ ਦੀ ਦਿਸੇ ਕਿਸੇ ਨਾ ਦੇਹੀ, ਈਸਾ ਇਸ਼ਾਰੇ ਨਾਲ ਜਣਾਈਆ । ਮੁਹੰਮਦ ਕਿਹਾ ਨੂਰੀ ਅੱਲ੍ਹਾ ਹੋਏ ਸਨੇਹੀ ਪਰਵਰਦਿਗਾਰ ਨੂਰ ਅਲਾਹੀਆ । ਨਾਨਕ ਜਲਵਾ ਤੱਕਿਆ ਵਿਚ ਵੇਂਈ, ਜਲ ਧਾਰ ਧਾਰ ਵਿਚੋਂ ਜਣਾਈਆ । ਗੋਬਿੰਦ ਕਿਹਾ ਮੇਰਾ ਸਾਹਿਬ ਸਵਾਮੀ ਜਿਸ ਦਾ ਇਕੋ ਹੋਵੇ ਨੇਂਹੀ, ਦੂਜਾ ਨੇਂਹੁ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਤੇਈ ਅਵਤਾਰ ਕਹਿਣ ਅਸੀਂ ਦੱਸੀਏ ਤੀਨ ਲੋਕ ਤੋਂ ਬਾਹਰ, ਤ੍ਰੈਗੁਣ ਸੰਗ ਨਾ ਕੋਇ ਰਖਾਈਆ । ਸਾਹਿਬ ਸਵਾਮੀ ਜੋਤੀ ਜਾਤਾ ਇਕੋ ਜ਼ਾਹਰ, ਜ਼ਾਹਰ ਜ਼ਹੂਰ ਡਗਮਗਾਈਆ । ਜਿਸ ਦੀ ਸਿਫ਼ਤ ਵਡਿਆਈ ਨਾਮ ਕਲਮੇ ਗਾ ਨਾ ਸਕੇ ਅਵਤਾਰ ਪੈਗ਼ੰਬਰ ਗੁਰ ਸ਼ਾਇਰ, ਸ਼ਾਇਰ ਸ਼ਰਅ ਵਿਚ ਨਾ ਕੋਇ ਬਦਲਾਈਆ । ਜੋ ਖ਼ਸਮ ਖ਼ਸਮਾਨਾ ਸਭ ਦਾ ਨਾਇਰ, ਨਾਇਕ ਖ਼ਸਮ ਇਕ ਅਖਵਾਈਆ । ਜਿਸ ਦੇ ਕੋਲ ਚਾਰ ਜੁਗ ਦੇ ਲੇਖੇ ਸ਼ਬਦੀ ਧਾਰ ਦਾਇਰ, ਲੇਖ ਸਕੇ ਨਾ ਕੋਇ ਮਿਟਾਈਆ । ਉਹ ਜੁਗ ਚੌਕੜੀ ਖੇਲ ਕਰਨ ਵਿਚ ਦੋ ਜਹਾਨਾਂ ਆਪੇ ਮਾਹਿਰ, ਮਹਿਬੂਬ ਵਡ ਵਡਿਆਈਆ । ਜਿਸ ਦੀ ਆਸ਼ਾ ਵਿਚ ਸਾਰੇ ਮੰਗਦੇ ਖ਼ੈਰ, ਖ਼ਾਲੀ ਝੋਲੀਆਂ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤੇਈ ਪੋਹ ਕਹੇ ਮੈਂ ਸੁਣਿਆ ਹੁਕਮ ਵਿਚ ਤਰੇਤਾ, ਜੋ ਤੁਰੀਆ ਤੋਂ ਬਾਹਰ ਰਾਮ ਤ੍ਰੀਆ ਗਿਆ ਜਣਾਈਆ । ਮੇਰਾ ਰਾਮ ਸਭ ਦਾ ਇਕੋ ਨੇਤਾ, ਨੇਤਰਹੀਣ

ਵੇਖੇ ਜਗਤ ਲੋਕਾਈਆ । ਤੂੰ ਯਾਦ ਰਖੀਂ ਧੁਰਦਾ ਹੁਕਮ ਚੇਤਾ, ਚੇਤਨ ਦਿਆਂ ਕਰਾਈਆ । ਜਿਸ ਦੀ ਧਾਰ ਵਿਚ ਸਾਰੇ ਹੋਣੇ ਭੇਟਾ, ਆਪਣਾ ਆਪ ਵਿਚ ਸਮਾਈਆ । ਉਸ ਦਾ ਸਤਿਗੁਰ ਸ਼ਬਦ ਇਕਲੌਤਾ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸੋ ਕਲਜੁਗ ਅੰਤ ਸਤਿ ਸਚ ਨਾਲ ਕਰੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਓਹਦਾ ਪਾਵੇ ਕੋਇ ਨਾ ਭੇਤਾ, ਭੇਵ ਸਕੇ ਨਾ ਕੋਇ ਖੁਲਾਈਆ । ਜਿਸ ਦੇ ਪਿਆਰ ਵਿਚ ਅਰਜਨ ਨੇ ਸੀਸ ਪਵਾਉਣੀ ਰੇਤਾ, ਰਾਵੀ ਤਟ ਨਜ਼ਰੀ ਆਈਆ । ਗੋਬਿੰਦ ਸੁਤ ਦੁਲਾਰੇ ਕਰਨੇ ਖੇਤਾ, ਹੁਕਮ ਹੁਕਮ ਵਿਚ ਮਨਾਈਆ । ਉਸ ਦਾ ਵੇਸ ਹੋਵੇ ਅਨੇਕਾ, ਅਨਕ ਕਲਧਾਰੀ ਆਪਣੀ ਕਲ ਵਰਤਾਈਆ । ਉਹ ਫਿਰੇ ਦੇਸ ਪ੍ਰਦੇਸਾ, ਨਵ ਸੱਤ ਭੱਜੇ ਵਾਹੋ ਦਾਹੀਆ । ਵਿਸ਼ਨੂੰ ਤੱਕੇ ਉਤੇ ਬਾਸ਼ਕ ਸ਼ੇਸ਼ਾ, ਸੇਜਾ ਸੋਹਣੀ ਅੱਖ ਖੁਲਾਈਆ । ਸ਼ੰਕਰ ਵੇਖੇ ਨਾਲ ਗਣੇਸ਼ਾ, ਗਣਪਤ ਨਾਲ ਉਠਾਈਆ । ਬ੍ਰਹਮਾ ਕਹੇ ਰਹੇ ਹਮੇਸ਼ਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਉਸ ਦੇ ਹੱਥ ਲੇਖਾ, ਦੂਸਰ ਅਵਰ ਨਾ ਕੋਇ ਵਡਿਆਈਆ । ਜਿਸ ਨੇ ਦੀਨ ਮਜ਼੍ਹਬ ਨਾਮ ਕਲਮੇ ਦਾ ਸਾਨੂੰ ਦਿਤਾ ਠੇਕਾ, ਲੋਕਮਾਤ ਧਰਨੀ ਧਰਤ ਧਵਲ ਵੰਡ ਵੰਡਾਈਆ । ਅੰਤਮ ਉਸ ਦੇ ਹੋਣਾ ਪੇਸ਼ਾ, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਜੋ ਮਾਲਕ ਸਦਾ ਹਮੇਸ਼ਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਤੇਈ ਪੋਹ ਕਹੇ ਇਹ ਦਿਵਸ ਦਿਹਾੜਾ ਚੰਗਾ, ਪ੍ਰਭ ਚੰਗੇ ਦਿਤੀ ਵਡਿਆਈਆ । ਏਸੇ ਦਿਨ ਸ਼ੰਕਰ ਨੇ ਸੀਸ ਵਹਾਈ ਗੰਗਾ, ਗਹਿਰ ਗੰਭੀਰ ਭੇਵ ਖੁਲਾਈਆ । ਏਸੇ ਦਿਨ ਰਵਦਾਸ ਚਮਾਰੇ ਕੰਗਣ ਛੁਹਾਇਆ ਅੰਗਾ, ਆਪਣੇ ਚਰਨ ਲਗਾਈਆ । ਏਸੇ ਦਿਵਸ ਗੋਬਿੰਦ ਕਸਾਇਆ ਤੰਗਾ, ਨੀਲੇ ਅਸਵ ਪਾਖਰ ਜ਼ੀਨ ਸੁਹਾਈਆ । ਏਸੇ ਦਿਵਸ ਪੁਰਖ ਅਕਾਲ ਦੀਨ ਦਿਆਲ ਤੂੰ ਮੇਰਾ ਮੈਂ ਤੇਰਾ ਗਾਇਆ ਛੰਦਾ, ਸ਼ੇਰ ਸਿੰਘ ਸ਼ੇਰ ਪ੍ਰਭ ਰੂਪ ਰੂਪ ਬਦਲਾਈਆ । ਏਸੇ ਦਿਵਸ ਨਿਮਸਕਾਰ ਕਰੇ ਸੂਰੀਆ ਚੰਦਾ, ਮੰਡਲ ਮੰਡਪ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤੇਈ ਪੋਹ ਕਹੇ ਮੇਰੀ ਆਸ਼ਾ ਵਿਸ਼ਨੂੰ ਦੀ ਖੁਲ੍ਹੇ ਜੇਬ, ਭੰਡਾਰੀ ਇਕੋ ਮਿਹਰ ਨਾਲ ਮਿਲਾਈਆ । ਛੱਬੀ ਪੋਹ ਨੂੰ ਜੋ ਪਹਿਲੀ ਬਣੇ ਦੇਗ, ਜਗਤ ਆਪਣਾ ਰੰਗ ਰੰਗਾਈਆ । ਉਸ ਦੇ ਨਾਲ ਬੰਨ੍ਹੀ ਹੋਵੇਗੀ ਤੇਗ਼, ਜੋ ਤੇਗ਼ ਬਹਾਦਰ ਗਿਆ ਦ੍ਰਿੜਾਈਆ । ਜੋ ਗੋਬਿੰਦ ਸੰਦੇਸਾ ਗਿਆ ਭੇਜ, ਸ਼ਬਦ ਸ਼ਬਦੀ ਸ਼ਬਦ ਜਣਾਈਆ । ਜਿਸ ਦੀ ਧਾਰ ਹੋਵੇਗੀ ਤੇਜ਼, ਤਿੱਖੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਦੇਗ ਕਹੇ ਮੇਰੇ ਨਾਲ ਬੰਨ੍ਹਣੇ ਤੰਦ, ਸੱਤ ਸਤਿ ਨਾਲ ਵਡਿਆਈਆ । ਫੇਰ ਭੇਵ ਖੋਲਾਂ ਜੋ ਗੋਬਿੰਦ ਕਹਿ ਕੇ ਗਿਆ ਪੁਰੀ ਅਨੰਦ, ਅਨੰਦ ਅਨੰਦ ਨਾਲ ਜਣਾਈਆ । ਫੇਰ ਬਲ ਬਾਵਨ ਦੇ ਦੱਸਾਂ ਛੰਦ, ਖ਼ੁਸ਼ੀਆਂ ਢੋਲੇ ਗਾਈਆ । ਫੇਰ ਹਾਸੀ ਦੱਸਾਂ ਸੂਰੀਆ ਚੰਦ, ਕੀ ਮੰਡਲ ਮੰਡਪ ਰੰਗ ਰੰਗਾਈਆ । ਫਿਰ ਭਗਤਾਂ ਪਾਵਾਂ ਗੰਢ, ਨਾਤਾ ਭਗਵਨ ਨਾਲ ਜਣਾਈਆ । ਬਾਕੀ ਸਭ ਦਾ ਛਡਾਂ ਸੰਗ, ਕੂੜ ਕੁੜਿਆਰਾ ਨਜ਼ਰ ਕੋਇ ਨਾ ਆਈਆ । ਇਕੋ ਵਾਰ ਸਭ ਤੋਂ ਮੰਗਣੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤੋ ਤੁਹਾਡੇ ਕੋਲ ਨਹੀਂ ਭੁੱਖ ਨੰਗ, ਅਸਵਮੇਧ ਬੈਠਾ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਸਚਖੰਡ ਦਵਾਰਿਉਂ ਮਾਰ ਕੇ ਆਇਆ

੩੭੬
੨੩

ਪੰਧ, ਨਿਰਗੁਣ ਆਪਣਾ ਨੂਰ ਕਰ ਰੁਸ਼ਨਾਈਆ । ਜਿਸ ਦੀ ਯਾਦ ਵਿਚ ਸਤਿਜੁਗ ਤਰੇਤਾ ਦੁਆਪਰ ਗਿਆ ਲੰਘ, ਗੁਰ ਅਵਤਾਰ ਪੈਗ਼ੰਬਰ ਰਾਹ ਰਹੇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਦੇਗ ਕਹੇ ਮੈਂ ਸੋਹਣੀ ਸੋਹਣੀ ਸੋਹਣੀ ਹੋਵਾਂ ਵਿਚ ਲੰਗਰ, ਭਗਤ ਦਵਾਰ ਨੂੰ ਦਿਆਂ ਸੁਣਾਈਆ । ਜੇ ਭੀਲਣੀ ਤਾਰੀ ਰਾਮ ਚੰਦਰ, ਭੁੱਖਿਆਂ ਭੁੱਖ ਮਿਟਾਈਆ । ਹੁਣ ਮੇਰਾ ਸਾਹਿਬ ਸਵਾਮੀ ਗੁਰਮੁਖਾਂ ਵੜ ਜਾਏ ਅੰਦਰ, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਭਾਗ ਲਗਾਏ ਡੂੰਘੀ ਕੰਦਰ, ਕਾਇਆ ਗੜ੍ਹ ਸੁਹਾਈਆ । ਮਨੂਆ ਦਹਿ ਦਿਸ਼ਾ ਨਾ ਜਾਏ ਬੰਦਰ, ਸ਼ਬਦੀ ਡੋਰੀ ਨਾਲ ਬੰਧਾਈਆ । ਦੂਈ ਦਵੈਤੀ ਢਾਹੇ ਕੰਧਣ, ਭਾਂਡਾ ਭਰਮ ਭੰਨਾਈਆ । ਸਚ ਭੰਡਾਰਾ ਆਵੇ ਵੰਡਣ, ਆਪਣੀ ਹੱਥੀਂ ਦਏ ਵਰਤਾਈਆ । ਜੋ ਇਸ਼ਾਰਾ ਕੀਤਾ ਬਲ ਦੇ ਪਹਿਲੇ ਕਦਮ ਦਾ ਵਿਚ ਲੰਡਨ, ਸੋ ਲੇਖਾ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਲੰਗਰ ਕਹੇ ਮੈਂ ਹੋ ਗਿਆ ਤਿਆਰ, ਤ੍ਰੈਗੁਣ ਅਤੀਤੇ ਦਿਤੀ ਵਡਿਆਈਆ । ਮੈਂ ਜਨ ਭਗਤਾਂ ਕਰਾਂ ਸਤਿਕਾਰ, ਜਿਨ੍ਹਾਂ ਮੇਰੀ ਬਣਤ ਦਿਤੀ ਬਣਾਈਆ । ਜੋ ਦਿਵਸ ਰੈਣ ਮੇਰੇ ਮਦਦਗਾਰ, ਭੱਜਣ ਵਾਹੋ ਦਾਹੀਆ । ਜੱਟ ਕਿਰਸਾਣ ਜਿਨ੍ਹਾਂ ਨੂੰ ਜਗਤ ਕਹੇ ਗਵਾਰ, ਸੋ ਉੱਤਮ ਸ੍ਰੇਸ਼ਟ ਪ੍ਰਭ ਦਰ ਤੇ ਸੋਭਾ ਪਾਈਆ । ਲੰਗਰ ਕਹੇ ਮੈਂ ਸਭ ਨੂੰ ਕਰਨਾ ਖ਼ਬਰਦਾਰ, ਬੇਖ਼ਬਰਾਂ ਦੇਣਾ ਜਣਾਈਆ । ਛੱਬੀ ਪੋਹ ਨੂੰ ਕਹਿਣਾ ਪੁਕਾਰ, ਉਚੀ ਕੂਕ ਕੂਕ ਜਣਾਈਆ । ਜਿਸ ਮੇਰੇ ਵਿਚ ਬਹਿ ਕੇ ਲੰਗਰ ਛੱਕ ਕੇ ਪਰਮ ਪੁਰਖ ਜਾਣਾ ਵਿਸਾਰ, ਉਹ ਇਕੋ ਵਾਰ ਹੁਣੇ ਪੱਲੂ ਜਾਉ ਛੁਡਾਈਆ । ਜਿਨ੍ਹਾਂ ਰਸਨਾ ਲਾਉਣਾ ਮਦਿਰਾ ਮਾਸ ਫੇਰ ਕਰਨਾ ਆਹਾਰ, ਉਹ ਪੱਲੂ ਜਾਉ ਛੁਡਾਈਆ । ਜਿਨ੍ਹਾਂ ਚਾਹ ਨਾਲ ਕਰਨਾ ਪਿਆਰ, ਉਹ ਚਾਰੇ ਕੂਟ ਭੱਜੇ ਵਾਹੋ ਦਾਹੀਆ । ਮੈਂ ਭਗਤ ਸੁਹੇਲੇ ਕਰਨੇ ਹੋਰ ਤਿਆਰ, ਜੋ ਧਰਮ ਦੀ ਧਾਰ ਵਿਚ ਸਮਾਈਆ । ਸਚ ਦਾ ਹੁਕਮ ਤੇ ਸਚ ਹੋਵੇ ਸਿਕਦਾਰ, ਸਚ ਦੀ ਸਚ ਸੇਵ ਕਮਾਈਆ । ਜੋ ਹਰਿਭਗਤ ਹਰਿਜਨ ਹਰਿ ਰਹੇ ਦਵਾਰ, ਹਰਿ ਹਰਿ ਕਾ ਰੂਪ ਸਮਾਈਆ । ਸਾਚਾ ਲੇਖਾ ਦੱਸਾਂਗਾ ਆਪ ਜੋ ਸੰਦੇਸਾ ਦੇਵੇ ਧੁਰ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਅਸਵਮੇਧ ਯੱਗ ਦਾ ਭੰਡਾਰਾ ਹੋਏ ਅਪਾਰ, ਅਪਰੰਪਰ ਸਵਾਮੀ ਆਪ ਬਣਾਈਆ । ਪੰਜ ਵਾਰ ਪੂਰਨ ਸਿੰਘ ਦਾ ਤੁਲੇਗਾ ਭਾਰ, ਇਕ ਇਕ ਤੋਲ ਪੰਜਾਂ ਡੰਗਾਂ ਦੇ ਵਿਚ ਪਾਈਆ । ਅਗਲਾ ਲੇਖਾ ਦੱਸਣਾ ਸਤਿ ਦੀ ਧਾਰ, ਧਰਮ ਦਾ ਧਰਮ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਸਚ ਸਚ ਸਚ ਸਿਕਦਾਰ, ਸਿਕਦਾਰੀ ਇਕੋ ਇਕ ਜਣਾਈਆ ।



## ✪ ੨੬ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਲੰਗਰ ਦੀ ਚੱਠ ਸਮੇਂ ਸਵੇਰੇ ✪

ਛੱਬੀ ਪੋਹ ਕਹੇ ਮੈਂ ਜੋਬਨਵੰਤਾ, ਜਵਾਨੀ ਪ੍ਰਭ ਦੇ ਨਾਲ ਮਿਲਾਈਆ । ਜਿਸ ਧਰਮ ਧਾਰ ਮੇਰੀ ਬਣਾਈ ਬਣਤਾ, ਘੜਨ ਭੰਨਣਹਾਰ ਦਇਆ ਕਮਾਈਆ । ਨਾਤਾ ਤੋੜ ਕੇ ਕੂੜੀ ਜਨਤਾ, ਭੇਖ ਪਖੰਡਾ ਸੰਗ ਨਾ ਕੋਇ ਰਖਾਈਆ । ਲੇਖਾ ਪੂਰਾ ਕਰੇ ਬਲ ਬਾਵਨ ਵਾਲੇ ਅੰਨ ਦਾ, ਅਨਕ

ਕਲ ਧਾਰੀ ਆਪਣੀ ਕਲ ਵਰਤਾਈਆ । ਮੁਖ ਬੋਲ ਪੂਰਾ ਕਰੇ ਗੁਜਰੀ ਦੇ ਚੰਨ ਦਾ, ਜਿਸ ਨੂੰ ਚੰਨ ਸਿਤਾਰ ਸੀਸ ਨਿਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਪਿਛਲਾ ਘੜਿਆ ਭੰਨਦਾ, ਅਗੇ ਆਪਣੀ ਬਣਤ ਬਣਾਈਆ । ਜੋ ਲੇਖਾ ਮੁਕਾਏ ਮਾਇਆ ਮਮਤਾ ਮੋਹ ਧਨ ਦਾ, ਸਤਿ ਸਤਿ ਸਤਿ ਨਾਲ ਰੰਗਾਈਆ । ਜੋ ਨਾਤਾ ਤੋੜੇ ਚੁਗ਼ਲੀ ਨਿੰਦਿਆ ਕੰਨ ਦਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਲੇਖਾ ਰਹਿਣ ਨਾ ਦੇਵੇ ਮਨਸਾ ਮਨ ਦਾ, ਸ਼ਬਦੀ ਧਾਰ ਸ਼ਬਦ ਸ਼ਨਵਾਈਆ । ਜਿਸ ਭੇਵ ਖੁਲਾਉਣਾ ਆਤਮ ਬ੍ਰਹਮ ਦਾ, ਪਾਰਬ੍ਰਹਮ ਪ੍ਰਭ ਪਰਦਾ ਲਾਹੀਆ । ਨਾਤਾ ਤੋੜਨਾ ਹਰਖ ਸੋਗ ਗ਼ਮ ਦਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਵਣਜਾਰਾ ਰਹਿਣਾ ਨਹੀਂ ਪਵਣ ਸਵਾਸੀ ਦਮ ਦਾ, ਇਕੋ ਸ਼ਬਦ ਸ਼ਬਦ ਧਾਰ ਸਮਾਈਆ । ਜਿਹੜਾ ਜਨਣੀ ਕੁੱਖ ਕਦੇ ਨਹੀਂ ਜੰਮਦਾ, ਜਨਮ ਮਰਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੇਰਾ ਧਰਮ ਧਾਰ ਦਾ ਸੁਹਾਇਆ ਮੰਦਰ, ਸੰਮਤ ਸ਼ਹਿਨਸ਼ਾਹੀ ਅੱਠ ਮਿਲੀ ਵਡਿਆਈਆ । ਭਗਤਾਂ ਦਾ ਭਗਤੀ ਦੀ ਧਾਰ ਵਿਚ ਬਣਿਆ ਲੰਗਰ, ਜਿਸ ਦਾ ਚਾਰ ਜੁਗ ਦੇ ਸ਼ਾਸਤਰ ਲੇਖਾ ਨਾ ਸਕਣ ਸਮਝਾਈਆ । ਜਿਸ ਵਿਚ ਗੋਬਿੰਦ ਦਾ ਭੰਡਾਰਾ ਰਖਿਆ ਅੰਦਰ, ਸੋ ਪੁਰਖ ਅਕਾਲ ਦੇ ਪੇਟੇ ਗਿਆ ਪਾਈਆ । ਜਿਸ ਨੂੰ ਲਾ ਸਕੇ ਨਾ ਕੋਈ ਤਾਲਾ ਜੰਦਰ, ਬੰਦੀਖ਼ਾਨੇ ਬੰਦ ਨਾ ਕੋਇ ਕਰਾਈਆ । ਉਸ ਨੂੰ ਖਾ ਸਕੇ ਨਾ ਕੋਈ ਮੂਰਖ ਮੂੜ੍ਹ ਬੰਦਰ, ਜਗਤ ਵਾਸਨਾ ਨਾ ਕੋਇ ਹਲਕਾਈਆ । ਜਿਸ ਭਾਗ ਲਗਾਉਣਾ ਡੂੰਘੀ ਕੰਦਰ, ਤਨ ਮਾਟੀ ਹੋਵੇ ਰੁਸ਼ਨਾਈਆ । ਜਿਸ ਦਾ ਸਤਿ ਪ੍ਰਸਾਦ ਲੈਣਾ ਵਿਸ਼ਨ ਬ੍ਰਹਮਾ ਸ਼ਿਵ ਰਾਮ ਚੰਦਰ, ਕਾਹਨ ਕਾਹਨ ਅਗੇ ਝੋਲੀ ਡਾਹੀਆ । ਉਹ ਪੁਰਖ ਅਕਾਲਾ ਦੀਨ ਦਿਆਲਾ ਖੇਲੇ ਖੇਲ ਵਿਚ ਬ੍ਰਹਿਮੰਡਣ, ਵਰਭੰਡਣ ਆਪਣੀ ਕਾਰ ਕਮਾਈਆ । ਸਚ ਦੀ ਵਸਤ ਸਤਿ ਆਇਆ ਵੰਡਣ, ਦਾਨੀ ਦਾਤਾ ਹੋ ਕੇ ਆਪ ਵਰਤਾਈਆ । ਜਿਸ ਗ਼ਰੀਬ ਨਿਮਾਣਿਆਂ ਲਾਇਆ ਅੰਗਣ, ਸ਼ਾਹ ਸੁਲਤਾਨਾਂ ਦਿਤਾ ਦੁਰਕਾਈਆ । ਕੋਝੇ ਕਮਲੇ ਨਿੰਮ ਵਾਸ ਮਹਿਕਾਏ ਚੰਦਨ, ਨਾਮ ਸੁਗੰਧੀ ਵਿਚ ਟਿਕਾਈਆ । ਗੁਰਮੁਖ ਸਾਰੇ ਛੋਟੇ ਬਾਲੇ ਦਵਾਬੇ ਵਾਲਿਆਂ ਦਾ ਛੋਟਾ ਕੰਗਣ, ਨਿੱਕੇ ਬੱਚਿਆਂ ਹੱਥ ਪਹਿਨਾਈਆ । ਇਕੋ ਵਾਰ ਸਾਰੇ ਮੰਗਣ, ਪ੍ਰਭ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਲੰਗਰ ਕਹੇ ਮੇਰੇ ਅੰਦਰ ਆ ਗਈ ਭਗਤੋ ਤੁਹਾਡੀ ਇਕ ਦੇਗ, ਜਿਸ ਦਾ ਭੰਡਾਰਾ ਨਿਖੁਟ ਕਦੇ ਨਾ ਜਾਈਆ । ਗੋਬਿੰਦ ਦੀ ਓਹ ਅਗੰਮੀ ਤੇਗ਼, ਜਿਸ ਦੀ ਧਾਰ ਸਮਝ ਕੋਇ ਨਾ ਆਈਆ । ਜੋ ਸ਼ਬਦੀ ਸ਼ਬਦ ਵਿਚੋਂ ਦਿਤੀ ਭੇਜ, ਬਿਨਾ ਭਜਨ ਬੰਦਗੀ ਹੱਥ ਫੜਾਈਆ । ਜਿਸ ਨੇ ਲੇਖਾ ਰਹਿਣ ਨਹੀਂ ਦੇਣਾ ਲੇਹਜ਼ ਫੇਹਜ਼, ਭੈ ਭਉ ਦੋਵੇਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਗ਼ ਕਹੇ ਮੈਂ ਰਲ ਗਈ ਨਾਲ ਦੇਗ ਪਿਆਰੀ, ਮੁਹੱਬਤ ਸਤਿਗੁਰ ਧਾਰ ਬਣਾਈਆ । ਮੇਰੀ ਗ਼ਰੀਬ ਨਿਮਾਣਿਆਂ ਨਾਲ ਲੱਗੀ ਯਾਰੀ, ਯਰਾਨੇ ਰਾਜ ਰਾਜਾਨਾਂ ਦਿਤੇ ਤੁੜਾਈਆ । ਸਤਿਜੁਗ ਸਤਿ ਦੀ ਬੰਨ੍ਹਣੀ ਧਾਰੀ, ਬਲ ਨਿਵ ਨਿਵ ਲਾਗੇ ਪਾਈਆ । ਬਾਵਨ ਵੇਖੇ ਬਿਨ ਨੈਣਾਂ ਨੈਣ ਉਘਾੜੀ, ਚਾਰੋਂ ਕੁੰਟ ਖੋਜ ਖੁਜਾਈਆ । ਹੈਰਾਨ ਹੋ ਕੇ ਕਹੇ ਕਿੱਥੋਂ ਆ ਗਈ ਗ਼ਰੀਬਾਂ ਦੀ ਵਾਰੀ, ਜੋ ਵਾਰਤਾ ਪਿਛਲੀ ਦਏ ਬਦਲਾਈਆ । ਜਿਹੜੇ ਬਣੇ ਚਾਰ ਜੁਗ ਦੇ ਭੰਡਾਰੀ, ਲੱਖ ਚੁਰਾਸੀ ਝੋਲੀਆਂ ਭਰਾਈਆ । ਅੱਜ ਆਉਣਗੇ ਭਗਤਾਂ

ਦੇ ਭਗਤ ਦਵਾਰੀ, ਪਾਂਧੀ ਪੰਧ ਮੁਕਾਈਆ । ਮੰਗਣਗੇ ਬਣ ਭਿਖਾਰੀ, ਜਨ ਭਗਤੋ ਭਿੱਛਿਆ ਦਿਉ ਵਰਤਾਈਆ । ਜਨ ਭਗਤ ਕਹਿਣਗੇ ਸਾਡਾ ਇਕੋ ਇਕ ਵਡ ਦਾਤਾਰੀ, ਦਇਆਵਾਨ ਅਖਵਾਈਆ । ਜੋ ਆਦਿ ਜੁਗਾਦਿ ਸਭ ਦੀ ਪਾਵੇ ਸਾਰੀ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪਣੇ ਹੱਥ ਰਖਾਈਆ । ਦੇਗ ਤੇਗ਼ ਕਹੇ ਮੇਰਾ ਧਰਮ ਦਾ ਫ਼ਤਿਹ ਡੰਕਾ, ਚਾਰ ਕੁੰਟ ਸ਼ਨਵਾਈਆ । ਮੈਂ ਮਾਣ ਦਵਾਉਣਾ ਇਕੋ ਰਾਓ ਰੰਕਾ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਇਕੋ ਸੁਹੰਜਣਾ ਹੋਏ ਬੰਕਾ, ਬੰਕ ਦਵਾਰੀ ਵੇਖ ਵਖਾਈਆ । ਮੈਂ ਝਗੜਾ ਰਹਿਣ ਨਹੀਂ ਦੇਣਾ ਕਾਇਆ ਮਾਟੀ ਤਨ ਕਾ, ਜ਼ਾਤ ਪਾਤ ਦਾ ਡੇਰਾ ਢਾਹੀਆ । ਭੰਡਾਰਾ ਇਕੋ ਵਰਤਣਾ ਅੰਨ ਕਾ, ਸਤਿਜੁਗ ਸਚ ਚਲੇ ਸਚ ਦੀ ਕਾਰ ਕਮਾਈਆ । ਭਰਮ ਭੁਲੇਖਾ ਰਹੇ ਨਾ ਜਨ ਕਾ, ਭਾਂਡਾ ਦੇਣਾ ਭੰਨਾਈਆ । ਲਹਿਣਾ ਪੂਰਾ ਹੋਇਆ ਕਲ ਕਾ, ਕਲਕਾਤੀ ਸੀਸ ਨਿਵਾਈਆ । ਇਹ ਖੇਲ ਪ੍ਰਭੂ ਦਾ ਛਲ ਕਾ, ਅਛਲ ਛਲ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਰਾਜੇ ਬਲ ਕਾ, ਬਾਵਨ ਭਗਵਨ ਹੋ ਕੇ ਆਪਣਾ ਲੇਖਾ ਪੂਰ ਕਰਾਈਆ । ਜਿਸ ਦਾ ਵਸੇਰਾ ਨਹੀਂ ਛੱਪਰ ਛੰਨ ਕਾ, ਬਿਨਾ ਮਹੱਲ ਅਟਲ ਸੋਭਾ ਪਾਈਆ । ਓਹ ਪਿਆਰਾ ਇਕੋ ਬ੍ਰਹਮ ਕਾ, ਪਾਰਬ੍ਰਹਮ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਦੇਗ ਤੇਗ਼ ਕਹੇ ਭਗਤੋ ਤੁਹਾਡਾ ਮਿਲਿਆ ਸਾਥ, ਕਲਜੁਗ ਅੰਤ ਮਿਲੀ ਵਡਿਆਈਆ । ਜੋ ਅਵਤਾਰ ਪੈਗ਼ੰਬਰ ਗਏ ਆਖ, ਸੁਖ਼ਨ ਸੰਦੇਸ਼ਾ ਮਾਤਲੋਕ ਸੁਣਾਈਆ । ਸੋ ਸਾਹਿਬ ਸਵਾਮੀ ਲਿਆ ਭਾਖ, ਸਭ ਦੀ ਭਾਖਿਆ ਆਪਣੇ ਵਿਚੋਂ ਕਢਾਈਆ । ਜਨ ਭਗਤਾਂ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਇਹ ਭੰਡਾਰਾ ਬਹੁਭਾਂਤ, ਜਿਸ ਦੀ ਗਣਤ ਨਾ ਕੋਇ ਗਿਣਾਈਆ । ਲੇਖਾ ਲਿਖਿਆ ਜਾਏਗਾ ਛੱਬੀ ਪੋਹ ਦੀ ਰਾਤ, ਰੁਤੜੀ ਆਪਣੇ ਰੰਗ ਰੰਗਾਈਆ । ਪ੍ਰਭ ਪ੍ਰੀਤਮ ਦੇਵੇਗਾ ਸਾਚੀ ਦਾਤ, ਵਸਤ ਅਨਮੁੱਲ ਵਰਤਾਈਆ । ਸਭ ਦਾ ਇਕੋ ਬਣੇਗਾ ਪਿਤ ਮਾਤ, ਭੰਡਾਰਾ ਇਕੋ ਇਕ ਸਮਝਾਈਆ । ਝਗੜਾ ਰਹਿਣ ਨਾ ਦੇਵੇ ਜ਼ਾਤ ਪਾਤ, ਪੂਰਨ ਗੋਬਿੰਦ ਗੋਬਿੰਦ ਪੂਰਨ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਤੇਗ਼ ਕਹੇ ਜਨ ਭਗਤੋ ਮੈਂ ਤੁਹਾਡੇ ਪਿਛੇ ਲੜ ਲੜ ਗਈ ਟੁੱਟ, ਓਏ ਟੁਟਿਓ ਗੰਢ ਪਵਾਈਆ । ਬਿਨਾ ਲੁਹਾਰ ਤਰਖਾਣ ਤੋਂ ਮੇਰੀ ਬਣ ਜਾਣੀ ਉਹ ਅਗੰਮੀ ਮੁੱਠ, ਜਿਹੜੀ ਬਿਨਾ ਸਤਿਗੁਰ ਸ਼ਬਦ ਤੋਂ ਹੱਥ ਨਾ ਕੋਇ ਉਠਾਈਆ । ਜਗਤ ਕੁੜਿਆਰ ਨੂੰ ਕਢਣਾ ਕੁੱਟ, ਨੌਂ ਖੰਡ ਪ੍ਰਿਥਮੀ ਵੇਖਾਂ ਥਾਉਂ ਥਾਈਆ । ਇਹ ਦੇਗ ਨਹੀਂ ਗੋਬਿੰਦ ਦੇ ਪਿਆਰ ਦੀ ਲੁੱਟ, ਜੋ ਭੁੱਖਿਓ ਤੁਹਾਨੂੰ ਰਿਹਾ ਵਰਤਾਈਆ । ਓ ਤੁਸੀਂ ਧਰਤੀ ਤੇ ਓਹ ਤੁਹਾਨੂੰ ਆਕਾਸ਼ਾਂ ਤੋਂ ਪਰੇ ਲੈ ਜਾਏ ਚੁੱਕ, ਜਿਥੇ ਗੋਦ ਚੁੱਕਣ ਵਾਲਾ ਮਾਤਾ ਪਿਤਾ ਨਜ਼ਰ ਕੋਇ ਨਾ ਆਈਆ । ਓਏ ਅਜੇ ਤੇ ਤੁਹਾਡਾ ਲੇਖਾ ਸ਼ੁਰੂ ਹੋਣਾ ਤੇ ਤੁਸੀਂ ਕਹਿੰਦੇ ਪੈਂਡਾ ਰਿਹਾ ਮੁਕ, ਸਤਿਗੁਰ ਦਾ ਪੰਧ ਮੁਕਣ ਵਿਚ ਕਦੇ ਨਾ ਆਈਆ । ਅਜੇ ਤੇ ਤੁਸਾਂ ਸਾਰਿਆਂ ਤੇ ਬੜੀ ਤੰਗੀ ਤੇ ਕੱਟੀ ਭੁੱਖ, ਅਗੇ ਭੁੱਖਿਆਂ ਨੂੰ ਦਏ ਰਜਾਈਆ । ਦੇਗ ਕਹੇ ਤੇ ਕਹੇ ਤੇਗ਼ ਤੁਹਾਡੀ ਖ਼ੁਸ਼ੀ ਵਿਚ ਮੇਰਾ ਸੁਖ, ਸੁਖਨ ਗੋਬਿੰਦ ਪੂਰ ਕਰਾਈਆ । ਮੇਰਾ ਵੇਖ ਲਓ ਟੇਢਾ ਹੋ ਗਿਆ ਰੁਖ਼, ਰੁੱਖੀ ਸੁੱਖੀ ਖਾ ਕੇ ਆਪਣਾ ਝਟ ਲੰਘਾਈਆ । ਪਰ ਤੁਹਾਡੀ ਜਨਣੀ ਦੀ ਮਾਤਾ ਦੀ ਜ਼ਰੂਰ ਸੁਫਲ ਕਰਾਉਣੀ ਕੁੱਖ, ਸਚਖੰਡ

ਸਾਚੇ ਦੇਣੀ ਵਡਿਆਈਆ । ਇਹ ਭੰਡਾਰਾ ਇਹ ਯੱਗ ਇਹ ਅਸਵਮੇਧ ਇਹ ਸੋਹੰਦੀ ਤੁਕ, ਨੌ ਸੌ ਚੁਰਾਨਵੇਂ ਚੌਕੜੀ ਜੁਗ ਇਕੱਠੀ ਨਾ ਕਿਸੇ ਕਰਾਈਆ । ਅਵਤਾਰ ਪੈਗ਼ੰਬਰ ਗੁਰੂ ਜੋ ਹੁਕਮ ਸੰਦੇਸ਼ਾ ਦੇਣ ਉਹ ਵੀ ਰੁਕ ਰੁਕ, ਅੱਖਰਾਂ ਵਾਲਾ ਅੱਖਰੀ ਜਾਪ ਜਪਾਈਆ । ਜਦੋਂ ਆਵੇ ਤੇ ਸਤਿਗੁਰ ਸ਼ਬਦ ਆਵੇ ਤੇ ਨਿਹਕਲੰਕ ਪੁਰਖ ਅਕਾਲ ਦਾ ਪੁਤ, ਨਿਹਕਲੰਕ ਕਲੰਕ ਸਾਰੇ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਗ ਤੇਗ਼ ਜਨ ਭਗਤਾਂ ਨੂੰ ਦਾਤ ਵਿਚ ਦੇਵੇ ਤੇ ਭਗਤ ਭੰਡਾਰ ਦਾ ਭੰਡਾਰਾ ਕਦੇ ਨਾ ਜਾਏ ਨਿਖੁਟ, ਅਤੁਟ ਗੁਰਮੁਖਾਂ ਝੋਲੀ ਪਾਈਆ ।

### ✪ ੨੬ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਛੱਬੀ ਪੋਹ ਕਹੇ ਮੇਰਾ ਦਿਵਸ ਦਿਹਾੜਾ ਸੁਹੰਜਣਾ, ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਦਿਤੀ ਵਡਿਆਈਆ । ਕਿਰਪਾ ਕਰੇ ਦੀਨ ਦਿਆਲ ਦਰਦ ਦੁੱਖ ਭੈ ਭੰਜਨਾ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਜਿਸ ਦਾ ਦੀਪਕ ਜੋਤੀ ਇਕੋ ਜਗਣਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਕਰੇ ਰੁਸ਼ਨਾਈਆ । ਲੱਖ ਚੁਰਾਸੀ ਆਤਮ ਪਰਮਾਤਮ ਹੋਵੇ ਸੱਜਣਾ, ਤਨ ਵਜੂਦ ਨਾ ਵੰਡ ਵੰਡਾਈਆ । ਸ਼ਬਦੀ ਧਾਰ ਕਰਾਏ ਮਜਣਾ, ਅੰਤਰ ਨਿਰੰਤਰ ਦੁਰਮਤ ਮੈਲ ਧਵਾਈਆ । ਸਚ ਸਵਾਮੀ ਚਾੜ੍ਹੇ ਅਗੰਮੀ ਰੰਗਣਾ, ਸਤਿ ਸਤਿਵਾਦੀ ਆਪ ਰੰਗਾਈਆ । ਜਿਸ ਦਾ ਇਕੋ ਨਾਮ ਡੰਕਾ ਵਜਣਾ, ਕਲਮਾ ਕਾਇਨਾਤ ਰੁਸ਼ਨਾਈਆ । ਨੇਤਰ ਨਾਮ ਪਾਵੇ ਅੰਜਣਾ, ਅਗਿਆਨ ਅੰਧੇਰ ਮਿਟਾਈਆ । ਜਿਸ ਨੇ ਹੁਕਮ ਵਿਚ ਸਤਿਜੁਗ ਸਾਚਾ ਸੱਦਣਾ, ਕਲਜੁਗ ਪੰਧ ਮੁਕਾਈਆ । ਉਸ ਦਾ ਰੂਪ ਰੰਗ ਰੇਖ ਜਾਣੇ ਕੋਈ ਨਾ ਬਦਨਾ, ਜੋ ਬਦਲੀ ਕਰੇ ਥਾਉਂ ਥਾਈਂਆ । ਜਿਸ ਦੇ ਕੋਲ ਆਦਿ ਜੁਗਾਦੀ ਜੁਗ ਚੌਕੜੀ ਸਾਚਾ ਅਦਲਾ, ਇਨਸਾਫ਼ ਹਕੋ ਹਕ ਸਮਝਾਈਆ । ਜਿਸ ਨੂੰ ਲਭਦੇ ਕੋਟਨ ਕੋਟੀ ਅਸੰਖ ਅਸੰਖਾ ਪਦਮ ਪਦਮਾ, ਨਵ ਸੱਤ ਭੱਜਣ ਵਾਹੋ ਦਾਹੀਆ । ਸੋ ਸਵਾਮੀ ਅੰਤਰਜਾਮੀ ਗ਼ਰੀਬ ਨਿਮਾਣਿਆਂ ਲਾਏ ਆਪਣੇ ਅੰਗਣਾ, ਅੰਗੀਕਾਰ ਆਪ ਅਖਵਾਈਆ । ਸਤਿ ਸਚ ਪਹਿਨਾਏ ਕੰਗਣਾ, ਦੀਨ ਮਜ਼੍ਹਬ ਵੰਡ ਨਾ ਕੋਇ ਰਖਾਈਆ । ਜਿਸ ਦੇ ਕੋਲੋਂ ਸਭ ਨੇ ਮੰਗਣਾ, ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਾਰੇ ਝੋਲੀਆਂ ਡਾਹੀਆ । ਉਸ ਦਾ ਇਕੋ ਨਾਮ ਨਿਧਾਨਾ ਦੋ ਜਹਾਨਾਂ ਸਭ ਨੇ ਜਪਣਾ, ਅਜਪਾ ਜਾਪ ਪ੍ਰਗਟਾਈਆ । ਜੋ ਕਲਜੁਗ ਕੂੜੀ ਤ੍ਰੈਗੁਣ ਮੇਟੇ ਅਗਨਾ, ਮਮਤਾ ਮੋਹ ਹੰਕਾਰ ਵਿਭਚਾਰ ਗਵਾਈਆ । ਸੰਤ ਸੁਹੇਲਾ ਗੁਰਮੁਖ ਉਪਜਾਏ ਰਤਨਾ, ਅਮੋਲਕ ਹੀਰਾ ਆਪ ਪ੍ਰਗਟਾਈਆ । ਜਿਸ ਦੇ ਮਿਲਣ ਲਈ ਅਣਗਿਣਤ ਕਰਦੇ ਯਤਨਾ, ਯਥਾਰਥ ਭੇਵ ਕੋਇ ਨਾ ਆਈਆ । ਉਸ ਨੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕੋ ਮਾਰਗ ਦੱਸਣਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਵਸਣਾ, ਸਚ ਦਵਾਰੇ ਸੋਭਾ ਪਾਈਆ । ਜਿਸ ਇਕੋ ਰੰਗ ਰੰਗਾਉਣਾ ਆਅਲਾ ਅਦਨਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਮਮਤਾ ਮੋਹ ਵਿਕਾਰਾ ਕੱਟਣਾ, ਕਟਾਕਸ਼ ਇਕੋ ਹੁਕਮ ਸਮਝਾਈਆ । ਜਿਸ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜ਼ਿਮੀਂ ਅਸਮਾਨਾਂ ਟੱਪਣਾ, ਚੌਦਾ ਲੋਕ ਚੌਦਾਂ ਤਬਕ ਬਿਨ ਚਰਨਾਂ ਚਰਨਾਂ ਹੇਠ ਦਬਾਈਆ । ਓਹਦਾ ਹੁਕਮ

ਸੰਦੇਸ਼ਾ ਫ਼ਰਮਾਨ ਹੋਵੇ ਸੱਚਣਾ, ਸਚ ਸਚ ਨਾਲ ਪ੍ਰਗਟਾਈਆ । ਅੰਤਮ ਕਲ ਜਨ ਭਗਤਾਂ ਭਾਗ ਲਗਾਏ ਕਾਇਆ ਮਾਟੀ ਚੰਮਨਾ, ਕੰਚਨ ਗੜ੍ਹ ਸੁਹਾਈਆ । ਜਿਸ ਲੂੰ ਲੂੰ ਅੰਦਰ ਰਚਣਾ, ਰਚਨਾ ਵੇਖੇ ਥਾਉਂ ਥਾਈਆ । ਉਸ ਦੇ ਹੁਕਮ ਨਾਲ ਨੌਂ ਖੰਡ ਪ੍ਰਿਥਮੀ ਸੱਤ ਦੀਪ ਅਗਨੀ ਅੱਗ ਮੱਚਣਾ, ਸਾਂਤਕ ਸਤਿ ਨਾ ਕੋਇ ਕਰਾਈਆ । ਜਗਤ ਜਹਾਨ ਦੀਨ ਦੁਨੀ ਰਹੇ ਨਾ ਹੱਠਣਾ, ਧੀਰਜ ਧੀਰ ਨਾ ਕੋਇ ਧਰਾਈਆ । ਵਰਨਾਂ ਬਰਨਾਂ ਜਾਤਾਂ ਪਾਤਾਂ ਦੀਨਾਂ ਮਜ਼੍ਹਬਾਂ ਉਠ ਉਠ ਨੱਠਣਾ, ਅਵਤਾਰ ਪੈਗ਼ੰਬਰ ਹੋਏ ਨਾ ਕੋਇ ਸਹਾਈਆ । ਕਲਜੁਗ ਡੌਰੂ ਵਾਹ ਕੇ ਜਗਤ ਦਵਾਰੇ ਨੱਚਣਾ, ਆਪਣਾ ਨਾਚ ਵਖਾਈਆ । ਜਿਸ ਦਾ ਲੇਖਾ ਵਿਸ਼ਨ ਬ੍ਰਹਮਾ ਸ਼ਿਵ ਤਕਣਾ, ਲਕਸ਼ਮੀ ਸੁਰਸਤੀ ਪਾਰਬਤੀ ਅੱਖ ਉਠਾਈਆ । ਸੀਤਾ ਰਾਮ ਵੇਖੇ ਘਟਣਾ, ਸ਼ਾਮ ਰਾਧੇ ਅੱਖ ਅੱਖ ਬਿਨਾ ਉਠਾਈਆ । ਦੁਰਗਾ ਭਵਿਖ ਦਾ ਵੇਖੇ ਵਾਕਣਾ, ਕਾਲੀ ਖੱਪਰ ਹੱਥ ਉਠਾਈਆ । ਚਿਤ੍ਰਗੁਪਤ ਹਿਸਾਬ ਦੱਸਣਾ, ਰਾਏ ਧਰਮ ਫੋਲ ਫੁਲਾਈਆ । ਚਾਰ ਕੁੰਟ ਪ੍ਰਭ ਦਾ ਖੇਲ ਅਗੰਮਾ ਅਗੰਮੀ ਹੋਵੇ ਰਚਨਾ, ਰਚਨਹਾਰਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਜਨ ਭਗਤੋ ਤੁਹਾਡਾ ਹੋਇਆ ਅਸਵਮੇਧ ਯੱਗ, ਜਗ ਸ਼ਾਹ ਸੁਲਤਾਨਾ ਮਿਲੀ ਨਾ ਕੋਇ ਵਡਿਆਈਆ । ਤੁਹਾਡਾ ਮੇਲਾ ਪ੍ਰਭੂ ਦੇ ਨਾਲ ਉਪਰ ਸ਼ਾਹ ਰਗ, ਨਵ ਦਵਾਰ ਦਾ ਡੇਰਾ ਢਾਹੀਆ । ਤੁਹਾਡੇ ਪ੍ਰੇਮ ਪਿਆਰ ਦੀ ਮੁਹੱਬਤ ਵਿਚ ਲੱਗੀ ਅੱਗ, ਅਗਨੀ ਕੂੜ ਗਵਾਈਆ । ਤੁਸੀਂ ਇਕੋ ਸਾਹਿਬ ਸਵਾਮੀ ਦੇ ਪਿਆਰ ਵਿਚ ਗਏ ਲੱਗ, ਜਿਥੇ ਲਗ ਮਾਤਰ ਦੀ ਲੋੜ ਰਹੇ ਨਾ ਰਾਈਆ । ਸ਼ਬਦ ਅਗੰਮੀ ਸੁਣਿਆ ਅਨਾਦੀ ਨਦ, ਜੋ ਧੁਨ ਆਤਮਕ



ਰਾਗ ਸੁਣਾਈਆ । ਤੁਹਾਡੇ ਕਾਇਆ ਮੰਦਰ ਗਿਆ ਵੱਜ, ਸਰਵਣਾਂ ਦੀ ਲੋੜ ਰਹੀ ਨਾ ਰਾਈਆ । ਘਰ ਸਵਾਮੀ ਪਿਆ ਲੱਭ, ਜੰਗਲ ਜੂਹ ਉਜਾੜ ਪਹਾੜ ਨਾ ਕੋਇ ਫਿਰਾਈਆ । ਤੁਹਾਡਾ ਲੇਖਾ ਮੁਕੇ ਹਭ, ਹਮ ਸਾਜਣ ਦਇਆ ਕਮਾਈਆ । ਚੁਰਾਸੀ ਵਿਚੋਂ ਲਏ ਕਢ, ਸੁਰਤ ਸ਼ਬਦ ਵਿਚ ਮਿਲਾਈਆ । ਲੇਖੇ ਲਾਵੇ ਤਿੰਨ ਸੌ ਸੱਠ ਹਾਡੀ ਹੱਡ, ਨਾੜ ਬਹੱਤਰ ਸੋਭਾ ਪਾਈਆ । ਵਿਸ਼ਵ ਦੀ ਧਾਰ ਬਣਾ ਕੇ ਯਦ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਆਤਮ ਰਹਿਣ ਨਾ ਦੇਵੇ ਅਲੱਗ, ਪਰਮਾਤਮ ਆਪਣਾ ਘਰ ਸੁਹਾਈਆ । ਈਸ਼ ਜੀਵ ਖੇਲ ਸੂਰਾ ਸਰਬਗ, ਹਰਿ ਕਰਤਾ ਵੇਖ ਵਖਾਈਆ । ਜਗਤ ਜਹਾਨ ਦੀ ਮੰਜ਼ਲ ਜਾਣਾ ਲੰਘ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਤੁਹਾਡੀ ਆਤਮ ਸੇਜਾ ਸਚ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਬਿਨਾ ਰਸਨਾ ਜਿਹਵਾ ਤੂੰ ਮੇਰਾ ਮੈਂ ਤੇਰਾ ਗਾਉਣਾ ਇਕੋ ਛੰਦ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਪ੍ਰਕਾਸ਼ ਦਿਸੇ ਨਾ ਸੂਰੀਆ ਚੰਦ, ਜੋਤੀ ਜੋਤ ਨੂਰ ਰੁਸ਼ਨਾਈਆ । ਗ੍ਰਹਿ ਮੰਦਰ ਸਚ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੁਹਾਡਾ ਖ਼ੁਸ਼ੀ ਬੰਦ ਬੰਦ, ਬੰਦਗੀ ਪ੍ਰਭ ਆਪਣੇ ਲੇਖੇ ਲਾਈਆ । ਆਵਣ ਜਾਵਣ ਮੁਕੇ ਪੰਧ, ਜੂਨੀ ਜੂਨ ਨਾ ਕੋਇ ਭਵਾਈਆ । ਹਰਿਜਨ ਨੇਤਰਹੀਣ ਰਹੇ ਕੋਇ ਨਾ ਅੰਧ, ਨਿਜ ਲੋਚਨ ਨੈਣ ਨੈਣ ਰੁਸ਼ਨਾਈਆ । ਸਭ ਦੀ ਟੁੱਟੀ ਲਏ ਗੰਢ, ਜਨਮ ਜਨਮ ਦੇ ਵਿਛੜੇ ਮੇਲ ਮਿਲਾਈਆ । ਭਗਤ ਦਵਾਰੇ ਭਗਤਾਂ ਪਾਵੇ ਠੰਡ, ਅਗਨੀ ਅੱਗ ਨਾ ਕੋਇ ਜਲਾਈਆ । ਭਾਂਡਾ ਭਰਮ ਢਾਹੇ ਕੰਧ, ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਲੇਖਾ ਜਾਣੇ ਸਚ ਪ੍ਰੇਮ ਦਾ ਕੱਚਾ ਤੰਦ, ਭੀਲਨੀ ਰਾਮਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨੱਚਾਂ, ਦੋ ਜਹਾਨਾਂ ਨਾਚ ਵਖਾਈਆ । ਪੁਰਖ ਅਕਾਲ ਦਾ ਸ਼ਬਦ ਸੰਦੇਸਾ ਸੁਣਾਂ ਸੱਚਾ, ਜੋ ਸਚ ਸੁੱਚ ਸੰਜਮ ਰਿਹਾ ਦ੍ਰਿੜਾਈਆ । ਮੇਰਾ ਲੇਖਾ ਰਹੇ ਨਾ ਕੱਚਾ, ਕੰਚਨ ਗੜ੍ਹ ਸੁਹਾਈਆ । ਜੋ ਆਸਾ ਕੀਤੀ ਮੁਹੰਮਦ ਮਦੀਨਾ ਮੱਕਾ, ਕਾਅਬਿਆਂ ਅੱਖ ਖੁਲਾਈਆ । ਜੋ ਇਸ਼ਾਰਾ ਕੀਤਾ ਗੋਬਿੰਦ ਜਿਸ ਵੇਲੇ ਫ਼ਤਿਹ ਵਜਾਇਆ ਡੰਕਾ, ਹੁਕਮ ਇਕੋ ਸੁਣਿਆ ਚਾਈਂ ਚਾਈਂਆ । ਜੋ ਆਸਾ ਰਖੀ ਭਗਤ ਸੁਹੇਲੇ ਜਨਕਾ, ਜਨ ਆਪਣਾ ਭੇਵ ਮਿਟਾਈਆ । ਜੋ ਲਹਿਣਾ ਦੇਣਾ ਬਾਵਨ ਦਵਾਰੇ ਬਲ ਦਾ, ਬਲ ਬਾਵਨ ਭੇਵ ਖੁਲਾਈਆ । ਉਹ ਲੇਖਾ ਅੰਤਮ ਕਲਜੁਗ ਕਲ ਦਾ, ਅਕਲ ਕਲਧਾਰੀ ਆਪਣਾ ਹੁਕਮ ਸਮਝਾਈਆ । ਜਿਸ ਦਾ ਖੇਲ ਵਲ ਛਲ ਕਾ, ਅਛਲ ਛਲਧਾਰੀ ਧੁਰਦਰਗਾਹੀਆ । ਜੋ ਮਾਲਕ ਮਹੱਲ ਅਟਲ ਕਾ, ਸਚਖੰਡ ਸਾਚੇ ਸੋਭਾ ਪਾਈਆ । ਜੋ ਖਿਲਾੜੀ ਜਲ ਥਲ ਕਾ, ਮਹੀਅਲ ਸੋਭਾ ਪਾਈਆ । ਜੋ ਲੇਖਾ ਜਾਣੇ ਚੁਰਾਸੀ ਲੱਖ ਦਲ ਕਾ, ਚਾਰੇ ਖਾਣੀ ਚਾਰੇ ਬਾਣੀ ਵੇਖ ਵਖਾਈਆ । ਉਸ ਦਾ ਆਪਣਾ ਮਸਲਾ ਆਪਣੇ ਹੱਲ ਦਾ, ਦੂਸਰ ਸਮਝ ਨਾ ਕੋਇ ਸਮਝਾਈਆ । ਜਿਸ ਦਾ ਭਾਣਾ ਕਦੇ ਨਾ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਅਵਤਾਰ ਪੈਗ਼ੰਬਰ ਗੁਰੂ ਅਗੇ ਹੋ ਕੋਇ ਨਾ ਠੱਲਦਾ, ਹੁਕਮੇ ਅੰਦਰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਆਪਣਾ ਭੇਵ ਚੁਕਾਈਆ । ਛੱਬੀ ਪੋਹ ਕਹੇ ਮੈਂ ਖ਼ੁਸ਼ੀਆਂ ਨਾਲ ਆਇਆ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਪਣਾ ਪੰਧ ਮੁਕਾਈਆ । ਮੈਂ ਖੇਲ ਤੱਕਿਆ ਜੋ ਆਦਿ ਜੁਗਾਦੀ ਦਾਈ ਦਾਇਆ, ਦੀਦਾ ਦਾਨਿਸਤਾ ਨਜ਼ਰੀ ਆਈਆ । ਜਿਸ ਨੇ ਸ਼ਬਦੀ ਧਾਰ ਸ਼ਬਦ ਉਪਜਾਇਆ, ਵਿਸ਼ਨ ਬ੍ਰਹਮਾ ਸ਼ਿਵ ਖੇਲ ਖਿਲਾਈਆ । ਜਿਸ ਤ੍ਰੈਗੁਣ ਮਾਇਆ ਰਚਨ ਰਚਾਇਆ, ਪੰਜਾਂ ਤਤਾਂ ਰੰਗ ਰੰਗਾਈਆ । ਜੋ ਜੂਨ ਅਜੂਨੀ ਵੰਡ ਵੰਡਾਇਆ, ਲੱਖ ਚੁਰਾਸੀ ਸੋਭਾ ਪਾਈਆ । ਜੋ ਜਲਵਾਗਰ ਨੂਰ ਰੁਸ਼ਨਾਇਆ, ਨੂਰ ਨੁਰਾਨਾ ਡਗਮਗਾਈਆ । ਜੋ ਸ਼ਬਦੀ ਸ਼ਬਦ ਸ਼ਬਦ ਦ੍ਰਿੜਾਇਆ, ਦ੍ਰਿੜ ਆਪਣਾ ਆਪ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬੇਪ੍ਰਵਾਹਿਆ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਦਾ ਲੇਖਾ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਭਵਿਖਤਾਂ ਦੇ ਵਿਚ ਗਾਇਆ, ਪੇਸ਼ੀਨਗੋਈਆਂ ਗਏ ਸੁਣਾਈਆ । ਓਹ ਨਿਰਗੁਣ ਨੂਰ ਕਰੇ ਰੁਸ਼ਨਾਇਆ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜਾਤਾ ਆਪੇ ਡਗਮਗਾਇਆ, ਤੇਲ ਬਾਤੀ ਨਾ ਕੋਇ ਰਖਾਈਆ । ਆਪਣਾ ਮੰਦਰ ਆਪ ਸੁਹਾਇਆ, ਸੰਬਲ ਸਾਢੇ ਤਿੰਨ ਹੱਥ ਵੱਜੀ ਵਧਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਿਛਲਾ ਵੇਖ ਵਖਾਇਆ, ਕਲਜੁਗ ਭੁਲ ਰਹੇ ਨਾ ਰਾਈਆ । ਜੋ ਬਲ ਬਾਵਨ ਧਿਆਨ ਲਗਾਇਆ, ਦੋਏ ਕਦਮਾ ਧਰਨੀ ਧਰਤ ਧਵਲ ਆਪਣੀ ਵੰਡ ਵੰਡਾਈਆ । ਅੱਧਾ ਹਿੱਸਾ ਹੋਰ ਸਮਝਾਇਆ, ਜਿਸ ਦਾ ਭੇਵ ਜਾਣੇ ਕੋਇ ਨਾ ਰਾਈਆ । ਸੋ ਅਸਵਮੇਧ ਯੱਗ ਤੇਰਾਂ ਸੌ ਸਤਾਸੀ ਰਿਸ਼ੀਆਂ ਨਾਲ ਮਿਲ ਕੇ ਇਕੋ ਢੋਲਾ ਗਾਇਆ, ਇਕੋ ਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਸਵਮੇਧ ਕਹੇ ਮੈਂ ਵੇਖਾਂ ਛੱਬੀ ਪੋਹ, ਸੰਮਤ ਸ਼ਹਿਨਸ਼ਾਹੀ ਅੱਠ ਨਾਲ ਵੱਜੀ ਵਧਾਈਆ । ਜਨ ਭਗਤੋ ਤੁਸਾਂ ਸਮਝਿਆ ਜਗਤ ਦਾ ਝੂਠਾ ਮੋਹ, ਮੁਹੱਬਤ ਮਾਇਆ ਕੰਮ ਕਿਸੇ ਨਾ ਆਈਆ । ਤੁਸੀਂ ਆਤਮ ਪਰਮਾਤਮ ਦੀ ਧਾਰ ਇਕ ਤਨ ਵਜੂਦ ਦੋ, ਅੰਤਰ ਨਿਰੰਤਰ ਵੱਖਰਾ ਨਜ਼ਰ ਕੋਇ ਨਾ ਆਈਆ । ਤੁਸੀਂ ਸਤਿ

ਸਰੂਪ ਸੋ, ਬ੍ਰਹਮ ਵੱਜੇ ਵਧਾਈਆ । ਤੁਹਾਡੇ ਅੰਤਰ ਨਿਰੰਤਰ ਨਿਜ ਲੋਚਨ ਨੇਤਰ ਦੀ ਅਗੰਮੀ ਲੋ, ਲੋਇਣ ਪ੍ਰਭ ਨੇ ਦਿਤਾ ਖੁਲਾਈਆ । ਸਤਿ ਨਾਲ ਸਤਿ ਬਣ ਕੇ ਜਾਓ ਛੋਹ, ਬਣ ਕੇ ਛੋਹਰੇ ਉਠੋ ਚਾਈਂ ਚਾਈਆ । ਪਿਆਰ ਵਿਚ ਜਨ ਭਗਤੋ ਭਗਤਾਂ ਨਾਲ ਕਰਿਓ ਨਾ ਕੋਇ ਧਰੋਹ, ਮੇਲ ਮਿਲਾਉਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੇਰੀ ਸਾਰੇ ਕਰਦੇ ਸਿਫ਼ਤ ਸਲਾਹ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਮੈਂ ਵੀ ਫਿਰਾਂ ਨਾਲ ਚਾਅ, ਚਾਉ ਘਨੇਰਾ ਇਕ ਦ੍ਰਿੜਾਈਆ । ਉੱਤਰ ਪੂਰਬ ਪੱਛਮ ਦੱਖਣ ਭੱਜਾ ਫਿਰਾਂ ਵਾਹੋ ਦਾਹ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੇਰਾ ਪਾਈਆ । ਸੰਦੇਸਾ ਦੇਵਾਂ ਇਕੋ ਗਾਡ ਅਲਾਹ ਇਕੋ ਹਕ ਖ਼ੁਦਾ, ਇਕੋ ਰਾਮ ਸੀਤਾ ਓਮ ਤਤ ਸਤਿ ਹਰੀ ਓਮ ਇਕੋ ਨੂਰ ਨਜ਼ਰੀ ਆਈਆ । ਜਿਸ ਦੇ ਅਗੇ ਸਾਰੇ ਕਰਨ ਦੁਆ, ਦੋਏ ਜੋੜ ਵਾਸਤਾ ਪਾਈਆ । ਉਸ ਦਾ ਸਭ ਦਾ ਸਾਂਝਾ ਇਕੋ ਰਾਹ, ਰਹਿਬਰ ਇਕੋ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਢੋਲਾ ਲੈਣਾ ਗਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਦੀਨ ਮਜ਼੍ਹਬ ਦਾ ਡੇਰਾ ਦੇਣਾ ਢਾਹ, ਢਈਆ ਗੋਬਿੰਦ ਵਾਲਾ ਦਏ ਗਵਾਹੀਆ । ਸਦੀ ਚੌਧਵੀਂ ਅੰਤ ਵਕਤ ਅਖ਼ੀਰੀ ਗਿਆ ਆ, ਪੰਧ ਮੁਕਿਆ ਵਾਹੋ ਦਾਹੀਆ । ਈਸਾ ਕਹੇ ਮੇਰਾ ਲੇਖਾ ਰਹੇ ਨਾ ਰਾ, ਮੇਰਾ ਬਾਪ ਆਪਣਾ ਆਪ ਫੇਰਾ ਪਾਈਆ । ਮੂਸਾ ਕਹੇ ਮੈਂ ਉਸ ਨੂੰ ਕਹਾਂ ਵਾਹ ਵਾਹ, ਜੋ ਵਾਹਿਦ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਥੱਲਿਉਂ ਕਹਿੰਦੀ ਕੀ ਧਰਤੀ, ਕੂਕ ਕੂਕ ਸੁਣਾਈਆ । ਮੈਂ ਚਾਰੋਂ ਕੁੰਟ ਡਰਦੀ, ਭੈ ਵਿਚ ਆਪਣਾ ਆਪ ਛੁਪਾਈਆ । ਦਰੋਹੀ ਦੁਹਾਈ ਕਿਸੇ ਨੂੰ ਖ਼ਬਰ ਨਹੀਂ ਆਪਣੇ ਘਰ ਦੀ, ਦਰ ਦਰਵਾਜ਼ਾ ਨਾ ਕੋਇ ਖੁਲਾਈਆ । ਜਿਧਰ ਵੇਖਾਂ ਉਧਰ ਨਾਮ ਕਲਮੇ ਵਾਲੀ ਦੁਨੀਆ ਲੜਦੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਲਾ ਮੇਟੇ ਨਾ ਕੋਇ ਚੋਟੀ ਜੜ ਦੀ, ਚੇਤਨ ਰੰਗ ਰੰਗਾਈਆ । ਧਰਨੀ ਕਹੇ ਮੇਰੇ ਉਤੇ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਸੜਦੀ, ਇਸ਼ਟੀ ਪੁਰਖ ਅਕਾਲਾ ਨੂਰ ਨਾ ਕੋਇ ਰੁਸ਼ਨਾਈਆ । ਸਾਚੀ ਮੰਜ਼ਲ ਜਗਤ ਫ਼ਕੀਰਾਂ ਮੂਲ ਨਾ ਲੱਭਦੀ, ਸੰਤ ਸਤਿ ਨਾ ਕੋਇ ਸਮਾਈਆ । ਜਿਹੜੀ ਦੁਨੀਆ ਅੱਖਰਾਂ ਨਾਮ ਰਸਨਾ ਜਿਹਵਾ ਪੜ੍ਹਦੀ, ਨਿਰਅੱਖਰ ਧਾਰ ਸਮਝ ਕਿਸੇ ਨਾ ਆਈਆ । ਧਰਨੀ ਕਹੇ ਮੈਨੂੰ ਯਾਦ ਕਥਾ ਕਹਾਨੀ ਬਲ ਦੀ, ਜੋ ਬਾਵਨ ਖੇਲ ਖਿਲਾਈਆ । ਉਸ ਦਾਸਤਾਨ ਸੁਣਾਈ ਮੈਨੂੰ ਕਲਜੁਗ ਕਲ ਦੀ, ਕੀ ਕਲ ਕਲਕੀ ਹੁਕਮ ਵਰਤਾਈਆ । ਜਿਸ ਵੇਲੇ ਤੋਟ ਹੋਵੇ ਜਲ ਅੰਨ ਦੀ, ਸ਼ਾਹ ਸੁਲਤਾਨ ਮੰਗਣ ਥਾਉਂ ਥਾਈਆ । ਸ੍ਰਿਸ਼ਟੀ ਲੋਭੀ ਹੋਵੇ ਧਨ ਦੀ, ਮਾਇਆ ਮਮਤਾ ਵਿਚ ਹਲਕਾਈਆ । ਕਿਸੇ ਨੂੰ ਖ਼ਬਰ ਨਹੀਂ ਹੋਣੀ ਪਲ ਦੀ, ਪਲਕਾਂ ਪਿਛੇ ਮਿਲੇ ਨਾ ਧੁਰ ਦਾ ਮਾਹੀਆ । ਸ੍ਰਿਸ਼ਟੀ ਵਣਜਾਰੀ ਹੋਣੀ ਕਾਇਆ ਮਾਟੀ ਖੱਲ ਦੀ, ਖ਼ਾਲਕ ਖ਼ਲਕ ਮਿਲਣ ਕੋਇ ਨਾ ਪਾਈਆ । ਹਉਮੇ ਹੰਗਤਾ ਸਭ ਨੂੰ ਹੋਵੇ ਸੱਲ ਦੀ, ਸਲਲ ਰੰਗ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਬਾਵਨ ਮੇਰੇ ਉਤੇ ਗਿਆ ਤੁਠ, ਮਿਹਰ ਨਜ਼ਰ ਉਠਾਈਆ । ਆਪਣਾ ਰੂਪ ਧਰ ਕੇ ਗਿਠ ਤੇ ਮੁੱਠ, ਚਾਰ ਵੇਦਾਂ ਦੀ ਕਰੇ ਪੜ੍ਹਾਈਆ । ਨਾਲੇ ਇਸ਼ਾਰੇ ਵਿਚੋਂ ਇਸ਼ਾਰੇ ਰਿਹਾ ਸੁੱਟ, ਜਿਸ ਦੀ ਸਮਝ ਕੋਇ ਨਾ ਪਾਈਆ । ਨਾਲੇ ਦੁਹਾਈ ਦੇਵੇ ਧਰਮ ਦਵਾਰੇ

੩੮੩
੨੩

ਧਰਮ ਦੀ ਲੁੱਟ, ਲੁਟੇਰਾ ਨਜ਼ਰ ਕਿਸੇ ਨਾ ਆਈਆ । ਨਾਲੇ ਆਪਣਾ ਸੱਜਾ ਖੱਬਾ ਫੜ ਕੇ ਗੁਟ, ਹਲੂਣੇ ਨਾਲ ਹਿਲਾਈਆ । ਨਾਲੇ ਇਸ਼ਾਰੇ ਨਾਲ ਬਲ ਨੂੰ ਅੰਦਰੋਂ ਚੁੱਕ, ਬਿਨ ਹੱਥਾਂ ਹੱਥ ਟਿਕਾਈਆ । ਨਿਰਗੁਣ ਧਾਰ ਹੋ ਕੇ ਲਏ ਪੁਛ, ਰਸਨਾ ਜਿਹਵਾ ਨਾ ਕੋਇ ਸਮਝਾਈਆ । ਨੌ ਖੰਡ ਪ੍ਰਿਥਮੀ ਦਾਨੀਆਂ ਵਾਸਤੇ ਦਾਨ ਦਿਸੇ ਤੁਛ, ਦੀਪਾਂ ਦੀ ਲੋੜ ਰਹੇ ਨਾ ਰਾਈਆ । ਨਾਲੇ ਪੁੱਠੇ ਹੱਥ ਫੇਰੇ ਉਤੇ ਮੁੱਛ, ਬਾਵਨ ਹੰਸ ਮੁਖ ਆਪਣਾ ਹੁਕਮ ਵਰਤਾਈਆ । ਓਹ ਵੇਖੇ ਨੀਵੇਂ ਹੋ ਕੇ ਝੁਕ, ਤਰੇਤਾ ਦੁਆਪਰ ਪੰਧ ਮੁਕਾਈਆ । ਕਲਜੁਗ ਅੰਤਮ ਸਤਿ ਧਰਮ ਦਾ ਬੂਟਾ ਜਾਣਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਪਰਮਾਤਮ ਆਤਮ ਇਕ ਦੂਜੇ ਤੋਂ ਜਾਣੇ ਰੁਠ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਜਗਤ ਜਗਿਆਸੂਆਂ ਪ੍ਰਭੂ ਨੂੰ ਭੁਲਣਾ ਪਿਛੇ ਟੁੱਕ, ਟੁਕੜਾ ਸਤਿ ਦਾ ਹੱਥ ਕਿਸੇ ਨਾ ਆਈਆ । ਕਲਜੁਗ ਨੇ ਕੂੜਾ ਜਾਮ ਪਿਆਉਣਾ ਘੁਟ, ਅੰਮ੍ਰਿਤ ਰਸ ਦਾ ਮਜ਼ਾ ਨਿਜਰ ਝਿਰਨਿਉਂ ਬਾਹਰ ਕਢਾਈਆ । ਸਭ ਦੇ ਭਾਗ ਜਾਣੇ ਨਿਖੁਟ, ਭਾਗਹੀਣ ਦਿਸੇ ਲੋਕਾਈਆ । ਖੇਲ ਕਰੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਧੁਰਦਰਗਾਹੀਆ । ਜਿਸ ਦੀ ਸੁਹੰਜਣੀ ਹੋਣੀ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਜਨ ਭਗਤਾਂ ਦਾ ਭੰਡਾਰਾ ਵਰਤਾਵੇ ਅਤੁਟ, ਤੋਟ ਰਹੇ ਨਾ ਰਾਈਆ । ਆਪ ਖ਼ੁਸ਼ੀਆਂ ਵਿਚ ਹੋ ਕੇ ਖ਼ੁਸ਼, ਖ਼ੁਸ਼ਹਾਲੀ ਸਭ ਦੇ ਅੰਦਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹੱਸੀ, ਬਿਨ ਹੱਥਾਂ ਤਾਲੀ ਦਿਤੀ ਲਗਾਈਆ । ਬਾਵਨਾ ਪਰਮ ਪੁਰਖ ਦੀ ਧਾਰ ਆਪਣੀ ਖ਼ਬਰ ਅਗੰਮੀ ਦੱਸੀਂ, ਜਿਸ ਨੂੰ ਸ਼ਾਸਤਰ ਲਿਖਣ ਕੋਇ ਨਾ ਪਾਈਆ । ਪੱਲੂ ਛਡਾ ਨਾ ਮੇਰੇ ਕੋਲੋਂ ਨੱਸੀਂ, ਕਿਉਂ ਮੇਰੇ ਉਤੇ ਚਰਨ ਟਿਕਾਈਆ । ਕੀ ਲਹਿਣਾ ਦੇਣਾ ਚਾਰ ਲੱਖ ਅੱਸੀ, ਚੁਰਾਸੀ ਗੰਢ ਪਵਾਈਆ । ਕੀ ਰਚਨਾ ਸਾਹਿਬ ਨੇ ਰਚੀ, ਰਚਨਹਾਰੇ ਦੇ ਭੇਵ ਖੁਲਾਈਆ । ਧਰਨੀ ਕਹੇ ਬਾਵਨ ਨੇ ਮੈਨੂੰ ਇਸ਼ਾਰਾ ਦਿਤਾ ਰਤੀ, ਬਿਨਾ ਸਮਝ ਤੋਂ ਸਮਝ ਦਿਤੀ ਸਮਝਾਈਆ । ਓਹ ਕਲਜੁਗ ਵੇਖ ਸ੍ਰਿਸ਼ਟੀ ਹੋਵੇ ਬਹੁਮਤੀ, ਮਨਮਤ ਘਰ ਘਰ ਡੇਰਾ ਲਾਈਆ । ਤੇਰੇ ਉਤੇ ਚਾਰੋਂ ਕੁੰਟ ਵਾਅ ਵਗਣੀ ਤੱਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਅਵਤਾਰ ਪੈਗ਼ੰਬਰ ਗੁਰੂਆਂ ਮਾਨਵ ਮਾਨਸ ਮਾਨੁਖਾਂ ਅੰਦਰ ਪਾਉਣੀ ਵੱਟੀ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਸਾਚੀ ਕਿਸੇ ਤੋਂ ਖਟੀ ਨਹੀਂ ਜਾਣੀ ਖਟੀ, ਖਟਕਾ ਦਿਸੇ ਸਰਬ ਲੋਕਾਈਆ । ਜਗਤ ਵਾਸਨਾ ਚਾਰੋਂ ਕੁੰਟ ਫਿਰੇ ਨੱਠੀ, ਭੱਜੇ ਵਾਹੋ ਦਾਹੀਆ । ਆਤਮ ਪਰਮਾਤਮ ਧਾਰ ਕਰਨੀ ਨਹੀਂ ਕਿਸੇ ਇਕੱਠੀ, ਇਕੋ ਰੰਗ ਦਏ ਰੰਗਾਈਆ ।, ਅੰਤਮ ਸਭ ਨੂੰ ਭਰਨੀ ਪੈਣੀ ਚੱਟੀ, ਅਗੇ ਹੋ ਨਾ ਕੋਇ ਛੁਡਾਈਆ । ਧਰਨੀ ਕਹੇ ਮੈਂ ਹੱਸ ਕੇ ਕਿਹਾ ਕੀ ਓਹ ਸਾਹਿਬ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੂੰ ਗਾਉਂਦੇ ਰਾਗ ਛੱਤੀ, ਛਤਰਧਾਰੀ ਸੀਸ ਨਿਵਾਈਆ । ਬਾਵਨ ਕਿਹਾ ਇਹ ਜਗਤ ਜਹਾਨ ਦੀ ਖੱਟੀ, ਵਣਜਾਰੇ ਕੂੜ ਨਜ਼ਰੀ ਆਈਆ । ਓਹ ਵੇਖ ਤਰੇਤਾ ਦੁਆਪਰ ਧਾਰ ਜਾਂਦੀ ਨੱਠੀ, ਆਪਣਾ ਪੰਧ ਮੁਕਾਈਆ । ਕਲਜੁਗ ਖੇਲ ਤੱਕ ਲੈ ਅੱਠ ਸੱਠੀ, ਤੀਰਥ ਤਟ ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਝਗੜਾ ਪੈਣਾ ਮੰਦਰ ਮਸਜਿਦ ਸ਼ਿਵਦਵਾਲੇ ਮਠੀ, ਚਰਚ ਗੁਰੂਦਵਾਰੇ ਰਹੇ ਕੁਰਲਾਈਆ । ਕਲਜੁਗ ਕੂੜ ਕੁੜਿਆਰੇ ਤਪਾਉਣੀ ਭੱਠੀ, ਭਠਿਆਲਾ ਹੋ ਕੇ ਅਗਨੀ ਡਾਹੀਆ । ਧਰਮ ਦਾ ਰਹੇ ਕੋਈ ਨਾ ਜਤੀ, ਸਤਿ ਵਿਚ ਨਾ ਕੋਇ ਸਮਾਈਆ । ਪ੍ਰੀਤ ਰਹੇ ਕਿਸੇ ਨਾ ਨੱਤੀ, ਪ੍ਰੇਮ ਰੰਗ ਨਾ ਕੋਇ ਰੰਗਾਈਆ । ਸਾਚਾ

ਦਾਨ ਦੇਵੇ ਕੋਇ ਨਾ ਹੱਥੀਂ, ਧਰਮ ਦੀ ਵੰਡ ਨਾ ਕੋਇ ਵੰਡਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਮਾਇਆ ਮੋਹ ਵਿਚ ਕਰਨ ਇਕੱਠੀ, ਮਮਤਾ ਨਾਲ ਮਿਲਾਈਆ । ਓਸ ਵੇਲੇ ਦੀ ਇਕ ਖ਼ਬਰ ਅਗੰਮੀ ਦੱਸੀ, ਦਹਿ ਦਿਸ਼ਾ ਅੱਖ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋ ਵਸੇ ਘਟ ਘਟੀ, ਹਰ ਘਟ ਰਿਹਾ ਸਮਾਈਆ । ਓਹ ਭਗਤ ਸੁਹੇਲਾ ਇਕ ਇਕੇਲਾ ਦੀਨ ਦਿਆਲ ਸਰਬ ਸਮਰਥੀ, ਅਗੰਮ ਅਥਾਹ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਮੇਰੇ ਹੋਏ ਵਡ ਵਡ ਭਾਗ, ਭਾਗਾਂ ਭਰੀ ਭਗਤੋ ਦਿਆਂ ਵਧਾਈਆ । ਤੁਸੀਂ ਸੋਏ ਗਏ ਜਾਗ, ਜਗਤ ਆਲਸ ਨਿੰਦਰਾ ਦੂਰ ਕਰਾਈਆ । ਹੰਸ ਬਣ ਗਏ ਕਾਗ, ਸੋਹੰ ਮਾਣਕ ਮੋਤੀ ਚੋਗ ਮੁਖ ਲਗਾਈਆ । ਜਨਮ ਜਨਮ ਦਾ ਮਿਟ ਗਿਆ ਦਾਗ਼, ਦੁਰਮਤ ਮੈਲ ਰਹੀ ਨਾ ਰਾਈਆ । ਤੁਹਾਡਾ ਆਤਮਾ ਪਰਮਾਤਮਾ ਦਾ ਬਣ ਗਿਆ ਸਮਾਜ, ਦੀਨ ਮਜ਼੍ਹਬ ਦਾ ਝਗੜਾ ਦਿਤਾ ਮੁਕਾਈਆ । ਨਵੀਂ ਸਾਜਣਾ ਦੇਣੀ ਸਾਜ, ਸਚ ਸਚ ਨਾਲ ਮਿਲਾਈਆ । ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਮੁਸਲਿਮ ਈਸਾਈ ਇਕੋ ਘਰ ਬੈਠੇ ਆਜ, ਦੂਜੀ ਵੰਡ ਨਾ ਕੋਇ ਵੰਡਾਈਆ । ਪੰਜਾਂ ਲਿਖਾਰੀਆਂ ਦੇ ਪਿਛੇ ਜਗਦੇ ਚਰਾਗ਼, ਜੋ ਚਰਾਗਾਹਾਂ ਵਿਚ ਕਰਨ ਰੁਸ਼ਨਾਈਆ । ਤੁਸੀਂ ਗ਼ਰੀਬ ਨਿਮਾਣੇ ਪ੍ਰਭ ਦਾ ਧਰਮ ਬਗ਼ੀਚਾ ਤੇ ਸਚ ਦਾ ਬਾਗ਼, ਬਾਗ਼ਬਾਂ ਧੁਰ ਦਾ ਮਾਲੀ ਇਕੋ ਨਜ਼ਰੀ ਆਈਆ । ਤੁਹਾਨੂੰ ਸਾਰੇ ਕਰਨ ਅਦਾਬ, ਨਿਵ ਨਿਵ ਸੀਸ ਝੁਕਾਈਆ । ਜਿਥੇ ਨਾ ਕੋਈ ਕਿਸੇ ਦਾ ਸਵਾਲ ਨਾ ਜਵਾਬ, ਜਵਾਬ ਤਲਬੀ ਵਿਚ ਸਾਰੇ ਸੀਸ ਝੁਕਾਈਆ । ਤੁਹਾਡਾ ਮਾਲਕ ਮਾਲਕ ਆਦਿ, ਜੋ ਮਧ ਅੰਤ ਆਪਣਾ ਖੇਲ ਖਿਲਾਈਆ । ਜੋ ਆਇਆ ਨੌ ਸੌ ਚੁਰਾਨਵੇਂ ਚੌਕੜੀ ਤੋਂ ਬਾਦ, ਪਿਛਲਾ ਪੰਧ ਮੁਕਾਈਆ । ਜਿਸ ਦੀ ਵਿਸ਼ਨੂੰ ਲਕਸ਼ਮੀ ਕਰਨ ਯਾਦ, ਉਠ ਕੇ ਸੀਸ ਨਿਵਾਈਆ । ਬ੍ਰਹਮਾ ਸੁਰਸਤੀ ਚਾਰੋਂ ਕੁੰਟ ਵਜਾਵਣ ਨਾਦ, ਤੇਰੀ ਧੁਨ ਬੇਪਰਵਾਹੀਆ । ਸ਼ੰਕਰ ਪਾਰਬਤੀ ਇਕ ਸਰਨਾਈ ਲਾਗ, ਦੂਜਾ ਰੂਪ ਨਾ ਕੋਇ ਸਰਨਾਈਆ । ਕੁਮੇਰ ਕਹੇ ਮੈਂ ਤੇਰਾ ਭੰਡਾਰੀ ਤੂੰ ਮੇਰਾ ਦਾਤਾਰੀ ਖੇਲ ਤੇਰਾ ਹੈ ਆਪ, ਦੋਏ ਜੋੜ ਸੀਸ ਝੁਕਾਈਆ । ਰਾਮ ਕਹੇ ਸੀਤਾ ਮੇਰਾ (ਰਾਮ) ਸ਼ਾਂਤ, ਆਤਮ ਪਰਮਾਤਮ ਸੀਤਾ ਰਾਮ ਨਜ਼ਰੀ ਆਈਆ । ਕ੍ਰਿਸ਼ਨ ਰਾਧਾ ਕਹੇ ਮੇਰੇ ਕਾਹਨ ਦੀ ਇਹੋ ਅਗੰਮੀ ਗਾਥ, ਸੁਰਤ ਸ਼ਬਦ ਮਿਲ ਕੇ ਵੱਜੇ ਵਧਾਈਆ । ਅਸ਼ਟਭੁਜ ਕਹੇ ਮੈਂ ਸ਼ੁਰੂ ਤੋਂ ਅਸੰਖਾ ਵਿਚੋਂ ਸੰਖ ਦੀ ਸੁਣਾਈ ਆਵਾਜ਼, ਸੁੰਭ ਨਸੁੰਭ ਵਰਗੇ ਦੈਂਤਾਂ ਦਿਤਾ ਘਾਈਆ । ਕਾਲਕਾ ਕਹੇ ਮੈਨੂੰ ਸਭ ਕੁਝ ਖਾ ਪੀ ਕੇ ਅਜੇ ਨਾ ਆਏ ਸਵਾਦ, ਮੇਰੀ ਤ੍ਰਿਸ਼ਨ ਨਾ ਕੋਇ ਬੁਝਾਈਆ । ਝਟ ਕਲਜੁਗ ਆਏ ਪਾਸ, ਤੜਾਗੀ ਲੱਕ ਉਤੇ ਰਖਾਈਆ । ਕਹੇ ਮੇਰੇ ਕੋਲ ਵੱਖਰੀ ਵੱਖਰੀ ਕਲਾਸ, ਏ ਬੀ ਸੀ ਡੀ ਚਾਰੇ ਖਾਣੀ ਰਿਹਾ ਸਮਝਾਈਆ । ਚਿਤ੍ਰਗੁਪਤ ਕਹੇ ਮੈਂ ਸਭ ਦਾ ਰਖਾਂ ਰਾਜ਼, ਹੁਕਮ ਸੰਦੇਸ਼ੇ ਦੇਵਾਂ ਚਾਈਂ ਚਾਈਂਆ । ਰਾਏ ਧਰਮ ਖੋਲ ਕੇ ਕਿਤਾਬ, ਲੇਖਾ ਮੰਗੇ ਥਾਉਂ ਥਾਈਂਆ । ਜਾਂ ਸਾਰਿਆਂ ਤੱਕਿਆ ਤੇ ਨੂਰੀ ਦਾ ਨੂਰੀ ਪਰਮਾਤਮਾ ਜਗਤ ਦਾ ਆਤਮਾ ਤੇ ਆਤਮਾ ਦੀ ਧਾਰ ਤੇ ਪ੍ਰਗਟ ਹੋਇਆ ਵਿਚ ਪੰਜਾਬ, ਪੰਜਾਂ ਤਤਾਂ ਦਾ ਮਾਲਕ ਪੰਚਮ ਸ਼ਬਦ ਦੀ ਧਾਰ ਇਕੋ ਨਜ਼ਰੀ ਆਈਆ । ਜਿਸ ਦਾ ਖੇਲ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਸ ਅੰਮ੍ਰਿਤ ਰਖਿਆ ਵਿਚ ਨਾਭ, ਜਸਨਾ ਜਿਹਵਾ ਬੱਤੀ ਦੰਦ ਨਾ ਕਦੇ ਛੁਹਾਈਆ । ਓਸ ਦਾ ਸਮਝੇ ਨਾ ਕੋਇ ਮਿਜਾਜ, ਤਬੀਅਤ ਤਬੀਬ ਨਾ ਕੋਇ ਦ੍ਰਿੜਾਈਆ । ਜਿਸ ਨੇ ਪੈਗ਼ੰਬਰਾਂ


੩੯੫
੨੩

ਪਿਆਇਆ ਆਬ, ਜੀਵਣ ਹਯਾਤੀ ਜ਼ਿੰਦਗੀ ਦਿਤੀ ਬਦਲਾਈਆ । ਅਵਤਾਰਾਂ ਦਿਤਾ ਖ਼ਤਾਬ, ਖ਼ਤ ਖ਼ਤੂਤ ਆਪਣੇ ਹੁਕਮ ਵਾਲੇ ਸੁਣਾਈਆ । ਗੁਰੂਆਂ ਸ਼ਬਦ ਸੰਦੇਸ਼ਾ ਦਿਤਾ ਆਪ, ਆਪਣਾ ਭੇਵ ਖੁਲਾਈਆ । ਸਭ ਨੂੰ ਦੱਸਿਆ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਚਾ ਜਾਪ, ਸੋਹੰ ਢੋਲਾ ਧੁਰ ਦਾ ਧੁਰਦਰਗਾਹੀਆ । ਜਿਸ ਦਾ ਭੇਖ ਅਵੱਲੜਾ ਖੇਲ ਖੇਲੇ ਜਿਉਂ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੇ ਬਾਹਰੋਂ ਸਾਰੇ ਤਕਦੇ ਤਨ ਵਜੂਦ ਪੰਜਾਂ ਤਤਾਂ ਵਾਲਾ ਜਾਟ, ਹੱਡ ਮਾਸ ਨਾੜੀ ਨਜ਼ਰੀ ਆਈਆ । ਜਿਸ ਦੇ ਅੰਤਰ ਨਿਰੰਤਰ ਇਕੋ ਜੋਤ ਨੂਰ ਪ੍ਰਕਾਸ਼, ਦੂਜਾ ਰੂਪ ਨਾ ਕੋਇ ਦਰਸਾਈਆ । ਜਿਸ ਨੇ ਭਗਤਾਂ ਨੂੰ ਭਗਤੀ ਦੇ ਵਿਚ ਕੀਤਾ ਯਾਦ, ਭਗਵਨ ਭਗਤੀ ਆਪਣਾ ਪ੍ਰੇਮ ਬਣਾਈਆ ਭਗਤ ਦਵਾਰਾ ਕਰ ਆਬਾਦ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਸਾਚੇ ਲੰਗਰ ਦੀ ਸਾਧਣਾ ਸਾਧ, ਸਤਿ ਸਚ ਦਿਤੀ ਵਡਿਆਈਆ । ਧਰਮ ਭੰਡਾਰਾ ਵਰਤਾਇਆ ਆਪ, ਆਪਣਾ ਭੇਵ ਚੁਕਾਈਆ । ਪਤਤ ਪਾਪੀਆਂ ਕਰ ਕੇ ਪਾਕ, ਪੁਨੀਤ ਆਪਣੇ ਰੰਗ ਰੰਗਾਈਆ । ਦੁਰਮਤ ਮੈਲ ਧੋ ਕੇ ਕਰੇ ਸਾਫ਼, ਕੂੜੀ ਕਿਰਿਆ ਡੇਰਾ ਢਾਹੀਆ । ਜਨਮ ਜਨਮ ਦੇ ਕਰਮ ਕਰਮ ਦੇ ਲੇਖੇ ਕਰੇ ਮੁਆਫ਼, ਸਿਰ ਆਪਣਾ ਹੱਥ ਰਖਾਈਆ । ਆਤਮ ਪਰਮਾਤਮ ਦੋਹਾਂ ਦਾ ਸਾਂਝਾ ਬਣੇ ਸਾਥ, ਸਗਲਾ ਸੰਗ ਰਖਾਈਆ । ਸਭ ਦੇ ਲਹਿਣੇ ਦੇਣੇ ਲੇਖੇ ਲਾਵੇ ਜੋ ਕਹਿ ਗਿਆ ਤ੍ਰੈਲੋਕੀ ਨਾਥ, ਰਘੁਨਾਥ ਹੁਕਮ ਸੁਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਜਿਸ ਦਾ ਦੱਸ ਕੇ ਗਏ ਇਤਹਾਸ, ਪੇਸ਼ੀਨਗੋਈਆਂ ਵੰਡ ਵੰਡਾਈਆ । ਨਾਨਕ ਗੋਬਿੰਦ ਜਿਸ ਦੀ ਰਖੀ ਆਸ, ਬਿਨ ਆਸਾ ਆਸ ਰਖਾਈਆ । ਜੋ ਅੰਤਮ ਕਲਜੁਗ ਖੇਲੇ ਖੇਲ ਤਮਾਸ਼, ਹਰਿ ਕਰਤਾ ਧੁਰਦਰਗਾਹੀਆ । ਜਿਸ ਸਦੀ ਚੌਧਵੀਂ ਕਰਨੀ ਨਾਸ, ਚੌਦਾਂ ਤਬਕ ਧਿਆਨ ਲਗਾਈਆ । ਓਸ ਦਾ ਇਕੋ ਨੂਰ ਜੋਤ ਪਰਕਾਸ਼, ਦੂਸਰ ਵੰਡ ਨਾ ਕੋਇ ਵੰਡਾਈਆ । ਜਿਸ ਦੀ ਤਨ ਵਜੂਦ ਵਾਲੀ ਅੰਤ ਹੋਣੀ ਨਹੀਂ ਮਾਟੀ ਲਾਸ਼, ਲਾਸ਼ਰੀਕ ਅਗੰਮ ਅਥਾਹੀਆ । ਜਿਸ ਮਕਬਰਿਆਂ ਵਿਚੋਂ ਪੈਗ਼ੰਬਰਾਂ ਦੀ ਕਰਨੀ ਤਲਾਸ਼, ਕਾਅਬਿਆਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਲਾਈਆ । ਛੱਬੀ ਪੋਹ ਕਹੇ ਮੈਂ ਇਕ ਸਾਹਿਬ ਨੂੰ ਝੁਕਾ, ਬਿਨਾ ਸੀਸ ਸੀਸ ਨਿਵਾਈਆ । ਜਿਸ ਦਾ ਭੇਵ ਰਹੇ ਨਾ ਲੁਕਾ, ਦੋ ਜਹਾਨਾਂ ਪਰਦਾ ਲਾਹੀਆ । ਜਿਸ ਦੀ ਨਾ ਦਾਹੜੀ ਨਾ ਮੁੱਛਾ, ਮੂੰਡ ਮੁੰਡਾਇਆ ਨਾ ਕੋਇ ਅਖਵਾਈਆ । ਓਹ ਖੇਲੇ ਖੇਲ ਲਖਣ ਦੀਪ ਨਾਲ ਕੁਛਾ, ਕੱਛ ਮੱਛ ਦਾ ਲਹਿਣਾ ਪੂਰ ਕਰਾਈਆ । ਜਿਸ ਨੇ ਚਾਰ ਜੁਗ ਦਾ ਨਿਰਗੁਣ ਸਰਗੁਣ ਧਾਰ ਤਕਣਾ ਜੁਸਾ, ਜਿਸਮ ਜਮੀਰ ਖੋਜ ਖੁਜਾਈਆ । ਕਲਜੁਗ ਪੈਂਡਾ ਵੇਖਣਾ ਪੁੱਜਾ, ਸਿਲ ਪੂਜਸ ਪਾਹਨ ਖੋਜ ਖੁਜਾਈਆ । ਆਪਣਾ ਭੇਵ ਰਖਣਾ ਗੁਝਾ, ਚਾਰ ਜੁਗ ਦੇ ਸ਼ਾਸਤਰਾਂ ਤੋਂ ਬਾਹਰ ਪੜ੍ਹਾਈਆ । ਜੋ ਆਪਣੇ ਹੁਕਮ ਵਿਚ ਹੋਵੇ ਰੁਝਾ, ਰੁਝੇਵਾਂ ਤੱਕੇ ਖ਼ਲਕ ਖ਼ੁਦਾਈਆ । ਜਿਸ ਦਾ ਆਤਮ ਪਰਮਾਤਮ ਪਰਮਾਤਮ ਆਤਮ ਇਕੋ ਮੁੱਦਾ, ਮੁੱਦਤਾਂ ਦੇ ਵਿਛੜੇ ਲਏ ਮਿਲਾਈਆ । ਅੱਜ ਭਾਗ ਲਗਾਏ ਉਤੇ ਬਸੁਧਾ, ਛੱਬੀ ਪੋਹ ਕਹੇ ਮੇਰੇ ਪ੍ਰੇਮ ਦੀ ਵੱਜੇ ਵਧਾਈਆ । ਜਿਸ ਦੇ ਹੁਕਮ ਵਿਚ ਚਾਰ ਕੁੰਟ ਹੋਵੇ ਯੁੱਧਾ, ਯੁਧਿਸ਼ਟਰ ਦੀ ਆਸ਼ਾ ਪੂਰ ਕਰਾਈਆ । ਜੋ ਪੁਠਿਆਂ ਹੱਥਾਂ ਨਾਲ ਲੇਖ ਲਿਖ ਕੇ ਗਿਆ ਬੁੱਧਾ, ਤੇਈਸਵਾਂ ਅਵਤਾਰ ਲੇਖ ਬਣਾਈਆ । ਜਿਸ ਵੇਲੇ ਸਦੀ ਚੌਧਵੀਂ ਅੰਤਮ ਵੇਲਾ ਢੁਕਾ, ਨੂਰ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਸਚ ਸਵਾਮੀ ਹੋਵੇ ਉਘਾ, ਉਗਣ ਆਥਣ ਪਰਦਾ ਲਾਹੀਆ । ਜਿਸ ਦਾ ਦੀਪਕ ਕਦੇ ਨਾ ਬੁਝਾ, ਪੰਜਾਂ ਮੁਖੀਆਂ

ਵਾਲੇ ਦੀਪਕ ਦੇਣ ਗਵਾਹੀਆ । ਜਿਸ ਦਾ ਆਦਿ ਅੰਤ ਤੋਂ ਇਕੋ ਹੁੱਦਾ, ਵੱਡਾ ਛੋਟਾ ਨਾ ਰੂਪ ਧਰਾਈਆ । ਜਿਸ ਦੀ ਆਦਤ ਸਤਿਜੁਗ ਤਰੇਤਾ ਦੁਆਪਰ ਉਲਟਾਉਣਾ ਕਲਜੁਗਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਓਹ ਮੇਰੇ ਉਤੇ ਹੁੰਦਾ ਕੀ ਖੇਲ ਅਨੋਖਾ, ਅਨੋਖਾ ਬਚਨ ਦਿਆਂ ਸੁਣਾਈਆ । ਗੁਰ ਚੇਲੇ ਇਕ ਦੂਜੇ ਨਾਲ ਕਰਦੇ ਧੋਖਾ, ਮੁਰੀਦ ਮੁਰਸ਼ਦ ਸੰਗ ਨਾ ਕੋਇ ਨਿਭਾਈਆ । ਜਗਤ ਸ਼ਾਸਤਰ ਅੱਖਰਾਂ ਵਾਲੇ ਪੜਦੇ ਪੋਥਾ, ਨਿਰਅੱਖਰ ਕਰੇ ਨਾ ਕੋਇ ਪੜ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਦੇਂਦੇ ਹੋਕਾ, ਧੁਨ ਆਤਮਕ ਸ਼ਬਦ ਨਾ ਕੋਇ ਸ਼ਨਵਾਈਆ । ਬਾਹਰ ਜਗਤ ਜਗਾਉਂਦੇ ਜੋਤਾ, ਘਰ ਨੂਰ ਨਾ ਕੋਇ ਰੁਸ਼ਨਾਈਆ । ਰੋਜ਼ ਦੀਨ ਦੁਨੀ ਦੀਆਂ ਤੱਕਦੇ ਮੌਤਾਂ, ਆਪਣਾ ਮਰਨ ਸਮਝ ਕਿਸੇ ਨਾ ਆਈਆ । ਬਿਨਾ ਭਗਤਾਂ ਤੋਂ ਜੋ ਗਿਆ ਸੋ ਔਤਾ, ਦਰਗਾਹ ਮਿਲੇ ਨਾ ਕੋਇ ਵਡਿਆਈਆ । ਮੇਰੇ ਉਤੇ ਗੋਬਿੰਦ ਦਾ ਪੂਰਾ ਹੋਇਆ ਢਈਏ ਵਾਲਾ ਢੌਂਕਾ, ਢਾਈ ਕਰਮਾ ਬਾਵਨ ਦੀਆਂ ਦੇਣ ਗਵਾਹੀਆ । ਮੇਰਾ ਵਕਤ ਸੁਹੰਜਣਾ ਮੇਰੇ ਅੰਤਰ ਆਵੇ ਸ਼ੌਕਾ, ਸ਼ੌਕੀਨ ਹੋ ਕੇ ਦਿਆਂ ਸੁਣਾਈਆ । ਮੇਰੇ ਮਹਿਬੂਬ ਮਾਹੀ ਦੀ ਅੰਤਮ ਇਕੋ ਹੋਵੇ ਨੌਕਾ, ਜੋ ਨੌਵਾਂ ਖੰਡਾਂ ਨੌਵਾਂ ਦਵਾਰਿਆਂ ਵਾਲਿਆਂ ਨੂੰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਛੱਬੀ ਪੋਹ ਕਹੇ ਉਹ ਵੇਖੋ ਨਾਰਦ ਆਇਆ ਭੱਜਾ, ਬੋਦੀ ਪ੍ਰੇਮ ਵਾਲੀ ਹਿਲਾਈਆ । ਅਗੇ ਕਢ ਕੇ ਪੈਰ ਸੱਜਾ, ਸਾਜਣ ਹੋ ਕੇ ਰਿਹਾ ਜਣਾਈਆ । ਜਨ ਭਗਤੋ ਮੈਨੂੰ ਦੇ ਦਿਓ ਜਗਹ, ਧਾਮ ਅਵੱਲੜੇ ਸੋਭਾ ਪਾਈਆ । ਮੈਂ ਵੀ ਹੁਕਮ ਦਾ ਆਇਆ ਬੱਧਾ, ਭੱਜਿਆ ਵਾਹੋ ਦਾਹੀਆ । ਮੇਰੇ ਅੰਦਰ ਨਹੀਂ ਕੋਈ ਲਬਾ, ਮੋਹ ਹੰਕਾਰ ਨਾ ਕੋਇ ਰਖਾਈਆ । ਮੈਨੂੰ ਇਉਂ ਦਿਸਿਆ ਭਗਤ ਭਗਵਾਨ ਦੀ ਲੱਗੀ ਸਭਾ, ਮਲੇਛਾਂ ਡੇਰਾ ਢਾਹੀਆ । ਜਿਥੇ ਇਕੋ ਅੰਮੀ ਤੇ ਇਕੋ ਅੱਬਾ, ਦੂਜੀ ਜਨਮ ਦੇਣ ਵਾਲੀ ਕੋਇ ਨਾ ਮਾਈਆ । ਜਿਥੇ ਨਾ ਕੋਈ ਵੰਡ ਤੇ ਨਾ ਕੋਈ ਹੱਦਾ, ਲਕੀਰ ਲਾਈਨ ਨਾ ਕੋਇ ਦਿਸਾਈਆ । ਨਾ ਕੋਈ ਕੁਲ ਤੇ ਨਾ ਕੋਈ ਯੱਦਾ, ਯਦਪ ਦਿਸੇ ਨੂਰ ਅਲਾਹੀਆ । ਇਕੋ ਨਾਮ ਇਕੋ ਕਲਮਾ ਤੇ ਇਕੋ ਸਦਾ, ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਭੱਜ ਭੱਜ ਕੇ ਆਇਆ ਨੱਠ, ਮੇਰੀ ਥਕਾਵਟ ਵਿਚ ਦੁਹਾਈਆ । ਮੈਂ ਦੱਸਣ ਆਇਆ ਜਨ ਭਗਤੋ ਪਰਮ ਪੁਰਖ ਨੇ ਉਲਟੀ ਗੇੜਨੀ ਲੱਠ, ਜਿਸ ਦਾ ਗੇੜ ਨਾ ਕੋਇ ਸਮਝਾਈਆ । ਓਹਦਾ ਹੁਕਮ ਸੰਦੇਸਾ ਵਰਤਣਾ ਝਟ, ਜਿਸ ਝਟਕੇ ਹਲਾਲੀ ਵਾਲਿਆਂ ਦੀ ਕਰਨੀ ਸਫ਼ਾਈਆ । ਇਕੋ ਨਾਮ ਸਭ ਨੇ ਲੈਣਾ ਰਟ, ਰੱਟਾ ਅਵਰ ਰਹੇ ਨਾ ਰਾਈਆ । ਇਕੋ ਸੰਦੇਸ਼ਾ ਦੇਣਾ ਇਕੋ ਖੋਲਣਾ ਹੱਟ, ਵਣਜਾਰਾ ਇਕੋ ਬਣੇ ਬੇਪਰਵਾਹੀਆ । ਇਕੋ ਘਾਟ ਕਿਨਾਰਾ ਹੋਵੇ ਤਟ, ਅੰਮ੍ਰਿਤ ਧਾਰ ਇਕ ਵਹਾਈਆ । ਇਕੋ ਲਹਿਰ ਦਾ ਹੋਵੇ ਰਸ, ਬਿਨਾ ਰਸਨਾ ਰਸ ਚਖਾਈਆ । ਜੋ ਨਿਰਗੁਣ ਧਾਰ ਨਿਰਗੁਣ ਕਰੇ ਵਸ, ਸਰਗੁਣ ਸਰਗੁਣ ਜੋੜ ਜੁੜਾਈਆ । ਮਾਰਗ ਰਸਤਿਆਂ ਵਿਚੋਂ ਦਏ ਦੱਸ, ਪਾਂਧੀ ਪੰਧ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਇਕੋ ਜਸ, ਸਿਫ਼ਤੀ ਢੋਲੇ ਸੋਹਲੇ ਗਾਈਆ । ਇਹ ਖੇਲ ਕਰੇ ਅਲਖਣਾ ਅਲਖ, ਜਿਸ ਦਾ ਲੇਖ ਨਾ ਲਖਿਆ ਜਾਈਆ । ਓਹ ਜਿਧਰ ਤਕੋਗੇ ਓਧਰ ਹੋਵੇਗਾ ਪ੍ਰਤਖ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ ।

ਜਿਸ ਦਾ ਖੇਲ ਤੱਕਣ ਸੂਰੀਆ ਰਵ ਸਸ, ਮੰਡਲ ਮੰਡਪ ਧਿਆਨ ਲਗਾਈਆ । ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਝੁਕਣ ਨੱਸ ਨੱਸ, ਨੇੜੇ ਦੂਰ ਸੀਸ ਨਿਵਾਈਆ । ਓਹਦਾ ਸਿਫ਼ਤ ਸਲਾਹੀ ਸ਼ਬਦੀ ਹੋਵੇ ਜਸ, ਬਿਨ ਅੱਖਰਾਂ ਅੱਖਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਹੋ ਸਹਾਈਆ । ਨਾਰਦ ਕਹੇ ਮੈਂ ਫਿਰਾਂ ਕੰਬਦਾ, ਹਾਏ ਉਫ਼ ਮੇਰੀ ਦੁਹਾਈਆ । ਜਗਤ ਜਹਾਨ ਵੇਖਾਂ ਮੰਗਦਾ, ਖ਼ਾਲੀ ਝੋਲੀਆਂ ਸਾਰੇ ਡਾਹੀਆ । ਮੈਨੂੰ ਨਜ਼ਾਰਾ ਮਿਲਿਆ ਨਹੀਂ ਇਕ ਰੰਗ ਦਾ, ਜੋ ਰੰਗ ਪ੍ਰਭ ਦੇ ਵਿਚ ਸਮਾਈਆ । ਮੈਂ ਵੇਖਿਆ ਕਿਨਾਰਾ ਗੰਗ ਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਮੈਂ ਅਭਿਆਸ ਵੇਖਿਆ ਇਕ ਟੰਗ ਦਾ, ਜੋ ਬੈਠੇ ਆਸਨ ਲਾਈਆ । ਮੈਂ ਨਜ਼ਾਰਾ ਤੱਕਿਆ ਤਨ ਦਾ, ਜੋ ਮਾਟੀ ਖ਼ਾਕ ਰਮਾਈਆ । ਮੈਂ ਇਸ਼ਾਰਾ ਸੁਣਿਆ ਕੰਨ ਦਾ, ਜੋ ਜਗਤ ਸ਼ਾਸਤਰ ਰਹੇ ਜਣਾਈਆ । ਨਾਰਦ ਕਹੇ ਮੈਂ ਜਿਧਰ ਤੱਕਿਆ ਕਿਸੇ ਨੂੰ ਭੇਵ ਨਹੀਂ ਆਪਣੇ ਬ੍ਰਹਮ ਦਾ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਚੁਰਾਸੀ ਵਿਚ ਜੀਵ ਜੰਤ ਜੰਮਦਾ, ਜਨਮ ਮਰਨ ਤੋਂ ਬਾਹਰ ਨਾ ਕੋਇ ਕਢਾਈਆ । ਝਗੜਾ ਵੇਖਿਆ ਦੀਨ ਮਜ਼੍ਹਬ ਦੇ ਭਰਮ ਦਾ, ਜੋ ਉਚਾਂ ਨੀਚਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਪ੍ਰਭੂ ਮੈਂ ਵੇਖਣ ਆਇਆ ਤੇਰੇ ਭਗਤ, ਜਗਤ ਦਵਾਰ ਤਜਾਈਆ । ਜੋ ਤੇਰਾ ਨੂਰ ਤੇ ਮੇਰੀ ਬੂੰਦ ਰਕਤ, ਤਨ ਵਜੂਦ ਸੋਭਾ ਪਾਈਆ । ਜਿਨ੍ਹਾਂ ਦੀ ਅੱਜ ਮੈਂ ਇਕੋ ਵੇਖਣੀ ਸ਼ਰਤ, ਜੋ ਸ਼ਰਅ ਪਿਛਲੀ ਦੇਣ ਤਜਾਈਆ । ਜਿਨ੍ਹਾਂ ਨੇ ਆਪਣੇ ਘਰ ਮੁੜ ਕੇ ਜਾਣਾ ਪਰਤ, ਪਤਿਪਰਮੇਸ਼ਵਰ ਤੇਰੇ ਵਿਚ ਸਮਾਈਆ । ਉਨ੍ਹਾਂ ਦਾ ਲੇਖਾ ਮੁਕਣਾ ਉਤੇ ਧਰਤ, ਧਰਨੀ ਧਵਲ ਦਏ ਗਵਾਹੀਆ । ਮਾਨਸ ਜਨਮ ਦਾ ਬਕਾਇਆ ਰਹੇ ਨਾ ਕਰਜ਼, ਮਕਰੂਜ਼ ਹੋ ਕੇ ਦੇਣਾ ਚੁਕਾਈਆ । ਤੇਰੇ ਕੋਲ ਇਕੋ ਬੇਨੰਤੀ ਤੇ ਇਕੋ ਅਰਜ਼, ਆਰਜ਼ੂ ਇਕੋ ਦਿਤੀ ਜਣਾਈਆ । ਤੇਰਾ ਸਾਹਿਬ ਕੁਛ ਨਹੀਂ ਹੋਣਾ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ । ਬਿਨਾ ਭਗਤੀ ਤੋਂ ਭਗਤਾਂ ਦੇ ਨਾਮ ਰਾਏ ਧਰਮ ਤੋਂ ਪਰੇ ਕਰਦੇ ਦਰਜ, ਜਿਥੇ ਚਿਤ੍ਰਗੁਪਤ ਲੇਖ ਨਾ ਕੋਇ ਸਮਝਾਈਆ । ਉਨ੍ਹਾਂ ਨੂੰ ਲੋੜ ਨਾ ਰਹੇ ਮੰਦਰ ਮਸਜਿਦ ਗੁਰਦਵਾਰੇ ਚਰਚ, ਚਰਾਗਾਹਾਂ ਤੋਂ ਬਾਹਰ ਕਢਾਈਆ । ਪੁੱਠੀ ਜਨਮ ਮਰਨ ਦੀ ਸਿੱਧੀ ਕਰ ਦੇ ਨਰਦ, ਨਰਾਇਣ ਤੇਰੇ ਹੱਥ ਵਡਿਆਈਆ । ਛੁਰੀ ਕਸਾਈ ਬਣੇ ਨਾ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਅੰਦਰੋਂ ਅੰਧੇਰਾ ਕਢ ਦੇ ਗੁਬਾਰ ਗਰਦ, ਨੂਰ ਜੋਤ ਕਰ ਰੁਸ਼ਨਾਈਆ । ਜੇ ਤੁਠਾ ਏਂ ਤੇ ਗ਼ਰੀਬਾਂ ਨਾਲ ਵੰਡ ਦਰਦ, ਕੋੜ੍ਹਿਆਂ ਕਮਲਿਆਂ ਆਪਣੇ ਰੰਗ ਰੰਗਾਈਆ । ਜਿਨ੍ਹਾਂ ਨੂੰ ਤੇਰੇ ਮਿਲਣ ਦੀ ਮਰਜ਼, ਉਨ੍ਹਾਂ ਮਰੀਜਾਂ ਨੂੰ ਲੈ ਬਚਾਈਆ । ਜਿਨ੍ਹਾਂ ਦੇ ਪੱਲੇ ਨਹੀਂ ਕੋਈ ਨਾਮ ਦਾ ਖ਼ਰਚ, ਖ਼ਜ਼ਾਨਾ ਆਪਣਾ ਅਤੁਟ ਦੇ ਵਰਤਾਈਆ । ਜੇ ਤੂੰ ਸੂਰਬੀਰ ਮਰਦਾਨਾ ਮਰਦ, ਮਦਦ ਕਰ ਥਾਉਂ ਥਾਈਆ । ਤੇਰੇ ਕੋਲ ਕੇਹੜੀ ਤਲਵਾਰ ਤੇ ਕਿਹੜੀ ਖੜਗ, ਖੰਡਾ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇ ਸਾਹਿਬ ਦੇ ਵਡਿਆਈਆ । ਨਾਰਦ ਕਹੇ ਜਨ ਭਗਤੋ ਮੇਰੀ ਇਕੋ ਇਕ ਦਲੀਲ, ਦਲੀਲਾਂ ਵਾਲਿਓ ਦਿਆਂ ਜਣਾਈਆ । ਸਭ ਦਾ ਮਾਲਕ ਆਦਿ ਅੰਤ ਦਾ ਇਕੋ ਛਬੀਲਾ ਛੀਲ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦੇ ਦਰਬਾਰ ਵਿਚ ਕਦੇ ਨਹੀਂ ਹੁੰਦੀ ਅਪੀਲ, ਇਕੋ ਵਾਰ ਹੁਕਮ ਤੇ ਹੁਕਮ ਹੁਕਮ ਵਿਚੋਂ ਸੁਣਾਈਆ । ਜਿਸ


੩੮੮
੨੩

ਦੇ ਹੁਕਮ ਦੀ ਕੋਟਨ ਕੋਟ ਜੁਗਾਂ ਦੀ ਪੈ ਜਾਂਦੀ (ਤਾਤੀਲ), ਅਗੇ ਹੋ ਨਾ ਕੋਇ ਅਟਕਾਈਆ । ਓਥੇ ਨਾ ਕੋਈ ਸ਼ਰਅ ਤੇ ਨਾ ਕੋਈ ਸ਼ਰੀਅਤ ਦਾ ਵਕੀਲ, ਵੁਕਲੇ ਦੀ ਲੋੜ ਰਹੇ ਨਾ ਰਾਈਆ । ਨਾ ਕੋਈ ਮਲਕੀਅਤ ਤੇ ਨਾ ਮਾਲਕ ਜ਼ਮੀਨ, ਜ਼ਿਮੀਂ ਅਸਮਾਨ ਦੋਵੇਂ ਦੇਣ ਗਵਾਹੀਆ । ਨਾ ਕੋਈ ਵਿਦਿਆ ਤੇ ਨਾ ਕੋਈ ਤਾਲੀਮ, ਚਾਰ ਜੁਗ ਦੇ ਸ਼ਾਸਤਰ ਰਹੇ ਸਮਝਾਈਆ । ਜੋ ਮਾਲਕ ਆਦਿ ਅੰਤ ਦਾ ਸ਼ਹਿਨਸ਼ਾਹ ਅਜ਼ੀਮ, ਆਲੀਜ਼ਾਹ ਕਹਿ ਕੇ ਸਾਰੇ ਸੀਸ ਨਿਵਾਈਆ । ਜੋ ਕੁਦਰਤ ਦਾ ਰਹਿਬਰ ਕਦੀਮ, ਕਾਇਨਾਤ ਦਾ ਮਾਲਕ ਇਕ ਪੜ੍ਹਾਈਆ । ਜੋ ਕਲਜੁਗ ਦੀ ਸਤਿਜੁਗ ਨਾਲ ਕਰੇ ਤਰਮੀਮ, ਤਬੀਅਤ ਆਪਣੇ ਵਿਚੋਂ ਪ੍ਰਗਟਾਈਆ । ਜਿਸ ਨੂੰ ਸਾਰਿਆਂ ਕਹਿਣਾ ਆਮੀਨ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਓਸ ਦਾ ਹੁਕਮ ਅਵਤਾਰਾਂ ਕਰਨਾ ਤਸਲੀਮ, ਸਤਿਗੁਰ ਗੁਰ ਕਹਿਣ ਧੰਨ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਅਧੀਨ, ਸਾਰੇ ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਨਜ਼ਰੀ ਆਈਆ । ਨਾਰਦ ਕਹੇ ਪ੍ਰਭੂ ਮੈਂ ਆ ਗਿਆ ਭੌਂ ਭਟਕਿਆ, ਭਟਕਣ ਵਾਲਿਓ ਦਿਆਂ ਜਣਾਈਆ । ਮੇਰੇ ਸਾਹਿਬ ਦਾ ਭਾਣਾ ਕਦੇ ਨਾ ਅਟਕਿਆ, ਅਗੇ ਹੋ ਨਾ ਕੋਇ ਅਟਕਾਈਆ । ਮੈਨੂੰ ਐਉਂ ਦਿਸਦਾ ਕਲਜੁਗ ਅੰਤਮ ਲਟਕਿਆ, ਚਾਰ ਲੱਖ ਬੱਤੀ ਹਜ਼ਾਰ ਆਯੂ ਸੰਗ ਨਾ ਕੋਇ ਨਿਭਾਈਆ । ਤੈਨੂੰ ਧੁਰ ਦੇ ਹੁਕਮ ਨੇ ਪਟਕਿਆ, ਜੋ ਵੇਦ ਵਿਆਸਾ ਗੋਬਿੰਦ ਪਟਨੇ ਵਾਲੇ ਨਾਲ ਮਿਲ ਕੇ ਦਏ ਗਵਾਹੀਆ । ਜਿਸ ਨੇ ਜੀਵਾਂ ਜੰਤਾਂ ਝਟਕਿਆ, ਘਰ ਘਰ ਛੁਰੀ ਚਲਾਈਆ । ਓਸ ਦੇ ਸੀਸ ਤੇ ਖੰਡਾ ਖੜਕਿਆ, ਖੜਗਾਂ ਡੇਰਾ ਢਾਹੀਆ । ਜਿਨ੍ਹਾਂ ਦੀ ਖ਼ਾਤਰ ਨਿਰਗੁਣ ਧਾਰ ਹੋ ਕੇ ਪਰਤਿਆ, ਪਤਿਪਰਮੇਸ਼ਵਰ ਨੂਰ ਅਲਾਹੀਆ । ਓਹ ਆ ਕੇ ਉਤੇ ਧਰਤਿਆ, ਧਰਨੀ ਧਰਨ ਧਵਲ ਧੌਲ ਪੇਸ਼ੀਨਗੋਈਆਂ ਪੂਰੀ ਕਰੇ ਸ਼ਰਤਿਆ, ਸ਼ਰੀਅਤ ਖੋਜ ਖੁਜਾਈਆ । ਲਹਿਣਾ ਦੇਣਾ ਮਕਰੂਜ਼ ਲਾਹਵੇ ਕਰਜ਼ਿਆ, ਬਾਕੀ ਸਭ ਦੇ ਹੱਥ ਫੜਾਈਆ । ਜਿਸ ਨੂੰ ਖੋਜਦੇ ਅਰਬ ਖਰਬਿਆ, ਅਸੰਖ ਅਸੰਖਾ ਧਿਆਨ ਲਗਾਈਆ । ਹਿੰਦਸਿਆਂ ਨਾਲ ਦੇਂਦੇ ਜ਼ਰਬਿਆ, ਅੰਤ ਹਾਸਲ ਹੱਥ ਕੁਝ ਨਾ ਆਈਆ । ਓਹ ਸਭ ਦਾ ਵੇਖੇ ਧਨ ਦੌਲਤ ਮਾਲ ਦਰਬਿਆ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਜੋ ਭਗਤਾਂ ਦੀ ਭਗਵਨ ਹੋ ਕੇ ਸੁਣੇ ਅਰਜ਼ਿਆ, ਬੇਨੰਤੀ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਵੱਡਾ ਵਡ ਵਡਿਆਈਆ । ਨਾਰਦ ਕਹੇ ਪ੍ਰਭੂ ਮੈਂ ਤੇਰਾ ਵੇਖਣ ਆਇਆ ਚੌਥਾ ਜੁਗ, ਕਲਜੁਗ ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਸ੍ਰਿਸ਼ਟੀ ਦੀ ਅੰਤਰ ਵੇਖੀ ਬੁਧ, ਬਾਹਰ ਚੰਮ ਦ੍ਰਿਸ਼ਟੀ ਨਾ ਕੋਇ ਵਧਾਈਆ । ਮੈਨੂੰ ਇਉਂ ਜਾਪਿਆ ਉੱਤਰ ਪੂਰਬ ਪੱਛਮ ਦੱਖਣ ਕਲਜੁਗ ਜੀਵਾਂ ਦੇ ਅੰਦਰ ਝੂਠੀ ਜਾਗ ਲੱਗੀ ਜਿਉਂ ਕਾਂਜੀ ਦੁੱਧ, ਨੌਂ ਦਵਾਰਿਆਂ ਵਾਲਿਆਂ ਨੌਂ ਸੇਰ ਰਹੇ ਸਮਝਾਈਆ । ਜੋ ਮਾਝਾ ਮਾਲਵਾ ਦੁਆਬਾ ਜੰਮੂ ਲਿਆਏ ਚੁੱਕ, ਮਾਟੀ ਭਾਂਡੇ ਦਿਓ ਵਖਾਈਆ । ਕਿਰਪਾ ਨਿਧਾਨ ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਵਿਚ ਜਹਾਨ ਮੈਂ ਚਾਹੁੰਦਾ ਨਾਰਦ ਕਿ ਕੂੜੀ ਕਿਰਿਆ ਦਾ ਪੈਂਡਾ ਜਾਏ ਮੁਕ, ਮੁਕੰਮਲ ਆਪਣਾ ਹੁਕਮ ਵਰਤਾਈਆ । ਕੋਈ ਅਵਤਾਰ ਪੈਗ਼ੰਬਰ ਗੁਰ ਸਾਧ ਸੰਤ ਭਗਤ ਸੂਫ਼ੀ ਫ਼ਕੀਰ ਏਸ ਵੇਲੇ ਭਾਰ ਨਹੀਂ ਸਕਦਾ ਚੁੱਕ, ਨੌਂ ਖੰਡ ਪ੍ਰਿਥਮੀ ਆਪਣਿਆਂ ਕੰਧਿਆਂ ਉਤੇ ਟਿਕਾਈਆ । ਤੂੰ ਸਭ ਦਾ ਮਾਲਕ ਖ਼ਲਕ ਦਾ ਖ਼ਾਲਕ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦੇ ਕਰਾਈਆ । ਤੇਰੇ ਦਵਾਰੇ ਉਤੇ ਸਭ ਦੀ ਸੋਹਣੀ ਹੋਵੇ ਰੁਤ, ਰੁਤੜੀ ਆਪਣੇ

ਨਾਲ ਮਹਿਕਾਈਆ । ਪ੍ਰਭੂ ਆਦਿ ਤੋਂ ਜੁਗਾਦਿ ਤੋਂ ਜੁਗ ਚੌਕੜੀ ਸਦਾ ਭਗਤ ਤੇਰੇ ਸੁਤ, ਦੁਲਾਰੇ ਸਚਖੰਡ ਵਿਚ ਸੋਭਾ ਪਾਈਆ । ਇਨ੍ਹਾਂ ਨੂੰ ਐਸ ਧਰਨੀ ਉਤੋਂ ਧੌਲ ਉਤੋਂ ਧਵਲ ਉਤੋਂ ਖ਼ੁਸ਼ੀਆਂ ਨਾਲ ਸ਼ਬਦ ਦੀ ਗੋਦੀ ਚੁੱਕ, ਜਗਤ ਹੱਥਾਂ ਕਰਾਂ ਦੀ ਲੋੜ ਰਹੇ ਨਾ ਰਾਈਆ । ਜੇ ਇਹ ਨਹੀਂ ਪੁੱਜ ਸਕਦੇ ਤੂੰ ਆ ਕੇ ਇਨ੍ਹਾਂ ਕੋਲ ਢੁਕ, ਦੂਰ ਦੁਰਾਡੇ ਆਪਣਾ ਪੰਧ ਮੁਕਾਈਆ । ਜੇ ਤੂੰ ਸਾਹਿਬ ਸਵਾਮੀ ਤੇ ਸੁੱਤਿਆਂ ਦਾ ਚੁੰਮ ਮੁਖ, ਰਾਤ ਰੁਤੜੀ ਇਨ੍ਹਾਂ ਦੇ ਅੰਦਰ ਆਪਣੀ ਦੇ ਮਹਿਕਾਈਆ । ਜੇ ਏਸ ਕਲਜੁਗ ਵਿਚ ਵੀ ਰਹੇਂ ਚੁਪ, ਫੇਰ ਤੇਰੇ ਵਰਗੇ ਭਗਵਾਨ ਦੀ ਲੋੜ ਰਹੇ ਨਾ ਰਾਈਆ । ਜੇ ਤੂੰ ਭਗਵਾਨ ਹੋ ਕੇ ਨੌਜਵਾਨ ਹੋ ਕੇ ਮਰਦ ਮਦਾਨ ਹੋ ਕੇ ਮੰਗਤਾ ਬਣਿਆ ਰਹੇਂ ਘਰ ਘਰ ਟੁਕ, ਟੁਕੜੇ ਜਿਸ ਤਰਾ ਦੀਨ ਦੁਨੀ ਦਿਤੀ ਕਰਾਈਆ । ਇਹ ਵੇਖ ਲੈ ਸਾਰੀ ਤੇਰੀ ਆਤਮਾ ਤੇ ਪਰਮਾਤਮਾ ਇਹ ਜਨਮੀ ਤੇਰੀ ਵਿਚੋਂ ਕੁੱਖ, ਬਿਨਾ ਆਤਮਾ ਤੋਂ ਸਰੀਰ ਕਿਸੇ ਕੰਮ ਨਾ ਆਈਆ । ਆਪਣਿਆਂ ਨੂੰ ਆਪ ਆ ਕੇ ਪੁਛ, ਪੁਸ਼ਤ ਪਨਾਹ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਨਾਰਦ ਕਹੇ ਮੈਨੂੰ ਕਿਸੇ ਦੱਸਿਆ ਅੱਜ ਭਗਤਾਂ ਦਾ ਭੰਡਾਰਾ, ਗ਼ਰੀਬ ਨਿਮਾਣਿਆਂ ਵੱਡੇ ਤੋਂ ਵੱਡਾ ਦਿਤਾ ਰਜਾਈਆ । ਮੈਂ ਵੀ ਕਿਹਾ ਜਾ ਕੇ ਉਨ੍ਹਾਂ ਦਾ ਸ਼ੁਕਰ ਗੁਜਾਰਾਂ, ਨਿਉਂ ਕੇ ਸੀਸ ਝੁਕਾਈਆ । ਜਿਨ੍ਹਾਂ ਦੇ ਵਿਚ ਮੇਰਾ ਅੰਤਰਜਾਮੀ ਹੋਇਆ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਨੂਰ ਕਰ ਰੁਸ਼ਨਾਈਆ । ਜੋਤੀ ਧਾਰ ਹੋ ਕੇ ਆਇਆ ਦੁਬਾਰਾ, ਦੂਹਰਾ ਆਪਣਾ ਖੇਲ ਖਿਲਾਈਆ । ਨਾਲੇ ਸਤਿਗੁਰ ਸ਼ਬਦ ਨਾਲੇ ਪ੍ਰੇਮੀ ਨਾਲੇ ਦੋਸਤ ਤੇ ਨਾਲੇ ਯਾਰਾ, ਯਾਰਾਂ ਦਾ ਯਾਰ ਯਰਾਨੇ ਘਰ ਘਰ ਰਿਹਾ ਲਗਾਈਆ । ਓਹ ਜਨ ਭਗਤੋ ਦੀਨ ਤੇ ਦੁਨੀਆ ਮਾਨਸ ਤੇ ਮਾਨੁਖ ਜਗਤ ਵਿਦਿਆ ਦੀਆਂ ਪੜ੍ਹਦੇ ਅਖ਼ਬਾਰਾਂ, ਤੁਹਾਡੇ ਅੰਦਰ ਸੰਦੇਸ਼ਾ ਓਹ ਜੋ ਸਭ ਨੂੰ ਕਰੇ ਨਿਰਮੋਹ, ਤੁਹਾਡੀ ਆਤਮਾ ਪਰਮਾਤਮਾ ਨਾਲ ਗਈ ਛੋਹ, ਛੋਹਰੇ ਬਾਂਕੇ ਨਾਲ ਮਿਲ ਕੇ ਤੁਹਾਡੀ ਵਜਦੀ ਰਹੇ ਵਧਾਈਆ । ਤੁਸੀਂ ਇਕ ਤੇ ਇਕ ਦੇ ਇਕ ਦੋ, ਇਕ ਦੇ ਵਾਲੇ ਹਿੰਦਸੇ ਦਿਓ ਵਖਾਈਆ । ਤੁਹਾਡੇ ਇਕ ਦੇ ਨਾਲ ਮੋਹ, ਮੋਹ ਵਾਲਿਓ ਆਪਣੇ ਹੱਥ ਲਓ ਉਠਾਈਆ । ਓ ਤੁਹਾਡਾ ਹੋਕਾ ਹਕ ਤੇ ਹੋ, ਹੋਕਾ ਹਕ ਲਿਖਣ ਵਾਲਿਓ ਇਸ਼ਾਰਾ ਦੇ ਕੇ ਸਭ ਨੂੰ ਦਿਓ ਜਣਾਈਆ । ਹਰਿਭਗਤ ਗੁਰਸਿਖ ਗੁਰਸਿਖ ਨਾਲ ਕਦੇ ਨਾ ਕਰਿਓ ਧਰੋਹ, ਜਿਨ੍ਹਾਂ ਕੋਲ ਧਰੋਹ ਲਿਖਿਆ ਓਹ ਧਰੋਹ ਕਰਨ ਵਾਲਿਆਂ ਦੀਆਂ ਅੱਖਾਂ ਅਗੇ ਦਿਓ ਟਿਕਾਈਆ । ਅੱਜ ਤੋਂ ਸਾਰੇ ਆਪਣੇ ਆਪ ਨੂੰ ਲਓ ਜੋਹ, ਕਾਇਆ ਦੇ ਮੰਦਰ ਅੰਦਰ ਵੜ ਕੇ ਆਪਣੇ ਪਰਦੇ ਲਓ ਉਠਾਈਆ । ਆਹ ਵੇਖੋ ਗੀਤਾ ਗਿਆਨ ਤੇ ਅੰਜੀਲ ਕੁਰਾਨ ਰਮਾਇਣ ਤੇ ਗੁਰੂ ਗ੍ਰੰਥ ਸਾਹਿਬ ਦਾ ਪੰਜਾਂ ਵਾਲਾ ਗਰੋਹ, ਪੰਜਾਂ ਚੋਰਾਂ ਦੀ ਕਰਨ ਸਫ਼ਾਈਆ । ਜੇ ਤੁਸੀਂ ਪ੍ਰਭੂ ਦੇ ਗਏ ਹੋ, ਆਪਣਾ ਆਪ ਪ੍ਰਭੂ ਦੀ ਝੋਲੀ ਪਾਈਆ । ਜੇ ਆਪਣਾ ਆਪ ਗਏ ਖੋਹ, ਜਿਨ੍ਹਾਂ ਦੇ ਕੋਲ ਹਿੰਦੀ ਵਿਚ ਖੋਹ ਲਿਖਿਆ ਫੜਿਆ ਓਹ ਹੱਥ ਲਓ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਸੰਗ ਆਪ ਬਣਾਈਆ । ਨਾਰਦ ਕਹੇ ਪ੍ਰਭੂ ਮੈਂ ਚੋਰੀ ਚੋਰੀ ਸੁਣੀ ਖ਼ਬਰ ਅਪਾਰੀ, ਅਪਰੰਪਰ ਦਿਆਂ ਜਣਾਈਆ । ਵਿਸ਼ਨੂੰ ਕਹੇ ਲਕਸ਼ਮੀ ਅੱਜ ਤੱਕੀਏ ਸਤਿ ਸਚ ਦਾ ਦਰਬਾਰੀ, ਜੋ ਦਰੇ ਦਰਬਾਰ ਸੋਭਾ ਪਾਈਆ । ਬ੍ਰਹਮਾ ਕਹੇ ਸੁਰਸਤੀ ਜਿਸ ਦੀ ਮਹਿੰਮਾ ਚਾਰ ਮੁਖ ਚਾਰ ਵੇਦਾਂ ਵਿਚ ਉਚਾਰੀ, ਚਾਰ ਕੁੰਟ ਕਰੇ ਸ਼ਨਵਾਈਆ । ਸ਼ੰਕਰ ਕਹੇ ਪਾਰਬਤੀ ਜਿਸ ਦੇ ਪਿਆਰ ਵਿਚ ਬਾਸ਼ਕ ਤਸ਼ਕਾ ਗਲ ਦੇ ਹਾਰੀ, ਭਬੂਤੀ ਖ਼ਾਕ ਤਨ ਰਮਾਈਆ ।


੩੯੦ ੨੩

ਸੀਤਾ ਰਾਮ ਕਹੇ ਰਾਮ ਸੀਤਾ ਕਹੇ ਜਿਸ ਦੇ ਹੁਕਮ ਵਿਚ ਫਿਰੇ ਬਨਬਾਸ ਜੰਗਲ ਪਹਾੜੀ, ਇਕ ਚਾਰ ਪੰਧ ਮੁਕਾਈਆ । ਰਾਧਾ ਕ੍ਰਿਸ਼ਨ ਕਹੇ ਕ੍ਰਿਸ਼ਨ ਰਾਧਾ ਕਹੇ ਜਿਸ ਦੀ ਧਾਰ ਵਿਚ ਰਥ ਰਥਵਾਹੀ ਦੀ ਕੀਤੀ ਸਵਾਰੀ, ਆਪਣਾ ਖੇਲ ਖਿਲਾਈਆ । ਜਾਂ ਹੋਰ ਵੇਖਿਆ ਕੁਮੇਰ ਆਪਣੀ ਆਸਾ ਰਿਹਾ ਉਚਾਰੀ, ਉਚਰ ਕੇ ਰਿਹਾ ਸੁਣਾਈਆ । ਦੁਰਗਾ ਕਹੇ ਮੈਂ ਆਦਿ ਤੋਂ ਕਵਾਰੀ, ਅਸ਼ਟਭੁਜ ਸਿੰਘ ਸਵਾਰ ਸੋਭਾ ਪਾਈਆ । ਕਾਲਕਾ ਕਹੇ ਮੈਂ ਭੁੱਖੀ ਪਿਆਸੀ ਜਗਤ ਵਿਚ ਹਾਰੀ, ਹਿਰਦੇ ਸ਼ਾਂਤ ਨਾ ਕੋਇ ਕਰਾਈਆ । ਚਿਤ੍ਰਗੁਪਤ ਕਹੇ ਮੈਂ ਸਭ ਦੇ ਸੰਦੇਸੇ ਲੇਖੇ ਦੇਵਾਂ ਵਾਰੋ ਵਾਰੀ, ਬਚਿਆ ਨਜ਼ਰ ਕੋਇ ਨਾ ਆਈਆ । ਰਾਏ ਧਰਮ ਕਹੇ ਮੈਂ ਵੱਡਾ ਲਿਖਾਰੀ, ਚੁਰਾਸੀ ਦਾ ਗੇੜ ਚੁਰਾਸੀ ਵਿਚ ਭਵਾਈਆ । ਲਾੜੀ ਮੌਤ ਕਹੇ ਮੈਂ ਅਨੋਖੀ ਨਾਰੀ, ਅਵਤਾਰ ਪੈਗ਼ੰਬਰਾਂ ਗੁਰੂਆਂ ਦੇ ਤਨ ਵਜੂਦ ਸਰੀਰ ਲਵਾਂ ਪਰਨਾਈਆ । ਕਲਜੁਗ ਕਹੇ ਅੰਤ ਮੇਰੀ ਆ ਗਈ ਵਾਰੀ, ਜਗਤ ਦੇ ਵਾਰਸੋ ਦਿਆਂ ਸਮਝਾਈਆ । ਤੁਹਾਡੇ ਪੂਜਾ ਪਾਠ ਸਿਮਰਨ ਜੋਗ ਅਭਿਆਸ ਹੁੰਦਿਆਂ ਮੈਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਕੀਤੀ ਕਾਲੀ, ਦੁਰਮਤ ਮੈਲ ਨਾ ਕੋਇ ਧਵਾਈਆ । ਭਾਵੇਂ ਮੰਦਰ ਮਸਜਦ ਸ਼ਿਵਦਵਾਲੇ ਮੱਠ ਜਾਵੇ ਧਰਮਸਾਲੀ, ਧਰਮ ਦਾ ਰਾਹ ਨਾ ਕਿਸੇ ਵਖਾਈਆ । ਫਲ ਰਹਿਣ ਨਹੀਂ ਦਿਤਾ ਕਾਇਆ ਸਾਢੇ ਤਿੰਨ ਹੱਥ ਦੀ ਡਾਲੀ, ਟਾਹਣੀ ਟਾਹਣੀ ਫੋਲ ਫੁਲਾਈਆ । ਸਚ ਮੁਹੱਬਤ ਲੱਭਦੀ ਨਹੀਂ ਭਾਲੀ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਮੈਂ ਸਾਰੇ ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰੂਆਂ ਦੇ ਅਗੇ ਖਲੋ ਕੇ ਕਲਜੁਗ ਕਹੇ ਮੈਂ ਮਾਰਾਂ ਤਾਲੀ, ਤਾਲ ਤਲਵਾੜਿਆਂ ਵਾਲਿਆਂ ਦਿਆਂ ਜਣਾਈਆ । ਸਾਰਿਆਂ ਦੇ ਭੰਡਾਰੇ ਵੇਖੇ ਖ਼ਾਲੀ, ਸਚ ਵਸਤ ਹੱਥ ਨਾ ਕੋਇ ਟਿਕਾਈਆ । ਕਿਸੇ ਦੀ ਲੇਖੇ ਲੱਗੇ ਨਾ ਘਾਲ ਘਾਲੀ, ਮੈਂ ਘਾਇਲ ਕੀਤੀ ਲੋਕਾਈਆ । ਜੇ ਮੇਰੇ ਵਿਚ ਸਾਧ ਸੰਤ ਤੇ ਸੂਫ਼ੀ ਫ਼ਕੀਰ ਤਕੋਗੇ ਜਾਅਲੀ, ਜ਼ਾਹਰ ਜ਼ਹੂਰ ਪ੍ਰਭ ਦਾ ਦਰਸ ਕੋਇ ਨਾ ਪਾਈਆ । ਕੋਟਾਂ ਵਿਚੋਂ ਜਿਨ੍ਹਾਂ ਨੂੰ ਪ੍ਰਭ ਆਪਣੇ ਪਿਆਰ ਦੀ ਅੰਦਰੋਂ ਦੇਵੇ ਲਾਲੀ, ਓਹ ਲਾਲ ਅਨਮੁੱਲੇ ਸੋਭਾ ਪਾਈਆ । ਉਨ੍ਹਾਂ ਦਾ ਖੇਲ ਅਗੰਮਾ ਅਨੋਖਾ ਸ਼ਾਲੀ, ਸ਼ਾਲਾ ਦੇਵੇ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਨਾਰਦ ਕਹੇ ਪ੍ਰਭੂ ਸਾਰੇ ਕਰ ਕੇ ਆ ਗਏ ਆਪਣਾ ਮਤਾ, ਸਲਾਹ ਮਸ਼ਵਰਾ ਇਕੋ ਇਕ ਬਣਾਈਆ । ਤੇਰਿਆਂ ਭਗਤਾਂ ਦਾ ਭੰਡਾਰਾ ਸੱਤਾਂ ਵਾਲਾ ਸੱਤਾ, ਸਤਿ ਦੇ ਮਾਲਕ ਨਜ਼ਰੀ ਆਈਆ । ਸਾਨੂੰ ਛਕਾ ਦੇ ਵਿਚੋਂ ਰਤਾ, ਰਫ਼ਤਾ ਰਫ਼ਤਾ ਰਹਿਬਰ ਦਿਤਾ ਬਣਾਈਆ । ਜਿਸ ਮੰਜ਼ਲ ਚੜ੍ਹਦਿਆਂ ਰਾਹ ਵਿਚ ਹੋਵੇ ਕਦੇ ਨਾ ਹੱਤਾ, ਹੱਤਿਆ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਜਿਧਰ ਤੱਕੋ ਭਗਤ ਭਗਵਾਨ ਭਗਵਾਨ ਭਗਤ ਦੇ ਪਿਆਰ ਦੇ ਸਥਰ ਲੱਥਾ, ਦੂਜੀ ਸੇਜ ਨਾ ਕੋਇ ਹੰਢਾਈਆ । ਪ੍ਰਭੂ ਕਦੀ ਖ਼ੁਸ਼ ਨਹੀਂ ਹੋਇਆ ਟੇਕਿਆਂ ਮੱਥਾ, ਨਕ ਜ਼ਿਮੀਂ ਉਤੇ ਰਗੜਾਈਆ । ਓਹ ਕਦੀ ਮੰਨਿਆ ਨਹੀਂ ਜ਼ਬਾਨ ਵਾਲੀ ਕਰਦਿਆਂ ਕਥਾ, ਕਥਨੀ ਨਾਲ ਨਾ ਕੋਇ ਚਤੁਰਾਈਆ । ਓਹ ਕਦੀ ਰੀਝਿਆ ਨਹੀਂ ਦੀਨਾਂ ਮਜ਼੍ਹਬਾਂ ਬਣਾਇਆ ਜੱਥਾ, ਜੱਥਿਆਂ ਵੰਡ ਨਾ ਕੋਇ ਵੰਡਾਈਆ । ਓਹ ਕਦੇ ਖ਼ੁਸ਼ ਨਹੀਂ ਹੋਇਆ ਨੱਪਿਆ ਘੁਟਿਆ ਹੱਥਾਂ, ਹਸਤ ਕਵਲਾਂ ਨਾਲ ਦਬਾਈਆ । ਓਹ ਕਦੇ ਹੱਥ ਨਹੀਂ ਆਇਆ ਕਰੋੜਾ ਰੁਪਈਆਂ ਲੱਖਾਂ, ਅਰਬਾਂ ਖ਼ਰਬਾਂ ਮਿਲਣ ਕਦੇ ਨਾ ਪਾਈਆ । ਓਹ ਜਦੋਂ ਮਿਲਿਆ ਭਗਤੋ ਤੇ ਮਿਲੇ ਵਾਂਗ ਬਿਦਰ ਕੁੱਲੀ ਕੱਖਾਂ, ਗ਼ਰੀਬ ਨਿਮਾਣਿਓ ਤੁਹਾਡੀ ਕਾਇਆ ਕੁੱਲੀ ਵਿਚੋਂ ਨਜ਼ਰੀ ਆਈਆ । ਓਸ ਦਾ ਇਕੋ ਵਿਸ਼ਾ ਯਥਾਰਥ ਯਥਾ, ਯਦੀ ਆਪਣਾ ਪਰਦਾ

ਦਏ ਉਠਾਈਆ । ਓਸ ਦੇ ਕੋਲ ਨਾਮ ਦਾ ਤੀਰ ਕਮਾਨ ਭੱਥਾ, ਅਣਿਆਲਾ ਦਏ ਚਲਾਈਆ । ਜਿਸ ਨੇ ਕਲਜੁਗ ਅੰਤਮ ਹਰਿਜਨ ਪ੍ਰੇਮ ਪਿਆਰ ਵਿਚ ਕੀਤਾ ਇਕੱਠਾ, ਇਕੋ ਰੰਗ ਰੰਗਾਈਆ । ਗੁਰਮੁਖੋ ਤੁਹਾਨੂੰ ਦੀਨ ਦੁਨੀਆ ਨੇ ਕਰਨਾ ਠੱਠਾ, ਮਖ਼ੌਲ ਹਾਸੀ ਜਗਤ ਉਡਾਈਆ । ਪਰ ਤੁਹਾਡਾ ਅੰਦਰੋਂ ਅੰਤਰ ਨਿਰਮਲ ਜਿਵੇਂ ਬਿਨਾ ਪਾਨ ਤੋਂ ਲੱਠਾ, ਪ੍ਰਭ ਉਲਟੀ ਲਠ ਦਿਤੀ ਗਿੜਾਈਆ । ਤੁਹਾਨੂੰ ਲੋੜ ਰਹੀ ਨਾ ਤੀਰਥ ਅੱਠ ਸੱਠਾ, ਮੰਦਰ ਮਸਜਿਦ ਸ਼ਿਵਦਵਾਲਿਆਂ ਪੰਧ ਦਿਤਾ ਮੁਕਾਈਆ । ਤੁਹਾਡਾ ਸਵਾਮੀ ਤੁਹਾਡੇ ਅੰਦਰ ਜਗੇ ਜੋਤ ਲਟ ਲਟਾ, ਨੂਰ ਨੁਰਾਨਾ ਨਜ਼ਰੀ ਆਈਆ । ਓਹ ਤੁਸੀਂ ਸੂਰਬੀਰ ਅੱਜ ਮਾਰੋ ਹੱਥ ਉਤੇ ਪੱਟਾਂ, ਜਾਂ ਪਟਨੇ ਵਾਲਾ ਤੁਹਾਡੀ ਦਏ ਗਵਾਹੀਆ । ਹੁਣ ਪਿਛਲਾ ਸਮਾਂ ਟੱਪਾ, ਅਗੇ ਇਕੋ ਟੱਪਾ ਦਏ ਵਡਿਆਈਆ । ਤੁਸੀਂ ਸਾਰੇ ਕਹੋਗੇ ਅੱਜ ਵਜਦੀਆਂ ਗੱਪਾਂ, ਗਪੌੜਿਆਂ ਰਿਹਾ ਸੁਣਾਈਆ । ਪਰ ਜਿਸ ਅੱਖਰ ਦੀ ਯਾਦ ਚਾਰ ਜੁਗਾਂ ਰਹੀ ਧੱਪਾ, ਪੂਰਨ ਪਰਮੇਸ਼ਵਰ ਬੇਪ੍ਰਵਾਹੀਆ । ਜਿਸ ਨੂੰ ਯਾਦ ਕਰ ਕੇ ਗਿਆ ਨਾਨਕ ਤਪਾ, ਗੋਬਿੰਦ ਕਿਹਾ ਗੋਬਿੰਦ ਦਾ ਗੋਬਿੰਦ ਮਾਹੀਆ । ਮੁਹੰਮਦ ਨੇ ਕਿਹਾ ਓਹ ਮੇਰਾ ਅਮਾਮ ਓਹ ਮੇਰਾ ਸਕਾ, ਸਾਜਣ ਇਕ ਅਖਵਾਈਆ । ਈਸਾ ਨੇ ਕਿਹਾ ਓਹ ਸਾਹਿਬ ਤੇ ਓਹੋ ਪਿਤਾ, ਓਹੋ ਗੋਦ ਟਿਕਾਈਆ । ਮੂਸਾ ਨੇ ਕਿਹਾ ਉਸੇ ਦਾ ਨੂਰ ਜਿਸ ਮੈਨੂੰ ਮੂੰਹ ਦੇ ਭਾਰ ਸਿੱਟਾ, ਆਪਣਾ ਆਪ ਦਿਤਾ ਭੁਲਾਈਆ । ਕ੍ਰਿਸ਼ਨ ਕਿਹਾ ਮੈਂ ਕਾਹਨ ਬਣ ਕੇ ਏਸੇ ਕਰ ਕੇ ਰਾਧਾ ਦੀਆਂ ਖੁਲਾਈਆਂ ਲਿਟਾਂ, ਪਰਾਂਦੀ ਗੁੱਤ ਨਾ ਕੋਇ ਬਣਾਈਆ । ਰਾਮ ਨੇ ਕਿਹਾ ਮੈਂ ਸੀਤਾ ਨੂੰ ਪੰਚਬਟੀ ਵਿਚ ਸਵਾਇਆ ਉਤੇ ਪੱਥਰ ਇੱਟਾਂ, ਜਗਤ ਸਿੰਘਾਸਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਸਾਹਿਬ ਸਵਾਮੀ ਗੁਸਾਈਂ ਇਕ, ਇਕ ਇਕ ਵਡਿਆਈਆ । ਮਾਲਕ ਖ਼ਾਲਕ ਖ਼ੁਦਾਈ ਇਕ, ਖ਼ਾਦਮ ਹੋ ਕੇ ਸੇਵ ਕਮਾਈਆ । ਖ਼ਸਮ ਖ਼ਸਮਾਨਾ ਮਾਹੀ ਇਕ, ਜਿਸ ਨੂੰ ਏਕੰਕਾਰ ਕਹਿ ਕੇ ਸਾਰੇ ਗਾਈਆ । ਜੋ ਜਿਸਮ ਜਿਸਮਾਨਾ ਜ਼ਮੀਰ ਵਿਚ ਬੇਨਜ਼ੀਰ ਵਸਿਆ ਇਕ, ਇਕ ਇਕੱਲਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਭੇਵ ਖੁਲਾਈਆ । ਨਾਰਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਰਾਮ ਕ੍ਰਿਸ਼ਨ ਸਾਰੇ ਗਾਓ ਅਗੰਮੀ ਗਾਣਾ, ਜਿਸ ਦੀ ਤੁਕ ਤੁਕਾਂਤ ਨਾ ਕਿਸੇ ਬਣਾਈਆ । ਬਿਨਾ ਅੱਖਾਂ ਤੱਕੋ ਅਗੰਮੀ ਰਾਣਾ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਜਿਸ ਨੇ ਪ੍ਰਿਥੂ ਤੋਂ ਉਗਾਇਆ ਦਾਣਾ ਦਾਣਾ, ਆਪਣਾ ਹੁਕਮ ਸੁਣਾਈਆ । ਜਿਸ ਦੇ ਦਵਾਰਿਉਂ ਸਭ ਨੂੰ ਮਿਲਦਾ ਖਾਣਾ, ਦੇਵਣਹਾਰ ਵਡ ਵਡਿਆਈਆ । ਅੱਜ ਉਸ ਦੇ ਭਗਤਾਂ ਦਾ ਭਗਤ ਦਵਾਰਾ ਵੇਖਿਆ ਨਾ ਇਹ ਨਵਾਂ ਤੇ ਨਾ ਇਹ ਪੁਰਾਣਾ, ਪੁਰਾਣ ਅਠਾਰਾਂ ਦੇ ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਇਸ਼ਾਰਾ ਗਏ ਕਰਾਈਆ । ਨਾ ਇਹ ਸ਼ਰਅ ਤੇ ਨਾ ਇਹ ਦੀਨ ਦੁਨੀ ਦਾ ਕੋਈ ਟਿਕਾਣਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜਿਨ੍ਹਾਂ ਨੇ ਆਤਮ ਬ੍ਰਹਮ ਪਛਾਣਾ, ਮਿਲਿਆ ਮੇਲ ਸ੍ਰੀ ਭਗਵਾਨਾ, ਸੋ ਹਰਿਜਨ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਾਰੇ ਕਹਿਣ ਖਾਈਏ ਕੀ, ਵਸਤੂ ਬੇਪ੍ਰਵਾਹੀਆ । ਸਾਰੇ ਕਹਿਣ ਪਿਆਲੇ ਪ੍ਰੇਮ ਦੇ ਜਾਈਏ ਪੀ, ਪ੍ਰੇਮ ਪ੍ਰੀਤੀ ਵਿਚ ਰਖਾਈਆ । ਕਲਜੁਗ ਕਹੇ ਸਜਣੋ ਮੇਰੇ ਦੇਸ਼ ਵਿਚ ਮੇਰੇ ਪ੍ਰਦੇਸ਼ ਵਿਚ ਜੇ ਕਿਸੇ ਨੂੰ ਥਾਂ ਲੱਭੀ ਤੇ ਲੱਭਿਆ ਸਾਢੇ ਤਿੰਨ ਹੱਥ ਸੀਂ, ਸ਼ਾਹ ਸੁਲਤਾਨ ਦੂਜੀ ਹੱਦ ਨਾ

ਕੋਇ ਰਖਾਈਆ । ਮੈਂ ਪਿਆਰ ਦਾ ਮੁਹੱਬਤ ਦਾ ਕਿਸੇ ਪਾਸੇ ਪੈਣ ਨਹੀਂ ਦਿਤਾ ਮੀਂਹ, ਅਵਤਾਰਾਂ ਪੈਗ਼ੰਬਰਾਂ ਦੇ ਬਾਦਲ ਆਏ ਤੇ ਬਦਲੀਆਂ ਬਣਾ ਕੇ ਦਿਤੇ ਉਡਾਈਆ । ਕਿਸੇ ਨੇ ਖ਼ੁਸ਼ੀ ਮਨਾਈ ਦਿਵਾਲੀ ਤੇ ਕਿਸੇ ਨੇ ਵਿਸਾਖੀ ਤੇ ਕਿਸੇ ਕਿਹਾ ਸਾਡੀ ਸਾਵਣ ਤੀਂ, ਕੋਈ ਤ੍ਰਿਆ ਪਿਛੇ ਕੋਈ ਪ੍ਰਿਆ ਪਿਛੇ ਜੰਗਲਾਂ ਵਿਚ ਭੱਜੇ ਵਾਹੋ ਦਾਹੀਆ । ਪਰ ਯਾਦ ਕਰ ਲਓ ਅੱਜ ਤਕ ਸਾਰੇ ਮਾਨਵ ਦੀ ਇਕ ਚਲਾਈ ਨਹੀਂ ਕਿਸੇ ਨੇ ਲੀਹ, ਲਾਈਨ ਸਚ ਨਾ ਕੋਇ ਰਖਾਈਆ । ਕਿਸੇ ਨੇ ਕਿਹਾ ਮੇਰੇ ਪਿਛੇ ਜੀਅ, ਕਿਸੇ ਨੇ ਕਿਹਾ ਉਹਦੇ ਪਿਛੇ ਜੀਅ, ਕਿਸੇ ਨੇ ਕਿਹਾ ਨਾਮ ਕਲਮੇ ਦਾ ਅੰਦਰ ਬੀਜ ਬੀਅ, ਕਿਸਾਨ ਹੋ ਕੇ ਰਸਨਾ ਹਲ ਚਲਾਈਆ । ਬਿਨਾ ਭਗਤਾਂ ਤੋਂ ਕਿਸੇ ਨਹੀਂ ਕਿਹਾ ਮੈਂ ਓਸੇ ਦਾ ਪੁਤਰ ਓਸੇ ਦੀ ਧੀ, ਜੋ ਪਿਤਾ ਪੁਰਖ ਅਕਾਲ ਮਾਤਾ ਪਿਤਾ ਅਖਵਾਈਆ । ਉਹਨੂੰ ਲੋੜ ਨਹੀਂ ਉਹ ਤਨ ਵਸਤਰ ਪਹਿਨੇ ਜ਼ਰੀ, ਤਨ ਖ਼ਵਾਬਾਂ ਵਿਚ ਸੋਭਾ ਪਾਈਆ । ਕਿਉਂ ਜਿਨ੍ਹਾਂ ਦੇ ਅੰਦਰ ਵਸ ਗਿਆ ਹਰੀ, ਉਹ ਹਰਿ ਦਾ ਰੂਪ ਨਜ਼ਰੀ ਆਈਆ । ਜੇ ਤੁਹਾਡੇ ਉਤੇ ਤੁਹਾਡੇ ਸਾਹਿਬ ਨੇ ਕਿਰਪਾ ਕਰੀ, ਕਿਰਪਾ ਨਿਧਾਨ ਹੋ ਕੇ ਵਿਚ ਮੈਦਾਨ ਦੇ ਤੁਹਾਡੇ ਹੋਏ ਸਹਾਈਆ । ਤੁਹਾਨੂੰ ਲੋੜ ਨਹੀਂ ਦੱਸੀ ਕਿ ਤੁਹਾਨੂੰ ਬਹਿਸ਼ਤਾਂ ਵਿਚ ਕੋਈ ਹੂਰ ਮਿਲੇ ਕਿ ਪਰੀ, ਤੇ ਤੁਹਾਨੂੰ ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਆਪਣਾ ਹੁਕਮ ਦਿਤਾ ਸੁਣਾਈਆ । ਤੁਹਾਡਾ ਅੰਗ ਅੰਗ ਜਿਹੜਾ ਬੱਧਾ ਸੀ ਵਿਚ ਜਗਤ ਦੀ ਕੜੀ, ਬੰਧਨ ਬੰਧਨਾਂ ਨਾਲ ਰਖਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੀ ਤੁਹਾਡੇ ਵਿਚ ਰਹਿਣ ਨਹੀਂ ਦੇਣੀ ਅੜ੍ਹੀ, ਅੜਿੱਕਾ ਨਜ਼ਰ ਕੋਇ ਨਾ ਆਈਆ । ਤੁਹਾਨੂੰ ਇਕੋ ਸਾਹਿਬ ਇਕੋ ਮਾਲਕ ਤੇ ਇਕੋ ਉਸ ਦੀ ਸੁਹੰਜਣੀ ਨਜ਼ਰ ਆਵੇ ਘੜੀ, ਜੋ ਘੜਿਆਲ ਨਾਮ ਦਾ ਤੁਹਾਡੇ ਅੰਦਰ ਰਿਹਾ ਵਜਾਈਆ । ਅਜ ਤੁਹਾਡੇ ਪ੍ਰੇਮ ਦੀ ਨੈਂ ਜਗਤ ਜਹਾਨ ਤੋਂ ਬਾਹਰ ਚੜ੍ਹੀ, ਚੜ੍ਹਦਿਉਂ ਲਹਿੰਦੇ ਨੂੰ ਗਈ ਤੇ ਲਹਿੰਦਿਉਂ ਚੜ੍ਹਦੇ ਨੂੰ ਜਾਏ ਵਾਹੋ ਦਾਹੀਆ । ਫੇਰ ਦੱਖਣ ਪਹਾੜ ਨੂੰ ਜਾਵੇ ਛੜੀ, ਹਲੂਣਾ ਦੇਵੇ ਥਾਉਂ ਥਾਈਆ । ਯਾਦ ਰਖੋ ਜਨ ਭਗਤੋ ਤੁਹਾਡੀ ਆਤਮਾ ਕਦੇ ਨਹੀਂ ਮਰੀ, ਸਦਾ ਸਦ ਪ੍ਰਭ ਦੇ ਰੰਗ ਸਮਾਈਆ । ਤੁਹਾਡੀ ਵਸਤੂ ਸਦਾ ਸੱਚੀ ਸਦਾ ਖਰੀ, ਕੀਮਤ ਸਤਿਗੁਰ ਆਪਣੇ ਹੱਥ ਰਖਾਈਆ । ਥੋੜਾ ਵੇਲਾ ਥੋੜਾ ਵਕਤ ਤੇ ਤੁਸੀਂ ਹਿੰਮਤ ਰੱਖਿਓ ਜਰੀ, ਜ਼ੱਰੇ ਜ਼ੱਰੇ ਦੇ ਵਿਚ ਜ਼ਾਹਰ ਜ਼ਹੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਰਿਹਾ ਖਿਲਾਈਆ । ਸਾਰੇ ਕਹਿਣ ਪ੍ਰਭੂ ਦੇ ਦੇ ਵਸਤੂ ਅਨਮੁੱਲੀ, ਅਨਮੋਲ ਦੇ ਵਰਤਾਈਆ । ਜਿਹੜੀ ਰਸਨਾ ਲੱਗੇ ਕਦੇ ਨਾ ਬੁੱਲੀ, ਜਿਸ ਦਾ ਇਸ਼ਾਰਾ ਬੁੱਲ੍ਹੇ ਸ਼ਾਹ ਗਿਆ ਕਰਾਈਆ । ਉਹ ਤੇਰੀ ਵਸਤ ਮਹਿਬੂਬਾ ਕਿਸੇ ਤਰਾਜ਼ੂ ਕਦੇ ਨਾ ਤੁਲੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਹੋ ਕੇ ਦਇਆਵਾਨ ਹੋ ਕੇ ਭਾਗ ਲਗਾ ਦੇ ਗ਼ਰੀਬਾਂ ਦੀ ਕਾਇਆ ਕੁੱਲੀ, ਕੁਲ ਮਾਲਕ ਹੋ ਸਹਾਈਆ । ਉਹ ਤੱਕ ਤੇਰੀ ਫੁਲਵਾੜੀ ਫੁਲੀ, ਬਗ਼ੀਚਾ ਸਚ ਦਾ ਨਜ਼ਰੀ ਆਈਆ । ਇਉਂ ਜਾਪਦਾ ਤੀਜੇ ਸਾਲ ਨੂੰ ਅੰਧੇਰੀ ਜਾਣੀ ਝੁਲੀ, ਝੁਲਿਆਂ ਵਾਲਿਆਂ ਝੂਲੇ ਵਾਲੇ ਦੇਣੇ ਹਿਲਾਈਆ । ਲਾੜੀ ਮੌਤ ਨੂੰ ਛੁੱਟੀ ਦੇ ਦੇ ਖੁਲ੍ਹੀ, ਮੇਂਢੀ ਸੀਸ ਦੀ ਦੇਣੀ ਖੁਲਾਈਆ । ਜਿਹੜੀ ਦੁਨੀਆ ਤੈਨੂੰ ਭੁੱਲੀ, ਭੁੱਲਿਆਂ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਪ੍ਰਭੂ ਮੈਨੂੰ ਇਉਂ ਜਾਪਦਾ ਤੇਰੇ ਭਗਤਾਂ ਦੇ ਅੰਦਰ ਜਗਤ ਵਾਲਾ ਗਿਆਨ, ਗਿਆਨੀ ਧਿਆਨੀ ਬਣ ਕੇ ਜਗਤ ਦੀ ਸੁਣਨ ਵਡਿਆਈਆ । ਮੈਂ ਚਾਹੁੰਦਾ ਸਾਰਿਆਂ

੩੯੪
੨੩

ਦਾ ਏਕੋ ਵਾਰ ਸਚ ਦੀ ਸਭਾ ਵਿਚ ਹੋ ਜਾਏ ਹਲਫ਼ੀਆ ਬਿਆਨ, ਜਿਸ ਦੀ ਹਰਫ਼ ਹਰੂਫ਼ ਦੇ ਕੇ ਪਰੂਫ਼ ਪਛਤਾਵਾ ਨਾ ਕੋਇ ਜਣਾਈਆ । ਜੋ ਤੇਰਾ ਭਗਤ ਹੋ ਗਿਆ ਉਹ ਬੱਚਾ ਨਹੀਂ ਅਨਜਾਣ, ਬੁੱਧੀ ਤੋਂ ਪਰੇ ਉਸ ਦੀ ਪੜ੍ਹਾਈਆ । ਜੇ ਉਹ ਭੁਲ ਜਾਵੇ ਉਹਨੂੰ ਬਖ਼ਸ਼ ਲੈ ਆਣ, ਮਿਹਰ ਮਿਹਰ ਨਜ਼ਰ ਉਠਾਈਆ । ਆਹ ਵੇਖ ਲੈ ਗੁਰੂ ਗ੍ਰੰਥ ਰਮਾਇਣ ਤੇ ਗੀਤਾ ਨਾਲ ਕੁਰਾਨ, ਇਕੱਠੇ ਹੋ ਕੇ ਸਾਰੇ ਦੇਣ ਗਵਾਹੀਆ । ਜਨ ਭਗਤੋ ਜੇ ਤੁਹਾਡੇ ਕੋਲ ਆ ਗਿਆ ਕੂੜ ਕੁੜਿਆਰਾ ਤੇ ਸ਼ੈਤਾਨ, ਸ਼ਰਅ ਸਚ ਦੀ ਸਚ ਨਾਲੋਂ ਤੁੜਾਈਆ । ਫੇਰ ਤੁਹਾਨੂੰ ਜ਼ਰੂਰ ਸਤਿਗੁਰੂ ਦੇ ਹੁਕਮ ਭੁੱਲਿਆਂ ਚੁਰਾਸੀ ਦਾ ਭੁਗਤਣਾ ਪਏ ਭੁਗਤਾਨ, ਅਗੇ ਹੋ ਨਾ ਕੋਇ ਛੁਡਾਈਆ । ਆਪਣੇ ਅੰਤਰ ਨਿਰੰਤਰ ਬਿਨਾ ਮੁਖ ਤੋਂ ਬੋਲਿਆ ਤੇ ਦੱਸਿਆ ਜ਼ਬਾਨ, ਸਾਰੇ ਪ੍ਰਨਾਮ ਕਰ ਕੇ ਲਓ ਕਰਾਈਆ । ਇਹ ਜੋਤੀ ਜਗਦੀ ਜਗਦੀ ਜਗਦੀ ਜਿਸ ਤਰਾ ਤੁਹਾਡੇ ਸਾਹਮਣੇ ਮਿਟ ਗਈ ਵਿਚ ਜਹਾਨ, ਏਸੇ ਤਰਾ ਫੇਰ ਆਤਮਾ ਹੱਥ ਕਿਸੇ ਨਾ ਆਈਆ । ਤੁਹਾਨੂੰ ਆਪਣੀ ਨਹੀਂ ਪਹਿਚਾਨ, ਬੇਪਹਿਚਾਨ ਤੁਹਾਨੂੰ ਪਹਿਚਾਨ ਕੇ ਆਪਣੇ ਨਾਲ ਮਿਲਾਈਆ । ਤੁਹਾਡੇ ਦਵਾਰੇ ਦਾ ਉੱਤਮ ਸ੍ਰੇਸ਼ਟ ਪੀਣ ਖਾਣ, ਜਿਸ ਨੂੰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਗੁਰੂ ਸਾਰੇ ਖਾਣ ਆਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਾਰੇ ਕਹਿਣ ਅਸੀਂ ਪਕਵਾਨ ਖਾਧਾ ਅਨਡਿੱਠਾ, ਪ੍ਰਭ ਦਿਤੀ ਮਾਣ ਵਡਿਆਈਆ । ਜਿਸ ਦਾ ਰਸ ਨਾ ਖੱਟਾ ਨਾ ਮਿੱਠਾ, ਮਿਠਤ ਜਗਤ ਨਾ ਕੋਇ ਜਣਾਈਆ । ਜਿਸ ਦਾ ਇਕੋ ਸਵਾਦ ਸਤਿ ਸਤਿ ਦਾ ਹਿੱਤਾ, ਪ੍ਰੇਮ ਪ੍ਰੇਮ ਨਾਲ ਬਣਾਈਆ । ਸਵਾਮੀ ਸਤਿਗੁਰ ਸਾਹਿਬ ਮਿਲਿਆ ਮਿਤਾ, ਮਿਤਰ ਪਿਆਰਾ ਰੰਗ ਰੰਗਾਈਆ । ਜਿਹੜਾ ਕਦੇ ਨਾ ਵਿਸਰੇ ਵਿਚੋਂ ਚਿਤਾ, ਚਿਤ ਠਗੌਰੀ ਰਹੇ ਨਾ ਰਾਈਆ । ਉਸ ਦੀ ਸਭ ਨੂੰ ਇਕੋ ਸਿਕਾ, ਜੋ ਸਿਕਦਿਆਂ ਆਪਣੇ ਨਾਲ ਮਿਲਾਈਆ । ਜਿਸ ਦਾ ਰੂਪ ਨਿੱਕੇ ਤੋਂ ਨਿੱਕਾ, ਵੱਡਿਆਂ ਤੋਂ ਵੱਡੀ ਵਡਿਆਈਆ । ਸੋ ਤੁਹਾਡੇ ਤਨ ਵਜੂਦ ਮੰਦਰ ਅੰਦਰ ਵਿਕਾ, ਆਤਮ ਸੇਜ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਆਪ ਖੁਲਾਈਆ । ਲੰਗਰ ਕਹੇ ਮੈਂ ਕੀ ਆਖਾਂ, ਆਖਣ ਦੀ ਲੋੜ ਰਹੇ ਨਾ ਰਾਈਆ । ਮੈਂ ਕੀ ਭਾਖਾਂ, ਭਾਖਿਆ ਵਿਚ ਕੀ ਸੁਣਾਈਆ । ਮੈਂ ਕੀ ਅਲਾਖਾਂ, ਅਲਖ ਨਾ ਲਖਿਆ ਜਾਈਆ । ਮੈਂ ਵੇਖੀਆਂ ਗੋਪੀਆਂ ਕਾਹਨ ਦੀਆਂ ਰਾਸਾਂ, ਤਟ ਕਿਨਾਰੇ ਸੋਭਾ ਪਾਈਆ । ਮੈਂ ਚਾਰ ਜੁਗ ਦੇ ਅਵਤਾਰ ਪੈਗ਼ਬਰਾਂ ਗੁਰੂਆਂ ਦੀਆਂ ਤੱਕੀਆਂ ਆਸਾਂ, ਜੋ ਆਸਾਵੰਦ ਆਸ ਗਏ ਰਖਾਈਆ । ਮੈਂ ਦੀਨਾਂ ਮਜ਼੍ਹਬਾਂ ਦੀਆਂ ਵੱਡੀਆਂ ਛੋਟੀਆਂ ਵੇਖੀਆਂ ਜਮਾਤਾਂ, ਜੋ ਕਲਾਸਾਂ ਵਿਚ ਆਪਣਾ ਹੁਕਮ ਜਣਾਈਆ । ਅੰਤ ਕਲਜੁਗ ਦੀਆਂ ਆ ਗਈਆਂ ਅੰਧੇਰੀਆਂ ਰਾਤਾਂ, ਚਾਰੋਂ ਕੁੰਟ ਅੰਧੇਰਾ ਛਾਈਆ । ਪਿਆਰ ਰਿਹਾ ਨਾ ਪੁਤਰਾਂ ਮਾਤਾ, ਪਿਤਾ ਪੂਤ ਕਰੇ ਲੜਾਈਆ । ਨਾਰ ਕੰਤ ਨਾ ਦੇਵੇ ਸਾਥਾ, ਸੰਗੀ ਸੰਗ ਨਾ ਕੋਇ ਬਣਾਈਆ । ਸਜਣ ਮਿਤਰ ਇਕ ਦੂਜੇ ਨੂੰ ਲੁੱਟਣ ਹਾਥੋ ਹਾਥਾ, ਧਰੋਹ ਪ੍ਰੇਮ ਵਿਚ ਕਮਾਈਆ । ਰਸਨਾ ਜਿਹਵਾ ਸਾਧ ਸੰਤ ਜਗਤ ਸ਼ਾਸਤਰਾਂ ਪੜ੍ਹਦੇ ਸੁਣਾਉਂਦੇ ਗਾਥਾ, ਅੰਦਰੋਂ ਮਨ ਕਲਪਣਾ ਜਗਤ ਵਿਚ ਤੜਫਾਈਆ । ਤੀਰਥ ਤੱਟਾਂ ਉਤੇ ਮਾਰਦੇ ਵਾਟਾਂ, ਘਰ ਸਰੋਵਰ ਨਹਾਵਣ ਦੀ ਆਸ ਨਾ ਕੋਇ ਰਖਾਈਆ । ਬਾਹਰੋਂ ਜਗਾਉਂਦੇ ਘਿਰਤ ਦੀਪ ਦੀਆਂ ਲਾਟਾਂ, ਅੰਦਰੋਂ ਨੂਰ ਜੋਤ ਨਾ ਕੋਇ ਰੁਸ਼ਨਾਈਆ । ਬਾਹਰ ਸੌਂਦੇ ਸੇਜਾ ਪਲੰਘਾਂ ਉਤੇ ਖਾਟਾ, ਆਤਮ ਸੇਜਾ ਸੋਭਾ ਕੋਇ ਨਾ ਪਾਈਆ ।

ਕੰਨਾਂ ਨਾਲ ਸਰੋਤਿਆਂ ਦੀ ਸੁਣਦੇ ਅਵਾਜ਼ਾ, ਨਾਦ ਧੁਨ ਅੰਤਰ ਨਿਰੰਤਰ ਸੁਣਨ ਕੋਇ ਨਾ ਪਾਈਆ । ਬਾਹਰੋਂ ਫ਼ਰਜ਼ੀਆ ਸੀਸ ਨਿਵਾਉਂਦੇ ਤੇ ਪੜ੍ਹਨ ਨਿਮਾਜ਼ਾ, ਰੋਜ਼ਿਆਂ ਵਿਚ ਆਪਣਾ ਆਪ ਖਪਾਈਆ । ਮੱਕਿਆਂ ਕਾਅਬਿਆਂ ਦਾ ਕਰਨ ਹਾਜਾ, ਲੇਕਿਨ ਹੁਜਰਾ ਹਕ ਹਕ ਦਾ ਮਾਲਕ ਦਿਸ ਕਿਸੇ ਨਾ ਆਈਆ । ਜਦੋਂ ਮਿਲਿਆ ਤੇ ਮਿਲਿਆ ਆਪਾ, ਆਪ ਆਪਣੀ ਦਇਆ ਕਮਾਈਆ । ਜਨ ਭਗਤੋ ਤੁਹਾਡਾ ਇਕੋ ਸ਼ਬਦ ਤੇ ਇਕੋ ਨਾਮ ਤੇ ਇਕੋ ਕਲਮਾ ਤੇ ਇਕੋ ਜਾਪਾ, ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਮਿਲ ਕੇ ਵੱਜੇ ਵਧਾਈਆ । ਇਕੋ ਸੱਜਣ ਮੀਤ ਮੁਰਾਰਾ ਤੇ ਇਕੋ ਸਾਹਿਬ ਸਵਾਮੀ ਸਾਕਾ, ਰਿਸ਼ਤਾ ਫ਼ਰਿਸ਼ਤਿਆਂ ਨਾਲੋਂ ਤੁੜਾਈਆ । ਇਕੋ ਮਾਲਕ ਇਕੋ ਖ਼ਾਲਕ ਤੇ ਇਕੋ ਆਕਾ, ਜੋ ਅਕਲ ਬੁੱਧੀ ਤੋਂ ਪਰੇ ਆਪਣਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਬੇਪ੍ਰਵਾਹੀਆ । ਨਾਰਦ ਕਹੇ ਪ੍ਰਭੂ ਉਏ ਤੈਨੂੰ ਕਿਉਂ ਕਹਿੰਦੇ ਬੇਪ੍ਰਵਾਹ, ਕੀ ਬੇਪ੍ਰਵਾਹੀ ਵਿਚ ਸਮਾਈਆ । ਤੂੰ ਸਾਰਿਆਂ ਨੂੰ ਆਪਣੇ ਹੁਕਮ ਵਿਚ ਭਾਣੇ ਵਿਚ ਛੱਡਿਆ ਰੁਲਾ, ਜੁਗ ਜੁਗ ਆਪਣਾ ਖੇਲ ਖਿਲਾਈਆ । ਜਿਹੜਾ ਇਕ ਵੇਰਾਂ ਗਿਆ ਉਸ ਨੂੰ ਦੁਬਾਰਾ ਕਿਉਂ ਨਹੀਂ ਲਿਆ ਬੁਲਾ, ਉਸ ਦਾ ਲੇਖਾ ਸਨਮੁਖ ਦਿਤਾ ਸਮਝਾਈਆ । ਤੂੰ ਆਪ ਇਕ ਤੇ ਵੱਖ ਵੱਖ ਆਪਣੇ ਨਾਮ ਦਿਤੇ ਜਪਾ, ਰੱਟਾ ਦੀਨ ਦੁਨੀ ਵਿਚ ਪਾਈਆ । ਤੂੰ ਸਭ ਦੇ ਨਾਲ ਧੋਖਾ ਦਗ਼ਾ ਰਿਹੋਂ ਕਮਾ, ਓਹ ਕਮਾਲ ਦਿਆ ਮਾਲਕਾ ਕਮਾਲ ਤੇਰੀ ਵਡਿਆਈਆ । ਤੂੰ ਦੱਸ ਚਹੁੰ ਵੇਦਾਂ ਵਿਚ ਕਿਹੜਾ ਤੇਰਾ ਨਾਮ ਚੰਗਾ ਕਿਹੜਾ ਤੇਰਾ ਨਾਮ ਮੰਦਾ ਤੇ ਤੂੰ ਕਿਹੜਾ ਲਿਆ ਗਵਾ, ਸਾਰੇ ਅੱਗੜ ਪਿੱਛੜ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਨਾਰਦ ਕਹੇ ਓ ਪ੍ਰਭੂ ਕੁਛ ਦੱਸ ਦੇ ਭੋਲਿਆ ਆਪਣਾ ਭੇਤਾ, ਪਰਦਾ ਦੇ ਉਠਾਈਆ । ਤੂੰ ਕਿਸ ਦਾ ਸਾਹਿਬ ਤੇ ਕਿਸ ਦਾ ਨੇਤਾ, ਬਿਨ ਨੇਤਰਾਂ ਤੋਂ ਨਜ਼ਰੀ ਆਈਆ । ਚਾਰ ਜੁਗ ਦਾ ਪਿਛਲਾ ਯਾਦ ਕਰ ਲੈ ਚੇਤਾ, ਸੰਦੇਸੇ ਸੰਦੇਸੇ ਵਿਚੋਂ ਫੋਲ ਫੁਲਾਈਆ । ਜਿਸ ਦੇ ਪਿਛੇ ਗੋਬਿੰਦ ਨੇ ਬੱਚੇ ਕੀਤੇ ਭੇਟਾ, ਆਪ ਆਪਣਾ ਵਾਰ ਵਖਾਈਆ । ਨਾਲੇ ਹੱਸ ਕੇ ਕਿਹਾ ਮੇਰੇ ਸਾਹਿਬ ਦਾ ਸਵਾਮੀ ਦਾ ਅੰਤਰਜਾਮੀ ਦਾ ਦੀਨ ਮਜ਼੍ਹਬਾਂ ਤੋਂ ਬਾਹਰ ਦੀਨ ਦੁਨੀ ਦਾ ਆਤਮ ਬ੍ਰਹਮ ਦਾ ਸਤਿ ਧਰਮ ਦਾ ਇਕੋ ਹੁਕਮ ਵਿਚ ਇਕੋ ਵਾਰ ਹੋਵੇ ਲੋਕਮਾਤ ਠੇਕਾ, ਪਿਛਲੀ ਠੇਕੇਦਾਰੀ ਰਹਿਣ ਕੋਇ ਨਾ ਪਾਈਆ । ਇਕੋ ਦਾਤਾ ਇਕੋ ਦਾਤਾਰ ਇਕੋ ਹੋਵੇ ਨੇਤਾ, ਜੋ ਨੇਤਰਾਂ ਤੋਂ ਪਿਛੇ ਬਹਿ ਕੇ ਸਭ ਨੂੰ ਵੇਖ ਵਖਾਈਆ । ਪਰ ਓਹਦਾ ਰੂਪ ਹੋਣਾ ਓਹਦਾ ਖੇਲ ਅਨੂਪ ਹੋਣਾ ਉਹਨੂੰ ਕਿਸੇ ਨੇ ਕਹਿਣਾ ਗਵਾਰ ਕਿਸੇ ਨੇ ਕਹਿਣਾ ਜੱਟ ਫਿਰੇ ਵਿਚ ਖੇਤਾ, ਸ਼ਤਰੀ ਬ੍ਰਹਮਣ ਸ਼ੂਦਰ ਵੈਸ਼ ਸਮਝ ਕਿਸੇ ਨਾ ਪਾਈਆ । ਉਸ ਦੇ ਹੱਥ ਵਿਚ ਸਮਰਥ ਕੋਲ ਸਭ ਦਾ ਹੋਵੇ ਲੇਖਾ, ਬਿਨਾ ਲਿਖਿਆਂ ਤੋਂ ਲੇਖ ਸਭ ਦੇ ਦਏ ਬਦਲਾਈਆ । ਓਹਦਾ ਜਵਾਬ ਓਹਦਾ ਪ੍ਰਨਾਮ ਜਗਤ ਦੀ ਧਾਰ ਵਿਚੋਂ ਹੋਏ ਵਿਸ਼ੇਸ਼ਾ, ਵਿਸ਼ਿਆਂ ਤੋਂ ਬਾਹਰ ਇਕੋ ਆਪਣੀ ਖੇਲ ਖਿਲਾਈਆ । ਨਾਲੇ ਸਦਾ ਰਹੇ ਤੇ ਨਾਲੇ ਰਹੇ ਹਮੇਸ਼ਾ, ਤੇ ਆਵਣ ਜਾਵਣ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਇਕ ਅਖਵਾਈਆ । ਭੰਡਾਰਾ ਕਹੇ ਗੁਰਮੁਖੋ ਓ ਭਗਤੋ ਤੁਸੀਂ ਅੱਜ ਖਾ ਖਾ ਕੇ ਗਏ ਰੱਜ, ਸੁੱਕੇ ਮੰਡੇ ਸੋਹਣੇ ਸੋਭਾ ਪਾਈਆ । ਪਿਛੇ ਚਕਰਵਰਤੀ ਕਰਾਉਂਦੇ ਰਹੇ ਅਸਵਮੇਧ ਯੱਗ, ਛੱਤੀ ਪਦਾਰਥਾਂ ਵੰਡ ਵੰਡਾਈਆ । ਸਾਧਾਂ ਸੰਤਾਂ ਨੂੰ ਰਿਸ਼ੀਆਂ ਨੂੰ ਮੁਨੀਆਂ ਨੂੰ ਬਾਹਰੋਂ ਜੰਗਲਾਂ ਵਿਚੋਂ

ਲਿਆਉਂਦੇ ਰਹੇ ਲੱਭ, ਤੇੜ ਲੰਗੋਟੀਆਂ ਸਿਰ ਤੇ ਚੋਟੀਆਂ ਤੇ ਨੀਤਾਂ ਖੋਟੀਆਂ ਭੰਡਾਰੇ ਵਿਚ ਆ ਕੇ ਗੱਫੇ ਖ਼ੂਬ ਲਗਾਈਆ । ਬੁੱਧਾਂ ਮੋਟੀਆਂ ਤੇ
ਨੀਤਾਂ ਖੋਟੀਆਂ ਕਹਿਣ ਅਸੀਂ ਨਹੀਂ ਖਾਣੀਆਂ ਰੋਟੀਆਂ, ਬਿਨਾ ਪੂੜੀ ਕੜਾਹ ਤੋਂ ਸਾਡਾ ਮਨ ਖ਼ੁਸ਼ੀ ਵਿਚ ਕਦੇ ਨਾ ਆਈਆ । ਅਸੀਂ ਫਿਰਦੇ ਵਾਂਗ
ਜੋਗੀਆਂ, ਸਾਡੇ ਅੰਦਰ ਬੀਮਾਰੀ ਨਹੀਂ ਕੋਈ ਰੋਗੀਆਂ, ਅਸੀਂ ਰਸਦਾਂ ਓਹ ਲੈਣੀਆਂ ਜਿਹੜੀਆਂ ਬਲ ਦਵਾਰੇ ਹੋਣ ਸੋਧੀਆਂ, ਸੱਤਾਂ ਰੰਗਾਂ ਦੀਆਂ
ਟਾਕੀਆਂ ਵਿਚ ਸੱਤ ਰੰਗ ਦੇ ਅਨਾਜ ਬੰਨ੍ਹ ਕੇ ਭੇਟ ਚੜ੍ਹਾਈਆ । ਕੁਛ ਖਾ ਲੈਣਾ ਕੁਛ ਪੀ ਲੈਣਾ ਕੁਛ ਜਾਣ ਲਗਿਆਂ ਪਾ ਲੈਣਾ ਵਿਚ ਬੋਝਿਆਂ,
ਓਅੰ ਹਰੀ ਓਮ ਤਤ ਸਤਿ ਨਰਾਇਣ ਨਰਾਇਣ ਨਰਾਇਣ ਨਰਾਇਣ ਏਕਾ ਰੰਗ ਰੰਗਾਈਆ । ਓਹ ਪ੍ਰਭੂ ਬੜਾ ਬੇਪ੍ਰਵਾਹ ਓਹ ਇਹੋ ਜਿਹੇ ਖੇਲ ਖੇਲਦਾ
ਰਹਿੰਦਾ ਬਣ ਕੇ ਚੋਜੀਆ, ਚੋਜ਼ੀ ਹੋ ਕੇ ਆਪਣਾ ਖੇਲ ਖਿਲਾਈਆ । ਨਾਰਦ ਕਹੇ ਵਾਹ ਉਏ ਬਾਬਾ ਬਾਪੂ ਓ ਮੇਰੇ ਪਰਮਾਤਮਾ, ਜੇ ਤੂੰ ਨਾ ਹੋਵੇਂ
ਇਨ੍ਹਾਂ ਸਾਧਾਂ ਨੂੰ ਜੰਗਲਾਂ ਵਿਚ ਬਹਿਣ ਵਾਲਿਆਂ ਨੂੰ ਕੌਣ ਦੇਵੇ ਰੋਜ਼ੀਆਂ, ਮਣਕਿਆਂ ਵਿਚੋਂ ਤਿੰਨ ਵਾਰ ਮਨ ਨਾ ਕੋਇ ਰਜਾਈਆ । ਇਹ ਤੇਰੇ
ਨਾਮ ਵਿਚ ਪਿਆਰ ਵਿਚ ਕਹਿਣ ਅਸੀਂ ਬਹਿੰਦੇ ਮਾਰ ਕੇ ਗੋਡੀਆਂ, ਹੱਥ ਸੀਨੇ ਉਤੇ ਟਿਕਾਈਆ । ਨਾਲੇ ਭੰਗ ਦੀਆਂ ਪੀਣ ਡੋਡੀਆਂ, ਤੇ ਆਪਣੀਆਂ
ਆਸ਼ਾ ਨੂੰ ਚੁੱਕੀ ਫਿਰਨ ਉਤੇ ਮੋਢਿਆਂ, ਬਿਨਾ ਨਾਸਾਂ ਤੋਂ ਸੁੰਘ ਕੇ ਚਹੁੰ ਕੁੰਟਾਂ ਦੀ ਵਾਸ਼ਨਾ ਆਪਣੇ ਵਿਚ ਟਿਕਾਈਆ । ਕਿਸੇ ਦੀਆਂ ਚੁੰਡੀਆਂ ਉਤੋਂ
ਠੋਡੀਆਂ, ਕਿਸੇ ਦੀਆਂ ਦਾਹੜੀਆਂ ਖੋਦੀਆਂ, ਜਾਂ ਤੱਕਿਆ ਤੇ ਭਰੀਆਂ ਵੱਧ ਨਾਲੋਂ ਲੋਭੀਆਂ, ਲੋਭ ਮੋਹ ਹੰਕਾਰ ਅੰਦਰੋਂ ਨਾ ਕੋਇ ਕਢਾਈਆ ।
ਪ੍ਰਭੂ ਬੜਾ ਗੰਭੀਰ ਬੇਨਜ਼ੀਰ ਜੋ ਆਦਿ ਜੁਗਾਦਿ ਸਾਰਿਆਂ ਸ਼ਰੀਰਾਂ ਦਾ ਖੋਜ ਖੋਜੇ ਬੜਾ ਖੋਜੀਆ, ਜਿਥੇ ਖੋਜਣ ਵਾਲਾ ਹੋਰ ਨਜ਼ਰ ਕੋਇ ਨਾ ਆਈਆ ।

ਜਿਨ੍ਹਾਂ ਦੇ ਕੋਲ ਛੋਟੀਆਂ ਛੋਟੀਆਂ ਨਾਮ ਦੀਆਂ ਬੋਘੀਆਂ, ਕਦੀ ਚੜ੍ਹਦੇ ਕਦੀ ਉਤਰਦੇ ਕਦੀ ਪਛੜ ਕੇ ਆਪਣਾ ਆਪ ਲੈਣ ਗਵਾਈਆ । ਜਿਨ੍ਹਾਂ
੩੯੬ ੨੩
ਨੂੰ ਪੁਰਖ ਅਕਾਲ ਨੇ ਓਹ ਦੀਨ ਦਿਆਲ ਨੇ ਭਗਤ ਬਣਾ ਕੇ ਅੰਦਰ ਦਿਤੀਆਂ ਸੋਝੀਆਂ, ਘਰ ਬੈਠਿਆਂ ਦੇ ਅੰਦਰ ਆ ਕੇ ਆਪਣਾ ਡੇਰਾ ਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਪ੍ਰਭੂ ਭਈ ਸਚ
ਦੱਸ ਦੇ ਇਹ ਭਗਤ ਕੀ ਤੇਰੇ ਸੰਗੀ, ਕੀ ਸੰਗਲਾਂ ਨਾਲ ਬੰਨ੍ਹ ਕੇ ਲੱਕ ਬੰਧਾਈਆ । ਅਜੇ ਐਂ ਜਾਪਦਾ ਕਲਜੁਗ ਦੀ ਆਯੂ ਥੋੜੀ ਜਿਹੀ ਲੰਘੀ,
ਬਹੁਤ ਪੰਧ ਨਾ ਕਇ ਮੁਕਾਈਆ । ਨਾਰਦ ਕਹੇ ਮੈਂ ਚੜ੍ਹਦੇ ਗਿਆ ਲਹਿੰਦੇ ਗਿਆ ਮੈਂ ਦੱਖਣ ਗਿਆ ਪਹਾੜ ਗਿਆ ਜਿਧਰ ਵੇਖਾਂ ਉਧਰ ਇਧਰ
ਵਾਹਵੇ (ਵਾਲ) ਲਾੜੀ ਮੌਤ ਅਗੇ ਪਿਛੇ ਸਵਾਰੇ ਪਟੀਆਂ ਤੇ ਮੈਨੂੰ ਵਖਾਵੇ ਕੰਘੀ, ਬਿਨਾ ਦੰਦਾਂ ਤੋਂ ਦੰਦਾਸਾ ਲੈ ਕੇ ਆਪਣਾ ਰੰਗ ਵਖਾਈਆ । ਨਾਲੇ
ਕਹੇ ਨਾਰਦਾ ਔਹ ਵੇਖ ਸਭ ਦੀ ਜੋਬਨ ਜਵਾਨੀ ਮੇਰੀ ਕਿੱਲੀ ਉਤੇ ਟੰਗੀ, ਜਦੋਂ ਚਾਹਵਾਂ ਸਭ ਨੂੰ ਦਿਆਂ ਉਲਟਾਈਆ । ਜੋਬਨ ਕਰ ਕੇ ਕਹੇ
ਜਾਹ ਨੀ ਤੂੰ ਮੇਰੇ ਬਿਨਾ ਜਾਏਂ ਅੰਨ੍ਹੀ, ਤੈਨੂੰ ਨਜ਼ਰ ਕੁਛ ਨਾ ਆਈਆ । ਤੈਨੂੰ ਨਹੀਂ ਪਤਾ ਮੈਂ ਆਪਣੇ ਸਾਹਿਬ ਤੋਂ ਇਕੋ ਮੰਗ ਮੰਗੀ, ਮੰਗਤਾ
ਹੋ ਕੇ ਝੋਲੀ ਡਾਹੀਆ । ਜਿਹੜਾ ਈਸਾ ਨੇ ਹਿੰਦਸਾ ਲਿਖਿਆ ਪੰਝੀ, ਉਸ ਦੀ ਪੰਝੀ ਨਾਲ ਪੰਜਾ ਪ੍ਰਭ ਦੇ ਚਰਨਾਂ ਹੇਠ ਦਬਾਈਆ । ਨੀ ਕਮਲੀਏ
ਓਹ ਵੇਖ ਇਕੋ ਸੂਰਬੀਰ ਬਹਾਦਰ ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਯੋਧਾ ਤੇ ਜੰਗੀ, ਜੰਗਜੂ ਬਹਾਦਰ ਨਜ਼ਰੀ ਆਈਆ । ਪਰ ਇਕ ਗੱਲ
ਉਹਦਾ ਪਤਾ ਨਹੀਂ ਉਹ ਸਾਹਿਬ ਕਿ ਭੇਖੀ ਪਖੰਡੀ, ਕਿ ਠੱਗੀ ਜਗਤ ਨਾਲ ਕਮਾਈਆ । ਨਾਰਦ ਕਹਿੰਦਾ ਮੈਨੂੰ ਐਂ ਦਿਸਦਾ ਸ੍ਰਿਸ਼ਟੀ ਅੰਦਰ ਉਹਦੇ

ਨਾਲੋਂ ਹੋ ਗਈ ਰੰਡੀ, ਮੰਦਰਾਂ ਵਿਚੋਂ ਖ਼ਸਮ ਹੱਥ ਕਿਸੇ ਨਾ ਆਈਆ । ਗੰਗਾ ਗੋਦਾਵਰੀ ਅੰਮ੍ਰਿਤ ਦੀ ਧਾਰ ਨਾਲ ਕਰ ਨਾ ਸਕੇ ਠੰਢੀ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਮੇਟੇ ਨਾ ਜੇਰਜ ਅੰਡੀ, ਉਤਭੁਜ ਸੇਤਜ ਪੰਧ ਨਾ ਕੋਇ ਮੁਕਾਈਆ । ਮੈਂ ਸੁਣਿਆ ਇਕ ਭਗਤ ਦਵਾਰਾ ਤੇ ਇਕ ਭਗਤ ਭੰਡਾਰਾ ਜਿਥੇ ਕੁਝ ਜਾਪ ਕਰਨਾ ਨਹੀਂ ਪੈਂਦਾ ਦਮੀ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਦੁਨੀਆ ਤੇ ਉਹਨਾਂ ਨੂੰ ਕਹਿੰਦੀ ਇਨ੍ਹਾਂ ਦੀ ਬੁੱਧੀ ਹੋਈ ਨਿਕੰਮੀ, ਮਾਨੁਖ ਆਪਣਾ ਰਸਤਾ ਗਏ ਭੁਲਾਈਆ । ਤੇ ਨਾਰਦ ਕਹੇ ਮੈਂ ਦੱਸਿਆ ਤੇ ਤਾੜੀ ਮਾਰੀ ਦੁਨੀਆਦਾਰੋ ਇੰਨ੍ਹਾਂ ਦੀ ਏਕੋ ਮਾਤਾ ਤੇ ਏਕੋ ਅੰਮੀ, ਤੇ ਏਕੋ ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਜਿਸ ਦੀ ਧਾਰ ਵਿਚੋਂ ਆਤਮ ਦੀ ਧਾਰ ਜੰਮੀ, ਆਤਮਾ ਪਰਮਾਤਮਾ ਵਿਚ ਸਮਾਈਆ । ਜਿਥੇ ਨਾ ਕੋਈ ਖ਼ੁਸ਼ੀ ਤੇ ਨਾ ਕੋਈ ਗ਼ਮੀ, ਗ਼ਮਖ਼ਾਰ ਏਕੋ ਸੋਭਾ ਪਾਈਆ । ਜਦੋਂ ਵੇਖੇ ਉਸ ਦੀ ਜੋਬਨ ਜਵਾਨੀ ਨਵੀਂ, ਨਵ ਜੋਬਨਵੰਤਾ ਏਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਂ ਅੱਜ ਦਿਨੇ ਲੁਕਿਆ ਰਿਹਾ ਇਧਰ ਉਧਰ ਗੁੱਠਾ, ਆਪਣਾ ਆਪ ਛੁਪਾਈਆ । ਜਾਂ ਮੈਂ ਮਿਲਦਾ ਰਿਹਾ ਤੇ ਪੂਰਨ ਸਿੰਘ ਕਹੇ ਮੇਰਾ ਸਰੀਰ ਭੱਜਾ ਟੁੱਟਾ, ਥਕਾਵਟ ਵਿਚ ਥੱਕਿਆ ਨਜ਼ਰੀ ਆਈਆ । ਮੈਂ ਆਖਿਆ ਅੱਜ ਖੈਰ ਨਹੀਂ ਪਤਾ ਨਹੀਂ ਕਿਹੜਾ ਵੇਲਾ ਰਿਹਾ ਢੁਕਾ, ਢੁਕਵਾਂ ਆਪਣਾ ਮੇਲ ਮਿਲਾਈਆ । ਇਧਰੋਂ ਮੈਨੂੰ ਸ਼ਬਦੀ ਸ਼ਬਦ ਦਾ ਦਿਤਾ ਰੁੱਕਾ, ਹੁਕਮ ਦਿਤਾ ਸੁਣਾਈਆ । ਓਏ ਨਾਰਦਾ ਅੱਜ ਵਿਸ਼ਨ ਬ੍ਰਹਮਾ ਸ਼ਿਵ ਲਛਮੀ ਸੁਰਸਤੀ ਪਾਰਬਤੀ ਰਾਧਾ ਕ੍ਰਿਸ਼ਨ ਸੀਤਾ ਰਾਮ ਨੇ ਭਗਤਾਂ ਦੇ ਦਵਾਰੇ ਖਾਵਣ ਆਉਣਾ ਰੁੱਖਾ ਟੁਕਾ, ਆਪਣੀ ਆਸ ਬਣਾਈਆ । ਫੇਰ ਸਾਰਿਆਂ ਬੇਨੰਤੀ ਕਰਨੀ ਪ੍ਰਭੂ ਹੁਣ ਨਾ ਰਹਿ ਛੁਪਾ, ਛੁਪਣ ਵਾਲਿਆ ਬਥੇਰੇ ਜੁਗ ਦਿਤੇ ਲੰਘਾਈਆ । ਪਰ ਤੂੰ ਬੇਪਰਵਾਹ ਦੁਨੀਆ ਭਾਵੇਂ ਉਲਟ ਜਾਏ ਪਰ ਤੇਰਾ ਦੇਣ ਵਾਲਾ ਕਦੀ ਨਾ ਰੁੜ੍ਹੇ ਕੁੱਪਾ, ਪਲੀ ਪਲੀ ਜ਼ਿਮੀਂਦਾਰਾਂ ਨੂੰ ਦੇ ਕੇ ਗੁਰ ਅਵਤਾਰ ਪੈਗ਼ੰਬਰਾਂ ਨੂੰ ਲੋਕਮਾਤ ਦਿਤਾ ਵਰਚਾਈਆ । ਜਾਂ ਤੇ ਪ੍ਰਗਟ ਨਾ ਹੁੰਦੋਂ ਸ਼ਬਦ ਦੀ ਧਾਰ ਤੇ ਰਹਿੰਦਿਉਂ ਚੁਪਾ, ਚੁੱਪ ਚੁਪੀਤਾ ਆਪਣਾ ਵਕਤ ਲੈਂਦਾ ਲੰਘਾਈਆ । ਤੇ ਸਾਨੂੰ ਕੋਈ ਨਹੀਂ ਸੀ ਦੁੱਖਾ, ਰੰਜਸ਼ ਗ਼ਮੀ ਨਾ ਕੋਇ ਪਰਗਟਾਈਆ । ਪਰ ਯਾਦ ਵੀ ਕਰ ਲੈ ਤੇ ਵੇਖ ਲੈ ਜਿਹੜਾ ਭਗਤ ਉਹ ਜ਼ਰੂਰ ਤੇਰੇ ਦਰ ਦਾ ਭੁੱਖਾ, ਰਾਤੀਂ ਸੁੱਤਿਆਂ ਤੇ ਦਿਨੇ ਜਾਗਦਿਆਂ ਤੇਰਾ ਧਿਆਨ ਲਗਾਈਆ । ਤੇ ਜੇ ਹੁਣ ਤੂੰ ਘਰ ਘਰ ਵਿਚ ਨਾ ਪੁੱਜਾ, ਤੇਰੀ ਪੂਜਾ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਸਚ ਖੇਲ ਖਿਲਾਈਆ । ਨਾਰਦ ਕਹੇ ਜਨ ਭਗਤੋ ਸੁਣਿਆ ਤੁਸੀਂ ਹਲਫ਼ੀਆ ਬਿਆਨ ਦਿਤੇ ਅੱਜ, ਸਚ ਦਿਓ ਸੁਣਾਈਆ । ਹੱਥ ਖੜੇ ਕਰੋ ਕਿੰਨਿਆਂ ਅੰਦਰੋਂ ਲਾਇਆ ਪੱਜ, ਆਪਣਾ ਆਪ ਛੁਪਾਈਆ । ਕਿੰਨਿਆਂ ਨੇ ਰਸ ਲੈਣਾ ਅਜੇ ਹੋਰ ਜਰਾ ਜਰਾ ਮਧਰਾ ਮਾਸ ਖਾ ਕੇ ਖ਼ੁਸ਼ੀ ਬਣਾਈਆ । ਕਿੰਨਿਆਂ ਨੂੰ ਚਾਹ ਪੀਣ ਦਾ ਲਬ, ਰਸਨਾ ਵਾਲਿਓ ਦਿਓ ਜਣਾਈਆ । ਕਿੰਨਿਆਂ ਨੇ ਜਾਣਾ ਛਡ, ਛਡਣ ਵਾਲੇ ਬਾਹਵਾਂ ਲਓ ਉਠਾਈਆ । ਕਿੰਨਿਆਂ ਨੇ ਭਗਤਾਂ ਤੋਂ ਰਹਿਣਾ ਅੱਡ, ਅਡਰੇ ਰਹਿਣ ਵਾਲਿਓ ਮੁੜ ਕੇ ਆਉਣਾ ਨਾ ਚਾਈਂ ਚਾਈਆ । ਜਾਂ ਧਰਮ ਰਖੇ ਤੇ ਧਰਮ ਦੇ ਨਿਸ਼ਾਨੇ ਦਿਓ ਗੱਡ, ਧਰਮ ਦੀ ਧਾਰ ਦੇਣੀ ਬਣਾਈਆ । ਇਹ ਉਸ ਸਾਹਿਬ ਦੀ ਹੱਦ, ਜਿਸ ਦੀ ਹਦੂਦ ਸਕੇ ਨਾ ਕੋਇ ਸਮਝਾਈਆ । ਤੁਸੀਂ ਉਸ ਪੁਰਖ ਅਕਾਲ ਦੀ ਯਦ, ਜਿਸ ਨੂੰ ਸਾਰੇ ਸੀਸ ਨਿਵਾਈਆ । ਜਿਸ

ਨੇ ਤੁਹਾਡੇ ਏਥੇ ਓਥੇ ਦੋ ਜਹਾਨਾਂ ਪਰਦੇ ਲੈਣੇ ਕੱਜ, ਓਹ ਕੱਜਲ ਵਿਚ ਅੱਖੀਆਂ ਪਾਉਣ ਵਾਲਿਓ ਅੱਖੀਆਂ ਲਓ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਇਕ ਅਖਵਾਈਆ । ਲੰਗਰ ਕਹੇ ਮੈਨੂੰ ਖਾ ਖਾ ਗਏ ਕੋਟਨ ਕੋਟੀ, ਅਣਗਿਣਤ ਆਪਣਾ ਆਪ ਜਗਤ ਚਲਾਈਆ । ਪਰ ਮੈਂ ਹੁੰਦਾ ਰਿਹਾ ਬੋਟੀ ਬੋਟੀ, ਟੁਕੜਾ ਟੁਕੜਾ ਆਪਣਾ ਆਪ ਜਣਾਈਆ । ਕਿਸੇ ਚਪਾਤੀ ਬਣਾਈ ਤੇ ਕਿਸੇ ਬਣਾਈ ਰੋਟੀ, ਖਾ ਕੇ ਆਪਣਾ ਝਟ ਲੰਘਾਈਆ । ਪਰ ਮੈਨੂੰ ਅੱਜ ਤਕ ਆਪਣਾ ਸਾਥੀ ਕਿਸੇ ਨਹੀਂ ਬਣਾਇਆ ਗੋਤੀ, ਗੌਤਮ ਬੁੱਧ ਨੇ ਇਕ ਵਾਰ ਇਸ਼ਾਰਾ ਦਿਤਾ ਕਲਜੁਗ ਅੰਤਮ ਤੇਰਾ ਲੇਖਾ ਚੁਕਾਏ ਧੁਰ ਦਾ ਮਾਹੀਆ । ਜਿਸ ਦੀ ਜਨਣੀ ਜਗਤ ਧਾਰ ਤੋਂ ਬਾਹਰ ਜੋਤੀ, ਜੋਤੀ ਜਾਤਾ ਆਪਣਾ ਆਪ ਲਏ ਪ੍ਰਗਟਾਈਆ । ਉਸ ਨੇ ਭਗਤਾਂ ਉਤੇ ਕਿਰਪਾ ਕਰਨੀ ਬਹੁਤੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਉਸ ਦੀ ਸੋਚ ਜਾਏ ਨਾ ਸੋਚੀ, ਸਮਝ ਵਿਚ ਨਾ ਕੋਇ ਸਮਝਾਈਆ । ਇਕ ਮਾਣ ਦੇਣਾ ਰਵਦਾਸ ਚਮਾਰੇ ਮੋਚੀ, ਤੇ ਬਾਲਮੀਕ ਨਾਲ ਕਰੇ ਕੁੜਮਾਈਆ । ਜਨ ਭਗਤਾਂ ਦੀ ਭਗਵਨ ਹੋ ਕੇ ਚਲਾਉਣੀ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਹੋ ਕੇ ਵੰਡੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਵਾਮੀ ਸਦਾ ਸਹਿਜ ਸੁਖਦਾਈਆ । ਨਾਰਦ ਕਹੇ ਲਿਖਾਰੀਓ ਤੁਸਾਂ ਕਿਉਂ ਆਪਣੇ ਪਿਛੇ ਰਖੇ ਲੈਂਪ, ਸਚ ਸਚ ਦਿਓ ਸੁਣਾਈਆ । ਕੀ ਇਹ ਭਗਤ ਦਵਾਰਾ ਕਿ ਅੰਧਿਆਂ ਦਾ ਕੈਂਪ, ਨੇਤਰ ਨਜ਼ਰ ਕਿਛ ਨਾ ਆਈਆ । ਕੀ ਇਹ ਨਾਮ ਭੰਡਾਰਾ ਕਿ ਕੂੜ ਕੁੜਿਆਰ ਦਾ ਡੰਕ, ਭੇਵ ਦਿਓ ਖੁਲਾਈਆ । ਕੀ ਇਹ ਸ਼ਬਦ ਰਫ਼ਤਾਰਾ ਕਿ ਮਨ ਬੁੱਧੀ ਦਾ ਜੰਪ, ਜਗਤ ਪੰਧ ਮੁਕਾਈਆ ।



ਸਾਰੇ ਕਹਿਣ ਪ੍ਰਭੂ ਸਾਨੂੰ ਐਂ ਦਿਸਦਾ ਇਹ ਬਿਨਾ ਹਥਿਆਰਾਂ ਤੋਂ ਤੇਰਿਆਂ ਭਗਤਾਂ ਦਾ ਉਹ ਮੁਕਾਮ ਜਿਹਨੂੰ ਕਹਿਣ ਕੈਂਟ, ਇਕੋ ਰੈਂਕ ਵਿਚ ਸਾਰੇ ਸੋਭਾ ਪਾਈਆ । ਕਿਸੇ ਦਾ ਕੋਟ ਨਹੀਂ ਪੈਂਟ, ਵੰਡਣ ਵੰਡ ਨਾ ਕੋਇ ਵੰਡਾਈਆ । ਟੋਪੀ ਨਹੀਂ ਹੈਟ ਹੈਂਟ, ਹੈਂਡ ਸਭ ਦੇ ਰਿਹਾ ਹਿਲਾਈਆ । ਐਂ ਦਿਸਦਾ ਇਹ ਸਾਰੇ ਬੜੇ ਸ਼ੌਕੀਨ ਤੇ ਜੈਂਟ, ਜੈਂਟਲਮੈਨ ਸੋਭਾ ਪਾਈਆ । ਤੇਰੇ ਵਾਂਗੂ ਸ਼ਰਾਰਤ ਦੇ ਬਣੇ ਟਾਂਟ, ਟਾਕ ਵਾਕ ਵਿਚ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ, ਛੱਬੀ ਪੋਹ ਕਹੇ ਮੈਂ ਧੰਨਵਾਦ ਗੁਰਮੁਖੋ ਤੁਹਾਡਾ ਕਰਦਾ, ਨਿਵ ਨਿਵ ਸੀਸ ਨਿਵਾਈਆ । ਖੇਲ ਤੱਕਿਆ ਤੁਹਾਡੇ ਘਰ ਦਾ, ਭਗਤ ਦਵਾਰੇ ਵੇਖ ਵਖਾਈਆ । ਸਚ ਭੰਡਾਰਾ ਵੇਖਿਆ ਪਕਦਾ, ਜੋ ਹਰਿ ਭਗਤ ਖੁਸ਼ੀਆਂ ਨਾਲ ਬਣਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਰਿਹਾ ਤਕਦਾ, ਬਿਨ ਨੈਣਾਂ ਨੈਣ ਉਠਾਈਆ । ਤੁਹਾਡਾ ਲੇਖਾ ਪੂਰਾ ਹੋਇਆ ਹਕ ਦਾ, ਹਕੀਕਤ ਹਕੀਕਤ ਵਿਚੋਂ ਸਮਝਾਈਆ । ਪੰਜਾਂ ਦਰਬਾਰੀਆਂ ਜੋ ਵਿਹਾਰ ਕੀਤਾ ਨੱਕ ਦਾ, ਪਾਣੀ ਨਾਲ ਸਾਫ਼ ਕਰਾਈਆ । ਇਹ ਲੇਖਾ ਪਰਮੇਸ਼ਵਰ ਪਤ ਦਾ, ਲੋਕ ਲੱਜਿਆ ਤੋਂ ਬਾਹਰ ਕਢਾਈਆ । ਹਿਰਦਾ ਰਹੇ ਕਿਸੇ ਨਾ ਤਪਦਾ, ਅਗਨੀ ਅਗ ਬੁਝਾਈਆ । ਨਾਤਾ ਜੁੜੇ ਪੱਕ ਦਾ, ਕੱਚਾ ਤੰਦ ਨਾ ਕੋਇ ਤੁੜਾਈਆ । ਮੇਰਾ ਲੇਖਾ ਤੁਹਾਡੇ ਜਸ ਦਾ, ਸਿਫ਼ਤਾਂ ਨਾਲ ਸਲਾਹੀਆ । ਤੁਹਾਡਾ ਗ੍ਰਿਹਿ ਰਹੇ ਵਸਦਾ, ਪ੍ਰਭ ਮੇਲਾ ਮੇਲੇ ਚਾਈਂ ਚਾਈਂਆ । ਜਿਹੜਾ ਜੁਗ ਜੁਗ ਪੈਜ ਭਗਤਾਂ ਰਖਦਾ, ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਛੱਬੀ ਪੋਹ ਕਹੇ ਮੇਰਾ ਸਚ ਸਚ ਵਿਵਹਾਰ,

੩੯੮
੨੩

ਵਿਵਹਾਰੀ ਹੋ ਕੇ ਦਿਆਂ ਜਣਾਈਆ । ਜਿਨ੍ਹਾਂ ਗੁਰਮੁਖਾਂ ਸ਼ਬਦੀ ਸ਼ਬਦ ਦਾ ਕੀਤਾ ਵਿਹਾਰ, ਸਭ ਦਾ ਲੇਖਾ ਲੇਖੇ ਵਿਚ ਰਖਾਈਆ । ਕਿਸੇ ਨੇ ਪਗੜੀ ਲਿਆਂਦੀ ਦਸਤਾਰ, ਕੋਈ ਬਰਤਨ ਜਲ ਨਾਲ ਸੁਹਾਈਆ । ਕਿਸੇ ਪ੍ਰਸ਼ਾਦ ਕੀਤਾ ਤਿਆਰ, ਕੋਈ ਬਸਤਰਾਂ ਭੇਟ ਚੜ੍ਹਾਈਆ । ਕੋਈ ਸਿੰਘਾਸਣ ਕਰ ਸ਼ਿੰਗਾਰ, ਸੋਹਣਾ ਰੰਗ ਰੰਗਾਈਆ । ਕੋਈ ਆਏ ਪੈਂਡਾ ਮਾਰ, ਭੱਜੇ ਵਾਹੋ ਦਾਹੀਆ । ਕੋਈ ਆਏ ਕੰਮ ਵਿਸਾਰ, ਲਾਲਚ ਲੋਭ ਤਜਾਈਆ । ਕੋਈ ਆਏ ਛਡ ਕੇ ਨਾਰ, ਕੋਈ ਧੀਆਂ ਪੁਤਰ ਘਰ ਬਹਾਈਆ । ਕੋਈ ਬਿਰਧ ਬਾਲ ਆਏ ਕਦਮ ਉਠਾਲ, ਕਦਮ ਕਦਮ ਨਾਲ ਬਦਲਾਈਆ । ਕੋਈ ਆਏ ਘਰੋਂ ਕੰਗਾਲ, ਕੰਗਾਲੀ ਗੰਢ ਨਾ ਕੋਇ ਬੰਧਾਈਆ । ਕੋਈ ਆਏ ਸੁਰਤ ਸੰਭਾਲ, ਸੰਬਲ ਤੱਕੀਏ ਧੁਰ ਦਾ ਮਾਹੀਆ । ਕੋਈ ਆਏ ਘਾਲਨਾ ਘਾਲ, ਸਾਚੀ ਸੇਵ ਕਮਾਈਆ । ਜੇ ਸਾਰੇ ਤੱਕੀਏ ਤੇ ਆਏ ਪ੍ਰਭੂ ਦੇ ਬਣ ਕੇ ਲਾਲ, ਲਾਲ ਲਾਲਨ ਰੰਗ ਰੰਗਾਈਆ । ਜਿਸ ਸਚ ਦਵਾਰੇ ਲਏ ਬਹਾਲ, ਸਿਰ ਆਪਣਾ ਹੱਥ ਟਿਕਾਈਆ । ਫਲ ਲਗਾ ਕੇ ਕਾਇਆ ਡਾਲ, ਫਲ ਫੁੱਲ ਦਿਤੇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੈਂ ਕਰਾਂ ਖ਼ਬਰਦਾਰ, ਸੰਦੇਸਾ ਇਕ ਸੁਣਾਈਆ । ਜਿਹੜੇ ਚੌਦਾਂ ਗੁਰਮੁਖ ਚੋਬਦਾਰ, ਹਰਿਜਨ ਹਰਿ ਹਰਿ ਰੰਗ ਰੰਗਾਈਆ । ਜਿਹੜੇ ਵਿਦਵਾਨ ਬਣੇ ਵਿਚ ਸੰਸਾਰ, ਵਿਦਿਆ ਤੋਂ ਬਾਹਰ ਪੜ੍ਹਾਈਆ । ਜਿਹੜੇ ਬ੍ਰਾਹਮਣ ਰੂਪ ਲਏ ਧਾਰ, ਮਸਤਕ ਤਿਲਕ ਛੁਹਾਈਆ । ਸਭ ਦਾ ਲੇਖਾ ਲਹਿਣਾ ਪੂਰਾ ਕਰੇ ਵਿਚ ਦਰਬਾਰ, ਦਰਬਾਰੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਛੱਬੀ ਪੋਹ ਕਹੇ ਮੈਂ ਕੀ ਦੱਸਾਂ ਕਿਹੜਾ ਰਖਾਂ ਹੱਠ, ਸਿਦਕ ਕਵਣ ਵਡਿਆਈਆ । ਜੁਗ ਚੌਕੜੀ ਵੇਖੀ ਨਠ ਨਠ, ਪਾਂਧੀ ਹੋ ਕੇ ਪੰਧ ਨਾ ਕੋਇ ਮੁਕਾਈਆ । ਪ੍ਰਭੂ ਦੀ ਸਿਫ਼ਤ ਗਾਉਂਦੇ ਵੇਖੇ ਭੱਟ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਦਿਵਸ ਰੈਣ ਰਹੇ ਜਪ, ਆਪ ਆਪਾ ਜਗਤ ਮਿਟਾਈਆ । ਕਰਨ ਤਪਸਿਆ ਤਪ, ਧੂਣੀਆਂ ਅਗ ਜਲਾਈਆ । ਭਰੋਸਾ ਨਹੀਂ ਪ੍ਰਭੂ ਮਿਲੇਗਾ ਪੱਕ, ਲੇਖਾ ਆਪਣੇ ਨਾਲ ਮਿਲਾਈਆ । ਛੱਬੀ ਪੋਹ ਕਹੇ ਜਨ ਭਗਤੋ ਤੁਸਾਂ ਅੰਦਰ ਧਿਆਨ ਕਰਨਾ ਇਕ ਮਿੰਟ ਤੇ ਸੱਠ, ਇਕਾਸਠ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਇਕ ਸਠ ਮਿੰਟ ਕਹੇ ਮੇਰਾ ਵਕਤ ਸੁਹੇਲਾ, ਸਤਿ ਸਚ ਜਣਾਈਆ । ਜਨ ਭਗਤੋ ਤੁਹਾਡਾ ਇਕ ਇਕ ਦਾ ਮੇਲਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਇਕੋ ਘਰ ਸੋਹੇ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਨੂਰ ਨਜ਼ਰੀ ਆਈਆ । ਜੋ ਏਥੇ ਓਥੇ ਸੱਜਣ ਸੁਹੇਲਾ, ਸਚ ਸਵਾਮੀ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੋਤ ਸ਼ਬਦ ਦਾ ਸਾਚਾ ਦਾਨ, ਦਾਤਾ ਦਾਨੀ ਆਪਣੀ ਦਇਆ ਕਮਾਈਆ ।



### ੨੭ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਦੇ ਸਮੇਂ

ਨਾਰਦ ਕਹੇ ਸੁਣੋ ਜੀ ਭਗਤ ਕਬੀਰ, ਕਾਬੂ ਆਪਣਾ ਆਪ ਕਰਾਈਆ । ਮੈਂ ਕੁਛ ਸਚ ਕਰਾਂ ਤਕਰੀਰ, ਜਿਸ ਦੀ ਤਹਿਰੀਰ ਨਾ ਕਿਸੇ

ਕਰਾਈਆ । ਮੈਂ ਖੇਲ ਤੱਕ ਕੇ ਆਇਆ ਬੇਨਜ਼ੀਰ, ਨਜ਼ਰਾਂ ਤੋਂ ਬਾਹਰ ਧਿਆਨ ਲਗਾਈਆ । ਜਿਸ ਭਾਗ ਲਗਾਇਆ ਤਨ ਵਜੂਦ ਸਰੀਰ, ਪੂਰਨ ਸਿੰਘ ਜਗਤ ਵਡਿਆਈਆ । ਆਪ ਬਣ ਕੇ ਬੱਚਾ ਸ਼ੀਰ, ਸ਼ੀਰਖ਼ਾਰ ਅੰਦਰ ਡੇਰਾ ਲਾਈਆ । ਫੇਰ ਬਿਨਾ ਕਲਮ ਤੋਂ ਮਾਰੀ ਬੈਠਾ ਲਕੀਰ, ਲਾਈਨ ਐਨ ਐਨ ਬਣਾਈਆ । ਜਿਥੇ ਸਭ ਦੀ ਬਦਲ ਰਿਹਾ ਤਕਦੀਰ, ਤਦਬੀਰ ਆਪਣੇ ਹੱਥ ਵਖਾਈਆ । ਮੈਨੂੰ ਇਉਂ ਜਾਪਿਆ ਅਵਤਾਰ ਪੈਗ਼ੰਬਰ ਗੁਰੂਆਂ ਦੀ ਰਹਿਣ ਦਿਤੀ ਨਹੀਂ ਕੋਈ ਜਗੀਰ, ਹਕਦਾਰ ਨਾ ਕੋਇ ਅਖਵਾਈਆ । ਜਿਸ ਲੇਖੇ ਲਾਇਆ ਰਵੀਦਾਸ ਦਾ ਇਕ ਕਸੀਰ, ਕਸਮ ਖਾ ਕੇ ਦਿਆਂ ਸੁਣਾਈਆ । ਉਸ ਨੇ ਦੀਨ ਦੁਨੀਆ ਦਾ ਬਦਲ ਦੇਣਾ ਜ਼ਮੀਰ, ਜ਼ਿਮੀਂ ਅਸਮਾਨ ਦੇਣ ਗਵਾਹੀਆ । ਉਸ ਦਾ ਨਾਮ ਖੰਡਾ ਅਗੰਮੀ ਸ਼ਮਸ਼ੀਰ, ਜੋ ਸ਼ਰਅ ਦਾ ਡੇਰਾ ਢਾਹੀਆ । ਓਹਦਾ ਤਨ ਲਬਾਸ ਤੇ ਬਸਤਰ ਚੀਰ, ਚੀਰੇ ਵਾਲਾ ਧੁਰ ਦਾ ਮਾਹੀਆ । ਜੋ ਪੀਰਾਂ ਦਾ ਪੀਰ, ਦਸਤਗੀਰ ਨੂਰ ਖ਼ੁਦਾਈਆ । ਜਿਸ ਲੇਖਾ ਪੂਰਾ ਕਰਨਾ ਸ਼ਾਹ ਹਕੀਰ, ਹਕੀਕਤ ਇਕ ਦ੍ਰਿੜਾਈਆ । ਪੂਜਾ ਰਹਿਣ ਨਾ ਦੇਵੇ ਜੰਡ ਕਰੀਰ, ਪਾਹਨ ਪਾਥਰ ਸੀਸ ਨਾ ਕੋਇ ਨਿਵਾਈਆ । ਓਹਦਾ ਇਕੋ ਫ਼ਿਕਰਾ ਸਾਰੀ ਸ੍ਰਿਸ਼ਟੀ ਨੂੰ ਕਰ ਦੇਵੇ ਫ਼ਕੀਰ, ਘਰ ਬਾਹਰ ਸਾਰੇ ਜਾਣ ਤਜਾਈਆ । ਮਮਤਾ ਦਾ ਰਹੇ ਨਾ ਕੋਇ ਅਮੀਰ, ਮਾਇਆ ਗੰਢ ਨਾ ਕੋਇ ਬੰਧਾਈਆ । ਮੈਂ ਹੈਰਾਨ ਹੋ ਗਿਆ ਓਹ ਆਪ ਪਾਤਸ਼ਾਹ ਤੇ ਸਤਿਗੁਰ ਸ਼ਬਦ ਉਸ ਦਾ ਵਜ਼ੀਰ, ਵਜ਼ਾਰਤ ਭਗਤਾਂ ਵਾਲੀ ਬਣਾਈਆ । ਜਾਂ ਮੈਂ ਨਿਗਾਹ ਮਾਰੀ ਤੇ ਓਹਦਾ ਰਸਤਾ ਦਿਸਿਆ ਭੀੜ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਨਾ ਉਥੇ ਅੰਜੀਲ ਕੁਰਾਨ ਨਾ ਉਥੇ ਵੇਦ ਪੁਰਾਨ ਤੇ ਨਾ ਗੁਰੂ ਗ੍ਰੰਥ ਸਾਹਿਬ ਦੀ ਬੀੜ, ਬਿਨਾ ਅੱਖਰਾਂ ਤੋਂ ਸਭ ਦੇ ਬੇੜੇ ਪਾਰ ਕਰਾਈਆ । ਨਾ ਕਬੀਰਾ ਤੇਰੇ ਵਾਂਗ ਲੰਗੋਟੀ ਕਿਸੇ ਨੇ ਬੱਧੀ ਲੀਰ, ਜੋ ਲੀਰ ਲੀਰ ਹੋ ਕੇ ਵਿਛੜੇ ਇਕੱਠੇ ਲਏ ਕਰਾਈਆ । ਨਾਰਦ ਕਹੇ ਮੇਰੀਆਂ ਅੱਖੀਆਂ ਵਿਚੋਂ ਬਿਨਾ ਹੰਝੂਆਂ ਤੋਂ ਵਗ ਗਿਆ ਨੀਰ, ਨੀਰ ਵਹਿਣਾ ਧਾਰ ਵਹਾਈਆ । ਮੈਂ ਉਥੇ ਹੋਰ ਤੱਕਿਆ ਭੰਡਾਰਾ ਭਗਤਾਂ ਦਾ ਉਥੇ ਨਾ ਪੂੜੀ ਕੜਾਹ ਨਾ ਖੀਰ, ਖ਼ੈਰਖ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਵਾ ਦੇਵੀ ਦੇਵਾ ਦੇਵਤ ਸੁਰ ਆਪ ਖਵਾਈਆ । ਨਾਰਦ ਕਹੇ ਕਬੀਰ ਜੀ ਮੈਂ ਕੀ ਕੁਝ ਵੇਖਿਆ, ਬਿਨ ਅੱਖਾਂ ਦਿਤਾ ਵਖਾਈਆ । ਮੈਂ ਫਿਰਿਆਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਧਰਤੀ ਦੇ ਪਰਦੇਸਿਆ, ਦੇਸ ਇਕੋ ਵੇਖ ਵਖਾਈਆ । ਜਿਥੇ ਸਾਹਿਬ ਸਵਾਮੀ ਅੰਤਰਜਾਮੀ ਮਾਲਕ ਨਰ ਨਰੇਸ਼ਿਆ, ਨਰ ਨਰਾਇਣ ਖੇਲ ਖਿਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਧਰ ਕੇ ਭੇਸਿਆ, ਭੇਸ ਅਵੱਲੜਾ ਆਇਆ ਵਟਾਈਆ । ਜੋ ਨਵ ਨੌਂ ਚਾਰ ਦਾ ਪੂਰਾ ਕਰੇ ਲੇਖਿਆ, ਜੁਗ ਚੌਕੜੀ ਬੈਠੇ ਸੀਸ ਨਿਵਾਈਆ । ਧੁਰ ਦੇ ਹੁਕਮ ਨਾਲ ਸਭ ਦੀ ਬਦਲੇ ਰੇਖਿਆ, ਰਿਖੀ ਮੁਨੀ ਸਿਰ ਨਾ ਕੋਇ ਉਠਾਈਆ । ਜੋ ਮਾਲਕ ਖ਼ਾਲਕ ਆਦਿ ਜੁਗਾਦਿ ਹਮੇਸ਼ਿਆ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨੂਰ ਅਲਾਹੀਆ । ਉਹਨੂੰ ਜੁਗ ਚੌਕੜੀ ਦਾ ਭੁੱਲਿਆ ਅਜੇ ਨਾ ਚੇਤਿਆ, ਚੇਤਨ ਹੋ ਕੇ ਵੇਖ ਵਖਾਈਆ । ਨਿਰਵੈਰ ਹੋ ਕੇ ਖੇਡਾਂ ਰਿਹਾ ਖੇਡਿਆ, ਖੇਡਣਹਾਰ ਵਡ ਵਡਿਆਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਲੋਕਮਾਤ ਵਿਚ ਭੇਜਿਆ, ਭਜਨ ਬੰਦਗੀ ਨਾਮ ਨਾਲ ਦਿਤੀ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਦੀ ਅੰਦਰ ਸੁੱਤਾ ਸੇਜਿਆ, ਸਾਜਣ ਬਣਿਆ ਧੁਰ ਦਾ ਮਾਹੀਆ । ਮੈਨੂੰ ਚਾਰੋਂ ਕੁੰਟ ਪਏ ਭੁਲੇਖਿਆ,

ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਕਿਹੜਾ ਰਾਮ ਕ੍ਰਿਸ਼ਨ ਤੇ ਕਿਹੜਾ ਈਸਾ ਮੂਸਾ ਮੁਹੰਮਦ ਕਿਹੜਾ ਨਾਨਕ ਕਵਣ ਗੋਬਿੰਦ ਦਸ ਦਸਮੇਸਿਆ, ਤਨ ਵਜੂਦ ਕਵਣ ਵਡ ਵਡਿਆਈਆ । ਜਾਂ ਨਿਗਾਹ ਮਾਰੀ ਸਤਿ ਸਰੂਪ ਸ਼ਾਹੋ ਭੂਪ ਦਿਸਿਆ ਇਕ ਵਿਸ਼ੇਸ਼ਿਆ, ਜੋ ਵਿਸ਼ਿਆਂ ਤੋਂ ਬਾਹਰ ਆਪਣਾ ਨੂਰ ਕਰੇ ਰੁਸ਼ਨਾਈਆ । ਜਿਸ ਨੇ ਕਲਜੁਗ ਅੰਤ ਮਿਟਾਉਣਾ ਕਲੇਸ਼ਿਆ, ਕਲ ਕਾਤੀਆਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਦਇਆ ਕਮਾਈਆ । ਨਾਰਦ ਕਹੇ ਕਬੀਰ ਜੀ ਮੈਂ ਕੀ ਖੋਲਾਂ ਭੇਵ, ਭੇਦ ਕੀ ਜਣਾਈਆ । ਮੰਗਤੇ ਵੇਖੇ ਅਵਤਾਰ ਪੈਗੰਬਰ ਦੇਵਤ ਦੇਵ, ਸੁਰ ਨਰ ਦੂਰ ਦੁਰਾਡੇ ਝੋਲੀਆਂ ਡਾਹੀਆ । ਵਿਸ਼ਨ ਬ੍ਰਹਮਾ ਸ਼ਿਵ ਮੰਗਤੇ ਬਿਨਾ ਰਸਨਾ ਜਿਹਵ, ਬੱਤੀ ਦੰਦ ਨਾ ਕੋਇ ਮੁਖ ਸੁਹਾਈਆ । ਧਾਮ ਤੱਕਿਆ ਨਿਹਚਲ ਇਕ ਨਿਹਕੇਵ, ਨਿਹਕਰਮੀ ਬੈਠਾ ਆਸਣ ਲਾਈਆ । ਜੋ ਆਪ ਆਪ ਹੋਏ ਅਲਖ ਅਭੇਵ, ਅਗੋਚਰ ਕਹਿਣ ਕੁਝ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਕਬੀਰ ਕਹੇ ਨਾਰਦਾ, ਕੀ ਦੱਸੇਂ ਪ੍ਰਭੂ ਦੀ ਗੱਲ, ਸਮਝ ਕੀ ਸਮਝਾਈਆ । ਜਿਹੜਾ ਵਸੇ ਨਿਹਚਲ ਧਾਮ ਅਟੱਲ, ਸਤਿ ਦਵਾਰੇ ਸੋਭਾ ਪਾਈਆ । ਜਿਸ ਦਾ ਮਸਲਾ ਕੋਈ ਕਰੇ ਨਾ ਹੱਲ, ਅੰਤ ਵਿਚ ਅੰਤ ਨਾ ਕੋਇ ਜਣਾਈਆ । ਉਸ ਦਾ ਖੇਲ ਅਛਲ ਅਛੱਲ, ਵਲ ਛਲਧਾਰੀ ਬੇਪ੍ਰਵਾਹੀਆ । ਉਹ ਲਹਿਣਾ ਦੇਣਾ ਪੂਰਾ ਕਰੇ ਰਾਜੇ ਬਲ, ਬਾਵਨ ਸੰਗ ਮਿਲਾਈਆ । ਪ੍ਰਗਟ ਹੋ ਕੇ ਕਲਜੁਗ ਕਲ, ਕਲ ਕਲਕੀ ਨਾਉਂ ਸੁਹਾਈਆ । ਜੋ ਸ਼ਬਦੀ ਧਾਰ ਰਲ, ਸੰਬਲ ਸੋਭਾ ਪਾਈਆ । ਭਗਤਾਂ ਨੂੰ ਦੇਵੇ ਭਗਤੀ ਫਲ, ਅੰਮ੍ਰਿਤ ਰਸ ਆਪ ਚੁਆਈਆ । ਬੂੰਦ ਸਵਾਂਤੀ ਦੇ ਕੇ ਜਲ, ਜਲ ਥਲ ਮਹੀਅਲ ਆਪ ਲੰਘਾਈਆ । ਭਾਗ ਲਗਾ ਕੇ ਕਾਇਆ ਮਾਟੀ ਖੱਲ, ਖ਼ਾਲਕ ਆਪਣਾ ਮੇਲ ਮਿਲਾਈਆ । ਮੈਨੂੰ ਵੀ ਉਥੇ ਲੈ ਕੇ ਚਲ, ਜਿਥੇ ਆਇਆਂ ਫੇਰੀ ਪਾਈਆ । ਸਚ ਦਵਾਰਾ ਲਈਏ ਮੱਲ, ਚਰਨ ਚਰਨੋਦਕ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕਬੀਰ ਕਹੇ ਨਾਰਦ ਕਰ ਦੇ ਹਾਂ, ਹਾਂ ਹਾਂ ਵਿਚ ਮਿਲਾਈਆ । ਕਿਹੜਾ ਸੁਹਾਵਣਾ ਹੋਵੇ ਥਾਂ, ਥਨੰਤਰ ਮਿਲੇ ਵਡਿਆਈਆ । ਜਿਥੇ ਹੰਸ ਬਣਦੇ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਪੁਤ ਤਿਆਗਣ ਮਾਂ, ਪਿਤਾ ਗੋਦ ਨਾ ਕੋਇ ਚਤੁਰਾਈਆ । ਤਿਸ ਸਾਹਿਬ ਦੇ ਬਲ ਬਲ ਜਾਂ, ਜੋ ਜਾਨਣਹਾਰ ਇਕ ਅਖਵਾਈਆ । ਜਿਸ ਝਗੜਾ ਮੁਕਾਇਆ ਸੂਰ ਤੇ ਗਾਂ, ਪੰਛੀਆਂ ਖੱਲ ਨਾ ਕੋਇ ਲੁਹਾਈਆ । ਨਿਰਗੁਣ ਹੋ ਕੇ ਸਰਗੁਣ ਪਕੜੀ ਬਾਂਹ, ਪੱਲੂ ਸ਼ਬਦੀ ਗੰਢ ਰਖਾਈਆ । ਹਰਿਜਨ ਬਣਾ ਕੇ ਭੈਣ ਭਰਾ, ਧਰਮ ਦੀ ਧਾਰ ਇਕ ਸਮਝਾਈਆ । ਓਥੇ ਜਾ ਕੇ ਕਰੀਏ ਵਾਹ ਵਾਹ, ਵਾਹਵਾ ਵਾਹਿਗੁਰੂ ਤੇਰੀ ਬੇਪ੍ਰਵਾਹੀਆ । ਸਾਚਾ ਖੇੜਾ ਨਗਰ ਵੇਖੀਏ ਗਰਾਂ, ਘਰ ਬਾਹਰ ਦੀਨ ਦੁਨੀ ਤਜਾਈਆ । ਜਿਥੇ ਭਗਤਾਂ ਮਿਲਦੀ ਠੰਡੀ ਛਾਂ, ਅਗਨੀ ਅਗ ਨਾ ਕੋਇ ਤਪਾਈਆ । ਸਾਚਾ ਮਾਰਗ ਮਿਲਦਾ ਰਾਹ, ਰਹਿਬਰ ਏਕੋ ਨੂਰ ਅਲਾਹੀਆ । ਓਸ ਨੂੰ ਖ਼ਾਲਕ ਕਹੀਏ ਜਾਂ ਖ਼ੁਦਾ, ਖ਼ੁਦ ਆਪਣਾ ਪੰਧ ਮੁਕਾਈਆ । ਜਿਹੜਾ ਭਗਤਾਂ ਤੋਂ ਹੋਵੇ ਨਾ ਕਦੇ ਜੁਦਾ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਓਸ ਦੇ ਚਰਨ ਕਵਲਾਂ ਹੋਈਏ ਫ਼ਿਦਾ, ਆਪ ਆਪਾ ਭੇਟ ਕਰਾਈਆ । ਜੇ ਤੂੰ ਨਹੀਂ ਜਾਣਾ ਤੇ ਮੈਨੂੰ ਕਰ ਵਿਦਾ, ਅਲਵਿਦਾ ਕਹਿ ਕੇ ਖ਼ੁਸ਼ੀ ਮਨਾਈਆ । ਮਾਰਗ ਰਸਤਾ ਦੱਸ ਦੇ ਸਿੱਧਾ, ਮੈਂ ਜਾਵਾਂ ਚਾਈਂ ਚਾਈਆ ।

ਝਟ ਨਾਰਦ ਨੇ ਦੋ ਹੱਥਾਂ ਨਾਲ ਮਾਰਿਆ ਗਿੱਧਾ, ਤਾੜੀ ਦਿਤੀ ਵਜਾਈਆ । ਨਾਲੇ ਪੁੱਠੇ ਭਾਰ ਡਿੱਗਾ, ਮੁਖ ਨੈਣ ਉਪਰ ਟਿਕਾਈਆ । ਨਾਲੇ ਕਰਨ ਲੱਗਾ ਜ਼ਿਦਾ, ਜ਼ਿਦੀਆ ਬਣ ਕੇ ਮੁਖ ਭਵਾਈਆ । ਫੇਰ ਪਰਤ ਕੇ ਹੋ ਗਿਆ ਸਿੱਧਾ, ਨੈਣ ਮੁੰਦ ਨਜ਼ਰੀ ਆਈਆ । ਹੱਥ ਜੋੜ ਕੇ ਕਿਹਾ ਕਬੀਰਾ ਓਸ ਦੇ ਮਿਲਣ ਦੀ ਇਕੋ ਬਿਧਾ, ਜੋ ਬਿਧਨਾ ਦੀ ਲਿਖੀ ਰੇਖ ਦਏ ਮਿਟਾਈਆ । ਜੋ ਅੰਮ੍ਰਿਤ ਰਸ ਦੇਵੇ ਨਿਜਾ, ਨਿਜ ਨੈਣ ਕਰੇ ਰੁਸ਼ਨਾਈਆ । ਓਹ ਭਗਤਾਂ ਦੇ ਪਿਆਰ ਦਾ ਪਿਆਰ ਵਿਚ ਗਿਝਾ, ਬਿਨਾ ਮੁਹੱਬਤ ਤੋਂ ਹੱਥ ਕਿਸੇ ਨਾ ਆਈਆ । ਓਹ ਦਰ ਦਰਬਾਰਾ ਸਦਾ ਨਿਘਾ, ਅਗਨੀ ਠੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਕਬੀਰ ਕਹੇ ਨਾਰਦ ਕੁਛ ਓਸ ਦੀ ਦੱਸ ਖ਼ੂਬੀ, ਖ਼ੂਬਸੂਰਤ ਇਕੋ ਜਿਹਾ ਨਜ਼ਰੀ ਆਈਆ । ਓਹ ਮਸ਼ਰਕ ਮਗ਼ਰਬ ਕਿ ਸ਼ਮਾਲ ਵਸੇ ਜਨੂਬੀ, ਚਾਰੋਂ ਕੁੰਟ ਦਏ ਜਣਾਈਆ । ਓਹਦੀ ਸਿਫ਼ਤ ਵਡਿਆਈ ਸ਼ਬਦ ਧਾਰ ਕੀ ਹਰੂਫ਼ੀ, ਅੱਖਰਾਂ ਨਾਲ ਸੁਣਾਈਆ । ਓਹ ਦਾਤਾ ਸੂਮ ਕਿ ਮਨਹੂਸੀ, ਕਿ ਮਿਹਰਵਾਨ ਅਖਵਾਈਆ । ਓਸ ਦੀ ਕਿਸ ਬਿਧ ਤੂੰ ਕਰ ਕੇ ਆਇਉਂ ਜਸੂਸੀ, ਪਰਦਾ ਦੇ ਉਠਾਈਆ । ਓਹ ਸਭ ਦਾ ਹਕਦਾਰ ਕਿ ਮਾਲਕ ਦਿਸੇ ਮਾਰੂਸੀ, ਭੇਵ ਦੇਣਾ ਚੁਕਾਈਆ । ਕਿ ਓਹ ਤਨ ਲਗਾਏ ਵਿਭੂਤੀ, ਤਨ ਖ਼ਾਕ ਰਮਾਈਆ । ਕੀ ਭੰਗ ਪੋਸਤ ਪੀਵੇ ਬੂਟੀ, ਅਮਲਾਂ ਵਡ ਵਡਿਆਈਆ । ਕਿ ਨੌਂ ਦਵਾਰਿਆਂ ਤੋਂ ਬਾਹਰ ਵਸੇ ਤ੍ਰਿਕੁਟੀ, ਸਹੰਸ ਦਲ ਦਸਮ ਦਵਾਰੀ ਸੋਭਾ ਪਾਈਆ । ਕੀ ਸ਼ਬਦ ਹੁਲਾਰਾ ਰਿਹਾ ਝੂਟੀ, ਪਵਣ ਪਵਣਾਂ ਖੇਲ ਖਿਲਾਈਆ । ਕੀ ਜੋਤੀ ਧਾਰ ਲਾਏ ਅਹੂਤੀ, ਸਮਗਰੀ ਕੀ ਰਖਾਈਆ । ਓਸ ਦੀ ਕਿਹੜੀ ਸਾਚੀ ਰੁਤੀ, ਰੁਤੜੀ ਕਵਣ ਮਹਿਕਾਈਆ । ਨਾਰਦ ਕਹੇ ਕਬੀਰਾ ਜੇ ਤੂੰ ਮੈਥੋਂ ਰਿਹਾ ਪੁਛੀ, ਸਚ ਸਚ ਦਿਆਂ ਜਣਾਈਆ । ਮੈਂ ਓਸ ਨੂੰ ਇਉਂ ਤੱਕਿਆ ਓਹ ਭਗਤਾਂ ਦੀ ਕਰੇ ਬੁੱਤੀ, ਬੁਤਖ਼ਾਨਿਆਂ ਵਿਚ ਫੜ ਕੇ ਕਰੇ ਸਫ਼ਾਈਆ । ਸਭ ਦੇ ਭਾਰ ਆਪਣੇ ਕੰਧਿਆਂ ਉਤੇ ਰਿਹਾ ਚੁੱਕੀ, ਗੱਠੜੀ ਇਕੋ ਵਾਰ ਬੰਧਾਈਆ । ਮੈਨੂੰ ਓਸ ਦੇ ਖੇਲ ਦੀ ਸਮਝ ਨਹੀਂ ਆਈ ਉਕੀ, ਕੀ ਆਪਣੀ ਕਾਰ ਭੁਗਤਾਈਆ । ਮੈਂ ਗ੍ਰੰਥ ਸ਼ਾਸਤਰ ਛਡੇ ਤੇ ਮੈਂ ਸੁਣਿਆ ਤੇ ਓਸ ਦੀ ਇਕੋ ਧਾਰ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਕਹਿ ਕੇ ਸਭ ਨੂੰ ਪਾਰ ਕਰਾਈਆ । ਓਸ ਦੀ ਖੇਲ ਰਹਿਣੀ ਨਹੀਂ ਸੀ ਲੁਕੀ, ਜਿਸ ਨੇ ਲੁਕਮਾ ਕਰਨਾ ਖ਼ਲਕ ਖ਼ੁਦਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੋਲੋਂ ਸਭ ਨੂੰ ਦਵਾਉਣੀ ਛੁੱਟੀ, ਰੁਖ਼ਸਤ ਸਾਰੇ ਦੇਣੇ ਕਰਾਈਆ । ਜਨ ਭਗਤਾਂ ਆਤਮ ਧਾਰ ਮੇਲਣੀ ਟੁੱਟੀ, ਟੁੱਟਿਆਂ ਗੰਢ ਪਵਾਈਆ । ਓਹ ਵਣਜਾਰਾ ਨਹੀਂ ਰਸਨਾ ਜਿਹਵਾ ਬੁੱਲਾਂ ਬੁਟੀ, ਢੋਲਿਆਂ ਵਡ ਵਡਿਆਈਆ । ਓਹ ਪਤਾ ਨਹੀਂ ਕਿਸ ਬਿਧ ਨਾਲ ਅੰਦਰੋਂ ਸੁਰਤ ਉਠਾਵੇ ਸੁੱਤੀ, ਆਲਸ ਨਿੰਦਰਾ ਦਏ ਗਵਾਈਆ । ਬਿਨਾ ਬੋਲਿਆਂ ਆਪਣੇ ਨਾਲ ਲਗਾਵੇ ਰੁਚੀ, ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਕਬੀਰਾ ਮੇਰਾ ਹਾੜਾ, ਹਾਏ ਹਾਏ ਕਰ ਕੇ ਦੇ ਸੁਣਾਈਆ । ਮੈਂ ਵੇਖਿਆ ਜੰਗਲਾਂ ਵਿਚ ਪਹਾੜਾਂ, ਜੂਹਾਂ ਫੋਲ ਫੁਲਾਈਆ । ਮੈਨੂੰ ਸਰਦੀ ਵਿਚ ਸਰਦੀ ਤੇ ਗਰਮੀਆਂ ਵਿਚ ਪਸੀਨਾ ਆਇਆ ਗਾੜ੍ਹਾ, ਭੱਜਿਆ ਵਾਹੋ ਦਾਹੀਆ । ਜਾਂ ਨਿਗਾਹ ਮਾਰੀ ਮੈਂ, ਓਹ ਭਗਤਾਂ ਦਾ ਲਾਈ ਬੈਠਾ ਅਖਾੜਾ, ਜਿਥੇ ਗੋਪੀ ਕਾਹਨ ਸੀਤਾ ਰਾਮ ਸਾਰੇ ਸੀਸ ਨਿਵਾਈਆ । ਸ਼ਾਹੋ ਸ਼ਾਬਾਸੀ ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜਾਤਾ ਬਣ

ਕੇ ਧੁਰ ਦਾ ਲਾੜਾ, ਪਤ ਪਤਵੰਤਾ ਸ੍ਰੀ ਭਗਵੰਤਾ ਸਾਚਾ ਕੰਤਾ ਸੋਭਾ ਪਾਈਆ । ਜਿਸ ਨੇ ਰੰਗ ਅਗੰਮਾ ਕਾਇਆ ਚੰਮਾ ਪਵਣ ਸਵਾਸੀ ਦਮਾ ਗੁਰਮੁਖਾਂ ਚਾੜ੍ਹਾ, ਜੋ ਏਥੇ ਓਥੇ ਉੱਤਰ ਕਦੇ ਨਾ ਜਾਈਆ । ਮੈਂ ਹੋ ਗਿਆ ਹੈਰਾਨ, ਉਸ ਦੇ ਪ੍ਰੇਮੀ ਬਿਨਾ ਭਗਤੀ ਤੋਂ ਮਾਰਦੇ ਟਾਹਰਾਂ, ਖ਼ੁਸ਼ੀਆਂ ਦੇ ਢੋਲੇ ਗਾਈਆ । ਸਭ ਨੂੰ ਮਿਲ ਗਿਆ ਯਾਰ ਯਾਰਾਂ ਦਾ ਯਾਰਾ, ਜੋ ਯਰਾਨਾ ਤੋੜ ਨਿਭਾਈਆ । ਜਿਸ ਦੀਆਂ ਵਿਸ਼ਨ ਬ੍ਰਹਮਾ ਸ਼ਿਵ ਪੜ੍ਹਨ ਅਖਬਾਰਾਂ, ਥੱਲੇ ਹੱਥ ਕਿਸੇ ਨਾ ਆਈਆ । ਜਿਸ ਮਜ਼੍ਹਬਾਂ ਦੀਆਂ ਤੋੜਨੀਆਂ ਦੀਵਾਰਾਂ, ਹਦੂਦਾਂ ਹੱਦ ਵਿਚ ਮਿਲਾਈਆ । ਬਦਨੀਤੀਆਂ ਰਹਿਣ ਨਹੀਂ ਦੇਣੀਆਂ ਗਵਾਰਾ, ਨੀਤੀਵਾਨ ਨੀਤੀਆਂ ਦਏ ਬਦਲਾਈਆ । ਜਿਸ ਮਾਣ ਦੇਣਾ ਚੂਹੜੇ ਤੇ ਚਮਿਆਰਾ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕੋ ਰੰਗ ਰੰਗਾਈਆ । ਸਮਾਜ ਬਣਾਉਣਾ ਪੁਰਖ ਨਾਰਾ, ਨਰ ਨਰਾਇਣ ਹੋਏ ਸਹਾਈਆ । ਉਸ ਦੇ ਦਰ ਤੇ ਮੰਗਤੇ ਗੁਰ ਅਵਤਾਰ ਪੈਗੰਬਰ ਕੋਟਨ ਕੋਟ ਖੜੇ ਵਿਚ ਕਤਾਰਾ, ਕਤਰਾ ਕਤਰਾ ਨਾਮ ਸਭ ਨੂੰ ਰਿਹਾ ਵਰਤਾਈਆ । ਉਸ ਦਾ ਖੇਲ ਅਗੰਮਾ ਓਏ ਕਬੀਰਾ ਬਿਨਾ ਮਾਤਾ ਦੀ ਕੁੱਖ ਤੋਂ ਜੰਮਾ ਬਿਨਾ ਜੋਤ ਤੋਂ ਹੋ ਗਿਆ ਜ਼ਾਹਿਰਾ, ਜ਼ਾਹਰ ਜ਼ਹੂਰ ਆਪਣੀ ਕਲ ਪ੍ਰਗਟਾਈਆ । ਗੋਬਿੰਦ ਦਾ ਨੂਰ ਗੋਬਿੰਦ ਦਾ ਪ੍ਰਕਾਸ਼ ਆ ਗਿਆ ਦੁਬਾਰਾ, ਦੋਹਰਾ ਤਾਲ ਤਲਵਾੜਾ ਦੇ ਵਜਾਈਆ । ਜਿਸ ਦਾ ਏਕੋ ਘਰ ਏਕੋ ਗ੍ਰਿਹ ਏਕੋ ਮੰਦਰ ਏਕਾ ਦਵਾਰਾ, ਦਰੇ ਦਰਬਾਰ ਇਕ ਸੁਹਾਈਆ । ਏਕੋ ਵਸਤ ਏਕੋ ਗੋਲਕ ਏਕੋ ਹੋਵੇ ਭੰਡਾਰਾ, ਏਕਾ ਏਕੰਕਾਰ ਇਕੋ ਵਾਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਕਬੀਰ ਜੀ ਓਹਦੀ ਉਲਟੀ ਚਲਣੀ ਨੇਈਆ, ਨੌਕਾ ਅਗੰਮ ਬਣਾਈਆ । ਉਨ੍ਹ ਨਾਤਾ ਤੋੜ ਦੇਣਾ ਜਗਤ ਦਾ ਬਣੇ ਸਾਲਾ ਭਣਵਈਆ, ਦੂਲਹਾ ਦੂਲਹਨ ਸਮਝ ਕੋਇ ਨਾ ਪਾਈਆ । ਜਿਸ ਦੇ ਦਰਬਾਰ ਵਿਚ ਧਰਮ ਰਾਏ ਹਾਜ਼ਰ ਹੋ ਗਿਆ ਲੈ ਕੇ ਵਹੀਆ, ਵਹੀ ਖਾਤਾ ਆਪਣਾ ਆਪ ਵਖਾਈਆ । ਚਿਤ੍ਰਗੁਪਤ ਸੰਦੇਸਾ ਦੇਵੇ ਅਗੇ ਸਈਆ, ਸਚ ਸਚ ਸੁਣਾਈਆ । ਜਿਸ ਦਾ ਇਸ਼ਾਰਾ ਦਿਤਾ ਕਾਹਨ ਘਨੱਈਆ, ਦੁਆਪਰ ਆਪਣੀ ਉਂਗਲ ਉਠਾਈਆ । ਧਰਨੀ ਉਤੇ ਠੋਕਰ ਮਾਰ ਕੇ ਕਿਹਾ ਰਾਮ ਰਮਈਆ, ਰਾਮ ਰਾਮ ਤੇਰੀ ਬੇਪ੍ਰਵਾਹੀਆ । ਕਲਜੁਗ ਅੰਤ ਗੋਬਿੰਦ ਕਿਹਾ ਮੇਰਾ ਲੇਖਾ ਪੂਰਾ ਕਰਾਉਣਾ ਜਿਸ ਬਾਦ ਮੇਰੇ ਢਈਆ, ਢੌਂਕਾ ਜਗਤ ਵਾਲਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਨਾਰਦ ਕਹੇ ਕਬੀਰ ਜੀ ਮੈਂ ਵੇਖੇ ਪਵਣ ਪਾਣੀ, ਬਸੰਤਰਾਂ ਧਿਆਨ ਲਗਾਈਆ । ਮੈਂ ਵੇਖੀ ਚਾਰੇ ਖਾਣੀ, ਖ਼ਾਨਿਆਂ ਫੋਲ ਫੁਲਾਈਆ । ਮੈਂ ਤੱਕੀ ਮਾਇਆ ਰਾਣੀ, ਜੋਬਨਵੰਤੀ ਧਿਆਨ ਲਗਾਈਆ । ਮੈਂ ਆਸ਼ਾ ਤੱਕੀ ਜੀਵ ਪ੍ਰਾਣੀ, ਘਟ ਘਟ ਅੰਦਰ ਵੇਖ ਵਖਾਈਆ । ਮੈਂ ਲੇਖ ਤੱਕੇ ਕਲਮ ਕਾਨੀ, ਕਾਇਨਾਤ ਖੋਜ ਖੁਜਾਈਆ । ਮੈਂ ਜਗਤ ਸ਼ਾਹ ਤੱਕੇ ਦਾਨੀ, ਦਾਨਿਸ਼ਮੰਦਾਂ ਧਿਆਨ ਲਗਾਈਆ । ਮੈਂ ਹੁਕਮ ਸੰਦੇਸੇ ਕਲਮੇ ਸੁਣੇ ਜ਼ਬਾਨੀ, ਜੋ ਸਿਫ਼ਤਾਂ ਨਾਲ ਵਡਿਆਈਆ । ਮੈਂ ਸਾਧਾਂ ਸੰਤਾਂ ਦੇ ਅੰਦਰ ਵੜ ਕੇ ਮੰਜ਼ਲ ਵੇਖੀ ਰੁਹਾਨੀ, ਰੂਹ ਬੁਤ ਫੋਲ ਫੁਲਾਈਆ । ਮੈਂ ਸਤਿਗੁਰ ਸ਼ਬਦ ਧਾਰ ਦੀ ਤੱਕੀ ਕੁਰਬਾਨੀ, ਸ਼ਬਦ ਸ਼ਹੀਦ ਕਵਣ ਅਖਵਾਈਆ । ਮੈਂ ਦੀਨ ਦੁਨੀਆ ਦੀ ਜਾਣੀ ਬੇਈਮਾਨੀ, ਪਰਦੇ ਪਰਦਿਆਂ ਵਿਚੋਂ ਫੁਲਾਈਆ । ਪਰ ਸਭ ਤੋਂ ਵੇਖੀ ਕਬੀਰ ਜੀ ਦੀਨਾਂ ਮਜ਼੍ਹਬਾਂ ਵਾਲੀ ਗ਼ੁਲਾਮੀ, ਸ਼ਰਅ ਦੇ ਜ਼ੰਜੀਰ ਬਿਨਾ ਬੇਨਜ਼ੀਰ ਤੋਂ ਸਕੇ ਨਾ ਕੋਇ ਕਟਾਈਆ । ਪਰ ਓਹ ਮਾਲਕ ਇਕੋ ਜਿਹੜਾ ਸਕੇ ਨਾ ਕੋਇ ਪਹਿਚਾਨੀ,

੪੦੩
੨੩

ਬੇਪਹਿਚਾਨ ਪਹਿਚਾਨ ਵਿਚ ਨਾ ਆਈਆ । ਪਰ ਮੈਂ ਕੀ ਦੱਸਾਂ ਓਹ ਭਗਤਾਂ ਦੀ ਖਾਣ ਆਇਆ ਮਹਿਮਾਨੀ, ਭਗਤ ਭੰਡਾਰਾ ਛੱਕ ਕੇ ਆਪਣੀ ਖ਼ੁਸ਼ੀ ਮਨਾਈਆ । ਓਹ ਨਾਤਾ ਤੋੜ ਕੇ ਅਵਸਥਾ ਬਾਲ ਬਿਰਧ ਜਵਾਨੀ, ਇਕੋ ਰੰਗ ਸਮਾਈਆ । ਓਹਦੀ ਕਥਾ ਵਾਲੀ ਨਹੀਂ ਕਹਾਣੀ, ਕਥ ਕਥ ਕੀ ਦ੍ਰਿੜਾਈਆ । ਓਹਦਾ ਖੇਲ ਅਨੋਖਾ ਮਹਾਨੀ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ । ਜਿਸ ਸਮੁੰਦ ਸਾਗਰ ਵਰੋਲਣਾ ਪਾਣੀ, ਧਰਨੀ ਧਰਤ ਧਵਲ ਖ਼ਾਕ ਦੇਣੀ ਉਡਾਈਆ । ਓਹਦੀ ਸਿਫ਼ਤ ਕੀ ਦੱਸਾਂ ਜ਼ਬਾਨੀ, ਜੋ ਜ਼ਬ੍ਰਾ ਕਰੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕਬੀਰ ਕਹੇ ਨਾਰਦਾ ਓਹ ਕਿਸ ਨੂੰ ਦੱਸੇ ਦੋਸ਼ੀ, ਹੁਕਮ ਕੀ ਸੁਣਾਈਆ । ਕਬੀਰ ਕਹੇ ਮੈਂ ਹੋਰ ਕੁਛ ਨਹੀਂ ਜਾਣਦਾ ਓਹ ਭਗਤਾਂ ਦਾ ਬਣਿਆ ਪੜੋਸੀ, ਹਮਸਾਇਆ ਹੋ ਕੇ ਝਟ ਲੰਘਾਈਆ । ਓਹਦੀ ਵਿਚਾਰ ਨਹੀਂ ਕੋਈ ਹੋਛੀ, ਹੋਛਿਆਂ ਗਲੇ ਲਗਾਈਆ । ਕਬੀਰਾ ਨਾ ਓਹ ਪੜ੍ਹਦਾ ਨਾ ਪੜ੍ਹਾਉਂਦਾ ਕਿਸੇ ਨੂੰ ਪੋਥੀ, ਇਕੋ ਨਾਮ ਦਏ ਜਣਾਈਆ । ਮਿਹਰਵਾਨ ਹੋ ਕੇ ਮਿਹਰ ਜਗਾਏ ਜੋਤੀ, ਜੋਤੀ ਜਾਤਾ ਆਪ ਅਖਵਾਈਆ । ਭਗਤ ਸੁਹੇਲੇ ਲੱਭੇ ਵਿਚੋਂ ਕੋਟਨ ਕੋਟੀ, ਕੋਟ ਗੜ੍ਹ ਕਾਇਆ ਫੋਲ ਫੁਲਾਈਆ । ਫੇਰ ਉਨ੍ਹਾਂ ਦੀ ਚੜ੍ਹ ਕੇ ਚੋਟੀ, ਸੁੱਤਿਆਂ ਲਏ ਉਠਾਈਆ । ਰਸਨਾ ਰਸ ਗਵਾ ਕੇ ਮਦਿ ਤੇ ਬੋਟੀ, ਆਤਮ ਰਸ ਦਏ ਸਮਝਾਈਆ । ਬੁੱਧੀ ਰਹਿਣ ਨਾ ਦੇਵੇ ਖੋਟੀ, ਖੋਟੇ ਖਰੇ ਬਣਾਈਆ । ਉਨ੍ਹਾਂ ਦੇ ਭੰਡਾਰੇ ਵਿਚੋਂ ਖ਼ੁਸ਼ੀਆਂ ਨਾਲ ਖਾ ਕੇ ਰੋਟੀ, ਆਪਣੀ ਖ਼ੁਸ਼ੀ ਬਣਾਈਆ । ਜਿਸ ਨੂੰ ਵੇਖਣ ਲੋਕ ਪ੍ਰਲੋਕੀ, ਦੋ ਜਹਾਨ ਧਿਆਨ ਲਗਾਈਆ । ਸੁਣ ਕੇ ਸਚ ਸਲੋਕੀ, ਢੋਲੇ ਸੋਹਲੇ ਸੋਹਲੇ ਢੋਲੇ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਰੰਗਣ ਰਿਹਾ ਰੰਗਾਈਆ । ਕਬੀਰ ਕਹੇ ਨਾਰਦਾ ਓਹ ਸਚ ਦੱਸ ਟਿਕਾਣਾ, ਤੇਰੇ ਟਿੱਕੇ ਮਸਤਕ ਦਿਆਂ ਲਗਾਈਆ । ਉਸ ਸਾਹਿਬ ਦਾ ਕਿਹੜਾ ਬਾਣਾ, ਰੂਪ ਰੰਗ ਦੇ ਸਮਝਾਈਆ । ਕਿ ਸ਼ਹਿਨਸ਼ਾਹੀ ਦਾ ਬਣਿਆ ਰਾਣਾ, ਰਈਅਤ ਕਵਣ ਦਏ ਵਡਿਆਈਆ । ਕੀ ਉਸ ਦਾ ਪੀਣਾ ਖਾਣਾ, ਆਹਾਰ ਕੀ ਚਤੁਰਾਈਆ । ਕੀ ਉਸ ਦਾ ਅਗੰਮੀ ਗਾਣਾ, ਗਾ ਗਾ ਖ਼ੁਸ਼ੀ ਬਣਾਈਆ । ਕੀ ਉਸ ਦਾ ਭੂਮੀ ਉਤੇ ਅਸਥਾਨਾ, ਕਵਣ ਦਵਾਰੇ ਡੇਰਾ ਲਾਈਆ । ਕਿਹੜੇ ਮੰਦਰ ਵਸੇ ਮਕਾਨਾ, ਕਵਣ ਛੱਪਰੀ ਛੰਨ ਛੁਹਾਈਆ । ਕਿਹੜਾ ਇਸ਼ਟ ਮੰਨੇ ਰਾਮਾ, ਕਵਣ ਕਾਹਨਾ ਸੀਸ ਨਿਵਾਈਆ । ਕਿਹੜਾ ਸਤਿ ਦਾ ਹੋਵੇ ਤਰਾਨਾ, ਤੁਰੀਆ ਤੋਂ ਬਾਹਰ ਕੀ ਸ਼ਨਵਾਈਆ । ਨਾਰਦ ਕਿਹਾ ਕਬੀਰ ਜੀ ਮੈਂ ਜੋ ਵੇਖਿਆ ਸੋ ਸੁਣਾਉਣਾ, ਸਹਿਜ ਨਾਲ ਸੁਣਾਈਆ । ਓਹ ਇਕੋ ਮਿਹਰਵਾਨ ਮਿਹਰਵਾਨ ਜਨ ਭਗਤਾਂ ਉਤੇ ਹੋਇਆ ਮਿਹਰਵਾਨਾ, ਮਿਹਰ ਨਜ਼ਰ ਨਾਲ ਤਰਾਈਆ । ਸਚ ਪ੍ਰੀਤੀ ਉਸ ਦਾ ਪੀਣਾ ਖਾਣਾ, ਸਾਰੇ ਰੰਗ ਏਸੇ ਵਿਚ ਜਣਾਈਆ । ਓਹ ਸ਼ਹਿਨਸ਼ਾਹ ਵਾਲੀ ਦੋ ਜਹਾਨਾਂ, ਧਰਮ ਨਿਸ਼ਾਨਾ ਇਕ ਝੁਲਾਈਆ । ਜੋ ਸਭ ਨੂੰ ਕਰਨਾ ਪਏ ਪ੍ਰਵਾਨਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਕਬੀਰ ਕਹੇ ਨਾਰਦ ਛੱਬੀ ਪੋਹ ਦੀ ਦੱਸ ਅਣਹੋਣੀ ਖ਼ਬਰ, ਖ਼ਬਰ ਕੀ ਲਿਆਈਆ । ਨਾਰਦ ਕਹੇ ਕਬੀਰ ਜੀ ਕਰੋ ਸਬਰ, ਧੀਰਜ ਨਾਲ ਦ੍ਰਿੜਾਈਆ । ਪਿਛੇ ਉਸ ਇਕ ਇਕ ਭਗਤ ਕੱਢਿਆ ਵਿਚੋਂ ਕਬਰ, ਮੜ੍ਹੀ ਮਸਾਣਾਂ ਬਾਹਰ ਕਢਾਈਆ । ਹੁਣ ਮੈਂ ਕੀ ਵੇਖਿਆ ਓਹ ਤਾਰੀ ਜਾਂਦਾ ਟੱਬਰਾਂ ਦੇ ਟੱਬਰ, ਬਿਰਧ

੪੦੪
੨੩

ਬਾਲ ਨੌਜਵਾਨਾਂ ਆਪਣੇ ਘਰ ਬਹਾਈਆ । ਆਪ ਬਣ ਕੇ ਅਗੰਮਾ ਸ਼ੇਰ ਬੱਬਰ, ਭੈ ਵਿਚ ਸਾਰੇ ਰਿਹਾ ਡਰਾਈਆ । ਹੁਕਮ ਦਾ ਹਾਕਮ ਬਣ ਕੇ ਜ਼ਬਰ, ਜ਼ਬਰਦਸਤੀ ਗੁਰਮੁਖ ਲਏ ਤਰਾਈਆ । ਚਾਰ ਜੁਗ ਦੀ ਪਿਛਲੀ ਸਭ ਦੀ ਪੂਰੀ ਕਰਦਾ ਸੱਧਰ, ਸਦਮੇ ਸਭ ਦੇ ਰਿਹਾ ਮਿਟਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਨੂੰ ਕਰ ਦੇਣਾ ਪੱਧਰ, ਸਤ੍ਹਾ ਬੁਲੰਦੀ ਵੰਡ ਨਾ ਕੋਇ ਵੰਡਾਈਆ । ਦੀਨ ਦੁਨੀ ਵਿਚ ਪਾ ਦੇਣਾ ਗ਼ਦਰ, ਗਦਾਗਰ ਕਰੇ ਲੋਕਾਈਆ । ਫੇਰ ਭਗਤਾਂ ਉਤੇ ਕਰੇ ਮਿਹਰ ਦੀ ਨਦਰ, ਨਜ਼ਰੀ ਨਦਰ ਨਿਹਾਲ ਕਰਾਈਆ । ਸਤਿਜੁਗ ਸਾਚਾ ਲਿਆਏ ਬਦਲ, ਮਿਹਰਵਾਨ ਹੋਏ ਸਹਾਈਆ । ਧਰਮ ਦੀ ਧਾਰ ਕਰਾਏ ਅਦਲ, ਇਨਸਾਫ਼ ਇਕ ਰਖਾਈਆ । ਸਭ ਦਾ ਸਾਂਝਾ ਕਰੇ ਪਤਣ, ਨਈਆ ਨੌਕਾ ਨਾਮ ਚੜ੍ਹਾਈਆ । ਬਿਰਥਾ ਸਾਰੇ ਜਾਣੇ ਯਤਨ, ਯਥਾਰਥ ਪ੍ਰਭੂ ਦਏ ਵਡਿਆਈਆ । ਗੁਰਮੁਖ ਉਪਜਾ ਕੇ ਸਾਚੇ ਰਤਨ, ਅਮੋਲਕ ਆਪਣੇ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਨ੍ਹਾਂ ਨੂੰ ਤੱਕਣ, ਅਵਤਾਰ ਪੈਗ਼ੰਬਰ ਗੁਰ ਨੈਣ ਉਠਾਈਆ । ਸਭ ਦੀ ਝੋਲੀ ਪਾਵੇ ਹਕੀਕਤ ਹਕਣ, ਹਕੂਕ ਸਭ ਨੂੰ ਦਏ ਵਰਤਾਈਆ । ਸਾਚਾ ਮਾਰਗ ਆਇਆ ਦੱਸਣ, ਦਹਿ ਦਿਸ਼ਾ ਦਏ ਜਣਾਈਆ । ਜਿਸ ਦੇ ਹੁਕਮ ਵਿਚ ਲੱਖ ਚੁਰਾਸੀ ਵਸਣ, ਚਾਰੇ ਖਾਣੀ ਸੋਭਾ ਪਾਈਆ । ਓਹ ਅੰਮ੍ਰਿਤ ਅੰਮ੍ਰਿਤ ਦੇਵੇ ਰਸਨ, ਅੰਮ੍ਰਿਤ ਅੰਮ੍ਰਿਤ ਜਾਮ ਪਿਆਈਆ । ਜਿਸ ਲੇਖਾ ਵੇਖਿਆ ਜਾ ਕੇ ਪੱਛਮ, ਪੂਰਬ ਆਪਣਾ ਭੇਵ ਚੁਕਾਈਆ । ਉਸ ਦੀ ਸਾਚੀ ਹੋਣੀ ਰਸਮ, ਰਿਵਾਜ ਇਕ ਦ੍ਰਿੜਾਈਆ । ਜਿਨ੍ਹਾਂ ਭਗਤਾਂ ਕੋਲੋਂ ਛੱਬੀ ਪੋਹ ਨੂੰ ਭਗਤ ਦਵਾਰੇ ਵਿਚ ਖਵਾਈ ਕਸਮ, ਨਾਰਦ ਕਹੇ ਕਬੀਰ ਜੀ ਮੈਂ ਕਸਮ ਖਾ ਕੇ ਦਿਆਂ ਸੁਣਾਈਆ । ਉਸ ਦੇ ਪਿਆਰ ਤੋਂ ਬਿਨਾ ਸਾਰੀ ਸ੍ਰਿਸ਼ਟੀ ਹੋ ਜਾਣੀ ਭਸਮ, ਮਿੱਟੀ ਖ਼ਾਕ ਦਏ ਉਡਾਈਆ । ਮੈਂ ਵੇਖ ਕੇ ਆਇਆ ਨੈਣੀ ਚਸ਼ਮ, ਚਸ਼ਮ ਦੀਦਾ ਧਿਆਨ ਲਗਾਈਆ । ਜਿਸ ਅਸਵਮੇਧ ਯੱਗ ਦਾ ਕਰਾਇਆ ਜਸ਼ਨ, ਖ਼ੁਸ਼ੀਆਂ ਰੰਗ ਰੰਗਾਈਆ । ਉਹਦੇ ਚਰਨਾਂ ਹੇਠ ਕੋਟਨ ਕੋਟ ਬ੍ਰਹਿਮੰਡ ਖੰਡ ਵਸਣ, ਅਣਗਿਣਤ ਅਵਤਾਰ ਪੈਗ਼ੰਬਰ ਗੁਰੂ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋ ਕੇ ਭੱਜਣ, ਨੱਠਣ ਵਾਹੋ ਦਾਹੀਆ । ਗੋਪੀ ਕਾਹਨ ਬਹਿ ਕੇ ਮਗਨ, ਉਸੇ ਦਾ ਢੋਲਾ ਗਾਈਆ । ਜਿਸ ਨੇ ਭਗਤਾਂ ਨੂੰ ਆਪਣੇ ਪ੍ਰੇਮ ਦਾ ਪਾਇਆ ਸ਼ਗਨ, ਨਾਤਾ ਆਤਮ ਪਰਮਾਤਮ ਜੁੜਾਈਆ । ਓਹ ਦੀਪਕ ਦੀਏ ਉਸ ਸਾਹਿਬ ਦੇ ਜਗਣ, ਜਿਸ ਦੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਖਿਲਾਈਆ । ਨਾਰਦ ਕਹੇ ਛੱਬੀ ਪੋਹ ਮੈਂ ਕੀ ਜਾਣਿਆ, ਅਣਜਾਣਤ ਕੀ ਜਣਾਈਆ । ਪ੍ਰਭੂ ਮਾਣ ਤੋੜ ਕੇ ਰਾਜਿਆਂ ਰਾਣਿਆਂ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਤੋਲ ਤੋਲ ਕੇ ਤੱਕੜ ਦਾਣਿਆਂ, ਅੰਨ ਦਾਤੇ ਦਿਤੀ ਵਡਿਆਈਆ । ਮਾਣ ਦੇ ਕੇ ਵਿਚ ਜਹਾਨਿਆ, ਦੋ ਜਹਾਨਾਂ ਪਾਰ ਕਰਾਈਆ । ਜਿਥੇ ਧਰਮ ਦਾ ਇਕ ਨਿਸ਼ਾਨਿਆ, ਦੂਜਾ ਨਿਸ਼ਾਨ ਨਾ ਕੋਇ ਝੁਲਾਈਆ । ਭਗਤ ਦਵਾਰੇ ਖੇਲ ਵੇਖਿਆ ਮਹਾਨਿਆ, ਮਹਿੰਮਾ ਕਥ ਕਥ ਸੁਣਾਈਆ । ਸਚ ਭੰਡਾਰ ਪੀਣਾ ਖਾਣਿਆ, ਖਾ ਖਾ ਸ਼ੁਕਰ ਮਨਾਈਆ । ਜਨ ਭਗਤਾਂ ਵਰ ਦਿਤਾ ਵਿਸ਼ਨੂੰ ਭਗਵਾਨਿਆ, ਵਿਸ਼ਵ ਦਾ ਮਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਛੱਬੀ ਪੋਹ ਤੋਂ ਆ ਗਿਆ ਸਤਾਈ, ਸਚ ਦਿਆਂ ਸੁਣਾਈਆ । ਕਬੀਰ ਜੀ ਸਚਖੰਡ ਵਿਚ ਸਾਰਿਆਂ ਭਗਤਾਂ ਨੂੰ ਕਹੋ ਭਗਤ ਦਵਾਰੇ ਦੇ ਭਗਤਾਂ ਨੂੰ ਦੇਣ ਵਧਾਈ, ਧੁਰ ਦੀ ਆਵਾਜ਼ ਲਗਾਈਆ । ਤੁਹਾਡਾ ਸਾਡਾ ਇਕੋ

ਸਾਂਝਾ ਮਾਹੀ, ਜੋਤੀ ਜਾਤਾ ਇਕ ਅਖਵਾਈਆ । ਜਿਹੜਾ ਕਲਜੁਗ ਅੰਤਮ ਬਣਿਆ ਰਾਹੀ, ਭੱਜੇ ਵਾਹੋ ਦਾਹੀਆ । ਜਿਸ ਦੀ ਸਾਰੇ ਦੇਣ ਗਵਾਹੀ, ਸ਼ਹਾਦਤ ਅਵਤਾਰ ਪੈਗ਼ੰਬਰ ਗੁਰ ਭੁਗਤਾਈਆ । ਉਸ ਦਾ ਲੇਖ ਮਿਟੇ ਨਾ ਰਾਈ, ਨਾ ਕੋਈ ਮੇਟ ਮਿਟਾਈਆ । ਓਹ ਵੇਖਣਹਾਰਾ ਕੂੜ ਕਸਾਈ, ਚਾਰੋਂ ਕੁੰਟ ਫੋਲ ਫੁਲਾਈਆ । ਓਹ ਵੇਖੇ ਕਲਜੁਗ ਝੂਠੀ ਸ਼ਾਹੀ, ਸ਼ਹਿਨਸ਼ਾਹ ਬੇਪ੍ਰਵਾਹੀਆ । ਜੋ ਜਨ ਭਗਤਾਂ ਹੋਇਆ ਸਹਾਈ, ਸਿਰ ਸਿਰ ਹੱਥ ਟਿਕਾਈਆ । ਜਿਸ ਧਰਮ ਦੇ ਤੱਕੜ ਹਰਿ ਸੰਗਤ ਲਈ ਤੁਲਾਈ, ਤੋਲਾ ਬਣਿਆ ਨੂਰ ਖ਼ੁਦਾਈਆ । ਸਤਿ ਪਕਵਾਨ ਲਿਆ ਪਕਾਈ, ਪੱਕਾ ਰਿਧਾ ਲੇਖੇ ਲਾਈਆ । ਦੇਗ ਤੇਗ਼ ਦੀ ਗੰਢ ਰਖਾਈ, ਅਗੇ ਸਕੇ ਨਾ ਕੋਇ ਖੁਲਾਈਆ । ਡੰਕਾ ਫ਼ਤਿਹ ਇਕ ਵਜਾਈ, ਵਜਹ ਸਮਝ ਕੋਇ ਨਾ ਪਾਈਆ । ਨਾਰਦ ਕਹੇ ਕਬੀਰਾ ਸਾਰੇ ਮਿਲ ਕੇ ਕਹੀਏ ਇਹੋ ਸਾਡਾ ਮਾਹੀ, ਮਹਿਬੂਬ ਇਕ ਅਖਵਾਈਆ । ਜਿਸ ਨੇ ਸਤਿਜੁਗ ਸਾਚੀ ਬਣਤ ਬਣਾਈ, ਸਚ ਸਚ ਸਚ ਲਏ ਅਪਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ਸਮ ਗੁਸਾਈਂ ਪੂਰਨ ਪੂਰ ਰਿਹਾ ਸਰਬ ਠਾਈਂ, ਖ਼ਾਲੀ ਦਵਾਰਾ ਨਜ਼ਰ ਕੋਇ ਨਾ ਆਈਆ ।

## ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਸਵੇਰੇ ਸ਼ਾਦੀਆਂ ਦੇ ਸਮੇਂ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਕਹੇ ਮੋਹੇ ਚਾਓ ਘਨੇਰਾ, ਦੋ ਜਹਾਨਾਂ ਖ਼ੁਸ਼ੀ ਮਨਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਮਿਹਰਾ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਨਾਤਾ ਜੋੜੇ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਸਤਿ ਸਰੂਪ ਬਣਾਈਆ । ਕਲਜੁਗ ਕੂੜੀ ਕਿਰਿਆ ਮਿਟੇ ਅੰਧੇਰਾ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਨਾ ਪਾਈਆ । ਇਕੋ ਰੰਗ ਰਵੇ ਸੰਝ ਸਵੇਰਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਇਕੋ ਰੂਪ ਦਰਸਾਏ ਗੁਰੂ ਗੁਰ ਚੇਰਾ, ਚੇਲਾ ਗੁਰ ਇਕ ਜਣਾਈਆ । ਦੀਨਾਂ ਮਜ਼੍ਹਬਾਂ ਚੁਕਾ ਕੇ ਝੇੜਾ, ਝਗੜਾ ਸ਼ਰਅ ਵਾਲਾ ਮਿਟਾਈਆ । ਸਤਿ ਧਰਮ ਸੁਹਾ ਕੇ ਖੇੜਾ, ਭਗਤ ਦਵਾਰ ਦਏ ਵਡਿਆਈਆ । ਜਨ ਭਗਤਾਂ ਬੰਨ੍ਹੇ ਬੇੜਾ, ਨਈਆ ਨੌਕਾ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਮੋਹੇ ਚਾਓ ਘਨੇਰਾ ਅੰਦਰ, ਗ੍ਰਿਹ ਸਾਚੇ ਵੱਜੇ ਵਧਾਈਆ । ਪ੍ਰਭੂ ਭਾਗ ਲਗਾਇਆ ਧਰਮ ਦੇ ਮੰਦਰ, ਸਚ ਦਵਾਰ ਇਕ ਸੁਹਾਈਆ । ਕਰ ਪ੍ਰਕਾਸ਼ ਅੰਧੇਰੀ ਕੰਦਰ, ਤਨ ਮਾਟੀ ਕਰੇ ਰੁਸ਼ਨਾਈਆ । ਬਜਰ ਕਪਾਟੀ ਤੋੜ ਕੇ ਜੰਦਰ, ਜਨ ਭਗਤਾਂ ਲਏ ਮਿਲਾਈਆ । ਮਨੂਆ ਦਹਿ ਦਿਸ਼ ਉਠ ਨਾ ਧਾਏ ਬੰਦਰ, ਮਾਇਆ ਮਮਤਾ ਨਾ ਕੋਇ ਹਲਕਾਈਆ । ਘਰ ਸਵਾਮੀ ਆਏ ਸੱਦਣ, ਸੰਦੇਸ਼ਾ ਸਚ ਸ਼ਬਦ ਸੁਣਾਈਆ । ਲੇਖਾ ਪੂਰਾ ਕਰੇ ਕਾਇਆ ਬਦਨ, ਕਾਇਆ ਮਾਟੀ ਰੰਗ ਰੰਗਾਈਆ । ਧਰਮ ਦਵਾਰ ਵਖਾ ਕੇ ਪਤਣ, ਘਾਟ ਇਕੋ ਇਕ ਸਮਝਾਈਆ । ਦੂਸਰਾ ਰਹੇ ਕੋਇ ਨਾ ਯਤਨ, ਯਥਾਰਥ ਇਕੋ ਰਾਹ ਚਲਾਈਆ । ਮਾਨਸ ਮਾਨਵ ਮਾਨੁਖ ਨੌ ਖੰਡ ਪ੍ਰਿਥਮੀ ਬਣਾ ਕੇ ਸੱਜਣ, ਸੱਤਾਂ ਦੀਪਾਂ ਜੋੜ ਜੁੜਾਈਆ । ਚਰਨ ਧੂੜ ਕਰਾਏ ਅਗੰਮਾ ਮਜਨ, ਦੁਰਮਤ ਮੈਲ ਮੈਲ ਧਵਾਈਆ । ਨਾਮ ਅਵੱਲੜੀ ਚਾੜ੍ਹੇ ਰੰਗਣ, ਰੰਗ ਰੰਗੀਲਾ ਧੁਰ ਦਾ ਮਾਹੀਆ । ਭਗਤਾਂ ਦਾ ਭਗਤੀ ਨਾਲ ਪਾਏ ਸਗਣ, ਸਤਿ ਸਚ ਕਰੇ ਕੁੜਮਾਈਆ ।

ਘਰ ਦੀਪਕ ਜੋਤੀ ਜਗਣ, ਅੰਧ ਅੰਧੇਰ ਗਵਾਈਆ । ਪ੍ਰੀਆ ਨਾਰੀ ਪ੍ਰੇਮ ਵਿਚ ਹੋਵੇ ਮਗਨ, ਮਸਤੀ ਨਾਮ ਖ਼ੁਮਾਰੀ ਇਕ ਰਖਾਈਆ । ਦੀਨ ਮਜ਼੍ਹਬ ਤੋੜ ਕੇ ਹੱਦਣ, ਨਾਤਾ ਸਤਿ ਨਾਲ ਰਖਾਈਆ । ਪੁਰਖ ਅਕਾਲਾ ਹੋਵੇ ਪਰਦੇ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਦੇਵਤ ਸੁਰ ਗਣ ਗਧੰਰਬ ਯਸ਼ਪ ਕਿਨਰ ਪ੍ਰਭ ਚਰਨ ਦਵਾਰੇ ਨੱਚਣ ਟੱਪਣ, ਖ਼ੁਸ਼ੀਆਂ ਰਾਗ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਹੱਸਣ, ਸੋਹਣਾ ਤਾਲ ਬਣਾਈਆ । ਅਵਤਾਰ ਪੈਗ਼ੰਬਰ ਗੁਰ ਧਰਮ ਰਾਏ ਦੀ ਧਾਰ ਬੈਠੇ ਮਗਨ, ਜੋਤੀ ਜੋਤ ਵਿਚ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਲਗਾਈਆ । ਸਤਿਜੁਗ ਕਹੇ ਮੈਨੂੰ ਪਰਮ ਪੁਰਖ ਦਿਤੀ ਦਾਤ, ਦਾਤਾ ਦਾਨੀ ਦਇਆ ਕਮਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿ ਦਾ ਸਾਚਾ ਚੰਦ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਸੋਹੰ ਆਤਮ ਪਰਮਾਤਮ ਕਰੇ ਪੜ੍ਹਾਈਆ । ਮਿਹਰਵਾਨ ਚੜ੍ਹਾ ਕੇ ਆਪਣੇ ਰਾਥ, ਰਥਵਾਹੀ ਹੋ ਕੇ ਸੇਵ ਕਮਾਈਆ । ਜਿਸ ਨੂੰ ਝੁਕਦੇ ਤ੍ਰੈਲੋਕੀ ਨਾਥ, ਰਾਮ ਰਾਮਾ ਸੀਸ ਝੁਕਾਈਆ । ਜਿਸ ਦੀ ਪੈਗ਼ੰਬਰਾਂ ਰਖੀ ਆਸ, ਗੁਰੂ ਗੁਰਦੇਵ ਸਵਾਮੀ ਧਿਆਨ ਲਗਾਈਆ । ਸੋ ਸਚ ਦਾ ਸਚ ਕਰੇ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਨਿਰਗੁਣ ਸਰਗੁਣ ਪਾਵੇ ਰਾਸ, ਸੁਰਤੀ ਸ਼ਬਦੀ ਨਾਚ ਨਚਾਈਆ । ਧਰਮ ਦੀ ਧਾਰ ਜਣਾਏ ਵਿਸ਼ਵਾਸ, ਕੂੜੇ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਜਨ ਭਗਤਾਂ ਭਗਤੀ ਦੇ ਕੇ ਦਾਤ, ਦਾਸੀ ਦਾਸ ਖੋਜ ਖੁਜਾਈਆ । ਜਿਸ ਨੂੰ ਤੱਕਣ ਪ੍ਰਿਥਮੀ ਆਕਾਸ਼, ਗਗਨ ਮੰਡਲ ਅੱਖ ਉਠਾਈਆ । ਸੋ ਪਰਵਰਦਿਗਾਰਾ ਸਾਂਝਾ ਯਾਰਾ ਖੇਲ ਕਰੇ ਪ੍ਰਭ ਆਪ, ਆਪ ਆਪਣੀ ਦਇਆ ਕਮਾਈਆ । ਜਨ ਭਗਤਾਂ ਬਣ ਕੇ ਮਾਈ ਬਾਪ, ਪਰਮ ਪੁਰਖ ਆਪਣੀ ਗੋਦ ਟਿਕਾਈਆ । ਤਨ ਬਦਨ ਸਰੀਰ ਦਾ ਜਗਤ ਜੋੜ ਕੇ ਨਾਤ, ਪਤ ਪਤਨੀ ਰੰਗ ਰੰਗਾਈਆ । ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਕਰੇ ਸਫ਼ਾਈਆ । ਜਗਤ ਸੁਹੇਲੇ ਬਣ ਕੇ ਸਾਕ, ਸੱਜਣ ਸੱਜਣਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਜੁਗ ਕਹੇ ਮੇਰੀ ਸਚ ਬੰਦਨਾ, ਸਚਖੰਡ ਦਵਾਰੇ ਸੀਸ ਨਿਵਾਈਆ । ਦਰ ਦਵਾਰਾ ਧੁਰ ਦਾ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਸਵਾਮੀ ਪਿਛਲਾ ਕਲਜੁਗ ਪੈਂਡਾ ਵੰਞਣਾ, ਕੂੜਾ ਵੰਝ ਮੁਹਾਣਾ ਰਹਿਣ ਕੋਇ ਨਾ ਪਾਈਆ । ਅਗੇ ਤੇਰਾ ਇਕੋ ਦੀਪਕ ਜੋਤ ਜਗਣਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਲੇਖਾ ਮੁਕੇ ਮੱਕਾ ਕਾਅਬਾ ਹੱਜਣਾ, ਹੁਜਰਿਆਂ ਪੰਧ ਮੁਕਾਈਆ । ਮੁੱਲਾ ਸ਼ੇਖ਼ ਮੁਸਾਇਕ ਪੀਰਾਂ ਨੱਸਣਾ, ਸਦੀ ਚੌਧਵੀਂ ਭੱਜਣਾ ਵਾਹੋ ਦਾਹੀਆ । ਤੇਰਾ ਨਾਮ ਨਗਾਰਾ ਦੋ ਜਹਾਨਾਂ ਡੰਕਾ ਵੱਜਣਾ, ਡੌਰੂ ਏਕੋ ਇਕ ਸ਼ਨਵਾਈਆ । ਵੇਦ ਪੁਰਾਨਾਂ ਸ਼ਾਸਤਰਾਂ ਤੈਨੂੰ ਫਿਰ ਫਿਰ ਧਰਨੀ ਧਰਤ ਧਵਲ ਧੌਲ ਤੇ ਲੱਭਣਾ, ਅੰਦਰ ਬਾਹਰ ਖੋਜ ਖੁਜਾਈਆ । ਤੂੰ ਮਾਲਕ ਬਣਨਾ ਸਭਨਾ, ਸਭਾ ਮਲੇਛਾਂ ਦੇਣਾ ਉਠਾਈਆ । ਤੈਨੂੰ ਈਸਾਈ ਪਾਰਸੀ ਮੁਸਲਮ ਕਹਿਣ ਰੱਬਨਾ, ਰਬੇ ਆਲਮੀਨ ਤੇਰੀ ਵਡਿਆਈਆ । ਅਵਤਾਰਾਂ ਪੈਗ਼ੰਬਰਾਂ ਕਹਿਣਾ ਆਦਿ ਨਿਰੰਜਣਾ, ਨੂਰ ਨੁਰਾਨਾ ਧੁਰਦਰਗਾਹੀਆ । ਗੁਰੂਆਂ ਕਹਿਣਾ ਸਤਿਗੁਰ ਸਾਚਾ ਜਿਸ ਦਾ ਸਭ ਨੇ ਜਾਪ ਜਪਣਾ, ਨਾਮ ਨਿਧਾਨਾ ਨਜ਼ਰੀ ਆਈਆ । ਤੂੰ ਸਭ ਦਾ ਬੇੜਾ ਬੰਨ੍ਹਣਾ, ਬੰਨ੍ਹਣਹਾਰ ਇਕ ਅਖਵਾਈਆ । ਨਿਸ਼ਾਨ ਮਿਟਾਉਣੇ ਤਾਰੇ ਚੰਦਨਾ, ਚੰਦ ਸਿਤਾਰ ਨੇਤਰ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਕਹੇ ਮੇਰੀ ਮਨਸਾ

ਕਰ ਦੇ ਪੂਰੀ, ਪ੍ਰਭ ਪੂਰਨ ਬ੍ਰਹਮ ਧਿਆਈਆ । ਕਲਜੁਗ ਮੇਟ ਦੇ ਰੀਤੀ ਕੂੜੀ, ਕੁਕਰਮ ਦਾ ਡੇਰਾ ਢਾਹੀਆ । ਬੁਧ ਮਤ ਰਹੇ ਕਿਸੇ ਨਾ ਮੂੜ੍ਹੀ, ਮਨ ਮਨਸਾ ਦੇ ਗਵਾਈਆ । ਜਗਤ ਮਾਰਗ ਬਦਲਣਾ ਜ਼ਰੂਰੀ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਪੰਧ ਮੁਕਾ ਕੇ ਨੇੜਾ ਦੂਰੀ, ਚਾਰ ਵਰਨਾਂ ਅਠਾਰਾਂ ਬਰਨਾਂ ਰੰਗ ਰੰਗਾਈਆ । ਮੂਸੇ ਦੀ ਆਸਾ ਪੂਰੀ ਕਰ ਕੋਹਤੂਰੀ, ਜੋ ਮੂੰਹ ਦੇ ਭਾਰ ਧਿਆਨ ਲਗਾਈਆ । ਈਸਾ ਜੋ ਸਲੀਵ ਉਤੇ ਚੜ੍ਹ ਕੇ ਤੇਰੀ ਸੂਲੀ ਨੂੰ ਸੀਸ ਤਾਜ ਬਣਾਇਆ ਸੂਲੀ, ਸੋ ਪੁਰਖ ਨਿਰੰਜਣ ਧਿਆਨ ਲਗਾਈਆ । ਮੁਹੰਮਦ ਕਿਹਾ ਮੇਰਾ ਅਮਾਮ ਸਦੀ ਚੌਧਵੀਂ ਮੇਰੀ ਅਰਜ਼ ਕਰੇ ਕਬੂਲੀ, ਕਾਅਬਿਆਂ ਤੋਂ ਬਾਹਰ ਰੁਸ਼ਨਾਈਆ । ਸਤਿਗੁਰ ਨਾਨਕ ਕਿਹਾ ਜੁਗ ਬਦਲਣਾ ਓਸ ਦਾ ਖੇਲ ਮਾਮੂਲੀ, ਮਹਾਬਲੀ ਆਪਣਾ ਹੁਕਮ ਵਰਤਾਈਆ । ਗੋਬਿੰਦ ਕਿਹਾ ਓਹ ਵੇਖ ਸ੍ਰਿਸ਼ਟੀ ਭੂਲੀ, ਨੌ ਖੰਡ ਪ੍ਰਿਥਮੀ ਖੋਜ ਖੁਜਾਈਆ । ਓਹ ਸਤਿਗੁਰ ਸ਼ਬਦ ਸਤਿਗੁਰ ਦਾ ਮਾਰਗ ਅਸੂਲੀ, ਅਸਲ ਅਸਲ ਦਾ ਰਾਹ ਵਖਾਈਆ । ਆਤਮ ਪਰਮਾਤਮ ਖੇਲ ਕਰ ਕੰਤ ਕੰਤੂਹਲੀ, ਨਾਰ ਸੁਹਾਗਣ ਦੇ ਵਡਿਆਈਆ । ਜੋ ਸਚ ਪੰਘੂੜਾ ਲਏ ਝੂਲੀ, ਹੁਲਾਰਾ ਦੋ ਜਹਾਨ ਰਖਾਈਆ । ਧਰਨੀ ਧਰਤ ਧਵਲ ਧੌਲ ਫਲੇ ਫੂਲੀ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਜਨ ਭਗਤ ਸੁਹੇਲੇ ਬਣਾ ਕੇ ਦੂਲ੍ਹਾ ਦੂਲ੍ਹੀ, ਧਰਮ ਦੀ ਜੋੜੀ ਜੋੜ ਜੁੜਾਈਆ । ਸਤਿ ਸਚ ਚੜ੍ਹਾ ਕੇ ਡੋਲੀ, ਚਾਰੇ ਜੁਗ ਕਹਾਰ ਬਣਾਈਆ । ਮਾਇਆ ਮਮਤਾ ਵਿਚ ਨਾ ਪਾਏ ਰੌਲੀ, ਆਸ਼ਾ ਤ੍ਰਿਸ਼ਨਾ ਨਾ ਕੋਇ ਵਧਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਇਕਰਾਰ, ਕੌਲੀ, ਜੋ ਭਵਿਖਤਾਂ ਵਿਚ ਅਵਤਾਰ ਪੈਗੰਬਰ ਗੁਰੂ ਗਏ ਗਾਈਆ । ਏਕਾ ਰੰਗ ਰੰਗਾਏ ਧੌਲੀ, ਧਰਮ ਦੀ ਧਾਰ ਉਪਜਾਈਆ । ਜਿਸ ਦੀ ਮੁਹੱਬਤ ਹਰ ਘਟ ਅੰਦਰ ਮੌਲੀ, ਮੌਲਾ ਰੂਪ ਨੂਰ ਅਲਾਹੀਆ । ਸਚ ਪਿਆਰ ਵਿਚ ਕਿਸੇ ਦੀ ਲੱਗਣ ਨਾ ਦੇਵੇ ਧੇਲੀ ਪੌਲੀ, ਟਕਿਆਂ ਗੰਢ ਨਾ ਕੋਇ ਰਖਾਈਆ । ਨਿਆਜ਼ ਦਏ ਨਾ ਕੋਇ ਚੌਲੀ, ਭੋਜਨ ਪਖ ਨਾ ਕੋਇ ਸਮਝਾਈਆ । ਸਭ ਦੀ ਦ੍ਰਿਸ਼ਟੀ ਅੰਦਰੋਂ ਆਪੇ ਰਿਹਾ ਫੋਲੀ, ਘਟ ਘਟ ਫੋਲ ਫੁਲਾਈਆ । ਜਨ ਭਗਤੋ ਜਿਸ ਤਰਾਂ ਆਤਮਾ ਪਰਮਾਤਮਾ ਦੀ ਇਕੋ ਬੋਲੀ, ਏਸੇ ਤਰਾ ਨਾਰ ਕੰਤ ਤਨ ਸਰੀਰ ਵਾਲੇ ਏਕੋ ਰੰਗ ਬਣਾਈਆ । ਧੁਰ ਦੀ ਦਾਤ ਸਭ ਦੀ ਪਾਵੇ ਝੋਲੀ, ਅਨਡਿਠੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਸਤਿਜੁਗ ਕਹੇ ਪ੍ਰਭੂ ਮੈਂ ਤੇਰਾ ਨਿੱਕਾ ਬਾਲਾ, ਬਚਪਨ ਤੇਰੀ ਗੋਦ ਸੁਹਾਈਆ । ਮੇਰਾ ਕੋਈ ਜਵਾਬ ਨਾ ਕੋਈ ਸਵਾਲਾ, ਪ੍ਰੇਮ ਪ੍ਰੀਤੀ ਵਿਚ ਮੰਗ ਮੰਗਾਈਆ । ਤੇਰੀ ਧਰਮ ਦੀ ਹੋਵੇ ਧਰਮਸਾਲਾ, ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰੂਦਵਾਰਾ ਇਕੋ ਗ੍ਰਿਹਿ ਨਜ਼ਰੀ ਆਈਆ । ਜਿਥੇ ਦੀਪਕ ਜੋਤੀ ਜਗੇ ਜਲਾਲਾ, ਜ਼ਾਹਰ ਜ਼ਹੂਰ ਹੋਵੇ ਰੁਸ਼ਨਾਈਆ । ਮਾਣ ਮਿਲੇ ਸ਼ਾਹ ਕੰਗਾਲਾ, ਹਕੀਰ ਫ਼ਕੀਰ ਏਕੋ ਘਰ ਬਹਾਈਆ । ਸਤਿਗੁਰ ਸ਼ਬਦ ਹੋਏ ਦਲਾਲਾ, ਵਿਚੋਲਾ ਰਹਿਣ ਕੋਇ ਨਾ ਪਾਈਆ । ਨਾਮ ਭੰਡਾਰਾ ਦੇਣਾ ਬਾਹਲਾ, ਧਨ ਦੌਲਤ ਦਾ ਡੇਰਾ ਡਾਹੀਆ । ਫਲ ਲਗਾਉਣਾ ਸਾਚਾ ਡਾਲਾ, ਪੱਤ ਟਹਿਣੀ ਆਪ ਮਹਿਕਾਈਆ । ਗ੍ਰਿਹਿ ਮੰਦਰ ਸੋਹੇ ਜਿਥੇ ਤੇਰਾ ਨੂਰ ਉਜਾਲਾ, ਨੂਰ ਨੁਰਾਨਾ ਨਜ਼ਰੀ ਆਈਆ । ਕਲਜੁਗ ਦਾਗ਼ ਧੋਣਾ ਕਾਲਾ, ਧੱਬਾ ਕੂੜ ਦੇਣਾ ਮਿਟਾਈਆ । ਲਾਲਚ ਮੋਹ ਕਿਸੇ ਰਹਿਣ ਨਹੀਂ ਦੇਣਾ ਬਾਹਲਾ, ਤ੍ਰਿਸ਼ਨਾ ਤ੍ਰਿਖਾ ਦੇਣੀ ਬੁਝਾਈਆ । ਮੇਰੀ ਸਤਿ ਧਰਮ ਦੀ ਚਲੇ ਚਾਲਾ, ਸਤਿਜੁਗ ਸਾਚਾ ਆਸ ਰਖਾਈਆ । ਕਿਸੇ ਨੂੰ ਦੇਣਾ ਪਏ ਨਾ ਹਾਲਾ, ਡੰਡਣ ਡੰਡ ਨਾ ਕੋਇ ਲਗਾਈਆ । ਜੋਤੀ



੪੦੮
੨੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਸਤਿਜੁਗ ਕਹੇ ਮੇਰੀ ਬੇਨੰਤੀ ਹੋਏ ਪ੍ਰਵਾਨ, ਪ੍ਰਵਾਨਾ ਨਾਮ ਵਾਲਾ ਜਣਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜਨ ਭਗਤਾਂ ਦਰ ਅਇਆਂ ਦੇਵੇ ਮਾਣ, ਨਿਮਾਣਿਆਂ ਹੋਏ ਸਹਾਈਆ । ਜੋੜ ਜੁੜਾਏ ਹਾਣੀਆਂ ਹਾਣ, ਤਨ ਵਜੂਦ ਵੱਜੇ ਵਧਾਈਆ । ਜਿਸ ਦਾ ਲੇਖਾ ਤੱਕਣ ਸੀਆ ਰਾਮ, ਰਾਧਾ ਕ੍ਰਿਸ਼ਨ ਅੱਖ ਉਠਾਈਆ । ਵਿਸ਼ਨੂੰ ਲਕਸ਼ਮੀ ਕਰੇ ਪ੍ਰਵਾਨ, ਬ੍ਰਹਮਾ ਸੁਰਸਤੀ ਸੋਭਾ ਪਾਈਆ । ਸ਼ੰਕਰ ਪਾਰਬਤੀ ਗਾਏ ਗਾਣ, ਢੋਲੇ ਅਗੰਮ ਅਥਾਹੀਆ । ਅਵਤਾਰ ਪੈਗ਼ੰਬਰ ਗੁਰੂ ਪ੍ਰਭੂ ਧਰਮ ਦਾ ਤੇਰਾ ਧਰਮ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਈਆ । ਚਾਰੋਂ ਕੁੰਟ ਤੇਰੇ ਇਨਸਾਨ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਪੰਜਾਂ ਤਤਾਂ ਕਰੀਂ ਕਲਿਆਣ, ਮਨ ਮਤ ਬੁਧ ਨਾਲ ਰਲਾਈਆ । ਆਤਮ ਬ੍ਰਹਮ ਦੇਵੀਂ ਗਿਆਨ, ਜਗਤ ਅੰਧੇਰ ਮਿਟਾਈਆ । ਤੈਨੂੰ ਝੁਕਣ ਜ਼ਿਮੀਂ ਅਸਮਾਨ, ਸੂਰੀਆ ਚੰਦ ਨਿਵ ਨਿਵ ਲਾਗਣ ਪਾਈਆ । ਤੂੰ ਮਹਾਬਲੀ ਬਲਵਾਨ, ਬਲਧਾਰੀ ਇਕੋ ਨਜ਼ਰੀ ਆਈਆ । ਜਿਸ ਸਤਿਜੁਗ ਤਰੇਤਾ ਦੁਆਪਰ ਮੇਟਿਆ ਨਿਸ਼ਾਨ, ਕਲਜੁਗ ਅੰਤਮ ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਮੇਰਾ ਧਰਮ ਕਰਨਾ ਪ੍ਰਧਾਨ, ਪ੍ਰਧਾਨਗੀ ਭਗਤਾਂ ਹੱਥ ਰਖਾਈਆ । ਮੇਰੀ ਸਿਫ਼ਤ ਕਰਨ ਵਾਲੀ ਨਹੀਂ ਜ਼ਬਾਨ, ਜ਼ਿਬਹ ਕਰਨ ਵਾਲਾ ਰਹਿਣ ਨਾ ਪਾਈਆ । ਗੁਰਮੁਖ ਗੁਰਮੁਖ ਮਿਲ ਕੇ ਖ਼ੁਸ਼ੀ ਮਨਾਣ, ਗੁਰਸਿਖ ਗੁਰਸਿਖਾਂ ਰੰਗ ਰੰਗਾਈਆ । ਸ਼ਾਹ ਸੁਲਤਾਨ ਰੰਕ ਰਾਜਾਨ ਇਕੋ ਦਰ ਤੇ ਸੋਭਾ ਪਾਣ, ਦੂਜਾ ਦਰ ਨਾ ਕੋਇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਸਭ ਨੂੰ ਦੇਵੀਂ ਪਹਿਚਾਨ, ਭੇਵ ਅਭੇਦਾ ਆਪ ਖੁਲਾਈਆ । ਜਨ ਭਗਤਾਂ ਹਮ ਸਾਜਣ ਬਣੀ ਆਣ, ਸਜਣ ਸੁਹੇਲਾ ਇਕੋ ਨਜ਼ਰੀ ਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰੋਂ ਕੁੰਟ ਤੇਰਾ ਹੁਕਮ ਹੋਵੇ ਪ੍ਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਤੇਰਾ ਸਤਿ ਨਿਆਂਏ ਦਾ ਹੋਵੇ ਵਿਧਾਨ, ਜਗਤ ਜਗਿਆਸੂ ਨਾ ਕੋਇ ਬਦਲਾਈਆ । ਲਿਖਿਆ ਲੇਖ ਸਕੇ ਨਾ ਕੋਇ ਮਿਟਾਣ, ਹਰਫ਼ ਹਰੂਫ਼ ਵੰਡ ਨਾ ਕੋਇ ਵੰਡਾਈਆ । ਮੇਰੀ ਬੇਨੰਤੀ ਮੇਰੇ ਮਹਿਬੂਬਾ ਮੰਨਣਾ ਸ੍ਰੀ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਦਰ ਆਇਆਂ ਜਨ ਭਗਤਾਂ ਕਰੀਂ ਆਪ ਪਹਿਚਾਨ, ਬੇਪਹਿਚਾਨ ਵੇਖ ਵਖਾਈਆ । ਜਗਤ ਜੋੜੀ ਤੇਰੇ ਚਰਨ ਵਿਚ ਜੀਵਤ ਰਹੇ ਜਹਾਨ, ਜਹਾਲਤ ਦੀਨ ਦੁਨੀ ਗਵਾਈਆ । ਮੇਰੀ ਕੋਟਨ ਵਾਰ ਬਿਨਾ ਸੀਸ ਜਗਦੀਸ਼ ਪ੍ਰਨਾਮ, ਡੰਡਾਵਤ ਬੰਦਨਾ ਸਜਦਿਆਂ ਵਿਚ ਸਿਰ ਸਰ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਤਿ ਸਤਿ ਸਤਿ ਧਰਮ ਤੇਰਾ ਮਿਹਰਵਾਨ, ਮਿਹਰਵਾਨ ਮਹਿਬਾਨ ਬੀਖ਼ੈਰ ਯਾ ਅੱਲਾ ਪੁਰਖ ਅਕਾਲੇ ਦੀਨ ਦਿਆਲੇ ਦਇਆਨਿਧ ਠਾਕਰ ਸਵਾਮੀ ਅੰਤਰਜਾਮੀ ਅਕਲ ਕਲ ਧਾਰੀ ਤੇਰੀ ਇਕ ਸਰਨਾਈਆ ।

### ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਮਾਂ ਜੀ ਬਿਸ਼ਨ ਕੌਰ ਦੇ ਦਰਬਾਰ ਲਿਆਉਣ ਸਮੇਂ ਦੁਪਹਿਰੇ ✪

ਸੱਤ ਰੰਗਾ ਕਹੇ ਮੈਂ ਦੋ ਜਹਾਨਾਂ ਆਇਆ ਘੁੰਮਦਾ, ਸਚਖੰਡ ਸਤਿ ਜੋਤ ਵਿਚ ਸਮਾਈਆ । ਖੇਲ ਤੱਕ ਆਇਆ ਮਾਲਕ ਕੁੱਲ ਦਾ, ਜੋ

ਕੁੱਲ ਮਾਲਕ ਬੇਪ੍ਰਵਾਹੀਆ । ਲੇਖਾ ਜਾਣਿਆ ਜੋ ਫਲਦਾ ਫੁਲਦਾ, ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਵਡ ਵਡਿਆਈਆ । ਜਿਸ ਦੇ ਤੋਲ ਕੋਈ ਨਹੀਂ ਤੁਲਦਾ, ਅਤੁਲ ਆਪ ਅਖਵਾਈਆ । ਓਹ ਸਤਿਜੁਗ ਤਰੇਤਾ ਦੁਆਪਰ ਕਲਜੁਗ ਕੀਤੇ ਕੌਲ ਕਦੇ ਨਹੀਂ ਭੁਲਦਾ, ਅਭੁਲ ਸਹਿਜ ਸੁਖਦਾਈਆ । ਜਿਸ ਦਾ ਸਤਿ ਧਰਮ ਦਾ ਬੂਟਾ ਕਦੇ ਨਹੀਂ ਹੁਲਦਾ, ਪੱਤ ਟਹਿਣੀ ਆਪ ਮਹਿਕਾਈਆ । ਓਹਦਾ ਧਰਮ ਨਿਸ਼ਾਨਾ ਝੁਲਦਾ, ਜਿਸ ਨੂੰ ਜ਼ਿਮੀਂ ਅਸਮਾਨ ਸੀਸ ਝੁਕਾਈਆ । ਉਸ ਦਾ ਸਚ ਦਵਾਰ ਖੁਲ੍ਹਦਾ, ਖ਼ਾਲਕ ਖ਼ਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸੱਤ ਰੰਗਾ ਕਹੇ ਮੈਂ ਸਚਖੰਡ ਵਿਚ ਜਾ ਕੇ ਮਾਰੀ ਇਕ ਠਕੋਰ, ਠੋਕਰ ਸਚ ਲਗਾਈਆ । ਭਗਤੋ ਭਗਤੋ ਭਗਤੋ ਵੇਖੋ ਕਲਜੁਗ ਅੰਧੇਰਾ ਘੋਰ, ਘੋਰੀ ਨਜ਼ਰ ਕਿਸੇ ਨਾ ਆਈਆ । ਸਭ ਦਾ ਸਵਾਮੀ ਬਣਿਆ ਚੋਰ, ਚੋਰੀ ਚੋਰੀ ਆਪਣੀ ਖੇਲ ਵਖਾਈਆ । ਜਿਸ ਦੇ ਅਗੇ ਨਹੀਂ ਕਿਸੇ ਦਾ ਜ਼ੋਰ, ਜ਼ੋਰਾਵਰ ਨਾ ਕੋਇ ਅਖਵਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂਆਂ ਸ਼ਬਦੀ ਤੰਦ ਬੱਧੀ ਡੋਰ, ਤੰਦ ਨਜ਼ਰ ਕਿਸੇ ਨਾ ਆਈਆ । ਓਹ ਖੇਲ ਕਰੇ ਹੋਰ ਦਾ ਹੋਰ, ਅਵਰ ਅਵਰੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸੱਤ ਰੰਗ ਕਹੇ ਮੈਂ ਸਚਖੰਡ ਜਾ ਕੇ ਹੱਸਿਆ, ਹੱਸ ਕੇ ਦਿਤਾ ਵਖਾਈਆ । ਸਭ ਨੂੰ ਜਾ ਕੇ ਦੱਸਿਆ, ਸਵਾਧਾਨ ਦਿਤੇ ਕਰਾਈਆ । ਵੇਖੋ ਰੈਣ ਅੰਧੇਰੀ ਮੱਸਿਆ, ਚਾਰੋਂ ਕੁੰਟ ਅੰਧੇਰਾ ਛਾਈਆ । ਪ੍ਰਕਾਸ਼ ਰਿਹਾ ਨਾ ਰਵ ਸਸਿਆ, ਮੰਡਲ ਮੰਡਪ ਰਹੇ ਕੁਰਲਾਈਆ । ਧਰਮ ਦੀ ਰਹੀ ਕੋਇ ਨਾ ਸਤਿਆ, ਸਤਿ ਸਚ ਨਾ ਕੋਇ ਜਣਾਈਆ । ਪ੍ਰਭੂ ਪਿਆਰ ਵਿਚ ਕੋਈ ਨਾ ਰਤਿਆ, ਰਤਨ ਅਮੋਲਕ ਸੋਭਾ ਕੋਇ ਨਾ ਪਾਈਆ । ਮੈਂ ਚਾਰੋਂ ਕੁੰਟ ਨੱਸਿਆ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਕਰਾਈਆ । ਜਨ ਭਗਤ ਕਹਿਣ ਸੱਤ ਰੰਗੇ ਤੇਰਾ ਰੂਪ ਸਤਿ, ਪ੍ਰਭ ਸਤਿ ਦਿਤੀ ਵਡਿਆਈਆ । ਤੇਰਾ ਨਾਲ ਮੇਲਾ ਕਮਲਾਪਤ, ਜੋ ਪਤਿਪਰਮੇਸ਼ਵਰ ਸੋਭਾ ਪਾਈਆ । ਉਸ ਦਾ ਸਾਂਝਾ ਹੋਇਆ ਨਤ, ਏਥੇ ਓਥੇ ਦੋ ਜਹਾਨਾਂ ਖੇਲ ਖਿਲਾਈਆ । ਉਹ ਧਰਨੀ ਉਤੇ ਰਿਹਾ ਵਸ, ਧਵਲ ਦਏ ਵਡਿਆਈਆ । ਜਨ ਭਗਤਾਂ ਦੇਵੇ ਰਸ, ਅੰਮ੍ਰਿਤ ਰਸ ਚੁਆਈਆ । ਸਿਫ਼ਤੀ ਗਾਵੇ ਜਸ, ਢੋਲੇ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਨ ਭਗਤ ਕਹਿਣ ਅਸੀਂ ਲੋਕਮਾਤ ਤੇਰਾ ਵੇਖੀਏ ਸਤਿਕਾਰ, ਸੱਤਾਂ ਦੀਪਾਂ ਮਿਲੇ ਵਡਿਆਈਆ । ਅਸੀਂ ਡੰਡਾਵਤ ਬੰਦਨਾ ਕਰੀਏ ਨਿਮਸਕਾਰ, ਨਿਵ ਨਿਵ ਪ੍ਰਭ ਨੂੰ ਸੀਸ ਝੁਕਾਈਆ । ਜੋ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜਿਹੜਾ ਬੈਠਾ ਭਗਤਾਂ ਦੇ ਦਵਾਰ, ਭਗਵਨ ਹੋ ਕੇ ਸੋਭਾ ਪਾਈਆ । ਇਸੇ ਨੇ ਸੰਬਲ ਖੇੜਾ ਕੀਤਾ ਤਿਆਰ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਓਸ ਧਰਨੀ ਨੂੰ ਸੱਤ ਰੰਗਿਆ ਦੋਹਾਂ ਧਾਰਾਂ ਵਿਚ ਕਰਨੀ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਓਹ ਮਿੱਟੀ ਵਾਲੀ ਧੌਲ ਨਹੀਂ ਓਹ ਬਿਸ਼ਨ ਕੌਰ ਦਾ ਸਰੀਰ ਅਪਾਰ, ਜਿਸ ਵਿਚ ਨਗਰ ਖੇੜਾ ਦਿਤਾ ਬਣਾਈਆ । ਏਸ ਦੀ ਮਰਿਆਦਾ ਰਹੂ ਸਦਾ ਜੁਗ ਚਾਰ, ਜੁਗ ਚੌਕੜੀ ਨਾ ਕੋਇ ਬਦਲਾਈਆ । ਸੱਤ ਰੰਗਿਆ ਤੂੰ ਅਗੇ ਧਰਤ ਮਾਤ ਦਾ ਸਿਕਦਾਰ, ਹੁਣ ਦੂਜਾ ਮਿਲ ਕੇ ਸਚਖੰਡ ਦਾ ਪਹਿਰਾ ਦੇਣਾ ਭਗਤਾਂ ਦਾ ਥਾਉਂ ਥਾਈਆ ।

ਤੇਰੇ ਸਾਹਮਣੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਕਰਨ ਪ੍ਰਭੂ ਨੂੰ ਨਿਮਸਕਾਰ, ਸਜਦਿਆਂ ਵਿਚ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਨ ਬਰਖ਼ੁਰਦਾਰ, ਨਿਵ ਨਿਵ ਲਾਗਣ ਪਾਈਆ । ਰਾਏ ਧਰਮ ਚਿਤ੍ਰਗੁਪਤ ਚਰਨ ਧੂੜੀ ਲਾਵੇ ਛਾਰ, ਟਿੱਕੇ ਖ਼ਾਕ ਰਮਾਈਆ । ਲਾੜੀ ਮੌਤ ਜਾਵੇ ਹਾਰ, ਮਲਕਲ ਮੌਤ ਨਾ ਕੋਇ ਵਡਿਆਈਆ । ਕਾਲ ਕਹੇ ਮੈਂ ਆਪਣਾ ਪਾਸਾ ਜਾਵਾਂ ਹਾਰ, ਚਲੇ ਨਾ ਕੋਇ ਚਤੁਰਾਈਆ । ਮਹਾਕਾਲ ਕਹੇ ਮੇਰਾ ਇੰਤਜ਼ਾਰ, ਦੋਵੇਂ ਜੋੜ ਵਾਸਤਾ ਪਾਈਆ । ਸਤਿਗੁਰ ਸ਼ਬਦ ਕਹੇ ਮੈਂ ਆਪ ਕਰਾਂ ਉਸ ਦੀ ਸੰਭਾਲ, ਜਿਨ ਸੰਬਲ ਦੇਸ਼ ਪੂਰਨ ਦਾ ਗੜ੍ਹ ਦਿਤਾ ਵਸਾਈਆ । ਜਿਥੇ ਵਸਿਆ ਪੁਰਖ ਅਕਾਲ, ਜੋਤੀ ਜਾਤਾ ਸੋਭਾ ਪਾਈਆ । ਸੋ ਸਭ ਨੂੰ ਦੇਣ ਆਈ ਦੀਦਾਰ, ਜਨ ਭਗਤੋ ਦਰਸ਼ਨ ਕਰਨਾ ਚਾਈਂ ਚਾਈਂਆ । ਨੌ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਇਹ ਆਉਂਦੀ ਵਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਹੱਥ ਕਦੇ ਨਾ ਆਈਆ । ਇਹ ਵੇਲਾ ਉਦੋਂ ਸੁਹੰਜਣਾ ਹੁੰਦਾ ਜਦੋਂ ਨਿਹਕਲੰਕ ਕਲ ਕਲਕੀ ਆਵੇ ਅਵਤਾਰ, ਅਮਾਮ ਅਮਾਮਾ ਵੇਸ ਵਟਾਈਆ । ਇਹ ਜਗਤ ਮਾਤਾ ਨਹੀਂ ਭਗਤਾਂ ਦਾ ਕਰੇ ਉਧਾਰ, ਬਿਨਾ ਉਦਰ ਤੋਂ ਆਪਣੀ ਕੁੱਖ ਸੁਹਾਈਆ । ਅਠਾਈ ਪੋਹ ਕਹੇ ਅੱਜ ਸ਼ਾਦੀਆਂ ਤੇ ਖ਼ੁਸ਼ੀਆਂ ਦਾ ਵਿਹਾਰ, ਏਸੇ ਖ਼ੁਸ਼ੀ ਵਿਚ ਬਿਸ਼ਨ ਕੌਰ ਨੂੰ ਮਿਲੀ ਵਡਿਆਈਆ । ਇਹ ਏਸੇ ਦੇ ਬਾਗ਼ ਦੀ ਖਿੜੀ ਗੁਲਜ਼ਾਰ, ਜਿਸ ਦਾ ਮਾਲੀ ਅਤੇ ਰਾਖਾ ਹੋਕਾ ਦੋ ਜਹਾਨ ਸੁਣਾਈਆ । ਬਣ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਰਿਹਾ ਪਹੁੰਚਾਈਆ । ਬ੍ਰਹਿਮੰਡੋ ਖੰਡੋ ਪੁਰੀਓ ਲੋਓ ਜ਼ਿਮੀਂ ਅਸਮਾਨੋ ਰਹਿਣਾ ਹੁਸ਼ਿਆਰ, ਹੁਸ਼ਿਆਰੀ ਵਿਚ ਆਪਣੀ ਅੱਖ ਖੁਲਾਈਆ । ਜਦ ਆਵੇ ਆਤਮ ਦੀ ਧਾਰ, ਸਭ ਨੇ ਕਰਨੀ ਨਿਮਸਕਾਰ, ਬਿਨਾ ਫੁੱਲਾਂ ਤੋਂ ਪ੍ਰੇਮ ਦੇ ਪਾਉਣੇ ਹਾਰ, ਬਰਖਾ ਨਾਮ ਵਾਲੀ ਲਗਾਈਆ । ਬਿਨਾ ਬੋਲਣ ਤੋਂ ਸ਼ਬਦ ਦੀ ਹੋਵੇ ਧੁਨਕਾਰ, ਅਨਾਦੀ ਨਾਦ ਵੱਜੇ ਅਪਾਰ, ਬਿਨਾ ਦੀਵੇ ਬਾਤੀ ਤੋਂ ਜੋਤ ਹੋਵੇ ਉਜਿਆਰ, ਅੰਧ ਅੰਧੇਰਾ ਰਹਿਣ ਕੋਇ ਨਾ ਪਾਈਆ । ਫੇਰ ਪੁੱਜਣਾ ਸਚਖੰਡ ਸੱਚੇ ਦਰਬਾਰ, ਜਿਥੇ ਵਸੇ ਧੁਰ ਦਾ ਮਾਹੀਆ । ਓਥੇ ਸੰਤ ਸੁਹੇਲੇ ਵੇਖਣ ਬਿਨਾ ਨੈਣਾਂ ਨੈਣ ਉਘਾੜ, ਬਿਨਾ ਅੱਖ ਅੱਖ ਤਕਾਈਆ । ਛੋਟਾ ਬਾਲਾ ਸਿੰਘ ਮਨਜੀਤ ਬੋਲੇ ਜੈਕਾਰ, ਜਗਦੀਸ਼ ਰਾਗ ਅਲਾਈਆ । ਗੁਰਦਿਆਲ ਸਿੰਘ ਕਰੇ ਇਸ਼ਾਰ, ਸਵਰਨ ਸਿੰਘ ਸਮਝਾਈਆ । ਚੇਤ ਸਿੰਘ ਦਾ ਸਾਚਾ ਯਾਰ, ਪਾਲ ਸਿੰਘ ਤਾੜੀ ਰਿਹਾ ਵਜਾਈਆ । ਅਸੀਂ ਸਾਰੇ ਖ਼ੁਸ਼ੀਆਂ ਵਿਚ ਹੋਏ ਖ਼ੁਸ਼ਹਾਲ, ਖ਼ੁਸ਼ੀ ਖ਼ੁਸ਼ੀ ਨਾਲ ਬਣਾਈਆ । ਉਹ ਧਾਰ ਆਵੇ ਉਹ ਪਿਆਰ ਆਵੇ ਜਿਸ ਸੰਸਾਰ ਵਿਚ ਪ੍ਰਗਟ ਕੀਤਾ ਪੂਰਨ ਲਾਲ, ਲਾਲ ਮਿਲੀ ਵਡਿਆਈਆ । ਜਿਸ ਵਿਚ ਵਸਿਆ ਦੀਨ ਦਿਆਲ, ਠਾਕਰ ਸਵਾਮੀ ਅਗੰਮ ਅਥਾਹੀਆ । ਉਹ ਸੰਬਲ ਵਿਚ ਬਹਿ ਕੇ ਸਭ ਦੀ ਕਰੇ ਸੰਭਾਲ, ਵੇਖਣਹਾਰਾ ਥਾਉਂ ਥਾਈਂਆ । ਜਿਥੇ ਨਾ ਕੋਇ ਸ਼ਾਹ ਨਾ ਕੋਇ ਕੰਗਾਲ, ਭਗਤ ਭਗਵੰਤ ਆਪਣੇ ਰੰਗ ਰੰਗਾਈਆ । ਸੱਤ ਰੰਗ ਕਹਿਣ ਸਾਨੂੰ ਵੀ ਉਸੇ ਦਿਤਾ ਮਾਣ, ਚਾਰ ਜੁਗ ਦਿਤੀ ਨਾ ਕਿਸੇ ਵਡਿਆਈਆ । ਇਕੋ ਇਕ ਦੇ ਹੁਕਮ ਨੂੰ ਕਰੀਏ ਪ੍ਰਵਾਨ, ਜੋ ਪਰਮ ਪੁਰਖ ਰਿਹਾ ਸੁਣਾਈਆ । ਅਠਾਈ ਪੋਹ ਕਹੇ ਜਨ ਭਗਤੋ ਤੁਹਾਡੇ ਪ੍ਰੇਮ ਨਾਲ ਬਿਸ਼ਨ ਕੌਰ ਦਾ ਹੋ ਗਿਆ ਇਸ਼ਨਾਨ, ਅੰਤ ਸਮੇਂ ਇਸ਼ਨਾਨ ਨਾ ਕੋਇ ਕਰਾਈਆ । ਤੁਹਾਡੀ ਭਗਤੀ ਦਾ ਏਸੇ ਦੇ ਭੰਡਾਰੇ ਵਿਚੋਂ ਮਿਲ ਗਿਆ ਦਾਨ, ਇਹਦੀ ਹੱਥੀਂ ਦਾਨ ਨਾ ਕੋਇ ਕਰਾਈਆ । ਇਹਦੀ ਮੁਹੱਬਤ ਦਾ ਸਭ ਨੂੰ ਮਿਲ ਗਿਆ ਪੀਣ ਖਾਣ, ਭੁੱਖਿਆਂ ਭੁਖ ਨਾ ਕੋਇ ਸਮਝਾਈਆ । ਇਹਦਾ ਤਨ ਵਜੂਦ ਜਾਵੇਗਾ ਨਹੀਂ ਭੂਮੀ ਸ਼ਮਸ਼ਾਨ, ਭਗਤ ਦਵਾਰ ਦੇ ਦਰ ਵਿਚ ਢੇਰ ਲਗਾਈਆ ।

ਜਿਸ ਦਾ ਹਰਿਜਨ ਦਰਸ਼ਨ ਕਰਿਆ ਕਰਨਗੇ ਆਣ, ਆਉਂਦਿਆਂ ਆਉਂਦਿਆਂ ਆਉਂਦਿਆਂ ਸੀਸ ਨਿਵਾਈਆ । ਕੋਈ ਮਠ ਨਹੀਂ ਬਣੇਗਾ ਮੰਦਰ ਨਹੀਂ ਬਣੇਗਾ ਨਾ ਕੋਈ ਬਣੇਗਾ ਮੁਕਾਮ, ਬੇਮੁਕਾਮ ਨਾਲ ਮਿਲ ਕੇ ਬੇਮੁਕਾਮ ਵਿਚ ਸਮਾਈਆ । ਗੋਬਿੰਦ ਦਾ ਮਾਰਗ ਤੇ ਗੋਬਿੰਦ ਦਾ ਰਸਤਾ ਤੇ ਗੋਬਿੰਦ ਦਾ ਨਾਮ ਨਹੀਂ ਕੋਈ ਦੁਕਾਨ, ਜੋ ਹੱਟੋ ਹੱਟ ਵਿਕਾਈਆ । ਇਕ ਸੱਤ ਰੰਗ ਦਾ ਨਿਸ਼ਾਨ ਇਕ ਸੱਤ ਰੰਗ ਪ੍ਰਧਾਨ, ਦੋਵੇਂ ਮਿਲ ਕੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦਾ ਸਚ ਕਰੇ ਪ੍ਰਵਾਨ, ਪਰਮ ਪੁਰਖ ਆਪਣੀ ਪ੍ਰਵਾਨਗੀ ਵਿਚ ਪ੍ਰਵਾਨਾ ਆਪਣੇ ਹੱਥ ਰਖਾਈਆ ।

✪ ੨੯ ਪੋਹ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਰਾਤ ਗਿਰਧਾਰਾ ਸਿੰਘ ਲਾਂਗਰੀ ਦੇ ਲੋਹੜੀ ਮੰਗਣ ਤੇ ✪

ਗਿਰਧਾਰਾ ਸਿੰਘ ਤੇਰੀ ਕਾਲੀ ਪੱਗ, ਰੰਗ ਕਾਲੇ ਨਾਲ ਸੋਭਾ ਪਾਈਆ । ਸੰਪੂਰਨ ਹੋਇਆ ਭਗਤਾਂ ਯੱਗ, ਜੁਗਤੀ ਪ੍ਰਭ ਨੇ ਦਿਤੀ ਬਣਾਈਆ । ਲੇਖੇ ਲੱਗੇ ਭੱਠੀਆਂ ਵਿਚ ਡਾਹੁਣ ਵਾਲੇ ਅੱਗ, ਬਾਲਣ ਵਾਲੇ ਸਾਚੇ ਲੇਖੇ ਪਾਈਆ । ਸਚਖੰਡ ਦਵਾਰੇ ਸੇਵਾਦਾਰ ਸਾਰੇ ਜਾਣ ਭੱਜ, ਅਗੇ ਹੋ ਨਾ ਕੋਇ ਅਟਕਾਈਆ । ਜਿਨ੍ਹਾਂ ਮੰਡੇ ਦਿਤੇ ਠੱਪ, ਪੇੜਿਆਂ ਸੇਵ ਕਮਾਈਆ । ਸੇਵਾ ਕੀਤੀ ਹੱਸ ਹੱਸ, ਵੱਡੇ ਛੋਟੇ ਭੱਜੇ ਵਾਹੋ ਦਾਹੀਆ । ਪ੍ਰਭ ਖ਼ੁਸ਼ੀਆਂ ਦਾ ਮਾਣਦੇ ਰਹੇ ਰਸ, ਚਿੰਤਾ ਦੁੱਖ ਗਵਾਈਆ । ਲੇਖੇ ਲਾਉਂਦੇ ਰਹੇ ਆਪਣੀ ਰਤ, ਸਰਦੀ ਵਿਚ ਰਾਤੀ ਜਾਗਤ ਆਪਣੀ ਖ਼ੁਸ਼ੀ ਬਣਾਈਆ । ਸਿਖਿਆ ਲੈਂਦੇ ਰਹੇ ਸਾਚੀ ਮਤ, ਕੂੜ ਵਿਕਾਰ ਗਵਾਈਆ । ਲੰਗਰ ਤਿਆਰ ਕਰ ਕੇ ਲਾਂਗਰੀ ਲੈਣ ਰਖ, ਪਾਲ ਸਿੰਘ ਬਖ਼ਸ਼ੀਸ਼ ਕਾਂਸ਼ੀ ਨਾਲ ਮਿਲਾਈਆ । ਲੰਗਰ ਕਹੇ ਮੇਰੀ ਸੁਹੰਜਣੀ ਹੋ ਗਈ ਛੱਤ, ਛਤਰਧਾਰੀ ਦਿਤੀ ਵਡਿਆਈਆ । ਜਿਸ ਭਗਤਾਂ ਰਖੀ ਪਤਿ, ਪਤਿਪਰਮੇਸ਼ਵਰ ਬੇਪਰਵਾਹੀਆ । ਓਹ ਮੁੜ ਕੇ ਆਇਆ ਵੱਤ, ਬੇਵਤਨਾਂ ਲਏ ਮਿਲਾਈਆ । ਵੇਖੇ ਸਭ ਨੂੰ ਆਪਣੀ ਅੱਖ, ਅੱਖਰਾਂ ਵਾਲਾ ਸਮਝ ਸਕੇ ਨਾ ਰਾਈਆ । ਜਗਤ ਜਹਾਨ ਨਾਲੋਂ ਵੱਖ, ਭਗਤ ਭਗਵਾਨ ਰੀਤ ਚਲਾਈਆ । ਭਗਤ ਭੰਡਾਰਾ ਜਿਹੜਾ ਪ੍ਰੇਮ ਵਿਚ ਗਿਆ ਪੱਕ, ਲੋਹ ਅਗਨੀ ਤਤ ਤਪਾਈਆ । ਓਹ ਓਹਨਾਂ ਭਗਤਾਂ ਲਿਆ ਛਕ, ਜੋ ਸ਼ਹਿਨਸ਼ਾਹ ਭਗਤ ਦਿਤੇ ਬਣਾਈਆ । ਨਾਮ ਰਸ ਲੈ ਕੇ ਯਕ, ਯਕ ਮੁਰਸ਼ਦ ਵੇਖ ਵਖਾਈਆ । ਝੋਲੀ ਉਨ੍ਹਾਂ ਪਿਆ ਹਕ, ਖ਼ਾਲੀ ਭੰਡਾਰੇ ਦਿਤੇ ਭਰਾਈਆ । ਕਿਰਪਾ ਕਰੀ ਪੁਰਖ ਸਮਰਥ, ਮਿਹਰ ਨਜ਼ਰ ਉਠਾਈਆ । ਭਾਵੇਂ ਗਿਰਧਾਰਾ ਸਿੰਘ ਦਾ ਵਿੰਗਾ ਟੇਢਾ ਹੱਥ, ਫੇਰ ਵੀ ਜ਼ੋਰ ਨਾਲ ਕੜਛੇ ਦਿਤੇ ਹਿਲਾਈਆ । ਸੱਜੇ ਖੱਬੇ ਹੋ ਕੇ ਰਿਹਾ ਨਠ, ਧੌਣ ਟੇਢੀ ਰਿਹਾ ਵਖਾਈਆ । ਜਦੋਂ ਗ਼ੁੱਸੇ ਵਿਚ ਆਵੇ ਝਟ, ਅੱਖਾਂ ਲਾਲ ਕਢ ਡਰਾਈਆ । ਫੇਰ ਪੱਟਾਂ ਤੇ ਮਾਰੇ ਹੱਥ, ਮੋਟਾ ਪਤਲਾ ਵੇਖ ਵਖਾਈਆ । ਭੱਠੀਆਂ ਦੇ ਇਰਦ ਗਿਰਦ ਟੱਪ, ਕੰਨ ਖੁਰਕ ਕੇ ਪੱਗ ਲਏ ਹਿਲਾਈਆ । ਆਂਢ ਗਵਾਂਢ ਨੂੰ ਦੱਸ, ਸਬਜ਼ੀ ਭਾਜੀ ਰਿਹਾ ਚਿਰਾਈਆ । ਲੋਹੜੀ ਕਹੇ ਮੈਂ ਲੋਹੜਾ ਪੈਣੀ ਕਹਾਂ ਬੋਲ ਕੇ ਵੱਜ, ਵਾਜਾ ਪ੍ਰੇਮ ਵਾਲਾ ਵਜਾਈਆ । ਜਨ ਭਗਤਾਂ ਖ਼ੁਸ਼ੀ ਖ਼ੁਸ਼ੀ ਹੋਈ ਜਬ, ਦਰਸ ਪਾਇਆ ਪ੍ਰਭ ਸਤਿਗੁਰ ਮਿਲ ਕੇ ਖ਼ੁਸ਼ੀ ਬਣਾਈਆ । ਸ੍ਰਿਸ਼ਟੀ ਦੁਨੀ ਰਸਨਾ ਲਾਉਂਦੀ ਮਦਿ, ਕੂੜ ਵਿਕਾਰ ਹਲਕਾਈਆ । ਜਨ ਭਗਤਾਂ ਸਾਚੀ ਮੰਜ਼ਲ ਪਾਰ ਕਰ ਕੇ ਹੱਦ, ਦਰ ਘਰ ਸਾਚੇ ਸੋਭਾ ਪਾਈਆ ।

ਜਿਨ੍ਹਾਂ ਨੂੰ ਲੋਹੜੀ ਵਿਚ ਲੋਹੜੇ ਪੈਣੀ ਵਸਤ ਗਈ ਲੱਭ, ਅਨਮੁੱਲ ਦਿਤੀ ਵਰਤਾਈਆ । ਹਰਿਜਨ ਗੁਰਮੁਖ ਦਰਸ਼ਨ ਕਰਨ ਰੱਜ, ਅੱਖੀਆਂ ਨੈਣ ਨੈਣ ਬਿਘਸਾਈਆ । ਓਹ ਵੇਖੋ ਨਾਰਦ ਆਇਆ ਭੱਜ, ਬੋਦੀ ਰਿਹਾ ਹਿਲਾਈਆ । ਹੱਸ ਕੇ ਕਹਿੰਦਾ ਜਿਸ ਵੇਲੇ ਮੈਂ ਗਿਰਧਾਰਾ ਸਿੰਘ ਦਾ ਸੁਰੀਲਾ ਸੁਣਿਆ ਛੰਤ, ਆਪਣੀ ਲਈ ਅੰਗੜਾਈਆ । ਕਿੰਨਰ ਯਸ਼ਪ ਅਪਛਰਾਂ ਪਈਆਂ ਨੱਚ, ਕੁੱਦਣ ਟੱਪਣ ਥਾਉਂ ਥਾਈਂਆ । ਇਕ ਦੂਜੇ ਨੂੰ ਕਹਿਣ ਉਹ ਭਗਤ ਕਿਹੋ ਜਿਹਾ ਹੋਵੇ ਸੱਚ, ਕਵਣ ਰੂਪ ਸੋਭਾ ਪਾਈਆ । ਨਾਰਦ ਕਹੇ ਮੈਂ ਤਾਲੀ ਮਾਰ ਕੇ ਕਿਹਾ ਉਹਦਾ ਰੰਗ ਕਾਲਾ ਤੇ ਮੋਟੀ ਅੱਖ, ਜਗਤ ਜਹਾਨ ਸੋਭਾ ਪਾਈਆ । ਪਰ ਜਦੋਂ ਤੁਰਦਾ ਇਕ ਹੱਥ ਢਾਕ ਉਤੇ ਕਦੇ ਕਦੇ ਲਏ ਰਖ, ਬੜਾ ਸੋਹਣਾ ਵਿੰਗਾ ਟੇਢਾ ਨਜ਼ਰੀ ਆਈਆ । ਮੈਂ ਉਸ ਦਾ ਕਰਾਂ ਕੀ ਜਸ, ਕੀ ਸਿਫ਼ਤਾਂ ਨਾਲ ਮਿਲਾਈਆ । ਮੇਰੇ ਨਾਲ ਚਲੋ ਕਮਲੀਓ ਮੈਂ ਤੁਹਾਨੂੰ ਦੇਵਾਂ ਦੱਸ, ਅੱਖਾਂ ਲਓ ਖੁਲਾਈਆ । ਸਾਰੀਆਂ ਕਹਿਣ ਉਠੋ ਚਲੀਏ ਨੱਸ, ਭੱਜੀਏ ਵਾਹੋ ਦਾਹੀਆ । ਜੇ ਉਸ ਦਾ ਵੱਡਾ ਤਪ, ਤਪੀਆ ਸੋਭਾ ਪਾਈਆ । ਅਸੀਂ ਤੁਹਾਨੂੰ ਕਹੀਏ ਜੇ ਭਗਤਾ ਨੌਂ ਸੌ ਨੜ੍ਹਿਨਵੇਂ ਅਪਛਰਾਂ ਸਾਨੂੰ ਸਾਰੀਆਂ ਨੂੰ ਲਏਂ ਰਖ, ਲੰਗਰ ਵਿਚ ਤੇਰਾ ਹੱਥ ਲਈਏ ਵਟਾਈਆ । ਵਿਹਲੀਆਂ ਹੋ ਕੇ ਫੇਰ ਤੇਰੇ ਸਿਰ ਨੂੰ ਦਈਏ ਝੱਸ, ਜੋ ਬਿਨਾ ਵਾਲਾਂ ਤੋਂ ਸੋਭਾ ਪਾਈਆ । ਫੇਰ ਤੇਰੀ ਛੋਟੀ ਲੱਤ ਨੂੰ ਬੰਨ੍ਹੀਏ ਕਸ, ਇਕੋ ਜਿਹੀ ਇਕੋ ਰੰਗ ਨਜ਼ਰੀ ਆਈਆ । ਜੇ ਜਿਆਦਾ ਘੁਟਿਆ ਤੈਨੂੰ ਖ਼ੁਸ਼ੀ ਵਿਚ ਪੈ ਜਾਏ ਗਸ਼, ਫੇਰ ਮੁਖ ਅੰਮ੍ਰਿਤ ਦਈਏ ਚੁਆਈਆ । ਬਾਲਣ ਚੁੱਕ ਕੇ ਲਿਆਉਣ ਕਿੰਨਰ ਯਸ਼ਪ, ਗੰਧਰਵ ਸੇਵ ਕਮਾਈਆ । ਸਾਨੂੰ ਡਰ ਲਗਦਾ ਤੇਰੀ ਸੂਰਤ ਵੇਖ ਕੇ ਤੇਰੇ ਪਿਆਰ ਵਿਚ ਨਾ ਜਾਈਏ ਫਸ, ਮੁਹੱਬਤ ਵਿਚ ਤੇਰੇ ਢੋਲੇ ਗਾਈਆ । ਸਚ



ਦੱਸੀਏ ਕਿਤੇ ਗੁੱਸੇ ਵਿਚ ਆ ਕੇ ਸਾਨੂੰ ਖੌਂਚੇ ਨਾ ਮਾਰੀਂ ਠਪ ਠਪ, ਸਾਡੀਆਂ ਪੱਟੀਆਂ ਦਏਂ ਹਿਲਾਈਆ । ਜੇ ਇਕ ਵਾਰ ਆਖੇਂਗਾ ਤੇ ਅਸੀਂ ਭਰ ਭਰ ਗੁੰਨ੍ਹ ਦੇਵਾਂਗੀਆਂ ਆਟੇ ਦੇ ਟੱਪ, ਫੁਲਕੇ ਲੋਹਾਂ ਉਤੇ ਟਿਕਾਈਆ । ਤੈਥੋਂ ਡਰਦੀਆਂ ਸੋਹੰ ਦਾ ਕਰਾਂਗੀਆਂ ਜਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪਰ ਤੂੰ ਵੀ ਸਾਡੇ ਪਿਆਰ ਵਿਚ ਪਸੀਨੇ ਦੀ ਥਾਂ ਡੋਲ੍ਹੀ ਰੱਤ, ਰੰਗ ਰਤੜਾ ਹੋ ਕੇ ਨਜ਼ਰੀ ਆਈਆ । ਝਟ ਨਾਰਦ ਬੋਲਿਆ ਥੋੜ੍ਹੀ ਮੇਰੀ ਵੀ ਖਿਚ ਦਿਓ ਲੱਤ, ਨਾਲੇ ਬੋਦੀ ਦਿਓ ਵਧਾਈਆ, । ਮੈਂ ਵੀ ਚਰੋਕਣਾ ਰਿਹਾ ਸਾਂ ਤੱਕ, ਕੀ ਖੇਲ ਪ੍ਰਭੂ ਕਰਾਈਆ । ਤੁਸੀਂ ਇਧਰ ਵੇਖੋ ਮੇਰਾ ਗਿਰਧਾਰੇ ਨਾਲੋਂ ਚੰਗਾ ਨੱਕ, ਮੇਰੀਆਂ ਨਾਸਾਂ ਵਿਚ ਵਾਲ ਨਜ਼ਰ ਕੋਇ ਨਾ ਆਈਆ । ਮੇਰੇ ਮੱਥੇ ਵਿਚ ਨਹੀਂ ਕੋਈ ਵੱਟ, ਗਿਰਧਾਰਾ ਸਿੰਘ ਤਿਉੜੀ ਵਲ ਪਾ ਕੇ ਚੜ੍ਹਾਈਆ । ਗਿਰਧਾਰਾ ਕਹੇ ਉਹ ਨਾਰਦ ਵੇਖ ਆ ਮੇਰੀਆਂ ਭੱਠੀਆਂ ਦੀ ਅੱਗ ਬਲੇ ਲਟ ਲਟ, ਜਿਥੇ ਲਾਟਾਂ ਵਾਲੀ ਸੇਵ ਕਮਾਈਆ । ਤੈਨੂੰ ਪਤਾ ਨਹੀਂ ਮੇਰਾ ਪਾਤਸ਼ਾਹ ਦੋ ਜਹਾਨਾਂ ਕਿਰਸਾਣਾ ਤੇ ਸ਼ਬਦ ਧਾਰ ਦਾ ਜੱਟ, ਜਿਸ ਮੈਨੂੰ ਦਿਤੀ ਵਡਿਆਈਆ । ਤੁਹਾਨੂੰ ਸਾਰਿਆਂ ਨੂੰ ਖਿੱਚ ਕੇ ਕੀਤਾ ਇਕੱਠ, ਸਿਰ ਸਕੇ ਨਾ ਕੋਇ ਉਠਾਈਆ । ਜੇ ਮੇਰਾ ਦਿਲ ਕਰ ਆਇਆ ਤੇ ਮੈਂ ਸਾਰੀਆਂ ਨੂੰ ਲਊਂਗਾ ਰਖ, ਤੈਨੂੰ ਵੀ ਏਸੇ ਜਗਹ ਸੇਵਾ ਵਿਚ ਲਗਾਈਆ । ਤੂੰ ਮੇਰੀ ਮੱਝ ਨੂੰ ਪਾਇਆ ਕਰੀਂ ਕੱਖ, ਮੈਂ ਮੁੱਛਾਂ ਨੂੰ ਤਾਅ ਦੇ ਕੇ ਬੈਠਾਂ ਚਾਈਂ ਚਾਈਂਆ । ਨਾਰਦ ਕਿਹਾ ਏਥੇ ਸਭ ਦਾ ਸਾਂਝਾ ਹਕ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਂ ਵੀ ਸੇਵਾਦਾਰ ਜੁਗ ਚੌਕੜੀ ਦਾ ਪੱਕ, ਪੱਕੀ ਦਿਆਂ ਸੁਣਾਈਆ । ਪਰ ਮੈਂ ਤੇਰੇ ਨਾਲੋਂ ਪ੍ਰਭੂ ਦੇ ਪਿਆਰ ਵਿਚ ਸਤਿ, ਜਿਸ ਸਤਿਜੁਗ ਤਰੇਤਾ ਦੁਆਪਰ ਕਲਜੁਗ ਨਾ ਕੀਤੀ ਕੁੜਮਾਈਆ । ਪਰ ਤੂੰ ਯਾਦ ਕਰ ਲੈ

ਸਤਿਜੁਗ ਅਹਲਿਆ ਨੂੰ ਲਾਹਿਆ ਸਥ, ਪਥਰ ਪਾਹਨ ਦਿਤਾ ਬਣਾਈਆ । ਜੇ ਰਾਮ ਉਪਰ ਚਰਨ ਨਾ ਦੇਂਦਾ ਰਖ, ਉਸ ਨੂੰ ਮਿਲਦੀ ਨਾ ਮਾਣ ਵਡਿਆਈਆ । ਮੈਂ ਤੱਦ ਦਾ ਡਰਦਾ ਨਾਰਦ ਕਹੇ ਕਿ ਤੇਰਾ ਸਾਹਿਬ ਸਮਰਥ, ਦਾਤਾ ਬੇਪ੍ਰਵਾਹੀਆ । ਅੱਜ ਲੋਹੜੀ ਤੂੰ ਖ਼ੁਸ਼ੀਆਂ ਨਾਲ ਮਲਾ ਲੈ ਹੱਥ, ਬਿਨ ਹਥੇਲੀ ਹੱਥ ਲਗਾਈਆ । ਜੇ ਤੂੰ ਗਿਆ ਏਂ ਥੱਕ, ਮੈਂ ਅਪਛਰਾਂ ਨੂੰ ਕਹਾਂ ਇਹਨੂੰ ਘੁੱਟੋ ਚਾਈਂ ਚਾਈਆ । ਪਰ ਵੇਖੀਂ ਨੌਂ ਸੌ ਨੜ੍ਹਿਨਵੇਂ ਕੋਲੋਂ ਨਾ ਜਾਈਂ ਅੱਕ, ਅੰਦਰੇ ਅੰਦਰ ਆਪਣਾ ਮਨ ਡਰਾਈਆ । ਨਾਰਦ ਕਹੇ ਪੁਰਖ ਅਕਾਲ ਦੀਨ ਦਿਆਲ ਦਾ ਜਗਤ ਭੰਡਾਰਾ ਸਦਾ ਸਤਿ, ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖੇ ਲਾਏ ਪੰਚਮ ਪੰਚ ਪਿਆਰ ਦੇ ਤਤ, ਤਤਵ ਤਤ ਆਪਣੇ ਰੰਗ ਰੰਗਾਈਆ ।

### ✪ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਮਾਘ ਕਹੇ ਮੈਂ ਗਿਆ ਲਹਿੰਦੇ ਚੜ੍ਹਦੇ, ਦੱਖਣ ਪਹਾੜ ਭੱਜਿਆ ਵਾਹੋ ਦਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਵੇਖੇ ਪੜ੍ਹਦੇ, ਅੱਖਰੀਂ ਅੱਖਰਾਂ ਸਿਫ਼ਤ ਸਾਲਾਹੀਆ । ਜਲ ਧਾਰਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖੇ ਠਰਦੇ, ਅੱਠ ਸੱਠ ਤੀਰਥ ਤਾਲ ਸੁਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠਾਂ ਵੇਖੇ ਵੜਦੇ, ਗੁਰੂਦਵਾਰਿਆਂ ਸੀਸ ਨਿਵਾਈਆ । ਜੋਗ ਅਭਿਆਸ ਵੇਖੇ ਕਰਦੇ, ਸਨਿਆਸ ਵੈਰਾਗ ਵਿਚ ਆਪਣਾ ਧਿਆਨ ਲਗਾਈਆ । ਤਨ ਭਬੂਤੀ ਖ਼ਾਕ ਵੇਖੇ ਮਲਦੇ, ਧੂਣੀਆਂ ਅਗਨ ਤਪਾਈਆ । ਜਲ ਕਟੋਰੇ ਵੇਖੇ ਭਰਦੇ, ਥਲ ਅਸਗਾਹਾਂ ਖੋਜ ਖੁਜਾਈਆ । ਟਿੱਲੇ ਪਰਬਤ ਵੇਖੇ ਚੜ੍ਹਦੇ, ਚੋਟੀਆਂ ਡੇਰਾ ਲਾਈਆ । ਦਰਸ਼ਨ ਨਿਜ ਨੇਤਰ ਕਿਸੇ ਹੋਣ ਨਾ ਹਰਿ ਦੇ, ਸਨਮੁਖ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਮਾਘ ਕਹੇ ਮੈਂ ਵੇਖੀ ਦੀਨ ਦੁਨੀ, ਚਾਰ ਕੁੰਟ ਅੱਖ ਉਠਾਈਆ । ਜਗਤ ਦੀ ਧਾਰ ਵੇਖੇ ਰਿਸ਼ੀ ਮੁਨੀ, ਰਿਖੀਆਂ ਖੋਜ ਖੁਜਾਈਆ । ਰਸਨਾ ਜਿਹਵਾ ਆਵਾਜ਼ ਸੁਣੀ ਧੁਨੀ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਜਗਤ ਮੰਦਰ ਦਵਾਰੇ ਵੇਖੇ ਕੁੱਲੀ, ਕਾਇਆ ਕੰਚਨ ਗੜ੍ਹ ਨਾ ਕੋਇ ਸੁਹਾਈਆ । ਜਗਤ ਫੁਲਵਾੜੀ ਵੇਖੀ ਫੁਲੀ, ਧਰਮ ਕਿਆਰੀ ਨਾ ਕੋਇ ਮਹਿਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਹੁਲੀ, ਸਿੰਮਲ ਰੁੱਖ ਵਾਂਗ ਲਹਿਰਾਈਆ । ਬਾਹਰੋਂ ਅੰਮ੍ਰਿਤ ਪੀਂਦੇ ਭਰ ਕੇ ਚੁਲੀ, ਨਿਝਰ ਸਵਾਂਤੀ ਬੂੰਦ ਨਾ ਕੋਇ ਟਪਕਾਈਆ । ਰਸਨਾ ਜਿਹਵਾ ਗਾਉਂਦੇ ਪ੍ਰਭ ਨੂੰ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਮਸਤਕ ਟਿੱਕੇ ਸਾਰੇ ਲਾਉਂਦੇ ਧੂਲੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਜਗਤ ਮਸਤੀ ਸਭ ਨੂੰ ਚੜ੍ਹੀ ਗੂੜ੍ਹੀ, ਅੰਤਰ ਪ੍ਰੇਮ ਰੰਗ ਨਾ ਕੋਇ ਰੰਗਾਈਆ । ਮਾਘ ਕਹੇ ਮੈਂ ਤੱਕਿਆ ਬਹੁ ਸ੍ਰਿਸ਼ਟੀ ਹੋ ਗਈ ਮੂੜ੍ਹੀ, ਮਨ ਕਾ ਮਣਕਾ ਨਾ ਕੋਇ ਭਵਾਈਆ । ਜੀਵਾਂ ਜੰਤਾਂ ਆਸ਼ਾ ਕੂੜੀ, ਸਤਿ ਵਿਚ ਨਾ ਕੋਇ ਸਮਾਈਆ । ਪ੍ਰਭੂ ਮਿਲੇ ਨਾ ਕਿਸੇ ਹਜ਼ੂਰੀ, ਹਾਜ਼ਰ ਹਜ਼ੂਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਮਾਘ ਕਹੇ ਪ੍ਰਭੂ ਮੈਂ ਵੇਖੇ ਜਗਤ ਧਾਰ ਦੇ ਜੋਗੀ,

ਤਪੀਸ਼ਰਾਂ ਧਿਆਨ ਲਗਾਈਆ । ਮਾਇਆ ਮਨਸਾ ਵਾਲੇ ਰੋਗੀ, ਹਉਮ ਰੋਗ ਨਾ ਕੋਇ ਮਿਟਾਈਆ । ਨੇਤਰ ਨੈਣਾਂ ਵਾਲੇ ਭੋਗੀ, ਤ੍ਰਿਸ਼ਨਾ ਜਗਤ ਵਾਲੀ ਹਲਕਾਈਆ । ਭਟਕਦੇ ਫਿਰਨ ਪਿਛੇ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਨਜ਼ਰ ਕਿਸੇ ਨਾ ਆਈਆ । ਜਗਤ ਵਿਦਿਆ ਦੇ ਬਣ ਕੇ ਬੋਧੀ, ਆਤਮ ਬ੍ਰਹਮ ਨਾ ਕੋਇ ਦ੍ਰਿੜਾਈਆ । ਬੁੱਧੀ ਜਾਏ ਕਿਸੇ ਨਾ ਸੋਧੀ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਸੀਸ ਦਿਸੇ ਕਿਸੇ ਨਾ ਓਢੀ, ਓਢਣ ਸੀਸ ਨਾ ਕੋਇ ਟਿਕਾਈਆ । ਜਿਧਰ ਤੱਕਾਂ ਉਧਰ ਲੋਭੀ, ਧੀਰਜ ਧੀਰ ਨਾ ਕੋਇ ਵਖਾਈਆ । ਤੇਰੇ ਪਿਆਰ ਵਿਚ ਜਗਤ ਇਸ਼ਨਾਨ ਕਰ ਕੇ ਆਈ ਕਿਸੇ ਨਾ ਸੋਝੀ, ਸਾਚੀ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਮਾਘ ਕਹੇ ਪ੍ਰਭੂ ਮੈਂ ਕੋਟਨ ਕੋਟ ਨਹਾਉਂਦੇ ਵੇਖੇ ਜਗ, ਪਾਣੀ ਜਲ ਨਾਲ ਵਡਿਆਈਆ । ਕੋਈ ਚੜ੍ਹਿਆ ਦਿਸੇ ਨਾ ਉਪਰ ਸ਼ਾਹ ਰਗ, ਨਵ ਨੌ ਪੰਧ ਨਾ ਕੋਇ ਮੁਕਾਈਆ । ਜਿਧਰ ਵੇਖਾਂ ਲੱਗੀ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਮਗ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਗਵਾਈਆ । ਸ਼ਬਦ ਅਨਾਦੀ ਸੁਣੇ ਕੋਇ ਨਾ ਨਦ, ਅਨਰਾਗੀ ਰਾਗ ਨਾ ਕੋਇ ਦ੍ਰਿੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਕਗ, ਹੰਸ ਰੂਪ ਨਾ ਕੋਇ ਬਣਾਈਆ । ਭਾਗ ਲੱਗੇ ਕਿਸੇ ਨਾ ਯਦ, ਯਦੀ ਦੇਵੇ ਨਾ ਕੋਇ ਵਡਿਆਈਆ । ਦੁਰਮਤ ਮੈਲ ਧੋਵੇ ਕੋਇ ਨਾ ਹੱਡ, ਨਾੜੀ ਮਾਸ ਨਾ ਕਰੇ ਕੋਇ ਸਫ਼ਾਈਆ । ਤੇਰਾ ਪਿਆਰ ਸਾਰੇ ਗਏ ਛਡ, ਨਾਤਾ ਜੁੜਿਆ ਕੂੜ ਲੋਕਾਈਆ । ਮੈਂ ਸੰਦੇਸਾ ਦੇਵਾਂ ਮਾਘ ਕਹੇ ਅੱਜ, ਚਾਰੋਂ ਕੁੰਟ ਵੇਖ ਵਖਾਈਆ । ਬਿਨ ਤੇਰੀ ਕਿਰਪਾ ਪਰਦਾ ਸਕੇ ਕੋਇ ਨਾ ਕੱਜ, ਕੱਜਲ ਧਾਰ ਨੈਣ ਸਾਰੇ ਰਹੇ ਮਟਕਾਈਆ । ਚਾਰੋਂ ਕੁੰਟ ਵਾਅ ਤਤੀ ਰਹੀ ਵਗ, ਮੇਰਾ ਇਸ਼ਨਾਨ ਸ਼ਾਂਤ ਨਾ ਕਿਸੇ ਕਰਾਈਆ । ਧਰਨੀ ਪਾਪਾਂ ਰਹੀ ਦੱਬ, ਸਿਰ ਸਕੇ ਨਾ ਮੂਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚਾ ਵਰ, ਦਰ ਸਾਚੇ ਅਲਖ ਜਗਾਈਆ । ਮਾਘ ਕਹੇ ਮੈਂ ਚੜ੍ਹਿਆ ਲੋਕਮਾਤ, ਆਪਣੀ ਖ਼ੁਸ਼ੀ ਬਣਾਈਆ । ਮੇਰੀ ਪਹਿਲੀ ਸੁਹੰਜਣੀ ਰਾਤ, ਰੁਤੜੀ ਪ੍ਰਭ ਤੇਰੇ ਨਾਲ ਮਹਿਕਾਈਆ । ਮੈਂ ਦਰਸ਼ਨ ਕਰਾਂ ਇਕਾਂਤ, ਇਕ ਇਕੱਲਾ ਵੇਖ ਵਖਾਈਆ । ਸਚ ਪ੍ਰੀਤੀ ਬਖ਼ਸ਼ਣਾ ਨਾਤ, ਨਾਤਾ ਬਿਧਾਤਾ ਲੈਣਾ ਬੰਧਾਈਆ । ਝਗੜਾ ਮੇਟਣਾ ਜ਼ਾਤ ਪਾਤ, ਦੀਨ ਦੁਨੀ ਦੇਣੀ ਸਮਝਾਈਆ । ਏਕਾ ਨੂਰ ਕਰਨਾ ਪ੍ਰਕਾਸ਼, ਅੰਧ ਅੰਧੇਰ ਮਿਟਾਈਆ । ਸਾਚੀ ਪਾਉਣੀ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਮੇਰੀ ਪੂਰੀ ਕਰਨੀ ਆਸ, ਤ੍ਰਿਸ਼ਨਾ ਤੇਰੇ ਅਗੇ ਟਿਕਾਈਆ । ਖੇਲ ਤੱਕਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੁਰੀ ਲੋਅ ਵੇਖਣ ਚਾਈਂ ਚਾਈਆ । ਮੈਂ ਵੀ ਤੇਰਾ ਦਾਸ, ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਮੰਗ ਇਕ ਮੰਗਾਈਆ । ਮਾਘ ਕਹੇ ਪ੍ਰਭੂ ਮੈਂ ਵੇਖੀ ਦੀਨ ਦੁਨੀ ਦੀ ਧਾਰਾ, ਚਾਰੋਂ ਕੁੰਟ ਖੋਜ ਖੁਜਾਈਆ । ਅਵਤਾਰਾਂ ਕੀਤੀ ਨਿਮਸਕਾਰਾ, ਤੇਈਆਂ ਸੀਸ ਨਿਵਾਈਆ । ਪੈਗੰਬਰਾਂ ਸਜਦਿਆਂ ਵਿਚ ਪੁਕਾਰਾ, ਕੂਕ ਕੂਕ ਸੁਣਾਈਆ । ਗੁਰੂ ਝੁਕਿਆ ਦਵਾਰਾ, ਨਿਵ ਨਿਵ ਲਾਗਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਕੀਤਾ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਰਵ ਸਸ ਮੰਡਲ ਮੰਡਪ ਦੱਸਿਆ ਪੁਕਾਰਾ, ਚਾਰੋਂ ਕੁੰਟ ਸ਼ਨਵਾਈਆ । ਉਠੋ ਵੇਖੋ ਸਾਰੇ ਲੋਕਮਾਤ ਦਾ ਨਜ਼ਾਰਾ, ਨਜ਼ਰੀਆ ਲੈਣਾ ਬੰਧਾਈਆ । ਚਾਰੋਂ ਕੁੰਟ ਧੁੰਆਧਾਰਾ, ਸਾਚਾ

ਚੰਦ ਨਾ ਕੋਇ ਚਮਕਾਈਆ । ਉੱਤਰ ਪੂਰਬ ਪੱਛਮ ਦੱਖਣ ਵੇਖੋ ਖੇਲ ਅਪਾਰਾ, ਕੀ ਅਪਰੰਪਰ ਸਵਾਮੀ ਰਿਹਾ ਕਰਾਈਆ । ਦੁਰਮਤ ਮੈਲ ਕੋਈ ਧੋ ਸਕੇ ਨਾ ਵਿਚ ਸੰਸਾਰਾ, ਪਤਤ ਪੁਨੀਤ ਨਾ ਕੋਇ ਬਣਾਈਆ । ਜਿਸ ਦਾ ਇਸ਼ਾਰਾ ਦੇ ਕੇ ਆਏ ਦੁਬਾਰਾ, ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਵੇਦ ਵਿਆਸ ਕਹੇ ਮੈਂ ਬ੍ਰਹਿਮਣ ਗੌੜ ਕਹਿ ਕੇ ਪੁਕਾਰਾ, ਸੰਬਲ ਧਾਮ ਵਡਿਆਈਆ । ਪੁਰਾਨ ਅਠਾਰਾਂ ਦੇਣ ਸਹਾਰਾ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਅੱਖਰ ਅੱਖਰਾਂ ਨਾਲ ਮਿਲਾਈਆ । ਪੈਗ਼ੰਬਰ ਕਹਿਣ ਅਸੀਂ ਕਿਹਾ ਸਾਡਾ ਮਾਲਕ ਖ਼ਾਲਕ ਇਸਤਿਗਫ਼ਾਰਾ, ਨੂਰ ਨੁਰਾਨਾ ਅਮਾਮ ਅਮਾਮਾ ਬੇਪਰਵਾਹ ਬੇਪਰਵਾਹੀਆ । ਨਾਨਕ ਗੋਬਿੰਦ ਕਹੇ ਕਲ ਕਲਕੀ ਲਏ ਅਵਤਾਰਾ, ਨਿਹਕਲੰਕ ਡੰਕ ਸ਼ਨਵਾਈਆ । ਜੋ ਰੂਪ ਰੰਗ ਰੇਖ ਤੋਂ ਹੋਵੇ ਬਾਹਰਾ, ਸਚ ਸਰੂਪ ਆਪਣਾ ਖੇਲ ਖਿਲਾਈਆ । ਜਿਸ ਨੂੰ ਸਭ ਨੇ ਕਹਿਣਾ ਚਵ੍ਹੀਆਂ ਅਵਤਾਰਾ, ਅਵਤਾਰ ਚੌਬੀਸਾ ਇਕ ਰਘੁਰਾਈਆ । ਉਸ ਦਾ ਜ਼ਬਾਨ ਨਾਲ ਕਰੇ ਨਾ ਕੋਇ ਮੁਜ਼ਾਹਿਰਾ, ਸਿਫ਼ਤਾਂ ਵਾਲੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਾਘ ਕਹੇ ਪ੍ਰਭੂ ਵੇਖ ਲੈ ਆਪਣੀ ਧਰਨੀ ਧਰਤ ਧਵਲ ਧੌਲ ਦੀ ਧਾਰੀ, ਬਿਨ ਨੈਣਾਂ ਨੈਣ ਉਠਾਈਆ । ਨਵ ਸੱਤ ਪਾ ਸਾਰੀ, ਨਵ ਨਵ ਚਾਰ ਦਾ ਪੰਧ ਮੁਕਾਈਆ । ਤੇਰੇ ਚਰਨ ਕਵਲ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਲੇਖਾ ਪੂਰਾ ਕਰ ਤੇਈ ਅਵਤਾਰੀ, ਪੈਗ਼ੰਬਰਾਂ ਲਹਿਣਾ ਦੇ ਚੁਕਾਈਆ । ਗੁਰੂ ਗੁਰਦੇਵ ਤੇਰੇ ਅਗੇ ਸਰਬ ਕਰੇ ਪੁਕਾਰੀ, ਪੁਨਹ ਪੁਨਹ ਸੀਸ ਨਿਵਾਈਆ । ਚਾਰੋਂ ਕੁੰਟ ਰੈਣ ਅੰਧੇਰੀ ਤੱਕ ਕਾਲੀ, ਮਹਾਕਾਲ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਇਕੋ ਓਟ ਰਖਾਈਆ । ਮਾਘ ਕਹੇ ਪ੍ਰਭ ਏਕਾ ਏਕੰਕਾਰ ਦਿਆਂ ਜਣਾਈਆ । ਸਤਿ ਪ੍ਰਕਾਸ਼ ਤੇਰੀ ਜੋਤ, ਜੋਤੀ ਜਾਤਾ ਨਜ਼ਰੀ ਆਈਆ । ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਮੈਂ ਕੀ ਸੋਚਾਂ ਤੇਰੀ ਸੋਚ, ਸਮਝ ਸਕੇ ਨਾ ਕੋਇ ਸਮਝਾਈਆ । ਮੇਰੀ ਆਸਾ ਮਨਸਾ ਪੂਰੀ ਕਰ ਦੇ ਲੋਚ, ਜਨ ਭਗਤਾਂ ਨਿਜ ਲੋਚਨ ਦੇ ਖੁਲਾਈਆ । ਤੈਨੂੰ ਲੱਭਦੇ ਕੋਟਨ ਕੋਟੀ ਕੋਟ, ਖੋਜਿਆਂ ਹੱਥ ਕਿਸੇ ਨਾ ਆਈਆ । ਮੈਂ ਵੇਖੇ ਚੌਦਾਂ ਲੋਕ, ਚੌਦਾਂ ਤਬਕ ਧਿਆਨ ਲਗਾਈਆ । ਤੇਰਾ ਇਕੋ ਗਾਏ ਨਾ ਕੋਇ ਸਲੋਕ, ਸੋਹਲੇ ਢੋਲੇ ਸਾਰੇ ਘਰ ਘਰ ਗਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਮੈਨੂੰ ਤੇਰੀ ਓਟ, ਓੜਕ ਤੇਰਾ ਰਾਹ ਤਕਾਈਆ । ਸ਼ਬਦ ਨਗਾਰੇ ਲਾ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਕਲਜੁਗ ਜੀਵ ਆਲਣਿਉਂ ਡਿੱਗੇ ਬੋਟ, ਫੜ ਤੇਰੇ ਦਵਾਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਮਾਘ ਕਹੇ ਮੈਂ ਫਿਰ ਫਿਰ ਥੱਕਾ, ਨਵ ਸੱਤ ਫੇਰਾ ਪਾਈਆ । ਸਚ ਇਸ਼ਨਾਨ ਕਰੇ ਕੋਇ ਨਾ ਹਕਾ, ਹਕੀਕਤ ਸਮਝੇ ਕੋਇ ਨਾ ਰਾਈਆ । ਤੇਰਾ ਜਲ ਅੰਮ੍ਰਿਤ ਧਾਰ ਨਾ ਠੰਡਾ ਨਾ ਤੱਤਾ, ਅਗਨੀ ਤਤ ਨਾ ਕੋਇ ਤਪਾਈਆ । ਉਸ ਦਾ ਲੱਗਾ ਕਿਸੇ ਨਾ ਪਤਾ, ਪਤਿਪਰਮੇਸ਼ਵਰ ਹੱਥ ਨਾ ਕੋਇ ਫੜਾਈਆ । ਬੁਲੰਦੀ ਜਾਣੇ ਕੋਇ ਨਾ ਸਤਹ, ਚੋਟੀ ਚੜ੍ਹ ਨਾ ਕੋਇ ਪਾਈਆ । ਮੇਰੇ ਮਹਿਬੂਬਾ ਆਪਣਾ ਭੇਤ ਖੁਲਾ ਦੇ ਰਤਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮਾਘ ਕਹੇ ਮੈਂ ਤੇਰੇ ਚਰਨ ਕਵਲ ਟੇਕਾਂ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਕਲਜੁਗ ਅੰਤਮ ਭਾਗ ਲੱਗੇ ਕਿਸੇ ਨਾ ਤਤਾਂ ਅੱਠਾਂ, ਅਪ

ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਰੰਗ ਨਾ ਕੋਇ ਰੰਗਾਈਆ । ਤੇਰਾ ਸਚ ਦਵਾਰਾ ਏਕਾ ਹੱਟਾ, ਪੁਰਖ ਅਕਾਲ ਜਿਥੇ ਤੇਰੀ ਬੇਪ੍ਰਵਾਹੀਆ । ਜਨ ਭਗਤਾਂ ਇਕੋ ਦੱਸ ਦੇ ਆਪਣਾ ਟੱਪਾ, ਟਾਪੂਆਂ ਤੋਂ ਬਾਹਰ ਦੇਣਾ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਇਕੋ ਗ੍ਰਹਿ ਵਸਾ, ਦੂਜਾ ਦਰ ਨਾ ਕੋਇ ਸੁਹਾਈਆ । ਜਿਸ ਹੋੜਾ ਲਾਇਆ ਉਪਰ ਸੱਸਾ, ਹਾਹੇ ਟਿੱਪੀ ਬ੍ਰਹਮ ਰੂਪ ਜਣਾਈਆ । ਕਲਜੁਗ ਮੇਟ ਰੈਣ ਅੰਧੇਰੀ ਮੱਸਾ, ਸਤਿਜੁਗ ਸਚ ਚੰਦ ਕਰ ਰੁਸ਼ਨਾਈਆ । ਮੇਰੇ ਵਿਚ ਨਹਾਤਿਆਂ ਪਾਪ ਕਿਸੇ ਨਾ ਲਥਾ, ਦੁਰਮਤ ਮੈਲ ਨਾ ਕੋਇ ਧਵਾਈਆ । ਜਨ ਭਗਤਾਂ ਦਰਸ ਦਿਖਾ ਦੀਦਾ ਦਾਨਿਸਤਾ ਅੱਖਾਂ, ਨੇਤਰ ਨੇਤਰਾਂ ਨਾਲ ਮਿਲਾਈਆ । ਤੂੰ ਸਾਹਿਬ ਸਵਾਮੀ ਮੇਰਾ ਸਖ਼ਾ, ਸਤਿ ਸਚ ਤੇਰੀ ਵਡਿਆਈਆ । ਤੇਰੇ ਪਿਆਰ ਵਿਚ ਤੇਰੀ ਧਾਰ ਗੋਬਿੰਦ ਸਥਰ ਲਥਾ, ਯਾਰੜਾ ਸੇਜ ਹੰਢਾਈਆ । ਮਾਘ ਕਹੇ ਮੈਂ ਤੇਰੀ ਚਰਨੀ ਢੱਠਾ, ਚਰਨ ਧੂੜੀ ਖ਼ਾਕ ਰਮਾਈਆ । ਕਲਜੁਗ ਕੂੜੀ ਕਿਰਿਆ ਦਾ ਪਾੜ ਦੇ ਪਟਾ, ਪਟਨੇ ਵਾਲਾ ਨਾਲ ਮਿਲਾਈਆ । ਤੇਰੇ ਨਾਮ ਦਾ ਇਕੋ ਹੋਵੇ ਟੱਪਾ, ਦੂਜੀ ਲੋੜ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੁਰਖ ਅਕਾਲ ਕਹੇ ਮਾਘ ਮੈਂ ਵੇਖ ਵਖਾਉਂਦਾ ਹਾਂ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਖੇਲ ਖਿਲਾਉਂਦਾ ਹਾਂ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਡਗਮਗਾਉਂਦਾ ਹਾਂ । ਰਾਹ ਵੇਖਾਂ ਕਲਜੁਗ ਅੰਧੇਰੀ ਰਾਤਾ, ਰੁਤੜੀ ਕਲਜੁਗ ਖੋਜ ਖੁਜਾਉਂਦਾ ਹਾਂ । ਮੈਂ ਆਦਿ ਜੁਗਾਦੀ ਸਭ ਦਾ ਪਿਤਾ ਮਾਤਾ, ਪਤਿਪਰਮੇਸ਼ਵਰ ਨਾਮ ਦ੍ਰਿੜਾਉਂਦਾ ਹਾਂ । ਨਿਰਗੁਣ ਹੋ ਕੇ ਸਰਗੁਣ ਦੇਵਾਂ ਦਾਤਾ, ਵਸਤ ਅਮੋਲਕ ਝੋਲੀ ਪਾਉਂਦਾ ਹਾਂ । ਅੰਤਮ ਸਭ ਦੀਆਂ ਪੁਛਾਂ ਵਾਤਾਂ, ਚਾਰੇ ਖਾਣੀ ਖੋਜ ਖੁਜਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਉਂਦਾ ਹਾਂ । ਸਚ ਦਾ ਹੁਕਮ ਇਕ ਦ੍ਰਿੜਾਵਾਂਗਾ । ਮਾਘ ਤੇਰਾ ਮਜਨ ਵੇਖ ਵਖਾਵਾਂਗਾ । ਕਲਜੁਗ ਜੀਵ ਭਾਂਡੇ ਭੱਜਣ, ਨਵੀਂ ਘਾੜਨ ਹੋਰ ਘੜਾਵਾਂਗਾ । ਚਾਰੋਂ ਕੁੰਟ ਲੱਗੇ ਅਗਨ, ਅਗਨੀ ਤਤ ਤਤ ਜਲਾਵਾਂਗਾ । ਸ੍ਰਿਸ਼ਟੀ ਓਢਣ ਹੋਵੇ ਨਗਨ, ਨਵ ਸੱਤ ਆਪ ਫਿਰਾਵਾਂਗਾ । ਸ਼ਾਂਤ ਰਹੇ ਕਿਸੇ ਨਾ ਬਦਨ, ਔਲੀਏ ਪੀਰ ਸਰਬ ਤੜਫਾਵਾਂਗਾ । ਪਾਂਡੇ ਪੰਡਤ ਚਲੇ ਕਿਸੇ ਨਾ ਯਤਨ, ਗ੍ਰੰਥੀ ਪੰਥੀ ਸਰਬ ਭਟਕਾਵਾਂਗਾ । ਕੋਟਾਂ ਵਿਚੋਂ ਲੱਭ ਕੇ ਭਗਤ ਸੁਹੇਲੇ ਰਤਨ, ਅਮੋਲਕ ਹੀਰੇ ਆਪ ਬਣਾਵਾਂਗਾ । ਅੰਤ ਕਿਨਾਰਾ ਜਣਾ ਕੇ ਪਤਣ, ਰਾਹੀ ਹੋ ਕੇ ਵੇਖ ਵਖਾਵਾਂਗਾ । ਮੈਨੂੰ ਪਛਾਣ ਮੂਲ ਨਾ ਸਕਣ, ਜਗ ਨੇਤਰ ਨਜ਼ਰ ਨਾ ਆਵਾਂਗਾ । ਮਾਲਕ ਹੋ ਕੇ ਵਸਾਂ ਘਟ ਘਟਨ, ਗ੍ਰਹਿ ਗ੍ਰਹਿ ਡੇਰਾ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਵਾਂਗਾ । ਪੁਰਖ ਅਕਾਲ ਕਹੇ ਮਾਘ ਤੇਰਾ ਵੇਖਾਂ ਇਸ਼ਨਾਨ, ਚਾਰ ਕੁੰਟ ਧਿਆਨ ਲਗਾਈਆ । ਜਗਤ ਜਗਿਆਸੂਆਂ ਤੱਕਾਂ ਦਾਨ, ਜੋ ਦੇਵਣ ਥਾਉਂ ਥਾਈਂਆ । ਲਹਿਣਾ ਦੇਣਾ ਵੇਖਾਂ ਸੀਆ ਰਾਮ, ਰਘੁਪਤ ਖੋਜ ਖੁਜਾਈਆ । ਰੀਤੀ ਵੇਖਾਂ ਕ੍ਰਿਸ਼ਨਾ ਕਾਹਨ, ਰਾਧਾ ਰਿਧੇ ਫੋਲ ਫੁਲਾਈਆ । ਪੈਗ਼ੰਬਰਾਂ ਤੱਕਾਂ ਕਲਾਮ, ਪਰਦਾ ਕਾਇਨਾਤ ਉਠਾਈਆ । ਮੰਤਰ ਤੱਕਾਂ ਸਤਿਨਾਮ, ਨਾਨਕ ਪਰਦਾ ਲਾਹੀਆ । ਡੰਕਾ ਫ਼ਤਿਹ ਵੇਖਾਂ ਵਿਚ ਜਹਾਨ, ਜੋ ਗੁਰ ਗੋਬਿੰਦ ਗੋਬਿੰਦ ਗੋਬਿੰਦ ਗਿਆ ਸੁਣਾਈਆ । ਚਾਰੋਂ ਕੁੰਟ ਹੋਏ ਹੈਰਾਨ, ਹੈਰਤ ਵਿਚ ਲੋਕਾਈਆ । ਜੀਵ ਜੀਵਾਂ ਕਰਾਂ ਪਹਿਚਾਨ, ਇਨਸਾਨ ਇਨਸਾਨਾਂ ਵਿਚ ਵੇਖ ਵਖਾਈਆ । ਘਰ ਲੇਖਾ ਜਾਣਾ ਗੋਪੀ ਕਾਹਨ, ਭੇਵ ਅਭੇਦ

ਆਪ ਉਠਾਈਆ । ਤੂੰ ਉਠ ਕੇ ਹੋ ਸਵਾਧਾਨ, ਮਾਘ ਲੈ ਅੰਗੜਾਈਆ । ਕੀ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਨੂਰ ਅਲਾਹੀਆ । ਜਨ ਭਗਤਾਂ ਦੇ ਕੇ ਆਪਣੀ ਬਖ਼ਸ਼ਿਸ਼ ਦਾ ਦਾਨ, ਰਹਿਮਤ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਪੁਰਖ ਅਕਾਲ ਕਹੇ ਮਾਘ ਜੋ ਪ੍ਰਭ ਦਾ ਦਰਸ਼ਨ ਪਾਉਣਗੇ, ਸਚ ਦਵਾਰ ਸੁਹਾਈਆ । ਉਹ ਚਰਨ ਧੂੜੀ ਇਕੋ ਨਹਾਉਣਗੇ, ਦੂਸਰ ਇਸ਼ਨਾਨ ਨਾ ਕੋਇ ਵਡਿਆਈਆ । ਅੰਦਰ ਬਾਹਰ ਦੁਰਮਤ ਮੈਲ ਧਵਾਉਣਗੇ, ਸਤਿਗੁਰ ਕਰੇ ਆਪ ਸਫ਼ਾਈਆ । ਭਾਂਡਾ ਭਰਮ ਭਉ ਭੰਨਾਉਣਗੇ, ਹਉਮੇ ਗੜ੍ਹ ਤੁੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਤਜਾਉਣਗੇ, ਆਸਾ ਤ੍ਰਿਸ਼ਨਾ ਡੇਰਾ ਢਾਹੀਆ । ਨਿਜ ਨੇਤਰ ਦਰਸ਼ਨ ਪਾਉਣਗੇ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਕਾਇਆ ਮੰਦਰ ਅੰਦਰ ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਗੇ, ਇਕੋ ਰੰਗ ਸੁਹਾਈਆ । ਘਰ ਸਵਾਮੀ ਦਰਸ਼ਨ ਪਾਉਣਗੇ, ਅੰਤਰਜਾਮੀ ਮਿਲ ਕੇ ਵਜੇ ਵਧਾਈਆ । ਦੀਪਕ ਜੋਤੀ ਹੋ ਕੇ ਡਗਮਗਾਉਣਗੇ, ਨੂਰ ਨੁਰਾਨਾ ਨਜ਼ਰੀ ਆਈਆ । ਆਪਣਾ ਜੀਵਣ ਜੀਵਣ ਵਿਚੋਂ ਬਦਲਾਉਣਗੇ, ਜਨਮ ਕਰਮ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇ ਰੂਪ ਆਪ ਸਮਾਉਣਗੇ । ਮਾਘ ਕਹੇ ਪ੍ਰਭੂ ਮੇਰੀ ਇਕੋ ਇਕ ਡੰਡਾਵਤ, ਨਿਵ ਨਿਵ ਸੀਸ ਝੁਕਾਈਆ । ਜਿਨ੍ਹਾਂ ਭਗਤਾਂ ਨੂੰ ਆਪਣੇ ਨਾਮ ਦੀ ਦਏਂ ਨਿਆਮਤ, ਵਸਤ ਅਗੰਮ ਅਥਾਹ ਵਰਤਾਈਆ । ਉਹ ਸਦਾ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ । ਮਨੂਆ ਕਰੇ ਨਾ ਕਦੇ ਬਗ਼ਾਵਤ, ਉਠ ਉਠ ਨਾ ਦਹਿ ਦਿਸ਼ ਧਾਈਆ । ਤੇਰੀ ਬਖ਼ਸ਼ਿਸ਼ ਰਹਿਮਤ ਵਾਲੀ ਸਖ਼ਾਵਤ, ਸੁਖ਼ਨ ਇਕੋ ਇਕ ਸੁਣਾਈਆ । ਜਿਨ੍ਹਾਂ ਦੇ ਅੰਦਰ ਤੂੰ ਮੇਰਾ ਮੈਂ ਤੇਰਾ ਦਿਤੀ ਅਮਾਨਤ, ਉਹ ਅਲਾਹ ਅਲਾਹੀ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਮਾਘ, ਮੇਰੇ ਭਗਤ ਸੁਹੇਲੇ ਸੱਜਣ, ਸਾਜਣ ਇਕ ਅਖਵਾਈਆ । ਓਹ ਪ੍ਰੇਮ ਦਾ ਕਰਦੇ ਮਜਣ, ਦੁਰਮਤ ਮੈਲ ਗਵਾਈਆ । ਕੂੜੀ ਕਿਰਿਆ ਮੇਟ ਕੇ ਹੱਦਣ, ਕਰ ਸਫ਼ਾਈਆ । ਜਿਥੇ ਸ਼ਬਦ ਅਨਾਦੀ ਨਾਦ ਵੱਜਣ, ਧੁਨ ਆਤਮਕ ਕਰ ਸ਼ਨਵਾਈਆ । ਅੰਮ੍ਰਿਤ ਰਸ ਪੀ ਪੀ ਰੱਜਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਘਰ ਦੀਪਕ ਜੋਤੀ ਜਗਣ, ਅੰਧ ਅੰਧੇਰ ਗਵਾਈਆ । ਸਵਾਮੀ ਮਿਲੇ ਮੂਰਤ ਮਦਨ, ਗੋਪਾਲ ਮਧੁ ਸੂਦਨ ਆਪ ਅਖਵਾਈਆ । ਜੋ ਸਦਾ ਸਦਾ ਸਮਰਥਨ, ਭਰਪੂਰ ਰਿਹਾ ਸਰਬ ਠਾਈਆ । ਇਕੋ ਵਾਰ ਕਰ ਕੇ ਉਹਦਾ ਦਰਸ਼ਨ, ਜਨਮ ਜਨਮ ਦੀ ਤ੍ਰਿਖਾ ਬੁਝਾਈਆ । ਤੇਰੇ ਇਸ਼ਨਾਨ ਨੂੰ ਓਹ ਗੁਰਮੁਖ ਕਦੇ ਨਾ ਤਰਸਣ, ਜਿਨ੍ਹਾਂ ਮਿਲਿਆ ਧੁਰਦਰਗਾਹੀਆ । ਨਹਾਉਣ ਧੋਣ ਦੀ ਉਨ੍ਹਾਂ ਦੀ ਮਿਟ ਗਈ ਭਟਕਣ, ਤ੍ਰਿਸ਼ਨਾ ਦਿਤੀ ਗਵਾਈਆ । ਪਾਕ ਪਵਿੱਤ ਕਰ ਕੇ ਕਾਇਆ ਮਟਕਣ, ਇਕੋ ਰੰਗ ਰੰਗਾਈਆ । ਓਹ ਫਿਰ ਪੁੱਠੇ ਮਾਤ ਗਰਭ ਨਾ ਲਟਕਣ, ਚੁਰਾਸੀ ਫਾਸੀ ਰਹੇ ਨਾ ਰਾਈਆ । ਰਾਏ ਧਰਮ ਕੋਲ ਨਾ ਅਟਕਣ, ਸਚਖੰਡ ਜਾਵਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਇਕ ਗੁਸਾਈਆ । ਹਰਿ ਸਤਿਗੁਰ ਸਾਹਿਬ ਗੁਸਈਆਂ, ਮਿਹਰਵਾਨ ਮਿਹਰਵਾਨਾ । ਜਨ ਭਗਤਾਂ ਪਕੜੇ ਬਹੀਆ, ਚਰਨ ਧੂੜ ਕਰਾਏ ਇਸ਼ਨਾਨਾ । ਰਾਏ ਧਰਮ ਕਢੇ ਨਾ ਵਹੀਆ, ਚਿਤ੍ਰਗੁਪਤ ਨਾ ਲੇਖ ਜਣਾਨਾ । ਕੂੜ ਕਿਰਿਆ

੪੧੮ ੨੩

ਚੜ੍ਹੇ ਨਾ ਨਈਆ, ਸ਼ੌਹ ਦਰਿਆ ਨਾ ਕਿਸੇ ਰੁੜ੍ਹਾਨਾ । ਜਿਨ੍ਹਾਂ ਮਿਲਿਆ ਪੁਰਖ ਅਕਾਲਾ ਦੀਨ ਦਿਆਲਾ ਸ੍ਰੀ ਭਗਵਾਨਾ ਇਕੋ ਸਈਆ, ਹਰਿ ਸਾਹਿਬ ਸੱਜਣ ਸੁਲਤਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਨੌਜਵਾਨਾ । ਨੌਜਵਾਨ ਹਰਿ ਭਗਵੰਤ, ਭਗਵਨ ਵਡ ਵਡਿਆਈਆ । ਜੋ ਨਾਮ ਨਿਧਾਨਾ ਦੇਵੇ ਮੰਤ, ਮੰਤਵ ਸਭ ਦੇ ਹੱਲ ਕਰਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਸਿਫ਼ਤਾਂ ਵਿਚ ਨਾ ਕਦੇ ਸਲਾਹੀਆ । ਓਹ ਬੋਧ ਅਗਾਧਾ ਬਣੇ ਪੰਡਤ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਫੋਲ ਫੁਲਾਈਆ । ਓਹਲਾ ਰਹੇ ਨਾ ਸਾਚੇ ਸੰਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਮਾਘ ਜਿਸ ਤੇਰੀ ਬਣਾਈ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਤੇਰੇ ਸਾਲ ਮਹੀਨੇ ਬੀਤੇ ਕੋਟਨ ਕੋਟ ਅਸੰਖਾ ਸੰਖ, ਗਿਣਤੀ ਗਣਤ ਨਾ ਕੋਇ ਗਿਣਾਈਆ । ਪ੍ਰਭੂ ਦੇ ਭਗਤ ਸਦਾ ਆਦਿ ਦੇ ਹੰਸ, ਦੁਰਮਤ ਮੈਲ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਮਾਘ ਕਹੇ ਧੁਰ ਸ਼ਬਦ ਸੁਣ, ਕਲਮਾ ਹਕ ਸੁਣਾਉਂਦਾ ਹਾਂ । ਮੇਰਾ ਆਦਿ ਜੁਗਾਦੀ ਅਗੰਮਾ ਗੁਣ, ਭੇਵ ਅਭੇਦਾ ਆਪ ਖੁਲਾਉਂਦਾ ਹਾਂ । ਜਿਸ ਦੀ ਸੁਣੇ ਕੋਇ ਨਾ ਧੁਨ, ਉਹ ਅਗੰਮੀ ਨਾਦ ਵਜਾਉਂਦਾ ਹਾਂ । ਕਲਜੁਗ ਵਿਚ ਸੰਤ ਸੁਹੇਲੇ ਚੁਣ, ਜਨ ਭਗਤਾਂ ਭੇਵ ਖੁਲਾਉਂਦਾ ਹਾਂ । ਕਿਸੇ ਸਮਝ ਨਾ ਆਵੇ ਮੁਨ ਮੁਨੀਸ਼ਰਾਂ ਪੰਧ ਮੁਕਾਉਂਦਾ ਹਾਂ । ਜਗਤ ਜਗਿਆਸੂ ਰਹੇ ਰੁਲ, ਰੁਲਿਆਂ ਆਪ ਸਮਝਾਉਂਦਾ ਹਾਂ । ਇਕੇ ਕੰਢੇ ਜਾਣਾ ਤੁਲ, ਤਰਾਜੂ ਆਪਣਾ ਨਾਮ ਵਖਾਉਂਦਾ ਹਾਂ । ਆਤਮ ਪਰਮਾਤਮ ਮਾਰਗ ਜਾਣਾ ਭੁਲ, ਭੁੱਲਿਆਂ ਰਾਹੇ ਪਾਉਂਦਾ ਹਾਂ । ਪੁਰਖ ਅਕਾਲ ਸੁਲਹਕੁਲ, ਹੋ ਕੁੱਲ ਮਾਲਕ ਨਾਮ ਵਡਿਆਉਂਦਾ ਹਾਂ । ਸਚ ਦਵਾਰਾ ਗਿਆ ਖੁਲ੍ਹ, ਖੁਲਾ ਹੁਕਮ ਦ੍ਰਿੜਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਉਂਦਾ ਹਾਂ । ਸਚ ਕਰਨੀ ਕਾਰ ਕਮਾਵਾਂਗਾ । ਦੀਨ ਦਿਆਲ ਇਕ ਅਖਵਾਵਾਂਗਾ । ਗੁਰਮੁਖ ਸੁਹੇਲੇ ਆਪ ਜਗਾਵਾਂਗਾ । ਗੁਰ ਚੇਲਾ ਪਰਦਾ ਲਾਹਵਾਂਗਾ । ਜੁਗ ਜਨਮ ਦੇ ਵਿਛੜੇ ਕਰ ਕਰ ਮੇਲੇ, ਮੇਲਾ ਆਪਣੇ ਹੱਥ ਜਣਾਵਾਂਗਾ । ਅਚਰਜ ਪ੍ਰਭ ਖੇਲ ਖੇਲੇ, ਖ਼ਾਲਕ ਖ਼ਲਕ ਆਪ ਦ੍ਰਿੜਾਵਾਂਗਾ । ਆਪ ਰਹਿ ਕੇ ਧਾਮ ਨਵੇਲੇ, ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਵਾਂਗਾ । ਮਾਘ ਕਹੇ ਪ੍ਰਭੂ ਮੇਰੀ ਨਮਸਤੇ, ਨਮੋ ਨਮੋ ਸਰਨਾਈਆ । ਤੇਰੇ ਭਗਤ ਸੁਹੇਲੇ ਤੇਰੇ ਦਰ ਤੇ ਵਸਦੇ, ਗ੍ਰਿਹ ਮੰਦਰ ਇਕੋ ਸੋਭਾ ਪਾਈਆ । ਓਹ ਜਗਤ ਵਾਸਨਾ ਵਿਚ ਕਦੇ ਨਾ ਨੱਸਦੇ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਓਹ ਵਣਜਾਰੇ ਨਹੀਂ ਜਗਿਆਸੂਆਂ ਵਾਲੀ ਅੱਖ ਦੇ, ਨਿਜ ਨੇਤਰ ਤੇਰੇ ਨਾਲ ਮਿਲਾਈਆ । ਓਹ ਸਦਾ ਦਰਸ਼ਨ ਕਰਦੇ ਪ੍ਰਤਖ ਦੇ, ਸਨਮੁਖ ਬਹਿ ਕੇ ਸੋਭਾ ਪਾਈਆ । ਓਹ ਰਹਿਣਾ ਪਸੰਦ ਨਹੀਂ ਕਰਦੇ ਘਰ ਵੱਖ ਦੇ, ਗ੍ਰਿਹ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਹੇ ਮੈਂ ਦੇਵਣਹਾਰ ਦਾਤਾਰ, ਜੁਗ ਜੁਗ ਦਇਆ ਕਮਾਈਆ । ਮੇਰਾ ਅਤੋਟ ਅਤੁਟ ਭੰਡਾਰ, ਨਿਖੁਟ ਕਦੇ ਨਾ ਜਾਈਆ । ਮੇਰਾ ਵਿਸ਼ਨ ਵਿਸ਼ਵ ਦਾ ਸੇਵਾਦਾਰ, ਜੋ ਜੁਗ ਜੁਗ ਸੇਵ ਕਮਾਈਆ । ਮੇਰਾ ਬ੍ਰਹਮਾ ਬ੍ਰਹਮ ਦਾ ਪਸਾਰ, ਜੋ ਲੱਖ ਚੁਰਾਸੀ ਰਿਹਾ ਉਪਾਈਆ । ਮੇਰਾ

ਸ਼ੰਕਰ ਕਰੇ ਸ਼ੰਘਾਰ, ਬਚਿਆ ਨਜ਼ਰ ਕੋਇ ਨਾ ਆਈਆ । ਮੈਂ ਸਭ ਦਾ ਮਾਲਕ ਸਾਰੇ ਮੇਰੇ ਬਰਖ਼ੁਰਦਾਰ, ਹੁਕਮੇ ਵਿਚ ਸੇਵ ਕਮਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੇਖਾ ਜਾਣੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਰਿਹਾ ਸੁਣਾਈਆ । ਸੇਵਾ ਲਾ ਕੇ ਪੈਗ਼ੰਬਰ ਗੁਰ ਅਵਤਾਰ, ਅਵਤਰ ਹੋ ਕੇ ਹੁਕਮ ਜਣਾਈਆ । ਭਗਤਾਂ ਦਾ ਬਣਾਂ ਪਹਿਰੇਦਾਰ, ਜੁਗ ਜੁਗ ਸੇਵ ਕਮਾਈਆ । ਨਿਰਗੁਣ ਤੋਂ ਸਰਗੁਣ ਹੋਣਾ ਜ਼ਾਹਰ, ਜ਼ਾਹਰ ਜ਼ਹੂਰ ਡਗਮਗਾਈਆ । ਜਿਸ ਦਾ ਚਾਰ ਜੁਗ ਕਰਦੇ ਰਹੇ ਇੰਤਜ਼ਾਰ, ਉਡੀਕਾਂ ਵਿਚ ਤਾਰੀਖਾਂ ਵਿਚ ਰਾਹ ਤਕਾਈਆ । ਓਹ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਹੋ ਜ਼ਾਹਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਲੇਖਾ ਲਿਖਣ ਤੋਂ ਬਾਹਰ, ਕਾਗ਼ਜ਼ ਕਲਮ ਕਾਨੀ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਹੋ ਕੇ ਭਗਤਾਂ ਨਾਲ ਕਰੇ ਪਿਆਰ, ਪ੍ਰੀਆ ਪ੍ਰੀਤਮ ਆਪਣੀ ਗੋਦ ਉਠਾਈਆ । ਲੱਖ ਚੁਰਾਸੀ ਵਿਚੋਂ ਕਢੇ ਬਾਹਰ, ਲੇਖਾ ਜਾਣੇ ਗੁਪਤ ਜ਼ਾਹਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਮਾਘ ਕਹੇ ਮੈਂ ਪ੍ਰਭੂ ਜਾਵਾਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਤੇਰਾ ਨੂਰ ਨਿਰਗੁਣ ਜੋਤ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਤੇਰਾ ਖੇਲ ਅਗੰਮ ਅਪਾਰੀ, ਅਲਖ ਅਗੋਚਰ ਕਹਿਣ ਨਾ ਪਾਈਆ । ਤੂੰ ਨੂਰ ਅਲਾਹ ਸਿਕਦਾਰੀ, ਯਾਮਬੀਨ ਤੇਰੀ ਸਰਨਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਿਕਦਾਰੀ, ਦੋ ਜਹਾਨਾਂ ਤੇਰੀ ਸਰਦਾਰੀ ਨਜ਼ਰੀ ਆਈਆ । ਤੂੰ ਅਦਿ ਜੁਗਾਦਿ ਖੇਲੇਂ ਖੇਲ ਵਡ ਬਲਕਾਰੀ, ਜੋਧਾ ਸੂਰਬੀਰ ਇਕ ਅਖਵਾਈਆ ।



ਜਿਸ ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ ਉਤਾਰੀ, ਧਰਨੀ ਧਰਤ ਧਵਲ ਧੌਲ ਰਹਿਣ ਨਾ ਪਾਈਆ । ਜਿਸ ਨੇ ਵੇਸ ਵਟਾਇਆ ਤੇਈ ਅਵਤਾਰੀ, ਰੂਪ ਅਨੂਪ ਆਪ ਦਰਸਾਈਆ । ਜਿਸ ਪੈਗ਼ੰਬਰਾਂ ਪਾਈ ਸਾਰੀ, ਤਨ ਵਜੂਦ ਕੀਤੀ ਰੁਸ਼ਨਾਈਆ । ਜਿਸ ਗੁਰੂਆਂ ਦਿਤਾ ਨਾਮ ਅਧਾਰੀ, ਨਾਮ ਸਤਿ ਸਤਿ ਪੜ੍ਹਾਈਆ । ਸੋ ਕਲ ਕਲਕੀ ਲਏ ਅਵਤਾਰੀ, ਅਮਾਮ ਅਮਾਮਾ ਫੇਰਾ ਪਾਈਆ । ਮਾਘ ਕਹੇ ਮੈਂ ਵੀ ਤੇਰੇ ਚਰਨਾਂ ਦੀ ਧੂੜ ਲਾਵਾਂ ਛਾਰੀ, ਆਪਣਾ ਆਪ ਮਿਟਾਈਆ । ਮੇਰੀ ਇਕ ਬੇਨੰਤੀ ਪ੍ਰਭੂ ਤੇਰੇ ਦਵਾਰੀ, ਬਿਨ ਹੱਥਾਂ ਹੱਥ ਜੋੜ ਕੇ ਦਿਆਂ ਸੁਣਾਈਆ । ਦਰ ਆਇਆਂ ਪਾਉਣੀ ਸਾਰੀ, ਜੋ ਚਲ ਆਏ ਸਰਨਾਈਆ । ਰੋਗੀਆਂ ਦੇ ਰੋਗ ਮਿਟਾਉਣੇ ਤਨ ਗਵਾਉਣੀ ਬੀਮਾਰੀ, ਸਾਂਤਕ ਸਤਿ ਸਤਿ ਦੇਣਾ ਕਰਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੀ ਕਰ ਦਾਰੀ, ਅੰਦਰ ਵੜ ਕੇ ਵੇਖ ਵਖਾਈਆ । ਦੀਨ ਦੁਨੀ ਧਾਰ ਨਾ ਤੱਕੀਂ ਕੁੜਿਆਰੀ, ਕੂੜ ਕੁੜਿਆਰਾ ਪੰਧ ਮੁਕਾਈਆ । ਤੇਰਾ ਦਰੇ ਦਰਬਾਰ ਸੋਭਾਵੰਤ ਤੂੰ ਸਭ ਦਾ ਸਿਕਦਾਰੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਸਭ ਪੁਜਾਰੀ, ਕਲਮੇ ਨਾਮ ਤੇਰੇ ਗਾ ਗਾ ਸ਼ੁਕਰ ਮਨਾਈਆ । ਮਾਘ ਕਹੇ ਮੈਂ ਖ਼ੁਸ਼ੀ ਵਿਚ ਰੋਵਾਂ ਜ਼ਾਰੋ ਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਮੇਰੇ ਭਗਵੰਤ ਤੇਰਾ ਇਕੋ ਹੋਵੇ ਮੰਤ ਧੀਰਜ ਦੇਵੇ ਜੀਵ ਜੰਤ, ਲੇਖਾ ਵੇਖੇ ਸਾਧ ਸੰਤ ਸਤਿ ਸਚ ਦੀ ਦਏ ਖ਼ੁਮਾਰੀ, ਬੇਸ਼ੁਮਾਰੀ ਆਪਣੀ ਖ਼ੁਸ਼ੀ ਵਖਾਈਆ । ਧੰਨਭਾਗ ਜਿਨ੍ਹਾਂ ਸਚ ਚਰਨ ਦੇ ਧੂੜ ਦੀ ਲਾਈ ਛਾਰੀ, ਟਿੱਕੇ ਮਸਤਕ ਨਾਮ ਛੁਹਾਈਆ । ਪਹਿਲੀ ਮਾਘ ਕਹੇ ਮੈਂ ਉਨ੍ਹਾਂ ਤੋਂ ਜਾਵਾਂ ਬਲਿਹਾਰੀ, ਖ਼ੁਸ਼ੀਆਂ ਵਿਚ ਉਨ੍ਹਾਂ ਦਾ ਰਾਹ ਤਕਾਈਆ । ਸਭ ਦਾ ਜੀਵਣ ਸਭ ਦੀ ਜ਼ਿੰਦਗੀ ਪ੍ਰਭੂ ਤੇਰੇ ਹੋਵੇ ਦਰ ਦਰਬਾਰੀ,

ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਮਾਘ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹੱਸਾਂ, ਹੱਸ ਹੱਸ ਦਿਆਂ ਸੁਣਾਈਆ । ਨਵ ਨੌ ਚਾਰ ਨੱਸਾਂ, ਭੱਜਾਂ ਵਾਹੋ ਦਾਹੀਆ । ਜਨ ਭਗਤਾਂ ਸੰਦੇਸ਼ਾ ਦੱਸਾਂ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਆਪਣੇ ਸਾਹਿਬ ਦਾ ਦਰਸ਼ਨ ਕਰੋ ਨਾਲ ਅੱਖਾਂ, ਅੱਖੀਆਂ ਵਾਲਿਓ ਅੱਖੀਂ ਦਰਸ਼ਨ ਪਾਈਆ । ਜਿਸ ਦਾ ਵਸੇਰਾ ਤੁਹਾਡੀ ਕਾਇਆ ਕੁੱਲੀ ਜਿਸ ਦੀ ਕੀਮਤ ਨਹੀਂ ਕੋਈ ਲੱਖਾਂ ਕੱਖਾਂ, ਕੌਡੀ ਹੱਟ ਨਾ ਕੋਇ ਵਿਕਾਈਆ । ਉਸ ਦੀ ਕਿਰਪਾ ਵਿਚ ਉਸ ਦੇ ਪਿਆਰ ਵਿਚ ਉਸੇ ਦੀ ਭੇਟ ਸਭ ਕੁਛ ਰਖਾਂ, ਮਾਘ ਕਹੇ ਆਪਣੇ ਕੋਲ ਨਾ ਕਿਛ ਰਖਾਈਆ । ਜਿਸ ਦੀ ਯਾਦ ਵਿਚ ਜਲ ਧਾਰਾ ਇਸ਼ਨਾਨ ਕੀਤੇ ਮਛ ਤੇ ਕਛਾ, ਅਵਤਾਰ ਅਵਤਰੀ ਹੋ ਕੇ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ਧਰਮ ਦੀ ਧਾਰ ਸੱਚਾ, ਸਚ ਦਾ ਮਾਰਗ ਸਚ ਵਿਚੋਂ ਪ੍ਰਗਟਾਈਆ ।

**✪ ੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਮਾਂ ਜੀ ਬਿਸ਼ਨ ਕੌਰ ਤੇ ਮਨਜੀਤ ਸਿੰਘ ਮਹੂ ਵਾਲੇ ਦੇ ਅੰਤਮ ਸਸਕਾਰ ਦੇ ਸਮੇਂ ਵਿਹਾਰ ਹੋਇਆ ✪**

ਨਵ ਮਾਘ ਕਹੇ ਖ਼ੁਸ਼ੀ ਦਿਹਾੜਾ ਅੱਜ, ਅਜਮਤੋ ਕਸਮਤੋ ਅਜਿਬਵਾ ਅਤਲਿਹੈ ਮਿਲੀ ਵਡਿਆਈਆ । ਕਲਮਿਆਂ ਤੋਂ ਬਾਹਰ ਕਾਇਆ ਵੇਖਿਆ ਭੱਜ, ਜ਼ਿਮੀਂ ਅਸਮਾਨਾਂ ਪਰੇ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਤੱਕੀ ਤੱਕਿਆ ਸ੍ਰਿਸ਼ਟ ਸਬਾਈ ਜਗ, ਸਰਗੁਣ ਨਿਰਗੁਣ ਧਿਆਨ ਲਗਾਈਆ । ਧਰਮ ਦੀ ਧਾਰ ਪਾਰ ਦਿਸੇ ਕੋਇ ਨਾ ਹੱਦ, ਹਦੂਦ ਪੰਧ ਨਾ ਕੋਇ ਮੁਕਾਈਆ । ਆਤਮ ਪਰਮਾਤਮ ਇਕੋ ਨਜ਼ਰੀ ਆਈ ਯਦ, ਯਦੀ ਯਦਪ ਇਕੋ ਦਿਆਂ ਦਰਸਾਈਆ । ਜਿਸ ਨੂੰ ਹੁਕਮੇ ਅੰਦਰ ਧੁਰ ਦਾ ਮਾਲਕ ਲਏ ਸੱਦ, ਸੱਦਾ ਸ਼ਬਦ ਨਾਮ ਜਣਾਈਆ । ਆਪਣੇ ਨਾਲੋਂ ਹੋਣ ਨਾ ਦੇਵੇ ਕਦੇ ਅਲਗ, ਵੱਖਰੀ ਵੰਡ ਨਾ ਕੋਇ ਵੰਡਾਈਆ । ਕਿਰਪਾ ਕਰ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਬਦ ਅਗੰਮੀ ਇਕੋ ਦੋ ਜਹਾਨ ਵਜਾਏ ਨਦ, ਅਨਾਦੀ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨੌ ਮਾਘ ਕਹੇ ਮੇਰੀ ਬੇਨੰਤੀ ਇਕ ਅਰਦਾਸ, ਜੋਦੜੀ ਵਿਚ ਦੋਏ ਜੋੜ ਸੀਸ ਨਿਵਾਈਆ । ਤੇਰਾ ਖੇਲ ਪ੍ਰਭੂ ਤਮਾਸ਼, ਬੇਪ੍ਰਵਾਹ ਤੇਰੀ ਬੇਪ੍ਰਵਾਹੀਆ । ਮੇਰੀ ਇਕੋ ਤਮੰਨਾ ਇਕੋ ਆਸਾ ਇਕੋ ਖ਼ਾਹਿਸ਼, ਇਕੋ ਵਾਸਨਾ ਤੇਰੀ ਝੋਲੀ ਪਾਈਆ । ਮੈਂ ਸੰਦੇਸ਼ਾ ਦੇਣਾ ਚਾਹੁੰਦਾ ਪ੍ਰਿਥਮੀ ਆਕਾਸ਼, ਗਗਨ ਪਾਤਾਲਾਂ ਹੁਕਮ ਸੁਣਾਈਆ । ਸ਼ੰਕਰਾ ਛਡ ਦੇ ਕੈਲਾਸ਼, ਕਲਾਧਾਰੀ ਆਪਣੀ ਕਲ ਵਖਾਈਆ । ਬ੍ਰਹਮੇ ਬ੍ਰਹਮ ਦਾ ਵੇਖ ਨਿਵਾਸ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲਾਈਆ । ਵਿਸ਼ਨੂੰ ਤੇਰਾ ਵਿਸ਼ਿਆਂ ਤੋਂ ਬਾਹਰ ਵਿਸ਼ਵਾਸ, ਵਿਸ਼ਵ ਦਾ ਪਰਦਾ ਦੇ ਚੁਕਾਈਆ । ਭੇਵ ਅਭੇਦਾ ਖੇਲੇ ਖੇਲ ਪੁਰਖ ਅਬਿਨਾਸ਼, ਹਰਿ ਕਰਤਾ ਆਪਣੀ ਕਾਰ ਕਮਾਈਆ । ਅਵਤਾਰੋ ਵੇਖੋ ਆਪਣਾ ਸਾਥ, ਸਾਖਿਆਤ ਸੋਭਾ ਪਾਈਆ । ਪੈਗ਼ੰਬਰ ਬਿਨਾ ਸਜਦਿਆਂ ਤੋਂ ਜੋੜੇ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਗੁਰੂ ਗੁਰਦੇਵਾ ਤੱਕੋ ਸਵਾਮੀ ਨਿਰਗੁਣ ਧਾਰ ਜਿਸ ਦੀ ਆਦਿ ਜੁਗਾਦਿ

ਮੰਡਲ ਰਾਸ, ਆਤਮ ਪਰਮਾਤਮ ਗੋਪੀ ਕਾਹਨ ਖੇਲ ਖਿਲਾਈਆ । ਸੋ ਲੇਖਾ ਜਾਣੇ ਲੋਕਮਾਤ, ਧਰਨੀ ਧਰਤ ਧਵਲ ਧੌਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਨੌ ਮਾਘ ਕਰੇ ਮੇਰੀ ਪੁਨਹ ਪੁਨਹ ਕੂਕ ਕੂਕ, ਬਿਨਾ ਆਵਾਜ਼ ਆਵਾਜ਼ ਲਗਾਈਆ । ਜਨ ਭਗਤੋ ਜਾਓ ਚੂਕ, ਸਚਖੰਡ ਦਵਾਰੇ ਸਚ ਸੁਣਾਈਆ । ਜਿਸ ਦਾ ਤਾਣਾ ਪੇਟਾ ਇਕੋ ਆਤਮ ਧਾਰ ਸੂਤ, ਜੋਤੀ ਜਾਤਾ ਬੇਪ੍ਰਵਾਹੀਆ । ਉਹ ਲੇਖੇ ਲਾਏ ਨਿਰਗੁਣ ਧਾਰ ਆਪਣੇ ਸਪੂਤ, ਪਿਤਾ ਪੁਰਖ ਅਕਾਲ ਦਏ ਵਡਿਆਈਆ । ਜੋ ਜਗਤ ਜਹਾਨ ਛਡ ਕੇ ਕਰਨ ਕੂਚ, ਕੂਚਾ ਗਲੀ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਚਖੰਡ ਕਹੇ ਮੇਰੀ ਇਕੋ ਤਮੰਨਾ, ਖ਼ਾਹਿਸ਼ ਖ਼ਾਲਸ ਦਿਆਂ ਜਣਾਈਆ । ਜਿਸ ਧਾਰ ਨੇ ਲੇਖ ਬਣਾਇਆ ਇਕੋ ਕੰਨਾ, ਗੋਬਿੰਦ ਗੋਬਿੰਦ ਗੋਬਿੰਦ ਨਾਲ ਵਡਿਆਈਆ । ਓਹ ਲੇਖਾ ਜਾਣੇ ਪੰਜ ਤਤ ਤਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਮਨਸਾ ਜਾਣੇ ਮਨ ਮਨਾ, ਬੁੱਧੀ ਲੇਖਾ ਰਹੇ ਨਾ ਰਾਈਆ । ਭਗਤ ਸੰਤ ਵੇਖ ਵਖਾਣੇ ਜਨਾ, ਗੁਰਮੁਖ ਗੁਰਸਿਖ ਆਪਣੀ ਗੋਦ ਉਠਾਈਆ । ਨਾਮ ਭੰਡਾਰਾ ਦੇ ਕੇ ਧਨ ਧਨਾ, ਧਨਾਢ ਝੋਲੀ ਦਏ ਭਰਾਈਆ । ਲੋਕਮਾਤ ਚਾੜ੍ਹ ਕੇ ਸਾਚਾ ਚੰਨਾ, ਨੂਰੀ ਚੰਦ ਕਰੇ ਰੁਸ਼ਨਾਈਆ । ਦੀਨ ਮਜ਼੍ਹਬ ਦਾ ਤੋੜ ਕੇ ਬੰਨਾ, ਹਦੂਦ ਸ਼ਰਅ ਵਾਲੀ ਮਿਟਾਈਆ । ਲੇਖੇ ਲਾ ਕੇ ਰੂਹ ਬੁਤ ਦਾ ਸਮਾਂ, ਸਮਾਪਤ ਕਰੇ ਕੂੜ ਲੋਕਾਈਆ । ਮਾਤ ਪਿਤਾ ਦਾ ਰਹਿਣ ਨਾ ਦੇਵੇ ਤਮਅ, ਪੁਤਰ ਧੀ ਲਾਲਚ ਵਿਚ ਨਾ ਕੋਇ ਲਲਚਾਈਆ । ਹਰਖ ਸੋਗ ਮਿਟਾ ਕੇ ਗ਼ਮਾ, ਚਿੰਤਾ ਚਿਖਾ ਦਾ ਡੇਰਾ ਢਾਹੀਆ । ਖਹਿੜਾ ਛਡ ਕੇ ਛੱਪਰ ਛੰਨਾ, ਮਹੱਲ ਅਟੱਲ ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਪੰਧ ਆਦਿ ਜੁਗਾਦਿ ਬਿਨਾ ਪੁਰਖ ਅਕਾਲ ਤੋਂ ਲੰਮਾ, ਪਾਂਧੀ ਚੜ੍ਹਨ ਕੋਇ ਨਾ ਪਾਈਆ । ਜਿਥੇ ਇਕੋ ਨੂਰ ਜੋਤ ਪ੍ਰਕਾਸ਼ ਅਗੰਮੀ ਸ਼ਮਾ, ਦੀਪਕ ਅਵਰ ਨਾ ਕੋਇ ਟਿਕਾਈਆ । ਜਿਸ ਦੀ ਮਹਿੰਮਾ ਕਰੇ ਇਕ ਚਾਰ ਤਿੰਨ ਜ਼ੀਰੋ ਦਾ ਪੰਨਾ, ਪਾਰਬ੍ਰਹਮ ਪ੍ਰਭ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਵਖਾਈਆ । ਨੌ ਮਾਘ ਕਹੇ ਮੇਰੀ ਪ੍ਰਨਾਮ, ਪਰਮ ਪੁਰਖ ਸਰਨਾਈਆ । ਜਿਸ ਦਾ ਖੇਲ ਮਹਾਨ, ਮਹਿੰਮਾ ਗਣਤ ਗਣੀ ਨਾ ਜਾਈਆ । ਸੋ ਵੇਖਣਹਾਰਾ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜਨ ਭਗਤ ਸੁਹੇਲੇ ਲਏ ਪਹਿਚਾਨ, ਬੇਪਹਿਚਾਨ ਆਪਣੀ ਦਇਆ ਕਮਾਈਆ । ਸਚਖੰਡ ਦਵਾਰ ਕਰੇ ਪ੍ਰਵਾਨ, ਪਰਮ ਪੁਰਖ ਆਪਣਾ ਮੇਲ ਮਿਲਾਈਆ । ਵੱਡਾ ਛੋਟਾ ਇਕੋ ਰੰਗ ਰੰਗਾਏ ਸ੍ਰੀ ਭਗਵਾਨ, ਬਿਰਧ ਬਾਲ ਜਵਾਨ, ਵੱਖ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਗ੍ਰਿਹਿ ਇਕ ਸੁਹਾਈਆ । ਸਚ ਗ੍ਰਿਹਿ ਸੁਹੰਜਣਾ, ਹਰਿ ਸੋਭਾਵੰਤ ਸੁਹਾਏ । ਦੀਨ ਦਿਆਲ ਦਰਦ ਦੁੱਖ ਭੈ ਭੰਜਨਾ, ਪਾਰਬ੍ਰਹਮ ਪ੍ਰਭ ਬੇਪਰਵਾਹੇ । ਜਨ ਭਗਤਾਂ ਧੂੜ ਕਰਾਏ ਮਜਨਾ, ਦੁਰਮਤ ਮੈਲ ਧਵਾਏ । ਨੇਤਰ ਪਾਵੇ ਨਾਮ ਅੰਜਣਾ, ਅਗਿਆਨ ਅੰਧੇਰ ਮਿਟਾਏ । ਸਚਖੰਡ ਨਿਵਾਸੀ ਬਣ ਕੇ ਸੱਜਣਾ, ਸਚ ਦਵਾਰੇ ਆਪ ਟਿਕਾਏ । ਜਿਥੇ ਲੇਖਾ ਨਹੀਂ ਆਅਲਾ ਅਦਨਾ, ਰਾਓ ਰੰਕ ਦਏ ਵਖਾਏ । ਓਹ ਖੇਲ ਕਰੇ ਗੋਪਾਲ ਮੂਰਤ ਮਦਨਾ, ਪਰਮ ਪੁਰਖ ਨੂਰ ਅਲਾਹੇ । ਜਿਸ ਨੇ ਭਗਤਾਂ ਨੂੰ ਖ਼ੁਸ਼ੀਆਂ ਵਿਚ ਸੱਦਣਾ, ਸ਼ਬਦ ਸੰਦੇਸ਼ਾ ਇਕ ਦ੍ਰਿੜਾਏ । ਭਗਤਾਂ ਨੇ ਪ੍ਰੇਮ

ਵਿਚ ਭੱਜਣਾ, ਕਦਮ ਕਦਮ ਨਾਲ ਬਦਲਾਏ । ਜਿਨ੍ਹਾਂ ਦਾ ਨਾਮ ਨਗਾਰਾ ਵੱਜਣਾ, ਡੰਕਾ ਇਕੋ ਇਕ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਏ । ਨੌ ਮਾਘ ਕਹੇ ਜਨ ਭਗਤੋ ਮੇਰੀਆਂ ਅਸੀਸਾਂ, ਸਿਰ ਧੜ ਤੋਂ ਬਿਨਾ ਸੀਸ ਨਿਵਾਈਆ । ਤੁਹਾਡਾ ਰਾਹ ਤਕੇ ਜਗਦੀਸ਼ਾ, ਜਗਦੀਸ਼ਰ ਬੇਪਰਵਾਹੀਆ । ਜਿਸ ਦੇ ਛਤਰ ਝੁਲੇ ਇਕੋ ਸੀਸਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਇਕੋ ਹੁਕਮ ਕਲਮਾ ਨਾਮ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਓਸ ਨੇ ਸਤਿਜੁਗ ਕਲਜੁਗ ਵਿਚੋਂ ਬਦਲ ਦਿਤਾ ਤਰੀਕਾ, ਤਰਾ ਤਰਾ ਖੇਲ ਖਿਲਾਈਆ । ਪਹਿਲੋਂ ਘੱਲ ਕੇ ਸਿੰਘ ਛੋਟਾ ਕਾਕਾ ਮਨਜੀਤਾ, ਮਨਜੀਤ ਸਿੰਘ ਨੂੰ ਫੇਰ ਪਿਛੇ ਲਿਆ ਬੁਲਾਈਆ । ਬਿਸ਼ਨ ਕੌਰ ਪਿਆਰ ਕੀਤਾ ਅਨਡੀਠਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਗੋਬਿੰਦ ਦੀ ਧਾਰ ਗੋਬਿੰਦ ਦਾ ਪਿਆਰ ਗੋਬਿੰਦ ਦਾ ਯਾਰ ਏਕੰਕਾਰ ਸੱਚੀ ਸਰਕਾਰ ਭਗਤ ਦਵਾਰ ਦੋਹਾਂ ਦਾ ਇਕ ਬਣਾਏ ਅੰਗੀਠਾ, ਅੰਗੂਠੇ ਲਾਉਣ ਵਾਲੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਦੇਣ ਗਵਾਹੀਆ । ਜਿਸ ਦਾ ਭਾਣਾ ਸਤਿਜੁਗ ਤਰੇਤਾ ਦੁਆਪਰ ਕਲਜੁਗ ਸਭ ਨੇ ਮੰਨਣਾ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਓਹ ਆਤਮ ਪਰਮਾਤਮ ਦੀ ਧਾਰ ਰਾਮ ਸੀਤਾ, ਰਾਧਾ ਕ੍ਰਿਸ਼ਨ ਪਾਰਬ੍ਰਹਮ ਬ੍ਰਹਮ ਰੂਪ ਦਰਸਾਈਆ । ਅੱਲਾ ਹੂ ਅੱਨਾ ਹੂ ਪੈਗ਼ੰਬਰਾਂ ਕਿਹਾ ਮਿਹਰਵਾਨ ਕਰੇ ਬਖ਼ਸ਼ੀਸ਼ਾ, ਰਹਿਮਤ ਹਕ ਹਕ ਕਮਾਈਆ । ਨਾਨਕ ਗੋਬਿੰਦ ਕਿਹਾ ਤੂੰ ਮੇਰਾ ਮੈਂ ਤੇਰਾ ਇਕੋ ਰੂਪ ਸਦਾ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਈਆ । ਭਗਤ ਸੁਹੇਲਾ ਜੁਗ ਚੌਕੜੀ ਸ਼ਬਦੀ ਧਾਰ ਵਿਚ ਸਦਾ ਜੀਤਾ, ਮਰਨ ਵਿਚ ਮਰ ਜੀਵਤ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਬਿਸ਼ਨ ਕੌਰ ਕਹੇ ਮੇਰੀ ਜਗਤ ਵਾਲੀ ਨਹੀਂ ਮੜ੍ਹੀ, ਸ਼ਮਸ਼ਾਨ ਭੂਮੀ ਨਾ ਵੰਡ ਵੰਡਾਈਆ । ਮੈਂ ਭਗਤੋ ਭਗਤ ਦਵਾਰੇ ਤੁਹਾਡੇ ਮੋਢਿਆਂ ਉਤੇ ਚੜ੍ਹੀ, ਜਿਥੇ ਚੜ੍ਹਦਾ ਲਹਿੰਦਾ ਦੋਏ ਸੀਸ ਨਿਵਾਈਆ । ਇਹ ਵਰ ਦਿਤਾ ਸੀ ਗੋਬਿੰਦ ਨੇ ਵਿਚ ਚਮਕੌਰ ਗੜ੍ਹੀ, ਇਸ਼ਾਰਾ ਖੰਡੇ ਵਾਲਾ ਕਰਾਈਆ । ਮੇਰੀ ਲਾਸ਼ ਬੇਸ਼ਕ ਅੱਗ ਨਾਲ ਜਾਣੀ ਸੜੀ, ਤਨ ਵਜੂਦ ਮਾਟੀ ਖ਼ਾਕ ਵਿਚ ਰੁਲਾਈਆ । ਮੇਰੀ ਆਤਮਾ ਲੱਖ ਚੁਰਾਸੀ ਵਿਚੋਂ ਹੋ ਕੇ ਬਰੀ, ਬਰੇ ਆਜ਼ਮ ਦੋ ਜਹਾਨਾਂ ਪਾਰ ਕਰਾਈਆ । ਮੈਨੂੰ ਚਾਰ ਜੁਗ ਦੇ ਸਾਰੇ ਮਿਲ ਕੇ ਗਏ ਸ਼ਰਈ, ਸ਼ਰਅ ਵਾਲੇ ਸੀਸ ਨਿਵਾਈਆ । ਜਿਧਰ ਵੇਖਾਂ ਇਕੋ ਨੂਰ ਨੁਰਾਨਾ ਹਰੀ, ਹਰਿ ਕਰਤਾ ਨਜ਼ਰੀ ਆਈਆ । ਜਨ ਭਗਤੋ ਮੈਂ ਭਗਤ ਪਿਆਰੇ ਦੀ ਬਾਂਹ ਫੜੀ, ਗੰਢ ਭਗਤਾਂ ਨਾਲ ਪਵਾਈਆ । ਪ੍ਰਭੂ ਨੂੰ ਹੱਸ ਕੇ ਕਿਹਾ ਸਚਖੰਡ ਦਵਾਰ ਵਿਚ ਜਨ ਭਗਤਾਂ ਦੀ ਬਣਾ ਦੇ ਲੜੀ, ਵੱਡੇ ਛੋਟੇ ਇਕੋ ਤੰਦ ਬੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਮਨਜੀਤ ਕਹੇ ਮੈਂ ਓਸ ਦੀ ਗੋਦੀ ਸੁੱਤਾ, ਜਿਥੇ ਸੁੱਤਿਆਂ ਨਾ ਕੋਇ ਜਗਾਈਆ । ਮੇਰੇ ਜਨਮ ਦੀ ਸੁਹੰਜਣੀ ਹੋ ਗਈ ਰੁੱਤਾ, ਰੁਤੜੀ ਪ੍ਰਭ ਨੇ ਦਿਤੀ ਮਹਿਕਾਈਆ । ਮੇਰਾ ਘਰ ਸੁਹਾਇਆ ਅਬਿਨਾਸ਼ੀ ਅਚੁਤਾ, ਪਾਰਬ੍ਰਹਮ ਪਰਦਾ ਦਿਤਾ ਉਠਾਈਆ । ਮੈਂ ਨਾਤਾ ਤੋੜ ਕੇ ਕਾਇਆ ਬੁਤਾ, ਬੁਤਖ਼ਾਨਿਆਂ ਡੇਰਾ ਢਾਹੀਆ । ਸਚ ਮੁਨਾਰਾ ਤੱਕਿਆ ਉਚਾ, ਮਹੱਲ ਅਟਲ ਨਜ਼ਰੀ ਆਈਆ । ਜਿਥੇ ਇਕੋ ਸਤਿ ਸਰੂਪ ਸੁੱਚਾ, ਦੂਜਾ ਸੰਜਮ ਨਾ ਕੋਇ ਦ੍ਰਿੜਾਈਆ । ਏਕੋ ਨੂਰ ਜੋਤ ਪ੍ਰਕਾਸ਼ ਇਕੋ ਕਹੇ ਆਤਮ ਦੁਲਾਰਾ ਮੇਰਾ ਪੁਤਾ, ਦੂਸਰ ਵੰਡ ਨਾ ਕੋਇ ਵੰਡਾਈਆ । ਮੇਰਾ

ਉਜਲ ਹੋਇਆ ਮੁਖਾ, ਦੁਰਮਤ ਮੈਲ ਧਵਾਈਆ । ਬਿਸ਼ਨ ਕੌਰ ਦੀ ਸੁਹਾਈ ਕੁੱਖਾ, ਜਿਸ ਦੀ ਗੋਦੀ ਵਿਚ ਪਹਿਲੋਂ ਬਹਿ ਕੇ ਸਚਖੰਡ ਗਿਆ ਚਾਈਂ ਚਾਈਂਆ । ਸਾਨੂੰ ਜੋ ਮਿਲਿਆ ਸੋ ਦਿਸਦਾ ਅਗੋਂ ਝੁਕਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਸਾਰੇ ਬਿਨਾ ਰਸਨਾ ਜਿਹਵਾ ਤੋਂ ਤੂੰ ਮੇਰਾ ਮੈਂ ਤੇਰਾ ਪੜ੍ਹਦੇ ਤੁਕਾ, ਸੋਹੰ ਢੋਲਾ ਬਿਨਾ ਅੱਖਰ ਨਿਰਅੱਖਰ ਵਿਚ ਗਾਈਆ । ਪਰਦਾ ਓਹਲਾ ਰਿਹਾ ਕੋਇ ਨਾ ਲੁਕਾ, ਪਰਦਾਨਸ਼ੀਂ ਪਰਦਾ ਦਿਤਾ ਚੁਕਾਈਆ । ਮੇਰਾ ਆਵਣ ਜਾਵਣ ਲੱਖ ਚੁਰਾਸੀ ਗੇੜਾ ਮੁੱਕਾ, ਪ੍ਰਭ ਮਿਲੀ ਸਚ ਸਰਨਾਈਆ । ਹਰਖ ਸੋਗ ਰਿਹਾ ਨਾ ਦੁੱਖਾ, ਅਗਨੀ ਤਤ ਨਾ ਕੋਇ ਤਪਾਈਆ । ਆਪਣੀ ਮਾਤਾ ਦੀ ਸੁਫ਼ਲ ਕਰ ਕੇ ਕੁੱਖਾ, ਭਗਤ ਦਵਾਰੇ ਭਗਤਾਂ ਵਿਚ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਧੁਰਦਰਗਾਹੀਆ । ਨੌਂ ਮਾਘ ਕਹੇ ਪੰਜਾਂ ਪਿਆਰਿਆਂ ਅਗਨੀ ਦੇਣੀ ਲਾ, ਲੰਬੂ ਜਗਤ ਨਾ ਕੋਇ ਵਡਿਆਈਆ । ਹਰਿ ਸੰਗਤ ਜੈਕਾਰੇ ਲੈਣੇ ਬੁਲਾ, ਪੰਚਮ ਪੰਚਮ ਪੰਚਮ ਸੁਣਾਈਆ । ਦੋਹਾਂ ਦੀ ਇਕੋ ਬਣੀ ਸਲਾਹ, ਇਕੋ ਘਰ ਮਿਲੀ ਵਡਿਆਈਆ । ਇਕੋ ਆਸਣ ਸਿੰਘਾਸਣ ਲਿਆ ਟਿਕਾ, ਇਕੋ ਸੇਜ ਸੁਹੰਜਣੀ ਸੋਭਾ ਪਾਈਆ । ਇਕੋ ਮਾਲਕ ਮਿਲਿਆ ਬੇਪਰਵਾਹ, ਖੇਵਟ ਖੇਟਾ ਇਕ ਹੋ ਆਈਆ । ਜੋ ਚੁਰਾਸੀ ਵਿਚੋਂ ਬਾਹਰ ਕਢਾ, ਜਮ ਫਾਸੀ ਪੰਧ ਮੁਕਾਈਆ । ਸ਼ਬਦੀ ਰਥ ਲਿਆ ਚੜ੍ਹਾ, ਰਥਵਾਹੀ ਸ਼ਬਦ ਗੁਰੂ ਅਖਵਾਈਆ । ਦਰ ਘਰ ਸਾਚੇ ਸਚਖੰਡ ਦਿਤਾ ਪਹੁੰਚਾ, ਜਿਥੇ ਪੂਜਾ ਦੀ ਲੋੜ ਰਹੇ ਨਾ ਰਾਈਆ । ਭਗਤਾਂ ਵਿਚ ਭਗਤ ਦਿਤੇ ਰਲਾ, ਭਗਵਨ ਆਪਣਾ ਘਰ ਵਸਾਈਆ । ਸਾਰੇ ਬਿਨਾ ਰਸਨਾ ਜਿਹਵਾ ਤੋਂ ਕਰਨ ਵਾਹ ਵਾਹ, ਵਾਹਵਾ ਵਾਹਵਾ ਵਾਹਵਾ ਤੇਰੀ ਵਡ ਵਡਿਆਈਆ ।



ਮਨਜੀਤ ਕਹੇ ਮੈਨੂੰ ਮਨਜੀਤ ਮਿਲਿਆ ਆ, ਸੋਹਣੀ ਖ਼ੁਸ਼ੀ ਬਣਾਈਆ । ਗੁਰਸਿਖ ਕਹਿਣ ਜਨ ਭਗਤਾਂ ਨੂੰ ਮਿਲ ਗਈ ਓਹ ਅਗੰਮੀ ਮਾਂ, ਜਿਸ ਨੂੰ ਬਿਸ਼ਨ ਕੌਰ ਕਹੇ ਲੋਕਾਈਆ । ਸਾਰਿਆਂ ਦਾ ਇਕੋ ਜਿਹਾ ਸਾਂਝਾ ਹੋਇਆ ਥਾਂ, ਥਨੰਤਰ ਸੋਭਾ ਪਾਈਆ । ਅਗਨੀ ਕਹੇ ਮੈਂ ਨਿਮਸਕਾਰ ਕਰ ਕੇ ਕਹਾਂ ਮਿਰਤਕ ਸਰੀਰ ਨੂੰ ਦਿਓ ਦਾਹ, ਆਤਮ ਪਰਮਾਤਮ ਵਿਚ ਸਮਾਈਆ । ਅਵਤਾਰ ਪੈਗ਼ੰਬਰ ਗੁਰੂ ਸ਼ਬਦ ਗੁਰਦੇਵਾ ਬਣੇ ਮਲਾਹ, ਸ਼ਹਾਦਤ ਵਿਸ਼ਨ ਬ੍ਰਹਮਾ ਸ਼ਿਵ ਭੁਗਤਾਈਆ । ਭਗਤ ਦਵਾਰ ਕਹੇ ਮੈਂ ਸੰਦੇਸ਼ਾ ਦੇਵਾਂ ਥਾਉਂ ਥਾਂ, ਦੋ ਜਹਾਨਾਂ ਪੰਧ ਮੁਕਾਈਆ । ਨੌਂ ਮਾਘ ਕਹੇ ਮੈਨੂੰ ਖ਼ੁਸ਼ੀਆਂ ਵਿਚ ਚੜ੍ਹਿਆ ਚਾਅ, ਚਾਉ ਘਨੇਰਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਥਾਈਂ ਹੋਏ ਸਹਾ, ਸਹਾਇਕ ਨਾਇਕ ਇਕੋ ਨਜ਼ਰੀ ਆਈਆ ।

### ✪ ੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਈਹਾਂ ਪ੍ਰਭੂ ਤੇਰੀ ਸਰਨੋ, ਸਰਨਾਈ ਸਰਨ ਨਜ਼ਰੀ ਆਈਆ । ਊਹਾਂ ਤੇਰੀ ਖੇਲ ਅਪਰਨੋ, ਅਪਰੰਪਰ ਤੇਰੀ ਬੇਪਰਵਾਹੀਆ । ਜਨ ਭਗਤ ਬਚਾਏ ਜਗਤ ਮਰਨੋ, ਜਨਮ ਜਨਮ ਨਾ ਕੋਇ ਭਵਾਈਆ । ਅੰਤਮ ਆਪ ਆਈਂ ਬਾਹੋਂ ਫੜਨੋਂ, ਫੜ ਬਾਹੋਂ ਗੋਦ ਉਠਾਈਆ । ਝਗੜਾ ਮੁਕਾਈਂ ਚੋਟੀ ਜੜਨੋ, ਚੇਤਨ ਆਪਣਾ ਰੰਗ ਰੰਗਾਈਆ । ਗ੍ਰਹਿ ਸੁਹਾਈਂ ਅਗੰਮਾ ਘਰਨੋ, ਘਰਾਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰ ਬੇਪਰਵਾਹੀਆ । ਬੇਪਰਵਾਹ ਤੈਨੂੰ ਸਾਰੇ ਕਹਿੰਦੇ, ਕਹਿ ਕਹਿ ਸੀਸ ਨਿਵਾਈਆ । ਚਰਨ ਕਵਲ ਸਰਨਾਈ ਢਹਿੰਦੇ, ਢਹਿ ਢਹਿ ਸੀਸ ਨਿਵਾਈਆ । ਚਰਨ ਕਵਲ ਦਵਾਰੇ ਬਹਿੰਦੇ, ਬਹਿ ਬਹਿ ਖ਼ੁਸ਼ੀ ਬਣਾਈਆ । ਤੇਰਾ ਭਾਣਾ ਸਾਰੇ ਸਹਿੰਦੇ, ਸਿਰ ਸਕੇ ਨਾ ਕੋਇ ਉਠਾਈਆ । ਕੋਟਨ ਕੋਟ ਕਾਇਆ ਬੁਰਜ ਵੇਖੇ ਢਹਿੰਦੇ, ਗੜ੍ਹ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਨੌ ਮਾਘ ਕਹੇ ਪ੍ਰਭੂ ਮੈਂ ਖੇਲ ਤੇਰਾ ਤੱਕਾਂ ਜਪ ਦਾ, ਜਗ ਜੀਵਣ ਦਾਤੇ ਧਿਆਨ ਲਗਾਈਆ । ਲੇਖਾ ਵੇਖਾਂ ਪੂਰਬ ਪੱਕ ਦਾ, ਕੱਚੀ ਗੰਢ ਨਾ ਕੋਇ ਬੰਧਾਈਆ । ਹੁਕਮ ਸੰਦੇਸ਼ਾ ਸੁਣਾਂ ਯਕ ਦਾ, ਵਾਹਿਦ ਤੇਰੀ ਵਡ ਵਡਿਆਈਆ । ਜੈਕਾਰਾ ਸੁਣਾਂ ਅਲਖ ਦਾ, ਅਗੋਚਰ ਕੀ ਸਮਝਾਈਆ । ਮੈਂ ਸਚ ਸੁਨੇਹੁੜਾ ਦੱਸਦਾ, ਦਹਿ ਦਿਸ਼ਾ ਵੇਖ ਵਖਾਈਆ । ਖ਼ੁਸ਼ੀਆਂ ਦੇ ਵਿਚ ਹੱਸਦਾ, ਹਸਤੀ ਤੱਕਾਂ ਬੇਪਰਵਾਹੀਆ । ਚਾਰੇ ਕੂਟਾਂ ਨਸਦਾ, ਭੱਜਾਂ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਫਿਰਾਂ ਜਪਦਾ, ਸੋਹੰ ਢੋਲਾ ਗਾਈਆ । ਜਿਸ ਭੇਵ ਚੁਕਾਉਣਾ ਪ੍ਰਿਥਮੀ ਆਕਾਸ਼ ਤੇਜ ਵਾਏ ਅਪ ਦਾ, ਆਪ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਨਾਤਾ ਜੋੜਨਾ ਪੱਕ ਦਾ, ਪੱਕੀ ਆਪਣੀ ਕਾਰ ਭੁਗਤਾਈਆ । ਪਿਆਰ ਰਖਣਾ ਨਹੀਂ ਕੋਈ ਰੱਤ ਦਾ, ਰਤੀ ਰੱਤ ਨਾ ਕੋਇ ਚਤੁਰਾਈਆ । ਭੇਵ ਖੁਲਾਉਣਾ ਬ੍ਰਹਮ ਮਤ ਦਾ, ਬ੍ਰਹਮ ਵਿਦਿਆ ਇਕ ਸਮਝਾਈਆ । ਖੇਲ ਤੱਕਣਾ ਪਰਮੇਸ਼ਵਰ ਪਤਿ ਦਾ, ਜੋ ਪਾਰਬ੍ਰਹਮ ਧੁਰਦਰਗਾਹੀਆ । ਜੋ ਜੁਗ ਜੁਗ ਜਨ ਭਗਤਾਂ ਪੈਜ ਰਖਦਾ, ਕਲਜੁਗ ਅੰਤਮ ਹੋਏ ਸਹਾਈਆ । ਓਹ ਨਜ਼ਾਰਾ ਨੂਰ ਪ੍ਰਤਖ ਦਾ, ਸਨਮੁਖ ਹੋ ਕੇ ਸੋਭਾ ਪਾਈਆ । ਨਿਰਗੁਣ ਧਾਰ ਹੋ ਕੇ ਭਗਤਾਂ ਫਿਰੇ ਲੱਭਦਾ, ਨਵ ਸੱਤ ਆਪਣਾ ਪੰਧ ਮੁਕਾਈਆ । ਜੋ ਲਹਿਣਾ ਦੇਣਾ ਲੇਖਾ ਜਾਣੇ ਸਭ ਦਾ, ਕੁੱਲ ਮਾਲਕ ਵਡ ਵਡਿਆਈਆ । ਉਹਦਾ ਹੁਕਮ ਆਪਣੇ ਸਬੱਬ ਦਾ, ਦੂਸਰ ਭੇਵ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨੌ ਮਾਘ ਕਹੇ ਮੇਰੇ ਗ਼ਰੀਬ ਨਿਵਾਜ਼ਾ, ਸਾਹਿਬ ਤੇਰੀ ਸਰਨਾਈਆ । ਤੂੰ ਜਨ ਭਗਤਾਂ ਰਖੀ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਮੈਂ ਕੀ ਖੇਲ ਤੱਕਾਂ ਵਿਚ ਭਗਤ ਦਵਾਰ ਦਰਵਾਜ਼ਾ, ਦਰੇ ਦਰਬਾਰ ਸੀਸ ਨਿਵਾਈਆ । ਨਾਲੇ ਵੇਖਿਆ ਖਿਜਰ ਖਵਾਜਾ, ਨੀਰ ਦਾ ਪੀਰ ਸੋਭਾ ਪਾਈਆ । ਅੰਤਰ ਉਸ ਨੂੰ ਮਾਰੇ ਆਵਾਜ਼ਾ, ਕਲਸ ਆਪਣਾ ਹੱਥ ਉਠਾਈਆ । ਮੈਂ ਨਾ ਸੋਇਆ ਨਾ ਜਾਗਾ, ਜਾਗਤ ਸੋਵਤ ਇਕੋ ਰੰਗ ਰੰਗਾਈਆ । ਤੂੰ ਮਿਹਰਵਾਨ ਮਿਹਰਵਾਨ ਗਰੀਬ ਨਿਵਾਜ਼ਾ, ਮਿਹਰਵਾਨ ਤੇਰੀ ਬੇਪਰਵਾਹੀਆ । ਮੈਨੂੰ ਇਕੋ ਤੇਰੀ ਯਾਦਾ, ਯਾਦਦਾਸ਼ਤ ਨਾ ਕਦੇ ਭੁਲਾਈਆ । ਤੂੰ ਸਭ ਦਾ ਪੂਰਾ ਕਰੀਂ ਵਾਅਦਾ, ਵਾਹਵਾ ਆਪਣਾ ਹੁਕਮ ਵਰਤਾਈਆ । ਮੈਂ ਲੇਖਾ ਤੱਕਾਂ ਤੇਰਾ ਦੇਸ ਮਾਝਾ, ਮਜਲਸ ਭਗਤਾਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਭਗਤ ਦਵਾਰ ਕਹੇ ਮੈਂ ਵੇਖਾਂ ਖੇਲ ਨਿਰਾਲਾ, ਨਿਰਾਕਾਰ ਦਿਤਾ ਜਣਾਈਆ । ਮੈਂ ਵੇਖਾਂ ਸਚ ਸੱਚੀ ਧਰਮਸਾਲਾ, ਧਰਮ ਦਵਾਰ ਸੋਭਾ ਪਾਈਆ । ਮੈਂ ਵੇਖਾਂ ਸ਼ਾਹ ਕੰਗਾਲਾ, ਊਚਾਂ ਨੀਚਾਂ ਪਰਦਾ ਲਾਹੀਆ । ਚਾਰ ਕੁੰਟ ਕਵਣ ਕਰੇ ਸੰਭਾਲਾ, ਸੰਬਲ ਬਹਿ ਕੇ ਵੇਖ ਵਖਾਈਆ । ਮੈਨੂੰ ਇਸ਼ਾਰਾ ਦੇਵੇ ਸਿੰਘ ਪਾਲਾ, ਪਲਕਾਂ ਤੋਂ ਬਾਹਰ ਰਿਹਾ ਦ੍ਰਿੜਾਈਆ । ਉਠ ਵੇਖ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜਿਸ ਦਾ ਰੂਪ ਨਿਰਾਲਾ, ਨਿਰਾਕਾਰ ਦਿਤਾ

ਜਣਾਈਆ । ਉਹ ਸਭ ਦੀਆਂ ਪੁਰੀਆਂ ਕਰੇ ਘਾਲਾ, ਘਾਲੀ ਘਾਲ ਵੇਖ ਵਖਾਈਆ । ਉਸ ਦੇ ਕੋਲ ਅਗੰਮੀਆਂ ਚਾਲਾ, ਚਾਲ ਨਿਰਾਲੀ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਭਗਤ ਦਵਾਰ ਕਹੇ ਮੇਰੇ ਪਰਮੇਸ਼ਵਰ ਪਤਿ, ਤੇਰੀ ਬੇਪ੍ਰਵਾਹੀਆ । ਤੇਰੇ ਦਵਾਰੇ ਜਨ ਭਗਤਾਂ ਅੰਗੀਠਾ ਰਿਹਾ ਤਪ, ਤਪਸ਼ ਦੀਨ ਦੁਨੀ ਬੁਝਾਈਆ । ਤੂੰ ਸਭ ਦਾ ਮਾਈ ਬਪ, ਪਿਤਾ ਪੂਤ ਹੋ ਸਹਾਈਆ । ਜਿਉਂ ਭਾਵੇ ਤਿਉਂ ਲੈਣਾ ਰਖ, ਤੇਰੀ ਓਟ ਤਕਾਈਆ । ਕਲਜੁਗ ਅੰਤਮ ਭਾਂਡੇ ਦਿਸਣ ਸੱਖ, ਸਾਚੀ ਵਸਤ ਨਾ ਕੋਇ ਟਿਕਾਈਆ । ਮੈਂ ਬੋਲ ਜੈਕਾਰਾ ਅਲੱਖ, ਤੈਨੂੰ ਦਿਆਂ ਸੁਣਾਈਆ । ਭਗਤਾਂ ਨਾਲੋਂ ਹੋਣਾ ਕਦੇ ਨਹੀਂ ਵੱਖ, ਏਕਾ ਸੇਜ ਸੋਭਾ ਪਾਈਆ । ਤੇਰਾ ਸਿਫ਼ਤੀ ਹੋਵੇ ਜਸ, ਢੋਲੇ ਰਾਗਾਂ ਨਾਦਾਂ ਨਾਲ ਸ਼ਨਵਾਈਆ । ਮੇਰੀ ਪੂਰੀ ਕਰੀਂ ਅਸ, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਸਦ ਵਸੀਂ ਮੇਰੇ ਪਸ, ਪਾਸਾ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਭਗਤ ਦਵਾਰ ਕਹੇ ਮੇਰੇ ਅੰਦਰ ਤਪਿਆ ਪ੍ਰੇਮ ਅੰਗੀਠਾ, ਅਗਨੀ ਅੱਗ ਸੇਵ ਕਮਾਈਆ । ਤੇਰਾ ਖੇਲ ਪ੍ਰਭੂ ਅਨਡੀਠਾ, ਜਗ ਨੇਤਰ ਵੇਖ ਸਕੇ ਨਾ ਰਾਈਆ । ਜਨ ਭਗਤਾਂ ਚਾੜ੍ਹੇ ਰੰਗ ਮਜੀਠਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਭਾਗ ਲਗਾ ਕੇ ਕਾਇਆ ਕੌੜਾ ਰੀਠਾ, ਅੰਮ੍ਰਿਤ ਵਿਚ ਦਏ ਭਰਾਈਆ । ਤੇਰਾ ਭਾਣਾ ਲੱਗੇ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਸਚ ਤੇਰੀ ਸਰਨਾਈਆ । ਭਗਤ ਦਵਾਰ ਕਹੇ ਜਨ ਭਗਤ ਤੇਰੇ ਦਵਾਰ ਪੁੱਜੇ, ਦਰ ਠਾਂਡੇ ਖ਼ੁਸ਼ੀ ਮਨਾਈਆ । ਤੇਰੀ ਬੁਝਾਰਤ ਬਿਨ ਤੇਰੀ ਕਿਰਪਾ ਕੋਇ ਨਾ ਬੁੱਝੇ, ਸਮਝ ਵਿਚ ਨਾ ਕੋਇ ਸਮਝਾਈਆ । ਹਰਿਜਨ ਤੇਰੇ ਪਿਆਰ ਵਿਚ ਰੁਝੇ, ਰੁਚੀ ਜਗਤ ਨਾ ਕੋਇ ਰਖਾਈਆ । ਸਭ ਦਾ ਬਖ਼ਸ਼ ਦੇ ਥਣੀਂ ਸੀਰ ਦੁੱਧੇ, ਸ਼ੀਰਖਾਰ ਬੱਚੇ ਆਪਣੀ ਗੋਦ ਟਿਕਾਈਆ । ਨਾਲ ਲੇਖਾ ਪੂਰਾ ਕਰ ਦੇ ਬੁੱਢੇ, ਬੁਢਾਪੇ ਵੱਜਦੀ ਰਹੇ ਵਧਾਈਆ । ਸਭ ਦੀ ਮਨਸਾ ਪੂਰੀ ਕਰਦੇ ਚੌਥੇ ਜੁਗੇ, ਕਲਜੁਗ ਆਪਣਾ ਰਾਹ ਤਕਾਈਆ । ਮੈਂ ਰੋਵਾਂ ਸਾਹ ਉਭੇ, ਹੌਕਿਆਂ ਵਿਚ ਕੁਰਲਾਈਆ । ਅਸੀਂ ਜਗਤ ਵਾਸਨਾ ਵਿਚ ਖੁੱਭੇ, ਬਾਹਰ ਫੜ ਨਾ ਕੋਇ ਕਢਾਈਆ । ਅੰਮ੍ਰਿਤ ਧਾਰ ਨੁਹਾ ਦੇ ਚੁੱਭੇ, ਸਰ ਸਰੋਵਰ ਇਕ ਵਖਾਈਆ । ਜਿਥੇ ਸਭ ਦੇ ਲੇਖੇ ਪੁੱਜੇ, ਅਵਰ ਲੇਖ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਭਗਤ ਦਵਾਰ ਕਹੇ ਤੇਰਾ ਖੇਲ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਤੇਰੀ ਸਰਨਾਈਆ । ਜਨ ਭਗਤਾਂ ਕਰ ਆਤਮ ਠਾਂਡੀ ਸੀਤ, ਜਨਮ ਕਰਮ ਦੀ ਅਗਨ ਨਾ ਲਾਗੇ ਰਾਈਆ । ਭਗਤ ਭਗਵਾਨ ਚਲਾ ਰੀਤ, ਰੀਤੀਵਾਨ ਹੋ ਸਹਾਈਆ । ਤੇਰੀ ਗੋਦੀ ਸੁੱਤਾ ਸਿੰਘ ਮਨਜੀਤ, ਮਨਸਾ ਜਗਤ ਵਾਲੀ ਮਿਟਾਈਆ । ਜਨ ਭਗਤ ਸੁਹੇਲੇ ਗਾਉਂਦੇ ਗੀਤ, ਸਚਖੰਡ ਖ਼ੁਸ਼ੀ ਬਣਾਈਆ । ਗੁਰ ਅਵਤਾਰ ਪੈਗ਼ੰਬਰ ਹੱਥ ਛੁਹਾਉਣ ਉਪਰ ਸੀਸ, ਸੋਹਣਾ ਰੰਗ ਰੰਗਾਈਆ । ਕਿਰਪਾ ਕਰੀ ਆਪ ਜਗਦੀਸ਼, ਜਗਦੀਸ਼ਰ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਮਨਜੀਤ ਕਹੇ ਮੈਂ ਮਾਤਾ ਦੀ ਉਂਗਲੀ ਲੱਗਾ, ਬਿਸ਼ਨ ਕੌਰ ਗੰਢ ਪਵਾਈਆ । ਮੈਨੂੰ ਸੋਹਣੀ ਲੱਭੀ ਜਗਹ, ਅਸਥਾਨ ਭੂਮਿਕਾ ਧੁਰ ਦੀ ਨਜ਼ਰੀ ਆਈਆ ।

ਜਿਥੇ ਸਤਿ ਸਰੂਪ ਇਕੋ ਬੱਗਾ, ਦੂਜੀ ਧਾਰ ਨਾ ਕੋਇ ਪ੍ਰਗਟਾਈਆ । ਮੇਰੇ ਜਨਮ ਦਾ ਸੌਰ ਗਿਆ ਅੱਗਾ, ਪਿਛਲਾ ਦੁੱਖ ਰਹੇ ਨਾ ਰਾਈਆ । ਮੈਂ ਜੋਤ ਦੀ ਧਾਰ ਵਿਚ ਫਿਰਾਂ ਭੱਜਾ, ਨੱਠਾਂ ਵਾਹੋ ਦਾਹੀਆ । ਜਿਥੇ ਦਿਸੇ ਨਹੀਂ ਕੋਈ ਲੋਕ ਲੱਜਾ, ਲੱਜਿਆ ਵਿਚ ਕੋਇ ਨਾ ਆਈਆ । ਇਕੋ ਪ੍ਰਭੂ ਦੇ ਚਰਨ ਪਿਆਰ ਦਾ ਮਜ਼ਾ, ਰਸ ਅਵਰ ਨਾ ਕੋਇ ਚਖਾਈਆ । ਸਾਰੇ ਬੈਠੇ ਵਿਚ ਰਜ਼ਾ, ਅਵਤਾਰ ਪੈਗ਼ੰਬਰ ਗੁਰੂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਦਇਆ ਕਮਾਈਆ । ਬਿਸ਼ਨ ਕੌਰ ਕਹੇ ਮੇਰਾ ਜਗਤ ਜਹਾਨ ਲਥਾ ਰੋਗਿਆ, ਮਿਟਿਆ ਮੋਹ ਸੰਸਾਰ । ਪ੍ਰਭ ਪਾਇਆ ਧੁਰ ਸੰਜੋਗਿਆ, ਕਰਤਾ ਪੁਰਖ ਏਕੰਕਾਰ । ਜਿਸ ਦਵਾਰੇ ਇਕੋ ਮੌਜਿਆ, ਮਜਲਸ ਭਗਤਾਂ ਦੀ ਅਪਾਰ । ਸਚ ਦਵਾਰੇ ਆਈ ਸੋਝਿਆ, ਬੁੱਧੀ ਰਹੀ ਨਾ ਜਗਤ ਗਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਸੱਚੀ ਸਰਕਾਰ । ਮਨਜੀਤ ਕਹੇ ਜਗਦੀਸ਼ ਵੇਖ ਲੈ ਦਾਦੀ, ਦਾਦੂ ਦੇ ਦਿਉਹਰੇ ਵਾਲਾ ਗੋਬਿੰਦ ਰਿਹਾ ਵਖਾਈਆ । ਜਿਸ ਦੀ ਇਕੋ ਘਰ ਵਿਚ ਸਮਾਧੀ, ਨੇਤਰ ਅੱਖ ਨਾ ਕੋਇ ਖੁਲਾਈਆ । ਗ੍ਰਿਹ ਘਰਾਣਾ ਮਿਲ ਗਿਆ ਆਦੀ, ਆਦਿ ਪੁਰਖ ਦਿਤੀ ਵਡਿਆਈਆ । ਸਹਿੰਸਾ ਰਿਹਾ ਨਾ ਕੋਇ ਸਮਾਜੀ, ਨਾਤਾ ਕੂੜ ਤੁੜਾਈਆ । ਆਤਮ ਨੂਰ ਦਿਸੇ ਰਾਜੀ, ਨੂਰ ਨੁਰਾਨਾ ਸੋਭਾ ਪਾਈਆ । ਸੁਣ ਹੁਕਮ ਹੋਰ ਆਵਾਜ਼ੀ, ਸਤਿਗੁਰ ਸ਼ਬਦ ਕੀ ਸ਼ਨਵਾਈਆ । ਜਨ ਭਗਤੋ ਭਗਤ ਹੋਏ ਵਡਭਾਗੀ, ਭਾਗਾਂ ਨਾਲ ਮਿਲੀ ਵਡਿਆਈਆ । ਵੀਹ ਸੌ ਅੱਠ ਸੰਮਤ ਸ਼ਹਿਨਸ਼ਾਹੀ ਅੱਠ ਦੂਆ ਜ਼ੀਰੋ ਜ਼ੀਰੋ ਜ਼ੀਰੋ ਕਰ ਇਕੱਠ, ਸ਼ਬਦ ਸੁਣਿਆ ਅਨੁਰਾਗੀ, ਰਾਗਾਂ ਤੋਂ ਬਾਹਰ ਜਣਾਈਆ । ਭਗਵਨ ਦੀ ਧਾਰ ਭਗਤਾਂ ਵਾਲੀ ਮਾਘੀ, ਮਜਨ ਧੂੜ ਇਸ਼ਨਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਈਆ । ਸਚਖੰਡ ਕਹੇ ਮੇਰੇ ਗ਼ਰੀਬ ਨਿਵਾਜ, ਕੀ ਤੇਰੀ ਬੇਪ੍ਰਵਾਹੀਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਅਗੰਮੜਾ ਰਾਜ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਕਿਉਂ ਕਲਜੁਗ ਵਿਚ ਸਤਿਜੁਗ ਅਨੋਖਾ ਚਲਾਇਆ ਰਿਵਾਜ, ਹੁਕਮ ਹੁਕਮ ਵਿਚੋਂ ਬਦਲਾਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਮਾਰਾਂ ਆਵਾਜ਼, ਭਗਤਾਂ ਨਾਲ ਉਠਾਈਆ । ਬਿਨਾ ਅੱਖਾਂ ਤੋਂ ਖੋਲੋ ਜਾਗ, ਨੇਤਰ ਨੈਣ ਨਾ ਕੋਇ ਉਠਾਈਆ । ਵੇਖੋ ਖੇਲ ਪ੍ਰਭੂ ਦਾ ਆਜ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਭਾਗ ਲਗਾਇਆ ਨੌ ਮਾਘ, ਵਾਹਵਾ ਦਿਤੀ ਮਾਣ ਵਡਿਆਈਆ । ਜਿਸ ਵੱਖਰਾ ਚਲਾਇਆ ਰਸਮੋ ਰਿਵਾਜ, ਰਹਿਬਰ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਜਨ ਭਗਤੋ ਸੁਣ ਲਓ ਅਗੰਮੀ ਸੋ, ਸੋ ਸਤਿਗੁਰ ਆਪ ਜਣਾਈਆ । ਨੌ ਮਾਘ ਨੂੰ ਮੇਰੇ ਗ੍ਰਿਹ ਇਕੱਠੇ ਆਏ ਭਗਤ ਦੋ, ਅੱਜ ਤਕ ਦੋਹਾਂ ਮੇਲ ਨਾ ਕਦੇ ਮਿਲਾਈਆ । ਮੇਰੀ ਖ਼ੁਸ਼ੀਆਂ ਵਿਚ ਖ਼ੁਸ਼ੀ ਵਾਲੀ ਹੋਈ ਲੋ, ਨੂਰ ਨੂਰ ਵਿਚੋਂ ਚਮਕਾਈਆ । ਇਸ ਭੇਵ ਨੂੰ ਜਾਣੇ ਨਾ ਕੋਅ, ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰੂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸਚਖੰਡ ਕਹੇ ਭਗਤ ਨਿਰਗੁਣ ਧਾਰ ਦੋ ਪੁੱਜੇ, ਆਪਣਾ ਪੰਧ ਮੁਕਾਈਆ । ਜਿਨ੍ਹਾਂ ਦੇ ਭਾਗ ਹੋਏ ਉਦੈ, ਉਗਣ ਆਥਣ ਮਿਲੇ ਵਡਿਆਈਆ । ਆਸਾ ਪੂਰੀ ਹੋਈ ਬਸੁਧੇ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਜਿਥੇ ਭੇਵ ਖੁਲਾਏ

ਗੁੱਝੇ, ਪਰਦਾ ਓਹਲਾ ਰਿਹਾ ਨਾ ਰਾਈਆ । ਮੈਨੂੰ ਇਕੋ ਦਵਾਰਾ ਸੁਝੇ, ਜੋ ਮੇਰੇ ਮੇਰਾ ਦਿਤਾ ਬਣਾਈਆ । ਜਿਥੇ ਸੰਤ ਸੁਹੇਲੇ ਗੁਰਮੁਖ ਪੁੱਜੇ, ਪੂਰਬ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਚਖੰਡ ਕਹੇ ਮੈਨੂੰ ਬਿਸ਼ਨ ਕੌਰ ਕੀਤਾ ਇਸ਼ਾਰਾ, ਬਿਨ ਸੈਨਤ ਦਿਤਾ ਸਮਝਾਈਆ । ਓਹ ਵੇਖ ਕਲ ਕਲਕੀ ਅਵਤਾਰਾ, ਨਿਹਕਲੰਕ ਨੂਰ ਅਲਾਹੀਆ । ਅਮਾਮ ਅਮਾਮਾ ਪਰਵਰਦਿਗਾਰਾ, ਸਾਂਝਾ ਯਾਰ ਅਗੰਮ ਅਥਾਹੀਆ । ਜਿਸ ਦਾ ਸ਼ਬਦੀ ਸ਼ਬਦ ਜੈਕਾਰਾ, ਢੋਲਾ ਇਕ ਦ੍ਰਿੜਾਈਆ । ਜਿਸ ਦਾ ਗੁਰਮੁਖ ਭਗਤ ਦੁਲਾਰਾ, ਦੂਲ੍ਹਾ ਦੋ ਜਹਾਨ ਨਜ਼ਰੀ ਆਈਆ । ਓਹ ਮੇਰੀ ਪਾਵੇ ਸਾਰਾ, ਮਿਹਰਵਾਨ ਵੇਖ ਵਖਾਈਆ । ਨਾਤਾ ਕੂੜ ਜਗਤ ਸੰਸਾਰਾ, ਦਰਗਾਹ ਸਚ ਦਿਤੀ ਵਡਿਆਈਆ । ਖ਼ੁਸ਼ੀਆਂ ਵਿਚ ਕਿਹਾ ਤੂੰ ਚਲ ਕੇ ਵੇਖ ਆਪਣਾ ਘਰ ਬਾਰਾ, ਦਰ ਸੁਹੰਜਣਾ ਸੋਭਾ ਪਾਈਆ । ਜਿਥੇ ਆਉਣਾ ਭਗਤਾਂ ਦਾ ਪਰਿਵਾਰਾ, ਹਰਿਜਨ ਸਾਚੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਇਹ ਕਿਰਪਾ ਕੀਤੀ ਕਰਤਾਰ, ਹਰਿ ਕਰਤੇ ਦਇਆ ਕਮਾਈਆ । ਮੇਰਾ ਖੋਲ੍ਹਿਆ ਖੁਲ੍ਹਣ ਵਾਲਾ ਕਿਵਾੜ, ਬੰਦ ਦਰਵਾਜ਼ਾ ਬੰਦ ਰਹਿਣ ਨਾ ਪਾਈਆ । ਮੈਂ ਭਗਤ ਸੁਹੇਲੇ ਖ਼ੁਸ਼ੀਆਂ ਨਾਲ ਅੰਦਰ ਲਵਾਂ ਵਾੜ, ਗ੍ਰਿਹਿ ਆਪਣੇ ਖ਼ੁਸ਼ੀ ਬਣਾਈਆ । ਰੰਗ ਅਗੰਮਾ ਦੇਵਾਂ ਚਾੜ੍ਹ, ਨੂਰ ਨੂਰ ਨਾਲ ਚਮਕਾਈਆ । ਸੰਤ ਸੁਹੇਲੇ ਗੁਰਮੁਖ ਹਰਿਜਨ ਭਗਤ ਦੁਲਾਰੇ ਤੱਕਾਂ ਲਾੜ, ਜਿਨ੍ਹਾਂ ਲਾੜੀ ਮੌਤ ਨਾ ਕਦੇ ਪ੍ਰਨਾਈਆ । ਅਗਨੀ ਤਤ ਅਗਨੀ ਵਿਚ ਸਾੜ, ਆਤਮ ਪਰਮਾਤਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਬੇਪਰਵਾਹੀਆ । ਸਚਖੰਡ ਕਹੇ ਜਨ ਭਗਤ ਮੇਰੇ ਦਰ ਆਉਣਗੇ । ਘਰ ਮੇਰਾ ਇਕ ਸੁਹਾਉਣਗੇ । ਇਕੋ ਗੀਤ ਪ੍ਰਭੂ ਦਾ ਗਾਉਣਗੇ । ਅਚਰਜ ਰੀਤ ਮਾਤ ਚਲਾਉਣਗੇ । ਮੰਦਰ ਮਸੀਤ ਡੇਰਾ ਢਾਹੁਣਗੇ । ਇਕੋ ਇਸ਼ਟ ਦੇਵ ਮਨਾਉਣਗੇ । ਸਾਚੀ ਸੇਵ ਦਰ ਘਰ ਸਚ ਕਮਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਰਖਾਉਣਗੇ । ਸਚਖੰਡ ਕਹੇ ਮੈਂ ਰਖਾਂ ਉਡੀਕਾ, ਆਪਣੀ ਆਸ ਬਣਾਈਆ । ਗੁਰ ਅਵਤਾਰ ਪੈਗ਼ੰਬਰਾਂ ਮੈਨੂੰ ਦੱਸੀ ਤਾਰੀਖਾ, ਭਵਿਖਤਾਂ ਵਿਚ ਜਣਾਈਆ । ਸਤਿਗੁਰ ਸ਼ਬਦ ਕਰੀਆਂ ਤਸਦੀਕਾਂ, ਸ਼ਹਾਦਤ ਕਲਮਾ ਨਾਮ ਭੁਗਤਾਈਆ । ਮੇਰੀ ਆਸ਼ਾ ਮਨਸਾ ਪੂਰੀਆਂ ਹੋਣ ਉਮੀਦਾ, ਖ਼ਾਹਿਸ਼ਾਂ ਨਾਲ ਮਿਲਾਈਆ । ਭਗਤ ਭਗਵਾਨ ਦਾ ਮਾਰਗ ਹੋਵੇ ਸੀਧਾ, ਅਗੇ ਹੋ ਨਾ ਕੋਇ ਅਟਕਾਈਆ । ਇਕੋ ਨੇਤਰ ਅੱਖ ਹੋਵੇ ਦੀਦਾ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚਖੰਡ ਕਹੇ ਮੇਰਾ ਦਵਾਰਾ ਖੋਲ੍ਹਿਆ, ਪ੍ਰਭ ਪਰਦਾ ਆਪ ਉਠਾਈਆ । ਇਕੋ ਆਪਣਾ ਨਾਮ ਜੈਕਾਰਾ ਬੋਲਿਆ, ਦੋ ਜਹਾਨਾਂ ਦਿਤਾ ਸੁਣਾਈਆ । ਜਨ ਭਗਤਾਂ ਆਪਣੇ ਕੰਡੇ ਤੋਲਿਆ, ਤਰਾਜੂ ਨਾਮ ਵਾਲਾ ਵਖਾਈਆ । ਭਾਗ ਲਗਾ ਕੇ ਕਾਇਆ ਚੋਲਿਆ, ਚੋਲੀ ਰੰਗ ਦਿਤਾ ਬਦਲਾਈਆ । ਜਨ ਭਗਤ ਸੁਹੇਲੇ ਸੱਦ ਕੇ ਆਪਣੇ ਕੋਲਿਆ, ਕੌਲ ਇਕਰਾਰ ਆਪਣੇ ਪੂਰ ਰਿਹਾ ਕਰਾਈਆ । ਜਿਸ ਤੂੰ ਮੇਰਾ ਮੈਂ ਤੇਰਾ ਗਾਇਆ ਢੋਲਿਆ, ਤਿਨ੍ਹਾਂ ਢੋਲ ਮਾਹੀ ਆਪਣੀ ਗੋਦ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਮਿਹਰਵਾਨ ਬੇਪਰਵਾਹੀਆ । ਸਚਖੰਡ ਕਹੇ ਮੇਰੀ ਨਿਗਾਹ ਭਗਤ ਦਵਾਰੇ ਪੁੱਜੀ, ਬਿਨ ਨੈਣਾਂ ਨੈਣ ਉਠਾਈਆ । ਜਿਥੇ ਧਾਰ ਨਹੀਂ ਕੋਈ ਦੂਜੀ, ਦੁਤੀਆ ਭਾਉ ਨਾ ਕੋਇ ਬਣਾਈਆ । ਉਥੇ ਭਗਤ ਭਗਵਾਨ ਦੀ ਧਾਰ ਵੇਖੀ ਉਚੀ, ਉਚ ਅਗੰਮ ਅਥਾਹ ਦਿਤੀ ਵਡਿਆਈਆ । ਆਤਮ ਪਰਮਾਤਮ ਲੱਗੀ ਰੁਚੀ, ਰਚਨਾ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਕਰਤੇ ਦੀ ਸੇਵਕ ਸੇਵਾਦਾਰ, ਜੁਗ ਜੁਗ ਸੇਵ ਕਮਾਈਆ । ਮੈਂ ਖੇਲਾਂ ਖੇਲਦੀ ਰਹੀ ਸਦਾ ਜੁਗ ਚਾਰ, ਚੌਕੜੀ ਭੱਜੀ ਵਾਹੋ ਦਾਹੀਆ । ਮੈਂ ਹੁਕਮ ਸੰਦੇਸ਼ੇ ਦੇਂਦੀ ਰਹੀ ਪੈਗ਼ੰਬਰ ਗੁਰ ਅਵਤਾਰ, ਜੋ ਅਵਤਰੀ ਰਿਹਾ ਦ੍ਰਿੜਾਈਆ । ਕੀ ਲੇਖਾ ਲਹਿਣਾ ਹੋਣਾ ਅੰਤਮ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਕੂਕਣ ਥਾਉਂ ਥਾਈਆ । ਕਿਸ ਬਿਧ ਕਲ ਕਲਕੀ ਲਏ ਅਵਤਾਰ, ਨਿਹਕਲੰਕਾ ਆਪਣੀ ਕਲ ਪਰਗਟਾਈਆ । ਜਨ ਭਗਤਾਂ ਦਏ ਉਧਾਰ, ਭਗਤ ਭਗਵਾਨ ਆਪਣਾ ਖੇਲ ਵਖਾਈਆ । ਕਿਰਪਾ ਕਰ ਕੇ ਸਾਚੀ ਮੰਜ਼ਲ ਦੇਵੇ ਚਾੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਸਚਖੰਡ ਦੇਵੇ ਵਾੜ, ਪਿਛਲਾ ਪੰਧ ਮੁਕਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤਾਂ ਡੇਰਾ ਢਾਹੀਆ । ਜਨ ਭਗਤਾਂ ਪੈਜ ਜਾਏ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਨ੍ਹਾਂ ਦਾ ਭਗਤ ਦਵਾਰੇ ਵਿਚ ਹੋਇਆ ਸਸਕਾਰ, ਉਨ੍ਹਾਂ ਦੀ ਨਿਮਸਕਾਰ ਆਪਣੇ ਲੇਖੇ ਪਾਈਆ । ਜੋ ਭਗਤ ਸੁਹੇਲੇ ਕਰ ਕੇ ਆਏ ਪਿਆਰ, ਦੂਰ ਨੇੜੇ ਪੰਧ ਮੁਕਾਈਆ । ਉਨ੍ਹਾਂ ਨੂੰ ਵੀ ਲੈ ਕੇ ਜਾਵੇ ਅੰਤ ਉਸ ਦਵਾਰ, ਜਿਸ ਦਵਾਰੇ ਵਿਚ ਬੈਠਾ ਧੁਰ ਦਾ ਮਾਹੀਆ । ਵੱਡਿਆਂ ਛੋਟਿਆਂ ਇਕੋ ਜਿਹਾ ਬਖ਼ਸ਼ਿਆ ਘਰ ਬਾਹਰ, ਵੱਖਰੀ ਵੰਡ ਨਾ ਕੋਇ ਵੰਡਾਈਆ । ਅਗੇ ਗਿਆਂ ਨੂੰ ਬਿਸ਼ਨ ਕੌਰ ਸਭ ਨੂੰ ਦਿਆ ਕਰੇਗੀ ਪਿਆਰ, ਦੋਵੇਂ ਹੱਥ ਬਿਨ ਸੀਸ ਹੱਥ ਟਿਕਾਈਆ । ਮਨਜੀਤ ਦਾ ਲੇਖਾ ਮਨਜੀਤ ਨਾਲ, ਮਨ ਜਿੱਤ ਮਨ ਮਨਸਾ ਦੂਰ ਕਰਾਈਆ । ਜਨ ਭਗਤੋ ਤੁਹਾਡੀ ਭਗਤ ਦਵਾਰ ਦਾ ਮਾਲਕ ਕਰੇਗਾ ਸੰਭਾਲ, ਸੰਬਲ ਬਹਿ ਕੇ ਆਪਣਾ ਹੁਕਮ ਵਰਤਾਈਆ । ਭਗਤਾਂ ਦਾ ਅੰਗੀਠਾ ਭਗਤੀ ਵਿਚ ਦਿਤਾ ਬਾਲ, ਭਗਤ ਭਗਤਾਂ ਵਿਚ ਖ਼ੁਸ਼ੀ ਬਣਾਈਆ । ਇਹ ਸਾਰਾ ਖੇਲ ਵੇਖ ਰਿਹਾ ਸਿੰਘ ਪਾਲ, ਪਾਲ ਸਿੰਘ ਆਪਣੀ ਅੱਖ ਉਠਾਈਆ । ਤੁਸੀਂ ਉਸ ਪ੍ਰਭੂ ਦੇ ਲਾਲ, ਜੋ ਆਪਣਿਆਂ ਲਾਲਾਂ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਿੱਖਾਂ ਮੁਰੀਦਾਂ ਹਾਲ, ਮੁਰਸ਼ਦਾਂ ਦਾ ਮੁਰਸ਼ਦ ਆਪਣੀ ਦਇਆ ਕਮਾਈਆ ।



### ੧੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਸਵੇਰੇ ਮਾਂ ਜੀ ਬਿਸ਼ਨ ਕੌਰ ਤੇ ਮਨਜੀਤ ਸਿੰਘ ਮਹੂ ਵਾਲੇ ਦੀ ਅੰਤਮ ਸਸਕਾਰ ਤੋਂ ਬਾਦ ਰਾਖ ਇਕੱਠੀ ਕਰਨ ਸਮੇਂ

ਸਤਿਗੁਰ ਸ਼ਬਦ ਕਹੇ ਮੇਰੀ ਅਗੰਮੀ ਧਾਰ, ਧਰਨੀ ਵਾਲਿਆਂ ਧਰਮ ਨਾਲ ਜਣਾਈਆ । ਸਚਖੰਡ ਸਚ ਸਚ ਦੀ ਮੌਲੀ ਬਹਾਰ, ਹਰਿ ਭਗਤ ਫੁੱਲ ਫੁਲਵਾੜੀ ਪ੍ਰਭੂ ਮਹਿਕਾਈਆ । ਜਿਥੇ ਇਕੋ ਨਿਰਮਲ ਜੋਤ ਜੋਤ ਉਜਿਆਰ, ਅੰਧ ਅੰਧੇਰ ਨਜ਼ਰ ਕੋਇ ਨਾ ਆਈਆ । ਅਗੰਮ ਅਗੰਮੜਾ ਖੇਲ ਅਪਾਰ, ਅਪਰੰਪਰ ਸਵਾਮੀ ਆਪ ਕਰਾਈਆ । ਸਤਿ ਦਾ ਸੱਚਾ ਲੱਗਾ ਦਰਬਾਰ, ਦਰ ਦਰਵਾਜ਼ਾ ਇਕ ਵਖਾਈਆ । ਜਿਥੇ ਭਗਤ ਸੁਹੇਲੇ

ਸੁਹੰਦੇ ਵੇਰਵਾ ਨਹੀਂ ਪੁਰਖ ਤੇ ਨਾਰ, ਨਿਰਗੁਣ ਆਤਮ ਸੋਭਾ ਪਾਈਆ । ਓਥੇ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਨੂਰ ਅਲਾਹੀਆ । ਹਰਿਜਨ ਬਣਾ ਕੇ ਆਪਣੇ ਬਰਖ਼ੁਰਦਾਰ, ਪ੍ਰੇਮ ਪ੍ਰੀਤੀ ਵਿਚ ਤਕਾਈਆ । ਜਨਮ ਜਨਮ ਵਿਚੋਂ ਸੁਧਾਰ, ਜਨਮ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਸਚਖੰਡ ਦਾ ਵਾਸੀ, ਵਾਸਾ ਇਕੋ ਨਾਲ ਰਖਾਈਆ । ਜਿਥੇ ਨਿਰਗੁਣ ਧਾਰ ਨਿਰਵੈਰ ਦੀ ਰਾਸੀ, ਬਿਨਾ ਮੰਡਲ ਮੰਡਪ ਸੋਭਾ ਪਾਈਆ । ਭਗਤ ਸੁਹੇਲੇ ਜਿਸ ਗ੍ਰਹਿ ਦੇ ਵਾਸੀ, ਨਿਰਗੁਣ ਧਾਰ ਇਕੋ ਗ੍ਰਹਿ ਵਸਾਈਆ । ਓਥੇ ਝੁਕੇ ਸ਼ੰਕਰ ਕੈਲਾਸ਼ੀ, ਬ੍ਰਹਮਾ ਵਿਸ਼ਨ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਦਾਸਨ ਦਾਸੀ, ਸਿਰ ਸਕੇ ਨਾ ਕੋਇ ਉਠਾਈਆ । ਹਰਿਜਨ ਸੁਹੇਲੇ ਕਰਦੇ ਹਾਸੀ, ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਬਿਨਾ ਬੁੱਧੀ ਤੋਂ ਖ਼ਿਆਲ, ਅਨਡਿਠੜਾ ਦਿਆਂ ਸੁਣਾਈਆ । ਮੈਨੂੰ ਇਸ਼ਾਰਾ ਕੀਤਾ ਸਿੰਘ ਪਾਲ, ਬਿਨਾ ਪਲਕਾਂ ਤੋਂ ਦਿਤਾ ਸਮਝਾਈਆ । ਤੂੰ ਸਤਿਗੁਰ ਸ਼ਬਦ ਦੀਨ ਦਿਆਲ, ਦਇਆਨਿਧ ਅਖਵਾਈਆ । ਉਠ ਆਪਣਾ ਵਕਤ ਸੰਭਾਲ, ਸੰਬਲ ਖੇਲ ਤੱਕ ਬੇਪਰਵਾਹੀਆ । ਗੁਰਬਖ਼ਸ਼ ਸਿੰਘ ਨੂੰ ਲੈਣਾ ਨਾਲ, ਮਾਘ ਬਾਰਾਂ ਰੁੱਤ ਸੁਹਾਈਆ । ਭਗਤ ਦਵਾਰੇ ਪੁੱਜਣਾ ਜਿਥੇ ਬੈਠਾ ਗੋਬਿੰਦ ਧੁਰ ਦਾ ਲਾਲ, ਲਾਲ ਅਨਮੁੱਲੜਾ ਅਗੰਮ ਅਥਾਹੀਆ । ਜਿਥੇ ਪੋਹ ਨਾ ਸਕੇ ਕਾਲ, ਮਹਾਕਾਲ ਸੀਸ ਨਿਵਾਈਆ । ਰਾਏ ਧਰਮ ਝੱਲੇ ਨਾ ਝਾਲ, ਚਿਤ੍ਰਗੁਪਤ ਨਿਵ ਨਿਵ ਲਾਗੇ ਪਾਈਆ । ਜਿਸ ਦਾ ਲਹਿਣਾ ਦੇਣਾ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਜਿਥੇ ਬਿਸ਼ਨ ਕੌਰ ਘਾਲਣਾ ਆਈ ਘਾਲ, ਸੇਵਾ ਸਤਿ ਸਚ ਧਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਸੁਣਿਆ ਹੁਕਮ ਅਪਾਰਾ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਗੁਰਬਖ਼ਸ਼ ਸਿੰਘ ਕੀਤਾ ਇਸ਼ਾਰਾ, ਬਿਨ ਹੱਥਾਂ ਹੱਥ ਹਿਲਾਈਆ । ਉਠੇ ਬਿਸ਼ਨ ਕੌਰ ਦਾ ਨਿੱਕਾ ਦੁਲਾਰਾ, ਜੋਤੀ ਧਾਰ ਲੈ ਅੰਗੜਾਈਆ । ਕੀ ਹੁਕਮ ਸਚ ਸਰਕਾਰਾ, ਸਚ ਸੰਦੇਸ਼ਾ ਕੀ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਕਿਹਾ ਚਲ ਚਲੀਏ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਖੇਲ ਤੱਕੀਏ ਹਰਿ ਭਗਤ ਦਵਾਰਾ, ਜਿਥੇ ਦੋਹਰੀ ਧਾਰ ਵੱਜਦੀ ਰਹੇ ਵਧਾਈਆ । ਨਾਲੇ ਪਾਲ ਸਿੰਘ ਦਾ ਤੱਕੀਏ ਪਰਿਵਾਰਾ, ਵੱਡੇ ਛੋਟੇ ਮੇਲ ਮਿਲਾਈਆ । ਜਿਨ੍ਹਾਂ ਬਿਸ਼ਨ ਕੌਰ ਦਾ ਕੀਤਾ ਦੀਦਾਰਾ, ਦਿਵਸ ਰੈਣ ਦਰਸ਼ਨ ਪਾਈਆ । ਜਿਸ ਦਾ ਨੂਰ ਨੂਰ ਉਜਿਆਰਾ, ਨੂਰ ਨੁਰਾਨਾ ਪੂਰਨ ਮਾਹੀਆ । ਜਿਸ ਦਾ ਲੇਖਾ ਕਾਗਦ ਕਲਮ ਤੋਂ ਬਾਹਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੁਰਬਖ਼ਸ਼ ਸਿੰਘ ਕਹੇ ਸੁਣ ਸ਼ਬਦੀ ਸ਼ਬਦ ਮੀਤਾ, ਸਿਰ ਸਰ ਤੇਰੀ ਵਡਿਆਈਆ । ਖ਼ੁਸ਼ੀਆਂ ਵਾਲੀ ਪ੍ਰਭੂ ਦੀ ਰੀਤਾ, ਰੀਤੀਵਾਨ ਦਿਤੀ ਬਣਾਈਆ । ਜਿਸ ਪਿਛਲੀਆਂ ਮੇਟਣੀਆਂ ਲੀਕਾਂ, ਲਾਈਨ ਅਗਲੀ ਇਕ ਵਖਾਈਆ । ਜਿਸ ਦੇ ਵਿਚ ਹਕ ਤੌਫ਼ੀਕਾ, ਤਾਕਤਵਰ ਅਗੰਮ ਅਥਾਹੀਆ । ਓਹ ਸਭ ਦੀਆਂ ਪੂਰੀਆਂ ਕਰੇ ਉਮੀਦਾਂ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਲੇਖੇ ਲਾਏ ਅਵਤਾਰ ਪੈਗ਼ੰਬਰ ਗੁਰੂਆਂ ਦੀਆਂ ਵਸੀਅਤਾਂ, ਪੂਰਬ ਲਹਿਣੇ ਲਹਿਣੇਦਾਰ

ਚੁਕਾਈਆ । ਨਾਲੇ ਭਗਤਾਂ ਦਏ ਨਸੀਹਤਾਂ, ਸਤਿ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਖੇਲ ਬੇਅੰਤ, ਬੇਅੰਤ ਦਿਤੀ ਵਡਿਆਈਆ । ਭੇਵ ਖੁਲਾਇਆ ਕੰਤੂਹਲ ਕੰਤ, ਕਿਰਪਾ ਕਰ ਆਪ ਰਘੁਰਾਈਆ । ਓਹ ਤੱਕ ਖ਼ੁਸ਼ੀ ਹੁੰਦੀ ਕੌਰ ਬਸੰਤ, ਮਿਲ ਕੇ ਆਪਣੀ ਭੈਣ ਸਹਿਜ ਸੁਖਦਾਈਆ । ਜਿਸ ਦਾ ਵਿਛੋੜਾ ਹੋਇਆ ਵਿਚੋਂ ਜੀਵ ਜੰਤ, ਸਾਧ ਸੰਤ ਮਿਲ ਕੇ ਵੱਜੇ ਵਧਾਈਆ । ਘਰ ਸਵਾਮੀ ਪਾਇਆ ਭਗਵੰਤ, ਗ੍ਰਿਹਿ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਖ਼ੁਸ਼ੀਆਂ ਵਾਲਾ ਦਿਵਸ ਮਾਘ ਬਾਰਾਂ, ਬਾਰਾਂ ਮਾਸੀ ਬਾਰਾਂ ਰਾਸੀ ਸੀਸ ਨਿਵਾਈਆ । ਜਨ ਭਗਤਾਂ ਭਗਤੀ ਵਿਚ ਬਹਾਰਾਂ, ਕੂੜੀ ਕਿਰਿਆ ਡੇਰਾ ਢਾਹੀਆ । ਖ਼ੁਸ਼ੀਆਂ ਵਿਚ ਪੁਰਖਾਂ ਨਾਰਾਂ, ਢੋਲੇ ਧੁਰ ਦੇ ਲੈਣੇ ਗਾਈਆ । ਜਗਤ ਵਿਵਹਾਰਾਂ ਤੋਂ ਹੋ ਕੇ ਬਾਹਰਾ, ਵਿਵਹਾਰੀ ਆਪਣੀ ਕਾਰ ਸਮਝਾਈਆ । ਜਿਸ ਦਾ ਲੇਖਾ ਨਾਲ ਨਹੀਂ ਕੋਈ ਸਤਾਰਵੀਂ ਸਤਾਰਾ, ਦਸਵੀਂ ਵੰਡ ਨਾ ਕੋਇ ਵੰਡਾਈਆ । ਜਗਤ ਰੀਤੀਆਂ ਨਹੀਂ ਪਿਆਰਾ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਮੈਂ ਪ੍ਰਭ ਦਾ ਭੇਵ ਖੁਲਾਉਂਦਾ ਹਾਂ । ਸਚ ਸੰਦੇਸ਼ ਵਿਚ ਮਾਝੇ ਦੇਸ ਇਕ ਅਲਾਉਂਦਾ ਹਾਂ । ਜਿਸ ਸਵਾਮੀ ਵੇਸ ਕੀਤੇ ਅਨੇਕ, ਤਿਸ ਦਾ ਰੰਗ ਰੰਗਾਉਂਦਾ ਹਾਂ । ਅਵਤਾਰ ਪੈਗ਼ੰਬਰਾਂ ਜਿਸ ਦੀ ਰਖੀ ਟੇਕ, ਗੁਰੂ ਓਟ ਵਿਚ ਦ੍ਰਿੜਾਉਂਦਾ ਹਾਂ । ਓਹ ਕਲਜੁਗ ਕੂੜੀ ਬਦਲੇ ਰੇਖ, ਸਤਿਜੁਗ ਸਚ ਵਖਾਉਂਦਾ ਹਾਂ । ਜਿਸ ਲੇਖਾ ਰਹੇ ਹਮੇਸ਼, ਸੋ ਭਾਂਡਾ ਭਰਮ ਭੰਨ੍ਹਾਉਂਦਾ ਹਾਂ । ਜੋ ਸੰਦੇਸ਼ਾ ਦਿਤਾ ਗੋਬਿੰਦ ਦਸ ਦਸਮੇਸ਼, ਸੋ ਕਲਮ ਸ਼ਾਹੀ ਜੋੜ ਜੁੜਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਰੰਗ ਰੰਗਾਉਂਦਾ ਹਾਂ । ਬਾਰਾਂ ਮਾਘ ਕਹੇ ਮੇਰੀ ਅਰਜ਼ ਕਰਨੀ ਮਨਜ਼ੂਰ, ਦਰ ਠਾਂਡੇ ਸੀਸ ਨਿਵਾਈਆ । ਸਭ ਦਾ ਸਾਹਿਬ ਇਕ ਹਜ਼ੂਰ, ਹਜ਼ੂਰੀਏ ਦੋ ਜਹਾਨ ਨਜ਼ਰੀ ਆਈਆ । ਜੋ ਆਸਾ ਮਨਸਾ ਪੂਰੀ ਕਰੇ ਜ਼ਰੂਰ, ਜ਼ਰੂਰਤ ਵੇਖ ਵਖਾਈਆ । ਜਿਸ ਨੂੰ ਮੂਸਾ ਯਾਦ ਕੀਤਾ ਕੋਹਤੂਰ, ਈਸਾ ਸਲੀਵ ਉਤੇ ਧਿਆਨ ਲਗਾਈਆ । ਮੁਹੰਮਦ ਮਕਬਰੇ ਵਿਚ ਹੋ ਕੇ ਮਜਬੂਰ, ਬਿਨ ਨੈਣਾਂ ਨੈਣ ਉਠਾਈਆ । ਨਾਨਕ ਸਮਝ ਕੇ ਨਾ ਨੇੜੇ ਨਾ ਦੂਰ, ਗੋਬਿੰਦ ਸ੍ਰਿਸ਼ਟੀ ਦੱਸ ਕੇ ਕੂੜ, ਕੁਟੰਬ ਗਿਆ ਤਜਾਈਆ । ਪੁਰਖ ਅਕਾਲ ਸਮਰਥ ਸਰਬ ਕਲਾ ਭਰਪੂਰ, ਦਰ ਠਾਂਡੇ ਸੀਸ ਨਿਵਾਈਆ । ਜਿਸ ਕਲਜੁਗ ਅੰਤਮ ਬੇੜਾ ਵੇਖਣਾ ਪੂਰ, ਪੁਰੀਆਂ ਲੋਆਂ ਧਿਆਨ ਲਗਾਈਆ । ਜਿਸ ਦਾ ਇਕੋ ਹੋਣਾ ਨੂਰ, ਨੂਰ ਨੁਰਾਨਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਬਾਰਾਂ ਮਾਘ ਕਹੇ ਮੇਰੀ ਧਰਮ ਧਾਰ ਸਲਾਹ, ਸਤਿ ਸਚ ਜਣਾਈਆ । ਸਤਿਗੁਰ ਸ਼ਬਦ ਗੁਰਬਖ਼ਸ਼ ਸਿੰਘ ਗਏ ਆ, ਆਹ ਭਰਨ ਕੋਇ ਨਾ ਪਾਈਆ । ਭਗਤ ਦਵਾਰ ਦਿਤਾ ਸੁਹਾ, ਸੁਹੰਜਣੀ ਰੁਤ ਨਾਲ ਵਡਿਆਈਆ । ਖ਼ੁਸ਼ੀਆਂ ਢੋਲੇ ਰਹੇ ਗਾ, ਪ੍ਰਭ ਤੇਰੀ ਬੇਪ੍ਰਵਾਹੀਆ । ਚੌਥੇ ਜੁਗ ਚੌਥੇ ਦਿਵਸ ਲੇਖਾ ਪੂਰਾ ਹੋਇਆ ਮੇਰੀ ਮਾਂ, ਪਿਤਾ ਪੂਤ ਗੋਦ ਸੁਹਾਈਆ । ਮੈਂ ਸਭ ਨੂੰ ਜਾਵਾਂ ਸਮਝਾ, ਸਹਿਜ ਨਾਲ ਸੁਣਾਈਆ । ਜਨ ਭਗਤੋ ਸਤਿ ਦੀ ਸਤਿ ਨਾਲ ਸ਼ਹਾਦਤ ਦੇਣੀ ਭੁਗਤਾ, ਸਤਿ

੪੩੧ ੨੩

ਸਚ ਨਾਲ ਮਿਲਾਈਆ । ਮਨਜੀਤ ਦਾ ਲਹਿਣਾ ਬਿਸ਼ਨ ਕੌਰ ਦੀ ਸੁਹੰਜਣੀ ਥਾਂ, ਦੋਹਾਂ ਵੱਜੀ ਵਧਾਈਆ । ਜਗਤ ਰਾਖ ਸਤਿ ਸਚ ਵਿਚ ਲੈਣੀ ਉਠਾ, ਸਵਾਹ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਰਾਖ ਕਹੇ ਮੈਂ ਕਰਾਂ ਨਿਮਸਕਾਰ, ਭਗਤ ਦਵਾਰੇ ਸੀਸ ਨਿਵਾਈਆ । ਮੈਨੂੰ ਉਠਾਉਣਾ ਨਾਲ ਪਿਆਰ, ਹਰਨਾਮ ਸਿੰਘ ਪ੍ਰੀਤਮ ਸਿੰਘ ਸੱਜੇ ਹੱਥ ਦੀ ਸੱਜੀ ਉਂਗਲੀ ਲਾਈਆ । ਅਮਰਜੀਤ ਸੁਰਜੀਤ ਦੋਵੇਂ ਭੁਜਾਂ ਉਠਾਲ, ਨਿਮਸਕਾਰ ਕਰਨ ਪ੍ਰਭ ਬੇਪ੍ਰਵਾਹੀਆ । ਗੁਰਚਰਨ ਸਿੰਘ ਜਗਜੀਤ ਸਿੰਘ ਦੋਹਾਂ ਹੱਥਾਂ ਤਾੜੀ ਮਾਰਨ ਹੋ ਖ਼ੁਸ਼ਹਾਲ, ਖ਼ੁਸ਼ੀਆਂ ਰੰਗ ਰੰਗਾਈਆ । ਭਜਨ ਸਿੰਘ ਫ਼ੌਜਾ ਸਿੰਘ ਚਾਰੋਂ ਕੁੰਟ ਫਿਰਨ ਆਪਣੀ ਚਾਲ, ਪ੍ਰੇਮ ਪ੍ਰੀਤੀ ਵਿਚ ਧਿਆਨ ਲਗਾਈਆ । ਪ੍ਰਭੂ ਵੇਖੇ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਸੰਬਲ ਬਹਿ ਕੇ ਦੀਨ ਦਿਆਲ, ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬਾਰਾਂ ਮਾਘ ਕਹੇ ਮੈਂ ਪਿਆਰ ਨਾਲ ਦੱਸਾਂ ਕੌਰ ਭਗਵਾਨ, ਜਿਸ ਨੂੰ ਭਾਨੋ ਕਹਿ ਕੇ ਸਾਰੇ ਗਾਈਆ । ਸਾਰਾ ਬੰਸ ਸਰਬੰਸ ਨਾਲ ਕਰ ਪ੍ਰਵਾਨ, ਇਕੋ ਰੰਗ ਰੰਗਾਈਆ । ਆਤਮਾ ਸਿੰਘ ਜੀਵਣ ਸਿੰਘ ਪ੍ਰੇਮ ਦਾ ਦੇਵਣ ਬਲੀਦਾਨ, ਦਾਤਾ ਦਾਨੀ ਮੰਗ ਮੰਗਾਈਆ । ਜੋ ਹਰਿ ਭਗਤ ਦਵਾਰੇ ਵਿਚ ਗੁਰਸਿਖ ਰਹਿੰਦੇ ਬਿਰਧ ਬਾਲ ਜਵਾਨ, ਸਾਰੇ ਮੁੱਠੀ ਮੁੱਠੀ ਖ਼ਾਕ ਉਠਾਈਆ । ਇਕ ਰੰਗ ਵਿਚ ਸਾਰੇ ਰੰਗ ਹੋਣ ਮਸਤਾਨ, ਮਸਤੀ ਨਾਮ ਖ਼ੁਮਾਰੀ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਆਪਣੀ ਦਇਆ ਕਮਾਈਆ । ਰਾਖ ਕਹੇ ਮੈਂ ਦੱਸਾਂ ਨਾਲ ਪਿਆਰ, ਪਿਆਰ ਨਾਲ ਜਣਾਈਆ । ਵੱਡਿਆਂ ਛੋਟਿਆਂ ਦੇਵਾਂ ਸਹਾਰ, ਸਿਰ ਸਿਰ ਹੱਥ ਟਿਕਾਈਆ । ਜਗੀਰ ਕੌਰ ਨੂੰ ਕਹਾਂ ਧੁਰ ਦਾ ਸਾਹਿਬ ਸਦਾ ਤੇਰੇ ਨਾਲ, ਵਿਛੋੜਾ ਨਜ਼ਰ ਕੋਇ ਨਾ ਆਈਆ । ਕੁਲਦੀਪ ਕੌਰ ਸੇਵਾ ਕੀਤੀ ਮਹਾਨ, ਅਭੁਲ ਭੁਲ ਕਦੇ ਨਾ ਜਾਈਆ । ਰਣਜੀਤ ਕੌਰ ਹਿਰਦੇ ਹਿਰਦੇ ਧਿਆਨ, ਦਰਸ਼ਨ ਦੀਦ ਨਾ ਕੋਇ ਵਡਿਆਈਆ । ਅਮੀਰ ਚੰਦ ਕਰਾਂ ਪ੍ਰਵਾਨ, ਸੁਲੱਖਣ ਸਿੰਘ ਸਿਰ ਹੱਥ ਟਿਕਾਈਆ । ਦਲੀਪ ਰਤਨ ਦੇਵਾਂ ਦਾਨ, ਕਸ਼ਮੀਰ ਪ੍ਰੀਤਮ ਜੋੜ ਜੁੜਾਈਆ । ਭਾਨ ਸਿੰਘ ਵੇਖਾਂ ਨਾਲ ਧਿਆਨ, ਇੰਦਰ ਸਿੰਘ ਈਸ਼ਰ ਸਿੰਘ ਰੰਗ ਰੰਗਾਈਆ । ਜਿਨ੍ਹਾਂ ਨੇ ਮਾਤਾ ਬਣਾਇਆ ਮੈਨੂੰ ਵਿਚ ਜਹਾਨ, ਮੇਲ ਮਿਲਾਇਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਹੋਏ ਸਹਾਈਆ । ਬਿਸ਼ਨ ਕੌਰ ਦੀ ਧਾਰ ਕਹੇ ਮੈਂ ਧਰਮ ਧਾਰ ਦਾ ਰੂਪ, ਤਨ ਵਜੂਦ ਨਜ਼ਰ ਨਾ ਆਈਆ । ਹਰਿ ਸੰਗਤ ਹਰ ਸਿਖ ਮੇਰਾ ਸਪੂਤ, ਜਨਣ ਵਾਲੀ ਜਿਨ੍ਹਾਂ ਦੀ ਇਕੋ ਮਾਈਆ । ਵੱਡੇ ਛੋਟੇ ਬਾਲ ਨੱਢੇ ਜਿਨ੍ਹਾਂ ਨੂੰ ਵੇਖਾਂ ਪ੍ਰਭੂ ਦੀ ਵਿਚ ਕੂਟ, ਸਚ ਦਵਾਰੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਬਾਰਾਂ ਮਾਘ ਕਹੇ ਮੈਂ ਹੱਸ ਹੱਸ ਗੀਤ ਗਾਉਂਦਾ, ਗਾ ਗਾ ਰਿਹਾ ਜਣਾਈਆ । ਪਰਮ ਪੁਰਖ ਦਾ ਦਰਸ਼ਨ ਪਾਉਂਦਾ, ਬਿਨ ਨੈਣਾਂ ਨੈਣ ਬਿਘਸਾਈਆ । ਸਚ ਦਵਾਰਾ ਇਕ ਸੁਹਾਉਂਦਾ, ਸੁਹੰਜਣੀ ਰੁਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਕੌਰ ਬਿਸ਼ਨ ਦੀ ਧਾਰੀ,

ਨਿਰਗੁਣ ਨੂਰ ਅਥਾਹੀਆ । ਮੈਂ ਸਤਿ ਦਾ ਸਚ ਦਰਬਾਰੀ, ਸਤਿਗੁਰ ਇਕ ਅਖਵਾਈਆ । ਮੇਰਾ ਰੂਪ ਨਾ ਪੁਰਖ ਨਾ ਨਾਰੀ, ਤਨ ਵਜੂਦ ਨਾ ਵੰਡ ਵੰਡਾਈਆ । ਮੈਂ ਅੰਤ ਸੰਦੇਸਾ ਦੇਵਾਂ ਆਪਣੀ ਵਾਰੀ, ਵਾਰਤਾ ਦਿਆਂ ਜਣਾਈਆ । ਬਲਵਿੰਦਰ ਕੌਰ ਮਸਤਕ ਧੂੜੀ ਲਾਉਣੀ ਛਾਰੀ, ਖ਼ਾਕ ਖ਼ਾਕ ਨਾਲ ਰਲਾਈਆ । ਤ੍ਰਿਪਤ ਜੋਗਿੰਦਰ ਲਿਖਾਰੀ, ਭਗਤ ਭਗਵਾਨ ਵੇਖ ਵਖਾਈਆ । ਬਿਸ਼ਨ ਕੌਰ ਦੀ ਧਾਰ ਕਹੇ ਮੈਂ ਸਾਰਿਆਂ ਉਤੋਂ ਪ੍ਰੇਮ ਵਿਚ ਵਾਰੀ, ਸਭ ਦੀ ਵਾਰਸ ਹੋ ਕੇ ਸਭ ਦੇ ਸਿਰ ਤੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਤਿ ਧਰਮ ਦੀ ਬੰਨ੍ਹੇ ਧਾਰੀ, ਜਗਤ ਰਾਖ ਹੀਰਾ ਘਾਟ ਵਿਚ ਪਾਉਣੀ ਸਾਰੀ, ਸਾਹਿਬ ਸਤਿਗੁਰ ਆਪਣੀ ਦਇਆ ਕਮਾਈਆ ।

ਰਾਖ ਕਹੇ ਮੇਰੀ ਖ਼ਾਹਿਸ਼ ਇਕ ਅਪਾਰ, ਇਕੋ ਵਾਰ ਜਣਾਈਆ । ਮੈਂ ਫੇਰ ਦਿਸਣਾ ਨਹੀਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਮੇਰੀ ਦੇਣ ਗਵਾਹੀਆ । ਮੈਂ ਆਉਣਾ ਨਹੀਂ ਦੂਜੀ ਵਾਰ, ਰੂਪ ਆਪਣਾ ਆਪ ਬਦਲਾਈਆ । ਮੇਰਾ ਲੇਖਾ ਮੁਕਾਇਆ ਆਪ ਨਿਰੰਕਾਰ, ਨਿਰਵੈਰ ਦਿਤੀ ਆਪ ਵਡਿਆਈਆ । ਮੈਂ ਕੂਕ ਸੁਣਾਵਾਂ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਗੁਰਦੀਪ ਕੌਰ ਨੂੰ ਕਹਾਂ ਤੇਰਾ ਜਿਸ ਦੇ ਨਾਲ ਪਿਆਰ, ਨਾਤਾ ਮੁਹੱਬਤ ਮਾਤਾ ਵਾਲਾ ਰਖਾਈਆ । ਆਪਣੀ ਚੁੰਨੀ ਵਿਚ ਇੱਕੀ ਮੁਠਾਂ ਪਾ ਕੇ ਛਾਰ, ਖ਼ੁਸ਼ੀਆਂ ਨਾਲ ਦੇਣੀ ਰੁੜ੍ਹਾਈਆ । ਇੱਕੀ ਕੁਲਾਂ ਕੁਲਵੰਤਾ ਜਾਏ ਤਾਰ, ਕੁਲ ਮਾਲਕ ਹੋਏ ਸਹਾਈਆ । ਜਨ ਭਗਤੋ ਸਭ ਨੇ ਇਕ ਇਕ ਉਂਗਲੀ ਲਾਉਣੀ ਸ਼ਾਰ, ਦੁੱਖ ਦਰਦਾਂ ਡੇਰਾ ਢਾਹੀਆ । ਭੂਤਾਂ ਪ੍ਰੇਤਾਂ ਕਰੇ ਬਾਹਰ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਰਾਖ ਕਹੇ ਮੇਰਾ ਬੜਾ ਵੱਡਾ ਪ੍ਰਵਾਰ, ਬਿਸ਼ਨ ਕੌਰ ਦੀ ਧਾਰ ਨਾਲ ਵਡਿਆਈਆ । ਪੁਤ ਪੋਤਰੇ ਨੂਹਾਂ ਪੋਤਨੂਹਾਂ ਖਿੜੀ ਗੁਲਜ਼ਾਰ, ਹਰਿ ਸੰਗਤ ਗੁਲਸ਼ਨ ਮੇਰਾ ਚਾਰ ਕੁੰਟ ਮਹਿਕਾਈਆ । ਸਚ ਸੁਗੰਧੀ ਪ੍ਰੇਮ ਦੀ ਆਉਂਦੀ ਬਹਾਰ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਮੈਂ ਸਭ ਦੇ ਸਿਰ ਤੇ ਸਦਾ ਦੇਂਦੀ ਰਹਾਂ ਪਿਆਰ, ਪਿਆਰ ਸਭ ਦੀ ਝੋਲੀ ਪਾਈਆ । ਮੇਰੀ ਰਾਖ ਉਠਾਉਣ ਲਗਿਆਂ ਇੱਕੀ ਬੋਲਣੇ ਜੈਕਾਰ, ਭਗਤ ਦਵਾਰ ਦੇ ਦਰਵਾਜ਼ੇ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਸਚ ਦਾ ਮਾਲਕ ਆਪਣੇ ਵਿਚ ਰਖਾਈਆ ।



### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਮਾਂ ਜੀ ਬਿਸ਼ਨ ਕੌਰ ਤੇ ਮਨਜੀਤ ਸਿੰਘ ਮਹੂਵਾਲੇ ਦੇ ਨਵਿਤ ✪

ਧਰਨੀ ਕਹੇ ਮੇਰੀ ਸੁਹੰਜਣੀ ਹੋਈ ਹਿਕ, ਹਿਕਮਤ ਨਾਲ ਪ੍ਰਭ ਦਿਤੀ ਵਡਿਆਈਆ । ਕਿਰਪਾ ਕੀਤੀ ਮਾਲਕ ਇਕ, ਏਕੰਕਾਰ ਦਇਆ ਕਮਾਈਆ । ਜਨ ਭਗਤ ਸੁਹੇਲੇ ਮੇਰੇ ਉਤੇ ਗਏ ਟਿਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮਿਹਰ ਕੀਤੀ ਪਰਮੇਸ਼ਵਰ ਪਿਤ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਮੇਰਾ ਸਾਂਝਾ ਹੋਇਆ ਹਿੱਤ, ਹਿਤਕਾਰੀ ਵੇਖ ਵਖਾਈਆ । ਮੈਂ ਸ਼ੁਕਰ ਮਨਾਵਾਂ ਨਿਤ, ਨਵਿਤ ਅੱਖ ਉਠਾਈਆ ।

ਪਰਮ ਪੁਰਖ ਅਬਿਨਾਸ਼ੀ ਜਨ ਭਗਤਾਂ ਵਸੇ ਚਿਤ, ਠਗੌਰੀ ਕੂੜ ਰਹੇ ਨਾ ਰਾਈਆ । ਜਗਤ ਜਹਾਨ ਬਣਾਏ ਮਿਥ, ਮਿਥਿਆ ਦੱਸੇ ਸਰਬ ਲੋਕਾਈਆ । ਜਨ ਭਗਤਾਂ ਸੁਹੰਜਣੀ ਕਰੇ ਥਿਤ, ਵਾਰ ਆਪਣੇ ਨਾਲ ਵਡਿਆਈਆ । ਸਤਿ ਦਾ ਸਾਚਾ ਲੇਖਾ ਦਏ ਲਿਖ, ਲੇਖਕ ਬਣ ਬੇਪਰਵਾਹੀਆ । ਗੁਰ ਗੋਬਿੰਦ ਬਣਾਏ ਸਿੱਖ, ਪ੍ਰਭ ਹਰਿ ਭਗਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਮੇਰੀ ਛਾਤੀ ਪਈ ਠੰਡ, ਖ਼ੁਸ਼ੀਆਂ ਢੋਲੇ ਗਾਈਆ । ਜਨ ਭਗਤਾਂ ਪਾਈ ਗੰਢ, ਨਾਤਾ ਲਿਆ ਜੁੜਾਈਆ । ਮੇਰੀ ਲੇਖੇ ਲੱਗੀ ਪੁੱਠੀ ਸਿੱਧੀ ਕੰਡ, ਪਾਸਾ ਪਾਸਿਆਂ ਵਿਚੋਂ ਬਦਲਾਈਆ । ਮੈਨੂੰ ਝੁਕਦੇ ਸੂਰੀਆ ਚੰਦ, ਮੰਡਲ ਸੀਸ ਨਿਵਾਈਆ । ਮੇਰਾ ਖ਼ੁਸ਼ੀ ਬੰਦ ਬੰਦ, ਬੰਦਨਾ ਵਿਚ ਸਮਾਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਗੋਬਿੰਦ ਪੁਰੀ ਅਨੰਦ, ਅਨੰਦ ਅਨੰਦ ਇਕ ਦਰਸਾਈਆ । ਜਿਸ ਵੇਲੇ ਮੇਰਾ ਢਈਆ ਗਿਆ ਲੰਘ, ਆਪਣਾ ਪੰਧ ਮੁਕਾਈਆ । ਧਰਨੀ ਤੇਰੀ ਸੇਜਾ ਬਣੇ ਪਲੰਘ, ਸਿੰਘਾਸਣ ਇਕ ਸੁਹਾਈਆ । ਕਰੇ ਖੇਲ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਨੂਰ ਨੁਰਾਨਾ ਇਕੋ ਹੋਣਾ ਨੂਰੀ ਚੰਦ, ਦੋ ਜਹਾਨਾਂ ਡਗਮਗਾਈਆ । ਓਹ ਸਭ ਦਾ ਮੇਟੇ ਪੰਧ, ਪਾਂਧੀ ਹੋ ਕੇ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਗਾਏ ਛੰਦ, ਢੋਲਾ ਅਗੰਮ ਅਥਾਹੀਆ । ਜਿਸ ਦੀ ਸਿਫ਼ਤ ਕਰ ਸਕਣ ਨਾ ਬੱਤੀ ਦੰਦ, ਰਸਨਾ ਚਲੇ ਨਾ ਕੋਇ ਚਤੁਰਾਈਆ । ਸੋ ਨਾਮ ਮੁਹਾਣਾ ਲੈ ਕੇ ਵੰਝ, ਜਗਤ ਸਾਗਰ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਮੇਰਾ ਖ਼ੁਸ਼ੀ ਹੋਇਆ ਸੀਨਾ, ਸੀਨ ਸ਼ੀਨ ਧਿਆਨ ਲਗਾਈਆ । ਮੇਰਾ ਨੈਣ ਨਾ ਰਿਹਾ ਨਾਬੀਨਾ, ਨੇਤਰ ਲੋਚਨ ਅੱਖ ਰੁਸ਼ਨਾਈਆ । ਮੇਰਾ ਲੇਖੇ ਲੱਗੇ ਜੀਣਾ, ਜੀਵਣ ਪ੍ਰਭ ਨੇ ਦਿਤਾ ਦ੍ਰਿੜਾਈਆ । ਮੇਰਾ ਮਨਜ਼ੂਰ ਹੋਇਆ ਖਾਣਾ ਪੀਣਾ, ਤ੍ਰਿਸ਼ਨਾ ਜਗਤ ਗਵਾਈਆ । ਸੁਭਾਗ ਦਿਹਾੜਾ ਖ਼ੁਸ਼ੀਆਂ ਵਾਲਾ ਮਹੀਨਾ, ਮਾਘ ਮਜਨਾਂ ਵਾਲਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਸੱਚਾ ਸੁਖਦਾਈਆ । ਧਰਨੀ ਕਹੇ ਮੇਰੀ ਛਾਤੀ ਚੜ੍ਹਿਆ ਰੰਗ, ਰੰਗ ਰੰਗੀਲੇ ਦਿਤਾ ਚੜ੍ਹਾਈਆ । ਭਗਤਾਂ ਦੀ ਸੇਜ ਬਣੀ ਪਲੰਘ, ਭਗਤ ਦਵਾਰੇ ਸੋਭਾ ਪਾਈਆ । ਇਹ ਲਹਿਣਾ ਗੁਜਰੀ ਪੁਰੀ ਅਨੰਦ, ਚੰਦ ਦੁਲਾਰ ਪੂਰ ਕਰਾਈਆ । ਜਿਸ ਨੂੰ ਪੁਰਖ ਅਕਾਲ ਬਣਾਏ ਅੰਗ, ਅੰਗੀਕਾਰ ਇਕ ਹੋ ਆਈਆ । ਜਿਸ ਦੇ ਚਰਨ ਚੁੰਮੇ ਗੋਦਾਵਰੀ ਜਮਨਾ ਸੁਰਸਤੀ ਗੰਗ, ਅੱਠ ਸੱਠ ਤੀਰਥ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ, ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਮੈਂ ਆਪਣੇ ਸੀਨੇ ਉਤੇ ਰਖਾਂ ਹੱਥ, ਬਿਨਾ ਹੱਥਾਂ ਹੱਥ ਟਿਕਾਈਆ । ਕਿਰਪਾ ਕਰੀ ਪੁਰਖ ਸਮਰਥ, ਮਿਹਰਵਾਨ ਹੋਇਆ ਸਹਾਈਆ । ਮੇਰੇ ਸਗਲ ਵਸੂਰੇ ਗਏ ਲਥ, ਚਿੰਤਾ ਰੋਗ ਨਾ ਕੋਇ ਜਣਾਈਆ । ਮੋਹ ਵਿਕਾਰਾ ਦਿਤਾ ਮਥ, ਮਥਣ ਵਾਲਾ ਬੇਪਰਵਾਹੀਆ । ਨਿਜ ਨੇਤਰ ਖੋਲ ਕੇ ਅੱਖ, ਇਸ਼ਾਰਾ ਦਿਤਾ ਕਰਾਈਆ । ਓਹ ਵੇਖ ਗੋਬਿੰਦ ਦੀ ਧਾਰ ਸਥਰ ਸਥ, ਯਾਰੜਾ ਸੇਜ ਸੁਹਾਈਆ । ਜਨ ਭਗਤ ਸੁਹੇਲਾ ਤੇਰੇ ਉਤੇ ਲੇਟਿਆ ਝਟ, ਆਲਸ ਨਿੰਦਰਾ ਨਾ ਕੋਇ ਰਖਾਈਆ । ਦੀਨ ਮਜ਼੍ਹਬ ਦਾ ਮੇਟਿਆ ਫਟ, ਪ੍ਰੇਮ ਰੰਗ ਵਿਚ ਸਮਾਈਆ । ਜਗਤ ਵਿਕਾਰਾ ਦੁਰਮਤ ਕਟ, ਕੂੜ ਕੁੜਿਆਰਾ ਡੇਰਾ ਢਾਹੀਆ । ਭਗਤ ਦਵਾਰ ਸੁਹਾ ਕੇ ਹੱਟ, ਹਟਵਾਣਾ

ਵੇਖ ਵਖਾਈਆ । ਸਤਿ ਕਿਨਾਰਾ ਦੱਸ ਕੇ ਤਟ, ਤੀਰਥਾਂ ਪਰੇ ਦਿਤੀ ਵਡਿਆਈਆ । ਲੇਖਾ ਮੁਕਾ ਕੇ ਕਾਇਆ ਮਟ, ਮਟਕੇ ਕੂੜੇ ਦਿਤੇ ਭੰਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਰਟ, ਸੋਹੰ ਸ਼ਬਦ ਕੀਤੀ ਸ਼ਨਵਾਈਆ । ਜੋਤ ਜਗਾ ਕੇ ਲਟ ਲਟ, ਲਾਂਬੂਆਂ ਤੋਂ ਬਾਹਰ ਕੀਤੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਸਹਿਜ ਸਹਿਜ ਸੁਖਦਾਈਆ । ਧਰਨੀ ਕਹੇ ਮੇਰਾ ਹੋਇਆ ਭਾਗ ਉਘਾ, ਮੇਰੇ ਤਨ ਮਿਲੀ ਵਡਿਆਈਆ । ਮੇਰਾ ਲੇਖਾ ਜੁਗ ਜੁਗਾ, ਚੌਕੜੀ ਵੱਜੇ ਵਧਾਈਆ । ਜੋ ਆਸਾ ਰਖ ਕੇ ਗਿਆ ਬੁੱਧਾ, ਅਵਤਾਰ ਤੇਈਸਵਾਂ ਧਿਆਨ ਲਗਾਈਆ । ਪ੍ਰਭੂ ਭਾਗ ਲਗਾਉਣਾ ਉਤੇ ਬਸੁਧਾ, ਕਬੀਰ ਜੁਲਾਹਾ ਢੋਲੇ ਗਾਈਆ । ਜਿਸ ਦਾ ਦੀਪਕ ਕਦੇ ਨਾ ਬੁਝਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਓਹ ਭਾਓ ਮਿਟਾ ਕੇ ਦੂਜਾ, ਦੁਤੀਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਰੰਗਾਈਆ । ਧਰਨੀ ਕਹੇ ਮੇਰਾ ਸੁਹੰਜਣਾ ਹੋਇਆ ਥਾਂ, ਦਰੇ ਦਰਬਾਰ ਮਿਲੀ ਵਡਿਆਈਆ । ਮੈਂ ਲੱਖ ਲੱਖ ਸ਼ੁਕਰ ਮਨਾ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਭਗਤ ਭਗਵਾਨ ਦਾ ਢੋਲਾ ਇਕੋ ਗਾ, ਆਪਣਾ ਰਾਗ ਅਲਾਈਆ । ਸਾਚੇ ਸਾਹਿਬ ਦੇ ਬਲ ਬਲ ਜਾਂ, ਜਿਸ ਨੂੰ ਮਾਣ ਦਿਤੀ ਵਡਿਆਈਆ । ਮੇਰੀ ਸੇਜਾ ਸੁੱਤੀ ਬਿਸ਼ਨ ਕੌਰ ਧਰਮ ਦੀ ਮਾਂ, ਮਨਜੀਤ ਆਪਣੀ ਗੋਦ ਟਿਕਾਈਆ । ਇਸ਼ਾਰਾ ਦੇਵੇ ਜਨ ਭਗਤਾਂ ਦੀ ਫੜਨੀ ਬਾਂਹ, ਬਾਜ਼ੂ ਆਪਣੇ ਨਾਲ ਰਖਾਈਆ । ਸਚਖੰਡ ਸੁਹਾਉਣਾ ਗਰਾਂ, ਗ੍ਰਿਹ ਇਕੋ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੇ ਭਾਗ ਜਾਗੇ, ਆਲਸ ਰਿਹਾ ਨਾ ਰਾਈਆ । ਸੁਣੀ ਅਗੰਮ ਆਵਾਜ਼ੇ, ਸ਼ਬਦ ਧੁਨ ਸ਼ਨਵਾਈਆ । ਕਿਰਪਾ ਕਰੀ ਗ਼ਰੀਬ ਨਿਵਾਜੇ, ਦੀਨ ਦਿਆਲ ਹੋਇਆ ਸਹਾਈਆ । ਜਿਸ ਭਾਗ ਲਗਾਇਆ ਦੇਸ ਮਾਝੇ, ਮਜਲਸ ਭਗਤਾਂ ਵਾਲੀ ਬਣਾਈਆ । ਸੋ ਸਾਹਿਬ ਸਵਾਮੀ ਸਤਿਜੁਗ ਬਣਾਏ ਸਮਾਜੇ, ਕਲਜੁਗ ਕਿਰਿਆ ਪੰਧ ਮੁਕਾਈਆ । ਭਗਤ ਭਗਵਾਨ ਇਕੋ ਘਰ ਬਿਰਾਜੇ, ਦੂਜਾ ਅਵਰ ਨਾ ਕੋਇ ਰਖਾਈਆ । ਇਕੋ ਨੂਰ ਜੋਤ ਪ੍ਰਕਾਸ਼ੇ, ਅੰਧ ਅੰਧੇਰ ਗਵਾਈਆ । ਇਕੋ ਸ਼ਬਦ ਧੁਨ ਵਾਜੇ, ਅਨਹਦ ਧੁਨ ਸੁਣਾਈਆ । ਇਕੋ ਸਾਹਿਬ ਸਵਾਰੇ ਕਾਜੇ, ਹਰਿ ਕਰਤਾ ਧੁਰਦਰਗਾਹੀਆ । ਇਕੋ ਅੰਤ ਕੰਤ ਭਗਵੰਤ ਰਖੇ ਲਾਜੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਮੈਂ ਵਾਰੀ ਘੋਲ ਘੋਲੀ, ਨਿਵ ਨਿਵ ਸੀਸ ਨਿਵਾਈਆ । ਸਤਿਗੁਰ ਸ਼ਬਦ ਦੀ ਸਮਝਾਂ ਬੋਲੀ, ਜੋ ਅਨਬੋਲਤ ਰਾਗ ਜਣਾਈਆ । ਜਿਸ ਕਾਰਨ ਮੈਨੂੰ ਕਹਿੰਦੇ ਧੌਲੀ, ਧਰਮ ਦੀ ਧਾਰ ਵਡਿਆਈਆ । ਜੁਗ ਜੁਗ ਮੈਂ ਭਗਤਾਂ ਨਾਲ ਮੌਲੀ, ਫੁੱਲ ਫੁਲਵਾੜੀ ਨਾਮ ਵਾਲੀ ਮਹਿਕਾਈਆ । ਮੇਰਾ ਜੁਗ ਚੌਕੜੀ ਪੰਧ ਮੁਕਾਇਆ ਹੌਲੀ ਹੌਲੀ, ਕਲਜੁਗ ਅੰਤਮ ਵੇਖ ਵਖਾਈਆ । ਮੇਰਾ ਲੇਖਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲੀ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਮੇਰਾ ਲੇਖਾ ਕੌਲ ਇਕਰਾਰ ਕੌਲੀ, ਕਵਲ ਨੈਣ ਨੈਣ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰੇ ਅੰਦਰੋਂ ਨਿਕਲਦੀਆਂ ਚੀਕਾਂ, ਕੂਕ ਕੂਕ ਸੁਣਾਈਆ । ਜਿਸ ਸਾਹਿਬ ਦੀਆਂ ਸਦਾ ਉਡੀਕਾਂ, ਜੁਗ ਚੌਕੜੀ ਵੇਖ ਵਖਾਈਆ । ਉਸ ਦੀਆਂ ਆ ਗਈਆਂ ਤਰੀਕਾਂ,


੪੩੫
੨੩

ਜੋ ਤਵਾਰੀਖਾਂ ਦਏ ਬਦਲਾਈਆ । ਜੋ ਭਗਤਾਂ ਪੂਰੀਆਂ ਕਰੇ ਉਮੀਦਾਂ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਜੋ ਗੋਬਿੰਦ ਮੇਰੇ ਉਤੇ ਮਾਰੀਆਂ ਲੀਕਾਂ, ਖੰਡਾ ਧਾਰ ਛੁਹਾਈਆ । ਭੇਵ ਮਿਟਾਉਣਾ ਊਚਾਂ ਨੀਚਾਂ, ਜ਼ਾਤ ਅਜ਼ਾਤੀ ਡੇਰਾ ਢਾਹੀਆ । ਸਭ ਦੀਆਂ ਸਾਫ਼ ਕਰਨੀਆਂ ਨੀਤਾਂ, ਨੀਤੀਵਾਨ ਵੇਖ ਵਖਾਈਆ । ਨਿਰਗੁਣ ਧਾਰ ਬਣਨਾ ਮੀਤਾ, ਮਿਤਰ ਪਿਆਰਾ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਬਦਲਣੀ ਰੀਤਾ, ਸਤਿਜੁਗ ਸਚ ਸਚ ਵਰਤਾਈਆ । ਭਗਤ ਦੀ ਧਾਰ ਭਗਤ ਦਾ ਪਿਆਰ ਵੱਡਿਆਂ ਨਿੱਕਿਆਂ ਇਕੋ ਬਣਾਉਣਾ ਅੰਗੀਠਾ, ਦੂਸਰ ਰੰਗ ਨਾ ਕੋਇ ਰੰਗਾਈਆ । ਸਭ ਦਾ ਰਸ ਰਖਣਾ ਮੀਠਾ, ਅਨਰਸ ਆਪਣਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਸੁਹਾਇਆ ਅੰਦਰ, ਅੰਤਸ਼ਕਰਨ ਖ਼ੁਸ਼ੀ ਮਨਾਈਆ । ਭਗਤ ਦਵਾਰ ਵਡਿਆਇਆ ਧੁਰ ਦਾ ਮੰਦਰ, ਜਗਤ ਵੰਡ ਨਾ ਕੋਇ ਵਖਾਈਆ । ਜਿਥੇ ਦੀਨ ਮਜ਼੍ਹਬ ਦਾ ਨਹੀਂ ਕੋਈ ਜੰਦਰ, ਸ਼ਰਅ ਹੱਦ ਨਾ ਕੋਇ ਜਣਾਈਆ । ਪ੍ਰਕਾਸ਼ ਕਰ ਅੰਧੇਰੀ ਕੰਦਰ, ਇਕੋ ਨੂਰ ਦਿਤਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੈਂ ਖ਼ੁਸ਼ੀ ਮਨਾਉਂਦੀ ਹਾਂ । ਦਰ ਠਾਂਡੇ ਨਿਵ ਨਿਵ ਸੀਸ ਝੁਕਾਉਂਦੀ ਹਾਂ । ਦੋਏ ਜੋੜ ਵਾਸਤਾ ਪਾਉਂਦੀ ਹਾਂ । ਪਰਮ ਪੁਰਖ ਪ੍ਰਭ ਆਪਣੀ ਭੁਲ ਬਖ਼ਸ਼ਾਉਂਦੀ ਹਾਂ । ਮੇਰੇ ਉਤੇ ਤੇਰੇ ਭਗਤ ਸੁਹੇਲੇ ਰਹਿਣ ਖ਼ੁਸ਼, ਇਕੋ ਧੁਰ ਦੀ ਮੰਗ ਮੰਗਾਉਂਦੀ ਹਾਂ । ਤੂੰ ਉਨ੍ਹਾਂ ਦੀ ਸਾਰ ਲੈਣੀ ਪੁਛ, ਦਰ ਠਾਂਡੇ ਅਲਖ ਜਗਾਉਂਦੀ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਉਂਦੀ ਹਾਂ । ਪੁਰਖ ਅਕਾਲ ਕਹੇ ਸੁਣ ਧਰਨੀ ਧਵਲ ਧੌਲ ਧਰਤ, ਸਤਿ ਸਚ ਸਮਝਾਈਆ । ਮੈਂ ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਸਭ ਦੀ ਪੂਰੀ ਕਰਾਂ ਸ਼ਰਤ, ਸ਼ਰਅ ਵਾਲੇ ਖੋਜ ਖੁਜਾਈਆ । ਮੇਰਾ ਖੇਲ ਉਤੇ ਅਰਸ਼, ਫ਼ਰਸ਼ ਮੇਰੀ ਵੱਜੇ ਵਧਾਈਆ । ਤੇਰੇ ਉਤੇ ਕਰਾਂ ਤਰਸ, ਰਹਿਮਤ ਹਕ ਕਮਾਈਆ । ਅੰਮ੍ਰਿਤ ਮੇਘ ਬਰਸ, ਜਨ ਭਗਤਾਂ ਧੁਰ ਦਾ ਜਾਮ ਪਿਆਈਆ । ਮੇਰਾ ਖੇਲ ਸਦਾ ਅਸਚਰਜ, ਅਚਰਜ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੈਂ ਬਲ ਬਲ ਜਾਵਾਂ, ਸਾਹਿਬ ਤੇਰੀ ਸਰਨਾਈਆ । ਇਕ ਸੰਦੇਸ਼ਾ ਜਨ ਭਗਤਾਂ ਨੂੰ ਸੁਣਾਵਾਂ, ਸਤਿ ਸਤਿ ਸਮਝਾਈਆ । ਵੇਖਿਆ ਜਨ ਭਗਤ ਕਦੇ ਨਾ ਹੋਏ ਨਿਥਾਵਾਂ, ਨਿਆਸਰਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਪੁਤਰਾਂ ਦਾ ਸਾਥ ਦੇ ਨਾ ਸਕਣ ਮਾਵਾਂ, ਉਨ੍ਹਾਂ ਨੂੰ ਬਿਸ਼ਨ ਕੌਰ ਆਪਣੀ ਗੋਦ ਟਿਕਾਈਆ । ਜਿਸ ਮਨਜੀਤ ਸਿੰਘ ਨੂੰ ਚੁੱਕਿਆ ਆਪਣੀਆਂ ਵਿਚ ਬਾਹਵਾਂ, ਭੁਜਾ ਭੁਜਾ ਨਾਲ ਮਿਲਾਈਆ । ਸਾਰਿਆਂ ਭਗਤਾਂ ਦਾ ਸਰਬੰਸ ਹੋ ਗਿਆ ਸਾਵਾਂ, ਵੱਖਰੀ ਵੰਡ ਨਾ ਕੋਇ ਵੰਡਾਈਆ । ਇਕੋ ਨਗਰ ਖੇੜਾ ਇਕੋ ਸੁਹੰਜਣਾ ਹੋਇਆ ਗਰਾਵਾਂ, ਸਚਖੰਡ ਸਾਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਜਿਥੇ ਮੇਰੇ ਉਤੇ ਚਿਣੀ ਜਗਤ ਦੀ ਸੀੜ੍ਹੀ, ਭਾਗ ਦਿਤਾ ਲਗਾਈਆ । ਉਥੇ ਭਗਤ ਭਗਵਾਨ ਦੀ ਗੁਲਜ਼ਾਰ ਦਿਸੇ ਖਿੜੀ, ਮਹਿਕ ਮਹਿਕ ਵਿਚੋਂ ਪ੍ਰਗਟਾਈਆ । ਜਨ ਭਗਤਾਂ ਗਲੀ ਰਹੇ ਨਾ ਭੀੜੀ, ਪੰਧ ਅਗਲਾ ਦਿਤਾ ਮੁਕਾਈਆ । ਇਹ ਲਹਿਣਾ ਦੇਣਾ ਪੂਰਾ ਕੀਤਾ ਜੋ ਪ੍ਰਹਿਲਾਦ

ਵਾਲਾ ਕੀੜੀ, ਥੰਮ੍ਹਾਂ ਅਗਨ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰੀ ਅਰਦਾਸ, ਅੰਤ ਅਖ਼ੀਰ ਸੁਣਾਈਆ । ਜਨ ਭਗਤੋ ਤੁਹਾਨੂੰ ਸ਼ਾਬਾਸ਼, ਸਦ ਵਜਦੀ ਰਹੇ ਵਧਾਈਆ । ਜਿਸ ਥਾਂ ਤੋਂ ਚੁੱਕੀ ਰਾਖ, ਹੱਡੀਆਂ ਸਵਾਹ ਨਾਲ ਉਠਾਈਆ । ਉਥੇ ਮੇਰੀ ਇਕੋ ਆਸ, ਆਸਾ ਵਿਚ ਸੁਣਾਈਆ । ਨਿਗਾਹ ਮਾਰਨੀ ਖ਼ਾਸ, ਨੈਣਾਂ ਨੈਣ ਤਕਾਈਆ । ਦਿਨ ਮੁਕਾ ਗਿਆ ਆਪਣੀ ਵਾਟ, ਬਾਰਾਂ ਮਾਘ ਪੰਧ ਮੁਕਾਈਆ । ਅੰਤ ਆਈ ਅੰਧੇਰੀ ਰਾਤ, ਭੱਜੀ ਵਾਹੋ ਦਾਹੀਆ । ਮੈਂ ਖ਼ੁਸ਼ੀਆਂ ਵਿਚ ਮਾਰਾਂ ਝਾਤ, ਝਾਕੀ ਇਕ ਰਖਾਈਆ । ਦਰ ਦਰਵਾਜ਼ਾ ਜਿਥੇ ਭਗਤਾਂ ਆਉਣਾ ਖ਼ਾਸ, ਆਪਣਾ ਪੰਧ ਮੁਕਾਈਆ । ਸਚ ਦੀ ਪਾਉਣੀ ਰਾਸ, ਖ਼ੁਸ਼ੀਆਂ ਰੰਗ ਰੰਗਾਈਆ । ਮੈਂ ਉਥੇ ਟੇਕਾਂ ਮਾਥ, ਮਸਤਕ ਧੂੜ ਰਮਾਈਆ । ਜੋ ਇਸ਼ਾਰਾ ਕੀਤਾ ਤ੍ਰੈਲੋਕੀ ਨਾਥ, ਅਰਜਨ ਸੁਦਾਮੇ ਗਿਆ ਸਮਝਾਈਆ । ਜੋ ਭਵਿਖਤ ਜਣਾਇਆ ਰਾਮ ਬੇਟੇ ਦਸਰਾਥ, ਰਮਈਆ ਧਿਆਨ ਲਗਾਈਆ । ਧਰਨੀ ਕਹੇ ਮੇਰੇ ਸਗਲ ਵਸੂਰੇ ਗਏ ਲਾਥ, ਸਹਿੰਸਾ ਰਿਹਾ ਨਾ ਰਾਈਆ । ਇਕ ਬੇਨੰਤੀ ਕਰਾਂ ਹੋ ਕੇ ਦਾਸ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਦੇਣਾ ਰੰਗਾਈਆ । ਧਰਨੀ ਕਹੇ ਮੇਰੇ ਉਤੇ ਭਗਤ ਦਰਵਾਜ਼ਾ, ਭਗਤ ਦਵਾਰ ਸੁਹਾਈਆ । ਜਿਸ ਦਾ ਸਾਹਿਬ ਨੇ ਸਾਜਣ ਸਾਜਾ, ਸਾਜਣਹਾਰ ਵੇਖ ਵਖਾਈਆ । ਉਹ ਜਾਗਣ ਵਾਲਾ ਜਾਗਾ, ਸੁੱਤਿਆਂ ਲਏ ਉਠਾਈਆ । ਉਸ ਦਰਵਾਜ਼ੇ ਅਗੇ ਹਰਭਜਨ ਸਿੰਘ ਬੰਨ੍ਹੇਗਾ ਧਾਗਾ, ਮਿਸਤ੍ਰੀ ਸੱਜੇ ਖੱਬੇ ਗੰਢ ਪਵਾਈਆ । ਸਾਢੇ ਦਸ ਰਾਤ ਦੇ ਬਾਰਾਂ ਮਾਘ ਨੂੰ ਤੂੰ ਮੇਰਾ ਮੈਂ ਤੇਰਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਪੰਜ
ਵਾਰ ਗਾਏਗਾ ਰਾਗਾ, ਰਾਗ ਰਾਗਣੀਆਂ ਆਪਣੇ ਸੰਗ ਮਿਲਾਈਆ । ਧਰਨੀ ਕਹੇ ਮੇਰੀ ਨਮੋ ਨਮੋ ਭਗਤ ਭਗਵਾਨ ਦਾ ਸਤਿਜੁਗ ਸੱਚਾ ਚਲੇ ਸਮਾਜਾ, ਸਮਗਰੀ ਸਾਹਿਬ ਸਤਿਗੁਰ ਆਪਣੇ ਹੱਥ ਰਖਾਈਆ । ਜੋ ਦੋ ਜਹਾਨਾਂ ਰਾਜਨ ਰਾਜਾ, ਸ਼ਾਹੋ ਭੂਪ ਭੂਪ ਬੇਪ੍ਰਵਾਹੀਆ । ਜਿਸ ਨੂੰ ਕਹਿੰਦੇ ਮੋਹਨ ਮਾਧਵ ਮਾਧਾ, ਮਧੁਰ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਭਗਤੀ ਦਾਨ ਵਿਚ ਕਰੇ ਵਾਧਾ, ਵਾਅਦਾ ਪਿਛਲਾ ਪੂਰ ਕਰਾਈਆ ।



### ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਫ਼ਿਰੋਜ਼ਪੁਰ ਛਾਉਣੀ ਗਵਾਲ ਟੋਲੀ ਰਾਮ ਸਿੰਘ ਦੇ ਗ੍ਰਹਿ ✪

ਰਹਿਮਤ ਕਹੇ ਮੈਂ ਰਹਿਮ ਵਿਚ ਆਈ, ਆਇਤ ਅਦਾ ਕੀਤੀ ਧੁਰਦਰਗਾਹੀਆ । ਮੇਰਾ ਲੇਖਾ ਨਾਲ ਬੇਪਰਵਾਹੀ, ਜੋ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਮੈਂ ਵੇਖਾਂ ਖ਼ਲਕ ਖ਼ੁਦਾਈ, ਜੋ ਖ਼ਾਲਕ ਮਖ਼ਲੂਕ ਮੈਨੂੰ ਰਿਹਾ ਵਖਾਈਆ । ਜਿਸ ਦਾ ਇਕੋ ਨਾਮ ਕਲਮਾ ਕਰੇ ਰਹਿਨੁਮਾਈ, ਰਹਿਬਰ ਹੋ ਕੇ ਵੇਖੇ ਥਾਉਂ ਥਾਈਂਆ । ਓਹ ਵਾਹਿਦ ਲਾਸ਼ਰੀਕ ਪਕੜਨਹਾਰਾ ਬਾਂਹੀ, ਬਾਜ਼ੂ ਆਪਣੇ ਦਸਤ ਉਠਾਈਆ । ਜਿਸ ਦੇ ਹੁਕਮ ਵਿਚ ਹਾਕਮ ਸਾਰੇ ਫਿਰਦੇ ਰਾਹੀ, ਅਵਤਾਰ ਪੈਗ਼ੰਬਰ ਭੱਜਣ ਵਾਹੋ ਦਾਹੀਆ । ਓਹ ਵਕਤ ਸੁਹੇਲਾ ਜਿਸ ਵੇਲੇ ਗੋਬਿੰਦ ਬੂਟਾ ਪੁੱਟਿਆਂ ਕਾਹੀ, ਕਾਇਨਾਤ ਦੀ ਕਾਇਆ ਦਿਤੀ ਬਦਲਾਈਆ । ਜਿਸ ਦੇ ਨਾਲ ਕਲਜੁਗ ਦੀ ਝੂਠੀ ਬਦਲ ਜਾਣੀ ਸ਼ਾਹੀ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਏਸੇ ਦੀ

ਸ਼ਰਅ ਵਿਚ ਮੁਹੰਮਦ ਦਿਤੀ ਗਵਾਹੀ, ਸ਼ਹਾਦਤ ਅਬਾਦਤ ਵਾਲੀ ਭੁਗਤਾਈਆ । ਈਸੇ ਕਿਹਾ ਮੇਰੇ ਪਿਤਾ ਦਾ ਹੁਕਮ ਕਰ ਸਕੇ ਨਾ ਕੋਇ ਮਨਾਹੀ, ਹੁਕਮ ਵਿਚੋਂ ਹੁਕਮ ਨਾ ਕੋਇ ਬਦਲਾਈਆ । ਈਸਾ ਨੇ ਪੁੱਠੀ ਰਗੜ ਕੇ ਆਪਣੇ ਮਸਤਕ ਉਤੇ ਕਲਾਈ, ਕਾਇਦਾ ਸਚ ਦਿਤਾ ਸਮਝਾਈਆ । ਜਿਸ ਬਿਧਨਾ ਨੇ ਲਿਖੇ ਲੇਖ ਮਸਤਕ ਮੇਟਣੇ ਸਤਰਾਂ ਢਾਈ, ਢਈਆ ਗੋਬਿੰਦ ਦਾ ਲੇਖੇ ਲਾਈਆ । ਕਲਜੁਗ ਕੂੜ ਦੀ ਵੇਖੇ ਡੂੰਘੀ ਖਾਈ, ਖ਼ੈਰਖਾਹ ਹੋ ਕੇ ਆਪਣਾ ਫੇਰਾ ਪਾਈਆ । ਜਿਸ ਦੀ ਸਮਝ ਕਿਸੇ ਨਾ ਆਵੇ ਰਾਈ, ਰਹਿਮਤ ਹਕ ਹਕ ਕਮਾਈਆ । ਜਿਸ ਦੀ ਗੋਬਿੰਦ ਫ਼ਤਿਹ ਗਜਾਈ, ਓਹ ਡੰਕਾ ਦੋ ਜਹਾਨ ਕਰੇ ਸ਼ਨਵਾਈਆ । ਭਗਤਾਂ ਅੰਤਮ ਕੱਟਣ ਆਏ ਜੁਦਾਈ, ਜੁਜ਼ ਆਤਮ ਵੱਖਰਾ ਰਹਿਣ ਕੋਇ ਨਾ ਪਾਈਆ । ਮਾਲਕ ਹੋ ਕੇ ਸਾਈਂ, ਸਾਹਿਬ ਸਿਰ ਸਿਰ ਆਪਣਾ ਹੱਥ ਟਿਕਾਈਆ । ਜਗਤ ਤ੍ਰਿਸ਼ਨਾ ਦਏ ਬੁਝਾਈ, ਬੁਝੀ ਦੀਪਕ ਫੇਰ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਘਰ ਦਏ ਵਡਿਆਈਆ । ਵਡਿਆਈ ਕਹੇ ਮੇਰਾ ਕਿਹੜਾ ਗੁਣ, ਗੁਣ ਸਮਝ ਕਿਸੇ ਨਾ ਆਈਆ । ਕਿਸ ਬਿਧ ਪ੍ਰਭੂ ਮੈਨੂੰ ਲਿਆ ਚੁਣ, ਸਿਰ ਮੇਰੇ ਹੱਥ ਟਿਕਾਈਆ । ਮੈਂ ਜਾਣਦੀ ਓਹਦੇ ਪਿਆਰ ਦੀ ਇਕੋ ਧੁਨ, ਜੋ ਨਾਦ ਅਨਾਦਾ ਰਾਗ ਸੁਣਾਈਆ । ਓਹਦਾ ਨੂਰ ਅਲਾਹੀ ਕੁਨ, ਕੁਲ ਮਾਲਕ ਇਕ ਅਖਵਾਈਆ । ਜਿਸ ਦੀ ਤੋੜ ਸਕੇ ਨਾ ਕੋਇ ਸੁਨ, ਮੁਨ ਵਿਚ ਸਾਰੇ ਗਏ ਸਮਾਈਆ । ਪਤਾ ਨਹੀਂ ਓਹਦਾ ਕੀ ਖੇਲ ਹੋਣਾ ਹੁਣ, ਹੁਨਰ ਵਿਦਿਆ ਦੀਨਾਂ ਮਜ਼੍ਹਬਾਂ ਵਾਲੇ ਅਵਤਾਰ ਪੈਗ਼ੰਬਰ ਗੁਰ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਬੇਪਰਵਾਹ ਕਿਹੜਾ ਸਾਹਿਬ, ਜੋ ਬੇਪਰਵਾਹੀ ਵਿਚ ਸਮਾਈਆ । ਜਿਸ ਦਾ ਸਤਿਗੁਰ ਸ਼ਬਦ ਨਾਇਬ, ਅਵਤਾਰ ਪੈਗ਼ੰਬਰ ਗੁਰ ਮੁਸਾਹਿਬ ਦਿਤੇ ਪ੍ਰਗਟਾਈਆ । ਪਤਾ ਨਹੀਂ ਓਹ ਕਿੱਥੇ ਹੋਇਆ ਗ਼ਾਇਬ, ਗ਼ਾਇਬੀ ਨੂਰ ਨਜ਼ਰ ਕਿਸੇ ਨਾ ਆਈਆ । ਓਹਦਾ ਖੇਲ ਜੁਗ ਚੌਕੜੀ ਜਨ ਭਗਤਾਂ ਕਰਨਾ ਮਹਿਜ਼, ਮਹਿਵ ਆਪਣਾ ਹੁਕਮ ਵਰਤਾਈਆ । ਧਰਨੀ ਉਤੇ ਕਿਥੇ ਹੋਵੇ ਸ਼ਾਇਦ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਪੂਰਾ ਹੋਇਆ ਅਹਿਦ, ਅਹਿਦਨਾਮੇ ਸਭ ਦੇ ਫੋਲ ਫੁਲਾਈਆ । ਜਿਸ ਦੇ ਨਾਮ ਦਾ ਚਾਰ ਕੁੰਟ ਦਹਿ ਦਿਸ਼ਾ ਪਿਆ ਕਹਿਤ, ਸਤਿ ਭੰਡਾਰ ਹੱਥ ਕਿਸੇ ਨਾ ਆਈਆ । ਜੋ ਦੀਨਾਂ ਮਜ਼੍ਹਬਾਂ ਦੀ ਵੇਖਣ ਆਇਆ ਰਹਿਤ, ਅਵਤਾਰ ਪੈਗ਼ੰਬਰ ਗੁਰੂ ਇਸ਼ਾਰੇ ਨਾਲ ਬੁਲਾਈਆ । ਆਪਣੇ ਹੁਕਮ ਦਾ ਨਾਮ ਦਾ ਕਲਮੇ ਦਾ ਸਿਖਿਆ ਦਾ ਵੇਖੇ ਸਾਹਿਤ, ਲੇਖ ਲੇਖਣੀ ਖੋਜ ਖੁਜਾਈਆ । ਜੋ ਕਰ ਕੇ ਆਏ ਅਨਾਇਤ, ਬਖ਼ਸ਼ਿਸ਼ ਬਖ਼ਸ਼ੀਸ਼ ਵਾਲੀ ਵਰਤਾਈਆ । ਜੋ ਦੇ ਕੇ ਆਏ ਹਦਾਇਤ, ਹੁਕਮਨਾਮੇ ਧੁਰ ਦੇ ਮਾਤ ਸੁਣਾਈਆ । ਉਨ੍ਹਾਂ ਵਿਚੋਂ ਕਿਹੜਾ ਸਿਖ ਮੁਰੀਦ ਤੁਹਾਡਾ ਲਾਇਕ, ਨਿਰਗੁਣ ਧਾਰ ਦਿਓ ਵਖਾਈਆ । ਵੇਖਿਓ ਗ਼ੁੱਸੇ ਵਿਚ ਕਰਿਓ ਨਾ ਕੋਇ ਤੈਸ਼, ਨਿਗਾਹ ਨਿਗਾਹ ਵਿਚੋਂ ਬਦਲਾਈਆ । ਤੁਹਾਡੇ ਗ੍ਰੰਥਾਂ ਸ਼ਾਸਤਰਾਂ ਦੇ ਹੁੰਦਿਆਂ ਕਿਉਂ ਮਨ ਕਲਪਣਾ ਵਿਚ ਕਰਦੇ ਐਸ਼, ਐਸ਼ੋ ਇਸ਼ਰਤ ਜਗਤ ਵਾਲੀ ਬਣਾਈਆ । ਸਚ ਦੱਸੋ ਕਿਸ ਦੀ ਤੁਹਾਡੇ ਚਰਨਾਂ ਵਿਚ ਰਹਾਇਸ਼, ਕਵਣ ਮੇਰੇ ਸਚਖੰਡ ਡੇਰਾ ਲਾਈਆ । ਕਵਣ ਤੁਹਾਡੇ ਸ਼ਬਦ ਵਿਚੋਂ ਕਰ ਕੇ ਬੈਠਾ ਪੈਦਾਇਸ਼, ਨਾਤਾ ਤੁਟਿਆ ਜੰਮਣ ਵਾਲੀ ਮਾਈਆ । ਕਿਸ ਦੀ ਕਰੋਗੇ ਫ਼ਰਮਾਇਸ਼, ਇਸ਼ਾਰੇ ਨਾਲ ਆਪਣੇ ਦਿਓ ਵਖਾਈਆ । ਕਿਸ ਦੇ ਪਿਆਰ ਵਿਚ ਕਰੋਗੇ ਬਹਿਸ, ਮੁਹੱਬਤ ਵਿਚ ਆਪਣਾ ਪਿਆਰ ਵਸਾਈਆ ।

੪੩੮
੨੩

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਬਿਨ ਤੇਰੀ ਕਿਰਪਾ ਸਭ ਦੀ ਬੁੱਧੀ ਹੋਈ ਵਹਿਸ਼, ਵਹਿਸ਼ੀ ਦਿਸੇ ਖ਼ਲਕ ਖ਼ੁਦਾਈਆ । ਜਨ ਭਗਤਾਂ ਕੋਲ ਇਕੋ ਤੇਰੇ ਨਾਮ ਦਾ ਬਖ਼ਸ਼ਿਆ ਹੋਇਆ ਕੈਸ਼, ਜੋ ਜਗਤ ਮਾਇਆ ਮੋਹ ਤਜਾਈਆ । ਮਾਣ ਰਿਹਾ ਨਾ ਕਿਸੇ ਮੁੱਲਾ ਸ਼ੇਖ਼, ਸ਼ਖ਼ਸ਼ੀਅਤ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਵਡਿਆਈਆ । ਵਡਿਆਈ ਕਹੇ ਮੇਰਾ ਕੀ ਸਬੂਤ, ਵੱਡਾ ਕਿਸ ਨੂੰ ਕਹਿ ਸੁਣਾਈਆ । ਜੋ ਦਿਸਿਆ ਕਾਇਆ ਵਾਲਾ ਕਲਬੂਤ, ਅੰਤ ਰਹਿਣ ਕੋਇ ਨਾ ਪਾਈਆ । ਜਿਸ ਨੇ ਵੰਡੀ ਸ਼ਰਅ ਵਾਲੀ ਹਦੂਦ, ਸ਼ਰੀਅਤ ਹੁਕਮ ਵਾਲੀ ਸੁਣਾਈਆ । ਅੰਤ ਹੋ ਜਾਣਾ ਸਭ ਨੇ ਨੇਸਤੋ ਨਾਬੂਦ, ਜੜ ਰਹਿਣ ਕੋਇ ਨਾ ਪਾਈਆ । ਵਡਿਆਈ ਕਹੇ ਮੈਂ ਓਸ ਨੂੰ ਵੱਡਾ ਕਹਾਂ ਜੋ ਸਭ ਜਗਹ ਮੌਜੂਦ, ਦੋ ਜਹਾਨਾਂ ਏਕੋ ਨੂਰ ਜੋਤ ਰੁਸ਼ਨਾਈਆ । ਜਿਸ ਦੀ ਸਿਫ਼ਤ ਕਰ ਨਾ ਸਕਣ ਚਾਰ ਜੁਗ ਦੇ ਹਰੂਫ਼, ਹਰਫ਼ ਹਰਫ਼ ਨਾਲ ਮਿਲਾਈਆ । ਪਰ ਓਹ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਨਿਰਗੁਣ ਧਾਰ ਸੋਹਲ ਤੇ ਮਲੂਕ, ਮਾਲਕ ਸਭ ਦਾ ਨਜ਼ਰੀ ਆਈਆ । ਜਿਸ ਨੇ ਭਗਤਾਂ ਨੂੰ ਆਤਮ ਪਰਮਾਤਮ ਦਾ ਬਖ਼ਸ਼ਿਆ ਇਕ ਸਲੂਕ, ਸੁਲਹਕੁਲ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਦੋ ਜਹਾਨਾਂ ਇਕੋ ਰੁਤ, ਰੁਤੜੀ ਸਤਿ ਸਚ ਮਹਿਕਾਈਆ ।



### ੧੫ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਨਿਵਾਸੀ ਖੇਤਾਂ ਵਿਚ ਕੰਮ ਕਰਨ ਵਾਲਿਆਂ ਸਿੱਖਾਂ ਦੇ ਨਵਿਤ

੪੩੯
੨੩

ਮੈਂ ਇਕੋ ਮਹਿਬੂਬ ਮਿਹਰਵਾਨ ਖ਼ੁਸ਼ੀਆਂ ਵਿਚ ਲੱਭਾ, ਜਿਸ ਦੀ ਲਬਾਂ ਕਟਾਉਣ ਵਾਲੇ ਆਸ਼ਾ ਗਏ ਰਖਾਈਆ । ਓਸ ਦੀ ਭਗਤਾਂ ਵਾਲੀ ਵੇਖੀ ਸਭਾ, ਭਗਤ ਦਵਾਰੇ ਸੋਭਾ ਪਾਈਆ । ਨਾਮ ਨਿਧਾਨ ਪੀ ਕੇ ਮਧਾ, ਖ਼ੁਮਾਰੀ ਮਸਤੀ ਵਿਚ ਬਦਲਾਈਆ । ਇਕੋ ਹੁਕਮ ਸ਼ਬਦ ਦਾ ਸੁਣਦੇ ਨੱਦਾ, ਨਾਦੀ ਧੁਨ ਵਡਿਆਈਆ । ਜਗਤ ਜਹਾਨ ਦੀਆਂ ਛਡ ਕੇ ਹੱਦਾ, ਹਦੂਦਾਂ ਤੋਂ ਬਾਹਰ ਸੋਭਾ ਪਾਈਆ । ਜਿਨ੍ਹਾਂ ਦੀ ਇਕੋ ਮੰਜ਼ਲ ਤੇ ਇਕੋ ਪਦਾ, ਪਤਿਪਰਮੇਸ਼ਵਰ ਹੋਇਆ ਸਹਾਈਆ । ਇਕੋ ਕੁਲ ਇਕੋ ਬੰਸ ਇਕੋ ਯਦਾ, ਯਦਪ ਇਕੋ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਾਘ ਕਹੇ ਮੇਰਾ ਅੱਧਾ ਹਿੱਸਾ ਟੁੱਟਾ, ਟੁੱਟਿਆਂ ਗੰਢ ਪਵਾਈਆ । ਮੇਰਾ ਵਕਤ ਸੁਹੰਜਣਾ ਗਿਆ ਲੁੱਟਾ, ਲੁਟੇਰਾ ਬਣਿਆ ਕਲਜੁਗ ਕੂੜ ਕਸਾਈਆ । ਮੇਰੇ ਸਾਹਿਬ ਨੂੰ ਸ੍ਰਿਸ਼ਟੀ ਗਾਉਂਦੀ ਬੁੱਲਾਂ ਬੁੱਟਾ, ਹਿਰਦੇ ਸਕਿਆ ਨਾ ਕੋਇ ਵਸਾਈਆ । ਮੈਂ ਵੇਖਾਂ ਚਾਰੇ ਗੁੱਠਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਸਭ ਦੀਆਂ ਬੰਦ ਹੋਈਆਂ ਮੁੱਠਾਂ, ਮੁੱਠੀ ਸਕੇ ਨਾ ਕੋਇ ਖੁਲਾਈਆ । ਸਚ ਦਵਾਰੇ ਪਈਆਂ ਲੁੱਟਾਂ, ਕਲਜੁਗ ਲੁਟੇਰਾ ਲੁੱਟੇ ਥਾਉਂ ਥਾਈਂਆ । ਜਗਤ ਜਹਾਨ ਬਦਲੀਆਂ ਰੁੱਤਾਂ, ਰੁਤੜੀ ਪ੍ਰਭ ਦੇ ਨਾਲ ਨਾ ਕੋਇ ਮਹਿਕਾਈਆ । ਮੈਂ ਵੀ ਜਾਗਿਆ ਸੁੱਤਾ, ਸੁੱਤੇ ਲਈ ਅੰਗੜਾਈਆ । ਖੇਲ ਤੱਕਿਆ ਅਬਿਨਾਸ਼ੀ ਅਚੁਤਾ, ਜੋ ਕਰਤਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ ।

ਮਾਘ ਕਹੇ ਮੈਂ ਅੱਧ ਵਿਚੋਂ ਹੋਇਆ ਪਾਰ, ਜਗਤ ਆਂਧੀ ਨਾ ਕੋਇ ਅਟਕਾਈਆ । ਥਲ ਅਸਗਾਹਾਂ ਬੇੜਾ ਪਾਰ, ਸਮੁੰਦ ਸਾਗਰ ਨਾ ਕੋਇ ਅਟਕਾਈਆ । ਮੈਂ ਖੇਲ ਤੱਕਾਂ ਸੱਚੀ ਸਰਕਾਰ, ਜੋ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਰਿਹਾ ਕਰਾਈਆ । ਦੋ ਜਹਾਨਾਂ ਕਹਾਂ ਉਚਾਰ, ਕੂਕ ਕੂਕ ਸੁਣਾਈਆ । ਵੇਖੇ ਕਿਰਪਾ ਕੀ ਕਰੇ ਕਰਤਾਰ, ਕੁਦਰਤ ਦਾ ਮਾਲਕ ਕੁਦਰਤੀ ਦਇਆ ਕਮਾਈਆ । ਜਨ ਭਗਤ ਸੁਹੇਲੇ ਕਰੇ ਪਾਰ, ਪਾਰਬ੍ਰਹਮ ਪ੍ਰਭ ਆਪਣੀ ਗੋਦ ਉਠਾਈਆ । ਜੋ ਦਿਵਸ ਰੈਣ ਦੇ ਸੇਵਾਦਾਰ, ਮਾਤ ਪਿਤ ਭੈਣ ਭਰਾ ਘਰ ਬਾਹਰ ਤਜਾਈਆ । ਓਹ ਮਾਣਕ ਮੋਤੀ ਧਰਮ ਦੇ ਸਰਦਾਰ, ਸੱਚੀ ਸਰਕਾਰ ਸਿਰ ਆਪਣਾ ਹੱਥ ਟਿਕਾਈਆ । ਜੋ ਭੱਜਣ ਨੱਠਣ ਵਿਚ ਪਿਆਰ, ਬਣਨ ਧੁਰ ਦੇ ਪਾਂਧੀ ਰਾਹੀਆ । ਜਗਤ ਕਿਰਸਾਣਾ ਉਨ੍ਹਾਂ ਦੀ ਕਾਰ, ਕਿਰਤ ਨਾਮ ਵਾਲੀ ਬਦਲਾਈਆ । ਜਰਨੈਲ ਸਿੰਘ ਬੜਾ ਹੁਸ਼ਿਆਰ, ਆਲਸ ਨਿੰਦਰਾ ਗਿਆ ਗਵਾਈਆ । ਦਲੀਪ ਸਿੰਘ ਆਪੇ ਤੋਂ ਆਪਾ ਕਰ ਕੇ ਬਾਹਰ, ਆਪਣੀ ਖ਼ੁਸ਼ੀ ਵਖਾਈਆ । ਸੁਲੱਖਣ ਸਿੰਘ ਸਦਾ ਰਹੇ ਤਿਆਰ, ਚਲੇ ਚਾਈਂ ਚਾਈਂਆ । ਰਤਨ ਸਿੰਘ ਰਤੀ ਰਤੀ ਆਪਣੀ ਰਤ ਵਾਰ, ਰਤਨ ਅਮੋਲਕ ਰੂਪ ਬਦਲਾਈਆ । ਪ੍ਰੀਤਮ ਸਿੰਘ ਪ੍ਰੀਤ ਦੀ ਕਰੇ ਪ੍ਰਿਤਪਾਲ, ਪਿਆਰ ਵਿਚ ਆਪਣਾ ਆਪ ਮਿਟਾਈਆ । ਕਸ਼ਮੀਰ ਸਿੰਘ ਆਪਣੀ ਘਾਲੇ ਘਾਲ, ਘਾਲ ਘਾਲੀ ਘੋਲ ਘੁਮਾਈਆ । ਭਾਨ ਸਿੰਘ ਆਪਣਾ ਪੂਰਬ ਲੈਂਦਾ ਦਾਨ, ਦੇਵਣਹਾਰਾ ਦੇਵੇ ਚਾਈਂ ਚਾਈਂਆ । ਜਿਨ੍ਹਾਂ ਦੇ ਅੰਤਰ ਨਿਰੰਤਰ ਵਸਿਆ ਸ੍ਰੀ ਭਗਵਾਨ, ਹਰਿ ਭਗਵਨ ਬੇਪਰਵਾਹੀਆ । ਈਸ਼ਰ ਸਿੰਘ ਆਪਣਾ ਆਪ ਕੀਤਾ ਕੁਰਬਾਨ, ਬੰਸ ਸਰਬੰਸ ਦਾਨ ਕਰਾਈਆ । ਇੰਦਰ ਸਿੰਘ ਏਕਾ ਚਰਨ ਧਿਆਨ, ਚਰਨ ਚੁੰਮ ਕੇ ਖ਼ੁਸ਼ੀ ਵਖਾਈਆ । ਆਸਾ ਸਿੰਘ ਇਸ਼ਟ ਇਕ ਮਹਾਨ, ਦ੍ਰਿਸ਼ਟੀ ਦ੍ਰਿਸ਼ਟ

ਨਾਲ ਮਿਲਾਈਆ । ਸਾਹਿਬ ਸਤਿਗੁਰ ਦਰ ਦਵਾਰੇ ਦੇਵੇ ਮਾਣ, ਮਿਹਰ ਨਜ਼ਰ ਇਕ ਉਠਾਈਆ । ਜੋ ਵੱਡੇ ਛੋਟੇ ਹਰਿ ਭਗਤ ਦਵਾਰ ਸੇਵ ਕਮਾਉਣ,
੪੪੦ ੨੩
ਸੇਵਾ ਸਭ ਦੀ ਲੇਖੇ ਪਾਈਆ । ਜਿਨ੍ਹਾਂ ਦਾ ਪਿਛੇ ਨਹੀਂ ਧਿਆਨ, ਉਨ੍ਹਾਂ ਸਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੀ ਸਚ ਸਤਿ ਦੀ ਸਤਿ ਸਤਿ ਪੁਰਖ ਸੇਵਾ ਕਰੇ ਪ੍ਰਵਾਨ, ਜਿਸ ਦਾ ਪ੍ਰਮਾਣ ਚਾਰ ਜੁਗ ਦੇ ਸ਼ਾਸਤਰ ਰਹੇ ਸਮਝਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਮਾਨਾਵਾਲਾ ਜ਼ਿਲਾ ਅੰਮ੍ਰਿਤਸਰ ਦਲੀਪ ਸਿੰਘ ਚਰਨ ਸਿੰਘ ਤਾਰਾ ਸਿੰਘ ਦੇ ਗ੍ਰਹਿ ✪

ਕਾਇਆ ਭਾਂਡਾ ਸਾਫ਼ ਜੋ ਜਨ ਕਰਦਾ, ਪੰਜ ਤਤ ਮਿਲੇ ਵਡਿਆਈਆ । ਤ੍ਰੈਗੁਣ ਮਾਇਆ ਮਨਸਾ ਦੂਰ ਕਰਦਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਤੂੰ ਮੇਰਾ ਮੈਂ ਤੇਰਾ ਨਿਰਅੱਖਰ ਧਾਰ ਪੜ੍ਹਦਾ, ਅੱਖਰਾਂ ਵਾਲੀ ਸਿਫ਼ਤ ਸਲਾਹੀਆ । ਸਾਚੀ ਮੰਜ਼ਲ ਅਗੰਮੀ ਚੜ੍ਹਦਾ, ਪੌੜੇ ਡੰਡੇ ਪੰਧ ਮੁਕਾਈਆ । ਸ਼ਬਦ ਸੁਣੇ ਅਨਾਦੀ ਅਨਹਦ ਨਾਦ ਵਜਦਾ, ਅਨਰਾਗੀ ਰਾਗ ਦ੍ਰਿੜਾਈਆ । ਕੁਫ਼ਲ ਖੋਲ੍ਹੇ ਆਪਣੇ ਘਰ ਦਾ, ਤ੍ਰੈਭਵਨ ਧਨੀ ਆਪ ਖੁਲਾਈਆ । ਦਰਸ਼ਨ ਕਰੇ ਨਰਾਇਣ ਨਰ ਦਾ, ਜੋਤੀ ਜਾਤਾ ਨਜ਼ਰੀ ਆਈਆ । ਸਚ ਦਵਾਰੇ ਆਪਣੇ ਵੜਦਾ, ਘਰ ਮੰਦਰ ਸੋਭਾ ਪਾਈਆ । ਨਾ ਜੀਵਤ ਨਾ ਮਰਦਾ, ਮਰ ਜੀਵਤ ਇਕੋ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ

ਮੇਲਾ ਲਏ ਮਿਲਾਈਆ । ਜੋ ਭਾਂਡਾ ਸਾਫ਼ ਕਰੇ ਤਨ ਵਜੂਦ, ਮਾਟੀ ਖ਼ਾਕ ਮੈਲ ਧਵਾਈਆ । ਘਰ ਸਵਾਮੀ ਮਿਲੇ ਮਹਿਬੂਬ, ਮਿਹਰਵਾਨ, ਮਿਹਰਵਾਨ ਗੁਸਾਈਆ । ਭੇਤ ਚੁਕਾਏ ਏਕਾ ਦੂਜ, ਦੁਤੀਆ ਭਾਓ ਰਹਿਣ ਨਾ ਪਾਈਆ । ਆਤਮ ਪਰਮਾਤਮ ਦੇਵੇ ਸੂਝ, ਪਰਦਾ ਪਰਦਿਆਂ ਵਿਚੋਂ ਉਠਾਈਆ । ਭੇਵ ਅਗੰਮਾ ਖੋਲ੍ਹੇ ਗੂਝ, ਆਲਸ ਨਿੰਦਰਾ ਰਹੇ ਨਾ ਰਾਈਆ । ਕਰਾਏ ਪ੍ਰਕਾਸ਼ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਸੋਭਾ ਪਾਈਆ । ਲੇਖਾ ਰਹੇ ਨਾ ਜੂਠ ਝੂਠ, ਮਨ ਵਿਕਾਰ ਕਰੇ ਸਫ਼ਾਈਆ । ਜਿਸ ਉਪਰ ਸਾਹਿਬ ਸਤਿਗੁਰ ਜਾਏ ਤੂਠ, ਤਿਸ ਸੇਵ ਸਚ ਕਮਾਈਆ । ਸੋਈ ਸੁਰਤ ਜਾਏ ਊਠ, ਨਿਰਗੁਣ ਧਾਰ ਲਏ ਅੰਗੜਾਈਆ । ਅੰਮ੍ਰਿਤ ਨਿਝਰ ਪੀਵੇ ਘੂਟ, ਜਗਤ ਤ੍ਰਿਸ਼ਨਾ ਤ੍ਰਿਖਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੇਵਾ ਇਕ ਰਖਾਈਆ । ਸਾਚੀ ਸੇਵਾ ਸਤਿਗੁਰ ਚਰਨ, ਧੂੜੀ ਧੂੜ ਖ਼ਾਕ ਰਮਾਈਆ । ਨਿਜ ਨੇਤਰ ਖੁਲ੍ਹੇ ਹਰਨ ਫਰਨ, ਲੋਚਨ ਨੈਣ ਹੋਵੇ ਰੁਸ਼ਨਾਈਆ । ਨਾਤਾ ਤੁੱਟੇ ਜਨਮ ਮਰਨ, ਚੁਰਾਸੀ ਗੇੜ ਰਹਿਣ ਨਾ ਪਾਈਆ । ਸਚ ਦਵਾਰੇ ਮਿਲੇ ਦਰਨ, ਘਰ ਇਕੋ ਵੱਜੇ ਵਧਾਈਆ । ਆਤਮ ਪਰਮਾਤਮ ਇਕੋ ਢੋਲਾ ਪੜ੍ਹਨ, ਦੂਸਰ ਵੰਡ ਨਾ ਕੋਇ ਵੰਡਾਈਆ । ਸਨਮੁਖ ਸਚ ਦਵਾਰੇ ਖੜ੍ਹਨ, ਆਤਮ ਸੇਜਾ ਸੋਭਾ ਪਾਈਆ । ਮੰਜ਼ਲ ਇਕੋ ਹਕੀਕੀ ਚੜ੍ਹਨ, ਮਹਿਬੂਬ ਮਹਿਬੂਬ ਮਹਿਬੂਬ ਨਜ਼ਰੀ ਆਈਆ । ਸੰਤ ਸੁਹੇਲੇ ਸਾਚੇ ਤਰਨ, ਜਿਸ ਤਾਰਨਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਾਚੀ ਸੇਵ ਕਰੇ ਗੁਰਸਿਖ, ਗੁਰ ਸਤਿ ਇਕੋ ਇਕ ਦ੍ਰਿੜਾਈਆ । ਸਤਿਗੁਰ ਨਾਮ ਪਾਵੇ ਸਚ ਭਿਖ, ਭਿੱਖਕ ਭਿਖਿਆ ਝੋਲੀ ਆਪ ਭਰਾਈਆ । ਘਰ ਸਵਾਮੀ ਆਵੇ ਦਿਸ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਪਤਿਪਰਮੇਸ਼ਵਰ ਮਿਲੇ ਇਕ, ਏਕੰਕਾਰ ਮਿਲ ਕੇ ਵੱਜੇ ਵਧਾਈਆ । ਸੁਰਤ ਸਵਾਣੀ ਜਾਏ ਟਿਕ, ਮਨੂਆ ਉਠ ਨਾ ਦਹਿ ਦਿਸ਼ ਧਾਈਆ । ਠਗੌਰੀ ਰਹੇ ਕੋਇ ਨਾ ਚਿਤ, ਚੇਤਨ ਆਪਣਾ ਰੰਗ ਰੰਗਾਈਆ । ਕਿਰਪਾ ਕਰੇ ਪਰਮੇਸ਼ਵਰ ਪਿਤ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਅੰਤਰ ਨਿਰੰਤਰ ਬਖ਼ਸ਼ੇ ਹਿੱਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਗਤ ਸੁਹੰਜਣੀ ਕਰੇ ਥਿਤ, ਮਾਘ ਸਤਾਰਾਂ ਦਏ ਗਵਾਹੀਆ । ਜਿਸ ਨੂੰ ਸਮਝੇ ਕੋਇ ਨਾ ਜਗਤ ਰਿਖ, ਮੁਨ ਮੂਨ ਬੈਠੇ ਧਿਆਨ ਲਗਾਈਆ । ਸੋ ਸਾਹਿਬ ਬੈਠਾ ਵਿਚ, ਦਰ ਠਾਂਡੇ ਸੋਭਾ ਪਾਈਆ । ਜਿਸ ਦੀ ਸੇਵ ਕਰਨੀ ਨਿਤ ਨਵਿਤ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਾਚੀ ਸੇਵਾ ਅੰਤਰ ਖ਼ਾਹਿਸ਼, ਮਨਸਾ ਮਨ ਨਾ ਕੋਇ ਰਖਾਈਆ । ਸਤਿਗੁਰ ਸਵਾਮੀ ਕਰੇ ਤਲਾਸ਼, ਖੋਜੇ ਥਾਉਂ ਥਾਈਂਆ । ਮਾਨਸ ਜਨਮ ਕਰੇ ਰਾਸ, ਰਸਤਾ ਆਪਣਾ ਇਕ ਦ੍ਰਿੜਾਈਆ । ਜਿਸ ਨੂੰ ਵੇਖੇ ਸ਼ੰਕਰ ਉਪਰ ਕੈਲਾਸ਼, ਦਿਬ ਨੇਤਰ ਧਿਆਨ ਲਗਾਈਆ । ਬ੍ਰਹਮਾ ਨੂਰ ਤੱਕੇ ਪ੍ਰਕਾਸ਼, ਪਾਰਬ੍ਰਹਮ ਪ੍ਰਭ ਭੇਵ ਖੁਲਾਈਆ । ਵਿਸ਼ਨੂੰ ਤੱਕੇ ਆਸ ਪਾਸ, ਵਿਸ਼ਵ ਦਾ ਭੇਵ ਰਹੇ ਨਾ ਰਾਈਆ । ਸਾਚੀ ਸੇਵਾ ਕਰੇ ਹਰਿਜਨ ਦਾਸ, ਜਿਸ ਪੁਰਖ ਅਕਾਲ ਦਿਤੀ ਵਡਿਆਈਆ । ਜਿਨ੍ਹਾਂ ਦੇ ਅੰਤਰ ਕਰੇ ਵਾਸ, ਵਿਸ਼ਿਆਂ ਤੋਂ ਬਾਹਰ ਭੇਵ ਖੁਲਾਈਆ । ਪਰਦਾ ਲਾਹੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਤੋਂ ਪਰੇ ਕਰੇ ਰੁਸ਼ਨਾਈਆ । ਹਰਿਜਨ ਬਣਾ ਕੇ ਆਪਣਾ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਬਜਰ ਕਪਾਟੀ ਖੋਲ ਕੇ ਤਾਕ, ਤ੍ਰੈਗੁਣ ਲੇਖਾ ਦਏ ਮੁਕਾਈਆ । ਗੁਰਮੁਖ ਗੁਰਸਿਖ

ਹਰਿਜਨ ਹਰਿ ਸੇਵਾ ਵਿਚ ਹੋਣ ਪਾਕ, ਪਤਤ ਪਨੀਤ ਆਪ ਬਣਾਈਆ । ਕਾਇਆ ਭਾਂਡਾ ਹੋਵੇ ਸਾਫ਼, ਸੁਥਰਾ ਕਰੇ ਆਪ ਰਘੁਰਾਈਆ । ਮਮਤਾ ਕੂੜ ਨਾ ਰਹੇ ਗਿਲਾਫ਼, ਵਿਕਾਰ ਲੋਭ ਦਏ ਮਿਟਾਈਆ । ਸਤਿਗੁਰ ਸ਼ਬਦ ਹੱਥ ਇਨਸਾਫ਼, ਜੁਗ ਜੁਗ ਆਪਣਾ ਅਦਲ ਕਮਾਈਆ । ਜਿਸ ਅੰਤਰ ਨਿਰੰਤਰ ਕਰੇ ਪ੍ਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਾਚੀ ਸੇਵਾ ਸਾਚੇ ਮੰਦਰ, ਹਰਿ ਕਰਤਾ ਆਪ ਕਰਾਈਆ । ਭਾਗ ਲਗਾਏ ਡੂੰਘੀ ਕੰਦਰ, ਕਾਇਆ ਕੁਟੀਆ ਵੇਖ ਵਖਾਈਆ । ਮਨੂਆ ਵੇਖੇ ਜੋ ਦਹਿ ਦਿਸ਼ ਉਠ ਉਠ ਧਾਏ ਬੰਦਰ, ਬੰਦਗੀ ਵਿਚ ਬੰਧਨ ਨਾ ਕੋਇ ਬੰਧਾਈਆ । ਪ੍ਰਕਾਸ਼ ਨਜ਼ਰ ਨਾ ਆਵੇ ਸੂਰੀਆ ਚੰਦਰ, ਚੰਦ ਚਾਂਦਨੀ ਨਾ ਕੋਇ ਰੁਸ਼ਨਾਈਆ । ਤਨ ਬੌਰਾ ਨਾ ਦਿਸੇ ਖੰਡਰ, ਮਹੱਲ ਅਟਲ ਨਾ ਕੋਇ ਚਤੁਰਾਈਆ । ਸਚ ਮਿਲੇ ਨਾ ਕੋਇ ਅਨੰਦਨ, ਅਨੰਦ ਅਨੰਦ ਵਿਚੋਂ ਨਾ ਕੋਇ ਪ੍ਰਗਟਾਈਆ । ਸਤਿਗੁਰ ਧੂੜੀ ਲੱਗੇ ਮੂਲ ਨਾ ਚੰਦਨ, ਨਿੰਮ ਵਾਸ ਨਾ ਕੋਇ ਮਹਿਕਾਈਆ । ਸਾਚੀ ਸੇਵਾ ਸਤਿਗੁਰ ਪਿਆਰ ਦੀ ਰੰਗਣ, ਬਿਨ ਰੰਗਤ ਆਪ ਚੜ੍ਹਾਈਆ । ਮਾਨਸ ਜਨਮ ਨਾ ਹੋਵੇ ਭੰਗਣ, ਬਿਨਾ ਪ੍ਰਭ ਦੇਵੇ ਨਾ ਕੋਇ ਮਾਣ ਵਡਿਆਈਆ । ਅੰਤਕਾਲ ਕਲ ਲਾਏ ਆਪਣੇ ਅੰਗਣ, ਅੰਗੀਕਾਰ ਆਪ ਹੋ ਜਾਈਆ । ਵਡ ਦਾਤਾ ਯੋਧਾ ਸੂਰਬੀਰ ਸਰਬੰਗਣ, ਸ਼ਹਿਨਸ਼ਾਹ ਧੁਰਦਰਗਾਹੀਆ । ਜੁਗ ਜੁਗ ਸਾਚੀ ਸੇਵਾ ਨਾਮ ਪਦਾਰਥ ਆਵੇ ਵੰਡਣ, ਅਨਮੋਲ ਅਨਮੁੱਲ ਆਪ ਵਰਤਾਈਆ । ਜੋ ਮਾਲਕ ਖ਼ਾਲਕ ਬ੍ਰਹਮ ਬ੍ਰਹਿਮੰਡਣ, ਬ੍ਰਹਿਮਾਦ ਰਿਹਾ ਸਮਾਈਆ । ਲੇਖਾ ਜਾਣੇ ਜੇਰਜ ਅੰਡਣ, ਉਤਭੁਜ ਸੇਤਜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਭੇਵ ਆਪ ਚੁਕਾਈਆ । ਸੇਵਾ ਕਹੇ ਮੈਂ ਜਗਤ ਜਹਾਨ ਦੀ ਚਾਕਰੀ, ਜੁਗ ਜੁਗ ਕਾਰ ਕਮਾਈਆ । ਕਲਜੁਗ ਅੰਤਮ ਤੱਕਾਂ ਅੰਧੇਰੀ ਰਾਤਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਮੇਰਾ ਅਨੰਦ ਬਹੁ ਬਿਧ ਭਾਂਤਰੀ, ਭੇਵ ਭਾਵ ਨਾ ਕੋਇ ਦ੍ਰਿੜਾਈਆ । ਮੇਰਾ ਲੇਖਾ ਜਾਣੇ ਕੋਇ ਨਾ ਸ਼ਾਸਤਰੀ, ਵਿਦਤ ਵਿਦਿਆ ਵਿਚ ਨਾ ਕੋਇ ਚਤੁਰਾਈਆ । ਮੇਰਾ ਲੇਖਾ ਸਤਿਗੁਰ ਸ਼ਬਦ ਨਾਲ ਨਾਤਰੀ, ਨਾਤਾ ਇਕ ਜੁੜਾਈਆ । ਜਿਸ ਦੀ ਮਹਿੰਮਾ ਕਰਦੇ ਦੁਰਗਾ ਅੱਖਰ ਗਾਇਤਰੀ, ਅਕਸ਼ਰ ਅਕਸ਼ਰਾਂ ਨਾਲ ਮਿਲਾਈਆ । ਮੈਂ ਸੰਦੇਸ਼ੇ ਵਿਚ ਸੁਣਦੀ ਰਹੀ ਲੇਖ ਪਾਤਰੀ, ਜੋ ਪਤ੍ਰਕਾ ਗੁਰ ਅਵਤਾਰ ਪੈਗ਼ੰਬਰ ਗਏ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਕੋਟਨ ਕੋਟ ਫਿਰਦੇ ਯਾਤਰੀ, ਯਥਾਰਥ ਸਮਝ ਕਿਸੇ ਨਾ ਆਈਆ । ਸਾਚੀ ਸੇਵਾ ਸੇਵਾ ਕਹੇ ਮੇਰੀ ਪ੍ਰਭ ਚਰਨ ਧੂੜ ਧੂੜੀ ਖ਼ਾਕਰੀ, ਖ਼ਾਕ ਖ਼ਾਕ ਵਿਚ ਸਮਾਈਆ । ਜਿਸ ਸੇਵਾ ਵਿਚ ਦੂਰ ਨੇੜੇ ਮਿਟੇ ਵਾਟੜੀ, ਅਗਲਾ ਪੰਧ ਰਹੇ ਨਾ ਰਾਈਆ । ਮਨ ਖ਼ਾਹਿਸ਼ ਰਹੇ ਨਾ ਆਕੜੀ, ਮਮਤਾ ਨਾ ਕੋਇ ਜਣਾਈਆ । ਸਾਚੀ ਸੇਵਾ ਮਿਲੇ ਸਤਿਗੁਰ ਸਾਚੀ ਹਾਟੜੀ, ਦੂਸਰ ਹੱਟ ਹੱਥ ਕਿਸੇ ਨਾ ਆਈਆ । ਸੇਵਾ ਕਹੇ ਮੇਰੀ ਹੰਕਾਰ ਵਿਚ ਬੰਨ੍ਹੇ ਕੋਇ ਨਾ ਗਾਠੜੀ, ਭਾਰ ਸਿਰ ਨਾ ਕੋਇ ਉਠਾਈਆ । ਮੇਰਾ ਆਦਿ ਅੰਤ ਦਾ ਮੂਲ ਸਾਚੀ ਸੇਵਾ ਸਾਚੀ ਚਾਕਰੀ, ਜੋ ਚਕਰਵਰਤੀਆਂ ਹੱਥ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਬੇਪਰਵਾਹ ਪਰਮ ਪੁਰਖ ਇਕ ਅਖਵਾਈਆ ।

## ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸਾਰੰਗੜਾਂ ਜ਼ਿਲਾ ਅੰਮ੍ਰਿਤਸਰ ਮੰਗਲ ਸਿੰਘ ਦੇ ਗ੍ਰਿਹ ✪

ਸੋ ਪੁਰਖ ਨਿਰੰਜਣ ਸਾਚੀ ਧਾਰ, ਆਦਿ ਅੰਤ ਵਡ ਵਡਿਆਈਆ । ਸਨਕ ਸਨੰਦਨ ਸਨਾਤਨ ਸਨਤ ਕੁਮਾਰ, ਏਕਾ ਰੂਪ ਅਨੂਪ ਦਰਸਾਈਆ । ਬਰਾਹ ਖੇਲ ਕਰੇ ਅਪਾਰ, ਅਪਰੰਪਰ ਸਵਾਮੀ ਵਡ ਵਡਿਆਈਆ । ਯੱਗਯ ਪੁਰਸ਼ ਹੋ ਤਿਆਰ, ਨਿਰਗੁਣ ਧਾਰ ਲਏ ਅੰਗੜਾਈਆ । ਹਾਵਗਰੀਵ ਪਾਏ ਸਾਰ, ਮਹਾਸਾਰਥੀ ਇਕ ਅਖਵਾਈਆ । ਨਰ ਨਰਾਇਣ ਖੇਲ ਅਪਾਰ, ਅਪਰੰਪਰ ਸਵਾਮੀ ਆਪ ਜਣਾਈਆ । ਕਪਲ ਮੁੰਨ ਹੋ ਤਿਆਰ, ਤ੍ਰੈਗੁਣ ਅਤੀਤਾ ਵੱਜੇ ਵਧਾਈਆ । ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਹਰਿ ਕਰਤਾ ਵਡ ਵਡਿਆਈਆ । ਦੱਤਾਤ੍ਰੈ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਰਿਖਵ ਲੇਖਾ ਜਾਣੇ ਨਾ ਕੋਇ ਜੀਵ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਪ੍ਰਿਥੁ ਪ੍ਰਿਥਮੀ ਉਤੇ ਹੋ ਤਿਆਰ, ਅੰਨ ਦਾਨ ਖੇਲ ਖਿਲਾਈਆ । ਮਤਸਯ ਖੇਲ ਸੱਚੀ ਸਰਕਾਰ, ਜਲ ਧਾਰਾ ਵੱਜੇ ਵਧਾਈਆ । ਕਛਪ ਆਪਣੀ ਕਰੇ ਕਾਰ ਕਰਤਾਰ, ਚੌਦਾਂ ਰਤਨਾਂ ਵੰਡ ਵੰਡਾਈਆ । ਧਨੰਤਰ ਹੋ ਕੇ ਖ਼ਬਰਦਾਰ, ਔਸ਼ਦ ਸਾਰੇ ਵੇਖ ਵਖਾਈਆ ਬਾਵਨ ਰਾਹ ਸੱਚੀ ਸਰਕਾਰ, ਬਲਧਾਰੀ ਆਪ ਦ੍ਰਿੜਾਈਆ । ਮੋਹਣੀ ਰੂਪ ਨਾ ਨਾਰੀ ਨਾ ਨਾਰ, ਹਰਿ ਕਰਤਾ ਆਪਣਾ ਰੰਗ ਰੰਗਾਈਆ । ਹਰੀ ਹਰਿ ਖੇਲ ਕਰੇ ਸੱਚੀ ਸਰਕਾਰ, ਜੋ ਹਰ ਘਟ ਬੈਠਾ ਸੋਭਾ ਪਾਈਆ । ਨਰ ਸਿੰਘ ਹੋ ਕੇ ਭਗਤਾਂ ਦਏ ਅਧਾਰ, ਭਗਵਨ ਆਪਣੀ ਕਾਰ ਕਮਾਈਆ । ਗਜ ਦਾ ਲੇਖਾ ਦਏ ਨਿਵਾਰ, ਤੰਦੂਆ ਤੰਦ ਕਟਾਈਆ । ਜੋਤੀ ਧਾਰਾ ਜੋਤ ਉਜਿਆਰ, ਜੋਤੀ ਜਾਤਾ ਡਗਮਗਾਈਆ । ਸਤਿਜੁਗ ਸਾਚੇ ਪਾਵੇ ਸਾਰ, ਸਤਿ ਸਤਿਵਾਦ ਇਕ ਅਖਵਾਈਆ । ਤ੍ਰੇਤਾ ਖੇਲ ਅਪਰ ਅਪਾਰ, ਅਪਰੰਪਰ ਵੇਖੇ ਚਾਈਂ ਚਾਈਂਆ । ਪਰਸਰਾਮਾ ਮੀਤ ਮੁਰਾਰ, ਬ੍ਰਹਮ ਬ੍ਰਹਮ ਸਤਿ ਦ੍ਰਿੜਾਈਆ । ਰਾਮ ਰਾਮਾ ਕਰ ਤਿਆਰ, ਰਘੁਪਤ ਦੇਵੇ ਆਪ ਵਡਿਆਈਆ । ਦੋਹਾਂ ਲੇਖਾ ਵਿਚ ਸੰਸਾਰ, ਤਰੇਤਾ ਲਹਿਣਾ ਝੋਲੀ ਪਾਈਆ । ਵੇਦ ਵਿਆਸਾ ਦਏ ਅਧਾਰ, ਦੁਆਪਰ ਡੰਕ ਕਰੇ ਸ਼ਨਵਾਈਆ । ਕਾਹਨਾ ਕ੍ਰਿਸ਼ਨਾ ਕਰ ਤਿਆਰ, ਨੌਜਵਾਨਾ ਵੇਖ ਵਖਾਈਆ । ਮੰਡਲ ਮੰਡਪ ਪਾਵੇ ਰਾਸ, ਸ਼ਾਹੋ ਸ਼ਾਬਾਸ਼ ਬੇਪਰਵਾਹੀਆ । ਦੁਆਪਰ ਅੰਤਮ ਖੇਲ ਤਮਾਸ਼, ਹਰਿ ਕਰਤਾ ਆਪ ਕਰਾਈਆ । ਕਲਜੁਗ ਮਾਤ ਕਰ ਪ੍ਰਕਾਸ਼, ਬੁੱਧ ਦੇਵੇ ਮਾਣ ਵਡਿਆਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਇਕ ਅਖਵਾਈਆ । ਸਚ ਸਵਾਮੀ ਹਰਿ ਨਿਰੰਕਾਰਾ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਰੂਪ ਅਨੂਪ ਨਿਆਰਾ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਚਖੰਡ ਵਸੇ ਸਚ ਦਵਾਰਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਇਕੋ ਨੂਰ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਰੂਪ ਰੰਗ ਰੇਖ ਤੋਂ ਵਸੇ ਬਾਹਰਾ, ਜ਼ਾਤ ਅਜ਼ਾਤੀ ਨਾ ਕੋਇ ਰਖਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਧਾਰ ਚੌਬੀਸਵਾਂ ਅਵਤਾਰਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸ਼ਬਦੀ ਸ਼ਬਦ ਡੰਕ ਵਜੇ ਅਗੰਮ ਅਪਾਰਾ, ਜਿਸ ਦਾ ਨਾਦ ਤਾਲ ਸੁਣਨ ਕੋਇ ਨਾ ਪਾਈਆ । ਸੋ ਮਾਲਕ ਖ਼ਾਲਕ ਨੂਰ ਨੁਰਾਨਾ ਜ਼ਹੂਰ ਜ਼ਾਹਰਾ, ਜ਼ਾਹਰ ਜ਼ਹੂਰ ਇਕ ਅਖਵਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਕੀਤਾ ਇਕ ਇਸ਼ਾਰਾ, ਸੈਨਤ ਨਾਮ ਕਲਮੇ ਵਾਲੀ ਲਗਾਈਆ ।

ਉਸ ਦਾ ਧਾਮ ਅਨੋਖਾ ਅਗੰਮੜਾ ਵਿਚ ਸੰਸਾਰਾ, ਸੰਬਲ ਆਪਣੀ ਖੇਲ ਖਿਲਾਈਆ । ਜੋਤੀ ਜਾਤਾ ਹੋ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਨਿਹਕਲੰਕ ਤਨ ਨਹੀਂ ਵਜੂਦ, ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਜਿਸ ਦੀ ਮੰਜ਼ਲ ਹਕ ਮਕਸੂਦ, ਦਰਗਾਹ ਸਾਚੀ ਸੋਭਾ ਪਾਈਆ । ਉਹ ਆਦਿ ਜੁਗਾਦੀ ਇਕ ਮਹਿਬੂਬ, ਮਹਿਬਾਨ ਬੀਦੋ ਬੀਖੈਰਯਾ ਅਲਾਹ ਨੂਰ ਅਲਾਹੀਆ । ਜੋ ਕਦੇ ਨਾ ਹੋਵੇ ਨੇਸਤੋ ਨਾਬੂਦ, ਜੁਗ ਚੌਕੜੀ ਇਕੋ ਰੰਗ ਸਮਾਈਆ । ਜਿਸ ਦਾ ਜਗਤ ਵਿਦਿਆ ਦੇਵੇ ਨਾ ਕੋਇ ਸਬੂਤ, ਅਕਲ ਵਿਦਿਆ ਨਾ ਕੋਇ ਚਤੁਰਾਈਆ । ਉਸ ਦੀ ਵੰਡ ਨਾ ਕੋਇ ਹਦੂਦ, ਬੰਧਨ ਸ਼ਰਅ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਿਹਕਲੰਕ ਪੁਰਖ ਅਗੰਮਾ, ਨਿਰਗੁਣ ਧਾਰ ਨੂਰ ਰੁਸ਼ਨਾਈਆ । ਜਨਣੀ ਕੁੱਖ ਕਿਸੇ ਨਾ ਜੰਮਾ, ਨਾ ਕੋਈ ਦਿਸੇ ਜਣੇਂਦੀ ਮਾਈਆ । ਨੂਰ ਜੋਤ ਜਗਤ ਨਹੀਂ ਕੋਈ ਸ਼ਮਾ, ਸ਼ਮਾਦਾਨ ਨਾ ਕੋਇ ਵਡਿਆਈਆ । ਹਰਖ ਸੋਖ ਨਹੀਂ ਕੋਈ ਗ਼ਮਾ, ਚਿੰਤਾ ਚਿਖਾ ਨਾ ਕੋਇ ਰਖਾਈਆ । ਸਰਵਣ ਨੈਣ ਨਹੀਂ ਕੋਈ ਕੰਨਾ, ਰਾਗ ਨਾਦ ਨਾ ਕੋਇ ਸ਼ਨਵਾਈਆ । ਸੂਰੀਆ ਚੰਨ ਨਹੀਂ ਕੋਈ ਚੰਨਾ, ਗਗਨ ਮੰਡਲਾਂ ਪਾਤਾਲਾਂ ਇਕੋ ਨੂਰ ਜੋਤ ਪ੍ਰਕਾਸ਼ ਸ੍ਰੀ ਭਗਵਾਨਾ, ਹਰਿ ਭਗਵਨ ਅਗੰਮ ਅਥਾਹੀਆ । ਜਿਸ ਦਾ ਪਵਣ ਸਵਾਸ ਨਹੀਂ ਕੋਈ ਦਮਾ, ਦਾਮਨਗੀਰ ਨਜ਼ਰ ਕੋਇ ਨਾ ਆਈਆ । ਤਨ ਵਜੂਦ ਕਾਇਆ ਮਾਟੀ ਨਹੀਂ ਕੋਈ ਚੰਮਾ, ਚੰਮ ਦ੍ਰਿਸ਼ਟੀ ਨਾ ਕੋਇ ਸਮਝਾਈਆ । ਨੇਤਰ ਨਜ਼ਰ ਨਾ ਆਵੇ ਉਚਾ ਲੰਮਾ, ਕੱਦ ਕਦੀਮ ਦੇ ਮਾਲਕ ਦਾ ਵੇਖਣ ਕੋਇ ਨਾ ਪਾਈਆ । ਜਿਸ ਦਾ ਹੱਦ ਨਹੀਂ ਕੋਈ ਬੰਨਾ, ਅੰਤ ਕਹਿਣ ਕੋਇ ਨਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਇਕੋ ਨੂਰ ਅਲਾਹੀ ਅੱਲਾ, ਅਲਾਹ ਜਿਸ ਨੂੰ ਆਲਮੀਨ ਕਹਿ ਕੇ ਸਾਰੇ ਸੀਸ ਝੁਕਾਈਆ । ਉਹ ਆਪਣੇ ਨੂਰ ਧਾਰ ਸਤਿ ਪ੍ਰਕਾਸ਼ ਵਿਚ ਬਲਾ, ਜੋਤੀ ਜਾਤਾ ਡਗਮਗਾਈਆ । ਅਪਰੰਪਰ ਸਵਾਮੀ ਇਕੋ ਖੇਲ ਕਰੇ ਇਕੱਲਾ, ਅਕਲ ਕਲਧਾਰੀ ਆਪਣੀ ਕਲ ਪ੍ਰਗਟਾਈਆ । ਉਹ ਵਸਿਆ ਸਚ ਦਵਾਰਾ ਸਚ ਮਹੱਲਾ, ਸੰਬਲ ਆਪਣਾ ਬੰਕ ਬਣਾਈਆ । ਸ੍ਰਿਸ਼ਟ ਸਬਾਈ ਰਿਹਾ ਛਲਾ, ਅਛਲ ਛਲਧਾਰੀ ਆਪਣੀ ਕਲ ਵਰਤਾਈਆ । ਸ਼ਬਦੀ ਧਾਰ ਸ਼ਬਦ ਸਰੂਪੀ ਰਲਾ, ਸ਼ਬਦ ਸ਼ਬਦ ਕਰੇ ਸ਼ਨਵਾਈਆ । ਇਕੋ ਲੇਖਾ ਜਾਣੇ ਨਿਹਚਲ ਧਾਮ ਅਟਲਾ, ਅਟਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਿਹਕਲੰਕ ਹਰਿ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਅੰਤਮ ਪਾਵੇ ਸਾਰਾ, ਮੁਹੰਮਦ ਲੇਖਾ ਵੇਖ ਵਖਾਈਆ । ਜਿਸ ਦਾ ਈਸਾ ਕੀਤਾ ਇਸ਼ਾਰਾ, ਸਲੀਵ ਗਲ ਵਿਚ ਲਟਕਾਈਆ । ਮੂਸਾ ਮੂੰਹ ਦੇ ਭਾਰ ਡਿੱਗ ਕੇ ਰੋਇਆ ਜ਼ਾਰੋ ਜ਼ਾਰਾ, ਅੰਤਮ ਤੇਰੀ ਬੇਪ੍ਰਵਾਹੀਆ । ਨਾਨਕ ਨਿਰਗੁਣ ਧਾਰ ਕਿਹਾ ਨਿਰਵੈਰ ਪੁਰਖ ਅਕਾਲ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਖੇਲ ਖਿਲਾਈਆ । ਗੋਬਿੰਦ ਕਿਹਾ ਸ਼ਬਦੀ ਖੰਡਾ ਜਿਸ ਦਾ ਹੋਵੇ ਦੋ ਧਾਰਾ, ਦੋਹਰੀ ਧਾਰ ਆਪ ਜਣਾਈਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਕਰੇ ਆਪਣੀ ਕਾਰਾ, ਕਰਤਾ ਪੁਰਖ ਆਪਣੀ ਕਾਰ ਕਮਾਈਆ । ਬੀਸ ਬੀਸਾ ਹਰਿ ਜਗਦੀਸਾ ਜੋਤੀ ਜਾਤਾ ਹੋ ਉਜਿਆਰਾ, ਜਗਤ ਜਹਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ


੪੪੪
੨੩

੪੪੫
੨੩

ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਨਿਹਕਲੰਕ ਨਰ ਨਰਾਇਣਾ, ਹਰਿ ਕਰਤਾ ਇਕ ਅਖਵਾਈਆ । ਜੋ ਸਭ ਦਾ ਪੂਰਾ ਕਰੇ ਦੇਣਾ ਲਹਿਣਾ, ਪੂਰਬ ਲੇਖਾ ਰਿਹਾ ਚੁਕਾਈਆ । ਆਤਮ ਪਰਮਾਤਮ ਬਣੇ ਸਾਕ ਸਜਣ ਸੈਣਾ, ਮਿਤਰ ਪਿਆਰਾ ਵਡ ਵਡਿਆਈਆ । ਜਿਸ ਦੇ ਹੁਕਮ ਦਾ ਭਾਣਾ ਸਭ ਨੇ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜ ਕੁੜਿਆਰ ਦਾ ਵਹਿਣ ਵਹਿਣਾ, ਅੰਤਮ ਸ਼ੌਹ ਦਰਿਆ ਦਏ ਰੁੜ੍ਹਾਈਆ । ਸਤਿਜੁਗ ਸਾਚੇ ਤਖ਼ਤ ਬਹਿਣਾ, ਸਤਿ ਸਤਿਵਾਦੀ ਆਪ ਟਿਕਾਈਆ । ਜਿਸ ਦਾ ਲੇਖਾ ਜਾਣ ਨਾ ਸਕੇ ਗੀਤਾ ਗਿਆਨ ਰਮਾਇਣਾ, ਰਾਮ ਕ੍ਰਿਸ਼ਨ ਨਿਵ ਨਿਵ ਲਾਗੇ ਪਾਈਆਂ । ਉਸ ਦਾ ਲੇਖਾ ਜਗਤ ਨਹੀਂ ਤਰਫ਼ੈਣਾ, ਤ੍ਰੈਗੁਣ ਅਤੀਤਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਿਹਕਲੰਕ ਬਲੀ ਬਲਵਾਨਾ, ਬਲਧਾਰੀ ਇਕ ਅਖਵਾਈਆ । ਜੋਤੀ ਜਾਤਾ ਨੌਜਵਾਨਾ ਮਰਦ ਮਰਦਾਨਾ, ਸ੍ਰੀ ਭਗਵਾਨਾ ਆਪਣੀ ਕਾਰ ਕਮਾਈਆ । ਨਿਰਵੈਰ ਹੋ ਕੇ ਪਹਿਰਿਆ ਬਾਣਾ, ਨਿਰਾਕਾਰ ਆਪਣਾ ਰੂਪ ਵਟਾਈਆ । ਸ਼ਬਦ ਸੰਦੇਸਾ ਦੇਵੇ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਆਪ ਸ਼ਨਵਾਈਆ । ਜਿਸ ਦੀ ਯਾਦ ਵਿਚ ਸਾਰੇ ਕਰਨ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਉਹ ਵਸੇ ਸੰਬਲ ਦੇਸ ਮਕਾਨਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਕਰਤਾ ਪੁਰਖ ਸਵਾਮੀ ਆਦਿ, ਆਦਿ ਪੁਰਖ ਵੱਡੀ ਵਡਿਆਈਆ । ਜੋ ਲੇਖਾ ਜਾਣੇ ਜੁਗ ਜੁਗਾਦਿ, ਜੁਗ ਚੌਕੜੀ ਆਪਣਾ ਖੇਲ ਖਿਲਾਈਆ । ਭੇਵ ਖੁਲਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਪਰਦਾ ਦਏ ਉਠਾਈਆ । ਜਿਸ ਦਾ ਰੂਪ ਅਨੂਪ ਸਤਿ ਸਰੂਪ ਨਿਰਗੁਣ ਧਾਰ ਵਰਤੇ ਸਵਾਂਗ, ਸਵਾਂਗੀ ਆਪਣਾ ਖੇਲ ਖਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤ੍ਰੈਗੁਣ ਤੋਂ ਬਾਹਰ ਜਿਸ ਦੀ ਤਾਂਘ, ਤ੍ਰੈਭਵਨ ਧਨੀ ਆਪਣਾ ਪਰਦਾ ਆਪ ਉਠਾਈਆ । ਜਿਸ ਦਾ ਲੇਖਾ ਨਹੀਂ ਨਾਲ ਕਰਮ ਕਾਂਡ, ਕਿਰਿਆ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਚ ਦਾ ਮਾਲਕ ਅਗੰਮ ਅਥਾਹ, ਜੋ ਨਿਰਗੁਣ ਦਾਤਾ ਨਿਰਵੈਰ ਰਿਹਾ ਅਖਵਾ, ਜਿਸ ਦੀ ਨਿਰਅੱਖਰ ਧਾਰ ਵਿਚੋਂ ਅੱਖਰ ਸਰਗੁਣ ਨਿਰਗੁਣ ਸਿਫ਼ਤ ਸਲਾਹੀਆ । ਸੋ ਰੂਪ ਅਨੂਪਾ ਸ਼ਾਹੋ ਭੂਪਾ ਜੋਤੀ ਜਾਤਾ ਪੁਰਖ ਬਿਧਾਤਾ ਨਿਰਾਕਾਰ ਆਏ ਭੇਸ ਵਟਾ, ਜਗਤ ਨੇਤਰ ਲੋਚਨ ਨੈਣ ਅੱਖੀਆਂ ਨਜ਼ਰ ਕਿਸੇ ਨਾ ਆਈਆ । ਜੋ ਆਤਮ ਪਰਮਾਤਮ ਨਿਰਗੁਣ ਸਰਗੁਣ ਸਭ ਦਾ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਉਹ ਅਮਾਮ ਅਮਾਮਾ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਖੇਲ ਕਰੇ ਸਚ ਚਲਾਏ ਰਾਹ, ਰਹਿਬਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਹਰਿ ਨਰ ਇਕੋ ਇਕ ਏਕੰਕਾਰਾ, ਸਦੀ ਸਦੀਵੀ ਬੀਸ ਬੀਸਾ ਹਰਿ ਜਗਦੀਸ਼ਾ ਕਲ ਕਲਕੀ ਆਪਣਾ ਹੁਕਮ ਵਰਤਾਈਆ ।

✪ ੧੮ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸਾਰੰਗੜਾਂ ਜ਼ਿਲਾ ਅੰਮ੍ਰਿਤਸਰ ਕਾਰਜ ਸਿੰਘ ਦੇ ਗ੍ਰਿਹ ✪

ਨੌ ਖੰਡ ਕਹਿਣ ਪ੍ਰਭੂ ਤੇਰਾ ਸ਼ਬਦ ਧਾਰ ਦਾ ਖੰਡਾ, ਚਾਰੋਂ ਕੁੰਟ ਨਜ਼ਰੀ ਆਈਆ । ਜਿਸ ਦਾ ਲਹਿਣਾ ਦੇਣਾ ਪੁਰੀਆਂ ਲੋਆਂ ਵਿਚ ਬ੍ਰਹਿਮੰਡਾ, ਗਗਨ ਪਾਤਾਲਾਂ ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਜੋ ਲਹਿਣਾ ਦੇਣਾ ਜਾਣੇ ਉਤਭੁਜ ਸੇਤਜ ਜੇਰਜ ਅੰਡਾ, ਚਾਰੇ ਖਾਣੀ ਖੋਜ ਖੁਜਾਈਆ । ਜਿਸ ਲੇਖਾ ਪੂਰਾ ਕਰਨਾ ਗੁਰ ਗੋਬਿੰਦਾ, ਸਿੰਘ ਧਾਰ ਬੇਪ੍ਰਵਾਹੀਆ । ਸੋ ਸਵਾਮੀ ਅੰਤਰਜਾਮੀ ਜੀਵ ਜਗਤ ਜਹਾਨ ਵੇਖ ਜੀਉ ਪਿੰਡਾ, ਤਨ ਵਜੂਦ ਮਾਟੀ ਖ਼ਾਕ ਫੋਲ ਫੁਲਾਈਆ । ਕਲਜੁਗ ਕੂੜ ਕੁੜਿਆਰ ਤੇਰੇ ਨਾਮ ਦੀ ਕਰੇ ਨਿੰਦਾ, ਸਤਿ ਸਚ ਵਿਚ ਨਾ ਕੋਇ ਸਮਾਈਆ । ਚਾਰ ਵਰਨ ਅਠਾਰਾਂ ਬਰਨ ਬਜਰ ਕਪਾਟੀ ਖੋਲੇ ਕੋਇ ਨਾ ਜਿੰਦਾ, ਤੁਰੀਆ ਦੀ ਧਾਰ ਤੇਰੀ ਨਜ਼ਰ ਕਿਸੇ ਨਾ ਆਈਆ । ਜਗਤ ਵਾਸਨਾ ਹੋਈ ਲਿੰਗਾ, ਆਤਮ ਰਸ ਦੀਨ ਦੁਨੀ ਗਈ ਗਵਾਈਆ । ਅੰਮ੍ਰਿਤ ਧਾਰ ਮਿਲੇ ਕਿਸੇ ਨਾ ਸਾਗਰ ਸਿੰਧਾ, ਅੰਮਿਉਂ ਰਸ ਨਾ ਕੋਇ ਚੁਆਈਆ । ਚਾਰ ਕੁੰਟ ਸ੍ਰਿਸ਼ਟੀ ਦ੍ਰਿਸ਼ਟੀ ਮੇਲ ਮਿਲੇ ਨਾ ਗੁਣੀ ਗਹਿੰਦਾ, ਗਹਿਰ ਗੰਭੀਰ ਤੇਰਾ ਦਰਸ ਕੋਇ ਨਾ ਪਾਈਆ । ਸਤਿ ਧਾਰ ਸੰਤ ਸੁਹੇਲਾ ਸਚ ਦੀ ਬਣੇ ਕੋਇ ਨਾ ਬਿੰਦਾ, ਬਿੰਦਰਾਬਨ ਦਾ ਵਾਸੀ ਕਾਹਨ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੁਰਖ ਅਕਾਲ ਤੇਰਾ ਨਾਮ ਖੰਡਾ ਦੋ ਧਾਰਾ, ਨਿਰਗੁਣ ਸਰਗੁਣ ਨਜ਼ਰੀ ਆਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਪੈਗ਼ੰਬਰ ਗੁਰੂ ਅਵਤਾਰਾ, ਸਿਰ ਸਕੇ ਨਾ ਕੋਇ ਉਠਾਈਆ । ਜੋ ਸਤਿਜੁਗ ਤਰੇਤਾ ਦੁਆਪਰ ਕਲਜੁਗ ਆਵੇ ਵਾਰੋ ਵਾਰਾ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਖੇਲ ਤੱਕ ਪਰਵਰਦਿਗਾਰਾ, ਸਾਂਝੇ ਯਾਰ ਭੇਵ ਖੁਲਾਈਆ । ਨਵ ਸੱਤ ਧੂੰਆਂ ਧਾਰਾ, ਅੰਧ ਅੰਧੇਰ ਨਾ ਕੋਇ ਮਿਟਾਈਆ । ਗ੍ਰੰਥ ਸ਼ਾਸਤਰ ਕਰਨ ਪੁਕਾਰਾ, ਊਚੀ ਕੂਕ ਕੂਕ ਸੁਣਾਈਆ । ਦੀਨ ਦੁਨੀ ਮਨੂਆ ਮਨ ਹੋਇਆ ਹੰਕਾਰਾ, ਬੁਧ ਬਿਬੇਕ ਨਾ ਕੋਇ ਬਣਾਈਆ । ਚਾਰ ਵਰਨ ਦਿਸੇ ਵਿਕਾਰਾ, ਵਿਭਚਾਰ ਕਰੇ ਲੋਕਾਈਆ । ਧਰਮ ਦਾ ਧਰਮ ਨਾ ਰਿਹਾ ਦਵਾਰਾ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਨੈਣ ਉਠਾਈਆ । ਕਿਰਪਾ ਕਰ ਆਪ ਨਿਰੰਕਾਰਾ, ਨਿਰਵੈਰ ਹੋ ਸਹਾਈਆ । ਭਗਤ ਸੁਹੇਲੇ ਹਰਿਜਨ ਦੇ ਅਧਾਰਾ, ਚਰਨ ਕਵਲ ਇਕ ਸਰਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਜੈਕਾਰਾ, ਆਤਮ ਪਰਮਾਤਮ ਮੇਲਾ ਲੈਣਾ ਮਿਲਾਈਆ । ਸਚਖੰਡ ਸਚ ਦਵਾਰ ਦਿਸੇ ਤੇਰਾ ਦਵਾਰਾ, ਦੂਜਾ ਗ੍ਰਿਹ ਨਾ ਕੋਇ ਵਡਿਆਈਆ । ਜਿਥੇ ਇਕੋ ਜੋਤ ਨੂਰ ਉਜਿਆਰਾ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਤੂੰ ਕਮਲਾਪਾਤੀ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਤੇਰੇ ਚਰਨ ਸਰਨ ਸਦਾ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਪਾ ਸਾਰਾ, ਮਹਾਸਾਰਥੀ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰਾ, ਸਹਾਇਕ ਨਾਇਕ ਇਕੋ ਨਜ਼ਰੀ ਆਈਆ ।

## ✪ ੧੮ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ਅਵਤਾਰ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਕਹੇ ਪ੍ਰਭ ਤੇਰਾ ਖੇਲ ਅਗੰਮਾ, ਅਲਖ ਅਗੋਚਰ ਅਗੰਮ ਅਥਾਹ ਭੇਵ ਕੋਇ ਨਾ ਪਾਈਆ । ਭੇਵ ਪਾ ਸਕੇ ਨਾ ਕੋਇ ਪਵਣ ਸਵਾਸੀ ਵਾਲਾ ਦਮਾ, ਪਰਦਾ ਓਹਲਾ ਲੋਕਮਾਤ ਨਾ ਕੋਇ ਚੁਕਾਈਆ । ਲੇਖਾ ਜਾਣੇ ਨਾ ਕੋਇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਵਿਚ ਨਾ ਕੋਇ ਸਮਝਾਈਆ । ਤੂੰ ਆਦਿ ਜੁਗਾਦੀ ਨੂਰ ਨੁਰਾਨਾ ਇਕੋ ਚੰਨਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਮਿਹਰਵਾਨ ਮਹਿਬੂਬ ਨਿਗਾਹ ਮਾਰ ਗੋਬਿੰਦ ਵਾਲੇ ਕੰਨਾ, ਜੋ ਕਾਇਨਾਤ ਗਿਆ ਲਗਾਈਆ । ਦੀਨ ਮਜ਼ਬ੍ਹ ਦਾ ਤੱਕ ਲੈ ਬੰਨਾ, ਹੱਦ ਹਦੂਦਾਂ ਖੋਜ ਖੁਜਾਈਆ । ਨਿਗਾਹ ਮਾਰ ਲੈ ਕਾਇਆ ਮਾਟੀ ਤੰਨਾ, ਪੰਜ ਤਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਨਿਰਗੁਣ ਧਾਰ ਮਾਰ ਲੈ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਸਚ ਦਵਾਰੇ ਖੋਲ ਤਾਕੀ, ਦੋ ਜਹਾਨਾਂ ਪਰਦਾ ਲੈ ਉਠਾਈਆ । ਮਾਨਸ ਮਾਨਵ ਮਾਨੁਖ ਤੱਕ ਲੈ ਮਾਟੀ ਖ਼ਾਕੀ, ਪੰਜਾਂ ਤਤਾਂ ਭੇਵ ਰਹੇ ਨਾ ਰਾਈਆ । ਤੇਰੇ ਨਾਮ ਕਲਮੇ ਨਾਲੋਂ ਮਨੂਆ ਹੋਇਆ ਆਕੀ, ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਕੂੜਾ ਬਣਿਆ ਸਾਕੀ, ਕੂੜ ਕੁੜਿਆਰ ਭਰ ਭਰ ਪਿਆਲੇ ਰਿਹਾ ਪਿਆਈਆ । ਹਉਮੇ ਹੰਕਾਰ ਬਣਿਆ ਰਾਕੀ, ਮਨਸਾ ਸਭ ਦੀ ਰਿਹਾ ਚੜ੍ਹਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਦਾ ਬਣੇ ਕੋਇ ਨਾ ਸਾਥੀ, ਸਗਲਾ ਸੰਗ ਨਾ ਕੋਇ ਬਣਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੀ ਸਾਰੇ ਭੁਲ ਗਏ ਆਖੀ, ਅੱਖਰ ਪੜ੍ਹ ਕੇ ਨਿਰਅੱਖਰ ਵਿਚ ਨਾ ਕੋਇ ਸਮਾਈਆ । ਕਿਰਪਾ ਕਰ ਮਿਹਰਵਾਨ ਕਮਲਾਪਾਤੀ ਪਤਿਪਰਮੇਸ਼ਵਰ ਦਇਆ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੀਨ ਦੁਨੀ ਦੀ ਪੁਛ ਬਾਤੀ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਧਰਮ ਧਾਰ ਦਾ ਰਿਹਾ ਕੋਇ ਨਾ ਪਾਠੀ, ਪੁਸਤਕ ਕੂਕ ਕੂਕ ਸੁਣਾਈਆ । ਧੀਰਜ ਸਤਿ ਰਿਹਾ ਨਾ ਹਾਠੀ, ਸੰਤੋਖ ਵਿਚ ਨਾ ਕੋਇ ਸਮਾਈਆ । ਦੁਰਮਤ ਮੈਲ ਜਾਏ ਨਾ ਕਾਟੀ, ਪਤਤ ਪੁਨੀਤ ਨਾ ਕੋਇ ਬਣਾਈਆ । ਮਿਹਰਵਾਨ ਮਹਿਬੂਬ ਕਲਜੁਗ ਅੰਤ ਮੇਟ ਦੇ ਵਾਟੀ, ਪੈਂਡਾ ਅਗਲਾ ਪੰਧ ਮੁਕਾਈਆ । ਸਤਿਜੁਗ ਸਤਿ ਧਰਮ ਦੀ ਖੋਲ ਦੇ ਹਾਟੀ, ਹਟਵਾਣਾ ਹੋ ਕੇ ਦਇਆ ਕਮਾਈਆ । ਮਮਤਾ ਖੇਲ ਰਹੇ ਨਾ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਦੇ ਬਦਲਾਈਆ । ਸਾਚੀ ਮੰਜ਼ਲ ਸਚ ਦੀ ਦੱਸ ਘਾਟੀ, ਮੇਲ ਮਿਲਾਉਣਾ ਸਹਿਜ ਸੁਭਾਈਆ । ਨਿਗਾਹ ਮਾਰ ਲੈ ਗੋਬਿੰਦ ਵਾਲੀ ਬਿਨ ਅੱਖਰਾਂ ਤੱਕ ਪਾਤੀ, ਜੋ ਮਾਛੂਵਾੜੇ ਤੇਰੇ ਦਰ ਸੁਹਾਈਆ । ਜਿਸ ਨੂੰ ਤੱਕ ਨਾ ਸਕੇ ਸ਼ੰਕਰ ਉਤੇ ਕੈਲਾਸ਼ੀ, ਬ੍ਰਹਮਾ ਤੱਕੇ ਨਾ ਚਾਰੇ ਮੁਖ ਉਠਾਈਆ । ਵਿਸ਼ਨੂੰ ਵਿਸ਼ਵ ਧਾਰ ਮੂਲ ਨਾ ਭਾਖੀ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸੋ ਸਾਹਿਬ ਸੁਲਤਾਨ ਨੌਜਵਾਨ ਸ੍ਰੀ ਭਗਵਾਨ ਮਿਹਰਵਾਨ ਸਭ ਦਾ ਲਹਿਣਾ ਦੇਣਾ ਮੁਕਾਵੇ ਬਾਕੀ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੇਰੀ ਨਮੋ ਨਮੋ ਡੰਡਾਵਤ, ਬੰਦਨਾ ਸਜਦੇ ਵਿਚ ਸੀਸ ਨਿਵਾਈਆ । ਤੂੰ ਮਾਲਕ ਸਹੀ ਸਲਾਮਤ, ਸਾਹਿਬ ਸਵਾਮੀ ਤੇਰੀ ਬੇਪ੍ਰਵਾਹੀਆ । ਕਲਜੁਗ ਜੀਵਾਂ ਦੇ ਨਾਮ ਨਿਆਮਤ, ਹਰ ਘਟ ਅੰਤਰ ਆਪ ਟਿਕਾਈਆ ਮਨੂਆ ਕਰੇ ਨਾ ਕੋਇ ਬਗ਼ਾਵਤ, ਦਹਿ ਦਿਸ਼ਾ ਨਾ

ਉਠ ਉਠ ਧਾਹੀਆ । ਤੇਰੀ ਧਾਰ ਤੇਰੇ ਪਿਆਰ ਵਿਚ ਹੋਏ ਨਾ ਕੋਇ ਅਣਜਾਣਤ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਮੇਟ ਅੰਧੇਰੀ ਸ਼ਾਮਤ, ਸ਼ਮਅ ਜੋਤ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭ ਨਿਗਾਹ ਮਾਰ ਲੈ ਜਲਦੀ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਚਾਰੋਂ ਕੁੰਟ ਕੂੜ ਕੁੜਿਆਰ ਅਗਨੀ ਵੇਖ ਬਲਦੀ, ਬਲ ਬਾਵਨ ਦਏ ਗਵਾਹੀਆ । ਵਡਿਆਈ ਰਹੀ ਨਾ ਸੀਤਾ ਰਾਮ ਦੀ, ਰਾਮ ਸੀਤਾ ਕ੍ਰਿਸ਼ਨ ਰਾਧੇ ਤੱਕੇ ਥਾਉਂ ਥਾਈਂਆ । ਪੈਗ਼ੰਬਰਾਂ ਖੇਲ ਤਤ ਸਲਾਮ ਦੀ, ਸਜਦਾ ਹਕ ਨਾ ਕੋਇ ਕਰਾਈਆ । ਕਲਜੁਗ ਜੀਵਾਂ ਕਰਨੀ ਭੁਲੀ ਸਤਿਨਾਮ ਦੀ, ਨਾਮ ਸਤਿ ਵਿਚ ਨਾ ਕੋਇ ਸਮਾਈਆ । ਵਰਨ ਬਰਨ ਦੀਨ ਮਜ਼੍ਹਬ ਸਾਰ ਪਾਇਣ ਨਾ ਤੇਰੇ ਧਾਮ ਦੀ, ਸਚਖੰਡ ਦਵਾਰੇ ਸਚ ਨਾ ਕੋਇ ਸਮਾਈਆ । ਮੈਨੂੰ ਯਾਦ ਆਈ ਮੁਹੰਮਦ ਵਾਲੇ ਪੈਗ਼ਾਮ ਦੀ, ਜੋ ਬਿਨ ਅੱਖਰਾਂ ਦਿਤਾ ਸੁਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਖੇਲ ਕਰਨੀ ਆਪਣੇ ਇੰਤਜ਼ਾਮ ਦੀ, ਬੰਦੋਬਸਤ ਹੱਥ ਨਾ ਕਿਸੇ ਫੜਾਈਆ । ਲਕੀਰ ਮੇਟਣੀ ਚੌਦਾਂ ਤਬਕ ਨਿਸ਼ਾਨ ਦੀ, ਚੌਦਾਂ ਤਬਕ ਵੇਖਣ ਥਾਉਂ ਥਾਈਂਆ । ਕੀ ਖੇਲ ਹੋਵੇ ਤੇਰੀ ਮਿਹਰਵਾਨ ਦੀ, ਮਹਿਬੂਬ ਦੇਣੀ ਸਮਝਾਈਆ । ਤੇਰੀ ਧਾਰ ਪ੍ਰਗਟਣੀ ਬੇਪਹਿਚਾਨ ਦੀ, ਨੇਤਰ ਨਜ਼ਰ ਕਿਸੇ ਨਾ ਆਈਆ । ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਕਿਰਪਾ ਕਰ ਆਪਣੇ ਚਰਨ ਧਿਆਨ ਦੀ, ਗਿਆਨ ਬੋਧ ਬੋਧ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੪੪੮ ੨੩ ਤੇਰੀ ਖੇਲ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਨੌਜਵਾਨ ਦੀ, ਨਵ ਨੌ ਚਾਰ ਆਪਣਾ ਖੇਲ ਖਿਲਾਈਆ । ੪੪੮ ੨੩

✪ ੧੮ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਘਨੂਕਪੁਰ ਜ਼ਿਲਾ ਅੰਮ੍ਰਿਤਸਰ ਹਜ਼ਾਰਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੈਨੂੰ ਜੁਗਾਂ ਦੀ ਉਡੀਕ, ਆਸਾ ਆਪਣੇ ਨਾਲ ਰਖਾਈਆ । ਮੈਨੂੰ ਇਸ਼ਾਰਾ ਦਿਤਾ ਬਾਲਮੀਕ, ਸਹਿਜ ਸਹਿਜ ਨਾਲ ਦ੍ਰਿੜਾਈਆ । ਪ੍ਰੇਮ ਨਾਲ ਖਿੱਚੀ ਲੀਕ, ਲਕੀਰ ਦਿਤੀ ਬਣਾਈਆ । ਫੇਰ ਅੱਖਾਂ ਮੀਟ ਕੇ ਕੀਤੀ ਤਸਦੀਕ, ਸ਼ਹਾਦਤ ਆਪਣੀ ਆਪ ਭੁਗਤਾਈਆ । ਕਿਰਪਾ ਕਰੇ ਪਰਮ ਪੁਰਖ ਠੀਕ, ਠਾਕਰ ਧੁਰਦਰਗਾਹੀਆ ਕਲਜੁਗ ਅੰਤ ਆਵੇ ਲਾਸ਼ਰੀਕ, ਸ਼ਰਕਤ ਦੀਨ ਦੁਨੀ ਗਵਾਈਆ । ਜਿਸ ਦੇ ਵਿਚ ਹਕ ਤੌਫ਼ੀਕ, ਤੋਹਫ਼ਾ ਆਪਣਾ ਨਾਮ ਵਰਤਾਈਆ । ਸਾਜਣ ਬਣੇ ਧਰਮ ਦਾ ਮੀਤ, ਮਿਤਰ ਪਿਆਰਾ ਵਡ ਵਡਿਆਈਆ । ਸਤਿ ਧਰਮ ਦੀ ਸਾਚੀ ਬਦਲੇ ਰੀਤ, ਸਤਿਜੁਗ ਸਚ ਸਚ ਸਮਝਾਈਆ । ਦੀਨ ਦੁਨੀ ਦੀ ਤੱਕੇ ਨੀਤ, ਨੀਤੀਵਾਨ ਅਗੰਮ ਅਥਾਹੀਆ । ਝਗੜਾ ਜਾਣੇ ਹਸਤ ਕੀਟ, ਕੀਟ ਕੀਟਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਮੈਨੂੰ ਬਾਲਮੀਕ ਕੀਤਾ ਇਸ਼ਾਰਾ, ਤਰੇਤਾ ਜੁਗ ਧਿਆਨ ਲਗਾਈਆ । ਏਥੇ ਆਏ ਰਾਮ ਦਾ ਰਾਮ ਪਿਆਰਾ, ਰਾਮਾ ਧੁਰਦਰਗਾਹੀਆ । ਜਿਸ ਦੀ ਯਾਦ ਕਰੇ ਦਸਰਥ ਦੁਲਾਰਾ, ਦੂਲਹਾ ਬਣ ਕੇ ਵੇਖ ਵਖਾਈਆ । ਓਹ ਕਲਜੁਗ ਤੱਕੇ ਅੰਤ ਕਿਨਾਰਾ, ਦੂਰ ਦੁਰਾਡਾ ਧੁਰ ਦਾ ਮਾਹੀਆ ।

ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਦਏ ਸਹਾਰਾ, ਸਿਰ ਸਿਰ ਹੱਥ ਟਿਕਾਈਆ । ਚਰਨ ਛੁਹਾਏ ਤੇਰੇ ਦਵਾਰਾ, ਜਿਸ ਦੀ ਦਵਾਰਕਾ ਵਾਸੀ ਓਟ ਰਖਾਈਆ । ਕਲ ਕਲਕੀ ਲਏ ਅਵਤਾਰਾ, ਕਲਾ ਆਪਣੀ ਇਕ ਰਖਾਈਆ । ਧਰਨੀ ਧਰਤ ਧਵਲ ਧੌਲ ਤੈਨੂੰ ਬਖ਼ਸ਼ੇ ਆਪ ਸਹਾਰਾ, ਸਹਾਇਕ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਮੈਨੂੰ ਬਾਲਮੀਕ ਦਿਤਾ ਦੱਸ, ਖ਼ੁਸ਼ੀਆਂ ਨਾਲ ਜਣਾਈਆ । ਜਿਸ ਦਾ ਅੰਮ੍ਰਿਤ ਅਗੰਮਾ ਰਸ, ਓਹ ਰਸੀਆ ਬੇਪਰਵਾਹੀਆ । ਤੂੰ ਓਸ ਦੀ ਰਖੀਂ ਆਸ, ਆਸਾ ਇਕ ਵਧਾਈਆ । ਕਲਜੁਗ ਅੰਤ ਕਰੇ ਪ੍ਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਤੇਰੇ ਉਤੇ ਪਾਵੇ ਧਰਮ ਦੀ ਰਾਸ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਜਨ ਭਗਤਾਂ ਸਦਾ ਵਸੇ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਤੂੰ ਯਾਦ ਕਰਨਾ ਬਿਨ ਸਵਾਸ ਸਵਾਸ, ਰਸਨਾ ਜਿਹਵਾ ਢੋਲਾ ਗਾਈਆ । ਓਹ ਤੇਰਾ ਲੇਖਾ ਲਹਿਣਾ ਦੇਣਾ ਲਾਵੇ ਆਪ, ਆਪ ਆਪਣੀ ਦਇਆ ਕਮਾਈਆ । ਜਿਸ ਨੂੰ ਪੈਗ਼ੰਬਰਾਂ ਕਹਿਣਾ ਬਾਪ, ਪਿਤਾ ਪੁਰਖ ਅਕਾਲ ਕਹਿ ਕੇ ਗੁਰੂ ਗੁਰਦੇਵ ਗਾਈਆ । ਓਹ ਕਲਜੁਗ ਮੇਟੇ ਕੂੜ ਸੰਤਾਪ, ਕੂੜੀ ਕਿਰਿਆ ਦਏ ਗਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੂੰ ਦੱਸਣਾ ਜਾਪ, ਸੀਤਾ ਸੁਰਤ ਸ਼ਬਦ ਰਾਮ ਨਾਲ ਮਿਲਾਈਆ । ਧਰਨੀਏ ਤੈਨੂੰ ਕਰ ਕੇ ਜਾਏ ਪਾਕ, ਪਤਤ ਪੁਨੀਤ ਬਣਾਈਆ । ਤੇਰਾ ਲੇਖਾ ਓਸ ਸਾਹਿਬ ਦੇ ਹਾਥ, ਜੋ ਸਮਰਥ ਇਕ ਅਖਵਾਈਆ । ਤੇਰੇ ਸਗਲ ਵਸੂਰੇ ਜਾਣੇ ਲਾਥ, ਜਿਸ ਵੇਲੇ ਚਰਨ ਛੁਹਾਈਆ । ਧਰਨੀ ਕਹੇ ਮੈਂ ਨਿਵ ਨਿਵ ਟੇਕਾਂ ਮਾਥ, ਮਸਤਕ ਧੂੜ ਰਮਾਈਆ । ਜਨ ਭਗਤਾਂ ਤੱਕਾਂ ਸਾਥ, ਸਗਲਾ ਸੰਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਝਗੜਾ ਮੇਟੇ ਦੀਨ ਮਜ਼੍ਹਬ ਜ਼ਾਤ ਪਾਤ, ਊਚ ਨੀਚ ਰਾਓ ਰੰਕ ਇਕੋ ਆਤਮ ਬ੍ਰਹਮ ਬ੍ਰਹਮ ਦਰਸਾਈਆ ।

## ੧੮ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ਸਵਰਨ ਸਿੰਘ ਦੇ ਗ੍ਰਹਿ

ਧਰਨੀ ਕਹੇ ਮੈਨੂੰ ਬਾਲਮੀਕ ਨੇ ਗੱਲਾਂ ਦੱਸੀਆਂ, ਬਿਨਾ ਅੱਖਰਾਂ ਅੱਖਰ ਮਿਲਾਈਆ । ਕਮਲੀਏ ਖੋਲ ਕੇ ਰਖੀਂ ਅੱਖੀਆਂ, ਬਿਨ ਨੈਣਾਂ ਨੈਣ ਉਠਾਈਆ । ਤੇਰੀਆਂ ਰਾਮ ਦੇ ਨਾਲ ਹਿੱਸਾ ਪੱਤੀਆਂ, ਸਚ ਦਿਆਂ ਸਮਝਾਈਆ । ਫੇਰ ਕਾਹਨ ਨੇ ਖੇਲ ਖੇਲਣਾ ਨਾਲ ਸਖ਼ੀਆਂ, ਜਗਤ ਜੁਗਤ ਵਜੇ ਵਧਾਈਆ । ਫੇਰ ਪੈਗ਼ੰਬਰਾਂ ਕਲਾਮਾਂ ਦੇਣੀਆਂ ਬਹੁਮਤੀਆਂ, ਕਲਮਾ ਕਾਇਨਾਤ ਸੁਣਾਈਆ । ਚਾਰ ਕੁੰਟ ਜਗਤ ਧਾਰ ਦੀਆਂ ਖੁਲ੍ਹਣੀਆਂ ਹੱਟੀਆਂ, ਵਣਜਾਰਾ ਕਲਜੁਗ ਮਾਤ ਪ੍ਰਗਟਾਈਆ । ਫੇਰ ਨਾਨਕ ਨੇ ਖ਼ਾਸ ਪੜ੍ਹਨੀਆਂ ਪੱਟੀਆਂ, ਪਟਨੇ ਵਾਲਾ ਗੋਬਿੰਦ ਦਏ ਗਵਾਹੀਆ । ਫੇਰ ਸਿਫ਼ਤਾਂ ਹੋਣੀਆਂ ਰਾਗਾਂ ਛੱਤੀਆਂ, ਛਤੀਸਾ ਬਤੀਸਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਨੂੰ ਬਾਲਮੀਕ ਮਾਰੀਆਂ ਹੁੱਝਾਂ, ਹਲੂਣਿਆਂ ਨਾਲ ਜਣਾਈਆ । ਔਹ ਵੇਖ ਬੀਤਦੇ ਜੁਗਾ, ਤਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਕਲਜੁਗ ਭੇਵ ਰਹੇ ਨਾ ਗੁੱਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਫਿਰਨੀ ਦੁਹਾਈ

੪੪੯
੨੩

ਉਤੇ ਬਸੁਧਾ, ਦਰੋਹੀ ਦਰੋਹੀ ਤੇਰਾ ਨਾਮ ਖ਼ੁਦਾਈਆ । ਧਰਮ ਦਾ ਦੀਪਕ ਜਾਣਾ ਬੁਝਾ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਕੂੜ ਕੁੜਿਆਰਾ ਹੋਣਾ ਉਘਾ, ਉਗਣ ਆਥਣ ਵਜੇ ਵਧਾਈਆ । ਸਭ ਦਾ ਭਾਉ ਹੋਣਾ ਦੂਜਾ, ਦੁਤੀਆ ਭਾਉ ਨਾ ਕੋਇ ਮਿਟਾਈਆ । ਮਨ ਕਲਪਣਾ ਵਿਚ ਹੋਣਾ ਰੁੱਝਾ, ਸੁਰਤ ਸ਼ਬਦ ਵਿਚ ਨਾ ਕੋਇ ਮਿਲਾਈਆ । ਚਤੁਰਾਈ ਚਲੇ ਨਾ ਅਕਲ ਬੁਧਾ, ਧਰਮ ਦੀ ਧਾਰ ਨਾ ਕੋਇ ਰਖਾਈਆ । ਆਤਮ ਦਾ ਸਮਝੇ ਕੋਇ ਨਾ ਮੁੱਦਾ, ਮੁਦਤਾਂ ਦੇ ਵਿਛੜੇ ਨਾ ਕੋਇ ਮਿਲਾਈਆ । ਪੰਚ ਵਿਕਾਰਾ ਕਰੇ ਯੁੱਧਾ, ਤਨ ਮਾਟੀ ਤਤ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਧਰਨੀ ਕਹੇ ਮੈਨੂੰ ਬਾਲਮੀਕ ਨੇ ਜ਼ੋਰ ਨਾਲ ਦੱਬਿਆ, ਬਿਨਾ ਭਾਰ ਤੋਂ ਭਾਰ ਰਖਾਈਆ । ਫਿਰ ਇਸ਼ਾਰੇ ਨਾਲ ਕੋਲ ਸੱਦਿਆ, ਸੱਦ ਕੇ ਲਿਆ ਬਹਾਈਆ । ਫੇਰ ਇਸ਼ਾਰਾ ਕੀਤਾ ਉਹ ਵੇਖ ਜਗਤ ਜਹਾਨ ਜਾਂਦਾ ਲੱਦਿਆ, ਆਪਣਾ ਭਾਰ ਉਠਾਈਆ । ਜਿਸ ਦੀ ਸਮਝੇ ਕੋਇ ਨਾ ਵਜਿਆ, ਵਜੂਹਾਤ ਨਾ ਕੋਇ ਦ੍ਰਿੜਾਈਆ । ਉਹ ਕਲਜੁਗ ਫਿਰੇ ਭੱਜਿਆ, ਚਾਰੋਂ ਕੁੰਟ ਵਾਹੋ ਦਾਹੀਆ । ਕਿਸੇ ਦੀ ਰਹਿਣ ਨਾ ਦੇਵੇ ਲੱਜਿਆ, ਸ਼ਰਮ ਹਯਾ ਦੇਵੇ ਮੁਕਾਈਆ । ਪਰਦਾ ਸੀਸ ਨਾ ਹੋਵੇ ਕੱਜਿਆ, ਓਢਣ ਉਪਰ ਨਾ ਕੋਇ ਟਿਕਾਈਆ । ਮਾਨਵ ਰਸਨਾ ਕੂੜ ਦਾ ਲੈਣਾ ਮਜ਼ਿਆ, ਆਤਮ ਰਸ ਨਾ ਕੋਇ ਚਖਾਈਆ । ਮਨੂਆ ਦਹਿ ਦਿਸ਼ ਹੋਵੇ ਨੱਚਿਆ, ਭੱਜੇ ਵਾਹੋ ਦਾਹੀਆ । ਅਗਨੀ ਤਤ ਸਿਰ ਪਰ ਹੋਵੇ ਮਚਿਆ, ਸਾਂਤਕ ਸਤਿ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਬਹੁ ਮਤਿਆ, ਗੁਰਮਤ ਸਾਰੇ ਜਾਣ ਭੁਲਾਈਆ । ਹਰਿ ਕਾ ਨਾਮ ਬੀਜੇ ਕੋਇ ਨਾ ਕਾਇਆ ਵਤਿਆ, ਫੁਲ ਫੁਲਵਾੜੀ ਨਾ ਕੋਇ ਮਹਿਕਾਈਆ । ਭੇਵ ਜਾਣੇ ਕੌਣ ਗੋਬਿੰਦ ਡੰਕਾ ਫ਼ਤਿਹਆ, ਜੋ ਫ਼ਤਿਹ ਡੰਕ ਕਰੇ ਸ਼ਨਵਾਈਆ । ਸਚ ਦੀ ਰਹੇ ਕੋਇ ਨਾ ਹਤਿਆ, ਕੂੜ ਕੁੜਿਆਰ ਆਪਣਾ ਰੰਗ ਰੰਗਾਈਆ । ਭੇਵ ਅਭੇਦਾ ਧਰਨੀ ਕਹੇ ਮੈਨੂੰ ਬਾਲਮੀਕ ਨੇ ਦੱਸਿਆ, ਦਹਿ ਦਿਸ਼ਾ ਧਿਆਨ ਕਰਾਈਆ । ਕਲਜੁਗ ਰੈਣ ਅੰਧੇਰੀ ਹੋਵੇ ਮਸਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਸਾਧ ਸੰਤ ਜਗਤ ਜਗਿਆਸੂ ਮਾਇਆ ਮਮਤਾ ਵਿਚ ਹੋਵੇ ਫਸਿਆ, ਬੰਧਨ ਸਕੇ ਨਾ ਕੋਇ ਤੁੜਾਈਆ । ਵਸੂਰਾ ਕਿਸੇ ਨਾ ਹੋਵੇ ਲੱਥਿਆ, ਸਥਰ ਸੇਜ ਨਾ ਕੋਇ ਹੰਢਾਈਆ । ਨਾਮ ਚੜ੍ਹੇ ਕੋਇ ਨਾ ਰਥਿਆ, ਪੈਂਡਾ ਪੰਧ ਨਾ ਕੋਇ ਮੁਕਾਈਆ । ਸਭ ਦਾ ਚੀਥੜ ਹੋਣਾ ਫਟਿਆ, ਧਰਮ ਦੀ ਗੰਢ ਨਾ ਕੋਇ ਬੰਧਾਈਆ । ਜਗਤ ਦਾ ਪਿਆਰ ਹੋਣਾ ਪੈਸਾ ਧੇਲਾ ਟਕਿਆ, ਟਕਾ ਰਵਦਾਸ ਦਾ ਦਏ ਗਵਾਹੀਆ । ਸਾਚਾ ਲਾਹਾ ਕਿਸੇ ਨਾ ਹੋਵੇ ਖੱਟਿਆ, ਖਟਕੇ ਵਿਚ ਲੋਕਾਈਆ । ਭਾਗ ਲੱਗੇ ਨਾ ਕਾਇਆ ਮਟਿਆ, ਨੂਰ ਜੋਤ ਨਾ ਕੋਇ ਰੁਸ਼ਨਾਈਆ । ਉਸ ਵੇਲੇ ਗੋਬਿੰਦ ਦਾ ਢਈਆ ਹੋਣਾ ਟੱਪਿਆ, ਟਾਪੂਆਂ ਤੋਂ ਪਰੇ ਦੁਹਾਈਆ । ਚਾਰ ਜੁਗ ਦਾ ਪੁਰਖ ਅਕਾਲ ਨੇ ਵੇਖਣਾ ਪਟਿਆ, ਪਟੇਦਾਰੀ ਫੋਲ ਫੁਲਾਈਆ । ਉਸ ਵੇਲੇ ਦੀਨਾਂ ਮਜ਼੍ਹਬਾਂ ਦਾ ਪੈਣਾ ਰਟਿਆ, ਝਗੜਾ ਸਕੇ ਨਾ ਕੋਇ ਮਿਟਾਈਆ । ਧਰਨੀ ਕਹੇ ਮੇਰੇ ਉਤੇ ਧੂੜ ਦਾ ਉਡਣਾ ਘੱਟਿਆ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਚ ਮੁਨਾਰਾ ਹੋਣਾ ਢੱਠਿਆ, ਮਹੱਲ ਅਟਲ ਨਾ ਕੋਇ ਸੁਹਾਈਆ । ਨੇਤਰ ਰੋਵੇ ਤੀਰਥ ਅੱਠ ਸਠਿਆ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਫਿਰੇ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠਿਆ, ਚਰਚ ਚਰਾਗਾਹਾਂ ਨਜ਼ਰ ਕੁਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ ।

ਧਰਨੀ ਕਹੇ ਮੇਰੇ ਉਤੇ ਬਾਲਮੀਕ ਨੇ (ਪੈਰ) ਦੱਬਾ, ਜ਼ੋਰ ਨਾਲ ਠੁਕਰਾਈਆ । ਤੇਰੇ ਵਿਚ ਲਾਲਚ ਮੋਹ ਰਹੇ ਨਾ ਲਬਾ, ਜਗਤ ਵਿਕਾਰ ਨਾ ਕੋਇ ਰਖਾਈਆ । ਉਹ ਵੇਖ ਪ੍ਰਭੂ ਦਾ ਖੇਲ ਸਬਾ, ਜੋ ਕਲਜੁਗ ਸਭਾ ਮਲੇਛਾਂ ਰਿਹਾ ਬਣਾਈਆ । ਕੂੜ ਦਾ ਲਹਿਣਾ ਦੇਣਾ ਦੇਣਾ ਲਹਿਣਾ ਹੱਬਾ, ਸਗਲਾ ਸੰਗ ਰਖਾਈਆ । ਜਗਤ ਰਸ ਦੇਣਾ ਮਧਾ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਕੂੜ ਕੁੜਿਆਰ ਸੁਣਾਉਣਾ ਨਦਾ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਪਵਿਤ੍ਰ ਦਿਸੇ ਕੋਇ ਨਾ ਜਗਹ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਭਾਗ ਲਗੇ ਨਾ ਕਿਸੇ ਕਾਇਆ ਮਾਟੀ ਹੱਡਾ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਬਾਲਮੀਕ ਕਿਹਾ ਧਰਨੀਏ ਉਸ ਵੇਲੇ ਸਭ ਨੇ ਪ੍ਰਭੂ ਨੂੰ ਦੇਣਾ ਸੱਦਾ, ਅਵਤਾਰ ਪੈਗ਼ੰਬਰ ਗੁਰ ਧਿਆਨ ਲਗਾਈਆ । ਦਰੋਹੀ ਤੇਰਾ ਨਾਮ ਖ਼ੁਦਾਈ ਰੱਬਾ, ਯਾਮਬੀਨ ਤੇਰੀ ਸ਼ਰਨਾਈਆ । ਨਿਰਗੁਣ ਧਾਰ ਆ ਨੱਸਾ, ਨਿਰਵੈਰ ਆਪਣਾ ਪੰਧ ਮੁਕਾਈਆ । ਭੇਵ ਖੁਲਾ ਹੋੜਾ ਉਪਰ ਸੱਸਾ, ਸੋ ਪੁਰਖ ਨਿਰੰਜਣ ਆਪ ਅਖਵਾਈਆ । ਹਾਹੇ ਦੀ ਟਿੱਪੀ ਭੇਵ ਰਹੇ ਨਾ ਰਤਾ, ਹੰ ਬ੍ਰਹਮ ਦੇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੇ ਮਤਾ, ਮਤ ਮਤਾਂਤਰ ਡੇਰਾ ਢਾਹੀਆ । ਦੀਨਾਂ ਮਜ਼੍ਹਬਾਂ ਇਕੋ ਦੱਸ ਸਤਾ, ਊਚ ਨੀਚ ਨਾ ਕੋਇ ਰਖਾਈਆ । ਜਿਸ ਕਾਰਨ ਗੋਬਿੰਦ ਤੇਰਾ ਸਥਰ ਘੱਤਾ, ਯਾਰੜਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਨੂੰ ਬਾਲਮੀਕ ਨੇ ਆਖਿਆ, ਆਖ਼ਰ ਦਿਤਾ ਸੁਣਾਈਆ । ਓਸ ਸਾਹਿਬ ਦੀ ਲੈਣੀ ਭਾਖਿਆ, ਜੋ ਬੇਪ੍ਰਵਾਹ ਬੇਪ੍ਰਵਾਹੀਆ । ਜਿਸ ਦਾ ਭਗਤਾਂ ਨਾਲ ਨਾਤਿਆ, ਉਹ ਭਗਵਨ ਨੂਰ ਅਲਾਹੀਆ । ਸਭ ਦਾ ਪਿਤਾ ਮਾਤਿਆ, ਹਰਿਜਨ ਆਪਣੀ ਗੋਦ ਟਿਕਾਈਆ । ਉਹ ਅੰਤਮ ਵੇਖੇ ਕਲਜੁਗ ਅੰਧੇਰੀ ਰਾਤਿਆ, ਦਹਿ ਦਿਸ਼ਾ ਫੋਲ ਫੁਲਾਈਆ । ਜੋਤੀ ਧਾਰ ਸਭ ਦਾ ਬਣੇ ਜਾਤਿਆ, ਜੋਤੀ ਜਾਤਾ ਇਕ ਅਖਵਾਈਆ । ਤੇਰੇ ਉਤੇ ਆਵੇ ਨਾਠਿਆ, ਭੱਜੇ ਵਾਹੋ ਦਾਹੀਆ । ਜਿਥੇ ਬਾਲਮੀਕ ਬਹਿ ਕੇ ਕਰੇ ਪਾਠਿਆ, ਰਾਮ ਰਾਮ ਦਾ ਧਿਆਨ ਰਖਾਈਆ । ਉਸ ਦਾ ਪੰਧ ਮੁਕਾ ਕੇ ਵਾਟਿਆ, ਪੈਂਡਾ ਦਏ ਮੁਕਾਈਆ । ਨਿਰਗੁਣ ਨੂਰ ਕਰੇ ਪ੍ਰਕਾਸ਼ਿਆ, ਜੋਤੀ ਜਾਤਾ ਡਗਮਗਾਈਆ । ਓਹਦਾ ਧਾਮ ਸੁਹੰਜਣਾ ਹੋਵੇ ਜਿਥੇ ਭਗਤਾਂ ਦਾ ਹੋਵੇ ਨਿਵਾਸਿਆ, ਨਿਵਾਸ ਅਸਥਾਨ ਸੋਭਾ ਪਾਈਆ । ਧਰਨੀਏ ਉਸ ਵੇਲੇ ਨਿਵ ਨਿਵ ਟੇਕੀਂ ਮਾਥਿਆ, ਮਸਤਕ ਧੂੜੀ ਖ਼ਾਕ ਰਮਾਈਆ । ਧਰਨੀ ਕਹੇ ਮੇਰਾ ਖ਼ੁਸ਼ੀਆਂ ਵਿਚ ਨਿਕਲਿਆ ਹਾਸਿਆ, ਮੈਂ ਹੱਸ ਕੇ ਦਿਤਾ ਵਖਾਈਆ । ਬਾਲਮੀਕ ਜਿਸ ਵੇਲੇ ਮੇਰਾ ਸਾਹਿਬ ਆਵੇ ਪੁਰਖ ਅਬਿਨਾਸ਼ਿਆ, ਹਰਿ ਕਰਤਾ ਧੁਰਦਰਗਾਹੀਆ । ਤੇਰਾ ਪੂਰਾ ਕਰੇ ਕੌਲ ਇਕਰਾਰ ਵਾਕਿਆ, ਵਾਕਫ਼ਕਾਰ ਹੋ ਕੇ ਵੇਖ ਵਖਾਈਆ । ਤੂੰ ਵੀ ਆਉਣਾ ਮੇਰੇ ਉਸ ਗ੍ਰਿਹ ਅਹਾਤਿਆ, ਜਿਸ ਗ੍ਰਿਹ ਮਿਲੇ ਵਡਿਆਈਆ । ਨਾਲ ਸਵਾਮੀ ਜੁੜਿਆ ਹੋਵੇ ਨਾਤਿਆ, ਨਾਤਾ ਬਿਧਾਤਾ ਆਪ ਬੰਧਾਈਆ । ਵੇਲਾ ਵਕਤ ਵਕਤ ਬੁਝਾਤਿਆ, ਬੇ ਪਹਿਚਾਨ ਦਿਤਾ ਦ੍ਰਿੜਾਈਆ । ਧਰਨੀ ਕਹੇ ਮੇਰਾ ਸੋਇਆ ਭਾਗ ਜਾਗਿਆ, ਆਲਸ ਨਿੰਦਰਾ ਦਿਤੀ ਮਿਟਾਈਆ । ਮੇਰਾ ਲਹਿਣਾ ਦੇਣਾ ਪੂਰਾ ਹੋਇਆ ਅਠਾਰਾਂ ਮਾਘਿਆ, ਇਕ ਅੱਠ ਦਾ ਜੋੜ ਜੁੜਾਈਆ । ਮੈਂ ਸੁਣਿਆ ਨਾਦ ਸ਼ਬਦ ਅਨਰਾਗਿਆ, ਜੋ ਅਨਰਾਗੀ ਦਿਤਾ ਸੁਣਾਈਆ । ਮੈਂ ਕੂਕ ਕੇ ਹਰਿ ਭਗਤਾਂ ਨੂੰ ਮਾਰਾਂ ਆਵਾਜ਼ਿਆ, ਸੰਦੇਸ਼ਾ ਇਕ ਜਣਾਈਆ । ਮੇਰਾ ਸਾਹਿਬ ਸਵਾਮੀ ਖੇਲ ਕਰੇ ਦੇਸ਼ ਵਿਚ ਮਾਝਿਆ, ਮਜਲਸ ਭਗਤਾਂ ਨਾਲ ਬਣਾਈਆ । ਜਿਸ ਦੇ ਅਗੇ ਨਾ ਕੋਈ ਸਵਾਲ ਨਾ ਕੋਈ ਜਵਾਬਿਆ, ਨਿਵ ਨਿਵ

ਲਾਗਾਂ ਪਾਈਆ । ਜਿਸ ਮੇਲ ਮਿਲਾਇਆ ਜਨ ਭਗਤਾਂ ਨਾਲ ਦਵਾਬਿਆ, ਦੋਹਰੀ ਧਾਰ ਬਣਾਈਆ । ਮੇਰਾ ਪੂਰਾ ਹੋਇਆ ਖ਼ਵਾਬਿਆ, ਲਹਿਣਾ ਦਿਤਾ ਚੁਕਾਈਆ । ਧੰਨ ਗੁਰਦੇਵ ਧੰਨ ਸਵਾਮੀ ਮੇਰਾ ਗ਼ਰੀਬ ਨਿਵਾਜਿਆ, ਜਿਸ ਮੇਰੀ ਬਣਤ ਬਣਾਈਆ । ਧਰਨੀ ਕਹੇ ਮੈਂ ਚਾਹੁੰਦੀ ਮੇਰੇ ਉਤੇ ਭਗਤਾਂ ਦਾ ਬਣੇ ਸਮਾਜਿਆ, ਇਕੋ ਰੂਪ ਨਜ਼ਰੀ ਆਈਆ । ਮਾਣ ਰਹੇ ਨਾ ਰਾਜਨ ਰਾਜਿਆ, ਸ਼ਾਹ ਸੁਲਤਾਨ ਨਾ ਕੋਇ ਅਖਵਾਈਆ । ਪ੍ਰਭ ਪੂਰਨ ਕਰੇ ਕਾਜਿਆ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਅੰਤਨ ਆਦਿਆ, ਆਦਿ ਪੁਰਖ ਅਪਰੰਪਰ ਸਵਾਮੀ ਆਪਣਾ ਖੇਲ ਖਿਲਾਈਆ ।

## ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗੁਮਾਨ ਪੁਰ ਜ਼ਿਲਾ ਅੰਮ੍ਰਿਤਸਰ ਅਜੀਤ ਸਿੰਘ ਦੇ ਗ੍ਰਹਿ

ਧਰਨੀ ਕਹੇ ਬਾਲਮੀਕ ਕੀਤੀ ਮਿਹਰਵਾਨੀ, ਮਿਹਰਵਾਨ ਦਾ ਭੇਵ ਦਿਤਾ ਖੁਲ੍ਹਾਈਆ । ਬਨਾਸਪਤ ਵਿਚੋਂ ਮੇਰੀ ਧਾਰ ਬਣਾਈ ਕਾਨੀ, ਬਿਨ ਸਿਆਹੀ ਲੇਖਾ ਦਿਤਾ ਲਿਖਾਈਆ । ਮਿੱਟੀ ਖ਼ਾਕ ਦੇ ਉਤੇ ਲਾਈ ਨਿਸ਼ਾਨੀ, ਨਿਸ਼ਾਨਾ ਐਨ ਦਿਤਾ ਸਮਝਾਈਆ । ਤੇਰਾ ਲਹਿਣਾ ਦੇਣਾ ਵੇਖੇ ਸ਼ਹਿਨਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਬੇਪ੍ਰਵਾਹੀਆ । ਜੋ ਸ਼ਬਦ ਦਾ ਸ਼ਬਦ ਹੋਣਾ ਦਾਨੀ, ਵਸਤ ਸ਼ਬਦ ਨਾਮ ਵਰਤਾਈਆ । ਪ੍ਰੇਮ ਦਾ ਰਸ ਅੰਮ੍ਰਿਤ ਦੇਵੇ ਪਾਣੀ, ਸਮੁੰਦ ਸਾਗਰਾਂ ਪੰਧ ਮੁਕਾਈਆ । ਜਨ ਭਗਤਾਂ ਹੋਵੇ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਲਹਿਣਾ ਚੁਕਾਏ ਚਾਰੇ ਖਾਣੀ, ਖ਼ਾਲਸ ਆਪਣਾ ਹੁਕਮ ਵਰਤਾਈਆ । ਵੇਖੇ ਵਿਗਸੇ ਜੀਵ ਪ੍ਰਾਣੀ, ਪਾਰਬ੍ਰਹਮ ਪ੍ਰਭ ਬੇਪ੍ਰਵਾਹੀਆ । ਮੰਜ਼ਲ ਦੇਵੇ ਹਕ ਰੁਹਾਨੀ, ਤੂੰ ਮੇਰਾ ਮੈਂ ਤੇਰਾ ਭੇਵ ਖੁਲ੍ਹਾਈਆ । ਧਰਨੀ ਕਹੇ ਮੈਂ ਹੁਕਮ ਵਾਲੀ ਕਥਾ ਕਹਾਣੀ ਮਾਨੀ, ਮੰਨ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੇਰੇ ਅੰਦਰ ਆਈ ਸੋਝੀ, ਧਿਆਨ ਧਿਆਨ ਲਿਆ ਬਦਲਾਈਆ । ਮੇਰਾ ਸਵਾਮੀ ਧੁਰ ਦਾ ਮੌਜੀ, ਠਾਕਰ ਬੇਪ੍ਰਵਾਹੀਆ । ਜਿਸ ਨੇ ਤ੍ਰੇਤਾ ਦੁਆਪਰ ਕਲਜੁਗ ਮੁਕਾਉਣੀ ਔਧੀ, ਔਧ ਰਹਿਣ ਕੋਇ ਨਾ ਪਾਈਆ । ਧੁਰ ਦੇ ਨਾਮ ਦਾ ਹੋਏ ਬੋਧੀ, ਬੁਧੀ ਤੋਂ ਪਰੇ ਗਿਆਨ ਸਮਝਾਈਆ । ਜਿਸ ਦਾ ਲੇਖਾ ਜਾਣੇ ਕੋਇ ਨਾ ਜੋਗੀ, ਰਿਸ਼ੀਆਂ ਸਮਝ ਕੋਇ ਨਾ ਪਾਈਆ । ਉਹ ਜਨ ਭਗਤਾਂ ਹਿਰਦਾ ਜਾਏ ਸੋਧੀ, ਸੁਧ ਆਪਣੇ ਨਾਲ ਮਿਲਾਈਆ । ਦੀਨ ਦੁਨੀ ਤੱਕੇ ਰੋਗੀ, ਹਉਮੇ ਹੰਗਤਾ ਵੇਖ ਵਖਾਈਆ । ਜਗਤ ਤ੍ਰਿਸ਼ਨਾ ਵੇਖੇ ਭੋਗੀ, ਚਾਰੋਂ ਕੁੰਟ ਫੇਲ ਫੁਲਾਈਆ । ਧੁਰ ਦਾ ਨਾਮ ਕਲਮਾ ਦੇਵੇ ਅੰਤ ਸਲੋਕੀ, ਏਕੰਕਾਰਾ ਇਕ ਸੁਣਾਈਆ । ਜੋ ਬਣ ਕੇ ਮਾਲਕ ਦਾਤਾ ਜੋਤੀ, ਪਰਮਾਤਮ ਆਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਅੰਤਰ ਆਇਆ ਗਿਆਨ, ਅੰਤਸ਼ਕਰਨ ਲਿਆ ਬਦਲਾਈਆ । ਪ੍ਰਭ ਚਰਨ ਕੀਤਾ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਤੂੰ ਸਵਾਮੀ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਮੈਂ ਜੁਗ ਜੁਗ ਬੈਠੀ ਤੇਰਾ ਰਾਹ ਤਕਾਨ, ਤਕਵਾ ਤੇਰੇ ਉਤੇ ਰਖਾਈਆ । ਹੁਣ ਲਹਿਣਾ ਦੇਣਾ ਤਰੇਤਾ ਸੀਆ ਰਾਮ, ਬਾਲਮੀਕ ਦਏ ਗਵਾਹੀਆ । ਅਗਲਾ ਲਿਖਿਆ ਲੇਖ ਮਹਾਨ, ਜਿਸ

ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਦੁਆਪਰ ਮੁਕੇ ਪੰਧ ਜਹਾਨ, ਕਾਹਨਾ ਕ੍ਰਿਸ਼ਨਾ ਖੇਲ ਖਿਲਾਈਆ । ਪੈਗ਼ੰਬਰਾਂ ਤੇਰਾ ਦੱਸਣਾ ਕਲਾਮ, ਮੂਸਾ ਈਸਾ ਮੁਹੰਮਦ ਵੱਜੇ ਵਧਾਈਆ । ਨਾਨਕ ਗੋਬਿੰਦ ਤੇਰਾ ਭੇਵ ਖੁਲਾਏ ਸਤਿਨਾਮ, ਡੰਕਾ ਵਾਹਿਗੁਰੂ ਫ਼ਤਿਹ ਜਣਾਈਆ । ਤੂੰ ਨੂਰ ਨੁਰਾਨਾ ਨੌਜਵਾਨਾ ਜੋਤੀ ਜਾਤਾ ਏਕੰਕਾਰ ਕਲਜੁਗ ਅੰਤ ਕਰੀਂ ਪਹਿਚਾਨ, ਬੇਪਹਿਚਾਨ ਆਪਣਾ ਪਰਦਾ ਲਾਹੀਆ । ਸਦੀ ਚੌਧਵੀਂ ਕਰੀਂ ਧਿਆਨ, ਚੌਦਾਂ ਤਬਕਾਂ ਚੌਦਾਂ ਲੋਕਾਂ ਵੇਖ ਵਖਾਈਆ । ਦੀਨ ਦੁਨੀ ਦਾ ਧਰਮ ਵੇਖੀਂ ਈਮਾਨ, ਘਟ ਘਟ ਅੰਦਰ ਫੋਲ ਫੁਲਾਈਆ । ਚਾਰ ਜੁਗ ਦੇ ਸ਼ਾਸਤਰ ਗ੍ਰੰਥ ਕਰੀਂ ਪ੍ਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵੇਖੀਂ ਨਿਗਾਹਵਾਨ, ਬਿਨ ਨੈਣਾਂ ਨੈਣ ਉਠਾਈਆ । ਕਲਜੁਗ ਕੂੜਾ ਨੌ ਖੰਡ ਪ੍ਰਿਥਮੀ ਫਿਰੇ ਪ੍ਰਧਾਨ, ਸੱਤਾਂ ਦੀਪਾਂ ਭੱਜੇ ਵਾਹੋ ਦਾਹੀਆ । ਸਤਿ ਸਚ ਦਾ ਅੰਤ ਰਹੇ ਨਾ ਕੋਇ ਨਿਸ਼ਾਨ, ਧਰਮ ਦੀ ਧਾਰ ਨਾ ਕੋਇ ਵਖਾਈਆ । ਆਤਮ ਬ੍ਰਹਮ ਦਾ ਜਾਣੇ ਨਾ ਕੋਇ ਗਿਆਨ, ਜਗਤ ਵਿਦਿਆ ਵਿਦਿਆ ਨਾਲ ਪੜ੍ਹਾਈਆ । ਸੀਤਾ ਸੁਰਤੀ ਮਿਲੇ ਨਾ ਧੁਰ ਦਾ ਰਾਮ, ਕਾਹਨਾ ਸੰਗ ਨਾ ਕੋਇ ਨਿਭਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸਰਬ ਜੀਆਂ ਦਾ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਧਰਨੀ ਕਹੇ ਮੇਰੀ ਨਮੋ ਨਮੋ ਪ੍ਰਨਾਮ, ਨਮਸਤੇ ਕਹਿ ਕੇ ਸੀਸ ਝੁਕਾਈਆ । ਤੂੰ ਕਲਜੁਗ ਅੰਤ ਸ੍ਰੀ ਭਗਵੰਤ ਸ਼ਰਅ ਮੇਟਣੀ ਕੂੜ ਸ਼ੈਤਾਨ, ਸ਼ਰੀਅਤ ਆਪਣੀ ਦੇਣੀ ਸਮਝਾਈਆ । ਮਾਨਸ ਮਾਨਵ ਮਾਨੁਖ ਤੇਰੇ ਚਰਨ ਕਵਲ ਕਰਨ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਕਾਇਆ ਮੰਦਰ ਅੰਦਰ ਸ਼ਬਦ ਅਨਾਦ ਸੁਣਾਉਣੀ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਦੀਪਕ ਜੋਤ ਜਗਾਉਣਾ ਮਹਾਨ, ਆਤਮ ਪਰਦਾ ਦੇਣਾ ਲਾਹੀਆ । ਤੂੰ ਪਾਰਬ੍ਰਹਮ ਆਪਣਾ ਬ੍ਰਹਮ ਕਰਨਾ ਪ੍ਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਤੇਰਾ ਈਸ਼ ਜੀਵ ਦਾ ਖੇਲ ਮਹਾਨ, ਜੁਗ ਚੌਕੜੀ ਤੇਰੀ ਧਾਰ ਨਜ਼ਰੀ ਆਈਆ । ਧਰਨੀ ਕਹੇ ਮੇਰੀ ਬੇਨੰਤੀ ਕਰੀਂ ਪ੍ਰਵਾਨ, ਪਰਮ ਪੁਰਖ ਤੇਰੇ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਡੰਡਾਵਤ ਬੰਦਨਾ ਨਿਮਸਕਾਰ, ਬਿਨ ਸਜਦਿਆਂ ਸੀਸ ਝੁਕਾਈਆ । ਤੂੰ ਜੁਗ ਚੌਕੜੀ ਦਾ ਸਾਹਕਾਰ, ਸ਼ਹਿਨਸ਼ਾਹ ਇਕ ਅਖਵਾਈਆ । ਜੇ ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ, ਲੋਕਮਾਤੀ ਪੰਧ ਮੁਕਾਈਆ । ਜਿਸ ਦੇ ਹੁਕਮ ਵਿਚ ਖੇਲ ਖੇਲਿਆ ਪੈਗ਼ੰਬਰ ਗੁਰ ਅਵਤਾਰ, ਅਵਤਰ ਆਪਣਾ ਖੇਲ ਖਿਲਾਈਆ । ਸੋ ਸਵਾਮੀ ਅੰਤਰਜਾਮੀ ਕਲਜੁਗ ਪਾ ਸਾਰ, ਮਹਾਸਾਰਥੀ ਆਪਣਾ ਵੇਸ ਵਟਾਈਆ । ਚਾਰੋਂ ਕੁੰਟ ਵੇਖ ਧੁੰਆਂਧਾਰ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਦੀਨ ਦੁਨੀ ਤੇਰਾ ਨਾਮ ਵਿਸਰਿਆ ਕਰਤਾਰ, ਕਰਤਾ ਪੁਰਖ ਤੇਰੀ ਓਟ ਨਾ ਕੋਇ ਤਕਾਈਆ । ਨਿਰਗੁਣ ਸਰਗੁਣ ਰਿਹਾ ਨਾ ਕੋਇ ਪਿਆਰ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮਨ ਮਨੂਆ ਮਨਸਾ ਵਿਚ ਕਰੇ ਹੰਕਾਰ, ਮਮਤਾ ਮੋਹ ਲੋਕਮਾਤ ਹਲਕਾਈਆ । ਸਾਚਾ ਰਿਹਾ ਨਾ ਕੋਇ ਮੀਤ ਮੁਰਾਰ, ਮਿਤਰ ਪਿਆਰਾ ਸੰਗ ਨਾ ਕੋਇ ਨਿਭਾਈਆ । ਪਿਤਾ ਪੂਤ ਇਕ ਦੂਜੇ ਨਾਲੋਂ ਹੋਏ ਗ਼ਦਾਰ, ਸ਼ਰਅ ਛੁਰੀ ਬਣੀ ਕਸਾਈਆ । ਦੀਨ ਮਜ਼੍ਹਬ ਰੋਵਣ ਜ਼ਾਰੋ ਜ਼ਾਰ, ਜ਼ਾਤ ਪਾਤ ਦਏ ਦੁਹਾਈਆ । ਨਜ਼ਰ ਆਏ ਨਾ ਕਿਸੇ ਪਰਵਰਦਿਗਾਰ, ਪੈਗ਼ੰਬਰ ਰਸੂਲ ਸਾਰੇ ਦੇਣ ਦੁਹਾਈਆ । ਸਦੀ ਚੌਧਵੀਂ ਮੁਹੰਮਦ ਦਾ ਲੇਖਾ ਲਏ ਵਿਚਾਰ, ਈਸਾ ਮੂਸਾ ਨਾਲ ਮਿਲਾਈਆ । ਜੋ ਨਾਨਕ ਗੋਬਿੰਦ ਕੀਤੀ ਪੁਕਾਰ, ਕਲ ਕਲਕੀ ਵੇਸ ਵਟਾਈਆ । ਜਿਸ ਦੀ ਵੇਦ

ਵਿਆਸ ਲਾਈ ਛਾਰ, ਧੂੜੀ ਮਸਤਕ ਖ਼ਾਕ ਰਮਾਈਆ । ਓਹ ਸਵਾਮੀ ਅੰਤਰਜਾਮੀ ਚਵ੍ਹੀਆਂ ਅਵਤਾਰ, ਜਿਸ ਨੂੰ ਚੌਬੀਸਾ ਕਹਿ ਕੇ ਸਾਰੇ ਗਾਈਆ । ਤੂੰ ਆਉਣਾ ਆਪਣੀ ਧਾਰ, ਤੈਨੂੰ ਜਨਮੇ ਕੋਇ ਨਾ ਮਾਈਆ । ਦੋ ਜਹਾਨਾਂ ਬਣ ਸਿਕਦਾਰ, ਸਿਕ ਸਭ ਦੀ ਪੂਰ ਕਰਾਈਆ । ਧਰਨੀ ਕਹੇ ਤੇਰਾ ਲੇਖਾ ਬਾਲਮੀਕ ਨੇ ਲਿਖਿਆ ਨਾਲ ਪਿਆਰ, ਪ੍ਰੇਮ ਪਾਤੀਂ ਮੈਨੂੰ ਦਿਤੀ ਸੁਣਾਈਆ । ਨਾਲੇ ਤੇਰਾ ਬਣਿਆ ਬ੍ਰਹਮ ਦਾ ਯਾਰ, ਤੇਰੀ ਮੁਹੱਬਤ ਵਿਚ ਸਮਾਈਆ । ਦੋਹਾਂ ਦਾ ਮੇਲਾ ਇਕ ਦਵਾਰ, ਦਰ ਦਰਵਾਜ਼ਾ ਇਕੋ ਇਕ ਵਖਾਈਆ । ਜਿਥੇ ਵਿਸ਼ਨ ਬ੍ਰਹਮਾ ਸ਼ਿਵ ਖੜੇ ਭਿਖਾਰ, ਦਰ ਮੰਗਣ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰੂ ਜੋਤ ਉਜਿਆਰ, ਨੂਰ ਨੁਰਾਨਾ ਨੂਰ ਅਲਾਹੀਆ । ਤੂੰ ਪਤਿਪਰਮੇਸ਼ਵਰ ਪਰਵਰਦਿਗਾਰ ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਤੇਰੇ ਹੱਥ ਵਡਿਆਈਆ । ਮੇਰਾ ਵਕਤ ਸੁਹੰਜਣਾ ਆਦਿ ਨਿਰੰਜਣਾ ਕਰ ਵਿਚ ਸੰਸਾਰ, ਦੁਸ਼ਟ ਸੰਘਾਰੀ ਜਨ ਭਗਤਾਂ ਦੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਅਥਾਹ ਬੇਪ੍ਰਵਾਹ ਕਹਿਣ ਕੋਇ ਨਾ ਪਾਈਆ ।

### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ਨਰਾਇਣ ਸਿੰਘ ਦੇ ਗ੍ਰਿਹ ✪

ਬਲਮੀਕ ਕਹੇ ਧਰਨੀ ਮੇਰੀ ਕਲਮ ਉਸੇ ਦਾ ਲੇਖ ਲਿਖਦੀ, ਜੋ ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਜਿਸ ਦੀ ਖੇਲ ਆਪਣੀ ਅਗੰਮੀ ਥਿਤ ਦੀ, ਜਗਤ ਵਾਰ ਵੰਡ ਨਾ ਕੋਇ ਵੰਡਾਈਆ । ਓਹਦੀ ਧਾਰ ਆਦਿ ਜੁਗਾਦੀ ਨਿਤ ਦੀ, ਨਵਿਤ ਆਪਣੀ ਕਾਰ ਭੁਗਤਾਈਆ । ਓਹਦੀ ਆਸਾ ਆਪਣੇ ਮਿਤ ਦੀ, ਮਿਤਰ ਪਿਆਰਾ ਬੇਪਰਵਾਹੀਆ । ਓਹਦੀ ਕਰਨੀ ਧੁਰ ਦੇ ਪਿਤ ਦੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜਿਸ ਦੀ ਨਿਸ਼ਾਨੀ ਨਹੀਂ ਪੱਥਰ ਇੱਟ ਦੀ, ਜੋਤ ਸ਼ਬਦ ਧਾਰ ਸ਼ਨਵਾਈਆ । ਬਿਨਾ ਉਸ ਦੀ ਕਿਰਪਾ ਤੋਂ ਸੁਰਤੀ ਨਹੀਂ ਟਿਕਦੀ, ਸਚ ਵਿਚ ਨਾ ਕੋਇ ਮਿਲਾਈਆ । ਠਗੌਰੀ ਮਿਟੇ ਨਾ ਮਨੂਏ ਚਿਤ ਦੀ, ਚੇਤਨ ਰੂਪ ਨਾ ਕੋਇ ਸਮਝਾਈਆ । ਤੂੰ ਖੇਲ ਵੇਖਣੀ ਉਸ ਦੇ ਹਿਤ ਦੀ, ਕਲਜੁਗ ਅੰਤਮ ਅੱਖ ਖੁਲਾਈਆ । ਤਾਂਘ ਰਖਣੀ ਆਪਣੀ ਸਿਕ ਦੀ, ਤਮੰਨਾ ਆਪਣੇ ਅੰਤਰ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੋਏ ਆਪ ਸਹਾਈਆ । ਧਰਨੀ ਕਹੇ ਬਾਲਮੀਕ ਮੈਂ ਕੀ ਰਖਾਂ ਆਸ, ਕਿਸ ਬਿਧ ਧਿਆਨ ਲਗਾਈਆ । ਕਿਸ ਬਿਧ ਵੇਖਾਂ ਖੇਲ ਤਮਾਸ਼, ਕੀ ਕਰਤਾ ਕਾਰ ਕਮਾਈਆ । ਕਵਣ ਧਾਰ ਕਰੇ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਕੀ ਰੂਪ ਹੋਵੇ ਪੁਰਖ ਅਬਿਨਾਸ਼, ਭੇਵ ਅਭੇਦਾ ਦਏ ਖੁਲਾਈਆ । ਕਿਸ ਮੰਡਲ ਪਾਵੇ ਰਾਸ, ਕੀ ਆਪਣਾ ਰੰਗ ਰੰਗਾਈਆ । ਕਿਸ ਵਸੇ ਜ਼ਾਤ ਪਾਤ ਦੀਨ ਦੁਨੀ ਦੇ ਦ੍ਰਿੜਾਈਆ । ਕਿਸ ਬਿਧ ਮੇਟੇ ਕਲਜੁਗ ਅੰਧੇਰੀ ਰਾਤ, ਸਤਿ ਸਤਿ ਚੰਦ ਚਮਕਾਈਆ । ਕਿਸ ਬਿਧ ਲੇਖਾ ਪੂਰਾ ਕਰੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਬ੍ਰਹਮ ਧਾਰ ਸਮਝਾਈਆ । ਵਿਸ਼ਨੂੰ ਕਿਸ ਬਿਧ ਦੇਵੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਦ੍ਰਿੜਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕਵਣ ਦਵਾਰੇ ਦੇਵੇ ਸਾਥ, ਸਗਲਾ ਸੰਗ ਬਣਾਈਆ । ਕੀ ਹੁਕਮ ਵਰਤੇ ਪੁਰਖ ਸਮਰਾਥ, ਹਰਿ ਕਰਤਾ ਧਰਦਰਗਾਹੀਆ । ਮੈਂ ਕਿਸ ਬਿਧ ਜੋੜਾਂ ਹਾਥ,

ਬਿਨ ਹੱਥਾਂ ਹੱਥ ਉਠਾਈਆ । ਮੈਨੂੰ ਧਰਮ ਦੀ ਦੱਸ ਦੇ ਜਾਚ, ਯਾਚਕ ਹੋ ਕੇ ਮੰਗ ਮੰਗਾਈਆ । ਮੇਰਾ ਸਾਹਿਬ ਕਿਸ ਵਸੇ ਕਾਇਆ ਮਾਟੀ ਕਾਚ, ਕੰਚਨ ਗੜ੍ਹ ਸੁਹਾਈਆ । ਕਿਸ ਬਿਧ ਕਲਜੁਗ ਅਗਨ ਬੁਝਾਏ ਆਂਚ, ਅੰਮ੍ਰਿਤ ਮੇਘ ਬਰਸਾਈਆ । ਓਹਦਾ ਰੂਪ ਅਨੂਪਾ ਸਤਿ ਸਰੂਪਾ ਜੁਗ ਚੌਕੜੀ ਬਹੁਭਾਂਤ, ਬਿਨ ਕਿਰਪਾ ਸਮਝ ਕਿਸੇ ਨਾ ਆਈਆ । ਓਹ ਧਰਨੀ ਉਤੇ ਨੌ ਖੰਡ ਪ੍ਰਿਥਮੀ ਸੱਤ ਦੀਪ ਵਸੇ ਕਿਸ ਪ੍ਰਾਂਤ, ਹਿੱਸਾ ਕਵਣ ਰਖਾਈਆ । ਮੈਂ ਕਿਸ ਬਿਧ ਤੱਕਾਂ ਹੋ ਇਕਾਂਤ, ਬਿਨ ਨੈਣਾਂ ਨੈਣ ਉਠਾਈਆ । ਮੇਰੀ ਇਕੋ ਨਿੱਕੀ ਜਿਹੀ ਬਾਤ, ਬਾਤਨ ਪਰਦਾ ਦੇ ਚੁਕਾਈਆ । ਕਿਸ ਬਿਧ ਮੇਲਾ ਮਿਲੇ ਕਮਲਾਪਾਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਕੀ ਵਸਤ ਅਮੋਲਕ ਦੇਵੇ ਦਾਤ, ਅਨਮੁੱਲੜੀ ਆਪ ਵਰਤਾਈਆ । ਬਾਲਮੀਕ ਹੱਸ ਕੇ ਕਿਹਾ ਜਿਸ ਦੀ ਸਿਫ਼ਤ ਵਿਚ ਮੈਂ ਭਰ ਦਿਤੇ ਕਾਗ਼ਜ਼ ਕਾਗ਼ਜ਼ਾਤ, ਅਕਸ਼ਰ ਅੱਖਰਾਂ ਨਾਲ ਮਿਲਾਈਆ । ਓਹ ਰਾਮ ਰਾਮਾ ਨੌਜਵਾਨਾ ਮਰਦ ਮਰਦਾਨਾ ਇਕੋ ਨੂਰ ਜੋਤ ਪ੍ਰਕਾਸ਼, ਦੂਜਾ ਰੂਪ ਨਾ ਕੋਇ ਦਰਸਾਈਆ । ਓਹ ਮਿਹਰਵਾਨ ਮਹਿਬੂਬ ਧਰਨੀ ਧਰਤ ਧਵਲ ਧੌਲ ਤੇਰੀ ਪੂਰੀ ਕਰੇ ਆਸ, ਨਿਰਾਸ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤਮ ਪ੍ਰਗਟ ਹੋਵੇ ਆਪ, ਆਪ ਆਪਣਾ ਫੇਰਾ ਪਾਈਆ । ਤ੍ਰੈਗੁਣ ਮਾਇਆ ਮੇਟੇ ਤਾਪ, ਤ੍ਰੈਭਵਨ ਧਨੀ ਆਪਣੀ ਦਇਆ ਕਮਾਈਆ । ਹਰਿ ਭਗਤ ਸੁਹੇਲੇ ਬਣਾ ਕੇ ਸਾਕ, ਸੱਜਣ ਹੋਏ ਸਹਿਜ ਸੁਖਦਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਜਾਪ, ਸੋਹੰ ਢੋਲਾ ਅਗੰਮ ਅਥਾਹੀਆ । ਤਨ ਵਜੂਦ ਮਾਟੀ ਖ਼ਾਕ ਤੇਰਾ ਕਰੇ ਪਾਕ, ਪਤਤ ਪੁਨੀਤ ਬਣਾਈਆ । ਜਿਸ ਸੰਬਲ ਬਹਿ ਕੇ ਖੋਲਣਾ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਬਾਲਮੀਕ ਕਹੇ ਮੇਰਾ ਉਸ ਵੇਲੇ ਵੀ ਹੋਣਾ ਸਾਥ, ਸਗਲਾ ਆਪਣਾ ਸੰਗ ਬਣਾਈਆ । ਮੈਂ ਨਿਵ ਨਿਵ ਟੇਕਾਂ ਮਾਥ, ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਲਕ ਆਪਣਾ ਰੰਗ ਰੰਗਾਈਆ । ਬਾਲਮੀਕ ਕਹੇ ਮੇਰੀ ਕਲਮ ਬਣਾਏ ਅੱਖਰ, ਨਿਰਅੱਖਰ ਧਾਰ ਸਮਝਾਈਆ । ਇਹ ਲਕੀਰ ਨਹੀਂ ਕੋਈ ਪੱਥਰ, ਪਾਹਨ ਪੱਥਰ ਤੋੜ ਫੋੜ ਕੇ ਸਾਰੇ ਦੇਣ ਮਿਟਾਈਆ । ਮੇਰੀ ਜਗਤ ਵਾਲੀ ਨਹੀਂ ਕੋਈ ਸਤਰ, ਲਾਈਨ ਅੱਖਾਂ ਵਿਚ ਨਜ਼ਰੀ ਆਈਆ । ਮੇਰੀ ਬੁੱਧੀ ਨਹੀਂ ਕੋਈ ਚਤੁਰ, ਅਕਲ ਚਲੇ ਨਾ ਕੋਇ ਚਤੁਰਾਈਆ । ਮੇਰਾ ਲੇਖਾ ਨਹੀਂ ਕੋਈ ਪਤ੍ਰਕਾ ਉਤੇ ਪੱਤਰ, ਕਾਗ਼ਜ਼ ਮਿਲੀ ਨਾ ਕੋਇ ਵਡਿਆਈਆ । ਮੈਂ ਉਸ ਦੀ ਮਹਿੰਮਾ ਕਰਦਾ ਜਿਸ ਨੇ ਆਪਣੀ ਧਾਰ ਗੋਬਿੰਦ ਲਾਉਣਾ ਸਥਰ, ਯਾਰੜਾ ਸੇਜ ਸੁਹਾਈਆ । ਜਿਸ ਕਲਜੁਗ ਅੰਤਮ ਸਭ ਦਾ ਲਹਿਣਾ ਦੇਣਾ ਲੇਖਾ ਕਰਨਾ ਪੱਧਰ, ਊਚ ਨੀਚ ਦਾ ਪੰਧ ਮੁਕਾਈਆ । ਤੇਰੀ ਪੂਰੀ ਕਰੇ ਸੱਧਰ, ਸੱਧਰਾਂ ਵਾਲਿਆਂ ਵੇਖ ਵਖਾਈਆ । ਸਦੀ ਚੌਧਵੀਂ ਪਾ ਕੇ ਗ਼ਦਰ, ਗਦਾਗਰ ਕਰੇ ਲੋਕਾਈਆ । ਸਤਿਗੁਰ ਸ਼ਬਦ ਕੋਲੋਂ ਕਰਾਵੇ ਅਦਲ, ਇਨਸਾਫ਼ ਆਪਣੇ ਹੱਥ ਰਖਾਈਆ । ਧਰਨੀਏ ਤੇਰੇ ਉਤੇ ਧਰਮ ਦੀ ਧਾਰ ਦੇਵੇ ਬਦਲ, ਕਲਜੁਗ ਵਿਚੋਂ ਸਤਿਜੁਗ ਲਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਇਕੋ ਪੱਤਣ, ਸਚ ਦਵਾਰਾ ਏਕੰਕਾਰਾ ਦਰਗਾਹ ਸਾਚੀ ਮੁਕਾਮੇ ਹਕ, ਸਚਖੰਡ ਇਕੋ ਇਕ ਸੁਹਾਈਆ ।

੪੫੫
੨੩

## ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ਪੂਰਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਬਾਲਮੀਕ ਨੇ ਅੱਖਰ ਵਖਾਏ ਪੁੱਠੇ, ਪੁਠੀ ਕਲ ਪ੍ਰਭ ਦਏ ਵਰਤਾਈਆ । ਕਲਜੁਗ ਵੇਲੇ ਅੰਤਮ ਤੁਠੇ, ਮਿਹਰਵਾਨ ਹੋਏ ਸਹਾਈਆ । ਜਨ ਭਗਤ ਸੁਹੇਲੇ ਮਨਾਏ ਰੁੱਠੇ, ਰੁੱਸਿਆਂ ਗਲੇ ਲਗਾਈਆ । ਲੱਖਾਂ ਵਿਚੋਂ ਲੱਭੇ ਮੁੱਠੇ, ਮੁੱਠੀ ਭਰ ਦਏ ਵਡਿਆਈਆ । ਲੁਕਿਆ ਰਹੇ ਨਾ ਕੋਇ ਕਿਸੇ ਗੁੱਠੇ, ਚਾਰੋਂ ਕੁੰਟ ਫੋਲ ਫੁਲਾਈਆ । ਫਲ ਲਗਾਏ ਕਾਇਆ ਬੂਟੇ, ਪੱਤ ਟਹਿਣੀ ਨਾਮ ਮਹਿਕਾਈਆ । ਸਚ ਪ੍ਰੀਤੀ ਦੇਵੇ ਹੂਟੇ, ਹੁਲਾਰਾ ਇਕੋ ਇਕ ਵਖਾਈਆ । ਭਾਓ ਚੁਕਾ ਕੇ ਏਕਾ ਦੂਜੇ, ਮੇਲਾ ਮੇਲੇ ਸਹਿਜ ਸੁਭਾਈਆ । ਜਿਨ੍ਹਾਂ ਦੀ ਧਾਰ ਆਪੇ ਬੁਝੇ, ਬੁਝੀ ਦੀਪਕ ਦਏ ਜਗਾਈਆ । ਉਨ੍ਹਾਂ ਇਕ ਦਵਾਰਾ ਸੁਝੇ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਅੱਖਰ ਵੇਖੇ ਬਿਨਾ ਤਖ਼ਤੀ, ਸਿਆਹੀ ਨਜ਼ਰ ਕੋਇ ਨਾ ਆਈਆ । ਜਿਸ ਦਾ ਹੁਕਮ ਮਿਲਣਾ ਨਾਲ ਸਖ਼ਤੀ, ਸਖਤਿਆ ਕਰੇ ਸਫ਼ਾਈਆ । ਦੀਨ ਦੁਨੀ ਆਵੇ ਕਮਬਖ਼ਤੀ, ਕਾਮਲ ਮੁਰਸ਼ਦ ਹੁਕਮ ਵਰਤਾਈਆ । ਖੇਲ ਖਿਲਾਏ ਮਾਲਕ ਅਰਸ਼ੀ, ਪ੍ਰੀਤਮ ਅਗੰਮ ਅਥਾਹੀਆ । ਲੇਖਾ ਜਾਣੇ ਖ਼ਾਕ ਫ਼ਰਸ਼ੀ, ਜ਼ਿਮੀਂ ਜ਼ਮਾ ਫੋਲ ਫੁਲਾਈਆ । ਜਿਸ ਦੀ ਸੰਮਤ ਸ਼ਹਿਨਸ਼ਾਹੀ ਅੱਠ ਦੀ ਹੋਣੀ ਬਰਸੀ, ਬਰਸ ਸਾਲਾਂ ਵੰਡ ਵੰਡਾਈਆ । ਓਹ ਖੇਲ ਜਾਣੇ ਭਗਤਾਂ ਘਰ ਦੀ, ਘਰ ਘਰ ਵੇਖੇ ਚਾਈਂ ਚਾਈਂਆ । ਇਹ ਵਡਿਆਈ ਨਰਾਇਣ ਨਰ ਦੀ, ਬਾਲਮੀਕ ਗਿਆ ਸਮਝਾਈਆ । ਜਿਸ ਕਲਾ ਮੁਕਾਉਣੀ ਕਲਜੁਗ ਕਲ ਦੀ, ਕਲ ਕਾਤੀਆਂ ਕਰੇ ਸਫ਼ਾਈਆ । ਮੰਜ਼ਲ ਦੱਸਣੀ ਇਕ ਅਟੱਲ ਦੀ, ਅਗੰਮ ਅਥਾਹ ਸਮਝਾਈਆ । ਜਿਸ ਆਸਾ ਪੂਰੀ ਕਰਨੀ ਬਾਵਨ ਬਲ ਦੀ, ਅਸਵਮੇਧ ਯੱਗ ਦਏ ਗਵਾਹੀਆ । ਉਸ ਦੀ ਕਥਾ ਕਹਾਣੀ ਹੋਣੀ ਛਲ ਦੀ, ਅਛਲ ਛਲਧਾਰੀ ਆਪ ਕਰਾਈਆ । ਜਿਸ ਦੀ ਖ਼ਬਰ ਕਿਸੇ ਨਹੀਂ ਘੜੀ ਪਲ ਦੀ, ਜੋ ਪਲਕਾਂ ਓਹਲੇ ਬੈਠਾ ਡੇਰਾ ਲਾਈਆ । ਧਰਨੀ ਕਹੇ ਮੈਂ ਪਿਆਸੀ ਉਸੇ ਅੰਮ੍ਰਿਤ ਜਲ ਦੀ, ਸਮੁੰਦ ਸਾਗਰਾਂ ਆਸ ਨਾ ਕੋਇ ਰਖਾਈਆ । ਮੈਂ ਇਕ ਦਵਾਰਾ ਮੱਲਦੀ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਕਰਨੀ ਕਦੇ ਨਾ ਟਲਦੀ, ਟਾਲਣ ਵਾਲਾ ਨਜ਼ਰ ਕੋਇ ਨਾ ਆਈਆ ।



## ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ਮਹਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਨੂੰ ਜੁਗ ਜੁਗ ਲੱਗੀਆਂ ਤਾਂਘਾਂ, ਬਿਨ ਲੋਚਣ ਨੈਣਾਂ ਧਿਆਨ ਲਗਾਈਆ । ਮੈਂ ਸੁਣੀਆਂ ਪੈਗ਼ਬਰਾਂ ਵਾਲੀਆਂ ਬਾਂਗਾਂ, ਅਜ਼ਾਂ ਖੋਜ ਖੁਜਾਈਆ । ਜਿਧਰ ਵੇਖਾਂ ਕਲਜੁਗ ਕੂੜੀ ਕਿਰਿਆ ਚੜ੍ਹੀਆਂ ਕਾਂਗਾਂ, ਕਾਗ ਵਾਂਗ ਕੁਰਲਾਈਆ । ਕਿਰਪਾ ਨਿਧਾਨ ਬਦਲ ਸਵਾਂਗਾ, ਸਵਾਂਗੀ ਆਇਆ ਰੂਪ ਬਦਲਾਈਆ । ਲਹਿਣਾ ਦੇਣਾ ਵੇਖ ਧਰਨੀ ਧਰਤ ਧਵਲ ਧੌਲ ਨਿਮਾਣਿਆਂ ਦੀ ਮਾਂ ਦਾ, ਜੋ ਆਸਾ ਰਹੀ ਤਕਾਈਆ । ਮਾਣ ਰਿਹਾ ਨਾ ਸਤਿਗੁਰ ਸ਼ਬਦ ਤੇਰੇ ਨਾਂ ਦਾ, ਨਾਉਂ ਨਿਰੰਕਾਰਾ ਸਾਰੇ ਗਏ ਭੁਲਾਈਆ । ਖੇਲ ਵੇਖ ਅੱਠ ਸੱਠ ਤੀਰਥ ਥਾਂ ਦਾ, ਮੰਦਰ ਮਸਜਿਦ

ਸ਼ਿਵਦਵਾਲੇ ਮਠ ਫੋਲ ਫੁਲਾਈਆ । ਚਾਰੋਂ ਕੁੰਟ ਝਗੜਾ ਸੂਰ ਗਾਂ ਦਾ, ਹਿੰਦੂ ਮੁਸਲਿਮ ਸਾਰੇ ਬਣੇ ਕਸਾਈਆ । ਤੇਰਾ ਸ਼ਬਦ ਭੁੱਲਿਆ ਵਾਹ ਵਾਹ ਦਾ, ਵਾਹਿਗੁਰੂ ਤੇਰੇ ਵਿਚ ਨਾ ਕੋਇ ਸਮਾਈਆ । ਪਾਂਧੀ ਦਿਸੇ ਨਾ ਕੋਈ ਤੇਰੇ ਘਰ ਦੇ ਰਾਹ ਦਾ, ਮੰਜ਼ਲ ਹਕ ਚੜ੍ਹਨ ਕੋਇ ਨਾ ਪਾਈਆ । ਬਲ ਰਿਹਾ ਕਿਸੇ ਨਾ ਬਾਂਹ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਵੇਖ ਲੈ ਆਪਣੀ ਧਰਤੀ, ਧਵਲ ਧਿਆਨ ਲਗਾਈਆ । ਤੂੰ ਮਾਲਕ ਧੁਰ ਦਾ ਅਰਸ਼ੀ, ਪ੍ਰੀਤਮ ਨੂਰ ਅਲਾਹੀਆ । ਖੇਲ ਵੇਖ ਕਲਜੁਗ ਕਲ ਦੀ, ਕੀ ਕਲ ਕਾਤੀ ਹੁਕਮ ਵਰਤਾਈਆ । ਵਡਿਆਈ ਰਹੀ ਨਾ ਅੱਠ ਸੱਠ ਤੀਰਥ ਜਲ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਦੀਪਕ ਜੋਤ ਕਿਤੇ ਨਾ ਬਲਦੀ, ਨੂਰ ਨੁਰਾਨਾ ਨਾ ਕੋਇ ਰੁਸ਼ਨਾਈਆ । ਮਾਇਆ ਮਮਤਾ ਸਾਧਾਂ ਸੰਤਾਂ ਫਿਰੇ ਛਲਦੀ, ਅਛਲ ਛਲਧਾਰੀ ਤੇਰੀ ਸਮਝ ਕਿਸੇ ਨਾ ਆਈਆ । ਧਰਨੀ ਕਹੇ ਮੇਰੀ ਆਸਾ ਹੋਈ ਡੂੰਘੀ ਡਲ ਦੀ, ਤ੍ਰਿਸ਼ਨਾ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਮੈਂ ਚਾਰ ਕੁੰਟ ਤੇਰਾ ਤੱਕਾਂ ਰਾਹ, ਬਿਨ ਰਸਤਿਆਂ ਰਸਤਾ ਵੇਖ ਵਖਾਈਆ । ਤੂੰ ਕਿਰਪਾ ਕਰ ਮੇਰੇ ਮਿਹਰਵਾਂ, ਮਿਹਰਵਾਨ ਤੇਰੀ ਸਰਨਾਈਆ । ਤੇਰਾ ਨਾਮ ਸੁਹੰਜਣਾ ਸੋ ਵਕਤ ਸੁਹੰਜਣਾ ਗਿਆ ਆ, ਆਦਮ ਹੱਵਾ ਰਾਹ ਤਕਾਈਆ । ਪੈਗ਼ੰਬਰ ਕਹਿਣ ਸਾਡਾ ਨੂਰ ਅਲਾਹੀ ਖ਼ੁਦਾ, ਆਲਮੀਨ ਇਕ ਅਖਵਾਈਆ । ਗੁਰੂ ਗੁਰਦੇਵ ਕਹਿਣ ਸਤਿਗੁਰ ਸ਼ਬਦ ਸ਼ਬਦੀ ਡੰਕ ਦੇ ਵਜਾ, ਵਜਾਵਣਹਾਰਾ ਇਕ ਹੋ ਜਾਈਆ । ਸਾਰੇ ਸਜਦਿਆਂ ਵਿਚ ਕਰਨ ਦੁਆ, ਦੋਏ ਜੋੜ ਸੀਸ ਨਿਵਾਈਆ । ਮੇਰੇ ਸਵਾਮੀ ਅੰਤਰਜਾਮੀ ਮੇਰੀ ਪਤ ਰਖਾ, ਪਤਿਪਰਮੇਸ਼ਵਰ ਦਇਆ ਕਮਾਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਅੰਤਰ ਨਿਰੰਤਰ ਬਿਨ ਰਸਨਾ ਤੈਨੂੰ ਕੋਈ ਨਾ ਸਕੇ ਗਾ, ਜਿਹਵਾ ਢੋਲੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਤੇਰੀ ਇਕੋ ਸਰਨ ਲਈ ਤਕਾ, ਦੂਸਰ ਓਟ ਨਾ ਕੋਇ ਤਕਾਈਆ ।

### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ਹਰੀ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਬੇਨੰਤੀ ਸੁਣ ਮੇਰੇ ਨਿਰੰਕਾਰ, ਨਿਰਵੈਰ ਨਿਰਾਕਾਰ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰੂ ਕਰ ਖ਼ਬਰਦਾਰ, ਸਚਖੰਡ ਦਵਾਰੇ ਏਕੰਕਾਰੇ ਦੇ ਜਗਾਈਆ । ਆਪਣਿਆਂ ਦੀਨਾਂ ਮਜ਼੍ਹਬਾਂ ਦਾ ਅੰਤਰ ਨਿਰੰਤਰ ਵੇਖਣ ਵਿਵਹਾਰ, ਕੀ ਮਾਤ ਖੇਲ ਖਿਲਾਈਆ । ਸ਼ਬਦ ਅਨਾਦੀ ਘਰ ਬ੍ਰਹਿਮਾਦੀ ਸਭ ਦੀ ਸੁਣ ਧੁਨਕਾਰ, ਕਵਣ ਮੰਦਰ ਵੱਜੇ ਵਧਾਈਆ । ਜੋਤੀ ਜਾਤੇ ਪੁਰਖ ਬਿਧਾਤੇ ਆਤਮ ਸਭ ਦੀ ਵੇਖ ਉਜਿਆਰ, ਕਵਣ ਗ੍ਰਹਿ ਨੂਰ ਜੋਤ ਰੁਸ਼ਨਾਈਆ । ਕਿਉਂ ਚਾਰ ਕੁੰਟ ਦਹਿ ਦਿਸ਼ਾ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਅਜੀਲ ਕੁਰਾਨਾਂ ਗਏ ਵਿਸਾਰ, ਗੁਰੂ ਗੁਰਦੇਵ ਸਵਾਮੀ ਦਰਸ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਨੌ ਦਵਾਰੇ ਵਧਿਆ ਵਿਭਚਾਰ, ਕੂੜ ਕਿਰਿਆ ਵਿਚ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਦੀਨਾਂ

੪੫੭
੨੩

੪੫੮
੨੩

ਮਜ਼੍ਹਬਾਂ ਹੋਈ ਖਾਰ, ਤੇਰਾ ਨਾਮ ਕਲਮਾ ਕਰੇ ਲੜਾਈਆ । ਸਦੀ ਚੌਧਵੀਂ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਚੌਦਾਂ ਤਬਕ ਰਹੇ ਪੁਕਾਰ, ਤੂੰ ਮੇਰਾ ਮੈਂ ਤੇਰਾ ਨਾਮ ਨਾ ਕੋਇ ਧਿਆਈਆ । ਚੌਦਾਂ ਲੋਕ ਖੇਲ ਤੱਕ ਸੱਚੀ ਸਰਕਾਰ, ਚੌਦਸ ਚੰਦ ਨੂਰ ਨਾ ਕੋਇ ਚਮਕਾਈਆ । ਮੈਂ ਰੋਵਾਂ ਗਿਰਿਆਜ਼ਾਰੀ ਵਿਚ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਸਚ ਸਵਾਮੀ ਤੇਰਾ ਕਰਾਂ ਇੰਤਜ਼ਾਰ, ਵੇਲਾ ਵਕਤ ਬੈਠੀ ਰਾਹ ਤਕਾਈਆ । ਕਲ ਕਲਕੀ ਹੋ ਉਜਿਆਰ, ਵੇਦ ਵਿਆਸਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੈਂ ਪਾਪਾਂ ਭਾਰ ਥੱਕੀ, ਥਕਾਵਟ ਵਿਚ ਦੁਹਾਈਆ । ਤੂੰ ਸਾਹਿਬ ਮੇਰਾ ਕਮਲਾਪਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਚਾਰੋਂ ਕੁੰਟ ਵੇਖ ਵਾਅ ਤੱਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰਾ ਨਾਮ ਨਿਧਾਨ ਦਿਸੇ ਕਿਸੇ ਨਾ ਰੱਤੀ, ਰਤਨ ਅਮੋਲਕ ਹੀਰਾ ਗੁਰਮੁਖ ਨਜ਼ਰ ਕੋਇ ਨਾ ਆਈਆ । ਮਾਣ ਰਿਹਾ ਨਾ ਰਾਗ ਛੱਤੀ, ਛਤਰਧਾਰੀ ਬੈਠੇ ਮੁਖ ਭਵਾਈਆ । ਆਤਮ ਨੂਰ ਜਗੇ ਕੋਇ ਨਾ ਵੱਟੀ, ਦੀਪਕ ਕਾਇਆ ਨਾ ਕੋਇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਜਾਂਦੀ ਪੱਟੀ, ਪੱਟੀ ਪ੍ਰੇਮ ਨਾ ਕੋਇ ਬੰਧਾਈਆ । ਪੰਚ ਵਿਕਾਰਾ ਖੁਲ੍ਹੀ ਹੱਟੀ, ਨਾਮ ਸਤਿ ਨਾ ਕੋਇ ਚਤੁਰਾਈਆ । ਤੂੰ ਸਾਹਿਬ ਪੁਰਖ ਸਮਰਥੀ, ਕਰਨਹਾਰ ਅਖਵਾਈਆ । ਧਰਨੀ ਕਹੇ ਮੈਂ ਸਭ ਕੁਛ ਵੇਖਾਂ ਅੱਖੀਂ, ਅੱਖੀਆਂ ਵਾਲੇ ਅੱਖੀਆਂ ਗਏ ਭਵਾਈਆ । ਆਤਮ ਧਾਰ ਪਿਆਰ ਦੀ ਰਹੀ ਕੋਈ ਨਾ ਸਖ਼ੀ, ਸਾਚੇ ਕਾਹਨਾ ਤੇਰਾ ਦਰਸ ਕੋਇ ਨਾ ਪਾਈਆ । ਸੀਤਾ ਸੁਰਤ ਹੋਏ ਕੋਇ ਨਾ ਸਤੀ, ਰਾਮ ਰਾਮ ਤੇਰੀ ਸਰਨ ਨਾ ਕੋਇ ਰਖਾਈਆ । ਨਾਨਕ ਗੋਬਿੰਦ ਜਾਣੇ ਕੋਇ ਨਾ ਪੱਟੀ, ਪਟਨੇ ਵਾਲਿਆ ਤੇਰੀ ਦੁਹਾਈਆ । ਪੈਗ਼ੰਬਰਾਂ ਲੇਖਾ ਲਿਖਿਆ ਨਹੀਂ ਹੱਥੀਂ, ਪੇਸ਼ੀਨਗੋਈਆਂ ਵਿਚ ਸਮਝਾਈਆ । ਅੰਤਮ ਸਦੀ ਬੀਸਵੀਂ ਚੌਧਵੀਂ ਜਾਏ ਨੱਠੀ, ਆਪਣਾ ਪੰਧ ਮੁਕਾਈਆ । ਉਮਤ ਉਮਤੀ ਤਪਦੀ ਭੱਠੀ, ਆਬੇ ਹਯਾਤ ਨਾ ਕੋਇ ਪਿਆਈਆ । ਸਤਿ ਮੁਹੱਬਤ ਵਿਚ ਦੀਨਾਂ ਮਜ਼੍ਹਬਾਂ ਵਿਚ ਦੀਨਾਂ ਮਜ਼੍ਹਬਾਂ ਧਾਰ ਹੋਏ ਨਾ ਕੱਠੀ, ਏਕਾ ਰੰਗ ਨਾ ਕੋਇ ਰੰਗਾਈਆ । ਸਚ ਧਰਮ ਦੀ ਮੰਜ਼ਲ ਜਾਂਦੀ ਢੱਠੀ, ਮਹੱਲ ਅਟੱਲ ਨਾ ਕੋਇ ਬਣਾਈਆ । ਪੁਰਖ ਅਬਿਨਾਸ਼ੀ ਤੂੰ ਵਸੇਂ ਘਟ ਘਟੀ, ਹਰ ਘਟ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰਾ ਚਾਰ ਕੁੰਟ ਨੈਣਾਂ ਵਗੇ ਨੀਰ, ਛਹਿਬਰ ਇਕ ਵਖਾਈਆ । ਤੂੰ ਸ਼ਹਿਨਸ਼ਾਹ ਸੁਲਤਾਨ ਪੀਰ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਤੂੰ ਦੋ ਜਹਾਨਾਂ ਦਸਤਗੀਰ, ਦਇਆਵਾਨ ਵਡ ਵਡਿਆਈਆ । ਤੂੰ ਲੇਖਾ ਤੱਕ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਮੈਂ ਦਰ ਦਰਵੇਸ਼ ਹੋ ਕੇ ਮੰਗਾਂ ਹਕੀਰ, ਫ਼ਕੀਰ ਫ਼ਿਕਰਾ ਤੇਰਾ ਢੋਲਾ ਗਾਈਆ । ਦੀਨ ਦੁਨੀ ਦੀ ਬਦਲ ਦੇ ਜ਼ਮੀਰ, ਅੰਤਸ਼ਕਰਨ ਕਰ ਸਫ਼ਾਈਆ । ਤਨ ਮਾਟੀ ਪਵਿਤਰ ਕਰ ਚੀਰ, ਚਿਰੀ ਵਿਛੁੰਨੇ ਲੈ ਮਿਲਾਈਆ । ਮੈਂ ਮੇਰਾ ਹੋਇਆ ਦਿਲਗੀਰ, ਧੀਰਜ ਧੀਰ ਦੇ ਧਰਾਈਆ । ਦੀਨ ਦੁਨੀ ਦੇ ਅੰਦਰ ਹਉਮੇ ਵਾਲੀ ਪੀੜ, ਦੁਤੀਆ ਭਾਓ ਨਾ ਕੋਇ ਮਿਟਾਈਆ । ਪਰਮ ਪੁਰਖ ਲੇਖਾ ਮੁਕਾ ਦੇ ਹਸਤ ਕੀੜ, ਕੀਟ ਕੀਟਾਂ ਦੇ ਵਡਿਆਈਆ । ਅੰਮ੍ਰਿਤ ਆਤਮ ਨਿਝਰ ਝਿਰਨੇ ਸਭ ਨੂੰ ਦੇ ਸੀਰ, ਬੂੰਦ ਸਵਾਂਤੀ ਆਪ ਚੁਆਈਆ । ਕਲਜੁਗ ਅੰਤਮ ਸਭ ਦੀ ਬਦਲ ਦੇ ਤਕਦੀਰ, ਤਦਬੀਰ ਆਪਣਾ ਨਾਮ ਦ੍ਰਿੜਾਈਆ । ਤੂੰ ਨਿਰਗੁਣ ਧਾਰ ਜੋਤ ਸ਼ਹਿਨਸ਼ਾਹ ਸਤਿਗੁਰ ਸ਼ਬਦ ਤੇਰਾ

ਵਜ਼ੀਰ, ਰਈਅਤ ਹਰਿਜਨ ਹਰਿ ਭਗਤ ਲੈ ਬਣਾਈਆ । ਤੇਰਾ ਖੇਲ ਆਦਿ ਜੁਗਾਦੀ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਧਰਨੀ ਕਹੇ ਮੈਨੂੰ ਮਸ਼ਵਰਾ ਦੇਵੇ ਸਚਖੰਡ ਵਿਚ ਬੈਠਾ ਕਬੀਰ, ਕਬਰਾਂ ਤੋਂ ਬਾਹਰ ਸੁਣਾਈਆ । ਉਠ ਤੱਕ ਜੋ ਬਾਲਮੀਕ ਰਿਖੀ ਨੇ ਪ੍ਰਥਾਏ ਰਾਮ ਮਾਰੀ ਲਕੀਰ, ਰਾਮ ਰਾਮ ਗਏ ਸੁਣਾਈਆ । ਓਹ ਰਾਮ ਸਭ ਦੀ ਕਟੇ ਭੀੜ, ਲੇਖਾ ਸਭ ਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਨਾਮ ਖੰਡਾ ਬ੍ਰਹਿਮੰਡਾਂ ਵਖਾਏ ਅਗੰਮੀ ਸ਼ਮਸ਼ੀਰ, ਜਿਸ ਦੀ ਧਾਰ ਲੁਹਾਰ ਤਰਖਾਣ ਨਾ ਕੋਇ ਬਣਾਈਆ ।

### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਅਜੈਬ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੈਂ ਭਗਤਾਂ ਉਤੋਂ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜਿਨ੍ਹਾਂ ਮਿਲਿਆ ਇਕਾ ਏਕੰਕਾਰ, ਇਕ ਇਕੱਲਾ ਨੂਰ ਅਲਾਹੀਆ । ਮੈਂ ਮਾਤਲੋਕ ਬਣਾਂ ਸੇਵਾਦਾਰ, ਚਾਕਰ ਹੋ ਕੇ ਸੇਵ ਕਮਾਈਆ । ਸਤਿ ਸਚ ਦੀ ਸੁਣਾਂ ਗੁਫ਼ਤਾਰ, ਜੋ ਪ੍ਰਭ ਦਾ ਢੋਲਾ ਗਾਈਆ । ਤੂੰ ਮੇਰਾ ਮੈਂ ਤੇਰਾ ਜਿਨ੍ਹਾਂ ਦੀ ਧਾਰ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਕਲਜੁਗ ਅੰਤ ਮੇਰੇ ਉਤੇ ਹੋਇਆ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਮੈਂ ਸੰਦੇਸਾ ਦੇਵਾਂ ਆਪਣੀ ਵਾਰ, ਪੂਰਬ ਪਿਛਲਾ ਭੇਵ ਖੁਲਾਈਆ । ਜੋ ਬਾਲਮੀਕ ਵਜਾਈ ਸਤਾਰ, ਮੇਰੇ ਉਤੇ ਸਤਿ ਦ੍ਰਿੜਾਈਆ । ਸੋ ਵੇਖ ਲਿਆ ਕਰਤਾਰ, ਹਰਿ ਕਰਤਾ ਨੂਰ ਅਲਾਹੀਆ । ਜਿਸ ਮੇਰੇ ਉਤੋਂ ਲਾਹੁਣਾ ਭਾਰ, ਵਿਭਚਾਰ ਕਰੇ ਸਫ਼ਾਈਆ । ਸਤਿ ਧਰਮ ਦਏ ਉਤਾਰ, ਮੇਰੀ ਸਾਚੀ ਗੋਦ ਸੁਹਾਈਆ । ਭਗਤ ਸੁਹੇਲੇ ਪਾਵੇ ਸਾਰ, ਭਗਵਨ ਆਪਣਾ ਰੰਗ ਰੰਗਾਈਆ । ਜਨ ਭਗਤ ਕਰਨ ਪਿਆਰ, ਪਰਮ ਪੁਰਖ ਮਿਲ ਕੇ ਵੱਜੇ ਵਧਾਈਆ । ਮੈਂ ਖ਼ੁਸ਼ੀਆਂ ਦੇ ਵਿਚ ਵੇਖਾਂ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਗੁਰੂਆਂ ਕਹਾਂ ਬੋਲ ਜੈਕਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਪੈਗ਼ੰਬਰਾਂ ਕਹਾਂ ਤੱਕੋ ਪਰਵਰਦਿਗਾਰ, ਬੇਪ੍ਰਵਾਹ ਅਗੰਮ ਅਥਾਹੀਆ । ਅਵਤਾਰਾਂ ਕਹਾਂ ਕਰੋ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਬ੍ਰਹਿਮੰਡਾਂ ਖੰਡਾਂ ਕਹਾਂ ਹੋਓ ਹੁਸ਼ਿਆਰ, ਪੁਰੀ ਲੋਅ ਲਓ ਅੰਗੜਾਈਆ । ਰਵ ਸਸ ਧੂੜੀ ਲਾਓ ਮਸਤਕ ਛਾਰ, ਟਿੱਕਾ ਇਕੋ ਨਾਮ ਰਮਾਈਆ । ਜੁਗ ਚੌਕੜੀ ਹੋਵੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਕਲ ਤੱਕੋ ਕਲਕੀ ਅਵਤਾਰ, ਜੋ ਭਗਤਨ ਮੀਤਾ ਇਕ ਅਖਵਾਈਆ । ਜਿਸ ਦਾ ਭਰਿਆ ਨਾਮ ਭੰਡਾਰ, ਨਿਰਗੁਣ ਸਰਗੁਣ ਰਿਹਾ ਵਰਤਾਈਆ । ਜਿਸ ਸੁਹਾਇਆ ਬਲ ਦਵਾਰ, ਬਾਵਨ ਖੇਲ ਖਿਲਾਈਆ । ਸੋ ਲੇਖਾ ਜਾਣੇ ਆਪਣੀ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਧਰਨੀ ਕਹੇ ਮੈਂ ਭਗਤਾਂ ਉਤੇ ਆਪਾ ਆਪ ਕਰਾਂ ਕੁਰਬਾਨ, ਕਰਬਲੇ ਵਾਲੇ ਸਾਰੇ ਧਿਆਨ ਲਗਾਈਆ । ਮੈਨੂੰ ਤੱਕਣ ਦੋ ਜਹਾਨ, ਚੌਦਾਂ ਤਬਕ ਅੱਖ ਉਠਾਈਆ । ਖੇਲ ਵੇਖਾਂ ਵਖਾਵਾਂ ਸ੍ਰੀ ਭਗਵਾਨ, ਕੀ ਭਗਵਨ ਕਾਰ ਕਮਾਈਆ । ਚਾਰੇ ਕੁੰਟ ਹੁਕਮ ਸੰਦੇਸ਼ਾ ਦੇਵਾਂ ਆਣ, ਏਕਾ ਏਕ ਜਣਾਈਆ । ਉੱਤਰ ਪੂਰਬ ਪੱਛਮ ਦੱਖਣ ਤੱਕੇ ਨੌਜਵਾਨ, ਸੂਰਬੀਰ ਧੁਰਦਰਗਾਹੀਆ । ਜਿਸ



੪੫੯
੨੩

ਦਾ ਸ਼ਬਦ ਖੰਡਾ ਅਗੰਮਾ ਨਾਮ, ਤੀਰ ਕਮਾਨ ਚਿੱਲੇ ਇਕੋ ਰਿਹਾ ਚੜ੍ਹਾਈਆ । ਜਿਸ ਕਲਜੁਗ ਕੂੜੀ ਸ਼ਰਅ ਮੇਟਣੀ ਸ਼ੈਤਾਨ, ਸ਼ਰੀਅਤ ਦੀਨ ਦੁਨੀ ਬਦਲਾਈਆ । ਰੂਪ ਅਨੂਪ ਧਰ ਕੇ ਆਪ ਅਮਾਮ, ਅਮਾਮ ਅਮਾਮਾ ਖੇਲ ਖਿਲਾਈਆ । ਏਕਾ ਦੇਵੇ ਕਲਮਾ ਹਕ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਪੜ੍ਹਾਈਆ । ਓਸ ਦੇ ਚਰਨ ਕਵਲ ਕਰਾਂ ਪ੍ਰਨਾਮ, ਕਦਮਬੋਸੀ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਮੈਂ ਭਗਤਾਂ ਹੋਈ ਦਾਸੀ, ਦਾਸਨ ਦਾਸ ਸੇਵ ਕਮਾਈਆ । ਜਿਨ੍ਹਾਂ ਕਰਨੀ ਬੰਦ ਖ਼ਲਾਸੀ, ਬੰਧਨ ਮਜ਼੍ਹਬਾਂ ਵਾਲੇ ਤੁੜਾਈਆ । ਮੇਰੇ ਉਤੇ ਖ਼ੁਸ਼ੀਆਂ ਵਾਲੀ ਪਾਉਣੀ ਰਾਸੀ, ਆਤਮ ਪਰਮਾਤਮ ਗੋਪੀ ਕਾਹਨ ਨਚਾਈਆ । ਮੰਜ਼ਲ ਚੜ੍ਹਨਾ ਧਰਮ ਦੀ ਘਾਟੀ, ਦੂਜਾ ਰਾਹ ਨਾ ਕੋਇ ਤਕਾਈਆ । ਮੇਰੀ ਪਿਛਲੀ ਪੂਰੀ ਹੋਵੇ ਵਾਟੀ, ਪਾਂਧੀ ਪੰਧ ਮੁਕਾਈਆ । ਇਕੋ ਨੂਰ ਜੋਤ ਦਿਸੇ ਜਨ ਭਗਤਾਂ ਅੰਦਰ ਲਿਲਾਟੀ, ਨਿਰਵੈਰ ਨਿਰਾਕਾਰ ਨਜ਼ਰੀ ਆਈਆ । ਆਤਮ ਸੇਜ ਸੁਹੰਜਣੀ ਵੇਖਾਂ ਖਾਟੀ, ਸਚ ਸਿੰਘਾਸਣ ਸੋਭਾ ਪਾਈਆ । ਜਿਥੇ ਵਸਿਆ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਧਰਨੀ ਕਹੇ ਮੇਰੀ ਸੁਹੰਜਣੀ ਹੋਈ ਅੱਜ ਦੀ ਰਾਤੀ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਜੋ ਭਗਤਾਂ ਬਣਿਆ ਜਮਾਤੀ, ਢੋਲਾ ਨਾਮ ਇਕੋ ਸਿਫ਼ਤ ਸਲਾਹੀਆ । ਕਲਜੁਗ ਅੰਤਮ ਪੁਛੇ ਵਾਤੀ, ਵਰਨਾਂ ਬਰਨਾਂ ਖੋਜ ਖੁਜਾਈਆ । ਮੈਂ ਸਭ ਕੁਝ ਸੁਣਦੀ ਧਰਨੀ ਕਹੇ ਚੁਪ ਚੁਪਾਤੀ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜਿਨ੍ਹ ਤੇਰੇ ਉਤੋਂ ਨਾਸ ਕਰਨੇ ਪਾਪੀ, ਜਨ ਭਗਤ ਲਏ ਤਰਾਈਆ । ਓਸ ਪੂਰੀ ਕਰਨੀ ਬਾਲਮੀਕ ਦੀ ਆਖੀ, ਜੋ ਬਿਨ ਅੱਖਰਾਂ ਮੈਨੂੰ ਦਿਤਾ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਮੇਰੀ ਕਰੇ ਰਾਖੀ, ਰਖਕ ਹੋ ਕੇ ਵੇਖ ਵਖਾਈਆ । ਧਰਨੀ ਕਹੇ ਮੈਂ ਧਰਤ ਧੌਲ ਧਵਲ ਸਦਾ ਸਦ ਰਖੀ ਓਸੇ ਦੀ ਆਸੀ, ਆਸਾ ਵਿਚ ਧਿਆਨ ਲਗਾਈਆ । ਜਿਸ ਦੀ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਦੋ ਜਹਾਨਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਕਰਨੀ ਆਦਿ ਜੁਗਾਦਿ ਸਾਚੀ, ਜੁਗ ਜੁਗ ਸਚ ਹੁਕਮ ਵਰਤਾਈਆ ।



### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਮੁਖ਼ਤਿਆਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਜਨ ਭਗਤੋ ਮੈਨੂੰ ਖ਼ੁਸ਼ੀਆਂ ਵੱਡੀਆਂ, ਪ੍ਰਭ ਵੱਡੇ ਦਿਤੀ ਵਡਿਆਈਆ । ਤੁਹਾਡੀਆਂ ਮੇਰੇ ਉਤੇ ਵੱਜ ਗਈਆਂ ਅੱਡੀਆਂ, ਮੈਂ ਵੇਖਾਂ ਚਾਈਂ ਚਾਈਆ । ਸਵਾਧਾਨ ਹੋਣ ਮਕਬਰਿਆਂ ਵਿਚ ਪੈਗ਼ੰਬਰਾਂ ਦੀਆਂ ਹੱਡੀਆਂ, ਆਪਣੀ ਲੈਣ ਅੰਗੜਾਈਆ । ਕਹਿਣ ਅਸੀਂ ਸ਼ਰਅ ਸ਼ਰੀਅਤਾਂ ਛਡੀਆਂ, ਇਕੋ ਕਲਮਾ ਨਾਮ ਧਿਆਈਆ । ਜਿਸ ਦੀਆਂ ਸਿਤਾਰਾਂ ਚੌਦਾਂ ਤਬਕਾਂ ਵੱਜੀਆਂ, ਲੋਕ ਪਰਲੋਕ ਸ਼ਨਵਾਈਆ । ਮੈਂ ਓਸ ਦਵਾਰੇ ਸਜੀਆਂ, ਜਿਥੇ ਸੱਜਣ ਧੁਰਦਰਗਾਹੀਆ । ਤੁਹਾਡਾ ਪਿਆਰ ਕਰ ਕਰ ਰੱਜੀਆਂ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਓਹ ਵੇਖੋ ਬੀਤਦੀਆਂ ਮੁਹੰਮਦ ਵਾਲੀਆਂ ਸਦੀਆਂ, ਸਦਮੇ ਸਭ ਦੇ ਰਿਹਾ ਗਵਾਈਆ । ਜਿਸ ਦੇ ਅਗੇ ਸਭ ਨੇ ਬਾਹਵਾਂ ਬੱਧੀਆਂ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਉਲਟੇ ਵਹਿਣ ਵਹਾਉਣੇ

੪੬੧
੨੩

ਨਦੀਆਂ, ਚਿਰੀ ਵਿਛੁੰਨੇ ਆਪ ਮਿਲਾਈਆ । ਮੇਰੇ ਉਤੋਂ ਮੇਟਣੀਆਂ ਬਦੀਆਂ, ਬਦਕਾਰਾਂ ਡੇਰਾ ਢਾਹੀਆ । ਮੇਰੇ ਅੰਦਰ ਖ਼ੁਸ਼ੀਆਂ ਵਧੀਆਂ, ਵਾਅਦੇ ਪੂਰ ਕਰਾਈਆ । ਜਿਸ ਤੁਹਾਨੂੰ ਲਾਇਆ ਅੰਗੀਆਂ, ਅੰਗੀਕਾਰ ਧੁਰ ਦਾ ਮਾਹੀਆ । ਮੈਂ ਵੀ ਓਸੇ ਕੋਲੋਂ ਮੰਗਾਂ ਮੰਗੀਆਂ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਸ ਨੇ ਮੇਰੀ ਖ਼ਾਹਿਸ਼ ਦੀਆਂ ਰੰਗਤ ਰੰਗੀਆਂ, ਰੰਗ ਅਗੰਮ ਚੜ੍ਹਾਈਆ । ਓਹ ਬਣ ਸੂਰਾ ਸਰਬੰਗੀਆ, ਹਰਿਜਨ ਵੇਖੇ ਚਾਈਂ ਚਾਈਂਆ । ਘਰ ਘਰ ਮਾਰੇ ਪੰਧੀਆਂ, ਪਾਂਧੀ ਹੋ ਕੇ ਫੇਰਾ ਪਾਈਆ । ਜਿਸ ਨੇ ਤੁਹਾਡੀਆਂ ਆਸਾ ਰਖੀਆਂ ਲੰਬੀਆਂ, ਆਪਣੇ ਨਾਲੋਂ ਨਾ ਕਦੇ ਤੁੜਾਈਆ । ਮੈਂ ਉਸ ਦੇ ਭੈ ਵਿਚ ਥਰ ਥਬ ਕੰਬੀਆਂ, ਥਰਥਰਾਹਟ ਵਿਚ ਦੁਹਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਤੋੜੀਆਂ ਬੰਦੀਆਂ, ਬੰਦੀਖ਼ਾਨੇ ਡੇਰਾ ਢਾਹੀਆ । ਜਨ ਭਗਤਾਂ ਅੱਖੀਆਂ ਰਹਿਣ ਨਾ ਦੇਣੀਆਂ ਅੰਧੀਆਂ, ਨਿਜ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖ਼ਸ਼ੰਦੀਆ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।

## ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਬੀਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਜਨ ਭਗਤੋ ਕੀ ਕਰਾਂ ਤੁਹਾਡੀ ਸਿਫ਼ਤ, ਸਿਫ਼ਤੀ ਸਿਫ਼ਤ ਸਲਾਹੀਆ । ਜਿਨ੍ਹਾਂ ਦਾ ਆਦਿ ਜੁਗਾਦੀ ਇਕੋ ਇਸ਼ਟ, ਜੁਗ ਚੌਕੜੀ ਦੇਵ ਮਨਾਈਆ । ਸਤਿਗੁਰ ਸ਼ਬਦ ਜਿਨ੍ਹਾਂ ਲਿਖਾਏ ਲਿਖਤ, ਲਿਖਤੀ ਤਸਦੀਕ ਕਰਾਈਆ । ਮੇਰਾ ਸੱਚਾ ਪਿਆਰ ਤੁਹਾਡੇ ਨਾਲ ਅਗੰਮਾ ਇਸ਼ਕ, ਜਿਸ ਦੀ ਹਕੀਕੀ ਮਜਾਜੀ ਦੋਵੇਂ ਦੇਣ ਗਵਾਹੀਆ । ਤੁਹਾਡੀ ਧੂੜੀ ਮੇਰੇ ਉਤੇ ਲੱਗਾ ਤਿਲਕ, ਮੇਰੀ ਖ਼ਾਕ ਸੋਭਾ ਪਾਈਆ । ਮੈਨੂੰ ਸਮਾਂ ਮਿਲਿਆ ਵਿਲਕ ਵਿਲਕ, ਕੂਕ ਕੂਕ ਸੁਣਾਈਆ । ਧੰਨ ਭਾਗ ਜੇ ਸਭ ਦਾ ਪੂਰਾ ਹੋਇਆ ਸਿਦਕ, ਸਬੂਰੀ ਪ੍ਰਭ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡ ਵਡਿਆਈਆ । ਧਰਨੀ ਕਹੇ ਭਗਤੋ ਮੈਂ ਖ਼ੁਸ਼ੀਆਂ ਦੇ ਵਿਚ ਨੱਚਾਂ, ਬਿਨ ਕਦਮਾਂ ਕਦਮ ਬਦਲਾਈਆ । ਮੈਂ ਖੇਲ ਵੇਖਿਆ ਸੱਚਾ, ਜੋ ਸਚ ਸਚ ਦਿਤਾ ਵਖਾਈਆ । ਬਾਲਮੀਕ ਦਾ ਵਾਅਦਾ ਹੋਇਆ ਨਾ ਕੱਚਾ, ਕੱਚੀ ਤੰਦ ਨਾ ਕੋਇ ਦ੍ਰਿੜਾਈਆ । ਕਿਰਪਾ ਕੀਤੀ ਪਰਮੇਸ਼ਵਰ ਪਤਾ, ਆਪਣੀ ਆਪ ਦਇਆ ਕਮਾਈਆ । ਜਿਸ ਵਿਚ ਫ਼ਰਕ ਰਿਹਾ ਨਾ ਰਤਾ, ਰਤਨ ਅਮੋਲਕ ਹਰਿਜਨ ਲਏ ਬਣਾਈਆ । ਧਰਨੀ ਕਹੇ ਮੇਰੇ ਉਤੇ ਜੋ ਬਿਨਾ ਕਾਗ਼ਜ਼ ਤੋਂ ਲਿਖਿਆ ਪੱਟਾ, ਸੋ ਪਾਟਲ ਹੋ ਕੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਜਗਤ ਵਖਾਇਆ ਹੱਟਾ, ਹਰਿਜਨ ਆਪਣੇ ਤੋਲ ਤੁਲਾਈਆ । ਭਾਗ ਲਗਾ ਕੇ ਕਾਇਆ ਮੱਟਾ, ਤਨ ਵਜੂਦ ਕਰੀ ਸਫ਼ਾਈਆ । ਮੇਰਾ ਹਰਖ ਸੋਗ ਜੁਗ ਜੁਗ ਦਾ ਕੀਤਾ ਮੱਠਾ, ਚਿੰਤਾ ਦਿਤੀ ਗਵਾਈਆ । ਜਿਸ ਵੇਲੇ ਮੈਂ ਭਗਤਾਂ ਦਾ ਭਗਤੀ ਪਿਆਰ ਵੇਖਿਆ ਕੱਠਾ, ਦਰ ਘਰ ਸਾਚੇ ਸੋਭਾ ਪਾਈਆ । ਜਿਥੇ ਦੀਨ ਮਜ਼੍ਹਬ ਦਾ ਚੁਕਿਆ ਰੱਟਾ, ਝਗੜਾ ਜ਼ਾਤ ਨਾ ਕੋਇ ਰਖਾਈਆ । ਇਕੋ ਓਟ ਪੁਰਖ ਸਮਰਥਾ, ਦੂਸਰ ਟੇਕ ਨਾ ਕੋਇ ਜਣਾਈਆ । ਮੈਂ ਖਿੜ ਖਿੜਾ ਕੇ ਹੱਸਾ, ਖ਼ੁਸ਼ੀਆਂ ਢੋਲੇ ਗਾਈਆ । ਪੁਰਖ ਅਕਾਲ ਦੀਨ ਦਿਆਲ ਮੇਰੀ ਮੇਟੀ ਰੈਣ ਅੰਧੇਰੀ ਮਸਾ,

ਹਰਿਜਨ ਨੂਰੀ ਚੰਦ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਤੇਰੀ ਤੇਰੇ ਹੱਥ ਵਡਿਆਈਆ ।

✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਗੁਰਬਖ਼ਸ਼ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੈਂ ਦੱਸਾਂ ਨਾਲ ਹਿਜਰ, ਹਿਜਰਤ ਹੋਏ ਸਾਰੇ ਵੇਖ ਵਖਾਈਆ । ਕੋਈ ਓਧਰ ਗਿਆ ਕੋਈ ਇਧਰ, ਭੱਜੇ ਵਾਹੋ ਦਾਹੀਆ । ਮੈਨੂੰ ਸੰਦੇਸਾ ਦਿਤਾ ਇਕ ਬਿਦਰ, ਪ੍ਰੇਮ ਪਿਆਰ ਵਿਚ ਦ੍ਰਿੜਾਈਆ । ਬਿਨਾ ਕਾਹਨ ਤੋਂ ਰਹੇ ਕੋਇ ਨਾ ਮਿਤਰ, ਮੀਤਾ ਨਜ਼ਰ ਕੋਇ ਨਾ ਆਈਆ । ਜਿਸ ਦਾ ਕਲਜੁਗ ਅੰਤਮ ਹੋਣਾ ਚਲਿਤ੍ਰ, ਵੇਸ ਅਵੱਲੜਾ ਰੂਪ ਵਟਾਈਆ । ਜੋਤ ਧਾਰੋਂ ਆਵੇ ਨਿਕਲ, ਨਿਰਵੈਰ ਅਗੰਮ ਅਥਾਹੀਆ । ਜਿਸ ਨੂੰ ਸਾਰੇ ਮੰਨਦੇ ਪਿਤਰ, ਪਿਤਾ ਪੁਰਖ ਅਕਾਲ ਵਡ ਵਡਿਆਈਆ । ਉਹ ਚੋਟੀ ਚੜ੍ਹੇ ਸਭ ਦੀ ਸਿਖ਼ਰ, ਸਿਖ਼ਰ ਚੜ੍ਹ ਕੇ ਵੇਖ ਵਖਾਈਆ । ਧਰਨੀਏ ਤੂੰ ਵੀ ਕਰਨਾ ਫ਼ਿਕਰ, ਫ਼ਿਕਰਾ ਇਕ ਸੁਣਾਈਆ । ਜਿਸ ਦਾ ਕਿਸੇ ਨਜ਼ਰ ਨਹੀਂ ਆਉਣਾ ਚਿਤਰ, ਰੂਪ ਰੰਗ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਵਡ ਵਡਿਆਈਆ । ਧਰਨੀ ਕਹੇ ਮੇਰਾ ਪੂਰਾ ਹੁੰਦਾ ਜਾਏ ਮਨਸਾ, ਮਨ ਮਨ ਹੀ ਵਿਚ ਸਮਾਈਆ । ਮੇਰਾ ਰੂਪ ਬਣਦਾ ਜਾਏ ਹੰਸਾ, ਕਾਗ ਰੂਪ ਰੂਪ ਬਦਲਾਈਆ । ਮੇਰਾ ਲਹਿਣਾ ਦੇਣਾ ਮੁਕਦਾ ਜਾਏ ਜੁਗ ਸਹੰਸਾ, ਸਹੰਸਰ ਮੁਖ ਬਾਸ਼ਕ ਦਏ ਗਵਾਹੀਆ । ਮੇਰਾ ਮਾਲਕ ਖ਼ਾਲਕ ਮੇਰੇ ਉਤੇ ਇਕ ਸੁਹਾਏ ਬੰਸਾ, ਭਗਤ ਭਗਵਾਨ ਜੋੜ ਜੁੜਾਈਆ । ਜਿਸ ਦੀ ਧਰਮ ਦੀ ਧਾਰ ਹੋਣੀ ਅੰਸਾ, ਪਿਤਾ ਪੂਤ ਗੋਦ ਉਠਾਈਆ । ਕਲਜੁਗ ਕੂੜ ਕੁੜਿਆਰਾ ਮਾਰੇ ਕੰਸਾ, ਖੰਡਾ ਸ਼ਬਦ ਨਾਮ ਚਲਾਈਆ । ਦੁਸ਼ਟ ਸੰਘਾਰੇ ਰਾਵਣ ਦੰਤਾ, ਹਉਮੇ ਗੜ੍ਹ ਤੁੜਾਈਆ । ਸਤਿਜੁਗ ਬਣਾਏ ਸਾਚੀ ਬਣਤਾ, ਸਤਿ ਸਚ ਨਾਲ ਪ੍ਰਗਟਾਈਆ । ਕਿਰਪਾ ਕਰੇ ਪੁਰਖ ਅਕਾਲਾ ਧੁਰ ਦਾ ਕੰਤਾ, ਕੰਤ ਕੰਤੂਹਲ ਅਗੰਮ ਅਥਾਹੀਆ । ਜੋ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤਾ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਗੜ੍ਹ ਤੋੜਨਾ ਹਉਮੇ ਹੰਗਤਾ, ਹੰ ਬ੍ਰਹਮ ਸਮਝਾਈਆ । ਸੋ ਮਾਲਕ ਬਣ ਕੇ ਬੋਧ ਅਗਾਧਾ ਪੰਡਤਾ, ਪਰਮ ਪੁਰਖ ਆਪਣਾ ਭੇਵ ਖੁਲਾਈਆ । ਜਿਸ ਝਗੜਾ ਮੇਟਣਾ ਮਨ ਕਾ, ਮਣਕਾ ਆਪ ਭਵਾਈਆ । ਭੇਵ ਖੁਲਾਉਣਾ ਸਾਢੇ ਤਿੰਨ ਹੱਥ ਤਨ ਕਾ, ਤਿਨਕਾ ਨੂਰ ਕਰੇ ਰੁਸ਼ਨਾਈਆ । ਜਿਸ ਦਾ ਲਹਿਣਾ ਦੇਣਾ ਕਲਜੁਗ ਅੰਤਮ ਹੋਣਾ ਛਿੰਨ ਕਾ, ਛਿੰਨ ਵਿਚ ਭਸਮ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਸਚ ਵਡਿਆਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਤੱਕਾ, ਤੱਕਾਂ ਨੂਰ ਅਲਾਹੀਆ । ਜਿਸ ਦੀ ਹਕੀਕਤ ਹਕ ਹਕਾ, ਹਾਕਮ ਇਕੋ ਬੇਪ੍ਰਵਾਹੀਆ । ਜਿਸ ਦਾ ਬੇਮੁਕਾਮ ਪਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਨਿਰਗੁਣ ਧਾਰ ਸਤਾ, ਸਤਿ ਸਤਿਵਾਦੀ ਵਡ ਵਡਿਆਈਆ । ਉਸੇ ਦੇ ਹੁਕਮ ਦਾ ਇਕੋ ਹੁਕਮੀ ਮਤਾ, ਮਤ ਮਤਾਂਤਰ ਦਾ ਡੇਰਾ ਢਾਹੀਆ । ਉਸ ਦੇ ਨਾਮ ਨਿਧਾਨ ਦਾ ਇਕੋ ਟੱਪਾ, ਜੋ ਟਾਪੂਆਂ ਪਾਰ ਕਰਾਈਆ । ਉਸ ਦੇ ਹੁਕਮ ਦਾ ਹੁਕਮ ਅਗੰਮਾ ਠੱਪਾ, ਜੋ ਸਮਾਪਤ ਕਰੇ ਲੋਕਾਈਆ । ਓਹਦਾ

ਲੇਖ ਅਲੇਖ ਬਿਨਾ ਜਗਤ ਧਾਰ ਤੋਂ ਛਪਾ, ਕੁਤਬਖ਼ਾਨਿਆਂ ਬੰਦ ਨਾ ਕੋਇ ਕਰਾਈਆ । ਧਰਨੀ ਕਹੇ ਜਿਸ ਦੇ ਨਾਮ ਦੀਆਂ ਸਭ ਨੇ ਮਾਰੀਆਂ ਗੱਪਾਂ, ਗਪੋੜੇ ਸਿਫ਼ਤਾਂ ਵਾਲੇ ਗਾਈਆ । ਓਹ ਖੇਲ ਕਰੇ ਵਿਚ ਕਾਇਆ ਮੱਟਾ, ਮਟਕੀ ਅੰਦਰ ਬਹਿ ਕੇ ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸਦਾ ਨਾਮ ਡੰਕਾ ਫ਼ਤਿਹ, ਫ਼ਾਤਿਆ ਸਭ ਦਾ ਦਏ ਪੜ੍ਹਾਈਆ ।

✪ ੨੦ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਚੰਨਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀ ਵੇਖ ਖ਼ਾਕ ਮਿੱਟੀ, ਕਲਜੁਗ ਅੰਤ ਭਗਵੰਤ ਦਇਆ ਕਮਾਈਆ । ਮੇਰਾ ਖੇਲ ਵੇਖ ਪੱਥਰ ਇੱਟੀ, ਪਾਹਨ ਪੂਜੇ ਜਗਤ ਲੋਕਾਈਆ । ਮੇਰੀ ਸੁਰਤ ਕਿਤੇ ਨਾ ਟਿਕੀ, ਕੋਟਨ ਕੋਟ ਟਿੱਕੇ ਧੂੜੀ ਮਸਤਕ ਖ਼ਾਕ ਰਮਾਈਆ । ਮੈਂ ਆਪਣੀ ਤਹਿ ਉਤੇ ਲਿਟੀ, ਲਿਟਾਂ ਵਾਲੇ ਵੇਖ ਵਖਾਈਆ । ਮੇਰੀ ਕਰਨੀ ਨਾ ਕਿਸੇ ਨਜਿੱਠੀ, ਜੁਗ ਚੌਕੜੀ ਗਏ ਵਿਹਾਈਆ । ਮੈਂ ਅਵਤਾਰ ਪੈਗ਼ੰਬਰ ਗੁਰੂਆਂ ਅਗੇ ਪਿਟੀ, ਨੇਤਰ ਰੋ ਰੋ ਦਿਤੀ ਦੁਹਾਈਆ । ਮੇਰੀ ਧਾਰ ਕਰੋ ਚਿੱਟੀ, ਜਗਤ ਦੁਰਮਤ ਮੈਲ ਧਵਾਈਆ । ਮੇਰੀ ਲੇਖਣੀ ਕਿਸੇ ਨਾ ਲਿਖੀ, ਹਾਹੇ ਦੀ ਟਿਪੀ ਦਏ ਗਵਾਹੀਆ । ਵਡਿਆ ਕੇ ਆਪਣੀ ਆਪਣੀ ਸਿਖੀ, ਸਿੱਖਾਂ ਮੁਰੀਦਾਂ ਗਏ ਸਮਝਾਈਆ । ਤਨ ਵਜੂਦਾਂ ਕਰ ਕੇ ਹਿੱਤੀ, ਪੰਜਾਂ ਤਤਾਂ ਸੋਭਾ ਪਾਈਆ । ਮੈਨੂੰ ਜਗਤ ਜੁਗ ਜੁਗ ਸਭ ਦੀ ਯਾਦ ਮਿਤੀ, ਮਿਤਰ ਪਿਆਰੇ ਦਿਆਂ ਸੁਣਾਈਆ । ਮੈਨੂੰ ਤੇਰੇ ਪ੍ਰੇਮ ਦੀ ਸਮਝਾਈ ਕਿਸੇ ਨਾ ਲਿਪੀ, ਜਗਤ ਵਿਦਿਆ ਜਗਤ ਪੜ੍ਹਾਈਆ । ਮੇਰੀ ਆਸ਼ਾ ਵੱਡੀ ਤੋਂ ਵੱਡੀ ਨਿੱਕੀ ਤੋਂ ਨਿੱਕੀ, ਨਰ ਨਰਾਇਣ ਤੇਰੇ ਅਗੇ ਰਖਾਈਆ । ਮੈਨੂੰ ਇਸ਼ਾਰਾ ਦੇਂਦੇ ਗਏ ਸਪਤਸ ਰਿਖੀ, ਸੱਤ ਜ਼ਿਮੀਂ ਧਿਆਨ ਲਗਾਈਆ । ਮੈਂ ਵੀ ਆਪਣੀ ਨਿਸ਼ਾਨੀ ਬਿਨਾ ਨਿਸ਼ਾਨਿਆਂ ਤੋਂ ਮਿਥੀ, ਮਿਥਿਆ ਜਾਣੀ ਸਰਬ ਲੋਕਾਈਆ । ਤੇਰੀ ਖੇਲ ਸਦਾ ਜਾਣੀ ਅਨਡਿੱਠੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮੈਨੂੰ ਥੋੜ੍ਹਾ ਇਸ਼ਾਰਾ ਕੀਤਾ ਬਾਵਨ ਗਿਠ ਮੁੱਠੀ, ਹੁਕਮ ਹੁਕਮ ਵਿਚੋਂ ਦ੍ਰਿੜਾਈਆ । ਬਿਨਾ ਅੱਖਰਾਂ ਤੋਂ ਲੇਖ ਬਣਾਇਆ ਚਿੱਠੀ, ਪਾਤਰ ਅਗੰਮ ਅਥਾਹੀਆ । ਧਰਨੀਏ ਜਿਸ ਵੇਲੇ ਤੇਰੇ ਉਤੇ ਮਾਨਵ ਧਾਰ ਰਹੀ ਨਾ ਮਿਠੀ, ਅੰਮ੍ਰਿਤ ਰਸ ਹੱਥ ਕਿਸੇ ਨਾ ਆਈਆ । ਜਗਤ ਵਾਸ਼ਨਾ ਸਭ ਨੂੰ ਜਾਏ ਭਿਟੀ, ਵਰਨ ਬਰਨ ਚਾਰੋਂ ਕੁੰਟ ਕਰਨ ਲੜਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਸ਼ਬਦ ਦੀ ਧਾਰ ਹੱਟਾਂ ਵਿਚ ਜਾਣੀ ਵਿਕੀ, ਕੀਮਤ ਟਕਿਆਂ ਵਾਲੀ ਪਾਈਆ । ਰਸਨਾ ਸਭ ਦੀ ਹੋਣੀ ਫਿਕੀ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਕੀ ਦੱਸਾਂ ਆਪਣਾ ਹਾਲ, ਹਾਲਤ ਕੀ ਜਣਾਈਆ । ਮੇਰਾ ਚਾਰ ਜੁਗ ਦੇ ਸ਼ਾਸਤਰ ਦੇਣ ਅਹਿਵਾਲ, ਅਵਤਾਰ ਪੈਗ਼ੰਬਰ ਗੁਰ ਦੇਣ ਗਵਾਹੀਆ । ਮੇਰੇ ਸਾਹਿਬ ਦੀ ਅਵੱਲੜੀ ਚਾਲ, ਅਛਲ ਛਲ ਆਪਣਾ ਖੇਲ ਖਿਲਾਈਆ । ਜਿਸ ਦੇ ਪਿਛੇ ਘਾਲੀ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਉਹ ਜਲਵਾਗਰ ਨੂਰ ਜਲਾਲ, ਅਲਾਹ ਅਲਾਹੀ ਬੇਪ੍ਰਵਾਹੀਆ । ਜਿਸ ਦਾ ਖੇਲ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ ।

ਉਸ ਦੇ ਅਗੇ ਇਕ ਸਵਾਲ, ਬੇਨੰਤੀ ਦਿਤੀ ਸੁਣਾਈਆ । ਮੇਰਾ ਅੰਤਮ ਵਕਤ ਸੰਭਾਲ, ਸੰਬਲ ਬਹਿ ਕੇ ਵੇਖ ਵਖਾਈਆ । ਸਚ ਧਰਮ ਦਾ ਵੱਜੇ ਕਦੇ ਨਾ ਤਾਲ, ਤਲਵਾੜਾ ਨਜ਼ਰ ਕੋਇ ਨਾ ਆਈਆ । ਫਲ ਰਿਹਾ ਨਾ ਮਾਨਸ ਡਾਲ, ਨਾਮ ਫੁਲ ਨਾ ਕੋਇ ਮਹਿਕਾਈਆ । ਚਾਰ ਕੁੰਟ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਕਿਰਪਾ ਕਰ ਪੁਰਖ ਅਕਾਲ, ਦੀਨ ਦਿਆਲ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੀ ਖੁਲ੍ਹੜੀ ਮੇਢੀ ਬਿਖਰੇ ਵੇਖ ਵਾਲ, ਰੋਮ ਰੋਮ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਹਾਲਤ, ਹਾਏ ਉਫ਼ ਮੇਰੀ ਦੁਹਾਈਆ । ਚਾਰੋਂ ਕੁੰਟ ਦਿਸੇ ਜਹਾਲਤ, ਸਤਿ ਸਚ ਵਿਚ ਨਾ ਕੋਇ ਸਮਾਈਆ । ਅਵਤਾਰ ਪੈਗ਼ੰਬਰ ਗੁਰ ਤੇਰੇ ਵੁਕਲੇ ਕਰਨ ਵਕਾਲਤ, ਲਾਅ ਕਾਨੂੰਨ ਮਜ਼੍ਹਬਾਂ ਵਾਲੇ ਜਣਾਈਆ । ਤੇਰੇ ਧਰਮ ਦੀ ਸਚਖੰਡ ਇਕ ਅਦਾਲਤ, ਜੋ ਲਾ ਸ਼ਰਅ ਨਜ਼ਰੀ ਆਈਆ । ਤੂੰ ਆਦਿ ਜੁਗਾਦਿ ਸਹੀ ਸਲਾਮਤ, ਸਾਹਿਬ ਸੁਲਤਾਨ ਵਡ ਵਡਿਆਈਆ । ਜਿਸ ਦੇ ਹੁਕਮ ਵਿਚ ਪੈਗ਼ੰਬਰਾਂ ਮਨਜ਼ੂਰ ਕੀਤੀ ਕਿਆਮਤ, ਕਿਆਮਗਾਹ ਤੇਰੇ ਮੁਕਾਮੇ ਹਕ ਗਏ ਜਣਾਈਆ । ਮੁਰੀਦਾਂ ਮੁਰਸ਼ਦਾਂ ਮੁਰਸ਼ਦਾਂ ਮੁਰੀਦਾਂ ਤੇਰੇ ਕਲਮੇ ਦੀ ਦਿਤੀ ਜ਼ਮਾਨਤ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਪਿਆਰ ਦੀ ਮੇਰੀ ਝੋਲੀ ਪਾ ਅਮਾਨਤ, ਕੂੜੀ ਕਿਰਿਆ ਬਾਹਰ ਕਢਾਈਆ । ਮੈਂ ਬੁਧਹੀਣ ਅਣਜਾਣਤ, ਪ੍ਰਭ ਤੇਰਾ ਭੇਵ ਨਾ ਜਾਣਾ ਰਾਈਆ । ਤੇਰੇ ਭਗਤ ਸੁਹੇਲੇ ਕੋਟਾਂ ਵਿਚੋਂ ਤੱਕਾਂ ਮੋਤੀ ਮਾਣਕ, ਅਨਮੁੱਲੜੇ ਹੀਰੇ ਨਜ਼ਰੀ ਆਈਆ । ਮੇਰਾ ਸਮਾਂ ਤੱਕ ਹਾਏ ਚਾਰੋਂ ਕੁੰਟ ਸਦੀ ਚੌਧਵੀਂ ਕਹੇ ਭਿਆਨਕ, ਭੈ ਭਉ ਸਾਰੇ ਗਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨ ਸਰਨ ਇਕ ਸਰਨਾਗਤ, ਦੂਸਰ ਓਟ ਅਵਰ ਨਾ ਕੋਇ ਤਕਾਈਆ ।



### ✪ ੨੦ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਕਰਮ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੈਂ ਭਾਗਾਂ ਭਰੀ, ਭਰਪੂਰ ਦਿਤੀ ਵਡਿਆਈਆ । ਕਿਰਪਾ ਕਰੇ ਆਪ ਪ੍ਰਭ ਹਰੀ, ਹਰਿਆਵਲ ਮੇਰੇ ਉਤੇ ਮਹਿਕਾਈਆ । ਮੈਨੂੰ ਕੂੜੀ ਕਿਰਿਆ ਤੋਂ ਕਰੇ ਬਰੀ, ਬੰਦੀਖ਼ਾਨਾ ਤੋੜ ਤੁੜਾਈਆ । ਸ਼ਰਅ ਰਹਿਣ ਨਾ ਦੇਵੇ ਸ਼ਰਈ, ਸ਼ਰੀਅਤ ਇਕੋ ਇਕ ਵਖਾਈਆ । ਜੋ ਨਾਨਕ ਸੰਦੇਸਾ ਦਿਤਾ ਕੰਢਾ ਬੇਈਂ, ਜਲਧਾਰਾ ਧਿਆਨ ਲਗਾਈਆ । ਜੋ ਆਸਾ ਰਖੀ ਦੁਰਗਾ ਮੇਈ, ਮਮਤਾ ਜਗਤ ਨਾਲੋਂ ਤੁੜਾਈਆ । ਜੋ ਇਸ਼ਾਰਾ ਕੀਤਾ ਰਾਮ ਕਕੇਈ, ਮਤਰੇਈ ਗਿਆ ਸਮਝਾਈਆ । ਜੋ ਕ੍ਰਿਸ਼ਨ ਅਰਜਨ ਲੇਖ ਲਿਖਾਇਆ ਬਣ ਲਖੇਈ, ਦੱਸ ਅੱਠ ਜੋੜ ਜੁੜਾਈਆ । ਜੋ ਮੂਸਾ ਮੂੰਹ ਦੇ ਭਾਰ ਧਾਰ ਦੇਖੀ ਨੇਈ, ਨਵ ਨੌਂ ਦਾ ਪਰਦਾ ਲਾਹੀਆ । ਜਿਸ ਵੇਲੇ ਈਸਾ ਫਾਸੀ ਗਲ ਲਟਕੇਈ, ਬਿਨ ਨੈਣਾਂ ਨੈਣ ਉਠਾਈਆ । ਜਿਸ ਵੇਲੇ ਮੁਹੰਮਦ ਸ਼ਰਅ ਦਾ ਬਣਿਆ ਮੁੱਦੇਈ, ਮੁੱਦਾ ਹਕ ਹਕ ਸੁਣਾਈਆ । ਨਾਨਕ ਨਿਰਗੁਣ ਧਾਰ ਸਰਗੁਣ ਦੀ ਪਾਈ ਸੇਹੀ, ਸਹੀ ਸਲਾਮਤ ਇਕ ਸਮਝਾਈਆ । ਜਿਸ ਵੇਲੇ ਸਰਗੁਣ ਨਿਰਗੁਣ ਧਾਰ ਧਾਰ ਲਾਲੋ ਬੜ੍ਹੇਈ, ਨਾਨਕ ਉਂਗਲੀ ਮੁਖ ਵਿਚ ਪਾਈਆ । ਗੋਬਿੰਦ ਧਾਰ ਅੰਮ੍ਰਿਤ ਜਿਸ ਵੇਲੇ ਗੁਰਮੁਖਾਂ ਮੁਖ ਚਵੇਈ, ਚੌਪਈ ਆਪਣੇ ਅੰਦਰ ਗਾਈਆ । ਰਸਨਾ ਬੋਲ ਕੁਛ ਨਾ ਕਹੀ, ਢੋਲਾ ਜਗਤ ਨਾ ਕੋਇ ਸੁਣਾਈਆ । ਜਿਸ

ਵੇਲੇ ਮੇਰਾ ਪੰਧ ਮੁਕਿਆ ਸੈਂਕੜੇ ਢੇਈ, ਢਈਆ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਸੁਹੰਜਣਾ ਹੋਇਆ ਖੇਤਰ, ਮੇਰੇ ਉਤੇ ਵੱਜੀ ਵਧਾਈਆ । ਮੈਂ ਖੋਲ ਕੇ ਵੇਖਾਂ ਆਪਣਾ ਨੇਤਰ, ਨਿਜ ਨੈਣ ਨੈਣ ਉਠਾਈਆ । ਜੋ ਸਵਾਮੀ ਸਭ ਦਾ ਬਣਿਆ ਭੇਤਨ, ਗ੍ਰਿਹ ਮੰਦਰ ਖੋਜ ਖੁਜਾਈਆ । ਓਹ ਮੈਨੂੰ ਕਰੇ ਚੇਤਨ, ਸੁੱਤੀ ਲਏ ਉਠਾਈਆ । ਉਠ ਕਮਲੀਏ ਭਗਤਾਂ ਨਾਲ ਕਰ ਹੇਤਨ, ਆਪਣੀ ਖ਼ੁਸ਼ੀ ਬਣਾਈਆ । ਨਾਲ ਸਵਾਮੀ ਤੱਕ ਨੇਤ ਨੇਤਨ, ਜੋ ਰਵ ਰਿਹਾ ਸਰਬ ਠਾਈਆ । ਜਿਸ ਦੀ ਸਭ ਕੁਛ ਕਰਨਾ ਭੇਟਨ, ਭੇਟਾ ਆਪਾ ਆਇਆ ਕਰਾਈਆ । ਮੇਰਾ ਲੇਖਾ ਆਇਆ ਵੇਖਣ, ਬਣ ਅਗੰਮਾ ਪਾਂਧੀ ਰਾਹੀਆ । ਓਹ ਫਿਰੇ ਦੇਸ ਪ੍ਰਦੇਸਣ, ਦੋ ਜਹਾਨਾਂ ਵਾਹੋ ਦਾਹੀਆ । ਓਹਦੀ ਮਹਿੰਮਾ ਗਾਏ ਸਹੰਸਰ ਮੁਖ ਸ਼ੇਸ਼ਨ, ਦੋ ਸਹੰਸਰ ਢੋਲੇ ਜਿਹਵਾ ਗਾਈਆ । ਓਹਦੇ ਚਰਨਾਂ ਵਿਚ ਹਰਿਜਨ ਸਾਚੇ ਲੇਟਨ, ਲਿਟਾਂ ਵਾਲਿਆਂ ਮਿਲੇ ਨਾ ਕੋਇ ਵਡਿਆਈਆ । ਜੋ ਬਣਾਏ ਆਪਣੇ ਬੇਟੀ ਬੇਟਨ, ਪੁਰਖ ਅਕਾਲ ਦਏ ਵਡਿਆਈਆ । ਓਹ ਤੇਰੀ ਪਿਛਲੀ ਮੇਟਣ ਆਇਆ ਰੇਖਨ, ਰਿਸ਼ੀ ਮੁਨੀ ਸਾਰੇ ਸੀਸ ਨਿਵਾਈਆ । ਆਪਣਾ ਧਾਮ ਬਣਾ ਨਵੇਕਨ, ਸੰਬਲ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਵਾਰੀ ਚਹੁੰ ਖੰਨੀ, ਚੌਥੇ ਜੁਗ ਸੀਸ ਨਿਵਾਈਆ । ਜਿਸ ਮੇਰੀ ਬੇਨੰਤੀ ਮੰਨੀ, ਮਨਸਾ ਪੂਰ ਕਰਾਈਆ । ਵਡ ਦਾਤਾ ਬਣ ਕੇ ਧਨੀ, ਧਨਾਢ ਹੋਇਆ ਸਹਾਈਆ । ਮੇਰੇ ਗੰਢ ਬੰਨ੍ਹਾ ਕੇ ਕੰਨੀ, ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਮੇਰੀ ਅੱਖ ਹੋਵੇ ਨਾ ਅੰਨ੍ਹੀ, ਨੇਤਰ ਨੈਣ ਕਰ ਰੁਸ਼ਨਾਈਆ । ਮੈਂ ਖ਼ੁਸ਼ੀਆਂ ਵਿਚ ਫਿਰਾਂ ਭੰਨੀ, ਭੱਜਾਂ ਵਾਹੋ ਦਾਹੀਆ । ਸਚ ਸੰਦੇਸ਼ਾ ਸੁਣਾਵਾਂ ਭਗਤਾਂ ਦੇ ਕੰਨੀਂ, ਪ੍ਰੇਮ ਨਾਲ ਦ੍ਰਿੜਾਈਆ । ਓਹ ਸਾਰੇ ਵੇਖੋ ਸ੍ਰਿਸ਼ਟੀ ਜਾਣੀ ਡੰਨੀ, ਜਿਨ੍ਹਾਂ ਭੁਲਿਆ ਅਗੰਮ ਅਥਾਹੀਆ । ਉਹ ਸਾਹਿਬ ਸਵਾਮੀ ਪ੍ਰੀਤਮ ਪਿਆਰਾ ਜਨ ਭਗਤਾਂ ਗ੍ਰਿਹ ਭਾਗ ਲਗਾਏ ਛੱਪਰ ਛੰਨੀ, ਬੰਕ ਦਵਾਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਅੰਤਰ ਬਾਹਰ ਤੱਕਾਂ, ਬਿਨ ਅੱਖਾਂ ਅੱਖ ਉਠਾਈਆ । ਦਿਵਸ ਰੈਣ ਬਿਨ ਲੱਤਾਂ ਬਾਹਵਾਂ ਭੱਜਾਂ, ਨੱਠਾਂ ਵਾਹੋ ਦਾਹੀਆ । ਜਨ ਭਗਤ ਸੁਹੇਲੇ ਆਪਣੇ ਉਤੇ ਲੱਭਾਂ, ਆਪਣਾ ਪੰਧ ਮੁਕਾਈਆ । ਜਗਤ ਕੂੜ ਮਲੇਛ ਮਿਟਾਵਾਂ ਸਭਾ, ਸਭ ਨੂੰ ਦਿਆਂ ਸੁਣਾਈਆ । ਮੇਰਾ ਕਸ਼ਟ ਮੇਟ ਦੇ ਹੱਬਾ, ਹਮ ਸਾਜਣ ਦਇਆ ਕਮਾਈਆ । ਤੂੰ ਨੂਰ ਇਲਾਹੀ ਰੱਬਾ, ਯਾਮਬੀਨ ਕਹਿ ਕੇ ਸਾਰੇ ਢੋਲੇ ਗਾਈਆ । ਧਰਨੀ ਕਹੇ ਮੇਰੇ ਉਤੇ ਭਗਤਾਂ ਦੇ ਗ੍ਰਿਹ ਪਵਿਤ੍ਰ ਜਗਹ, ਜਿਸ ਜਗਹ ਤੇ ਮੇਰਾ ਸਾਹਿਬ ਨਜ਼ਰੀ ਆਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਬੱਧਾ, ਬੰਦਗੀ ਵਿਚ ਸਾਰੇ ਸੀਸ ਨਿਵਾਈਆ । ਉਸ ਦਾ ਮੈਂ ਜਨ ਭਗਤਾਂ ਘਰ ਘਰ ਦੇਵਾਂ ਸੱਦਾ, ਸੰਦੇਸ਼ਾ ਇਕ ਜਣਾਈਆ । ਗੁਰਮੁਖੋ ਸਭ ਨੇ ਖ਼ੁਸ਼ੀਆਂ ਦੇ ਵਿਚ ਕਹਿਣਾ ਅਸਾਂ ਪ੍ਰੀਤਮ ਮਾਹੀ ਆਪਣਾ ਲੱਭਾ, ਜਗਤ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋ ਸਾਡੇ ਪਿਛੇ ਫਿਰੇ ਭੱਜਾ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਸਮਝ ਸਕੇ ਕੋਇ ਨਾ ਵਜ੍ਹਾ, ਵਜ੍ਹੂਹਾਤ ਸਮਝ ਕੋਇ ਨਾ ਪਾਈਆ ।


੪੬੫
੨੩

## ੨੦ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਅਰਜਨ ਸਿੰਘ ਦੇ ਗ੍ਰਹਿ

ਧਰਨੀ ਕਹੇ ਮੇਰਾ ਸਾਹਿਬ ਦੀਨ ਦਿਆਲ, ਦਿਆਲੂ ਕਿਰਪਾਲੂ ਆਪ ਅਖਵਾਈਆ । ਜਿਸ ਦੇ ਭਗਤ ਸੁਹੇਲੇ ਅਗੰਮੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਜਿਸ ਮੇਰੀ ਆਸ਼ਾ ਕਰਨੀ ਦੀ ਕੀਤੀ ਭਾਲ, ਖੋਜ ਖੋਜਿਆ ਚਾਈਂ ਚਾਈਆ । ਸਤਿਗੁਰ ਸ਼ਬਦ ਬਣਾ ਦਲਾਲ, ਵਿਚੋਲਾ ਆਪਣਾ ਆਪ ਪ੍ਰਗਟਾਈਆ । ਮੇਰਾ ਝਗੜਾ ਮੁਕਾ ਕੇ ਸ਼ਾਹ ਕੰਗਾਲ, ਕਮਲੀ ਕੋਝੀ ਹੋਇਆ ਸਹਾਈਆ । ਆਪਣੀ ਚਲ ਅਵੱਲੜੀ ਚਾਲ, ਚਾਲ ਨਿਰਾਲੀ ਇਕ ਵਖਾਈਆ । ਜੋ ਲਹਿਣਾ ਦੇਣਾ ਲੇਖਾ ਬਾਲਮੀਕ ਮੈਨੂੰ ਦਿਤਾ ਸਿਖਾਲ, ਸਿਖਿਆ ਸਚ ਸਮਝਾਈਆ । ਉਹ ਵੇਖਣ ਆਇਆ ਨਾਲ, ਨਿਰਗੁਣ ਸਰਗੁਣ ਰੂਪ ਬਦਲਾਈਆ । ਧਰਨੀ ਕਹੇ ਮੇਰਾ ਨਾਤਾ ਜੋੜ ਕੇ ਸਿੰਘ ਪਾਲ, ਪਿਛਲਾ ਲਹਿਣਾ ਪੂਰ ਕਰਾਈਆ । ਮੇਰਾ ਅਗੇ ਚਲਣਾ ਹੋਰ ਸਵਾਲ, ਸਵਾਲੀ ਝੋਲੀ ਡਾਹੀਆ । ਕੀ ਭੰਡਾਰਾ ਦੇਵੇ ਨਾਲ, ਧਨ ਕੀ ਵਰਤਾਈਆ । ਕੀ ਵੇਖੇ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਕੀ ਸੰਬਲ ਬਹਿ ਕੇ ਕਰੇ ਸੰਭਾਲ, ਸਭ ਦਾ ਹੋਏ ਸਹਾਈਆ । ਕੀ ਵੱਜੇ ਤੇਰਾ ਤਾਲ, ਸ਼ਨਵਾਈਆਂ ਕੀ ਸ਼ਨਵਾਈਆ । ਜੋ ਤੇਰੀ ਘਾਲਣ ਰਿਹਾ ਘਾਲ, ਕੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰਾ ਧਰਮ ਦਵਾਰਾ ਉਘਾ, ਇਕੋ ਇਕ ਪ੍ਰਗਟਾਈਆ । ਕੀ ਵਡਿਆਈ ਮਿਲੀ ਖ਼ਾਕ ਬਸੁਧਾ, ਸੁਧ ਦਿਤੀ ਸਮਝਾਈਆ । ਲੇਖਾ ਮਿਟਣਾ ਕਲਜੁਗਾ, ਜੁਗ ਚੌਕੜੀ ਵਜੇ ਵਧਾਈਆ । ਮੇਰਾ ਦੀਪਕ ਜਗਾਏ ਬੁਝਾ, ਅੰਧ ਅੰਧੇਰ ਮਿਟਾਈਆ । ਸਚ ਪ੍ਰਕਾਸ਼ ਹੋਵੇ ਉਦਾ, ਨੂਰ ਨੂਰ ਜੋਤ ਰੁਸ਼ਨਾਈਆ । ਆਪਣਾ ਭੇਵ ਖੁਲਾਏ ਗੁੱਝਾ, ਗੋਬਿੰਦ ਬਣ ਕੇ ਧੁਰ ਦਾ ਮਾਹੀਆ । ਜੋ ਲੇਖ ਲਿਖਾਇਆ ਬਾਬਾ ਬੁੱਢਾ, ਅਰਜਨ ਤਿਲਕ ਲਲਾਟ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਖੁਲਾਈਆ । ਧਰਨੀ ਕਹੇ ਮੇਰੇ ਅੰਤਰ ਨੂਰ ਨੁਰਾਨਾ, ਮੇਰੇ ਸਾਹਿਬ ਦਿਤਾ ਚਮਕਾਈਆ । ਮੈਨੂੰ ਦਿਸੇ ਨਾ ਕੋਇ ਬੇਗਾਨਾ, ਦੂਜੀ ਵੰਡ ਨਾ ਕੋਇ ਵੰਡਾਈਆ । ਮੈਂ ਸੁਣਿਆ ਇਕ ਤਰਾਨਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੈਂ ਜਾਣਿਆ ਖੇਲ ਸ੍ਰੀ ਭਗਵਾਨਾ, ਵਿਸ਼ਨੂੰ ਆਇਆ ਰੂਪ ਦਰਸਾਈਆ । ਜਿਸ ਪਹਿਰਿਆ ਜੋਤੀ ਬਾਣਾ, ਜੋਤੀ ਜਾਤਾ ਇਕ ਅਖਵਾਈਆ । ਧੁਰਦਰਗਾਹੀ ਬਣ ਕੇ ਰਾਣਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਦਾ ਭਗਤਾਂ ਮੰਨਿਆ ਭਾਣਾ, ਨਿਵ ਨਿਵ ਸੀਸ ਨਿਵਾਈਆ । ਓਹ ਬਣ ਕੇ ਬੀਨਾ ਦਾਨਾ, ਦੇਵਣਹਾਰਾ ਚਾਈਂ ਚਾਈਆ । ਜਿਸ ਕਲਜੁਗ ਕੂੜ ਮਿਟਾਣਾ, ਸਤਿ ਧਰਮ ਦਏ ਵਡਿਆਈਆ । ਉਹ ਮਾਲਕ ਖ਼ਾਲਕ ਹੋ ਪ੍ਰਧਾਨਾ, ਨਾਮ ਸੰਦੇਸ਼ਾ ਇਕ ਸੁਣਾਈਆ । ਜਿਸ ਲੇਖੇ ਲਾਇਆ ਭਗਤਾਂ ਦਾ ਪੀਣਾ ਖਾਣਾ, ਭੰਡਾਰਾ ਭੰਡਾਰਾ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੇਰੀ ਕੀਤੀ ਆਪ ਪਹਿਚਾਨਾ, ਬੇਪਹਿਚਾਨ ਦਇਆ ਕਮਾਈਆ ।

੪੬੬
੨੩

✪ ੨੦ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਜਗੀਰ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਧਰਨੀ ਮੈਂ ਤੇਰੀਆਂ ਪੜ੍ਹੀਆਂ ਸੁਣੀਆਂ ਦਲੀਲਾਂ, ਜੋ ਤਰਾ ਤਰਾ ਪ੍ਰਭ ਨੂੰ ਸੁਣਾਈਆ । ਅਵਤਾਰਾਂ ਦੀਆਂ ਤੱਕੀਆਂ ਅਪੀਲਾਂ, ਜੋ ਦਾਅਵੇਦਾਰ ਹੁਕਮ ਵਾਲੇ ਗਏ ਕਰਾਈਆ । ਦੀਨ ਮਜ਼੍ਹਬਾਂ ਦੀਆਂ ਤੱਕੀਆਂ ਤਹਿਸੀਲਾਂ, ਜੋ ਹਿੱਸਿਆਂ ਵੰਡ ਵੰਡਾਈਆ । ਮੈਂ ਵੇਖਾਂ ਸਭ ਕੁਛ ਹੋਇਆ ਨਹੀਂ ਨਾਬੀਨਾ, ਨੇਤਰ ਨੈਣ ਬੰਦ ਨਾ ਕੋਇ ਕਰਾਈਆ । ਮੈਂ ਮੁਸ਼ਕਲ ਕਰਨਾ ਸਭ ਦਾ ਜੀਣਾ, ਜੀਵਣ ਜੁਗਤ ਨਾ ਕੋਇ ਚਤੁਰਾਈਆ । ਮੈਂ ਨਾਤਾ ਜੋੜਿਆ ਤ੍ਰੈਗੁਣ ਮਾਇਆ ਨਾਲ ਤੀਨਾ, ਤ੍ਰੈਭਵਨ ਧਨੀ ਮੈਨੂੰ ਦਿਤੀ ਵਡਿਆਈਆ । ਮੈਂ ਸਤਿ ਧਰਮ ਤੇਰੇ ਉਤੋਂ ਚੀਨਾ, ਚੀਨ ਕੇ ਦਿਤਾ ਵਖਾਈਆ । ਤੈਨੂੰ ਭੈ ਵਿਚ ਆਵੇ ਕਿਉਂ ਪਸੀਨਾ, ਕਿਉਂ ਭੱਜੇਂ ਵਾਹੋ ਦਾਹੀਆ । ਮੇਰਾ ਖੇਲ ਤੱਕਣਾ ਨਾਲ ਰੁਸਾ ਚੀਨਾ, ਰੁਸਤਮ ਹੋ ਕੇ ਦਿਆਂ ਵਖਾਈਆ । ਜਿਸ ਦੇ ਹੁਕਮ ਵਿਚ ਸਭ ਨੂੰ ਹੋਣਾ ਪਏ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਸ਼ਹਿਨਸ਼ਾਹ ਦਾ ਦੁਲਾਰਾ ਕੋਈ ਨਹੀਂ ਮਾਤ ਕਮੀਨਾ, ਕਲਜੁਗ ਜ਼ੋਰ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਨੀ ਮੈਂ ਸੁਣਦਾ ਰਿਹਾ ਤੇਰਾ ਬੁਲਾਰਾ, ਜੋ ਬਿਨਾ ਬੁੱਲਾਂ ਤੋਂ ਰਹੀ ਸੁਣਾਈਆ । ਮੈਂ ਤੱਕਦਾ ਰਿਹਾ ਰੂਪ ਪਰਵਰਦਿਗਾਰਾ, ਕੀ ਸਾਂਝਾ ਯਾਰ ਵੇਸ ਵਟਾਈਆ । ਨੂਰ ਜੋਤ ਵੇਖਦਾ ਰਿਹਾ ਉਜਿਆਰਾ, ਜੋ ਨੂਰ ਨੁਰਾਨਾ ਨਜ਼ਰੀ ਆਈਆ । ਮੈਨੂੰ ਭਾਵੇ ਕਿੰਨਾ ਕਹੇ ਹੈਂਸਿਆਰਾ, ਮੇਰੀ ਹੈਸੀਯਤ ਪ੍ਰਭ ਮੇਰੇ ਨਾਲ ਰਖਾਈਆ । ਮੈਂ ਯਾਰਾਂ ਦਾ ਯਾਰ ਯਾਰਾ, ਯਾਰ ਮੁਹੰਮਦ ਦੇ ਦੇਣ ਗਵਾਹੀਆ । ਮੈਂ ਅੱਲਾ ਦਾ ਨੂਰ ਪਿਆਰਾ, ਆਪਣਾ ਜ਼ਹੂਰ ਕਰਾਂ ਰੁਸ਼ਨਾਈਆ । ਮੈਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਹੁਕਮ ਤੋਂ ਫਿਰਾਂ ਬਾਹਰਾ, ਮੈਨੂੰ ਬੰਧਨ ਕੋਇ ਨਾ ਪਾਈਆ । ਮੈਂ ਸਭ ਨੂੰ ਕਰਾਂ ਖ਼ੁਆਰਾ, ਘਰ ਬਾਹਰ ਦਿਆਂ ਛੁਡਾਈਆ । ਮੈਨੂੰ ਡਰ ਨਹੀਂ ਕਿਸੇ ਖੜਗ ਖੰਡੇ ਤਲਵਾਰਾ, ਸ਼ਸਤਰ ਸ਼ਾਸਤਰ ਨਾ ਕੋਇ ਘਾਈਆ । ਭਾਵੇਂ ਤੂੰ ਕਿੰਨਾ ਰੋ ਜ਼ਾਰੋ ਜ਼ਾਰਾ, ਬਿਨਾ ਹੰਝੂਆਂ ਹਾਰ ਬਣਾਈਆ । ਮੈਂ ਵੀ ਉਸ ਪ੍ਰਭੂ ਨੂੰ ਕਰਾਂ ਨਿਮਸਕਾਰਾ, ਜੋ ਸਭ ਦਾ ਪਿਤਾ ਮਾਈਆ । ਉਸ ਨੇ ਮੈਨੂੰ ਤੇਰੇ ਉਤੇ ਦਿਤਾ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਜਾਹ ਚਾਰੋਂ ਕੁੰਟ ਕਰ ਧੂੰਆਂਧਾਰਾ, ਸਾਚਾ ਨੂਰ ਨਜ਼ਰ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਅੰਜੀਲ ਕੁਰਾਨਾਂ ਕਰੇ ਨਾ ਕੋਇ ਵਿਚਾਰਾ, ਬੁਧ ਬਿਬੇਕ ਨਾ ਕੋਇ ਰਖਾਈਆ । ਅਗਨੀ ਤਤ ਤਪਾ ਸ੍ਰਿਸ਼ਟ ਅੰਗਿਆਰਾ, ਸਮੁੰਦ ਸਾਗਰ ਸਾਂਤ ਨਾ ਕੋਇ ਕਰਾਈਆ । ਚਾਰ ਕੁੰਟ ਹੋਵੇ ਹਾਹਾਕਾਰਾ, ਧੀਰਜ ਧੀਰ ਨਜ਼ਰ ਕੋਇ ਨਾ ਆਈਆ । ਨਾਲੇ ਚਰਨ ਕਵਲ ਦਰਸਾਇਆ ਇਕ ਪਿਆਰਾ, ਪ੍ਰੇਮ ਪ੍ਰੀਤੀ ਨਾਲ ਸਮਝਾਈਆ । ਕਲਜੁਗ ਜਿੰਨਾਂ ਚਿਰ ਮੈਂ ਨਿਰਗੁਣ ਧਾਰ ਨਾ ਆਵਾਂ ਦੁਬਾਰਾ, ਜੋਤੀ ਜਾਤਾ ਰੂਪ ਵਟਾਈਆ । ਪ੍ਰਗਟ ਹੋਵਾਂ ਨਾ ਵਿਚ ਸੰਸਾਰਾ, ਕਲ ਕਲਕੀ ਨਾਉਂ ਧਰਾਈਆ । ਸੰਬਲ ਵਸਾਂ ਨਾ ਧਾਮ ਨਿਆਰਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਸਤਿਗੁਰ ਸ਼ਬਦ ਸੇਵਾ ਨਾ ਲਾਵਾਂ ਦੁਲਾਰਾ, ਦੂਲ੍ਹਾ ਇਕ ਵਖਾਈਆ । ਓਨ੍ਹਾਂ ਚਿਰ ਤੂੰ ਚਾਰ ਕੁੰਟ ਆਪਣਾ ਮਾਰੀਂ ਲਲਕਾਰਾ, ਜ਼ੋਰ ਜ਼ੋਰ ਸੁਣਾਈਆ । ਕਲਜੁਗ ਕਹੇ ਮੈਂ ਏਸੇ ਕਰ ਕੇ ਬਣਿਆ ਬਲਕਾਰਾ, ਬਲ ਆਪਣਾ ਇਕ ਰਖਾਈਆ । ਧਰਨੀ ਓਹ ਮੇਰਾ ਮੀਤ ਮੁਰਾਰਾ, ਪਰਵਰਦਿਗਾਰ ਸਾਂਝਾ ਯਾਰਾ, ਜਿਸ ਦੀ ਯਾਦ ਵਿਚ ਆਪਣੀ ਖ਼ੁਸ਼ੀ ਬਣਾਈਆ । ਇਕੋ ਭੈ ਉਸ ਦਾ ਜਿਸ ਨੂੰ ਸਾਰਿਆਂ ਕਹਿਣਾ ਨਿਹਕਲੰਕ

ਚਵ੍ਹੀਆਂ ਅਵਤਾਰਾ, ਅਵਤਰ ਆਪਣਾ ਭੇਖ ਵਟਾਈਆ । ਉਸ ਦੇ ਚਰਨ ਕਰਾਂ ਨਿਮਸਕਾਰਾ, ਨਿਵ ਨਿਵ ਸੀਸ ਨਿਵਾਈਆ । ਤੂੰ ਵੀ ਕਮਲੀਏ ਉਸ ਦੀ ਧੂੜੀ ਲਾਵੀਂ ਛਾਰਾ, ਜੋ ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸੱਚਾ ਸਿਕਦਾਰਾ, ਹੁਕਮ ਦਾ ਹਾਕਮ ਇਕ ਅਖਵਾਈਆ ।

## ✪ ੨੦ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਭੋਜੀਆਂ ਜ਼ਿਲਾ ਅੰਮ੍ਰਿਤਸਰ ਕਰਤਾਰ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਧਰਨੀਏ ਐਵੇਂ ਮਾਰ ਨਾ ਚੀਕਾਂ, ਚੀਕ ਚਿਹਾੜਾ ਦੇ ਜਹਾਨ ਸੁਣਾਈਆ । ਮੈਂ ਵੀ ਉਸ ਪ੍ਰਭੂ ਦੀਆਂ ਰਖੀਆਂ ਉਡੀਕਾਂ, ਜੋ ਗੋਬਿੰਦ ਦਾ ਗੋਬਿੰਦ ਧੁਰ ਦਾ ਮਾਹੀਆ । ਜਿਸ ਦਾ ਮਾਛੂਵਾੜਾ ਕਰੇ ਤਸਦੀਕਾਂ, ਸ਼ਹਾਦਤ ਅਗੰਮ ਪੜ੍ਹਾਈਆ । ਓਸ ਦੇ ਵਿਚ ਹਕ ਤੌਫ਼ੀਕਾਂ, ਮੁਹੰਮਦ ਜਿਸ ਨੂੰ ਅਮਾਮ ਕਹਿ ਕੇ ਗਿਆ ਸਲਾਹੀਆ । ਓਸ ਨੇ ਬਦਲ ਦੇਣੀਆਂ ਤਵਾਰੀਖਾਂ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਸਭ ਦੀਆਂ ਆਸਾ ਮਨਸਾ ਪੂਰੀਆਂ ਕਰੇ ਉਮੀਦਾਂ, ਜੋ ਭਵਿਖਤਾਂ ਵਿਚ ਅਵਤਾਰ ਪੈਗ਼ੰਬਰ ਗੁਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਕਲਜੁਗ ਓਹ ਤੱਕ ਮੇਰਾ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨਜ਼ਰੀ ਆਈਆ । ਜਿਸ ਦਾ ਅਲਾਹੀ ਅਗੰਮਾ ਨੂਰ, ਨੂਰ ਨੁਰਾਨਾ ਧੁਰਦਰਗਾਹੀਆ । ਜਿਸ ਨੇ ਤੇਰਾ ਲੇਖਾ ਮੇਟਣਾ ਕੂੜ, ਕੂੜੀ ਕਿਰਿਆ ਮੇਰੇ ਉਤੋਂ ਕਰੇ ਸਫ਼ਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਦੁਰਮਤ ਮੈਲ ਅੰਤਰ ਨਿਰੰਤਰ ਧਵਾਈਆ । ਸਾਚਾ ਦੇਵੇ ਨਾਮ ਸਰੂਰ, ਸੁਰਤ ਸ਼ਬਦ ਨਾਲ ਮਿਲਾਈਆ । ਦਾਤਾ ਬਣ ਕੇ ਸਰਬ ਕਲਾ ਭਰਪੂਰ, ਵਸਤ ਅਮੋਲਕ ਦਏ ਵਰਤਾਈਆ । ਮਨ ਕਾਮਨਾ ਕਰੇ ਚੂਰੋ ਚੂਰ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਜਿਸ ਦੀ ਆਸਾ ਰਖੀ ਬੈਠਾ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਪਰੇ ਧਿਆਨ ਰਖਾਈਆ । ਜਿਸ ਬੇਨੰਤੀ ਈਸਾ ਦੀ ਕੀਤੀ ਮਨਜ਼ੂਰ, ਸਲੀਵ ਗਲ ਦੀ ਵੇਖ ਵਖਾਈਆ । ਜਿਸ ਦਾ ਮੁਹੰਮਦ ਨੇ ਹਕ ਮੰਨਿਆ ਦਸਤੂਰ, ਕਾਅਬਿਆਂ ਅੰਦਰ ਅੱਖ ਉਠਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਮਜ਼ਦੂਰ, ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਸਵਾਮੀ ਦਇਆ ਕਮਾਈਆ । ਧਰਨੀ ਕਹੇ ਕਲਜੁਗ ਮੇਰੇ ਉਤੇ ਰਹਿਣੀਆਂ ਨਹੀਂ ਵੰਡਾਂ, ਹਿੱਸੇ ਜਗਤ ਨਾ ਕੋਇ ਵਖਾਈਆ । ਨਿਗਾਹ ਮਾਰ ਵਿਚ ਬ੍ਰਹਿਮੰਡਾਂ, ਪੁਰੀਆਂ ਲੋਆਂ ਖੋਜ ਖੁਜਾਈਆ । ਗੋਬਿੰਦ ਦੀ ਧਾਰ ਸ਼ਬਦ ਅਗੰਮੀ ਖੰਡਾ, ਜੋ ਖੜਗਾਂ ਦਏ ਹਿਲਾਈਆ । ਜੋ ਸੰਦੇਸ਼ਾ ਦੇ ਕੇ ਗਿਆ ਅੰਤਮ ਛਡਣ ਲੱਗਾ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਜਣਾਈਆ । ਬਿਨਾ ਰਸਨਾ ਤੋਂ ਤੂੰ ਮੇਰਾ ਮੈਂ ਤੇਰਾ ਗਾਇਆ ਛੰਦਾ, ਪਤਿਪਰਮੇਸ਼ਵਰ ਇਕ ਮਨਾਈਆ । ਅੰਤ ਨਿਸ਼ਾਨ ਮੇਟਣਾ ਤਾਰਾ ਚੰਦਾ, ਚੰਦ ਸਿਤਾਰ ਰੋਵੇ ਮਾਰੇ ਧਾਹੀਆ । ਲੇਖਾ ਮੁਕਾਉਣਾ ਜਮਨਾ ਸੁਰਸਤੀ ਗੋਦਾਵਰੀ ਗੰਗਾ, ਅੱਠ ਸੱਠ ਤੀਰਥ ਧਰਤੀਏ ਤੇਰੇ ਉਤੇ ਵੇਖ ਵਖਾਈਆ । ਜਿਸ ਦਾ ਇਕੋ ਹੁਕਮ ਹੋਣਾ ਚੰਡ ਪ੍ਰਚੰਡਾ, ਦੋ ਜਹਾਨਾਂ ਕਰੇ ਜਣਾਈਆ ।

ਕਲਜੁਗ ਉਹਦਾ ਸਫ਼ਰ ਨਹੀਂ ਹੁਣ ਲੰਬਾ, ਲਮਹ ਲਮਹ ਵੇਖ ਵਖਾਈਆ । ਉਹ ਸਤਿ ਸਰੂਪ ਸ਼ਬਦੀ ਧਾਰ ਪੰਜਾਂ ਤਤਾਂ ਵਾਲਾ ਨਹੀਂ ਬੰਦਾ, ਬੰਦਗੀ ਸਭ ਦੀ ਵੇਖ ਵਖਾਈਆ । ਤੇਰਾ ਕੂੜ ਕੁਕਰਮ ਰਹਿਣ ਨਹੀਂ ਦੇਣਾ ਗੰਦਾ, ਨਵ ਸੱਤ ਕਰੇ ਸਫ਼ਾਈਆ । ਜਿਸ ਧਾਰ ਨੇ ਨਿਰਗੁਣ ਸਰਗੁਣ ਪਾਹਨ ਪੱਥਰਾਂ ਲਾਇਆ ਆਪਣਾ ਪੰਜਾ, ਪੰਚਾਂ ਦੇਵੇ ਮਾਣ ਵਡਿਆਈਆ । ਜਿਸ ਨੇ ਲੇਖ ਜਣਾਇਆ ਧਾਰ ਕਵੀ ਬਵੰਜਾ, ਬਾਵਨ ਆਪਣਾ ਖੇਲ ਖਿਲਾਈਆ । ਉਹਦਾ ਹੁਕਮ ਸੰਦੇਸਾ ਇਕੋ ਏਕ ਕਲਜੁਗ ਤੇਰੇ ਸੰਦਾ, ਸੰਧਿਆ ਸਰਘੀ ਇਕੋ ਰੰਗ ਰੰਗਾਈਆ । ਤੇਰਾ ਅੰਤ ਅਖ਼ੀਰੀ ਕੰਢਾ, ਕੰਢੀ ਬੈਠਾ ਵੇਖੇ ਧੁਰ ਦਾ ਮਾਹੀਆ । ਤੇਰਾ ਕੂੜ ਸਿੰਘਾਸਣ ਜਗਤ ਵਛਾਉਣਾ ਰਹੇ ਕੋਇ ਨਾ ਮੰਜਾ, ਪੁਰਖ ਅਬਿਨਾਸ਼ੀ ਕਰੇ ਸਫ਼ਾਈਆ । ਕੋਈ ਸਹਾਰਾ ਦਿਸੇ ਨਾ ਮੁਹਾਣਾ ਵੰਝਾ, ਸ਼ੋਹ ਦਰਿਆ ਦਏ ਰੁੜ੍ਹਾਈਆ । ਕੋਈ ਗੁਰਦੇਵ ਸਵਾਮੀ ਤੈਨੂੰ ਸਹਾਰਾ ਦੇਵੇ ਮੂਲ ਨਾ ਕੰਧਾ, ਭਾਰ ਕੰਧ ਨਾ ਕੋਇ ਉਠਾਈਆ । ਤੇਰਾ ਜਗਤ ਸੁਹੰਜਣਾ ਸਮਾਂ ਪਿਛੇ ਲੰਘਾ, ਅਗੇ ਮਿਲੇ ਨਾ ਕੋਇ ਵਡਿਆਈਆ । ਓਹ ਬੀਸ ਇਕੀਸਾ ਹਰਿ ਜਗਦੀਸ਼ਾ ਇੱਕੀ ਧਾਰ ਵਖਾਏ ਕੰਘਾ, ਜੋ ਸਭ ਦਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਕਹੇ ਧਰਨੀ ਪਾ ਨਾ ਐਵੇਂ ਰੌਲਾ, ਚਾਰ ਕੁੰਟ ਸੁਣਾਈਆ । ਮੇਰਾ ਮਾਲਕ ਖ਼ਾਲਕ ਇਕੋ ਮੌਲਾ, ਜੋ ਰਮਿਆ ਹਰ ਘਟ ਥਾਈਂਆ । ਮੇਰਾ ਓਸ ਦੇ ਨਾਲ ਇਕਰਾਰ ਕੌਲਾ, ਜੋ ਅਭੁਲ ਭੁਲ ਕਦੇ ਨਾ ਜਾਈਆ । ਜਿਸ ਖੇਲ ਕਰਨਾ ਉਪਰ ਧੌਲਾ, ਧਰਨੀ ਧਰਤ ਤੈਨੂੰ ਵੇਖੇ ਚਾਈਂ ਚਾਈਂਆ । ਕਮਲੀਏ ਆਪਣੀ ਕਰਨੀ ਨੂੰ ਪਹਿਲੋਂ ਆਪੇ ਟੋਹ ਲਾ, ਕੀ ਤੇਰੇ ਵਿਚ ਵਡਿਆਈਆ । ਕਿਸ ਬਿਧ ਤੇਰਾ ਸਾਹਿਬ ਤੇਰਾ ਭਾਰ ਕਰੇਗਾ ਹੌਲਾ, ਪਾਪਾਂ ਗੰਢ ਉਠਾਈਆ । ਮੈਂ ਵੀ ਓਸੇ ਦਾ ਸੁਤ ਦੁਲਾਰਾ, ਸਦੀ ਚੌਧਵੀਂ ਮੇਰਾ ਫਰਕੇ ਡੌਲਾ, ਬਲਧਾਰੀ ਹੋ ਕੇ ਲਵਾਂ ਅੰਗੜਾਈਆ । ਸਚ ਝੂਠ ਦਾ ਚਾਰ ਕੁੰਟ ਕਰਾਵਾਂ ਘੋਲਾ, ਡੰਕਾ ਵੇਖਾਂ ਖ਼ਲਕ ਖ਼ੁਦਾਈਆ । ਓਹ ਘਰਾਨੇ ਛਡਾਂ ਜਿਥੇ ਤੂੰ ਮੇਰਾ ਮੈਂ ਤੇਰਾ ਹੋਵੇ ਸੋਹਲਾ, ਕਲਮਾ ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਕਲਜੁਗ ਮੂਲ ਨਾ ਮਾਰ ਸ਼ੇਖ਼ੀ, ਸ਼ੇਖ਼ ਮੁਸਾਇਕ ਪੀਰ ਆਪਣਾ ਪੰਧ ਰਹੇ ਮੁਕਾਈਆ । ਤੇਰਾ ਰੂਪ ਰਹਿਣ ਨਹੀਂ ਦੇਣਾ ਭੇਖੀ, ਪਖੰਡ ਘਰ ਨਜ਼ਰ ਕੋਇ ਨਾ ਆਈਆ । ਮੇਰੇ ਉਤੇ ਮੇਰੇ ਮਹਿਬੂਬ ਨੇ ਬਦਲ ਦੇਣੀ ਰੇਖੀ, ਰਿਖੀ ਮੁਨੀ ਸਾਰੇ ਦੇਣ ਗਵਾਹੀਆ । ਤੇਰੀ ਚਾਰ ਕੁੰਟ ਦਿਸੇ ਕੋਇ ਨਾ ਨੇਕੀ, ਨਿੱਕੇ ਵੱਡੇ ਸਾਰੇ ਰਹੇ ਕੁਰਲਾਈਆ । ਧਰਨੀ ਕਹੇ ਮੇਰੇ ਉਤੇ ਸਤਿ ਰਿਹਾ ਨਾ ਕਿਸੇ ਬੇਟਾ ਬੇਟੀ, ਧਰਮ ਦੀ ਧਾਰ ਨਾ ਕੋਇ ਸਮਾਈਆ । ਕੂੜ ਕੁੜਿਆਰਿਆ ਤੂੰ ਸਭ ਦੀ ਪਤ ਗਿਉਂ ਵੇਚੀ, ਸ਼ਾਹ ਸੁਲਤਾਨਾਂ ਹੱਟ ਵਿਕਾਈਆ । ਅੰਤਮ ਤੇਰੀ ਧਾਰ ਹੋਣੀ ਰਣਭੂਮੀ ਖੇਤੀ, ਚਾਰੋਂ ਕੁੰਟ ਵੇਖ ਵਖਾਈਆ । ਮੇਰਾ ਮਿਹਰਵਾਨ ਸ੍ਰੀ ਭਗਵਾਨ ਤੇਰਾ ਲੇਖਾ ਮੁਕਾਏ ਛੇਤੀ, ਛੇਤੀ ਛੇਤੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਵਿਚੋਂ ਕਰੇ ਪਰਦੇਸੀ, ਧਰਨੀ ਧਰਤ ਧਵਲ ਧੌਲ ਉਤੇ ਰਹਿਣ ਨਾ ਪਾਈਆ ।

੪੬੯
੨੩

## ✪ ੨੦ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਮੱਸਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰਾ ਮਾਰਗ ਲੰਬਾ ਚੌੜਾ, ਪੈਮਾਇਸ਼ ਵਿਚ ਕਦੇ ਨਾ ਆਈਆ । ਮੇਰਾ ਨਜ਼ਰ ਆਏ ਨਾ ਕਿਸੇ ਪੌੜਾ, ਪੌੜੀ ਡੰਡੇ ਸਾਰੇ ਰਾਹ ਤਕਾਈਆ । ਧੰਨ ਭਾਗ ਮੇਰਾ ਸਾਹਿਬ ਸਵਾਮੀ ਬਹੁੜਾ, ਬਹੁੜੀ ਕਰ ਸੁਣਾਈਆ । ਜਿਸ ਨੂੰ ਕਹਿੰਦੇ ਬ੍ਰਹਿਮਣ ਗੌੜਾ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਉਹ ਕਲਜੁਗ ਰਸ ਵੇਖੇ ਮਿੱਠਾ ਕੌੜਾ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਦਾ ਸ਼ਬਦ ਅਗੰਮੀ ਘੋੜਾ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਉਹਦਾ ਹੁਕਮ ਸੰਦੇਸਾ ਫ਼ਰਮਾਨ ਇਕੋ ਕੋਰਾ, ਬਹੁਤਾ ਰੰਗ ਨਾ ਕੋਇ ਰੰਗਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਵੇਖਣ ਨਾਲ ਗ਼ੌਰਾ, ਗਹਿਰ ਗੰਭੀਰ ਰਿਹਾ ਦ੍ਰਿੜਾਈਆ । ਜਿਸ ਦਾ ਖੇਲ ਅਵਰ ਕਾ ਔਰਾ, ਭੇਵ ਅਭੇਦ ਨਾ ਕੋਇ ਜਣਾਈਆ । ਓਹ ਨੌਜਵਾਨ ਮਰਦ ਮਰਦਾਨ ਬਾਂਕਾ ਛੋਰਾ, ਦੋ ਜਹਾਨਾਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲਾਈਆ । ਧਰਨੀ ਕਹੇ ਮੇਰਾ ਮਾਲਕ ਹਕ ਮਹਿਬੂਬ, ਜਲਵਾਗਰ ਨੂਰ ਅਲਾਹੀਆ । ਜਿਸ ਦਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਦਾ ਮਾਲਕ ਬੇਪਰਵਾਹੀਆ । ਮੈਂ ਜਿਧਰ ਤੱਕਾਂ ਮੌਜੂਦ, ਹਰ ਘਟ ਸੋਭਾ ਪਾਈਆ । ਜਿਸ ਦੀ ਆਰ ਪਾਰ ਹਦੂਦ, ਹਿੱਸਾ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਅੰਦਰ ਕਲਜੁਗ ਕਰ ਜਾਣਾ ਕੂਚ, ਕੂਚਾ ਗਲੀ ਕਰੇ ਸਫ਼ਾਈਆ । ਭਾਉ ਰਹਿਣ ਨਾ ਦੇਵੇ ਦੁਤੀਆ ਦੂਜ, ਏਕਾ ਰੰਗ ਦਏ ਰੰਗਾਈਆ । ਸਭ ਨੂੰ ਦੇਵੇ ਸਾਚੀ ਸੂਝ, ਸਮਝ ਸਮਝ ਵਿਚੋਂ ਬਦਲਾਈਆ । ਲੇਖਾ ਜਾਣੇ ਨੈਣ ਮੂੰਦ, ਕਵਲ ਨੈਣ ਅਗੰਮ ਅਥਾਹੀਆ । ਜਨ ਭਗਤਾਂ ਬਖ਼ਸ਼ ਕੇ ਅੰਮ੍ਰਿਤ ਬੂੰਦ, ਸਵਾਂਤੀ ਦਏ ਟਪਕਾਈਆ । ਲੇਖਾ ਜਾਣੇ ਚਾਰੇ ਕੂਟ, ਕਾਇਆ ਕੁਟੀਆ ਫੋਲ ਫੁਲਾਈਆ । ਨਾਤਾ ਤੋੜ ਕੇ ਜੂਠ ਝੂਠ, ਸਤਿ ਸਚ ਦਏ ਵਰਤਾਈਆ । ਭਾਗ ਲਗਾਏ ਕਾਇਆ ਮਾਟੀ ਪੰਜ ਭੂਤ, ਪਰਮ ਪੁਰਖ ਪ੍ਰਭ ਦਇਆ ਕਮਾਈਆ । ਸਤਿ ਦੀ ਸਚ ਬਣਾਏ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਵੇਖ ਵਖਾਣੇ ਅਬਿਨਾਸ਼ੀ ਅਚੁਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਨ ਭਗਤ ਸੁਹੇਲੇ ਉਠਾਏ ਦੁਲਾਰੇ ਸੁਤ, ਆਲਸ ਨਿੰਦਰਾ ਦਏ ਗਵਾਈਆ । ਮਾਤਲੋਕ ਲਏ ਪੁਛ, ਪੁਸ਼ਤ ਪਨਾਹ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਇਕ ਅਖਵਾਈਆ । ਧਰਨੀ ਕਹੇ ਮੇਰਾ ਮਾਲਕ ਇਕ ਇਕੱਲਾ, ਅਕਲ ਕਲਧਾਰੀ ਆਪ ਅਖਵਾਈਆ । ਜੋ ਵਸੇ ਸਚਖੰਡ ਦਵਾਰਾ ਸਚ ਮਹੱਲਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਦੀਪਕ ਇਕੋ ਬਲਾ, ਨੂਰ ਨੁਰਾਨਾ ਡਗਮਗਾਈਆ । ਸਚ ਦਵਾਰੇ ਆਪੇ ਖਲਾ, ਦੂਜਾ ਰੂਪ ਨਾ ਕੋਇ ਬਦਲਾਈਆ । ਓਹ ਧਾਮ ਸੁਹਾਏ ਨਿਹਚਲ ਇਕ ਅਟਲਾ, ਅਟੱਲ ਪੁਰਖ ਵਡ ਵਡਿਆਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਲੋਕਮਾਤ ਘੱਲਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸੋ ਕਲਜੁਗ ਅੰਤਮ ਦੂਈ ਦਵੈਤੀ ਮੇਟੇ ਸਲਾ, ਸਲਲ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਧੁਰ ਦਾ ਨਾਮ ਫੜਾ ਕੇ ਪੱਲਾ, ਪਲਕਾਂ ਦੇ ਪਿਛੇ ਆਪਣੀ ਗੰਢ ਪਵਾਈਆ । ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਜਲ ਥਲਾ, ਮਹੀਅਲ ਖੋਜੇ ਚਾਈਂ ਚਾਈਆ । ਓਸ ਦਾ ਅੰਤ ਇਕੋ ਹੋਣਾ ਹੱਲਾ, ਹਾਲਤ ਦੀਨ ਦੁਨੀ ਬਦਲਾਈਆ । ਜਿਸ ਦੀ ਸਮਝੇ ਕੋਇ ਨਾ ਕਲਾ, ਕਲਜੁਗ ਕਲ ਕਾਤੀ ਦਏ ਖਪਾਈਆ । ਧਰਨੀ ਕਹੇ ਮੇਰਾ ਸਾਹਿਬ

ਸਵਾਮੀ ਸੱਚਾ, ਸਚ ਸਚ ਵਡਿਆਈਆ । ਸਤਿਗੁਰ ਸ਼ਬਦ ਸ਼ਬਦ ਜਿਸ ਦਾ ਬੱਚਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸਚਖੰਡ ਦਵਾਰ ਓਸ ਦਾ ਪਤਾ, ਪਤਿਪਰਮੇਸ਼ਵਰ ਦਿਤਾ ਬਤਾਈਆ । ਜੋ ਆਦਿ ਜੁਗਾਦਿ ਸਦਾ ਸਮਰਥਾ, ਭਰਪੂਰ ਰਿਹਾ ਸਰਬ ਠਾਂਈਆ । ਓਹਨੂੰ ਵੇਖ ਸਕੇ ਨਾ ਕੋਇ ਜਗਤ ਜਗਿਆਸੂ ਨੇਤਰ ਅੱਖਾ, ਨਿਜ ਨੈਣ ਨਜ਼ਰੀ ਆਈਆ । ਜਿਸ ਦੀ ਵੰਡ ਨਹੀਂ ਕਿਸ਼ਨਾ ਸ਼ੁਕਲਾ ਪੱਖਾ, ਹਿੱਸੇ ਜਗਤ ਨਾ ਕੋਇ ਬਣਾਈਆ । ਧਰਨੀ ਕਹੇ ਮੈਂ ਓਸ ਨੂੰ ਆਪਣਾ ਦੁੱਖ ਦੱਸਾਂ, ਰੋ ਰੋ ਦਿਆਂ ਸੁਣਾਈਆ । ਮੇਰੇ ਉਤੇ ਕੋਟਨ ਕੋਟ ਭਗਤ ਸੰਤ ਹੋ ਗਏ ਲੱਖਾਂ, ਗਿਣਤੀ ਗਣਤ ਨਾ ਕੋਇ ਗਿਣਾਈਆ । ਇਸ਼ਾਰਾ ਦੇ ਕੇ ਗਏ ਲੇਖਾ ਲਿਖ ਕੇ ਗਏ ਹੱਥਾਂ, ਪੇਸ਼ਤਰ ਪੇਸ਼ੀਨਗੋਈਆਂ ਵਿਚ ਦ੍ਰਿੜਾਈਆ । ਜਿਸ ਵੇਲੇ ਕਲਜੁਗ ਰੈਣ ਹੋਣੀ ਅੰਧੇਰੀ ਮੱਸਾ, ਨੂਰੀ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਜੋਤ ਧਾਰ ਲੋਕਮਾਤ ਆਵੇ ਨੱਸਾ, ਬਣ ਪਾਂਧੀ ਪੰਧ ਮੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਮੇਟੇ ਰੱਟਾ, ਝਗੜਾ ਵਿਕਾਰ ਰਹਿਣ ਨਾ ਪਾਈਆ । ਉਹ ਸਭ ਦਾ ਚੀਥੜ ਪੁਰਾਣਾ ਵੇਖੇ ਫਟਾ, ਤਨ ਵਜੂਦਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖਿਲਾਏ ਹਕੀਕਤ ਹਕਾ, ਹਕ ਦਾ ਮਾਲਕ ਖ਼ਾਲਕ ਬੇਪ੍ਰਵਾਹੀਆ ।



## ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਦਾਰਾ ਸਿੰਘ ਦੇ ਗ੍ਰਿਹ

ਧਰਨੀ ਕਹੇ ਮੇਰਾ ਧਰਮ ਨੇ ਫੜ ਲਿਆ ਗੁਟ, ਬਿਨਾ ਮੁੱਠੀ ਦਿਤਾ ਦਬਾਈਆ । ਮੇਰਾ ਨਾਤਾ ਜਗਤ ਰਿਹਾ ਟੁਟ, ਟੁਟਦੀ ਵੇਖ ਲੋਕਾਈਆ । ਚਾਰ ਕੁੰਟ ਪਈ ਲੁੱਟ, ਕਲਜੁਗ ਲੁਟੇਰਾ ਭੱਜੇ ਵਾਹੋ ਦਾਹੀਆ । ਸਚ ਨਾਲੋਂ ਸਾਰੇ ਗਏ ਰੁਠ, ਰੁਠਿਆਂ ਸਕੇ ਨਾ ਕੋਇ ਮਨਾਈਆ । ਧਰਨੀਏ ਤੂੰ ਵੀ ਖੋਲ ਆਪਣੇ ਬੁਟ, ਅੰਤਰ ਆਵਾਜ਼ ਦੇ ਸੁਣਾਈਆ । ਪੁਰਖ ਅਕਾਲ ਕੋਲੋਂ ਪੁਛ, ਕੀ ਤੇਰੀ ਬੇਪਰਵਾਹੀਆ । ਮੇਰਾ ਪਿਆਰ ਰਿਹਾ ਨਾ ਤੁਛ, ਮੁਹੱਬਤ ਵਿਚ ਨਾ ਕੋਇ ਸਮਾਈਆ । ਮੇਰੇ ਉਤੇ ਰਹੀ ਨਾ ਸੁਚ, ਸੰਜਮ ਸਾਰੇ ਗਏ ਗਵਾਈਆ । ਤੂੰ ਮਾਲਕ ਬੇਪਰਵਾਹ ਉਚ, ਅਗੰਮ ਅਥਾਹ ਇਕ ਅਖਵਾਈਆ । ਕਿਉਂ ਖਿਜ਼ਾ ਹੋਈ ਰੁੱਤ, ਬਸੰਤ ਦਿਤੀ ਬਦਲਾਈਆ । ਪਿਆਰ ਦਾ ਰਿਹਾ ਕੋਇ ਨਾ ਸੁਤ, ਦੁਲਾਰਾ ਰੂਪ ਨਾ ਕੋਇ ਦਰਸਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸਰਨਾਈਆ । ਨਿਰਗੁਣ ਧਾਰ ਧਾਰ ਵਿਚੋਂ ਉਠ, ਜੋਤੀ ਜਾਤੇ ਲੈ ਅੰਗੜਾਈਆ । ਅੰਮ੍ਰਿਤ ਨਾਮ ਦੇ ਘੁਟ, ਸਚ ਪਿਆਲਾ ਇਕ ਪਿਆਈਆ । ਦੂਈ ਦਵੈਤੀ ਮੇਟ ਫੁੱਟ, ਫੁਟਕਲ ਰਹੇ ਨਾ ਕੋਇ ਲੋਕਾਈਆ । ਪੰਜ ਵਿਕਾਰਾ ਜੜ ਪੁੱਟ, ਨੇਸਤੋ ਨਾਬੂਦ ਕਰ ਵਖਾਈਆ । ਮੇਰਾ ਭਾਗ ਨਾ ਜਾਏ ਨਿਖੁਟ, ਭੰਡਾਰਾ ਅਤੁਟ ਦੇ ਵਰਤਾਈਆ । ਮੈਂ ਦਵਾਰੇ ਤੇਰੇ ਜਾਵਾਂ ਝੁਕ, ਨਿਵ ਨਿਵ ਸੀਸ ਨਿਵਾਈਆ । ਪਰਦਾ ਓਹਲਾ ਰਹੇ ਨਾ ਲੁਕ, ਭੇਵ ਅਭੇਦਾ ਦੇ ਖੁਲਾਈਆ । ਧਰਮ ਦਾ ਬੂਟਾ ਗਿਆ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਭਾਗ ਲੱਗੇ ਨਾ ਜਨਣੀ ਕੁੱਖ, ਬਿਨ ਤੇਰੀ ਕਿਰਪਾ ਭਗਤ ਜਨਮੇ ਕੋਇ ਨਾ ਮਾਈਆ । ਨੌ ਖੰਡ ਪ੍ਰਿਥਮੀ

ਦੁੱਖ, ਸੱਤ ਦੀਪ ਰਹੇ ਕੁਰਲਾਈਆ । ਜਗਤ ਤ੍ਰਿਸ਼ਨਾ ਵਧੀ ਭੁੱਖ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਧਰਮ ਨਾ ਕਰ ਗਿਰਿਆਜ਼ਾਰੀ, ਗਿਰੇਬਾਨ ਸਭ ਦਾ ਵੇਖ ਵਖਾਈਆ । ਮੈਂ ਵੀ ਓਸ ਦੀ ਪਨਹਾਰੀ, ਜੁਗ ਜੁਗ ਸੇਵ ਕਮਾਈਆ । ਜਿਸ ਦਾ ਰਾਹ ਤਕਦੇ ਪੈਗ਼ੰਬਰ ਗੁਰ ਅਵਤਾਰੀ, ਬਿਨ ਨੈਣਾਂ ਨੈਣ ਉਠਾਈਆ । ਜਿਸ ਦੀ ਆਦਿ ਜੁਗਾਦਿ ਸਿਕਦਾਰੀ, ਸਿਰ ਸਿਰ ਰਿਜ਼ਕ ਸਬਾਈਆ । ਸੋ ਸ਼ਹਿਨਸ਼ਾਹ ਜੋਤ ਨਿਰੰਕਾਰੀ, ਨਿਰਵੈਰ ਅਗੰਮ ਅਥਾਹੀਆ । ਜਿਸ ਦੀ ਕਲਜੁਗ ਅੰਤਮ ਵਾਰੀ, ਵਾਰਸ ਹੋ ਕੇ ਫੇਰਾ ਪਾਈਆ । ਤੇਰੀ ਮੇਰੀ ਮਿਟੇ ਖ਼ੁਆਰੀ, ਜਗਤ ਦੇਵੇ ਮਾਣ ਵਡਿਆਈਆ । ਉਹਦੀ ਖੇਲ ਤੱਕ ਦੋ ਧਾਰੀ, ਸਰਗੁਣ ਨਿਰਗੁਣ ਰੂਪ ਪਰਗਟਾਈਆ । ਜਿਸ ਦੀ ਮਹਿਮਾ ਬੇਸ਼ੁਮਾਰੀ, ਅੰਤ ਕਹਿਣ ਕਿਛ ਨਾ ਪਾਈਆ । ਮੈਂ ਓਸੇ ਤੋਂ ਘੋਲੀ ਵਾਰੀ, ਆਪਣਾ ਆਪ ਘੋਲ ਘੁਮਾਈਆ । ਜਿਸ ਕਲਜੁਗ ਅੰਤ ਸਭ ਦਾ ਕਰਜਾ ਲਾਹੁਣਾ ਉਧਾਰੀ, ਪਿਛਲਾ ਲੇਖਾ ਦਏ ਮੁਕਾਈਆ । ਜਨ ਭਗਤਾਂ ਕਰੇ ਚੌਕੀਦਾਰੀ, ਚਾਰੋਂ ਕੁੰਟ ਵੇਖ ਵਖਾਈਆ । ਜਗਤ ਤ੍ਰਿਸ਼ਨਾ ਮੇਟੇ ਗ਼ਦਾਰੀ, ਕੂੜੀ ਕਿਰਿਆ ਡੇਰਾ ਢਾਹੀਆ । ਓਹਦਾ ਖੇਲ ਜਗਤ ਸਵਾਂਗ ਧਰਤ ਉਤੇ ਮਦਾਰੀ, ਮੁੱਦਾ ਸਮਝ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਦੀਪ ਸੱਤ ਵੇਖੇ ਹੱਟ ਬਾਜ਼ਾਰੀ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਜੋ ਆਸਾ ਰਖੀ ਅਸ਼ਟਭੁਜ ਦੁਰਗਾ ਕਵਾਰੀ, ਬਿਨ ਨੈਣਾਂ ਨੈਣ ਉਠਾਈਆ । ਓਹ ਖੇਲ ਕਰੇ ਵਿਚ ਸੰਸਾਰੀ, ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਧਰਨੀ ਕਹੇ ਧਰਮ ਤੂੰ ਓਸੇ ਦੀ ਧੂੜ ਲਾਉਣੀ ਛਾਰੀ, ਟਿੱਕਾ ਇਕੋ ਇਕ ਰਖਾਈਆ । ਜਿਸ ਨੇ ਨਾਮ ਕਲਮੇ ਦੀ ਗੁਰ ਅਵਤਾਰ ਪੈਗ਼ੰਬਰਾਂ ਦਿਤੀ ਰਾਹਦਾਰੀ, ਰਸਤਾ ਲੋਕਮਾਤ ਵਖਾਈਆ । ਜਿਸ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਚਾਰ ਜੁਗ ਦੇ ਗਰੰਥ ਬਣੇ ਅਖ਼ਬਾਰੀ, ਖ਼ਬਰਾਂ ਧਰਮ ਧਾਰ ਸੁਣਾਈਆ । ਓਹ ਪ੍ਰਗਟ ਹੋਇਆ ਕਲ ਕਲਕੀ ਨਿਹਕਲੰਕ ਅਵਤਾਰੀ, ਅਵਤਰ ਆਪਣਾ ਫੇਰਾ ਪਾਈਆ । ਜਿਸ ਦਾ ਖੇਲ ਅਗੰਮਾ ਕਰੇ ਬਣ ਵਡ ਬਲਕਾਰੀ, ਕਲ ਸਮਝ ਕਿਸੇ ਨਾ ਆਈਆ । ਜਨ ਭਗਤਾਂ ਕਰੇ ਤਰਫ਼ਦਾਰੀ, ਤ੍ਰਫ਼ੈਣ ਕਰੇ ਖ਼ਲਕ ਖ਼ੁਦਾਈਆ । ਜੋ ਲੇਖਾ ਜਾਣੇ ਨਰ ਨਾਰੀ, ਨਰ ਨਰਾਇਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਭ ਦਾ ਮੀਤ ਮੁਰਾਰੀ, ਮਿਤਰ ਪਿਆਰਾ ਏਕੰਕਾਰਾ ਇਕ ਅਖਵਾਈਆ ।



### ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਕਰਨੈਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੀ ਧਰਮ ਨੇ ਫੜੀ ਵੀਣੀ, ਬਹੀਆ ਜ਼ੋਰ ਨਾਲ ਦਬਾਈਆ । ਹਲੂਣ ਕੇ ਕਿਹਾ ਕਿਉਂ ਸ੍ਰਿਸ਼ਟੀ ਦੀ ਮਤ ਹੋਈ ਹੀਣੀ, ਸਚ ਦੇ ਸਮਝਾਈਆ । ਕਿਉਂ ਮਨਸਾ ਹੋਈ ਕਮੀਣੀ, ਧੀਰਜ ਨਜ਼ਰ ਕੋਇ ਨਾ ਆਈਆ । ਕਲਜੁਗ ਜਿਸ ਚਲਾਈ ਖੀਣੀ, ਖੇਵਟ ਖੇਟਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀਆ ਬਦਲੀ ਜੀਣੀ, ਜੀਵਣ ਜੁਗਤ ਗਏ ਭੁਲਾਈਆ । ਭੈ ਚੁਕਣਾ ਸਾਢੇ ਤਿੰਨ ਹੱਥ ਸੀਣੀ, ਸੀਆ ਸਮਝ ਕਿਸੇ ਨਾ ਆਈਆ । ਭੁਲੀ ਜਗਤ ਰਸ ਦੀ ਪੀਣੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਲੇਖਾ ਤੱਕ ਲੈ ਤ੍ਰੈਗੁਣ ਤੀਣੀ, ਕੀ ਤ੍ਰੈਭਵਨ ਧਨੀ ਖੇਲ

ਖਿਲਾਈਆ । ਸਾਚੀ ਵਸਤ ਗਈ ਛੀਨੀ, ਕਾਇਆ ਮੰਦਰ ਖ਼ਾਲੀ ਨਜ਼ਰੀ ਆਈਆ । ਕਿਉਂ ਦੁਨੀਆ ਹੋਈ ਨਾਬੀਨੀ, ਨੇਤਰ ਅੱਖ ਨਾ ਕੋਇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਕਰਤਾ ਕਾਰ ਕਮਾਈਆ । ਧਰਨੀ ਕਹੇ ਧਰਮ ਨਾ ਹੋ ਐਡਾ ਕਾਹਲਾ, ਕਾਲਖ ਟਿੱਕੇ ਵੇਖ ਜਗਤ ਲੋਕਾਈਆ । ਅਗੇ ਵਕਤ ਰਿਹਾ ਨਾ ਬਾਹਲਾ, ਪਾਂਧੀ ਸਭ ਦਾ ਪੰਧ ਮੁਕਾਈਆ । ਜਿਸ ਨਿਰਗੁਣ ਨੂਰ ਜੋਤ ਕੀਤਾ ਉਜਾਲਾ, ਚਾਰੋਂ ਕੁੰਟ ਵੇਖ ਵਖਾਈਆ । ਓਹ ਖੇਲੇ ਖੇਲ ਗੁਰ ਗੋਬਿੰਦ ਗੋਪਾਲਾ, ਮਿਹਰਵਾਨ ਬੇਪਰਵਾਹੀਆ । ਤੇਰੇ ਮੇਰੇ ਉਤੇ ਹੋਵੇ ਦਿਆਲਾ, ਦੀਨ ਦਿਆਲ ਦਇਆ ਕਮਾਈਆ । ਚਾਰੋਂ ਕੁੰਟ ਹੋਵੇ ਰਖਵਾਲਾ, ਰਖਕ ਹੋ ਕੇ ਵੇਖ ਵਖਾਈਆ । ਫਲ ਵੇਖੇ ਲੱਖ ਚੁਰਾਸੀ ਡਾਲਾ, ਪੱਤ ਟਹਿਣੀ ਫੋਲ ਫੁਲਾਈਆ । ਜਿਸ ਦੀ ਜਗਤ ਅਵੱਲੜੀ ਚਾਲਾ, ਚਾਲ ਨਿਰਾਲੀ ਇਕ ਪ੍ਰਗਟਾਈਆ । ਉਨ ਸਭ ਤੋਂ ਲੈਣਾ ਹਾਲਾ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਚੁਕਾਈਆ । ਧਰਨੀ ਕਹੇ ਧਰਮ ਨੇ ਮੇਰੀ ਫੜੀ ਅਰਕ, ਉਤੇ ਉਤੇ ਹੱਥ ਟਿਕਾਈਆ । ਆਪਣੀ ਚਾਰ ਜੁਗ ਦੀ ਵੇਖ ਸ਼ਰਤ, ਜੋ ਸ਼ਰਅ ਵਾਲਿਆਂ ਨਾਲ ਕਰਾਈਆ । ਮੇਰਾ ਪਤਿਪਰਮੇਸ਼ਵਰ ਆਓਣਾ ਪਰਤ, ਪਰਮ ਪੁਰਖ ਬੇਪ੍ਰਵਾਹੀਆ । ਭਾਗ ਲਗਾਉਣਾ ਉਪਰ ਫ਼ਰਸ਼, ਅਰਸ਼ਾਂ ਰੰਗ ਰੰਗਾਈਆ । ਜਨ ਭਗਤਾਂ ਮੇਟਣੀ ਹਰਸ, ਹਵਸ ਕੂੜ ਮਿਟਾਈਆ । ਦੇਵੇ ਅਗੰਮੀ ਦਰਸ, ਦੀਦਾ ਦਾਨਿਸਤਾ ਸੋਭਾ ਪਾਈਆ । ਉਸਦਾ ਖੇਲ ਹੋਣਾ ਅਸਚਰਜ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਧਰਮ ਦੀ ਪਾਲਣਾ ਉਸ ਨੇ ਸਮਝਣਾ ਆਪਣਾ ਫ਼ਰਜ਼, ਲੇਖਾ ਵੇਖਣਾ ਥਾਉਂ ਥਾਈਂਆ ।
ਜ਼ਰੂਰ ਬੇਨੰਤੀ ਮਨਜ਼ੂਰ ਕਰੇ ਅਰਜ, ਆਰਜ਼ੂ ਆਪਣੀ ਇਕ ਸੁਣਾਈਆ । ਸਭ ਦਾ ਲਹਿਣਾ ਦੇਣਾ ਪੂਰਬ ਉਤਾਰੇ ਕਰਜ਼, ਮਕਰੂਜ਼ ਦਏ ਮੁਕਾਈਆ । ਜਿਸ ਦੇ ਗ੍ਰਿਹਿ ਸਭ ਦੇ ਲੇਖੇ ਹੋਏ ਦਰਜ, ਦਰਜਾ ਬਦਰਜਾ ਵੇਖ ਵਖਾਈਆ । ਉਸ ਸ਼ਰਅ ਦੀ ਛੁਰੀ ਰਹਿਣ ਨਹੀਂ ਦੇਣੀ ਕਰਦ, ਕਤਲਗਾਹ ਦਾ ਲੇਖਾ ਦਏ ਮੁਕਾਈਆ । ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦ ਕਰੇ ਥਾਉਂ ਥਾਈਂਆ । ਧਰਨੀ ਕਹੇ ਧਰਮ ਜ਼ਰੂਰ ਸਾਡੀ ਵੰਡੇ ਦਰਦ, ਦਰਦ ਦੁੱਖ ਭੈ ਭੰਜਣ ਆਪਣਾ ਹੁਕਮ ਵਰਤਾਈਆ । ਮੈਂ ਵੀ ਉਸ ਦੀ ਕਿਰਪਾ ਬਿਨਾ ਹੋਈ ਨਾਪੜਦ, ਬਸਤਰ ਭੂਸ਼ਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਹੋਣ ਨਾ ਦੇਵੇ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ ।



### ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਮਖਣ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਧਰਮ ਆ ਮੇਰੇ ਅਗੇ, ਅਗੇ ਹੋ ਕੇ ਧਿਆਨ ਲਗਾਈਆ । ਕਿਉਂ ਸ੍ਰਿਸ਼ਟੀ ਹੋਈ ਕੱਗੇ, ਸਤਿ ਸਚ ਦੇ ਮਾਲਕ ਦੇ ਸਮਝਾਈਆ । ਧਰਮ ਕਹੇ ਮੇਰੀ ਅੰਤਮ ਹੋਈ ਹੱਦੇ, ਅਗੇ ਕਦਮ ਨਾ ਕੋਇ ਉਠਾਈਆ । ਮੈਂ ਹੁਕਮ ਮੰਨਦਾ ਜੋ ਚੜ੍ਹਿਆ ਅਸਵ ਬੱਗੇ, ਸ਼ਾਹ ਸੁਲਤਾਨਾ ਨਜ਼ਰੀ ਆਈਆ । ਜਿਸ ਦੀ ਦੀਪਕ ਜੋਤ ਇਕੋ ਜਗੇ, ਦੋ ਜਹਾਨਾਂ ਕਰੇ ਰੁਸ਼ਨਾਈਆ । ਉਸ ਦੇ ਹੁਕਮ ਅੰਦਰ ਤਤੀ ਵਾਅ ਵਗੇ, ਵਹਿਣ ਕੂੜ ਵਾਲੇ

ਵਹਾਈਆ । ਅਵਤਾਰ ਪੈਗੰਬਰ ਗੁਰੂ ਫਿਰਨ ਭੱਜੇ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਵੀ ਫਿਰਾਂ ਖੱਬੇ ਸੱਜੇ, ਫਿਰਾਂ ਚਾਈਂ ਚਾਈਆ । ਦੀਨ ਦੁਨੀ ਕਿਸੇ ਨਾ ਲੱਭੇ, ਲਬਾਂ ਭਰੀ ਲੋਕਾਈਆ । ਜਿਸ ਦਾ ਰੂਪ ਅਨੂਪਾ ਤੱਕਿਆ ਹੱਭੇ, ਹਮ ਸਾਜਣ ਨਜ਼ਰੀ ਆਈਆ । ਉਹ ਖੇਲ ਖਿਲਾਉਂਦਾ ਕਦੇ ਕਦੇ, ਕਦੀਮ ਦਾ ਮਾਲਕ ਧੁਰਦਰਗਾਹੀਆ । ਜਿਹੜਾ ਚੁਰਾਸੀ ਵਿਚੋਂ ਜਨ ਭਗਤ ਕਢੇ, ਫੜ ਆਤਮ ਧਾਰ ਉਠਾਈਆ । ਉਹਨੂੰ ਝੁਕਦੇ ਵੱਡੇ ਵੱਡੇ, ਹਰਿ ਵੱਡਾ ਵਡ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਕਾਇਆ ਡੂੰਘੇ ਖੱਡੇ, ਸਮੁੰਦ ਸਾਗਰਾਂ ਫੋਲ ਫੁਲਾਈਆ । ਜਿਸ ਖੇਲ ਖਿਲਾਇਆ ਕਲਜੁਗ ਕਾਇਆ ਮਾਟੀ ਹੱਡੇ, ਨਾੜ ਨਾੜ ਧਿਆਨ ਲਗਾਈਆ । ਉਹ ਸੰਬਲ ਦੇਸ ਆ ਗਿਆ ਆਪਣੇ ਅੱਡੇ, ਸਿੰਘਾਸਣ ਆਸਣ ਇਕ ਵਡਿਆਈਆ । ਸਤਿਗੁਰ ਸ਼ਬਦ ਸ਼ੇਰ ਹੋ ਕੇ ਗੱਜੇ, ਸਿੰਘ ਭਬਕ ਇਕ ਲਗਾਈਆ । ਗੁਰਮੁਖਾਂ ਪਰਦੇ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਸਾਚਾ ਕਾਇਆ ਕਰੇ ਹੱਜੇ, ਹੁਜਰਾ ਹਕ ਹਕ ਸੁਹਾਈਆ । ਉਸ ਦਾ ਦਰਸ਼ਨ ਕੀਤਾ ਅੱਜੇ, ਘੜੀ ਸੁਲੱਖਣੀ ਸੋਭਾ ਪਾਈਆ । ਜਿਸ ਪਿਛਲੀ ਕੀਤੀ ਕਰਨੀ ਰੱਦੇ, ਅਗੇ ਆਪਣਾ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਬੱਧੇ, ਬੰਦਗੀ ਵਿਚ ਸੀਸ ਨਿਵਾਈਆ । ਕਲਜੁਗ ਦੇ ਕੂੜ ਯਾਰ ਉਸ ਦੇ ਹੁਕਮ ਵਿਚ ਆਪਣਾ ਭਾਰ ਜਾਂਦੇ ਲੱਦੇ, ਗਠੜੀਆਂ ਸਿਰਾਂ ਉਤੇ ਉਠਾਈਆ । ਛਡੀ ਜਾਣ ਦੀਨਾਂ ਮਜ੍ਹਬਾਂ ਦੀ ਹੱਦੇ, ਹੱਦ ਇਕੋ ਵੇਖ ਵਖਾਈਆ । ਜਿਸ ਦਾ ਇਕੋ ਦਵਾਰਾ ਇਕੋ ਪਦੇ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਖੇਲ ਇਕੋ ਯੱਦੇ, ਯਦਪ ਰਿਹਾ ਕਰਾਈਆ । ਜਿਸ ਦਾ ਨਾਮ ਇਕੋ ਛੰਦੇ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਓਸ ਦਾ ਭੇਵ ਨਾ ਪਾਉਣ ਕਲਜੁਗ ਬੰਦੇ, ਪਤਿਪਰਮੇਸ਼ਵਰ ਨਜ਼ਰ ਕਿਸੇ ਨਾ ਆਈਆ । ਉਹਦੇ ਚਾਰ ਜੁਗ ਦੇ ਵੱਖਰੇ ਧੰਦੇ, ਅਗੰਮ ਅਗੰਮੜੀ ਕਾਰ ਕਮਾਈਆ । ਉਸ ਨੇ ਦੀਨ ਦੁਨੀ ਸਾਧਣੀ ਨਾਲ ਸ਼ਬਦ ਦੇ ਡੰਡੇ, ਡੰਡਾਵਤ ਸਭ ਦੀ ਦੇਣੀ ਬਦਲਾਈਆ । ਧਰਨੀ ਕਹੇ ਧਰਮ ਕਲਜੁਗ ਆਇਆ ਅੰਤਮ ਕੰਢੇ, ਕੰਢੀ ਬੈਠਾ ਵੇਖ ਵਖਾਈਆ , ਜਿਸ ਦੀ ਯਾਦ ਵਿਚ ਜੁਗ ਚੌਕੜੀ ਲੰਘੇ, ਪਿਛਲਾ ਪੰਧ ਮੁਕਾਈਆ । ਓਹ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਸਾਡੀ ਅੰਤਮ ਮੰਨੇ, ਮਨਸਾ ਸਭ ਦੀ ਪੂਰ ਕਰਾਈਆ । ਹਰਿਜਨ ਦਾ ਨੂਰ ਨੁਰਾਨਾ ਇਕੋ ਚੜ੍ਹੇ ਚੰਨੇ, ਅੰਧ ਅੰਧੇਰ ਦਏ ਗਵਾਈਆ । ਮਾਇਆ ਮਮਤਾ ਮੋਹ ਕਰੇ ਖੰਨ ਖੰਨੇ, ਖ਼ਾਨਾ ਸਭਦਾ ਦਏ ਉਲਟਾਈਆ ।ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਭਗਵਾਨ ਆਪਣੀ ਦਇਆ ਕਮਾਈਆ ।



## ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ ਮਹਿੰਦਰ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀ ਮੇਰੀਆਂ ਟੁੱਟ ਗਈਆਂ ਲੱਤਾਂ, ਹਿੰਮਤ ਮਾਤ ਰਹੀ ਨਾ ਰਾਈਆ । ਬਿਨਾ ਪ੍ਰਭੂ ਤੋਂ ਰਖੇ ਕੋਈ ਨਾ ਪਤਾ, ਪਤਤ ਹੋਈ ਜਗਤ ਲੋਕਾਈਆ । ਜਗਤ ਜਗਿਆਸੂਆਂ ਮਾਰੀਆਂ ਗਈਆਂ ਮਤਾਂ, ਸਤਿ ਵਿਚ ਨਾ ਕੋਇ ਸਮਾਈਆ । ਸਭ ਦਾ ਅੰਤਸ਼ਕਰਨ ਹੋਇਆ ਤੱਤਾ, ਅਗਨੀ ਤਤ ਨਾ ਕੋਇ ਬੁਝਾਈਆ । ਹਿਰਦੇ ਪ੍ਰੇਮ ਰਿਹਾ ਨਾ ਰਤਾ, ਰਤਨ ਅਮੋਲਕ ਰੂਪ ਨਾ ਕੋਇ ਦਰਸਾਈਆ । ਚਾਰੋਂ ਕੁੰਟ ਸਾਰੇ ਕਰਦੇ

ਖ਼ਤਾ, ਬਖ਼ਸ਼ਿਸ਼ ਵਿਚ ਰਹਿਮਤ ਨਾ ਕੋਇ ਕਮਾਈਆ । ਜੀਵ ਕਰਦੇ ਹੱਤਾ, ਹੱਤਿਆ ਵੇਖੀ ਖ਼ਲਕ ਖ਼ੁਦਾਈਆ । ਸਾਚੇ ਸਥਰ ਕੋਈ ਨਾ ਲੱਥਾ, ਯਾਰੜਾ ਸੇਜ ਨਾ ਕੋਇ ਹੰਢਾਈਆ । ਧੂੜੀ ਲੱਗੇ ਨਾ ਕਿਸੇ ਮੱਥਾ, ਮਸਤਕ ਖ਼ਾਕ ਨਾ ਕੋਇ ਰਮਾਈਆ । ਕਲਜੁਗ ਮਾਇਆ ਸਭ ਨੂੰ ਪਾਈਆਂ ਨੱਥਾਂ, ਚਾਰੋਂ ਕੁੰਟ ਖਿੱਚੇ ਵਾਹੋ ਦਾਹੀਆ । ਧਰਮ ਕਹੇ ਮੈਂ ਕੁਕਰਮ ਦੀ ਧਾਰ ਢੱਠਾ, ਬਲ ਰਹਿਣ ਕੋਇ ਨਾ ਪਾਈਆ । ਫਿਰੀ ਦੁਹਾਈ ਅੱਠ ਸੱਠਾ, ਤੀਰਥ ਤਟ ਰਹੇ ਕੁਰਲਾਈਆ । ਰੋਂਦੇ ਵੇਖ ਮੰਦਰ ਮਸਜਿਦ ਸ਼ਿਵਦਵਾਲੇ ਮੱਠਾ, ਧੀਰਜ ਧੀਰ ਨਾ ਕੋਇ ਧਰਾਈਆ । ਚਾਰੋਂ ਕੁੰਟ ਕੂੜੀਆਂ ਹੱਟਾਂ, ਸਾਚਾ ਨਾਮ ਨਾ ਕੋਇ ਵਿਕਾਈਆ । ਪ੍ਰਕਾਸ਼ ਦਿਸੇ ਨਾ ਕਿਸੇ ਕਾਇਆ ਮੱਟਾ, ਅੰਧ ਅੰਧੇਰਾ ਛਾਈਆ । ਮੈਂ ਦਰੋਹੀ ਨਵ ਸਤ ਨੱਠਾਂ, ਭੱਜਾਂ ਵਾਹੋ ਦਾਹੀਆ । ਆਤਮ ਪਰਮਾਤਮ ਤੱਕਿਆ ਨਹੀਂ ਕਿਸੇ ਇਕੱਠਾ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਸਮਾਈਆ । ਮੈਂ ਕੋਟਨ ਕੋਟ ਵੇਖੇ ਜਟਾ ਧਾਰੀ ਜਟਾਂ, ਟਿਲਿਆਂ ਫੋਲ ਫੁਲਾਈਆ । ਮੈਂ ਜਿਧਰ ਤੱਕਿਆ ਮੈਨੂੰ ਉਧਰੋਂ ਪੈਂਦੀਆਂ ਸੱਟਾਂ, ਕਲਜੁਗ ਕੂੜਾ ਆਪਣਾ ਬਲ ਧਰਾਈਆ । ਧਰਮ ਸ਼ਾਸਤਰਾਂ ਪਿਆ ਰੱਟਾ, ਝਗੜਾ ਸਕੇ ਨਾ ਕੋਇ ਮਿਟਾਈਆ । ਕਿਸੇ ਦੀ ਕੀਮਤ ਰਹੀ ਨਾ ਟਕਾ, ਅਵਤਾਰ ਪੈਗ਼ੰਬਰ ਗੁਰ ਹੱਟੋ ਹੱਟ ਵਿਕਾਈਆ । ਸਤਿ ਧਰਮ ਦਾ ਦਿਸੇ ਨਾ ਕੋਇ ਮਾਰਗ ਸੱਚਾ, ਸਚ ਵਿਚ ਨਾ ਕੋਇ ਸਮਾਈਆ । ਕੰਚਨ ਗੜ੍ਹ ਬਣੇ ਨਾ ਕਾਇਆ ਮਾਟੀ ਕੱਚਾ, ਤਨ ਵਜੂਦ ਨਾ ਕੋਇ ਵਡਿਆਈਆ । ਮਨੂਆ ਦਹਿ ਦਿਸ਼ਾ ਉਠ ਉਠ ਨੱਚਾ, ਭੱਜੇ ਵਾਹੋ ਦਾਹੀਆ । ਜੀਵ ਜਗਿਆਸੂ ਮਾਇਆ ਅਗਨ ਵਿਚ ਮੱਚਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਧਰਮ ਕਹੇ ਧਰਨੀਏ ਜਿੰਨਾਂ ਚਿਰ ਸਤਿਗੁਰ ਸ਼ਬਦ ਪੁਰਖ ਅਕਾਲ ਦਾ ਨਾ ਉਠਿਆ ਬੱਚਾ, ਬੱਚਿਆਂ ਬਚਪਨ ਕਿਸੇ ਦਾ ਕੰਮ ਨਾ ਆਈਆ । ਮੈਂ ਉਸ ਦਾ ਤੈਥੋਂ ਪੁਛਣ ਆਇਆ ਪਤਾ, ਪਤਿਪਰਮੇਸ਼ਵਰ ਦਰ ਪਰਦਾ ਦਏ ਉਠਾਈਆ । ਧਰਨੀ ਕਹੇ ਧਰਮ ਜਿਸ ਨੂੰ ਲੱਭਦੇ ਕੋਟਾਂ ਲੱਖਾ, ਅਣਗਿਣਤ ਧਿਆਨ ਲਗਾਈਆ । ਮੈਂ ਉਸ ਦੀ ਰਹਿਮਤ ਵਿਚ ਵਸਾਂ, ਮਿਹਰਵਾਨ ਮਿਹਰਵਾਨ ਅਖਵਾਈਆ । ਤੂੰ ਦਰਸ਼ਨ ਕਰ ਲੈ ਬਿਨਾ ਨੇਤਰ ਅੱਖਾਂ, ਅੱਖੀਆਂ ਅੱਖੀਆਂ ਵਿਚ ਬਦਲਾਈਆ । ਉਹ ਵਸੇ ਭਗਤਾਂ ਦੀ ਕੁੱਲੀ ਕੱਖਾਂ, ਮਹੱਲ ਅਟੱਲ ਜਗਤ ਨਜ਼ਰ ਕਿਸੇ ਨਾ ਆਈਆ । ਮੈਂ ਉਸ ਦੇ ਚਰਨਾਂ ਵਾਸਤਾ ਘੱਤਾਂ, ਆਪ ਆਪਣਾ ਸੀਸ ਨਿਵਾਈਆ । ਜਿਸ ਦਾ ਇਕ ਡੰਕਾ ਫੜ੍ਹਾ, ਫ਼ਤਿਹ ਸਭ ਦੇ ਉਤੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਰਬ ਕਲਾ ਸਮਰਥਾ, ਸਮਰਥ ਸਵਾਮੀ ਅੰਤਰਜਾਮੀ ਇਕ ਅਖਵਾਈਆ ।



### ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ ਬੀਬੀ ਅਜੈਬ ਕੌਰ ਦੇ ਗ੍ਰਿਹ ✪

ਧਰਮ ਕਹੇ ਮੇਰੀਆਂ ਭੁਜਾਂ ਨਹੀਂ ਰਹੀਆਂ ਬਾਹਵਾਂ, ਬਲ ਨਜ਼ਰ ਕੋਇ ਨਾ ਆਈਆ । ਇਕੋ ਸਾਹਿਬ ਪ੍ਰਭੂ ਨੂੰ ਧਿਆਵਾਂ, ਅੰਤਰ ਅੰਤਰ ਧਿਆਨ ਲਗਾਈਆ । ਕਲਜੁਗ ਜੀਵਾਂ ਵੇਖ ਕਾਵਾਂ, ਜੋ ਕਾਗ ਵਾਂਗ ਕੁਰਲਾਈਆ । ਸਿਦਕ ਤੱਕ ਜਗਤ ਦੀਆਂ ਮਾਵਾਂ, ਪੂਤ ਗੋਦ ਨਾ ਕੋਇ ਸੁਹਾਈਆ । ਕਿਸੇ ਦੇਵੇ ਨਾ ਕੋਇ ਠੰਡੀਆਂ ਛਾਵਾਂ, ਅਗਨੀ ਤਤ ਜਗਤ ਤਪਾਈਆ । ਅਵਤਾਰ ਪੈਗ਼ੰਬਰ ਗੁਰੂ ਫਿਰਦੇ ਮਜ਼੍ਹਬਾਂ ਦਿਆਂ ਰਾਹਵਾਂ,

ਹੱਦ ਹਦੂਦਾਂ ਵੇਖ ਵਖਾਈਆ । ਧਰਮ ਕਹੇ ਧਰਨੀਏ ਮੈਂ ਕਿਸ ਸਰੀਰ ਨੂੰ ਰਾਵਾਂ, ਰਾਮ ਕ੍ਰਿਸ਼ਨ ਅਨੇਕਾ ਨਜ਼ਰੀ ਆਈਆ । ਮੈਂ ਤੇਰਾ ਰਾਹ ਤੱਕਾਂ ਨਾਲ ਚਾਵਾਂ, ਚਾਉ ਘਨੇਰਾ ਇਕ ਰਖਾਈਆ । ਦਿਵਸ ਰੈਣ ਢੋਲੇ ਗਾਵਾਂ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਅੰਤਰ ਤੇਰੇ ਵੈਰਾਗ ਦਾ ਹਾਵਾ, ਹੌਕਿਆਂ ਨਾਲ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਦਾਵਾ, ਦਾਵੇਦਾਰ ਤੇਰੀ ਵਡ ਵਡਿਆਈਆ । ਤੇਰੇ ਚਰਨ ਕਵਲ ਬਲ ਬਲ ਜਾਵਾਂ, ਸੀਸ ਜਗਦੀਸ਼ ਨਿਵਾਈਆ । ਮੈਂ ਚਾਰੋਂ ਕੁੰਟ ਹੋਇਆ ਨਿਥਾਵਾਂ, ਸਚ ਦਵਾਰਾ ਰਹਿਣ ਕੋਇ ਨਾ ਪਾਈਆ । ਜਗਤ ਆਹਾਰ ਬਣਿਆ ਸੂਰਾਂ ਗਾਵਾਂ, ਖਲੜੀ ਖੱਲ ਲੁਹਾਈਆ । ਮੈਂ ਤੇਰੀ ਓਟ ਤਕਾਵਾਂ, ਤਕਵਾ ਇਕੋ ਇਕ ਰਖਾਈਆ । ਸਾਹਿਬ ਸੁਲਤਾਨ ਕਲਜੁਗ ਕੂੜੀ ਕਿਰਿਆ ਬਦਲ ਦੇ ਪ੍ਰਛਾਵਾਂ, ਨਿਰਗੁਣ ਨੂਰ ਸੂਰੀਆ ਕਰ ਰੁਸ਼ਨਾਈਆ । ਮੈਂ ਦਿਵਸ ਰੈਣ ਕੁਰਲਾਵਾਂ, ਕੂਕ ਕੂਕ ਸੁਣਾਈਆ । ਪੁਰਖ ਅਕਾਲ ਤੈਨੂੰ ਬੁਲਾਵਾਂ, ਬਿਨਾ ਬੁੱਲਾਂ ਤੋਂ ਤੇਰੀ ਯਾਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਮ ਕਹੇ ਧਰਨੀ ਕਿੱਥੇ ਤੇਰਾ ਪੁਰਖ ਬਿਧਾਤਾ, ਪਰਮ ਪੁਰਖ ਦੇ ਸਮਝਾਈਆ । ਜੋ ਸਭ ਦਾ ਪਿਤਾ ਮਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਜੁਗ ਚੌਕੜੀ ਦੇਵੇ ਦਾਤਾ, ਸਰਗੁਣ ਝੋਲੀ ਆਪ ਭਰਾਈਆ । ਬੈਠਾ ਰਹੇ ਇਕਾਂਤਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਖੇਲ ਸਦਾ ਬਹੁਭਾਂਤਾ, ਅਵਤਾਰ ਪੈਗ਼ੰਬਰ ਗੁਰੂ ਖੇਲ ਖਿਲਾਈਆ । ਲੇਖਾ ਦੱਸ ਪੁਰਖ ਅਬਿਨਾਸਾ, ਕੀ ਅਬਿਨਾਸ਼ੀ ਕਰਤਾ ਕਲ ਵਰਤਾਈਆ । ਤੂੰ ਬਣੀ ਜਗਤ ਦੀ ਮਾਤਾ, ਧਰਨੀਏ ਕੀ ਤੇਰੀ ਵਡ ਵਡਿਆਈਆ । ਕਿਉਂ ਤੇਰੇ ਉਤੇ ਹੋਈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਆਪਣਾ ਨਿਗਹ ਮਾਰ ਕੇ ਵੇਖ ਹਾਤਾ, ਨੌ ਖੰਡਾਂ ਧਿਆਨ ਲਗਾਈਆ । ਕਿਸੇ ਮਿਲੇ ਨਾ ਕਮਲਾਪਾਤਾ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਨਾਮ ਦੇਵੇ ਨਾ ਕੋਇ ਸੌਗ਼ਾਤਾ, ਵਸਤ ਸਚ ਨਾ ਕੋਇ ਵਰਤਾਈਆ । ਚਾਰੋਂ ਕੁੰਟ ਦਿਸੇ ਘਾਟਾ, ਘਾਟੇ ਵਿਚ ਲੋਕਾਈਆ । ਕਿਥੇ ਕੱਢਿਆ ਅੰਮ੍ਰਿਤ ਵਾਲਾ ਬਾਟਾ, ਜੋ ਪੁਰਖ ਅਕਾਲ ਗੋਬਿੰਦ ਹੱਥ ਫੜਾਈਆ । ਕਿਉਂ ਵੈਰਾਗਣੇ ਤੇਰਾ ਖੁਲਾ ਦਿਸੇ ਝਾਟਾ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਧਰਨੀ ਕਹੇ ਧਰਮ ਮੇਰਾ ਵੇਖ ਚੀਥੜ ਪਾਟਾ, ਓਢਣ ਸੀਸ ਨਾ ਕੋਇ ਟਿਕਾਈਆ । ਮੈਂ ਓਸੇ ਦੀਆਂ ਤੱਕਾਂ ਵਾਟਾਂ, ਜੋ ਬਣਿਆ ਪਾਂਧੀ ਰਾਹੀਆ । ਜਿਸ ਦੀ ਯਾਦ ਵਿਚ ਜੋਤ ਜਗਾਈ ਨਾਲ ਲਲਾਟਾ, ਨੂਰ ਨੂਰ ਨਾਲ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪ ਹੋ ਆਈਆ । ਧਰਮ ਕਹੇ ਧਰਨੀ ਮੇਰਾ ਰਿਹਾ ਕੋਈ ਨਾ ਜ਼ੋਰ, ਜ਼ੋਰਾਵਰ ਧਿਆਨ ਲਗਾਈਆ । ਕਲਜੁਗ ਸਾਧ ਸੰਤ ਕੀਤੇ ਚੋਰ, ਠੱਗੀ ਜਗਤ ਨਾਲ ਕਮਾਈਆ । ਸ਼ਰਅ ਵਾਲੇ ਪੋਸ਼ ਲਾਹੁੰਦੇ ਢੋਰ, ਖੱਲਾਂ ਖੱਲ ਲੁਹਾਈਆ । ਚਾਰੋਂ ਕੁੰਟ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਮੋਰ ਤੋਰ, ਮਨ ਕਾ ਮਣਕਾ ਨਾ ਕੋਇ ਭਵਾਈਆ । ਮੈਂ ਕੂਕ ਮਚਾਵਾਂ ਸ਼ੋਰ, ਸ੍ਰੀ ਭਗਵਾਨ ਦਿਆਂ ਸੁਣਾਈਆ । ਤੇਰੇ ਹੱਥ ਸਭ ਦੀ ਡੋਰ, ਗੰਢ ਤੇਰੇ ਨਾਲ ਰਖਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਧਾਰ ਆਪੇ ਬਹੁੜ, ਬਹੁੜੀ ਬਹੁੜੀ ਤੇਰਾ ਰਾਹ ਤਕਾਈਆ । ਦੋ ਜਹਾਨਾਂ ਲਾ ਏਕਾ ਪੌੜ, ਪੌੜੀ ਡੰਡਾ ਅਵਰ ਨਾ ਕੋਇ ਬਣਾਈਆ । ਸ਼ਬਦ ਅਸਵ ਚੜ੍ਹ ਅਗੰਮੇ ਘੋੜ, ਦੋ ਜਹਾਨਾਂ ਪਾਰ ਕਰਾਈਆ । ਕਲਜੁਗ ਕੂੜੀ ਕਿਰਿਆ ਹੋੜ, ਹੋਕਾ ਦਿਆਂ

੪੭੬
੨੩

ਥਾਉਂ ਥਾਈਆ । ਭਗਤ ਸੁਹੇਲੇ ਆਪਣੇ ਨਾਲ ਜੋੜ, ਆਤਮ ਪਰਮਾਤਮ ਮੇਲ ਮਿਲਾਈਆ । ਧਰਮ ਕਹੇ ਮੇਰਾ ਕਿਸੇ ਨਾਲ ਨਹੀਂ ਖੋਰ, ਸਚ ਸਚ ਸਾਹਿਬ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਤੇਰੀ ਲੋੜ, ਲੁੜੀਂਦੇ ਸੱਜਣ ਤੇਰੀ ਆਸ ਰਖਾਈਆ ।

✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਮਾਲਚਕ ਜ਼ਿਲਾ ਅੰਮ੍ਰਿਤਸਰ ਕੁੰਦਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਉਤੇ ਰਿਹਾ ਸਚ ਨਾ ਧਰਮਾ, ਧਰਮ ਜੀ ਤੁਸੀਂ ਲਓ ਅੰਗੜਾਈਆ । ਧਰਮ ਕਹੇ ਮੈਂ ਵੀ ਵੇਖਾਂ ਕਲਜੁਗ ਕੂੜ ਕੁਕਰਮਾ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਸੰਦੇਸਾ ਦੇਵਾਂ ਸ਼ਿਵ ਬ੍ਰਹਮਾ, ਵਿਸ਼ਨੂੰ ਰਿਹਾ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜੀਵਾਂ ਜੰਤਾਂ ਵੇਖੇ ਭਰਮਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਭੈ ਰਿਹਾ ਨਾ ਕਿਸੇ ਮਰਨਾ, ਜਨਮ ਵਿਚੋਂ ਜਨਮ ਨਾ ਕੋਇ ਬਦਲਾਈਆ । ਪੁਰਖ ਅਕਾਲ ਦੀ ਲੱਗੇ ਕੋਇ ਨਾ ਸਰਨਾ, ਸ਼ਰਨਗਤ ਨਜ਼ਰ ਕੋਇ ਨਾ ਆਈਆ । ਭਵਜਲ ਪਾਰ ਕਿਸੇ ਨਾ ਤਰਨਾ, ਸ਼ੌਹ ਦਰਿਆ ਕੂੜੀ ਕਿਰਿਆ ਰਹੀ ਰੁੜ੍ਹਾਈਆ । ਦਰਗਾਹ ਸਾਚੀ ਕਿਸੇ ਨਾ ਚੜ੍ਹਨਾ, ਮੰਜ਼ਲ ਹਕ ਨਾ ਕੋਇ ਪਹੁੰਚਾਈਆ । ਲੇਖਾ ਤੱਕੇ ਵਰਨਾਂ ਬਰਨਾਂ, ਦੀਨਾਂ ਮਜ਼੍ਹਬਾਂ ਫੇਲ ਫੁਲਾਈਆ । ਕੀ ਖੇਲ ਪੁਰਖ ਅਕਾਲ ਨੇ ਕਰਨਾ, ਸਚ ਦਿਓ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਸੁਣ ਧਰਨੀ ਮੈਂ ਦੱਸਾਂ ਹਾਲ ਅਗੰਮਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਮੇਰਾ ਦੀਨ ਦਿਆਲ ਸ੍ਰੀ ਭਗਵਾਨ ਜਿਹੜਾ ਜਨਣੀ ਕੁੱਖ ਕਦੇ ਨਾ ਜੰਮਾ, ਜਨਮ ਵਿਚ ਕਦੇ ਨਾ ਆਈਆ । ਜਿਸ ਨੂੰ ਦੀਨ ਮਜ਼੍ਹਬ ਦੀ ਨਹੀਂ ਕੋਈ ਤਮਅ, ਲਾਲਚ ਦੀਨ ਮਜ਼੍ਹਬ ਜ਼ਾਤ ਪਾਤ ਨਾ ਕੋਇ ਰਖਾਈਆ । ਹਰਖ ਸੋਗ ਨਹੀਂ ਕੋਈ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਪਵਣ ਸਵਾਸ ਲਏ ਕੋਈ ਨਾ ਦਮਾ, ਸਵਾਸ ਸਵਾਸ ਨਾ ਕੋਇ ਬਦਲਾਈਆ । ਜਿਸ ਦੀ ਹੱਦ ਨਹੀਂ ਕੋਈ ਬੰਨਾ, ਦੋ ਜਹਾਨ ਵੱਜੇ ਵਧਾਈਆ । ਜਿਸ ਦੇ ਹੁਕਮ ਵਿਚ ਗੋਬਿੰਦ ਇਕ ਲਗਾਇਆ ਕੰਨਾ, ਓਹ ਕਾਇਨਾਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਧਰਮ ਤੇਰੀ ਕਿੱਥੇ ਤਾਕਤ ਗਈ ਧੁਜ, ਸਤਿ ਸਚ ਦੇ ਸਮਝਾਈਆ । ਕਿਉਂ ਦੀਪਕ ਰਿਹਾ ਬੁਝ, ਸਚ ਜੋਤ ਨਾ ਕੋਇ ਰੁਸ਼ਨਾਈਆ । ਕਿਉਂ ਕੂੜੀ ਕਿਰਿਆ ਗਈ ਰੁਝ, ਅੰਤਰ ਭੁੱਲਿਆ ਬੇਪਰਵਾਹੀਆ । ਪਵਿਤ੍ਰ ਰਹੀ ਕਿਸੇ ਨਾ ਬੁਧ, ਮਨ ਮਤ ਕਰੇ ਲੜਾਈਆ । ਨਿਰਮਲ ਨੂਰ ਨਜ਼ਰ ਨਾ ਆਏ ਦੁਧ, ਸਤਿ ਸਰੂਪ ਨਾ ਕੋਇ ਵਖਾਈਆ । ਕਿਉਂ ਕਲਜੁਗ ਰਿਹਾ ਕੁਦ, ਭੱਜੇ ਵਾਹੋ ਦਾਹੀਆ । ਧਰਮ ਕਹੇ ਧਰਨੀਏ ਹੁਣ ਲੇਖਾ ਉਸ ਪ੍ਰਭੂ ਦਾ ਜਿਸ ਦੇ ਹੱਥ ਸਭ ਕੁਝ, ਕਰਨੀ ਕਰਤਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਧਰਨੀ ਕਹੇ ਧਰਮ ਮੈਂ ਕਿਸ ਬਿਧ ਰਖਾਂ ਉਮੀਦਾ, ਕਵਣ ਕੂਟ ਧਿਆਨ ਲਗਾਈਆ । ਕਿਧਰ ਲਾਵਾਂ ਨੀਝਾ, ਬਿਨ ਨੈਣਾਂ ਨੈਣ ਉਠਾਈਆ । ਕਿਸ ਧਾਰ ਵਿਚ ਰਖਾਂ ਸਿੱਧਾ ਦੀਦਾ, ਦੀਦਾ ਦਾਨਿਸਤਾ ਸੋਭਾ

ਪਾਈਆ । ਧਰਮ ਕਹੇ ਉਸ ਪ੍ਰਭੂ ਦਾ ਖੇਲ ਪੋਸ਼ੀਦਾ, ਪੇਸ਼ੀਨਗੋਈਆਂ ਵਿਚ ਸਾਰੇ ਗਏ ਦ੍ਰਿੜਾਈਆ । ਜੋ ਭਗਤਾਂ ਪੂਰੀਆਂ ਕਰੇ ਰੀਝਾ, ਸੰਤ ਸੁਹੇਲੇ ਮੇਲ ਮਿਲਾਈਆ । ਚਾਰ ਜੁਗ ਦੇ ਸ਼ਾਸਤਰਾਂ ਦੀ ਧਾਰ ਸਤਿ ਸਤਿ ਦੀਆਂ ਰਸੀਦਾਂ, ਕਲਮੇ ਕਾਇਨਾਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵਡ ਵਡਿਆਈਆ । ਧਰਨੀ ਕਹੇ ਧਰਮ ਆ ਦੋਵੇਂ ਕਰੀਏ ਸਲਾਹ, ਮਸ਼ਵਰਾ ਇਕ ਪਕਾਈਆ । ਸਤਿਗੁਰ ਸ਼ਬਦ ਬਣਾਈਏ ਮਲਾਹ, ਖੇਵਟ ਖੇਟਾ ਇਕ ਰਖਾਈਆ । ਬਿਨਾ ਕਰਾਂ ਹੱਥਾਂ ਤੋਂ ਕਰੀਏ ਦੁਆ, ਦੋਏ ਜੋੜ ਵਾਸਤਾ ਪਾਈਆ । ਸਾਡੇ ਮਿਹਰਵਾਨ ਖ਼ੁਦਾ, ਮਹਿਬੂਬ ਤੇਰੀ ਸਰਨਾਈਆ । ਵਾਹਿਗੁਰੂ ਹੋ ਸਹਾ, ਸਹਾਇਕ ਨਾਇਕ ਨਜ਼ਰੀ ਆਈਆ । ਧੁਰ ਦੇ ਰਾਮ ਦਇਆ ਕਮਾ, ਕਾਹਨਾਂ ਦੇ ਕਾਹਨ ਤੇਰਾ ਨੂਰ ਇਕੋ ਨਜ਼ਰੀ ਆਈਆ । ਸਾਡਾ ਲਹਿਣਾ ਦੇਣਾ ਪੂਰ ਕਰਾ, ਕਰਮ ਕਾਂਡ ਦਾ ਪੰਧ ਮੁਕਾਈਆ । ਧਰਨੀ ਕਹੇ ਮੇਰਾ ਪਵਿਤ੍ਰ ਕਰ ਥਾਂ, ਥਾਨ ਥਨੰਤਰ ਵੱਜੇ ਵਧਾਈਆ । ਧਰਮ ਕਹੇ ਮੈਂ ਸਚ ਦੀ ਪਕੜਾਂ ਬਾਂਹ, ਬਾਹੂ ਬਲ ਧਰਾਈਆ । ਦੋਹਾਂ ਨੂੰ ਇਕੋ ਦੀਨ ਦਿਆਲ ਕਰ ਦੇ ਹਾਂ, ਨਜ਼ਰ ਨਜ਼ਰ ਵਿਚੋਂ ਬਦਲਾਈਆ । ਬਿਨ ਤੇਰੀ ਕਿਰਪਾ ਹੰਸ ਬਣ ਨਹੀਂ ਸਕਦੇ ਕਾਂ, ਕਾਗੋਂ ਹੰਸ ਨਾ ਕੋਇ ਉਡਾਈਆ । ਝਗੜਾ ਮੇਟ ਦੇ ਸੂਰ ਗਾਂ, ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਧਰਨੀ ਰੋ ਪਈ ਮਾਰ ਕੇ ਧਾਹ, ਦੋਹੱਥੜ ਧਰਮ ਦਿਤੀ ਲਗਾਈਆ । ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਆਪਣਾ ਫੇਰਾ ਪਾ, ਪਾਰਬ੍ਰਹਮ ਪ੍ਰਭ ਤੇਰੀ ਓਟ ਰਖਾਈਆ । ਸਚ ਸਵਾਮੀ ਅੰਤਰਜਾਮੀ ਬਿਨ ਹੱਥਾਂ ਦੇਦੇ ਠੰਡੀ ਛਾਂ, ਅਗਨੀ ਤਤ ਤਤ ਬੁਝਾਈਆ । ਅਸੀਂ ਦੋਵੇਂ ਮਿਲ ਕੇ ਕਹੀਏ ਵਾਹ ਵਾਹ, ਵਾਹਿਗੁਰੂ ਤੇਰੀ ਬੇਪ੍ਰਵਾਹੀਆ । ਧਰਮ ਕਹੇ ਸਤਿਜੁਗ ਸਾਡੇ ਨਾਲ ਰਲਾ, ਪੱਲੂ ਧੁਰ ਦੀ ਗੰਢ ਬੰਧਾਈਆ । ਲੇਖਾ ਰਸੂਲਾਂ ਵਾਲਾ ਮੁਕਾ, ਅੱਲਾ ਤੇਰੀ ਬੇਪਰਵਾਹੀਆ । ਸਾਰੇ ਤੇਰਾ ਰਹੇ ਰਾਹ ਤਕਾ, ਤਕਵਾ ਇਕ ਰਖਾਈਆ । ਤੂੰ ਮਾਲਕ ਖ਼ਾਲਕ ਅਗੰਮ ਅਥਾਹ, ਵਡ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਧਰਨੀ ਕਹੇ ਸਾਹਿਬ ਸੁਲਤਾਨ ਮੈਂ ਤੇਰੇ ਬਲ ਬਲ ਜਾਂ, ਧਰਮ ਕਹੇ ਮੈਂ ਬਲਿਹਾਰੀ ਆਪਣਾ ਆਪ ਘੋਲ ਘੁਮਾਈਆ ।


੪੭੮
੨੩

## ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ਗੁਰਨਾਮ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀਏ ਸ੍ਰਿਸ਼ਟੀ ਹੋਈ ਨਿਗੁਰੀ, ਸਤਿਗੁਰ ਸ਼ਬਦ ਨਾ ਕੋਇ ਮਨਾਈਆ । ਅੰਤਰ ਵਾਸ਼ਨਾ ਹੋਈ ਬੁਰੀ, ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਸ਼ਰਅ ਦੀ ਚਾਰੋਂ ਕੁੰਟ ਚਲੀ ਛੁਰੀ, ਜਿਸ ਨੂੰ ਜ਼ਮੀਰ ਜ਼ਿਬਹ ਕਰਾਈਆ । ਮੰਜ਼ਲ ਚੜ੍ਹੇ ਨਾ ਕੋਇ ਅਗੰਮੀ ਤੁਰੀ, ਤੁਰੀਆ ਤੋਂ ਪਰੇ ਦਰਸ ਕੋਇ ਨਾ ਪਾਈਆ । ਸੁਰਤ ਸ਼ਬਦ ਕੋਇ ਨਾ ਫੁਰੀ, ਫੁਰਨਾ ਮਨ ਬੰਦ ਨਾ ਕੋਇ ਕਰਾਈਆ । ਸਚਖੰਡ ਦਿਸੇ ਨਾ ਕਿਸੇ ਪੁਰੀ, ਪੁਰੀਆਂ ਲੋਆਂ ਤੋਂ ਬਾਹਰ ਪੰਧ ਨਾ ਕੋਇ ਮੁਕਾਈਆ । ਸਤਿਗੁਰ ਮਿਲੇ ਨਾ ਚਰਨ ਧੂੜੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਰੰਗਣ ਚੜ੍ਹੇ ਕਿਸੇ ਨਾ ਗੂੜ੍ਹੀ, ਤਨ ਵਜੂਦ ਨਾ ਕੋਇ ਸਫ਼ਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਕਰੇ ਨਾ ਕੋਇ ਮਜ਼ਦੂਰੀ, ਪਾਰਬ੍ਰਹਮ ਬ੍ਰਹਮ ਸੇਵ ਨਾ ਕੋਇ

ਕਮਾਈਆ । ਕਲਜੁਗ ਸਭ ਨੂੰ ਰਿਹਾ ਘੂਰੀ, ਚਾਰ ਕੁੰਟ ਰਿਹਾ ਡਰਾਈਆ । ਜਿਸ ਨੇ ਜੂਠ ਝੂਠ ਕੀਤੀ ਮਸ਼ਹੂਰੀ, ਮਸ਼ਵਰਾ ਮਾਇਆ ਮਮਤਾ ਨਾਲ ਪਕਾਈਆ ਸਤਿਗੁਰ ਦਰਸ ਕੋਇ ਨਾ ਕਰੇ ਹਜ਼ੂਰੀ, ਸਨਮੁਖ ਨਜ਼ਰ ਕੋਇ ਨਾ ਆਈਆ । ਜੋਤ ਨਜ਼ਰ ਨਾ ਆਏ ਨੂਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਧਰਮ ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਜਣਾਈਆ । ਸਚ ਦੀ ਰਹੀ ਨਾ ਕੋਇ ਨਿਸ਼ਾਨੀ, ਨਿਸ਼ਾਨਾ ਧਰਮ ਨਾ ਕੋਇ ਜਣਾਈਆ । ਝਗੜਾ ਪਿਆ ਜੀਵ ਪ੍ਰਾਣੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਸਾਬਤ ਦਿਸੇ ਨਾ ਕੋਇ ਈਮਾਨੀ, ਅਮਲਾਂ ਵਿਚ ਨਾ ਕੋਇ ਲੋਕਾਈਆ । ਜਿਧਰ ਤੱਕਾਂ ਬੇਈਮਾਨੀ, ਸਤਿ ਸਚ ਨਾ ਕੋਇ ਰਖਾਈਆ । ਝਗੜਾ (ਚੁੱਕੇ) ਨਾ ਚਾਰੇ ਖਾਣੀ, ਚਾਰੇ ਬਾਣੀ ਰਹੀ ਸਮਝਾਈਆ । ਆਤਮ ਬ੍ਰਹਮ ਦੀ ਕਰੇ ਨਾ ਕੋਇ ਪਹਿਚਾਨੀ, ਬੇਪਹਿਚਾਨ ਹੋਈ ਲੋਕਾਈਆ । ਅਵਤਾਰਾਂ ਪੈਗੰਬਰਾਂ ਗੁਰੂਆਂ ਦੀ ਭੁਲੀ ਸਭ ਨੂੰ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਲਗਾਈਆ । ਮਨ ਮਨੂਆ ਚੜ੍ਹਿਆ ਆਪਣੀ ਤਰਲ ਜਵਾਨੀ, ਜੋਬਨ ਜਗਤ ਵਾਲਾ ਹੰਢਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਪੀਏ ਕੋਇ ਨਾ ਪਾਣੀ, ਅਗਨੀ ਅੱਗ ਨਾ ਕੋਇ ਬੁਝਾਈਆ । ਮਿਲੇ ਮੇਲ ਨਾ ਸ਼ਹਿਨਸ਼ਾਹ ਸੁਲਤਾਨੀ, ਪਰਮ ਪੁਰਖ ਦਰਸ ਕੋਇ ਨਾ ਪਾਈਆ । ਜਿਧਰ ਤੱਕਾਂ ਜਗਤ ਵਿਦਿਆ ਹੋਈ ਅਭਿਮਾਨੀ, ਮਨ ਕਾ ਮਣਕਾ ਨਾ ਕੋਇ ਭਵਾਈਆ । ਕਿਸੇ ਹੱਥ ਨਾ ਆਵੇ ਪਦ ਨਿਰਬਾਨੀ, ਸਚ ਦਵਾਰਾ ਵੇਖਣ ਕੋਇ ਨਾ ਪਾਈਆ । ਧਰਨੀ ਕਹੇ ਧਰਮ ਮੇਰੀ ਇਕੋ ਆਸ਼ਾ ਸਚ ਕਰ ਮਾਨੀ, ਬਿਨਾ ਮਨਸਾ ਤੋਂ ਦਿਆਂ ਸੁਣਾਈਆ । ਕਲਜੁਗ ਅੰਤਮ ਚਾਰੇ ਕੁੰਟਾਂ ਆਈ ਹਾਨੀ, ਸਿਰ ਸਕੇ ਨਾ ਕੋਇ ਉਠਾਈਆ । ਪਰਮ ਪੁਰਖ ਭੁੱਲਿਆ ਜੀਵ ਪ੍ਰਾਣੀ, ਪੁਰਾਨ ਅਠਾਰਾਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਆਦਿ ਜੁਗਾਦਿ ਜ਼ਿਮੀਂ ਅਸਮਾਨੀ, ਜੁਗ ਜੁਗ ਦੋ ਜਹਾਨਾਂ ਵੇਖ ਵਖਾਈਆ ।



### ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ਨਰਾਇਣ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀਏ ਕੀ ਕਰੀਏ ਹੁਣ ਦੋ, ਦੋ ਜਹਾਨ ਧਿਆਨ ਲਗਾਈਆ । ਸਾਡਾ ਮਾਣ ਰਿਹਾ ਨਾ ਕੋ, ਨਵ ਸੱਤ ਵੇਖ ਵਖਾਈਆ । ਸਾਡੇ ਨਾਲੋਂ ਸਭ ਦਾ ਤੁਟਾ ਮੋਹ, ਮੁਹੱਬਤ ਕੂੜੀ ਕਿਰਿਆ ਨਾਲ ਰਖਾਈਆ । ਪੰਚ ਵਿਕਾਰਾ ਬਣਿਆ ਗਰੋਹ, ਘਰ ਘਰ ਡੇਰਾ ਲਾਈਆ । ਸਾਚਾ ਨਾਮ ਸੁਣੇ ਕੋਈ ਨਾ ਸੋ, ਸੋ ਪੁਰਖ ਨਿਰੰਜਣ ਮੇਲ ਨਾ ਕੋਇ ਮਿਲਾਈਆ । ਕਲਜੁਗ ਚਾਰੋਂ ਕੁੰਟ ਕਰੇ ਧਰੋਹ, ਹੰ ਬ੍ਰਹਮ ਨਾ ਕੋਇ ਸਮਝਾਈਆ । ਨਿਜ ਨੇਤਰ ਲੋਚਨ ਹੋਏ ਕਿਸੇ ਨਾ ਲੋ, ਨੂਰ ਜ਼ਹੂਰ ਨਜ਼ਰ ਕਿਸੇ ਨਾ ਪਾਈਆ । ਮੇਰਾ ਸਭ ਕੁਛ ਕਲਜੁਗ ਲਿਆ ਖੋਹ, ਖ਼ਾਲੀ ਹੱਥ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਸਾਚਾ ਹੁਕਮ ਵਰਤਾਈਆ । ਧਰਨੀ ਕਹੇ ਧਰਮ ਆਪਣਾ ਰਖ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਧਿਆਨ ਲਗਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਮਿਹਰਾ, ਮਿਹਰਵਾਨ ਹੋਏ

੪੮੦
੨੩

ਸਹਾਈਆ । ਜਿਨ ਨਾਮ ਦ੍ਰਿੜਾਇਆ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਰੰਗ ਰੰਗਾਈਆ । ਸਤਿਗੁਰ ਸ਼ਬਦ ਸ਼ਬਦ ਗੁਰ ਚੇਰਾ, ਸ਼ਹਿਨਸ਼ਾਹ ਇਕ ਅਖਵਾਈਆ । ਚਾਰੋਂ ਕੁੰਟ ਮੇਟੇ ਅੰਧੇਰਾ, ਸਾਚਾ ਚੰਦ ਕਰੇ ਰੁਸ਼ਨਾਈਆ । ਮੇਰਾ ਖੁਲਾ ਕਰੇ ਵਿਹੜਾ, ਚਾਰੋਂ ਕੁੰਟ ਵਜੇ ਵਧਾਈਆ । ਜਿਸ ਸਦੀ ਚੌਧਵੀਂ ਅੰਤਮ ਦੇਣਾ ਗੇੜਾ, ਉਲਟੀ ਲੱਠ ਭਵਾਈਆ । ਵਰਨਾਂ ਬਰਨਾਂ ਭੇੜੇ ਭੇੜਾ, ਦੀਨਾਂ ਮਜ਼੍ਹਬਾਂ ਦਏ ਟਕਰਾਈਆ । ਉਸ ਦਾ ਹੁਕਮ ਸੁਣ ਕੇਰਾ, ਇਕੋ ਵਾਰ ਸੁਣਾਈਆ । ਜੋ ਨਿਰਗੁਣ ਧਾਰ ਪਾਏ ਫੇਰਾ, ਫਿਰਤ ਫਿਰਤ ਵੇਖੇ ਸਰਬ ਲੋਕਾਈਆ । ਜਨ ਭਗਤਾਂ ਬੰਨ੍ਹੇ ਬੇੜਾ, ਬੇੜਾ ਆਪਣੇ ਕੰਧ ਉਠਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਝੇੜਾ, ਝਗੜਾ ਜਗਤ ਦਏ ਚੁਕਾਈਆ । ਓਹਦਾ ਹੁਕਮ ਇਕੋ ਅੰਤਮ ਅੰਤ ਬਥੇਰਾ, ਬਹੁ ਲੋੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਧਰਨੀ ਮੇਰੀ ਵੱਲ ਝਾਕ, ਬਿਨ ਨੈਣਾਂ ਨੈਣ ਉਠਾਈਆ । ਮੇਰਾ ਨੌ ਖੰਡ ਪ੍ਰਿਥਮੀ ਬੰਦ ਹੋਇਆ ਤਾਕ, ਕੁਫ਼ਲ ਸਕੇ ਨਾ ਕੋਇ ਖੁਲਾਈਆ । ਮੈਨੂੰ ਯਾਦ ਆਉਂਦਾ ਸਭ ਦਾ ਭਵਿਖਤ ਵਾਕ, ਜੋ ਅਵਤਾਰ ਪੈਗ਼ੰਬਰ ਗੁਰ ਗਏ ਸੁਣਾਈਆ । ਸੋ ਵਕਤ ਪੁੱਜਿਆ ਨਾਲ ਇਤਫ਼ਾਕ, ਇਤਫ਼ਾਕੀਆ ਗਿਆ ਆਈਆ । ਬਹੁੜੀ ਚਾਰ ਕੁੰਟ ਮੇਰਾ ਰਿਹਾ ਕੋਇ ਨਾ ਗਾਹਕ, ਖ਼ਰੀਦਦਾਰ ਨਾ ਕੋਇ ਅਖਵਾਈਆ । ਜੋ ਦੀਨ ਮਜ਼੍ਹਬ ਬਣੇ ਮੇਰੇ ਰਾਹਕ, ਅੰਤ ਹਾਲਾ ਦੇਣ ਕੋਇ ਨਾ ਆਈਆ । ਮੇਰਾ ਚੀਥੜ ਪੁਰਾਣਾ ਬਦਲਣ ਵਾਲੀ ਪੁਸ਼ਾਕ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਚਾਰ ਵਰਨਾਂ ਰਿਹਾ ਕੋਈ ਨਾ ਸਾਕ, ਸਜਣ ਸਾਕ ਨਾ ਕੋਇ ਰਖਾਈਆ । ਓਹ ਵੇਖ ਮੈਨੂੰ ਇਸ਼ਾਰਾ ਦੇਵੇ ਈਸਾ ਦਾ ਕਲਾਕ, ਕਲਾ ਪ੍ਰਭ ਦੀ ਵੇਖ ਵਖਾਈਆ । ਤਨ ਬੁਤ ਵਜੂਦ ਰਿਹਾ ਕਿਸੇ ਨਾ ਪਾਕ, ਮੁਹੰਮਦ ਵੇਖੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਧਰਮ ਨਾ ਰੋ ਮੇਰਿਆ ਵੀਰਾ, ਧੀਰਜ ਧੀਰ ਨਾਲ ਜਣਾਈਆ । ਜਿਸ ਰਵਿਦਾਸ ਦਾ ਲੇਖੇ ਲਾਇਆ ਕਸੀਰਾ, ਗੰਗਾ ਗੰਗੋਤਰੀ ਦਏ ਗਵਾਹੀਆ । ਜਿਸ ਮਾਣ ਦਵਾਇਆ ਪੈਗ਼ੰਬਰ ਪੀਰਾ ਫ਼ਕੀਰਾ, ਫ਼ਿਕਰਾ ਇਕ ਸੁਣਾਈਆ । ਜਿਸ ਅਵਤਾਰਾਂ ਦਿਤੀਆਂ ਧੀਰਾਂ, ਧੀਰਜ ਨਾਲ ਜਣਾਈਆ । ਜਿਸ ਗੋਬਿੰਦ ਬੰਨ੍ਹਿਆ ਚੀਰਾ, ਚਿਰੀ ਵਿਛੁੰਨੇ ਲਏ ਮਿਲਾਈਆ । ਜਿਸ ਭੇਵ ਖੁਲਾਇਆ ਕਬੀਰਾ, ਕਬਰਾਂ ਤੋਂ ਬਾਹਰ ਦ੍ਰਿੜਾਈਆ । ਉਹ ਬਦਲ ਦੇਵੇ ਸਭ ਦੀਆਂ ਤਕਦੀਰਾ, ਤਦਬੀਰ ਆਪਣੀ ਇਕ ਜਣਾਈਆ । ਜਿਸ ਦੀਆਂ ਵੇਖ ਸਕੇ ਨਾ ਕੋਇ ਤਸਵੀਰਾ, ਤਸੱਵਰ ਕਰ ਨਾ ਕੋਇ ਜਣਾਈਆ । ਉਹ ਮੇਰਾ ਮਾਲਕ ਘੱਤ ਕੇ ਆ ਗਿਆ ਵਹੀਰਾ, ਦੋ ਜਹਾਨਾਂ ਪੰਧ ਮੁਕਾਈਆ । ਓਹਦੇ ਕੋਲ ਸ਼ਬਦ ਦੀਆਂ ਸ਼ਮਸ਼ੀਰਾ, ਖੰਡਾ ਇਕੋ ਇਕ ਦਰਸਾਈਆ । ਜਿਸ ਦੀਨ ਦੁਨੀ ਦੀਆਂ ਮੇਟਣੀਆਂ ਲਕੀਰਾ, ਹੱਦ ਹਦੂਦ ਮਿਟਾਈਆ । ਝਗੜਾ ਰਹਿਣ ਨਾ ਦੇਵੇ ਗ਼ਰੀਬ ਅਮੀਰਾ, ਸ਼ਾਹ ਹਕੀਰਾ ਇਕੋ ਘਰ ਸਹਾਈਆ । ਉਸ ਦਾ ਨਿਸ਼ਾਨਾ ਨਹੀਂ ਕੋਈ ਜਗਤ ਮੁਖੀ ਵਾਲੇ ਤੀਰਾ, ਓਹ ਤੀਰ ਅੰਦਾਜ਼ ਧੁਰ ਦਾ ਮਾਹੀਆ । ਜਿਸ ਦੇ ਕੋਲ ਅੰਮ੍ਰਿਤ ਨਾਮ ਅਗੰਮਾ ਸੀਰਾ, ਘਰ ਘਰ ਦਏ ਪਿਆਈਆ । ਓਹ ਸ਼ਹਿਨਸ਼ਾਹ ਪਾਤਸ਼ਾਹ ਓਹਦਾ ਸਤਿਗੁਰ ਸ਼ਬਦ ਵਜ਼ੀਰਾ, ਹੁਕਮ ਦਾ ਹਾਕਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਗੁਣੀ ਗਹੀਰ ਗਹਿਰ ਗਵਰ ਇਕ ਅਖਵਾਈਆ ।

## ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸੁਖਦੇਵ ਰਾਜ ਦੇ ਗ੍ਰਿਹਿ ✪

ਧਰਮ ਕਹੇ ਧਰਨੀਏ ਮੈਨੂੰ ਵੇਖ ਕੇ ਆਉਂਦਾ ਦਰਦ, ਦੁਖੀ ਦੀਨ ਦੁਨੀ ਕੁਰਲਾਈਆ । ਸ਼ਰਅ ਛੁਰੀ ਕਸਾਈ ਬਣੀ ਕਰਦ, ਕਤਲਗਾਹ ਦਿਸੇ ਖ਼ਲਕ ਖ਼ੁਦਾਈਆ । ਮੈਂ ਸਤਿ ਸਚ ਦੀ ਕਰਾਂ ਅਰਜ਼, ਅਰਜ਼ ਇਕ ਦ੍ਰਿੜਾਈਆ । ਪਰਵਰਦਿਗਾਰ ਸਾਂਝੇ ਯਾਰ ਮਰਦਾਨੇ ਮਰਦ, ਮਿਹਰਵਾਨ ਹੋ ਸਹਾਈਆ । ਤੇਰੇ ਕੋਲ ਆਦਿ ਜੁਗਾਦੀ ਸਭ ਦੀ ਫ਼ਰਦ, ਲੇਖਾ ਧੁਰ ਦਾ ਨਜ਼ਰੀ ਆਈਆ । ਸਭ ਦੀ ਪੂਰੀ ਕਰ ਦੇ ਸ਼ਰਤ, ਸ਼ਰਅ ਸ਼ਰੀਅਤ ਫੋਲ ਫੁਲਾਈਆ । ਚਰਨ ਛੁਹਾ ਦੇ ਉਪਰ ਧਰਤ, ਧਵਲ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਮ ਕਹੇ ਧਰਨੀਏ ਮੈਂ ਬੱਧੇ ਦੋਵੇਂ ਹੱਥ, ਬਿਨਾ ਹਥੇਲੀ ਹਥੇਲੀ ਮਿਲਾਈਆ । ਸੀਸ ਝੁਕਾਵਾਂ ਪੁਰਖ ਸਮਰਥ, ਦਰ ਠਾਂਡੇ ਲਾਗਾਂ ਪਾਈਆ । ਵਸਤ ਅਗਮੀ ਦੇ ਵਥ, ਅਮੁਲ ਅਤੁਲ ਵਰਤਾਈਆ । ਆਪਣਾ ਹੁਕਮ ਦੱਸ ਸਮਰਥ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਕੂੜੀ ਕਿਰਿਆ ਲਾਹ ਸਥ, ਸਥਰ ਯਾਰੜਾ ਗੋਬਿੰਦ ਦਏ ਗਵਾਹੀਆ । ਮੇਰੀ ਨੇਤਰ ਵੇਖ ਵਹਿੰਦੀ ਅੱਖ, ਹੰਝੂਆਂ ਹਾਰ ਬਣਾਈਆ । ਕਲਜੁਗ ਕੂੜ ਕੁੜਿਆਰੇ ਪਾ ਨਥ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਝਗੜਾ ਮੇਟ ਵਿਕਾਰਾ ਅੱਠ, ਨੌਂ ਦਵਾਰੇ ਪੰਧ ਮੁਕਾਈਆ । ਦੀਪਕ ਜੋਤ ਪ੍ਰਕਾਸ਼ ਜਗੇ ਲਟ ਲਟ, ਅੰਧ ਅੰਧੇਰ ਮਿਟਾਈਆ । ਸ਼ਬਦ ਅਨਾਦੀ ਮਾਰ ਸੱਟ, ਸੁੱਤਿਆਂ ਲੈ ਜਗਾਈਆ । ਸਤਿ ਧਰਮ ਦਾ ਖੋਲ ਹੱਟ, ਹਟਵਾਣਾ ਬਣ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਦੇ ਕੱਟ, ਮਲੇਛਾਂ ਅੰਦਰ ਕਰ ਸਫ਼ਾਈਆ । ਮੈਂ ਤੇਰਾ ਢੋਲਾ ਗਾਵਾਂ ਬਣ ਕੇ ਭੱਟ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਤੂੰ ਧਰਮ ਦਵਾਰਾ ਦੱਸ ਦੇ ਇਕੋ ਤਟ, ਕਿਨਾਰਾ ਇਕੋ ਨਜ਼ਰੀ ਆਈਆ । ਸਾਹਿਬ ਪੁਰਖ ਅਕਾਲ ਦੀਨ ਦਿਆਲ ਆਪਣੀ ਬਦਲ ਕਰਵਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਮ ਕਹੇ ਧਰਨੀਏ ਆ ਦੋਵੇਂ ਮੰਗੀਏ, ਦਰ ਠਾਂਡੇ ਸੀਸ ਨਿਵਾਈਆ । ਸਚ ਦਵਾਰਾ ਪ੍ਰਭੂ ਦਾ ਲੰਘੀਏ, ਆਪਣਾ ਪੰਧ ਮੁਕਾਈਆ । ਆਪਣਾ ਦੁਖੜਾ ਦੱਸੀਏ ਤੰਗੀਏ, ਨੈਣਾਂ ਨੀਰ ਵਹਾਈਆ । ਪ੍ਰਕਾਸ਼ ਰਿਹਾ ਨਾ ਤਾਰਾ ਚੰਦੀਏ, ਸੂਰੀਆ ਲੋਇਣ ਨਾ ਕੋਇ ਖੁਲਾਈਆ । ਫਿਰੀ ਦੁਹਾਈ ਵਿਚ ਵਰਭੰਡੀਏ, ਬ੍ਰਹਿਮੰਡ ਰਹੇ ਕੁਰਲਾਈਆ । ਸਭ ਦੀ ਆਤਮ ਹੋਈ ਰੰਡੀਏ, ਕੰਤ ਸੁਹਾਗੀ ਹਰਿ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਧਰਮ ਮੈਂ ਦੱਸਾਂ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਓਹ ਸਾਹਿਬ ਕਮਲਾਪਾਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਉਹ ਜੁਗ ਜੁਗ ਦੇਵੇ ਸਚ ਸੌਗਾਤ, ਸਤਿ ਸਤਿਵਾਦੀ ਆਪ ਵਰਤਾਈਆ । ਸਭ ਦਾ ਬਣ ਕੇ ਪਿਤਾ ਮਾਤ, ਵੇਖਣਹਾਰਾ ਥਾਉਂ ਥਾਈਂਆ । ਕੀ ਹੋਇਆ ਜੇ ਕਲਜੁਗ ਹੋਈ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਓਹ ਸਵਾਮੀ ਅੰਤਰਜਾਮੀ ਵੇਖਣਹਾਰ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਓਹ ਸਾਡੀ ਜ਼ਰੂਰ ਪੂਰੀ ਕਰੇਗਾ ਆਸ, ਆਹਿਸਤਾ ਆਹਿਸਤਾ ਆਪਣਾ ਪੰਧ ਮੁਕਾਈਆ । ਜ਼ਰਾ ਨਿਗਾਹ ਮਾਰ ਲੈ ਉਪਰ ਅਕਾਸ਼, ਅਕਾਸ਼ਾਂ ਤੋਂ ਪਰੇ ਧਿਆਨ ਲਗਾਈਆ । ਜਿਸ ਦਾ ਸਚਖੰਡ ਦਵਾਰ ਨਿਵਾਸ, ਸਿੰਘਾਸਣ ਆਸਣ ਡੇਰਾ ਲਾਈਆ । ਉਹ ਭਗਤ ਸੁਹੇਲਾ ਇਕ ਅਕੇਲਾ ਨਿਰਗੁਣ

ਸਰਗੁਣ ਦਾ ਦਾਸੀ ਦਾਸ, ਸੇਵਕ ਸੇਵਾ ਆਪ ਕਮਾਈਆ । ਜਿਸ ਦੀ ਨਾ ਕੋਈ ਜ਼ਾਤ ਨਾ ਕੋਈ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਉਹ ਹਜ਼ੂਰ ਜ਼ਰੂਰ ਬਦਲੇਗਾ ਸਮਾਜ, ਸਮਗਰੀ ਧੁਰ ਦਾ ਨਾਮ ਵਰਤਾਈਆ । ਸਤਿਜੁਗ ਨੂੰ ਸਚ ਦੇਵੇਗਾ ਰਾਜ, ਰਈਅਤ ਹਰਿਜਨ ਮਾਤ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਧਰਮ ਕਹੇ ਧਰਨੀਏ ਕੀ ਮੈਨੂੰ ਦੇਵੇਂ ਧਰਵਾਸ, ਧਰਮ ਨਾਲ ਜਣਾਈਆ । ਕਿਸ ਬਿਧ ਮੇਰਾ ਪੂਰਾ ਹੋਏ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਧਰਨੀ ਕਹੇ ਮੈਂ ਉਸ ਦੀ ਰਖੀ ਆਸ, ਇਕੋ ਓਟ ਤਕਾਈਆ । ਜੋ ਖੇਲੇ ਖੇਲ ਤਮਾਸ਼, ਜੁਗ ਕਰਤਾ ਬੇਪਰਵਾਹੀਆ । ਜਿਸ ਮੰਡਲ ਮੰਡਪ ਪਵਾਈ ਰਾਸ, ਗੋਪੀ ਕਾਹਨ ਧਾਰ ਪ੍ਰਗਟਾਈਆ । ਜਿਸ ਲੱਖ ਚੁਰਾਸੀ ਜਨਮ ਕਰਨਾ ਰਾਸ, ਰਸਤਾ ਆਪਣਾ ਇਕ ਸਮਝਾਈਆ । ਸਭ ਦੀ ਤ੍ਰਿਖਾ ਮੇਟਣੀ ਪਿਆਸ, ਅੰਮ੍ਰਿਤ ਧਾਰ ਮੁਖ ਚੁਆਈਆ । ਜਨ ਭਗਤਾਂ ਦੇਣੀ ਸ਼ਾਬਾਸ਼, ਸਿਰ ਸਿਰ ਹੱਥ ਰਖਾਈਆ । ਉਹ ਸਾਡੀ ਜ਼ਰੂਰ ਸੁਣੇਗਾ ਬਾਤ, ਬਾਤਨ ਵੇਖੇ ਧੁਰ ਦਰਗਾਹੀਆ । ਜਗਤ ਰਹਿਣ ਨਾ ਦੇਵੇ ਅੰਧੇਰੀ ਰਾਤ, ਸਤਿਜੁਗ ਚੰਨ ਕਰੇ ਰੁਸ਼ਨਾਈਆ । ਉਸ ਦੀ ਆਤਮ ਪਰਮਾਤਮ ਦੀ ਧਾਰ ਹੋਵੇ ਜਮਾਤ, ਜੁਮਲਾ ਅੱਖਰ ਇਕ ਪੜ੍ਹਾਈਆ । ਨਿਰਗੁਣ ਹੋ ਸਰਗੁਣ ਪੁਛੇ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਉਹਦਾ ਖੇਲ ਤੱਕਣਾ ਲੋਕਮਾਤ, ਧਰਨੀ ਧਰਤ ਧਵਲ ਧੌਲ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਧਰਮ ਆ ਮਿਲ ਕੇ ਕਰੀਏ ਡੰਡਾਵਤ, ਦਰ ਠਾਂਡੇ ਸੀਸ ਨਿਵਾਈਆ । ਪ੍ਰਭ ਸਚ ਦੀ ਦੇ ਨਿਆਮਤ, ਵਸਤ ਅਮੋਲਕ ਇਕ ਵਰਤਾਈਆ । ਕੂੜੀ ਕਿਰਿਆ ਮੇਟ ਬਗ਼ਾਵਤ, ਬਲਗੀਰ ਕਰ ਲੋਕਾਈਆ । ਤੂੰ ਮਾਲਕ ਸਹੀ ਸਲਾਮਤ, ਆਦਿ ਜੁਗਾਦੀ ਇਕ ਅਖਵਾਈਆ । ਨੌਂ ਖੰਡ ਪ੍ਰਿਥਮੀ ਰਹੇ ਨਾ ਕੂੜ ਜਹਾਲਤ, ਜਹਾਂ ਤਹਾਂ ਹੋ ਸਹਾਈਆ । ਗੁਰਮੁਖ ਭਗਤ ਸੁਹੇਲੇ ਪ੍ਰਗਟ ਕਰ ਮੋਤੀ ਮਾਣਕ, ਅਨਮੁਲੇ ਹੀਰੇ ਆਪ ਪ੍ਰਗਟਾਈਆ । ਹਰਿਜਨ ਰਹੇ ਨਾ ਕੋਇ ਅਣਜਾਣਤ, ਭੇਵ ਅਭੇਦਾ ਦੇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਪੂਰੀ ਆਸ ਕਰਾਈਆ । ਧਰਨੀ ਕਹੇ ਧਰਮ ਓਹ ਦੇਵਣ ਜੋਗ, ਜੁਗਤੀ ਆਪਣੇ ਹੱਥ ਰਖਾਈਆ । ਸਤਿ ਦਾ ਸਚ ਨਾਲ ਕਰੇ ਸੰਜੋਗ, ਸੰਜੋਗੀ ਮੇਲਾ ਮੇਲੇ ਸਹਿਜ ਸੁਭਾਈਆ । ਹਉਮੇ ਕਟੇ ਰੋਗ, ਦੂਤੀਆ ਭਾਉ ਗਵਾਈਆ । ਦੇਵੇ ਦਰਸ ਅਮੋਘ, ਜਨ ਭਗਤਾਂ ਦਏ ਉਠਾਈਆ । ਮੇਰਾ ਹੌਲਾ ਕਰੇ ਬੋਝ, ਕੂੜੀ ਕਿਰਿਆ ਬਾਹਰ ਕਢਾਈਆ । ਜਿਸ ਦੀ ਆਸਾ ਕਰਦੇ ਰੋਜ਼, ਦਰਸ਼ਨ ਦੇਵੇ ਚਾਈਂ ਚਾਈਂਆ । ਮੇਰਾ ਪ੍ਰੀਤਮ ਚੋਜੀ ਚੋਜ, ਚੋਲਾ ਆਪਣਾ ਲਏ ਬਦਲਾਈਆ । ਜਿਸ ਦੀ ਕਰ ਸਕੇ ਕੋਈ ਨਾ ਖੋਜ, ਖੋਜਿਆਂ ਹੱਥ ਕਿਸੇ ਨਾ ਆਈਆ । ਓਹ ਵੇਖੇ ਚੌਦਾਂ ਲੋਕ, ਚੌਦਾਂ ਤਬਕਾਂ ਪਰਦਾ ਲਾਹੀਆ । ਓਹਦਾ ਨਾਮ ਨਿਧਾਨਾ ਇਕ ਸਲੋਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਓਹਦੇ ਹੁਕਮ ਵਿਚ ਮਾਨਣੀ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਕਲਜੁਗ ਦਾ ਸਮਾਂ ਨਹੀਂ ਕੋਈ ਬਹੁਤ, ਲੰਬਾ ਸਫ਼ਰ ਨਾ ਕੋਇ ਜਣਾਈਆ । ਸਾਹਿਬ ਸੁਲਤਾਨਾ ਸਾਡਾ ਪੂਰਾ ਕਰੇਗਾ ਸ਼ੌਕ, ਸ਼ੌਕੀਆ ਆਪਣਾ ਖੇਲ ਖਿਲਾਈਆ । ਜਿਸ ਦਾ ਭਾਣਾ ਸਕੇ ਕੋਈ ਨਾ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੂੰ ਝੁਕਦੇ ਅਵਤਾਰ ਪੈਗੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ, ਅਸੰਖ ਅਸੰਖਾ

ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਧਰਮ ਦੋਵੇਂ ਡਾਹੀਏ ਝੋਲੀ, ਬਿਨ ਬਸਤਰ ਭੂਸ਼ਨ ਅਗੇ ਡਾਹੀਆ । ਪਰਮ ਪੁਰਖ ਪ੍ਰਭ ਸਾਚਾ ਤੋਲ ਤੋਲੀ, ਤੋਲਣਹਾਰ ਤੇਰੀ ਵਡਿਆਈਆ । ਸਚ ਦਵਾਰਾ ਆਪਣਾ ਖੋਲੀ, ਕੁੰਡਾ ਖਿੜਕੀ ਆਪ ਖੁਲਾਈਆ । ਜਿਥੇ ਪਾਵੇ ਕੋਇ ਨਾ ਰੌਲੀ, ਝਗੜਾ ਦਿਸੇ ਨਾ ਕੋਇ ਲੋਕਾਈਆ । ਆਪਣੇ ਨਾਮ ਦੀ ਦੱਸਣੀ ਅਗੰਮੀ ਬੋਲੀ, ਅਨਬੋਲਤ ਰਾਗ ਜਣਾਈਆ । ਮੈਂ ਤੇਰੇ ਚਰਨਾਂ ਘੋਲ ਘੋਲੀ, ਆਪ ਆਪਾ ਘੋਲ ਘੁਮਾਈਆ । ਧਰਨੀ ਕਹੇ ਧਰਮ ਤੂੰ ਕਲਜੁਗ ਅੰਤ ਮੂਲ ਨਾ ਡੋਲੀਂ, ਆਪਣਾ ਬਲ ਵਧਾਈਆ । ਮੇਰੇ ਸਾਹਿਬ ਨੇ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਖੇਲਣੀ ਹੋਲੀ, ਹੌਲਾ ਸਭ ਦਾ ਭਾਰ ਕਰਾਈਆ । ਲਹਿਣਾ ਦੇਣਾ ਪੂਰਾ ਕਰੇ ਧਰਮ ਧਾਰ ਦੀ ਗੋਲੀ, ਗੋਲਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਈਆ । ਧਰਮ ਕਹੇ ਮੈਂ ਦੁੱਖਾਂ ਭਰਿਆ, ਕੀ ਦੱਸਾਂ ਆਪਣਾ ਹਾਲ । ਨਾ ਜੀਂਦਾ ਨਾ ਮਰਿਆ, ਨਾ ਸਕਾਂ ਸੁਰਤ ਸੰਭਾਲ, ਭੈ ਭਉ ਵਿਚ ਡਰਿਆ, ਕੀ ਖੇਲ ਕਲਜੁਗ ਕਾਲ । ਆਪਣੇ ਅੰਦਰ ਆਪੇ ਵੜਿਆ, ਨਾ ਸਕਾਂ ਸੁਰਤ ਸੰਭਾਲ । ਏਕਾ ਅਗੰਮੀ ਅੱਖਰ ਪੜ੍ਹਿਆ, ਜਿਹੜਾ ਕਲਮ ਦਵਾਤ ਲਿਖਿਆ ਨਹੀਂ ਨਾਲ । ਉਹ ਸੰਦੇਸ਼ਾ ਦਿਤਾ ਅੜਿਆ, ਸੰਬਲ ਆਵੇ ਦੀਨ ਦਿਆਲ । ਜਿਨ ਸਭ ਕੁਛ ਪਿਛੇ ਕਰਿਆ, ਅਗੇ ਸਭ ਦੀ ਸੁਰਤ ਲਏ ਸੰਭਾਲ । ਜਿਸ ਦੀ ਸਰਨ ਲਗ ਕੇ ਹਰਿਜਨ ਤਰਿਆ, ਲੇਖਾ ਜਾਣੇ ਸ਼ਾਹ ਕੰਗਾਲ । ਜਿਸ ਲੱਖ ਚੁਰਾਸੀ ਘਾੜਨ ਘੜਿਆ, ਉਹ ਤੇਰੀ ਕਰੇ ਪ੍ਰਿਤਪਾਲ । ਸਾਚੀ ਚੋਟੀ ਆਪੇ ਚੜ੍ਹਿਆ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਅਵੱਲੜੀ ਚਾਲ, ਚਾਲ ਨਿਰਾਲੀ ਜੋਤ ਅਕਾਲੀ ਅਕਲ ਕਲਧਾਰੀ ਆਪਣੀ ਆਪ ਵਖਾਈਆ ।
੪੮੩ ੨੩

### ✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਰੋਸ਼ਨ ਲਾਲ ਦੇ ਗ੍ਰਹਿ ✪

ਧਰਨੀ ਕਹੇ ਧਰਮ ਮੈਨੂੰ ਆਈ ਅਗੰਮੀ ਭਾਖੇ, ਹਰਿ ਸਾਹਿਬ ਦਿਤਾ ਜਣਾਈਆ । ਜਿਸ ਦਾ ਖੇਲ ਅਲਖਣਾ ਅਲਾਖੇ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਉਹ ਅੰਤਮ ਕਲਜੁਗ ਆਪੇ ਪਤ ਰਾਖੇ, ਰਖਕ ਹੋ ਕੇ ਹੋਏ ਸਹਾਈਆ । ਸਦਾ ਰਹੇ ਸੰਗ ਸਾਥੇ, ਸਗਲਾ ਸੰਗ ਬਣਾਈਆ । ਉਸ ਦੀ ਧੂੜੀ ਲਾਈਏ ਮਸਤਕ ਮਾਥੇ, ਚਰਨ ਛੋਹ ਨਾਲ ਵਡਿਆਈਆ । ਜਿਸ ਦੀ ਮਹਿੰਮਾ ਅਕਥਨਾ ਅਕਾਥੇ, ਕਥ ਸਕੇ ਕੋਇ ਨਾ ਰਾਈਆ । ਓਹ ਜ਼ਰੂਰ ਸਤਿਜੁਗ ਚਲਾਏ ਰਾਥੇ, ਕਲਜੁਗ ਕੂੜਾ ਪੰਧ ਮੁਕਾਈਆ । ਜੋ ਸਰਬ ਕਲਾ ਸਮਰਾਥੇ, ਸਤਿ ਸਰੂਪ ਅਖਵਾਈਆ । ਉਹ ਭਗਤਾਂ ਜੋੜੇ ਨਾਤੇ, ਆਪਣਾ ਮੇਲ ਮਿਲਾਈਆ । ਕਲਜੁਗ ਮੇਟੇ ਅੰਧੇਰੀ ਰਾਤੇ, ਸਾਚਾ ਚੰਦ ਚਮਕਾਈਆ । ਦੀਨਾਂ ਮਜ਼੍ਹਬਾਂ ਵੇਖੇ ਖਾਤੇ, ਜੂਨ ਅਜੂਨੀ ਖੋਜ ਖੁਜਾਈਆ । ਉਸਦੇ ਹੁਕਮ ਸੰਦੇਸੇ ਸਾਚੇ, ਜੋ ਮੈਨੂੰ ਸਚ ਦਿਤਾ ਦ੍ਰਿੜਾਈਆ । ਸੁਨੇਹੁੜਾ ਸਤਿਗੁਰ ਸ਼ਬਦ ਹੋ ਕੇ ਆਖੇ, ਅੱਖਰਾਂ ਤੋਂ ਬਾਹਰ ਜਣਾਈਆ । ਪ੍ਰਗਟ ਹੋਵੇ ਲੋਕਮਾਤੇ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਖੇਲ ਕਰੇ ਬਹੁਭਾਂਤੇ, ਅਕਲ ਕਲਧਾਰੀ ਆਪਣੀ ਕਲ ਪ੍ਰਗਟਾਈਆ ।

✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਦਿਆਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਧਰਮ ਮੇਰੇ ਅੰਤਰ ਆਈ ਆਵਾਜ਼, ਬਿਨ ਸਰਵਣਾਂ ਦਿਤੀ ਸੁਣਾਈਆ । ਮੇਰੇ ਸਾਹਿਬ ਖੋਲ੍ਹਿਆ ਰਾਜ਼, ਪਰਦਾ ਦਿਤਾ ਚੁਕਾਈਆ । ਤੂੰ ਸੋਈ ਸੋਈ ਜਾਗ, ਆਲਸ ਨਿੰਦਰਾ ਦੇ ਚੁਕਾਈਆ । ਤੇਰੇ ਹੋਣ ਵਡ ਵਡ ਭਾਗ, ਭਾਗਾਂ ਭਰੀ ਖ਼ੁਸ਼ੀ ਬਣਾਈਆ । ਵੇਖ ਭਗਤਾਂ ਦਾ ਸਮਾਜ, ਤੇਰੇ ਉਤੇ ਸੋਭਾ ਪਾਈਆ । ਤੂੰ ਦਰਸ਼ਨ ਕਰ ਲੈ ਆਜ, ਲੋਚਨ ਨੈਣ ਉਠਾਈਆ । ਬਿਨਾ ਰਸਨਾ ਤੋਂ ਲੈ ਅਰਾਧ, ਜਪ ਜਪ ਖ਼ੁਸ਼ੀ ਬਣਾਈਆ । ਤੇਰਾ ਪਿਆਰ ਹੋਵੇ ਵਿਚ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣਾ ਫ਼ਸਾਦ, ਦੰਗਾ ਵੇਖੇ ਖ਼ਲਕ ਖ਼ੁਦਾਈਆ । ਉਸ ਦਾ ਸੁਣ ਅਗੰਮੀ ਨਾਦ, ਜੋ ਅਨਾਦੀ ਧੁਨ ਕਰੇ ਸ਼ਨਵਾਈਆ । ਜਿਸ ਦਾ ਰਾਹ ਤੱਕਣ ਬ੍ਰਹਿਮਾਦ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਜੋ ਮਾਲਕ ਆਦਿ ਜੁਗਾਦਿ, ਅੰਤਮ ਆਪਣੇ ਹੱਥ ਰਖਾਈਆ । ਉਹ ਲੇਖਾ ਜਾਣੇ ਸੰਤ ਸਾਧ, ਜਗਤ ਜਗਿਆਸੂ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਦਰਸਾਈਆ । ਧਰਨੀ ਕਹੇ ਧਰਮ ਤੇਰੇ ਅੰਤਰ ਕੀਤਾ ਪ੍ਰਕਾਸ਼, ਅੰਧ ਅੰਧੇਰ ਮਿਟਾਈਆ । ਸ਼ਬਦ ਆਈ ਅਗੰਮੀ ਧਾਰ ਬਿਨਾ ਪ੍ਰਿਥਮੀ ਆਕਾਸ਼, ਸੁਨੇਹੁੜਾ ਇਕ ਸੁਣਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰ ਸ਼ਾਖ਼, ਸ਼ਨਾਖ਼ਤ ਬਿਨ ਰੂਪ ਰੰਗ ਉਸ ਦੀ ਗਏ ਦ੍ਰਿੜਾਈਆ । ਉਹ ਸਾਹਿਬ ਸਵਾਮੀ ਧੁਰ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਅਗੰਮ ਅਥਾਹੀਆ । ਜੋ ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਜਾਪ, ਆਤਮ ਪਰਮਾਤਮ ਸੋਹੰ ਢੋਲਾ ਧੁਰਦਰਗਾਹੀਆ । ਧਰਨੀ ਧਰਤ ਧਵਲ ਕਹੇ ਮੇਰਾ ਹਿਰਦਾ ਕਰੇ ਸਾਫ਼, ਪਤਤ ਪੁਨੀਤ ਬਣਾਈਆ । ਹਰਿਜਨ ਬਣਾਏ ਸੱਜਣ ਸਾਕ, ਨਾਤਾ ਭਗਤਾਂ ਜੋੜ ਜੁੜਾਈਆ । ਕੂੜੀ ਕਿਰਿਆ ਮੇਟੇ ਵਾਟ, ਪਿਛਲਾ ਪੰਧ ਮੁਕਾਈਆ । ਸਤਿ ਧਰਮ ਦਾ ਸਾਚਾ ਖੋਲੇ ਹਾਟ, ਸਤਿਜੁਗ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਪਾਵੇ ਆਪਣੀ ਅਗੰਮੀ ਰਾਸ, ਮੰਡਪ ਮੰਡਪਾਂ ਸੋਭਾ ਪਾਈਆ ।

✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਿਹਿ ✪

ਧਰਮ ਕਹੇ ਧਰਨੀਏ ਮੈਂ ਵੀ ਸੁਣਿਆ ਸੰਦੇਸਾ, ਪੈਗ਼ਾਮ ਅਗੰਮ ਅਥਾਹੀਆ । ਜਿਹੜਾ ਰਹੇ ਸਦਾ ਹਮੇਸ਼ਾ, ਹਰਿ ਸਤਿਗੁਰ ਵਡ ਵਡਿਆਈਆ । ਉਹ ਫਿਰੇ ਦੇਸ ਪਰਦੇਸਾ, ਦੋ ਜਹਾਨਾਂ ਵੇਖ ਵਖਾਈਆ । ਉਸ ਦੇ ਕੋਲ ਸਭ ਦਾ ਲੇਖਾ, ਜੁਗ ਚੌਕੜੀ ਖੋਜ ਖੁਜਾਈਆ । ਕਲਜੁਗ ਅੰਤਮ

ਪਾਇਆ ਭੁਲੇਖਾ, ਭਰਮ ਨਾ ਕੋਇ ਚੁਕਾਈਆ । ਜੋਤੀ ਜਾਤਾ ਬਣ ਕੇ ਨੇਤਾ, ਨਿਰਗੁਣ ਨਿਰਵੈਰ ਰੂਪ ਬਦਲਾਈਆ । ਜਨ ਭਗਤਾਂ ਕਰੇ ਹੇਤਾ, ਗੁਰਮੁਖਾਂ ਆਪ ਉਠਾਈਆ । ਸ੍ਰਿਸ਼ਟ ਸਬਾਈ ਰਿਹਾ ਵੇਖਾ, ਵੇਖਣਹਾਰ ਇਕ ਗੁਸਾਈਆ । ਉਹਦੇ ਚੌਰ ਕਰ ਲੈ ਕੇਸਾ, ਚਰਨਾਂ ਨਾਲ ਛੁਹਾਈਆ । ਉਹਦਾ ਸੰਗ ਦਸ ਦਸਮੇਸਾ, ਸ਼ਬਦੀ ਸ਼ਬਦ ਵਡਿਆਈਆ । ਇਕੋ ਏਕ ਧੁਰ ਦਾ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋ ਹਰ ਘਟ ਅੰਦਰ ਲੇਟਾ, ਸਚ ਸਿੰਘਾਸਣ ਸੋਭਾ ਪਾਈਆ । ਉਹ ਬਣ ਕੇ ਖੇਵਟ ਖੇਟਾ, ਆਇਆ ਧੁਰਦਰਗਾਹੀਆ । ਜਿਸ ਨੂੰ ਮੈਂ ਵੀ ਮਸਤਕ ਟੇਕਾ, ਸੀਸ ਲਿਆ ਨਿਵਾਈਆ । ਸਭ ਕੁਛ ਅਰਪਨ ਕੀਤਾ ਭੇਟਾ, ਮਾਣ ਤਾਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਇਆ ਸਹਾਈਆ । ਧਰਮ ਕਹੇ ਧਰਨੀਏ ਉਹ ਦਾਤਾ ਇਕ ਨਿਰੰਕਾਰ, ਨਿਰਵੈਰ ਪੁਰਖ ਅਖਵਾਈਆ । ਖੇਲੇ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਖ ਵਖਾਈਆ । ਜਿਸ ਰਾਮ ਰੂਪ ਹੋ ਕੇ ਸੀਤਾ ਕੀਤੀ ਤਿਆਰ, ਮਿਲ ਕੇ ਵਜੀ ਵਧਾਈਆ । ਕ੍ਰਿਸ਼ਨ ਰਾਧੇ ਦੇ ਅਧਾਰ, ਮੇਲਾ ਮੇਲਿਆ ਚਾਈਂ ਚਾਈਂਆ । ਉਹ ਜੋਤੀ ਜਾਤਾ ਪੁਰਖ ਭਤਾਰ, ਕੰਤ ਕੰਤੂਹਲਾ ਵਡ ਵਡਿਆਈਆ । ਜੋ ਫਿਰੇ ਬ੍ਰਹਿਮੰਡਾਂ ਖੰਡਾਂ ਵਿਚ ਸੰਸਾਰ, ਦੋ ਜਹਾਨਾਂ ਵਾਹੋ ਦਾਹੀਆ । ਤੂੰ ਉਸ ਦਾ ਕਰ ਦਰਸ ਦੀਦਾਰ, ਲੋਚਨ ਨੈਣ ਖੁਲਾਈਆ । ਉਹ ਮਿਹਰਵਾਨ ਮਹਿਬੂਬ ਸਭ ਦਾ ਸਾਂਝਾ ਯਾਰ, ਯਾਰੜਾ ਇਕ ਅਖਵਾਈਆ । ਧਰਨੀਏ ਤੂੰ ਆਪਨਾ ਆਪ ਸ਼ਿੰਗਾਰ, ਤਨ ਭੂਸ਼ਨ ਲੈ ਬਦਲਾਈਆ । ਆਪਣੀ ਮੇਂਢੀ ਲੈ ਸਵਾਰ, ਪੱਟੀ ਸੀਸ ਸੁਹਾਈਆ । ਮਸਤਕ ਬਿੰਦੀ ਲਾ ਅਪਾਰ, ਰੰਗ ਸਚ ਚਮਕਾਈਆ । ਤੇਰੇ ਨੈਣਾਂ ਹੋਵੇ ਕੱਜਲ ਧਾਰ, ਜੋ ਕੱਜਲ ਧੁਰਦਰਗਾਹੀਆ । ਤੂੰ ਆਪਣੇ ਚਮਕਾ ਲੈ ਰੁਖ਼ਸਾਰ, ਸੋਹਣਾ ਰੰਗ ਰੰਗਾਈਆ । ਲਬਾਂ ਦੀ ਬੰਨ੍ਹ ਧਾਰ, ਜੋ ਬੁੱਲੀਆਂ ਬੁਲ੍ਹੇ ਸ਼ਾਹ ਗਿਆ ਸਮਝਾਈਆ । ਆਪਣਾ ਚਿੰਨ੍ਹ ਠੋਡੀ ਦਾ ਕਰ ਚਮਤਕਾਰ, ਚੰਦ ਚਾਂਦਨਾ ਇਕ ਰੁਸ਼ਨਾਈਆ । ਤੇਰੇ ਵਜੂਦ ਚੋਂ ਸੁਗੰਧੀ ਆਵੇ ਅਗੰਮ ਅਪਾਰ, ਖ਼ੁਸ਼ਬੂ ਦੋ ਜਹਾਨ ਮਹਿਕਾਈਆ । ਫੇਰ ਆਪਣੀਆਂ ਭੁੱਜਾਂ ਪਸਾਰ, ਬਿਨ ਹੱਥਾਂ ਹੱਥ ਉਠਾਈਆ । ਨੇਤਰ ਰੋ ਕੇ ਕਰੇ ਪੁਕਾਰ, ਆ ਮਿਲ ਧੁਰ ਦੇ ਮਾਹੀਆ । ਮਸਤੀ ਵਿਚ ਹੋ ਹੋ ਨਿਹਾਰ, ਜਵਾਨੀ ਵਿਚ ਲੈ ਅੰਗੜਾਈਆ । ਖ਼ੁਸ਼ੀਆਂ ਵਿਚ ਅੰਗੀ ਦੇ ਪਾੜ, ਆਪਣਾ ਬਲ ਧਰਾਈਆ । ਤੇਰੀ ਆਵਾਜ਼ ਆਵੇ ਵਿਚੋਂ ਨਾੜ ਨਾੜ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਕੂਕ ਪੁਕਾਰਨਾ ਜੰਗਲ ਵਿਚ ਉਜਾੜ, ਪਹਾੜਾਂ ਦੇ ਦੁਹਾਈਆ । ਆ ਮਿਲ ਮੇਰੇ ਧੁਰ ਦੇ ਲਾੜ, ਨੌਜਵਾਨ ਸ਼ਹਿਨਸ਼ਾਹੀਆ । ਮੈਂ ਤੇਰਾ ਕਰਾਂ ਇੰਤਜ਼ਾਰ, ਰਾਹ ਤੱਕਾਂ ਥਾਉਂ ਥਾਈਂਆ । ਦਰ ਆਵੇਂ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਂਆ । ਤੇਰੀ ਬਣਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਮੇਰੀ ਆਸਾ ਪੂਰੀ ਕਰ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਮੇਰੇ ਨਾਲ ਵਾਸਤਾ ਪਾਈਆ । ਤੈਨੂੰ ਆਵਾਜ਼ਾਂ ਮਾਰਨ ਪੈਗ਼ੰਬਰ ਗੁਰ ਅਵਤਾਰ, ਸ਼ਬਦ ਸੰਦੇਸ਼ੇ ਵਿਚ ਜਣਾਈਆ । ਆ ਕਲ ਕਲਕੀ ਅਵਤਾਰ, ਸੰਬਲ ਵਾਸੀ ਹੋ ਸਹਾਈਆ । ਮੇਰੀ ਉਦਾਸੀ ਦੇ ਉਤਾਰ, ਨੂਰ ਨੁਰਾਨੇ ਚੰਦ ਧੁਰ ਦੇ ਮਾਹੀਆ । ਮੈਂ ਤੇਰਾ ਦਰਸ਼ਨ ਕਰਾਂ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਗਲਵਕੜੀ ਪਾ ਕੇ ਕਰਾਂ ਪਿਆਰ, ਪ੍ਰੇਮੀ ਪ੍ਰੀਤਮ ਇਕ ਮਨਾਈਆ । ਫੇਰ ਡਿੱਗਾਂ ਮੂੰਹ ਦੇ ਭਾਰ, ਸ਼ਹਾਦਤ ਮੂਸਾ ਦਏ ਭੁਗਤਾਈਆ । ਫੇਰ ਆਪਾ ਆਪ ਦੇਵਾਂ ਵਾਰ, ਸਲੀਵ ਈਸਾ ਵਾਲੀ ਨਜ਼ਰੀ ਆਈਆ । ਫੇਰ ਮੁਹੰਮਦ ਦੇ ਮਕਬਰਿਆਂ ਕਰਾਂ ਖ਼ਬਰਦਾਰ, ਤੇਰਾ ਹੁਕਮ ਸੰਦੇਸ਼ਾ

੪੮੫
੨੩

ਇਕ ਜਣਾਈਆ । ਨਾਨਕ ਗੋਬਿੰਦ ਕਹਾਂ ਆਓ ਵੇਖੋ ਸਾਂਝੜਾ ਯਾਰ, ਪੁਰਖ ਅਕਾਲਾ ਦੀਨ ਦਿਆਲਾ ਨਜ਼ਰੀ ਆਈਆ । ਮੈਂ ਕੋਝੀ ਕਮਲੀ ਤੇਰੇ ਦਰ ਕਰਾਂ ਪੁਕਾਰ, ਤੁਧ ਬਿਨ ਸੀਸ ਨਾ ਕਿਸੇ ਝੁਕਾਈਆ । ਤੂੰ ਕਮਲਾਪਾਤੀ ਸਰਬ ਕਲਾ ਸਮਰਾਥੀ ਦੂਜਾ ਅਵਰ ਨਾ ਕੋਇ ਦੀਸੇ ਵਿਚ ਸੰਸਾਰ, ਸਿਰ ਸਰ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਮੰਦਰ ਮਹੱਲ ਅਟਲ ਸੱਚਾ ਸੱਚੀ ਸਰਕਾਰ, ਸਾਚੇ ਸਿੰਘਾਸਣ ਆਸਣ ਨਜ਼ਰੀ ਆਈਆ ।



## ✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਧਰਮ ਵੇਖ ਮੈਂ ਰੂਪ ਬਣਾਇਆ ਚੰਗਾ, ਆਪਣੀ ਦੁਰਮਤ ਮੈਲ ਧਵਾਈਆ । ਮੇਰਾ ਮਸਤਕ ਚਮਕੇ ਵਾਂਗ ਚੰਦਾ, ਚੰਦ ਸੂਰੀਆ ਜਿਸ ਨੂੰ ਸੀਸ ਨਿਵਾਈਆ । ਮੇਰੇ ਨੇਤਰ ਧਾਰ ਬਣ ਗਏ ਗੰਗਾ, ਸਰੋਵਰ ਸਚ ਵਹਾਈਆ । ਪ੍ਰੇਮ ਦੰਦਾਸਾ ਮੇਰੇ ਦੰਦਾ, ਆਪਣਾ ਰੂਪ ਪ੍ਰਗਟਾਈਆ । ਮੇਰਾ ਫਰਕੇ ਅੰਗ ਅੰਗਾ, ਅੰਗਣ ਆਪਣਾ ਵੇਖ ਵਖਾਈਆ । ਮੇਰਾ ਡੌਲਾ ਫਰਕੇ ਕੰਧਾ, ਕੰਧੀ ਬੈਠਾ ਖੇਲ ਖਿਲਾਈਆ । ਮੈਂ ਸੁਣਨ ਆਈ ਉਸ ਦਾ ਛੰਦਾ, ਜੋ ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਸ ਨੂੰ ਖ਼ੁਸ਼ ਕਰ ਨਾ ਸਕੀ ਪਰੀ ਅਰੰਭਾ, ਜੋ ਚੌਦਾਂ ਰਤਨਾਂ ਵਿਚ ਸੋਭਾ ਪਾਈਆ । ਮੈਂ ਉਸ ਦਾ ਪੁਸ਼ਤ ਪਨਾਹ ਲਾਉਂਦੀ ਪੰਜਾ, ਜੋ ਪੰਜਾਂ ਦਾ ਡੇਰਾ ਢਾਹੀਆ । ਮੈਨੂੰ ਹਰਖ ਰਿਹਾ ਨਾ ਰੰਜਾ, ਜੋ ਦਰਸ ਦੇਵੇ ਵਖਾਈਆ । ਮੈਨੂੰ ਭੁਲ ਜਾਏ ਲੱਖ ਚੁਰਾਸੀ ਵਾਲਾ ਧੰਦਾ, ਕਰਮ ਕਾਂਡ ਦਾ ਡੇਰਾ ਢਾਹੀਆ । ਮੈਂ ਵਿਸਰ ਜਾਵਾਂ ਜੇਰਜ ਅੰਡਾ, ਉਤਭੁਜ ਸੇਤਜ ਮੁਖ ਭਵਾਈਆ । ਮੈਂ ਲੇਖਾ ਰਖਾਂ ਨਾ ਵਿਚ ਬ੍ਰਹਿਮੰਡਾਂ, ਖੰਡਾਂ ਵੰਡਾਂ ਨਾ ਕੋਇ ਵੰਡਾਈਆ । ਮੈਂ ਓਸੇ ਦਾ ਸੁਖ ਮਾਣਾ ਅਨੰਦਾ, ਅਨੰਦ ਅਨੰਦ ਵਿਚ ਸਮਾਈਆ । ਮੈਂ ਜਿਸ ਨੂੰ ਸ੍ਰਿਸ਼ਟੀ ਦ੍ਰਿਸ਼ਟੀ (ਨਾਲ ਵੇਖਿਆ) ਤਤਾਂ ਵਾਲਾ ਬੰਦਾ, ਓਹ ਬੰਦਗੀ ਤੋਂ ਬਾਹਰ ਬੇਪਰਵਾਹੀਆ । ਮੈਂ ਓਸ ਦੇ ਪਿਆਰ ਵਿਚ ਫਸ ਜਾਵਾਂ ਸ਼ਕੰਜਾ, ਬਾਹਰ ਸਕੇ ਨਾ ਕੋਇ ਕਢਾਈਆ । ਮੈਨੂੰ ਪਵਣ ਹੁਲਾਰਾ ਦੇਵੇ ਉਨੰਜਾ, ਆਪਣੀ ਸੁਗੰਧ ਵਖਾਈਆ । ਮੇਰਾ ਬਸਤਰ ਭੂਸ਼ਣ ਸਲਵਾਰ ਹੋਵੇ ਨਾ ਤੰਬਾ, ਜਗਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਮ ਕਹੇ ਧਰਨੀਏ ਤੇਰਾ ਰੂਪ ਦਿਸੇ ਸੋਹਣਾ, ਸੂਰਤ ਵਡ ਵਡਿਆਈਆ । ਤੇਰਾ ਮਨ ਚੰਚਲ ਸਭ ਨੂੰ ਮੋਹਣਾ, ਜਿਸ ਮੋਹਣੀ ਰੂਪ ਦਿਤਾ ਵਖਾਈਆ । ਤੂੰ ਸਚ ਸਿੰਘਾਸਣ ਸੌਣਾ, ਜਿਸ ਦੀ ਸਿਫ਼ਤ ਨਾ ਕੋਇ ਸਲਾਹੀਆ । ਨਾ ਓਥੇ ਹੱਸਣਾ ਨਾ ਰੋਣਾ, ਸਭ ਇਕੋ ਰੰਗ ਸਮਾਈਆ । ਦੂਜੀ ਵਾਰ ਮੁਖੜਾ ਪਏ ਨਾ ਧੋਣਾ, ਦੁਰਮਤ ਮੈਲ ਨਾ ਲਾਗੇ ਰਾਈਆ । ਪਤਿਪਰਮੇਸ਼ਵਰ ਇਕ ਮਨਾਉਣਾ, ਦੂਸਰ ਅਵਰ ਨਾ ਕੋਇ ਅਖਵਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ, ਸਦ ਵਜਦੀ ਰਹੇ ਵਧਾਈਆ । ਧਰਮ ਕਹੇ ਧਰਨੀਏ ਮੈਂ ਤੇਰਾ ਲਾਗੀ ਬਣਾ ਜੋ ਧਰਮ ਧਾਰ ਦਾ ਪ੍ਰਾਹੁਣਾ, ਮੈਨੂੰ ਦੇ ਸਮਝਾਈਆ । ਅਗਲਾ ਖੇਲ ਬੜਾ ਹੋਣਾ ਅਨਹੋਣਾ, ਜਿਸ ਦਾ ਭੇਦ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਜੋਤੀ ਜੋਤ ਜੋਤ ਖੇਲ ਖਿਲਾਉਣਾ, ਖ਼ਾਲਕ ਖ਼ਲਕ ਆਪ ਖਿਲਾਈਆ । ਤੂੰ ਓਸ ਦਾ ਬਿਨ ਨੇਤਰਾਂ ਦਰਸ਼ਨ ਪਾਉਣਾ, ਬਿਨ ਨੈਣਾਂ



੪੯੬
੨੩

ਨੈਣ ਮਿਲਾਈਆ । ਓਹ ਮਿਹਰਵਾਨ ਮਹਿਬੂਬ ਤੇਰੇ ਗ੍ਰਿਹਿ ਮੰਦਰ ਕਮਲੀਏ ਆਉਣਾ, ਆਵੇ ਚਾਈਂ ਚਾਈਂਆ । ਤੂੰ ਬਿਨਾ ਪਾਵਾ ਚੂਲ ਤੋਂ ਪਲੰਘ ਸਿੰਘਾਸਣ ਡਾਹੁਣਾ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਉਤੇ ਸਤਿ ਸਚ ਦਾ ਵਛਾਉਣਾ ਵਿਛਾਉਣਾ, ਜੋ ਵਿਛੜਿਆਂ ਲਏ ਮਿਲਾਈਆ । ਜਿਸ ਨੇ ਤੇਰਾ ਬੇੜਾ ਪਾਰ ਕਰਾਉਣਾ, ਭਾਰ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਸਾਚਾ ਰੰਗ ਰੰਗਾਉਣਾ, ਰੰਗਤ ਇਕ ਰੰਗਾਈਆ ।

### ✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕੁੰਦਨ ਸਿੰਘ ਦੇ ਗ੍ਰਿਹਿ ✪



ਧਰਮ ਕਹੇ ਧਰਨੀਏ ਤੂੰ ਬੜੀ ਸੋਹਣੀ ਸੁਨੱਖੀ, ਟਿੱਲੇ ਪਰਬਤ ਥਲ ਅਸਗਾਹ ਸਮੁੰਦ ਸਾਗਰ ਤੇਰੇ ਅੰਗ ਨਜ਼ਰੀ ਆਈਆ । ਮੈਂ ਤੱਕ ਕੇ ਤੈਨੂੰ ਅੱਖੀਂ, ਅੱਖਰਾਂ ਵਾਲੇ ਗੁਰੂ ਗਿਆ ਭੁਲਾਈਆ । ਮੈਨੂੰ ਐਂ ਜਾਪਿਆ ਤੂੰ ਪੁਰਖ ਅਕਾਲ ਕਾਹਨ ਦੀ ਸਖ਼ੀ, ਜੋ ਆਦਿ ਜੁਗਾਦਿ ਸਖ਼ਾਵਤ ਤੇਰੇ ਉਤੇ ਕਰਾਈਆ । ਜੋ ਚਰਨਾਂ ਹੇਠਾਂ ਬੈਠਾ ਰਖੀ, ਕਵਲ ਦਏ ਵਡਿਆਈਆ । ਤੈਨੂੰ ਵਾਅ ਨਾ ਲੱਗੇ ਤਤੀ, ਜਗਤ ਤੱਤਿਆਂ ਦਏ ਤਪਾਈਆ । ਤੂੰ ਫ਼ਿਕਰ ਨਾ ਕਰੀਂ ਰਤੀ, ਚਿੰਤਾ ਗ਼ਮ ਨਾ ਕੋਇ ਰਖਾਈਆ । ਭਾਵੇਂ ਸ੍ਰਿਸ਼ਟੀ ਤੇਰੇ ਉਤੇ ਹੋਈ ਬਹੁਮਤੀ, ਮਾਨਵ ਮਾਨਸ ਵੰਡ ਵੰਡਾਈਆ । ਤੂੰ ਓਸ ਸਾਹਿਬ ਦੇ ਸਥਰ ਲੱਭੀ, ਜਿਹੜਾ ਯਾਰੜਾ ਅਗੰਮ ਅਥਾਹੀਆ । ਜਿਸ ਤੈਨੂੰ ਚੜ੍ਹਾਇਆ ਆਪਣੇ ਨਾਮ ਦੇ ਰਥੀ, ਰਥ ਰਥਵਾਹੀ ਹੋ ਕੇ ਆਪ ਚਲਾਈਆ । ਤੇਰੀ ਜਗਤ ਤ੍ਰਿਸ਼ਨਾ ਲਥੀ, ਵਸੂਰਾ ਕੂੜ ਰਿਹਾ ਨਾ ਰਾਈਆ । ਕਲਜੁਗ ਅੰਤਮ ਤੇਰੇ ਉਤੇ ਜਾਣੀ ਮਥੀ, ਮਥਨ ਕਰੇ ਲੋਕਾਈਆ । ਨੀ ਤੇਰਾ ਸਾਹਿਬ ਕਮਲਾਪਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਤੂੰ ਉਸ ਦੇ ਨਾਮ ਦੀ ਪੜ੍ਹੀਂ ਪੱਟੀ, ਪਟਨੇ ਵਾਲਾ ਸਤਿਗੁਰ ਸ਼ਬਦ ਸ਼ਬਦ ਸਮਝਾਈਆ । ਤੂੰ ਸੌਦਾ ਵਸਤ ਲਵੀਂ ਉਸ ਦੀ ਹੱਟੀ, ਜੋ ਹਟਵਾਣਾ ਇਕ ਅਖਵਾਈਆ । ਤੂੰ ਅੰਮ੍ਰਿਤ ਰਸ ਪੀਵੀਂ ਗਟ ਗਟੀ, ਸਰ ਸਰੋਵਰ ਤਨ ਲੈਣਾ ਭਰਾਈਆ । ਤੇਰੇ ਅੰਦਰ ਓਸ ਦੇ ਨਾਮ ਦੀ ਵੱਜੇ ਸੱਟੀ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਜੋਤ ਨੂਰ ਜਗੀ ਲਟ ਲਟੀ, ਲਾਟਾਂ ਵਾਲੀ ਜਿਸ ਨੂੰ ਸੀਸ ਨਿਵਾਈਆ । ਵੇਖੀਂ ਕਿਤੇ ਵੈਰਾਗਣ ਹੋ ਕੇ ਪਿਆਰ ਵਿਚ ਨਾ ਜਾਈਂ ਫਟੀ, ਆਪਣਾ ਆਪ ਵੰਞਾਈਆ । ਇਕੋ ਓਟ ਸਾਹਿਬ ਤੇ ਸਟੀਂ, ਜੋ ਸਿਟੇਬਾਜ਼ੀ ਕਰੇ ਲੋਕਾਈਆ । ਤੂੰ ਸ੍ਰੀ ਭਗਵਾਨ ਨੌਜਵਾਨ ਦੀ ਬਣਨਾ ਜੱਟੀ, ਜੋ ਜੱਟ ਜਟਾ ਜੂਟ ਧਾਰੀਆਂ ਕਰੇ ਸਫ਼ਾਈਆ । ਤੂੰ ਕੂੜੀ ਮੰਜ਼ਲ ਜਾਣਾ ਟੱਪੀ, ਟਾਪੂਆਂ ਦਾ ਪੰਧ ਮੁਕਾਈਆ । ਮੈਂ ਤੈਨੂੰ ਕਰਦਾ ਪੱਕੀ, ਧਰਮ ਰਿਹਾ ਸੁਣਾਈਆ । ਤੂੰ ਮੂਲ ਨਾ ਮਾਤਲੋਕ ਅੱਕੀਂ, ਸੇਵਾ ਕਰਨੀ ਚਾਈਂ ਚਾਈਂਆ । ਤੇਰੀ ਲੋਕ ਲੱਜਿਆ ਜਾਏ ਲੱਥੀ, ਗ਼ੈਰਤ ਕੂੜ ਨਾ ਕੋਇ ਬਣਾਈਆ । ਦਰਸ਼ਨ ਕਰੀਂ ਪੁਰਖ ਸਮਰਥੀ, ਜੋ ਤੇਰਾ ਮੇਰਾ ਧੁਰ ਦਾ ਮਾਹੀਆ । ਪਿਛਲਾ ਲੇਖਾ ਆਪੇ ਠੱਪੀ, ਅਗਲਾ ਅਗੇ ਦਏ ਦਿਖਾਈਆ । ਤੂੰ ਪਾਪਾਂ ਨਾਲ ਨੱਪੀ, ਭਾਰ ਆਪਣੇ ਉਤੇ ਉਠਾਈਆ । ਤੇਰਾ ਸਾਥ ਦੇਵੇ ਕੋਇ ਨਾ ਤਪੀ, ਤਪੀਸ਼ਰ ਮੁਖ ਭਵਾਈਆ । ਲੱਜਿਆ ਰਖੇ ਕੋਇ ਨਾ ਗੱਪੀ, ਜੋ ਕਹਿਣ ਮਿਲਿਆ ਧੁਰ ਦਾ ਮਾਹੀਆ । ਤੂੰ ਹਿੱਸੇਦਾਰ ਬਣਨਾ ਨਹੀਂ ਕਿਸੇ ਦੀ ਪੱਤੀ, ਜਗਤ ਵੰਡ ਨਾ ਕੋਇ ਵੰਡਾਈਆ । ਤੂੰ ਸੰਬਲ ਫਿਰਨਾ ਨੱਠੀ, ਭੱਜਣਾਂ ਵਾਹੋ

੪੮੭
੨੩

ਦਾਹੀਆ। ਜਿਥੇ ਭਗਤਾਂ ਦੀ ਧਾਰ ਹੋਵੇ ਕੱਠੀ, ਗੁਰਮੁਖ ਡੇਰਾ ਲਾਈਆ। ਤੂੰ ਦਰਸ਼ਨ ਪਾ ਕੇ ਨੱਚੀਂ ਟੱਪੀਂ, ਪੈਰ ਪੈਰ ਬਦਲਾਈਆ। ਫੇਰ ਇਕ ਹੱਥ ਰਖੀਂ ਉਤੇ ਵੱਖੀ, ਮਰੋੜਾ ਦੇਣਾ ਚਾਈਂ ਚਾਈਂਆ। ਫਿਰ ਖ਼ੁਸ਼ੀਆਂ ਦੇ ਵਿਚ ਨੱਸੀਂ, ਚਾਰੋਂ ਕੁੰਟ ਵਾਹੋ ਦਾਹੀਆ। ਫਿਰ ਗਲ ਵਿਚ ਪਾ ਕੇ ਰੱਸੀ, ਈਸਾ ਲੈਣਾ ਬੁਲਾਈਆ। ਮੁਹੰਮਦ ਨੂੰ ਸੁਨੇਹੁੜਾ ਦੱਸੀਂ, ਮਕਬਰਿਆਂ ਵਿਚੋਂ ਉਠਾਈਆ। ਮੂਸਾ ਨੂੰ ਕਹਿਣਾ ਜੋ ਤੈਨੂੰ ਮੂੰਹ ਦੇ ਭਾਰ ਰਿਹਾ ਸੱਟੀ, ਕੋਹਤੂਰ ਨੂਰ ਰੁਸ਼ਨਾਈਆ। ਨਾਨਕ ਨੂੰ ਕਹਿਣਾ ਜਿਸ ਨਾਮ ਦਿਤਾ ਸਤਿ ਸਤੀ, ਨਾਮ ਭੰਡਾਰਾ ਇਕ ਵਰਤਾਈਆ। ਜੋ ਗੋਬਿੰਦ ਲੇਖਾ ਚੁਕਾਏ ਹੱਥੋ ਹੱਥੀਂ, ਹੱਥੋ ਹੱਥ ਮੁਕਾਈਆ। ਧਰਮ ਕਹੇ ਧਰਨੀਏ ਤੂੰ ਓਸ ਦੀ ਰਖੀਂ, ਜੋ ਰਖਕ ਹੋਵੇ ਥਾਉਂ ਥਾਈਂਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਿਕਾਰਾ ਰਿਹਾ ਮਥੀ, ਮਥਣਹਾਰਾ ਇਕ ਅਖਵਾਈਆ।

### ✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਵੈਰੋਵਾਲ ਉੱਤਮ ਸਿੰਘ ਦੇ ਗ੍ਰਿਹਿ ✪

ਧਰਮ ਕਹੇ ਧਰਨੀਏ ਮੈਂ ਰਿਹਾ ਭਾਗ, ਪੱਲੂ ਆਪਣਾ ਜਗਤ ਛੁਡਾਈਆ। ਤੇਰੇ ਉਤੇ ਦੀਪਕ ਜਗੇ ਨਾ ਕੋਇ ਚਰਾਗ਼, ਜੋਤੀ ਨੂਰ ਨਾ ਕੋਇ ਰੁਸ਼ਨਾਈਆ। ਚਾਰੋਂ ਕੁੰਟ ਲੱਗੀ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ। ਦੁਰਮਤ ਮੈਲ ਧੋਏ ਕੋਈ ਨਾ ਦਾਗ਼, ਪਤਤ ਪੁਨੀਤ ਨਾ ਕੋਇ ਕਰਾਈਆ। ਹੰਸ ਬੁੱਧੀ ਹੋਈ ਕਾਗ, ਦਿਵਸ ਰੈਣ ਰਹੀ ਕੁਰਲਾਈਆ। ਆਤਮ ਉਪਜੇ ਨਾ ਕਿਸੇ ਵੈਰਾਗ, ਵੈਰੀ ਪੰਜ ਨਾ ਕੋਇ ਮਿਟਾਈਆ। ਅੰਤਮ ਬਦਲੇ ਨਾ ਕਿਸੇ ਮਜਾਜ, ਮਜਾਜ਼ੀ ਹਕੀਕੀ ਪਿਆਰ ਸਮਝ ਕੋਇ ਨਾ ਆਈਆ। ਧੁਨ ਆਤਮਕ ਸੁਣੇ ਕੋਈ ਨਾ ਨਾਦ, ਅਨਰਾਗੀ ਰਾਗ ਨਾ ਕੋਇ ਸ਼ਨਵਾਈਆ। ਭੇਵ ਖੁਲ੍ਹੇ ਨਾ ਕਿਸੇ ਬ੍ਰਹਿਮਾਦ, ਬ੍ਰਹਿਮਾਂਡ ਪਰਦਾ ਨਾ ਕੋਇ ਉਠਾਈਆ। ਨਿਰਗੁਣ ਨੂਰ ਨਜ਼ਰ ਨਾ ਆਏ ਕਿਸੇ ਪ੍ਰਕਾਸ਼, ਜੋਤੀ ਜੋਤ ਨਾ ਕੋਇ ਰੁਸ਼ਨਾਈਆ। ਘਰ ਸਵਾਮੀ ਮਿਲੇ ਨਾ ਪੁਰਖ ਅਬਿਨਾਸ਼, ਪਾਰਬ੍ਰਹਮ ਪ੍ਰਭ ਬੇਪਰਵਾਹੀਆ। ਆਤਮ ਪਰਮਾਤਮ ਮਿਲ ਕੇ ਪਾਏ ਕੋਈ ਨਾ ਰਾਸ, ਗੋਪੀ ਕਾਹਨ ਰੰਗ ਨਾ ਕੋਇ ਰੰਗਾਈਆ। ਮੇਰੇ ਚਾਰੋਂ ਕੁੰਟ ਖ਼ਾਲੀ ਹੋਏ ਹਾਥ, ਧਰਮ ਕੂਕ ਕੂਕ ਸੁਣਾਈਆ। ਓਹ ਲੇਖਾ ਤੱਕ ਜੋ ਸੰਦੇਸਾ ਦੇ ਕੇ ਗਿਆ ਤ੍ਰੈਲੋਕੀ ਨਾਥ, ਅਰਜਨ ਅੱਠ ਦਸ ਸਮਝਾਈਆ। ਜੋ ਰਾਮ ਨੇ ਸੀਤਾ ਵਖਾਇਆ ਸਾਖਿਆਤ, ਪਰਦਾ ਪਰਦਿਆਂ ਵਿਚੋਂ ਉਠਾਈਆ। ਜੋ ਵੇਦ ਵਿਆਸੇ ਲਿਖਿਆ ਨਾਲ ਕਲਮ ਦਵਾਤ, ਭਵਿਖਤ ਪੁਰਾਨ ਦਏ ਗਵਾਹੀਆ। ਜੋ ਮੂਸੇ ਕੋਹਤੂਰ ਉਤੇ ਲਿਆ ਭਾਖ, ਉਹ ਸਚ ਕਰੇ ਸ਼ਨਵਾਈਆ। ਜੋ ਈਸੇ ਸੁਣੀ ਆਪਣੇ ਬਾਪ ਦੀ ਬਾਤ, ਬਿਨ ਕਲਮਿਆਂ ਹੁਕਮ ਤੋਂ ਬਾਹਰ ਦ੍ਰਿੜਾਈਆ। ਜੋ ਮੁਹੰਮਦ ਨੇ ਜਾਣੀ ਆਵਾਜ਼, ਅਮਾਮ ਅਮਾਮਾ ਦਿਤੀ ਸੁਣਾਈਆ। ਜੋ ਨਿਰਗੁਣ ਨਾਨਕ ਖੋਲ੍ਹਿਆ ਰਾਜ਼, ਸਰਗੁਣ ਪਰਦਾ ਲਾਹੀਆ। ਜਿਸ ਧਾਰ ਗੋਬਿੰਦ ਉਡਾਇਆ ਬਾਜ, ਬਾਜ਼ੀ ਦੋ ਜਹਾਨ ਲਗਾਈਆ। ਸੋ ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਮਹਾਰਾਜ, ਪਰਮ ਪੁਰਖ ਅਗੰਮ ਅਥਾਹੀਆ। ਸ਼ਾਹ ਸੁਲਤਾਨਾਂ ਸੀਸ ਰਹਿਣ ਨਹੀਂ ਦੇਣਾ ਤਾਜ, ਤਖ਼ਤ ਨਿਵਾਸੀ ਆਪਣਾ ਹੁਕਮ ਵਰਤਾਈਆ। ਦੀਨ ਦੁਨੀ ਬਦਲੇ ਸਮਾਜ, ਜੋਤੀ


੪੮੮ ੨੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਖੇਲ ਆਪ ਖਿਲਾਈਆ । ਧਰਨੀ ਕਹੇ ਧਰਮ ਓਹ ਵੇਖ ਮੇਰਾ ਮਹਿਬੂਬਾ, ਮਿਹਰਵਾਨ ਮਹਿਬਾਨ ਬੀਦੋ ਇਕ ਅਖਵਾਈਆ । ਜਿਸ ਦਾ ਆਲੀਸ਼ਾਨ ਊਚ ਅਰੂਜਾ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੀ ਤਬਕਾਂ ਵਾਲੀ ਨਹੀਂ ਹਦੂਦਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਉਹਦੀ ਮੰਜ਼ਲੇ ਇਕ ਮਕਸੂਦਾ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਕਲਜੁਗ ਠੂਠਾ ਕਰਨਾ ਮੂਧਾ, ਨੈਣ ਮੂੰਦ ਰਿਹਾ ਦ੍ਰਿੜ੍ਹਾਈਆ । ਉਹ ਖੇਲ ਕਰੇ ਉਪਰ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਜਿਸ ਦਾ ਬਿਨਾ ਸ਼ਸਤਰਾਂ ਤੋਂ ਯੁੱਧਾ, ਯੁਧਿਸ਼ਟਰ ਜਿਸ ਨੂੰ ਸੀਸ ਨਿਵਾਈਆ । ਉਹ ਭੇਵ ਅਭੇਦ ਆਪਣਾ ਖੋਲੇ ਗੁੱਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਕਲਜੁਗ ਕੂੜ ਕੁੜਿਆਰ ਮਿਟਾਉਣਾ ਸਤਿਜੁਗ ਦੱਸਣਾ ਆਪਣਾ ਮੁੱਦਾ, ਮੁੱਦਤ ਦੇ ਵਿਛੜੇ ਲਏ ਮਿਲਾਈਆ । ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਸਮਝਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਚਹੁੰ ਜੁਗਾ, ਨੌ ਸੌ ਚੁਰਾਨਵੇਂ ਚੌਕੜੀ ਜੁਗ ਧਿਆਨ ਲਗਾਈਆ । ਨਿਰਗੁਣ ਧਾਰ ਏਕੰਕਾਰ ਹੋਵੇ ਉਘਾ, ਉਗਣ ਆਥਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਮ ਕਹੇ ਧਰਨੀ ਮੈਂ ਵੇਖਿਆ ਮਿਹਰਵਾਨਾ, ਮਿਹਰਵਾਨ ਮਿਹਰਵਾਨ ਬੇਪ੍ਰਵਾਹੀਆ । ਜੋ ਆਦਿ ਜੁਗਾਦੀ ਮਰਦ ਮਰਦਾਨਾ, ਸੂਰਬੀਰ ਨੂਰ ਅਲਾਹੀਆ । ਜਿਸ ਦਾ ਜੋਤੀ ਨੂਰ ਨੂਰ ਮਹਾਨਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਦਾ ਸ਼ਬਦੀ ਸ਼ਬਦ ਤਰਾਨਾ, ਤੁਰੀਆ ਤੋਂ ਬਾਹਰ ਸੁਣਾਈਆ । ਜਿਸ ਅਵਤਾਰ ਪੈਗ਼ੰਬਰ ਗੁਰੂ ਪਹਿਰਿਆ ਬਾਣਾ, ਬਾਣ ਅਣਿਆਲਾ ਤੀਰ ਨਾਮ ਚਲਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਖੇਲੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨਾ, ਜਗਤ ਜੁਗ ਰਹਿਣ ਨਾ ਪਾਈਆ । ਸਤਿਜੁਗ ਸਤਿ ਕਰੇ ਬਲਵਾਨਾ, ਬਲਧਾਰੀ ਭੇਵ ਖੁਲਾਈਆ । ਨਿਰੰਕਾਰ ਦੇਵੇ ਦਾਨਾ, ਦਾਤਾ ਦਾਨੀ ਆਪ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲ ਜਾਏ ਜ਼ਮਾਨਾ, ਜ਼ਿਮੀਂ ਜ਼ਮਾ ਵੇਖ ਵਖਾਈਆ । ਜਿਸ ਨੂੰ ਝੁਕਦੇ ਕੋਟਨ ਭਾਨਾ, ਲੱਖ ਆਕਾਸ਼ ਅਕਾਸ਼ਾਂ ਸੀਸ ਨਿਵਾਈਆ । ਉਹ ਰਹਿਮਤ ਕਰੇ ਆਪ ਰਹਿਮਾਨਾ, ਰਹੀਮ ਧੁਰਦਰਗਾਹੀਆ । ਜਿਸ ਪੈਗ਼ੰਬਰਾਂ ਨੂੰ ਦਿਤਾ ਪੈਗ਼ਾਮਾ, ਕਲਮਾ ਹਕ ਹਕ ਸੁਣਾਈਆ । ਅੰਤਮ ਆਵੇ ਨੂਰ ਅਲਾਹੀ ਅਮਾਮਾ, ਅਮਲਾਂ ਤੋਂ ਰਹਿਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਜਣਾਈਆ । ਧਰਨੀ ਕਹੇ ਧਰਮ ਮੈਂ ਵੇਖਾਂ ਕੀ, ਕਹਿ ਕੇ ਕੀ ਜਣਾਈਆ । ਜੋ ਮਾਲਕ ਲੱਖ ਚੁਰਾਸੀ ਜੀ, ਈਸ਼ ਜੀਵ ਆਪ ਅਖਵਾਈਆ । ਉਹ ਸਤਿ ਧਰਮ ਦੀ ਜ਼ਰੂਰ ਰਖੇ ਨੀਂਹ, ਨੀਹਾਂ ਹੇਠ ਗੋਬਿੰਦ ਦੇ ਬੱਚੇ ਦੇਣ ਗਵਾਹੀਆ । ਸਾਚੇ ਮਾਰਗ ਦੀ ਜਿਸ ਚਲਾਉਣੀ ਲੀਹ, ਲਾਈਨ ਇਕੋ ਇਕ ਉਪਜਾਈਆ । ਜਿਸ ਦਾ ਅੰਮ੍ਰਿਤ ਨਾਮ ਨਿਧਾਨਾ ਲੈਣਾ ਪੀ, ਅੰਮਿਉਂ ਰਸ ਆਪ ਚਖਾਈਆ । ਜਿਸ ਖੇਲ ਖਿਲਾਇਆ ਇਕੀਸ ਵੀਹ, ਬੀਸ ਬੀਸਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਧਰਮ ਉਹ ਸਾਚਾ ਪਿਤ, ਪਤਿਪਰਮੇਸ਼ਵਰ ਇਕ ਅਖਵਾਈਆ । ਕਲਜੁਗ ਅੰਤਮ ਕਰੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋ ਵੇਸ ਵਟਾਏ ਨਿਤ, ਨਵਿਤ ਵੇਸ ਵਟਾਈਆ । ਓਹ ਲੇਖਾ ਜਾਣੇ ਪੱਥਰ

ਇੱਟ, ਪਾਹਨ ਪਾਹਨਾ ਖੋਜ ਖੁਜਾਈਆ । ਜੋ ਵਸਿਆ ਹਰ ਘਟ ਵਿਚ, ਘਰ ਘਰ ਡੇਰਾ ਲਾਈਆ । ਉਸ ਦੀ ਸੁਹੰਜਣੀ ਹੋਵੇ ਥਿਤ, ਵਾਰ ਵਾਰਤਾ ਆਪਣੇ ਨਾਮ ਰਖਾਈਆ । ਉਸ ਦਾ ਨਾਮ ਨਿਧਾਨਾ ਸਭ ਕੁਝ ਲਏ ਨਜਿਠ, ਕਰਨ ਯੋਗ ਵਡ ਵਡਿਆਈਆ । ਜਿਸ ਨੂੰ ਸਾਧਾਂ ਸੰਤਾਂ ਲੱਭਿਆ ਵਿਚੋਂ ਸਵਾ ਗਿਠ, ਉਹ ਰਹਿਬਰ ਹੋ ਕੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਧਰਮ ਨਾ ਕਰ ਕੋਇ ਦਲੀਲ, ਦਲੀਲ ਨਾ ਕੋਇ ਰਖਾਈਆ । ਸਾਡਾ ਮਾਲਕ ਛੈਲ ਛਬੀਲ, ਨੌਜਵਾਨਾ ਨਜ਼ਰੀ ਆਈਆ । ਜਿਸ ਦੇ ਅਗੇ ਇਕੋ ਕਰੀਏ ਅਪੀਲ, ਅਗੇ ਹੁਕਮ ਨਾ ਕੋਇ ਬਦਲਾਈਆ । ਜਿਸ ਬਸਤਰ ਪਹਿਰੇ ਨੀਲ, ਬਸਨ ਬਨਵਾਰੀ ਖੇਲ ਖਿਲਾਈਆ । ਉਹ ਲੇਖਾ ਜਾਣੇ ਲੋਕ ਤੀਨ, ਤ੍ਰੈਭਵਨ ਧਨੀ ਵਡ ਵਡਿਆਈਆ । ਉਹਦਾ ਮਾਰਗ ਸਦਾ ਮਹੀਨ, ਜਗ ਨੇਤਰ ਨਜ਼ਰ ਨਾ ਆਈਆ । ਜਿਸ ਕਲਜੁਗ ਕੋਲੋਂ ਸਭ ਕੁਝ ਲੈਣਾ ਛੀਨ, ਛਿਨ ਮਾਤਰ ਕਰੇ ਸਫ਼ਾਈਆ । ਸਤਿਜੁਗ ਚਾੜ੍ਹੇ ਰੰਗ ਭੀਨ, ਭਿੰਨੜੀ ਖ਼ੁਸ਼ੀ ਨਾਲ ਬਣਾਈਆ । ਉਸ ਨੂੰ ਪੈਗ਼ੰਬਰਾਂ ਕਿਹਾ ਆਮੀਨ, ਯਾਮਬੀਨ ਤੇਰੀ ਸ਼ਰਨਾਈਆ । ਉਸ ਦੀ ਸਾਂਝੀ ਹੋਣੀ ਤਾਲੀਮ, ਤੁਲਬਿਆਂ ਇਕੋ ਅੱਖਰ ਆਪ ਸਿਖਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੇ ਤਕਸੀਮ, ਜੁਜ਼ ਹਿੱਸੇ ਵੰਡ ਨਾ ਕੋਇ ਵੰਡਾਈਆ । ਉਹ ਮਾਲਕ ਖ਼ਾਲਕ ਆਦਿ ਕਦੀਮ, ਕੁਦਰਤ ਦਾ ਕਰਤਾ ਇਕ ਅਖਵਾਈਆ । ਜੋ ਸਦੀ ਚੌਧਵੀਂ ਅੰਤ ਕਰੇ ਤਰਮੀਮ, ਤਰਕੀਬ ਆਪਣੇ ਹੱਥ ਰਖਾਈਆ । ਧਰਨੀ ਕਹੇ ਧਰਮ ਸਾਨੂੰ ਉਸ ਦਾ ਹੁਕਮ ਕਰਨਾ ਪੈਣਾ ਤਸਲੀਮ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਕਹੇ ਧਰਨੀ ਧਰਨੀ ਕਹੇ ਧਰਮ ਸਾਨੂੰ ਹੋਣ ਦੇਵੇ ਨਾ ਕਦੇ ਯਤੀਮ, ਸਿਰ ਸਾਡੇ ਹੱਥ ਟਿਕਾਈਆ ।



੪੯੦
੨੩

### ✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ ਸੋਹਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਧਰਮ ਵੇਖ ਸੰਬਲ ਵਾਲੀ ਬੁਲੰਦੀ, ਸੜ੍ਹਾ ਜਗਤ ਵਾਲੀ ਨਾ ਧਿਆਨ ਲਗਾਈਆ । ਜਿਥੇ ਸਾਹਿਬ ਸੂਰਾ ਸਰਬੰਗੀ, ਹਰਿ ਕਰਤਾ ਅਗੰਮ ਅਥਾਹੀਆ । ਕਲਜੁਗ ਰੈਣ ਮੇਟੇ ਅੰਧੇਰੀ ਅੰਧੀ, ਕੂੜ ਕੁੜਿਆਰਾ ਡੇਰਾ ਢਾਹੀਆ । ਪ੍ਰਕਾਸ਼ ਕਰੇ ਜੋਤ ਦਾ ਚੰਦੀ, ਚੰਦ ਚਾਂਦਨਾ ਡਗਮਗਾਈਆ । ਸ਼ਰਅ ਜ਼ੰਜੀਰ ਤੋੜੇ ਪਾਬੰਦੀ, ਹੱਦ ਹਦੂਦ ਦਏ ਮੁਕਾਈਆ । ਆਤਮ ਪਰਮਾਤਮ ਬਣੇ ਸੰਗੀ, ਸਗਲਾ ਸੰਗ ਰਖਾਈਆ । ਸਭ ਦੀ ਚੋਲੀ ਜਾਏ ਰੰਗੀ, ਰੰਗ ਰੰਗੀਲਾ ਬੇਪ੍ਰਵਾਹੀਆ । ਕੂੜ ਆਯੂ ਰਹੀ ਨਾ ਲੰਬੀ, ਅਗਲਾ ਪੰਧ ਦਏ ਮੁਕਾਈਆ । ਲੇਖਾ ਪੂਰਾ ਕਰੇ ਮੁਹੰਮਦ ਯਕ ਛੰਬੀ, ਸ਼ਮ੍ਹਾਂ ਨੂਰ ਡਗਮਗਾਈਆ । ਮੇਰੀ ਹਾਲਤ ਰਹਿਣ ਨਾ ਦੇਵੇ ਮੰਦੀ, ਮੰਦ ਵਾਸਨਾ ਵਿਚੋਂ ਬਾਹਰ ਕਢਾਈਆ । ਮਿਹਰਵਾਨ ਕਿਰਪਾ ਕਰੇ ਸੂਰਾ ਸਰਬੰਗੀ, ਸ਼ਾਹ ਸੁਲਤਾਨਾ ਹੋਏ ਸਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੂੰ ਦੱਸੇ ਛੰਦੀ, ਢੋਲਾ ਸੋਹਲਾ ਮੌਲਾ ਇਕ ਦ੍ਰਿੜਾਈਆ । ਕਲਜੁਗ ਔਧ ਜਾਂਦੀ ਹੰਢੀ, ਮੁਕੇ ਪੰਧ ਜਗਤ ਲੋਕਾਈਆ । ਸਤਿ ਧਰਮ ਦੀ ਹੋਵੇ ਇਕੋ ਡੰਡੀ, ਡੰਡਾਵਤ ਸਭ ਦੀ ਦਏ ਬਦਲਾਈਆ । ਨਿਝਰ

ਰਸ ਦੇਵੇ ਪਰਮਾਨੰਦੀ, ਅਨੰਦ ਅਨੰਦ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵਣਹਾਰ ਦਇਆ ਕਮਾਈਆ । ਧਰਨੀ ਕਹੇ ਧਰਮ ਪ੍ਰਭ ਆਦਿ ਅੰਤ ਦਾ ਕਰਤਾ, ਕਰਨਹਾਰ ਅਖਵਾਈਆ । ਦੁੱਖ ਦਲਿਦ੍ਰ ਹਰਤਾ, ਹਰਿ ਹਰਿ ਰਿਹਾ ਸਮਾਈਆ । ਨਾ ਜੀਵਤ ਨਾ ਮਰਤਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਉਹ ਮਾਲਕ ਲੱਖ ਚੁਰਾਸੀ ਘਰ ਦਾ, ਗ੍ਰਿਹਿ ਗ੍ਰਿਹਿ ਫੋਲ ਫੁਲਾਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਤੋਂ ਡਰਦਾ, ਸਜਦਿਆਂ ਬੰਦਨਾ ਵਿਚ ਸੀਸ ਨਿਵਾਈਆ । ਉਹ ਸ਼ਬਦੀ ਧਾਰ ਦੋ ਜਹਾਨਾਂ ਲੜਦਾ, ਖੰਡਾ ਖੜਗ ਨਾ ਕੋਇ ਖੜਕਾਈਆ । ਲੇਖਾ ਜਾਣੇ ਚੋਟੀ ਜੜ ਦਾ, ਚੇਤਨ ਵੇਖੇ ਥਾਉਂ ਥਾਈਂਆ । ਸੋ ਕਲਜੁਗ ਅੰਤਮ ਆਪਣੀ ਕਰਨੀ ਕਰਦਾ, ਕਰਨਹਾਰ ਆਪ ਅਖਵਾਈਆ । ਦੂਈ ਦਵੈਤੀ ਚੁੱਕੇ ਪਰਦਾ, ਓਹਲਾ ਰਹਿਣ ਕੋਇ ਨਾ ਪਾਈਆ । ਤਾਲ ਸੁਹਾਏ ਸਰੋਵਰ ਸਰ ਦਾ, ਚਰਨ ਕਵਲ ਇਕ ਸ਼ਰਨਾਈਆ । ਝਗੜਾ ਮੇਟੇ ਨਾਰੀ ਨਰ ਦਾ, ਨਰ ਨਰਾਇਣ ਇਕੋ ਰੰਗ ਰੰਗਾਈਆ । ਜੋ ਆਦਿ ਜੁਗਾਦੀ ਘਾੜਨ ਘੜਦਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਸੋ ਸਚ ਦਵਾਰੇ ਏਕੰਕਾਰ ਹੋ ਕੇ ਖੜ੍ਹਦਾ, ਭਗਤ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਧਰਮ ਮੈਂ ਕੀ ਕਰਾਂ ਪੂਜਾ, ਪੂਜਣਯੋਗ ਬੇਪ੍ਰਵਾਹੀਆ । ਜਿਸ ਭਾਓ ਚੁਕਾਉਣਾ ਦੂਜਾ, ਦੁਤੀਆ ਭਾਓ ਦਏ ਚੁਕਾਈਆ । ਓਹਦਾ ਲੇਖਾ ਨਹੀਂ ਕੋਈ ਤੀਜਾ, ਚੌਥੇ ਵੰਡ ਨਾ ਕੋਇ ਵੰਡਾਈਆ । ਪੰਚਮ ਧਾਰ ਸਮਝੇ ਕੋਇ ਨਾ ਮੀਤਾ, ਛੇਵੇਂ ਛੱਪਰ ਛੰਨ ਨਾ ਕੋਇ ਵਖਾਈਆ । ਸਤਵੇਂ ਸਤਿ ਸਤਿਵਾਦੀ ਤ੍ਰੈਗੁਣ ਅਤੀਤਾ, ਅਠਵੇਂ ਅੱਠਾਂ ਤਤਾਂ ਬਾਹਰ ਸੋਭਾ ਪਾਈਆ । ਨਾਵੇਂ ਦਰ ਦਿਸੇ ਨਾ ਨੀਕਨ ਨੀਕਾ, ਦਸਵੇਂ ਘਰ ਜਗਤ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਤਤ ਪੁਨੀਤਾ, ਪਾਵਨ ਬੇਪ੍ਰਵਾਹੀਆ । ਜਿਸ ਦੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਵੱਖਰੀ ਰੀਤਾ, ਜੁਗ ਜੁਗ ਹੁਕਮ ਸੁਣਾਈਆ । ਅਵਤਾਰ ਪੈਗ਼ੰਬਰ ਗੁਰੂ ਨਾਮ ਕਲਮੇ ਗਾਉਂਦੇ ਗੀਤਾ, ਨਾਦ ਸ਼ਬਦ ਧੁਨ ਸ਼ਨਵਾਈਆ । ਅੰਮ੍ਰਿਤ ਰਸ ਦੇਵੇ ਠਾਂਡਾ ਸੀਤਾ, ਅਗਨੀ ਤਤ ਬੁਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਰੇ ਖੇਲ ਅਨਡੀਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਭਾਣਾ ਦੋ ਜਹਾਨਾਂ ਲੱਗੇ ਮੀਠਾ, ਵਿਸ਼ਨ ਬ੍ਰਹਮਾ ਸ਼ਿਵ ਸਾਰੇ ਖ਼ੁਸ਼ੀ ਮਨਾਈਆ । ਸੋ ਕਲਜੁਗ ਅੰਦਰ ਬਦਲੇ ਸਤਿ ਧਰਮ ਦੀ ਰੀਤਾ, ਸਤਿਜੁਗ ਸਚ ਸਚ ਪ੍ਰਗਟਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਬਦਲੇ ਨੀਤਾਂ, ਨੀਤੀਵਾਨ ਵੇਖ ਵਖਾਈਆ । ਝਗੜਾ ਮੁਕਾਏ ਮੰਦਰ ਮਸੀਤਾਂ, ਸ਼ਿਵਦਵਾਲੇ ਮੱਠਾਂ ਕਰੇ ਸਫ਼ਾਈਆ । ਧਰਨੀ ਕਹੇ ਮੇਰੀਆਂ ਉਸ ਦੇ ਵੈਰਾਗ ਵਿਚ ਨਿਕਲਦੀਆਂ ਚੀਕਾਂ, ਬਿਰਹੋਂ ਵਿਚ ਰੋਵਾਂ ਮਾਰਾਂ ਧਾਹੀਆ । ਜਿਸ ਦੀਆਂ ਪੈਗ਼ੰਬਰਾਂ ਗਾਈਆਂ ਹਦੀਸਾਂ, ਹਜ਼ਰਤ ਆਇਤਾਂ ਵਿਚ ਸਲਾਹੀਆ । ਸੋ ਖੇਲ ਕਰੇ ਬੀਸ ਇਕੀਸਾ, ਹਰਿ ਜਗਦੀਸ਼ਾ ਧੁਰ ਦਾ ਮਾਹੀਆ । ਜਿਸ ਦੇ ਛਤਰ ਝੁਲਣਾ ਇਕੋ ਸੀਸਾ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਪਤਤ ਪੁਨੀਤਾ, ਪਰਮ ਪੁਰਖ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ ।

## ✪ ੨੨ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ਊਧਮ ਸਿੰਘ ਦੇ ਗ੍ਰਿਹ ✪

ਧਰਮ ਕਹੇ ਧਰਨੀਏ ਉਠ ਨੱਕ ਨਾਲ ਕਢੀਏ ਲੀਕਾ, ਲੀਕ ਕੂੜੀ ਪ੍ਰਭ ਦਏ ਮਿਟਾਈਆ । ਤੈਨੂੰ ਸੱਚਾ ਦੱਸਾਂ ਤਰੀਕਾ, ਸਤਿ ਸਚ ਸਮਝਾਈਆ । ਨਾਲ ਅਵਤਾਰ ਪੈਗ਼ੰਬਰਾਂ ਗੁਰੂਆਂ ਕਰੋ ਤਸਦੀਕਾ, ਸ਼ਹਾਦਤ ਦਿਓ ਭੁਗਤਾਈਆ । ਤੁਸੀਂ ਝਗੜਾ ਛਡੋ ਦੀਨਾਂ ਮਜ਼੍ਹਬਾਂ ਵਾਲਿਆਂ ਸ਼ਰੀਕਾ, ਸ਼ਰਕਤ ਅੰਦਰੋਂ ਦਿਓ ਗਵਾਈਆ । ਇਕੋ ਸਾਹਿਬ ਸਵਾਮੀ ਮੰਨੋ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦਾ ਨਾਮ ਨਿਧਾਨਾ ਅੰਮ੍ਰਿਤ ਪੀਤਾ, ਖ਼ੁਮਾਰੀ ਜੁਗ ਜੁਗ ਰਖਾਈਆ । ਸੰਦੇਸਾ ਦੇਵਾਂ ਰਾਮ ਸੀਤਾ, ਕ੍ਰਿਸ਼ਨ ਰਾਧੇ ਜਣਾਈਆ । ਪੈਗ਼ੰਬਰਾਂ ਦੱਸਾਂ ਹਦੀਸਾ, ਹਜ਼ਰਤਾਂ ਤੋਂ ਪਰੇ ਸ਼ਨਵਾਈਆ । ਪੈਗ਼ੰਬਰਾਂ ਵਿਖਾਵਾਂ ਸ਼ੀਸ਼ਾ, ਲਬਾਂ ਵੱਲ ਧਿਆਨ ਲਗਾਈਆ । ਨਾਨਕ ਗੋਬਿੰਦ ਕਹਾਂ ਵੇਖੋ ਆਪਣਾ ਖ਼ੀਸਾ, ਦੋ ਹੱਥਾਂ ਫੋਲ ਫੁਲਾਈਆ । ਸੰਦੇਸਾ ਦੇਵਾਂ ਰਾਗ ਛਤੀਸਾ, ਜੁਗ ਛਤੀਸਾ ਵੇਖ ਵਖਾਈਆ । ਸਿਫ਼ਤ ਸਾਲਾਹੀ ਤੱਕੋ ਤੀਸ ਬਤੀਸਾ, ਬੱਤੀ ਧਾਰ ਭਰਮ ਰਹੇ ਨਾ ਰਾਈਆ । ਧਰਨੀਏ ਤੂੰ ਵੀ ਉਠ ਕੇ ਮਾਰੀ ਚੀਕਾ, ਕੂਕ ਕੂਕ ਸੁਣਾਈਆ । ਕੀ ਕਲਜੁਗ ਖੇਲ ਕੀਤਾ, ਕੀ ਕਰਨੀ ਕਾਰ ਕਮਾਈਆ । ਕਿਰਪਾ ਕਰੇ ਪ੍ਰਭੂ ਪ੍ਰਭ ਮੀਤਾ, ਮਿਤਰ ਪਿਆਰਾ ਧੁਰਦਰਗਾਹੀਆ । ਉਸੇ ਦੀਆਂ ਰਖੀਆਂ ਸਦਾ ਉਡੀਕਾਂ, ਬਿਨ ਨੈਣਾਂ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਧਰਮ ਕਹੇ ਧਰਨੀਏ ਓਹ ਤੱਕ ਨਾਰਦ ਆਉਂਦਾ, ਵਿੰਗੇ ਟੇਢੇ ਪੈਰ ਰਖਾਈਆ । ਮਸਤਕ ਤਿਉੜੀ ਬੋਦੀ ਹਿਲਾਉਂਦਾ, ਨੈਣ ਰਿਹਾ ਮਟਕਾਈਆ । ਕਮਲਾ ਕੋਝਾ ਢੋਲੇ ਗਾਉਂਦਾ, ਰਾਗ ਅਗੰਮ ਅਥਾਹੀਆ । ਆਪਣਾ ਸੁੱਕਾ ਪਿੰਜਰ ਵਖਾਉਂਦਾ, ਚੰਮ ਦ੍ਰਿਸ਼ਟੀ ਨਾਲ ਭਰਮਾਈਆ । ਊਚੀ ਕੂਕ ਕੇ ਰੌਲਾ ਪਾਉਂਦਾ, ਬਹੁੜੀ ਬਹੁੜੀ ਸੁਣਾਈਆ । ਆਪਣੀ ਆਸ਼ਾ ਆਪੇ ਢਾਹੁੰਦਾ, ਢਾਹ ਢੇਰੀ ਖ਼ਾਕ ਮਿਲਾਈਆ । ਤ੍ਰੈਗੁਣ ਅਗਨੀ ਤਤ ਤਪਾਉਂਦਾ, ਚਾਰ ਕੁੰਟ ਹਲਕਾਈਆ । ਪੁੱਠੀ ਸਿੱਧੀ ਖੇਲ ਵਖਾਉਂਦਾ, ਆਪਣਾ ਰੂਪ ਬਦਲਾਈਆ । ਨਾਲੇ ਦੰਦੀਆਂ ਸਾਨੂੰ ਖਿੜਾਉਂਦਾ, ਵਿੰਗਾ ਮੂੰਹ ਵਖਾਈਆ । ਨਾਲੇ ਕਲਜੁਗ ਨੂੰ ਬੁਲਾਉਂਦਾ, ਸੈਨਤ ਰਿਹਾ ਲਗਾਈਆ । ਨਾਲੇ ਉਂਗਲੀਆਂ ਪੰਜ ਉਠਾਉਂਦਾ, ਪੰਚਮ ਰਿਹਾ ਜਗਾਈਆ । ਨਾਲੇ ਨੱਕ ਨੂੰ ਵੱਟ ਚੜ੍ਹਾਉਂਦਾ, ਲੋਕ ਲੱਜਿਆ ਵਿਚ ਸਮਝਾਈਆ । ਨਾਲੇ ਹੱਸ ਕੇ ਸਾਨੂੰ ਵਖਾਉਂਦਾ, ਹਸਤੀ ਦੱਸੇ ਬੇਪਰਵਾਹੀਆ । ਓਹ ਵੇਖ ਮਖ਼ੌਲ ਉਡਾਉਂਦਾ, ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਧਰਮ ਜੀ ਮੈਂ ਆ ਗਿਆ ਤੁਹਾਡੇ ਬੰਕ, ਦਵਾਰੇ ਸਰਬ ਤਜਾਈਆ । ਧਰਨੀ ਨੂੰ ਵਖਾਉਣਾ ਇਕੋ ਅੰਕ, ਅੰਕੜਿਆਂ ਦਾ ਡੇਰਾ ਢਾਹੀਆ । ਜਿਸ ਗੜ੍ਹ ਤੁੜਾਇਆ ਲੰਕ, ਦਹਿਸਰ ਦਿਤਾ ਘਾਈਆ । ਜਿਸ ਦੁਆਪਰ ਕਰਾਇਆ ਅੰਤ, ਆਪਣਾ ਹੁਕਮ ਵਰਤਾਈਆ । ਓਹ ਮਾਲਕ ਸਦਾ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਲੱਭਦੇ ਫਿਰਦੇ ਸੰਤ, ਖੋਜਣ ਥਾਉਂ ਥਾਈਂਆ । ਓਹ ਮਿਲੇ ਨਾ ਧੁਰ ਦਾ ਕੰਤ, ਨੇਤਰ ਨਜ਼ਰ ਕਿਸੇ ਨਾ ਆਈਆ । ਨੀ ਮੈਂ ਆਦਿ ਦਾ ਪੁਰਾਣਾ ਪੰਡਤ, ਜੋਤਸ਼ ਵਿਦਿਆ ਵਿਚ ਵਡਿਆਈਆ । ਤੂੰ ਕਰਨੀ ਮੇਰੀ ਸੰਗਤ, ਮੈਂ ਸਭ ਕੁਝ ਦਿਆਂ ਸਮਝਾਈਆ । ਕੀ ਲੇਖਾ ਹੋਣਾ ਜੀਵ ਜੰਤ, ਹਾਲਤ ਹੋਏ ਕੀ ਲੋਕਾਈਆ । ਤੂੰ ਸੁਣ ਲੈ ਮੇਰਾ ਮੰਤ, ਮੰਤਰ ਦਿਆਂ ਦ੍ਰਿੜਾਈਆ । ਭੇਵ ਖੁਲਾਵਾਂ ਪ੍ਰਭੂ ਭਗਵੰਤ, ਕੀ ਭਗਵਨ ਕਾਰ ਕਮਾਈਆ । ਤੂੰ

ਕਰਨੀ ਮੇਰੀ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਕਿਉਂ ਕਲਜੁਗ ਕੀਤੀ ਇੱਲਤ, ਆਲਮਾਂ ਇਲਮ ਪੜ੍ਹਾਈਆ । ਮੈਂ ਵੇਖੀ ਚਾਰੇ ਸਿੰਮਤ, ਚਾਰੇ ਕੂਟਾਂ ਫੇਲ ਫੁਲਾਈਆ । ਦੀਨ ਦੁਨੀ ਹੋਈ ਨਿੰਦਕ, ਨਿੰਦਿਆ ਭਰੀ ਲੋਕਾਈਆ । ਮੇਰੀ ਇਕੋ ਇਕ ਮਿੰਨਤ, ਸਚ ਸਚ ਸੁਣਾਈਆ । ਨਿਮਕ ਹਰਾਮ ਬਣੀ ਨਾ ਨਿਮਖ, ਨਿਮਖ ਨਿਮਖ ਆਪਣਾ ਆਪ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਧਰਨੀਏ ਨੀ ਮੈਥੋਂ ਫੁਲਾ ਲੈ ਪਤਰੀ, ਪਤਣ ਤੇ ਬੈਠੀਏ ਸਭ ਕੁਛ ਦਿਆਂ ਸਮਝਾਈਆ । ਤੂੰ ਕੋਟਾਂ ਜੁਗਾਂ ਦੀ ਸੱਤਰੀ ਬਹੱਤਰੀ, ਤੈਨੂੰ ਸੁੱਧ ਰਹੀ ਨਾ ਰਾਈਆ । ਮੈਨੂੰ ਆਸ਼ਾ ਜੋ ਲੇਖ ਲਿਖਾ ਕੇ ਗਿਆ ਸਪਤਸ ਰਿਖੀਆਂ ਵਿਚੋਂ ਅੱਤਰੀ, ਪੂਰਬ ਪੱਛਮ ਧਿਆਨ ਲਗਾਈਆ । ਤੂੰ ਤੱਕਣ ਵਾਲੀ ਬ੍ਰਾਹਮਣ ਸ਼ੱਤਰੀ, ਸ਼ੂਦਰ ਵੈਸ਼ਾਂ ਧਿਆਨ ਲਗਾਈਆ । ਮੈਂ ਆਦਿ ਜੁਗਾਦਿ ਦਾ ਚੱਕਰੀ, ਚਕਰਵਰਤੀ ਹੋ ਕੇ ਭੱਜਾਂ ਵਾਹੋ ਦਾਹੀਆ । ਮੇਰੇ ਕੋਲ ਧਰਮ ਦੀ ਤੱਕੜੀ, ਪ੍ਰਭੂ ਦਿਤੀ ਫੜਾਈਆ । ਜਿਸ ਦੀ ਡੰਡਾ ਬਣੀ ਨਹੀਂ ਕੋਈ ਲੱਕੜੀ, ਤਰਾਜੂ ਜਗਤ ਨਾ ਕੋਇ ਘੜਾਈਆ । ਓਹ ਇਕੋ ਨਾਮ ਰੱਤੜੀ, ਜੋ ਸਾਹਿਬ ਦਿਤਾ ਰੰਗਾਈਆ । ਓਹ ਲਥੀ ਯਾਰ ਦੇ ਸਥਰੀ, ਸੇਜਾ ਇਕ ਸੁਹਾਈਆ । ਧਰਨੀ ਤੂੰ ਜਿਦ ਵਿਚ ਹੋਵੀਂ ਨਾ ਅਥਰੀ, ਅਥਰੂ ਵਹਾਉਣ ਵਾਲੀਏ ਤੈਨੂੰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਲੇਖਾ ਦਏ ਸਮਝਾਈਆ । ਨਾਰਦ ਕਹੇ ਮੇਰੀ ਪਤਰੀ ਕਹਿੰਦੀ ਕੀ ਕੁਛ, ਕੁਸ਼ਾ ਦੀਪ ਧਿਆਨ ਲਗਾਈਆ । ਧਰਨੀਏ ਇਕ ਵਾਰ ਫੇਰ ਪੁਛ, ਮੁਖੋਂ ਕਹਿ ਕੇ ਦੇ ਸੁਣਾਈਆ । ਔਹ ਤੱਕ ਮੇਰਾ ਸਾਹਿਬ ਜਿਸ ਦੀ ਨਾ ਦਾਹੜੀ ਨਾ ਮੁੱਛ, ਮੂੰਡ ਮੁੰਡਾਇਆ ਰੂਪ ਨਾ ਕੋਇ ਦਰਸਾਈਆ । ਉਹ ਫਿਰੇ ਵਿਚ ਕਲਜੁਗ ਅੰਧੇਰੇ ਘੁੱਪ, ਚਾਰੋਂ ਕੁੰਟ ਵੇਖ ਵਖਾਈਆ । ਸੂਰੀਆ ਚੰਦ ਦੇ ਪਿਛੇ ਗਿਆ ਛੁਪ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਵੀ ਉਸੇ ਤੋਂ ਡਰਦਾ ਹੋਇਆ ਚੁੱਪ, ਨਾਰਦ ਰਿਹਾ ਸੁਣਾਈਆ । ਨੀ ਉਸ ਦਾ ਸਤਿਗੁਰ ਦੂਲ੍ਹਾ ਸੁਤ, ਸੂਰਬੀਰ ਅਖਵਾਈਆ । ਜਿਸ ਨੇ ਕਲਜੁਗ ਜੜ ਦੇਣੀ ਪੁੱਟ, ਲੋਕਮਾਤ ਰਹਿਣ ਨਾ ਪਾਈਆ । ਸਤਿ ਧਰਮ ਸੁਹਾਉਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਫੇਰ ਤੂੰ ਵੀ ਹੋਵੀਂ ਖ਼ੁਸ਼, ਖ਼ੁਸ਼ੀਆਂ ਢੋਲੇ ਗਾਈਆ । ਧਰਮ ਦਾ ਬੂਟਾ ਧਰਮ ਨਾ ਜਾਵੇ ਸੁੱਕ, ਹਰਿਆ ਸਿੰਚ ਆਪ ਕਰਾਈਆ । ਸਭ ਨੇ ਤੂੰ ਮੇਰਾ ਮੈਂ ਤੇਰਾ ਪੜ੍ਹਨੀ ਤੁਕ, ਢੋਲਾ ਅਗੰਮ ਅਥਾਹੀਆ । ਇਕ ਵਾਰੀ ਮੇਰੀ ਪੈਰੀਂ ਆ ਕੇ ਝੁਕ, ਆਪਣਾ ਮਾਣ ਗਵਾਈਆ । ਫੇਰ ਮੈਂ ਡਲੀਆਂ ਦੇਵਾਂ ਸੁੱਟ, ਇਕ ਦੋ ਤਿੰਨ ਚਾਰ ਦਾ ਅੰਕ ਬਦਲਾਈਆ । ਚੌਥੇ ਜੁਗ ਪੈਣੀ ਲੁੱਟ, ਕਲਜੁਗ ਲੁਟੇਰਾ ਬਣੇ ਥਾਉਂ ਥਾਈਂਆ । ਪ੍ਰਭੂ ਦੀ ਪ੍ਰੀਤ ਸਭ ਦੇ ਨਾਲੋਂ ਜਾਣੀ ਟੁੱਟ, ਟੁਟਿਆਂ ਗੰਢ ਨਾ ਕੋਇ ਪਵਾਈਆ । ਅੰਮ੍ਰਿਤ ਜਾਮ ਮਿਲੇ ਕਿਸੇ ਨਾ ਘੁਟ, ਬੁੱਲੀਂ ਰਸ ਨਾ ਕੋਇ ਚਖਾਈਆ । ਅੰਤਰ ਲਿਵ ਜਾਣੀ ਛੁੱਟ, ਛੁਟਕੀ ਲਿਵ ਨਾ ਕੋਇ ਬੰਧਾਈਆ । ਦੀਨਾਂ ਮਜ਼੍ਹਬਾਂ ਪੈਣੀ ਫੁਟ, ਫੁਟਕਲ ਦਿਸੇ ਲੋਕਾਈਆ । ਆਪਣੇ ਮਾਰਗ ਤੋਂ ਸਾਰੇ ਜਾਣੇ ਘੁਸ, ਰਸਤਾ ਨਜ਼ਰ ਕਿਸੇ ਨਾ ਆਈਆ । ਭਾਗ ਲਗੇ ਨਾ ਕਿਸੇ ਜੁਸ, ਜਿਸਮ ਜਮੀਰ ਸਕੇ ਨਾ ਕੋਇ ਬਦਲਾਈਆ । ਇਹ ਖੇਲ ਕਰੇ ਪਰਮੇਸ਼ਵਰ ਅਗੰਮ ਅਥਾਹ ਉਚ, ਊਚੋ ਊਚ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਮੇਰੀ ਪਤਰੀ ਆਖਦੀ, ਅੱਖਰਾਂ ਤੋਂ

ਬਾਹਰ ਜਣਾਈਆ । ਇਹ ਖੇਲ ਉਸ ਅਲਖਣਾ ਅਲਾਖ ਦੀ, ਜਿਸ ਦਾ ਲੇਖ ਨਾ ਲਿਖਿਆ ਜਾਈਆ । ਮੇਰੀ ਧਾਰ ਅਗੰਮੀ ਪੁਰਖ ਅਬਿਨਾਸ਼ ਦੀ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਉਸ ਖੇਲ ਮਿਟਾਉਣੀ ਅੰਧੇਰੀ ਰਾਤ ਦੀ, ਕਲਜੁਗ ਕੂੜ ਪੰਧ ਮੁਕਾਈਆ । ਲੜੀ ਰਹਿਣੀ ਨਹੀਂ ਜ਼ਾਤ ਪਾਤ ਦੀ, ਊਚਾਂ ਨੀਚਾਂ ਡੇਰਾ ਢਾਹੀਆ । ਖੇਲ ਵੇਖਣੀ ਧਰਨੀ ਮਾਤ ਦੀ, ਧਵਲ ਤੇਰੇ ਉਤੇ ਫੇਰਾ ਪਾਈਆ । ਤੈਨੂੰ ਖ਼ਬਰ ਸੁਣਾਵਾਂ ਹੋਰ ਆਕਾਸ਼ ਦੀ, ਆਕਾਸ਼ ਆਕਾਸ਼ਾਂ ਪਰਦਾ ਲਾਹੀਆ । ਹਾਲਤ ਵੇਖ ਜਗਤ ਪ੍ਰਭਾਸ ਦੀ, ਭਰਮੇ ਭੁਲੀ ਲੋਕਾਈਆ । ਅੰਤ ਕੀਮਤ ਪੈਣੀ ਨਹੀਂ ਕਿਸੇ ਲਾਸ਼ ਦੀ, ਤਨ ਮਾਟੀ ਖ਼ਾਕ ਕੰਮ ਕਿਸੇ ਨਾ ਆਈਆ । ਤ੍ਰਿਸੂਲ ਵੇਖ ਸ਼ੰਕਰ ਵਾਲੇ ਕੈਲਾਸ਼ ਦੀ, ਸ਼ੰਭੂ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਮਾਲਕ ਵਡ ਵਡਿਆਈਆ । ਨਾਰਦ ਕਹੇ ਧਰਨੀਏ ਮੇਰੀ ਤੇਰੀ ਹੋ ਗਈ ਛੁੱਟੀ, ਛੁੱਟੀ ਤੱਕ ਦਿਸੇ ਜਗਤ ਲੋਕਾਈਆ । ਅੰਤ ਸਭ ਦੀ ਆਸ਼ਾ ਜਾਣੀ ਲੁੱਟੀ, ਧਰਮ ਸਕੇ ਨਾ ਕੋਇ ਬਚਾਈਆ । ਪਿਆਰ ਮੁਹੱਬਤ ਜਾਣੀ ਕੁੱਠੀ, ਪੁੱਠੇ ਬੱਕਰੇ ਰੋਵਣ ਮਾਰਨ ਧਾਹੀਆ । ਲੁਕਿਆ ਰਹੇ ਕੋਇ ਨਾ ਗੁੱਠੀ, ਚਾਰੇ ਕੁੰਟਾਂ ਫੋਲ ਫੁਲਾਈਆ । ਤੂੰ ਅੰਗੜਾਈ ਲੈ ਕੇ ਉਠੀ, ਆਪਣਾ ਬਲ ਧਰਾਈਆ । ਇਕੋ ਓਟ ਪ੍ਰਭੂ ਤੇ ਸੁੱਟੀ, ਸਹਾਰਾ ਅਵਰ ਨਾ ਕੋਇ ਜਣਾਈਆ । ਕਲਜੁਗ ਜਗਤ ਵੇਲਾ ਦਿਸੇ ਕਿਸੇ ਪੈਰੀਂ ਪਾਉਣੀ ਪਵੇ ਨਾ ਜੁੱਤੀ, ਈਸਾ ਉਂਗਲਾਂ ਨਾਲ ਇਸ਼ਾਰਾ ਰਿਹਾ ਜਣਾਈਆ । ਮੈਂ ਤੇ ਪੰਡਤ ਤੁਹਾਡੇ ਕੋਲ ਕਰਨ ਆਇਆ ਬੁਤੀ, ਜਜਮਾਨੋ ਦਿਆਂ ਸੁਣਾਈਆ । ਸਭ ਨੇ ਅੰਤਮ ਹੋਣਾ ਦੁੱਖੀ, ਦੁੱਖਾਂ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਕਰਨੀ ਆਪਣੇ ਹੱਥ ਰਖਾਈਆ । ਧਰਨੀ ਕਹੇ ਨਾਰਦ ਦੱਸ ਕੁਛ ਹੋਰ, ਅਵਰ ਅਵਰ ਦੇਣਾ ਜਣਾਈਆ । ਪ੍ਰਭ ਦੇ ਅਗੇ ਨਾ ਚਲੇ ਜ਼ੋਰ, ਕੀ ਜੋਰੂ ਜ਼ਰ ਦਾ ਲੇਖਾ ਦਏ ਮੁਕਾਈਆ । ਮੈਂ ਉਸ ਤੇ ਸੁੱਟੀ ਡੋਰ, ਜੋ ਡੋਰੀ ਤੰਦ ਨਾਮ ਬੰਧਾਈਆ । ਨਾਰਦ ਕਹੇ ਧਰਨੀਏ ਤੂੰ ਆਪਣੇ ਉਤੇ ਵੇਖ ਲੈ ਠੱਗ ਚੋਰ, ਚੋਰੀ ਚੋਰੀ ਧਿਆਨ ਲਗਾਈਆ । ਕਲਜੁਗ ਕੂੜ ਕੁੜਿਆਰਾ ਪਾਵੇ ਸ਼ੋਰ, ਚਾਰੋਂ ਕੁੰਟ ਕਰੇ ਦੁਹਾਈਆ । ਐਸੇ ਵੇਲੇ ਇਕ ਸਾਹਿਬ ਦੀ ਲੋੜ, ਬਹੁ ਗੁਰੂ ਕੰਮ ਕਿਸੇ ਨਾ ਆਈਆ । ਜਿਹੜਾ ਟੁੱਟੀ ਆਤਮ ਦੇਵੇ ਜੋੜ, ਪਰਮਾਤਮ ਆਪਣੇ ਨਾਲ ਮਿਲਾਈਆ । ਉਹ ਚੜ੍ਹੇ ਸ਼ਬਦ ਅਗੰਮੇ ਘੋੜ, ਪੁਰੀਆਂ ਲੋਆਂ ਬਾਹਰ ਭਜਾਈਆ । ਸਭ ਦਾ ਹੋਵੇ ਬੰਦੀ ਛੋੜ, ਨਾਤਾ ਤੋੜੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਧਰਨੀਏ ਮੇਰੀ ਪਤਰੀ ਕਹਿੰਦੀ ਮੇਰੀ ਧਾਰ ਦਿਸੇ ਮੰਗਲੀ, ਮੰਗਲ ਆਪਣਾ ਖੇਲ ਖਿਲਾਈਆ । ਜਿਸ ਸ਼ਰਅ ਮੇਟਣੀ ਸੰਗਲੀ, ਜ਼ੰਜੀਰਾਂ ਦਏ ਤੁੜਾਈਆ । ਉਨ ਫਿਰਨਾ ਜੂਹਾਂ ਜੰਗਲੀ, ਸਮੁੰਦ ਸਾਗਰਾਂ ਫੋਲ ਫੁਲਾਈਆ । ਉਹਦੀ ਇਕੋ ਅਗੰਮੀ ਮੰਜ਼ਲੀ, ਮੰਜ਼ਲ ਚਲੇ ਚਾਈਂ ਚਾਈਆ । ਧੁਰ ਦਾ ਮਾਲਕ ਹੋਵੇ ਅਦਲੀ, ਇਨਸਾਫ਼ ਹਕ ਕਰਾਈਆ । ਕਲਜੁਗ ਅੰਤਮ ਕਰੇ ਬਦਲੀ, ਬਦਲਾ ਆਪਣੇ ਹੱਥ ਰਖਾਈਆ । ਨਾਰਦ ਕਹੇ ਧਰਨੀਏ ਤੂੰ ਉਸ ਪ੍ਰਭੂ ਨੂੰ ਸੱਦ ਲਈਂ, ਸੱਦਾ ਪ੍ਰੇਮ ਵਾਲਾ ਲਗਾਈਆ । ਆਪਣਾ ਪਰਦਾ ਅੰਤਮ ਕੱਜ ਲਈਂ, ਕਜਲ ਨੈਣ ਸ਼ਰਮਾਈਆ । ਉਸ ਆਉਣਾ ਸਾਰੀ ਸ੍ਰਿਸ਼ਟੀ ਜਗ ਲਈ, ਜਾਗਰਤ ਜੋਤ ਜੋਤ ਰੁਸ਼ਨਾਈਆ । ਤੂੰ ਆਪਣਾ ਪਹਿਲੋਂ ਹਕ ਲਈਂ, ਹਕੂਕ ਆਪਣਾ ਝੋਲੀ ਪਾਈਆ । ਇਹ ਮੇਰੀ ਇਕ ਮੰਨ ਲਈਂ, ਮਤ ਮਤਾਂਤਰ ਡੇਰਾ

ਢਾਹੀਆ । ਪੁਰਖ ਅਕਾਲਾ ਦੀਨ ਦਿਆਲਾ ਸਮਰਥ ਇਕੋ ਵਰ ਲਈਂ, ਦੂਸਰ ਆਸ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲ ਦਾ ਪੱਲੂ ਫੜ ਲਈਂ, ਫੜਿਆ ਲੜ ਨਾ ਕੋਇ ਛੁਡਾਈਆ ।

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ਗੁਲਜ਼ਾਰ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਧਰਮ ਮੇਰਾ ਵੇਖ ਅਗੰਮੀ ਅੱਬਾ, ਅੰਮੀਜਾਨ ਇਕੋ ਨਜ਼ਰੀ ਆਈਆ । ਜਿਸ ਕੂੜੀ ਕਿਰਿਆ ਮੇਟਣਾ ਧੱਬਾ, ਪਤਤ ਪੁਨੀਤ ਦਏ ਕਰਾਈਆ । ਕੂੜ ਮਲੇਛ ਚੁਕਾਏ ਸਭਾ, ਸਭਾਪਤੀ ਆਪ ਅਖਵਾਈਆ । ਮਮਤਾ ਮੋਹ ਮਿਟਾਏ ਲਬਾ, ਵਿਕਾਰ ਹੰਕਾਰ ਗੜ੍ਹ ਤੁੜਾਈਆ । ਜਨ ਭਗਤਾਂ ਦੇਵੇ ਹੁਕਮ ਦਾ ਸੱਦਾ, ਸਦਾ ਸ਼ਬਦ ਨਾਮ ਜਣਾਈਆ । ਸਚ ਪਿਆਰ ਵਿਚ ਆਵੇ ਬੱਧਾ, ਪਿਛਲਾ ਪੰਧ ਮੁਕਾਈਆ । ਕੂੜ ਕੁੜਿਆਰ ਮੇਟ ਕੇ ਹੱਦਾ, ਹਦੂਦ ਆਪਣੀ ਇਕ ਦਰਸਾਈਆ । ਸ਼ਬਦੀ ਨਾਦ ਸੁਣਾ ਕੇ ਨੱਦਾ, ਹਰਿਜਨ ਲਏ ਉਠਾਈਆ । ਭਗਤ ਦਵਾਰ ਪਵਿਤ੍ਰ ਕਰੇ ਜਗਹ, ਜਨ ਭਗਤਾਂ ਗ੍ਰਿਹਿ ਹੋਵੇ ਸਹਾਈਆ । ਹਰਿਜਨ ਰਹਿਣ ਨਾ ਦੇਵੇ ਅਲੱਗਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਦੀਨ ਦੁਨੀ ਦੀ ਵੇਖੇ ਤਬ੍ਹਾ, ਤਬੀਅਤ ਫੋਲੇ ਖ਼ਲਕ ਖ਼ੁਦਾਈਆ । ਮੇਰਾ ਮਿਹਰਵਾਨ ਮਹਿਬੂਬ ਰੱਬਾ, ਮਿਹਰਵਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਚ ਦਏ ਵਡਿਆਈਆ । ਧਰਨੀ ਕਹੇ ਧਰਮ ਮੇਰੀ ਮੇਟੇ ਹਵਸ, ਹਰਸ ਦਏ ਗਵਾਈਆ । ਤੂੰ ਵੀ ਕਰਨਾ ਦਰਸ, ਨੈਣਾਂ ਨੈਣ ਉਠਾਈਆ । ਉਹ ਆਇਆ ਉਤੇ ਫ਼ਰਸ਼, ਸੰਬਲ ਸੋਭਾ ਪਾਈਆ । ਮੇਰੀ ਪੂਰੀ ਕਰੇ ਗ਼ਰਜ਼, ਗ਼ਰਜ਼ਮੰਦ ਨੂਰ ਅਲਾਹੀਆ । ਲੇਖੇ ਲਾਵੇ ਅਰਜ਼, ਆਰਜ਼ੂ ਆਪਣੇ ਵਿਚ ਸਮਾਈਆ । ਜਿਸ ਦਾ ਖੇਲ ਹੋਣਾ ਅਸਚਰਜ, ਅਚਰਜ ਆਪਣੀ ਕਾਰ ਭੁਗਤਾਈਆ । ਕਲਜੁਗ ਕੂੜੀ ਕਿਰਿਆ ਪੁੱਠੀ ਕਰੇ ਨਰਦ, ਨਾਰਦ ਮੁਨੀ ਦਏ ਗਵਾਹੀਆ । ਝਟ ਨਾਰਦ ਮੁਨੀ ਬੋਲੇ ਗਰਜ, ਕੂਕ ਕੂਕ ਸੁਣਾਈਆ । ਭਗਤ ਉਧਾਰਨਾ ਉਸ ਦੀ ਮਰਜ਼, ਹਰਿਜਨ ਮਰੀਜ਼ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਧਰਮ ਓਹ ਵੇਖ ਅਗੰਮੀ ਆਕਾ, ਅਕਲ ਬੁੱਧੀ ਤੋਂ ਬਾਹਰ ਧਿਆਨ ਲਗਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਸਾਕਾ, ਸਾਕੀ ਹੋ ਕੇ ਜਨ ਭਗਤਾਂ ਜਾਮ ਪਿਆਈਆ । ਉਹ ਸਤਿ ਧਰਮ ਦਾ ਮੈਨੂੰ ਦੇਵੇ ਠਾਕਾ, ਸੱਤਾਂ ਦੀਪਾਂ ਪਰਦਾ ਲਾਹੀਆ । ਉਹ ਖੁਲਾਏ ਧਰਮ ਧਾਰ ਦਾ ਤਾਕਾ, ਖਿੜਕੀ ਕੁੰਡੀ ਆਪ ਖੁਲਾਈਆ । ਮੇਰੀ ਪੂਰੀ ਕਰੇ ਆਸਾ, ਆਸ ਨਿਰਾਸ ਨਾ ਕੋਇ ਵਖਾਈਆ । ਤੂੰ ਵੀ ਚਰਨ ਕਵਲ ਕਰ ਭਰਵਾਸਾ, ਭਰਮ ਰਹੇ ਨਾ ਰਾਈਆ । ਉਹ ਮੇਟੇ ਅੰਧੇਰੀ ਰਾਤਾ, ਸਤਿਜੁਗ ਸਚ ਚੰਦ ਚਮਕਾਈਆ । ਖ਼ੁਸ਼ੀਆਂ ਵਿਚ ਦੇਵੇ ਦਾਤਾ, ਅਗੰਮ ਅਥਾਹ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਾਥਾ, ਸਮਰਥ ਪੁਰਖ ਮਹਿੰਮਾ ਅਕਥ ਆਪਣੀ ਆਪ ਦ੍ਰਿੜਾਈਆ ।

४९६
२३

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜਲਾਲਾਬਾਦ ਮੁਖਤਿਆਰ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀ ਵਾਅਦਾ ਵੇਖ ਕੌਲ ਇਕਰਾਰ ਪੱਕਾ, ਪਾਕ ਪਵਿਤ ਦਿਤਾ ਬਣਾਈਆ । ਪ੍ਰੇਮੀਆਂ ਪਿਆਰਿਆਂ ਪ੍ਰਭ ਕਦੇ ਨਾ ਦੇਵੇ ਧੱਕਾ, ਮੂੰਹ ਦੇ ਭਾਰ ਨਾ ਕਦੇ ਸੁਟਾਈਆ । ਕਿਰਪਾ ਨਿਧਾਨ ਮਹਿਬੂਬ ਸਕਾ, ਸਤਿਗੁਰ ਆਪ ਅਖਵਾਈਆ । ਗ਼ਰੀਬ ਨਿਮਾਣਿਆਂ ਤਾਰਦਿਆਂ ਕਦੇ ਨਾ ਥੱਕਾ, ਥਕਾਵਟ ਵਿਚ ਕਦੇ ਨਾ ਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹਰਿਜਨ ਭੁਲੇ ਕਦੇ ਨਾ ਰਤਾ, ਰਤਨ ਅਮੋਲਕ ਹੀਰੇ ਲਏ ਉਪਜਾਈਆ । ਓਥੇ ਕਲਜੁਗ ਕੀ ਕਰੇਗਾ ਤੱਤਾ, ਤੱਤੀ ਵਾ ਨਾ ਲਾਗੇ ਰਾਈਆ । ਜਿਨ੍ਹਾਂ ਦਾ ਪ੍ਰਭ ਆਪ ਕਰੇ ਪਤਾ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਚਤੁਰਾਈ ਚਲੇ ਨਾ ਕੋਇ ਬੁਧੀ ਮਤਾ, ਮਨ ਕਰੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਆਪ ਜਣਾਈਆ । ਧਰਨੀ ਕਹੇ ਧਰਮ ਮੈਂ ਬਚਨ ਕਰਾਂ ਸੱਚਾ, ਸਚ ਸਚ ਦ੍ਰਿੜਾਈਆ । ਜੋ ਭਗਤ ਪ੍ਰਭੂ ਦਾ ਬਣ ਗਿਆ ਬੱਚਾ, ਤਿਸ ਹੋਵੇ ਆਪ ਸਹਾਈਆ । ਭਾਗ ਲਗਾਵੇ ਕਾਇਆ ਮਾਟੀ ਕੱਚਾ, ਕੰਚਨ ਗੜ੍ਹ ਬਣਾਈਆ । ਦਰਸ਼ਨ ਦਿਖਾਏ ਅੱਖਾਂ, ਅੱਖਰਾਂ ਨਾਲ ਦਏ ਵਡਿਆਈਆ । ਦੋ ਜਹਾਨ ਉਸ ਨੂੰ ਰਖਾਂ, ਰੱਖਿਆ ਕਰੇ ਥਾਉਂ ਥਾਈਂਆ । ਜਿਸ ਨੂੰ ਲੱਭਦੇ ਕੋਟਨ ਲੱਖਾਂ, ਉਹ ਭਗਤਾਂ ਗ੍ਰਹਿ ਡੇਰਾ ਲਾਈਆ । ਭਾਗ ਲਗਾ ਕੇ ਕੁਲੀ ਕੱਖਾਂ, ਹੋਵੇ ਆਪ ਸਹਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹੱਸਾਂ, ਹੱਸਤੀ ਤੱਕ ਬੇਪਰਵਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੱਸਾਂ, ਵੇਖੋ ਧੁਰ ਦਾ ਮਾਹੀਆ । ਜਿਸ ਦੇ ਦਰਸ ਨਾਲ ਸਗਲ ਵਸੂਰਾ ਲੱਥਾ, ਦੁਰਮਤ ਮੈਲ ਰਹੀ ਨਾ ਰਾਈਆ । ਉਸ ਦੇ ਚਰਨਾਂ ਟੇਕ ਕੇ ਮੱਥਾ, ਜਨਮ ਜਨਮ ਵਿਚੋਂ ਬਦਲਾਈਆ । ਉਹ ਭਗਤਾਂ ਦੀ ਘਰ ਘਰ ਕਰੇ ਕਥਾ, ਸਿਫ਼ਤਾਂ ਸਿਫ਼ਤ ਸਲਾਹੀਆ । ਨਾਮ ਚੜ੍ਹਾ ਕੇ ਧੁਰ ਦੇ ਰਥਾ, ਰਥਵਾਹੀ ਰਿਹਾ ਚਲਾਈਆ । ਜੋ ਸਾਹਿਬ ਸਰਨਾਈ ਢੱਠਾ, ਡਿਗਦਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਪ੍ਰਭੂ ਮਿਹਰਵਾਨ ਮੀਤਾ, ਸਰਬ ਕਲਾ ਅਖਵਾਈਆ । ਕਲਜੁਗ ਬਦਲ ਕੇ ਆਪਣੀ ਰੀਤਾ, ਸਤਿ ਸਚ ਸਮਝਾਈਆ । ਜਨ ਭਗਤਾਂ ਵੇਖੇ ਨੀਤਾ, ਅੰਤਰ ਫੋਲ ਫੁਲਾਈਆ । ਤਨ ਕਰ ਕੇ ਠਾਂਡਾ ਸੀਤਾ, ਤ੍ਰਿਸ਼ਨਾ ਤ੍ਰਿਪਤ ਬੁਝਾਈਆ । ਚਰਨ ਕਵਲ ਬਖ਼ਸ਼ ਪ੍ਰੀਤਾ, ਪ੍ਰੀਤਮ ਹੋਏ ਸਹਾਈਆ । ਬਿਰਧਾਂ ਬਾਲਾਂ ਇਕੋ ਜਿਹਾ ਕੀਤਾ, ਬੁੱਢਿਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਹਰਿਜਨ ਰਖਿਆ ਚੇਤਾ, ਚੇਤਨ ਹੋ ਕੇ ਵੇਖੇ ਚਾਈਂ ਚਾਈਂਆ ।

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਭਲਾਈਪੁਰ ਡੋਗਰਾ ਗੁਰਮੁਖ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀਏ ਮੈਂ ਅੰਤ ਬੇਆਸਾ, ਆਸ ਨਜ਼ਰ ਕੋਇ ਨਾ ਆਈਆ । ਮੇਰਿਆਂ ਦੁੱਖਾਂ ਦਾ ਸੁਣ ਖੁਲਾਸਾ, ਸਚ ਸਚ ਸੁਣਾਈਆ । ਚਾਰੋਂ ਕੁੰਟ ਅੰਧੇਰਾ ਛੁਪਾ ਚੰਦ ਪ੍ਰਕਾਸ਼ਾ, ਨੂਰ ਨਜ਼ਰ ਕੋਇ ਨਾ ਆਈਆ । ਮੇਰਾ ਹਾਲ ਹੋ ਗਿਆ ਨਿਰਾਸ਼ਾ, ਭਿੱਛਿਆ ਨਾਮ ਨਾ ਕੋਇ ਪਾਈਆ । ਦੀਨ ਦੁਨੀ ਬਦਲ ਗਈ ਪਾਸਾ, ਕਰਵਟ ਕਲਜੁਗ ਦਿਤੀ ਬਦਲਾਈਆ । ਪ੍ਰਭ ਦੀ ਆਵੇ ਨਾ ਕਿਸੇ ਸ਼ਨਾਸਾ, ਸਨਾਖ਼ਤ ਸਕੇ ਨਾ ਕੋਇ ਕਰਾਈਆ ।

ਫਿਰੀ ਦਰੋਹੀ ਉਤੇ ਆਕਾਸ਼ਾ, ਧਵਲ ਰੋਵੇ ਮਾਰੇ ਧਾਹੀਆ । ਜਿਧਰ ਤੱਕਾਂ ਆਵੇ ਘਾਟਾ, ਘਾਟਾ ਪੂਰ ਨਾ ਕੋਇ ਕਰਾਈਆ । ਰਸ ਹੱਥ ਨਾ ਆਵੇ ਕਿਸੇ ਗੋਬਿੰਦ ਬਾਟਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਮਿਟਾਈਆ । ਮੁਖ ਲੁਕਾ ਗਈ ਅਸ਼ਟਭੁਜ ਵਾਲੀ ਲਾਟਾ, ਖੰਡਾ ਖੜਗ ਨਾ ਕੋਇ ਰਖਾਈਆ । ਤੇਈ ਅਵਤਾਰਾਂ ਤੁਟਾ ਸਾਕਾ, ਸੱਜਣ ਸੰਗ ਨਾ ਕੋਇ ਬਣਾਈਆ । ਪੈਗੰਬਰਾਂ ਦਾ ਭੁਲ ਗਿਆ ਦੱਸਿਆ ਖ਼ਾਕਾ, ਮਾਲਕ ਮਿਲਣ ਕੋਇ ਨਾ ਆਈਆ । ਰੰਗ ਨਾ ਚੜ੍ਹੇ ਨਾਨਕ ਨਿਰਗੁਣ ਦਾਤਾ, ਜਗਤ ਭੁਲੀ ਕੂੜ ਲੋਕਾਈਆ । ਸਤਿ ਧਰਮ ਦੀ ਧਰਮ ਕਹੇ ਮੇਰੇ ਕੋਲ ਰਹੀ ਨਾ ਗਾਠਾ, ਗਠੜੀ ਖ਼ਾਲੀ ਨਜ਼ਰੀ ਆਈਆ । ਨੇਤਰ ਰੋਵੇ ਤੀਰਥ ਅੱਠ ਸਾਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਪਿਆਰ ਰਿਹਾ ਨਾ ਪੂਜਾ ਪਾਠਾ, ਸਿਮਰਨ ਯੋਗ ਨਾ ਕੋਇ ਚਤੁਰਾਈਆ । ਹਉਮੇ ਰੋਗ ਨਾ ਜਾਏ ਕਾਟਾ, ਸ਼ਾਸਤਰ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਧਰਮ ਕਹੇ ਧਰਨੀ ਮੇਰਾ ਖ਼ਾਲੀ ਹੋ ਗਿਆ ਖੀਸਾ, ਜੇਬ ਪਾਕਟ ਰਹੀ ਕੁਰਲਾਈਆ । ਛਤਰ ਸੁਹਾਏ ਕਿਸੇ ਨਾ ਸੀਸਾ, ਤਾਜ ਤਖ਼ਤ ਗਏ ਗਵਾਈਆ । ਕੀ ਖੇਲ ਕਰੇ ਬੀਸ ਬੀਸਾ, ਹਰਿ ਜਗਦੀਸ਼ਾ ਧੁਰ ਦਾ ਮਾਹੀਆ । ਜਿਸ ਦਾ ਰੂਪ ਇਕੋ ਇਕੀਸਾ, ਇਕ ਏਕੰਕਾਰਾ ਆਪ ਅਖਵਾਈਆ । ਕਿਸ ਬਿਧ ਉਹ ਕਲਜੁਗ ਬਦਲੇ ਰੀਤਾ, ਮੰਦਰ ਮਸੀਤਾਂ ਪੰਧ ਚੁਕਾਈਆ । ਜਿਸ ਨੂੰ ਝੁਕਦੇ ਰਾਮ ਸੀਤਾ, ਕ੍ਰਿਸ਼ਨ ਕ੍ਰਿਸ਼ਨਾ ਸੀਸ ਨਿਵਾਈਆ । ਉਹ ਹੋ ਕੇ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣਾ ਭੇਵ ਖੁਲਾਈਆ । ਬਣ ਕੇ ਪਿਆਰਾ ਮੀਤਾ, ਮਿਤਰ ਪਿਆਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਰਗ ਇਕ ਪ੍ਰਗਟਾਈਆ । ਧਰਨੀ ਕਹੇ ਧਰਮ ਉਹ ਵੇਖ ਪੈਗੰਬਰ ਕਰਦੇ ਤੋਬਾ ਤੋਬਾ ਤੋਬਾ, ਬੰਦਗੀਆਂ ਵਿਚ ਸੀਸ ਨਿਵਾਈਆ । ਤੂੰ ਓਸ ਦੀ ਸੁਣ ਸੋਭਾ, ਸੋਹਬਤ ਜਿਸ ਦੀ ਸਾਰੇ ਗਾਈਆ । ਜਿਸ ਨੂੰ ਲਾਲਚ ਨਹੀਂ ਕੋਈ ਲੋਭਾ, ਲਾਲਚ ਵਿਚ ਕਦੇ ਨਾ ਆਈਆ । ਉਹ ਸਭ ਦਾ ਹਿਰਦਾ ਰਿਹਾ ਸੋਧਾ, ਸੁਦੀ ਵਦੀ ਦਾ ਡੇਰਾ ਢਾਹੀਆ । ਸਤਿਗੁਰ ਸ਼ਬਦ ਬਣ ਕੇ ਯੋਧਾ, ਵਡ ਬਲਵਾਨਾ ਫੇਰਾ ਪਾਈਆ । ਜਿਸ ਨੇ ਝਗੜਾ ਮੁਕਾਉਣਾ ਬਾਂਗ ਰੋਜ਼ਾ, ਨਿਮਾਜ਼ਾਂ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਝਗੜਾ ਮੇਟੇ ਜੰਞੂ ਬੋਦਾ, ਬੋਦੀ ਨਾਰਦ ਦੀ ਦਏ ਗਵਾਹੀਆ । ਨਾਰਦ ਕਹੇ ਵਾਹ ਓਏ ਧਰਮਾ, ਕੀ ਧਰਨੀ ਰਿਹਾ ਸੁਣਾਈਆ । ਤੂੰ ਕੀ ਜਾਣੇ ਮੇਰਾ ਕਰਮਾ, ਕੀ ਪ੍ਰਭੂ ਦਿਤੀ ਵਡਿਆਈਆ । ਮੈਂ ਸ਼ਬਦ ਧਾਰ ਵਿਚੋਂ ਜਰਮਾ, ਸ਼ਬਦ ਸ਼ਬਦ ਵਿਚ ਸਮਾਈਆ । ਕੋਈ ਭਰਾਂਤ ਰਹੇ ਨਾ ਭਰਮਾ, ਭਾਂਡਾ ਦਿਆਂ ਭੰਨਾਈਆ । ਇਕੋ ਰੂਪ ਹੋਵਾਂ ਪ੍ਰਭ ਚਰਨਾ, ਦੂਜਾ ਸਹਾਰਾ ਨਾ ਕੋਇ ਤਕਾਈਆ । ਜਿਸ ਝਗੜਾ ਮੇਟਣਾ ਵਰਨਾਂ ਬਰਨਾਂ, ਏਕਾ ਰੰਗ ਰੰਗਾਈਆ । ਉਸ ਖੇਲ ਅਗੰਮਾ ਕਰਨਾ, ਕਰਨੀ ਕਰਤਾ ਆਪਣੀ ਕਾਰ ਭੁਗਤਾਈਆ । ਜਨ ਭਗਤਾਂ ਨੇਤਰ ਖੋਲ ਕੇ ਹਰਨਾ ਫਰਨਾ, ਨਿਜ ਨੈਣ ਕਰੇ ਰੁਸ਼ਨਾਈਆ । ਜਿਨ੍ਹਾਂ ਇਕੋ ਅੱਖਰ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਚ ਦਵਾਰੇ ਮੰਜ਼ਲ ਚੜ੍ਹਨਾ, ਦਰਗਾਹ ਸਾਚੀ ਸੋਭਾ ਪਾਈਆ । ਪੁਰਖ ਅਕਾਲ ਦੀ ਜੋਤ ਰਲਨਾ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਆਪਣਾ ਖੇਲ ਆਪੇ ਕਰਨਾ, ਕਰਨਯੋਗ ਆਪ ਅਖਵਾਈਆ ।

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ ਪਾਲ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਧਰਮ ਮੈਂ ਭਾਗਾਂ ਭਰੀ, ਪ੍ਰਭੂ ਭਾਗ ਦਿਤਾ ਲਗਾਈਆ । ਕਿਰਪਾ ਕਰੀ ਆਪ ਪ੍ਰਭ ਹਰੀ, ਹਰਿਆਵਲ ਮੇਰੇ ਉਤੇ ਮਹਿਕਾਈਆ । ਭਾਗ ਲਗਾਇਆ ਗੁਰਮੁਖਾਂ ਦੇ ਘਰ ਘਰੀ, ਜਨ ਭਗਤਾਂ ਦਿਤੀ ਵਡਿਆਈਆ । ਮੈਨੂੰ ਖ਼ੁਸ਼ੀ ਹੋਈ ਬੜੀ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਮੈਂ ਪ੍ਰੇਮ ਨਾਲ ਪ੍ਰੇਮ ਦੀ ਬੱਝੀ ਵੇਖੀ ਲੜੀ, ਗੁਰਸਿਖ ਗੁਰਸਿਖਾਂ ਨਾਲ ਗੰਢ ਬੰਧਾਈਆ । ਮੇਰੀ ਸੁਲੱਖਣੀ ਹੋਈ ਘੜੀ, ਘੜਿਆਲ ਧੁਰ ਦਾ ਦਏ ਗਵਾਹੀਆ । ਮੈਂ ਖ਼ੁਸ਼ੀਆਂ ਦੇ ਵਿਚ ਖੜੀ, ਅੰਦਰ ਖਟਕਾ ਰਿਹਾ ਨਾ ਰਾਈਆ । ਮੈਂ ਇਕੋ ਤੁਕ ਜਨ ਭਗਤਾਂ ਨਾਲ ਮਿਲ ਕੇ ਪੜ੍ਹੀ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਜਗਤ ਅਗਨੀ ਵਿਚ ਨਾ ਸੜੀ, ਤੱਤੀ ਵਾਅ ਨਾ ਲੱਗੀ ਰਾਈਆ । ਇਕੋ ਪੁਰਖ ਅਕਾਲ ਦੀ ਸਰਨੀ ਪੜੀ, ਨਿਵ ਨਿਵ ਸੀਸ ਝੁਕਾਈਆ । ਤੂੰ ਸੁਹਾਉਣੀ ਗੁਰਮੁਖਾਂ ਦੀ ਕਾਇਆ ਵਾਲੀ ਗੜ੍ਹੀ, ਕੰਚਨ ਗੜ੍ਹ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਧਰਮ ਮੇਰਾ ਹੋਇਆ ਵਕਤ ਸੁਹਾਵਾ, ਹਰਿ ਸਚ ਦਿਤੀ ਵਡਿਆਈਆ । ਮੈਂ ਗੀਤ ਖ਼ੁਸ਼ੀ ਵਿਚ ਗਾਵਾਂ, ਗਾ ਗਾ ਖ਼ੁਸ਼ੀ ਬਣਾਈਆ । ਫੇਰ ਇਕ ਪ੍ਰਭੂ ਨੂੰ ਰਾਵਾਂ, ਜੋ ਰਵਿਆ ਸਰਬ ਠਾਈਂਆ । ਫੇਰ ਭੁਜਾਂ ਉਠਾਵਾਂ ਬਾਹਵਾਂ, ਹੱਥਾਂ ਲਵਾਂ ਫੈਲਾਈਆ । ਤੇਰੇ ਕਦਮਾਂ ਬਲ ਬਲ ਜਾਵਾਂ, ਕਿਰਪਾ ਕਰ ਸਾਹਿਬ ਗੁਸਾਈਂਆ । ਤੇਰਾ ਭਗਤ ਰਹੇ ਨਾ ਕੋਇ ਨਿਥਾਵਾਂ, ਥਾਨ ਥਨੰਤਰ ਦੇਣੀ ਵਡਿਆਈਆ । ਸਭ ਦਾ ਤੋਲ ਤਰਾਜੂ ਕਰਨਾ ਸਾਂਵਾਂ, ਕੰਡਾ ਆਪਣਾ ਨਾਮ ਬਣਾਈਆ । ਸਿਰ ਭਗਤਾਂ ਦੇਵੀਂ ਠੰਡੀਆਂ ਛਾਂਵਾਂ, ਮਿਹਰ ਨਜ਼ਰ ਟਿਕਾਈਆ । ਜਿਨ੍ਹਾਂ ਇਕ ਵਾਰ ਤੇਰੇ ਨਾਲ ਲੈ ਲਈਆਂ ਲਾਵਾਂ, ਵਿਛੋੜਾ ਦੋ ਜਹਾਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਧਰਮ ਪ੍ਰਭੂ ਕੀਤਾ ਬੜਾ ਤਰਸ, ਰਹਿਮਤ ਆਪ ਕਮਾਈਆ । ਮੇਰੀ ਤ੍ਰਿਸ਼ਨਾ ਮੇਟੀ ਹਰਸ, ਹਵਸ ਦਿਤੀ ਚੁਕਾਈਆ । ਆ ਕੇ ਉਤੇ ਫ਼ਰਸ਼, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਤਰਸਦੇ ਸਾਰੇ ਅਰਸ਼, ਬਿਨ ਨੈਣਾਂ ਨੈਣ ਉਠਾਈਆ । ਓਹ ਮੇਘ ਅਗੰਮਾ ਰਿਹਾ ਬਰਸ, ਅਗਨੀ ਤਤ ਗਵਾਈਆ । ਮੈਂ ਖ਼ੁਸ਼ੀਆਂ ਵਿਚ ਟੱਪਾਂ ਧਰਤ, ਧਰਨੀ ਹੋਕੇ ਲਵਾਂ ਅੰਗੜਾਈਆ । ਧੌਲ ਉਤੇ ਆਇਆ ਪਰਤ, ਧਵਲ ਸੀਸ ਝੁਕਾਈਆ । ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਦਾ ਡੇਰਾ ਢਾਹੀਆ । ਸੂਰਬੀਰ ਮਰਦਾਨਾ ਬਣ ਕੇ ਮਰਦ, ਬਲਧਾਰੀ ਬਲ ਪ੍ਰਗਟਾਈਆ । ਜਨ ਭਗਤਾਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਮੇਰੀ ਇਕ ਬੇਨੰਤੀ ਅਰਜ਼, ਆਰਜ਼ੂ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਅਗੇ ਝੋਲੀ ਡਾਹੀਆ । ਧਰਨੀ ਕਹੇ ਧਰਮ ਖੇਲ ਨਹੀਂ ਕੋਈ ਲੁਕਦਾ, ਸਤਿ ਸਚ ਜਣਾਈਆ । ਸਤਿਗੁਰ ਸ਼ਬਦ ਸ਼ਬਦ ਹੋ ਕੇ ਬੁਕਦਾ, ਭਬਕ ਨਾਮ ਰਖਾਈਆ । ਜਨ ਭਗਤਾਂ ਮਾਣ ਦੇ ਕੇ ਇਕੋ ਤੁਕ ਦਾ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਦਾ ਭਾਣਾ ਕਦੇ ਨਾ ਰੁਕਦਾ, ਓਹ ਹੋਏ ਆਪ ਸਹਾਈਆ । ਜਿਸ ਦਾ ਬਾਹਰੋਂ ਰੂਪ ਮਨੁਖ ਦਾ, ਅੰਤਰ ਜੋਤ ਜੋਤ ਵਡਿਆਈਆ । ਉਹ ਗੁਰਮੁਖਾਂ ਵਕਤ ਸੁਹੰਜਣਾ ਕਰੇ ਸੁਖ ਦਾ, ਦਰਦੀਆਂ ਦਰਦ ਵੰਡਾਈਆ । ਲਹਿਣਾ ਦੇਵੇ ਜਨਣੀ ਕੁੱਖ ਦਾ, ਸਿਰ ਆਪਣੇ ਹੱਥ ਰਖਾਈਆ । ਉਹ ਘਰ ਘਰ ਜਨ ਭਗਤਾਂ ਪੁਛਦਾ, ਦਿਵਸ ਰੈਣ ਪੰਧ ਮੁਕਾਈਆ । ਲਾਡ

ਲਡਾਵੇ ਸ਼ਬਦ ਦੁਲਾਰੇ ਸੁਤ ਦਾ, ਸੁੱਤਿਆਂ ਲਏ ਜਗਾਈਆ । ਬਿਨਾ ਹੱਥਾਂ ਬਾਹਵਾਂ ਗੋਦੀ ਚੁੱਕਦਾ, ਆਪਣੀ ਗੋਦ ਟਿਕਾਈਆ । ਧਰਨੀ ਕਹੇ ਧਰਮ ਮੇਰਾ ਵਕਤ ਸੁਹੰਜਣਾ ਹੋਇਆ ਰੁੱਤ ਦਾ, ਰੁਤੜੀ ਪ੍ਰਭ ਮਹਿਕਾਈਆ । ਉਹ ਨਾਰਦ ਮੁਨੀ ਪੁਛਦਾ, ਚੋਰੀ ਚੋਰੀ ਆਵਾਜ਼ ਲਗਾਈਆ । ਕਿਉਂ ਧਰਮ ਦਾ ਧਰਮ ਪਿਆਰ ਜਾਂਦਾ ਟੁੱਟਦਾ, ਮੈਨੂੰ ਦੇ ਸਮਝਾਈਆ । ਮੈਂ ਹੱਸ ਕੇ ਕਿਹਾ ਨਾਰਦਾ ਥੋੜ੍ਹਾ ਸਮਾਂ ਕਲਜੁਗ ਲੁੱਟ ਦਾ, ਲੁਟੇਰਾ ਹੋ ਕੇ ਲੁੱਟੇ ਚਾਈਂ ਚਾਈਂਆ । ਫੇਰ ਇਸ਼ਾਰਾ ਕੀਤਾ ਔਹ ਵੇਖ ਪੁਰਖ ਅਕਾਲਾ ਸਭ ਨੂੰ ਪੁੱਟਦਾ, ਕਾਇਆ ਕੁਟੀਆ ਕਰੇ ਸਫ਼ਾਈਆ । ਰੂਪ ਸੁਹਾਇਆ ਜਿਨ੍ਹਾਂ ਭਗਤਾਂ ਪੰਜ ਤਤ ਬੁਤ ਦਾ, ਬੁਤਖ਼ਾਨਿਆਂ ਕਰੇ ਰੁਸ਼ਨਾਈਆ । ਮੈਂ ਦੀਦਾਰ ਕਰਾਂ ਓਸ ਦੇ ਸੋਹਣੇ ਮੁਖ ਦਾ, ਜਿਸ ਦੀ ਚੰਦ ਤੋਂ ਬਾਹਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਧਰਮ ਮੈਂ ਹੋਈ ਭਾਗਾਂ ਵੰਤੀ, ਆਪਣੀ ਖ਼ੁਸ਼ੀ ਬਣਾਈਆ । ਪ੍ਰਭ ਪਾਇਆ ਧੁਰ ਦਾ ਕੰਤੀ, ਸੁਹਾਗ ਇਕ ਹੰਢਾਈਆ । ਮੈਨੂੰ ਚੜ੍ਹਿਆ ਰੰਗ ਬਸੰਤੀ, ਉਤਰ ਕਦੇ ਨਾ ਜਾਈਆ । ਮੈਂ ਤ੍ਰਿਸ਼ਨਾ ਛਡੀ ਮਨ ਦੀ, ਮਨ ਮਨਸਾ ਦਿਤੀ ਗਵਾਈਆ । ਮੈਂ ਨਿੰਦਿਆ ਛਡੀ ਕੰਨ ਦੀ, ਸੁਣਨ ਵਿਚ ਕਦੇ ਨਾ ਆਈਆ । ਮੈਂ ਵਿਭੂਤੀ ਛਡੀ ਤਨ ਦੀ, ਕੂੜੀ ਖ਼ਾਕ ਨਾ ਕੋਇ ਰਮਾਈਆ । ਮੈਂ ਆਸਾ ਛਡੀ ਗ਼ਮ ਦੀ, ਚਿੰਤਾ ਦਿਤੀ ਮਿਟਾਈਆ । ਮੈਂ ਵਣਜਾਰੀ ਨਹੀਂ ਚਮੜੀ ਚੰਮ ਦੀ, ਚੰਮ ਦ੍ਰਿਸ਼ਟੀ ਨਾ ਕੋਇ ਰਖਾਈਆ । ਮੈਂ ਪ੍ਰੇਮਣ ਇਕ ਬ੍ਰਹਮ ਦੀ, ਜੋ ਪਾਰਬ੍ਰਹਮ ਦਏ ਮਿਲਾਈਆ । ਮੈਂ ਭਗਤਾਂ ਦੇ ਅਗੇ ਹੱਥ ਬੰਨ੍ਹਦੀ, ਬੰਦਨਾ ਵਿਚ ਸੀਸ ਨਿਵਾਈਆ । ਜਨ ਭਗਤੋ ਇਹ ਖੇਲ ਸ੍ਰੀ ਭਗਵਨ ਦੀ, ਜੋ ਤੁਹਾਡੇ ਨਾਲ ਮਿਲ ਕੇ ਰਿਹਾ ਕਰਾਈਆ । ਧਰਨੀ ਕਹੇ ਮੇਰੀ ਸੁਗੰਧੀ ਨਹੀਂ ਕੋਈ ਪਵਣ ਸਵਾਸੀ ਦਮ ਦੀ, ਸਾਹ ਸਾਹ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਕੀਕਤ ਜਾਣੇ ਸਭ ਦੇ ਕਰਮ ਦੀ, ਜਨਮ ਕਰਮ ਦਾ ਮਾਲਕ ਵੇਖ ਵਖਾਈਆ ।



## ✪ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਵਿਹਾਰ ਹੋਇਆ ✪

ਧਰਮ ਕਹੇ ਮੇਰੀ ਹੋਵੇ ਰੁਤ ਸੁਹੰਜਣੀ, ਪੁਰਖ ਅਕਾਲ ਦੀਨ ਦਿਆਲ ਦਏ ਵਡਿਆਈਆ । ਚਰਨ ਧੂੜ ਇਸ਼ਨਾਨ ਕਰਾਏ ਮਜਨੀ, ਦੁਰਮਤ ਮੈਲ ਧਵਾਈਆ । ਨਿਰਗੁਣ ਸਰਗੁਣ ਮੇਲੇ ਸਜਨੀ, ਹਰਿ ਕਰਤਾ ਅਗੰਮ ਅਥਾਹੀਆ । ਜਿਸ ਦੀ ਸ਼ਬਦ ਆਵਾਜ਼ ਇਕੋ ਨਦਨੀ, ਨਾਦ ਅਨਾਦੀ ਦਏ ਦ੍ਰਿੜਾਈਆ । ਝਗੜਾ ਮੇਟੇ ਤਨ ਵਜੂਦ ਬਦਨੀ, ਕਾਇਆ ਕਾਅਬਾ ਪਰਦਾ ਦਏ ਉਠਾਈਆ । ਲੇਖਾ ਜਾਣੇ ਆਅਲਾ ਅਦਨੀ, ਰਾਓ ਰੰਕਾਂ ਖੋਜ ਖੁਜਾਈਆ । ਤ੍ਰੈਗੁਣ ਮਾਇਆ ਬੁਝਾਏ ਅਗਨੀ, ਅੰਮ੍ਰਿਤ ਮੇਘ ਬਰਸਾਈਆ । ਕੂੜੀ ਕਿਰਿਆ ਮੇਟੇ ਹਦਨੀ, ਹਦੂਦ ਇਕੋ ਇਕ ਪ੍ਰਗਟਾਈਆ । ਜਨ ਭਗਤਾਂ ਦੇਵੇ ਸਾਚੀ ਸੱਦਨੀ, ਸੱਦਾ ਨਾਮ ਦ੍ਰਿੜਾਈਆ । ਜਿਨ੍ਹਾਂ ਗ੍ਰਿਹਿ ਜੋਤ ਇਕੋ ਜਗਣੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਪਾਵੇ ਸਗਣੀ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ ।

ਧਰਨੀ ਕਹੇ ਮੇਰਾ ਵਕਤ ਸੁਹੇਲਾ ਅੱਜ, ਪ੍ਰਭ ਦੇਵੇ ਮਾਣ ਵਡਿਆਈਆ । ਬਿਨ ਕਾਅਬਿਉਂ ਹੋਵੇ ਹੱਜ, ਹੁਜਰਾ ਹਕ ਵਖਾਈਆ । ਮੈਂ ਸਭ ਕੁਛ ਜਾਵਾਂ ਤਜ, ਮਿਲ ਕੇ ਮਹਿਬੂਬ ਧੁਰ ਦੇ ਮਾਹੀਆ । ਨਿਰਗੁਣ ਦਰਸ਼ਨ ਕਰਾਂ ਰੱਜ, ਬਿਨ ਨੈਣਾਂ ਦਰਸ਼ਨ ਪਾਈਆ । ਖ਼ੁਸ਼ੀ ਹੋਵਾਂ ਵਿਚ ਜਗ, ਜਾਗਰਤ ਜੋਤ ਡਗਮਗਾਈਆ । ਤ੍ਰੈਗੁਣ ਕੂੜੀ ਬੁਝੇ ਅੱਗ, ਅਗਨੀ ਅੱਗ ਨਾ ਕੋਇ ਤਪਾਈਆ । ਮਿਲੇ ਮੇਲ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਧਰਨੀਏ ਵੇਖੀਂ ਸਾਹਿਬ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਨੌਜਵਾਨਾ, ਮਰਦ ਮਰਦਾਨਾ ਵਡ ਵਡਿਆਈਆ । ਜਿਸ ਨੂੰ ਸਾਰੇ ਕਹਿੰਦੇ ਸ੍ਰੀ ਭਗਵਾਨਾ, ਭਗਵਨ ਭਗਵਾਨ ਆਪਣਾ ਖੇਲ ਖਿਲਾਈਆ । ਨਿਰਗੁਣ ਧਾਰ ਪਹਿਰੇ ਬਾਣਾ, ਸ਼ਬਦ ਅਣਿਆਲਾ ਤੀਰ ਚਲਾਈਆ । ਜੋ ਲੇਖਾ ਜਾਣੇ ਦੋ ਜਹਾਨਾਂ, ਪੁਰੀਆਂ ਲੋਆਂ ਵੇਖ ਵਖਾਈਆ । ਉਹ ਵਰਤ ਕੇ ਆਪਣਾ ਭਾਣਾ, ਸਦ ਭਾਣੇ ਵਿਚ ਸਮਾਈਆ । ਜਿਸ ਤਖ਼ਤੋਂ ਲਾਹਿਆ ਰਾਜਾ ਰਾਣਾ, ਤਖ਼ਤ ਨਿਵਾਸੀ ਇਕੋ ਧੁਰਦਰਗਾਹੀਆ । ਜਿਸ ਦਾ ਨਾਮ ਖੰਡਾ ਮਹਾਨਾ, ਮਹਿੰਮਾ ਅਕਥ ਅਕਥ ਸਮਝਾਈਆ । ਹਰ ਘਟ ਉਹ ਹੋਇਆ ਜਾਣੀ ਜਾਣਾ, ਜਾਨਣਹਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਧਰਮ ਸ਼ਬਦ ਅਗੰਮਾ ਸੁਣ ਹੁਣ, ਬਿਨ ਸਰਵਣਾਂ ਧਿਆਨ ਲਗਾਈਆ । ਪੁਰਖ ਅਕਾਲ ਦਾ ਤੱਕ (ਗੁਣ), ਗੁਣਵੰਤਾ ਕੀ ਆਪਣਾ ਰੰਗ ਰੰਗਾਈਆ । ਜਿਸ ਦੀ ਸ਼ਬਦ ਅਗੰਮੀ ਧੁਨ, ਆਤਮਕ ਰਾਗ ਸੁਣਾਈਆ । ਓਹ ਮੇਰੇ ਉਤੇ ਭਾਗ ਲਗਾਏ ਫਲਗੁਣ, ਪਹਿਲਾ ਪ੍ਰਵਿਸ਼ਟਾ ਮਿਲੇ ਵਡਿਆਈਆ । ਸੰਤ ਸੁਹੇਲੇ ਗੁਰਮੁਖ ਚੁਣ, ਆਪਣੇ ਰੰਗ ਰੰਗਾਈਆ । ਉਸ ਦਾ ਲੇਖਾ ਜਾਣੇ ਕਵਣ, ਗਿਣਤੀ ਗਣਤ ਨਾ ਕੋਇ ਗਿਣਾਈਆ । ਜਿਸ ਨੂੰ ਝੁਕਦੇ ਪਾਣੀ ਪਵਣ, ਬਸੰਤਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਾ ਹੁਕਮ ਸੁਣਾਈਆ ਫਲਗੁਣ ਕਹੇ ਧਰਨੀ ਧਰਮ ਮੈਂ ਆਇਆ ਜਗ, ਜਾਗਰਤ ਜੋਤ ਪ੍ਰਭ ਦਿਤੀ ਵਡਿਆਈਆ । ਭਗਤਾਂ ਮਿਲਾਂ ਉਪਰ ਸ਼ਾਹ ਰਗ, ਨਵ ਦਰ ਦਾ ਡੇਰਾ ਢਾਹੀਆ । ਕੂੜੀ ਕਿਰਿਆ ਕਰਾਂ ਬੱਧ, ਬੱਧਕ ਦਾ ਲੇਖਾ ਨਾਲ ਮਿਲਾਈਆ । ਬਲ ਦਵਾਰੇ ਆਪਣੇ ਸੱਦ, ਬਾਵਣ ਦਾ ਲਹਿਣਾ ਝੋਲੀ ਪਾਈਆ । ਸਤਿਗੁਰ ਧਾਰ ਰਹਿਣ ਨਾ ਦੇਵਾਂ ਅਲੱਗ, ਵੱਖਰੀ ਵੰਡ ਨਾ ਕੋਇ ਵੰਡਾਈਆ । ਫੜ ਫੜ ਹੰਸ ਬਣਾਵਾਂ ਕਗ, ਕਾਗੋਂ ਹੰਸ ਉਡਾਈਆ । ਨਾਮ ਖ਼ੁਮਾਰੀ ਦੇ ਕੇ ਮਧੁ, ਮਧੁਰ ਧੁਨ ਕਰਾਂ ਸ਼ਨਵਾਈਆ । ਕੂੜੀ ਕਿਰਿਆ ਮੇਟ ਕੇ ਹੱਦ, ਹਦੂਦ ਇਕੋ ਦਿਆਂ ਵਖਾਈਆ । ਜਿਸ ਗ੍ਰਿਹਿ ਦੀਪਕ ਜੋਤੀ ਰਿਹਾ ਜਗ, ਜਾਗਰਤ ਜੋਤ ਡਗਮਗਾਈਆ । ਸਾਹਿਬ ਸੁਲਤਾਨ ਨੌਜਵਾਨ ਨਜ਼ਰੀ ਆਏ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤਿਸ ਚਰਨੀਂ ਜਾਵਾਂ ਲਗ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਹੋ ਆਈਆ । ਫਲਗੁਣ ਕਹੇ ਮੇਰੀ ਰੁੱਤ ਸੋਹਣੀ ਰੁਤੜੀ, ਮੇਰੇ ਸਾਹਿਬ ਦਿਤੀ ਮਹਿਕਾਈਆ । ਧਰਨੀਏ ਕੀਤੇ ਕੌਲ ਇਕਰਾਰ ਮੂਲ ਨਾ ਮੁਕਰੀਂ, ਪਿਛਲਾ ਲੇਖਾ ਦਿਆਂ ਸਮਝਾਈਆ । ਬਚਨ ਯਾਦ ਕਰ ਲੈ ਜੋ ਪ੍ਰੋਹਿਤ ਸੁਣਾਇਆ ਸ਼ੁਕਰੀ, ਸ਼ੁਕਰ ਕਹਿ ਕੇ ਕੀ ਜਣਾਈਆ । ਕਲਜੁਗ ਅੰਤ ਆਪਣੇ ਕੌਲ ਇਕਰਾਰ ਤੇ ਪੂਰੀ ਉਤਰੀਂ,

ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਉਜਲ ਰਹੇ ਕੋਇ ਨਾ ਮੁਖੜੀ, ਪਤਤ ਪੁਨੀਤ ਨਾ ਕੋਇ ਕਰਾਈਆ । ਦੀਨ ਦੁਨੀ ਆਪਣੀ ਧਾਰ ਤੋਂ ਜਾਣ ਉਖੜੀ, ਮਾਰਗ ਪੰਧ ਸਾਰੇ ਜਾਣ ਭੁਲਾਈਆ । ਤੂੰ ਆਪਣੀ ਖੋਲ ਕੇ ਦੇਖੀਂ ਗੁਠੜੀ, ਜੋ ਧਰਮ ਗੰਢ ਰਖਾਈਆ । ਕਲਜੁਗ ਲੁਟੇਰੇ ਕੋਲੋਂ ਨਾ ਜਾਈਂ ਲੁਟੜੀ, ਜੋ ਲੁੱਟੇ ਚਾਈਂ ਚਾਈਂਆ । ਆਲਸ ਵਿਚ ਰਹੀਂ ਨਾ ਸੁੱਤੜੀ, ਸੁੱਤੀਏ ਲੈਣੀ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਆਪ ਹੋ ਆਈਆ । ਧਰਨੀ ਕਹੇ ਫਲਗੁਣਾ ਮੈਂ ਬੜੀ ਚਲਾਕ, ਮੇਰਾ ਭੇਵ ਕੋਇ ਨਾ ਪਾਈਆ । ਮੇਰਾ ਵੱਡਾ ਡੂੰਘਾ ਖਾਤ, ਹਿਸਾਬ ਕਿਤਾਬ ਨਾ ਕਿਸੇ ਸਮਝਾਈਆ । ਮੇਰਾ ਸਭ ਤੋਂ ਅਨੋਖਾ ਵੱਖਰਾ ਤਾਕ, ਪਰਦਾ ਸਕੇ ਨਾ ਕੋਇ ਚੁਕਾਈਆ । ਮੇਰੇ ਵਿਚ ਸਭ ਦੀ ਮਿੱਟੀ ਮਿਲ ਗਈ ਖ਼ਾਕ, ਜਿਸਮ ਇਸਮ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਉਡਦੀ ਖ਼ਾਕ, ਮੇਰੀ ਮੇਰੇ ਉਤੇ ਦਏ ਗਵਾਹੀਆ । ਅਵਤਾਰ ਪੈਗ਼ੰਬਰ ਗੁਰ ਦੀਨਾਂ ਮਜ਼੍ਹਬਾਂ ਦੇ ਮੇਰੇ ਸਾਹਿਬ ਬਣਾਏ ਰਾਕ, ਹਕ ਹਕੂਕ ਆਪਣੇ ਹੱਥ ਰਖਾਈਆ । ਸ਼ਬਦ ਵਣਜਾਰੇ ਬਣ ਗਏ ਚਾਕ, ਚਾਕਰੀ ਲੋਕਮਾਤ ਕਮਾਈਆ । ਗ੍ਰੰਥ ਸ਼ਾਸਤਰ ਹੁਕਮ ਵਾਲੇ ਸਾਰੇ ਕਾਟ, ਕਾਰਡ ਹੁਕਮ ਵਾਲੇ ਦ੍ਰਿੜਾਈਆ । ਛੋਟੇ ਛੋਟੇ ਹਿੱਸੇ ਆਰਜ਼ੀ ਮੇਰੇ ਉਤੇ ਕੀਤੇ ਅਲਾਟ, ਮਾਲਕ ਹਕੀਕੀ ਨਜ਼ਰ ਕੋਇ ਨਾ ਆਈਆ । ਮੈਨੂੰ ਇਉਂ ਦਿਸਦਾ ਸਭ ਦੀ ਅੰਤਮ ਮੁਕਣ ਵਾਲੀ ਵਾਟ, ਪਾਂਧੀ ਬੈਠਣ ਰਾਹ ਤਕਾਈਆ । ਚਾਰੋਂ ਕੁੰਟ ਨਾ ਰਹੇ ਅੰਧੇਰੀ ਰਾਤ, ਅੰਧ ਅੰਧੇਰਾ ਦਏ ਗਵਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਰਾ ਰਖਵਾਲਾ ਹੋਵੇ ਆਪ, ਆਪ ਆਪਣੀ ਦਇਆ ਕਮਾਈਆ ਜਿਸ ਨੂੰ ਪੈਗ਼ੰਬਰਾਂ ਕਿਹਾ ਬਾਪ, ਪਿਤਾ ਪੁਰਖ ਅਕਾਲ ਕਹਿ ਕੇ ਗੋਬਿੰਦ ਗਿਆ ਗਾਈਆ । ਉਹ ਸਭ ਦਾ ਪੂਰਾ ਕਰੇ ਭਵਿਖਤ ਵਾਕ, ਪੇਸ਼ੀਨਗੋਈਆਂ ਸਭ ਦੀਆਂ ਨਾਲ ਮਿਲਾਈਆ । ਮੈਂ ਉਸ ਦੇ ਦਰ ਦੀ ਦਰਵੇਸ਼ਣ ਦਾਸੀ ਦਾਸ, ਜੁਗ ਜੁਗ ਸੇਵ ਕਮਾਈਆ । ਉਹ ਸਵਾਮੀ ਅੰਤਰਜਾਮੀ ਮੇਰੀ ਮਨਜ਼ੂਰ ਕਰੇ ਅਰਦਾਸ, ਬਿਨ ਹੱਥਾਂ ਸੀਸ ਝੁਕਾਈਆ । ਜੋ ਵਸੇ ਉਪਰ ਆਕਾਸ਼, ਜਿਸ ਦਾ ਪ੍ਰਿਥਮੀ ਉਪਰ ਪ੍ਰਕਾਸ਼, ਪ੍ਰਕਾਸ਼ ਪ੍ਰਕਾਸ਼ਾ ਆਪ ਅਖਵਾਈਆ । ਮੈਂ ਉਸੇ ਦੀ ਰਖੀ ਆਸ, ਆਸ਼ਾ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੂਪ ਇਕ ਦਰਸਾਈਆ । ਫਲਗੁਣ ਕਹੇ ਧਰਨੀਏ ਮੇਰੀ ਵੇਖ ਰੁਤ ਬਸੰਤ, ਬਸਨ ਬਨਵਾਰੀ ਰਿਹਾ ਵਖਾਈਆ । ਧਰਨੀ ਕਹੇ ਮੇਰਾ ਸਾਹਿਬ ਸੁਲਤਾਨਾ ਵੇਖ ਕੰਤ, ਜੋ ਕੌਤੂਹਲ ਇਕ ਅਖਵਾਈਆ । ਜਿਸ ਤੇਰੀ ਬਣਾਈ ਬਣਤ, ਘੜਨ ਭੰਨਣਹਾਰ ਵਡਿਆਈਆ । ਜੋ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਫੋਲ ਫੁਲਾਈਆ । ਉਸ ਦਾ ਨਾਮ ਸੁਣ ਅਗੰਮਾ ਮੰਤ, ਜੋ ਮੰਤਵ ਸਭ ਦੇ ਹੱਲ ਕਰਾਈਆ । ਜਿਸ ਨੇ ਆਪਣੀ ਕਿਰਪਾ ਨਾਲ ਭਗਤ ਬਣਾਏ ਸੰਤ, ਗੁਰ ਗੁਰ ਗੋਦ ਟਿਕਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਿਤਾ ਸਮਝਾਈਆ । ਬੁੱਧੀ ਤੋਂ ਪਰੇ ਬਣਾ ਕੇ ਪੰਡਤ, ਬੋਧ ਅਗਾਧਾ ਭੇਵ ਚੁਕਾਈਆ । ਨਾਰ ਸੁਹਾਗਣ ਬਣਾ ਕੇ ਮੇਲ ਮਿਲਾਏ ਆਪਣਾ ਕੰਤ, ਦਰਗਾਹ ਸਾਚੀ ਸਚ ਘਰ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਤ, ਛੰਦ ਢੋਲਾ ਸੋਹਲਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਧਰਨੀਏ ਮੇਰਾ ਰੂਪ ਵੇਖ ਅਪਾਰਾ, ਅਪਰੰਪਰ ਸਵਾਮੀ ਦਿਤਾ ਬਣਾਈਆ । ਮੇਰੀ ਗੁਲਸ਼ਨ ਤੱਕ ਬਹਾਰਾ, ਪੱਤ ਟਹਿਣੀ ਆਪਣਾ

ਰੰਗ ਬਦਲਾਈਆ । ਮੇਰਾ ਖੇਲ ਵੇਖ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸੰਦੇਸਾ ਦੇ ਤੇਈ ਅਵਤਾਰਾ, ਅਵਤਰ ਹੋ ਕੇ ਖੋਜ ਖੁਜਾਈਆ । ਪੈਗ਼ੰਬਰਾਂ ਕਰ ਇਸ਼ਾਰਾ, ਬਿਨ ਸੈਨਤ ਸੈਨਤ ਦੇ ਲਗਾਈਆ । ਗੁਰੂ ਗੁਰਦੇਵਾ ਦੇ ਅਧਾਰਾ, ਹਲੂਣਾ ਇਕੋ ਨਾਮ ਸਮਝਾਈਆ । ਆਓ ਉਠੋ ਤੱਕੋ ਨਿਰਗੁਣ ਨੂਰ ਜੋਤ ਉਜਿਆਰਾ, ਜੋਤੀ ਜਾਤਾ ਇਕ ਅਖਵਾਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਨਿਹਕਲੰਕਾ ਨੂਰ ਅਲਾਹੀਆ । ਸੋ ਅਮਾਮ ਅਮਾਮਾ ਹੋਵੇ ਜ਼ਾਹਿਰਾ, ਜ਼ਾਹਿਰ ਜ਼ਹੂਰ ਡਗਮਗਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਕਰਨਾ ਪਾਰ ਕਿਨਾਰਾ, ਨੌਕਾ ਦਏ ਰੁੜ੍ਹਾਈਆ । ਸੋ ਸਤਿਜੁਗ ਸਾਚੇ ਦੇਵੇ ਮਾਤ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਧਰਮ ਦਾ ਧਰਮ ਖੁਲਾਏ ਦਵਾਰਾ, ਦੋਹਰੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਦਏ ਚਮਤਕਾਰਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਮੇਰੀ ਇਕ ਸਾਹਿਬ ਨੂੰ ਬੰਦਨਾ, ਧਰਨੀਏ ਬੰਦਗੀ ਵਿਚ ਸੀਸ ਨਿਵਾਈਆ । ਜਿਸ ਦਾ ਇਕੋ ਸਚ ਅਨੰਦਨਾ, ਅਨੰਦ ਅਨੰਦ ਵਿਚ ਸਮਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦਨਾ, ਸਦੀ ਚੌਧਵੀਂ ਮੁਹੰਮਦ ਦੀ ਦਏ ਗਵਾਹੀਆ । ਜਿਸ ਦਾ ਸਚ ਅਖਾੜਾ ਲੱਗਣਾ, ਲਗ ਮਾਤਰ ਦਾ ਡੇਰਾ ਢਾਹੀਆ । ਨੂਰ ਨੁਰਾਨਾ ਦੀਪਕ ਇਕੋ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਨਾਦ ਵੱਜਣਾ, ਧੁਨ ਆਤਮਕ ਕਰੇ ਸ਼ਨਵਾਈਆ । ਬਿਨਾ ਭਗਤਾਂ ਕਿਸੇ ਨਾ ਲੱਭਣਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਰੂਪ ਰੰਗ ਰੇਖ ਨਾ ਮਾਸ ਨਾ ਨਾੜੀ ਹੱਡਨਾ, ਜੋਤੀ ਜਾਤਾ ਡਗਮਗਾਈਆ । ਜਿਸ ਨੇ ਸੰਤ ਸੁਹੇਲਾ ਗੁਰੂ ਗੁਰ ਚੇਲਾ ਲੱਖ ਚੁਰਾਸੀ ਵਿਚੋਂ ਕਢਣਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਉਹਦਾ ਲੇਖਾ ਨਹੀਂ ਕੋਈ ਆਅਲਾ ਅਦਨਾ, ਊਚ ਨੀਚ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਫਲਗੁਣ ਮੈਂ ਓਸ ਨੂੰ ਸੀਸ ਝੁਕਾਵਾਂਗੀ । ਜੋ ਮੇਰੀ ਪੁਕਾਰ ਲਏ ਸੁਣ, ਤਿਸ ਅਗੇ ਵਾਸਤਾ ਪਾਵਾਂਗੀ । ਜੋ ਲੇਖਾ ਜਾਣੇ ਰਿਖ ਮੁਨ, ਭੇਵ ਅਭੇਦਾ ਉਸ ਦੇ ਅਗੇ ਜਣਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਮੰਗ ਇਕ ਮੰਗਾਵਾਂਗੀ । ਦੋਏ ਜੋੜ ਵਾਸਤਾ ਪਾਵਾਂਗੀ । ਖ਼ਾਲੀ ਝੋਲੀ ਅਗੇ ਡਾਹਵਾਂਗੀ । ਨੇਤਰ ਨੈਣਾਂ ਨੀਰ ਵਹਾਵਾਂਗੀ । ਬਸਤਰ ਚੀਰ ਪਾੜ ਵਖਾਵਾਂਗੀ । ਮੇਰੇ ਅੰਦਰ ਬ੍ਰਿਹੋਂ ਪੀੜ, ਕੂਕ ਸੁਣਾਵਾਂਗੀ । ਕਲਜੁਗ ਕੂੜੀ ਕਿਰਿਆ ਬਦਲ ਤਕਦੀਰ, ਦਰ ਪ੍ਰਭ ਦੇ ਅਲਖ ਜਗਾਵਾਂਗੀ । ਸ਼ਰਅ ਛੁਰੀ ਨਾ ਰਹੇ ਜ਼ੰਜੀਰ, ਸ਼ਰੀਅਤ ਇਕੋ ਰੰਗ ਰੰਗਾਵਾਂਗੀ । ਝਗੜਾ ਮੇਟ ਗ਼ਰੀਬ ਅਮੀਰ, ਤਾਮੀਰ ਨਵੀਂ ਇਕ ਦਰਸਾਵਾਂਗੀ । ਤੂੰ ਮਾਲਕ ਬੇਨਜ਼ੀਰ, ਨਜ਼ਰ ਮਿਹਰ ਤੇਰੀ ਰਖਾਵਾਂਗੀ । ਤੇਰਾ ਨਾਮ ਖੰਡਾ ਸ਼ਮਸ਼ੀਰ, ਸ਼ਬਦ ਸਤਿਗੁਰ ਤੇਰੇ ਹੱਥ ਉਠਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਵਾਂਗੀ । ਦਰ ਤੇਰੇ ਵਾਸਤਾ ਪਾਉਂਦੀ ਹਾਂ । ਦਰ ਠਾਂਡੇ ਸੀਸ ਨਿਵਾਉਂਦੀ ਹਾਂ । ਪੁਰਖ ਅਕਾਲੇ ਅਲਖ ਜਗਾਉਂਦੀ ਹਾਂ । ਖੁਲ੍ਹੜੇ ਕੇਸ ਵੇਸ ਵਟਾਉਂਦੀ ਹਾਂ । ਮੇਰੀ ਚਲੇ ਕੋਈ ਨਾ ਪੇਸ਼, ਪੇਸ਼ੀਨਗੋਈਆਂ ਸਭ ਦੀਆਂ ਹੱਥ ਉਠਾਉਂਦੀ ਹਾਂ । ਜੋ ਇਸ਼ਾਰਾ ਦੇ ਕੇ ਗਿਆ ਦਸ ਦਸਮੇਸ਼, ਸੋ ਨਿਰਅੱਖਰ ਪੜ੍ਹ ਪੜ੍ਹ ਖ਼ੁਸ਼ੀ ਮਨਾਉਂਦੀ ਹਾਂ । ਮੈਂ ਜ਼ਰੂਰ ਤੇਰਾ ਨੂਰ ਤੱਕਾਂ ਮਾਝੇ ਦੇਸ, ਮਜਲਸ ਭਗਤਾਂ


੫੦੨
੨੩

ਨਾਲ ਬਣਾਉਂਦੀ ਹਾਂ । ਮੈਨੂੰ ਯਾਦ ਆ ਗਿਆ ਜਿਸ ਵੇਲੇ ਨਾਨਕ ਨੇ ਮੋਢੇ ਭੂਰੀ ਧਰੀ ਖੇਸ, ਖੂੰਡੀ ਖੜਗ ਵਾਲੀ ਚਮਕਾਉਂਦੀ ਹਾਂ । ਜਿਸ ਵੇਲੇ ਅਰਜਨ ਤੱਤੀ ਪਈ ਰੇਤ, ਸੀਸ ਜਗਦੀਸ਼ ਤੇਰੀ ਭੇਟ ਚੜ੍ਹਾਉਂਦੀ ਹਾਂ । ਜੋ ਤੇਗ਼ ਬਹਾਦਰ ਰਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਉਂਦੀ ਹਾਂ । ਤੂੰ ਸਾਹਿਬ ਸਵਾਮੀ ਅੰਤਰਜਾਮੀ ਆਦਿ ਜੁਗਾਦੀ ਪੁਰਖ ਅਕਾਲਾ ਏਕ, ਏਕੰਕਾਰ ਤੇਰੀ ਓਟ ਤਕਾਉਂਦੀ ਹਾਂ । ਏਥੇ ਉਥੇ ਦੋ ਜਹਾਨਾਂ ਟੇਕ, ਦੂਜੀ ਆਸ ਨਾ ਕੋਇ ਰਖਾਉਂਦੀ ਹਾਂ । ਜਨ ਭਗਤਾਂ ਬੁੱਧੀ ਕਰੀਂ ਬਿਬੇਕ, ਮਾਂਗਤ ਹੋ ਕੇ ਮੰਗ ਮੰਗਾਉਂਦੀ ਹਾਂ । ਨਿਰਗੁਣ ਅੰਦਰੋਂ ਆਪਣਾ ਖੋਲਣਾ ਭੇਤ, ਸਰਗੁਣ ਸਾਚਾ (ਸੰਗ) ਰਲਾਉਂਦੀ ਹਾਂ । ਤੂੰ ਵੇਖਣਹਾਰਾ ਨੇਤਨ ਨੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਉਂਦੀ ਹਾਂ । ਫਲਗੁਣ ਕਹੇ ਧਰਨੀ ਮੇਰਾ ਪਹਿਲਾ ਪ੍ਰਵਿਸ਼ਟਾ, ਵਿਸ਼ਵ ਦਾ ਪਰਦਾ ਆਪ ਚੁਕਾਈਆ । ਕ੍ਰਿਸ਼ਨ ਨੇ ਰਾਧਾ ਬੰਨ੍ਹਾਇਆ ਨਿਸਚਾ, ਨਿਸਚਿਤ ਹੋ ਕੇ ਆਪ ਜਣਾਈਆ । ਕਲਜੁਗ ਅੰਤ ਪੁਰਖ ਅਕਾਲ ਦਾ ਧੁਰ ਦੇ ਕਾਹਨ ਦਾ ਇਕੋ ਹੋਵੇ ਇਸ਼ਟਾ, ਇਸ਼ਟ ਦੇਵ ਸਵਾਮੀ ਇਕੋ ਨਜ਼ਰੀ ਆਈਆ । ਜੋ ਦੀਨ ਦੁਨੀ ਦੀ ਜਾਣੇ ਦ੍ਰਿਸ਼ਟਾ, ਅੰਤਰ ਨਿਰੰਤਰ ਵੇਖ ਵਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦੇ ਲੇਖ ਲਿਖਦਾ, ਲਿਖਣਹਾਰ ਬੇਪ੍ਰਵਾਹੀਆ । ਉਹ ਨਿਰਗੁਣ ਲਹਿਣਾ ਦੇਣਾ ਚੁਕਾਏ ਗੁਰਮੁਖ ਸਾਚੇ ਸਿਖ ਦਾ, ਸਿਖਿਆ ਇਕ ਦ੍ਰਿੜਾਈਆ । ਜਿਸ ਦੀ ਪ੍ਰੀਤੀ ਵਿਚ ਜਨ ਭਗਤਾਂ ਮਨ ਹੋਵੇ ਟਿਕਦਾ, ਟਿੱਕੇ ਧੂੜੀ ਖ਼ਾਕ ਰਮਾਈਆ । ਉਹ ਵਣਜਾਰਾ ਹੋਣਾ ਨਹੀਂ ਪੱਥਰ ਇੱਟ ਦਾ, ਪਾਹਨ ਸੰਗ ਨਾ ਕੋਇ ਬਣਾਈਆ । ਉਹ ਪ੍ਰੇਮੀ ਹੋਵੇ ਪਿਆਰਾ ਮਿਤ ਦਾ, ਮਿਤਰ ਪਿਆਰਾ ਆਪ ਅਖਵਾਈਆ । ਉਹ ਝਗੜਾ ਮੁਕਾਵੇ ਆਵਣ ਜਾਵਣ ਨਿਤ ਦਾ, ਚੁਰਾਸੀ ਗੇੜ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲ ਆਪ ਮਿਲਾਈਆ । ਫਲਗੁਣ ਕਹੇ ਧਰਨੀਏ ਮੈਨੂੰ ਕੋਟਨ ਬੀਤੇ ਜੁਗ, ਸਾਲ ਬਸਾਲਾ ਫੇਰਾ ਪਾਈਆ । ਮੈਨੂੰ ਪੂਰਬ ਰਹੀ ਨਾ ਸੁਧ, ਸੁਦੀ ਵਦੀ ਨਾ ਕੋਇ ਵਡਿਆਈਆ । ਮੇਰੀ ਜਗਤ ਵਾਲੀ ਨਹੀਂ ਬੁਧ, ਬੁਧ ਮਤ ਨਾ ਕੋਇ ਜਣਾਈਆ । ਮੈਨੂੰ ਕੁਝ ਨਹੀਂ ਆਉਂਦੀ ਸੁੱਝ, ਸਮਝ ਨਾ ਕੋਇ ਰਖਾਈਆ । ਚਾਰੋਂ ਕੁੰਟ ਵੇਖਿਆ ਉਡ, ਭੱਜਿਆ ਵਾਹੋ ਦਾਹੀਆ । ਕਲਜੁਗ ਰੈਣ ਅੰਧੇਰੀ ਖੁੱਡ, ਸਚ ਦੀਪ ਨਾ ਕੋਇ ਰੁਸ਼ਨਾਈਆ । ਮੈਂ ਲੇਖਾ ਜਾਣਾ ਨਾ ਆਪਣਾ ਮੁਝ, ਭੇਵ ਸਕਾਂ ਨਾ ਕੋਇ ਖੁਲਾਈਆ । ਕੀ ਸੰਦੇਸ਼ਾ ਦੇਵਾਂ ਤੁਝ, ਹੁਕਮ ਕੀ ਸਮਝਾਈਆ । ਮੈਂ ਬਿਹਬਲ ਬੇਹਾਲ ਤੱਕੀ ਸ੍ਰਿਸ਼ਟੀ ਹੋਈ ਬੇਸੁਧ, ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲਾਈਆ । ਨਿਰਗੁਣ ਧਾਰ ਹੋਈ ਗੁੰਗ, ਮੁਖ ਸ਼ਬਦ ਨਾ ਕੋਇ ਸਾਲਾਹੀਆ । ਮੈਨੂੰ ਇਉਂ ਦਿਸਦਾ ਜਿਵੇਂ ਕਲਜੁਗ ਔਧ ਰਹੀ ਪੁੱਗ, ਸਦੀ ਚੌਧਵੀਂ ਆਪਣਾ ਪੰਧ ਮੁਕਾਈਆ । ਇਹ ਖੇਲ ਕਰੇ ਬਖ਼ੁਦ, ਆਪਣਾ ਹੁਕਮ ਵਰਤਾਈਆ । ਉਹ ਕਮਲੀਏ ਤੇਰੇ ਉਤੇ ਹੋਣ ਵਾਲਾ ਯੁੱਧ, ਯੁਧਿਸ਼ਟਰ ਬੈਠਾ ਅੱਖ ਉਠਾਈਆ । ਈਸਾ ਨੇ ਅੰਤਮ ਕਹਿਣਾ ਮੇਰੀ ਵੀਹਵੀਂ ਸਦੀ ਅੰਤ ਮੈਂ ਸਭ ਨੂੰ ਕਹਿਣਾ ਮਾਰਨਿੰਗ ਗੁਡ, ਗਾਡ ਸੀਸ ਨਿਵਾਈਆ । ਇਹ ਲਹਿਣਾ ਦੇਣਾ ਮੂਸਾ ਵਾਲਾ ਸ਼ੁਡ, ਜਿਸ ਨੂੰ ਸਕੇ ਨਾ ਕੋਇ ਸਮਝਾਈਆ । ਉਹ ਵੇਖ ਮੁਹੰਮਦ ਰਿਹਾ ਉਠ, ਚਾਰ ਯਾਰੀ ਨਾਲ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣਾ ਖੇਲ ਖਿਲਾਈਆ । ਧਰਨੀ ਕਹੇ ਫਲਗੁਣਾ ਮੇਰੇ ਅੰਦਰ ਆਈ ਆਵਾਜ਼, ਬਿਨਾ ਸਰਵਣਾਂ ਦਿਤੀ ਸੁਣਾਈਆ । ਖੋਲ ਕੇ ਭੇਵ ਆਗਾਜ਼, ਪਰਦਾ ਦਿਤਾ

ਚੁਕਾਈਆ । ਉਹ ਤੱਕ ਜੋ ਤੇਰੇ ਉਤੇ ਪੜ੍ਹਦੇ ਨਿਮਾਜ਼, ਵੁਜ਼ੂਆਂ ਖੇਲ ਖਿਲਾਈਆ । ਜਿਨ੍ਹਾਂ ਦਾ ਇਕੋ ਉਤੇ ਨਾਜ਼, ਆਸਰਾ ਇਕ ਵਖਾਈਆ । ਉਨ੍ਹਾਂ ਦਾ ਲਹਿਣਾ ਦੇਣਾ ਚੌਦਾਂ ਤਬਕਾਂ ਉਸ ਅਮਾਮ ਦੇ ਹਾਥ, ਜਿਸ ਨੂੰ ਸਜਦਾ ਸਲਾਮ ਕਹਿ ਕੇ ਸਾਰੇ ਸੀਸ ਨਿਵਾਈਆ । ਜਿਸ ਨੂੰ ਝੁਕਦੇ ਤ੍ਰੈਲੋਕੀ ਨਾਥ, ਰਾਮ ਰਾਮਾ ਲਾਗੇ ਪਾਈਆ । ਮੂਸਾ ਕੋਹਤੂਰ ਤੇ ਗਾਏ ਗਾਥ, ਢੋਲਾ ਤੇਰਾ ਬੇਪਰਵਾਹੀਆ । ਨਾਨਕ ਗੋਬਿੰਦ ਬਿਨ ਅੱਖਰਾਂ ਰਹੇ ਆਖ, ਨਿਰਅੱਖਰ ਧਾਰ ਤੇਰੀ ਸਿਫ਼ਤ ਸਾਲਾਹੀਆ । ਤੂੰ ਸਰਬ ਕਲਾ ਸਮਰਾਥ, ਸਮਰਥ ਪੁਰਖ ਤੇਰੀ ਵਡਿਆਈਆ । ਕਲਜੁਗ ਅੰਤਮ ਹੋ ਪ੍ਰਗਟ, ਪ੍ਰਗਣੇ ਵੇਖੇ ਚਾਈਂ ਚਾਈਂਆ । ਦੀਨ ਮਜ਼੍ਹਬ ਦੇ ਤੱਕੇ ਹੱਟ, ਹਟਵਾਣਿਆਂ ਹੱਥ ਮਿਲਾਈਆ । ਨਿਰਗੁਣ ਧਾਰੋਂ ਸਾਰੇ ਆਓ ਨੱਠ, ਪਿਛਲਾ ਪੰਧ ਮੁਕਾਈਆ । ਧਰਮ ਦਵਾਰੇ ਕਰੋ ਇਕੱਠ, ਜਿਥੇ ਵਸੇ ਧੁਰ ਦਾ ਮਾਹੀਆ । ਤੀਰਥ ਤੱਕੇ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧਿਆਨ ਲਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਵੇਖੋ ਮਠ, ਚਰਚਾਂ ਗਿਰਜਿਆਂ ਖੋਜ ਖੁਜਾਈਆ । ਜੀਵਾਂ ਜੰਤਾਂ ਕਾਇਆ ਮਾਟੀ ਹੋਈ ਕੱਚ, ਕੰਚਨ ਗੜ੍ਹ ਨਾ ਹੋਏ ਰੁਸ਼ਨਾਈਆ । ਬਿਨਾ ਰਸਨਾ ਜਿਹਵਾ ਆਤਮ ਪਰਮਾਤਮ ਰਿਹਾ ਰਟ, ਕਲਮਾ ਅਗੰਮ ਅਥਾਹੀਆ । ਨਿਝਰ ਝਿਰਨਾ ਕਵਣ ਪੀਏ ਰਸ, ਬਿਨ ਰਸਨਾ ਰਸ ਚਖਾਈਆ । ਨਿਜ ਨੇਤਰ ਕਿਸ ਦੀ ਖੁਲ੍ਹੀ ਅੱਖ, ਪ੍ਰਤਖ ਦਿਓ ਵਖਾਈਆ । ਆਪਣਾ ਲਹਿਣਾ ਦੇਣਾ ਪੂਰਾ ਕਰ ਲਉ ਹਕ, ਹਕੀਕਤ ਦਾ ਮਾਲਕ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਫਲਗੁਣ ਕਹੇ ਧਰਨੀਏ ਮੇਰਾ ਵੇਖ ਹਾਲ, ਕੀ ਹਾਲਤ ਕੀਤੀ ਲੋਕਾਈਆ । ਮੈਂ ਫਸ ਗਿਆ ਵਿਚ ਕੂੜ ਜੰਜਾਲ, ਪਰਦਾ ਸਕੇ ਨਾ ਕੋਇ ਚੁਕਾਈਆ । ਚਾਰੋਂ ਕੁੰਟ ਹੋਇਆ ਬੇਹਾਲ, ਭੱਜਿਆ ਵਾਹੋ ਦਾਹੀਆ । ਇਕ ਕੂਕ ਸੁਣਾਈ ਪਰਮ ਪੁਰਖ ਕਰ ਮੇਰੀ ਸੰਭਾਲ, ਸੰਬਲ ਬਹਿ ਕੇ ਵੇਖ ਵਖਾਈਆ । ਹੁਕਮ ਸਦੇਸਾ ਦੇ ਦੇ ਇਕੋ ਕਾਲ, ਕਾਲ ਨਗਾਰਾ ਦੇ ਵਜਾਈਆ । ਦਰੋਹੀ ਹੋਵੇ ਦੀਨ ਦੁਨੀ ਕਰੇ ਨਾ ਕੋਇ ਪ੍ਰਿਤਪਾਲ, ਪ੍ਰਿਤਪਾਲਕ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਸਖ਼ੀ, ਸਖ਼ਾਵਤ ਆਪਣੀ ਦੇ ਕਰਾਈਆ । ਮੇਰੀ ਹਾਲਤ ਵੇਖ ਬਿਨ ਅੱਖੀਂ, ਅੱਖੀਆਂ ਵਾਲੇ ਅੱਖੀਆਂ ਗਏ ਬਦਲਾਈਆ । ਮੇਰੀ ਆਪੇ ਪਤ ਰਖੀਂ, ਰੱਖਿਆ ਕਰੀਂ ਥਾਉਂ ਥਾਈਆ । ਦੀਨ ਦੁਨੀ ਆਪਣੀ ਸਿਖਿਆ ਦੱਸੀਂ, ਦਹਿ ਦਿਸ਼ਾ ਕਰੀਂ ਪੜ੍ਹਾਈਆ । ਤੂੰ ਆਪਣੀ ਜੂਨੀ ਤੱਕ ਲੈ ਚਾਰ ਲੱਖ ਅੱਸੀ, ਬਿਨਾ ਅੰਕੜਿਆਂ ਗਣਤ ਗਿਣਾਈਆ । ਸ਼ਰਅ ਦੀਨ ਦੀ ਬੱਧੀ ਵਿਚ ਰੱਸੀ, ਰਸਤਾ ਤੇਰਾ ਗਈ ਭੁਲਾਈਆ । ਮੇਰੀ ਆਸ਼ਾ ਫਿਰਦੀ ਨੱਸੀ, ਭੱਜੇ ਵਾਹੋ ਦਾਹੀਆ । ਚਾਰੋਂ ਕੁੰਟ ਅਗਨੀ ਤੱਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੀ ਚੁੰਨੀ ਸੀਸ ਤੋਂ ਲੱਥੀ, ਓਢਣ ਉਪਰ ਨਾ ਕੋਇ ਟਿਕਾਈਆ । ਤੇਰੀ ਮਹਿੰਮਾ ਸਦਾ ਅਕਥ ਅਕਥੀ, ਕਥ ਸਕੇ ਕੋਇ ਨਾ ਰਾਈਆ । ਤੂੰ ਸਾਹਿਬ ਮੇਰਾ ਸਮਰਥੀ, ਤੇਰੀ ਵਡ ਵਡਿਆਈਆ । ਤੇਰੇ ਚਰਨ ਕਵਲਾਂ ਮੇਰੇ ਸਵਾਮੀ ਮੈਂ ਢੱਠੀ, ਢੱਠਿਆਂ ਲੈ ਉਠਾਈਆ । ਮੇਰੀ ਅੰਤਮ ਆਪਣਿਆਂ ਚਰਨਾਂ ਵਿਚ ਕਰ ਦੇ ਗਤੀ, ਗਤਮਿਤ ਆਪਣੇ ਹੱਥ ਰਖਾਈਆ । ਤੂੰ ਗਹਿਰ ਗੰਭੀਰਾ ਬੇਨਜ਼ੀਰਾ ਮੇਰਾ ਕਮਲਾਪਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਮੈਂ ਤੇਰੇ ਉਤੋਂ ਹੋਵਾਂ ਸਤੀ, ਸਤਿਆ ਵਾਲਿਆ ਆਪਾ ਤੇਰੀ ਭੇਟ ਚੜ੍ਹਾਈਆ । ਨਿਗਾਹ ਮਾਰ ਲੈ ਮੇਰੇ ਉਤੇ ਰਿਹਾ ਕੋਈ ਨਾ ਜਤੀ, ਜੋਗੀ ਜੰਗਮ

੫੦੪
੨੩

ਜਗਿਆਸੂ ਸਾਰੇ ਰਹੇ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰ ਮੈਂ ਤੇਰੇ ਆਪਣੀ ਹੱਥੀਂ, ਤੇਰੇ ਦਰ ਧਿਆਨ ਲਗਾਈਆ । ਮੈਂ ਆਪਣੀ ਕਥਾ ਕਹਾਣੀ ਸੁਣਾਵਾਂ ਸੱਚੀ, ਸਚ ਸਚ ਨਾਲ ਦ੍ਰਿੜਾਈਆ । ਮੇਰੇ ਉਤੇ ਮਨ ਕਲਪਣਾ ਚਾਰ ਕੁੰਟ ਦਹਿ ਦਿਸ਼ਾ ਨੱਚੀ, ਘੁੰਗਟ ਮੁਖ ਰਿਹਾ ਨਾ ਰਾਈਆ । ਮੇਰੇ ਸਵਾਮੀਆਂ ਮੇਰੀ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਹੋਈ ਪੱਕੀ, ਪੇਸ਼ੀਨਗੋਈਆਂ ਦੇਣ ਗਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਇਕੋ ਤੇਰੀ ਓਟ ਰਖੀ, ਦੂਸਰ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਸਾਹਿਬ ਦਿਆਲਾ, ਦੀਨ ਦਿਆਲ ਤੇਰੀ ਸਰਨਾਈਆ । ਮੇਰੇ ਪਰਮ ਪੁਰਖ ਕਿਰਪਾਲਾ, ਕਿਰਪਾਨਿਧ ਤੇਰੀ ਵਡਿਆਈਆ । ਤੇਰੀ ਜੁਗ ਜੁਗ ਅਵੱਲੜੀ ਚਾਲਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਖੇਲ ਖਿਲਾਈਆ । ਮੇਰਾ ਤੇਰੇ ਅਗੇ ਇਕੋ ਸਵਾਲਾ, ਸਵਾਲੀ ਹੋ ਕੇ ਝੋਲੀ ਡਾਹੀਆ । ਕਲਜੁਗ ਕੂੜੀ ਕਿਰਿਆ ਮੇਰਾ ਮੁਖ ਕੀਤਾ ਕਾਲਾ, ਦੁਰਮਤ ਮੈਲ ਨਾ ਕੋਇ ਧਵਾਈਆ । ਉਠ ਕੇ ਖੇਲ ਵੇਖ ਹਾਲਾ, ਹਾਲਤ ਵਿਗੜੀ ਖ਼ਲਕ ਖ਼ੁਦਾਈਆ । ਠੱਗਾਂ ਚੋਰਾਂ ਫੜੀਆਂ ਮਾਲਾ, ਕਾਮੀ ਕਰੋਧੀ ਤਿਲਕ ਲਲਾਟ ਲਗਾਈਆ । ਮੁੱਲਾ ਸ਼ੇਖ਼ ਮੁਸਾਇਕ ਕਾਜ਼ੀ ਮਾਰਨ ਛਾਲਾ, ਹਰਾਮ ਖੋਰ ਕੂਕ ਕੂਕ ਸੁਣਾਈਆ । ਫਲ ਰਿਹਾ ਨਾ ਕਿਸੇ ਤਨ ਵਜੂਦ ਵਾਲੇ ਡਾਲਾ, ਮਾਨਸ ਸਿੰਮਲ ਰੁੱਖ ਲਹਿਰਾਈਆ । ਪ੍ਰਭੂ ਤੇਰੇ ਪਿਆਰ ਦੀ ਘਾਲੇ ਕੋਇ ਨਾ ਘਾਲਾ, ਘਾਇਲ ਹੋ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਪੁਰਖ ਅਕਾਲ ਕਹੇ ਸੁਣ ਧਰਤੀ, ਧਵਲ ਧੌਲ ਦਿਆਂ ਜਣਾਈਆ । ਮੈਂ ਇਕੋ ਨਿਧ ਪਰਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਮੈਂ ਮਾਲਕ ਅਰਸ਼ੀ ਫ਼ਰਸ਼ੀ, ਦੋ ਜਹਾਨਾਂ ਖੇਲ ਖਿਲਾਈਆ । ਤੇਰੀ ਮਨਜ਼ੂਰ ਕਰਾਂ ਅਰਜ਼ੀ, ਆਰਜ਼ੂ ਵੇਖਾਂ ਚਾਈਂ ਚਾਈਂਆ । ਮੈਂ ਸਤਿਗੁਰੂ ਨਹੀਂ ਕੋਈ ਫ਼ਰਜ਼ੀ, ਸ਼ਬਦ ਦੇਵ ਦੇਵਾ ਇਕ ਅਖਵਾਈਆ । ਜਦੋਂ ਚਾਹਵਾਂ ਤੇ ਕਰਾਂ ਆਪਣੀ ਮਰਜ਼ੀ, ਹੁਕਮ ਵਿਚ ਬੰਧਨ ਕੋਇ ਨਾ ਪਾਈਆ । ਜੁਗ ਬਦਲਣਾ ਮੇਰੀ ਖੇਲ ਘਰ ਦੀ, ਅਵਤਾਰ ਪੈਗ਼ੰਬਰ ਗੁਰੂ ਹੁਕਮ ਵਿਚ ਭਵਾਈਆ । ਮੇਰੀ ਧਾਰ ਮੇਰੇ ਨਾਲ ਲੜਦੀ, ਦੂਸਰ ਅਵਰ ਨਾ ਕੋਇ ਲੜਾਈਆ । ਮੈਂ ਖੇਲ ਜਾਣਾ ਚੋਟੀ ਜੜ ਦੀ, ਚੇਤਨ ਆਪਣਾ ਹੁਕਮ ਵਰਤਾਈਆ । ਖੇਲ ਵੇਖਾਂ ਹੰਕਾਰੀ ਗੜ੍ਹ ਦੀ, ਕਾਮ ਕਰੋਧ ਲੋਭ ਮੋਹ ਹੰਕਾਰ ਫੋਲ ਫੁਲਾਈਆ । ਆਸ ਤੱਕਾਂ ਨਾੜੀ ਨਾੜ ਦੀ, ਹਾਡੀ ਹਾਡੀ ਪਰਦਾ ਲਾਹੀਆ । ਇਹ ਖੇਲ ਸੱਚੀ ਸਰਕਾਰ ਦੀ, ਹਰਿ ਕਰਤਾ ਆਪ ਕਰਾਈਆ । ਧਰਨੀ ਤੂੰ ਕਿਉਂ ਧਾਹਾਂ ਮਾਰਦੀ, ਕੂਕ ਕੂਕ ਸੁਣਾਈਆ । ਹੁਣ ਖੇਲ ਵਕਤ ਅੰਤ ਅਖ਼ੀਰ ਸੰਗ ਮੁਹੰਮਦ ਚਾਰ ਯਾਰ ਦੀ, ਸਦੀ ਚੌਧਵੀਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਪ੍ਰਭੂ ਮੈਂ ਚਰਨ ਤੇਰੇ ਧੂੜ ਦੀ, ਧੂੜੀ ਖ਼ਾਕ ਰਮਾਈਆ । ਮੈਂ ਮੂਰਖ ਅੰਞਾਣ ਮੂੜ੍ਹ, ਬੁੱਧਹੀਣ ਨਜ਼ਰੀ ਆਈਆ । ਮੇਰਾ ਨਾਤਾ ਜੁੜਿਆ ਨਾਲ ਕੂੜ, ਕਲਜੁਗ ਕੂੜ ਕੀਤੀ ਕੁੜਮਾਈਆ । ਤੂੰ ਮੇਰਾ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਬਾਹਰ ਨਜ਼ਰੀ ਆਈਆ । ਮੇਰੀ ਬੇਨੰਤੀ ਕਰ ਮਨਜ਼ੂਰ, ਦਰ ਠਾਂਡੇ ਮੰਗ ਮੰਗਾਈਆ । ਇਕੋ ਜੋਤ ਦਾ ਬਖ਼ਸ਼ ਨੂਰ, ਨੂਰ ਨੁਰਾਨੇ ਦੇ ਚਮਕਾਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਤੇਰਾ ਪੰਧ ਨਾ ਨੇੜੇ ਨਾ ਦੂਰ, ਘਰ ਘਰ ਬੈਠਾ ਡੇਰਾ ਲਾਈਆ ।

੫੦੫
੨੩

ਮੇਰਾ ਲੇਖਾ ਪੂਰਾ ਕਰਦੇ ਜ਼ਰੂਰ, ਜ਼ਰੂਰਤ ਤੇਰੇ ਅਗੇ ਟਿਕਾਈਆ । ਓਹ ਵੇਖ ਮੂਸਾ ਰਾਹ ਤੱਕੇ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਤੇਰਾ ਨੂਰ ਨਜ਼ਰੀ ਆਈਆ । ਈਸਾ ਤੇਰੇ ਪਿਆਰ ਦਾ ਲਏ ਸਰੂਰ, ਸਲੀਵ ਗਲ ਗਿਆ ਲਟਕਾਈਆ । ਮੁਹੰਮਦ ਮਕਬਰਿਆਂ ਵਿਚ ਤੇਰਾ ਤੱਕੇ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਪ੍ਰਭੂ ਤੇਰੀ ਵਡਿਆਈ ਵੱਡੀ, ਮੇਰੇ ਸਾਹਿਬ ਗੁਣੀ ਗਹੀਰਾ । ਧਰਨੀ ਖਲੋਤੀ ਹੱਥ ਬੱਧੀ, ਵੇਖ ਮਾਟੀ ਤਨ ਖ਼ਾਕ ਸਰੀਰਾ । ਪੈਗ਼ੰਬਰਾਂ ਤੱਕ ਸਦੀ, ਜੋ ਸਦਮੇ ਵਾਲੀਆਂ ਤਕਦੀਰਾ । ਉਹ ਤੱਕ ਕਲਜੁਗ ਧਾਰ ਨੂਹ ਨਦੀ, ਘਤੀ ਆਏ ਵਹੀਰਾ । ਕਲਜੁਗ ਚਾਰੋਂ ਕੁੰਟ ਫਿਰੇ ਲੱਭੀ, ਪਾਟੇ ਚੀਥੜ ਵਖਾਏ ਲੀਰਾ । ਤੂੰ ਨੂਰ ਅਲਾਹੀ ਰੱਬੀ, ਲੇਖਾ ਜਾਣੇ ਸ਼ਹਿਨਸ਼ਾਹ ਹਕੀਰਾ । ਅੰਤਮ ਰਹਿਣ ਦਏ ਨਾ ਕਿਸੇ ਦੀ ਗੱਦੀ, ਗਦਾਗਰ ਵੇਖ ਫ਼ਕੀਰਾ । ਕੂੜੀ ਕਿਰਿਆ ਮੇਟ ਦੇ ਹੱਦੀ, ਹਦੂਦ ਦੱਸ ਬੇਨਜ਼ੀਰਾ । ਤੇਰਾ ਖੇਲ ਹੁੰਦਾ ਸਬੱਬੀ, ਜੁਗ ਚੌਕੜੀ ਘੱਤ ਕੇ ਜਾਣ ਵਹੀਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਸਭ ਦੀਆਂ ਜ਼ਮੀਰਾ । ਫਲਗੁਣ ਕਹੇ ਮੇਰੀ ਰੁਤ ਸੁਹਾਵੀ, ਹਰਿ ਸਤਿਗੁਰ ਆਪ ਸੁਹਾਏ । ਮੇਰਾ ਲੇਖਾ ਕਲਜੁਗ ਕੰਢੇ ਰਾਵੀ, ਰਵੀਦਾਸ ਧਿਆਨ ਲਗਾਏ । ਜੋ ਸਰਗੁਣ ਉਤੇ ਵਰਤੀ ਭਾਵੀ, ਤਨ ਅਰਜਨ ਦਏ ਗਵਾਹੇ । ਤੇਰਾ ਖੇਲ ਬੇਪਰਵਾਹੀ, ਬੇਪਰਵਾਹੀ ਵਿਚ ਸਮਾਏ । ਤੂੰ ਜੋਤੀ ਜਾਤਾ ਇਕ ਅਖਵਾਈ, ਨੂਰ ਨੁਰਾਨਾ ਨੂਰ ਰੁਸ਼ਨਾਏ । ਅਮਾਮ ਅਮਾਮਾ ਸੋਭਾ ਪਾਈ, ਜੋਤੀ ਰਾਤਾ ਡਗਮਗਾਏ । ਸੰਬਲ ਦੇਸ ਸੁਹਾਈ, ਸਚ ਸਿੰਘਾਸਣ ਇਕ ਵਡਿਆਏ । ਫੂਲਨ ਸੇਜ ਵਿਛਾਈ, ਫਲਗੁਣ ਨਿਵ ਨਿਵ ਸੀਸ ਨਿਵਾਏ । ਨਿਹਕਲੰਕਾ ਨਾਉਂ ਧਰਾਈ, ਕਲ ਕਲਕੀ ਆਪ ਅਖਵਾਏ । ਸ਼ਬਦ ਡੰਕਾ ਇਕ ਵਜਾਈ, ਦੋ ਜਹਾਨਾਂ ਕਰੇ ਰੁਸ਼ਨਾਏ । ਦਵਾਰ ਬੰਕਾ ਇਕ ਸੁਹਾਈ, ਜਿਥੇ ਜਨ ਭਗਤ ਬੈਠੇ ਸੋਭਾ ਪਾਏ । ਸਭ ਦਾ ਆਵਣ ਜਾਵਣ ਲੇਖੇ ਲਾਈ, ਜੋ ਤੇਰਾ ਨਾਮ ਧਿਆਏ । ਫਲਗੁਣ ਕਹੇ ਮੇਰੀ ਆਸਾ ਪੂਰ ਕਰਾਈ, ਕਰਮ ਕਾਂਡ ਦਾ ਡੇਰਾ ਢਾਹੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਏ । ਫਲਗੁਣ ਕਹੇ ਮੈਂ ਇਕ ਵਸਤ ਅਨਮੁੱਲੀ ਮੰਗਦਾ, ਸਤਿਗੁਰ ਦੇਣੀ ਦਇਆ ਕਮਾ । ਭੇਵ ਖੁਲਾਉਣਾ ਹੰ ਬ੍ਰਹਮ ਦਾ, ਪਰਦਾ ਪਰਦਿਆਂ ਵਿਚੋਂ ਉਠਾ । ਜੋ ਗੁਰਮੁਖ ਸਤਿਗੁਰ ਘਰ ਜੰਮਦਾ, ਤਿਸ ਨੂੰ ਰਾਏ ਧਰਮ ਨਾ ਦਏ ਸਜ਼ਾ । ਝਗੜਾ ਮੁਕਾਉਣਾ ਆਵਣ ਜਾਵਣ ਪੰਧ ਦਾ, ਲੱਖ ਚੁਰਾਸੀ ਫੰਦ ਕਟਾ । ਭੇਵ ਖੁਲਾਉਣਾ ਆਤਮ ਬ੍ਰਹਮ ਦਾ, ਨੂਰ ਨੁਰਾਨਾ ਨੂਰ ਚਮਕਾ । ਮਾਰਗ ਦੱਸਣਾ ਸਤਿਗੁਰ ਸ਼ਬਦ ਧਰਮ ਦਾ, ਜਿਸ ਦਾ ਰਸਤਾ ਸਕੇ ਨਾ ਕੋਇ ਬਦਲਾ । ਲੇਖਾ ਰਹੇ ਨਾ ਕਿਸੇ ਕਰਮ ਦਾ, ਨਿਹਕਰਮੀ ਹੋਣਾ ਆਪ ਸਹਾ । ਝਗੜਾ ਮਿਟਾਉਣਾ ਵਰਨ ਬਰਨ ਦਾ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਟਿਕਾ । ਸਹਾਰਾ ਦੇਣਾ ਆਪਣੇ ਚਰਨ ਦਾ, ਚਰਨ ਚਰਨੋਦਕ ਨਾਮ ਪਿਲਾ । ਨੇਤਰ ਖੋਲਣਾ ਹਰਨ ਫਰਨ ਦਾ, ਨਿਜ ਲੋਚਨ ਨੈਣ ਕਰ ਰੁਸ਼ਨਾ । ਮਾਰਗ ਦੱਸਣਾ ਪੌੜੇ ਚੜ੍ਹਨ ਦਾ, ਅਗੇ ਸਕੇ ਨਾ ਕੋਇ ਅਟਕਾ । ਦਰਵਾਜ਼ਾ ਖੋਲਣਾ ਅੰਦਰ ਵੜਨ ਦਾ, ਕੁੰਡਾ ਖਿੜਕੀ ਆਪੇ ਲਾਹ । ਪ੍ਰਕਾਸ਼ ਦੇਣਾ ਦੀਪਕ ਜੋਤ ਜਗਣ ਦਾ, ਅੰਧ ਅੰਧੇਰ ਮਿਟਾ । ਸਚ ਸਿੰਘਾਸਣ ਵਖਾਉਣਾ ਜੋਤ ਧਾਰ ਮਗਨ ਦਾ, ਅੰਤਮ ਜੋਤੀ ਜੋਤ ਮਿਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ

ਸਰਨਾ । ਸਰਨ ਤੁਮਾਰੀ ਆਏ ਮਾਧੋ, ਭਗਤ ਸੁਹੇਲੇ ਮੀਤ । ਅੰਤਰ ਹਿਰਦਾ ਸਭ ਦਾ ਸਾਧੋ, ਸਾਦਕ ਸਿੱਧ ਵਸਣਾ ਚੀਤ । ਪੁਰਖ ਅਕਾਲਾ ਏਕਾ ਲਾਧੇ, ਠਾਕਰ ਸਵਾਮੀ ਧੁਰ ਦਾ ਮੀਤ । ਧੁਨ ਆਤਮਕ ਸਣਾਉਣਾ ਆਪਣਾ ਨਾਦੇ, ਦੂਜਾ ਸੁਣਨਾ ਪਏ ਨਾ ਗੀਤ । ਲੱਖ ਚੁਰਾਸੀ ਵਿਚੋਂ ਆਪੇ ਕਾਢੇ, ਕਰੇ ਪਤਤ ਪੁਨੀਤ । ਝਗੜਾ ਰਿਹਾ ਨਾ ਕੂੜ ਸਮਾਜੇ, ਆਤਮ ਪਰਮਾਤਮ ਦੱਸਣੀ ਇਕ ਪ੍ਰੀਤ । ਦੁਰਮਤ ਮੈਲ ਧੋਣਾ ਦਾਗ਼ੇ, ਧਾਮ ਦਸਾਉਣਾ ਇਕ ਅਨਡੀਠ । ਆਪਣੀ ਕਿਰਪਾ ਜਗਾਓ ਚਰਾਗ਼ੋ, ਮੇਰੇ ਸਾਹਿਬ ਸਤਿਗੁਰ ਜਗਦੀਸ਼ । ਜੋ ਤੇਰੇ ਦਰਸ਼ਨ ਨੂੰ ਫਲਗੁਣ ਕਹੇ ਆਏ ਆਜੋ, ਅੰਦਰ ਮੰਦਰ ਬਦਲ ਕੇ ਨੀਤ । ਅੰਤ ਸਹਾਈ ਨਾ ਕੋਈ ਤੇਰੇ ਬਾਝੋਂ, ਇਹ ਬਿਨਾ ਪਥਰ ਪਾਣੀ ਤੋਂ ਵੱਜੀ ਲੀਕ । ਦਿਵਸ ਰੈਣ ਸੁਣ ਤੇਰਾ ਰਬਾਬੇ, ਅਨਹਦ ਨਾਦੀ ਸੁਣਾਉਣਾ ਗੀਤ । ਤੇਰਾ ਚਰਨ ਧੂੜ ਦਾ ਇਸ਼ਨਾਨ ਪੂਰਾ ਹੋਇਆ ਮਾਘੋ, ਫਲਗੁਣ ਜਨ ਭਗਤਾਂ ਕਾਇਆ ਰਖਣੀ ਠਾਂਡੀ ਸੀਤ । ਕੂੜ ਤਬੀਅਤ ਬਦਲ ਮਜ਼ਾਜੇ, ਮਨੂਆ ਕਰ ਭੈ ਭੀਤ । ਆਪਣੇ ਹੱਥ ਪਕੜ ਵਾਗੋ, ਦਹਿ ਦਿਸ਼ਾ ਨਾ ਉਠ ਉਠ ਧਾਏ ਨੀਚ । ਹੰਸ ਬਣਾ ਫੜ ਫੜ ਕਾਗੋ, ਸੋਹੰ ਨਾਮ ਰਸ ਦੇ ਕੇ ਰਸਨਾ ਮੀਠ । ਗੁਰਮੁਖਾਂ ਅੰਦਰ ਉਪਜੇ ਵੈਰਾਗੋ, ਕਿਰਪਾ ਕਰ ਹਰਿ ਜਗਦੀਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਦੀ ਸਚ ਸਚ ਪ੍ਰੀਤ । ਫਲਗੁਣ ਕਹੇ ਮੇਰੇ ਸਵਾਮੀ, ਸੀਸ ਸੀਸ ਨਿਵਾਈਆ । ਸਰਬ ਜੀਆਂ ਦੇ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਤੇਰਾ ਦੇਸ਼ ਅਗੰਮ ਅਨਾਮੀ, ਕਹਿਣ ਕਿਛ ਨਾ ਪਾਈਆ । ਸੰਦੇਸਾ ਤੇਰਾ ਹਕ ਪੈਗ਼ਾਮੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਤੂੰ ਮਾਲਕ ਇਕ ਹਕ ਅਨਾਮੀ, ਪਰਵਰਦਿਗਾਰ ਨੂਰ ਅਲਾਹੀਆ । ਤੇਰਾ ਦਿਸੇ ਨਾ ਕੋਇ ਸਾਨੀ, ਲਾਸਾਨੀ ਤੇਰੀ ਵਡ ਵਡਿਆਈਆ । ਜਨ ਭਗਤਾਂ ਅੰਦਰ ਆਪਣੀ ਨਾਮ ਦੀ ਦੇ ਨਿਸ਼ਾਨੀ, ਨਿਸ਼ਾਨਾ ਇਕੋ ਇਕ ਵਖਾਈਆ । ਦਰ ਆਇਆਂ ਕੱਟ ਦੇ ਗਲੋਂ ਗ਼ੁਲਾਮੀ, ਜ਼ੰਜੀਰ ਕੂੜ ਰਹੇ ਨਾ ਰਾਈਆ । ਅੰਮ੍ਰਿਤ ਆਤਮ ਨਿਝਰ ਰਸ ਦੇ ਠੰਡਾ ਪਾਣੀ, ਬੂੰਦ ਸਵਾਂਤੀ ਇਕ ਟਪਕਾਈਆ । ਆਤਮ ਪਰਮਾਤਮ ਬਣ ਕੇ ਹਾਣੀ, ਮੇਲ ਮਿਲਾਉਣਾ ਸਹਿਜ ਸੁਭਾਈਆ । ਪੁਰਖ ਅਕਾਲੇ ਤੂੰ ਪਾਤਸ਼ਾਹ ਤੇਰਾ ਭਗਤ ਤੇਰੀ ਰਾਣੀ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਝਗੜਾ ਮੁਕਾ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਹਤਜ ਫੇਰ ਕਦੇ ਨਾ ਆਈਆ । ਤੇਰੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਤੋਂ ਪਰੇ ਤੇਰੀ ਸ਼ਨਵਾਈਆ । ਸਾਹਿਬ ਸਤਿਗੁਰ ਫਲਗੁਣ ਕਹੇ ਗੁਰਮੁਖਾਂ ਉਤੇ ਕਰੀਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਪਿਛਲਾ ਝਗੜਾ ਨਾ ਰਹੇ ਦੀਵਾਨੀ, ਅੰਤਮ ਲੇਖਾ ਦੇਣਾ ਮੁਕਾਈਆ । ਤੇਰਾ ਘਰ ਆਲਮੇ ਜ਼ਾਵਿਦਾਨੀ, ਸਚ ਦਵਾਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਜ਼ਿਮੀਂ ਅਸਮਾਨੀ, ਦੋ ਜਹਾਨੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਧਰਮ ਕਹੇ ਵੇਖ ਧਰਨੀ ਪ੍ਰਭ ਦੀ ਧਾਰ, ਧਰਮ ਦਵਾਰ ਵੱਜੇ ਵਧਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਾਕਾਰ ਧੁਰਦਰਗਾਹੀਆ ।

ਭਗਤ ਸੁਹੇਲੇ ਜੁਗ ਜੁਗ ਤਾਰ, ਤਾਰਨਹਾਰ ਆਪਣੇ ਹੱਥ ਰਖੇ ਵਡਿਆਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਨਿਵ ਨਿਵ ਲਾਗਣ ਪਾਈਆ । ਜਿਸ ਦੀ ਖੇਲ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਭਗਤ ਸੁਹੇਲਾ ਬਣ ਕੇ ਮੀਤ ਮੁਰਾਰ, ਮਿਤਰ ਪਿਆਰਾ ਦਇਆ ਕਮਾਈਆ । ਡੁਬਦੇ ਪਾਹਨ ਦੇਵੇ ਤਾਰ, ਪੱਥਰਾਂ ਚਰਨ ਛੁਹਾਈਆ । ਮਿਹਰਵਾਨ ਹੋ ਆਪ ਕਰਤਾਰ, ਕਰਨੀ ਕਰਤਾ ਕਾਰ ਕਮਾਈਆ । ਬੰਸ ਸਰਬੰਸ ਕਰ ਪਿਆਰ, ਪਿਤਾ ਪੂਤ ਗੋਦ ਸੁਹਾਈਆ । ਦੇਵੇ ਵਡਿਆਈ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਹਰਿ ਭਗਤ ਦਵਾਰਾ ਭਗਤੀ ਦਾ ਭਰ ਭੰਡਾਰ, ਅਤੋਟ ਅਤੁਟ ਭਰਾਈਆ । ਕੋਝਿਆਂ ਕਮਲਿਆਂ ਪਾਵੇ ਸਾਰ, ਗ਼ਰੀਬ ਨਿਮਾਣਿਆਂ ਵੇਖ ਵਖਾਈਆ । ਭੁੱਲਿਆਂ ਭਟਕਿਆਂ ਲਾਵੇ ਪਾਰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਇਕ ਅਖਵਾਈਆ । ਧਰਮ ਕਹੇ ਧਰਨੀ ਸੁਣ ਸੰਦੇਸ਼ਾ ਧੁਰ ਦੀ ਧਾਰ, ਖ਼ਬਰ ਕੀ ਅਗੰਮ ਜਣਾਈਆ । ਬਿਸ਼ਨ ਕੌਰ ਕਰੇ ਇਸ਼ਾਰ, ਇਸ਼ਾਰਿਆਂ ਨਾਲ ਸਮਝਾਈਆ । ਮੇਰਾ ਬਿਰਧਾਂ ਬਾਲਾਂ ਦੇਣਾ ਪਿਆਰ, ਵੱਡਿਆਂ ਛੋਟਿਆਂ ਇਕੋ ਗੰਢ ਪਵਾਈਆ । ਜੋ ਸੇਵਾ ਵਿਚ ਸੇਵਾਦਾਰ, ਖ਼ਿਦਮਤ ਵਿਚ ਖ਼ਾਦਮ ਨਜ਼ਰੀ ਆਈਆ । ਗੁਰਮੁਖਾਂ ਨੂੰ ਸਤਿਗੁਰ ਪਿਆਰ ਦਾ ਅਧਾਰ, ਸ਼ਬਦ ਧਾਰ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬਿਸ਼ਨ ਕੌਰ ਕਹੇ ਮੇਰੀ ਆਤਮਾ ਅਤੀਤੀ, ਸਤਿ ਸਰੂਪ ਵਿਚ ਸਮਾਈਆ । ਮੇਰੀ ਸਭ ਦੇ ਨਾਲ ਪ੍ਰੀਤੀ, ਪ੍ਰਭ ਪ੍ਰੀਤਮ ਦਿਤੀ ਬਣਾਈਆ । ਮੇਰੀ ਭਗਤਾਂ ਦੀ ਬਗ਼ੀਚੀ, ਫੁੱਲ ਫੁਲਵਾੜੀ ਸੋਭਾ ਪਾਈਆ । ਮੈਂ ਖ਼ੁਸ਼ੀਆਂ ਦੇ ਨਾਲ ਡੀਠੀ, ਅਨਡਿੱਠ ਦਿਤੀ ਵਖਾਈਆ । ਮੈਂ ਹੱਸ ਕੇ ਕਹਾਂ ਰਸਨਾ ਨਾਲ ਮੀਠੀ, ਪ੍ਰੇਮ ਨਾਲ ਜਣਾਈਆ । ਜਿਨ੍ਹਾਂ ਸਾਚੇ ਘਰ ਵਿਚ ਸੇਵਾ ਕੀਤੀ, ਸੇਵਾ ਸੇਵਾ ਵਿਚ ਉਪਜਾਈਆ । ਮੇਰਾ ਸਾਹਿਬ ਸਤਿਗੁਰ ਪਰਖੇ ਨਾ ਕਿਸੇ ਦੀ ਨੀਤੀ, ਖੋਟੇ ਖਰ੍ਹੇ ਵੇਖ ਵਖਾਈਆ । ਜੋ ਪਾਵੇ ਸਾਰ ਜੀਵ ਜੀ ਕੀ, ਜਗ ਜੀਵਣ ਦਾਤਾ ਇਕ ਅਖਵਾਈਆ । ਜਿਸ ਦੇ ਕੋਲ ਹਕ ਤੌਫ਼ੀਕੀ, ਦੇਵਣਹਾਰ ਬੇਪਰਵਾਹੀਆ । ਮੈਂ ਮੰਗ ਮੰਗਾਂ ਨੀਕੀ, ਝੋਲੀ ਖ਼ਾਲੀ ਅਗੇ ਵਖਾਈਆ । ਮੇਰੀ ਵੰਡ ਨਹੀਂ ਕੋਈ ਸਾਢੇ ਤਿੰਨ ਹੱਥ ਸੀਅ ਕੀ, ਭਗਤ ਦਵਾਰਾ ਖੁਲ੍ਹਾ ਵਿਹੜਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਧਰਨੀ ਮੈਂ ਸੁਣਿਆ ਹੋਰ ਸੰਦੇਸਾ, ਧਰਮ ਮਾਤ ਰਹੀ ਦ੍ਰਿੜਾਈਆ । ਮੇਰੇ ਸਾਹਿਬ ਦਾ ਸਾਹਿਬ ਵਾਲਾ ਵੇਸਾ, ਸਾਹਿਬ ਸਤਿਗੁਰ ਨਜ਼ਰੀ ਆਈਆ । ਜੋ ਸਭ ਦਾ ਪੂਰਾ ਕਰੇ ਲੇਖਾ, ਲੇਖ ਪਿਛਲਾ ਦਏ ਬਦਲਾਈਆ । ਧੁਰ ਮਸਤਕ ਲਾਵੇ ਮੇਖਾ, ਮਿਥਿਆ ਦੱਸੇ ਲੋਕਾਈਆ । ਪ੍ਰੇਮ ਪਿਆਰ ਕਰੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਭਗਤ ਉਧਾਰੇ ਸੇਵਾ ਕਰਦੇ ਵਿਚ ਖੇਤਾ, ਆਪਣੇ ਘਰ ਸੁਹਾਈਆ । ਸੋ ਸਵਾਮੀ ਨਿਰਗੁਣ ਵੇਸ ਕਰੇ ਉਚੇਚਾ, ਉਚ ਅਗੰਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਦਏ ਵਡਿਆਈਆ । ਧਰਨੀ ਕਹੇ ਧਰਮ ਵੇਖ ਧਰਮ ਦਵਾਰਾ, ਧਰਮ ਦੀ ਧਾਰ ਨਜ਼ਰੀ ਆਈਆ । ਜਿਥੇ ਭਗਤਾਂ ਦਾ ਪ੍ਰੇਮ ਭੰਡਾਰਾ, ਭੰਡਾਰੀ ਵਿਸ਼ਨੂੰ ਸੇਵ ਕਮਾਈਆ । ਲੇਖਾ ਤੱਕ ਸੇਵਾਦਾਰਾ, ਜੋ ਸੇਵਾ ਸਚ ਕਮਾਈਆ ।

ਵੰਡ ਨਹੀਂ ਪੁਰਖ ਨਾਰਾ, ਨਰ ਨਰਾਇਣ ਹੋਏ ਸਹਾਈਆ । ਜਿਸ ਦਾ ਖੇਲ ਸਭ ਤੋਂ ਨਿਆਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਕਲ ਕਲਕੀ ਲਏ ਅਵਤਾਰਾ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਮ ਕਹੇ ਧਰਨੀ ਮੈਂ ਧਰਮ ਨਾਲ ਦੱਸਾਂ ਬਿਆਨ, ਧਰਮ ਧਰਮ ਵਿਚੋਂ ਜਣਾਈਆ । ਸਤਿਗੁਰ ਦੀ ਸੇਵਾ ਚਰਨੀ ਕਰੇ ਮਹਾਨ, ਚਰਨ ਚਰਨ ਵਿਚ ਵਡਿਆਈਆ । ਲੰਗਰ ਵਿਚ ਨਿਗਾਹਬਾਨ ਹੋਇਆ ਨਿਗਾਹਬਾਨ, ਨਿਗਾਹ ਆਪਣੀ ਇਕ ਉਠਾਈਆ । ਵਰਿਆਮ ਕੌਰ ਕਰ ਪ੍ਰਵਾਨ, ਹਰਬੰਸ ਕੌਰ ਸੰਗ ਰਖਾਈਆ । ਵੀਰੋ ਭਜਨੋ ਦੇ ਕੇ ਦਾਨ, ਚਰਨੋ ਗੁਰਦੇਵ ਜੋੜ ਜੁੜਾਈਆ । ਮੰਗੋ ਬਖ਼ਸ਼ ਧਰਮ ਨਿਸ਼ਾਨ, ਕੌਰ ਮਹਿੰਦਰ ਫਿਰੇ ਉਠਾਈਆ । ਸੁਰਜੀਤ ਕੌਰ ਦੇ ਕੇ ਜੀਵਨ ਦਾਨ, ਬੰਤੀ ਪ੍ਰੇਮ ਗੰਢ ਪਵਾਈਆ । ਮੇਰੇ ਸਾਹਿਬ ਦਾ ਖੇਲ ਮਹਾਨ, ਮਹਿੰਮਾ ਕਥ ਕਥ ਸ਼ਨਵਾਈਆ । ਬਚਨੀ ਜੀਤਾਂ ਕਰ ਪ੍ਰਵਾਨ, ਗੁਰਮੀਤ ਕੰਤ ਗੰਢ ਪਵਾਈਆ । ਲੇਖਾ ਜਾਣੇ ਸ੍ਰੀ ਭਗਵਾਨ, ਅਭੁਲ ਭੁਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਖਿਲਾਈਆ । ਧਰਮ ਕਹੇ ਧਰਨੀ ਕੀ ਸੰਦੇਸਾ ਦੇਵੇ ਰਾਜਾ ਇੰਦਰ, ਇੰਦਰਾਸਣ ਬੈਠਾ ਧਿਆਨ ਲਗਾਈਆ । ਸਾਡਾ ਲੇਖ ਲਿਖਿਆ ਸ਼ਾਨ ਜਿੰਦਰ, ਗੁਰਮੁਖ ਸਿੰਘ ਗੁਰ ਗੁਰ ਸਿਫ਼ਤ ਸਾਲਾਹੀਆ । ਧੁਰ ਦਾ ਪਿਆਰ ਮੇਰਾ ਬਲਵਿੰਦਰ, ਦਵਿੰਦਰ ਨਾਤਾ ਜਗਤ ਭਗਤ ਵਾਲਾ ਰਖਾਈਆ । ਜਿਥੇ ਰਹੇ ਕੋਇ ਨਾ ਚਿੰਦਨ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਬਣਾਈਆ । ਧਰਨੀ ਕਹੇ ਧਰਮ ਮੈਂ ਧਰਮ ਦਵਾਰ ਦੀ ਦਾਸੀ, ਦਾਸ ਦਾਸਾ ਸੀਸ ਨਿਵਾਈਆ । ਜਿਥੇ ਸਚ ਦੀ ਮੰਡਲ ਰਾਸੀ, ਸਤਿ ਦੀ ਵੱਜੇ ਵਧਾਈਆ । ਕੂੜ ਕਿਰਿਆ ਵਿਚੋਂ ਨਾਸੀ, ਨਾਸਤਕ ਆਪਣਾ ਆਪ ਮਿਟਾਈਆ । ਮੈਂ ਪ੍ਰਕਾਸ਼ ਤੱਕਾਂ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਹੋਵੇ ਰੁਸ਼ਨਾਈਆ । ਪੁਰਖ ਅਕਾਲਾ ਸਭ ਦੀ ਪੂਰੀ ਕਰੇ ਆਸੀ, ਆਹਿਸਤਾ ਆਹਿਸਤਾ ਆਪਣਾ ਰੰਗ ਰੰਗਾਈਆ । ਭਗਤ ਸੁਹੇਲਾ ਗੁਣੀ ਗਹੇਲਾ ਘਨਕਪੁਰ ਵਾਸੀ, ਜੋਤੀ ਜਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਮ ਕਹੇ ਮੈਂ ਸੁਣੀ ਛੋਟੀ ਜਹੀ ਖ਼ਬਰ, ਮੈਨੂੰ ਖ਼ਬਦਾਰ ਦਿਤਾ ਕਰਾਈਆ । ਬਿਸ਼ਨ ਕੌਰ ਕਹੇ ਸੇਵਾ ਕੀਤੀ ਸਾਰੇ ਟੱਬਰ, ਵੱਡੇ ਛੋਟਿਆਂ ਪਿਆਰ ਬਣਾਈਆ । ਮੈਨੂੰ ਕੁਲਦੀਪ ਕੌਰ ਦੀ ਕਦਰ, ਪ੍ਰੀਤਾਂ ਗੰਢ ਪਵਾਈਆ । ਜਗੀਰੋ ਵੱਲੋਂ ਮੇਰੀ ਪੂਰੀ ਹੋਈ ਸੱਧਰ, ਰਣਜੀਤ ਕੌਰ ਵੇਖ ਵਖਾਈਆ । ਜਗੀਰ ਕੌਰ ਕਦੀ ਕਦੀ ਆਉਂਦੀ ਲੱਭਣ, ਆਪਣਾ ਪੰਧ ਮੁਕਾਈਆ । ਮਨਜੀਤ ਕੌਰ ਮੇਰੇ ਦੱਬਦੀ ਰਹੀ ਹੱਡਣ, ਗੁਰਦਰਸ਼ਨ ਵੇਖ ਕੇ ਨੈਣਾਂ ਨੀਰ ਵਹਾਈਆ । ਮੇਰਾ ਬਾਹਰੋਂ ਬਿਰਦ ਹੋਇਆ ਸੀ ਬਦਨ, ਮੇਰਾ ਅੰਤਰ ਸਦਾ ਲਏ ਅੰਗੜਾਈਆ । ਛਿੰਦਰ ਕਦੀ ਕਦੀ ਆਉਂਦੀ ਸੀ ਬਾਹਰ ਕਢਣ, ਲੇਖਾ ਭੁਲ ਕਦੇ ਨਾ ਜਾਈਆ । ਮੈਂ ਚਾਹੁੰਦੀ ਭਗਤ ਦਵਾਰ ਦੇ ਛੋਟੇ ਵੱਡੇ ਸਭ ਦੇ ਦੀਪਕ ਜਗਣ, ਸੁਰਜੀਤ ਕੌਰ ਸੰਗ ਰਖਾਈਆ । ਮੈਂ ਸਦਾ ਖ਼ੁਸ਼ੀਆਂ ਵਿਚ ਰਹਿਣਾ ਮਗਨ, ਆਪਣੀ ਖ਼ੁਸ਼ੀ ਬਣਾਈਆ । ਮੈਨੂੰ ਯਾਦ ਜਿਸ ਵੇਲੇ ਮੇਰੀ ਚਿਖਾ ਨੂੰ ਲਾਈ ਅਗਨ, ਚਾਰੋਂ ਕੁੰਟ ਭਵਾਈਆ । ਲਿਖਾਰੀ ਪ੍ਰੇਮ ਨਾਲ ਲੱਗੇ ਸੀ ਲਿਖਣ, ਗੁਰਮੁਖ ਸ਼ਾਨ ਜਿੰਦਰ ਕਲਮ ਕਾਗ਼ਜ਼ ਉਤੇ ਫਿਰਾਈਆ । ਮੇਰੀ ਆਤਮਾ ਫੇਰ ਤੱਕਣ ਲੱਗੀ ਵੱਲ ਸਿੱਖਣ,

੫੦੯
੨੩

ਬਿਨ ਅੱਖਾਂ ਅੱਖ ਉਠਾਈਆ । ਮੈਨੂੰ ਸਭ ਕੁਝ ਲੱਗਾ ਦਿਸਣ, ਏਥੇ ਓਥੇ ਦੋ ਜਹਾਨ ਨਜ਼ਰੀ ਆਈਆ । ਭਾਣਾ ਮੰਨ ਕੇ ਮਿੱਠਣ, ਰਸ ਸਭ ਨੂੰ ਦਿਆਂ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਨਿਤ ਨਵਿਤਨ, ਨਰ ਨਰਾਇਣ ਆਪਣਾ ਰੰਗ ਰੰਗਾਈਆ ।

## ✪ ੪ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫੱਤੂਚਕ ਜ਼ਿਲਾ ਕਪੂਰਥਲਾ ਹਜ਼ਾਰਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਸੁਣ ਮੀਤ ਪਿਆਰੇ ਧਰਮਾ, ਧਰਮ ਦੀ ਧਾਰ ਧਾਰ ਜਣਾਈਆ । ਮੇਰੇ ਉਤੇ ਤੱਕ ਚਾਰ ਕੁੰਟ ਦਾ ਕਰਮਾ, ਕਰਮ ਕਾਂਡ ਖੋਜ ਖੁਜਾਈਆ । ਇਸ਼ਾਰਾ ਦੇ ਦੇ ਬ੍ਰਹਮ ਧਾਰ ਦੀ ਬ੍ਰਹਮਾ, ਭੇਵ ਅਭੇਦਾ ਆਪ ਖੁਲਾਈਆ । ਸ਼ੰਕਰ ਹਾਜ਼ਰ ਹੋਏ ਪ੍ਰਭੂ ਦੇ ਚਰਨਾਂ, ਤ੍ਰਿਸੂਲ ਆਪਣੀ ਹੱਥ ਉਠਾਈਆ । ਵਿਸ਼ਨੂੰ ਦੱਸ ਖੇਲ ਕੀ ਕਰਨਾ, ਕੀ ਕਰਤਾ ਪੁਰਖ ਹੁਕਮ ਵਰਤਾਈਆ । ਭੇਵ ਅਭੇਦਾ ਖੋਲ ਕੇ ਭਰਮਾ, ਭਾਂਡਾ ਭਰਮ ਭਉ ਭੰਨਾਈਆ । ਪੁਰਖ ਅਕਾਲ ਦੀਨ ਦਿਆਲ ਸ਼ਬਦ ਘੋੜੇ ਅਸਵ ਚੜ੍ਹਨਾ, ਦੋ ਜਹਾਨਾਂ ਵੇਖ ਵਖਾਈਆ । ਹੁਕਮੀ ਹੁਕਮ ਹੁਕਮ ਨਾਲ ਲੜਨਾ, ਝਗੜਾ ਅਵਰ ਨਾ ਕੋਇ ਰਖਾਈਆ । ਹਕ ਹਕੀਕਤ ਨਿਰਗੁਣ ਧਾਰ ਨਿਰਅੱਖਰ ਪੜ੍ਹਨਾ, ਬਿਨ ਅਕਸ਼ਰਾਂ ਅੱਖਰ ਬਣਾਈਆ । ਜਿਸ ਝਗੜਾ ਮੇਟਣਾ ਵਰਨਾਂ ਬਰਨਾਂ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਨਿਰਗੁਣ ਨਿਰਵੈਰ ਨਿਰੰਕਾਰ ਖ਼ਾਲਕ ਖ਼ਲਕ ਖੇਲ ਕਰਨਾ, ਮਖ਼ਲੂਕ ਆਪਣਾ ਪਰਦਾ ਲਾਹੀਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਧਰਨੀ ਮੈਂ ਦੱਸਾਂ ਨਾਲ ਪਿਆਰਾ, ਕੀ ਪ੍ਰੀਤਮ ਪਿਆਰਾ ਖੇਲ ਖਿਲਾਈਆ । ਨਿਗਾਹ ਮਾਰ ਵਿਚ ਸੰਸਾਰਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਪਰਦਾ ਓਹਲਾ ਰਹੇ ਨਾ ਰਾਈਆ । ਚਾਰੋਂ ਕੁੰਟ ਤੱਕ ਧੂੰਆਂਧਾਰਾ, ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਈਆ । ਵਰਨ ਬਰਨ ਹੋਵੇ ਖ਼ੁਆਰਾ, ਖ਼ਾਲਸ ਰੰਗ ਨਾ ਕੋਇ ਸਮਾਈਆ । ਜੀਵ ਜੰਤ ਕਰਨ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਅੰਮ੍ਰਿਤ ਬੂੰਦ ਸਵਾਂਤੀ ਮਿਲੇ ਨਾ ਠੰਡੀ ਠਾਰਾ, ਅਗਨੀ ਤਤ ਨਾ ਕੋਇ ਬੁਝਾਈਆ । ਕੂਕ ਪੁਕਾਰਨ ਵੇਦ ਚਾਰਾ, ਪੁਰਾਨ ਅਠਾਰਾਂ ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਰੋਵਣ ਮਾਰਨ ਧਾਹੀਂਆ । ਆਤਮ ਬ੍ਰਹਮ ਪਾਵੇ ਕੋਇ ਨਾ ਸਾਰਾ, ਪਾਰਬ੍ਰਹਮ ਤੇਰਾ ਮੇਲ ਨਾ ਕੋਇ ਮਿਲਾਈਆ, । ਬੰਦ ਖੁਲ੍ਹੇ ਨਾ ਕਿਸੇ ਕਿਵਾੜਾ, ਬਜਰ ਕਪਾਟੀ ਪਰਦਾ ਨਾ ਕੋਇ ਉਠਾਈਆ । ਕਾਇਆ ਮੰਦਰ ਅੰਦਰ ਦਿਸੇ ਨਾ ਕੋਇ ਅਖਾੜਾ, ਪੰਚ ਸ਼ਬਦ ਧੁਨ ਨਾ ਕੋਇ ਸ਼ਨਵਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਤੇਰੇ ਅਗੇ ਹਾੜਾ, ਬਹੁੜੀ ਬਹੁੜੀ ਕਰ ਕੇ ਤੇਰੇ ਅਗੇ ਸੀਸ ਨਿਵਾਈਆ । ਕਰ ਪ੍ਰਕਾਸ਼ ਬਹੱਤਰ ਨਾੜਾ, ਅੰਧ ਅੰਧੇਰਾ ਦੇ ਮਿਟਾਈਆ । ਤੇਰਾ ਅੰਤ ਨਾ ਪਾਰਾਵਾਰਾ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਲੇਖਾ ਵੇਖ ਪੈਗ਼ੰਬਰ ਗੁਰ ਅਵਤਾਰਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਮ ਕਹੇ ਧਰਨੀ ਮੈਂ ਸਚ ਕੀਤੀ ਅਰਦਾਸ, ਬੇਨੰਤੀ ਹਕ ਸੁਣਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਪਰਵਰਦਿਗਾਰ ਤੇਰੀ ਸ਼ਰਨਾਈਆ । ਤੂੰ

ਸ਼ਾਹੋ ਭੂਪ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਝਗੜਾ ਰਹੇ ਨਾ ਜ਼ਾਤ ਪਾਤ , ਦੀਨਾਂ ਮਜ਼੍ਹਬਾਂ ਇਕੋ ਗੰਢ ਰਖਾਈਆ । ਭੇਵ ਖੁਲਾ ਦੇ ਕਾਗ਼ਜ਼ਾਤ, ਕਾਗਦ ਕਲਮ ਸਿਆਹੀ ਤੇਰੀ ਸਿਫ਼ਤ ਸਲਾਹੀਆ । ਸ਼ਰਅ ਜ਼ੰਜੀਰਾਂ ਵਿਚੋਂ ਕਰ ਆਜ਼ਾਦ, ਤਨ ਬੰਧਨ ਦੇ ਤੁੜਾਈਆ । ਤੇਰਾ ਇਕੋ ਹੋਵੇ ਹੁਕਮ ਅਹਿਲਾਦ, ਸੰਦੇਸਾ ਹਕੀਕਤ ਹਕ ਦੇਣਾ ਜਣਾਈਆ । ਉਠ ਵੇਖ ਇਸ਼ਾਰਾ ਦੇਵੇ ਪ੍ਰਹਿਲਾਦ, ਕਬੀਰ ਜੁਲਾਹਾ ਨਾਲ ਮਿਲਾਈਆ । ਫ਼ਰੀਦ ਕਹੇ ਹੋ ਵਿਸਮਾਦ, ਬਿਸਮਿਲ ਆਪਣੀ ਕਾਰ ਕਮਾਈਆ । ਇਕੋ ਨਾਮ ਕਲਮਾ ਤੇਰਾ ਵੱਜੇ ਨਾਦ, ਤੁਰੀਆ ਤੋਂ ਬਾਹਰ ਕਰ ਸ਼ਨਵਾਈਆ । ਲੱਖ ਚੁਰਾਸੀ ਜੀਵ ਆਤਮ ਧਾਰ ਜਾਇਣ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਇਕੋ ਕਰ ਰੁਸ਼ਨਾਈਆ । ਸਚ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਇਕੋ ਹੋਵੇ ਰਾਗ, ਅਨਰਾਗੀ ਆਪਣਾ ਰਾਗ ਦੇ ਸੁਣਾਈਆ । ਸਭ ਦੀ ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਆਪ ਕਰਾਈਆ । ਹਰ ਘਟ ਦੀਪਕ ਜੋਤ ਜਗਾ ਚਰਾਗ਼, ਅੰਧ ਅੰਧੇਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਧਰਮ ਕਹੇ ਧਰਨੀ ਮੈਂ ਚਾਰੋਂ ਕੁੰਟ ਤੱਕਿਆ, ਆਪਣਾ ਧਿਆਨ ਲਗਾਈਆ । ਲੇਖਾ ਵੇਖਿਆ ਮਦੀਨਾ ਮਕਿਆ, ਕਾਅਬਿਆਂ ਖੋਜ ਖੁਜਾਈਆ । ਮਹਿਬੂਬ ਮਿਲੇ ਨਾ ਹਕੋ ਹੱਕਿਆ, ਹਕੀਕਤ ਹੱਥ ਕਿਸੇ ਨਾ ਆਈਆ । ਸਾਚਾ ਲਾਹਾ ਕਿਸੇ ਨਾ ਖੱਟਿਆ, ਖਟਕੇ ਵਿਚ ਲੋਕਾਈਆ । ਸਭ ਦੀ ਕੀਮਤ ਪੈ ਗਈ ਨਾਲ ਟਕਿਆ, ਮਾਇਆ ਮਮਤਾ ਤੋਲ ਤੁਲਾਈਆ । ਏਕਾ ਜ਼ੀਰੋ ਹੋਇਆ ਬਟਿਆ, ਜ਼ੀਰੋ ਜ਼ੀਰੋ ਸਮਝ ਕਿਸੇ ਨਾ ਆਈਆ । ਚਾਰੋਂ ਕੁੰਟ ਦਹਿ ਦਿਸ਼ਾ ਕਲਜੁਗ ਕਲਪਣਾ ਪਾਇਆ ਰੱਟਿਆ, ਝਗੜਾ ਸਕੇ ਨਾ ਕੋਇ ਮਿਟਾਈਆ । ਕਲਮੇ ਨਾਮ ਅਣਿਆਲੇ ਤੀਰ ਸੀਨਾ ਦਿਸੇ ਕਿਸੇ ਨਾ ਫਟਿਆ, ਅਣਿਆਲਾ ਤੀਰ ਨਾ ਕੋਇ ਚਲਾਈਆ । ਮੈਂ ਚਾਰ ਵਰਨ ਅਠਾਰਾਂ ਬਰਨ ਦੀਨਾਂ ਮਜ਼੍ਹਬਾਂ ਦੇ ਵਿਚ ਨੱਠਿਆ, ਭੱਜਿਆ ਵਾਹੋ ਦਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤੱਕਿਆ ਪਟਿਆ, ਪਟਨੇ ਵਾਲਾ ਦਏ ਵਡਿਆਈਆ । ਸਭ ਨੂੰ ਮਾਇਆ ਡੱਸੇ ਸੱਪਿਆ, ਵਿਖ ਚਾਰੋਂ ਕੁੰਟ ਨਜ਼ਰੀ ਆਈਆ । ਨਾਮ ਖ਼ੁਮਾਰੀ ਚੜ੍ਹੇ ਕਿਸੇ ਨਾ ਰਤਿਆ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਬਣਾਈਆ । ਹਿਰਦੇ ਅੰਦਰ ਕਾਇਆ ਮੰਦਰ ਡੰਕਾ ਵੱਜੇ ਕਿਸੇ ਨਾ ਫਤਿਹਾ, ਫਾਤਿਆ ਪੰਚ ਵਿਕਾਰ ਨਾ ਕੋਇ ਕਰਾਈਆ । ਕੂੜ ਕਲਪਨਾ ਕਰੇ ਕੋਇ ਨਾ ਹੱਤਿਆ, ਹਤਿਆਰੀ ਹੋਈ ਖ਼ਲਕ ਖ਼ੁਦਾਈਆ । ਬਿਨਾ ਭਗਤਾਂ ਤੋਂ ਕਲਜੁਗ ਅੰਤ ਕੋਈ ਨਾ ਬਚਿਆ, ਬਚਪਨ ਸਮਝ ਕਿਸੇ ਨਾ ਆਈਆ । ਕਰ ਕਿਰਪਾ ਸ੍ਰੀ ਭਗਵਾਨ ਜਿਨ੍ਹਾਂ ਨੂੰ ਰੱਖਿਆ, ਕਲਜੁਗ ਤਿਨ੍ਹਾਂ ਨੇੜ ਨਾ ਆਵੇ ਰਾਈਆ । ਸੋ ਸੰਤ ਸੁਹੇਲਾ ਗੁਰੂ ਗੁਰ ਚੇਲਾ ਖ਼ੁਸ਼ੀਆਂ ਦੇ ਵਿਚ ਟੱਪਿਆ, ਜਿਨ੍ਹਾਂ ਮਿਲਿਆ ਮੇਲ ਧੁਰ ਦੇ ਮਾਹੀਆ । ਆਤਮ ਪਰਮਾਤਮ ਨਾਤਾ ਹੋਇਆ ਪੱਕਿਆ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਧਰਮ ਕਹੇ ਧਰਨੀ ਮੈਂ ਖ਼ੁਸ਼ੀਆਂ ਦੇ ਵਿਚ ਹੱਸਿਆ, ਹਸਤੀ ਤੱਕ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਅਲਖ ਅਲਖਿਆ, ਅਲਖ ਅਗੋਚਰ ਅਗੰਮ ਅਥਾਹ ਬੇਪ੍ਰਵਾਹ ਇਕ ਅਖਵਾਈਆ ।

## ੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੁਰਖਪੁਰ ਜ਼ਿਲਾ ਕਪੂਰਥਲਾ ਗਿਆਨ ਸਿੰਘ ਦੇ ਗ੍ਰਿਹਿ

ਧਰਮ ਕਹੇ ਪ੍ਰਭ ਮੇਰੇ ਅੰਤਰਜਾਮੀ, ਅੰਤਰ ਆਤਮਾ ਸਭ ਦੀ ਵੇਖ ਵਖਾਈਆ । ਤੂੰ ਪਾਰਬ੍ਰਹਮ ਪੁਰਖ ਸਵਾਮੀ, ਪਰਮ ਪੁਰਖ ਤੇਰੀ ਸ਼ਰਨਾਈਆ । ਦੋ ਜਹਾਨਾਂ ਨਿਗਾਹਬਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਧਿਆਨ ਲਗਾਈਆ । ਮੈਨੂੰ ਚਾਰੋਂ ਕੁੰਟ ਆਈ ਹਾਨੀ, ਰੋ ਰੋ ਦਿਆਂ ਦੁਹਾਈਆ । ਨਿਗਾਹ ਮਾਰ ਤੀਰਥ ਅੱਠ ਸੱਠ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧਿਆਨ ਲਗਾਈਆ । ਕਲਮਾ ਤੱਕ ਅੰਜੀਲ ਕੁਰਾਨੀ, ਕਾਇਆ ਕਾਅਬੇ ਖੋਜ ਖੁਜਾਈਆ । ਨਾਦ ਸ਼ਬਦ ਧੁਨ ਵੇਖ ਅਗੰਮੀ ਬਾਣੀ, ਮਿਹਰਵਾਨ ਮਹਿਬੂਬ ਪਰਦਾ ਆਪ ਉਠਾਈਆ । ਸਤਿ ਧਰਮ ਕਹੇ ਸਚ ਦਾ ਰਿਹਾ ਕੋਇ ਨਾ ਦਾਨੀ, ਵਸਤ ਅਮੋਲਕ ਨਾ ਕੋਇ ਵਰਤਾਈਆ । ਧਰਨੀ ਧਰਤ ਧਵਲ ਧੌਲ ਤੇਰੀ ਹੋਈ ਨਿਮਾਣੀ, ਨਿਵ ਨਿਵ ਸੀਸ ਝੁਕਾਈਆ । ਕਿਰਪਾ ਕਰ ਸਾਹਿਬ ਸੁਲਤਾਨੀ, ਪੁਰਖ ਬਿਧਾਤੇ ਤੇਰੀ ਓਟ ਤਕਾਈਆ । ਦੀਨ ਦੁਨੀ ਵਿਚੋਂ ਮੇਟ ਬੇਈਮਾਨੀ, ਕੂੜੀ ਕਿਰਿਆ ਦੇ ਖਪਾਈਆ । ਸਤਿ ਸਚ ਦੇ ਨਿਸ਼ਾਨੀ, ਸਤਿ ਸਤਿ ਨਾਲ ਪ੍ਰਗਟਾਈਆ । ਤੂੰ ਹਰ ਘਟ ਅੰਦਰ ਜਾਣ ਜਾਣੀ, ਲਖ ਚੁਰਾਸੀ ਰਿਹਾ ਸਮਾਈਆ । ਸਦੀ ਚੌਧਵੀਂ ਅੰਤਮ ਕਰ ਮਿਹਰਵਾਨੀ, ਮਿਹਰਵਾਨ ਮਹਿਬੂਬ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਮ ਕਹੇ ਪ੍ਰਭੂ ਮੇਰਾ ਰਿਹਾ ਕੋਈ ਨਾ ਸਤਿ, ਸਤਿ ਸਤਿਵਾਦ ਵਿਚ ਨਾ ਕੋਇ ਸਮਾਈਆ । ਜੀਵਾਂ ਜੰਤਾਂ ਭੁੱਲੀ ਬ੍ਰਹਮ ਮਤ, ਪਾਰਬ੍ਰਹਮ ਤੇਰਾ ਭੇਵ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਉਬਲੇ ਰਤ, ਸੱਤ ਦੀਪ ਅਗਨੀ ਤਤ ਜਲਾਈਆ । ਧੀਰਜ ਰਿਹਾ ਕਿਸੇ ਨਾ ਜਤ, ਜਟਾ ਜੂਟ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਕਲਜੁਗ ਕੂੜ ਕੁੜਿਆਰਾ ਚਲਿਆ ਰਥ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਦੀਨਾਂ ਮਜ਼੍ਹਬਾਂ ਜਾਤਾਂ ਪਾਤਾਂ ਰਿਹਾ ਮਥ, ਹਿੰਦੂ ਮੁਸਲਿਮ ਸਿਖ ਈਸਾਈ ਬਚਿਆ ਨਜ਼ਰ ਕੋਇ ਨਾ ਆਈਆ । ਮਨ ਕਲਪਨਾ ਸਾਰੇ ਭੋਗਦੇ ਰਸ, ਆਤਮ ਰਸ ਵਿਚ ਨਾ ਕੋਇ ਸਮਾਈਆ । ਧਰਮ ਕਹੇ ਮੈਂ ਬਿਨਾ ਹੱਥਾਂ ਤੋਂ ਜੋੜਾਂ ਹੱਥ, ਨਿਵ ਨਿਵ ਲਾਗਾਂ ਪਾਈਆ । ਤੂੰ ਸਰਬ ਕਲਾ ਸਮਰਥ, ਰਾਮ ਰਾਮਾ ਤੇਰੀ ਵਡ ਵਡਿਆਈਆ । ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਜੀਵਾਂ ਹਿਰਦੇ ਅੰਦਰ ਵਸ, ਵਾਸਤਾ ਆਪਣੇ ਨਾਲ ਰਖਾਈਆ । ਅੰਤਰ ਮੇਟ ਰੈਣ ਅੰਧੇਰੀ ਮਸ, ਨੂਰੀ ਚੰਦ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਮ ਕਹੇ ਪ੍ਰਭੂ ਚਾਰ ਕੁੰਟ ਰਿਹਾ ਨਾ ਸਚ, ਸਚ ਮਿਲੇ ਨਾ ਕੋਇ ਵਡਿਆਈਆ । ਕਾਇਆ ਮਾਟੀ ਭਾਂਡੇ ਦੇਖ ਕੱਚ, ਮਾਨਸ ਮਾਨਵ ਮਾਨੁਖ ਖੋਜ ਖੁਜਾਈਆ । ਮਨੂਆ ਦਹਿ ਦਿਸ਼ਾ ਰਿਹਾ ਨੱਚ, ਭੱਜੇ ਵਾਹੋ ਦਾਹੀਆ । ਤੇਰਾ ਅੰਮ੍ਰਿਤ ਨਿਝਰ ਪੀਏ ਕੋਇ ਨਾ ਰਸ, ਬੂੰਦ ਸਵਾਂਤੀ ਨਾਭੀ ਕਵਲ ਨਾ ਕੋਇ ਟਪਕਾਈਆ । ਨਿਜ ਨੇਤਰ ਖੁਲ੍ਹੇ ਕਿਸੇ ਨਾ ਅੱਖ, ਅੱਖਰਾਂ ਵਾਲੀ ਸਾਰੇ ਕਰਨ ਪੜ੍ਹਾਈਆ । ਹਕੀਕਤ ਜਾਣੇ ਕੋਇ ਨਾ ਹਕ, ਮਿਹਰਵਾਨ ਮਹਿਬੂਬ ਤੇਰਾ ਦਰਸ ਕੋਇ ਨਾ ਪਾਈਆ । ਸਤਿ ਸਚ ਸਚ ਸਤਿ ਕਿਸੇ ਨਾ ਆਵੇ ਹੱਥ, ਖ਼ਾਲੀ ਹੱਥ ਦਿਸੇ ਲੋਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਕੂੜੀ ਕਿਰਿਆ ਲੋਕਮਾਤ ਮਥ, ਮਥਣ ਕਰ ਖ਼ਲਕ ਖ਼ੁਦਾਈਆ । ਤੂੰ ਸਰਬ ਕਲਾ ਸਮਰਥ, ਭਰਪੂਰ ਰਿਹਾ ਸਰਬ ਠਾਈਆ । ਤੇਰੇ ਚਰਨ ਕਵਲ ਨਿਰਗੁਣ ਸਰਗੁਣ ਜਾਵਾਂ ਢੱਠ, ਬਿਨ ਸੀਸ ਸੀਸ ਜਗਦੀਸ਼ ਝੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋ ਸਹਾਈਆ । ਧਰਮ ਕਹੇ ਪ੍ਰਭੂ ਮੇਰਾ ਰਿਹਾ ਕੋਈ ਨਾ ਧਾਮ, ਧਰਨੀ ਧਵਲ ਰੋ ਰੋ ਮਾਰੇ ਧਾਹੀਆ । ਚਾਰੋਂ ਕੁੰਟ ਅੰਧੇਰਾ ਸ਼ਾਮ, ਸ਼ਾਮ ਘਨਈਆ ਤੇਰਾ ਦਰਸ ਕੋਇ ਨਾ ਪਾਈਆ । ਸੀਤਾ ਸੁਰਤ ਮਿਲੇ ਕਿਸੇ ਨਾ ਰਾਮ, ਜਗਤ ਬਨਬਾਸ ਪੰਧ ਨਾ ਕੋਇ ਮੁਕਾਈਆ । ਪੈਗ਼ੰਬਰਾਂ ਸੁਣੇ ਨਾ ਕੋਇ ਹਕ ਪੈਗ਼ਾਮ, ਕਲਮਾ ਕਾਇਨਾਤ ਸੰਗ ਨਾ ਕੋਇ ਨਿਭਾਈਆ । ਹਿਰਦੇ ਵਸੇ ਨਾ ਕਿਸੇ ਸਤਿਨਾਮ, ਨਾਮ ਵਿਚ ਨਾ ਕੋਇ ਸਮਾਈਆ । ਕਿਰਪਾ ਕਰ ਸ੍ਰੀ ਭਗਵਾਨ, ਹਰਿ ਕਰਤੇ ਧੁਰ ਦਰਗਾਹੀਆ । ਮੇਰੀ ਡੰਡਾਵਤ ਬੰਦਨਾ ਸਜਦਿਆਂ ਵਿਚ ਸਲਾਮ, ਨਿਵ ਨਿਵ ਸੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਦੀ ਚੌਧਵੀਂ ਆਤਮ ਕਰ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਕਲਜੁਗ ਕੂੜੀ ਕਿਰਿਆ ਦਾ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਸ਼ਰਕਤ ਸਭ ਦੇ ਅੰਦਰੋਂ ਕਢਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨ, ਵਾਲੀ ਦੋ ਜਹਾਨ ਇਕ ਅਖਵਾਈਆ । ਧਰਮ ਕਹੇ ਪ੍ਰਭੂ ਬਿਨ ਤੇਰੀ ਕਿਰਪਾ ਧਰਮ ਦਾ ਝੁੱਲੇ ਨਾ ਕੋਇ ਨਿਸ਼ਾਨ, ਨਿਸ਼ਾਨਾ ਸਚ ਨਾ ਕੋਇ ਝੁਲਾਈਆ । ਕਿਰਪਾ ਕਰ ਧੁਰ ਦੇ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਮੇਰੀ ਨਮੋ ਨਮੋ ਨਮਸਤੇ, ਪ੍ਰਨਾਮ ਡੰਡਾਵਤ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ ।



### ✪ ੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਨੂਰਪੁਰ ਜ਼ਿਲਾ ਕਪੂਰਥਲਾ ਮਨਜੀਤ ਕੌਰ ਦੇ ਗ੍ਰਿਹ ✪

੫੧੩
੨੩

ਧਰਮ ਕਹੇ ਧਰਨੀਏ ਵੇਖ ਆਪਣੀਆਂ ਵੰਡਾਂ, ਹਿੱਸੇ ਜ਼ੁਜ਼ ਧਿਆਨ ਰਖਾਈਆ । ਦੀਨਾਂ ਮਜ਼੍ਹਬਾਂ ਦੀਆਂ ਖੋਲ ਕੇ ਤੱਕ ਗੰਢਾਂ, ਪਰਦਾ ਪਰਦਿਆਂ ਵਿਚੋਂ ਉਠਾਈਆ । ਸੀਨਾ ਦਿਸੇ ਨਾ ਕਿਸੇ ਠੰਡਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਵਕਤ ਦੁਹੇਲਾ ਜਾਂਦਾ ਲੰਘਾ, ਭੱਜੇ ਬਣ ਬਣ ਪਾਂਧੀ ਰਾਹੀਆ । ਲੇਖਾ ਤੱਕ ਲੈ ਅਕਸ਼ਰ ਧਾਰ ਬਵੰਜਾ, ਬਾਵਨ ਭੇਵ ਚੁਕਾਈਆ । ਸੰਦੇਸਾ ਸੁਣ ਲੈ ਜੋ ਗੋਬਿੰਦ ਦੇ ਕੇ ਗਿਆ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਜਣਾਈਆ । ਕਲਜੁਗ ਭੇਵ ਪਾਏ ਕੋਇ ਨਾ ਬ੍ਰਹਮ ਹੰਗਾ, ਹੰ ਬ੍ਰਹਮ ਸਮਝ ਕਿਸੇ ਨਾ ਆਈਆ । ਮੇਰੇ ਢਈਏ ਦਾ ਪੈਂਡਾ ਨਹੀਂ ਲੰਬਾ, ਲਮਹ ਲਮਹ ਪੰਧ ਮੁਕਾਈਆ । ਧਰਮ ਕਹੇ ਧਰਨੀਏ ਮੈਂ ਉਸ ਵੇਲੇ ਕੰਬਾ, ਥਰਥਰਾਹਟ ਵਿਚ ਕੁਰਲਾਈਆ । ਝਟ ਆਵਾਜ਼ ਸੁਣੀ ਓਹ ਤੱਕ ਨਿਸ਼ਾਨ ਮਿਟਦਾ ਤਾਰਾ ਚੰਦਾ, ਚੰਦ ਗੋਬਿੰਦ ਦੱਸਿਆ ਧੁਰ ਦਾ ਮਾਹੀਆ । ਸ਼ਰਅ ਦਾ ਰਹੇ ਕੋਇ ਨਾ ਫੰਦਾ, ਜ਼ੰਜੀਰ ਕੜੀ ਨਾ ਕੋਇ ਬੰਧਾਈਆ । ਨੇਤਰਹੀਣ ਧਰਮ ਹੋਈਂ ਨਾ ਅੰਧਾ, ਲੋਚਨ ਇਕੋ ਅੱਖ ਖੁਲਾਈਆ । ਸਦੀ ਚੌਧਵੀਂ ਮਿਟੇ ਪੰਧਾ, ਬਣ ਪਾਂਧੀ ਪੰਧ ਮੁਕਾਈਆ । ਇਹ ਲੇਖਾ ਪੁਰਖ ਅਕਾਲ ਸੰਦਾ, ਜਿਸ ਸਨਦ ਅਵਤਾਰ ਪੈਗ਼ੰਬਰ ਗੁਰੂਆਂ ਹੱਥ ਫੜਾਈਆ । ਅੰਤ ਅਖ਼ੀਰੀ ਤਕਣਾ ਕੰਢਾ, ਕੰਢੀ ਘਾਟ ਬਹਿ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਮ ਕਹੇ ਧਰਨੀਏ ਮੇਰੀ ਇਕੋ ਖ਼ਾਹਿਸ਼, ਖ਼ਾਲਸ ਦਿਆਂ ਜਣਾਈਆ । ਉਸ ਸਾਹਿਬ ਦੀ ਕਰ ਤਲਾਸ਼, ਜੋ ਖੋਜਿਆਂ ਹੱਥ ਕਿਸੇ ਨਾ ਆਈਆ ।

ਉਸ ਦੀ ਤਤਾਂ ਵਾਲੀ ਨਾ ਹੋਵੇ ਲਾਸ਼, ਵਜੂਦ ਤਨ ਨਾ ਕੋਇ ਵਡਿਆਈਆ । ਜਿਸ ਨੂੰ ਸ਼ੰਕਰ ਝੁਕੇ ਉਤੇ ਕੈਲਾਸ਼, ਬ੍ਰਹਮਾ ਨਿਵ ਨਿਵ ਲਾਗੇ ਪਾਈਆ । ਵਿਸ਼ਨੂੰ ਵਿਸ਼ਵ ਦਾ ਬਣ ਕੇ ਦਾਸ, ਸੇਵਕ ਹੋ ਕੇ ਭੱਜੇ ਥਾਉਂ ਥਾਈਆ । ਨਾਲ ਕਲਜੁਗ ਤੱਕ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨਾਂ ਮਜ਼੍ਹਬਾਂ ਵਾਲੀ ਵੇਖ ਜਮਾਤ, ਜੁਮਲਾ ਅੱਖਰ ਸਕੇ ਨਾ ਕੋਇ ਪੜ੍ਹਾਈਆ । ਚਾਰ ਜੁਗ ਦੇ ਗ੍ਰੰਥਾਂ ਤੱਕ ਲੈ ਕਾਗ਼ਜ਼ਾਤ, ਜਿਸ ਦੀ ਕਲਮ ਸਿਆਹੀ ਦਏ ਗਵਾਹੀਆ । ਉਠ ਕੇ ਜ਼ਿਮੀਂ ਅਸਮਾਨਾਂ ਤੋਂ ਬਾਹਰ ਝਾਕ, ਬਿਨ ਨੈਣਾਂ ਨੈਣ ਉਠਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਦੋ ਜਹਾਨਾਂ ਪੈਣੀ ਰਾਸ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਤੂੰ ਉਸ ਉਤੇ ਕਰ ਵਿਸ਼ਵਾਸ, ਜੋ ਵਿਸ਼ਿਆਂ ਤੋਂ ਬਾਹਰ ਵਸੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਮ ਕਹੇ ਧਰਨੀ ਮੇਰੇ ਅੰਤ ਵੱਜਦੀ ਵੇਖ ਚੋਟ, ਚੋਟੀ ਚੜ੍ਹ ਕੇ ਧਿਆਨ ਲਗਾਈਆ । ਤੇਰੇ ਉਤੇ ਕਿਉਂ ਆਲ੍ਹਣਿਉਂ ਡਿੱਗੇ ਬੋਟ, ਫੜ ਬਾਹੋਂ ਗਲੇ ਨਾ ਕੋਇ ਲਗਾਈਆ । ਉਹ ਵੇਖ ਪਰਮ ਪੁਰਖ ਨੂੰ ਲੱਭਦੇ ਕੋਟੀ ਕੋਟ, ਕੋਟ ਕੋਟਾਂ ਧਿਆਨ ਲਗਾਈਆ । ਪ੍ਰਕਾਸ਼ ਮਿਲੇ ਨਾ ਨਿਰਮਲ ਜੋਤ, ਜੋਤੀ ਜਾਤਾ ਹੱਥ ਕਿਸੇ ਨਾ ਆਈਆ । ਮੈਂ ਤੱਕੇ ਦੀਨ ਦੁਨੀ ਦੇ ਲੋਕ, ਚਾਰੋਂ ਕੁੰਟ ਵੇਖ ਵਖਾਈਆ । ਆਤਮ ਪਰਮਾਤਮ ਪੜ੍ਹੇ ਨਾ ਕੋਇ ਸਲੋਕ, ਤੂੰ ਮੇਰਾ ਮੈਂ ਤੇਰਾ ਢੋਲਾ ਕੋਇ ਨਾ ਗਾਈਆ । ਮੇਰੀ ਕੁਛ ਨਾ ਆਵੇ ਵਿਚ ਸੋਚ, ਸਮਝ ਚਲੇ ਨਾ ਚਤੁਰਾਈਆ । ਮੈਂ ਦਰਸ਼ਨ ਲੋੜਾਂ ਲੋਚਨ ਲੋਚ, ਨੈਣ ਨੈਣਾਂ ਨਾਲ ਬਿਗਸਾਈਆ । ਮੇਰਾ ਅੰਤਰ ਹੋਏ ਮਧਹੋਸ਼, ਖ਼ੁਮਾਰੀ ਖ਼ਿਮਾ ਵਾਲੀ ਚੜ੍ਹਾਈਆ । ਧਰਮ ਕਹੇ

ਧਰਨੀਏ ਮੈਂ ਹੋਇਆ ਰਿਹਾ ਰੂਪੋਸ਼, ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਧਰਮ ਨਾ ਪਾ ਐਵੇਂ ਰੌਲਾ, ਚਾਰ ਕੁੰਟ ਸ਼ਨਵਾਈਆ । ਕਿਰਪਾ ਕਰੇ ਭਗਵਾਨ ਮੌਲਾ, ਜੋ ਮੌਲਿਆ ਹਰ ਘਟ ਥਾਈਆ । ਜਿਸ ਨੇ ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਕੀਤਾ ਕੌਲਾ, ਕੌਲ ਇਕਰਾਰ ਆਪਣੇ ਨਾਲ ਬਣਾਈਆ । ਸੋ ਪ੍ਰਗਟ ਹੋਇਆ ਉਪਰ ਧੌਲਾ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਜਿਸ ਦੀ ਸੇਵਾ ਕਰੇ ਕਾਹਨ ਸਵਲਾ, ਮੁਕੰਦ ਮਨੋਹਰ ਲਖਮੀ ਨਰਾਇਣ ਖ਼ੁਸ਼ੀ ਬਣਾਈਆ । ਉਹ ਨੂਰ ਅਲਾਹੀ ਅਵਲਾ, ਜਿਸ ਨੂੰ ਆਲਮੀਨ ਕਹਿ ਕੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲੇਖਾ ਜਾਣੇ ਆਦਿ ਜੁਗਾਦਿ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਤੀ ਕਮਲਾ, ਕਮਲਾਪਤ ਆਪਣਾ ਖੇਲ ਖਿਲਾਈਆ ।

### ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਰਤਾਰ ਕੌਰ ਦੇ ਗ੍ਰਹਿ ਪਿੰਡ ਮਜੀਦ ਪੁਰ ਜ਼ਿਲਾ ਕਪੂਰਥਲਾ ✪

ਕਲਜੁਗ ਕਹੇ ਸੁਣ ਧਰਮ ਕਿਉਂ ਲੱਗਾ ਤੈਨੂੰ ਸੇਕ, ਬਹੁੜੀ ਬਹੁੜੀ ਕਰ ਕੇ ਦਏਂ ਦੁਹਾਈਆ । ਤੇਰੇ ਅਵਤਾਰ ਪੈਗ਼ੰਬਰਾਂ ਗੁਰੂਆਂ ਹਿੱਸੇ ਕੀਤੇ ਅਨੇਕ, ਸ਼ਰਅ ਸ਼ਰਅ ਨਾਲ ਟਕਰਾਈਆ । ਨਾਮ ਕਲਮਿਆਂ ਉਤੋਂ ਦਿਤਾ ਬੇਚ, ਕੀਮਤ ਜਗਤ ਵਾਲੀ ਰਖਾਈਆ । ਮੈਂ ਪਰਮ ਪੁਰਖ ਦਾ ਬੇਟਾ

ਇਕੋ ਏਕ, ਇਕ ਇਕੱਲੇ ਦਿਤੀ ਵਡਿਆਈਆ । ਮੈਂ ਤੇਰੀ ਮੇਟਣਾ ਚਾਹੁੰਦਾ ਰੇਖ, ਰਿਖੀ ਮੁਨੀ ਸਾਰੇ ਦੇਣ ਭੁਲਾਈਆ । ਮੇਰੇ ਕੋਲ ਇਕ ਸਾਹਿਬ ਦਾ ਲੇਖ, ਲਿਖਤੀ ਦਿਆਂ ਵਖਾਈਆ । ਜਿਸ ਦੀ ਸ਼ਹਾਦਤ ਦੇਵੇ ਗੁਰ ਦਸਮੇਸ਼, ਗੋਬਿੰਦ ਸੂਰਾ ਧੁਰ ਦਾ ਮਾਹੀਆ । ਕਲਜੁਗ ਤੂੰ ਫਿਰਨਾ ਦੇਸ਼ ਪ੍ਰਦੇਸ਼, ਚਾਰੋਂ ਕੁੰਟ ਭੱਜਣਾ ਵਾਹੋ ਦਾਹੀਆ । ਮਨ ਕਲਪਣਾ ਕਿਸੇ ਦੀ ਰਹਿਣ ਨਹੀਂ ਦੇਣੀ ਨੇਕ, ਨੀਤੀ ਸਭ ਦੀ ਦੇਣੀ ਬਦਲਾਈਆ । ਮੁਹੱਬਤ ਰਹੇ ਨਾ ਬੇਟੀ ਬੇਟ, ਪਿਤਾ ਪੂਤ ਕਰੇ ਲੜਾਈਆ । ਸਤਿ ਸਚ ਨੂੰ ਕਰਨਾ ਖੇਤ, ਰਣਭੂਮੀ ਦੇਣੀ ਬਣਾਈਆ । ਖੇਲ ਖਿਲਾਉਣਾ ਮੁੱਲਾਂ ਸ਼ੇਖ਼, ਮੁਸਾਇਕਾਂ ਗੰਢ ਪਵਾਈਆ । ਤੇਰਾ ਸਮਝੇ ਕੋਇ ਨਾ ਭੇਤ, ਅਭੇਵ ਮੈਨੂੰ ਦਿਤੀ ਵਡਿਆਈਆ । ਮੈਂ ਅਰਜਨ ਦੇ ਸੀਸ ਵਿਚ ਪਵਾਈ ਰੇਤ, ਕਲਜੁਗ ਤਾੜੀ ਲਾ ਕੇ ਰਿਹਾ ਸੁਣਾਈਆ । ਧਰਮ ਜੀ ਤੁਸੀਂ ਕਿੱਥੇ ਰਹੇ ਖੇਡ, ਮੈਨੂੰ ਦਿਉ ਸਮਝਾਈਆ । ਮੈਂ ਪੈਗ਼ੰਬਰਾਂ ਤੋਂ ਭੇਟਾ ਕਰਾਏ ਬੱਕਰੇ ਭੇਡ, ਪਸ਼ੂਆਂ ਖੱਲ ਲੁਹਾਈਆ । ਤੁਸੀਂ ਮੇਰਾ ਨਖ਼ਰਾ ਨਹੀਂ ਜਾਣਦੇ ਵੇਡ, ਬਹੁਭਾਂਤੀ ਆਪਣੀ ਕਾਰ ਕਮਾਈਆ । ਜਿਸ ਨੇ ਤੁਹਾਨੂੰ ਦਿਤਾ ਭੇਜ, ਭਜਨ ਬੰਦਗੀ ਵਿਚ ਰਖਾਈਆ । ਉਸੇ ਨੇ ਮੈਨੂੰ ਦਿਤਾ ਭੇਜ, ਤੇਜ ਤਪ ਤੁਹਾਡਾ ਦਿਤਾ ਬਦਲਾਈਆ । ਮੈਂ ਸਚ ਦੀ ਰਹਿਣ ਦੇਣੀ ਨਹੀਂ ਕੋਈ ਸੇਜ, ਸੁਖ ਆਸਣ ਸੋਭਾ ਕੋਇ ਨਾ ਪਾਈਆ । ਮੇਰੇ ਸਾਹਿਬ ਦਾ ਹੁਕਮ ਇਕ ਸੰਦੇਸ਼, ਜੋ ਮੈਨੂੰ ਦਿਤਾ ਸੁਣਾਈਆ । ਜਿੰਨਾਂ ਚਿਰ ਮੈਂ ਜੋਤੀ ਜਾਮਾ ਧਰ ਨਾ ਆਵਾਂ ਵੇਸ, ਰੂਪ ਅਨੂਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਮ ਤੈਥੋਂ ਬਲੀ ਹੋਈ ਤ੍ਰੈਗੁਣ ਮਾਇਆ, ਬਲ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਢੋਲਾ ਕਿਸੇ ਨਾ ਗਾਇਆ, ਅੱਖਰਾਂ ਵੱਜਦੀ ਰਹੀ ਵਧਾਈਆ । ਸਚ ਸਰੋਵਰ ਕੋਇ ਨਾ ਨਹਾਇਆ, ਤੀਰਥ ਤੱਟਾਂ ਭੱਜੇ ਵਾਹੋ ਦਾਹੀਆ । ਪਰਮ ਪੁਰਖ ਕਿਸੇ ਨਾ ਪਾਇਆ, ਪਾਰਬ੍ਰਹਮ ਮਿਲਣ ਕੋਇ ਨਾ ਆਈਆ । ਸਚ ਸਿੰਘਾਸਣ ਸਵਾਮੀ ਨਾ ਕਿਸੇ ਬਹਾਇਆ, ਅੰਤਰਜਾਮੀ ਰੰਗ ਨਾ ਕੋਇ ਰੰਗਾਈਆ । ਸਚ ਸੰਦੇਸ਼ ਨਾ ਕਿਸੇ ਸੁਣਾਇਆ, ਪਰਦਾ ਓਹਲਾ ਨਾ ਕੋਇ ਉਠਾਈਆ । ਧੁਰ ਦਾ ਹੁਕਮ ਨਾ ਕੋਈ ਲਿਆਇਆ, ਕੋਟਨ ਕੋਟ ਭੱਜਣ ਵਾਹੋ ਦਾਹੀਆ । ਭੇਵ ਅਭੇਵ ਨਾ ਕਿਸੇ ਖੁਲਾਇਆ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਲਜੁਗ ਕਹੇ ਮੈਂ ਓਸ ਪ੍ਰਭੂ ਦਾ ਜਾਇਆ, ਜੋ ਸਭ ਦਾ ਪਿਤਾ ਮਾਈਆ । ਮੈਨੂੰ ਧੁਰ ਦਾ ਹੁਕਮ ਸੁਣਾਇਆ, ਧੁਰ ਸੰਦੇਸ਼ਾ ਅਗੰਮ ਅਥਾਹੀਆ । ਸਤਿ ਸਚ ਦਾ ਕਰ ਸਫ਼ਾਇਆ, ਧਰਨੀ ਉਤੇ ਰਹਿਣ ਨਾ ਪਾਈਆ । ਮੈਂ ਭੱਜਾਂ ਵਾਹੋ ਦਾਹਿਆ, ਚਾਰੋਂ ਕੁੰਟ ਵੇਖ ਵਖਾਈਆ । ਸ਼ਾਹ ਸੁਲਤਾਨਾਂ ਰਿਹਾ ਘਾਇਆ, ਸਾਧਾਂ ਸੰਤਾਂ ਮੂੰਹ ਦੇ ਭਾਰ ਸੁਟਾਈਆ । ਨੌਜਵਾਨਾਂ ਫੜ ਫੜ ਢਾਹਿਆ, ਬਲਹੀਣ ਕੀਤੀ ਲੋਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸਭ ਦੇ ਅੰਦਰ ਵਸਾਇਆ, ਵਾਸਤਾ ਸਭ ਦੇ ਨਾਲੋਂ ਤੁੜਾਈਆ । ਧਰਮ ਜੀ ਕਿਸੇ ਨੂੰ ਲੱਭੇ ਨਾ ਦਾਈ ਦਾਇਆ, ਦਾਓ ਆਪਣਾ ਦਿਤਾ ਲਗਾਈਆ । ਪਵਿਤ੍ਰ ਰਹਿਣ ਨਹੀਂ ਦਿਤੀ ਕੋਈ ਕਾਇਆ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਚਾਰੋਂ ਕੁੰਟ ਜੀਵ ਜੰਤ ਕੁਰਲਾਇਆ, ਕੂਕ ਕੂਕ ਸੁਣਾਈਆ । ਦਰੋਹੀ ਦਰੋਹੀ ਕਰੇ ਖ਼ਲਕ ਖ਼ੁਦਾਇਆ, ਖ਼ਾਲਕ ਖ਼ਲਕ ਨਜ਼ਰ ਕਿਸੇ ਨਾ ਆਈਆ । ਮੈਂ ਆਪਣਾ ਡੌਰੂ ਡੰਕ ਵਜਾਇਆ, ਚਾਰ ਕੁੰਟ ਕੀਤੀ ਸ਼ਨਵਾਈਆ । ਧਰਮ ਈਮਾਨ ਰਹਿਣ ਕਿਸੇ ਨਾ ਪਾਇਆ, ਬੇਈਮਾਨ ਕੀਤੀ ਲੋਕਾਈਆ । ਓਹ ਤੱਕ ਸਦੀ

ਚੌਧਵੀਂ ਵੇਲਾ ਅੰਤਮ ਆਇਆ, ਪੈਗ਼ੰਬਰਾਂ ਦੇ ਮਕਬਰੇ ਵੇਖਣ ਨੈਣ ਉਠਾਈਆ । ਅਮਾਮ ਅਮਾਮਾ ਸਾਡਾ ਲੇਖਾ ਦਏ ਮੁਕਾਇਆ, ਅੰਤ ਆਪਣੀ ਦਇਆ ਕਮਾਈਆ । ਕਲਜੁਗ ਕਹੇ ਮੈਂ ਓਸ ਦੇ ਹੁਕਮ ਵਿਚ ਤੇਰਾ ਨਿਸ਼ਾਨ ਮਿਟਾਇਆ, ਕੂੜ ਕੁੜਿਆਰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਮੇਰਾ ਹੋਏ ਸਹਾਇਆ, ਪਰਮ ਪੁਰਖ ਸਿਰ ਆਪਣਾ ਹੱਥ ਟਿਕਾਈਆ ।

### ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਹਰਨਾਮਪੁਰ ਜ਼ਿਲਾ ਕਪੂਰਥਲਾ ਮਹਿੰਦਰ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਧਰਮ ਐਵੇਂ ਨਾ ਜਾ ਡਰੀ, ਡਰਪੋਕ ਰੂਪ ਨਾ ਕੋਇ ਬਣਾਈਆ । ਵੇਖ ਲੈ ਮੇਰੀ ਸੁਹੰਜਣੀ ਘੜੀ, ਘੜਿਆਲ ਘਰ ਘਰ ਦਿਤਾ ਵਜਾਈਆ । ਕਿਰਪਾ ਕਰੀ ਆਪ ਪ੍ਰਭ ਹਰੀ, ਨਰ ਨਰਾਇਣ ਦਿਤੀ ਵਡਿਆਈਆ । ਤੂੰ ਪਿਛੇ ਆਪਣੀ ਤਾਕਤ ਵੇਖੀ ਬੜੀ, ਵੱਡਾ ਆਪਣਾ ਆਪ ਬਣਾਈਆ । ਸਤਿਜੁਗ ਤਰੇਤਾ ਦੁਆਪਰ ਹੰਕਾਰ ਦੀ ਮਾਰਦਾ ਰਿਹੋਂ ਤੜੀ, ਸੂਰਬੀਰ ਅਖਵਾਈਆ । ਅਵਤਾਰਾਂ ਦੀ ਬੰਨ੍ਹਦਾ ਰਿਹੋਂ ਲੜੀ, ਤੰਦ ਤੰਦ ਨਾਲ ਜੁੜਾਈਆ । ਹੁਣ ਵੇਖ ਮੇਰੇ ਉਤੇ ਸਾਹਿਬ ਨੇ ਕਿਰਪਾ ਕਰੀ, ਪੁਰਖ ਅਕਾਲ ਦਿਤੀ ਵਡਿਆਈਆ । ਮੈਂ ਦੀਨ ਦੁਨੀ ਬਣਾ ਕੇ ਸ਼ਰੇਈ, ਸ਼ਰਅ ਸ਼ਰਅ ਨਾਲ ਟਕਰਾਈਆ । ਅਗਲਾ ਲੇਖਾ ਵੇਖ ਜਰੀ, ਜ਼ੱਰੇ ਜ਼ੱਰੇ ਧਿਆਨ ਲਗਾਈਆ । ਧਰਮ ਜੀ ਤੈਨੂੰ ਧਰਤੀ ਉਤੋਂ ਕਰਨਾ ਬਰੀ, ਤੂੰ ਏਥੋਂ ਭੱਜਣਾ ਵਾਹੋ ਦਾਹੀਆ । ਮੈਂ ਗੱਲ ਵੇਖੀ ਖਰੀ, ਸਚ ਸਚ ਸੁਣਾਈਆ । ਮੈਂ ਤੇਰੀ ਲੱਗੀ ਰਹਿਣ ਨਹੀਂ ਦੇਣੀ ਜੜੀ, ਜੜ ਤੋਂ ਬੂਟਾ ਦੇਣਾ ਉਖੜਾਈਆ । ਨਿਗਾਹ ਮਾਰ ਲੈ ਗੋਰ ਮੜ੍ਹੀ, ਖ਼ਾਕੀ ਖ਼ਾਕ ਧਿਆਨ ਲਗਾਈਆ । ਜਿਨ੍ਹਾਂ ਨੇ ਅਲਿਫ਼ ਯੇ ਦੀ ਪੱਟੀ ਪੜ੍ਹੀ, ਹਰਫ਼ ਹਰੂਫ਼ਾਂ ਸਿਫ਼ਤ ਸਾਲਾਹੀਆ । ਉਹਨਾਂ ਅੰਤਮ ਤੇਰੀ ਵਡਿਆਈ ਮੂਲ ਨਾ ਕਰੀ, ਕਰਮ ਕਾਂਡ ਦਾ ਲੇਖਾ ਵੇਖ ਵਖਾਈਆ । ਮੁਖ ਤੱਕ ਲੈ ਉਹਨਾਂ ਦੇ ਨੜੀ, ਨਾੜੀ ਨਾੜੀ ਅੱਗ ਦਿਤੀ ਲਗਾਈਆ । ਮੇਰੇ ਪ੍ਰੇਮ ਕਹਿਰ ਦੀ ਲੱਗੀ ਚਾਰੋਂ ਕੁੰਟ ਝੜੀ, ਅੰਤਮ ਅਗਨ ਦੇਣੀ ਬਰਸਾਈਆ । ਕਿਸੇ ਦੀਨ ਮਜ੍ਹਬ ਦੀ ਰਹਿਣ ਨਹੀਂ ਦੇਣੀ ਫੜ੍ਹੀ, ਤਾਕਤਵਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਵਤਰ ਅਵਤਾਰ ਨਹੀਂ, ਨਰ ਹਰਿ ਇਕ ਅਖਵਾਈਆ ।

### ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਲਾ ਸੁੰਦਰ ਸਿੰਘ ਦੇ ਨਵਿਤ ਦਵਾਬੇ ਦੇ ਟੂਰ ਸਮੇਂ ✪

ਸੁੰਦਰ ਦਾ ਪਿਛਲਾ ਨਾਮ ਦੇਵਾ, ਦੇਵੀ ਦੇਵ ਧਿਆਨ ਲਗਾਈਆ । ਵੇਦ ਵਿਆਸ ਦੀ ਕੀਤੀ ਢਾਈ ਮਿੰਟ ਸੀ ਸੇਵਾ, ਬਿਆਸ ਕਿਨਾਰਾ ਦਏ ਗਵਾਹੀਆ । ਜਿਸ ਪ੍ਰੇਮ ਦਾ ਰਸ ਦਿਤਾ ਮੇਵਾ, ਖ਼ੁਸ਼ੀਆਂ ਨਾਲ ਬਣਾਈਆ । ਬਚਨ ਬੋਲਿਆ ਰਸਨਾ ਜਿਹਵਾ, ਧੁਰ ਸ਼ਬਦ ਕੀਤੀ ਸ਼ਨਵਾਈਆ । ਉਹ ਤੱਕ ਅਲਖ ਅਭੇਵਾ, ਅਗੋਚਰ ਅਗੰਮ ਅਥਾਹੀਆ । ਜੋ ਵਸੇ ਨਿਹਚਲ ਧਾਮ ਨਿਹਕੇਵਾ, ਅਟੱਲ ਧਾਮ ਸੋਭਾ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਈਆ । ਦੇਵਾ ਜ਼ਾਤ ਧਾਰ ਸੀ ਬ੍ਰਾਹਮਣ, ਬ੍ਰਹਮ ਮਿਲੀ ਵਡਿਆਈਆ । ਵੇਦ ਵਿਆਸ ਪਕੜਿਆ ਦਾਮਨ, ਪੱਲੂ ਗੰਢ ਪਵਾਈਆ । ਸਚ ਬਣਾਇਆ ਜ਼ਾਮਨ, ਵਿਚੋਲਾ ਇਕ ਰਖਾਈਆ । ਜਿਸ ਵੇਲੇ ਕਲਜੁਗ ਲੇਖਾ ਹੋਏ ਕਾਮਨੀ ਕਾਮਨ, ਚਾਰ ਕੁੰਟ ਹਲਕਾਈਆ । ਅੰਧੇਰਾ ਦਿਸੇ ਸ਼ਾਮਨ, ਸੂਰੀਆ ਚੰਨ ਨਾ ਕੋਇ ਰੁਸ਼ਨਾਈਆ । ਓਸ ਵੇਲੇ ਖੇਲ ਕਰਨਾ ਸ੍ਰੀ ਭਗਵਾਨਨ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜਾ ਮਿਟੇ ਨਿਸ਼ਾਨਨ, ਸਚ ਨਿਸ਼ਾਨਾ ਇਕ ਝੁਲਾਈਆ । ਝਗੜਾ ਰਹਿਣ ਨਾ ਦੇਵੇ ਸ਼ੂਦਰ ਵੈਸ਼ ਸ਼ਤਰੀ ਬ੍ਰਾਹਮਣ, ਇਕੋ ਰੰਗ ਦਏ ਰੰਗਾਈਆ । ਇਸ਼ਟ ਦੇਵ ਸਵਾਮੀ ਆਤਮ ਪਰਮਾਤਮ ਬਖ਼ਸ਼ੇ ਚਾਨਣ, ਨੂਰ ਨੁਰਾਨਾ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕਲਾਮਨ, ਕਲਮਿਆਂ ਤੋਂ ਬਾਹਰ ਕਰੇ ਪੜ੍ਹਾਈਆ । ਆਪਣੀ ਕਿਰਪਾ ਕਰੇ ਤੇਰੀ ਪਹਿਚਾਨਣ, ਬੇਪਹਿਚਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਦਾ ਲੇਖਾ ਦਏ ਮੁਕਾਈਆ । ਵਿਆਸ ਕਿਹਾ ਮੁਹੱਬਤ ਨਾਲ ਪਿਆਰ, ਦੇਵ ਗੁਰਦੇਵ ਸਮਝਾਈਆ । ਕਲ ਕਲਕੀ ਲਏ ਅਵਤਾਰ, ਨਿਰਗੁਣ ਆਪਣੀ ਖੇਲ ਖਿਲਾਈਆ । ਲਹਿਣਾ ਦੇਣਾ ਪੂਰਾ ਕਰੇ ਵਿਚ ਸੰਸਾਰ, ਲੇਖਾ ਲੇਖੇ ਵਿਚੋਂ ਚੁਕਾਈਆ । ਭੇਵ ਅਭੇਦਾ ਆਪ ਖੋਲੇ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਭੇਟਾ ਲੈ ਕੇ ਇਕ ਦਸਤਾਰ, ਮੌਲੀ ਤੰਦ ਗੰਢ ਪਵਾਈਆ । ਨਾਰੀਅਲ ਆਵੇ ਚਰਨ ਦਵਾਰ, ਰੀਤੀ ਜਗਤ ਵਾਲੀ ਸਮਝਾਈਆ । ਫੇਰ ਲੇਖਾ ਮੁਕੇ ਜਗਤ ਪੂਜਾ ਜਗਤ ਵਾਸ਼ਨਾ ਧਾਰ, ਬ੍ਰਹਿਮਣਾਂ ਮਾਣ ਵਡਿਆਈ ਰਹਿਣ ਨਾ ਪਾਈਆ । ਇਕੋ ਪੁਰਖ ਅਕਾਲ ਹੋਵੇ ਨਿਮਸਕਾਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਿਰਪਾ ਕਰੇ ਸ਼ਹਿਨਸ਼ਾਹ ਸ਼ਾਹ ਸ਼ਾਹਾਂ ਦਾ ਸ਼ਾਹ ਸਿਕਦਾਰ, ਜਗਤ ਅੱਖਰੀ ਸ਼ਾਹ ਤੇਰੀ ਗੰਢ ਪਵਾਈਆ । ਪੂਰਬ ਲਹਿਣਾ ਦੇਣਾ ਪਰਮ ਪੁਰਖ ਕਰਜਾ ਦਏ ਉਤਾਰ, ਵੇਦ ਵਿਆਸ ਸੰਗ ਬਿਆਸ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰਨਹਾਰਾ ਆਸ, ਆਸ ਆਸਾ ਸਭ ਦੀ ਵੇਖ ਵਖਾਈਆ ।

### ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਟਿੱਬਾ ਜ਼ਿਲਾ ਕਪੂਰਥਲਾ ਸਰੂਪ ਸਿੰਘ ਦੇ ਗ੍ਰਿਹ

ਕਲਜੁਗ ਕਹੇ ਧਰਮ ਪੁਰਖ ਅਕਾਲਾ ਮੇਰਾ ਮਾਈ ਬਾਪ, ਪਿਤਾ ਅਵਰ ਨਾ ਕੋਇ ਜਣਾਈਆ । ਜਿਸ ਕਿਰਪਾ ਕੀਤੀ ਆਪ, ਪਾਰਬ੍ਰਹਮ ਪ੍ਰਭ ਦਿਤੀ ਮਾਣ ਵਡਿਆਈਆ । ਸਿਰ ਮੇਰੇ ਰੱਖਿਆ ਹਾਥ, ਸਮਰਥ ਹੋਇਆ ਆਪ ਸਹਾਈਆ । ਕੂੜੀ ਕਿਰਿਆ ਦਿਤੀ ਦਾਤ, ਝੋਲੀ ਅਗੰਮ ਦਿਤੀ ਭਰਾਈਆ । ਉਠ ਵੇਖ ਮਾਰ ਝਾਤ, ਚਾਰੋਂ ਕੁੰਟ ਨੈਣ ਉਠਾਈਆ । ਜਿਧਰ ਵੇਖੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਰਪਾ ਕੀਤੀ ਪੁਰਖ ਅਬਿਨਾਸ਼, ਮੈਨੂੰ ਦਿਤੀ ਮਾਣ ਵਡਿਆਈਆ । ਮੈਂ ਸਚ ਸਤਿ ਦਾ ਕੀਤਾ ਨਾਸ, ਧਰਤੀ ਉਤੇ ਰਹਿਣ ਨਾ ਪਾਈਆ । ਤਾਕਤ ਰਹੀ ਨਾ ਸ਼ੰਕਰ ਵਾਲੀ ਕੈਲਾਸ਼, ਕਲਾ ਆਪਣੀ ਦਿਤੀ ਪ੍ਰਗਟਾਈਆ । ਬ੍ਰਹਮ ਦਾ ਰਿਹਾ ਨਾ ਕਿਸੇ ਵਿਸ਼ਵਾਸ, ਬ੍ਰਹਮਾ ਰੋਵੇ ਮਾਰੇ ਧਾਹੀਆ ।

੫੧੭
੨੩

੫੧੮ ੨੩

ਵਿਸ਼ਨੂੰ ਵਿਸ਼ਵ ਦਾ ਬਣ ਨਾ ਸਕੇ ਸਾਕ, ਸਗਲਾ ਸੰਗ ਨਾ ਕੋਇ ਰਖਾਈਆ । ਅਵਤਾਰ ਪੈਗ਼ੰਬਰ ਗੁਰੂ ਸਾਰੇ ਮਲਦੇ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਦੂਰ ਦੁਰਾਡਾ ਤੱਕੇ ਤ੍ਰੈਲੋਕੀ ਨਾਥ, ਰਾਮ ਰਾਮਾ ਅੱਖ ਖੁਲਾਈਆ । ਕੀ ਲੇਖਾ ਦੀਨ ਦੁਨੀ ਲੋਕਮਾਤ, ਧਰਨੀ ਧਵਲ ਕੀ ਵਡਿਆਈਆ । ਕਲਜੁਗ ਕਹੇ ਮੈਂ ਧਰਮ ਸਭ ਕੁਛ ਕੀਤਾ ਨਾਸ, ਨਾਸਤਕ ਕੀਤੀ ਲੋਕਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਜਿਨ੍ਹਾਂ ਪ੍ਰਭ ਦੀ ਰਖੀ ਆਸ, ਓੜਕ ਇਕ ਧਿਆਨ ਲਗਾਈਆ । ਮੈਂ ਉਨ੍ਹਾਂ ਦਾ ਦਾਸੀ ਦਾਸ, ਬਿਨ ਸੀਸ ਸੀਸ ਝੁਕਾਈਆ । ਬਾਕੀ ਚਾਰੋਂ ਕੁੰਟ ਮੇਰੀ ਮਾਇਆ ਮਮਤਾ ਵਾਲੀ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਮੇਰੀ ਇਕੋ ਸੱਚੀ ਖ਼ਾਹਿਸ਼, ਖ਼ੈਰਖ਼ਾਹ ਹੋ ਕੇ ਦਿਆਂ ਸੁਣਾਈਆ । ਹਰ ਹਿਰਦੇ ਕਰਾਂ ਵਾਸ, ਘਟ ਘਟ ਡੇਰਾ ਲਾਈਆ । ਪ੍ਰਭੂ ਦਾ ਅਜਪਾ ਜਪੇ ਕੋਇ ਨਾ ਜਾਪ, ਹਿਰਦੇ ਹਰਿ ਸਕੇ ਨਾ ਕੋਇ ਵਸਾਈਆ । ਚਾਰ ਕੁੰਟ ਦਹਿ ਦਿਸ਼ਾ ਮੇਰੀ ਕਰਨੀ ਦਾ ਵੇਖ ਪਾਪ, ਪਤਤ ਹੋਈ ਲੋਕਾਈਆ । ਧਰਨੀ ਥਰ ਥਰ ਰਹੀ ਕਾਂਪ, ਥਰਥਰਾਹਟ ਵਿਚ ਦੁਹਾਈਆ । ਦੀਨ ਮਜ਼੍ਹਬ ਕਰਨ ਪਸ਼ਚਾਤਾਪ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਧੀਰ ਨਾ ਕੋਇ ਧਰਾਈਆ । ਜਿਥੇ ਤੱਕੋ ਧਰਮ ਜੀ ਓਥੇ ਓਥੇ ਧਰਮ ਦੀ ਘਾਟ, ਊਣਤਾ ਵਿਚ ਸਾਰੇ ਵੇਖ ਵਖਾਈਆ । ਮੇਰੀ ਅੰਤ ਪ੍ਰਭੂ ਦੇ ਹੱਥ ਵਾਟ, ਦੂਜਾ ਬਦਲਾ ਸਕੇ ਨਾ ਕੋਇ ਚੁਕਾਈਆ । ਮੇਰੀ ਇਕੋ ਇਕ ਸਤਿ ਸਚ ਦੀ ਆਸ, ਆਸਾਵੰਦ ਹੋ ਕੇ ਦਿਆਂ ਸਮਝਾਈਆ । ਸਤਿ ਧਰਮ ਤੇਰਾ ਰਹਿਣ ਦੇਣਾ ਨਹੀਂ ਕੋਈ ਪ੍ਰਕਾਸ਼, ਧਰਮ ਦਵਾਰੇ ਫੋਲ ਫੁਲਾਈਆ । ਮੇਰੀ ਥਾਪਨਾ ਪਰਮ ਪੁਰਖ ਨੇ ਦਿਤੀ ਥਾਪ, ਥਪਕ ਥਪਕ ਲੋਕਮਾਤ ਮੈਨੂੰ ਦਿਤੀ ਵਡਿਆਈਆ । ਮੈਂ ਸਭ ਦੇ ਅੰਦਰ ਭਰਿਆ ਰੋਗ ਸੰਤਾਪ, ਮਾਇਆ ਮਮਤਾ ਪੰਚ ਵਿਕਾਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਸਭ ਦਾ ਮਾਈ ਬਾਪ, ਪਰਮ ਪੁਰਖ ਪਰਮਾਤਮ ਅਕਾਲ ਦਿਆਲ ਹੋਏ ਸਹਾਈਆ ।

## ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜਾਂਗਲੀ ਜ਼ਿਲਾ ਕਪੂਰਥਲਾ ਪਿਆਰਾ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਮੈਨੂੰ ਸਾਰੇ ਕਰਦੇ ਗਏ ਯਾਦ, ਅਵਤਾਰ ਪੈਗ਼ੰਬਰ ਗੁਰੂ ਢੋਲੇ ਗਾਈਆ । ਜਿਨ੍ਹਾਂ ਦੀਨ ਦੁਨੀ ਕੀਤੇ ਆਬਾਦ, ਨਾਮ ਕਲਮਿਆਂ ਵੰਡ ਵੰਡਾਈਆ । ਸ਼ਰੀਅਤ ਸ਼ਰਅ ਦਾ ਬਣੇ ਉਸਤਾਦ, ਤੁਲਬੇ ਸਿਖ ਮੁਰੀਦਾਂ ਕਰੀ ਪੜ੍ਹਾਈਆ । ਧੁਰ ਦਾ ਨਾਮ ਗਏ ਅਰਾਧ, ਰਸਨਾ ਜਿਹਵਾ ਢੋਲੇ ਗਾਈਆ । ਲੇਖ ਲਿਖ ਕੇ ਗ੍ਰੰਥ ਕਿਤਾਬ, ਅੱਖਰ ਅੱਖਰਾਂ ਜੋੜ ਜੁੜਾਈਆ । ਨਾਲੇ ਕਹਿੰਦੇ ਗਏ ਸਭ ਨੂੰ ਕਲਜੁਗ ਕਰਨਾ ਬਰਬਾਦ, ਕਲ ਕਾਤੀ ਨਜ਼ਰੀ ਆਈਆ । ਮੇਰੇ ਸਾਹਿਬ ਨੇ ਮੇਰੀ ਖੋਲੀ ਜਾਗ, ਨੇਤਰ ਅੱਖ ਖੁਲਾਈਆ । ਮੇਰੇ ਵੱਡੇ ਵਡ ਵਡ ਭਾਗ, ਪ੍ਰਭ ਦਿਤੀ ਮਾਣ ਵਡਿਆਈਆ । ਮੈਂ ਵਰਤ ਕੇ ਆਪਣਾ ਸਵਾਂਗ ਚਾਰੋਂ ਕੁੰਟ ਵੇਖ ਵਖਾਈਆ । ਸਤਿ ਧਰਮ ਤੇਰਾ ਕਿਸੇ ਗ੍ਰਿਹਿ ਨਾ ਜਗੇ ਚਰਾਗ਼, ਨੂਰ ਨਜ਼ਰ ਕੋਇ ਨਾ ਆਈਆ । ਹਰ ਘਟ ਅੰਦਰ ਦੁਰਮਤ ਮੈਲ ਦਾਗ਼, ਘਰ ਘਰ ਦਿਤਾ ਲਗਾਈਆ । ਹੰਸ ਬਣਾਏ ਕਾਗ, ਦੁਰਮਤ ਮੈਲ ਨਾ ਕੋਇ ਧਵਾਈਆ । ਅੰਤਰ ਨਿਰੰਤਰ ਪ੍ਰਭ ਨੂੰ ਸਕੇ ਨਾ ਕੋਇ ਅਰਾਧ, ਰਸਨਾ ਜਿਹਵਾ ਸਾਰੇ ਗਾਈਆ । ਸਤਿ ਰਹਿਣ ਦਿਤਾ ਨਹੀਂ ਕਿਸੇ ਸਮਾਜ, ਸਮਗਰੀ

ਸਤਿ ਨਾ ਕੋਇ ਵਰਤਾਈਆ । ਧਰਮ ਦਾ ਦਿਸੇ ਨਾ ਕੋਇ ਰਾਜ, ਰਈਅਤ ਰੰਗ ਨਾ ਕੋਇ ਰੰਗਾਈਆ । ਧੁਰ ਦਾ ਸੁਣੇ ਕੋਇ ਨਾ ਨਾਦ, ਨਾਦੀ ਸ਼ਬਦ ਨਾ ਕੋਇ ਸ਼ਨਵਾਈਆ । ਮੰਜ਼ਲ ਚੜ੍ਹੇ ਨਾ ਕੋਇ ਸਾਧ, ਅਧਵਾਟੇ ਬੈਠੇ ਮਾਰਨ ਧਾਹੀਆ । ਮਾਇਆਧਾਰੀ ਕੀਤੇ ਅਪਹਾਜ, ਲੰਗੜੇ ਲੂਲੇ ਨਜ਼ਰੀ ਆਈਆ । ਧਰਮ ਮੇਰੇ ਝੂਠ ਅਗੇ ਤੇਰਾ ਕੀ ਜਵਾਬ, ਮੈਨੂੰ ਦੇ ਸੁਣਾਈਆ । ਠੱਗਾਂ ਚੋਰਾਂ ਯਾਰਾਂ ਮਿਲੇ ਖਿਤਾਬ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਸਤਿ ਰਿਹਾ ਨਾ ਕਿਸੇ ਮਹਿਰਾਬ, ਕਾਅਬਿਆਂ ਕਰਮ ਨਾ ਕੋਇ ਕਮਾਈਆ । ਤੂੰ ਆਪਣਾ ਸਚ ਦਾ ਲੈਣਾ ਛਡ ਦੇ ਖ਼ੁਆਬ, ਖ਼ਾਹਮਖ਼ਾਹ ਨਾ ਧਿਆਨ ਲਗਾਈਆ । ਬਿਨਾ ਕੂੜ ਤੋਂ ਮੇਰੇ ਵਿਚ ਹੋਣਾ ਨਹੀਂ ਕੋਈ ਲਾਭ, ਜਗਤ ਮਿਲੇ ਨਾ ਕੋਇ ਵਡਿਆਈਆ । ਜ਼ਰਾ ਖੇਲ ਤੱਕ ਪ੍ਰਭੂ ਮਹਾਰਾਜ, ਜੋ ਮੇਰਾ ਕਰਤਾ ਰਿਹਾ ਕਰਾਈਆ । ਜਿਸ ਦਾ ਖੇਲ ਦੇਸ ਦੋਆਬ, ਦੋਹਰੀ ਧਾਰ ਪ੍ਰਗਟਾਈਆ । ਉਹ ਵੇਖੇ ਆਪਣਿਆਂ ਭਗਤਾਂ ਬਾਗ਼ ਫੁੱਲ ਟਹਿਣੀ ਫੋਲ ਫੁਲਾਈਆ । ਮੇਰੀ ਕਰਨੀ ਨੂੰ ਦੁਨੀਆ ਕਹੇ ਪਾਪ, ਪਰ ਮੈਂ ਪ੍ਰਭ ਦੀ ਸੇਵ ਕਮਾਈਆ । ਹੁਣ ਮੇਰਾ ਵਡ ਪ੍ਰਤਾਪ, ਧਰਮ ਤੇਰੀ ਚਲੇ ਨਾ ਕੋਇ ਚਤੁਰਾਈਆ । ਕਿਰਪਾ ਕਰੇ ਮੇਰਾ ਬਾਪ, ਪੁਰਖ ਅਕਾਲ ਹੋਏ ਸਹਾਈਆ । ਜੋ ਸਾਚਾ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਜਿਸ ਤੇਰੀ ਉਡਾਉਣੀ ਖ਼ਾਕ, ਖ਼ਾਕੇ ਮੈਨੂੰ ਰਿਹਾ ਵਖਾਈਆ । ਮੈਂ ਤੇਰੇ ਨਾਲੋਂ ਚਲਾਕ, ਤੇਰੀ ਚਲਾਕੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਕਰੇ ਕਰਾਏ ਆਪੇ ਆਪ, ਆਪਣਾ ਹੁਕਮ ਆਪ ਵਰਤਾਈਆ ।



੫੧੯
੨੩

### ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸ਼ਿਕਾਰਪੁਰ ਜ਼ਿਲਾ ਕਪੂਰਥਲਾ ਜਗੀਰ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਮੈਂ ਪ੍ਰਭੂ ਦਾ ਬੱਚਾ ਨਨ੍ਹਾ, ਬਾਲ ਪਿਆਰਾ ਇਕ ਅਖਵਾਈਆ । ਮੇਰਾ ਵਜੂਦ ਦਿਸੇ ਨਾ ਕੋਇ ਤਨਾਂ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਮੈਂ ਨੌ ਖੰਡ ਪ੍ਰਿਥਮੀ ਸਤਾਂ ਦੀਪਾਂ ਵੇਖਿਆ ਬੰਨਾ, ਹੱਦ ਹਦੂਦਾਂ ਫੋਲ ਫੁਲਾਈਆ । ਮੈਂ ਵੜਿਆ ਦੀਨਾਂ ਮਜ਼੍ਹਬਾਂ ਵਾਲੀਆਂ ਛੱਪਰ ਛੰਨਾਂ, ਮੰਦਰ ਮਸਜਿਦ ਸ਼ਿਵਦਵਾਲੇ ਮਠ ਫੋਲ ਫੁਲਾਈਆ । ਮੈਂ ਵੇਖਿਆ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਈਬਲ ਗੁਰੂ ਗ੍ਰੰਥ ਸਾਹਿਬ ਦਾ ਚੌਦਾਂ ਸੌ ਤੀਹ ਅੰਕ ਪੰਨਾ, ਅੱਖਰ ਅੱਖਰ ਖੋਜ ਖੁਜਾਈਆ । ਮੈਨੂੰ ਇਸ਼ਾਰਾ ਦੇਵੇ ਗੋਬਿੰਦ ਵਾਲਾ ਕੰਨਾ, ਕਾਇਨਾਤ ਰਿਹਾ ਵਖਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਮਾਇਆ ਮਮਤਾ ਭਰ ਦੇ ਧਨਾ, ਮੋਹ ਵਿਚ ਹੋਏ ਲੋਕਾਈਆ । ਮੈਂ ਵੀ ਉਸ ਸਾਹਿਬ ਦਾ ਚੰਨਾ, ਜੋ ਦੋ ਜਹਾਨ ਕਰੇ ਰੁਸ਼ਨਾਈਆ । ਕਲਜੁਗ ਕਹੇ ਮੈਂ ਚਾਰੋਂ ਕੁੰਟ ਫਿਰਾਂ ਭੰਨਾ, ਭੱਜਾਂ ਵਾਹੋ ਦਾਹੀਆ । ਗੋਬਿੰਦ ਕਿਹਾ ਤੇਰਾ ਸਮਾਂ ਰਹਿਣ ਨਾ ਦੇਵਾਂ ਲੰਮਾ, ਲਮਹ ਲਮਹ ਵੇਖ ਵਖਾਈਆ । ਦੀਨ ਦੁਨੀ ਭਰਮਾਂ ਦੇ ਵਿਚ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਵਿਚ ਭਵਾਈਆ । ਸਚ ਦਾ ਰਹੇ ਕੋਇ ਨਾ ਦਮਾ, ਪਵਣ ਸਵਾਸੀ ਕੂੜ ਨਾਲ ਮਿਲਾਈਆ । ਜਗਤ ਜਹਾਨ ਕਰ ਨਿਕੰਮਾ, ਪ੍ਰਭ ਨੂੰ ਮਿਲਣ ਕੋਇ ਨਾ ਪਾਈਆ । ਚਾਰੋਂ ਕੁੰਟ ਦਿਸੇ ਗ਼ਮਾ, ਧੀਰਜ ਧੀਰ ਨਾ ਕੋਇ ਬੰਧਾਈਆ । ਮਨ ਕਲਪਣਾ ਹੋਵੇ ਤਮਾ, ਲਾਲਚ ਵਿਚ ਸਰਬ ਲਲਚਾਈਆ । ਜੋਤੀ ਨੂਰ ਦਿਸੇ ਨਾ ਸ਼ਮਾ, ਸ਼ਾਮ ਅੰਧੇਰਾ ਚਾਰੋਂ

ਕੁੰਟ ਛਾਈਆ । ਧੁਰ ਸੰਦੇਸ਼ਾ ਸੁਣ ਨਵਾਂ, ਨਵ ਅਠਾਰਾਂ ਤੋਂ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਧਰਮ ਆਪਣੀ ਖੋਲ ਅੱਖ, ਪਿਛਲਾ ਪਿਛੇ ਧਿਆਨ ਗਵਾਈਆ । ਹੁਣ ਖੇਲ ਪ੍ਰਭੂ ਪ੍ਰਤੱਖ, ਜੋ ਮੇਰੇ ਵਿਚ ਆਇਆ ਚਾਈਂ ਚਾਈਂਆ । ਜਿਸ ਅਵਤਾਰ ਪੈਗ਼ੰਬਰ ਗੁਰੂਆਂ ਮਾਰਗ ਦਿਤੇ ਦੱਸ, ਦੀਨਾਂ ਮਜ਼੍ਹਬਾਂ ਰੰਗ ਰੰਗਾਈਆ । ਉਹ ਸਾਹਿਬ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਵੇਖਿਆਂ ਸਗਲ ਵਸੂਰੇ ਜਾਇਣ ਲਥ, ਅਗਨੀ ਤਤ ਨਾ ਲਾਗੇ ਰਾਈਆ । ਉਸ ਦੀ ਸ਼ਬਦ ਮਹਿੰਮਾ ਅਕਥ, ਕਥਨੀ ਕਥ ਨਾ ਕੋਇ ਸੁਣਾਈਆ । ਉਹ ਮੇਰਾ ਚਾਰੋਂ ਕੁੰਟ ਚਲਾਏ ਰਥ, ਰਥਵਾਹੀ ਆਪਣੀ ਦਇਆ ਕਮਾਈਆ । ਮੈਂ ਸਚ ਸਚ ਸਾਰਾ ਦਿਤਾ ਮਥ, ਮਥਣ ਕੀਤੀ ਕੂੜ ਲੋਕਾਈਆ । ਫੇਰੀ ਦਰੋਹੀ ਨੱਠ ਨੱਠ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਮੇਰਾ ਖੇਲ ਕਰੇ ਹੱਸ ਹੱਸ, ਹਸਤੀ ਦਾ ਮਾਲਕ ਬੇਪ੍ਰਵਾਹੀਆ ।

### ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਵਲਣੀ ਜ਼ਿਲਾ ਕਪੂਰਥਲਾ ਗੁਰਦਿਤ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਧਰਮ ਮੇਰਾ ਵੇਖ ਲੈ ਜ਼ੋਰ, ਜੋਰੂ ਜ਼ਰ ਦਿਤੀ ਵਿਡਆਈਆ । ਚਾਰੋਂ ਕੁੰਟ ਅੰਧੇਰਾ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਮਿਲੀ ਵਡਿਆਈ ਠੱਗ ਚੋਰ, ਨੌਂ ਖੰਡ ਪ੍ਰਿਥਮੀ ਭੱਜਣ ਵਾਹੋ ਦਾਹੀਆ । ਮਨ ਮਮਤਾ ਪਾਵੇ ਸ਼ੋਰ, ਸ਼ੌਹਰ ਬਾਂਕੇ ਮਿਲਣ ਕੋਇ ਨਾ ਆਈਆ । ਕੂੜੀ ਕਿਰਿਆ ਚਾਰੋਂ ਕੁੰਟ ਰਹੀ ਦੌੜ, ਉੱਤਰ ਪੂਰਬ ਪੱਛਮ ਦੱਖਣ ਆਪਣਾ ਪੰਧ ਮੁਕਾਈਆ । ਮਾਨਸ ਬੂਟਾ ਫਲ ਹੋਇਆ ਕੌੜ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਖੇਲ ਕਰੇ ਬ੍ਰਾਹਮਣ ਗੌੜ, ਗਵੜਾ ਆਪਣੀ ਕਾਰ ਭੁਗਤਾਈਆ । ਜਿਸ ਦਾ ਲੇਖਾ ਅਵਰ ਕਾ ਔਰ, ਭੇਵ ਅਭੇਦਾ ਆਪ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਅਗੰਮ ਅਥਾਹੀਆ । ਕਲਜੁਗ ਕਹੇ ਧਰਮ ਮੇਰਾ ਵੇਖ ਲੈ ਅੰਤਮ ਬਲ, ਵਲੀਆ ਛਲੀਆ ਖੇਲ ਖਿਲਾਈਆ । ਨਵ ਸੱਤ ਰਹੇ ਹੱਲ, ਧੀਰਜ ਧੀਰ ਨਾ ਕੋਇ ਧਰਾਈਆ । ਹੁਕਮ ਦੇਵੇ ਪੁਰਖ ਅਬਿਨਾਸ਼ੀ ਜੋ ਵਸੇ ਨਿਹਚਲ ਧਾਮ ਅਟੱਲ, ਸਚਖੰਡ ਸਾਚੇ ਸੋਭਾ ਪਾਈਆ । ਮਾਇਆ ਮਮਤਾ ਅੰਦਰ ਜਾਣ ਰਲ, ਮੋਹ ਵਿਕਾਰੇ ਵਿਚ ਸਮਾਈਆ । ਕਾਇਆ ਕੂੜ ਚਲਾਉਣਾ ਹਲ, ਮਾਨਸ ਮਾਨਵ ਵੇਖ ਵਖਾਈਆ । ਪੰਜ ਵਿਕਾਰਾ ਘਰ ਘਰ ਵਾੜਨਾ ਦਲ, ਪੰਚਮ ਧੁਨ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਮ ਮੇਰੀ ਵੇਖ ਲਿਆਕਤ, ਪ੍ਰਭ ਦਿਤੀ ਮਾਣ ਵਡਿਆਈਆ । ਰਹਿਣ ਦਿਤੀ ਨਹੀਂ ਕੋਈ ਸ਼ਰਾਫ਼ਤ, ਦੀਨ ਮਜ਼੍ਹਬ ਸ਼ਰਅ ਨਾਲ ਟਕਰਾਈਆ । ਘਰ ਘਰ ਕਰਾਈ ਬਗ਼ਾਵਤ, ਬਗ਼ਲਗੀਰ ਨਾ ਕੋਇ ਅਖਵਾਈਆ । ਸਾਚਾ ਨਾਮ ਮਿਲੇ ਨਾ ਕਿਸੇ ਨਿਆਮਤ, ਕੂੜੀ ਕਿਰਿਆ ਜਗਤ ਹਲਕਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਤ, ਸ਼ਮਾ ਨੂਰ ਚੰਦ ਨਾ ਕੋਇ ਚਮਕਾਈਆ । ਬਿਨਾ ਭਗਤਾਂ ਅੰਤਰ ਦਿਸੇ ਨਾ ਕਿਸੇ ਸਹੀ ਸਲਾਮਤ, ਸਚ ਰੰਗ ਨਾ

ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਕਹੇ ਧਰਮ ਮੇਰਾ ਜਗਦਾ ਵੇਖ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਮੈਂ ਜੀਵ ਜੰਤ ਹੰਸ ਬਣਾਏ ਕਾਗ, ਬੁਧ ਬਿਬੇਕ ਨਾ ਕੋਇ ਰਖਾਈਆ । ਦੁਰਮਤ ਮੈਲ ਸਭ ਨੂੰ ਲਾਇਆ ਦਾਗ਼, ਪਤਤ ਪੁਨੀਤ ਨਾ ਕੋਇ ਕਰਾਈਆ । ਕਾਇਆ ਮੰਦਰ ਅੰਦਰ ਲਗਾਈ ਤ੍ਰੈਗੁਣ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਤਿਗੁਰੂ ਪ੍ਰੇਮ ਸਾਰੇ ਗਏ ਤਿਆਗ, ਜਗਤ ਵਾਸਨਾ ਬੰਧਨ ਪਾਈਆ । ਸਚ ਦਾ ਰਿਹਾ ਨਾ ਕੋਇ ਸਮਾਜ, ਸਮਗਰੀ ਸਚ ਹੱਥ ਕਿਸੇ ਨਾ ਆਈਆ । ਆਤਮ ਉਪਜੇ ਨਾ ਕਿਸੇ ਵੈਰਾਗ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੰਜ਼ਲ ਚੜ੍ਹਿਆ ਦਿਸੇ ਨਾ ਕੋਇ ਸਾਧ, ਦਰਗਾਹ ਸਾਚੀ ਸਚਖੰਡ ਸੋਭਾ ਕੋਇ ਨਾ ਪਾਈਆ । ਮੇਰਾ ਖੇਲ ਤੱਕ ਲੈ ਆਜ, ਅੱਜ ਦੀ ਘੜੀ ਸੁਲਖਣੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਮ ਵੇਖ ਲੈ ਮੈਂ ਸਭ ਦੇ ਨਾਲੋਂ ਚਲਾਕ, ਸਤਿਜੁਗ ਤ੍ਰੇਤਾ ਦੁਆਪਰ ਸਾਰੇ ਧਿਆਨ ਲਗਾਈਆ । ਮੈਂ ਚਾਰ ਕੁੰਟ ਉਡਾਈ ਖ਼ਾਕ, ਖ਼ਾਕੀ ਬੰਦਾ ਸਮਝ ਕੋਇ ਨਾ ਪਾਈਆ । ਆਤਮ ਪਰਮਾਤਮ ਸਭ ਦਾ ਕਰਾਇਆ ਤਲਾਕ, ਪਾਰਬ੍ਰਹਮ ਬ੍ਰਹਮ ਸੰਗ ਨਾ ਕੋਇ ਰਖਾਈਆ । ਸੁਰਤ ਸ਼ਬਦ ਰਿਹਾ ਨਾ ਕਿਸੇ ਦਾ ਨਾਤ, ਆਤਮ ਰਸ ਨਿਝਰ ਝਿਰਨਾ ਨਾ ਕੋਇ ਝਿਰਾਈਆ । ਝਗੜਾ ਪਾਇਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਕਲਮਾ ਹਕ ਸਮਝੇ ਨਾ ਕੋਇ ਕਾਗ਼ਜ਼ਾਤ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਉੱਤਰ ਪੂਰਬ ਪੱਛਮ ਦੱਖਣ ਵੇਖ ਅੰਧੇਰੀ ਰਾਤ, ਕੂੜ ਕੁੜਿਆਰਾ ਬਾਦਲ ਦਿਤਾ ਛਾਈਆ । ਸਤਿ ਦਾ ਸਚ ਨਾਲ ਰਿਹਾ ਨਾ ਕੋਇ ਰਾਜ, ਰਈਅਤ ਰੇਖ ਨਾ ਕੋਇ ਬਦਲਾਈਆ । ਮੇਰੇ ਅੰਦਰ ਜਗਤ ਜਗਿਆਸੂ ਸਕੇ ਕੋਇ ਨਾ ਜਾਗ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲਾਈਆ । ਮੈਂ ਸੂਰਬੀਰ ਬਹਾਦਰ ਪਰਮ ਪੁਰਖ ਮੇਰੀ ਆਪਣੇ ਹੱਥ ਪਕੜੀ ਵਾਗ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲੇਖਾ ਜਾਣੇ ਜੁਗਾਦਿ ਆਦਿ, ਆਦਿ ਜੁਗਾਦਿ ਜੁਗ ਚੌਕੜੀ ਆਪਣਾ ਹੁਕਮ ਵਰਤਾਈਆ ।



### ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਪੂਰਥਲਾ ਕਰਤਾਰ ਸਿੰਘ ਦੌਲਤ ਸਿੰਘ ਗੁਰਦਿਆਲ ਸਿੰਘ ਦੇ ਨਵਿਤ ✪

ਧਰਮ ਕਹੇ ਕਲਜੁਗ ਮੇਰੇ ਸਾਹਿਬ ਸਵਾਮੀ ਉਠਣਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤ ਕਰੇ ਰੁਸ਼ਨਾਈਆ । ਮਿਹਰਵਾਨ ਮਹਿਬੂਬ ਹੋ ਕੇ ਤੁਠਣਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸ਼ਾਹ ਪਾਤਸ਼ਾਹ ਹੋ ਕੇ ਸਭ ਨੂੰ ਪੁਛਣਾ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਹੁਕਮ ਸੁਣਾਉਣਾ ਇਕੋ ਤੁਕਣਾ, ਤੂੰ ਮੇਰਾ ਮੈਂ ਤੇਰਾ ਢੋਲਾ ਦਏ ਸਮਝਾਈਆ । ਮੈਂ ਉਸ ਦੀਆਂ ਸੁਖਦਾ ਸੁੱਖਣਾ, ਜੋ ਸੁਖ ਸਾਗਰ ਰੂਪ ਸਮਾਈਆ । ਉਹ ਜ਼ਰੂਰ ਮੇਰੀ ਸੁਹਾਏ ਰੁਤਨਾ, ਰੁਤੜੀ ਆਪਣੇ ਨਾਲ ਮਹਿਕਾਈਆ । ਜਿਸ ਦਾ ਸ਼ਬਦ ਦੁਲਾਰਾ ਪੁਤਨਾ, ਪਿਤਾ ਪੁਰਖ ਅਕਾਲ ਦਏ ਵਡਿਆਈਆ । ਤੇਰਾ ਕੂੜ ਕੁਕਰਮ ਦੀਨ ਦੁਨੀ ਵਿਚੋਂ ਪੁੱਟਣਾ, ਅੰਤਮ ਕੂੜੇ ਵਹਿਣ ਦਏ ਵਹਾਈਆ । ਤੇਰਾ ਖੇੜਾ ਸਤਿ ਧਰਮ ਨੇ ਲੁੱਟਣਾ, ਲੁਟੇਰਾ ਬਣੇ ਸਤਿਗੁਰ

ਸ਼ਬਦ ਸਹਿਜ ਸੁਖਦਾਈਆ । ਜਿਸ ਨਿਰਭੈ ਹੋ ਕੇ ਬੁੱਕਣਾ, ਸ਼ਬਦੀ ਸ਼ਬਦ ਆਵਾਜ਼ ਸੁਣਾਈਆ । ਉਸ ਦਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਰਹੇ ਕੋਈ ਨਾ ਦੁੱਖਣਾ, ਦੁਖੀਆਂ ਦਰਦੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਕਲਜੁਗ ਕਹੇ ਧਰਮ ਮੇਰੀ ਸੁਣ ਲੈ ਆਸ਼ਾ, ਆਸ ਨਾਲ ਜਣਾਈਆ । ਮੇਰਾ ਉਸ ਸਾਹਿਬ ਤੇ ਭਰਵਾਸਾ, ਜੋ ਭਾਂਡਾ ਭਰਮ ਭੰਨਾਈਆ । ਮੈਂ ਬਣ ਕੇ ਦਾਸੀ ਦਾਸਾ, ਸਾਚੀ ਸੇਵ ਕਮਾਈਆ । ਚਾਰੋਂ ਕੁੰਟ ਪਾਵਾਂ ਰਾਸਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਮੈਨੂੰ ਦੀਨ ਦੁਨੀ ਤੱਕ ਕੇ ਆਵੇ ਹਾਸਾ, ਹੱਸ ਕੇ ਦਿਆਂ ਵਖਾਈਆ । ਨਾਮ ਧਰਮ ਸਤਿ ਰਿਹਾ ਨਾ ਕਿਸੇ ਕੋਲ ਰਤੀ ਮਾਸਾ, ਮਾਸ ਬਰਸ ਦਿਵਸ ਸਾਰੇ ਦੇਣ ਗਵਾਹੀਆ । ਘਰ ਘਰ ਅੰਦਰ ਹੋਈ ਅੰਧੇਰੀ ਰਾਤਾ, ਆਤਮ ਨੂਰ ਨਾ ਕੋਇ ਰੁਸ਼ਨਾਈਆ । ਜੀਵਾਂ ਭੁੱਲਿਆ ਪੁਰਖ ਬਿਧਾਤਾ, ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਆਹ ਵੇਖ ਮੇਰਾ ਡੂੰਘਾ ਖਾਤਾ, ਚੌਦਾਂ ਤਬਕ ਮੁਹੰਮਦ ਰਿਹਾ ਜਣਾਈਆ । ਈਸਾ ਮੂਸਾ ਏਸੇ ਦਾ ਵੇਖੇ ਤਮਾਸ਼ਾ, ਜੋ ਤਮਾਸ਼ਬੀਨ ਇਕ ਅਖਵਾਈਆ । ਸਤਿਗੁਰ ਨਾਨਕ ਗੋਬਿੰਦ ਧਾਰ ਖੋਲੇ ਖੁਲਾਸਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋ ਸਾਹਿਬ ਸਵਾਮੀ ਮੈਨੂੰ ਦੇਵਣਹਾਰਾ ਦਾਤਾ, ਦਇਆਵਾਨ ਇਕ ਅਖਵਾਈਆ । ਸੋ ਅੰਤ ਕੰਤ ਭਗਵੰਤ ਮੇਰੀਆਂ ਪਰਮ ਪੁਰਖ ਪੁਛੇ ਵਾਤਾ, ਪਰਵਰਦਿਗਾਰ ਸਾਂਝਾ ਯਾਰ ਹੋਏ ਸਹਾਈਆ । ਧਰਮ ਓਹ ਤੱਕ ਧਰਮ ਦਵਾਰਿਆਂ ਵਿਚ ਤੈਨੂੰ ਦਿਸੇ ਘਾਟਾ, ਤੱਕੜ ਤਰਾਜੂ ਤੋਲ ਪੂਰ ਨਾ ਕੋਇ ਕਰਾਈਆ । ਮੇਰਾ ਖੇਲ ਬਾਜ਼ੀਗਰ ਨਾਟਾ, ਸਵਾਂਗੀ ਹੋ ਕੇ ਆਪਣਾ ਸਵਾਂਗ ਰਚਾਈਆ । ਤੂੰ ਸੁੱਤਾ ਰਹੋ ਆਪਣੀ ਖਾਟਾ, ਸੇਜ ਸੁਹੰਜਣੀ ਡੇਰਾ ਲਾਈਆ । ਸਦੀ ਚੌਧਵੀਂ ਅੰਤ ਕਰਾ ਕੇ ਫੇਰ ਮੇਰੀ ਵੇਖਣੀ ਵਾਟਾ, ਪਾਂਧੀ ਹੋ ਕੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ,ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਇਕ ਅਖਵਾਈਆ । ਧਰਮ ਕਹੇ ਕਲਜੁਗ ਮੇਰਾ ਸਾਹਿਬ ਤੱਕ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਹੁਕਮ ਦੋ ਜਹਾਨਾਂ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਪਹਿਰੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਕਲਜੁਗ ਕੀਤਾ ਖੇਲ ਮਹਾਨਾ, ਮਹਿੰਮਾ ਕਥ ਕਥ ਸੁਣਾਈਆ । ਸੋ ਸੂਰਬੀਰ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਜਿਸ ਤੇਰਾ ਕਲ ਕਲੇਸ਼ ਮਿਟਾਣਾ, ਕਲ ਕਲਕੀ ਵਡ ਵਡਿਆਈਆ । ਜੋਧਾ ਸੂਰਬੀਰ ਬਣ ਬਲੀ ਬਲਵਾਨਾ, ਬਲਧਾਰੀ ਆਪਣਾ ਪਰਦਾ ਦਏ ਚੁਕਾਈਆ । ਤੇਰਾ ਮੇਟੇ ਕੂੜ ਨਿਸ਼ਾਨਾ, ਕੂੜੀ ਕਿਰਿਆ ਡੇਰਾ ਢਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਾਨ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਣਾ, ਆਤਮ ਪਰਮਾਤਮ ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜ਼ਿਮੀਂ ਅਸਮਾਨਾ, ਜ਼ਿਮੀਂ ਜ਼ਮਾ ਦੋ ਜਹਾਨ ਆਪਣਾ ਹੁਕਮ ਵਰਤਾਈਆ ।



੫੨੨
੨੩

✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਆਹਮਪੁਰ ਜ਼ਿਲਾ ਕਪੂਰਥਲਾ ਗੁਰਬਚਨ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਧਰਮ ਮੇਰੀ ਵੇਖ ਖ਼ੁਦੀ, ਖ਼ੁਦ ਮਾਲਕ ਦਿਤੀ ਵਡਿਆਈਆ । ਮੈਂ ਸਭ ਦੀ ਅੰਦਰੋਂ ਬਦਲੀ ਬੁਧੀ, ਬੁੱਧੀਵਾਨ ਨਾ ਕਇ ਚਤੁਰਾਈਆ । ਮਨ ਕਲਪਨਾ ਕਰੇ ਯੁਧੀ, ਗ੍ਰਹਿ ਗ੍ਰਹਿ ਹੋਵੇ ਲੜਾਈਆ । ਸਾਚੀ ਮੰਜ਼ਲ ਕਿਸੇ ਨਾ ਸੁਝੀ, ਸੋਚ ਸਮਝ ਦਿਤੀ ਬਦਲਾਈਆ । ਮੈਂ ਕੂਕ ਸੁਣਾਵਾਂ ਉਚੀ, ਭੁਲ ਰਹੇ ਨਾ ਰਾਈਆ । ਮੇਰੀ ਚਾਰੋਂ ਕੁੰਟ ਮੌਲੀ ਰੁਤੀ, ਰੁਤੜੀ ਪ੍ਰਭ ਨੇ ਦਿਤੀ ਮਹਿਕਾਈਆ । ਕਿਸੇ ਦੀ ਸੁਰਤ ਉਠਣ ਨਾ ਦੇਵਾਂ ਸੁੱਤੀ, ਸਤਿਗੁਰ ਸ਼ਬਦ ਨਾ ਕੋਇ ਸ਼ਨਵਾਈਆ । ਧਰਮ ਤੇਰੀ ਧਾਰ ਵੇਖ ਲੈ ਲੁੱਟੀ, ਲੁਟੇਰਾ ਬਣ ਕੇ ਲੁੱਟਾਂ ਚਾਈਂ ਚਾਈਆ । ਫਿਰੀ ਦੁਹਾਈ ਚਾਰੋਂ ਕੁੰਟੀ, ਦਹਿ ਦਿਸ਼ਾ ਰਹੀ ਕੁਰਲਾਈਆ । ਦੀਨ ਦੁਨੀ ਤੱਕ ਲੈ ਨਾਮ ਜਪਦੀ ਰਸਨਾ ਬੁੱਲਾਂ ਬੁੱਟੀ, ਹਿਰਦੇ ਹਰਿ ਨਾ ਕੋਇ ਵਸਾਈਆ । ਆਤਮ ਪਰਮਾਤਮ ਧਾਰ ਸਭ ਦੀ ਟੁੱਟੀ, ਟੁਟਿਆਂ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਧਰਮ ਵੇਖ ਲੈ ਮੈਂ ਸੂਰਾ ਵਡ ਬਹਾਦਰ, ਜ਼ੋਰਾਵਰ ਅਖਵਾਈਆ । ਕਿਰਪਾ ਕਰੀ ਕਰੀਮ ਕਾਦਰ, ਕੁਦਰਤ ਦਾ ਮਾਲਕ ਹੋਇਆ ਸਹਾਈਆ । ਮੇਰਾ ਨਿਰਮਲ ਕਰਮ ਕਰ ਉਜਾਗਰ, ਚਾਰੋਂ ਕੁੰਟ ਵੱਜੀ ਵਧਾਈਆ । ਮੈਂ ਪ੍ਰਭੂ ਦੇ ਨਾਮ ਦਾ ਰਹਿਣ ਦਿਤਾ ਨਹੀਂ ਕੋਈ ਸੌਦਾਗਰ, ਸਾਚਾ ਵਣਜ ਨਾ ਕੋਇ ਕਰਾਈਆ । ਸ਼ਾਹ ਸੁਲਤਾਨ ਕਰੇ ਕੋਇ ਨਾ ਆਦਲ, ਇਨਸਾਫ਼ ਹੱਥ ਨਾ ਕਿਸੇ ਰਖਾਈਆ । ਚਾਰੋਂ ਕੁੰਟ ਅੰਧੇਰਾ ਬਾਦਲ, ਨੌਂ ਖੰਡ ਪ੍ਰਿਥਮੀ ਗਿਆ ਛਾਈਆ । ਦੀਨ ਮਜ਼੍ਹਬ ਬਣੇ ਮਕਤੂਲ ਕਾਤਲ, ਕਤਲਗਾਹ ਦਿਸੇ ਲੋਕਾਈਆ । ਪਰਦਾ ਖੁਲ੍ਹੇ ਕਿਸੇ ਨਾ ਬਾਤਨ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਚਾਰੋਂ ਕੁੰਟ ਅੰਧੇਰੀ ਰਾਤਨ, ਸਾਚਾ ਚੰਦ ਨਾ ਕੋਇ ਚਮਕਾਈਆ । ਪੈਗ਼ੰਬਰ ਸਾਰੇ ਉਠ ਉਠ ਆਖਣ, ਹਜ਼ਰਤ ਈਸਾ ਮੂਸਾ ਮੁਹੰਮਦ ਲਏ ਅੰਗੜਾਈਆ । ਪੇਸ਼ੀਨਗੋਈਆਂ ਆਪਣਿਆਂ ਕਲਮਿਆਂ ਤੋਂ ਬਾਹਰ ਵਾਚਣ, ਕਲਾਮ ਕਾਇਨਾਤ ਕੀ ਸਮਝਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼ਣ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਹੁਕਮ ਅੰਦਰ ਅੰਤਮ ਸਾਰੇ ਨਾਸਣ, ਬਚਿਆ ਰਹਿਣ ਕੋਇ ਨ ਪਾਈਆ । ਉਹ ਖੇਲ ਕਰੇ ਬਹੁਭਾਂਤਨ, ਰੂਪ ਅਨੂਪ ਆਪ ਪ੍ਰਗਟਾਈਆ । ਜਿਸ ਝਗੜਾ ਮੇਟਣਾ ਜ਼ਾਤ ਪਾਤਨ, ਤਨ ਵਜੂਦਾਂ ਵੇਖ ਵਖਾਈਆ । ਸੋ ਸਵਾਮੀ ਅੰਤਰਜਾਮੀ ਆਤਮ ਪਰਮਾਤਮ ਬਣੇ ਸਾਥਨ, ਸਗਲਾ ਸੰਗ ਨਿਭਾਈਆ । ਜੋ ਖੇਲੇ ਖੇਲ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰਾਂ ਵੇਖ ਵਖਾਈਆ । ਮੰਡਲ ਮੰਡਪ ਪਾਵੇ ਰਾਸਨ, ਨਿਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਕਲਜੁਗ ਕਹੇ ਧਰਮ ਮੇਰੀ ਤੱਕ ਲੈ ਜਗਤ ਜੁਗ ਦੀ ਧਾਰੀ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਸਚ ਦੀ ਰਹੀ ਕੋਈ ਨਾ ਯਾਰੀ, ਯਾਰਾਨਾ ਕੂੜ ਦਿਸੇ ਲੋਕਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰੀ, ਧੁਰ ਕਲਮੇ ਨਾਲ ਜਣਾਈਆ । ਮੇਰੇ ਅੰਤ ਸਭ ਦੀ ਹੋਏ ਖ਼ੁਆਰੀ, ਖ਼ਾਲਸ ਰਹਿਣ ਕੋਇ ਨਾ ਪਾਈਆ । ਮਨ ਮਤ ਹੋਏ ਵਿਭਚਾਰੀ, ਕੁਕਰਮ ਕਰੇ ਲੋਕਾਈਆ । ਨਵ ਸੱਤ ਧੁੰਆਂਧਾਰੀ, ਨੌਂ ਚਾਰ ਪਰਦਾ ਨਾ ਕੋਇ ਉਠਾਈਆ । ਚਾਰ ਜੁਗ ਦੇ ਸ਼ਾਸਤਰ ਕਰਨ ਕਾਰੀ, ਕੂਕ ਕੂਕ ਸੁਣਾਈਆ । ਕਲਜੁਗ ਕਹੇ ਮੈਂ ਸਭ ਤੋਂ ਹੋਣਾ ਬਲਕਾਰੀ, ਆਪਣਾ ਬਲ ਵਧਾਈਆ । ਕਿਰਪਾ ਕਰੇ ਹਰਿ ਨਿਰੰਕਾਰੀ,

ਨਰ ਨਰਾਇਣ ਦਏ ਵਡਿਆਈਆ । ਚਾਰ ਕੁੰਟ ਖੇਲ ਖੇਲਾਂ ਵਾਂਗ ਮਦਾਰੀ, ਨਟੂਆ ਹੋ ਕੇ ਸਵਾਂਗ ਵਖਾਈਆ । ਸ਼ਰਅ ਦੀ ਸ਼ਰਅ ਬਣਾਵਾਂ ਕਟਾਰੀ, ਖੰਡਾ ਖੜਗ ਖੜਗ ਚਮਕਾਈਆ । ਦੀਨ ਦੁਨੀਆ ਕਰਾਂ ਦੋਫਾੜੀ, ਦੋਹਰੀ ਵੰਡ ਵੰਡਾਈਆ । ਨਾਲ ਰਲਾਵਾਂ ਮੌਤ ਲਾੜੀ, ਸੋਈ ਸੁਰਤੀ ਆਪ ਉਠਾਈਆ । ਚੁਰਾਸੀ ਵੱਢਾਂ ਖੇਤੀ ਹਾੜੀ, ਕ੍ਰਿਸਾਨਾ ਨਾਉਂ ਪ੍ਰਗਟਾਈਆ । ਸਦੀ ਚੌਧਵੀਂ ਅੰਤਮ ਕਰਨੀ ਕਾਰੀ, ਕਾਰ ਗੁਜ਼ਾਰੀ ਸਭ ਦੀ ਵੇਖ ਵਖਾਈਆ । ਕਲਜੁਗ ਕਹੇ ਮੈਂ ਸੂਰਬੀਰ ਜੋਧਾ ਬਲਕਾਰੀ, ਬਲਧਾਰੀ ਇਕ ਅਖਵਾਈਆ । ਧਰਮ ਤੇਰੀ ਧਰਨੀ ਉਤੇ ਹੋਏ ਖ਼ੁਆਰੀ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ । ਮੇਰਾ ਇਕੋ ਲਹਿਣਾ ਦੇਣਾ ਨਾਲ ਚੌਬੀਸੇ ਅਵਤਾਰੀ, ਜੋ ਜਗਦੀਸ਼ਾ ਇਕ ਅਖਵਾਈਆ । ਉਸ ਨੂੰ ਕਰਾਂ ਨਿਮਸਕਾਰੀ, ਨਿਵ ਨਿਵ ਲਾਗਾਂ ਪਾਈਆ । ਜੋ ਭਗਤਾਂ ਦਏ ਨਾਮ ਖ਼ੁਮਾਰੀ, ਅੰਮਿਉਂ ਰਸ ਆਪ ਚੁਆਈਆ । ਇਕੋ ਇਸ਼ਟਾ ਇਕ ਬਣਾਏ ਪੁਜਾਰੀ, ਦੇਵ ਆਤਮਾ ਰੰਗ ਰੰਗਾਈਆ । ਸਦ ਉਸ ਦਾ ਹੋਣਾ ਸ਼ੁਕਰ ਗੁਜ਼ਾਰੀ, ਸ਼ੁਕਰਾਨੇ ਵਿਚ ਸੀਸ ਝੁਕਾਈਆ । ਜਿਸ ਦੀ ਮਹਿੰਮਾ ਕਾਗਦ ਕਲਮ ਤੋਂ ਬਾਹਰੀ, ਕਥਨੀ ਕਥ ਨਾ ਸਕੇ ਰਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਰੇ ਖੇਲ ਅਪਾਰੀ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਮ ਤੂੰ ਵੇਖ ਮੇਰੀ ਸੱਟ, ਧੁਰ ਦੇ ਹੁਕਮ ਨਾਲ ਲਗਾਈਆ । ਸਮੁੰਦ ਸਾਗਰਾਂ ਜਾਵਾਂ ਟੱਪ, ਦੀਪਾਂ ਖੰਡਾਂ ਪੰਧ ਮੁਕਾਈਆ । ਸਭ ਦਾ ਲੇਖਾ ਪਿਛਲਾ ਤੱਕਾਂ ਪੱਕ, ਪੂਰਬ ਫੋਲਾਂ ਥਾਉਂ ਥਾਈਆ । ਲਹਿਣਾ ਦੇਣਾ ਕਿਸ ਦਾ ਕੀ ਹਕ, ਹਕੀਕਤ ਵੇਖਾਂ ਚਾਈਂ ਚਾਈਂਆ । ਕੀ ਹੁਕਮ ਸੰਦੇਸ਼ਾ ਦੇਵੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਚਾਰੋਂ ਕੁੰਟ ਅੰਧੇਰਾ ਹੋਵੇ ਮਸ, ਨੂਰ ਨੁਰਾਨਾ ਚੰਦ ਨਾ ਕੋਇ ਚਮਕਾਈਆ । ਅਗੋਂ ਧਰਮ ਕਹੇ ਮੈਂ ਬਚਨ ਸੁਣਾਵਾਂ ਸਚ, ਸਚ ਸਚ ਦ੍ਰਿੜਾਈਆ । ਕਲਜੁਗ ਤੇਰਾ ਰੂਪ ਕੂੜਾ ਵਾਂਗ ਕੱਚ, ਕੰਚਨ ਗੜ੍ਹ ਨਾ ਕੋਇ ਵਖਾਈਆ । ਤੇਰੇ ਅੰਤਸ਼ ਉਬਲੇ ਰੱਤ, ਅਗਨੀ ਤਤ ਤਪਾਈਆ । ਤੇਰਾ ਸਬਰ ਜਾਣਾ ਲੱਥ, ਯਾਰੜਾ ਸਬਰ ਗੋਬਿੰਦਿ ਦਏ ਗਵਾਹੀਆ । ਤੇਰਾ ਕੂੜ ਸੜਨਾ ਰਥ, ਅਗਨੀ ਅੱਗ ਜਲਾਈਆ । ਕਿਰਪਾ ਕਰੇ ਪੁਰਖ ਸਮਰਥ, ਧੁਰ ਮਾਲਕ ਹੋਏ ਸਹਾਈਆ । ਨਿਰਗੁਣ ਧਾਰ ਤੂੰ ਹੋ ਪ੍ਰਗਟ, ਪ੍ਰਗਣਾ ਜਗਤ ਜਹਾਨ ਵੇਖ ਵਖਾਈਆ । ਤੇਰੀ ਕੂੜੀ ਕਿਰਿਆ ਦਾ ਲੁੱਟਿਆ ਜਾਏ ਹੱਟ, ਮੋਹ ਵਿਕਾਰ ਵਸਤ ਨਜ਼ਰ ਕੋਇ ਨਾ ਆਈਆ । ਤੇਰਾ ਲਹਿਣਾ ਦੇਣਾ ਹੋਵੇ ਠੱਪ, ਠੱਪਾ ਆਪਣਾ ਨਾਮ ਲਗਾਈਆ । ਤੇਰੇ ਪਲੇ ਬੰਨ੍ਹੇ ਗੰਢ ਪਾਪ, ਸਿਰ ਪਾਪਾਂ ਭਾਰ ਟਿਕਾਈਆ । ਕਿਰਪਾ ਕਰੇ ਪੁਰਖ ਅਕਾਲਾ ਆਪ, ਆਪਣੀ ਦਇਆ ਕਮਾਈਆ । ਤੇਰੀ ਰਹਿਣ ਨਾ ਦੇਵੇ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਜਨ ਭਗਤ ਸੁਹੇਲੇ ਰਖੇ ਸਾਥ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾਏ ਗਾਥ, ਗਹਿਰ ਗੰਭੀਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗਾ ਜੁਗੰਤ ਪੁਰਖ ਸਮਰਾਥ, ਸਮਰਥ ਆਪਣਾ ਹੁਕਮ ਵਰਤਾਈਆ ।


੫੨੪
੨੩

✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਆਹਮਪੁਰ ਜ਼ਿਲਾ ਕਪੂਰਥਲਾ ਫੁੰਮਣ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀ ਮੈਨੂੰ ਦੱਸ ਪਵਿਤਰ ਜਗਹ, ਆਪਣੇ ਉਤੇ ਧਿਆਨ ਲਗਾਈਆ । ਧਰਨੀ ਕਹੇ ਚਾਰੋਂ ਕੁੰਟ ਜੀਵ ਅਲਪਗਾ, ਸਤਿ ਸਚ ਨਾ ਕੋਇ ਸਮਾਈਆ । ਖੇਲ ਕਰੇ ਸੂਰਾ ਸਰਬਗਾ, ਹਰਿ ਕਰਤਾ ਧੁਰਦਰਗਾਹੀਆ । ਜਿਹੜਾ ਸ਼ਬਦ ਅਸਵ ਚੜ੍ਹਿਆ ਬੱਗਾ, ਵਾਗਾਂ ਆਪਣੇ ਹੱਥ ਰਖਾਈਆ । ਉਸ ਦਾ ਹੁਕਮ ਸੰਦੇਸਾ ਸੁਣ ਸੱਦਾ, ਕੀ ਸਾਹਿਬ ਰਿਹਾ ਸੁਣਾਈਆ । ਜਿਸ ਦਾ ਡੌਰੂ ਡੰਕ ਇਕੋ ਵੱਜਾ, ਨਾਦ ਅਨਾਦੀ ਕਰੇ ਸ਼ਨਵਾਈਆ । ਓਹ ਭਗਤਾਂ ਦੇ ਦਵਾਰੇ ਲੱਭਾ, ਹੋਰ ਨਜ਼ਰ ਕਿਤੇ ਨਾ ਰਾਈਆ । ਮੇਰੀ ਉਫ਼ ਦੁਹਾਈ ਰੱਬਾ, ਬਹੁੜੀ ਬਹੁੜੀ ਕਰ ਸੁਣਾਈਆ । ਉਹਦੀ ਜਗਤ ਜਹਾਨ ਤੋਂ ਬਾਹਰ ਹਦਾ, ਧਰਮ ਦੀ ਧਾਰ ਧਰਮ ਦਿਆਂ ਜਣਾਈਆ । ਗੁਰਮੁਖਾਂ ਪ੍ਰੇਮ ਅੰਦਰ ਲੱਭਾ, ਘਰ ਸੁਹੰਜਣਾ ਇਕ ਸੁਹਾਈਆ । ਜਿਥੇ ਆਤਮ ਪਰਮਾਤਮ ਸਚ ਪਿਆਰ ਲੱਗਾ, ਤਿਸ ਗ੍ਰਹਿ ਵਸੇ ਮੇਰਾ ਮਾਹੀਆ । ਤੂੰ ਕਰ ਕੇ ਵੇਖ ਗਜਾ, ਨਵ ਸਤ ਫੇਰਾ ਪਾਈਆ । ਬਿਨਾ ਪ੍ਰਭੂ ਦੀ ਕਿਰਪਾ ਅੰਤਰ ਆਵੇ ਕਿਸੇ ਨਾ ਮਜ਼ਾ, ਮਜ਼ਾਕ ਕਰੇ ਖ਼ਲਕ ਖ਼ੁਦਾਈਆ । ਸਚ ਦਵਾਰ ਸਾਚਾ ਕਰਨਾ ਹੱਜਾ, ਹਾਜਤ ਆਪਣੀ ਪੂਰ ਕਰਾਈਆ । ਤੂੰ ਜਗਤ ਦਵਾਰੇ ਜਾ ਭੱਜਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਸੰਗ ਨਾ ਕੋਇ ਨਿਭਾਈਆ । ਸੰਬਲ ਦੇਸ ਜਾ ਭੱਜਾ, ਆਪਣਾ ਪੰਧ ਮੁਕਾਈਆ । ਜਿਥੇ ਪੁਰਖ ਅਕਾਲਾ ਦੀਨ ਦਿਆਲਾ ਮੇਰੇ ਉਤੇ ਸਜਾ, ਸਚ ਸਿੰਘਾਸਣ ਡੇਰਾ ਲਾਈਆ । ਮੇਰਾ ਉਸ ਦੇ ਅਗੇ ਹੱਥ ਹੱਥ ਨਾਲ ਬੱਧਾ, ਬੰਦਗੀ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਦੇ ਨਾ ਹੋਵੇ ਅਲੱਗਾ, ਵੱਖਰਾ ਗ੍ਰਹਿ ਨਾ ਕੋਇ ਸੁਹਾਈਆ ।



੫੨੫
੨੩

✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਆਹਮਪੁਰ ਜ਼ਿਲਾ ਕਪੂਰਥਲਾ ਅਜੀਤ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਧਰਮ ਵੇਖ ਇਸ਼ਾਰਾ ਦੇਂਦੇ ਸਮੁੰਦ ਸਾਗਰ, ਡੂੰਘੀ ਧਾਰ ਧਿਆਨ ਲਗਾਈਆ । ਨਿਰਮਲ ਕਰਮ ਹੋਏ ਨਾ ਕਿਸੇ ਉਜਾਗਰ, ਦੁਰਮਤ ਮੈਲ ਨਾ ਕੋਇ ਧਵਾਈਆ । ਸੂਰਬੀਰ ਦਿਸੇ ਨਾ ਕੋਇ ਬਹਾਦਰ, ਅਵਤਾਰ ਪੈਗ਼ੰਬਰ ਗੁਰ ਬੈਠੇ ਮੁਖ ਛੁਪਾਈਆ । ਕੀ ਖੇਲ ਕਰੇ ਕਰੀਮ ਕਰਤਾਰ ਕਾਦਰ, ਕੁਦਰਤ ਦਾ ਮਾਲਕ ਹੁਕਮ ਵਰਤਾਈਆ । ਸਚ ਦੀ ਰਹੀ ਕੋਈ ਨਾ ਚਾਦਰ, ਓਢਣ ਨਜ਼ਰ ਕੋਇ ਨਾ ਆਈਆ । ਇਨਸਾਫ਼ ਕਰੇ ਕੋਇ ਨਾ ਆਦਲ, ਹਕੀਕਤ ਹਕ ਨਾ ਕੋਇ ਦ੍ਰਿੜਾਈਆ । ਚਾਰੋਂ ਕੁੰਟ ਅੰਧੇਰਾ ਬਾਦਲ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਦੀਨ ਦੁਨੀ ਰੂਪ ਬਣਿਆ ਮਕਤੂਲ ਕਾਤਲ, ਪ੍ਰੇਮ ਪਿਆਰ ਵਿਚ ਨਾ ਕੋਇ ਸਮਾਈਆ । ਖੇਲ ਤੱਕ ਰਸਾਤਲ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਦ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਸਭ ਦਾ ਜਾਣੇ ਬਾਤਨ, ਭੇਵ ਰਹਿਣ ਕੋਇ ਨਾ ਪਾਈਆ ।

✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਆਹਮਪੁਰ ਜ਼ਿਲਾ ਕਪੂਰਥਲਾ ਤਰਸੇਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਧਰਮ ਮੇਰੇ ਉਤੇ ਰੋਂਦੇ ਟਿੱਲੇ ਪਰਬਤ ਪਹਾੜ, ਚੋਟੀਆਂ ਚੋਟੀਆਂ ਹੋ ਕੇ ਦੇਣ ਦੁਹਾਈਆ । ਚਾਰੋਂ ਕੁੰਟ ਅਗਨੀ ਦਿਸੇ ਹਾੜ, ਸੀਤਲ ਸਾਂਤਕ ਸਤਿ ਨਾ ਕੋਇ ਕਰਾਈਆ । ਜਗਤ ਅਗਨੀ ਲੱਗੀ ਨਾੜ ਨਾੜ, ਹੱਡ ਮਾਸ ਦਏ ਗਵਾਹੀਆ । ਫਿਰੀ ਦਰੋਹੀ ਵਿਚ ਉਜਾੜ, ਜੰਗਲਾਂ ਵੇਖ ਧਿਆਨ ਲਗਾਈਆ । ਮਾਇਆ ਮਮਤਾ ਦਿਸੇ ਅਖਾੜ, ਮਨੂਆ ਘਰ ਘਰ ਨਾਚ ਨਚਾਈਆ । ਸ੍ਰਿਸ਼ਟੀ ਪੂਜੇ ਜੰਡ ਕਰੀਰ ਝਾੜ, ਪੁਰਖ ਅਕਾਲ ਸੀਸ ਨਾ ਕੋਇ ਨਿਵਾਈਆ । ਧੁਰ ਦਾ ਨਜ਼ਰ ਨਾ ਆਏ ਲਾੜ, ਨੂਰ ਨੁਰਾਨਾ ਬੇਪਰਵਾਹੀਆ । ਉਠ ਚਾਰੋਂ ਕੁੰਟ ਨਿਗਾਹ ਮਾਰ, ਮਾਰੂਥਲਾਂ ਧਿਆਨ ਲਗਾਈਆ । ਨਜ਼ਰ ਨਾ ਆਏ ਨਰ ਨਿਰੰਕਾਰ, ਨੂਰ ਨੁਰਾਨਾ ਰੂਪ ਨਾ ਕੋਇ ਦਰਸਾਈਆ । ਮੇਰੇ ਉਤੇ ਮਹਿਕੇ ਨਾ ਕੋਇ ਗੁਲਜ਼ਾਰ, ਗੁਲਸ਼ਨ ਰੂਪ ਨਾ ਕੋਇ ਦਰਸਾਈਆ । ਮੈਂ ਬੜੀ ਹੋਈ ਬੇਜ਼ਾਰ, ਬਿਹਬਲ ਹੋ ਕੇ ਦਿਆਂ ਸੁਣਾਈਆ । ਸਚ ਸਾਹਿਬ ਦੀ ਬਣ ਕੇ ਖ਼ਿਦਮਤਗਾਰ, ਖ਼ਾਦਮ ਹੋ ਕੇ ਭੱਜੀ ਵਾਹੋ ਦਾਹੀਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਸੰਸਾਰ, ਆਪਣਾ ਪੰਧ ਮੁਕਾਈਆ । ਸੰਦੇਸ਼ਾ ਦੇ ਕੇ ਗਏ ਪੈਗੰਬਰ ਗੁਰ ਅਵਤਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਕਲਜੁਗ ਅੰਤਮ ਆਏ ਕਲ ਕਲਕੀ ਅਵਤਾਰ, ਧਰਨੀ ਤੇਰਾ ਧਵਲ ਸੁਹਾਈਆ । ਮੈਂ ਓਸ ਦਾ ਕਰਾਂ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਕਵਣ ਵਕਤ ਸੁਹੰਜਣਾ ਪੀਆ ਪ੍ਰੀਤਮ ਕਰੇ ਸਚ ਪਿਆਰ, ਪ੍ਰੇਮੀ ਆਪਣਾ ਪ੍ਰੇਮ ਬਣਾਈਆ । ਮੈਂ ਖ਼ੁਸ਼ੀਆਂ ਵਿਚ ਪਹਿਨਾਵਾਂ ਹਾਰ, ਬਿਨ ਫੁੱਲਾਂ ਫੁੱਲ ਮਹਿਕਾਈਆ । ਨਿਰਗੁਣ ਧਾਰ ਕਰਾਂ ਦੀਦਾਰ, ਜਗ ਨੇਤਰ ਨਾ ਕੋਇ ਵਡਿਆਈਆ । ਬਿਨਾ ਸਰੀਰ ਤੋਂ ਕਰਾਂ ਸ਼ਿੰਗਾਰ, ਬਿਨਾ ਵਜੂਦ ਤੋਂ ਮਹਿਬੂਬ ਨੂੰ ਸੀਸ ਨਿਵਾਈਆ । ਮੈਂ ਦੋ ਜਹਾਨਾਂ ਨੈਣ ਰਹੀ ਉਠਾਲ, ਵੇਖਾਂ ਥਾਉਂ ਥਾਈਂਆ । ਧਰਮ ਕਹੇ ਧਰਨੀ ਤੂੰ ਆਪਣਾ ਆਪ ਸੰਭਾਲ, ਸਵਾਧਾਨ ਹੋ ਕੇ ਲੈ ਅੰਗੜਾਈਆ । ਓਹ ਤੱਕ ਸੰਬਲ ਬੈਠਾ ਨੌਜਵਾਨ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਦੋ ਜਹਾਨ ਲਾਗਣ ਪਾਈਂਆ । ਉਹ ਤੇਰੇ ਉਤੇ ਹੋਇਆ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਸੁਹੇਲੇ ਕਰ ਪ੍ਰਵਾਨ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਜੋ ਤੂੰ ਮੇਰਾ ਮੈਂ ਤੇਰਾ ਢੋਲਾ ਗਾਣ, ਸੋਹੰ ਸ਼ਬਦ ਨਾਦ ਸ਼ਨਵਾਈਆ । ਸੋ ਮਿਤਰ ਪਿਆਰਾ ਸਵਾਮੀ ਮਿਲਿਆ ਆਣ, ਅਨਕ ਕਲਧਾਰੀ ਆਪਣੀ ਕਲ ਪ੍ਰਗਟਾਈਆ । ਤੂੰ ਡੰਡਾਵਤ ਬੰਦਨਾ ਸਜਦਾ ਕਰ ਪ੍ਰਨਾਮ, ਨਮੋ ਨਮੋ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਯੋਧਾ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ ।

✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਆਹਮਪੁਰ ਜ਼ਿਲਾ ਕਪੂਰਥਲਾ ਜੁਗਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਧਰਮ ਮੇਰੇ ਉਤੇ ਰੋਂਦੇ ਨਦੀ ਨਾਲੇ ਦਰਿਆ, ਵਹਿੰਦੇ ਵਹਿਣ ਦੇਣ ਦੁਹਾਈਆ । ਉਚੀ ਕੂਕ ਕੂਕ ਰਹੇ ਸੁਣਾ, ਚਾਰੋਂ ਕੁੰਟ ਆਵਾਜ਼ ਲਗਾਈਆ । ਦੋਏ ਜੋੜ ਕਰਨ ਦੁਆ, ਵਾਸਤਾ ਪ੍ਰਭ ਦੇ ਅਗੇ ਪਾਈਆ । ਮਿਹਰਵਾਨ ਮਹਿਬੂਬ ਖ਼ੁਦਾ, ਤੇਰੀ ਇਕ ਸ਼ਰਨਾਈਆ ।

ਕਲਜੁਗ ਜੀਵਾਂ ਧਿਆਨ ਲਗਾ, ਮਿਹਰ ਨਜ਼ਰ ਉਠਾਈਆ । ਜੋ ਸਾਡੇ ਅੰਦਰ ਰਹੇ ਨਹਾ, ਦੁਰਮਤ ਮੈਲ ਨਾ ਕੋਇ ਧਵਾਈਆ । ਹੰਸ ਬੁੱਧੀ ਹੋਏ ਕਾਂ, ਕਾਗ ਰੂਪ ਦਰਸਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਪੁਨੀਤ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਪਕੜੇ ਕੋਇ ਨਾ ਬਾਂਹ, ਸਹਾਰਾ ਨਜ਼ਰ ਕੋਇ ਨਾ ਪਾਈਆ । ਪਵਿਤ੍ਰ ਰਿਹਾ ਕੋਈ ਨਾ ਥਾਂ, ਧਰਨੀ ਧਰਤ ਧਵਲ ਦਏ ਗਵਾਹੀਆ । ਸਿਰ ਮਿਲੇ ਨਾ ਠੰਡੀ ਛਾਂ, ਹੱਥ ਸਮਰਥ ਨਾ ਕੋਇ ਟਿਕਾਈਆ । ਤੀਰਥ ਤਟ ਕਰ ਗਏ ਨਾਂਹ, ਜੋ ਸਾਡੇ ਉਤੇ ਆਸਣ ਲਾਈਆ । ਮਾਇਆ ਮਮਤਾ ਭੁੱਲਿਆ ਰਾਹ, ਰਹਿਬਰ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਦਿਸੇ ਕੋਇ ਨਾ, ਨਰਾਇਣ ਨਜ਼ਰ ਕੋਇ ਨਾ ਆਈਆ ।


੫੨੭
੨੩

✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਆਹਮਪੁਰ ਜ਼ਿਲਾ ਕਪੂਰਥਲਾ ਕਰਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਧਰਮ ਮੇਰੇ ਉਤੇ ਰੋਂਦੇ ਜਲ ਹੋੜੇ, ਹੋੜਾ ਸੱਸੇ ਵਾਲਾ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਮਾਲਕ ਧੁਰ ਦੇ ਬਹੁੜੇ, ਬਹੁੜੀ ਬਹੁੜੀ ਕਰ ਸੁਣਾਈਆ । ਜੋ ਮਿੱਠੇ ਰਸ ਕਰੇ ਕੌੜੇ, ਕੌੜਿਉਂ ਮਿੱਠੇ ਦਏ ਕਰਾਈਆ । ਤੂੰ ਮੇਰਾ ਮੈਂ ਤੇਰਾ ਸੁਣਾਏ ਦੋਹਰੇ, ਦੋਹਰਾ ਆਪਣਾ ਤਾਲ ਵਜਾਈਆ । ਆਤਮ ਪਰਮਾਤਮ ਵਿਛੜੇ ਜੋੜੇ, ਜੋੜੀ ਆਪਣੇ ਨਾਲ ਬਣਾਈਆ । ਫਿਰੇ ਅਗੰਮੀ ਚੜ੍ਹ ਕੇ ਘੋੜੇ, ਅਸਵ ਆਪਣਾ ਨਾਮ ਦ੍ਰਿੜਾਈਆ । ਕਰੇ ਪ੍ਰਕਾਸ਼ ਅੰਧ ਘੋਰੇ, ਨੂਰ ਜ਼ਹੂਰ ਰੁਸ਼ਨਾਈਆ । ਝਗੜਾ ਮੇਟੇ ਠੱਗ ਚੋਰੇ, ਭਗਤ ਸੁਹੇਲੇ ਲਏ ਉਪਜਾਈਆ । ਕਲਜੁਗ ਕੂੜੀ ਕਿਰਿਆ ਦੇ ਮਾਰੇ ਮੋਹਰੇ, ਮੋਹਰ ਆਪਣਾ ਨਾਮ ਲਗਾਈਆ । ਬਿਨਾ ਉਸ ਤੋਂ ਅੰਤਮ ਕੰਮ ਕਿਸੇ ਨਾ ਸੌਰੇ, ਸੋਹਰੇ ਪੇਈਏ ਦੋਵੇਂ ਧਿਆਨ ਲਗਾਈਆ । ਸਾਰੇ ਹੱਥ ਰਹੇ ਜੋੜੇ, ਨਿਵ ਨਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਧਰਮ ਮੇਰੇ ਉਤੇ ਆਸ਼ਾ ਰਖੀ ਮਛ ਕਛ, ਕਿਛ ਅਵਰ ਰਹਿਣ ਨਾ ਪਾਈਆ । ਪ੍ਰਭ ਕਿਰਪਾ ਕਰੇ ਸਰੂਪ ਸਵੱਛ, ਸਤਿ ਆਪਣਾ ਆਪ ਪ੍ਰਗਟਾਈਆ । ਦਰਸ਼ਨ ਦੇਵੇ ਹੱਸ ਹੱਸ, ਹਸਤੀ ਦੱਸ ਬੇਪਰਵਾਹੀਆ । ਜਨ ਭਗਤਾਂ ਦੇਵੇ ਨਿਝਰ ਰਸ, ਅੰਮ੍ਰਿਤ ਜਾਮ ਪਿਆਈਆ । ਮਨੂਆ ਕਰੇ ਵਸ, ਉਠ ਨਾ ਦਹਿ ਦਿਸ਼ ਧਾਈਆ । ਸਿਫ਼ਤ ਸੁਣਾਏ ਜਸ, ਢੋਲਾ ਅਗੰਮ ਅਥਾਹੀਆ । ਨਿਜ ਨੇਤਰ ਖੋਲ ਕੇ ਅੱਖ, ਦਰਸ਼ਨ ਦੇਵੇ ਚਾਈਂ ਚਾਈਂਆ । ਗ੍ਰਿਹ ਭਗਤਾਂ ਹੋ ਪ੍ਰਤਖ, ਜੋਤੀ ਜੋਤ ਡਗਮਗਾਈਆ । ਸਤਿ ਧਰਮ ਦਾ ਖੋਲੇ ਹੱਟ, ਵਸਤ ਇਕੋ ਨਾਮ ਵਰਤਾਈਆ । ਜਿਸ ਦੀ ਮਹਿੰਮਾ ਗਾ ਸਕੇ ਕੋਈ ਨਾ ਭਟ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਉਹ ਗਹਿਰ ਗੰਭੀਰਾ ਬੇਨਜ਼ੀਰਾ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਰਖਣਹਾਰਾ ਪਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਸਿਰ ਦੇ ਕਰ ਰਖੇ ਹੱਥ, ਮਿਹਰਵਾਨ ਆਪਣਾ ਰੰਗ ਰੰਗਾਈਆ ।

## ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੋਟਲੀ ਜ਼ਿਲਾ ਜਲੰਧਰ ਪ੍ਰੀਤਮ ਸਿੰਘ ਦੇ ਗ੍ਰਿਹ

ਧਰਨੀ ਕਹੇ ਧਰਮ ਮੇਰੇ ਉਤੇ ਰੋਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਅੰਮ੍ਰਿਤ ਆਤਮ ਮਿਲੇ ਕਿਸੇ ਨਾ ਠੰਡਾ ਪਾਣੀ, ਅਗਨੀ ਤਤ ਨਾ ਕੋਇ ਬੁਝਾਈਆ । ਆਤਮ ਪਰਮਾਤਮ ਮੇਲ ਮਿਲਾਉਣਾ ਹੋਵੇ ਨਾ ਹਾਣੋ ਹਾਣੀ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਸਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮਾਇਆ ਮਮਤਾ ਬਣੀ ਰਾਣੀ, ਉੱਤਰ ਪੂਰਬ ਪੱਛਮ ਦੱਖਣ ਆਪਣਾ ਹੁਕਮ ਵਰਤਾਈਆ । ਜਗਤ ਵਿਕਾਰ ਕੂੜ ਬਣਿਆ ਨਿਸ਼ਾਨੀ, ਨਿਸ਼ਾਨਾ ਧਰਮ ਵਾਲਾ ਝੁਲਾਈਆ । ਸੰਤ ਸੁਹੇਲਾ ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹ ਬੁਤ ਸਾਰੇ ਰਹੇ ਕੁਰਲਾਈਆ । ਸਦੀ ਚੌਧਵੀਂ ਪਦ ਮਿਲੇ ਨਾ ਕਿਸੇ ਨਿਰਬਾਣੀ, ਤੁਰੀਆ ਤੋਂ ਪਰੇ ਨਾ ਕੋਇ ਸ਼ਨਵਾਈਆ । ਜਿਧਰ ਤੱਕਾਂ ਸ਼ਾਹ ਸੁਲਤਾਨਾਂ ਅੰਦਰ ਆਈ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਮੇਰੇ ਅੰਤਰ ਨਿਰੰਤਰ ਆਈ ਪਰੇਸ਼ਾਨੀ, ਧੀਰਜ ਧੀਰ ਨਾ ਕੋਇ ਰਖਾਈਆ । ਦਰੋਹੀ ਮੇਰੇ ਉਤੇ ਦੀਨਾਂ ਮਜ਼੍ਹਬਾਂ ਵਾਲੀ ਗ਼ੁਲਾਮੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਝਗੜਾ ਦਿਸੇ ਕਲਮਿਆਂ ਨਾਲ ਕਲਾਮੀ, ਕਾਇਨਾਤ ਵੇਖ ਵਖਾਈਆ । ਦਾਨਿਸ਼ਮੰਦ ਰਿਹਾ ਕੋਇ ਨਾ ਦਾਨੀ, ਦੀਨ ਦੁਨੀ ਭੱਜੇ ਵਾਹੋ ਦਾਹੀਆ । ਜੋਰੂ ਜ਼ਰ ਹੋਇਆ ਅਭਿਮਾਨੀ, ਨਿਵਣ ਸੁ ਅੱਖਰ ਕਰੇ ਨਾ ਕੋਇ ਪੜ੍ਹਾਈਆ । ਪਰਮ ਪੁਰਖ ਪਰਮਾਤਮ ਆਪਣਾ ਖੇਲ ਕਰੇ ਮਹਾਨੀ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਮੇਰੀ ਬੁੱਧੀ ਹੋਈ ਨਾਦਾਨੀ, ਅਕਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਵਡ ਵਡਿਆਈਆ । ਧਰਨੀ ਕਹੇ ਧਰਮ ਆਪਣਾ ਨੇਤਰ ਖੋਲ ਨੈਣ, ਬਿਨ ਅੱਖਾਂ ਅੱਖ ਉਠਾਈਆ । ਮਿਤਰ ਪਿਆਰਾ ਦਿਸੇ ਕੋਈ ਨਾ ਸਾਕ ਸੱਜਣ ਸੈਣ, ਸਗਲਾ ਸੰਗ ਨਾ ਕੋਇ ਨਿਭਾਈਆ । ਦੀਨ ਦੁਨੀ ਹੋਈ ਤ੍ਰਫੈਣ, ਪਿਆਰ ਮੁਹੱਬਤ ਵਿਚ ਨਾ ਕੋਇ ਸਮਾਈਆ । ਰਸਨਾ ਜਿਹਵਾ ਬੱਤੀ ਦੰਦ ਢੋਲੇ ਸੋਹਲੇ ਸਾਰੇ ਕਹਿਣ, ਹਿਰਦੇ ਹਰਿ ਨਾ ਕੋਇ ਵਸਾਈਆ । ਮਾਇਆ ਮਮਤਾ ਸਭ ਨੂੰ ਖਾਏ ਡੈਣ, ਧਰਮ ਦਵਾਰ ਬੱਚਿਆ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਵਹਿੰਦਾ ਵਹਿਣ, ਸ਼ਾਹ ਸੁਲਤਾਨਾਂ ਰਿਹਾ ਰੁੜ੍ਹਾਈਆ । ਹਰਿ ਕਾ ਨਾਮ ਮਿਲੇ ਨਾ ਕਿਸੇ ਰਸਾਇਣ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਨਾਤਾ ਤੁੱਟਾ ਭਾਈ ਭੈਣ, ਪਿਤਾ ਪੂਤ ਨਾ ਕੋਇ ਵਡਿਆਈਆ । ਨੁਕਤਾ ਮਿਲੇ ਕਿਸੇ ਨਾ ਗ਼ੈਨ, ਐਨ ਅੱਖ ਨਾ ਕੋਇ ਖੁਲਾਈਆ । ਦਿਵਸ ਰੈਣ ਮੈਨੂੰ ਮੂਲ ਨਾ ਆਵੇ ਚੈਨ, ਬਹੁੜੀ ਬਹੁੜੀ ਕਰ ਸੁਣਾਈਆ । ਜੋ ਇਸ਼ਾਰਾ ਦਿਤਾ ਬਾਲਮੀਕ ਬਿਨਾ ਰਮਾਇਣ, ਬਿਨਾ ਅੱਖਰਾਂ ਅੱਖਰ ਬਣਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਸਭ ਦਾ ਬਣੇ ਸਾਕ ਸੈਣ, ਸੱਜਣ ਇਕ ਅਖਵਾਈਆ । ਜੋ ਮਾਲਕ ਖ਼ਾਲਕ ਨਰ ਨਰਾਇਣ, ਪਰਵਰਦਿਗਾਰ ਨੂਰ ਅਲਾਹੀਆ । ਓਹ ਝਗੜਾ ਮੁਕਾਏ ਪੰਚ ਪੰਚਾਇਣ, ਪੰਚਮ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਧਰਮ ਮੇਰੇ ਉਤੇ ਤੜਫ ਰਹੀ ਬਨਾਸਪਤ, ਬ੍ਰਿਖ ਬ੍ਰਿਖਾਂ ਧਿਆਨ ਲਗਾਈਆ । ਰਾਹ ਤੱਕਣ ਪਰਮੇਸ਼ਵਰ ਪਤ, ਜੋ ਪਾਰਬ੍ਰਹਮ ਬੇਪਰਵਾਹੀਆ । ਕਵਣ ਵੇਲਾ ਹੋਵੇ ਪ੍ਰਗਟ, ਪ੍ਰਗਣਾ ਧਰਨੀ ਵੇਖੇ ਚਾਈਂ ਚਾਈਆ । ਸਤਿ ਧਰਮ ਦਾ ਖੋਲੇ ਹੱਟ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਨਾਮ ਨਿਧਾਨ ਅਗੰਮੀ ਮਾਰੇ ਸੱਟ, ਸੋਈ ਸੁਰਤ ਸ਼ਬਦ ਜਣਾਈਆ । ਆਤਮ ਪਰਮਾਤਮ

ਦੱਸੇ ਇਕੋ ਤੱਟ, ਕਿਨਾਰਾ ਪਾਰਬ੍ਰਹਮ ਬ੍ਰਹਮ ਦਏ ਸਮਝਾਈਆ । ਜੋ ਪ੍ਰਕਾਸ਼ ਕਰੇ ਲਟ ਲਟ, ਨੂਰ ਨੁਰਾਨਾ ਡਮਗਾਈਆ । ਸ਼ਰਅ ਸ਼ਰੀਅਤ ਮੇਟੇ ਵੱਟ, ਹਦੂਦ ਹੱਦ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਨਾਮ ਲਏ ਰਟ, ਸੋਹਲਾ ਢੋਲਾ ਧੁਰਦਰਗਾਹੀਆ । ਨਾੜ ਬਹੱਤਰ ਉਬਲੇ ਕਿਸੇ ਨਾ ਰੱਤ, ਅਗਨੀ ਤਤ ਨਾ ਕੋਇ ਤਪਾਈਆ । ਮਾਨਸ ਮਾਨਵ ਮਾਨੁਖ ਸ਼ਬਦੀ ਦੇ ਸਮਝਾਵੇ ਮਤ, ਮਨ ਮਤ ਦਾ ਪੰਧ ਮੁਕਾਈਆ । ਵਸਤ ਅਮੋਲਕ ਕਾਇਆ ਮੰਦਰ ਦੇਵੇ ਸਚ, ਸਚ ਦਾ ਮਾਲਕ ਦਇਆ ਕਮਾਈਆ । ਭਾਗ ਲਗਾਵੇ ਕੂੜੀ ਕਾਇਆ ਕੱਚ, ਕੰਚਨ ਗੜ੍ਹ ਸੁਹਾਈਆ । ਲੂੰ ਲੂੰ ਅੰਦਰ ਜਾਵੇ ਰੱਚ, ਸਾਢੇ ਤਿੰਨ ਕਰੋੜ ਵੱਜੇ ਵਧਾਈਆ । ਮੇਰਾ ਕਲਜੁਗ ਚੜ੍ਹਿਆ ਲਾਹਵੇ ਤਪ, ਅਗਨੀ ਅੱਗ ਦਏ ਬੁਝਾਈਆ । ਕੋਟਨ ਕੋਟ ਉਤਾਰੇ ਪਪ, ਪਤਤ ਪੁਨੀਤ ਬਣਾਈਆ । ਸਭ ਦਾ ਇਕੋ ਸਾਂਝਾ ਕਰੇ ਜਪ, ਨਾਮ ਨਾਮਾ ਵੰਡ ਨਾ ਕੋਇ ਵੰਡਾਈਆ । ਸਤਿਜੁਗ ਸਚ ਚਲਾਵੇ ਰਥ, ਰਥਵਾਹੀ ਆਪਣਾ ਰੰਗ ਰੰਗਾਈਆ । ਧਰਨੀ ਕਹੇ ਧਰਮ ਦੋਵੇਂ ਜੋੜੀਏ ਮਿਲ ਕੇ ਹੱਥ, ਬਿਨ ਹੱਥਾਂ ਹੱਥ ਮਿਲਾਈਆ । ਓਹ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕੁਦਰਤ ਦਾ ਕਰਤਾ ਇਕ ਸਮਰਥ, ਸਮਰਥ ਪੁਰਖ ਇਕ ਅਖਵਾਈਆ । ਜਿਸ ਦੀ ਕਿਰਪਾ ਨਾਲ ਸਗਲ ਵਸੂਰੇ ਜਾਇਣ ਲਥ, ਕੂੜਾ ਦੁੱਖ ਰੋਗ ਰਹਿਣ ਨਾ ਪਾਈਆ । ਚਰਨ ਸਰਨ ਸਰਨਾਈ ਜਾਈਏ ਢੱਠ, ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਧਰਮ ਕਹੇ ਧਰਨੀ ਮੇਰੀ ਇਹੋ ਸਲਾਹ, ਮਸ਼ਵਰਾ ਇਕ ਜਣਾਈਆ । ਪਰਵਰਦਿਗਾਰ ਬੇਪਰਵਾਹ, ਪਰਮ ਪੁਰਖ ਵਡ ਵਡਿਆਈਆ । ਆਦਿ ਜੁਗਾਦੀ ਦੋ ਜਹਾਨ ਮਲਾਹ, ਸਤਿਜੁਗ ਤਰੇਤਾ ਦੁਆਪਰ ਕਲਜੁਗ ਬੇੜਾ ਆਪ ਚਲਾਈਆ । ਅਵਤਾਰ ਪੈਗ਼ੰਬਰ ਗੁਰੂ ਸ਼ਬਦ ਗਵਾਹ, ਸ਼ਹਾਦਤ ਇਕ ਭੁਗਤਾਈਆ । ਉਹ ਲਹਿਣਾ ਦੇਣਾ ਚੁਕਾਏ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਈਆ । ਕਲਜੁਗ ਅੰਤਮ ਸਾਡੀ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕਲੇਸ਼ ਦਏ ਮਿਟਾ, ਦੁਰਮਤ ਮੈਲ ਦਏ ਧਵਾਈਆ । ਸਤਿਜੁਗ ਸਾਚਾ ਦਏ ਲਗਾ, ਸਤਿ ਧਰਮ ਨਾਲ ਮਿਲਾਈਆ । ਤੂੰ ਸਭ ਦੀ ਧਵਲ ਧੌਲੀ ਮਾਂ, ਦੇਵਣਹਾਰੀ ਰਿਜ਼ਕ ਸਬਾਈਆ । ਮੇਰਾ ਤੇਰੇ ਉਤੇ ਗਰਾਂ, ਅਸਥਾਨ ਭੂਮਿਕਾ ਤੇਰੀ ਸੋਭਾ ਪਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਕਰਾਂ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਕਿਰਪਾ ਕਰ ਹਕ ਖ਼ੁਦਾ, ਖ਼ੁਦ ਮਾਲਕ ਹੋ ਸਹਾਈਆ । ਤੇਰੇ ਕਦਮਾਂ ਹੋਵਾਂ ਫ਼ਿਦਾ, ਘੋਲੀ ਘੋਲ ਘੁਮਾਈਆ । ਕਲਜੁਗ ਅੰਤਮ ਕਰ ਅਲਵਿਦਾ, ਮੇਰੇ ਉਤੇ ਰਹਿਣ ਨਾ ਪਾਈਆ । ਸਤਿ ਧਰਮ ਦਾ ਮਾਰਗ ਦੱਸੇ ਸਿਧਾ, ਨਵ ਸੱਤ ਆਪ ਸਮਝਾਈਆ । ਆਤਮ ਪਰਮਾਤਮ ਮਿਲਣ ਦੀ ਇਕੋ ਹੋਵੇ ਬਿਧਾ, ਇਕੋ ਨਾਮ ਕਲਮੇ ਵੱਜੇ ਵਧਾਈਆ । ਧਰਮ ਕਹੇ ਮੈਂ ਧਰਮ ਦਵਾਰੇ ਤੇਰੇ ਡਿੱਗਾ, ਧਰਨੀ ਧਰਤ ਧਵਲ ਧੌਲ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ਿੰਦਾ, ਬਖ਼ਸ਼ਣਹਾਰ ਤੇਰੇ ਹੱਥ ਵਡਿਆਈਆ ।


੫੨੯
੨੩

## ✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜਲੰਧਰ ਹਰਦਿਆਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਧਰਮ ਮੈਨੂੰ ਸੰਦੇਸ਼ਾ ਦੇਵੇ ਪੌਣ, ਪਵਣ ਪਵਣਾਂ ਰਹੀ ਜਣਾਈਆ । ਕਲਜੁਗ ਕੂੜੀ ਕਿਰਿਆ ਵਧੀ ਨਾਲੋਂ ਰੌਣ, ਰਾਵਣ ਤੋਲ ਨਾ ਕੋਇ ਤੁਲਾਈਆ । ਅਠਾਰਾਂ ਕਸ਼ੂਣੀਆਂ ਇਸ ਦੇ ਗਿਰਦ ਭੌਣ, ਚਕਰਵਰਤੀ ਹੋ ਕੇ ਚੱਕਰ ਲਗਾਈਆ । ਮੇਰੇ ਨੇਤਰਾਂ ਵਿਚੋਂ ਨਿਕਲਦਾ ਰੋਣ, ਹੌਕਿਆਂ ਵਿਚ ਸੁਣਾਈਆ । ਭਾਰ ਚੁੱਕ ਨਾ ਸਕੇ ਮੇਰੀ ਧੌਣ, ਪਾਪਾਂ ਭਰੀ ਲੋਕਾਈਆ । ਮੇਰਾ ਦੁਖੜਾ ਕੋਈ ਨਾ ਆਏ ਮਿਟਾਉਣ, ਅਵਤਾਰ ਪੈਗ਼ੰਬਰ ਗੁਰੂ ਲਏ ਧਿਆਈਆ । ਕਲਜੁਗ ਕੂੜੀ ਕਿਰਿਆ ਨਾ ਕੋਇ ਆਏ ਹਟਾਉਣ, ਆਪਣਾ ਪੰਧ ਮੁਕਾਈਆ । ਐਸ ਵੇਲੇ ਸਹਾਇਤਾ ਕਰੇ ਮੇਰੀ ਕੌਣ, ਧਰਮ ਦੇ ਸਮਝਾਈਆ । ਧਰਮ ਕਹੇ ਧਰਨੀ ਜਿਸ ਦਾ ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣ, ਭਗਤ ਸੁਹੇਲੇ ਰਾਗ ਦ੍ਰਿੜਾਈਆ । ਉਹ ਮਾਲਕ ਖ਼ਾਲਕ ਗਹਿਰ ਗੰਭੀਰ ਜਿਸ ਸਤਿਜੁਗ ਤਰੇਤਾ ਦੁਆਪਰ ਕੀਤੀ ਚੋਣ, ਕਲਜੁਗ ਦਿਤੀ ਵਡਿਆਈਆ । ਉਹ ਸਭ ਕੁਛ ਤੇਰੇ ਉਤੋਂ ਆਇਆ ਖੋਹਣ, ਚਾਰੋਂ ਕੁੰਟ ਧਿਆਨ ਲਗਾਈਆ । ਮਾਇਆ ਮਮਤਾ ਆਇਆ ਦਬਾਉਣ, ਮਕਬਰੇ ਪੈਗ਼ੰਬਰਾਂ ਦੇ ਦੇਣ ਗਵਾਹੀਆ । ਕਲਜੁਗ ਕੂੜੀ ਕਿਰਿਆ ਆਇਆ ਤਰਸਾਉਣ, ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖਾਂ ਦਰਸ ਆਇਆ ਦਰਸਾਉਣ, ਦਰ ਦਰ ਭੇਵ ਖੁਲਾਈਆ । ਸਚ ਸੰਦੇਸ਼ਾ ਆਇਆ ਸੁਣਾਉਣ, ਧੁਰ ਅਗੰਮਾ ਰਾਗ ਅਲਾਹੀਆ । ਹਰਿਜਨ ਵਿਛੜੇ ਆਇਆ ਮਿਲਾਉਣ, ਮੇਲਾ ਆਪਣਾ ਆਪ ਕਰਾਈਆ । ਤੈਨੂੰ ਰੋਂਦੀ ਨੂੰ ਆਇਆ ਪਰਚਾਉਣ, ਪਰਚਾ ਸਤਿਗੁਰ ਸ਼ਬਦ ਹੱਥ ਫੜਾਈਆ । ਤੇਰਾ ਹਕ ਹਕੂਕ ਤੈਨੂੰ ਆਇਆ ਦਵਾਉਣ, ਸਤਿਜੁਗ ਤੇਰਾ ਸੰਗ ਬਣਾਈਆ । ਆਪਣਾ ਨਾਮ ਆਇਆ ਜਪਾਉਣ, ਏਕਾ ਰਾਗ ਰਿਹਾ ਸੁਣਾਈਆ । ਧੁਰ ਦਾ ਡੰਕਾ ਆਇਆ ਵਜਾਉਣ, ਰਾਗਾਂ ਨਾਦਾਂ ਬਾਹਰ ਕਰੇ ਸ਼ਨਵਾਈਆ । ਸਚ ਦਵਾਰ ਆਇਆ ਖੁਲਾਉਣ, ਦਰ ਇਕੋ ਸੋਭਾ ਪਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਲੇਖਾ ਪੂਰਾ ਆਇਆ ਕਰਾਉਣ, ਭਵਿਖਤਾਂ ਲਿਖਤਾਂ ਨਾਲ ਮਿਲਾਈਆ । ਤੇਰਾ ਮੇਰਾ ਨਾਤਾ ਆਇਆ ਜੁੜਾਉਣ, ਧਰਮ ਕਹੇ ਧਰਨੀਏ ਆਪਣੀ ਦਇਆ ਕਮਾਈਆ । ਸਭ ਦੀ ਕਰਨੀ ਕੁਦਰਤ ਦਾ ਕਾਦਰ ਆਇਆ ਭੁਗਤਾਉਣ, ਬਚਿਆ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਚੁਰਾਸੀ ਫਾਸੀ ਆਇਆ ਤੁੜਾਉਣ, ਤੌਂਕ ਜ਼ੰਜੀਰ ਸ਼ਰਅ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਆਇਆ ਕਰਾਉਣ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ ।

## ✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜਲੰਧਰ ਸ਼ਹਿਰ ਪਿਆਰਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਧਰਮ ਸੁਣ ਲਾ ਕਰ ਕੰਨ, ਕਾਇਨਾਤ ਦੀਨ ਦੁਨੀ ਵੇਖ ਵਖਾਈਆ । ਪ੍ਰਭੂ ਦਾ ਦਿਸੇ ਭਗਤ ਕੋਈ ਨਾ ਜਨ, ਸਾਚੇ ਰੰਗ ਨਾ ਕੋਇ ਸਮਾਈਆ । ਤ੍ਰੈਗੁਣ ਅਗਨੀ ਲੱਗੀ ਤਨ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਕਲਪਣਾ ਮਿਟੇ ਕਿਸੇ ਨਾ ਮਨ, ਮਮਤਾ ਮੋਹ ਨਾ ਕੋਇ ਚੁਕਾਈਆ । ਨਾਮ ਪਦਾਰਥ ਦੇਵੇ ਕੋਈ ਨਾ ਧਨ, ਵਸਤ ਅਮੋਲਕ ਝੋਲੀ ਨਾ ਕੋਇ ਟਿਕਾਈਆ । ਨੌ ਖੰਡ ਪ੍ਰਿਥਮੀ ਮੇਰੇ ਉਤੇ ਗ਼ਮ, ਸਾਂਤਕ

ਸਤਿ ਨਾ ਕੋਇ ਕਰਾਈਆ । ਧਰਨੀ ਕਹੇ ਮੈਂ ਰੋਵਾਂ ਛੰਮ ਛੰਮ, ਬਿਨ ਨੈਣਾਂ ਨੀਰ ਵਹਾਈਆ । ਭੇਵ ਪਾਏ ਨਾ ਕੋਇ ਬ੍ਰਹਮ, ਪਾਰਬ੍ਰਹਮ ਮਿਲਣ ਕੋਇ ਨਾ ਆਈਆ । ਮਾਨਸ ਮਾਨਵ ਮਾਨੁਖ ਤ੍ਰਿਸ਼ਨਾ ਲੱਗੀ ਤਮ, ਚਾਰ ਕੁੰਟ ਹਲਕਾਈਆ । ਕੋਈ ਨਾ ਜਾਣੇ ਆਪਣਾ ਜਨਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਲੇਖੇ ਲੱਗੇ ਨਾ ਕਿਸੇ ਦਾ ਪਵਣ ਸਵਾਸੀ ਦਮ, ਦਾਮਨਗੀਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਰਤਾਈਆ । ਧਰਮ ਕਹੇ ਧਰਨੀ ਤੇਰੇ ਉਤੇ ਕਲਜੁਗ ਅੰਧੇਰਾ ਅੰਧ, ਅਧਿਆਤਮ ਸਮਝ ਕਿਸੇ ਨਾ ਆਈਆ । ਰਾਹੀ ਸਮਝੇ ਕੋਈ ਨਾ ਆਪਣਾ ਪੰਧ, ਮੰਜ਼ਲ ਹਕ ਨਾ ਕੋਇ ਜਣਾਈਆ । ਦੀਨ ਦੁਨੀ ਗਾਉਂਦੀ ਪਰਮ ਪੁਰਖ ਨੂੰ ਰਸਨਾ ਜਿਹਵਾ ਬੱਤੀ ਦੰਦ, ਹਿਰਦੇ ਸਕੇ ਨਾ ਕੋਇ ਵਸਾਈਆ । ਤੂੰ ਮੇਰਾ ਮੈਂ ਤੇਰਾ ਭੁੱਲਿਆ ਛੰਦ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸੁਰਤ ਦੁਹਾਗਣ ਹੋਈ ਰੰਡ, ਹਰਿ ਕੰਤ ਕੰਤੂਹਲ ਨਾ ਕੋਇ ਹੰਢਾਈਆ । ਮਨੂਆ ਦਿਵਸ ਰੈਣ ਪਾਵੇ ਡੰਡ, ਦਹਿ ਦਿਸ਼ਾ ਉਠ ਉਠ ਧਾਹੀਆ । ਤਨ ਅੰਦਰ ਵਧਿਆ ਘਮੰਡ, ਹਉਮੇ ਹੰਗਤਾ ਨਾਲ ਮਿਲਾਈਆ । ਨਿਜ ਆਤਮ ਲਏ ਨਾ ਕੋਇ ਅਨੰਦ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਦੂਈ ਦਵੈਤੀ ਢਾਹੇ ਕੋਇ ਨਾ ਕੰਧ, ਦੁਤੀਆ ਭਾਉ ਨਾ ਕੋਇ ਚੁਕਾਈਆ । ਸਮਝ ਸਕੇ ਨਾ ਕੋਇ ਬ੍ਰਹਮ ਹੰ, ਸੋ ਪੁਰਖ ਨਿਰੰਜਣ ਨਜ਼ਰ ਕਿਸੇ ਨਾ ਆਈਆ । ਜਗਤ ਵਣਜਾਰਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਵਿਚ ਵਡਿਆਈਆ । ਚਾਰੋਂ ਕੁੰਟ ਅੰਧੇਰੀ ਸ਼ਾਮ, ਸ਼ਮਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਮਨੂਏ ਮਨਸਾ ਸਭ ਦੀ ਕੀਤੀ ਗ਼ੁਲਾਮ, ਹੁਕਮੇ ਅੰਦਰ ਹੁਕਮ ਜਣਾਈਆ । ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਤੱਕੀ ਤਮਾਮ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਬਿਨਾ ਸਤਿਗੁਰ ਕਿਰਪਾ ਸਚ ਮਿਲੇ ਨਾ ਕੋਇ ਨਿਸ਼ਾਨ, ਕੂੜ ਨਿਸ਼ਾਨਾ ਜਗਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਧਰਮ ਵੇਖ ਮਨੂਆ ਮਨ ਮਨਸਾ, ਮਮਤਾ ਮੋਹ ਵਿਚ ਹਲਕਾਈਆ । ਮੇਰੇ ਉਤੇ ਕੋਟਨ ਕੋਟ ਵਸਦੇ ਸਹੰਸ ਸਹੰਸਾ, ਗਿਣਤੀ ਗਣਤ ਨਾ ਕੋਇ ਗਿਣਾਈਆ । ਆਤਮ ਧਾਰ ਪਰਮਾਤਮ ਦਾ ਜੀਵ ਜੰਤ ਬੰਸਾ, ਬੰਸਾਵਲੀ ਧੁਰ ਦੀ ਨਜ਼ਰੀ ਆਈਆ । ਕਲਜੁਗ ਅੰਤ ਸਦੀ ਚੌਧਵੀਂ ਹਰਿਜਨ ਬਣੇ ਕੋਈ ਨਾ ਹੰਸਾ, ਨਾਮ ਮਾਣਕ ਮੋਤੀ ਚੋਗ ਮੁਖ ਨਾ ਕੋਇ ਰਖਾਈਆ । ਚਾਰੋਂ ਕੁੰਟ ਗੜ੍ਹ ਬਣਿਆ ਹਉਮੇ ਹੰਗਤਾ, ਨਿਵਣ ਸੁ ਅੱਖਰ ਸਮਝ ਕਿਸੇ ਨਾ ਆਈਆ । ਅਣਗਿਣਤ ਅਸੰਖ ਅਸੰਖਾ, ਮੇਰੇ ਉਤੇ ਵਸਦੀ ਜਨਤਾ, ਜੀਵ ਈਸ਼ ਪਾਰਬ੍ਰਹਮ ਬ੍ਰਹਮ ਭੇਵ ਨਾ ਕੋਇ ਚੁਕਾਈਆ । ਫਿਰੀ ਦਰੋਹੀ ਚਾਰੋਂ ਕੂਟਾਂ, ਉੱਤਰ ਪੂਰਬ ਪੱਛਮ ਦੱਖਣ ਰੋਵੇ ਮਾਰੇ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਧਰਨੀ ਮੈਂ ਵੇਖਿਆ ਜਗਤ ਮਨ ਦਾ ਰੂਪ, ਬਿਨ ਨੈਣਾਂ ਨੈਣ ਉਠਾਈਆ । ਜੋ ਵਸੇ ਕਾਇਆ ਤਨ ਪੰਜ ਭੂਤ, ਵਜੂਦ ਬੁਤ ਖ਼ਾਕੀ ਅੰਦਰ ਡੇਰਾ ਲਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਦੇਣ ਸਬੂਤ, ਸੁਨੇਹੁੜਾ ਸ਼ਬਦ ਧਾਰ ਦ੍ਰਿੜਾਈਆ । ਉਹ ਘਰ ਘਰ ਫਿਰੇ ਗਲੀ ਕੂਚ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਉਸ ਦੀ ਸਮਝ ਨਾ ਆਵੇ ਸੂਝ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜਗਤ ਵਾਸਨਾ ਜੂਠ ਝੂਠ, ਕੂੜੀ ਕਿਰਿਆ ਨਾਲ ਵਡਿਆਈਆ । ਧਰਮ ਦਾ ਦਿਸੇ ਨਾ ਕੋਇ ਸਪੂਤ, ਸੂਤਰਧਾਰੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮਨਮਤ ਦੇਵੇ ਹੋਕਾ, ਕੂਕ ਕੂਕ ਸੁਣਾਈਆ । ਫਿਰੇ ਦਰੋਹੀ ਚੌਦਾਂ ਲੋਕਾ, ਚੌਦਾਂ ਤਬਕ ਵੇਖ ਵਖਾਈਆ । ਜਗਤ ਜਹਾਨ ਹੋਇਆ ਹੋਛਾ, ਸਤਿ ਸੰਤੋਖ ਨਾ ਕੋਇ ਧਰਾਈਆ । ਐਸ ਵੇਲੇ ਇਕ ਕਲਜੁਗ ਉਤੇ ਰੋਸਾ, ਜੋ ਕਲਕਾਤੀ ਘਰ ਘਰ ਡੇਰਾ ਲਾਈਆ । ਜਿਸ ਤਨ ਸ਼ਰੀਰਾਂ ਅੰਦਰ ਮਾਰ ਕੇ ਗੋਤਾ, ਮਾਣਕ ਮੋਤੀ ਬਾਹਰ ਦਿਤਾ ਕਢਾਈਆ । ਤਨ ਵਜੂਦ ਕਰ ਕੇ ਥੋਥਾ, ਮਾਟੀ ਭਾਂਡੇ ਖ਼ਾਲੀ ਦਿਤੇ ਚਮਕਾਈਆ । ਅੰਦਰ ਮਨੂਆ ਮਾਣਦਾ ਮੌਜਾ, ਆਪਣੀ ਲੈ ਅੰਗੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾ ਕੇ ਫੌਜਾ, ਫੌਜਦਾਰ ਹੋ ਕੇ ਵੇਖ ਵਖਾਈਆ । ਸਤਿ ਧਰਮ ਨੂੰ ਕੀਤਾ ਮੂਧਾ, ਸਦੀ ਚੌਧਵੀਂ ਚਲਣ ਦੇਵੇ ਨਾ ਕੋਇ ਚਤੁਰਾਈਆ । ਦੀਨਾਂ ਮਜ਼੍ਹਬਾਂ ਭਾਉ ਵਖਾਇਆ ਦੂਜਾ, ਏਕਾ ਰੰਗ ਨਾ ਕੋਇ ਸਮਾਈਆ । ਸਤਿ ਦੀ ਨੀਂਦ ਕੋਈ ਨਾ ਸੌਂਦਾ, ਗ਼ਫ਼ਲਤ ਕੂੜ ਨਾ ਕੋਇ ਮਿਟਾਈਆ । ਮਨ ਮਨਸਾ ਅੰਦਰ ਜਗਤ ਜਹਾਨ ਭੌਂਦਾ, ਭੱਜੇ ਵਾਹੋ ਦਾਹੀਆ । ਜਿਸ ਰੂਪ ਬਣਾਇਆ ਕਾਉਂ ਦਾ, ਕਾਗ ਵਾਂਗ ਕੁਰਲਾਈਆ । ਵਣਜਾਰਾ ਹੋਇਆ ਆਪਣੇ ਗਉਂ ਦਾ, ਮਤਲਬ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਮ ਕਹੇ ਧਰਨੀ ਸੁਣ ਸ਼ਬਦ ਸੰਦੇਸ਼ਾ ਅੱਜ, ਸਹਿਜ ਸਹਿਜ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਦਾ ਦੇਵੇ ਕੱਜ, ਜਿਸ ਸਿਰ ਆਪਣਾ ਹੱਥ ਟਿਕਾਈਆ । ਘਰ ਸਵਾਮੀ ਅੰਤਰਜਾਮੀ ਪਰਵਰਦਿਗਾਰ ਸਾਂਝਾ ਯਾਰ ਕਰਾਏ ਹਜ, ਹੁਜਰਾ ਹਕ ਹਕ ਵਖਾਈਆ । ਜਿਥੇ ਸ਼ਬਦ ਅਨਾਦੀ ਧੁਨ ਅਨਹਦ ਜਾਵੇ ਵੱਜ, ਅਨਰਾਗੀ ਆਪਣਾ ਰਾਗ ਦ੍ਰਿੜਾਈਆ । ਦੀਪਕ ਜੋਤ ਨਿਰਗੁਣ ਧਾਰ ਜਾਏ ਜਗ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਗੁਰਦੇਵਾ ਨਾਮ ਖ਼ੁਮਾਰੀ ਦੇਵੇ ਮਧ, ਮਧੁਰ ਧੁਨ ਇਕ ਸੁਣਾਈਆ । ਮਨ ਮਨੂਆ ਮਨਸਾ ਵਿਚੋਂ ਜਾਏ ਬੱਝ, ਨਵ ਚਾਰ ਦਸ ਨਾ ਉਠ ਉਠ ਧਾਹੀਆ । ਇਹ ਖੇਲ ਕਰੇ ਸੂਰਾ ਸਰਬਗ, ਜੀਵ ਅਲਪਗ ਪਾਰ ਕਰਾਈਆ । ਧਰਨੀ ਧਰਮ ਦੋਵੇਂ ਕਹਿਣ ਬਿਨਾ ਪੁਰਖ ਅਕਾਲ ਤੋਂ ਕੂੜੀ ਮੇਟੇ ਕੋਈ ਨਾ ਹੱਦ, ਹਦੂਦ ਸਚ ਨਾ ਕੋਇ ਵਖਾਈਆ । ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰੂ ਮੇਰੇ ਉਤੇ ਗਏ ਲਦ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਤ ਸੁਹੇਲੇ ਦਰ ਦਵਾਰ ਆਪਣੇ ਸੱਦ, ਸੰਦੇਸਾ ਇਕੋ ਨਾਮ ਜਣਾਈਆ ।



## ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜਲੰਧਰ ਸ਼ਹਿਰ ਨਗੀਨਾ ਸਿੰਘ ਦੇ ਗ੍ਰਿਹ

ਧਰਨੀ ਕਹੇ ਧਰਮ ਮੇਰੀ ਹਾਲਤ ਹੋਈ ਬੁਰੀ, ਬੁਰਿਆਰ ਚਾਰੋਂ ਕੁੰਟ ਨਜ਼ਰੀ ਆਈਆ । ਦੀਨ ਦੁਨੀ ਹੋਈ ਨਿਗੁਰੀ, ਸਤਿਗੁਰ ਸ਼ਬਦ ਨਾ ਕੋਇ ਮਨਾਈਆ । ਚਾਰੋਂ ਕੁੰਟ ਸ਼ਰਅ ਛੁਰੀ, ਇਨਸਾਨਾਂ ਰਹੀ ਘਾਈਆ । ਮੰਜ਼ਲ ਚੜ੍ਹੇ ਕੋਈ ਨਾ ਤੁਰੀ, ਤੁਰੀਆ ਪਦ ਹੱਥ ਕਿਸੇ ਨਾ ਆਈਆ । ਮੇਰੀ ਧਾਰ ਵੇਖ ਸਤਿ ਸਚ ਬਿਨਾ ਬੁੜੀ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਮੇਰੀ ਪਤ ਜਾਂਦੀ ਰੁੜ੍ਹੀ, ਅਗੇ ਹੋ ਨਾ ਕੋਇ ਅਟਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ । ਧਰਮ ਕਹੇ ਧਰਨੀ ਤੂੰ ਕਰ ਭਰਵਾਸਾ, ਧੀਰਜ ਧੀਰ ਧਰਾਈਆ । ਕਿਰਪਾ ਕਰੇ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਕਰੇ ਨਾਸਾ, ਨਾਸਤਕ ਰਹੇ ਨਾ ਮੂਲ ਲੋਕਾਈਆ । ਤੇਰਾ ਖ਼ਾਲੀ ਭਰੇ ਕਾਸਾ, ਨਾਮ ਭੰਡਾਰਾ ਇਕ ਵਰਤਾਈਆ । ਦੀਨਾਂ ਮਜ਼੍ਹਬਾਂ ਕੋਲੋਂ ਹੋਵੇ ਖਲਾਸਾ, ਇਕੋ ਬ੍ਰਹਮ ਦਏ ਸਮਝਾਈਆ । ਤੇਰੇ ਉਤੇ ਖ਼ੁਸ਼ੀਆਂ ਵਾਲੀ ਪਏ ਰਾਸਾ, ਸੁਰਤ ਸ਼ਬਦ ਗੋਪੀ ਕਾਹਨ ਨਚਾਈਆ । ਓਹ ਵੇਖ ਨਜ਼ਰ ਉਠਾਏ ਸ਼ੰਕਰ ਉਤੋਂ ਕੈਲਾਸ਼ਾ, ਆਪਣੀ ਲੈ ਅੰਗੜਾਈਆ । ਜੋ ਸਦੀ ਚੌਧਵੀਂ ਵੇਖੇ ਤਮਾਸ਼ਾ, ਦੀਨ ਦੁਨੀ ਫੋਲ ਫੁਲਾਈਆ । ਜਿਸ ਲੇਖੇ ਲਾਉਣੀਆਂ ਮਕਬਰਿਆਂ ਵਿਚੋਂ ਪੈਗ਼ੰਬਰਾਂ ਵਾਲੀਆਂ ਲਾਸ਼ਾਂ, ਮੁਹੰਮਦ ਇਸ਼ਾਰੇ ਨਾਲ ਦ੍ਰਿੜਾਈਆ । ਜ਼ਾਤ ਪਾਤੀ ਰਹਿਣ ਨਹੀਂ ਦੇਣੀਆਂ ਸ਼ਾਖ਼ਾਂ, ਆਤਮ ਪਰਮਾਤਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਧਰਮ ਮੈਨੂੰ ਉਠਦਾ ਦਰਦ, ਦੁਖੀ ਹੋ ਕੇ ਦਿਆਂ ਜਣਾਈਆ । ਮੇਰੀ ਓਸ ਸਾਹਿਬ ਦੇ ਅਗੇ ਅਰਜ਼, ਜੋ ਆਰਜ਼ੂ ਆਪਣਿਆਂ ਚਰਨਾਂ ਵਿਚ ਟਿਕਾਈਆ । ਸ਼ਰਅ ਛੁਰੀ ਕਲਜੁਗ ਮੇਟੇ ਕਰਦ, ਕਤਲਗਾਹ ਦਾ ਡੇਰਾ ਢਾਹੀਆ । ਦੀਨ ਦੁਨੀ ਦੀ ਪੁੱਠੀ ਸਿੱਧੀ ਕਰੇ ਨਰਦ, ਨਰ ਨਰਾਇਣ ਹੋਵੇ ਆਪ ਸਹਾਈਆ । ਆਪਣਾ ਖੇਲ ਦੱਸੇ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜੋਧਾ ਸੂਰਬੀਰ ਬਣ ਕੇ ਮਰਦਾਨਾ ਮਰਦ, ਨਿਰਗੁਣ ਨਿਰਵੈਰ ਲਏ ਅੰਗੜਾਈਆ । ਮੈਂ ਚਾਰ ਕੁੰਟ ਹੋਈ ਨਾਪੜਦ, ਓਢਣ ਮੇਰੇ ਸੀਸ ਦਏ ਟਿਕਾਈਆ । ਜਿਸ ਦਾ ਨਾਮ ਖੰਡਾ ਤਿੱਖੀ ਧਾਰ ਖੜਗ, ਖੰਡਾਂ ਬ੍ਰਹਿਮੰਡਾਂ ਕਰੇ ਸਫ਼ਾਈਆ । ਓਸੇ ਦੇ ਪਿਆਰ ਵਿਚ ਰਹੀ ਭਟਕ, ਦਿਵਸ ਰੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਮ ਕਹੇ ਧਰਨੀ ਓਹ ਸਾਹਿਬ ਸਤਿਗੁਰ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜੋ ਵੇਸ ਵਟਾਏ ਨਿਤ ਨਵਿਤਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਧਰਮ ਦੀ ਧਾਰ ਸਭ ਨਾਲ ਕਰੇ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੇਰੇ ਉਤੇ ਤੇਰੀ ਸੁਹੰਜਣੀ ਕਰੇ ਰੁਤਾ, ਰੁਤੜੀ ਆਪਣੇ ਰੰਗ ਰੰਗਾਈਆ । ਭਾਗ ਲਗਾ ਕੇ ਕਾਇਆ ਮਾਟੀ ਬੁਤਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਪਾਰਬ੍ਰਹਮ ਪਰਮੇਸ਼ਵਰ ਅਬਿਨਾਸ਼ੀ ਅਚੁਤਾ, ਚੇਤਨ ਹੋ ਕੇ ਵੇਖ ਵਖਾਈਆ । ਜੋ ਸਤਿਜੁਗ ਉਠਾਵੇ ਸੁੱਤਾ, ਆਲਸ ਨਿੰਦਰਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਤੁਕਾ, ਦੋ ਜਹਾਨਾਂ ਕਰੇ ਪੜ੍ਹਾਈਆ । ਭੇਵ ਖੁਲਾ ਕੇ ਮਾਨਸ ਮਨੁਖਾ, ਮਾਨਵ ਪਰਦਾ ਦਏ ਚੁਕਾਈਆ । ਜਿਸ ਦੀ ਯਾਦ ਵਿਚ ਵਕਤ ਬੀਤਿਆ ਚੋਖਾ, ਚੌਥਾ ਜੁਗ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਵੇਖ ਵਖਾਈਆ । ਧਰਨੀ ਕਹੇ ਧਰਮ ਮੈਂ ਓਸੇ ਦੀ ਦਾਸੀ, ਜੁਗ ਜੁਗ ਸੇਵ ਕਮਾਈਆ । ਨਿਰਗੁਣ ਦੀ ਧਾਰ ਰਖੀ ਆਸੀ, ਸਰਗੁਣ ਸੰਗ ਤਜਾਈਆ । ਜੋਤੀ ਜਾਤਾ ਹੋਵੇ ਜੋਤ ਪ੍ਰਕਾਸ਼ੀ, ਪਰਮ ਪੁਰਖ ਅਗੰਮ ਅਥਾਹੀਆ । ਜੋ ਮੇਰੇ ਉਤੇ ਕਰੇ ਖੇਲ ਤਮਾਸ਼ੀ, ਚਾਰੋਂ ਕੁੰਟ ਧਿਆਨ ਲਗਾਈਆ । ਕੂੜ ਕੁੜਿਆਰ ਤੋਂ ਕਰਾਏ ਬੰਦ ਖ਼ੁਲਾਸੀ, ਬੰਧਨ ਕਲੂ ਦਏ ਤੁੜਾਈਆ । ਤਿਸ ਚਰਨਾਂ ਬਲ ਬਲ ਜਾਸੀ, ਬਲਹਾਰ ਘੋਲੀ ਘੋਲ ਘੁਮਾਈਆ । ਸੋ ਮਾਲਕ ਖ਼ਾਲਕ ਸ਼ਾਹੋ ਸ਼ਾਬਾਸ਼ੀ, ਸ਼ਹਿਨਸ਼ਾਹ ਨੂਰ ਅਲਾਹੀਆ । ਜੋ ਮੇਰੇ ਉਤੇ ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਚ

ਚੰਦ ਚਮਕਾਈਆ । ਉਸੇ ਦਾ ਸੰਦੇਸ਼ਾ ਓਸੇ ਦਾ ਨਾਮ ਕਮਲਾਪਾਤੀ, ਬਿਨ ਅੱਖਰਾਂ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਮ ਕਹੇ ਧਰਨੀ ਓਹ ਸਾਹਿਬ ਹਕ ਹਕੀਕੀ, ਹਰਿ ਕਰਤਾ ਇਕ ਅਖਵਾਈਆ । ਜਿਸ ਦੇ ਕੋਲ ਅਗੰਮੀ ਤੌਫ਼ੀਕੀ, ਤਾਕਤਵਰ ਨੂਰ ਅਲਾਹੀਆ । ਓਹ ਕਲਜੁਗ ਅੰਦਰ ਸਤਿ ਧਰਮ ਦੀ ਬਦਲੇ ਰੀਤੀ, ਰੀਤੀਵਾਨ ਇਕ ਅਖਵਾਈਆ । ਜਿਸ ਝਗੜਾ ਮੇਟਣਾ ਮੰਦਰ ਮਸੀਤੀ, ਕਾਇਆ ਕਾਅਬੇ ਕਰੇ ਰੁਸ਼ਨਾਈਆ । ਉਹਦੀ ਖੇਲ ਤ੍ਰੈਗੁਣ ਅਤੀਤੀ, ਤ੍ਰੈਭਵਨ ਧਨੀ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਕਾਇਆ ਕਰੇ ਠਾਂਡੀ ਸੀਤੀ, ਅਗਨੀ ਤਤ ਬੁਝਾਈਆ । ਨਿਰਗੁਣ ਸਰਗੁਣ ਬਖ਼ਸ਼ ਕੇ ਚਰਨ ਪ੍ਰੀਤੀ, ਪ੍ਰੀਤਮ ਹੋ ਕੇ ਮੇਲਾ ਮੇਲੇ ਸਹਿਜ ਸੁਭਾਈਆ । ਜੀਵਾਂ ਜੰਤਾਂ ਬਦਲ ਦੇਵੇ ਨੀਤੀ, ਨੀਤੀਵਾਨ ਇਕ ਅਖਵਾਈਆ । ਇਕੋ ਰੰਗ ਰੰਗਾਏ ਹਸਤ ਕੀਟੀ, ਊਚਾਂ ਨੀਚਾਂ ਡੇਰਾ ਢਾਹੀਆ । ਇਕੋ ਨਾਮ ਸ਼ਬਦ ਕਲਮਾ ਦਏ ਹਦੀਸੀ, ਹਜ਼ਰਤਾਂ ਤੋਂ ਬਾਹਰ ਪੜ੍ਹਾਈਆ । ਇਕੋ ਰਹਿਮਤ ਸਚ ਬਖ਼ਸ਼ੀਸ਼ੀ, ਬਖ਼ਸ਼ਿਸ਼ ਧੁਰ ਦੀ ਝੋਲੀ ਪਾਈਆ । ਜਿਸ ਸਾਹਿਬ ਸੁਲਤਾਨ ਮਿਹਰਵਾਨ ਦੀ ਤੂੰ ਰਖ ਕੇ ਬੈਠੀ ਉਡੀਕੀ, ਨਿਤ ਨਿਤ ਧਿਆਨ ਲਗਾਈਆ । ਓਹ ਸਭ ਦਾ ਲਹਿਣਾ ਦੇਣਾ ਪੂਰਾ ਕਰੇ ਤਵਾਰੀਖੀ, ਜੋ ਅਵਤਾਰ ਪੈਗ਼ੰਬਰ ਗੁਰ ਭਵਿਖਤਾਂ ਵਿਚ ਗਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧਾਰ ਸਭ ਦੀ ਕਰੇ ਆਪ ਤਸਦੀਕੀ, ਦੂਸਰ ਸੰਗ ਨਾ ਕੋਇ ਰਖਾਈਆ ।



੫੩੪
੨੩

✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰਾਂ ਜ਼ਿਲਾ ਜਲੰਧਰ ✪

ਨਾਰਦ ਕਹੇ ਧਰਮ ਜੀ ਮੈਂ ਆ ਗਿਆ ਧੁਰ ਦਾ ਮੁਨੀ, ਮੁਨੀਸ਼ਰਾਂ ਤੋਂ ਪਰੇ ਰੂਪ ਬਦਲਾਈਆ । ਧਰਮ ਕਹੇ ਤੂੰ ਕੀ ਆਵਾਜ਼ ਸੁਣੀ, ਮੈਨੂੰ ਸਚ ਦੇ ਸਮਝਾਈਆ । ਨਾਰਦ ਕਿਹਾ ਮੈਂ ਜਾਣਿਆ ਧਰਨੀ ਦੇ ਸੀਸ ਉਤੇ ਦੇ ਆਵਾਂ ਚੁੰਨੀ, ਓਢਣ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪੰਡਤਾ ਵੇਖੀਂ ਕਿਤੇ ਤੇਰੀ ਬੋਦੀ ਨਾ ਜਾਏ ਮੁੰਨੀ, ਮੋਮਨਾਂ ਵੱਲ ਧਿਆਨ ਲਗਾਈਆ । ਓਹ ਲੇਖਾ ਤੱਕ ਲੈ ਇਕ ਨੌ ਧਾਰ ਦੀ ਉਨੀ, ਉਨੀਸਾ ਧਿਆਨ ਲਗਾਈਆ । ਖੇਲ ਕਰੇ ਪ੍ਰਭ ਵਡ ਗੁਣੀ, ਗਹਿਰ ਗੰਭੀਰ ਆਪਣਾ ਹੁਕਮ ਵਰਤਾਈਆ । ਜਿਸ ਦੀ ਦੋ ਜਹਾਨਾਂ ਤੋਂ ਬਾਹਰ ਧੁਨੀ, ਸਰਵਣ ਸਰੋਤਾ ਸਮਝ ਨਾ ਸਕੇ ਰਾਈਆ । ਓਸ ਨੂੰ ਪਾਪ ਨਾ ਕੋਈ ਪੁੰਨੀ, ਪੁਨਹ ਪੁਨਹ ਸਭ ਨੂੰ ਵੇਖ ਵਖਾਈਆ । ਓਸ ਦੀ ਖ਼ਬਰ ਅਨੋਖੀ ਸੁਣੀ, ਸਹਿਜ ਸਹਿਜ ਨਾਲ ਦ੍ਰਿੜਾਈਆ । ਉਹਦੀ ਪ੍ਰੇਮ ਧਾਰ ਸਦਾ ਅਨਮੁੱਲੀ, ਕੀਮਤ ਸਕੇ ਨਾ ਕੋਇ ਚੁਕਾਈਆ । ਨਾਰਦ ਹੌਲੀ ਹੌਲੀ ਬੋਲਣ ਲੱਗਾ ਬੁੱਲੀਂ, ਮੁਖੋਂ ਰਿਹਾ ਮੁਸਕਰਾਈਆ । ਧਰਨੀਏ ਆਪਣੇ ਤੋਲ ਪੂਰੇ ਤੁਲੀਂ, ਵਜਨ ਵੱਧ ਘੱਟ ਨਾ ਕੋਇ ਬਣਾਈਆ । ਧਰਮ ਤੂੰ ਵੀ ਬਣਨਾ ਸੁਲਹਕੁਲੀ, ਕੁਲ ਮਾਲਕ ਦਾ ਹੁਕਮ ਜਣਾਈਆ । ਓਹ ਤੱਕ ਓਸ ਪ੍ਰਭੂ ਦੀ ਫੁਲਵਾੜੀ ਫੁੱਲੀ, ਜੋ ਗੁਰਮੁਖ ਬੂਟੇ ਰਿਹਾ ਮਹਿਕਾਈਆ । ਭਾਗ ਲਗਾ ਕੇ ਭਗਤਾਂ ਦਵਾਰੇ ਧਰਮ ਧਾਰ ਦੀ ਕੁੱਲੀ, ਕਾਇਆ ਕਾਅਬੇ ਖੋਜ ਖੁਜਾਈਆ । ਸਚ ਪਿਆਰ ਦੀ ਦੇਵੇ ਧੂਲੀ, ਧੂੜੀ ਮਸਤਕ ਖ਼ਾਕ ਰਮਾਈਆ । ਜਿਸ

ਨੇ ਯਾਦ ਰਖੀ ਈਸਾ ਵਾਲੀ ਸੂਲੀ, ਸਲੀਵ ਅਜੀਬ ਆਪ ਦਵਾਈਆ । ਓਹ ਮਾਲਕ ਖ਼ਾਲਕ ਬਣ ਕੇ ਕੰਤ ਕੰਤੂਹਲੀ, ਨਿਰਗੁਣ ਆਪਣਾ ਖੇਲ ਖਿਲਾਈਆ । ਚਾਰ ਜੁਗ ਦੀ ਕਥਾ ਨਾ ਓਸ ਨੂੰ ਭੁਲੀ, ਅਭੁਲ ਬੇਪਰਵਾਹੀਆ । ਕਲਜੁਗ ਅੰਤਮ ਸਭ ਤੋਂ ਕਰੇ ਵਸੂਲੀ, ਲਹਿਣੇ ਦੇਣੇ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਮ ਜੀ ਮੇਰਾ ਮੰਨ ਲੈ ਆਖਾ, ਅੱਖਰਾਂ ਤੋਂ ਬਾਹਰ ਸੁਣਾਈਆ । ਹੁਕਮ ਸੁਣ ਅਲਖਣਾ ਅਲਾਖਾ, ਭੇਵ ਅਭੇਦ ਕੀ ਜਣਾਈਆ । ਧਰਨੀ ਦੀ ਸੁਣ ਲੈ ਭਾਖਾ, ਭਾਸ਼ਾ ਕਿਹੜੀ ਵਿਚ ਸਮਝਾਈਆ । ਚਾਰੋਂ ਕੁੰਟ ਦਿਸੇ ਕੋਇ ਨਾ ਰਾਖਾ, ਰਖਕ ਹੋਏ ਨਾ ਕੋਇ ਸਹਾਈਆ । ਮੈਂ ਦੀਨ ਦੁਨੀ ਦਾ ਖਿੱਚ ਕੇ ਵੇਖਿਆ ਖ਼ਾਕਾ, ਖ਼ਾਕ ਮਿੱਟੀ ਨਾਲ ਮਿਲਾਈਆ । ਮਨੂਆ ਸਭ ਦਾ ਹੋਇਆ ਆਕਾ, ਮਿਲਣ ਕੋਇ ਨਾ ਪਾਈਆ । ਨਿਰੰਤਰ ਖੁਲ੍ਹਿਆ ਕਿਸੇ ਨਾ ਤਾਕਾ, ਮੰਤਰ ਸਚ ਨਾ ਕੋਇ ਜਣਾਈਆ । ਚਾਰੋਂ ਕੁੰਟ ਕੂੜ ਦਾ ਹਾਟਾ, ਵਣਜਾਰਾ ਕਲਜੁਗ ਸੋਭਾ ਪਾਈਆ । ਸਭ ਦਾ ਚੀਥੜ ਹੋਇਆ ਪਾਟਾ, ਸਤਿ ਸਚ ਬਸਤਰ ਤਨ ਨਾ ਕੋਇ ਪਹਿਨਾਈਆ । ਬਹੁੜੀ ਦੀਨ ਦੁਨੀ ਆਇਆ ਘਾਟਾ, ਘਾਟੇ ਵਿਚ ਖ਼ਲਕ ਖ਼ੁਦਾਈਆ । ਅੰਮ੍ਰਿਤ ਰਸ ਹੱਥ ਨਾ ਆਏ ਗੋਬਿੰਦ ਧੁਰ ਦੇ ਬਾਟਾ, ਬਿਨ ਰਸਨਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਮ ਕਹੇ ਸੁਣ ਨਾਰਦ ਪੰਡਤ, ਪਾਂਧੇ ਧਿਆਨ ਲਗਾਈਆ । ਤੂੰ ਜੁਗਾ ਜੁਗਾਦੀ ਮੰਗਤ, ਦਰ ਦਰ ਅਲਖ ਜਗਾਈਆ । ਨਾਰਦ ਕਹੇ ਮੈਂ ਇਕ ਗੱਲ ਦੱਸਾਂ ਧਰਮ ਜੀ ਜਿਸ ਬਿਧ ਨਾਨਕ ਨੇ ਅੰਗ ਲਗਾਇਆ ਅੰਗਦ, ਅੰਗੀਕਾਰ ਅਖਵਾਈਆ । ਆਤਮ ਪਰਮਾਤਮ ਸਮਝਾਈ ਸੰਗਤ, ਸਗਲਾ ਸੰਗ ਬਣਾਈਆ । ਭਰਮਾਂ ਢਾਈ ਕੰਧਨ, ਅੰਧ ਅੰਧੇਰ ਚੁਕਾਈਆ । ਝਗੜਾ ਮੇਟ ਕੇ ਜੇਰਜ ਅੰਡਜ, ਉਤਭੁਜ ਸੇਤਜ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਨਾਰਦ ਕਹੇ ਧਰਮ ਸੁਣ ਮੇਰਾ ਸੰਦੇਸਿਆ, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਤੱਕ ਜੋ ਰਹੇ ਸਦ ਹਮੇਸ਼ਿਆ, ਹਮ ਸਾਜਣ ਇਕ ਅਖਵਾਈਆ । ਜੋ ਦੋ ਜਹਾਨਾਂ ਨਰ ਨਰੇਸ਼ਿਆ, ਨਰ ਨਰਾਇਣ ਨੂਰ ਅਲਾਹੀਆ । ਜੁਗ ਉਲਟਾਉਣਾ ਜਿਸ ਦਾ ਪੇਸ਼ਿਆ, ਪੇਸ਼ੀਨਗੋਈਆਂ ਆਪਣਾ ਹੁਕਮ ਵਰਤਾਈਆ । ਉਹ ਲੇਖਾ ਜਾਣੇ ਦੇਸ਼ ਪ੍ਰਦੇਸ਼ਿਆ, ਦੋ ਜਹਾਨਾਂ ਖੋਜ ਖੁਜਾਈਆ । ਉਸ ਦਾ ਨੂਰ ਜ਼ਹੂਰ ਇਕੋ ਵੇਖਿਆ, ਵੇਖ ਵੇਖ ਨੈਣ ਬਿਗਸਾਈਆ । ਜਿਸ ਦਾ ਸਤਿਗੁਰ ਸ਼ਬਦ ਦੁਲਾਰਾ ਬੇਟਿਆ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹ ਸਚ ਸਿੰਘਾਸਣ ਇਕੋ ਲੇਟਿਆ, ਸੁਖ ਆਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਆਪਣੀ ਕਾਰ ਕਮਾਈਆ । ਨਾਰਦ ਕਹੇ ਧਰਮ ਜੀ ਮੇਰੀ ਖੋਲ ਕੇ ਵੇਖ ਕਿਤਾਬ, ਕੀ ਕਾਇਆ ਰਹੀ ਜਣਾਈਆ । ਭੇਦ ਖੋਲੇ ਮਿਤਰ ਪਿਆਰੇ ਅਹਿਬਾਬ, ਸਾਜਣ ਸੱਜਣ ਦਏ ਸਮਝਾਈਆ । ਜਿਸ ਬਿਧ ਨਿਰਗੁਣ ਧਾਰ ਵੱਜੇ ਰਬਾਬ, ਬਿਨਾ ਤੰਦ ਸਿਤਾਰ ਹਿਲਾਈਆ । ਉਹ ਲੇਖਾ ਯਾਦ ਕਰ ਲੈ ਜੋ ਇਸ਼ਾਰਾ ਦੇ ਕੇ ਆਇਆ ਨਾਨਕ ਸਤਿਗੁਰ ਵਿਚ ਬਗ਼ਦਾਦ, ਬਗ਼ਲੀ ਕੰਧੇ ਨਾਲ ਲਟਕਾਈਆ । ਮੁੱਲਾ ਸ਼ੇਖ਼ ਮੁਸਾਇਕ ਤੱਕੋ ਉਠ ਅਗੰਮੀ ਖ਼ਵਾਬ, ਜਿਸ ਦੀ ਖ਼ਾਹਿਸ਼ ਮੁਹੰਮਦ ਗਿਆ ਰਖਾਈਆ । ਜਿਸ ਦੀ ਸੂਰਤ ਵੇਖ ਝਲ ਸਕੇ ਨਾ ਕੋਇ ਤਾਬ, ਮਹਿਤਾਬ ਚਮਕੇ


੫੩੫
੨੩

ਨਾ ਕੋਇ ਰੁਸ਼ਨਾਈਆ । ਜਿਸ ਦੇ ਕੋਲੋਂ ਕਲਮਿਆਂ ਵਿਚ ਮੰਗੋ ਹਯਾਤੇ ਆਬ, ਕਾਇਆ ਕਾਸੇ ਅਗੇ ਡਾਹੀਆ । ਸ਼ਰਅ ਦੀ ਸ਼ਰੀਅਤ ਵਿਚ ਵੇਖੋ ਇਮਦਾਦ, ਜੋ ਹੁਕਮ ਵਿਚ ਕਰਾਈਆ । ਉਸ ਦਾ ਲੇਖਾ ਗਿਣਤੀ ਵਿਚ ਸਮਝਾ ਸਕੇ ਨਾ ਕੋਈ ਤਾਅਦਾਦ, ਅੰਤ ਕਹਿਣ ਕੋਇ ਨਾ ਪਾਈਆ । ਜਿਸ ਕਾਰਨ ਗੋਬਿੰਦ ਉਡਾਇਆ ਬਾਜ, ਬਾਜੀ ਜਗਤ ਵਾਲੀ ਉਲਟਾਈਆ । ਚਾਰ ਵਰਨ ਦਾ ਸਾਜਣ ਸਾਜ, ਸਾਜਣ ਹੋ ਕੇ ਵੇਖ ਵਖਾਈਆ । ਓਹ ਖੇਲ ਕਰੇ ਨਾਰਦ ਕਹੇ ਧਰਮ ਜੀ ਵਿਚ ਦੇਸ ਮਾਝ, ਮਜਲਸ ਸ਼ਬਦ ਗੁਰੂ ਬਣਾਈਆ । ਜਿਸ ਨੇ ਦੋ ਜਹਾਨਾਂ ਬਦਲ ਦੇਣਾ ਸਮਾਜ, ਸਮਗਰੀ ਇਕੋ ਨਾਮ ਵਰਤਾਈਆ । ਗਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਰਖੇ ਲਾਜ, ਸਿਰ ਸਿਰ ਹੱਥ ਟਿਕਾਈਆ । ਕਾਇਆ ਮੰਦਰ ਗ੍ਰਿਹਿ ਵਜਾਏ ਨਾਦ, ਧੁਨ ਆਤਮਕ ਰਾਗ ਸੁਣਾਈਆ । ਭਗਤ ਸੁਹੇਲੇ ਧਰਨੀ ਧਰਤ ਧਵਲ ਉਤੋਂ ਆਪਣੇ ਲਏ ਲਾਧ, ਵੇਖਣਹਾਰਾ ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਮ ਕਹੇ ਨਾਰਦ ਖੇਲ ਤੱਕ ਨਿਰੰਕਾਰੀ, ਨਿਰਵੈਰ ਕੀ ਵਖਾਈਆ । ਕਿਸ ਬਿਧ ਸ੍ਰਿਸ਼ਟੀ ਦ੍ਰਿਸ਼ਟੀ ਜਾਂਦੀ ਹਾਰੀ, ਹਾਰ ਜਿੱਤ ਸਮਝ ਕੋਇ ਨਾ ਪਾਈਆ । ਧਰਨੀ ਧਰਤ ਧਵਲ ਧੌਲ ਹੋਈ ਦੁਖਿਆਰੀ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਉਹ ਵੇਖ ਅਸ਼ਟਭੁਜ ਬਾਹਾਂ ਰਹੀ ਉਲਾਰੀ, ਆਪਣਾ ਬਲ ਧਰਾਈਆ । ਇਸ਼ਾਰੇ ਦੇਵਣ ਤੇਈ ਅਵਤਾਰੀ, ਅਵਤਰ ਆਪਣੀ ਅੱਖ ਉਠਾਈਆ । ਪੈਗ਼ੰਬਰ ਰਹੇ ਪੁਕਾਰੀ, ਹਜ਼ਰਤ ਈਸਾ ਮੂਸਾ ਮੁਹੰਮਦ ਕੂਕ ਸੁਣਾਈਆ । ਨਾਨਕ ਗੋਬਿੰਦ ਧਾਰ ਸ਼ਬਦ ਲਲਕਾਰੀ, ਦੋ ਜਹਾਨਾਂ ਰਹੀ ਜਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਕੰਤ ਭਤਾਰੀ, ਹਰਿ ਕਰਤਾ ਅਗੰਮ ਅਥਾਹੀਆ ।



ਜਿਸ ਨੂੰ ਝੁਕਦੇ ਸੰਸਾਰੀ ਭੰਡਾਰੀ, ਸੰਘਾਰੀ ਸੀਸ ਨਿਵਾਈਆ । ਚਰਨ ਚੁੰਮਦੇ ਦੇਵਤ ਸੁਰ ਗਣ ਗਧੰਰਬ ਕਰਨ ਨਿਮਸਕਾਰੀ, ਧੂੜੀ ਖ਼ਾਕ ਰਮਾਈਆ । ਉਹ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਬੀਰ ਬਲਕਾਰੀ, ਬਲਧਾਰੀ ਇਕ ਅਖਵਾਈਆ । ਜਿਸ ਦੀ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਈ ਵਾਰੀ, ਵਾਰਤਾ ਸਭ ਦੀ ਦਏ ਬਦਲਾਈਆ । ਇਕੋ ਨਾਮ ਦੀ ਕਰਾਏ ਜੈਕਾਰੀ, ਜੈ ਜੈਕਾਰ ਕਰੇ ਲੋਕਾਈਆ । ਧਰਨੀ ਉਸ ਦੀ ਖ਼ਿਦਮਤਗਾਰੀ, ਖ਼ਾਦਮ ਹੋ ਕੇ ਸੇਵ ਕਮਾਈਆ । ਚਰਨ ਕਵਲ ਰਹੇ ਪਨਹਾਰੀ, ਪਾਣੀ ਢੋਵੇ ਚਾਈਂ ਚਾਈਂਆ । ਕਲਜੁਗ ਅੰਤ ਉਸ ਮਹਿਬੂਬ ਦੀ ਆਈ ਵਾਰੀ, ਜੋ ਵਾਹਿਦ ਇਕੋ ਨੂਰ ਅਲਾਹੀਆ । ਜਿਸ ਦੀ ਸਭ ਨੇ ਮੰਨਣੀ ਤਾਬਿਆਦਾਰੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਨਾਰਦ ਕਹੇ ਧਰਮ ਜੀ ਮੈਂ ਸਭ ਦਾ ਪੁਰਾਣਾ ਮਿਤਰ, ਮਿਤਰਾਂ ਦਿਆਂ ਜਣਾਈਆ । ਮੇਰੇ ਮਹਿਬੂਬ ਦਾ ਵੇਖ ਸਕੇ ਕੋਇ ਨਾ ਚਿੱਤਰ, ਚਰਿਤਰ ਸਮਝ ਸਕੇ ਨਾ ਰਾਈਆ । ਉਹ ਆਪਣੀ ਧਾਰੋਂ ਆਇਆ ਨਿੱਕਲ, ਜਨਮ ਵਾਲੀ ਦਿਸੇ ਕੋਇ ਨਾ ਮਾਈਆ । ਉਸ ਦਾ ਖੇਲ ਨਿਤ ਨਵਿਤਨ, ਜੁਗ ਜੁਗ ਹੁਕਮ ਵਰਤਾਈਆ । ਜਨ ਭਗਤਾਂ ਬਣ ਕੇ ਪਿਤਨ, ਪਤਿਪਰਮੇਸ਼ਵਰ ਹੋਏ ਸਹਾਈਆ । ਜਿਸ ਝਗੜਾ ਮੇਟਣਾ ਪੱਥਰ ਇੱਟਨ, ਪਾਹਨ ਸੀਸ ਨਾ ਕੋਇ ਨਿਵਾਈਆ । ਸਭ ਦਾ ਲੇਖ ਅਲੇਖ ਆਇਆ ਲਿਖਣ, ਪੂਰਬ ਲੇਖਾ ਰਿਹਾ ਚੁਕਾਈਆ । ਕਲਜੁਗ ਕੂੜੀ ਕਿਰਿਆ ਆਇਆ ਜਿੱਤਣ, ਬਲਧਾਰੀ ਬਲ ਪ੍ਰਗਟਾਈਆ । ਸਭ ਦਾ ਲਹਿਣਾ ਦੇਣਾ ਆਇਆ ਨਜਿੱਠਣ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।

੫੩੬
੨੩

ਧਰਮ ਕਹੇ ਮੇਰਾ ਇਕੋ ਇਕ ਇਸ਼ਾਰਾ, ਐਸ਼ੋ ਇਸ਼ਰਤ ਵਾਲਿਆਂ ਦਿਆਂ ਜਣਾਈਆ । ਵੇਖੇ ਖੇਲ ਸੱਚੀ ਸਰਕਾਰਾ, ਕੀ ਕਰਤਾ ਹੁਕਮ ਵਰਤਾਈਆ । ਜਿਸ ਦਾ ਲੇਖਾ ਨਾਲ ਮੁਹੰਮਦ ਚਾਰ ਯਾਰਾ, ਯਰਾਨਾ ਯਾਰਾਂ ਨਾਲ ਹੰਢਾਈਆ । ਉਹ ਅਮਾਮ ਅਮਾਮਾ ਹੋਇਆ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜਾਤਾ ਪਰਵਰਦਿਗਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਲੇਖ ਲਿਖਾਈਆ । ਜਿਸ ਦੀ ਮਹਿੰਮਾ ਕਾਗਦ ਕਲਮ ਨਾ ਲਿਖਣਹਾਰਾ, ਸਿਆਹੀ ਚਲੇ ਨਾ ਕੋਇ ਚਤੁਰਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੂਪ ਅਨੂਪ ਖੇਲ ਕਰੇ ਆਪ ਕਰਤਾਰਾ, ਕੁਦਰਤ ਦਾ ਕਾਦਰ ਕਰਤਾ ਪੁਰਖ ਵਡ ਵਡਿਆਈਆ । ਜਨ ਭਗਤਾਂ ਸੁਹਾਵੇ ਲੋਕਮਾਤ ਦਵਾਰਾ, ਦਵਾਰਕਾ ਵਾਸੀ ਜਿਥੇ ਸੀਸ ਨਿਵਾਈਆ । ਸਤਿ ਸਚ ਸੁਹੰਜਣਾ ਫਲਗੁਣਾ ਸਤਿ ਦਾ ਦਿਹਾੜਾ, ਦਿਉਹਾੜੀ ਜਿਸ ਦੇ ਢੋਲੇ ਗਾਈਆ । ਧਰਮ ਕਹੇ ਮੈਂ ਉਸੇ ਦਾ ਬੋਲਾਂ ਜੈਕਾਰਾ, ਜੋ ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਉਹ ਮੀਤ ਪਿਆਰਾ ਸੱਜਣ ਹਮਾਰਾ, ਹਮ ਸਾਜਣ ਇਕ ਅਖਵਾਈਆ । ਜਿਸ ਨੂੰ ਕਹਿਣਾ ਚਵ੍ਹੀਆਂ ਅਵਤਾਰਾ, ਚੌਬੀਸਾ ਹਰਿ ਜਗਦੀਸ਼ਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਬ ਲਾਹੇ ਉਧਾਰਾ, ਕਰਜ਼ਾ ਮਕਰੂਜ਼ ਰਹਿਣ ਕੋਇ ਨਾ ਪਾਈਆ ।



ਆ ਗਿਆ ਲਲਾਰੀ ਲੈ ਕੇ ਰੰਗ ਅਵੱਲਾ, ਅਵੱਲੜਾ ਰੰਗ ਰੰਗਾਈਆ । ਜਨ ਭਗਤੋ ਪ੍ਰੇਮ ਦੀ ਝੋਲੀ ਅਗੇ ਡਾਹੋ ਪੱਲਾ, ਪਲਕਾਂ ਦੇ ਪਿਛੇ ਰੰਗੇ ਬਹਿ ਕੇ ਚਾਈਂ ਚਾਈਆ । ਪਾਣੀ ਅੰਮ੍ਰਿਤ ਪਾਏ ਜਿਹੜਾ ਹੱਥ ਨਾ ਆਵੇ ਜਲਾ ਥਲਾ, ਸਮੁੰਦ ਸਾਗਰ ਜਿਸ ਦਾ ਰਾਹ ਤਕਾਈਆ । ਜਿਸ ਰੰਗ ਵਿਚ ਮੁਹੰਮਦ ਨੇ ਕਿਹਾ ਮੇਰਾ ਨੂਰ ਅਲਾਹੀ ਅੱਲਾ, ਆਲਮੀਨ ਇਕ ਅਖਵਾਈਆ । ਗੋਬਿੰਦ ਨੇ ਕਿਹਾ ਮੇਰਾ ਪੁਰਖ ਅਕਾਲ ਇਕੱਲਾ, ਅਕਲ ਕਲਧਾਰੀ ਵਡ ਵਡਿਆਈਆ । ਫੇਰ ਸੰਦੇਸ਼ਾ ਦਿਤਾ ਡੱਲਾ, ਸਹਿਜ ਨਾਲ ਸੁਣਾਈਆ । ਉਸ ਰੰਗੀਲੇ ਦਾ ਸਭ ਤੋਂ ਵੱਖਰਾ ਹੋਣਾ ਮਹੱਲਾ, ਜਿਥੇ ਠੱਗ ਚੋਰ ਯਾਰ ਬਹਿਣ ਕੋਇ ਨਾ ਪਾਈਆ । ਚਰਨ ਦਵਾਰਾ ਜਨ ਭਗਤਾਂ ਹੋਣਾਂ ਮੱਲਾ, ਚਾਰੋਂ ਕੁੰਟ ਨਜ਼ਰੀ ਆਈਆ । ਉਹਦਾ ਰੰਗ ਅਨੂਪ ਸਤਿ ਸਰੂਪ ਆਤਮਾ ਵਿਚ ਹੋਣਾ ਰਲਾ, ਪਰਮਾਤਮ ਰੰਗ ਰਲੀਆਂ ਆਪ ਮਨਾਈਆ । ਪਰ ਉਹ ਲਲਾਰੀ ਬੜਾ ਕਰੇ ਵਲ ਛਲਾ, ਛਲੀਆ ਆਪਣਾ ਛਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੰਗਣਹਾਰਾ ਆਪਣਾ ਰੰਗ ਬਣਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਆਪਣਾ ਆਪ ਰੰਗੋ, ਬਿਨ ਜਗਤ ਲਲਾਰੀਆਂ ਰੰਗ ਰੰਗਾਈਆ । ਪ੍ਰੇਮ ਭੱਠੀ ਦੇ ਵਿਚ ਲੰਘੋ, ਜਿਥੇ ਅਗਨ ਨਾ ਲਾਗੇ ਰਾਈਆ । ਨੂਰੀ ਚੰਦ ਹੋ ਕੇ ਚਮਕੋ, ਦੋ ਜਹਾਨ ਹੋਵੇ ਰੁਸ਼ਨਾਈਆ । ਖੱਲ ਲੁਹਾਉਣੀ ਪਏ ਨਾ ਵਾਂਗ ਸ਼ਮਸੋ, ਸ਼ਮਸ ਤਬਰੇਜ਼ ਤੁਹਾਡਾ ਧਿਆਨ ਲਗਾਈਆ । ਤੁਹਾਡਾ ਲਲਾਰੀ ਆ ਗਿਆ ਉਤੋਂ ਅਰਸ਼ੋਂ, ਅਰਸ਼ੀ ਪ੍ਰੀਤਮ ਬੇਪਰਵਾਹੀਆ । ਜਿਸ ਦੀ ਯਾਦ ਚਾਰ ਜੁਗ ਦੇ ਕਰਦੇ ਰਹੇ ਬਰਸੋ, ਮਹੀਨੇ ਦਿਵਸ ਧਿਆਨ ਲਗਾਈਆ । ਹੁਣ ਉਸ ਦੇ ਰੰਗ ਨੂੰ ਮੂਲ ਨਾ ਤਰਸੋ, ਤਰਸੇਵੇਂ ਸਭ ਦੇ ਦਏ ਚੁਕਾਈਆ । ਸਚਖੰਡ ਆਪਣੇ ਘਰ ਨੂੰ ਪਰਤੋ, ਪ੍ਰੀਤਮ ਆਪਣਾ ਘਰ ਵਸਾਈਆ । ਨਾਲੇ ਖੇਲ ਤੱਕੋ ਉਤੇ ਧਰਤੋ, ਧਵਲੀ ਸੰਗ ਰਖਾਈਆ । ਜੋਧੇ ਸੂਰਬੀਰ ਮਰਦਾਨੇ ਬਣੋ

ਮਰਦੋ, ਬਲਹੀਣ ਰਹਿਣ ਕੋਇ ਨਾ ਪਾਈਆ । ਮੁਖ ਭਵਾਓ ਨਾ ਆਪਣੀ ਸ਼ਰਤੋ, ਸ਼ਰਅ ਦੀ ਗੰਢ ਤੁੜਾਈਆ । ਤੁਸੀਂ ਇਸ ਸਾਹਿਬ ਨੂੰ ਭੁਲ ਕੇ ਸਚਖੰਡ ਦਰਗਾਹ ਸਚ ਨਾ ਕੋਇ ਟਿਕਾਈਆ । ਉਲਟੇ ਬ੍ਰਿਛ ਬਣਿਉਂ ਨਾ ਦਰਖ਼ਤੋ, ਮਾਤਾ ਗਰਭ ਨਾ ਅਗਨ ਤਪਾਈਆ । ਨੇਤਰ ਸਨਮੁਖ ਕਰੋ ਦਰਸੋ, ਦੀਦ ਆਪਣਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆ ਗਿਆ ਲਲਾਰੀ ਲੈ ਕੇ ਰੰਗ ਅਨੋਖਾ, ਜਗਤ ਪੰਸਾਰੀਆਂ ਹੱਥ ਕਿਸੇ ਨਾ ਆਈਆ । ਦੀਨ ਦੁਨੀਆ ਨਾਲ ਕਰ ਕੇ ਧੋਖਾ, ਜਨ ਭਗਤੋ ਤੁਹਾਨੂੰ ਰਿਹਾ ਚੜ੍ਹਾਈਆ । ਤੁਹਾਡਾ ਅੰਦਰੋਂ ਸਾਫ਼ ਕਰ ਕੇ ਕੋਠਾ, ਕਾਇਆ ਕੁਟੀਆ ਪੋਚ ਪੁਚਾਈਆ । ਇਹ ਆਸ ਰਖੀ ਸੀ ਮੁਹੰਮਦ ਨੇ ਜਿਸ ਵੇਲੇ ਹੱਥ ਫੜਿਆ ਸੀ ਵੁਜ਼ੂ ਵਾਲਾ ਲੋਟਾ, ਲੁਟੀਆ ਪੰਡਤਾਂ ਵਾਲੀ ਰੁੜ੍ਹਾਈਆ । ਨਾਲੇ ਲਬਾਂ ਉਤੇ ਰੱਖਿਆ ਪੰਜਾਂ ਉਂਗਲਾਂ ਦਾ ਪੋਟਾ, ਮੁਖ ਨਾਲ ਮੁਖ ਛੁਹਾਈਆ । ਫੇਰ ਪ੍ਰਕਾਸ਼ ਤੱਕ ਕੇ ਨਿਰਮਲ ਜੋਤਾ, ਪਿਠ ਭਾਰ ਡਿੱਗਾ ਚਾਈਂ ਚਾਈਆ । ਫੇਰ ਇਸ਼ਾਰਾ ਦਿਤਾ ਚੌਦਾਂ ਤਬਕਾਂ ਤੇ ਚੌਦਾਂ ਲੋਕਾ, ਚੌਦਾਂ ਵਿਦਿਆ ਤੋਂ ਬਾਹਰ ਸ਼ਨਵਾਈਆ । ਨਾਲੇ ਮੁਸਲਸਲ ਦਿਤਾ ਹੋਕਾ, ਹੁਕਮ ਹਕ ਹਕ ਜਣਾਈਆ । ਉਹ ਵੇਖੋ ਮੇਰਾ ਖ਼ਾਲਕ ਜਿਸ ਨੇ ਨਿਮਾਜ਼ ਪੜ੍ਹਨੀ ਨਹੀਂ ਤੇ ਨਾ ਰਖਣਾ ਰੋਜਾ, ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਓਹ ਸੂਫ਼ੀਓ ਤੁਹਾਡਾ ਕਾਇਆ ਦਾ ਰੰਗ ਕੇ ਜਾਏ ਚੋਗਾ, ਚੁਗ਼ਲੀ ਨਿੰਦਿਆ ਵਾਲਾ ਨੇੜ ਨਾ ਕੋਇ ਨਾ ਆਈਆ । ਪਰ ਉਸ ਦਾ ਟਿਕਾਣਾ ਸੰਬਲ ਤੇ ਸੰਭਲ ਕੇ ਦੇਵੇ ਮੌਕਾ, ਮੌਕੇ ਦਾ ਮਾਲਕ ਆਪਣੀ ਖੇਲ ਖਿਲਾਈਆ । ਨਾਲੇ ਸੀਨੇ ਤੇ ਹੱਥ ਰਖ ਕੇ ਭਰਿਆ ਹੌਕਾ, ਹਾਏ ਉਫ਼ ਕਰ ਸੁਣਾਈਆ । ਮੇਰੇ ਅਲਾਹੀ ਮੇਰੀ ਤੇਰੇ ਅਗੇ ਤੋਬਾ, ਤੋਬਾ ਤੋਬਾ ਕਰ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਰੰਗਣ ਆਪ ਚੜ੍ਹਾਈਆ । ਜਨ ਭਗਤ ਕਹਿਣ ਪ੍ਰਭੂ ਸਾਡੇ ਕਾਇਆ ਕੱਪੜੇ ਰੰਗਦੇ, ਤੂੰ ਰੰਗਣਹਾਰ ਦਾਤਾਰ । ਅਸੀਂ ਇਕੱਠੇ ਇਕੋ ਮੰਗ ਮੰਗਦੇ, ਤੇਰੇ ਅਤੁਟ ਭਰੇ ਭੰਡਾਰ । ਸਾਡੇ ਅੰਦਰ ਆਪਣੇ ਪ੍ਰੇਮ ਦੀ ਠੰਡ ਦੇ, ਅਗਨੀ ਤਤ ਤਤ ਨਿਵਾਰ । ਰੰਗਣ ਵਾਲਿਆ ਜੇ ਤੇਰੇ ਨਾਲੋਂ ਤੁੱਟੇ ਫੇਰ ਗੰਢ ਦੇ, ਤੂੰ ਗੰਢਣਹਾਰ ਗੋਪਾਲ । ਆਪਣੇ ਪ੍ਰੇਮੀਆਂ ਨੂੰ ਆਪਣਾ ਪ੍ਰੇਮ ਵੰਡ ਦੇ, ਸ਼ਾਹ ਬਣਾ ਦੇ ਕੰਗਾਲ । ਬਲਿਹਾਰੇ ਤੇਰੇ ਨੂਰੀ ਚੰਦ ਦੇ, ਤੇਰਾ ਚਾਨਣਾ ਬੇਮਿਸਾਲ । ਤੇਰੀ ਉਡੀਕ ਵਿਚ ਕੋਟਾਂ ਜੁਗ ਲੰਘ ਗਏ, ਸਚ ਮਿਲਿਆ ਨਾ ਤੇਰਾ ਜਮਾਲ । ਮਿਹਰਵਾਨਾ ਸ੍ਰੀ ਭਗਵਾਨਾ ਸਾਨੂੰ ਆਪਣਾ ਸੱਚਾ ਅਨੰਦ ਦੇ, ਸਾਚਾ ਸੁਖ ਦੇ ਵਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਦਿਆਲ । ਸਤਿਗੁਰ ਕਹੇ ਮੇਰਾ ਰੰਗ ਰੰਗ ਅਨਮੁੱਲਾ, ਕੀਮਤ ਸਕੇ ਨਾ ਕੋਇ ਚੁਕਾਈਆ । ਜੋ ਜਗਤ ਵਿਚ ਭਗਤ ਹੋਵੇ ਭੁਲਾ, ਉਸ ਨੂੰ ਸਹਿਜੇ ਦਿਆਂ ਚੜ੍ਹਾਈਆ । ਜੋ ਮਾਇਆ ਵਿਚ ਹੋਵੇ ਰੁੱਲਾ, ਉਸ ਦੀ ਰੰਗਤ ਦਿਆਂ ਬਦਲਾਈਆ । ਮੇਰਾ ਦਰਵਾਜ਼ਾ ਸਦਾ ਖੁੱਲ੍ਹਾ, ਖ਼ਾਲਕ ਦਾ ਮਾਲਕ ਹੋ ਕੇ ਕੁੰਡਾ ਦਿਤਾ ਲਾਹੀਆ । ਜੋ ਦਰ ਦਵਾਰੇ ਆਵੇ ਭੁਲਾ, ਭੁੱਲਿਆਂ ਰੁਲਿਆਂ ਲਵਾਂ ਤਰਾਈਆ । ਯਾਦ ਰਖੋ ਸਤਿਗੁਰ ਦਾ ਰੰਗ ਬਿਨਾ ਗੁਰਮੁਖਾਂ ਕਿਸੇ ਉਤੇ ਕਦੇ ਨਹੀਂ ਡੁੱਲ੍ਹਾ, ਉਂਗਲੀ ਲਾ ਕੇ ਨਮੂਨਾ ਵੇਖਣ ਕੋਇ ਨਾ ਪਾਈਆ । ਥੋੜ੍ਹਾ ਜਿਹਾ ਰੰਗ ਬੁੱਲਾਂ ਤੇ ਚੜ੍ਹਿਆ ਸੀ ਬੁੱਲ੍ਹਾ, ਜੋ ਥੇਈਆ ਥੇਈਆ ਕਰ ਕੇ ਗਿਆ ਗਾਈਆ । ਕਬੀਰ ਏਸੇ ਰੰਗ ਨਾਲ ਸੀ ਫਲਿਆ ਫੁੱਲਾ, ਰਵੀਦਾਸ ਦੀ ਖਲੜੀ ਦੀ ਏਸੇ ਰੰਗ ਨੇ ਕੀਮਤ ਪਾਈਆ । ਜਨ

੫੩੮
੨੩

੫੩੯
੨੩

ਭਗਤੋ ਤੁਹਾਡੇ ਪਿਆਰ ਦੀ ਧਾਰ ਦਾ ਤੁਹਾਡੇ ਅੰਦਰ ਸਦਾ ਤਪਦਾ ਰਹੇ ਚੁੱਲ੍ਹਾ, ਜਗਤ ਅਗਨੀ ਅੱਗ ਨਾ ਕੋਇ ਲਗਾਈਆ । ਤੁਹਾਡਾ ਬੂਟਾ ਤਨ ਜਾਵੇ ਨਾ ਹੁੱਲਾ, ਪੱਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਰੰਗਤ ਆਪਣੇ ਹੱਥ ਰਖਾਈਆ । ਰੰਗ ਕਹੇ ਜਨ ਭਗਤੋ ਰੰਗਣ ਵਾਲਾ ਕਮਾਲ, ਕਮਲਾ ਰਮਲਾ ਨਜ਼ਰੀ ਆਈਆ । ਤੁਸੀਂ ਹੁਸ਼ਿਆਰ ਹੋ ਕੇ ਏਸ ਦੇ ਰੰਗ ਨੂੰ ਲਓ ਸੰਭਾਲ, ਸੰਬਲ ਬਹਿ ਕੇ ਕਿਤੇ ਹੋਰ ਨਾ ਦਏ ਵਰਤਾਈਆ । ਸੰਬਲ ਕਹੇ ਮੈਂ ਸਭ ਦਾ ਦਲਾਲ, ਵਿਚੋਲਾ ਗੁਰ ਅਵਤਾਰ ਪੈਗ਼ੰਬਰ ਮੈਨੂੰ ਗਏ ਬਣਾਈਆ । ਮੈਂ ਸਦਾ ਵੇਖਾਂ ਹਕ ਤੇ ਹਲਾਲ, ਹਕੀਕਤ ਖੋਜ ਖੁਜਾਈਆ । ਮੈਂ ਪ੍ਰਭੂ ਤੋਂ ਜ਼ਰੂਰ ਰੰਗ ਇਨ੍ਹਾਂ ਨੂੰ ਚੜ੍ਹਾਵਾਂਗਾ ਜਿਹੜੇ ਮੇਰੇ ਬੈਠੇ ਲਾਲ, ਲਾਲ ਦੇ ਮਿਤਰ ਲਾਲਨ ਨਜ਼ਰੀ ਆਈਆ । ਪਰ ਯਾਦ ਰਖਿਓ ਇਸ ਲਲਾਰੀ ਦੀ ਸਭ ਤੋਂ ਵੱਖਰੀ ਝਾਲ, ਜਿਸ ਕੁਆਰੀ ਅਸ਼ਟਭੁਜ ਦੁਰਗਾ ਦੀ ਲਾਲ ਚੁੰਨੀ ਦਿਤੀ ਰੰਗਾਈਆ । ਪਰ ਇਹ ਚੁਰਾਸੀ ਵਿਚੋਂ ਆਪਣੇ ਆਪੇ ਲਵੇ ਭਾਲ, ਖੋਜ ਖੋਜ ਕੇ ਆਪਣਾ ਚੋਜ ਕਰਾਈਆ । ਪਤਾ ਨਹੀਂ ਕਿਸ ਬਿਧ ਅੰਦਰ ਵੜ ਕੇ ਚਲੇ ਨਾਲ, ਦਿਵਸ ਰੈਣ ਭੱਜੇ ਚਾਈਂ ਚਾਈਂਆ । ਬਾਹਰੋਂ ਚਰਨਾਂ ਦੀ ਧੂੜੀ ਨਾਲ ਰੰਗੇ ਖਾਲ, ਅੰਦਰੋਂ ਨਾਮ ਰੰਗਣ ਦਏ ਚੜ੍ਹਾਈਆ । ਉਥੇ ਨਾ ਕੋਈ ਜਵਾਬ ਨਾ ਕੋਈ ਸਵਾਲ, ਸਵਾਲ ਜਵਾਬ ਇਕੋ ਰੂਪ ਦਰਸਾਈਆ । ਪਰ ਯਾਦ ਰੱਖਿਓ ਏਸ ਰੰਗਣ ਨੂੰ ਬਣਾਉਂਣ ਵਾਲਾ ਪਹਿਲੋਂ ਤਿਆਰ ਹੋਇਆ ਸਿੰਘ ਪਾਲ, ਜਿਸ ਘੋਟ ਘੋਟ ਕੇ ਤਿਆਰ ਕੀਤਾ ਚਾਈਂ ਚਾਈਂਆ । ਫੇਰ ਪੂਰਨ ਦਾ ਪੂਰਨ ਦਏ ਅਹਿਵਾਲ, ਹਵਾਲਾ ਦਿਤਾ ਜਣਾਈਆ । ਜਿਸ ਨੂੰ ਇਹ ਰੰਗ ਚਾੜ੍ਹ ਦਿਤਾ ਉਸ ਨੂੰ ਖਾ ਨਾ ਸਕੇ ਕਾਲ, ਮਹਾਕਾਲ ਉਸ ਦੀ ਸੇਵ ਕਮਾਈਆ । ਜਨ ਭਗਤੋ ਅੱਜ ਦਾ ਰੰਗ ਚੜ੍ਹਿਆ ਅੰਤ ਤੁਹਾਨੂੰ ਲੈ ਜਾਏ ਸਚਖੰਡ ਸੱਚੀ ਧਰਮਸਾਲ, ਜਿਥੇ ਪੁਰਖ ਅਕਾਲ ਜੋਤੀ ਜਾਤਾ ਬੈਠਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਰੰਗਣ ਚੜ੍ਹਾਏ ਬੇਮਿਸਾਲ, ਜਿਸ ਦੀ ਮਿਸਲ ਜਗਤ ਅੱਖਰ ਨਾ ਕੋਇ ਬਣਾਈਆ ।

ਰਾਜ ਨਰਾਇਣ ਕਹੇ ਮੈਨੂੰ ਪ੍ਰੇਮ ਦਾ ਵੱਜਾ ਤੀਰ, ਸਚਖੰਡ ਮੇਰੀ ਦਏ ਗਵਾਹੀਆ । ਗੁਰਮੁਖੋ ਮੇਰੀ ਜੋਤ ਧਾਰ ਦਾ ਬਿਨ ਅੱਖਾਂ ਤੋਂ ਵਗੇ ਨੀਰ, ਦਰ ਆ ਕੇ ਰਿਹਾ ਸੁਣਾਈਆ । ਮੇਰੇ ਨਾਲ ਭਗਤ ਸੁਹੇਲੇ ਸੁਦਾਮਾ ਤੇ ਕਬੀਰ, ਆਏ ਚਾਈਂ ਚਾਈਂਆ । ਜਗਦੀਸ਼ ਮਨਜੀਤ ਸਿੰਘ ਸਵਰਨ ਸਿੰਘ ਵੀਰ, ਗੁਰਦਿਆਲ ਸਿੰਘ ਲੰਬੇ ਲੰਬੇ ਕਦਮ ਉਠਾਈਆ । ਚੇਤ ਸਿੰਘ ਸਿੱਧੀ ਤੱਕ ਲਕੀਰ, ਨੱਠਿਆ ਵਾਹੋ ਦਾਹੀਆ । ਚਲੋ ਓਥੇ ਚਲੀਏ ਜਿਥੇ ਭਗਤਾਂ ਦੀ ਬਦਲੀ ਤਕਦੀਰ, ਤਦਬੀਰ ਆਪਣੀ ਨਾਲ ਰਲਾਈਆ । ਰਾਜ ਨਰਾਇਣ ਕਹੇ ਮੈਨੂੰ ਵਿਛੋੜੇ ਦੀ ਨਹੀਂ ਪਿਆਰ ਦੀ ਅੰਦਰ ਉਠੇ ਪੀੜ, ਮੁਹੱਬਤ ਵਿਚ ਕੁਰਲਾਈਆ । ਜਿਸ ਨੇ ਮੇਰੀ ਬੱਧੀ ਬੀੜ, ਉਹ ਬੇੜਾ ਤੁਹਾਡਾ ਪਾਰ ਲੰਘਾਈਆ । ਅਸੀਂ ਚੜ੍ਹ ਗਏ ਮੰਜ਼ਲ ਅਖ਼ੀਰ, ਜਿਥੇ ਅੱਖਰਾਂ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖ਼ੁਸ਼ੀ ਬਣਾਈਆ । ਰਾਜ ਨਰਾਇਣ ਕਹੇ ਉਹੋ ਘਰ ਤੇ ਉਹੋ ਅਹਾਤਾ, ਭਗਤ ਸੁਹੇਲੇ ਉਹੋ ਨਜ਼ਰੀ ਆਈਆ । ਜਿਸ ਨੇ ਤਤਾਂ ਵਾਲਾ

ਬੰਧਾਇਆ ਨਾਤਾ, ਤੇ ਆਤਮਾ ਆਪਣੇ ਨਾਲ ਮਿਲਾਈਆ । ਓਸ ਦੀ ਸੁਹੰਜਣੀ ਵੇਖਣ ਆਇਆ ਰਾਤਾ, ਰੁਤੜੀ ਭਗਤਾਂ ਨਾਲ ਮਹਿਕਾਈਆ । ਓਹ ਗੁਰਮੁਖੋ ਭਗਤੋ ਸੰਤੋ ਜਿਸ ਦੀਆਂ ਗ੍ਰੰਥਾਂ ਸ਼ਾਸਤਰਾਂ ਵਿਚ ਸੁਣਦੇ ਰਹੇ ਬਾਤਾਂ, ਉਹ ਬਾਤਨ ਪਰਦਾ ਰਿਹਾ ਖੁਲਾਈਆ । ਏਥੇ ਓਥੇ ਸਭ ਦਾ ਪਿਤਾ ਮਾਤਾ, ਬਿਨਾ ਸ਼ਰੀਰ ਤੋਂ ਬੇਨਜ਼ੀਰ ਨੂਰ ਅਲਾਹੀਆ । ਧਰਤੀ ਤੋਂ ਲੈ ਕੇ ਦਰਗਾਹ ਸਾਚੀ ਤੱਕ ਭਗਤਾਂ ਦਾ ਬਣਿਆ ਰਹੇ ਰਾਖਾ, ਅਗੇ ਪਿਛੇ ਸੱਜੇ ਖੱਬੇ ਚਲੇ ਚਾਈਂ ਚਾਈਂਆ । ਨਾਲੇ ਸੁਣਦਾ ਜਾਏ ਭਗਤੋ ਕਹੋ ਤੂੰ ਮੇਰਾ ਮੈਂ ਤੇਰਾ ਇਹੋ ਮੇਰੀ ਗਾਥਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਭ ਤੋਂ ਵਡੀ ਏਸ ਦੀ ਕਿਰਪਾ ਜਿਸ ਨੇ ਇਕ ਵਾਰ ਟੇਕ ਲਿਆ ਮਾਥਾ, ਉਸ ਨੂੰ ਚੁਰਾਸੀ ਦੀ ਫਾਸੀ ਵਿਚੋਂ ਬਾਹਰ ਕਢਾਈਆ । ਇਹਦੇ ਕੋਲ ਕੋਈ ਪਹਿਲੀ ਦੂਜੀ ਤੀਜੀ ਚੌਥੀ ਨਹੀਂ ਕਲਾਸਾ, ਮਿਹਰ ਨਜ਼ਰ ਨਾਲ ਚੌਥੀ ਮੰਜ਼ਲ ਦਏ ਪਹੁੰਚਾਈਆ । ਏਥੇ ਖੇਲ ਹੋਰ ਜਗਤ ਦਾ ਚੋਰ ਉਥੇ ਪੁਰਖ ਅਬਿਨਾਸ਼ਾ, ਫੇਰ ਪੁਛੋ ਏਥੇ ਭਗਤਾਂ ਦਾ ਰਾਖਾ, ਰਖਕ ਹੋ ਕੇ ਆਪਣੀ ਸੇਵ ਕਮਾਈਆ । ਜਿਸ ਨੇ ਲੇਖੇ ਲਾਈ ਜਨ ਭਗਤੋ ਤੁਹਾਡੀ ਸੁਹੰਜਣੀ ਸੁਲਖਣੀ ਰਾਤਾ, ਰਾਤਰੀ ਰੁਤੜੀ ਆਪਣੇ ਰੰਗ ਰੰਗਾਈਆ । ਤੁਹਾਡੀ ਖ਼ੁਸ਼ੀਆਂ ਵਾਲੀ ਖ਼ੁਸ਼ਹਾਲੀ ਵਿਚ ਵੇਖੀ ਰਾਸਾ, ਮੰਡਲਾਂ ਮੰਡਪਾਂ ਤੋਂ ਬਾਹਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਦੀ ਧਾਰ ਤੇ ਜਗਤ ਬੇਪਛਾਤਾ, ਪਛਾਣ ਵਿਚ ਬਿਨ ਭਗਤਾਂ ਕਿਸੇ ਨਾ ਆਈਆ ।


੫੪੦
੨੩

ਨਾਰਦ ਕਹੇ ਜਨ ਭਗਤੋ ਅੱਖਰ ਵੇਖ ਲਓ ਗੱਗਾ, ਗੋਬਿੰਦ ਦੀ ਧਾਰ ਦਏ ਗਵਾਹੀਆ । ਉਹ ਰਿਸ਼ੀਓ ਮੁਨੀਓ ਪਛਾਣੋ ਆਪਣੀ ਜਗਹ, ਪਿਛਲਾ ਧਿਆਨ ਲਗਾਈਆ । ਕਿਉਂ ਬੱਧਕ ਆਇਆ ਭੱਜਾ, ਭੱਜਿਆ ਚਾਈਂ ਚਾਈਂਆ । ਏਥੇ ਕ੍ਰਿਸ਼ਨ ਦਾ ਸੀ ਤਿੰਨਾਂ ਮੁਖੀਆਂ ਵਾਲਾ ਤੀਰ ਲੱਗਾ, ਜਿਥੇ ਚਰਨ ਦਿਤਾ ਛੁਹਾਈਆ । ਬਾਲਮੀਕ ਏਸੇ ਥਾਂ ਉਤਾਰਿਆ ਸੀ ਗਲੋਂ ਝੱਗਾ, ਲਵ ਕੁਸ਼ ਉਂਗਲਾਂ ਨਾਲ ਭਵਾਈਆ । ਨਾਨਕ ਸ਼ਬਦ ਧਾਰ ਦਿਤਾ ਸੀ ਸੱਦਾ, ਸੁਨੇਹੜਿਆਂ ਵਿਚ ਸੁਣਾਈਆ । ਸਪਤਸ ਰਿਖੀਆਂ ਏਥੇ ਸੀ ਪੁੱਟਿਆ ਖੱਡਾ, ਸਾਢੇ ਤਿੰਨ ਹੱਥ ਡੂੰਘਾਈਆ । ਵੇਦ ਵਿਆਸ ਏਥੇ ਆ ਕੇ ਆਪਣੀ ਉਂਗਲੀ ਦਾ ਨਿਸ਼ਾਨਾ ਗੱਡਾ, ਚਾਰੋਂ ਕੁੰਟ ਫਿਰਾਈਆ । ਸੁੰਭ ਨਿਸੁੰਭ ਇਥੇ ਭਵਾਉਂਦੇ ਰਹੇ ਗਦਾ, ਚਕਰਵਰਤੀ ਹੋ ਕੇ ਚੱਕਰ ਲਗਾਈਆ । ਬਲ ਦਾ ਰਥ ਰੁਕਿਆ ਤਿੰਨ ਦਿਨ ਭਾਰ ਲੱਦਾ, ਏਸੇ ਕਰ ਕੇ ਗੁਰਦਿਤ ਸਿੰਘ ਨੂੰ ਸਚਖੰਡ ਵਿਚੋਂ ਲਿਆ ਬੁਲਾਈਆ । ਜਿਸ ਦੀ ਸਮਝ ਸਕੇ ਕੋਇ ਨਾ ਵਜ੍ਹਹ, ਵਜੂਹਾਤ ਆਪਣੀ ਦਏ ਦ੍ਰਿੜਾਈਆ । ਜਨ ਭਗਤੋ ਤੁਹਾਨੂੰ ਬਿਨਾ ਭਗਤੀ ਤੋਂ ਦਿਤਾ ਮਜ਼ਾ, ਬਿਨ ਰਸਨਾ ਰਸ ਚਖਾਈਆ । ਤੁਹਾਡੇ ਸਿਰ ਤੇ ਕਦੇ ਨਾ ਕੂਕੇ ਕਜਾ, ਲਾੜੀ ਮੌਤ ਨਾ ਸਕੇ ਪ੍ਰਨਾਈਆ । ਰਾਏ ਧਰਮ ਨਾ ਦੇਵੇ ਸਜ਼ਾ, ਚੁਰਾਸੀ ਗੇੜ ਨਾ ਕੋਇ ਭਵਾਈਆ । ਅੱਜ ਦਾ ਦਿਨ ਦਿਵਸ ਦਿਹਾੜਾ ਸਭ ਦੇ ਲਈ ਚੰਗਾ, ਚੰਗੇ ਮਾੜੇ ਇਕੋ ਰੰਗ ਰੰਗਾਈਆ । ਪਿਛੇ ਦਾ ਪਿਛੇ ਵਕਤ ਲੰਘਾ, ਅਗੇ ਮਿਲੇ ਮਾਣ ਵਡਿਆਈਆ । ਇਕ ਦਿਨ ਸ਼ਬਦੀ ਧਾਰ ਇਸ਼ਾਰਾ ਦਿਤਾ ਸੀ ਬਾਬੇ ਬੰਦਾ, ਬੰਦਗੀ ਵਿਚ ਦਿਤਾ ਸਮਝਾਈਆ । ਹਲੂਣ ਕੇ ਸ਼ਬਦੀ ਧਾਰ ਕੰਧਾ, ਸਿੰਘ ਦਇਆ ਦਿਤਾ ਦ੍ਰਿੜਾਈਆ । ਜਿਸ ਦੀਆਂ ਚਾਰੇ ਜੁਗ ਪਾਉਂਦੇ ਗਏ ਵੰਡਾਂ, ਹਿੱਸੇ ਜਗਤ ਵਿਚ ਰਖਾਈਆ । ਉਹ ਸਾਰਿਆਂ

ਦੀਆਂ ਗਠੜੀਆਂ ਸਾਰਿਆਂ ਦਾ ਭਾਰ ਚੁੱਕੇ ਕੰਧਾ, ਆਪਣੇ ਕੰਧ ਉਠਾਈਆ । ਜਨ ਭਗਤਾਂ ਅੰਦਰ ਪਾ ਕੇ ਠੰਡਾ, ਅੰਮ੍ਰਿਤ ਧਾਰਾ ਇਕ ਵਹਾਈਆ । ਜਿਸ ਦਾ ਹਿਸਾਬ ਨਜੂਮ ਲਾ ਸਕੇ ਕੋਇ ਨਾ ਪੰਡਾ, ਗਣਤੀ ਸਕੇ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਭਗਤਾਂ ਸੰਦਾ, ਸਨਦ ਪਿਛਲੀ ਵੇਖ ਵਖਾਈਆ ।

## ✪ ੮ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਹੇਰਾਂ ਜ਼ਿਲਾ ਜਲੰਧਰ ਸਵਰਨ ਸਿੰਘ ਦੇ ਗ੍ਰਿਹਿ ✪

ਧਰਮ ਕਹੇ ਮੈਂ ਧਰਨੀ ਉਤੇ ਬਣਿਆ ਰਾਹੀ, ਦਿਵਸ ਰੈਣ ਭੱਜਿਆ ਚਾਈਂ ਚਾਈਆ । ਖੇਲ ਤੱਕਿਆ ਬੇਪਰਵਾਹੀ, ਜੋ ਪਾਰਬ੍ਰਹਮ ਰਿਹਾ ਕਰਾਈਆ । ਨੌ ਖੰਡ ਪ੍ਰਿਥਮੀ ਦੀ ਤੱਕੀ ਸ਼ਾਹੀ, ਜੋ ਸ਼ਹਿਨਸ਼ਾਹ ਦਿਤੀ ਬਣਾਈਆ । ਚਾਰੋਂ ਕੁੰਟਾਂ ਨੇਤਰ ਰੋਵਣ ਮਾਰਨ ਧਾਹੀਂ, ਦਰੋਹੀ ਦਰੋਹੀ ਕਰ ਕੁਰਲਾਈਆ । ਬਹੁੜੀ ਕਿੱਥੇ ਸਾਡਾ ਛੁਪਿਆ ਮਾਹੀ, ਗੋਬਿੰਦ ਨਜ਼ਰ ਕਿਸੇ ਨਾ ਪਾਈਆ । ਧਰਮ ਕਹੇ ਮੈਂ ਇਸ਼ਾਰਾ ਕੀਤਾ ਜਿਥੇ ਬੂਟਾ ਪੁਟਿਆ ਕਾਹੀ, ਕਾਇਨਾਤ ਦਰਸਾਈਆ । ਉਹ ਦੇਸ ਦੇਸਾਂਤਰ ਬੈਠਾ ਆਸਣ ਲਾਈ, ਸਿੰਘਾਸਣ ਇਕੋ ਇਕ ਸੁਹਾਈਆ । ਜਿਸ ਦਾ ਜਲਵਾ ਨੂਰ ਜੋਤ ਰੁਸ਼ਨਾਈ, ਚੰਦ ਚਾਂਦਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਮ ਕਹੇ ਧਰਨੀ ਮੈਂ ਚਾਰੋਂ ਕੁੰਟ ਫੋਲੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਵ ਸੱਤ ਦੀ ਸੁਣੀ ਬੋਲੀ, ਜੋ ਅਨਬੋਲਤ ਦਿਤੀ ਸੁਣਾਈਆ । ਕੂੜ ਕੁੜਿਆਰ ਦੀ ਤੱਕੀ ਹੋਲੀ, ਕਲਜੁਗ ਕਾਇਆ ਰੰਗ ਚੜ੍ਹਾਈਆ । ਪਵਿਤ੍ਰ ਦਿਸੀ ਕਿਸੇ ਨਾ ਚੋਲੀ, ਚੋਜ਼ੀ ਪ੍ਰੀਤਮ ਮੇਲ ਨਾ ਕੋਇ ਮਿਲਾਈਆ । ਫਿਰ ਮੈਂ ਨਿਗਾਹ ਉਠਾਈ ਹੌਲੀ, ਪਲਕ ਪਲਕ ਨਾਲ ਬਦਲਾਈਆ । ਧਿਆਨ ਧਰਿਆ ਉਤੇ ਧੌਲੀ, ਧਰਨੀ ਖੋਜ ਖੁਜਾਈਆ । ਜਨ ਭਗਤਾਂ ਦੀ ਰੁਤ ਮੌਲੀ, ਮੌਲਾ ਮਿਲਿਆ ਬੇਪ੍ਰਵਾਹੀਆ । ਜੋ ਪੂਰਾ ਕਰੇ ਇਕਰਾਰ ਕੌਲੀ, ਕਵਲ ਨੈਣ ਵੱਡੀ ਵਡਿਆਈਆ । ਜਿਸ ਦਾ ਨੂਰ ਅਲਾਹੀ ਅਵਲੀ, ਆਲਮੀਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸ਼ਰਨਾਈਆ । ਧਰਮ ਕਹੇ ਮੈਂ ਰੈਣ ਸਬਾਈ ਤੱਕਿਆ ਖੇਲ ਜਗਤ, ਜਾਗਰਤ ਜੋਤ ਧਿਆਨ ਲਗਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤੱਕੀ ਸ਼ਕਤ, ਸ਼ਖ਼ਸੀਅਤ ਵੇਖੀ ਖ਼ਲਕ ਖ਼ੁਦਾਈਆ । ਭਗਤ ਸੁਹੇਲੇ ਕਰਦੇ ਵੇਖੇ ਮਸ਼ੱਕਤ, ਸੰਤ ਸੁਹੇਲੇ ਸੇਵ ਕਮਾਈਆ । ਨਜ਼ਾਰਾ ਤੱਕਿਆ ਬੂੰਦ ਰਕਤ, ਕਾਮ ਕਾਮਨੀ ਖੋਜ ਖੁਜਾਈਆ । ਮੈਂ ਲੇਖਾ ਵੇਖਿਆ ਜੋ ਇਸ਼ਾਰਾ ਦਿਤਾ ਰਾਮ ਭਰਤ, ਅਯੁਧਿਆ ਖੋਜ ਖੁਜਾਈਆ । ਨਾਲ ਪ੍ਰੇਮ ਦੀ ਲਾਈ ਸ਼ਰਤ, ਸ਼ਰਅ ਦਿਤੀ ਦ੍ਰਿੜਾਈਆ । ਉਹ ਵੇਖ ਕਲਜੁਗ ਅੰਧੇਰਾ ਧਰਤ, ਨੂਰੀ ਚੰਦ ਨਾ ਕੋਇ ਚਮਕਾਈਆ । ਸੂਰਬੀਰ ਦਿਸੇ ਨਾ ਕੋਇ ਮਰਦ, ਮਰਦਾਨਾ ਰੰਗ ਨਾ ਕੋਇ ਰੰਗਾਈਆ । ਚਾਰੋਂ ਕੁੰਟ ਚਲੇ ਕਰਦ, ਕਾਤਲ ਮਕਤੂਲ ਖੇਲ ਖਿਲਾਈਆ । ਦੁਖੀਆਂ ਵੰਡੇ ਕੋਇ ਨਾ ਦਰਦ, ਦੀਨਾਂ ਹੋਵੇ ਨਾ ਕੋਇ ਸਹਾਈਆ । ਇਹ ਖੇਲ ਪ੍ਰਭੂ ਅਸਚਰਜ, ਜੋ ਅਚਰਜ ਆਪ ਕਰਾਈਆ । ਕਲਜੁਗ ਅੰਤਮ ਆਵੇ ਪਰਤ, ਰਾਮ ਰਾਮਾ ਧੁਰਦਰਗਾਹੀਆ । ਜੋ ਮਾਲਕ ਉਤੇ ਅਰਸ਼, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਉਹ ਖੇਲ ਖਿਲਾਏ ਆਪਣਾ ਫ਼ਰਸ਼, ਜ਼ਿਮੀਂ ਜ਼ਮਾਂ ਧਿਆਨ ਲਗਾਈਆ । ਸਭ ਦੀ ਪੂਰੀ

ਕਰੇ ਸ਼ਰਤ, ਪੂਰਬ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਧਰਮ ਦਾ ਹੋਣ ਨਾ ਦੇਵੇ ਹਰਜ, ਧਰਮਾਪਤ ਆਪਣੀ ਦਇਆ ਕਮਾਈਆ ।

✪ ੮ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਹੇਰਾਂ ਜ਼ਿਲਾ ਜਲੰਧਰ ਗੁਰਚਰਨ ਕੌਰ ਦੇ ਨਵਿਤ ✪

ਨਾਰਦ ਕਹੇ ਧਰਮ ਮੈਂ ਦੱਸਾਂ ਬਾਤ ਖ਼ੁਲਾਸੀ, ਖ਼ੁਸ਼ੀਆਂ ਨਾਲ ਜਣਾਈਆ । ਤੈਨੂੰ ਸੁਣ ਕੇ ਆਉਂਦੀ ਹਾਸੀ, ਮੈਂ ਵੀ ਹੱਸ ਕੇ ਦਿਆਂ ਵਖਾਈਆ । ਚਰਨੋ ਸੀਤਾ ਦੀ ਹੁੰਦੀ ਸੀ ਮਾਸੀ, ਪੂਰਬ ਪਰਦਾ ਵੇਖ ਵਖਾਈਆ । ਇਸ ਦਾ ਜਨਮ ਹੁੰਦਾ ਸੀ ਵਿਚ ਕਾਸ਼ੀ, ਰਾਮ ਕਾਸ਼ੀ ਦੀ ਸਪੁਤਰੀ ਜਾਈਆ । ਹਿਰਦੇ ਅੰਦਰ ਪ੍ਰਭੁ ਦੀ ਹੁੰਦੀ ਸੀ ਦਾਸੀ, ਰਸਨਾ ਸੇਵ ਕਮਾਈਆ । ਸਵਾ ਪਹਿਰ ਜਾਗ ਕੇ ਰਾਤੀ, ਇਕੋ ਇਸ਼ਟ ਮਨਾਈਆ । ਇੱਕੀ ਵਾਰ ਗੰਗਾ ਇਸ਼ਨਾਨ ਨ੍ਹਾਤੀ, ਨੱਕ ਫੜ ਕੇ ਚੁਭੀਆਂ ਲਾਈਆ । ਪਰਮ ਪੁਰਖ ਲਭਦੀ ਰਹੀ ਸਾਥੀ, ਕਦ ਮਿਲੇ ਬੇਪਰਵਾਹੀਆ । ਇਹ ਲੇਖਾ ਧੁਰ ਦਾ ਧੁਰ ਜਾਣੇ ਕਮਲਾਪਾਤੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਇਹਦਾ ਗ੍ਰਿਹ ਗ੍ਰਿਹ ਦਾ ਮਾਲਕ ਪਿਤਾ ਹੁੰਦਾ ਸੀ ਸਮਰਾਠੀ, ਆਪਣਾ ਬਲ ਵਧਾਈਆ । ਜਿਸ ਸੀਆ ਨੂੰ ਦਾਨ ਵਿਚ ਦਿਤਾ ਹਾਥੀ, ਝੂਲਾ ਖ਼ੁਸ਼ੀਆਂ ਵਾਲਾ ਪਾਈਆ । ਉਸ ਵੇਲੇ ਰਾਮ ਨੇ ਤੀਰ ਦੀ ਮੁੱਖੀ ਨਾਲ ਲਿਖੀ ਇਕ ਪਾਤੀ, ਪਤ੍ਰਕਾ ਦਿਤੀ ਬਣਾਈਆ । ਤੇਰੀ ਵਡੀ ਹੋਵੇ ਹਯਾਤੀ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਉਹ ਤੱਕ ਸ੍ਰੀ ਭਗਵਾਨ ਕਰਤਾ ਅਬਿਨਾਸ਼ੀ, ਰਾਮ ਰਾਮਾ ਅਗੰਮ ਅਥਾਹੀਆ । ਜਿਸ ਤੇਰਾ ਲਹਿਣਾ ਦੇਣਾ ਪੂਰਾ ਕਰਨਾ ਉਹ ਕਲਜੁਗ ਅੰਤਮ ਪੁਛੇ ਵਾਤੀ, ਵਾਤਾਵਰਨ ਵੇਖ ਜਗਤ ਲੋਕਾਈਆ । ਨਾਰਦ ਕਹੇ ਧਰਮ ਜੀ ਜਿਸ ਸਮੇਂ ਨਾਲ ਬਖ਼ਸ਼ਿਸ਼ ਕੀਤੀ, ਦਇਆਵਾਨ ਦਇਆ ਕਮਾਈਆ । ਆਤਮ ਧਾਰ ਜੋਤ ਦੀ ਜਾਤੀ, ਜਾਗਰਤ ਜੋਤ ਲਈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਅਲਖਣਾ ਅਲਾਖੀ, ਅਲਖ ਅਗੋਚਰ ਆਪਣੀ ਦਇਆ ਕਮਾਈਆ ।

✪ ੮ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸ਼ਰੀਹ ਜ਼ਿਲਾ ਜਲੰਧਰ ਰਾਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਧਰਮ ਵੇਖ ਲੈ ਪਾਸੇ ਚੜ੍ਹਦੇ, ਚੜ੍ਹਦੀ ਕਲਾ ਕੀ ਵਰਤਾਈਆ । ਪੰਡਤ ਪਾਂਧੇ ਪੋਥੀਆਂ ਪੜ੍ਹਦੇ, ਪੁਸਤਕਾਂ ਹੱਥ ਉਠਾਈਆ । ਗੌੜ ਬ੍ਰਹਿਮਣ ਯਾਦ ਕਰਦੇ, ਬਿਨ ਅੱਖਾਂ ਨੈਣ ਉਠਾਈਆ । ਜਲ ਧਾਰਾ ਤੀਰਥਾਂ ਠਰਦੇ, ਸਰੋਵਰਾਂ ਵਿਚ ਨੁਹਾਈਆ । ਕੋਟਨ ਕੋਟ ਵਾਰ ਜੰਮਦੇ, ਮਰਨ ਸਮਝ ਕਿਸੇ ਨਾ ਆਈਆ । ਵਣਜਾਰੇ ਬਣ ਕੇ ਮਾਟੀ ਚੰਮ ਦੇ, ਚੰਮ ਦ੍ਰਿਸ਼ਟੀ ਨਾਲ ਵਖਾਈਆ । ਅੰਦਰ ਭਰੇ ਹੰਕਾਰੀ ਗ਼ਮ ਦੇ, ਚਿੰਤਾ ਸਕੇ ਨਾ ਕੋਇ ਗਵਾਈਆ । ਭੇਵ ਪਾਇਣ ਨਾ ਮੂਲ ਬ੍ਰਹਮ ਦੇ, ਪਾਰਬ੍ਰਹਮ ਰੰਗ ਨਾ ਕੋਇ ਰੰਗਾਈਆ । ਸਰੋਤੇ ਬਣੇ ਕੰਨ ਦੇ, ਧੁਨ ਸ਼ਬਦ ਨਾ ਕੋਇ ਸ਼ਨਵਾਈਆ । ਮੰਗਤੇ ਬਣੇ ਅੰਨ ਦੇ, ਵਸਤ ਸਚ ਹੱਥ ਕਿਸੇ ਨਾ ਆਈਆ । ਪੁਜਾਰੀ ਹੋ ਗਏ ਸੂਰੀਆ ਚੰਨ ਦੇ, ਪਰਮ ਪੁਰਖ

ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਧਰਨੀ ਮੈਂ ਫਿਰਿਆ ਦਿਸ਼ਾ ਲਹਿੰਦੇ, ਲਹਿੰਦੀ ਧਿਆਨ ਲਗਾਈਆ । ਅੰਜੀਲ ਕੁਰਾਨ ਇਕੱਠੇ ਹੋ ਹੋ ਬਹਿੰਦੇ, ਮਸ਼ਵਰੇ ਰਹੇ ਬਣਾਈਆ । ਸਰਹਾਣੇ ਬਹੀਏ ਕਿ ਪੈਂਦੇ, ਫ਼ੈਸਲਾ ਹਕ ਨਾ ਕੋਇ ਕਰਾਈਆ । ਬਿਨ ਸਹਾਰਿਉਂ ਵੇਖੇ ਢਹਿੰਦੇ, ਡਿਗ ਡਿਗ ਆਪਣਾ ਆਪ ਗਵਾਈਆ । ਹੁਕਮ ਸੰਦੇਸੇ ਪੈਗ਼ੰਬਰਾਂ ਵਾਲੇ ਬਿਨ ਅੱਖਰਾਂ ਤੋਂ ਕਹਿੰਦੇ, ਕਹਿ ਕਹਿ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਵਖਾਈਆ । ਧਰਮ ਕਹੇ ਧਰਨੀ ਮੈਂ ਗਿਆ ਦਿਸ਼ਾ ਦੱਖਣ, ਦਕਸ਼ਣਾ ਵੇਖੀ ਜਗਤ ਲੋਕਾਈਆ । ਸਚ ਵਰੋਲਿਆ ਕਿਸੇ ਨਾ ਮੱਖਣ, ਛਾਛ ਵੇਖੀ ਜਗਤ ਲੋਕਾਈਆ । ਕਾਇਆ ਭਾਂਡੇ ਹੋਏ ਸੱਖਣ, ਵਸਤ ਸਤਿ ਨਾ ਕੋਇ ਭਰਾਈਆ । ਅਮੋਲਕ ਹੀਰਾ ਬਣੇ ਕੋਇ ਨਾ ਰਤਨ, ਕੀਮਤ ਆਪਣੀ ਨਾ ਕੋਇ ਚੁਕਾਈਆ । ਸਤਿਗੁਰ ਚਰਨ ਮਿਲਿਆ ਕਿਸੇ ਨਾ ਪਤਣ, ਤੱਟ ਕਿਨਾਰਾ ਹੱਥ ਕਿਸੇ ਨਾ ਆਈਆ । ਪਿਛਲਾ ਆਪਣਾ ਸਭ ਨੂੰ ਭੁੱਲਿਆ ਵਤਨ, ਬੇਵਤਨ ਹੋਈ ਲੋਕਾਈਆ । ਪੈਜ ਆਵੇ ਕੋਇ ਨਾ ਰਖਣ, ਜਗਤ ਸਾਰੇ ਰਹੇ ਕੁਰਲਾਈਆ । ਮੈਂ ਖਿੜ ਖਿੜਾ ਕੇ ਲੱਗਾ ਹੱਸਣ, ਹੱਸ ਕੇ ਦਿਤਾ ਸੁਣਾਈਆ । ਆਓ ਤੱਕੋ ਪੁਰਖ ਸਮਰਥਣ, ਕਰਤਾ ਧੁਰਦਰਗਾਹੀਆ । ਜੋ ਸਭ ਦਾ ਬਣੇ ਸਾਥਣ, ਸਗਲਾ ਸੰਗ ਨਿਭਾਈਆ । ਹੋਏ ਸਹਾਈ ਨਾਥ ਅਨਾਥਣ, ਦੀਨਾਂ ਦਇਆ ਕਮਾਈਆ । ਸਭ ਦੇ ਲੇਖੇ ਆਇਆ ਵਾਚਣ, ਵਾਚਕ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਵਾਮੀ ਸਚ ਸਚ ਵਡਿਆਈਆ । ਧਰਮ ਕਹੇ ਧਰਨੀ ਮੈਂ ਵੇਖੀ ਦਿਸ਼ਾ ਪਹਾੜ, ਪਰਬਤ ਟਿਲਿਆਂ ਪੰਧ ਮੁਕਾਈਆ । ਅਗਨੀ ਸਭ ਨੂੰ ਲੱਗੀ ਹਾੜ, ਸਾਂਤਕ ਸਤਿ ਨਾ ਕੋਇ ਕਰਾਈਆ । ਕਲਜੁਗ ਕੂੜ ਕਲਪਣਾ ਰਹੀ ਸਾੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਰੰਗ ਚੜ੍ਹਿਆ ਕਿਸੇ ਨਾ ਗੂੜ੍ਹਾ ਗਾੜ੍ਹ, ਗੜ੍ਹ ਹੰਕਾਰ ਨਾ ਕੋਇ ਤੁੜਾਈਆ । ਝਗੜਾ ਦਿਸੇ ਜੰਗਲ ਪਹਾੜ, ਟਿੱਲੇ ਦੇਣ ਦੁਹਾਈਆ । ਕੀ ਖੇਲ ਕਰੇ ਕਰਤਾਰ, ਕੁਦਰਤ ਦਾ ਮਾਲਕ ਵੇਖ ਵਖਾਈਆ । ਭਰਮ ਭੁਲੇਖਾ ਪਿਆ ਸੰਸਾਰ, ਭਾਂਡਾ ਭਰਮ ਨਾ ਕੋਇ ਤੁੜਾਈਆ । ਮਾਣ ਰਿਹਾ ਨਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ, ਪੁਰਖ ਅਕਾਲ ਇਸ਼ਟ ਨਾ ਕੋਇ ਮਨਾਈਆ । ਆਪਣਾ ਕੀਤਾ ਸਾਰੇ ਗਏ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਧੁਰ ਦਾ ਮਾਹੀ ਦਿਸੇ ਨਾ ਯਾਰ, ਯਰਾਨਾ ਸਚ ਨਾ ਕੋਇ ਕਮਾਈਆ । ਏਕਾ ਇਸ਼ਟ ਵਿਸਰਿਆ ਨਿਰੰਕਾਰ, ਨਰ ਨਰਾਇਣ ਦਰਸ ਕੋਇ ਨਾ ਪਾਈਆ । ਮੈਂ ਕੂਕ ਕੇ ਕਿਹਾ ਪੁਕਾਰ, ਜ਼ੋਰ ਜ਼ੋਰ ਸੁਣਾਈਆ । ਨਾਸਤਕ ਹੋਵੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਕਲ ਤੱਕੋ ਕਲਕੀ ਅਵਤਾਰ, ਜੋ ਸਭ ਦਾ ਪਿਤਾ ਮਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਏਕਾ ਰੰਗ ਦਏ ਰੰਗਾਈਆ । ਸੋ ਸਵਾਮੀ ਅੰਤਰਜਾਮੀ ਭਗਤ ਸੁਹੇਲੇ ਵੇਖੇ ਲਾਲ, ਹਰਿਜਨ ਆਪਣੀ ਗੋਦ ਟਿਕਾਈਆ । ਸੰਬਲ ਬੈਠ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਖੋਜ ਖੁਜਾਈਆ । ਜਿਸ ਦੀ ਜੁਗ ਜੁਗ ਅਵੱਲੜੀ ਚਾਲ, ਵੇਸ ਅਵੱਲਾ ਆਪ ਪਲਟਾਈਆ । ਉਹ ਖੇਲ ਕਰੇ ਕਮਾਲ, ਕਮਲਾਪਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੇ ਕੂਟਾਂ ਸਭ ਦੀ ਲੇਖੇ ਲਾਏ ਘਾਲ, ਘਾਲੀ ਘਾਲ ਆਪਣੇ ਲੇਖੇ ਪਾਈਆ ।

੫੪੩
੨੩

## ✪ ੮ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜੰਡਿਆਲਾ ਜ਼ਿਲਾ ਜਲੰਧਰ ਪ੍ਰੀਤਮ ਸਿੰਘ ਦੇ ਗ੍ਰਿਹਿ ✪

ਧਰਮ ਕਹੇ ਧਰਨੀ ਵੇਖੇ ਵਹਿਣ ਨਦੀਆਂ, ਵੰਝੀ ਹਾਥ ਨਾ ਆਈਆ । ਭੱਜਦਿਆਂ ਭੱਜਦਿਆਂ ਬੀਤੀਆਂ ਸਦੀਆਂ, ਜੁਗ ਚੌਕੜੀ ਗਏ ਵਿਹਾਈਆ । ਸਚ ਪ੍ਰੀਤੀ ਵਿਚ ਮਧੀਆਂ, ਚਲਣ ਚਾਈਂ ਚਾਈਂਆ । ਜਿਨ੍ਹਾਂ ਪਿਛਲੀਆਂ ਪ੍ਰੀਤਾਂ ਛਡੀਆਂ, ਅਗਲਾ ਨਾਤਾ ਜੋੜਿਆ ਸਹਿਜ ਸੁਭਾਈਆ । ਮੇਰੀਆਂ ਫਿਰ ਫਿਰ ਘਸੀਆਂ ਅੱਡੀਆਂ, ਤਲੀਆਂ ਦੇਣ ਗਵਾਹੀਆ । ਪਿੰਜਰ ਸੁੱਕ ਕੇ ਹੋਇਆ ਹੱਡੀਆਂ, ਮਾਸ ਨਾੜੀ ਬਲ ਰਿਹਾ ਨਾ ਰਾਈਆ । ਮੈਂ ਚੜ੍ਹਿਆ ਕਿਸੇ ਨਹੀਂ ਗੱਡੀਆਂ, ਭੱਜਿਆ ਵਾਹੋ ਦਾਹੀਆ । ਮੈਂ ਚਾਰ ਜੁਗ ਦੀਆਂ ਸੱਧਰਾਂ ਵੇਖੀਆਂ ਦੱਬੀਆਂ, ਬਿਨਾ ਪਰਦਿਉਂ ਪਰਦੇ ਹੇਠ ਦਬਾਈਆ । ਮੈਨੂੰ ਅਵਤਾਰ ਪੈਗ਼ੰਬਰਾਂ ਦੀਆਂ ਆਸ਼ਾਂ ਉਥੋਂ ਲੱਭੀਆਂ, ਖ਼ਾਹਿਸ਼ਾਂ ਗੁਰੂਆਂ ਨਾਲ ਮਿਲਾਈਆ । ਪੈਗ਼ੰਬਰ ਕਹਿਣ ਸਾਡੀਆਂ ਸਦੀਆਂ ਜਾਂਦੀਆਂ ਲੰਘੀਆਂ, ਬੀਸਵੀਂ ਆਪਣਾ ਪੰਧ ਮੁਕਾਈਆ । ਸਦੀ ਚੌਧਵੀਂ ਵਾਹ ਕੇ ਪੱਟੀ ਕੰਘੀਆਂ, ਆਪਣਾ ਨੈਣ ਉਠਾਈਆ । ਮੇਰੀਆਂ ਅੱਖੀਆਂ ਰਹਿਣ ਨਾ ਅੰਧੀਆਂ, ਲੋਇਣ ਹੋਏ ਰੁਸ਼ਨਾਈਆ । ਕਵਣ ਵੇਲਾ ਸਾਹਿਬ ਕੱਟਣ ਆਵੇ ਫੰਦੀਆਂ, ਸ਼ਰਅ ਜ਼ੰਜੀਰ ਤੁੜਾਈਆ । ਮੈਂ ਰਾਹ ਉਡੀਕਾਂ ਉਤੇ ਕੰਢੀਆਂ, ਕੰਢਾ ਘਾਟ ਇਕ ਸੁਹਾਈਆ । ਜੋ ਪਵਣਾਂ ਦੇਵੇ ਠੰਡੀਆਂ, ਅਗਨੀ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਧਰਨੀ ਕਹੇ ਧਰਮ ਮੈਂ ਆਸਾ ਭਰੀ, ਪ੍ਰਭੂ ਭਰਪੂਰ ਦਿਤੀ ਵਡਿਆਈਆ । ਕਿਰਪਾ ਨਿਧਾਨ ਕਿਰਪਾ ਕਰੀ, ਕਿਰਪਨ ਆਪਣੇ ਰੰਗ ਰੰਗਾਈਆ । ਮੇਰੀ ਡੋਰ ਅਗੰਮੀ ਫੜੀ, ਨਿਰਗੁਣ ਆਪਣੇ ਨਾਲ ਬੰਧਾਈਆ । ਮੈਂ ਮੰਜ਼ਲ ਸਾਚੀ ਚੜ੍ਹੀ, ਚੜ੍ਹਦਾ
੫੪੪ ੨੩ ਲਹਿੰਦਾ ਵੇਖ ਵਖਾਈਆ । ਮੇਰਾ ਲਹਿਣਾ ਦੇਣਾ ਪੂਰਾ ਹੋਵੇ ਚਮਕੌਰ ਗੜ੍ਹੀ, ਗੜ੍ਹ ਹੰਕਾਰ ਵਾਲਾ ਤੁੜਾਈਆ । ਮੈਂ ਤੱਕਾਂ ਚਾਰ ਕੁੰਟ ਗੋਰ ਮੜ੍ਹੀ, ਮਕਬਰਿਆਂ ਫੋਲ ਫੁਲਾਈਆ । ਕਵਣ ਸੰਤ ਸੁਹੇਲਾ ਹੋਇਆ ਬਰੀ, ਫੰਦਨ ਜਗਤ ਵਾਲੇ ਤੁੜਾਈਆ । ਜਿਸ ਨੇ ਆਤਮ ਧਾਰ ਪਰਮਾਤਮ ਵਰੀ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਧਰਮ ਮੇਰਾ ਵੇਖ ਲੈ ਅਗਾ ਪਿਛਾ, ਪਿਛੋਕੜ ਧਿਆਨ ਲਗਾਈਆ । ਸਚ ਸਿੰਘਾਸਣ ਜਿਸ ਦਾ ਬਿਛਾ, ਉਹ ਮਾਲਕ ਬੇਪ੍ਰਵਾਹੀਆ । ਜਨ ਭਗਤਾਂ ਪੂਰੀ ਕਰੇ ਇੱਛਾ, ਨਿਰਇਛਤ ਆਪਣਾ ਰੰਗ ਰੰਗਾਈਆ । ਜਿਨ੍ਹਾਂ ਨੂੰ ਸਤਿ ਦੀ ਦੇ ਕੇ ਸਿਖਾ, ਸਿਖਿਆ ਇਕ ਦ੍ਰਿੜਾਈਆ । ਉਨ੍ਹਾਂ ਦਾ ਜਨਮ ਕਰਮ ਲੇਖਾ ਜਾਏ ਲਿਖਾ, ਲਿਖੀ ਰੇਖ ਨਾ ਕੋਇ ਬਦਲਾਈਆ । ਉਹ ਕਿਰਪਾ ਕਰੇ ਸਵਾਮੀ ਅਚੁਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਕਰੇ ਰੱਛਾ, ਰੱਛਕ ਰਖਕ ਹੋ ਕੇ ਵੇਖ ਵਖਾਈਆ । ੫੪੪ ੨੩

## ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜੰਡਿਆਲਾ ਜ਼ਿਲਾ ਜਲੰਧਰ ਕਰਤਾਰ ਕੌਰ ਦੇ ਗ੍ਰਿਹਿ ✪

ਧਰਨੀ ਕਹੇ ਧਰਮ ਇਕ ਦੂਜੇ ਦੇ ਬਣੀਏ ਗਵਾਹ, ਗਵਾਹਸ਼ੁਦ ਆਪ ਅਖਵਾਈਆ । ਸੰਦੇਸ਼ਾ ਦੇਈਏ ਬੇਪ੍ਰਵਾਹ, ਜੋ ਬੇਪ੍ਰਵਾਹੀ ਵਿਚ ਸਮਾਈਆ ।

ਕਲਜੁਗ ਵੇਖ ਤਤੀ ਅਗਨੀ ਹਵਾ, ਪਵਣ ਪਵਣਾਂ ਨਾਲ ਮਿਲਾਈਆ । ਜਿਸ ਨੇ ਕੂੜ ਕੁੜਿਆਰ ਚਲਾਈ ਵਬਾ, ਦੁੱਖ ਦਰਦ ਖ਼ਲਕ ਖ਼ੁਦਾਈਆ । ਮਿਹਰਵਾਨ ਹੋ ਕੇ ਵੇਖ ਮੇਰੇ ਅੱਬਾ, ਆਪ ਆਪਣਾ ਫੇਰਾ ਪਾਈਆ । ਮਲੇਛ ਧਾਰ ਹੋਈ ਦੀਨ ਦੁਨੀ ਸਭਾ, ਤਬੀਅਤ ਮਾਇਆ ਮੋਹ ਹਲਕਾਈਆ । ਤੇਰਾ ਪਿਆਰ ਛੁਟਕਿਆ ਹੱਭਾ, ਹਮ ਸਾਜਣ ਸੰਗ ਨਾ ਕੋਇ ਬਣਾਈਆ । ਦਰੋਹੀ ਤੇਰੇ ਨਾਮ ਦੀ ਰੱਬਾ, ਬਹੁੜੀ ਬਹੁੜੀ ਕਰ ਕੁਰਲਾਈਆ । ਨਿਰਮਾਣਤਾ ਵਿਚ ਦਈਏ ਸੱਦਾ, ਹੋਕਾ ਹਕ ਜਣਾਈਆ । ਪੁਰਖ ਅਕਾਲ ਚਾਰੋਂ ਕੁੰਟ ਆ ਭੱਜਾ, ਜਗਤ ਜਹਾਨ ਪੰਧ ਮੁਕਾਈਆ । ਜੀਵ ਜੰਤ ਚਲੇ ਕੋਈ ਨਾ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਵੇਖ ਵਖਾਈਆ । ਰਸਨਾ ਜਿਹਵਾ ਸਾਰੇ ਕਰਦੇ ਮਜ਼ਾ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਧਰਮ ਦਰ ਠਾਂਡੇ ਕਰੀਏ ਪੁਕਾਰ, ਸੀਸ ਅਨਕ ਬਾਰ ਨਿਵਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸ਼ਰਨਾਈਆ । ਦੁਖੀਆਂ ਦੁੱਖ ਨਿਵਾਰ, ਸੁਖ ਸਾਗਰ ਵਿਚ ਸਮਾਈਆ । ਤੂੰ ਕਰਨਹਾਰ ਕਰਤਾਰ, ਕਰਤਾ ਪੁਰਖ ਵਡ ਵਡਿਆਈਆ । ਚਾਰੋਂ ਕੁੰਟ ਵੇਖ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਦੱਬੀ ਪਾਪਾਂ ਭਾਰ, ਧਰਮ ਦੀ ਧਾਰ ਨਾ ਕੋਇ ਰਖਾਈਆ । ਮੇਰੇ ਉਤੇ ਹਾਹਾਕਾਰ, ਚਾਰੋਂ ਕੁੰਟ ਕੁਰਲਾਈਆ । ਰੋਵਾਂ ਧਾਹਾਂ ਮਾਰ, ਕਰਾਂ ਹਾਲ ਦੁਹਾਈਆ । ਆ ਮਿਲ ਅਗੰਮੇ ਯਾਰ, ਯਰਾਨਾ ਤੋੜ ਨਿਭਾਈਆ । ਕਲਜੁਗ ਤੱਕ ਅੰਧ ਅੰਧਿਆਰ, ਪਰਦਾ ਆਪ ਉਠਾਈਆ । ਭਵਿਖਤ ਵੇਖ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਵੇਸ ਵਟਾਈਆ । ਦਿਵਸ ਰੈਣ ਕਰਾਂ ਪੁਕਾਰ, ਕੂਕ ਕੂਕ ਸੁਣਾਈਆ । ਧਰਮ ਕਹੇ ਮੈਂ ਵਾਜਾਂ ਰਿਹਾ ਮਾਰ, ਬਿਨ ਰਸਨਾਂ ਜਿਹਵਾ ਕੂਕ ਸੁਣਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਪਰਵਰਦਿਗਾਰ, ਪਰਮ ਪੁਰਖ ਤੇਰੀ ਸਰਨਾਈਆ । ਲਹਿਣਾ ਦੇਣਾ ਪੂਰਬ ਕਰਮ ਸਰਬ ਵਿਚਾਰ, ਪਿਛਲਾ ਲੇਖਾ ਰਹੇ ਨਾ ਰਾਈਆ । ਸਚ ਸਵਾਮੀ ਅੰਤਰਜਾਮੀ ਬੇੜਾ ਕਰੇ ਕੋਇ ਨਾ ਪਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਚਰਨ ਕਵਲ ਨਿਮਸਕਾਰ, ਧੂੜੀ ਖ਼ਾਕ ਰਮਾਈਆ । ਧਰਮ ਕਹੇ ਧਰਨੀ ਧਰਨੀ ਕਹੇ ਧਰਮ ਰੋਈਏ ਜ਼ਾਰੋ ਜ਼ਾਰ, ਨੈਣਾਂ ਛਹਿਬਰ ਲਾਈਆ । ਫੇਰ ਸਾਹਿਬ ਸਵਾਮੀ ਆਪਣੀ ਕਿਰਪਾ ਦਏ ਧਾਰ, ਧਰਨੀ ਦੇਵੇ ਮਾਣ ਵਡਿਆਈਆ । ਧਰਮ ਦਾ ਸਤਿ ਕਰੇ ਉਜਿਆਰ, ਅਸਤਿ ਦਾ ਡੇਰਾ ਢਾਹੀਆ । ਮਹੱਲ ਅਟੱਲ ਦਏ ਉਸਾਰ, ਸਾਚਾ ਰੰਗ ਆਪ ਰੰਗਾਈਆ । ਦੀਨ ਦੁਨੀ ਖੋਲ ਕਿਵਾੜ, ਪਰਦਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਜੈਕਾਰ, ਆਤਮ ਪਰਮਾਤਮ ਰੰਗ ਰੰਗਾਈਆ । ਤਿਸ ਸਾਹਿਬ ਨੂੰ ਨਿਵ ਨਿਵ ਡੰਡਾਵਤ ਬੰਦਨਾ ਕਰੀਏ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਆਪ ਦਾਤਾਰ, ਦਇਆਵਾਨ ਦਇਆ ਕਮਾਈਆ ।



### ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਗੁਰਮੇਜ ਸਿੰਘ ਦੇ ਗ੍ਰਹਿ

ਧਰਨੀ ਕਹੇ ਧਰਮ ਮੇਰੇ ਉਤੇ ਕੋਟਨ ਬੀਤੇ ਜੁਗਨ, ਚੌਕੜੀਆਂ ਗਈਆਂ ਪੰਧ ਮੁਕਾਈਆ । ਮੈਂ ਸਭ ਦੇ ਕੋਲ ਕੀਤੇ ਰੁਦਨ, ਰੋ ਰੋ ਕੇ

ਹਾਲ ਸੁਣਾਈਆ । ਇਕੋ ਪਿਆਰ ਹੋਵੇ ਆਥਣ ਉਘਣ, ਨਵ ਸੱਤ ਇਕ ਵੱਜੇ ਵਧਾਈਆ । ਇਕੋ ਸ਼ਬਦ ਦੁਲਾਰਾ ਹੋਵੇ ਸਾਹਿਬ ਦਾ ਪੁਤਨ, ਦੋ ਜਹਾਨਾਂ ਸੋਭਾ ਪਾਈਆ । ਇਕੋ ਨਾਮ ਨਿਧਾਨਾ ਜਪਣਾ ਸੁਖਨ, ਸਿਫ਼ਤ ਸਾਹਿਬ ਵਡਿਆਈਆ । ਪਰ ਇਹੋ ਮੇਰੇ ਅੰਤਰ ਲੱਗਾ ਦੁੱਖਨ, ਦੁਖੀ ਹੋ ਕੇ ਦਿਆਂ ਜਣਾਈਆ । ਸਾਰੀ ਸ੍ਰਿਸ਼ਟੀ ਹੋਈ ਭੁੱਖਣ, ਭੁੱਖਿਆਂ ਭੁੱਖ ਨਾ ਕੋਇ ਗਵਾਈਆ । ਕਲਜੁਗ ਕੂੜ ਕੁੜਿਆਰੀ ਰੁੱਤਨ, ਰੁਤੜੀ ਸਚ ਨਾ ਕੋਇ ਮਹਿਕਾਈਆ । ਖ਼ਾਲੀ ਦਿਸਦੇ ਕਾਇਆ ਬੁਤਣ, ਬੁਤਖ਼ਾਨੇ ਰਹੇ ਕੁਰਲਾਈਆ । ਕਲਜੁਗ ਅੰਤਮ ਆਇਆ ਮੁਕਨ, ਆਪਣਾ ਪੰਧ ਮੁਕਾਈਆ । ਧਰਮ ਕਹੇ ਧਰਨੀ ਔਹ ਤੱਕ ਪੁਰਖ ਅਕਾਲਾ ਆਇਆ ਬੁੱਕਣ, ਸ਼ਬਦ ਅਗੰਮੀ ਭਬਕ ਲਗਾਈਆ । ਹਰਿਜਨ ਆਪਣੀ ਗੋਦੀ ਆਇਆ ਚੁੱਕਣ, ਫੜ ਬਾਹੋਂ ਗਲੇ ਲਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਤੁਕਣ, ਸੋਹੰ ਕਰੀ ਸਚ ਪੜ੍ਹਾਈਆ । ਸਤਿਜੁਗ ਸਾਚਾ ਲੱਗਾ ਉਠਣ, ਆਪਣੀ ਲਏ ਅੰਗੜਾਈਆ । ਪੁਰਖ ਅਕਾਲਾ ਲੱਗਾ ਤੁਠਣ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਭਗਤ ਸੁਹੇਲਿਆਂ ਲੱਗਾ ਪੁਛਣ, ਚਾਰੋਂ ਕੁੰਟ ਧਿਆਨ ਲਗਾਈਆ । ਕਾਇਆ ਮੰਦਰ ਅੰਦਰ ਲੱਗਾ ਘੁਸਣ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜ ਕੁੜਿਆਰ ਜੜ ਆਇਆ ਪੁੱਟਣ, ਜੂਠ ਝੂਠ ਧਰਨੀ ਰਹਿਣ ਨਾ ਪਾਈਆ ।



✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਗੁਰਮੀਤ ਕੌਰ ਦੇ ਗ੍ਰਿਹ ✪

ਧਰਮ ਕਹੇ ਧਰਨੀ ਉਹ ਵੇਖ ਆਪਣੀ ਤਕਦੀਰ ਲਿਖੀ, ਲਿਖਿਆ ਲੇਖ ਨਾ ਕੋਇ ਬਦਲਾਈਆ । ਨਿਰਅੱਖਰ ਧਾਰ ਤੱਕ ਲੈ ਚਿਠੀ, ਜੋ ਗੁਰ ਅਵਤਾਰ ਪੈਗ਼ੰਬਰ ਗਏ ਛੁਪਾਈਆ । ਸਭ ਦੀ ਫ਼ਰਿਆਦ ਸੁਣ ਲੈ ਮਿੱਠੀ, ਬਿਨ ਰਸਨਾ ਰਸ ਜਣਾਈਆ । ਮੇਰੇ ਉਤੇ ਕੁਰਲਾਵੇ ਖ਼ਾਕ ਮਿੱਟੀ, ਬਹੁੜੀ ਬਹੁੜੀ ਕਰ ਸੁਣਾਈਆ । ਕਲਜੁਗ ਅੰਤਮ ਝਗੜਾ ਪੈਣਾ ਪੱਥਰ ਇੱਟੀ, ਪਾਹਨ ਪਾਹਨ ਨਾਲ ਟਕਰਾਈਆ । ਸੰਮਤ ਸ਼ਹਿਨਸ਼ਾਹੀ ਅੱਠ ਦੀ ਹੋਵੇ ਮਿਤੀ, ਨਾਵਾਂ ਆਪਣੀ ਗੰਢ ਪਵਾਈਆ । ਜਗਤ ਮੁਹੱਬਤ ਚਾਰ ਕੁੰਟ ਹੋਵੇ ਫਿਕੀ, ਫ਼ਿਕਰਾ ਸਚ ਨਾ ਕੋਇ ਸੁਣਾਈਆ । ਹਰਿ ਸੰਗਤ ਦੀ ਧਾਰ ਬਣੇ ਇੱਕੀ, ਦੂਆ ਸਰਗੁਣ ਏਕਾ ਏਕੰਕਾਰ ਮਿਲ ਕੇ ਵੱਜੇ ਵਧਾਈਆ । ਨੌਂ ਖੰਡ ਸੱਤ ਦੀਪ ਸੁਰਤ ਹੋਵੇ ਕਿਸੇ ਨਾ ਟਿਕੀ, ਧੂੜੀ ਟਿੱਕੇ ਖ਼ਾਕ ਨਾ ਕੋਇ ਰਮਾਈਆ । ਧਰਨੀ ਕਹੇ ਧਰਮ ਮੈਂ ਇਕ ਖਬਰ ਦੱਸਾਂ ਨਿੱਕੀ, ਸਚ ਸਚ ਸੁਣਾਈਆ । ਗੋਬਿੰਦ ਦੇ ਪਿਆਰ ਵਿਚ ਗੋਬਿੰਦ ਦੀ ਕਾਇਮ ਰਹੇ ਨਾ ਸਿੱਖੀ, ਸਤਿ ਵਿਚ ਸਤਿ ਨਾ ਕੋਇ ਸਮਾਈਆ । ਅੰਮ੍ਰਿਤ ਧਾਰ ਮਿਲੇ ਨਾ ਮੰਗਿਆਂ ਭਿੱਖੀ, ਝੋਲੀ ਤਨ ਨਾ ਕੋਇ ਭਰਾਈਆ । ਉਹ ਵੇਖ ਮੇਰੀ ਆਸਾ ਦੁਹੱਥੜ ਮਾਰ ਕੇ ਰਹੀ ਪਿੱਟੀ, ਹੱਥ ਪੱਟਾਂ ਉਤੇ ਲਗਾਈਆ । ਬਿਨਾ ਪ੍ਰਭੂ ਤੋਂ ਕਿਸੇ ਦੀ ਕਰਨੀ ਨਾ ਹੋਵੇ ਚਿੱਟੀ, ਕਾਲਾ ਦਾਗ਼ ਨਾ ਕੋਇ ਮਿਟਾਈਆ । ਸਦੀ ਚੌਧਵੀਂ ਨਾ ਜਾਏ ਨਜਿੱਠੀ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਧਰਮ ਵੇਖ ਖੇਲ ਸੱਚੇ ਸਤਿਗੁਰ ਦੇ, ਗੁਰਦੇਵ ਸਵਾਮੀ

ਆਪ ਕਰਾਈਆ । ਜਿਸ ਦੇ ਕੋਲ ਹੁਕਮ ਧੁਰ ਦੇ, ਸਚਖੰਡ ਦਾ ਮਾਲਕ ਨਜ਼ਰੀ ਆਈਆ । ਮੇਰੇ ਉਤੇ ਕੋਟਨ ਜੀਵ ਫਿਰਦੇ ਤੁਰਦੇ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਮੈਨੂੰ ਇਉਂ ਜਾਪਿਆ ਇਹ ਸਾਰੇ ਹੋਏ ਮੁਰਦੇ, ਮੁਰੀਦ ਮੁਰਸ਼ਦ ਵਿਚ ਨਾ ਕੋਇ ਸਮਾਈਆ । ਕਲਜੁਗ ਵਹਿਣ ਵਿਚ ਜਾਂਦੇ ਰੁੜ੍ਹਦੇ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਆਪਣੇ ਘਰ ਮੂਲ ਨਾ ਮੁੜਦੇ, ਜਿਸ ਗ੍ਰਿਹ ਤੋਂ ਹੋਈ ਜੁਦਾਈਆ । ਮਾਨਸ ਜਨਮ ਐਵੇਂ ਜਾਂਦੇ ਖੁਰਦੇ, ਕੀਮਤ ਅੰਤ ਕੋਇ ਨਾ ਪਾਈਆ । ਸਾਚੀ ਮੰਜ਼ਲ ਮੂਲ ਨਾ ਤੁਰਦੇ, ਰਹਿਬਰ ਮਿਲਿਆ ਨਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਜਾਣੇ ਠੱਗ ਚੋਰ ਦੇ, ਯਾਰ ਯਾਰਾਂ ਵੇਖ ਵਖਾਈਆ ।

### ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਸਮਾਂ ਕੌਰ ਦੇ ਨਵਿਤ

ਧਰਨੀ ਕਹੇ ਧਰਮ ਮੇਰੀ ਲੇਖੇ ਲੱਗੇ ਖ਼ਾਕ, ਖ਼ਾਕ ਛਾਰ ਹੋ ਕੇ ਸੀਸ ਨਿਵਾਈਆ । ਮੇਰਾ ਤਨ ਵਜੂਦ ਹੋਵੇ ਪਾਕ, ਪਤਤ ਪੁਨੀਤ ਦਏ ਕਰਾਈਆ । ਚਰਨ ਧੂੜੀ ਬਖ਼ਸ਼ੇ ਸਾਚਾ ਨਾਤ, ਪਿਆਰ ਮੁਹੱਬਤ ਵਿਚ ਸਮਾਈਆ । ਮੇਰਾ ਸਵਾਮੀ ਖੋਲੇ ਤਾਕ, ਪਰਦਾ ਅੰਦਰੋਂ ਦਏ ਉਠਾਈਆ । ਮੈਂ ਸਭ ਕੁਛ ਵੇਖਾਂ ਮਾਰ ਝਾਤ, ਝਾਕੀ ਖ਼ਲਕ ਵਿਚ ਲਗਾਈਆ । ਮੇਰਾ ਸਵਾਮੀ ਚੜ੍ਹੇ ਅਸਵ ਘੋੜੇ ਅਗੰਮੇ ਰਾਕ, ਜ਼ੀਨ ਪਾਖਰ ਨਾਮ ਵਾਲੀ ਪਾਈਆ । ਮੇਰਾ ਓਸ ਉਤੇ ਵਿਸ਼ਵਾਸ, ਜੋ ਵਿਸ਼ਿਆਂ ਤੋਂ ਬਾਹਰ ਖੇਲ ਖਿਲਾਈਆ । ਸਚ ਦਵਾਰੇ ਪਾਵੇ ਰਾਸ, ਨਿਰਗੁਣ ਸਰਗੁਣ ਰੂਪ ਬਦਲਾਈਆ । ਮੇਰੀ ਪੂਰੀ ਕਰਾਏ ਆਸ, ਤਮੰਨਾ ਅਵਰ ਰਹਿਣ ਨਾ ਪਾਈਆ । ਭਗਤ ਸੁਹੇਲੇ ਵਸੇ ਪਾਸ, ਗੁਰ ਚੇਲਾ ਜੋੜ ਜੁੜਾਈਆ । ਮਿਲੇ ਵਡਿਆਈ ਲੋਕਮਾਤ, ਮਾਤਰ ਭੂਮੀ ਸੀਸ ਨਿਵਾਈਆ । ਮੇਰੀ ਮਨਜ਼ੂਰ ਕਰੇ ਅਰਦਾਸ, ਬੇਨੰਤੀ ਇਕੋ ਇਕ ਸੁਣਾਈਆ । ਚੌਥੇ ਜੁਗ ਪੂਰੀ ਕਰੇ ਖ਼ਾਹਿਸ਼, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਮੈਨੂੰ ਕਰਨਾ ਨਾ ਪਏ ਤਲਾਸ਼, ਗ੍ਰਿਹ ਆਵੇ ਧੁਰ ਦਾ ਮਾਹੀਆ । ਥਿਤ ਵਾਰ ਲੇਖਾ ਜਾਣੇ ਬਰਸ ਮਾਸ, ਘੜੀ ਪਲ ਧਿਆਨ ਲਗਾਈਆ । ਸਵਾਮੀ ਹੋ ਕੇ ਪੁਛੇ ਵਾਤ, ਵਾਰਸ ਹੋ ਕੇ ਹੋਏ ਸਹਾਈਆ । ਮੇਰੇ ਉਤੋਂ ਮੇਟੇ ਕਲਜੁਗ ਅੰਧੇਰੀ ਰਾਤ, ਸਤਿਜੁਗ ਸਚ ਕਰ ਰੁਸ਼ਨਾਈਆ । ਚਾਰ ਵਰਨ ਬਣਾਏ ਇਕ ਜਮਾਤ, ਏਕਾ ਅੱਖਰ ਨਾਮ ਪੜ੍ਹਾਈਆ । ਕੂੜਾ ਚੀਥੜ ਜਾਵੇ ਪਾਟ, ਤਨ ਬਸਤਰ ਨਾਮ ਸਚ ਪਹਿਨਾਈਆ । ਵਸਤ ਅਮੋਲਕ ਦੇਵੇ ਆਪਣੇ ਹਾਟ, ਵਣਜ ਵਣਜਾਰਾ ਇਕ ਕਰਾਈਆ । ਤੀਰਥ ਦੱਸੇ ਸਰੋਵਰ ਸਾਚਾ ਘਾਟ, ਤਟ ਅਵਰ ਨਾ ਕੋਇ ਜਣਾਈਆ । ਜਗਤ ਜੁਗਤ ਦੀ ਮੁਕੇ ਵਾਟ, ਜੀਵਨ ਜ਼ਿੰਦਗੀ ਦਏ ਬਦਲਾਈਆ । ਮੈਂ ਉਸੇ ਦੇ ਅਗੇ ਜੋੜਾਂ ਹਾਥ, ਨਿਵ ਨਿਵ ਸੀਸ ਝੁਕਾਈਆ । ਕਿਰਪਾ ਕਰ ਪੁਰਖ ਸਮਰਾਥ, ਸਮਰਥ ਤੇਰੀ ਸਰਨਾਈਆ । ਮੇਰੇ ਸਗਲ ਵਸੂਰੇ ਜਾਣੇ ਲਾਥ, ਰੋਗ ਸੰਤਾਪ ਰਹੇ ਨਾ ਰਾਈਆ । ਅੰਤ ਕੰਤ ਭਗਵੰਤ ਪ੍ਰਿਥਮੀ ਕਹੇ ਮੇਰੀ ਪੁਛੇ ਵਾਤ, ਪ੍ਰਿਥਮ ਆਪਣਾ ਫੇਰਾ ਪਾਈਆ । ਮੈਂ ਚਾਰ ਜੁਗ ਸੰਦੇਸ਼ੇ ਸੁਣੇ ਭਾਂਤ ਭਾਂਤ, ਅਵਤਾਰ ਪੈਗ਼ੰਬਰ ਗੁਰ ਗਏ ਸੁਣਾਈਆ । ਮੈਂ ਚਾਹੁੰਦੀ ਕਿਰਪਾ ਕਰੇ ਕਮਲਾਪਾਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਝਗੜਾ ਮੇਟੇ ਜ਼ਾਤ ਪਾਤ, ਆਤਮ ਬ੍ਰਹਮ

੫੪੭
੨੩

ਇਕ ਸਮਝਾਈਆ । ਨਿਰਗੁਣ ਨਿਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਮੇਰਾ ਪੂਰਬ ਪੂਰਾ ਕਰੇ ਘਾਟ, ਵਾਧਾ ਆਪਣੇ ਨਾਲ ਜਣਾਈਆ । ਜਨ ਭਗਤਾਂ ਭਾਗ ਲਗਾ ਕੇ ਕਾਇਆ ਮਾਟੀ ਮਾਟ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਤਮ ਸੇਜ ਸੁਹਾਏ ਸੁਹੰਜਣਾ ਖਾਟ, ਖਟਕਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੇਰੀ ਪਤ ਲਏ ਰਾਖ, ਰਖਕ ਹੋ ਕੇ ਵੇਖ ਵਖਾਈਆ ।

### ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਪ੍ਰਕਾਸ਼ ਕੌਰ ਦੇ ਗ੍ਰਹਿ ✪

ਕਲਜੁਗ ਕਹੇ ਧਰਨੀਏ ਮੇਰੀਆਂ ਪਈਆਂ ਧੁੰਮਾਂ, ਧੁੰਮ ਧਾਮ ਨਾਲ ਜਣਾਈਆ । ਸਤਿ ਧਰਮ ਮੈਂ ਕੌੜਾ ਕੀਤਾ ਵਾਂਗ ਤੁੰਮਾ, ਤੁਖ਼ਮ ਤਾਸੀਰ ਸਭ ਦੀ ਦਿਤੀ ਬਦਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪਾਂ ਘੁੰਮਾਂ, ਭੱਜਾਂ ਵਾਹੋ ਦਾਹੀਆ । ਦੀਨ ਦੁਨੀ ਰਾਤ ਨੂੰ ਸੌਂਦੀ ਮੈਂ ਪ੍ਰਭ ਦੇ ਚਰਨ ਚੁੰਮਾਂ, ਚੋਰੀ ਚੋਰੀ ਭਗਤਾਂ ਦੇ ਵਿਚ ਆਈਆ । ਕੁਝ ਮੇਰਾ ਲੇਖਾ ਬਾਕੀ ਜੋ ਦੱਸਾਂ ਏਸੇ ਜੁਮਾ, ਜੁਮਲੇ ਅੱਖਰ ਬਣਾਈਆ । ਜਿਸ ਕਾਰਨ ਅੱਖਰ ਬਣਾਇਆ ਨੂਨਗੁਨਾ, ਗੁਣਵੰਤ ਦਿਤੀ ਵਡਿਆਈਆ । ਮੈਂ ਭੇਵ ਜਣਾਵਾਂ ਮਾਲਕ ਕੁਨਾ, ਕੁਲ ਮਾਲਕ ਕੀ ਸਮਝਾਈਆ । ਕਿਸੇ ਹੱਥ ਨਾ ਆਵਾਂ ਸਾਧੂ ਫ਼ਕੀਰਾਂ ਦੇ ਵਿਚ ਸੁੰਨਾ, ਸੁੰਨ ਸਮਾਧੀ ਸਮਝ ਕਿਸੇ ਨਾ ਆਈਆ । ਜਗਤ ਜਗਿਆਸੂਆਂ ਧਰਮ ਦੀ ਧਾਰ ਗਵਾਈ ਧੁਨਾ, ਧੁਨ ਆਤਮਕ ਰਾਗ ਨਾ ਕੋਇ ਦ੍ਰਿੜਾਈਆ । ਮੈਂ ਪਰਮ ਪੁਰਖ ਦਾ ਲਾਡਲਾ ਇਕੋ ਮੁੰਨਾ, ਜਿਸ ਮੁਨੀ ਮੁਨੀਸ਼ਰ ਦਿਤੇ ਭੁਲਾਈਆ । ਮੈਂ ਪਾਠ ਕਰਦਾ ਨਹੀਂ ਨਾਲ ਬੁੱਲਾਂ, ਬੁੱਲਾਂ ਵਾਲੀ ਸ੍ਰਿਸ਼ਟੀ ਹਿਰਦੇ ਹਰਿ ਨਾ ਸਕੇ ਕੋਈ ਵਸਾਈਆ । ਧਰਨੀਏ ਤੱਕ ਲੈ ਮੈਂ ਤੇਰੇ ਉਤੇ ਫਲਿਆ ਫੁਲਾ, ਫੁਲਵਾੜੀ ਮੇਰੀ ਕਾਮ ਕਰੋਧ ਲੋਭ ਮੋਹ ਹੰਕਾਰ ਨਜ਼ਰੀ ਆਈਆ । ਮੈਂ ਤ੍ਰੈਗੁਣ ਮਾਇਆ ਤਪਾ ਕੇ ਬੈਠਾ ਚੁੱਲ੍ਹਾ, ਚੂਲੀਆਂ ਵਿਚ ਪਿਆਉਣ ਵਾਲੇ ਅੰਮ੍ਰਿਤ ਮੇਰੀ ਅੱਗ ਸਕੇ ਨਾ ਕੋਇ ਬੁਝਾਈਆ । ਮੇਰਾ ਵੇਖ ਲਏ ਵਿਹੜਾ ਖੁੱਲ੍ਹਾ, ਚਾਰ ਕੁੰਟ ਨਜ਼ਰੀ ਆਈਆ । ਦੀਨਾਂ ਮਜ਼੍ਹਬਾਂ ਵਿਚ ਰਹਿਣ ਨਹੀਂ ਦੇਣੀ ਸੁਲ੍ਹਾ, ਮਿਤਰ ਮਿਤਰਾਂ ਨਾਲ ਲੜਾਈਆ । ਸਭ ਦਾ ਦੀਵਾ ਕਰਨਾ ਗੁੱਲਾ, ਗੁਲਸ਼ਨ ਸਕੇ ਨਾ ਕੋਇ ਮਹਿਕਾਈਆ । ਨਾਮ ਨਿਧਾਨਾ ਕਿਸੇ ਹੱਥ ਆਉਣ ਨਾ ਦੇਵਾਂ ਤੁਲਾਹ, ਬੇੜਾ ਪਾਰ ਨਾ ਕੋਇ ਕਰਾਈਆ । ਉਹ ਵੇਖ ਲੈ ਸੰਤ ਸਾਧ ਜਗਤ ਮਾਇਆ ਕਾਮਨੀ ਦੇ ਵਿਚ ਰੁਲਾ, ਕਾਮਲ ਮੁਰਸ਼ਦ ਮਿਲਣ ਕੋਇ ਨਾ ਪਾਈਆ । ਕਲਜੁਗ ਕਹੇ ਧਰਨੀਏ ਤੇਰੇ ਉਤੇ ਮਾਨਸ ਬੂਟਾ ਹੁੱਲਾ, ਪੱਤ ਟਹਿਣੀ ਨਾ ਕੋਇ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਅਭੁਲਾ, ਅਭੁਲ ਆਪਣੀ ਖੇਲ ਖਿਲਾਈਆ ।


੫੪੮
੨੩

## ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਤੇਜ ਕੌਰ ਦੇ ਗ੍ਰਿਹ ✪

ਕਲਜੁਗ ਕਹੇ ਸੁਣ ਓਏ ਧਰਮ ਧੰਮਿਆ, ਧਰਨੀ ਉਤੇ ਤੈਨੂੰ ਦਿਆਂ ਜਣਾਈਆ । ਜੁਗ ਜੁਗ ਤੂੰ ਬਣਾਏ ਹੱਦ ਬੰਨਿਆ, ਸਤਿਜੁਗ ਤਰੇਤਾ ਦੁਆਪਰ ਵੇਖ ਵਖਾਈਆ । ਮੈਂ ਪੁਰਖ ਅਕਾਲ ਅਕਾਲ ਦੁਲਾਰਾ ਇਕੋ ਜੰਮਿਆ, ਸੂਰਬੀਰ ਬਲ ਪ੍ਰਗਟਾਈਆ । ਤੈਨੂੰ ਲੋਕਮਾਤ ਕੀਤਾ ਨਿਕੰਮਿਆ, ਬਲ ਨਜ਼ਰ ਕੋਇ ਨਾ ਆਈਆ । ਤੇਰੀ ਜੜ ਉਖੜੀ ਵਾਂਗ ਗੰਨਿਆ, ਹਲੂਣਾ ਵਿਕਾਰ ਵਾਲਾ ਲਗਾਈਆ । ਪਤ ਰਹਿਣ ਦਿਤੀ ਨਹੀਂ ਕਿਸੇ ਕੰਨਿਆ, ਇਹ ਮੇਰੀ ਬੇਪ੍ਰਵਾਹੀਆ । ਜਗਤ ਜਹਾਨ ਕੀਤਾ ਨੇਤਰ ਅੰਨ੍ਹਿਆ, ਲੋਚਨ ਅੱਖ ਨਾ ਕੋਇ ਖੁਲਾਈਆ । ਸ਼ਾਹ ਸੁਲਤਾਨਾਂ ਸਭ ਨੂੰ ਡੰਨਿਆ, ਜਗਤ ਜਗਿਆਸੂਆਂ ਕੀਤੀ ਸਫ਼ਾਈਆ । ਚਾਰੋਂ ਕੁੰਟ ਮੈਥੋਂ ਕੰਬਿਆ, ਥਰਥਰਾਹਟ ਵਿਚ ਕੁਰਲਾਈਆ । ਤੂੰ ਜੁਗ ਜੁਗ ਫਿਰ ਕੇ ਹੰਬਿਆ, ਬਲਹੀਣ ਅਖਵਾਈਆ । ਮੇਰਾ ਹੁਣ ਸਮਾਂ ਨਹੀਂ ਕੋਈ ਲੰਮਿਆਂ, ਲੰਮਾ ਪੈ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਮੇਰੇ ਕਲਬੂਤ ਵਾਲੇ ਤੰਨਿਆ, ਜੋ ਮਿਹਰਵਾਨ ਮਿਹਰਵਾਨ ਮਿਹਰਵਾਨ ਦਿਤਾ ਬਣਾਈਆ ।



## ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਦਰਸ਼ਨ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਮੇਰਾ ਕੂੜ ਦਾ ਤੱਕ ਲੈ ਲਾਲਚ, ਦੀਨ ਦੁਨੀ ਦਿਤੀ ਲਲਚਾਈਆ । ਮਾਇਆ ਮਮਤਾ ਟਿੱਕਾ ਲਾਇਆ ਮਸਤਕ ਕਾਲਖ, ਦੁਰਮਤ ਮੈਲ ਨਾ ਕੋਇ ਧਵਾਈਆ । ਪ੍ਰਭੂ ਦੇ ਪਿਆਰ ਵਿਚ ਰਹਿਣ ਦਿਤਾ ਕੋਈ ਨਾ ਖ਼ਾਲਸ, ਸਤਿ ਵਿਚ ਨਾ ਕੋਇ ਸਮਾਈਆ । ਆਪਣੀ ਨਿੰਦਰਾ ਖੋਲ ਲੈ ਆਲਸ, ਬਿਨ ਨੈਣਾਂ ਨੈਣ ਉਠਾਈਆ । ਕਿਰਪਾ ਕਰੇ ਮੇਰਾ ਖ਼ਲਕ ਦਾ ਖ਼ਾਲਕ, ਮਖ਼ਲੂਕ ਦਾ ਮਾਲਕ ਦਇਆ ਕਮਾਈਆ । ਜਿਸ ਮੇਰੇ ਵਿਚ ਝੂਠ ਬਣਾਇਆ ਸਾਲਸ, ਸਾਲਸੀ ਜਗਤ ਕਮਾਈਆ । ਦਿਵਸ ਰੈਣ ਬਣਿਆ ਮੇਰਾ ਪ੍ਰਿਤਪਾਲਕ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਰੂਪ ਅੰਞਾਣਾ ਬਾਲਕ, ਨਜ਼ਰ ਜਗਤ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਦੇਵੇ ਮਾਣ ਵਡਿਆਈਆ । ਕਲਜੁਗ ਕਹੇ ਧਰਮ ਮੇਰੀ ਤੱਕ ਲੈ ਰੀਤੀ, ਰੀਤੀਵਾਨਾਂ ਦਿਆਂ ਜਣਾਈਆ । ਆਪਣੀ ਸਮਝੇ ਕੋਇ ਨਾ ਕੀਤੀ, ਕਰਨੀ ਸਮਝ ਕੋਇ ਨਾ ਪਾਈਆ । ਪਵਿਤਰ ਰਹਿਣ ਦਿਤੀ ਨਹੀਂ ਮੈਂ ਨੀਤੀ, ਕੂੜ ਕੁੜਿਆਰਾ ਰੰਗ ਚੜ੍ਹਾਈਆ । ਝਗੜਾ ਪਾ ਕੇ ਹਸਤ ਕੀਟੀ, ਉਚਾਂ ਨੀਚਾਂ ਦਿਤਾ ਟਕਰਾਈਆ । ਈਮਾਨ ਰਹਿਣ ਦਿਤਾ ਨਹੀਂ ਮੰਦਰ ਮਸੀਤੀ, ਕਾਅਬੇ ਰਹੇ ਕੁਰਲਾਈਆ । ਮੁਰੀਦ ਮੁਰਸ਼ਦਾਂ ਕਾਇਮ ਨਹੀਂ ਰਹੀ ਪ੍ਰੀਤੀ, ਚੇਲਾ ਗੁਰ ਨਾ ਕੋਇ ਵਡਿਆਈਆ । ਰਸਨਾ ਰਸਾਇਣ ਰਹੀ ਨਾ ਮੀਠੀ, ਕੂੜ ਕਿਰਿਆ ਵਿਚ ਹਲਕਾਈਆ । ਮੇਰੀ ਖੇਲ ਤੱਕ ਅਣਡੀਠੀ, ਜੋ ਘਰ ਘਰ ਦਿਤੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਧਾਰ ਦਰਸਾਏ ਨੀਕਨ ਨੀਕੀ, ਜਗਤ ਜੁਗ ਨੇਤਰ ਨੈਣ ਨਜ਼ਰ ਕਿਸੇ ਨਾ ਆਈਆ ।

## ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਸੁਰਜੀਤ ਸਿੰਘ ਦੇ ਗ੍ਰਿਹ ✪

ਧਰਮ ਕਹੇ ਕਲਜੁਗ ਤੂੰ ਬੜਾ ਨਿਰਾਲਾ ਭੇਖੀ, ਰੂਪ ਅਨੂਪ ਬਦਲਾਈਆ । ਹਉਮੇ ਹੰਗਤਾ ਵਾਲੀ ਤੇਰੀ ਸ਼ੇਖ਼ੀ, ਸ਼ੇਖ਼ਾਂ ਮੁੱਲਾਂ ਮੁਸਾਇਕਾਂ ਰਹੀ ਡਰਾਈਆ । ਉਹ ਵੇਖ ਦੀਨ ਦੁਨੀ ਦਿਸੇ ਪ੍ਰਦੇਸੀ, ਸਚ ਗ੍ਰਿਹਿ ਨਾ ਹੋਏ ਸਹਾਈਆ । ਤੇਰੀ ਮਿਟਦੀ ਜਾਂਦੀ ਰੇਖੀ, ਰੇਖਾ ਸਤਿਜੁਗ ਰਿਹਾ ਬਦਲਾਈਆ । ਸਤਿਗੁਰ ਸ਼ਬਦ ਬਣ ਕੇ ਭੇਤੀ, ਜਗਤ ਜਹਾਨ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਮੁਕਾਵੇ ਛੇਤੀ, ਛਤਰਧਾਰੀਆਂ ਕਰੇ ਸਫ਼ਾਈਆ । ਤੂੰ ਅੰਤਮ ਆਪਣੀ ਸੇਜ ਤੇ ਲੇਟੀਂ, ਜਿਥੇ ਸੁੱਤਿਆਂ ਨਾ ਕੋਇ ਉਠਾਈਆ । ਪੁਰਖ ਅਕਾਲ ਨੂੰ ਮਸਤਕ ਟੇਕੀਂ, ਚਰਨ ਛੋਹ ਨਾਲ ਵਡਿਆਈਆ । ਜੋ ਤੇਰਾ ਪੂਰਾ ਕਰੇ ਹੇਤੀ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਨੂੰ ਸਾਰੇ ਕਹਿੰਦੇ ਨੇਤੀ ਨੇਤੀ, ਨਰ ਨਰਾਇਣ ਅਗੰਮ ਅਥਾਹੀਆ । ਓਹ ਤੇਰੀ ਜੜ ਉਖੇੜੇ ਮੇਖੀ, ਧਰਨੀ ਧਵਲ ਰਹਿਣ ਨਾ ਪਾਈਆ । ਧਰਮ ਕਹੇ ਕਲਜੁਗ ਅੰਤ ਨਿਸ਼ਾਨਾ ਕਰ ਲੈ ਕੇਸੀ, ਕੇਸਗੜ੍ਹ ਦਾ ਲੇਖਾ ਗੋਬਿੰਦ ਗਿਆ ਦ੍ਰਿੜਾਈਆ । ਨਿਰਗੁਣ ਸਰਗੁਣ ਧਾਰ ਤੱਕ ਲੈ ਨਾਨਕ ਵਾਲੀ ਖੇਸੀ, ਆਪਣਾ ਭਾਰ ਉਠਾਈਆ । ਕੂੜ ਕਲਪਣਾ ਗਠੜੀ ਬੰਨ੍ਹ ਲੈ ਭੇਸੀ, ਡੂੰਘੇ ਸਾਗਰ ਵਹਿਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਅੰਤ ਕਰਾਏ ਵਾਰ ਏਕੀ, ਏਕੰਕਾਰ ਆਪਣਾ ਹੁਕਮ ਵਰਤਾਈਆ ।



## ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਪ੍ਰੀਤਮ ਕੌਰ ਦੇ ਗ੍ਰਿਹ ✪

ਧਰਮ ਕਹੇ ਕਲਜੁਗ ਸਤਿਗੁਰ ਸ਼ਬਦ ਅਗੰਮਾ ਵੇਖ ਬੁੱਕਦਾ, ਭਬਕ ਧੁਰ ਦਾ ਨਾਮ ਲਗਾਈਆ । ਜਿਸ ਭੇਵ ਖੁਲਾਉਣਾ ਇਕੋ ਤੁਕ ਦਾ, ਤੂੰ ਮੇਰਾ ਮੈਂ ਤੇਰਾ ਰਾਗ ਜਣਾਈਆ । ਤੂੰ ਥਾਂ ਲੱਭਣਾ ਆਪਣੀ ਲੁਕ ਦਾ, ਧਰਨੀ ਉਤੇ ਰਹਿਣ ਨਾ ਪਾਈਆ । ਤੇਰਾ ਪੈਂਡਾ ਜਾਂਦਾ ਮੁਕਦਾ, ਮੁਕੰਮਲ ਦਿਆਂ ਸੁਣਾਈਆ । ਲੇਖਾ ਮੁਕਣਾ ਕੂੜੀ ਭੁੱਖ ਦਾ, ਤ੍ਰਿਸ਼ਨਾ ਦੇਣੀ ਗਵਾਈਆ । ਭਾਗ ਉਦੇ ਹੋਣਾ ਜਨਨੀ ਵਾਲੀ ਕੁੱਖ ਦਾ, ਜਨ ਭਗਤਾਂ ਮਿਲੇ ਵਡਿਆਈਆ । ਹਰਿਜਨ ਪੈਂਡਾ ਮੁਕਣਾ ਉਲਟੇ ਰੁੱਖ ਦਾ, ਨੌਂ ਅਠਾਰਾਂ ਅਗਨ ਨਾ ਕੋਇ ਤਪਾਈਆ । ਪ੍ਰਭੂ ਦਾ ਖੇਲ ਨਹੀਂ ਕਿਸੇ ਮਨੁੱਖ ਦਾ, ਹਰਿ ਕਰਤਾ ਸਭ ਕੁਛ ਆਪ ਕਰਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਝੁਕਦਾ, ਵਿਸ਼ਨ ਬ੍ਰਹਮਾ ਸ਼ਿਵ ਜ਼ਿਮੀਂ ਅਸਮਾਨਾਂ ਸੀਸ ਝੁਕਾਈਆ । ਉਹ ਸਦੀ ਚੌਧਵੀਂ ਅੰਤਮ ਸਭ ਨੂੰ ਪੁਛਦਾ, ਪੀਰ ਪੈਗ਼ੰਬਰ ਰਿਹਾ ਉਠਾਈਆ । ਭੇਵ ਅਭੇਦਾ ਖੋਲੇ ਆਪਣੀ ਅਗੰਮੀ ਰੁੱਤ ਦਾ, ਕੀ ਰੁਤੜੀ ਰੰਗ ਰੰਗਾਈਆ । ਕੀ ਲੇਖਾ ਹੋਣਾ ਕਾਇਆ ਮਾਟੀ ਪੰਜ ਤਤ ਬੁਤ ਦਾ, ਬੁਤਖ਼ਾਨਿਆਂ ਫੋਲ ਫੁਲਾਈਆ । ਕਿਸ ਬਿਧ ਤੇਰਾ ਪੈਂਡਾ ਮੁਕਣਾ ਲੁੱਟ ਦਾ, ਲੁਟੇਰਿਆ ਜਗਤ ਮਾਤਲੋਕ ਰਹਿਣ ਨਾ ਪਾਈਆ । ਸਮਾਂ ਸਮਾਪਤ ਹੋਵੇ ਫੁੱਟ ਦਾ, ਫੁਟਕਲ ਰਹੇ ਨਾ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਨਿਸ਼ਾਨਿਉਂ ਆਦਿ ਜੁਗਾਦਿ ਕਦੀ ਨਹੀਂ ਉਕਦਾ, ਨਾਮ ਅਣਿਆਲਾ ਤੀਰ ਦੋ ਜਹਾਨ ਚਲਾਈਆ ।

## ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਭਜਨੋ ਦੇ ਗ੍ਰਹਿ

ਕਲਜੁਗ ਕਹੇ ਧਰਮ ਜੀ ਨਾ ਮਾਰ ਆਪਣਾ ਕੜਕਾ, ਕੜਕ ਕੜਕ ਸੁਣਾਈਆ । ਮੇਰਾ ਖੇਲ ਵੇਖ ਨਿਧੜਕਾ, ਹੱਥ ਸੀਨੇ ਉਤੇ ਟਿਕਾਈਆ । ਮੈਂ ਅੱਠਾਂ ਸਾਲਾਂ ਵਿਚ ਤੇਰੀਆਂ ਕਢ ਦੇਣੀਆਂ ਰੜਕਾਂ, ਰੇੜਕਾ ਪਾਉਣਾ ਥਾਉਂ ਥਾਈਂਆ । ਤੂੰ ਫਿਰਨਾ ਸੱਤਾਂ ਦੀਪਾਂ ਵਾਲੀਆਂ ਉਤੇ ਸੜਕਾਂ, ਭੱਜਣਾ ਵਾਹੋ ਦਾਹੀਆ । ਤੈਨੂੰ ਪਤਾ ਨਹੀਂ ਮੈਂ ਪੁਰਖ ਅਕਾਲ ਦਾ ਛੋਟਾ ਲੜਕਾ, ਜਿਸ ਕਲਜੁਗ ਧਰਿਆ ਨਾਉਂ ਚਾਈਂ ਚਾਈਂਆ । ਮੈਂ ਲਹਿਣਾ ਦੇਣਾ ਵੇਖਾਂ ਲਹਿੰਦਾ ਚੜ੍ਹਦਾ, ਦੱਖਣ ਪਹਾੜ ਖੋਜ ਖੁਜਾਈਆ । ਨੌਵਾਂ ਖੰਡਾਂ ਦੁਆਰੇ ਖੜ੍ਹਦਾ, ਸਨਮੁਖ ਹੋ ਕੇ ਸੋਭਾ ਪਾਈਆ । ਮੈਂ ਬਣਿਆ ਇਕ ਪ੍ਰਭੂ ਦਾ ਬਰਦਾ, ਸੇਵਕ ਹੋ ਕੇ ਸੇਵ ਕਮਾਈਆ । ਮੈਂ ਘਰ ਘਰ ਝਗੜਾ ਪਾਇਆ ਨਾਰੀ ਨਰ ਦਾ, ਸਗਲਾ ਸੰਗੀ ਰਹਿਣ ਕੋਇ ਨਾ ਪਾਈਆ । ਮੇਰੀ ਕੂੜ ਤਰਨੀ ਵਿਚ ਕਲਜੁਗ ਜੀਵ ਤਰਦਾ, ਚਾਰੋਂ ਕੁੰਟ ਤਾਰੀਆਂ ਲਾਈਆ । ਕੂੜ ਵਿਕਾਰਾਂ ਵਿਚ ਸੜਦਾ, ਹਉਮੇ ਅਗਨ ਤਪਾਈਆ । ਮੈਂ ਲੇਖਾ ਵੇਖਿਆ ਚੋਟੀ ਜੜ ਦਾ, ਜੜ ਚੇਤਨ ਖੋਜ ਖੁਜਾਈਆ । ਪਰ ਮੈਂ ਦੁਲਾਰਾ ਉਸ ਨਰਾਇਣ ਨਰ ਦਾ, ਜਿਸ ਮੈਨੂੰ ਜਨਮ ਦਿਤਾ ਬਿਨਾ ਮਾਈਆ । ਮੈਂ ਕੂੜ ਕੁਹਾੜਾ ਹੱਥ ਵਿਚ ਫੜਦਾ, ਜਗਤ ਜਗਿਆਸੂਆਂ ਦਿਆਂ ਲਗਾਈਆ । ਚਾਰੋਂ ਕੁੰਟ ਅੰਧੇਰ ਕਰਦਾ, ਧਰਮ ਤੇਰਾ ਚੰਦ ਨਾ ਕੋਇ ਰੁਸ਼ਨਾਈਆ । ਮੇਰਾ ਲੇਖਾ ਕਲਜੁਗ ਕਲ ਦਾ, ਕਲਕਾਤੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਮਾਲਕ ਜਲ ਥਲ ਦਾ, ਮਹੀਅਲ ਆਪੇ ਰਿਹਾ ਸਮਾਈਆ ।



੫੫੧
੨੩

## ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਬਿਲਗਾ ਜ਼ਿਲਾ ਜਲੰਧਰ ਛਿੰਦੋ ਦੇ ਗ੍ਰਹਿ

ਕਲਜੁਗ ਕਹੇ ਧਰਮ ਮੈਂ ਤੇਰੀ ਲੁੱਟੀ ਹੱਟੀ, ਲੁਟੇਰਾ ਆਪਣਾ ਆਪ ਕਰਾਈਆ । ਸਚ ਦੀ ਰਹਿਣ ਨਹੀਂ ਦਿਤੀ ਖੱਟੀ, ਖਾਤੇ ਸਾਰੇ ਦਿਤੇ ਮਿਟਾਈਆ । ਹਿਸਾਬ ਕਿਤਾਬ ਵਾਲੀ ਵੇਖ ਲੈ ਆਪਣੀ ਫੱਟੀ, ਹਿੰਦਸਾ ਨਜ਼ਰ ਕੋਇ ਨਾ ਆਈਆ । ਸਭ ਨੂੰ ਭਰਨੀ ਪੈਣੀ ਚੱਟੀ, ਜੋ ਚੇਟਕ ਤੇਰੇ ਨਾਲ ਰਖਾਈਆ । ਮੈਂ ਖ਼ਬਰ ਸੁਣਾਵਾਂ ਹਕੀ, ਹਕੀਕਤ ਨਾਲ ਦ੍ਰਿੜਾਈਆ । ਮੇਰਾ ਸਾਹਿਬ ਪੁਰਖ ਸਮਰਥੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਲੋਕਮਾਤ ਤੈਨੂੰ ਤੋਰਿਆ ਹੱਥੀ, ਸਿਰ ਆਪਣਾ ਹੱਥ ਟਿਕਾਈਆ । ਮੇਰਾ ਨਾਲ ਚਲਾਵੇ ਰਥੀ, ਰਥਵਾਹੀ ਹੋ ਕੇ ਹੁਕਮ ਸੁਣਾਈਆ । ਸਤਿ ਧਰਮ ਨੂੰ ਜਾਈਂ ਮਥੀ, ਕਲਜੁਗ ਤੇਰੇ ਵਿਚ ਰਹਿਣ ਨਾ ਪਾਈਆ । ਜਗਤ ਅਟਾਰੀ ਹੋਵੇ ਢੱਠੀ, ਮਹੱਲ ਅਟੱਲ ਨਾ ਕੋਇ ਸੁਹਾਈਆ । ਤ੍ਰੈਗੁਣ ਮਾਇਆ ਤਪਾ ਦੇ ਭੱਠੀ, ਭਠਿਆਲਾ ਹੋ ਕੇ ਅਗਨੀ ਡਾਹੀਆ । ਅੰਧੇਰਾ ਕਰ ਦੇ ਬਿਨਾ ਦੀਵਾ ਵੱਟੀ, ਜਗਤ ਨੂਰ ਨਾ ਕੋਇ ਚਮਕਾਈਆ । ਦੀਨ ਦੁਨੀ ਜਾਵੇ ਛਟੀ, ਛੁਟਕਾਰਾ ਦਏ ਨਾ ਕੋਇ ਕਰਾਈਆ । ਕੂੜੀ ਮਦਿ ਪਿਆ ਸਭ ਨੂੰ ਗਟ ਗਟੀ, ਗੱਟਾ ਆਪਣੇ ਹੱਥ ਖੁਲਾਈਆ । ਸਮੁੰਦ ਸਾਗਰਾਂ ਪਾਰ ਟੱਪੀ, ਨੌਵਾਂ ਖੰਡਾਂ ਵੇਖ ਵਖਾਈਆ । ਜਗਤ ਜਗਿਆਸੂ ਸਾਰੇ ਫਟੀ, ਤੀਰ ਕੂੜ ਵਾਲਾ ਚਲਾਈਆ । ਸਭ ਦਾ ਜੀਵਣ ਪਾਵੀਂ ਨੱਟੀ, ਨਟੂਆ ਹੋ ਕੇ ਸਵਾਂਗ ਵਰਤਾਈਆ । ਵੇਖੀਂ ਫ਼ਰਕ ਨਾ ਆਵੇ ਰਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਰਬ ਕਲਾ ਸਮਰਥੀ, ਸਮਰਥ ਪੁਰਖ ਦਇਆ ਕਮਾਈਆ ।

✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਗਰਦਾਵਰ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਜ਼ਿਲਾ ਜਲੰਧਰ ✪

ਧਰਮ ਕਹੇ ਕਲਜੁਗ ਐਵੇਂ ਨਾ ਬਣ ਚੰਗਾ, ਕੀ ਚੰਗੀ ਤੇਰੀ ਵਡਿਆਈਆ । ਉਹ ਖੇਲ ਤੱਕ ਪ੍ਰਭੂ ਸੰਗਾ, ਸਗਲਾ ਸੰਗੀ ਕੀ ਖੇਲ ਵਰਤਾਈਆ । ਜਿਸ ਦਾ ਸ਼ਬਦ ਅਗੰਮੀ ਖੰਡਾ, ਦੋ ਜਹਾਨਾਂ ਰਿਹਾ ਡਰਾਈਆ । ਉਹ ਤੇਰੀਆਂ ਵੰਡੇ ਵੰਡਾਂ, ਕੰਢੀ ਬੈਠਾ ਧਿਆਨ ਲਗਾਈਆ । ਜਿਸ ਲਹਿਣਾ ਦੇਣਾ ਪੂਰਾ ਕਰਾਉਣਾ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਖੋਜ ਖੁਜਾਈਆ । ਵਕਤ ਸੁਹੰਜਣਾ ਕਰੇ ਤਾਰਾ ਚੰਦਾ, ਸਦੀ ਚੌਧਵੀਂ ਅੰਤ ਕਰਾਈਆ । ਤੇਰਾ ਦੂਰ ਰਿਹਾ ਨਹੀਂ ਪੰਧਾ, ਪਾਂਧੀ ਆਪਣਾ ਪੰਧ ਲੈਣਾ ਮੁਕਾਈਆ । ਸਿਰੋਂ ਪੈਰੋਂ ਫਿਰੇਂ ਨੰਗਾ, ਪਰਦਾ ਸੀਸ ਨਾ ਕੋਇ ਟਿਕਾਈਆ । ਸੁਣ ਲੈ ਤੂੰ ਮੇਰਾ ਮੈਂ ਤੇਰਾ ਛੰਦਾ, ਜੋ ਸਚ ਸਵਾਮੀ ਰਿਹਾ ਦ੍ਰਿੜਾਈਆ । ਨੇਤਰਹੀਣ ਨਾ ਰਹੀਂ ਅੰਧਾ, ਜੋਤੀ ਜਾਤਾ ਤੱਕ ਧੁਰ ਦਾ ਮਾਹੀਆ । ਜਿਸ ਨੇ ਸਾਨੂੰ ਲਾਉਣਾ ਅੰਗਾ, ਅੰਗੀਕਾਰ ਇਕ ਹੋ ਆਈਆ । ਐਵੇਂ ਬਚਨ ਨਾ ਬੋਲੀਂ ਮੰਦਾ, ਭਾਗਹੀਣ ਅਖਵਾਈਆ । ਉਹ ਤੱਕ ਜਿਨ੍ਹ ਅੰਮ੍ਰਿਤ ਰਸ ਦੇਣਾ ਠੰਡਾ, ਠੰਡਕ ਆਪਣੀ ਦਏ ਵਰਤਾਈਆ । ਉਹ ਭਗਤਾਂ ਨਾਲ ਪਾ ਕੇ ਗੰਢਾ, ਆਤਮ ਪਰਮਾਤਮ ਨਾਤਾ ਰਿਹਾ ਜੁੜਾਈਆ । ਪਿਛਲਾ ਤੇਰਾ ਵਕਤ ਲੰਘਾ, ਅਗੇ ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਇਕ ਅਖਵਾਈਆ ।

✪ ੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਜੁਗਿੰਦਰ ਸਿੰਘ ਦੇ ਗ੍ਰਹਿ ✪

ਧਰਮ ਕਹੇ ਕਲਜੁਗ ਤੇਰੀ ਕੀ ਲਿਆਕਤ, ਲਾਇਕ ਹੋ ਕੇ ਦੇ ਜਣਾਈਆ । ਮਾਤਲੋਕ ਕੀ ਸ਼ਰਾਫ਼ਤ, ਸ਼ਰੀਫ਼ ਹੋ ਕੇ ਦੇ ਸਮਝਾਈਆ । ਸਤਿ ਵਿਚ ਕੀ ਨਜ਼ਾਕਤ, ਨਖ਼ਰੇ ਨਾਲ ਦੇ ਦ੍ਰਿੜਾਈਆ । ਕਲਜੁਗ ਕਹੇ ਧਰਮ ਜੀ ਜੂਠ ਝੂਠ ਦੀ ਮੇਰੀ ਆਦਤ, ਅਦਲੀ ਮਾਲਕ ਦਿਤੀ ਵਡਿਆਈਆ । ਜਗਤ ਵਿਕਾਰ ਦੀ ਮੇਰੀ ਇਬਾਰਤ, ਦੀਨ ਦੁਨੀ ਦਿਤੀ ਸਮਝਾਈਆ । ਸ਼ਰਅ ਨਾਲ ਸ਼ਰਅ ਟਕਰਾਉਣੀ ਮੇਰੀ ਸ਼ਰਾਰਤ, ਸ਼ਰੀਅਤ ਸ਼ਰੀਅਤ ਨਾਲ ਲੜਾਈਆ । ਮੇਰੇ ਪ੍ਰਭੂ ਨੇ ਮੇਰੇ ਪਿਆਰ ਦੀ ਲਿਖੀ ਇਬਾਰਤ, ਬਿਨਾ ਅੱਖਰਾਂ ਅੱਖਰ ਬਣਾਈਆ । ਕਲਜੁਗ ਜਿੰਨਾਂ ਚਿਰ ਮੈਂ ਆਵਾਂ ਨਾ ਵਿਚ ਭਾਰਤ, ਤੂੰ ਭਾਉ ਸਭ ਨੂੰ ਦੇਣਾ ਥਾਉਂ ਥਾਈਆ । ਮੇਰੇ ਬਿਨਾ ਤੇਰਾ ਹੋਏ ਕੋਇ ਨਾ ਵਾਰਸ, ਵਿਰਸਾ ਤੇਰਾ ਹੱਥ ਨਾ ਕਿਸੇ ਫੜਾਈਆ । ਮੈਂ ਅੰਤਮ ਆ ਕੇ ਕਰਾਂ ਫ਼ਾਰਗ, ਵਿਹਲਾ ਦੀਨ ਦੁਨੀ ਵਿਚੋਂ ਕਰਾਈਆ । ਕਲਜੁਗ ਕਹੇ ਧਰਮਾ ਉਹ ਵੇਖ ਮੇਰੇ ਕੋਲ ਓਸ ਦਾ ਕਾਰਡ, ਜੋ ਲੇਖ ਦਿਤਾ ਬਣਾਈਆ । ਓਸੇ ਨੇ ਬਣਾਇਆ ਸੂਰਬੀਰ ਬਹਾਦਰ, ਬਲ ਮੇਰੇ ਵਿਚ ਟਿਕਾਈਆ । ਮੈਂ ਤੱਕਾਂ ਕਰੀਮ ਕਾਦਰ, ਜੋ ਮਾਲਕ ਕੁਦਰਤ ਇਕ ਅਖਵਾਈਆ । ਜਿਸ ਮੇਰਾ ਕਰਮ ਕੀਤਾ ਉਜਾਗਰ, ਲੋਕਮਾਤ ਦਿਤੀ ਵਡਿਆਈਆ । ਉਹ ਮੇਰਾ ਮਹਿਬੂਬ ਅਗੰਮਾ ਆਦਲ, ਅਦਲ ਇਨਸਾਫ਼ ਇਕ ਕਰਾਈਆ । ਜਿਸ ਮੈਨੂੰ ਭੇਵ ਖੁਲਾਇਆ ਬਾਤਨ, ਪਰਦਾ ਦਿਤਾ ਚੁਕਾਈਆ । ਧਰਮ ਤੂੰ ਨਾ ਜਾਣੇ ਮੇਰਾ ਮਹਾਤਮ, ਕਿਸ ਬਿਧ ਮਾਤਲੋਕ ਖੇਲ ਖਿਲਾਈਆ । ਮੇਰਾ ਇਕੋ ਆਕਾ ਪੁਰਖ ਅਕਾਲ ਪਰਮਾਤਮ, ਪਰਮ ਪੁਰਖ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੫੫੨
੨੩

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੀਤ ਮੁਰਾਰਾ ਸਭ ਦਾ ਸਾਜਣ, ਸਾਜਣ ਸਜਣੂਆ ਇਕ ਅਖਵਾਈਆ ।

## ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਜਾਗੀਰ ਕੌਰ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੈਂ ਸੂਰਬੀਰ ਅਨਾਮੀ, ਬਲਧਾਰੀ ਇਕ ਅਖਵਾਈਆ । ਚਾਰੋਂ ਕੁੰਟ ਕੀਤੀ ਤੇਰੀ ਬਦਨਾਮੀ, ਸਚ ਰੰਗ ਨਾ ਕੋਇ ਸਮਾਈਆ । ਅੱਠ ਸੱਠ ਵਿਰੋਲ ਦਿਤੇ ਪਾਣੀ, ਤੀਰਥ ਤਟ ਰਹੇ ਕੁਰਲਾਈਆ । ਮਾਣ ਰਹਿਣ ਨਹੀਂ ਦਿਤਾ ਕਿਸੇ ਬਾਣੀ, ਬਾਣ ਆਪਣਾ ਤੀਰ ਚਲਾਈਆ । ਆਤਮ ਪਰਮਾਤਮ ਬਣੇ ਕੋਇ ਨਾ ਰਾਣੀ, ਸੁਘੜ ਸੁਚੱਜੀ ਰੂਪ ਨਾ ਕੋਇ ਦਰਸਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕੀਤੀ ਅਭਿਮਾਨੀ, ਮਾਣ ਹੰਕਾਰ ਵਿਚ ਦੁਹਾਈਆ । ਸਚ ਦੀ ਰਹੀ ਨਾ ਕੋਇ ਨਿਸ਼ਾਨੀ, ਨਿਸ਼ਾਨੇ ਕੂੜ ਦਿਤੇ ਝੁਲਾਈਆ । ਆਤਮ ਬਣਿਆ ਨਾ ਕੋਇ ਗਿਆਨੀ, ਬ੍ਰਹਮ ਵਿਦਿਆ ਨਾ ਕੋਇ ਸਮਝਾਈਆ । ਮੇਰਾ ਖੇਲ ਤੱਕ ਲਾਸਾਨੀ, ਲਾਸ਼ਰੀਕ ਦਿਤਾ ਕਰਾਈਆ । ਮੰਜ਼ਲ ਮਿਲੇ ਨਾ ਕਿਸੇ ਰੁਹਾਨੀ, ਰੂਹ ਬੁਤ ਅਗਨੀ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਦਾਤ ਆਦਿ ਦਾ ਦਾਨੀ, ਦਇਆਵਾਨ ਦਇਆ ਕਮਾਈਆ ।



੫੫੩
੨੩

## ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਬਿਲਗਾ ਜ਼ਿਲਾ ਜਲੰਧਰ ਗੁਰਦੇਵ ਕੌਰ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੇਰਾ ਵੇਖ ਲੈ ਬੰਸਾ, ਪੰਚ ਵਿਕਾਰਾ ਸੋਭਾ ਪਾਈਆ । ਜਿਸ ਜੀਵ ਜੰਤ ਭੁਲਾਇਆ ਸਹੰਸਾ, ਗਿਣਤੀ ਗਣਤ ਨਾ ਕੋਇ ਗਿਣਾਈਆ । ਮੇਰੀ ਧਰਮ ਧਾਰ ਦੀ ਕੂੜ ਦੀ ਤੱਕ ਲੈ ਅੰਸਾ, ਬੰਸ ਦਾ ਮਾਲਕ ਇਕੋ ਸੋਭਾ ਪਾਈਆ । ਚਾਰੋਂ ਕੁੰਟ ਬਦਲ ਦਿਤੀ ਮਨਸਾ, ਮਨੂਆ ਮਨ ਮਨ ਬਦਲਾਈਆ । ਗੜ੍ਹ ਬਣਾ ਕੇ ਹਉਮੇ ਹੰਗਤਾ, ਹੰ ਬ੍ਰਹਮ ਦਿਤਾ ਭੁਲਾਈਆ । ਜਗਤ ਜਹਾਨ ਕਰ ਕੇ ਭੁੱਖਾ ਨੰਗਤਾ, ਦਰ ਦਰ ਧੱਕਾ ਲਾਈਆ । ਆਤਮ ਪਰਮਾਤਮ ਬਣੇ ਕੋਇ ਨਾ ਸੰਗਤਾ, ਭਗਤ ਭਗਵਾਨ ਸੰਗ ਨਾ ਕੋਇ ਨਿਭਾਈਆ । ਮਾਣ ਰਹਿਣ ਦਿਤਾ ਨਹੀਂ ਕਿਸੇ ਪੰਡਤਾ, ਬੁੱਧੀਵਾਨ ਨਾ ਕੋਇ ਚਤੁਰਾਈਆ । ਮੰਜ਼ਲ ਮਿਲੇ ਨਾ ਕਿਸੇ ਸੰਤਾ, ਸਿਧ ਸਾਧਕ ਰਹੇ ਕੁਰਲਾਈਆ । ਡੌਰੂ ਡੰਕਾ ਵੱਜੇ ਕੂੜਿਆਂ ਨਿੰਦਕਾਂ, ਇਹ ਮੇਰੀ ਬੇਪਰਵਾਹੀਆ । ਮੇਰੀ ਕਰਨੀ ਦੀਆਂ ਤੱਕ ਲੈ ਹਿੰਮਤਾਂ, ਹੌਸਲੇ ਨਾਲ ਜਣਾਈਆ । ਮੈਂ ਫੇਰੀ ਦਰੋਹੀ ਚਾਰੇ ਸਿੰਮਤਾਂ, ਚਾਰ ਕੁੰਟ ਹਲਕਾਈਆ । ਧਰਮ ਦਵਾਰਿਆਂ ਕਰਾਂ ਇੱਲਤਾਂ, ਸ਼ਰੀਅਤ ਸ਼ਰਅ ਨਾਲ ਲੜਾਈਆ । ਸਭ ਦੇ ਅੰਦਰ ਪਾਈ ਚਿੰਤਾ, ਗ਼ਮੀ ਸਕੇ ਨਾ ਕੋਇ ਮਿਟਾਈਆ । ਮੇਰੀਆਂ ਸਾਰੇ ਕਰਦੇ ਮਿੰਨਤਾਂ, ਨਿਉਂ ਨਿਉਂ ਸੀਸ ਝੁਕਾਈਆ । ਮੈਂ ਪੈਗ਼ੰਬਰਾਂ ਬਣਾਈਆਂ ਸੁੰਨਤਾਂ, ਸ਼ਰਅ ਦੀ ਵੰਡ ਵੰਡਾਈਆ । ਰਸੂਲਾਂ ਵਖਾਈਆਂ ਉਮਤਾਂ, ਨਬੀਆਂ ਰੰਗ ਰੰਗਾਈਆ । ਮੇਰੀਆਂ ਥੋੜੀਆਂ ਬੀਤੀਆਂ ਮੁੱਦਤਾਂ, ਮੁੱਦਾ ਸਭ ਦਾ ਦਿਤਾ ਉਲਟਾਈਆ । ਪਰ ਮੈਂ ਇਕ ਪ੍ਰਭੂ ਦੇ ਚਰਨ ਚੁੰਮਦਾ,

ਚਰਨ ਸਰਨ ਸ਼ਰਨਾਈਆ । ਚਾਰੋਂ ਕੁੰਟ ਘੁੰਮਦਾ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਮਾਲਕ ਖ਼ਾਲਕ ਕੁਲ ਦਾ, ਕੁਲਵੰਤਾ ਆਪ ਅਖਵਾਈਆ ।

## ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਕਰਤਾਰ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੈਂ ਖ਼ੁਸ਼ੀਆਂ ਵਿਚ ਮਗਨ, ਮਸਤੀ ਵਿਚ ਸਮਾਈਆ । ਮੇਰੀ ਕਿਰਪਾ ਨਾਲ ਕਲਜੁਗ ਜੀਵ ਸੜਦੇ ਮਾਇਆ ਅਗਨ, ਅਗਨੀ ਤਤ ਨਾ ਕੋਇ ਬੁਝਾਈਆ । ਧੁਰ ਦੇ ਨਾਮ ਬਿਨਾ ਹੋਏ ਨਗਨ, ਪਰਦਾ ਉਪਰ ਨਾ ਕੋਇ ਟਿਕਾਈਆ । ਪਾਟਾ ਚੀਥੜ ਦਿਸੇ ਬਦਨ, ਸਰੀਰ ਬੇਨਜ਼ੀਰ ਨਜ਼ਰ ਕੋਇ ਨਾ ਪਾਈਆ । ਆਪਣਾ ਲੱਭੇ ਕਿਸੇ ਨਾ ਵਤਨ, ਬੇਵਤਨ ਹੋਈ ਲੋਕਾਈਆ । ਭਾਵੇਂ ਕਿੰਨਾ ਕਰਨ ਯਤਨ, ਯਥਾਰਥ ਬਿਨਾ ਪ੍ਰਭੁ ਮਿਲਣ ਕੋਇ ਨਾ ਪਾਈਆ । ਹੀਰਾ ਰਹਿਣ ਦਿਤਾ ਨਹੀਂ ਕੋਈ ਰਤਨ, ਅਮੋਲਕ ਰੂਪ ਨਾ ਕੋਇ ਵਖਾਈਆ । ਸਭ ਦੇ ਅੰਦਰ ਭਰ ਕੇ ਮਨ ਮਤਨ, ਗੁਰਮਤ ਦਿਤੀ ਭੁਲਾਈਆ । ਚਾਰੋਂ ਕੁੰਟ ਉਠ ਉਠ ਨੱਸਣ, ਮਨ ਵਾਸਨਾ ਨਾਲ ਹਲਕਾਈਆ । ਆਤਮ ਪਰਮਾਤਮ ਹੋਏ ਨਾ ਕਿਸੇ ਸੰਗਠਨ, ਸਗਲਾ ਸੰਗ ਨਾ ਕੋਇ ਨਿਭਾਈਆ । ਜਿਧਰ ਤੱਕਾਂ ਉਧਰ ਰੱਟਣ, ਰੱਟਾ ਸਕੇ ਨਾ ਕੋਇ ਮਿਟਾਈਆ । ਮੈਂ ਧਰਮ ਡੋਰੀ ਤੇਰੀ ਆਇਆ ਕੱਟਣ, ਕਟਾਕਸ਼ ਕੂੜ ਕਿਰਿਆ ਲਗਾਈਆ । ਖ਼ੁਸ਼ੀਆਂ ਵਿਚ ਆਇਆ ਟੱਪਣ, ਭੱਜਾਂ ਵਾਹੋ ਦਾਹੀਆ । ਆਪਣਾ ਵੇਖ ਅਖ਼ੀਰੀ ਪਤਨ, ਆਸਣ ਲਿਆ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਾਚੋ ਸਚਨ, ਸਚ ਸਚ ਆਪਣੀ ਖੇਲ ਖਿਲਾਈਆ ।

## ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਆਤਮਾ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੇਰੀ ਤੱਕ ਖ਼ਰਮਸਤੀ, ਖ਼ੈਰਖ਼ਾਹੀ ਨਾਲ ਜਣਾਈਆ । ਜਿਸ ਨੇ ਨੌਂ ਖੰਡ ਪ੍ਰਿਥਮੀ ਵੇਖਣੀ ਬਸਤੀ, ਘਰਾਨਾ ਨਿੱਕਾ ਜਿਹਾ ਜਣਾਈਆ । ਜਿਸ ਦੇ ਅੰਦਰ ਚਾਰ ਖਾਣੀ ਵਸਦੀ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ । ਕਾਰ ਤੱਕ ਓਸ ਅਗੰਮੀ ਹਸਤੀ, ਜੋ ਹੱਸ ਹੱਸ ਮੈਨੂੰ ਰਿਹਾ ਸਮਝਾਈਆ । ਕਲਜੁਗਾ ਵਡਿਆਈ ਰਹਿਣ ਦੇਵੀਂ ਨਾ ਕਿਸੇ ਨਾਮ ਜਸ ਦੀ, ਸਿਫ਼ਤਾਂ ਵਾਲੀ ਸਿਫ਼ਤ ਨਾ ਕੋਇ ਸਲਾਹੀਆ । ਖੇਲ ਕਰਨੀ ਰੈਣ ਅੰਧੇਰੀ ਮਸ ਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਵਡਿਆਈ ਰਹੇ ਨਾ ਕਿਸੇ ਅੱਖ ਦੀ, ਅੱਖੀਆਂ ਅੱਖ ਨਾਲ ਬਦਲਾਈਆ । ਤਾਕਤ ਰਹੇ ਨਾ ਕਿਸੇ ਮਨ ਵਸ ਦੀ, ਵਾਸ਼ਨਾ ਕੂੜ ਵਿਚ ਹਲਕਾਈਆ । ਮਮਤਾ ਮੋਹ ਫਿਰੇ ਨੱਸਦੀ, ਭੱਜੇ ਵਾਹੋ ਦਾਹੀਆ । ਸਤਿਆ ਰਹੇ ਨਾ ਮਾਣ ਤਪ ਹੱਠ ਦੀ, ਅੱਠ ਸੱਠ ਨਾ ਕੋਇ ਚਤੁਰਾਈਆ । ਖੇਲ ਖੇਲਣੀ ਪੁਰਖ ਅਕਥਣਾ ਅਕਥ ਦੀ, ਕਥਨੀ ਕਥ ਨਾ ਕੋਇ ਜਣਾਈਆ । ਕਲਜੁਗ ਕਹੇ ਧਰਮ ਇਹ ਖੇਲ ਨਹੀਂ ਮੇਰੇ ਵਸ ਦੀ, ਮੇਰਾ ਸਾਹਿਬ ਰਿਹਾ ਕਰਾਈਆ । ਮੇਰੀ ਆਸ਼ਾ ਕੂਕ ਕੂਕ ਕੇ ਦੱਸਦੀ, ਚਾਰ ਕੁੰਟ ਸ਼ਨਵਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਬਦਲੀ ਅਗੰਮੇ ਜੱਟ ਦੀ, ਜਟਾ ਜੂਟਾਂ ਕਰੇ ਸਫ਼ਾਈਆ ।

✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਨਿਰਮਲ ਸਿੰਘ ਦੇ ਗ੍ਰਿਹ ✪

ਧਰਮ ਕਹੇ ਕਲਜੁਗ ਹੁਕਮ ਸੁਣ ਜ਼ਰੂਰ, ਜ਼ਰੂਰੀ ਪ੍ਰਭ ਰਿਹਾ ਜਣਾਈਆ । ਤੇਰਾ ਪੈਂਡਾ ਪੰਧ ਨਹੀਂ ਕੋਈ ਦੂਰ, ਦੂਰ ਦੁਰਾਡਾ ਪੰਧ ਰਿਹਾ ਚੁਕਾਈਆ । ਤੈਨੂੰ ਤੇਰੀ ਕਰਨੀ ਨੇ ਕਰਨਾ ਚੂਰ, ਚੂਰੋ ਚੂਰ ਨਜ਼ਰੀ ਆਈਆ । ਉਹ ਵੇਖ ਭਗਤ ਸੁਹੇਲੇ ਤੈਨੂੰ ਰਹੇ ਘੂਰ, ਭੈ ਵਿਚ ਡਰਾਈਆ । ਜਿਨ੍ਹਾਂ ਦੀ ਬੇਨੰਤੀ ਹੋਣੀ ਮਨਜ਼ੂਰ, ਪ੍ਰਭ ਦਰ ਮਿਲੀ ਵਡਿਆਈਆ । ਤੇਰਾ ਨਾਤਾ ਛੱਡਿਆ ਕੂੜ, ਕੂੜ ਕੁਟੰਬ ਦਿਤਾ ਤਜਾਈਆ । ਇਕੋ ਲੈ ਕੇ ਚਰਨ ਧੂੜ, ਧੂੜੀ ਟਿੱਕੇ ਰਹੇ ਰਮਾਈਆ । ਜਿਨ੍ਹਾਂ ਦੇ ਅੰਦਰ ਉਪਜਿਆ ਨੂਰ, ਨੁਰਾਨਾ ਨਜ਼ਰੀ ਆਈਆ । ਉਹ ਤੇਰਾ ਮਾਫ਼ ਨਹੀਂ ਕਰਨਗੇ ਕਸੂਰ, ਕਸਮਾਂ ਪਾਉਣ ਵਾਲਿਆਂ ਦਿਆਂ ਜਣਾਈਆ । ਉਨ੍ਹਾਂ ਦਾ ਮਾਲਕ ਸਰਬ ਕਲਾ ਭਰਪੂਰ, ਪਾਰਬ੍ਰਹਮ ਆਪ ਅਖਵਾਈਆ । ਤੂੰ ਚੌਥਾ ਜੁਗ ਉਸ ਦਾ ਮਜ਼ਦੂਰ, ਹੁਕਮੇ ਵਿਚ ਸੇਵ ਕਮਾਈਆ । ਆਪਣਾ ਜਗਤ ਜਹਾਨ ਤੱਕ ਲੈ ਮੂੜ੍ਹ, ਮੂਰਖਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਧਰਮ ਕਹੇ ਕਲਜੁਗ ਤੇਰਾ ਰਹਿਣ ਨਹੀਂ ਦੇਣਾ ਜ਼ੋਰ, ਜ਼ਰ ਕੰਮ ਕਿਸੇ ਨਾ ਆਈਆ । ਤੇਰੀ ਕੱਟ ਦੇਣੀ ਡੋਰ, ਡੌਰੂ ਡੰਕ ਨਾ ਕੂੜ ਵਜਾਈਆ । ਤੈਨੂੰ ਧਰਤੀ ਉਤੋਂ ਦੇਣਾ ਤੋਰ, ਤੁਰਤ ਆਪਣਾ ਹੁਕਮ ਵਰਤਾਈਆ । ਚਾਰ ਕੁੰਟ ਨਾ ਪਾਵੀਂ ਸ਼ੋਰ, ਸ਼ੌਹਰ ਧੁਰ ਦਾ ਰਿਹਾ ਸੁਣਾਈਆ । ਹੁਣ ਸਤਿਜੁਗ ਦੁਲਾਰਾ ਆਵੇ ਕੋਲ, ਆਪਣੀ ਲਏ ਅੰਗੜਾਈਆ । ਜਿਸ ਨੇ ਰਹਿਣ ਨਹੀਂ ਦੇਣੇ ਮੁੱਲਾ ਸ਼ੇਖ਼ ਮਜੌਰ, ਮੁਸਾਇਕਾਂ ਪੰਧ ਮੁਕਾਈਆ । ਤੂੰ ਆਪਣੀ ਕਰਨੀ ਆਪੇ ਖਾ ਭੋਰ ਭੋਰ, ਭੋਰਾ ਭੋਰਾ ਮੁਖ ਵਿਚ ਪਾਈਆ । ਅੰਤਮ ਸਭ ਕੁਛ ਜਾਣਾ ਛੋੜ, ਸੰਗੀ ਸੰਗ ਨਾ ਕੋਇ ਨਿਭਾਈਆ । ਇਕ ਪ੍ਰਭ ਦੀ ਪੈਣੀ ਲੋੜ, ਲੁੜੀਂਦਾ ਸੱਜਣ ਜੋ ਅਖਵਾਈਆ । ਉਸ ਦੇ ਅਗੇ ਹੱਥ ਜੋੜ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਖੇਲ ਕਰੇ ਤੇਰੇ ਵਿਚ ਅੰਧ ਘੋਰ, ਘੋਰੀਆ ਘੋਰ ਆਪੇ ਵੇਖ ਵਖਾਈਆ ।

✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਜਸਵੰਤ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਮੇਰੀ ਕਰ ਤਪਸਿਆ, ਜਗਤ ਤਪੀਸ਼ਰਾਂ ਨਾਲ ਮਿਲਾਈਆ । ਮੈਂ ਹਰ ਹਿਰਦੇ ਅੰਦਰ ਵਸਿਆ, ਘਰ ਘਰ ਡੇਰਾ ਲਾਈਆ । ਰੈਣ ਅੰਧੇਰੀ ਕੀਤੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਮਿਲੇ ਕਿਸੇ ਨਾ ਰਸਿਆ, ਰਸਨਾ ਰਸ ਨਾ ਕੋਇ ਵਡਿਆਈਆ । ਮੈਂ ਚਾਰੋਂ ਕੁੰਟ ਨੱਸਿਆ, ਭੱਜਿਆ ਵਾਹੋ ਦਾਹੀਆ । ਮੇਰੇ ਜੰਜਾਲ ਵਿਚ ਜਗਤ ਜਹਾਨ ਫਸਿਆ, ਫੰਦ ਸਕੇ ਨਾ ਕੋਇ ਕਟਾਈਆ । ਮੈਂ ਗ੍ਰਿਹਿ

ਗ੍ਰਿਹਿ ਪਾਇਆ ਰੱਟਿਆ, ਝਗੜੇ ਵਿਚ ਖ਼ਲਕ ਖ਼ੁਦਾਈਆ । ਕਿਸੇ ਦੀ ਕੀਮਤ ਰਹਿਣ ਨਾ ਦਿਤੀ ਟਕਿਆ, ਦੀਨ ਦੁਨੀ ਹੱਟੋ ਹੱਟ ਵਿਕਾਈਆ । ਆਪਣੀ ਮਸਤੀ ਦੇ ਵਿਚ ਮਤਿਆ, ਮਸਤ ਮਸਤਾਨਾ ਹੋ ਕੇ ਫਿਰਾਂ ਚਾਈਂ ਚਾਈਂਆ । ਮੈਨੂੰ ਡਰ ਭੈ ਨਹੀਂ ਰਤਿਆ, ਖ਼ੌਫ਼ ਨਜ਼ਰ ਕੋਇ ਨਾ ਆਈਆ । ਮੈਂ ਸੁਣਿਆ ਗੋਬਿੰਦ ਵਾਲਾ ਫ਼ਤਿਹ ਡੰਕਿਆ, ਡੰਕਾ ਇਕ ਸ਼ਨਵਾਈਆ । ਮੈਂ ਲੇਖਾ ਜਾਣਾ ਜੀਵ ਜੰਤਿਆ, ਜਗਤ ਜਹਾਨ ਧਿਆਨ ਲਗਾਈਆ । ਜਿਸ ਵੇਲੇ ਮੇਰਾ ਹੋਣਾ ਅੰਤਿਆ, ਅੰਤ ਸਭ ਦਾ ਦਿਆਂ ਕਰਾਈਆ । ਮਾਣ ਰਹਿਣ ਦੇਵਾਂ ਨਾ ਕਿਸੇ ਪੰਡਤਿਆ, ਵਿਦਿਆਵਾਨ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਮਿਹਰਵਾਨ ਮੇਰਾ ਗੁਣਵੰਤਿਆ ।

### ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜ਼ਿਲਾ ਜਲੰਧਰ ਗੁਰਦੇਵ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੈਂ ਤੇਰੇ ਕੀਤੇ ਬੰਦ ਚੁਰਸਤੇ, ਚਾਰੋਂ ਕੁੰਟ ਲਈ ਅੰਗੜਾਈਆ । ਜਗਤ ਸ਼ਾਸਤਰਾਂ ਬੱਧੇ ਵੇਖ ਲੈ ਬਸਤੇ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਮੇਰੇ ਸਾਥੀ ਪੰਜ ਵਿਕਾਰ ਘਰ ਘਰ ਵੇਖ ਲੈ ਵਸਦੇ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਤੇਰੇ ਤੀਰਥ ਤੱਟ ਰਹਿ ਗਏ ਤੱਕਦੇ, ਬਿਨ ਅੱਖਾਂ ਅੱਖ ਉਠਾਈਆ । ਕਿਸੇ ਪਿਆਰ ਮਿਲੇ ਨਾ ਹਕ ਦੇ, ਹਕੀਕਤ ਵਿਚ ਨਾ ਕੋਇ ਸਮਾਈਆ । ਮੈਂ ਨਕੇਲ ਪਾਈ ਵਿਚ ਨੱਕ ਦੇ, ਜਗਤ ਜਗਿਆਸੂਆਂ ਰਿਹਾ ਭਵਾਈਆ । ਇਹ ਖੇਲ ਨਹੀਂ ਕੋਈ ਸ਼ੱਕ ਦੇ, ਸ਼ਕਵੇ ਸਾਰੇ ਦਿਤੇ ਗਵਾਈਆ । ਸਾਧ ਸੰਤ ਚਾਰੋਂ ਕੁੰਟ ਥੱਕ ਗਏ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਵਣਜਾਰੇ ਰਹੇ ਮੂਲ ਨਾ ਯਤ ਦੇ, ਧੀਰਜ ਧੀਰ ਨਾ ਕੋਇ ਧਰਾਈਆ । ਮੈਂ ਖੇਲ ਕੀਤੇ ਅਗਨੀ ਰਤ ਦੇ, ਘਰ ਘਰ ਕਾਇਆ ਹੱਟ ਦਿਤੇ ਤਪਾਈਆ । ਜਗਤ ਸਨਿਆਸੀ ਵੈਰਾਗੀ ਪਿਆਰੇ ਕੀਤੇ ਮਨ ਮਤ ਦੇ, ਧੁਰ ਦੀ ਮਤ ਹੱਥ ਕਿਸੇ ਨਾ ਆਈਆ । ਦਰਸ਼ਨ ਹੋਣ ਦੇਵਾਂ ਨਾ ਕਿਸੇ ਕਮਲਾਪਤ ਦੇ, ਪਤਿਪਰਮੇਸ਼ਵਰ ਕਹਿਣ ਕੋਇ ਨਾ ਪਾਈਆ । ਕਲਜੁਗ ਕਹੇ ਧਰਮ ਮੇਰੇ ਲਹਿਣੇ ਦੇਣੇ ਹੱਥੋਂ ਹੱਥ ਦੇ, ਜਗਤ ਉਧਾਰ ਨਾ ਕੋਇ ਕਰਾਈਆ । ਕੋਟਨ ਵੇਖ ਲੈ ਸਬਰ ਘਤਦੇ, ਯਾਰੜੇ ਮਿਲਣ ਕੋਇ ਨਾ ਪਾਈਆ । ਧੀਰਜ ਰਹੇ ਨਾ ਕਿਸੇ ਹਠ ਦੇ, ਸੰਤੋਖ ਵਿਚ ਨਾ ਕੋਇ ਸਮਾਈਆ । ਪੱਥਰ ਰੋਂਦੇ ਮੰਦਰ ਮਠ ਦੇ, ਸ਼ਿਵਦਵਾਲੇ ਰਹੇ ਕੁਰਲਾਈਆ । ਕਾਅਬੇ ਵੇਖ ਲੈ ਢਠਦੇ, ਚਰਚਾਂ ਸੰਗ ਨਾ ਕੋਇ ਬਣਾਈਆ । ਨਜ਼ਾਰੇ ਤੱਕ ਲੈ ਤਤ ਅੱਠ ਦੇ, ਚਾਰੋਂ ਕੁੰਟ ਵੇਖ ਵਖਾਈਆ । ਨੌ ਦਵਾਰੇ ਵੇਖ ਲੈ ਟੱਪਦੇ, ਜਗਤ ਵਾਸ਼ਨਾ ਵਿਚ ਹਲਕਾਈਆ । ਰਸਨਾ ਜਿਹਵਾ ਬੱਤੀ ਦੰਦ ਬੇਸ਼ਕ ਸਾਰੇ ਨਾਮ ਜਪਦੇ, ਦਸਮ ਦਵਾਰੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਨਿਤ ਨਵਿਤ ਕਾਗ਼ਜ਼ਾਂ ਉਤੇ ਪ੍ਰਭੂ ਦੇ ਨਾਮ ਛਪਦੇ, ਅੱਖਰ ਅੱਖਰਾਂ ਨਾਲ ਮਿਲਾਈਆ । ਮੈਂ ਕਲਜੁਗ ਜੀਵ ਵਣਜਾਰੇ ਕੀਤੇ ਪਪ ਦੇ, ਪਤਤ ਪੁਨੀਤ ਨਾ ਕੋਇ ਬਣਾਈਆ । ਮਾਇਆ ਰੂਪ ਧਾਰ ਲਏ ਸੱਪ ਦੇ, ਚਾਰ ਕੁੰਟ ਡੱਸੇ ਚਾਈਂ ਚਾਈਂਆ । ਭੇਵ ਖੋਲਣ ਦਿਤੇ ਨਹੀਂ ਕਿਸੇ ਨੂੰ ਆਪ ਦੇ, ਆਪਣਾ ਪਰਦਾ ਨਾ ਕੋਇ ਉਠਾਈਆ । ਪਿਆਰ ਮਿਲੇ ਨਹੀਂ ਪੁਰਖ ਅਕਾਲ ਬਾਪ ਦੇ, ਬਪੜੇ ਰੋਵਣ ਮਾਰਨ ਧਾਹੀਆ । ਘਰ ਸੁਹਾਏ ਨਹੀਂ ਬੰਕ ਦਵਾਰੇ ਸਤਿ ਦੇ, ਸਤਿਗੁਰ

ਸ਼ਬਦ ਨਾ ਕੋਇ ਸ਼ਨਵਾਈਆ । ਸਗਲ ਵਸੂਰੇ ਕਿਸੇ ਨਾ ਲਥਦੇ, ਮਮਤਾ ਮੋਹ ਨਾ ਕੋਇ ਮਿਟਾਈਆ । ਉਹ ਵੇਖ ਚਾਰੋਂ ਕੁੰਟ ਮੇਰੇ ਅਗਨ ਭਠਿਆਲੇ ਤਪਦੇ, ਸਦੀ ਚੌਧਵੀਂ ਧਿਆਨ ਲਗਾਈਆ । ਜਿਸ ਦੇ ਪ੍ਰਕਾਸ਼ ਲਟ ਲਟ ਦੇ, ਸ਼ੋਅਲੇ ਸ਼ੋਰ ਰਹੇ ਮਚਾਈਆ । ਸਤਿਜੁਗ ਤਰੇਤਾ ਦੁਆਪਰ ਪਿਛੇ ਨੱਠ ਗਏ, ਆਪਣਾ ਪੰਧ ਮੁਕਾਈਆ । ਕਲਜੁਗ ਕਹੇ ਧਰਮ ਮੈਨੂੰ ਵਡਿਆਈ ਪੁਰਖ ਸਮਰਥ ਦਏ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਉਂ ਭਾਵੇਂ ਜੁਗਾਂ ਜੁਗ ਤਿਉਂ ਰਖ ਲਏ, ਰਖਣਹਾਰ ਇਕ ਅਖਵਾਈਆ ।



### ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਡੱਲੇਵਾਲ ਜ਼ਿਲਾ ਜਲੰਧਰ ਲਾਲ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੇਰਾ ਵੇਖ ਚੱਕਰ, ਚਕਰੀ ਦੀਨ ਦੁਨੀ ਬਣਾਈਆ । ਸਾਹਿਬ ਦਾ ਰਿਹਾ ਕੋਇ ਨਾ ਫ਼ੱਕਰ, ਫ਼ਿਕਰਾ ਹਕ ਨਾ ਕੋਇ ਸੁਣਾਈਆ । ਝੂਠ ਦੀ ਤੇਰੇ ਨਾਲ ਲਗਾਈ ਟੱਕਰ, ਬਲ ਆਪਣਾ ਨਾਲ ਮਿਲਾਈਆ । ਰਹਿਣ ਦੇਣੀ ਨਹੀਂ ਸਚ ਦੀ ਅੱਕੜ, ਖ਼ਾਕ ਵਿਚ ਰਲਾਈਆ । ਮੈਨੂੰ ਸਕਿਆ ਕੋਈ ਨਾ ਪਕੜ, ਚਾਰ ਜੁਗ ਦੇ ਸ਼ਾਸ਼ਤਰ ਭੱਜੇ ਵਾਹੋ ਦਾਹੀਆ । ਸ਼ਰਅ ਵਿਚ ਕਿਸੇ ਨਾ ਲਿਆ ਜਕੜ, ਅਵਤਾਰ ਪੈਗ਼ੰਬਰ ਗੁਰ ਬੰਧਨ ਨਾ ਕੋਇ ਰਖਾਈਆ । ਮੈਂ ਤੁਲਿਆ ਨਹੀਂ ਕਿਸੇ ਦੇ ਤੱਕੜ, ਤਰਾਜੂ ਵਿਚ ਨਾ ਕੋਇ ਰਖਾਈਆ । ਮੈਂ ਜਗਤ ਜਹਾਨ ਕੀਤਾ ਫੱਟੜ, ਪੱਟੀ ਨਾਮ ਨਾ ਕੋਇ ਬੰਧਾਈਆ । ਮੈਂ ਬੜਾ ਸੂਰਬੀਰ ਆਪਣੀ ਕਰਨੀ ਦਾ ਕੱਟੜ, ਕੱਟੇ ਵੱਛੇ ਸਾਰੇ ਦਿਤੇ ਖਵਾਈਆ । ਮੇਰੇ ਸਿਰ ਤੇ ਕੂੜ ਕੁੜਿਆਰ ਦਾ ਛਤਰ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਵਡਿਆਈ ਰਹੀ ਨਹੀਂ ਕਿਸੇ ਪੱਤਰ, ਪੱਤਰ ਅੱਖਰਾਂ ਵਾਲੇ ਦੇਣ ਗਵਾਹੀਆ । ਲੇਖਾ ਕੋਈ ਨਾ ਜਾਣੇ ਮੇਰਾ ਸੱਤਰ, ਬਹੱਤਰ ਨਾ ਅੰਕ ਬਣਾਈਆ । ਤੇਰਾ ਮਿਤ ਰਿਹਾ ਨਾ ਚਤਰ, ਚਤੁਰਭੁਜ ਮੈਨੂੰ ਦਿਤੀ ਵਡਿਆਈਆ । ਧਰਮ ਕਹੇ ਕਲਜੁਗ ਆਹ ਤੱਕ ਤੇਰੇ ਵਿਚ ਭਗਤ ਸੁਹੇਲੇ ਰਤਨ, ਅਮੋਲਕ ਨਜ਼ਰੀ ਆਈਆ । ਜੋ ਪਰਮ ਪੁਰਖ ਦੇ ਘਾਟ ਬੈਠੇ ਪੱਤਨ, ਆਪਣਾ ਡੇਰਾ ਲਾਈਆ । ਉਥੇ ਤੇਰਾ ਚਲੇ ਕੋਈ ਨਾ ਯਤਨ, ਯਥਾਰਥ ਦਿਆਂ ਸੁਣਾਈਆ । ਉਹ ਇਕੋ ਸਾਹਿਬ ਨੂੰ ਮੰਨਣ, ਮਨਸਾ ਅਵਰ ਨਾ ਕੋਇ ਬਣਾਈਆ । ਸੁਣ ਸੰਦੇਸ਼ਾ ਬਿਨਾ ਕੰਨਣ, ਕਾਇਨਾਤ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਸਭ ਦਾ ਬੇੜਾ ਆਇਆ ਬੰਨ੍ਹਣ, ਲਹਿਣੇ ਦੇਣੇ ਤੇਰੇ ਮੇਰੇ ਸਰਬ ਚੁਕਾਈਆ ।

### ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਗੁਰਾਇਆ ਜ਼ਿਲਾ ਜਲੰਧਰ ਹਜ਼ੂਰਾ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਸੁਣ ਮੇਰੀ ਪੇਸ਼ੀਨਗੋਈ, ਪੇਸ਼ਤਰ ਤੈਨੂੰ ਦਿਆਂ ਜਣਾਈਆ । ਚਾਰੋਂ ਕੁੰਟ ਕੂੜ ਕੁੜਿਆਰ ਦੀ ਹੋਣੀ ਦਰੋਹੀ, ਦਰੋਹੀ ਕਰੇ ਖ਼ਲਕ ਖ਼ੁਦਾਈਆ । ਸਚ ਦੀ ਮਿਲੇ ਕਿਸੇ ਨਾ ਢੋਈ, ਢੋਲ ਮਾਹੀ ਮਿਲਣ ਕੋਇ ਨਾ ਪਾਈਆ । ਕੋਟਾਂ ਵਿਚ ਭਗਤ ਸੁਹੇਲਾ ਦਿਸੇ ਕੋਈ,

੫੫੮
੨੩

ਜਿਸ ਪ੍ਰਭ ਆਪਣੀ ਦਇਆ ਕਮਾਈਆ । ਸੁਰਤੀ ਉਠੇ ਕਿਸੇ ਨਾ ਸੋਈ, ਸਵਾਧਾਨ ਨਾ ਕੋਇ ਕਰਾਈਆ । ਮਾਇਆ ਮਮਤਾ ਦੀਨ ਦੁਨੀ ਜਾਣੀ ਮੋਹੀ, ਕੂੜ ਮੁਹੱਬਤ ਵਿਚ ਸਮਾਈਆ । ਅੰਮ੍ਰਿਤ ਧਾਰ ਸਕੇ ਕੋਇ ਨਾ ਚੋਈ, ਨਿਜ ਲੋਚਨ ਨੈਣ ਨਾ ਕੋਇ ਖੁਲਾਈਆ । ਸਭ ਦੀ ਪਤ ਜਾਣੀ ਖੋਹੀ, ਸਿਰ ਛਤਰ ਨਾ ਕੋਇ ਝੁਲਾਈਆ । ਸਚਖੰਡ ਦਵਾਰਾ ਮਿਲੇ ਕਿਸੇ ਨਾ ਢੋਈ, ਦਰਗਾਹ ਸਾਚੀ ਸੰਗ ਨਾ ਕੋਇ ਬਣਾਈਆ । ਮੇਰੀ ਖੇਲ ਤੱਕ ਅਣਹੋਣੀ ਹੋਈ, ਸਤਿਜੁਗ ਤਰੇਤਾ ਦੁਆਪਰ ਤੱਕਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਕਲਜੁਗ ਕਹੇ ਧਰਮ ਮੇਰਾ ਵੇਖ ਲੈ ਨੌਂ ਖੰਡ ਪ੍ਰਿਥਮੀ ਦਾ ਖੇਤ, ਸੱਤ ਦੀਪ ਧਿਆਨ ਲਗਾਈਆ । ਮੈਂ ਸਭ ਦੇ ਨਾਲ ਕਰਾਂ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਕੂੜ ਕੁੜਿਆਰ ਦਾ ਘਰ ਘਰ ਦਿਤਾ ਭੇਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਿਸੇ ਸਮਝ ਆਉਣ ਨਹੀਂ ਦਿਤਾ ਸਤਿ ਸਚ ਦਾ ਦੇਸ, ਪ੍ਰਦੇਸੀ ਕੀਤੀ ਖ਼ਲਕ ਖ਼ੁਦਾਈਆ । ਮੇਰਾ ਤੱਕ ਅਵੱਲੜਾ ਵੇਸ, ਕਾਲਾ ਸੂਸਾ ਤਨ ਛੁਹਾਈਆ । ਖੇਲ ਖਿਲਾ ਕੇ ਮੁੱਲਾਂ ਸ਼ੇਖ਼, ਪੀਰ ਫ਼ਕੀਰਾਂ ਰੰਗ ਰੰਗਾਈਆ । ਜਿਸ ਨੂੰ ਮੁਹੰਮਦ ਕਰਨਾ ਆਦੇਸ, ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਨੂੰ ਝੁਕੇ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਣੇਸ਼, ਰਾਮਾ ਕ੍ਰਿਸ਼ਨਾ ਲਾਗੇ ਪਾਈਂਆ । ਜਿਸ ਦਾ ਇਸ਼ਾਰਾ ਕੀਤਾ ਦਸ ਦਸਮੇਸ਼, ਗੋਬਿੰਦ ਗੋਬਿੰਦ ਗੋਬਿੰਦ ਅੱਖ ਖੁਲਾਈਆ । ਜੋ ਲੋਕਮਾਤ ਆਇਆ ਵਾਰ ਅਨੇਕ, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਖੇਵਟ ਖੇਟ, ਨਈਆ ਨੌਕਾ ਮੇਰੀ ਵੇਖ ਵਖਾਈਆ । ਜਿਸ ਦੀ ਝੋਲੀ ਸਭ ਕੁਛ ਕੀਤਾ ਭੇਟ, ਆਪ ਆਪਾ ਚਰਨਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਧਰਮ ਮੇਰੀ ਤੱਕ ਲੈ ਕੁਰਬਾਨੀ, ਕਰਬਲਿਆਂ ਤੋਂ ਬਾਹਰ ਜਣਾਈਆ । ਮੇਰਾ ਪਿਤਾ ਪੁਰਖ ਸੁਲਤਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦੀ ਜੁਗ ਚੌਕੜੀ ਜਵਾਨੀ, ਬਿਰਧ ਬਾਲ ਰੂਪ ਨਾ ਕੋਇ ਬਦਲਾਈਆ । ਉਹ ਲੇਖਾ ਜਾਣੇ ਚਾਰੇ ਖਾਣੀ, ਖ਼ਾਲਕ ਖ਼ਲਕ ਵੇਖ ਵਖਾਈਆ । ਮੇਰੇ ਉਤੇ ਕਰੇ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਚਾਰੋਂ ਕੁੰਟ ਕੂੜ ਨਿਸ਼ਾਨੀ, ਮੇਰਾ ਝੰਡਾ ਦਿਤਾ ਲਹਿਰਾਈਆ । ਸੰਤ ਸੁਹੇਲਾ ਪਾਵੇ ਕੋਇ ਨਾ ਪਦ ਨਿਰਬਾਣੀ, ਮਹੱਲ ਅਟੱਲ ਨਾ ਕੋਇ ਸੁਹਾਈਆ । ਮਾਣ ਰਹਿਣ ਦਿਤਾ ਨਹੀਂ ਅੱਠ ਸੱਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਚਾਰੋਂ ਕੁੰਟ ਅੰਧੇਰਾ ਚੰਦ ਚਾਂਦਨੀ ਦਿਸੇ ਨਾ ਕਿਸੇ ਰੁਹਾਨੀ, ਭੇਵ ਅਭੇਦ ਨਾ ਕੋਇ ਖੁਲਾਈਆ । ਜੀਵ ਜੰਤ ਕੀਤੇ ਅਭਿਮਾਨੀ, ਹੰਕਾਰ ਵਿਕਾਰ ਨਾਲ ਮਿਲਾਈਆ । ਮੇਰਾ ਝਗੜਾ ਤੱਕ ਜਿਸਮ ਜਿਸਮਾਨੀ, ਦੀਨ ਮਜ਼੍ਹਬ ਦਿਤੇ ਟਕਰਾਈਆ । ਜਿਸ ਦੀ ਸਿਫ਼ਤ ਕਰਦੀ ਰਹੀ ਕਲਮ ਤੇ ਕਾਨੀ, ਕਾਇਨਾਤ ਵਿਚ ਜੁਗ ਜੁਗ ਲੇਖ ਬਣਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਮੇਰਾ ਸ਼ਹਿਨਸ਼ਾਹ ਵਾਲੀ ਦੋ ਜਹਾਨੀ, ਪਰਵਰਦਿਗਾਰ ਸਾਂਝਾ ਯਾਰ ਪੁਰਖ ਅਕਾਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਭੇਵ ਆਪਣੇ ਵਿਚੋਂ ਖੁਲਾਈਆ ।

### ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਰੁੜਕਾ ਜ਼ਿਲਾ ਜਲੰਧਰ ਕੇਹਰ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੇਰਾ ਵੇਖ ਅਗੰਮਾ ਤਾਜੀ, ਤਾਜਰ ਜਗਤ ਜਹਾਨ ਵੇਖ ਵਖਾਈਆ । ਜਿਸ ਚਾਰ ਕੁੰਟ ਤੱਕਣੇ ਗ਼ਾਜ਼ੀ, ਗ਼ਜ਼ਬ ਨਾਲ ਦਿਆਂ ਜਣਾਈਆ । ਸ਼ਰਅ ਵੇਖਣੀ ਪੈਗ਼ੰਬਰ ਨਿਮਾਜ਼ੀ, ਨਵਾਜ਼ਿਸ ਵਿਚ ਸੀਸ ਨਿਵਾਈਆ । ਮੈਂ ਖ਼ੁਸ਼ੀਆਂ ਵਿਚ ਹੋਣਾ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦਿਤੀ ਵਡਿਆਈਆ । ਜਿਸ ਖੇਲ ਖਿਲਾਉਣਾ ਮੁੱਲਾ ਕਾਜ਼ੀ, ਕਜ਼ਾਕਾਂ ਬੰਧਨ ਦਿਤੇ ਤੁੜਾਈਆ । ਉਹ ਨਵੀਂ ਸਾਜਣਾ ਰਿਹਾ ਸਾਜੀ, ਸਾਜਣਹਾਰ ਧੁਰਦਰਗਾਹੀਆ । ਕਲਜੁਗ ਕਹੇ ਮੇਰਾ ਸਵਾਮੀ ਆਦਿ ਜੁਗਾਦੀ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਮੇਰੇ ਵਿਚ ਤੱਕੇ ਕੂੜ ਕੁੜਿਆਰਾਂ ਵਾਲੀ ਆਬਾਦੀ, ਅਬਾਦਤਖ਼ਾਨਿਆਂ ਫੋਲ ਫੁਲਾਈਆ । ਮੈਂ ਸੰਦੇਸ਼ਾ ਸੁਣਿਆ ਉਸ ਦਾ ਅਨਾਦੀ, ਅਗੰਮ ਧੁਨ ਵਿਚ ਸ਼ਨਵਾਈਆ । ਜਿਸ ਦੀ ਆਵਾਜ਼ ਨਾਲ ਬਿਨਾ ਭਗਤਾਂ ਸੁਰਤ ਕਿਸੇ ਨਾ ਜਾਗੀ, ਜਾਗਰਤ ਜੋਤ ਨਾ ਕੋਇ ਮਨਾਈਆ । ਮਾਇਆ ਕੂੜ ਨਾ ਕਿਸੇ ਤਿਆਗੀ, ਤ੍ਰੈਗੁਣ ਮਾਇਆ ਨਾਤਾ ਨਾ ਕੋਇ ਤੁੜਾਈਆ । ਤਨ ਹੋਇਆ ਨਾ ਵਡ ਵਡ ਭਾਗੀ, ਘਰ ਮਿਲੇ ਨਾ ਬੇਪ੍ਰਵਾਹੀਆ । ਮੇਰੀ ਆਸ਼ਾ ਮੈਂ ਖੇਲ ਤੱਕਾਂ ਜਗਤ ਸਮਾਜੀ, ਚਾਰੋਂ ਕੁੰਟ ਧਿਆਨ ਲਗਾਈਆ । ਸੰਦੇਸਾ ਦੇਵਾਂ ਇਕ ਅਹਿਲਾਦੀ, ਐਲਾਨ ਨਾਲ ਸੁਣਾਈਆ । ਸਵਾਧਾਨ ਹੋਵੇ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਭੁਲ ਰਹੇ ਨਾ ਰਾਈਆ । ਕਰੇ ਖੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਜਿਸ ਮੇਰੀ ਖੇਲ ਕਰਾਈ ਮੰਡਲ ਰਾਸੀ, ਰਸਤੇ ਜਗਤ ਵਿਚ ਚਲਾਈਆ । ਉਸ ਦੀ ਜੋਤ ਜੋਤ ਪ੍ਰਕਾਸ਼ੀ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੀ ਮੇਰੀ ਧਾਰ ਬਣੀ ਦਾਸੀ, ਸੇਵਕ ਸੇਵਾ ਸਚ ਕਮਾਈਆ । ਕਲਜੁਗ ਕਹੇ ਅੰਤ ਓਸ ਮੇਰੀ ਕਰਾਉਣੀ ਖ਼ੁਲਾਸੀ, ਖ਼ੁਲਾਸਾ ਸਭ ਨੂੰ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਰਬ ਘਟ ਵਾਸੀ, ਘਟ ਘਟ ਅੰਤਰ ਆਪਣਾ ਫੋਲ ਫੁਲਾਈਆ ।

### ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਫਗਵਾੜਾ ਜ਼ਿਲਾ ਜਲੰਧਰ ਸਾਧੂ ਸਿੰਘ ਦੇ ਗ੍ਰਿਹਿ ✪

ਧਰਮ ਕਹੇ ਤੂੰ ਬੜੀਆਂ ਮਾਰੀਆਂ ਗੱਪਾਂ, ਆਪਣੀ ਕੀਤੀ ਵਡਿਆਈਆ । ਯਾਦ ਕਰ ਤੇਰਾ ਲੇਖ ਮੁਕਾਉਣਾ ਇਕੋ ਟੱਪਾ, ਜੋ ਸੋਹੰ ਢੋਲਾ ਧੁਰਦਰਗਾਹੀਆ । ਤੇਰੇ ਨਾਸ਼ ਕਰਨ ਨੂੰ ਇਕੋ ਅੱਖਰ ਕਾਫ਼ੀ ਪੱਪਾ, ਪੂਰਨ ਪਤਿਪਰਮੇਸ਼ਵਰ ਖੇਲ ਖਿਲਾਈਆ । ਤੇਰੇ ਉਤੇ ਸਭ ਤੋਂ ਵੱਖਰੀ ਲਾਈ ਦਫ਼ਾ, ਜਿਸ ਦੀ ਧਾਰ ਜਗਤ ਨਾ ਸਮਝਾਈਆ । ਤੈਨੂੰ ਦਿਸੇ ਨਾ ਕੋਈ ਨਫ਼ਾ, ਖ਼ਾਲੀ ਹੱਥ ਤਾੜੀ ਦੇ ਵਜਾਈਆ । ਹੁਣ ਐਵੇਂ ਨਾ ਹੋਵੀਂ ਖ਼ਫ਼ਾ, ਗ਼ੁੱਸੇ ਵਿਚ ਕੁਰਲਾਈਆ । ਤੇਰੀ ਕੂੜ ਕੁੜਿਆਰੀ ਮਿਟਣੀ ਸਫ਼ਾ, ਮਲੇਛਾ ਪੰਧ ਮੁਕਾਈਆ । ਪੁਰਖ ਅਕਾਲ ਮੇਰੀ ਕਰੇ ਰੱਛਾ, ਧਰਮ ਹੱਸ ਕੇ ਰਿਹਾ ਸੁਣਾਈਆ । ਲਹਿਣਾ ਦੇਣਾ ਪੂਰਾ ਕਰੇ ਮੱਛਾ ਕੱਛਾ, ਸਮੁੰਦ ਸਾਗਰਾਂ ਧਿਆਨ ਲਗਾਈਆ । ਤੂੰ ਆਪਣਾ ਖੇਲ ਤੱਕ ਲੈ ਅੱਛਾ, ਅੱਛੀ ਤਰਾ ਅੱਖ ਉਠਾਈਆ । ਧਰਨੀ ਉਤੇ ਚਾਰੋਂ ਕੁੰਟ ਫਿਰੇਂ ਨੱਸਾ, ਭੱਜੇਂ ਵਾਹੋ ਦਾਹੀਆ । ਤੈਨੂੰ ਆਪਣੇ ਵਿਚ ਬੰਦ ਕਰ ਲਏ ਇਕੋ ਸੱਸਾ, ਹੋੜਾ

ਤੇਰੀ ਜੜ ਉਖੜਾਈਆ । ਰੈਣ ਰਹੇ ਨਾ ਅੰਧੇਰੀ ਮੱਸਾ, ਨੂਰੀ ਚੰਦ ਪ੍ਰਭ ਦਏ ਚਮਕਾਈਆ । ਸਦੀ ਚੌਧਵੀਂ ਅੰਤਮ ਤੈਨੂੰ ਪੈਣੀਆਂ ਗਸ਼ਾ, ਸੁਰਤ ਸੰਭਲ ਕੋਇ ਨਾ ਪਾਈਆ । ਲੇਖਾ ਮੁਕਣਾ ਜਿਨ੍ਹਾਂ ਖਾਧਾ ਗਾਂ ਵੱਛਾ, ਵਿਛੜਿਆਂ ਮੇਲ ਨਾ ਕੋਇ ਕਰਾਈਆ । ਪੁਰਖ ਅਕਾਲ ਮਾਰਨਾ ਧੱਫਾ, ਲੇਖਾ ਮੰਗੇ ਥਾਉਂ ਥਾਈਂਆ । ਤੇਰਾ ਬੇੜਾ ਡੋਬਣਾ ਭਰਿਆ ਪਾਪਾ, ਪਤਤਾਂ ਤੇਰੇ ਨਾਲ ਮਿਲਾਈਆ । ਤੇਰਾ ਸਭ ਨੇ ਕਰਨਾ ਸਿਆਪਾ, ਸੀੜ੍ਹੀਆਂ ਗੋਰਾਂ ਵਾਲੇ ਬੋਲਣ ਥਾਉਂ ਥਾਈਂਆ । ਸਹਾਈ ਬਣੇ ਨਾ ਕੋਇ ਅਵਤਾਰ ਪੈਗ਼ੰਬਰ ਗੁਰੂ ਚਾਚਾ, ਪਿਤਾ ਪੁਰਖ ਅਕਾਲ ਹੁਕਮ ਸੁਣਾਈਆ । ਜਿਸ ਦੇ ਹੁਕਮ ਨਾਲ ਚਾਰੋਂ ਕੁੰਟ ਅਗਨੀ ਲੱਗਣਾ ਮਾਚਾ, ਮਾਚਸ ਦੀ ਲੋੜ ਰਹੇ ਨਾ ਰਾਈਆ । ਹੁਕਮ ਦਾ ਤੈਨੂੰ ਇਕੋ ਮਾਰੇ ਤਮਾਚਾ, ਤੇਰਾ ਮੁਖ ਦਏ ਭਵਾਈਆ । ਤੂੰ ਕੂੜੀ ਕਰਨੀ ਵਿਚ ਘਰ ਘਰ ਅੰਦਰ ਨਾਚਾ, ਨੱਚਿਆਂ ਟੱਪਿਆ ਚਾਈਂ ਚਾਈਂਆ । ਤੇਰਾ ਲੇਖਾ ਇਕ ਸਾਹਿਬ ਨੇ ਵਾਚਾ, ਜੋ ਮੇਰਾ ਸਤਿਗੁਰ ਸਾਹਿਬ ਅਖਵਾਈਆ । ਉਸ ਦਾ ਅਗਲਾ ਵੇਖ ਖ਼ਲਾਸਾ, ਭੇਵ ਰਿਹਾ ਖੁਲਾਈਆ । ਜਿਸ ਵਿਚ ਫ਼ਰਕ ਰਹੇ ਨਾ ਮਾਸਾ, ਰਤੀ ਤੋਲ ਨਾ ਕੋਇ ਤੁਲਾਈਆ । ਉਹ ਭਗਤਾਂ ਬਣ ਕੇ ਦਾਸੀ ਦਾਸਾ, ਘਰ ਘਰ ਆਪਣੀ ਖ਼ੁਸ਼ੀ ਬਣਾਈਆ । ਤੇਰਾ ਅੰਤਮ ਕਰੇ ਨਾਸਾ, ਲੋਕਮਾਤ ਰਹਿਣ ਨਾ ਪਾਈਆ । ਮੇਰਾ ਪ੍ਰਭੂ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਅੰਤਮ ਹੋਇਆ ਜੋਤੀ ਜਾਤਾ, ਲਖ ਚੁਰਾਸੀ ਵੇਖ ਵਖਾਈਆ । ਤੇਰਾ ਧਰਨੀ ਨਾਲੋਂ ਤੁਟੇ ਨਾਤਾ, ਰਿਸ਼ਤਾ ਰਹਿਣ ਕੋਇ ਨਾ ਪਾਈਆ । ਉਮਤ ਦੀ ਯਾਦ ਵਿਚ ਨੈਣ ਉਠਾਈ ਬੈਠਾ ਦਜਲਾ ਫ਼ਰਾਤਾ ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮੰਡਲ ਪਾਵੇ ਆਪਣੀ ਰਾਸਾ, ਖ਼ੁਸ਼ੀ ਖ਼ੁਸ਼ੀਆਂ ਵਿਚ ਪ੍ਰਗਟਾਈਆ ।



### ੧੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫਰਾਲਾ ਜ਼ਿਲਾ ਜਲੰਧਰ ਗੁਰਮੀਤ ਸਿੰਘ ਦੇ ਗ੍ਰਿਹ

ਕਲਜੁਗ ਕਹੇ ਧਰਮ ਮੈਨੂੰ ਕੋਈ ਨਹੀਂ ਚਿੰਦਾ, ਨਿਚਿੰਤ ਹੋ ਕੇ ਖ਼ੁਸ਼ੀ ਮਨਾਈਆ । ਮੇਰਾ ਸਾਹਿਬ ਸਦਾ ਬਖ਼ਸ਼ੰਦਾ, ਬਖ਼ਸ਼ਣਹਾਰ ਇਕ ਅਖਵਾਈਆ । ਜੋ ਸਭ ਨੂੰ ਦਾਤਾਂ ਦਿੰਦਾ, ਦੇਵਣਹਾਰ ਵੱਡੀ ਵਡਿਆਈਆ । ਉਹ ਮਾਲਕ ਖ਼ਾਲਕ ਗੁਣੀ ਗਹਿੰਦਾ, ਗਹਿਰ ਗੰਭੀਰ ਨੂਰ ਅਲਾਹੀਆ । ਜਿਸ ਦਾ ਪ੍ਰੇਮ ਸਾਗਰ ਸਿੰਧਾ, ਵਹਿਣ ਅਗੰਮੜੇ ਆਪ ਵਗਾਈਆ । ਮੇਰੀ ਭਾਵੇਂ ਸਾਰੇ ਕਰਦੇ ਨਿੰਦਾ, ਨਿੰਦਿਆ ਮੁਖ ਰਖਾਈਆ । ਮੈਂ ਵੀ ਅੰਦਰੋਂ ਖੁਲ੍ਹਣ ਦਿਤਾ ਨਹੀਂ ਕਿਸੇ ਦਾ ਜਿੰਦਾ, ਬਜਰ ਕਪਾਟੀ ਨਾ ਕੋਇ ਤੁੜਾਈਆ । ਸ੍ਰਿਸ਼ਟੀ ਖੇਲ ਖਿਲਾਇਆ ਜੀਉ ਪਿੰਡਾ, ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਬੇਪ੍ਰਵਾਹੀਆ । ਕਲਜੁਗ ਕਹੇ ਧਰਮ ਮੇਰਾ ਮਾਲਕ ਨੂਰ ਅਲਾਹ, ਆਲਮੀਨ ਅਖਵਾਈਆ । ਜਿਸ ਦੀ ਮੈਂ ਚਲਾਂ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਉਹ ਮੇਰਾ ਧੁਰ ਦਾ ਮਾਹੀਆ । ਪ੍ਰੀਤਮ ਦਿਲ ਰੁਬਾ, ਹਕ ਮੁਹੱਬਤ ਵਿਚ ਸਮਾਈਆ । ਮੈਥੋਂ ਕਦੇ ਨਾ ਹੋਵੇ ਜੁਦਾ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਜਿਸ ਨੇ ਮੇਰੀ ਸੇਵਾ ਦਿਤੀ ਲਾ, ਲਾਸ਼ਰੀਕ ਆਪ ਹੋਏ ਸਹਾਈਆ । ਉਸ ਦੇ ਹੁਕਮ ਨਾਲ ਮੈਂ ਕਾਇਨਾਤ ਦਿਤੀ

੫੬੧
੨੩

ਭੁਲਾ, ਭਰਮਾਂ ਵਿਚ ਭੁਲਾਈਆ । ਮਾਇਆ ਮਮਤਾ ਵਿਚ ਦਿਤੀ ਰੁਲਾ, ਸਿਰ ਸਕੇ ਨਾ ਕੋਇ ਉਠਾਈਆ । ਖੇਲ ਕਰਾਏ ਮੇਰਾ ਮਾਲਕ ਕੁਲਾ, ਕੁਲ ਦਾ ਮਾਲਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਧਰਮ ਕਹੇ ਕਲਜੁਗ ਤੂੰ ਜਿਸ ਦਾ ਕਰਦਾ ਮਾਣ, ਉਹ ਨਿਮਾਣਿਆਂ ਹੋਏ ਸਹਾਈਆ । ਆਦਿ ਜੁਗਾਦਿ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜੋ ਨਿਰਗੁਣ ਹੋ ਕੇ ਸਰਗੁਣ ਦੀ ਕਰੇ ਪਹਿਚਾਨ, ਬੇਪਹਿਚਾਨ ਹੋ ਕੇ ਵੇਖ ਵਖਾਈਆ । ਉਸ ਨੇ ਤੇਰਾ ਮੇਟਣਾ ਨਿਸ਼ਾਨ, ਨਿਸ਼ਾਨਾ ਕੂੜ ਰਹਿਣ ਨਾ ਪਾਈਆ । ਉਹ ਤੱਕ ਸ਼ਬਦੀ ਸਤਿਗੁਰ ਬਲਵਾਨ, ਸੂਰਬੀਰ ਬੇਪ੍ਰਵਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਦੋ ਜਹਾਨ ਸੀਸ ਝੁਕਾਈਆ । ਸਤਿਜੁਗ ਤਰੇਤਾ ਦੁਆਪਰ ਜਿਸ ਦੀ ਮੰਨੀ ਆਣ, ਸਿਰ ਸਕਿਆ ਨਾ ਕੋਇ ਉਠਾਈਆ । ਉਹ ਤੇਰਾ ਪੰਧ ਮੁਕਾਵੇ ਆਣ, ਆਨਨ ਫ਼ਾਨਨ ਕਰੇ ਸਫ਼ਾਈਆ । ਬਹੁਤੀ ਕਰ ਨਾ ਮੂਲ ਕਲਿਆਣ, ਕਾਗ ਵਾਂਗ ਕੁਰਲਾਈਆ । ਹੁਣ ਆਪਣਾ ਬਦਲ ਧਿਆਨ, ਧਰਨੀ ਉਤੇ ਧਿਆਨ ਰਖਾਈਆ । ਖੇਲ ਤੱਕ ਨੌਜਵਾਨ, ਮਰਦ ਮਰਦਾਨ ਕੀ ਆਪਣਾ ਹੁਕਮ ਵਰਤਾਈਆ । ਸ਼ਾਹੋ ਭੂਪ ਬਣ ਰਾਜਾਨ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਕੁਦਰਤ ਦਾ ਕਾਦਰ ਲੇਖਾ ਜਾਣੇ ਦੋ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਜਿਸ ਨਿਮਾਣਿਆਂ ਦੇਣਾ ਮਾਣ, ਗ਼ਰੀਬਾਂ ਦਇਆ ਕਮਾਈਆ । ਅੰਤ ਆਪਣਾ ਮੂਲ ਪਛਾਣ, ਪਰਦਾ ਓਹਲਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਮਾ ਕੀ ਮੈਨੂੰ ਦੇਵੇਂ ਡਰਾਵਾ, ਭੈ ਵਿਚ ਸੁਣਾਈਆ । ਮੇਰਾ ਵੀ ਉਸੇ ਉਤੇ ਦਾਅਵਾ, ਦੀਨ ਦਿਆਲ ਜੋ ਅਖਵਾਈਆ । ਮੈਂ ਵੀ ਉਸ ਮਾਲਕ ਦੀ ਸੇਜ ਰਾਵਾਂ, ਕੰਤ ਕੰਤੂਹਲ ਬਣਾਈਆ । ਉਸੇ ਦੇ ਢੋਲੇ ਗਾਵਾਂ, ਤੂੰ ਮੇਰਾ ਧੁਰ ਦਾ ਮਾਹੀਆ । ਉਸੇ ਨੂੰ ਸੀਸ ਨਿਵਾਵਾਂ, ਨਿਵ ਨਿਵ ਲਾਗਾਂ ਪਾਈਆ । ਉਸੇ ਦੀ ਸੇਵ ਕਮਾਵਾਂ, ਜੋ ਸਭ ਦਾ ਪਿਤਾ ਮਾਈਆ । ਉਸੇ ਦੀਆਂ ਮਾਣਾਂ ਛਾਵਾਂ, ਜੋ ਸਿਰ ਸਿਰ ਹੱਥ ਟਿਕਾਈਆ । ਉਸੇ ਦੀਆਂ ਭੁਜਾਂ ਉਸੇ ਦੀਆਂ ਬਾਹਵਾਂ, ਬਲ ਉਸੇ ਦਾ ਨਜ਼ਰੀ ਆਈਆ । ਉਸੇ ਦਾ ਦਿਤਾ ਪੀਵਾਂ ਉਸੇ ਦਾ ਦਿਤਾ ਪੀਵਾਂ ਖਾਵਾਂ, ਉਸੇ ਦੀ ਸਿਫ਼ਤ ਸਲਾਹੀਆ । ਉਸੇ ਦਾ ਖੇਲ ਖੇਲਾਂ ਨਾਲ ਚਾਵਾਂ, ਚਾਓ ਘਨੇਰਾ ਦਿਆਂ ਜਣਾਈਆ । ਧਰਮ ਜੀ ਕਲਜੁਗ ਕਹੇ ਮੈਂ ਅੰਤ ਵਿਛੋੜਾ ਪਾਵਾਂ ਪੁਤਰਾਂ ਮਾਵਾਂ, ਪਿਤਾ ਗੋਦ ਨਾ ਕੋਇ ਸਹਾਈਆ । ਨੌ ਖੰਡ ਪ੍ਰਿਥਮੀ ਕਾਗ ਉਡਾਵਾਂ, ਹੰਸ ਨਜ਼ਰ ਕੋਇ ਨਾ ਆਈਆ । ਸ਼ਾਹ ਸੁਲਤਾਨ ਕਰਾਂ ਨਿਥਾਵਾਂ, ਸੀਸ ਤਾਜ ਨਾ ਕੋਇ ਟਿਕਾਈਆ । ਨਾਤਾ ਤੋੜ ਕੇ ਭੈਣ ਭਰਾਵਾਂ, ਚਾਰੋਂ ਕੁੰਟ ਦਿਆਂ ਭਵਾਈਆ । ਅਗਨੀ ਅਗ ਅਗੰਮੀ ਲਾਵਾਂ, ਜਿਸ ਨੂੰ ਸਕੇ ਨਾ ਕੋਇ ਬੁਝਾਈਆ । ਸਭ ਦੇ ਹਿਰਦੇ ਅੰਦਰੋਂ ਤਾਵਾਂ, ਧਰਮ ਤੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਦਿਵਸ ਰੈਣ ਰਾਹ ਤਕਾਵਾਂ, ਵੇਲਾ ਵਕਤ ਵੇਖ ਵਖਾਈਆ । ਕਵਣ ਵੇਲਾ ਲਾੜੀ ਮੌਤ ਨਾਲ ਮਿਲਾਵਾਂ, ਚਾਰੋਂ ਕੁੰਟ ਭੱਜਾਂ ਚਾਈਂ ਚਾਈਂਆ । ਖ਼ੁਸ਼ੀਆਂ ਨਾਲ ਰਾਏ ਧਰਮ ਮਨਾਵਾਂ, ਜੋ ਲੇਖਾ ਸਭ ਦਾ ਦਏ ਵਖਾਈਆ । ਚਿਤ ਗੁਪਤ ਨੂੰ ਆਖ ਸੁਣਾਵਾਂ, ਸੰਦੇਸੇ ਦੇਣੇ ਥਾਉਂ ਥਾਈਂਆ । ਚਾਰੋਂ ਕੁੰਟ ਅੰਧੇਰ ਵਿਖਾਵਾਂ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਤੇਰਾ ਰੂਪ ਬਦਲਾਵਾਂ, ਤੇਰੀ ਸਾਰ ਕੋਇ ਨਾ ਪਾਈਆ । ਆਪਣਾ ਕੂੜਾ ਡੰਕ ਵਜਾਵਾਂ, ਡੌਰੂ ਨਾਲ ਖੜਕਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਅੰਤਮ ਆਪਣਾ ਹੁਕਮ

ਵਰਤਾਵਾਂ, ਨਾ ਕੋਈ ਮੇਟੇ ਮੇਟ ਮਿਟਾਈਆ । ਦੀਨ ਦੁਨੀ ਦੀ ਬੇਦਰਦੀ ਹੋ ਕੇ ਖ਼ਾਕ ਉਡਾਵਾਂ, ਖ਼ਾਕੀ ਖ਼ਾਕ ਵਿਚ ਮਿਲਾਈਆ । ਫੇਰ ਪੁਰਖ ਅਕਾਲ ਦਾ ਸ਼ੁਕਰ ਮਨਾਵਾਂ, ਪ੍ਰਭੂ ਤੇਰੀ ਬੇਪ੍ਰਵਾਹੀਆ । ਮੈਂ ਤੇਰਾ ਸੁਤ ਦੁਲਾਰਾ ਕੋਈ ਪੁੱਤ ਮਤਰੇਆ ਨਹੀਂ ਲਾਵਾਂ, ਦੂਤੀਆ ਭਾਓ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਹੇ ਮੇਰਾ ਕੰਡਾ ਤੋਲ ਤਰਾਜ਼ੂ ਕਰੇ ਸਾਂਵਾਂ, ਸਾਵਲ ਸਵਰੀਆ ਆਪਣੀ ਦਇਆ ਕਮਾਈਆ ।

### ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫਰਾਲਾ ਜ਼ਿਲਾ ਜਲੰਧਰ ਮਣਸਾ ਸਿੰਘ ਗੁਰਨਾਮ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਧਰਮ ਭਗਤਾਂ ਨੂੰ ਮਿਲਿਆ ਵਰ, ਬਖ਼ਸ਼ਿਸ਼ ਪ੍ਰਭ ਨੇ ਝੋਲੀ ਪਾਈਆ । ਮਿਹਰਵਾਨ ਮੇਰੇ ਵਿਚ ਕਿਰਪਾ ਰਿਹਾ ਕਰ, ਕਿਰਪਾ ਨਿਧਾਨ ਦਇਆ ਕਮਾਈਆ । ਦਰਸ਼ਨ ਦੇਵੇ ਘਰ ਘਰ, ਗ੍ਰਹਿ ਗ੍ਰਹਿ ਖ਼ੁਸ਼ੀ ਮਨਾਈਆ । ਅੰਮ੍ਰਿਤ ਨੁਹਾ ਕੇ ਸਾਚੇ ਸਰ, ਸਰੋਵਰ ਗੁਰਸਿਖ ਦਵਾਰ ਵਖਾਈਆ । ਭੈ ਭਓ ਚੁਕਾ ਕੇ ਆਪਣਾ ਡਰ, ਇਕੋ ਆਪਣਾ ਇਸ਼ਟ ਮਨਾਈਆ । ਪ੍ਰਗਟ ਹੋ ਨਰਾਇਣ ਨਰ, ਨਰ ਹਰਿ ਆਪਣਾ ਰੰਗ ਰੰਗਾਈਆ । ਸਤਿ ਸੁਹੰਜਣਾ ਕਰੇ ਦਰ, ਜਿਸ ਗ੍ਰਹਿ ਆਪਣਾ ਚਰਨ ਟਿਕਾਈਆ । ਗੁਰਮੁਖ ਗੁਰਸਿਖ ਜਾਇਣ ਤਰ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋ ਸਤਿਗੁਰ ਸਰਨੀ ਗਏ ਪੜ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਉਨ੍ਹਾਂ ਦੀ ਸਿਫ਼ਤ ਸਾਲਾਹੀਆ । ਨਾ ਜਨਮੇ ਨਾ ਜਾਏ ਮਰ, ਹਰਿਜਨ ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਬੰਧਾਏ ਆਪਣੇ ਲੜ, ਪੱਲੂ ਸਕੇ ਨਾ ਕੋਇ ਛੁਡਾਈਆ ।



### ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫਰਾਲਾ ਜ਼ਿਲਾ ਜਲੰਧਰ ਰਾਮ ਸਿੰਘ ਦੇ ਗ੍ਰਹਿ ✪

ਧਰਮ ਕਹੇ ਕਲਜੁਗ ਪਤ੍ਰਿਕਾ ਵੇਖ ਗੁਮਨਾਮ, ਜੋ ਨਿਰਅੱਖਰ ਧਾਰ ਵਿਚ ਦ੍ਰਿੜਾਈਆ । ਜੋ ਆਸ਼ਾ ਰਖ ਕੇ ਗਿਆ ਰਾਮ, ਸੀਆ ਦਾ ਸਈਆ ਧਿਆਨ ਲਗਾਈਆ । ਜੋ ਇਸ਼ਾਰਾ ਦੇ ਕੇ ਗਿਆ ਕਾਹਨ, ਘਨੇਈਆ ਘਨਸ਼ਾਮ ਸਮਝਾਈਆ । ਜੋ ਪੈਗ਼ੰਬਰਾਂ ਦਿਤਾ ਪੈਗ਼ਾਮ, ਫ਼ਰਮਾਨਾ ਨੂਰ ਅਲਾਹੀਆ । ਜੋ ਗੁਰੂ ਗੁਰਦੇਵਾ ਕੀਤਾ ਗਿਆਨ, ਅਗਿਆਨ ਅੰਧੇਰ ਗਵਾਈਆ । ਜੋ ਭਵਿਖਤਾਂ ਵਿਚ ਕੀਤਾ ਬਿਆਨ, ਸ਼ਬਦੀ ਰਾਗ ਅਲਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਦਿਵਸ ਰੈਣ ਦਏ ਗਵਾਹੀਆ । ਪ੍ਰਗਟ ਹੋ ਸ੍ਰੀ ਭਗਵਾਨ, ਹਰਿ ਕਰਤਾ ਆਪਣੀ ਖੇਲ ਖਿਲਾਈਆ । ਭਗਤ ਸੁਹੇਲੇ ਕਰ ਪ੍ਰਵਾਨ, ਪ੍ਰਵਾਨੇ ਆਪਣੇ ਲਏ ਬਣਾਈਆ । ਸਚ ਮੁਹੱਬਤ ਜਗਾ ਕੇ ਸ਼ਮਾਦਾਨ, ਬਲੀ ਸਭ ਦੀ ਆਪਣੇ ਲੇਖੇ ਪਾਈਆ । ਜੋ ਸੰਦੇਸਾ ਦੇਵੇ ਹਦੀਸ ਕੁਰਾਨ, ਮਜੀਦ ਕੀ ਸਮਝਾਈਆ । ਉਹ ਆ ਗਿਆ ਅਮਾਮਾਂ ਦਾ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਧਰਮ ਕਹੇ ਕਲਜੁਗ ਨਿਵ ਨਿਵ ਕਰ ਸਲਾਮ, ਕਦਮਾਂ ਖ਼ਾਕ ਰਮਾਈਆ । ਜਿਸ ਦੀਨ ਦੁਨੀ ਰਹਿਣ ਨਹੀਂ ਦੇਣੀ ਗ਼ੁਲਾਮ, ਸ਼ਰਅ ਜ਼ੰਜੀਰ ਦੇਣੀ ਕਟਾਈਆ ।

ਸਭ ਦਾ ਝਗੜਾ ਮੁਕਾਉਣਾ ਤਮਾਮ, ਤਮੰਨਾ ਤਮਅ ਵਾਲੀ ਗਵਾਈਆ । ਕਿਰਪਾ ਕਰੇ ਨੌਜਵਾਨ, ਸ੍ਰੀ ਭਗਵਾਨ ਹੋਏ ਸਹਾਈਆ । ਨਿਰਗੁਣ ਧਾਰ ਕਰ ਪਹਿਚਾਨ, ਨਿਜ ਨੇਤਰ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅੰਤ ਮਹਾਨ, ਮਹਾਨਤਾ ਆਪਣੀ ਇਕ ਜਣਾਈਆ ।

### ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫਰਾਲਾ ਜ਼ਿਲਾ ਜਲੰਧਰ ਪ੍ਰੇਮ ਸਿੰਘ ਦੇ ਗ੍ਰਿਹਿ

ਕਲਜੁਗ ਕਹੇ ਧਰਮ ਮੇਰੀ ਵੇਖ ਲੈ ਖ਼ੁਦੀ, ਖ਼ੁਦੀ ਤਕੱਬਰੀ ਵਿਚ ਜਗਤ ਲੋਕਾਈਆ । ਨਿਰਮਲ ਦਿਸੇ ਕਿਸੇ ਨਾ ਬੁੱਧੀ, ਬੁੱਧੀਵਾਨ ਨਾ ਕੋਇ ਚਤੁਰਾਈਆ । ਮੇਰੀ ਰਮਜ਼ ਅਨੋਖੀ ਗੁਝੀ, ਘਰ ਘਰ ਦਿਤੀ ਲਗਾਈਆ । ਪਵਿਤ੍ਰ ਦਿਸੇ ਕਿਸੇ ਨਾ ਝੁਗੀ, ਕਾਇਆ ਗੜ੍ਹ ਨਾ ਕੋਇ ਸੁਹਾਈਆ । ਧਰਨੀ ਦੀ ਖ਼ਾਕ ਚਾਰੋਂ ਕੁੰਟ ਉਡੀ, ਪੰਖੇਰੂਆਂ ਵਾਂਗ ਭੱਜੀ ਵਾਹੋ ਦਾਹੀਆ । ਮਾਣ ਰਹਿਣ ਦਿਤਾ ਨਹੀਂ ਬੱਤੀ ਧਾਰ ਦੁੱਧੀ, ਸਚ ਰਸ ਨਾ ਕੋਇ ਚਖਾਈਆ । ਮੇਰੀ ਵਾਸਨਾ ਨੱਚੀ ਟੱਪੀ ਕੁੱਦੀ, ਦੀਨ ਦੁਨੀ ਦਿਤੀ ਨਚਾਈਆ । ਪ੍ਰਭੁ ਦਾ ਖੇਲ ਵੇਖ ਲੈ ਜੋ ਹੁੰਦਾ ਜੁਗ ਜੁਗੀ, ਕਲਜੁਗ ਅੰਤਮ ਧਿਆਨ ਲਗਾਈਆ । ਕਿਸੇ ਦੀ ਮਾਣ ਵਡਿਆਈ ਰਹੀ ਨਾ ਉਘੀ, ਉਘਣ ਆਥਣ ਨਜ਼ਰ ਕੋਇ ਨਾ ਪਾਈਆ । ਮਾਣ ਰਿਹਾ ਨਾ ਵਦੀ ਸੁਦੀ, ਅਮਾਵਸ ਚਾਰ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਮ ਕਹੇ ਕਲਜੁਗ ਇਹ ਕੀ ਤੇਰੀ ਸਲਾਹ, ਮਸ਼ਵਰਾ ਕੀ ਜਣਾਈਆ । ਮੇਰਾ ਸਾਹਿਬ ਬੇਪਰਵਾਹ, ਜੁਗ ਕਰਨੀ ਕਾਰ ਕਮਾਈਆ । ਜਿਸ ਨੂੰ ਚਾਹੇ ਦਏ ਮਿਟਾ, ਮਾਣ ਵਡਿਆਈ ਨਜ਼ਰ ਕੋਇ ਨਾ ਆਈਆ । ਜਿਸ ਨੂੰ ਚਾਰੇ ਦਏ ਉਪਾ, ਵਕਤ ਲੋਕਮਾਤ ਸੁਹਾਈਆ । ਤੂੰ ਆਪਣਾ ਪੰਧ ਲਿਆ ਮੁਕਾ, ਭੱਜਿਆ ਵਾਹੋ ਦਾਹੀਆ । ਕਲਮੇ ਨਾਮ ਤੇਰੇ ਗਵਾਹ, ਸ਼ਹਾਦਤ ਦੇਣ ਭੁਗਤਾਈਆ । ਤੇਰਾ ਨੇਤਰ ਰਿਹਾ ਸ਼ਰਮਾ, ਲੋਚਨ ਅੱਖ ਨਾ ਕੋਇ ਉਠਾਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਤੂੰ ਪਿਆਰ ਰਹਿਣ ਦਿਤਾ ਨਾ ਪੁਤਰ ਮਾਂ, ਪਿਤਾ ਸੰਗ ਨਾ ਕੋਇ ਬਣਾਈਆ । ਸਭ ਦੀ ਬੁੱਧੀ ਕੀਤੀ ਕਾਂ, ਕਾਗ ਵਾਂਗ ਕੁਰਲਾਈਆ । ਹੁਣ ਤੈਨੂੰ ਛਡਣਾ ਪੈਣਾ ਗਰਾਂ, ਘਰਾਣਾ ਦੇਣਾ ਤਜਾਈਆ । ਸਤਿਗੁਰ ਤੇਰੀ ਲਏ ਥਾਂ, ਥਨਤਰ ਆਪ ਸੁਹਾਈਆ । ਜਨ ਭਗਤਾਂ ਪਕੜੇ ਬਾਂਹ, ਆਪਣੀ ਗੰਢ ਪਵਾਈਆ । ਜਿਨ੍ਹਾਂ ਪ੍ਰਭੁ ਮਿਲਣ ਦਾ ਚਾਅ, ਚਾਉ ਘਨੇਰਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨਹਾਰਾ ਹਕ ਨਿਆਂ, ਨਿਆਂਕਾਰੀ ਇਕ ਅਖਵਾਈਆ ।


੫੬੩
੨੩

### ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਮਾਘਗੇਲਾ ਜ਼ਿਲਾ ਜਲੰਧਰ ਚਰਨ ਕੌਰ ਦੇ ਗ੍ਰਿਹਿ

ਕਲਜੁਗ ਕਹੇ ਧਰਮ ਮੈਂ ਫਿਰਾਂ ਉਤੇ ਬਸੁਧਾ, ਸੁਧ ਆਪਣੀ ਨਾਲ ਰਖਾਈਆ । ਮੈਂ ਕੋਈ ਲੰਗੜਾ ਲੂਲ੍ਹਾ ਨਹੀਂ ਡੁੱਡਾ, ਸੂਰਬੀਰ ਹੋ ਕੇ

ਭੱਜਾਂ ਚਾਈਂ ਚਾਈਆ । ਮੇਰਾ ਦੋ ਜਹਾਨਾਂ ਚੜ੍ਹਿਆ ਵੇਖ ਲੈ ਗੁੱਡਾ, ਮੈਨੂੰ ਰਿਮਾਰਕਸ ਰਿਹਾ ਦ੍ਰਿੜਾਈਆ । ਮੈਂ ਸਤਿ ਵਿਚ ਰਹਿਣ ਦਿਤਾ ਨਹੀਂ ਕੋਈ ਜਵਾਨ ਬੁੱਢਾ, ਧੀਰਜ ਧਰਮ ਨਾ ਕੋਇ ਰਖਾਈਆ । ਮੇਰਾ ਸਮਝ ਸਕਿਆ ਕੋਇ ਨਾ ਮੁੱਦਾ, ਮੁੱਦਤਾਂ ਦੇ ਅਵਤਾਰ ਪੈਗ਼ੰਬਰ ਗੁਰ ਮੇਰਾ ਧਿਆਨ ਲਗਾਈਆ । ਮੇਰਾ ਕੋਈ ਖੰਡੇ ਖੜਗਾਂ ਵਾਲਾ ਨਹੀਂ ਯੁੱਧਾ, ਧਰਮ ਦੇ ਹੁਕਮ ਨਾਲ ਕਲ ਦਿਤੀ ਵਰਤਾਈਆ । ਮੇਰਾ ਨਿਸ਼ਾਨਾ ਕਿਸੇ ਨਾ ਬੁਝਾ, ਜਗ ਨੇਤਰ ਨਜ਼ਰ ਨਾ ਪਾਈਆ । ਮੈਂ ਸੂਰਬੀਰ ਬਹਾਦਰ ਵਿਚੋਂ ਚਹੁੰ ਜੁਗਾ, ਚੌਕੜੀ ਅੰਤ ਦੇਣੀ ਕਰਾਈਆ । ਆਹ ਵੇਖ ਮੇਰੇ ਕੋਲ ਉਸ ਪਰਮ ਪੁਰਖ ਦਾ ਰੁੱਕਾ, ਜਿਸ ਦਾ ਹੁਕਮ ਰੋਕੇ ਕੋਇ ਨਾ ਰਾਈਆ । ਮੇਰਾ ਪੰਧ ਉਸੇ ਦੇ ਹੁਕਮ ਨਾਲ ਮੁਕਾ, ਮੁਕੰਮਲ ਦਿਆਂ ਜਣਾਈਆ । ਪਰ ਮੇਰੇ ਅੰਦਰ ਇਕੋ ਭੁੱਖਾ, ਸਚ ਸਚ ਸੁਣਾਈਆ । ਪ੍ਰਭੂ ਦਾ ਖੇਲ ਸਮਝੇ ਕੋਇ ਨਾ ਮਾਨਸ ਮਾਨੁਖਾ, ਮਾਨਵ ਸਾਰ ਕੋਇ ਨਾ ਪਾਈਆ । ਦੀਨ ਮਜ਼੍ਹਬ ਪਿਆਰ ਮੁਹੱਬਤ ਵਿਚ ਹੋਇਆ ਰੁੱਖਾ, ਸਚ ਰੰਗ ਨਾ ਕੋਇ ਚੜ੍ਹਾਈਆ । ਅੰਤ ਉਸ ਸਾਹਿਬ ਨੂੰ ਮੈਂ ਝੁਕਾ, ਜੋ ਝੁਕਿਆਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਰਹੇ ਨਾ ਲੁਕਾ, ਲੋਕ ਪ੍ਰਲੋਕ ਆਪਣਾ ਹੁਕਮ ਵਰਤਾਈਆ ।



### ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫਰਾਲਾ ਜ਼ਿਲਾ ਜਲੰਧਰ ਮਹਿੰਦਰ ਕੌਰ ਦੇ ਗ੍ਰਿਹ ✪

ਧਰਮ ਕਹੇ ਕਲਜੁਗ ਵੇਖ ਭਗਤ ਜਨਾਂ ਦੀਆਂ ਕੁੱਲੀਆਂ, ਕੁੱਲ ਮਾਲਕ ਦਏ ਵਡਿਆਈਆ । ਜਿਥੇ ਸਭ ਦੀਆਂ ਖਿੜੀਆਂ ਬੁੱਲੀਆਂ, ਖ਼ੁਸ਼ੀਆਂ ਢੋਲੇ ਗਾਈਆ । ਉਹ ਆਤਮਾ ਕਦੇ ਨਹੀਂ ਰੁਲੀਆਂ, ਜੋ ਪਰਮਾਤਮਾ ਸੰਗ ਰਖਾਈਆ । ਉਹ ਦੇਹਾਂ ਕਦੇ ਨਹੀਂ ਹੁਲੀਆਂ, ਜੋ ਚਰਨ ਲੱਗਣ ਸ਼ਹਿਨਸ਼ਾਹੀਆ । ਅੰਮ੍ਰਿਤ ਧਾਰਾਂ ਕਦੇ ਨਹੀਂ ਡੁੱਲ੍ਹੀਆਂ, ਜਿਨ੍ਹਾਂ ਆਪਣੀ ਦਇਆ ਕਮਾਈਆ । ਉਹ ਜਗਤ ਜਹਾਨ ਫਲੀਆਂ ਫੁਲੀਆਂ, ਪੱਤ ਟਹਿਣੀ ਆਪ ਮਹਿਕਾਈਆ । ਕੂੜੀ ਕਿਰਿਆ ਵਿਚ ਨਾ ਰੁਲੀਆਂ, ਮਿੱਟੀ ਖ਼ਾਕ ਨਾ ਕੋਇ ਉਡਾਈਆ । ਇਕੋ ਸਾਹਿਬ ਦੇ ਕੰਡੇ ਤੁਲੀਆਂ, ਤਰਾਜ਼ੂ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਮ ਕਹੇ ਕਲਜੁਗ ਤੱਕ ਭਗਤ ਜਨਾਂ ਦਾ ਖੇੜਾ, ਖੜਾ ਖਲੋਤਾ ਧਿਆਨ ਲਗਾਈਆ । ਜਿਥੇ ਗ਼ਰੀਬ ਨਿਮਾਣਿਆਂ ਬੰਨ੍ਹੇ ਬੇੜਾ, ਨਈਆ ਆਪਣੇ ਨਾਮ ਚੜ੍ਹਾਈਆ । ਕੂੜ ਕਿਰਿਆ ਮੁਕਾ ਕੇ ਝੇੜਾ, ਝਗੜਾ ਦਏ ਮੁਕਾਈਆ । ਪਿਆਰ ਮੁਹੱਬਤ ਦਾ ਖੁੱਲ੍ਹਾ ਕਰੇ ਵਿਹੜਾ, ਖ਼ੁਸ਼ੀ ਆਪਣੇ ਰੰਗ ਰੰਗਾਈਆ । ਸਚ ਝੂਠ ਕਰੇ ਨਿਖੇੜਾ, ਧੁਰ ਦੀ ਆਪਣੀ ਵੰਡ ਵੰਡਾਈਆ । ਤੇਰਾ ਰਹਿਣ ਨਾ ਦੇਵੇ ਹਨੇਰਾ, ਅੰਧ ਅੰਧਿਆਰਾ ਦਏ ਮਿਟਾਈਆ । ਜਿਨ੍ਹਾਂ ਨਾਮ ਦ੍ਰਿੜਾਵੇ ਤੂੰ ਮੇਰਾ ਮੈਂ ਤੇਰਾ, ਤਿਨ੍ਹਾਂ ਅੰਤਰ ਕਰੇ ਸਫ਼ਾਈਆ । ਉਨ੍ਹਾਂ ਅੰਦਰ ਚਾਓ ਘਨੇਰਾ, ਜਿਨ੍ਹਾਂ ਮਿਲਿਆ ਧੁਰ ਦਾ ਮਾਹੀਆ । ਭਾਂਡਾ ਭਰਮ ਢਾਹ ਕੇ ਡੇਰਾ, ਚਰਨ ਸਰਨ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਆਪਣੀਆਂ ਕਰੇ ਮਿਹਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ ।

੫੬੪ ੨੩

## ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫਰਾਲਾ ਜ਼ਿਲਾ ਜਲੰਧਰ ਗੁਰਦੇਵ ਸਿੰਘ ਦੇ ਗ੍ਰਿਹਿ ✪

ਧਰਮ ਕਹੇ ਕਲਜੁਗ ਜਨ ਭਗਤਾਂ ਗ੍ਰਿਹਿ ਪਵਿਤ੍ਰ ਜਗਹ, ਜਾਗਰਤ ਜੋਤ ਦਏ ਵਡਿਆਈਆ । ਕਿਰਪਾ ਕਰੇ ਸੂਰਾ ਸਰਬਗਾ, ਹਰਿ ਕਰਤਾ ਧੁਰਦਰਗਾਹੀਆ । ਤਨ ਸ਼ਰੀਰ ਦੁਖ ਰਹੇ ਨਾ ਲੱਗਾ, ਕਾਇਆ ਮਾਟੀ ਕਰੇ ਸਫ਼ਾਈਆ । ਜਗਤ ਧਾਰ ਵਿਚ ਵੱਧੇ ਅਗਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੇਰਾ ਫ਼ਰੇਬ ਕਰ ਸਕੇ ਨਾ ਕੋਇ ਦਗ਼ਾ, ਧੋਖਾ ਨਜ਼ਰ ਕੋਇ ਨਾ ਆਈਆ । ਅਗਨੀ ਤਤ ਨਾ ਤਪਾਏ ਅੱਗਾ, ਅੰਮ੍ਰਿਤ ਮੇਘ ਵਰਸਾਈਆ । ਹੰਸ ਬਣਾਏ ਫੜ ਕੇ ਕੱਗਾ, ਸੋਹੰ ਮੋਤੀ ਮਾਣਕ ਚੋਗ ਚੁਗਾਈਆ । ਜੋ ਜਨ ਸਚ ਪਿਆਰ ਵਿਚ ਬੱਧਾ, ਤਿਸ ਲੇਖਾ ਰਹੇ ਨਾ ਰਾਈਆ । ਸਚ ਦਵਾਰੇ ਦੇਵੇ ਸੱਦਾ, ਸਦਨਾ ਸੈਣ ਦਏ ਗਵਾਹੀਆ । ਜਿਨ੍ਹਾਂ ਪਰਮ ਪੁਰਖ ਪਰਮਾਤਮ ਅਬਿਨਾਸ਼ੀ ਲੱਧਾ, ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਵੇ ਮਜ਼ਾ, ਬਿਨ ਰਸਨਾ ਰਸ ਚਖਾਈਆ ।

## ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਫਰਾਲਾ ਜ਼ਿਲਾ ਜਲੰਧਰ ਗੁਰਮੀਤ ਸਿੰਘ ਦੇ ਗ੍ਰਿਹਿ ✪



ਧਰਮ ਕਹੇ ਕਲਜੁਗ ਮੇਰਾ ਰੂਪ ਬੜਾ ਵਿਸ਼ਾਲ, ਵਿਸ਼ਵ ਆਪਣੇ ਨਾਲ ਬੰਧਾਈਆ । ਮੇਰਾ ਨਾਤਾ ਨਾਲ ਸ਼ਾਹ ਕੰਗਾਲ, ਵੱਡਾ ਛੋਟਾ ਵੰਡ ਨਾ ਕੋਇ ਵੰਡਾਈਆ । ਮੇਰਾ ਮਿਤਰ ਰਾਜ ਰਾਜਾਨ, ਸ਼ਹਿਨਸ਼ਾਹ ਧੁਰਦਰਗਾਹੀਆ । ਮੈਂ ਸਤਿਜੁਗ ਤਰੇਤਾ ਦੁਆਪਰ ਵੇਖਿਆ ਖੇਲ ਮਹਾਨ, ਮੇਰੇ ਸਾਹਿਬ ਦਿਤਾ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਦੇ ਕੇ ਗਏ ਅੱਖਰਾਂ ਵਾਲਾ ਨਾਮ, ਅੱਖਰਾਂ ਵਿਚ ਜਣਾਈਆ । ਅੱਖਰਾਂ ਨਾਲ ਅੱਖਰਾਂ ਦਾ ਦਿਤਾ ਗਿਆਨ, ਅੱਖਰ ਅੱਖਰੀ ਸਿਫ਼ਤ ਸਾਲਾਹੀਆ । ਸ਼ਰਅ ਦਾ ਬਣਾ ਕੇ ਗਏ ਵਿਧਾਨ, ਜਿਸ ਦੀ ਤਰਮੀਮ ਨਾ ਕੋਇ ਕਰਾਈਆ । ਸਭ ਨੇ ਵੱਖਰਾ ਵੱਖਰਾ ਮੇਰਾ ਦੱਸਿਆ ਈਮਾਨ, ਅਮਲਾਂ ਵਿਚ ਜਗਤ ਖੇਲ ਖਿਲਾਈਆ । ਮੈਂ ਬੜਾ ਸੂਰਬੀਰ ਬਲਵਾਨ, ਜੁਗ ਚੌਕੜੀ ਚਲਿਆ ਆਈਆ । ਕਲਜੁਗ ਤੇਰਾ ਅੰਤਮ ਰਹਿਣਾ ਨਹੀਂ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਨਾ ਕੋਇ ਵਖਾਈਆ । ਮੈਨੂੰ ਸਤਿਜੁਗ ਨੂੰ ਕਰਨਾ ਪ੍ਰਨਾਮ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਮੇਰਾ ਲੇਖਾ ਜ਼ਿਮੀਂ ਅਸਮਾਨ, ਦੋ ਜਹਾਨ ਮੇਰੀ ਖ਼ੁਸ਼ੀ ਬਣਾਈਆ । ਮੈਂ ਇਕ ਦਾ ਸੰਦੇਸ਼ਾ ਸੁਣਾਂ ਫ਼ਰਮਾਨ, ਇਕੋ ਦੀ ਸੇਵਾ ਜੁਗ ਜੁਗ ਕਮਾਈਆ । ਨਿਗਾਹ ਮਾਰ ਲੈ ਤੇਰੀ ਫੁਲਵਾੜੀ ਚਾਰ ਕੁੰਟ ਹੋਈ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਮੇਰਾ ਰੂਪ ਸਕੇ ਨਾ ਕੋਇ ਪਹਿਚਾਨ, ਤੇਰੀ ਕਾਲਖ ਸਭ ਨੂੰ ਦਿਸੇ ਛਾਹੀਆ । ਔਹ ਤੱਕ ਮੇਰਾ ਸਵਾਮੀ ਮਾਲਕ ਨੌਜਵਾਨ, ਪੁਰਖ ਅਕਾਲਾ ਵਡ ਵਡਿਆਈਆ । ਜੋਤੀ ਜਾਤਾ ਹੋ ਪ੍ਰਧਾਨ, ਆਪਣਾ ਹੁਕਮ ਵਰਤਾਈਆ । ਚਰਨ ਕਵਲ ਮੈਨੂੰ ਕਰ ਪ੍ਰਵਾਨ, ਧਰਨੀ ਉਤੇ ਮੈਨੂੰ ਦੇਵੇ ਮਾਣ ਵਡਿਆਈਆ । ਉਹ ਰਹਿਮਤਾਂ ਦਾ ਰਹੀਮ ਸੁਲਤਾਨ, ਬਖ਼ਸ਼ਣਹਾਰ ਅਨੰਤ ਗੁਨਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਸਭ ਦਾ ਜਾਣੀ ਜਾਣ, ਜਾਨਣਹਾਰ ਮੇਰੀ ਆਪਣੇ ਹੱਥ ਰਖੇ ਵਡਿਆਈਆ ।

## ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜਮਸ਼ੇਰ ਜ਼ਿਲਾ ਜਲੰਧਰ ਪ੍ਰੇਮ ਸਿੰਘ ਦੇ ਗ੍ਰਿਹਿ

ਕਲਜੁਗ ਕਹੇ ਧਰਮ ਮੇਰਾ ਵੇਖ ਹੁਲਾਰਾ, ਜਗਤ ਜਹਾਨ ਦਿਤਾ ਲਗਾਈਆ । ਤੇਰਾ ਦਿਸੇ ਨਾ ਕਿਸੇ ਕਿਨਾਰਾ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਆਤਮ ਨੂਰ ਨਾ ਹੋਏ ਕੋਇ ਉਜਿਆਰਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸ਼ਬਦੀ ਧੁਨ ਨਾ ਹੋਏ ਧੁਨਕਾਰਾ, ਅਨਾਦੀ ਨਾਦ ਨਾ ਦਏ ਦ੍ਰਿੜ੍ਹਾਈਆ । ਬਜਰ ਕਪਾਟ ਖੁੱਲ੍ਹੇ ਨਾ ਕਿਸੇ ਕਿਵਾੜਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਚਾਰੋਂ ਕੁੰਟ ਅਗਨੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੰਚ ਵਿਕਾਰ ਲੱਗਾ ਅਖਾੜਾ, ਆਸਾ ਤ੍ਰਿਸ਼ਨਾ ਮਾਇਆ ਮਮਤਾ ਨਾਚ ਨਚਾਈਆ । ਕਾਇਆ ਚੋਲੀ ਰੰਗ ਚੜ੍ਹੇ ਨਾ ਕਿਸੇ ਗਾੜ੍ਹਾ, ਦੁਰਮਤ ਮੈਲ ਨਾ ਕੋਇ ਧਵਾਈਆ । ਭਾਗ ਲੱਗੇ ਨਾ ਬਹੱਤਰ ਨਾੜਾ, ਨਾੜੀ ਨਾੜੀ ਨਾ ਕੋਇ ਵਡਿਆਈਆ । ਖੇਲ ਤੱਕ ਸਚੀ ਸਰਕਾਰਾ, ਕੀ ਕਰਤਾ ਕਾਰ ਕਮਾਈਆ । ਚਾਰੋਂ ਕੁੰਟ ਧੂੰਆਂ ਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਜਿਸ ਨਿਸ਼ਾਨ ਮੇਟਣਾ ਚੰਦ ਸਿਤਾਰਾ, ਸਤਹ ਬੁਲੰਦੀ ਖੇਲ ਖਿਲਾਈਆ । ਓਹ ਵੇਸ ਵਟਾਏ ਪਰਵਰਦਿਗਾਰਾ, ਸਾਂਝਾ ਯਾਰ ਨੂਰ ਅਲਾਹੀਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰਾ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਉਹ ਰੂਪ ਅਨੂਪ ਜੋਤ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜੋ ਜੀਵਾਂ ਜੰਤਾਂ ਪਾਵੇ ਸਾਰਾ, ਸਾਧਾਂ ਸੰਤਾਂ ਫੋਲ ਫੁਲਾਈਆ । ਧਰਮ ਕਹੇ ਕਲਜੁਗ ਵੇਖ ਮੇਰਾ ਅਗੰਮਾ ਪੁਰਖ, ਜੋ ਅਗੰਮੜੀ ਕਾਰ ਕਮਾਈਆ । ਜਿਸ ਨੂੰ ਨਾ ਸੋਗ ਨਾ ਹਰਖ, ਚਿੰਤਾ ਵਿਚ ਕਦੇ ਨਾ ਆਈਆ । ਭਗਤਨ ਮੀਤਾ ਭਗਤਨ ਦੇਵੇ ਦਰਸ, ਆਦਰਸ਼ ਆਪਣਾ ਇਕ ਦ੍ਰਿੜ੍ਹਾਈਆ । ਅੰਮ੍ਰਿਤ ਆਤਮ ਮੇਘ ਦੇਵੇ ਬਰਸ, ਨਿਝਰ ਝਿਰਨਾ ਆਪ ਝਿਰਾਈਆ । ਭੇਵ ਖੁਲਾਵੇ ਅਰਸ਼ ਫ਼ਰਸ, ਦੋ ਜਹਾਨਾਂ ਕਰੇ ਰੁਸ਼ਨਾਈਆ । ਦੋ ਜਹਾਨਾਂ ਬਣ ਕੇ ਮਰਦਾਨਾਂ ਮਰਦ, ਮਦਦ ਕਰੇ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਵੰਡੇ ਦਰਦ, ਦੁਖੀਆਂ ਹੋਏ ਆਪ ਸਹਾਈਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਮਨਜ਼ੂਰ ਕੀਤੀ ਅਰਜ, ਆਰਜ਼ੂ ਆਪਣੇ ਚਰਨਾਂ ਵਿਚ ਟਿਕਾਈਆ । ਸੋ ਸਭ ਦਾ ਲਹਿਣਾ ਦੇਣਾ ਪੂਰਾ ਕਰੇ ਕਰਜ, ਸਤਿਜੁਗ ਤਰੇਤਾ ਦੁਆਪਰ ਕਲਜੁਗ ਬਾਕੀ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਆਪਣਾ ਪੂਰਾ ਕਰਨ ਆਇਆ ਫ਼ਰਜ਼, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕਲਜੁਗ ਕਹੇ ਧਰਮ ਮੇਰਾ ਸਾਹਿਬ ਪੁਰਖ ਅਗੰਮਾ, ਨਿਰਗੁਣ ਨਿਰਵੈਰ ਨਿਰੰਕਾਰ ਨਜ਼ਰੀ ਆਈਆ । ਜਨਣੀ ਕੁੱਖ ਕਦੇ ਨਾ ਜੰਮਾ, ਗੋਦੀ ਗੋਦ ਨਾ ਕੋਇ ਵਡਿਆਈਆ । ਜਗਤ ਲਾਲਚ ਨਾ ਕੋਈ ਤਮਅ, ਮੋਹ ਵਿਕਾਰ ਨਾ ਕੋਇ ਵਖਾਈਆ । ਦੌਲਤ ਗੰਢ ਪੱਲੇ ਰਖੇ ਨਾ ਕੋਈ ਧਨਾ, ਮਾਇਆ ਮਮਤਾ ਨਾ ਕੋਇ ਮਿਟਾਈਆ । ਉਸ ਦਾ ਰੂਪ ਸ੍ਰੀ ਭਗਵਾਨਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਸ਼ਬਦ ਦੁਲਾਰਾ ਚੰਨਾ, ਗੋਬਿੰਦ ਮੀਤਾ ਇਕ ਅਖਵਾਈਆ । ਭਾਗ ਲਗਾ ਕੇ ਕਾਇਆ ਮਾਟੀ ਤਨਾ, ਜੋਤ ਸ਼ਬਦ ਦਏ ਵਡਿਆਈਆ । ਜਗਤ ਵਕਤ ਵੇਖੇ ਲਮਹ ਲਮਹ ਲਮਹ, ਘੜੀ ਪਲ ਖੋਜ ਖੁਜਾਈਆ । ਜੋ ਕੂੜੀ ਕਿਰਿਆ ਬਦਲਣ ਵਾਲਾ ਸਮਾਂ, ਸਮਾਪਤ ਕਰੇ ਖ਼ਲਕ ਖ਼ੁਦਾਈਆ । ਜਿਸ ਨੇ ਸਤਿਜੁਗ ਮਾਰਗ ਚਲਾਉਣਾ ਨਵਾਂ, ਨੌ ਖੰਡ ਪ੍ਰਿਥਮੀ ਵੱਜੇ ਵਧਾਈਆ । ਮੈਂ ਉਸੇ ਦੀ ਚਰਨੀ ਢਵ੍ਹਾਂ, ਢਹਿ ਢਹਿ ਢੇਰੀ ਖ਼ਾਕ ਮਿਲਾਈਆ । ਉਸੇ ਦਾ ਢੋਲਾ ਗਵਾਂ, ਜੋ ਆਦਿ

ਜੁਗਾਦਿ ਜੁਗ ਜੁਗ ਆਪਣਾ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਲਕ ਹੋਏ ਸਹਾਈਆ । ਕਲਜੁਗ ਕਹੇ ਧਰਮ ਮੇਰਾ ਉਹ ਮਹਿਬੂਬ, ਮੁਹੱਬਤ ਵਿਚ ਸਮਾਈਆ । ਚਾਰੋਂ ਕੁੰਟ ਮੌਜੂਦ, ਵਸਿਆ ਹਰ ਘਟ ਥਾਈਆ । ਉਸ ਦੇ ਕਦਮਾਂ ਜਾਵਾਂ ਜੂਝ, ਘਾਇਲ ਆਪਣਾ ਆਪ ਕਰਾਈਆ । ਜਿਸ ਦੀ ਸਿਫ਼ਤ ਮੁਹੰਮਦ ਗਾਈ ਵਿਚ ਹਜ਼ਾਰਾ ਦਰੂਦ, ਇਸਮ ਆਜ਼ਮ ਇਕ ਅਖਵਾਈਆ । ਜਿਸ ਮੇਰਾ ਲਹਿਣਾ ਦੇਣਾ ਪੂਰਾ ਕਰਨਾ ਕੂੜ ਕੁੜਿਆਰਾ ਕਰਨਾ ਨੇਸਤੋ ਨਾਬੂਦ, ਜੜ ਰਹਿਣ ਕੋਇ ਨਾ ਪਾਈਆ । ਉਸ ਦਾ ਪੈਗ਼ੰਬਰ ਕਲਮਿਆਂ ਤੋਂ ਬਾਹਰ ਦੇਣ ਸਬੂਤ, ਬਸਰੀ ਇਸਮ ਵਿਚ ਸਮਾਈਆ । ਜਿਸ ਦਾ ਨਾ ਤਨ ਨਾ ਕਲਬੂਤ, ਕਾਇਆ ਰੰਗ ਨਾ ਕੋਇ ਰੰਗਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਵਸੇ ਆਪਣੇ ਹਕ ਆਰੂਜ, ਆਲੀਜਾਹ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਭੇਵ ਚੁਕਾਏ ਏਕਾ ਦੂਜਾ, ਦੁਤੀਆ ਭਾਓ ਦਏ ਚੁਕਾਈਆ ।

### ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜਮਸੇਰ ਜ਼ਿਲਾ ਜਲੰਧਰ ਸਿੰਘ ਦੇ ਗ੍ਰਿਹ ✪



ਧਰਨੀ ਕਹੇ ਕਲਜੁਗ ਮੈਂ ਤੇਰਾ ਸੁਣਿਆ ਸ਼ੋਰ ਸ਼ਰਾਬਾ, ਸ਼ਰਅ ਸ਼ਰਅ ਨਾਲ ਟਕਰਾਈਆ । ਮੈਂ ਦੀਨ ਦੁਨੀ ਤੱਕੀ ਤੱਕਿਆ ਨਿਸ਼ਾਨ ਹਜ਼ਰਤਾਂ ਵਾਲਾ ਕਾਅਬਾ, ਜੋ ਮੇਰੇ ਉਤੇ ਡੇਰਾ ਲਾਈਆ । ਕੀ ਹੁਕਮ ਸੰਦੇਸ਼ਾ ਦੇ ਕੇ ਗਿਆ ਮਾਈ ਹੱਵਾ ਤੇ ਆਦਮ ਬਾਬਾ, ਜਲਾਂ ਥਲਾਂ ਤੋਂ ਬਾਹਰ ਸੁਣਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜਿਸ ਅਗੇ ਨਾ ਕੋਈ ਸਵਾਲ ਨਾ ਕੋਈ ਜਵਾਬਾ, ਉਹ ਆਪਣੀ ਕਲ ਵਰਤਾਈਆ । ਜਿਸ ਦੀ ਝੱਲੇ ਕੋਇ ਨਾ ਤਾਬਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਕਲਜੁਗ ਮੇਰੀਆਂ ਅੱਖੀਆਂ ਵੇਖ ਲੈ ਨੀਰ, ਨੈਣਾਂ ਛਹਿਬਰ ਲਾਈਆ । ਮੇਰੇ ਤਨ ਤੋਂ ਲੱਥੇ ਚੀਰ, ਓਢਣ ਸੀਸ ਨਾ ਕੋਇ ਟਿਕਾਈਆ । ਮਕਬਰਿਆਂ ਵਿਚ ਰੋਂਦੇ ਫ਼ਕੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਅੱਖ ਨਾ ਕੋਇ ਖੁਲਾਈਆ । ਪੈਗ਼ੰਬਰ ਹੋਏ ਦਿਲਗੀਰ, ਸਦੀ ਚੌਧਵੀਂ ਧਿਆਨ ਲਗਾਈਆ । ਜਿਸ ਦਾ ਲੇਖਾ ਹਜ਼ਰਤਾਂ ਕਿਹਾ ਅਖ਼ੀਰ, ਉਹ ਆਖ਼ਰ ਕੀ ਖੇਲ ਖਿਲਾਈਆ । ਜਿਸ ਗੁਰੂਆਂ ਦਿਤੀ ਧੀਰ, ਧੀਰਜ ਧਰਮ ਨਾਲ ਸਮਝਾਈਆ । ਉਹ ਵੇਸ ਵਟਾਏ ਸ਼ਾਹ ਸੁਲਤਾਨਾ ਨੌਜਵਾਨਾ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਮੇਰੀ ਬਦਲ ਦੇਣੀ ਤਕਦੀਰ, ਤਕੱਬਰ ਤੇਰਾ ਦਏ ਗਵਾਹੀਆ । ਉਸ ਦੀ ਅਵੱਲੜੀ ਅਨੋਖੀ ਇਕ ਤਦਬੀਰ, ਤਰੀਕਾ ਆਪਣਾ ਹੱਥ ਰਖਾਈਆ । ਜਿਸ ਨੂੰ ਕੂਕ ਕੂਕ ਪੁਕਾਰਿਆ ਕਬੀਰ, ਉਹ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਉਸ ਦੀ ਸੂਰਤ ਜਗਤ ਲਾਤਸਵੀਰ, ਤਸੱਵਰ ਕਰ ਨਾ ਕੋਇ ਵਖਾਈਆ । ਉਹ ਸਾਹਿਬ ਸਵਾਮੀ ਗਹਿਰ ਗੰਭੀਰ, ਗਵਰ ਨੂਰ ਅਲਾਹੀਆ । ਜਿਸ ਮੇਰੇ ਉਤੋਂ ਕੂੜੀ ਕਿਰਿਆ ਕੱਟਣੀ ਭੀੜ, ਹਉਮੇ ਹੰਗਤਾ ਰੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਸ਼ਰਅ ਦੀ ਕੱਟੇ ਜ਼ੰਜੀਰ, ਸ਼ਰੀਅਤ ਆਪਣਾ ਨਾਮ ਦ੍ਰਿੜਾਈਆ ।

੫੬੭
੨੩

### ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੋਟਲੀ ਥਾਨ ਸਿੰਘ ਜ਼ਿਲਾ ਜਲੰਧਰ ਜਸਬੀਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਧਰਮ ਮੈਂ ਭਾਗਾਵੰਤ, ਭਗਵਨ ਭਗਤਾਂ ਨਾਲ ਦਿਤਾ ਮਿਲਾਈਆ । ਮੇਰਾ ਮੇਲਾ ਨਾਲ ਧੁਰ ਦੇ ਸੰਤ, ਜੋ ਸਤਿਗੁਰ ਸੰਤ ਸਿਪਾਹੀ ਇਕ ਅਖਵਾਈਆ । ਮੈਂ ਵੇਖਿਆ ਲੱਖ ਚੁਰਾਸੀ ਜੀਵ ਜੰਤ, ਚਾਰੋਂ ਕੁੰਟ ਖੋਜ ਖੁਜਾਈਆ । ਘਰ ਘਰ ਤੱਕਿਆ ਹਉਮੇ ਗੜ੍ਹ ਹੰਗਤ, ਹੰ ਬ੍ਰਹਮ ਭੇਵ ਕੋਇ ਨਾ ਪਾਈਆ । ਮੇਰੀ ਧਾਰ ਸੁਲਖਣੀ ਮੈਨੂੰ ਚੜ੍ਹੀ ਪਿਆਰ ਦੀ ਰੰਗਤ, ਮੇਰੇ ਸਾਹਿਬ ਦਿਤਾ ਰੰਗਾਈਆ । ਸਤਿ ਸਚ ਦੀ ਸਾਚੀ ਮਿਲੀ ਸੰਗਤ, ਹਰਿਜਨ ਮਿਲ ਮਿਲ ਵੱਜੀ ਵਧਾਈਆ । ਮੈਨੂੰ ਸਮਝਾ ਸਕੇ ਕੋਈ ਨਾ ਪੰਡਤ, ਭੇਵ ਅਭੇਦ ਨਾ ਕੋਇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਮ ਕਹੇ ਧਰਨੀ ਪ੍ਰਭੂ ਸਾਚਾ ਦਇਆ ਕਮਾਉਂਦਾ ਏ । ਆਦਿ ਜੁਗਾਦੀ ਖੇਲ ਵਖਾਉਂਦਾ ਏ । ਜੁਗ ਜੁਗ ਭੇਵ ਅਭੇਦ ਦ੍ਰਿੜਾਉਂਦਾ ਏ । ਸੰਤ ਸੁਹੇਲੇ ਜਨ ਭਗਤ ਤੇਰੇ ਉਤੇ ਉਪਜਾਉਂਦਾ ਏ । ਆਪ ਆਪਣਾ ਸੁਹੰਜਣਾ ਕਰੇ ਵਕਤ, ਰੁਤੜੀ ਤੇਰੇ ਨਾਲ ਮਹਿਕਾਉਂਦਾ ਏ । ਸਚ ਪ੍ਰੇਮ ਦੇ ਕੇ ਸ਼ਕਤ, ਸ਼ਖ਼ਸੀਅਤ ਧੁਰ ਦੀ ਆਪ ਵਖਾਉਂਦਾ ਏ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਪੂਰੀ ਕਰਨ ਆਵੇ ਸ਼ਰਤ, ਸ਼ਰਅ ਪਿਛਲੀ ਵੇਖ ਵਿਖਾਉਂਦਾ ਏ । ਮਿਹਰਵਾਨ ਬਣ ਮਰਦਾਨਾ ਮਰਦ, ਬਲਧਾਰੀ ਬਲ ਪ੍ਰਗਟਾਉਂਦਾ ਏ । ਗੁਰਮੁਖ ਪਿਆਰ ਦਾ ਵੰਡੇ ਦਰਦ, ਵਿਛੋੜੇ ਦਾ ਦੁੱਖ ਗਵਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਉਂਦਾ ਏ । ਧਰਮ ਕਹੇ ਧਰਨੀ ਮੇਰਾ ਪਰਮ ਪੁਰਖ ਬਿਧਾਤਾ, ਬੇਅੰਤ ਵਡ ਵਡਿਆਈਆ । ਜਿਸ ਭਗਤਾਂ ਨਾਲ ਜੋੜਿਆ ਨਾਤਾ, ਗੁਰਮੁਖਾਂ ਗੰਢ ਪਵਾਈਆ । ਪਰਕਾਸ਼ ਕਰ ਕਲਜੁਗ ਅੰਧੇਰੀ ਰਾਤਾ, ਨੂਰ ਚੰਦ ਦਿਤਾ ਚਮਕਾਈਆ । ਆਪ ਹੋ ਕੇ ਜੋਤੀ ਜਾਤਾ, ਵੇਖ ਵਖਾਣੇ ਥਾਉਂ ਥਾਈਆ । ਆਤਮ ਪਰਮਾਤਮ ਮੇਲ ਕੇ ਨਾਤਾ, ਪੂਰਬ ਲਹਿਣਾ ਦਿਤਾ ਚੁਕਾਈਆ । ਜਨ ਭਗਤਾਂ ਵਖਾਏ ਡੂੰਘਾ ਖਾਤਾ, ਜਿਸ ਦੇ ਲੇਖ ਨਾ ਕੋਇ ਜਣਾਈਆ । ਕਲਜੁਗ ਅੰਤਮ ਪੁਛੇ ਵਾਤਾ, ਹੋਏ ਆਪ ਸਹਾਈਆ । ਬਣ ਕੇ ਪਿਤਾ ਮਾਤਾ, ਗੁਰਮੁਖ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਾਧਨ ਸਾਧਾ, ਸੰਤ ਸੁਹੇਲੇ ਹਰਿਜਨ ਲਏ ਪ੍ਰਗਟਾਈਆ ।



### ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਹਰੀ ਪੁਰ ਜ਼ਿਲਾ ਜਲੰਧਰ ਮਹਿੰਗਾ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਧਰਮ ਸੁਣ ਅਗੰਮਾ ਸੰਦੇਸ਼, ਬਿਨਾ ਅੱਖਰਾਂ ਨਿਰਅੱਖਰ ਧਾਰ ਸਮਝਾਈਆ । ਕੀ ਹੁਕਮ ਦਏ ਧੁਰ ਨਰੇਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਆਦਿ ਜੁਗਾਦੀ ਰਹੇ ਹਮੇਸ਼, ਜੋਤੀ ਜਾਤਾ ਇਕ ਅਖਵਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਕੋਟਨ ਕੋਟ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰੂ ਸਦਾ ਕਰਨ ਆਦੇਸ, ਨਿਵ ਨਿਵ ਲਾਗਣ ਪਾਈਆ । ਜਿਸ ਦਾ ਯੋਧਾ ਸੂਰਬੀਰ ਬਲਵਾਨ ਦਸ ਦਸਮੇਸ਼, ਨੌਜਵਾਨ ਮਰਦ ਮਰਦਾਨ ਇਕ ਅਖਵਾਈਆ । ਜੋ ਆਦਿ ਪੁਰਖ ਅਪਰੰਪਰ ਸਵਾਮੀ ਦਾ ਖੋਲੇ ਭੇਦ, ਪਰਦਾ ਪਰਦਿਆਂ ਵਿਚੋਂ ਚੁਕਾਈਆ ।

ਜਿਸ ਮਾਲਕ ਦੀ ਸਿਫ਼ਤ ਸਲਾਹ ਕਰਦੇ ਚਾਰ ਵੇਦ, ਚਾਰੇ ਜੁਗ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਸ਼ਬਦੀ ਖੇਲੇ ਖੇਡ, ਖੇਲਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਧਰਮ ਕਿਰਪਾ ਕਰੇ ਮੇਰਾ ਭਗਵੰਤ, ਸ੍ਰੀ ਭਗਵਾਨ ਦਇਆ ਕਮਾਈਆ । ਮੈਨੂੰ ਸੰਦੇਸ਼ਾ ਦੇਵੇ ਅੰਤ, ਅੰਤਰਜਾਮੀ ਰਿਹਾ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਬਣਾਉਂਣੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਸਮਝ ਕੋਇ ਨਾ ਪਾਈਆ । ਬੁੱਧੀ ਦਾ ਰਹਿਣ ਦੇਣਾ ਨਹੀਂ ਕੋਈ ਪੰਡਤ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਆਤਮ ਪਰਮਾਤਮ ਧਾਰ ਜਾਣੇ ਕੋਇ ਨਾ ਮੰਤ, ਮੰਤਵ ਹੱਲ ਨਾ ਕੋਇ ਕਰਾਈਆ । ਚੋਟੀ ਮੰਜ਼ਲ ਚੜ੍ਹੇ ਕੋਇ ਨਾ ਸੰਤ, ਦਰਗਾਹ ਸਚ ਮਿਲਣ ਕੋਇ ਨਾ ਆਈਆ । ਵਿਛੋੜਾ ਕਰਨਾ ਨਾਰ ਕੰਤ, ਸੁਹਾਗਣ ਦੁਹਾਗਣ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਮ ਹੁਕਮ ਵੇਖ ਪੁਰਖ ਅਕਾਲ, ਅਕਲ ਕਲਧਾਰੀ ਕੀ ਜਣਾਈਆ । ਉਠ ਮੇਰੇ ਪਿਆਰੇ ਲਾਡਲੇ ਲਾਲ, ਲਾਲਨ ਤੈਨੂੰ ਦਿਆਂ ਵਡਿਆਈਆ । ਨਵ ਸੱਤ ਸੁਰਤ ਸੰਭਾਲ, ਸੰਬਲ ਬਹਿ ਕੇ ਵੇਖੇ ਬੇਪਰਵਾਹੀਆ । ਨਿਗਾਹ ਮਾਰ ਵਿਚ ਸ਼ਾਹ ਕੰਗਾਲ, ਰਾਓ ਰੰਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਮ ਕਹੇ ਕਲਜੁਗ ਕੀ ਕਹੇ ਆਦਿ ਨਿਰੰਜਣ, ਨਰ ਨਰਾਇਣ ਕੀ ਦ੍ਰਿੜ੍ਹਾਈਆ । ਉਹ ਦਾਤਾ ਦਰਦ ਦੁੱਖ ਭੈ ਭੰਜਣ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਆਦਿ ਜੁਗਾਦੀ ਸੱਜਣ, ਸਾਜਣ ਮੀਤ ਬਣੇ ਬੇਪਰਵਾਹੀਆ । ਨਾਮ ਨਿਧਾਨਾ ਪਾਏ ਨੇਤਰ ਅੰਜਣ, ਅੰਧ ਅਗਿਆਨ ਦਏ ਗਵਾਈਆ । ਭਾਗ ਲਗਾਏ ਕਾਇਆ ਮਾਟੀ ਕੰਚਨ, ਹਉਮੇ ਗੜ੍ਹ ਦਏ ਤੁੜਾਈਆ । ਉਸ ਦਾ ਸੁਣ ਅਗੰਮੀ ਬਚਨ, ਸੰਦੇਸਾ ਇਕ ਸੁਣਾਈਆ । ਕਲਜੁਗ ਜੀਵ ਚਾਰ ਕੁੰਟ ਮਚਨ, ਅਗਨੀ ਅੱਗ ਨਾ ਕੋਇ ਬੁਝਾਈਆ । ਕਿਸੇ ਨੂੰ ਲੱਭੇ ਨਾ ਆਪਣਾ ਵਤਨ, ਬੇਵਤਨ ਹੋਈ ਲੋਕਾਈਆ । ਕੰਢਾ ਘਾਟ ਹੱਥ ਨਾ ਆਵੇ ਪਤਣ, ਪਾਰ ਕਿਨਾਰਾ ਨਾ ਕੋਇ ਕਰਾਈਆ । ਬਿਨ ਹਰਿ ਕਿਰਪਾ ਯਥਾਰਥ ਪਵੇ ਕਿਸੇ ਨਾ ਯਤਨ, ਸਗਲਾ ਸੰਗ ਨਾ ਕੋਇ ਬਣਾਈਆ । ਮੈਂ ਇਕ ਸੰਦੇਸ਼ਾ ਆਇਆ ਦੱਸਣ, ਕਹਿ ਕੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਮ ਕਹੇ ਕਲਜੁਗ ਉਹ ਤੱਕ ਧੁਰ ਦਾ ਰਾਮ, ਰਮਈਆ ਬੇਪਰਵਾਹੀਆ । ਜਿਸ ਤੇਰਾ ਅੰਧੇਰਾ ਮੇਟਣਾ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਸਚ ਸੰਦੇਸ਼ਾ ਦਏ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਪੜ੍ਹਾਈਆ । ਭੇਵ ਅਭੇਦਾ ਖੋਲ੍ਹੇ ਤਮਾਮ, ਓਹਲਾ ਰਹਿਣ ਕੋਇ ਨਾ ਪਾਈਆ । ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਜਿਸ ਤੇਰਾ ਮੇਟਣਾ ਅੰਤ ਕੂੜ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਕਲਜੁਗ ਕਹੇ ਧਰਮ ਮੇਰੇ ਸਾਹਿਬ ਵਿਚ ਹਕ ਤੌਫ਼ੀਕਾਂ, ਦਾਅਵੇਦਾਰ ਅਖਵਾਈਆ । ਜਿਸ ਦੀਆਂ ਚਾਰ ਜੁਗ ਦੇ ਸ਼ਾਸਤਰ ਦੱਸਦੇ ਤਵਾਰੀਖਾਂ, ਤਾਰੀਖਾਂ ਦੇਣ ਗਵਾਹੀਆ । ਉਸ ਦੀਆਂ ਨੌਂ ਸੌ ਚੁਰਾਨਵੇਂ ਜੁਗ ਚੌਕੜੀ ਦੀਆਂ ਤੱਕ ਲੀਕਾਂ, ਲਾਈਨ ਲਾਈਨਾਂ ਨਾਲ ਮਿਲਾਈਆ । ਜਿਸ ਦਾ ਖੇਲ ਹੋਣਾ

ਨੀਕਣ ਨੀਕਾ, ਨਿਰਵੈਰ ਆਪਣੀ ਕਾਰ ਕਮਾਈਆ । ਲੇਖਾ ਜਾਣੇ ਜੀਵ ਜੀਅ ਕਾ, ਲੱਖ ਚੁਰਾਸੀ ਫੋਲ ਫੁਲਾਈਆ । ਉਸ ਦਾ ਭਾਣਾ ਸਭ ਨੂੰ ਲਾਗੇ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਕਲਜੁਗ ਕੂੜੀ ਕਿਰਿਆ ਭੰਨਣਾ ਰੀਠਾ, ਅੰਮ੍ਰਿਤ ਰਸ ਜਾਮ ਇਕ ਪਿਆਈਆ । ਤ੍ਰੈਗੁਣ ਤਪਿਆ ਬੁਝਾਉਣਾ ਅੰਗੀਠਾ, ਸਾਂਤਕ ਸਤਿ ਸਤਿ ਵਰਤਾਈਆ । ਸਤਿ ਧਰਮ ਦੀ ਸਚ ਚਲਾਉਣੀ ਰੀਤਾ, ਰੀਤੀ ਨੀਤੀ ਆਪਣੇ ਹੱਥ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਤਿ ਬਣਾਉਣਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਸ਼ਰਅ ਸ਼ਰੀਅਤ ਤੋਂ ਬਾਹਰ ਦੱਸਣੀ ਹਦੀਸਾ, ਭੇਵ ਅਭੇਦਾ ਇਕ ਖੁਲਾਈਆ । ਕਰੇ ਖੇਲ ਨਿਰਗੁਣ ਧਾਰ ਚੌਬੀਸਾ, ਬੀਸ ਚਾਰ ਆਪਣੀ ਵੰਡ ਵੰਡਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦਾ, ਤ੍ਰਿਸ਼ਨਾ ਤ੍ਰਿਖਾ ਸਭ ਦੀ ਵੇਖ ਵਖਾਈਆ । ਧਰਮ ਕਹੇ ਕਲਜੁਗ ਸਭ ਨੂੰ ਉਸ ਦੀਆਂ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਜਿਸ ਦੀਨ ਦੁਨੀ ਬਦਲ ਦੇਣੀਆਂ ਤਬੀਅਤਾਂ, ਤਬੀਬ ਬਣੇ ਧੁਰ ਦਾ ਮਾਹੀਆ । ਸਤਿ ਸਚ ਦੀਆਂ ਦਏ ਨਸੀਹਤਾਂ, ਹੁਕਮ ਧੁਰ ਦਾ ਇਕ ਸੁਣਾਈਆ । ਉਸ ਦੇ ਵਿਚ ਵੱਡੀਆਂ ਵਡ ਵਡ ਅਹਮੀਅਤਾਂ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੱਖ ਚੁਰਾਸੀ ਜੰਤ ਜੀਅ ਕਾ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ ।



### ✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਹਰੀ ਪੁਰ ਜ਼ਿਲਾ ਜਲੰਧਰ ਭਜਨੋ ਦੇ ਨਵਿਤ ✪

ਕਲਜੁਗ ਕਹੇ ਧਰਮ ਮੈਂ ਜਗਤ ਜਹਾਨ ਦੀਆਂ ਤੱਕਾਂ ਸਦੀਆਂ, ਸਾਲਾਂ ਬਰਖਾਂ ਧਿਆਨ ਲਗਾਈਆ । ਘਰ ਘਰ ਨੀਤਾਂ ਤੱਕਾਂ ਬਦੀਆਂ, ਬੰਧਨ ਵੇਖਾਂ ਥਾਉਂ ਥਾਈਂਆ । ਕੂੜ ਖ਼ੁਮਾਰੀ ਵਿਚ ਸਾਰੀਆਂ ਮਧੀਆਂ, ਮਧੁਰ ਧੁਨ ਕਰੇ ਨਾ ਕੋਇ ਸ਼ਨਵਾਈਆ । ਮਾਇਆ ਮਮਤਾ ਦੇ ਵਿਚ ਲੱਗੀਆਂ, ਤ੍ਰਿਸ਼ਨਾ ਕੂੜ ਕੂੜ ਹਲਕਾਈਆ । ਤਨ ਵਜੂਦਾਂ ਲੱਗੀਆਂ ਤੱਕੀਆਂ ਅੱਗੀਆਂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਚਾਰੋਂ ਕੁੰਟ ਹਵਾਵਾਂ ਬਿਨ ਅਗਨ ਤੋਂ ਲੱਗੀਆਂ, ਆਪਣਾ ਰੂਪ ਬਦਲਾਈਆ । ਜਗਤ ਵਿਕਾਰ ਵਹਿੰਦੀਆਂ ਨਦੀਆਂ, ਸਤਿ ਸਚ ਰਹੀਆਂ ਰੁੜ੍ਹਾਈਆ । ਆਤਮ ਜੋਤਾਂ ਦਿਸਣ ਨਾ ਜਗੀਆਂ, ਨੂਰ ਚੰਦ ਨਾ ਕੋਇ ਚਮਕਾਈਆ । ਤਨ ਮਾਟੀ ਖ਼ਾਲੀ ਬਾਲਣ ਦਿਸਣ ਹੱਡੀਆਂ, ਰਤੀ ਰੱਤ ਰੰਗ ਨਾ ਕੋਇ ਰੰਗਾਈਆ । ਕਲਜੁਗ ਕਹੇ ਧਰਮ ਮੈਂ ਚਾਰੋਂ ਕੁੰਟ ਇਨ੍ਹਾਂ ਸੁਕਾਈਆਂ ਹੱਡੀਆਂ, ਜੜ ਸਕਿਆ ਨਾ ਕੋਇ ਉਖੜਾਈਆ । ਸ਼ਾਹ ਸੁਲਤਾਨ ਲੈਂਦੇ ਵੱਢੀਆਂ, ਰਿਸ਼ਵਤ ਖੋਰ ਕੂੜ ਲੋਕਾਈਆ । ਇਹ ਮੇਰੀਆਂ ਸਾਰੀਆਂ ਗੱਲਾਂ ਚੰਗੀਆਂ, ਚੰਗੀ ਤਰਾ ਰਿਹਾ ਦ੍ਰਿੜਾਈਆ । ਸਾਬਤ ਰਹੀਆਂ ਨਾ ਕਿਸੇ ਦੀਆਂ ਅੰਗੀਆਂ, ਅੰਗੀਕਾਰ ਨਜ਼ਰ ਕਿਸੇ ਨਾ ਆਈਆ । ਘਰ ਘਰ ਵਾਸਨਾ ਹੋਈਆਂ ਮੰਦੀਆਂ, ਮਨਸਾ ਮਨ ਕੂੜ ਨਾ ਕੋਇ ਤਜਾਈਆ । ਢੋਲਾ ਗਾਏ ਕੋਇ ਨਾ ਛੰਦੀਆ, ਤੂੰ ਮੇਰਾ ਮੈਂ ਤੇਰਾ ਰਾਗ (ਨਾ ਕੋਇ) ਅਲਾਈਆ । ਸ਼ਰਅ ਤੋੜੇ ਨਾ ਕੋਇ ਪਾਬੰਦੀਆ, ਲੇਖਾ ਸਕੇ ਨਾ ਕੋਇ ਮੁਕਾਈਆ । ਜਗਤ ਦੀਆਂ ਅੱਖਾਂ ਹੋ ਗਈਆਂ ਅੰਧੀਆਂ, ਸਤਿਗੁਰ ਦਰਸ ਕੋਇ ਨਾ ਪਾਈਆ । ਵਾਸਨਾ ਹੋਈਆਂ ਬੇਢੰਗੀਆਂ, ਸਚ ਵਿਚ ਨਾ ਕੋਇ ਸਮਾਈਆ ।

ਮਾਣ ਮਿਲਿਆ ਚੋਰਾਂ ਯਾਰਾਂ ਠੱਗਾਂ ਪਖੰਡੀਆਂ, ਗੁਰਮੁਖ ਹਰਿਜਨ ਰੋਵਨ ਮਾਰਨ ਧਾਹੀਆ । ਸਿੱਧੀਆਂ ਕਰੇ ਕੋਇ ਨਾ ਡੰਡੀਆਂ, ਡੰਡਾਵਤ ਸਕੇ ਨਾ ਕੋਇ ਬਦਲਾਈਆ । ਬਿਨਾ ਪਰਮਾਤਮਾ ਤੋਂ ਆਤਮਾ ਸਾਰੀਆਂ ਹੋਈਆਂ ਰੰਡੀਆਂ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਦੀਨ ਇਸਲਾਮਾਂ ਪਾਈਆਂ ਵੰਡੀਆਂ, ਵਰਭੰਡੀ ਦਏ ਦੁਹਾਈਆ । ਚਾਰੋਂ ਕੁੰਟ ਚਮਕਣ ਚੰਡੀਆਂ, ਕਲਜੁਗ ਕਹੇ ਮੈਂ ਚੰਡਾਲ ਰੂਪ ਰਿਹਾ ਬਣਾਈਆ । ਪ੍ਰਭੂ ਨਾਲੋਂ ਮਾਣ ਦਿਤਾ ਕਰੀਰਾਂ ਜੰਡੀਆਂ, ਜਗ ਪਾਹਨਾਂ ਸੀਸ ਨਿਵਾਈਆ । ਸੀਨੇ ਪੈਣ ਕਿਸੇ ਨਾ ਠੰਡੀਆਂ, ਅਗਨੀ ਤਤ ਨਾ ਕੋਇ ਗਵਾਈਆ । ਨੇਤਰ ਰੋਵਣ ਬੁੱਢੀਆਂ ਨੱਢੀਆਂ, ਨੌਜਵਾਨ ਧੀਰ ਨਾ ਕੋਇ ਧਰਾਈਆ । ਆਤਮ ਪਰਮਾਤਮ ਲੜਾਏ ਕੋਇ ਨਾ ਲੜੀਆਂ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਕਲਜੁਗ ਕਹੇ ਧਰਮ ਮਾਣ ਰਹਿਣ ਨਹੀਂ ਦਿਤਾ ਰਸੂਲਾਂ ਨਬੀਆਂ, ਪੈਗ਼ੰਬਰਾਂ ਨਾ ਕੋਇ ਚਤੁਰਾਈਆ । ਲੇਖਾ ਵੇਖਿਆ ਕੱਟੀਆਂ ਲਬੀਆਂ, ਪਰਦਾ ਪਰਦਿਆਂ ਵਿਚੋਂ ਫੋਲ ਫੁਲਾਈਆ । ਸ਼ਾਹ ਸੁਲਤਾਨਾਂ ਰਹਿਣ ਨਹੀਂ ਦਿਤੀਆਂ ਗੱਦੀਆਂ, ਸੀਸ ਤਾਜ ਨਾ ਕੋਇ ਟਿਕਾਈਆ । ਆਹ ਤੱਕ ਇਸ਼ਾਰਾ ਕਬੀਰ ਦਿਤਾ ਬੁਣਦੇ ਖੱਡੀਆਂ, ਤੰਦ ਤੰਦ ਨਾਲ ਜੁੜਾਈਆ । ਜਿਸ ਵੇਲੇ ਕਲਜੁਗ ਚਾਰੋਂ ਕੁੰਟ ਬੇਈਮਾਨੀਆਂ ਵਧੀਆਂ, ਵਾਧਲ ਦਿਸੇ ਖ਼ਲਕ ਖ਼ੁਦਾਈਆ । ਦਰ ਮਿਲੇ ਨਾ ਕਿਸੇ ਨਿਰਬਾਣ ਪਦੀਆਂ, ਪਰਮ ਪੁਰਖ ਵਿਚ ਨਾ ਕੋਇ ਸਮਾਈਆ । ਸੁਹਾਗ ਸੋਹਣ ਨਾ ਸੀਸ ਸੱਗੀਆਂ, ਸਿਹਰਾ ਸਚ ਨਾ ਕੋਇ ਰਖਾਈਆ । ਸ੍ਰਿਸ਼ਟੀ ਬੁੱਧੀ ਹੋਵੇ ਕੱਗੀਆਂ, ਹੰਸ ਰੂਪ ਨਾ ਕੋਇ ਬਣਾਈਆ । ਘਰ ਘਰ ਗੁਰੂਆਂ ਡਹਿਣੀਆਂ ਮੰਜੀਆਂ, ਸਤਿਗੁਰ ਸਮਝ ਕਿਸੇ ਨਾ ਆਈਆ । ਕਲਜੁਗ ਕਹੇ ਮੇਰੀ ਹਾਥ ਨਹੀਂ ਆਉਣੀ ਵੰਝੀਆਂ, ਵੰਝ ਮੁਹਾਣਾ ਸਾਰ ਕੋਇ ਨਾ ਪਾਈਆ । ਮੈਂ ਇਕ ਬਚਨ ਦੱਸਾਂ ਕਲਜੁਗ ਕਹੇ ਪਹਿਲੀ ਚੇਤ ਨੂੰ ਪੀਲੀਆਂ ਪੱਗਾਂ ਬੰਨ੍ਹਣੀਆਂ ਗੁਰਮੁਖਾਂ ਪੰਝੀਆਂ, ਪੰਝੀਵਾਂ ਸਿਖ ਜਰਨੈਲ ਸਿੰਘ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਆਸ਼ਾ ਪੂਰੀਆਂ ਕਰੇ ਲੰਬੀਆਂ, ਜੁਗਾਂ ਜੁਗਾਂ ਦੇ ਲੇਖੇ ਆਪਣੇ ਹੱਥ ਰਖਾਈਆ ।



## ੧੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਜਲ ਪੋਤਾ ਜ਼ਿਲਾ ਜਲੰਧਰ ਸ਼ਿਵ ਸਿੰਘ ਦੇ ਗ੍ਰਿਹ

ਧਰਮ ਕਹੇ ਕਲਜੁਗ ਤੱਕ ਖੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਕੀ ਵਰਤਾਈਆ । ਜਿਸ ਦੀ ਦੋ ਜਹਾਨ ਮੰਡਲ ਰਾਸੀ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਵੇਖ ਵਖਾਈਆ । ਉਹ ਲੇਖਾ ਜਾਣੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਧਿਆਨ ਲਗਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਜਗਤ ਬਹੁ ਭਾਂਤੀ, ਭੇਵ ਅਭੇਦ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਤੇਰੀ ਮੇਟੇ ਅੰਧੇਰੀ ਰਾਤੀ, ਨਿਰਗੁਣ ਜੋਤ ਸਾਚਾ ਚੰਦ ਨੂਰ ਚਮਕਾਈਆ । ਭਗਤਨ ਮੀਤਾ ਠਾਂਡਾ ਸੀਤਾ ਹਰਿ ਸੰਤਨ ਪੁਛੇ ਵਾਤੀ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਜੋਤ ਉਜਾਲਾ ਹਰਿ ਗੋਪਾਲਾ, ਰੂਪ ਅਨੂਪ ਧਰੇ ਲੋਕਮਾਤੀ, ਪਤਿਪਰਮੇਸ਼ਵਰ ਆਪਣਾ ਪਰਦਾ ਲਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਧਾਰ ਖੁਲਾਏ ਹਾਟੀ, ਨਾਮ ਵਣਜਾਰਾ ਇਕ ਕਰਾਈਆ । ਕੂੜ ਕਿਰਿਆ ਕਰਮ ਦੀ ਧਾਰ ਤੇਰਾ ਪੰਧ ਮੁਕਾਏ ਵਾਟੀ, ਪੈਂਡਾ

ਅਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਕਹੇ ਧਰਮ ਮੇਰਾ ਖ਼ਾਲਕ ਲਾਸ਼ਰੀਕ, ਪਰਵਰਦਿਗਾਰ ਨੂਰ ਅਲਾਹੀਆ । ਜਿਸ ਨੇ ਮੈਨੂੰ ਦਿਤੀ ਤੌਫ਼ੀਕ, ਤੋਫਾ ਧੁਰ ਦਾ ਦਿਤਾ ਵਰਤਾਈਆ । ਸ਼ਬਦ ਸਤਿਗੁਰੂ ਕਰੇ ਤਸਦੀਕ, ਸ਼ਹਾਦਤ ਕਲਮਿਆਂ ਵਾਲੀ ਭੁਗਤਾਈਆ । ਮੈਂ ਧੁਰ ਦੀ ਮੰਗੀ ਭੀਖ, ਭਿਖਿਆ ਭਿਖਕ ਝੋਲੀ ਦਿਤੀ ਭਰਾਈਆ । ਮੈਂ ਨੌ ਸੱਤ ਸੱਤ ਨੌ ਦੇ ਉਤੇ ਮਾਰੀ ਲੀਕ, ਕੂੜ ਪ੍ਰਧਾਨ ਦਿਤਾ ਕਰਾਈਆ । ਕਿਉਂ ਧਰਮ ਜੀ ਤੇਰੀ ਨਿਕਲੇ ਚੀਕ, ਚੀਕ ਚਿਹਾੜਾ ਰਿਹਾ ਪਾਈਆ । ਸਦੀ ਚੌਧਵੀਂ ਅੰਤਮ ਮੁਹੰਮਦ ਰਿਹਾ ਉਡੀਕ, ਚਾਰ ਯਾਰੀ ਸੰਗ ਮਿਲਾਈਆ । ਹਜ਼ਰਤ ਈਸਾ ਕਹਿ ਕੇ ਗਿਆ ਠੀਕ, ਬੀਸ ਬੀਸਾ ਆਵੇ ਧੁਰ ਦਾ ਮਾਹੀਆ । ਸਤਿਗੁਰ ਨਾਨਕ ਉਸੇ ਦੀ ਰਖੀ ਉਡੀਕ, ਤ੍ਰਿਸ਼ਨਾ ਰੋਗ ਨਾ ਕੋਇ ਜਣਾਈਆ । ਗੋਬਿੰਦ ਗੋਬਿੰਦ ਗੋਬਿੰਦ ਕਿਹਾ ਉਹ ਬਦਲ ਦੇਵੇ ਚਾਰ ਜੁਗ ਦੀ ਤਵਾਰੀਖ, ਤਾਰੀਖ ਆਪਣੇ ਹੱਥ ਰਖਾਈਆ । ਜਿਸ ਝਗੜਾ ਮੇਟਣਾ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਚਾਰ ਵਰਨ ਅਠਾਰਾਂ ਬਰਨ ਬਖ਼ਸ਼ੇ ਇਕ ਪ੍ਰੀਤ, ਪ੍ਰੀਤਮ ਧੁਰ ਦਾ ਨਜ਼ਰੀ ਆਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਾਇਆ ਮਾਟੀ ਕਰੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਗੀਤ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਕਲਜੁਗ ਤੇਰੇ ਵਿਚ ਸਤਿ ਧਰਮ ਦੀ ਬਦਲਣੀ ਰੀਤ, ਸਤਿਜੁਗ ਸਚ ਲਏ ਅੰਗੜਾਈਆ । ਝਗੜਾ ਮੇਟਣਾ ਮੰਦਰ ਮਸੀਤ, ਕਾਇਆ ਕਾਅਬਾ ਇਕ ਦਰਸਾਈਆ । ਨਜ਼ਰੀ ਆਏ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਨੂਰ ਅਲਾਹੀਆ । ਜੋ ਸਾਚੀ ਵਸਤ ਸਭ ਨੂੰ ਕਰੇ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਨਾਮ ਕਮਾਈਆ । ਝਗੜਾ ਮੇਟ ਕੇ ਊਚ ਨੀਚ, ਨੀਚ ਊਚ ਇਕੋ ਰੰਗ ਵਖਾਈਆ । ਤੇਰਾ ਭੈ ਭਉ ਕਰੇ ਭੀਤ, ਜੋ ਭੀਤਰ ਵਸੇ ਸਭ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮਾਲਕ ਇਕ ਅਖਵਾਈਆ । ਧਰਮ ਕਹੇ ਕਲਜੁਗ ਮੇਰਾ ਸਾਹਿਬ ਸਵਾਮੀ ਸੂਰਾ, ਜੋਧਾ ਆਦਿ ਅੰਤ ਅਖਵਾਈਆ । ਜਿਸ ਦਾ ਬਿਨਾ ਰੂਪ ਰੰਗ ਤੋਂ ਨੂਰਾ, ਨੂਰ ਨੁਰਾਨਾ ਡਗਮਗਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਮਜ਼ਦੂਰਾ, ਜੁਗ ਚੌਕੜੀ ਸੇਵ ਕਮਾਈਆ । ਉਹ ਆਦਿ ਪੁਰਖ ਅਪਰੰਪਰ ਸਵਾਮੀ ਸਦਾ ਹਾਜ਼ਰ ਹਜ਼ੂਰਾ, ਜੋਤੀ ਜਾਤਾ ਡਗਮਗਾਈਆ । ਜਿਸ ਤੇਰੀ ਕੂੜੀ ਕਿਰਿਆ ਹੂੰਝਣਾ ਕੂੜਾ, ਕੂੜੀ ਕਿਰਿਆ ਕਰੇ ਸਫ਼ਾਈਆ । ਜਨ ਭਗਤਾਂ ਚਾੜ੍ਹੇ ਰੰਗ ਗੂੜ੍ਹਾ, ਦੁਰਮਤ ਮੈਲ ਦਏ ਧਵਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਾ, ਧਰਨੀ ਦੇਵੇ ਮਾਣ ਵਡਿਆਈਆ । ਉਹ ਜਿਧਰ ਤੱਕੋ ਹਾਜ਼ਰ ਹਜ਼ੂਰਾ, ਹਜ਼ਰਤਾਂ ਦਾ ਮਾਲਕ ਇਕ ਅਖਵਾਈਆ । ਧਰਮ ਕਹੇ ਕਲਜੁਗ ਮੈਂ ਸ਼ੁਕਰਾਨੇ ਵਿਚ ਹੋਵਾਂ ਮਸ਼ਕੂਰਾ, ਨਿਵ ਨਿਵ ਸੀਸ ਝੁਕਾਈਆ । ਜਿਸ ਦੀ ਖੇਲ ਤੱਕੀ ਮੂਸਾ ਉਤੇ ਕੋਹਤੂਰਾ, ਤੁਰੀਆ ਤੋਂ ਬਾਹਰ ਆਪਣਾ ਨੂਰ ਦਿਤਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਕਲਜੁਗ ਕਹੇ ਧਰਮ ਮੇਰਾ ਸਮਾਂ ਜਾਂਦਾ ਲੰਘਦਾ, ਘੜੀ ਪਲ ਗਣਤ ਨਾ ਕੋਇ ਗਿਣਾਈਆ । ਮੈਂ ਵੀ ਓਸੇ ਸਾਹਿਬ ਤੋਂ ਮੰਗਦਾ, ਜੋ ਸਭ ਦਾ ਪਿਤਾ ਮਾਈਆ । ਜੋ ਮੇਰੇ ਪਿਆਰ ਨੂੰ ਆਪਣੇ ਹੁਕਮ ਨਾਲ ਰੰਗਦਾ, ਰੰਗਤ ਚੜ੍ਹਾਏ ਅਗੰਮ ਅਥਾਹੀਆ । ਮੈਨੂੰ ਸੁਖ ਦੇਵੇ ਅਨੰਦ ਦਾ, ਅਨੰਦਪੁਰ ਵਾਲਾ ਮੇਰੀ ਦਏ ਗਵਾਹੀਆ । ਮੈਂ ਖੇਲ ਖਿਲਾਉਣਾ ਜ਼ਰੂਰ ਵਿਕਾਰੇ ਪੰਜ ਦਾ, ਪੰਜ ਸ਼ਬਦ ਧੁਨ ਸੁਣਨ ਕੋਇ ਨਾ ਪਾਈਆ । ਤੇਰਾ ਝਗੜਾ ਹੋਵੇ

ਨਾ ਕੋਇ ਰੰਜ ਦਾ, ਰੰਜਸ਼ ਅੰਦਰੋਂ ਦੇਣੀ ਗਵਾਈਆ । ਕਲਜੁਗ ਕਹੇ ਮੈਂ ਧਰਤੀ ਉਤੇ ਸਮਾਨ ਇਕੱਠਾ ਕਰਦਾ ਜੰਗ ਦਾ, ਨੌ ਖੰਡ ਪ੍ਰਿਥਮੀ ਸੱਤ ਦੀਪ ਮਜ਼੍ਹਬ ਦੇਣੇ ਟਕਰਾਈਆ । ਨਿਸ਼ਾਨ ਮੇਟਣਾ ਤਾਰਾ ਚੰਦ ਦਾ, ਸਦੀ ਚੌਧਵੀਂ ਪੰਧ ਮੁਕਾਈਆ । ਮੇਰਾ ਖੇਲ ਵੇਖਣਾ ਭੂਮੀ ਵਾਲੀ ਵੰਡ ਦਾ, ਚਾਰੋਂ ਕੁੰਟ ਅੱਖ ਉਠਾਈਆ । ਧੁਰ ਦਾ ਖੰਡਾ ਸ਼ਬਦੀ ਧਾਰ ਲੇਖਾ ਜਾਣੇ ਖੰਡ ਖੰਡ ਦਾ, ਭੇਵ ਅਭੇਦਾ ਆਪ ਖੁਲਾਈਆ । ਨਜ਼ਾਰਾ ਤੱਕ ਲੈ ਨੀਲੇ ਵਾਲੇ ਅਸਵ ਤੰਗ ਦਾ, ਜੋ ਨੀਲੀ ਧਾਰੋਂ ਬਾਹਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਕਲਜੁਗ ਕਹੇ ਧਰਮ ਮੇਰੇ ਅੰਦਰ ਵੇਖ ਲੈ ਮਾਰ ਝਾਤ, ਵਸਤ ਅਮੁਲੜੀ ਦਿਤੀ ਟਿਕਾਈਆ । ਜਿਸ ਦੇ ਕਾਰਨ ਹੋਣੀ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਮੇਰੀ ਪੁਛੇ ਵਾਤ, ਪਤਿਪਰਮੇਸ਼ਵਰ ਹੋਏ ਆਪ ਸਹਾਈਆ । ਮੈਂ ਖੇਲ ਖੇਲਣਾ ਵਿਚ ਜ਼ਾਤ ਪਾਤ, ਦੀਨ ਮਜ਼੍ਹਬ ਦੇਣੇ ਟਕਰਾਈਆ । ਪਿਉ ਪੁਤਾਂ ਕਰਾਉਣਾ ਘਾਤ, ਮਾਤਾ ਗੋਦ ਨਾ ਕੋਇ ਵਡਿਆਈਆ । ਖੇਲਣਾ ਖੇਲ ਬਣ ਕੇ ਨਟੂਆ ਨਾਟ, ਸਵਾਂਗੀ ਹੋ ਕੇ ਆਪਣਾ ਸਵਾਂਗ ਰਚਾਈਆ । ਕਿਸੇ ਨੂੰ ਸੌਣ ਨਹੀਂ ਦੇਣਾ ਆਤਮ ਸੇਜਾ ਖਾਟ, ਜਗਤ ਸਿੰਘਾਸਣ ਨਾ ਕੋਇ ਚਤੁਰਾਈਆ । ਮਾਣ ਰਹਿਣ ਨਹੀਂ ਦੇਣਾ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਪਵਿਤ੍ਰ ਰਹੇ ਨਾ ਕਿਸੇ ਦੀ ਰਸਨਾ ਜਿਹਵਾ ਕਰਨ ਵਾਲੀ ਪਾਠ, ਜੂਠ ਝੂਠ ਸਭ ਦੇ ਅੰਦਰ ਟਿਕਾਈਆ । ਮਸਤਕ ਜੋਤ ਜਗੇ ਨਾ ਕੋਇ ਲਲਾਟ, ਨੂਰ ਨੁਰਾਨਾ ਨੂਰ ਨਾ ਕੋਇ ਦਰਸਾਈਆ । ਚਾਰੋਂ ਕੁੰਟ ਆਉਣੀ ਘਾਟ, ਘਾਟਾ ਪੂਰ ਨਾ ਕੋਇ ਕਰਾਈਆ । ਮੁਹੰਮਦ ਦੀ ਮੁਕਾਉਣੀ ਪਹਿਲੋਂ ਵਾਟ, ਸਦੀ ਚੌਧਵੀਂ ਗੰਢ ਪਵਾਈਆ । ਉਹ ਤੱਕ ਹਜ਼ਰਤ ਈਸਾ ਦਾ ਕਲਾਕ, ਜੋ ਆਪਣਾ ਵਕਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਧਰਮ ਕਹੇ ਕਲਜੁਗ ਨਾ ਕਰ ਆਪਣਾ ਸ਼ੋਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਖੇਲ ਤੱਕ ਪ੍ਰਭੂ ਦਾ ਅਵਰ ਦਾ ਔਰ, ਜਿਸ ਦਾ ਲੇਖਾ ਗੁਰ ਤੇਗ਼ ਬਹਾਦਰ ਔਰੰਗੇ ਗਿਆ ਜਣਾਈਆ । ਜਿਸ ਦੇ ਅਗੇ ਚਲੇ ਨਾ ਕਿਸੇ ਦਾ ਜ਼ੋਰ, ਜੋਰੂ ਜ਼ਰ ਸਾਰੇ ਸੀਸ ਨਿਵਾਈਆ । ਉਹ ਤੇਰੀ ਅੰਤਮ ਕੱਟਣ ਵਾਲਾ ਡੋਰ, ਕਟਾਕਸ਼ ਆਪਣਾ ਨਾਮ ਲਗਾਈਆ । ਸ੍ਰੀ ਭਗਵਾਨਾ ਨੌਜਵਾਨਾ ਦੋ ਜਹਾਨਾਂ ਰਿਹਾ ਦੌੜ, ਸ਼ਬਦੀ ਸਤਿਗੁਰ ਭੱਜੇ ਵਾਹੋ ਦਾਹੀਆ । ਨਿਰਵੈਰ ਪੁਰਖ ਚੜ੍ਹ ਕੇ ਘੋੜ, ਵੇਖਣਹਾਰਾ ਥਾਉਂ ਥਾਈਂਆ । ਤੇਰਾ ਰਹਿਣ ਨਾ ਦੇਵੇ ਅੰਧੇਰਾ ਘੋਰ, ਘੋਰੀਆਂ ਕਰੇ ਸਫ਼ਾਈਆ । ਲੇਖਾ ਮੁਕਾਏ ਠੱਗ ਚੋਰ, ਬੁਧ ਬਿਬੇਕ ਆਪ ਬਣਾਈਆ । ਜਨ ਭਗਤਾਂ ਵਸੇ ਕੋਲ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਬਜਰ ਕਪਾਟੀ ਪਰਦਾ ਦੇਵੇ ਖੋਲ, ਅੰਧ ਅੰਧੇਰ ਦਏ ਗਵਾਈਆ । ਸ਼ਬਦ ਨਾਦ ਵਜਾਏ ਢੋਲ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਪੂਰਾ ਕਰੇ ਕੌਲ, ਕੌਲ ਇਕਰਾਰ ਵੇਖ ਵਖਾਈਆ । ਜਨ ਭਗਤਾਂ ਵਡਿਆਈ ਦੇਵੇ ਉਪਰ ਧੌਲ, ਧਰਨੀ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਇਕ ਅਖਵਾਈਆ । ਧਰਮ ਕਹੇ ਕਲਜੁਗ ਵਕਤ ਸੁਹੰਜਣਾ ਤੱਕ ਆਪ, ਪ੍ਰਭ ਆਪਣੀ ਦਇਆ ਕਮਾਈਆ । ਜਨ ਭਗਤਾਂ ਵੇਖ ਜਾਪ, ਜਗ ਜੀਵਣ ਦਾਤਾ ਹੋਏ ਸਹਾਈਆ । ਤੇਰੀ ਕਰਨੀ ਦਾ ਮੇਟ ਕੇ



੫੭੩
੨੩

ਤਾਪ, ਤ੍ਰੈਗੁਣ ਦਾ ਡੇਰਾ ਢਾਹੀਆ । ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਦਏ ਬਣਾਈਆ । ਆਤਮ ਪਰਮਾਤਮ ਜਣਾਏ ਸਾਕ, ਸੱਜਣ ਇਕ ਅਖਵਾਈਆ । ਚਰਨ ਧੂੜੀ ਮਸਤਕ ਲਾ ਕੇ ਖ਼ਾਕ, ਦੁਰਮਤ ਮੈਲ ਧਵਾਈਆ । ਅੰਤਰ ਨਿਰੰਤਰ ਰਹੇ ਨਾ ਅੰਧੇਰੀ ਰਾਤ, ਜੋਤ ਸਚ ਚੰਦ ਚਮਕਾਈਆ । ਆਤਮ ਬ੍ਰਹਮ ਦੀ ਦੱਸ ਕੇ ਗਾਥ, ਅਗੰਮ ਕਰੇ ਪੜ੍ਹਾਈਆ । ਘਰ ਸਵਾਮੀ ਵਖਾਏ ਰਾਸ, ਸੁਰਤ ਸ਼ਬਦ ਗੋਪੀ ਕਾਹਨ ਨਚਾਈਆ । ਸੁਹੇਲਾ ਹੋ ਕੇ ਵਸੇ ਪਾਸ, ਗੁਰ ਚੇਲਾ ਜੋੜ ਜੁੜਾਈਆ । ਲੇਖੇ ਲਾਏ ਪਵਣ ਸਵਾਸ, ਜੋ ਸਾਹ ਸਾਹ ਧਿਆਈਆ । ਲਹਿਣਾ ਚੁਕਾਏ ਮਾਤ ਗਰਭਵਾਸ, ਦਸ ਦਸ ਮਾਸ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਸਾਚੇ ਜੁਗ ਜੁਗ ਤਾਰਦਾ, ਤਾਰਨਹਾਰ ਕਰਤਾਰ । ਦੁੱਖ ਦਲਿਦਰ ਨਿਵਾਰਦਾ, ਬਖ਼ਸ਼ ਚਰਨ ਪਿਆਰ । ਮਾਇਆ ਮਮਤਾ ਮੋਹ ਸਾੜਦਾ, ਅਗਨ ਤਤ ਕਢ ਬਾਹਰ । ਸ਼ਬਦ ਘੋੜੇ ਆਪੇ ਚਾੜ੍ਹਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਵਾਰ । ਬਿਰਧ ਬਾਲ ਜੀਉਂਦੇ ਮਰੇ ਸਾਰੇ ਪਾਰ ਉਤਾਰਦਾ, ਘਰ ਬਾਹਰ ਸਰਬ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਸਰਬ ਵਿਚਾਰਦਾ । ਸਤਿਗੁਰ ਸ਼ਬਦ ਕਹੇ ਪ੍ਰਭ ਤਾਰਨਹਾਰ ਸਵਾਮੀ, ਸਤਿਗੁਰ ਪੁਰਖ ਵੱਡੀ ਵਡਿਆਈਆ । ਪਾਰਬ੍ਰਹਮ ਪ੍ਰਭ ਅੰਤਰਜਾਮੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜਿਸ ਦਾ ਨਾਮ ਸੰਦੇਸ਼ਾ ਧੁਰ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਉਹ ਲਹਿਣਾ ਦੇਣਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਜਨ ਭਗਤਾਂ ਦੇਵੇ ਪਦ ਨਿਰਬਾਣੀ, ਗ੍ਰਿਹ ਮੰਦਰ ਇਕ ਸੁਹਾਈਆ । ਮਿਹਰਵਾਨ ਹੋ ਕੇ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਭੂਤ ਪ੍ਰੇਤ ਜਿੰਨ ਖਵੀਸ ਇਕ ਲੱਖ ਅੱਸੀ ਹਜ਼ਾਰ ਰਹੇ ਨਾ ਕੋਇ ਨਿਸ਼ਾਨੀ, ਨਾਨਕ ਖੰਡਾ ਸ਼ਬਦ ਚਲਾਈਆ । ਪੁਰਖ ਅਵੱਲਾ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਹੁਕਮ ਵਰਤਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਅੰਮ੍ਰਿਤ ਦੇਵੇ ਧੁਰ ਦਾ ਪਾਣੀ, ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭੀ ਆਪ ਟਪਕਾਈਆ । ਰੋਗ ਸੋਗ ਚਿੰਤਾ ਦੁੱਖ ਤਨ ਵਜੂਦ ਰਹੇ ਨਾ ਕੂੜ ਨਿਸ਼ਾਨੀ, ਸਤਿ ਸਚ ਨਾਲ ਵਡਿਆਈਆ । ਪਰਮ ਪੁਰਖ ਪਰਮਾਤਮ ਆਤਮ ਆਪਣੇ ਰੰਗ ਰੰਗਾਣੀ, ਰੰਗਤ ਆਦਿ ਪੁਰਖ ਚੜ੍ਹਾਈਆ । ਹਰਿਜਨ ਹਰਿ ਰੋਗ ਸੋਗ ਚਿੰਤਾ ਦੁੱਖ ਮੇਟ ਜਿਸਮ ਜਿਸਮਾਨੀ, ਜ਼ਮੀਰ ਅੰਦਰੋਂ ਦਏ ਬਦਲਾਈਆ । ਸਚ ਪਿਆਰ ਵਿਚ ਜਿਨ੍ਹਾਂ ਕੀਤੀ ਕੁਰਬਾਨੀ, ਕੀਮਤ ਦਾ ਲਹਿਣਾ ਧੁਰ ਦੀ ਝੋਲੀ ਪਾਈਆ । ਗਹਿਰ ਗੰਭੀਰ ਬੇਨਜ਼ੀਰ ਸ਼ਬਦ ਦਾ ਦਾਤਾ ਨਾਮ ਦਾ ਦਾਨੀ, ਦਇਆਵਾਨ ਧੁਰ ਦੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਜੀਵ ਜੀਵ ਪ੍ਰਾਣੀ, ਪ੍ਰਾਣਪਤਿ ਆਪਣਾ ਭੇਵ ਚੁਕਾਈਆ ।



੫੭੪ ੨੩

✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਨਵੀਂ ਡਰੋਲੀ ਜ਼ਿਲਾ ਜਲੰਧਰ ਸੰਤ ਗੁਰਬਖ਼ਸ਼ ਦੇ ਗ੍ਰਿਹ ✪

ਸਤਿਗੁਰ ਸ਼ਬਦ ਹੋਏ ਦਿਆਲ, ਦੀਨ ਦਿਆਲ ਦਇਆ ਕਮਾਈਆ । ਮਿਹਰਵਾਨ ਹੋਏ ਕਿਰਪਾਲ, ਮਿਹਰ ਨਜ਼ਰ ਉਠਾਈਆ । ਗ਼ਰੀਬ

ਨਿਮਾਣੇ ਵੇਖ ਕੇ ਆਪਣੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਦੁੱਖਾਂ ਰੋਗਾਂ ਤੋੜ ਜੰਜਾਲ, ਤਨ ਵਜੂਦ ਕਰੇ ਸਫ਼ਾਈਆ । ਨਾਮ ਭੰਡਾਰਾ ਦੇ ਸੱਚਾ ਧਨ ਮਾਲ, ਖ਼ਾਲੀ ਝੋਲੀ ਦਏ ਭਰਾਈਆ । ਭਾਗ ਲਗਾ ਕੇ ਕਾਇਆ ਮਾਟੀ ਖਾਲ, ਤਨ ਵਜੂਦ ਵੱਜਦੀ ਰਹੇ ਵਧਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਬੇਪਰਵਾਹੀਆ । ਧਰਨੀ ਉਤੇ ਕਰੇ ਸੰਭਾਲ, ਸੰਬਲ ਬਹਿ ਕੇ ਦਇਆ ਕਮਾਈਆ । ਸਦਾ ਸੁਹੇਲਾ ਵਸੇ ਨਾਲ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਦਇਆ ਕਮਾਈਆ । ਸਰਬ ਘਟਾ ਘਟ ਜਾਣੀ ਜਾਣਾ, ਹਰ ਘਟ ਅੰਦਰ ਵੇਖ ਵਖਾਈਆ । ਬੰਧਨ ਤੋੜ ਜੀਵ ਜਹਾਨਾ, ਬੰਦਗੀ ਆਪਣੀ ਇਕ ਸਮਝਾਈਆ । ਦਰ ਦਵਾਰੇ ਕਰ ਪ੍ਰਵਾਨਾ, ਪਰਮ ਪੁਰਖ ਹੋਏ ਸਹਾਈਆ । ਰੋਗ ਸੋਗ ਸਰਬ ਮਿਟ ਜਾਣਾ, ਜਿਸ ਜਨ ਆਪਣੇ ਰੰਗ ਰੰਗਾਈਆ । ਦਰ ਆਏ ਘਰ ਸਤਿਗੁਰੂ ਹੋਏ ਮਿਹਰਵਾਨਾ, ਪਰਮ ਪੁਰਖ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜ ਦੇਵੇ ਦਾਨਾ, ਮਸਤਕ ਟਿੱਕਾ ਧੂੜ ਨਾਮ ਵਾਲਾ ਰਮਾਈਆ ।

### ✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਆਦਮ ਪੁਰ ਜ਼ਿਲਾ ਜਲੰਧਰ ਭਜਨ ਸਿੰਘ ਦੇ ਗ੍ਰਹਿ ✪



ਕਲਜੁਗ ਕਹੇ ਧਰਮ ਛੁਪਿਆ ਹੋਣਾ ਤੇਰਾ ਮੁਖ, ਮੁਖੜਾ ਨਜ਼ਰ ਕੋਇ ਨਾ ਆਈਆ । ਤੂੰ ਵੇਖ ਸਕੇਂ ਨਾ ਕਿਸੇ ਦਾ ਦੁੱਖ, ਦੁੱਖਾਂ ਭਰੀ ਲੋਕਾਈਆ । ਮੁਖ ਭਵਾ ਲੈ ਵਲੋਂ ਮਾਨਸ ਮਾਨੁਖ, ਜੋ ਮਾਨਵ ਪ੍ਰਭ ਨੂੰ ਗਏ ਭੁਲਾਈਆ । ਕਲਜੁਗ ਕਹੇ ਮੇਰੀ ਸੁਹੰਜਣੀ ਹੋਣੀ ਰੁਤ, ਰੁਤੜੀ ਕੂੜ ਨਾਲ ਮਹਿਕਾਈਆ । ਮੈਂ ਪਵਿਤ੍ਰ ਰਹਿਣ ਦੇਣਾ ਨਹੀਂ ਕੋਈ ਬੁਤ, ਬੁੱਤਖ਼ਾਨੇ ਵੇਖਣੇ ਥਾਉਂ ਥਾਈਂਆ । ਮੈਂ ਦੁਲਾਰਾ ਉਸ ਪ੍ਰਭੂ ਦਾ ਸੁਤ, ਜੋ ਸਚ ਧਰਮ ਤੇਰਾ ਮਾਲਕ ਨਜ਼ਰੀ ਆਈਆ । ਮੈਂ ਆਪਣੀ ਗਠੜੀ ਭਾਰ ਆਪੇ ਚੁੱਕ, ਬਿਨ ਹੱਥਾਂ ਹੱਥ ਉਠਾਈਆ । ਤੇਰਾ ਪੈਂਡਾ ਦੀਨ ਦੁਨੀ ਜਾਏ ਮੁਕ, ਮੁਕੰਮਲ ਦਿਆਂ ਦ੍ਰਿੜਾਈਆ । ਉਹ ਤੱਕ ਮੇਰਾ ਨਵ ਸੱਤ ਹੋਇਆ ਖ਼ੁਖ, ਭੱਜਾ ਵਾਹੋ ਦਾਹੀਆ । ਕੂੜੀ ਤ੍ਰਿਸ਼ਨਾ ਮੈਂ ਨਾਲ ਰਲਾਈ ਭੁੱਖ, ਮਮਤਾ ਮੋਹ ਨਾਲ ਦ੍ਰਿੜਾਈਆ । ਮੈਂ ਧਰਨੀ ਧਰਤ ਧਵਲ ਧੌਲ ਚਾਰ ਕੁੰਟ ਦਹਿ ਦਿਸ਼ਾ ਜਾਵਾਂ ਪੁੱਜ, ਆਪਣਾ ਪੰਧ ਮੁਕਾਈਆ । ਮੇਰਾ ਖੇਲ ਅਵਰ ਦਾ ਕੁਝ, ਕਹਿਣ ਕਿਛ ਨਾ ਸਕਾਂ ਰਾਈਆ । ਮੈਨੂੰ ਸਾਰਿਆਂ ਕਹਿਣਾ ਵੱਡਾ ਸੂਰਬੀਰ ਬਹਾਦਰ ਕਲਜੁਗ, ਜਿਸ ਸਤਿਜੁਗ ਤਰੇਤਾ ਦੁਆਪਰ ਕਲਜੁਗ ਖੇਲ ਦੇਣੀ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਮ ਕਹੇ ਕਲਜੁਗ ਨਿਗਾਹ ਮਾਰ ਕੇ ਤੱਕ, ਬਿਨ ਅੱਖਾਂ ਅੱਖ ਉਠਾਈਆ । ਤੇਰਾ ਕੂੜਾ ਫਲ ਗਿਆ ਪੱਕ, ਚਾਰੋਂ ਕੁੰਟ ਖੋਜ ਖੁਜਾਈਆ । ਅੰਤਮ ਹੁਕਮ ਦੇਵੇ ਮਾਲਕ ਵਾਹਿਦ ਯਕ, ਯਕ ਤਰਫ਼ੀ ਕਾਰ ਕਮਾਈਆ । ਤੇਰੇ ਖ਼ਾਲੀ ਹੋਣੇ ਹੱਥ, ਵਸਤ ਸੰਗ ਨਾ ਕੋਇ ਰਖਾਈਆ । ਭਾਣਾ ਵਰਤੇ ਪੁਰਖ ਸਮਰਥ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਬੁਰਜ ਹੰਕਾਰੀ ਜਾਣਾ ਢੱਠ, ਢਹਿ ਢੇਰੀ ਖ਼ਾਕ ਹੋ ਜਾਈਆ । ਤੇਰਾ ਅੰਤ ਕਿਨਾਰਾ ਤਟ, ਵੇਖ ਲੈ ਚਾਈਂ ਚਾਈਂਆ ।

ਧਰਨੀ ਧਰਤ ਧਵਲ ਧੌਲ ਨੂੰ ਜਾਣਾ ਛਡ, ਭੱਜਣਾ ਵਾਹੋ ਦਾਹੀਆ । ਤੇਰਾ ਸੁੱਕਾ ਪਿੰਜਰ ਖ਼ਾਲੀ ਦਿਸਣ ਹੱਡ, ਸਚ ਰੰਗ ਨਾ ਕੋਇ ਰੰਗਾਈਆ । ਤੇਰੀ ਕੂੜ ਦੀ ਰਹੀ ਨਹੀਂ ਕੋਈ ਯੱਦ, ਯਦੀ ਪ੍ਰਭ ਆਪਣਾ ਹੁਕਮ ਮਨਾਈਆ । ਜਿਸ ਭਗਤਾਂ ਨੂੰ ਦੇਣਾ ਆਪਣਾ ਪਦ, ਪਤਿਪਰਮੇਸ਼ਵਰ ਹੋਏ ਸਹਾਈਆ । ਆਤਮ ਪਰਮਾਤਮ ਰਹਿਣ ਨਾ ਦੇਵੇ ਅਲੱਗ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਗੁਰਮੁਖਾਂ ਦਰਸ਼ਨ ਦੇਵੇ ਉਪਰ ਸ਼ਾਹ ਰਗ, ਨੌਂ ਦਵਾਰੇ ਡੇਰਾ ਢਾਹੀਆ । ਬਿਨ ਮੱਕੇ ਕਾਅਬਿਉਂ ਕਰਾਏ ਹੱਜ, ਹੁਜਰਾ ਹਕ ਹਕ ਦਰਸਾਈਆ । ਕੂੜੀ ਤ੍ਰੈਗੁਣ ਬੁਝਾ ਕੇ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਮਿਹਰ ਕਰੇ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਕਲਜੁਗ ਕਹੇ ਧਰਮ ਮੈਂ ਸੂਰਬੀਰ ਬਹਾਦਰ, ਬਲਧਾਰੀ ਇਕ ਅਖਵਾਈਆ । ਮੇਰਾ ਮਾਲਕ ਪੁਰਖ ਅਕਾਲਾ ਕਰੀਮ ਕਾਦਰ, ਵੇਖਣਹਾਰਾ ਥਾਉਂ ਥਾਈਂਆ । ਜਿਸ ਮੈਨੂੰ ਧਰਤੀ ਉਤੇ ਦਿਤਾ ਆਦਰ, ਆਦਰਸ਼ ਤੇਰਾ ਨਜ਼ਰ ਕੋਇ ਨਾ ਆਈਆ । ਉਹ ਚਾਰ ਕੁੰਟ ਮੇਰੀ ਕਰਨੀ ਕਰੇ ਉਜਾਗਰ, ਨਵ ਸੱਤ ਦੀਪਕ ਆਪ ਜਗਾਈਆ । ਤੇਰੀ ਰਹਿਣ ਨਹੀਂ ਦੇਣੀ ਸਤਿ ਸਰੂਪੀ ਚਿੱਟੀ ਚਾਦਰ, ਦਾਗ਼ ਆਪਣਾ ਦੇਣਾ ਲਾਈਆ । ਸ਼ਰਅ ਸ਼ਰਅ ਬਣਨੀ ਮਕਤੂਲ ਕਾਤਲ, ਦੀਨ ਦੀਨ ਨਾਲ ਟਕਰਾਈਆ । ਮੇਰਾ ਸਾਹਿਬ ਸਵਾਮੀ ਅੰਤਰਜਾਮੀ ਕਰੇ ਧੁਰ ਦਾ ਆਦਲ, ਇਨਸਾਫ਼ ਇਕ ਕਰਾਈਆ । ਜ਼ਰਾ ਪਰਦਾ ਖੋਲ ਕੇ ਵੇਖ ਲੈ ਬਾਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਮ ਕਹੇ ਕਲਜੁਗ ਤੇਰਾ ਹੋਇਆ ਵਕਤ ਦੁਹੇਲਾ, ਸੁਹੰਜਣੀ ਰੁਤ ਨਾ ਕੋਇ ਸੁਹਾਈਆ । ਲੇਖਾ ਤੱਕ ਪਰਮ ਪੁਰਖ ਅਕੇਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਨੂੰ ਝੁਕਦੇ ਗੁਰੂ ਗੁਰ ਚੇਲਾ, ਮੁਰੀਦ ਮੁਰਸ਼ਦ ਸੀਸ ਨਿਵਾਈਆ । ਉਹ ਫਿਰੇ ਦੋ ਜਹਾਨਾਂ ਜੰਗਲ ਬੇਲਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਜ਼ਿਮੀਂ ਅਸਮਾਨਾਂ ਚਰਨਾਂ ਹੇਠ ਦਬਾਈਆ । ਉਸ ਸਵਾਮੀ ਦਾ ਅੰਤ ਮੇਰੇ ਨਾਲ ਹੋਣਾ ਮੇਲਾ, ਵਿਛੜਿਆਂ ਲਏ ਮਿਲਾਈਆ । ਅਚਰਜ ਖੇਲ ਨਿਰਵੈਰ ਹੋ ਕੇ ਰਿਹਾ ਖੇਲਾ, ਪਰਮ ਪੁਰਖ ਪ੍ਰਭ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਮ ਮੈਂ ਵੇਖ ਲੈ ਵੱਡਾ ਖੂੰਖਾਰ, ਖ਼ਵਾਬਾਂ ਵਿਚ ਕਦੇ ਨਾ ਆਈਆ । ਮੈਂ ਸੰਦੇਸ਼ਾ ਦੇਵਾਂ ਸੰਗ ਮੁਹੰਮਦ ਚਾਰ ਯਾਰ, ਦਰਗਾਹ ਸਾਚੀ ਰਿਹਾ ਉਠਾਈਆ । ਨਬੀ ਰਸੂਲ ਪੈਗ਼ੰਬਰ ਉਠੋ ਹੋਵੋ ਖ਼ਬਰਦਾਰ, ਮੂਸਾ ਈਸਾ ਸੋਇਆ ਰਹਿਣ ਕੋਇ ਨਾ ਪਾਈਆ । ਆਪਣੀਆਂ ਪੇਸ਼ੀਨਗੋਈਆਂ ਅਲਿਫ਼ ਯੇ ਵਾਲੀਆਂ ਲਓ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਤੁਹਾਡਾ ਆ ਗਿਆ ਅਮਾਮਾਂ ਦਾ ਅਮਾਮ ਦੋ ਜਹਾਨਾਂ ਦਾ ਸਿਕਦਾਰ, ਚੌਦਾਂ ਤਬਕ ਜਿਸ ਨੂੰ ਸੀਸ ਨਿਵਾਈਆ । ਜਿਸ ਦੇ ਖ਼ਾਦਮ ਹੋ ਕੇ ਬਣੇ ਖ਼ਿਦਮਤਗਾਰ, ਖ਼ੁਦ ਖ਼ੁਦਾ ਹੋ ਕੇ ਆਪਣਾ ਵੇਸ ਵਟਾਈਆ । ਨੂਰੀ ਅੱਲਾ ਪਰਵਰਦਿਗਾਰ, ਯਾਮਬੀਨ ਕਹਿ ਕੇ ਜਿਸ ਨੂੰ ਹਦੀਸਾਂ ਵਿਚ ਰਹੇ ਸੁਣਾਈਆ । ਉਹ ਮਸਤਕ ਦਾ ਲਹਿਣਾ ਦੇਣਾ ਲੇਖਾ ਰਿਹਾ ਵਿਚਾਰ, ਪਰਦਾ ਪਰਦਿਆ ਵਿਚੋਂ ਉਠਾਈਆ । ਜਿਸ ਨੂੰ ਕਿਹਾ ਕਲ ਕਲਕੀ ਅਵਤਾਰ, ਉਹ ਕਲ ਕਲੇਸ਼ਾ ਨਰ ਨਰੇਸ਼ਾ ਦਸ ਦਸਮੇਸ਼ਾ ਆਪਣਾ ਵੇਸ ਆਪਣੇ ਹੱਥ ਰਖਾਈਆ । ਜੋ ਕੂੜੀ ਕਿਰਿਆ ਤੇਰੀ ਦਏ ਨਿਵਾਰ, ਸਤਿ ਧਰਮ ਕਹੇ ਮੇਰਾ ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੫੭੬
੨੩

ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਕਲਜੁਗ ਕਹੇ ਧਰਮ ਮੇਰਾ ਵੇਖ ਲੈ ਡੂੰਘਾ ਖ਼ਾਤਾ, ਖ਼ਤਰਾ ਖੌਫ਼ ਨਜ਼ਰ ਕੋਇ ਨਾ ਆਈਆ । ਧਰਨੀ ਧਰਤ ਧਵਲ ਧੌਲ ਮੇਰਾ ਨਿੱਕਾ ਜਿਹਾ ਹਾਤਾ, ਗ੍ਰਿਹ ਛੋਟਾ ਲਿਆ ਬਣਾਈਆ । ਜਿਸ ਦੇ ਮੈਂ ਘਰ ਪਾ ਕੇ ਦੇਣੀ ਕੂੜ ਦੀ ਦਾਤਾ ਮੇਰਾ ਮੂਲ ਅਸੂਲ ਨਾ ਕਿਸੇ ਪਛਾਤਾ, ਈਸਾ ਸੂਲੀ ਚੜ੍ਹਦਾ ਗਿਆ ਸਮਝਾਈਆ । ਜਿਸ ਨੂੰ ਗੁਰੂਆਂ ਕਿਹਾ ਪੁਰਖ ਅਬਿਨਾਸ਼ਾ, ਗਹਿਰ ਗੰਭੀਰ ਨਬੀਆਂ ਨੂਰ ਅਲਾਹੀਆ । ਉਹ ਦੀਨ ਦੁਨੀ ਦਾ ਬਦਲ ਦੇਵੇ ਸਾਕਾ, ਸਾਖਿਆਤ ਆਪਣਾ ਖੇਲ ਖਿਲਾਈਆ । ਲੇਖਾ ਜਾਣੇ ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਅੰਧੇਰੀ ਰਾਤਾ, ਅੰਧ ਅੰਧੇਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਮ ਕਹੇ ਕਲਜੁਗ ਉਹ ਤੱਕ ਲੈ ਕਾਇਨਾਤ ਦਾ ਮਾਲਕ, ਮਿਹਰਵਾਨ ਮਹਿਬੂਬ ਪੁਰਖ ਅਕਾਲ ਇਕ ਅਖਵਾਈਆ । ਜਿਸ ਨੇ ਸਤਿਗੁਰ ਸ਼ਬਦ ਬਣਾਇਆ ਸਾਲਸ, ਦੋ ਜਹਾਨਾਂ ਵੇਖ ਵਖਾਈਆ । ਸੰਤ ਸੁਹੇਲੇ ਭਗਤ ਜਨ ਕਢੇ ਖ਼ਾਲਸ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਜਿਨ੍ਹਾਂ ਨੂੰ ਮਾਇਆ ਮਮਤਾ ਮੋਹ ਨਹੀਂ ਕੋਈ ਲਾਲਚ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਉਹ ਧਰਮ ਦੀ ਧਾਰ ਬਣਾਏ ਆਪਣੇ ਬਾਲਕ, ਪਿਤਾ ਪੂਤ ਪੁਰਖ ਅਕਾਲ ਆਪਣੀ ਗੋਦ ਉਠਾਈਆ । ਗੁਰਮੁਖ ਅਗੰਮੜੇ ਹੀਰੇ ਮੋਤੀ ਮਾਣਕ, ਅਗੰਮੇ ਆਪਣੇ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੀਨ ਦੁਨੀ ਦਾ ਹੋਵੇ ਜਾਣਤ, ਅਣਜਾਣਤ ਵੇਖੇ ਜਗਤ ਲੋਕਾਈਆ ।



✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸਗਵਾਲ ਜ਼ਿਲਾ ਜਲੰਧਰ ਜਰਨੈਲ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਸੁਣ ਮੇਰਾ ਅਗੰਮੀ ਹਿਸਾਬੇ, ਜੋ ਕੁਤਬਖ਼ਾਨਿਆਂ ਹੱਥ ਨਾ ਆਈਆ । ਮੇਰਾ ਅੰਤਰ ਇਕੋ ਪੁਰਖ ਅਕਾਲ ਅਰਾਧੇ, ਪਰਵਰਦਿਗਾਰ ਸਾਂਝੇ ਯਾਰ ਸੀਸ ਝੁਕਾਈਆ । ਮੈਂ ਖ਼ੁਸ਼ੀਆਂ ਵਿਚ ਗਿਆ ਲਹਿੰਦੀ ਦਿਸ਼ਾ ਵਿਚ ਕਾਅਬੇ, ਅੰਤਰ ਨਿਰੰਤਰ ਧਿਆਨ ਲਗਾਈਆ । ਮੈਨੂੰ ਪੈਗ਼ੰਬਰਾਂ ਦੇ ਮਕਬਰੇ ਮਾਰਨ ਆਵਾਜ਼ੇ, ਭੈ ਰਹੇ ਡਰਾਈਆ । ਮੈਂ ਹੱਸ ਕੇ ਕਿਹਾ ਨਬੀ ਰਸੂਲੋ ਆਪਣੇ ਤੱਕੋ ਵਾਅਦੇ, ਜੋ ਵਾਹਦ ਨਾਲ ਕਰਾਈਆ । ਆਹ ਲੇਖਾ ਵੇਖੋ ਜੋ ਲਿਖਿਆ ਨਾਨਕ ਬਾਬੇ, ਬਗ਼ਦਾਦ ਬਗ਼ਲੀ ਗਲ ਵਿਚ ਲਟਕਾਈਆ । ਮੁਹੰਮਦ ਉਮਤ ਪੈਣੀ ਅੰਤ ਮੇਰੇ ਤਕੜੀਆਂ ਛਾਬੇ, ਵਜ਼ਨ ਤੋਲ ਨਾ ਕੋਇ ਤੁਲਾਈਆ । ਮੇਰਾ ਮਹਿਬੂਬ ਮਿਹਰਵਾਨ ਨੂਰ ਜ਼ਹੂਰ ਕਰੇ ਦੇਸ ਵਿਚ ਮਾਝੇ, ਵਜੂਦਾਂ ਆਪਣੀ ਕਲ ਪ੍ਰਗਟਾਈਆ । ਜਿਸ ਦੇ ਵੇਸ ਅਵੱਲੜੇ ਨਵੀਂ ਸਾਜਣਾ ਸਾਜੇ, ਸੱਜਣ ਅਗੰਮ ਅਥਾਹੀਆ । ਸ਼ਾਹ ਪਾਤਸ਼ਾਹ ਗ਼ਰੀਬ ਨਿਵਾਜੇ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦਾ ਇਕੋ ਡੰਕਾ ਏਕੰਕਾਰ ਵਾਲਾ ਵਾਜੇ, ਦੋ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਕਲਜੁਗ ਕਹੇ ਮੈਂ ਸਦੀ ਚੌਧਵੀਂ ਮਾਰੀ ਹਾਕ, ਧਰਮ ਜੀ ਉਮਤ ਰਿਹਾ ਸੁਣਾਈਆ । ਕਮਲੀਏ ਆਪਣਾ

ਖੋਲ ਕੇ ਵੇਖ ਤਾਕ, ਕੀ ਤਕਵਾ ਪੈਗ਼ੰਬਰਾਂ ਉਤੇ ਰਖਾਈਆ । ਚਾਰੋਂ ਕੁੰਟ ਵੇਖ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਚੌਦਾਂ ਤਬਕਾਂ ਵੇਖ ਖ਼ਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰੀ ਸੁਣ ਅਗੰਮੀ ਬਾਤਨ ਬਾਤ, ਬੇਵਤਨੇ ਤੈਨੂੰ ਦਿਆਂ ਜਣਾਈਆ । ਨੂਰ ਅਲਾਹੀ ਦੀ ਨੂਰ ਨੁਰਾਨੀ ਤੱਕ ਜ਼ਾਤ, ਜੋ ਅਜ਼ਾਤ ਅਜ਼ਾਤੀ ਡੇਰਾ ਢਾਹੀਆ । ਜਿਸ ਦੀ ਸਿਫ਼ਤ ਵਿਚ ਅਲਿਫ਼ ਯੇ ਨਾਲ ਲਿਖੇ ਕਾਗ਼ਜ਼ਾਤ, ਕਲਮੇ ਕਾਇਨਾਤ ਸੁਣਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਨਿਰਵੈਰ ਖੇਲ ਕਰੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਤੂੰ ਉਹ ਕਲਜੁਗ ਤੱਕ ਲੈ ਚਾਰ ਕੁੰਟ ਦਿਸੇ ਕੋਈ ਨਾ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਅੱਲਾ ਹੂ ਅੱਨਾ ਹੂ ਸਭ ਦਾ ਤੁਟਾ ਨਾਤ, ਨਾਤਵਾਂ ਹੋ ਕੇ ਪੈਗ਼ੰਬਰ ਮੁਹੰਮਦ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਕਲਜੁਗ ਮੈਨੂੰ ਨਾ ਮਾਰ ਐਵੇਂ ਤਾਅਨੇ, ਤਨ ਵਜੂਦ ਮੇਰਾ ਨਜ਼ਰ ਕੋਇ ਨਾ ਆਈਆ । ਮੈਂ ਸਦੀ ਚੌਧਵੀਂ ਸਭ ਨੂੰ ਅੰਤਮ ਬੰਨ੍ਹਣੇ ਗਾਨੇ, ਮੌਲੀ ਤੰਦਾਂ ਗੰਢ ਪਵਾਈਆ । ਮੇਰਾ ਸਿਦਕ ਭਰੋਸਾ ਇਕ ਈਮਾਨੇ, ਪਰਵਰਦਿਗਾਰ ਸੀਸ ਨਿਵਾਈਆ । ਮੈਨੂੰ ਯਾਦ ਆਉਂਦੀ ਰਵਦਾਸ ਦਾ ਕਸੀਰਾ ਤੇ ਕੌਡੀਆਂ ਵਾਲੇ ਕਾਨੇ, ਜੋ ਜਲਾਂ ਵਿਚ ਰੁੜ੍ਹਾਈਆ । ਮਿਹਰਵਾਨ ਕਿਰਪਾ ਕਰੇ ਸ੍ਰੀ ਭਗਵਾਨੇ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਸਭ ਦੇ ਤੋੜਨੇ ਅਭਿਮਾਨੇ, ਹੰਕਾਰੀ ਗੜ੍ਹ ਰਹਿਣ ਕੋਇ ਨਾ ਪਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਕਲਜੁਗ ਖੇਲਣੇ ਖੇਲ ਮਹਾਨੇ, ਮਹਿੰਮਾ ਕਥ ਕਥ ਸੁਣਾਈਆ । ਉਸ ਕਲਜੁਗ ਕੂੜੀ ਕਿਰਿਆ ਬਦਲ ਦੇਣੇ ਜ਼ਮਾਨੇ, ਜ਼ਿਮੀਂ ਜ਼ਮਾ ਵੇਖ ਵਖਾਈਆ । ਮਮਤਾ ਮੋਹ ਦੇ ਕਾਇਮ ਨਹੀਂ ਰਹਿਣੇ ਅਸ਼ਿਆਨੇ, ਗ੍ਰਿਹਿ ਮੰਦਰ ਨਾ ਕੋਇ ਜਣਾਈਆ । ਹਦੀਸਾਂ ਤੱਕ ਲੈ ਮਜੀਦ ਕੁਰਾਨੇ, ਕਾਇਆ ਕੁਰਹ ਖੋਜ ਖੁਜਾਈਆ । ਜਿਸ ਦੀ ਹੱਦ ਹਦੂਦ ਜਣਾਈ ਸੱਤ ਜ਼ਿਮੀਂ ਅਸਮਾਨੇ, ਇਸਮ ਆਜ਼ਮ ਇਕ ਦ੍ਰਿੜਾਈਆ । ਉਹ ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨੇ, ਸੂਰਬੀਰ ਵਡ ਵਡਿਆਈਆ । ਜਿਸ ਧਰਨੀ ਧੌਲ ਧਰਤ ਮੇਟਣੇ ਕੂੜ ਨਿਸ਼ਾਨੇ, ਨਿਸ਼ਾਨਾ ਧਰਮ ਧਾਰ ਝੁਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਗਾਉਣੇ ਗਾਣੇ, ਸੋਹੰ ਢੋਲਾ ਸਚ ਸਮਝਾਈਆ । ਜੋ ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਰੰਗ ਸਮਾਉਣੇ, ਏਕੰਕਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਸ੍ਰੀ ਭਗਵਾਨੇ, ਭਗਵਨ ਆਪਣਾ ਹੁਕਮ ਵਰਤਾਈਆ ।



### ✪ ੧੨ ਫੱਗਣ ਸ਼ਹਿਨਸ਼ਾਹੀ ਸਮਤ ਅੱਠ ਕਰਤਾਰ ਪੁਰ ਜ਼ਿਲਾ ਜਲੰਧਰ ਜਸਵੰਤ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਧਰਨੀ ਉਤੇ ਮੇਰੀ ਸਭ ਨੂੰ ਬੰਦਨਾ, ਬੰਦਗੀ ਵਾਲਿਆਂ ਬੰਦਿਆਂ ਸੀਸ ਨਿਵਾਈਆ । ਸੰਦੇਸਾ ਦੇਣਾ ਇਕ ਬ੍ਰਹਿਮੰਡਨਾ, ਬੇਖ਼ਬਰਾਂ ਖ਼ਬਰ ਸੁਣਾਈਆ । ਵੇਖੋ ਖੇਲ ਸੂਰਾ ਸਰਬੰਗਣਾ, ਕੀ ਕਰਤਾ ਕਾਰ ਕਮਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਕਰਦੇ ਬੰਦਨਾ, ਅਵਤਾਰ ਪੈਗ਼ੰਬਰ ਗੁਰੂ ਸੀਸ ਨਿਵਾਈਆ । ਉਹ ਮੇਟਣਹਾਰਾ ਨਿਸ਼ਾਨ ਤਾਰਾ ਚੰਦਨਾ, ਚੌਦਾਂ ਤਬਕਾਂ ਖੋਜ ਖੁਜਾਈਆ । ਉਸ ਦਾ ਹੁਕਮ ਸਭ ਨੇ ਮੰਨਣਾ, ਨਾ

ਕੋਈ ਮੇਟੇ ਮੇਟ ਮਿਟਾਈਆ । ਜੋ ਸ਼ਰਅ ਦੇ ਤੋੜੇ ਬੰਦਨਾ, ਸ਼ਰੀਅਤ ਇਕ ਦਰਸਾਈਆ । ਆਤਮ ਬ੍ਰਹਮ ਚੜ੍ਹਾ ਕੇ ਰੰਗਣਾ, ਦੁਰਮਤ ਮੈਲ ਧਵਾਈਆ । ਕੂੜਾ ਨਾਤਾ ਤੋੜੇ ਪੰਜਨਾ, ਪੰਚਮ ਨਾਦ ਧੁਨ ਸ਼ਬਦ ਕਰੇ ਸ਼ਨਵਾਈਆ । ਧੁਰ ਸਵਾਮੀ ਬਣੇ ਸੱਜਣਾ, ਮੀਤ ਮੁਰਾਰਾ ਆਪ ਅਖਵਾਈਆ । ਜਿਸ ਦਾ ਡੰਕ ਨਗਾਰਾ ਵੱਜਣਾ, ਨਿਰਗੁਣ ਸਰਗੁਣ ਕਰੇ ਸ਼ਨਵਾਈਆ । ਉਸ ਜਨ ਭਗਤਾਂ ਬੇੜਾ ਬੰਨ੍ਹਣਾ, ਬੰਨ੍ਹਣਹਾਰ ਧੁਰਦਰਗਾਹੀਆ । ਲੇਖੇ ਲਾਵੇ ਗੋਬਿੰਦ ਵਾਲਾ ਕੰਗਣਾ, ਕਲਗੀਧਰ ਜਗਦੀਸ਼ ਦਏ ਵਡਿਆਈਆ । ਲਹਿਣਾ ਦੇਣਾ ਪੂਰਾ ਕਰੇ ਪੁਰੀ ਅਨੰਦਨਾ, ਅਨੰਦ ਅਨੰਦ ਵਿਚ ਸਮਝਾਈਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਇਕੋ ਛੰਦਨਾ, ਗੀਤ ਸੁਹਾਗੀ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਧਰਨੀ ਤੇ ਆਇਆ ਨੱਠ, ਧੋਤੀ ਟਿੱਕਾ ਮਸਤਕ ਤਿਲਕ ਲਗਾਈਆ । ਫਿਰ ਕੇ ਆਇਆ ਅੱਠ ਸੱਠ, ਤੀਰਥ ਤਟਾਂ ਧਿਆਨ ਲਗਾਈਆ । ਖੋਜ ਕੇ ਆਇਆ ਮੰਦਰ ਮੱਠ, ਮਸੀਤਾਂ ਕਾਅਬੇ ਪਰਦੇ ਲਾਹੀਆ । ਦੀਨ ਮਜ਼੍ਹਬ ਦੀ ਤੱਕ ਕੇ ਆਇਆ ਵੱਟ, ਭੱਜਿਆ ਵਾਹੋ ਦਾਹੀਆ । ਨੌ ਖੰਡ ਪ੍ਰਿਥਮੀ ਵੇਖ ਕੇ ਮੈਂ ਖ਼ੁਸ਼ੀਆਂ ਨਾਲ ਪਿਆ ਹੱਸ, ਤਾਲੀ ਦਿਤੀ ਵਜਾਈਆ । ਵਾਹਵਾ ਪ੍ਰਭੂ ਖੇਲ ਤੇਰਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਕੂੜ ਕੁੜਿਆਰਾ ਚਲਾਵੇ ਰਥ, ਰਥ ਰਥਵਾਹੀ ਹੋ ਕੇ ਵੇਖ ਵਖਾਈਆ । ਸ੍ਰਿਸ਼ਟ ਸਬਾਈ ਰਿਹਾ ਮਥ, ਮਥਨ ਕਰੇ ਜਗਤ ਲੋਕਾਈਆ । ਕਿਰਪਾ ਕਰ ਪੁਰਖ ਸਮਰਥ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰਾ ਸੁਣੋ ਅਗੰਮਾ ਬੋਲਾ, ਅਨਬੋਲਤ ਰਿਹਾ ਜਣਾਈਆ । ਦੁਨੀਆਦਾਰੋ ਜਗਤ ਜਗਿਆਸੂਓ ਮੇਰਾ ਸਾਹਿਬ ਬਦਲ ਕੇ ਆਇਆ ਚੋਲਾ, ਚੋਜੀ ਪ੍ਰੀਤਮ ਆਪਣਾ ਵੇਸ ਵਟਾਈਆ । ਜਿਸ ਨੂੰ ਝੁਕਦਾ ਕਾਹਨ ਕ੍ਰਿਸ਼ਨ ਕਲਾ ਸੋਲਾ, ਰਾਮ ਰਾਮਾ ਲਾਗੇ ਪਾਈਆ । ਪੈਗ਼ੰਬਰਾਂ ਰਹੇ ਕੋਇ ਨਾ ਓਹਲਾ, ਈਸਾ ਮੂਸਾ ਮੂਸਾ ਈਸਾ ਮੁਹੰਮਦ ਸਜਦਿਆਂ ਵਿਚ ਧੂੜੀ ਖ਼ਾਕ ਰਮਾਈਆ । ਉਹ ਮੇਰਾ ਮਾਹੀ ਮਹਿਬੂਬ ਧੁਰ ਦਾ ਢੋਲਾ, ਮਾਲਕ ਅਗੰਮ ਅਥਾਹੀਆ । ਸਚ ਸਵਾਮੀ ਹੋ ਕੇ ਮੌਲਾ, ਵੇਖਣਹਾਰਾ ਥਾਉਂ ਥਾਈਂਆ । ਉਸ ਦਾ ਇਕਰਾਰ ਤੱਕੋ ਕੌਲਾ, ਸਦੀ ਚੌਧਵੀਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਧਰਮ ਕਹੇ ਨਾਰਦ ਕੀ ਲਿਆਇਉਂ ਖ਼ਬਰ, ਸੰਦੇਸਾ ਦੇ ਸੁਣਾਈਆ । ਨਾਰਦ ਕਹੇ ਉਹ ਕਲਜੁਗ ਦੀ ਤੱਕ ਲੈ ਸੱਧਰ, ਆਸ਼ਾ ਕੀ ਬਣਾਈਆ । ਧਰਨੀ ਕਹੇ ਮੇਰੇ ਉਤੇ ਹੋਣਾ ਗ਼ਦਰ, ਦਰੋਹੀ ਪ੍ਰਭ ਦਾ ਨਾਮ ਧਿਆਈਆ । ਪ੍ਰੇਮ ਆਵਾਜ਼ ਸੁਣੇ ਕੋਇ ਨਾ ਮਧੁਰ, ਧੁਨ ਨਾਮ ਨਾ ਕੋਇ ਸ਼ਨਵਾਈਆ । ਸਚ ਕਰੇ ਕੋਇ ਨਾ ਅਦਲ, ਇਨਸਾਫ਼ ਹੱਥ ਕਿਸੇ ਨਾ ਆਈਆ । ਪੰਚ ਵਿਕਾਰ ਹੋਣਾ ਪੱਧਰ, ਏਕਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਮਾਲਕ ਬੇਪ੍ਰਵਾਹੀਆ । ਧਰਮ ਕਹੇ ਨਾਰਦ ਉਹ ਕਲਜੁਗ ਦਾ ਵੇਖ ਲੈ ਬਲ, ਬਲੀਆ ਮਾਤ ਅਖਵਾਈਆ । ਪੰਡਤਾਂ ਪਾਧਿਆਂ ਰਿਹਾ ਛਲ, ਮੁੱਲਾ ਸ਼ੇਖ਼ ਮੁਸਾਇਕ ਬਚਿਆ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕੂੜ ਸੰਦੇਸ਼ੇ ਰਿਹਾ ਘੱਲ, ਹੁਕਮ ਹੁਕਮ ਵਿਚੋਂ ਬਦਲਾਈਆ । ਧਰਮ ਦੇ ਮੰਦਰ ਵੱਜੇ ਕੋਇ ਨਾ ਟੱਲ, ਟੱਲੀ ਨਾਮ ਨਾ ਕੋਇ ਖੜਕਾਈਆ । ਜਗਤ ਦਵਾਰੇ ਰਹੇ ਹੱਲ, ਧੀਰਜ ਧੀਰ ਨਾ ਕੋਇ ਵਖਾਈਆ । ਓਸ

੫੭੯
੨੩

ਆਪਣੀ ਕਲਾ ਵਰਤੀ ਕਲ, ਕਲਕਾਤੀ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਕਲਜੁਗ ਕਹੇ ਧਰਮ ਕੀ ਪੰਡਤ ਰਿਹਾ ਦੱਸ, ਧੁਰ ਦਾ ਭੇਵ ਖੁਲਾਈਆ । ਇਹਨੂੰ ਕਹਿ ਦੇ ਮੇਰੇ ਕੋਲੋਂ ਜਾਵੇ ਨੱਸ, ਆਪਣਾ ਆਪ ਬਚਾਈਆ । ਮੈਂ ਬੋਦੀ ਦੇਵਾਂਗਾ ਝੱਸ, ਰਗੜਾ ਕੂੜ ਵਾਲਾ ਲਗਾਈਆ । ਰੋਮ ਰੋਮ ਦੇਵਾਂਗਾ ਕੱਟ, ਕਟਾਕਸ਼ ਆਪਣਾ ਹੁਕਮ ਜਣਾਈਆ । ਇਹਦੀਆਂ ਹੱਡੀਆਂ ਵੇਚਾਂਗਾ ਵਿਚ ਹੱਟ, ਮਾਇਆ ਮਮਤਾ ਨਾਲ ਮਿਲਾਈਆ । ਸਮੁੰਦ ਸਾਗਰਾਂ ਪਾਰ ਜਾਵੇ ਟੱਪ, ਨਵ ਸੱਤ ਰਹਿਣ ਕੋਇ ਨਾ ਪਾਈਆ । ਮੇਰੇ ਕੋਲੋਂ ਜਾਵੇ ਛਪ, ਆਪਣਾ ਆਪ ਛੁਪਾਈਆ । ਮੈਨੂੰ ਵੇਖ ਕੇ ਚੜ੍ਹਦਾ ਤਪ, ਗੁੱਸੇ ਵਿਚ ਆਪਣਾ ਆਪ ਬਦਲਾਈਆ । ਮੇਰੀ ਹਦੂਦੋਂ ਜਾਵੇ ਨੱਸ, ਭੱਜੇ ਵਾਹੋ ਦਾਹੀਆ । ਝਟ ਅਗੋਂ ਨਾਰਦ ਬੋਲਿਆ ਹੱਸ, ਹੱਸ ਕੇ ਰਿਹਾ ਦ੍ਰਿੜਾਈਆ । ਕਲਜੁਗ ਉਹ ਤੱਕ ਪੁਰਖ ਸਮਰਥ, ਜੋ ਸਭ ਦਾ ਪਿਤਾ ਮਾਈਆ । ਜਿਸ ਤੇਰਾ ਚਲਾਇਆ ਰਥ, ਚਾਰੋਂ ਕੁੰਟ ਭਵਾਈਆ । ਉਹ ਅੰਤਮ ਤੈਨੂੰ ਲਾਹੇ ਸਥ, ਸਬਰ ਜਗਤ ਲੈਣਾ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਨਾਰਦ ਕਹੇ ਕਲਜੁਗ ਕਾਲੇ, ਤੇਰੀ ਕਲਮਾ ਦਏ ਨਾ ਕੋਇ ਸਫ਼ਾਈਆ । ਤੂੰ ਕੂੜ ਕੁੜਿਆਰੇ ਦੀਪਕ ਬਾਲੇ, ਅਗਨੀ ਅੱਗ ਅੱਗ ਤਪਾਈਆ । ਫਲ ਰਿਹਾ ਕਿਸੇ ਨਾ ਡਾਲੇ, ਸਿੰਮਲ ਰੂਪ ਸਰਬ ਲਹਿਰਾਈਆ । ਤੇਰੀ ਸਭ ਤੋਂ ਵੱਖਰੀ ਚਾਲੇ, ਚਾਲ ਨਿਰਾਲੀ ਸੋਭਾ ਪਾਈਆ । ਤੂੰ ਤ੍ਰੈਗੁਣ ਪਾ ਕੇ ਮਾਇਆ ਜੰਜਾਲੇ, ਤ੍ਰੈਭਵਨ ਧਨੀ ਦਾ ਨਾਤਾ ਦਿਤਾ ਤੁੜਾਈਆ । ਤੇਰੇ ਪਿਆਰ ਵਿਚ ਬੱਝ ਗਏ ਬਾਹਲੇ, ਮੁਹੱਬਤ ਪੁਰਖ ਅਕਾਲ ਨਾਲੋਂ ਤੁੜਾਈਆ । ਉਨ੍ਹਾਂ ਦੀ ਅੰਤਮ ਕਰੇ ਕੌਣ ਸੰਭਾਲੇ, ਸੰਬਲ ਬੈਠਾ ਪ੍ਰਭ ਨਜ਼ਰ ਕਿਸੇ ਨਾ ਆਈਆ । ਬਜਰ ਕਪਾਟੀ ਸਭ ਦੇ ਵੱਜੇ ਤਾਲੇ, ਖਿੜਕੀ ਜੰਦਰ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਮ ਧਾਰ ਦੇ ਧਰਮੀ, ਸਤਿ ਸਚ ਜਣਾਈਆ । ਖੇਲ ਤੱਕ ਪ੍ਰਭੂ ਨਿਹਕਰਮੀ, ਜੋ ਕਰਮ ਕਾਂਡ ਵਿਚ ਕਦੇ ਨਾ ਆਈਆ । ਮੈਂ ਓਸ ਦੀ ਲੱਗਾ ਸਰਨੀ, ਸਰਨਾਗਤ ਇਕੋ ਇਕ ਜਣਾਈਆ । ਜਿਸ ਦੀ ਮੰਜ਼ਲ ਹਕੀਕੀ ਚੜ੍ਹਨੀ, ਮਹੱਲ ਅਟੱਲ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਇਕੋ ਤੁਕ ਪੜ੍ਹਨੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸੁਰਤ ਸ਼ਬਦ ਧਾਰ ਫੜਨੀ, ਵਿਛੋੜਾ ਜਗਤ ਵਾਲਾ ਤੁੜਾਈਆ । ਲੇਖਾ ਮੁਕਾਉਣਾ ਸੀਸ ਧੜਨੀ, ਨਿਧੜਕ ਹੋ ਕੇ ਦਿਆਂ ਸੁਣਾਈਆ । ਵਾਟ ਰਹੇ ਨਾ ਚੇਤਨ ਜੜਨੀ, ਜੜ ਚੇਤਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਚ ਕਹੇ ਮੈਂ ਸਭ ਦਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜੁਗ ਜੁਗ ਜੁਗ ਦੀ ਬਦਲੀ ਆਪਣੀ ਰੀਤਾ, ਰੀਤੀਵਾਨ ਖੇਲ ਖਿਲਾਈਆ । ਮੇਰਾ ਸਾਹਿਬ ਸਦਾ ਅਤੀਤਾ, ਤ੍ਰੈਭਵਨ ਧਨੀ ਨੂਰ ਅਲਾਹੀਆ । ਆਦਿ ਜੁਗਾਦਿ ਰਹੇ ਜਗਜੀਤਾ, ਜਗ ਜੀਵਣ ਦਾਤਾ ਆਪਣੇ ਹੱਥ ਰਖੇ ਵਡਿਆਈਆ । ਲਹਿਣਾ ਦੇਣਾ ਪੂਰਾ ਕਰੇ ਕਲਜੁਗ ਜੀਵ ਜੀਅ ਕਾ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦੇ ਵਿਚ ਹਕ ਤੌਫ਼ੀਕਾ, ਉਹ ਮਾਲਕ ਧੁਰਦਰਗਾਹੀਆ । ਜਨ ਭਗਤਾਂ ਬਖ਼ਸ਼ੇ ਚਰਨ ਪ੍ਰੀਤਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਦੀਨ ਦੁਨੀਆ ਬਦਲਣਹਾਰਾ ਨੀਤਾ, ਨੀਤੀਵਾਨ ਇਕ ਹੋ ਜਾਈਆ । ਜਿਸ

੫੮੦
੨੩

ਮਾਣ ਦਵਾਉਣਾ ਹਸਤ ਕੀਟਾਂ, ਊਚਾਂ ਨੀਚਾਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਧਰਮ ਕਹੇ ਮੈਂ ਆਦਿ ਜੁਗਾਦੀ ਏਕ, ਏਕਾ ਏਕੰਕਾਰ ਦਿਤੀ ਵਡਿਆਈਆ । ਮੇਰੀ ਪੁਰਖ ਅਕਾਲੇ ਉਤੇ ਟੇਕ, ਜਿਸ ਦੇ ਜੁਗ ਜੁਗ ਮਸਤਕ ਧੂੜੀ ਟਿੱਕੇ ਖ਼ਾਕ ਰਮਾਈਆ । ਮੇਰਾ ਸਾਹਿਬ ਸਵਾਮੀ ਵਸਿਆ ਸਚਖੰਡ ਸਾਚੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਇਕੋ ਨਰ ਨਰੇਸ਼, ਨਰ ਨਰਾਇਣ ਸੋਭਾ ਪਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਬਦਲਾਈਆ । ਜੋ ਸਤਿ ਸਚ ਦੇਵਣਹਾਰਾ ਸੰਦੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਮੇਰੇ ਅੰਦਰ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਸੁਣਾਈਆ । ਮੇਰਾ ਪਵਿਤ੍ਰ ਹੋਵੇ ਗ੍ਰਿਹ ਸੁਹੰਜਣੀ ਦਿਸੇ ਧਰਮਸਾਲੀ, ਧਰਮ ਦਵਾਰੇ ਵੱਜੇ ਵਧਾਈਆ । ਮਿਹਰਵਾਨ ਮਹਿਬੂਬ ਤੱਕਿਆ ਜੋ ਦੋ ਜਹਾਨਾਂ ਵਾਲੀ, ਵਾਰਸ ਸਭ ਦਾ ਇਕ ਅਖਵਾਈਆ । ਲੱਖ ਚੁਰਾਸੀ ਬਾਗ਼ ਬਗ਼ੀਚੇ ਦਾ ਬਣਿਆ ਮਾਲੀ, ਮਾਲਕ ਹੋ ਕੇ ਵੇਖ ਵਖਾਈਆ । ਉਹ ਅੰਤਰ ਨਿਰੰਤਰ ਸਭ ਦੀ ਕਰੇ ਦਲਾਲੀ, ਵਿਚੋਲਾ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਮੇਰੇ ਅੰਦਰ ਵਜਦਾ ਤਾਲ, ਤਲਵਾੜਾ ਸੋਭਾ ਪਾਈਆ । ਮੈਂ ਗੁਰਮੁਖ ਤੱਕੇ ਲਾਲ, ਭਗਤ ਸੁਹੇਲੇ ਨਜ਼ਰੀ ਆਈਆ । ਜਿਨ੍ਹਾਂ ਦੀ ਸਭ ਤੋਂ ਵੱਖਰੀ ਚਾਲ, ਨਿਰਾਲੀ ਆਪਣੀ ਆਪ ਮਟਕਾਈਆ । ਉਨ੍ਹਾਂ ਦੇ ਜਨਮ ਜਨਮ ਦੀ ਪੂਰੀ ਹੋਈ ਘਾਲ, ਲੇਖਾ ਅਵਰ ਰਿਹਾ ਨਾ ਰਾਈਆ । ਸਾਹਿਬ ਸਵਾਮੀ ਫਿਰੇ ਨਾਲ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਚਰਨ ਦਵਾਰੇ ਲਏ ਬਹਾਲ, ਗ੍ਰਿਹ ਇਕੋ ਇਕ ਵਖਾਈਆ । ਜਿਥੇ ਸੋਂਹਦੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਡਿਆਈਆ । ਦੀਪਕ ਜੋਤੀ ਦੇਵੇ ਬਾਲ, ਅੰਧ ਅੰਧੇਰ ਚੁਕਾਈਆ । ਕਾਇਆ ਮੰਦਰ ਵਖਾਏ ਸੱਚੀ ਧਰਮਸਾਲ, ਜਿਥੇ ਵਸੇ ਧੁਰ ਦਾ ਮਾਹੀਆ । ਜੋਤੀ ਨੂਰ ਜਲਵਾ ਦਏ ਜਲਾਲ, ਜ਼ਾਹਰ ਜ਼ਹੂਰ ਦਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਉਤੇ ਦਿਵਸ ਸੁਹੰਜਣਾ ਫਲਗੁਣ ਬਾਰਾਂ, ਬਾਰਾਂ ਮਾਸ ਖ਼ੁਸ਼ੀ ਬਣਾਈਆ । ਜਨ ਭਗਤਾਂ ਅੰਦਰ ਸਦਾ ਰਹਿਣ ਬਹਾਰਾਂ, ਖ਼ਿਜ਼ਾ ਰੁਤ ਕਦੇ ਨਾ ਆਈਆ । ਸਦਾ ਸਤਿਵੰਤੀਆਂ ਰਹਿਣ ਨਾਰਾਂ, ਆਤਮਾ ਪਤੀ ਪਤਵੰਤ ਇਕੋ ਇਕ ਪ੍ਰਨਾਈਆ । ਜਿਥੇ ਸ਼ਬਦੀ ਸ਼ਬਦ ਰਹੇ ਅਖਾੜਾ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਜੋਤੀ ਜੋਤ ਦਾ ਰੂਪ ਹੋਵੇ ਧੁਰ ਦਾ ਲਾੜਾ, ਜਿਸ ਨੂੰ ਲਾੜੀ ਮੌਤ ਨਾ ਸਕੇ ਪਰਨਾਈਆ । ਉਹ ਆਦਿ ਅੰਤ ਭਗਤਾਂ ਦਾ ਸਹਾਰਾ, ਸਹਾਇਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਜਿਸ ਕਲਜੁਗ ਮੇਟਣਾ ਅੰਧ ਅੰਧਿਆਰਾ, ਸਤਿਜੁਗ ਸਾਚਾ ਚੰਦ ਦਏ ਚਮਕਾਈਆ । ਉਹ ਮੇਲ ਮਿਲਾਵਾ ਕਰੇ ਜੁਗ ਜੁਗ ਦੇ ਵਿਛੜਿਆਂ ਯਾਰਾਂ, ਯਰਾਨੇ ਪਿਛਲੇ ਵੇਖ ਵਖਾਈਆ । ਪ੍ਰਭੂ ਦੀ ਵਡਿਆਈ ਦੀਆਂ ਕੋਈ ਛਪਦੀਆਂ ਨਹੀਂ ਅਖ਼ਬਾਰਾਂ, ਧੁਰ ਦੇ ਕਲਮੇ ਨਾਲ ਕਰਨ ਸਿਫ਼ਤ ਸਲਾਹੀਆ । ਚਾਰ ਜੁਗ ਦੇ ਸ਼ਾਸਤਰ ਓਸੇ ਦੇ ਪ੍ਰੇਮ ਦੀਆਂ ਧਾਰਾਂ, ਜੋ ਧਰਨੀ ਉਤੇ ਅਵਤਾਰ ਪੈਗ਼ੰਬਰਾਂ ਗੁਰੂਆਂ ਦਏ ਵਰਤਾਈਆ । ਜਿਸ ਦੇ ਜੁਗ ਬੀਤੇ ਕੋਟਨ ਲੱਖਾਂ ਤੇ ਹਜ਼ਾਰਾਂ, ਆਪਣਾ ਪੰਧ ਮੁਕਾਈਆ । ਉਥੇ ਛੇ ਸਾਲ ਜਰਨੈਲ ਸਿੰਘ ਵਕਤ ਨਹੀਂ ਕੋਈ ਬਾਹਲਾ, ਛੇ ਰੁੱਤਾਂ ਛੇ ਘਰਾਂ ਵਿਚ ਉਸੇ ਦੇ

ਢੋਲੇ ਗਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਦਿ ਅੰਤ ਜੁਗਾ ਜੁਗੰਤ ਕਦੇ ਨਾ ਹੋਵੇ ਕਾਹਲਾ, ਜੋ ਕਲਜੁਗ ਵਿਚ ਆਪਣਾ ਖੇਲ ਖਿਲਾਈਆ । ਜਿਸ ਨੇ ਆਦਿ ਜੁਗਾਦਿ ਏਥੇ ਓਥੇ ਦੋ ਜਹਾਨਾਂ ਆਪਣਾ ਵਕਤ ਸੰਭਾਲਾ, ਸੰਬਲ ਬਹਿ ਕੇ ਆਪਣਾ ਨੂਰ ਕਰੇ ਰੁਸ਼ਨਾਈਆ । ਉਸ ਦਾ ਪ੍ਰੇਮ ਪਿਆਰ ਆਤਮ ਦੀ ਧਾਰ ਪਰਮਾਤਮਾ ਦੀ ਸੱਚੀ ਮਾਲਾ, ਜੋ ਅੰਦਰੋਂ ਮਨ ਦਾ ਮਣਕਾ ਦਏ ਭਵਾਈਆ । ਉਹਨੂੰ ਨਜ਼ਰੀ ਆਏ ਉਹ ਅਗੰਮੀ ਧਰਮਸਾਲਾ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਇਕੋ ਨਿਰਗੁਣ ਨੂਰ ਜੋਤ ਦੀਪਕ ਹੋਵੇ ਉਜਾਲਾ, ਦੀਵਾ ਵਟੀ ਨਾ ਕੋਇ ਟਿਕਾਈਆ । ਤੇਲ ਦਾ ਭਰਿਆ ਨਹੀਂ ਕੋਈ ਪਿਆਲਾ, ਕਰੇ ਖੇਲ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਧਰਮ ਨਾਲ ਦੱਸਾਂ ਆਪਣੀ ਆਸ਼ਾ, ਆਸ਼ਾ ਵਿਚੋਂ ਪ੍ਰਗਟਾਈਆ । ਭਗਤੋ ਤੁਹਾਡੇ ਪਿਛੇ ਪ੍ਰਭੂ ਮੇਰਾ ਖ਼ਾਲੀ ਭਰ ਦਏ ਕਾਸਾ, ਕਸਮ ਖਾ ਕੇ ਉਸੇ ਨੂੰ ਸੀਸ ਨਿਵਾਈਆ । ਜੋ ਸਰਗੁਣ ਧਾਰ ਤੋਂ ਧਾਰ ਨਿਰਗੁਣ ਬਦਲ ਕੇ ਆਇਆ ਪਾਸਾ, ਪੇਸ਼ੀਨਗੋਈਆਂ ਸਭ ਦੀਆਂ ਪੂਰ ਕਰਾਈਆ । ਜੋ ਜੁਗ ਜੁਗ ਸਭ ਨੂੰ ਦੇਂਦਾ ਰਿਹਾ ਦਿਲਾਸਾ, ਸਿਰ ਸਿਰ ਹੱਥ ਟਿਕਾਈਆ । ਕਲਜੁਗ ਅੰਤਮ ਨਿਰਗੁਣ ਨੂਰ ਜੋਤ ਪ੍ਰਕਾਸ਼ਾ, ਪ੍ਰਕਾਸ਼ਵਾਨ ਬੇਪ੍ਰਵਾਹੀਆ । ਉਹ ਸਿੱਖਾਂ ਨੂੰ ਸਿਖ ਰੂਪ ਹੋ ਕੇ ਦੇਵੇ ਭਰਵਾਸਾ, ਦੀਦਾ ਦਾਨਿਸਤਾ ਸਨਮੁਖ ਨਜ਼ਰੀ ਆਈਆ । ਮੱਸਾ ਸਿੰਘ ਸਿੰਘ ਬਣਿਆ ਸ਼ਾਹ ਸ਼ਾਬਾਸਾ, ਸ਼ਹਿਨਸ਼ਾਹ ਆਪਣਾ ਰੂਪ ਬਦਲਾਈਆ । ਨਾਰੀ ਨਰ ਨਰਾਇਣ ਬਣ ਕੇ ਖੇਲੇ ਖੇਲ ਤਮਾਸ਼ਾ, ਗੁਰਮੁਖਾਂ ਦੇ ਅਗੇ ਆਵੇ ਚਾਈਂ ਚਾਈਆ । ਜੋਧਾ ਸੂਰਬੀਰ ਹੋ ਕੇ ਪਾਵੇ ਰਾਸਾ, ਰਸਤਿਆਂ ਦੇ ਵਿਚ ਮਿਲ ਕੇ ਸੰਦੇਸੇ ਦੇਵੇ ਚਾਈਂ ਚਾਈਆ । ਪ੍ਰੇਮ ਦਾ ਘੋੜਾ ਲਾਲ ਉਤੇ ਸ਼ਾਹ ਸਵਾਰ ਜਿਸ ਦਾ ਵਜਨ ਨਾ ਤੋਲਾ ਨਾ ਮਾਸਾ, ਤਰਾਜ਼ੂ ਤੱਕੜ ਤੋਲ ਨਾ ਕੋਇ ਤੁਲਾਈਆ । ਉਹ ਸਾਚਾ ਭਗਤਾਂ ਦੀਆਂ ਵੇਖੇ ਵਾਟਾ, ਭੱਜੇ ਵਾਹੋ ਦਾਹੀਆ । ਯਾਦ ਕਰ ਲੈ ਉਹ ਗੋਬਿੰਦ ਵਾਲਾ ਬਾਟਾ, ਜਿਸ ਪਿਆਲਾ ਨਾਮ ਦਿਤਾ ਪਿਆਈਆ । ਜਿਸ ਵੇਲੇ ਉਚ ਦੇ ਪੀਰ ਨੂੰ ਚੁੱਕਿਆ ਸੀ ਕੰਡ ਦੇ ਉਤੇ ਟਿਕਾਈ ਖਾਟਾ, ਖਟੀਆ ਆਪਣੇ ਤਨ ਸੁਹਾਈਆ । ਉਹ ਗੋਬਿੰਦ ਮਾਹੀ ਉਸ ਵੇਲੇ ਤੇਰੇ ਅੰਦਰ ਝਾਕਾ, ਬਿਨ ਅੱਖਾਂ ਤੋਂ ਅੱਖ ਦਿਤੀ ਖੁਲਾਈਆ । ਨਾਲੇ ਹੌਲੀ ਜਿਹੀ ਕਿਹਾ ਖ਼ਾਨ ਜੀ ਮੇਰੇ ਮਹਿਮਾਨ ਜੀ ਤੇਰਾ ਲੇਖਾ ਨਾਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਤੇਰਾ ਰੰਗ ਰੰਗਾਈਆ । ਲਾਲ ਸਿੰਘ ਡਲੇਵਾਲ ਵਾਲਾ ਉਸ ਵੇਲੇ ਪਿਛੇ ਪਿਛੇ ਕੋਈ ਰਾਹੀ ਚਲਦਾ ਸੀ ਆਪਣੀ ਵਾਟਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਉਹ ਸ਼ਾਹ ਸਵਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਉਹ ਲਾਲ ਘੋੜਾ ਉਹ ਲਾਲ ਰੰਗ ਅਪਾਰਾ, ਜਿਸ ਨੂੰ ਦੁਰਗਾ ਰੰਗ ਰੰਗਾ ਕੇ ਭੱਜੇ ਚਾਈਂ ਚਾਈਆ । ਅਸ਼ਟਭੁਜ ਅੱਠੇ ਸ਼ਸਤਰ ਤੇ ਵੱਖਰੀਆਂ ਵੱਖਰੀਆਂ ਧਾਰਾ, ਇਕ ਰੂਪ ਦੇ ਅਨੇਕ ਰੂਪ ਦਿਤੇ ਵਖਾਈਆ । ਜਿਸ ਗੋਬਿੰਦ ਦਾ ਖੰਡਾ ਕੀਤਾ ਪਿਆਰਾ, ਖੜਗਾਂ ਜਗਤ ਵਾਲੀਆਂ ਸੁਟਾਈਆ । ਉਹ ਨੂਰ ਜੋਤ ਉਜਿਆਰਾ, ਨੂਰ ਨੁਰਾਨਾ ਧੁਰ ਦਾ ਮਾਹੀਆ । ਜਿਸ ਕੇਸਾਂ ਤੋਂ ਪਕੜਿਆ ਉਹ ਗੋਬਿੰਦ ਸੂਰਬੀਰ ਪੁਰਖ ਅਕਾਲ ਦਾ ਦੁਲਾਰਾ, ਤੇ ਦੂਲ੍ਹਾ ਇਕੋ ਨਜ਼ਰੀ ਆਈਆ । ਜਿਸ ਦਾ ਮੇਲ ਆਤਮਾ ਦੀ ਆਤਮਾ ਨਾਲ ਆਤਮ ਬ੍ਰਹਮ ਦਾ ਹੋਵੇ ਪਿਆਰਾ, ਪਾਰਬ੍ਰਹਮ ਆਪਣਾ ਸੰਗ ਬਣਾਈਆ । ਛੇ ਸਾਲ ਤੇ ਛੇ ਦਿਨਾਂ ਦਾ ਵਿਹਾਰਾ, ਅੱਜ ਛੇਵੇਂ ਦਿਨ ਤੇਰਾ

੫੮੨
੨੩

ਲੇਖਾ ਦਿਤਾ ਸਮਝਾਈਆ । ਤੇਰੀ ਉਹ ਸੇਵਾ ਜਿਹੜੀ ਮੁਕ ਸਕੇ ਨਾ ਕਦੇ ਵਿਚ ਸੰਸਾਰਾ, ਸਤਿਗੁਰੂ ,ਨੂੰ ਹਿਰਦੇ ਵਿਚ ਵਸਾਈਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਤੈਨੂੰ ਸਾਹਮਣੇ ਹੋ ਕੇ ਦੇਵਾਂਗਾ ਨਜ਼ਾਰਾ, ਨੂਰ ਨੁਰਾਨਾ ਹੋ ਕੇ ਨੂਰ ਨਜ਼ਰੀ ਆਈਆ । ਪ੍ਰੇਮ ਦੀ ਧਾਰ ਦਾ ਵੱਜੇਗਾ ਚਮਤਕਾਰਾ, ਕੋਟਨ ਕੋਟ ਬਿਜਲੀਆਂ ਜਿਸ ਦੀ ਧਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸੇਵਾ ਲਗਾਈ ਸਭ ਤੋਂ ਸੁਚੱਜੀ, ਸੁਚੱਜਾ ਗੁਰਮੁਖ ਦਿਤਾ ਬਣਾਈਆ । ਗੁਰਸਿਖਾ ਤੇਰੀ ਆਤਮ ਪ੍ਰੇਮ ਵਿਚ ਰਹੇ ਬੱਝੀ, ਕਲਜੁਗ ਮਾਇਆ ਨਾ ਸਕੇ ਤੁੜਾਈਆ । ਤੇਰੀ ਤ੍ਰਿਸ਼ਨਾ ਤ੍ਰਿਪਤ ਹੋ ਕੇ ਰਹੇ ਰੱਜੀ, ਜਗਤ ਵਾਸ਼ਨਾ ਵਿਚ ਨਾ ਕਦੇ ਹਲਕਾਈਆ । ਕੂੜ ਕੁੜਿਆਰੀ ਨੇੜ ਨਾ ਆਵੇ ਬਦੀ, ਬੱਧਕ ਵਾਂਗ ਤੇਰਾ ਲੇਖਾ ਦਿਤਾ ਮੁਕਾਈਆ । ਤੇਰਾ ਸਵਾਮੀ ਅੰਤਰਜਾਮੀ ਤੈਨੂੰ ਮਿਲੇ ਉਪਰ ਸ਼ਾਹਰਗੀ, ਨੌ ਦਵਾਰ ਦਾ ਡੇਰਾ ਢਾਹੀਆ । ਸ਼ਬਦ ਸੁਣਨਾ ਨਾਦ ਅਨਾਹਦ ਨੱਦੀ, ਧੁਨ ਆਤਮਕ ਰਾਗ ਦ੍ਰਿੜਾਈਆ । ਦੁਆਬਾ ਹਰਿ ਸੰਗਤ ਤੇਰੇ ਪਿਆਰ ਵਿਚ ਬੱਝੀ, ਮੁਹੱਬਤ ਮੁਹੱਬਤ ਵਿਚੋਂ ਪ੍ਰਗਟਾਈਆ । ਇਹ ਸਮਾਂ ਮਿਲਦਾ ਕਦੀ ਕਦੀ, ਕਦੀਮ ਦੇ ਵਿਛੜੇ ਲਏ ਮਿਲਾਈਆ । ਜਿਹੜੀ ਖੇਲ ਖੇਲੀ ਉਹ ਵੀ ਖਿਲਾਈ ਸੀ ਰੱਬੀ, ਜੋ ਰਹਿਮਤ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਮੈਂ ਭਾਗਾਂਵੰਤੀ, ਭਾਗਾਂ ਵਾਲਿਆਂ ਦਿਆਂ ਜਣਾਈਆ । ਮੇਰਾ ਬਸਤਰ ਭੂਸ਼ਨ ਬਿਨਾ ਰੰਗ ਤੋਂ ਹੋਇਆ ਬਸੰਤੀ, ਬਸਨ ਬਨਵਾਰੀ ਦਿਤਾ ਰੰਗਾਈਆ । ਮੈਂ ਸਵਾਮੀ ਤੱਕਿਆ ਉਹ ਅਗੰਮੀ ਕੰਤੀ, ਜਿਸ ਨੂੰ ਕੰਤੂਹਲ ਕਹਿ ਕੇ ਸਾਰੇ ਸੀਸ ਨਿਵਾਈਆ । ਮੈਂ ਸੰਦੇਸ਼ਾ ਦੇਵਾਂ ਸਾਧਾਂ ਸੰਤੀ, ਭਗਤਾਂ ਰਹੀ ਜਣਾਈਆ । ਜਗਿਆਸੂਆਂ ਕਹਾਂ ਕਲਪਨਾ ਛਡੋ ਸਾਰੇ ਮਨ ਦੀ, ਮਨਸਾ ਕੂੜ ਗਵਾਈਆ । ਨਿਰਗੁਣ ਜੋਤ ਤੱਕੋ ਅਗੰਮੇ ਚੰਨ ਦੀ, ਦੋ ਜਹਾਨਾਂ ਕਰੇ ਰੁਸ਼ਨਾਈਆ । ਭਗਤਾਂ ਉਤੇ ਘੜੀ ਕਦੇ ਨਾ ਆਵੇ ਗ਼ਮ ਦੀ, ਗ਼ਮਖ਼ਾਰ ਹੋ ਕੇ ਵੇਖੇ ਬੇਪ੍ਰਵਾਹੀਆ । ਸਾਚੀ ਪ੍ਰੀਤੀ ਹੋਵੇ ਆਤਮ ਬ੍ਰਹਮ ਦੀ, ਈਸ਼ ਜੀਵ ਆਪਣੇ ਰੰਗ ਰੰਗਾਈਆ । ਵਡਿਆਈ ਮਿਲੇ ਸਚ ਧਰਮ ਦੀ, ਧਰਨੀ ਧਰਤ ਧਵਲ ਧੌਲ ਖ਼ੁਸ਼ੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੈਂ ਵੇਖੇ ਸਾਹਿਬ ਦੇ ਸੰਗੀ, ਕਲਜੁਗ ਤੈਨੂੰ ਦਿਆਂ ਵਖਾਈਆ । ਧਰਮ ਕਹੇ ਜਿਨ੍ਹਾਂ ਅੰਦਰ ਆਤਮਾ ਰੰਗੀ, ਦੁਰਮਤ ਮੈਲ ਧਵਾਈਆ । ਅੰਮ੍ਰਿਤ ਧਾਰ ਮਿਲੇ ਉਨ੍ਹਾਂ ਠੰਡੀ, ਅਗਨੀ ਤਤ ਬੁਝਾਈਆ । ਲੋਕਮਾਤ ਸਤਿ ਸਚ ਦੀ ਪਾਈ ਗੰਢੀ, ਗੰਢ ਸਕੇ ਨਾ ਕੋਇ ਖੁਲਾਈਆ । ਤੂੰ ਮੇਰਾ ਮੈਂ ਤੇਰਾ ਗਾਇਆ ਛੰਦੀ, ਸੋਹੰ ਢੋਲਾ ਸਹਿਜ ਸੁਭਾਈਆ । ਲੋਕਮਾਤ ਧਰਨੀ ਕਹੇ ਉਨ੍ਹਾਂ ਕੰਡ ਨਾ ਹੋਵੇ ਨੰਗੀ, ਪੁਸ਼ਤ ਪਨਾਹ ਪ੍ਰਭ ਆਪਣਾ ਹੱਥ ਟਿਕਾਈਆ । ਗੁਰਸਿਖ ਗੁਰਸਿਖ ਇਕ ਦੂਜੇ ਨਾਲ ਲੜੇ ਬਣੇ ਸੂਰਮੇ ਜੰਗੀ, ਜੰਗ ਧਰਮ ਵਾਲਾ ਜਣਾਈਆ । ਏਸੇ ਸਾਲ ਲਹਿੰਦੀ ਦਿਸ਼ਾ ਹਾਲਤ ਹੋਣੀ ਮੰਦੀ, ਅਗਲਾ ਸਾਲ ਦਏ ਗਵਾਹੀਆ । ਭੇਵ ਖੁਲ੍ਹੇਗਾ ਜਿਸ ਵੇਲੇ ਦੁਆਬਿਉਂ ਆਉਣ ਸਿੰਘ ਪੰਝੀ, ਪਹਿਲੀ ਚੇਤ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਭ ਦਾ ਸੰਗੀ, ਜਨ ਭਗਤੋ ਸਦਾ ਸਦਾ ਸਦਾ ਤੁਹਾਡਾ ਸੰਗ ਨਿਭਾਈਆ ।

## ੧੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਰਤਾਰ ਪੁਰ ਜ਼ਿਲਾ ਜਲੰਧਰ ਹਰਬੰਸ ਸਿੰਘ ਦੇ ਨਵਿਤ

ਸਤਿਗੁਰ ਸਰਨ ਤਰਿਆ ਗੁਰਸਿਖ, ਗੁਰਮੁਖ ਗੁਰ ਗੁਰ ਦਏ ਵਡਿਆਈਆ । ਮਾਨਸ ਜਨਮ ਸਵਰਿਆ ਭਵਿਖ, ਅਗਲਾ ਲੇਖਾ ਪੰਧ ਮੁਕਾਈਆ । ਮਿਲੀ ਵਡਿਆਈ ਦਹਿ ਦਿਸ਼, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਪਿਆਰ ਮੁਹੱਬਤ ਝਿਰਨਾ ਰਿਹਾ ਰਿਸ, ਅੰਮ੍ਰਿਤ ਅਗੰਮ ਅਥਾਹੀਆ । ਸਤਿਗੁਰ ਸਾਜਣ ਪਇਆ ਦਿਸ, ਜੋਤ ਨੈਣ ਨੂਰ ਰੁਸ਼ਨਾਈਆ । ਮਨੂਆ ਮਨ ਜਾਏ ਟਿਕ, ਕਲਪਣਾ ਵਿਚ ਨਾ ਕੋਇ ਹਲਕਾਈਆ । ਕਿਰਪਾ ਕਰੇ ਮਾਲਕ ਇਕ, ਏਕੰਕਾਰ ਵਡ ਵਡਿਆਈਆ । ਜੋ ਦਰਸ਼ਨ ਦੇਵੇ ਨਿਤ, ਨਵਿਤ ਆਪਣਾ ਫੇਰਾ ਪਾਈਆ । ਕਾਇਆ ਮਾਟੀ ਦੇਵੇ ਸਿੰਤ, ਸਾਚੇ ਹਰਿਆਵਲ ਆਪ ਵਖਾਈਆ । ਸਚ ਸੁਹੰਜਣੀ ਹੋਈ ਥਿਤ, ਪ੍ਰਵਿਸ਼ਟਾ ਫਲਗੁਣ ਦਏ ਗਵਾਹੀਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਰੇ ਹਿੱਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਨੂੰ ਯਾਦ ਕਰਦੇ ਕੋਟਨ ਕੋਟਾਂ ਕਿਤ, ਕੇਤੀ ਬੈਠੇ ਅੱਖ ਉਠਾਈਆ । ਉਸ ਦਾ ਖੇਲ ਸਕੇ ਕੋਇ ਨਾ ਭਿਤ, ਭੀਤਰ ਲੁਕਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਆਪਣਾ ਰੰਗ ਰੰਗਾਈਆ । ਰੰਗ ਰੰਗੀਲਾ ਹਰਿ ਜੀ ਮਾਧੋ, ਕਵਲ ਨੈਣ ਵਡਿਆਈਆ । ਜਨ ਭਗਤਾਂ ਸਾਹਿਬ ਸਵਾਮੀ ਲਾਧੋ, ਮਿਲਿਆ ਬੇਪਰਵਾਹੀਆ । ਦਰਸ਼ਨ ਕੀਤਾ ਵਡ ਵਡ ਸਾਧੋ, ਸੰਤ ਸਾਜਣ ਵੱਜੀ ਵਧਾਈਆ । ਚਰਨ ਕਵਲ ਸਰਨਾਈ ਲਾਗੋ, ਕੂੜ ਕੁਟੰਬ ਦਾ ਪੰਧ ਮੁਕਾਈਆ । ਵਕਤ ਸੁਹੰਜਣਾ ਹਰਿਜਨ ਜਾਗੋ, ਨੇਤਰ ਲੋਚਨ ਨੈਣ ਅੱਖ ਖੁਲਾਈਆ । ਸਚ ਦਵਾਰੇ ਹੰਸ ਬਣੇ ਕਾਗੋ, ਬੁੱਧੀ ਕਾਗ ਵਾਂਗ ਕੁਰਲਾਈਆ । ਜਿਸ ਦਾ ਪਿਆਰ ਅੰਤਮ ਮਿਲੇ ਵੈਰਾਗੋ, ਨੇਤਰ ਨੈਣਾਂ ਛਹਿਬਰ ਲਾਈਆ । ਅੰਤ ਸਹਾਈ ਨਹੀਂ ਕੋਈ ਸਤਿਗੁਰ ਬਾਝੋਂ, ਬਾਜਾਂ ਵਾਲਾ ਪੂਰਨ ਰੂਪ ਗਿਆ ਬਦਲਾਈਆ । ਇਕ ਪੁਰਖ ਅਕਾਲ ਅਰਾਧੋ, ਹਿਰਦੇ ਆਪਣੇ ਵਿਚ ਟਿਕਾਈਆ । ਸਾਧੋ ਉਸ ਵਿਚ ਵਿਸਮਾਦੋ, ਜੋ ਵਿਸਮਾਦ ਰਿਹਾ ਸਰਬ ਠਾਈਂਆ । ਤਨ ਨਾਦ ਵਜਾਏ ਰਬਾਬੋ, ਸੁਰਤ ਸ਼ਬਦ ਮਿਲਾਈਆ । ਕੂੜੀ ਕਿਰਿਆ ਕਢੋ ਅਪਰਾਧੋ, ਅਪਰੰਪਰ ਮਿਲ ਕੇ ਇਕੋ ਮਾਹੀਆ । ਜਨ ਭਗਤ ਸੁਹੇਲਾ ਖ਼ਾਲੀ ਰਹੇ ਨਾ ਕੋਇ ਉਲਾਦ ਬਾਝੋਂ, ਨਵੀਂ ਵਸਤ ਰਿਹਾ ਵਰਤਾਈਆ । ਮਨ ਕਲਪਣਾ ਅੰਦਰੋਂ ਕਾਢੋ, ਸਤਿਗੁਰ ਨਾਮ ਸਚ ਵਸਾਈਆ । ਤੁਹਾਡਾ ਲਹਿਣਾ ਦੇਣਾ ਬਾਝ ਅੱਖਰਾਂ ਵਾਲੀ ਕਿਤਾਬੋ, ਸਚਖੰਡ ਸਾਚਾ ਲਹਿਣਾ ਦਏ ਚੁਕਾਈਆ । ਮਾਲਕ ਖ਼ਾਲਕ ਤੱਕੋ ਜਿਹਦਾ ਲਹਿਣਾ ਦੇਣਾ ਆਦਿ ਜੁਗਾਦੋ, ਜੁਗ ਚੌਕੜੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਰਬ ਸਮਾਜੋ, ਵੇਖਣਹਾਰਾ ਹਰ ਘਟ ਥਾਈਆ ।

## ੧੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਰਤਾਰ ਪੁਰ ਜ਼ਿਲਾ ਜਲੰਧਰ ਬੰਨਾ ਸਿੰਘ ਦੇ ਗ੍ਰਿਹਿ

ਸਾਹਿਬ ਸਵਾਮੀ ਸਾਜਣ ਮੀਤਾ, ਹਰਿ ਸਤਿਗੁਰ ਵਡ ਵਡਿਆਈਆ । ਤ੍ਰੈਭਵਨ ਧਨੀ ਤ੍ਰੈਗੁਣ ਅਤੀਤਾ, ਤ੍ਰੈਲੋਕਾਂ ਵੇਖ ਵਖਾਈਆ । ਆਦਿ ਜੁਗਾਦੀ ਠਾਂਡਾ ਸੀਤਾ, ਸਾਂਤਕ ਸਤਿ ਬੇਪ੍ਰਵਾਹੀਆ । ਜੁਗ ਚੌਕੜੀ ਬਦਲਣਹਾਰਾ ਰੀਤਾ, ਨਿਤ ਆਪਣੀ ਕਾਰ ਕਮਾਈਆ । ਲੇਖਾ ਜਾਣੇ ਜੀਵ

ਜੀਅ ਕਾ, ਜਗਜੀਵਣ ਦਾਤਾ ਧੁਰਦਰਗਾਹੀਆ । ਆਪਣੇ ਮਿਲਣ ਦਾ ਦੱਸੇ ਤਰੀਕਾ, ਨਿਰਗੁਣ ਸਰਗੁਣ ਹੁਕਮ ਸੁਣਾਈਆ । ਨਾਮ ਨਿਧਾਨਾ ਵਿਰਲੇ ਗੁਰਮੁਖ ਪੀਤਾ, ਅੰਮ੍ਰਿਤ ਰਸ ਜਿਸ ਦਿਤਾ ਚੁਆਈਆ । ਚਰਨ ਪ੍ਰੀਤੀ ਬੰਨ੍ਹੇ ਆਪਣੀ ਪ੍ਰੀਤਾ, ਪ੍ਰੀਤਮ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਰੰਗ ਰੰਗੀਲਾ, ਮੋਹਣ ਮਾਧੋ ਵਡ ਵਡਿਆਈਆ । ਸਚ ਧਰਮ ਦਾ ਸਤਿ ਵਸੀਲਾ, ਵਸਲ ਆਪਣਾ ਯਾਰ ਵਖਾਈਆ । ਭਗਤਾਂ ਦਾ ਬਣਾ ਕੇ ਭਗਤੀ ਕਬੀਲਾ, ਕਾਮਲ ਮੁਰਸ਼ਦ ਦਏ ਵਡਿਆਈਆ । ਜੁਗ ਚੌਕੜੀ ਸਭ ਦੀਆਂ ਸੁਣੇ ਅਪੀਲਾ, ਅਪਰੰਪਰ ਸਵਾਮੀ ਧਿਆਨ ਲਗਾਈਆ । ਦੀਨ ਦੁਨੀ ਜਾਣੇ ਦਲੀਲਾ, ਅੰਤਸ਼ਕਰਨ ਖੋਜ ਖੁਜਾਈਆ । ਸਮੁੰਦ ਸਾਗਰਾਂ ਜਾਣੇ ਝੀਲਾ, ਵਹਿਣ ਦਰਿਆਵਾਂ ਵੇਖ ਵਖਾਈਆ । ਧਰਨੀ ਧਰਤ ਧਵਲ ਲੰਬਾਈ ਚੌੜਾਈ ਜਾਣੇ ਵਿਚ ਮੀਲਾ, ਪੈਮਾਇਸ਼ ਆਪਣੇ ਹੱਥ ਰਖਾਈਆ । ਜਨ ਭਗਤਾਂ ਚਾੜ੍ਹੇ ਰੰਗ ਅਗੰਮੀ ਭੀਨਾ, ਭਿੰਨੜੀ ਖ਼ੁਸ਼ੀ ਨਾਲ ਮਿਲਾਈਆ । ਝਗੜਾ ਮੇਟ ਮਜ਼੍ਹਬ ਦੀਨਾ, ਦੀਨ ਦੁਨੀ ਦਾ ਮਾਲਕ ਹੋਇਆ ਸਹਾਈਆ । ਜਿਸ ਨੇ ਚਾਰ ਵਰਨ ਏਕਾ ਕੀਨਾ, ਏਕੰਕਾਰ ਇਕ ਦ੍ਰਿਸ਼ਟ ਸਮਝਾਈਆ । ਉਹ ਪਰਮ ਪੁਰਖ ਪ੍ਰਬੀਨਾ, ਪਤਿਪਰਮੇਸ਼ਵਰ ਦਇਆ ਕਮਾਈਆ । ਜਗ ਨੇਤਰ ਨਾ ਹੋਏ ਨਾਬੀਨਾ, ਲੋਚਨ ਅੱਖ ਅੱਖ ਖੁਲਾਈਆ । ਜੋ ਲੇਖੇ ਜਾਣੇ ਲਾਵੇ ਫਲਗੁਣ ਮਹੀਨਾ, ਸਚ ਫਲ ਸਭ ਦੀ ਝੋਲੀ ਪਾਈਆ । ਕਿਰਪਾ ਨਿਧਾਨ ਹਰਿ ਕਰੀਮਾ, ਕਰਨਹਾਰ ਵੇਖ ਵਖਾਈਆ । ਜੋ ਜਗਤ ਮੇਟੇ ਤਕਸੀਮਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਉਹਦਾ ਨੂਰ ਜ਼ਹੂਰ ਵਡ ਹਸੀਨਾ, ਜੋਤੀ ਜਾਤਾ ਅਗੰਮ ਅਥਾਹੀਆ । ਜਿਸ ਨੇ ਭਗਤਾਂ ਦਾ ਲੇਖ ਚੀਨਾ, ਅੰਤਰ ਵੜ ਵੜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਨਰ ਮਦੀਨਾ, ਨਰ ਨਰਾਇਣ ਆਪਣੀ ਦਇਆ ਕਮਾਈਆ ।



### ✪ ੧੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਰਤਾਰ ਪੁਰ ਜ਼ਿਲਾ ਜਲੰਧਰ ਰਵੇਲ ਸਿੰਘ ਦੇ ਗ੍ਰਿਹ ✪

ਸਤਿਗੁਰ ਦਿਆਲ ਆਦੀ ਠਾਕਰ, ਗਹਿਰ ਗੰਭੀਰ ਵਡ ਵਡਿਆਈਆ । ਹਰਿਜਨ ਬਣਾਏ ਰਤਨ ਰਤਨਾਗਰ, ਰਤਨ ਅਮੋਲਕ ਆਪ ਪ੍ਰਗਟਾਈਆ । ਮਾਣਕ ਮੋਤੀ ਉਠਾਲੇ ਵਿਚੋਂ ਕਾਇਆ ਗਾਗਰ, ਅਨਮੁੱਲੇ ਬਾਹਰ ਕਢਾਈਆ । ਮੀਤ ਮੁਰਾਰਾ ਬਣ ਕੇ ਸਾਜਣ, ਸਿਰ ਆਪਣਾ ਹੱਥ ਟਿਕਾਈਆ । ਸ਼ਾਹੋ ਭੂਪ ਹੋ ਕੇ ਰਾਜਨ, ਵਸਤ ਅਮੋਲਕ ਦੇਵੇ ਚਾਈਂ ਚਾਈਆ । ਕਰਮਹੀਣ ਬਣਾਏ ਵਡ ਵਡ ਭਾਗਣ, ਸਿਰ ਆਪਣਾ ਹੱਥ ਟਿਕਾਈਆ । ਦੇਵਣਹਾਰਾ ਸਾਚੀ ਦਾਤਨ, ਦਇਆਨਿਧ ਦਇਆ ਕਮਾਈਆ । ਆਤਮ ਪਰਮਾਤਮ ਬਣ ਕੇ ਸਾਥਣ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਢੋਲੇ ਗੁਰ ਗੁਰ ਆਖਣ, ਖ਼ੁਸ਼ੀਆਂ ਨਾਲ ਗਾਈਆ । ਬੇੜਾ ਪਾਰ ਕਰਾਏ ਕੰਢੀ ਘਾਟ ਖੜੀਆਂ ਪਾਤਨ, ਨਈਆ ਨੌਕਾ ਨਾਮ ਚੜ੍ਹਾਈਆ । ਝਗੜਾ ਮੇਟ ਕੇ ਜ਼ਾਤ ਪਾਤਨ, ਪਤਰਕਾ ਆਪਣੀ ਇਕ ਸੁਣਾਈਆ । ਭੇਵ ਖੋਲ ਕੇ ਗੁੱਝਾ ਬਾਤਨ, ਨਿਰਗੁਣ ਨੂਰ ਦਏ ਚਮਕਾਈਆ । ਵੇਲੇ ਅੰਤਮ ਪੁਛੇ ਵਾਤਨ, ਹੋਏ ਆਪ ਸਹਾਈਆ । ਗੁਰਮੁਖ ਲਾਲ ਲੋਕਮਾਤ ਨਾ ਕਦੇ ਗਵਾਚਣ, ਮਾਇਆ ਮਿੱਟੀ ਵਿਚੋਂ ਬਾਹਰ ਕਢਾਈਆ ।

ਆਪ ਬਣਾ ਕੇ ਮਾਈ ਬਾਪਣ, ਪੁਰਖ ਅਕਾਲ ਗੋਦ ਉਠਾਈਆ । ਅੰਧੇਰਾ ਰਹਿਣ ਨਾ ਦੇਵੇ ਅੰਧੇਰੀ ਰਾਤਨ, ਬਿਨ ਸੂਰੀਆ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਬਣਾਏ ਦਾਸੀ ਦਾਸਨ, ਸੇਵਕ ਸੇਵਾ ਵਿਚ ਲਗਾਈਆ ।

✪ ੧੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਰਤਾਰਪੁਰ ਜ਼ਿਲਾ ਜਲੰਧਰ ਮਹਿੰਦਰ ਕੌਰ ਦੇ ਗ੍ਰਹਿ ✪

ਫਲਗੁਣ ਕਹੇ ਜਨ ਭਗਤਾਂ ਰਹੇ ਸਵੇਰਾ, ਸੰਝ ਰੂਪ ਨਾ ਕਦੇ ਬਦਲਾਈਆ । ਪੁਰਖ ਅਬਿਨਾਸ਼ੀ ਕਰਦਾ ਰਹੇ ਮਿਹਰਾ, ਮਿਹਰ ਨਜ਼ਰ ਉਠਾਈਆ । ਬੁੱਕਦੇ ਰਹਿਣ ਵਾਂਗ ਸ਼ੇਰਾ, ਸ਼ੇਰ ਦੇ ਸ਼ੇਰ ਸੋਭਾ ਪਾਈਆ । ਪੂਰਨ ਦਾ ਪੂਰਨ ਹੋਵੇ ਘੇਰਾ, ਚਾਰੋਂ ਕੁੰਟ ਕੁੰਟ ਸੁਹਾਈਆ । ਹਰਿਜਨਾਂ ਬੱਧਾ ਰਹੇ ਬੇੜਾ, ਬੇੜੀ ਆਪਣੀ ਆਪ ਚਲਾਈਆ । ਸਦਾ ਵਸਦਾ ਰਹੇ ਖੇੜਾ, ਜਿਸ ਗ੍ਰਹਿ ਆਪਣਾ ਚਰਨ ਟਿਕਾਈਆ । ਧਰਨੀ ਉਤੇ ਖੁਲਾ ਰਹੇ ਵਿਹੜਾ, ਅਗੇ ਹੱਦ ਨਾ ਕੋਇ ਜਣਾਈਆ । ਭਗਤ ਦਵਾਰ ਚਾਰ ਚੁਫੇਰਾ, ਪਾਂਧੀ ਆਪਣਾ ਪੰਧ ਨਾ ਕਦੇ ਮੁਕਾਈਆ । ਜਿਨ੍ਹਾਂ ਪਿਛੇ ਵਿਛੋੜਾ ਕੱਟਿਆ ਬਥੇਰਾ, ਉਨ੍ਹਾਂ ਆਪਣੇ ਰੰਗ ਰੰਗਾਈਆ । ਸੀਤਾ ਦੀ ਮਾਸੀ ਜਿਸ ਦਾ ਨਾਮ ਗੁਰਚਰਨ ਕੌਰ ਵਸੇ ਵਿਚ ਹੇਰਾ, ਪੂਰਨ ਸਿੰਘ ਨਾਥੇ ਵਾਲਾ ਓਸੇ ਦਾ ਪਿਛਲਾ ਭਾਈਆ । ਇਹਦਾ ਵੈਰਾਗੀਆਂ ਵਾਲਾ ਹੁੰਦਾ ਸੀ ਡੇਰਾ, ਧੂਲੀ ਮਸਤਕ ਤਲੀ ਨਾਲ ਰਮਾਈਆ । ਬੈਠਾ ਰਹਿੰਦਾ ਸੀ ਕਰ ਕੇ ਜੇਰਾ, ਸਿਦਕ ਸਬੂਰੀ ਵਿਚ ਆਪਣਾ ਆਪ ਟਿਕਾਈਆ । ਯਾਦ ਕਰਦਾ ਸੀ ਕਦੀ ਆਵੇਗਾ ਰਾਮ ਮੇਰਾ, ਮੇਰੀ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਰਾਮ ਭਏ ਅਵਤਾਰਾ, ਅਵਤਰ ਆਪਣੀ ਖੇਲ ਖਿਲਾਈਆ । ਆਪੇ ਸੁੱਤਿਆਂ ਦਏ ਹੁਲਾਰਾ, ਸੋਇਆਂ ਲਿਆ ਜਗਾਈਆ । ਉਠ ਤੱਕ ਰਾਮ ਨਜ਼ਾਰਾ, ਨੈਣ ਨੈਣ ਰੁਸ਼ਨਾਈਆ । ਫੇਰ ਕੀਤਾ ਇਸ਼ਾਰਾ, ਕਲਜੁਗ ਕੂੜ ਦਿਤਾ ਵਖਾਈਆ । ਫੇਰ ਬਾਹੋਂ ਫੜ ਉਠਾਲਾ, ਰਾਜੇ ਬਲ ਨਾਲ ਮਿਲਾਈਆ । ਫੇਰ ਜ਼ੋਰ ਦੀ ਹਲੂਣਾ ਦਿਤਾ ਸਾਰਾ, ਸ੍ਰਿਸ਼ਟ ਸਾਰੀ ਦਿਤੀ ਹਿਲਾਈਆ । ਤੇਰਾ ਜਨਮ ਹੋਣਾ ਦੁਬਾਰਾ, ਕਲਜੁਗ ਅੰਤਮ ਰੰਗ ਰੰਗਾਈਆ । ਮਿਲੇ ਮੇਲ ਨਾਲ ਨਿਰੰਕਾਰਾ, ਨਿਰਵੈਰ ਆਪਣੀ ਖੇਲ ਖਿਲਾਈਆ । ਘਰ ਮੰਦਰ ਸੁਹਾਏ ਦੁਆਰਾ, ਤਨ ਬੰਕ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਗੁਰਮੁਖ ਗੁਰਸਿਖ ਦੁਆਬੇ ਵਾਲੇ ਪਾਰ ਉਤਾਰੇ ਬਿਰਧਾਂ ਬਾਲਾਂ ਜਵਾਨਾਂ, ਹਰਿ ਸੰਗਤ ਸੰਗ ਸਦ ਆਪਣਾ ਸੰਗ ਬਣਾਈਆ ।



✪ ੧੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਰਣਜੀਤ ਸਿੰਘ ਸੇਵਾ ਸਿੰਘ ਜਗਜੀਤ ਸਿੰਘ ✪

ਧਰਮ ਕਹੇ ਕਲਜੁਗ ਵੇਖ ਲੈ ਆਪਣੀ ਕਰਨੀ, ਚਾਰੋਂ ਕੁੰਟ ਧਿਆਨ ਲਗਾਈਆ । ਨੇਤਰ ਰੋਵੇ ਬਿਨਾ ਹੰਝੂਆਂ ਧਰਨੀ, ਧਵਲ ਰਹੀ ਸੁਣਾਈਆ ।

੫੮੭
੨੩

ਮੇਰੇ ਉਤੇ ਸ੍ਰਿਸ਼ਟੀ ਸੜਨੀ, ਬਿਨ ਅਗਨੀ ਅੱਗ ਜਲਾਈਆ । ਨੌ ਖੰਡ ਪ੍ਰਿਥਮੀ ਹਰਨੀ, ਸੱਤ ਦੀਪ ਦੇਣ ਦੁਹਾਈਆ । ਬਿਨਾ ਭਗਤਾਂ ਸਾਚੀ ਤਰੇ ਕੋਇ ਨਾ ਤਰਨੀ, ਬੇਤਰਨੀ ਪਾਰ ਨਾ ਕੋਇ ਕਰਾਈਆ । ਪੁਰਖ ਅਕਾਲ ਦੀ ਲੱਗੇ ਕੋਇ ਨਾ ਚਰਨੀ, ਚਰਨ ਚਰਨੋਦਕ ਮੁਖ ਜਾਮ ਨਾ ਕੋਇ ਪਿਆਈਆ । ਗੜ੍ਹ ਤੁੱਟੇ ਕਿਸੇ ਨਾ ਗੜ੍ਹਨੀ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਮੰਜ਼ਲ ਹਕੀਕੀ ਮਿਲੇ ਨਾ ਚੜ੍ਹਨੀ, ਅਧਵਾਟੇ ਖ਼ਲਕ ਖ਼ੁਦਾਈਆ । ਝਗੜਾ ਮਿਟੇ ਨਾ ਵਰਨੀ ਬਰਨੀ, ਜ਼ਾਤ ਪਾਤ ਨਾ ਕੋਇ ਗਵਾਈਆ । ਨੇਤਰ ਖੁਲ੍ਹੇ ਨਾ ਕਿਸੇ ਹਰਨੀ ਫਰਨੀ, ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਦਾ ਲੇਖਾ ਸਭ ਦਾ ਪੂਰ ਕਰਾਈਆ । ਕਲਜੁਗ ਕਹੇ ਸੁਣ ਧਰਮ ਸਦਾ ਨਾਲ ਈਮਾਨ, ਕਸਮ ਸੂਰ ਗਾਂ ਦੀ ਖਾਈਆ । ਮੇਰਾ ਚਾਰੋਂ ਕੁੰਟ ਧਿਆਨ, ਗਲੀ ਕੂਚਾ ਫੋਲ ਫੁਲਾਈਆ । ਮੇਰੇ ਉਤੇ ਕਿਰਪਾ ਕੀਤੀ ਪ੍ਰਭੂ ਮਹਾਨ, ਮਿਹਰ ਨਜ਼ਰ ਉਠਾਈਆ । ਜੂਠ ਝੂਠ ਦਾ ਮੈਨੂੰ ਦਿਤਾ ਦਾਨ, ਵਸਤ ਅਤੁੱਲ ਆਪ ਵਰਤਾਈਆ । ਮੈਂ ਕਲਜੁਗ ਜੀਵਾਂ ਅੰਦਰ ਕੀਤਾ ਪ੍ਰਵਾਨ, ਕਾਇਆ ਮੰਦਰ ਵਿਚ ਟਿਕਾਈਆ । ਸ਼ਰਅ ਦੇ ਬਣਾ ਸ਼ੈਤਾਨ, ਸ਼ਰੀਅਤ ਵਿਚ ਦਿਤੇ ਲੜਾਈਆ । ਤੂੰ ਵੇਖ ਨਾ ਹੋਈਂ ਹੈਰਾਨ, ਇਹ ਪ੍ਰਭੂ ਦੀ ਬੇਪ੍ਰਵਾਹੀਆ । ਜਿਸ ਦੀਨ ਦੁਨੀ ਕੀਤੀ ਬੇਈਮਾਨ, ਬੇਵਾ ਦਿਸੇ ਖ਼ਲਕ ਖ਼ੁਦਾਈਆ । ਪੁਰਖ ਅਕਾਲਾ ਸਕੇ ਨਾ ਕੋਇ ਪਹਿਚਾਨ, ਨੇਤਰ ਅੱਖ ਨਾ ਕੋਇ ਖੁਲਾਈਆ । ਅੰਤ ਤੁੱਟੇ ਨਾ ਕਿਸੇ ਦਾ ਮਾਣ, ਨਿਮਾਣਾ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਿਤੀ ਜਗਤ ਵਡਿਆਈਆ । ਧਰਮ ਕਹੇ ਕਲਜੁਗ ਸਚ ਰਿਹਾ ਨਾ ਕੋਇ ਚੰਦਾ, ਕੂੜ ਅਮਾਵਸ ਤੇਰੀ ਰੈਣ ਛਾਈਆ । ਆਤਮ ਲਏ ਨਾ ਕੋਇ ਅਨੰਦਾ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਜਗਤ ਜਗਿਆਸੂ ਹੋਇਆ ਅੰਧਾ, ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲਾਈਆ । ਪੰਚ ਵਿਕਾਰੀ ਕੀਤਾ ਗੰਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਸੀਨਾ ਹੋਵੇ ਕਿਸੇ ਨਾ ਠੰਡਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤ੍ਰੈਗੁਣ ਮਾਇਆ ਤੋੜੇ ਕੋਇ ਨਾ ਫੰਦਾ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਮੇਰਾ ਸਫ਼ਰ ਨਹੀਂ ਕੋਈ ਲੰਬਾ, ਲਮਹ ਲਮਹ ਗਿਣ ਕੇ ਦਿਆਂ ਜਣਾਈਆ । ਸਾਬਤ ਰਹਿਣ ਦਿਤਾ ਨਹੀਂ ਕੋਈ ਬੰਦਾ, ਬੰਦਗੀ ਵਿਚ ਨਾ ਕੋਇ ਸਮਾਈਆ । ਮਮਤਾ ਮੋਹ ਰਖਾ ਕੇ ਧੰਦਾ, ਧਨੀ ਧਨਾਢ ਦਿਤੇ ਫਸਾਈਆ । ਭਗਤ ਸੁਹੇਲਾ ਪ੍ਰਭੂ ਨੂੰ ਲੱਗੇ ਚੰਗਾ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਉਨ੍ਹਾਂ ਦੇ ਮੰਦਰ ਕਦੀ ਨਾ ਲੰਘਾ, ਅੰਦਰ ਕਦਮ ਨਾ ਮੂਲ ਟਿਕਾਈਆ । ਮੈਨੂੰ ਸਤਿਗੁਰ ਸ਼ਬਦ ਦਿਸੇ ਖੰਡਾ, ਜੋ ਖੜਗਾਂ ਦਾ ਡੇਰਾ ਢਾਹੀਆ । ਰੂਪ ਦਰਸਾਏ ਅਗੰਮ ਪ੍ਰਚੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਧਰਮ ਕਹੇ ਕਲਜੁਗ ਵੇਖ ਦੀਨ ਦੁਨੀ ਦਾ ਕਲੇਸ਼, ਸਾਂਤਕ ਸਤਿ ਨਾ ਕੋਇ ਕਰਾਈਆ । ਲੇਖਾ ਪੜ੍ਹ ਗੋਬਿੰਦ ਦਸ ਦਸਮੇਸ਼, ਜੋ ਦੇਸ ਦੇਸਾਂਤਰਾਂ ਤੋਂ ਬਾਹਰ ਗਿਆ ਸਮਝਾਈਆ । ਕਲ ਕਲਕੀ ਕਰੇ ਅਵੱਲੜਾ ਭੇਖ, ਭੇਖੀ ਆਪਣਾ ਭੇਸ ਬਦਲਾਈਆ । ਪ੍ਰਗਟ ਹੋਵੇ ਸੰਬਲ ਦੇਸ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜਿਸ ਝਗੜਾ ਮੁਕਾਉਣਾ ਮੁੱਲਾ ਸ਼ੇਖ਼, ਮੁਸਾਇਕਾਂ ਪੰਧ ਮੁਕਾਈਆ । ਦੀਨ ਦੁਨੀ ਦੀ ਬਦਲੇ ਰੇਖ, ਰਖੀਸ਼ਰਾਂ ਪਰਦਾ ਆਪ ਚੁਕਾਈਆ । ਧੁਰ ਦਾ ਨਾਮ ਦੇਵੇ ਸੰਦੇਸ਼, ਤੂੰ ਮੇਰਾ ਮੈਂ ਤੇਰਾ ਢੋਲਾ ਇਕ ਸੁਣਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਸੋ ਸਾਹਿਬ

ਸਵਾਮੀ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਅਗੇ ਚਲੇ ਕੋਈ ਨਾ ਪੇਸ਼, ਸਿਰ ਸਕੇ ਨਾ ਕੋਇ ਉਠਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਸਦਾ ਰਹੇ ਹਮੇਸ਼, ਜੁਗ ਜੁਗ ਆਪਣੀ ਕਾਰ ਕਮਾਈਆ । ਜਨ ਭਗਤਾਂ ਖੋਲ੍ਹੇ ਭੇਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਦੇ ਹੁਕਮ ਵਿਚ ਗੁਰ ਅਰਜਨ ਸੀਸ ਪਵਾਈ ਰੇਤ, ਤਤੀ ਤਵੀ ਨਾਲ ਵਡਿਆਈਆ । ਕਲਜੁਗ ਓਸ ਦਾ ਲੇਖਾ ਤੇਰੇ ਨਾਲ ਨੇਤਨ ਨੇਤ, ਨੇਰਨ ਨੇਰ ਸਮਝਾਈਆ । ਤੂੰ ਹਾਜ਼ਰ ਹੋਣਾ ਪੰਚਮ ਚੇਤ, ਰਾਵੀ ਕੰਢਾ ਅੱਖ ਉਠਾਈਆ । ਸੁਣਨਾ ਅਗਲਾ ਸਚ ਸੰਦੇਸ਼, ਕੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਧਰਮ ਮੈਂ ਰਖੀਆਂ ਬਹੁਤ ਉਡੀਕਾਂ, ਦਿਵਸ ਰੈਣ ਧਿਆਨ ਲਗਾਈਆ । ਮੇਰੀਆਂ ਉਸ ਪ੍ਰਭੂ ਨਾਲ ਪ੍ਰੀਤਾਂ, ਜੋ ਪ੍ਰੀਤਮ ਪਿਆਰਾ ਨੂਰ ਅਲਾਹੀਆ । ਜਿਸ ਝਗੜਾ ਮੇਟਣਾ ਮੰਦਰ ਮਸੀਤਾਂ, ਜਗਤ ਕਾਅਬਿਆਂ ਪੰਧ ਮੁਕਾਈਆ । ਲੇਖੇ ਲਾਉਣਾ ਊਚਾਂ ਨੀਚਾਂ, ਰਾਓ ਰੰਕਾਂ ਇਕੋ ਰੰਗ ਰੰਗਾਈਆ । ਉਸ ਨੇ ਬਦਲ ਦੇਣੀਆਂ ਤਵਾਰੀਖਾਂ, ਤਾਰੀਖ ਫਲਗੁਣ ਤੇਰੀ ਦਏ ਗਵਾਹੀਆ । ਧਰਮ ਕਹੇ ਕਲਜੁਗ ਉਸ ਦੀਆਂ ਮੰਨਣੀਆਂ ਪੈਣੀਆਂ ਨਸੀਹਤਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਮ ਮੈਂ ਉਸੇ ਸਾਹਿਬ ਦਾ ਖ਼ਾਦਮ, ਖ਼ੁਦੀ ਤਕਬਰੀ ਨਾਲ ਜਣਾਈਆ । ਜਿਸ ਲਹਿਣਾ ਦੇਣਾ ਮੁਕਾਉਣਾ ਹਵਾ ਆਦਮ, ਆਪ ਆਪਣਾ ਹੁਕਮ ਵਰਤਾਈਆ । ਜਿਸ ਲੇਖਾ ਪੂਰਾ ਕਰਨਾ ਕ੍ਰਿਸ਼ਨ ਕਾਹਨ ਯਾਦਵ, ਯਦੀ ਆਪਣਾ ਪਰਦਾ ਆਪ ਉਠਾਈਆ । ਉਹ ਪੁਰਖ ਅਕਾਲਾ ਮੋਹਣ ਮਾਧਵ, ਮਧੁਰ ਧੁਨ ਇਕ ਸ਼ਨਵਾਈਆ । ਜਿਸ

੫੮੮
੨੩

ਨੂੰ ਚਾਰ ਜੁਗ ਸਾਰੇ ਅਰਾਧਣ, ਦਿਵਸ ਰੈਣ ਧਿਆਨ ਲਗਾਈਆ । ਉਹ ਸਭ ਦੀ ਕਿਰਿਆ ਆਏ ਸਾਧਣ, ਸਿਧ ਸਾਦਕਾਂ ਵੇਖ ਵਖਾਈਆ । ਜਨ ਭਗਤਾਂ ਦੇਵੇ ਅਗੰਮੀ ਦਾਦਨ, ਵਸਤ ਅਮੋਲਕ ਨਾਮ ਵਰਤਾਈਆ । ਜਗਤ ਜਹਾਨ ਰਖੇ ਲਾਜਣ, ਸਿਰ ਆਪਣਾ ਹੱਥ ਟਿਕਾਈਆ । ਹੋ ਦਿਆਲ ਗ਼ਰੀਬ ਨਿਵਾਜਣ, ਗ਼ਰੀਬ ਨਿਮਾਣਿਆਂ ਵੇਖੇ ਚਾਈਂ ਚਾਈਂਆ । ਜਿਸ ਦਾ ਲੇਖਾ ਅੰਤ ਆਦਿਨ, ਆਦਿ ਪੁਰਖ ਵਡ ਵਡਿਆਈਆ । ਉਸ ਦੀ ਕਿਰਪਾ ਨਾਲ ਜਨ ਭਗਤ ਸੁਹੇਲੇ ਜਾਗਣ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਉਹ ਜਗਤ ਜੰਜਾਲਾ ਤੋੜੇ ਬਾਂਧਨ, ਤ੍ਰੈਗੁਣ ਅਤੀਤਾ ਹੋ ਸਹਾਈਆ । ਮਸਤਕ ਧੂੜੀ ਖ਼ਾਕ ਰਮਾਵੇ ਚੰਦਨ, ਜੋਤ ਲਲਾਟ ਕਰੇ ਰੁਸ਼ਨਾਈਆ । ਹਰਿਜਨ ਸਾਚੇ ਲਾਏ ਅੰਗਣ, ਅੰਗੀਕਾਰ ਆਪ ਹੋ ਆਈਆ । ਕਰੇ ਖੇਲ ਵਿਚ ਵਰਭੰਡਣ, ਬ੍ਰਹਿਮੰਡ ਨੂਰ ਰੁਸ਼ਨਾਈਆ । ਜਨ ਭਗਤਾਂ ਭਗਤੀ ਦਾਤ ਆਏ ਵੰਡਣ, ਬਿਨਾ ਭਗਤੀਉਂ ਝੋਲੀ ਪਾਈਆ । ਦੀਨ ਦਿਆਲ ਬਣ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਜਿਸ ਦੇ ਹੁਕਮ ਵਿਚ ਕੋਟਨ ਕੋਟ ਜੁਗ ਚੌਕੜੀ ਲੰਘਣ, ਕਲਜੁਗ ਭੱਜੇ ਵਾਹੋ ਦਾਹੀਆ । ਉਹ ਗੋਪਾਲ ਮੂਰਤ ਮਦਨ, ਮਧੁ ਸੂਦਨ ਇਕ ਅਖਵਾਈਆ । ਸੰਤ ਸੁਹੇਲੇ ਉਪਜਾਏ ਆਪਣੇ ਰਤਨ, ਅਨਮੁੱਲੇ ਹੀਰੇ ਆਪ ਪ੍ਰਗਟਾਈਆ । ਅੰਤਮ ਸਭ ਦੀ ਪੈਜ ਆਏ ਰਖਣ, ਰੱਛਿਆ ਕਰੇ ਥਾਉਂ ਥਾਈਂਆ । ਸਚ ਦੀ ਦੇ ਸਮਝਾਵੇ ਮਤਨ, ਮਨਮਤ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਸੁਹੇਲੇ ਲੱਖ ਚੁਰਾਸੀ ਵਿਚੋਂ ਆਪੇ ਲੱਭਣ, ਖੋਜੀ ਹੋ ਕੇ ਚਾਰੋਂ ਕੁੰਟ ਖੋਜ ਖੁਜਾਈਆ ।

੫੮੮
੨੩

## ੧੪ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਬੀਬੀ ਮੰਨੀ ਦੇ ਗ੍ਰਹਿ

ਧਰਮ ਕਹੇ ਕਲਜੁਗ ਵੇਖ ਭਗਤ ਜਨਾਂ ਦੀ ਧਾਰ, ਧਰਨੀ ਉਤੇ ਧਿਆਨ ਲਗਾਈਆ । ਜਿਨ੍ਹਾਂ ਤੇ ਕਿਰਪਾ ਕਰੇ ਆਪ ਨਿਰੰਕਾਰ, ਹਰਿ ਕਰਤਾ ਧੁਰਦਰਗਾਹੀਆ । ਜਨਮ ਜਨਮ ਦੇ ਵਿਛੜੇ ਆਪ ਮੇਲੇ ਨਾਲ ਪਿਆਰ, ਪੀਆ ਪ੍ਰੀਤਮ ਆਪਣਾ ਜੋੜ ਜੁੜਾਈਆ । ਸ਼ਬਦੀ ਨਾਦ ਦੇ ਧੁਨਕਾਰ, ਰਾਗ ਨਾਦ ਕਰੇ ਸ਼ਨਵਾਈਆ । ਕੂੜੀ ਕਿਰਿਆ ਮੇਟ ਕੇ ਧੂੰਆਂਧਾਰ, ਅੰਧ ਅੰਧੇਰਾ ਦਏ ਮਿਟਾਈਆ । ਦੀਆ ਬਾਤੀ ਕਰ ਉਜਿਆਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਬਖ਼ਸ਼ ਕੇ ਠਾਂਡਾ ਠਾਰ, ਅਗਨੀ ਤਤ ਬੁਝਾਈਆ । ਜਨਮ ਕਰਮ ਦੇ ਲਹਿਣੇ ਦੇਣੇ ਵਿਚਾਰ, ਵਸਤ ਨਾਮ ਅਨਮੁੱਲ ਵਰਤਾਈਆ । ਫੜ ਫੜ ਬਾਹੋਂ ਦੇਵੇ ਤਾਰ, ਤਾਰਨਹਾਰ ਸਾਹਿਬ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਰਖਾਈਆ । ਕਲਜੁਗ ਕਹੇ ਧਰਮ ਮੈਂ ਵੇਖ ਕੇ ਹੋਵਾਂ ਹਕਾ ਬੱਕਾ, ਹੈਰਾਨੀ ਵਿਚ ਜਣਾਈਆ । ਕੀ ਖੇਲ ਕਰੇ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜਨ ਭਗਤਾਂ ਦੇਵੇ ਨਾਮ ਦੀ ਵੱਥਾ, ਵਸਤ ਅਮੁੱਲ ਆਪ ਵਰਤਾਈਆ । ਭਾਗ ਲਗਾ ਕੇ ਕਾਇਆ ਯਥਾ, ਯਥਾਰਥ ਆਪਣਾ ਰੰਗ ਚੜ੍ਹਾਈਆ । ਲੇਖੇ ਲਾਏ ਟੇਕਿਆ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਨੀਰ ਵਰੋਲੇ ਨੇਤਰ ਲੋਚਨ ਅੱਖਾ, ਨੈਣ ਨੈਣਾਂ ਦਏ ਵਡਿਆਈਆ । ਏਥੇ ਓਥੇ ਦੋ ਜਹਾਨਾਂ ਬਣ ਕੇ ਸਖਾ, ਸਗਲਾ ਸੰਗ ਬਣਾਈਆ । ਕਲਜੁਗ ਕਹੇ ਮੈਂ ਵੇਖ ਵੇਖ ਕੇ ਹੱਸਾ, ਹਸਤੀ ਤੱਕ ਬੇਪਰਵਾਹੀਆ । ਜਿਸ ਮੇਰੀ ਰੈਣ ਮੇਟੀ ਅੰਧੇਰੀ ਮੱਸਾ, ਨੂਰੀ ਚੰਦ ਕਰੇ ਰੁਸ਼ਨਾਈਆ । ਉਸ ਦੀ ਸਿਫ਼ਤ ਸਲਾਹ ਵਡ ਜਸਾ, ਜਸ ਵੇਦ ਪੁਰਾਨ ਰਹੇ ਸਦ ਗਾਈਆ । ਉਹ ਮਿਹਰਵਾਨ ਹੋ ਕੇ ਜਨ ਭਗਤਾਂ ਦੇਵੇ ਆਪਣਾ ਰਸਾ, ਬਿਨ ਰਸਨਾ ਰਸ ਚਖਾਈਆ । ਜੋ ਹਿਰਦੇ ਅੰਦਰ ਵਸਾ, ਘਰ ਘਰ ਡੇਰਾ ਲਾਈਆ । ਜਿਸ ਦੇ ਦਰਸ ਨਾਲ ਸਗਲ ਵਸੂਰਾ ਲੱਥਾ, ਹਉਮੇ ਰੋਗ ਰਿਹਾ ਨਾ ਰਾਈਆ । ਮੈਂ ਵੀ ਉਸੇ ਦੇ ਸਥਰ ਲੱਥਾ, ਆਪਣਾ ਆਪ ਮਿਟਾਈਆ । ਜਿਸ ਆਤਮ ਪਰਮਾਤਮ ਜੋੜ ਜੁੜਾਇਆ ਇਕੱਠਾ, ਤਨ ਮੰਦਰ ਦਿਤੀ ਵਡਿਆਈਆ । ਉਸੇ ਦੇ ਚਰਨ ਕਵਲ ਸਰਨ ਸਰਨਾਈ ਢੱਠਾ, ਨਿਵ ਨਿਵ ਲਾਗਾ ਪਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਰਬ ਕਲਾ ਸਮਰਥਾ, ਸਮਰਥ ਆਪਣੀ ਖੇਲ ਖਿਲਾਈਆ ।



## ੧੪ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਦਰਾਜਕੇ ਜ਼ਿਲਾ ਅੰਮ੍ਰਿਤਸਰ ਗੰਡਾ ਸਿੰਘ ਦੇ ਗ੍ਰਹਿ

ਨਾਰਦ ਕਹੇ ਧਰਮ ਕਲਜੁਗ ਨੂੰ ਆਖ, ਪ੍ਰੇਮ ਪਿਆਰ ਨਾਲ ਸੁਣਾਈਆ । ਧਰਨੀ ਦੀ ਉਡਦੀ ਵੇਖ ਖ਼ਾਕ, ਰਾਖ ਸਭ ਦੀ ਦਏ ਗਵਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵੇਖ ਭਵਿਖ਼ਤ ਵਾਕ, ਵਾਕਫ਼ਕਾਰ ਹੋ ਕੇ ਧਿਆਨ ਲਗਾਈਆ । ਕੀ ਸ਼ਬਦੀ ਸ਼ਬਦ ਸੰਦੇਸਾ ਰਿਹਾ ਭਾਖ, ਅਣਸੁਣਤ ਕੀ ਸੁਣਾਈਆ । ਆਪਣੇ ਕਰਮ ਦੀ ਚਾਰੋਂ ਕੁੰਟ ਤੂੰ ਵੇਖ ਸ਼ਾਖ਼, ਪੱਤ ਟਹਿਣੀ ਕਿਸ ਬਿਧ ਮਹਿਕਾਈਆ । ਕਿਹੜੀ ਵਸਤ ਤੇਰੇ ਪਾਸ, ਸਚ ਦੇ ਵਖਾਈਆ । ਨਾਰਦ ਕਹੇ ਮੈਨੂੰ ਸੰਦੇਸ਼ਾ ਦੇਵੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਹੋਣਾ ਪਏ ਨਾਸ, ਨਾਸਤਕ ਤੱਕ

ਖ਼ਲਕ ਖ਼ੁਦਾਈਆ । ਤੇਰਾ ਲੇਖਾ ਮੁਕਣਾ ਜਗਤ ਗੁਸਤਾਖ਼, ਗ਼ੁੱਸਿਆਂ ਗਿਲਿਆਂ ਪੰਧ ਮੁਕਾਈਆ । ਇਕ ਨੂਰ ਹੋਵੇ ਪ੍ਰਕਾਸ਼, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਮ ਕਹੇ ਨਾਰਦਾ ਕੁਛ ਮੈਨੂੰ ਦੱਸ ਸੰਦੇਸਾ, ਕੀ ਸਾਹਿਬ ਦਿਤਾ ਸਮਝਾਈਆ । ਨਾਰਦ ਕਹੇ ਧਰਮ ਜੀ ਤੂੰ ਤੱਕ ਅਗੰਮਾ ਦੇਸ਼ਾ, ਜਿਸ ਨੂੰ ਸੰਬਲ ਸਾਰੇ ਗਏ ਗਾਈਆ । ਓਥੇ ਬੈਠਾ ਨਰ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਸ਼ਬਦੀ ਗੋਬਿੰਦ ਦਸਮੇਸ਼ਾ, ਜੋਤੀ ਜਾਤਾ ਡਗਮਗਾਈਆ । ਜੋ ਸਦ ਰਹੇ ਹਮੇਸ਼ਾ, ਜਨਮ ਮਰਨ ਵਿਚ ਨਾ ਆਈਆ । ਓਸ ਦੇ ਅਗੇ ਸਾਰੇ ਹੋ ਰਹੇ ਪੇਸ਼ਾ, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਕੀ ਖਿਲਾਈਆ । ਨਾਰਦ ਕਹੇ ਧਰਮ ਜੀ ਕੀ ਦੱਸਾਂ ਉਸ ਦੀ ਕਹਾਣੀ, ਕਹਾਵਤ ਵਿਚ ਕਦੇ ਨਾ ਆਈਆ । ਕੀ ਸੰਦੇਸ਼ਾ ਦੇਵੇ ਸ਼ਬਦ ਅਗੰਮੀ ਬਾਣੀ, ਜੋ ਬਨ ਟਿੱਲੇ ਪ੍ਰਬਤਾਂ ਹੱਥ ਕਿਸੇ ਨਾ ਆਈਆ । ਕੀ ਮੰਜ਼ਲ ਦੱਸਾਂ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਜੋ ਆਦਿ ਜੁਗਾਦੀ ਸਭ ਦਾ ਜਾਣ ਜਾਣੀ, ਜਾਨਣਹਾਰ ਵਡ ਵਡਿਆਈਆ । ਸੋ ਭਗਤਾਂ ਉਤੇ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਭਾਗ ਲਗਾ ਕੇ ਉਨ੍ਹਾਂ ਦੀ ਪੇਸ਼ਾਨੀ, ਪੇਸ਼ਤਰ ਉਨ੍ਹਾਂ ਦਾ ਭੇਵ ਖੁਲਾਈਆ । ਸਚ ਪ੍ਰੀਤੀ ਬਖ਼ਸ਼ ਮਹਾਨੀ, ਮਹਿੰਮਾ ਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਮ ਸੁਣ ਸੰਦੇਸਾ ਪੁਰਖ ਅਕਾਲ, ਕੀ ਕਰਤਾ ਰਿਹਾ ਜਣਾਈਆ । ਦੀਨਾਂ ਬੰਧਪ ਹੋ ਦਿਆਲ, ਦਇਆਨਿਧ ਆਪ ਦ੍ਰਿੜਾਈਆ । ਜੋਤੀ ਜਾਤਾ ਬਣ ਬੇਮਿਸਾਲ, ਮਿਸਲ ਆਪਣੀ ਆਪ ਸਮਝਾਈਆ । ਕਲਜੁਗ ਕੂੜੀ ਕਿਰਿਆ ਵੇਖ ਹਾਲ, ਲੇਖਾ ਸਭ ਦਾ ਫੋਲ ਫੁਲਾਈਆ । ਭਗਤ ਸੁਹੇਲੇ ਤੱਕ ਲਾਲ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਆਪਣੀ ਚਲ ਅਵੱਲੜੀ ਚਾਲ, ਚਾਲ ਨਿਰਾਲੀ ਇਕ ਸਮਝਾਈਆ । ਜਨ ਭਗਤਾਂ ਦੇ ਨਾਮ ਧਨ ਮਾਲ, ਅਮੁਲ ਅਤੁਲ ਆਪ ਵਰਤਾਈਆ । ਆਤਮ ਅੰਤਰ ਅੰਮ੍ਰਿਤ ਸਰੋਵਰ ਭਰ ਤਾਲ, ਇਸ਼ਨਾਨ ਇਕੋ ਵਾਰ ਕਰਾਈਆ । ਜਨਮ ਜਨਮ ਦੀ ਲੇਖੇ ਲਾਏ ਘਾਲ, ਕੀਤੀ ਘਾਲ ਥਾਏਂ ਪਾਈਆ । ਸੰਬਲ ਬੈਠ ਕੇ ਕਰੇ ਸੰਭਾਲ, ਸੰਬਲ ਨਿਵਾਸੀ ਜਿਸ ਨੂੰ ਸੀਸ ਨਿਵਾਈਆ । ਕਾਲ ਮਹਾਕਾਲ ਰਾਏ ਧਰਮ ਲਾਏ ਪਾਰ, ਸੋ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਧਰਮ ਕਹੇ ਨਾਰਦ ਕੀ ਉਸ ਦੀ ਖ਼ੁਸ਼ਖ਼ਬਰੀ, ਬੇਖ਼ਬਰਾਂ ਦੇ ਜਣਾਈਆ । ਨਾਰਦ ਕਹੇ ਜਿਸ ਦਾ ਰਾਹ ਤਕਦੇ ਸਾਰੇ ਨਾਲ ਬੇਸਬਰੀ, ਧੀਰਜ ਧੀਰ ਨਾ ਕੋਇ ਧਰਾਈਆ । ਉਹ ਸਭ ਦੀ ਆਸਾ ਮਨਸਾ ਪੂਰੀ ਕਰੇ ਸੱਧਰੀ, ਸੱਧਰਾਂ ਸਭ ਦੀਆਂ ਵੇਖ ਵਖਾਈਆ । ਜਨ ਭਗਤਾਂ ਧੁਨ ਆਤਮਕ ਦੇਵੇ ਮਧੁਰੀ, ਮਧੁਰ ਧੁਨ ਕਰੇ ਸ਼ਨਵਾਈਆ । ਉਹ ਕਲਜੁਗ ਕੂੜੀ ਕਿਰਿਆ ਮੇਟੇ ਗ਼ਦਰੀ, ਚਾਰੋਂ ਕੁੰਟ ਧਿਆਨ ਲਗਾਈਆ । ਸਭ ਦੀ ਆਸਾ ਮਨਸਾ ਵੇਖੇ ਸੱਧਰੀ, ਅੰਤਰ ਨਿਰੰਤਰ ਖੋਜ ਖੁਜਾਈਆ । ਧੁਰ ਦਾ ਦਾਤਾ ਬਣ ਕੇ ਅਦਲੀ, ਇਨਸਾਫ਼ ਆਪਣੇ ਹੱਥ ਵਖਾਈਆ । ਕਲਜੁਗ ਕੂੜੀ ਕਿਰਿਆ ਕਰੇ ਬਦਲੀ, ਸਤਿਜੁਗ ਸਾਚਾ ਮਾਰਗ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ

ਉਠਾਈਆ । ਨਾਰਦ ਕਹੇ ਧਰਮ ਉਹ ਤੱਕ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਖੇਲ ਖਿਲਾਈਆ । ਜਿਸ ਦੀ ਧਾਰ ਆਦਿ ਜੁਗਾਦੀ ਰੀਤ, ਜੁਗ ਜੁਗ ਵੇਸ ਵਟਾਈਆ । ਜਿਸ ਦਾ ਆਤਮ ਪਰਮਾਤਮ ਸੱਚਾ ਗੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਕਾਇਆ ਅਗਨੀ ਕਰੇ ਠਾਂਡੀ ਸੀਤ, ਤਤਵ ਤਤ ਨਾ ਕੋਇ ਤਪਾਈਆ । ਝਗੜਾ ਮੇਟਣਹਾਰਾ ਉਚ ਨੀਚ, ਜ਼ਾਤ ਪਾਤੀ ਪੰਧ ਮੁਕਾਈਆ । ਸੋ ਮਾਲਕ ਸਵਾਮੀ ਵਸੇ ਸਭ ਦੇ ਬੀਚ, ਤਨ ਮੰਦਰ ਡੇਰਾ ਲਾਈਆ । ਜੋ ਭਗਤਾਂ ਕਰੇ ਕਾਇਆ ਠੰਡੀ ਸੀਤ, ਕੂੜ ਕਿਰਿਆ ਅਗਨ ਬੁਝਾਈਆ । ਸਤਿ ਧਰਮ ਦੀ ਸਾਚੀ ਚਲਾ ਰੀਤ, ਰੀਤੀਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੁਖੜੇ ਕਰੇ ਭੈ ਭੀਤ, ਕਾਇਆ ਭਾਂਡਾ ਪਤਤ ਪੁਨੀਤ ਆਪ ਕਰਾਈਆ ।

✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸੁਰਜੀਤ ਸਿੰਘ ਦੇ ਨਵਿਤ ✪

ਫਲਗੁਣ ਕਹੇ ਮੇਰਾ ਵਕਤ ਸੁਹੰਜਣਾ ਸੋਹਣਾ, ਪ੍ਰਭ ਦਿਤੀ ਸੋਹਣੀ ਵਡਿਆਈਆ । ਲੇਖੇ ਲਾਇਆ ਜਨਮ ਸਿੰਘ ਮੋਹਣਾ, ਮੋਹਣ ਮਾਧਵ ਦਇਆ ਕਮਾਈਆ । ਜਿਸ ਕਿਰਪਾ ਨਿਧਾਨ ਪੂਰਬ ਦਾਗ਼ ਧੋਣਾ, ਮਿਹਰ ਨਜ਼ਰ ਨਜ਼ਰ ਟਿਕਾਈਆ । ਸਚ ਦਾ ਦੀਪਕ ਸਤਿ ਸਚ ਜਗਾਉਣਾ, ਜੋਤੀ ਜਾਤਾ ਹੋ ਕੇ ਡਗਮਗਾਈਆ । ਆਤਮਾ ਦਾ ਆਤਮਾ ਨੂਰ ਉਪਜਾਉਣਾ, ਉਪਮਾ ਅਗੰਮ ਅਥਾਹੀਆ । ਨਵ ਫਾਗਣ ਭਾਗ ਲਗਾਉਣਾ, ਦੋ ਪੰਜ ਜੋੜ ਜੁੜਾਈਆ । ਹਰਿਜਨ ਆਪਣਾ ਰੰਗ ਰੰਗਾਉਣਾ, ਰੰਗਤ ਧੁਰ ਦੀ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੈਂ ਖ਼ੁਸ਼ੀਆਂ ਵਿਚ ਖ਼ੁਸ਼ਹਾਲ, ਖ਼ੁਸ਼ਖ਼ਬਰੀ ਵਿਚ ਵਡਿਆਈਆ । ਕਿਰਪਾ ਕਰੇ ਮੇਰਾ ਦੀਨ ਦਿਆਲ, ਦਰਦ ਦੁੱਖ ਭੈ ਭੰਜਨ ਧੁਰਦਰਗਾਹੀਆ । ਜਿਸ ਕਾਇਆ ਸੁਹਾਇਆ ਸੱਚਾ ਧਨ ਮਾਲ, ਮੰਦਰ ਇਕੋ ਇਕ ਵਡਿਆਈਆ । ਦੀਪਕ ਜੋਤੀ ਅਗੰਮ ਬਾਲ, ਨੂਰ ਨੁਰਾਨਾ ਨੂਰ ਚਮਕਾਈਆ । ਵੇਖਣਹਾਰਾ ਪੂਰਬ ਘਾਲ, ਖੋਜਤ ਖੋਜਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਫਲਗੁਣ ਕਹੇ ਕਿਰਪਾ ਕਰੀ ਪ੍ਰਭੂ ਪ੍ਰਭ ਮੀਤ, ਮਿਤਰ ਪਿਆਰੇ ਦਇਆ ਕਮਾਈਆ । ਮੇਰਾ ਸੀਨਾ ਕਰੇ ਠਾਂਡਾ ਸੀਤ, ਜਗਤ ਅਗਨੀ ਦਿਤੀ ਬੁਝਾਈਆ । ਚਰਨ ਕਵਲ ਲਗਾ ਪ੍ਰੀਤ, ਪ੍ਰੀਤਮ ਮਿਲਿਆ ਚਾਈਂ ਚਾਈਂਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਸੋਹੰ ਢੋਲਾ ਦਿਤਾ ਜਣਾਈਆ । ਰੰਗ ਰੰਗਾ ਕੇ ਹਸਤ ਕੀਟ, ਉਚਾਂ ਨੀਚਾਂ ਡੇਰਾ ਢਾਹੀਆ । ਸਤਿ ਬਖ਼ਸ਼ਸ਼ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਕੂੜੀ ਕਿਰਿਆ ਮੇਟ ਕੇ ਰੀਤ, ਰੀਤੀਵਾਨ ਹੋਏ ਸਹਾਈਆ । ਫਲਗੁਣ ਕਹੇ ਮੈਂ ਨਵ ਨਵ ਕੀਤੀ ਉਡੀਕ, ਨਵ ਨਵ ਚਾਰ ਦਾ ਪੰਧ ਮੁਕਾਈਆ । ਭਗਤ ਭਗਤ ਦੀ ਧਾਰ ਪ੍ਰਗਟ ਕਰ ਸਿੰਘ ਸੁਰਜੀਤ, ਸਿੰਘ ਜਗਤ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਫਲਗੁਣ ਕਹੇ ਮੇਰਾ ਵਕਤ ਸੁਹਾਵਾ, ਮਿਲੇ ਮਾਣ ਵਡਿਆਈਆ । ਢੋਲੇ ਗੀਤ ਖ਼ੁਸ਼ੀ ਦੇ ਗਾਵਾਂ, ਗਾ ਗਾ ਖ਼ੁਸ਼ੀ

ਬਣਾਈਆ । ਪ੍ਰਭੂ ਦੀ ਚਰਨ ਧੂੜੀ ਮਸਤਕ ਲਾਵਾਂ, ਦੁਰਮਤ ਮੈਲ ਧਵਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਕੰਤ ਹੰਢਾਵਾਂ, ਦੂਜੀ ਓਟ ਨਾ ਕੋਇ ਰਖਾਈਆ । ਸਚ ਦਵਾਰੇ ਸੀਸ ਨਿਵਾਵਾਂ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਖੇਲ ਸਦਾ ਅਨਡੀਠ, ਅਨਡਿੱਠੜਾ ਆਪਣਾ ਖੇਲ ਖਿਲਾਈਆ ।

✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਹਿਸਮ ਪੁਰਾ ਜ਼ਿਲਾ ਅੰਮ੍ਰਿਤਸਰ ਬੂਟਾ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਕਹੇ ਮੈਂ ਖੇਲ ਖੇਲਾਂ ਵਿਚ ਸਚਖੰਡ, ਨਿਰਗੁਣ ਧਾਰ ਧਾਰ ਲਏ ਅੰਗੜਾਈਆ । ਮੈਂ ਤੱਕਾਂ ਕੋਟਨ ਕੋਟ ਬ੍ਰਹਿਮੰਡ ਖੰਡ, ਖੰਡਾਂ ਖੋਜ ਖੁਜਾਈਆ । ਮੈਂ ਲਹਿਣਾ ਦੇਣਾ ਜਾਣਾ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਮੈਂ ਸਰਗੁਣ ਧਾਰ ਜਾਵਾਂ ਵੰਡ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੋਜ ਖੁਜਾਈਆ । ਦੀਨ ਦੁਨੀ ਦਾ ਤੱਕਾਂ ਪੰਧ, ਪਾਂਧੀ ਹੋ ਕੇ ਵੇਖ ਵਖਾਈਆ । ਆਤਮਾ ਪਰਮਾਤਮਾ ਸਭ ਦਾ ਜਾਣਾ ਅਨੰਦ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਲਹਿਣਾ ਦੇਣਾ ਜਾਣਾ ਸੂਰੀਆ ਚੰਦ, ਚੰਦ ਸਿਤਾਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਨਿਰਵੈਰ ਧਾਰ ਨਿਰਵੈਰਾ, ਸਤਿ ਸਰੂਪ ਅਖਵਾਈਆ । ਮੈਂ ਦੋ ਜਹਾਨ ਕਰਾਂ ਸੈਰਾ, ਭੱਜਾਂ ਵਾਹੋ ਦਾਹੀਆ । ਮੇਰਾ ਖੇਲ ਗੰਭੀਰ ਗਹਿਰਾ, ਪਰਦਾ ਸਕੇ ਨਾ ਕੋਇ ਉਠਾਈਆ । ਜਗਤ ਜਹਾਨ ਹੋਇਆ ਬਹਿਰਾ, ਧੁਨ ਆਵਾਜ਼ ਸੁਣਨ ਕੋਇ ਨਾ ਪਾਈਆ । ਜਗਤ ਸ਼ਾਸਤਰ ਕਰਨ ਮੁਸ਼ਾਇਰਾ, ਸਿਫ਼ਤਾਂ ਨਾਲ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੈਂ ਵਿਸ਼ਵ ਧਾਰ ਜਗਾਇਆ, ਭੇਵ ਅਭੇਦ ਖੁਲਾ । ਬ੍ਰਹਮਾ ਬ੍ਰਹਮ ਉਠਾਇਆ, ਨੇਤਰ ਲੋਚਨ ਪਰਦਾ ਲਾਹ । ਸ਼ੰਕਰ ਦਿਤਾ ਹਿਲਾਇਆ, ਨਿੰਦਰਾ ਆਲਸ ਗਵਾ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸੁਣਾਇਆ, ਢੋਲਾ ਸੋਹਲਾ ਧੁਰਦਰਗਾਹ । ਚਾਰੋਂ ਕੁੰਟ ਵੇਖ ਵਖਾਇਆ, ਨਵ ਸੱਤ ਫੇਰਾ ਪਾ । ਅੰਡਜ ਜੇਰਜ ਫੋਲ ਫੁਲਾਇਆ, ਪਰਦਾ ਪਰਦਿਆਂ ਵਿਚੋਂ ਚੁਕਾ । ਆਤਮ ਨੂਰ ਨਜ਼ਰ ਕਿਸੇ ਨਾ ਆਇਆ, ਜੋਤੀ ਜੋਤ ਹੋਏ ਨਾ ਕੋਇ ਰੁਸ਼ਨਾ । ਧੁਰ ਦਾ ਡੰਕ ਨਾ ਕੋਇ ਵਜਾਇਆ, ਨਾਦੀ ਧੁਨ ਧੁਨ ਨਾ ਕੋਇ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਇਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰੇ ਪੁਰਖ ਅਕਾਲਾ, ਹਰਿ ਕਰਤਾ ਵਡ ਵਡਿਆਈਆ । ਦੀਨਾ ਬੰਧਪ ਦੀਨ ਦਿਆਲਾ, ਦਇਆਨਿਧ ਹਰਿ ਗੁਸਾਈਆਂ । ਲੇਖਾ ਜਾਣੇ ਸਚਖੰਡ ਸੱਚੀ ਧਰਮਸਾਲਾ, ਦਰਗਾਹ ਸਾਚੀ ਫੋਲ ਫੁਲਾਈਆ । ਧੁਰ ਦਾ ਹੁਕਮ ਦੇਵੇ ਮਿਹਰਵਾਨਾ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਸਵਾਧਾਨ ਹੋਵੇ ਰਾਮ ਰਾਮਾ, ਰਮਈਆ ਰਾਮ ਜਣਾਈਆ । ਭੇਵ ਰਹੇ ਕਾਹਨ ਨਾ ਕਾਹਨਾ, ਰਾਧੇ ਸਈਆ ਇਕ ਸਮਝਾਈਆ । ਪੈਗ਼ੰਬਰ ਤੱਕੇ ਨੂਰ ਜ਼ਿਮੀਂ ਅਸਮਾਨਾਂ, ਜ਼ਾਹਰ ਜ਼ਹੂਰ ਇਕ ਅਖਵਾਈਆ । ਗੁਰੂ ਗੁਰਦੇਵ



੫੯੨
੨੩

ਕਰੋ ਧਿਆਨਾ, ਬਿਨ ਅੱਖਾਂ ਅੱਖ ਉਠਾਈਆ । ਕੀ ਖੇਲ ਕਰੇ ਸ੍ਰੀ ਭਗਵਾਨਾ, ਪਰਮ ਪੁਰਖ ਆਪਣੀ ਕਾਰ ਭੁਗਤਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨਾਂ, ਦੋ ਜਹਾਨਾਂ ਨਿਵ ਨਿਵ ਲਾਗਣ ਪਾਈਆ । ਕੁਦਰਤ ਦਾ ਕਾਦਰ ਕਰਤਾ ਵਡ ਬਲਵਾਨਾ, ਬਲਧਾਰੀ ਇਕ ਅਖਵਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਨਿਰੰਕਾਰ ਪਹਿਰ ਕੇ ਜਾਮਾ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਅੰਤ ਅਖ਼ੀਰ ਵਰਤਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤੋਂ ਲਾਹ ਕੇ ਰਾਜਾ ਰਾਣਾ, ਰਈਅਤ ਆਪਣਾ ਰੰਗ ਰੰਗਾਈਆ । ਜਨ ਭਗਤਾਂ ਸਤਿ ਸਰੂਪ ਸ਼ਾਹੋ ਭੂਪ ਬਿਨ ਰੰਗ ਰੂਪ ਆਤਮ ਬੰਨ੍ਹੇ ਨਾਮ ਦਾ ਗਾਨਾ, ਡੋਰੀ ਸਤਿ ਤੰਦ ਸਲੀਵ ਈਸਾ ਵਾਲੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਦੀਨ ਦੁਨੀ ਦੀ ਧਾਰ, ਧਰਮ ਦਵਾਰੇ ਫੋਲ ਫੁਲਾਈਆ । ਕਲਜੁਗ ਕੂੜੇ ਪਾਵਾਂ ਸਾਰ, ਮਹਾਸਾਰਥੀ ਹੋ ਕੇ ਭੱਜਾਂ ਵਾਹੋ ਦਾਹੀਆ । ਲਹਿਣਾ ਦੇਣਾ ਤੱਕਾਂ ਜੀਵ ਸੰਸਾਰ, ਆਤਮ ਪਰਮਾਤਮ ਧਿਆਨ ਲਗਾਈਆ । ਪਾਰਬ੍ਰਹਮ ਬ੍ਰਹਮ ਪਰਦਾ ਦਿਆਂ ਉਤਾਰ, ਉੱਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਈਸ਼ ਜੀਵ ਦੀ ਜਾਣਾ ਕਾਰ, ਕਰਨੀ ਦਾ ਕਰਤਾ ਆਪਣੀ ਖੇਲ ਖਿਲਾਈਆ । ਨਵ ਸੱਤ ਕਰਾਂ ਧੂਅੰਧਾਰ, ਨਵ ਨੌ ਚਾਰ ਦਾ ਪਰਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਮੈਂ ਤੱਕਾਂ ਭਗਤ ਸੁਹੇਲੇ, ਹਰਿਜਨ ਖੋਜ ਖੁਜਾਈਆ । ਜਿਨ੍ਹਾਂ ਆਤਮਾ ਪਰਮਾਤਮਾ ਹੋਏ ਮੇਲੇ, ਪ੍ਰਭ ਮਿਲ ਕੇ ਵੱਜੀ ਵਧਾਈਆ । ਵਸੇ ਧਾਮ ਨਵੇਲੇ, ਸਚ ਦਵਾਰੇ ਸੋਭਾ ਪਾਈਆ । ਇਕ ਰੂਪ ਹੋਏ ਗੁਰੂ ਗੁਰ ਚੇਲੇ, ਚੇਲਾ ਗੁਰ ਸ਼ਬਦੀ ਗੰਢ ਰਖਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲੇ, ਖ਼ਲਕ ਦਾ ਖ਼ਾਲਕ ਆਪਣੀ ਕਲ ਪ੍ਰਗਟਾਈਆ । ਲੇਖਾ ਜਾਣ ਸੰਤ ਸੁਹੇਲੇ, ਸਾਜਣ ਹੋ ਕੇ ਮਿਲੇ ਚਾਈਂ ਚਾਈਂਆ । ਰਾਏ ਧਰਮ ਦੀ ਕੱਟ ਜੇਲੇ, ਚੁਰਾਸੀ ਫਾਸੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਦੋ ਜਹਾਨਾਂ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਬੇਲੇ, ਸਮੁੰਦ ਸਾਗਰ ਗਹਿਰ ਗੰਭੀਰ ਬੇਨਜ਼ੀਰ ਵੇਖ ਵਖਾਈਆ ।

५੯३
२३

### ✪ ੧੮ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹਰਜੀਤ ਸਿੰਘ ਦੇ ਨਵਿਤ ✪

ਧਰਮ ਕਹੇ ਕਲਜੁਗ ਮੈਨੂੰ ਦੱਸ ਦੇ ਵਕਤ ਅਖ਼ੀਰ, ਬਿਨਾ ਅੱਖਰਾਂ ਨਿਰਅੱਖਰ ਧਾਰ ਸਮਝਾਈਆ । ਕਲਜੁਗ ਕਹੇ ਸੁਣ ਮੇਰੇ ਲਾਡਲੇ ਵੀਰ, ਵੀਰਨਾ ਦਿਆਂ ਜਣਾਈਆ । ਮੇਰੀ ਉਸ ਦੇ ਹੱਥ ਤਕਦੀਰ, ਜੋ ਸੰਬਲ ਬੈਠਾ ਧੁਰ ਦਾ ਮਾਹੀਆ । ਜਿਸ ਚਿੱਟੇ ਤੇ ਕਾਲੀ ਪਾਉਣੀ ਲਕੀਰ, ਲਾਈਨ ਧੁਰ ਦੀ ਇਕ ਬਣਾਈਆ । ਸਤਿਜੁਗ ਕਰਨਾ ਤਾਮੀਰ, ਨੀਂਹ ਆਪਣੇ ਹੱਥ ਰਖਾਈਆ । ਵੇਖ ਸੰਦੇਸ਼ਾ ਦਿੰਦਾ ਕਬੀਰ, ਕਬਰਾਂ ਤੋਂ ਬਾਹਰ ਦ੍ਰਿੜਾਈਆ । ਪਰਮ ਪੁਰਖ ਦੀ ਅਗੰਮੀ ਤਦਬੀਰ, ਭੇਵ ਜਾਣੇ ਕੋਇ ਨਾ ਰਾਈਆ । ਜਿਸ ਸ਼ਰਅ ਦੀ ਵੇਖਣੀ ਸ਼ਮਸ਼ੀਰ, ਸ਼ਰੀਅਤ ਖੋਜ ਖੁਜਾਈਆ । ਉਹ ਸਵਾਮੀ ਬੇਨਜ਼ੀਰ, ਨਜ਼ਰਾਂ ਤੋਂ ਓਹਲੇ ਡੇਰਾ ਲਾਈਆ । ਜੋ ਘੱਤੀ ਆਇਆ ਵਹੀਰ, ਭੱਜਿਆ ਆਇਆ ਵਾਹੋ ਦਾਹੀਆ । ਦੀਨ ਦੁਨੀ ਦੀ ਬਦਲੇ

ਜ਼ਮੀਰ, ਜ਼ਾਮਨ ਸ਼ਬਦ ਗੁਰੂ ਅਖਵਾਈਆ । ਜਿਸ ਲੇਖੇ ਪਾਇਆ ਰਵਦਾਸ ਦਾ ਕਸੀਰ, ਕੌਡੀ ਕਾਨਾ ਦਏ ਗਵਾਹੀਆ । ਉਹ ਮਿਹਰਵਾਨ ਗੁਣੀ ਗਹੀਰ, ਗਹਿਰ ਗਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਮ ਕਹੇ ਕਲਜੁਗ ਮੇਰੇ ਅੰਦਰ ਆਵੇ ਆਵਾਜ਼, ਪ੍ਰਭ ਖ਼ੁਸ਼ੀਆਂ ਵਿਚ ਜਣਾਈਆ । ਉਹ ਤੱਕ ਵਕਤ ਚੁਕਣਾ ਰੋਜ਼ਾ ਨਿਮਾਜ਼, ਕਾਅਬਿਆਂ ਹੋਏ ਸਫ਼ਾਈਆ । ਸੁਰਤ ਸਭ ਦੀ ਜਾਏ ਜਾਗ, ਸਤਿਗੁਰ ਸ਼ਬਦ ਆਪ ਜਗਾਈਆ । ਹੰਸ ਬਣਾਏ ਫੜ ਫੜ ਕਾਗ, ਸੋਹੰ ਮਾਣਕ ਮੋਤੀ ਚੋਗ ਮੁਖ ਰਖਾਈਆ । ਜਨ ਭਗਤਾਂ ਹੋਵਣ ਵਡ ਵਡ ਭਾਗ, ਤਨ ਵਜਦੀ ਰਹੇ ਵਧਾਈਆ । ਗ੍ਰਿਹ ਮੰਦਰ ਦੀਪਕ ਜੋਤੀ ਜਗੇ ਚਰਾਗ਼, ਚਾਰੋਂ ਕੁੰਟ ਹੋਏ ਰੁਸ਼ਨਾਈਆ । ਜਿਸ ਸਾਹਿਬ ਦਾ ਲੇਖਾ ਆਦਿ ਜੁਗਾਦਿ, ਜੁਗ ਚੌਕੜੀ ਖੋਜ ਖੁਜਾਈਆ । ਉਹ ਜਨ ਭਗਤਾਂ ਦੇ ਕੇ ਪ੍ਰੇਮ ਦੀ ਦਾਦ, ਦਾਤਾ ਦਾਨੀ ਦਇਆ ਕਮਾਈਆ । ਚਿੱਟਾ ਰਸ ਦੁੱਧ ਦਾ ਦੇ ਸਵਾਦ, ਅਨਰਸ ਆਪਣਾ ਆਪ ਵਖਾਈਆ । ਜੋ ਸਰਨ ਸਰਨਾਈ ਜਾਣ ਲਾਗ, ਤਿਨ੍ਹਾਂ ਲਗ ਮਾਤਰ ਦਾ ਡੇਰਾ ਢਾਹੀਆ । ਕਿਸੇ ਹੱਥ ਨਾ ਆਵੇ ਕਾਸ਼ੀ ਅਯੁਧਿਆ ਪਰਾਗ, ਮਥੁਰਾ ਗੋਕਲ ਰੋਵਨ ਮਾਰਨ ਧਾਹੀਆ । ਮੱਕੇ ਕਾਅਬੇ ਕਰੇ ਨਾ ਕੋਇ ਜਹਾਦ, ਹਾਜੀਆਂ ਹੱਜ ਨਾ ਕੋਇ ਵਡਿਆਈਆ । ਨੇਤਰ ਵੇਖ ਸਕੇ ਨਾ ਕੋਇ ਸਮਾਜ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਉਹ ਭਗਤ ਸੁਹੇਲਾ ਇਕ ਅਕੇਲਾ ਸ਼ਬਦ ਸੁਣਾਏ ਅਨਾਦੀ ਨਾਦ, ਧੁਨ ਆਤਮਕ ਰਾਗ ਦ੍ਰਿੜਾਈਆ । ਗੁਰਮੁਖ ਗੁਰਸਿਖ ਜਾਇਣ ਜਾਗ, ਜਗ ਨੇਤਰ ਲੋਚਨ ਨੈਣ ਅੱਖ ਖੁਲਾਈਆ । ਜੋ ਸੰਬਲ ਦੇਸ ਵਸੇ ਵਿਚ ਮਾਝ, ਮਜਲਸ ਭਗਤਾਂ ਨਾਲ ਬਣਾਈਆ । ਧਰਮ ਕਹੇ ਕਲਜੁਗ ਉਹ ਤੇਰਾ ਅੰਤਮ ਵੇਖੇ ਰਾਜ, ਰਈਅਤ ਜਗਤ ਜਹਾਨ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਮਾਤਮ ਆਤਮ ਦੇਵੇ ਸਤਿਗੁਰ ਸ਼ਬਦ ਇਮਦਾਦ, ਦੂਸਰ ਲੋੜ ਰਹੇ ਨਾ ਰਾਈਆ ।



### ੧੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਮਹਿੰਦਰ ਕੌਰ ਸੁਰਜੀਤ ਕੌਰ ਕਲਸੀਆਂ ਦੇ ਨਵਿਤ

ਕਿਰਪਾ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਵਡ ਵਡਿਆਈਆ । ਮਾਨਸ ਜਨਮ ਕਰਾਏ ਰਾਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਲੇਖੇ ਲਾਏ ਪਵਣ ਸਵਾਸ, ਸਾਹ ਸਾਹ ਆਪਣਾ ਨਾਮ ਜਪਾਈਆ । ਕੂੜ ਵਿਕਾਰਾ ਕਰੇ ਨਾਸ, ਹਉਮੇ ਹੰਗਤਾ ਰੋਗ ਮਿਟਾਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਜੋਤੀ ਜਾਤਾ ਨਜ਼ਰੀ ਆਈਆ । ਮੇਟ ਮਿਟਾਏ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਚਮਕਾਈਆ । ਸ਼ਬਦ ਅਗੰਮੀ ਦੇ ਕੇ ਦਾਤ, ਵਸਤ ਅਨਮੁੱਲ ਆਪ ਵਰਤਾਈਆ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਆਪਣਾ ਮੇਲ ਮਿਲਾਈਆ । ਅੰਦਰ ਬਾਹਰ ਗੁਪਤ ਜ਼ਾਹਰ ਵਸੇ ਪਾਸ, ਦੂਰ ਦੁਰਾਡਾ ਪੰਧ ਰਹੇ ਨਾ ਰਾਈਆ । ਜਨਮ ਜਨਮ ਦਾ ਕਰਮ ਕਰਮ ਦਾ ਰੋਗ ਦੇਵੇ ਕਾਟ, ਕਟਾਕਸ਼ ਇਕੋ ਨਾਮ ਲਗਾਈਆ । ਸਾਚੀ ਮੰਜ਼ਲ ਪੌੜੇ ਚੜ੍ਹਾ ਕੇ ਘਾਟ, ਘਾਟਾ ਜਨਮ ਜਨਮ ਦਾ ਪੂਰ ਕਰਾਈਆ । ਆਵਣ ਜਾਵਣ ਲੱਖ ਚੁਰਾਸੀ ਮੇਟੇ ਵਾਟ, ਦਰਗਾਹ ਸਾਚੀ ਦੇਵੇ

ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਰਖਾਈਆ । ਕਿਰਪਾ ਕਰੇ ਸਾਹਿਬ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਮਿਹਰਵਾਨ ਹੋਏ ਮਿਹਰਵਾਨਾ, ਸਚਖੰਡ ਨਿਵਾਸੀ ਬੇਪ੍ਰਵਾਹੀਆ । ਅੰਤਰ ਦੇਵੇ ਬ੍ਰਹਮ ਗਿਆਨਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਕਰੇ ਪ੍ਰਕਾਸ਼ ਕੋਟਨ ਭਾਨਾ, ਜੋਤੀ ਜਾਤਾ ਅਗੰਮ ਅਥਾਹੀਆ । ਘਰ ਮੰਦਰ ਸੁਹਾਏ ਮਕਾਨਾ, ਮਹੱਲ ਅਟਲ ਵੱਜੇ ਵਧਾਈਆ । ਸ਼ਬਦ ਨਾਦ ਉਪਜੇ ਧੁਨਕਾਨਾ, ਅਨਰਾਗੀ ਰਾਗ ਸੁਣਾਈਆ । ਲੇਖਾ ਜਾਣ ਜੀਵ ਜਹਾਨਾ, ਹਰਿਜਨ ਸਾਚੇ ਲਏ ਤਰਾਈਆ । ਰੰਗ ਰੰਗਾਏ ਨੌਜਵਾਨਾ, ਮਰਦ ਮਰਦਾਨਾ ਬੇਪ੍ਰਵਾਹੀਆ । ਚਰਨ ਕਵਲ ਬਖ਼ਸ਼ ਧਿਆਨਾ, ਸੁਰਤ ਸ਼ਬਦ ਨਾਲ ਮਿਲਾਈਆ । ਦੁਰਮਤ ਮੈਲ ਧੋਏ ਵਿਚ ਜਹਾਨਾ, ਪਤਤ ਪੁਨੀਤ ਕਰਾਈਆ । ਘਰ ਸਵਾਮੀ ਠਾਕਰ ਕਰੇ ਆਪ ਪਹਿਚਾਨਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਸਾਚਾ ਰੰਗ ਰਾਂਗਣ ਨੀਕੋ, ਹਰਿ ਕਰਤਾ ਪੁਰਖ ਕਰਤਾਰ । ਸਚ ਸਵਾਮੀ ਆਤਮ ਮੀਤੋ, ਮਿਤਰ ਪਿਆਰਾ ਅਗੰਮ ਅਪਾਰ । ਕਾਇਆ ਕਰੇ ਠਾਂਡੀ ਸੀਤੋ, ਸਤਿਗੁਰ ਸ਼ਬਦ ਸ਼ਬਦੀ ਦੇ ਅਧਾਰ । ਘਰ ਸਵਾਮੀ ਮਿਲੇ ਨੀਕਨ ਨੀਕੋ, ਨਿਰਵੈਰ ਪੁਰਖ ਅਗੰਮ ਅਪਾਰ । ਸਾਚਾ ਕਲਮਾ ਦੇਵੇ ਅਗੰਮ ਹਦੀਸੋ, ਨਾਮ ਨਿਧਾਨਾ ਏਕੰਕਾਰ । ਮਾਨਸ ਜਨਮ ਹਰਿਜਨ ਜੀਤੋ, ਚਰਨ ਪ੍ਰੀਤੀ ਕਰ ਸੱਚੀ ਸਰਕਾਰ । ਵੇਖੇ ਧਾਮ ਗ੍ਰਿਹਿ ਅਨਡੀਠੋ, ਸਚਖੰਡ ਦਵਾਰਾ ਖੋਲ ਕਿਵਾੜ । ਪ੍ਰਭ ਕਾ ਭਾਣਾ ਮਾਨੋ ਮੀਠੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪ ਕਰਤਾਰ । ਸਤਿਗੁਰ ਕਰਤਾ ਦਇਆਨਿਧ, ਦੀਨਣ ਹੋਏ ਸਹਾਈਆ । ਜਗਤ ਜਹਾਨਾਂ ਜਾਣੇ ਬਿਧ, ਬਿਧਨਾ ਨਾਤਾ ਵੇਖ ਵਖਾਈਆ । ਜਨ ਭਗਤਾਂ ਕਾਰਜ ਕਰੇ ਸਿਧ, ਸਿੱਧ ਸਾਦਕ ਜਿਸ ਨੂੰ ਸੀਸ ਨਿਵਾਈਆ । ਜੋ ਲੇਖਾ ਲਿਖਿਆ ਵਿਚ ਵੇਦ ਰਿਗ, ਸੋ ਅਥਰਬਣ ਕਲਜੁਗ ਦਏ ਭੁਗਤਾਈਆ । ਸੋ ਰਾਮ ਰਾਮਾ ਇਸ਼ਾਰਾ ਕੀਤਾ ਗਿਧ, ਜਟਾ ਜੂਟ ਭੇਵ ਖੁਲਾਈਆ । ਸੋ ਵੇਖਣਹਾਰਾ ਏਕੰਕਾਰਾ ਇਕ, ਇਕ ਇਕੱਲਾ ਅਗੰਮ ਅਥਾਹੀਆ । ਲੇਖੇ ਲਾਵੇ ਹਰਿਜਨ ਮੀਤ ਪਿਆਰੇ ਸਿਖ, ਸਿੱਖੀ ਸਿਖਿਆ ਸਚ ਦ੍ਰਿੜਾਈਆ । ਨਾਮ ਪਦਾਰਥ ਪਾ ਕੇ ਭਿਖ, ਖ਼ਾਲੀ ਝੋਲੀ ਦਏ ਭਰਾਈਆ । ਮਿਹਰਵਾਨ ਮਿਹਰਵਾਨ ਹੋ ਕੇ ਸਾਚਾ ਮਿਤ, ਮਿਤਰ ਪਿਆਰਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪ੍ਰੀਤੀ ਅੰਦਰ ਕਰੇ ਹਿਤ, ਹਿਤਕਾਰੀ ਹੋ ਕੇ ਜਨ ਭਗਤਾਂ ਦਇਆ ਕਮਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਚੇਲਾ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਮੈਂ ਧਰਮ ਨੂੰ ਫੜਾਂ ਗੁੱਟਾ, ਹਲੂਣ ਕੇ ਦਿਆਂ ਜਣਾਈਆ । ਉਹ ਵੇਖ ਤੇਰਾ ਸਤਿ ਪਿਆਰ ਟੁੱਟਾ, ਟੁਟਿਆਂ ਗੰਢ ਨਾ ਕੋਇ ਪਵਾਈਆ । ਸੋਹਣਿਆਂ ਮੇਰੀਆਂ ਚਾਰ ਕੁੰਟ ਲੁੱਟਾਂ, ਲੁਟੇਰਾ ਹੋ ਕੇ ਭੱਜਾਂ ਵਾਹੋ ਦਾਹੀਆ । ਨੌ ਖੰਡ ਪ੍ਰਿਥਮੀ ਜੜ ਪੁੱਟਾਂ, ਧਰਨੀ ਧਵਲ ਰਹਿਣ

ਨਾ ਪਾਈਆ । ਖ਼ਾਲੀ ਕਰਾਂ ਬੁੱਤਾਂ, ਬੁਤਖ਼ਾਨਿਆਂ ਕਰਾਂ ਸਫ਼ਾਈਆ । ਮੈਂ ਪੁਰਖ ਅਕਾਲ ਦਾ ਲਾਡਲਾ ਪੁਤਾ, ਦੁਲਾਰਾ ਨੰਨ੍ਹਾ ਸੋਭਾ ਪਾਈਆ । ਜੂਠ ਝੂਠ ਸੁਹਾਈ ਰੱਤਾ, ਰੁਤੜੀ ਕੂੜ ਦਿਤੀ ਮਹਿਕਾਈਆ । ਮੇਰਾ ਖੇਲ ਰਿਹਾ ਨਹੀਂ ਲੁਕਾ, ਨੌਂ ਖੰਡ ਵੱਜੇ ਵਧਾਈਆ । ਮੈਂ ਕਾਮ ਕਰੋਧ ਦਾ ਭੁੱਖਾ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੇ ਅੰਦਰ ਇਹੋ ਦੁੱਖਾ, ਧਰਮ ਵਿਚ ਰਹਿਣ ਕੋਇ ਨਾ ਪਾਈਆ । ਮੈਂ ਸੁਫ਼ਲ ਹੋਣ ਦੇਣੀ ਨਹੀਂ ਜਨਣੀ ਦੀ ਕੁੱਖਾ, ਭਗਤ ਜਨਮੇ ਕੋਇ ਨਾ ਮਾਈਆ । ਜਗਤ ਜਗਿਆਸੂ ਤੇਰੇ ਰਾਹੋਂ ਘੁੱਥਾ, ਮੰਜ਼ਲ ਨਜ਼ਰ ਕਿਸੇ ਨਾ ਆਈਆ । ਮੇਰੇ ਉਤੇ ਕਰੀਂ ਨਾ ਗ਼ੁੱਸਾ, ਗਿਲਾ ਨਾ ਕੋਇ ਰਖਾਈਆ । ਮੈਂ ਪਵਿਤ੍ਰ ਰਹਿਣ ਦਿਤਾ ਨਹੀਂ ਕਿਸੇ ਦਾ ਜੁੱਸਾ, ਜਿਸਮ ਜਮੀਰ ਦਿਤਾ ਬਦਲਾਈਆ । ਜ਼ਰਾ ਨਿਗਾਹ ਮਾਰ ਲੈ ਦੀਪ ਕੁਸ਼ਾ, ਕੱਛ ਮੱਛ ਦਾ ਲੇਖ ਜਣਾਈਆ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਮੈਂ ਧਰਮ ਨੂੰ ਹੱਸ ਕੇ ਕੀਤਾ ਇਸ਼ਾਰਾ, ਐਸ਼ੋ ਇਸ਼ਰਤ ਨਾਲ ਜਣਾਈਆ । ਆਪਣਾ ਵੇਖ ਲੈ ਅੰਤ ਕਿਨਾਰਾ, ਤੱਟਾਂ ਵਹਿਣਾਂ ਫੇਲ ਫੁਲਾਈਆ । ਤੈਨੂੰ ਅਵਤਾਰ ਪੈਗ਼ੰਬਰ ਗੁਰੂ ਦਏ ਨਾ ਕੋਇ ਸਹਾਰਾ, ਨਾਮ ਵੰਝ ਮੁਹਾਣਾ ਹੱਥ ਕੋਇ ਨਾ ਆਈਆ । ਨਿਸ਼ਾਨਾ ਰਹੇ ਨਾ ਕਿਸੇ ਮੰਦਰ ਮਠ ਸ਼ਿਵਦਵਾਲੇ ਗੁਰੂਦਵਾਰਾ, ਕਾਅਬੇ ਰਹੇ ਕੁਰਲਾਈਆ । ਧਰਨੀ ਰੋਵੇ ਜ਼ਾਰੋ ਜ਼ਾਰਾ, ਬਿਨ ਨੈਣਾਂ ਨੀਰ ਵਹਾਈਆ । ਕਲਜੁਗ ਕਹੇ ਚਾਰੋਂ ਕੁੰਟ ਮੇਰਾ ਪਸਾਰਾ, ਪਸਰ ਪਸਾਰੀ ਹੋ ਕੇ ਦਿਆਂ ਜਣਾਈਆ । ਦੀਨ ਦੁਨੀ ਵਿਚ ਕੀਤਾ ਧੂਆਂਧਾਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਤ੍ਰੈਗੁਣ ਮਾਇਆ ਤਾਅ ਅੰਗਿਆਰਾ, ਅਗਨੀ ਅੱਗ ਦਿਤੀ ਲਗਾਈਆ । ਅੰਮ੍ਰਿਤ ਮਿਲੀ ਨਾ ਠੰਡੀ ਠਾਰਾ, ਅੰਮਿਉਂ ਰਸ ਨਾ ਕੋਇ ਚੁਆਈਆ । ਨਵਖੰਡ ਹਾਹਾਕਾਰਾ, ਹਾਏ ਹਾਏ ਕਰ ਸਰਬ ਕੁਰਲਾਈਆ । ਚਾਰ ਕੁੰਟ ਵੇਖ ਖੇਲ ਅਪਾਰਾ, ਅਪਰੰਪਰ ਸਵਾਮੀ ਮੈਥੋਂ ਰਿਹਾ ਕਰਾਈਆ । ਮੇਰਾ ਕੂੜ ਕੁੜਿਆਰ ਦਾ ਇਕ ਲਲਕਾਰਾ, ਲਾਲਚ ਵਿਚ ਸਰਬ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਕਲਜੁਗ ਕਹੇ ਧਰਮ ਤੇਰਾ ਰਹੇ ਕੋਇ ਨਾ ਬਲ, ਬਲਧਾਰੀ ਹੋ ਕੇ ਦਿਆਂ ਜਣਾਈਆ । ਮੇਰਾ ਚਾਰੋਂ ਕੁੰਟ ਕਪਟ ਛਲ, ਛਲ ਛਿਦਰ ਨਾਲ ਮਿਲਾਈਆ । ਮੇਰਾ ਪਸਾਰਾ ਵੇਖ ਕਾਲੀ ਧਾਰ ਕਲ, ਕਲ ਆਪਣੀ ਦਿਤੀ ਵਰਤਾਈਆ । ਪੰਚ ਵਿਕਾਰਾ ਜਗਤ ਦਲ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਭਾਗ ਲੱਗੇ ਨਾ ਕਿਸੇ ਕਾਇਆ ਮਾਟੀ ਖੱਲ, ਖ਼ਾਲਸ ਰੂਪ ਨਾ ਕੋਇ ਜਣਾਈਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਜਲ, ਸਾਂਤਕ ਸਤਿ ਨਾ ਕੋਇ ਵਰਤਾਈਆ । ਸਤਿ ਸਰੂਪੀ ਲੱਗੇ ਕੋਇ ਨਾ ਫਲ, ਕਾਇਆ ਕੂੜੀ ਸਿੰਮਲ ਰੁੱਖ ਵਾਂਗ ਲਹਿਰਾਈਆ । ਸਤਿ ਸਚ ਧਰਮ ਦੀ ਰਹੀ ਕੋਈ ਨਾ ਗੱਲ, ਕੂੜ ਕੁੜਿਆਰਾ ਗਲ ਗਲਵਕੜੀ ਸਭ ਨੂੰ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਕਲਜੁਗ ਕਹੇ ਧਰਮ ਮੈਂ ਤੈਨੂੰ ਖ਼ੁਸ਼ੀਆਂ ਦੇ ਨਾਲ ਦੱਸਾਂ, ਦਹਿ ਦਿਸ਼ਾ ਧਿਆਨ ਲਗਾਈਆ । ਚਾਰੋਂ ਕੁੰਟ ਵੇਖ ਕੇ ਹੱਸਾਂ, ਹੱਸ ਹੱਸ ਕੇ ਦਿਆਂ ਦ੍ਰਿੜਾਈਆ । ਆਪਣੀਆਂ ਖੋਲ ਕੇ ਵੇਖ ਲੈ ਅੱਖਾਂ, ਬਿਨ ਅੱਖੀਆਂ ਅੱਖ ਉਠਾਈਆ । ਤੇਰਾ ਸਤਿਕਾਰ ਰਿਹਾ ਨਾ ਵਿਚ ਕਰੋੜਾਂ ਲੱਖਾਂ, ਅਸੰਖਾਂ ਗਣਤ ਨਾ ਕੋਇ ਗਿਣਾਈਆ । ਤੇਰੀ ਕੀਮਤ ਹੋ ਗਈ ਵਾਂਗ ਕੱਖਾਂ, ਕੌਡੀ ਕੌਡੀ ਹੱਟ ਵਿਕਾਈਆ । ਮੈਂ ਬਲਧਾਰੀ ਹੋ ਕੇ ਨਵ ਸੱਤ ਪ੍ਰਿਥਮੀ ਨੱਸਾਂ, ਪ੍ਰਿਥਮ

੫੯੬
੨੩

ਆਪਣਾ ਖੇਲ ਵਖਾਈਆ । ਪਵਿਤ੍ਰ ਰਹਿਣ ਦਿਤਾ ਨਹੀਂ ਕਿਸੇ ਮਸਤਕ ਮੱਥਾ, ਲਲਾਟੀ ਜੋਤ ਨਾ ਕੋਇ ਰੁਸ਼ਨਾਈਆ । ਵਡਿਆਈ ਰਹੀ ਨਾ ਕਰ ਹੱਥਾਂ, ਕਰਮ ਕਾਂਡ ਨਾ ਕੋਇ ਚਤੁਰਾਈਆ । ਸਤਿ ਸਚ ਦੀ ਝੋਲੀ ਪਏ ਕੋਇ ਨਾ ਵੱਥਾ, ਕਿਰਿਆ ਕੂੜ ਜਗਤ ਹਲਕਾਈਆ । ਮਾਇਆ ਮਮਤਾ ਮੋਹ ਚਲਾ ਕੇ ਰਥਾ, ਜਗਤ ਜਗਿਆਸੂ ਦਿਤਾ ਚੜ੍ਹਾਈਆ । ਕਾਮ ਕਰੋਧ ਦੀ ਪਾ ਕੇ ਨੱਥਾ, ਦਿਵਸ ਰੈਣ ਭਵਾਈਆ । ਉਠ ਵੇਖ ਲੈ ਰੈਣ ਅੰਧੇਰੀ ਮੱਸਾ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਧਰਮ ਕਹੇ ਕਲਜੁਗ ਨਾ ਬਣ ਵਡ ਹੰਕਾਰੀ, ਹੰਕਾਰ ਵਿਚ ਜਣਾਈਆ । ਮੇਰਾ ਸਾਹਿਬ ਜੋਤ ਨਿਰੰਕਾਰੀ, ਨਿਰਵੈਰ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਕੋਟਨ ਕੋਟ ਜੁਗ ਬੀਤੇ ਵਿਚ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਤੁਰਦੇ ਗਏ ਆਪਣੀ ਵਾਰੀ, ਵਾਰਸ ਨਜ਼ਰ ਕੋਇ ਨਾ ਆਈਆ । ਹੁਣ ਤੈਨੂੰ ਕਰਨੀ ਪਏ ਤਿਆਰੀ, ਤ੍ਰੈਗੁਣ ਅਤੀਤਾ ਦਏ ਕਰਾਈਆ । ਤੇਰੀ ਰੈਣ ਰੈਣ ਰਹਿਣ ਨਾ ਦੇਵੇ ਅੰਧਿਆਰੀ, ਅੰਧ ਅੰਧੇਰ ਦਏ ਮਿਟਾਈਆ । ਜੋ ਲੇਖਾ ਜਾਣੇ ਜੁਗ ਚੌਕੜੀ ਚਾਰੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਉਹ ਰੂਪ ਅਨੂਪਾ ਸ਼ਾਹੋ ਭੂਪਾ ਵਡ ਸਿਕਦਾਰੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਸੋ ਮੈਨੂੰ ਦੇਵੇ ਸਹਾਰੀ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਤੈਨੂੰ ਹੋਵੇ ਖ਼ੁਆਰੀ, ਖ਼ੈਰਖ਼ਾਹ ਨਜ਼ਰ ਕੋਇ ਨਾ ਆਈਆ । ਤੂੰ ਸਭ ਦੇ ਨਾਲ ਕਰੇਂ ਗ਼ਦਾਰੀ, ਗਦਾਗਾਰ ਹੋ ਕੇ ਵੇਖ ਵਖਾਈਆ । ਅੱਗ ਲੱਗੇ ਤੇਰੀ ਅਗੰਮੀ ਨਾੜੀ, ਜਿਥੋਂ ਸਕੇ ਨਾ ਕੋਇ ਬੁਝਾਈਆ । ਅੰਤਮ ਵਹਿਣਾ ਪਏ ਡੂੰਘੀ ਖਾਰੀ, ਬਾਹਰ ਸਕੇ ਨਾ ਕੋਇ ਕਢਾਈਆ । ਸਗਲੇ ਸਾਥੀ ਤੱਕ ਲੈ ਸੰਗ ਮੁਹੰਮਦ ਨਾਲ ਚਾਰ ਯਾਰੀ, ਯਰਾਨਾ ਯਾਰਾਂ ਵਾਲਾ ਵੇਖ ਵਖਾਈਆ । ਕੀ ਹੁਕਮ ਸੰਦੇਸ਼ਾ ਦੇਵੇ ਧੁਰ ਦਰਬਾਰੀ, ਮੁਕਾਮੇ ਹਕ ਕੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲਹਿਣਾ ਦੇਣਾ ਲੇਖਾ ਜਾਣੇ ਦਿਉਹਾੜੀ, ਦਿਵਸ ਰੈਣ ਵੇਖਣਹਾਰਾ ਥਾਉਂ ਥਾਈਆ ।

### ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਵਜ਼ਾਰਤ ਰੋਡ ਰਾਮ ਕੌਰ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਤੇਰਾ ਰਿਹਾ ਕੋਇ ਨਾ ਧਰਮ ਅਸਥਾਨ, ਅਸਥਿਲ ਦਵਾਰਾ ਨਜ਼ਰ ਕੋਇ ਨਾ ਆਈਆ । ਮੇਰਾ ਕੂੜ ਝੁੱਲੇ ਜਗਤ ਨਿਸ਼ਾਨ, ਨਿਸ਼ਾਨੇ ਚਾਰੋਂ ਕੁੰਟ ਝੁਲਾਈਆ । ਕਿਰਪਾ ਕਰੀ ਸ੍ਰੀ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਾਇਆ ਮਮਤਾ ਦੇ ਕੇ ਦਾਨ, ਮੇਰੀ ਝੋਲੀ ਦਿਤੀ ਭਰਾਈਆ । ਪੰਚ ਵਿਕਾਰ ਬਖ਼ਸ਼ ਬਲਵਾਨ, ਸੂਰਬੀਰ ਸੰਗ ਰਖਾਈਆ । ਸ਼ਰਅ ਛੁਰੀ ਦੱਸ ਨਾਲ ਸ਼ੈਤਾਨ, ਸ਼ਰੀਅਤ ਜਗਤ ਵੰਡ ਵੰਡਾਈਆ । ਮੇਰਾ ਦਿਵਸ ਰੈਣ ਯੁੱਧ ਘਮਸਾਨ, ਘੁੰਮਣ ਘੇਰੀ ਵਿਚ ਲੋਕਾਈਆ । ਮੈਂ ਪੂਜਾ ਰਹਿਣ ਦਿਤੀ ਨਹੀਂ ਕਿਸੇ ਕਾਹਨ, ਸੀਆ ਰਾਮ ਨਾ ਕੋਇ ਵਡਿਆਈਆ । ਪੈਗ਼ੰਬਰ ਸੁਣੇ ਨਾ ਕੋਇ ਪੈਗ਼ਾਮ, ਸਜਦਾ ਹਕ ਨਾ ਕੋਇ ਜਣਾਈਆ । ਮਾਣ ਰਿਹਾ ਨਾ ਮੰਤਰ ਸਤਿਨਾਮ, ਸਤਿ ਰੰਗ ਨਾ ਕੋਇ ਰੰਗਾਈਆ । ਚਾਰੋਂ ਕੁੰਟ ਮੇਰਾ ਖੇਲ ਮਹਾਨ, ਕਲਜੁਗ ਖ਼ੁਸ਼ੀਆਂ ਨਾਲ ਸੁਣਾਈਆ । ਆਤਮ ਬ੍ਰਹਮ ਕਰੇ ਨਾ ਕੋਇ ਪਹਿਚਾਨ,

੫੯੭
੨੩

ਬੇਪਹਿਚਾਨ ਹੋਈ ਲੋਕਾਈਆ । ਸਤਿਗੁਰ ਧੂੜੀ ਚਰਨ ਮਿਲੇ ਨਾ ਕਿਸੇ ਇਸ਼ਨਾਨ, ਦੁਰਮਤ ਮੈਲ ਨਾ ਕੋਇ ਧਵਾਈਆ । ਗੰਗਾ ਗੋਦਾਵਰੀ ਕੀਤੀ ਹੈਰਾਨ, ਜਮਨਾ ਸੁਰਸਤੀ ਰਹੀ ਕੁਰਲਾਈਆ । ਕਲਜੁਗ ਕਹੇ ਮੇਰੀ ਕੂੜ ਦੀ ਵੇਖ ਦੁਕਾਨ, ਧਰਨੀ ਧਵਲ ਉਤੇ ਹੱਟ ਖੁਲਾਈਆ । ਵਣਜਾਰੇ ਬਣੇ ਰਾਜ ਰਾਜਾਨ, ਜਗਤ ਜਗਿਆਸੂ ਝੋਲੀ ਡਾਹੀਆ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਨਜ਼ਰ ਇਕ ਉਠਾਈਆ । ਕਲਜੁਗ ਕਹੇ ਧਰਮ ਧਰਨੀ ਨੂੰ ਦੇ ਛਡ, ਧਵਲ ਉਤੇ ਰਹਿਣ ਨਾ ਪਾਈਆ । ਮੈਂ ਕੂੜ ਨਿਸ਼ਾਨਾ ਦਿਤਾ ਗੱਡ, ਮੇਰੇ ਗਾਡ ਦਿਤੀ ਵਡਿਆਈਆ । ਤੇਰਾ ਪਿੰਜਰ ਪੁਰਾਣਾ ਹੋਇਆ ਹੱਡ, ਸਤਿਜੁਗ ਤਰੇਤਾ ਦੁਆਪਰ ਦਾ ਨਜ਼ਰੀ ਆਈਆ । ਹੁਣ ਸਭ ਨਾਲੋਂ ਹੋ ਜਾ ਅੱਡ, ਵੱਖਰਾ ਗ੍ਰਿਹ ਬਣਾਈਆ । ਸਭ ਨੂੰ ਸਾੜਨ ਵਾਲਾ ਨਾਲ ਅੱਗ, ਅਗਨੀ ਅੱਗ ਲਗਾਈਆ । ਖੇਲ ਕਰਾ ਸ੍ਰਿਸ਼ਟੀ ਵਿਚ ਜਗ, ਕਾਇਨਾਤ ਖੇਜ ਖੁਜਾਈਆ । ਮੇਲ ਹੋਣਾ ਨਹੀਂ ਉਪਰ ਸ਼ਾਹ ਰਗ, ਸ਼ਹਿਨਸ਼ਾਹ ਦਰਸ ਕੋਇ ਨਾ ਪਾਈਆ । ਸਚ ਦਵਾਰਿਉਂ ਮੁਕੀ ਹੱਦ, ਹਦੂਦ ਰਹਿਣ ਕੋਇ ਨਾ ਪਾਈਆ । ਕਲਜੁਗ ਕਹੇ ਮੇਰੀ ਇਕੋ ਚਲਣੀ ਕੂੜ ਦੀ ਯਦ, ਯਾਦਵਾਂ ਨੂੰ ਕ੍ਰਿਸ਼ਨ ਗਿਆ ਸਮਝਾਈਆ । ਕੂੜ ਖ਼ੁਮਾਰੀ ਸਭ ਨੂੰ ਪਿਆਉਣੀ ਮਧ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਮੇਰਾ ਡੌਰੂ ਡੰਕਾ ਜਾਣਾ ਵੱਜ, ਦਹਿ ਦਿਸ਼ਾ ਹੋਏ ਸ਼ਨਵਾਈਆ । ਕਿਸੇ ਦਾ ਕਬੂਲ ਹੋਣ ਨਹੀਂ ਦੇਣਾ ਹੱਜ, ਹੁਜਰੇ ਵੇਖਾਂ ਥਾਉਂ ਥਾਈਂਆ । ਕਲਜੁਗ ਕਹੇ ਧਰਮ ਤੇਰੇ ਧਰਮ ਦੀ ਧਾਰ ਦਿਤੀ ਬੱਧ, ਘਾਓ ਲਗਾਇਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੂਰ ਅਲਾਹੀ ਨੂਰ ਇਕੋ ਦੀਪਕ ਰਿਹਾ ਜਗ, ਜਗ ਜੀਵਣ ਦਾਤਾ ਆਪਣੇ ਹੱਥ ਰਖੇ ਵਡਿਆਈਆ ।


੫੯੮
੨੩

### ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਵਜ਼ਾਰਤ ਰੋਡ ਅਜੀਤ ਸਿੰਘ ਦੇ ਗ੍ਰਿਹ

ਧਰਮ ਕਹੇ ਕਲਜੁਗ ਆਪਣੀ ਪੂਰੀ ਤੱਕ ਲੈ ਖ਼ਵਾਬੇ, ਬੇਖ਼ਬਰਾਂ ਖ਼ਬਰ ਦੇ ਸੁਣਾਈਆ । ਤੇਰਾ ਲੇਖਾ ਮੁਕਣਾ ਅੰਤਮ ਕਾਅਬੇ, ਮੁਹੰਮਦ ਚਾਰ ਯਾਰੀ ਨਾਲ ਮਿਲਾਈਆ । ਜਿਸ ਦਾ ਹੁਕਮ ਕਲਮਾ ਅਗੰਮੀ ਆਵਾਜ਼ੇ, ਆਵਾਜ਼ ਚਾਰ ਕੁੰਟ ਸੁਣਾਈਆ । ਨੌਂ ਖੰਡ ਪ੍ਰਿਥਮੀ ਉਡਣੇ ਕਾਗੇ, ਹੰਸ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗੰਬਰ ਗੁਰੂ ਜਾਣ ਜਾਗੇ, ਆਲਸ ਨਿੰਦਰਾ ਦੂਰ ਕਰਾਈਆ । ਹੁਣ ਮੇਰੇ ਨਾਲ ਝਗੜੇ ਕਾਹਦੇ, ਕਾਇਦਾ ਬਕਾਇਦਾ ਪ੍ਰਭ ਦਏ ਵਰਤਾਈਆ । ਬੀਸ ਇਕੀਸੇ ਤੱਕ ਲੈ ਆਪਣੇ ਵਾਅਦੇ, ਵਾਹਿਦ ਧਿਆਨ ਲਗਾਈਆ । ਜੋ ਮੁਸ਼ਤਰਕਾ ਹੋਏ ਮੁਆਹਿਦੇ, ਮੁਸ਼ਤਰਕਾ ਦਿਆਂ ਸੁਣਾਈਆ । ਤੈਨੂੰ ਹੋਣਾ ਪਏ ਅਲਾਹਿਦੇ, ਸੰਗੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਵੱਡਾ ਵਡ ਵਡਿਆਈਆ । ਧਰਮ ਕਹੇ ਕਲਜੁਗ ਕਿਉਂ ਚਾਰੋਂ ਕੁੰਟ ਦਏ ਡਰਾਵਾ, ਭੈ ਕੂੜ ਵਾਲਾ ਰਖਾਈਆ । ਤੇਰਾ ਖਾਰਜ ਹੋਣਾ ਅੰਤਮ ਦਾਅਵਾ, ਦਾਅਵੇਦਾਰ ਨਾ ਕੋਇ ਅਖਵਾਈਆ । ਜਗਤ ਨਿਸ਼ਾਨਾ ਰਹਿਣਾ ਨਹੀਂ ਨਾਵਾਂ, ਨਵ ਖੰਡ ਨਜ਼ਰ ਨਾ ਆਈਆ । ਕੂੜੀ ਕਿਰਿਆ ਰਹਿਣ ਨਾ ਪਾਵੇ ਕਾਵਾਂ, ਕਾਗ ਵਾਂਗ ਨਾ ਕੋਇ ਕੁਰਲਾਈਆ । ਸਭ ਦਾ ਲੇਖਾ ਮੁਕਣਾ ਜਿਨ੍ਹਾਂ ਸੂਰ ਖਾਧੀਆਂ ਗਾਵਾਂ, ਗੌੜ ਬ੍ਰਹਿਮਣ

ਰਹਿਣਾ ਨਹੀਂ ਭੁਜਾਂ ਬਾਹਵਾਂ, ਹੰਕਾਰੀਆਂ ਹੋਏ ਸਫ਼ਾਈਆ । ਤੂੰ ਕਲਜੁਗ ਹੋਇਆ ਨਿਥਾਵਾਂ, ਥਾਨ ਥਨੰਤਰ ਨਾ ਕੋਇ ਵਡਿਆਈਆ । ਧਰਮ ਕਹੇ ਮੈਂ ਫਿਰਨਾ ਚਾਈਂ ਚਾਵਾਂ, ਧਰਨੀ ਉਤੇ ਵਾਹੋ ਦਾਹੀਆ । ਇਕ ਸਾਹਿਬ ਦੀ ਸੇਜ ਰਾਵਾਂ, ਕੰਤ ਕੰਤੂਹਲ ਇਕ ਹੰਢਾਈਆ । ਜਿਸ ਭਗਤਾਂ ਦੇਣੀਆਂ ਠੰਡੀਆਂ ਛਾਵਾਂ, ਸਿਰ ਆਪਣਾ ਹੱਥ ਰਖਾਈਆ । ਭਾਗ ਲਗਾਵਾਂ ਖੇੜੇ ਗਰਾਵਾਂ, ਤਨ ਮੰਦਰ ਵੱਜੇ ਵਧਾਈਆ । ਮੈਂ ਓਸੇ ਦੇ ਢੋਲੇ ਗੀਤ ਗਾਵਾਂ, ਜੋ ਮਾਲਕ ਧੁਰਦਰਗਾਹੀਆ । ਓਸੇ ਦੇ ਕਵਲ ਚਰਨਾਂ ਸੀਸ ਨਿਵਾਵਾਂ, ਨਿਵ ਨਿਵ ਲਾਗਾਂ ਪਾਈਆਂ । ਸ਼ਬਦ ਸੰਦੇਸ਼ਾ ਤੈਨੂੰ ਸਚ ਸੁਣਾਵਾਂ, ਸਹਿਜ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਕਲਜੁਗ ਕਹੇ ਧਰਮ ਤੂੰ ਜਾਣਦਾ ਨਹੀਂ ਮੇਰਾ ਜ਼ੋਰ, ਜੋਰੂ ਜ਼ਰ ਵਿਚ ਦੇਵਾਂ ਰੁਲਾਈਆ । ਆਪਣਾ ਕਰ ਕੇ ਅੰਧੇਰਾ ਘੋਰ, ਤੇਰਾ ਨਿਸ਼ਾਨਾ ਦਿਆਂ ਮਿਟਾਈਆ । ਸਾਧ ਸੰਤ ਬਣਾ ਕੇ ਠੱਗ ਚੋਰ, ਚੋਰੀ ਚੋਰੀ ਸਭ ਦੇ ਅੰਦਰ ਵੇਖ ਵਖਾਈਆ । ਮਾਇਆ ਮਮਤਾ ਨਾਲ ਜੋੜ, ਦੀਨ ਦੁਨੀ ਦੇਵਾਂ ਫਸਾਈਆ । ਤੇਰੇ ਨਾਲ ਸਾਰੇ ਨਾਤਾ ਜਾਣ ਤੋੜ, ਟੁੱਟੀ ਗੰਢ ਨਾ ਕੋਇ ਪਵਾਈਆ । ਅਗੇ ਹੋ ਕੇ ਸਕੇ ਕੋਇ ਨਾ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਮੇਰਾ ਜਵਾਬ ਤੈਨੂੰ ਨਵਾਂ ਨਕੋਰ, ਫ਼ਰਕ ਰਹੇ ਨਾ ਰਾਈਆ । ਮੈਂ ਸੂਰਬੀਰ ਬਲਵਾਨ ਪ੍ਰਭੂ ਦਾ ਬਾਂਕਾ ਛੋਹਰ, ਨੌਜਵਾਨ ਨਜ਼ਰੀ ਆਈਆ । ਤੂੰ ਮੇਰਾ ਤੱਕੀਂ ਸਾਲ ਬਸਾਲਾ ਜ਼ੋਰ, ਤਾਕਤ ਤਾਕਤ ਨਾਲ ਅਜ਼ਮਾਈਆ । ਦੁਹਾਈ ਦੇਣ ਪੈਗ਼ੰਬਰ ਮਕਬਰਿਆਂ ਵਿਚ ਗੋਰ, ਕੂਕ ਕੂਕ ਸੁਣਾਈਆ । ਈਮਾਨ ਦੀ ਅਮਲ ਵਿਚ ਸਭ ਦੀ ਕਟੀ ਗਈ ਡੋਰ, ਤੰਦੀ ਤੰਦ ਨਾ ਕੋਇ ਬੰਧਾਈਆ । ਕਲਜੁਗ ਕਹੇ ਧਰਮ ਮੇਰਾ ਉੱਤਮ ਸ੍ਰੇਸ਼ਟ ਭਾਗ ਹੋਇਆ ਮਥੋਰ, ਮਿਥਿਆ ਤੈਨੂੰ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਅਵਰ ਕਾ ਔਰ, ਅਵਰੀ ਆਪਣੀ ਕਾਰ ਭੁਗਤਾਈਆ ।



## ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਕੇਸਰੀ ਦੇਵੀ ਦੇ ਗ੍ਰਹਿ

ਕਲਜੁਗ ਕਹੇ ਧਰਮ ਮੇਰਾ ਡੰਕਾ ਚਾਰੇ ਕੂਟਾ, ਦਹਿ ਦਿਸ਼ਾ ਰਿਹਾ ਜਣਾਈਆ । ਧਰਮ ਤੇਰਾ ਧਰਮ ਦਾ ਰਹਿਣ ਨਹੀਂ ਦਿਤਾ ਕੋਈ ਬੂਟਾ, ਸਚ ਫਲ ਨਾ ਕੋਇ ਵਖਾਈਆ । ਮੈਂ ਮਾਇਆ ਮਮਤਾ ਦੇ ਕੇ ਹੂਟਾ, ਹੁਲਾਰਾ ਦਿਤਾ ਖ਼ਲਕ ਖ਼ੁਦਾਈਆ । ਤਨ ਵਜੂਦ ਕਰ ਕੇ ਝੂਠਾ, ਝੂਠੀ ਕਿਰਿਆ ਨਾਲ ਮਿਲਾਈਆ । ਕਾਇਆ ਭਾਂਡਾ ਖ਼ਾਲੀ ਕਰ ਕੇ ਠੂਠਾ, ਸਤਿ ਸਚ ਵਿਚੋਂ ਬਾਹਰ ਕਢਾਈਆ । ਆਤਮ ਪਰਮਾਤਮ ਨਾਤਾ ਤੱਕ ਲੈ ਰੂਠਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਮੇਰਾ ਸਾਹਿਬ ਦਿਆਲਾ ਮੇਰੇ ਉਤੇ ਤੂਠਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਂ ਖ਼ੁਸ਼ੀਆਂ ਵਿਚ ਪਾਈ ਲੂਟਾ, ਲੁੱਟ ਲੁੱਟ ਕੇ ਸਭ ਨੂੰ ਰਿਹਾ ਖਾਈਆ । ਧਰਮ ਤੇਰਾ ਭਾਗ ਹੋਇਆ ਨਿਖੁੱਟਾ, ਜਗਤ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਕਲਜੁਗ ਕਹੇ ਧਰਮ ਮੇਰਾ ਚਾਰੋਂ ਕੁੰਟ ਖੇਲ, ਕਰਤਵ ਦਿਆਂ ਜਣਾਈਆ । ਮਨ ਮਨਸਾ ਕੂੜੀ ਕਿਰਿਆ ਕੀਤਾ ਮੇਲ, ਮਿਲਣੀ ਸਕੇ ਨਾ ਕੋਇ ਤੁੜਾਈਆ । ਸਾਬਤ ਰਹਿਣ

ਦਿਤਾ ਨਹੀਂ ਕੋਈ ਗੁਰੂ ਗੁਰ ਚੇਲ, ਚੇਲਾ ਗੁਰ ਨਾ ਕੋਇ ਚਤੁਰਾਈਆ । ਆਪ ਰਹਿ ਕੇ ਧਾਮ ਨਵੇਲ, ਵੇਖਣਹਾਰਾ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸੱਜਣ ਸੁਹੇਲ, ਸਖਾ ਸੁਹੇਲਾ ਇਕ ਅਖਵਾਈਆ ।

## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਕ੍ਰਿਸ਼ਨ ਲਾਲ ਦੇ ਗ੍ਰਿਹ ✪

ਧਰਮ ਕਹੇ ਕਲਜੁਗ ਮੈਂ ਵੇਖੀ ਤੇਰੀ ਸ਼ਰਅ ਛੁਰੀ, ਜੋ ਸ਼ਰੀਅਤ ਸੰਗ ਬਣਾਈਆ । ਜਿਸ ਦੀ ਕਰਨੀ ਲੋਕਮਾਤ ਬੁਰੀ, ਬੁਰਿਆਰਾਂ ਨਾਲ ਨਜ਼ਰੀ ਆਈਆ । ਕਲਜੁਗ ਕਹੇ ਧਰਮ ਉਹ ਤੱਕ ਲੈ ਦੀਨ ਦੁਨੀ ਹੋਈ ਨਿਗੁਰੀ, ਸਤਿਗੁਰ ਸ਼ਬਦ ਨਾ ਕੋਇ ਮਿਲਾਈਆ । ਆਤਮ ਪਰਮਾਤਮ ਧਾਰ ਕਿਸੇ ਨਾ ਜੁੜੀ, ਪਾਰਬ੍ਰਹਮ ਬ੍ਰਹਮ ਨਾਲ ਨਾ ਕੋਇ ਮਿਲਾਈਆ । ਮੇਰੀ ਵਹਿਣ ਵਿਚ ਜਾਂਦੀ ਸਾਰੀ ਰੁੜ੍ਹੀ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧਰਮ ਕਹੇ ਕਲਜੁਗ ਤੇਰੇ ਵਿਚ ਪ੍ਰਭੂ ਦੇ ਭਗਤ, ਸਚ ਭਗਤੀ ਵਿਚ ਸਮਾਈਆ । ਉਹ ਸੁਹਾਉਂਦੇ ਧਰਨੀ ਧਰਤ, ਧਵਲ ਮਿਲੇ ਵਡਿਆਈਆ । ਜਿਨ੍ਹਾਂ ਦਾ ਇਕੋ ਸਵਾਮੀ ਕੰਤ, ਕੰਤ ਕੰਤੂਹਲ ਇਕ ਅਖਵਾਈਆ । ਉਨ੍ਹਾਂ ਦੇ ਅੰਦਰ ਮੌਲੀ ਰੁਤ ਬਸੰਤ, ਖ਼ਿਜ਼ਾਂ ਬੈਠੀ ਮੁਖ ਛੁਪਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦੇ ਛੰਤ, ਸੋਹੰ ਰਾਗ ਅਲਾਹੀਆ । ਪੁਰਖ ਅਕਾਲਾ ਦੀਨ ਦਿਆਲਾ ਉਨ੍ਹਾਂ ਦੀ ਬਣਾਏ ਬਣਤ, ਘੜਨ ਭੰਨਣਹਾਰ ਦਇਆ ਕਮਾਈਆ । ਉਹ ਜਗਿਆਸੂ ਨਹੀਂ ਵੇਖ ਲੈ ਧੁਰ ਦੇ ਸੰਤ, ਜਿਨ੍ਹਾਂ ਸਤਿਗੁਰ ਸੱਜਣ ਮਿਲਿਆ ਮਾਹੀਆ । ਉਨ੍ਹਾਂ ਦੀ ਮਹਿੰਮਾ ਸਦਾ ਅਗਣਤ, ਲੇਖਾ ਗਿਣਤ ਨਾ ਕੋਇ ਦ੍ਰਿੜਾਈਆ । ਮਿਲੀ ਵਡਿਆਈ ਵਿਚੋਂ ਜੰਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਹਉਮੇ ਗੜ੍ਹ ਤੋੜ ਕੇ ਹੰਗਤ, ਹੰ ਬ੍ਰਹਮ ਦਿਤਾ ਸਮਝਾਈਆ । ਮੇਲ ਮਿਲਾ ਕੇ ਸਾਚੀ ਸੰਗਤ, ਪਿਛਲਾ ਅਗਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੀ ਖੇਲ ਖਿਲਾਈਆ । ਧਰਮ ਕਹੇ ਕਲਜੁਗ ਤੇਰੇ ਵਿਚ ਪ੍ਰਭੂ ਦੇ ਮੀਤੇ, ਮਿਤਰ ਪਿਆਰੇ ਨਜ਼ਰੀ ਆਈਆ । ਜਿਨ੍ਹਾਂ ਦੀ ਇਕ ਅਗੰਮੀ ਰੀਤੇ, ਆਤਮ ਪਰਮਾਤਮ ਸੰਗ ਬਣਾਈਆ । ਉਨ੍ਹਾਂ ਦਾ ਨੂਰ ਤੱਕ ਕਾਇਆ ਮੰਦਰ ਘਰ ਅਨਡੀਠੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਦਾ ਪਿਆਰ ਰਸ ਅੰਮਿਉਂ ਦਿਸੇ ਮੀਠੇ, ਕੂੜੀ ਕਿਰਿਆ ਡੇਰਾ ਢਾਹੀਆ । ਉਹ ਤ੍ਰੈਗੁਣ ਵਿਚ ਨਾ ਤਪਣ ਅੰਗੀਠੇ, ਸਾਂਤਕ ਸਤਿ ਸਤਿ ਸਮਾਈਆ । ਕੌੜੇ ਰਹੇ ਮੂਲ ਨਾ ਰੀਠੇ, ਵਿਖ ਅੰਮ੍ਰਿਤ ਰੂਪ ਸਮਾਈਆ । ਇਕੋ ਸਾਹਿਬ ਨਾਲ ਪ੍ਰੀਤੇ, ਚਰਨ ਕਵਲ ਸ਼ਰਨਾਈਆ । ਨਾਤਾ ਛਡ ਕੇ ਮੰਦਰ ਮਸੀਤੇ, ਘਰ ਆਪਣੇ ਵੱਜੇ ਵਧਾਈਆ । ਸੋ ਸਵਾਮੀ ਪਰਖਣਹਾਰਾ ਨੀਤੇ, ਘਟ ਘਟ ਵੇਖ ਵਖਾਈਆ । ਜਿਸ ਭਗਤ ਜਨ ਪਤਤ ਕੀਤੇ ਪੁਨੀਤੇ, ਮਿਹਰ ਨਜ਼ਰ ਉਠਾਈਆ । ਸਾਚਾ ਕਲਮਾ ਦੱਸ ਹਦੀਸੇ, ਇਕੋ ਕਰੇ ਪੜ੍ਹਾਈਆ । ਜਿਸ ਦਾ ਲਹਿਣਾ ਦੇਣਾ ਨਿਰਗੁਣ ਧਾਰ ਬੀਸੇ, ਚੌਬੀਸੇ ਆਪਣੀ ਖੇਲ ਖਿਲਾਈਆ । ਮੇਟ ਮਿਟਾਏ ਊਚ ਨੀਚੇ, ਜ਼ਾਤ ਪਾਤ ਪੰਧ ਮੁਕਾਈਆ । ਸਚ ਧਰਮ ਚਲਾਏ ਰੀਤੇ, ਰੀਤੀਵਾਨ ਇਕ ਅਖਵਾਈਆ ।

ਜਿਸ ਦੀ ਯਾਦ ਵਿਚ ਜੁਗ ਚੌਕੜੀ ਬੀਤੇ, ਆਪਣਾ ਪੰਧ ਮੁਕਾਈਆ । ਉਹ ਪਰਮ ਪੁਰਖ ਤ੍ਰੈਗੁਣ ਅਤੀਤੇ, ਤ੍ਰੈਭਵਨ ਧਨੀ ਸੋਭਾ ਪਾਈਆ । ਜੋ ਲੇਖਾ ਜਾਣੇ ਸਭ ਦੇ ਕੀਤੇ, ਕਰਨੀ ਕਰਤਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖਿਲਾਏ ਦਇਆ ਕਮਾਏ ਤ੍ਰੈਗੁਣ ਅਤੀਤੇ, ਤ੍ਰੈਭਵਨ ਧਨੀ ਆਪਣਾ ਹੁਕਮ ਜਣਾਈਆ ।

✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਵਜ਼ਰਾਤ ਰੋਡ ਫੁੰਮਣ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਮੈਂ ਖ਼ੁਸ਼ੀ ਵਿਚ ਮਾਰਾਂ ਤਾੜੀ, ਤਾਲੀਆਂ ਦਿਆਂ ਸੁਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਭ ਦੀ ਕਿਸਮਤ ਹੋਈ ਮਾੜੀ, ਮੜ੍ਹੀਆ ਗੋਰਾਂ ਦੇਣ ਦੁਹਾਈਆ । ਲੱਗੀ ਅੱਗ ਬਹੱਤਰ ਨਾੜੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੀ ਫਿਰੀ ਦਰੋਹੀ ਜੰਗਲ ਵਿਚ ਪਹਾੜੀ, ਜੂਹਾਂ ਨੈਣਾਂ ਨੀਰ ਵਹਾਈਆ । ਸਮੁੰਦ ਸਾਗਰ ਰੋਂਦੇ ਖਾੜੀ, ਖ਼ਲਕ ਖ਼ਾਲਕ ਵਾਲੀ ਦਿਤੀ ਰੁਲਾਈਆ । ਲੱਜਿਆ ਰਹਿਣ ਦਿਤੀ ਨਹੀਂ ਕਿਸੇ ਦੀ ਦਾੜ੍ਹੀ, ਦਾੜਾਂ ਹੇਠ ਦਿਤਾ ਚਬਾਈਆ । ਧਰਮ ਮੈਂ ਤੈਨੂੰ ਦਿਤਾ ਪਛਾੜੀ, ਮੂੰਹ ਦੇ ਭਾਰ ਸੁਟਾਈਆ । ਉਹ ਵੇਖ ਧਰਨੀ ਰੋਂਦੀ ਜ਼ਾਰੋ ਜ਼ਾਰੀ, ਛਹਿਬਰ ਨੈਣਾਂ ਵਾਲੀ ਲਾਈਆ । ਉਸ ਦੀ ਚਲੇ ਕੋਇ ਨਾ ਦਾਰੀ, ਦਰਦੀ ਦਰਦ ਨਾ ਕੋਇ ਵੰਡਾਈਆ । ਮੈਂ ਸੂਰਬੀਰ ਬਲਕਾਰੀ, ਬਲਧਾਰੀ ਇਕ ਅਖਵਾਈਆ । ਜਿਸ ਝਗੜਾ ਪਾਇਆ ਨਰ ਨਾਰੀ, ਨਰ ਨਰਾਇਣ ਮਿਲਣ ਕੋਇ ਨਾ ਪਾਈਆ । ਦਹਿ ਦਿਸ਼ਾ ਵੇਖ ਖ਼ੁਆਰੀ, ਖ਼ਾਲਸ ਰੂਪ ਨਾ ਕੋਇ ਸਮਝਾਈਆ । ਕੂੜੀ ਮਮਤਾ ਕਰ ਪਿਆਰੀ, ਨਾਤਾ ਪਰਮ ਪੁਰਖ ਤੁੜਾਈਆ । ਪੰਜ ਵਿਕਾਰਾ ਲੱਗੀ ਯਾਰੀ, ਯਰਾਨਾ ਆਤਮ ਪਰਮਾਤਮ ਨਾ ਕੋਇ ਜੁੜਾਈਆ । ਪ੍ਰੇਸ਼ਾਨ ਕੀਤੇ ਸੰਸਾਰੀ ਭੰਡਾਰੀ ਸੰਘਾਰੀ, ਸੰਸਾਰੀ ਅੱਖ ਨਾ ਕੋਇ ਉਠਾਈਆ । ਜਿਧਰ ਤੱਕੋ ਰੈਣ ਅੰਧਿਆਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਦੁਨੀ ਹੋਈ ਦੁਖਿਆਰੀ, ਦੁੱਖਾਂ ਦੂਰ ਨਾ ਕੋਇ ਕਰਾਈਆ । ਮੇਰੀ ਸਭ ਦੇ ਅਗੇ ਨਿਮਸਕਾਰੀ, ਨਿਵ ਨਿਵ ਸੀਸ ਝੁਕਾਈਆ । ਕਲਜੁਗ ਕਹੇ ਮੈਂ ਯਾਦ ਕਰਾਂ ਦਿਉਹਾੜੀ, ਦਿਵਸ ਰੈਣ ਗੀਤ ਗਾਵਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਮ ਕਹੇ ਕਲਜੁਗ ਕਿਉਂ ਹੋਇਉਂ ਬੇਦਰਦ, ਦੀਨ ਦੁਨੀ ਦੁਖਾਈਆ । ਤਿੱਖੀ ਧਾਰ ਵੇਖ ਲੈ ਸ਼ਰਅ ਕਰਦ, ਛੁਰੀ ਬਣੀ ਰੂਪ ਕਸਾਈਆ । ਪੁੱਠੀ ਸਭ ਦੀ ਹੋਈ ਨਰਦ, ਨਟੀ ਪਈ ਲੋਕਾਈਆ । ਮੈਂ ਪ੍ਰਭੂ ਦੇ ਅਗੇ ਕਰਾਂ ਅਰਜ਼, ਬੇਨੰਤੀ ਇਕ ਸੁਣਾਈਆ । ਆਪਣਾ ਖੇਲ ਤੱਕ ਅਸਚਰਜ, ਕੀ ਲੀਲਾ ਅਚਰਜ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਨਪੜਦ, ਓਢਣ ਸੀਸ ਨਾ ਕੋਇ ਟਿਕਾਈਆ । ਚਾਰ ਵਰਨ ਹੋਇਆ ਹਰਜ, ਬਰਨ ਅਠਾਰਾਂ ਦੇਣ ਦੁਹਾਈਆ । ਤੇਰੀ ਜਨ ਸੰਖਿਆ ਅਰਬਨ ਅਰਬ ਖਰਬ, ਖਰਬਾਂ ਅੰਕੜਿਆਂ ਵਿਚ ਨਜ਼ਰੀ ਆਈਆ । ਤੇਰਾ ਸੰਸਾਰ ਪ੍ਰਭੂ ਭੁੱਲਿਆ ਸਰਬ, ਸਤਿ ਵਿਚ ਸਤਿ ਨਾ ਕੋਇ ਰਖਾਈਆ । ਹਉਮੇ ਹੰਗਤਾ ਬਣੀ ਦਰਬ, ਮਾਇਆ ਮੋਹ ਹਲਕਾਈਆ । ਕਲਜੁਗ ਕੂੜੀ ਕਿਰਿਆ ਦੀ ਵੇਖ ਕਰਬ, ਕਾਇਨਾਤ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਨਿਰਾਲਾ

ਅਨੋਖਾ ਸ਼ਰਕਨ ਗਰਬ, ਗਹਿਰ ਗੰਭੀਰ ਪਰਦਾ ਆਪ ਉਠਾਈਆ । ਸਚ ਬੇਨੰਤੀ ਮਨਜ਼ੂਰ ਕਰ ਅਰਜ਼, ਆਰਜ਼ੂ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੋਧੇ ਮਰਦ, ਮਰਦ ਮਰਦਾਨੇ ਵੇਖ ਵਖਾਈਆ ।

✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਸੰਸਾਰ ਸਿੰਘ ਦੇ ਗ੍ਰਹਿ ✪

ਧਰਮ ਕਹੇ ਕਲਜੁਗ ਤੱਕ ਲੈ ਆਪਣੀ ਨੀਤੀ, ਕਰਮ ਕਾਂਡ ਧਿਆਨ ਲਗਾਈਆ । ਕਰਨੀ ਵੇਖ ਲੈ ਪਿਛੇ ਬੀਤੀ, ਪਿਛੋਕੜ ਧਿਆਨ ਲਗਾਈਆ । ਨਿਗਾਹ ਮਾਰ ਲੈ ਮੰਦਰ ਮਸੀਤੀ, ਜਗਤ ਦਵਾਰੇ ਖੋਜ ਖੁਜਾਈਆ । ਧਾਰ ਸਮਝੇ ਕੋਇ ਨਾ ਨੀਕਨ ਨੀਕੀ, ਨਿਰਵੈਰ ਪੁਰਖ ਮਿਲਣ ਕੋਇ ਨਾ ਪਾਈਆ । ਤੂੰ ਚਾਰੋਂ ਕੁੰਟ ਅੰਧੇਰਾ ਕੀਤਾ ਤਾਰੀਕੀ, ਸਚ ਚੰਦ ਨਾ ਕੋਇ ਰੁਸ਼ਨਾਈਆ । ਤੇਰੀ ਮਿਟਦੀ ਜਾਏ ਕੂੜ ਕੁੜਿਆਰੀ ਲੀਕੀ, ਲਾਈਨ ਰਹਿਣ ਕੋਇ ਨਾ ਪਾਈਆ । ਮੇਰੀ ਉਸ ਦੇ ਉਤੇ ਇਕ ਉਮੀਦੀ, ਜੋ ਮਿਹਰਵਾਨ ਧੁਰਦਰਗਾਹੀਆ । ਜਿਸ ਦੇ ਵਿਚ ਹਕ ਤੌਫ਼ੀਕੀ, ਤਾਕਤਵਰ ਨੂਰ ਅਲਾਹੀਆ । ਜਿਸ ਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਜਾਣੀ ਜੀਤੀ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਮ ਤੂੰ ਨਹੀਂ ਜਾਣਦਾ ਮੇਰੀ ਕਰਨੀ, ਕਰਤਾ ਪੁਰਖ ਦਏ ਵਡਿਆਈਆ । ਮੈਂ ਖੇਲ ਕਰਾਉਣਾ ਉਪਰ ਧਰਨੀ, ਧਰਤ ਧਵਲ ਧੌਲ ਵੇਖ ਵਖਾਈਆ । ਤ੍ਰੈਗੁਣ ਮਾਇਆ ਵਿਚ ਦੀਨ ਦੁਨੀ ਸੜਨੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਾਚੀ ਮੰਜ਼ਲ ਕਿਸੇ ਨਾ ਚੜ੍ਹਨੀ, ਸਾਧ ਸੰਤ ਰੋਵਣ ਮਾਰਨ ਧਾਹੀਆ । ਮੈਂ ਝਗੜਾ ਪਾਉਣਾ ਵਰਨੀ ਬਰਨੀ, ਜ਼ਾਤਾਂ ਪਾਤਾਂ ਦੇਣਾ ਲੜਾਈਆ । ਮੈਂ ਇਕ ਓਟ ਰਖੀ ਪ੍ਰਭੂ ਦੀ ਚਰਨੀ, ਧੂੜੀ ਖ਼ਾਕ ਖ਼ਾਕ ਰਮਾਈਆ । ਜਿਸ ਦੀ ਇਕੋ ਤੁਕ ਪੜ੍ਹਨੀ, ਢੋਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਧਰਮ ਮੈਂ ਆਪਣੀ ਦੱਸਾਂ ਕੀ ਕਹਾਣੀ, ਕਹਾਵਤ ਕੀ ਜਣਾਈਆ । ਮੈਂ ਮਾਣ ਰਹਿਣ ਦਿਤਾ ਨਹੀਂ ਕਿਸੇ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਮੈਂ ਲੇਖਾ ਵੇਖਿਆ ਚਾਰੇ ਖਾਣੀ, ਚਾਰੋਂ ਕੁੰਟ ਖੋਜ ਖੁਜਾਈਆ । ਤਖ਼ਤ ਬਹਾ ਦੇ ਮਾਇਆ ਰਾਣੀ, ਘਰ ਘਰ ਹੁਕਮ ਦਿਤਾ ਸੁਣਾਈਆ । ਪੰਜ ਵਿਕਾਰਾ ਨਾਲ ਸ਼ੈਤਾਨੀ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਵਸਤ ਦੇ ਅਮੋਲਕ ਬੇਈਮਾਨੀ, ਗ੍ਰਹਿ ਗ੍ਰਹਿ ਦਿਤੀ ਟਿਕਾਈਆ । ਸਚ ਦਾ ਰਹੇ ਕੋਇ ਨਾ ਦਾਨੀ, ਦਾਨਿਸ਼ ਮੰਦਾਂ ਬੁੱਧੀ ਦਿਤੀ ਬਦਲਾਈਆ । ਅੰਮ੍ਰਿਤ ਸਰੋਵਰ ਭਰਿਆ ਰਹੇ ਨਾ ਠੰਡਾ ਪਾਣੀ, ਅੱਠ ਸੱਠ ਅਗਨੀ ਤਤ ਤਪਾਈਆ । ਖੇਲ ਤੱਕ ਮੇਰੇ ਸ਼ਹਿਨਸ਼ਾਹ ਸੁਲਤਾਨੀ, ਪੁਰਖ ਅਕਾਲਾ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜਾਤਾ ਬਣ ਨੌਜਵਾਨੀ, ਪੁਰਖ ਬਿਧਾਤਾ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਵੇਖਣਹਾਰਾ ਦੋ ਜਹਾਨੀ, ਨਿਰਗੁਣ ਸਰਗੁਣ ਆਪਣਾ ਖੇਲ ਕਰਾਈਆ ।

## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਜੰਮੂ ਸ਼ਹਿਰ ਰਾਜ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਖੇਲ ਵੇਖ ਕਲਜੁਗ ਕਲ ਦੀ, ਕਲਕਾਤੀ ਕੀ ਆਪਣਾ ਖੇਲ ਖਿਲਾਈਆ । ਚਾਰੋਂ ਕੁੰਟ ਮੇਰੇ ਉਤੇ ਅਗਨੀ ਬਲਦੀ, ਬਲ ਬਾਵਨ ਦੀ ਧਾਰ ਨਾ ਕੋਇ ਸਮਾਈਆ । ਖੇਲ ਤੱਕ ਲੈ ਅੱਠ ਸੱਠ ਜਲ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਹੀਆ । ਵਡਿਆਈ ਰਹੀ ਨਾ ਕਿਸੇ ਕਾਇਆ ਮਾਟੀ ਖੱਲ ਦੀ, ਖ਼ਲਕ ਦੇ ਖ਼ਾਲਕ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਧਾਰ ਤੱਕ ਲੈ ਮਹੀਅਲ ਥਲ ਦੀ, ਅਸਗਾਹਾਂ ਖੋਜ ਖੁਜਾਈਆ । ਜਗਤ ਦ੍ਰਿਸ਼ਟੀ ਵਣਜਾਰੀ ਹੋਈ ਪੰਜ ਵਿਕਾਰੇ ਦਲ ਦੀ, ਦਲਿਦਰੀਆਂ ਡੇਰਾ ਕੋਇ ਨਾ ਢਾਹੀਆ । ਪਦਵੀ ਮਿਲੇ ਕਿਸੇ ਨਾ ਅਟੱਲ ਦੀ, ਸਚ ਦਵਾਰ ਨਾ ਕੋਇ ਸੁਹਾਈਆ । ਕੀ ਖੇਲ ਤੇਰੀ ਅਛਲ ਅਛੱਲ ਦੀ, ਵਲ ਛਲਧਾਰੀ ਦੇ ਦ੍ਰਿੜਾਈਆ । ਕਿਸੇ ਨੂੰ ਸਮਝ ਨਹੀਂ ਘੜੀ ਪਲ ਦੀ, ਪਲਕਾਂ ਦੇ ਪਿਛੇ ਕੀ ਬੈਠਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੱਕ ਲੈ ਅੰਗਿਆਰਾ ਭੱਠ, ਭਠਿਆਲਾ ਕਲਜੁਗ ਨਜ਼ਰੀ ਆਈਆ । ਧੀਰਜ ਰਿਹਾ ਨਾ ਕਿਸੇ ਹੱਠ, ਸਤਿ ਸੰਤੋਖ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਮਮਤਾ ਹੱਟ, ਲੋਭ ਵਣਜਾਰਾ ਡੇਰਾ ਲਾਈਆ । ਮਾਣ ਰਿਹਾ ਕਿਸੇ ਨਾ ਤੱਟ, ਕਿਨਾਰਿਆਂ ਰੰਗ ਨਾ ਕੋਇ ਰੰਗਾਈਆ । ਤੇਰੇ ਚਰਨ ਕਵਲ ਰਹੀ ਢੱਠ, ਨਿਵ ਨਿਵ ਲਾਗਾ ਪਾਈਆ । ਦਰੋਹੀ ਮੇਰੇ ਖ਼ਾਲੀ ਹੱਥ, ਵਸਤ ਧਰਮ ਨਾ ਕੋਇ ਹੱਥ ਫੜਾਈਆ । ਤੂੰ ਸਾਹਿਬ ਪੁਰਖ ਸਮਰਥ, ਕਰਤਾ ਧੁਰਦਰਗਾਹੀਆ । ਮੇਰੇ ਉਤੇ ਖੋਲ ਕੇ ਵੇਖ ਅੱਖ, ਬਿਨ ਅੱਖਾਂ ਅੱਖ ਉਠਾਈਆ । ਚਾਰੋਂ ਕੁੰਟ ਅੰਗਿਆਰ ਰਹੇ ਭਖ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਚਲੇ ਕੂੜ ਕੁੜਿਆਰਾ ਰਥ, ਨਵ ਸੱਤ ਭੱਜੇ ਵਾਹੋ ਦਾਹੀਆ । ਪਵਿਤ੍ਰ ਰਹੀ ਕਿਸੇ ਨਾ ਮਤ, ਬੁਧੀ ਚਲੇ ਨਾ ਕੋਇ ਚਤੁਰਾਈਆ । ਮਾਨਸ ਮਾਨਵ ਉਬਲੇ ਰੱਤ, ਮਾਨੁਖ ਰਹੇ ਕੁਰਲਾਈਆ । ਮੈਂ ਤੇਰੇ ਅਗੇ ਸਥਰ ਬੈਠੀ ਘੱਤ, ਯਾਰੜਾ ਸੇਜ ਹੰਢਾਈਆ । ਮੇਰੇ ਨੇਤਰ ਵਾਹਾਉਂਦੇ ਅੱਥ, ਹੰਝੂਆਂ ਹਾਰ ਬਣਾਈਆ । ਤੇਰੀ ਵਡਿਆਈ ਸਿਫ਼ਤ ਅਕਥ, ਮਹਿੰਮਾ ਕਹਿਣ ਕਿਛ ਨਾ ਜਾਈਆ । ਮੇਰੇ ਸਵਾਮੀ ਆ ਨੱਸ, ਆਪਣਾ ਪੰਧ ਮੁਕਾਈਆ । ਮੈਂ ਕਲਜੁਗ ਚਿੱਕੜ ਵਿਚ ਗਈ ਫਸ, ਫੜ ਬਾਹੋਂ ਬਾਹਰ ਕਢਾਈਆ । ਸਭ ਕੁਝ ਤੇਰੇ ਵਸ, ਅਵਤਾਰ ਪੈਗ਼ੰਬਰ ਗੁਰੂ ਮੈਨੂੰ ਗਏ ਸਮਝਾਈਆ । ਕਲਜੁਗ ਹੋਵੇ ਪ੍ਰਗਟ, ਜੋਤੀ ਜਾਤਾ ਧੁਰ ਦਾ ਮਾਹੀਆ । ਜੋ ਸਭ ਦੀ ਰਖੇ ਪਤ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਮੈਂ ਵਾਸਤਾ ਰਹੀ ਘੱਤ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਸਾਚਾ ਜੋੜ ਇਕੋ ਨਤ, ਨਾਤਾ ਅਵਰ ਨਾ ਕੋਇ ਜਣਾਈਆ ।



## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਿਸ਼ਰੀ ਵਾਲਾ ਕੈਂਪ ਜ਼ਿਲਾ ਜੰਮੂ ਪ੍ਰਤਾਪ ਸਿੰਘ ਦੇ ਗ੍ਰਹਿ ✪

ਧਰਮ ਕਹੇ ਕਲਜੁਗ ਤੇਰਾ ਮੁਕਣਾ ਪੰਧ, ਪਾਂਧੀਆ ਭੱਜਣਾ ਵਾਹੋ ਦਾਹੀਆ । ਨਾਲ ਨਿਸ਼ਾਨਾ ਮਿਟਣਾ ਤਾਰਾ ਚੰਦ, ਸਦੀ ਚੌਧਵੀਂ ਵੇਖ ਵਖਾਈਆ ।

ਜੋ ਹਜ਼ਰਤ ਈਸਾ ਮੂਸਾ ਗਾਇਆ ਛੰਦ, ਢੋਲਾ ਸੋਹਲਾ ਰਸਨਾ ਨਾਲ ਸੁਣਾਈਆ । ਜਿਸ ਨੂੰ ਨਾਨਕ ਧਾਰ ਕਿਹਾ ਬਖ਼ਸ਼ੰਦ, ਜੋਤੀ ਜਾਤਾ ਵਡ ਵਡਿਆਈਆ । ਜਿਸ ਦਾ ਇਸ਼ਾਰਾ ਕੀਤਾ ਗੋਬਿੰਦ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਉਹ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖੇ ਲੰਘ, ਸ੍ਰੀ ਭਗਵਾਨ ਆਪਣਾ ਖੇਲ ਖਿਲਾਈਆ । ਅੰਤ ਅਖ਼ੀਰ ਬੇਨਜ਼ੀਰ ਕੋਲੋਂ ਵਸਤ ਅਗੰਮੀ ਰਿਹਾ ਮੰਗ, ਧਰਮ ਕਹੇ ਧਰਮ ਦਵਾਰੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਨਾਮ ਦੀ ਇਕੋ ਹੋਵੇ ਚੰਡ, ਪ੍ਰਚੰਡ ਚੰਡਾਲਾਂ ਕਰੇ ਸਫ਼ਾਈਆ । ਤੂੰ ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਪਰਵਰਦਿਗਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਮ ਕਹੇ ਕਲਜੁਗ ਖੇਲ ਵੇਖ ਮੇਰੇ ਭਗਵੰਤ, ਕੀ ਕਰਤਾ ਕਾਰ ਕਮਾਈਆ । ਜਿਸ ਦਾ ਲੇਖਾ ਆਦਿ ਅੰਤ, ਜੁਗ ਚੌਕੜੀ ਹੁਕਮੇ ਵਿਚ ਭਵਾਈਆ । ਜਿਸ ਨੂੰ ਝੁਕਦੇ ਕੋਟਨ ਕੋਟ ਸਾਧ ਸੰਤ, ਭਗਤ ਸੁਹੇਲੇ ਲਾਗਣ ਪਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਜਣਾਇਆ ਮੰਤ, ਕਲਮਾ ਕਾਇਨਾਤ ਸੁਣਾਈਆ । ਉਹ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਫੋਲ ਫੁਲਾਈਆ । ਤੇਰਾ ਤੋੜੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣੇ ਪੰਡਤ, ਬੁੱਧੀ ਤੋਂ ਬਾਹਰ ਕਰੇ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਬਣਾਏ ਆਤਮ ਧਾਰ ਸੱਚੀ ਸੰਗਤ, ਤਨ ਵਜੂਦ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਹੋਏ ਸਹਾਈਆ । ਧਰਮ ਕਹੇ ਕਲਜੁਗ ਮੇਰਾ ਮਾਲਕ ਹਕ ਕਰੀਮਾ, ਕੁਦਰਤ ਦਾ ਕਾਦਰ ਇਕ ਅਖਵਾਈਆ । ਜੋ ਤੇਰੇ ਵਿਚ ਦੀਨ ਦੁਨੀ ਕਰੇ ਤਰਮੀਮਾ, ਤਰਫ਼ਦਾਰੀ ਨਜ਼ਰ ਕੋਇ ਨਾ ਆਈਆ । ਉਹ ਗਹਿਰ ਗੰਭੀਰ ਬੇਨਜ਼ੀਰ ਗੁਣੀ ਗਹੀਰ ਗ਼ਨੀਮਾ, ਅਗੰਮ ਅਥਾਹੀਆ । ਜਿਸ ਨੇ ਤੇਰਾ ਲੇਖਾ ਨਿਰਗੁਣ ਧਾਰ ਸਾਰਾ ਚੀਨਾ, ਅਭੁਲ ਭੁਲ ਕਦੇ ਨਾ ਜਾਈਆ । ਕੌਲ ਇਕਰਾਰ ਤੱਕੇ ਮੁਹੰਮਦ ਮੱਕਾ ਮਦੀਨਾ, ਕਾਅਬਿਆਂ ਖੋਜ ਖੁਜਾਈਆ । ਚੌਦਾਂ ਤਬਕ ਜਿਸ ਦੇ ਅਧੀਨਾ, ਚੌਦਾਂ ਲੋਕ ਸੀਸ ਨਿਵਾਈਆ । ਉਹ ਮਾਲਕ ਕੁਦਰਤ ਕਾਦਰ ਕਦੀਮਾ, ਕੁਦਰਤ ਦਾ ਕਰਤਾ ਇਕ ਅਖਵਾਈਆ । ਜਿਸ ਦੀ ਆਤਮ ਪਰਮਾਤਮ ਹੋਣੀ ਤਾਲੀਮਾ, ਵਿਦਿਆ ਇਕੋ ਇਕ ਸਮਝਾਈਆ । ਹਰਿ ਭਗਤ ਸੂਫ਼ੀ ਫ਼ਕੀਰ ਗੁਰਮੁਖ ਬਣਾਉਣਾ ਨਗੀਨਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਕਲਜੁਗ ਮੇਰਾ ਸਾਹਿਬ ਸਵਾਮੀ ਨੂਰਾ, ਨੌਜਵਾਨ ਇਕ ਅਖਵਾਈਆ । ਜੋ ਆਦਿ ਜੁਗਾਦੀ ਜ਼ਾਹਰ ਜ਼ਹੂਰਾ, ਜ਼ਿਹਨ ਵਿਚ ਕਦੇ ਕਿਸੇ ਨਾ ਆਈਆ । ਜਿਸ ਇਸ਼ਾਰਾ ਦਿਤਾ ਮੂਸਾ ਉਤੇ ਕੋਹਤੂਰਾ, ਤੁਰੀਆ ਤੋਂ ਬਾਹਰ ਪੜ੍ਹਾਈਆ । ਹਜ਼ਰਤ ਈਸਾ ਜਿਸ ਦਾ ਰਾਹ ਤੱਕੇ ਨੇੜ ਦੂਰਾ, ਬੀਸ ਬੀਸਾ ਧਿਆਨ ਲਗਾਈਆ । ਓਹ ਮਾਲਕ ਖ਼ਾਲਕ ਸਭ ਦਾ ਲੇਖਾ ਲਹਿਣਾ ਦੇਣਾ ਕਰੇ ਪੂਰਾ, ਪੂਰਬ ਵੇਖ ਵਖਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜਾ, ਟਿੱਕੇ ਖ਼ਾਕ ਰਮਾਈਆ । ਹਰਿਜਨ ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਾ, ਦੇਵੇ ਨਾਮ ਵਡਿਆਈਆ । ਕਲਜੁਗ ਤੇਰਾ ਸਮਾਂ ਰਹਿਣ ਨਾ ਦੇਵੇ ਕੂੜਾ, ਕੂੜ ਕੁਟੰਬ ਦਏ ਮੁਕਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸਤਿਗੁਰ ਸ਼ਬਦ ਸ਼ਬਦ ਗੁਰ ਪੂਰਾ, ਪੂਰਨ ਬ੍ਰਹਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ

ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਮ ਮੈਂ ਸਭ ਕਿਛ ਜਾਣਦਾ, ਜਾਨਣਹਾਰ ਦਿਤੀ ਵਡਿਆਈਆ । ਮੈਂ ਓਸੇ ਦਾ ਰੰਗ ਮਾਣਦਾ, ਜੋ ਮਰਦ ਮਰਦਾਨਾ ਇਕ ਅਖਵਾਈਆ । ਮੈਂ ਪਿਆਰਾ ਓਸੇ ਦੇ ਮਾਨ ਦਾ, ਜੋ ਨਿਤਾਣਿਆਂ ਹੋਏ ਸਹਾਈਆ । ਮੇਰਾ ਲੇਖਾ ਕੋਈ ਨਹੀਂ ਅਣਜਾਣ ਦਾ, ਬੁਧਹੀਣ ਨਾ ਕੋਇ ਅਖਵਾਈਆ । ਤੂੰ ਨਜ਼ਾਰਾ ਤੱਕਣਾ ਮੇਰੇ ਕੂੜ ਦੁਕਾਨ ਦਾ, ਚਾਰੋਂ ਕੁੰਟ ਵੇਖ ਵਖਾਈਆ । ਮੇਰਾ ਨਿਸ਼ਾਨਾ ਅਗੰਮੀ ਬਾਣ ਦਾ, ਤੀਰ ਅਣਿਆਲਾ ਇਕ ਚਲਾਈਆ । ਮੈਂ ਸਭ ਕੁਛ ਪੁਣਦਾ ਛਾਣਦਾ, ਘਰ ਘਰ ਵੇਖ ਵਖਾਈਆ । ਮੈਂ ਲੇਖਾ ਜਾਣਾ ਚਾਰ ਵੇਦ ਅਠਾਰਾਂ ਪੁਰਾਨ ਦਾ, ਸ਼ਾਸਤਰ ਸਿਮਰਤ ਭੁਲ ਰਹੇ ਨਾ ਰਾਈਆ । ਮੈਂ ਸੰਦੇਸਾ ਸੁਣਿਆ ਗੋਪੀਆਂ ਵਾਲੇ ਕਾਹਨ ਦਾ, ਜੋ ਘਨਈਆ ਹੋ ਕੇ ਗਿਆ ਦ੍ਰਿੜਾਈਆ । ਮੈਂ ਈਸਾ ਮੂਸਾ ਮੁਹੰਮਦ ਲਹਿਣਾ ਦੇਣਾ ਜਾਣਦਾ ਅੰਜੀਲ ਕੁਰਾਨ ਦਾ, ਤੁਰੈਤ ਨਾਲ ਮਿਲਾਈਆ । ਮੈਂ ਹੁਕਮ ਸੰਦੇਸਾ ਸੁਣਿਆ ਨੌਜਵਾਨ ਦਾ, ਜੋ ਨਰ ਨਿਰੰਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਕਲਜੁਗ ਕਹੇ ਧਰਮ ਸਭ ਕੁਛ ਮੇਰੇ ਅੰਦਰ, ਅੰਤਸ਼ਕਰਨ ਧਿਆਨ ਲਗਾਈਆ । ਮੈਂ ਤੱਕਿਆ ਦੀਨ ਦੁਨੀ ਦਾ ਮੰਦਰ, ਮਸਜਦਾਂ ਫੋਲ ਫੁਲਾਈਆ । ਮੈਂ ਮਨ ਮਨਸਾ ਭੱਜਦਾ ਵੇਖਿਆ ਮਨੂਆ ਬੰਦਰ, ਦਹਿ ਦਿਸ਼ਾ ਉਠ ਉਠ ਧਾਹੀਆ । ਮੈਂ ਕੂੜ ਕੁੜਿਆਰਾ ਜਗਤ ਦਾ ਬਣਿਆ ਕਲੰਦਰ, ਕਲ ਕਲੇਸ਼ ਨਾਲ ਨਚਾਈਆ । ਪ੍ਰਕਾਸ਼ ਰਹਿਣ ਦੇਣਾ ਨਹੀਂ ਕਿਸੇ ਦਾ ਅੰਧੇਰੀ ਕੰਦਰ, ਨੂਰੀ ਚੰਦ ਨਾ ਕੋਇ ਚਮਕਾਈਆ । ਮੇਰਾ ਤੁੜਾ ਸਕੇ ਕੋਇ ਨਾ ਜੰਦਰ, ਬੰਦੀ ਬੰਧਨ ਜਗਤ ਨਾ ਕੋਇ ਤੁੜਾਈਆ । ਸਚ ਦਵਾਰਾ ਮੂਲ ਨਾ ਲੰਘਣ, ਮੰਜ਼ਲ ਹਕ ਵੇਖਣ ਕੋਇ ਨਾ ਪਾਈਆ । ਮੈਂ ਝਗੜਾ ਪਾਉਣਾ ਵਿਚ ਵਰਭੰਡਣ, ਵਰਭੰਡ ਦਏ ਦੁਹਾਈਆ । ਮੇਰਾ ਮਾਲਕ ਸੂਰਾ ਸਰਬੰਗਣ, ਪਰਮ ਪੁਰਖ ਇਕ ਅਖਵਾਈਆ । ਜਿਸ ਨੂੰ ਡੰਡਾਵਤ ਨਿਮਸਕਾਰ ਸਜਦਿਆਂ ਤੋਂ ਬਾਹਰ ਕਰਾਂ ਬੰਦਨ, ਨਿਵ ਨਿਵ ਲਾਗਾ ਪਾਈਆ । ਮੇਰੇ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਵਡ ਧਨਾਢ ਧਨ ਧਨਣ, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਜਾਣੇ ਸ੍ਰੀ ਭਗਵੰਨਣ, ਭਗਵਨ ਆਪਣੀ ਕਾਰ ਕਮਾਈਆ ।



### ੨੦ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਿਸਰੀ ਵਾਲਾ ਕੈਂਪ ਜ਼ਿਲਾ ਜੰਮੂ ਜੀਵਣ ਸਿੰਘ ਦੇ ਗ੍ਰਿਹ

ਧਰਮ ਕਹੇ ਕਲਜੁਗ ਕੀ ਤੇਰੀ ਅੰਤਰ ਖ਼ਾਹਿਸ਼, ਭੇਵ ਦੇ ਸਮਝਾਈਆ । ਅੰਤਮ ਮਾਟੀ ਵਿਚ ਰੁਲਣੀ ਤੇਰੀ ਲਾਸ਼, ਕੰਮ ਕਿਸੇ ਨਾ ਆਈਆ । ਉਹ ਤੱਕ ਸ਼ੰਕਰ ਅੰਗੜਾਈ ਲਏ ਉਤੇ ਕੈਲਾਸ਼, ਕਲਾ ਆਪਣੀ ਰਿਹਾ ਵਖਾਈਆ । ਅਵਤਾਰ ਪੈਗੰਬਰ ਗੁਰੂਆਂ ਪੂਰੀ ਹੋਣੀ ਆਸ, ਪੇਸ਼ੀਨਗੋਈਆਂ ਦੇਣ ਗਵਾਹੀਆ । ਅੰਤ ਰਹਿਣੀ ਨਹੀਂ ਤੇਰੀ ਮੰਡਲਾਂ ਵਾਲੀ ਰਾਸ, ਕੂੜੀ ਕਿਰਿਆ ਖੇਲ ਨਾ ਕੋਇ ਖਿਲਾਈਆ । ਮਨਸਾ ਮਨ ਨਾ ਰਹੇ ਬਦਮਾਸ਼, ਬਦੀ ਦਾ ਡੇਰਾ ਦੇਣਾ ਢਾਹੀਆ । ਰੂਹ ਬੁਤ ਪਰਮ ਪੁਰਖ ਕਰਨੀ ਪਾਕ, ਪਤਤ ਪੁਨੀਤ ਰਹੀ ਬਣਾਈਆ । ਤਨ ਵਜੂਦ ਕਾਇਆ ਮੰਦਰ ਖੋਲ ਕੇ ਤਾਕ, ਬਜ਼ਰ ਕਪਾਟੀ ਪਰਦਾ ਦਏ ਉਠਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਭਗਤਾਂ ਮੀਤਾ ਮਿਲੇ ਆਪ,

ਆਪ ਆਪਣਾ ਖੇਲ ਖਿਲਾਈਆ । ਜਿਸ ਦਾ ਖੇਲ ਸਦਾ ਬਹੁਭਾਤ, ਨਿਰਗੁਣ ਸਰਗੁਣ ਵੇਸ ਵਟਾਈਆ । ਉਹ ਜੋਤੀ ਜਾਤਾ ਕਲ ਕਲਕੀ ਆਪ, ਕਲ ਕਲਕੀ ਆਪਣਾ ਫੇਰਾ ਪਾਈਆ । ਤੇਰੀ ਕੂੜੀ ਕਿਰਿਆ ਅੰਤ ਕਰੇ ਨਾਸ, ਧਰਨੀ ਧਰਤ ਰਹੇ ਨਾ ਰਾਈਆ । ਸਤਿਜੁਗ ਸਤਿ ਕਰੇ ਪ੍ਰਕਾਸ਼, ਪ੍ਰਕਾਸ਼ਵਾਨ ਵੇਖ ਵਖਾਈਆ । ਜਿਸ ਨੂੰ ਝੁਕਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਮੰਡਲ ਮੰਡਪ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜਗਤ ਜੁਗ ਦਾ ਪੁਰਖ ਅਕਾਲਾ ਆਪ, ਆਪ ਆਪਣੀ ਦਇਆ ਕਮਾਈਆ ।

### ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਿਸ਼ਰੀ ਵਾਲਾ ਕੈਂਪ ਜ਼ਿਲਾ ਜੰਮੂ ਪ੍ਰਕਾਸ਼ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਵੇਖ ਲੈ ਮੇਰੀ ਸ਼ਕਤੀ, ਸ਼ਖ਼ਸੀਅਤ ਦੀਨ ਦੁਨੀ ਬਦਲਾਈਆ । ਸਚ ਪਿਆਰ ਦੀ ਰਹਿਣ ਨਹੀਂ ਦਿਤੀ ਭਗਤੀ, ਭਗਤ ਭਗਵਾਨ ਮਿਲਣ ਕੋਇ ਨਾ ਪਾਈਆ । ਮੰਜ਼ਲ ਚੜ੍ਹੇ ਨਾ ਕੋਇ ਵਿਅਕਤੀ, ਪੈਂਡਾ ਪੰਧ ਨਾ ਕੋਇ ਮੁਕਾਈਆ । ਫਿਰੀ ਦਰੋਹੀ ਉਪਰ ਧਰਤੀ, ਧਰਨੀ ਧਵਲ ਰਹੀ ਕੁਰਲਾਈਆ । ਮਿਲੇ ਮੇਲ ਨਾ ਕਿਸੇ ਪ੍ਰੀਤਮ ਅਰਸ਼ੀ, ਪਰਮ ਪੁਰਖ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਤੱਕ ਅੰਧੇਰਾ ਫ਼ਰਸ਼ੀ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਮੇਰਾ ਰੂਪ ਅਨੂਪ ਵੇਖ ਅਸਚਰਜੀ, ਅਚਰਜ ਲੀਲਾ ਦਿਤੀ ਵਰਤਾਈਆ । ਪਿਤਾ ਪੂਤ ਰਹਿਣ ਦਿਤਾ ਨਹੀਂ ਕੋਈ ਦਰਦੀ, ਨਾਤਾ ਮੁਹੱਬਤ ਵਾਲਾ ਤੁੜਾਈਆ । ਵਡਿਆਈ ਰਹੀ ਨਾ ਕਿਸੇ ਘਰ ਦੀ, ਗ੍ਰਿਹਿ ਗ੍ਰਿਹਿ ਪੰਚ ਵਿਕਾਰ ਲੜਾਈਆ । ਸੁਰਤ ਸ਼ਬਦ ਮੂਲ ਨਾ ਫੜਦੀ, ਸਤਿ ਵਿਚ ਨਾ ਕੋਇ ਸਮਾਈਆ । ਧਾਰ ਮਿਲੇ ਨਾ ਕਿਸੇ ਅੰਮ੍ਰਿਤ ਸਰ ਦੀ, ਦੁਰਮਤ ਮੈਲ ਨਾ ਕੋਇ ਧਵਾਈਆ । ਆਤਮ ਪਰਮਾਤਮ ਢੋਲਾ ਕੋਇ ਨਾ ਪੜ੍ਹਦੀ, ਜਗਤ ਵਿਦਿਆ ਨਾਲ ਹਲਕਾਈਆ । ਖੇਲ ਤੱਕ ਬਹੱਤਰ ਨੜ ਦੀ, ਅਗਨੀ ਤਤ ਤਤ ਜਲਾਈਆ । ਕਾਇਆ ਵੇਖ ਹੰਕਾਰੀ ਗੜ੍ਹ ਦੀ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਕਲਪਣਾ ਵਧਾਈ ਕੂੜੇ ਮਨ ਦੀ, ਮਨਸਾ ਵਿਚ ਹਲਕਾਈਆ । ਕਿਸੇ ਸੁਧ ਨਹੀਂ ਆਉਂਦੀ ਗੋਬਿੰਦ ਚੰਨ ਦੀ, ਜੋ ਚੰਦ ਚਾਂਦਨਾ ਨੂਰ ਅਲਾਹੀਆ । ਕਲਜੁਗ ਕਹੇ ਮੇਰੀ ਕਰਨੀ ਸਭ ਨੂੰ ਡੰਨ ਦੀ, ਬਚਿਆ ਨਜ਼ਰ ਕੋਇ ਨਾ ਆਈਆ । ਮੇਰੀ ਖੇਲ ਪੁਰਖ ਅਕਾਲ ਨਾਲ ਅਗੰਮ ਦੀ, ਅਗੰਮੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਮ ਮੇਰਾ ਖੇਲ ਵੇਖ ਅਵੱਲਾ, ਆਲਮੀਨ ਜਣਾਈਆ । ਮੈਂ ਫਿਰਾਂ ਇਕ ਇਕੱਲਾ, ਨਵ ਸੱਤ ਭੱਜਾਂ ਵਾਹੋ ਦਾਹੀਆ । ਮਾਣ ਗਵਾਇਆ ਤੀਰਥ ਅੱਠ ਸੱਠ ਜਲਾ, ਜਲਧਾਰੀ ਹੋ ਕੇ ਧਿਆਨ ਲਗਾਈਆ । ਫਿਰੀ ਦਰੋਹੀ ਪਹਾੜਾਂ ਥਲਾਂ, ਅਸਗਾਹ ਰਹੇ ਕੁਰਲਾਈਆ । ਮੈਂ ਹਰ ਘਟ ਅੰਦਰ ਰਲਾ, ਘਰ ਘਰ ਅੰਦਰ ਡੇਰਾ ਲਾਈਆ । ਨੌ ਖੰਡ ਪ੍ਰਿਥਮੀ ਮੇਰਾ ਮਹੱਲਾ, ਪੁਰਖ ਅਕਾਲ ਰਿਹਾ ਬਣਾਈਆ । ਦੂਈ ਦਵੈਤੀ ਸਭ ਨੂੰ ਲਾਇਆ ਸੱਲਾ, ਤੀਰ ਅਣਿਆਲਾ ਇਕ ਚਲਾਈਆ । ਕਿਸੇ ਨਜ਼ਰ ਨਾ ਆਏ ਨਿਹਚਲ ਧਾਮ ਅਟੱਲਾ, ਦਰਗਾਹ ਸਾਚੀ ਮਿਲਣ ਕੋਇ ਨਾ ਪਾਈਆ । ਮੇਰਾ ਕੂੜ ਕੁੜਿਆਰਾ ਦੀਪਕ ਬਲਾ, ਚਾਰ ਕੁੰਟ ਕਰੇ ਰੁਸ਼ਨਾਈਆ । ਪ੍ਰਕਾਸ਼

ਰਹਿਣ ਦਿਤਾ ਨਹੀਂ ਕਾਇਆ ਮਾਟੀ ਖੱਲਾ, ਖ਼ਾਲਕ ਖ਼ਲਕ ਦਿਤਾ ਭਵਾਈਆ । ਮੇਰਾ ਮਿਹਰਵਾਨ ਮਹਿਬੂਬ ਇਕੋ ਨੂਰ ਅਲਾਹੀ ਅੱਲਾ, ਆਦਿ ਜੁਗਾਦੀ ਵਡ ਵਡਿਆਈਆ । ਦਿਵਸ ਰੈਣ ਸਦਾ ਦੇਵੇ ਤਸੱਲਾ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਸਣਹਾਰਾ ਜਲਾ ਥਲਾ, ਮਹੀਅਲ ਲੇਖਾ ਦਏ ਚੁਕਾਈਆ ।

### ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਿਸ਼ਰੀ ਵਾਲਾ ਕੈਂਪ ਜ਼ਿਲਾ ਜੰਮੂ ਸਧਰੋ ਦੇਵੀ ਦਮਾਨਾ ਦੇ ਗ੍ਰਿਹ ✪

ਧਰਮ ਕਹੇ ਕਲਜੁਗ ਤੇਰਾ ਬਲ ਬੜਾ ਅਨੋਖਾ, ਸੋਹਣਿਆਂ ਸੋਹਣਾ ਨਜ਼ਰੀ ਆਈਆ । ਆਪਣੇ ਕਰਮ ਦਾ ਫੋਲ ਕੇ ਵੇਖ ਪੋਥਾ, ਬਿਨ ਅੱਖਰਾਂ ਨੈਣ ਉਠਾਈਆ । ਤੇਰਾ ਕਾਰੀਆ ਕਰਮ ਥੋਥਾ, ਜਗਤ ਵੰਡ ਨਾ ਕੋਇ ਵਡਿਆਈਆ । ਚਾਰੋਂ ਕੁੰਟ ਕੂੜ ਦਾ ਹੋਕਾ, ਹੁਕਮ ਪ੍ਰਭ ਦੇ ਨਾਲ ਸੁਣਾਈਆ । ਅੰਤਮ ਸੁਣ ਲੈ ਇਕ ਸਲੋਕਾ, ਸੋਹਲਾ ਤੈਨੂੰ ਦਿਆਂ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਦੀ ਜਗਣੀ ਇਕੋ ਜੋਤਾ, ਜੋਤੀ ਜਾਤਾ ਡਗਮਗਾਈਆ । ਤੇਰਾ ਵਿਚਾਰ ਰਹਿਣਾ ਨਹੀਂ ਖੋਟਾ, ਜਿਸ ਖੋਟਿਉਂ ਖਰੇ ਦੇਣੇ ਬਣਾਈਆ । ਤੇਰਾ ਮਾਣ ਧਰਤੀ ਉਤੇ ਰਹਿਣਾ ਨਹੀਂ ਪੋਟਾ, ਚਾਰੋਂ ਕੁੰਟ ਜੜ ਦੇਣੀ ਉਖੜਾਈਆ । ਬੇਸ਼ਕ ਤੂੰ ਪੁਰਖ ਅਕਾਲ ਦਾ ਸੁਤ ਛੋਟਾ, ਜੁਗ ਚੌਥਾ ਸੋਭਾ ਪਾਈਆ । ਅੰਤਮ ਆਪਣੇ ਹੱਥ ਵਿਚ ਫੜ ਲੈ ਖ਼ਾਲੀ ਲੋਟਾ, ਲੁਟੀਆ ਵਾਸਨਾ ਵਾਲੀ ਨਾਲ ਰਖਾਈਆ । ਤੇਰੀ ਝੋਲੀ ਪੈਣਾ ਤੇਰਾ ਵਿਚਾਰ ਹੋਛਾ, ਹੋਛੀ ਮਤ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਧਰਮ ਕਹੇ ਕਲਜੁਗ ਆਪਣਾ ਬੰਨ੍ਹ ਲੈ ਭਾਰ, ਗਠੜੀ ਕੂੜ ਗੰਢ ਪਵਾਈਆ । ਹੁਕਮ ਸੁਣ ਹਰਿ ਨਿਰੰਕਾਰ, ਨਰ ਨਰਾਇਣ ਰਿਹਾ ਸੁਣਾਈਆ । ਨਾਲ ਰਲਾਉਣੇ ਆਪਣੇ ਯਾਰ, ਪੰਜ ਵਿਕਾਰਾ ਮੇਲ ਮਿਲਾਈਆ । ਮਾਇਆ ਮਮਤਾ ਮੋਹ ਕਰ ਤਿਆਰ, ਤ੍ਰੈਗੁਣ ਮੇਲਾ ਮੇਲਣਾ ਸਹਿਜ ਸੁਭਾਈਆ । ਕੂੜ ਕੁੜਿਆਰਾ ਲਏ ਉਠਾਲ, ਨਵ ਖੰਡ ਧਿਆਨ ਲਗਾਈਆ । ਠੱਗਾਂ ਚੋਰਾਂ ਕਰ ਭਾਲ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਤੂੰ ਬਿਨ ਸਚ ਤੋਂ ਹੋਇਉਂ ਕੰਗਾਲ, ਵਸਤ ਹਕ ਨਜ਼ਰ ਕੋਇ ਨਾ ਆਈਆ । ਤੇਰਾ ਬਣੇ ਨਾ ਕੋਇ ਦਲਾਲ, ਵਿਛੋੜਾ ਰੂਪ ਨਾ ਕੋਇ ਦਰਸਾਈਆ । ਤੇਰੀ ਕੂੜ ਕੁਟੰਬ ਦੀ ਘਾਲ, ਹਰਿ ਵੇਖੇ ਥਾਉਂ ਥਾਈਂਆ । ਸੰਬਲ ਬਹਿ ਕੇ ਸਭ ਦੀ ਕਰੇ ਸੰਭਾਲ, ਸੰਬਲ ਦਾ ਵਾਲੀ ਬੇਪ੍ਰਵਾਹੀਆ । ਜਿਸ ਦੀ ਸਭ ਤੋਂ ਵੱਖਰੀ ਹੋਵੇ ਚਾਲ, ਅਵੱਲੜੀ ਇਕ ਦ੍ਰਿੜਾਈਆ । ਉਹ ਮਧੁ ਸੂਦਨ ਧੁਰ ਗੋਪਾਲ, ਮੋਹਨ ਮਾਧਵ ਨਜ਼ਰੀ ਆਈਆ । ਜਿਸ ਨੇ ਭਗਤ ਸੁਹੇਲੇ ਉਠਾਉਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਸੱਚੀ ਵਡਿਆਈਆ । ਧਰਮ ਕਹੇ ਕਲਜੁਗ ਆਪਣਾ ਵੇਖ ਲੈ ਕੀਤਾ ਕਰਮ, ਕਰਮ ਕਾਂਡ ਦਾ ਧਿਆਨ ਲਗਾਈਆ । ਤੇਰੇ ਥਾਂ ਸਤਿਜੁਗ ਲੈਣਾ ਜਰਮ, ਪੁਰਖ ਅਕਾਲ ਦਏ ਵਡਿਆਈਆ । ਜਿਸ ਤੇਰਾ ਭਾਂਡਾ ਭੰਨਣਾ ਭਰਮ, ਭੈ ਭਉ ਚੁਕਾਈਆ । ਝਗੜਾ ਮੇਟਣਾ ਵਰਨ ਬਰਨ,

ਜ਼ਾਤ ਪਾਤ ਦਾ ਲੇਖ ਮੁਕਾਈਆ । ਜਨ ਭਗਤ ਨੇਤਰ ਖੋਲਣ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਸਚ ਪ੍ਰੀਤੀ ਦੇ ਕੇ ਚਰਨ, ਚਰਨੋਦਕ ਨਾਮ ਵਾਲਾ ਪਿਆਈਆ । ਤੇਰਾ ਤੋੜ ਕੇ ਹੰਕਾਰੀ ਗੜ੍ਹਨ, ਹਉਮੇ ਹੰਗਤਾ ਦਏ ਮਿਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਸਾਰੇ ਪੜ੍ਹਨ, ਚਾਰ ਵਰਨ ਅਠਾਰਾਂ ਬਰਨ ਇਕ ਸਮਝਾਈਆ । ਆਤਮ ਧਾਰ ਮੰਜ਼ਲ ਚੜ੍ਹਨ, ਪੌੜੀ ਡੰਡਾ ਇਕ ਵਖਾਈਆ । ਸ਼ਬਦ ਅਨਾਦੀ ਸੁਣਨ ਕੰਨਣ, ਸਰਵਣਾਂ ਤੋਂ ਬਿਨਾ ਵੱਜੇ ਵਧਾਈਆ । ਘਰ ਘਰ ਦੀਪਕ ਜੋਤੀ ਜਗਣ, ਨੂਰ ਨੁਰਾਨਾ ਨਜ਼ਰੀ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਵੇ ਮਗਨ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਸਚ ਸਵਾਮੀ ਦਾ ਇਕੋ ਹੋਵੇ ਭਜਨ, ਬੰਦਗੀ ਇਕੋ ਇਕ ਸਮਾਈਆ । ਕਲਜੁਗ ਤੇਰਾ ਕੂੜ ਕੁਟੰਬ ਅੰਤਮ ਹੋਇਆ ਨਗਨ, ਓਢਣ ਸੀਸ ਨਾ ਕੋਇ ਰਖਾਈਆ । ਚਾਰੋਂ ਕੁੰਟ ਵਹਿੰਦੀ ਵਹਿਣ ਧਾਰ ਵਗਣ, ਸ਼ੌਹ ਦਰਿਆ ਆਪਣਾ ਬਲ ਪ੍ਰਗਟਾਈਆ । ਸਦੀ ਸਦੀਵੀ ਤੇਰਾ ਮੁਕਣਾ ਪੰਧਨ, ਪਾਂਧੀ ਹੋ ਕੇ ਚਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਪੁਰਖ ਸਮਰਥਣ, ਸਮਰਥ ਪੁਰਖ ਇਕ ਅਖਵਾਈਆ ।

### ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਿਸ਼ਰੀ ਵਾਲਾ ਕੈਂਪ ਜ਼ਿਲਾ ਜੰਮੂ ਸਧਰੋ ਦੇਵੀ ਘਗਰੇਲ ਦੇ ਨਵਿਤ ✪


੬੦੮ ੨੩

ਕਲਜੁਗ ਕਹੇ ਧਰਮ ਮੈਂ ਤੇਰੇ ਕੋਲੋਂ ਮੂਲ ਨਾ ਡਰਦਾ, ਭੈ ਭਉ ਨਾ ਕੋਇ ਰਖਾਈਆ । ਮੈਂ ਮਾਲਕ ਸਾਚੇ ਘਰ ਦਾ, ਜਿਸ ਗ੍ਰਿਹਿ ਵਿਚੋਂ ਮਿਲੀ ਵਡਿਆਈਆ । ਮੈਂ ਸੇਵਾਦਾਰ ਪੁਰਖ ਨਰਾਇਣ ਨਰ ਦਾ, ਜੋ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਲੱਖ ਚੁਰਾਸੀ ਭੰਨਦਾ ਘੜਦਾ, ਵਿਸ਼ਨ ਬ੍ਰਹਮਾ ਸ਼ਿਵ ਦਏ ਬਦਲਾਈਆ । ਜੋ ਅਵਤਾਰ ਪੈਗ਼ੰਬਰ ਗੁਰੂ ਘਲਦਾ, ਹੁਕਮ ਸੰਦੇਸ਼ੇ ਨਾਲ ਸੁਣਾਈਆ । ਮੈਂ ਉਸੇ ਦੇ ਚਰਨਾਂ ਹੇਠਾਂ ਆਪਣਾ ਸੀਸ ਧਰਦਾ, ਨਿਵ ਨਿਵ ਲਾਗਾ ਪਾਈਂਆ । ਧਰਨੀ ਧਰਤ ਧਵਲ ਧੌਲ ਉਤੇ ਹੋ ਕੇ ਬਰਦਾ, ਖ਼ਾਦਮ ਹੋ ਕੇ ਸੇਵ ਕਮਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਗ੍ਰੰਥ ਸ਼ਾਸਤਰ ਅੱਖ ਨਾ ਕਦੇ ਬਦਲਾਈਆ । ਉਸੇ ਦਾ ਹੁਕਮਨਾਮਾ ਫੜਦਾ, ਜੋ ਬਿਨ ਅੱਖਰਾਂ ਦਏ ਫੜਾਈਆ । ਮੈਂ ਫਿਰਾਂ ਲਹਿੰਦਾ ਚੜ੍ਹਦਾ, ਦੱਖਣ ਪਹਾੜ ਵਾਹੋ ਦਾਹੀਆ । ਤੂੰ ਮੇਰਾ ਖੇਲ ਵੇਖਣਾ ਕਲਜੁਗ ਕਲ ਦਾ, ਕਲਕਾਤੀ ਹੋ ਕੇ ਦਿਆਂ ਵਖਾਈਆ । ਮੇਰਾ ਤੀਰ ਚਲਣਾ ਦੂਈ ਦਵੈਤੀ ਜਾਵੇ ਸੱਲ ਦਾ, ਸਲਲ ਮੈਨੂੰ ਦਏ ਵਡਿਆਈਆ । ਪ੍ਰਭੂ ਦਾ ਹੁਕਮ ਸਾਹਿਬ ਦਾ ਭਾਣਾ ਕਲਜੁਗ ਕਹੇ ਮੇਰੇ ਵਿਚ ਕਦੇ ਨਾ ਟਲਦਾ, ਮੇਟਣ ਵਾਲਾ ਨਜ਼ਰ ਕੋਇ ਨਾ ਆਈਆ । ਮੇਰਾ ਲੇਖਾ ਡੂੰਘੀ ਡਲ ਦਾ, ਬਾਹਰ ਨਿਕਲ ਕੋਇ ਨਾ ਪਾਈਆ । ਧਰਮ ਜੀ ਤੈਨੂੰ ਪਤਾ ਨਹੀਂ ਮੇਰੇ ਵਲ ਛਲ ਦਾ, ਅਛਲ ਛਲ ਕੀ ਮੈਥੋਂ ਖੇਲ ਖਿਲਾਈਆ । ਸਚ ਪੁਛੋ ਏਸ ਧਰਨੀ ਉਤੇ ਲਹਿਣਾ ਦੇਣਾ ਰਾਜੇ ਬਲ ਦਾ, ਬਾਵਨ ਬੈਠਾ ਧਿਆਨ ਲਗਾਈਆ । ਜਿਹੜਾ ਰਿਖੀ ਰਕੇਸ਼ਾਂ ਘੱਲਦਾ, ਇਕ ਤਿੰਨ ਅੱਠ ਸੱਤ ਦਾ ਅੰਕ ਮਿਲਾਈਆ । ਉਹ ਮੇਰਾ ਮਾਲਕ ਨਿਹਚਲ ਧਾਮ ਅਟੱਲ ਦਾ, ਸਚਖੰਡ ਬੈਠਾ ਸੋਭਾ ਪਾਈਆ । ਕਿਸੇ ਨੂੰ ਭੇਤ ਨਹੀਂ ਉਸ ਦੇ ਘੜੀ ਪਲ ਦਾ, ਪਲਕਾਂ ਦੇ ਪਿਛੇ ਬਹਿਣ ਵਾਲਾ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, । ਕਲਜੁਗ ਕਹੇ ਧਰਮ ਮੇਰੀ ਖੇਲ

ਹੋਣੀ ਅਣਹੋਣੀ, ਸਚ ਸਚ ਦਿਆਂ ਸੁਣਾਈਆ । ਮੇਰੀ ਧਾਰ ਵਿਚ ਸ੍ਰਿਸ਼ਟੀ ਸਾਰੀ ਰੋਣੀ, ਨੈਣਾਂ ਨੀਰ ਨੀਰ ਵਹਾਈਆ । ਮਾਇਆ ਮਮਤਾ ਸ਼ਰਅ ਛੁਰੀ ਕਰਦ ਨਾਲ ਕੋਹਣੀ, ਸ਼ਰੀਅਤ ਸ਼ਰੀਅਤ ਨਾਲ ਟਕਰਾਈਆ । ਮੇਰੀ ਸੰਮਤ ਨੌ ਵਿਚ ਪਹਿਲੀ ਹੋਣੀ ਬਹੁਣੀ, ਅਗਲਾ ਸਾਲ ਦਏ ਗਵਾਹੀਆ । ਫੇਰ ਨੌ ਖੰਡ ਕਰਨੀ ਰੌਣੀ, ਭੱਜਾਂ ਵਾਹੋ ਦਾਹੀਆ । ਘਰ ਘਰ ਕਲਪਣਾ ਪਾਉਣੀ, ਪਵਣ ਪਾਣੀ ਨਾਲ ਮਿਲਾਈਆ । ਸ਼ਾਹ ਸੁਲਤਾਨ ਧੀਰ ਨਾ ਕਿਸੇ ਧਰਾਉਣੀ, ਅੱਠੇ ਪਹਿਰ ਰੋਵਨ ਮਾਰਨ ਧਾਹੀਆ । ਪਹਿਲੀ ਚੇਤਰ ਖ਼ਬਰ ਸਰਬ ਪਹੁੰਚਾਉਣੀ, ਸਤਿ ਸਤਿ ਸਤਿ ਨਾਲ ਮਿਲਾਈਆ । ਦੀਨ ਦੁਨੀ ਦੀ ਖ਼ਾਕੀ ਖ਼ਾਕ ਉਡਾਉਣੀ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਕਲਜੁਗ ਕਹੇ ਮੈਂ ਆਪਣੀ ਕਲਪਣਾ ਕੌਰਵਾਂ ਪਾਂਡਵਾਂ ਤੋਂ ਵੱਧ ਪਾਉਣੀ, ਅਗੇ ਹੋ ਨਾ ਕੋਇ ਅਟਕਾਈਆ । ਮੇਰੀ ਤਾਕਤ ਧਰਮ ਦੀ ਧਾਰ ਨਾ ਕਿਸੇ ਦਬਾਉਣੀ, ਦਬਦਬੇ ਵਿਚ ਕਦੇ ਨਾ ਆਈਆ ।

✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਮਿਸ਼ਰੀ ਵਾਲਾ ਕੈਂਪ ਜ਼ਿਲਾ ਜੰਮੂ ਈਸ਼ਰ ਸਿੰਘ ਦੜ ਦੇ ਗ੍ਰਿਹ ✪

ਧਰਨੀ ਕਹੇ ਕਲਜੁਗ ਮੇਰੇ ਉਤੇ ਰੋਂਦੀਆਂ ਮੜ੍ਹੀਆਂ ਗੋਰਾਂ, ਦਿਵਸ ਰੈਣ ਰੁਦਨ ਵਿਚ ਕੁਰਲਾਈਆ । ਫਿਰੀ ਦੁਹਾਈ ਠੱਗਾਂ ਚੋਰਾਂ, ਦਰੋਹੀ ਕੂੜ ਕੁੜਿਆਰ ਹਲਕਾਈਆ । ਸਾਚਾ ਨਾਮ ਕਿਸੇ ਕੋਲ ਨਾ ਰਿਹਾ ਭੋਰਾ, ਰਤੀ ਰੱਤ ਰੰਗ ਨਾ ਕੋਇ ਰੰਗਾਈਆ । ਸੱਤਾਂ ਦੀਪਾਂ ਹੋਇਆ ਅੰਧੇਰ ਘੋਰਾ, ਸਤਿ ਰੰਗ ਨਾ ਕੋਇ ਚਮਕਾਈਆ । ਪੰਚ ਵਿਕਾਰੇ ਵਧਿਆ ਜੋਰਾ, ਜੋਰੂ ਜ਼ਰ ਨਾਲ ਮਿਲਾਈਆ । ਆਤਮ ਪਰਮਾਤਮ ਸਭ ਦਾ ਹੋਇਆ ਵਿਛੋੜਾ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਸੁਰਤ ਸ਼ਬਦ ਜੁੜੇ ਕੋਇ ਨਾ ਜੋੜਾ, ਪਾਰਬ੍ਰਹਮ ਬ੍ਰਹਮ ਨਾਲ ਨਾ ਕੋਇ ਮਿਲਾਈਆ । ਧਰਮ ਧਾਰ ਦੀਆਂ ਕੱਟੀਆਂ ਗਈਆਂ ਡੋਰਾਂ, ਟੁੱਟੀ ਗੰਢ ਨਾ ਕੋਇ ਪਵਾਈਆ । ਦੀਨਾਂ ਮਜ਼੍ਹਬਾਂ ਵਧੀਆਂ ਖੋਰਾਂ, ਦਵੈਤੀ ਦੂਈ ਨਾ ਕੋਇ ਮਿਟਾਈਆ । ਏਸ ਵੇਲੇ ਇਕ ਉਸ ਪ੍ਰਭੂ ਦੀ ਲੋੜਾ, ਜੋ ਲੋੜੀਂਦਾ ਸੱਜਣ ਇਕ ਅਖਵਾਈਆ । ਜੋ ਸਤਿਜੁਗ ਸਾਚੇ ਲਾਏ ਮੋੜਾ, ਮੁੜ ਮੇਰੇ ਉਤੇ ਵਸਾਈਆ । ਕਲਜੁਗ ਤੇਰਾ ਵਕਤ ਗਵਾਏ ਥੋੜਾ, ਬਹੁਤਾ ਪੰਧ ਨਾ ਕੋਇ ਵਧਾਈਆ । ਤੈਨੂੰ ਜਵਾਬ ਦੇਵੇ ਇਕ ਨਕੋਰਾ, ਹੁਕਮ ਧੁਰ ਦਾ ਸ਼ਬਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰੇ ਉਤੇ ਰੋਵਣ ਅੱਠ ਸੱਠ, ਜਲ ਧਾਰਾ ਵਹਿਣ ਵਹਾਈਆ । ਸਾਡਾ ਧੀਰਜ ਰਿਹਾ ਨਾ ਹੱਠ, ਸਤਿ ਵਿਚ ਨਾ ਕੋਇ ਸਮਾਈਆ । ਕੂੜ ਕੁੜਿਆਰਾ ਖੇੜਾ ਹੋਇਆ ਭੱਠ, ਕਲਜੁਗ ਅਗਨੀ ਗਿਆ ਡਾਹੀਆ । ਸੁਹੰਜਣਾ ਹੋਏ ਕੋਇ ਨਾ ਹੱਟ, ਵਸਤ ਨਾਮ ਨਾ ਕੋਇ ਵਰਤਾਈਆ । ਚੋਰਾਂ ਠੱਗਾਂ ਹੋਏ ਇਕੱਠ, ਸਾਧੂ ਸਾਧਨਾ ਵਿਚ ਨਜ਼ਰ ਕੋਇ ਨਾ ਆਈਆ । ਮੇਰੇ ਸੀਨੇ ਲੱਗਾ ਫੱਟ, ਪੱਟੀ ਹਕ ਨਾ ਕੋਇ ਬੰਧਾਈਆ । ਧਰਨੀ ਕਹੇ ਮੈਂ ਪੁਰਖ ਅਕਾਲ ਦੇ ਅਗੇ ਜੋੜਾਂ ਹੱਥ, ਬਿਨਾ ਹੱਥਾਂ ਹੱਥ ਮਿਲਾਈਆ । ਕਿਰਪਾ ਕਰ ਪੁਰਖ ਸਮਰਥ, ਤੇਰੀ ਇਕ ਸਰਨਾਈਆ । ਕਲਜੁਗ ਉਲਟੀ ਗੇੜ ਦੇ ਲੱਠ, ਸਤਿਜੁਗ ਸਚ ਦੇ ਬਦਲਾਈਆ । ਬਿਨ ਤੇਰੀ ਕਿਰਪਾ ਤੇਰਾ ਕਰੇ ਕੋਇ ਨਾ ਜਸ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਆਤਮ ਮਿਲੇ ਕਿਸੇ ਨਾ ਰਸ, ਅਨਰਸ ਕੂੜ ਲੋਭ ਹਲਕਾਈਆ । ਸਵਾਮੀ ਸਭ ਦੇ ਹਿਰਦੇ ਵਸ, ਘਟ ਘਟ ਨਜ਼ਰੀ ਆਈਆ । ਸ਼ਬਦ ਅਨਾਦੀ ਸੁਣਾ ਅਨਹਦ, ਅਨਰਾਗੀ ਰਾਗ ਜਣਾਈਆ । ਜੋਤੀ ਜੋਤ ਕਰ

ਪ੍ਰਕਾਸ਼, ਅੰਧ ਅੰਧੇਰ ਮਿਟਾਈਆ । ਕਲਜੁਗ ਕੂੜਾ ਕੁਕਰਮ ਕਰ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਜਨ ਭਗਤ ਬਣਾ ਦਾਸੀ ਦਾਸ, ਗੁਰਮੁਖ ਗੁਰ ਗੁਰ ਰੰਗ ਚੜ੍ਹਾਈਆ । ਤੂੰ ਮਾਲਕ ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਤੇਰੀ ਵੱਜੇ ਵਧਾਈਆ । ਧਰਨੀ ਕਹੇ ਧਰਮ ਦੀ ਮੇਰੇ ਉਤੇ ਪਏ ਰਾਸ, ਸੁਰਤ ਸ਼ਬਦ ਗੋਪੀ ਕਾਹਨ ਨਚਾਈਆ । ਮੇਰੀ ਮਨਸਾ ਪੂਰੀ ਕਰ ਦੇ ਆਸ, ਆਸ਼ਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਕਲਜੁਗ ਆਪਣਾ ਕਾਲਾ ਤੱਕ ਲਬਾਸ, ਚੀਥੜ ਪੁਰਾਣੇ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੀ ਘਨੇਰੀ ਰਾਤ, ਚਾਓ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਜ਼ਾਤ ਪਾਤ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਸਭ ਦਾ ਲੇਖਾ ਵੇਖ ਖਾਤ, ਖਾਤਾ ਆਪਣਾ ਫੋਲ ਫੁਲਾਈਆ । ਸੱਚੀ ਲੁੱਟੀ ਗਈ ਦਾਤ, ਲੁਟੇਰਾ ਬਣ ਕੇ ਤੂੰ ਫਿਰਿਆ ਥਾਉਂ ਥਾਈਂਆ । ਮਾਇਆ ਮੋਹ ਲਗਾਇਆ ਘਾਤ, ਘਾਇਲ ਕੀਤੀ ਲੋਕਾਈਆ । ਕੂੜ ਕੁੜਿਆਰਾ ਜੋੜ ਕੇ ਨਾਤ, ਸੱਜਣ ਸਾਕ ਲਏ ਬਣਾਈਆ । ਮੇਰੀ ਇਕੋ ਆਸ਼ਾ ਦੱਸੀ ਪੁਰਖ ਅਬਿਨਾਸ਼, ਪ੍ਰੇਮ ਨਾਲ ਸੁਣਾਈਆ । ਕਿਰਪਾ ਕਰ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਤੇਰੀ ਸਰਨਾਈਆ । ਕਲਜੁਗ ਰਹੇ ਨਾ ਲੋਕਮਾਤ, ਮੇਰੀ ਭੂਮੀ ਕਰ ਸਫ਼ਾਈਆ । ਸਤਿਜੁਗ ਸਚ ਬਖ਼ਸ਼ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਦੀਨ ਦੁਨੀ ਬਦਲ ਸਮਾਜ, ਸਮਗਰੀ ਸਤਿ ਵਰਤਾਈਆ । ਆਦਿ ਪੁਰਖ ਅਪਰੰਪਰ ਸਵਾਮੀ ਮੇਰੀ ਅੰਤਮ ਪਤ ਰਾਖ, ਰਖਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਕਲਜੁਗ ਕਹੇ ਧਰਨੀ ਕਿਉਂ ਨੈਣ ਵਹਾਵੇ ਨੀਰ, ਅੱਖਾਂ ਛਹਿਬਰ ਲਾਈਆ । ਮੇਰਾ ਮਾਲਕ ਗੁਣੀ ਗਹੀਰ, ਗਹਿਰ ਗਵਰ ਇਕ ਅਖਵਾਈਆ । ਜਿਸ ਦਾ ਰੂਪ ਰੰਗ ਰੇਖ ਬਿਨਾ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਜਿਸ ਨੂੰ ਸਜਦੇ ਕੀਤੇ ਕਬੀਰ, ਕਬਰਾਂ ਤੋਂ ਬਾਹਰ ਸੀਸ ਨਿਵਾਈਆ । ਉਹ ਸ਼ਹਿਨਸ਼ਾਹ ਪੀਰਾਂ ਦਾ ਪੀਰ, ਪਾਰਬ੍ਰਹਮ ਨੂਰ ਅਲਾਹੀਆ । ਜਿਸ ਦੀ ਧਰਨੀ ਤੂੰ ਮਿਲਖ ਜਗੀਰ, ਮਾਲਕ ਇਕੋ ਨਜ਼ਰੀ ਆਈਆ । ਜਿਸ ਦਾ ਸ਼ਬਦ ਗੁਰੂ ਵਜ਼ੀਰ, ਜੁਗ ਜੁਗ ਹੁਕਮ ਸੁਣਾਈਆ । ਓਸ ਨੇ ਮੇਰੀ ਹਸਤੀ ਕੀਤੀ ਤਾਮੀਰ, ਬੇਨਜ਼ੀਰ ਦਿਤੀ ਵਡਿਆਈਆ । ਮੈਂ ਚਾਰੋਂ ਕੁੰਟ ਘੱਤਾਂ ਵਹੀਰ, ਭੱਜਾਂ ਵਾਹੋ ਦਾਹੀਆ । ਧਰਮ ਦਾ ਰਹਿਣ ਦੇਣਾ ਨਹੀਂ ਕੋਇ ਦਾਮਨਗੀਰ, ਪੱਲੂ ਸਭ ਦੇ ਦੇਣੇ ਛੁਡਾਈਆ । ਮੰਜ਼ਲ ਚੜ੍ਹੇ ਨਾ ਕੋਈ ਫ਼ਕੀਰ, ਫ਼ਿਕਰਾ ਹਕ ਨਾ ਕੋਇ ਸੁਣਾਈਆ । ਮੈਂ ਸਭ ਦੀ ਬਦਲ ਦੇਣੀ ਤਕਦੀਰ, ਤਕੱਬਰ ਵਿਚ ਕਰਾਂ ਕੂੜ ਲੋਕਾਈਆ । ਪਵਿਤ੍ਰ ਰਹਿਣੀ (ਨਹੀਂ) ਕਿਸੇ ਦੀ ਜ਼ਮੀਰ, ਜ਼ਿਮੀਂ ਜ਼ਮਾ ਦੇਣ ਦੁਹਾਈਆ । ਕਿਸੇ ਪਵਿਤ੍ਰ ਹੱਥ ਨਾ ਆਵੇ ਨੀਰ, ਜਲ ਥਲ ਸਾਰੇ ਵੇਖ ਵਖਾਈਆ । ਹੁਣ ਕਿਉਂ ਤੈਨੂੰ ਹੋਣ ਲੱਗੀ ਪੀੜ, ਦੁੱਖਾਂ ਭਰੀ ਦਏਂ ਦੁਹਾਈਆ । ਕੁਛ ਯਾਦ ਕਰ ਲੈ ਜਿਸ ਵੇਲੇ ਸਤਿਗੁਰ ਅਰਜਨ ਬੱਧੀ ਬੀੜ, ਅੰਕ ਅੰਕ ਨਾਲ ਮਿਲਾਈਆ । ਲੇਖਾ ਮੁਕਾ ਕੇ ਹਸਤ ਕੀੜ, ਕੀਟ ਕੀਟਾਂ ਵੇਖ ਵਖਾਈਆ । ਓਸ ਸੰਦੇਸ਼ਾ ਦਿਤਾ ਸ਼ਬਦੀ ਧਾਰ ਮਾਰ ਲਕੀਰ, ਲਾਈਨ ਐਨ ਦਿਤੀ ਵਖਾਈਆ । ਕਲਜੁਗ ਤੇਰਾ ਸ਼ਰਅ ਦਾ ਸੰਗਲ ਜ਼ੰਜੀਰ, ਬਿਨਾ ਪੁਰਖ ਅਕਾਲ ਤੋਂ ਸਕੇ ਨਾ ਕੋਇ ਤੁੜਾਈਆ । ਮੇਰਾ ਮਾਲਕ ਖ਼ਾਲਕ ਇਕੋ ਦਸਤਗੀਰ, ਦਸਤ ਹਸਤ ਜਿਸ ਨਾਲ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ਸ਼ਾਹ ਹਕੀਰ, ਹਕੀਰ ਹਕੀਰਾ ਆਪਣਾ ਰੂਪ ਬਦਲਾਈਆ ।

## ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਗੁਰਦਿਤ ਸਿੰਘ ਛੰਭ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਮੈਂ ਬਣਨਾ ਨਹੀਂ ਡਰਪੋਕ, ਸੀਸ ਨਾ ਕਿਸੇ ਝੁਕਾਈਆ । ਮੇਰਾ ਹੋਕਾ ਹਕ ਚੌਦਾਂ ਲੋਕ, ਚੌਦਾਂ ਤਬਕ ਕਰਾਂ ਸ਼ਨਵਾਈਆ । ਹੁਕਮ ਸੰਦੇਸ਼ਾ ਸੁਣਾਵਾਂ ਅਗੰਮ ਸਲੋਕ, ਸੋਹਲਿਆਂ ਬਾਹਰ ਪੜ੍ਹਾਈਆ । ਪਰਮ ਪੁਰਖ ਦਾ ਭਾਣਾ ਸਕੇ ਕੋਇ ਨਾ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਸ੍ਰਿਸ਼ਟੀ ਸਾਰੀ ਜਗਤ ਵਿਕਾਰੇ ਵਿਚ ਦੇਵਾਂ ਝੋਕ, ਹੁਕਮ ਪ੍ਰਭ ਦਾ ਮੰਨਾਂ ਚਾਈਂ ਚਾਈਆ । ਇਕੋ ਮੇਰੀ ਖ਼ੁਸ਼ੀਆਂ ਵਾਲੀ ਮੌਜ, ਮਜਲਸ ਕੂੜ ਕੁਟੰਬ ਰਖਾਈਆ । ਨੌਜਵਾਨ ਮਰਦ ਮਰਦਾਨ ਹੋ ਕੇ ਦੱਸਾਂ ਆਪਣੀ ਪਹੁੰਚ, ਭੇਵ ਅਭੇਵ ਖੁਲਾਈਆ । ਮੈਂ ਦੁਨੀਆ ਵਿਚੋਂ ਐਵੇਂ ਜਾਣਾ ਨਹੀਂ ਔਂਤ, ਆਪਣੇ ਕਰਮ ਦਾ ਨਿਸ਼ਾਨਾ ਜਾਣਾ ਗਡਾਈਆ । ਮੇਰਾ ਖ਼ਸਮ ਖ਼ਸਮਾਨਾ ਨੌਜਵਾਨਾ ਇਕੋ ਖੌਂਤ, ਪਾਰਬ੍ਰਹਮ ਬੇਪ੍ਰਵਾਹੀਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਵਿਚ ਕਰੌਂਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਾਲਕ ਬੇਪਰਵਾਹੀਆ । ਕਲਜੁਗ ਕਹੇ ਧਰਮ ਮੈਂ ਆਪਣੇ ਖੇਲ ਵਿਚ ਨਾ ਡਰਦਾ, ਸਤਿ ਸਚ ਦਿਆਂ ਸਮਝਾਈਆ । ਮੈਂ ਲੇਖਾ ਵੇਖਣਾ ਲਹਿੰਦਾ ਚੜ੍ਹਦਾ, ਦਿਸ਼ਾ ਕੂਟ ਫੋਲ ਫੁਲਾਈਆ । ਜੀਵ ਜੰਤ ਵੇਖਣਾ ਨਾਮ ਕਲਮਾ ਪੜ੍ਹਦਾ, ਅੰਤਸ਼ਕਰਨ ਖੋਜ ਖੁਜਾਈਆ । ਕਵਣ ਪੁਰਖ ਅਕਾਲ ਦਾ ਬਣੇ ਬਰਦਾ, ਕਵਣ ਮੁਰੀਦ ਹੋ ਕੇ ਮੁਰਸ਼ਦ ਅਗੇ ਸੀਸ ਨਿਵਾਈਆ । ਮੈਂ ਲਹਿਣਾ ਦੇਣਾ ਲੇਖਾ ਜਾਣਾ ਪੰਜ ਤਤ ਕਾਇਆ ਧੜ ਦਾ, ਤਨ ਵਜੂਦ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਮੇਰਾ ਸੰਗ ਨਿਭਾਈਆ । ਕਲਜੁਗ ਕਹੇ ਧਰਮ ਮੇਰਾ ਖੇਲ ਵੇਖਣਾ ਅਚੰਭਾ, ਅਨੋਖਾ ਦਿਆਂ ਵਖਾਈਆ । ਜਿਸ ਯਾਦ ਕੀਤਾ ਮੁਹੰਮਦ ਵਿਚ ਯਕ ਛੰਭਾ, ਭੇਵ ਅਭੇਦਾ ਦਿਆਂ ਖੁਲਾਈਆ । ਮੇਰਾ ਲਹਿਣਾ ਦੇਣਾ ਹੋਵੇ ਵਿਚ ਨਵ ਖੰਡਾ, ਖੰਡਾ ਖੜਗ ਖੜਗ ਨਾਲ ਖੜਕਾਈਆ । ਚਾਵਾਂ ਨਾਲ ਫਿਰਾਂ ਵਿਚ ਵਰਭੰਡਾਂ, ਵਰਭੰਡੀ ਧਿਆਨ ਲਗਾਈਆ । ਆਪਣਾ ਅੰਤ ਅਖ਼ੀਰ ਦਾ ਵੇਖਾਂ ਕੰਢਾ, ਤੱਟ ਕਿਨਾਰੇ ਖੋਜ ਖੁਜਾਈਆ । ਮੇਰਾ ਪਿਛਲਾ ਵਕਤ ਸੁਹੰਜਣਾ ਲੰਘਾ, ਆਪਣਾ ਪੰਧ ਮੁਕਾਈਆ । ਮੇਰਾ ਲੇਖਾ ਨਾਲ ਗੋਬਿੰਦ ਧਾਰ ਬਵਿੰਜਾ, ਬਾਵਨ ਅੱਖਰੀ ਦਏ ਗਵਾਹੀਆ । ਮੇਰਾ ਸਫ਼ਰ ਨਹੀਂ ਹੁਣ ਲੰਬਾ, ਲੰਮਾ ਪੈ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਮ ਕਹੇ ਕਲਜੁਗ ਕੀ ਮੈਨੂੰ ਨਿਰਗੁਣ ਧਾਰ ਦੱਸਦਾ, ਸਰਗੁਣ ਕੀ ਸਮਝਾਈਆ । ਹੁਕਮ ਸੁਣ ਅਗੰਮ ਅਲੱਖ ਦਾ, ਅਗੋਚਰ ਕੀ ਦ੍ਰਿੜਾਈਆ । ਤੇਰਾ ਲਹਿਣਾ ਦੇਣਾ ਅੰਤ ਪੂਰਾ ਹੋਣਾ ਭਠਿਆਲੇ ਭੱਠ ਦਾ, ਅਗਨੀ ਅੱਗ ਨਾਲ ਮਿਲਾਈਆ । ਉਹ ਮਾਲਕ ਸਵਾਮੀ ਘਟ ਘਟ ਦਾ, ਹਰਿ ਕਰਤਾ ਧੁਰਦਰਗਾਹੀਆ । ਜਿਹੜਾ ਜੁਗ ਜੁਗ ਸਭ ਦੀਆਂ ਜੜ੍ਹਾਂ ਪੱਟਦਾ, ਪਟਨੇ ਵਾਲਾ ਦਏ ਗਵਾਹੀਆ । ਉਸ ਦਾ ਹੁਕਮ ਸੰਦੇਸਾ ਸਤਿ ਦਾ, ਸਤਿ ਸਤਿਵਾਦੀ ਹੋ ਕੇ ਆਪ ਜਣਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਧਰਮ ਕਹੇ ਕਲਜੁਗ ਕੀ ਤੈਨੂੰ ਹੁਕਮ ਸੰਦੇਸ਼ਾ ਦੱਸਾਂ, ਦਹਿ ਦਿਸ਼ਾ ਧਿਆਨ ਲਗਾਈਆ । ਤੇਰੀ ਰੈਣ ਅੰਧੇਰੀ ਮਿਟਣੀ ਮੱਸਾ, ਅਮਾਵਸ ਆਪਣਾ ਰੂਪ ਬਦਲਾਈਆ । ਪੁਰਖ ਅਕਾਲਾ ਦੀਨ ਦਿਆਲਾ ਲੇਖਾ ਜਾਣੇ ਹੋੜਾ ਉਤੇ ਸੱਸਾ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਹੋ ਕੇ ਫਿਰੇ ਨੱਸਾ, ਏਕੰਕਾਰ ਆਪਣੀ ਕਲ ਵਰਤਾਈਆ । ਆਦਿ ਪੁਰਖ ਨਿਰੰਜਣ ਹੁਕਮ ਦੇਵੇ ਸਮਰਥਾ, ਸ੍ਰੀ ਭਗਵਾਨ ਥਾਉਂ ਥਾਈਂਆ । ਅਬਿਨਾਸ਼ੀ ਕਰਤਾ ਵਹੀਰਾ ਰਿਹਾ ਘੱਤਾ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਸਤਿਗੁਰ ਸ਼ਬਦ ਲੇਖਾ ਰਖੇ ਆਪਣੇ ਹੱਥਾ, ਦੂਸਰ ਹੱਥ ਨਾ ਕੋਇ ਫੜਾਈਆ । ਉਹ ਤੱਕ ਗੋਬਿੰਦ ਜਿਸ ਦੇ ਸਬਰ ਲੱਥਾ, ਉਹ ਯਾਰੜਾ ਨੂਰ ਅਲਾਹੀਆ । ਜਿਸ ਨੇ ਤੇਰੀ ਕੂੜ ਕੁੜਿਆਰੀ ਖ਼ਤਮ ਕਰਾਉਣੀ ਕਥਾ, ਕਥਨੀ ਕਥ ਨਾ ਕੋਇ ਦ੍ਰਿੜਾਈਆ । ਉਹ ਸਤਿਜੁਗ ਚਲਾਏ ਸਾਚੀ ਰਥਾ, ਰਥਵਾਹੀ ਬਣੇ ਧੁਰ ਦਾ ਮਾਹੀਆ । ਜਿਸ ਦੇ ਚਰਨ ਕਵਲ ਸੀਸ ਸਭ ਦਾ ਝੁਕੇ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਸੋ ਸਵਾਮੀ ਅੰਤਰਜਾਮੀ ਵਸਣਹਾਰਾ ਘਟ ਘਟਾ, ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਅਭੇਦਾ ਆਪਣਾ ਜਾਣੇ ਅਲਖਣਾ ਅਲਖਾ, ਲੇਖਾ ਲੇਖ ਲਿਖਤ ਵਿਚ ਨਾ ਕੋਇ ਜਣਾਈਆ ।



### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਪੂਰਨ ਸਿੰਘ ਦੇ ਗ੍ਰਹਿ ✪

੬੧੨
੨੩

ਕਲਜੁਗ ਕਹੇ ਧਰਮ ਮੇਰਾ ਵੇਖ ਲੈ ਇਕੋ ਅੰਕਾ, ਜਗਤ ਅੰਕੜਿਆਂ ਤੋਂ ਬਾਹਰ ਧਿਆਨ ਲਗਾਈਆ । ਖ਼ੁਦੀ ਹੰਕਾਰ ਵਜਾਵਾਂ ਡੰਕਾ, ਨਵ ਸੱਤ ਸ਼ਨਵਾਈਆ । ਧਰਨੀ ਧਰਤ ਧਵਲ ਧੌਲ ਸੁਹਾਵਾਂ ਬੰਕਾ, ਗ੍ਰਹਿ ਇਕੋ ਵੱਜੇ ਵਧਾਈਆ । ਲੇਖਾ ਜਾਣਾ ਰਾਓ ਰੰਕਾ, ਰਾਜ ਰਾਜਾਨਾ ਪਰਦਾ ਲਾਹੀਆ । ਮੇਰੇ ਹੁਕਮ ਫ਼ਰਮਾਨ ਦਾ ਇਕੋ ਤਨਕਾ, ਤਨ ਵਜੂਦ ਦਿਆਂ ਹਿਲਾਈਆ । ਦੀਨ ਦੁਨੀ ਦਾ ਫੇਰ ਕੇ ਮਣਕਾ, ਮਨਸਾ ਕੂੜ ਨਾਲ ਮਿਲਾਈਆ । ਗੁਰਮੁਖ ਰਹੇ ਕੋਇ ਨਾ ਹੰਸਾ, ਕਾਗ ਵਾਂਗ ਸਰਬ ਕੁਰਲਾਈਆ । ਧਰਮ ਦੀ ਧਾਰ ਦਿਸੇ ਕੋਇ ਨਾ ਬੰਸਾ, ਬੰਸਾਵਲੀ ਦਿਆਂ ਬਦਲਾਈਆ । ਚਾਰੋਂ ਕੁੰਟ ਇਕੋ ਮੇਰੀ ਮਨਸਾ, ਮਾਨਸ ਮਾਨੁਖ ਦਿਆਂ ਭੁਲਾਈਆ । ਆਤਮ ਪਰਮਾਤਮ ਮਿਲੇ ਕਿਸੇ ਨਾ ਕੰਤਾ, ਕੰਤ ਕੰਤੂਹਲ ਨਾ ਕੋਇ ਹੰਢਾਈਆ । ਚੋਲੀ ਚੜ੍ਹੇ ਨਾ ਰੰਗ ਬਸੰਤਾ, ਖ਼ੁਸ਼ੀ ਖ਼ੁਸ਼ੀ ਵਿਚ ਨਾ ਕੋਇ ਮਹਿਕਾਈਆ । ਤਨ ਵਜੂਦਾਂ ਅੰਦਰ ਭਰਾਂ ਹਉਮੇ ਹੰਗਤਾ, ਹੰਕਾਰ ਗੜ੍ਹ ਸੁਹਾਈਆ । ਮੇਰਾ ਭੇਵ ਪਾਏ ਕੋਇ ਨਾ ਪੰਡਤਾ, ਬੁਧੀਵਾਨ ਨਾ ਕੋਇ ਚਤੁਰਾਈਆ । ਮੈਂ ਲੇਖਾ ਜਾਣਾ ਪੰਜ ਤਤ ਕਾ, ਤਤਵ ਤਤ ਖੋਜ ਖੁਜਾਈਆ । ਸੰਸਾਰ ਵਣਜਾਰਾ ਕਰਾਂ ਲਹੂ ਮਿਝ ਰਤ ਕਾ, ਨਵ ਸੱਤ ਵੇਖ ਵਖਾਈਆ । ਪਿਆਰ ਰਿਹਾ ਨਾ ਕਿਸੇ ਬ੍ਰਹਮ ਮਤ ਕਾ, ਪਾਰਬ੍ਰਹਮ ਵਿਚ ਨਾ ਕੋਇ ਸਮਾਈਆ । ਨਾਤਾ ਤੋੜਾਂ ਧੀਰਜ ਜਤ ਕਾ, ਸਤਿ ਸੰਤੋਖ ਵਿਚ ਨਾ ਕੋਇ ਸਮਾਈਆ । ਮਾਣ ਰਹਿਣ ਦੇਣਾ ਨਹੀਂ ਤੀਰਥ ਅੱਠ ਸੱਠ ਕਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਜ਼ਰਾ ਖੇਲ ਤਕਣਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕਾ, ਚਰਚਾਂ ਗੁਰੂਦਵਾਰੇ

ਧਿਆਨ ਲਗਾਈਆ । ਕੋਈ ਵਣਜਾਰਾ ਰਹਿਣ ਦੇਣਾ ਨਹੀਂ ਹੱਟ ਕਾ, ਹਟਵਾਣੇ ਬੈਠਣ ਮੁਖ ਛੁਪਾਈਆ । ਓਢਣ ਸੀਸ ਮਿਲੇ ਨਾ ਕਿਸੇ ਪਟਕਾ, ਪਾਟਲ ਹੋਏ ਨਾ ਕੋਇ ਸਹਾਈਆ । ਇਹ ਖੇਲ ਪ੍ਰਭੂ ਦੀ ਓਸ ਮਿਤ ਗਤ ਦਾ, ਜੋ ਜਾਨਣਹਾਰ ਖ਼ਲਕ ਖ਼ੁਦਾਈਆ । ਮੇਰਾ ਇਕੋ ਅੰਗਿਆਰਾ ਚਾਰ ਕੁੰਟ ਤਪਦਾ, ਸ਼ਾਂਤ ਸਕੇ ਨਾ ਕੋਇ ਕਰਾਈਆ । ਮੈਂ ਰਸ ਰਹਿਣ ਦੇਣਾ ਨਹੀਂ ਕਿਸੇ ਜਪ ਦਾ, ਪੂਜਸ ਪਾਹਨ ਨਾ ਕੋਇ ਵਡਿਆਈਆ । ਮੈਂ ਰੂਪ ਬਣਾਉਣਾ ਮਾਇਆ ਸਪਣੀ ਸੱਪ ਦਾ, ਘਰ ਘਰ ਡੰਗੇ ਚਾਈਂ ਚਾਈਂਆ । ਦਿਵਸ ਰੈਣ ਮੈਂ ਵਾਹੋ ਦਾਹੀ ਨੱਠਦਾ, ਭੱਜਾਂ ਥਾਉਂ ਥਾਈਂਆ । ਮੇਰੀ ਪੈਜ ਪੁਰਖ ਅਕਾਲਾ ਰਖਦਾ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਕਹੇ ਧਰਮ ਮੈਂ ਸਚ ਕਹਾਣੀ ਦੱਸਦਾ, ਦਹਿ ਦਿਸ਼ਾ ਕਰਾਂ ਸ਼ਨਵਾਈਆ । ਇਹ ਲੇਖਾ ਨਹੀਂ ਕਿਸੇ ਦੇ ਵਸ ਦਾ, ਵਾਸਤਾ ਪ੍ਰਭ ਦੇ ਨਾਲ ਜੁੜਾਈਆ । ਮੈਂ ਉਸ ਸਮੇਂ ਨੂੰ ਤੱਕਦਾ, ਬਿਨ ਨੈਣਾਂ ਨੈਣ ਉਠਾਈਆ । ਜੋ ਵਕਤ ਸੁਹੰਜਣਾ ਹੋਵੇ ਪੁਰਖ ਸਮਰਥ ਦਾ, ਹਰਿ ਕਰਤਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਧਰਮ ਕਹੇ ਕਲਜੁਗ ਨਾ ਕਰ ਕੂੜ ਦਲੇਰੀ, ਦਿਲਬਰ ਦੋਸਤ ਦਿਆਂ ਜਣਾਈਆ । ਤੂੰ ਕੋਟਨ ਵਾਰ ਆਇਉਂ ਧਰਤੀ ਉਤੇ ਪਾਈ ਆਪਣੀ ਫੇਰੀ, ਫਿਰਤ ਫਿਰਤ ਪੰਧ ਮੁਕਾਈਆ । ਤੇਰੀ ਕਲਾ ਵਰਤਦੀ ਰਹੀ ਘਨੇਰੀ, ਘਨਈਆ ਤੈਨੂੰ ਦੇ ਕੇ ਜਾਏ ਵਡਿਆਈਆ । ਨਵ ਸੱਤ ਕੂੜ ਕੁੜਿਆਰ ਚਲਦੀ ਰਹੀ ਬੇੜੀ, ਨਈਆ ਨੌਕਾ ਜਗਤ ਵਖਾਈਆ । ਕਰਦਾ ਰਿਹੋਂ ਮੇਰੀ ਮੇਰੀ, ਹਉਮੇ ਹੰਗਤਾ ਨਾਲ ਮਿਲਾਈਆ । ਹੁਣ ਸਾਹਿਬ ਸਵਾਮੀ ਅੰਤਰਜਾਮੀ ਤੇਰੀ ਜੜ ਰਿਹਾ ਉਖੇੜੀ, ਉਗਣ ਆਥਣ ਤਾਈਂ ਸਮਝਾਈਆ । ਅੰਤ ਹੋਣਾ ਖ਼ਾਕ ਦੀ ਢੇਰੀ, ਮਾਟੀ ਖ਼ਾਕ ਵਿਚ ਮਿਲ ਜਾਈਆ । ਉਠ ਆਪਣੀ ਤੱਕ ਲੈ ਅੰਤਮ ਵਾਰ ਦੀ ਅੰਧੇਰੀ, ਅੰਧ ਆਤਮ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਆਦਿ ਅੰਤ ਜੁਗਾ ਜੁਗੰਤ ਕਰਨੀ ਦਾ ਕਰਤਾ ਕਰਨਹਾਰਾ ਮਿਹਰੀ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣਾ ਹੁਕਮ ਵਰਤਾਈਆ ।



## ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਸ਼ਾਹਣੀ ਦੇਵੀ ਦੇ ਗ੍ਰਿਹ ✪

ਧਰਮ ਕਹੇ ਕਿਰਪਾ ਕਰੇ ਸ੍ਰੀ ਭਗਵਾਨਾ, ਹਰਿ ਕਰਤਾ ਦਇਆ ਕਮਾਈਆ । ਕਲਜੁਗ ਮੇਟੇ ਕੂੜ ਨਿਸ਼ਾਨਾ, ਚਾਰ ਕੁੰਟ ਨਜ਼ਰ ਨਾ ਆਈਆ । ਹੁਕਮ ਸੰਦੇਸ਼ਾ ਦੇਵੇ ਨੌਜਵਾਨਾ, ਮਰਦ ਮਰਦਾਨਾ ਦਇਆ ਕਮਾਈਆ । ਲੇਖਾ ਜਾਣੇ ਜੀਵ ਜਹਾਨਾ, ਲੱਖ ਚੁਰਾਸੀ ਖੋਜ ਖੁਜਾਈਆ । ਸੰਤ ਸੁਹੇਲੇ ਗੁਰਮੁਖ ਕਰੇ ਪਹਿਚਾਨਾ, ਬੇਪਹਿਚਾਨ ਆਪ ਉਠਾਈਆ । ਧੁਰ ਦਾ ਦੇਵੇ ਨਾਮ ਨਿਧਾਨਾ, ਵਸਤ ਅਮੋਲਕ ਆਪ ਵਰਤਾਈਆ । ਚਰਨ ਪ੍ਰੀਤੀ ਬਖ਼ਸ਼ ਧਿਆਨਾ, ਨੇਤਰ ਲੋਚਨ ਨੈਣ ਬਿਘਸਾਈਆ । ਆਤਮ ਉਪਜਾ ਕੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਇਕ ਗਾਣਾ, ਰਾਗ ਰਾਗਣੀਆਂ ਪੰਧ ਮੁਕਾਈਆ । ਘਰ ਮੰਦਰ ਸੁਹਾ ਮਕਾਨਾ, ਗ੍ਰਿਹ ਮੰਦਰ ਇਕ ਵਡਿਆਈਆ । ਸ਼ਬਦ ਦੇ

ਧੁਰ ਦੀ ਧੁਨਕਾਨਾ, ਅਨਾਦ ਅਨਾਦੀ ਨਾਦ ਵਜਾਈਆ । ਅੰਮ੍ਰਿਤ ਸਾਚੇ ਸਰ ਨੁਹਾਨਾ, ਦੁਰਮਤ ਮੈਲ ਧਵਾਈਆ । ਘਰ ਠਾਕਰ ਸਵਾਮੀ ਮਿਲੇ ਸ਼ਹਿਨਸ਼ਾਹ ਸੁਲਤਾਨਾ, ਸਤਿਗੁਰੂ ਅਗੰਮ ਅਥਾਹੀਆ । ਜੋ ਆਵਣ ਜਾਵਣ ਲੇਖ ਮੁਕਾਏ ਫਾਸੀ ਜਮ ਕਟਾਨਾ, ਕਟਾਕਸ਼ ਆਪਣਾ ਨਾਮ ਲਗਾਈਆ । ਗੁਰਮੁਖ ਹਰਿ ਭਗਤ ਸੁਹੇਲੇ ਘਰ ਸਾਚੇ ਮੇਲ ਮਿਲਾਣਾ, ਅਗੇ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਕਰੇ ਪਰਵਾਨਾ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਈਆ ।

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਇੰਦਰੋ ਦੇਵੀ ਦੇ ਗ੍ਰਹਿ ✪

ਧਰਮ ਕਹੇ ਸਤਿਜੁਗ ਸ਼ਬਦ ਕਰੇ ਮਿਹਰਵਾਨੀ, ਸਿਰ ਭਗਤਾਂ ਹੱਥ ਟਿਕਾਈਆ । ਚਰਨ ਧੂੜ ਕਰਾ ਇਸ਼ਨਾਨੀ, ਦੁਰਮਤ ਮੈਲ ਧਵਾਈਆ । ਧੁਰ ਦਾ ਨਾਮ ਬਖ਼ਸ਼ ਅਨਾਮੀ, ਜਗ ਦੇਵੇ ਮਾਣ ਵਡਿਆਈਆ । ਸ਼ਰਅ ਦੀ ਕੂੜ ਕੱਟ ਗ਼ੁਲਾਮੀ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਆਤਮ ਪਰਮਾਤਮ ਮੇਲ ਮਿਲਾਵਾ ਹੋਵੇ ਸਾਚੇ ਕਾਹਨੀ, ਰਾਮ ਰਾਮਾ ਮਿਲ ਕੇ ਵੱਜੇ ਵਧਾਈਆ । ਸਤਿ ਦਾ ਸਚ ਹੋਵੇ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਹਰਿਜਨ ਸਾਚੇ ਅੰਤਰ ਬਖ਼ਸ਼ ਅਗੰਮ ਧਿਆਨੀ, ਨਿਜ ਲੋਚਨ ਨੈਣ ਖੁਲਾਈਆ । ਝਗੜਾ ਮੇਟ ਜ਼ਿਮੀਂ ਅਸਮਾਨੀ, ਇਸਮ ਇਕ ਸਮਝਾਈਆ । ਗੜ੍ਹ ਤੋੜ ਜਗਤ ਅਭਿਮਾਨੀ, ਹੰ ਬ੍ਰਹਮ ਭੇਵ ਖੁਲਾਈਆ । ਲੇਖੇ ਲਾ ਕੇ ਜੀਵ ਪ੍ਰਾਣੀ, ਪ੍ਰਾਣ ਅਧਾਰੀ ਆਪ ਹੋ ਜਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਝਗੜਾ ਮੇਟ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਈਆ । ਨਿਗਾਹਬਾਨ ਹੋ ਕੇ ਵੇਖਣਹਾਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੰਜ਼ਲ ਦੇਵੇ ਆਪਣੀ ਆਪ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ ।

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਸ਼ੰਕਰ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਮੈਂ ਸਤਿਗੁਰ ਸ਼ਬਦ ਦਾ ਦਾਸੀ ਦਾਸ, ਦਿਵਸ ਰੈਣ ਸੇਵ ਕਮਾਈਆ । ਜਿਸ ਦਾ ਹੁਕਮ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਰਿਹਾ ਸੁਣਾਈਆ । ਜਿਸ ਦੀ ਦੋ ਜਹਾਨ ਮੰਡਲ ਰਾਸ, ਲੱਖ ਚੁਰਾਸੀ ਗੋਪੀ ਕਾਹਨ ਨਚਾਈਆ । ਮੈਂ ਓਸੇ ਦੀ ਰਖੀ ਆਸ, ਆਸ਼ਾਵੰਦ ਇਕ ਹੋ ਜਾਈਆ । ਕਵਣ ਵੇਲਾ ਕਿਰਪਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਦਇਆ ਕਮਾਈਆ । ਮੇਰਾ ਸਗਲਾ ਬਣਾਏ ਸਾਥ, ਸੰਗੀ ਇਕ ਅਖਵਾਈਆ । ਦੀਨ ਦੁਨੀ ਦੀ ਬਦਲ ਦੇਵੇ ਗਾਥ, ਇਕੋ ਹਕ ਕਰੇ ਪੜ੍ਹਾਈਆ । ਜਿਸ ਦੀ ਆਸ਼ਾ ਰਖ ਕੇ ਗਿਆ ਤ੍ਰੈਲੋਕੀ ਨਾਥ, ਤਿੰਨਾਂ

ਲੋਕਾਂ ਤੋਂ ਬਾਹਰ ਧਿਆਨ ਲਗਾਈਆ । ਉਹ ਖੇਲ ਕਰੇ ਹਰਿ ਰਘੁਪਤ ਰਘੁਨਾਥ, ਰਘੁਬੰਸ ਜਿਸ ਦੀ ਆਸ ਰਖਾਈਆ । ਸਚ ਸਵਾਮੀ ਬਣ ਕੇ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਮੇਰੀ ਡੰਡਾਵਤ ਬੰਦਨਾ ਦੋਏ ਕਰ ਜੋੜ ਹਾਥ, ਨਮੋ ਨਮੋ ਆਪਣਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਹੇ ਮੇਰੀ ਪੂਰੀ ਕਰੇ ਆਸ, ਆਸ਼ਾ ਇਕੋ ਇਕ ਰਖਾਈਆ ।

### ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਰਸਾਲ ਸਿੰਘ ਤੇ ਵਿਦਿਆ ਦੇਵੀ ਦੇ ਗ੍ਰਿਹਿ

ਸਤਿਗੁਰ ਸ਼ਬਦ ਕਹੇ ਚਾਰ ਜੁਗ ਮੇਰੀਆਂ ਰੁੱਤਾਂ, ਆਦਿ ਜੁਗਾਦਿ ਵੰਡ ਨਾ ਕੋਇ ਰਖਾਈਆ । ਮੈਂ ਲੇਖਾ ਜਾਣਾ ਕਾਇਆ ਪੰਜ ਤਤ ਬੁਤਾ, ਬੁਤਖ਼ਾਨਿਆਂ ਵੇਖ ਵਖਾਈਆ । ਦਿਵਸ ਰੈਣ ਕਦੇ ਨਾ ਸੁੱਤਾ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਮੇਰਾ ਮਾਲਕ ਅਬਿਨਾਸ਼ੀ ਇਕ ਅਚੁਤਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜਿਸ ਦੀ ਧਾਰ ਵਿਚੋਂ ਉਠਾ, ਜਨਮ ਦੇਣ ਵਾਲੀ ਕੋਇ ਨਾ ਮਾਈਆ । ਦੀਨ ਦਿਆਲ ਹੋ ਕੇ ਤੁਠਾ, ਮਿਹਰ ਨਜ਼ਰ ਉਠਾਈਆ । ਮੇਰਾ ਤਨ ਵਜੂਦ ਨਹੀਂ ਕੋਈ ਜੁੱਸਾ, ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਮੇਰੇ ਅੰਤਰ ਨਹੀਂ ਕੋਈ ਗ਼ੁੱਸਾ, ਗਿਲਾ ਜਗਤ ਨਾ ਕੋਇ ਜਣਾਈਆ । ਮੇਰਾ ਰੂਪ ਅਨੂਪ ਮੂੰਡ ਮੁੰਡਾਏ ਦਾਹੜੀ ਕੇਸ ਨਾ ਕੋਇ ਮੁੱਛਾ, ਨਿਰਗੁਣ ਨਿਰਾਕਾਰ ਦਿਤੀ ਵਡਿਆਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਧੁਰ ਦਾ ਮਾਲਕ ਹੋ ਕੇ ਪੁਛਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਸੁਹਾਏ ਆਪਣੀ ਰੁਤਾ, ਰੁਤੜੀ ਆਪਣੇ ਹੁਕਮ ਨਾਲ ਮਹਿਕਾਈਆ ।

### ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਪ੍ਰਕਾਸ਼ੋ ਦੇਵੀ ਦੇ ਗ੍ਰਿਹਿ

ਧਰਮ ਕਹੇ ਮੇਰਾ ਭਾਗ ਹੋਇਆ ਉਦਾ, ਸਚ ਮਿਲੇ ਮਣ ਵਡਿਆਈਆ । ਸਤਿਗੁਰ ਚਰਨ ਛੁਹਾਇਆ ਉਪਰ ਬਸੁਧਾ, ਧਰਨੀ ਧਰਤ ਧਵਲ ਸੋਭਾ ਪਾਈਆ । ਜਿਸ ਦਾ ਲਹਿਣਾ ਦੇਣਾ ਪੂਰਬ ਜੁਗਾ, ਚੌਕੜੀ ਦੇ ਵਡਿਆਈਆ । ਸੋ ਵਕਤ ਸੁਹੰਜਣਾ ਪੁੱਜਾ, ਥਿਤ ਵਾਰ ਰੰਗ ਰੰਗਾਈਆ । ਜਿਥੇ ਭਾਉ ਚੁਕਾਣਾ ਦੂਜਾ, ਦੁਤੀਆ ਭੈ ਮਿਟਾਈਆ । ਭੇਵ ਖੁਲਾਉਣਾ ਗੁਝਾ, ਅੰਤਰ ਪਰਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਭਾਗ ਮਥਣ, ਮਿਥਿਆ ਦਿਸੇ ਜਗਤ ਲੋਕਾਈਆ । ਕਿਰਪਾ ਕਰੀ ਸ੍ਰੀ ਭਗਵਨ, ਪ੍ਰਭ ਬਖ਼ਸ਼ੀ ਮਾਣ ਵਡਿਆਈਆ । ਮੇਰਾ ਨੂਰ ਦਾ ਚੜ੍ਹਿਆ ਅਗੰਮੀ ਚੰਨ, ਦੋ ਜਹਾਨਾਂ ਕਰੇ ਰੁਸ਼ਨਾਈਆ । ਮੇਰਾ ਮੇਟੇ ਚਿੰਤਾ ਗ਼ਮ, ਦੁਖੀਆਂ ਦੁੱਖ ਮਿਟਾਈਆ । ਮੈਂ ਖ਼ੁਸ਼ੀਆਂ ਵਿਚ ਰੋਵਾਂ ਛੰਮ ਛੰਮ, ਨੈਣਾਂ ਨੀਰ ਛਹਿਬਰ ਲਾਈਆ ।

੬੧੫
੨੩

ਮੇਰਾ ਮਿਲਿਆ ਪੁਰਖ ਪਰਮ, ਪਰਮ ਪੁਰਖ ਮਿਲੀ ਸ਼ਰਨਾਈਆ । ਜਿਸ ਭੇਵ ਖੁਲ੍ਹਾਉਣਾ ਬ੍ਰਹਮ, ਪਾਰਬ੍ਰਹਮ ਦਇਆ ਕਮਾਈਆ । ਝਗੜਾ ਮੇਟਣਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਕੂੜੀ ਕਿਰਿਆ ਕਢ ਕੇ ਭਰਮ, ਭਾਂਡਾ ਭਉ ਭੰਨਾਈਆ । ਤਿਸ ਸਾਹਿਬ ਦੀ ਲਾਗਾਂ ਸਰਨ, ਨਿਵ ਨਿਵ ਸੀਸ ਝੁਕਾਈਆ । ਧੂੜੀ ਰਮਾਵਾਂ ਚਰਨ, ਚਰਨੋਦਕ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਵਾਮੀ ਤਾਰਨ ਤਰਨ, ਤਾਰਨਹਾਰ ਇਕ ਅਖਵਾਈਆ ।

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਤੋਤੀ ਦੇਵੀ ਦੇ ਗ੍ਰਿਹ ✪

ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਪੁਕਾਰਾ, ਮੇਰਾ ਰੋਮ ਰੋਮ ਕਰੇ ਸ਼ਨਵਾਈਆ । ਕਿਰਪਾ ਕਰੇ ਨਰ ਅਵਤਾਰਾ, ਨਰ ਨਰਾਇਣ ਧੁਰਦਰਗਾਹੀਆ । ਜਿਸ ਦਾ ਸਤਿਜੁਗ ਤਰੇਤਾ ਦੁਆਪਰ ਤਕਦੀ ਰਹੀ ਸਹਾਰਾ, ਕਲਜੁਗ ਅੰਤ ਹੋਏ ਸਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਕਲਜੁਗ ਕੂੜਾ ਮੇਟੇ ਅੰਧ ਅੰਧਿਆਰਾ, ਸਚ ਨੂਰ ਦਏ ਚਮਕਾਈਆ । ਮੈਂ ਉਸ ਦੇ ਚਰਨ ਸਰਨ ਕਰਾਂ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਆ । ਜੋ ਜੋਤੀ ਧਾਰ ਆਇਆ ਦੋਬਾਰਾ, ਸਰਗੁਣ ਨਿਰਗੁਣ ਰੂਪ ਬਦਲਾਈਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਉਹ ਭਗਤ ਸੁਹੇਲਾ ਬਣ ਕੇ ਮੀਤ ਪਿਆਰਾ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਦੇਵੇ ਨਾਮ ਸ਼ਬਦ ਖ਼ੁਮਾਰਾ, ਆਤਮ ਪਰਮਾਤਮ ਰੰਗ ਰੰਗਾਈਆ । ਤੂੰ ਮੇਰਾ ਮੈਂ ਦੱਸ ਜੈਕਾਰਾ, ਸੋਹੰ ਕੀਤੀ ਸਚ ਪੜ੍ਹਾਈਆ । ਸਤਿਜੁਗ ਸਚ ਲਾਏ ਦਰਬਾਰਾ, ਧਾਮ ਸੁਹੰਜਣਾ ਇਕ ਸੁਹਾਈਆ । ਧਰਨੀ ਕਹੇ ਮੈਂ ਨਿਮਖ ਨਿਮਖ ਆਪਣਾ ਵਾਰਾ, ਜਿਸ ਵਾਰਤਾ ਪਿਛਲੀ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਸ਼ਬਦ ਗੁਰ ਜ਼ਾਹਿਰਾ, ਜ਼ਾਹਿਰ ਜ਼ਹੂਰ ਆਪਣੀ ਕਲ ਵਰਤਾਈਆ ।

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਬਲਵੰਤ ਕੌਰ ਦੇ ਗ੍ਰਿਹ ✪

ਧਰਨੀ ਕਹੇ ਮੇਰਾ ਰੋਮ ਰੋਮ ਖਿੜਿਆ, ਦੁੱਖ ਦਰਦ ਰਿਹਾ ਨਾ ਰਾਈਆ । ਮੇਰਾ ਉਲਟਾ ਗੇੜਾ ਗਿੜਿਆ, ਚਕਰ ਚਕਰਵਰਤੀਆਂ ਵਾਲੇ ਬਦਲਾਈਆ । ਮੇਰਾ ਸਾਹਿਬ ਸਵਾਮੀ ਮਿਲਿਆ, ਹਰਿ ਕਰਤਾ ਧੁਰਦਰਗਾਹੀਆ । ਨੌ ਖੰਡ ਸੱਤ ਦੀਪ (ਹਿੱਲਿਆ), ਥਿਰ ਨਜ਼ਰ ਕੋਇ ਨਾ ਆਈਆ । ਮੇਰਾ ਪੂਰਾ ਹੋਇਆ ਛਿਲਿਆ, ਕਲਜੁਗ ਛਲੀਆ ਵੇਖ ਵਖਾਈਆ । ਹਕ ਨਾਅਰਾ ਤੱਕਿਆ ਮੁਹੰਮਦ ਇਲਇਲਿਆ, ਰਸੂਲ ਰਸੂਲਾ ਵੇਖ ਵਖਾਈਆ । ਮੇਰਾ ਮਹਿਬੂਬ ਲੇਖਾ ਜਾਣੇ ਬਿਸਮਿਲਿਆ, ਬਿਸਮਿਲ ਵੇਖ ਕੇ ਥਾਉਂ ਥਾਈਆ । ਗੋਬਿੰਦ ਦਾ ਤੱਕਿਆ ਨਿਰਾਲਾ ਚਿੱਲਿਆ, ਕਮਾਨ ਤਰਕਸ਼ਾਂ ਨਾਲ

ਮਿਲਾਈਆ । ਲੇਖਾ ਤੱਕਣਾ ਬੂਰੇ ਕੱਕੇ ਬਿੱਲਿਆ, ਮਸੀਹ ਆਪਣੀ ਲਏ ਅੰਗੜਾਈਆ । ਖ਼ੁਸ਼ੀ ਹੋਏ ਗੋਰਖ ਵਾਲਿਆਂ ਟਿਲਿਆ, ਮਛੰਦਰ ਭੱਜਣ ਵਾਹੋ ਦਾਹੀਆ । ਲੇਖੇ ਲੱਗੀ ਗੋਤਮ ਵਾਲੀ ਸਿਲਿਆ, ਅਹਲਿਆ ਅਹਿਲ ਰੂਪ ਬਦਲਾਈਆ । ਧਰਨੀ ਕਹੇ ਮੇਰੇ ਉਤੇ ਧਰਮ ਧਾਰ ਦਾ ਬੇੜਾ ਠਿਲਿਆ, ਬਿਨ ਸਾਗਰਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੱਖ ਚੁਰਾਸੀ ਜੀਵ ਦਲੀਲ ਵਿਚੋਂ ਦਿਲਿਆ, ਭੇਵ ਅਭੇਦ ਰਹੇ ਨਾ ਰਾਈਆ ।



## ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ਭਾਗ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਂ ਦੱਸਾਂ ਸ਼ਰੇਆਮ, ਸ਼ਰਅ ਸ਼ਰੀਅਤ ਵਾਲਿਆਂ ਦਿਆਂ ਸਮਝਾਈਆ । ਮੇਰਾ ਮਾਲਕ ਖ਼ਾਲਕ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਨੂੰ ਸਜਦੇ ਕਰਨ ਤਮਾਮ, ਕਦਮਾਂ ਵਿਚ ਸੀਸ ਝੁਕਾਈਆ । ਉਹ ਧੁਰ ਸੰਦੇਸ਼ਾ ਦੇਵੇ ਪੈਗ਼ਾਮ, ਪੈਗ਼ੰਬਰਾਂ ਖ਼ਾਹਿਸ਼ ਨਾਲ ਮਿਲਾਈਆ । ਸਦੀ ਚੌਧਵੀਂ ਹੋਣਾ ਖੇਲ ਮਹਾਨ, ਮਹਿੰਮਾ ਕਥ ਕਥ ਦ੍ਰਿੜਾਈਆ । ਜਿਸ ਦੀ ਸ਼ਹਾਦਤ ਦੇਵੇ ਮਜੀਦ ਕੁਰਾਨ, ਕੁਰਹ ਕਾਇਨਾਤ ਵੇਖ ਵਖਾਈਆ । ਉਸ ਤੱਕਣਾ ਸਭ ਦਾ ਈਮਾਨ, ਧਰਮ ਧਾਰ ਦਾ ਪਰਦਾ ਆਪ ਚੁਕਾਈਆ । ਸੂਰਬੀਰ ਬਣ ਨੌਜਵਾਨ, ਨੌਬਤ ਹਕ ਹਕ ਵਜਾਈਆ । ਸ਼ਰਅ ਦੇ ਲੇਖੇ ਜਾਣੇ ਜਾਣੀਜਾਣ, ਜਾਨਣਹਾਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰਾ ਮਾਲਕ ਇਕ ਮਹਿਬੂਬ, ਸਚ ਮੁਹੱਬਤ ਵਿਚ ਸਮਾਈਆ । ਜਿਸ ਦਾ ਆਲੀਸ਼ਾਨ ਅਰੂਜ, ਦਰਗਾਹ ਸਾਚੀ ਮੁਕਾਮੇ ਹਕ ਨੂਰ ਚਮਕਾਈਆ । ਜਿਸ ਦੀ ਮੰਜ਼ਲ ਇਕ ਮਕਸੂਦ, ਸਚ ਦਵਾਰਾ ਨਜ਼ਰੀ ਆਈਆ । ਓਹ ਲੇਖਾ ਜਾਣੇ ਜੀਵ ਜੰਤ ਪੰਜ ਤਤ ਭੂਤ, ਤਨ ਵਜੂਦ ਮਾਟੀ ਖ਼ਾਕ ਫੋਲ ਫੁਲਾਈਆ । ਜਿਸ ਦੇ ਹੁਕਮ ਵਿਚ ਦੀਨ ਦੁਨੀ ਰਹੇ ਮਹਿਫੂਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਨੀ ਕਹੇ ਮੇਰੇ ਮਾਲਕ ਬੇਪ੍ਰਵਾਹ, ਪਰਵਰਦਿਗਾਰ ਵਡ ਵਡਿਆਈਆ । ਜੋ ਵਾਹਿਦ ਇਕ ਖ਼ੁਦਾ, ਅੱਲਾ ਆਲਮੀਨ ਬੇਪ੍ਰਵਾਹੀਆ । ਜਿਸ ਦੇ ਉਤੋਂ ਸਾਰੇ ਹੋਏ ਫ਼ਿਦਾ, ਆਪ ਆਪਣਾ ਭੇਟ ਚੜ੍ਹਾਈਆ । ਉਹ ਲੇਖਾ ਜਾਣੇ ਉਤੇ ਬਸੁਧਾ, ਧਰਨੀ ਧਵਲ ਧੌਲ ਵੇਖ ਵਖਾਈਆ । ਜਿਸ ਦਾ ਭੇਦ ਰਹੇ ਨਾ ਗੁਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਸ ਦੀ ਇਕੋ ਹੋਣੀ ਅਲਲ ਸੁਬਹ, ਸੁਬਹਾਨ ਅੱਲਾ ਕਹਿ ਕੇ ਜਿਸ ਨੂੰ ਸੀਸ ਨਿਵਾਈਆ । ਜਿਸ ਦਾ ਸਮਝੇ ਕੋਇ ਨਾ ਮੁੱਦਾ, ਮੁੱਦਤਾਂ ਦਾ ਮਾਲਕ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਜਾਣੇ ਧਰਨੀ ਧਰਤ ਧਵਲ ਕਹੇ ਮੇਰੇ ਉਤੇ ਕਲਜੁਗ ਕੂੜ ਕਿਰਿਆ ਵੇਖ ਵਖਾਈਆ ।

## ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਨਵਾਲ ਕੈਂਪ ਜ਼ਿਲਾ ਜੰਮੂ ਗਿਆਨ ਚੰਦ, ਖੋਜੂ ਰਾਮ ਦੇ ਗ੍ਰਹਿ ✪



ਸਤਿਗੁਰ ਸ਼ਬਦ ਸਦਾ ਦਿਆਲ, ਦੀਨਾਂ ਬੰਧਪ ਇਕ ਅਖਵਾਈਆ । ਪਰਮ ਪੁਰਖ ਸਦਾ ਕ੍ਰਿਪਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਹਰਿਜਨ ਵੇਖੇ ਆਪਣੇ ਲਾਲ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜੁਗ ਜੁਗ ਲੋਕਮਾਤ ਕਰੇ ਸੰਭਾਲ, ਨਿਰਗੁਣ ਸਰਗੁਣ ਹੋਏ ਸਹਾਈਆ । ਲੱਖ ਚੁਰਾਸੀ ਤੋੜ ਜੰਜਾਲ, ਜਮ ਕੀ ਫਾਸੀ ਦਏ ਕਟਾਈਆ । ਸਚ ਪ੍ਰੀਤ ਨਿਭਾਵੇ ਨਾਲ, ਪ੍ਰੀਆ ਪ੍ਰੀਤਮ ਦਇਆ ਕਮਾਈਆ । ਮਾਨਸ ਜਨਮ ਦੀ ਲੇਖੇ ਲਾਵੇ ਘਾਲ, ਕੀਤੀ ਘਾਲ ਲੇਖੇ ਪਾਈਆ । ਮਿਹਰਵਾਨ ਹੋ ਕੇ ਹਰਿਜਨ ਸਾਚੇ ਲਏ ਸੰਭਾਲ, ਹਰਿ ਹਰਿ ਆਪਣੀ ਗੋਦ ਉਠਾਈਆ । ਸਚਖੰਡ ਦਵਾਰ ਸੁਹਾਏ ਸੱਚੀ ਧਰਮਸਾਲ, ਦਰਗਾਹ ਸਾਚੀ ਦਏ ਵਡਿਆਈਆ । ਤ੍ਰੈਗੁਣ ਨਾਤਾ ਤੋੜ ਜੰਜਾਲ, ਜਾਗਰਤ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੀ ਖ਼ੁਸ਼ੀ ਬਣਾਈਆ । ਸਤਿਗੁਰ ਸ਼ਬਦ ਸਦਾ ਮਿਹਰਵਾਨਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੁਗ ਜੁਗ ਜਨ ਭਗਤਾਂ ਦੇਵੇ ਦਾਨਾ, ਨਾਮ ਨਿਧਾਨਾ ਝੋਲੀ ਪਾਈਆ । ਅੰਮ੍ਰਿਤ ਰਸ ਦੇਵੇ ਪੀਣਾ ਖਾਣਾ, ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਹਰਿਜਨ ਸਦਾ ਸਦਾ ਦੱਸੇ ਮੰਨਣਾ ਭਾਣਾ, ਗੁਰਮੁਖ ਭਾਣੇ ਵਿਚ ਰਹਾਈਆ । ਜਗਤ ਵਿਵਹਾਰ ਆਣਾ ਜਾਣਾ, ਆਤਮ ਤਨ ਵਜੂਦ ਖੇਲ ਖਿਲਾਈਆ । ਜਿਨ੍ਹਾਂ ਉਤੇ ਕਿਰਪਾ ਕਰੇ ਗੁਣ ਨਿਧਾਨਾ, ਸ੍ਰੀ ਭਗਵਾਨ ਦਇਆ ਕਮਾਈਆ । ਉਨ੍ਹਾਂ ਦਾ ਜਨਮ ਕਰੇ ਪ੍ਰਵਾਨਾ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਥਿਰ ਘਰ ਦੇਵੇ ਅਸਥਾਨਾ, ਜਿਥੇ ਗੁਰਮੁਖ ਬੈਠੇ ਚਾਈਂ ਚਾਈਆ । ਉਥੇ ਦੀਪਕ ਜੋਤ ਜਗੇ ਮਹਾਨਾ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਸੁਹੇਲੇ ਮੇਰੇ ਬੰਸ, ਬੰਸਾਵਲੀ ਧਰਮ ਧਾਰ ਜਣਾਈਆ । ਗੁਰਮੁਖ ਲੇਖੇ ਲੱਗਾ ਰਾਜ ਹੰਸ, ਹੰਸਰਾਜ ਹੰਸਮੁਖ ਸੋਭਾ ਪਾਈਆ । ਝਗੜਾ ਮੁਕਿਆ ਵਿਚੋਂ ਜੀਵ ਜੰਤ, ਜਾਗਰਤ ਜੋਤ ਮਿਲੀ ਵਡਿਆਈਆ । ਸਤਿਗੁਰ ਪੂਰਾ ਬਣਾਏ ਬਣਤ, ਘੜਨ ਭੰਨਣਹਾਰ ਅਗੰਮ ਅਥਾਹੀਆ । ਆਤਮ ਮੇਲਾ ਹੋਇਆ ਪਰਮ ਪੁਰਖ ਸਾਚੇ ਕੰਤ, ਜਗਤ ਵਿਛੋੜਾ ਰਿਹਾ ਨਾ ਰਾਈਆ । ਇਕੋ ਰੂਪ ਹੋਏ ਭਗਤ ਭਗਵੰਤ, ਖੋਜੂ ਰਾਮ ਚਿੰਤਾ ਰਹੇ ਨਾ ਰਾਈਆ । ਗਿਆਨ ਚੰਦ ਗਿਆਨ ਦਾ ਇਕੋ ਮੰਤ, ਮੰਤਵ ਸਾਰੇ ਹੱਲ ਕਰਾਈਆ । ਜਿਹੜੀ ਪਦਵੀ ਸਚਖੰਡ ਦਵਾਰ ਮਿਲਦੀ ਪੂਰੇ ਸੰਤ, ਸਹਿਜ ਸੁਭਾਉ ਦਿਤੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਹੰਸਰਾਜ ਕਹੇ ਮੈਂ ਸਤਿਗੁਰ ਧਾਰ ਦਾ ਸਚ ਪਿਆਰਾ, ਆਤਮ ਪਰਮਾਤਮ ਵਿਚ ਸਮਾਈਆ । ਮਿਲਿਆ ਸਚਖੰਡ ਸੱਚਾ ਦਵਾਰਾ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਨਜ਼ਰ ਨਾ ਆਏ ਕੋਇ ਚੰਦ ਸਿਤਾਰਾ, ਮੰਡਲ ਮੰਡਪ ਨਾ ਕੋਇ ਵਡਿਆਈਆ । ਜਿਥੇ ਇਕੋ ਨੂਰ ਜ਼ਹੂਰ ਜ਼ਾਹਰਾ, ਜ਼ਾਹਰ ਜ਼ਹੂਰ ਬੇਪ੍ਰਵਾਹੀਆ । ਜਿਥੇ ਜੋਤੀ ਧਾਰ ਵਸਦੇ ਪੈਗ਼ੰਬਰ ਗੁਰ ਅਵਤਾਰਾ, ਨੂਰ ਨੁਰਾਨੇ ਨਜ਼ਰੀ ਆਈਆ । ਮੇਰਾ ਅਸਥਲ ਸੁਹਾਏ ਉਹ ਚੁਬਾਰਾ, ਜਿਥੇ ਦੀਆ ਬਾਤੀ ਨਾ ਕੋਇ ਸੁਹਾਈਆ । ਮੇਰਾ ਪੁਰਖ ਅਬਿਨਾਸ਼ੀ ਘਟ ਨਿਵਾਸੀ ਧੁਰ ਦਾ ਮਿਲਿਆ ਸਾਜਣ ਮੀਤ ਮੁਰਾਰਾ, ਮੁਰਾਰਾ ਗੋਬਿੰਦ ਮਾਹੀਆ । ਮੇਰਾ ਆਵਣ ਜਾਵਣ ਲੱਖ ਚੁਰਾਸੀ ਲੇਖਾ ਚੁਕਿਆ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਮੇਰੀ

੬੧੮
੨੩

ਦੇਣ ਗਵਾਹੀਆ । ਮੇਰਾ ਪਿਆਰ ਸਤਿਕਾਰ ਸਭ ਦੇ ਨਾਲ ਅਪਾਰਾ, ਅਪਰੰਪਰ ਸਵਾਮੀ ਦਿਤਾ ਬਣਾਈਆ । ਮੈਨੂੰ ਰੋਵੇ ਕੋਇ ਨਾ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਮੇਰਾ ਗ੍ਰਿਹਿ ਘਰ ਮਿਲਿਆ ਉਹ ਘਰ ਬਾਰਾ, ਜਿਸ ਘਰ ਵਿਚੋਂ ਮੇਰੀ ਆਤਮ ਵਿਛੜ ਕੇ ਲੋਕਮਾਤ ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਕਰੇ ਅਪਾਰ ਹੰਸ (ਰਾਜ) ਚੁਰਾਸੀ ਵਿਚ ਨਾ ਆਏ ਦੁਬਾਰਾ, ਪ੍ਰਭ ਦੀ ਜੋਤ ਵਿਚ ਮਿਲ ਕੇ ਜੋਤ ਜੋਤ ਵਿਚ ਸਮਾਈਆ ।

✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਨਵਾਲ ਕੈਂਪ ਜ਼ਿਲਾ ਜੰਮੂ ਗਿਆਨ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਮ ਮੇਰੀ ਵੇਖ ਜਗਤ ਕੁਰਬਾਨੀ, ਆਪਾ ਵਾਰ ਕੇ ਦਿਆਂ ਵਖਾਈਆ । ਚਾਰੋਂ ਕੁੰਟ ਤੇਰੀ ਰਹਿਣ ਨਹੀਂ ਦੇਣੀ ਸਚ ਨਿਸ਼ਾਨੀ, ਨਿਸ਼ਾਨਾ ਨਵ ਸੱਤ ਨਜ਼ਰ ਕੋਇ ਨਾ ਆਈਆ । ਦੀਨ ਦੁਨੀਆ ਅੰਦਰ ਭਰਨੀ ਬੇਈਮਾਨੀ, ਬੇਵਾ ਰੂਪ ਹੋਵੇ ਲੋਕਾਈਆ । ਹੁਕਮ ਦੇਵੇ ਮੈਨੂੰ ਮੇਰਾ ਪਿਤਾ ਅਸਮਾਨੀ, ਹਜ਼ਰਤ ਈਸਾ ਮੇਰੀ ਦਏ ਗਵਾਹੀਆ । ਲੇਖਾ ਜਾਣਾ ਸ਼ਹਿਨਸ਼ਾਹ ਸੁਲਤਾਨੀ, ਵਾਲੀ ਦੋ ਜਹਾਨੀ ਦਇਆ ਕਮਾਈਆ । ਜਿਸ ਦੀ ਧਾਰ ਜ਼ਿਮੀਂ ਅਸਮਾਨੀ, ਲੋਕ ਪ੍ਰਲੋਕ ਵੇਖ ਵਖਾਈਆ । ਜਿਸ ਨੂੰ ਗਾਉਂਦੇ ਅੱਖਰਾਂ ਨਾਲ ਰਸਨ ਜਬਾਨੀ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਉਹ ਸਭ ਦਾ ਹੋਇਆ ਜਾਣ ਜਾਣੀ, ਜਾਨਣਹਾਰ ਵਡ ਵਡਿਆਈਆ । ਮੇਰਾ ਲੇਖਾ ਵੇਖੇ ਮਸਤਕ ਵਿਚ ਪੇਸ਼ਾਨੀ, ਪੇਸ਼ਤਰ ਜਿਸ ਦਾ ਅਵਤਾਰ ਪੈਗ਼ੰਬਰ ਗੁਰੂ ਲੇਖਾ ਗਏ ਦ੍ਰਿੜਾਈਆ । ਮੈਂ ਝਗੜਾ ਪਾਉਣਾ ਜਿਸਮ ਜ਼ਮੀਰ ਜਿਸਮਾਨੀ, ਚਾਰ ਕੁੰਟ ਹੁਕਮ ਵਰਤਾਈਆ । ਸ਼ਰਅ ਛੁਰੀ ਬਣੇ ਕਤਲਾਮੀ, ਕਾਤਲ ਮਕਤੂਲ ਦੀਨ ਮਜ਼੍ਹਬ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰਾ ਜੀਵ ਪ੍ਰਾਣੀ, ਪਰਮ ਪੁਰਖ ਆਪਣਾ ਭੇਵ ਖੁਲਾਈਆ ।

✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਮਨਵਾਲ ਕੈਂਪ ਜ਼ਿਲਾ ਜੰਮੂ ਸ਼ਾਹਣੀ ਦੇਵੀ ਮਾਜਰਾ ਦੇ ਨਵਿਤ ✪

ਧਰਮ ਕਹੇ ਕਲਜੁਗ ਮੈਂ ਤੇਰੀ ਤੱਕਾਂ ਕਾਲਖ, ਜੋ ਘਰ ਘਰ ਟਿੱਕੇ ਦਿਤੇ ਲਗਾਈਆ । ਉਹ ਵੇਖ ਸਤਿਗੁਰ ਸ਼ਬਦ ਤੇਰਾ ਅੰਤਮ ਬਣੇ ਸਾਲਸ, ਸਾਲਸੀ ਸਚ ਵਾਲੀ ਕਮਾਈਆ । ਭਗਤ ਸੁਹੇਲੇ ਚੁਣ ਕਢੇ ਵਿਚੋਂ ਖ਼ਾਲਸ, ਖ਼ਾਲਸ ਆਪਣਾ ਨਾਮ ਸਮਝਾਈਆ । ਤੇਰੀ ਚਲੇ ਕੋਇ ਨਾ ਨਾਲਿਸ਼, ਮਨੂਆ ਮਨ ਨਾ ਕੋਇ ਭੜਕਾਈਆ । ਸਾੜ ਸਕੇ ਨਾ ਤੇਰੀ ਅਗਨੀ ਆਤਸ਼, ਤਤਾਂ ਤਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਮ ਕਹੇ ਕਲਜੁਗ ਮੈਂ ਤੇਰਾ ਵੇਖ ਲਿਆ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਤੂੰ ਜਗਤ ਕਰਨਾ ਚਾਹੁੰਦਾ ਧੂੰਆਂਧਾਰ, ਨਵ ਸੱਤ ਅੰਧੇਰਾ ਛਾਈਆ । ਸਤਿ ਰਹੇ ਨਾ ਵਿਚ ਪਿਆਰ, ਪ੍ਰੀਤੀ ਪ੍ਰੇਮ

ਨਾ ਕੋਇ ਬਣਾਈਆ । ਨੌ ਖੰਡ ਪ੍ਰਿਥਮੀ ਹੋਏ ਵਿਭਚਾਰ, ਕੂੜ ਕਿਰਿਆ ਜਗਤ ਹਲਕਾਈਆ । ਦੀਪਕ ਜੋਤ ਹੋ ਦਿਸੇ ਨਾ ਕੋਇ ਉਜਿਆਰ, ਨੂਰ ਨੁਰਾਨਾ ਨਾ ਕੋਇ ਡਗਮਗਾਈਆ । ਧਰਮ ਕਹੇ ਕਲਜੁਗ ਮੇਰਾ ਸਾਹਿਬ ਬਲੀ ਬਲਕਾਰ, ਬਲਧਾਰੀ ਇਕ ਅਖਵਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਉਹ ਤੇਰਾ ਲਹਿਣਾ ਦੇਣਾ ਵੇਖੇ ਅਗੰਮ ਅਪਾਰ, ਅਲਖ ਅਗੋਚਰ ਆਪਣੀ ਦਇਆ ਕਮਾਈਆ । ਤੇਰੀ ਕਰਨੀ ਦਾ ਕਰਤਬ ਲੇਖਾ ਜਾਣੇ ਆਪ ਨਿਰੰਕਾਰ, ਨਿਰਵੈਰ ਪੁਰਖ ਅਗੰਮ ਅਥਾਹੀਆ । ਤੂੰ ਹੋ ਜਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਿਆਂ ਸੁਣਾਈਆ । ਸਦੀ ਚੌਧਵੀਂ ਅੰਤ ਦਾ ਲੇਖਾ ਲੈ ਵਿਚਾਰ, ਅਲਿਫ਼ ਯੇ ਨਾਲ ਮਿਲਾਈਆ । ਉਹ ਤੱਕ ਹਜ਼ਰਤ ਮੁਹੰਮਦ ਦਾ ਇਕਰਾਰ, ਕਵਣ ਯਾਰੀ ਚਾਰ ਨਾਲ ਨਿਭਾਈਆ । ਜਿਸ ਦੇ ਉਤੇ ਤੇਰਾ ਹੋ ਨਾ ਸਕੇ ਤਕਰਾਰ, ਤਕਰੀਰ ਦੀ ਲੋੜ ਰਹੇ ਨਾ ਰਾਈਆ । ਮੇਰਾ ਮਾਲਕ ਖ਼ਾਲਕ ਖ਼ੁਦ ਮੁਖ਼ਤਿਆਰ, ਮੁਖ਼ਤਿਆਰੀ ਜਗਤ ਨਾ ਕੋਇ ਅਖਵਾਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਹੁਕਮ ਹੁਕਮ ਵਿਚੋਂ ਦ੍ਰਿੜਾਈਆ ।



### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੀੜ ਸਰਦਾਰਾ ਸਿੰਘ ਦੇ ਘਰ ਵੜਦਿਆਂ ਵਿਹੜੇ ਵਿਚ ਹੀ ਜੰਮੂ ਸ਼ਹਿਰ ✪

੬੨੦ ੨੩

ਭਗਤ ਸਿੰਘਾਸਣ ਰਹੇ ਵਿਛਿਆ, ਵਿਸ਼ਵ ਦਾ ਰੂਪ ਇਕ ਦਰਸਾਈਆ । ਪੁਰਖ ਅਕਾਲਾ ਦੀਨ ਦਿਆਲਾ ਪੂਰੀ ਕਰੇ ਇਛਿਆ, ਨਿਰਇਛਤ ਹੋਏ ਆਪ ਸਹਾਈਆ । ਸਤਿ ਸਤਿ ਦੀ ਧਾਰ ਪਾਵੇ ਭਿਛਿਆ, ਝੋਲੀ ਆਤਮ ਆਪ ਭਰਾਈਆ । ਲਹਿਣਾ ਦੇਣਾ ਪੂਰਾ ਕਰੇ ਪੂਰਬ ਲਿਖਿਆ, ਪਾਰਬ੍ਰਹਮ ਪ੍ਰਭ ਬੇਪ੍ਰਵਾਹੀਆ । ਹਰਿਜਨ ਚਰਨ ਪ੍ਰੀਤੀ ਸਾਚੀ ਸਿਖਿਆ, ਨਾ ਕੋਈ ਤੋੜੇ ਤੋੜ ਤੁੜਾਈਆ । ਦੀਨ ਦੁਨੀ ਜਗਤ ਜਹਾਨ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਸਤਿਗੁਰ ਪ੍ਰੇਮ ਰਸ ਸਦਾ ਮਿੱਠਿਆ, ਹਰਿਜਨ ਸਾਚੇ ਆਪ ਚਖਾਈਆ । ਜਿਨ੍ਹਾਂ ਨੂੰ ਧੁਰਦਰਗਾਹੋਂ ਭੇਜੇ ਆਪ ਚਿੱਠੀਆਂ, ਤਿਨ੍ਹਾਂ ਮੇਲਾ ਸਹਿਜ ਸੁਭਾਈਆ । ਉਹ ਆਤਮਾ ਪਰਮਾਤਮਾ ਦੀ ਸੇਜਾ ਲਿਟੀਆਂ, ਸੁਖ ਆਸਣ ਸੋਭਾ ਪਾਈਆ । ਜਿਹੜੀਆਂ ਇਕੋ ਦਵਾਰੇ ਵਿਕੀਆਂ, ਕੀਮਤ ਅਵਰ ਨਾ ਕੋਇ ਜਣਾਈਆ । ਉਹ ਲੇਖੇ ਲਗਣੀਆਂ ਵਡੀਆਂ ਨਿੱਕੀਆਂ, ਬਿਰਧ ਬਾਲ ਨਾ ਕੋਇ ਰਖਾਈਆ । ਉਨ੍ਹਾਂ ਦੀਆਂ ਸੁਹਾਵਣ ਸਦਾ ਮਿਤੀਆਂ ਜਿਨ੍ਹਾਂ ਨੂੰ (ਮਿਲਿਆ) ਮਿਤਰ ਪਿਆਰਾ ਮਾਹੀਆ । ਜਿਸ ਦੀ ਯਾਦ ਵਿਚ ਜੁਗ ਚੌਕੜੀ ਬੀਤੀਆਂ ਕੇਤੀਆਂ, ਕੇਤੇ ਜੁਗ ਗਏ ਵਿਹਾਈਆ । ਉਹ ਜਨ ਭਗਤਾਂ ਕਾਇਆ ਕਰੇ ਠਾਂਡੀ ਸੀਤੀਆਂ, ਅਗਨੀ ਤਤ ਤਤ ਬੁਝਾਈਆ । ਜਿਸ ਨੇ ਅਗਲੀਆਂ ਕਰਨੀਆਂ ਆਪ ਉਲੀਕੀਆਂ, ਮਾਰਗ ਆਪ ਦਰਸਾਈਆ । ਉਹ ਸਤਿਗੁਰ ਸ਼ਬਦ ਕਰੇ ਤਸਦੀਕੀਆਂ, ਦੂਜਾ ਅਵਰ ਨਾ ਕੋਇ ਜਣਾਈਆ । ਸਚ ਸਿੰਘਾਸਣ ਕਹੇ ਮੇਰੀ ਆਸ਼ਾ ਮਨਸਾ ਵਾਲੀਆਂ ਪ੍ਰੀਤੀਆਂ, ਚਰਨ ਛੋਹ ਨਾਲ ਵਡਿਆਈਆ । ਮੈਂ ਨੌਂ ਸੌ ਚੁਰਾਨਮੇਂ ਚੌਕੜੀ ਜੁਗ ਗਿਣਦਾ ਰਿਹਾ ਗੀਟੀਆਂ, ਬਿਨ ਹਿੰਦਸਿਆਂ ਅੰਕੜਿਆਂ ਅੰਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਿੰਘਾਸਣ

ਕਹੇ ਮੇਰਾ ਧਰਤ ਵਿਛਾਉਣਾ, ਵਿਸ਼ਿਆਂ ਤੋਂ ਬਾਹਰ ਨਜ਼ਰੀ ਆਈਆ । ਜਿਥੇ ਸਤਿਗੁਰ ਸ਼ਬਦ ਬਹਾਉਣਾ, ਸਚ ਦਵਾਰਾ ਸੋਭਾ ਪਾਈਆ । ਜੋ ਆਤਮ ਧਾਰ ਪਰਮਾਤਮ ਬਣ ਪਰਾਹੁਣਾ, ਨਿਰਗੁਣ ਆਵੇ ਚਾਈਂ ਚਾਈਆ । ਜਿਸ ਦਾ ਢੋਲਾ ਤੂੰ ਮੇਰਾ ਮੈਂ ਤੇਰਾ ਗਾਉਣਾ, ਸੋਹੰ ਸ਼ਬਦ ਸਹਿਜ ਸੁਖਦਾਈਆ । ਉਸ ਨੇ ਭਗਤ ਸੰਤ ਗੁਰਮੁਖ ਸੁਹੇਲੇ ਲੇਖੇ ਲਾਉਣਾ, ਪੂਰਬ ਲੇਖਾ ਦਏ ਚੁਕਾਈਆ । ਚਰਨ ਕਵਲ ਸਚ ਸਰਨਾਈ ਆਪ ਟਿਕਾਉਣਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਅੰਦਰੋਂ ਬੁਰਜ ਹੰਕਾਰੀ ਢਾਹੁਣਾ, ਨਿਵਣ ਸੁ ਅੱਖਰ ਦਏ ਪੜ੍ਹਾਈਆ । ਹਰਿ ਸੰਗਤ ਸਾਚਾ ਮੇਲ ਮਿਲਾਉਣਾ, ਮਿਲ ਮਿਲ ਆਪਣੀ ਖ਼ੁਸ਼ੀ ਬਣਾਈਆ । ਘੜੀ ਸੁਹੰਜਣੀ ਵਕਤ ਸੁਹਾਉਣਾ, ਸੋਹਣੀ ਮਿਲੇ ਵਡਿਆਈਆ । ਘਰ ਅਬਿਨਾਸ਼ੀ ਠਾਕਰ ਪਾਉਣਾ, ਬਾਹਰੋਂ ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਸ ਅਨਹਦ ਨਾਦੀ ਸ਼ਬਦ ਵਜਾਉਣਾ, ਧੁਨੀ ਨਾਦ ਨਾਦ ਸ਼ਨਵਾਈਆ । ਗ੍ਰਿਹਿ ਅੰਮ੍ਰਿਤ ਜਸ ਜਾਮ ਪਿਆਉਣਾ, ਤ੍ਰਿਸ਼ਨਾ ਤ੍ਰਿਖਾ ਕੂੜ ਮਿਟਾਈਆ । ਦੀਪਕ ਜੋਤੀ ਜੋਤ ਜਗਾਉਣਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਸਚਖੰਡ ਦਵਾਰ ਇਕੋ ਧਾਮ ਸੁਹਾਉਣਾ, ਸੋਹਣਾ ਰੰਗ ਰੰਗਾਈਆ । ਸੋ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਦਰ ਆਪਣਾ ਖੇਲ ਖਿਲਾਉਣਾ, ਖ਼ਾਲਕ ਖ਼ਲਕ ਵਿਚ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਸਦ ਆਪਣੇ ਰੰਗ ਰੰਗਾਉਣਾ, ਜਿਸ ਦੀ ਰੰਗਤ ਉਤਰ ਕਦੇ ਨਾ ਜਾਈਆ ।



੬੨੧
੨੩

### ✪ ੨੨ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੀੜ ਜ਼ਿਲਾ ਜੰਮੂ ਸਰਦਾਰਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰਾ ਹੋਇਆ ਵਕਤ ਸੁਹੰਜਣਾ, ਸੋਭਾਵੰਤ ਪ੍ਰਭ ਦਿਤੀ ਵਡਿਆਈਆ । ਕਿਰਪਾ ਕਰੇ ਦੀਨ ਦਿਆਲ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਅਗੰਮ ਅਥਾਹੀਆ । ਜਿਸ ਦੀ ਧੂੜੀ ਮਿਲਿਆ ਸਾਚਾ ਚੰਦਨਾ, ਦੁਰਮਤ ਮੈਲ ਦਏ ਧਵਾਈਆ । ਨੇਤਰ ਪਾ ਕੇ ਨਾਮ ਨਿਧਾਨਾ ਅੰਜਣਾ, ਲੋਚਨ ਨੈਣ ਕਰੇ ਰੁਸ਼ਨਾਈਆ । ਜਨ ਭਗਤਾਂ ਘਰ ਮਿਲਿਆ ਅਗੰਮੀ ਸੱਜਣਾ, ਸਾਜਣ ਮੀਤ ਇਕ ਅਖਵਾਈਆ । ਜੋ ਕਾਇਆ ਮਾਟੀ ਚੋਲੀ ਚਾੜ੍ਹੇ ਰੰਗਣਾ, ਰੰਗਤ ਆਪਣੀ ਆਪ ਰਖਾਈਆ । ਮੇਰੀ ਉਸ ਪ੍ਰਭੂ ਨੂੰ ਡੰਡਾਵਤ ਬੰਦਨਾ, ਸਜਦਿਆਂ ਵਿਚ ਸੀਸ ਨਿਵਾਈਆ । ਜਿਸ ਖੇਲ ਖਿਲਾਇਆ ਤਟ ਕਿਨਾਰੇ ਜਮਨਾ, ਗੋਦਾਵਰੀ ਅੰਤ ਜਿਸ ਦੀ ਦਏ ਗਵਾਹੀਆ । ਉਸ ਦਾ ਗੁਲਸ਼ਨ ਮਹਿਕੇ ਚਮਨਾ, ਹਰਿਜਨ ਫੁਲਵਾੜੀ ਆਪ ਮਹਿਕਾਈਆ । ਧਰਨੀ ਕਹੇ ਮੈਂ ਉਸ ਦਾ ਹੁਕਮ ਮੰਨਣਾ, ਮਨਸਾ ਅਵਰ ਨਾ ਕੋਇ ਬਣਾਈਆ । ਜਿਸ ਖੇਲ ਖਿਲਾਇਆ ਦੁਸ਼ਟ ਦਮਨਾ, ਗੋਬਿੰਦ ਆਪਣੀ ਗੰਢ ਪਵਾਈਆ । ਉਸ ਦਾ ਅੰਤ ਕੰਤ ਭਗਵੰਤ ਧਾਰ ਵਿਚ ਇਕੋ ਡੰਕਾ ਵੱਜਣਾ, ਨਵ ਸੱਤ ਕਰੇ ਸ਼ਨਵਾਈਆ । ਕਲਜੁਗ ਕੂੜ ਕੁੜਿਆਰਾ ਮੇਰੇ ਉਤੋਂ ਭੱਜਣਾ, ਧਰਨੀ ਖ਼ੁਸ਼ੀ ਨਾਲ ਸੁਣਾਈਆ । ਸ੍ਰਿਸ਼ਟੀ ਸ੍ਰਿਸ਼ਟ ਸਬਾਈ ਇਕੋ ਨਾਮ ਜਪਣਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਤਿਜੁਗ ਸਾਚਾ ਸਚ ਦੀ ਧਾਰ ਲੈ ਕੇ ਮੇਰੇ ਉਤੇ ਵਸਣਾ, ਵਾਸਤਾ ਪ੍ਰਭ ਦੇ ਨਾਲ ਜੁੜਾਈਆ । ਮੇਰੇ ਉਤੇ ਕੂੜੀ ਰੈਣ ਅੰਧੇਰੀ ਮਿਟੇ ਮਸਨਾ, ਨੂਰੀ ਚੰਦ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ

ਕਹੇ ਮੇਰਾ ਵਕਤ ਸੁਹਾਵਾ, ਪ੍ਰਭ ਸੋਹਣੀ ਦਿਤੀ ਵਡਿਆਈਆ । ਮੈਂ ਉਸ ਦੇ ਢੋਲੇ ਗਾਵਾਂ, ਜੋ ਆਦਿ ਪੁਰਖ ਅਪਰੰਪਰ ਸਵਾਮੀ ਇਕ ਅਖਵਾਈਆ । ਜਿਸ ਦੇ ਉਤੇ ਆਦਿ ਅੰਤ ਜੁਗਾ ਜੁਗੰਤ ਸਭ ਦਾ ਦਾਅਵਾ, ਨਾਮ ਨਿਧਾਨਾ ਹੋਏ ਸ਼ਨਵਾਈਆ । ਉਸ ਦੇ ਉਤੋਂ ਬਲ ਬਲ ਜਾਵਾਂ, ਨਿਮਖ ਨਿਮਖ ਆਪਣਾ ਆਪ ਕਟਾਈਆ । ਜਿਸ ਦੀਆਂ ਜੁਗ ਚੌਕੜੀ ਅਵਤਾਰ ਪੈਗ਼ੰਬਰਾਂ ਗੁਰੂਆਂ ਮਾਣੀਆਂ ਛਾਵਾਂ, ਸਿਰ ਸਿਰ ਸਭ ਦੇ ਹੱਥ ਟਿਕਾਈਆ । ਉਹ ਹੋਏ ਸਹਾਈ ਜਗਤ ਨਿਥਾਵਿਆਂ ਥਾਵਾਂ, ਥਾਨ ਥਨੰਤਰ ਇਕੋ ਦਏ ਸਮਝਾਈਆ । ਮੈਂ ਓਸੇ ਦਾ ਗੀਤ ਸੋਹਲਾ ਢੋਲਾ ਕਲਮਾ ਕਾਇਨਾਤ ਵਿਚ ਗਾਵਾਂ, ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੇ ਪ੍ਰਭੂ ਮੇਰੀ ਇਕੋ ਆਸਾ ਮਨਸਾ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਅੰਤਰ ਨਿਰੰਤਰ ਚਾੜ੍ਹ ਰੰਗ, ਦੁਰਮਤ ਮੈਲ ਦੇ ਧਵਾਈਆ । ਸਚ ਸਵਾਮੀ ਲਾ ਅੰਗ, ਅੰਗੀਕਾਰ ਆਪ ਹੋ ਜਾਈਆ । ਸ਼ਬਦ ਨਾਦ ਵਜਾ ਮਰਦੰਗ, ਪੰਜ ਵਿਕਾਰਾ ਬਾਹਰ ਕਢਾਈਆ । ਸਚ ਪ੍ਰਕਾਸ਼ ਚਾੜ੍ਹ ਨੂਰੀ ਚੰਦ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਆਤਮ ਪਰਮਾਤਮ ਬਖ਼ਸ਼ ਅਗੰਮਾ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਸਚ ਦਵਾਰ ਤੇਰੀ ਮੰਜ਼ਲ ਤੇਰੇ ਪਿਆਰੇ ਜਾਣ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਸਚ ਸੇਜ ਸੁਹਾ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਘਾੜਤ ਵਿਚ ਘਾੜ ਨਾ ਕੋਇ ਘੜਾਈਆ । ਤੂੰ ਸਾਹਿਬ ਸੂਰਾ ਸਰਬਗ, ਦੇਵਣਹਾਰ ਇਕ ਅਖਵਾਈਆ । ਜੁਗ ਚੌਕੜੀ ਤੇਰੇ ਯਾਦ ਪਿਆਰ ਵਿਚ ਗਏ ਲੰਘ, ਪਾਂਧੀ ਬਣ ਕੇ ਭੱਜੇ ਵਾਹੋ ਦਾਹੀਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦ, ਰਹਿਮਤ ਰਹਿਮਾਨ ਰਹੀਮ ਦੇਵੇਂ ਕਮਾਈਆ । ਮੇਰਾ ਲੇਖਾ ਵੇਖ ਲੈ ਨੌਂ ਖੰਡ, ਸਤਿ ਸਤਿ ਦੀ ਧਾਰ ਨਾਲ ਮਿਲਾਈਆ । ਫਿਰੀ ਦਰੋਹੀ ਵਿਚ ਵਰਭੰਡ, ਵਰਭੰਡੀ ਸਾਰੇ ਰਹੇ ਕੁਰਲਾਈਆ । ਜਨ ਭਗਤਾਂ ਟੁੱਟੀ ਆਤਮਾ ਆਪਣੇ ਨਾਲ ਗੰਢ, ਵਿਛੋੜਾ ਸਤਿਗੁਰ ਸ਼ਬਦ ਰਹੇ ਨਾ ਰਾਈਆ । ਭਾਂਡਾ ਭਰਮ ਢਾਹ ਕੇ ਕੰਧ, ਹਉਮੇ ਹੰਗਤਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੇਰੇ ਸਾਹਿਬ ਸੁਲਤਾਨ ਸਤਿਗੁਰ, ਗੁਰਦੇਵ ਸਵਾਮੀ ਤੇਰੀ ਇਕ ਸਰਨਾਈਆ । ਮੇਰਾ ਲਹਿਣਾ ਦੇਣਾ ਆਦਿ ਜੁਗਾਦੀ ਵੇਖ ਧੁਰ, ਧੁਰ ਪਰਦਾ ਆਪ ਉਠਾਈਆ । ਤੂੰ ਮਾਲਕ ਖ਼ਾਲਕ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਮੇਰੇ ਉਤੇ ਆਵੀਂ ਤੁਰ, ਤੁਰਤ ਆਪਣਾ ਕਦਮ ਉਠਾਈਆ । ਤੇਰਾ ਮੰਤਰ ਨਿਰੰਤਰ ਨਾਮ ਕਲਮਾ ਸ਼ਬਦ ਅਨਾਦੀ ਸ੍ਰਿਸ਼ਟੀ ਦੇ ਅੰਦਰ ਜਾਵੇ ਫੁਰ, ਫੁਰਨੇ ਕੂੜੇ ਬੰਦ ਕਰਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸੁਰਤ ਸ਼ਬਦ ਧਾਰ ਜਾਏ ਜੁੜ, ਜੋੜੀ ਆਪਣੇ ਨਾਲ ਬਣਾਈਆ । ਪੁਰਖ ਅਕਾਲੇ ਦੀਨ ਦਿਆਲੇ ਸ਼ਾਹ ਸਵਾਰੇ ਚਾੜ੍ਹ ਆਪਣੇ ਸ਼ਬਦ ਅਗੰਮੀ ਘੋੜ, ਦੋ ਜਹਾਨਾਂ ਮਰਦ ਮਰਦਾਨਾ ਪਾਰ ਕਰਾਈਆ । ਏਸ ਵਕਤ ਵਿਚ ਜਗਤ ਤੇਰੇ ਭਗਤਾਂ ਨੂੰ ਤੇਰੀ ਲੋੜ, ਲੁੜੀਂਦੇ ਸੱਜਣ ਹੋਣਾ ਆਪ ਸਹਾਈਆ । ਨਾਮ ਨਿਧਾਨਾ ਨੌਜਵਾਨਾ ਸ੍ਰੀ ਭਗਵਾਨਾ ਇਕੋ ਆਪਣੇ ਪਿਆਰ ਦਾ ਲਾ ਦੇ ਪੌੜ, ਪੌੜੀ ਡੰਡਾ ਅਵਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰਾ ਦਇਆਨਿਧ ਠਾਕਰ, ਸਾਹਿਬ ਤੇਰੀ ਵਡਿਆਈਆ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਗਵਰ ਇਕ ਅਖਵਾਈਆ । ਜਨ ਭਗਤਾਂ ਨਿਰਮਲ

੬੨੨
੨੩

ਕਰਮ ਕਰ ਉਜਾਗਰ, ਦੁਰਮਤ ਮੈਲ ਮੈਲ ਧਵਾਈਆ । ਸਚ ਵਣਜਾਰੇ ਬਣਾ ਸੁਦਾਗਰ, ਇਕੋ ਵਸਤ ਅਮੋਲਕ ਦੇ ਵਰਤਾਈਆ । ਦੀਨ ਦਿਆਲ ਘਰ ਆਪਣੇ ਗ਼ਰੀਬ ਨਿਮਾਣਿਆਂ ਦੇ ਆਦਰ, ਆਦਰਸ਼ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਕਰਤਾ ਕਰੀਮ ਕੁਦਰਤ ਦਾ ਕਾਦਰ, ਬੇਨਜ਼ੀਰ ਇਕ ਅਖਵਾਈਆ ।

✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੀੜ ਜ਼ਿਲਾ ਜੰਮੂ ਗੁਰਨਾਮ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਮੈਂ ਖ਼ੁਸ਼ੀਆਂ ਦੇ ਵਿਚ ਨੱਚਣਾ, ਨਟੂਆ ਹੋ ਕੇ ਆਪਣਾ ਸਵਾਂਗ ਵਰਤਾਈਆ । ਦੀਨ ਦੁਨੀ ਦੇ ਲੂੰ ਲੂੰ ਅੰਦਰ ਰਚਣਾ, ਸਾਢੇ ਤਿੰਨ ਕਰੋੜ ਵਿਚ ਸਮਾਈਆ । ਜਗਤ ਜਗਿਆਸੂ ਅਗਨੀ ਵਾਂਗ ਮੱਚਣਾ, ਮੇਰੀ ਤਪਸ਼ ਨਾ ਕੋਇ ਬੁਝਾਈਆ । ਪ੍ਰਭੂ ਦਾ ਨਾਮ ਜਪਣ ਦੇਣਾ ਨਹੀਂ ਰਸਨਾ, ਰਸਤੇ ਸਭ ਦੇ ਦੇਣੇ ਬਦਲਾਈਆ । ਮੈਂ ਕੂੜ ਦਾ ਤੀਰ ਅਣਿਆਲਾ ਕਸਣਾ, ਚਾਰੋਂ ਕੁੰਟ ਚਲਾਈਆ । ਧਰਮ ਤੂੰ ਦੁਨੀਆ ਵਿਚੋਂ ਉਠ ਉਠ ਨੱਸਣਾ, ਭੱਜਣਾ ਵਾਹੋ ਦਾਹੀਆ । ਮਾਣ ਰਹਿਣ ਦੇਣਾ ਨਹੀਂ ਮੰਦਰ ਮੱਠਣਾ, ਮਸੀਤਾਂ ਰੋਵਣ ਮਾਰਨ ਧਾਹੀਂਆ । ਮੈਂ ਸਾਧਾਂ ਸੰਤਾਂ ਠੱਗਣਾ, ਫ਼ਕੀਰਾਂ ਫ਼ਿਕਰਾ ਹਕ ਨਾ ਕੋਇ ਜਣਾਈਆ । ਮੇਰਾ ਇਕੋ ਡੌਰੂ ਡੰਕਾ ਵੱਜਣਾ, ਨਵ ਖੰਡ ਕਰੇ ਸ਼ਨਵਾਈਆ । ਮੈਂ ਸਾਚਾ ਰਹਿਣ ਦੇਣਾ ਨਹੀਂ ਕੋਈ ਪਤਣਾ, ਤੀਰਥ ਤੱਟਾਂ ਵੇਖ ਵਖਾਈਆ । ਦੀਨ ਦੁਨੀ ਕਰਨੀ ਬੇਵਤਨਾ, ਵਤਨ ਆਪਣਾ ਸਮਝ ਕੋਇ ਨਾ ਪਾਈਆ । ਮੇਰਾ ਕੂੜਾ ਰਸ ਸਭ ਨੂੰ ਪੈਣਾ ਚਖਣਾ, ਅੰਮ੍ਰਿਤ ਰਸ ਹੱਥ ਕਿਸੇ ਨਾ ਆਈਆ । ਮੈਂ ਚਾਰ ਕੁੰਟ ਦੀਨਾਂ ਮਜ਼੍ਹਬਾਂ ਮਥਣਾ, ਵਿਕਾਰ ਮਧਾਣਾ ਇਕ ਉਠਾਈਆ । ਜੋ ਸੰਦੇਸਾ ਦੇ ਕੇ ਗਿਆ ਗੋਬਿੰਦ ਵਿਚ ਪਟਨਾ, ਪਾਟਲ ਦਾ ਲੇਖਾ ਪੂਰਾ ਦੇਣਾ ਕਰਾਈਆ । ਮੇਰੀ ਘਰ ਘਰ ਹੋਵੇ ਘਟਨਾ, ਤਨ ਵਜੂਦ ਡੇਰਾ ਢਾਹੀਆ । ਮਨਸਾ ਮਨ ਦਾ ਪਾਉਣਾ ਰਟਣਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਸ਼ਾਹ ਸੁਲਤਾਨਾਂ ਫੜ ਫੜ ਛੱਟਣਾ, ਮਾਇਆਧਾਰੀ ਖ਼ਾਕ ਵਿਚ ਮਿਲਾਈਆ । ਕਿਸੇ ਸੁਹਾਗ ਦਾ ਲਾਉਣ ਨਹੀਂ ਦੇਣਾ ਵਟਣਾ, ਨਾਮ ਖ਼ੁਮਾਰੀ ਨਾ ਕੋਇ ਰਖਾਈਆ । ਕੋਟਾਂ ਵਿਚੋਂ ਪ੍ਰਭੂ ਦੀ ਕਿਰਪਾ ਨਾਲ ਜੇ ਕੋਈ ਗੁਰਮੁਖ ਰਹਿ ਜਾਏ ਰਤਨਾ, ਅਮੋਲਕ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਅਲਖਣਾ, ਅਲਖ ਅਗੋਚਰ ਅਗੰਮ ਅਥਾਹੀਆ ।

✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਲੋਏ ਜ਼ਿਲਾ ਜੰਮੂ ਭਾਈਆਂ ਦੇਵੀ ਦੇ ਗ੍ਰਿਹ ✪

ਕਲਜੁਗ ਕਹੇ ਧਰਨੀ ਸੁਣ ਲੈ ਮੇਰੀ ਖ਼ੁਸ਼ਹਾਲੀ, ਖ਼ੁਸ਼ੀਆਂ ਨਾਲ ਜਣਾਈਆ । ਮੈਂ ਧਰਮ ਦਾ ਫਲ ਰਹਿਣ ਦੇਣਾ ਨਹੀਂ ਕਿਸੇ ਡਾਲੀ, ਪੱਤਝੜ ਦੀਨ ਦੁਨੀ ਦੇਣੀ ਕਰਾਈਆ । ਮੇਰੀ ਹੋਣੀ ਅੰਤ ਰੈਣ ਕਾਲੀ, ਨੂਰੀ ਚੰਦ ਨਾ ਕੋਇ ਚਮਕਾਈਆ । ਮੇਰਾ ਹੁਕਮ ਬਿਨਾ ਹਕੂਮਤ ਤੋਂ ਹੋਣਾ ਜਾਰੀ,

ਜਾਹਲ ਕਰਨੀ ਖ਼ਲਕ ਖ਼ੁਦਾਈਆ । ਮਾਇਆ ਮਮਤਾ ਮਿਲ ਕੇ ਵਜਾਏ ਤਾਲੀ, ਤਾਲ ਤਲਵਾੜਾ ਇਕ ਬਣਾਈਆ । ਧਰਮ ਦਾ ਲਹਿਣਾ ਦੇਣਾ ਨਹੀਂ ਕੋਈ ਪਾਲੀ, ਪ੍ਰਿਤਪਾਲਕ ਮਾਲਕ ਮੇਰਾ ਮੇਰੀ ਲੱਜਿਆ ਲਏ ਰਖਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਨਾਮ ਭੰਡਾਰੇ ਕਰਨੇ ਖ਼ਾਲੀ, ਤਨ ਵਜੂਦ ਅੰਦਰ ਵੇਖ ਵਖਾਈਆ । ਤੂੰ ਮੇਰਾ ਨਜ਼ਾਰਾ ਤੱਕੀਂ ਹਾਲੀ, ਹਾਲਤ ਬਦਲੇ ਦੀਨ ਦੁਨੀ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਕਲਜੁਗ ਕਹੇ ਧਰਮ ਮੇਰਾ ਖ਼ੁਸ਼ੀਆਂ ਦਾ ਵਕਤ ਸੁਹੰਜਣਾ, ਸ੍ਰੀ ਭਗਵਾਨ ਦਏ ਵਡਿਆਈਆ । ਮੈਂ ਕੂੜ ਕੁੜਿਆਰ ਦਾ ਜਗ ਨੇਤਰ ਪਾਵਾਂ ਅੰਜਣਾ, ਨਿਰਵੈਰ ਪੁਰਖ ਰਿਹਾ ਸਮਝਾਈਆ । ਪ੍ਰਭੂ ਪਿਆਰ ਦਾ ਕਿਸੇ ਹੋਣ ਨਾ ਦੇਵਾਂ ਮਜਣਾ, ਚਰਨ ਧੂੜੀ ਖ਼ਾਕ ਨਾ ਕੋਇ ਰਮਾਈਆ । ਸਭ ਦੇ ਸੀਸ ਉਤੇ ਮੋਹ ਵਿਕਾਰ ਲੱਦਣਾ, ਕੂੜ ਕੁੜਿਆਰ ਗੰਢ ਟਿਕਾਈਆ । ਆਤਮ ਦੀਪਕ ਕਿਸੇ ਨਾ ਜਗਣਾ, ਨੂਰ ਚੰਦ ਨਾ ਕੋਇ ਰੁਸ਼ਨਾਈਆ । ਸ਼ਬਦ ਸੁਣੇ ਨਾ ਕੋਇ ਨਾਦ ਅਨਹਦਨਾ, ਨਾਦੀ ਨਾਦ ਨਾ ਕੋਇ ਜਣਾਈਆ । ਅੰਮਿਉਂ ਰਸ ਨਿਝਰ ਝਿਰਨਾ ਪੀ ਕਿਸੇ ਨਾ ਰੱਜਣਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਮਿਟਾਈਆ । ਮੈਂ ਘਰ ਘਰ ਕੂੜ ਕੁੜਿਆਰ ਪਿਆਉਣਾ ਮਧਨਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲੇਖਾ ਜਾਣੇ ਆਦਿ ਜੁਗਾਦਿ ਜੁਗ ਜੁਗਨਾ, ਜਗਤ ਜੁਗ ਵੇਖ ਵਖਾਈਆ ।



## ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਲੋਏ ਜ਼ਿਲਾ ਜੰਮੂ ਪਿਆਰੇ ਲਾਲ ਦੇ ਗ੍ਰਿਹਿ

੬੨੪ ੨੩

ਧਰਨੀ ਕਹੇ ਕਲਜੁਗ ਮੈਂ ਸੁਣੀਆਂ ਤੇਰੀਆਂ ਬਹੁ ਬਾਤਾਂ, ਬਾਤਨ ਦਿਆਂ ਭੇਵ ਖੁਲਾਈਆ । ਮੈਨੂੰ ਸਾਰੇ ਕਹਿੰਦੇ ਸਾਡੀ ਮਾਤਾ, ਮਾਤਰ ਭੂਮੀ ਕਹਿ ਕੇ ਗਾਈਆ । ਮੇਰੇ ਉਤੇ ਵੇਖ ਲੈ ਅਣਗਿਣਤ ਵਸਦੀਆਂ ਜ਼ਾਤਾਂ, ਹਿੱਸਿਆਂ ਵਿਚ ਵੰਡ ਵੰਡਾਈਆ । ਮੇਰਾ ਸਭ ਤੋਂ ਵੱਡਾ ਡੂੰਘਾ ਖਾਤਾ, ਲੱਖ ਚੁਰਾਸੀ ਨਾਲ ਵਡਿਆਈਆ । ਮੇਰਾ ਨਵ ਸੱਤ ਦਾ ਅਹਾਤਾ, ਬੇਅੰਤ ਪ੍ਰਭੂ ਦਿਤੀ ਮਾਣ ਵਡਿਆਈਆ । ਮੇਰੀ ਸੁਣ ਲੈ ਅਗੰਮੀ ਗਾਥਾ, ਭੇਵ ਅਭੇਦ ਦਿਆਂ ਖੁਲਾਈਆ । ਤੇਰਾ ਮੇਰੇ ਉਤੇ ਤੁੱਟਣ ਵਾਲਾ ਨਾਤਾ, ਰਿਸ਼ਤਾ ਕੂੜ ਰਹੇ ਨਾ ਰਾਈਆ । ਕਿਰਪਾ ਕਰੇ ਪੁਰਖ ਬਿਧਾਤਾ, ਮਿਹਰ ਮਿਹਰ ਨਜ਼ਰ ਉਠਾਈਆ । ਜਿਸ ਦੀਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਰਖੀਆਂ ਆਸਾਂ, ਪੇਸ਼ੀਨਗੋਈਆਂ ਵਿਚ ਧਿਆਨ ਲਗਾਈਆ । ਉਹ ਜੋਤੀ ਜਾਤਾ ਨੂਰ ਕਰੇ ਪ੍ਰਕਾਸ਼ਾ, ਸ਼ਬਦੀ ਸ਼ਬਦ ਡੰਕ ਵਜਾਈਆ । ਜਿਸ ਨੇ ਆਤਮ ਪਰਮਾਤਮ ਦੇਣਾ ਸਗਲਾ ਸਾਥਾ, ਸੰਗੀ ਇਕ ਵਖਾਈਆ । ਸਚ ਧਰਮ ਚਲਾਏ ਹਾਟਾ, ਕੂੜੀ ਕਿਰਿਆ ਮੇਰੇ ਉਤੋਂ ਬਾਹਰ ਕਢਾਈਆ । ਉਸ ਦਾ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਬਣਾਈਆ । ਕਲਜੁਗ ਅੰਤ ਜਾਣਾ ਪਏ ਖ਼ਾਲੀ ਹਾਥਾ, ਵਸਤ ਸਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਆਪਣਾ ਹੁਕਮ ਵਰਤਾਈਆ ।

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕਲੋਏ ਜ਼ਿਲਾ ਜੰਮੂ ਰਣੀਆ ਰਾਮ ਦੇ ਗ੍ਰਹਿ ✪

ਧਰਨੀ ਕਹੇ ਕਲਜੁਗ ਤੂੰ ਵੇਖ ਲੈ ਆਪਣੀ ਕਰਨੀ, ਕੀ ਜਗਤ ਕਾਰ ਕਮਾਈਆ । ਮੈਂ ਆਦਿ ਤੋਂ ਮਿੱਟੀ ਖ਼ਾਕ ਦੀ ਧਰਨੀ, ਧਰਤ ਧਵਲ ਧੌਲ ਕਹਿ ਕੇ ਮੈਨੂੰ ਸਾਰੇ ਗਏ ਗਾਈਆ । ਮੈਂ ਇਕ ਉਸ ਪ੍ਰਭੂ ਦੀ ਪਵਾਂ ਸਰਨੀ, ਜੋ ਸਰਨਗਤ ਦਏ ਸਰਨਾਈਆ । ਜੋ ਭੈ ਚੁਕਾਵੇ ਡਰਨੀ, ਭਓ ਸਿਰ ਨਾ ਕੋਇ ਰਖਾਈਆ । ਉਸ ਨੇ ਆਪਣੀ ਖੇਲ ਕਰਨੀ, ਕਰਨੀ ਦਾ ਕਰਤਾ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਇਕੋ ਤੁਕ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੰਜ਼ਲ ਹਕੀਕੀ ਚੜ੍ਹਨੀ, ਸਚ ਦਵਾਰੇ ਸੋਭਾ ਪਾਈਆ । ਜਿਥੋਂ ਲੇਖਾ ਚੁੱਕੇ ਸੀਸ ਧੜਨੀ, ਵਜੂਦਾਂ ਹੋਏ ਸਫ਼ਾਈਆ । ਤੇਰੀ ਅਗਨੀ ਅੱਗ ਵਿਚ ਮੇਰੀ ਧਾਰ ਮੂਲ ਨਾ ਸੜਨੀ, ਮਿਹਰਵਾਨ ਮਿਹਰਵਾਨ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਬੇਪ੍ਰਵਾਹੀਆ । ਧਰਨੀ ਕਹੇ ਕਲਜੁਗ ਸੁਣ ਲੈ ਹੁਕਮ ਅਗੰਮਾ, ਨਿਰਅੱਖਰ ਧਾਰ ਦ੍ਰਿੜਾਈਆ । ਤੇਰਾ ਬਦਲ ਜਾਣਾ ਸਮਾਂ, ਸਮਾਪਤ ਤੇਰੀ ਕੂੜੀ ਕਿਰਿਆ ਨਜ਼ਰੀ ਆਈਆ । ਝਗੜਾ ਮੁਕਣਾ ਕਾਇਆ ਮਾਟੀ ਚਰਮਾ, ਪ੍ਰਭੂ ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਮਾਇਆ ਮਮਤਾ ਮੋਹ ਵਿਕਾਰ ਮਿਟਣੀ ਤਮਅ, ਲਾਲਚ ਕੂੜ ਨਾ ਕੋਇ ਰਖਾਈਆ । ਹਰਖ ਸੋਗ ਰਹੇ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਸ੍ਰੀ ਭਗਵਾਨ ਦਾ ਖੇਲ ਹੋਣਾ ਨਵਾਂ, ਨਵ ਨੌ ਚਾਰ ਵੱਜੇ ਵਧਾਈਆ । ਕਲਪਣਾ ਰਹੇ ਮੂਲ ਨਾ ਮਨਾ, ਮਨਸਾ ਮਮਤਾ ਦਏ ਮਿਟਾਈਆ । ਤੇਰਾ ਵਕਤ ਨਹੀਂ ਕੋਈ ਲੰਮਾ, ਪਾਂਧੀ ਹੋ ਕੇ ਆਪਣਾ ਲੈਣਾ ਪੰਧ ਮੁਕਾਈਆ । ਜਗਤ ਜਹਾਨ ਮੇਰੇ ਸਾਹਿਬ ਰਹਿਣ ਨਹੀਂ ਦੇਣਾ ਅੰਨ੍ਹਾ, ਨੇਤਰ ਲੋਚਨ ਨੈਣ ਦੇਣਾ ਖੁਲਾਈਆ । ਉਹ ਵੇਖ ਇਸ਼ਾਰਾ ਦੇਂਦਾ ਪੁਰਖ ਅਕਾਲ ਦਾ ਸ਼ਬਦੀ ਧਾਰ ਗੋਬਿੰਦ ਚੰਨਾ, ਜਿਸ ਨੂੰ ਚੰਦ ਸਿਤਾਰੇ ਸੀਸ ਝੁਕਾਈਆ । ਜਿਸ ਨੇ ਸਭ ਦਾ ਮੇਟਣਾ ਹੱਦ ਬੰਨਾ, ਬੰਦਗੀ ਇਕੋ ਦਏ ਸਮਝਾਈਆ । ਜਿਸ ਦੀ ਸਿਫ਼ਤ ਸਲਾਹ ਵਿਚ ਚੌਦਾਂ ਸੋ ਤੀਹ ਅੰਕ ਦਾ ਪੰਨਾ, ਧੁਰ ਫ਼ਰਮਾਨਾ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਨਿਰਵੈਰ ਨਿਰਾਕਾਰ ਕਰਨੀ ਦਾ ਕਰਤਾ ਕਰੇ ਆਪਣਾ ਕਰਮਾ, ਕਰਮ ਕਾਂਡ ਦਾ ਤੇਰਾ ਲੇਖਾ ਦਏ ਮੁਕਾਈਆ ।



੬੨੫
੨੩

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੀੜ ਜ਼ਿਲਾ ਜੰਮੂ ਮਾਈ ਲਛਮੀ ਦੇ ਗ੍ਰਹਿ ✪

ਧਰਨੀ ਕਹੇ ਮੈਂ ਕਲਜੁਗ ਤੇਰਾ ਵੇਖਾਂ ਦਗ਼ਾ, ਦਗ਼ੇਬਾਜ਼ੀ ਵਿਚ ਖ਼ਲਕ ਖ਼ੁਦਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵਾਂ ਸੱਦਾ, ਹੋਕਾ ਹਕ ਹਕ ਸੁਣਾਈਆ । ਆਓ ਤੱਕੋ ਆਪਣੇ ਦੀਨ ਮਜ਼੍ਹਬ ਦੀਆਂ ਹੱਦਾਂ, ਜੋ ਸ਼ਰਅ ਸ਼ਰੀਅਤ ਵੰਡ ਵੰਡਾਈਆ । ਦੂਈ ਦਵੈਤੀ ਵੇਖੋ ਕੰਧਾ, ਜੋ ਮਾਨਵ ਮਾਨਵ ਗਏ ਬਦਲਾਈਆ । ਪਿਆਰ ਮੁਹੱਬਤ ਵਿਚ ਰਿਹਾ ਕੋਇ ਨਾ ਬੰਦਾ, ਬੰਦਗੀ ਵਿਚ ਨਾ ਕੋਇ ਸਮਾਈਆ । ਕੂੜ ਕੁੜਿਆਰ ਸਭ ਦਾ ਹੋਇਆ ਧੰਦਾ, ਸਚ ਵਿਚ ਨਾ ਕੋਇ ਸਮਾਈਆ । ਮਨ ਵਿਕਾਰੀ ਹੋਇਆ ਗੰਦਾ, ਪਤਤ ਪੁਨੀਤ ਨਾ ਕੋਇ ਕਰਾਈਆ । ਆਤਮ ਪਰਮਾਤਮ

ਮਿਲੇ ਨਾ ਕਿਸੇ ਅਨੰਦਾ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਮਿਲਾਈਆ । ਫਿਰੀ ਦਰੋਹੀ ਤਾਰਾ ਚੰਦਾ, ਮੰਡਲ ਮੰਡਪ ਰਹੇ ਕੁਰਲਾਈਆ । ਸੁਰਤੀ ਸ਼ਬਦ ਲਾਏ ਕੋਇ ਨਾ ਅੰਗਾ, ਅੰਗੀਕਾਰ ਨਾ ਕੋਇ ਅਖਵਾਈਆ । ਸਭ ਦਾ ਸੀਸ ਹੋਇਆ ਨੰਗਾ, ਓਢਣ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਵੇਖੋ ਕਲਜੁਗ ਦਾ ਖੇਲ ਅਚੰਭਾ, ਜੋ ਚਾਰੋਂ ਕੁੰਟ ਵਰਤਾਈਆ । ਕਿਰਪਾ ਕਰ ਮਿਹਰਵਾਨ ਸ੍ਰੀ ਭਗਵਾਨ ਤੂੰ ਸਦਾ ਬਖ਼ਸ਼ੰਦਾ, ਆਪਣੀ ਦਇਆ ਕਮਾਈਆ । ਭੇਖ ਖੁਲਾ ਦੇ ਹੰ ਬ੍ਰਹਮਾ, ਪਾਰਬ੍ਰਹਮ ਬ੍ਰਹਮ ਪਰਦਾ ਆਪ ਚੁਕਾਈਆ । ਝਗੜਾ ਮੇਟ ਕੇ ਕਾਇਆ ਚੰਮਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਮੇਰੇ ਅੰਤਰ ਰਹੇ ਕੋਇ ਨਾ ਗ਼ਮਾ, ਗ਼ਮਖ਼ਾਰ ਹੋਣਾ ਆਪ ਸਹਾਈਆ । ਸ਼ਬਦੀ ਸ਼ਬਦ ਚਮਕਾ ਖੰਡਾ, ਖੜਗਾਂ ਕਰ ਸਫ਼ਾਈਆ । ਸਤਿ ਧਰਮ ਦਾ ਤੇਰਾ ਇਕੋ ਹੋਵੇ ਡੰਡਾ, ਡੰਡਾਵਤ ਸੱਤ ਦੀਪ ਬਦਲਾਈਆ । ਤੂੰ ਮਾਲਕ ਕੋਟਨ ਬ੍ਰਹਿਮੰਡਾ, ਭਰਪੂਰ ਰਿਹਾ ਸਰਬ ਠਾਈਆ । ਦਰ ਠਾਂਡੇ ਹੋ ਕੇ ਮੰਗਾਂ, ਧਰਨੀ ਨਿਵ ਨਿਵ ਲਾਗੇ ਪਾਈਆ । ਤੇਰਾ ਵਕਤ ਸੁਹੰਜਣਾ ਹੋਵੇ ਚੰਗਾ, ਕਿਰਿਆ ਕੂੜ ਮਿਟਾਈਆ । ਆਤਮ ਚਾੜ੍ਹ ਅਗੰਮ ਰੰਗਾ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੈਂ ਦਰ ਤੇਰੇ ਦੀ ਮੰਗਤੀ, ਤੂੰ ਦੇਵਣਹਾਰ ਜਗਦੀਸ਼ । ਮੇਰੀ ਘੜੀ ਘੜੀ ਔਖੀ ਲੰਘਦੀ, ਨਿਗਾਹ ਮਾਰ ਬੀਸ ਇਕੀਸ । ਖੇਲ ਤੱਕ ਲੈ ਗੋਬਿੰਦ ਧਾਰ ਨੀਲੇ ਤੰਗ ਦੀ, ਮੇਰੇ ਕਲਗੀਧਰ ਜਗਦੀਸ । ਮੇਰੀ ਆਸ਼ਾ ਨਹੀਂ ਕੋਇ ਦੁਨੀਆ ਵਾਲੇ ਜੰਗ ਦੀ, ਧਰਮ ਦੀ ਧਾਰ ਪੀਸਣ ਦੇ ਪੀਸ । ਮੈਂ ਵੰਡ ਨਹੀਂ ਚਾਹੁੰਦੀ ਖੰਡ ਖੰਡ ਦੀ, ਏਕਾ ਨਾਮ ਦੇ ਪੀਸ । ਮੈਂ ਵਣਜਾਰਨ ਨਹੀਂ ਜਗਤ ਦੁਹਾਗਣ ਰੰਡ ਦੀ, ਪਤਿਪਰਮੇਸ਼ਵਰ ਸਭ ਦੇ ਸਚ ਹਦੀਸ । ਮੈਂ ਕਲਾ ਮੇਟਣੀ ਜਗਤ ਪਖੰਡ ਦੀ, ਸਚ ਧਰਮ ਚਲਾ ਦੇ ਰੀਤ । ਮੈਂ ਖ਼ੁਸ਼ੀਆਂ ਵਿਚ ਤੇਰਾ ਨਾਮ ਹੋਵਾਂ ਵੰਡਦੀ, ਅੰਮ੍ਰਿਤ ਦੇਣਾ ਅੰਮਿਉਂ ਰਸ ਮੀਠ । ਧਰਨੀ ਕਹੇ ਖ਼ੁਸ਼ੀ ਬਣਾ ਦੇ ਮੇਰੇ ਉਤੇ ਵਰਭੰਡ ਦੀ, ਏਕਾ ਰੰਗ ਰੰਗਾ ਦੇ ਹਸਤ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਏਕੰਕਾਰ ਇਕੋ ਹੋਵੇ ਗੀਤ ।



## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਮਘੋਵਾਲੀ ਜ਼ਿਲਾ ਜੰਮੂ ਪ੍ਰਕਾਸ਼ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਨੀ ਮੈਨੂੰ ਚੜ੍ਹਿਆ ਰਿਹਾ ਸਰੂਰਾ, ਦਿਵਸ ਰੈਣ ਖ਼ੁਸ਼ੀ ਮਨਾਈਆ । ਮੇਰਾ ਮਾਲਕ ਖ਼ਾਲਕ ਜ਼ਾਹਰ ਜ਼ਹੂਰਾ, ਨੂਰ ਨੁਰਾਨਾ ਵਡ ਵਡਿਆਈਆ । ਜਿਸ ਹਕ ਹਕੂਕ ਮੈਨੂੰ ਦਿਤਾ ਪੂਰਾ, ਪੂਰੀ ਵਸਤ ਮੇਰੀ ਝੋਲੀ ਪਾਈਆ । ਮੈਂ ਓਸ ਦੇ ਦਰ ਦਾ ਮਜ਼ਦੂਰਾ, ਚਾਕਰ ਹੋ ਕੇ ਸੇਵ ਕਮਾਈਆ । ਮੈਂ ਘਰ ਘਰ ਅੰਦਰ ਰਹਿਣ ਦਿਤਾ ਨਹੀਂ ਕੋਈ ਨੂਰਾ, ਸਤਿ ਸਚ ਬਾਹਰ ਦਿਤਾ ਕਢਾਈਆ । ਚਾਰ ਕੁੰਟ ਆਪਣਾ ਡੰਕ ਵਜਾ ਕੇ ਕੂੜਾ, ਕੂੜ ਕੁਟੰਬ ਸ੍ਰਿਸ਼ਟੀ ਦਿਤੀ ਬਣਾਈਆ । ਸਤਿ ਦਾ ਰੰਗ ਚੜ੍ਹੇ ਕੋਇ ਨਾ ਗੂੜ੍ਹਾ, ਦੁਰਮਤ ਮੈਲ ਨਾਲ ਦੀਨ ਦੁਨੀ ਦਿਤੀ ਰੰਗਾਈਆ । ਮੇਰਾ ਖੇਲ ਹੋਵੇ ਨਾ ਕਦੇ ਅਧੂਰਾ, ਹਜ਼ਰਤ ਮੇਰੀ ਭਰਨ ਗਵਾਹੀਆ । ਮੈਂ ਅਵਤਾਰਾਂ ਗੁਰੂਆਂ ਦਾ ਮਸ਼ਕੂਰਾ, ਸ਼ੁਕਰਾਨੇ ਵਿਚ ਸ਼ੁਕਰ ਮਨਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਕਲਜੁਗ ਨਾ ਕਰ ਐਡੀ ਖਰਮਸਤੀ, ਉਠ ਖ਼ਸਮਾਨੇ ਧਿਆਨ ਲਗਾਈਆ । ਜਿਸ ਦੀ ਅਗੰਮ ਅਥਾਹ ਹਸਤੀ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜੋ ਸਵਾਮੀ ਮੇਰਾ ਅਰਸ਼ੀ, ਪ੍ਰੀਤਮ ਧੁਰਦਰਗਾਹੀਆ । ਉਹ ਲੇਖਾ ਵੇਖੇ ਫ਼ਰਸ਼ੀ, ਨੌ ਖੰਡ ਪ੍ਰਿਥਮੀ ਸੱਤ ਦੀਪ ਧਿਆਨ ਲਗਾਈਆ । ਉਹ ਪ੍ਰਗਟ ਹੋ ਕੇ ਉਪਰ ਧਰਤੀ, ਧਰਨੀ ਧਵਲ ਧੌਲ ਦਾ ਲੇਖਾ ਦਏ ਮੁਕਾਈਆ । ਉਹ ਸਾਰ ਪਾਵੇ ਮੇਰੇ ਘਰ ਦੀ, ਘਰਾਨਾ ਦੋ ਜਹਾਨ ਵੇਖ ਵਖਾਈਆ । ਮੈਂ ਤੇਰਾ ਦੁੱਖ ਕਲੇਸ਼ ਜੀਵਾਂ ਜੰਤਾਂ ਵਾਲਾ ਆਪਣੇ ਉਤੇ ਰਹੀ ਜਰਦੀ, ਸੀਨਾ ਹੌਸਲੇ ਵਾਲਾ ਦਬਾਈਆ । ਵਿਚੇ ਵਿਚ ਰਹੀ ਸੜਦੀ, ਅਗਨੀ ਤਤ ਤਤ ਦਬਾਈਆ । ਇਕੋ ਢੋਲਾ ਉਸ ਮਹਿਬੂਬ ਦਾ ਰਹੀ ਪੜ੍ਹਦੀ, ਜੋ ਆਤਮ ਪਰਮਾਤਮ ਰਾਗ ਅਲਾਈਆ । ਖੇਲ ਵੇਖ ਉਸ ਦੇ ਨਿਹਚਲ ਧਾਮ ਅਟੱਲ ਦੀ, ਜੋ ਸਚਖੰਡ ਨਿਵਾਸੀ ਆਪਣੀ ਕਲ ਵਰਤਾਈਆ । ਜਿਸ ਤੇਰੀ ਖੇਲ ਵਰਤਣੀ ਪੰਚ ਵਿਕਾਰੇ ਦਲ ਦੀ, ਦਲਿਦ੍ਰੀਆਂ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਕਲਜੁਗ ਕਹੇ ਧਰਤੀਏ ਉਹ ਮਾਲਕ ਮੇਰਾ ਸਵਾਮੀ, ਸਰਬ ਕਲਾ ਅਖਵਾਈਆ । ਆਦਿ ਜੁਗਾਦੀ ਅੰਤਰਜਾਮੀ ਘਟ ਘਟ ਰਿਹਾ ਸਮਾਈਆ । ਮੈਂ ਉਸੇ ਦੀ ਪੜ੍ਹਦਾ ਬਾਣੀ, ਉਸੇ ਦਾ ਨਾਮ ਧਿਆਈਆ । ਉਸੇ ਮੇਰੇ ਉਤੇ ਕੀਤੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਦਾਤ ਦਿਤੀ ਨਿਸ਼ਾਨੀ, ਮੈਂ ਚਾਰੋਂ ਕੁੰਟ ਦਿਤੀ ਵਰਤਾਈਆ । ਧਰਮ ਦਾ ਰਹਿਣ ਦਿਤਾ ਨਹੀਂ ਕੋਈ ਦਾਨੀ, ਦਾਨਿਸ਼ਵਰਾਂ ਦੀ ਬੁੱਧੀ ਦਿਤੀ ਬਦਲਾਈਆ । ਮਾਣ ਰਿਹਾ ਨਹੀਂ ਅੱਠ ਸੱਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵਨ ਮਾਰਨ ਧਾਹੀਆ । ਆਤਮ ਪਰਮਾਤਮ ਮਿਲੇ ਕਿਸੇ ਨਾ ਹਾਣੀ, ਸੁਰਤ ਸ਼ਬਦ ਨਾ ਕੋਇ ਸਮਾਈਆ । ਝਗੜਾ ਤੱਕ ਲੈ ਚਾਰੇ ਖਾਣੀ, ਚਾਰੋਂ ਕੁੰਟ ਕੁਰਲਾਈਆ । ਦੀਨ ਮਜ਼੍ਹਬ ਸਤਿ ਵਿਚ ਰਿਹਾ ਨਾ ਕੋਇ ਇਸਲਾਮੀ, ਇਸਮ ਆਜ਼ਮ ਵੇਖਣ ਕੋਇ ਨਾ ਪਾਈਆ । ਤੂੰ ਸੰਦੇਸ਼ਾ ਸੁਣ ਧੁਰ ਫ਼ਰਮਾਨੀ, ਜੋ ਮਿਹਰਵਾਨ ਮਹਿਬੂਬ ਰਿਹਾ ਦ੍ਰਿੜਾਈਆ । ਮੇਰੀ ਮੰਜ਼ਲ ਸਭ ਤੋਂ ਉਚੀ ਰੁਹਾਨੀ, ਰੂਹ ਬੁੱਤ ਦੀ ਪਰਮਾਤਮ ਨਾਲੋਂ ਕੀਤੀ ਜੁਦਾਈਆ । ਮੇਰਾ ਖੇਲ ਸਭ ਤੋਂ ਵੱਖਰਾ ਲਾਸਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਕਲਜੁਗ ਉਹ ਸਾਹਿਬ ਪੁਰਖ ਅਕਾਲਾ, ਅਕਲ ਕਲਧਾਰੀ ਇਕ ਅਖਵਾਈਆ । ਦੀਨਾ ਬੰਧਪ ਦੀਨ ਦਿਆਲਾ, ਦਇਆਨਿਧ ਵਡ ਵਡਿਆਈਆ । ਤੇਰਾ ਤੋੜੇ ਤ੍ਰੈਗੁਣ ਕੂੜ ਜੰਜਾਲਾ, ਜਗਤ ਵਿਕਾਰ ਰਹਿਣ ਨਾ ਪਾਈਆ । ਪਵਿਤ੍ਰ ਕਰੇ ਧਰਨੀ ਕਹੇ ਮੇਰਾ ਧਰਮਸ਼ਾਲਾ, ਧਰਮ ਦਵਾਰ ਇਕ ਸੁਹਾਈਆ । ਫਲ ਲਗਾਏ ਮੇਰੇ ਧਰਮ ਵਾਲੇ ਡਾਲਾ, ਰੁਤ ਬਸੰਤ ਦਏ ਮਹਿਕਾਈਆ । ਜਿਸ ਦੀ ਸਭ ਤੋਂ ਅਵੱਲੜੀ ਹੋਏ ਚਾਲਾ, ਚਾਲ ਨਿਰਾਲੀ ਦਏ ਸਮਝਾਈਆ । ਤੇਰਾ ਵਕਤ ਰਿਹਾ ਨਾ ਬਾਹਲਾ, ਅਗੇ ਆਯੂ ਨਾ ਕੋਇ ਵਧਾਈਆ । ਤੇਰੇ ਕੂੜ ਕੁਕਰਮ ਵੱਜਾ ਤਾਲਾ, ਤ੍ਰੈਧਾਤੂ ਤ੍ਰੈਗੁਣ ਮਾਇਆ ਨਾਲ ਮਿਲਾਈਆ । ਜਿਸ ਨੇ ਸਚ ਧਰਮ ਦਾ ਸਚ ਮਾਰਗ ਦੱਸਣਾ ਇਕ ਸੁਖਾਲਾ, ਸੁਖ ਆਤਮ ਪਰਮਾਤਮ ਇਕ ਬਣਾਈਆ । ਉਹ ਮੇਰਾ ਹੱਲ ਕਰੇ ਸਵਾਲਾ, ਅੰਕੜਿਆਂ ਤੇਰਿਆਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ

ਕਹੇ ਧਰਨੀ ਉਤੇ ਮੇਰਾ ਸਤਿਗੁਰ ਸੱਚਾ, ਸਾਹਿਬ ਸੁਲਤਾਨ ਇਕ ਅਖਵਾਈਆ । ਜਿਸ ਦਾ ਆਦਿ ਅੰਤ ਦਾ ਵਾਅਦਾ ਪੱਕਾ, ਅੰਤ ਤਾਈਂ ਤੋੜ ਨਿਭਾਈਆ । ਮੈਂ ਉਸ ਦਾ ਸੁਤ ਦੁਲਾਰਾ ਸਕਾ, ਮੈਨੂੰ ਜੰਮਣ ਵਾਲੀ ਕੋਇ ਨਾ ਮਾਈਆ । ਮੈਨੂੰ ਦੋ ਜਹਾਨ ਉਸ ਦੀਆਂ ਰਖਾਂ, ਰਖਕ ਹੋ ਕੇ ਵੇਖ ਵਖਾਈਆ । ਤੈਨੂੰ ਸਚ ਸੁਨੇਹੜਾ ਦੱਸਾਂ, ਖ਼ੁਸ਼ੀਆਂ ਵਿਚ ਸਮਾਈਆ । ਮੇਰੀ ਰੈਣ ਅੰਧੇਰੀ ਹੋਰ ਮੱਸਾ, ਸਾਚਾ ਚੰਦ ਨਜ਼ਰ ਕੋਇ ਨਾ ਆਈਆ । ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਭੁਲਾ ਦੇਣੀ ਕਥਾ, ਕਥਨੀ ਕਥ ਸਕੇ ਕੋਇ ਨਾ ਰਾਈਆ । ਮੇਰਾ ਨੌਂ ਖੰਡ ਪ੍ਰਿਥਮੀ ਦਾ ਚਲਣਾ ਰਥਾ, ਰਥਵਾਹੀ ਬਣੇ ਧੁਰਦਰਗਾਹੀਆ । ਭਾਗ ਉਦਾ ਰਹਿਣ ਦੇਣਾ ਨਹੀਂ ਕਿਸੇ ਮੱਥਾ, ਮਸਤਕ ਧੂੜੀ ਖ਼ਾਕ ਨਾ ਕੋਇ ਰਮਾਈਆ । ਮੈਂ ਮਨ ਦੀ ਧਾਰ ਹੋ ਕੇ ਸਭ ਦੇ ਅੰਦਰ ਪਾਉਣੀ ਨੱਥਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਆਪਣਾ ਮੰਦਰ ਧਰਮ ਵਾਲਾ ਵੇਖ ਲੈ ਢੱਠਾ, ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਫਿਰਨੀ ਦਰੋਹੀ ਮੰਦਰ ਮੱਠਾ, ਸ਼ਿਵਦਵਾਲੇ ਮਸੀਤ ਚਰਚ ਗੁਰੂਦਵਾਰ ਦੇਣ ਗਵਾਹੀਆ । ਮੈਂ ਘਰ ਘਰ ਪਾਉਣਾ ਰੱਟਾ, ਗ੍ਰਿਹ ਗ੍ਰਿਹ ਵੇਖਣਾ ਚਾਈਂ ਚਾਈਂਆ । ਕਿਸੇ ਦੀ ਕੀਮਤ ਰਹਿਣ ਨਹੀਂ ਦੇਣੀ ਟਕਾ, ਮਿੱਟੀ ਖ਼ਾਕ ਖ਼ਾਕ ਮਿਲਾਈਆ । ਸਤਿ ਨੂੰ ਸਤਿ ਨਾਲ ਕਰੇ ਜ਼ੀਰੋ ਬਟਾ, ਝੂਠ ਦਾ ਅੰਕ ਦੇਣਾ ਵਖਾਈਆ । ਮੇਰਾ ਮਾਲਕ ਸਰਬ ਕਲਾ ਸਮਰਥਾ, ਪਾਰਬ੍ਰਹਮ ਪ੍ਰਭ ਨੂਰ ਅਲਾਹੀਆ । ਮੈਂ ਉਸ ਦੇ ਹੁਕਮ ਵਿਚ ਦਿਵਸ ਰੈਣ ਨੱਸਾ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲੇਖਾ ਜਾਣੇ ਹਕੋ ਹਕਾ, ਹਕ ਹਕੀਕਤ ਵੇਖ ਵਖਾਈਆ ।


੬੨੮
੨੩

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਮਘੋਵਾਲੀ ਜ਼ਿਲਾ ਜੰਮੂ ਮਾਇਆ ਦੇਵੀ ਦੇ ਗ੍ਰਿਹ ✪

ਸਤਿਗੁਰ ਸ਼ਬਦ ਸਦਾ ਮਿਹਰਵਾਨਾ, ਮਿਹਰਵਾਨ ਮਿਹਰਵਾਨ ਮਿਹਰਵਾਨ ਅਖਵਾਈਆ । ਵਸਤ ਅਮੋਲਕ ਦੇਵੇ ਦਾਨਾ, ਨਾਮ ਨਿਧਾਨਾ ਝੋਲੀ ਪਾਈਆ । ਕੂੜੀ ਕਿਰਿਆ ਮੇਟ ਨਿਸ਼ਾਨਾ, ਨਿਸ਼ਾਨ ਇਕੋ ਦਏ ਵਖਾਈਆ । ਆਤਮ ਬ੍ਰਹਮ ਬਖ਼ਸ਼ ਗਿਆਨਾ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਸ਼ਬਦ ਨਾਦ ਸੁਣਾ ਧੁਨਕਾਨਾ, ਅਨੁਰਾਗੀ ਰਾਗ ਦ੍ਰਿੜਾਈਆ । ਅੰਮ੍ਰਿਤ ਰਸ ਦੇ ਕੇ ਪੀਣਾ ਖਾਣਾ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਦੀਪਕ ਜੋਤ ਜਗਾ ਮਹਾਨਾ, ਅੰਧ ਅਧਿਆਰਾ ਦਏ ਗਵਾਈਆ । ਚਰਨ ਕਵਲ ਬਖ਼ਸ਼ ਸੱਚਾ ਧਿਆਨਾ, ਧੂੜੀ ਖ਼ਾਕ ਖ਼ਾਕ ਰਮਾਈਆ । ਕਿਰਪਾ ਕਰੇ ਨੌਜਵਾਨਾ, ਮਰਦ ਮਰਦਾਨਾ ਹੋਏ ਸਹਾਈਆ । ਦੁੱਖ ਦਲਿਦ੍ਰ ਕਲੇਸ਼ ਮਿਟਾਨਾ, ਕਲਕਾਤੀ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕੂੜੀ ਧਾਰ ਮੇਟੇ ਦਲਿੱਦਰ, ਦਰਦੀਆਂ ਦਰਦ ਮਿਟਾਈਆ । ਲੇਖਾ ਰਹੇ ਨਾ ਟੂਣਾ ਜਾਦੂ ਛਲ ਛਿਦਰ, ਵਲੀਆ ਛਲੀਆ ਲੇਖਾ ਦਏ ਮੁਕਾਈਆ । ਭਾਗ ਲਗਾਏ ਜਿਉਂ ਕਾਹਨਾ ਘਰ ਬਿਦਰ, ਮੋਹਨ ਮਾਧਵ ਹੋਏ ਸਹਾਈਆ । ਆਸਾ ਮਨਸਾ ਪੂਰੀ ਕਰੇ ਸੱਧਰ, ਸਿਧ ਸਾਦਕਾ ਵਾਂਗ ਦਏ ਵਖਾਈਆ । ਜਨਮ ਦਾ ਕਰਮ ਦਏ ਬਦਲ, ਤਬਦੀਲੀ ਆਪਣੇ ਹੱਥ ਰਖਾਈਆ । ਮਿਹਰਵਾਨ ਕਰੇ ਅਦਲ, ਇਨਸਾਫ਼ ਹਕ ਕਰਾਈਆ । ਯਥਾਰਥ ਸਭ ਦਾ ਐਵੇਂ ਜਾਵੇ ਯਤਨ,

ਦੁੱਖ ਰਹੇ ਨਾ ਰਾਈਆ । ਆਪਣਾ ਘਾਟ ਵਖਾਏ ਪਤਣ, ਜਿਥੇ ਵਸੇ ਬੇਪਰਵਾਹੀਆ । ਗੁਰਮੁਖ ਲਾਲ ਹੀਰੇ ਰਤਨ, ਆਪਣੇ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਸਤਿਗੁਰ ਸ਼ਬਦ ਮੇਟੇ ਦੁੱਖ, ਦੁਖੀਆਂ ਦੁੱਖ ਰਹਿਣ ਨਾ ਪਾਈਆ । ਲੇਖੇ ਲਾਏ ਪਸ਼ੂ ਮਨੁੱਖ, ਮਾਨਵ ਆਪਣੀ ਗੰਢ ਪਵਾਈਆ । ਘਰ ਸਵਾਮੀ ਦੇਵੇ ਸੁਖ, ਮਨ ਮਨਸਾ ਮੇਟ ਮਿਟਾਈਆ । ਧਰਮ ਧਾਰ ਦੀ ਗੋਦੀ ਲਏ ਚੁਕ, ਫੜ ਬਾਹੋਂ ਗਲੇ ਲਗਾਈਆ । ਕਰਮ ਕਾਂਡ ਦਾ ਲੇਖਾ ਜਾਏ ਮੁਕ, ਮੁਕੰਮਲ ਆਪਣੀ ਦਇਆ ਕਮਾਈਆ । ਜਨਮ ਕਰਮ ਦੀ ਮੇਟ ਕੇ ਭੁੱਖ, ਭੁੱਖਿਆਂ ਦਏ ਰਜਾਈਆ । ਸੁਫਲ ਕਰਾ ਕੇ ਮਾਤਾ ਕੁਖ, ਰੋਗ ਸੋਗ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਤੁਕ, ਸੋਹਲਾ ਢੋਲਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਇਕ ਅਖਵਾਈਆ । ਮੇਟ ਮਿਟਾਏ ਕੂੜ ਕੁਟੰਬ, ਜਗਤ ਵਾਸਨਾ ਨਾ ਕੋਇ ਹਲਕਾਈਆ । ਲੇਖੇ ਲਾਏ ਗਾਇਆ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਆਤਮ ਪਰਮਾਤਮ ਨੂਰੀ ਧਾਰ ਬਖ਼ਸ਼ੇ ਚੰਦ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਘਰ ਸਵਾਮੀ ਠਾਕਰ ਅੰਦਰ ਲੰਘ, ਘਰ ਸੁਹੰਜਣਾ ਦਏ ਸੁਹਾਈਆ । ਆਤਮ ਸੇਜ ਸੁਹਾਏ ਪਲੰਘ, ਸੁਖ ਆਸਣ ਸੋਭਾ ਪਾਈਆ । ਸਾਚਾ ਬਖ਼ਸ਼ ਸੁਖ ਅਨੰਦ, ਕਾਇਆ ਮੰਦਰ ਦਏ ਵਡਿਆਈਆ । ਅੰਗੀਕਾਰ ਲਗਾਏ ਅੰਗ, ਦੇਵਣਹਾਰ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਸਚ ਦਾ ਮਾਲਕ ਸਾਹਿਬ ਸੁਖਦਾਤਾ, ਹਰਿ ਕਰਤਾ ਵਡ ਵਡਿਆਈਆ । ਕੂੜੀ ਕਿਰਿਆ ਮੇਟੇ ਨਾਤਾ, ਮੇਲਾ ਮੇਲੇ ਸਹਿਜ ਸੁਭਾਈਆ । ਧਰਮ ਦੀ ਧਾਰ ਵਖਾਏ ਖਾਤਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਲੇਖਾ ਮਾਤ ਪੂਰਾ ਕਰਾਏ ਪੁਤ ਮਾਤਾ, ਦੋਹਾਂ ਦਾ ਬੰਧਨ ਦਏ ਤੁੜਾਈਆ । ਦਿਵਸ ਰੈਣ ਹੋਏ ਰਾਖਾ, ਸਦਾ ਸੁਹੇਲਾ ਧੁਰ ਦਾ ਮਾਹੀਆ । ਕਲ ਮੇਟੇ ਅੰਧੇਰੀ ਰਾਤਾ, ਘਰ ਸਚ ਚੰਦ ਕਰ ਰੁਸ਼ਨਾਈਆ । ਸਚ ਘਰ ਕਰੇ ਪਰਕਾਸ਼ਾ, ਗ੍ਰਹਿ ਆਪਣਾ ਡੇਰਾ ਲਾਈਆ । ਅੰਮ੍ਰਿਤ ਦੇਵੇ ਸਾਚੀ ਦਾਤਾ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਸਤਿਗੁਰ ਸ਼ਬਦ ਕਹੇ ਮੈਂ ਗਹਿਰ ਗੰਭੀਰਾ, ਗਹਿਰ ਗਵਰ ਇਕ ਅਖਵਾਈਆ । ਜੁਗ ਚੌਕੜੀ ਘਤੀ ਫਿਰਾਂ ਵਹੀਰਾ, ਭੱਜਾਂ ਵਾਹੋ ਦਾਹੀਆ । ਜੀਵ ਜੰਤਾਂ ਬਦਲਾਂ ਤਕਦੀਰਾਂ, ਸਾਧਾਂ ਸੰਤਾਂ ਹੋਵਾਂ ਸਹਾਈਆ । ਮੇਰਾ ਸਾਹਿਬ ਗੁਣੀ ਗਹੀਰਾ, ਤ੍ਰੈਗੁਣ ਤੋਂ ਬਾਹਰ ਸੁਣਾਈਆ । ਮੇਰਾ ਸਾਹਿਬ ਪੀਰਾਂ ਦਾ ਪੀਰਾ, ਪਾਰਬ੍ਰਹਮ ਅਗੰਮ ਅਥਾਹੀਆ । ਮੈਂ ਉਸ ਦਾ ਬਣ ਵਜ਼ੀਰਾ, ਹੁਕਮ ਸੰਦੇਸ਼ੇ ਜਗਤ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਦੀਨ ਦਿਆਲ, ਦੀਨਾਂ ਬੰਧਪ ਇਕ ਅਖਵਾਈਆ । ਭਗਤ ਸੁਹੇਲੇ ਵੇਖੇ ਲਾਲ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਘਰ ਮੰਦਰ ਸੁਹਾ ਧਰਮਸਾਲ, ਧਰਮ ਦਵਾਰਾ ਇਕ ਵਡਿਆਈਆ । ਅੰਦਰ ਜੋਤੀ ਦੇਵੇ ਬਾਲ, ਅੰਧ ਅੰਧੇਰਾ ਦਏ ਗਵਾਹੀਆ । ਦਿਵਸ ਰੈਣ ਅੱਠੇ ਪਹਿਰ ਕਰੇ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਸਦਾ ਵਸੇ ਨਾਲ, ਵਿਛੋੜਾ ਨਜ਼ਰ ਕੋਇ ਨਾ ਆਈਆ । ਝਗੜਾ

ਮੇਟ ਕੇ ਸ਼ਾਹ ਕੰਗਾਲ, ਏਕਾ ਰੰਗ ਰੰਗਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਗਤ ਜੰਜਾਲਾ ਫੰਦ ਕਟਾਈਆ । ਸਾਡੀ ਵਸਤ ਦੇ ਨਾਮ ਧਨ ਮਾਲ, ਨਾਮ ਨਿਧਾਨਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ ।

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਮਘੋਵਾਲੀ ਜ਼ਿਲਾ ਜੰਮੂ ਦੇਵੀ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਸੁਣ ਓਏ ਕਲਜੁਗ ਕਾਕਿਆ, ਕੁਕਰਮੀਆਂ ਦਿਆਂ ਜਣਾਈਆ । ਤੂੰ ਘਰ ਘਰ ਮਾਰਿਆ ਡਾਕਿਆ, ਮੈਂ ਡਾਕੀਆ ਧੁਰ ਤੋਂ ਆਇਆ ਵਾਹੋ ਦਾਹੀਆ । ਤੇਰਾ ਲਹਿਣਾ ਦੇਣਾ ਵਖਾਵਾਂ ਬਾਕੀਆ, ਪਰਦਾ ਓਹਲਾ ਦਿਆਂ ਚੁਕਾਈਆ । ਉਹ ਵੇਖ ਪ੍ਰਭੂ ਪ੍ਰਭ ਸਾਕੀਆ, ਜੋ ਸਾਜਣ ਇਕ ਅਖਵਾਈਆ । ਉਸ ਸਚਖੰਡ ਦਵਾਰ ਦੀ ਖੋਲੀ ਤਾਕੀਆ, ਦਰਬਾਰਾ ਇਕ ਦਰਸਾਈਆ । ਗੁਰ ਅਵਤਾਰ ਪੈਗ਼ੰਬਰਾਂ ਮਰਵਾਏ ਝਾਕੀਆਂ, ਇਸ਼ਾਰਿਆਂ ਨਾਲ ਜਣਾਈਆ । ਉਠ ਵੇਖੇ ਤੱਕੋ ਕਵਣ ਦੀਨਾਂ ਮਜ਼੍ਹਬਾਂ ਦੀਆਂ ਤੁਹਾਡੀਆਂ ਕਰੇ ਰਾਖੀਆਂ, ਰਖਕ ਕਵਣ ਅਖਵਾਈਆ । ਨਿਗਾਹ ਮਾਰੋ ਮਾਇਆ ਮਮਤਾ ਕਰੇ ਹਾਸੀਆਂ, ਕੂੜ ਕੁੜਿਆਰਾ ਨਾਲ ਮਿਲਾਈਆ । ਚਾਰੋਂ ਕੁੰਟ ਅੰਧੇਰੀ ਰਾਤੀਆ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਰੂਹ ਬੁਤ ਰਿਹਾ ਨਾ ਪਾਕੀਆ, ਪਤਤ ਪੁਨੀਤ ਨਾ ਕੋਇ ਕਰਾਈਆ । ਕਲਜੁਗ ਆਪਣਾ ਵੇਖ ਲੈ ਲੇਖ ਉਪਰ ਛਾਤੀਆ, ਸੀਨੇ ਫੋਲ ਫੁਲਾਈਆ । ਕਿਹੜੀ ਮੰਜ਼ਲ ਚੜ੍ਹਿਉਂ ਘਾਟੀਆ, ਕਵਣ ਤਤਾਂ ਡੇਰਾ ਲਾਈਆ । ਚਾਰੋਂ ਕੁੰਟ ਤੇਰੀਆਂ ਕੂੜ ਦੀਆਂ ਹਾਟੀਆਂ, ਸੌਦਾ ਪੰਚ ਵਿਕਾਰ ਵਿਕਾਈਆ । ਤੱਕ ਖੇਲ ਬਾਜ਼ੀਗਰ ਨਾਟੀਆ, ਸਵਾਮੀ ਆਪਣਾ ਸਵਾਂਗ ਜਣਾਈਆ । ਅੰਤਮ ਤੇਰੀਆਂ ਮੁਕਣੀਆਂ ਵਾਟੀਆ, ਪੰਧ ਅਗਲਾ ਰਹੇ ਨਾ ਰਾਈਆ । ਸਤਿਗੁਰ ਸ਼ਬਦ ਸ਼ਬਦ ਘੋੜੇ ਪਾਵੇ ਜ਼ੀਨਾ ਕਾਠੀਆ, ਸੋਹਣਾ ਰੰਗ ਰੰਗਾਈਆ । ਇਸ਼ਾਰਾ ਮਿਲਦਾ ਐਰਾਪਤ ਹਾਥੀਆ, ਦੱਖਣ ਦਿਸ਼ਾ ਵੇਖ ਵਖਾਈਆ । ਖੇਲ ਖਿਲਾਉਣਾ ਪੁਰਖ ਅਬਿਨਾਸ਼ੀਆ, ਹਰਿ ਆਪਣਾ ਹੁਕਮ ਵਰਤਾਈਆ । ਤੇਰੀਆਂ ਰਹਿਣੀਆਂ ਨਹੀਂ ਕੂੜ ਵਾਲੀਆਂ ਰਾਸੀਆ, ਰਸਤੇ ਸਾਰੇ ਜਾਣੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਪ੍ਰਿਥਮੀ ਆਕਾਸ਼ੀਆ, ਗਗਨ ਗਗਨੰਤਰਾਂ ਵੇਖ ਵਖਾਈਆ ।

## ✪ ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੀਰ ਪਿੰਡ ਜ਼ਿਲਾ ਜੰਮੂ ਭਗਤ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਕਲਜੁਗ ਆਹ ਫੜ ਲੈ ਆਪਣਾ ਰੁੱਕਾ, ਬਿਨ ਹੱਥਾਂ ਹੱਥ ਉਠਾਈਆ । ਤੇਰਾ ਪੰਧ ਜਿਸ ਵਿਚ ਮੁਕਾ, ਮੁਕੰਮਲ ਦਿਆਂ ਦ੍ਰਿੜਾਈਆ । ਤੇਰਾ ਨਿਸ਼ਾਨ ਰਹੇ ਨਾ ਉਕਾ, ਉਗਣ ਆਥਣ ਹੋਏ ਸਹਾਈਆ । ਤੇਰਾ ਵਕਤ ਸੁਹੰਜਣਾ ਢੁਕਾ, ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਤੇਰਾ ਉਜਲ ਰਿਹਾ ਨਾ ਮੁਖਾ, ਮੁਖੜਾ ਨਾ ਕੋਇ ਸੁਹਾਈਆ । ਤੂੰ ਸੁਫ਼ਲ ਰਹਿਣ ਦਿਤੀ ਨਹੀਂ ਕੋਈ ਕੁੱਖਾ, ਮਿਲੇ ਮਾਣ ਨਾ ਜਣੇਂਦੀ ਮਾਈਆ । ਧਰਮ



੬੩੦
੨੩

ਦਵਾਰਿਆਂ ਪਾਈਆਂ ਲੁੱਟਾਂ, ਲੁਟੇਰਾ ਬਨਿਆ ਥਾਉਂ ਥਾਈਂਆ । ਅੰਤਮ ਲਹਿਣਾ ਦੇਣਾ ਲੇਖ ਨਿਖੁਟਾ, ਵਸਤ ਸਚ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਕਲਜੁਗ ਮੈਂ ਆਇਆ ਚਿੱਠੀ ਰਸੈਣ, ਰਸਮ ਨਾਲ ਪ੍ਰਭ ਨੇ ਦਿਤਾ ਘਲਾਈਆ । ਸਚ ਸੰਦੇਸ਼ਾ ਆਇਆ ਕਹਿਣ, ਕਹਿ ਕੇ ਦਿਆਂ ਸੁਣਾਈਆ । ਤੇਰਾ ਕਵਣ ਮਿਤਰ ਪਿਆਰਾ ਸੈਣ, ਸੱਜਣ ਕਵਣ ਅਖਵਾਈਆ । ਕੀ ਸ਼ਹਾਦਤ ਦੇਵੇ ਬਾਲਮੀਕ ਦੀ ਰਮਾਇਣ, ਰਾਮ ਰਾਮਾ ਕੀ ਸੁਣਾਈਆ । ਤੂੰ ਵਹਿੰਦਾ ਗਿਆ ਕਿਹੜੀ ਧਾਰ ਵਹਿਣ, ਵਹਿਣ ਵਹਿਣਾ ਕੀ ਜਣਾਈਆ । ਤੇਰੇ ਸੱਜਣ ਹੋਏ ਪਰਾਇਣ, ਮਿਤਰ ਨਜ਼ਰ ਕੋਇ ਨਾ ਆਈਆ । ਉਠ ਵੇਖ ਖੇਲ ਵਿਚ ਹਿੰਦਵਾਇਣ, ਹਿੰਦਸਾ ਆਪਣਾ ਲੈ ਬਦਲਾਈਆ । ਨਿਗਾਹ ਮਾਰ ਲੈ ਨੇਤਰ ਨੈਣ, ਲੋਚਨ ਨੈਣ ਅੱਖ ਉਠਾਈਆ । ਤੇਰਾ ਮਾਲਕ ਆਇਆ ਨਰਾਇਣ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਚਰਨੀ ਸਾਰੇ ਢਹਿਣ, ਬੈਠੇ ਸੀਸ ਨਿਵਾਈਆ । ਉਹ ਤੇਰਾ ਪੰਚ ਵਿਕਾਰਾਂ ਦਾ ਤੱਕੇ ਮਹਾਇਣ, ਕੂੜ ਕੁਟੰਬ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਸਾਕ ਸੱਜਣ ਸੈਣ, ਸਾਥੀ ਸਗਲਾ ਇਕ ਅਖਵਾਈਆ ।



## ੨੩ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਮਘੋਵਾਲੀ ਜ਼ਿਲਾ ਜੰਮੂ ਸੁੰਦਰ ਸਿੰਘ ਦੇ ਗ੍ਰਿਹ

ਨਾਰਦ ਕਹੇ ਮੈਂ ਆ ਗਿਆ ਕਲਜੁਗ ਤੇਰੇ ਕੋਲ, ਕਾਇਨਾਤ ਵਿਚ ਧਿਆਨ ਲਗਾਈਆ । ਤੇਰਾ ਸੱਜਣਾ ਚਾਰ ਕੁੰਟ ਵੱਜ ਗਿਆ ਢੋਲ, ਢੋਲੀਆ ਆਪਣਾ ਡਗਾ ਦਿਤਾ ਲਗਾਈਆ । ਤੇਰਾ ਕੂੜ ਕੁੜਿਆਰ ਦਾ ਸਭ ਨੇ ਸੁਣਿਆ ਬੋਲ, ਬਿਨ ਰਸਨਾ ਜਿਹਵਾ ਜੋ ਦਿਤਾ ਸੁਣਾਈਆ । ਨਵ ਸੱਤ ਵਿਕਾਰ ਦਵਾਰਾ ਦਿਤਾ ਖੋਲ, ਨਵ ਸੱਤ ਪਰਦਾ ਦਿਤਾ ਚੁਕਾਈਆ । ਮੈਂ ਕੋਈ ਪੰਡਤ ਨਹੀਂ ਪਾਂਧਾ ਜਗਤ ਵਿਦਿਆ ਵਾਲਾ ਰੌਲ, ਰੌਲਾ ਪਾ ਨਾ ਕੁਛ ਸੁਣਾਈਆ । ਮੈਂ ਖ਼ੁਸ਼ੀਆਂ ਨਾਲ ਆਇਆ ਉਪਰ ਧੌਲ, ਧਰਮ ਦੀ ਧਾਰ ਦਿਆਂ ਦ੍ਰਿੜਾਈਆ । ਉਹ ਤੱਕ ਲੈ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਤੇਰਾ ਪੂਰਾ ਹੋਇਆ ਕੌਲ, ਇਕਰਾਰਨਾਮਾ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਨਾਰਦ ਕਹੇ ਕਲਜੁਗ ਮੈਂ ਆ ਗਿਆ ਲੈ ਫ਼ਰਮਾਨਾ ਫ਼ਰਮਾਬਰਦਾਰਾ ਦਿਆਂ ਜਣਾਈਆ । ਵੇਖ ਖੇਲ ਸ੍ਰੀ ਭਗਵਾਨਾ, ਜੋ ਭਗਵਨ ਰਿਹਾ ਕਰਾਈਆ । ਜੋਤੀ ਜੋਤ ਪਹਿਰ ਕੇ ਬਾਣਾ, ਰੂਪ ਅਨੂਪ ਆਇਆ ਬਦਲਾਈਆ । ਸ਼ਬਦੀ ਸ਼ਬਦ ਅਨਾਦੀ ਗਾਣਾ, ਦੋ ਜਹਾਨਾਂ ਰਿਹਾ ਸੁਣਾਈਆ । ਜਿਸ ਤੇਰਾ ਲੇਖ ਪੂਰ ਕਰਾਉਣਾ, ਪੂਰਨ ਪੂਰਨ ਵਿਚ ਸਮਾਈਆ । ਚਾਰੋਂ ਕੁੰਟ ਮਾਰ ਧਿਆਨਾ, ਨਿਗਾਹ ਨੈਣ ਨੈਣ ਉਠਾਈਆ । ਜੋਧਾ ਸੂਰਬੀਰ ਬਣ ਬਲਵਾਨਾ, ਬਲਧਾਰੀ ਲਏ ਅੰਗੜਾਈਆ । ਅੰਤ ਅਖ਼ੀਰ ਆਪਣਾ ਝੁਲਦਾ ਵੇਖ ਲੈ ਨਿਸ਼ਾਨਾ, ਨਿਸ਼ਾਨਿਆਂ ਤੋਂ ਬਾਹਰ ਅੱਖ ਉਠਾਈਆ । ਤੇਰੀ ਚਾਰ ਕੁੰਟ ਦੀ ਸੁਣੀ ਕੂੜ ਕਲਾਮਾ, ਜੋ ਕਾਇਨਾਤ ਵਿਚ ਸੁਣਾਈਆ । ਤੇਰਾ ਵੱਜ ਗਿਆ ਡੰਕ ਦਮਾਮਾ, ਜਗਤ ਜਹਾਨ ਦਿਤਾ ਦ੍ਰਿੜਾਈਆ । ਉਹ ਤੱਕ ਧੁਰ ਦਾ ਆ ਗਿਆ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਨੇ ਪੈਗ਼ੰਬਰਾਂ ਦਿਤਾ

ਪੈਗ਼ਾਮਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਸੁਣਾਈਆ । ਸੋ ਸ਼ਹਿਨਸ਼ਾਹ ਸ਼ਾਹ ਸੁਲਤਾਨਾ, ਸਤਿ ਪੁਰਖ ਨਿਰੰਜਣ ਵਡ ਵਡਿਆਈਆ । ਅੰਤ ਕੰਤ ਭਗਵੰਤ ਹੋਇਆ ਜਾਣੀ ਜਾਣਾ, ਜਾਨਣਹਾਰ ਦਇਆ ਕਮਾਈਆ । ਮੈਂ ਓਸੇ ਦੇ ਹੁਕਮ ਵਿਚ ਲੈ ਕੇ ਆਇਆ ਧੁਰ ਪ੍ਰਵਾਨਾ, ਪ੍ਰਵਾਨਗੀ ਨਾਲ ਤੈਨੂੰ ਦਿਆਂ ਫੜਾਈਆ । ਸੋਹਣਿਆਂ ਮੇਰੇ ਸੋਹਣੇ ਮਹਿਬੂਬ ਨੇ ਤੇਰਾ ਬਦਲ ਦੇਣਾ ਜ਼ਮਾਨਾ, ਜ਼ਾਹਰ ਜ਼ਹੂਰ ਆਪਣੀ ਦਇਆ ਕਮਾਈਆ । ਮੈਨੂੰ ਰਾਹ ਵਿਚ ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪੰਡਤਾ ਕਿਹੜੇ ਕੋਲ ਚਲਿਆ ਜਜਮਾਨਾ, ਸਾਨੂੰ ਦੇ ਸਮਝਾਈਆ । ਮੈਂ ਹੱਸ ਕੇ ਕਿਹਾ ਉਹ ਤੱਕੋ ਅਲਾਹੀ ਨੂਰ ਵਿਸ਼ਨੂੰ ਭਗਵਾਨਾ, ਜੋ ਤੁਹਾਡਾ ਸਭ ਦਾ ਪਿਤਾ ਮਾਈਆ । ਜਿਸ ਦਾ ਸੰਬਲ ਵਿਚ ਸਤਿਗੁਰ ਸ਼ਬਦ ਧਾਰ ਟਿਕਾਣਾ, ਜੋਤੀ ਜਾਤਾ ਡਗਮਗਾਈਆ । ਮੈਂ ਉਸ ਦਾ ਹੁਕਮ ਬਤਲਾਨਾ, ਭੱਜਾਂ ਵਾਹੋ ਦਾਹੀਆ । ਨਾਰਦ ਕਹੇ ਲੇਖੇ ਲੱਗੇ ਆਉਣਾ ਜਾਣਾ, ਜਾਨਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨਾ, ਨਵ ਜੋਬਨਵੰਤਾ ਆਪਣਾ ਹੁਕਮ ਆਪ ਦ੍ਰਿੜਾਈਆ ।

ਸਤਿਗੁਰ ਸ਼ਬਦ ਕਿਰਪਾ ਦੇਵੇ ਕਰ, ਕ੍ਰਿਪਾਲ ਆਪਣੀ ਦਇਆ ਕਮਾਈਆ । ਜੁਗ ਚੌਕੜੀ ਸਭ ਦਾ ਲੇਖਾ ਜਾਣੇ ਵਰ, ਵਰ ਦਾਤਾ ਬੇਪ੍ਰਵਾਹੀਆ । ਸੁਲੱਖਣ ਸਿੰਘ ਦਾ ਸੀ ਓਥੇ ਘਰ, ਜਿਸ ਗ੍ਰਹਿ ਵਿਚ ਦੋ ਮਿਤਰ ਰਹਿੰਦੇ ਚਾਈਂ ਚਾਈਂਆ । ਮਾਨਸ ਦਾ ਨਿਸ਼ਾਨਾ ਮਾਨ ਸਰ, ਸਰ ਸਰੋਵਰ ਇਕ ਦ੍ਰਿੜਾਈਆ । ਜਿਸ ਦਾ ਚੜ੍ਹਦੇ ਹੁੰਦਾ ਸੀ ਦਰ, ਲਹਿੰਦੇ ਆਸਣ ਇਕ ਸੁਹਾਈਆ । ਬਾਰਾਂ ਅਕਸ਼ਰੀ ਪਾਠ ਲੈਂਦਾ ਸੀ ਪੜ੍ਹ, ਬਾਰਾਂ ਮਾਸ ਦੀ ਰੁਤ ਸੁਹਾਈਆ । ਸੂਰਜ ਦੇਵਤੇ ਅਗੇ ਖੜ, ਪਾਣੀ ਝਟਕੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਇਹ ਹੁੰਦਾ ਸੀ ਵੈਰਾਗੀ, ਬਿਰਹੋਂ ਵੈਰਾਗ ਵਿਚ ਸਮਾਈਆ । ਵਰਿਆਮ ਹੁੰਦਾ ਸੀ ਤਿਆਗੀ, ਦੋਵੇਂ ਇਕੋ ਥਾਂ ਵਿਚ ਸਮਾਈਆ । ਇਕ ਦਿਨ ਦੋਹਾਂ ਨੇ ਪ੍ਰੇਮ ਦੀ ਲਾਈ ਬਾਜ਼ੀ, ਸ਼ਰਤੀਆ ਸ਼ਰਤ ਲਈ ਲਗਾਈਆ । ਦੋਵੇਂ ਆਪਣੇ ਪਰਮ ਪੁਰਖ ਨੂੰ ਕਰੀਏ ਰਾਜੀ, ਨਿਵ ਨਿਵ ਸੀਸ ਝੁਕਾਈਆ । ਆਪਣਾ ਅੰਤਰ ਲਈਏ ਸਾਧੀ, ਸਾਧਨਾ ਵਿਚ ਸਮਾਈਆ । ਫੇਰ ਅੰਦਰੋਂ ਆਈ ਆਵਾਜ਼ੀ, ਧੁਨ ਵਿਚ ਸ਼ਨਵਾਈਆ । ਤੁਸੀਂ ਦੋਵੇਂ ਲਾਓ ਸਮਾਧੀ, ਇਕੋ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਚ ਸਮਾਧੀ ਲਾਈ ਤਾੜੀ, ਅੰਤਰ ਧਿਆਨ ਲਗਾਈਆ । ਪ੍ਰੇਮ ਵਸਿਆ ਨਾੜ ਨਾੜੀ, ਨਾੜ ਬਹੱਤਰ ਖ਼ੁਸ਼ੀ ਬਣਾਈਆ । ਮੰਜ਼ਲ ਹੋਰ ਨਾ ਮਿਲੇ ਅਗਾੜੀ, ਅਗਲਾ ਪੰਧ ਨਾ ਕੋਇ ਚੁਕਾਈਆ । ਚਾਰੋਂ ਕੁੰਟ ਜੰਗਲ ਉਜਾੜੀ, ਪਹਾੜ ਸੋਭਾ ਪਾਈਆ । ਝਟ ਇਕ ਕਲੋਲਣ ਆ ਗਈ ਨਾਰੀ, ਆਪਣਾ ਪੰਧ ਮੁਕਾਈਆ । ਉਨ ਆਵਾਜ ਸੁਭਾਵਕ ਮਾਰੀ, ਪ੍ਰੇਮ ਨਾਲ ਸੁਣਾਈਆ । ਵੈਰਾਗੀਓ ਮੈਂ ਕਵਾਰੀ, ਕੋਈ ਮੈਨੂੰ ਲਓ ਪ੍ਰਨਾਈਆ । ਦੋਹਾਂ ਨੇ ਝਟ ਅੱਖ ਉਘਾੜੀ, ਨੈਣ ਲਏ ਉਠਾਈਆ । ਉਨ ਸੁਲੱਖਣੀ ਨੇ ਦੋ ਹੱਥਾਂ ਦੀ ਮਾਰੀ ਤਾੜੀ, ਹੱਸ ਕੇ ਦਿਤਾ ਵਖਾਈਆ । ਵੈਰਾਗੀਓ ਤਿਆਗੀਓ ਤੁਹਾਨੂੰ ਪਤਾ ਨਹੀਂ ਪ੍ਰਭੂ ਨਾਲ ਕਿਸ ਤਰਾ ਲਾਉਣੀ ਯਾਰੀ,

ਯਾਰ ਦੇ ਯਰਾਨੇ ਵਿਚ ਅੱਖ ਨਾ ਕਦੇ ਬਦਲਾਈਆ । ਹੁਣ ਤੁਹਾਨੂੰ ਜਾਣਾ ਪਵੇਗਾ ਵਿਚੋਂ ਸੰਸਾਰੀ, ਨਾਤਾ ਜਗਤ ਵਾਲਾ ਤੁੜਾਈਆ । ਜਿਸ ਵੇਲੇ ਧੁਰ ਦਾ ਮਾਲਕ ਆਵੇ ਏਕੰਕਾਰੀ, ਅਕਲ ਕਲਧਾਰੀ ਆਪਣੀ ਕਲ ਪ੍ਰਗਟਾਈਆ । ਤੁਹਾਡਾ ਮਾਨਸ ਜਨਮ ਹੋਏਗਾ ਦੂਜੀ ਵਾਰੀ, ਇਸ਼ਾਰਾ ਦੇ ਕੇ ਗਈ ਸਮਝਾਈਆ । ਫੇਰ ਉਹ ਨਜ਼ਰ ਨਾ ਆਈ ਪਿਆਰੀ, ਪ੍ਰੇਮ ਵਿਚੋਂ ਪ੍ਰਗਟੀ ਤੇ ਪ੍ਰੇਮ ਵਿਚ ਗਈ ਸਮਾਈਆ । ਉਸੇ ਦੀ ਰਸਨਾ ਜੋ ਰਸ ਨਾਲ ਗਈ ਉਚਾਰੀ, ਸ਼ਬਦੀ ਸ਼ਬਦ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਚੁਕਾਈਆ । ਲੇਖਾ ਕਹੇ ਮੇਰਾ ਆਇਆ ਵਕਤ ਸੁਹੰਜਣਾ, ਪ੍ਰਭ ਦਿਤੀ ਮਾਣ ਵਡਿਆਈਆ । ਜਿਸ ਨੂੰ ਬਿਨ ਹੱਥਾਂ ਤੋਂ ਕਰਾਂ ਬੰਦਨਾ, ਬਿਨਾ ਸੀਸ ਤੋਂ ਸੀਸ ਝੁਕਾਈਆ । ਜਿਸ ਮਾਨ ਸਰ ਖ਼ੁਸ਼ੀ ਦੀ ਚਾੜ੍ਹੀ ਰੰਗਣਾ, ਰੰਗਤ ਰੰਗਤ ਰੰਗ ਵਾਲੀ ਰੰਗ ਰੰਗਾਈਆ । ਇਹ ਲੇਖਾ ਓਥੇ ਸੀ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਸ ਦਾ ਖੇਲ ਉਸ ਨੇ ਸਭ ਨੂੰ ਸੱਦਣਾ, ਸੱਦੇ ਦੇਵੇ ਥਾਉਂ ਥਾਈਆ । ਜਿਸ ਦੇ ਪਿਆਰ ਵਿਚ ਬਿਨਾ ਭਗਤੀ ਤੋਂ ਬੱਝਣਾ, ਬਿਨਾ ਸਮਾਧੀ ਤੋਂ ਸਾਧ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਦਾ ਮੀਤ ਮੁਰਾਰਾ ਸੱਜਣਾ, ਸਾਜਣ ਇਕ ਅਖਵਾਈਆ ।

## ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਕੋਟਲੀ ਜ਼ਿਲਾ ਜੰਮੂ ਦੌਲਤ ਰਾਮ ਦੇ ਗ੍ਰਿਹ ✪



ਧਰਮ ਕਹੇ ਕਲਜੁਗ ਮੇਰਾ ਵੇਖ ਲੈ ਧਰਮਾ, ਧਰਮੀਆਂ ਨੂੰ ਧਰਮ ਧਾਰ ਸਮਝਾਈਆ । ਜਿਸ ਦਾ ਖੇਲ ਵੇਖੇ ਬ੍ਰਹਮਾ, ਬ੍ਰਹਮ ਧਾਰ ਨੈਣ ਉਠਾਈਆ । ਸਾਹਿਬ ਸਵਾਮੀ ਮਿਲੇ ਸਰਨਾ, ਹਰਿਜਨ ਸਾਚੇ ਵਿਚ ਵਡਿਆਈਆ । ਉਹਨਾਂ ਦਾ ਕਦੇ ਨਾ ਹੋਵੇ ਮਰਨਾ, ਮਰ ਜੀਵਤ ਰੂਪ ਵਟਾਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨਾ, ਕਲਜੁਗ ਤੇਰੀ ਆਂਚ ਨਾ ਲਾਗੇ ਰਾਈਆ । ਉਨ੍ਹਾਂ ਸਚਖੰਡ ਦਵਾਰੇ ਚੜ੍ਹਨਾ, ਅਗੇ ਹੋ ਨਾ ਕੋਇ ਅਟਕਾਈਆ । ਆਪਣੇ ਸਾਚੇ ਘਰ ਵਿਚ ਵੜਨਾ, ਜਿਥੇ ਹਰਿਜਨ ਸੋਭਾ ਪਾਈਆ । ਮਾਨਸ ਜਨਮ ਜਗਤ ਵਿਚ ਤਰਨਾ, ਮਾਨੁਖ ਦੇਹੀ ਲੇਖੇ ਲਾਈਆ । ਚੁਰਾਸੀ ਚੁਕੇ ਭੈ ਡਰਨਾ, ਫਾਸੀ ਗਲ ਨਾ ਕੋਇ ਲਟਕਾਈਆ । ਇਕੋ ਸੁਹੰਜਣਾ ਮਿਲੇ ਦਰਨਾ, ਦਰਗਾਹ ਸਾਚੀ ਨਜ਼ਰੀ ਆਈਆ । ਚਰਨੋਦਕ ਮਿਲੇ ਅਗੰਮੀ ਚਰਨਾ, ਅੰਮਿਉਂ ਰਸ ਆਪ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਕਲਜੁਗ ਕਹੇ ਧਰਮ ਮੈਂ ਭਗਤਾਂ ਕਰਾਂ ਬੰਦਨਾ, ਨਿਵ ਨਿਵ ਸੀਸ ਨਿਵਾਈਆ । ਜਿਨ੍ਹਾਂ ਸਤਿਗੁਰ ਧੂੜੀ ਲਾਇਆ ਮਸਤਕ ਚੰਦਨਾ, ਸਾਚੀ ਖ਼ਾਕ ਰਮਾਈਆ । ਆਤਮ ਪਰਮਾਤਮ ਛੋਹੀ ਅੰਗਣਾ, ਅੰਗੀਕਾਰ ਇਕ ਬਣਾਈਆ । ਪਿਆਰ ਮੁਹੱਬਤ ਚੜ੍ਹੀ ਰੰਗਣਾ, ਦੁਰਮਤ ਮੈਲ ਧਵਾਈਆ । ਉਨ੍ਹਾਂ ਦਾ ਭਾਗ ਹੋਵੇ ਕਦੇ ਨਾ ਮੰਦਨਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਜਿਨ੍ਹਾਂ ਦਾ ਸਾਹਿਬ ਸਵਾਮੀ ਸੱਜਣਾ, ਪੁਰਖ ਅਕਾਲ ਬੇਪਰਵਾਹੀਆ । ਚਰਨ ਕਵਲ ਕਰਾ ਕੇ ਮਜਨਾ, ਮਜਲਸ ਭਗਤਾਂ ਵਾਲੀ ਵਖਾਈਆ । ਕੂੜ ਵਿਕਾਰ ਜਗਤ ਸੰਸਾਰ ਉਨ੍ਹਾਂ ਤਜਣਾ, ਪੱਲੂ ਲੈਣ ਛੁਡਾਈਆ । ਕਾਇਆ ਮਾਟੀ ਭਾਂਡਾ ਭੱਜਣਾ, ਤਤ ਤਤਾਂ ਵਿਚ ਰਲਾਈਆ । ਆਤਮ ਦੀਪਕ ਜੋਤੀ ਜਗਣਾ, ਜਾਗਰਤ ਜੋਤ ਵਿਚ ਰੁਸ਼ਨਾਈਆ । ਜਿਥੇ ਮਿਟੇ ਤ੍ਰੈਗੁਣ

ਅੱਗਨਾ, ਅਗਨੀ ਅੱਗ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਕਲਜੁਗ ਮੇਰਾ ਧਰਮ ਵੇਖ ਅਪਾਰ, ਅਪਰੰਪਰ ਸਵਾਮੀ ਦਿਤੀ ਵਡਿਆਈਆ । ਜਨ ਭਗਤ ਸੁਹੇਲੇ ਕਰ ਉਜਿਆਰ, ਗ੍ਰਿਹ ਮੰਦਰ ਕੀਤੀ ਰੁਸ਼ਨਾਈਆ । ਸ਼ਬਦੀ ਦੇਵੇ ਦਰਸ ਦੀਦਾਰ, ਦੀਦ ਈਦ ਰੁਸ਼ਨਾਈਆ । ਤੇਰਾ ਮੇਟ ਕੇ ਧੂੰਆਂਧਾਰ, ਨੂਰ ਉਜਾਲਾ ਇਕ ਚਮਕਾਈਆ । ਅੰਦਰ ਬਖ਼ਸ਼ ਚਰਨ ਧੂੜੀ ਛਾਰ, ਸ਼ਰਅ ਦਾ ਡੇਰਾ ਢਾਹੀਆ । ਘਰ ਸਵਾਮੀ ਮਿਲੇ ਨਿਰਾਕਾਰ, ਨਿਰਵੈਰ ਪੁਰਖ ਅਗੰਮ ਅਥਾਹੀਆ । ਜੋ ਲੇਖਾ ਆਵਣ ਜਾਵਣ ਜਾਨਣਹਾਰ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਅਗੰਮ ਅਪਾਰ, ਅਲਖ ਅਗੋਚਰ ਇਕ ਅਖਵਾਈਆ । ਜੋ ਸੰਤ ਸੁਹੇਲੇ ਦੇਵੇ ਤਾਰ, ਦੁਤਰ ਪਾਰ ਕਰਾਈਆ । ਮੇਲ ਮਿਲਾਏ ਆਪਣੀ ਧਾਰ, ਜੋਤੀ ਜਾਤਾ ਹਰਿ ਰਘੁਰਾਈਆ । ਕਿਰਪਾ ਨਿਧ ਹਰਿ ਕਰਤਾਰ, ਕਰਤਾਰੋ ਆਪਣੇ ਰੰਗ ਰੰਗਾਈਆ । ਬਿਨਾ ਸਚਖੰਡ ਸਚ ਦਰਬਾਰ, ਭਗਤਾਂ ਨਾਲ ਦਿਤੀ ਵਡਿਆਈਆ । ਦੁੱਖ ਸੁਖ ਨਾ ਰਿਹਾ ਨਾਲ, ਨਾਤਾ ਤੁਟਿਆ ਕੂੜ ਲੋਕਾਈਆ । ਜਗਤ ਮੁਹੱਬਤ ਛਡ ਪਿਆਰ, ਪਰਮ ਪੁਰਖ ਵਿਚ ਸਮਾਈਆ । ਪਿਛੇ ਖ਼ੁਸ਼ੀਆਂ ਵਿਚ ਵਸਦਾ ਰਹੇ ਪਰਵਾਰ, ਇਹ ਆਸ਼ਾ ਰਹੀ ਤਕਾਈਆ । ਮੈਨੂੰ ਸੰਬਲ ਦੇ ਮਾਲਕ ਲਿਆ ਸੰਭਾਲ, ਸੰਭਲ ਆਪਣੀ ਗੋਦ ਟਿਕਾਈਆ । ਤ੍ਰੈਗੁਣ ਟੁੱਟਾ ਜਗਤ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰੀ ਲੇਖੇ ਲਾਈ ਸੇਵਾ ਕੀਤੀ ਘਾਲ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਦਾ ਨਾਲ, ਨਿਰਗੁਣ ਧਾਰ ਵਿਛੜ ਕਦੇ ਨਾ ਜਾਈਆ ।



੬੩੪
੨੩

## ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਹੰਸਾ ਜ਼ਿਲਾ ਜੰਮੂ ਵਕੀਲ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਨਾਰਦ ਇਹ ਹੁਕਮ ਕਲਮਬੰਦ, ਕਲਮਿਆਂ ਤੋਂ ਬਾਹਰ ਦਿਤਾ ਲਿਖਾਈਆ । ਮੇਰੇ ਸੁਣ ਕੇ ਜੁੜ ਗਏ ਦੰਦ, ਸੁਰਤੀ ਸੁਰਤ ਰਹੀ ਨਾ ਰਾਈਆ । ਧੰਨ ਭਾਗ ਜੇ ਮਾਰ ਕੇ ਆਇਉਂ ਪੰਧ, ਆਪਣਾ ਪੰਧ ਮੁਕਾਈਆ । ਮੈਨੂੰ ਏਸ ਦੀ ਖੋਲ ਵਖਾ ਗੰਢ, ਪਰਦਾ ਦੇ ਉਠਾਈਆ । ਨਾਰਦ ਕਿਹਾ ਮੂਲ ਨਾ ਸੰਗ, ਆਪਣੀ ਲੈ ਅੰਗੜਾਈਆ । ਇਹ ਬੱਧਾ ਨਹੀਂ ਨਾਲ ਕਿਸੇ ਤੰਦ, ਪਿਆਰ ਨਾਲ ਲੈ ਬਦਲਾਈਆ । ਜਾਂ ਕਲਜੁਗ ਇਸ਼ਾਰਾ ਕੀਤਾ ਵਿਚੋਂ ਨਿਸ਼ਾਨ ਮਿਲਿਆ ਤਾਰਾ ਚੰਦ, ਚੰਦ ਸਿਤਾਰ ਨੈਣਾਂ ਨੀਰ ਵਹਾਈਆ । ਦਰੋਹੀ ਸਾਨੂੰ ਅੰਤਮ ਕੋਈ ਨਾ ਲਾਵੇ ਅੰਗ, ਅੰਗੀਕਾਰ ਨਾ ਕੋਇ ਅਖਵਾਈਆ । ਮੁਹੰਮਦ ਦੀ ਪੂਰੀ ਹੋਵੇ ਮੰਗ, ਸਦੀ ਚੌਧਵੀਂ ਉਠ ਉਠ ਲਵੇ ਅੰਗੜਾਈਆ । ਸਾਡਾ ਲੇਖਾ ਮੁਕਣਾ ਵਿਚੋਂ ਵਰਭੰਡ, ਬ੍ਰਹਿਮੰਡ ਦੇਣ ਗਵਾਹੀਆ । ਪੂਰਬ ਲੇਖਾ ਗਿਆ ਲੰਘ, ਅਗਲੀ ਸਮਝ ਰਹੇ ਨਾ ਰਾਈਆ । ਕੀ ਖੇਲ ਕਰੇ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜੋ ਸਚ ਦਵਾਰ ਬੈਠਾ ਅਗੰਮ ਪਲੰਘ, ਸੁਖ ਆਸਣ ਸੋਭਾ ਪਾਈਆ । ਹੁਕਮ ਦਾ ਵਜਾਏ ਇਕ ਮਰਦੰਗ, ਦੋ ਜਹਾਨ ਸੁਣਾਈਆ । ਕਲਜੁਗ ਕਹੇ ਮੇਰਾ ਭਾਗ ਹੋਏ ਨਾ ਮੰਦ, ਮੈਂ ਕੀਤੀ ਬੜੀ ਕਮਾਈਆ । ਮੇਰੇ ਅੰਤਰ ਪਾਵੇ ਠੰਡ, ਪੁਰਖ ਅਕਾਲ ਧੁਰ ਦਾ ਮਾਹੀਆ । ਮੈਂ ਚਾਹੁੰਦਾ

ਇਕੋ ਵਾਰ ਮਨ ਮਤ ਦਾ ਮੇਰੇ ਕੋਲ ਕਰਾ ਦੇਵੇ ਜੰਗ, ਦੂਜਾ ਝਗੜਾ ਰਹਿਣ ਕੋਇ ਨਾ ਪਾਈਆ । ਸਭ ਦੀ ਬੁੱਧੀ ਵਿਕਾਰ ਵਿਚ ਦੇਵੇ ਟੰਗ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਮੇਰਾ ਅਨੋਖਾ ਵੇਖੇ ਰੰਗ, ਰੰਗਤ ਇਕ ਬਦਲਾਈਆ । ਕਲਜੁਗ ਵਰਕਾ ਪਰਤ ਅਗਲਾ ਖੇਲ ਵੇਖ ਸੂਰਾ ਸਰਬੰਗ, ਕੀ ਕਰਨੀ ਕਾਰ ਕਮਾਈਆ । ਪਹਿਲਾ ਅੱਖਰ ਤੇਰਾ ਲਹਿਣਾ ਦੇਣਾ ਹੋਵੇ ਭੰਗ, ਧਰਨੀ ਧਰਤ ਧਵਲ ਰਹਿਣ ਕੋਇ ਨਾ ਪਾਈਆ । ਦੁਹਾਈ ਫਿਰਨੀ ਜੇਰਜ ਅੰਡ, ਉਤਭੁਜ ਸੇਤਜ ਸਰਬ ਕੁਰਲਾਈਆ । ਦੀਨਾਂ ਮਜ਼੍ਹਬਾਂ ਹੋਣਾ ਖੰਡ ਖੰਡ, ਖੰਡਾ ਖੜਗ ਖੜਗ ਖੜਕਾਈਆ । ਟੁੱਟੀ ਸਕੇ ਕੋਇ ਨਾ ਗੰਢ, ਗੰਢਣਹਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਮੈਂ ਚਿੱਠੀ ਦਾ ਬਦਲਿਆ ਵਰਕਾ, ਪਤਰਾ ਦਿਤਾ ਬਦਲਾਈਆ । ਭੇਤ ਖੁਲ੍ਹਿਆ ਮਾਤਲੋਕ ਵਾਲੇ ਘਰ ਦਾ, ਘਰੋਗੀ ਖੇਲ ਦਿਤਾ ਵਖਾਈਆ । ਮਾਣ ਰਿਹਾ ਨਾ ਕਿਸੇ ਦਰ ਦਾ, ਦਰ ਦਵਾਰੇ ਦੇਣ ਦੁਹਾਈਆ । ਵਹਿਣ ਵਗਿਆ ਕੂੜ ਵਿਕਾਰੇ ਦਲ ਦਾ, ਸਤਿ ਧਰਮ ਗਿਆ ਤੁੜਾਈਆ । ਪਿਆਰ ਰਿਹਾ ਨਾ ਸੀਸ ਧੜ ਦਾ, ਤਨ ਵਜੂਦ ਨਾ ਕੋਇ ਚਤੁਰਾਈਆ । ਮੇਲ ਮਿਲੇ ਨਾ ਚੇਤਨ ਜੜ ਦਾ, ਚੋਟੀ ਜੜ ਦਏ ਦੁਹਾਈਆ । ਲੇਖਾ ਵੇਖਣਾ ਗੋਰ ਮੜ੍ਹ ਦਾ, ਮਕਬਰੇ ਰੋਵਨ ਮਾਰਨ ਧਾਹੀਆ । ਲੇਖਾ ਲਿਖਿਆ ਨਰਾਇਣ ਨਰ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਕਹੇ ਇਹ ਮੇਰਾ ਲਹਿਣਾ ਧੁਰ ਦੇ ਵਰ ਦਾ, ਦੇਵਣਹਾਰ ਦਿਤੀ ਵਡਿਆਈਆ । ਇਹ ਚਿੱਠੀ ਮੇਰਾ ਸਰੋਵਰ ਸਰ ਦਾ, ਜੋ ਸਿਰਾਂ ਦਾ ਵਣਜ ਲਏ ਕਰਾਈਆ । ਜਿਸ ਝਗੜਾ ਮਿਟਾਉਣਾ ਜੋਰੂ ਜ਼ਰ ਦਾ, ਜਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਕਲਜੁਗ ਚਿੱਠੀ ਦੀ ਸਾਰੀ ਪੜ੍ਹ ਇਬਾਰਤ, ਬਿਨ ਅੱਖਰਾਂ ਵੇਖ ਵਖਾਈਆ । ਦੋ ਜਹਾਨਾਂ ਕਰ ਜ਼ਿਆਰਤ, ਜ਼ੱਰਾ ਜ਼ੱਰਾ ਧਿਆਨ ਜਣਾਈਆ । ਜਿਸ ਨੂੰ ਸਮਝੇ ਕੋਇ ਨਾ ਆਰਫ਼, ਬੁੱਧੀਵਾਨ ਨਾ ਕੋਇ ਚਤੁਰਾਈਆ । ਮੈਂ ਤੇਰੇ ਨਾਲ ਕਰਾਵਾਂ ਤੁਆਰਫ਼, ਖ਼ੁਸ਼ੀਆਂ ਨਾਲ ਜਣਾਈਆ । ਇਹ ਚਿੱਠੀ ਕਹਿੰਦੀ ਵੇਖ ਲੈ ਖੇਲ ਵਿਚ ਭਾਰਤ, ਭਾਰਦਵਾਜ ਸੀਸ ਨਿਵਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਦਿਤੀ ਨਾਮ ਵਾਲੀ ਆੜ੍ਹਤ, ਹੱਟਾਂ ਜਗਤ ਵਿਚ ਚਲਾਈਆ । ਉਸ ਨੇ ਨਵੀਂ ਘੜਨੀ ਘਾੜਤ, ਆਪਣਾ ਹੁਕਮ ਵਰਤਾਈਆ । ਤੇਰੀ ਰਹਿਣ ਦੇਣੀ ਨਹੀਂ ਮੂਲ ਸ਼ਰਾਰਤ, ਸ਼ਰਅ ਦਾ ਲੇਖਾ ਦਏ ਮੁਕਾਈਆ । ਸਭ ਦਾ ਬਣ ਕੇ ਆਪ ਵਾਰਸ, ਵਿਰਸਾ ਸਭ ਦਾ ਖੋਜ ਖੁਜਾਈਆ । ਝਟ ਹੱਸ ਕੇ ਕਿਹਾ ਨਾਰਦ, ਤਾਲੀ ਹੱਥਾਂ ਵਾਲੀ ਵਜਾਈਆ । ਕਲਜੁਗ ਤੱਕ ਲੈ ਆਪਣਾ ਕਰੀਮ ਕਾਦਰ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਜਿਸ ਨੇ ਖੇਲ ਖੇਲਣਾ ਵਿਚ ਸਾਗਰ, ਸਮੁੰਦਰਾਂ ਫੋਲ ਫੁਲਾਈਆ । ਲਹਿਣਾ ਮੁਕਾਏ ਕਾਇਆ ਗਾਗਰ, ਗਗਰੀਆ ਧਿਆਨ ਲਗਾਈਆ । ਜਨ ਭਗਤਾਂ ਦੇਵੇ ਆਦਰ, ਅਦਲ ਇਨਸਾਫ਼ ਆਪ ਕਰਾਈਆ । ਸਤਿਜੁਗ ਨਾਲ ਕਰੇ ਤੇਰਾ ਤਬਾਦਲ, ਤਬਦੀਲੀਆਂ ਦਏ ਕਰਾਈਆ । ਤੇਰਾ ਕੂੜ ਨਾ ਰਹੇ ਬਾਦਲ, ਅੰਧ ਅੰਧੇਰ ਮਿਟਾਈਆ । ਸ਼ਰਅ ਛੁਰੀ ਨਾ ਦਿਸੇ ਮਕਤੂਲ ਕਾਤਲ, ਕਤਲਗਾਹ ਦਾ ਡੇਰਾ ਢਾਹੀਆ । ਲੇਖਾ ਵੇਖ ਲੈ ਮੁਕੱਦਸ ਬੈਤਲ, ਬਾਤਨ ਬੇਪ੍ਰਵਾਹ ਦਇਆ ਕਮਾਈਆ । ਕਲਜੁਗਾ ਚਿੱਠੀ ਮੇਰੇ ਪ੍ਰੇਮ ਦੇ ਨਾਲ ਲੱਗੀ ਵਾਚਣ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੬੩੫
੨੩

ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਆਪਣਾ ਹੁਕਮ ਜਣਾਈਆ ।

## ✪ ੨੪ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾ ਜ਼ਿਲਾ ਜੰਮੂ ਤੇਜ ਭਾਨ ਦੇ ਗ੍ਰਹਿ ✪

ਕਲਜੁਗ ਕਹੇ ਪ੍ਰਭੂ ਥਾਪੀ ਦੇ ਮੇਰੀ ਪੁਸ਼ਤ ਪਨਾਹ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਧਰਮ ਦਾ ਪਵਿਤ੍ਰ ਰਹਿਣ ਦਿਤਾ ਨਹੀਂ ਕੋਈ ਥਾਂ, ਥਨੰਤਰ ਵੱਜੇ ਨਾ ਕੋਇ ਵਧਾਈਆ । ਸ੍ਰਿਸ਼ਟੀ ਦ੍ਰਿਸ਼ਟੀ ਭਰੀ ਨਾਲ ਗੁਨਾਹ, ਪਤਤ ਪੁਨੀਤ ਨਾ ਕੋਇ ਬਣਾਈਆ । ਨਾਤਾ ਤੋੜ ਕੇ ਪੁਤਰਾਂ ਮਾਂ, ਪਿਤਾ ਪੂਤ ਵਿਛੋੜਾ ਦਿਤਾ ਪਾਈਆ । ਹਿਰਦੇ ਅੰਦਰ ਤੇਰਾ ਲੈ ਸਕੇ ਕੋਈ ਨਾ ਨਾਂ, ਰਸਨਾ ਜਿਹਵਾ ਬੁੱਲਾਂ ਨਾਲ ਸਾਰੇ ਗਾਈਆ । ਜਗਤ ਵਾਸਨਾ ਬੁੱਧੀ ਹੋਈ ਕਾਂ, ਹੰਸ ਰੂਪ ਨਾ ਕੋਇ ਵਖਾਈਆ । ਕਿਸੇ ਨੂੰ ਸੂਰ ਖਵਾਇਆ ਕਿਸੇ ਖਵਾਈ ਗਾਂ, ਬਚਿਆ ਰਹਿਣ ਕੋਇ ਨਾ ਪਾਈਆ । ਸ਼ਾਹ ਸੁਲਤਾਨਾਂ ਨਿਥਾਵਿਆਂ ਦਿਤਾ ਥਾਂ, ਸੀਸ ਤਾਜ ਨਾ ਕੋਇ ਟਿਕਾਈਆ । ਦੀਨਾਂ ਮਜ਼੍ਹਬਾਂ ਦਿਤਾ ਲੜਾ, ਸ਼ਰਅ ਸ਼ਰਅ ਨਾਲ ਟਕਰਾਈਆ । ਪੰਚ ਵਿਕਾਰ ਦਾ ਡੰਕਾ ਦਿਤਾ ਵਜਾ, ਘਰ ਘਰ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਤੇਰੀ ਚਲੇ ਨਾ ਕੋਈ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰਾ ਦਰਸ ਕੋਇ ਨਾ ਪਾਈਆ । ਮੈਂ ਤੇਰਾ ਸੁਤ ਦੁਲਾਰਾ ਨੌਜਵਾਂ, ਜੋਬਨਵੰਤਾ ਸੋਭਾ ਪਾਈਆ । ਮੇਰੇ ਸਵਾਮੀ ਮੇਰੀ ਫੜ ਲੈ ਬਾਂਹ, ਬਾਹੂ ਬਲ ਦੇ ਵਡਿਆਈਆ । ਮੈਂ ਨੌ ਖੰਡ ਪ੍ਰਿਥਮੀ ਫਿਰਾਂ ਧਰਤ ਗਰਾਂ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੂਰਬੀਰ ਸਪੁੱਤਰ, ਨਵ ਜੋਬਨਵੰਤਾ ਇਕ ਅਖਵਾਈਆ । ਮੈਂ ਫਿਰਨਾ ਪੱਛਮ ਉੱਤਰ, ਪੂਰਬ ਦੱਖਣ ਵੇਖ ਵਖਾਈਆ । ਕੋਈ ਮੇਰੇ ਇਕਰਾਰ ਤੋਂ ਜਾਏ ਨਾ ਮੁਕਰ, ਗੁਰ ਅਵਤਾਰ ਪੈਗ਼ੰਬਰਾਂ ਵਾਅਦੇ ਪੂਰ ਦੇਣੇ ਕਰਾਈਆ । ਮੈਂ ਤੇਰਾ ਸ਼ੁਕਰਾਨੇ ਵਿਚ ਕਰਾਂ ਸ਼ੁਕਰ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਮੇਰੀ ਨੌ ਖੰਡ ਪ੍ਰਿਥਮੀ ਸੁਹਾਉਣੀ ਰੁਤੜ, ਸੱਤ ਦੀਪ ਕੂੜ ਦੇਣਾ ਮਹਿਕਾਈਆ । ਮੈਨੂੰ ਲਾਡ ਨਾਲ ਚੁਕੀਂ ਕੁਛੜ, ਆਪਣੀ ਗੋਦ ਲੈਣਾ ਟਿਕਾਈਆ । ਮੇਰਾ ਨਿਸ਼ਾਨਾ ਮੂਲ ਨਾ ਦੇਵੀਂ ਉਕਣ, ਚਾਰੋਂ ਕੁੰਟ ਦੇਣਾ ਲਗਾਈਆ । ਦੀਨ ਦੁਨੀ ਘਰ ਘਰ ਹੋਵੇ ਦੁੱਖਣ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਆਤਮ ਪਰਮਾਤਮ ਮੈਂ ਲੈਣ ਦੇਣਾ ਨਹੀਂ ਕਿਸੇ ਸੁਖਣ, ਸੁਖ ਸਾਗਰ ਵਿਚ ਨਾ ਕੋਇ ਸਮਾਈਆ । ਭਾਗ ਲੱਗਣ ਦੇਣਾ ਨਹੀਂ ਕਿਸੇ ਕੁੱਖਣ, ਭਗਤ ਜਨਮੇ ਕੋਇ ਨਾ ਮਾਈਆ । ਫੇਰਾਂ ਦਰੋਹੀ ਵਿਚ ਕਾਇਆ ਬੁਤਣ, ਬੁਤਖ਼ਾਨੇ ਰੋਵਣ ਮਾਰਨ ਧਾਹੀਂਆ । ਮੈਂ ਖ਼ੁਸ਼ੀਆਂ ਵਿਚ ਸਤਿ ਧਰਮ ਨੂੰ ਆਇਆ ਲੁੱਟਣ, ਲੁਟੇਰਾ ਬਣ ਕੇ ਲੁੱਟਾਂ ਥਾਉਂ ਥਾਈਂਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰੇ ਸਾਂਝੇ ਯਾਰ ਕਿਤੇ ਸ਼ਬਦੀ ਧਾਰ ਨਾ ਆਵੀਂ ਕੁੱਟਣ, ਭਉ ਭੈ ਡਰਾਈਆ । ਮੈਂ ਦੁਲਾਰਾ ਲਾਡਲਾ ਤੇਰਾ ਸੁਤਣ, ਪਿਤਾ ਪੂਤ ਲੈਣਾ ਗਲ ਲਗਾਈਆ । ਮੇਰਾ ਜੋਬਨਵੰਤਾ ਰੂਪ ਤੱਕਣਾ ਹੁਸਨ, ਨੂਰ ਨੁਰਾਨੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭੂ ਮੇਰੀ

ਹੱਥ ਰਖ ਦੇ ਕੰਡ, ਮਿਹਰ ਨਜ਼ਰ ਉਠਾਈਆ । ਮੈਂ ਫਿਰਾਂ ਵਿਚ ਵਰਭੰਡ, ਭੱਜਾਂ ਵਾਹੋ ਦਾਹੀਆ । ਤੱਕਾਂ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਨਿਸ਼ਾਨ ਵੇਖਾਂ ਤਾਰਾ ਚੰਦ, ਉਮਤ ਉਮਤੀ ਭੇਵ ਰਹੇ ਨਾ ਰਾਈਆ । ਖੰਡਾਂ ਦੀਪਾਂ ਜਾਵਾਂ ਲੰਘ, ਮੰਡਲਾਂ ਪੰਧ ਮੁਕਾਈਆ । ਤੂੰ ਦੀਨ ਦਿਆਲਾ ਹੋਣਾ ਬਖ਼ਸ਼ੰਦ, ਰਹਿਮਤ ਸਚ ਕਮਾਈਆ । ਮੈਂ ਤੇਰਾ ਢੋਲਾ ਗਾਵਾਂ ਤੂੰ ਮੇਰਾ ਮੈਂ ਤੇਰਾ ਛੰਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਕਿਰਪਾ ਨਿਧਾਨ ਚਾੜ੍ਹ ਕੇ ਰੰਗ, ਰੰਗਤ ਆਪਣੀ ਨਾਲ ਰੰਗਾਈਆ । ਦਰ ਠਾਂਡੇ ਮੰਗਾਂ ਮੰਗ, ਨਿਵ ਨਿਵ ਸੀਸ ਝੁਕਾਈਆ । ਤੂੰ ਸਾਹਿਬ ਸੂਰਾ ਸਰਬੰਗ, ਦੇਵਣਹਾਰ ਅਖਵਾਈਆ । ਮੇਰਾ ਭਾਗ ਹੋਵਣ ਨਾ ਦੇਵੀਂ ਮੰਦ, ਮੰਦਹੀਣ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭ ਦੇ ਦੇ ਇਕ ਦਿਲਾਸਾ, ਦਇਆਵਾਨ ਦਇਆ ਕਮਾਈਆ । ਮੈਂ ਖ਼ੁਸ਼ੀਆਂ ਨਾਲ ਆਪਣੀ ਅੰਤਮ ਪਾ ਲਵਾਂ ਰਾਸਾ, ਕੂੜੀ ਕਿਰਿਆ ਗੋਪੀ ਕਾਹਨ ਨਚਾਈਆ । ਮਾਇਆ ਮਮਤਾ ਮਨ ਦਾ ਜੋੜ ਕੇ ਸਾਕਾ, ਸੱਜਣ ਸੈਣ ਨਾਲ ਰਖਾਈਆ । ਕੂੜ ਕਿਰਿਆ ਦਾ ਖੋਲ ਕੇ ਤਾਕਾ, ਪੰਚ ਵਿਕਾਰ ਅੰਦਰ ਦਿਆਂ ਟਿਕਾਈਆ । ਤੇਰੇ ਘਰ ਕਿਹੜਾ ਘਾਟਾ, ਵਸਤ ਮੇਰੀ ਮੇਰੀ ਝੋਲੀ ਪਾਈਆ । ਮੈਂ ਗ਼ਰੀਬ ਨਿਮਾਣਾ ਨਿਥਾਵਿਆਂ ਹੋਵਾਂ ਥਾਂਵਾ, ਤੂੰ ਦੇਵਣਹਾਰ ਗੁਸਾਈਂਆ । ਮੇਰੀ ਪੂਰੀ ਕਰ ਦੇ ਆਸਾ, ਤ੍ਰਿਸ਼ਨਾ ਅਵਰ ਨਾ ਕੋਇ ਵਧਾਈਆ । ਮੇਰਾ ਖ਼ਾਲੀ ਭਰ ਦੇ ਕਾਸਾ, ਕਸਮ ਨਾਲ ਤੇਰੇ ਅਗੇ ਟਿਕਾਈਆ । ਮੇਰਾ ਡੂੰਘਾ ਵੇਖ ਲੈ ਖਾਤਾ, ਹਿੰਦਸਿਆਂ ਵਿਚ ਗਣਤ ਨਾ ਕੋਇ ਗਿਣਾਈਆ । ਮੇਰਾ ਦਿਲ ਚਾਹੁੰਦਾ ਮੈਂ ਤੇਰੇ ਨਾਲ ਸਭ ਦਾ ਤੋੜ ਦੇਵਾਂ ਨਾਤਾ, ਤੇਰਾ ਪਿਆਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਸਰਬ ਕਲਾ ਸਮਰਾਥਾ, ਸਮਰਥ ਤੇਰੇ ਹੱਥ ਵਡਿਆਈਆ ।



੬੩੭
੨੩

## ੨੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਗੂਹੜਾ ਰਾਮ ਦੇ ਗ੍ਰਿਹਿ

ਕਲਜੁਗ ਕਹੇ ਨਾਰਦ ਮੈਂ ਅਗੰਮੀ ਚਿੱਠੀ ਪੜ੍ਹੀ, ਪੁਸਤਕਾਂ ਤੋਂ ਬਾਹਰ ਧਿਆਨ ਲਗਾਈਆ । ਉਸ ਵਿਚ ਦੀਨ ਦੁਨੀ ਤੇ ਸਖ਼ਤੀ ਬੜੀ, ਸਖ਼ਤੀ ਨਾਲ ਦਿਤਾ ਲਿਖਾਈਆ । ਜਿਸ ਦਾ ਭੇਵ ਦੁਨੀਆਦਾਰ ਪਾਵੇ ਕੋਇ ਨਾ ਇਕ ਘੜੀ, ਹਿੱਸਾ ਸਮਝ ਕੋਇ ਨਾ ਪਾਈਆ । ਸ੍ਰਿਸ਼ਟੀ ਦੋ ਜਹਾਨ ਹੋਣੀ ਦੋ ਧੜੀ, ਆਸਤਕ ਨਾਸਤਕ ਰੂਪ ਬਦਲਾਈਆ । ਪਿਆਰ ਮੁਹੱਬਤ ਦੀ ਰਹਿਣੀ ਨਹੀਂ ਕੋਈ ਲੜੀ, ਪਲੂ ਗੰਢ ਨਾ ਕੋਇ ਬੰਧਾਈਆ । ਕਲਜੁਗ ਕਹੇ ਮੇਰੇ ਝੂਠ ਅਪਰਾਧ ਦੀ ਲੱਗੀ ਝੜੀ, ਪ੍ਰਭੂ ਨੇ ਸਚ ਦਿਤਾ ਸਮਝਾਈਆ । ਸਭ ਦੀ ਬਣਾਉਣ ਲੱਗਾ ਗੜ੍ਹੀ, ਗ੍ਰਿਹਿ ਮੰਦਰ ਵੇਖ ਵਖਾਈਆ । ਮੈਨੂੰ ਵੇਖ ਕੇ ਖ਼ੁਸ਼ੀ ਚੜ੍ਹੀ, ਚੜ੍ਹਦਾ ਲਹਿੰਦਾ ਧਿਆਨ ਲਗਾਈਆ । ਮੈਂ ਕਿਸੇ ਦੀ ਰਹਿਣ ਨਹੀਂ ਦੇਣੀ ਅੜੀ, ਸ਼ਾਹ ਸੁਲਤਾਨਾਂ ਖ਼ਾਕ ਰਲਾਈਆ । ਮੈਂ ਵੇਖ ਲੈ ਦੋ ਹੱਥਾਂ ਨਾਲ ਘੁੱਟ ਕੇ ਫੜੀ, ਪ੍ਰੇਮ ਨਾਲ ਸੀਨੇ ਉਤੇ ਟਿਕਾਈਆ । ਧਰਨੀ ਉਤੇ ਮਾਰ ਸਕੇ ਕੋਈ ਨਾ ਤੜੀ, ਸੂਰਬੀਰ ਰਹਿਣ ਕੋਇ ਨਾ ਪਾਈਆ । ਮੈਂ ਚਾਹੁੰਦਾ ਟਿੱਲੇ ਪਰਬਤ ਕਰ ਕੇ ਦੱਸਾਂ ਰੜੀ, ਪੱਤ ਟਹਿਣੀ ਨਜ਼ਰ ਕੋਇ ਨਾ ਆਈਆ । ਸਭ ਦਾ

ਲੇਖਾ ਕਰਾਂ ਗੋਰ ਮੜ੍ਹੀ, ਮੁਰਦੇ ਮੁਰੀਦਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਂ ਚਿੱਠੀ ਨੂੰ ਪੜ੍ਹ ਕੇ ਰਿਹਾ ਹੱਸਦਾ, ਖ਼ੁਸ਼ੀ ਖ਼ੁਸ਼ੀ ਨਾਲ ਬਣਾਈਆ । ਮੇਰਾ ਸਵਾਮੀ ਮੈਨੂੰ ਮਾਰਗ ਆਪੇ ਦੱਸਦਾ, ਰਹਿਬਰ ਹੋ ਕੇ ਰਾਹ ਵਖਾਈਆ । ਕੂੜ ਕੁਕਰਮ ਮੇਰਾ ਭੰਡਾਰਾ ਜਸ ਦਾ, ਮਮਤਾ ਸਿਫ਼ਤਾਂ ਵਾਲੀ ਨਾਲ ਮਿਲਾਈਆ । ਇਹ ਇਸ਼ਾਰਾ ਉਸ ਅਗੰਮੀ ਅੱਖ ਦਾ, ਜਿਸ ਦੀ ਸੈਨਤ ਸਮਝ ਕੋਇ ਨਾ ਪਾਈਆ । ਮੈਂ ਖ਼ੁਸ਼ੀਆਂ ਦੇ ਵਿਚ ਨੱਚਦਾ, ਟੱਪਾਂ ਚਾਈਂ ਚਾਈਂਆ । ਭਾਂਡਾ ਭੰਨਣਾ ਦੀਨ ਦੁਨੀ ਕਾਇਆ ਮਾਟੀ ਕੱਚ ਦਾ, ਕੰਚਨ ਗੜ੍ਹ ਰਹਿਣ ਕੋਇ ਨਾ ਪਾਈਆ । ਮੇਰੇ ਨਿਸ਼ਾਨਿਉਂ ਕੋਇ ਨਾ ਬਚਦਾ, ਮੈਂ ਆਪਣਾ ਬਚਪਨ ਪ੍ਰਭ ਦੀ ਝੋਲੀ ਪਾਈਆ । ਕਿਉਂ ਮੈਂ ਅੱਠੇ ਪਹਿਰ ਤੂੰ ਮੇਰਾ ਮੈਂ ਤੇਰਾ ਨਾਮ ਰਟਦਾ, ਦੂਜੀ ਯਾਦ ਨਾ ਕੋਇ ਬਣਾਈਆ । ਮੈਂ ਇਹੋ ਲਾਹਾ ਦੀਨ ਦੁਨੀ ਵਿਚ ਖਟਦਾ, ਖਟਕਾ ਅਵਰ ਨਾ ਕੋਇ ਰਖਾਈਆ । ਮੈਂ ਕੂੜ ਪਿਆਲਾ ਸਭ ਨੂੰ ਪਿਆਇਆ ਗਟ ਗਟ ਦਾ, ਮੋਹ ਵਿਕਾਰ ਰਸ ਚਖਾਈਆ । ਮਾਣ ਰਹਿਣ ਦਿਤਾ ਨਹੀਂ ਕਿਸੇ ਤੀਰਥ ਤਟ ਦਾ, ਕਿਨਾਰੇ ਰਹੇ ਕੁਰਲਾਈਆ । ਮੇਰਾ ਖੇਲ ਹੋਇਆ ਕੂੜ ਵਣਜਾਰੇ ਹੱਟ ਦਾ, ਹਟਵਾਣਾ ਹੋ ਕੇ ਆਪ ਚਲਾਈਆ । ਮੇਰਾ ਮਾਲਕ ਸਵਾਮੀ ਮੇਰੇ ਅੰਦਰ ਸਭ ਨੂੰ ਘਤ ਦਾ, ਅਤੋਟ ਅਤੁਟ ਵਰਤਾਈਆ । ਕਲਜੁਗ ਕਹੇ ਮੈਂ ਪਿਆਸਾ ਦੀਨ ਦੁਨੀ ਦੀ ਅੰਤਮ ਰਤ ਦਾ, ਬਿਨਾ ਰੱਤ ਮੇਰੀ ਪਿਆਸ ਨਾ ਕੋਇ ਬੁਝਾਈਆ । ਮੈਂ ਲੇਖ ਵੇਖਿਆ ਪਤਰਕਾ ਪਤ ਦਾ, ਜੋ ਪਤਿਪਰਮੇਸ਼ਵਰ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਕਲਜੁਗ ਕਹੇ ਮੈਂ ਇਕ ਇਕ ਅੱਖਰ ਵਾਚਿਆ, ਬਿਨ ਨੈਣਾਂ ਨੈਣ ਉਠਾਈਆ । ਮੇਰੇ ਲੂੰ ਲੂੰ ਅੰਦਰ ਰਾਚਿਆ, ਰਚਨਾ ਪ੍ਰਭ ਦੀ ਦਿਤੀ ਸਮਝਾਈਆ । ਉਸ ਮੈਨੂੰ ਹੁਕਮ ਦਾ ਮਾਰਿਆ ਤਮਾਚਿਆ, ਧੱਫੜ ਦਿਤਾ ਲਗਾਈਆ । ਕਿਉਂ ਅਜੇ ਤੱਕ ਤੇਰੇ ਵਿਚ ਧਰਮ ਦਿਸੇ ਸਾਚਿਆ, ਕੂੜ ਕੁੜਿਆਰਾ ਘਰ ਘਰ ਡੰਕ ਨਾ ਕਿਉਂ ਵਜਾਈਆ । ਕਿਉਂ ਨਹੀਂ ਹਰ ਘਟ ਅੰਦਰ ਭਰਿਆ ਪਾਪਿਆ, ਪਤਤ ਕੀਤੀ ਲੋਕਾਈਆ । ਮੇਰੇ ਅੰਤਰ ਉਸੇ ਵੇਲੇ ਪ੍ਰਭੂ ਦਾ ਹੁਕਮ ਭਾਸਿਆ, ਭਾਖਿਆ ਦਿਤੀ ਜਣਾਈਆ । ਤੂੰ ਮੇਰਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸਿਆ, ਪਰਮ ਪੁਰਖ ਇਕ ਅਖਵਾਈਆ । ਮੇਰੀ ਪੂਰੀ ਕਰਨੀ ਆਸਿਆ, ਤ੍ਰਿਸ਼ਨਾ ਤੇਰੇ ਅਗੇ ਰਖਾਈਆ । ਮੈਂ ਫੇਰਾਂ ਦਰੋਹੀ ਪ੍ਰਿਥਮੀ ਆਕਾਸ਼ਿਆ, ਗਗਨ ਗਗਨੰਤਰਾਂ ਵੇਖ ਵਖਾਈਆ । ਚਾਰੋਂ ਕੁੰਟ ਕਰਾਂ ਅੰਧੇਰੀ ਰਾਤਿਆ, ਰੁਤੜੀ ਆਪਣੇ ਨਾਲ ਮਹਿਕਾਈਆ । ਦੀਨ ਦੁਨੀ ਨੂੰ ਹਰ ਪਾਸੇ ਆਵੇ ਘਾਟਿਆ, ਨਫ਼ਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਸਰਬ ਕਲਾ ਸਮਰਾਥਿਆ । ਕਲਜੁਗ ਕਹੇ ਮੈਂ ਚਿੱਠੀ ਦੇ ਅੱਖਰ ਅੱਖਰ ਵੇਖੇ, ਨਿਰਅੱਖਰ ਧਾਰ ਦ੍ਰਿੜਾਈਆ । ਜਿਸ ਦੇ ਵਿਚ ਮੇਰੇ ਪੂਰਬਲੇ ਲੇਖੇ ਭਵਿਖ ਦੇ ਲਹਿਣੇ ਨਾਲ ਮਿਲਾਈਆ । ਅਵਤਾਰ ਪੈਗ਼ੰਬਰ ਗੁਰੂ ਬਣੇ ਵਸੇਖੇ, ਵਿਸ਼ਵ ਧਾਰ ਨਾਲ ਸਮਝਾਈਆ । ਜੋ ਦੇ ਕੇ ਗਏ ਸੰਦੇਸ਼ੇ, ਫ਼ਰਮਾਨੇ ਜਗਤ ਸਲਾਹੀਆ । ਉਹ ਸਭ ਨੇ ਆਪਣੇ ਆਪਣੇ ਕੀਤੇ ਭੇਟੇ, ਪਰਮ ਪੁਰਖ ਦੇ ਚਰਨ ਟਿਕਾਈਆ । ਨਿਵ ਨਿਵ ਕਹਿਣ ਅਸੀਂ ਤੇਰੇ ਬੇਟੇ, ਪਰਮ ਪੁਰਖ ਅਕਾਲ ਤੇਰੀ ਵਡਿਆਈਆ । ਤੇਰੀ ਸਚ ਸੁਹੰਜਣੀ ਸੇਜਾ ਲੇਟੇ, ਸਚਖੰਡ ਦਵਾਰੇ ਡੇਰੇ ਲਾਈਆ । ਸਾਡੇ ਲਹਿਣੇ ਦੇਣੇ ਪ੍ਰਭੂ ਸਾਰੇ ਪਾ ਦੇ ਕਲਜੁਗ ਦੇ ਪੇਟੇ, ਲੇਖਾ ਏਸੇ ਹੱਥ



੬੩੮
੨੩

੬੩੯
੨੩

ਫੜਾਈਆ । ਅੰਤ ਅੰਤ ਭਗਵੰਤ ਤੇਰੇ ਚਰਨ ਕਵਲ ਮਸਤਕ ਟੇਕੇ, ਟਿੱਕੇ ਮਸਤਕ ਖ਼ਾਕ ਰਮਾਈਆ । ਸਾਡੇ ਪੂਰੇ ਹੋ ਗਏ ਮਜ਼੍ਹਬਾਂ ਵਾਲੇ ਠੇਕੇ, ਠੇਕੇਦਾਰੀ ਅਗੇ ਨਾ ਕੋਇ ਰਖਾਈਆ । ਅਸੀਂ ਪੂਰੇ ਹਕ ਮਿਹਰਵਾਨ ਤੇਰੇ ਅਗੇ ਵੇਚੇ, ਜ਼ਿਮੇਵਾਰ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਇਕ ਨਰੇਸ਼ੇ, ਨਰ ਨਰਾਇਣ ਵਡ ਵਡਿਆਈਆ । ਸਾਹਿਬ ਸੁਲਤਾਨ ਤੇਰੇ ਲਿਖੇ ਲੇਖ ਕੋਇ ਨਾ ਮੇਟੇ, ਅਮਿਟ ਤੇਰੀ ਚਤੁਰਾਈਆ । ਤੂੰ ਜੁਗ ਚੌਕੜੀ ਸਭ ਦੇ ਰਖੇ ਚੇਤੇ, ਅਭੁਲ ਭੁਲ ਕਦੇ ਨਾ ਜਾਈਆ । ਤੇਰੇ ਫ਼ਰਮਾਨ ਰਹਿਣ ਹਮੇਸ਼ੇ, ਹਮ ਸਾਜਣ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸ਼ਬਦ ਧਾਰ ਦਸ ਦਸਮੇਸੇ, ਦਹਿ ਦਿਸ਼ਾ ਤੇਰਾ ਧਿਆਨ ਰਖਾਈਆ ।

## ✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾ ਜ਼ਿਲਾ ਜੰਮੂ ਚਰਨਦਾਸ ਦੇ ਗ੍ਰਿਹ ✪

ਕਲਜੁਗ ਕਹੇ ਚਿੱਠੀ ਪੜ੍ਹੀ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਉਹਦੀ ਹਰਫ਼ਾਂ ਵਾਲੀ ਨਹੀਂ ਤਹਿਰੀਰ, ਅੱਖਰਾਂ ਜੋੜ ਨਾ ਕੋਇ ਜੁੜਾਈਆ । ਵਿੰਗੀ ਟੇਢੀ ਦਿਸੀ ਨਾ ਕੋਇ ਲਕੀਰ, ਐਨ ਦਾ ਐਨ ਦਿਤਾ ਸਮਝਾਈਆ । ਹਿੱਸਾ ਨਹੀਂ ਕਿਸੇ ਅਵਤਾਰ ਪੈਗ਼ੰਬਰ ਗੁਰੂ ਫ਼ਕੀਰ, ਫ਼ਿਕਰਾ ਸਮਝ ਕੋਇ ਨਾ ਪਾਈਆ । ਲਹਿਣਾ ਨਹੀਂ ਗ਼ਰੀਬ ਅਮੀਰ, ਸ਼ਾਹ ਕੰਗਾਲ ਵੰਡ ਨਾ ਕੋਇ ਵੰਡਾਈਆ । ਲੇਖਾ ਬੁਧ ਮਤ ਨਹੀਂ ਜ਼ਮੀਰ, ਅਕਲ ਆਕਲਾਂ ਨਾ ਕੋਇ ਵਖਾਈਆ । ਜਗਤ ਧਾਰ ਨਹੀਂ ਤਾਮੀਰ, ਜਗਿਆਸੂਆਂ ਗੰਢ ਨਾ ਕੋਇ ਪਵਾਈਆ । ਉਸ ਦਾ ਲੇਖਾ ਅਗੰਮ ਨਵੀਂ ਦੱਸੀ ਤਾਮੀਰ, ਧੁਰ ਦਾ ਹੁਕਮ ਦ੍ਰਿੜਾਈਆ । ਅਗਲਾ ਲੇਖਾ ਹੱਥ ਗਹਿਰ ਗੰਭੀਰ, ਅਵਰ ਜਾਣੇ ਕੋਇ ਨਾ ਰਾਈਆ । ਜੋ ਲਹਿਣਾ ਦੇਣਾ ਚੁਕਾਏ ਲੱਖ ਚੁਰਾਸੀ ਜ਼ੰਜੀਰ, ਤਨ ਵਜੂਦਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਵੇਖ ਵਖਾਈਆ । ਕਲਜੁਗ ਕਹੇ ਮੈਂ ਚਿੱਠੀ ਵੇਖੀ ਇਕ ਅਵੱਲੀ, ਅੱਲਾ ਦਿਤੀ ਜਣਾਈਆ । ਜਿਸ ਦੀ ਧਾਰ ਇਕ ਇਕੱਲੀ, ਅਕਲ ਕਲਧਾਰੀ ਦਿਤੀ ਵਡਿਆਈਆ । ਉਹ ਵੜੀ ਨਹੀਂ ਕਿਸੇ ਮਹੱਲੀਂ, ਜਗਤ ਦਵਾਰੇ ਨਾ ਡੇਰਾ ਲਾਈਆ । ਕਿਸੇ ਦੀ ਰਖੀ ਨਹੀਂ ਤਲੀ, ਹੱਥ ਨਾ ਕਿਸੇ ਫੜਾਈਆ । ਉਹ ਫਿਰੀ ਨਾ ਗਲੀਉ ਗਲੀ, ਮਹੱਲਿਆਂ ਵਿਚ ਆਸਣ ਲਾਈਆ । ਉਹ ਅਗੰਮੇ ਧਰਮ ਦੀ ਪ੍ਰੇਮ ਪਿਆਰ ਦੀ ਫਲੀ, ਮੇਰੇ ਨਾਲ ਮਿਲੀ ਚਾਈਂ ਚਾਈਂਆ । ਨਾਰਦ ਲੈ ਕੇ ਆਇਆ ਜੋ ਸਭ ਦਾ ਛਲੀਆ ਛਲੀ, ਅਛਲ ਛਲ ਨਾਲ ਮਿਲ ਕੇ ਖ਼ੁਸ਼ੀ ਬਣਾਈਆ । ਇਸ ਵਿਚ ਲੇਖ ਲਿਖਿਆ ਕੋਈ ਰਹਿਣਾ ਨਹੀਂ ਵਲੀ, ਵਲਦੀਅਤ ਸਭ ਦੀ ਵੇਖ ਵਖਾਈਆ । ਝਗੜਾ ਵੇਖਣਾ ਜਗਤ ਦਲੀ, ਦੋ ਧਾਰਾ ਵੇਖ ਵਖਾਈਆ । ਪ੍ਰਭ ਦੀ ਖੇਲ ਕਦੇ ਨਾ ਟਲੀ, ਨਾ ਕੋਈ ਮੇਟੇ ਮੇਟ ਮਿਟਾਈਆ । ਸ੍ਰਿਸ਼ਟੀ ਖੁਰਨੀ ਵਾਂਗ ਲੂਣ ਦੀ ਡਲੀ, ਜੋ ਨਿਮਕ ਹਰਾਮ ਅਖਵਾਈਆ । ਅੰਤਮ ਕਲਜੁਗ ਤੇਰੀ ਲੱਖ ਚੁਰਾਸੀ ਬਲੀ, ਬਲ ਬਾਵਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਕਲਜੁਗ ਕਹੇ ਚਿਠੀ ਭੇਜੀ ਸ਼ਹਿਨਸ਼ਾਹ, ਬਿਨ ਸ਼ਾਹੀ ਲੇਖ ਬਣਾਈਆ ।

ਕਾਗ਼ਜ਼ ਦਏ ਨਾ ਕੋਇ ਗਵਾਹ, ਗਵਾਹੀ ਨਜ਼ਰ ਕੋਇ ਨਾ ਆਈਆ । ਕੀਤੀ ਕਿਰਪਾ ਆਪ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਨਿਰਅੱਖਰ ਧਾਰ ਇਕ ਪ੍ਰਗਟਾ, ਲੇਖਾ ਧੁਰ ਦਾ ਦਿਤਾ ਬਣਾਈਆ । ਨਾਰਦ ਨਿਰਗੁਣ ਹੱਥ ਫੜਾ, ਸੰਦੇਸ਼ਾ ਦਿਤਾ ਸਮਝਾਈਆ । ਜੋ ਆਇਆ ਚਾਈਂ ਚਾ, ਖ਼ੁਸ਼ੀਆਂ ਪੰਧ ਮੁਕਾਈਆ । ਧਰਨੀ ਧਰਤ ਸੁਹਾ, ਸੁਹੰਜਣਾ ਵਕਤ ਜਣਾਈਆ । ਮੈਨੂੰ ਸਾਹਿਬ ਕਿਰਪਾ ਨਾਲ ਦਿਤੀ ਫੜਾ, ਸੰਦੇਸਾ ਦਿਤਾ ਸਮਝਾਈਆ । ਮੈਂ ਖੋਲ ਕੇ ਉਤੇ ਨਿਗਾਹ ਲਈ ਟਿਕਾ, ਨੈਣ ਨੈਣ ਬਿਗਸਾਈਆ । ਫੇਰ ਆਪਣਾ ਆਪ ਕੀਤਾ ਫ਼ਿਦਾ, ਫ਼ਿਤਰਤ ਵਿਚ ਸੁਣਾਈਆ । ਵਾਹਵਾ ਤੂੰ ਮਾਲਕ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਮੇਰੀ ਤੇਰੇ ਅਗੇ ਦੁਆ, ਦੋਏ ਜੋੜ ਵਾਸਤਾ ਪਾਈਆ । ਤੂੰ ਰਹਿਮਤ ਭਰਿਆ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਮੈਨੂੰ ਸੰਦੇਸ਼ਾ ਦਿਤਾ ਸੁਣਾ, ਸੁਣ ਕੇ ਵਜੀ ਵਧਾਈਆ । ਮੈਂ ਸ੍ਰਿਸ਼ਟੀ ਦੇ ਅੰਦਰ ਸਭ ਭਰ ਦਿਤਾ ਗੁਨਾਹ, ਪਵਿਤ੍ਰ ਰਹਿਣ ਕੋਇ ਨਾ ਪਾਈਆ । ਕੂੜਾ ਟਿੱਕਾ ਲਾਵਾਂ ਛਾਹ, ਕਾਲਖ ਸਕੇ ਨਾ ਕੋਇ ਧਵਾਈਆ । ਸਭ ਦੀ ਨੀਤੀ ਦਿਆਂ ਬਦਲਾ, ਰੀਤੀ ਵਿਚ ਰਹਿਣ ਕੋਇ ਨਾ ਪਾਈਆ । ਤੇਰੇ ਕਦਮਾਂ ਸੀਸ ਝੁਕਾ, ਨਿਵ ਨਿਵ ਲਾਗਾਂ ਪਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਇਕ ਅਖਵਾਈਆ ।



## ✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾ ਜ਼ਿਲਾ ਜੰਮੂ ਗਿਆਨ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਕਲਜੁਗ ਚਿੱਠੀ ਵਾਚੀ ਖੋਲ ਕੇ ਅੱਖੀਆਂ, ਬਿਨ ਅੱਖਰਾਂ ਧਿਆਨ ਲਗਾਈਆ । ਇਸ ਦੇ ਵਿਚ ਅਗੰਮੇ ਦਾਤਾਂ ਰਖੀਆਂ, ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਖ਼ਬਰਾਂ ਤੈਨੂੰ ਸੱਚੀਆਂ ਦੱਸੀਆਂ, ਦਹਿ ਦਿਸ਼ਾ ਦੇਣਾ ਸਮਝਾਈਆ । ਇਸ ਵਿਚ ਲੇਖਾ ਚਾਰ ਹਜ਼ਾਰ ਅੱਸੀਆਂ, ਚੁਰਾਸੀਆਂ ਗੰਢ ਪਵਾਈਆ । ਸਭ ਦਾ ਵਸੇਰਾ ਹੋਣਾ ਵਾਂਗ ਪੰਖੀਆਂ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਉਹ ਲੇਖਾ ਤੱਕ ਲੈ ਕ੍ਰਿਸ਼ਨ ਵਾਲੀਆਂ ਸਖ਼ੀਆਂ, ਕੀ ਸੁਖ਼ਨ ਰਹੀਆਂ ਸੁਣਾਈਆ । ਹੁਣ ਮੁਹੰਮਦ ਦੀਆਂ ਚੌਦਾਂ ਸਦੀਆਂ ਟੱਪੀਆਂ, ਟੱਪਾ ਅਗਲਾ ਦੇਣਾ ਦ੍ਰਿੜਾਈਆ । ਜਿਹੜੀਆਂ ਕੀਤੀਆਂ ਪੈਗ਼ੰਬਰਾਂ ਨਾਲ ਪੱਕੀਆਂ, ਵਾਅਦਾ ਪੱਕਾ ਰਖਾਈਆ । ਵੇਖੀਂ ਗੰਢਾਂ ਰਹਿਣ ਨਾ ਕੱਚੀਆਂ, ਕੱਚੇ ਤੰਦ ਤੁੜਾਈਆ । ਚੌਦਾਂ ਤਬਕਾਂ ਵੇਖਣੀਆਂ ਹੱਟੀਆਂ, ਫਿਰਨਾ ਚਾਈਂ ਚਾਈਂਆ । ਸਭ ਦੀਆਂ ਆਸਾਂ ਵੇਖਣੀਆਂ ਇਕੱਠੀਆਂ, ਇਕੋ ਵਾਰ ਧਿਆਨ ਲਗਾਈਆ । ਕਮਲਿਆ ਤੇਰੀਆਂ ਚਾਰੋਂ ਕੁੰਟ ਤਪਣ ਭੱਠੀਆਂ, ਭਠਿਆਲਾ ਹੋ ਕੇ ਅਗਨੀ ਡਾਹੀਆ । ਮਹੱਲ ਅਟਾਰੀਆਂ ਹੋਣ ਢੱਠੀਆਂ, ਉਚੇ ਗੜ੍ਹ ਨਾ ਕੋਇ ਸੁਹਾਈਆ । ਸੀਸ ਵਗੀਆਂ ਰਹਿਣ ਨਾ ਪੱਟੀਆਂ, ਖੁਲ੍ਹੀ ਮੇਂਢੀ ਦੱਸਣੀ ਜਗਤ ਲੋਕਾਈਆ । ਸਭ ਦੀਆਂ ਕਰਨੀਆਂ ਜਾਣ ਠੱਪੀਆਂ, ਠੱਪਾ ਨਾਮ ਵਾਲਾ ਲਗਾਈਆ । ਤਨ ਵਜੂਦਾਂ ਲੀਰਾਂ ਹੋਣ ਫਟੀਆਂ, ਭੂਸ਼ਨ ਬਸਤਰ ਨਾ ਕੋਇ ਚਤੁਰਾਈਆ । ਦੀਵਿਆਂ ਵਿਚ ਰਹਿਣ ਨਾ ਵੱਟੀਆਂ, ਵਟਣਾ ਮਲ ਸੁਹਾਗਣ ਕੰਤ ਨਾ ਕੋਇ ਹੰਢਾਈਆ । ਜਗਤ ਵਾਸਨਾ ਵਿਚ ਸਾਰੀਆਂ ਜਾਣ ਛੱਟੀਆਂ, ਮਾਣ ਤਾਣ ਨਜ਼ਰ ਕੋਇ ਨਾ ਆਈਆ । ਮੈਂ ਸਭ ਦੀਆਂ ਆਸ਼ਾਂ ਤੱਕੀਆਂ, ਜੁਗ ਚੌਕੜੀ ਵੇਖ ਵਖਾਈਆ । ਨਾਰਦ ਕਹੇ ਮੈਂ ਆਇਆ ਵਹੀਰਾਂ ਘੱਤੀਆਂ, ਭੱਜਿਆ ਵਾਹੋ ਦਾਹੀਆ । ਜੇ ਤੇਰੇ ਵਿਚ ਅਰਜਨ ਬੈਠਾ ਲੋਹਾਂ ਤਤੀਆਂ, ਤਤੀ ਤਵੀ

ਨਾਲ ਮਿਲਾਈਆ । ਮਾਣ ਰਹਿਣ ਦੇਣਾ ਨਹੀਂ ਕਿਸੇ ਸਤੀਆਂ, ਸਤਿ ਵਿਚ ਨਾ ਕੋਇ ਸਮਾਈਆ । ਪਿਆਰ ਰਹੇ ਨਾ ਨਾਰਾਂ ਪਤੀਆਂ, ਕੰਤ ਕੰਤੂਹਲ ਨਾ ਕੋਇ ਹੰਢਾਈਆ । ਸਚ ਵਸਤ ਲੱਭੇ ਨਾ ਤੋਲੇ ਮਾਸੇ ਰੱਤੀਆਂ, ਗਣਤੀ ਗਣਤ ਨਾ ਕੋਇ ਗਿਣਾਈਆ । ਲੇਖਾ ਰਹੇ ਨਾ ਰਾਗਾਂ ਛਤੀਆਂ, ਛਤਰਧਾਰੀ ਦੇਣੇ ਖਪਾਈਆ । ਖੇਲ ਕਰਨਾ ਵਾਂਗ ਬਾਜ਼ੀਗਰ ਨਟੀਆਂ, ਨਟੂਆ ਹੋ ਕੇ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਈਆ । ਨਾਰਦ ਕਹੇ ਕਲਜੁਗਾ ਚਿੱਠੀ ਵਾਚਣੀ ਨਾਲ ਦਲੀਲਾ, ਧਿਆਨ ਦਿਲਦਾਰ ਵੱਲ ਰਖਾਈਆ । ਕਿਤੇ ਹੋ ਨਾ ਜਾਈਂ ਬੇਯਕੀਨਾ, ਯਕ ਹੁਕਮ ਦਿਤਾ ਸੁਣਾਈਆ । ਕਿਤੇ ਹੋਛਾ ਨਾ ਬਣੀ ਕਮੀਨਾ, ਆਪਣਾ ਬਲ ਪ੍ਰਗਟਾਈਆ । ਧਰਮ ਦਾ ਹੋ ਨਾ ਜਾਈਂ ਅਧੀਨਾ, ਨੇਤਰ ਨੈਣ ਸ਼ਰਮਾਈਆ । ਤਰਸ ਕਰੀਂ ਨਾ ਉਤੇ ਜ਼ਮੀਨਾ, ਚੁਰਾਸੀ ਵੇਖ ਵਖਾਈਆ । ਤੇਰੇ ਅੰਗਿਆਰ ਦਾ ਇਕੋ ਤਪੇ ਜੇਠ ਮਹੀਨਾ, ਅਗਨੀ ਅੱਗ ਤਪਾਈਆ । ਤੈਨੂੰ ਸਾਰੇ ਕਹਿਣ ਅਮੀਨਾ, ਨਿਵ ਨਿਵ ਸੀਸ ਝੁਕਾਈਆ । ਝਗੜਾ ਪਾਉਣਾ ਰੂਸਾ ਚੀਨਾ, ਰੁਸਿਆਂ ਸਕੇ ਨਾ ਕੋਇ ਮਨਾਈਆ । ਤੇਰਾ ਰੰਗ ਚੜ੍ਹ ਜਾਏ ਭੀਨਾ, ਉੱਤਰ ਕਦੇ ਨਾ ਜਾਈਆ । ਸ੍ਰਿਸ਼ਟੀ ਤੜਫਾ ਜਿਉਂ ਮਛਲੀ ਜਲ ਮੀਨਾ, ਸਚ ਪਿਆਰ ਨਜ਼ਰ ਨਾ ਆਈਆ । ਧਰਮ ਦੀ ਰਹੇ ਨਾ ਕੋਇ ਤਾਲੀਮਾ, ਸਿਖਿਆ ਹਕ ਨਾ ਕੋਇ ਵਡਿਆਈਆ । ਸਭ ਦੀ ਕਰ ਦੇ ਥਾਂ ਥਾਂ ਤਕਸੀਮਾਂ, ਕੁਰਹੇ ਸਭ ਨੂੰ ਦੇ ਸਮਝਾਈਆ । ਕੋਈ ਕਰ ਨਾ ਸਕੇ ਤਰਮੀਮਾ, ਕਿਸੇ ਚਲੇ ਨਾ ਕੋਇ ਚਤੁਰਾਈਆ । ਤੂੰ ਆਲੀਸ਼ਾਨ ਬਣ ਅਜ਼ੀਮਾ, ਆਲੀਜ਼ਾਹ ਇਕ ਅਖਵਾਈਆ । ਨਾਰਦ ਕਹੇ ਹੁਕਮ ਦੇਵੇ ਅਮੀਨਾ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਕਲਜੁਗ ਤੂੰ ਸੋਹਣਾ ਬੜਾ ਹੁਸੀਨਾ, ਹੁਸਨ ਵਾਲਿਆਂ ਖ਼ਾਕ ਦੇਣਾ ਮਿਲਾਈਆ । ਉਹ ਤੱਕ ਲੇਖਾ ਮੱਕਾ ਮਦੀਨਾ, ਕਾਅਬਿਆਂ ਅੱਖ ਉਠਾਈਆ । ਪੈਗ਼ੰਬਰਾਂ ਆਏ ਪਸੀਨਾ, ਸਾਂਤਕ ਸਤਿ ਨਾ ਕੋਇ ਕਰਾਈਆ । ਜਗਤ ਜਹਾਨ ਕਰਨਾ ਨਾਬੀਨਾ, ਲੋਚਨ ਅੱਖ ਨਾ ਕੋਇ ਖੁਲਾਈਆ । ਠਾਂਡਾ ਰਹੇ ਕਿਸੇ ਨਾ ਸੀਨਾ, ਆਬੇ ਹਯਾਤ ਨਾ ਕੋਇ ਪਿਆਈਆ । ਸਭ ਦਾ ਮੁਸ਼ਕਲ ਕਰ ਦੇ ਜੀਣਾ, ਜ਼ਿੰਦਗੀ ਵਿਚੋਂ ਜ਼ਿੰਦਗੀ ਦੇ ਬਦਲਾਈਆ । ਹਕ ਹਕੂਕ ਮਜ਼੍ਹਬਾਂ ਲੈ ਛੀਨਾ, ਛਿੰਨ ਭੰਗਰ ਆਪਣੀ ਕਾਰ ਭੁਗਤਾਈਆ । ਕਿਰਪਾ ਕਰੇ ਮਾਲਕ ਕਰੀਮਾ, ਕੁਦਰਤ ਕਾਦਰ ਦਇਆ ਕਮਾਈਆ । ਤੂੰ ਰੰਗਣ ਰੰਗ ਚਾੜ੍ਹ ਦੇ ਬਣ ਕੇ ਵਡ ਰੰਗੀਨਾ, ਇਕੋ ਰੂਪ ਦਰਸਾਈਆ । ਤੇਰਾ ਜੂਠ ਝੂਠ ਹੋਵੇ ਜਗਤ ਨਗੀਨਾ, ਕੀਮਤ ਅਨਮੁੱਲੜੀ ਦੇਣੀ ਪਾਈਆ । ਸਭ ਨੂੰ ਆਪਣੇ ਕਰ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖ ਵਡ ਪ੍ਰਬੀਨਾ, ਪਰਮ ਪੁਰਖ ਇਕ ਅਖਵਾਈਆ ।

## ✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਖ਼ੁਰਦ ਜ਼ਿਲਾ ਜੰਮੂ ਸ਼ਿਵ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਮੈਂ ਚਿੱਠੀ ਦੀ ਪਹਿਲੀ ਸਤਰ ਤੇ ਕੀਤਾ ਵਿਚਾਰ, ਬਿਨਾ ਬੁਧੀ ਤੋਂ ਧਿਆਨ ਲਗਾਈਆ । ਉਸ ਵਿਚ ਹੁਕਮ ਦਿਤਾ ਨਿਰੰਕਾਰ, ਨਿਰਵੈਰ ਦਿਤਾ ਸਮਝਾਈਆ । ਕਲੂਆ ਹੋਣਾ ਖ਼ਬਰਦਾਰ, ਭੁਲ ਰਹੇ ਨਾ ਰਾਈਆ । ਸੰਦੇਸਾ ਸੁਣ ਲੈ ਇਕੋ ਵਾਰ, ਏਕੰਕਾਰ ਦਿਤਾ ਦ੍ਰਿੜਾਈਆ ।

ਮੇਰੇ ਭਗਤਾਂ ਨੂੰ ਕਰੀਂ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਘਰ ਘਰ ਫਿਰੀਂ ਚਾਰ ਦੀਵਾਰ, ਜੋ ਲੇਖਾ ਦਵਾਰਕਾ ਵਾਸੀ ਗਿਆ ਲਿਖਾਈਆ । ਜਿਸ ਨੇ ਬਿਦਰ ਸੁਦਾਮਾ ਦਿਤੇ ਤਾਰ, ਦਰੋਪਤ ਰੰਗ ਰੰਗਾਈਆ । ਉਸ ਦਾ ਲਹਿਣਾ ਦੇਣਾ ਵੇਖ ਕੇ ਪਾਵੀਂ ਸਾਰ, ਮਹਾਸਾਰਥੀ ਰਿਹਾ ਜਣਾਈਆ । ਮੈਂ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਕਦਾਰ, ਦੋ ਜਹਾਨ ਅਖਵਾਈਆ । ਜੋਤੀ ਜਾਤਾ ਅਗੰਮ ਅਪਾਰ, ਅਲਖ ਨਿਰੰਜਣ ਇਕ ਅਖਵਾਈਆ । ਜਿਸ ਇਕ ਵਾਰ ਚਰਨਾਂ ਵਿਚ ਕੀਤੀ ਨਿਮਸਕਾਰ, ਉਸ ਨੂੰ ਤੇਰਾ ਦੰਡ ਨਾ ਲਾਗੇ ਰਾਈਆ । ਉਹ ਮੇਰਾ ਮੇਰਾ ਮੀਤ ਮੁਰਾਰ, ਸੱਜਣ ਇਕ ਅਖਵਾਈਆ । ਤੇਰੀ ਕਿਰਿਆ ਕਲਪਣਾ ਤੋਂ ਵਸੇ ਬਾਹਰ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਬੇਸ਼ਕ ਤੂੰ ਵੀ ਬਰਖ਼ੁਦਾਰ, ਸੁਤ ਦੁਲਾਰਾ ਲਿਆ ਬਣਾਈਆ । ਪਰ ਮੇਰਾ ਭਗਤ ਮੇਰੀ ਅਗੰਮੀ ਧਾਰ, ਜੋ ਅੰਤ ਮੇਰੇ ਵਿਚ ਸਮਾਈਆ । ਜਿਨ੍ਹਾਂ ਦੇ ਬਦਲੇ ਜੋਤੀ ਜਾਤਾ ਹੋ ਕੇ ਆਇਆ ਵਿਚ ਸੰਸਾਰ, ਨੂਰ ਨੁਰਾਨਾ ਰੂਪ ਪ੍ਰਗਟਾਈਆ । ਤੇਰਾ ਲਹਿਣਾ ਦੇਣਾ ਨਾਲ ਪੈਗੰਬਰ ਗੁਰ ਅਵਤਾਰ, ਸਗਲਾ ਸੰਗ ਵਖਾਈਆ । ਉਹ ਕਰਜਾ ਦੇਣਾ ਉਤਾਰ, ਉਧਾਰ ਰਹਿਣ ਨਾ ਪਾਈਆ । ਮੇਰੇ ਭਗਤ ਸੁਹੇਲੇ ਉਸ ਤੋਂ ਬਾਹਰ, ਗਿਣਤੀ ਜਗਤ ਨਾ ਕੋਇ ਗਿਣਾਈਆ । ਬਾਕੀ ਸ੍ਰਿਸ਼ਟੀ ਦ੍ਰਿਸ਼ਟੀ ਕਰ ਦੇ ਧੂਅੰਧਾਰ, ਸਿਰ ਤੇਰੇ ਹੱਥ ਟਿਕਾਈਆ । ਲਹਿਣਾ ਮੁਕਾ ਦੇ ਮੁਹੰਮਦੀ ਯਾਰ, ਯਰਾਨੇ ਕੂੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿਖਿਆ ਰਿਹਾ ਸਮਝਾਈਆ । ਕਲਜੁਗ ਕਹੇ ਚਿੱਠੀ ਵਿਚ ਅਗੰਮੀ ਹਦੀਸ, ਹਜ਼ਰਤਾਂ ਤੋਂ ਬਾਹਰ ਜਣਾਈਆ । ਕਲਜੁਗ ਲੇਖ ਤੱਕ ਬੀਸ ਇਕੀਸ, ਵੀਹ ਇਕੀਹ ਗੁਰਦਾਸ ਗਿਆ ਜਣਾਈਆ । ਛਤਰ ਰਹੇ ਨਾ ਕਿਸੇ ਸੀਸ, ਧਾਰੀ ਛਤਰ ਨਾ ਕੋਇ ਅਖਵਾਈਆ । ਇਕੋ ਹੁਕਮ ਜਗਤ ਜਗਦੀਸ਼, ਜਗਦੀਸ਼ਰ ਰਿਹਾ ਦ੍ਰਿੜਾਈਆ । ਤੂੰ ਖ਼ੁਸ਼ੀਆਂ ਨਾਲ ਦੀਨ ਦੁਨੀ ਦੇਣੀ ਪੀਸ, ਪੀਸਣ ਪੀਸ ਸੇਵ ਕਮਾਈਆ । ਤੇਰੀ ਕਰੇ ਕੋਇ ਨਾ ਰੀਸ, ਦੂਸਰ ਰੂਪ ਨਾ ਕਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਬੇਪਰਵਾਹੀਆ । ਨਾਰਦ ਕਹੇ ਮੈਂ ਚਿੱਠੀ ਦੀ ਵੇਖੀ ਦੂਜੀ ਕਤਾਰ, ਕਤਰਾ ਕਤਰਾ ਧਿਆਨ ਲਗਾਈਆ । ਮੈਨੂੰ ਦੀਨ ਦੁਨੀ ਦਿਸੀ ਗ਼ਦਾਰ, ਸਚ ਪ੍ਰੇਮ ਨਾ ਕੋਇ ਕਮਾਈਆ । ਜਿਧਰ ਤੱਕਾਂ ਉਧਰ ਵਿਭਚਾਰ, ਕੁਕਰਮ ਭਰੀ ਲੋਕਾਈਆ । ਪ੍ਰਭੂ ਦਾ ਦਿਸੇ ਨਾ ਕੋਇ ਤਾਬਿਆਦਾਰ, ਤਾਬਿਆਦਾਰੀ ਵਿਚ ਸੀਸ ਨਾ ਕੋਇ ਨਿਵਾਈਆ । ਇਕੋ ਸ਼ਬਦ ਗੁਰੂ ਸਤਿਗੁਰੂ ਬਰਖ਼ੁਰਦਾਰ, ਬਰਖ਼ੁਰਦਾਰੀ ਵਿਚ ਸਮਾਈਆ । ਉਸ ਸੰਦੇਸਾ ਮੈਨੂੰ ਦਿਤਾ ਪੁਕਾਰ, ਹੁਕਮ ਹੁਕਮ ਨਾਲ ਜਣਾਈਆ । ਕਲਜੁਗ ਆਪਣਾ ਕਰ ਲੈ ਅੰਧ ਅੰਧਿਆਰ, ਸਚ ਚੰਦ ਛੁਪਾਈਆ । ਤੇਰਾ ਲੇਖਾ ਵਿਚ ਸੰਸਾਰ, ਸਹਿੰਸਾ ਅਵਰ ਨਾ ਕੋਇ ਜਣਾਈਆ । ਕੂੜ ਗਠੜੀ ਸਭ ਦੇ ਸਿਰ ਤੇ ਚੁਕਾ ਦੇ ਭਾਰ, ਬੋਝ ਸੀਸ ਉਤੇ ਟਿਕਾਈਆ । ਬਚਿਆ ਰਹੇ ਨਾ ਕੋਇ ਨਰ ਨਾਰ, ਨਰ ਨਰਾਇਣ ਰਿਹਾ ਦ੍ਰਿੜਾਈਆ । ਮੇਰੇ ਭਗਤਾਂ ਦੇ ਜਾਈਂ ਨਾ ਮੂਲ ਦਵਾਰ, ਦੂਰ ਦੁਰਾਡਾ ਸੀਸ ਨਿਵਾਈਆ । ਇਹ ਹੁਕਮ ਸੰਦੇਸਾ ਦਿਤਾ ਪਹਿਲੀ ਵਾਰ, ਪਹਿਲਾ ਪ੍ਰਵਿਸ਼ਟਾ ਤੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਝਟ ਨਾਰਦ ਕਹੇ ਕਲਜੁਗਾ ਐਵੇਂ ਚਿੱਠੀ ਪੜ੍ਹੀ ਨਾ ਜਾ, ਸਤਰ ਸਤਰ ਨਾਲ ਬਦਲਾਈਆ । ਖ਼ੁਸ਼ੀਆਂ ਨਾਲ ਕਰੀਂ ਨਾ ਜਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਇਕ ਸਰਦ ਭਰ ਲੈ ਆਹ, ਆਹ ਨਾਲ ਸੁਣਾਈਆ । ਕੀ ਖੇਲ ਕਰਨ ਲੱਗਾ

ਮੇਰਾ ਖ਼ੁਦਾ, ਪਰਮ ਪੁਰਖ ਕੀ ਤੇਰੀ ਬੇਪ੍ਰਵਾਹੀਆ । ਮੇਰੀ ਦੁਨੀਆ ਮੇਰੇ ਨਾਲੋਂ ਹੋਣੀ ਜੁਦਾ, ਆਪਣਾ ਆਪਣਾ ਰਾਹ ਤਕਾਈਆ । ਫਿਰਨੀ ਦਰੋਹੀ ਜਲ ਥਲ ਅਸਗਾਹ, ਟਿੱਲੇ ਪਰਬਤ ਦੇਣ ਦੁਹਾਈਆ । ਕਿਸੇ ਪਕੜੇ ਕੋਈ ਨਾ ਬਾਂਹ, ਸਗਲਾ ਸੰਗ ਨਾ ਕੋਇ ਬਣਾਈਆ । ਕਾਗ ਵਾਂਗ ਸਾਰੇ ਰਹੇ ਕੁਰਲਾ, ਉਚੀ ਕੂਕ ਕੂਕ ਜਣਾਈਆ । ਅਗੇ ਤੱਕ ਲੈ ਲੇਖ ਲਿਖਿਆ ਨਿਥਾਵਿਆਂ ਮਿਲੇ ਕੋਇ ਨਾ ਥਾਂ, ਥਨੰਤਰ ਸਮਝ ਕਿਸੇ ਨਾ ਆਈਆ । ਚਾਰੋਂ ਕੁੰਟ ਅੰਧੇਰਾ ਜਾਣਾ ਛਾ, ਨੂਰੀ ਚੰਦ ਨਾ ਕੋਇ ਚਮਕਾਈਆ । ਉਸ ਪ੍ਰਭੂ ਨੂੰ ਸੀਸ ਝੁਕਾ, ਜੋ ਝੁਕਿਆਂ ਲਏ ਉਠਾਈਆ । ਉਸ ਦੇ ਅਗੇ ਕਰ ਦੁਆ, ਦੋਏ ਜੋੜ ਵਾਸਤਾ ਪਾਈਆ । ਕਿਰਪਾ ਕਰ ਮੇਰੇ ਮਿਹਰਵਾਂ, ਮਿਹਰਵਾਨ ਤੇਰੀ ਸ਼ਰਨਾਈਆ । ਤੇਰੇ ਚਰਨ ਕਵਲ ਬਲ ਬਲ ਜਾ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਤੂੰ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ, ਪਾਤਸ਼ਾਹ ਵਡ ਵਡਿਆਈਆ । ਤੇਰੇ ਚਰਨਾਂ ਲਵਾਂ ਪਨਾਹ, ਪੁਸ਼ਤ ਹੱਥ ਦੇਣਾ ਟਿਕਾਈਆ । ਤੇਰਾ ਹੁਕਮ ਸੁਣ ਕੇ ਨਵਾਂ, ਨੌਵਾਂ ਖੰਡਾਂ ਵੇਖ ਵਖਾਈਆ । ਕਿਸੇ ਨੂੰ ਸੁਖ ਦਾ ਲੈਣ ਨਾ ਦੇਵਾਂ ਦਮਾ, ਦਾਮਨਗੀਰ ਤੇਰੀ ਵਡਿਆਈਆ । ਝਗੜਾ ਪਾ ਕੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਿਆਂ ਬਦਲਾਈਆ । ਸਚ ਦੀ ਜਗੇ ਕੋਇ ਨਾ ਸ਼ਮਾ, ਅੰਧ ਅੰਧੇਰਾ ਦਿਆਂ ਵਖਾਈਆ । ਮੈਨੂੰ ਨਾ ਕੋਈ ਹਰਖ ਸੋਗ ਰਹੇ ਨਾ ਗ਼ਮਾ, ਚਿੰਤਾ ਨੇੜ ਕੋਇ ਨਾ ਪਾਈਆ । ਸੁਖ ਆਸਣ ਤੇਰੇ ਚਰਨ ਕਵਲ ਸਵਾਂ, ਚਰਨ ਕਵਲ ਦੇਣੀ ਵਡਿਆਈਆ । ਮੈਨੂੰ ਕੋਈ ਦੀਨ ਦੁਨੀ ਦਾ ਨਹੀਂ ਤਮਅ, ਲਾਲਚ ਪੈਗੰਬਰਾਂ ਵਾਲਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨ ਸਰਨਾਈ ਇਕੋ ਢਹਵਾਂ, ਦੂਸਰ ਓਟ ਨਾ ਕੋਇ ਤਕਾਈਆ ।



### ੨੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ਨਾਨਕ ਚੰਦ ਦੇ ਗ੍ਰਿਹ

ਕਲਜੁਗ ਕਹੇ ਚਿੱਠੀ ਪੜ੍ਹਦਿਆਂ ਆ ਗਿਆ ਨੁਕਤਾ, ਹੱਦ ਹਦੂਦ ਰਿਹਾ ਜਣਾਈਆ । ਇਹ ਹੁਕਮ ਧੁਰ ਦੇ ਅਬਿਨਾਸ਼ੀ ਅਚੁਤ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਤੂੰ ਭਾਵ ਸਮਝ ਲੈ ਇਕ ਤੁਕ ਦਾ, ਜੋ ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਇਸੇ ਵਿਚ ਤੇਰਾ ਪੈਂਡਾ ਜਾਏ ਮੁਕਦਾ, ਮੁਕੰਮਲ ਹੁਕਮ ਲਿਆ ਸੁਣਾਈਆ । ਨਜ਼ਾਰਾ ਤੱਕ ਲੈ ਆਪਣੀ ਚਾਰੇ ਕੁੰਟ ਦਾ, ਦਿਸ਼ਾ ਵੇਖ ਵਖਾਈਆ । ਲੇਖਾ ਰਹਿਣਾ ਨਹੀਂ ਅੰਤਮ ਲੁੱਟ ਦਾ, ਲੁਟੇਰਿਆ ਦਿਆਂ ਸਮਝਾਈਆ । ਵਕਤ ਸੁਹੰਜਣਾ ਹੋਣਾ ਸਤਿਜੁਗ ਰੁਤ ਦਾ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਭਾਗ ਉਦੇ ਤੱਕਣਾ ਪੰਜ ਤਤ ਬੁੱਤ ਦਾ, ਗ੍ਰਿਹ ਮੰਦਰ ਵੱਜੇ ਵਧਾਈਆ । ਇਹ ਹੁਕਮ ਸੰਦੇਸ਼ਾ ਉਸ ਦਾ, ਜਿਸ ਦੀ ਉਸਤਤ ਚਾਰ ਜੁਗ ਦੇ ਸ਼ਾਸਤਰ ਗਾਈਆ । ਉਹ ਖੇਲ ਨਹੀਂ ਕਿਸੇ ਮਨੁੱਖ ਦਾ, ਮਾਨਵ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਨੁਕਤਾ ਕਹੇ ਮੇਰੀ ਹੱਦ ਅਪਾਰ, ਮੇਰੇ ਸਾਹਿਬ ਦਿਤੀ ਬਣਾਈਆ । ਇਸ ਵਿਚ ਬੰਦ ਤੇਈ ਅਵਤਾਰ, ਅਵਤਰ ਬੈਠੇ ਆਸਣ ਲਾਈਆ । ਪੈਗ਼ੰਬਰ ਹੋ ਸਕੇ ਕੋਈ ਨਾ ਬਾਹਰ, ਦਿਸ਼ਾ ਕੂਟ ਵੇਖਣ ਕੋਇ ਨਾ ਪਾਈਆ । ਗੁਰੂ ਗੁਰਦੇਵ ਏਸੇ ਅੰਦਰ

ਸਦਾ ਬੈਠੇ ਪ੍ਰੇਮ ਵਿਚ ਪਿਆਰ, ਨੇਤਰ ਅੱਖ ਨਾ ਕੋਇ ਉਠਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਕਰਾਈਆ । ਸਭ ਦੇ ਲਹਿਣੇ ਦੇਣੇ ਰਿਹਾ ਵਖਾਲ, ਚਾਰ ਜੁਗ ਦੇ ਪਰਦੇ ਰਿਹਾ ਉਠਾਈਆ । ਨੇਤਰ ਤੱਕੋ ਮੇਰੇ ਲਾਲ, ਲਾਲਨ ਆਪਣਾ ਭੇਵ ਖੁਲਾਈਆ । ਚਾਰੋਂ ਕੁੰਟ ਕਲਜੁਗ ਕੂਕੇ ਕਾਲ, ਕਾਲਾ ਰੰਗ ਰੰਗਾਈਆ । ਤੁਹਾਡੇ ਨਾਮ ਕਲਮੇ ਸ਼ਬਦ ਦਾ ਦਿਸੇ ਨਾ ਕੋਇ ਜਮਾਲ, ਜ਼ਾਹਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨੁਕਤਾ ਕਹੇ ਮੇਰੀ ਹੱਦ ਸੱਚੀ, ਸਚ ਦਿਆਂ ਦ੍ਰਿੜਾਈਆ । ਜਗਤ ਨਿਸ਼ਾਨਾ ਮਿੱਟੀ ਕੱਚੀ, ਮਾਟੀ ਖ਼ਾਕੀ ਨਜ਼ਰੀ ਆਈਆ । ਮੇਰੇ ਪੁਰਖ ਅਕਾਲ ਦੀ ਕਥਾ ਕਹਾਣੀ ਪੱਕੀ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਲੇਖਾ ਸਭ ਕਿਛ ਵੇਖਣ ਅੱਖੀਂ, ਨੇਤਰ ਨੈਣ ਖੁਲਾਈਆ । ਕਲਜੁਗ ਕੂੜੀ ਕਿਰਿਆ ਤੇਰੀ ਬੰਦ ਕਰੇ ਹੱਥੀਂ, ਅਗੇ ਅਵਰ ਨਾ ਕੋਇ ਵਧਾਈਆ । ਤੂੰ ਉਸ ਦੇ ਸਥਰ ਲੱਥੀ, ਜਿਹੜਾ ਯਾਰੜਾ ਗੋਬਿੰਦ ਮਾਹੀਆ । ਲਹਿਣਾ ਦੇਣਾ ਅਗਲਾ ਖੱਟੀ, ਪਿਛਲਾ ਪੰਧ ਮੁਕਾਈਆ । ਨੁਕਤਾ ਕਹੇ ਮੇਰੀ ਮੰਜ਼ਲ ਕਿਸੇ ਨਾ ਟੱਪੀ, ਹੱਦ ਪਾਰ ਨਾ ਕੋਇ ਕਰਾਈਆ । ਮੇਰਾ ਸਾਹਿਬ ਪੁਰਖ ਸਮਰਥੀ, ਹਰਿ ਕਰਤਾ ਧੁਰਦਰਗਾਹੀਆ । ਜੋ ਦੇਵੇ ਵਸਤ ਅਲਖੀ, ਅਲਖ ਅਗੋਚਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲਾਈਆ । ਕਲਜੁਗ ਕਹੇ ਮੈਨੂੰ ਨੁਕਤਾ ਦਏ ਇਸ਼ਾਰਾ, ਐਸ਼ੋ ਇਸ਼ਰਤ ਤੋਂ ਬਾਹਰ ਜਣਾਈਆ । ਉਹ ਤੱਕ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜਿਸ ਨੂੰ ਕਹਿੰਦੇ ਚੌਵ੍ਹੀਆਂ ਅਵਤਾਰਾ, ਚੌਬੀਸਾ ਇਕ ਅਖਵਾਈਆ । ਜਿਸ ਤੇਰਾ ਮੇਟਣਾ ਅੰਧ ਅੰਧਿਆਰਾ, ਅੰਧ ਅਗਿਆਨ ਦਏ ਗਵਾਈਆ । ਨਿਸ਼ਾਨ ਰਹੇ ਨਾ ਚੰਦ ਸਿਤਾਰਾ, ਸਤਹ ਬੁਲੰਦੀ ਆਪੇ ਵੇਖ ਵਖਾਈਆ । ਉਹ ਲੇਖਾ ਜਾਣੇ ਜਾਨਣਹਾਰਾ, ਅੰਤਰਜਾਮੀ ਵਡ ਵਡਿਆਈਆ । ਜਿਸ ਦਾ ਲੇਖ ਜਗਤ ਲਿਖਣ ਤੋਂ ਬਾਹਰਾ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਜੋ ਸੰਦੇਸ਼ਾ ਦੇਵੇ ਆਪਣੀ ਧਾਰਾ, ਧਰਨੀ ਧਰਤ ਧਵਲ ਉਤੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਧਾਰ ਸੱਚੀ ਸਰਕਾਰਾ, ਸ਼ਹਿਨਸ਼ਾਹ ਇਕ ਅਖਵਾਈਆ ।

✪ ੨੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਖ਼ੁਰਦ ਜ਼ਿਲਾ ਜੰਮੂ ਬੇਲੂ ਰਾਮ ਦੇ ਗ੍ਰਹਿ ✪

ਨੁਕਤਾ ਕਹੇ ਮੇਰਾ ਅਗਲਾ ਮਜ਼ਮੂਨ ਹੁੰਦਾ ਸ਼ੁਰੂ, ਕਲਜੁਗ ਅੱਖਾਂ ਨਾਲ ਧਿਆਨ ਲਗਾਈਆ । ਸਭ ਦਾ ਹੋਣਾ ਸ਼ਬਦ ਗੁਰੂ, ਸਤਿਗੁਰ ਸ਼ਬਦ ਬੇਪਰਵਾਹੀਆ । ਜਿਸ ਦਾ ਮੰਤਰ ਇਕੋ ਫੁਰੂ, ਫੁਰਨੇ ਜਗਤ ਬੰਦ ਕਰਾਈਆ । ਜਗਤ ਜਹਾਨ ਦਾ ਮੋੜ ਮੁੜੂ, ਨਵ ਸੱਤ ਦਏ ਬਦਲਾਈਆ । ਉਸ ਦਾ ਭੰਡਾਰਾ ਕਦੇ ਨਾ ਥੁੜੂ, ਅਤੋਟ ਅਤੁਟ ਵਰਤਾਈਆ । ਸ਼ੌਹ ਦਰਿਆ ਕਦੇ ਨਾ ਰੁੜੂ, ਰੁੜ੍ਹਦਿਆਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਨੁਕਤਾ ਕਹੇ ਮੇਰਾ ਵੇਖ ਅਗਲਾ ਮਜਮੂਨ,

ਬਿਨਾ ਤਹਿਰੀਰ ਤਕਰੀਰ ਜਣਾਈਆ । ਜਿਸ ਵਿਚ ਅਗੰਮਾ ਕਾਨੂੰਨ, ਜਗਤ ਧਾਰਾ ਨਾ ਕੋਇ ਵਡਿਆਈਆ । ਉਸ ਜਲਵਾਗਰ ਦਾ ਤੱਕ ਜਨੂੰਨ, ਜੋ ਨੂਰ ਨੂਰ ਅਲਾਹੀਆ । ਜਿਸ ਨੁਕਤਾ ਲਾਇਆ ਵਿਚ ਨੂਨ, ਨਜ਼ਰੀਆਂ ਸਭ ਦਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਨੁਕਤਾ ਕਹੇ ਮੇਰੀ ਅਗਲੀ ਤੱਕ ਲੈ ਦਲੀਲ, ਦਿਲਦਾਰ ਕੀ ਜਣਾਈਆ । ਤੇਰੀ ਸੁਣਨੀ ਨਹੀਂ ਅਪੀਲ, ਅਪਰੰਪਰ ਸਵਾਮੀ ਵੇਖ ਵਖਾਈਆ । ਉਹ ਲੇਖਾ ਯਾਦ ਕਰ ਲੈ ਜੋ ਲਹਿਣਾ ਦੇਣਾ ਅਰਜਨ ਨਾਲ ਭੀਲ, ਕ੍ਰਿਸ਼ਨ ਗਵਾਲਾ ਕੀ ਦ੍ਰਿੜ੍ਹਾਈਆ । ਜਿਸ ਬਸਤਰ ਪਹਿਨਣੇ ਨੀਲ, ਨੀਲੀ ਧਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਨੁਕਤਾ ਕਹੇ ਮੇਰਾ ਖੇਲ ਇਰਦ ਗਿਰਦ, ਅਗਾ ਪਿਛਾ ਦਿਆਂ ਜਣਾਈਆ । ਮੇਰੇ ਸਾਹਿਬ ਨੇ ਤਾਰਨੇ ਬਾਲ ਬਿਰਧ, ਨੌਜਵਾਨਾਂ ਹੋਏ ਸਹਾਈਆ । ਸਭ ਦੀ ਲੇਖੇ ਲਾਵੇ ਨਾਮ ਵਾਲੀ ਕਿਰਤ, ਹਰਿਜਨ ਅਕਿਰਤਘਣ ਰਹਿਣ ਨਾ ਪਾਈਆ । ਵੇਖ ਵਿਖਾਣੇ ਫਿਰਤ ਫਿਰਤ, ਫਿਰ ਫਿਰ ਪੰਧ ਮੁਕਾਈਆ । ਲਹਿਣਾ ਦੇਣਾ ਚੁਕਾਵੇ ਸੁਰਤ ਨਿਰਤ, ਨੈਣ ਨੈਣਾਂ ਖੋਜ ਖੁਜਾਈਆ । ਜਨਮ ਜਨਮ ਦੀ ਮੇਟ ਕੇ ਹਿਰਸ, ਹਵਸ ਕੂੜੀ ਦਏ ਮੁਕਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਸਿਰ ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਘਰ ਝਿਰਨਾ ਇਕ ਝਿਰਾਈਆ । ਚਿੰਤਾ ਮਿਟਾ ਕੇ ਹਰਸ, ਦੂਈ ਦਵੈਤੀ ਦਏ ਮਿਟਾਈਆ । ਪਰਮਾਤਮ ਹੋ ਕੇ ਆਤਮ ਲਏ ਪਰਖ, ਪਾਰਖੂ ਆਪਣਾ ਖੇਲ ਖਿਲਾਈਆ । ਜਨ ਭਗਤ ਦਵਾਰੇ ਦੇ ਕੇ ਦਰਸ, ਦੀਦ ਈਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ ।



### ੨੫ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਨਿਕੋਵਾਲ ਜ਼ਿਲਾ ਜੰਮੂ ਰਾਮ ਚੰਦ ਦੇ ਗ੍ਰਹਿ

ਪਤ੍ਰਕਾ ਕਹੇ ਮੈਂ ਪ੍ਰੀਤਮ ਦੀ ਪਾਤੀ, ਪਰਮ ਪੁਰਖ ਦਿਤੀ ਵਡਿਆਈਆ । ਸ਼ਬਦ ਧਾਰ ਦੀ ਬਖ਼ਸ਼ ਕੇ ਦਾਤੀ, ਦਇਆਵਾਨ ਦਇਆ ਕਮਾਈਆ । ਕਿਰਪਾ ਕਰੀ ਕਮਲਾਪਾਤੀ, ਪਤਿਪਰਮੇਸ਼ਵਰ ਹੋਇਆ ਸਹਾਈਆ । ਸਚ ਪਿਆਰ ਜੋੜ ਕੇ ਨਾਤੀ, ਦਿਤੀ ਸਚ ਸਰਨਾਈਆ । ਸੰਦੇਸ਼ਾ ਦਿਤਾ ਪੁਰਖ ਅਬਿਨਾਸ਼ੀ, ਅਬਿਨਾਸ਼ੀ ਆਪ ਦ੍ਰਿੜ੍ਹਾਈਆ । ਸ਼ੰਕਰ ਉਠਣਾ ਪਏ ਕੈਲਾਸ਼ੀ, ਆਲਸ ਨਿੰਦਰਾ ਰਹੇ ਨਾ ਰਾਈਆ । ਬ੍ਰਹਮੇ ਇਕ ਸੰਦੇਸ਼ਾ ਰਹੀ ਆਖੀ, ਬਿਨ ਅੱਖਰਾਂ ਰਹੀ ਦ੍ਰਿੜ੍ਹਾਈਆ । ਵਿਸ਼ਨੂੰ ਤੱਕ ਖੇਲ ਤਮਾਸ਼ੀ, ਵਿਸ਼ਵ ਦਾ ਪਰਦਾ ਆਪ ਉਠਾਈਆ । ਚਾਰੋਂ ਕੁੰਟ ਕਲਜੁਗ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਸ਼ਰਅ ਦੀ ਸ਼ਰਅ ਬਣੀ ਜਮਾਤੀ, ਅੱਖਰ ਸ਼ਖ਼ਸੀਅਤ ਵਾਲੇ ਪੜ੍ਹਾਈਆ । ਸਚ ਦਾ ਦਿਸੇ ਨਾ ਕੋਇ ਇਮਦਾਦੀ, ਮਿਹਰ ਨਜ਼ਰ ਨਾ ਕੋਇ ਟਿਕਾਈਆ । ਆਤਮਾ ਪਰਮਾਤਮਾ ਰਹੀ ਨਾ ਮੂਲ ਅਰਾਧੀ, ਰਾਧਾ ਕ੍ਰਿਸ਼ਨ ਦਏ ਗਵਾਹੀਆ । ਬ੍ਰਹਮ ਹੋਇਆ ਨਾ ਕੋਇ ਵਿਸਮਾਦੀ, ਪਾਰਬ੍ਰਹਮ ਵਿਚ ਨਾ ਕੋਇ ਸਮਾਈਆ । ਨਾਦ ਸੁਣੇ ਨਾ ਕੋਇ ਅਨਾਦੀ, ਧੁਨ ਆਤਮਕ ਰਾਗ ਨਾ ਕੋਇ ਜਣਾਈਆ ।

ਸਤਿਗੁਰ ਸ਼ਬਦ ਦਿਸੇ ਨਾ ਢਾਢੀ, ਢੋਲਾ ਇਕ ਦ੍ਰਿੜਾਈਆ । ਵਾਰਸ ਰਿਹਾ ਕੋਇ ਨਾ ਗਾਡੀ, ਗਾਡ ਮਿਲਣ ਕੋਇ ਨਾ ਪਾਈਆ । ਸੋਈ ਸੁਰਤ ਕਿਸੇ ਨਾ ਜਾਗੀ, ਨੇਤਰ ਅੱਖ ਨਾ ਕੋਇ ਖੁਲਾਈਆ । ਅੰਤਰ ਦਿਸੇ ਨਾ ਕੋਇ ਵੈਰਾਗੀ, ਵੈਰੀ ਬਾਹਰ ਨਾ ਕੋਇ ਕਢਾਈਆ । ਮਨੂਆ ਦਿਸੇ ਨਾ ਕੋਇ ਤਿਆਗੀ, ਤ੍ਰੈਗੁਣ ਨਾਤਾ ਜਗਤ ਤੁੜਾਈਆ । ਅੰਤਮ ਸਭ ਦੀ ਹਾਰਦੀ ਦਿਸੀ ਬਾਜ਼ੀ, ਬਾਜਾਂ ਵਾਲਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਸਚ ਕਹੇ ਪ੍ਰਭੂ ਹੁਕਮ ਤੇਰਾ ਵਰਤੰਤਾ, ਵਰਤਮਾਨ ਤੇਰੀ ਵਡਿਆਈਆ । ਮੇਰੀ ਆਪ ਬਣਾ ਦੇ ਬਣਤਾ, ਘੜਨ ਭੰਨਣਹਾਰ ਤੇਰੀ ਸਰਨਾਈਆ । ਗੜ੍ਹ ਤੋੜ ਦੇ ਦੀਨ ਦੁਨੀ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਪੰਡਤਾ, ਬੁਧੀ ਤੋਂ ਪਰੇ ਤੇਰੀ ਸ਼ਨਵਾਈਆ । ਲੇਖਾ ਚੁਕਾ ਦੇ ਕਾਇਆ ਮਾਟੀ ਤਨ ਦਾ, ਤਤਵ ਤਤ ਇਕ ਸਮਝਾਈਆ । ਪ੍ਰਕਾਸ਼ ਦੇ ਦੇ ਆਪਣੇ ਨੂਰੀ ਚੰਦ ਦਾ, ਚੰਦ ਚਾਂਦਨਾ ਦੇ ਚਮਕਾਈਆ । ਭੇਵ ਖੋਲ ਦੇ ਆਤਮ ਬ੍ਰਹਮ ਦਾ, ਪਰਦਾ ਗ੍ਰਿਹਿ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਦਰ ਠਾਂਡਾ ਕਹੇ ਮੇਰੇ ਸੂਰੇ ਸਰਬੰਗਾ, ਸਤਿਗੁਰ ਗਹਿਰ ਗੰਭੀਰ । ਸਭ ਦੀਆਂ ਪੂਰੀਆਂ ਕਰਦੇ ਮੰਗਾ, ਤੂੰ ਦਾਤਾ ਗੁਣੀ ਗਹੀਰ । ਆਤਮ ਅੰਤਰ ਬਖ਼ਸ਼ ਅਨੰਦਾ, ਦੀਨ ਦੁਨੀ ਬਦਲ ਤਕਦੀਰ । ਵਿਛੋੜੇ ਵਾਲੀ ਟੁੱਟੀ ਪਾ ਕੇ ਗੰਢਾ, ਲੇਖਾ ਮੁਕਾ ਸ਼ਾਹ ਹਕੀਰ । ਨਿਸ਼ਾਨਾ ਰਹੇ ਨਾ ਤਾਰਾ ਚੰਦਾ, ਜਗਤ ਸ਼ਰਅ ਦੀ ਕੱਟ ਜ਼ੰਜੀਰ । ਤੇਰਾ ਪਿਛੇ ਪਿਛਲਾ ਸਮਾਂ ਲੰਘਾ, ਅਗੇ ਭਗਤ ਸੁਹੇਲੇ ਉਠਾ ਫ਼ਕੀਰ । ਪੰਚ ਵਿਕਾਰ ਕਰੇ ਨਾ ਦੰਗਾ, ਝਗੜਾ ਰਹੇ ਨਾ ਵਿਚ ਸਰੀਰ । ਸਭ ਨੂੰ ਅੰਗੀਕਾਰ ਕਰ ਕੇ ਲਾ ਅੰਗਾ, ਤੂੰ ਦਾਤਾ ਗੁਣੀ ਗਹੀਰ । ਇਹ ਲੇਖਾ ਤੇਰੇ ਸੰਦਾ, ਦੂਜਾ ਦੱਸੇ ਨਾ ਕੋਇ ਤਦਬੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰੇ ਮਾਲਕ ਬੇਨਜ਼ੀਰ । ਕਲਜੁਗ ਕਹੇ ਮੇਰੀ ਪ੍ਰੇਮ ਪਿਆਰ ਦੀ ਕਹਾਵਤ, ਕਹਿ ਕੇ ਦਿਆਂ ਸੁਣਾਈਆ । ਮੈਂ ਜਗਤ ਵਿਕਾਰੇ ਦੇਵਾਂ ਦਾਵਤ, ਗ੍ਰਿਹਿ ਆਪਣੇ ਲਵਾਂ ਬਹਾਈਆ । ਸਾਚਾ ਸੁਖ਼ਨ ਕਰਾਂ ਸਖ਼ਾਵਤ, ਸਹਿਜ ਨਾਲ ਸੁਣਾਈਆ । ਜਾਓ ਘਰ ਘਰ ਪਾਓ ਬਗ਼ਾਵਤ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਲਾਓ ਅਲਾਮਤ, ਇਲਮ ਆਲਮਾਂ ਦਿਓ ਭੁਲਾਈਆ । ਸਚ ਦੀ ਰਹੇ ਨਾ ਕੋਇ ਸ਼ਨਾਖ਼ਤ, ਸ਼ਕਲ ਦੇਣੀ ਬਦਲਾਈਆ । ਪਿਆਰਾ ਰਹੇ ਨਾ ਕੋਈ ਮਾਰਫ਼ਤ, ਸੂਫ਼ੀਆਂ ਦੇਣਾ ਪੰਧ ਮੁਕਾਈਆ । ਚਾਰੋਂ ਕੁੰਟ ਕੂੜ ਹੋਵੇ ਸ਼ਰਾਰਤ, ਸ਼ਰਅ ਸ਼ਰਅ ਨਾਲ ਟਕਰਾਈਆ । ਫੇਰ ਮੇਰੀ ਸੁਹੰਜਣੀ ਹੋਵੇ ਅਬਾਰਤ, ਲਿਖੇ ਲੇਖ ਮਿਲੇ ਵਡਿਆਈਆ । ਪ੍ਰਭ ਪ੍ਰਗਟ ਹੋਵੇ ਨਿਰਗੁਣ ਧਾਰ ਵਿਚ ਭਾਰਤ, ਭਾਰਤ ਦਾ ਭਰਮ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਕਰਾਏ ਤੁਆਰਫ਼, ਦੋ ਤਰਫ਼ੀ ਆਪਣਾ ਹੁਕਮ ਵਰਤਾਈਆ ।

## ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਖ਼ੁਰਦ ਜ਼ਿਲਾ ਜੰਮੂ ਅਮਰੋ ਦੇਵੀ ਦੇ ਗ੍ਰਿਹ

ਧਰਮ ਕਹੇ ਮੇਰਾ ਸਾਹਿਬ ਗੁਣੀ ਗਹੀਰਾ, ਗੁਣਵੰਤਾ ਵਡ ਵਡਿਆਈਆ । ਚਾਰ ਜੁਗ ਦੇ ਸ਼ਾਸਤਰ ਜਿਸ ਦੀਆਂ ਤਹਿਰੀਰਾ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਉਹ ਦੇਵੇ ਮਾਣ ਵਡਿਆਈ ਹਕੀਰਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਬਦਲ ਦੇਵੇ ਤਕਦੀਰਾ, ਮੁਕੱਦਰ ਆਪਣਾ ਲੇਖ ਲਿਖਾਈਆ । ਆਪਣੇ ਹੱਥ ਰਖੇ ਤਦਬੀਰਾ, ਭੇਵ ਅਭੇਦ ਆਪ ਖੁਲਾਈਆ । ਜਿਸ ਦਾ ਨੂਰ ਲਾਤਸਵੀਰਾ, ਲੇਖ ਸਮਝ ਕੋਇ ਨਾ ਪਾਈਆ । ਜਿਸ ਮਾਣ ਦਿਤਾ ਜੁਲਾਹੇ ਕਬੀਰਾ, ਰਵੀਦਾਸੇ ਹੋਏ ਸਹਾਈਆ । ਉਹ ਜੁਗ ਜੁਗ ਭਗਤਾਂ ਕਟੇ ਭੀੜਾ, ਦੁੱਖ ਦਲਿਦ੍ਰ ਮਿਟਾਈਆ । ਅੰਮ੍ਰਿਤ ਦੇਵੇ ਸਚ ਨਾਮ ਰਸ ਨੀਰਾ, ਅਮਿਉਂ ਰਸ ਚੁਆਈਆ । ਧਨ ਮਾਲ ਦੇ ਜਗੀਰਾ, ਧਨੀ ਧਨਾਢ ਇਕ ਵਖਾਈਆ । ਜਿਸ ਲੇਖੇ ਲਾਇਆ ਕੌਡੀ ਕੌਡੀ ਕਸੀਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਨ ਭਗਤਾਂ ਬੰਨ੍ਹੇ ਬੀੜਾ, ਬੇੜਾ ਆਪਣੇ ਕੰਧ ਉਠਾਈਆ ।

ਜਨਮ ਕਰਮ ਦੁੱਖ ਕੱਟਿਆ, ਕੱਟਿਆ ਕੂੜ ਜੰਜਾਲ । ਕਿਰਪਾ ਕਰ ਪੁਰਖ ਸਮਰਥਿਆ, ਸਮਰਥ ਹੋਇਆ ਦੀਨ ਦਿਆਲ । ਧੁਰ ਦਾ ਲੇਖਾ ਬਿਨਾ ਲੇਖ ਤੋਂ ਲਿਖਿਆ, ਅਬਿਨਾਸ਼ੀ ਕਰਤਾ ਕਰੇ ਸੰਭਾਲ । ਮਾਨਸ ਜਨਮ ਨਾ ਜਾਏ ਮਿਥਿਆ, ਸਿਰ ਰਖੇ ਹੱਥ ਕਿਰਪਾਲ । ਜੋ ਚੁਰਾਸੀ ਵਿਚ ਵਿਕਿਆ, ਦਿਵਸ ਰੈਣ ਘਾਲਾਂ ਰਿਹਾ ਘਾਲ । ਉਹ ਪੰਖੇਰੂਆਂ ਵਿਚ ਟਿਕਿਆ, ਉਡੇ ਆਪਣੀ ਚਾਲ । ਅੱਜ ਜੀਵਣ ਜਨਮ ਦਾ ਨਿਕਲੇ ਸਿੱਟਿਆ, ਰੋਗ ਸੋਗ ਵਿਚੋਂ ਲਏ ਨਿਕਾਲ । ਸਚਖੰਡ ਦਵਾਰੇ ਫੜ ਕੇ ਸਿਟਿਆ, ਜੂਨਾਂ ਵਿਚੋਂ ਕਰ ਬਹਾਲ । ਭਾਗ ਲੱਗੇ ਵੱਡੇ ਨਿੱਕਿਆ, ਬਿਰਧ ਬਾਲਾਂ ਕਰੇ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਸ਼ਾਹ ਬਣਾਏ ਰਹਿਣ ਨਾ ਦੇਵੇ ਕੰਗਾਲ ।

## ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ਪ੍ਰੇਮ ਚੰਦ ਦੇ ਗ੍ਰਿਹ

ਧਰਮ ਕਹੇ ਧਰਨੀ ਪ੍ਰਭ ਦਾ ਖੇਲ ਸੰਜੋਗੀ, ਜੁਗ ਜੁਗ ਵਿਛੜਿਆਂ ਮੇਲ ਮਿਲਾਈਆ । ਜਿਸ ਦਾ ਭੇਵ ਪਾਏ ਕੋਇ ਨਾ ਜੋਗੀ, ਜੰਗਮ ਜਟਾ ਜੂਟ ਨਾ ਕੋਇ ਵਡਿਆਈਆ । ਦੀਨ ਦੁਨੀ ਕਲਜੁਗ ਵੇਖ ਰੋਗੀ, ਹਉਮੇ ਰੋਗ ਨਾ ਕੋਇ ਮਿਟਾਈਆ । ਜਗਤ ਤ੍ਰਿਸ਼ਨਾ ਹੋਈ ਭੋਗੀ, ਭਸਮੜ ਰੂਪ ਨਾ ਕੋਇ ਬਦਲਾਈਆ । ਠਾਕਰ ਮਿਲੇ ਕਿਸੇ ਨਾ ਮੌਜੀ, ਮਜਲਸ ਸਚ ਨਾ ਕੋਇ ਲਗਾਈਆ । ਕਲਜੁਗ ਮੁਕਦੀ ਤੱਕ ਲੈ ਔਧੀ, ਔਧ ਅਵਰ ਨਾ ਕੋਇ ਵਧਾਈਆ । ਅਸੀਂ ਸਲਾਹ ਕਰੀਏ ਘਰੋਗੀ, ਘਰ ਵਿਚ ਮਤਾ ਪਕਾਈਆ । ਮਿਹਰਵਾਨ ਮਹਿਬੂਬ ਕੀ ਮਾਣ ਦੇਵੇ ਮੁੰਡ ਮੁੰਡਾਇਆ ਟਿੱਕਾ ਬੋਦੀ, ਲਬਾਂ ਰੰਗ ਕੀ ਰੰਗਾਈਆ । ਧਰਨੀ ਕਹੇ ਧਰਮ ਮੈਂ ਗ਼ਮਾ ਵਿਚ ਹੋ ਗਈ ਕੋਡੀ, ਬਲਹੀਣ ਅਖਵਾਈਆ । ਮੈਂ ਸੋਚਾਂ ਉਂਗਲ ਰਖ ਕੇ ਉਤੇ ਠੋਡੀ, ਦਲੀਲ ਦਲੀਲਾਂ ਵਿਚ ਬਦਲਾਈਆ । ਮੇਰੇ ਦਰਦ ਪੈਂਦੀ ਗੋਡੀ, ਬਹੁੜੀ ਬਹੁੜੀ ਕਰ ਕੁਰਲਾਈਆ । ਬਿਨਾ ਮੇਰੇ ਸਾਹਿਬ

ਤੋਂ ਦੁਨੀਆ ਦੀ ਆਤਮ ਜਾਏ ਨਾ ਸੋਧੀ, ਸੁਦੀ ਵਦੀ ਕੰਮ ਕਿਸੇ ਨਾ ਆਈਆ । ਮੈਂ ਬਿਰਹੋਂ ਵਿਛੋੜੇ ਵਿਚ ਹੋਈ ਵਿਯੋਗੀ, ਵਿਯੋਗਣ ਹੋ ਕੇ ਦਿਆਂ ਜਣਾਈਆ । ਕਲਜੁਗ ਕੂੜਾ ਚਾਰੋਂ ਕੁੰਟ ਦਿਸੇ ਲੋਭੀ, ਮਾਇਆ ਮਮਤਾ ਮੋਹ ਵਧਾਈਆ । ਸਾਧ ਸੰਤ ਹੋਏ ਕਰੋਧੀ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਧਰਨੀ ਕਹੇ ਧਰਮ ਕਰਨੀ ਕੀ ਸਲਾਹ, ਸਚ ਦਿਆਂ ਜਣਾਈਆ । ਸ੍ਰਿਸ਼ਟੀ ਸਾਰੀ ਭਰੀ ਗੁਨਾਹ, ਪਤਤ ਪੁਨੀਤ ਨਜ਼ਰ ਕੋਇ ਨਾ ਆਈਆ । ਮੈਂ ਰਹੀ ਨਹੀਂ ਧਰਮ ਦੀ ਮਾਂ, ਪੂਤ ਗੋਦ ਨਾ ਕੋਇ ਸੁਹਾਈਆ । ਮੇਰੀ ਪਕੜੇ ਕੋਈ ਨਾ ਬਾਂਹ, ਬੁਢਾਪਾ ਰੋਵੇ ਮਾਰੇ ਧਾਹੀਆ । ਅਦਲ ਕਰੇ ਨਾ ਕੋਇ ਨਿਆਂ, ਇਨਸਾਫ਼ ਹੱਥ ਕਿਸੇ ਨਾ ਆਈਆ । ਉਚੀ ਕੂਕ ਕੇ ਮਾਰਾਂ ਧਾਹ, ਦੁਹੱਥੜ ਪੱਟਾਂ ਉਤੇ ਲਗਾਈਆ । ਨੇਤਰ ਨੈਣ ਲਵਾਂ ਉਠਾ, ਚਾਰੋਂ ਕੁੰਟ ਭਵਾਈਆ । ਦੋਏ ਜੋੜ ਵਾਸਤਾ ਦਿਆਂ ਪਾ, ਨਿਵ ਨਿਵ ਸੀਸ ਨਿਵਾਈਆ । ਕਿਰਪਾ ਕਰ ਮੇਰੇ ਮਿਹਰਵਾਂ, ਮਿਹਰਵਾਨ ਤੇਰੀ ਸਰਨਾਈਆ । ਜੇ ਤੂੰ ਸੰਬਲ ਬੈਠੋਂ ਆ, ਸੰਬਲ ਦੇ ਮਾਲਕ ਮੇਰਾ ਲੇਖਾ ਪੂਰ ਕਰਾਈਆ । ਮੇਰੀ (ਮਨਜ਼ੂਰ) ਕਰ ਦੁਆ, ਖ਼ਾਲੀ ਝੋਲੀ ਅਗੇ ਡਾਹੀਆ । ਅਮਾਮ ਅਮਾਮਾ ਹੋ ਰੁਸ਼ਨਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਮੈਂ ਦਿਵਸ ਰੈਣ ਰਹੀ ਕੁਰਲਾ, ਕੂਕ ਕੂਕ ਸੁਣਾਈਆ । ਗਲ ਪੱਲੂ ਰਹੀ ਪਾ, ਮੁਖ ਕਾਹਨ ਵੇਖ ਵਖਾਈਆ । ਮੈਂ ਗਊ ਨਿਮਾਣੀ ਕਲਜੁਗ ਕਸਾਈ ਕੋਲੋਂ ਛੁਡਾ, ਕਸਮ ਖਾ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਧਰਮ ਦਵਾਰਾ ਸਚ ਸੁਹਾ, ਸੋਭਾਵੰਤ ਤੇਰੀ ਵਡਿਆਈਆ ।



੬੪੮ ੨੩

### ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ਸਰਦਾਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਧਰਮ ਮੈਂ ਰੋਵਾਂ ਮਾਰ ਕੇ ਭੁੱਬੀ, ਦਰੋਹੀ ਤੇਰਾ ਨਾਮ ਖ਼ੁਦਾਈਆ । ਮੈਂ ਲੱਕੋਂ ਹੋ ਗਈ ਕੁੱਬੀ, ਕਮਰ ਸਿੱਧੀ ਨਾ ਕੋਇ ਕਰਾਈਆ । ਕਲਜੁਗ ਚਿੱਕੜ ਦੇ ਵਿਚ ਖੁਭੀ, ਫੜ ਬਾਹੋਂ ਪਾਰ ਨਾ ਕੋਇ ਕਢਾਈਆ । ਤੂੰ ਮਾਲਕ ਜੁਗ ਜੁਗੀ, ਹਰਿ ਕਰਤਾ ਇਕ ਅਖਵਾਈਆ । ਨਿਗਾਹ ਮਾਰ ਉਪਰ ਬਸੁਧੀ, ਬੇਸੁਧ ਹੋ ਕੇ ਦਿਆਂ ਜਣਾਈਆ । ਪਵਿਤ੍ਰ ਰਹੀ ਕਿਸੇ ਨਾ ਬੁੱਧੀ, ਮਤ ਹੀਣ ਹੋਈ ਲੋਕਾਈਆ । ਤਨ ਵਜੂਦਾਂ ਅੰਦਰ ਆਈ ਖ਼ੁਦੀ, ਹੰਕਾਰ ਨਾਲ ਹਲਕਾਈਆ । ਸਭ ਦੀ ਭਾਵਨਾ ਹੋਈ ਦੂਜੀ, ਦੁਤੀਆ ਭਾਉ ਨਾਲ ਮਿਲਾਈਆ । ਤੇਰੀ ਰਮਜ਼ ਕਿਸੇ ਨਾ ਬੁੱਝੀ, ਪਰਦਾ ਸਕੇ ਨਾ ਕੋਇ ਉਠਾਈਆ । ਖੇਲ ਤੱਕ ਆਪਣੀ ਗੁੱਝੀ, ਨਵ ਸੱਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਧਰਮ ਮੇਰੇ ਵੱਲ ਤੱਕ, ਤਕਵਾ ਇਕ ਰਖਾਈਆ । ਮੇਰਾ ਟੁੱਟ ਗਿਆ ਲੱਕ, ਹੱਡੀ ਰੀੜ ਰਹੀ ਕੁਰਲਾਈਆ । ਮੈਨੂੰ ਮਿਲੇ ਨਾ ਮੇਰਾ ਹਕ, ਗੁਰ ਅਵਤਾਰ ਪੈਗ਼ੰਬਰ ਹਾਕਮਾਂ ਰਹੀ ਸੁਣਾਈਆ । ਮੰਗਤੀ ਹੋ ਹੋ ਗਈ ਥੱਕ, ਭੱਜੀ ਵਾਹੋ ਦਾਹੀਆ । ਅੰਤਮ ਗਈ ਅੱਕ, ਦੁੱਖਾਂ ਵਿਚ ਕੁਰਲਾਈਆ । ਇਸ ਵਿਚ ਨਹੀਂ ਕੋਈ ਸ਼ੱਕ, ਕਲਜੁਗ ਕੂੜ ਨਾ ਕੋਇ ਮਿਟਾਈਆ ।

ਮੈਂ ਪ੍ਰਭ ਦੇ ਅਗੇ ਰਗੜਾਂ ਨੱਕ, ਮਿੱਟੀ ਖ਼ਾਕ ਧੂੜ ਰਮਾਈਆ । ਕਿਰਪਾ ਕਰ ਪੁਰਖ ਸਮਰਥ, ਮਿਹਰਵਾਨ ਹੋ ਸਹਾਈਆ । ਧਰਮ ਦਾ ਮਾਰਗ ਅਗਲਾ ਦੱਸ, ਪਿਛਲਾ ਪੰਧ ਮੁਕਾਈਆ । ਹਰ ਹਿਰਦੇ ਅੰਦਰ ਵਸ, ਘਟ ਭੀਤਰ ਡੇਰਾ ਲਾਈਆ । ਨਾਮ ਨਿਧਾਨਾ ਦੇ ਰਸ, ਅਨਰਸੀਆ ਆਪ ਚਖਾਈਆ । ਕਲਜੁਗ ਅੰਧੇਰਾ ਮੇਟ ਮਸ, ਨੂਰੀ ਚੰਦ ਕਰ ਰੁਸ਼ਨਾਈਆ । ਜਨ ਭਗਤਾਂ ਨੇਤਰ ਖੋਲ ਅੱਖ, ਨੈਣ ਨੈਣ ਕਰ ਰੁਸ਼ਨਾਈਆ । ਮੈਂ ਜੋੜਾਂ ਦੋਵੇਂ ਹੱਥ, ਨਿਵ ਨਿਵ ਲਾਗਾਂ ਪਾਈਆ । ਤੂੰ ਪੁਰਖ ਪੁਰਖ ਸਮਰਥ, ਸਵਾਮੀ ਵਡ ਵਡਿਆਈਆ । ਤੇਰੀ ਸਰਨ ਸਰਨਾਈ ਗਈ ਢੱਠ, ਮਾਣ ਤਾਣ ਦਿਤਾ ਮਿਟਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ (ਹੋ) ਪ੍ਰਗਟ, ਪ੍ਰਗਟ ਹੋ ਕੇ ਮੇਰਾ ਸਹਿਸਾ ਦੇ ਮਿਟਾਈਆ । ਲੇਖਾ ਸਭ ਦਾ ਮੁਕਾ ਝਟ, ਝਟਕੇ ਹਲਾਲੀ ਵਾਲਾ ਰਹਿਣ ਕੋਇ ਨਾ ਪਾਈਆ । ਮੇਰਾ ਸੁਹੰਜਣਾ ਕਰ ਤਟ, ਕਿਨਾਰੇ ਦੇ ਵਡਿਆਈਆ । ਸਾਚਾ ਅੰਮ੍ਰਿਤ ਦੇ ਅੰਦਰ ਘਤ, ਸਰੋਵਰ ਇਕ ਭਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਮਤ, ਮਤ ਮਤਾਂਤਰ ਡੇਰਾ ਢਾਹੀਆ । ਨਾਮ ਨਿਧਾਨੇ ਮਾਰ ਅਗੰਮੀ ਸੱਟ, ਸੋਈ ਸੁਰਤ ਸਭ ਦੀ ਲੈ ਜਗਾਈਆ । ਜੇ ਤੂੰ ਰੂਪ ਵਟਾਇਆ ਤਨ ਵਜੂਦੀ ਜੱਟ, ਕਲਜੁਗ ਕੂੜੀ ਕਿਰਿਆ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਕਿਛ ਤੇਰੇ ਹੱਥ, ਦੂਸਰ ਨਜ਼ਰ ਕਿਸੇ ਨਾ ਆਈਆ ।



## ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੋਈ ਖ਼ੁਰਦ ਜ਼ਿਲਾ ਜੰਮੂ ਗੁਰਾ ਰਾਮ ਦੇ ਗ੍ਰਿਹ ✪

੬੪੯
੨੩

ਧਰਮ ਕਹੇ ਧਰਨੀ ਖ਼ੁਸ਼ੀਆਂ ਦੇ ਵਿਚ ਅੱਕੜ, ਸਤਿ ਸਚ ਲੈ ਅੰਗੜਾਈਆ । ਪਰਮ ਪੁਰਖ ਤੋਲਣਹਾਰਾ ਸਾਚੇ ਤੱਕੜ, ਦੋ ਜਹਾਨਾਂ ਆਪ ਤੁਲਾਈਆ । ਕਲਜੁਗ ਝੁਲਦਾ ਵੇਖ ਅੰਧੇਰਾ ਝੱਖੜ, ਆਂਧੀ ਚਾਰੋਂ ਕੁੰਟ ਆਈਆ । ਕੂੜੀ ਕਿਰਿਆ ਫੜ ਉਠਾਵੇ ਪਕੜ, ਹਲੂਣਾ ਦਏ ਲਗਾਈਆ । ਦੀਨਾਂ ਮਜ਼੍ਹਬਾਂ ਲਗਾ ਕੇ ਟੱਕਰ, ਟੁਕੜੇ ਟੁਕੜੇ ਲੇਖਾ ਦਏ ਮੁਕਾਈਆ । ਸਤਿਗੁਰ ਸੂਰਾ ਬਣ ਕੇ ਅਗੰਮਾ ਕੱਟੜ, ਆਪਣਾ ਮਾਰਗ ਦਏ ਸਮਝਾਈਆ । ਪਿਛਲੀ ਆਸ਼ਾ ਸਭ ਦੀ ਕਰੇ ਫੱਟੜ, ਘਾਓ ਪੂਰਬ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਧਰਨੀ ਬਲਧਾਰ, ਬਲਧਾਰੀ ਦਇਆ ਕਮਾਈਆ । ਉਹ ਵੇਖ ਖੇਲ ਸੱਚੀ ਸਰਕਾਰ, ਕੀ ਕਰਤਾ ਕਾਰ ਕਮਾਈਆ । ਜੋਤੀ ਜਾਤਾ ਲਏ ਅਵਤਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਾਚਾ ਮਾਰਗ ਲਾ ਵਿਚ ਸੰਸਾਰ, ਭਗਤ ਭਗਵਾਨ ਦਏ ਉਠਾਈਆ । ਫੜ ਬਾਹੋਂ ਦੁਤਰ ਜਾਏ ਤਾਰ, ਦੁਤੀਆ ਭਾਓ ਮੁਕਾਈਆ । ਮਿਹਰਵਾਨ ਹੋ ਕੇ ਪੈਜ ਜਾਏ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੇਰਾ ਕਰਮ ਲਏ ਵਿਚਾਰ, ਕੁਕਰਮ ਕਲਜੁਗ ਕੂੜਾ ਲਏ ਜਗਾਈਆ । ਤੇਰੇ ਉਤੋਂ ਕਢੇ ਬਾਹਰ, ਗ੍ਰਿਹ ਮੰਦਰ ਰਹਿਣ ਕੋਇ ਨਾ ਪਾਈਆ । ਤੂੰ ਹੋਣਾ ਸ਼ੁਕਰ ਗੁਜ਼ਾਰ, ਨਿਵ ਨਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸਰੋਕਾਰ ਆਪਣਾ ਆਪਣੇ ਹੱਥ ਰਖਾਈਆ ।

## ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ਚੰਨ ਪ੍ਰਕਾਸ਼ ਦੇ ਗ੍ਰਿਹ ✪

ਧਰਮ ਕਹੇ ਧਰਨੀ ਸਤਿਗੁਰ ਸ਼ਬਦ ਦੀ ਵੇਖ ਚੁਸਤੀ, ਚਲਾਕੀ ਸਭ ਦੇ ਨਾਲ ਕਮਾਈਆ । ਕਲਜੁਗ ਅੰਦਰ ਕਰੇ ਦਰੁਸਤੀ, ਸਤਿਜੁਗ ਸਚ ਰੰਗ ਰੰਗਾਈਆ । ਆਪਣੀ ਵੱਖਰੀ ਕਰ ਕੇ ਫੁਰਤੀ, ਫੁਰਤੀਲੇ ਗੁਰਮੁਖ ਲਏ ਬਣਾਈਆ । ਅੰਦਰੋਂ ਸੋਈ ਉਠਾ ਕੇ ਸੁਰਤੀ, ਸੁਰਤ ਆਪਣੇ ਨਾਲ ਮਿਲਾਈਆ । ਵਸਤ ਝੋਲੀ ਪਾਈ ਧੁਰ ਦੀ, ਧੁਰ ਮਸਤਕ ਲੇਖ ਬਣਾਈਆ । ਵਡਿਆਈ ਦੱਸ ਸੱਚੇ ਸਤਿਗੁਰ ਦੀ, ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਰੰਗਤ ਰੰਗ ਚੜ੍ਹਾਈਆ । ਸਤਿਗੁਰ ਸ਼ਬਦ ਦੀ ਧਰਨੀ ਤੱਕ ਚਲਾਕੀ, ਚਾਲ ਨਿਰਾਲੀ ਇਕ ਬਣਾਈਆ । ਲੇਖਾ ਜਾਣ ਬੰਦੇ ਖ਼ਾਕੀ, ਖ਼ਾਕੀਆਂ ਵਿਚੋਂ ਖੋਜ ਖੁਜਾਈਆ । ਸਾਚੇ ਨਾਮ ਦਾ ਬਣ ਕੇ ਸਾਕੀ, ਪਿਆਲੇ ਨਾਮ ਰਸ ਚਖਾਈਆ । ਜਨ ਭਗਤਾਂ ਅੰਦਰੋਂ ਖੋਲ ਕੇ ਤਾਕੀ, ਆਪਣਾ ਪਰਦਾ ਦਿਤਾ ਉਠਾਈਆ । ਦਰਸ਼ਨ ਦੇ ਸੁੱਤਿਆਂ ਰਾਤੀ, ਜਗਤ ਨਿੰਦਰਾ ਵਿਚੋਂ ਬਾਹਰ ਕਢਾਈਆ । ਸਤਿ ਸਚ ਦੱਸ ਕੇ ਵਾਟੀ, ਮੰਜ਼ਲ ਦਿਤੀ ਮੁਕਾਈਆ । ਚਰਨ ਕਵਲ ਜੋੜ ਕੇ ਨਾਤੀ, ਸੱਜਣ ਸੈਣ ਆਪ ਅਖਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥੀ, ਸੋਹੰ ਕੀਤੀ ਹਕ ਪੜ੍ਹਾਈਆ । ਬਣ ਸਹਾਈ ਅਨਾਥਾਂ ਨਾਥੀ, ਗ਼ਰੀਬਾਂ ਗਲੇ ਲਗਾਈਆ । ਦਾਤਾ ਬਣ ਪੁਰਖ ਸਮਰਾਥੀ, ਵਸਤ ਅਗੰਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪ ਅਖਵਾਈਆ ।


੬੫੦
੨੩

## ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ਰਵੇਲਾ ਰਾਮ ਦੇ ਗ੍ਰਿਹ ✪

ਧਰਨੀ ਕਹੇ ਧਰਮ ਮੇਰੀ ਖੁਲ੍ਹੀ ਮੇਂਢੀ ਵੇਖ ਗੁਤ, ਸੀਸ ਪੱਟੀ ਨਾ ਕੋਇ ਗੁੰਦਾਈਆ । ਕੀ ਖੇਲ ਵਰਤਾਇਆ ਅਬਿਨਾਸ਼ੀ ਅਚੁਤ, ਪਾਰਬ੍ਰਹਮ ਆਪਣਾ ਹੁਕਮ ਸੁਣਾਈਆ । ਬਿਨਾ ਭਗਤਾਂ ਤੋਂ ਧਰਮ ਦਾ ਰਿਹਾ ਕੋਈ ਨਾ ਸੁਤ, ਦੁਲਾਰਾ ਨਜ਼ਰ ਕੋਇ ਨਾ ਆਈਆ । ਮੇਰੇ ਨਾਲੋਂ ਸਾਰੇ ਰਹੇ ਰੁਠ, ਸਗਲਾ ਸੰਗ ਨਾ ਕੋਇ ਬਣਾਈਆ । ਆਤਮ ਧਾਰ ਗਏ ਟੁੱਟ, ਪਰਮਾਤਮਾ ਮਿਲਣ ਕੋਇ ਨਾ ਪਾਈਆ । ਸਭ ਦੀ ਲਿਵ ਗਈ ਛੁਟ, ਛੁਟਕੀ ਲਿਵ ਨਾ ਕੋਇ ਬੰਧਾਈਆ । ਮੈਂ ਕਿਸ ਦੀ ਬਾਂਹ ਫੜਾਂ ਗੁੱਟ, ਉਂਗਲੀ ਕਿਸ ਨੂੰ ਲਵਾਂ ਲਗਾਈਆ । ਮੈਨੂੰ ਇਕੋ ਬੜਾ ਦੁੱਖ, ਦੁਖੀ ਹੋ ਕੇ ਦਿਆਂ ਸੁਣਾਈਆ । ਸਾਚਾ ਮਿਲੇ ਕਿਸੇ ਨਾ ਸੁਖ, ਸੁਖ ਨਜ਼ਰ ਕੋਇ ਨਾ ਆਈਆ । ਮਾਤ ਗਰਭ ਦੇ ਉਲਟੇ ਰੁਖ, ਮੇਰੇ ਉਤੇ ਰੋਵਨ ਮਾਰਨ ਧਾਹੀਂਆ । ਜਿਨ੍ਹਾਂ ਨੂੰ ਚੁਰਾਸੀ ਵਿਚੋਂ ਜਾਮਾ ਮਿਲਿਆ ਮਾਨਸ ਮਾਨੁੱਖ, ਪੰਜਾਂ ਤਤਾਂ ਰੰਗ ਰੰਗਾਈਆ । ਉਹ ਸੁੱਤਾ ਸਕੇ ਕੋਇ ਨਾ ਉਠ, ਨੇਤਰ ਅੱਖ ਨਾ ਕੋਇ ਖੁਲਾਈਆ । ਮੈਂ ਕਿਸ ਨੂੰ ਕਹਾਂ ਲਾਡਲਾ ਪੁੱਤ, ਗੋਦੀ ਕਿਸ ਦੇ ਨਾਲ ਸੁਹਾਈਆ । ਮੇਰੇ ਸਾਹਿਬ ਨੂੰ ਸਕੇ ਕੋਇ ਨਾ ਝੁਕ, ਨਿਵ ਨਿਵ ਸੀਸ ਨਾ ਕੋਇ ਝੁਕਾਈਆ । ਪੜ੍ਹ ਸਕੇ ਨਾ ਕੋਇ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ (ਕੋਇ ਨਾ) ਗਾਈਆ । ਉਜਲ ਹੋਵੇ ਕਿਸੇ ਨਾ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਮੈਂ ਕਿਸ ਨੂੰ ਅੰਮ੍ਰਿਤ ਸੀਰ ਪਿਆਵਾਂ ਘੁਟ, ਫੜ ਬਾਹੋਂ ਗਲੇ ਲਗਾਈਆ । ਮੇਰੇ ਸਿਸਕੀਆਂ

ਲੈਂਦੇ ਬੁਟ, ਨੈਣ ਨੀਰ ਰਹੇ ਵਹਾਈਆ । ਧਰਮ ਕਹੇ ਧਰਨੀਏ ਕੁਛ ਮੈਥੋਂ ਹੋਰ ਪੁਛ, ਭੇਵ ਦਿਆਂ ਖੁਲਾਈਆ । ਉਹ ਮੁਹੰਮਦ ਇਸ਼ਾਰਾ ਦਿੰਦਾ ਜਿਸ ਲਬ ਕਟਾਈ ਮੁੱਛ, ਉਮਤੀ ਗੰਢ ਪਵਾਈਆ । ਉਹ ਮੂਸਾ ਈਸਾ ਵੇਖ ਕਰ ਕੇ ਹੋਸ਼, ਹੁਸ਼ਿਆਰੀ ਨਾਲ ਰਹੇ ਜਣਾਈਆ । ਸਾਡਾ ਕਿਸੇ ਦਾ ਨਹੀਂ ਕੋਈ ਦੋਸ਼, ਪ੍ਰਭ ਦਾ ਭਾਣਾ ਮੰਨ ਕੇ ਸੀਸ ਨਿਵਾਈਆ । ਅਵਤਾਰ ਰਹਿੰਦੇ ਨਹੀਂ ਖ਼ਾਮੋਸ਼, ਸੋਹਲੇ ਰਹੇ ਸੁਣਾਈਆ । ਸਾਨੂੰ ਉਸ ਦੇ ਹੁਕਮ ਦਾ ਆਇਆ ਜੋਸ਼, ਬਾਹੂ ਬਲ ਨਾਲ ਪ੍ਰਗਟਾਈਆ । ਜਿਸ ਤਬਦੀਲੀ ਕੀਤੀ ਕਾਇਆ ਮਾਟੀ ਪੋਸ਼, ਤਤ ਤਤਾਂ ਰੰਗ ਰੰਗਾਈਆ । ਉਸ ਦੀ ਖ਼ੁਮਾਰੀ ਵਿਚ ਰਹੇ ਮਦਹੋਸ਼, ਮਧੁਰ ਧੁਨ ਸੁਣਨੀ ਚਾਈਂ ਚਾਈਂਆ । ਸਾਡੀ ਆਪਣੀ ਚਲੀ ਕੋਈ ਨਾ ਸੋਚ, ਬੁੱਧੀ ਵਾਲੀ ਨਾ ਕੋਇ ਚਤੁਰਾਈਆ । ਸਾਡੀ ਆਸ਼ਾ ਮਨਸਾ ਲੋਚ, ਖ਼ਾਹਿਸ਼ ਇਕ ਦ੍ਰਿੜਾਈਆ । ਪੁਰਖ ਅਕਾਲਾ ਜਾਏ ਪਹੁੰਚ, ਆਪਣਾ ਪੰਧ ਮੁਕਾਈਆ । ਜਿਸ ਦਾ ਲਹਿਣਾ ਦੇਣਾ ਵਿਚ ਕਰੌਚ, ਪੁਸ਼ਕਰ ਸਲਮਲ ਗੰਢ ਪਵਾਈਆ । ਸਾਨੂੰ ਜਾਣ ਨਾ ਦੇਵੇ ਔਤ, ਧੁਰ ਦਾ ਰੰਗ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਤੇਰਾ ਪੂਰਾ ਕਰੇ ਸ਼ੌਕ, ਖੁਲ੍ਹੀ ਮੇਂਢੀ ਰਹਿਣ ਕੋਇ ਨਾ ਪਾਈਆ ।

## ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਖ਼ੁਰਦ ਜ਼ਿਲਾ ਜੰਮੂ ਝੰਡੂ ਰਾਮ ਜੋੜੀਆਂ ਵਾਲੇ ਦੇ ਨਵਿਤ ✪



ਧਰਨੀ ਕਹੇ ਧਰਮ ਤੂੰ ਮੇਰੇ ਅੰਦਰ ਮਾਰ ਲੈ ਝਾਤੀ, ਸਚ ਦੇਵਾਂ ਸਮਝਾਈਆ । ਰਸ ਰਿਹਾ ਨਾ ਮੇਰੀ ਛਾਤੀ, ਦੁਧੀਂ ਸੀਰ ਨਾ ਕੋਇ ਵਡਿਆਈਆ । ਖ਼ੁਸ਼ੀਆਂ ਵਿਚ ਕਦੇ ਨਾ ਨਹਾਤੀ, ਰੂਪ ਸ਼ਿੰਗਾਰ ਨਾ ਕੋਇ ਵਖਾਈਆ । ਸ਼ੌਕ ਰਿਹਾ ਨਾ ਲੋਕਮਾਤੀ, ਚਾਓ ਘਨੇਰਾ ਨਾ ਕੋਇ ਬਣਾਈਆ । ਸਚ ਸੁਣਾਵੇ ਕੋਇ ਨਾ ਸਾਖੀ, ਧੁਰ ਦਾ ਸ਼ਬਦ ਨਾਮ ਸ਼ਨਵਾਈਆ । ਮੈਂ ਵੇਖਦੀ ਰਹਿੰਦੀ ਰੈਣ ਰਾਤੀ, ਘੜੀ ਪਲ ਖੋਜ ਖੁਜਾਈਆ । ਦੀਨ ਦੁਨੀ ਕਲਪਣਾ ਵਾਲੀ ਮੈਨੂੰ ਮਾਰੇ ਕਾਤੀ, ਕੂੜੀ ਕਿਰਿਆ ਸ਼ਰਅ ਨਾਲ ਮਿਲਾਈਆ । ਮੈਂ ਕਿਸ ਨੂੰ ਕਹਾਂ ਬਾਤੀ, ਬਾਤਨ ਭੇਵ ਖੁਲਾਈਆ । ਧਰਮ ਹੱਸ ਕੇ ਕਿਹਾ ਸੁਣ ਸੰਦੇਸਾ ਕਮਲਾਪਾਤੀ, ਕੀ ਕਰਤਾ ਰਿਹਾ ਜਣਾਈਆ । ਜੋ ਆਇਆ ਤੇਰੇ ਉਤੇ ਲੋਕਮਾਤੀ, ਨਿਰਗੁਣ ਨਿਰਵੈਰ ਰੂਪ ਅਲਾਹੀਆ । ਬੈਠਾ ਇਕ ਇਕਾਂਤੀ, ਜੋਤੀ ਜਾਤਾ ਡਗਮਗਾਈਆ । ਜਿਸ ਦੀਨ ਮਜ਼੍ਹਬ ਹਿੱਸੇ ਰਹਿਣ ਨਹੀਂ ਦੇਣੇ ਪ੍ਰਾਂਤੀ, ਇਕੋ ਰੰਗ ਦਏ ਵਖਾਈਆ । ਇਸ਼ਟ ਰਹੇ ਨਾ ਬਹੁਭਾਂਤੀ, ਦੇਵ ਆਤਮਾ ਇਕ ਸਮਝਾਈਆ । ਤੇਰੀ ਪੁਛੇ ਬਾਤੀ, ਵਾਸਤਾ ਧਰਮ ਨਾਲ ਜੁੜਾਈਆ । ਆਹ ਫੜ ਲੈ ਉਸ ਦੀ ਪਾਤੀ, ਜੋ ਪਤ੍ਰਕਾ ਦਿਤੀ ਘਲਾਈਆ । ਸਤਿ ਧਰਮ ਹੋਏ ਪ੍ਰਭਾਤੀ, ਇਕੋ ਰੰਗ ਰੰਗਾਈਆ । ਕੂੜੀ ਕਿਰਿਆ ਨਾਲੋਂ ਕਰੇ ਖਲਾਸੀ, ਖ਼ਾਲਸਾ ਆਪਣਾ ਭੇਵ ਚੁਕਾਈਆ । ਤੈਨੂੰ ਸਰਬ ਸੰਤੋਖ ਦੇਵੇ ਭਰਵਾਸੀ, ਭਰਵਾਸਾ ਇਕ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਕਢੇ ਕਰ ਤਲਾਸ਼ੀ, ਕਾਇਆ ਮੰਦਰ ਰਹਿਣ ਨਾ ਪਾਈਆ । ਸਚ ਦੀ ਕਰੇ ਆਬਪਾਸ਼ੀ, ਪੇਸ਼ੀਨਗੋਈਆਂ ਵਿਚ ਦ੍ਰਿੜਾਈਆ । ਤੇਰੇ ਉਤੇ ਸਤਿਗੁਰ ਸ਼ਬਦ ਦੀ ਸਦਾ ਹੋਵੇ ਰਹਿਰਾਸੀ, ਮੰਡਲਾਂ ਵੱਜੇ ਵਧਾਈਆ । ਖੇਲ ਤੱਕ ਪੁਰਖ ਅਬਿਨਾਸ਼ੀ, ਜੋ ਕਰਨੀ ਦਾ ਕਰਤਾ ਆਪ ਕਰਾਈਆ । ਤੇਰੀ ਚਿੰਤਾ ਲਾਹੇ ਉਦਾਸੀ, ਫ਼ਿਕਰਾਂ ਵਿਚੋਂ

ਬਾਹਰ ਕਢਾਈਆ । ਨਿਰਗੁਣ ਨੂਰ ਜੋਤ ਜੋਤ ਪ੍ਰਕਾਸ਼ੀ, ਪ੍ਰਕਾਸ਼ ਕਰੇ ਖ਼ਲਕ ਖ਼ੁਦਾਈਆ । ਤੂੰ ਉਸੇ ਦੀ ਬਣਨਾ ਦਾਸੀ, ਦਾਸੀ ਦਾਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੂਰੀ ਕਰੇ ਆਸੀ, ਆਹਿਸਤਾ ਆਹਿਸਤਾ ਆਪਣਾ ਹੁਕਮ ਵਰਤਾਈਆ ।

### ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਖ਼ੁਰਦ ਜ਼ਿਲਾ ਜੰਮੂ ਫਕੀਰ ਸਿਘ ਦੇ ਗ੍ਰਹਿ ✪

ਧਰਮ ਕਹੇ ਧਰਨੀ ਵੇਖ ਲੈ ਦੀਨਾ ਬੰਧੂ, ਦੀਨ ਦਿਆਲ ਬੇਪ੍ਰਵਾਹੀਆ । ਜੋ ਜੁਗ ਚੌਕੜੀ ਮੇਟੇ ਪੰਧੂ, ਪਾਂਧੀ ਹੋ ਕੇ ਵੇਖ ਵਖਾਈਆ । ਤੇਰੇ ਧਰਮ ਦਵਾਰਿਆਂ ਲੰਘੂ, ਪਰਦੇ ਪਰਦਿਆਂ ਵਿਚੋਂ ਚੁਕਾਈਆ । ਜਨ ਭਗਤਾਂ ਦਵਾਰੇ ਆਉਂਦਾ ਜਾਂਦਾ ਕਦੇ ਨਾ ਸੰਗੂ, ਸੰਗਲ ਸ਼ਰਅ ਵਾਲੇ ਤੁੜਾਈਆ । ਜਿਸ ਸਚਖੰਡ ਦਵਾਰੇ ਪਹੁੰਚਾਇਆ ਆਪਣਾ ਸੁਤ ਨੰਦੂ, ਸੁੱਤਿਆਂ ਆਪ ਜਗਾਈਆ । ਉਹ ਧਾਮ ਦਵਾਇਆ ਚੰਗੂ, ਚੰਗੀ ਤਰਾ ਦਿਤਾ ਟਿਕਾਈਆ । ਜਿਸ ਦਾ ਪਿਆਰ ਪ੍ਰਵਾਰ ਦੇ ਵਿਚ ਵੰਡੂ, ਨਿੱਕਿਆਂ ਵੱਡਿਆਂ ਝੋਲੀ ਪਾਈਆ । ਸਚ ਪ੍ਰੀਤੀ ਨਾਲ ਗੰਢ ਤੰਦੂ, ਸ਼ਰਅ ਵਾਲਿਆਂ ਤੋਂ ਲਏ ਛੁਡਾਈਆ । ਕੂੜੀ ਕਿਰਿਆ ਮੇਟ ਪਖੰਡੂ, ਸਚ ਮਾਰਗ ਇਕ ਦਰਸਾਈਆ । ਆਤਮ ਪਰਮਾਤਮ ਧਾਰ ਗੰਢ ਗੰਢੂ, ਤੰਦਵ ਤੰਦ ਆਪਣੇ ਰੰਗ ਰੰਗਾਈਆ । ਸਚ ਸਵਾਮੀ ਦੇ ਕੇ ਪਰਮਾਨੰਦੂ, ਪਰਮ ਪੁਰਖ ਆਪਣੇ ਘਰ ਵਸਾਈਆ । ਜਗਤ ਦੀ ਧਾਰ ਸ਼ਰੀਰ ਸੜਿਆ ਨਾਲ ਅਗਨੀ ਲੰਬੂ, ਮਾਟੀ ਖੱਲ ਰਹੀ ਨਾ ਰਾਈਆ । ਲਹਿਣਾ ਦੇਣਾ ਪੂਰਾ ਕੀਤਾ ਜੋ ਗੋਬਿੰਦ ਧਾਰ ਪਿਆਰ ਵਿਚ ਮੰਗੀ ਮਾਂਗੂ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡੀ ਵਡਿਆਈਆ । ਧਰਨੀ ਕਹੇ ਧਰਮ ਮੈਂ ਕੀ ਤੈਨੂੰ ਦੱਸਾਂ (ਕਹਾਣੀ), ਸੱਜਣਾ ਕੀ ਦ੍ਰਿੜਾਈਆ । ਮੇਰਾ ਸ਼ਹਿਨਸ਼ਾਹ ਸ਼ਾਹ ਸੁਲਤਾਨੀ, ਕਰਤਾ ਧੁਰਦਰਗਾਹੀਆ । ਜਿਸ ਦਾ ਲੇਖਾ ਆਦਿ ਜੁਗਾਦਿ ਚਾਰੇ ਖਾਣੀ, ਖਾਣੀ ਬਾਣੀ ਧਿਆਨ ਲਗਾਈਆ । ਜਨ ਭਗਤਾਂ ਅੰਮ੍ਰਿਤ ਰਸ ਦੇਵੇ ਠੰਡਾ ਪਾਣੀ, ਧੁਰ ਦਾ ਅੰਮ੍ਰਿਤ ਆਪ ਪਿਆਈਆ । ਆਤਮਾ ਬਣਾ ਕੇ ਧੁਰ ਦੀ ਰਾਣੀ, ਸਚਖੰਡ ਜਾਏ ਚਾਈਂ ਚਾਈਂਆ । ਆਵਣ ਜਾਵਣ ਚੁੱਕੇ ਕਾਨੀ, ਰਾਏ ਧਰਮ ਨਾ ਦਏ ਸਜ਼ਾਈਆ । ਦੁਨੀਆ ਹੋਈ ਮੜ੍ਹੀ ਮਸਾਣੀ, ਗੋਰਾਂ ਧਿਆਨ ਲਗਾਈਆ । ਹਰਿਜਨ ਲੇਖੇ ਲੱਗੇ ਪ੍ਰਭ ਦਰ ਪ੍ਰਾਣੀ, ਜੋ ਪੁਨਹ ਪੁਨਹ ਪ੍ਰਭ ਨੂੰ ਸੀਸ ਨਿਵਾਈਆ । ਉਨ੍ਹਾਂ ਲੇਖਾ ਮੁਕਦਾ ਆਵਣ ਜਾਣੀ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਰੰਗ ਆਪ ਰੰਗਾਈਆ । ਨੰਦੂ ਕਹੇ ਮੈਂ ਪਾਇਆ ਪਰਮਾਨੰਦ, ਪਰਮ ਪੁਰਖ ਵਿਚ ਸਮਾਈਆ । ਮੇਰਾ ਲੇਖੇ ਲੱਗਾ ਬੰਦ ਬੰਦ, ਬੰਦਗੀ ਪ੍ਰਭ ਦੀ ਮੋਹੇ ਭਾਈਆ । ਤੂੰ ਮੇਰਾ ਮੈਂ ਤੇਰਾ ਜੋ ਗਾਇਆ ਰਸਨਾ ਛੰਦ, ਸੋ ਸਵਾਮੀ ਮਿਲਿਆ ਚਾਈਂ ਚਾਈਂਆ । ਮੇਰੀ ਟੁੱਟੀ ਆਤਮ ਆਪਣੇ ਨਾਲ ਗੰਢ, ਗੰਢਣਹਾਰ ਸਵਾਮੀ ਆਪਣੀ ਦਇਆ ਕਮਾਈਆ । ਮੈਂ ਪੁਰੀ ਲੋਅ ਬ੍ਰਹਿਮੰਡ ਖੰਡ ਵਿਸ਼ਨ ਬ੍ਰਹਮਾ ਸ਼ਿਵ ਦੀ ਧਾਰ ਤੋਂ ਪਾਰ ਗਿਆ ਲੰਘ, ਜਿਥੇ ਵਸੇ ਧੁਰ ਦਾ ਮਾਹੀਆ । ਸਚ ਸਿੰਘਾਸਣ ਸੋਹਣਾ ਤੱਕਿਆ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਅਗੋਂ ਸੰਤ ਸੁਹੇਲੇ ਗੁਰਮੁਖ ਲੈਣ ਆਏ ਪੰਜ, ਆਪਣੀ ਬਾਂਹ ਵਧਾਈਆ ।

ਪਿਛੇ ਰਹੇ ਕਿਸੇ ਨਾ ਰੰਜ, ਨਾਤਾ ਜਗਤ ਵਾਲਾ ਛੁਡਾਈਆ । ਜੋ ਸਤਿਗੁਰ ਦੀ ਧਾਰੋਂ ਪਿਆ ਜੰਮ, ਜਮ ਫਾਸੀ ਗਲ ਨਾ ਕੋਇ ਲਟਕਾਈਆ । ਝਗੜਾ ਮੁਕਾ ਕੇ ਕਾਇਆ ਮਾਟੀ ਚੰਮ, ਜੋਤੀ ਜਾਤੇ ਵਿਚ ਸਮਾਈਆ । ਪਿਛੇ ਰਹੇ ਕਿਸੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਤਪਾਈਆ । ਪ੍ਰਭ ਦੀ ਧਾਰ ਆਤਮਾ ਪ੍ਰਭ ਦਾ ਰੂਪ ਬ੍ਰਹਮ, ਪਾਰਬ੍ਰਹਮ ਵਿਚ ਗਿਆ ਸਮਾਈਆ । ਜਿਸ ਨੇ ਫੇਰ ਕਦੀ ਨਹੀਂ ਪੈਣਾ ਜੰਮ, ਜੰਮਣ ਮਰਨ ਵਿਚ ਕਦੇ ਨਾ ਆਈਆ । ਜਗਤ ਕਿਰਿਆ ਕੋਈ ਭਗਤਾਂ ਦਾ ਨਹੀਂ ਕਰਮ, ਕਰਮ ਕਾਂਡ ਤੋਂ ਬਾਹਰ ਹਰਿਜਨ ਸੋਭਾ ਪਾਈਆ । ਪ੍ਰਭੂ ਦੀ ਪ੍ਰੀਤੀ ਸਾਚਾ ਧਰਮ, ਆਦਿ ਜੁਗਾਦਿ ਦੀ ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਬੇੜਾ ਆਪੇ ਬੰਨ੍ਹ, ਬੰਨ੍ਹਣਹਾਰ ਆਪ ਅਖਵਾਈਆ ।

### ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ਪੀਰੂ ਰਾਮ ਦੇ ਗ੍ਰਹਿ

ਸਤਿਗੁਰ ਦਾਤਾ ਪੀਰਾਂ ਦਾ ਪੀਰ, ਪੀਰਨ ਪੀਰ ਵਡ ਵਡਿਆਈਆ । ਮਿਹਰਵਾਨ ਗੁਣੀ ਗਹੀਰ, ਗਹਿਰ ਗਵਰ ਇਕ ਅਖਵਾਈਆ । ਰੋਗ ਸੋਗ ਕਟੇ ਜ਼ੰਜੀਰ, ਸ਼ਰਅ ਆਪਣੀ ਨਾਮ ਬੰਧਾਈਆ । ਜਨਮ ਜਨਮ ਦੀ ਬਦਲ ਦੇਵੇ ਤਕਦੀਰ, ਨਾਤਾ ਜਗਤ ਕੂੜ ਤੁੜਾਈਆ । ਆਤਮਾ ਸ਼ਾਹ ਕਰੇ ਅਮੀਰ, ਦੇਵਣਹਾਰ ਸਚ ਵਡਿਆਈਆ । ਜਿਸ ਦੀ ਸ਼ਹਾਦਤ ਦੇਵੇ ਕਬੀਰ, ਕਬਰਾਂ ਤੋਂ ਬਾਹਰ ਦ੍ਰਿੜਾਈਆ । ਮੇਰਾ ਮਾਲਕ ਬੇਨਜ਼ੀਰ, ਮਿਹਰ ਨਜ਼ਰ ਨਾਲ ਜਨ ਭਗਤਾਂ ਦਏ ਤਰਾਈਆ । ਜਿਸ ਦਾ ਲੇਖਾ ਕਾਲੇ ਤੇ ਚਿੱਟਾ ਤੇ ਚਿੱਟੀ ਖਿੱਚੇ ਲਕੀਰ, ਪੂਰਬ ਕਰਮ ਦਾ ਡੇਰਾ ਢਾਹੀਆ । ਅੰਦਰੋਂ ਬਦਲ ਦਏ ਜ਼ਮੀਰ, ਮਿਹਰਵਾਨ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸ਼ਬਦ ਸਾਚਾ ਦਸਤਗੀਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਪੀਰ ਸ਼ਬਦ ਬਹੁਰੰਗਾ, ਰੰਗਤ ਆਪਣੀ ਆਪ ਚੜ੍ਹਾਈਆ । ਸਭ ਦੀਆਂ ਆਸਾ ਮਨਸਾ ਪੂਰੀਆਂ ਕਰੇ ਉਮੰਗਾ, ਜਨ ਭਗਤਾਂ ਖ਼ਾਲੀ ਝੋਲੀ ਦਏ ਭਰਾਈਆ । ਸਦਾ ਸੁਹੇਲਾ ਵਸੇ ਸੰਗਾ, ਧੁਰ ਦਾ ਸੰਗ ਬਣਾਈਆ । ਤਨ ਵਜੂਦ ਸੀਨਾ ਰਖੇ ਠੰਡਾ, ਅਗਨੀ ਤਤ ਨਾ ਲਾਗੇ ਰਾਈਆ । ਆਤਮ ਪਰਮਾਤਮ ਪਾਏ ਗੰਢਾ, ਗੰਢ ਸਕੇ ਕੋਇ ਨਾ ਖੁਲਾਈਆ । ਜੁਗ ਚੌਕੜੀ ਵੇਖ ਵੇਖੇ ਪੰਧਾ, ਕਲਜੁਗ ਅੰਤਮ ਇਕੋ ਘਰ ਸੁਹਾਈਆ । ਦੀਨ ਦਿਆਲ ਬਣ ਬਖ਼ਸ਼ੰਦਾ, ਮਿਹਰ ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹਾਲ ਰਹਿਣ ਨਾ ਦੇਵੇ ਮੰਦਾ, ਗੁਰਮੁਖ ਵਡਭਾਗੀ ਆਪ ਬਣਾਈਆ ।

੬੫੩
੨੩

## ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਸੋਭਾ ਸਿੰਘ ਦੇ ਗ੍ਰਿਹ ✪

ਧਰਤੀ ਕਹੇ ਧਰਮ ਮੇਰੀ ਦੁਹਾਈ, ਚਾਰ ਕੁੰਟ ਸਚ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਅੰਧੇਰਾ ਰਿਹਾ ਛਾਈ, ਸਾਚਾ ਚੰਦ ਨਾ ਕੋਇ ਚਮਕਾਈਆ । ਪ੍ਰਭੂ ਦਾ ਪਿਆਰ ਕਿਸੇ ਨਾ ਰਿਹਾ ਰਾਈ, ਹਿਰਦੇ ਹਰਿ ਨਾ ਕੋਇ ਵਸਾਈਆ । ਪ੍ਰੀਤਮ ਮਿਲੇ ਨਾ ਧੁਰ ਦਾ ਮਾਹੀ, ਸਾਚਾ ਮੇਲ ਨਾ ਕੋਇ ਮਿਲਾਈਆ । ਉਹ ਵੇਖ ਗੋਬਿੰਦ ਦਾ ਸੈਂਕੜਾ ਲੰਘ ਗਿਆ ਢਾਈ, ਢਈਆ ਢੌਂਕਾ ਲਾ ਕੇ ਲਏ ਅੰਗੜਾਈਆ । ਸਦੀ ਚੌਧਵੀਂ ਬੈਠੀ ਪੰਧ ਮੁਕਾਈ, ਆਪਣੇ ਆਂਕੜੇ ਰਹੀ ਗਿਣਾਈਆ । ਆਪਣਾ ਖੇਲ ਤੱਕ ਲੈ ਮਾਹੀ, ਹਜ਼ਰਤ ਈਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਧਰਮ ਮੈਂ ਸਚ ਸਚ ਕਹਿਣਾ, ਕਹਿ ਕੇ ਦਿਆਂ ਦ੍ਰਿੜਾਈਆ । ਮੇਰੇ ਉਤੇ ਹੋਈ ਅੰਧੇਰੀ ਰੈਣਾਂ, ਨੂਰੀ ਚੰਦ ਨਾ ਕੋਇ ਚਮਕਾਈਆ । ਮਿਤਰ ਦਿਸੇ ਨਾ ਕੋਇ ਸੈਣਾ, ਸੱਜਣ ਸਾਕ ਨਾ ਕੋਇ ਵਡਿਆਈਆ । ਦੀਨ ਦੁਨੀ ਹੋਈ ਤਰਫ਼ੈਣਾਂ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਮਾਇਆ ਮਮਤਾ ਸਭ ਨੂੰ ਖਾਏ ਡੈਣਾ, ਡਸਣੀ ਹੋ ਕੇ ਡੰਗ ਲਗਾਈਆ । ਆਤਮ ਪਰਮਾਤਮ ਮਿਲੇ ਕਿਸੇ ਨਾ ਬਹਿਣਾ, ਘਰ ਸੁਹੰਜਣੀ ਸੇਜ ਨਾ ਕੋਇ ਸੁਹਾਈਆ । ਨੇਤਰ ਲੋਚਨ ਦਰਸ ਕਰੇ ਕੋਇ ਨਾ ਨੈਣਾਂ, ਨਿਜ ਘਰ ਖ਼ੁਸ਼ੀ ਨਾ ਕੋਇ ਮਨਾਈਆ । ਨਾਮ ਨਿਧਾਨਾ ਤਨ ਬਸਤਰ ਪਾਏ ਕੋਇ ਨਾ ਗਹਿਣਾ, ਤਨ ਵਜੂਦ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਧਰਮ ਕਹੇ ਧਰਨੀ ਹੁਣ ਕਲਜੁਗ ਦਾ ਵਕਤ, ਸਮਾਂ ਸਮੇਂ ਨਾਲ ਧਿਆਨ ਲਗਾਈਆ । ਉਸ ਫੇਰੀ ਦਰੋਹੀ ਵਿਚ ਜਗਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਅਗਨੀ ਲਾਈ ਬੂੰਦ ਰਕਤ, ਤ੍ਰੈਗੁਣ ਨਾਲ ਤਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕੀਤੀ ਪਤਤ, ਪੁਨੀਤ ਰਹਿਣ ਕੋਇ ਨਾ ਪਾਈਆ । ਉਹਦਾ ਲਹਿਣਾ ਦੇਣਾ ਉਤੇ ਨੌ ਖੰਡ ਪ੍ਰਿਥਮੀ ਫ਼ਰਸ਼, ਸੱਤਾਂ ਦੀਪਾਂ ਵੇਖ ਵਖਾਈਆ । ਜਿਸ ਅਵਤਾਰ ਪੈਗ਼ੰਬਰ ਗੁਰੂਆਂ ਦਾ ਲਾਹੁਣਾ ਕਰਜ਼, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਜਿਸ ਦੇ ਕੋਲ ਸਭ ਦਾ ਲੇਖਾ ਉਹ ਖੇਲ ਕਰੇ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਯੋਧਾ ਬਣ ਕੇ ਮਰਦਾਨਾ ਮਰਦ, ਵੇਖਣਹਾਰਾ ਥਾਉਂ ਥਾਈਂਆ । ਜਿਸ ਸ਼ਰਅ ਛੁਰੀ ਬਣਾਈ ਕਰਦ, ਕਤਲ ਕਰੇ ਲੋਕਾਈਆ । ਉਸ ਨੂੰ ਰਿਹਾ ਕਿਸੇ ਦਾ ਮੂਲ ਨਾ ਦਰਦ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਤੂੰ ਇਕ ਬੇਨੰਤੀ ਪ੍ਰਭੂ ਦੇ ਅਗੇ ਕਰ ਲੈ ਅਰਜ਼, ਆਰਜ਼ੂ ਆਪਣੀ ਦੇ ਵਡਿਆਈਆ । ਮੇਰੇ ਉਤੋਂ ਮੇਟ ਅੰਧੇਰਾ ਗਰਦ, ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਧਰਮ ਕਹੇ ਧਰਨੀ ਪ੍ਰਭ ਦਰ ਤੇ ਹੋ ਜਾ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭੂ ਗੜ੍ਹ ਤੋੜ ਕੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਤ੍ਰਿਸ਼ਨਾ ਮੇਟ ਕੇ ਕੂੜੇ ਮਨ ਕੀ, ਮਨਸਾ ਮੋਹ ਚੁਕਾਈਆ । ਜੋਤੀ ਧਾਰ ਦੇ ਦੇ ਅਗੰਮੀ ਚੰਨ ਦੀ, ਜੋ ਚੰਦ ਚਾਂਦਨਾ ਕਰੇ ਰੁਸ਼ਨਾਈਆ । ਸਭ ਨੂੰ ਸੁਰਤ ਦੇ ਦੇ ਆਪਣੇ ਬ੍ਰਹਮ ਦੀ, ਪਾਰਬ੍ਰਹਮ ਭੇਵ ਖੁਲਾਈਆ । ਦ੍ਰਿਸ਼ਟੀ ਬਣਾ ਦੇ ਇਕੋ ਧਰਮ ਦੀ, ਦੀਨਾਂ ਮਜ਼੍ਹਬਾਂ ਝੇੜਾ ਰਹੇ ਨਾ ਰਾਈਆ । ਆਸਾ ਪੂਰੀ ਕਰ ਦੇ ਸਭ ਦੇ ਜਨਮ ਦੀ, ਚੁਰਾਸੀ ਵਿਚੋਂ ਦੇ ਵਡਿਆਈਆ । ਕਿਰਿਆ ਮੇਟ ਦੇ ਕੂੜੇ ਕਰਮ ਦੀ,

ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਮ ਕਹੇ ਧਰਨੀ ਪ੍ਰਭ ਚਰਨ ਦਵਾਰੇ ਕੂਕ, ਕੂਕ ਕੂਕ ਸੁਣਾਈਆ । ਬਿਨ ਤਨ ਸ਼ਰੀਰ ਤੋਂ ਝੂਜ, ਆਪ ਆਪਾ ਦੇ ਮਿਟਾਈਆ । ਫੇਰ ਆਪੇ ਪਾਵੇ ਤੇਰੀ ਸੂਝ, ਮਿਹਰਵਾਨ ਦਇਆ ਕਮਾਈਆ । ਤੇਰੇ ਵਿਚੋਂ ਕਢੇ ਦਵੈਤੀ ਦੂਜ, ਦੁਤੀਆ ਭਾਉ ਦਏ ਚੁਕਾਈਆ । ਸਾਚੀ ਮੰਜ਼ਲ ਦੱਸੇ ਮਕਸੂਦ, ਹਕ ਹਕ ਦ੍ਰਿੜਾਈਆ । ਦੀਨਾਂ ਮਜ਼੍ਹਬਾਂ ਮੇਟ ਹਦੂਦ, ਆਤਮ ਪਰਮਾਤਮ ਪਰਦਾ ਦਏ ਚੁਕਾਈਆ । ਇਕੋ ਘਰ ਵਖਾਏ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਦਾ ਮੇਲ ਮਿਲਾਈਆ । ਭਾਗ ਲਗਾਏ ਕਾਇਆ ਮਾਟੀ ਪੰਜ ਤਤ ਭੂਤ, ਤਤਵ ਤਤ ਦਏ ਸਮਝਾਈਆ । ਕਲਜੁਗ ਕੂੜ ਕੁੜਿਆਰਾ ਤੇਰੇ ਉਤੋਂ ਕਰ ਜਾਏ ਕੂਚ, ਧਰਨੀ ਧਰਤ ਰਹਿਣ ਨਾ ਪਾਈਆ । ਦਰੋਹੀ ਹੋਵੇ ਨਾ ਕਿਸੇ ਚਾਰੇ ਕੂਟ, ਬਹੁੜੀ ਬਹੁੜੀ ਕਰ ਨਾ ਕੋਇ ਕੁਰਲਾਈਆ । ਕਿਰਪਾ ਕਰੇ ਸਤਿਗੁਰ ਸ਼ਬਦ ਧੁਰ ਦਾ ਅਗੰਮਾ ਦੂਤ, ਦੋ ਜਹਾਨਾਂ ਵੇਖ ਵਖਾਈਆ । ਜਿਧਰ ਤਕੇ ਉਧਰ ਮੌਜੂਦ, ਹਰ ਘਟ ਵਸੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਦਏ ਰੰਗਾਈਆ । ਧਰਮ ਕਹੇ ਧਰਨੀ ਪ੍ਰਭ ਅਗੇ ਕਰ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਕਿਰਪਾ ਕਰ ਸੱਚੀ ਸਰਕਾਰ, ਤੇਰੀ ਇਕੋ ਓਟ ਤਕਾਈਆ । ਕਲਜੁਗ ਵੇਖ ਕੂੜ ਕੁੜਿਆਰ, ਚਾਰੋਂ ਕੁੰਟ ਡੰਕ ਵਜਾਈਆ । ਮੇਰੇ ਉਤੇ ਕੀਤਾ ਧੂੰਆਂਧਾਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਇਹਦਾ ਲਹਿਣਾ ਦੇਣਾ ਪੂਰਬ ਕਰਜ਼ ਦੇ ਉਤਾਰ, ਬਾਕੀ ਰਹਿਣ ਕੋਇ ਨਾ ਪਾਈਆ । ਮੇਰੇ ਉਤੋਂ ਕਢ ਦੇ ਬਾਹਰ, ਨੌਵਾਂ ਖੰਡਾਂ ਸੱਤਾਂ ਦੀਪਾਂ ਕਰ ਰੁਸ਼ਨਾਈਆ । ਨਾਲ ਮਿਲਾ ਦੇ ਮੁਹੰਮਦੀ ਯਾਰ, ਚਾਰ ਯਾਰੀ ਗੰਢ ਪਵਾਈਆ । ਈਸਾ ਮੂਸਾ ਰਹੇ ਨਾ ਕੋਇ ਉਧਾਰ, ਪੂਰਬ ਲਹਿਣਾ ਦੇਣਾ ਚੁਕਾਈਆ । ਸਤਿਜੁਗ ਸਾਚੀ ਬਖ਼ਸ਼ ਧਾਰ, ਆਪਣੀ ਧਾਰ ਵਿਚੋਂ ਪ੍ਰਗਟਾਈਆ । ਜੋ ਜੀਵਾਂ ਜੰਤਾਂ ਪਾਵੇ ਸਾਰ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਡੇਰਾ ਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਰਦਾ ਦੇ ਉਠਾਲ, ਭੇਵ ਅਭੇਦ ਦੇ ਖੁਲਾਈਆ । ਤੇਰਾ ਨੂਰ ਤੇਰਾ ਜਮਾਲ, ਜਲਵਾਗਰ ਦੇਣਾ ਵਖਾਈਆ । ਮੇਰੇ ਉਤੇ ਸੁਹਾ ਇਕੋ ਧਰਮਸਾਲ, ਧਰਮ ਦਵਾਰਾ ਇਕ ਵਖਾਈਆ । ਜਿਥੇ ਬੈਠਣ ਸ਼ਾਹ ਕੰਗਾਲ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਮੈਂ ਤੱਕਾਂ ਤੇਰੇ ਭਗਤ ਸੁਹੇਲੇ ਲਾਲ, ਅਨਮੁਲੜੇ ਹੀਰੇ ਦੇਣੇ ਵਖਾਈਆ । ਜਿਨ੍ਹਾਂ ਦੀ ਬਹਿ ਕੇ ਸੰਬਲ ਕਰ ਸੰਭਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਸ਼ਾਹ ਵੇਖੇ ਕੰਗਾਲ, ਗ਼ਰੀਬ ਨਿਮਾਣਿਆਂ ਖੋਜ ਖੁਜਾਈਆ । ਜੁਗ ਜੁਗ ਜਗਤ ਤੇਰੀ ਅਵੱਲੜੀ ਚਾਲ, ਕਲਜੁਗ ਅੰਤਮ ਦੇ ਸਮਝਾਈਆ । ਧਰਨੀ ਕਹੇ ਫਲ ਲਗਾ ਦੇ ਮੇਰੇ ਡਾਲ, ਪੱਤ ਟਹਿਣੀ ਮਾਨਸ ਮਾਨਵ ਮਾਨੁਖ ਦੇ ਮਹਿਕਾਈਆ । ਆ ਕੇ ਸੁਣ ਮੁਰੀਦਾਂ ਹਾਲ, ਮੁਰਸ਼ਦ ਦਾਤੇ ਬੇਪਰਵਾਹੀਆ । ਮੇਰੀ ਲੇਖੇ ਲਾ ਲੈ ਘਾਲ, ਹਉਂ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ ।


੬੫੫
੨੩

### ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾ ਜ਼ਿਲਾ ਜੰਮੂ ਈਸ਼ਰ ਦਾਸ ਦੇ ਗ੍ਰਿਹ

ਕਲਜੁਗ ਕਹੇ ਮੇਰੇ ਅੰਦਰ ਉਠਣ ਦਲੀਲਾਂ, ਵਿਚਾਰ ਸਮਝ ਕੁਛ ਨਾ ਪਾਈਆ । ਮੈਂ ਧਰਮ ਦੀਆਂ ਹੋਣ ਦੇਣੀਆਂ ਨਹੀਂ ਅਪੀਲਾਂ, ਗੁੰਜਾਇਸ਼ ਰਹਿਣ ਕੋਇ ਨਾ ਪਾਈਆ । ਮੈਂ ਖੇਲ ਖਿਲਾਉਣਾ ਸਮੁੰਦ ਸਾਗਰਾਂ ਝੀਲਾਂ, ਕੱਛਾਂ ਮੱਛਾਂ ਲਹਿਣਾ ਦੇਣਾ ਚੁਕਾਈਆ । ਮੈਂ ਤੱਕਣਾ ਅੰਬਰ ਨੀਲਾ, ਨੀਲੀ ਧਾਰ ਧਿਆਨ ਲਗਾਈਆ । ਜਿਸ ਨੇ ਬਣਨਾ ਅੰਤ ਵਸੀਲਾ, ਸਾਹਿਬ ਬਣੇ ਬੇਪ੍ਰਵਾਹੀਆ । ਮੈਂ ਦੁਹਾਈ ਪਾਉਣੀ ਉਚੇ ਟੀਲਾ, ਪਹਾੜ ਚੋਟੀ ਜਾਣ ਕੁਰਲਾਈਆ । ਮੇਰਾ ਅੰਤਮ ਇਕੋ ਹੋਣਾ ਹੀਲਾ, ਹਿਲਾ ਦੇਣੀ ਸ੍ਰਿਸ਼ਟ ਸਬਾਈਆ । ਸਚ ਦਾ ਗੱਡਿਆ ਰਹਿਣ ਨਹੀਂ ਦੇਣਾ ਕੀਲਾ, ਕਿਲੇ ਗੜ੍ਹ ਦੇਣੇ ਤੁੜਾਈਆ । ਮੈਂ ਕੂੜ ਕੁੜਿਆਰ ਦਾ ਇਕੋ ਲਾਉਣਾ ਤੀਲਾ, ਚਵਾਤੀ ਮਾਇਆ ਵਾਲੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਕਹੇ ਮੇਰਾ ਕੂੜੀ ਕਿਰਿਆ ਵਾਲਾ ਸਬਕ, ਘਰ ਘਰ ਨਜ਼ਰੀ ਆਈਆ । ਦਰੋਹੀ ਫਿਰਨੀ ਚੌਦਾਂ ਤਬਕ, ਚੌਦਾਂ ਲੋਕ ਰੋਵਣ ਮਾਰਨ ਧਾਹੀਂਆ । ਬੜਾ ਸੁਹੇਲਾ ਹੋਣਾ ਵਕਤ, ਇਹ ਮੇਰੀ ਬੇਪਰਵਾਹੀਆ । ਪਿਆਰ ਦਿਸੇ ਨਾ ਕੋਇ ਵਿਚ ਜਗਤ, ਜੁਗਤੀ ਐਸੀ ਦੇਣੀ ਬਣਾਈਆ । ਪਿਛਲੀ ਰਹਿਣ ਦੇਣੀ ਨਹੀਂ ਕਿਸੇ ਦੀ ਸ਼ਕਤ, ਸ਼ਖ਼ਸੀਅਤ ਸਭ ਦੇਣੀ ਬਦਲਾਈਆ । ਮੈਨੂੰ ਆਉਂਦਾ ਨਹੀਂ ਮੂਲ ਤਰਸ, ਦਰਦੀ ਹੋ ਨਾ ਦਰਦ ਵੰਡਾਈਆ । ਅਗਨੀ ਮੇਘ ਦੇਣਾ ਬਰਸ, ਬਰਸਾਂ ਦਾ ਲਹਿਣਾ ਪੂਰ ਕਰਾਈਆ । ਫਿਰੇ ਦੁਹਾਈ ਉਤੇ ਅਰਸ਼, ਅਰਸ਼ੀ ਪ੍ਰੀਤਮ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦਾ ਲਾਹੁਣਾ ਕਰਜ਼, ਕਰਜ਼ਾ ਸਭ ਦੀ ਝੋਲੀ ਪਾਈਆ । ਧਰਨੀ ਦੀ ਖੇਲ ਵੇਖਣੀ ਪੁੱਠੀ ਸਭ ਦੀ ਕਰਨੀ ਨਰਦ, ਜੋ ਨਰਸਿੰਗ ਗਿਆ ਸਮਝਾਈਆ । ਸ਼ਰਅ ਛੁਰੀ ਚਲਾਉਣੀ ਕਰਦ, ਤਿੱਖੀ ਧਾਰ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਬੇਪਰਵਾਹੀਆ । ਕਲਜੁਗ ਕਹੇ ਮੈਂ ਪ੍ਰਭ ਦਾ ਲਾਇਕ ਸੁਤ ਹੋਇਆ ਕਾਬਲ, ਕਾਬੁਲ ਕੰਧਾਰੀ ਖੋਜ ਖੁਜਾਈਆ । ਮੈਨੂੰ ਸੰਦੇਸਾ ਦੇਵੇ ਮੇਰਾ ਬਾਬਲ, ਪੀਆ ਪ੍ਰੀਤਮ ਧੁਰਦਰਗਾਹੀਆ । ਜਿਸ ਨੇ ਮੇਰਾ ਅੰਤ ਕਰਾਉਣਾ ਆਦਲ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਚਾਰ ਕੁੰਟ ਕੂੜ ਕੁੜਿਆਰਾ ਮੇਰਾ ਧਾਮ ਦਿਸਣਾ ਬਾਤਲ, ਬੈਤਲ ਮੁਕਦਸ ਇਕੋ ਸਮਝਾਈਆ । ਮੈਂ ਸ਼ਰਅ ਦਾ ਬਣਨਾ ਕਾਤਲ, ਮਕਤੂਲ ਵੇਖਾਂ ਖ਼ਲਕ ਖ਼ੁਦਾਈਆ । ਮੇਰਾ ਭੇਵ ਅਗੰਮਾ ਬਾਤਨ, ਬਿਨ ਪਰਵਰਦਿਗਾਰ ਨਾ ਕੋਇ ਸਮਝਾਈਆ । ਮੇਰੀ ਹੋਣੀ ਅੰਧੇਰੀ ਰਾਤਨ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਝਗੜਾ ਪਾਉਣਾ ਜ਼ਾਤ ਪਾਤਨ, ਦੀਨ ਮਜ਼੍ਹਬ ਦੇਣੇ ਟਕਰਾਈਆ । ਫੇਰ ਕਿਰਪਾ ਕਰੇ ਪੁਰਖ ਅਬਿਨਾਸ਼ਣ, ਹਰਿ ਕਰਤਾ ਧੁਰਦਰਗਾਹੀਆ । ਮੇਰੀ ਖ਼ੁਸ਼ੀਆਂ ਵਾਲੀ ਤੱਕੇ ਰਾਸਣ, ਨਵ ਖੰਡ ਧਿਆਨ ਲਗਾਈਆ । ਮੈਂ ਡੰਡਾਵਤ ਕਰਾਂ ਜੋੜ ਕੇ ਹਾਥਨ, ਨਿਵ ਨਿਵ ਲਾਗਾਂ ਪਾਈਆ । ਤੂੰ ਸਾਹਿਬ ਮੇਰਾ ਸਮਰਾਥਣ, ਪ੍ਰਭ ਤੇਰੀ ਓਟ ਤਕਾਈਆ । ਤੇਰੀ ਮੰਜ਼ਲ ਚੜ੍ਹੇ ਕੋਇ ਨਾ ਘਾਟਣ, ਦਰਗਾਹ ਸਾਚੀ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਾਚੋ ਸਾਚਣ, ਸਚ ਸਵਾਮੀ ਦਇਆ ਕਮਾਈਆ ।



੬੫੬
੨੩

### ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਨਾਮੋ ਦੇ ਗ੍ਰਹਿ ✪

ਕਲਜੁਗ ਕਹੇ ਮੇਰੀਆਂ ਗੱਲਾਂ ਸਭ ਨੂੰ ਲਗਦੀਆਂ ਬੁਰੀਆਂ, ਬੁਰਿਆਰ ਹੋਈ ਲੋਕਾਈਆ । ਮੈਂ ਵੇਖਾਂ ਜਗਤ ਜਹਾਨ ਸ਼ਰਅ ਦੀਆਂ ਛੁਰੀਆਂ, ਦੋਵੇਂ ਧਾਰਾਂ ਤਿੱਖੀਆਂ ਨਜ਼ਰੀ ਆਈਆ । ਰੂਹਾਂ ਜਗਤ ਹੋਈਆਂ ਨਿਗੁਰੀਆਂ, ਸਤਿਗੁਰ ਸ਼ਬਦ ਮਿਲਣ ਕੋਇ ਨਾ ਪਾਈਆ । ਸ਼ੌਹ ਦਰਿਆਏ ਜਾਂਦੀਆਂ ਰੁੜ੍ਹੀਆਂ, ਅਗੇ ਹੋ ਨਾ ਕੋਇ ਅਟਕਾਈਆ । ਪਰਮਾਤਮ ਕੰਤ ਹੰਢਾਉਣਾ ਨਾ ਆਤਮਾ ਕੁੜੀਆਂ, ਸੁਹਾਗ ਸਮਝ ਕਿਸੇ ਨਾ ਆਈਆ । ਸਚ ਪਿਆਰ ਕੋਲੋਂ ਥੁੜੀਆਂ, ਵਸਤ ਅਗੰਮ ਨਾ ਕੋਇ ਵਰਤਾਈਆ । ਮੰਜ਼ਲ ਵੇਖੇ ਕੋਇ ਨਾ ਤੁਰੀਆ, ਤੁਰੀਆ ਪਦ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਧਿਆਨ ਲਗਾਈਆ ।

### ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਬੇਲਾ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਮੇਰੀ ਕਰਨੀ ਬੇਮਿਸਾਲ, ਪਿਛਲੀ ਮਿਸਲ ਦੇਵੇ ਨਾ ਕੋਇ ਗਵਾਹੀਆ । ਦਿਤੀ ਵਡਿਆਈ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਮੇਰੀ ਅਵੱਲੜੀ ਚਲਾ ਕੇ ਚਾਲ, ਚਾਲ ਨਿਰਾਲੀ ਦਿਤੀ ਬਣਾਈਆ । ਮੈਂ ਸ੍ਰਿਸ਼ਟੀ ਕੀਤੀ ਹਲਾਲ, ਛੁਰੀ ਸ਼ਰਅ ਵਾਲੀ ਚਲਾਈਆ । ਮੇਰਾ ਝੂਠ ਪਖੰਡ ਜਾਹਲ, ਚਾਰੋਂ ਕੁੰਟ ਰੰਗ ਰੰਗਾਈਆ । ਧਰਮ ਦਾ ਰਹਿਣ ਦੇਣਾ ਨਹੀਂ ਕੋਈ ਲਾਲ, ਲਾਲਨ ਵਿਚ ਨਾ ਕੋਇ ਸਮਾਈਆ । ਮੇਰੀ ਇਕ ਬੇਨੰਤੀ ਪ੍ਰਭੂ ਦੇ ਅਗੇ ਸਵਾਲ, ਦੋਏ ਜੋੜ ਸੀਸ ਨਿਵਾਈਆ । ਫਲ ਲਗਾਉਣਾ ਮੇਰੇ ਡਾਲ, ਮੇਰਾ ਬੂਟਾ ਦੇਣਾ ਮਹਿਕਾਈਆ । ਚਾਰੋਂ ਕੁੰਟ ਹੋਵੇ ਹਾਲ ਹਾਲ, ਬਹੁੜੀ ਬਹੁੜੀ ਸ੍ਰਿਸ਼ਟ ਕਰ ਕੁਰਲਾਈਆ । ਫੇਰ ਮੈਂ ਉਠ ਕੇ ਮਾਰਾਂ ਛਾਲ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਝਟ ਨਾਰਦ ਚੁੱਕੀ ਆ ਗਿਆ ਭਾਰ, ਹੋਕਾ ਭਾਰਤ ਭਾਰਤ ਕਰ ਸੁਣਾਈਆ । ਉਠ ਵੇਖ ਕਲੂਏ ਯਾਰ, ਕਲ ਕਾਤੀਆ ਦਿਆਂ ਦਰਸਾਈਆ । ਨੂਰ ਤੱਕ ਜੋਤ ਨਿਰੰਕਾਰ, ਨੁਰਾਨਾ ਨੂਰ ਅਲਾਹੀਆ । ਸਜਦਾ ਕਰ ਵਾਰ ਦੋ ਚਾਰ, ਚੌਥੇ ਜੁਗ ਸੀਸ ਨਿਵਾਈਆ । ਓਹ ਵੇਖ ਲੈ ਤੇਰੀ ਨਿਲਾਮੀ ਦੇ ਇਸ਼ਤਿਹਾਰ, ਮੈਨੂੰ ਦਿਤੇ ਫੜਾਈਆ । ਮੈਂ ਟੰਗਣੇ ਵਿਚ ਸੰਸਾਰ, ਨੌਵਾਂ ਖੰਡਾਂ ਦੇਣੇ ਲਟਕਾਈਆ । ਉਚੀ ਕਹਿਣ ਕੂਕ ਪੁਕਾਰ, ਦੀਨ ਦੁਨੀ ਸੁਣਾਈਆ । ਬੋਲੀ ਦੇਵੇ ਵਾਰੋ ਵਾਰ, ਦੀਨਾਂ ਮਜ਼੍ਹਬਾਂ ਵਾਲੇ ਲਓ ਅੰਗੜਾਈਆ । ਹਿੰਦੂ ਰਾਮ ਦਾ ਕਰੋ ਵਪਾਰ, ਕ੍ਰਿਸ਼ਨਾ ਕਾਹਨਾ ਨਾਲ ਰਲਾਈਆ । ਮੁਸਲਮ ਅਲਾਹ ਦੇ ਦਿਉ ਅਧਾਰ, ਅਲਾਹਿਦਾ ਰਹਿਣ ਕੋਇ ਨਾ ਪਾਈਆ । ਸਿੱਖ ਸਤਿਨਾਮ ਦਾ ਕਰਜ਼ਾ ਲਓ ਉਤਾਰ, ਪੂਰਬ ਲੇਖ ਚੁਕਾਈਆ । ਮੈਂ ਸੁਣਾਵਾਂ ਵਾਰੋ ਵਾਰ, ਵਾਰਤਾ ਅੰਤਮ ਦਿਆਂ ਦੁਹਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਕਲਜੁਗ ਸੁਣਨਾ ਆਪਣੀ ਤਾਰੀਫ਼, ਤਰਫ਼ਦਾਰੀ ਨਾ ਕੋਇ ਰਖਾਈਆ । ਮੈਂ ਬੁੱਢਾ ਪੁਰਾਣਾ ਜ਼ਈਫ਼, ਜਈਫੁਲ ਉਮਰ ਨਜ਼ਰੀ ਆਈਆ ।

੬੫੭
੨੩

ਮੈਂ ਬਣਨਾ ਨਹੀਂ ਕਿਸੇ ਦਾ ਸ਼ਰੀਕ, ਸ਼ਰਕਤ ਵਿਚ ਨਾ ਵੰਡ ਵੰਡਾਈਆ । ਆਪਣਾ ਵੇਖ ਲੈ ਅੰਧੇਰਾ ਤਾਰੀਕ, ਨੂਰੀ ਚੰਦ ਨਾ ਕੋਇ ਚਮਕਾਈਆ । ਭਵਿਖਤਾਂ ਵਾਲੀ ਵੇਖ ਤਾਰੀਖ, ਤਵਾਰੀਖ ਧਿਆਨ ਲਗਾਈਆ । ਜਿਸ ਦੇ ਪਿਛੇ ਅਵਤਾਰ ਪੈਗ਼ੰਬਰ ਗੁਰੂ ਹੋਏ ਸ਼ਹੀਦ, ਸ਼ਹਾਦਤ ਗਏ ਭੁਗਤਾਈਆ । ਜਿਸ ਦੀ ਮਨਾਉਂਦੇ ਰਹੇ ਈਦ, ਬਕਰੀਦਾਂ ਨਾਲ ਮਿਲਾਈਆ । ਜੋ ਨਾਮ ਕਲਮਿਆਂ ਵਿਚ ਕਰਦਾ ਗਿਆ ਤਾਕੀਦ, ਧੁਰ ਫ਼ਰਮਾਨ ਅਗੰਮ ਸੁਣਾਈਆ । ਉਸ ਦੀ ਆਹ ਵੇਖ ਲਉ ਮੇਰੇ ਕੋਲ ਰਸੀਦ, ਬਿਨਾ ਦਸਖ਼ਤਾਂ ਤੋਂ ਦਿਤੀ ਫੜਾਈਆ । ਤੁਸੀਂ ਆਪਣੀ ਖੋਲ ਲਓ ਨੀਂਦ, ਨੈਣ ਲਉ ਉਠਾਈਆ । ਮੈਂ ਕਰਨ ਆਇਆ ਤਰਦੀਦ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਮੇਰੇ ਪੁੱਠੇ ਹੱਥਾਂ ਤੇ ਲਿਖੀ ਕੁਰਾਨ ਮਜੀਦ, ਮਜਮੂਆ ਅੱਖਰਾਂ ਵਾਲਾ ਬਣਾਈਆ । ਅਗਲੀ ਹੋਰ ਸੁਣ ਹਦੀਸ, ਹਜ਼ਰਤਾਂ ਤੋਂ ਬਾਹਰ ਸੁਣਾਈਆ । ਲੇਖਾ ਤੱਕ ਬੀਸ ਇਕੀਸ, ਬੀਸ ਬੀਸਾ ਅੱਖ ਉਠਾਈਆ । ਕਿਸ ਦੇ ਛਤਰ ਝੁਲਣਾ ਸੀਸ, ਛਤਰਧਾਰੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਨਿਰਾਸਾ ਰਹਿਣ ਕੋਇ ਨਾ ਪਾਈਆ ।

### ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਸੇਵਾ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਧਰਨੀ ਕਿਉਂ ਆਇਆ ਉਤੇ ਧਰਤੀ, ਸਚ ਦੇਣਾ ਸੁਣਾਈਆ । ਮੈਂ ਪੱਕਾ ਬ੍ਰਹਿਮਣ ਰਹਿਣ ਦਿਤਾ ਨਹੀਂ ਸ਼ਰਤੀ, ਬ੍ਰਹਮ ਵਿਚ ਨਾ ਕੋਇ ਸਮਾਈਆ । ਮੈਂ ਹੁਕਮ ਮੰਨਾ ਖੇਲ ਕਰਾਂ ਨਰਾਇਣ ਨਰ ਦੀ, ਜੋ ਕਰਤਾ ਧੁਰਦਰਗਾਹੀਆ । ਹਰੀ ਓਮ ਤਤ ਸਤਿ ਆਤਮ ਧਾਰ ਕਿਸੇ ਨਾ ਪੜ੍ਹਦੀ, ਮਨ ਕਲਪਣਾ ਵਿਚ ਹਲਕਾਈਆ । ਸੁਰਤੀ ਸ਼ਬਦ ਮੂਲ ਨਾ ਫੜਦੀ, ਟੁੱਟੀ ਗੰਢ ਨਾ ਕੋਇ ਪਵਾਈਆ । ਮੰਜ਼ਲ ਹਕੀਕੀ ਮੂਲ ਨਾ ਚੜ੍ਹਦੀ, ਰਹਿਬਰ ਮਿਲਣ ਕੋਇ ਨਾ ਪਾਈਆ । ਮੈਂ ਖੇਲ ਬਣਾਉਣੀ ਹੰਕਾਰੀ ਗੜ੍ਹ ਦੀ, ਪੰਚ ਵਿਕਾਰਾਂ ਦਿਤਾ ਵਸਾਈਆ । ਦੀਨ ਦੁਨੀ ਵੇਖ ਲੈ ਹੜ੍ਹਦੀ, ਸ਼ਾਸਤਰ ਸਕੇ ਨਾ ਕੋਇ ਬਚਾਈਆ । ਬਿਨਾ ਮੁਰਸ਼ਦਾਂ ਵੇਖ ਲੈ ਮਰਦੀ, ਮੁਰੀਦਾਂ ਹੋਏ ਨਾ ਕੋਇ ਸਹਾਈਆ । ਚਾਰੋਂ ਕੁੰਟ ਕੋਇ ਨਾ ਦਰਦੀ, ਦਰਦੀਆਂ ਦੁੱਖ ਨਾ ਕੋਇ ਵੰਡਾਈਆ । ਇਹ ਤਾਕਤ ਮੇਰੇ ਕਲੂ ਕਲ ਦੀ, ਕਲਜੁਗ ਰਿਹਾ ਸੁਣਾਈਆ । ਮੇਰੀ ਖੇਡ ਕਪਟ ਛਲ ਦੀ, ਛਲ ਛਿਦਰਾਂ ਨਾਲ ਵਡਿਆਈਆ । ਵਡਿਆਈ ਰਹਿਣ ਦਿਤੀ ਨਹੀਂ ਕਿਸੇ ਜਲ ਦੀ, ਸਰੋਵਰ ਸੋਭਾ ਕੋਇ ਨਾ ਪਾਈਆ । ਦੁਹਾਈ ਵੇਖ ਲੈ ਮਾਰੂਥਲ ਦੀ, ਟਿੱਲੇ ਅਸਗਾਹ ਰਹੇ ਕੁਰਲਾਈਆ । ਕਿਸੇ ਨੂੰ ਸਾਰ ਆਉਣ ਦਿਤੀ ਨਹੀਂ ਪਲ ਦੀ, ਪਲਕਾਂ ਪਿਛੇ ਨਾ ਮਿਲੇ ਮਾਹੀਆ । ਮੈਂ ਆਸ਼ਾ ਪੂਰੀ ਕਰਨੀ ਰਾਜੇ ਬਲ ਦੀ, ਜੋ ਬਾਵਨ ਗਿਆ ਦ੍ਰਿੜਾਈਆ । ਮੇਰੀ ਕਰਨੀ ਸਭ ਨੂੰ ਸੱਲ ਦੀ, ਤੀਰ ਅਣਿਆਲਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦੇਵਣਹਾਰ ਮਾਣ ਵਡਿਆਈਆ । ਨਾਰਦ ਕਹੇ ਕਲਜੁਗ ਮੈਂ ਆਇਆ ਤੇਰੇ ਵਿਹੜੇ, ਗ੍ਰਿਹਿ ਤੇਰੇ ਫੇਰਾ ਪਾਈਆ । ਮੈਂ ਵੇਖਣੇ ਦੀਨ ਦੁਨੀ ਦੇ ਜਗਤ ਝਗੜੇ ਝੇੜੇ, ਝੰਜਟ ਮਜ਼੍ਹਬਾਂ ਵਾਲੇ ਫੋਲ ਫੁਲਾਈਆ । ਕਿਸ ਬਿਧ ਉਲਟੇ ਮਿਲਦੇ ਗੇੜੇ, ਚਕਰਵਰਤੀਆਂ ਚਕਰ ਨਾਲ ਭਵਾਈਆ । ਮੇਰਾ ਸਾਹਿਬ ਸਵਾਮੀ ਛੇੜਾਂ ਕਿਥੇ ਛੇੜੇ, ਚਾਰ ਕੁੰਟ ਖੋਜ ਖੁਜਾਈਆ ।

੬੫੯
੨੩

ਮੈਂ ਦੂਰ ਦੁਰਾਡਾ ਆਇਆ ਨੇੜੇ, ਆਪਣਾ ਪੰਧ ਮੁਕਾਈਆ । ਤੇਰੇ ਕੂੜ ਕੁੜਿਆਰ ਦੇ ਵੇਖੇ ਖੇੜੇ, ਨਵਾਂ ਖੰਡਾ ਧਿਆਨ ਲਗਾਈਆ । ਬਿਨਾ ਭਗਤਾਂ ਤੋਂ ਚੜ੍ਹੇ ਕੋਇ ਨਾ ਬੇੜੇ, ਬੇੜੀ ਨਈਆ ਨੌਕਾ ਕੰਮ ਕਿਸੇ ਨਾ ਆਈਆ । ਮੈਂ ਵੇਖੇ ਜਗਤ ਵਾਲੇ ਜਠੇਰੇ, ਵੱਡਿਆਂ ਛੋਟਿਆਂ ਧਿਆਨ ਲਗਾਈਆ । ਮੈਂ ਤੱਕੇ ਗੁਰੂ ਗੁਰ ਚੇਰੇ, ਮੁਰੀਦ ਮੁਰਸ਼ਦ ਵੇਖ ਵਖਾਈਆ । ਤੇਰੇ ਵਿਚ ਅਣਗਿਣਤ ਬਥੇਰੇ, ਬਹੁਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਨਾਰਦਾ ਖੋਲ ਕੇ ਵੇਖ ਲੈ ਆਪਣੀ ਸੁਰਤੀ, ਸੁਤਿਆਂ ਦਿਆਂ ਜਗਾਈਆ । ਤੈਨੂੰ ਨਜ਼ਰ ਨਾ ਆਏ ਅਕਾਲ ਮੂਰਤੀ, ਮੂਰਤਾਂ ਵਾਲਿਆਂ ਦਾ ਮੈਂ ਲੇਖਾ ਦਿਆਂ ਮੁਕਾਈਆ । ਹੁਣ ਚਤੁਰਾਈ ਗਾਂ ਸੂਰ ਦੀ, ਖਾਣ ਵਾਲਿਆਂ ਦਿਆਂ ਵਡਿਆਈਆ । ਇਹ ਮੇਰੀ ਬੇੜੀ ਭਰੀ ਪੂਰ ਦੀ, ਪੁਰੀਆਂ ਲੋਆਂ ਤੋਂ ਬਾਹਰ ਦਿਆਂ ਸਮਝਾਈਆ । ਮੇਰੀ ਕਥਾ ਕਹਾਣੀ ਮਸ਼ਹੂਰ ਦੀ, ਕੂੜੀ ਕਿਰਿਆ ਨਾਲ ਵਡਿਆਈਆ । ਮੇਰੀ ਮੰਜ਼ਲ ਮੁਕੀ ਦੂਰ ਦੀ, ਨੇਰਨ ਨੇਰਾ ਨਜ਼ਰੀ ਆਈਆ । ਮੇਰੀ ਕਥਾ ਕਹਾਣੀ ਕੂੜ ਦੀ, ਕੂੜ ਕੁਟੰਬ ਰਿਹਾ ਸੁਣਾਈਆ । ਤੇਰੀ ਬੁੱਧੀ ਨਾਰਦਾ ਮੂਰਖ ਮੂੜ੍ਹ ਦੀ, ਪੰਡਤਾ ਮੇਰਾ ਭੇਵ ਨਾ ਜਾਣੇ ਰਾਈਆ । ਮੈਨੂੰ ਖ਼ੁਸ਼ੀ ਪੁਰਖ ਅਕਾਲ ਦੇ ਰੰਗ ਗੂੜ੍ਹ ਦੀ, ਜਿਸ ਰੰਗਤ ਦਿਤੀ ਰੰਗਾਈਆ । ਵਡਿਆਈ ਦੇ ਕੇ ਚਰਨ ਧੂੜ ਦੀ, ਟਿੱਕੇ ਦਿਤੇ ਰਮਾਈਆ । ਮੈਨੂੰ ਯਾਦ ਖੇਲ ਕੋਹਤੂਰ ਦੀ, ਮੂਸਾ ਖ਼ੁਸ਼ੀ ਬਣਾਈਆ । ਮੈਂ ਖੇਲ ਤੱਕੀ ਈਸਾ ਵਾਲੇ ਸਰੂਰ ਦੀ, ਜੋ ਸੂਲੀ ਚੜ੍ਹ ਕੇ ਗਿਆ ਸਮਝਾਈਆ । ਧਾਰ ਤੱਕੀ ਮੁਹੰਮਦ ਵਾਲੇ ਨੂਰ ਦੀ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਕਰੇ ਜ਼ਰੂਰ ਦੀ, ਜ਼ਰੂਰੀ ਆਪਣਾ ਹੁਕਮ ਵਰਤਾਈਆ ।

### ✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਲਛਮਣ ਸਿੰਘ ਦੇ ਗ੍ਰਹਿ ਦਰਵਾਜੇ ਵੜਦਿਆਂ ਹੀ ✪

ਫਲਗੁਣ ਕਹੇ ਮੇਰੀ ਰੁੱਤ ਬਸੰਤ, ਖ਼ੁਸ਼ੀਆਂ ਵਾਲੀ ਮਹਿਕਾਈਆ । ਦਿਤੀ ਵਡਿਆਈ ਪ੍ਰਭੂ ਹਰਿ ਕੰਤ, ਕੰਤੂਹਲ ਦਇਆ ਕਮਾਈਆ । ਜਿਸ ਖੇਲ ਰਚਾਇਆ ਜਗਤ ਮੀਤ ਮੁਰਾਰੇ ਸੰਤ, ਭਗਤ ਦਏ ਵਡਿਆਈਆ । ਆਪਣਾ ਨਾਮ ਜਣਾ ਕੇ ਮੰਤ, ਮੰਤਰ ਇਕੋ ਇਕ ਜਣਾਈਆ । ਸਭ ਦੀ ਆਸ਼ਾ ਪੂਰੀ ਕਰੇ ਅੰਤ, ਅੰਤਸ਼ਕਰਨ ਕੀਤੀ ਸਫ਼ਾਈਆ । ਜਿਸ ਦੇ ਸੰਦੇਸ਼ੇ ਦੇਂਦਾ ਸ਼ਬਦ ਸਵਾਮੀ ਪੰਡਤ, ਨਾਰਦ ਆਪਣਾ ਨਾਉਂ ਧਰਾਈਆ । ਉਸ ਦਾ ਖੇਲ ਵੇਖਿਆ ਜ਼ੇਰਜ ਅੰਡਜ, ਉਤਭੁਜ ਸੇਤਜ ਰੰਗ ਰੰਗਾਈਆ । ਮੈਂ ਉਸ ਦੇ ਦਵਾਰੇ ਦਾ ਮੰਗਤ, ਨਿਵ ਨਿਵ ਆਪਣੀ ਝੋਲੀ ਡਾਹੀਆ । ਮੇਰੇ ਜਨ ਭਗਤਾਂ ਵਿਚ ਰਹਿਣ ਨਾ ਦੇਵੀਂ ਰੰਜਸ਼, ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲਾਈਆ । ਫਲਗੁਣ ਕਹੇ ਮੇਰੀ ਟਹਿਕੀ ਅਗੰਮ ਫੁਲਵਾੜੀ, ਫਲ ਫੂਲ ਵੇਖ ਵਖਾਈਆ । ਮੇਰਾ ਸਾਹਿਬ ਭਗਤਾਂ ਫਿਰੇ ਪਿਛੇ ਅਗਾੜੀ, ਦਿਵਸ ਰੈਣ ਖ਼ੁਸ਼ੀ ਬਣਾਈਆ । ਲੇਖੇ ਲਾਏ ਜਿਨ੍ਹਾਂ ਚਰਨ ਛੁਹਾਈ ਦਾਹੜੀ, ਮਸਤਕਾਂ ਦਏ ਵਡਿਆਈਆ । ਫੜ ਕੇ ਬਾਹਰ (ਕਢੇ) ਕਲਜੁਗ ਡੂੰਘੀ ਵਿਚੋਂ ਖਾਰੀ, ਸ਼ਬਦ ਖੰਡਾ ਖੜਗ ਚਮਕਾਈਆ । ਜੋ ਸਭ ਦੀ ਪੈਜ ਰਿਹਾ ਸਵਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ ।

ਤਾਰਨਹਾਰ ਨਰ ਨਾਰੀ, ਨਰ ਨਰਾਇਣ ਦਇਆ ਕਮਾਈਆ । ਨਵ ਨੌ ਚਾਰ ਪਿਛੋਂ ਜਿਸ ਦੀ ਆਈ ਵਾਰੀ, ਵਾਰਸ ਬਣਿਆ ਧੁਰ ਦਾ ਮਾਹੀਆ । ਫਲਗੁਣ ਕਹੇ ਜਨ ਭਗਤੋ ਉਸ ਦੀ ਚਰਨ ਕਰੋ ਨਿਮਸਕਾਰੀ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸਿਕਦਾਰੀ, ਸਿਰ ਸਿਰ ਆਪਣਾ ਹੁਕਮ ਵਰਤਾਈਆ ।

### ✪ ੨੬ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਲਛਮਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਮਾਲਕ ਤਜ਼ਹੀ, ਹਜ਼ਰਤੇ ਹਜ਼ੂਰ ਸੀਸ ਨਿਵਾਈਆ । ਮਿਹਰਵਾਨੇ ਮਿਹਰਵਾਨ ਮਜ਼ਹੀ, ਮਹਿਬੂਬ ਧੁਰਦਰਗਾਹੀਆ । ਨੌਜਵਾਨੇ ਨੌਜਵਾਨੇ ਜ਼ਜ਼ਹੀ, ਹਰਿ ਕਰਤੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਮੰਗ ਮੰਗਾਈਆ । ਧਰਨੀ ਕਹੇ ਮੈਂ ਮੰਗਤੀ, ਤੇਰੇ ਦਰੇ ਦਰਬਾਰ । ਮੈਂ ਜੁਗਾਂ ਦੀ ਭੁੱਖੀ ਨੰਗਤੀ, ਓਢਣ ਬਖ਼ਸ਼ ਸੱਚੀ ਸਰਕਾਰ । ਮੇਲ ਮਿਲਾਵਾ ਕਰ ਦੇ ਸਾਚੀ ਸੰਗਤੀ, ਮੇਰੇ ਸਤਿਗੁਰ ਪੁਰਖ ਨਿਰੰਕਾਰ । ਨਿਸ਼ਾਨੀ ਰਹੇ ਨਾ ਹਉਮੇ ਹੰਗਤੀ, ਹੰ ਬ੍ਰਹਮ ਕਰ ਉਜਿਆਰ । ਲੇਖ ਚੁਕਾ ਦੇ ਪਾਂਧੇ ਪੰਡਤੀ, ਬੁੱਧੀ ਦਾ ਬੋਧ ਦੇ ਵਿਚਾਰ । ਮਨਸਾ ਕੂੜ ਰਹੇ ਨਾ ਮਨ ਦੀ, ਮਮਤਾ ਮੋਹ ਨਿਵਾਰ । ਮੈਂ ਵਣਜਾਰੀ ਰਹਾਂ ਨਾ ਕਿਸੇ ਕੰਨ ਦੀ, ਸ਼ਬਦ ਅਗੰਮੀ ਦੇ ਧੁਨਕਾਰ । ਮੈਂ ਦਰਸ ਪਿਆਸੀ ਨੂਰੀ ਚੰਦ ਦੀ, ਚੰਨ ਚਾਂਦਨੇ ਕਰ ਉਜਿਆਰ । ਮੇਰੀ ਖ਼ੁਸ਼ੀ ਤੇਰੇ ਪਿਆਰ ਧਰਮ ਦੀ, ਧਰਮ ਧਰਮ ਨਾਲ ਦ੍ਰਿੜਾਈਆ । ਲੇਖਣੀ ਰਹੇ ਨਾ ਕੂੜ ਕੁਕਰਮ ਦੀ, ਕੂੜ ਕੁਕਰਮ ਦਾ ਪੰਧ ਮੁਕਾਈਆ । ਮੈਂ ਵਣਜਾਰਨ ਤੇਰੇ ਚਰਨ ਦੀ, ਚਰਨ ਦੇ ਸਰਨਾਈਆ । ਇਕੋ ਓਟ ਸਤਿਗੁਰ ਸ਼ਰਨ ਦੀ, ਸ਼ਰਨਾਗਤ ਇਕ ਸਮਝਾਈਆ । ਮੈਨੂੰ ਲੋੜ ਨਹੀਂ ਅੱਖਰ ਪੜ੍ਹਨ ਦੀ, ਵਿਦਿਆ ਵਿਚ ਨਾ ਕੋਇ ਵਡਿਆਈਆ । ਮੈਨੂੰ ਜੁਗ ਜੁਗ ਆਦਤ ਭੰਨਣ ਘੜਨ ਦੀ, ਘੜਨ ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੀ ਆਸਾ ਕਰ ਦੇ ਪੂਰੀ, ਪਰਮ ਪੁਰਖ ਤੇਰੀ ਸਰਨਾਈਆ । ਮੈਂ ਜੁਗ ਜੁਗ ਕਰਾਂ ਮਜ਼ਦੂਰੀ, ਚਾਕਰ ਹੋ ਕੇ ਸੇਵ ਕਮਾਈਆ । ਆਸਾ ਰਖਾਂ ਤੇਰੀ ਹਜ਼ੂਰੀ, ਹਾਜ਼ਰ ਹੋ ਕੇ ਸੀਸ ਨਿਵਾਈਆ । ਕਲਪਣਾ ਦੀ ਕਲਾ ਮੇਟ ਦੇ ਕੂੜੀ, ਕੂੜ ਕੁਟੰਬ ਦੇਣਾ ਤਜਾਈਆ । ਮੈਂ ਮੂਰਖ ਮੁਗਧ ਅਣਜਾਣ ਮੂੜ੍ਹੀ, ਮੇਰੀ ਚਲੇ ਨਾ ਕੋਇ ਚਤੁਰਾਈਆ ਮੈਨੂੰ ਬਖ਼ਸ਼ਿਸ਼ ਦੇ ਕੇ ਆਪਣੀ ਚਰਨ ਧੂੜੀ, ਟਿੱਕੇ ਖ਼ਾਕ ਵਾਲੇ ਰਮਾਈਆ । ਮੇਰੇ ਸਵਾਮੀ ਆਪਣੀ ਰੰਗਣ ਚਾੜ੍ਹ ਦੇ ਗੂੜ੍ਹੀ, ਜਗਤ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਸ਼ਾ ਰਖੀ ਜ਼ਰੂਰੀ, ਜ਼ਰੂਰਤ ਪੂਰ ਦੇਣੀ ਕਰਾਈਆ ।

੬੬੦
੨੩

✪ ੨੯ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾ ਜ਼ਿਲਾ ਜੰਮੂ ਸੰਤ ਰਾਮ ਗੋਕਲੇ ਚੱਕ ਨਵਿਤ ✪

ਪੁਰਖ ਅਕਾਲ ਕਹੇ ਸੁਣ ਧਰਨੀ ਧਰਮ ਧਾਰ ਦੀ ਧੀ, ਸਿਰ ਤੇਰੇ ਹੱਥ ਟਿਕਾਈਆ । ਲੇਖਾ ਤੱਕ ਲੈ ਸਾਢੇ ਤਿੰਨ ਹੱਥ ਦੀ ਸੀਅ, ਰਵਦਾਸ ਚਮਾਰਾ ਦਏ ਗਵਾਹੀਆ । ਤੂੰ ਕਰਮ ਕੀਤਾ ਕੀ, ਭੇਵ ਦੇ ਖੁਲਾਈਆ । ਤੇਰੇ ਉਤੇ ਲੱਖ ਚੁਰਾਸੀ ਜੀਅ, ਜੀਵਤ ਹੋ ਕੇ ਮੇਰੇ ਵਿਚ ਸਮਾਈਆ । ਕਵਣ ਵੇਲਾ ਕਵਣ ਵਕਤ ਸੁਹੰਜਣਾ ਮਿਲੇ ਪ੍ਰੀਤਮ ਪੀਅ, ਸਵਾਮੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਪੁਰਖ ਅਕਾਲ ਕਹੇ ਧਰਨੀ ਤੂੰ ਮੇਰੀਆਂ ਰਖੀਆਂ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਮੈਂ ਸਭ ਦੀਆਂ ਵੇਖਣ ਵਾਲਾ ਵਸੀਅਤਾਂ, ਜਗਤ ਵਿਸ਼ਿਆਂ ਤੋਂ ਬਾਹਰ ਧਿਆਨ ਲਗਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਤੈਨੂੰ ਦਿਤੀਆਂ ਨਸੀਹਤਾਂ, ਹੁਕਮਨਾਮੇ ਸਚ ਸੁਣਾਈਆ । ਉਸ ਦੀਆਂ ਬਦਲਣ ਲੱਗਾ ਵਲਦੀਅਤਾਂ, ਵਾਲਦ ਵਾਲਦਾ ਇਕੋ ਨਜ਼ਰੀ ਆਈਆ । ਤੂੰ ਵੇਖ ਖੇਲ ਵਿਚੋਂ ਅਸਲੀਅਤਾਂ, ਅਸਲ ਅਸਲ ਵਿਚੋਂ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਧਰਨੀ ਤੇਰਾ ਹੋਣਾ ਭਾਗ ਸੁਹੰਜਣਾ, ਸੋਭਾਵੰਤ ਦਇਆ ਕਮਾਈਆ । ਤੇਰੇ ਨੇਤਰ ਪਾਵੇ ਅੰਜਣਾ, ਨੂਰ ਨੁਰਾਨਾ ਨੂਰ ਚਮਕਾਈਆ । ਤੇਰੇ ਉਤੇ ਇਕੋ ਡੌਰੂ ਡੰਕਾ ਵੱਜਣਾ, ਚਾਰ ਕੁੰਟ ਸ਼ਨਵਾਈਆ । ਸਭ ਦੀ ਸਾਂਝੀ ਕਰੇ ਬੰਦਨਾ, ਬੰਦਗੀ ਇਕੋ ਇਕ ਦ੍ਰਿੜਾਈਆ । ਨਾਮ ਖ਼ੁਮਾਰੀ ਚਾੜ੍ਹਨੀ ਰੰਗਨਾ, ਰੰਗਤ ਅਗੰਮ ਅਥਾਹੀਆ । ਕਲਜੁਗ ਕੂੜਾ ਹੰਕਾਰੀ ਭਾਂਡਾ ਭੱਜਣਾ, ਬਿਨਾ ਭਜਨ ਬੰਦਗੀ ਤੋਂ ਰਹਿਣ ਕੋਇ ਨਾ ਪਾਈਆ । ਤੇਰਾ ਸਵਾਮੀ ਤੇਰਾ ਦੇਵੇ ਸਗਨਾ, ਸਗਲਾ ਸਾਥ ਬਣਾਈਆ । ਸਤਿਜੁਗ ਸਾਚੀ ਧਾਰੋਂ ਜੰਮਣਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਇਕੋ ਕਲਮਾ ਨਾਮ ਕਾਇਨਾਤ ਵਿਚ ਜਪਣਾ, ਢੋਲਾ ਸੋਹਲਾ ਧੁਰਦਰਗਾਹੀਆ । ਸਚ ਦਵਾਰ ਸੁਹਾਉਣਾ ਪਤਣਾ, ਤੱਟ ਕਿਨਾਰਿਆਂ ਦਏ ਵਡਿਆਈਆ । ਤੂੰ ਖ਼ੁਸ਼ੀਆਂ ਵਿਚ ਨੱਚਣਾ ਟੱਪਣਾ, ਕੁੱਦਣਾ ਚਾਈਂ ਚਾਈਂਆ । ਖੇਲ ਕਰੇ ਪੁਰਖ ਸਮਰਥਣਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਸੰਬਲ ਦੇਸ ਤੇਰੇ ਉਤੇ ਵਸਣਾ, ਅਗੰਮ ਮਾਲਕ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਪੁਰਖ ਅਕਾਲ ਕਹੇ ਧਰਨੀ ਤੇਰੀ ਸੁਣੇ ਫ਼ਰਿਆਦ, ਮਿਹਰ ਨਜ਼ਰ ਉਠਾਈਆ । ਜਿਸ ਰਚਨਾ ਰਚੀ ਆਦਿ, ਅੰਤ ਵੇਖਣਹਾਰਾ ਚਾਈਂ ਚਾਈਂਆ । ਤੇਰੀ ਭੁਲ ਨਾ ਜਾਏ ਯਾਦ, ਯਾਦਦਾਸਤ ਆਪਣੇ ਵਿਚ ਛੁਪਾਈਆ । ਤੇਰਾ ਖੇੜਾ ਹੋਣ ਨਾ ਦੇਵੇ ਬਰਬਾਦ, ਸਿਰ ਆਪਣਾ ਹੱਥ ਟਿਕਾਈਆ । ਤੂੰ ਖ਼ੁਸ਼ੀ ਨਾਲ ਕਰਨਾ ਅਦਾਬ, ਨਿਵ ਨਿਵ ਸੀਸ ਝੁਕਾਈਆ । ਤੇਰਾ ਬਦਲ ਦਏ ਮਿਜ਼ਾਜ, ਤਬੀਅਤ ਦਏ ਬਦਲਾਈਆ । ਤੇਰਾ ਰਚ ਕੇ ਸੋਹਣਾ ਸਮਾਜ, ਕਰਨੀ ਕਰਤਾ ਕਾਰ ਕਮਾਈਆ । ਧਰਮ ਦਾ ਧਰਮ ਹੋਵੇ ਰਾਜ, ਰਈਅਤ ਗੁਰਮੁਖ ਲਏ ਬਣਾਈਆ । ਝਗੜਾ ਮੁਕੇ ਰੋਜ਼ਾ ਨਿਮਾਜ਼, ਸਜਦੇ ਵਿਚ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੈਨੂੰ ਦੇਵੇ ਮਾਤ ਖ਼ਿਤਾਬ, ਖ਼ਤਾ ਨਜ਼ਰ ਕੋਇ ਨਾ ਆਈਆ ।

६६२
२३

## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਕੁਲਵੰਤ ਸਿੰਘ ਦੇ ਗ੍ਰਿਹ ਜ਼ਿਲਾ ਜੰਮੂ ✪

ਫਲਗੁਣ ਕਹੇ ਮੇਰਾ ਦੋ ਸੱਤ ਦਾ ਅੰਕ, ਧਰਮ ਪ੍ਰਵਿਸ਼ਟਾ ਖ਼ੁਸ਼ੀ ਮਨਾਈਆ । ਜਨ ਭਗਤਾਂ ਸੋਹੇ ਦਵਾਰ ਬੰਕ, ਗ੍ਰਿਹ ਵੱਜੇ ਸਚ ਵਧਾਈਆ । ਨਾਮ ਨਿਧਾਨਾ ਸੁਣਿਆ ਮੰਤ, ਮੰਤ ਅਗੰਮ ਅਥਾਹੀਆ । ਵਡ ਭਾਗ ਹੋਏ ਧਨਵੰਤ, ਮਿਲੇ ਮਾਣ ਵਡਿਆਈਆ । ਹਰਿਜਨ ਉਪਜਾ ਕੇ ਸਾਚੇ ਸੰਤ, ਗੋਬਿੰਦ ਲੇਖਾ ਪੂਰ ਕਰਾਈਆ । ਮਾਨਸ ਜਨਮ ਬਣਾ ਕੇ ਬਣਤ, ਸਿਰ ਆਪਣਾ ਹੱਥ ਟਿਕਾਈਆ । ਆਤਮ ਧਾਰ ਮਿਲਾ ਹਰਿ ਹਰਿ ਕੰਤ, ਕੰਤੂਹਲ ਦਏ ਵਡਿਆਈਆ । ਲੇਖਾ ਪੂਰਾ ਕਰ ਕੇ ਵਿਚੋਂ ਜੀਵ ਜੰਤ, ਦਰ ਠਾਂਡੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਮੇਰਾ ਦਿਵਸ ਸੁਹਾਵਾ, ਜਗ ਮਿਲੇ ਵਡਿਆਈਆ । ਮੈਂ ਉਸ ਪ੍ਰਭੂ ਨੂੰ ਰਾਵਾਂ, ਜੋ ਰਵਿਆ ਹਰ ਘਟ ਥਾਈਂਆ । ਓਸੇ ਦਾ ਇਸ਼ਟ ਮਨਾਵਾਂ, ਜੋ ਮਾਨਸ ਮਾਨੁਖ ਰਿਹਾ ਤਰਾਈਆ । ਉਸੇ ਦੇ ਢੋਲੇ ਗਾਵਾਂ, ਜੋ ਹੋਏ ਆਦਿ ਅੰਤ ਸਹਾਈਆ । ਓਸੇ ਦੀ ਸੇਜ ਹੰਢਾਵਾਂ, ਜੋ ਮਾਲਕ ਅਗੰਮ ਅਥਾਹੀਆ । ਓਸੇ ਦੀਆਂ ਮਾਣਾ ਛਾਵਾਂ, ਜੋ ਸਿਰ ਮੇਰੇ ਹੱਥ ਟਿਕਾਈਆ । ਉਸ ਨੂੰ ਸੀਸ ਝੁਕਾਵਾਂ, ਨਿਵ ਨਿਵ ਲਾਗਾਂ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਫਲਗੁਣ ਕਹੇ ਮੇਰੀ ਰੁਤ ਸੁਹੰਜਣੀ, ਜਨ ਭਗਤਾਂ ਨਾਲ ਵਡਿਆਈਆ । ਪ੍ਰਭ ਮਿਲਿਆ ਦਰਦ ਦੁੱਖ ਭੈ ਭੰਜਨੀ, ਹੋਏ ਆਪ ਸਹਾਈਆ । ਗੜ੍ਹ ਸੁਹਾ ਕੇ ਕਾਇਆ ਕੰਚਨੀ, ਰੰਗ ਨਾਮ ਰੰਗਾਈਆ । ਦਵਾਰ ਖੋਲ ਕੇ ਪਤਣੀਂ, ਤੱਟਾਂ ਦਏ ਵਡਿਆਈਆ । ਦਰਸ਼ਨ ਦੇ ਕੇ ਨੇਤਰ ਅੱਖਨੀ, ਅੱਖ ਪ੍ਰਤਖ ਖੁਲਾਈਆ । ਜਨ ਭਗਤਾਂ ਆਸਾ ਰਹੇ ਨਾ ਸਖਣੀ, ਸਤਿ ਝੋਲੀ ਸ਼ਬਦ ਭਰਾਈਆ । ਨਾਮ ਅਮੋਲਕ ਰੰਗ ਚਾੜ੍ਹੇ ਰਤਨੀ, ਕੀਮਤ ਆਪਣੇ ਘਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਫਲਗੁਣ ਕਹੇ ਮੇਰੀ ਰੁਤੜੀ ਦਿਤੀ ਮਹਿਕਾ, ਨਾਮ ਖ਼ੁਸ਼ਬੂ ਵਿਚ ਭਰਾਈਆ । ਮੇਰੀ ਪੱਤ ਟਹਿਣੀ ਦਿਤੀ ਟਹਿਕਾ, ਹਰਿਆਵਲ ਆਪਣੀ ਨਾਲ ਰਖਾਈਆ । ਧੁਰ ਸੰਦੇਸ਼ਾ ਦਿਤਾ ਸੁਣਾ, ਹੁਕਮ ਅਗੰਮ ਅਥਾਹੀਆ । ਫਲਗੁਣ ਫੂਲਨ ਵਰਖਾ ਇਕੋ ਲਾ, ਛਹਿਬਰ ਪ੍ਰੇਮ ਬਣਾਈਆ । ਜਨ ਭਗਤ ਦਵਾਰੇ ਸੁਹਾ, ਸੁਹੰਜਣੀ ਰੁਤ ਨਾਲ ਵਡਿਆਈਆ । ਬਸੰਤ ਨੂੰ ਬਸੰਤੀ ਰੰਗ ਦਾ ਚਾਅ, ਚਾਉ ਘਨੇਰਾ ਇਕ ਪ੍ਰਗਟਾਈਆ । ਬਿਨਾ ਸਿਫ਼ਤ ਤੋਂ ਕਰੇ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਤੂੰ ਸਚ ਸਵਾਮੀ ਇਕ ਮਲਾਹ, ਰਹਿਬਰ ਧੁਰਦਰਗਾਹੀਆ । ਦੀਨ ਦਿਆਲ ਦਇਆ ਕਮਾ, ਦਇਆਨਿਧ ਤੇਰੀ ਸ਼ਰਨਾਈਆ । ਫਲਗੁਣ ਕਹੇ ਮੈਂ ਖ਼ੁਸ਼ੀਆਂ ਵਿਚ ਸੀਸ ਦਿਆਂ ਨਿਵਾ, ਨਿਵ ਨਿਵ ਸੀਸ ਝੁਕਾਈਆ । ਮੇਰੇ ਮਹਿਬੂਬ ਮਾਲਕ ਚਰਨਾਂ ਨਾਲੋਂ ਨਾ ਕਰੀਂ ਜੁਦਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਮੇਰੀ ਇਕੋ ਹਕ ਦੁਆ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਫਲਗੁਣਾ ਕੀ ਕਰੇਂ ਤੂੰ ਉਮੀਦਾਂ, ਆਸਾ ਕੀ ਵਖਾਈਆ । ਮੈਨੂੰ ਉਸ ਸਾਹਿਬ ਦੀਆਂ ਤਾਕੀਦਾਂ, ਜਿਸ ਦੇ ਅਗੇ ਵਾਸਤਾ ਪਾਈਆ । ਉਸੇ ਦੇ ਹੁਕਮ ਦੀਆਂ ਮੇਰੇ ਕੋਲ ਰਸੀਦਾਂ, ਲਿਖਤੀ ਲਈ ਮਾਣ ਵਡਿਆਈਆ । ਮੈਂ ਕਿਸੇ ਦਾ ਰਹਿਣ ਦੇਣਾ ਨਹੀਂ ਸਿੱਧਾ ਦੀਦਾ, ਦੀਦਾ ਦਾਨਿਸਤਾ ਦਰਸ ਕੋਇ ਨਾ

ਪਾਈਆ । ਮੇਰਾ ਖੇਲ ਬੜਾ ਪੇਚੀਦਾ, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਤੇਰੀ ਰੁਤ ਹੋਣੀ ਰੰਜੀਦਾ, ਰੰਜਸ਼ ਸਕੇ ਨਾ ਕੋਇ ਮਿਟਾਈਆ । ਮੈਂ ਕੂੜ ਕੁੜਿਆਰ ਨੂੰ ਕਹਿਣਾ ਖ਼ੁਸ਼ ਆਮਦੀਦਾ, ਆਮਦ ਵਿਚ ਖ਼ੁਸ਼ੀ ਮਨਾਈਆ । ਮੇਰੇ ਪਿਆਰ ਵਿਚ ਗੋਬਿੰਦ ਦਾ ਪ੍ਰਵਾਰ ਸ਼ਹੀਦਾ, ਸ਼ਹਾਦਤ ਗਿਆ ਪਾਈਆ । ਮੇਰਾ ਇਕੋ ਮਾਰਗ ਸੀਧਾ, ਦੀਨ ਦੁਨੀ ਦਿਤਾ ਦ੍ਰਿੜਾਈਆ । ਖ਼ੁਸ਼ੀ ਦੀ ਸਵੇਂ ਕੋਇ ਨਾ ਨੀਂਦਾ, ਆਤਮ ਸੁਖ ਹੱਥ ਕਿਸੇ ਨਾ ਆਈਆ । ਭੇਵ ਖੁਲ੍ਹਣ ਦਿਤਾ ਨਹੀਂ ਜੀਵ ਜੀਅ ਕਾ, ਆਤਮ ਬ੍ਰਹਮ ਨਾ ਕੋਇ ਜਣਾਈਆ । ਮੇਰਾ ਰੂਪ ਨੀਕਨ ਨੀਕਾ, ਵੱਡਿਆਂ ਛੋਟਿਆਂ ਖ਼ਾਕ ਮਿਲਾਈਆ । ਮੇਰੇ ਕੋਲ ਅਗੰਮ ਤਰੀਕਾ, ਪੁਰਖ ਅਕਾਲ ਦਿਤਾ ਸਮਝਾਈਆ । ਧਰਮ ਰਾਏ ਦੇ ਹੱਥ ਫੜਾਇਆ ਵਸੀਕਾ, ਲੇਖਾ ਚਿਤ੍ਰਗੁਪਤ ਕੋਲੋਂ ਲਿਖਾਈਆ । ਫਲਗੁਣ ਤੇਰਾ ਖ਼ੁਸ਼ੀਆਂ ਵਾਲਾ ਸਮਾਂ ਪਿਛੇ ਬੀਤਾ, ਬੀਤੀ ਕਹਾਣੀ ਯਾਦ ਕਰਾਈਆ । ਅਗਲਾ ਖੇਲ ਵੇਖਣਾ ਅਨਡੀਠਾ, ਅਨਡਿੱਠੜੀ ਕੀ ਕਾਰ ਕਮਾਈਆ । ਨਵ ਸੱਤ ਤਪਣਾ ਅੰਗੀਠਾ, ਅਗਨੀ ਤਤ ਨਾ ਕੋਇ ਬੁਝਾਈਆ । ਤੇਰੀ ਰਹੇ ਨਾ ਕਿਸੇ ਪ੍ਰੀਤਾ, ਪ੍ਰੀਤਮ ਪਿਆਰ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਬਦਲ ਦੇਵੇ ਰੀਤਾ, ਰੀਤੀਵਾਨ ਖੇਲ ਖਿਲਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਪ੍ਰੇਮੀ ਦੇਵੀ ਦੇ ਗ੍ਰਿਹ ✪



ਕਲਜੁਗ ਕਹੇ ਮੈਨੂੰ ਹੁਕਮ ਸੰਦੇਸ਼ਾ ਆਇਆ ਅਭੀ, ਅਭੀ ਦਿਤਾ ਦ੍ਰਿੜਾਈਆ । ਤੈਨੂੰ ਮੌਕਾ ਮਿਲਦਾ ਕਦੀ ਕਦੀ, ਕਦੀਮ ਦਾ ਲੇਖਾ ਵੇਖ ਵਖਾਈਆ । ਲਹਿਣਾ ਤੱਕ ਲੈਂ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਤੇਰੀ ਡੋਰ ਘਰ ਘਰ ਹੋਵੇ ਬੱਧੀ, ਬੰਧਨ ਪਾਉਣਾ ਜਗਤ ਲੋਕਾਈਆ । ਲੇਖਾ ਮੁਕਾ ਦੇ ਸੁਦੀ ਵਦੀ, ਅਮਾਵਸ ਪੁੰਨਿਆ ਇਕੋ ਰੰਗ ਰੰਗਾਈਆ । ਮਾਇਆ ਮਮਤਾ ਦਾ ਬਣ ਜਾ ਲਬੀ, ਲਬਾਂ ਕਟਾਵਣ ਵਾਲਿਆਂ ਵੇਖ ਵਖਾਈਆ । ਤੇਰਾ ਮਾਲਕ ਨੂਰ ਅਲਾਹੀ ਰੱਬੀ, ਰੱਬੁਲਆਲਮੀਨ ਦਏ ਵਡਿਆਈਆ । ਸਭ ਦੇ ਸਿਰ ਤੇ ਪਾਪਾਂ ਭਾਰ ਚੁਕਾ ਦੇ ਡੱਗੀ, ਡੌਰੂ ਡੰਕਾ ਦੇ ਵਜਾਈਆ । ਤੇਰੇ ਮੁਸਾਫ਼ਰ ਜਾਣ ਲਦੀ, ਭੱਜਣ ਵਾਹੋ ਦਾਹੀਆ । ਕੂੜ ਵਿਕਾਰ ਵਹਾ ਕੇ ਨਦੀ, ਵਹਿੰਦੇ ਵਹਿਣ ਵਹਾਈਆ । ਧੁਰ ਪ੍ਰਕਾਸ਼ ਦੀ ਤੱਕ ਲੈ ਲੋ ਲੱਗੀ, ਲੋਇਣ ਅੱਖ ਖੁਲਾਈਆ । ਕਿਸੇ ਧਾਰ ਰਹਿਣ ਨਾ ਦੇਣੀ ਬੱਗੀ, ਕਾਲਖ ਟਿੱਕੇ ਦੇਣੇ ਲਗਾਈਆ । ਤੇਰੇ ਬਿਨਾ ਕੋਈ ਕਰ ਨਹੀਂ ਸਕਦਾ ਬਦੀ, ਬਦੋ ਬਦੀ ਸਭ ਦੇ ਲੇਖ ਦੇ ਬਦਲਾਈਆ । ਮੰਜ਼ਲ ਮਿਲੇ ਨਾ ਕਿਸੇ ਅਮਰਾਪਦੀ, ਹਕੀਕਤ ਹੱਥ ਕਿਸੇ ਨਾ ਆਈਆ । ਚਾਰੋਂ ਕੁੰਟ ਅੱਗ ਹੋਵੇ ਲੱਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਹੁਕਮ ਸੰਦੇਸ਼ਾ ਸੁਣ ਲੈ ਯਦੀ, ਯਦਪ ਦਿਆਂ ਦ੍ਰਿੜਾਈਆ । ਜੋ ਕਬੀਰ ਇਸ਼ਾਰਾ ਕੀਤਾ ਬੁਣਦਿਆਂ ਖੱਡੀ, ਲੱਤਾਂ ਖੱਡੇ ਵਿਚ ਪਾਈਆ । ਸਭ ਨੇ ਲੇਖਾ ਦੇਣਾ ਜਿਨ੍ਹਾਂ ਖਾਧੀ ਮੱਛੀ ਡੱਡੀ, ਡੰਡਾਵਤ ਸਭ ਦੀ ਦਏ ਬਦਲਾਈਆ । ਰਾਏ ਧਰਮ ਕਿਸੇ ਦੀ ਕਬੂਲ ਕਰੇ ਕੋਇ ਨਾ ਵੱਢੀ, ਰਿਸ਼ਵਤ ਹੱਥ ਨਾ ਕੋਇ ਰਖਾਈਆ । ਘਰ ਘਰਾਨੇ ਸਭ ਨੇ ਜਾਣੇ ਛਡੀ, ਭੱਜਣ ਵਾਹੋ ਦਾਹੀਆ । ਮਾਇਆ ਰਾਣੀ ਅੰਤ ਰਹਿਣੀ ਦੱਬੀ, ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੂਰਾ ਸਰਬਗੀ, ਸੂਰਬੀਰ ਹੁਕਮ ਵਰਤਾਈਆ ।

## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਦੇਵਾ ਸਿੰਘ ਦੇ ਗ੍ਰਿਹਿ

ਧਰਨੀ ਕਹੇ ਧਰਮ ਧਰਮ ਧਰਮ ਦਾ ਗਾਈਏ ਗਾਉਣ, ਗੀਤ ਗੋਬਿੰਦ ਅਲਾਈਆ । ਜਿਸ ਨੂੰ ਸਿਮਰਦੇ ਪਾਣੀ ਪੌਣ, ਬਸੰਤਰ ਧਿਆਨ ਲਗਾਈਆ । ਜਿਸ ਖੇਲ ਖਿਲਾਇਆ ਰਾਮ ਰੌਣ, ਦਹਿਸਰ ਵੰਡ ਵੰਡਾਈਆ । ਜੋ ਕਾਹਨ ਕ੍ਰਿਸ਼ਨ ਆਇਆ ਨਚਾਉਣ, ਗੋਪੀਆਂ ਰਾਸ ਰਚਾਈਆ । ਜੋ ਪੈਗ਼ੰਬਰਾਂ ਕਲਮੇ ਆਇਆ ਪੜ੍ਹਾਉਣ, ਹਦੀਸਾਂ ਸਿਫ਼ਤ ਸਲਾਹੀਆ । ਜੋ ਸਤਿਨਾਮ ਆਇਆ ਦ੍ਰਿੜਾਉਣ, ਡੰਕਾ ਫ਼ਤਿਹ ਵਾਲਾ ਵਜਾਈਆ । ਉਸ ਦਾ ਭੇਵ ਜਾਣੇ ਕੌਣ, ਜਿਸ ਨੂੰ ਬੇਅੰਤ ਕਹਿ ਕੇ ਸਾਰੇ ਸੀਸ ਨਿਵਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਆਇਆ ਪ੍ਰਚਾਉਣ, ਪ੍ਰੇਮ ਪ੍ਰੀਤੀ ਰੰਗ ਰੰਗਾਈਆ । ਜੁਗ ਜਨਮ ਦੇ ਵਿਛੜੇ ਆਇਆ ਮਿਲਾਉਣ, ਮੇਲਾ ਕਰੇ ਹਰ ਘਟ ਥਾਈਂਆ । ਉਸ ਨੂੰ ਸੀਸ ਸਾਰੇ ਨਿਵਾਉਣ, ਵਿਸ਼ਨ ਬ੍ਰਹਮਾ ਸ਼ਿਵ ਲਾਗਣ ਪਾਈਆ । ਚਾਰ ਜੁਗ ਦੇ ਸ਼ਾਸਤਰ ਉਸੇ ਦੀ ਸਿਫ਼ਤ ਸਲਾਹੁਣ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਉਹ ਸੰਤ ਸੁਹੇਲੇ ਲਖ ਚੁਰਾਸੀ ਵਿਚੋਂ (ਆਇਆ) ਕਢਾਉਣ, ਬੰਧਨ ਕੂੜ ਵਾਲੇ ਤੁੜਾਈਆ । ਸਾਚਾ ਮਾਰਗ ਆਇਆ ਦਰਸਾਉਣ, ਦਰਸ ਆਪਣੇ ਨਾਲ ਤਰਾਈਆ । ਮਨ ਕਾ ਮਨਕਾ ਆਇਆ ਭਵਾਉਣ, ਮਨਸਾ ਕੂੜ ਰਹੇ ਨਾ ਰਾਈਆ । ਅਨਹਦ ਨਾਦੀ ਸ਼ਬਦ ਆਇਆ ਸੁਣਾਉਣ, ਧੁਨ ਆਤਮਕ ਰਾਗ ਦ੍ਰਿੜਾਈਆ । ਅੰਮ੍ਰਿਤ ਆਤਮ ਜਾਮ ਆਇਆ ਪਿਆਉਣ, ਝਿਰਨਾ ਨਿਝਰ ਆਪ ਝਿਰਾਈਆ । ਦੀਪਕ ਜੋਤੀ ਆਇਆ ਜਗਾਉਣ, ਤਨ ਮੰਦਰ ਕਰੇ ਰੁਸ਼ਨਾਈਆ । ਜੁਗ ਜਨਮ ਦੇ ਵਿਛੜੇ ਆਇਆ ਮਿਲਾਉਣ, ਸੁਰਤੀ ਸ਼ਬਦੀ ਮੇਲ ਮਿਲਾਈਆ । ਦਰਗਾਹ ਸਾਚੀ ਆਇਆ ਪਹੁੰਚਾਉਣ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਆਇਆ ਮਿਲਾਉਣ, ਜੋਤੀ ਜਾਤਾ ਧੁਰਦਰਗਾਹੀਆ । ਧਰਨੀ ਕਹੇ ਧਰਮ ਉਸੇ ਦੀ ਸਰਨ ਆਏ ਤਕਾਉਣ, ਆਦਿ ਜੁਗਾਦਿ ਓਟ ਰਖਾਈਆ । ਜੋ ਕਲਜੁਗ ਦਾ ਪੰਧ ਆਇਆ ਮੁਕਾਉਣ, ਮੁਕੰਮਲ ਆਪਣਾ ਹੁਕਮ ਵਰਤਾਈਆ । ਸਤਿਜੁਗ ਸਤਿ ਧਰਮ ਆਇਆ ਲਗਾਉਣ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੁਖ ਆਇਆ ਸਲਾਹੁਣ, ਸਿਫ਼ਤੀ ਸ਼ਬਦ ਨਾਮ ਵਡਿਆਈਆ ।



## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਬਿਸ਼ਨ ਸਿੰਘ ਦੇ ਗ੍ਰਿਹਿ

ਧਰਮ ਕਹੇ ਧਰਨੀ ਸੁਣ ਲੈ ਮੇਰੀ ਬੋਲੀ, ਬਿਨਾ ਜ਼ਬਾਨ ਤੋਂ ਦਿਆਂ ਸੁਣਾਈਆ । ਸਾਚੇ ਸਾਹਿਬ ਦੀ ਬਣ ਜਾ ਗੋਲੀ, ਸੇਵਕ ਹੋ ਕੇ ਸੇਵ ਕਮਾਈਆ । ਕਲਜੁਗ ਲੇਖਾ ਵੇਖ ਮੂਲ ਨਾ ਡੋਲੀਂ, ਧਿਆਨ ਅਨਡੋਲਤ ਦਾ ਇਕ ਰਖਾਈਆ । ਬਹੁੜੀ ਬਹੁੜੀ ਕਰ ਪਾਈਂ ਨਾ ਰੌਲੀ, ਹਾਹਾਕਾਰ ਵਿਚ ਕੁਰਲਾਈਆ । ਭਾਵੇਂ ਤੇਰੇ ਤੇ ਪਵਿਤ੍ਰ ਸਮੁੰਦ ਸਾਗਰ ਤਟ ਕਿਨਾਰੇ ਰਹੀ ਕੋਈ ਨਾ ਬੌਲੀ, ਅੰਮ੍ਰਿਤ ਨਜ਼ਰ ਕੋਇ ਨਾ ਆਈਆ । ਤੂੰ ਛੇਤੀ ਕਾਹਲੀ ਕਰੀਂ ਨਾ ਤੌਲੀ, ਧੀਰਜ ਧੀਰ ਲੈਣੀ ਧਰਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੇ ਇਕਰਾਰ ਵੇਖੀ ਕੌਲੀ, ਜੋ ਲੇਖੇ ਗਏ ਬਣਾਈਆ । ਤੂੰ ਪ੍ਰੇਮ ਪਿਆਰ ਵਿਚ ਧਰਮ ਦਾ ਰੰਗ ਤੰਦ ਬੱਧੀ ਮੌਲੀ, ਓਟ ਮੌਲਾ ਉਤੇ ਰਖਾਈਆ । ਜੋ ਸਚ ਦਵਾਰਾ ਰਿਹਾ ਖੋਲੀ, ਮਾਰਗ ਇਕੋ ਇਕ

੬੬੪
੨੩

ਪ੍ਰਗਟਾਈਆ । ਉਸ ਸਵਾਮੀ ਸਾਹਿਬ ਨੂੰ ਟੋਹ ਲੀਂ, ਖੋਜਣਾ ਚਾਈਂ ਚਾਈਆ । ਓਹਦਾ ਨਗਾਰਾ ਸ਼ਬਦ ਅਗੰਮਾ ਢੋਲੀ, ਜਗਤ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਧਰਮ ਮੈਂ ਉਸੇ ਦੀ ਦਾਸੀ, ਦਾਸੀ ਦਾਸ ਦਾਸ ਅਖਵਾਈਆ । ਉਸੇ ਦੇ ਮਿਲਣ ਦੀ ਰਖੀ ਆਸ਼ੀ, ਆਸ਼ਾ ਵਿਚ ਧਿਆਨ ਲਗਾਈਆ । ਮੈਂ ਤੱਕੇ ਮੰਡਲ ਰਾਸੀ, ਮੰਡਪਾਂ ਖੋਜ ਖੁਜਾਈਆ । ਨਿਗਾਹ ਮਾਰੀ ਆਕਾਸ਼ੀ, ਆਕਾਸ਼ ਆਕਾਸ਼ਾਂ ਧਿਆਨ ਲਗਾਈਆ । ਮੈਨੂੰ ਦਿਸੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜੋ ਹਰ ਘਟ ਅੰਦਰ ਰਖੇ ਵਾਸੀ, ਵਾਸਤਾ ਆਪਣੇ ਨਾਲ ਜੁੜਾਈਆ । ਮੈਂ ਓਸੇ ਦੀ ਮੰਨਾ ਆਖੀ, ਜੋ ਬਿਨ ਅੱਖਰਾਂ ਦਏ ਸਮਝਾਈਆ । ਚਰਨ ਕਵਲ ਕਦੇ ਕਰਾਂ ਨਾ ਗੁਸਤਾਖ਼ੀ, ਸਦ ਨਿਵ ਨਿਵ ਸੀਸ ਝੁਕਾਈਆ । ਉਹਦੀ ਜੁਗ ਚੌਕੜੀ ਖੇਲ ਸਾਚੀ, ਸਤਿਜੁਗ ਤਰੇਤਾ ਦੁਆਪਰ ਵੇਖ ਵਖਾਈਆ । ਉਹ ਕਲਜੁਗ ਮੇਟੇ ਅੰਧੇਰੀ ਰਾਤੀ, ਰੁਤੜੀ ਆਪਣਾ ਨਾਮ ਮਹਿਕਾਈਆ । ਜਨ ਭਗਤਾਂ ਨਾਮ ਭੰਡਾਰਾ ਦੇਵੇ ਦਾਤੀ, ਅਨਮੁੱਲੜੀ ਦਾਤ ਆਪ ਵਰਤਾਈਆ । ਦੇਵੇ ਦਰਸ ਇਕ ਇਕਾਂਤੀ, ਇਕ ਇਕੱਲਾ ਧੁਰ ਦਾ ਮਾਹੀਆ । ਜਿਸ ਦਾ ਖੇਲ ਬਹੁ ਬਿਧ ਭਾਂਤੀ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਮੈਂ ਓਸੇ ਦੇ ਚਰਨ ਧੂੜ ਨਹਾਤੀ, ਪਾਪਾਂ ਮੈਲ ਧਵਾਈਆ । ਉਹ ਸਵਾਮੀ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਤੇਰੀ ਕਰਨੀ ਬੰਦ ਖ਼ਲਾਸੀ, ਬੰਧਨ ਕਲਜੁਗ ਨਾਲੋਂ ਤੁੜਾਈਆ । ਉਹ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਹਰਿ ਕਰਤਾ ਇਕ ਅਖਵਾਈਆ । ਜੋ ਲੇਖਾ ਜਾਣੇ ਸ਼ੰਕਰ ਕੈਲਾਸ਼ੀ, ਬ੍ਰਹਮ ਵੇਤਾ ਬ੍ਰਹਮ ਭੇਵ ਖੁਲਾਈਆ । ਵਿਸ਼ਨੂੰ ਵਿਸ਼ਵ ਦਾ ਜਾਣੇ ਸਾਥੀ, ਸਗਲਾ ਸੰਗ ਦ੍ਰਿੜਾਈਆ । ਮੈਂ ਉਸੇ ਦੇ ਚਰਨਾਂ ਢਾਠੀ, ਨਿਵ ਨਿਵ ਸੀਸ ਨਿਵਾਈਆ । ਜਿਸ ਭੇਵ ਚੁਕਾਉਣਾ ਕਾਇਆ ਮਾਟੀ, ਮਟਕੇ ਸਭ ਦੇ ਫੋਲ ਫੁਲਾਈਆ । ਕੂੜੀ ਕਿਰਿਆ ਮੇਟਣੀ ਵਾਟੀ, ਵਟਣਾ ਸਤਿਨਾਮ ਚੜ੍ਹਾਈਆ । ਉਹਦਾ ਚਰਨ ਕਵਲ ਛੋਹੇ ਮੇਰੀ ਛਾਤੀ, ਜੰਬੂ ਦੀਪ ਦਏ ਗਵਾਹੀਆ । ਮੈਂ ਹੋਣਾ ਵੱਡੀ ਵਡ ਪਰਤਾਪੀ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਮੇਰੇ ਉਤੋਂ ਮੇਟਣੇ ਪਾਪੀ, ਜੋ ਪ੍ਰਭ ਨੂੰ ਗਏ ਭੁਲਾਈਆ । ਮੇਰੇ ਧਰਮ ਦੀ ਧਾਰ ਬਣਨੇ ਸਾਥੀ, ਜੋ ਭਗਤ ਸੁਹੇਲੇ ਸੋਹੰ ਢੋਲਾ ਗਾਈਆ । ਉਹਦਾ ਲਹਿਣਾ ਦੇਣਾ ਪੂਰਾ ਕਰੇ ਨਾ ਕੋਈ ਕਲਮ ਦਵਾਤੀ, ਕਾਗ਼ਜ਼ਾਂ ਚਲੇ ਨਾ ਕੋਇ ਚਤੁਰਾਈਆ । ਉਹ ਨੂਰ ਨੁਰਾਨਾ ਨੌਜਵਾਨਾ ਜਿਸ ਦੀ ਵੱਖਰੀ ਜ਼ਾਤੀ, ਜ਼ਾਤ ਅਜ਼ਾਤੀ ਪੰਧ ਮੁਕਾਈਆ । ਉਸ ਦਾ ਕਲਮਾ ਨਾਮ ਸਫ਼ਾਤੀ, ਧੁਰ ਫ਼ਰਮਾਨਾ ਅਗੰਮ ਅਥਾਹੀਆ । ਮੈਂ ਉਸੇ ਦੇ ਚਰਨਾਂ ਲਾਗੀ, ਜੋ ਚਰਨੋਦਕ ਦੇਵੇ ਚਾਈਂ ਚਾਈਆ । ਮੈਂ ਸੋਈ ਸੁੱਤੀ ਜਾਗੀ, ਮੇਰੇ ਅੰਤਸ਼ਕਰਨ ਲਈ ਅੰਗੜਾਈਆ । ਮੈਂ ਹੋਈ ਵਡ ਵਡਭਾਗੀ, ਭਾਗਾਂ ਭਰੀ ਖ਼ੁਸ਼ੀ ਬਣਾਈਆ । ਮੇਰੀ ਜ਼ਿੰਦਗੀ ਹੋਈ ਸਾਦੀ, ਜਗਤ ਪਖੰਡ ਨਾ ਨਾਲ ਮਿਲਾਈਆ । ਮੈਨੂੰ ਮਿਲਿਆ ਪੁਰਖ ਆਦੀ, ਅਪਰੰਪਰ ਕਰਤਾ ਧੁਰਦਰਗਾਹੀਆ । ਜਿਸ ਦਾ ਨਾਮ ਕਲਮਾ ਨਾਦੀ, ਇਕੋ ਧੁਨ ਕਰੇ ਸ਼ਨਵਾਈਆ । ਹੁਣ ਧਰਮ ਜੀ ਤੈਨੂੰ ਚਿੰਤਾ ਕਾਹਦੀ, ਧਰਨੀ ਖ਼ੁਸ਼ੀਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਖੇਲ ਅਗੰਮ ਅਥਾਹ ਦੀ, ਬੇਪ੍ਰਵਾਹ ਆਪਣਾ ਹੁਕਮ ਵਰਤਾਈਆ ।



੬੬੫
੨੩

### ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਚੂੜ ਸਿੰਘ ਦੇ ਗ੍ਰਿਹਿ

ਧਰਮ ਕਹੇ ਧਰਨੀ ਕਰੀਂ ਮੂਲ ਨਾ ਚਿੰਦ, ਚਿੰਤਾ ਨਜ਼ਰ ਕੋਇ ਨਾ ਆਈਆ । ਤੇਰਾ ਸਵਾਮੀ ਇਕ ਮਰਗਿੰਦ, ਗਹਿਰ ਗੰਭੀਰ ਵਡ ਵਡਿਆਈਆ । ਦਾਤਾ ਦਾਨੀ ਗੁਣੀ ਗਹਿੰਦ, ਬੇਪ੍ਰਵਾਹ ਅਖਵਾਈਆ । ਜਿਸ ਦਾ ਖੇਲ ਅਗੰਮਾ ਸਿੰਧ, ਧੁਰ ਦੇ ਵਹਿਣ ਵਹਾਈਆ । ਉਹ ਪ੍ਰਗਟ ਹੋਵੇ ਵਿਚ ਹਿੰਦ, ਤੇਰੀ ਧਰਨੀ ਧਰਤ ਧਵਲ ਸੁਹਾਈਆ । ਜਿਸ ਪੂਜਾ ਮਿਟਾਉਣੀ ਪਾਹਨ ਲਿੰਗ, ਨੂਰ ਜ਼ਹੂਰ ਕਰ ਰੁਸ਼ਨਾਈਆ । ਭਾਗ ਲਗਾਉਣਾ ਜੀਓ ਪਿੰਡ, ਬ੍ਰਹਿਮੰਡ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਮ ਕਹੇ ਧਰਨੀ ਤੈਨੂੰ ਕਾਹਦਾ ਫ਼ਿਕਰ, ਫ਼ਿਕਰਾ ਸੁਣ ਧੁਰ ਦੇ ਮਾਹੀਆ । ਜਿਸ ਦਾ ਸਾਰਿਆਂ ਕੀਤਾ ਜ਼ਿਕਰ, ਜ਼ਕਰਿਆ ਆਪਣਾ ਜਿਗਰ ਗਿਆ ਚਿਰਾਈਆ । ਉਹ ਨਿਰਗੁਣ ਧਾਰ ਆਇਆ ਨਿਕਲ, ਜੋਤੀ ਜਾਤਾ ਡਗਮਗਾਈਆ । ਜਿਸ ਦੀ ਕਿਸੇ ਨਾਲ ਨਾ ਮਿਲੇ ਸ਼ਕਲ, ਨੁਹਾਰ ਸਮਝ ਕੋਇ ਨਾ ਪਾਈਆ । ਉਹਨੇ ਖੇਲ ਕਰਨਾ ਪਰੇ ਬੁੱਧੀ ਅਕਲ, ਆਕਲਾਂ ਚਲੇ ਨਾ ਕੋਇ ਚਤੁਰਾਈਆ । ਉਹ ਹੁਕਮ ਸੰਦੇਸ਼ਾ ਦੇਵੇ ਕਲਜੁਗ ਮੁਤੱਲਿਕ, ਮੁਤਲਾ ਸਭ ਨੂੰ ਰਿਹਾ ਕਰਾਈਆ । ਉਹ ਮਾਲਕ ਖ਼ਾਲਕ ਖ਼ਲਕ, ਮਖ਼ਲੂਕ ਖੋਜ ਖੁਜਾਈਆ । ਜਿਸ ਦਾ ਭਗਤਾਂ ਨਾਲ ਤੁਅੱਲਕ, ਨਾਤਾ ਤੋੜੇ ਕੂੜ ਲੋਕਾਈਆ । ਉਸ ਦਾ ਨੂਰ ਉਤੇ ਫ਼ਲਕ, ਅਸਮਾਨਾਂ ਕਰੇ ਰੁਸ਼ਨਾਈਆ । ਧਰਨੀ ਉਤੇ ਤੱਕ ਲੈ ਝਲਕ, ਝੱਲੀਏ ਤੈਨੂੰ ਦਿਆਂ ਸਮਝਾਈਆ । ਉਸ ਦੇ ਮਸਤਕ ਨਹੀਂ ਕੋਈ ਤਿਲਕ, ਬਹਰੂਪੀ ਰੂਪ ਨਾ ਕੋਇ ਸਮਝਾਈਆ । ਉਹ ਸ਼ਬਦੀ ਧਾਰ ਕਰੇ ਦੋ ਜਹਾਨਾਂ ਇੱਲਤ, ਆਲਮਾਂ ਇਲਮ ਦਏ ਭੁਲਾਈਆ । ਉਸ ਦਾ ਸਭ ਤੋਂ ਵੱਡਾ ਖ਼ਿੱਲਤ, ਖਿਲਾ ਵਿਚ ਆਪਣਾ ਖੇਲ ਖਿਲਾਈਆ । ਜਗਤ ਖ਼ੁਆਰੀ ਕਰੇ ਜ਼ਿੱਲਤ, ਸ਼ਾਨ ਨਜ਼ਰ ਕੋਇ ਨਾ ਆਈਆ । ਉਠ ਓਸ ਦੇ ਅਗੇ ਕਰ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਉਹ ਆ ਗਿਆ ਭਗਤਾਂ ਦੀ ਸਿੰਮਤ, ਚੜ੍ਹਦਾ ਲਹਿੰਦਾ ਦੱਖਣ ਪਹਾੜ ਚਾਰੇ ਕੁੰਟ ਵੇਖ ਵਖਾਈਆ । ਕੁਛ ਆਪਣੀ ਕਰ ਲੈ ਹਿੰਮਤ, ਹੌਸਲਾ ਲੈ ਬਣਾਈਆ । ਤੇਰੀ ਮੇਟ ਕੇ ਜਾਏ ਚਿੰਨਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਭੇਵ ਰਹੇ ਨਾ ਕੋਇ ਰਿੰਚਕ, ਰੰਜੋ ਗ਼ਮ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਧਰਮ ਕਹੇ ਧਰਨੀ ਝੁਕ ਇਕ ਪ੍ਰਭੂ ਦੇ ਦਰ, ਦਰ ਠਾਂਡੇ ਮਿਲੇ ਵਡਿਆਈਆ । ਕੁਛ ਮੰਗ ਲੈ ਆਪਣਾ ਵਰ, ਵਰ ਦਾਤਾ ਝੋਲੀ ਪਾਈਆ । ਰੂਪ ਤੱਕ ਨਰਾਇਣ ਨਰ, ਨਰ ਹਰਿ ਧੁਰਦਰਗਾਹੀਆ । ਜੋ ਤੇਰੇ ਦਵਾਰੇ ਆਇਆ ਘਰ, ਘਰ ਘਰਾਨੇ ਵੇਖ ਵਖਾਈਆ । ਉਸ ਦੀ ਸਰਨ ਸਰਨਾਈ ਪੜ, ਨਿਵ ਨਿਵ ਸੀਸ ਝੁਕਾਈਆ । ਜਿਸ ਕਲਜੁਗ ਕੂੜੀ ਕਿਰਿਆ ਪੁਟਣੀ ਜੜ, ਲੋਕਮਾਤ ਰਹਿਣ ਨਾ ਪਾਈਆ । ਉਹ ਲੇਖਾ ਜਾਣੇ ਸੀਸ ਧੜ, ਲੱਖ ਚੁਰਾਸੀ ਵੇਖ ਵਖਾਈਆ । ਸਾਚੀ ਮੰਜ਼ਲ ਬੈਠਾ ਚੜ੍ਹ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਤੇਰਾ ਚੁਕਾਵੇ ਭੈ ਡਰ, ਭਾਓ ਸਿਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸੁਹੰਜਣਾ ਕਰੇ ਗ੍ਰਿਹਿ ਘਰ, ਘਰਾਨਾ ਨਵ ਸੱਤ ਵਸਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਕਲਾ ਜ਼ਿਲਾ ਜੰਮੂ ਬਚਨ ਲਾਲ ਧਰਮੋ ਦੇਵੀ ਦੇ ਗ੍ਰਿਹ ✪

ਧਰਮ ਕਹੇ ਧਰਨੀ ਪ੍ਰਭੂ ਦਾ ਖੇਲ ਵੇਖ ਲੈ ਸਚ, ਸਤਿ ਸਤਿ ਰਿਹਾ ਦ੍ਰਿੜਾਈਆ । ਤੇਰੇ ਲੇਖੇ ਲਾਏ ਰਤੀ ਰੱਤ, ਰਤਨ ਅਮੋਲਕ ਤੈਨੂੰ ਦਏ ਬਣਾਈਆ । ਤੂੰ ਖ਼ੁਸ਼ੀਆਂ ਦੇ ਵਿਚ ਨੱਚ, ਬਿਨਾ ਪੈਰ ਪੈਰ ਬਦਲਾਈਆ । ਤੇਰੇ ਉਤੇ ਗਿਆ ਰਚ, ਰਚਨਾ ਆਪਣੀ ਦਏ ਵਖਾਈਆ । ਕੂੜ ਸ੍ਰਿਸ਼ਟੀ ਜਾਏ ਮੱਚ, ਆਤਸ਼ ਹੁਕਮ ਵਾਲੀ ਲਗਾਈਆ । ਲੇਖੇ ਜਾਣੇ ਭਾਂਡੇ ਕੱਚ, ਤਤਾਂ ਫੋਲ ਫੁਲਾਈਆ । ਤੂੰ ਇਕੋ ਸੁਣਨੀ ਸਾਚੀ ਮਤ, ਮਤ ਮਤਾਂਤਰ ਡੇਰਾ ਢਾਹੀਆ । ਹੁਕਮ ਮੰਨਣਾ ਕਮਲਾਪਤ, ਜੋ ਪਤਿਪਰਮੇਸ਼ਵਰ ਆਪ ਸੁਣਾਈਆ । ਸਭ ਕੁਛ ਉਸੇ ਦੇ ਵਸ, ਕਰਨਹਾਰ ਗੁਸਾਈਂਆ । ਜੋ ਨਿਰਗੁਣ ਧਾਰੋਂ ਆਇਆ ਨੱਸ, ਜੋਤੀ ਜਾਤਾ ਬੇਪਰਵਾਹੀਆ । ਉਹ ਦੇਵੇ ਨਾਮ ਨਿਧਾਨਾ ਰਸ, ਅਨਰਸੀਆ ਆਪ ਚਖਾਈਆ । ਤੇਰੀ ਮੇਟੇ ਰੈਣ ਅੰਧੇਰੀ ਮਸ, ਕਲਜੁਗ ਕੂੜ ਗਵਾਈਆ । ਦਰਸ਼ਨ ਕਰ ਲੈ ਖੋਲ ਕੇ ਅੱਖ, ਨੇਤਰ ਲੋਚਨ ਨੈਣ ਅੱਖ ਖੁਲਾਈਆ । ਚਰਨ ਕਵਲ ਸਰਨ ਸਰਨਾਈ ਜਾ ਢੱਠ, ਮਿੱਟੀ ਖ਼ਾਕ ਖ਼ਾਕ ਰਮਾਈਆ । ਸਿਫ਼ਤ ਗਾ ਬਣ ਕੇ ਭੱਟ, ਢੋਲੇ ਰਾਗਾਂ ਨਾਦਾਂ ਵਿਚ ਸੁਣਾਈਆ । ਤੂੰ ਨਿਗਾਹ ਮਾਰ ਲੈ ਝਟ, ਚਾਰ ਕੁੰਟ ਵੇਖ ਵਖਾਈਆ । ਪੁਰਖ ਅਕਾਲਾ ਦੀਨ ਦਿਆਲਾ ਹੋਇਆ ਪ੍ਰਗਟ, ਜਿਸ ਦੀ ਯਾਦ ਵਿਚ ਸਾਰੇ ਰਾਹ ਤਕਾਈਆ । ਉਹ ਭਗਤਾਂ ਦੇ ਘਾਟ ਬੈਠਾ ਤਟ, ਪੱਤਣ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਮ ਆਪ ਕਮਾਈਆ । ਧਰਮ ਕਹੇ ਧਰਨੀ ਉਸ ਦਾ ਕਰ ਲੈ ਪੂਜਨ, ਪੂਜਣਯੋਗ ਜੋ ਅਖਵਾਈਆ । ਭੇਵ ਛਡ ਦੇ ਦੁਤੀਆ ਦੂਜਨ, ਏਕਾ ਰੰਗ ਜਾ ਸਮਾਈਆ । ਜਿਸ ਦੇ ਉਤੋਂ ਗੁਰ ਅਵਤਾਰ ਪੈਗ਼ੰਬਰ ਝੂਜਣ, ਬਲੀ ਦਾਨ ਆਪਣਾ ਆਪ ਕਰਾਈਆ । ਉਹ ਸਵਾਮੀ ਨੈਣ ਮੂਧਨ, ਨੈਣ ਕਵਲ ਆਪ ਅਖਵਾਈਆ । ਜਿਸ ਨੂੰ ਜਗਤ ਵਿਦਿਆ ਵਾਲੇ ਮੂਲ ਨਾ ਬੂਝਣ, ਸਮਝ ਕਿਸੇ ਨਾ ਆਈਆ । ਉਹ ਸ਼ਬਦੀ ਧਾਰ ਫਿਰੇ ਚਾਰੇ ਕੂਟਨ, ਕਾਇਆ ਕੁਟੀਆ ਫੋਲ ਫੁਲਾਈਆ । ਭਗਤ ਸੁਹੇਲੇ ਧੁਰ ਦੇ ਵੇਖੇ ਬੂਟਨ, ਫਲ ਫੁਲਵਾੜੀ ਧਿਆਨ ਲਗਾਈਆ । ਜੋ ਨਾਮ ਝੂਲਾ ਝੂਟਣ, ਦੋ ਜਹਾਨ ਜਣਾਈਆ । ਧਰਨੀ ਤੇਰੇ ਖ਼ਾਲੀ ਭਰੇ ਠੂਠਣ, ਵਸਤ ਅਗੰਮ ਵਰਤਾਈਆ । ਤੇਰੀ ਕੂੜੀ ਕਿਰਿਆ ਲੱਗੀ ਚੂਕਣ, ਲੇਖਾ ਨਾਤਾ ਕੂੜਾ ਦੇ ਮਿਟਾਈਆ । ਮਾਇਆ ਮਮਤਾ ਆਇਆ ਫੂਕਣ, ਫੂੰਕਾਰਾ ਇਕੋ ਨਾਮ ਲਗਾਈਆ । ਭਾਗ ਲਗਾਏ ਪੰਜ ਤਤ ਭੂਤਨ, ਤਤਵ ਤਤ ਸਮਾਈਆ । ਤੀਰ ਅਣਿਆਲਾ ਲੱਗਾ ਛੂਟਣ, ਚਿੱਲਾ ਕਮਾਨ ਦਏ ਗਵਾਹੀਆ । ਕਲਜੁਗ ਕੂੜਾ ਕੁੰਬ ਲੱਗਾ ਫੂਟਣ, ਆਪਣਾ ਆਪ ਲਏ ਤੁੜਾਈਆ । ਤਾਰਾ ਚੰਦ ਨਿਸ਼ਾਨ ਲੱਗਾ ਟੂਟਣ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਧਰਨੀ ਤੈਨੂੰ ਲੱਗੇ ਕੋਈ ਨਾ ਦੂਸ਼ਨ, ਦੁਸ਼ਮਣ ਨਜ਼ਰ ਕੋਇ ਨਾ ਆਈਆ । ਤੂੰ ਆਪਣੇ ਬਦਲ ਲੈਣੇ ਬਸਤਰ ਭੂਸ਼ਨ, ਅੰਗੀ ਅੰਗ ਸੁਹਾਈਆ । ਇਸ਼ਾਰਾ ਕਰਦੇ ਈਸਾ ਮੂਸਨ, ਮੁਹੰਮਦ ਦੇ ਜਣਾਈਆ । ਅਵਤਾਰ ਗੁਰੂ ਗੁਰਦੇਵ ਵੇਖਣ ਤੇਰੀ ਰੂਤਨ, ਰੁਤੜੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਜਾਣੇ ਚਾਰ ਕੂਟਣ, ਦਹਿ ਦਿਸ਼ਾ ਵੇਖ ਵਖਾਈਆ ।

੬੬੭
੨੩

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਦੇਵਾ ਸਿੰਘ ਦੇ ਗ੍ਰਿਹ ✪

ਧਰਮ ਕਹੇ ਧਰਨੀ ਆਪਣੀ ਪੂਰੀ ਕਰ ਲੈ ਸੱਧਰ, ਪ੍ਰਭ ਸਦਮੇ ਰਿਹਾ ਮਿਟਾਈਆ । ਤੇਰਾ ਕੋਝੀ ਕਮਲੀ ਦਾ ਕਰੇ ਕਦਰ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਜਿਸ ਕੂੜੀ ਕਿਰਿਆ ਕਰਨੀ ਪੱਧਰ, ਯਕਸਾਂ ਕਰੇ ਲੋਕਾਈਆ । ਨੌ ਖੰਡ ਪ੍ਰਿਥਮੀ ਵੇਖ ਕੇ ਗਦਰ, ਗਦਾਗਰਾਂ ਕਰੇ ਸਫ਼ਾਈਆ । ਤੂੰ ਆਪਣੀ ਧਾਰ ਵੇਖ ਲੈ ਚਿੱਟੀ ਚਾਦਰ, ਓਢਣ ਸੀਸ ਟਿਕਾਈਆ । ਤੇਰਾ ਕਰਮ ਆਇਆ ਸਾਧਣ, ਸਿਰ ਤੇਰੇ ਹੱਥ ਟਿਕਾਈਆ । ਜਿਸ ਨੂੰ ਚਾਰ ਜੁਗ ਦੇ ਜੋਗੀ ਜੁਗੀਸ਼ਰ ਅਰਾਧਣ, ਮੁਨੀ ਧਿਆਨ ਲਗਾਈਆ । ਉਹ ਸ਼ਬਦੀ ਨਾਦ ਸੁਣਾ ਕੇ ਆਵਾਜ਼ਣ, ਸੁੱਤਿਆਂ ਲਏ ਉਠਾਈਆ । ਉਹ ਤਕ ਜਿਸ ਦੇ ਭਗਤ ਸੁਹੇਲੇ ਜਾਗਣ, ਨੇਤਰ ਅੱਖ ਖੁਲਾਈਆ । ਗ੍ਰਿਹਿ ਦੀਪਕ ਜੋ ਜਗੇ ਚਰਾਗ਼ਣ, ਨੂਰ ਨੂਰ ਰੁਸ਼ਨਾਈਆ । ਤੇਰੇ ਹੋਏਂ ਵਡ ਵਡਭਾਗਣ, ਭਾਗ ਭਰੀ ਅਖਵਾਈਆ । ਤੇਰੇ ਧੋਵੇ ਕੂੜ ਦੇ ਦਾਗ਼ਣ, ਦੁਰਮਤ ਮੈਲ ਧਵਾਈਆ । ਸ਼ਾਹੋ ਭੂਪ ਬਣ ਕੇ ਰਾਜਨ, ਸ਼ਹਿਨਸ਼ਾਹ ਵੇਖ ਵਖਾਈਆ । ਤੇਰਾ ਆਪ ਸਵਾਰੇ ਕਾਜਣ, ਕਰਤਾ ਪੁਰਖ ਦਇਆ ਕਮਾਈਆ । ਜੋਤ ਪ੍ਰਕਾਸ਼ ਕਰੇ ਮਾਝਨ, ਸੰਬਲ ਬੈਠਾ ਰੁਤ ਸੁਹਾਈਆ । ਜਿਸ ਨੂੰ ਕਹਿਣ ਗ਼ਰੀਬ ਨਿਵਾਜਣ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਧੁਰ ਦਾ ਮੀਤਾ ਬਣ ਕੇ ਸਾਜਣ, ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸੁਣਾ ਕੇ ਨਾਦਨ, ਅਨਹਦ ਅਨਾਦੀ ਨਾਦੀ ਨਾਦ ਦਏ ਵਜਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਭਾਈਆਂ ਦੇਵੀ ਦੇ ਗ੍ਰਿਹ ✪

ਧਰਮ ਕਹੇ ਧਰਨੀ ਦਰ ਠਾਂਡੇ ਹੋ ਨਿਮਾਣੀ, ਮਤਹੀਣ ਅਖਵਾਈਆ । ਧੁਰ ਦਾ ਹੁਕਮ ਸੁਣ ਸ਼ਬਦ ਅਗੰਮੀ ਬਾਣੀ, ਜੋ ਬਾਣ ਅਣਿਆਲਾ ਤੀਰ ਚਲਾਈਆ । ਆਪਣਾ ਲੇਖਾ ਤੱਕ ਲੈ ਵੇਦ ਪੁਰਾਨੀ, ਸ਼ਾਸਤਰਾਂ ਨਾਲ ਰਲਾਈਆ । ਖੇਲ ਵੇਖ ਲੈ ਅੰਜੀਲ ਕੁਰਾਨੀ, ਜਗਤ ਕਾਅਬਿਆਂ ਧਿਆਨ ਲਗਾਈਆ । ਨੂਰ ਤੱਕ ਲੈ ਜਿਸਮ ਜਿਸਮਾਨੀ, ਘਰ ਘਰ ਅੱਖ ਉਠਾਈਆ । ਮੰਜ਼ਲ ਦਿਸੇ ਨਾ ਕੋਇ ਰੁਹਾਨੀ, ਰੂਹ ਬੁੱਤ ਰੋਵਣ ਮਾਰਨ ਧਾਹੀਆ । ਤੇਰੇ ਉਤੇ ਭੁਲ ਗਏ ਨਾਮ ਕਲਮੇ ਕਲਾਮੀ, ਕਾਇਨਾਤ ਰਹੀ ਕੁਰਲਾਈਆ । ਸ਼ਰਅ ਦੀ ਤੋੜੇ ਨਾ ਕੋਇ ਗ਼ੁਲਾਮੀ, ਗ਼ੁਰਬਤ ਸਕੇ ਨਾ ਕੋਇ ਮਿਟਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਜੋ ਲਹਿਣਾ ਦੇਣਾ ਜਾਣੇ ਤੇਰਾ ਅੱਠ ਸੱਠ ਤੀਰਥ ਪਾਣੀ, ਸਮੁੰਦ ਸਾਗਰ ਵੇਖ ਵਖਾਈਆ । ਉਹ ਗਹਿਰ ਗੰਭੀਰਾ ਬੇਨਜ਼ੀਰਾ ਬਣ ਕੇ ਆਇਆ ਦਾਨੀ, ਦੌਲਤ ਨਾਮ ਵਾਲੀ ਵਰਤਾਈਆ । ਤੂੰ ਬਣੀ ਨਾ ਰਹੀ ਨਾਦਾਨੀ, ਝੋਲੀ ਆਪਣੀ ਲੈਣੀ ਭਰਾਈਆ । ਆਪਣਾ ਲੇਖ ਮਸਤਕ ਬਣਾ ਲੈ ਪੇਸ਼ਾਨੀ, ਪੇਸ਼ੀਨਗੋਈਆਂ ਨਾਲ ਮਿਲਾਈਆ । ਤੇਰੇ ਉਤੇ ਝਗੜਾ ਰਹੇ ਨਾ ਕੋਇ ਜਿਸਮਾਨੀ, ਜਿਸਮ ਇਸਮ ਸਭ ਦਾ ਵੇਖ ਵਖਾਈਆ । ਧਰਨੀ ਤੈਨੂੰ ਦੇਣੀ ਨਾ ਪਏ ਕੋਇ ਕੁਰਬਾਨੀ, ਧੜ ਸੀਸ ਨਾ ਅੱਡ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮੰਜ਼ਲ ਕਰੇ ਆਸਾਨੀ, ਅਗੇ ਹੋ ਨਾ ਕੋਇ ਅਟਕਾਈਆ ।

## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਵੀਰੋ ਦੇਵੀ ਦੇ ਗ੍ਰਿਹ

ਧਰਮ ਕਹੇ ਧਰਨੀ ਵੇਖ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਕਲ ਪ੍ਰਗਟਾਈਆ । ਜੋ ਸਭ ਦੀਆਂ ਪੂਰੀਆਂ ਕਰੇ ਆਸ਼ਾ, ਜੁਗ ਚੌਕੜੀ ਪੂਰਬ ਧਿਆਨ ਲਗਾਈਆ । ਤੈਨੂੰ ਦੇਵੇ ਸਚ ਭਰਵਾਸਾ, ਧੀਰਜ ਧੀਰ ਨਾਲ ਰਖਾਈਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼ਾ, ਗਗਨ ਦਮਾਮੇ ਰਿਹਾ ਵਜਾਈਆ । ਉਹ ਨਿਰਗੁਣ ਨੂਰ ਜੋਤ ਪ੍ਰਕਾਸ਼ਾ, ਨੂਰ ਨੁਰਾਨਾ ਡਗਮਗਾਈਆ । ਸੰਬਲ ਕਰੇ ਵਾਸਾ, ਸਾਢੇ ਤਿੰਨ ਹੱਥ ਦਏ ਵਡਿਆਈਆ । ਕਲਜੁਗ ਭੇਵ ਖੋਲੇ ਖੁਲਾਸਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਵਿਚ ਫ਼ਰਕ ਰਹੇ ਨਾ ਤੋਲਾ ਮਾਸਾ, ਰਤੀਆਂ ਵੰਡ ਨਾ ਕੋਇ ਵੰਡਾਈਆ । ਉਹ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ਾ, ਕਲ ਆਪਣੀ ਕਲ ਵਰਤਾਈਆ । ਭਗਤ ਸੁਹੇਲਾ ਬਣ ਕੇ ਦਾਸੀ ਦਾਸਾ, ਫਿਰੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਧਰਮ ਕਹੇ ਧਰਨੀ ਉਹ ਦੇਵਣਹਾਰਾ ਦਾਨੀ, ਦਇਆਵਾਨ ਅਖਵਾਈਆ । ਜਿਸ ਦੀ ਜੁਗ ਜੁਗ ਖੇਲ ਮਹਾਨੀ, ਮਹਿੰਮਾ ਕਥ ਕਥ ਸਮਝਾਈਆ । ਉਹ ਸ਼ਾਹ ਪਾਤਸ਼ਾਹ ਧੁਰ ਦਾ ਸੁਲਤਾਨੀ, ਸੁਲਤਾਨ ਨੂਰ ਅਲਾਹੀਆ । ਉਹ ਸਭ ਦੀ ਲੇਖੇ ਲਾਉਣ ਵਾਲਾ ਕੁਰਬਾਨੀ, ਗੁਰ ਅਵਤਾਰ ਪੈਗ਼ੰਬਰਾਂ ਖੋਜ ਖੁਜਾਈਆ । ਤੇਰੇ ਉਤੇ ਕਰੇ ਆਪਣੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜਨ ਭਗਤ ਸੁਹੇਲੇ ਉਪਜਾ ਸੱਚੀ ਨਿਸ਼ਾਨੀ, ਨਿਸ਼ਾਨਾ ਧਰਮ ਵਾਲਾ ਝੁਲਾਈਆ । ਜਿਨ੍ਹਾਂ ਦੇ ਅੰਤਰ ਰਹੇ ਨਾ ਕੋਈ ਬੇਈਮਾਨੀ, ਕੂੜੀ ਕਿਰਿਆ ਬਾਹਰ ਕਢਾਈਆ । ਉਹ ਤੇਰਾ ਜਾਣ ਜਾਣੀ, ਦੇਵਣਹਾਰ ਅਖਵਾਈਆ । ਉਸ ਨੂੰ ਸਜਦਾ ਕਰੀਂ ਸਲਾਮੀ, ਨਿਵ ਨਿਵ ਲਾਗੀਂ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ ।



## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਪੂਰਨ ਸਿੰਘ ਦੇ ਗ੍ਰਿਹ

ਧਰਮ ਕਹੇ ਧਰਨੀ ਰਹੀਂ ਨਾ ਮੂਲ ਅਨਭੋਲ, ਸਵਾਧਾਨ ਦਿਆਂ ਕਰਾਈਆ । ਆਪਣੇ ਤੁਲੀਂ ਪੂਰੇ ਤੋਲ, ਕੰਡਾ ਤਰਾਜੂ ਨਾਮ ਵਾਲਾ ਵੇਖ ਵਖਾਈਆ । ਸਦੀ ਚੌਧਵੀਂ ਮੂਲ ਨਾ ਜਾਵੀਂ ਡੋਲ, ਅਨਡੋਲਤ ਦਇਆ ਕਮਾਈਆ । ਤੇਰੇ ਉਤੇ ਦੀਨਾਂ ਮਜ਼੍ਹਬਾਂ ਦਾ ਵੇਖੇ ਘੋਲ, ਕੁਸ਼ਤੀ ਨਾਲ ਪੁਸ਼ਤਾਂ ਦੇ ਕੁਸ਼ਤੇ ਦਏ ਲਗਾਈਆ । ਤੂੰ ਵੇਖਣਹਾਰਾ ਸਾਹਿਬ ਸਵਾਮੀ ਆਪਣੇ ਕੋਲ, ਨੇਰਨ ਨੇਰਾ ਪੰਧ ਮੁਕਾਈਆ । ਫੇਰ ਖ਼ੁਸ਼ੀ ਵਾਲਾ ਵਜਾਈਂ ਢੋਲ, ਡੰਕਾ ਨਾਮ ਵਜਾਈਆ । ਮਾਹੀ ਮਹਿਬੂਬ ਨੂੰ ਲਵੀਂ ਟੋਲ, ਘੁੰਗਟ ਪਰਦਾ ਮੁਖ ਉਠਾਈਆ । ਜਿਹੜਾ ਮਲੂਕ ਬੜਾ ਸੋਹਲ, ਨੂਰ ਜੋਤ ਰੁਸ਼ਨਾਈਆ । ਉਹ ਭਗਤ ਸੁਹੇਲਾ ਕਰੇ ਚੋਹਲ, ਚੋਲਾ ਆਪਣਾ ਲਿਆ ਬਦਲਾਈਆ । ਜਿਸ ਨੇ ਅੰਮ੍ਰਿਤ ਧਾਰ ਬਖ਼ਸ਼ੀ ਪਾਹੁਲ, ਖੰਡਾ ਖੜਗ ਖੜਕਾਈਆ । ਉਸਦਾ ਭੇਵ ਪਾਏ ਕੋਇ ਨਾ ਪੰਡਤ ਪਾਂਧਾ ਰੌਲ, ਵਿਦਿਆ ਸਾਰ ਨਾ ਆਈਆ । ਉਹ ਸੁਹੰਜਣੀ ਕਰੇ ਤੇਰੀ ਧੌਲ, ਧਰਨੀ ਦਏ ਵਡਿਆਈਆ । ਹਰ ਘਟ ਅੰਦਰ ਰਿਹਾ ਮੌਲ, ਮੌਲਾ ਆਪਣਾ ਭੇਵ ਖੁਲਾਈਆ । ਤੇਰੇ ਪੂਰੇ ਕਰੇ ਆਪਣੇ ਇਕਰਾਰ ਕੌਲ, ਅਭੁਲ ਭੁਲ ਵਿਚ

ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਦੇਵੇ ਖੋਲ ਭੰਡਾਰਾ ਇਕੋ ਨਾਮ ਵਰਤਾਈਆ ।

### ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਰਾਜਾ ਸਿੰਘ ਦੇ ਗ੍ਰਹਿ

ਧਰਮ ਕਹੇ ਧਰਨੀ ਲਾਹ ਲੈ ਆਪਣੀ ਸੰਗਾ, ਸੰਗਦਿਲ ਮਿਲ ਕੇ ਖ਼ੁਸ਼ੀ ਬਣਾਈਆ । ਤੇਰੇ ਉਤੇ ਆਸਾ ਰਖ ਕੇ ਬੈਠੀ ਸੁਰਸਤੀ ਜਮਨਾ ਗੰਗਾ, ਗੋਦਾਵਰੀ ਚਾਰੇ ਕੁੰਟ ਧਿਆਨ ਲਗਾਈਆ । ਕੌਣ ਵੇਲਾ ਸੁਣਿਆ ਸ਼ਬਦ ਮਰਦੰਗਾ, ਧੁਨ ਨਾਦੀ ਨਾਦ ਕਰੇ ਸ਼ਨਵਾਈਆ । ਸਚ ਦਵਾਰੇ ਮੰਜ਼ਲ ਆਵੇ ਲੰਘਾ, ਪਾਂਧੀ ਆਪਣਾ ਪੰਧ ਮੁਕਾਈਆ । ਆਤਮ ਸੇਜ ਸੁਹਾਏ ਪਲੰਘਾ, ਸਚ ਸਿੰਘਾਸਣ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਛੰਦਾ, ਗੀਤ ਸੁਹਾਗੀ ਕਰੇ ਪੜ੍ਹਾਈਆ । ਆਤਮ ਪਰਮਾਤਮ ਬਖ਼ਸ਼ ਅਨੰਦਾ, ਅਨੰਦ ਅਨੰਦ ਵਿਚੋਂ ਜਣਾਈਆ । ਨਿਸ਼ਾਨ ਮੇਟੇ ਤਾਰਾ ਚੰਦਾ, ਕੂੜੀ ਕਿਰਿਆ ਡੇਰਾ ਢਾਹੀਆ । ਉਸ ਦਾ ਸਫ਼ਰ ਰਿਹਾ ਨਾ ਲੰਬਾ, ਪਾਂਧੀ ਬੈਠਾ ਪੰਧ ਚੁਕਾਈਆ । ਉਸ ਦਾ ਖੇਲ ਹੋਣਾ ਅਰੰਭਾ, ਅਚਰਜ ਲੀਲਾ ਦਏ ਵਰਤਾਈਆ । ਉਹ ਭਗਤਾਂ ਟੁੱਟੀਆਂ ਪਾਵੇ ਗੰਢਾ, ਗੰਢਣਹਾਰ ਇਕ ਅਖਵਾਈਆ । ਧਰਨੀ ਤੇਰਾ ਸੀਨਾ ਰਖੇ ਠੰਡਾ, ਮਿਹਰ ਨਜ਼ਰ ਇਕ ਉਠਾਈਆ । ਕੂੜੀਆਂ ਰਹਿਣ ਨਾ ਦੇਵੇ ਵੰਡਾਂ, ਹੋਕਾ ਇਕੋ ਹਕ ਸੁਣਾਈਆ । ਕਲਜੁਗ ਕੂੜੀ ਕਿਰਿਆ ਤੱਕ ਲੈ ਕੰਢਾ, ਕੰਢੀ ਬੈਠਾ ਵੇਖ ਵਖਾਈਆ । ਜਿਸ ਦਾ ਸੱਤਰੰਗ ਦਾ ਡੰਡਾ, ਜੰਮੂ ਦੀ ਧਾਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਵੰਤ ਗੁਣੀ ਗਹਿੰਦਾ, ਗਹਿਰ ਗੰਭੀਰ ਬੇਪਰਵਾਹੀਆ ।

### ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਖੇਮ ਕੌਰ ਦੇ ਗ੍ਰਹਿ

ਧਰਮ ਕਹੇ ਧਰਨੀ ਵੇਖ ਲੈ ਪ੍ਰਭੂ ਸਹੀ ਸਲਾਮਤ, ਸਮੇਂ ਨਾਲ ਤੇਰਾ ਵਕਤ ਸੁਹਾਈਆ । ਤੈਨੂੰ ਦੇਵੇ ਪਿਆਰ ਨਿਆਮਤ, ਵਸਤ ਅਨਮੁੱਲ ਵਰਤਾਈਆ । ਤੂੰ ਖ਼ੁਸ਼ੀਆਂ ਨਾਲ ਤੱਕੀਂ ਮੁਹੰਮਦ ਵਾਲੀ ਕਿਆਮਤ, ਕਿਆਮਗਾਹ ਪੈਗ਼ੰਬਰਾਂ ਵੇਖ ਵਖਾਈਆ । ਜਿਸ ਸਾਂਭ ਕੇ ਰਖੀ ਲਾਸ਼ਾਂ ਵਾਲੀ ਅਮਾਨਤ, ਮਕਬਰੇ ਦੇਣ ਗਵਾਹੀਆ । ਕਿਤੇ ਬਣ ਨਾ ਜਾਈਂ ਅਣਜਾਣਤ, ਬਾਲੀ ਬੁਧ ਰਖਾਈਆ । ਫੇਰ ਖੇਲ ਤੱਕਣਾ ਆਪਣੇ ਉਤੇ ਮਾਨਸ, ਕੀ ਮਨੁੱਖਾਂ ਰੰਗ ਰੰਗਾਈਆ । ਇਹ ਸਭ ਤੋਂ ਅਨੋਖਾ ਵੱਖਰਾ ਵਰਤਾ ਚਾਨਸ, ਜਿਸ ਦਾ ਚਾਰਟ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਮ ਕਹੇ ਧਰਤੀ ਵੇਖੀ ਸਭ ਦੀ ਪੇਸ਼ੀਨਗੋਈ, ਪੇਸ਼ਤਰ ਦਿਆਂ ਜਣਾਈਆ । ਤੇਰੇ ਉਤੇ ਮੱਚਣੀ ਦਰੋਹੀ, ਦਰੋਹੀ ਕਰੇ ਲੋਕਾਈਆ । ਸਚ ਦਵਾਰੇ ਮਿਲੇ ਕਿਸੇ ਨਾ ਢੋਈ, ਸਿਰ ਹੱਥ ਨਾ ਕੋਇ ਰਖਾਈਆ । ਸਭ ਦੀ ਪਤ ਜਾਣੀ ਖੋਹੀ, ਓਢਣ ਨਜ਼ਰ ਕੋਇ ਨਾ ਆਈਆ । ਤੂੰ ਨੇਤਰ ਨੈਣ ਨੀਰ ਵਹਾ ਨਾ ਰੋਈ, ਹੰਝੂਆਂ ਹਾਰ ਬਣਾਈਆ ।



੬੭੦
੨੩

ਤੇਰੇ ਉਤੇ ਹਰਿ ਭਗਤ ਦਿਸਣਾ ਕੋਈ ਕੋਈ, ਕੋਟਾਂ ਵਿਚੋਂ ਨਜ਼ਰੀ ਆਈਆ । ਤੂੰ ਬੇਨੰਤੀ ਕਰ ਅਰਜ਼ੋਈ, ਖ਼ਾਹਿਸ਼ ਦੇ ਜਣਾਈਆ । ਮੇਰੀ ਕਿਸਮਤ ਉਠਾ ਸੋਈ, ਸੁੱਤੀ ਲੈ ਜਗਾਈਆ । ਅੰਮ੍ਰਿਤ ਧਾਰ ਦੇ ਚੋਈ, ਅੰਮਿਉਂ ਰਸ ਆਪ ਚਖਾਈਆ । ਮੈਂ ਹੋ ਜਾਣਾ ਨਵੀਂ ਨਰੋਈ, ਨਵ ਜੋਬਨ ਇਕ ਹੰਢਾਈਆ । ਤੇਰੇ ਪ੍ਰੇਮ ਵਿਚ ਜਾਣਾ ਪਰੋਈ, ਮੁਹੱਬਤ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਦਿਸੇ ਕੋਈ, ਦੂਸਰ ਓਟ ਨਾ ਕੋਇ ਤਕਾਈਆ ।

### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੋਈ ਕਲਾ ਜ਼ਿਲਾ ਜੰਮੂ ਸੰਤੋਖ ਸਿੰਘ ਦੇ ਗ੍ਰਿਹ ✪

ਧਰਮ ਕਹੇ ਧਰਨੀ ਮੇਰੀ ਮੁਰਦੀ ਕਰ ਦੇ ਲਾਸ਼, ਹਉਮੇ ਹੰਗਤਾ ਨਾ ਕੋਇ ਰਖਾਈਆ । ਫ਼ਿਕਰ ਪਾ ਦੇ ਸ਼ੰਕਰ ਉਤੇ ਕੈਲਾਸ਼, ਸਹਿੰਸਾ ਦੇ ਸਮਝਾਈਆ । ਉਠ ਕੇ ਕਰ ਆਣ ਤਲਾਸ਼, ਨੌ ਖੰਡ ਪ੍ਰਿਥਮੀ ਧਿਆਨ ਲਗਾਈਆ । ਜਿਨ੍ਹਾਂ ਦੀ ਸ੍ਰਿਸ਼ਟੀ ਮਨ ਕਲਪਣਾ ਹੋਈ ਬਦਮਾਸ਼, ਬਦੀ ਵਿਚ ਰੰਗ ਰੰਗਾਈਆ । ਉਨ੍ਹਾਂ ਦਾ ਅੰਦਰ ਵੇਖ ਸਵਾਸ, ਸਾਹ ਸਾਹ ਖੋਜ ਖੁਜਾਈਆ । ਕਿਉਂ ਪ੍ਰਭੂ ਤੋਂ ਉਡਿਆ ਵਿਸ਼ਵਾਸ, ਵਿਸ਼ਿਆਂ ਵਿਚ ਹਲਕਾਈਆ । ਬੁਧੀ ਹੋਈ ਫ਼ਾਹਸ਼, ਸਚ ਰੰਗ ਨਾ ਕੋਇ ਸਮਾਈਆ । ਕਾਇਆ ਮੰਡਲ ਪਏ ਕੋਇ ਨਾ ਰਾਸ, ਨਾਮ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਮਨਸਾ ਵੇਖ ਵਖਾਈਆ । ਧਰਮ ਕਹੇ ਧਰਨੀ ਪ੍ਰਭ ਦੇ ਅਗੇ ਪਾ ਦੇ ਵਾਸਤਾ, ਨਿਵ ਨਿਵ ਸੀਸ ਝੁਕਾਈਆ । ਦੀਨ ਦੁਨੀ ਦਾ ਮੇਰਾ ਬਦਲ ਦੇ ਰਾਸਤਾ, ਰਹਿਬਰ ਆਪਣਾ ਰੰਗ ਰੰਗਾਈਆ । ਅਗੇ ਭੇਵ ਖੁਲਾਇਆ ਅਵਤਾਰ ਪੈਗ਼ੰਬਰਾਂ ਗੁਰੂਆਂ ਬਣਾ ਬਰਾਸਤਾ, ਨਾਮ ਕਲਮਿਆਂ ਵਿਚ ਦ੍ਰਿੜਾਈਆ । ਹੁਣ ਖੇਲ ਕਰ ਦੇ ਆਪਣੇ ਆਤਮਾ ਪਰਮਾਤਮਾ ਰਾਸ ਦਾ, ਰੰਗ ਇਕੋ ਦੇ ਚੜ੍ਹਾਈਆ । ਝਗੜਾ ਮੁਕਾ ਦੇ ਵੱਡੀ ਛੋਟੀ ਕਲਾਸ ਦਾ, ਕਲ ਇਕੋ ਦੇ ਸਮਝਾਈਆ । ਲਹਿਣਾ ਦੇਣਾ ਪੂਰਾ ਕਰ ਦੇ ਸਵਾਸ ਗਰਾਸ ਦਾ, ਗ਼ਰੀਬਨਿਵਾਜ ਹੋ ਕੇ ਵੇਖ ਵਖਾਈਆ । ਨੂਰ ਦੇ ਦੇ ਆਪਣੇ ਜੋਤ ਪ੍ਰਕਾਸ਼ ਦਾ, ਅੰਧ ਅੰਧੇਰ ਮਿਟਾਈਆ । ਧਰਮ ਕਹੇ ਧਰਨੀ ਮੈਂ ਵੀ ਤੇਰੇ ਨਾਲ ਮਿਲ ਕੇ ਆਖਦਾ, ਸਿਫ਼ਤਾਂ ਨਾਲ ਸਲਾਹੀਆ । ਪ੍ਰਭੂ ਲਹਿਣਾ ਦੇਣਾ ਪੂਰਾ ਕਰ ਦੇ ਮਾਟੀ ਵਾਲੀ ਖ਼ਾਕ ਦਾ, ਖ਼ਾਲਸ ਆਪਣੇ ਰੰਗ ਰੰਗਾਈਆ । ਪਰਦਾ ਖੋਲ ਦੇ ਧਰਮ ਵਾਲੇ ਤਾਕ ਦਾ, ਧਰਮ ਧਰਨੀ ਦੋਵੇਂ (ਰਾਹ) ਤਕਾਈਆ । ਲੇਖਾ ਵੇਖ ਲੈ ਗੋਬਿੰਦ ਵਾਲੇ ਵਾਕ ਦਾ, ਵਾਕਫ਼ਕਾਰ ਅਗੰਮ ਅਥਾਹੀਆ । ਨਾਤਾ ਜੋੜ ਦੇ ਆਤਮ ਪਰਮਾਤਮ ਸਾਚੇ ਸਾਕ ਦਾ, ਸੱਜਣ ਇਕੋ ਇਕ ਅਖਵਾਈਆ । ਅੰਤ ਲੇਖਾ ਮੁਕ ਜਾਏ ਕਲਜੁਗ ਅੰਧੇਰੀ ਰਾਤ ਦਾ, ਸਤਿਜੁਗ ਸਚ ਚੰਦ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਜਗ ਆਖਦਾ, ਆਪਣੀ ਕਿਰਪਾ ਨਾਲ ਤਰਾਈਆ ।

## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਅਜੀਤ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀ ਤੱਕ ਅਗੰਮਾ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਸਵਾਮੀ ਹੋ ਕੇ ਹਾਜ਼ਰ ਹਜ਼ੂਰ, ਹਾਜਤ ਸਭ ਦੀ ਪੂਰ ਕਰਾਈਆ । ਜਿਸ ਨੂੰ ਸਾਰੇ ਕਹਿੰਦੇ ਦੂਰ, ਨੇਰਨ ਨੇਰਾ ਵੇਖਣਾ ਨੈਣ ਉਠਾਈਆ । ਉਹ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਜਿਸ ਦੇ ਚਾਰ ਜੁਗ ਦੇ ਸ਼ਾਸਤਰ ਬਣੇ ਮਜ਼ਦੂਰ, ਮਜ਼ਦੂਰੀ ਵਾਲੀ ਸਿਫ਼ਤ ਸਲਾਹੀਆ । ਉਹ ਤੇਰੇ ਉਤੇ ਕਲਜੁਗ ਨਾਤਾ ਤੋੜੇ ਕੂੜ, ਕੂੜੀ ਕਿਰਿਆ ਬਾਹਰ ਕਢਾਈਆ । ਸਾਚੀ ਬਖ਼ਸ਼ ਕੇ ਚਰਨ ਧੂੜ, ਟਿੱਕੇ ਦਏ ਰਮਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਆਤਮ ਪਰਮਾਤਮ ਪਰਦਾ ਦਏ ਚੁਕਾਈਆ । ਸਾਚਾ ਚਾੜ੍ਹ ਕੇ ਰੰਗ ਗੂੜ੍ਹ, ਦੁਰਮਤ ਮੈਲ ਧਵਾਈਆ । ਨਾਮ ਦਾ ਦੇ ਸਰੂਰ, ਖ਼ੁਮਾਰੀ ਇਕ ਰਖਾਈਆ । ਜੋ ਆਸਾ ਰਖੀ ਮੂਸਾ ਕੋਹਤੂਰ, ਸੋ ਤੇਰਾ ਲਹਿਣਾ ਝੋਲੀ ਪਾਈਆ । ਮੂਸਾ ਆਖ ਕੇ ਗਿਆ ਮਜਬੂਰ, ਮਜਬੂਰੀ ਵਿਚ ਸੁਣਾਈਆ । ਮੇਰਾ ਪਿਤਾ ਆਵੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਮੁਹੰਮਦ ਓਸੇ ਦੀ ਵਡਿਆਈ ਕਰ ਕੇ ਗਿਆ ਮਸ਼ਹੂਰ, ਅਮਾਮ ਅਮਾਮਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਮ ਕਹੇ ਧਰਨੀ ਉਹ ਤੱਕ ਅਗੰਮੀ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਨੇ ਖੇਲ ਖਿਲਾਇਆ ਰਾਮ ਸੀਤਾ, ਬਨਾਂ ਵਿਚ ਭਵਾਈਆ । ਜਿਸ ਨੇ ਕ੍ਰਿਸ਼ਨ ਕਾਹਨ ਜਣਾਇਆ ਗੀਤਾ, ਇਕ ਅੱਠ ਦਾ ਜੋੜ ਜੁੜਾਈਆ । ਜਿਸ ਪੈਗ਼ੰਬਰਾਂ ਦੱਸੀ ਹਦੀਸਾ, ਹਜ਼ਰਤਾਂ ਕਰੀ ਪੜ੍ਹਾਈਆ । ਜਿਸ ਨਾਨਕ ਜਣਾਇਆ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਬੇਪ੍ਰਵਾਹੀਆ । ਜਿਸ ਗੋਬਿੰਦ ਫੋਲਣ ਨਹੀਂ ਦਿਤਾ ਅੰਗੀਠਾ, ਅੰਗੀਕਾਰ ਆਪ ਅਖਵਾਈਆ । ਜਿਸ ਦਾ ਭਾਣਾ ਸਭ ਨੇ ਮੰਨਿਆ ਮੀਠਾ, ਰੰਜਸ਼ ਦਏ ਮਿਟਾਈਆ । ਉਹ ਸਾਹਿਬ ਭਗਤਾਂ ਰੰਗ ਚਾੜ੍ਹੇ ਬਸੀਠਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਤੇਰੇ ਉਤੇ ਧਰਤੀ ਤੇ ਬਦਲ ਦੇਵੇ ਰੀਤਾ, ਰੀਤੀਵਾਨ ਦਏ ਜਣਾਈਆ । ਤੂੰ ਆਪਣਾ ਲੇਖਾ ਮੰਨ ਲੈ ਕੀਤਾ, ਖ਼ਾਲੀ ਝੋਲੀ ਅਗੇ ਡਾਹੀਆ । ਉਹ ਸਵਾਮੀ ਦੇਵਣਹਾਰਾ ਠਾਂਡਾ ਸੀਤਾ, ਮਿਹਰ ਨਜ਼ਰ ਉਠਾਈਆ । ਜਿਸ ਝਗੜਾ ਮੇਟਣਾ ਊਚਾਂ ਨੀਚਾਂ, ਰਾਓ ਰੰਕਾਂ ਇਕੋ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਵਿਚ ਰਖੇ ਹਕ ਤੌਫ਼ੀਕਾ, ਤਾਰੀਫ਼ਾਂ ਵਿਚ ਅਵਤਾਰ ਪੈਗ਼ੰਬਰ ਮਾਤ ਲਗਾਈਆ ।



## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਗੁਰਮੁਖ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀ ਦੋਵੇਂ ਕਹੀਏ ਧਰਮ ਨਾਲ, ਦਰ ਠਾਂਡੇ ਸੀਸ ਨਿਵਾਈਆ । ਕਿਰਪਾ ਕਰ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਮੇਰੇ ਉਤੇ ਤੇਰੇ ਨਾਮ ਦਾ ਰਹੇ ਨਾ ਕੋਇ ਕੰਗਾਲ, ਕੰਗਾਲੀ ਸਭ ਦੀ (ਦੇ) ਕਢਾਈਆ । ਵਸਤ ਬਖ਼ਸ਼ ਸੱਚੀ ਧਨ ਮਾਲ, ਖ਼ਜ਼ਾਨਾ ਅਤੋਟ ਅਤੁਟ ਭਰਾਈਆ । ਮੈਨੂੰ ਭਗਤ ਸੁਹੇਲੇ ਤੇਰੇ ਦਿਸਣ ਲਾਲ, ਗੁਰਮੁਖ ਚਾਰੋਂ ਕੁੰਟ ਨਜ਼ਰੀ ਆਈਆ । ਜਿਨ੍ਹਾਂ ਦੇ ਹਿਰਦੇ ਹੋਵੇ ਜਮਾਲ, ਮਸਤਕ ਨੂਰ

ਜੋਤ ਰੁਸ਼ਨਾਈਆ । ਤੇਰੇ ਪ੍ਰੇਮ ਦੀ ਘਾਲਣ ਘਾਲ, ਘਾਇਲ ਆਪਣਾ ਆਪ ਕਰਾਈਆ । ਉਨ੍ਹਾਂ ਪੋਹ ਨਾ ਸਕੇ ਕਾਲ, ਜਮ ਛੋਹ (ਸਕੇ) ਨਾ ਰਾਈਆ । ਰਾਏ ਧਰਮ ਲੇਖਾ ਨਾ ਸਕੇ ਵਿਖਾਲ, ਚਿਤ੍ਰਗੁਪਤ ਲੇਖ ਨਾ ਕੋਇ ਬਣਾਈਆ । ਇਕੋ ਬਖ਼ਸ਼ ਸਚਖੰਡ ਦਵਾਰ ਸੱਚੀ ਧਰਮਸਾਲ, ਦੂਜਾ ਦਵਾਰਾ ਰਹਿਣ ਕੋਇ ਨਾ ਪਾਈਆ । ਇਕੋ ਮੇਰਾ ਜਵਾਬ, ਇਕੋ ਸਾਡਾ ਸਵਾਲ, ਧਰਮ ਕਹੇ ਧਰਨੀ ਧਰਨੀ ਕਹੇ ਧਰਮ ਪ੍ਰਭ ਦੇ ਅਗੇ ਦਈਏ ਟਿਕਾਈਆ । ਕਲਜੁਗ ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਬਲ ਦੇ ਮਾਲਕ ਸਭ ਦੀ ਕਰ ਸੰਭਾਲ, ਸੰਭਲ ਕੇ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਮ ਕਹੇ ਧਰਨੀਏ ਦੋਵੇਂ ਇਕੱਠੇ ਪਈਏ ਰੋ, ਨੈਣਾਂ ਨੀਰ ਵਹਾਈਆ । ਪ੍ਰਭੂ ਸਭ ਦੀ ਦੁਰਮਤ ਮੈਲ ਧੋ, ਕਲ ਪਾਪਾਂ ਕਰ ਸਫ਼ਾਈਆ । ਚਰਨ ਪ੍ਰੀਤੀ ਬਖ਼ਸ਼ ਮੋਹ, ਮੁਹੱਬਤ ਆਪਣੇ ਨਾਲ ਲਗਾਈਆ । ਆਤਮ ਪਰਮਾਤਮ ਰਹੇ ਨਾ ਦੋ, ਦੂਆ ਏਕਾ ਰੂਪ ਬਦਲਾਈਆ । ਪੰਚ ਵਿਕਾਰ ਅੰਦਰੋਂ ਕਢ ਦੇ ਗਰੋਹ, ਹਉਮੇ ਹੰਗਤਾ ਗੜ੍ਹ ਤੁੜਾਈਆ । ਨਿਰਗੁਣ ਜੋਤ ਦੀ ਬਖ਼ਸ਼ ਲੋਅ, ਲੋਇਣ ਅੰਦਰ ਆਪ ਖੁਲਾਈਆ । ਤੇਰੇ ਨਾਮ ਸੁਣ ਕੇ ਸੋ, ਹੰ ਬ੍ਰਹਮ ਵੱਜੇ ਵਧਾਈਆ । ਅੰਮ੍ਰਿਤ ਨਿਝਰ ਝਿਰਨਾ ਦੇਣਾ ਚੋ, ਬੂੰਦ ਸਵਾਂਤੀ ਇਕ ਟਪਕਾਈਆ । ਤੇਰੇ ਭਗਤ ਤੇਰੇ ਜੋਗੇ ਜਾਣ ਹੋ, ਨਾਤਾ ਕੂੜ ਦੇਣਾ ਤੁੜਾਈਆ । ਦਰਗਾਹ ਸਾਚੀ ਸਾਚਾ ਢੋਆ ਦੇਣਾ ਢੋ, ਨਾਮ ਨਿਧਾਨਾ ਝੋਲੀ ਪਾਈਆ । ਧਰਮ ਦੇ ਧਾਗੇ ਲੈਣੇ ਪਰੋ, ਲੜੀ ਲੜੀ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਬਖ਼ਸ਼ ਆਪਣੀ ਛੋਹ, ਸ਼ਹਿਨਸ਼ਾਹ ਆਪਣੇ ਘਰ ਵਸਾਈਆ ।

### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਮੇਲਾ ਰਾਮ ਦੇ ਗ੍ਰਿਹਿ ✪

ਧਰਮ ਕਹੇ ਧਰਨੀ ਦੋਵੇਂ ਕਰੀਏ ਹੱਥ ਅਗੇ, ਪ੍ਰਭ ਆਗਮਨ ਵਿਚ ਵਧਾਈਆ । ਜੋ ਸ਼ਬਦ ਚੜ੍ਹਿਆ ਅਸਵ ਬੱਗੇ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਦੇ ਨੂਰ ਨੁਰਾਨੇ ਦੀਪਕ ਜਗੇ, ਭਗਤ ਸੁਹੇਲੇ ਨਜ਼ਰੀ ਆਈਆ । ਉਹ ਸੁਨੇਹੁੜੇ ਸਾਨੂੰ ਦੇਵੇ ਸੰਦੇਸੇ , ਹੁਕਮ ਫ਼ਰਮਾਨੇ ਰਿਹਾ ਦ੍ਰਿੜਾਈਆ । ਦਿਵਸ ਰੈਣ ਆਉਂਦਾ ਭੱਜੇ, ਆਪਣਾ ਪੰਧ ਮੁਕਾਈਆ । ਜਗਤ ਸ਼ਰਮ ਹਯਾ ਰਖੇ ਨਾ ਲੱਜੇ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਕੂੜੀ ਕਿਰਿਆ ਪਾਰ ਕਰੋ ਹੱਦੇ, ਹਦੂਦ ਇਕੋ ਵੇਖ ਵਖਾਈਆ । ਜਿਥੇ ਨੂਰ ਅਲਾਹੀ ਰੱਬੇ, ਪਰਵਰਦਿਗਾਰ ਨਜ਼ਰੀ ਆਈਆ । ਜੋ ਸਚ ਪਿਆਰ ਦੇ ਦੇਵੇ ਮਜ਼ੇ, ਬਿਨ ਰਸਨਾ ਰਸ ਚਖਾਈਆ । ਉਹ ਆਉਂਦਾ ਕਦੇ ਕਦੇ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਸਾਨੂੰ ਕਢੇ ਵਿਚੋਂ ਡੂੰਘੇ ਖੱਡੇ, ਆਪਣੇ ਚਰਨ ਛੁਹਾਈਆ । ਪਵਿਤ੍ਰ ਕਰੇ ਹੱਡੇ, ਨਾੜੀ ਨਾੜ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਯੋਧਾ ਸੂਰਬੀਰ ਸੂਰਾ ਸਰਬਗੇ, ਹਰਿ ਕਰਤਾ ਇਕ ਅਖਵਾਈਆ ।

## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਕਰਮੋ ਦੇਵੀ ਦੇ ਗ੍ਰਹਿ ✪

ਧਰਮ ਕਹੇ ਧਰਨੀ ਦੋਵੇਂ ਭਰੀਏ ਸਰਦ ਆਹ, ਹੌਕੇ ਵਿਚ ਪ੍ਰਭ ਨੂੰ ਦੇਈਏ ਜਣਾਈਆ । ਤੂੰ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਧਰਮ ਕਹੇ ਮੇਰਾ ਮਿਟਦਾ ਜਾਂਦਾ ਨਾਂ, ਨਾਉਂ ਨਿਰੰਕਾਰ ਤੇਰੀ ਸਿਫ਼ਤ ਨਾ ਕੋਇ ਸਲਾਹੀਆ । ਧਰਨੀ ਕਹੇ ਮੈਂ ਰਹੀ ਨਾ ਕਿਸੇ ਦੀ ਮਾਂ, ਮਮਤਾ ਜਗਤ ਗਿਆ ਤੁੜਾਈਆ । ਸਾਨੂੰ ਮਿਲੇ ਨਾ ਕੋਈ ਥਾਂ, ਨਿਥਾਵੇਂ ਨਜ਼ਰੀ ਆਈਆ । ਪੁਰਖ ਅਕਾਲੇ ਫੜ ਲੈ ਬਾਂਹ, ਆਪਣੀ ਗੰਢ ਪਵਾਈਆ । ਕਲਜੁਗ ਕੂੜਾ ਸਾਨੂੰ ਰਿਹਾ ਡਰਾ, ਚਾਰੋਂ ਕੁੰਟ ਨੈਣ ਉਠਾਈਆ । ਕਹੇ ਮੇਰਾ ਮਾਲਕ ਇਕ ਖ਼ੁਦਾ, ਜੋ ਮੇਰੇ ਸਿਰ ਹੱਥ ਟਿਕਾਈਆ । ਤੁਹਾਨੂੰ ਦੇਣਾ ਵਿਚ ਖ਼ਾਕ ਰੁਲਾ, ਮਿੱਟੀ ਵਿਚ ਮਿਲਾਈਆ । ਮੈਂ ਵੇਖਾਂ ਥਾਉਂ ਥਾਂ, ਨਵਾਂ ਸੱਤਾਂ ਫੋਲ ਫੁਲਾਈਆ । ਸਭ ਦੀ ਹੰਸ ਬੁੱਧੀ ਬਣਾਉਣੀ ਕਾਂ, ਕਾਗ ਵਾਂਗ ਕੁਰਲਾਈਆ । ਧਰਨੀ ਤੂੰ ਮੇਰੇ ਅਗੇ ਨਿਮਾਣੀ ਗਾਂ, ਮੈਂ ਛੁਰੀ ਸ਼ਰਅ ਦੇਣੀ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਹੋਣਾ ਆਪ ਸਹਾ, ਸਹਾਇਕ ਆਪਣੀ ਦਇਆ ਕਮਾਈਆ ।



## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਇੰਦਰ ਸਿੰਘ ਦੇ ਗ੍ਰਹਿ ✪

੬੭੪
੨੩

ਧਰਮ ਕਹੇ ਧਰਨੀ ਪ੍ਰਭ ਅਗੇ ਨੀਰ ਵਹਾਈਏ ਅੱਥਰ, ਹੰਝੂ ਹੌਕਿਆਂ ਵਾਲੇ ਟਿਕਾਈਆ । ਪਿਆਰ ਵਿਚ ਹੰਢਾਈਏ ਸਥਰ, ਯਾਰੜਾ ਸੇਜ ਹੰਢਾਈਆ । ਉਸ ਦੇ ਪਿਆਰ ਨੂੰ ਮੋਮ ਕਰੀਏ ਪੱਥਰ, ਨਾਤਾ ਪਾਹਨ ਨਾਲੋਂ ਤੁੜਾਈਆ । ਮਿੱਠਾ ਰਸ ਤੱਕੀਏ ਸ਼ੱਕਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਸਿਫ਼ਤਾਂ ਦੇ ਵਰਕੇ ਉਲਟਾ ਪੱਤਰ, ਸਤਰਾਂ ਵੇਖ ਵਖਾਈਆ । ਪ੍ਰਭੂ ਲਹਿਣਾ ਦੇਣਾ ਵੇਖ ਸੱਤਰ ਬਹੱਤਰ, ਸਾਤਾ ਦੂਆ ਫੋਲ ਫੁਲਾਈਆ । ਕਲਜੁਗ ਕੂੜ ਕੁੜਿਆਰਾ ਹੋਇਆ ਚਤੁਰ, ਬੁੱਧੀ ਅਕਲ ਨਾ ਕੋਇ ਚਤੁਰਾਈਆ । ਕੂੜੀ ਕਿਰਿਆ ਝੁਲੇ ਛਤਰ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਜਗਤ ਈਦ ਬਕਰੀਦਾ ਜਿਬਹ ਹੋਣ ਬੱਕਰ, ਤੇਰੀ ਭੇਟ ਚੜ੍ਹਾਈਆ । ਤੀਰਾਂ ਅਣਿਆਲਿਆਂ ਨਾਲ ਕਰਨ ਫੱਟੜ, ਖੰਡੇ ਖੜਗਾਂ ਨਾਲ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਧਰਨੀ ਦੋ ਉਠਾਈਏ ਭੁਜਾ, ਬਾਂਹ ਗਲਵਕੜੀ ਨਾਲ ਮਿਲਾਈਆ । ਪ੍ਰਭੂ ਆਪਣਾ ਭੇਵ ਦੱਸਦੇ ਗੁੱਝਾ, ਕਿਉਂ ਬੈਠਾ ਮਾਤ ਛੁਪਾਈਆ । ਸਭ ਦੇ ਵਿਚੋਂ ਭਾਓ ਕਢ ਦੇ ਦੂਜਾ, ਦੁਤੀਆ ਰੂਪ ਬਦਲਾਈਆ । ਆਤਮ ਪਰਮਾਤਮ ਦੱਸਦੇ ਮੁੱਦਾ, ਮੁੱਦਤਾਂ ਦੇ ਵਿਛੜੇ ਲਏ ਮਿਲਾਈਆ । ਕੂੜ ਕੁਕਰਮ ਮੇਟ ਦੇ ਕਲਜੁਗਾ, ਸਤਿਜੁਗ ਕਰ ਰੁਸ਼ਨਾਈਆ । ਤੇਰਾ ਨੂਰ ਨੁਰਾਨਾ ਹੋਵੇ ਉਦਾ, ਉਦੇ ਅਸਤ ਹੋਵੇ ਰੁਸ਼ਨਾਈਆ । ਭਾਗ ਲਗਾ ਦੇ ਉਤੇ ਬਸੁਧਾ, ਧਰਨੀ ਨਿਵ ਨਿਵ ਸੀਸ ਝੁਕਾਈਆ । ਧਰਮ ਕਹੇ ਮੇਰੇ ਸਚ ਦਾ ਦੀਪਕ ਬੁੱਝਾ, ਤੁਧ ਬਿਨ ਸਕੇ ਨਾ ਕੋਇ ਜਗਾਈਆ । ਜਨ ਭਗਤਾਂ ਮੇਟ ਦੇ ਦੁੱਖਾ, ਰੋਗੀਆਂ ਰੋਗ ਚੁਕਾਈਆ । ਘਰ ਸਵਾਮੀ ਦੇ ਸੁਖਾ, ਸੁਖਆਸਣ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਦੇ ਕਰਾਈਆ ।



## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾ ਜ਼ਿਲਾ ਜੰਮੂ ਪੁੰਨੂੰ ਰਾਮ ਦੇ ਗ੍ਰਹਿ

ਧਰਮ ਕਹੇ ਧਰਤੀ ਦੋਵੇਂ ਇਕੱਠੇ ਕਰੀਏ ਪ੍ਰਨਾਮ, ਪਰਮ ਪੁਰਖ ਨੂੰ ਸੀਸ ਨਿਵਾਈਆ । ਨਾਲੇ ਮੰਗੀਏ ਧੁਰ ਦਾ ਨਾਮ, ਦੋਏ ਜੋੜ ਵਾਸਤਾ ਪਾਈਆ । ਸਾਨੂੰ ਦੇ ਅਗੰਮੀ ਦਾਨ, ਦਾਤੇ ਆਪਣੀ ਦਇਆ ਕਮਾਈਆ । ਧਰਤ ਕਹੇ ਧਰਮ ਮੇਰੇ ਉਤੇ ਝੁਲਾ ਨਿਸ਼ਾਨ, ਨਿਸ਼ਾਨ ਕੂੜਾ ਦੇ ਮਿਟਾਈਆ । ਧਰਮ ਕਹੇ ਪ੍ਰਭੂ ਧਰਤੀ ਦੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਆਪਣੀ ਝੋਲੀ ਪਾਈਆ । ਕਲਜੁਗ ਜੀਵਾਂ ਦੇ ਗਿਆਨ, ਪਰਦਾ ਅੰਦਰੋਂ ਆਪ ਉਠਾਈਆ । ਤੇਰਾ ਆਤਮ ਧਾਰ ਦਰਸ਼ਨ ਪਾਣ, ਨਿਜ ਨੈਣ ਕਰ ਰੁਸ਼ਨਾਈਆ । ਦਿਵਸ ਰੈਣ ਤੇਰੇ ਢੋਲੇ ਗਾਣ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਭਗਤ ਸੁਹੇਲੇ ਆਪਣੇ ਕਰ ਪ੍ਰਵਾਨ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਮ ਕਹੇ ਧਰਤੀ ਪ੍ਰਭ ਨੂੰ ਕਹੀਏ ਮੇਟ ਦੇ ਕਲ, ਕਲਕਾਤੀ ਰਹਿਣ ਕੋਇ ਨਾ ਪਾਈਆ । ਭਗਤ ਸੁਹੇਲੇ ਸਾਡੇ ਮੀਤ ਘੱਲ, ਘਲੂਘਾਰਾ ਵੇਖ ਲੋਕਾਈਆ । ਤੇਰਾ ਤੱਕੀਏ ਨਿਹਚਲ ਧਾਮ ਅਟੱਲ, ਦਰਗਾਹ ਸਾਚੀ ਨਜ਼ਰੀ ਆਈਆ । ਤੂੰ ਲਹਿਣਾ ਦੇਣਾ ਚੁਕਾ ਦੇ ਜਲ ਥਲ, ਜਲ ਥਲ ਮਹੀਅਲ ਵੇਖ ਵਖਾਈਆ । ਕੂੜ ਵਿਕਾਰਾ ਮੇਟ ਦੇ ਦਲ, ਦਲਿਦ੍ਰੀਆਂ ਡੇਰਾ ਢਾਹੀਆ । ਤੇਰਾ ਘਰ ਮੰਦਰ ਦਿਸੇ ਇਕੋ ਅਟੱਲ, ਸਚਖੰਡ ਸਾਚਾ ਸੋਭਾ ਪਾਈਆ । ਜਿਥੇ ਤੇਰਾ ਦੀਪਕ ਰਿਹਾ ਬਲ, ਜੋਤ ਜੋਤ ਰੁਸ਼ਨਾਈਆ । ਜਿਸ ਨੂੰ ਕਹਿੰਦੇ ਸਾਰੇ ਨਿਹਚਲ, ਸੋ ਗ੍ਰਹਿ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਗਾਹ ਮਾਰ ਧਰਨੀ ਧਰਮ ਕਹੇ ਸਾਡੇ ਵੱਲ, ਵਲਵਲੇ ਤੇਰੇ ਅਗੇ ਟਿਕਾਈਆ ।

## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਕ੍ਰਿਪਾਲ ਸਿੰਘ ਦੇ ਗ੍ਰਹਿ

ਧਰਮ ਕਹੇ ਧਰਨੀ ਮੇਰਾ ਸਾਹਿਬ ਸਦਾ ਬਖ਼ਸ਼ੰਦਾ, ਬਖ਼ਸ਼ਣਹਾਰ ਆਪ ਅਖਵਾਈਆ । ਜੁਗ ਜੁਗ ਸਭ ਦੀ ਮੇਟੇ ਚਿੰਦਾ, ਨਿਰਗੁਣ ਸਰਗੁਣ ਰੂਪ ਬਦਲਾਈਆ । ਲੇਖਾ ਜਾਣੇ ਗੁਣੀ ਗਹਿੰਦਾ, ਹਰਿ ਕਰਤਾ ਧੁਰਦਰਗਾਹੀਆ । ਤੇਰਾ ਕਲਜੁਗ ਅੰਤਮ ਖੋਲੇ ਜਿੰਦਾ, ਘਰਾਨਾ ਵੇਖ ਵਖਾਈਆ । ਜਿਸ ਦੀ ਧਾਰ ਅਗੰਮੀ ਤੂੰ ਬਿੰਦਾ, ਸੋ ਵੇਖੇ ਚਾਈਂ ਚਾਈਂਆ । ਪ੍ਰਗਟ ਹੋ ਕੇ ਵਿਚ ਹਿੰਦਾ, ਤੇਰਾ ਲਹਿਣਾ ਦਏ ਚੁਕਾਈਆ । ਤੂੰ ਕਰੀਂ ਮੂਲ ਨਾ ਚਿੰਦਾ, ਚਿੰਤਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲਾ ਸਦਾ ਰਖੇ ਛਿੰਦਾ, ਪ੍ਰੇਮ ਆਪਣੇ ਵਿਚ ਸਮਾਈਆ ।

## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਕ੍ਰਿਸ਼ਨ ਸਿੰਘ ਦੇ ਗ੍ਰਿਹਿ

ਧਰਮ ਕਹੇ ਧਰਨੀ ਵੇਖ ਲਾ ਧਰਮ ਧਾਰ ਦੀ ਧਾਰਾ, ਪ੍ਰਭ ਸਾਚਾ ਆਪ ਚਲਾਈਆ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਕਲਜੁਗ ਕੂੜਾ ਮੇਟੇ ਅੰਧ ਅੰਧਿਆਰਾ, ਅੰਧ ਆਤਮ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪਾਵੇ ਸਾਰਾ, ਇਸ਼ਟੀ ਇਕੋ ਇਕ ਵਖਾਈਆ । ਲਹਿਣਾ ਦੇਣਾ ਚੁਕਾਵੇ ਪੁਰਖ ਨਾਰਾ, ਨਰ ਨਰਾਇਣ ਹੋਣਾ ਸਹਾਈਆ । ਪ੍ਰਗਟ ਹੋ ਕੇ ਚੌਵ੍ਹੀਆਂ ਅਵਤਾਰਾ, ਚੌਬੀਸਾ ਆਪਣੀ ਕਲ ਵਰਤਾਈਆ । ਤੂੰ ਨਿਵ ਨਿਵ ਕਰ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਤੇਰਾ ਕਰਜ਼ਾ ਇਹ ਭਾਰ ਉਤਾਰਾ, ਉੱਤਰ ਪੂਰਬ ਪੱਛਮ ਦੱਖਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚੀ ਸਰਕਾਰਾ, ਸਰਕਾਰੇ ਆਅਲਾ ਇਕ ਅਖਵਾਈਆ ।

## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਸੁਖਦੇਵ ਸਿੰਘ ਦੇ ਗ੍ਰਿਹਿ

ਧਰਮ ਕਹੇ ਧਰਨੀ ਤੱਕ ਲੈ ਗਹਿਰ ਗੰਭੀਰ ਪ੍ਰਭ ਸਾਗਰ, ਸਮੁੰਦਾਂ ਆਪਣੇ ਵਿਚ ਸਮਾਈਆ । ਤੇਰਾ ਨਾਮ ਕਰਨ ਆਇਆ ਉਜਾਗਰ, ਦੇਵੇ ਮਾਣ ਵਡਿਆਈਆ । ਉਸੇ ਦੇ ਨਾਮ ਦੀ ਬਣ ਸੁਦਾਗਰ, ਵਣਜ ਇਕੋ ਇਕ ਵਖਾਈਆ । ਜਿਸ ਦਾ ਇਸ਼ਾਰਾ ਦਿਤਾ ਗੁਰ ਤੇਗ਼ ਬਹਾਦਰ, ਉਹ ਆਇਆ ਬੇਪਰਵਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਕਰਤਾ ਕਰੀਮ ਕਾਦਰ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਉਹ ਤੈਨੂੰ ਦੇਵੇ ਚਰਨ ਕਵਲ ਵਿਚ ਆਦਰ, ਅਦਲ ਇਨਸਾਫ਼ ਆਪਣਾ ਆਪ ਕਰਾਈਆ । ਕਲਜੁਗ ਨਾਲ ਸਤਿਜੁਗ ਕਰੇ ਤਬਾਦਲ, ਤਬਦੀਲੀ ਆਪਣੇ ਹੱਥ ਵਖਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਪਾਗ਼ਲ, ਹੋਛੀ ਮਤ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਕਰਤਾ ਸਹਿਜ ਸੁਖਦਾਈਆ ।

## ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਜਸਬੀਰ ਸਿੰਘ ਦੇ ਗ੍ਰਿਹਿ

ਧਰਨੀ ਕਹੇ ਧਰਮ ਮੈਂ ਉਸੇ ਦਾ ਰਾਹ ਤੱਕਦੀ, ਬਿਨ ਅੱਖੀਆਂ ਅੱਖ ਉਠਾਈਆ । ਜੋ ਖੇਲ ਕਰੇ ਹਕੀਕਤ ਹਕ ਦੀ, ਹਾਕਮ ਧੁਰਦਰਗਾਹੀਆ । ਮੈਂ ਏਸੇ ਕਰ ਕੇ ਖ਼ੁਸ਼ੀਆਂ ਦੇ ਵਿਚ ਹੱਸਦੀ, ਹਸਤੀ ਤੱਕਾਂ ਬੇਪਰਵਾਹੀਆ । ਚਾਰੋਂ ਕੁੰਟ ਨੱਸਦੀ, ਭੱਜਾਂ ਵਾਹੋ ਦਾਹੀਆ । ਵਡਿਆਈ ਕਰਾਂ ਜਸ ਦੀ, ਸਿਫ਼ਤਾਂ ਵਿਚ ਸਲਾਹੀਆ । ਧਾਰ ਲਵਾਂ ਰਸ ਦੀ, ਅੰਮ੍ਰਿਤ ਮੁਖ ਚੁਆਈਆ । ਮੇਰੀ ਕੀਮਤ ਕੱਖੋਂ ਹੋ ਜਾਏ ਲੱਖ ਦੀ, ਮਿਲੇ ਮੇਲ ਧੁਰ ਦੇ ਮਾਹੀਆ । ਮੈਂ ਸੇਵਾ ਕਰਾਂ ਹੱਥ ਦੀ, ਹੱਥੀਂ ਧੂੜੀ ਖ਼ਾਕ ਰਮਾਈਆ । ਮੈਂ ਧਾਰ ਬਣਾ ਨੇਤਰ ਹੰਝੂਆਂ ਅੱਖ ਦੀ, ਲੜੀ ਲੜੀ ਨਾਲ ਬਣਾਈਆ । ਮੈਂ ਉਸੇ ਦੇ ਚਰਨਾਂ ਤੇ ਢਠਦੀ, ਜੋ ਸਭ ਦਾ ਪਿਤਾ ਮਾਈਆ । ਮੈਂ ਵਣਜਾਰਨ ਓਸੇ ਦੇ ਹੱਟ ਦੀ, ਜੋ ਜੁਗ ਜੁਗ ਆਪਣਾ ਨਾਮ ਵਰਤਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਖੇਲ ਸਦਾ ਸਮਰਥ ਦੀ, ਸਮਰਥ ਆਪਣੀ ਕਾਰ ਭੁਗਤਾਈਆ ।

### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਜਗਦੀਸ਼ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਧਰਮ ਮੈਂ ਤੱਕਾਂ ਰਾਹ ਆਪ, ਆਪਣੀ ਨਿਗਾਹ ਉਠਾਈਆ । ਆ ਸਵਾਮੀ ਧੁਰ ਦੇ ਬਾਪ, ਪਿਤਾ ਪੁਰਖ ਅਕਾਲ ਤੇਰੀ ਸ਼ਰਨਾਈਆ । ਬਿਨਾ ਕਦਮਾਂ ਤੋਂ ਮੇਰਾ ਪੰਧ ਨਾਪ, ਜਗਤ ਵੰਡ ਨਾ ਕੋਇ ਵੰਡਾਈਆ । ਚਾਰੋਂ ਕੁੰਟ ਚੜ੍ਹਿਆ ਤਾਪ, ਸਾਂਤਕ ਸਤਿ ਨਾ ਕੋਇ ਕਰਾਈਆ । ਦੁਹਾਈ ਫਿਰੀ ਵਿਚ ਲੋਕਮਾਤ, ਚਾਰ ਕੁੰਟ ਕੁਰਲਾਈਆ । ਆਪਣਾ ਖੋਲ ਕੇ ਵੇਖ ਖਾਤ, ਖਾਤਾ ਆਪਣਾ ਲੈ ਫੁਲਾਈਆ । ਕਿਉਂ ਮੇਰੇ ਉਤੇ ਹੋਏ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਦਿਸੇ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਤੇਰਾ ਦਵਾਰਾ ਮਿਲੇ ਕਿਸੇ ਨਾ ਘਾਟ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਮੈਂ ਪਾਪਾਂ ਨਾਲ ਰਹੀ ਕਾਂਪ, ਧਰਨੀ ਰੋ ਰੋ ਨੀਰ ਵਹਾਈਆ । ਪੁਰਖ ਅਕਾਲੇ ਮੇਰੇ ਉਤੇ ਆਪਣੀ ਨਵੀਂ ਥਾਪਣਾ ਥਾਪ, ਪਿਛਲਾ ਪੰਧ ਮੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਅਗੰਮਾ ਜਾਪ, ਜਗ ਜੀਵਣ ਦਾਤੇ ਹੋ ਸਹਾਈਆ । ਰੂਹ ਬੁਤ ਕਰ ਦੇ ਪਾਕ, ਜਨ ਭਗਤਾਂ ਰੰਗ ਰੰਗਾਈਆ । ਗੁਰਮੁਖਾਂ ਖੋਲ ਦੇ ਅੰਦਰੋਂ ਤਾਕ, ਪਰਦਾ ਨਜ਼ਰ ਕੋਇ ਨਾ ਆਈਆ । ਆਪਣਾ ਨੂਰ ਕਰ ਪ੍ਰਕਾਸ਼ ਜੋਤੀ ਜਾਤੇ ਡਗਮਗਾਈਆ । ਮੇਰੀ ਪੂਰੀ ਕਰ ਦੇ ਆਸ, ਆਸਾਵੰਦ ਧਿਆਨ ਲਗਾਈਆ । ਹਰਿਜਨ ਸੁਹੇਲੇ ਬਣਾ ਲੋਕਮਾਤ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਪੂਰੀ ਕਰ ਦੇ ਆਸ, ਆਸ਼ਾ ਤੇਰੇ ਚਰਨ ਕਵਲ ਟਿਕਾਈਆ ।


੬੭੭
੨੩

### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਲਾਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਧਰਮ ਮੈਂ ਹੋ ਕੇ ਕਹਾਂ ਨਿਮਾਣੀ, ਪੁਰਖ ਅਕਾਲ ਸੀਸ ਨਿਵਾਈਆ । ਮੈਨੂੰ ਚਾਰੋਂ ਕੁੰਟ ਆਏ ਹਾਨੀ, ਸਿਰ ਸਕਾਂ ਨਾ ਮੂਲ ਉਠਾਈਆ । ਕਲਜੁਗ ਕੂੜੀ ਕਿਰਿਆ ਮਾਰੇ ਕਾਨੀ, ਤੀਰ ਝੂਠ ਚਲਾਈਆ । ਮੇਰਾ ਸੀਨਾ ਜਾਂਦਾ ਛਾਨੀ, ਦੁੱਖ ਰੋਗ ਵਿਚ ਦੁਹਾਈਆ । ਮਿਹਰਵਾਨ ਕਰ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜਗਤ ਵਿਕਾਰਾ ਮੇਟ ਨਿਸ਼ਾਨੀ, ਨਿਸ਼ਾਨਾ ਆਪਣਾ ਨਾਲ ਝੁਲਾਈਆ । ਤੂੰ ਦੇਵਣਹਾਰਾ ਦਾਤਾ ਦਾਨੀ, ਜੁਗ ਜੁਗ ਦਇਆ ਕਮਾਈਆ । ਧਰਤੀ ਕਹੇ ਮੈਂ ਹੋਈ ਨਿਮਾਣੀ, ਨਿਉਂ ਨਿਉਂ ਸੀਸ ਨਿਵਾਈਆ । ਲੇਖੇ ਲਾ ਲੈ ਦੀ ਕੁਰਬਾਨੀ, ਆਪਣੀ ਝੋਲੀ ਪਾਈਆ । ਮੇਰੇ ਜਲਵਾਗਰ ਨੂਰ ਨੁਰਾਨੀ, ਤੇਰੀ ਓਟ ਤਕਾਈਆ । ਧਰਮ ਦੀ ਧਾਰ ਹੋਈ ਬੇਗਾਨੀ, ਸਗਲਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ

ਧਰਮ ਮੈਂ ਨਿਮਾਣੀ ਕਮਲੀ ਕੋਝੀ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਮੈਨੂੰ ਆਵੇ ਮੂਲ ਨਾ ਸੋਝੀ, ਸਮਝ ਵਿਚ ਨਾ ਕੋਇ ਸਮਝਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਅੰਤਮ ਕਲਜੁਗ ਹੋ ਗਈ ਰੋਗੀ, ਮੇਰਾ ਰੋਗ ਨਾ ਕੋਇ ਮਿਟਾਈਆ । ਝਟ ਨਾਰਦ ਹਿਲਾਉਂਦਾ ਆਇਆ ਬੋਦੀ, ਬੁੱਧੀ ਤੋਂ ਪਰੇ ਰਿਹਾ ਸਮਝਾਈਆ । ਧਰਨੀਏ ਤੂੰ ਮੋਹ ਪਿਆਰ ਦੁਨੀਆ ਵਾਲਾ ਛੋਡੀ, ਛਡੀ ਕੂੜ ਲੋਕਾਈਆ । ਤੇਰੇ ਉਤੇ ਪੱਤ ਫੁੱਲ ਰਹੇ ਨਾ ਡੋਡੀ, ਟਹਿਣੀ ਟਹਿਣੀ ਨਾ ਕੋਇ ਮਹਿਕਾਈਆ । ਬਸੁਧਾ ਧਾਰ ਜਾਣੀ ਸੋਧੀ, ਸੁਧਾਸਰ ਦਾ ਲੇਖਾ ਦਏ ਮੁਕਾਈਆ । ਤੂੰ ਚੁਰਾਸੀ ਲੱਖ ਦੀ ਬਣੀਂ ਨਾ ਲੋਭੀ, ਲਾਲਚ ਵਿਚ ਨਾ ਆਪਣਾ ਆਪ ਲਲਚਾਈਆ । ਤੂੰ ਸਦਾ ਲਈ ਬਣ ਵਿਯੋਗੀ, ਵਿਛੋੜੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਧਾਰ ਚਲਾਈ ਵੇਦੀ ਸੋਢੀ, ਸੋ ਪੁਰਖ ਨਿਰੰਜਣ ਤੇਰਾ ਹੋਏ ਸਹਾਈਆ ।



### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਬਚਨ ਸਿੰਘ ਦੇ ਗ੍ਰਿਹ ✪

ਧਰਮ ਕਹੇ ਧਰਨੀ ਨਿਗਾਹ ਮਾਰ ਲੈ ਉਪਰ ਆਪਣੇ ਫ਼ਰਸ਼, ਖ਼ੁਸ਼ੀਆਂ ਨਾਲ ਵੇਖ ਵਖਾਈਆ । ਜਨ ਭਗਤਾਂ ਵਖਾਏ ਅਗੰਮੀ ਦਰਸ, ਆਦਰਸ਼ ਆਪਣਾ ਇਕ ਜਣਾਈਆ । ਮਿਹਰ ਕਰੇ ਵਾਲੀ ਅਰਸ਼, ਅਰਸ਼ੀ ਪ੍ਰੀਤਮ ਬੇਪ੍ਰਵਾਹੀਆ । ਜਿਸ ਨੂੰ ਸਾਰੇ ਰਹੇ ਤਰਸ, ਤੜਫਨ ਸਾਰੇ ਥਾਉਂ ਥਾਈਆ । ਉਹ ਮੇਘ ਅਗੰਮਾ ਰਿਹਾ ਬਰਸ, ਬਰਸੀ ਭਗਤਾਂ ਵਾਲੀ ਮਨਾਈਆ । ਕਿਸੇ ਹੱਥ ਨਾ ਆਉਣਾ ਮਸੀਤਾਂ ਚਰਚ, ਚਰਾਗਾਹਾਂ ਦੇਣ ਦੁਹਾਈਆ । ਜੋਤੀ ਜਾਤਾ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਸਭ ਦੀ ਪੂਰੀ ਕਰਨੀ ਸ਼ਰਤ, ਸ਼ਰਅ ਦੇ ਪੰਧ ਮੁਕਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਉਹ ਮਨਜ਼ੂਰ ਕਰੇ ਬੇਨੰਤੀ ਅਰਜ਼, ਆਰਜ਼ੂ ਤੇਰੀ ਮੇਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਧਰਮ ਮੈਂ ਕੀ ਦੱਸਾਂ ਆਪਣੀ ਸੋਚ, ਸਮਝ ਵਿਚ ਕਿਛ ਨਾ ਆਈਆ । ਜਿਸ ਨੂੰ ਸਾਰੇ ਰਹੇ ਲੋਚ, ਲੋਚਨ ਨੈਣ ਉਠਾਈਆ । ਉਹ ਭਗਤ ਸੁਹੇਲਾ ਗਿਆ ਪਹੁੰਚ, ਆਪਣਾ ਪੰਧ ਮੁਕਾਈਆ । ਜਿਸ ਨੇ ਸਭ ਦਾ ਪੂਰਾ ਕਰਨਾ ਸ਼ੌਕ, ਸ਼ੌਕੀਨ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਦੱਸਣੀ ਗੋਤ, ਗੌਤਮ ਦਾ ਲਹਿਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਸਾਡੇ ਵੇਖੇ ਕੋਈ ਨਾ ਦੋਸ਼, ਦੋਸ਼ੀਆਂ ਲਹਿਣਾ ਦਏ ਚੁਕਾਈਆ ।

### ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਤਰੇਵਾ ਜ਼ਿਲਾ ਜੰਮੂ ਫਰੰਗੀ ਰਾਮ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਕੀ ਧਰਨੀ ਦੇਵੇਂ ਮਤਾਂ, ਸੁਖ਼ਨ ਜਗਤ ਵਾਲੇ ਸੁਣਾਈਆ । ਮੇਰਾ ਲੇਖਾ ਨਾਲ ਪੰਜਾਂ ਤਤਾਂ, ਮਾਨਸਾਂ ਖੇਲ ਖਿਲਾਈਆ ।

੬੭੯
੨੩

ਪ੍ਰਭੂ ਦੇ ਪਿਆਰ ਵਿਚ ਰਹਿਣ ਦੇਣਾ ਨਹੀਂ ਕੋਈ ਰੱਤਾ, ਰਤਨ ਅਮੋਲਕ ਨਜ਼ਰ ਕੋਇ ਨਾ ਆਈਆ । ਤੇਰੀ ਰਹਿਣ ਨਹੀਂ ਦੇਣੀ ਸਤ੍ਹਾ, ਸਤਿ ਵਿਚ ਨਾ ਕੋਇ ਸਮਾਈਆ । ਸਭ ਦਾ ਅੰਤਸ਼ਕਰਨ ਕਰਨਾ ਤੱਤਾ, ਅਗਨੀ ਕੂੜ ਵਾਲੀ ਤਪਾਈਆ । ਚਾਰੇ ਕੁੰਟ ਹੋਵੇ ਹੱਤਾ, ਪਿਤਾ ਪੂਤ ਰੂਪ ਬਣੇ ਕਸਾਈਆ । ਗੁਰੂ ਚੇਲਿਆਂ ਜੋੜਾ ਨੱਤਾ, ਭਗਤ ਭਗਵਾਨ ਮਿਲਣ ਕੋਇ ਨਾ ਪਾਈਆ । ਡੰਕਾ ਵੱਜੇ ਕਿਸੇ ਨਾ ਫ਼ਤਹ, ਸਭ ਦਾ ਫ਼ਾਤਿਆ ਦਿਆਂ ਪੜ੍ਹਾਈਆ । ਤੇਰਾ ਨਿਸ਼ਾਨਾ ਰਹਿਣ ਨਾ ਦੇਵਾਂ ਪਤਾ, ਟਿਕਾਣਾ ਨਜ਼ਰ ਕੋਇ ਨਾ ਆਈਆ । ਮੈਂ ਦਿਵਸ ਰੈਣ ਫਿਰਾਂ ਨੱਠਾ, ਭੱਜਾਂ ਵਾਹੋ ਦਾਹੀਆ । ਕੂੜੀ ਕਿਰਿਆ ਸਭ ਦੇ ਅੰਦਰ ਸੱਟਾਂ, ਨੌ ਖੰਡ ਪ੍ਰਿਥਮੀ ਆਪ ਵਰਤਾਈਆ । ਸਮੁੰਦ ਸਾਗਰਾਂ ਟੱਪਾਂ, ਟਾਪੂਆਂ ਫੇਰਾ ਪਾਈਆ । ਤੇਰਾ ਲਹਿਣਾ ਦੇਣਾ ਠੱਪਾ, ਠੱਪਾ ਕੂੜ ਵਾਲਾ ਲਗਾਈਆ । ਮੈਨੂੰ ਇਕੋ ਭੈ ਲਗਦਾ ਜੋ ਅੱਖਰ ਦਿਸੇ ਪੱਪਾ, ਪਾਰਬ੍ਰਹਮ ਪੂਰਨ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਮ ਕੀ ਧਰਨੀ ਰਿਹਾ ਦੱਸ, ਦਹਿ ਦਿਸ਼ਾ ਅੱਖ ਉਠਾਈਆ । ਤੇਰਾ ਚਲਣਾ ਨਹੀਂ ਕੋਈ ਵਸ, ਮੇਰਾ ਸਾਹਿਬ ਦੇਵੇ ਵਡਿਆਈਆ । ਤੂੰ ਧਰਮ ਦਵਾਰਿਆਂ ਵਿਚੋਂ ਬਾਹਰ ਨੱਸ, ਆਪਣਾ ਪੰਧ ਮੁਕਾਈਆ । ਤੈਥੋਂ ਸਭ ਕੁਝ ਜਾਣਾ ਖਸ, ਖ਼ਾਲੀ ਹੱਥ ਦਏਂ ਦੁਹਾਈਆ । ਸਦੀ ਚੌਧਵੀਂ ਅੰਤ ਤੈਨੂੰ ਪੈਣੀ ਗ਼ਸ਼, ਹੋਸ਼ ਹਵਾਸ ਭੁਲਾਈਆ । ਮੇਰਾ ਚਾਰੋਂ ਕੁੰਟ ਹੋਣਾ ਜਸ, ਕਲਜੁਗ ਹੱਸ ਕੇ ਰਿਹਾ ਸੁਣਾਈਆ । ਮੇਰੀ ਤੱਕ ਲੈ ਰੈਣ ਅੰਧੇਰੀ ਮਸ, ਸਾਚਾ ਚੰਦ ਨਾ ਕੋਇ ਚਮਕਾਈਆ । ਸਭ ਦੇ ਕਾਇਆ ਖੇੜੇ ਕੀਤੇ ਭੱਠ, ਅਗਨੀ ਮਾਇਆ ਵਾਲੀ ਲਗਾਈਆ । ਤੇਰਾ ਮੰਦਰ ਗਿਆ ਢੱਠ, ਛੱਪਰ ਛੰਨ ਨਾ ਕੋਇ ਛੁਹਾਈਆ । ਆਪਣੀ ਹੱਡੀਆਂ ਦਾ ਕਰ ਇਕੱਠ, ਲਾਂਬੂ ਅੰਤਮ ਲੈਣਾ ਲਗਾਈਆ । ਮੇਰਾ ਸਾਹਿਬ ਕਿਰਪਾ ਕਰੇ ਸਮਰਥ, ਦੇਵੇ ਮਾਣ ਵਡਿਆਈਆ । ਜਿਸ ਦੇ ਸਭ ਕੁਛ ਹੱਥ, ਉਹ ਲੇਖਾ ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਝੋਲੀ ਪਾਏ ਮੇਰਾ ਹਕ, ਹਕੀਕਤ ਆਪਣੀ ਨਾਲ ਮਿਲਾਈਆ ।

## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਤਰੇਵਾ ਜ਼ਿਲਾ ਜੰਮੂ ਸਾਈਂ ਦਾਸ ਦੇ ਗ੍ਰਿਹ ✪

ਕਲਜੁਗ ਕਹੇ ਧਰਮ ਧਰਨੀ ਨੂੰ ਦੇਵੇਂ ਕੀ ਦਲੇਰੀ, ਹੌਸਲੇ ਰਿਹਾ ਬੰਧਾਈਆ । ਤੂੰ ਕਲਾ ਵਰਤਦੀ ਵੇਖੀ ਮੇਰੀ, ਮੇਰਾ ਸਾਹਿਬ ਦਏ ਵਡਿਆਈਆ । ਚਾਰੋਂ ਕੁੰਟ ਚਲਾਵਾਂ ਅੰਧੇਰੀ, ਅੰਧ ਅਗਿਆਨ ਵਰਤਾਈਆ । ਮੇਰੀ ਚੌਥੇ ਜੁਗ ਦੀ ਫੇਰੀ, ਹੋਕਾ ਸਭ ਨੂੰ ਦਿਤਾ ਸੁਣਾਈਆ । ਸਭ ਨੇ ਖ਼ਾਕ ਹੋਣਾ ਢੇਰੀ, ਮਿੱਟੀ ਧੂੜ ਉਡਾਈਆ । ਕੋਈ ਚੜ੍ਹੇ ਨਾ ਨਾਮ ਦੀ ਬੇੜੀ, ਨੌਕਾ ਹੱਥ ਕਿਸੇ ਨਾ ਆਈਆ । ਤੇਰੀ ਜੜ ਦਿਆਂ ਉਖੇੜੀ, ਉਖੇੜਾ ਚਾਰੋਂ ਕੁੰਟ ਲਗਾਈਆ । ਸ਼ਾਹ ਸੁਲਤਾਨਾਂ ਦਿਆਂ ਭੇੜੀ, ਦੀਨਾਂ ਮਜ਼੍ਹਬਾਂ ਦਿਆਂ ਟਕਰਾਈਆ । ਮੇਰੀ ਸਭ ਤੋਂ ਵੱਖਰੀ ਗੇੜੀ, ਗੇੜੇ ਵਿਚ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਕਹੇ

ਧਰਮ ਕੀ ਧਰਨੀ ਨਾਲ ਰਖੇ ਸਬੰਧ, ਸਚ ਦੇ ਸਮਝਾਈਆ । ਤੇਰਾ ਮਾਤ ਮੁਕਾਇਆ ਪੰਧ, ਧਵਲ ਉਤੇ ਰਹਿਣ ਨਾ ਪਾਈਆ । ਤੇਰਾ ਜੋਬਨ ਜਵਾਨੀ ਗਿਆ ਹੰਢ, ਬਿਰਧ ਅਵਸਥਾ ਦਏ ਗਵਾਹੀਆ । ਤੇਰੀ ਸਚ ਨਾਲੋਂ ਤੋੜੀ ਗੰਢ, ਟੁੱਟੀ ਗੰਢ ਨਾ ਕੋਇ ਪਵਾਈਆ । ਦਰੋਹੀ ਫਿਰਨੀ ਵਿਚ ਨਵ ਖੰਡ, ਸੱਤ ਦੀਪ ਦੇਣ ਗਵਾਹੀਆ । ਤੇਰੀ ਵੱਢੀ ਜਾਣੀ ਕੰਡ, ਮੁਖ ਸਕੇ ਨਾ ਫੇਰ ਭਵਾਈਆ । ਤੂੰ ਆਪਣੀ ਮੰਜ਼ਲ ਜਾਣਾ ਲੰਘ, ਬੈਠਣਾ ਪੰਧ ਮੁਕਾਈਆ । ਕਲਜੁਗ ਕਹੇ ਜਿੰਨਾਂ ਚਿਰ ਨਿਸ਼ਾਨ ਮਿਟਦਾ ਨਹੀਂ ਤਾਰਾ ਚੰਦ, ਮੇਰਾ ਲੇਖਾ ਸਕੇ ਨਾ ਕੋਇ ਗਵਾਈਆ । ਮੈਂ ਸੂਰਬੀਰ ਮੇਰਾ ਮਾਲਕ ਸਾਹਿਬ ਸੁਲਤਾਨ ਸਰਬੰਗ, ਹਰਿ ਕਰਤਾ ਇਕ ਅਖਵਾਈਆ । ਜੋ ਮੇਰੇ ਅੰਤਰ ਦੇਵੇ ਅਨੰਦ, ਅਨੰਦ ਆਪਣਾ ਇਕ ਸਮਝਾਈਆ । ਚਾਰੋਂ ਕੁੰਟ ਸ਼ਰਅ ਕਰਾਵਾਂ ਜੰਗ, ਝਗੜਾ ਵੇਖਣਾ ਥਾਉਂ ਥਾਈਂਆ । ਇਹ ਮੇਰੀ ਆਸਾ ਇਹੋ ਮੇਰੀ ਮੰਗ, ਪ੍ਰਭ ਅਗੇ ਝੋਲੀ ਡਾਹੀਆ । ਮੈਂ ਉਸ ਦਾ ਸੁਤ ਦੁਲਾਰਾ ਭੁਯੰਗ, ਭੁਜਾਂ ਆਪਣੀਆਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਢੋਲੇ ਗਾਵਾਂ ਛੰਦ, ਗੀਤ ਸੁਹਾਗੀ ਨਾਲ ਮਿਲਾਈਆ ।

## ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਤਰੇਵਾ ਜ਼ਿਲਾ ਜੰਮੂ ਅਨੰਤ ਰਾਮ ਦੇ ਗ੍ਰਿਹ ✪



ਕਲਜੁਗ ਕਹੇ ਧਰਮ ਤੂੰ ਦੇਵੇਂ ਕੀ ਦਲਾਸਾ, ਆਪਣੀ ਸਮਝ ਕਿਛ ਨਾ ਆਈਆ । ਮੈਨੂੰ ਵੇਖ ਕੇ ਆਵੇ ਹਾਸਾ, ਹੱਸ ਕੇ ਦਿਆਂ ਵਖਾਈਆ । ਕਮਲਿਆ ਤੇਰਾ ਖ਼ਾਲੀ ਹੋਇਆ ਕਾਸਾ, ਨਾਮ ਸਤਿ ਨਾ ਕੋਇ ਟਿਕਾਈਆ । ਹੁਣ ਬਦਲ ਲੈ ਆਪਣਾ ਪਾਸਾ, ਕਰਵਟ ਲੈ ਬਦਲਾਈਆ । ਤੇਰੇ ਤੇ ਰਿਹਾ ਨਾ ਕਿਸੇ ਭਰਵਾਸਾ, ਸਿਦਕ ਸਬੂਰੀ ਸਾਰੇ ਗਏ ਤਜਾਈਆ । ਮੇਰਾ ਤੱਕ ਖੇਲ ਤਮਾਸ਼ਾ, ਚਾਰੋਂ ਕੁੰਟ ਅੰਧੇਰਾ ਛਾਈਆ । ਜੂਠ ਝੂਠ ਪਾਵੇ ਰਾਸਾ, ਮੰਡਲਾਂ ਖੇਲ ਖਿਲਾਈਆ । ਮੇਰਾ ਸਾਹਿਬ ਸਵਾਮੀ ਰਾਖਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਮੈਨੂੰ ਦਿਤੀਆਂ ਦਾਤਾ, ਕਾਮ ਕਰੋਧ ਲੋਭ ਮੋਹ ਹੰਕਾਰ ਮੇਰੀ ਝੋਲੀ ਪਾਈਆ । ਮੈਂ ਸਭ ਦੀਆਂ ਵੇਖੀਆਂ ਜ਼ਾਤਾਂ, ਦੀਨਾਂ ਮਜ਼੍ਹਬਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਮ ਮੈਂ ਸੁਣਦਾ ਰਿਹਾ ਤੇਰੀਆਂ ਗੱਲਾਂ, ਕੀ ਧਰਨੀ ਰਿਹਾ ਦ੍ਰਿੜਾਈਆ । ਮੇਰਾ ਹੋਵਣ ਵਾਲਾ ਅੰਤਮ ਹੱਲਾ, ਹਾਲਾਂਕਿ ਤੈਨੂੰ ਦਿਆਂ ਜਣਾਈਆ । ਮੇਰਾ ਤੀਰ ਅਣਿਆਲਾ ਭੱਲਾ, ਭਲਿਆਂ ਮਾਣਸਾਂ ਕਰਾਂ ਸਫ਼ਾਈਆ । ਮੈਨੂੰ ਹੁਕਮ ਸੰਦੇਸਾ ਘੱਲਾ, ਘਲੂ ਘਾਰਾ ਕਰਾਂ ਲੋਕਾਈਆ । ਮੇਰਾ ਵਹਿਣ ਜਾਏ ਨਾ ਠੱਲਾ, ਧਰਮ ਤੈਨੂੰ ਦਿਆਂ ਰੁਲਾਈਆ । ਮੇਰਾ ਖ਼ਾਲੀ ਹੋਇਆ ਪੱਲਾ, ਵਸਤ ਸਚ ਨਾ ਕੋਇ ਗੰਢ ਪਵਾਈਆ । ਮੈਨੂੰ ਸਮਝ ਨਾ ਆਈ ਛਲਾ, ਵਲ ਛਲਧਾਰੀ ਮੈਨੂੰ ਦਿਤਾ ਸਮਝਾਈਆ । ਕਿਸੇ ਪਤਾ ਨਹੀਂ ਸੱਚੇ ਫਲਾ, ਫੁੱਲ ਸਕੇ ਨਾ ਕੋਇ ਮਹਿਕਾਈਆ । ਮੈਂ ਲੇਖਾ ਪੂਰਾ ਕਰਨਾ ਮੁਹੰਮਦ ਯਾਰ ਅੱਲਾ, ਆਲਮੀਨ ਜੋ ਸੁਣਾਈਆ । ਚਾਰ ਕੁੰਟ ਪਾਵਾਂ ਤਰਥਲਾ, ਇਹ ਮੇਰੀ ਬੇਪ੍ਰਵਾਹੀਆ । ਤੂੰ ਸੁਣਨਾ ਨਾਲ ਤਸੱਲਾ, ਤਸੱਲੀ ਦੇਣ ਵਾਲਿਆ ਤੈਨੂੰ ਦਿਆਂ ਜਣਾਈਆ । ਕਲਜੁਗ ਇਕ ਇਕੱਲਾ, ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂਆਂ ਦਾ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਤੀਰ ਨਿਸ਼ਾਨਾ ਅਗੰਮੀ ਚਿੱਲ੍ਹਾ, ਚੌਥੇ ਜੁਗ ਆਪ ਚੜ੍ਹਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਅੰਗਰੇਜ਼ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਜਨ ਭਗਤੋ ਸੁਣੋ ਮੇਰੀ ਭਈ, ਭਾਈਓ ਦਿਆਂ ਜਣਾਈਆ । ਮੈਂ ਆਪਣਾ ਲੇਖਾ ਕਢ ਕੇ ਵੇਖਿਆ ਉਤੇ ਵਹੀ, ਵਾਅਦਿਆਂ ਵਾਲਾ ਫੋਲ ਫੁਲਾਈਆ । ਉਸ ਮੈਨੂੰ ਸੰਦੇਸੇ ਦਿਤੇ ਕਈ, ਅਨਕ ਵਾਰ ਦਿਤਾ ਜਣਾਈਆ । ਪੰਡਤਾ ਤੂੰ ਪਹੁੰਚਿਆ ਵਿਚ ਸੇਈ, ਸਹੀ ਸਲਾਮਤ ਆਪਣਾ ਪੰਧ ਮੁਕਾਈਆ । ਮੈਂ ਨਿਗਾਹ ਮਾਰੀ ਮੈਨੂੰ ਦਿਸਿਆ ਟੱਪਿਆ ਗੋਬਿੰਦ ਦਾ ਢਇਆ ਢਈ, ਆਪਣਾ ਪੰਧ ਮੁਕਾਈਆ । ਮੇਰੀ ਅੰਦਰੋਂ ਸੁਰਤ ਹਵਾਸ ਉਡ ਗਈ, ਭੈ ਵਿਚ ਆਪਣੀ ਅੱਖ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਫੇਰ ਵੇਖਿਆ ਆਪਣਾ ਖਾਤਾ, ਖ਼ਤਰੇ ਵਲ ਧਿਆਨ ਲਗਾਈਆ । ਕਿਹੜੀ ਕੂਟ ਤੇ ਕਿਹੜਾ ਹਾਤਾ, ਦਿਸ਼ਾ ਕਿਹੜੀ ਸੋਭਾ ਪਾਈਆ । ਉਥੇ ਕਿਹੜਾ ਰਿਸ਼ਤਾ ਤੇ ਕਿਹੜਾ ਨਾਤਾ, ਕਿਸ ਨੂੰ ਮਿਲਾਂ ਚਾਈਂ ਚਾਈਂਆ । ਨਾ ਕੋਈ ਪਿਓ ਤੇ ਨਾ ਕੋਈ ਚਾਚਾ, ਸੱਜਣ ਸੰਗ ਨਾ ਕੋਇ ਵਖਾਈਆ । ਝਟ ਨਾਰਦ ਕਹੇ ਮੇਰੇ ਅੰਦਰ ਆਈ ਅਵਾਜ਼ਾ, ਸਹਿਜ ਸਹਿਜ ਸੁਣਾਈਆ । ਤੂੰ ਸੋਇਆ ਕਿ ਜਾਗਾ, ਭੇਵ ਦੇ ਖੁਲਾਈਆ । ਸੁਣ ਲੈ ਧੁਰ ਦਾ ਰਾਗਾ, ਅਨਰਾਗੀ ਦਿਤਾ ਦ੍ਰਿੜਾਈਆ । ਔਹ ਤੱਕ ਲੈ ਵਾਲਾ ਬਾਜਾ, ਬਾਜ਼ੀ ਆਪਣੀ ਗਿਆ ਬਦਲਾਈਆ । ਜਿਸ ਨੇ ਨਵਾਂ ਸਾਜਣ ਸਾਜਾ, ਸੱਜਣ ਇਕ ਅਖਵਾਈਆ । ਸ਼ਾਹੋ ਭੂਪ ਬਣ ਕੇ ਰਾਜਾ, ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੇਰੇ ਅੰਦਰ ਪ੍ਰੇਮ ਦੀ ਵੱਜੀ ਹੁੱਜ, ਮੇਰਾ ਰੋਮ ਰੋਮ ਦਿਤਾ ਹਿਲਾਈਆ । ਮੈਨੂੰ ਸਭ ਕੁਝ ਗਿਆ ਸੁਝ, ਮੇਰੇ ਸਾਹਿਬ ਦਿਤਾ ਦ੍ਰਿੜਾਈਆ । ਨਾਰਦਾ ਤੱਕ ਅੰਧੇਰਾ ਕਲਜੁਗ, ਨਵ ਸੱਤ ਖੋਜ ਖੁਜਾਈਆ । ਜਿਸ ਦੀ ਔਧ ਰਹੀ ਪੁਗ, ਪੰਧ ਰਿਹਾ ਮੁਕਾਈਆ । ਉਸ ਸਭ ਦੀ ਮਲੀਨ ਕੀਤੀ ਬੁਧ, ਬੁਧੀਵਾਨ ਚਲੇ ਨਾ ਕੋਇ ਚਤੁਰਾਈਆ । ਉਹਦਾ ਲੇਖਾ ਵੇਖ ਉਤੇ ਬਸੁੱਧ, ਬਸੁਧਾ ਕੀ ਆਪਣੀ ਕਾਰ ਕਮਾਈਆ । ਤੂੰ ਉਸ ਧਾਮ ਤੇ ਪੁਜ, ਜਿਥੇ ਪੂਜਾ ਇਕੋ ਬੇਪਰਵਾਹੀਆ । ਖ਼ੁਸ਼ੀਆਂ ਦੇ ਵਿਚ ਕੁੱਦ, ਨੱਚਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਫੇਰ ਸਿਰ ਤੇ ਫੇਰਿਆ ਹੱਥ, ਉਂਗਲੀ ਠੋਡੀ ਉਤੇ ਟਿਕਾਈਆ । ਫੇਰ ਪਿਆ ਹੱਸ, ਖ਼ੁਸ਼ੀਆਂ ਦੇ ਢੋਲੇ ਗਾਈਆ । ਤੱਕ ਅੰਧੇਰਾ ਮਸ, ਨੈਣ ਲਿਆ ਮੁੰਧਾਈਆ । ਸਿਰ ਨਿਵਾ ਪੁਰਖ ਸਮਰਥ, ਸੀਸ ਦਿਤਾ ਝੁਕਾਈਆ । ਆਪਣਾ ਮਾਰਗ ਅਗਲਾ ਦੱਸ, ਕੀ ਤੇਰੀ ਬੇਪਰਵਾਹੀਆ । ਮੈਂ ਜਾਵਾਂ ਉਥੇ ਨੱਸ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਨਾਰਦ ਕਹੇ ਮੈਨੂੰ ਸਤਿਗੁਰ ਸ਼ਬਦ ਨੇ ਕੀਤਾ ਇਸ਼ਾਰਾ, ਇਸ਼ਾਰੇ

ਵਿਚੋਂ ਜਣਾਈਆ । ਜੇ ਤੂੰ ਪ੍ਰਭੂ ਦਾ ਭਗਤ ਪਿਆਰਾ, ਪ੍ਰੇਮ ਚਾਰ ਜੁਗ ਆਈਆ । ਜੇ ਇਕੇ ਨੂੰ ਡੰਡਾਵਤ ਕਰੇਂ ਨਿਮਸਕਾਰਾ, ਬੰਦਨਾ ਵਿਚ ਸੀਸ ਝੁਕਾਈਆ । ਜੇ ਇਕੇ ਦਾ ਲਾਵੇਂ ਜੈਕਾਰਾ, ਢੋਲਾ ਇਕੋ ਗਾਈਆ । ਉਸ ਦਾ ਵੇਖ ਨਜ਼ਾਰਾ, ਨਜ਼ਰਾਂ ਤੋਂ ਬਾਹਰ ਜਣਾਈਆ । ਜਿਹੜਾ ਨਿਰਗੁਣ ਨੂਰ ਆਇਆ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਨਾਰਦਾ ਉਹ ਮਿਲਦਾ ਮਿਤਰਾਂ ਦਾ ਮਿਤਰ ਪਿਆਰਾ, ਸਦ ਪ੍ਰੇਮ ਵਿਚ ਸਮਾਈਆ । ਜੇ ਅੱਜ ਮਿਲਣਾ ਤੇ ਮਿਲੇ ਐਕ ਕਿਨਾਰਾ, ਜਿਸ ਐਕ ਦੀ ਅੱਖ ਭਿਰਗੂ ਗਿਆ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਚਲ ਪਿਆ ਬਿਨਾ ਪਾਈ ਜੁੱਤੀ, ਪਟਕਾ ਸੀਸ ਨਾ ਕੋਇ ਬੰਨ੍ਹਾਈਆ । ਮੈਂ ਉਸ ਜਜਮਾਨ ਦੀ ਕਰਾਂ ਬੁਤੀ, ਜੋ ਬੁਤਖ਼ਾਨਿਆਂ ਡੇਰਾ ਲਾਈਆ । ਮੇਰੀ ਅੰਦਰੇ ਅੰਦਰ ਬਣ ਗਈ ਰੁਚੀ, ਰਚਨਾ ਤੱਕਾਂ ਧੁਰਦਰਗਾਹੀਆ । ਮੇਰੀ ਧਾਰ ਉਠੀ ਸੁੱਤੀ, ਸੁੱਤੀ ਲਏ ਅੰਗੜਾਈਆ । ਮੈਂ ਕੂਕ ਕੂਕ ਕੇ ਕਹਾਂ ਉਚੀ ਉਚੀ, ਤੂੰ ਮੇਰਾ ਮਾਲਕ ਬੇਪਰਵਾਹੀਆ । ਮੇਰੇ ਸਾਹਿਬ ਸਵਾਮੀ ਮੇਰੀ ਵਾਤ ਪੁਛੀ, ਪੁਸ਼ਤ ਪਨਾਹ ਹੱਥ ਟਿਕਾਈਆ । ਮੈਂ ਚਲਿਆ ਵਕਤ ਉਸੀ, ਭੱਜਿਆ ਵਾਹੋ ਦਾਹੀਆ । ਮੈਨੂੰ ਰਾਹ ਖੇੜਾ ਕਦੇ ਨਾ ਕੋਈ ਘੁੱਸੀ, ਆਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਨਾਰਦ ਕਹੇ ਜਿਸ ਵੇਲੇ ਹੋਇਆ ਰਵਾਨਾ, ਰਵਾਨਗੀ ਆਪਣੀ ਆਪੇ ਪਾਈਆ । ਮੈਂ ਹੱਸਦਾ ਆਵਾਂ ਯਾਰ ਦਾ ਵੇਖਣ ਯਰਾਨਾ, ਯਾਰੀ ਯਾਰ ਨਾਲ ਨਿਭਾਈਆ । ਨਾਲੇ ਗਾਉਂਦਾ ਆਵਾਂ ਗਾਣਾ, ਤੂੰ ਮੇਰਾ ਧੁਰ ਦਾ ਮਾਹੀਆ । ਤੇਰਾ ਕਿਹੜਾ ਮਹੱਲ ਕਿਹੜਾ ਘਰਾਨਾ, ਸਚਖੰਡ ਵਾਸੀ ਦੇਣਾ ਟਿਕਾਈਆ । ਝਟ ਮੈਨੂੰ ਸ਼ਬਦ ਨੇ ਦੱਸਿਆ ਨਿਸ਼ਾਨਾ, ਇਸ਼ਾਰਾ ਦਿਤਾ ਕਰਾਈਆ । ਉਹ ਤੱਕ ਆਪਣਾ ਜਜਮਾਨਾ, ਜਿਸ ਜਗਤ ਜਾਮਨ ਅਵਤਾਰ ਪੈਗ਼ੰਬਰ ਗੁਰੂ ਬਣਾਈਆ । ਉਸ ਦਾ ਵੇਖ ਲੈ ਸਚ ਟਿਕਾਣਾ, ਦੂਰ ਦੁਰਾਡਾ ਰਿਹਾ ਵਖਾਈਆ । ਉਹ ਸੋਈ ਸ਼ਹਿਰ ਪੁਰਾਣਾ, ਜਿਸ ਦੀ ਸਹੀ ਸਪਤਸ ਰਿਖੀ ਗਏ ਪਾਈਆ । ਬਾਲਮੀਕ ਨੇ ਏਸੇ ਵਿਚ ਬਹਿ ਕੇ ਗਾਇਆ ਸੀ ਗਾਣਾ, ਰਾਮ ਰਾਮਾ ਧਿਆਨ ਲਗਾਈਆ । ਤੂੰ ਪੰਡਤਾ ਉਸ ਥਾਂ ਤੇ ਜਾਣਾ, ਜਿਥੇ ਜਾਣ ਪਹਿਚਾਣ ਵਾਲਾ ਨਜ਼ਰ ਕੋਇ ਨਾ ਆਈਆ । ਤੇਰੇ ਸਵਾਮੀ ਅਵੱਲਾ ਪਹਿਰਿਆ ਬਾਣਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਿਸ ਵੇਲੇ ਮੈਂ ਕੋਲੋਂ ਲੰਘ ਕੇ ਆਇਆ ਧਰੂ, ਹੱਥ ਪ੍ਰਹਿਲਾਦ ਨਾਲ ਮਿਲਾਈਆ । ਜਿਥੋਂ ਮੇਰਾ ਲੇਖਾ ਹੋਇਆ ਸ਼ੁਰੂ, ਸ਼ਰਅ ਦਾ ਡੇਰਾ ਢਾਹੀਆ । ਮੈਨੂੰ ਇਕ ਸੰਦੇਸ਼ਾ ਦੇਵੇ ਮੇਰਾ ਸ਼ਬਦ ਸਤਿਗੁਰੂ, ਦੂਜੀ ਆਵਾਜ਼ ਨਾ ਕੋਇ ਸੁਣਾਈਆ । ਅਗੋਂ ਕਲਜੁਗ ਮਿਲਿਆ ਉਹ ਮੈਨੂੰ ਕਹਿੰਦਾ ਏਥੋਂ ਪਿਛਾਂ ਨੂੰ ਜਾਣਾ ਮੁੜੂ, ਅਗੇ ਕਦਮ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਕਲਜੁਗ ਨੂੰ ਸਹਿਜ ਨਾਲ ਮਾਰਿਆ ਧੱਕਾ, ਧੱਕ ਕੇ ਪਰੇ ਹਟਾਈਆ । ਮੈਂ ਭਗਤ ਪ੍ਰਭੂ ਦਾ ਪੱਕਾ, ਪਿਛੇ ਮੁੜ ਕਦੇ ਨਾ ਜਾਈਆ । ਕਲਜੁਗ ਕਿਹਾ ਮੈਂ ਵੀ ਅੰਧੇਰੀ ਮੀਂਹ ਪਾਵਾਂ ਡੱਕਾ, ਅਗੇ ਕਦਮ ਨਾ ਕੋਇ ਟਿਕਾਈਆ । ਮੈਂ ਹੱਥ ਮਾਰਿਆ ਉਤੇ ਪੱਟਾਂ, ਨਾਰਦ ਕਹੇ ਜ਼ੋਰ ਨਾਲ ਲਗਾਈਆ । ਮੈਂ ਤੇਰੇ ਨਵ ਦਵਾਰੇ ਟੱਪਾਂ, ਨਵਾਂ ਖੰਡਾਂ ਡੇਰਾ ਢਾਹੀਆ । ਮੈਂ ਜ਼ੋਰ ਨਾਲ

ਨੱਠਾਂ, ਭੱਜਾਂ ਵਾਹੋ ਦਾਹੀਆ । ਕਲਜੁਗ ਕਹੇ ਮੈਂ ਤੈਨੂੰ ਅਗੇ ਹੋ ਕੇ ਡੱਕਾਂ, ਆਪਣਾ ਬਲ ਬਣਾਈਆ । ਨਾਰਦ ਕਹੇ ਮੈਨੂੰ ਉਸ ਪ੍ਰਭੂ ਦੀਆਂ ਰਖਾਂ, ਜੋ ਰੱਖਿਆ ਕਰੇ ਥਾਈਂ ਥਾਈਂਆ । ਮੈਂ ਉਸ ਦਾ ਦਰਸ਼ਨ ਤੱਕਾਂ, ਇਹ ਤਕਵਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਆ ਗਿਆ ਨਾਲ ਜ਼ੋਰ, ਪ੍ਰਭੂ ਦਿਤੀ ਵਡਿਆਈਆ । ਮੈਂ ਚਾਰੋਂ ਕੁੰਟ ਮਚਾਇਆ ਸ਼ੋਰ, ਆਪਣੇ ਸ਼ੌਹਰ ਦਾ ਹਾਲ ਸੁਣਾਈਆ । ਸਾਰੇ ਤੱਕੇ ਨਾਲ ਗ਼ੌਰ, ਗਹਿਰ ਗੰਭੀਰ ਅਗੰਮ ਅਥਾਹੀਆ । ਜਿਸ ਦਾ ਖੇਲ ਅਵਰ ਦਾ ਔਰ, ਅਵਰੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਨਾਰਦ ਕਹੇ ਮੈਂ ਭੱਜ ਨੱਠ ਕੇ ਆਇਆ, ਆਪਣਾ ਪੰਧ ਮੁਕਾਈਆ । ਮੈਨੂੰ ਮਿਲੀ ਤ੍ਰੈਗੁਣ ਮਾਇਆ, ਹੱਸ ਕੇ ਰਹੀ ਵਖਾਈਆ । ਪੰਡਤੂ ਤੂੰ ਕਿਹੜੇ ਰਸਤੇ ਆਪਣੇ ਆਪ ਨੂੰ ਪਾਇਆ, ਭੱਜੇਂ ਵਾਹੋ ਦਾਹੀਆ । ਤੂੰ ਮੇਰਾ ਨੂਰ ਵੇਖ ਸਵਾਇਆ, ਜੋਬਨਵੰਤੀ ਨਜ਼ਰੀ ਆਈਆ । ਅਗੇ ਆਪਣਾ ਹੱਥ ਵਧਾਇਆ, ਉਂਗਲਾਂ ਰਹੀ ਵਧਾਈਆ । ਸੋਹਣਾ ਬਸਤਰ ਭੂਸ਼ਨ ਤਨ ਛੁਹਾਇਆ, ਰੰਗਤ ਰੰਗ ਰੰਗਾਈਆ । ਨੇਤਰ ਨੈਣ ਨੈਣ ਮਟਕਾਇਆ, ਕੱਜਲ ਧਾਰ ਸੁਹਾਈਆ । ਮਸਤਕ ਬਿੰਦੀ ਨਾਲ ਸੁਹਾਇਆ, ਟਿੱਕਾ ਖ਼ਾਕ ਖ਼ਾਕ ਰਮਾਈਆ । ਮੁਖ ਘੁੰਗਟ ਫੇਰ ਉਠਾਇਆ, ਹੱਸ ਕੇ ਸੀਸ ਨਿਵਾਈਆ । ਉਹ ਛੈਲ ਗਭਰੂਆ ਤੂੰ ਕਿਹੜੀ ਕੂਟੋ ਆਇਆ, ਆਪਣਾ ਪੰਧ ਮੁਕਾਈਆ । ਮੈਂ ਚਾਰ ਜੁਗ ਦੀ ਕਵਾਰੀ ਮੈਨੂੰ ਅਜੇ ਨਾ ਕਿਸੇ ਵਿਆਹਿਆ, ਵਰ ਮਿਲਣ ਕੋਇ ਨਾ ਪਾਈਆ । ਧੰਨ ਭਾਗ ਪ੍ਰਭੂ ਨੇ ਸਾਚਾ ਮੇਲ ਮਿਲਾਇਆ, ਜੋੜੀ ਸੁਹੰਜਣੀ ਨਜ਼ਰੀ ਆਈਆ । ਨਾਰਦ ਕਹੇ ਮੈਂ ਸਾਹ ਘੁੱਟ ਕੇ ਬੜਾ ਘਬਰਾਇਆ, ਹੱਥ ਅੱਖਾਂ ਉਤੇ ਟਿਕਾਈਆ । ਹੌਕਿਆਂ ਵਿਚ ਸੁਣਾਇਆ, ਪ੍ਰਭੂ ਕੀ ਤੇਰੀ ਬੇਪਰਵਾਹੀਆ । ਇਹ ਕਿਹੜਾ ਸੇਈ ਦਾ ਰਸਤਾ ਵਖਾਇਆ, ਰਹਿਬਰ ਦੇਣਾ ਸਮਝਾਈਆ । ਨਾਲੇ ਨੈਣਾਂ ਨੀਰ ਵਹਾਇਆ, ਰੋ ਰੋ ਕੇ ਦਿਤਾ ਵਖਾਈਆ । ਫੇਰ ਪ੍ਰਭੂ ਨੂੰ ਧਿਆਇਆ, ਬਹੁੜੀ ਤੇਰਾ ਨਾਮ ਦੁਹਾਈਆ । ਮੈਂ ਤੇਰਾ ਪੰਡਤ ਘਬਰਾਇਆ, ਮੇਰੀ ਚਲੇ ਨਾ ਕੋਇ ਚਤੁਰਾਈਆ । ਨਾਰਦ ਕਹੇ ਮੈਂ ਬੋਦੀ ਨੂੰ ਜ਼ੋਰ ਜ਼ੋਰ ਹਿਲਾਇਆ, ਚੱਕਰ ਨੌ ਦਿਤੇ ਭਵਾਈਆ । ਫੇਰ ਦੋਵੇਂ ਹੱਥ ਉਠਾਇਆ, ਵਾਸਤਾ ਪ੍ਰਭ ਦੇ ਅਗੇ ਪਾਈਆ । ਏਸ ਵੇਲੇ ਹੋ ਸਹਾਇਆ, ਤੇਰੀ ਓਟ ਤਕਾਈਆ । ਨਾਰਦ ਕਹੇ ਝਟ ਫੇਰ ਮਾਇਆ ਨੇ ਸੁਖ਼ਨ ਅਲਾਇਆ, ਐਲੀ ਐਲੀ ਕਰ ਕੇ ਦਿਤਾ ਜਣਾਈਆ । ਮੈਂ ਜੁਗ ਚੌਕੜੀ ਸਭ ਨੂੰ ਭਰਮਾਇਆ, ਬਚਿਆ ਨਜ਼ਰ ਕੋਇ ਨਾ ਆਈਆ । ਜਿਹੜਾ ਮੈਨੂੰ ਪਾਂਧੀ ਮਿਲਿਆ ਮੈਂ ਓਸ ਨੂੰ ਮੂੰਹ ਦੇ ਭਾਰ ਗਿਰਾਇਆ, ਪਿਠ ਸਭ ਦੀ ਦਿਤੀ ਲਗਾਈਆ । ਮੈਂ ਜ਼ਿਮੀਂ ਅਸਮਾਨਾਂ ਦੇ ਵਿਚਕਾਰ ਪੀੜ੍ਹਾ ਡਾਹਿਆ, ਸਿੰਘਾਸਣ ਆਪਣਾ ਇਕ ਸੁਹਾਈਆ । ਮੈਂ ਲੱਖ ਚੁਰਾਸੀ ਨੂੰ ਫੜ ਫੜ ਖਾਇਆ, ਖਾ ਖਾ ਸ਼ੁਕਰ ਮਨਾਈਆ । ਪੰਡਤਾ ਤੇਰੇ ਪ੍ਰਭੂ ਨੇ ਮੈਨੂੰ ਅਜੇ ਤੱਕ ਨਹੀਂ ਰਜਾਇਆ, ਮੇਰੀ ਤ੍ਰਿਸ਼ਨਾ ਪੂਰ (ਨਾ ਕੋਇ) ਕਰਾਈਆ । ਉਫ਼ ਮੇਰੀ ਹਾਇਆ, ਹੌਕਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਈਆ । ਨਾਰਦ ਕਹੇ ਮੈਂ ਪ੍ਰਭੂ ਦੇ ਅਗੇ ਪਾਇਆ ਵਾਸਤਾ, ਵਾਹਵਾ ਤੇਰੀ ਬੇਪਰਵਾਹੀਆ । ਮੈਨੂੰ ਕਿਹੜਾ ਵਿਖਾਇਆ ਰਾਸਤਾ, ਕਿ ਰਸਤਾ ਦਿਤਾ ਭੁਲਾਈਆ । ਮੇਰਾ ਕਾਇਆ ਕਰ ਲੈ ਰਾਬਤਾ, ਨਾਤਾ ਆਪਣੇ ਨਾਲ ਜਣਾਈਆ । ਮੈਂ ਤੇਰਾ ਭਗਤ ਪੁਰਾਣਾ ਸਾਬਕਾ, ਪਿਛਲੇ ਜੁਗ ਦੇਣ ਗਵਾਹੀਆ । ਤੂੰ

ਮੇਰੀਆਂ ਜਾਣਦਾ ਆਦਤਾਂ, ਆਦਿ ਜੁਗਾਦਿ ਆਪਣੇ ਹੁਕਮ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਝਟ ਮੇਰੀ ਅਰਜ਼ ਹੋਈ ਮਨਜ਼ੂਰ, ਪ੍ਰਭ ਦਿਤੀ ਮਾਣ ਵਡਿਆਈਆ । ਸਤਿਗੁਰ ਸ਼ਬਦ ਹਾਜ਼ਰ ਹਜ਼ੂਰ, ਹਾਜ਼ਰ ਹੋ ਕੇ ਵੇਖ ਵਖਾਈਆ । ਇਸ਼ਾਰੇ ਨਾਲ ਮਾਇਆ ਨੂੰ ਕੀਤਾ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਫੇਰ ਮੈਂ ਚਰਨਾਂ ਦੀ ਲਾਈ ਧੂਲ, ਟਿੱਕਾ ਖ਼ਾਕ ਰਮਾਈਆ । ਨਾਲੇ ਕਿਹਾ ਮੈਂ ਸਾਹਿਬ ਸਤਿਗੁਰ ਨੂੰ ਮਿਲਣਾ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਈਆ । ਸਤਿਗੁਰ ਸ਼ਬਦ ਨੇ ਕਿਹਾ ਜੇ ਉਸ ਨੂੰ ਲੱਭਣਾ ਉਹ ਏਸ ਵੇਲੇ ਭਗਤਾਂ ਦਾ ਮਜ਼ਦੂਰ, ਸੇਵਕ ਹੋ ਕੇ ਚਾਕਰੀ ਸਚ ਕਮਾਈਆ । ਉਹਦਾ ਆਦਿ ਦਾ ਦਸਤੂਰ, ਰੀਤੀ ਪੁਰਾਤਨ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਮੈਨੂੰ ਸਤਿਗੁਰ ਸ਼ਬਦ ਸੁਣਾਇਆ ਤਰਾਨਾ, ਤਰਾ ਤਰਾ ਨਾਲ ਜਣਾਈਆ । ਉਹ ਤੱਕ ਸ਼ਹਿਨਸ਼ਾਹ ਸੁਲਤਾਨਾ, ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਦਾ ਭਗਤਾਂ ਨਾਲ ਯਰਾਨਾ, ਗੁਰਮੁਖਾਂ ਰੰਗ ਰੰਗਾਈਆ । ਉਸ ਦਾ ਖੇਲ ਜ਼ਿਮੀਂ ਅਸਮਾਨਾ, ਦੋ ਜਹਾਨਾਂ ਕਾਰ ਭੁਗਤਾਈਆ । ਜੇ ਉਸ ਦੇ ਕੋਲ ਜਾਣਾ, ਜਾਣ ਵਾਲਿਆ ਤੈਨੂੰ ਦਿਆਂ ਜਣਾਈਆ । ਪਹਿਲੋਂ ਮੇਰੇ ਉਸ ਦੇ ਪਿਆਰ ਦਾ ਲੈ ਪ੍ਰਵਾਨਾ, ਸਤਿਗੁਰ ਸ਼ਬਦ ਰਿਹਾ ਸੁਣਾਈਆ । ਫੇਰ ਤੈਨੂੰ ਨਿਉਂ ਨਿਉਂ ਕਰ ਸਲਾਮਾ, ਸਜਦਿਆਂ ਵਿਚ ਸੀਸ ਝੁਕਾਈਆ । ਤੂੰ ਮੇਰਾ ਮੈਂ ਤੇਰਾ ਗਾ ਗਾਣਾ, ਗਾ ਗਾ ਦੇ ਸੁਣਾਈਆ । ਉਥੇ ਪੁੱਜਣਾ ਜਿਥੇ ਭਗਤਾਂ ਦਾ ਟਿਕਾਣਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਮੈਂ ਇਕੋ ਵਾਰ ਪੁਛਿਆ, ਬਹੁਤੀ ਪੁਛ ਨਾ ਕੋਇ ਪੁਛਾਈਆ । ਫੇਰ ਆਪਣਾ ਭਾਰ ਆਪੇ ਚੁੱਕਿਆ, ਭੱਜਿਆ ਵਾਹੋ ਦਾਹੀਆ । ਮੇਰਾ ਹੌਲੀ ਹੌਲੀ ਪੈਂਡਾ ਮੁੱਕਿਆ, ਪਿਛਲਾ ਸਫ਼ਰ ਰਿਹਾ ਨਾ ਰਾਈਆ । ਮੈਂ ਕਈ ਵਾਰ ਡਿਗਿਆ ਤੇ ਕਈ ਵਾਰ ਉਠਿਆ, ਤਿਲਕਣ ਬਾਜ਼ੀ ਨੇ ਤਿਲਕਣ ਬਾਜ਼ੀ ਦਿਤੀ ਵਖਾਈਆ । ਪਰ ਮੇਰਾ ਪਿਆਰ ਮੂਲ ਨਾ ਟੁੱਟਿਆ, ਮੈਂ ਭੱਜਿਆ ਵਾਹੋ ਦਾਹੀਆ । ਸੁਭਾਵਕ ਸੇਈ ਵਿਚ ਆ ਕੇ ਪੁਜਿਆ, ਆਪਣਾ ਕਦਮ ਟਿਕਾਈਆ । ਮੈਨੂੰ ਯਾਦ ਆ ਗਿਆ ਮੇਰਾ ਪਿਛਲਾ ਲੇਖਾ ਮੁੱਕਿਆ ਕਈ ਜੁਗਿਆ, ਜੁਗਾਂ ਜੁਗਾਂ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਣਜ ਇਕ ਕਰਾਈਆ । ਨਾਰਦ ਕਹੇ ਜਨ ਭਗਤੋ ਇਹ ਤੁਹਾਡੀ ਕਿਹੜੀ ਬਸਤੀ, ਵਸਣ ਵਾਲਿਓ ਦਿਓ ਸਮਝਾਈਆ । ਤੁਹਾਨੂੰ ਕਾਸ ਦੀ ਮਸਤੀ, ਓ ਮਸਤ ਮਸਤਾਨਿਉਂ ਪਰਦੇ ਦਿਓ ਚੁਕਾਈਆ । ਕੀ ਵਡਿਆਈ ਸਿਫ਼ਤਾਂ ਵਾਲੇ ਜਸ ਦੀ, ਰਸਨਾ ਢੋਲੇ ਗਾਈਆ । ਮੈਨੂੰ ਖ਼ੁਸ਼ੀ ਦੱਸੋ ਆਪਣੀ ਅੱਖ ਦੀ, ਜਿਸ ਅੱਖ ਨਾਲ ਸਤਿਗੁਰ ਦਾ ਦਰਸ਼ਨ ਪਾਈਆ । ਕੀ ਵਸਤ ਖ਼ਰੀਦੀ ਪ੍ਰੇਮੀਓ ਏਸ ਹੱਟ ਦੀ, ਆਪਣੀਆਂ ਝੋਲੀਆਂ ਵਿਚ ਪਾਈਆ । ਮੇਰੀ ਖ਼ਾਹਿਸ਼ ਸਾਰੇ ਪਾਸੇ ਨੱਠਦੀ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਕਰੇ ਸਮਰਥ ਦੀ, ਸਮਰਥ ਆਪਣਾ ਹੁਕਮ ਵਰਤਾਈਆ ।

# ✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਜਗਜੀਤ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਭਗਤੋ ਮੇਰੀਆਂ ਵੇਖ ਲਓ ਸੁੱਕੀਆਂ ਹੱਡੀਆਂ, ਹੱਡ ਮਾਸ ਨਾੜੀ ਦਾ ਪਿੰਜਰ ਨਜ਼ਰ ਕੋਇ ਨਾ ਆਈਆ । ਮੇਰੀਆਂ ਨੰਗੇ ਪੈਰੀਂ ਦੇ ਆਉਂਦੇ ਦੀਆਂ ਘਸ ਗਈਆਂ ਅੱਡੀਆਂ, ਅੱਡੀ ਚੋਟੀ ਤੱਕ ਧਿਆਨ ਲਗਾਈਆ । ਤੁਹਾਨੂੰ ਯਾਦ ਨਹੀਂ ਕਬੀਰ ਕਿਸ ਪ੍ਰਕਾਰ ਚਲਾਈਆ ਖੱਡੀਆਂ, ਖੱਡਾਂ ਵਿਚ ਆਪਣਾ ਆਪ ਸੁਟਾਈਆ । ਕਿਸ ਬਿਧ ਰਵਦਾਸ ਨੇ ਪਾਨਹੇ ਗੰਢੀਆਂ ਜੁੱਤੀਆਂ, ਤੰਦਾਂ ਤੰਦ ਪਵਾਈਆ । ਭਗਤੋ ਨੇਤਰ ਖੋਲੋ ਤੁਹਾਡੇ ਪਿਛੇ ਤੁਹਾਡਾ ਪ੍ਰਭ ਕਟੇ ਬੁੱਤੀਆਂ, ਬੁਤਖ਼ਾਨੇ ਕਰ ਸਫ਼ਾਈਆ । ਤੁਹਾਡੀਆਂ ਰੂਹਾਂ ਸੁੱਤੀਆਂ, ਸੁੱਤੀਆਂ ਨੂੰ ਮਿਲੇ ਚਾਈਂ ਚਾਈਂਆ । ਤੁਹਾਨੂੰ ਜਗਤ ਜਹਾਨ ਵੱਲੋਂ ਦੇ ਕੇ ਛੁਟੀਆਂ, ਆਪਣੀ ਗੋਦੀ ਲਿਆ ਉਠਾਈਆ । ਤੁਹਾਡੀਆਂ ਪ੍ਰੀਤੀਆਂ ਜਗਤ ਨਾਲੋਂ ਟੁੱਟੀਆਂ, ਸਤਿਗੁਰ ਸ਼ਬਦ ਨਾਲ ਜੁੜਾਈਆ । ਤੁਹਾਡੀਆਂ ਰੂਹਾਂ ਲਟਕਣੀਆਂ ਨਹੀਂ ਪੁੱਠੀਆਂ, ਮਾਤਾ ਗਰਭ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਮੈਂ ਸੇਈ ਵਿਚ ਆਇਆ ਭੱਜ, ਭਜਨ ਬੰਦਗੀ ਵਾਲਿਓ ਤੁਹਾਨੂੰ ਦਿਆਂ ਸੁਣਾਈਆ । ਮੈਂ ਵੀ ਛੱਡਿਆ ਇਹ ਵੇਖਿਆ ਝੂਠਾ ਜਗ, ਜਗਤ ਦਾ ਸਾਥੀ ਸੰਗ ਨਾ ਕੋਇ ਬਣਾਈਆ । ਜਿਧਰ ਵੇਖੋ ਉਧਰ ਲੱਗੀ ਅੱਗ, ਬਿਨ ਸਤਿਗੁਰ ਤੋਂ ਸਾਂਤਕ ਸਤਿ ਨਾ ਕੋਇ ਵਰਤਾਈਆ । ਇਸ ਨੂੰ ਕੋਈ ਨਾ ਸਕੇ ਲੱਭ, ਖੋਜਿਆਂ ਹੱਥ ਕਿਸੇ ਨਾ ਆਈਆ । ਪਤਾ ਨਹੀਂ ਤੁਸੀਂ ਜੈਕਾਰੇ ਬੋਲੋ ਗੱਜ, ਸਨਮੁਖ ਤੁਹਾਡੇ ਬੈਠਾ ਸੋਭਾ ਪਾਈਆ । ਮੈਂ ਖ਼ੁਸ਼ੀ ਹੋ ਗਿਆ ਅੱਜ ਦੀ ਵੇਖ ਕੇ ਘੜੀ ਅੱਜ, ਅੱਜ ਦਾ ਲੇਖਾ ਅੱਜ ਨਾਲ ਮਿਲਾਈਆ । ਮੇਰਾ ਖ਼ਿਆਲ ਸੀ ਸ਼ਾਇਦ ਮੀਂਹ ਹਨੇਰੀ ਵਿਚ ਇਸ ਨੂੰ ਜਾਉ ਛਡ, ਆਪਣਿਆਂ ਘਰਾਂ ਵਿਚ ਆਸਣ ਲਾਈਆ । ਜਿਸ ਵੇਲੇ ਤੁਸੀਂ ਪ੍ਰੇਮ ਵਿਚੋਂ ਗਏ ਭੱਜ, ਨਾਰਦ ਕਹੇ ਮੈਂ ਦੂਰ ਦੁਰਾਡਾ ਭੱਜਿਆ ਵਾਹੋ ਦਾਹੀਆ । ਜਨ ਭਗਤੋ ਮੈਂ ਵੀ ਤੁਹਾਡੇ ਨਾਲ ਮਿਲ ਕੇ ਪ੍ਰੇਮ ਦਾ ਦਿਤਾ ਨਿਸ਼ਾਨਾ ਗੱਡ, ਨਿਸ਼ਾਨ ਦੋ ਜਹਾਨ ਝੁਲਾਈਆ । ਜਿਸ ਕਾਰਨ ਆਇਆ ਤੇ ਸਤਿਗੁਰ ਸ਼ਬਦ ਸਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਤੁਸੀਂ ਉਸ ਪ੍ਰਭੂ ਦੀ ਯਦ, ਜੋ ਯਥਾਰਥ ਜਨ ਭਗਤਾਂ ਦਏ ਦ੍ਰਿੜਾਈਆ । ਤੁਹਾਡੀ ਦੀਨ ਦੁਨੀ ਦੁਨੀ ਦੀਨ ਮੁਕੀ ਹੱਦ, ਇਕੋ ਹਦੂਦ ਵਿਚ ਬਹਿ ਕੇ ਦਰਸ਼ਨ ਪਾਈਆ । ਨਾਰਦ ਕਹੇ ਜਨ ਭਗਤੋ ਏਸੇ ਦੇ ਸਭ ਕੁਛ ਵਸ, ਦੇਵਣਹਾਰ ਇਕ ਅਖਵਾਈਆ । ਤੁਹਾਨੂੰ ਪਿਆਰ ਮੁਹੱਬਤ ਪ੍ਰੇਮ ਦੀ ਦੇ ਕੇ ਜਾਏ ਵਥ, ਵਸਤ ਅਮੋਲਕ ਤੁਹਾਡੀ ਕਾਇਆ ਅੰਦਰ ਟਿਕਾਈਆ । ਸਾਰੇ ਆਪਣੀ ਆਪਣੀ ਥਾਂ ਤੇ ਬੈਠੇ ਟੇਕ ਦਿਓ ਮੱਥ, ਨਾਰਦ ਕਹੇ ਮੈਂ ਡੰਡਾਵਤ ਕਰ ਕੇ ਸੀਸ ਝੁਕਾਈਆ । ਇਹ ਸਾਹਿਬ ਮੇਰਾ ਸਮਰਥ, ਦਾਤਾ ਧੁਰਦਰਗਾਹੀਆ । ਤੁਹਾਡਾ ਸਭ ਦਾ ਆਉਣਾ ਜਾਣਾ ਲੇਖੇ ਲਾਏ ਅਗਲਾ ਅਗੇ ਦੇਵੇ ਹਕ, ਹਕੂਕ ਸਭ ਦਾ ਆਪਣੇ ਨਾਲ ਰਖਾਈਆ । ਤੁਸੀਂ ਖ਼ੁਸ਼ੀ ਨਾਲ ਸਹੀ ਸਲਾਮਤ ਜਾਣਾ ਵਸ, ਸੁਖ ਆਸਣ ਆਪਣੇ ਡੇਰਾ ਲਾਈਆ । ਨਾਰਦ ਕਹੇ ਮੈਂ ਪਿਛੇ ਜਾਣਾ ਨੱਠ, ਭੱਜਾਂ ਵਾਹੋ ਦਾਹੀਆ । ਮੈਂ ਚਾਹੁੰਦਾ ਸਦਾ ਤੁਹਾਡਾ ਬਣਿਆ ਰਹੇ ਇਕੱਠ, ਇਕੱਠੇ ਹੋ ਕੇ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਮੁਹੱਬਤ ਦਾ ਸਭ ਨੂੰ ਦੇਵੇ ਰਸ, ਰਸਤੇ ਆਪਣੇ ਲਏ ਚਲਾਈਆ ।

## ੨੮ ਫੱਗਣ ਸ਼ਹਿਨਸ਼ਾਹੀ ਸੰਮਤ ਅੱਠ ਸੇਈ ਕਲਾਂ ਜ਼ਿਲਾ ਜੰਮੂ ਵਕੀਲ ਸਿੰਘ ਦੇ ਗ੍ਰਿਹਿ

ਧਰਨੀ ਕਹੇ ਮੇਰਾ ਖ਼ੁਸ਼ੀਆਂ ਦਾ ਇਜ਼ਹਾਰ, ਬਹੁ ਖ਼ੁਸ਼ੀ ਵਿਚ ਸਮਾਈਆ । ਜਿਸ ਦਾ ਜੁਗ ਚੌਕੜੀ ਕੀਤਾ ਇੰਤਜ਼ਾਰ, ਆਸਾ ਵਿਚ ਧਿਆਨ ਲਗਾਈਆ । ਕੌਲ ਇਕਰਾਰ ਤੱਕਦੀ ਰਹੀ ਪੈਗ਼ੰਬਰ ਗੁਰ ਅਵਤਾਰ, ਬਿਨ ਨੈਣਾਂ ਨੈਣ ਉਠਾਈਆ । ਮੈਨੂੰ ਕਦ ਹੋਵੇ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਮੇਰੀ ਲੇਖੇ ਲਾਵੇ ਮਿੱਟੀ ਛਾਰ, ਚਰਨ ਧੂੜ ਮੈਨੂੰ ਦੇ ਵਡਿਆਈਆ । ਸਭ ਦਾ ਪੂਰਾ ਕਰੇ ਉਧਾਰ, ਕਰਜ਼ਾ ਮਕਰੂਜ਼ ਚੁਕਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਸੱਚੀ ਸਰਕਾਰ, ਲੇਖਾ ਵੇਖੇ ਥਾਉਂ ਥਾਈਂਆ । ਨੂਰੀ ਜੋਤ ਕਰੇ ਉਜਿਆਰ, ਕੂੜ ਅੰਧੇਰ ਦਏ ਮਿਟਾਈਆ । ਮੇਰੀ ਕੋਝੀ ਕਮਲੀ ਦੀ ਪਾਵੇ ਸਾਰ, ਨਿਮਾਣੀ ਲਏ ਉਠਾਈਆ । ਹੁਕਮ ਸੰਦੇਸ਼ਾ ਦੇਵੇ ਅਗਲਾ ਏਕੋ ਵਾਰ, ਇਕੋ ਇਕ ਕਰੇ ਪੜ੍ਹਾਈਆ । ਧਰਨੀ ਤੇਰੀ ਮੌਲੇ ਰੁਤ ਬਹਾਰ, ਸਤਿਜੁਗ ਸਚ ਨਾਲ ਵਡਿਆਈਆ । ਤੂੰ ਮੇਰਾ ਮੈਂ ਤੇਰਾ ਸੁਣਨਾ ਜੈਕਾਰ, ਢੋਲਾ ਅਗੰਮ ਅਥਾਹੀਆ । ਧਰਨੀ ਕਹੇ ਮੈਂ ਨਿਉਂ ਕੇ ਕੀਤੀ ਨਿਮਸਕਾਰ, ਚਰਨ ਕਵਲ ਸੀਸ ਨਿਵਾਈਆ । ਕਿਰਪਾ ਕਰੀ ਆਪ ਨਿਰੰਕਾਰ, ਮਿਹਰ ਨਜ਼ਰ ਉਠਾਈਆ । ਭਗਤ ਸੁਹੇਲੇ ਕਰ ਤਿਆਰ, ਤ੍ਰੈਗੁਣ ਅਤੀਤੇ ਦਿਤੇ ਮਿਲਾਈਆ । ਜਿਨ੍ਹਾਂ ਮੇਰੇ ਉਤੇ ਨਵ ਦਿਨ ਕੀਤਾ ਮੰਗਲਾਚਾਰ, ਨਵ ਖੰਡ ਦੀ ਖ਼ੁਸ਼ੀ ਬਣਾਈਆ । ਮੈਂ ਖ਼ੁਸ਼ੀਆਂ ਵਿਚ ਪ੍ਰੇਮ ਦੇ ਸਭ ਦੇ ਫੂਲਨ ਪਾਵਾਂ ਹਾਰ, ਹਿਰਦਿਉਂ ਦਿਤਾ ਵਖਾਈਆ । ਤੁਹਾਡਾ ਲੇਖਾ ਰਹੇ ਸਦਾ ਜੁਗ ਚਾਰ, ਚੌਕੜੀ ਪ੍ਰਭ ਦੇ ਨਾਲ ਪ੍ਰਨਾਈਆ । ਤੁਸਾਂ ਮਰਨਾ ਨਹੀਂ ਵਿਚ ਸੰਸਾਰ, ਮਰ ਜੀਵਤ ਰੂਪ ਵਟਾਈਆ । ਸਤਿਜੁਗ ਸਾਚਾ ਤੁਹਾਡੀ ਸਦਾ ਕਰੇ ਯਾਦ, ਆਪਣਾ ਧਿਆਨ ਲਗਾਈਆ । ਜਿਨ੍ਹਾਂ ਦੀ ਸੁਣ ਫ਼ਰਿਆਦ, ਪ੍ਰਭ ਪ੍ਰਗਟਿਓ ਬੇਪਰਵਾਹੀਆ । ਦੇ ਕੇ ਸਾਚੀ ਦਾਦ, ਅਨਮੁੱਲ ਦਿਤੀ ਵਰਤਾਈਆ । ਵਜਾ ਕੇ ਧੁਰ ਦਾ ਨਾਦ, ਜਗਤ ਜਹਾਨ ਕੀਤੀ ਸ਼ਨਵਾਈਆ । ਭੇਵ ਖੁਲਾ ਕੇ ਬੋਧ ਅਗਾਧ, ਅਨੁਭਵ ਦ੍ਰਿਸ਼ਟੀ ਦਿਤੀ ਸਮਝਾਈਆ । ਅੰਦਰੋਂ ਸੁਰਤ ਗਈ ਜਾਗ, ਆਲਸ ਨਿੰਦਰਾ ਰਿਹਾ ਨਾ ਰਾਈਆ । ਘਰ ਦੀਪਕ ਜਗਿਆ ਚਿਰਾਗ਼, ਆਤਮ ਨੂਰ ਹੋਇਆ ਰੁਸ਼ਨਾਈਆ । ਮਨ ਮਨਸਾ ਗਿਆ ਤਿਆਗ, ਨਾਤਾ ਜਗਤ ਤੁੜਾਈਆ । ਭਗਤ ਭਗਵਾਨ ਬਣਿਆ ਸਮਾਜ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਗੀਤ ਸੁਣਾਵਾਂ ਆਜ, ਫਲਗੁਣ ਅਠਾਈ ਨਾਲ ਮਿਲਾਈਆ । ਜਨ ਭਗਤੋ ਤੁਸੀਂ ਉਹ ਅਗੰਮੀ ਸਾਧ, ਜਿਨ੍ਹਾਂ ਨੂੰ ਸਾਧਨਾ ਦੀ ਲੋੜ ਰਹੀ ਨਾ ਰਾਈਆ । ਤੁਹਾਡਾ ਮਿਤਰ ਪਿਆਰਾ ਇਕ ਅਹਿਬਾਬ, ਹਰਿ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਖੇੜੇ ਸਦਾ ਰਖੇ ਆਬਾਦ, ਆਸਣ ਸਿੰਘਾਸਣ ਆਪਣਾ ਆਪ ਸੁਹਾਈਆ ।

## ✪ ੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ✪

ਪਹਿਲੀ ਚੇਤ ਕਹੇ ਮੈਨੂੰ ਜੁਗ ਚੌਕੜੀ ਚੇਤਾ, ਚੇਤਨ ਹੋ ਕੇ ਦਿਆਂ ਜਣਾਈਆ । ਜੁਗ ਚੌਕੜੀ ਜੋ ਗੁਰ ਅਵਤਾਰ ਪੈਗ਼ੰਬਰਾਂ ਚੁਣਿਆ ਨੇਤਾ, ਨੇਤੀ ਨੇਤੀ ਧਿਆਨ ਲਗਾਈਆ । ਉਹ ਲੱਖ ਚੁਰਾਸੀ ਕਾਇਆ ਮਾਟੀ ਜਾਣੇ ਖੇਤਾ, ਧਰਨੀ ਧਰਤ ਧਵਲ ਧੌਲ ਫੋਲ ਫੁਲਾਈਆ । ਨਿਰਗੁਣ ਧਾਰ ਸਰਗੁਣ ਪਾਵੇ ਭੇਤਾ, ਭੇਵ ਅਭੇਦ ਰਹੇ ਨਾ ਰਾਈਆ । ਜਿਸ ਦਾ ਜੁਗ ਜੁਗ ਜੁਗ ਸੁਣਦੇ ਰਹੇ ਸੰਦੇਸ਼ਾ, ਅੱਖਰਾਂ ਨਾਲ ਸ਼ਨਵਾਈਆ । ਰਾਹ ਤਕਦੇ ਰਹੇ ਹਮੇਸ਼ਾ, ਹਮ ਸਾਜਣ ਧਿਆਨ ਲਗਾਈਆ । ਜਿਸ ਮਾਣ ਦਵਾਇਆ ਵਿਸ਼ਨ ਬ੍ਰਹਮਾ ਸ਼ਿਵ ਗਨੇਸ਼ਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਉਹ ਸਾਹਿਬ ਸੁਲਤਾਨਾ ਮਰਦ ਮਰਦਾਨਾ ਸਭ ਦੀ ਬਦਲਣ ਵਾਲਾ ਰੇਖਾ, ਬਚਿਆ ਨਜ਼ਰ ਕੋਇ ਨਾ ਆਈਆ । ਪਹਿਲੀ ਚੇਤ ਕਹੇ ਮੈਂ ਉਸ ਨੂੰ ਕਰਾਂ ਆਦੇਸਾ, ਨਿਵ ਨਿਵ ਸੀਸ ਨਿਵਾਈਆ । ਜਿਸ ਖੇਲ ਖੇਲਣਾ ਨਵਾਂ ਦੇਸਾਂ, ਦੇਸ ਦੇਸੰਤਰ ਧਿਆਨ ਲਗਾਈਆ । ਲੇਖਾ ਜਾਨਣਾ ਮੁੱਲਾ ਸ਼ੇਖ਼ਾ, ਮੁਸਾਇਕਾਂ ਖੋਜ ਖੁਜਾਈਆ । ਕਲਜੁਗ ਨਾਲ ਕਰਨਾ ਹੇਤਾ, ਕੂੜੀ ਕਿਰਿਆ ਗੰਢ ਪਵਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰਨਾ ਠੇਕਾ, ਦੀਨਾਂ ਮਜ਼੍ਹਬਾਂ ਪੰਧ ਚੁਕਾਈਆ । ਧੁਰ ਦਾ ਹੁਕਮ ਏਕੰਕਾਰ ਦੇਣਾ ਇਕ ਸੰਦੇਸ਼ਾ, ਸੰਧਿਆ ਸਰਘੀ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਹਿਲੀ ਚੇਤ ਕਹੇ ਮੇਰਾ ਸੰਮਤ ਚੜ੍ਹਿਆ ਨੌ, ਸ਼ਹਿਨਸ਼ਾਹ ਦਿਤੀ ਵਡਿਆਈਆ । ਮੈਂ ਨੌ ਸੌ ਚੁਰਾਨਵੇਂ ਚੌਕੜੀ ਜੁਗ ਰਿਹਾ ਭੌਂ, ਸਾਲ ਬਸਾਲਾ ਆਪਣਾ ਪੰਧ ਮੁਕਾਈਆ । ਸਚ ਪਿਆਰ ਦੀ ਨੀਂਦੇ ਰਿਹਾ ਸੌਂ, ਗ਼ਫ਼ਲਤ ਜਗਤ ਨਾ ਕੋਇ ਰਖਾਈਆ । ਮੇਰਾ ਇਕੋ ਪਿਤਾ ਇਕੋ ਮਾਓ, ਗੋਦ ਸੁਹੰਜਣੀ ਇਕੋ ਸੁਹਾਈਆ । ਕਿਉਂ ਨਿਥਾਵਿਆਂ ਦੇਵੇ ਥਾਉਂ, ਨਿਮਾਣਿਆਂ ਹੋਵੇ ਸਹਾਈਆ । ਜੁਗ ਜੁਗ ਜਨ ਭਗਤਾਂ ਪਕੜੇ ਬਾਹੋਂ, ਫੜ ਬਾਹੋਂ ਗਲੇ ਲਗਾਈਆ । ਦੀਨ ਦੁਨੀ ਵੇਖੇ ਘੁਬੀ ਰਾਹੋਂ, ਨਿਤ ਨਵਿਤ ਪਰਦਾ ਆਪ ਚੁਕਾਈਆ । ਜਿਸ ਦਾ ਲਹਿਣਾ ਥਲ ਅਸਗਾਹੋ, ਮਹੀਅਲ ਖੋਜ ਖੁਜਾਈਆ । ਜਿਸ ਨੂੰ ਸਭ ਨੇ ਕਿਹਾ ਵਾਹ ਵਾਹੋ, ਵਾਹਵਾ ਤੇਰੀ ਬੇਪਰਵਾਹੀਆ । ਉਸ ਦੇ ਪਿਆਰ ਦਾ ਮੋਹੇ ਘਨੇਰਾ ਚਾਉ, ਚੌਹਵੰਨੀ ਧਿਆਨ ਲਗਾਈਆ । ਜੋ ਸਦਾ ਸੁਹੇਲਾ ਦੇਵੇ ਠੰਡੀ ਛਾਉਂ, ਅਗਨੀ ਤਤ ਨਾ ਲਾਗੇ ਰਾਈਆ । ਜੁਗ ਚੌਕੜੀ ਕਰੇ ਨਿਆਉਂ, ਅਦਲ ਇਨਸਾਫ਼ ਆਪ ਕਮਾਈਆ । ਉਸ ਦੇ ਨਿਵ ਨਿਵ ਲਾਗਾਂ ਪਾਉਂ, ਚਰਨ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਨੌ ਕਹੇ ਜਨ ਭਗਤੋ ਆ ਗਿਆ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਸਾਚੇ ਨਾਮ ਦੀ ਦੇਵਾਂ ਸੁਗਾਤ, ਧੁਰ ਦੀ ਵਸਤ ਅਨਮੁੱਲ ਵਰਤਾਈਆ । ਭਾਗਾਂ ਭਰੀ ਤੁਹਾਡੀ ਰਾਤ, ਸੁਹੰਜਣੀ ਖ਼ੁਸ਼ੀ ਬਣਾਈਆ । ਆਤਮ ਤੱਕੋ ਪਰਮਾਤਮ ਜ਼ਾਤ, ਅਜ਼ਾਤੀ ਡੇਰਾ ਢਾਹੀਆ । ਸਤਿ ਦਾ ਸਚ ਵੇਖੋ ਨਾਤ, ਮੇਲ ਮਿਲਿਆ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਗਾਉ ਗਾਥ, ਸੋਹੰ ਢੋਲਾ ਅਗੰਮ ਅਥਾਹੀਆ । ਮੇਰਾ ਸਵਾਮੀ ਅਨਾਥਾਂ ਨਾਥ, ਗ਼ਰੀਬਾਂ ਹੋਏ ਸਹਾਈਆ । ਜੁਗ ਚੌਕੜੀ ਦੇਵੇ ਸਾਥ, ਸਗਲਾ ਸੰਗ ਬਣਾਈਆ । ਜਨ ਭਗਤੋ ਉਸ ਪ੍ਰਭੂ ਨੂੰ ਮਸਤਕ ਦੇ ਅਗੇ ਦੋਏ ਜੋੜ ਦਿਉ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਸੀ ਰਾਮ ਬੇਟਾ

ਦਸਰਾਥ, ਜਿਸ ਵੇਲੇ ਦਹਿਸਰ ਘਾਈਆ । ਕ੍ਰਿਸ਼ਨ ਅਰਜਨ ਨੂੰ ਸਹਿਜ ਸੁਭਾਉ ਗਿਆ ਆਖ, ਬਿਨ ਅੱਖਰਾਂ ਕਰ ਲਿਖਾਈਆ । ਮੈਂ ਤ੍ਰੈਲੋਕੀ ਨਾਥ, ਮੇਰਾ ਸਾਹਿਬ ਸਵਾਮੀ ਆਪਣਾ ਲੇਖਾ ਆਪਣੇ ਹੱਥ ਰਖਾਈਆ । ਈਸਾ ਜਿਸ ਵੇਲੇ ਗਲ ਵਿਚ ਪਾਈ ਫਾਸ, ਬਿਨ ਸਜਦਿਆਂ ਸੀਸ ਝੁਕਾਈਆ । ਇਕ ਅਗੰਮੀ ਰਖੀ ਆਸ, ਜਿਸ ਨੂੰ ਏ ਬੀ ਸੀ ਡੀ ਸਕੇ ਨਾ ਕੋਇ ਲਿਖਾਈਆ । ਮੁਹੰਮਦ ਚੌਦਾਂ ਤਬਕ ਕੀਤੇ ਤਲਾਸ਼, ਬਿਨ ਅੱਖਾਂ ਅੱਖ ਉਠਾਈਆ । ਮੇਰੀ ਮਕਬਰੇ ਵਿਚ ਰਾਹ ਤੱਕੇ ਤਤਾਂ ਵਾਲੀ ਲਾਸ਼, ਖ਼ਾਕੀ ਖ਼ਾਕ ਧਿਆਨ ਲਗਾਈਆ । ਨਾਨਕ ਕਿਹਾ ਨਿਰਗੁਣ ਧਾਰ ਨੂਰ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਗੋਬਿੰਦ ਕਿਹਾ ਪੁਰਖ ਅਕਾਲਾ ਮੇਰਾ ਬਾਪ, ਮਈਆ ਇਕੋ ਸੋਭਾ ਪਾਈਆ । ਜੋ ਅੰਤਮ ਕਲਜੁਗ ਕਰੇ ਖੇਲ ਤਮਾਸ਼, ਤਮਾਸ਼ਬੀਨ ਨੂਰ ਅਲਾਹੀਆ । ਸ਼ੰਕਰ ਝੁਕੇ ਉਤੋਂ ਕੈਲਾਸ਼, ਨਿਵ ਨਿਵ ਸੀਸ ਨਿਵਾਈਆ । ਬ੍ਰਹਮਾ ਧੂੜੀ ਰਮਾਵੇ ਖ਼ਾਕ, ਮਸਤਕ ਟਿੱਕੇ ਲਾਈਆ । ਵਿਸ਼ਨੂੰ ਵਿਸ਼ਵ ਦਾ ਮੰਗੇ ਸਾਥ, ਸਗਲਾ ਸੰਗ ਬਣਾਈਆ । ਪਹਿਲੀ ਚੇਤ ਕਹੇ ਮੇਰਾ ਸਾਹਿਬ ਪੁਰਖ ਅਬਿਨਾਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਉਹ ਭਗਤ ਸੁਹੇਲਾ ਇਕ ਅਕੇਲਾ ਨਿਰਗੁਣ ਨਿਰਵੈਰ ਨਿਰਾਕਾਰ ਜਨ ਭਗਤਾਂ ਆਪਣਾ ਬਣਾਏ ਦਾਸ, ਦਾਸੀ ਦਾਸ ਖੇਲ ਖਿਲਾਈਆ । ਸੋਵਤ ਜਾਗਤ ਕਾਇਆ ਮੰਡਲ ਪਾਵੇ ਰਾਸ, ਗੋਪੀ ਕਾਹਨ ਖੇਲ ਖਿਲਾਈਆ । ਗੁਰਮੁਖਾਂ ਦੇ ਹਿਰਦੇ ਦੇ ਵਿਸ਼ਵਾਸ, ਵਿਸ਼ਵ ਦਾ ਆਪਣਾ ਭੇਵ ਖੁਲਾਈਆ । ਸਾਹਿਬ ਸਵਾਮੀ ਬਣ ਸਰਬ ਗੁਣਤਾਸ, ਹਰਿ ਵੱਡਾ ਵਡ ਵਡਿਆਈਆ । ਜੋ ਲਹਿਣਾ ਦੇਣਾ ਸਭ ਦਾ ਚੁਕਾਏ ਆਪ, ਆਪਣੀ ਦਇਆ ਕਮਾਈਆ । ਕਿਸੇ ਹੱਥ ਨਾ ਆਵੇ ਪੂਜਾ ਪਾਠ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਸੰਮਤ ਸ਼ਹਿਨਸ਼ਾਹੀ ਨੌਂ ਕਹੇ ਉਹ ਮੇਰਾ ਸਾਕ ਸੱਜਣ ਸਾਥ, ਸਾਥੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸੰਮਤ ਨੌਂ ਕਹੇ ਮੇਰੀ ਨਵ ਨੌਂ ਦੀ ਧਾਰ, ਧਰਮ ਨੂੰ ਧਰਮ ਨਾਲ ਜਣਾਈਆ ਧਰਨੀਏ ਤੂੰ ਵੀ ਹੋ ਜਾ ਖ਼ਬਰਦਾਰ, ਬੇਖ਼ਬਰੇ ਖ਼ਬਰ ਦਿਆਂ ਸੁਣਾਈਆ । ਨੀ ਤੇਰੇ ਉਤੇ ਰੰਗ ਮਾਣ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਫੇਰਾ ਪਾਈਆ । ਲੇਖਾ ਲਿਖ ਗਏ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੀ ਦੇਣ ਗਵਾਹੀਆ । ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਮੈਂ ਉਸ ਨੂੰ ਕਰਾਂ ਨਿਮਸਕਾਰ, ਡੰਡਾਵਤ ਵਿਚ ਸੀਸ ਨਿਵਾਈਆ । ਜਿਹੜਾ ਸਾਰਿਆਂ ਦਾ ਸਾਂਝਾ ਯਾਰ, ਯਰਾਨੇ ਭਗਤਾਂ ਨਾਲ ਰਖਾਈਆ । ਨੀ ਉਸ ਦੇ ਨਾਮ ਕਲਮੇ ਅਵਤਾਰ ਪੈਗ਼ੰਬਰਾਂ ਲਿਖਤੀ ਲਾਏ ਇਸ਼ਤਿਹਾਰ, ਕਾਗ਼ਜ਼ਾਂ ਉਤੇ ਅੱਖਰ ਦਿਤੇ ਚਿਪਕਾਈਆ । ਜਿਸ ਦੀ ਸਾਰੇ ਕਰਦੇ ਰਹੇ ਇੰਤਜ਼ਾਰ, ਆਮਦ ਵਿਚ ਧਿਆਨ ਲਗਾਈਆ । ਉਹ ਮਾਲਕ ਖ਼ਾਲਕ ਜ਼ਿਮੀਂ ਜ਼ਮਾਂ ਦਾ ਖ਼ੁਦਮੁਖ਼ਤਿਆਰ, ਦਰਗਾਹ ਸਚ ਦਾ ਰਹਿਬਰ ਨੂਰ ਅਲਾਹੀਆ । ਉਸ ਦਾ ਹੁਕਮ ਸੰਦੇਸਾ ਸਭ ਨੇ ਸੁਣਿਆ ਵਾਰੋ ਵਾਰ, ਵਾਰਤਾ ਜਗਤ ਵਾਲੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਨੌਂ ਕਹੇ ਮੈਂ ਵੇਖੇ ਥਲ ਅਸਗਾਹ, ਗਹਿਰ ਗੰਭੀਰ ਦਿਤੀ ਵਡਿਆਈਆ । ਮੈਨੂੰ ਅੰਤਰ ਅੰਤਰ ਚੜ੍ਹਿਆ ਚਾਅ, ਚਾਓ ਘਨੇਰਾ ਦਿਆਂ ਸਮਝਾਈਆ । ਮੇਰਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੇ ਦੁਰਗਾ ਅਸ਼ਟਭੁਜ ਦਾ ਲੇਖਾ ਦਿਤਾ ਚੁਕਾ, ਚੁਕੰਨੇ ਸਭ ਨੂੰ ਰਿਹਾ ਕਰਾਈਆ । ਅਵਤਾਰ ਪੈਗ਼ੰਬਰ ਗੁਰ ਆਪਣਾ ਲੇਖਾ ਬੈਠੇ ਹੱਥ ਉਠਾ, ਦੋ ਹੱਥਾਂ ਰਹੇ

ਟਿਕਾਈਆ । ਬਿਨਾ ਸੀਸ ਤੋਂ ਸੀਸ ਨਿਵਾ, ਨਿਮਰਤਾ ਵਿਚ ਸੀਸ ਝੁਕਾਈਆ । ਤੂੰ ਦਾਤਾ ਸਵਾਮੀ ਅਗੰਮ ਅਥਾਹ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪਹਿਲੀ ਚੇਤ ਕਹੇ ਮੈਂ ਚਾਰ ਕੁੰਟ ਨੂੰ ਤੱਕਿਆ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਆਤਮ ਪਰਮਾਤਮ ਨਾਤਾ ਦਿਸੇ ਕਿਸੇ ਨਾ ਪੱਕਿਆ, ਧਰਮ ਦੀ ਗੰਢ ਨਾ ਕੋਇ ਪਵਾਈਆ । ਮੈਂ ਖ਼ੁਸ਼ੀਆਂ ਦੇ ਵਿਚ ਹੱਸਿਆ, ਹੱਸ ਕੇ ਦਿਤਾ ਵਖਾਈਆ । ਵੇਖੇ ਕਲਜੁਗ ਸਭ ਦੀ ਕਰੇ ਹੱਤਿਆ, ਹਤਿਆਰੀ ਕੀਤੀ ਖ਼ਲਕ ਖ਼ੁਦਾਈਆ । ਅੰਦਰ ਦੇ ਕੇ ਮਨ ਮਤਿਆ, ਮਨਸਾ ਕੂੜ ਨਾਲ ਲੜਾਈਆ । ਮਿਲੇ ਮੇਲ ਨਾ ਕਿਸੇ ਕਮਲਾਪਤਿਆ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਸਭ ਨੂੰ ਭੁਲਿਆ ਗੋਬਿੰਦ ਫਤਹਿ ਡੰਕਿਆ, ਡੰਕੇ ਕੂੜ ਘਰ ਘਰ ਰਹੇ ਵਜਾਈਆ । ਅੰਦਰੋਂ ਫਿਰੇ ਨਾ ਮਨ ਕਾ ਮਣਕਿਆ, ਜਗਤ ਮਣਕਿਆਂ ਉਂਗਲਾ ਨਾਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸੰਮਤ ਨੌਂ ਕਹੇ ਮੇਰਾ ਖੇਲ ਪੁਰਾਣਾ, ਪੁਨਹ ਪੁਨਹ ਸਭ ਨੂੰ ਸੀਸ ਨਿਵਾਈਆ । ਜਨ ਭਗਤੋ ਸੁਣੋ ਮੇਰਾ ਪ੍ਰੇਮ ਦਾ ਗਾਣਾ, ਗਾ ਗਾ ਕੇ ਦਿਆਂ ਜਣਾਈਆ । ਸਾਹਿਬ ਸਵਾਮੀ ਸਤਿਗੁਰ ਸ਼ਬਦ ਜਿਸ ਨਵਾਂ ਖੇਲ ਰਚਾਉਣਾ, ਰਚਨਾ ਆਪਣੀ ਵੇਖ ਵਖਾਈਆ । ਉਸ ਨੌਂ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਚਰਨ ਟਿਕਾਉਣਾ, ਨਿਰਗੁਣ ਸਰਗੁਣ ਆਪਣੀ ਵੰਡ ਵੰਡਾਈਆ । ਇਹ ਖੇਲ ਸ੍ਰੀ ਭਗਵਾਨਾ, ਦੂਸਰ ਸਮਝ ਕੋਇ ਨਾ ਪਾਈਆ । ਜਿਸ ਦਾ ਜੋਤ ਸਰੂਪੀ ਅਗੰਮੀ ਬਾਣਾ, ਬਾਣ ਅਣਿਆਲੇ ਤੀਰ ਚਲਾਈਆ । ਤਖ਼ਤ ਨਿਵਾਸੀ ਬਣ ਕੇ ਰਾਣਾ, ਰਈਅਤ ਵੇਖੇ ਚਾਈਂ ਚਾਈਂਆ । ਜਿਸ ਨੇ ਚੜ੍ਹਦੀ ਦਿਸ਼ਾ ਨੂੰ ਜਾਣਾ, ਅੱਖ ਲਹਿੰਦੇ ਵੱਲ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਨੌਂ ਕਹੇ ਮੈਨੂੰ ਯਾਦ ਆ ਗਿਆ ਦੁਰਗਾ ਦਾ ਮੈਦਾਨ ਜੰਗੀ ਸੁੰਭ ਨਿਸੁੰਭ ਸੰਗ ਵਧਾਈਆ । ਜਿਹੜੀ ਆਸ਼ਾ ਬਿਨਾ ਇਸ਼ਕ ਤੋਂ ਮੰਗੀ, ਹਕੀਕੀ ਮਜਾਜ਼ੀ ਸਮਝ ਕੋਇ ਨਾ ਪਾਈਆ । ਜਿਸ ਵੇਲੇ ਜੁਗ ਚੌਕੜੀ ਜਾਏ ਲੰਘੀ, ਆਪਣਾ ਪੰਧ ਮੁਕਾਈਆ । ਸੁਹਾਗਣ ਵਾਹੇ ਸੀਸ ਕੋਇ ਨਾ ਕੰਘੀ, ਹਰਿ ਕੰਤ ਸੁਹਾਗੀ ਸਕੇ ਨਾ ਕੋਇ ਹੰਢਾਈਆ । ਆਤਮਾ ਦੁਹਾਗਣ ਸਭ ਦੀ ਦਿਸੇ ਰੰਡੀ, ਸਚ ਸਿੰਘਾਸਣ ਸੋਭਾ ਕੋਇ ਨਾ ਪਾਈਆ । ਸਚ ਪ੍ਰਕਾਸ਼ ਦਿਸੇ ਨੂਰ ਕੋਇ ਨਾ ਚੰਦੀ, ਨੂਰ ਨੁਰਾਨਾ ਨਜ਼ਰ ਕਿਸੇ ਨਾ ਆਈਆ । ਦੀਨਾਂ ਮਜ਼੍ਹਬਾਂ ਦੀ ਹੋਵੇ ਪਾਬੰਦੀ, ਆਤਮ ਪਰਮਾਤਮ ਮਿਲਣ ਕੋਇ ਨਾ ਪਾਈਆ । ਪਵਣ ਮਿਲੇ ਕਿਸੇ ਨਾ ਠੰਡੀ, ਅਗਨੀ ਤਤ ਜਗਤ ਤਪਾਈਆ । ਛੁਟੀ ਲਿਵ ਨਾ ਜਾਵੇ ਗੰਢੀ, ਪਾਰਬ੍ਰਹਮ ਬ੍ਰਹਮ ਨਾ ਕੋਇ ਸਮਾਈਆ । ਚਾਰੋਂ ਕੁੰਟ ਆਵੇ ਤੰਗੀ, ਤੰਗ ਦਸਤ ਹੋਵੇ ਲੋਕਾਈਆ । ਸਭ ਦੀ ਅੰਤਰ ਨਿਰੰਤਰ ਹਾਲਤ ਹੋਣੀ ਮੰਦੀ, ਮੰਦ ਭਾਗਣ ਧਰਤੀ ਰੋਵੇ ਮਾਰੇ ਧਾਹੀਆ । ਕਲਜੁਗ ਲੇਖਾ ਪੁੱਜਿਆ ਹੋਣਾ ਕੰਢੀ, ਕੰਢੀ ਘਾਟ ਦਏ ਗਵਾਹੀਆ । ਦੀਨ ਦੁਨੀਆ ਹੋਣੀ ਪਾਖੰਡੀ, ਜਗਤ ਜਗਿਆਸੂ ਨਿਰਗੁਣ ਜੋਤ ਨਾ ਕੋਇ ਸਮਾਈਆ । ਮਾਣ ਰਹਿਣਾ ਨਹੀਂ ਪਾਂਧੇ ਪੰਡੀ, ਮੁੱਲਾ ਸ਼ੇਖ਼ ਨਾ ਕੋਇ ਚਤੁਰਾਈਆ । ਉਸ ਵੇਲੇ ਖੇਲ ਕਰੇ ਮੇਰਾ ਸਾਹਿਬ ਸੂਰਾ ਸਰਬੰਗੀ, ਜੋ ਕਰਤਾ ਧੁਰਦਰਗਾਹੀਆ । ਜਿਸ ਦੀ ਆਯੂ ਆਦਿ ਜੁਗਾਦਿ ਲੰਬੀ, ਅੰਤ ਕਹਿਣ ਕੋਇ ਨਾ ਪਾਈਆ । ਉਹ ਸਭ ਦੀ ਕੌਲ ਇਕਰਾਰਾਂ ਵਾਅਦਿਆਂ ਵਾਲੀ ਵੇਖੇ ਸੰਧੀ, ਸੰਨਦ ਆਪਣੇ ਵਿਚੋਂ ਕਢਾਈਆ । ਜੋਤੀ ਜੋਤ ਸਰੂਪ

੬੮੯
੨੩

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪਹਿਲੀ ਚੇਤ ਕਹੇ ਉਹ ਕਲਜੁਗ ਆਇਆ, ਭੱਜਿਆ ਵਾਹੋ ਦਾਹੀਆ । ਬੋਲ ਬੋਲ ਕੇ ਰਿਹਾ ਸੁਣਾਇਆ, ਕੂਕ ਕੂਕ ਨਾਲ ਲਗਾਈਆ । ਮੈਂ ਉਸ ਪ੍ਰਭੂ ਦਾ ਜਾਇਆ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੈਂ ਧੁਰ ਦਾ ਵਰ ਇਕੋ ਪਾਇਆ, ਪਾਰਬ੍ਰਹਮ ਪ੍ਰਭ ਝੋਲੀ ਦਿਤੀ ਭਰਾਈਆ । ਚਾਰੋਂ ਕੁੰਟ ਕੂੜ ਦਾ ਡੰਕ ਵਜਾਇਆ, ਧਰਮ ਦੀ ਕੀਤੀ ਸਫ਼ਾਈਆ । ਪਿਤਾ ਪੂਤ ਨਾਲ ਲੜਾਇਆ, ਗੁਰੂ ਚੇਲੇ ਦਿਤੇ ਟਕਰਾਈਆ । ਸਚ ਪ੍ਰੀਤੀ ਵਿਚ ਰਹਿਣ ਕੋਇ ਨਾ ਪਾਇਆ, ਇਹ ਮੇਰੀ ਬੇਪਰਵਾਹੀਆ । ਮੈਂ ਨੌ ਖੰਡ ਪ੍ਰਿਥਮੀ ਆਪਣਾ ਡੌਰੂ ਵਾਹਿਆ, ਡੰਕਾ ਦਿਤਾ ਵਜਾਈਆ । ਮੇਰੇ ਉਤੇ ਉਸ ਸਾਹਿਬ ਦਾ ਸਾਇਆ, ਜੋ ਸਿਰ ਸਿਰ ਦੇਵੇ ਰਿਜ਼ਕ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਮੈਂ ਮੁੱਛਾਂ ਨੂੰ ਚਾੜ੍ਹਾਂ ਵੱਟ, ਵਟਣੇ ਸਭ ਨੂੰ ਦੇਣੇ ਲਗਾਈਆ । ਮੈਂ ਕੂੜ ਪਿਆਲਾ ਪੀਵਾਂ ਗਟ ਗਟ, ਮਮਤਾ ਨਸ਼ੇ ਚਾਰੋਂ ਕੁੰਟ ਦੇਣੇ ਵਖਾਈਆ । ਮੈਂ ਦੀਪਾਂ ਲੋਆਂ ਜਾਵਾਂ ਟੱਪ, ਟਾਪੂਆਂ ਤੋਂ ਪਰੇ ਫਿਰਾਂ ਚਾਈਂ ਚਾਈਂਆ । ਕਲਜੁਗ ਕਹੇ ਜਨ ਭਗਤੋ ਮੇਰੀ ਸਮਝਿਓ ਮੂਲ ਨਾ ਗੱਪ, ਮੈਂ ਕਰ ਕੇ ਦੇਣਾ ਵਖਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਤਪ, ਤਪੀਸ਼ਰ ਸਿਰ ਨਾ ਕੋਇ ਉਠਾਈਆ । ਮੇਰਾ ਸਾਹਿਬ ਨਾਲ ਵਾਅਦਾ ਪੱਕ, ਮੈਂ ਪੱਕੀ ਆਇਆ ਕਰਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਕੋਈ ਪੁੱਜੇ ਨਾ ਤੇਰੇ ਤੱਕ, ਚਰਨ ਛੋਹ ਕੋਇ ਨਾ ਲਾਈਆ । ਮੇਰਾ ਮੈਨੂੰ ਦੇਣਾ ਹਕ, ਹਕੀਕਤ ਦੇ ਮਾਲਕ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਂ ਕੀ ਦੱਸਾਂ ਆਪਣੀ ਕਹਾਣੀ, ਕਹਾਵਤ ਕੀ ਜਣਾਈਆ । ਮੈਨੂੰ ਯਾਦ ਚਾਰ ਜੁਗ ਦੀ ਬਾਣੀ, ਜੋ ਨਾਮ ਅਨਿਆਲੇ ਤੀਰ ਚਲਾਈਆ । ਮੈਂ ਵੇਖਾਂ ਚਾਰੇ ਖਾਣੀ, ਚਾਰੋਂ ਕੁੰਟ ਅੱਖ ਉਠਾਈਆ । ਮੈਂ ਤੱਕਾਂ ਜੀਵ ਪ੍ਰਾਣੀ, ਪੁਨਹ ਪੁਨਹ ਖੋਜ ਖੁਜਾਈਆ । ਮੇਰੇ ਕੋਲ ਉਹ ਨਿਸ਼ਾਨੀ, ਜਿਸ ਦਾ ਨਿਸ਼ਾਨਾ ਸਕੇ ਨਾ ਕੋਇ ਮਿਟਾਈਆ । ਮੇਰਾ ਮਹਿਬੂਬ ਵੱਡਾ ਦਾਨੀ, ਦੌਲਤਮੰਦ ਅਖਵਾਈਆ । ਜਿਸ ਪੈਗ਼ੰਬਰਾਂ ਦੀ ਲਈ ਕੁਰਬਾਨੀ, ਕਬਰਾਂ ਵਿਚ ਸਵਾਈਆ । ਉਹ ਸਦਾ ਮਿਹਰਵਾਨ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਕਲਜੁਗ ਕਹੇ ਕੁਛ ਮੇਰੀ ਸੁਣੋ ਜ਼ਬਾਨੀ, ਸਨਮੁਖ ਹੋ ਕੇ ਦਿਆਂ ਸੁਣਾਈਆ । ਅੰਤ ਸ਼ਰਅ ਦੀ ਕਟੀ ਜਾਣੀ ਗ਼ੁਲਾਮੀ, ਜ਼ੰਜੀਰ ਰਹਿਣ ਕੋਇ ਨਾ ਪਾਈਆ । ਜਿਸ ਮੇਰੇ ਮਹਿਬੂਬ ਦੀ ਸਾਰੇ ਕਰਨ ਬਦਨਾਮੀ, ਚਾਰੋਂ ਕੁੰਟ ਢੋਲੇ ਗਾਈਆ । ਉਸ ਦਾ ਲਹਿਣਾ ਦੇਣਾ ਖੇਲ ਅਗੰਮਾ ਨਵ ਸੱਤ ਕਰਾਏ ਪ੍ਰੇਸ਼ਾਨੀ, ਪ੍ਰਤੀਸ਼ਤ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸੰਮਤ ਨੌ ਕਹੇ ਮੈਂ ਦੱਸਾਂ ਨਾਲ ਪਿਆਰ, ਪ੍ਰੇਮ ਪ੍ਰੀਤੀ ਵਿਚ ਜਣਾਈਆ । ਉਠੋ ਵੇਖੋ ਤੱਕੋ ਮੇਰੇ ਸਾਜਣ ਮੀਤ ਮੁਰਾਰ, ਮਿਤਰ ਪਿਆਰਾ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਗੋਬਿੰਦ ਧਾਰ, ਜੋ ਯਾਰੜਾ ਸਥਰ ਗਿਆ ਹੰਢਾਈਆ । ਜਿਸ ਦਾ ਯੁੱਧ ਅਗੰਮ ਅਪਾਰ, ਯੁਧਿਸ਼ਟਰ ਕਾਹਨ ਇਸ਼ਾਰੇ ਨਾਲ ਦ੍ਰਿੜਾਈਆ । ਰਾਮ ਨੇ ਉਸੇ ਦਾ ਕੀਤਾ ਇਜ਼ਹਾਰ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਮੂਸਾ ਕਿਹਾ ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਮੇਰਾ ਪਰਵਰਦਿਗਾਰ, ਪਰਮ ਪੁਰਖ ਇਕ ਅਖਵਾਈਆ । ਈਸਾ ਕਿਹਾ ਮੇਰਾ ਬਾਪ ਨੁਰਾਨਾ, ਨੌਜਵਾਨਾ ਆਵੇ ਜਾਵੇ ਆਪਣੀ ਧਾਰ, ਧਰਨੀ ਧਰਤ

ਧਵਲ ਧੌਲ ਸੁਹਾਈਆ । ਮੁਹੰਮਦ ਕਹੇ ਮੈਂ ਉਸੇ ਦੇ ਕਦਮਾਂ ਦੀ ਲਾਵਾਂ ਖ਼ਾਕ ਛਾਰ, ਜੋ ਸ਼ਹਿਨਸ਼ਾਹ ਦੋ ਜਹਾਨ ਅਖਵਾਈਆ । ਨਾਨਕ ਨਿਰਗੁਣ ਕਿਹਾ ਉਹ ਮਹਾਬਲੀ ਅਵਤਾਰ, ਅਵਤਰਾ ਆਪਣੀ ਖੇਲ ਖਿਲਾਈਆ । ਗੋਬਿੰਦ ਕਿਹਾ ਉਹ ਕਲਕੀ ਕਲਗੀਆਂ ਵਾਲੇ ਦਾ ਯਾਰ, ਕਲ ਆਪਣੀ ਆਪ ਪ੍ਰਗਟਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਪਰਮ ਪੁਰਖ ਬੇਪ੍ਰਵਾਹੀਆ । ਉਹ ਭਗਤਨ ਮੀਤਾ ਠਾਂਡਾ ਸੀਤਾ ਏਕੰਕਾਰ, ਅਕਲ ਕਲਧਾਰੀ ਆਪ ਅਖਵਾਈਆ । ਜਿਸ ਨੂੰ ਨਮੋ ਨਮੋ ਡੰਡਾਵਤ ਬੰਦਨਾ ਨਿਮਸਕਾਰ, ਸਜਦਿਆਂ ਵਿਚ ਸੀਸ ਝੁਕਾਈਆ । ਉਸ ਦਾ ਖੇਲ ਅਨੋਖਾ ਅਗੰਮ ਅਪਾਰ, ਅਗੋਚਰ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸੰਮਤ ਨੌ ਕਹੇ ਮੈਂ ਤੱਕਿਆ ਨਾਮ ਨਿਧਾਨਾ, ਬਿਨ ਨਜ਼ਰਾਂ ਨਜ਼ਰ ਉਠਾਈਆ । ਮੇਰੇ ਕੋਲ ਇਕ ਪ੍ਰਵਾਨਾ, ਜੋ ਪਰਮ ਪੁਰਖ ਦਿਤਾ ਫੜਾਈਆ । ਜਿਸ ਦਾ ਜਗ ਨਜ਼ਰ ਨਾ ਆਏ ਨਿਸ਼ਾਨਾ, ਨੇਤਰ ਵੇਖਣ ਕੋਇ ਨਾ ਪਾਈਆ । ਰੂਪ ਦਿਸੇ ਨਾ ਜ਼ਿਮੀਂ ਅਸਮਾਨਾ, ਮੰਡਲ ਮੰਡਪ ਨਾ ਕੋਇ ਚਤੁਰਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਨੌਜਵਾਨਾ, ਸ੍ਰੀ ਭਗਵਾਨਾ ਇਕ ਵਖਾਈਆ । ਆਦਿ ਜੁਗਾਦੀ ਸ਼ਬਦ ਅਨਾਦੀ ਵਡ ਬ੍ਰਹਿਮਾਦੀ ਨੌਜਵਾਨਾ, ਰੂਪ ਅਨੂਪ ਇਕ ਪ੍ਰਗਟਾਈਆ । ਉਹ ਆ ਗਿਆ ਜੋਤ ਜਗਾ ਗਿਆ ਵੇਸ ਵਟਾ ਗਿਆ ਖੇਲ ਖੇਲੇ ਦੋ ਜਹਾਨਾ, ਦੋਹਰੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਨੀਏ ਆ ਜਾ ਸਾਹਿਬ ਦੇ ਅਗੇ, ਫ਼ੈਸਲਾ ਆਪਣਾ ਹਕ ਕਰਾਈਆ । ਧਰਮਾ ਤੂੰ ਵੀ ਬੰਨ੍ਹ ਲੈ ਕੱਚੇ ਤੱਗੇ, ਤੰਦਾਂ ਡੋਰੀ ਨਾਲ ਬੰਧਾਈਆ । ਮੇਰਾ ਖੇਲ ਤੱਕੋ ਚਾਰੋਂ ਕੁੰਟ ਕੂੜ ਦਾ ਦੀਪਕ ਜਗੇ, ਜੋਤੀ ਜਾਤਾ ਨਜ਼ਰ ਕਿਸੇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਕੋਟਨ ਕੋਟ ਫਿਰਦੇ ਭੱਜੇ, ਭਜਨ ਬੰਦਗੀ ਵਿਚ ਆਪਣਾ ਆਪ ਲਗਾਈਆ । ਕਲਜੁਗ ਕਹੇ ਮੇਰੇ ਹੁੰਦਿਆਂ ਸਦੀ ਚੌਧਵੀਂ ਅੰਤ ਮੇਰਾ ਸਾਹਿਬ ਕਿਸੇ ਨਾ ਲੱਭੇ, ਇਹ ਮੇਰੀ ਬੇਪਰਵਾਹੀਆ । ਮੈਂ ਕੂੜ ਕੁੜਿਆਰ ਦੇ ਵੱਡੇ ਡੂੰਘੇ ਬਣਾਏ ਖੱਡੇ, ਖੱਡੀ ਬੁਣਨ ਵਾਲਾ ਜੁਲਾਹਾ ਕਬੀਰ ਇਸ਼ਾਰਾ ਗਿਆ ਕਰਾਈਆ । ਯਾਰ ਯਾਰਾਂ ਨਾਲ ਕਰਦੇ ਦਗ਼ੇ, ਸਚ ਵਿਚ ਸਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੇਰੇ ਸਾਰੇ ਹੋ ਜਾਓ ਅਧੀਨ, ਧਰਮ ਤੇਰਾ ਰੂਪ ਨਜ਼ਰ ਕੋਇ ਨਾ ਆਈਆ । ਮੇਰਾ ਲੇਖਾ ਤੱਕ ਲੈ ਰੂਸਾ ਚੀਨ, ਬਿਨ ਅੱਖਾਂ ਅੱਖ ਉਠਾਈਆ । ਮੈਂ ਪੁਜਣਾ ਮੱਕਾ ਮਦੀਨ, ਕਾਅਬਿਆਂ ਖੋਜ ਖੁਜਾਈਆ । ਮਸ਼ਰਕ ਮਗ਼ਰਬ ਕਰਨਾ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਕਮਲਿਆ ਹੋਇਓਂ ਨਾਬੀਨ, ਅੱਖ ਅੱਖ ਨਾ ਮੂਲ ਖੁਲਾਈਆ । ਤੇਰਾ ਵਕਤ ਲੰਘ ਗਿਆ ਸਤਿਜੁਗ ਤਰੇਤਾ ਦੁਆਪਰ ਵਾਲਾ ਪ੍ਰਾਚੀਨ, ਪਿਛਲੀ ਕਹਾਣੀ ਕੰਮ ਕਿਸੇ ਨਾ ਆਈਆ । ਮੇਰਾ ਜ਼ੋਰ ਤੱਕ ਲੈ ਸ਼ੋਰ ਤੱਕ ਲੈ ਮੈਂ ਟਕਰਾਉਣੇ ਮਜ਼੍ਹਬ ਤੇ ਦੀਨ, ਧਰਮ ਇਸਲਾਮ ਦਾ ਭੇੜ ਦੇਣਾ ਭਿੜਾਈਆ । ਇਹ ਖੇਲ ਹੋਣਾ ਉਤੇ ਜ਼ਮੀਨ, ਧਰਨੀ ਨੂੰ ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਮ ਕਹੇ ਕਲਜੁਗਾ ਨਾ ਹੋ ਇਤਨਾ ਮਗ਼ਰੂਰ, ਮਗ਼ਰੂਰੀ ਨਾ ਮੂਲ ਵਖਾਈਆ । ਉਹ ਮਾਲਕ ਸਭ ਦਾ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਪਰੇ ਬੇਪ੍ਰਵਾਹੀਆ । ਜਿਸ ਦਾ ਇਕ

ਅਗੰਮਾ ਨੂਰ, ਨੂਰ ਨੁਰਾਨਾ ਡਗਮਗਾਈਆ । ਜਿਸ ਤੇਰਾ ਨਾਤਾ ਤੋੜਨਾ ਕੂੜ, ਕੂੜੀ ਕਿਰਿਆ ਪੰਧ ਮੁਕਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜ, ਟਿੱਕੇ ਦੇਵੇ ਖਾਕ ਰਮਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਸਿਰ ਆਪਣਾ ਹੱਥ ਟਿਕਾਈਆ । ਨਾਮ ਦਾ ਦੇ ਸਰੂਰ, ਸੁਰਤੀ ਸ਼ਬਦ ਨਾਲ ਜੁੜਾਈਆ । ਤੇਰੀ ਕਿਰਿਆ ਨੂੰ ਕਰ ਦਏ ਚੂਰੋ ਚੂਰ, ਸ਼ੌਹ ਦਰਿਆ ਵਿਚ ਰੜ੍ਹਾਈਆ । ਉਹ ਮਾਲਕ ਸਰਬ ਗੁਣਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਤੂੰ ਉਸ ਦਾ ਚਾਕਰ ਦਿਸੇ ਮਜ਼ਦੂਰ, ਆਪਣੀ ਸੇਵ ਕਮਾਈਆ । ਧਰਮ ਕਹੇ ਮੇਰਾ ਬਣ ਮਸ਼ਕੂਰ, ਸ਼ੁਕਰੀਏ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਮ ਉਹ ਮੇਰੇ ਵੱਡੇ ਵੱਡੇ ਵਸੀਲੇ, ਬਿਨਾ ਵਿਸਲ ਤੋਂ ਦਿਆਂ ਸੁਣਾਈਆ । ਉਹ ਮੇਰੇ ਮਜ਼੍ਹਬਾਂ ਵਾਲੇ ਤੱਕ ਵਕੀਲੇ, ਜੋ ਅਵਤਾਰ ਪੈਗ਼ੰਬਰ ਗੁਰੂਆਂ ਦਿਤੇ ਬਣਾਈਆ । ਮੇਰੇ ਅੰਬਰ ਤੱਕ ਲੈ ਨੀਲੇ, ਚੰਦ ਸਿਤਾਰ ਅੱਖ ਉਠਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮੇਰੇ ਸਾਥੀ ਛੈਲ ਛਬੀਲੇ, ਮਹਾਬਲੀ ਭੱਜਣ ਵਾਹੋ ਦਾਹੀਆ । ਕੋਈ ਬਚ ਨਾ ਸਕੇ ਸਾਧ ਸੰਤ ਕਰ ਕੇ ਆਪਣੇ ਹੀਲੇ, ਹੁਜਤ ਵਿਚ ਸਭ ਨੂੰ ਲੈਣ ਫਸਾਈਆ । ਮੇਰੀ ਨੌਜਵਾਨਾਂ ਵਾਲੀ ਡੌਲ ਡੀਲੇ, ਬਿਰਧ ਬਾਲ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਧਰਮ ਕਹੇ ਕਲਜੁਗ ਆਪਣੀ ਲੱਗੀਆਂ ਵੇਖ ਲੈ ਅੱਗਾਂ, ਚਾਰੋਂ ਕੁੰਟ ਨੈਣ ਉਠਾਈਆ । ਪੰਞੀ ਗੁਰਮੁਖਾਂ ਸਿਰ ਬੱਧੀਆਂ ਪੀਲੀਆਂ ਪੱਗਾਂ, ਪੰਞੀ ਪ੍ਰਕਿਰਤੀਆਂ ਰੋਵਣ ਮਾਰਨ ਧਾਹੀਆ । ਖੇਲ ਤੱਕ ਲੈ ਸੂਰਾ ਸਰਬਗਾ, ਕੀ ਕਰਤਾ ਹੁਕਮ ਵਰਤਾਈਆ । ਜਿਸ ਦਾ ਇਕੋ ਡੰਕਾ ਵੱਜਾ, ਦੋ ਜਹਾਨ ਕਰੇ ਸ਼ਨਵਾਈਆ । ਜਿਸ ਦੇ ਹੁਕਮ ਅੰਦਰ ਫਿਰੇ ਭੱਜਾ, ਚਲੇ ਵਾਹੋ ਦਾਹੀਆ । ਉਸ ਦੀ ਮੰਨਣੀ ਪਏ ਰਜਾ, ਸਿਰ ਸਕੇ ਨਾ ਕੋਇ ਉਠਾਈਆ । ਤੇਰੇ ਸਿਰ ਤੇ ਕੂਕਦੀ ਕਜ਼ਾ, ਕਜ਼ਾਕ ਬਣਿਆ ਧੁਰਦਰਗਾਹੀਆ । ਆਪਣੀ ਕਰਨੀ ਦਾ ਤੱਕਣਾ ਮਜਾ, ਜੋ ਮਜ਼ਾਕ ਕੀਤਾ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਧਰਮ ਮੈਂ ਦੂਰਅੰਦੇਸ਼ ਬੜਾ, ਬੜੀ ਮੇਰੀ ਵਡਿਆਈਆ । ਤੂੰ ਸਮਝੇਂ ਨਾ ਮੇਰਾ ਧੜਾ, ਕਿਸ ਦਾ ਸੰਗ ਸੰਗ ਨਾਲ ਬਣਾਈਆ । ਜਿਨ੍ਹਾਂ ਦੇ ਸਿਰ ਤੇ ਪੀਲਾ ਦਸਤਾਰ ਚੜ੍ਹਾ, ਆਪਣਾ ਆਸਣ ਲਾਈਆ । ਮੈਂ ਸਭ ਦੇ ਸਾਹਮਣੇ ਖੜਾ, ਅਗੇ ਹੋ ਕੇ ਦਿਆਂ ਜਣਾਈਆ । ਪਿਛਲਾ ਵਕਤ ਲੰਘਿਆ ਬਹੁਤਾ ਲੰਮਾ ਬੜਾ, ਕੀ ਬੀਤੀ ਦਿਆਂ ਦ੍ਰਿੜਾਈਆ । ਮੈਂ ਸਭ ਦੇ ਅੰਦਰ ਵੜਾ, ਘਰ ਘਰ ਡੇਰਾ ਲਾਈਆ । ਕਾਇਆ ਦੀ ਖਿੜਕੀ ਵਿਚ ਖੜਾ, ਨੌਂ ਦਵਾਰੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਧਰਮ ਬਿਨਾ ਪ੍ਰਭੂ ਦੀ ਕਿਰਪਾ ਨਹੀਂ ਕੋਈ ਧਰਮ, ਮੈਂ ਸਚ ਦਿਆਂ ਸੁਣਾਈਆ । ਬੇਸ਼ਕ ਮੇਰਾ ਧਰਨੀ ਉਤੇ ਹੋਇਆ ਜਰਮ, ਕੁੱਖ ਬਿਨਾ ਜਨਣੀ ਦਿਤੀ ਸੁਹਾਈਆ । ਹੱਡ ਮਾਸ ਨਾੜੀ ਨਹੀਂ ਚਰਮ, ਪੰਜ ਤਤ ਨਜ਼ਰ ਕੋਇ ਨਾ ਆਈਆ । ਮੇਰਾ ਸਭ ਤੋਂ ਉਤਮ ਸ੍ਰੇਸ਼ਟ ਕਰਮ, ਕਰਨੀ ਦਾ ਕਰਤਾ ਹੋ ਕੇ ਦਿਆਂ ਦਰਸਾਈਆ । ਜਿਹੜੇ ਪ੍ਰਭੂ ਦੀ ਪੈ ਜਾਣ ਸਰਨ, ਸਰਨ ਵਿਚ ਸਮਾਈਆ । ਜੇ ਉਹ ਕਿਰਪਾ ਕਰੇ ਤੇ ਮੰਜ਼ਲ ਚੜ੍ਹਨ, ਬਿਨਾ ਕਿਰਪਾ ਤੋਂ ਅਗੇ ਕਦਮ ਨਾ ਕੋਇ ਉਠਾਈਆ । ਕਲਜੁਗ ਕਹੇ ਧਰਮ ਮੇਰੀ ਕਰਨੀ ਤੱਕ ਉਹ ਇਕ ਦੂਜੇ ਦੇ ਨਾਲ ਲੜਨ, ਲੜਾਕੇ

ਦੇਵਾਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਲਜੁਗ ਕਹੇ ਮੇਰੇ ਸਾਹਿਬ ਦਾ ਤੱਕ ਸਵਾਂਗ, ਕੀ ਆਪਣੀ ਕਲ ਵਰਤਾਈਆ । ਜਿਸ ਦੀ ਰਖੀ ਤਾਂਘ, ਤਾਂਘਾਂ ਵਿਚ ਵਕਤ ਲੰਘਾਈਆ । ਜਿਸ ਦਾ ਰਾਹ ਤਕਦਾ ਤਾਰਾ ਚਾਂਦ, ਸਦੀ ਚੌਧਵੀਂ ਅੱਖ ਉਠਾਈਆ । ਉਹ ਪੁੱਟ ਕੇ ਆਪਣੀ ਪਹਿਲੀ ਪਲਾਂਘ, ਧਰਨੀ ਧਰਤ ਧਵਲ ਉਤੇ ਡੇਰਾ ਲਾਈਆ । ਜਿਸ ਦਾ ਲਹਿਣਾ ਦੇਣਾ ਜੁਗਾਦੀ ਆਦਿ, ਅੰਤ ਆਪ ਸਮਝਾਈਆ । ਉਸ ਦੀ ਕਰ ਲੈ ਯਾਦ ਜੋ ਸੁਣੇ ਸਰਬ ਫ਼ਰਿਆਦ, ਬੇਫ਼ਿਕਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਝਟ ਬੋਲਿਆ ਪਹਿਲਾ ਚੇਤ, ਆਕੜ ਨਾਲ ਜਣਾਈਆ । ਕਲਜੁਗ (ਨੂੰ) ਕਹੇ ਆਹ ਵੇਖ ਲੈ ਪ੍ਰਭੂ ਨੇਤਨ ਨੇਤ, ਨਿਰਗੁਣ ਦਾਤਾ ਧੁਰਦਰਗਾਹੀਆ । ਜਿਸ ਨੇ ਤੈਨੂੰ ਕਰਨਾ ਖੇਤ, ਰਣਭੂਮੀ ਦੇਣਾ ਸਵਾਈਆ । ਉਹ ਵੇਖ ਲੈ ਮੁਹੰਮਦ ਦੀ ਆਸਾ ਲੈਂਦੀ ਭੇਤ, ਬਿਨ ਰੂਪ ਰੰਗ ਰੇਖ ਬੈਠੀ ਡੇਰਾ ਲਾਈਆ । ਨਾਰਦ ਵੀ ਖੇਡਾਂ ਰਿਹਾ ਖੇਡ, ਪੁੱਠੇ ਸਿਧੇ ਹੱਥ ਵਖਾਈਆ । ਨਖ਼ਰਿਆਂ ਨਾਲ ਕਰਦਾ ਵੇਡ, ਮਸਖ਼ਰੀਆਂ ਨਾਲ ਹਸਾਈਆ । ਜਿਸ ਮਸੀਹ ਨੇ ਮਨੁੱਸ਼ਾਂ ਨੂੰ ਕਿਹਾ ਸ਼ੀਪ ਭੇਡ, ਜਗਤ ਹੁਕਮ ਸੁਣਾਈਆ । ਉਹ ਆਪਣਾ ਹੁਕਮ ਸੰਦੇਸ਼ਾ ਕਢੇ ਵਿਚੋਂ ਪਾਕਟ ਜੇਬ, ਬਿਨ ਅੱਖਰਾਂ ਦਏ ਵਖਾਈਆ । ਆਹ ਤੱਕ ਲਓ ਬਿਨਾ ਨਸਰ ਤੋਂ ਕਿਤੇਬ, ਅੱਖਰਾਂ ਬਿਨਾ ਲਿਖਾਈਆ । ਜਿਸ ਵਿਚ ਨਵ ਨੌ ਚਾਰ ਦਾ ਭਰਿਆ ਫ਼ਰੇਬ, ਦਗ਼ੇਬਾਜ਼ੀ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਪਹਿਲੀ ਚੇਤ ਕਹੇ ਜਨ ਭਗਤਾਂ ਪੱਗਾਂ ਬੱਧੀਆਂ ਪੀਲੀਆਂ, ਪੰਝੀ ਦੋ ਪੰਜ ਗੰਢ ਪਵਾਈਆ । ਜਨ ਭਗਤਾਂ ਰੂਹਾਂ ਜਾਣੀਆਂ ਸੀਲੀਆਂ, ਬਿਨਾ ਪ੍ਰਭੂ ਤੋਂ ਸੀਲ ਸਕੇ ਨਾ ਕੋਇ ਤੁੜਾਈਆ । ਵਿਚਾਰ ਚਲੇ ਨਾ ਕੋਇ ਦਲੀਲੀਆਂ, ਮਨ ਮਤ ਨਾ ਕੋਇ ਵਡਿਆਈਆ । ਆਤਮ ਪਰਮਾਤਮ ਦੀਆਂ ਇਕੋ ਹੋਣੀਆਂ ਵਸੀਲੀਆਂ, ਦੂਜਾ ਵਸਲ ਯਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਮੈਂ ਵੇਖਾਂ ਪੰਝੀ ਨੌਜਵਾਨ, ਦੁਆਬਾ ਮਾਲਵੇ ਗੰਢ ਪਵਾਈਆ । ਮੇਰੇ ਸਾਹਿਬ ਦਾ ਖੇਲ ਮਹਾਨ, ਮਹਿੰਮਾ ਕਥ ਕਥ ਦ੍ਰਿੜਾਈਆ । ਇਨ੍ਹਾਂ ਦਾ ਲੇਖਾ ਜਗਤ ਜਹਾਨ, ਨਾਤਾ ਤੱਤਾਂ ਵਾਲਾ ਜੁੜਾਈਆ । ਇਹ ਹਰਿ ਗੋਬਿੰਦ ਦੇ ਪ੍ਰੇਮ ਪਿਆਰ ਵਾਲੇ ਸੀ ਪਹਿਲਵਾਨ, ਪੂਰਬ ਜਨਮ ਦੇ ਸੋਭਾ ਪਾਈਆ । ਇਕ ਦੂਜੇ ਨਾਲ ਸ਼ਰਾਰਤ ਕਰਦੇ ਰਹਿੰਦੇ ਸੀ ਜਗਤ ਸ਼ੈਤਾਨ, ਧੱਕਾ ਧੱਕੇ ਨਾਲ ਲਗਾਈਆ । ਗ਼ੁੱਸੇ ਵਿਚ ਕੈਂਚਾ ਕਸ ਕੇ ਆਉਂਦਾ ਸੀ ਵਿਚ ਮੈਦਾਨ, ਬਲ ਆਪਣਾ ਆਪਣਾ ਪ੍ਰਗਟਾਈਆ । ਹਰਿਗੋਬਿੰਦ ਵੇਖ ਕੇ ਖ਼ੁਸ਼ ਹੁੰਦਾ ਸੀ ਮਹਾਨ, ਖ਼ੁਸ਼ੀਆਂ ਵਿਚ ਸੁਣਾਈਆ । ਉਹ ਤੱਕੋ ਮਾਲਕ ਨੌਜਵਾਨ, ਦਾਤਾ ਧੁਰਦਰਗਾਹੀਆ । ਜਿਸ ਦੇ ਨਾਲ ਤੁਹਾਡਾ ਮੇਲ ਹੋਣਾ ਵਿਚ ਜਹਾਨ, ਜਗਤ ਜੁਗਤ ਨਾਲ ਮਿਲਾਈਆ । ਤੁਹਾਡੇ ਪ੍ਰੇਮ ਤੇ ਗ਼ੁੱਸੇ ਦਾ ਯੁੱਧ ਹੋਵੇ ਘਮਸਾਨ, ਘੁੰਮਣ ਘੇਰੀ ਵਿਚ ਲੋਕਾਈਆ । ਜਨ ਭਗਤੋ ਏਸੇ ਦੇ ਬਦਲੇ ਤੁਹਾਨੂੰ ਫੜਨਾ ਪਏ ਨਾ ਖੰਡਾ ਕਿਰਪਾਨ, ਤੀਰ ਤਰਕਸ਼ ਨਾ ਕੰਧ ਉਠਾਈਆ । ਨੌਵਾਂ ਦੇਸ਼ਾਂ ਵਿਚ ਸ਼ਰਅ ਫਿਰੇ ਛੁਰੀ ਸ਼ੈਤਾਨ, ਸ਼ਰੀਅਤ ਨਾਲ ਮਿਲਾਈਆ । ਪਹਿਲੀ ਚੇਤ ਕਹੇ ਮੈਂ ਏਸੇ ਖ਼ੁਸ਼ੀ ਵਿਚ ਭਗਤਾਂ ਦਾ ਮੰਗਾਂ ਦਾਨ, ਪ੍ਰਭ ਅਗੇ ਝੋਲੀ ਡਾਹੀਆ । ਮੇਰੇ ਸਵਾਮੀ ਅੰਤਰਜਾਮੀ ਪੁਰਖ ਬਿਧਾਤੇ ਕਮਲਾਪਾਤੇ ਸਭ ਨੂੰ ਦੇਣਾ ਚਰਨ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਦਰ ਆਏ

੬੯੩
੨੩

ਸਾਰੇ ਕਰੀਂ ਪ੍ਰਵਾਨ, ਪਰਮ ਪੁਰਖ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਨੌ ਕਹੇ ਮੈਂ ਆਇਆ ਵਿਚ ਮਾਤ, ਪ੍ਰਭ ਦਿਤੀ ਮਾਣ ਵਡਿਆਈਆ । ਪੁਰਖ ਅਕਾਲੇ ਬਖ਼ਸ਼ੀ ਦਾਤ, ਦਇਆਵਾਨ ਝੋਲੀ ਪਾਈਆ । ਸਚਖੰਡ ਦਾ ਤੱਕਾਂ ਖੇਲ ਤਮਾਸ਼, ਖ਼ੁਸ਼ੀਆਂ ਵਿਚ ਢੋਲੇ ਗਾਈਆ । ਝਟ ਗੁਰਦਿਆਲ ਸਿੰਘ ਨੇ ਮੈਨੂੰ ਦਿਤਾ ਆਖ, ਬਲ ਦਾ ਲੇਖਾ ਜਗਤ ਜਣਾਈਆ । ਜਿਸ ਦੀ ਮੁੱਠੀ ਰਖੀ ਹੋਈ ਰਾਖ, ਰਖਕ ਦਏ ਵਡਿਆਈਆ । ਧਰਮ ਦੀ ਧਾਰ ਮੇਰੀ ਬਣੇ ਯਾਦ, ਯਾਦਦਾਸ਼ਤ ਜਗਤ ਭਗਤ ਵਖਾਈਆ । ਮੇਰਾ ਸਾਹਿਬ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜਿਹੜਾ ਮਾਲਕ ਆਦਿ ਦਾ ਆਦਿ, ਅੰਤ ਦਾ ਅੰਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖ਼ੁਸ਼ੀ ਬਣਾਈਆ । ਸੰਮਤ ਨੌ ਕਹੇ ਮੇਰਾ ਭਗਤਾਂ ਨਾਲ ਪਿਆਰਾ, ਚਿਰੀ ਵਿਛੁੰਨਿਆਂ ਵੇਖ ਵਖਾਈਆ । ਮੈਂ ਬਲ ਦਾ ਤੱਕਾਂ ਇਸ਼ਾਰਾ, ਜੋ ਬਿਨ ਸੈਨਤ ਰਿਹਾ ਸਮਝਾਈਆ । ਮੇਰਾ ਸਾਹਿਬ ਮੇਰਾ ਮੀਤ ਮੁਰਾਰਾ, ਪਿਤਾ ਪੁਰਖ ਅਕਾਲ ਅਖਵਾਈਆ । ਮੈਂ ਜਗਤ ਜਹਾਨ ਛੱਡਿਆ ਸੰਸਾਰਾ, ਕੁਟੰਬ ਆਇਆ ਤਜਾਈਆ । ਪੁਤ ਪੋਤਰੇ ਮੇਰਾ ਪਿਆਰ ਨਹੀਂ ਕਿਸੇ ਵਿਚ ਪਰਿਵਾਰਾ, ਪਰਮ ਪੁਰਖ ਮੇਰਾ ਨਾਤਾ ਆਪਣੇ ਨਾਲ ਜੁੜਾਈਆ । ਮੈਂ ਬੈਠਾ ਉਸ ਮੰਦਰ ਸਚ ਦਰਬਾਰਾ, ਸਚਖੰਡ ਸਾਚੇ ਡੇਰਾ ਲਾਈਆ । ਜਿਥੋਂ ਆਉਣਾ ਨਾ ਪਏ ਦੁਬਾਰਾ, ਲੋਕਮਾਤ ਨਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਆਪਣੀ ਖੇਲ ਖਿਲਾਈਆ । ਸੰਮਤ ਨੌ ਕਹੇ ਭਗਤੋ ਹੱਥ ਕਰ ਦਿਉ ਪੁੱਠੇ, ਫੇਰ ਸਿੱਧੇ ਕਰ ਕੇ ਲਓ ਬਦਲਾਈਆ । ਤੁਹਾਡਾ ਸਾਹਿਬ ਤੁਹਾਡੇ ਅੰਤਰ ਆਤਮਾ ਤੁਠੇ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਤੁਹਾਡੀ ਸੁਹੰਜਣੀ ਹੋਵੇ ਰੁਤੇ, ਖ਼ੁਸ਼ੀਆਂ ਨਾਲ ਮਹਿਕਾਈਆ । ਕਲਜੁਗ ਦੀ ਪੋਹ ਨਾ ਸਕੇ ਧੁੱਪੇ, ਅਗਨੀ ਤਤ ਨਾ ਕੋਇ ਤਪਾਈਆ । ਤੁਸੀਂ ਉਸ ਮਿਹਰਵਾਨ ਦੇ ਪੁਤੇ, ਜੋ ਮਹਿਬੂਬ ਧੁਰ ਦਾ ਮਾਹੀਆ । ਖ਼ੁਸ਼ੀਆਂ ਨਾਲ ਆਪਣੀ ਗੋਦੀ ਚੁੱਕੇ, ਚਾਰੋਂ ਕੁੰਟ ਹੋਏ ਸਹਾਈਆ । ਜਨਮ ਮਰਨ ਦੇ ਮਿਟਾਵੇ ਦੁੱਖੇ, ਆਵਣ ਜਾਵਣ ਪੰਧ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਨੌ ਕਹੇ ਜਨ ਭਗਤੋ ਭਗਤੀ ਦੀ ਧਾਰ ਕੀ, ਸਮਝ ਸਮਝ ਨਾ ਕੋਇ ਜਣਾਈਆ । ਉਸ ਸਾਹਿਬ ਸਤਿਗੁਰ ਦੀ ਸਾਰ ਕੀ, ਜੋ ਸਭ ਦਾ ਮਾਲਕ ਬੇਪ੍ਰਵਾਹੀਆ । ਉਸ ਦੀ ਆਦਿ ਅੰਤ ਦੀ ਧਾਰ ਕੀ, ਕੀ ਕਰਤਾ ਕਾਰ ਕਮਾਈਆ । ਸ਼ਬਦ ਸ਼ਬਦ ਦੀ ਵਿਚਾਰ ਕੀ, ਸ਼ਬਦ ਸਬਕ ਜੋ ਕਹਿ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਨੌ ਕਹੇ ਮੈਂ ਇਕੋ ਬਚਨ ਅਖ਼ੀਰੀ ਆਖਾ, ਅੱਖਰਾਂ ਦੇ ਨਾਲ ਅੱਖਰ ਮਿਲਾਈਆ । ਸਭ ਦਾ ਮਾਲਕ ਸਵਾਮੀ ਇਕੋ ਰਾਖਾ, ਰਖਕ ਬੇਪ੍ਰਵਾਹੀਆ । ਮੈਂ ਚਾਹੁੰਦਾ ਮੇਰਾ ਸਾਹਿਬ ਏਸ ਸਾਲ ਵਿਚ ਦੁੱਖਾਂ ਦਾ ਕਰੇ ਨਾਸਾ, ਗੁਰਮੁਖਾਂ ਦਏ ਵਡਿਆਈਆ । ਨਾਮ ਦਾ ਭੰਡਾਰਾ ਭਰੇ ਕਾਇਆ ਕਾਸਾ, ਕਸਮ ਨਾਲ ਮੈਂ ਇਹੋ ਮੰਗ ਮੰਗਾਈਆ । ਸਤਿਗੁਰ ਹੋਵੇ ਤੇ ਹੋਵੇ ਦਾਸਾਂ ਦਾ ਦਾਸਾ, ਸੇਵਾ ਸੇਵ ਵਿਚ ਆਪਣੀ ਆਪ ਜਣਾਈਆ । ਪ੍ਰਭੂ ਹੋਵੇ ਤੇ ਹੋਵੇ ਜੋਤ ਪ੍ਰਕਾਸ਼ਾ, ਜੋਤੀ ਜੋਤ ਕਰੇ ਰੁਸ਼ਨਾਈਆ । ਜਨ ਭਗਤੋ ਤੁਹਾਡਾ ਮੇਰਾ ਸਾਹਿਬ ਏਸੇ ਸਾਲ ਵਿਚ ਜੇ ਪੂਰਾ ਕਰੇ ਘਾਟਾ, ਮੈਂ ਫਿਰ ਖ਼ੁਸ਼ੀਆਂ ਵਿਚ ਨੱਚਾਂ ਟੱਪਾਂ ਚਾਈਂ ਚਾਈਆ । ਕਿਸੇ ਦਾ ਚੀਥੜ

ਦਿਸੇ ਨਾ ਪਾਟਾ, ਪਟਨੇ ਵਾਲਾ ਨਾਲ ਮਿਲ ਕੇ ਖ਼ੁਸ਼ੀ ਦਏ ਬਣਾਈਆ । ਤੁਹਾਡੀ ਆਤਮਾ ਦੀ ਹੋਵੇ ਖਾਟਾ, ਤੇ ਆਸਣ ਪੁਰਖ ਅਬਿਨਾਸ਼ਣ ਉਤੇ ਆਪਣਾ ਲਏ ਲਗਾਈਆ । ਤੁਹਾਡੀ ਪਿਛੇ ਦੀ ਪਿਛੇ ਮੁਕਾ ਕੇ ਵਾਟਾ, ਅਗੇ ਵਟਣਾ ਆਪਣੇ ਪ੍ਰੇਮ ਵਾਲਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸੰਮਤ ਨੌਂ ਕਹੇ ਮੈਂ ਫੇਰ ਕਰਾਂ ਨਿਮਸਕਾਰ, ਪ੍ਰਭ ਦੇ ਅਗੇ ਸੀਸ ਝੁਕਾਈਆ । ਸਭ ਨੂੰ ਦਰਸ਼ਨ ਦੇਣਾ ਕਾਇਆ ਦਾ ਅੰਦਰਲਾ ਖੋਲ ਕਿਵਾੜ, ਬਾਹਰੋਂ ਵੇਖਣ ਦੀ ਲੋੜ ਰਹੇ ਨਾ ਰਾਈਆ । ਉਥੇ ਪੁੱਜਣਾ ਜਿਥੇ ਜੰਗਲ ਹੋਣ ਪਹਾੜ, ਟਿਲਿਆਂ ਪਰਬਤਾਂ ਪੰਧ ਮੁਕਾਈਆ । ਫਿਰਨਾ ਪਿਛੇ ਅਗਾੜ, ਭੱਜਣਾ ਵਾਹੋ ਦਾਹੀਆ । ਹਰਿਜਨ ਹਰਿ ਭਗਤ ਖ਼ੁਸ਼ੀ ਨਾਲ ਖ਼ੁਸ਼ੀ ਲੈ ਕੇ ਆਉਣਾ ਉਤੇ ਸਤਾਰਾਂ ਹਾੜ, ਸੰਮਤ ਨੌਂ ਕਹੇ ਮੇਰੀ ਪਹਿਲੀ ਖ਼ੁਸ਼ੀ ਤੇ ਪਹਿਲੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪਹਿਲੀ ਚੇਤ ਕਹੇ ਜਨ ਭਗਤੋ ਸਚ ਦੀ ਲੈ ਕੇ ਜਾਇਓ ਸ਼ਰੀਣੀ, ਸ਼ਰਅ ਦਾ ਲੇਖਾ ਜਾਣਾ ਮੁਕਾਈਆ । ਇਕੋ ਸਾਹਿਬ ਦੇ ਘਰ ਵਿਚ ਤੁਹਾਡੀ ਜ਼ਿੰਦਗੀ ਹੋਵੇ ਤੇ ਜੀਣੀ, ਜੀਵਣ ਇਕੋ ਦੇ ਲੇਖੇ ਪਾਈਆ । ਇਕੋ ਮਦਿ ਨਾਮ ਰਸ ਦੀ ਪੀਣੀ, ਦੂਸਰ ਰਸਨਾ ਰਸ ਨਾ ਕੋਇ ਚਖਾਈਆ । ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ੇ ਤੁਹਾਡੀ ਜ਼ਾਤ ਨਹੀਂ ਕੋਈ ਹੀਣੀ, ਆਤਮ ਪਰਮਾਤਮ ਨਾਲ ਮਿਲ ਕੇ ਵੱਜੇ ਵਧਾਈਆ । ਤੁਹਾਡੀ ਖ਼ੁਸ਼ੀ ਦੁਗਣੀ ਤੇ ਹੋਵੇ ਤੀਣੀ, ਤਿੰਨਾਂ ਗੁਣਾਂ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪਿਆਰ ਮੁਹੱਬਤ ਦੀ ਦਏ ਅਧੀਨੀ, ਅਧੀਨਤਾ ਵਿਚ ਆਪਣਾ ਰੰਗ ਰੰਗਾਈਆ ।


੬੯੫
੨੩

### ੨ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਕੱਲਾ ਸੰਗਤ ਦੇ ਨਵਿਤ

ਚਾਤ੍ਰਿਕ ਗੁਰਮੁਖ ਸਦਾ ਪਿਆਸਾ, ਅੰਮ੍ਰਿਤ ਮੇਘ ਬੂੰਦ ਹਰਿ ਬਰਸਾਈਆ । ਮਾਨਸ ਜਨਮ ਸਤਿਗੁਰੂ ਕਰੇ ਰਹਿਰਾਸਾ, ਸ਼ਬਦੀ ਸ਼ਬਦ ਦਏ ਵਡਿਆਈਆ । ਪਵਣ ਪਵਣੀ ਪਵਿਤ੍ਰ ਕਰੇ ਸਵਾਸਾ, ਸਾਹ ਸਾਹ ਵਿਚ ਸਮਾਈਆ । ਪੰਧ ਮੁਕਾ ਕੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਲੇਖਾ ਦਏ ਚੁਕਾਈਆ । ਨਿਰਮਲ ਦੀਆ ਦੀਪਕ ਕਰੇ ਪ੍ਰਕਾਸ਼ਾ, ਅੰਧ ਅੰਧੇਰ ਮਿਟਾਈਆ । ਸਚ ਦਵਾਰ ਕਰਾਏ ਵਾਸਾ, ਭਗਤ ਦਵਾਰ ਵੱਜੇ ਵਧਾਈਆ । ਜਿਥੇ ਆਤਮ ਪਰਮਾਤਮ ਖੁਲ੍ਹੇ ਇਕ ਖੁਲਾਸਾ, ਪਰਦਾ ਓਹਲਾ ਰਹੇ ਨਾ ਰਾਈਆ । ਕਾਇਆ ਮਾਟੀ ਭਰੇ ਕਾਸਾ, ਨਾਮ ਨਿਧਾਨਾ ਵਿਚ ਟਿਕਾਈਆ । ਲੇਖੇ ਲਾਏ ਜਗਤ ਗਰਾਸਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਪ੍ਰੇਮ ਦਏ ਮਿਠਾਸਾ, ਅਨਡਿੱਠੜਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਸਰਨਾਈਆ । ਗੁਰਮੁਖ ਚਾਤ੍ਰਿਕ ਸਦਾ ਬਿਲਲਾਏ, ਬਿਲਪ ਕਰੇ ਬਹੁਭਾਂਤੀ । ਸਤਿਗੁਰ ਸਾਚਾ ਦਇਆ ਕਮਾਏ, ਬਖ਼ਸ਼ ਅੰਮ੍ਰਿਤ ਬੂੰਦ ਸਵਾਂਤੀ । ਸੰਤ ਸਾਜਣ ਮੇਲ ਮਿਲਾਏ, ਕਦੇ ਪੁਛੇ ਨਾ ਜ਼ਾਤ ਪਾਤੀ । ਜਾਗਤ ਸੋਵਤ ਦਰਸ ਦਿਖਾਏ, ਪੰਧ ਮੁਕਾਏ ਦਿਵਸ ਰਾਤੀ । ਤਨ ਮਹੱਲ ਅਟਲ ਵਡਿਆਏ, ਜੋਤ ਜਗਾਏ ਬਿਨ ਤੇਲ ਬਾਤੀ । ਸਚ ਸਿੰਘਾਸਣ ਸੋਭਾ ਪਾਏ,

ਪਰਮ ਪੁਰਖ ਪ੍ਰਭ ਕਮਲਾਪਾਤੀ । ਗੁਰਮੁਖ ਸਾਚੇ ਜੋੜ ਜੁੜਾਏ, ਅਣਿਆਲਾ ਤੀਰ ਚਲਾਏ ਬ੍ਰਿਹੋਂ ਕਾਤੀ । ਗੁਰਸਿਖ ਆਪਣੀ ਗੋਦ ਟਿਕਾਏ, ਖੇਲੇ ਖੇਲ ਬਹੁ ਬਿਧ ਭਾਂਤੀ । ਜੁਗ ਜੁਗ ਆਪਣਾ ਰੂਪ ਬਦਲਾਏ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਮਲਾਪਾਤੀ । ਨਿਰਗੁਣ ਸਰਗੁਣ ਖੇਲ ਖਲਾਏ, ਖ਼ਾਲਕ ਖ਼ਲਕ ਪੁਰਖ ਅਬਿਨਾਸ਼ੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਬਣਾਏ ਚਰਨ ਦਾਸੀ । ਗੁਰਮੁਖ ਚਾਤ੍ਰਿਕ ਮੰਗੇ ਨੀਰ, ਬਿਨ ਨੀਰਾਂ ਨੀਰ ਧਿਆਨ ਲਗਾਈਆ । ਸਤਿਗੁਰ ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਅੰਮਿਉਂ ਰਸ ਅਗੰਮ ਚੁਆਈਆ । ਤਨ ਮਾਟੀ ਦੇਵੇ ਧੀਰ, ਸਾਂਤਕ ਸਤਿ ਸਤਿ ਵਰਤਾਈਆ । ਜਿਸ ਮੰਜ਼ਲ ਚੜ੍ਹਿਆ ਕਬੀਰ, ਤਿਸ ਮੰਜ਼ਲ ਗੁਰਮੁਖ ਦਏ ਟਿਕਾਈਆ । ਜਿਥੇ ਲੇਖਾ ਨਹੀਂ ਵਜੂਦ ਸਰੀਰ, ਪੰਜ ਤਤ ਨਾ ਕੋਇ ਚਤੁਰਾਈਆ । ਧਨ ਦੌਲਤ ਮਿਲਖ ਨਾ ਦਿਸੇ ਜਾਗੀਰ, ਮਾਇਆ ਮਮਤਾ ਨਾ ਕੋਇ ਹਲਕਾਈਆ । ਅੰਤਰ ਹੋਵੇ ਨਾ ਕਦੇ ਦਿਲਗੀਰ, ਚਿੰਤਾ ਗ਼ਮ ਨਾ ਕੋਇ ਸਤਾਈਆ । ਮੰਨਣਾ ਪਏ ਨਾ ਕੋਈ ਪੈਗੰਬਰ ਪੀਰ, ਤਤ ਸਰੀਰ ਨਾ ਵੇਖਣ ਪਾਈਆ । ਇਕੋ ਜੋਤੀ ਜਾਤਾ ਬੇਨਜ਼ੀਰ, ਹਰਿ ਕਰਤਾ ਬੇਪ੍ਰਵਾਹੀਆ । ਜਿਸ ਦੀ ਨਜ਼ਰ ਨਾ ਆਏ ਤਸਵੀਰ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਉਹ ਭਗਤ ਸੁਹੇਲੇ ਲੇਖੇ ਲਾਏ ਸ਼ਾਹ ਅਮੀਰ, ਊਚ ਨੀਚ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਦਏ ਮਿਲਾਈਆ । ਗੁਰਮੁਖ ਚਾਤ੍ਰਿਕ ਸਦਾ ਬਿਲਲਾਉਂਦਾ, ਮੁਖ ਰਸਨ ਰਸਨ ਸਲਾਹੀਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦਾ, ਗਾ ਗਾ ਸ਼ੁਕਰ ਮਨਾਈਆ । ਨੇਤਰ ਲੋਚਨ ਨੈਣ ਰਾਹ ਤਕਾਉਂਦਾ, ਨਿਜ ਅੱਖ ਲਏ ਉਠਾਈਆ । ਕਵਣ ਕੂਟੇ ਮੇਰਾ ਸਾਹਿਬ ਸਵਾਮੀ ਆਉਂਦਾ, ਜੋਤੀ ਜਾਤਾ ਬੇਪਰਵਾਹੀਆ । ਜੋ ਗ਼ਰੀਬ ਨਿਮਾਣਿਆਂ ਤਰਾਉਂਦਾ, ਭਗਤਾਂ ਗੋਦ ਉਠਾਈਆ । ਸਾਚਾ ਰਾਹ ਚਲਾਉਂਦਾ, ਜੁਗ ਜੁਗ ਹੁਕਮ ਵਰਤਾਈਆ । ਕਿਹੜਾ ਖੇੜਾ ਨੂਰ ਚਮਕਾਉਂਦਾ, ਜੋਤੀ ਜਾਤਾ ਡਗਮਗਾਈਆ । ਸੋ ਸਵਾਮੀ ਦਇਆ ਕਮਾਉਂਦਾ, ਜਨ ਭਗਤ ਲਏ ਉਠਾਈਆ । ਸੰਬਲ ਆਪਣਾ ਧਾਮ ਦਰਸਾਉਂਦਾ, ਦਰ ਦਰਵਾਜ਼ਾ ਆਪ ਖੁਲਾਈਆ । ਜਿਸ ਦੀ ਬਾਡੀ ਬਣਤ ਨਹੀਂ ਕੋਈ ਬਣਾਉਂਦਾ, ਚਾਰ ਦੀਵਾਰੀ ਵੰਡ ਨਾ ਕੋਇ ਵੰਡਾਈਆ । ਸਾਢੇ ਤਿੰਨ ਹੱਥ ਮਹੱਲ ਆਪ ਸੁਹਾਉਂਦਾ, ਸੋਹਣਾ ਬੈਠਾ ਆਸਣ ਲਾਈਆ । ਨਿਰਗੁਣ ਧਾਰ ਵੇਸ ਵਟਾਉਂਦਾ, ਜੋਤੀ ਜਾਤਾ ਅਗੰਮ ਅਥਾਹੀਆ । ਜਨ ਭਗਤਾਂ ਅੰਮ੍ਰਿਤ ਆਤਮ ਜਾਮ ਆਪ ਪਿਆਉਂਦਾ, ਨਿਝਰ ਝਿਰਨਿਉਂ ਝਿਰਨਾ ਆਪ ਝਿਰਾਈਆ । ਲੱਖ ਚੁਰਾਸੀ ਫੰਦ ਕਟਾਉਂਦਾ, ਗੇੜਿਆਂ ਵਿਚ ਨਾ ਕੋਇ ਰਖਾਈਆ । ਦਰ ਆਇਆਂ ਦਰਦ ਵੰਡਾਉਂਦਾ, ਦੁਖੀਆਂ ਹੋਏ ਸਹਾਈਆ । ਆਤਮ ਪਰਮਾਤਮ ਮੇਲ ਮਿਲਾਉਂਦਾ, ਮਿਲਣੀ ਹਰਿ ਜਗਦੀਸ਼ ਕਰਾਈਆ । ਹਰਿ ਸੰਗਤ ਇਕੋ ਰੰਗ ਰੰਗਾਉਂਦਾ, ਦੁਤੀਆ ਭੇਵ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚਾ ਸਗਲਾ ਸੰਗ ਨਿਭਾਉਂਦਾ, ਅੰਦਰ ਬਾਹਰ ਆਪਣੀ ਦਇਆ ਕਮਾਈਆ ।

੬੯੬
੨੩

## ੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹਰਭਜਨ ਸਿੰਘ ਦੇ ਨਵਿਤ

ਸਤਿਗੁਰ ਅੰਮ੍ਰਿਤ ਬਰਖਦਾ, ਹਰਿ ਦਾਤਾ ਗਹਿਰ ਗੰਭੀਰ । ਹਰਿਜਨ ਲੱਖ ਚੁਰਾਸੀ ਵਿਚੋਂ ਪਰਖਦਾ, ਵੇਖਣਹਾਰਾ ਤਨ ਸਰੀਰ । ਦੇਵੇ ਦਾਨ ਆਪਣੇ ਦਰਸ ਦਾ, ਮੇਲ ਮਿਲਾ ਕੇ ਸ਼ਾਹ ਅਮੀਰ । ਝਗੜਾ ਮਿਟਾਏ ਸੋਗ ਹਰਖ ਦਾ, ਚਿੰਤਾ ਕਰੇ ਨਾ ਕੋਇ ਦਿਲਗੀਰ । ਲਹਿਣਾ ਦੇਣਾ ਜਨ ਭਗਤਾਂ ਸ਼ਹਿਨਸ਼ਾਹੀ ਸੰਮਤ ਨੌ ਬਰਸ ਦਾ, ਬਰਸੀ ਦਾ ਲੇਖਾ ਬਦਲ ਦੇਵੇ ਤਕਦੀਰ । ਇਹ ਵੇਲਾ ਸਾਹਿਬ ਸਵਾਮੀ ਦੇ ਤਰਸ ਦਾ, ਮਿਹਰ ਨਜ਼ਰ ਕਰੇ ਬੇਨਜ਼ੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਪੀਰਨ ਪੀਰ । ਸਤਿਗੁਰ ਦਾਤਾ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਅਖਵਾਈਆ । ਅੰਮ੍ਰਿਤ ਧਾਰ ਦੇਵੇ ਸਾਗਰ ਸਿੰਧ, ਗਹਿਰ ਗੰਭੀਰ ਗਵਰ ਵਰਤਾਈਆ । ਜਨਮ ਜਨਮ ਦੀ ਮੇਟ ਕੇ ਚਿੰਦ, ਚਿੰਤਾ ਚਿਖਾ ਦਏ ਗਵਾਈਆ । ਹਰਿਜਨ ਬਣਾ ਕੇ ਧੁਰ ਦੀ ਬਿੰਦ, ਆਤਮ ਪਰਮਾਤਮ ਰੰਗ ਰੰਗਾਈਆ । ਲੇਖਾ ਜਾਣੇ ਗੁਣੀ ਗਹਿੰਦ, ਵੇਖਣਹਾਰਾ ਥਾਉਂ ਥਾਈਂਆ । ਲੇਖੇ ਲਾਏ ਜੀਓ ਪਿੰਡ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਸਤਿਗੁਰ ਸਚਾ ਸਦਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤਾ, ਗੁਰਮੁਖ ਗੁਰ ਗੁਰ ਲਏ ਜਗਾਈਆ । ਜੁਗ ਚੌਕੜੀ ਬਦਲੇ ਰੀਤਾ, ਰੀਤੀਵਾਨ ਦਇਆ ਕਮਾਈਆ । ਕਲਜੁਗ ਅੰਤਮ ਝਗੜਾ ਮੁਕਾ ਮੰਦਰ ਮਸੀਤਾ, ਮਸਲਾ ਭਗਤਾਂ ਹੱਲ ਕਰਾਈਆ । ਮਾਰਗ ਦੱਸ ਨੀਕਣ ਨੀਕਾ, ਆਤਮ ਗੰਢ ਪਵਾਈਆ । ਤਨ ਸਰੀਰ ਕਰਾਏ ਤਸਦੀਕਾ, ਸ਼ਹਾਦਤ ਸ਼ਬਦ ਗੁਰੂ ਰਖਾਈਆ । ਜੋੜ ਜੁੜਾਏ ਧਰਮ ਧਾਰ ਅਨਡੀਠਾ, ਕਰਮ ਕਾਂਡ ਦਾ ਪੰਧ ਮੁਕਾਈਆ । ਅਗਨੀ ਤਤ ਨਾ ਤਪੇ ਅੰਗੀਠਾ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਸਦਾ ਸੁਹੇਲਾ ਸੱਜਣ, ਸੰਗੀ ਅਗੰਮ ਅਥਾਹੀਆ । ਜੋ ਆਤਮ ਧਾਰ ਕਰਾਏ ਮਜਨ, ਸਰੋਵਰ ਅੰਮ੍ਰਿਤ ਆਪ ਨੁਹਾਈਆ । ਕੂੜ ਵਿਕਾਰਾ ਭਗਤ ਸੁਹੇਲੇ ਤਜਣ, ਦੁਰਮਤ ਮੈਲ ਨਾ ਲਾਗੇ ਰਾਈਆ । ਭਾਂਡੇ ਗੜ੍ਹ ਹੰਕਾਰੀ ਭੱਜਣ, ਹਉਮੇ ਹੰਗਤਾ ਦਏ ਗਵਾਈਆ । ਤਨ ਵਜੂਦ ਆਪਣਾ ਰੰਗਣ, ਨਾਮ ਖੁਮਾਰੀ ਇਕ ਚੜ੍ਹਾਈਆ । ਵਸਤ ਅਮੁਲੀ ਇਕੋ ਮੰਗਣ, ਝੋਲੀ ਅਗੇ ਡਾਹੀਆ । ਸਤਿਗੁਰ ਸਾਹਿਬ ਸੂਰਾ ਸਰਬੰਗਣ, ਦੇਵਣਹਾਰ ਵਡਿਆਈਆ । ਜਿਸ ਦੇ ਪ੍ਰਕਾਸ਼ ਗੁਰਮੁਖ ਦੀਪਕ ਜਗਣ, ਘਰ ਘਰ ਹੋਵੇ ਰੁਸ਼ਨਾਈਆ । ਉਹ ਸਭ ਦੇ ਪ੍ਰੇਮ ਪਿਆਰ ਦੇ ਪੂਰੇ ਕਰੇ ਸਗਨ, ਸਗਲਾ ਸੰਗ ਬਣਾਈਆ । ਅੰਤਰ ਦੇ ਕੇ ਇਕੋ ਲਗਨ, ਲਗ ਮਾਤਰ ਦਾ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਭਜਨ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜੁਗ ਜੁਗ ਲੋਕਮਾਤ ਆਵੇ ਸੱਦਣ, ਸੱਦਾ ਨਾਮ ਨਿਧਾਨਾ ਇਕ ਲਗਾਈਆ ।

## ✪ ੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਪ੍ਰੇਮ ਸਿੰਘ ਕਸ਼ਮੀਰ ਸਿੰਘ ਦੇ ਗ੍ਰਹਿ ਸਾਧੂ ਸਿੰਘ ਦੇ ਨਵਿਤ ✪



ਧਰਮ ਕਹੇ ਗੁਰਮੁਖ ਵਿਰਲਾ ਪ੍ਰਭ ਦਾ ਸ਼ਬਦ ਅਰਾਧੂ, ਹਿਰਦੇ ਹਰਿ ਵਸਾਈਆ । ਜਿਸ ਉਤੇ ਕਿਰਪਾ ਕਰੇ ਮਾਧਵ ਮਾਧੂ, ਮਧੁਰ ਧੁਨ ਆਪ ਸੁਣਾਈਆ । ਸਚ ਮੁਹੱਬਤ ਦਾ ਪਾਵੇ ਜਾਦੂ, ਯਾਦਵ ਬੰਸੀ ਵੇਖ ਵਖਾਈਆ । ਜੋ ਲਹਿਣਾ ਦੇਣਾ ਗੋਬਿੰਦ ਨਾਲ ਦਾਦੂ, ਦਾਅਵੇ ਨਾਲ ਸੁਣਾਈਆ । ਉਸ ਦਾ ਮੁੱਖੀਆ ਸੀ ਇਕ ਆਗੂ, ਛਿੰਦਾ ਨਾਮ ਵਡਿਆਈਆ । ਹੁੰਦਾ ਸੀ ਵਡਭਾਗੂ, ਖ਼ੁਸ਼ੀਆਂ ਸੇਵ ਕਮਾਈਆ । ਉਸੇ ਦਾ ਰੂਪ ਅਨੂਪਾ ਬਦਲ ਗਿਆ ਸਿੰਘ ਸਾਧੂ, ਪ੍ਰਭ ਸਾਧਨਾ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸ਼ਰਨਾਈਆ । ਸਾਧੂ ਸਿੰਘ ਕਹੇ ਮੇਰੇ ਉਤੇ ਕੀਤਾ ਤਰਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰੀ ਲੇਖੇ ਪਾਈ ਘਾਲ ਜੋ ਕੀਤੀ ਚੌਵ੍ਹੀ ਬਰਸ, ਬਰਸੀ ਬਰਸੀ ਨਾਲ ਮਿਲਾਈਆ । ਮੈਨੂੰ ਚੁਕ ਕੇ ਉਤੋਂ ਫ਼ਰਸ਼, ਅਰਸ਼ਾਂ ਵਿਚ ਦਿਤਾ ਰਖਾਈਆ । ਜਿਥੇ ਭਗਤ ਸੁਹੇਲੇ ਯੋਧੇ ਬੈਠੇ ਮਰਦ, ਮਰਦਾਨੇ ਆਸਣ ਲਾਈਆ । ਇਕੋ ਬੇਨੰਤੀ ਕਰੀ ਅਰਜ਼, ਇਕੋ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਆਤਮਾ ਕਹੇ ਮੈਂ ਪਰਮਾਤਮਾ ਦੀ ਲਾਈ ਅਗੰਮੀ ਧੂੜ, ਬਿਨਾ ਮਸਤਕ ਲਈ ਛੁਹਾਈਆ । ਮੇਰਾ ਨਾਤ ਟੁੱਟਿਆ ਕੂੜ, ਕੂੜੀ ਛਡੀ ਸ੍ਰਿਸ਼ਟ ਸਬਾਈਆ । ਮੇਰਾ ਰੂਪ ਨਾ ਰਿਹਾ ਮੂਰਖ ਮੂੜ੍ਹ, ਸਵੱਛ ਸਰੂਪ ਦਿਤਾ ਸਮਝਾਈਆ । ਮੈਂ ਪੰਧ ਮੁਕਾ ਕੇ ਨੇੜਾ ਦੂਰ, ਸਚਖੰਡ ਪੁੱਜੀ ਚਾਈਂ ਚਾਈਂਆ । ਅਗੋਂ ਪ੍ਰੇਮ ਪਿਆਰ ਵਿਚ ਮਿਲਿਆ ਸਿੰਘ ਬੂੜ, ਗਲਵਕੜੀ ਭਾਈਆਂ ਵਾਲੀ ਪਾਈਆ । ਮੈਂ ਵੇਖ ਕੇ ਅਗੰਮਾ ਨੂਰ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਏਥੇ ਮੇਰਾ ਬੰਸ ਮਿਲੇ ਜ਼ਰੂਰ, ਸੋਹਣ ਸਿੰਘ ਸੋਭਾ ਪਾਈਆ । ਕਿਸ਼ਨ ਦਾ ਲਹਿਣਾ ਦੇਣਾ ਪੂਰਾ ਕਰੇ ਪ੍ਰਭ ਜ਼ਰੂਰ, ਜ਼ਰੂਰਤ ਧੁਰ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਕਹੇ ਮੇਰਾ ਘਰ ਸੁਹੰਜਣਾ, ਮਿਲੀ ਮਾਣ ਵਡਿਆਈਆ । ਪ੍ਰਭ ਪਾਇਆ ਦਰਦ ਦੁੱਖ ਭੈ ਭੰਜਣਾ, ਜੋ ਭਵ ਸਾਗਰ ਪਾਰ ਕਰਾਈਆ । ਜਿਸ ਇਕੋ ਦਿਤਾ ਪ੍ਰੇਮ ਦਾ ਮਜਨਾ, ਦੁਰਮਤ ਮੈਲ ਧਵਾਈਆ । ਲੇਖੇ ਲਾ ਕੇ ਆਅਲਾ ਅਦਨਾ, ਇਕੋ ਰੰਗ ਦਿਤਾ ਰੰਗਾਈਆ । ਜਿਸ ਦਾ ਪ੍ਰਕਾਸ਼ ਦੀਪਕ ਜਗਣਾ, ਜੋਤੀ ਜਾਤਾ ਡਗਮਗਾਈਆ । ਉਹ ਸਾਹਿਬ ਸੂਰਾ ਸਰਬੰਗਣਾ, ਹਰਿ ਕਰਤਾ ਅਗੰਮ ਅਥਾਹੀਆ । ਜਿਸ ਦਾ ਦਵਾਰਾ ਬਿਨ ਭਗਤਾਂ ਕਿਸੇ ਨਾ ਲੰਘਣਾ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸੂਰਾ ਸਰਬੰਗਣਾ, ਸੂਰਬੀਰ ਇਕ ਅਖਵਾਈਆ ।

## ✪ ੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਲੀਪ ਸਿੰਘ ਦੇ ਗ੍ਰਹਿ ✪

ਮੇਰਾ ਪ੍ਰਵਿਸ਼ਟਾ ਢੋਇਆ, ਚੇਤ ਹੱਸ ਕੇ ਰਿਹਾ ਸੁਣਾਈਆ । ਜਨ ਭਗਤੋ ਪ੍ਰਭੂ ਦਾ ਖੇਲ ਹੋਇਆ, ਕਰਨਹਾਰ ਆਪ ਕਰਾਈਆ । ਹਰਿਜਨ ਉਠਾਏ ਸੋਇਆ, ਸੁੱਤਿਆਂ ਲਏ ਜਗਾਈਆ । ਜਿਸ ਦਾ ਭੇਵ ਨਾ ਜਾਣੇ ਕੋਇਆ, ਸਮਝ ਵਿਚ ਨਾ ਕੋਇ ਸਮਝਾਈਆ । ਉਹ ਲੇਖਾ ਜਾਣੇ

ਤ੍ਰੈ ਲੋਇਆ, ਲੋਇਣ ਆਪਣੇ ਵੇਖ ਵਖਾਈਆ । ਸਾਚਾ ਲੈ ਕੇ ਆਇਆ ਨਾਮ ਢੋਇਆ, ਵਸਤ ਅਮੋਲਕ ਇਕ ਵਰਤਾਈਆ । ਜਿਹੜਾ ਏਥੇ ਓਥੇ ਨਾ ਜਾਏ ਖੋਹਿਆ, ਠਗ ਚੋਰ ਯਾਰ ਨਾ ਕੋਇ ਚੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਵਿਸ਼ਟਾ ਕਹੇ ਮੈਂ ਘੜੀਆਂ ਪਲਾਂ ਦੇ ਵਿਚ ਵੰਡਿਆ, ਦਿਵਸ ਰਾਤ ਗਣਤ ਗਿਣਾਈਆ । ਮੈਂ ਪ੍ਰਭੂ ਦਾ ਖੇਲ ਵੇਖਾਂ ਵਿਚ ਬ੍ਰਹਿਮੰਡਿਆ, ਦੋ ਜਹਾਨਾਂ ਅੱਖ ਉਠਾਈਆ । ਜੋ ਵਸਿਆ ਜੇਰਜ ਅੰਡਿਆ, ਉਤਭੁਜ ਸੇਤਜ ਰਿਹਾ ਸਮਾਈਆ । ਜਿਸ ਲੇਖੇ ਲਾਇਆ ਗੁਰਮੁਖ ਮਾੜਾ ਚੰਗਿਆ, ਚਰਨ ਸਰਨ ਦੇ ਸਰਨਾਈਆ । ਹਰਿਜਨ ਲਗਾਵੇ ਆਪਣੇ ਅਗੰਮੀ ਅੰਗਿਆ, ਅੰਗੀਕਾਰ ਇਕ ਅਖਵਾਈਆ । ਜਿਸ ਦਾ ਨਾਮ ਡੰਕਾ ਮਰਦੰਗਿਆ, ਦੋ ਜਹਾਨਾਂ ਕਰੇ ਸ਼ਨਵਾਈਆ । ਸੋ ਵਰ ਦੇਵੇ ਮੂੰਹੋਂ ਮੰਗਿਆ, ਜਨ ਭਗਤਾਂ ਝੋਲੀ ਆਪ ਭਰਾਈਆ । ਗੁਰਮੁਖ ਸੰਤ ਸੁਹੇਲੇ ਸਚ ਦਵਾਰੇ ਜਾਏ ਲੰਘਿਆ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਸ਼ਬਦ ਧਾਰ ਸੇਜ ਪਲੰਘਿਆ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜੋਤੀ ਧਾਰ ਦਿਸੇ ਸੂਰਾ ਸਰਬੰਗਿਆ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ । ਲੇਖਾ ਕਹੇ ਮੈਨੂੰ ਵੇਖਣ ਯੋਗ, ਹਰਿ ਕਰਤਾ ਇਕ ਅਖਵਾਈਆ । ਜਿਸ ਦਾ ਸਭ ਤੋਂ ਵੱਖਰਾ ਜੋਗ, ਜੁਗੀਸ਼ਰ ਸਮਝ ਕੋਇ ਨਾ ਪਾਈਆ । ਮੈਂ ਓਸੇ ਦੀ ਮਾਣਾਂ ਮੌਜ, ਮਜਲਸ ਇਕੋ ਨਾਲ ਬਣਾਈਆ । ਜੋ ਹਰ ਥਾਂ ਜਾਏ ਪਹੁੰਚ, ਘਟ ਘਟ ਰਿਹਾ ਸਮਾਈਆ । ਜਨ ਭਗਤਾਂ ਮੇਟੇ ਸੋਚ, ਸਮਝ ਬੁੱਧੀ ਸ਼ਬਦ ਨਾਲ ਮਿਲਾਈਆ । ਹਰਿਜਨ ਤਰਾਏ ਨਾਲ ਸ਼ੌਕ, ਸ਼ੌਕੀਨ ਹੋ ਕੇ ਵੇਖ ਵਖਾਈਆ । ਗੁਰਮੁਖ ਕਦੇ ਨਾ ਜਾਏ ਔਤ, ਜਿਸ ਦੇ ਨਾਮ ਦੀ ਵੱਜਦੀ ਰਹੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦੀ ਜਨ ਭਗਤਾਂ ਨਾਲ ਚਲਾਏ ਰੌਂਸ, ਰਸਤਾ ਦੀਨ ਦੁਨੀ ਬਦਲਾਈਆ ।



੬੯੯
੨੩

## ੨ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਜੇਠੂਵਾਲ ਸੰਤੋਖ ਸਿੰਘ ਦੇ ਗ੍ਰਹਿ

ਜਨ ਭਗਤ ਗ੍ਰਹਿ ਸੁਹਾਵਣਾ, ਸੁਹੰਜਣੀ ਥਿਤ ਮਿਲੇ ਵਡਿਆਈਆ । ਜਿਨ੍ਹਾਂ ਇਕੋ ਇਸ਼ਟ ਮਨਾਵਣਾ, ਦੂਸਰ ਸੀਸ ਨਾ ਕਦੇ ਝੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵਣਾ, ਆਤਮ ਪਰਮਾਤਮ ਮੇਲ ਮਿਲਾਈਆ । ਸਚ ਸਰਨਾਈ ਸੀਸ ਨਿਵਾਵਣਾ, ਧੂੜੀ ਖ਼ਾਕ ਖ਼ਾਕ ਰਮਾਈਆ । ਮਾਨਸ ਜਨਮ ਸੁਫ਼ਲ ਕਰਾਵਣਾ, ਚੁਰਾਸੀ ਗੇੜ ਮੁਕਾਈਆ । ਨਾਤਾ ਧਰਮ ਰਾਏ ਤੁੜਾਵਣਾ, ਚਿਤ੍ਰਗੁਪਤ ਨਾ ਗੰਢ ਵਖਾਈਆ । ਦਰ ਦਵਾਰਾ ਇਕ ਸੁਹਾਵਣਾ, ਜਿਥੇ ਵਸੇ ਬੇਪਰਵਾਹੀਆ । ਸਚ ਸਿੰਘਾਸਣ ਇਕ ਵਿਛਾਵਣਾ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸੋ ਸਵਾਮੀ ਇਕੋ ਪਾਵਣਾ, ਜੋ ਪਤਤ ਪਾਪੀਆਂ ਲਏ ਤਰਾਈਆ । ਸਚਖੰਡ ਦਵਾਰਾ ਜਿਸ ਦਾ ਗ੍ਰਹਿ ਸੁਹਾਵਣਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਓਹ ਮੈਨੂੰ ਨਾਰਦ ਦਿਸਦਾ ਵਿਚ

ਮਸਤੀ, ਮਸਤ (ਮਸਤਾਨਾ) ਰੂਪ ਬਣਾਈਆ । ਨਾਰਦ ਕਹੇ ਧਰਨੀ ਇਹ ਖੇਲ ਅਲਖ ਦੀ, ਅਗੋਚਰ ਆਪ ਕਰਾਈਆ । ਮੈਂ ਕੁਝ ਹੁਕਮਨਾਮਾ ਲੈ ਕੇ ਆਇਆ ਦਸਤੀ, ਦਸਤਗੀਰ ਦਿਤਾ ਫੜਾਈਆ । ਮੈਨੂੰ ਰਾਹ ਵਿਚ ਗੰਗਾ ਗੋਦਾਵਰੀ ਜਮਨਾ ਮਿਲੀ ਸੁਰਸਤੀ, ਸੁਰਤੀ ਸੁਰਤ ਵਿਚੋਂ ਬਦਲਾਈਆ । ਕਹਿਣ ਪੰਡਤਾ ਸਾਡਾ ਬਣ ਦਰਦੀ, ਦੁੱਖੀ ਹੋ ਕੇ ਰਹੀਆਂ ਜਣਾਈਆ । ਵੇਖ ਖੇਲ ਕਪਟ ਛਲ ਦੀ, ਕਲਜੁਗ ਕਰਨੀ ਕਾਰ ਕਮਾਈਆ । ਵਹਿਣ ਵਹਿੰਦਾ ਪੰਚ ਵਿਕਾਰ ਸਾਡੀ ਧਾਰ ਮੂਲ ਨਾ ਠਲਦੀ, ਪਤਤ ਪੁਨੀਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪ੍ਰਵਾਹੀਆ । ਨਾਰਦ ਕਹੇ ਮੈਂ ਲੈ ਕੇ ਆਇਆ ਪ੍ਰਵਾਨਾ, ਸਤਿਗੁਰ ਸ਼ਬਦ ਦਿਤਾ ਫੜਾਈਆ । ਮੈਂ ਲੰਘਿਆ ਜ਼ਿਮੀਂ ਅਸਮਾਨਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਗਾਇਆ ਤਰਾਨਾ, ਖ਼ੁਸ਼ੀਆਂ ਰਾਗ ਅਲਾਈਆ । ਯਾਦ ਕਰ ਵਿਸ਼ਨੂੰ ਭਗਵਾਨਾ, ਵਿਸ਼ਵ ਦਾ ਧਿਆਨ ਲਗਾਈਆ । ਨੇਤਰ ਖੋਲ ਕੇ ਤੱਕਿਆ ਨਿਸ਼ਾਨਾ, ਬਿਨ ਨਿਸ਼ਾਨਿਉਂ ਵੇਖ ਵਖਾਈਆ । ਪੁਰਖ ਅਕਾਲ ਬਦਲ ਰਿਹਾ ਜ਼ਮਾਨਾ, ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਲੈ ਕੇ ਆਇਆ ਧੁਰ ਦੀ ਖ਼ਬਰ, ਬੇਖ਼ਬਰੋ ਦਿਆਂ ਜਣਾਈਆ । ਭਾਣਾ ਤੱਕੋ ਹਰਿ ਜ਼ਬਰ, ਜ਼ਬਰ ਦਸਤੀ ਦਏ ਵਰਤਾਈਆ । ਜਿਸ ਦਾ ਰਾਹ ਤੱਕੇ ਮੁਹੰਮਦ ਵਾਲੀ ਕਬਰ, ਮਦੀਨਾ ਨੈਣ ਉਠਾਈਆ । ਉਹ ਨੂਰ ਨੁਰਾਨਾ ਵੇਖ ਬਦਨ, ਜੋਤੀ ਜਾਤਾ ਡਗਮਗਾਈਆ । ਸਭ ਦੇ ਯਥਾਰਥ ਵੇਖੇ ਯਤਨ, ਆਪਣਾ ਪਰਦਾ ਲਾਹੀਆ । ਦੀਨ ਦੁਨੀ ਆਪਣੇ ਘਾਟ ਖਲੋਤੀ ਪਤਣ, ਨਈਆ ਨੌਕਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਨਾਰਦ ਕੀ ਲੈ ਕੇ ਆਇਉਂ ਸੰਦੇਸਾ, ਸਹਿਜ ਨਾਲ ਦੇ ਜਣਾਈਆ । ਨਾਰਦ ਕਹੇ ਧਰਨੀਏ ਮੇਰੀ ਬੋਦੀ ਤੇ ਰਖ ਇਕ ਪੈਸਾ, ਪੰਡਤ ਦੀ ਦੱਛਣਾ ਝੋਲੀ ਪਾਈਆ । ਫੇਰ ਪ੍ਰਭੂ ਦਾ ਖੇਲ ਵੇਖੀਂ ਹੋਵੇ ਕੈਸਾ, ਕੇਸਗੜ੍ਹ ਦਾ ਲੇਖਾ ਗੋਬੰਦ ਵਾਲਾ ਪੂਰ ਕਰਾਈਆ । ਜਿਸ ਦਾ ਹੁਕਮ ਰਹੇ ਹਮੇਸ਼ਾ, ਦੋ ਜਹਾਨ ਨਾ ਕੋਇ ਮਿਟਾਈਆ । ਉਹ ਮਾਲਕ ਖ਼ਾਲਕ ਨਰ ਨਰਾਇਣ ਨਰੇਸ਼ਾ, ਨਿਰਾਕਾਰ ਨਿਰੰਕਾਰ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਦੇਸ ਪ੍ਰਦੇਸਾ, ਪ੍ਰਦੇਸੀ ਦਿਸੇ ਧੁਰ ਦਾ ਮਾਹੀਆ । ਉਹ ਜੋਤੀ ਧਾਰ ਨੂਰ ਉਜਿਆਰ ਅਗੰਮੜਾ ਕਰੇ ਵੇਸਾ, ਸੰਬਲ ਆਪਣਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਨਾਰਦ ਕੀ ਹੋਰ ਲਿਆਇਉਂ ਸੰਦੇਸਾ, ਸਹਿਜ ਨਾਲ ਸਮਝਾਈਆ । ਨਾਰਦ ਕਹੇ ਉਹ ਮਾਲਕ ਨਰ ਨਰੇਸ਼ਾ, ਸ਼ਹਿਨਸ਼ਾਹ ਬੇਪ੍ਰਵਾਹੀਆ । ਨਾਮ ਜੁਗ ਬਦਲਣਾ ਜਿਸ ਦਾ ਆਦਿ ਅੰਤ ਤੋਂ ਪੇਸ਼ਾ, ਅੰਤਮ ਆਪਣਾ ਖੇਲ ਖਿਲਾਈਆ । ਜਿਸ ਦੇ ਹੁਕਮ ਵਿਚ ਸਤਿਗੁਰ ਅਰਜਨ ਸੀਸ ਪਵਾਈ ਰੇਤਾ, ਰਾਵੀ ਆਪਣਾ ਹਾਲ ਜਣਾਈਆ । ਧਰਨੀਏ ਹੁਣ ਉਸ ਦਾ ਰਖੀਂ ਚੇਤਾ, ਜੋ ਚੇਤਨ ਜੜ ਸਭ ਵੇਖ ਵਖਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਦੀਨ ਮਜ਼੍ਹਬ ਦਾ ਪੂਰਾ ਹੋਣਾ ਠੇਕਾ, ਅਗੇ ਮਨਿਆਦ ਨਾ ਕੋਇ ਵਧਾਈਆ । ਉਹ ਸਤਿਗੁਰ ਸ਼ਬਦ ਦੁਲਾਰਾ ਆਵੇ ਅਗੰਮੀ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹ ਲੱਖ ਚੁਰਾਸੀ ਵੇਖੇ ਤਾਣਾ ਪੇਟਾ, ਗ੍ਰਹਿ ਮੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ



੭੦੦
੨੩

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਉਹ ਸਾਹਿਬ ਤੱਕ ਅਗੰਮ, ਅਗੰਮੜੀ ਕਾਰ ਕਮਾਈਆ । ਜੋ ਸਭ ਦੇ ਬੇੜੇ ਰਿਹਾ ਬੰਨ੍ਹ, ਬੰਨ੍ਹਣਹਾਰ ਧੁਰਦਰਗਾਹੀਆ । ਉਠ ਤੱਕ ਲੈ ਨਿਸ਼ਾਨ ਤਾਰਾ ਚੰਨ, ਬਿਨ ਨੈਣਾਂ ਨੈਣ ਖੁਲਾਈਆ । ਹੁਕਮ ਸੰਦੇਸ਼ਾ ਸੁਣ ਲੈ ਸ੍ਰੀ ਭਗਵਨ, ਕੀ ਕਰਤਾ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਮਾਲਕ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਿਸ ਦੀ ਅਗੰਮ ਅਥਾਹ ਹਦੂਦ, ਹਜ਼ਰਤ ਵੇਖਣ ਕੋਇ ਨਾ ਪਾਈਆ । ਜਿਨ੍ਹਾਂ ਜਣਾਇਆ ਸੁਣਾਇਆ ਹਜ਼ਾਰਾ ਦਰੂਦ, ਬਸਰੀ ਇਸਮ ਨਾਲ ਕੁੜਮਾਈਆ । ਉਨ੍ਹਾਂ ਅੰਤ ਕਰੇ ਨੇਸਤੋ ਨਾਬੂਦ, ਜੜ ਦੀਨ ਦੁਨੀ ਰਹਿਣ ਨਾ ਪਾਈਆ । ਅੰਤਮ ਸਭ ਨੇ ਕਰਨਾ ਕੂਚ, ਕੂਚਾ ਗਲੀ ਕਰੇ ਸਫ਼ਾਈਆ । ਹੁਕਮ ਸੰਦੇਸ਼ਾ ਦੇਵੇ ਧੁਰ ਦਾ ਦੂਤ, ਦੋ ਜਹਾਨਾਂ ਰਿਹਾ ਸੁਣਾਈਆ । ਝਗੜਾ ਪੈਣਾ ਤੇਰਾ ਤੇਰੇ ਉਤੇ ਲਹਿੰਦੀ ਕੂਟ, ਕੁਟੀਆ ਪੈਗ਼ੰਬਰਾਂ ਰਹੀ ਜਣਾਈਆ । ਜਗਤ ਜਹਾਨ ਪੈਣੀ ਫੂਟ, ਮੇਲ ਸਕੇ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾਦਿ ਆਦਿ ਸਤਿਗੁਰ ਸ਼ਬਦ ਦਏ ਸਬੂਤ, ਸਾਲਸ ਖ਼ਾਲਸ ਅਵਰ ਨਾ ਕੋਇ ਰਖਾਈਆ ।



## ੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਡਡਵਾਂ ਜ਼ਿਲਾ ਗੁਰਦਾਸਪੁਰ ਜੁਗਿੰਦਰ ਸਿੰਘ ਦੇ ਗ੍ਰਿਹ

ਚਾਰ ਚੇਤ ਕਹੇ ਜਨ ਭਗਤੋ ਸੁਣੋ ਅਗੰਮੀ ਨੱਦ, ਧੁਨ ਆਤਮਕ ਰਾਗ ਰਿਹਾ ਦ੍ਰਿੜਾਈਆ । ਅੰਤਰ ਆਤਮ ਅੰਮ੍ਰਿਤ ਰਸ ਪੀਓ ਰੱਜ, ਜਗਤ ਤ੍ਰਿਸ਼ਨਾ ਭੁੱਖ ਗਵਾਈਆ । ਤ੍ਰੈਗੁਣ ਧਾਰ ਪਾਰ ਕਰੋ ਹੱਦ, ਬੰਧਨ ਨਜ਼ਰ ਕੋਇ ਨਾ ਆਈਆ । ਦੀਪਕ ਜੋਤ ਤੱਕੋ ਨੂਰ ਨੁਰਾਨਾ ਰਿਹਾ ਜਗ, ਸਤਿ ਸਰੂਪੀ ਸੋਭਾ ਪਾਈਆ । ਘਰ ਸਵਾਮੀ ਠਾਕਰ ਲੈਣਾ ਲੱਭ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਨਾਮ ਖ਼ੁਮਾਰੀ ਨਿਝਰ ਝਿਰਨਾ ਦੇਵੇ ਮਧੁ, ਅੰਮ੍ਰਿਤ ਰਸ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲ ਇਕ ਸੁਹਾਈਆ । ਜਨ ਭਗਤੋ ਤੱਕੋ ਆਪਣਾ ਮਹੱਲ ਮੁਨਾਰਾ, ਸਾਢੇ ਤਿੰਨ ਹੱਥ ਧਿਆਨ ਲਗਾਈਆ । ਜਿਥੇ ਦੀਪਕ ਜੋਤ ਜਗੇ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਸੋ ਪੁਰਖ ਨਿਰੰਜਣ ਹੋਏ ਜ਼ਾਹਰਾ, ਜ਼ਾਹਰ ਜ਼ਹੂਰ ਅਗੰਮ ਅਥਾਹੀਆ । ਹਰਿ ਪੁਰਖ ਨਿਰੰਜਣ ਦਿਸੇ ਅਪਾਰਾ, ਅਪਰੰਪਰ ਸਵਾਮੀ ਧੁਰਦਰਗਾਹੀਆ । ਏਕੰਕਾਰਾ ਖੇਲ ਨਿਆਰਾ, ਨਿਰਵੈਰ ਆਪਣਾ ਆਪ ਕਰਾਈਆ । ਆਦਿ ਨਿਰੰਜਣ ਜਗਤ ਪ੍ਰਕਾਸ਼ ਤੋਂ ਬਾਹਰਾ, ਜੋਤੀ ਜਾਤਾ ਬੇਪ੍ਰਵਾਹੀਆ । ਅਬਿਨਾਸ਼ੀ ਕਰਤਾ ਆਪਣੀ ਬੰਨ੍ਹੇ ਆਪੇ ਧਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਬਣ ਸਿਕਦਾਰਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਪਾਰਬ੍ਰਹਮ ਕਰ ਪਸਾਰਾ, ਸਤਿ ਸਤਿਵਾਦੀ ਆਪਣਾ ਭੇਵ ਖੁਲਾਈਆ । ਸਤਿ ਪੁਰਖ ਨਿਰੰਜਣ ਆਪਣੀ ਕਲ ਵਰਤੇ ਕਰੇ ਕਰਾਏ ਕਰਨੇਹਾਰਾ, ਹਰਿ ਕਰਤਾ ਵਡ ਵਡਿਆਈਆ । ਜੋਤੀ ਧਾਰ ਪ੍ਰਗਟਾਏ ਸ਼ਬਦ ਸੁਤ ਦੁਲਾਰਾ, ਦੂਲ੍ਹਾ

ਇਕੋ ਲਏ ਅੰਗੜਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਰਚ ਅਖਾੜਾ, ਜ਼ਿਮੀਂ ਅਸਮਾਨਾਂ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਪੰਜਾਂ ਤਤਾਂ ਖੇਲ ਨਿਆਰਾ, ਹਰਿ ਕਰਤਾ ਆਪ ਕਰਾਈਆ । ਚਾਰੇ ਖਾਣੀ ਹੋ ਕੇ ਜ਼ਾਹਰਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਨਿਰਗੁਣ ਸਰਗੁਣ ਖੇਲ ਕਰੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੇਵਾ ਆਪ ਪ੍ਰਗਟਾਈਆ । ਜੋਤੀ ਜਾਤਾ ਪੁਰਖ ਬਿਧਾਤਾ ਸਤਿ ਸਰੂਪੀ ਲਏ ਅਵਤਾਰਾ, ਅਵਤਰ ਆਪਣੀ ਖੇਲ ਖਿਲਾਈਆ । ਚਾਰੇ ਖਾਣੀ ਬੋਲ ਜੈਕਾਰਾ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਸ਼ਬਦੀ ਸ਼ਬਦ ਬਣ ਵਣਜਾਰਾ, ਵਸਤ ਅਮੋਲਕ ਇਕ ਵਰਤਾਈਆ । ਧਰਨੀ ਧਰਤ ਧਵਲ ਧੌਲ ਖੋਲ ਬੰਦ ਕਿਵਾੜਾ, ਦਰ ਠਾਂਡਾ ਇਕ ਸਮਝਾਈਆ । ਜਿਥੇ ਇਕੋ ਰੂਪ ਪੁਰਖ ਨਾਰਾ, ਦੂਸਰ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖੇ ਵਿਗਸੇ ਵੇਖਣਹਾਰਾ, ਲੇਖਾ ਜਾਣੇ ਥਾਉਂ ਥਾਈਆ । ਜਨ ਭਗਤ ਸੁਹੇਲੇ ਕਰ ਤਿਆਰਾ, ਤ੍ਰੈਭਵਨ ਧਨੀ ਆਪਣਾ ਭੇਵ ਖੁਲਾਈਆ । ਸਾਚਾ ਦੇਵੇ ਨਾਮ ਥਾਰਾ, ਥਿਰ ਘਰ ਮੰਦਰ ਦਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਾਚਾ ਖੇਲ ਕਰੇ ਭਗਵੰਤ, ਹਰਿ ਕਰਤਾ ਧੁਰਦਰਗਾਹੀਆ । ਵੇਸ ਵਟਾਏ ਜੁਗਾ ਜੁਗੰਤ, ਨਿਰਗੁਣ ਸਰਗੁਣ ਲਏ ਅੰਗੜਾਈਆ । ਨਾਮ ਦ੍ਰਿੜਾਏ ਮਣੀਆਂ ਮੰਤ, ਢੋਲਾ ਸੋਹਲਾ ਅਗੰਮ ਅਥਾਹੀਆ । ਭੇਵ ਖੁਲਾਏ ਜੀਵ ਜੰਤ, ਸਾਧਾਂ ਸੰਤਾਂ ਸਤਿ ਸਮਝਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕੋ ਨੂਰ ਜਣਾਈਆ । ਬੋਧ ਅਗਾਧਾ ਬਣ ਕੇ ਪੰਡਤ, ਅੱਖਰਾਂ ਤੋਂ ਬਾਹਰ ਨਿਰਅੱਖਰ ਦਏ ਸਮਝਾਈਆ । ਝਗੜਾ ਮੁਕਾਕੇ ਬਹਿਸ਼ਤ ਜੰਨਤ, ਸਵਰਗਾਂ ਪੰਧ ਮੁਕਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਤਮ ਪਰਮਾਤਮ ਮੇਲ ਮਿਲਾਏ ਨਾਤਾ ਜੋੜੇ ਨਾਰ ਕੰਤ, ਗ੍ਰਿਹ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹ ਇਕ ਵਸਾਈਆ । ਸਚ ਗ੍ਰਿਹ ਸੁਹੰਜਣਾ, ਸੱਚਾ ਸਚਖੰਡ ਦਵਾਰ । ਜਿਥੇ ਸਾਹਿਬ ਸਵਾਮੀ ਮਿਲੇ ਦਰਦ ਦੁੱਖ ਭੈ ਭੰਜਨਾ, ਜੋਤੀ ਜਾਤਾ ਨੂਰ ਉਜਿਆਰ । ਆਦਿ ਜੁਗਾਦੀ ਮੀਤ ਮੁਰਾਰਾ ਸੱਜਣਾ, ਹਰਿ ਠਾਕਰ ਸਵਾਮੀ ਕਰੇ ਸਚ ਪਿਆਰ । ਜਨ ਭਗਤਾਂ ਉਸ ਦਾ ਸਚ ਦਵਾਰ ਲੱਭਣਾ, ਦੂਸਰ ਹੱਥ ਨਾ ਆਏ ਵਿਚ ਸੰਸਾਰ । ਜਿਥੇ ਇਕੋ ਚੜ੍ਹੇ ਰੰਗਣਾ, ਦੁਰਮਤ ਮੈਲ ਦਏ ਉਤਾਰ, ਸਚਖੰਡ ਦਵਾਰਾ ਹਰਿ ਨਿਰੰਕਾਰਾ ਹਕੀਕਤ ਵਾਲੇ ਗੁਰਮੁਖ ਲੰਘਣਾ, ਮੁਸ਼ਕਲ ਦਿਸੇ ਨਾ ਵਿਚ ਸੰਸਾਰ । ਜਿਸ ਨੂੰ ਡੰਡਾਵਤ ਬੰਦਨਾ ਕਰਨ ਤਾਰੇ ਚੰਦਨਾ, ਰਵ ਸਸ ਡੰਡਾਵਤ ਕਰਨ ਨਿਮਸਕਾਰ । ਸੋ ਮਾਲਕ ਖ਼ਾਲਕ ਸੂਰਾ ਸਰਬੰਗਣਾ, ਪਰਵਰਦਿਗਾਰ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਚ ਦਾ ਮਾਲਕ ਇਕ ਇਕੱਲਾ, ਹਰਿ ਕਰਤਾ ਵਡ ਵਡਿਆਈਆ । ਜੋ ਵਸੇ ਕਾਇਆ ਤਤ ਮਹੱਲਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਸ਼ਬਦੀ ਧਾਰ ਰਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਬਿਨ ਤੇਲ ਬਾਤੀ ਦੀਪਕ ਜਿਸ ਦਾ ਬਲਾ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਉਹ ਦੂਈ ਦਵੈਤੀ ਮੇਟਣ ਵਾਲਾ ਸੱਲਾ, ਆਤਮ ਪਰਮਾਤਮ ਪਰਦਾ ਦਏ ਚੁਕਾਈਆ । ਜੋ ਜਗਤ ਸਾਗਰ ਪਾਰ ਕਰਾਏ ਜਲਾ ਥਲਾ, ਮਹੀਅਲ ਹੋਵੇ ਆਪ ਸਹਾਈਆ । ਸੋ ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਸੋਭਾ ਪਾਈਆ । ਜਨ ਭਗਤਾਂ

ਫੜਾ ਕੇ ਆਪਣਾ ਨਾਮ ਦਾ ਪੱਲਾ, ਕੰਨੀ ਕੰਨੀ ਨਾਲ ਜੁੜਾਈਆ । ਸਚ ਸਵਾਮੀ ਸਚ ਦਵਾਰੇ ਆਪੇ ਖਲਾ, ਕੁੰਡਾ ਖਿੜਕੀ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਸਾਚਾ ਮੇਲਾ ਨਾਮ ਮਿਲਾਪ, ਹਰਿ ਕਰਤਾ ਆਪ ਕਰਾਈਆ । ਤੂੰ ਮੇਰਾ ਮੈਂ ਤੇਰਾ ਜਾਪ, ਅਵਤਾਰ ਪੈਗ਼ੰਬਰ ਗੁਰੂ ਸਰਬ ਦ੍ਰਿੜਾਈਆ । ਮੇਟ ਕੇ ਤੀਨੋਂ ਤਾਪ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਅੰਧ ਅੰਧੇਰ ਦਏ ਗਵਾਈਆ । ਅੰਮ੍ਰਿਤ ਆਤਮ ਬੁਝਾਏ ਪਿਆਸ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦੀ ਧੁਨ ਸੁਣਾਏ ਨਾਦ, ਅਨਾਦੀ ਨਾਦ ਜਣਾਈਆ । ਹੰਸ ਬਣਾਏ ਫੜ ਫੜ ਕਾਗ, ਕਾਗ ਹੰਸ ਰੂਪ ਬਦਲਾਈਆ । ਦੁਰਮਤ ਮੈਲ ਧੋਵੇ ਦਾਗ਼, ਪਤਤਾਂ ਪਾਪੀਆਂ ਕਰੇ ਸਫ਼ਾਈਆ । ਸੋਈ ਸੁਰਤ ਜਾਵੇ ਜਾਗ, ਸਤਿਗੁਰ ਸ਼ਬਦੀ ਸ਼ਬਦ ਉਠਾਈਆ । ਕਿਰਪਾ ਨਿਧਾਨ ਦੇਵੇ ਵੈਰਾਗ, ਵੈਰੀ ਅੰਦਰੋਂ ਪੰਜੇ ਬਾਹਰ ਕਢਾਈਆ । ਸਤਿ ਵਿਚ ਸਤਿ ਹੋਵੇ ਵਿਸਮਾਦ, ਬਿਸਮਿਲ ਆਪਣਾ ਰੂਪ ਸਮਝਾਈਆ । ਹਰਿਜਨ ਸੰਤ ਸੁਹੇਲਾ ਸ਼ਰਅ ਸ਼ਰੀਅਤ ਤੋਂ ਸਦਾ ਆਜ਼ਾਦ, ਜਗਤ ਬੰਧਨ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਜੁਗਾਦਿ, ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ ।



## ✪ ੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਹਮਰਾਜ ਪੁਰ ਜ਼ਿਲਾ ਗੁਰਦਾਸ ਪੁਰ ਅਜੀਤ ਸਿੰਘ ਦੇ ਗ੍ਰਹਿ ✪

੭੦੩ ੨੩

ਚਾਰ ਚੇਤ ਕਹੇ ਮੈਂ ਚਾਰੋਂ ਕੁੰਟ ਦੇਖਿਆ, ਦੇਖੀ ਸਰਬ ਲੋਕਾਈਆ । ਮੇਰੇ ਮਹਿਬੂਬ ਮੈਨੂੰ ਸਮਝਾਇਆ ਲੇਖਿਆ, ਬਿਨ ਲਿਖਿਆ ਦਿਤਾ ਦ੍ਰਿੜਾਈਆ । ਉਠ ਇਸ਼ਾਰਾ ਵੇਖ ਲੈ ਗੋਬਿੰਦ ਦਸ ਦਸਮੇਸ਼ਿਆ, ਜੋ ਸੰਬਲ ਬੈਠਾ ਸੋਭਾ ਪਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਿਆ, ਨਿਵ ਨਿਵ ਲਾਗਣ ਪਾਈਆਂ । ਉਹ ਸ਼ਾਹੋ ਭੂਪ ਨਰ ਨਰੇਸ਼ਿਆ, ਨਰ ਨਿਰੰਕਾਰ ਇਕ ਅਖਵਾਈਆ । ਜੋ ਸਤਿ ਦਾ ਸਚ ਦੇਵੇ ਸੰਦੇਸ਼ਿਆ, ਸਚ ਸਚ ਨਾਲ ਵਡਿਆਈਆ । ਉਹ ਰੂਪ ਅਗੰਮਾ ਜੋਤ ਧਾਰ ਪ੍ਰਵੇਸ਼ਿਆ, ਪ੍ਰਵਿਸ਼ਟਾ ਚੌਥਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਚਾਰ ਚੇਤ ਕਹੇ ਮੈਂ ਦੇਖੀ ਚਾਰ ਕੁੰਟ ਦੀ ਧਾਰ, ਧਰਨੀ ਉਤੇ ਧਿਆਨ ਲਗਾਈਆ । ਮੈਨੂੰ ਸੰਦੇਸ਼ਾ ਦੇਂਦੇ ਚਾਰ ਯਾਰ, ਅਬੂ ਬਕਰ ਬਾਹਾਂ ਰਿਹਾ ਉਠਾਈਆ । ਉਹ ਤੱਕ ਨੂਰ ਅਲਾਹੀ ਪਰਵਰਦਿਗਾਰ, ਪਾਰਬ੍ਰਹਮ ਬੇਪਰਵਾਹੀਆ । ਜੋ ਚੌਦਾਂ ਤਬਕਾਂ ਪਾਵੇ ਸਾਰ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜਿਸ ਦੀ ਪੈਗ਼ੰਬਰਾਂ ਕੀਤੀ ਇੰਤਜ਼ਾਰ, ਆਸ਼ਾ ਵਿਚ ਧਿਆਨ ਲਗਾਈਆ । ਸੋ ਹੋ ਕੇ ਹੋਣਹਾਰ, ਸੂਰਬੀਰ ਆਪਣਾ ਰੂਪ ਬਦਲਾਈਆ । ਜਿਸ ਦੇ ਕੋਲ ਖੜਗ ਖੰਡਾ ਨਹੀਂ ਕੋਈ ਤਲਵਾਰ, ਤੀਰ ਤਰਕਸ਼ ਮੁਕੰਦ ਕੰਧ ਨਾ ਕੋਇ ਉਠਾਈਆ । ਉਹ ਸ਼ਬਦ ਸਰੂਪੀ ਸ਼ਬਦ ਦੀ ਮਾਰੇ ਮਾਰ, ਸ਼ਬਦ ਅਣਿਆਲਾ ਤੀਰ ਚਲਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ ।

ਚਾਰ ਚੇਤ ਕਹੇ ਮੈਂ ਹੋਇਆ ਚੁਕੰਨਾ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਮੇਰਾ ਮਨ ਮੇਰੇ ਨਾਲ ਮੰਨਾ, ਮਨਸਾ ਮੇਰੀ ਮੇਰੇ ਵਿਚ ਸਮਾਈਆ । ਮੈਂ ਨਿਗਾਹ ਮਾਰੀ ਉਤੇ ਤਾਰਾ ਚੰਨਾ, ਜੋ ਨਿਸ਼ਾਨ ਉਮਤ ਮੁਹੰਮਦ ਗਿਆ ਬਣਾਈਆ । ਫੇਰ ਵੇਖਿਆ ਗੋਬਿੰਦ ਵਾਲਾ ਕੰਨਾ, ਜੋ ਸਭ ਦੀ ਕਰੇ ਸਫ਼ਾਈਆ । ਫੇਰ ਨੂਰ ਤੱਕਿਆ ਸ੍ਰੀ ਭਗਵੰਨਾ, ਜੋ ਭਗਵਨ ਬੇਪ੍ਰਵਾਹੀਆ । ਮੇਰੀ ਤ੍ਰਿਸ਼ਨਾ ਮੂਲ ਰਹੀ ਨਾ ਤਮਅ, ਲਾਲਚ ਕੂੜ ਦਿਤਾ ਤਜਾਈਆ । ਮੈਂ ਨਵ ਸੱਤ ਉਠ ਕੇ ਭੰਨਾ, ਭੱਜਿਆ ਵਾਹੋ ਦਾਹੀਆ । ਮੇਰਾ ਸਫ਼ਰ ਹੋ ਗਿਆ ਲੰਮਾ, ਲੰਮਾ ਪੈ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਚਾਰ ਚੇਤ ਕਹੇ ਮੈਂ ਤੁਕ ਅਗੰਮੀ ਗਾਉਣੀ, ਖ਼ੁਸ਼ੀਆਂ ਢੋਲਾ ਗਾਈਆ । ਮੇਰਾ ਬਲ ਆ ਗਿਆ ਬਾਹੀਂ, ਬਾਹੂ ਲੈਣ ਅੰਗੜਾਈਆ । ਨਾਲੇ ਇਸ਼ਾਰਾ ਕੀਤਾ ਵੱਲ ਰਾਵੀ, ਰਾਵੀ ਕੰਢਾ ਘਾਟ ਦ੍ਰਿੜਾਈਆ । ਜਿਥੇ ਸਤਿਗੁਰ ਅਰਜਨ ਅਰਜਨ ਸਤਿਗੁਰ ਵਰਤਾਈ ਭਾਵੀ, ਭਾਣਾ ਪ੍ਰਭ ਦੀ ਧਾਰ ਸਮਝਾਈਆ । ਪੰਜ ਪ੍ਰਵਿਸ਼ਟੇ ਓਥੇ ਜਾਵੀਂ, ਆਪਣਾ ਪੰਧ ਮੁਕਾਈਆ । ਸਤਿ ਸਰੋਵਰ ਵਿਚ ਨਹਾਵੀਂ, ਦੁਰਮਤ ਮੈਲ ਰਹੇ ਨਾ ਰਾਈਆ । ਬੁਧੀ ਮੂਲ ਨਾ ਰਲੇ ਵਿਚ ਕਾਂਵੀਂ, ਹੰਸ ਗੁਰਮੁਖ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਚਾਰ ਚੇਤ ਕਹੇ ਮੈਨੂੰ ਸੁਣਨੀ ਪਈ ਅਗੰਮੀ ਆਇਤ, ਬਿਨ ਅੱਖਰਾਂ ਦਿਤੀ ਸ਼ਨਵਾਈਆ । ਓਸ ਵਿਚ ਹਕੀਕੀ ਹਦਾਇਤ, ਹਦੂਦਾਂ ਵੰਡ ਵੰਡਾਈਆ । ਸ਼ਰਅ ਵਾਲੀ ਸ਼ਰਾਇਤ, ਬੰਧਨ ਸਕੇ ਨਾ ਕੋਇ ਤੁੜਾਈਆ । ਜੋ ਬੁਲ੍ਹੇ ਨੂੰ ਇਸ਼ਾਰਾ ਕੀਤਾ ਅਨਾਇਤ, ਅਨਾਇਤ ਆਪਣੀ ਆਪ ਕਰਾਈਆ । ਜਗਤ ਲੇਖਾ ਵੇਖ ਮੁਸਾਇਕ,
੭੦੪ ੨੩ ਪੀਰ ਪੀਰਾਂ ਖੋਜ ਖੁਜਾਈਆ । ਮੇਰਾ ਲਹਿਣਾ ਦੇਣਾ ਲੇਖਾ ਵਿਚ ਕਵੈਤ, ਸਮੁੰਦ ਸਾਗਰਾਂ ਸੰਗ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ੭੦੪ ੨੩
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਚਾਰ ਚੇਤ ਕਹੇ ਮੇਰੀ ਦੁਹਾਈ, ਦਰੋਹੀ ਨਾਲ ਸੁਣਾਈਆ । ਕੀ ਹੁਕਮ ਸੰਦੇਸਾ ਦੇਵੇ ਧੁਰ ਦਾ ਮਾਹੀ, ਮਹਿਬੂਬ ਨੂਰ ਅਲਾਹੀਆ । ਜਿਹੜੀ ਰੇਤ ਮਾਟੀ ਵਿਚੋਂ ਕਵੈਤ ਦੀ ਆਈ, ਗੁਰਮੁਖਾਂ ਰੰਗ ਰੰਗਾਈਆ । ਉਹ ਰਾਵੀ ਆਸ਼ਾ ਦੇਵੇ ਪੂਰ ਕਰਾਈ, ਪੂਰਬ ਲਹਿਣਾ ਨਾਲ ਮਿਲਾਈਆ । ਜਨ ਭਗਤਾਂ ਮਿਲੇ ਵਧਾਈ, ਸੋਹਣੀ ਖ਼ੁਸ਼ੀ ਬਣਾਈਆ । ਜਿਨ੍ਹਾਂ ਦੇ ਪਿਆਰ ਵਿਚ ਮਨੀ ਸਿੰਘ ਨੇ ਕਲਮ ਚਲਾਈ, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਉਹ ਹੁਕਮ ਸੰਦੇਸੇ ਸਚ ਵਿਚ ਰਿਹਾ ਸੁਣਾਈ, ਸਹਿਜ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਤਿ ਸਚ ਵਰਤਾਈਆ । ਚਾਰ ਚੇਤ ਕਹੇ ਮੈਂ ਸੁਣਿਆ ਅਗੰਮੀ ਨਾਦ, ਧੁਨਾਂ ਤੋਂ ਬਾਹਰ ਸ਼ਨਵਾਈਆ । ਜਿਸ ਰਚਨਾ ਰਚੀ ਆਦਿ, ਅੰਤਮ ਵੇਖਣਹਾਰ ਗੁਸਾਈਆ । ਸੰਤ ਮਨੀ ਸਿੰਘ ਇਸ਼ਾਰੇ ਨਾਲ ਕਰਾਏ ਯਾਦ, ਪਿਛਲਾ ਭੇਦ ਖੁਲਾਈਆ । ਜਿਸ ਵੇਲੇ ਰਾਵੀ ਕੰਢੇ ਇਕੱਠੇ ਹੋਣਗੇ ਭਗਤ ਸੁਹੇਲੇ ਸੰਤ ਸਾਧ, ਸਾਧਨਾ ਵਿਚ ਸਮਾਈਆ । ਸਵਾ ਸਵਾ ਰੁਪਿਆ ਸਾਰੇ ਦੇਣਗੇ ਦਾਦ, ਲੇਖਾ ਜਲਧਾਰਾ ਧਾਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਦੇਵਣਹਾਰਾ ਦਾਦ, ਵਸਤ ਅਗੰਮ ਅਗੰਮ ਵਰਤਾਈਆ ।

✪ ੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗ਼ਜ਼ਨੀ ਪੁਰ ਜ਼ਿਲਾ ਗੁਰਦਾਸ ਪੁਰ ਬੀਬੀ ਹਰਬੰਸ ਕੌਰ ਦੇ ਗ੍ਰਹਿ ✪

ਪੰਚਮ ਚੇਤ ਕਹੇ ਮੇਰੀ ਪ੍ਰਭੂ ਨਿਮਸਕਾਰ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਝੁਕਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਨਿਰੰਕਾਰ, ਪਰਵਰਦਿਗਾਰ ਸਾਂਝਾ ਯਾਰ ਨੂਰ ਇਕ ਅਲਾਹੀਆ । ਜਿਸ ਵਿਸ਼ਨ ਬ੍ਰਹਮਾ ਸ਼ਿਵ ਕੀਤੇ ਤਿਆਰ, ਸ਼ਬਦੀ ਧਾਰ ਸਤਿਗੁਰੂ ਪ੍ਰਗਟਾਈਆ । ਲੱਖ ਚੁਰਾਸੀ ਕਰ ਪਸਾਰ, ਤ੍ਰੈਗੁਣ ਮਾਇਆ ਪੰਜਾਂ ਤਤਾਂ ਖੇਲ ਖਿਲਾਈਆ । ਨਿਰਗੁਣ ਸਰਗੁਣ ਹੋ ਜ਼ਾਹਰ, ਅਵਤਾਰ ਪੈਗ਼ੰਬਰ ਗੁਰੂ ਨਾਮ ਪ੍ਰਗਟਾਈਆ । ਧਰਨੀ ਧਰਤ ਧਵਲ ਧੌਲ ਕਰ ਪਸਾਰ, ਆਕਾਸ਼ ਅਕਾਸ਼ਾਂ ਨਾਲ ਵਡਿਆਈਆ । ਮੰਡਲ ਮੰਡਪ ਸੇਵਾਦਾਰ, ਰਵ ਸਸ ਭੱਜਣ ਵਾਹੋ ਦਾਹੀਆ । ਸਮੁੰਦ ਸਾਗਰਾਂ ਖੇਲ ਅਪਾਰ, ਟਿੱਲੇ ਪਰਬਤ ਚੋਟੀਆਂ ਵੱਜੀ ਵਧਾਈਆ । ਧੂੜੀ ਖ਼ਾਕ ਵੇਖੀ ਛਾਰ, ਚਾਰੋਂ ਕੁੰਟ ਖੇਲ ਖਿਲਾਈਆ । ਜਲ ਦੇ ਵਹਿਣ ਵਹਾਏ ਧਾਰ, ਭੱਜਣ ਵਾਹੋ ਦਾਹੀਆ । ਧੁਰ ਦਾ ਹੁਕਮ ਸੱਚੀ ਸਰਕਾਰ, ਧੁਰ ਮਾਲਕ ਆਪ ਦ੍ਰਿੜਾਈਆ । ਪ੍ਰੇਮ ਦਾ ਸਾਗਰ ਅਪਰ ਅਪਾਰ, ਅਪਰੰਪਰ ਸਵਾਮੀ ਆਪ ਸੁਹਾਈਆ । ਦਰ ਦਰ ਆਵਾਂ ਕਰ ਤਿਆਰ, ਜਲਾਂ ਥਲਾਂ ਵੰਡ ਵੰਡਾਈਆ । ਰਾਵੀ ਕਹੇ ਮੈਂ ਵੀ ਓਸੇ ਦੇ ਪਿਆਰ ਦੀ ਪਿਆਰੀ ਖ਼ਾਕ ਛਾਰ, ਜਲ ਮਾਟੀ ਨਾਲ ਵਡਿਆਈਆ । ਚਾਰ ਸੌ ਚੁਰਾਨਮੇਂ ਜੁਗ ਕਰਦੀ ਰਹੀ ਇੰਤਜ਼ਾਰ, ਆਪਣਾ ਨੈਣ ਉਠਾਈਆ । ਨੌ ਸੌ ਚੁਰਾਨਮੇਂ ਦਾ ਪੰਧ ਮੈਂ ਪਾ ਨਾ ਸਕੀ ਸਾਰ, ਪਰਦਾ ਸਕਿਆ ਨਾ ਕੋਇ ਖੁਲਾਈਆ । ਮੇਰੀ ਆਸਾ ਭਰੀ ਇੰਤਜ਼ਾਰ, ਖ਼ਾਹਿਸ਼ਾਂ ਵਿਚ ਸਮਾਈਆ । ਮੈਂ ਵੇਖਦੀ ਰਹੀ ਨੈਣ ਉਘਾੜ, ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਰਾਵੀ ਕਹੇ ਮੈਂ ਪ੍ਰਭ ਨੂੰ ਇਕੋ ਰਾਵਾਂ, ਦੂਜਾ ਇਸ਼ਟ ਨਾ ਕਦੇ ਮਨਾਈਆ । ਇਕੋ ਦੇ ਗੁਣ ਗਾਵਾਂ, ਇਕੋ ਸਿਫ਼ਤ ਸਲਾਹੀਆ । ਇਕੋ ਚਰਨੀ ਸੀਸ ਝੁਕਾਵਾਂ, ਨਿਵ ਨਿਵ ਲਾਗਾਂ ਪਾਈਆ । ਇਕੋ ਧੂੜੀ ਖ਼ਾਕ ਰਮਾਵਾਂ, ਦੁਰਮਤ ਮੈਲ ਨਾ ਲਾਗੇ ਰਾਈਆ । ਇਕੋ ਦਾ ਸਨਮੁਖ ਦਰਸ਼ਨ ਪਾਵਾਂ, ਮੇਰੀ ਆਦਿ ਦੀ ਰੀਤੀ ਚਲੀ ਆਈਆ । ਤਤਾਂ ਵਾਲਾ ਗੁਰੂ ਨਾ ਕਦੇ ਮਨਾਵਾਂ, ਜੋ ਜਨਮੇ ਤੇ ਮਰ ਜਾਈਆ । ਮੇਰੇ ਅੰਦਰ ਪਿਆਰ ਭਰਿਆ ਨਾਲ ਚਾਵਾਂ, ਚਾਓ ਘਨੇਰਾ ਇਕ ਦ੍ਰਿੜਾਈਆ । ਮੇਰਾ ਖੇਲ ਅਗੰਮ ਅਥਾਹਾ, ਬੇਪਰਵਾਹ ਦਿਤੀ ਵਡਿਆਈਆ । ਮੈਂ ਭੱਜਾਂ ਵਾਹੋ ਦਾਹਾ, ਦਿਵਸ ਰੈਣ ਚਾਈਂ ਚਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਮੇਰੇ ਅੰਦਰ ਜੁਗ ਚੌਕੜੀ ਕਦੇ ਨਾ ਨਿਕਲਿਆ ਹਾਵਾ, ਹਾਏ ਉਫ਼ ਨਾ ਕਦੇ ਸੁਣਾਈਆ । ਕਿਤਨੇ ਜਗਤ ਜਗਿਆਸੂਆਂ ਆਪਣੇ ਵਿਚ ਨਹਾਵਾਂ, ਤਨ ਵਜੂਦਾਂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਰਾਵੀ ਕਹੇ ਮੇਰਾ ਨਾਉਂ ਰਾਵੀ, ਰਾਹ ਰਹਿਬਰ ਦਿਤਾ ਜਣਾਈਆ । ਭਾਈ ਗੁਰਦਾਸ ਮੇਰਾ ਲੇਖਾ ਲਿਖਿਆ ਵੀਹ ਇਕੀਹ, ਪ੍ਰਭ ਦੀ ਵਡ ਵਡਿਆਈਆ । ਮੈਂ ਪੁਰਖ ਅਕਾਲ ਦੀ ਧੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੇਰਾ ਹਿੱਸਾ ਨਹੀਂ ਕੋਈ ਸਾਢੇ ਤਿੰਨ ਹੱਥ ਸੀਅ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਮੇਰਾ ਜਗਤ ਵਾਲਾ ਨਹੀਂ ਕੋਈ ਬੀ, ਰਕਤ ਬੂੰਦ ਨਾ ਵੰਡ ਵੰਡਾਈਆ । ਮੇਰੀ ਦੀਨ ਦੁਨੀਆ ਵਾਲੀ ਨਹੀਂ ਲੀਹ, ਨਾਮ ਕਲਮਾ ਨਾ ਕੋਇ ਬਣਾਈਆ । ਮੇਰਾ ਤਨ ਵਜੂਦ ਨਹੀਂ ਕੋਈ ਜੀਅ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੁਕਮ ਦੀ ਪਾਵੇ ਸਹੀ, ਸਹੀ ਸਲਾਮਤ ਦਇਆ ਕਮਾਈਆ ।

✪ ੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗ਼ਜ਼ਨੀ ਪੁਰ ਜ਼ਿਲਾ ਗੁਰਦਾਸ ਪੁਰ ਬੀਬੀ ਸੁਲਖਣੀ ਦੇ ਗ੍ਰਹਿ ✪

ਪੰਜ ਚੇਤ ਕਹੇ ਮੇਰੀ ਜੁਗ ਜੁਗ ਦੀ ਚੇਤਾਵਨੀ, ਖ਼ਬਰਦਾਰੀ ਵਿਚ ਸੁਣਾਈਆ । ਆਪਣੀ ਆਸ਼ਾ ਦੱਸਾਂ ਭਾਵਨੀ, ਭਾਵ ਦੀਨ ਦੁਨੀ ਨਾਲ ਮਿਲਾਈਆ । ਜੋ ਖੇਲ ਕੀਤੀ ਰਾਮ ਰਾਵਣੀ, ਰਮਈਆ ਰਾਮ ਧਿਆਨ ਲਗਾਈਆ । ਜੋ ਇਸ਼ਾਰਾ ਕੀਤਾ ਬਲ ਬਾਵਨੀ, ਭੇਵ ਅਭੇਵ ਖੁਲਾਈਆ । ਨਿਗਾਹ ਮਾਰ ਜ਼ਿਮੀਂ ਅਸਮਾਣੀ, ਮੰਡਲ ਮੰਡਪਾਂ ਵੇਖ ਵਖਾਈਆ । ਸਭ ਨੇ ਖੇਲ ਤੱਕੀ ਕਲਜੁਗ ਅੰਧੇਰੀ ਸ਼ਾਮਣੀ, ਚਾਰੋਂ ਕੁੰਟ ਅੰਧੇਰਾ ਛਾਈਆ । ਉਸ ਵੇਲੇ ਪੁਰਖ ਅਕਾਲ ਦੀ ਦਿਤੀ ਜ਼ਾਮਨੀ, ਜ਼ਾਮਨ ਇਕ ਬਣਾਈਆ । ਜਿਸ ਦੀ ਜਗਤ ਸ਼ਰਅ ਤੋਂ ਬਾਹਰ ਹੋਵੇ ਕਲਾਮਣੀ, ਕਾਇਨਾਤ ਨਾਤ ਬੰਧਾਈਆ । ਉਹਦਾ ਖੇਲ ਬਾਹਰ ਹੋਵੇ ਸ਼ਤਰੀ ਵੈਸ਼ ਸ਼ੂਦਰ ਬ੍ਰਾਹਮਣੀ, ਬ੍ਰਹਮ ਪਰਦਾ ਆਪ ਉਠਾਈਆ । ਆਤਮ ਪਰਮਾਤਮ ਧਾਰ ਹੋਵੇ ਦਾਮਨੀ, ਦਾਮਨਗੀਰ ਸਹਿਜ ਸੁਖਦਾਈਆ । ਜਿਸ ਦੀ ਸਭ ਨੇ ਅੰਤਰ ਨਿਰੰਤਰ ਖੇਲ ਜਾਣਨੀ, ਜਾਨਣਹਾਰ ਵਡ ਵਡਿਆਈਆ । ਜਲਾਂ ਥਲਾਂ ਆਸ਼ਾ ਵੇਖ ਵਖਾਵਣੀ, ਮਹੀਅਲ ਖੋਜ ਖੁਜਾਈਆ । ਜੋ ਸਵਾਮੀ ਅੰਤਰ ਜਾਮਨੀ, ਆਦਿ ਅੰਤ ਬੇਪ੍ਰਵਾਹੀਆ । ਪੰਜ ਚੇਤ ਕਹੇ ਮੇਰਾ ਸੰਦੇਸਾ ਇਕ ਮਹਾਨਣੀ, ਮਹਿੰਮਾ ਅਕਥ ਕਥ ਦ੍ਰਿੜਾਈਆ । ਜਿਸ ਰਾਵੀ ਕੰਢਾ ਘਾਟ ਲੇਖਾ ਪੂਰਾ ਕਰਨਾ ਚਰਨ ਧੂੜ ਕਰਾ ਕੇ ਮਹਾਨਣੀ, ਨਵ ਨਵ ਚਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦਾ ਜ਼ਾਮਨੀ, ਜ਼ਾਮਨ ਇਕੋ ਇਕ ਅਖਵਾਈਆ ।



✪ ੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗ਼ਜ਼ਨੀ ਪੁਰ ਜ਼ਿਲਾ ਗੁਰਦਾਸ ਪੁਰ ਦਾਰਾ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਸੁਣੋ ਬਚਨ ਹਮਾਰਾ, ਸਜਣੀਓ ਸਜਣੋ ਦਿਆਂ ਜਣਾਈਆ । ਮੈਂ ਆਵਾਂ ਜਾਵਾਂ ਫਿਰਾਂ ਵਿਚ ਸੰਸਾਰਾ, ਸਹਿੰਸਿਆਂ ਵਾਲਿਓ ਸਹਿੰਸੇ ਦਿਆਂ ਚੁਕਾਈਆ । ਜੁਗ ਚੌਕੜੀ ਮੇਰਾ ਖੇਲ ਨਿਆਰਾ, ਮੇਰੇ ਪ੍ਰਭੂ ਦਿਤਾ ਸਮਝਾਈਆ । ਮੈਂ ਤੁਹਾਡੇ ਕੋਲ ਆਇਆ ਦੁਬਾਰਾ, ਦੋਹਰੀ ਤਿਹਰੀ ਆਪਣੀ ਛਾਲ ਲਗਾਈਆ । ਅੱਜ ਨਾਲ ਰਲਾਇਆ ਪਿਛਲਾ ਪਰਿਵਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਿੰਧੂ ਬਿੰਦੂ ਜੋੜ ਜੁੜਾਈਆ । ਧੀਆਂ ਪੁਤਾਂ ਦਾ ਸਮਝ ਨਾ ਆਏ ਪਸਾਰਾ, ਗਿਣਤੀ ਗਣਤ ਨਾ ਕੋਇ ਗਿਣਾਈਆ । ਜੇ ਸਚ ਪੁਛੋ ਮੈਂ ਸਭ ਕੁਝ ਹੁੰਦਿਆਂ ਅਜੇ ਵੀ ਕੁਆਰਾ, ਕੰਨਿਆ ਕਾਇਨਾਤ ਨਾ ਕੋਇ ਪ੍ਰਨਾਈਆ । ਮੈਂ ਸੌਹਰਿਆਂ ਘਰ ਦਾ ਨਾ ਬਣਿਆ ਲਾੜਾ, ਸਾਲੀਆਂ ਸੰਗ ਨਾ ਕੋਇ ਬਣਾਈਆ । ਮੇਰੇ ਪਿਓ ਦਾਦੇ ਖ਼ੁਸ਼ੀਆਂ ਵਿਚ ਨਾ ਲਾਇਆ ਕੋਇ ਅਖਾੜਾ, ਅਪੱਛਰਾਂ ਨਾਚ ਨਾ ਕੋਇ ਨਚਾਈਆ । ਗਣ ਗੰਧਰਵ ਗਾਇਆ ਕੋਇ ਨਾ ਗਾਣਾ, ਕਿੰਨਰ ਯਸ਼ਪ ਖੇਲ ਨਾ

ਕੋਇ ਖਿਲਾਈਆ । ਮੈਂ ਆਪਣੇ ਦਿਲ ਦੀ ਵਜਾਉਂਦਾ ਰਿਹਾ ਸਿਤਾਰਾ, ਤੂੰਬੀ ਤੰਦ ਰਬਾਬ ਬਣਾਈਆ । ਚਾਰੋਂ ਕੁੰਟ ਦਿੰਦਾ ਰਿਹਾ ਇਸ਼ਾਰਾ, ਸੈਨਤ ਪਿਆਰ ਵਾਲੀ ਲਗਾਈਆ । ਆਓ ਵੇਖੋ ਪੰਡਤ ਨਰ ਨਾਰਾ, ਜੋ ਨਰਾਇਣ ਦਿਤਾ ਉਪਜਾਈਆ । ਨਾ ਇਸ ਦੀ ਮੁੱਛ ਨਾ ਇਸ ਦੀ ਦਾਹੜਾ, ਬੋਦੀ ਸਭ ਤੋਂ ਸੋਹਣੀ ਸੋਭਾ ਪਾਈਆ । ਜਿਸ ਬੋਦੀ ਨੂੰ ਝੁਕਦੇ ਚੰਦ ਸਿਤਾਰਾ, ਮੰਡਲ ਮੰਡਪ ਸੋਭਾ ਪਾਈਆ । ਉਸ ਬੋਦੀ ਦਾ ਮੇਲ ਨਾਲ ਪਰਵਰਦਿਗਾਰਾ, ਜੋ ਬੁੱਧੀ ਤੋਂ ਪਰੇ ਰਿਹਾ ਸਮਝਾਈਆ । ਮੈਂ ਸੰਦੇਸ਼ਾ ਦਿਤਾ ਅੱਜ ਤੇਈ ਅਵਤਾਰਾ, ਪੈਗ਼ੰਬਰ ਗੁਰੂ ਨਾਲ ਮਿਲਾਈਆ । ਨਾਲੇ ਹੱਸ ਕੇ ਕਿਹਾ ਨੱਕ ਮਰੋੜ ਕੇ ਕਿਹਾ ਉਠੋ ਮੇਰੇ ਪੁਰਾਣੇ ਯਾਰਾ, ਯਾਰੋ ਦਿਆਂ ਸੁਣਾਈਆ । ਆਪਣੇ ਲੇਖੇ ਵੇਖੋ ਵੇਖੋ ਅੱਖਰਾਂ ਤੋਂ ਬਾਹਰਾ, ਕੀ ਭਵਿਖਤੀ ਲਿਖਤ ਸੁਣਾਈਆ । ਆਪਣੇ ਖੰਡੇ ਵੇਖੋ ਖੜਗ ਵੇਖੋ ਤਲਵਾਰਾ, ਤੀਰ ਤਰਕਸ਼ ਹੱਥ ਉਠਾਈਆ । ਆਪਣੇ ਧੀਆਂ ਪੁਤਰ ਵੇਖੋ ਵੇਖੋ ਜਗਤ ਪਿਆਰਾ, ਤਤਾਂ ਵਾਲਾ ਤਤ ਸੰਗ ਨਿਭਾਈਆ । ਮੈਂ ਭੱਜਾ ਫਿਰਦਾ ਸਭ ਨੂੰ ਕਹਿੰਦਾ ਮੇਰਾ ਨੂਰ ਨੂਰ ਹੋਇਆ ਉਜਿਆਰਾ, ਚਾਰੋਂ ਕੁੰਟ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਖ਼ੁਸ਼ੀਆਂ ਦੀ ਧਾਰ ਵਿਚ ਧਾਰ ਸੱਦੀ, ਸੱਦ ਸੱਦ ਕੇ ਖ਼ੁਸ਼ੀ ਬਣਾਈਆ । ਨੀ ਓਹ ਤੱਕ ਦੀਨ ਦੁਨੀਆ ਵਾਲੇ ਜਾਂਦੇ ਲੱਦੀ, ਬੋਝੇ ਕਰਮਾਂ ਵਾਲੇ ਸਿਰ ਉਠਾਈਆ । ਝਟ ਹੱਸ ਕੇ ਮੈਨੂੰ ਅਗੋਂ ਬੋਲ ਪਈ ਬਦੀ, ਬਦਕਾਰੀ ਨਾਲ ਜਣਾਈਆ । ਨਾਰਦਾ ਜਰਾ ਚੁੱਕ ਕੇ ਆਪਣੀ ਵੇਖ ਅੱਡੀ, ਚੋਟਿਆ ਚੋਟੀ ਵੱਲ ਧਿਆਨ ਲਗਾਈਆ । ਝਟ ਨਾਰਦ ਕਹੇ ਮੈਂ ਆਪਣੀ ਪੋਥੀ ਪੁਸਤਕਾਂ ਤੋਂ ਬਾਹਰ ਕਢੀ, ਕਢ ਕੇ ਦਿਤੀ ਵਖਾਈਆ । ਮੇਰੇ ਕੋਲ ਉਹ ਹਿੱਸਾ ਜਿਸ ਦੇ ਵਿਚੋਂ ਗੁਰ ਅਵਤਾਰ ਪੈਗ਼ੰਬਰ ਧੁਰ ਦੇ ਨਾਮ ਦੀ ਲੈਂਦੇ ਰਹੇ ਵੱਢੀ, ਵੱਢੀ ਵਿਚੋਂ ਧਰਮਾਂ ਵਿਚੋਂ ਧਰਮ ਜਗਤ ਬਦਲਾਈਆ । ਆਪਣੇ ਆਪਣੇ ਨਾਮ ਦੀ ਤਿਆਰ ਕਰਦੇ ਰਹੇ ਗੱਡੀ, ਮੁਸਾਫ਼ਰ ਫੜ ਫੜ ਦਿਤੇ ਚੜ੍ਹਾਈਆ । ਅੰਤ ਸਰੀਰਾਂ ਨਾਤ ਗਏ ਛਡੀ, ਸਗਲਾ ਸੰਗ ਨਾ ਕੋਇ ਨਿਭਾਈਆ । ਨਾਰਦ ਕਹੇ ਮੈਂ ਭੱਜ ਕੇ ਨੱਠ ਕੇ ਮੁਹੰਮਦ ਦੇ ਮਕਬਰੇ ਵਿਚੋਂ ਕਢੀ ਹੱਡੀ, ਜਿਸ ਦੀ ਢਾਈ ਇੰਚ ਲੰਬਾਈਆ । ਮੈਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਦੱਸੀ, ਬਿਨਾ ਅੱਖਾਂ ਅੱਖ ਖੁਲਾਈਆ । ਫੇਰ ਮੇਰੀ ਆਸ਼ਾ ਅੰਦਰੋਂ ਹੱਸੀ, ਹੱਸ ਕੇ ਦਿਤਾ ਜਣਾਈਆ । ਫੇਰ ਮੈਂ ਆਪਣੀ ਬੋਦੀ ਦੀ ਵੱਟ ਕੇ ਰੱਸੀ, ਗਲ ਵਿਚ ਲਈ ਪਾਈਆ । ਜਾਂ ਨਿਗਾਹ ਮਾਰੀ ਪ੍ਰਭੂ ਦੇ ਚਰਨਾਂ ਹੇਠ ਦੱਬੀ ਵੇਖੀ ਲੱਖ ਚਾਰ ਅੱਸੀ, ਚੁਰਾਸੀ ਸੀਸ ਨਿਵਾਈਆ । ਮੈਨੂੰ ਵੇਖ ਕੇ ਪੈ ਗਈ ਗ਼ਸੀ, ਸੁਰਤ ਰਹੀ ਨਾ ਰਾਈਆ । ਮੇਰੀ ਇਕ ਦੂਜੀ ਦੇ ਉਪਰ ਚੜ੍ਹ ਗਈ ਨਸੀ, ਨਾੜੀ ਨਾੜੀ ਦਿਤੀ ਬਦਲਾਈਆ । ਝਟ ਮੈਨੂੰ ਕਿਸੇ ਨੇ ਸ਼ਬਦੀ ਧਾਰ ਖੇਲ ਅਗੰਮੀ ਦੱਸੀ, ਦਹਿ ਦਿਸ਼ਾ ਤੋਂ ਬਾਹਰ ਸੁਣਾਈਆ । ਮੈਂ ਝਟ ਆਪਣੀ ਪੁੱਟ ਲਈ ਅੱਖੀ, ਅੱਖ ਲਈ ਉਘੜਾਈਆ । ਮੈਨੂੰ ਇਉਂ ਜਾਪਿਆ ਉਸ ਵੇਲੇ ਸਾਥ ਕ੍ਰਿਸ਼ਨ ਤੇ ਕ੍ਰਿਸ਼ਨ ਦੀ ਦਿਸੀ ਸਖ਼ੀ, ਸਗਲਾ ਸੰਗ ਬਣਾਈਆ । ਜਾਂ ਮੈਂ ਨਿਗਾਹ ਮਾਰੀ ਰਾਮ ਨਾਲ ਸੀਤਾ ਆਵੇ ਨੱਸੀ, ਭੱਜੇ ਵਾਹੋ ਦਾਹੀਆ । ਜਾਂ ਮੈਂ ਪਿਛੇ ਪਰਤਿਆ ਰਾਵੀ ਪ੍ਰਭ ਦੇ ਕਦਮਾਂ ਵਿਚ ਢੱਠੀ, ਢਹਿ ਢਹਿ ਸੀਸ ਨਿਵਾਈਆ । ਜਾਂ ਮੈਂ ਨੈਣ ਉਘੇੜਿਆ ਤੇ ਮੈਨੂੰ ਨਜ਼ਰ ਆਈ ਅਰਜਨ ਵਾਲੀ ਭੱਠੀ, ਤਤੀ ਲੋਹ ਦਏ ਗਵਾਹੀਆ । ਮੈਂ ਫਿਰ ਨਿਗਾਹ ਫੇਰੀ ਅੱਠ ਸੱਠੀ, ਅਠਸਠ ਤੀਰਥ ਧਿਆਨ ਲਗਾਈਆ । ਜਾਂ ਵਿਚਾਰ ਕੀਤੀ ਸਭ ਦੀ ਆਸ਼ਾ ਪਈ ਨੱਟੀ, ਨਟੂਆ ਆਪਣਾ ਖੇਲ ਖਿਲਾਈਆ । ਫੇਰ ਮੇਰੀਆਂ ਅੱਖਾਂ ਅਗੇ

ਆ ਗਈ ਅੱਖਰਾਂ ਵਾਲੀ ਪੱਟੀ, ਜੋ ਪਟਨੇ ਵਾਲਾ ਗਿਆ ਸਮਝਾਈਆ । ਫੇਰ ਮੇਰੀ ਹੈਰਾਨੀ ਦੀ ਹੱਦ ਟੱਪੀ, ਪਰੇਸ਼ਾਨੀ ਵਿਚ ਸੁਣਾਈਆ । ਝਟ ਮੈਨੂੰ ਆਵਾਜ਼ ਆਈ ਸਭ ਦੀ ਇਕੱਠੀ, ਮੈਂ ਸੁਣੀ ਚਾਈਂ ਚਾਈਆ । ਵੇ ਨਾਰਦਾ ਉਹ ਵੇਖ ਕਲਜੁਗ ਝੂਠ ਨੇ ਸੱਪ ਬਣਾ ਦਿਤਾ ਰੱਸੀ, ਰਸਤੇ ਸਭ ਦੇ ਦਿਤੇ ਬਦਲਾਈਆ । ਰੈਣ ਤੱਕ ਲੈ ਅੰਧੇਰੀ ਮੱਸੀ, ਨੂਰੀ ਚੰਦ ਨਾ ਕੋਇ ਚਮਕਾਈਆ । ਨਾਰਦ ਕਹੇ ਮੈਂ ਝਟ ਆਪਣੀ ਬੋਦੀ ਫੜ ਕੇ ਹੱਥੀਂ, ਹਥੇਲੀ ਨਾਲ ਹਿਲਾਈਆ । ਨਾਲੇ ਸਥਰ ਯਾਰ ਦਾ ਬੈਠਾ ਘੱਤੀ, ਆਸਣ ਇਕ ਵਿਛਾਈਆ । ਜਿਸ ਨੂੰ ਗਾਉਂਦੇ ਰਾਗ ਛੱਤੀ, ਛਤਰਧਾਰੀ ਓਟ ਤਕਾਈਆ । ਉਹ ਮੇਰਾ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਵਹੀਰਾ ਆਇਆ ਘੱਤੀ, ਨਵ ਨੌ ਚਾਰ ਦਾ ਪੰਧ ਮੁਕਾਈਆ । ਸੰਮਤ ਸ਼ਹਿਨਸ਼ਾਹੀ ਨੌ ਪੰਜ ਚੇਤ ਦੀ ਥਿਤ ਵੇਖ ਕੇ ਅੱਛੀ, ਅੱਛੀ ਤਰਾ ਰਿਹਾ ਦ੍ਰਿੜਾਈਆ । ਜਿਸ ਲੇਖੇ ਲਾਉਣੀ ਜਨ ਭਗਤਾਂ ਨਾਮ ਦੀ ਰਤੀ, ਰਤਨ ਅਮੋਲਕ ਹੀਰੇ ਆਪ ਬਣਾਈਆ । ਉਹ ਕੰਢੇ ਘਾਟ ਦੀਨ ਦੁਨੀ ਦੇ ਆਇਆ ਟੱਪੀ, ਟਾਪੂਆਂ ਪੰਧ ਮੁਕਾਈਆ । ਜਿਸ ਦੇ ਪਿਛੇ ਸਤਿ ਧਾਰ ਦੀ ਹੋਈ ਸਤੀ, ਸਤਿ ਸਤਿਵਾਦ ਵਿਚ ਸਮਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਰਾਵੀ ਦੀ ਆਸ਼ਾ ਆਪਣੇ ਚਰਨਾਂ ਹੇਠ ਬੈਠਾ ਦੱਬੀ, ਰਖਕ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਹੋਰ ਦੱਸਾਂ ਬਚਨ ਨਾਲ ਸਵਾਦ, ਖ਼ੁਸ਼ੀ ਖ਼ੁਸ਼ੀਆਂ ਨਾਲ ਜਣਾਈਆ । ਜਿਸ ਪ੍ਰਭੂ ਨੂੰ ਰਹੇ ਅਰਾਧ, ਜੋ ਰਾਧਾ ਕ੍ਰਿਸ਼ਨ ਦਾ ਪਿਤਾ ਮਾਈਆ । ਸੋ ਦੇਵਣਹਾਰਾ ਸਾਚੀ ਦਾਦ, ਦਾਦੂ ਦੇ ਦਿਹੁਰੇ ਗੋਬਿੰਦ ਗਿਆ ਸਮਝਾਈਆ । ਜਿਹੜਾ ਭਗਤ ਭਗਵਾਨ ਦਾ ਸਮਾਜ, ਆਤਮਾ ਪਰਮਾਤਮਾ ਮੇਲ ਮਿਲਾਈਆ । ਉਹਦਾ ਸ਼ਬਦ ਅਗੰਮੀ ਨਾਦ, ਵੱਜੇ ਥਾਉਂ ਥਾਈਆ । ਨਾਰਦ ਕਹੇ ਮੇਰਾ ਵੀ ਖ਼ੁਸ਼ੀ ਦਿਹਾੜਾ ਆਜ, ਆਜਜ਼ ਹੋ ਕੇ ਦਿਆਂ ਸੁਣਾਈਆ । ਰਾਵੀ ਦੇ ਕੰਢੇ ਵੇਖਣਾ ਸਤਿ ਸਚ ਦਾ ਸਮਾਜ, ਦੂਜਾ ਨਜ਼ਰ ਕੋਇ ਨਾ ਆਈਆ । ਉਥੇ ਪੰਜਾਂ ਲਿਖਾਰੀਆਂ ਨੇ ਪੰਜਾਂ ਰੁਪਿਆਂ ਦਾ ਵੰਡਣਾ ਪ੍ਰਸ਼ਾਦਿ, ਪੰਜ ਪੰਜਾਂ ਦੀ ਗੰਢ ਪਵਾਈਆ । ਫੇਰ ਮੈਂ ਨੀਵਾਂ ਹੋ ਕੇ ਪਿਛਲੀ ਦੱਸਾਂਗਾ ਯਾਦ, ਨਾਰਦ ਕਹੇ ਖ਼ੁਸ਼ੀਆਂ ਨਾਲ ਸੁਣਾਈਆ । ਤੁਹਾਨੂੰ ਪਤਾ ਨਹੀਂ ਅਜੇ ਤੱਕ ਨੌਵਾਂ ਦੇਸਾਂ ਨੂੰ ਨੌ ਭੇਜੇ ਨਹੀਂ ਗਏ ਕਾਰਡ, ਬਿਨਾ ਮਜ਼ਮੂਨ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਲੇਖਾ ਮੇਰਾ ਲਹਿਣਾ ਦੇਣਾ ਦੇਵੇ ਸਾਧ, ਸਾਧਨਾ ਆਪਣੀ ਵਿਚ ਰਖਾਈਆ ।

### ✪ ੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਰਾਵੀ ਦੇ ਕੰਢੇ ਜ਼ਿਲਾ ਗੁਰਦਾਸ ਪੁਰ ਦੁਪਿਹਰ ਦੇ ਸਮੇਂ ਵਿਹਾਰ ਹੋਇਆ ✪

ਪੰਜ ਚੇਤ ਕਹੇ ਮੇਰੀ ਰੁਤ ਸੁਹਾਉਣੀ, ਸੁਹੰਜਣੀ ਸੋਭਾ ਪਾਈਆ । ਰਾਵੀ ਕਹੇ ਮੈਂ ਵਿਟਹੁ ਕੁਰਬਾਨੀ, ਆਪਣਾ ਆਪ ਲੇਖੇ ਪਾਈਆ । ਝਟ ਨਾਰਦ ਕਹੇ ਸੁਣ ਲਓ ਭਗਤੋ ਮੇਰੀ ਬਾਣੀ, ਜੋ ਪ੍ਰੇਮ ਦੇ ਬਾਣ ਲਗਾਈਆ । ਲਿਖਾਰੀਓ ਕਰੋ ਧਿਆਨੀ, ਆਪਣਾ ਧਿਆਨ ਲਗਾਈਆ । ਆਪਣਿਆਂ ਨੇਤਰਾਂ ਵਿਚ ਇਕ ਇਕ ਬੂੰਦ ਪਾਓ ਪਾਣੀ, ਰਾਵੀ ਕੰਢਾ ਸੋਭਾ ਪਾਈਆ । ਤੁਹਾਡੀ ਹਰਿ ਸੰਗਤ ਵੇਖਣ ਵਾਲੀ ਅੱਖ ਰਹੇ ਨਾ ਕਾਣੀ, ਇਕੋ ਰੰਗ

੭੦੮
੨੩

ਸਮਾਈਆ । ਪ੍ਰਭ ਮੇਲਾ ਮਿਲਿਆ ਤਾਣ ਨਿਤਾਣੀ, ਜੋ ਦਾਤਾ ਧੁਰਦਰਗਾਹੀਆ । ਜਿਸ ਦੀ ਆਦਿ ਜੁਗਾਦਿ ਅਕਥ ਕਹਾਣੀ, ਕਥਨੀ ਕਥ ਸਕੇ ਨਾ ਰਾਈਆ । ਜਿਸ ਦੀ ਸਦਾ ਇਕੋ ਤਰਲ ਜਵਾਨੀ, ਜੋਬਨਵੰਤਾ ਬੇਪਰਵਾਹੀਆ । ਉਹ ਲੇਖਾ ਜਾਣੇ ਚਾਰੇ ਖਾਣੀ, ਚਾਰੋਂ ਕੁੰਟ ਫੋਲ ਫੁਲਾਈਆ । ਲੱਖ ਚੁਰਾਸੀ ਰਿੜਕਣ ਵਾਲਾ ਨਾਲ ਨਾਮ ਮਧਾਣੀ, ਗੇੜਾ ਜੁਗਾਂ ਨਾਲ ਰਖਾਈਆ । ਜਿਸ ਦੀ ਖੇਲ ਚੋਜ ਵਡਾਣੀ, ਭੇਵ ਕੋਇ ਨਾ ਪਾਈਆ । ਜੋ ਲੇਖਾ ਜਾਣੇ ਸ਼ਾਸਤਰ ਪੁਰਾਣੀ, ਪੁਨਹ ਪੁਨਹ ਖੋਜ ਖੁਜਾਈਆ । ਜਿਸ ਹੁਕਮ ਕਾਇਮ ਕੀਤੇ ਅੰਜੀਲ ਕੁਰਾਨੀ, ਅੱਖਰ ਅੱਖਰਾਂ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਵੀ ਕਹੇ ਗੁਰਮੁਖੋ ਮੇਰੀ ਨਿਮਸਕਾਰ, ਭਗਤੋ ਬੰਦਨਾ ਦਿਆਂ ਜਣਾਈਆ । ਸਾਚੇ ਸੰਤੋ ਕਰਾਂ ਸਤਿਕਾਰ, ਗੁਰਸਿਖੋ ਦਿਆਂ ਵਧਾਈਆ । ਮੇਰਾ ਸੁਣੋ ਪਿਛਲਾ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਮੈਨੂੰ ਸੰਦੇਸਾ ਦੇ ਗਿਆ ਰਾਮ ਅਵਤਾਰ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਬਾਲਮੀਕ ਬਣ ਲਿਖਾਰ, ਲੇਖਾ ਉਂਗਲਾਂ ਨਾਲ ਜਣਾਈਆ । ਮੁਹੰਮਦ ਕੀਤਾ ਨੈਣ ਇਸ਼ਾਰ, ਚਹੁੰ ਯਾਰਾਂ ਸੈਨਤ ਨਾਲ ਸਮਝਾਈਆ । ਖੇਲ ਤੱਕੋ ਪਰਵਰਦਿਗਾਰ, ਜੋ ਅੱਲਾ ਨੂਰ ਅਲਾਹੀਆ । ਜੋ ਸਭ ਦਾ ਸਾਂਝਾ ਯਾਰ, ਹਕ ਹਕੀਕਤ ਦਾ ਮਾਲਕ ਇਕ ਅਖਵਾਈਆ । ਅਸੀਂ ਓਸ ਦੇ ਬਰਖ਼ੁਰਦਾਰ, ਨਿਵ ਨਿਵ ਸੀਸ ਝੁਕਾਈਆ । ਉਹ ਸਾਡਾ ਪਹਿਰੇਦਾਰ, ਅੱਠੇ ਪਹਿਰ ਜਗਾਈਆ । ਉਹ ਅਮਾਮ ਅਮਾਮਾ ਨੂਰ ਉਜਿਆਰ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਖੇਲ ਹੋਣਾ ਅਪਾਰ, ਅਪਰੰਪਰ ਆਪ ਕਰਾਈਆ । ਲਹਿਣਾ ਦੇਣਾ ਵੇਖੇ ਸਰਬ ਸੰਸਾਰ, ਲੇਖਾ ਕਾਇਨਾਤ ਚੁਕਾਈਆ । ਮੇਰਾ ਅਮਾਮ ਅਮਾਮਾ ਸਿਕਦਾਰ, ਸਿਕ ਸਭ ਦੀ ਵੇਖ ਵਖਾਈਆ । ਰਾਵੀ ਕੰਢਾ ਕਰ ਵਿਚਾਰ, ਛੰਦਾ ਆਪਣਾ ਦਏ ਸੁਣਾਈਆ । ਇਹ ਸੰਦੇਸਾ ਓਸੇ ਦੀ ਧਾਰ, ਬਿਨਾ ਇਲਮ ਤੋਂ ਦਿਆਂ ਜਣਾਈਆ । ਜਿਥੇ ਕਲਮ ਦਾ ਨਹੀਂ ਸ਼ੁਮਾਰ, ਹਰਫ਼ ਹਰੂਫ਼ ਨਾ ਕੋਇ ਵਡਿਆਈਆ । ਜਿਸ ਦਾ ਪੰਧ ਨਹੀਂ ਮੀਲ ਦੋ ਚਾਰ, ਬ੍ਰਹਿਮੰਡਾਂ ਖੰਡਾਂ ਕਦਮਾਂ ਹੇਠ ਰਖਾਈਆ । ਉਹ ਮੇਰਾ ਮੇਲਾ ਕਰੇ ਆਪਣੇ ਨਾਲ, ਦਵੈਤੀ ਵੰਡ ਨਾ ਕੋਇ ਵੰਡਾਈਆ । ਪਾਤਸ਼ਾਹ ਬਣ ਕੰਗਾਲ, ਵੇਸ ਦਰਵੇਸ਼ਾ ਰੂਪ ਬਦਲਾਈਆ । ਸਾਚੀ ਪੂਰੀ ਪਾਏ ਘਾਲ, ਲੇਖਾ ਲੇਖੇ ਵਿਚ ਰਖਾਈਆ । ਮੇਰਾ ਹੱਲ ਕਰੇ ਸਵਾਲ, ਜਵਾਬ ਇਕੋ ਦਏ ਦ੍ਰਿੜਾਈਆ । ਜਿਸ ਦਾ ਰੂਪ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਉਹ ਮੇਰੀ ਕਰੇ ਭਾਲ, ਮੈਂ ਓਸੇ ਦਾ ਰਾਹ ਤਕਾਈਆ । ਜਦ ਅੰਤ ਹੋਵੇ ਜ਼ਵਾਲ, ਸਦੀ ਚੌਧਵੀਂ ਖੇਲ ਖਿਲਾਈਆ । ਵੇਖੇ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਕੁਛ ਮੇਰੀ ਸੁਣ ਲਓ ਕਥਾ, ਕਥਨ ਵਾਲਿਓ ਦਿਆਂ ਜਣਾਈਆ । ਪ੍ਰਭ ਦਾ ਖੇਲ ਯਥਾਰਥ ਯਥਾ, ਯਦੀ ਦਿਆਂ ਸਮਝਾਈਆ । ਜੋ ਆਦਿ ਜੁਗਾਦੀ ਪੁਰਖ ਸਮਰਥਾ, ਵੱਡਾ ਵਡ ਵਡਿਆਈਆ । ਉਹ ਨਿਰਗੁਣ ਧਾਰ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਦੀਨ ਦੁਨੀ ਕਰੇ ਠੱਠਾ, ਠਾਕਰ ਸਮਝ ਕੋਇ ਨਾ ਪਾਈਆ । ਜੋ ਪੁਰੀਆਂ ਲੋਆਂ ਟੱਪਾ, ਬ੍ਰਹਿਮੰਡਾਂ ਪੰਧ ਮੁਕਾਈਆ । ਉਹ ਸਤਿ ਸਰੂਪ ਪੱਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਵਾਹਿਦ ਹੁਕਮ ਯਕਾ, ਦੀਗਰੇ ਅਵਰ ਨਾ ਕੋਇ ਸ਼ਨਵਾਈਆ । ਉਸ ਦੀ ਨਿਰਗੁਣ ਧਾਰ ਵੇਖੋ ਸਤਾ, ਸਤਿ ਸਤਿਵਾਦੀ ਰੂਪ ਬਦਲਾਈਆ । ਮੈਂ ਉਸ ਨੂੰ ਟੇਕਣ ਆਇਆ ਮੱਥਾ, ਰਾਵੀ ਕੰਢਾ ਰੰਗ ਰੰਗਾਈਆ । ਗੰਗਾ

੭੦੯
੨੩

ਗੋਦਾਵਰੀ ਜਮਨਾ ਸੁਰਸਤੀ ਸਾਥ ਬਣਿਆ ਅੱਛਾ, ਅੱਛੀ ਤਰ੍ਹਾ ਜਣਾਈਆ । ਨਾਲ ਰਲਾਇਆ ਮੱਛਾ ਕੱਛਾ, ਜਲ ਹੋੜਿਆਂ ਸੰਗ ਨਿਭਾਈਆ । ਮੈਂ ਖੇਲ ਅਗੰਮਾ ਦੱਸਾ, ਦ੍ਰਿਸ਼ਟੀ ਵਾਲਿਓ ਦ੍ਰਿਸ਼ਟ ਖੁਲਾਈਆ । ਚਾਰੋਂ ਕੁੰਟ ਪੈਣੀਆਂ ਗ਼ਸ਼ਾ, ਸੁਰਤ ਸੁਰਤ ਨਾ ਕੋਇ ਸਮਝਾਈਆ । ਨਾਰਦ ਕਹੇ ਮੈਂ ਅਜੇ ਤੱਕ ਗੋਬਿੰਦ ਦਾ ਪਹਿਨਿਆ ਨਹੀਂ ਕੱਛਾ, ਕੱਛਾਂ ਮਾਰ ਕੇ ਰਿਹਾ ਵਖਾਈਆ । ਮੈਂ ਖਾਧਾ ਨਹੀਂ ਗਾਂ ਵੱਛਾ, ਸੂਰਾਂ ਖੱਲ ਨਾ ਕੋਇ ਲੁਹਾਈਆ । ਮੈਂ ਲਿਆ ਨਹੀਂ ਕੋਈ ਰਸਾ, ਰਸਨਾ ਰਸ ਨਾ ਕੋਇ ਚਖਾਈਆ । ਮੈਨੂੰ ਇਕੋ ਸਵਾਦ ਆਇਆ ਜਾਂ ਮੈਂ ਹੋੜਾ ਤੱਕਿਆ ਉਪਰ ਸੱਸਾ, ਸੋ ਪੁਰਖ ਨਿਰੰਜਣ ਦਿਤਾ ਵਖਾਈਆ । ਹੰ ਬ੍ਰਹਮ ਉਸ ਵਿਚ ਫਸਾ, ਬਾਹਰ ਸਕੇ ਨਾ ਕੋਇ ਕਢਾਈਆ । ਇਸ ਤੋਂ ਪਰੇ ਜਗਤ ਅੰਧੇਰੀ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਚਾਰੋਂ ਕੁੰਟ ਨੱਸਾ, ਭੱਜਿਆ ਵਾਹੋ ਦਾਹੀਆ । ਮੈਨੂੰ ਪੰਜ ਚੇਤ ਸੁਨੇਹੁੜਾ ਦੱਸਾ, ਅਗੰਮੀ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਰਾਵੀ ਦਾ ਵੇਖੋ ਤਟ, ਜਗਤ ਘਾਟ ਨਜ਼ਰੀ ਆਈਆ । ਪ੍ਰਭ ਦਾ ਵੇਖੋ ਹੱਟ, ਕਿਸ ਬਿਧ ਵਣਜਾਰਾ ਆਪਣਾ ਵਣਜ ਕਰਾਈਆ । ਮੈਂ ਵੀ ਆਇਆ ਨੱਠ, ਭੱਜਿਆ ਵਾਹੋ ਦਾਹੀਆ । ਏਥੇ ਵੇਖਿਆ ਗੁਰਮੁਖਾਂ ਦਾ ਇਕੱਠ, ਹਰਿਜਨ ਸੋਭਾ ਪਾਈਆ । ਮੈਂ ਆਪਣਾ ਰੂਪ ਲਿਆ ਪਲਟ, ਆਪਣੀ ਲਈ ਅੰਗੜਾਈਆ । ਮੇਰੀ ਬੋਦੀ ਖੜੀ ਹੋ ਗਈ ਝਟ, ਝਟਕੇ ਹਲਾਲੀ ਵਾਲੇ ਵੇਖ ਵਖਾਈਆ । ਫੇਰ ਹੱਸ ਕੇ ਕਹੇ ਪ੍ਰਭ ਨੇ ਸਭ ਨੂੰ ਲਾਉਣੀ ਸੱਟ, ਸ਼ਬਦ ਹਥੌੜਾ ਹੱਥ ਉਠਾਈਆ । ਗੜ੍ਹ ਹੰਕਾਰੀ ਜਾਣੇ ਢੱਠ, ਮਨਸਾ ਮਨ ਦਏ ਮਿਟਾਈਆ । ਕਲਜੁਗ ਕੂੜ ਕੁੜਿਆਰਾ ਹੋਣਾ ਭੱਠ, ਗੁਰ ਅਰਜਨ ਦੀ ਭੱਠੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਨੀ ਸੁਣ ਲੈ ਜਮਨਾ ਸੁਰਸਤੀ, ਗੋਦਾਵਰੀ ਗੰਗਾ ਨਾਲ ਮਿਲਾਈਆ । ਉਠੋ ਵੇਖੋ ਪ੍ਰਭ ਦੀ ਹਸਤੀ, ਬਿਨ ਹੱਥਾਂ ਪੈਰਾਂ ਨਜ਼ਰੀ ਆਈਆ । ਇਹ ਮਿਲ ਗਈ ਬੜੀ ਸਸਤੀ, ਪੂਜਾ ਪਾਠ ਦਾ ਦਾਮ ਨਾ ਕੋਇ ਲਗਾਈਆ । ਇਹ ਭੁੱਖੀ ਆਪਣੇ ਜਸ ਦੀ, ਸਿਫ਼ਤਾਂ ਵਿਚ ਸਲਾਹੀਆ । ਜੋਤ ਤੱਕੋ ਏਸ ਦੇ ਅੱਖ ਦੀ, ਜੋ ਨਿਜ ਨੇਤਰ ਕਰੇ ਰੁਸ਼ਨਾਈਆ । ਮੈਂ ਗੱਲ ਸੁਣਾਵਾਂ ਸਚ ਦੀ, ਇਹੋ ਪਿਤਾ ਇਹੋ ਮਾਈਆ । ਇਹਦੀ ਸ਼ਕਲ ਨਾ ਵੇਖਿਓ ਜੱਟ ਦੀ, ਇਹ ਦਾਤਾ ਧੁਰਦਰਗਾਹੀਆ । ਰਾਵੀ ਏਸੇ ਦੇ ਵੈਰਾਗ ਵਿਚ ਅੱਖਾਂ ਚੋਂ ਹੰਝੂ ਸਟਦੀ, ਵਹਿਣਾ ਧਾਰ ਵਹਾਈਆ । ਦਿਵਸ ਰੈਣ ਨੱਠਦੀ, ਭੱਜੇ ਵਾਹੋ ਦਾਹੀਆ । ਜਿਹੜੀ ਪਿਆਰੀ ਅਰਜਨ ਵਾਲੀ ਰਤ ਦੀ, ਰਤਨ ਅਮੋਲਕ ਗੁਰਮੁਖ ਵੇਖ ਵਖਾਈਆ । ਇਹ ਖੇਲ ਨਹੀਂ ਕਿਸੇ ਤਤ ਦੀ, ਤਤਵ ਤਤ ਤੋਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਗੋਦਾਵਰੀ ਸੁਰਸਤੀ ਜਮਨਾ ਗੰਗਾ, ਗੰਗੋਤਰੀ ਦਿਆਂ ਜਣਾਈਆ । ਖੇਲ ਤੱਕ ਸੂਰਾ ਸਰਬੰਗਾ, ਜੋ ਮਾਲਕ ਨੂਰ ਅਲਾਹੀਆ । ਜਿਸ ਦੇ ਹੁਕਮ ਵਿਚ ਤੁਹਾਡਾ ਵਹਿਣ ਲੱਗੇ ਚੰਗਾ, ਤੱਟ ਕਿਨਾਰੇ ਸੋਭਾ ਪਾਈਆ । ਉਸ ਵੇਸ ਵਟਾਇਆ ਜਗਤ ਦਿਸਾਏ ਬੰਦਾ, ਤਤਾਂ ਵੰਡ ਵੰਡਾਈਆ । ਅੰਤਰ ਤੱਕੋ ਨੂਰ ਅਲਾਹੀ ਚੰਦਾ, ਬਿਨ ਚੰਦ ਚਾਂਦਨੇ ਕਰੇ ਰੁਸ਼ਨਾਈਆ । ਉਹਦਾ ਗਾਓ ਤੂੰ ਮੇਰਾ ਮੈਂ ਤੇਰਾ ਛੰਦਾ, ਸੋਹੰ ਢੋਲਾ ਵਡ ਵਡਿਆਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਵਡ ਸੂਰਾ ਸਰਬੰਗਾ, ਪੁਰਖ ਅਕਾਲ ਇਕ ਅਖਵਾਈਆ ।

੭੧੦
੨੩

ਤੁਹਾਡਾ ਸਿਰ ਰਹਿਣ ਨਾ ਦੇਵੇ ਨੰਗਾ, ਅੰਤ ਕੰਤ ਲਏ ਪ੍ਰਨਾਈਆ । ਮੈਂ ਚਾਰ ਜੁਗ ਦਾ ਰੰਡਾ, ਮੇਰੀ ਮਾਤਾ ਸਗਨ ਨਾ ਕੋਇ ਮਨਾਈਆ । ਮੇਰੀ ਨਾ ਧੋਤੀ ਨਾ ਤੰਬਾ, ਗਲ ਕੁੜਤੀ ਨਾ ਹੋਏ ਸਹਾਈਆ । ਪਰ ਮੇਰੀ ਬੋਦੀ ਦਾ ਵਾਲ ਸਭ ਤੋਂ ਲੰਮਾ, ਜਿਸ ਦੀ ਮਿਣਤੀ ਮਿਣਤ ਨਾ ਕੋਇ ਵਖਾਈਆ । ਜਿਸ ਦੇ ਵਿਚੋਂ ਮੈਨੂੰ ਮਿਲੇ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਕਮਲੀਏ ਉਹ ਸੂਰਬੀਰ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂ ਦੇਣ ਬਿਆਨਾ, ਸਿਫ਼ਤਾਂ ਵਿਚ ਸਲਾਹੀਆ । ਨੌ ਸੌ ਨੜ੍ਹਿਨਵੇਂ ਨਦੀ ਜਿਸ ਦਾ ਨਿਸ਼ਾਨਾ, ਜਲ ਧਾਰਾ ਵਹਿਣ ਵਹਾਈਆ । ਗੋਦਾਵਰੀ ਉਸ ਦਾ ਰਾਵੀ ਨੇ ਪੀਤਾ ਅੰਮ੍ਰਿਤ ਜਾਮ ਹਕ ਪਿਆਲਾ, ਬਿਨਾ ਪੈਮਾਇਸ਼ ਤੋਂ ਦਿਤਾ ਫੜਾਈਆ । ਉਹ ਦੀਨਾਂ ਬੰਧੂ ਦੀਨ ਦਿਆਲਾ, ਦਇਆਨਿਧ ਇਕ ਅਖਵਾਈਆ । ਜਿਸ ਨੇ ਪਿਛਲਾ ਵਕਤ ਸੰਭਾਲਾ, ਸੰਬਲ ਬਹਿ ਕੇ ਆਪਣਾ ਲੇਖਾ ਆਪਣੇ ਹੱਥ ਰਖਾਈਆ । ਜਿਸ ਦੇ ਹੁਕਮੇ ਅੰਦਰ ਕਾਲ ਮਹਾਕਾਲਾ, ਭੱਜਣ ਵਾਹੋ ਦਾਹੀਆ । ਉਹ ਖੇਲ ਮੁਕਾਵਣ ਆਇਆ ਹਾਲਾ, ਹਾਲਤ ਤੱਕੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਰਾਵੀ ਕਹੇ ਨਾਰਦਾ ਮੇਰਾ ਸੁਹੰਜਣਾ ਹੋ ਗਿਆ ਤੱਟ, ਕਿਨਾਰਿਆਂ ਮਿਲੀ ਵਡਿਆਈਆ । ਮੇਰਾ ਸਵਾਮੀ ਬਦਲੇ ਮੇਰੇ ਵੱਲ ਕਰਵਟ, ਮੈਂ ਦਰਸ਼ਨ ਕਰਾਂ ਚਾਈਂ ਚਾਈਂਆ । ਮੇਰੀ ਥੱਲੇ ਦੀ ਤਹਿ ਦਾ ਵੇਖੇ ਫੱਟ, ਜਿਥੇ ਮੇਰਾ ਸੀਨਾ ਨਜ਼ਰ ਕਿਸੇ ਨਾ ਆਈਆ । ਮੈਨੂੰ ਅਰਜਨ ਦੇ ਚਰਨਾਂ ਨੇ ਦਿਤਾ ਕੱਟ, ਕਟਾਕਸ਼ ਮੇਰੇ ਅੰਦਰ ਲਗਾਈਆ ।
੭੧੧
੨੩
ਇਸ਼ਾਰਾ ਦਿਤਾ ਤੂੰ ਨਾਲੇ ਰੋ ਤੇ ਨਾਲੇ ਹੱਸ, ਦੋਵੇਂ ਰੰਗ ਵਖਾਈਆ । ਮੈਂ ਹੈਰਾਨ ਹੋ ਗਈ ਕਿਸ ਹੁਕਮ ਵਿਚ ਗਈ ਫਸ, ਪੱਲੂ ਸਕੇ ਨਾ ਕੋਇ ਛੁਡਾਈਆ । ਝਟ ਸਤਿਗੁਰ ਅਰਜਨ ਚਰਨ ਮੇਰੇ ਸੀਨੇ ਉਤੇ ਦਿਤਾ ਧੱਸ, ਜ਼ੋਰ ਨਾਲ ਦਬਾਈਆ । ਮੈਨੂੰ ਮਿਲਿਆ ਉਹ ਰਸ, ਜਿਸ ਰਸ ਨੂੰ ਰਸਨਾ ਚਖ ਨਾ ਸਕੇ ਰਾਈਆ । ਮੈਂ ਹੋ ਗਈ ਉਸੇ ਦੇ ਵਸ, ਪ੍ਰੇਮ ਵਿਚ ਦਿਆਂ ਸੁਣਾਈਆ । ਕੁਝ ਮੇਰਾ ਮਾਰਗ ਦੱਸ, ਜੁਗ ਚੌਕੜੀ ਕਿਉਂ ਭੱਜਾ ਵਾਹੋ ਦਾਹੀਆ । ਤੇਰੀ ਜੋਤ ਜਗੇ ਅੰਦਰ ਲਟ ਲਟ, ਬਾਹਰੋਂ ਖਲੜੀ ਛਾਲਿਆਂ ਨਾਲ ਭਰਾਈਆ । ਗੁਰ ਅਰਜਨ ਸੰਦੇਸਾ ਦਿਤਾ ਝਟ, ਸ਼ਬਦ ਸ਼ਬਦ ਨਾਲ ਸਮਝਾਈਆ । ਏਥੋਂ ਚੜ੍ਹਦੇ ਦਾ ਵੇਖ ਲੈ ਤੱਟ, ਆਪਣੀ ਅੱਖ ਉਠਾਈਆ । ਲਹਿੰਦੇ ਦੀ ਵੇਖ ਖਟ, ਖਟੀਆ ਕੀ ਸੁਣਾਈਆ । ਦੋਹਾਂ ਦਾ ਵਿਚੋਲਾ ਆਏ ਪੁਰਖ ਸਮਰਥ, ਜੋਤੀ ਜਾਤਾ ਧੁਰਦਰਗਾਹੀਆ । ਲਹਿੰਦੀ ਦਿਸ਼ਾ ਜਾਏ ਨੱਠ, ਆਪਣਾ ਪੰਧ ਮੁਕਾਈਆ । ਮੁਹੰਮਦ ਦਾ ਲੇਖਾ ਪੂਰਾ ਕਰੇ ਚਰਨ ਟਿਕਾਏ ਥਾਨ ਅਗੰਮੇ ਰਖ, ਜਿਥੇ ਬਿਨਾ ਨੈਣਾਂ ਨੈਣ ਗਿਆ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਰਾਵੀ ਕਹੇ ਮੈਂ ਹੋਰ ਕੀਤੀ ਪੁਕਾਰ, ਨਿਵ ਨਿਵ ਕੇ ਸੀਸ ਨਿਵਾਈਆ । ਮੇਰੇ ਨਿਰਗੁਣ ਨਾਨਕ ਦੀ ਧਾਰ, ਸਰਗੁਣ ਅਰਜਨ ਤੇਰੀ ਵੱਜੇ ਵਧਾਈਆ । ਤੇਰੇ ਸਰੀਰ ਨੇ ਛਡ ਜਾਣਾ ਸੰਸਾਰ, ਨਾਤਾ ਤਤਾਂ ਵੇਖਣ ਕੋਇ ਨਾ ਪਾਈਆ । ਕੁਛ ਅਗਲਾ ਦੱਸ ਵਿਚਾਰ, ਵਿਚਰ ਕੇ ਦੇ ਸੁਣਾਈਆ । ਰਾਵੀ ਕਹੇ ਝਟ ਸਤਿਗੁਰ ਨੇ ਨੇਤਰ ਲਿਆ ਉਘਾੜ, ਅੱਖ ਅੱਖ ਵਿਚੋਂ ਬਦਲਾਈਆ । ਮੈਨੂੰ ਪੋਹ ਨਾ ਸਕੇ ਅਗਨੀ ਤਤੀ ਹਾੜ, ਤਤੀ ਤਵੀ ਨਾ ਕੋਇ ਤਪਾਈਆ । ਮੇਰਾ ਸਾਥੀ ਧੁਰ ਦਾ ਯਾਰ, ਯਰਾਨਾ ਮੇਰੇ ਨਾਲ

ਰਖਾਈਆ । ਮੈਂ ਉਸੇ ਦਾ ਕਰਾਂ ਦੀਦਾਰ, ਬਿਨ ਨੈਣਾਂ ਨਜ਼ਰੀ ਆਈਆ । ਜਿਸ ਨੇ ਮੁਹੰਮਦ ਨਾਲ ਕੀਤੀ ਗੁਫ਼ਤਾਰ, ਗੁਫ਼ਤ ਸ਼ਨੀਦ ਭੇਵ ਖੁਲਾਈਆ । ਜਿਸ ਈਸਾ ਨੂੰ ਕੀਤਾ ਬੇਜ਼ਾਰ, ਗ਼ਫ਼ਲਤ ਨੀਂਦ ਵਿਚੋਂ ਬਾਹਰ ਕਢਾਈਆ । ਜਿਨ੍ਹ ਮੂਸਾ ਲਿਆ ਉਠਾਲ, ਨੂਰ ਨੁਰਾਨਾ ਡਗਮਗਾਈਆ । ਜਿਸ ਨਾਨਕ ਦਾ ਹੱਲ ਕੀਤਾ ਸਵਾਲ, ਫਿਕਰਾ ਇਕੋ ਇਕ ਦ੍ਰਿੜਾਈਆ । ਉਹ ਪਾਤਸ਼ਾਹ ਸ਼ਹਿਨਸ਼ਾਹ ਦੀਨ ਦਿਆਲ , ਦੀਨਾਂ ਬੰਧਪ ਇਕ ਅਖਵਾਈਆ । ਰਾਵੀ ਮੇਰੀ ਭਾਵੀ ਦਾ ਲਹਿਣਾ ਤੇਰਾ ਕਰੇ ਖ਼ਿਆਲ, ਭੁਲ ਵਿਚ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਸਮਝਾਈਆ । ਰਾਵੀ ਕਹੇ ਮੈਂ ਹੋਰ ਕੀਤੀ ਇਕ ਅਰਜ, ਦੋਵੇਂ ਕੰਨਾਂ ਨੂੰ ਹੱਥ ਲਗਾਈਆ । ਸਾਡੀ ਕੌਣ ਵੰਡੇਗਾ ਦਰਦ, ਦੁਖੀਆਂ ਹੋਵੇ ਕਵਣ ਸਹਾਈਆ । ਗੁਰੂ ਅਰਜਨ ਕਿਹਾ ਉਸ ਦਾ ਖੇਲ ਸਦਾ ਅਸਚਰਜ, ਅਚਰਜ ਲੀਲਾ ਦਏ ਵਰਤਾਈਆ । ਯੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਵੇਖਣ ਆਵੇ ਥਾਉਂ ਥਾਈਂਆ । ਤੇਰੀ ਲਹਿਣੇ ਪਾਵੇ ਦੇਣੇ ਵਾਲੀ ਗ਼ਰਜ਼, ਗਰਜੇ ਕਿ ਆਪਣੀ ਗ਼ਰਜ਼ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਰਾਵੀ ਕਹੇ ਮੇਰੀ ਉਛਲ ਕੇ ਸਤਿਗੁਰ ਦੇ ਚਰਨਾਂ ਨਾਲ ਲੱਗੀ ਰੇਤ, ਉਤੇ ਥੱਲੇ ਸੋਭਾ ਪਾਈਆ । ਮੈਂ ਕਿਹਾ ਪ੍ਰਭੂ ਹੁਣ ਦੱਸ ਦੇ ਆਪਣਾ ਭੇਤ, ਕੀ ਸਤਿਗੁਰ ਬੇਪਰਵਾਹੀਆ । ਝਟ ਹੁਕਮ ਹੋਇਆ ਬਿਨਾ ਅੱਖਾਂ ਤੇ ਉਹ ਵੇਖ, ਇਸ਼ਾਰਾ ਦਿਤਾ ਜਣਾਈਆ । ਜਿਹੜਾ ਵਸਣਾ ਸੰਬਲ ਦੇਸ, ਗ੍ਰਿਹਿ ਇਕੋ ਇਕ ਵਡਿਆਈਆ । ਉਹ ਮਾਲਕ ਹੋਏ ਨਰੇਸ਼, ਨਰ ਨਰਾਇਣ ਅਗੰਮ ਅਥਾਹੀਆ । ਜਿਸ ਸੁਤ ਦੁਲਾਰਾ ਬਣਾਉਣਾ ਦਸ ਦਸਮੇਸ, ਕਲ ਧਾਰੀ ਦਏ ਵਡਿਆਈਆ । ਜੋ ਸਦਾ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਤੂੰ ਉਸ ਦੇ ਹੋਣਾ ਪੇਸ਼, ਰਾਵੀ ਰਸਤਾ ਦਿਆਂ ਦ੍ਰਿੜਾਈਆ । ਜਿਸ ਝਗੜਾ ਮੁਕਾਉਣਾ ਮੁੱਲਾ ਸ਼ੇਖ਼, ਸ਼ਰਅ ਦਾ ਡੇਰਾ ਢਾਹੀਆ । ਨਾਲੇ ਤੱਕੇ ਅਰਬ ਦੇ ਦੇਸ, ਦੇਸੰਤਰਾਂ ਖੋਜ ਖੁਜਾਈਆ । ਤੇਰੇ ਨਾਲ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੁਹੰਮਦ ਦੀ ਆਸਾ ਨਾਲ ਲੈ ਕੇ ਆਏ ਮਿੱਟੀ ਕਵੇਤ, ਚੂੰਢੀ ਵਿਚੋਂ ਅੱਧੀ ਚੂੰਢੀ ਤੇਰੇ ਵਿਚ ਸੁਟਾਈਆ । ਫੇਰ ਤੇਰਾ ਖ਼ੁਸ਼ੀਆਂ ਨਾਲ ਭਰ ਜਾਏ ਪੇਟ, ਜਗਤ ਦੀ ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਵੇਖੋ ਨਾਰਦ ਆ ਗਿਆ ਕਹਿੰਦਾ ਮੇਰਾ ਲੇਖਾ ਕਿੱਥੇ ਛੱਡਿਆ ਲਪੇਟ, ਕੁਝ ਮੈਨੂੰ ਦੇ ਸਮਝਾਈਆ । ਐਂਵੇ ਵਰਾਂ ਨਾਲ ਪਾਣੀ ਨੂੰ ਬਣਾਈ ਨਾ ਜਾ ਸੇਠ, ਜੋ ਵਹਿੰਦਿਆਂ ਵਹਿਣਾਂ ਵਿਚ ਭੱਜੇ ਵਾਹੋ ਦਾਹੀਆ । ਪ੍ਰਭੂ ਮੈਂ ਤੇਰੇ ਉਤੇ ਰਖੀ ਟੇਕ, ਦੂਜਾ ਇਸ਼ਟ ਨਾ ਕੋਇ ਰਖਾਈਆ । ਮੇਰਾ ਹਕ ਨਾ ਕਿਸੇ ਨੂੰ ਵੇਚ, ਮੇਰੀ ਵਸਤ ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਰਾਵੀ ਕਹੇ ਨਾਰਦਾ ਤੂੰ ਕਿਉਂ ਪੰਡਤਾ ਸੜਦਾ, ਮੇਰੇ ਵਿਚੋਂ ਨਹਾ ਕੇ ਅੱਗ ਲੈ ਬੁਝਾਈਆ । ਨਾਰਦ ਕਹੇ ਰਾਵੀਏ ਮੈਂ ਇਕੋ ਅੱਖਰ ਪੜ੍ਹਦਾ, ਜਿਸ ਦੇ ਪੜ੍ਹਨ ਨਾਲ ਨਹਾਵਣ ਦੀ ਲੋੜ ਰਹੀ ਨਾ ਰਾਈਆ । ਰਾਵੀ ਕਹੇ ਤੂੰ ਕਿਹੜਾ ਕਾਰਜ ਕਰਦਾ, ਮੈਨੂੰ ਦੇ ਸਮਝਾਈਆ । ਨਾਰਦ ਕਹੇ ਮੈਂ ਇਕੋ ਬਚਨ ਦੱਸਾਂ ਜਿਸ ਨਾਲ ਸਾਰਾ ਕਾਰਜ ਸਰਦਾ, ਅੱਡੀ ਚੋਟੀ ਤਾਈਂ ਵੱਜੇ ਵਧਾਈਆ । ਮੈਂ ਪ੍ਰਭੂ ਨੂੰ ਆਖਾਂ ਤੂੰ ਮਾਲਕ ਮੇਰੇ ਘਰ ਦਾ, ਮੈਂ ਤੇਰੇ ਦਰ ਦਾ ਬਰਦਾ, ਦੋਹਾਂ ਦਾ ਇਕੋ ਗ੍ਰਿਹਿ ਸੋਭਾ ਪਾਈਆ । ਤੂੰ ਦੀਪਕ ਜੋਤੀ ਬਲਦਾ, ਮੈਂ ਓਸੇ ਦੇ ਵਿਚ ਰਲਦਾ, ਵੱਖਰਾ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਵੀ ਕਹੇ ਮੇਰੇ ਅੰਦਰ ਇਕ ਹੋਰ ਉਠੀ ਹੁੱਕ, ਮੈਂ ਹੁਕਮ ਪੁਛਿਆ ਚਾਈਂ ਚਾਈਆ । ਸਤਿਗੁਰ ਅਰਜਨ ਕਦੋਂ ਕੂੜ ਦਾ ਪੈਂਡਾ ਜਾਏ ਮੁਕ, ਮੈਨੂੰ ਦੇ ਸਮਝਾਈਆ । ਨਾਲੇ ਟੇਢੀ ਹੋ ਗਈ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਝਟ ਸਤਿਗੁਰ ਨੇ ਬੋਲੀ ਇਕ ਤੁਕ, ਤੂੰ ਮੇਰਾ ਮੈਂ ਤੇਰਾ ਦਿਤਾ ਸੁਣਾਈਆ । ਇਹ ਸ਼ਬਦ ਦੀ ਧਾਰ ਚਲਾਏ ਨਿਰੰਕਾਰ ਜਿਸ ਨੇ ਸਭ ਦਾ ਬਦਲਣਾ ਰੁਖ਼, ਦੀਨ ਦੁਨੀ ਦੇਣੀ ਬਦਲਾਈਆ । ਰਾਵੀ ਕਹੇ ਮੈਂ ਸੁੱਖਣਾ ਲਵਾਂ ਸੁੱਖ, ਅੱਜ ਦੀ ਆਸ ਰਖਾਈਆ । ਜਦ ਆਵੇਂ ਤੇ ਮੇਰਾ ਮੇਟੀਂ ਦੁੱਖ, ਦੁਖੀਆਂ ਦਰਦ ਵੰਡਾਈਆ । ਮੈਂ ਤੇਰਾ ਦਰਸ਼ਨ ਕਰਾਂ ਹੋ ਕੇ ਸਨਮੁਖ, ਬਿਨ ਨੈਣਾਂ ਨੇਤਰ ਨੈਣ ਲਵਾਂ ਬਿਗਸਾਈਆ । ਕਿਤੇ ਲੰਘ ਨਾ ਜਾਵੀਂ ਚੁਪੀਤਾ ਚੁਪ, ਆਪਣਾ ਪੰਧ ਮੁਕਾਈਆ । ਝਟ ਅਰਜਨ ਨੇ ਕਿਹਾ ਰਾਵੀਏ ਉਹਦੇ ਨਾਲ ਹੋਣਾ ਸਤਿਗੁਰ ਸ਼ਬਦ ਗੋਬਿੰਦ ਸੁਤ, ਜੋ ਤੈਨੂੰ ਸੁੱਤੀ ਨੂੰ ਲਏ ਜਗਾਈਆ । ਤੈਨੂੰ ਸੁਰਤ ਨਹੀਂ ਰਹਿਣੀ ਮੈਂ ਕਿਹੜੇ ਵੇਲੇ ਸਵਾਰਾਂ ਆਪਣੀ ਗੁਤ, ਤਨ ਸ਼ਿੰਗਾਰ ਬਣਾਈਆ । ਸਵਾਮੀ ਨੂੰ ਕਰਾਂ ਖ਼ੁਸ਼, ਮੁਸਕਰਾਹਟ ਵਿਚ ਮੁਸਕਰਾਈਆ । ਉਸ ਨੇ ਇਕੋ ਵਾਰ ਬਦਲ ਕੇ ਆਪਣਾ ਰੁਖ਼, ਦਰ ਤੇਰਾ ਘਾਟ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਾ ਰੰਗ ਦਏ ਰੰਗਾਈਆ । ਨਾਰਦ ਕਹੇ ਪ੍ਰਭੂ ਕੀ ਰਾਵੀ ਦੀਆਂ ਆਸਾਂ, ਅਸਲ ਦੇ ਸਮਝਾਈਆ । ਕੀ ਓਸ ਦੀਆਂ ਅਰਦਾਸਾਂ, ਖ਼ਾਹਿਸ਼ਾਂ ਕੀ ਦ੍ਰਿੜਾਈਆ । ਕੀ ਉਸ ਦੀਆਂ ਸ਼ਾਖ਼ਾਂ, ਟਹਿਣੀ ਟਹਿਣੀ ਫੋਲ ਫੁਲਾਈਆ । ਕੀ ਉਸ ਦੀਆਂ ਬਾਤਾਂ, ਬਾਤਨ ਪਰਦਾ ਦੇ ਚੁਕਾਈਆ । ਰਾਵੀ ਕਹੇ ਨਾਰਦਾ ਜਿਸ ਵੇਲੇ ਕਲ ਹੋਈਆਂ ਅੰਧੇਰੀਆਂ ਰਾਤਾਂ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪੈਣਾ ਜਾਤਾਂ ਪਾਤਾਂ, ਦੀਨ ਮਜ਼੍ਹਬ ਕਰੇ ਲੜਾਈਆ । ਮਕਬਰਿਆਂ ਵਿਚ ਰੋਵਣ ਲਾਸ਼ਾਂ, ਮਸਾਣਾਂ ਵਿਚ ਪਵਣ ਰੂਪ ਦੇਣ ਦੁਹਾਈਆ । ਇਹ ਹੋਣਾ ਅੰਤਮ ਤਮਾਸ਼ਾ, ਹਰਿ ਕਰਤਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਨੂੰ ਨਹੀ ਹੋਈ ਤਸੱਲੀ, ਧੀਰਜ ਧੀਰ ਨਾ ਕੋਇ ਧਰਾਈਆ । ਮੈਨੂੰ ਖ਼ਬਰ ਦੱਸ ਇਕ ਇਕੱਲੀ, ਕੀ ਕੁਲ ਮਾਲਕ ਰਿਹਾ ਦ੍ਰਿੜਾਈਆ । ਉਹ ਪੈਗ਼ੰਬਰ ਹੋਵੇ ਕਿ ਵਲੀ, ਕਿ ਹਜ਼ਰਤ ਨੂਰ ਅਲਾਹੀਆ । ਉਹ ਤੁਰੇ ਫਿਰੇ ਕਿ ਪਾਵੇ ਜਲੀ, ਮਸਤ ਮਸਤਾਨਾ ਰੂਪ ਬਣਾਈਆ । ਕੀ ਉਹਨੂੰ ਸਜਦਾ ਕਰੇ ਅਲੀ, ਮੁਹੰਮਦ ਸੀਸ ਝੁਕਾਈਆ । ਕੀ ਉਹਦੀ ਮੰਦਰਾਂ ਵਿਚ ਵੱਜੇ ਟੱਲੀ, ਘੜਿਆਲ ਦੇਣ ਦੁਹਾਈਆ । ਕੀ ਉਸ ਦੀ ਧਾਰ ਤੱਟਾਂ ਕਿਨਾਰਿਆਂ ਵਹਿਣਾਂ ਧਾਰਾਂ ਵਿਚ ਹੋਵੇ ਰਲੀ, ਭੇਵ ਦੇ ਚੁਕਾਈਆ । ਜਿਸ ਦੀ ਚਾਰ ਜੁਗ ਸਾਰੇ ਦਿੰਦੇ ਰਹੇ ਬਲੀ, ਬਲ ਬਾਵਨ ਖੇਲ ਖਿਲਾਈਆ । ਰਾਵੀ ਕਹੇ ਨਾਰਦਾ ਮੈਂ ਉਸੇ ਦੇ ਦਰ ਦਵਾਰ ਤੇ ਖਲੀ, ਉਸੇ ਦਾ ਰਾਹ ਤਕਾਈਆ । ਹੋਕਾ ਦੇਵਾਂ ਗਲੀਓ ਗਲੀ, ਚਾਰ ਕੁੰਟ ਕਰਾਂ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਨਾਰਦ ਕਹੇ ਕੁਛ ਦੱਸ ਦੇ ਉਸ ਦੀ ਨਿਸ਼ਾਨੀ, ਕੀ ਸਤਿਗੁਰ ਅਰਜਨ ਗਿਆ ਜਣਾਈਆ । ਰਾਵੀ ਕਹੇ ਉਹ ਨੂਰ ਜੋਤ ਮਹਾਨੀ, ਮਹਿੰਮਾ ਬੇਪ੍ਰਵਾਹੀਆ । ਜਿਸ ਦੀ ਸਿਫ਼ਤ ਲਿਖ ਸਕੇ ਨਾ ਕਾਨੀ, ਕਾਇਨਾਤ ਨਾ ਕੋਇ ਵਡਿਆਈਆ । ਉਸ ਆਪਣੀ ਆਪ ਕਰਨੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਜੀਵ ਤਰ ਨਾ ਸਕੇ ਕਰਨ ਵਾਲੇ ਇਸ਼ਨਾਨੀ, ਪੂਜਾ ਪਾਠ ਕੰਮ ਕਿਸੇ ਨਾ ਆਈਆ ।

੭੧੩
੨੩

ਉਹ ਵੇਖਣਹਾਰਾ ਦੋ ਜਹਾਨਾਂ ਤੱਕੇ ਥਾਉਂ ਥਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਅੰਜੀਲ ਕੁਰਾਨੀ, ਜਗਤ ਕੁਰਹਿਆਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਾਵੀ ਕਹੇ ਨਾਰਦਾ ਇਕ ਹੋਰ ਗੱਲ ਸੁਣ ਲੈ ਚਿੱਟੀ, ਜਿਸ ਦਾ ਨਿਸ਼ਾਨ ਨਜ਼ਰ ਕੋਇ ਨਾ ਆਈਆ । ਜਿਸ ਹਾਹੇ ਉਤੇ ਲਾਈ ਟਿੱਪੀ, ਆਤਮਾ ਲਈ ਪ੍ਰਗਟਾਈਆ । ਉਨ੍ਹ ਪੰਡਤਾ ਸ਼ਰਅ ਨੂੰ ਛਡਣਾ ਅਰਬ ਦੇਸ਼ ਚੋਂ ਮੇਰੇ ਵਾਸਤੇ ਲਿਆਉਣੀ ਮਿੱਟੀ, ਦੋਹਾਂ ਦਾ ਨਾਤਾ ਬਾਹਮੀ ਦਏ ਜੁੜਾਈਆ । ਮਜ਼੍ਹਬ ਤੋਂ ਸਭ ਨੂੰ ਕਰਾ ਦੇਣੀ ਛੁੱਟੀ, ਛੁਟਕਾਰਾ ਕਰੇ ਖ਼ਲਕ ਖ਼ੁਦਾਈਆ । ਮੈਂ ਉਸੇ ਦੀ ਸੇਵਾ ਵਿਚ ਕਰਦੀ ਬੁੱਤੀ, ਬੁਤਖ਼ਾਨਿਆਂ ਉਤੇ ਆਪਣਾ ਪਾਣੀ ਲਾਈਆ । ਪਰ ਮੇਰੀ ਫੇਰ ਸੋਹੇਗੀ ਰੁਤੀ, ਜਿਸ ਵੇਲੇ ਮੇਰੀ ਰੁਤੜੀ ਦਏ ਮਹਿਕਾਈਆ । ਨਾਰਦ ਕਹੇ ਮੈਂ ਇਕ ਹੋਰ ਗੱਲ ਤੈਨੂੰ ਰਿਹਾ ਪੁਛੀ, ਸਚ ਦੇ ਸਮਝਾਈਆ । ਉਹਦੀ ਸੂਰਤ ਉਹਦੀ ਮੂਰਤ ਕਿਸ ਬਿਧ ਭੇਵ ਖੁਲਾਏ ਗੁੱਝੀ, ਤੇਰਾ ਕੰਢਾ ਕੀ ਦਿੜਾਈਆ । ਰਾਵੀ ਕਹੇ ਉਹ ਦਰਵੇਸ਼ ਹੋਣਾ ਨਰੇਸ਼ ਹੋਣਾ ਨਾ ਪੈਰੀਂ ਹੋਣੀ ਜੁੱਤੀ, ਜੋਤਾਂ ਵਾਲੇ ਸਾਰੇ ਆਪਣੇ ਵਿਚ ਮਿਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਉਹਦੇ ਅੰਦਰ ਆਪਣੀ ਜਗਹ ਰਖਣੀ ਲੁਕੀ, ਸਾਰੇ ਇਕੱਠੇ ਹੋ ਕੇ ਡੇਰਾ ਲਾਈਆ । ਜਿਸ ਵੇਲੇ ਸਦੀ ਚੌਧਵੀਂ ਅੰਤਮ ਢੁਕੀ, ਉਹ ਢੁਕਵਾਂ ਵੇਲਾ ਮੇਰੇ ਨਾਲ ਸੁਹਾਈਆ । ਨਾਰਦਾ ਤੂੰ ਵੀ ਬੋਦੀ ਨੂੰ ਫੜ ਕੇ ਉਠੀਂ, ਜਿਸ ਬੋਦਿਆਂ ਵਾਲੇ ਲੈਣੇ ਉਠਾਈਆ । ਫਿਰ ਕਿਸੇ ਕੰਮ ਨਹੀਂ ਆਉਣਾ ਪਾਠ ਕੀਤਾ ਬੁੱਲਾਂ ਤੇ ਬੁੱਟੀਂ, ਜਿੰਨਾਂ ਚਿਰ ਹਿਰਦੇ ਹਰਿ ਨਾ ਕਿਸੇ ਵਸਾਈਆ । ਉਹ ਪਿਛਲੀ ਪ੍ਰੀਤੀ ਸਭ ਦੇ ਨਾਲੋਂ ਜਾਣੀ ਟੁੱਟੀ, ਅਗਲੀ ਅਗੇ ਆਪਣੀ ਗੰਢ ਪਵਾਈਆ । ਚਹੁੰ ਜੁਗਾਂ ਦਿਆਂ ਸਿਕਦਾਰਾਂ ਨੂੰ ਦੇਵੇ ਛੁਟੀ, ਛੁਟਕਾਰਾ ਦਏ ਕਰਾਈਆ । ਇਕ ਹੋਰ ਖੇਲ ਕਰਨੀ ਉਨ੍ਹ ਦਿਨ ਦਿਹਾੜੇ ਸਾਰੀ ਦੁਨੀਆ ਜਾਣੀ ਲੁੱਟੀ, ਲੁਟੇਰਾ ਨਜ਼ਰ ਕਿਸੇ ਨਾ ਆਈਆ । ਰਾਵੀ ਕਹੇ ਮੈਂ ਉਸ ਵੇਲੇ ਰਾਵੀ ਦਾ ਕੰਢਾ ਨਹੀਂ ਹੋਣਾ ਤੇ ਮੇਰੇ ਉਤੇ ਬੱਝੀ ਹੋਵੇਗੀ ਧੁੱਸੀ, ਧਰਮ ਦੀ ਧਾਰ ਨਾਲ ਜਣਾਈਆ । ਮੈਂ ਫੇਰ ਨਹੀਂ ਰਹਿਣਾ ਰੁੱਸੀ, ਪੰਜੇ ਲਿਖਾਰੀ ਦੇਣ ਗਵਾਹੀਆ । ਮੈਂ ਰਾਹੋਂ ਨਹੀਂ ਰਹਿਣਾ ਘੁੱਸੀ, ਭੱਜਾਂ ਵਾਹੋ ਦਾਹੀਆ । ਨਾਰਦਾ ਤੂੰ ਤਾਅ ਦੇਵੀਂ ਮੁੱਛੀ, ਤੇ ਬੋਦੀ ਲਈਂ ਅਕੜਾਈਆ । ਨਾਰਦ ਕਹੇ ਮੈਨੂੰ ਤੇ ਧੁਰ ਦੇ ਹਜ਼ਾਮ ਨੇ ਇਕੋ ਵਾਰ ਮੁੱਛ ਦਾਹੜੀ ਕੱਟਣ ਵਾਲੀ ਦਿਤੀ ਗੁਛੀ, ਜਿਸ ਦਾ ਕੱਟਿਆ ਵਾਲ ਨਜ਼ਰ ਕੋਇ ਨਾ ਆਈਆ । ਮੇਰੀ ਆਸ਼ਾ ਸਦਾ ਸੁੱਚੀ, ਸਚ ਸਚ ਸਚ ਵਿਚ ਸਮਾਈਆ । ਰਾਵੀ ਕਿਹਾ ਪਰ ਯਾਦ ਕਰੀਂ ਉਸ ਵੇਲੇ ਦੀਨ ਦੁਨੀਆ ਦੀ ਤਮੰਨਾ ਖ਼ਾਹਿਸ਼ ਮਨਾਂ ਵਾਲੀ ਹੋਣੀ ਲੁੱਚੀ, ਮਨਸਾ ਮਨ ਸਕੇ ਨਾ ਕੋਇ ਬਦਲਾਈਆ । ਤੇ ਪੰਡਤ ਪਾਂਧੇ ਸਾਰੇ ਹੋਣੇ ਦੁਖੀ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਹਰਿ ਸਾਹਿਬ ਧੁਰਦਰਗਾਹੀਆ । ਰਾਵੀ ਕਹੇ ਮੈਂ ਖ਼ੁਸ਼ੀਆਂ ਨਾਲ ਵਿਛਾਵਾਂ ਪਲੰਘ, ਸੇਜਾ ਸੀਨੇ ਵਾਲੀ ਸੁਹਾਈਆ । ਜਨ ਭਗਤੋ ਮੋਹੇ ਚਾਓ ਘਨੇਰਾ ਮੈਂ ਵੇਖਾਂ ਕੁਵੈਤ ਵਾਲੀ ਮਿੱਟੀ ਦਾ ਰੰਗ, ਰੰਗ ਦੋ ਜਹਾਨਾਂ ਦਿਆਂ ਵਖਾਈਆ । ਝਟ ਉਠ ਖਲੋਤੀ ਖ਼ੁਸ਼ੀਆਂ ਨਾਲ ਗੰਗ, ਗੰਗਾ ਨੈਣ ਉਠਾਈਆ । ਜਮਨਾ ਮੰਗਣ ਲੱਗੀ ਮੰਗ, ਸੁਰਸਤੀ ਨਾਲ ਮਿਲਾਈਆ । ਗੋਦਾਵਰੀ ਕਹੇ ਮੇਰਾ ਭਾਗ ਰਹੇ ਨਾ ਮੰਦ, ਮੈਂ ਵੀ ਦਰਸ਼ਨ ਕਰਾਂ ਚਾਈਂ ਚਾਈਆ । ਨਾਰਦ ਕਹੇ ਪਹਿਲੋਂ ਮੈਨੂੰ ਹੱਸ ਕੇ ਵਖਾਓ ਆਪਣੇ ਦੰਦ, ਦੰਦਾਸੇ ਵਾਲਿਓ ਆਪਣਾ ਮੁਖ ਬਦਲਾਈਆ । ਫੇਰ ਤੱਕੋ ਨਿਸ਼ਾਨ ਤਾਰਾ ਚੰਦ, ਜੋ ਮੁਹੰਮਦ ਦੀ

ਦਏ ਗਵਾਹੀਆ । ਫੇਰ ਸੁਣੋ ਮੇਰੇ ਅੰਦਰ ਦਾ ਪ੍ਰਸੰਗ, ਨਾਰਦ ਕਹੇ ਮੈਂ ਤੁਹਾਨੂੰ ਦਿਆਂ ਸੁਣਾਈਆ । ਤੁਸੀਂ ਸੁਣ ਕੇ ਕੰਨਾਂ ਨੂੰ ਹੱਥ ਲਾਇਓ ਮੇਰਾ ਪੱਕਾ ਨਾ ਬਣਾਇਓ ਸੰਗ, ਮੇਰਾ ਘਰ ਘਰਾਨਾ ਨਜ਼ਰ ਕੋਇ ਨਾ ਆਈਆ । ਮੈਂ ਕਦੀ ਕਿਤੋਂ ਤੇ ਕਦੀ ਕਿਤੋਂ ਖਾਵਾਂ ਇਕ ਡੰਗ, ਜਗਤ ਖ਼ਜ਼ਾਨਾ ਮਾਲ ਨਾ ਕੋਇ ਭਰਾਈਆ । ਜੇ ਤੁਹਾਨੂੰ ਕਿਤੋਂ ਨਹੀਂ ਮਿਲੀ ਤੇ ਮੇਰੇ ਕੋਲੋਂ ਲੈ ਲਓ ਭੁੱਖ ਨੰਗ, ਨਾਰਦ ਬੋਦੀ ਨੂੰ ਭਵਾ ਕੇ ਰਿਹਾ ਵਖਾਈਆ । ਤੁਸੀਂ ਆਏ ਰਾਵੀ ਦੇ ਕੰਢੇ ਤੇ ਮੰਡ, ਜਿਥੇ ਮੰਡੇ ਪਕਾਉਣ ਵਾਲੀ ਨਜ਼ਰ ਕੋਇ ਨਾ ਆਈਆ । ਜੇ ਤੁਹਾਨੂੰ ਗਰਮੀ ਲੱਗੇ ਤੇ ਸਵਾਣੀਓ ਪਾਣੀ ਵਿਚ ਨਹਾ ਕੇ ਪਾ ਲਓ ਠੰਡ, ਆਪਣੀ ਅਗਨੀ ਲਓ ਬੁਝਾਈਆ । ਫੇਰ ਮੇਰੇ ਨਾਲ ਗਾਓ ਆਪਣਾ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਤੇ ਦੋਵੇਂ ਧਿਰਾਂ ਅੰਦਰੋਂ ਢਾਹ ਦਈਏ ਭਰਮਾਂ ਵਾਲੀ ਕੰਧ, ਕੰਢੀ ਤੇ ਬੈਠੇ ਕੰਢਾ ਅਗਲਾ ਪਿਛਲਾ ਪਾਰ ਕਰਾਈਆ । ਤੁਸੀਂ ਵੀ ਖ਼ਾਲੀ ਹੱਥੀਂ ਨਾ ਕੋਈ ਚੂੜੀ ਨਾ ਕੋਈ ਬੰਦ, ਮੈਨੂੰ ਐਂ ਜਾਪਦਾ ਬੰਦਗੀ ਕਰਨ ਵਾਲੀਆਂ ਸੋਭਾ ਪਾਈਆ । ਮੈਂ ਵੀ ਪ੍ਰਭੂ ਦੇ ਹੁਕਮ ਵਿਚ ਪਾਬੰਦ, ਲਾਲਚ ਵਿਚ ਨਾ ਕਦੇ ਲਲਚਾਈਆ । ਪਰ ਯਾਦ ਰਖਿਓ ਜਦੋਂ ਨੌਵਾਂ ਦੇਸਾਂ ਦਾ ਇਕੱਠਾ ਹੋਣ ਲੱਗਾ ਜੰਗ, ਅਸੀਂ ਇਕੱਠੇ ਹੋ ਕੇ ਪ੍ਰਭ ਦੇ ਚਰਨਾਂ ਡੇਰਾ ਲਈਏ ਲਾਈਆ । ਉਚੀ ਉਚੀ ਨਾ ਪਾਉਣਾ ਡੰਡ, ਡੰਡਾ ਮੇਰਾ ਦਏ ਗਵਾਹੀਆ । ਆਹ ਰੇਤ ਨਹੀਂ ਇਹ ਮਿੱਟੀ ਨਹੀਂ ਇਹ ਪ੍ਰਭੂ ਪਿਆਰ ਦੀ ਖੰਡ, ਜਿਹੜੀ ਕਵੈਤ ਵਿਚੋਂ ਰਾਵੀ ਦੇ ਨਾਲ ਮਿਲਾ ਕੇ ਰਵਾਦਾਰੀ ਦਾ ਲੇਖਾ ਦਏ ਚੁਕਾਈਆ । ਤੁਸੀਂ ਮੇਰੇ ਨਾਲ ਕਰਿਓ ਹੇਤ, ਹਿਤਕਾਰੀ ਹੋ ਕੇ ਵੇਖਾਂ ਚਾਈਂ ਚਾਈਂਆ । ਉਹ ਰਾਵੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਜ ਦਿਹਾੜਾ ਚੰਗਾ ਪੰਜ ਚੇਤ, ਪੰਜਾਂ ਦਾ ਮੀਤਾ ਵੇਖੋ ਬੇਪਰਵਾਹੀਆ । ਫਿਰ ਸਾਰੇ ਭਾਰਤ ਵਿਚ ਰਲ ਕੇ ਖੇਡੀਏ ਖੇਡ, ਭੱਜੀਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਪੰਚਮ ਚੇਤ ਕਹੇ ਰਾਵੀ ਮੈਂ ਨਹੀਂ ਕਿਸੇ ਦਾ ਪੁਜਾਰੀ, ਪੂਜਣ ਵਾਲੀ ਆਦਤ ਨਾ ਕੋਇ ਰਖਾਈਆ । ਨਾਰਦ ਕਹੇ ਮੈਂ ਵੀ ਕਦੇ ਕੀਤੀ ਨਹੀਂ ਗ਼ਦਾਰੀ, ਆਪਣਾ ਮੁਖ ਨਾ ਕਦੇ ਭਵਾਈਆ । ਰਾਵੀ ਕਹੇ ਮੈਂ ਵੀ ਆਪਣੇ ਵਹਿਣ ਨੂੰ ਕਦੇ ਬਦਲਿਆ ਨਹੀਂ ਪਿਛੇ ਕਿਸੇ ਵਾਰੀ, ਜੋ ਆਇਆ ਸੋ ਅਗੇ ਦਿਤਾ ਰੁੜ੍ਹਾਈਆ । ਏਸੇ ਕਰ ਕੇ ਮੇਰਾ ਸਵਾਮੀ ਕਰਤਾ ਗ਼ਰੀਬਾਂ ਨਿਮਾਣਿਆਂ ਕੋੜਿਆਂ ਦੀ ਪੈਜ ਰਿਹਾ ਸਵਾਰੀ, ਫੜ ਬਾਹੋਂ ਗਲੇ ਲਗਾਈਆ । ਜਿਥੇ ਪੋਹ ਨਾ ਸਕੇ ਮੌਤ ਲਾੜੀ, ਰਾਏ ਧਰਮ ਨਾ ਦਏ ਸਜ਼ਾਈਆ । ਕਿਉਂ ਇਹਦੀ ਯਰਾਨਿਆਂ ਤੋਂ ਬਾਹਰ ਯਾਰੀ, ਜਿਸ ਯਾਰੀ ਦਾ ਰੂਪ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਜੁਗਾਂ ਪਿਛੋਂ ਇਹ ਬਣਦਾ ਭਗਤਾਂ ਦਾ ਅਧਾਰੀ, ਏਕਾ ਵਾਰ ਇਕ ਇਕੱਲਾ ਸਾਰੇ ਇਕੱਠੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਮਿੱਟੀ ਕਹੇ ਜਨ ਭਗਤੋ ਮੈਂ ਆਈ ਪ੍ਰਦੇਸਣ ਤੇ ਵੜੀ ਰਾਵੀ ਦੇ ਅੰਦਰ, ਤੇ ਮੰਦਰ ਸਤਿਗੁਰ ਦਿਤਾ ਬਣਾਈਆ । ਮੇਰਾ ਪ੍ਰੇਮ ਵਿਚ ਖੁਲ੍ਹ ਗਿਆ ਜੰਦਰ, ਕੁੰਡੀ ਖਿੜਕੀ ਦਿਤੀ ਖੁਲਾਈਆ । ਜਾਂ ਮੈਂ ਨਿਗਾਹ ਮਾਰੀ ਅੰਦਰ, ਅੰਦਰ ਉਹੋ ਬੈਠਾ ਜਿਸ ਨੂੰ ਮੁਹੰਮਦ ਕਿਹਾ ਨੂਰ ਅਲਾਹੀਆ । ਮੈਂ ਇਸ਼ਾਰਾ ਦਿਤਾ ਵੇਖ ਤਾਰੇ ਚੰਦਰ, ਉਮਤ ਦਿਆ ਨਿਸ਼ਾਨਿਆ ਤੈਨੂੰ ਦਿਆਂ ਸਮਝਾਈਆ । ਸਾਰੇ ਪੈਗ਼ੰਬਰਾਂ ਭੇਡਾਂ ਪਸ਼ੂ ਚਾਰੇ ਡੰਗਰ, ਫੇਰ ਕਲਮੇ ਪੜ੍ਹ ਕੇ ਤੇ ਹਕ ਦੀ ਆਵਾਜ਼ ਹਕ ਨੇ ਦਿਤੀ ਸੁਣਾਈਆ । ਜੇ ਹੁਣ ਸਾਡਾ ਰਹੀਮ ਵੇਖੇ ਕਰੀਮ ਵੇਖੇ ਪਰਵਰਦਿਗਾਰ ਵੇਖੇ

ਸਾਂਝਾ ਯਾਰ ਵੇਖੇ ਅਮਾਮ ਵੇਖੇ ਜਿਹਦੀ ਅਵਤਾਰ ਪੈਗ਼ੰਬਰ ਗੁਰੂਆਂ ਨੂੰ ਤਾਲੀਮ, ਮਨੁਸ਼ਾਂ ਤੋਂ ਬਾਹਰ ਆਪਣਾ ਡੇਰਾ ਬੈਠਾ ਲਾਈਆ । ਜਿਸ ਸ਼ਰਅ ਨਾਲ ਸ਼ਰਅ ਦੀ ਕੀਤੀ ਤਕਸੀਮ, ਹੱਦ ਹਦੂਦਾਂ ਦਿਤੀਆਂ ਬਣਾਈਆ । ਉਹ ਮਾਲਕ ਇਕ ਕਦੀਮ, ਕੁਦਰਤ ਦਾ ਕਾਦਰ ਇਕ ਅਖਵਾਈਆ । ਉਹ ਨੂਰ ਨੁਰਾਨਾ ਹੁਸੀਨ, ਹਸਨ ਹੁਸੈਨ ਜਿਸ ਦੇ ਪਿਛੇ ਸ਼ਹਾਦਤ ਗਏ ਭੁਗਤਾਈਆ । ਜਿਸ ਨੇ ਪਾਖਰ ਪਾਈ ਗੋਬਿੰਦ ਦੇ ਨੀਲੇ ਘੋੜੇ ਜੀਨ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਉਹਦਾ ਖੇਲ ਆਲੀਸ਼ਾਨ ਤੇ ਉਸੇ ਨੂੰ ਸਾਰੇ ਕਹੀਏ ਆਮੀਨ, ਨਿਵ ਨਿਵ ਸੀਸ ਝੁਕਾਈਆ । ਜਿਸ ਨੇ ਸਾਰੀ ਬਦਲ ਦੇਣੀ ਪਿਛਲੀ ਕੀਤੀ ਤਕਸੀਮ, ਦੀਨ ਦੁਨੀ ਦਾ ਕੁਰਹ ਇਕੋ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਸੁਣਾਈਆ । ਨਾਰਦ ਕਹੇ ਰਾਵੀ ਮੇਰੇ ਅੰਦਰ ਕੁਝ ਪੈ ਰਿਹਾ ਸ਼ੱਕ, ਸ਼ੱਕੀ ਹੋ ਕੇ ਦਿਆਂ ਜਣਾਈਆ । ਇਹ ਕੋਈ ਮਾਲਕ ਨਹੀਂ ਹਕ, ਜੋ ਤਤਾਂ ਖੇਲ ਖਿਲਾਈਆ । ਮੈਨੂੰ ਦੱਸ ਵਾਹਿਦ ਉਹ ਯੱਕ, ਜੋ ਨੂਰ ਨੁਰਾਨਾ ਡਗਮਗਾਈਆ । ਰਾਵੀ ਕਹਿੰਦੀ ਏ ਪੰਡਤਾ ਪਿਛੇ ਹਟ, ਤੈਨੂੰ ਦਿਆਂ ਵਖਾਈਆ । ਉਹ ਜਿਸ ਮੇਰਾ ਸੁਹਾਇਆ ਤਟ, ਤੁਟਿਆਂ ਨੂੰ ਜੋੜ ਜੁੜਾਈਆ । ਉਹ ਵਸਣਹਾਰਾ ਘਟ ਘਟ, ਘਟ ਘਟ ਅੰਦਰ ਡੇਰਾ ਲਾਈਆ । ਜੋਤੀ ਜਾਮਾ ਆਇਆ ਪਲਟ, ਪਲਟਾ ਦੀਨ ਦੁਨੀ ਕਰਾਈਆ । ਤੇਰੇ ਮੇਰੇ ਖ਼ਾਲੀ ਰਹਿ ਜਾਣੇ ਹੱਥ, ਬਿਨਾ ਉਸ ਦੀ ਕਿਰਪਾ ਤੋਂ ਵਸਤ ਹੱਥ ਨਾ ਕੋਇ ਫੜਾਈਆ । ਕਿਉਂ ਉਹ ਸਰਬ ਕਲਾ ਸਮਰਥ, ਸਵਾਮੀ ਧੁਰਦਰਗਾਹੀਆ । ਉਸੇ ਦੇ ਸਭ ਕੁਛ ਹੱਥ, ਕਰਨ ਕਰਾਵਣਹਾਰ ਇਕ ਅਖਵਾਈਆ । ਮੈਂ ਤੇ ਚਰਨ ਕਵਲਾਂ ਉਤੇ ਗਈ ਢੱਠ, ਢਹਿ ਢਹਿ ਕੇ ਧੂੜੀ ਖ਼ਾਕ ਰਮਾਈਆ । ਜੇ ਸਚ ਪੁਛੇਂ ਓਸ ਦੇ ਦਰਸ਼ਨ ਨੂੰ ਤਰਸਦੇ ਅੱਠ ਸੱਠ, ਆਹ ਵੇਖ ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀਆਂ ਝੋਲੀ ਡਾਹੀਆ । ਨਾਲੇ ਰੋਂਦੀਆਂ ਆਪਣੀ ਅੱਖ, ਹੰਝੂਆਂ ਹਾਰ ਬਣਾਈਆ । ਪ੍ਰਭੂ ਸਾਡੇ ਸਿਰ ਤੇ ਹੱਥ ਰਖ, ਹੋ ਆਪ ਸਹਾਈਆ । ਸਾਡੇ ਵਿਚ ਅੰਮ੍ਰਿਤ ਨਹੀਂ ਰਿਹਾ ਤੇ ਸਾਨੂੰ ਅੰਮ੍ਰਿਤ ਦੇ ਦੇ ਰਸ, ਇਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਦੇ ਮਿਲਾਈਆ । ਨਾਰਦ ਕਹੇ ਰਾਵੀ ਉਹ ਸਤਿਗੁਰ ਸ਼ਬਦ ਜ਼ਰੂਰ ਕਰੇ ਮਿਹਰ, ਮਿਹਰਵਾਨ ਅਖਵਾਈਆ । ਕਦੇ ਨਾ ਲਾਵੇ ਦੇਰ, ਦੂਰ ਦੁਰਾਡਾ ਪੰਧ ਮੁਕਾਈਆ । ਉਹ ਬਹਾਦਰ ਯੋਧਾ ਦਲੇਰ, ਸੂਰਬੀਰ ਅਖਵਾਈਆ । ਓਹ ਸਿੰਘ ਧਾਰ ਸਿੰਘ ਸ਼ੇਰ, ਸ਼ਰਅ ਦੇ ਬੰਧਨ ਦਏ ਕਟਾਈਆ । ਮੈਂ ਖ਼ੁਸ਼ ਤਾਂ ਹੋਵਾਂ ਜੇ ਸਾਰੀ ਸੰਗਤ ਨੂੰ ਬੇਰੀਆਂ ਦੇ ਖਵਾਏ ਬੇਰ, ਜਿਹੜੇ ਨਾਨਕ ਨੇ ਬੇਰੀ ਕੋਲ ਬਹਿ ਕੇ ਇਸ਼ਾਰਾ ਸਿਆਲ ਕੋਟ ਵਿਚ ਕਰਾਈਆ । ਫੇਰ ਅਸੀਂ ਉਸੇ ਦੇ ਚੇਰ, ਤੇ ਚੇਲੇ ਹੋ ਕੇ ਸੀਸ ਨਿਵਾਈਆ । ਨਾਰਦ ਕਹੇ ਮੇਰਾ ਬਸਤਾ ਰਹਿ ਗਿਆ ਪਿਛੇ ਮੈਂ ਬੋਦੀ ਨੂੰ ਖੁਰਕ ਕੇ ਵੇਖਾਂ ਪਿਆ ਵਿਚ ਕਿਹੜੇ ਢੇਰ, ਕਿ ਤੱਟਾਂ ਵਿਚ ਆਪਣਾ ਆਸਣ ਲਾਈਆ । ਜਿਸ ਵਿਚ ਮੇਰਾ ਹਿਸਾਬ ਕਿਤਾਬ ਹੋਰ ਬਥੇਰ, ਉਹ ਜ਼ਰੂਰ ਰਾਤ ਦੇ ਨੌਂ ਵਜੇ ਦਿਆਂ ਸੁਣਾਈਆ । ਤੇਰੀ ਕਹਾਣੀ ਏਥੇ ਪ੍ਰਭ ਦੇ ਚਰਨਾਂ ਵਿਚ ਤੂੰ ਆਪੇ ਲੈਣੀ ਨਿਬੇੜ, ਆਪਣੀ ਆਸ਼ਾ ਪੂਰ ਕਰਾਈਆ । ਪਰ ਮੈਂ ਜਾਂ ਇਧਰ ਤੱਕਾਂ ਉਧਰ ਤੱਕਾਂ ਮੈਨੂੰ ਇਕੋ ਪੂਰ ਦਾ ਭਰਿਆ ਦਿਸੇ ਬੇੜ, ਜਗਤ ਬੇੜੀ ਵੰਝ ਮੁਹਾਣਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਰਾਵੀ ਮੈਨੂੰ ਗਲ ਚੇਤੇ ਆਉਂਦੀ, ਦੋ ਚਹੁੰ ਦਿਨਾਂ ਦਾ ਵੇਖ ਵਖਾਈਆ ।

ਮੇਰੇ ਸਤਿਗੁਰ ਦੀ ਅੰਦਰੋਂ ਕਦੇ ਕਦੇ ਆਵਾਜ਼ ਬਥਲਾਉਂਦੀ, ਪਤਾ ਨਹੀਂ ਕੀ ਇਹਦੀ ਬੇਪ੍ਰਵਾਹੀਆ । ਰਾਵੀ ਕਹੇ ਓਏ ਨਾਰਦਾ ਮੈਂ ਸਤਿਗੁਰ ਅਰਜਨ ਨੂੰ ਨਾਲ ਲੈ ਕੇ ਤੇ ਇਹਦੇ ਅੰਦਰ ਵੜ ਕੇ ਇਕੋ ਵਾਸਤਾ ਪਾਉਂਦੀ, ਅਗੇ ਹੋ ਹੋ ਅਟਕਾਈਆ । ਰੋ ਰੋ ਕੇ ਬ੍ਰਿਹੋਂ ਦੇ ਹਾਲ ਸੁਣਾਉਂਦੀ, ਬਹੁੜੀ ਬਹੁੜੀ ਕਰ ਜਣਾਈਆ । ਜਿਸ ਵੇਲੇ ਮੈਂ ਘੁੱਟ ਕੇ ਗਲ ਨੂੰ ਗਲਵਕੜੀ ਪਾਉਂਦੀ, ਸਾਹ ਨਿਕਲ ਨਾ ਸਕੇ ਰਾਈਆ । ਮੈਂ ਐਸੀ ਖੇਲ ਰਚਾਉਂਦੀ, ਤੇ ਆਪਣੀ ਖ਼ੁਸ਼ੀ ਆਪਣੇ ਨਾਲ ਬਣਾਈਆ । ਜਗਤ ਵਿਹਾਰ ਵਿਚ ਪੁੜੀਆਂ ਗੋਲੀਆਂ ਖਵਾਉਂਦੀ, ਇਹ ਵੀ ਏਸੇ ਦੀ ਬੇਪ੍ਰਵਾਹੀਆ । ਪਰ ਮੇਰੀ ਮਿੰਨਤ ਮਿੰਨਤ ਮਿੰਨਤ ਜਨ ਭਗਤੋ ਇਹਦੀ ਜੋਤ ਆਦਿ ਜੁਗਾਦਿ ਸਦਾ ਸਭ ਨੂੰ ਤਰਸਾਉਂਦੀ, ਤਰਸਾ ਤਰਸਾ ਤਰਸਾ ਕੇ ਜੁਗ ਚੌਕੜੀ ਦਏ ਲੰਘਾਈਆ । ਮਿਹਰਵਾਨ ਹੋ ਕੇ ਮਿਹਰ ਦੀ ਬਰਖਾ ਬਰਸਾਉਂਦੀ, ਅਗਨੀ ਤਤ ਬੁਝਾਈਆ । ਫੇਰ ਮੈਂ ਤੁਹਾਡੇ ਦਰਸ਼ਨ ਕਰ ਕੇ ਆਪਣਾ ਸ਼ੁਕਰ ਮਨਾਉਂਦੀ, ਰਾਵੀ ਖ਼ੁਸ਼ੀਆਂ ਵਿਚ ਦੋਹਾਂ ਹੱਥਾਂ ਤਾਲੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪੰਜ ਚੇਤ ਕਹੇ ਜਨ ਭਗਤੋ ਤੁਹਾਡੀ ਜੁਗਾਂ ਦੀ ਪੁਰਾਣੀ ਪੂਰਬਲੀ ਆਸ਼ਾ, ਆਸ਼ਾਵੰਦ ਪੂਰ ਕਰਾਈਆ । ਤੁਸਾਂ ਮਸਤੀ ਵਿਚ ਮਸਤ ਹੋ ਕੇ ਜਗਤ ਦਾ ਵੇਖਣਾ ਤਮਾਸ਼ਾ, ਆਪਣੀ ਮਸਤੀ ਨਾ ਦੇਣੀ ਗਵਾਈਆ । ਪ੍ਰਭੂ ਦੇ ਮੰਜ਼ਲ ਦੀ ਵੇਖਣੀ ਰਾਸਾ, ਆਪਣਾ ਰਸਤਾ ਨਾ ਜਾਣਾ ਭੁਲਾਈਆ । ਤੁਹਾਡਾ ਲੇਖੇ ਲੱਗੇ ਇਕ ਇਕ ਸਵਾਸਾ, ਜਿਸ ਸਵਾਸ ਨਾਲ ਪ੍ਰਭ ਦਾ ਨਾਮ ਧਿਆਈਆ । ਤੁਹਾਨੂੰ ਬੰਦਨਾ ਕਰੇ ਸ਼ਿਵ ਉਤੇ ਕੈਲਾਸ਼ਾ, ਬ੍ਰਹਮਾ ਸੀਸ ਝੁਕਾਈਆ । ਵਿਸ਼ਨੂੰ ਹੋ ਕੇ ਦਾਸੀ ਦਾਸਾ, ਅਗੇ ਪਿਛੇ ਭੱਜੇ ਵਾਹੋ ਦਾਹੀਆ । ਤੁਸੀਂ ਆਪਣਾ ਦਰਵੇਸ਼ ਵੇਖੋ ਪੁਰਖ ਅਬਿਨਾਸ਼ਾ, ਜੋ ਪਹਿਰੇਦਾਰ ਹੋ ਕੇ ਖ਼ਬਰਦਾਰੀ ਵਿਚ ਸਭ ਨੂੰ ਰਿਹਾ ਜਗਾਈਆ । ਇਕੋ ਦੀ ਓਟ ਤੇ ਇਕੋ ਦਾ ਭਰਵਾਸਾ, ਇਕੋ ਦਾ ਮੇਲ ਮਿਲਣਾ ਚਾਈਂ ਚਾਈਆ । ਰਾਵੀ ਕਹੇ ਗੁਰਮੁਖੋ ਮੇਰੀ ਤੁਹਾਡੇ ਪ੍ਰੇਮ ਦੀ ਅਰਦਾਸਾ, ਪ੍ਰਭੂ ਚਰਨ ਦੇਣੀ ਟਿਕਾਈਆ । ਸਚ ਪਿਆਰ ਵਿਚ ਮੇਰੇ ਅੰਤਰ ਨਿਰੰਤਰ ਨਿਕਲੇ ਹਾਸਾ, ਖ਼ੁਸ਼ੀਆਂ ਵਿਚ ਵਡਿਆਈਆ । ਪਰ ਇਕ ਬਚਨ ਯਾਦ ਰਖਿਓ ਜਿਸ ਵੇਲੇ ਏਸ ਸਰੀਰ ਦਾ ਅੰਤ ਹੋਇਆ ਇਕ ਚੂੰਢੀ ਰਾਖ ਦੀ ਜ਼ਰੂਰ ਮੇਰੇ ਵਿਚ ਘਤ ਜਾਇਓ ਫੇਰ ਮੈਂ ਚਲਾਂਗੀ ਸਚਖੰਡ ਨਾਲ ਸਾਥਾ, ਸਭ ਦਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਦਾ ਦੇਵਣਹਾਰ ਆਪਣੇ ਦੇਣ ਪਿਛੇ ਥਾਂ ਥਾਂ ਤੇ ਮਾਰੇ ਵਾਟਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ ।

### ✪ ੫ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸਪੁਰ ਬਲਾਕਾ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਜਨ ਭਗਤੋ ਮੈਂ ਆਇਆ ਤੁਸਾਂ ਕਿਸੇ ਨਹੀਂ ਕਿਹਾ ਆਇਆਂ ਜੀ, ਜੀਣ ਜੋਗਿਓ ਦਿਆਂ ਜਣਾਈਆ । ਮੇਰੇ ਤੁਸਾਂ ਮਿੰਟ ਉਤੇ ਲੰਘਾ ਦਿਤੇ ਬੀਹ, ਮੈਂ ਵੀਹ ਵਿਚ ਖਲੋਤਾ ਖਲੋਤਾ ਧਿਆਨ ਲਗਾਈਆ । ਮੇਰੇ ਹਿੱਸੇ ਕੋਈ ਵੰਡਣ ਆਈ ਨਹੀਂ ਸਾਢੇ ਤਿੰਨ ਹੱਥ ਦੀ ਸੀਂ, ਜ਼ਿਮੀਂ ਉਤੇ ਨਾ ਆਸਣ ਲਾਈਆ । ਤੁਸਾਂ ਪੁੱਛਿਆ ਨਹੀਂ ਪੰਡਤਾ ਲੈ ਕੇ ਆਇਆ ਕੀ, ਸਾਨੂੰ ਦੇ ਵਖਾਈਆ । ਮੇਰੇ ਕੋਲ ਪੁਰਾਣੇ ਹੁਕਮਨਾਮੇ ਜਿਹਦੇ

ਵਿਚ ਲੇਖਾ ਨਵੇਂ ਜੁਗ ਦੀ ਕਿਸ ਤਰਾ ਰਖਣੀ ਨੀਂਹ, ਪੱਥਰ ਮੋਹਰ ਨਾਮ ਕਵਣ ਲਗਾਈਆ । ਕਿਸ ਬਿਧ ਧਰਮ ਦਾ ਬੀਜਣਾ ਬੀਅ, ਕਾਇਆ ਤਨ ਵਜੂਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਨੂੰ ਪੁਛੋ ਪੰਡਤਾ ਤੇਰੇ ਕੋਲ ਕਿਹੜੀ ਪੁਸਤਕ, ਬਿਨ ਅੱਖਰਾਂ ਦੇ ਵਖਾਈਆ । ਜਿਸ ਦੇ ਵਿਚ ਅਗੰਮੀ ਉਸਤਤ, ਸਿਫ਼ਤਾਂ ਤੋਂ ਬਾਹਰ ਸਲਾਹੀਆ । ਜਿਹੜੀ ਸਿਖਿਆ ਦੇਵੇ ਸਦਾ ਮੁਰਸ਼ਦ, ਮੁਰੀਦਾਂ ਤੋਂ ਬਾਹਰ ਜਣਾਈਆ । ਜਿਸ ਦਾ ਲੇਖਾ ਅੰਤਮ ਸਭ ਨੂੰ ਕਰਨੀ ਰੁਖ਼ਸਤ, ਧਰਨੀ ਧਰਤ ਧਵਲ ਰਹਿਣ ਕੋਇ ਨਾ ਪਾਈਆ । ਇਕੋ ਪੁਰਖ ਅਕਾਲ ਦੀ ਹੋਣੀ ਉਲਫ਼ਤ, ਦੂਜੀ ਸਿਫ਼ਤ ਨਾ ਕੋਇ ਵਡਿਆਈਆ । ਜਗਤ ਜਹਾਨ ਵੇਖਣਾ ਮੁਫ਼ਲਿਸ, ਵਸਤ ਸਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਨਾਰਦ ਕਹੇ ਜਨ ਭਗਤੋ ਮੇਰੀ ਵੇਖ ਲਓ ਕਿਤਾਬ ਦੋ ਅੱਖਰੀ, ਅੱਖਰਾਂ ਦੀ ਗਣਤ ਨਾ ਕੋਇ ਗਿਣਾਈਆ । ਇਹ ਚਹੁੰ ਜੁਗਾਂ ਤੋਂ ਵੱਖਰੀ, ਪ੍ਰਭ ਸਾਚੇ ਦਿਤੀ ਫੜਾਈਆ । ਮੈਂ ਕੋਈ ਪੰਡਤਾਂ ਵਾਲੀ ਨਹੀਂ ਰਖਦਾ ਪਤਰੀ, ਗ੍ਰਹਿ ਨਛੱਤਰਾਂ ਵੰਡ ਨਾ ਕੋਇ ਵੰਡਾਈਆ । ਮੈਂ ਜੁਗ ਚੌਕੜੀ ਸਭ ਦੀ ਆਸ਼ਾ ਵੇਖਾਂ ਅੱਖਰੀ, ਕਾਇਆ ਸੰਗ ਧਿਆਨ ਲਗਾਈਆ । ਐਸ ਵੇਲੇ ਦੀਨ ਦੁਨੀ ਕੂੜ ਦੇ ਲੱਥੀ ਸਥਰੀ, ਯਾਰਾਂ ਸਥਰ ਨਾ ਕੋਇ ਹੰਢਾਈਆ । ਵੇਖੋ ਵਡਿਆਈ ਪਾਹਨ ਪੱਥਰੀ, ਸਿਲ ਪੂਜਸ ਰੰਗ ਚੜ੍ਹਾਈਆ । ਕੋਈ ਗਾਂ ਖਾ ਗਿਆ ਕੋਈ ਖਾ ਗਿਆ ਬੱਕਰੀ, ਪਸ਼ੂਆਂ ਖੱਲ੍ਹ ਲੁਹਾਈਆ । ਬ੍ਰਾਹਮਣ ਸ਼ੂਦਰ ਵੈਸ਼ ਦਿਸੇ ਕੋਈ ਨਾ ਸ਼ਤਰੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਉਹ ਵੇਖੋ ਭੱਜਾ ਫਿਰਦਾ ਅਤਰੀ, ਸਪਤਸ ਰਿਖੀਆਂ ਨਾਲ ਮਿਲਾਈਆ । ਧਰਮ ਦੀ ਦਿਸੇ ਕੋਈ ਨਾ ਹੱਟੜੀ, ਵਸਤ ਸਚ ਨਾ ਕੋਇ ਵਰਤਾਈਆ । ਨਾਰਦ ਕਹੇ ਸਚ ਦੀ ਰਹੀ ਕੋਈ ਨਾ ਤੱਕੜੀ, ਧਰਮ ਦਾ ਤੋਲਾ ਹੱਥ ਨਾ ਕੋਇ ਉਠਾਈਆ । ਦੁਨੀਆ ਹੋ ਗਈ ਬਹੁ ਮਤੜੀ, ਗੁਰਮਤ ਗਈ ਭੁਲਾਈਆ । ਚਾਰੋਂ ਕੁੰਟ ਪਵਣ ਤਤੜੀ, ਸਾਂਤਕ ਸਤਿ ਨਾ ਕੋਇ ਵਖਾਈਆ । ਸਭ ਨੇ ਪਾਪਾਂ ਬੱਧੀ ਗਠੜੀ, ਭਾਰ ਕੰਧਿਆਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੇਰੀ ਕਿਤਾਬ ਲੱਭ ਪਈ ਉਹ, ਜੋ ਓਸੇ ਦਾ ਭੇਵ ਖੁਲਾਈਆ । ਜਿਸ ਨੂੰ ਕਹਿੰਦੇ ਪੁਰਖ ਨਿਰੰਜਣ ਸੋ, ਸੋ ਸਵਾਮੀ ਧੁਰਦਰਗਾਹੀਆ । ਜਗਤ ਸ੍ਰਿਸ਼ਟੀ ਨਾਲੋਂ ਕਰੇ ਨਿਰਮੋਹ, ਨਾਤਾ ਆਪਣੇ ਨਾਲ ਜੁੜਾਈਆ । ਕੂੜੇ ਰਸ ਰਸਨਾ ਲਵੇ ਖੋਹ, ਅੰਮ੍ਰਿਤ ਰਸ ਜਾਮ ਪਿਆਈਆ । ਸਚ ਪ੍ਰਕਾਸ਼ ਦੀ ਦੇਵੇ ਲੋਅ, ਲੋਇਨ ਅੰਦਰੋਂ ਦਏ ਖੁਲਾਈਆ । ਪੰਜ ਵਿਕਾਰਾ ਮੇਟੇ ਗ੍ਰੋਹ, ਗੌੜ ਬ੍ਰਾਹਮਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਕਿਤਾਬ ਕਹੇ ਮੈਂ ਜੁਗ ਚੌਕੜੀ ਨਹੀਂ ਗਵਾਚੀ, ਪਰ ਹੱਥ ਕਿਸੇ ਨਾ ਆਈਆ । ਬੁੱਧੀਮਾਨ ਮੈਨੂੰ ਸਕੇ ਕੋਇ ਨਾ ਵਾਚੀ, ਅਕਲ ਆਕਲਾ ਨਾ ਕੋਇ ਚਤੁਰਾਈਆ । ਮੈਂ ਕੋਈ ਵੰਗ ਨਹੀਂ ਕਾਚੀ, ਠਠਿਆਰਾ ਹੱਥ ਫੜਾਈਆ । ਮੈਂ ਕੋਈ ਰੈਣ ਅੰਧੇਰੀ ਨਹੀਂ ਰਾਤੀ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਮੇਰੀ ਕੋਈ ਦੀਨ ਮਜ਼੍ਹਬ ਵਾਲੀ ਨਹੀਂ ਜ਼ਾਤੀ, ਤਤਾਂ ਵੰਡ ਨਾ ਕੋਇ ਵੰਡਾਈਆ । ਬਿਨਾ ਸਤਿਗੁਰ ਸ਼ਬਦ ਤੋਂ ਮੇਰੇ ਵੱਲ ਸਕੇ ਕੋਇ ਨਾ ਝਾਕੀ, ਨੇਤਰ ਅੱਖ ਨਾ ਕੋਇ ਉਠਾਈਆ । ਮੇਰੇ ਅੰਦਰ ਚਾਰ ਜੁਗ ਦਾ ਲੇਖਾ ਬਾਕੀ, ਅਵਤਾਰ ਪੈਗੰਬਰਾਂ ਗੁਰੂਆਂ ਦੇ ਹਿੱਸੇ ਰਿਹਾ ਵਖਾਈਆ । ਜੋਤੀ ਜੋਤ

੭੧੮
੨੩

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਲੈ ਕੇ ਆਇਆ ਹੋਰ ਵੱਡੀਆਂ ਵੱਡੀਆਂ ਵੱਡੀਆਂ ਚੀਜ਼ਾਂ, ਸਚ ਨਾਲ ਸੁਣਾਈਆ । ਜਨ ਭਗਤੋ ਆਓ ਇਕੱਠੇ ਲੰਘੀਏ ਪ੍ਰਭੂ ਦੀਆਂ ਦਹਿਲੀਜ਼ਾਂ, ਬਿਨਾ ਸੀਸ ਤੋਂ ਸੀਸ ਝੁਕਾਈਆ । ਫੇਰ ਉਸ ਨੂੰ ਕਹੀਏ ਸਾਡੀਆਂ ਪੂਰੀਆਂ ਕਰ ਦੇ ਰੀਝਾਂ, ਕਲਪਣਾ ਨਜ਼ਰ ਕੋਇ ਨਾ ਆਈਆ । ਸਾਨੂੰ ਧਰਮ ਦੀਆਂ ਪਾ ਕਮੀਜ਼ਾਂ, ਜਿਨ੍ਹਾਂ ਨੂੰ ਮੈਲ ਨਾ ਲਾਗੇ ਰਾਈਆ । ਮੁਹੱਬਤ ਵਿਚ ਮਿਲਾ ਦੇ ਦੀਦਾ, ਦੀਦਾ ਦਾਨਿਸਤਾ ਨਜ਼ਰੀ ਆਈਆ । ਫੇਰ ਹੱਸ ਕੇ ਕਹੀਏ ਆਪਣਾ ਮਾਰਗ ਦੇ ਦੇ ਸੀਧਾ, ਅਗੇ ਹੋ ਨਾ ਕੋਇ ਅਟਕਾਈਆ । ਸਾਨੂੰ ਜਗਤ ਵਿਕਾਰ ਖਾਣ ਨਾ ਗੀਧਾਂ, ਨੇੜਨ ਨੇੜ ਨਜ਼ਰ ਕੋਇ ਨਾ ਆਈਆ । ਸਾਡੀਆਂ ਇਕੋ ਤੈਨੂੰ ਮਿਲਣ ਦੀਆਂ ਉਮੀਦਾਂ, ਦੂਜੀ ਆਸ ਨਾ ਕੋਇ ਵਖਾਈਆ । ਨਾਰਦ ਕਹੇ ਜਨ ਭਗਤੋ ਮੇਰੇ ਕੋਲ ਸਭ ਦੀਆਂ ਰਸੀਦਾਂ, ਜੋ ਸਾਂਭ ਕੇ ਪ੍ਰਭ ਦੇ ਚਰਨਾਂ ਹੇਠ ਦਬਾਈਆ । ਨਾਲੇ ਇਸ਼ਾਰਾ ਕਰਦਾ ਜਿਸ ਦੀਆਂ ਸਾਰੇ ਕਰਨ ਉਡੀਕਾਂ, ਬੈਠਣ ਰਾਹ ਤਕਾਈਆ । ਪਰ ਓਹ ਵੀ ਪ੍ਰਭੂ ਬੇਪ੍ਰਵਾਹ ਜਿਸ ਅਵਤਾਰ ਪੈਗ਼ੰਬਰ ਗੁਰੂ ਲੜਾਏ ਵਾਂਗ ਸ਼ਰੀਕਾਂ, ਸ਼ਰਅ ਸ਼ਰਅ ਨਾਲ ਟਕਰਾਈਆ । ਫੇਰ ਕਿਸੇ ਨੂੰ ਬੀਸਵੀਂ ਕਿਸੇ ਨੂੰ ਚੌਧਵੀਂ ਸਦੀ ਦੀਆਂ ਤਰੀਕਾਂ, ਤਵਾਰੀਖ ਆਪਣੀ ਨਾਲ ਮਿਲਾਈਆ । ਫੇਰ ਹੁਕਮ ਦਿਤਾ ਸਤਿਗੁਰ ਸ਼ਬਦ ਕਰੀਂ ਤਸਦੀਕਾਂ, ਦੋ ਜਹਾਨ ਵੇਖਣਾ ਚਾਈਂ ਚਾਈਂਆ । ਨਾਲੇ ਲੇਖਾ ਮੁਕਾਉਣਾ ਹਸਤ ਕੀਟਾਂ, ਊਚਾਂ ਨੀਚਾਂ ਡੇਰਾ ਢਾਈਆ । ਨਾਰਦ ਕਹੇ ਮੇਰੇ ਕੋਲ ਆਹ ਵੇਖੋ ਬ੍ਰਹਮਾ ਵਿਸ਼ਨ ਸ਼ਿਵ ਦੀਆਂ ਚਿਟਾਂ, ਜੋ ਕਾਲੇ ਤੋਂ ਰੰਗ ਚਿੱਟਾ ਆਇਆ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਸੀਂ ਕਿਉਂ ਹੋਈਆਂ ਚੁਪ, ਚੁਪ ਚੁਪੀਤੀਓ ਦਿਓ ਜਣਾਈਆ । ਕੀ ਦੁੱਧ ਮੰਗੋ ਕਿ ਪੁਤ, ਕਿ ਪੋਤਰਿਆਂ ਆਸ ਰਖਾਈਆ । ਚਾਰੇ ਕਹਿਣ ਸਾਡੀ ਮੁਹੱਬਤ ਰਹੀ ਛੁਟ, ਛੁਟਕੀ ਲਿਵ ਆਪਣੇ ਨਾਲ ਲਗਾਈਆ । ਵੇ ਨਾਰਦਾ ਸਾਡੀ ਦਰੋਹੀ ਸਾਡੇ ਤੱਟਾਂ ਕਿਨਾਰਿਆਂ ਤੇ ਸਾਧਾਂ ਸੰਤਾਂ ਪਾਈ ਲੁੱਟ, ਲੁਟੇਰਾ ਕਲਜੁਗ ਨਾਲ ਰਲਾਈਆ । ਸਾਡੀ ਖੁਲ੍ਹੀ ਵੇਖ ਲੈ ਗੁੱਤ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਸਾਡਾ ਸਚ ਭੰਡਾਰਾ ਗਿਆ ਖੁਸ, ਖ਼ਾਲੀ ਝੋਲੀਆਂ ਰੋਵੀਏ ਮਾਰੀਏ ਧਾਹੀਆ । ਸਾਡਾ ਅੰਦਰਲਾ ਦੁੱਖੜਾ ਪੁਛ, ਫੇਰ ਤੈਨੂੰ ਦੇਈਏ ਸਮਝਾਈਆ । ਝਟ ਨਾਰਦ ਕਹੇ ਓ ਹੋ ਜਾਓ ਉਸ ਗੁਠ, ਇਕ ਨੁਕਰੇ ਦਿਤਾ ਲਗਾਈਆ । ਮੇਰੇ ਸਾਹਿਬ ਦਾ ਸਮਾਂ ਰਿਹਾ ਢੁਕ, ਅਵਤਾਰ ਪੈਗ਼ੰਬਰ ਗੁਰੂ ਪਿਛੇ ਅਗੇ ਸ਼ਹਾਦਤ ਰਹੇ ਭੁਗਤਾਈਆ । ਹੁਣ ਮੂੰਹ ਨਾਲ ਆਪਣੇ ਹੱਥਾਂ ਦੇ ਨਹੁੰ ਲਓ ਟੁਕ, ਅੰਮ੍ਰਿਤ ਰਸ ਹੱਥ ਕਿਸੇ ਨਾ ਆਈਆ । ਤੇ ਜਾਓ ਉਸ ਪ੍ਰਭੂ ਦੀ ਗਾਓ ਤੁਕ, ਤੂੰ ਮੇਰਾ ਮੈਂ ਤੇਰਾ ਤੁਧ ਬਿਨ ਅਵਰ ਨਾ ਕੋਇ ਸਹਾਈਆ । ਫੇਰ ਉਹ ਕਿਰਪਾ ਕਰੇ ਤੇ ਤੁਹਾਡਾ ਬੰਧਨ ਜਾਏ ਤੁਟ, ਟੁਟਿਆਂ ਗੰਢ ਪਵਾਈਆ । ਨਹੀਂ ਤੇ ਆਪਣੇ ਹੱਥ ਮਲੋ ਪਸ਼ਚਾਤਾਪ ਕਰੋ ਫੜ ਕੇ ਗੁੱਟ, ਬਾਂਹ ਸੀਸ ਤੋਂ ਉਤੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਾਰੇ ਕਹਿਣ ਨਾਰਦ ਜੀ ਸੁਣੋ ਬੇਨੰਤੀ ਹਮਾਰੀ, ਹਮੋ ਤਮੋ ਆਵਾਜ਼ ਨਾ ਕੋਇ ਸੁਣਾਈਆ । ਨਾ ਤੇਰੀ ਮੁੱਛ ਨਾ ਤੇਰੀ ਦਾਹੜੀ, ਐਵੇਂ ਬੋਦੀ ਰਿਹਾ ਹਿਲਾਈਆ । ਸਾਨੂੰ ਪਤਾ ਨਹੀਂ ਤੂੰ ਪੁਰਖ ਕਿ ਨਾਰੀ, ਕਵਣ ਸੰਗ ਸਮਾਈਆ । ਤੂੰ ਯੋਧਾ ਕਿ ਬਲਕਾਰੀ, ਕਿ ਹੰਕਾਰੀ ਲੋਕਮਾਤ ਅਖਵਾਈਆ । ਨਾਰਦ ਕਹੇ ਕਮਲੀਓ

ਤੁਹਾਡੀ ਪਿਛੇ ਲੰਘ ਗਈ ਵਾਰੀ, ਅਗਲਾ ਸਮਾਂ ਹੱਥ ਕਿਸੇ ਨਾ ਆਈਆ । ਤੁਹਾਡੇ ਉਤੇ ਹੁੰਦੀ ਰਹੀ ਠੱਗੀ ਚੋਰੀ ਯਾਰੀ, ਤੁਹਾਡੇ ਤਟ ਕਿਨਾਰੇ ਸਕੇ ਨਾ ਕੋਇ ਹਟਾਈਆ । ਮੈਂ ਫਿਰਦਾ ਰਿਹਾ ਪਿਛੇ ਅਗਾੜੀ, ਵੇਂਹਦਾ ਰਿਹਾ ਥਾਉਂ ਥਾਈਂਆ । ਤੁਹਾਡੀ ਉਜੜਨ ਲੱਗੀ ਹੁਣ ਵਾੜੀ, ਵਾਰਸ ਹਕ ਹੱਥ ਕਿਸੇ ਨਾ ਆਈਆ । ਮੇਰਾ ਸਾਹਿਬ ਸਭ ਨੂੰ ਰਿਹਾ ਪਛਾੜੀ, ਪਿਛਾ ਭੌਂ ਕੇ ਵੇਖੇ ਤੇ ਨਜ਼ਰੀ ਆਵੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਭਗਤੋ ਸੁਣ ਲਓ ਹੁਕਮਨਾਮਾ, ਤੇ ਗੱਲਾਂ ਨਵੀਆਂ ਨਵੀਆਂ ਜਣਾਈਆ । ਇਹਨੂੰ ਬਿਨਾ ਕਲਮ ਤੋਂ ਲਿਖਿਆ ਸ੍ਰੀ ਭਗਵਾਨਾ, ਬਿਨਾ ਕਾਗ਼ਜ਼ ਤੋਂ ਪਰਵਾਨਾ ਦਿਤਾ ਫੜਾਈਆ । ਇਹਦੇ ਉਤੇ ਤੱਕ ਲਓ ਵਿਸ਼ਨ ਬ੍ਰਹਮਾ ਸ਼ਿਵ ਤੇ ਸੀਤਾ ਰਾਮਾ, ਤੇ ਰਾਧਾ ਕ੍ਰਿਸ਼ਨ ਬੈਠੇ ਝੁਗੀਆਂ ਪਾਈਆ । ਪੈਗ਼ੰਬਰ ਤੱਕੋ ਕਰਦੇ ਸਲਾਮਾ, ਸਜਦਿਆਂ ਵਿਚ ਸੀਸ ਝੁਕਾਈਆ । ਸਤਿਨਾਮ ਦਾ ਸੁਣੋ ਨਾਮਾ, ਨਾਮ ਨਿਧਾਨਾ ਰਿਹਾ ਦ੍ਰਿੜਾਈਆ । ਗੋਬਿੰਦ ਦਾ ਵੇਖੋ ਨਿਸ਼ਾਨਾ, ਜੋ ਅਣਿਆਲਾ ਤੀਰ ਚਲਾਈਆ । ਫੇਜ ਤੱਕ ਲਓ ਅੱਜ ਦਾ ਦਿਨ ਤੇ ਕੀ ਕਹਿੰਦਾ ਜ਼ਮਾਨਾ, ਜ਼ਿਮੀਂ ਅਸਮਾਨਾ ਦੋਵੇਂ ਵੇਖ ਵਖਾਈਆ । ਕਿਸੇ ਦੇ ਅੰਦਰੋਂ ਪ੍ਰਭੂ ਦੇ ਨਾਮ ਦਾ ਨਿਕਲਦਾ ਨਹੀਂ ਤਰਾਨਾ, ਤੁਰੀਆ ਤੋਂ ਪਰੇ ਪ੍ਰਭ ਦਾ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਤੇ ਬੱਤੀ ਦੰਦ ਜਗਤ ਦਾ ਬਣਿਆ ਗਾਣਾ, ਢੋਲੇ ਗਾ ਗਾ ਝਟ ਲੰਘਾਈਆ । ਨਾ ਕਿਸੇ ਨੂੰ ਰਾਮ ਮਿਲੇ ਤੇ ਨਾ ਕਿਸੇ ਨੂੰ ਮਿਲੇ ਕਾਹਨਾ, ਸਨਮੁਖ ਬਹਾ ਕੇ ਸਤਿਗੁਰ ਦਾ ਦਰਸ਼ਨ ਵੇਖਣ ਕੋਇ ਨਾ ਪਾਈਆ । ਪਤਾ ਨਹੀਂ ਸਤਿਗੁਰੂ ਕਿਹੜੇ ਘਰ ਵਿਚ ਕਰੇ ਵਿਸ਼ਰਾਮਾ, ਸੁਖ ਆਸਣ ਆਪਣਾ ਡੇਰਾ ਲਾਈਆ । ਜਗਿਆਸੂ ਧਰਤੀ ਉਤੇ ਕਹਿਣ ਤੂੰ ਮੇਰਾ ਕ੍ਰਿਸ਼ਨ ਤੂੰ ਮੇਰਾ ਰਾਮਾ, ਸਖਾ ਸਹਾਈ ਇਕ ਅਖਵਾਈਆ । ਮੁਰਸ਼ਦ ਕਰਦੇ ਫਿਰਨ ਸਲਾਮਾਂ, ਸਜਦਿਆਂ ਵਿਚ ਆਪਣਾ ਆਪ ਝੁਕਾਈਆ । ਪੜ੍ਹਦੇ ਫਿਰਨ ਕਲਾਮਾ, ਕਾਇਨਾਤ ਦ੍ਰਿੜਾਈਆ । ਨਾਰਦ ਕਹੇ ਭਗਤੋ ਤੁਸੀਂ ਨਹੀਂ ਜਾਣਦੇ ਪ੍ਰਭੂ ਦਾ ਕਿਸ ਤਰਾ ਦਾ ਇੰਤਜਾਮਾ, ਤੇ ਬੰਦੋਬਸਤ ਕਿਸ ਤਰਾ ਆਪਣੇ ਹੱਥ ਰਖਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਸੰਤ ਭਗਤ ਬਣਾਏ ਆਪਣੇ ਗ਼ੁਲਾਮਾ, ਗ਼ੁਲਾਮੀ ਦੇ ਜ਼ੰਜੀਰ ਸ਼ਰਅ ਨਾਲ ਬੰਨ੍ਹ ਕੇ ਜਗਤ ਲੋਕਮਾਤ ਦਿਤੇ ਟਿਕਾਈਆ । ਜਦੋਂ ਖ਼ੁਸ਼ੀ ਵਿਚ ਆਵੇ ਤੇ ਸਚਖੰਡ ਵਿਚੋਂ ਸੁਣਾਵੇ, ਤੇ ਸਤਿਗੁਰ ਸ਼ਬਦ ਸੰਦੇਸ਼ਾ ਲੈ ਕੇ ਆਵੇ, ਤਤਾਂ ਵਾਲੇ ਸਰੀਰ ਵਿਚ ਟਿਕਾਵੇ, ਉਹ ਫਿਰ ਅਵਤਾਰ ਪੈਗ਼ੰਬਰ ਗੁਰੂ ਮੁਖ ਰਸਨਾ ਨਾਲ ਗਾਵੇ, ਤੇ ਅੱਖਰਾਂ ਦੇ ਅੱਖਰ ਬਣਾ ਲਿਖਾਏ, ਤੇ ਕਾਗ਼ਜ਼ ਉਤੇ ਟਿਕਾਏ, ਤੇ ਓਸੇ ਦਾ ਧਿਆਨ ਓਸੇ ਵੱਲ ਲਗਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਨੀ ਰਾਵੀਏ ਤੂੰ ਕਿਉਂ ਬੈਠੀ ਠੰਡੀ, ਕੁਛ ਆਪਣਾ ਹਾਲ ਦੇ ਜਣਾਈਆ । ਜੋ ਸ਼ਬਦ ਦੇ ਸੱਦੇ ਦੇ ਕੇ ਭੇਜੇ ਭਾਜੀਆਂ ਗੰਢੀ, ਫ਼ਰਮਾਨੇ ਅਗੰਮ ਸੁਣਾਈਆ । ਉਹ ਖੇਲ ਤੱਕਣ ਆਏ ਵਿਚ ਵਰਭੰਡੀ, ਬ੍ਰਹਿਮੰਡੀ ਪੰਧ ਮੁਕਾਈਆ । ਉਨ੍ਹਾਂ ਨੂੰ ਇਕੋ ਗੱਲ ਦੱਸ ਕੇ ਚੰਗੀ, ਚੰਗੀ ਤਰਾ ਸਮਝਾਈਆ । ਰਾਵੀ ਕਹੇ ਨਾਰਦਾ ਮੈਂ ਵੀ ਇਕੋ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਸਾਹਿਬਾ ਆਪਣਿਆਂ ਭਗਤਾਂ ਤੋਂ ਸਦਾ ਲਈ ਤੋੜ ਦੇ ਪਾਬੰਦੀ, ਚੁਰਾਸੀ ਦੇ ਗੇੜ ਵਿਚ ਕਦੇ ਨਾ ਆਈਆ । ਜੇ ਟੁਟਿਆਂ ਦੀ ਗੰਢੀ, ਗੰਢ ਨਾ ਕੋਇ ਖੁਲਾਈਆ । ਭਗਤਾਂ ਦੀ ਆਤਮਾ ਧੁਰ ਦੇ ਪਰਮਾਤਮਾ ਕਦੇ ਨਾ ਹੋਵੇ ਰੰਡੀ, ਰੰਡੇਪੇ ਵਿਚ ਕਦੇ ਨਾ ਆਈਆ । ਤੇਰੀ ਮੇਰੀ ਮੇਰੇ ਘਾਟ ਅੱਜ

ਦੀ ਰਾਤ ਤੇ ਪਹਿਲੀ ਸੰਧੀ, ਸਨਦ ਲਿਖ ਕੇ ਗੁਰਮੁਖਾਂ ਹੱਥ ਦੇ ਫੜਾਈਆ । ਜਿਹੜੀ ਦਾਤ ਅਜੇ ਤੱਕ ਤੂੰ ਕਿਸੇ ਨੂੰ ਨਹੀਂ ਵੰਡੀ, ਰੋਲ ਰੋਲ ਕੇ ਕੋਟਨ ਦਿਤੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਰਾਵੀਏ ਇਹ ਸਾਹਿਬ ਬੜਾ ਚਲਾਕ, ਮੈਂ ਤੈਨੂੰ ਦਿਆਂ ਸਮਝਾਈਆ । ਇਹਨੇ ਅਵਤਾਰ ਪੈਗ਼ੰਬਰਾਂ ਗੁਰੂਆਂ ਤੋਂ ਆਪਣੇ ਆਪ ਕਢਾਏ ਭਵਿਖਤ ਵਾਕ, ਉਹਨਾਂ ਦੇ ਹੱਥ ਨਾ ਕਿਛ ਫੜਾਈਆ । ਸਤਿਗੁਰ ਸ਼ਬਦ ਦਾ ਜੋਤ ਦੀ ਧਾਰ ਦਾ ਬਖ਼ਸ਼ ਕੇ ਸਾਥ, ਤਤਾਂ ਦਿਤੀ ਵਡਿਆਈਆ । ਆਪਣੇ ਪਿਆਰ ਦਾ ਦੇ ਪ੍ਰਕਾਸ਼, ਨੁਰਾਨਾ ਨੂਰ ਕੀਤਾ ਰੁਸ਼ਨਾਈਆ । ਆਪਣੀ ਪੱਟੀ ਪੜ੍ਹਾ ਕੇ ਆਪਣੇ ਨਾਮ ਦੀ ਵਿਚ ਕਲਾਸ, ਕਵਾਲੀਫ਼ਿਕੇਸ਼ਨ ਆਪਣੇ ਹੱਥ ਰਖਾਈਆ । ਨੀ ਰਾਵੀਏ ਮੇਰੇ ਕੋਲ ਇਕ ਟੁੱਟਾ ਜਿਹਾ ਗਲਾਸ, ਮੈਨੂੰ ਵਿਸ਼ਨੂੰ ਨੇ ਆਉਂਦਿਆਂ ਆਉਂਦਿਆਂ ਹੱਥ ਫੜਾਈਆ । ਨਾਲੇ ਦਿਤੀ ਸ਼ਾਬਾਸ਼, ਖ਼ੁਸ਼ੀਆਂ ਨਾਲ ਸੁਣਾਈਆ । ਜੇ ਚਰਨ ਚਰਨੋਦਕ ਲਿਆਏ ਤੇ ਮੇਰੀ ਬੁਝਾਏਂ ਪਿਆਸ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਨਾਰਦ ਕਹੇ ਮੈਂ ਹੱਸ ਕੇ ਕਿਹਾ ਮੇਰਾ ਜੀਅ ਕਰਦਾ ਮੈਂ ਸ਼ੰਕਰ ਲਈ ਲੱਖ ਚੁਰਾਸੀ ਦੀ ਵਿਚ ਪਾ ਕੇ ਲਿਆਵਾਂ ਲਾਸ਼, ਮੁਰਦੇ ਖਾਣ ਵਾਲੇ ਨੂੰ ਮੁਰਦੇ ਦਿਆਂ ਵਖਾਈਆ । ਫੇਰ ਪੁਛਾਂ ਕੁਛ ਦੱਸ ਕੀ ਖੇਲ ਤੱਕੇਂ ਉਤੇ ਕੈਲਾਸ਼, ਪ੍ਰਭ ਕਲ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਜਨ ਭਗਤੋ ਮੈਂ ਹੋਰ ਕੀ ਕੁਛ ਲੱਭਿਆ, ਲਾਭਦਾਇਕ ਦਿਆਂ ਜਣਾਈਆ । ਮੈਂ ਵੇਖੀ ਚਾਰ ਜੁਗ ਦੀ ਸਭਿਆ, ਸਭਿਅਤਾ ਤੱਕੀ ਖ਼ਲਕ ਖ਼ੁਦਾਈਆ । ਰਾਮ ਕ੍ਰਿਸ਼ਨ ਆਪਣੀ ਮਸਤੀ ਵਿਚ ਮਤਿਆ, ਬੈਠਾ ਆਸਣ



ਲਾਈਆ । ਪੈਗ਼ੰਬਰ ਕਹਿਣ ਸਾਡਾ ਨੂਰ ਜਗਿਆ, ਨੂਰ ਅੱਲਾ ਕੀਤੀ ਰੁਸ਼ਨਾਈਆ । ਗੁਰ ਕਹਿਣ ਸਾਡਾ ਡੰਕਾ ਵੱਜਿਆ, ਦੋ ਜਹਾਨ ਸ਼ਨਵਾਈਆ । ਤੇ ਮੈਨੂੰ ਸਤਿਗੁਰ ਸ਼ਬਦ ਨੇ ਦੱਸਿਆ, ਮੈਂ ਜੋ ਘੜਿਆ ਸੋ ਭੱਜਿਆ, ਲੋਕਮਾਤ ਰਹਿਣ ਕੋਇ ਨਾ ਪਾਈਆ । ਜੁਗ ਜੁਗ ਬਿਨਾ ਪ੍ਰਭੂ ਤੇ ਭਗਤਾਂ ਦੀ ਰਖੇ ਕੋਇ ਨਾ ਲੱਜਿਆ, ਸਿਰ ਹੱਥ ਨਾ ਕੋਇ ਟਿਕਾਈਆ । ਏਸ ਵੇਲੇ ਓਸ ਨੇ ਖੇਲ ਅਨੋਖਾ ਰਚਿਆ, ਰਚਨਾ ਪਿਛਲੀ ਦਿਤੀ ਬਦਲਾਈਆ । ਭਾਗ ਲਗਾ ਕੇ ਕਾਇਆ ਮਾਟੀ ਕੱਚਿਆ, ਕੰਚਨ ਗੜ੍ਹ ਵਖਾਈਆ । ਜਿਸ ਨੇ ਰਸਨਾ ਨਾਲ ਨਾਮ ਕਦੇ ਨਹੀਂ ਜਪਿਆ, ਉਨ੍ਹਾਂ ਨੂੰ ਵੀ ਫੜ ਕੇ ਸਚਖੰਡ ਦਏ ਪਹੁੰਚਾਈਆ । ਕਿਉਂ ਉਹਨਾਂ ਨੇ ਆਪਣਾ ਸੀਸ ਸਾਹਿਬ ਦੇ ਚਰਨਾਂ ਤੇ ਘੱਤਿਆ, ਪੂਜਾ ਪਾਠ ਦਾ ਲੇਖਾ ਦਿਤਾ ਮੁਕਾਈਆ । ਸਤਿਗੁਰ ਪੂਰੇ ਤੋਲ ਤੋਲਣਾ ਨਹੀਂ ਨਾਲ ਸੇਰਾਂ ਤੇ ਵੱਟਿਆ, ਮਣਾਂ ਤੇ ਟਾਂਕਾ ਧਿਆਨ ਲਗਾਈਆ । ਉਹ ਪੌਂਦਾ ਨਹੀਂ ਸ਼ਰਅ ਤੇ ਜ਼ੰਜੀਰਾਂ ਵਾਲਿਆਂ ਵਿਚ ਰੱਟਿਆ, ਬੰਧਨ ਸਾਰੇ ਦਏ ਤੁੜਾਈਆ । ਜਿਸ ਨੂੰ ਫੜੇ ਚੁੱਕ ਕੇ ਦਰਗਾਹ ਸਾਚੀ ਸੱਟਿਆ, ਰਾਹ ਵਿਚ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਓਸ ਨੂੰ ਸੀਸ ਨਿਵਾਈਆ । ਉਹਦਾ ਜਨਮ ਦਾ ਕਰਮ ਦਾ ਲੇਖਾ ਜਾਏ ਠੱਪਿਆ, ਠੱਪਾ ਨਾਮ ਵਾਲਾ ਲਗਾਈਆ । ਚਾਰ ਜੁਗ ਦੇ ਸ਼ਾਸਤਰਾਂ ਨੇ ਇਹੋ ਲੇਖ ਲਿਖਿਆ ਜਦ ਅੰਤ ਹੋਵੇ ਤੇ ਹੋਵੇ ਪੱਪਾ ਪੱਪਿਆ, ਪੂਰਨ ਪਤਿਪਰਮੇਸ਼ਵਰ ਪੂਰਨ ਵਿਚ ਸਮਾਈਆ । ਨਾਰਦ ਕਹੇ ਉਸ ਦਾ ਲੇਖਾ ਹੱਥੋ ਹੱਥਿਆ, ਹੁਦਾਰ ਦਾ ਵਣਜ ਨਾ ਕੋਇ ਕਰਾਈਆ । ਜੋ ਪ੍ਰੇਮੀ ਪਿਆਰਾ ਪ੍ਰੇਮ ਵਿਚ ਢੱਠਿਆ, ਫੜ ਬਾਹੋਂ ਗਲੇ ਲਗਾਈਆ । ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਜੈਨੀ ਗ਼ਰੀਬ ਨਿਮਾਣੇ ਭੁੱਖੇ ਤਾਰੇ ਇਕੱਠਿਆ, ਵੇਰਵਾ ਵੰਡ ਨਾ ਕੋਇ ਰਖਾਈਆ । ਬਿਰਧ ਬਾਲ ਜਵਾਨਾਂ ਇਕੋ ਮਾਣ

ਰੱਖਿਆ, ਇਕੋ ਦਰ ਦਏ ਟਿਕਾਈਆ । ਨਾਲੇ ਨਾਰਦ ਖਿੜ ਖਿੜਾ ਕੇ ਹੱਸਿਆ, ਹੱਸ ਕੇ ਰਿਹਾ ਵਖਾਈਆ । ਮੈਂ ਕੀ ਕਰਾਂ ਜਿਧਰ ਤੱਕਾਂ ਬਿਨਾ ਸਾਹਿਬ ਤੋਂ ਅੰਧੇਰੀ ਦਿਸੇ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਫੇਰ ਮੈਂ ਜ਼ੋਰ ਨਾਲ ਪ੍ਰਭੂ ਦਾ ਚਰਨ ਝੱਸਿਆ, ਲਛਮੀ ਨੂੰ ਵਿਸ਼ਨੂੰ ਤੋਂ ਪਰੇ ਦਿਤਾ ਧਕਾਈਆ । ਤੇਰਾ ਵੇਲਾ ਤੇਰੇ ਪਿਆਰ ਵਿਚ ਟੱਪਿਆ, ਹੁਣ ਭਗਤਾਂ ਨੂੰ ਖ਼ੁਸ਼ੀ ਨਾਲ ਸਮਾਂ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਵਖਾਈਆ । ਨਾਰਦ ਕਹੇ ਮੇਰੇ ਕੋਲ ਹੋਰ ਬੜੀਆਂ ਬੜੀਆਂ ਪੁਰਾਣੀਆਂ ਬਿਨ ਅੱਖਰਾਂ ਤੋਂ ਚਿੱਠੀਆਂ, ਚਿੱਠੀ ਰਸੈਣਾਂ ਹੱਥ ਨਾ ਕੋਇ ਫੜਾਈਆ । ਉਹਦੇ ਵਿਚ ਪ੍ਰੇਮ ਤੇ ਪਿਆਰ ਦੀਆਂ ਗੱਲਾਂ ਮਿੱਠੀਆਂ, ਰਸਨਾ ਮਿਠਾਸ ਵਾਲਿਆਂ ਮਿੱਠਤ ਹੱਥ ਕਦੇ ਨਾ ਆਈਆ । ਉਹ ਓਦੋਂ ਖੇਲਾਂ ਜਦੋਂ ਭਗਤਾਂ ਦੀਆਂ ਆਤਮਾ ਹੋਣ ਇਕੱਠੀਆਂ, ਤੇ ਇਕੱਠੀਆਂ ਹੋ ਕੇ ਪਰਮਾਤਮ ਵਿਚ ਸਮਾਈਆ । ਮੈਂ ਫੇਰ ਸਾਰਿਆਂ ਨੂੰ ਸਮਝਾਂ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਹੀਂ ਇਹ ਜੱਟ ਦੀਆਂ ਹਾਨਣਾਂ ਤੇ ਜੱਟੀਆਂ, ਜਟਾ ਜੂਟ ਧਾਰੀਆਂ ਸਾਰੀਆਂ ਗਈਆਂ ਤਜਾਈਆ । ਉਹ ਪਿਆਰ ਮੁਹੱਬਤ ਬ੍ਰਿਹੋਂ ਵਿਚ ਫਟੀਆਂ, ਘਾਓ ਨਿਰਾਲੇ ਨਜ਼ਰੀ ਆਈਆ । ਉਹ ਇਕ ਦੋ ਤਿੰਨ ਚਾਰ ਪੰਜ ਛੇ ਸੱਤ ਸੱਤੇ ਘਰ ਟੱਪੀਆਂ, ਸਤਿ ਸਤਿਵਾਦੀ ਵਿਚ ਸਮਾਈਆ । ਜਿਥੇ ਭਰਨੀਆਂ ਪੈਣ ਨਾ ਚਟੀਆਂ, ਸਜ਼ਾ ਸਕੇ ਨਾ ਕੋਇ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਕੋਈ ਪੰਡਤ ਨਹੀਂ ਬ੍ਰਾਹਮਣ ਦਾ ਰੂਪ ਬਦਲਾਈਆ । ਮੇਰੇ ਵਰਗੇ ਪੁਤ ਘਰ ਘਰ ਨਾ ਜੰਮਣ, ਜੰਮਣ ਵਾਲੀ ਕੋਇ ਨਾ ਮਾਈਆ । ਮੈਂ ਪ੍ਰਭੂ ਦਾ ਹਲਕਾਰਾ

ਤੇ ਜੁਗ ਜੁਗ ਸਭ ਦੇ ਕਢ ਲਿਆਵਾਂ ਸੰਮਣ, ਮੋਹਰ ਇਕੋ ਨਾਮ ਵਾਲੀ ਲਗਾਈਆ । ਉਸ ਦਾ ਭੇਵ ਜਾਣੇ ਕਵਣ, ਗਤ ਮਿਤ ਰਹਿਣ ਕੋਇ ਨਾ ਪਾਈਆ । ਇਹ ਇਕ ਇਸ਼ਾਰਾ ਪ੍ਰਭੂ ਨੇ ਸੈਨਤ ਉਸੇ ਵੇਲੇ ਦਿਤਾ ਜਿਸ ਵੇਲੇ ਮਾਣ ਵਡਿਆਈ ਦਿਤੀ ਦੁਸ਼ਟ ਦਮਨ, ਦਾਮਨਗੀਰ ਆਪ ਨਜ਼ਰੀ ਆਈਆ । ਤੇਰਾ ਗੁਲਸ਼ਨ ਮਹਿਕਾਉਣਾ ਤੇ ਬਾਗ਼ ਤੇਰਾ ਮਹਿਕਾਉਣਾ ਚਮਨ, ਤੇਰਾ ਨੂਰ ਜ਼ਹੂਰ ਗੋਬਿੰਦ ਹੋਵੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਆਪ ਭੁਗਤਾਈਆ । ਨਾਰਦ ਕਹੇ ਜਨ ਭਗਤੋ ਮੈਂ ਕੋਈ ਪੰਡਤ ਨਹੀਂ ਬ੍ਰਾਹਮਣੀ ਜਾਇਆ, ਪਿਤਾ ਰੰਗ ਨਾ ਕੋਇ ਰੰਗਾਈਆ । ਫਸਿਆ ਨਹੀਂ ਵਿਚ ਕਦੇ ਤ੍ਰੈਗੁਣ ਮਾਇਆ, ਮਮਤਾ ਮੋਹ ਨਾ ਕੋਇ ਹਲਕਾਈਆ । ਚਾਰ ਜੁਗ ਮੈਨੂੰ ਅਗੇ ਹੋ ਨਾ ਕਿਸੇ ਅਟਕਾਇਆ, ਭੱਜਿਆ ਵਾਹੋ ਦਾਹੀਆ । ਹੁਣ ਕਲਜੁਗ ਦਾ ਵੇਲਾ ਕਲ ਕਾਤੀਓ ਆਇਆ, ਕਲਮੇ ਵਾਲਿਆਂ ਦਿਆਂ ਸੁਣਾਈਆ । ਮੇਰਾ ਸਾਹਿਬ ਸਵਾਮੀ ਖੇਲ ਰਚਾਇਆ, ਰਚ ਰਚ ਆਪੇ ਵੇਖ ਵਖਾਈਆ । ਪਤਾ ਨਹੀਂ ਕਿਸ ਬਿਧ ਪੰਚਮ ਚੇਤ ਮੈਨੂੰ ਅੱਜ ਰਾਵੀ ਦੇ ਕੰਢੇ ਤੇ ਮੰਗਵਾਇਆ, ਮੰਗਾ ਕੇ ਮੰਗਲਾਚਾਰ ਦਿਤਾ ਸੁਣਾਈਆ । ਮੈਂ ਵੀ ਖ਼ੁਸ਼ੀਆਂ ਦੇ ਵਿਚ ਆਪਣਾ ਵਕਤ ਲੰਘਾਇਆ, ਘੜੀ ਘੜੀ ਘੜੀ ਘੜੀ ਮੇਰੀ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਜਨ ਭਗਤੋ ਜੇ ਬਣਨਾ ਤੇ ਬਣਨਾ ਸ਼ਬਦ ਗੁਰੂ ਦਾ ਚੇਲਾ, ਦੂਸਰ ਸੀਸ ਨਾ ਕਦੇ ਨਿਵਾਈਆ । ਜੇ ਕਰਨਾ ਤੇ ਕਰਨਾ ਜੋਤ ਦਾ ਮੇਲਾ, ਮਿਲਣੀ ਅਵਰ ਨਾ ਕੋਇ ਰਖਾਈਆ । ਜੇ ਬਣਾਉਣਾ ਤੇ ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਦੂਸਰ ਅੰਗ ਨਾ ਕੋਇ ਲਗਾਈਆ । ਜੇ ਵਕਤ

ਮਿਲੇ ਪ੍ਰਭੂ ਦੇ ਚਰਨਾਂ ਵਿਚ ਫਿਰਨਾ ਵਿਹਲਾ, ਜਗਤ ਬੰਧਨ ਸਰਬ ਤੁੜਾਈਆ । ਜੇ ਖ਼ੁਸ਼ੀਆਂ ਵਿਚ ਆਵਾਂ ਇਕੋ ਗਾਵਾਂ ਢੋਲਾ, ਜੋ ਅਲਬੇਲਾ ਜਵਾਨੀ ਮਸਤੀ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਰਾਵੀ ਕਹੇ ਨਾਰਦਾ ਤੇਰਾ ਕਿੱਡਾ ਸੋਹਣਾ ਗੀਤ, ਪੰਡਿਆ ਫੇਰ ਦੇ ਜਣਾਈਆ । ਨਾਰਦ ਕਹੇ ਕਮਲੀਏ ਪਹਿਲੋਂ ਮੇਰੇ ਪ੍ਰਭੂ ਦੇ ਗੀਤ ਗਾ ਤੇ ਨਾਲ ਲਾ ਪ੍ਰੀਤ, ਪ੍ਰੀਤਮ ਇਕ ਮਨਾਈਆ । ਆਪਣਾ ਭੇਟਾ ਕਰ ਦੇ ਸੀਸ, ਜਗਦੀਸ਼ਰ ਅਗੇ ਟਿਕਾਈਆ । ਆਪਣੀ ਅੰਦਰੋਂ ਬਦਲ ਲੈ ਨੀਤ, ਨੀਤੀਵਾਨ ਸਮਝਾਈਆ । ਫੇਰ ਹੋ ਜਾ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਫੇਰ ਇਕ ਦੀ ਕਰ ਉਡੀਕ, ਜੋ ਮਾਲਕ ਧੁਰਦਰਗਾਹੀਆ । ਜਿਸ ਦੇ ਵਿਚ ਹਕ ਤੌਫ਼ੀਕ, ਤੋਹਫ਼ੇ ਦੇਵੇ ਥਾਉਂ ਥਾਈਆ । ਤੇ ਮੈਂ ਉਸ ਦਾ ਮੁਰੀਦ, ਜੋ ਮੁਰਸ਼ਦ ਨੂਰ ਅਲਾਹੀਆ । ਨਾਲੇ ਖ਼ੁਸ਼ੀਆਂ ਵਿਚ ਪਾੜੀ ਕਮੀਜ਼, ਨਾਰਦ ਤਾਲੀ ਦਿਤੀ ਵਜਾਈਆ । ਜੇ ਤੈਨੂੰ ਮੇਰਾ ਗੀਤ ਸੁਣਨ ਦੀ ਰੀਝ, ਤੇਰੀ ਆਸ਼ਾ ਪੂਰੀ ਦਿਆਂ ਕਰਾਈਆ । ਭਗਤਾਂ ਵਿਚ ਮਿਲ ਕੇ ਉਸ ਦੀ ਸਾਚੀ ਸਿਖਿਆ ਸੁਣ ਤਮੀਜ਼, ਤਮ੍ਹਾ ਕੂੜੀ ਜਗਤ ਗਵਾਈਆ । ਓਹ ਗ਼ਫ਼ਲਤ ਵਿਚ ਤੇਰੀ ਉਘੜ ਜਾਏ ਨੀਂਦ, ਸੁੱਤੀਏ ਲੈ ਅੰਗੜਾਈਆ । ਨਾਲੇ ਵੇਖ ਮੇਰੇ ਕੋਲ ਪਿਛਲਿਆਂ ਯੁਗਾਂ ਦੀ ਰਸੀਦ, ਤੈਨੂੰ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਮੈਨੂੰ ਆਵਾਜ਼ ਆਉਂਦੀ ਮੈਨੂੰ ਕੋਈ ਕਹਿ ਰਿਹਾ ਬੁੱਢਾ, ਬ੍ਰਹਿਮਣ ਬੋਦੀ ਰਿਹਾ ਹਿਲਾਈਆ । ਕੋਈ ਕਹੇ ਲੱਤਾਂ ਤੋਂ ਡੁੱਡਾ, ਬੁਧਹੀਣ ਅਖਵਾਈਆ । ਮੈਨੂੰ ਹੱਸ ਕੇ ਪੁਛਣ ਲੱਗੀ ਬਸੁਧਾ, ਧਰਤੀ ਰਹੀ ਸੁਣਾਈਆ । ਵੇ ਕੁਛ ਭੇਤ ਦੱਸ ਜ਼ਾਹਰ ਗੁੱਝਾ, ਮੇਰੇ ਕੰਨਾਂ ਵਿਚ ਸੁਣਾਈਆ । ਮੈਂ ਉਹਨੂੰ ਕਿਹਾ ਓ ਧਰਨੀਏ ਮਰਨੀਏ ਮੇਰਾ ਪੀਰ ਤੇਰੇ ਉਤੇ ਉਘਾ, ਉਗਣ ਆਥਣ ਵੇਖ ਵਖਾਈਆ । ਨਾਲੇ ਤਾੜੀ ਮਾਰੀ ਨਾਲੇ ਹੱਸ ਕੇ ਕਿਹਾ ਏਸ ਨੇ ਬਦਲ ਦੇਣਾ ਜੁਗਾ, ਜੁਗਤ ਆਪਣੇ ਵਿਚ ਛੁਪਾਈਆ । ਹੁਣ ਕਿਸੇ ਨੂੰ ਪ੍ਰਭੂ ਦੇ ਨਾਮ ਦਾ ਲੈਣ ਨਹੀਂ ਦੇਣਾ ਭੁੱਗਾ, ਟਕਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਪੁਰਾਣੀਆਂ ਦੱਸਾਂ ਗੱਲਾਂ ਬਾਤਾਂ, ਸਹਿਜ ਸਹਿਜ ਸੁਣਾਈਆ । ਜਨ ਭਗਤੋ ਤੁਹਾਨੂੰ ਵੀ ਇਹਦੇ ਨਾਲ ਨੀਂਦਰੇ ਦੀਆਂ ਕਟਣੀਆਂ ਪੈਂਦੀਆਂ ਰਾਤਾਂ, ਮੈਂ ਰਾਤੀਂ ਸੁੱਤਿਆਂ ਸਭ ਨੂੰ ਵੇਖ ਵਖਾਈਆ । ਮੇਰੀ ਬੋਦੀ ਥੱਲੇ ਕਿੱਡਾ ਵੇਖੋ ਡੂੰਘਾ ਖਾਤਾ, ਓਹ ਵਹੀ ਖਾਤਾ ਹੱਥ ਨਾ ਕਿਸੇ ਫੜਾਈਆ । ਕਿਉਂ ਮੈਨੂੰ ਹੁਕਮ ਦੇਵੇ ਕਮਲਾਪਾਤਾ, ਜੋ ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦੀ ਮੈਂ ਗਾਵਾਂ ਗਾਥਾ, ਤੂੰ ਮੇਰਾ ਮੈਂ ਤੇਰਾ ਢੋਲਾ ਸਹਿਜ ਸੁਖਦਾਈਆ । ਉਹਦਾ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਪੰਧ ਮੁਕਾਈਆ । ਕੁਛ ਭਗਤਾਂ ਨੂੰ ਥੋੜ੍ਹਾ ਜਿਹਾ ਭੇਵ ਦੱਸਾਂ ਖ਼ੁਲਾਸਾ, ਖ਼ੁਸ਼ੀਆਂ ਵਿਚ ਸਮਝਾਈਆ । ਅਗੇ ਤਨ ਵਜੂਦ ਭਗਤੋ ਪਾਉਂਦਾ ਰਿਹਾ ਪੋਸ਼ਾਕਾ, ਤੇ ਹੁਣ ਜੋਤੀ ਨੂਰ ਆਇਆ ਬਦਲਾਈਆ । ਏਸੇ ਕਰ ਕੇ ਉਹਦਾ ਕਿਸੇ ਨੂੰ ਨਜ਼ਰ ਨਹੀਂ ਆਉਂਦਾ ਖ਼ਾਕਾ, ਖ਼ਾਕ ਵਿਚ ਮਿਲਣ ਵਾਲਾ ਵੇਖਣ ਕੋਇ ਨਾ ਪਾਈਆ । ਪਤਾ ਨਹੀਂ ਤੁਹਾਡਾ ਕਿਸ ਤਰਾ ਖੋਲ ਦਿਤਾ ਤਾਕਾ, ਤੁਹਾਡੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਦਰਸ਼ਨ ਦੇਵੇ ਚਾਈਂ ਚਾਈਆ । ਪਰ ਮੈਂ ਤੇ ਜਦੋਂ ਵੇਖਿਆ ਤੇ ਜਦੋਂ ਤੱਕਿਆ ਸਤਿਜੁਗ ਤਰੇਤਾ ਦੁਆਪਰ ਤੇ ਪਿਛਲਾ ਬੀਤਿਆ ਕਲਜੁਗ ਗੁਰੂ ਅਵਤਾਰ ਪੈਗ਼ੰਬਰ ਬਣ ਕੇ ਤੇ ਬਣਿਆ ਲੜਾਕਾ, ਤੇ


੭੨੩
੨੩

ਲੜਾਈ ਸ਼ਰਅ ਵਾਲੀ ਕਰਾਈਆ । ਆਪਣੇ ਨਾਮ ਨੂੰ ਆਪੇ ਮਾਰਦਾ ਰਿਹਾ ਡਾਕਾ, ਚੋਰ ਧਾੜਵੀ ਆਪ ਅਖਵਾਈਆ । ਆਪਣੀ ਸਿਖ਼ਰ ਦੇ ਆਪੇ ਉਲੀਕਦਾ ਰਿਹਾ ਖ਼ਾਕਾ, ਜੁਗ ਜੁਗ ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਨਾਰਦ ਕਹੇ ਜਨ ਭਗਤੋ ਮੈਨੂੰ ਵੀਹਾਂ ਮਿੰਟਾਂ ਦਾ ਜਦੋਂ ਆਉਂਦਾ ਚੇਤਾ, ਕਚੀਚੀਆਂ ਲੈ ਲੈ ਕੇ ਦਿਆਂ ਵਖਾਈਆ । ਇਹ ਕੋਈ ਤੁਹਾਡੇ ਬਾਪ ਦਾ ਨਹੀਂ ਨੇਤਾ, ਇਹ ਸਭ ਦਾ ਪਿਤਾ ਮਾਈਆ । ਪਰ ਫੇਰ ਮੈਂ ਡਰ ਜਾਂਦਾ ਅੱਜ ਦਾ ਦਿਨ ਇਹਦਾ ਭਗਤਾਂ ਨਾਲ ਠੇਕਾ, ਉਹ ਠੇਕੇਦਾਰ ਆਕੜ ਵਿਚ ਮੈਨੂੰ ਰਹੇ ਡਰਾਈਆ । ਪਰ ਯਾਦ ਰਖਿਓ ਤੁਸਾਂ ਭਾਵੇਂ ਮੈਨੂੰ ਨਹੀਂ ਵੇਖਿਆ ਮੈਂ ਦਰਵਾਜ਼ੇ ਬਾਹਰ ਏਸੇ ਨੂੰ ਮੱਥਾ ਟੇਕਾ, ਨਿਵ ਕੇ ਲਾਗਾ ਪਾਈਆ । ਨਾਲੇ ਹੱਸ ਕੇ ਕਿਹਾ ਮੈਂ ਸਾਹਿਬ ਤੇਰਾ ਬੇਟਾ, ਆਪਣੀ ਗੋਦੀ ਲੈਣਾ ਟਿਕਾਈਆ । ਪੰਡਤਾਂ ਵਿਚੋਂ ਪੁਤ ਤੇਰਾ ਜੇਠਾ, ਜਿਸ ਨੂੰ ਬ੍ਰਿਮਣੀ ਗੋਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਭਗਤੋ ਮੈਂ ਕੁਛ ਲੇਖਾ ਹੋਰ ਆਇਆ ਭੁਲ, ਸਚ ਦਿਆਂ ਸੁਣਾਈਆ । ਉਹਦੇ ਵਿਚ ਇਕ ਸਿਫ਼ਤ ਲਿਖੀ ਮਾਲਕ ਕੁਲ, ਜੋ ਕੁਲ ਮਾਲਕ ਨੇ ਆਪ ਲਿਖਾਈਆ । ਭਾਵੇਂ ਕੋਟਨ ਕੋਟ ਜੁਗਾਂ ਦੀ ਲੱਖ ਚੁਰਾਸੀ ਵੇਚੀਏ ਉਹਦਾ ਪੂਰਾ ਨਹੀਂ ਹੁੰਦਾ ਮੁੱਲ, ਕੀਮਤ ਸਕੇ ਨਾ ਕੋਇ ਚੁਕਾਈਆ । ਜਿਸ ਦਾ ਇਕ ਦਵਾਰਾ ਇਕੋ ਵਾਰ ਗਿਆ ਖੁਲ੍ਹ, ਫੇਰ ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਉਹਦੀ ਜੋਤ ਦਾ ਪ੍ਰਕਾਸ਼ ਤੇ ਨਿਰਗੁਣ ਦਾ ਦੀਵਾ ਕਦੇ ਨਾ ਹੋਵੇ ਗੁਲ, ਬਿਨ ਤੇਲ ਬਾਤੀ ਜੁਗ ਜੁਗ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਜਨ ਭਗਤੋ ਪ੍ਰੇਮ ਨਾਲ ਮਿਲਾਈਏ ਪੰਜਾ, ਪੰਚਮ ਧਾਰ ਮਿਟਾਈਆ । ਤੁਸੀਂ ਸੂਰਬੀਰ ਬਹਾਦਰ ਤੇ ਮੈਂ ਸਿਰੋਂ ਗੰਜਾ, ਬੋਦੀ ਮੇਰਾ ਨਿਸ਼ਾਨਾ ਰਹੀ ਵਖਾਈਆ । ਮੈਂ ਜਿਧਰ ਵੇਖਾਂ ਮੈਨੂੰ ਅੱਖਰ ਦਿਸਦੇ ਬਵੰਜਾ, ਬਾਵਨ ਦੀ ਧਾਰ ਸੋਭਾ ਪਾਈਆ । ਹਵਾ ਤੱਕਾਂ ਤੇ ਪਵਣ ਉਨੰਜਾ, ਪਵਣ ਪਾਣੀ ਖੋਜ ਖੁਜਾਈਆ । ਪਰ ਸਭ ਤੋਂ ਤੁਹਾਡਾ ਪਿਆਰ ਲੱਗੇ ਚੰਗਾ, ਚੰਗੀ ਤਰਾ ਸੁਣਾਈਆ । ਤੁਹਾਨੂੰ ਨੀਂਦਰ ਆਉਂਦੀ ਕੋਈ ਬਿਸਤਰ ਲੱਭੇ ਤੇ ਕੋਈ ਅੰਦਰੋਂ ਲੱਭੇ ਮੰਜਾ, ਤੇ ਕੋਈ ਅੱਖੀਆਂ ਮੀਟ ਕੇ ਫੇਰ ਖੋਲ ਵਖਾਈਆ । ਮੈਂ ਇਕ ਖੇਲ ਵੇਖ ਕੇ ਹੋਇਆ ਹੈਰਾਨ ਤੇ ਅਚੰਭਾ, ਕੀ ਅਚਰਜ ਲੀਲਾ ਪ੍ਰਭ ਨੇ ਦਿਤੀ ਰਚਾਈਆ । ਸੁੱਤਿਆਂ ਜਾਗਦਿਆਂ ਦੋਹਾਂ ਦਾ ਦੇਵੇ ਸੰਗਾ, ਸਗਲਾ ਸੰਗ ਬਣਾਈਆ । ਨਾਰਦ ਕਹੇ ਮੈਂ ਜਦੋਂ ਆਵਾਂ ਭਗਤੋ ਮੈਨੂੰ ਕਦੀ ਨਾ ਸਮਝਿਓ ਅੰਧਾ, ਨੇਤਰਹੀਣ ਨਾ ਕੋਇ ਰਖਾਈਆ । ਭਾਵੇਂ ਮੇਰੀਆਂ ਦਿਸਦੀਆਂ ਨਹੀਂ ਟੰਗਾਂ, ਧੜ ਨਜ਼ਰ ਕੋਇ ਨਾ ਆਈਆ । ਮੇਰਾ ਵਜੂਦ ਨਹੀਂ ਕੋਈ ਬੰਦਾ, ਕਲਬੂਤ ਨਾ ਕੋਇ ਰਖਾਈਆ । ਮੈਂ ਨਾਰਦ ਪੰਡਤ ਮੈਂ ਸਤਿਗੁਰ ਸ਼ਬਦ ਜਿਸ ਦੇ ਵਿਚ ਸਾਰਾ ਅਨੰਦਾ, ਅਨੰਦ ਅਨੰਦ ਵਿਚੋਂ ਰਖਾਈਆ । ਅਜ ਦਾ ਦਿਨ ਤੁਹਾਡਾ ਖ਼ੁਸ਼ੀਆਂ ਦੇ ਨਾਲ ਲੰਘਾ, ਪ੍ਰਭੂ ਦੇ ਢੋਲੇ ਗਾਈਆ । ਪਰ ਸਵੇਰੇ ਮੈਂ ਆਪਣਾ ਕਰਮੰਡਲ ਤੇ ਨਾਲ ਲੈ ਕੇ ਅਵਾਂਗਾ ਡੰਡਾ, ਮੇਰਾ ਨੌਂ ਦਾ ਵਕਤ ਨਾ ਜਾਣਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬੰਗਾ, ਸੂਰਬੀਰ ਬੇਨਜ਼ੀਰ ਇਕੋ ਨਜ਼ਰੀ ਆਈਆ ।

✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਦਲੀਪ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਜਨ ਭਗਤੋ ਮੇਰੀ ਜੈ, ਜੈ ਜੈਵੰਤੀ ਸੀਸ ਨਿਵਾਈਆ । ਸਚ ਦੱਸੋ ਇਹ ਓਹੋ ਪ੍ਰਭੂ ਹੈ, ਜਿਹੜਾ ਕਲ ਰਾਵੀ ਕੰਢੇ ਫੇਰਾ ਪਾਈਆ । ਜਿਸ ਨੇ ਵੇਖਿਆ ਪਾਣੀ ਦੀ ਥੱਲੇ ਤਹਿ, ਤਹਿਖ਼ਾਨੇ ਫੋਲ ਫੁਲਾਈਆ । ਜੋ ਹਰ ਘਟ ਅੰਦਰ ਰਹੈ, ਚੁਰਾਸੀ ਰਿਹਾ ਸਮਾਈਆ । ਹੁਣ ਫਿਰੇ ਭਗਤਾਂ ਦੇ ਗ੍ਰਿਹ, ਘਰ ਘਰ ਡੇਰਾ ਲਾਈਆ । ਜਿਸ ਦੇ ਕੋਲ ਪ੍ਰੇਮ ਦੀ ਨੈ, ਵਹਿਣਾ ਵਹਿਣ ਵਹਾਈਆ । ਮੈਂ ਉਸ ਦੀ ਭੇਟਾ ਲੈ ਕੇ ਆਇਆ ਇਕ ਸ਼ੈ, ਵਸਤ ਸਚ ਸਤਿ ਦਿਆਂ ਵਖਾਈਆ । ਜੇ ਸਵਾਮੀ ਮੇਰਾ ਮੈਨੂੰ ਕਹੇ, ਫੇਰ ਭੇਟਾ ਦਿਆਂ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਨਾਰਦ ਕਹੇ ਜਨ ਭਗਤੋ ਮੇਰਾ ਵਕਤ ਸੁਹਾਇਆ, ਮਿਲੀ ਮਾਣ ਵਡਿਆਈਆ । ਪਤਿਪਰਮੇਸ਼ਵਰ ਪਾਇਆ, ਮਿਲਿਆ ਬੇਪ੍ਰਵਾਹੀਆ । ਮੈਂ ਲੱਖ ਲੱਖ ਸ਼ੁਕਰ ਮਨਾਇਆ, ਨਿਉਂ ਨਿਉਂ ਸੀਸ ਝੁਕਾਈਆ । ਧੁਰ ਦਾ ਢੋਲਾ ਗਾਇਆ, ਤੂੰ ਮੇਰਾ ਮਾਹੀਆ । ਜਿਸ ਨੇ ਭਗਤਾਂ ਨਾਲ ਮੇਲ ਮਿਲਾਇਆ, ਜੋੜ ਜੁੜਾਇਆ ਸਹਿਜ ਸੁਭਾਈਆ । ਮੈਂ ਖ਼ੁਸ਼ੀਆਂ ਦੇ ਵਿਚ ਆਇਆ, ਪਿਛਲਾ ਪੰਧ ਮੁਕਾਈਆ । ਘੜੀਆਂ ਘੜਿਆਲਾਂ ਆਪਣਾ ਨੌ ਦਾ ਵਕਤ ਸੁਹਾਇਆ, ਨੌਂਵਾਂ ਦਵਾਰਿਆਂ ਤੋਂ ਬਾਹਰ ਮੇਰੀ ਸ਼ਨਵਾਈਆ । ਮੈਨੂੰ ਸਚ ਦੱਸੋ ਕਿਹੜਾ ਤੁਹਾਡਾ ਆਪਣਾ ਤੇ ਕਿਹੜਾ ਪਰਾਇਆ, ਕਵਣ ਵੱਖਰੀ ਵੰਡ ਵੰਡਾਈਆ । ਕੀ ਢੋਲਾ ਤੁਸਾਂ ਗਾਇਆ, ਮੈਨੂੰ ਦਿਓ ਸੁਣਾਈਆ । ਨਾਲੇ ਭਗਤੋ ਬੁਝੋ ਮੈਂ ਕਿਹੜੀ ਮਾਂ ਦਾ ਜਾਇਆ, ਗੋਦੀ ਕੁੱਖ ਕਵਣ ਸੁਹਾਈਆ । ਮੇਰਾ ਕਿਹੜਾ ਦਾਈ ਦਾਇਆ, ਦਾਨਿਓ ਦਿਆਂ ਜਣਾਈਆ । ਮੈਂ ਕਿਹੜਾ ਪੁਰਖ ਮਨਾਇਆ, ਇਸ਼ਟ ਦੇਵ ਕਵਣ ਅਖਵਾਈਆ । ਮੈਂ ਕੋਈ ਦੇ ਕੇ ਆਇਆ ਨਹੀਂ ਕਰਾਇਆ, ਭੱਜਿਆ ਵਾਹੋ ਦਾਹੀਆ । ਪਤਾ ਨਹੀਂ ਕਿਸ ਬਿਧ ਨਾਲ ਮੇਰੇ ਸਾਹਿਬ ਨੇ ਏਥੇ ਪਹੁੰਚਾਇਆ, ਪੰਧ ਦਿਤਾ ਮੁਕਾਈਆ । ਜਾਂ ਨਜ਼ਰ ਮਾਰੀ ਆਪਣੇ ਨੈਣ ਉਠਾਇਆ, ਅੱਖ ਲਈ ਬਦਲਾਈਆ । ਖ਼ੁਸ਼ੀ ਹੋਈ ਮੇਰੇ ਸਾਹਿਬ ਦਾ ਸਚ ਸਿੰਘਾਸਣ ਲਾਇਆ, ਆਸਣ ਕਰੇ ਰੁਸ਼ਨਾਈਆ । ਮੈਂ ਵੀ ਠੀਕ ਆਪਣੇ ਵਕਤ ਨਾਲ ਸੀਸ ਝੁਕਾਇਆ, ਮਸਤਕ ਚਰਨਾਂ ਉਤੇ ਟਿਕਾਈਆ । ਨਾਲੇ ਲੇਖਾ ਪਿਛਲਾ ਨਾਲ ਲਿਆਇਆ, ਗੰਢਾਂ ਖੋਲ ਕੇ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਮੇਰੇ ਰਖੇ ਛਾਇਆ, ਸ਼ਹਿਨਸ਼ਾਹ ਮਿਹਰ ਨਜ਼ਰ ਉਠਾਈਆ ।

✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਮੱਖਣ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਜਨ ਭਗਤੋ ਮੈਂ ਚਿੱਠੀ ਲਿਆਂਦੀ ਪੁਰਾਣੀ, ਪੁਰਾਣ ਅਠਾਰਾਂ ਜਿਸ ਦਾ ਰਾਹ ਤਕਾਈਆ । ਉਸ ਦੇ ਵਿਚ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਬਾਹਰ ਬਾਣੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਲਹਿਣਾ ਦੇਣਾ ਬਾਕੀ ਜੋ ਹਰ ਘਟ ਜਾਣ ਜਾਣੀ, ਜਾਣਨਹਾਰ ਵਡ ਵਡਿਆਈਆ । ਨਾਲੇ ਲੇਖ ਲਿਖਿਆ ਪੂਰਨ ਸਵਾਮੀ, ਪੂਰਨ ਪਵਣ ਪਾਣੀ ਪੂਰ ਰਿਹਾ ਸਰਬ ਠਾਈਆ । ਜਿਸ ਦੇ ਲੇਖੇ ਵਿਚ ਚਾਰੇ ਖਾਣੀ, ਖਾਣ

ਵਾਲਾ ਸ਼ੰਕਰ ਵੀ ਓਸੇ ਨੂੰ ਸੀਸ ਨਿਵਾਈਆ । ਜਿਸ ਦਾ ਵੇਸ ਅਵੱਲੜਾ ਤੁਰਕ ਪਠਾਣੀ, ਅਮਲ ਆਪਣੇ ਵਿਚ ਸਮਾਈਆ । ਉਹ ਸਭ ਨੂੰ ਰਿਹਾ ਪੁਣੀ ਛਾਣੀ, ਛਾਨਣਾ ਨਾਮ ਵਾਲਾ ਇਕ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਚੜ੍ਹਾਈਆ । ਨਾਰਦ ਕਹੇ ਪੁਰਾਣੀ ਪਤ੍ਰਕਾ ਕਹੇ ਪੁਕਾਰ, ਪੁਕਾਰ ਪੁਕਾਰ ਕੇ ਸੁਣਾਈਆ । ਪੂਰਨ ਸਤਿਗੁਰ ਪੂਰਨ ਦਾ ਯਾਰ, ਪੂਰਨ ਪੂਰਨ ਵਿਚ ਸਮਾਈਆ । ਪੂਰਨ ਅੰਦਰ ਪੂਰਨ ਬਾਹਰ, ਪੂਰਨ ਗੁਪਤ ਪੂਰਨ ਜ਼ਾਹਰ, ਜ਼ਾਹਰ ਜ਼ਹੂਰ ਪੂਰਨ ਨਜ਼ਰੀ ਆਈਆ । ਪੂਰਨ ਸ਼ਬਦ ਪੂਰਨ ਧਾਰ, ਪੂਰਨ ਸਾਰ ਸ਼ਬਦ ਨਾਲ ਵਡਿਆਈਆ । ਪੂਰਨ ਜੋਤ ਪੂਰਨ ਆਕਾਰ, ਨਿਰਾਕਾਰ ਪੂਰਨ ਰੂਪ ਦਰਸਾਈਆ । ਤੁਸੀਂ ਹੋ ਜਾਵੋ ਹੁਸ਼ਿਆਰ, ਰਹਿਣਾ ਖ਼ਬਰਦਾਰ, ਨੈਣ ਲੈਣਾਂ ਉਘਾੜ, ਆਪਣੀ ਅੱਖ ਅੱਖ ਵਿਚੋਂ ਬਦਲਾਈਆ । ਮੈਂ ਆ ਗਿਆ ਟੱਪ ਕੇ ਜੰਗਲ ਤੇ ਪਹਾੜ, ਸਮੁੰਦ ਸਾਗਰਾਂ ਕਰ ਕੇ ਪਾਰ, ਰਾਵੀ ਦੇ ਕਿਨਾਰਾ ਤੱਟ ਸੋਭਾ ਪਾਈਆ । ਜਿਥੇ ਮਿਲਿਆ ਸਾਂਝਾ ਯਾਰ, ਬਣਾਏ ਬਰਖ਼ੁਰਦਾਰ, ਬਿਨਾ ਹੱਥਾਂ ਤੋਂ ਦੇਵੇ ਪਿਆਰ, ਮੁਹੱਬਤ ਦਾ ਮੁਹੱਬਤ ਰੂਪ ਬਦਲਾਈਆ । ਮੇਰੀ ਪੁਰਾਣੀ ਪਤ੍ਰਕਾ ਕਹੇ ਇਸ ਪ੍ਰਭੂ ਨੂੰ ਇਕ ਵਾਰ ਕਰੋ ਨਿਮਸਕਾਰ, ਇਕ ਨਾਲ ਅਨੇਕ ਜਨਮ ਦਾ ਲੇਖਾ ਦਏ ਮੁਕਾਈਆ । ਕਿਉਂ ਪੂਰਨ ਪਾਤਸ਼ਾਹ ਤੇ ਪੂਰਨ ਸੱਚੀ ਸਰਕਾਰ, ਸ਼ਹਿਨਸ਼ਾਹ ਪੂਰਨ ਆਪ ਅਖਵਾਈਆ । ਪੂਰਨ ਘਰ ਪੂਰਨ ਗ੍ਰਿਹ ਪੂਰਨ ਦਰਬਾਰ, ਪੂਰਨ ਸਚਖੰਡ ਸਾਚੇ ਸੋਭਾ ਪਾਈਆ । ਕਿਤੇ ਆਕੜ ਵਿਚ ਨਾ ਆ ਜਾਇਓ ਕਿ ਸਾਡੇ ਦਰਾਂ ਦਾ ਬਣਿਆ ਉਹ ਭਿਖਾਰ, ਸਾਥੋਂ ਮੰਗ ਮੰਗ ਕੇ ਆਪਣਾ ਝਟ ਲੰਘਾਈਆ । ਇਹ ਤੇ ਇਹਦੀ ਬਖ਼ਸ਼ਿਸ਼, ਵਾਲੀ ਧਾਰ, ਜਿਹੜੀ ਅਮੁੱਲੀ ਦਾਤ ਤੁਹਾਡੀ ਝੋਲੀ ਪਾਈਆ । ਮੈਂ ਚਾਰ ਜੁਗ ਦਾ ਵੇਖਣਹਾਰ, ਜੁਗ ਜੁਗ ਧਿਆਨ ਲਗਾਈਆ । ਏਨ ਪਿਛੇ ਆਪਣਿਆਂ ਭਗਤਾਂ ਨੂੰ ਭਗਤੀ ਵਿਚ ਰੋਲ ਰੋਲ ਦਿਤਾ ਮਾਰ, ਤਸੀਹੇ ਜਗਤ ਵਾਲੇ ਭੁਗਤਾਈਆ । ਆਹ ਵੇਖੋ ਮੇਰੀ ਪੁਰਾਣੀ ਕਿਤਾਬ, ਕਹਿੰਦੀ ਇਕੋ ਹੁਣ ਦੱਸ ਕੇ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਜੈਕਾਰ, ਚਾਰ ਖਾਣੀ ਦਾ ਲੇਖਾ ਦਿਤਾ ਮੁਕਾਈਆ । ਏਸੇ ਕਰ ਕੇ ਮੈਂ ਵੀ ਬੰਦਨਾਂ ਕਰਾਂ ਡੰਡਾਵਤ ਕਰਾਂ ਸਜਦਾ ਕਰ ਚਰਨਾਂ ਦੀ ਲਾਵਾਂ ਧੂੜੀ ਛਾਰ, ਟਿੱਕੇ ਮਸਤਕ ਵਿਚ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇੜਾ ਸਚ ਦਾ ਕਰੇ ਪਾਰ, ਅਗੇ ਹੋ ਨਾ ਕੋਇ ਅਟਕਾਈਆ ।

### ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ਗੰਡਾ ਸਿੰਘ ਦੇ ਗ੍ਰਿਹ

ਨਾਰਦ ਕਹੇ ਜਨ ਭਗਤੋ ਮੈਂ ਪੁਰਾਣੀ ਪੁਸਤਕਾਂ ਦੀ ਚੁੱਕੀ ਡੱਗੀ, ਭਾਰ ਆਪਣੇ ਉਤੇ ਉਠਾਈਆ । ਸਿਰ ਤੇ ਪੱਗ ਕੋਈ ਨਹੀਂ ਬੱਧੀ, ਮੇਰੀ ਬੋਦੀ ਦਏ ਗਵਾਹੀਆ । ਮੇਰੇ ਅੰਦਰ ਅੱਗ ਪ੍ਰੇਮ ਦੀ ਲੱਗੀ, ਪ੍ਰੇਮੀਓ ਦਿਆਂ ਸਮਝਾਈਆ । ਮੈਂ ਕੋਈ ਲਾਲਚੀ ਨਹੀਂ ਲਬੀ, ਜਗਤ ਵਾਸਨਾ ਨਾ ਕੋਇ ਰਖਾਈਆ । ਮੈਂ ਤੁਹਾਡੇ ਵਿਚ ਆ ਗਿਆ ਪੈਰੀ ਦੱਬੀ, ਹੌਲੀ ਹੌਲੀ ਪੰਧ ਮੁਕਾਈਆ । ਪ੍ਰਭੂ ਨੇ ਮੇਲ ਕੀਤਾ ਸਬੱਬੀ, ਮੇਲਾ ਸਭ ਨਾਲ ਦਿਤਾ ਮਿਲਾਈਆ । ਵੇਖਿਓ ਕਿਤੇ ਬ੍ਰਾਹਮਣ ਨਾਲ ਮਾਰ ਨਾ ਲਿਓ ਠੱਗੀ, ਮੇਰੀ ਪੁਸਤਕ ਨਾ ਲੈਣੀ ਚੁਰਾਈਆ । ਜਿਸ ਵਿਚ ਲੇਖ ਲਿਖਿਆ

੭੨੬
੨੩

ਸਾਰੀ ਸ੍ਰਿਸ਼ਟੀ ਇਕ ਦੇ ਹੁਕਮ ਵਿਚ ਹੋਣੀ ਬੱਝੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਇਕੋ ਸਭ ਨੇ ਪੜ੍ਹਨੀ ਪੱਟੀ, ਢੋਲਾ ਗੀਤ ਇਕੋ ਗਾਈਆ । ਇਕੋ ਨਾਮ ਦੀ ਹੋਣੀ ਹੱਟੀ, ਹਟਵਾਣਾ ਇਕ ਅਖਵਾਈਆ । ਇਕੋ ਵਸਤ ਸਭ ਨੂੰ ਮਿਲਣੀ ਇਕੱਠੀ, ਇਕੋ ਦੇਵਣਹਾਰ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਜੋਤ ਜਗੇ ਲਟ ਲਟੀ, ਪ੍ਰਕਾਸ਼ ਪ੍ਰਕਾਸ਼ ਰੂਪ ਸਮਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਦਰਸ਼ਨ ਕੌਰ ਦੇ ਗ੍ਰਹਿ ✪

ਨਾਰਦ ਕਹੇ ਜਨ ਭਗਤੋ ਮੇਰੀ ਪੁਸਤਕ ਵਿਚ ਸਭ ਦੇ ਪੁਰਾਣੇ ਨਾਂ, ਜੋ ਨਾਮਜ਼ਦ ਪ੍ਰਭ ਨੇ ਦਿਤੇ ਕਰਾਈਆ । ਮੈਂ ਉਨ੍ਹਾਂ ਦੇ ਆਉਣਾ ਗਰਾਂ, ਜਿਨ੍ਹਾਂ ਦਾ ਮੇਲਾ ਨਾਲ ਬੇਪਰਵਾਹੀਆ । ਮੈਨੂੰ ਚੰਗੀ ਲਗਦੀ ਥਾਂ, ਮਿੱਟੀ ਖ਼ਾਕ ਸੋਭਾ ਪਾਈਆ । ਮੈਂ ਪੰਡਤ ਹੋ ਕੇ ਕਸਮ ਖਾਵਾਂ ਗਾਂ, ਗਊ ਨੂੰ ਮੁਖ ਰਖਾਈਆ । ਮੇਰੀ ਬੁੱਧੀ ਨਹੀਂ ਕੋਈ ਵਾਂਗ ਕਾਂ, ਕਾਗ ਵਾਂਗ ਕੁਰਲਾਈਆ । ਮੈਂ ਤੇ ਦੱਸਣ ਆਇਆ ਬਿਨਾ ਪ੍ਰਭੂ ਤੋਂ ਪਕੜੇ ਕੋਈ ਨਾ ਬਾਂਹ, ਅਗੇ ਹੋਏ ਨਾ ਕੋਇ ਸਹਾਈਆ । ਸਿਰ ਮਿਲੇ ਨਾ ਠੰਡੀ ਛਾਂ, ਅਗਨੀ ਅੱਗ ਨਾ ਕੋਇ ਬੁਝਾਈਆ । ਕਰੇ ਨਾ ਕੋਈ ਵਾਹ ਵਾਹ, ਵਾਹਵਾ ਕਹਿ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਸਭ ਦੇ ਲੇਖੇ ਮੇਰੇ ਸੀਸ ਦਿਤੇ ਚੁਕਾ, ਚੁੱਕ ਚੁੱਕ ਕੇ ਭੱਜਾਂ ਵਾਹੋ ਦਾਹੀਆ ।



੭੨੭
੨੩

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਰਵੇਲ ਕੌਰ ਦੇ ਗ੍ਰਹਿ ✪

ਨਾਰਦ ਕਹੇ ਜਨ ਭਗਤੋ ਧਰਨੀ ਦੀ ਵੇਖੋ ਖ਼ੁਸ਼ਹਾਲੀ, ਕੀ ਧਵਲ ਆਪਣਾ ਰੰਗ ਵਖਾਈਆ । ਜਿਸ ਦੇ ਬਿਨਾ ਮਸਤਕ ਤੋਂ ਚੜ੍ਹੀ ਲਾਲੀ, ਲਾਲ ਗੁਲਾਲਾ ਰੰਗ ਵਖਾਈਆ । ਖੇਲ ਤੱਕ ਨੂਰ ਅਕਾਲੀ, ਜੋਤ ਧਾਰ ਖ਼ੁਸ਼ੀ ਬਣਾਈਆ । ਮੇਰਾ ਗ੍ਰਹਿ ਹੋਵੇ ਸੱਚੀ ਧਰਮਸਾਲੀ, ਧਰਮ ਦਵਾਰਾ ਨਜ਼ਰੀ ਆਈਆ । ਕਲਜੁਗ ਮਿਟੇ ਕੂੜ ਕੁੜਿਆਰੀ ਰੈਣ ਕਾਲੀ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਫਲ ਫੁੱਲ ਮਹਿਕਣਾ ਧਰਮ ਦੀ ਡਾਲੀ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਕਿਰਪਾ ਕਰੇ ਮੇਰਾ ਸਵਾਮੀ, ਦੋ ਜਹਾਨਾਂ ਵਾਲੀ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜਿਸ ਦੇ ਦਰ ਤੇ ਮੰਗਤੇ ਅਵਤਾਰ ਪੈਗ਼ੰਬਰ ਗੁਰੂ ਸਵਾਲੀ, ਸੰਤ ਭਗਤ ਸੂਫ਼ੀ ਬੈਠੇ ਝੋਲੀਆਂ ਡਾਹੀਆ । ਉਹ ਖੇਲ ਕਰੇ ਦੀਨ ਦੁਨੀ ਦਾ ਹਾਲੀ, ਨਿਰਗੁਣ ਹੋ ਕੇ ਵੇਖ ਵਖਾਈਆ । ਜਿਸ ਦਾ ਲਹਿਣਾ ਦੇਣਾ ਬੇਮਿਸਾਲੀ, ਹਰਫ਼ ਹਰੂਫ਼ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੇਰੀ ਪੁਸਤਕ ਬਿਨਾ ਅੱਖਰਾਂ ਤੋਂ ਕਹਿੰਦੀ, ਨਿਸ਼ਅੱਖਰ ਧਾਰ ਜਣਾਈਆ । ਜਗਤ ਸ਼ਰਅ ਨੇ ਲਾਉਣੀ ਮਹਿੰਦੀ, ਦੀਨ ਦੁਨੀ ਰੰਗ ਰੰਗਾਈਆ । ਖੇਲ ਹੋਣੀ ਦਿਸ਼ਾ ਲਹਿੰਦੀ, ਮੁਹੰਮਦ ਦੀ ਆਸ਼ਾ ਦਏ

ਦੁਹਾਈਆ । ਈਸਾ ਧਾਰ ਮਿਲ ਮਿਲ ਬਹਿੰਦੀ, ਮੂਸਾ ਅੱਖ ਮਿਲਾਈਆ । ਸਦੀ ਚੌਧਵੀਂ ਅੰਤਮ ਦਿਸੇ ਢਹਿੰਦੀ, ਖ਼ਾਕੀ ਖ਼ਾਕ ਰੂਪ ਬਦਲਾਈਆ । ਧਾਰ ਤੱਕਣੀ ਇਕੋ ਸ਼ਬਦ ਗੁਰੂ ਦੇ ਹੁਕਮ ਨੈਂ ਦੀ, ਨਿਜ ਨੈਣਾਂ ਵਾਲਿਓ ਵੇਖਾਂ ਚਾਈਂ ਚਾਈਆ । ਇਕੋ ਆਵਾਜ਼ ਆਉਣੀ ਅੰਤ ਪੁਰਖ ਅਕਾਲ ਦੀ ਜੈ ਦੀ, ਦੂਸਰ ਢੋਲਾ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਅਗੰਮੀ ਆਪਣੇ ਹਵੈ ਦੀ, ਹਾਲਤ ਦੇਖ ਖ਼ਲਕ ਖ਼ੁਦਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਬਾਬੂਪੁਰ ਜ਼ਿਲਾ ਗੁਰਦਾਸ ਪੁਰ ਹਜ਼ਾਰਾ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਵਾਹ ਓਏ ਮੇਰਿਆ ਕਾਦਰਾ, ਕੁਦਰਤ ਦੇ ਮਾਲਕ ਕੀ ਤੇਰੀ ਬੇਪਰਵਾਹੀਆ । ਤੇਰੇ ਵਾਸਤੇ ਚੰਗੀਆਂ ਚੰਗੀਆਂ ਵਿਛਣ ਚਾਦਰਾਂ, ਵਿਛੌਣੇ ਸੋਭਾ ਪਾਈਆ । ਮੈਂ ਨੌ ਵਜੇ ਦਾ ਆਇਆ ਤੇ ਮੇਰੀਆਂ ਭੁੱਖੀਆਂ ਅੰਦਰੋਂ ਆਂਦਰਾਂ, ਖਾਣ ਪੀਣ ਹੱਥ ਕੁਛ ਨਾ ਆਈਆ । ਮੇਰਾ ਜੀਅ ਕਰਦਾ ਤੇਰੇ ਦਰ ਤੇ ਨੱਚਾਂ ਪੈਰੀ ਪਾ ਕੇ ਝਾਂਜਰਾਂ, ਘੁੰਗਟ ਮੁਖ ਤੇ ਰਖਾਈਆ । ਬਣ ਜਾਵਾਂ ਪ੍ਰੇਮ ਵਾਲਾ ਰਾਂਝਣਾ, ਵੰਝਲੀ ਤੇਰੇ ਨਾਮ ਵਾਲੀ ਵਜਾਈਆ । ਤੈਨੂੰ ਪਤਾ ਲਗ ਜਾਵੇ ਕਿਸ ਤਰਾ ਆਪਣਿਆਂ ਭਗਤਾਂ ਨੂੰ ਸਾਂਭਣਾ, ਦਿਵਸ ਰੈਣ ਗੋਦ ਟਿਕਾਈਆ । ਕਿਸ ਪਿਆਰ ਮੁਹੱਬਤ ਵਿਚ ਬਾਂਧਨਾ, ਡੋਰੀ ਤੰਦ ਕਵਣ ਰਖਾਈਆ । ਪਰ ਪਹਿਲੋਂ ਤੈਨੂੰ ਦੱਸਣਾ ਪਊ ਕਿਸ ਤਰਾ ਮੈਨੂੰ ਅਰਾਧਣਾ, ਹਿਰਦੇ ਵਿਚ ਵਸਾਈਆ । ਜਨ ਭਗਤੋ

ਤੁਸੀਂ ਨਹੀਂ ਵੇਖਦੇ ਮੈਂ ਜਾਣਦਾ ਤੁਸੀਂ ਪੁਰਾਣੀਆਂ ਮੇਰੀਆਂ ਸਚਖੰਡ ਦੀਆਂ ਗਵਾਂਢਣਾਂ, ਸੱਜੇ ਖੱਬੇ ਅੱਗੇ ਪਿਛੇ ਬਹਿ ਕੇ ਝਟ ਲੰਘਾਈਆ । ਤੁਸਾਂ ਮੈਨੂੰ ਕਿਸੇ ਨਹੀਂ ਮਾਰਨੀ ਆਵਾਜ਼ਨਾ, ਉਚੀ ਬੋਲ ਨਾ ਕੋਇ ਜਣਾਈਆ । ਮੈਂ ਭੁੱਖਾ ਪਰ ਤੁਸਾਂ ਜ਼ਰੂਰ ਰਾਜਣਾ, ਰੱਜ ਕੇ ਆਪਣੀ ਖ਼ੁਸ਼ੀ ਬਣਾਈਆ । ਇਹ ਨੌ ਦਾ ਵਕਤ ਮੈਂ ਸਚ ਦੱਸਾਂ ਉਹ ਵੇਲਾ ਜਿਸ ਵੇਲੇ ਗੋਬਿੰਦ ਨੇ ਪਹਿਲੇ ਦਿਨ ਆਪਣੇ ਹੱਥ ਤੋਂ ਉਡਾਇਆ ਬਾਜਨਾ, ਬਾਜਾਂ ਵਾਲੇ ਫੇਰ ਤਾਲੀ ਦਿਤੀ ਵਜਾਈਆ । ਨਾਲੇ ਗਾਇਆ ਇਕ ਅਗੰਮੀ ਰਾਗਨਾ, ਨਾਰਦ ਕਹੇ ਉਹ ਮੇਰੇ ਬਿਨ ਕੰਨਾਂ ਵਾਲਾ ਸੁਣਨ ਕੋਇ ਨਾ ਪਾਈਆ । ਉਸ ਦਾ ਮੁਖ ਵਾਕ ਕਲਗੀ ਵਾਲੇ ਨੇ ਕਿਹਾ ਮੇਰੇ ਸੋਹਿਬ ਨੇ ਤੁਹਾਡਾ ਕਾਇਆ ਦਾ ਭਾਂਡਾ ਅੰਦਰੋਂ ਮਾਂਜਣਾ, ਆਪ ਕਰੇ ਸਫ਼ਾਈਆ । ਉਹ ਤੁਹਾਡੀ ਆਪੇ ਕਰੇ ਸਾਧਨਾ, ਸਾਧ ਧੁਰ ਦੇ ਲਏ ਬਣਾਈਆ । ਉਹ ਹੰਸ ਬਣਾਏ ਕਾਗਨਾ, ਕਾਗੋਂ ਹੰਸ ਉਡਾਈਆ । ਸ਼ਬਦ ਸੁਣਾਏ ਨਾਦਨਾ, ਧੁਨੀ ਨਾਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਆਪ ਆਪਣੀ ਦਇਆ ਕਮਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਪਿਆਰਾ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਮੈਂ ਇਕ ਗੱਲ ਕਰਨ ਲੱਗਾ ਚੰਗੀ, ਜਨ ਭਗਤੋ ਦਿਆਂ ਜਣਾਈਆ । ਮੈਂ ਖੇਲ ਵੇਖਦਾ ਰਿਹਾ ਗੋਦਾਵਰੀ ਸੁਰਸਤੀ ਜਮਨਾ

ਗੰਗੀ, ਤੀਰਥਾਂ ਤੱਟਾਂ ਵੇਖ ਵਖਾਈਆ । ਮੈਂ ਪਿਆਰ ਵਿਚ ਆਪਣੀ ਮੰਗ ਇਕ ਮੰਗੀ, ਆਸ਼ਾ ਦਿਤੀ ਜਣਾਈਆ । ਮੈਨੂੰ ਦੱਸੋ ਜਿਸ ਵੇਲੇ ਦੀਨ ਦੁਨੀਆ ਸਿਰੋਂ ਹੋਣੀ ਨੰਗੀ, ਓਢਣ ਨਜ਼ਰ ਕੋਇ ਨਾ ਆਈਆ । ਪ੍ਰਭੂ ਦੇ ਪਿਆਰ ਦੀ ਹੋਈ ਤੰਗੀ, ਤੰਗ ਦਸਤ ਦਿਸੇ ਲੋਕਾਈਆ । ਫਿਰ ਆਵਾਜ਼ ਆਈ ਨਾਨਕ ਨਿਰਗੁਣ ਧਾਰ ਵਜਾਉਣੀ ਸੁਰੰਗੀ, ਜਿਸ ਦੀ ਰਾਜਾ ਜਨਕ ਦਏ ਗਵਾਹੀਆ । ਫੇਰ ਖੇਲ ਹੋਣਾ ਵਰਭੰਡੀ, ਬ੍ਰਹਿਮੰਡੀ ਖੋਜ ਖੁਜਾਈਆ । ਅੰਤ ਹੁਕਮ ਸੁਣਨਾ ਸੂਰੇ ਸਰਬੰਗੀ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹੀਆ । ਜਿਸ ਨੇ ਸਤਿਜੁਗ ਤਰੇਤਾ ਦੁਆਪਰ ਕਲਜੁਗ ਮਾਨਵ ਜ਼ਾਤੀ ਦੀਨਾਂ ਮਜ਼੍ਹਬਾਂ ਵਿਚ ਵੰਡੀ, ਅਵਤਾਰ ਪੈਗ਼ੰਬਰਾਂ ਗੁਰੂਆਂ ਤੋਂ ਹਿੱਸੇ ਦਿਤੇ ਪਵਾਈਆ । ਹੱਥਾਂ ਵਿਚ ਫੜਾ ਕੇ ਤੀਰ ਕਮਾਨ ਤਲਵਾਰ ਚੰਡੀ, ਖੰਡੇ ਖੜਗਾਂ ਦਿਤੀਆਂ ਖੜਕਾਈਆ । ਸ਼ਰਅ ਦੀ ਸ਼ਰਅ ਉਤੇ ਲਾ ਕੇ ਪਾਬੰਦੀ, ਨਾਮ ਕਲਮੇ ਵੱਖਰੇ ਵੱਖਰੇ ਸਮਝਾਈਆ । ਉਹ ਲੇਖਾ ਮੰਗੇ ਨਾਲੇ ਪਿਛਲੀ ਵਖਾਏ ਸੰਧੀ, ਜੋ ਸੰਨਦ ਆਪਣੇ ਹੁਕਮ ਨਾਲ ਬਣਾਈਆ । ਨਾਰਦ ਕਹੇ ਉਸ ਦਾ ਹੁਕਮ ਮੰਨੇ ਇਕੋ ਸਤਿਗੁਰ ਸ਼ਬਦ ਸ਼ਬਦ ਭੁਜੰਗੀ, ਜਿਸ ਦੀਆਂ ਭੁਜਾਂ ਜੰਘਾਂ ਨਜ਼ਰ ਕੋਇ ਨਾ ਆਈਆ । ਉਸ ਦੀ ਆਯੂ ਆਦਿ ਜੁਗਾਦੀ ਜੁਗ ਚੌਕੜੀ ਲੰਮੀ, ਵਿਸ਼ਨ ਬ੍ਰਹਮਾ ਸ਼ਿਵ ਅੰਤ ਕਹਿਣ ਕੋਇ ਨਾ ਪਾਈਆ । ਉਸ ਕਲਜੁਗ ਅਖ਼ੀਰ ਬੇਨਜ਼ੀਰ ਖੇਲ ਵੇਖਣਾ ਜੀਵ ਜੰਤ ਸਾਧ ਸੰਤ ਮਾਨਸ ਧਾਰ ਸਤਿ ਅਸਤਿ ਪਾਖੰਡੀ, ਚਾਰੋਂ ਕੁੰਟ ਖੋਜ ਖੁਜਾਈਆ । ਉਸ ਵੇਲੇ ਕੋਟਾਂ ਵਿਚੋਂ ਗੁਰਮੁਖ ਵਿਰਲਾ ਜਗਤ ਦੀਨ ਮਜ਼੍ਹਬ ਪਾਰ ਜਾਏ ਲੰਘੀ, ਬਿਨਾ ਕਦਮਾਂ ਤੋਂ ਕਦਮ ਉਠਾਈਆ । ਜਿਥੇ ਇਕੋ ਦਾਤ ਨਾਮ ਨਿਧਾਨ ਜਾਏ ਵੰਡੀ, ਦੂਸਰ ਨਜ਼ਰ ਕੋਇ ਨਾ ਆਈਆ । ਪ੍ਰਕਾਸ਼ ਹੋਏ ਬਿਨਾ ਸੂਰੀਆ ਚੰਦੀ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਉਹ ਗ੍ਰਹਿ ਸੁਹੰਜਣਾ ਜਿਸ ਨੂੰ ਕਹਿੰਦੇ ਸਚਖੰਡੀ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਦਾ ਬਖ਼ਸ਼ੰਦੀ, ਬਖ਼ਸ਼ਣਹਾਰ ਇਕੋ ਬੇਪਰਵਾਹੀਆ ।



### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਭਾਗ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਮੈਂ ਤੁਹਾਨੂੰ ਹੁਣ ਦਾ ਦੱਸਾਂ ਕਿੱਸਾ, ਭਗਤੋ ਸਚ ਸਚ ਸੁਣਾਈਆ । ਮੈਨੂੰ ਰਸਤੇ ਵਿਚ ਆਈ ਨਿੱਛਾ, ਛੀਂ ਛੀਂ ਕਰ ਕੇ ਦਿਤਾ ਸੁਣਾਈਆ । ਫੇਰ ਅੱਖਰ ਦਿਸਿਆ ਜਿਸ ਵਿਚ ਮੇਰਾ ਲੇਖ ਲਿਖਾ, ਬਿਨਾ ਕਾਗ਼ਜ਼ ਤੋਂ ਸੋਭਾ ਪਾਈਆ । ਉਹਦੇ ਦੂਜੇ ਪਾਸੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇ ਦੱਸੀ ਆਪਣੀ ਇੱਛਾ, ਅੰਤਸ਼ਕਰਨ ਦਾ ਅੰਤਮ ਦਿਤਾ ਵਖਾਈਆ । ਸੋ ਨਾਰਦ ਜੇ ਤੂੰ ਸਾਨੂੰ ਪ੍ਰੇਮ ਦੀ ਪਾਏਂ ਭਿੱਛਾ, ਸਾਡਾ ਅੰਤਰ ਦਏਂ ਰਚਾਈਆ । ਮੈਂ ਗ਼ੁੱਸੇ ਵਿਚ ਝਟ ਹੋ ਗਿਆ ਛਿੱਥਾ, ਜ਼ੋਰ ਜ਼ੋਰ ਨਾਲ ਦ੍ਰਿੜਾਈਆ । ਨੀ ਮੇਰਾ ਇਕੋ ਪਰਮੇਸ਼ਵਰ ਪਿਤਾ, ਇਕੋ ਮੇਰੀ ਅਗੰਮੀ ਮਾਈਆ । ਮੈਂ ਤੇ ਸਭ ਨੂੰ ਜਾਣਦਾ ਜੋ ਦਿਸਦਾ ਇਹੋ ਮਿਥਾ, ਥਿਰ ਰਹਿਣ ਕੋਇ ਨਾ ਪਾਈਆ । ਜਗਤ ਰਸ ਚਾਰ ਦਿਨ ਦਾ ਮਿੱਠਾ, ਨਾਰ ਕੰਤ ਸਾਰੇ ਵਿਛੋੜੇ ਵਿਚ ਭੱਜਣ ਵਾਹੋ ਦਾਹੀਆ । ਜੇ ਤਸੱਲੀ ਨਹੀਂ ਆਉਂਦੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਸਦੀ ਚੌਧਵੀਂ ਅੰਤ

ਵੇਖ ਲਓ ਨਿਕਲਦਾ ਸਿੱਟਾ, ਕੀ ਸਿੱਟੇਬਾਜੀ ਖ਼ਲਕ ਖ਼ੁਦਾਈਆ । ਕਿਸੇ ਦੇ ਮੱਥੇ ਰਹਿਣਾ ਨਹੀਂ ਸੁਹਾਗ ਦਾ ਟਿੱਕਾ, ਟਿੱਕੇ ਵਾਲੀਆਂ ਰੋਵਣ ਮਾਰਨ ਧਾਹੀਆ । ਕਿਸੇ ਦੀ ਗੋਦ ਵਿਚ ਬੱਚਾ ਰਹਿਣਾ ਨਹੀਂ ਟਿਕਾ, ਦੁੱਧੀ ਸੀਰ ਨਾ ਕੋਇ ਵਡਿਆਈਆ । ਮਕਬਰੇ ਵਿਚ ਮੁਰੀਦ ਮੁਰਸ਼ਦ ਕਹਿਣ ਸਾਡੇ ਉਤੇ ਆਬੇਹਯਾਤ ਦਾ ਪੈਣਾ ਛਿੱਟਾ, ਬੂੰਦ ਧੁਰ ਦੀ ਆਪ ਬਰਸਾਈਆ । ਕਿਸੇ ਨੂੰ ਸਾਰ ਨਹੀਂ ਉਹ ਸਾਹਿਬ ਵਸੇ ਕਿਹੜਿਆਂ ਵਿਚ ਪੱਥਰ ਇੱਟਾ, ਪਾਹਨਾਂ ਡੇਰਾ ਲਾਈਆ । ਨਾਲੇ ਨਾਰਦ ਦੋਹੱਥੜ ਮਾਰ ਕੇ ਪਿੱਟਾ, ਬਹੁੜੀ ਬਹੁੜੀ ਕਰ ਜਣਾਈਆ । ਨੀ ਤੁਸੀਂ ਹੋ ਜਾਵੋ ਇਕ ਚਿੱਤਾ, ਚਿੰਤਮਣੀ ਅੰਤ ਨਾ ਕੋਇ ਰਖਾਈਆ । ਜੇ ਮੇਰੇ ਨਾਲ ਕਰਨਾ ਹਿੱਤਾ, ਹਿਤਕਾਰੀ ਹੋ ਕੇ ਦਿਓ ਵਖਾਈਆ । ਪਹਿਲੋਂ ਮੇਰੀ ਬੋਦੀ ਤੇ ਵੇਖੋ ਚਾਰ ਦਿਸ਼ਾ, ਚਾਰੋਂ ਕੁੰਟ ਧਿਆਨ ਲਗਾਈਆ । ਕੰਨਾਂ ਨੂੰ ਫੜ ਕੇ ਕਹੋ ਸਾਡਾ ਇਕੋ ਹੋਵੇ ਵਿਸ਼ਾ, ਵਿਸ਼ਵ ਦਾ ਮਾਲਕ ਵੇਖ ਵਖਾਈਆ । ਫੇਰ ਪਰਤ ਕੇ ਵੇਖੋ ਆਪਣਾ ਪਿਛਾ, ਦੁਆਪਰ ਤਰੇਤਾ ਸਤਿਜੁਗ ਧਿਆਨ ਲਗਾਈਆ । ਜਿਸ ਵੇਲੇ ਆਉਂਦਾ ਰਿਹਾ ਅਵਤਾਰ ਪੈਗ਼ੰਬਰ ਗੁਰੂ ਖੇਲ ਕਰ ਅਨਡਿੱਠਾ, ਆਪਣੀ ਕਾਰ ਭੁਗਤਾਈਆ । ਸਾਰਿਆਂ ਨੂੰ ਨਾਮ ਦੀਆਂ ਦੇਂਦਾ ਰਿਹਾ ਲਿਖ ਲਿਖ ਕੇ ਚਿੱਟਾ, ਕਾਗ਼ਜ਼ਾਂ ਵਾਲੀ ਗਵਾਹੀਆ । ਆਪਣਾ ਪੇਟ ਵੇਖੋ ਖਿਟਾ, ਕਿਤਨਿਆਂ ਦੀਆਂ ਹੱਡੀਆਂ ਬੈਠੀਆਂ ਆਪਣੇ ਵਿਚ ਆਸਣ ਲਾਈਆ । ਕਿਤਨਿਆਂ ਦੀਆਂ ਬਣ ਗਈਆਂ ਤੁਹਾਡੇ ਉਤੇ ਚਿਤਾ, ਚਿਖਾ ਅਗਨੀ ਨਾਲ ਜਲਾਈਆ । ਇਹ ਗੱਲ ਵੱਡੀ ਮੇਰੀ ਕਹਿਣ ਦੀ ਨਹੀਂ ਵਿਥਾ, ਵਿਸਥਾਰ ਨਾਲ ਕੀ ਜਣਾਈਆ । ਜੇ ਮੇਰੇ ਨਾਲ ਰਹਿ ਕੇ ਅੰਤ ਖਾਣਾ ਜੇ ਰੁੱਖਾ ਮਿੱਸਾ, ਵੇਲੇ ਨਾਲ ਭੁੱਖੀਆਂ ਰਹਿ ਕੇ ਝਟ ਲੰਘਾਈਆ । ਅੱਜ ਨੌ ਵਜੇ ਤੋਂ ਕਮਲੀਓ ਤੁਹਾਨੂੰ ਮਿਲਿਆ ਨਹੀਂ ਮੂੰਹ ਨੂੰ ਲਾਉਣ ਲਈ ਮਿੱਠਾ, ਦੰਦਾਂ ਵਾਲੇ ਦੰਦਾਸੇ ਕੰਮ ਕਿਸੇ ਨਾ ਆਈਆ । ਜੇ ਭਗਤ ਬਣਨਾ ਸੰਤ ਬਣਨਾ ਗੁਰਮੁਖ ਬਣਨਾ ਗੁਰਸਿਖ ਬਣਨਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰ ਪ੍ਰਭੂ ਦੇ ਪਿਆਰ ਦੀ ਮੰਗਣੀ ਪਏ ਭਿੱਖਾ, ਦੂਜੀ ਆਸ ਨਾ ਕੋਇ ਰਖਾਈਆ । ਆਹ ਵੇਖ ਲਓ ਤੁਹਾਡਾ ਪੁਰਾਣਾ ਲੇਖ ਮੇਰੀ ਪੁਸਤਕ ਦੇ ਵਿਚ ਲਿਖਾ, ਲੇਖਣੀ ਧੁਰ ਦੀ ਦਏ ਗਵਾਹੀਆ । ਐਵੇਂ ਤੱਕੀ ਨਾ ਜਾਓ ਬਿਟ ਬਿਟਾ, ਅੱਖ ਇਕ ਦੂਜੀ ਨਾਲ ਮਿਲਾਈਆ । ਆਹ ਵੇਖ ਲਓ ਮੇਰਾ ਪਾਂਧੀ ਦਾ ਪੈਰ ਦਾ ਜੋੜਾ ਪਿਆ ਠਿੱਬਾ, ਟੇਢੀ ਚਾਲ ਨਾ ਬਦਲਾਈਆ । ਮੇਰਾ ਫਸ ਗਿਆ ਰਾਵੀ ਦੇ ਵਿਚ ਟਿੱਬਾ, ਬਾਹਰ ਸਕਿਆ ਨਾ ਕੋਇ ਕਢਾਈਆ । ਮੈਂ ਪ੍ਰਭੂ ਦਾ ਪਿਆਰਾ ਪੁਤ ਛਿੰਦਾ, ਨੀ ਛਿੰਦੀਓ ਤੁਹਾਨੂੰ ਦਿਆਂ ਸੁਣਾਈਆ । ਨੀ ਜੇ ਤੁਸਾਂ ਸਚਖੰਡ ਜਾਣਾ ਤੁਹਾਨੂੰ ਭਗਤਾਂ ਕੋਲ ਵਖਾਵਾਂ ਜਿੰਦਾ, ਜਿਸ ਦੀ ਕੁੰਜੀ ਸਤਿਗੁਰ ਨੇ ਉਨ੍ਹਾਂ ਹੱਥ ਫੜਾਈਆ । ਭਾਵੇਂ ਤੁਸੀਂ ਮੇਰੀ ਕਰੋ ਨਿੰਦਾ, ਮੈਂ ਉਸੇ ਦੇ ਢੋਲੇ ਗਾਈਆ । ਉਹ ਸਾਹਿਬ ਗੁਣੀ ਗਹਿੰਦਾ, ਗਹਿਰ ਗਵਰ ਬੇਪਰਵਾਹੀਆ । ਦੀਨ ਦਿਆਲ ਸਦਾ ਬਖ਼ਸ਼ਿੰਦਾ, ਬਖ਼ਸ਼ਿਸ਼ ਆਪਣੀ ਆਪ ਕਰਾਈਆ । ਉਹ ਸਵਾਮੀ ਸਾਹਿਬ ਮਹਿੰਡਾ, ਨਾਰਦ ਕਹੇ ਮੇਰੀ ਬੋਦੀ ਚਰਨਾਂ ਨਾਲ ਛੋਹ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਨ ਭਗਤਾਂ ਸਭ ਕੁਛ ਦੇਂਦਾ, ਦੇਵਣਹਾਰ ਵੱਡੀ ਵਡਿਆਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਸੰਤਾ ਸਿੰਘ ਦੇ ਗ੍ਰਹਿ ✪

ਭਗਤੀ ਕਹੇ ਸੁਣ ਵੇ ਨਾਰਦਾ ਛੋਕਰਾ, ਛੋਕਰਿਆ ਤੈਨੂੰ ਦਿਆਂ ਸਮਝਾਈਆ । ਤੂੰ ਕਿਉਂ ਸਭ ਨੂੰ ਮਾਰੇਂ ਠੋਕਰਾ, ਠੁਕਰਾ ਕੇ ਰਿਹਾ ਵਖਾਈਆ । ਆਪਣੇ ਸਿਰ ਤੇ ਚੁੱਕ ਕੇ ਪੁਰਾਣਾ ਟੋਕਰਾ, ਪੁਸਤਕਾਂ ਰਿਹਾ ਵਖਾਈਆ । ਮੂਰਖਾ ਤੂੰ ਚਹੁੰ ਜੁਗਾਂ ਦਾ ਔਂਤਰਾ, ਤੇਰਾ ਪੁਤ ਧੀ ਨਜ਼ਰ ਕੋਇ ਨਾ ਆਈਆ । ਝਟ ਅੱਗੋਂ ਨਾਰਦ ਬਦਲ ਕੇ ਪੈਂਤੜਾ, ਬੋਦੀ ਲਈ ਉਠਾਈਆ । ਨੀ ਭਗਤੀ ਤੈਨੂੰ ਕਰ ਕਰ ਕੇ ਕਈ ਥੱਕ ਗਏ ਸਾਲ ਬਰਸ ਸੈਂਕੜਾ, ਹਜ਼ਾਰਾਂ ਦੀਆਂ ਗਿਣਤੀਆਂ ਵਿਚ ਤਪੀਏ ਤਪ ਕਮਾਈਆ । ਤੂੰ ਆਕੜ ਵਿਚ ਫਿਰੇਂ ਆਪਣੀ ਦੱਸੇਂ ਹੈਂਕੜਾ, ਹਉਮੇ ਵਿਚ ਵਡਿਆਈਆ । ਮੈਂ ਤੈਨੂੰ ਇਕ ਨਿੱਕੀ ਜਿਹੀ ਮਾਰਨ ਲੱਗਾ ਕੈਂਕਰਾ, ਇਸ਼ਾਰੇ ਨਾਲ ਸਮਝਾਈਆ । ਜ਼ਰਾ ਖੋਲ ਕੇ ਵੇਖ ਲੈ ਆਪਣੇ ਨੇਤਰਾ, ਨੈਣਾਂ ਵਾਲੀਏ ਨੈਣ ਲੈਣਾ ਬਦਲਾਈਆ । ਇਹ ਮਹੀਨਾ ਰੁੱਤ ਤੇ ਬਸੰਤੀ ਹੋਈ ਚੇਤਰਾ, ਚੇਤਾ ਪਿਛਲਾ ਯਾਦ ਕਰਾਈਆ । ਤੈਨੂੰ ਭ੍ਰਿਗੂ ਨੇ ਇਸ਼ਾਰਾ ਦਿਤਾ ਸੀ ਜਿਸ ਵੇਲੇ ਪੁਰਖ ਅਕਾਲ ਦਾ ਪ੍ਰਗਟ ਹੋਇਆ ਬੇਟੜਾ, ਸ਼ਬਦ ਸ਼ਬਦੀ ਰੂਪ ਬਦਲਾਈਆ । ਤੇਰਾ ਫੇਰ ਭੁਲ ਜਾਣਾ ਉਹਦੇ ਭਗਤਾਂ ਨੂੰ ਚੇਤੜਾ, ਤੇਰੀ ਯਾਦ ਨਜ਼ਰ ਕੋਇ ਨਾ ਆਈਆ । ਉਸ ਦਾ ਉਨ੍ਹਾਂ ਨਾਲ ਹੋਣਾ ਨੇਕੜਾ, ਪੱਕੀ ਇਕੋ ਗੰਢ ਪਵਾਈਆ । ਜਿਸ ਨੇ ਫਿਰਨਾ ਵਿਚ ਖੇਤੜਾ, ਖੇਤਰ ਵੇਖੇ ਥਾਉਂ ਥਾਈਂਆ । ਉਹ ਨਜ਼ਰੀ ਆਏ ਨੇਤਨ ਨੇਤਨਾ, ਨਿਜ ਘਰ ਬੈਠਾ ਆਸਣ ਲਾਈਆ । ਨਾਰਦ ਕਹੇ ਭਗਤੀਏ ਤੈਨੂੰ ਸਾਧਾਂ ਨੇ ਜਗਿਆਸੂਆਂ ਦੇ ਘਰ ਘਰ ਵੇਚਣਾ, ਤੇਰੀ ਕੀਮਤ ਕੋਇ ਨਾ ਪਾਈਆ । ਤੂੰ ਫਿਰੀਂ ਦੇਸ ਪ੍ਰਦੇਸਣਾ, ਭੱਜੀ ਵਾਹੋ ਦਾਹੀਆ । ਤੇਰੀ ਖੁਲ੍ਹੀ ਹੋਣੀ ਗੁੱਤ ਸਵਾਰੇ ਨਹੀਂ ਜਾਣੇ ਕੇਸਣਾ, ਪੱਟੀ ਸੀਸ ਨਾ ਕੋਇ ਗੁੰਦਾਈਆ । ਕਿਉਂ ਜਿਸ ਵੇਲੇ ਰੂਪ ਸ਼ਬਦ ਦਾ ਬਦਲ ਕੇ ਆ ਗਿਆ ਦਸ ਦਸਮੇਸ਼ਣਾ, ਦਹਿ ਦਿਸ਼ਾ ਆਪਣਾ ਹੁਕਮ ਵਰਤਾਈਆ । ਫੇਰ ਤੂੰ ਦੂਰ ਦੁਰਾਡੀ ਨੇ ਵੇਖਣਾ, ਹੱਥ ਮੱਥੇ ਉਤੇ ਟਿਕਾਈਆ । ਨਾਲੇ ਹੈਰਾਨ ਹੋਣਾ ਜਿਸ ਸਾਹਿਬ ਨੂੰ ਸਾਹਿਬ ਮੰਨ ਕੇ ਪਾਪੀਆਂ ਅਪਰਾਧੀਆਂ ਨੇ ਮੱਥਾ ਟੇਕਣਾ, ਉਨ੍ਹਾਂ ਨੂੰ ਵੀ ਪਾਰ ਲੰਘਾਈਆ । ਨਾਰਦ ਕਹੇ ਮੇਰੀਆਂ ਪੁਰਾਣੀਆਂ ਪੁਸਤਕਾਂ ਵਿਚ ਸਭ ਦੀਆਂ ਲਿਖੀਆਂ ਰੇਖਣਾ, ਬਿਨਾ ਪ੍ਰਭੂ ਤੋਂ ਰੇਖ ਸਕਿਆ ਨਾ ਕੋਇ ਬਦਲਾਈਆ । ਮੇਰੀ ਉਸ ਸਾਹਿਬ ਨੂੰ ਅਦੇਸਣਾ, ਜੋ ਸਭ ਦੇਸਾਂ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਰਹੇ ਹਮੇਸ਼ਣਾ, ਜੁਗ ਜੁਗ ਆਪਣਾ ਹੁਕਮ ਵਰਤਾਈਆ ।



## ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸਪੁਰ ਹਜ਼ਾਰਾ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਜਨ ਭਗਤੋ ਮੇਰੀ ਕਰਮੰਡਲੀ ਦੀਆਂ ਹੱਸਦੀਆਂ ਬੁੱਲੀਆਂ, ਹੱਸ ਹੱਸ ਕੇ ਰਹੀ ਵਖਾਈਆ । ਮੈਂ ਆਈ ਭਗਤਾਂ ਦੇ ਪ੍ਰੇਮ ਵਾਲੀਆਂ ਕੁੱਲੀਆਂ, ਕੁੱਲ ਦੇ ਮਾਲਕ ਦਿਤੀ ਵਡਿਆਈਆ । ਕਰਮੰਡਲੀ ਕਹੇ ਜੇ ਮੈਨੂੰ ਸਵੇਰ ਦਾ ਕੁਛ ਖਾਣ ਪੀਣ ਨਹੀਂ ਦਿਤਾ ਤੇ ਮੇਰੇ ਵਿਚ ਮੁਠ ਪਾ ਦਿਓ ਫੁੱਲੀਆਂ, ਮੈਂ ਫੁਲ ਫੁਲ ਕੇ ਆਪਣਾ ਆਪ ਲਵਾਂ ਬਦਲਾਈਆ । ਨਾਲੇ ਹੱਸ ਕੇ ਵੇਖਾਂ ਇਹ ਆਤਮਾ ਨਹੀਂ ਰੁਲੀਆਂ, ਜੋ ਪ੍ਰਭ ਦੇ ਚਰਨਾਂ ਵਿਚ

ਸਮਾਈਆ । ਮੈਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਕਹਾਂ ਤੁਸੀਂ ਹੁਣ ਕਰ ਲਓ ਕੁਰਲੀਆਂ, ਮੂੰਹ ਧੋ ਕੇ ਦੰਦ ਸਾਫ਼ ਕਰਾਈਆ । ਨੀ ਤੁਸੀਂ ਅਗੇ ਸੁਣਦੀਆਂ ਰਹੀਆਂ ਕਾਹਨ ਦੀਆਂ ਮੁਰਲੀਆਂ, ਬੰਸਰੀਆਂ ਵਾਲੇ ਰਾਗ ਚਾਈਂ ਚਾਈਂਆ । ਤੇ ਹੁਣ ਤੁਹਾਨੂੰ ਬਹਿਣਾ ਪੈ ਗਿਆ ਭਗਤਾਂ ਦੀ ਉਤੇ ਖੁਰਲੀਆਂ, ਖੁਰਲੇ ਕੱਢਣ ਵਾਲੀਓ ਲੈਣਾ ਧਿਆਨ ਲਗਾਈਆ । ਇਧਰ ਉਧਰ ਸੱਜੇ ਖੱਬੇ ਨਾ ਮਾਰਿਓ ਧੁਰਲੀਆਂ, ਧਰਮ ਨਾਲ ਧੁਰ ਦਾ ਮਾਲਕ ਰਿਹਾ ਸੁਣਾਈਆ । ਨਾਰਦ ਕਹੇ ਅੱਜ ਮੈਂ ਖ਼ੁਸ਼ੀਆਂ ਵਿਚ ਚਲਾਵਾਂਗਾ ਸ਼ੁਰਲੀਆਂ, ਸ਼ਰਅ ਨੂੰ ਅੱਗ ਨਾਲ ਦੇਣਾ ਸੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਖੇਲਾਂ ਵੇਖੇ ਉਰਲੀਆਂ ਤੇ ਪਰਲੀਆਂ, ਉਰੇ ਪਰੇ ਦੋ ਜਹਾਨਾਂ ਵੇਖ ਵਖਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਮੁਣਸ਼ਾ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਜਨ ਭਗਤੋ ਮੇਰੀ ਕਰਮੰਡਲੀ ਪੜ੍ਹ ਕੇ ਪਹਾੜਾ ਸਿਖ ਕੇ ਆਈ ਦੂਣੀ, ਦੋ ਦੂਣੀ ਚਾਰ ਕਹਿ ਕੇ ਰਹੀ ਸੁਣਾਈਆ । ਨਾਲੇ ਦੱਸੇ ਪ੍ਰੇਮੀਓ ਪਿਆਰਿਓ ਪ੍ਰੇਮ ਦੀ ਮੈਥੋਂ ਸਿੱਖੋ ਕੂਣੀ, ਰਸਨਾ ਰਸ ਨਾਲ ਵਡਿਆਈਆ । ਮੇਰੇ ਵਿਚ ਉਹ ਰਾਖ ਜਿਹੜੀ ਕੌਰਵਾਂ ਪਾਂਡਵਾਂ ਨੂੰ ਖਪਾ ਬੈਠੀ ਵਿਚ ਅਕਸ਼ੂਣੀ, ਅਣਗਿਣਤਾਂ ਅਣਗਿਣਤਾਂ ਨੂੰ ਆਪਣੇ ਵਿਚ ਟਿਕਾਈਆ । ਪਤਾ ਨਹੀਂ ਕਿਤਨੇ ਸਾਧੂ ਤਾਅ ਕੇ ਗਏ ਧੂਣੀ, ਤਨ ਅਗਨ ਨਾਲ ਤਪਾਈਆ । ਮੈਂ ਜਦੋਂ ਵੇਖਾਂ ਤੇ ਇਹ ਊਣੀ ਦੀ ਊਣੀ, ਭਰਨ ਵਾਲਾ ਨਜ਼ਰ ਕੋਇ ਨਾ ਆਈਆ । ਮੈਨੂੰ ਸਾਰਿਆਂ ਦੱਸਿਆ ਪ੍ਰਭੂ ਨੂੰ ਮਿਲਣਾ ਸਿੱਲ ਚਟਣੀ ਪਏ ਅਲੂਣੀ, ਘਾਟੀ ਪਾਰ ਨਾ ਕੋਇ ਕਰਾਈਆ । ਬਿਨਾ ਉਸ ਤੋਂ ਕਟੀ ਨਾ ਜਾਏ ਕਿਸੇ ਦੀ ਜੂਨੀ, ਜੂਨੀਆਂ ਵਿਚ ਫਿਰੇ ਖਲਕ ਖ਼ੁਦਾਈਆ । ਉਹ ਹੱਥ ਨਾ ਆਵੇ ਕਿਸੇ ਰਿਖੀ ਮੁਨੀ, ਮੁਨੀਸ਼ਰ ਰੋਵਣ ਮਾਰਨ ਧਾਹੀਆ । ਪਤਾ ਨਹੀਂ ਜਨ ਭਗਤੋ ਤੁਹਾਡੀ ਪੁਕਾਰ ਕਿਸ ਤਰਾ ਸੁਣੀ, ਕਿਸ ਬਿਧ ਆਪਣਾ ਜੋੜ ਜੁੜਾਈਆ । ਤੁਹਾਡੇ ਅੰਦਰ ਦੇ ਕੇ ਪ੍ਰੇਮ ਦੀ ਧੁਨੀ, ਸੋਈ ਸੁਰਤੀ ਲਈ ਉਠਾਈਆ । ਭੰਡਾਰਾ ਦੇ ਕੇ ਬਹੁ ਗੁਣੀ, ਗੁਣਵੰਤ ਦਿਤਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਹਕ ਕੁਨ ਕੁਨੀ, ਬੇਪਰਵਾਹ ਇਕ ਅਖਵਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸਪੁਰ ਸਵਰਨ ਕੌਰ ਦੇ ਗ੍ਰਹਿ ✪

ਨਾਰਦ ਕਹੇ ਮੇਰੀ ਕਰਮੰਡਲੀ ਨੂੰ ਆਹ ਵੇਖ ਲਓ ਮੇਰਾ ਡਰਾਵੇ ਡੰਡਾ, ਜੋ ਡੰਡਾਵਤ ਰਿਹਾ ਜਣਾਈਆ । ਪਰ ਜਦੋਂ ਮੈਨੂੰ ਚੇਤਾ ਆਉਂਦਾ ਮੈਂ ਵੇਖਾਂ ਰਾਵੀ ਦਾ ਕੰਢਾ, ਕੰਢੀ ਘਾਟ ਧਿਆਨ ਲਗਾਈਆ । ਜਿਥੋਂ ਅੰਮ੍ਰਿਤ ਰਸ ਪਾਣੀ ਮਿਲੇ ਠੰਡਾ, ਅਗਨੀ ਤਤ ਬੁਝਾਈਆ । ਵਿਛੜਿਆਂ ਮੇਲਾ ਮਿਲਿਆ ਪਾਏ ਗੰਢਾ, ਗੰਢਣਹਾਰ ਇਕ ਅਖਵਾਈਆ । ਆਤਮ ਦੇਵੇ ਅਨੰਦਾ, ਸੁਖ ਆਤਮ ਵਿਚ ਜਣਾਈਆ । ਇਹ ਖੇਲ ਸਵਾਮੀ ਸੰਦਾ,

ਜੋ ਸਤਿਗੁਰ ਰਿਹਾ ਕਰਾਈਆ । ਜਿਸ ਦਾ ਆਦਿ ਜੁਗਾਦੀ ਸਫ਼ਰ ਬੜਾ ਲੰਬਾ, ਪੈਂਡਾ ਸਕੇ ਨਾ ਕੋਇ ਮੁਕਾਈਆ । ਜਿਸ ਵੇਲੇ ਆਪ ਚਾਹੇ ਜਨ ਭਗਤ ਪਹੁੰਚਾਏ ਵਿਚ ਸਚਖੰਡਾ, ਸਚ ਦਵਾਰੇ ਆਪ ਟਿਕਾਈਆ । ਮੇਰਾ ਦੀਨ ਦਿਆਲ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਰਹੀਮ ਆਪ ਵਰਤਾਈਆ । ਜਿਸ ਨਿਸ਼ਾਨਾ ਪੂਰਾ ਕਰਨਾ ਤਾਰਾ ਚੰਦਾ, ਚੰਦ ਸਿਤਾਰਿਆਂ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਬਖ਼ਸ਼ੇ ਇਕੋ ਪਰਮਾਨੰਦਾ, ਜੋ ਪਰਮ ਅਨੰਦ ਵਿਚ ਸਮਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਦਲੀਪ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਜਨ ਭਗਤੋ ਸਾਰੇ ਆਪਣੀ ਵੇਖੋ ਰਾਸੀ, ਕੁੰਡਲੀ ਕੀ ਜਣਾਈਆ । ਕਿਸ ਬਿਧ ਹੋਵੇ ਖ਼ੁਲਾਸੀ, ਨਾਤਾ ਤੁਟੇ ਕੂੜ ਲੋਕਾਈਆ । ਪੰਧ ਨਾ ਰਹੇ ਚੁਰਾਸੀ, ਚੁਰਾਹਾ ਨਜ਼ਰ ਕੋਇ ਨਾ ਆਈਆ । ਮਿਲੇ ਮੇਲ ਸ਼ਾਹੋ ਸ਼ਾਬਾਸੀ, ਜੋ ਸ਼ਹਿਨਸ਼ਾਹ ਧੁਰਦਰਗਾਹੀਆ । ਆਤਮ ਪਰਮਾਤਮ ਦਏ ਨਿਵਾਸੀ, ਨਿਜ ਘਰ ਆਪਣਾ ਆਪ ਸੁਹਾਈਆ । ਝਗੜਾ ਮੁਕ ਜਾਏ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਪੰਧ ਰਹੇ ਨਾ ਰਾਈਆ । ਫੇਰ ਖ਼ੁਸ਼ੀਆਂ ਵਿਚ ਕਰੀਏ ਹਾਸੀ, ਹੱਸਤੀ ਤੱਕ ਬੇਪ੍ਰਵਾਹੀਆ । ਸ਼ੰਕਰ ਹੈਰਾਨ ਹੋਵੇ ਕੈਲਾਸ਼ੀ, ਹੈਰਤ ਵਿਚ ਵੇਖ ਵਖਾਈਆ । ਜਿਨ੍ਹਾਂ ਉਤੇ ਕਿਰਪਾ ਕਰੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਉਨ੍ਹਾਂ ਅੰਦਰੋਂ ਦੁਬਧਾ ਨਾਸੀ, ਮਾਇਆ ਮਮਤਾ ਨਾ ਕੋਇ ਰੁੜ੍ਹਾਈਆ । ਰਾਏ ਧਰਮ ਨਾ ਦੇਵੇ ਫਾਸੀ, ਚੁਰਾਸੀ ਵਿਚ ਨਾ ਗੇੜ ਰਖਾਈਆ । ਮੈਂ ਇਕ ਖ਼ਬਰ ਸਭ ਤੋਂ ਅੱਛੀ ਆਖੀ, ਅੱਖਰਾਂ ਤੋਂ ਬਾਹਰ ਦਿਆਂ ਸੁਣਾਈਆ । ਆਪਣੇ ਸਾਹਿਬ ਅਗੇ ਅਰਦਾਸ ਕਰੋ ਜੇ ਕਦੇ ਬੱਚੇ ਕਰ ਜਾਣ ਗੁਸਤਾਖ਼ੀ, ਗ਼ੁੱਸੇ ਵਿਚ ਗ਼ੁੱਸਾ ਨਾ ਕਦੇ ਰਖਾਈਆ । ਜਿਸ ਵੇਲੇ ਮੰਗਣ ਮੁਆਫ਼ੀ, ਬਖ਼ਸ਼ਣਹਾਰ ਬਖ਼ਸ਼ਿਸ਼ ਝੋਲੀ ਦੇਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰ ਕਰਨੀ ਲੋਕਮਾਤੀ, ਮਾਤਲੋਕ ਹੋਣਾ ਸਹਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ਪਿਆਰੀ ਦੇ ਗ੍ਰਿਹਿ ✪

ਨਾਰਦ ਕਹੇ ਜਨ ਭਗਤੋ ਮੈਨੂੰ ਕੋਈ ਪੁਛ ਲਓ ਪਾਣੀ ਜਾਂ ਦੁੱਧ, ਮੈਂ ਪਿਆਸਾ ਫਿਰਾਂ ਚਾਈਂ ਚਾਈਂਆਂ । ਮੈਨੂੰ ਪਤਾ ਨਹੀਂ ਮੇਰੀ ਹੋਸ਼ ਟਿਕਾਣੇ ਨਹੀਂ ਸੁਧ, ਸੁਦੀ ਵਦੀ ਦੀ ਵੰਡ ਨਾ ਕੋਇ ਵੰਡਾਈਆ । ਮੇਰੀ ਉਚੀ ਨਹੀਂ ਕੋਈ ਬੁਧ, ਬੁਧੀ ਵਾਲਿਓ ਦਿਆਂ ਸਮਝਾਈਆ । ਤੁਸੀਂ ਸਾਰੇ ਵੇਖ ਲਓ ਇਹ ਚੌਥਾ ਯੁਗ, ਜੁਗਤੀ ਵਾਲੇ ਧਿਆਨ ਲਗਾਈਆ । ਜਿਸ ਵਿਚ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਔਧ ਰਹੀ ਪੁੱਗ, ਪੂਜਾ ਅਸਥਾਨ ਸਾਰੇ ਦੇਣ ਗਵਾਹੀਆ । ਪਤਾ ਨਹੀਂ ਕਿਹੜੇ ਵੇਲੇ ਕਿਹੜੇ ਸਮੇਂ ਕਿਹੜੇ ਥਾਂ ਕਿਹੜੀ ਧਰਤੀ ਉਤੇ ਲੱਗਣਾ ਯੁੱਧ, ਯੋਧਿਓ ਯੁਧਿਸ਼ਟਰ ਦੀ ਆਸ਼ਾ ਵੇਖ ਵਖਾਈਆ । ਸਭ ਦੀਆਂ ਮਨਿਆਦਾਂ ਰਹੀਆਂ ਪੁਗ, ਪਟੇਦਾਰੀ ਅਗੇ ਨਾ ਕੋਇ ਬਣਾਈਆ । ਪਰ ਕਿਡਾ ਸੋਹਣਾ ਦਿਹਾੜਾ ਤਿਉਹਾਰ ਤੇ

੭੩੩
੨੩

ਮਹੀਨਾ ਚੇਤ ਸ਼ੁਭ, ਸੋਭਾਵੰਤ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਜਨ ਭਗਤਾਂ ਜਿਥੇ ਜਾਏ ਪੁੱਜ, ਆਪ ਆਪਣੀ ਦਇਆ ਕਮਾਈਆ ।

✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਮੇਰੀਆਂ ਘੱਸ ਗਈਆਂ ਤਲੀਆਂ, ਤਲਾਬਾਂ ਕੰਢਿਆਂ ਫੇਰਾ ਪਾਈਆ । ਮੈਂ ਵੇਖਣ ਚਲਾ ਗਿਆ ਪੈਗ਼ੰਬਰ ਵਲੀਆਂ, ਐਲੀਆਂ ਖੋਜ ਖੁਜਾਈਆ । ਮੈਂ ਮਕਬਰਿਆਂ ਤੇ ਤੱਕਣ ਗਿਆ ਤੇਲ ਦੀਆਂ ਪਲੀਆਂ, ਜੋ ਸ਼ਮਅ ਵਿਚ ਟਿਕਾਈਆ । ਫੇਰ ਵੇਖਣ ਲੱਗਾ ਜਗਤ ਦੀਆਂ ਖ਼ਾਹਿਸ਼ਾਂ ਕੂੜ ਨਾਲ ਰਲੀਆਂ, ਰੰਗ ਰਲੀਆਂ ਰਹੇ ਮਨਾਈਆ । ਫੇਰ ਵੇਖਿਆ ਯੋਧਿਆਂ ਬਲੀਆਂ, ਬਲ ਆਪਣਾ ਆਪ ਵਧਾਈਆ । ਫੇਰ ਤੱਕਿਆ ਬਾਗ਼ਾਂ ਦੀਆਂ ਕਲੀਆਂ, ਜੋ ਮਹਿਕ ਵਿਚ ਮਹਿਕਾਈਆ । ਫੇਰ ਵੇਖਿਆ ਲੂਣ ਦੀਆਂ ਡਲੀਆਂ, ਜੋ ਆਪਣਾ ਆਪ ਮਿਟਾਈਆ । ਫੇਰ ਤੱਕਿਆ ਅਗੰਮੀ ਵਲੀਆ ਛਲੀਆ, ਅਛਲ ਛਲਧਾਰੀ ਨੂਰ ਅਲਾਹੀਆ । ਮੈਂ ਖ਼ੁਸ਼ੀ ਵਿਚ ਪਾਵਣ ਲੱਗਾ ਜਲੀਆਂ, ਟੱਪਾਂ ਵਾਹੋ ਦਾਹੀਆ । ਜਿਸ ਦੇ ਦਵਾਰੇ ਆਤਮਾ ਪਰਮਾਤਮਾ ਦੇ ਪਿਆਰ ਵਿਚ ਖਲੀਆਂ, ਖਲੋਤੀਆਂ ਸੋਭਾ ਪਾਈਆ । ਮੈਨੂੰ ਸਭ ਦੀਆਂ ਚੰਗੀਆਂ ਲੱਗਣ ਗੱਲੀਆਂ, ਸੁਣ ਸੁਣ ਖ਼ੁਸ਼ੀ ਬਣਾਈਆ । ਨਾਰਦ ਕਹੇ ਮੇਰੀਆਂ ਅੰਦਰੋਂ ਹੱਡੀਆਂ ਗਈਆਂ ਸੱਲੀਆਂ, ਸੁਰਾਖ ਆਰ ਪਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਿੰਘਾਸਣ ਜਨ ਭਗਤਾਂ ਗ੍ਰਿਹ ਜਗਹ ਮੱਲੀਆਂ, ਮਾਲਕ ਹੋ ਕੇ ਵੇਖ ਵਖਾਈਆ ।
੭੩੪
੨੩

✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ਮਹਿੰਦਰ ਕੌਰ ਦੇ ਗ੍ਰਹਿ ✪

ਨਾਰਦ ਕਹੇ ਮੈਂ ਫਿਰਦਾ ਨਾਲ ਸ਼ਤਾਬੀ, ਛਤਰਧਾਰੀ ਵੇਖ ਵਖਾਈਆ । ਮੈਂ ਵੇਖਾਂ ਮਹੱਲ ਮਹਿਰਾਬੀ, ਜਿਥੇ ਮਹਿਬੂਬ ਵਸੇ ਬੇਪ੍ਰਵਾਹੀਆ । ਜਿਸ ਦਾ ਰੂਪ ਅਨੂਪ ਪੰਜਾਬੀ, ਪੰਜਾਂ ਦਰਿਆਵਾਂ ਦੇ ਵਹਿਣਾਂ ਗਹਿਰਾਂ ਫੋਲ ਫੁਲਾਈਆ । ਉਨ੍ਹਾਂ ਇਕੋ ਰੂਪ ਹਕੀਕੀ ਤੇ ਮਜਾਜ਼ੀ, ਮਿਜਾਜ਼ ਆਪਣੇ ਵਿਚ ਰਖਾਈਆ । ਜੋ ਅੰਮ੍ਰਿਤ ਦੇਵੇ ਹਯਾਤੇ ਆਬੀ, ਇਕੋ ਰਸ ਚੁਆਈਆ । ਉਨ੍ਹਾਂ ਲੇਖਾ ਨਹੀਂ ਸ਼ਾਸਤਰਾਂ ਨਾਲ ਕਿਤਾਬੀ, ਧੁਰ ਦਾ ਹੁਕਮ ਇਕ ਸੁਣਾਈਆ । ਜਨ ਭਗਤ ਸੁਹੇਲੇ ਖ਼ੁਸ਼ੀਆਂ ਵਿਚ ਰਖੇ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਹੋਏ ਸਹਾਈਆ । ਜਿਨ੍ਹਾਂ ਦੀ ਅੰਤਰ ਆਤਮ ਜਾਗੀ, ਪਰਮਾਤਮ ਹੋ ਕੇ ਮੇਲਾ ਮੇਲੇ ਚਾਈਂ ਚਾਈਂਆ । ਸਚ ਗ੍ਰਿਹ ਬਣ ਇਮਦਾਦੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਬਣਾਏ ਸਦਾ ਵਡਭਾਗੀ, ਭਾਗਹੀਣ ਨਜ਼ਰ ਕੋਇ ਨਾ ਆਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ਹਰਨਾਮ ਕੌਰ ਦੇ ਗ੍ਰਿਹਿ ✪

ਨਾਰਦ ਕਹੇ ਜਨ ਭਗਤੋ ਤੁਹਾਨੂੰ ਬਣਨਾ ਪੈਣਾ ਵੈਰਾਗੀ, ਵੈਰੀ ਅੰਦਰੋਂ ਬਾਹਰ ਕਢਾਈਆ । ਕੂੜੀ ਕਿਰਿਆ ਦੇ ਬਣਨਾ ਪੈਣਾ ਤਿਆਗੀ, ਤ੍ਰੈਗੁਣ ਦਾ ਪੰਧ ਚੁਕਾਈਆ । ਹੰਸ ਹੋਣਾ ਪੈਣਾ ਕਾਗੀ, ਸੋਹੰ ਮਾਣਕ ਮੋਤੀ ਚੋਗ ਮੁਖ ਲਗਾਈਆ । ਦੁਰਮਤ ਮੈਲ ਧੋਣਾ ਪੈਣਾ ਦਾਗ਼ੀ, ਕੂੜੀ ਕਿਰਿਆ ਕਰ ਸਫ਼ਾਈਆ । ਅੰਤਰ ਇਕੋ ਲਿਵ ਹੋਵੇ ਲਾਗੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਲੋਕਮਾਤ ਬਣਨਾ ਵਡਭਾਗੀ, ਭਾਗਹੀਣ ਨਜ਼ਰ ਕੋਇ ਨਾ ਆਈਆ । ਤੁਹਾਨੂੰ ਭੁੱਖ ਨੰਗ ਕਾਹਦੀ, ਮੈਂ ਸਚ ਦਿਆਂ ਸੁਣਾਈਆ । ਜਿਨ੍ਹਾਂ ਦੇ ਉਤੇ ਪੁਰਖ ਅਕਾਲਾ ਦੀਨ ਦਿਆਲਾ ਹੋਇਆ ਰਾਜੀ, ਰਾਜਕ ਰਿਜਕ ਰਹੀਮ ਵੇਖਣਹਾਰ ਵਡਿਆਈਆ । ਜਿਸ ਸ਼ਰਅ ਮੇਟਣੀ ਮੁੱਲਾ ਕਾਜੀ, ਕਜ਼ਾਕਾਂ ਪੰਧ ਚੁਕਾਈਆ । ਦੀਨ ਮਜ੍ਹਬਾਂ ਜੋ ਹਿੱਸੇ ਵੰਡੇ ਜ਼ਿਮੀਂ ਉਤੇ ਅਰਾਜ਼ੀ, ਆਰਜ਼ੀ ਸਭ ਨੂੰ ਦਿਤੇ ਵਖਾਈਆ । ਅੰਤਮ ਸਭ ਦਾ ਲੇਖਾ ਪੂਰਾ ਕਰੇ ਕਿਸੇ ਦੀ ਰਹਿਣ ਨਾ ਦੇਵੇ ਨਰਾਜ਼ੀ, ਨਰਾਜ਼ਗੀ ਵਿਚ ਕਦੇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਦੀਨਾਂ ਮਜ੍ਹਬਾਂ ਇਕੋ ਵਾਰ ਆਪਣੀ ਹਾਰਨੀ ਬਾਜ਼ੀ, ਬਾਜਾਂ ਵਾਲਾ ਵੇਖ ਵਖਾਈਆ । ਜੋ ਨਾਨਕ ਲੇਖਾ ਲਿਖਿਆ ਬਗ਼ਦਾਦੀ, ਰਬਾਬੀ ਮਰਦਾਨਾ ਸਿਫ਼ਤ ਸਾਲਾਹੀਆ । ਉਸ ਦਾ ਖੇਲ ਅਗੰਮਾ ਲੋਕਮਾਤ ਕਰੇ ਸ਼ਤਾਬੀ, ਸ਼ਰਅ ਦੇ ਲੇਖੇ ਦਏ ਮੁਕਾਈਆ । ਜਿਸ ਦਾ ਹੁਕਮ ਸਦਾ ਇਕਸਾਦੀ, ਏਕੰਕਾਰ ਆਪ ਅਖਵਾਈਆ । ਜੁਗ ਚੌਕੜੀ ਜਿਸ ਦੀ ਬਾਂਦੀ, ਨਿਵ ਨਿਵ ਸੀਸ ਝੁਕਾਈਆ । ਉਹ ਸਾਹਿਬ ਸਵਾਮੀ ਬਣ ਕੇ ਪਾਂਧੀ, ਨਵ ਸੱਤ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਇਕੋ ਤੁਕ ਗਾਂਦੀ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ਵਿਰਸਾ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਮੇਰੀ ਕਰਮੰਡਲੀ ਨਾਲ ਡੰਡਾ ਬੱਧਾ, ਗੰਢ ਜਗਤ ਵਾਲੀ ਪਾਈਆ । ਮੈਂ ਹੱਥ ਲਾਇਆ ਤੇ ਹਿਲਿਆ ਅੱਧਾ, ਅੱਧਾ ਹਿਲ ਨਾ ਸਕਿਆ ਰਾਈਆ । ਮੈਂ ਫਿਰ ਸੰਦੇਸੇ ਵਿਚ ਦਿਤਾ ਸੱਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲਈਆਂ ਬੁਲਾਈਆ । ਆਓ ਇਹਨੂੰ ਕਰੀਏ ਸਿੱਧਾ, ਜ਼ੋਰ ਨਾਲ ਖਿਚਾਈਆ । ਉਹ ਮੈਨੂੰ ਕਹਿਣ ਕਿੱਦਾਂ, ਬਿਧੀ ਦੇ ਦ੍ਰਿੜ੍ਹਾਈਆ । ਮੈਂ ਕਿਹਾ ਪਹਿਲੋਂ ਮੈਨੂੰ ਪਾ ਕੇ ਵਖਾਓ ਗਿੱਧਾ, ਨੱਚ ਕੇ ਦਿਉ ਜਣਾਈਆ । ਫੇਰ ਹੱਥ ਮਾਰੋ ਮੇਰੇ ਉਤੇ ਢਿੱਡਾ, ਮੇਰੀ ਹੱਡੀ ਪਸਲੀ ਲਏ ਅੰਗੜਾਈਆ । ਫੇਰ ਜ਼ਨਾਨੀਆਂ ਵਾਲੀ ਅੜੀ ਦਾ ਰਖੋ ਸਿੱਡਾ, ਮੇਰੇ ਵੱਲੋਂ ਮੁਖ ਭਵਾਈਆ । ਜ਼ੋਰ ਦੀ ਫੇਰ ਮੈਂ ਲਗਾਵਾਂ ਠੇਡਾ, ਤੁਹਾਨੂੰ ਦਿਆਂ ਹਿਲਾਈਆ । ਤੁਸੀਂ ਕਹੋ ਨਾ ਕਰ ਪੰਡਤਾ ਛਲ ਏਡਾ, ਛਲੀਆ ਰੂਪ ਬਣਾਈਆ । ਫੇਰ ਮੈਂ ਕਹੂੰ ਮੈਂ ਕੋਈ ਸੁਨਾਨ ਨਹੀਂ ਚਾਰਨ ਵਾਲਾ ਭੇਡਾ, ਭੱਜਾ ਵਾਹੋ ਦਾਹੀਆ । ਇਹ ਮੇਰੀਆਂ ਤੁਹਾਡੇ ਨਾਲ ਜਗਤ ਵਾਲੀਆਂ ਖੇਡਾਂ, ਖਿਡਾਰੀ ਹੋ ਕੇ ਦਿਆਂ ਸੁਣਾਈਆ । ਮੈਂ ਪਿਛੇ ਨਾਲੋਂ ਤੁਹਾਡੇ ਨਾਲ ਪ੍ਰੇਮ ਕਰ ਡਿਓਡਾ, ਇਕ ਨਾਲ ਅੱਧਾ ਦਿਆਂ ਮਿਲਾਈਆ ।



੭੩੫
੨੩

ਤੁਸੀਂ ਨਿਗਾਹ ਮਾਰ ਲਓ ਤੁਹਾਡੇ ਤੀਰਥਾਂ ਤੱਟਾਂ ਉਤੇ ਧੀਆਂ ਭੈਣਾਂ ਨੂੰ ਹੁੰਦੀਆਂ ਝੇੜਾ, ਮਸਖ਼ਰੇ ਮਸਖ਼ਰੀਆਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚਾਰੇ ਕਹਿਣ ਸੁਣ ਵੇ ਨਾਰਦ ਗੰਜਿਆ, ਤੈਨੂੰ ਦਈਏ ਜਣਾਈਆ । ਤੂੰ ਕਿਹੜੇ ਵਹਿਣਾ ਵਿਚ ਲੰਘਿਆ, ਕਵਣ ਪਤਣ ਡੇਰਾ ਲਾਈਆ । ਕਿਹੜੇ ਸਿੰਘਾਸਣ ਸੁੱਤੋਂ ਮੰਜਿਆ, ਸੁਖ ਆਸਣ ਕਵਣ ਚਤੁਰਾਈਆ । ਤੂੰ ਕਿੰਨਾ ਮਧਰਾ ਤੇ ਕਿੰਨਾ ਲੰਮਿਆ, ਲੰਬੂ ਲਾਉਣ ਵਾਲਿਆ ਸਾਨੂੰ ਦੇ ਦ੍ਰਿੜਾਈਆ । ਕਿਹੜਾ ਮਾਰਿਆ ਪੰਧਿਆ, ਭੱਜਿਆ ਚਾਈਂ ਚਾਈਂਆ । ਕਿਉਂ ਸਾਨੂੰ ਫਸਾਉਣਾ ਵਿਚ ਫੰਦਿਆ, ਫਾਂਦਕੀ ਰੂਪ ਬਦਲਾਈਆ । ਉਹ ਤੱਕ ਲੈ ਨਿਸ਼ਾਨ ਮਿਟਦਾ ਜਾਂਦਾ ਤਾਰਾ ਚੰਨਿਆ, ਮੁਹੰਮਦ ਇਸ਼ਾਰੇ ਨਾਲ ਦਰਸਾਈਆ । ਕਿਉਂ ਉਸ ਦੇ ਪਿਛੇ ਲੱਗਾ ਤੇਰੇ ਕਰਮੰਡਲ ਦੇ ਨਾਲ ਬੱਧਾ ਡੰਡਿਆ, ਜੋ ਡੰਡਾਵਤ ਸਭ ਦੀ ਦਏ ਬਦਲਾਈਆ । ਜਿਸ ਫਿਰਨਾ ਵਿਚ ਬ੍ਰਹਿਮੰਡਿਆ, ਖੰਡਾਂ ਵਰਭੰਡਾਂ ਧਿਆਨ ਲਗਾਈਆ । ਉਮਤ ਲਹਿਣਾ ਦੇਣਾ ਪੂਰਾ ਕਰਨਾ ਜੇਰਜ ਅੰਡਿਆ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਰਾ ਸਰਬੰਗਿਆ, ਸ਼ਾਹ ਪਾਤਸ਼ਾਹ ਬੇਪ੍ਰਵਾਹੀਆ ।



### ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ਦੀਦਾਰ ਸਿੰਘ ਦੇ ਗ੍ਰਿਹ ✪

੭੩੬
੨੩

ਨਾਰਦ ਕਹੇ ਮੈਂ ਰਾਵੀ ਤੇ ਨਹਾਉਣ ਗਿਆ ਮਾਰ ਬੈਠਾ ਚੁੱਭੀ, ਗੋਤਾ ਡੂੰਘਾ ਲਿਆ ਲਗਾਈਆ । ਜਾਂ ਅਗਾਂਹ ਵੇਖਿਆ ਮੁਹੰਮਦ ਦੀ ਆਸ਼ਾ ਹੋਵੇ ਰੋਵੇ ਮਾਰ ਉਚੀ ਭੁੱਬੀ, ਦਰੋਹੀ ਦਰੋਹੀ ਦਰੋਹੀ ਕਰ ਸੁਣਾਈਆ । ਮੈਂ ਹੱਸ ਕੇ ਪੁੱਛਿਆ ਤੂੰ ਕਿਹੜੀ ਫਿਰਦੀ ਏਥੇ ਬੁੱਢੀ, ਮਾਰੂਥਲਾਂ ਫੇਰਾ ਪਾਈਆ । ਉਸ ਨੇ ਉਚੀ ਕੂਕ ਕੇ ਕਿਹਾ ਮੈਂ ਉਮਤ ਦੇ ਵਹਿਣ ਵਿਚ ਖੁੱਭੀ, ਖ਼ੂਬਸੂਰਤ ਆਪਣਾ ਰੂਪ ਗਈ ਬਦਲਾਈਆ । ਮੇਰੀ ਰਮਜ਼ ਬਿਨਾ ਰਹਿਮਾਨ ਕਿਸੇ ਨਾ ਬੁੱਝੀ, ਬੁੱਧੀਵਾਨ ਸਮਝ ਕੋਇ ਨਾ ਪਾਈਆ । ਜਿਹੜਾ ਮਾਲਕ ਖ਼ਾਲਕ ਜੁਗ ਜੁਗੀ, ਜੁਗਾ ਜੁਗੰਤਰ ਵੇਖ ਵਖਾਈਆ । ਉਸ ਦੇ ਦਵਾਰੇ ਉਤੇ ਮੇਰੀ ਔਧ ਮੁਕੀ, ਮੁਕੰਮਲ ਦਿਆਂ ਸੁਣਾਈਆ । ਸਦੀ ਚੌਧਵੀਂ ਅਖ਼ੀਰੀ ਪੁਜੀ, ਭੱਜੀ ਵਾਹੋ ਦਾਹੀਆ । ਪੇਸ਼ੀਨਗੋਈਆਂ ਵਿਚ ਪੈਗ਼ੰਬਰਾਂ ਕਿਹਾ ਉਹ ਅਮਾਮ ਆਵੇ ਉਤੇ ਬਸੁਧੀ, ਸੁਧ ਸਭ ਦੀ ਵੇਖ ਵਖਾਈਆ । ਮੈਂ ਏਸ ਕਰ ਕੇ ਏਥੇ ਪੁੱਜੀ, ਆਈ ਚਾਈਂ ਚਾਈਆ । ਜੇ ਮੇਰੀ ਕਿਸਮਤ ਕਰ ਦਏ ਉਚੀ, ਉਚ ਦਾ ਪੀਰ ਨੂਰ ਅਲਾਹੀਆ । ਮੇਰੀ ਆਸਾ ਹੋ ਜਾਏ ਸੁੱਚੀ, ਤ੍ਰਿਸ਼ਨਾ ਕੂੜ ਮੁਕਾਈਆ । ਮਕਬਰੇ ਵਿਚੋਂ ਉਠਾਏ ਮੁਹੰਮਦ ਦੀ ਲਾਸ਼ ਸੁੱਤੀ, ਆਲਸ ਨਿੰਦਰਾ ਦਏ ਗਵਾਈਆ । ਖ਼ੁਸ਼ੀਆਂ ਵਾਲੀ ਵਖਾਏ ਰੁਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਮੇਰੀ ਗੰਢ ਪਵਾਏ ਟੁੱਟੀ, ਟੁੱਟਿਆਂ ਲਏ ਜੁੜਾਈਆ । ਮੈਂ ਨੰਗੀਂ ਪੈਰੀਂ ਭੱਜੀ ਰਾਹੋਂ ਘੁੱਥੀ, ਆਈ ਵਾਹੋ ਦਾਹੀਆ । ਸ਼ਰਅ ਵਾਲਿਆਂ ਨਾਲ ਰੁੱਸੀ, ਮੁਖ ਕਾਅਬਿਆਂ ਵੱਲੋਂ ਬਦਲਾਈਆ । ਮੈਨੂੰ ਚੰਗੀ ਨਹੀਂ ਲਗਦੀ ਢਾਂਡੀ ਹੁੱਕੀ, ਹੁਕਮ ਮੰਨ ਕੇ ਸੀਸ ਨਿਵਾਈਆ । ਮੈਂ ਚਾਹੁੰਦੀ ਸਾਰੀ ਸ੍ਰਿਸ਼ਟੀ ਉਤੇ ਕਾਇਨਾਤ ਵਿਚ ਕਥਾ ਕਹਾਣੀ ਚਲੇ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਾਰੇ ਗਾਈਆ । ਆਪਣੇ ਨਿਸ਼ਾਨੇ ਉਤੋਂ ਦੀਨ ਦੁਨੀਆ ਵੇਖੀ

ਉਕੀ, ਮੰਜ਼ਲ ਹਕ ਚੜ੍ਹਨ ਕੋਇ ਨਾ ਪਾਈਆ । ਮੈਂ ਪੈਰੀਂ ਆਈ ਪੁੱਠੀ, ਪਿਛਲਾ ਪੰਧ ਮੁਕਾਈਆ । ਏਥੇ ਓਸੇ ਸਾਹਿਬ ਤੇ ਆਸਾ ਸੁੱਟੀ, ਜੋ ਮਾਲਕ ਕੁੱਲ ਅਖਵਾਈਆ । ਉਸੇ ਦੀ ਮੁਹੱਬਤ ਵਿਚ ਉਠੀ, ਨਿਰਗੁਣ ਧਾਰ ਲਈ ਅੰਗੜਾਈਆ । ਮੇਰੇ ਕੋਲ ਪ੍ਰੇਮ ਦੀ ਮੁੱਠੀ, ਪੰਜਾਂ ਉਂਗਲੀਆਂ ਵਿਚ ਬੰਦ ਕਰਾਈਆ । ਨਾਰਦ ਕਹੇ ਏਨੇ ਚਿਰ ਨੂੰ ਮੇਰਾ ਸਾਹ ਉਲਟਣ ਲੱਗਾ ਤੇ ਮੇਰਾ ਪੰਧ ਮੁੱਕਿਆ ਮਾਰੀ ਚੁਭੀ, ਮੈਂ ਬਾਹਰ ਗਿਆ ਆਈਆ । ਬਾਹਰ ਆ ਕੇ ਸੁਣੀ ਡੁਗ ਡੁਗੀ, ਜੋ ਦੋ ਜਹਾਨਾਂ ਰਹੀ ਜਗਾਈਆ । ਬ੍ਰਹਿਮੰਡੋ ਖੰਡੋ ਪੁਰੀਓ ਲੋਓ ਆਕਾਸ਼ ਪਾਤਾਲੋ ਗਗਨ ਗਗਨੰਤਰੋ ਜ਼ਿਮੀਂ ਅਸਮਾਨੋ ਸੂਰੀਆ ਚੰਦੋ ਉਠੋ ਵੇਖੋ ਨੱਠੋ ਭੱਜੋ ਮੇਰਾ ਸਾਹਿਬ ਸਵਾਮੀ ਵੜਿਆ ਭਗਤਾਂ ਦੀ ਝੁੱਗੀ, ਝੁੱਗੇ ਆਪਣੇ ਰਿਹਾ ਵਸਾਈਆ । ਜਿਸ ਦੀ ਵੰਡ ਨਹੀਂ ਕਿਸੇ ਵਦੀ ਸੁਦੀ, ਕਿਸ਼ਨਾ ਸ਼ੁਕਲਾ ਪੱਖ ਦੋਵੇਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਿਰਗੁਣ ਜੋਤ ਕਰੇ ਉਘੀ, ਦੂਸਰ ਰੂਪ ਨਜ਼ਰ ਕੋਇ ਨਾ ਆਈਆ ।

### ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਬਾਬੂਪੁਰ ਜ਼ਿਲਾ ਗੁਰਦਾਸ ਪੁਰ ਕਰਤਾਰ ਕੌਰ ਦੇ ਗ੍ਰਹਿ

ਨਾਰਦ ਕਹੇ ਬਸਤਾ ਲਵਾਂ ਬੰਨ੍ਹ, ਪੁਸਤਕਾਂ ਗੰਢ ਵਿਚ ਟਿਕਾਈਆ । ਪਰਮ ਪੁਰਖ ਨੂੰ ਕਹਾਂ ਧੰਨ ਧੰਨ, ਧੰਨ ਤੇਰੀ ਵਡਿਆਈਆ । ਜਿਸ ਭਗਤ ਉਪਜਾਏ ਜਨ, ਸਿਰ ਆਪਣਾ ਹੱਥ ਟਿਕਾਈਆ । ਲੇਖੇ ਲਾਵੇ ਤਨ, ਪੰਜ ਤਤ ਤਨ ਵੱਜੇ ਵਧਾਈਆ । ਮਨਸਾ ਪੂਰੀ ਕਰੇ ਮਨ, ਮਮਤਾ ਕੂੜ ਗਵਾਈਆ । ਹਰਖ ਮੇਟ ਕੇ ਗ਼ਮ, ਚਿੰਤਾ ਦਏ ਚੁਕਾਈਆ । ਬੇੜਾ ਦੇਵੇ ਥੰਮ, ਅਗੇ ਹੋ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਪੁਸਤਕਾਂ ਬੰਨ੍ਹੀਆਂ ਘੁੱਟ, ਘੁੱਟ ਕੇ ਦਿਤੀਆਂ ਬੰਧਾਈਆ । ਫੇਰ ਕੰਧੇ ਤੇ ਲਈਆਂ ਸੁੱਟ, ਆਪਣੇ ਆਪ ਉਠਾਈਆ । ਫੇਰ ਬੋਦੀ ਨਾਲ ਕੀਤਾ ਜੁੱਟ, ਗੰਢ ਦਿਤੀ ਪਵਾਈਆ । ਨਾਲੇ ਹੱਸ ਕੇ ਕਿਹਾ ਮੇਰੀ ਪ੍ਰੀਤ ਜਾਏ ਨਾ ਟੁੱਟ, ਤੋੜਨ ਵਾਲਾ ਨਜ਼ਰ ਕੋਇ ਨਾ ਆਈਆ । ਨਾਲੇ ਹੱਸ ਕੇ ਆਖਿਆ ਮੈਂ ਲੁੱਟ ਕੇ ਆਇਆ ਲੁੱਟ, ਪ੍ਰਭ ਦਰਸ਼ਨ ਆਪਣੀ ਝੋਲੀ ਪਾਈਆ । ਕੁਛ ਲੇਖਾ ਆਇਆ ਪੁਛ, ਮੈਨੂੰ ਦੇ ਸਮਝਾਈਆ । ਕਿਉਂ ਨਹੀਂ ਉਗੀ ਮੇਰੀ ਦਾਹੜੀ ਮੁੱਛ, ਮਰਦ ਮਰਦਾਨਾ ਰੂਪ ਨਾ ਕੋਇ ਦਰਸਾਈਆ । ਅਗੋਂ ਹੁਕਮ ਹੋਇਆ ਨਾਰਦਾ ਵੇਖ ਅੰਧੇਰਾ ਘੁਪ, ਚਾਰੋਂ ਕੁੰਟ ਨੈਣ ਤਕਾਈਆ । ਸਚ ਦਾ ਸੂਰੀਆ ਗਿਆ ਛੁਪ, ਚੰਦ ਚਾਂਦਨ ਨਾ ਕੋਇ ਰੁਸ਼ਨਾਈਆ । ਨਾ ਛਾਂ ਦਿਸੇ ਨਾ ਧੁੱਪ, ਦੋਵੇਂ ਰੁਖ਼ ਬਦਲਾਈਆ । ਨਾਰਦ ਕਹੇ ਮੈਂ ਪਹਿਲੋਂ ਹੋ ਕੇ ਚੁੱਪ, ਸਭ ਕੁਝ ਸੁਣਿਆ ਚਾਈਂ ਚਾਈਂਆ । ਫਿਰ ਇਕ ਪ੍ਰੇਮ ਦੀ ਗਾ ਕੇ ਤੁਕ, ਪ੍ਰਭ ਨੂੰ ਦਿਤਾ ਸੁਣਾਈਆ । ਦੀਨ ਦੁਨੀ ਦਿਆ ਮਾਲਕਾ ਤੇਰੀ ਸ੍ਰਿਸ਼ਟੀ ਰੂਪ ਬਣ ਗਈ ਕਪੁਤ, ਪਿਤਾ ਦੀ ਲਾਜ ਨਾ ਕੋਇ ਰਖਾਈਆ । ਮੈਂ ਏਸ ਕਰ ਕੇ ਖ਼ੁਸ਼, ਖ਼ੁਸ਼ੀਆਂ ਦੇ ਢੋਲੇ ਗਾਈਆ । ਜਿਸ ਸਾਹਿਬ ਸਵਾਮੀ ਅੰਤਰਜਾਮੀ ਨੂੰ ਸਮਝ ਸਕੇ ਕੋਇ ਨਾ ਬੁੱਧ, ਅਕਲ ਚਲੇ ਨਾ ਕੋਇ ਚਤੁਰਾਈਆ । ਉਹ ਬਦਲਣ ਆ ਗਿਆ ਆਪ ਕਲਜੁਗ, ਕਲ ਕਲਕੀ ਵੇਸ ਵਟਾਈਆ । ਜੋਤੀ

੭੩੭
੨੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸ਼ਾ ਮਨਸਾ ਮੇਰੇ ਵਿਚੋਂ ਲਏ ਬੁੱਝ, ਬੁਝਾਰਤਾਂ ਆਪਣੀਆਂ ਮੈਨੂੰ ਦਏ ਸਮਝਾਈਆ ।

✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਅਲੜਪਿੰਡੀ ਜ਼ਿਲਾ ਗੁਰਦਾਸ ਪੁਰ ਕਿਸ਼ਨ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਓਅੰ ਤਤ ਸਤਿ ਹਰੀ, ਤਤਵ ਤਤ ਵਾਸਦੇਵ ਸਮਝਾਈਆ । ਸਚ ਵਸਤ ਨਾਲ ਮੇਰੀ ਕਰਮੰਡਲੀ ਅਜੇ ਨਹੀਂ ਭਰੀ, ਭਗਤੋ ਸਭ ਨੂੰ ਦਿਆਂ ਸੁਣਾਈਆ । ਵੇਲਾ ਵਕਤ ਤੱਕੋ ਕਿਹੜੀ ਕਲਜੁਗ ਆਈ ਘੜੀ, ਘੜਿਆਲ ਆਪਣਾ ਰਹੀ ਵਜਾਈਆ । ਚਾਰੋਂ ਕੁੰਟ ਕੂੜ ਅੰਧੇਰੀ ਚੜ੍ਹੀ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਨਿਗਾਹ ਮਾਰੀ ਬੜੀ, ਵੱਡੇ ਛੋਟੇ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚ ਦਿਸੇ ਮੂਲ ਨਾ ਤਰੀ, ਪਾਰ ਕਿਨਾਰਾ ਪਾਰ ਨਾ ਕੋਇ ਕਰਾਈਆ । ਚੁਰਾਸੀ ਵਿਚੋਂ ਹੋਇਆ ਕੋਇ ਨਾ ਬਰੀ, ਬਰੇ ਆਜ਼ਮ ਵੇਖੇ ਥਾਉਂ ਥਾਈਂਆ । ਮੈਂ ਤੇ ਖਰਾ ਸੁਣਾਵਾਂ ਖਰੀ, ਖਰੇ ਖੋਟੇ ਵੰਡ ਨਾ ਕੋਇ ਵੰਡਾਈਆ । ਮੇਰੇ ਕੋਲ ਚਾਰ ਜੁਗ ਦੀ ਪਿਛਲੀ ਬੱਧੀ ਹੋਈ ਲੜੀ, ਚਾਰੇ ਕੰਨੀਆਂ ਗੰਢ ਪਵਾਈਆ । ਮੇਰੇ ਕੋਲ ਇਕ ਅਗੰਮੀ ਬੂਟੀ ਜੜੀ, ਜੜ ਚੇਤਨ ਵਾਲਿਓ ਤੁਹਾਨੂੰ ਦਿਆਂ ਸਮਝਾਈਆ । ਸਾਰੇ ਵੇਖੋ ਚਾਰ ਕੁੰਟ ਮਜ਼੍ਹਬਾਂ ਵਾਲੀ ਕੜੀ, ਕੜੀ ਕੜੀ ਨਾਲ ਮਿਲ ਕੇ ਆਪਣਾ ਖੇਲ ਖਿਲਾਈਆ । ਨਾਰਦ ਕਹੇ ਮੈਨੂੰ ਚੇਤਾ ਆਉਂਦਾ ਜਿਸ ਵੇਲੇ ਮੱਥੇ ਤੇ ਹੱਥ ਰਖ ਕੇ ਗੋਬਿੰਦ ਨੇ ਸੰਦੇਸਾ ਦਿਤਾ ਵਿਚ ਚਮਕੌਰ ਗੜ੍ਹੀ, ਗੜ੍ਹ ਹੰਕਾਰ ਵਾਲਾ ਤੁੜਾਈਆ । ਇਕ ਤੁਕ ਨਾਲ ਅਗੰਮੀ ਪੜ੍ਹੀ, ਪੁਸਤਕਾਂ ਤੋਂ ਬਾਹਰ ਸੁਣਾਈਆ । ਜਿਸ ਵੇਲੇ ਕਲਜੁਗ ਆਯੂ ਮੇਰੇ ਢਈਏ ਤੋਂ ਬਾਹਰ ਬੜ੍ਹੀ, ਆਪਣੀ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਨਾਰਦ ਕਹੇ ਮੈਂ ਹੋ ਗਿਆ ਨਿਮੋਝਾਣਾ, ਸਿਰ ਸਕਿਆ ਨਾ ਉਪਰ ਉਠਾਈਆ । ਜਿਸ ਵੇਲੇ ਸੁਣਿਆ ਧੁਰ ਦਾ ਗਾਣਾ, ਅਨਬੋਲਤ ਰਾਗ ਅਲਾਈਆ । ਗੋਬਿੰਦ ਬਿਨਾ ਤੀਰ ਤੋਂ ਮਾਰਿਆ ਨਿਸ਼ਾਨਾ, ਨਿਸ਼ਾਨਾ ਪਿਛਲਾ ਦਿਤਾ ਬਦਲਾਈਆ । ਬਿਨਾ ਚਿੱਲੇ ਤੋਂ ਖਿੱਚੀ ਕਮਾਨਾ, ਕਮੰਦ ਪ੍ਰੇਮ ਵਾਲੀ ਸੁਣਾਈਆ । ਨਾਲੇ ਦੱਸਿਆ ਮੇਰੇ ਸਾਹਿਬ ਦਾ ਹੋਵੇ ਜੋਤ ਧਾਰ ਦਾ ਬਾਣਾ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸੰਬਲ ਉਸ ਦਾ ਹੋਵੇ ਟਿਕਾਣਾ, ਟਿਕੇ ਗੁਰਮੁਖਾਂ ਧੂੜੀ ਖਾਕ ਰਮਾਈਆ । ਮੈਂ ਸਾਥੀ ਹੋਣਾ ਬਣ ਕੇ ਪਹਿਲਵਾਨਾ, ਸੂਰਬੀਰ ਵੇਸ ਵਟਾਈਆ । ਸਤਿਗੁਰ ਸ਼ਬਦ ਹੋਵਾਂ ਰਾਣਾ, ਸੀਸ ਤਾਜ ਇਕ ਸੁਹਾਈਆ । ਆਪਣਿਆਂ ਭਗਤਾਂ ਸਿੱਖਾਂ ਨੂੰ ਬਿਨਾ ਅੱਖੀਆਂ ਤੋਂ ਪਹਿਚਾਨਾਂ, ਇਹ ਮੇਰੀ ਬੇਪ੍ਰਵਾਹੀਆ । ਮਿਹਰਵਾਨ ਹੋਵਾਂ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਤੱਕਾਂ ਜ਼ਿਮੀਂ ਅਸਮਾਨਾਂ, ਮੰਡਲਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਮੈਨੂੰ ਯਾਦ ਗੜ੍ਹੀ ਚਮਕੌਰ ਦੀ ਝਾਕੀ, ਝਕ ਝਕ ਝਕ ਕੇ ਦਿਆਂ ਸੁਣਾਈਆ । ਗੋਬਿੰਦ ਇਕ ਸ਼ਬਦ ਅਗੰਮੀ ਬਾਤ ਆਖੀ, ਬਿਨ ਅੱਖਰਾਂ ਦਿਤੀ ਸੁਣਾਈਆ । ਨਾਲੇ ਹੱਸ ਕੇ ਕਿਹਾ ਗੁਰਮੁਖੋ ਸਤਿਗੁਰ ਸ਼ਬਦ ਹੋ ਕੇ ਤੁਹਾਡੀ ਫੇਰ ਕਰਾਂਗਾ ਰਾਖੀ, ਰਖਕ ਹੋ ਕੇ ਵੇਖ ਵਖਾਈਆ । ਕੋਟਾਂ ਜਨਮਾਂ ਦੀ ਦੇ ਕੇ


੭੩੮
੨੩

ਮੁਆਫ਼ੀ, ਮੁਫ਼ਤ ਆਪਣੇ ਨਾਲ ਮਿਲਾਈਆ । ਜਾਮ ਪਿਆਵਾਂਗਾ ਬਣ ਕੇ ਸਾਕੀ, ਬਿਨਾ ਪਿਆਲਿਆਂ ਮੁਖ ਚੁਆਈਆ । ਚੜ੍ਹਾਵਾਂਗਾ ਸਤਿ ਸਚ ਦੇ ਉਤੇ ਰਾਕੀ, ਰਕਾਬਾਂ ਦੋ ਜਹਾਨ ਵਖਾਈਆ । ਮੇਰਾ ਬਸਤਰ ਅਨੂਪ ਹੋਵੇਗਾ ਪੋਸ਼ਾਕੀ, ਜਗਤ ਪੇਸ਼ ਕੰਮ ਕਿਸੇ ਨਾ ਆਈਆ । ਮੈਂ ਮਾਰਾਂਗਾ ਇਕੋ ਪਲਾਕੀ, ਪਲਕਾਂ ਵਿਚ ਦੋ ਜਹਾਨ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਮੈਂ ਫੇਰ ਹੱਥ ਵੱਲ ਝਾਕਿਆ, ਜੋ ਪੁੱਠਾ ਸਿੱਧਾ ਸਿੱਧਾ ਪੁੱਠਾ ਗੋਬਿੰਦ ਰਿਹਾ ਵਖਾਈਆ । ਉਸ ਵੇਲੇ ਆਵਾਜ਼ ਸੁਣੀ ਪੁਰਖ ਅਕਾਲ ਨੇ ਆਖਿਆ, ਅੱਖਰਾਂ ਤੋਂ ਬਾਹਰ ਦ੍ਰਿੜਾਈਆ । ਮੇਰੇ ਗੋਬਿੰਦ ਵੱਡੇ ਛੋਟੇ ਕਾਕਿਆ, ਕਾਲ ਮਹਾਕਾਲ ਤੇਰੇ ਚਰਨਾਂ ਵਿਚ ਰਖਾਈਆ । ਮੈਂ ਤੇਰਾ ਦੋ ਜਹਾਨ ਵਿਚ ਬਦਲ ਦੇਣਾ ਸਾਕਿਆ, ਸਾਖੀ ਅਗਲੀ ਦੇਣੀ ਸਮਝਾਈਆ । ਨਾਰਦ ਕਹੇ ਬਿਨਾ ਮੇਰੇ ਤੋਂ ਅੱਖੀਂ ਨਾਲ ਕਿਸੇ ਨਹੀਂ ਵੇਖਿਆ ਉਹ ਵਾਕਿਆ, ਵਾਕਫ਼ਕਾਰ ਨਜ਼ਰ ਕੋਇ ਨਾ ਆਈਆ । ਜਾਂ ਨਿਗਾਹ ਮਾਰੀ ਮੈਨੂੰ ਹਿੰਦਸਾ ਨਜ਼ਰ ਆਇਆ ਆਠਿਆ, ਆਠਾ ਦਿਤਾ ਪ੍ਰਗਟਾਈਆ । ਜਿਸ ਦੇ ਦਰਮਿਆਨ ਇਕੋ ਗਾਠਿਆ, ਗਠੜੀ ਜਗਤ ਭਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਜੁਗ ਜੁਗ ਵਾਟਿਆ, ਪੈਂਡਾ ਪੰਧ ਆਪਣੇ ਚਰਨਾਂ ਹੇਠ ਰਖਾਈਆ ।



## ✪ ੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਅਲੜ ਪਿੰਡੀ ਜ਼ਿਲਾ ਗੁਰਦਾਸਪੁਰ ਲਾਜ ਕੌਰ ਦੇ ਗ੍ਰਿਹ ✪

ਨਾਰਦ ਕਹੇ ਮੈਂ ਦੱਸਾਂ ਇਕ ਹੋਰ ਬਾਤ, ਬਾਤਾਂ ਸੁਣਨ ਵਾਲਿਓ ਤੁਹਾਨੂੰ ਦਿਆਂ ਸੁਣਾਈਆ । ਮੈਨੂੰ ਯਾਦ ਆਉਂਦੀ ਮਾਛੂਵਾੜੇ ਦੀ ਉਹ ਰਾਤ, ਜਿਸ ਦੀ ਰੁਤੜੀ ਗੋਬਿੰਦ ਨਾਲ ਮਹਿਕਾਈਆ । ਓਥੇ ਕਿਸੇ ਦੀ ਕੋਈ ਪੁਛਣ ਵਾਲਾ ਨਹੀਂ ਸੀ ਵਾਤ, ਘਰ ਆਇਆਂ ਨੂੰ ਜਲ ਪਾਣੀ ਨਾ ਕੋਇ ਪਿਆਈਆ । ਨਾ ਕੋਈ ਚਾਰਪਾਈ ਤੇ ਨਾ ਕੋਈ ਖਾਟ, ਤਕੀਆ ਸਰਹਾਣਾ ਲੇਫ਼ ਨਾ ਕੋਇ ਵਡਿਆਈਆ । ਨਾਰਦ ਕਹੇ ਜਾਂ ਮੈਂ ਨਿਗਾਹ ਮਾਰੀ ਤੇ ਗੋਬਿੰਦ ਹੱਥ ਰਖ ਕੇ ਸੁੱਤਾ ਉਤੇ ਢਾਕ, ਤਲੀ ਸੀਸ ਤਲੇ ਟਿਕਾਈਆ । ਤਨ ਬਸਤਰ ਗਏ ਪਾਟ, ਲੀਰੋ ਲੀਰ ਸੋਭਾ ਪਾਈਆ । ਪੈਰਾਂ ਵਿਚ ਚੁੱਭੇ ਕਾਟ, ਖ਼ੂਨ ਲਾਲ ਰੰਗ ਬਦਲਾਈਆ । ਨਾਰਦ ਕਹੇ ਮੇਰੀ ਨਿਕਲ ਗਈ ਡਾਡ, ਰੋ ਰੋ ਕੇ ਦਿਤੀ ਦੁਹਾਈਆ । ਅਗੋਂ ਗੋਬਿੰਦ ਦੀ ਆਈ ਆਵਾਜ਼, ਸ਼ਬਦ ਸ਼ਬਦ ਨਾਲ ਸੁਣਾਈਆ । ਨਾਰਦਾ ਜਗਤ ਵਿਚੋਂ ਜਾਗ, ਆਪਣੀ ਅੱਖ ਖੁਲਾਈਆ । ਵੇਖ ਮੇਰਾ ਸਚਖੰਡ ਜਗਦਾ ਚਰਾਗ਼, ਜਿਥੇ ਸ਼ਰਅ ਨਾ ਕੋਇ ਬੁਝਾਈਆ । ਫੇਰ ਵੇਖ ਧਰਤੀ ਦੇ ਭਾਗ, ਸਤਿਗੁਰ ਸ਼ਬਦ ਹੋ ਕੇ ਆਵਾਂ ਚਾਈਂ ਚਾਈਆ । ਗੁਰਮੁਖਾਂ ਦਾ ਖੋਲ੍ਹਾਂ ਰਾਜ਼, ਪਰਦੇ ਅੰਦਰੇ ਅੰਦਰ ਉਠਾਈਆ । ਪ੍ਰੇਮ ਵਜਾਵਾਂ ਨਾਦ, ਧੁਨਾਂ ਨਾਲ ਸ਼ਨਵਾਈਆ । ਆਤਮ ਪਰਮਾਤਮ ਦਰਸਾਵਾਂ ਸਮਾਜ, ਸਮਗਰੀ ਸਚ ਵਾਲੀ ਵਰਤਾਈਆ । ਪੂਰਨ ਜੋਤ ਜੋਤ ਮੇਰਾ ਹੋਵੇ ਪ੍ਰਕਾਸ਼, ਪ੍ਰਕਾਸ਼ ਪ੍ਰਭ ਦੇ ਵਿਚ ਸਮਾਈਆ । ਸਭ ਦੀ ਪੂਰੀ ਕਰਾਂ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਜਿਹੜਾ ਜੁਝਾਰ ਘੁਟ ਪਾਣੀ ਨਹੀਂ ਦਿਤਾ ਗਲਾਸ, ਇਹੋ ਅੰਮ੍ਰਿਤ ਗੁਰਮੁਖਾਂ ਦੇ ਅੰਦਰ ਦਿਤਾ ਚੁਆਈਆ । ਮੇਰੀ ਖੇਲ ਨਹੀਂ

ਕੋਈ ਪੱਤਾ ਤਾਸ਼, ਦੁੱਕੀ ਤਿੱਕੀ ਵੰਡ ਨਾ ਕੋਇ ਵੰਡਾਈਆ । ਮੇਰਾ ਖੇਲ ਮਿਲ ਕੇ ਹੋਣਾ ਨਾਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਖੇਲ ਖਿਲਾਈਆ । ਉਹ ਵੇਖ ਸਦੀ ਚੌਧਵੀਂ ਦੀ ਅਖ਼ੀਰੀ ਵਾਟ, ਪਤਣ ਘਾਟ ਬੈਠੀ ਡੇਰਾ ਲਾਈਆ । ਜਿਸ ਵੇਲੇ ਜਨ ਭਗਤਾਂ ਮਿਲਣੀ ਦਾਤ, ਵਸਤ ਅਗੰਮ ਵਰਤਾਈਆ । ਨਾਰਦ ਕਹੇ ਫਿਰ ਮੈਨੂੰ ਆਈ ਸ਼ਾਂਤ, ਮੈਂ ਸ਼ਾਂਤੀ ਵਿਚ ਸੀਸ ਦਿਤਾ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਆਪ ਇਕਾਂਤ, ਇਕ ਇਕੱਲਾ ਆਪਣਾ ਹੁਕਮ ਵਰਤਾਈਆ ।

### ✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਅਲੜਪਿੰਡੀ ਜ਼ਿਲਾ ਗੁਰਦਾਸਪੁਰ ਦਰਸ਼ਨ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਮੈਂ ਖੇਲ ਤੱਕਿਆ ਅਗੰਮੇ ਸ਼ਾਹੋ ਕਾ, ਸ਼ਹਿਨਸ਼ਾਹ ਦਿਤਾ ਵਖਾਈਆ । ਮੇਰਾ ਵਿਚਾਰ ਮੁਕਿਆ ਭਾਓ ਕਾ, ਭਾਂਡਾ ਭਰਮ ਦਿਤਾ ਭੰਨਾਈਆ । ਹੰਕਾਰ ਗਿਆ ਹਉਂ ਕਾ, ਹੰ ਬ੍ਰਹਮ ਸਮਝਾਈਆ । ਵਹਿਣ ਤੱਕਿਆ ਪ੍ਰੇਮ ਦਰਿਆਓ ਕਾ, ਵੰਝੀ ਹਾਥ ਨਾ ਆਈਆ । ਜੈਕਾਰਾ ਸੁਣਿਆ ਨਾਉਂ ਕਾ, ਨਾਮ ਨਿਧਾਨਾ ਦਿਤਾ ਦ੍ਰਿੜਾਈਆ । ਰਿਸ਼ਤਾ ਵੇਖਿਆ ਪਿਤਾ ਮਾਉਂ ਕਾ, ਸੁਤ ਦੁਲਾਰੇ ਗੋਦ ਉਠਾਈਆ । ਸਹਾਰਾ ਡਿੱਠਾ ਠੰਡੀ ਛਾਉਂ ਕਾ, ਸਿਰ ਆਪਣਾ ਹੱਥ ਟਿਕਾਈਆ । ਵਿਹਾਰ ਵੇਖਿਆ ਆਪਣੇ ਦਾਓ ਕਾ, ਭੇਵ ਅਭੇਦ ਨਾ ਕੋਇ ਜਣਾਈਆ । ਸੰਦੇਸ ਸੁਣਿਆ ਵਾਹੋ ਵਾਹੋ ਕਾ, ਅਵਤਾਰ ਪੈਗ਼ੰਬਰ ਗੁਰੂ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੇਰੇ ਅੰਦਰ ਆਈ ਖਰਮਸਤੀ, ਮਸਤ ਦੀਵਾਨਾ ਦਿਤਾ ਬਣਾਈਆ । ਮੈਂ ਦਰਸ਼ਨ ਪਾਇਆ ਚਸ਼ਮੀ, ਚਸ਼ਮ ਦੀਦ ਰੁਸ਼ਨਾਈਆ । ਤੱਕੀ ਨੂਰੀ ਹਸਤੀ, ਨੁਰਾਨਾ ਡਗਮਗਾਈਆ । ਦਰਗਾਹ ਵੇਖੀ ਵਸਦੀ, ਸਚਖੰਡ ਸੋਭਾ ਪਾਈਆ । ਮੇਰੀ ਆਸ਼ਾ ਵੇਖੀ ਹੱਸਦੀ, ਖ਼ੁਸ਼ੀਆਂ ਢੋਲੇ ਗਾਈਆ । ਦੋ ਜਹਾਨਾਂ ਨੱਸਦੀ, ਭੱਜੇ ਵਾਹੋ ਦਾਹੀਆ । ਪਿਆਸੀ ਅੰਮ੍ਰਿਤ ਰਸ ਦੀ, ਬੂੰਦ ਸਵਾਂਤੀ ਰਹੀ । ਵਣਜਾਰਨ ਸਿਫ਼ਤ ਜਸ ਦੀ, ਸਿਫ਼ਤਾਂ ਨਾਲ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਤੱਕਿਆ ਅਗੰਮ ਨਜ਼ਾਰਾ ਨਜ਼ਰੀਏ ਤੋਂ ਬਾਹਰ ਜਣਾਈਆ । ਦੇਵੇ ਪ੍ਰੀਤਮ ਪਿਆਰਾ, ਪਰਮ ਪੁਰਖ ਧੁਰਦਰਗਾਹੀਆ । ਜਿਸ ਦਾ ਇਕੋ ਇਕ ਹੁਲਾਰਾ, ਦੋ ਜਹਾਨਾਂ ਪਾਰ ਕਰਾਈਆ । ਦੇਵੇ ਦਰਸ ਦੀਦਾਰਾ, ਜੋਤੀ ਜਾਤਾ ਡਗਮਗਾਈਆ । ਮੈਂ ਬਣ ਕੇ ਬਰਖ਼ੁਰਦਾਰਾ, ਸਾਚੀ ਸੇਵ ਕਮਾਈਆ । ਜਿਹੜਾ ਸਰਗੁਣ ਤੋਂ ਨਿਰਗੁਣ ਆਇਆ ਦੁਬਾਰਾ, ਜੋਤੀ ਜਾਤਾ ਰੂਪ ਬਦਲਾਈਆ । ਮੈਂ ਉਸੇ ਦੀ ਚਰਨ ਧੂੜ ਲਾਵਾਂ ਛਾਰਾ, ਮਸਤਕ ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੀ ਸਰਕਾਰਾ, ਸ਼ਹਿਨਸ਼ਾਹ ਇਕੋ ਅਗੰਮ ਅਥਾਹੀਆ ।


੭੪੦
੨੩

## ✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਵਜ਼ੀਰਪੁਰ ਜ਼ਿਲਾ ਗੁਰਦਾਸ ਪੁਰ ਬੂੜ ਸਿੰਘ ਦੇ ਗ੍ਰਿਹ ✪

ਨੀਚਸ਼ ਨਵਿਛੇ ਜੀ ਮਵਸੇ ਯਵਕ ਤਾਜੀਨੇ ਕਮੂ ਕੁਸਨੋ ਬੇਲਸ ਵਜਹਿਬੇ ਜ਼ਾਨੀਅਲੇ ਚਨਵਿਸਤੀ ਮੋਅਜ਼ ਵਜ਼ੀਜ਼ੂਲ ਤਕਲਾ ਨਜ਼ ਹਵੀ ਯਕ ਮੁਜ਼ਾ ਜ਼ਵਨੀ ਲਾਇਜ਼ੀ ਹਮੂਸੋ ਬੇਨਮਿਸਤਾ ਕਨਵਜ਼ੀ ਮੌਲਾ ਜ਼ਬੀ ਅਰਸ਼ੇ ਰਬੀ ਫ਼ਰਸ਼ੇ ਤਬੀ ਗੋਸ਼ੇ ਕੁਨੰਦ ਸਾਹਿਬ ਬਖ਼ਸ਼ੰਦ ਬਾਜ਼ੂਕਤੀ ਜ਼ਵਾਂ ਮੋਸਨਫੇ ਅਵਾ ਨਾਕੂਅਲ ਦੂਆ ਜ਼ੋ ਕੋਜ਼ਵਦ ਸ਼ਾਹੇ ਨਜ਼ਿਦ ਵਜ਼ੀਉਮਵਲਜ਼ਾ ਨੂਰੇ ਜਹਾਂ ਰੁਸ਼ਨਾਏ ਜਹਾਂ ਬਦਸਤੇ ਦੁਆ ਹਸਤੇ ਖ਼ੁਦਾ ਜ਼ਾਕੀਮੁਜ਼ੀਇਨ ਵਿਲਜਾਏਲੀ ਮਜ਼ਹਿਕਲੀ ਤੋਜ਼ਿਨਤੋ ਫ਼ਰਸ਼ੇ ਅਰਸ਼ੇ ਨਵੀ ਕਵਤੇ ਕਵੀ ਸਫ਼ਾਤੇ ਦਵੀ ਬਜ਼ਾਤੇ ਨਵੀ ਅਰਸ਼ੋਂ ਵਿਜ਼ਾ ਫ਼ਰਸ਼ੋ ਜ਼ਿਮਾ ਨੂਰੇ ਚਿਨਾ ਤਾਰੀਕੇ ਵਿਨਾ ਤੁਅਲਕੇ ਦੋ ਜਹਾਂ ਮੁਤਲਕੇ ਰਹਿਨੁਮਾ ਖ਼ੁਦਾਏ ਖੁਜੰਦ ਰਸੂਲੇ ਫ਼ਰਜੰਦ ਗੋਬਿੰਦੇ ਕਮੰਦ ਸ਼ਬਦੇ ਭੁਯੰਗ ਨਜ਼ੀਵਲੇ ਤੁਰੰਗ ਨੇਤਰੇ ਕਮੰਦ ਕਦਮੇ ਬਖ਼ਸ਼ੰਦ ਰੋਜ਼ੇ ਸਬੱਬ ਸ਼ਹਿਨਸ਼ਾਹ ਇਕ ਅਖਵਾਈਆ । ਚੀ ਅਸਤਨੌਜ਼ੂ ਜ਼ਾਵਿਕੀ ਮਜਦ ਰਸੂਲੇ ਹਮਦ ਕਾਇਨਾਤੇ ਕੁਨਦ ਖ਼ਾਕੇ ਜ਼ਵਦ ਰੂਨੁਮਾਏ ਤਸਦ ਚਸ਼ਮੇ ਅਬਦ ਹੁਕਮਾਏ ਸ਼ਬਦ ਕਲਾਮਾਏ ਕਲਮਾ ਕਾਇਨਾਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੁਗ ਚੌਕੜੀ ਅਦਦ ਅਦਾਦੋ ਸ਼ੁਮਾਰ ਆਪਣੇ ਵਿਚ ਰਖਾਈਆ ।

## ✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੱਦਾ ਜ਼ਿਲਾ ਗੁਰਦਾਸ ਪੁਰ ਮਹਿੰਗਾ ਸਿੰਘ ਦੇ ਗ੍ਰਿਹ ✪



ਨਾਰਦ ਕਹੇ ਭਗਤੋ ਵੇਖੋ ਪ੍ਰਭੂ ਦਾ ਦੇਸ ਵੱਡਾ, ਵੱਡੇ ਦੀ ਵੱਡੀ ਵਡਿਆਈਆ । ਜਿਸ ਨੇ ਆਪਣੇ ਹੁਕਮ ਦਾ ਇਕ ਨਿਸ਼ਾਨਾ ਗੱਡਾ, ਚਾਰੋਂ ਕੁੰਟ ਰਿਹਾ ਝੁਲਾਈਆ । ਹੁਕਮੀ ਹੁਕਮ ਦੇਵੇ ਸੰਦੇਸਾ ਸੱਦਾ, ਨਿਰਗੁਣ ਸਰਗੁਣ ਆਪ ਉਠਾਈਆ । ਮੈਂ ਵੀ ਉਠ ਉਠ ਭੱਜਾ, ਭੱਜਿਆ ਵਾਹੋ ਦਾਹੀਆ । ਮੈਨੂੰ ਰਸਤੇ ਵਿਚ ਰੇਤੇ ਵਿਚ ਰੋਂਦੀਆਂ ਦਿਸੀਆਂ ਡੱਡਾਂ, ਚੀਕ ਚਿਹਾੜਾ ਰਹੀਆਂ ਪਾਈਆ । ਫੇਰ ਮੇਰੀ ਨਿਗਾਹ ਗਈ ਵਿਚ ਖੱਡਾਂ, ਬਿਨ ਨੈਣਾਂ ਨੈਣ ਤਕਾਈਆ । ਫਿਰ ਆਵਾਜ਼ ਸੁਣੀ ਮਕਬਰਿਆਂ ਵਾਲਿਆਂ ਹੱਡਾਂ, ਦਰੋਹੀ ਕਰ ਸੁਣਾਈਆ । ਮੈਂ ਹੈਰਾਨ ਹੋ ਕੇ ਆਪਣੇ ਅੰਦਰੋਂ ਆਪਣਾ ਵਿਚਾਰ ਕਢਾ, ਕਹਿ ਕੇ ਦਿਤਾ ਸੁਣਾਈਆ । ਵੇ ਪੀਰ ਪੈਗ਼ੰਬਰੋ ਤੁਹਾਡੇ ਮਹਿਬੂਬ ਦਾ ਕਿਹੜਾ ਅੱਡਾ, ਮੁਕਾਮ ਕਵਣ ਅਖਵਾਈਆ । ਕੀ ਓਹ ਸਾਂਢਣੀ ਸਵਾਰ ਕਿ ਸ਼ਾਹ ਅਸਵਾਰਾ ਦਿਸੇ ਗਧਾ, ਕਵਣ ਸਵਾਮੀ ਸੋਭਾ ਪਾਈਆ । ਕੀ ਉਹ ਮਿਤਰ ਪਿਆਰਾ ਦੇਵਣਹਾਰਾ ਦਗਾ, ਜੁਗ ਜੁਗ ਆਪਣਾ ਵੇਸ ਵਟਾਈਆ । ਕੀ ਓਹ ਛਤਰਧਾਰੀ ਕਿ ਛਤਰ ਝੁਲਾਏ ਛਬਾ, ਆਪਣਾ ਖੇਲ ਖਿਲਾਈਆ । ਮੈਂ ਸੰਦੇਸ਼ ਸੁਣਿਆ ਉਹ ਬੇਪਰਵਾਹ ਬੇਹੱਦਾ, ਹੱਦਾਂ ਵਿਚ ਕਦੇ ਨਾ ਆਈਆ । ਨਾ ਕਦੇ ਕਟਾਵੇ ਲਬਾਂ, ਮੁੱਛ ਦਾਹੜੀ ਵੰਡ ਨਾ ਕੋਇ ਵੰਡਾਈਆ । ਲੋਕਮਾਤ ਮਿਲਦਾ ਨਾਲ ਸਬੱਬਾ, ਨਿਰਗੁਣ ਸਰਗੁਣ ਵੇਸ ਵਟਾਈਆ । ਜੋ ਤਾਰਨਹਾਰਾ ਕੁਲਾ ਕੁਲਾ ਯੱਦਾ, ਯਦੀ ਆਪਣਾ ਪਰਦਾ ਲਾਹੀਆ । ਨਾਰਦ ਕਹੇ ਮੈਂ ਹੋਰ ਅਗੇ ਵਧਾ, ਕਦਮਾਂ ਕਦਮਾਂ ਪੰਧ ਮੁਕਾਈਆ । ਮੈਨੂੰ ਇਕ ਅਸਵ ਦਿਸਿਆ ਬੱਗਾ, ਚਾਰੇ ਸੁੰਬ ਵਖਾਈਆ । ਮੈਂ ਨੇਤਰ ਮੀਟਿਆ ਖੱਬਾ, ਸੱਜੇ ਨਾਲ ਤਕਾਈਆ । ਉਹਦੇ ਵਾਲਾਂ ਬੱਧਾ ਤੱਗਾ, ਮੌਲੀ ਤੰਦ ਸੁਹਾਈਆ । ਉਹਦਾ ਸ਼ਾਹ ਅਸਵਾਰਾ ਦਿਸਾ ਨੱਢਾ, ਰੂਪ ਰੰਗ ਸਮਝ ਕੋਇ ਨਾ ਪਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਪ੍ਰਭੂ ਦਾ ਕਿੱਡਾ ਵੱਡਾ ਵਿਹੜਾ, ਗ੍ਰਹਿ ਦੋ ਜਹਾਨ ਸੁਹਾਈਆ । ਪਤਾ ਨਹੀਂ ਏਥੇ ਵਸੇ ਕਿਹੜਾ, ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰ ਲੱਖ ਚੁਰਾਸੀ ਬਾਲੇ ਨੱਢੇ, ਭੱਜਣ ਵਾਹੋ ਦਾਹੀਆ । ਸਚ ਸੁਹੰਜਣਾ ਸਵਾਮੀ ਦਾ ਦਿਸਿਆ ਖੇੜਾ, ਨੌ ਖੰਡ ਖਿੜਕੀ ਨੌ ਦਵਾਰ ਸੁਹਾਈਆ । ਜਿਥੇ ਚਾਰੋਂ ਕੁੰਟ ਝੇੜਾ, ਝਗੜਾ ਸਕੇ ਨਾ ਕੋਇ ਮੁਕਾਈਆ । ਜੁਗ ਜੁਗ ਸਭ ਨੂੰ ਲਾਏ ਉਖੇੜਾ, ਦੀਨ ਦੁਨੀ ਦਏ ਬਦਲਾਈਆ । ਉਲਟਾ ਦੇਵੇ ਗੇੜਾ, ਚਕਰਵਰਤੀ ਚਕਰਾਂ ਵਿਚ ਰਖਾਈਆ । ਕਰੇ ਹਕ ਨਿਬੇੜਾ, ਅਦਲ ਇਨਸਾਫ਼ ਇਕ ਕਮਾਈਆ । ਜਨ ਭਗਤਾਂ ਉਤੇ ਕਰੇ ਮਿਹਰਾ, ਮਿਹਰ ਨਜ਼ਰ ਨਾਲ ਤਰਾਈਆ । ਹੁਣ ਕਲਜੁਗ ਮੇਟੇ ਅੰਧੇਰਾ, ਅੰਧ ਅਗਿਆਨ ਗਵਾਈਆ । ਰੂਪ ਧਰ ਕੇ ਸ਼ੇਰ ਸ਼ੇਰਾ, ਸਿੰਘ ਸਿੰਘ ਭਬਕ ਲਗਾਈਆ । ਪਿਛੇ ਵਕਤ ਲੰਘ ਗਿਆ ਬਥੇਰਾ, ਦੀਨ ਦੁਨੀ ਦੇ ਢੋਲੇ ਗਾਈਆ । ਅਗੇ ਹੁਕਮ ਚਲੇ ਪ੍ਰਭੂ ਕਹੇ ਇਹ ਮੇਰਾ, ਦੋ ਜਹਾਨਾਂ ਵੱਜੇ ਵਧਾਈਆ । ਇਕੋ ਰੰਗ ਰੰਗਾਏ ਸੰਝ ਸਵੇਰਾ, ਨੂਰ ਨੁਰਾਨਾ ਡਗਮਗਾਈਆ । ਮੜ੍ਹੀ ਗੋਰਾਂ ਕਰੇ ਨਿਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਹਾਵਣਹਾਰਾ ਸਾਚਾ ਡੇਰਾ, ਸਚਖੰਡ ਸਚ ਦਏ ਵਡਿਆਈਆ ।



✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ਜਰਨੈਲ ਸਿੰਘ ਦੇ ਗ੍ਰਹਿ ✪

੭੪੨
੨੩

ਨਾਰਦ ਕਹੇ ਜਨ ਭਗਤੋ ਪ੍ਰਭੂ ਦੀ ਕਿੱਡੀ ਵੱਡੀ ਧੌਲੀ, ਧਰਮ ਦੀ ਧਾਰ ਦਿਆਂ ਜਣਾਈਆ । ਜਿਹੜੀ ਉਸ ਦੀ ਲੱਖ ਚੁਰਾਸੀ ਨਾਲ ਮੌਲੀ, ਮੌਲਾ ਆਪਣੀ ਰੁੱਤ ਵਖਾਈਆ । ਖੇਲ ਕਰਦਾ ਰਹੇ ਹੌਲੀ ਹੌਲੀ, ਜੁਗ ਚੌਕੜੀ ਵੰਡ ਵੰਡਾਈਆ । ਜਗਤ ਵਿਵਹਾਰ ਵਿਚ ਕਦੇ ਨਾ ਕਰੇ ਤੌਲੀ, ਧੀਰੇ ਧੀਰੇ ਆਪਣਾ ਖੇਲ ਖਿਲਾਈਆ । ਸਭ ਦੇ ਇਕਰਾਰ ਤੱਕੇ ਕੌਲੀ, ਕਵਲ ਨੈਣ ਵੇਖ ਵਖਾਈਆ । ਚਾਰ ਜੁਗ ਦੇ ਸ਼ਾਸਤਰਾਂ ਜਾਣੇ ਬੋਲੀ, ਕੀ ਅਨਬੋਲਤ ਰਾਗ ਦ੍ਰਿੜਾਈਆ । ਹਰ ਘਟ ਅੰਦਰ ਰਿਹਾ ਫੋਲੀ, ਪਰਦਾ ਓਹਲਾ ਆਪ ਚੁਕਾਈਆ । ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਲੱਭੇ ਹਮਜੋਲੀ, ਸਜਣ ਸਾਥੀ ਆਪ ਬਣਾਈਆ । ਨਾਮ ਕੰਡੇ ਤਰਾਜੂ ਤੋਲੀ, ਦੂਸਰ ਹੱਥ ਨਾ ਕਦੇ (ਫੜਾਈਆ) । ਜਿਨ੍ਹਾਂ ਦੀ ਅੰਦਰ ਬਜਰ ਕਪਾਟੀ ਖੋਲੀ, ਦਰਸ਼ਨ ਦੇਵੇ ਚਾਈਂ ਚਾਈਂਆ । ਸਤਿਗੁਰ ਸ਼ਬਦ ਬਣ ਕੇ ਢੋਲੀ, ਜਗਤ ਸੁੱਤਿਆਂ ਲਏ ਉਠਾਈਆ । ਆਪਣੀ ਧਾਰ ਰਖ ਵਿਚੋਲੀ, ਵਿਚਲਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀ ਦਾ ਕਿੱਡਾ ਵੱਡਾ ਵਿਸਥਾਰ, ਚਾਰੋਂ ਕੁੰਟ ਸੋਭਾ ਪਾਈਆ । ਚਾਰੇ ਕੁੰਟਾਂ ਪਹਿਰੇਦਾਰ, ਉੱਤਰ ਪੂਰਬ ਪੱਛਮ ਦੱਖਣ ਸੇਵ ਕਮਾਈਆ । ਚਾਰੇ ਵੇਦ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਚਾਰੇ ਜੁਗ ਕਰਨ ਇਜ਼ਹਾਰ, ਸਿਫ਼ਤਾਂ ਵਿਚ ਸਲਾਹੀਆ । ਚਾਰੇ ਖਾਣੀ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਚਾਰੇ ਬਾਣੀ ਦਏ ਅਧਾਰ, ਅੰਮ੍ਰਿਤ ਮੇਘ ਮੇਘ ਦਏ ਬਰਸਾਈਆ । ਚਾਰੇ ਮੰਜ਼ਲ ਕਰ ਤਿਆਰ, ਰਸਤਾ ਦੇਵੇ ਚਾਈਂ ਚਾਈਂਆ ।

੭੪੩
੨੩

ਚਾਰੇ ਯਾਰ ਕਰ ਹੁਸ਼ਿਆਰ, ਯਾਰੀ ਯਾਰਾਂ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਜਨ ਭਗਤੋ ਧਰਨੀ ਕਿੱਡੀ ਲੰਮੀ ਚੌੜੀ, ਪੁਰਖ ਅਕਾਲ ਦਿਤੀ ਵਡਿਆਈਆ । ਜਿਸ ਦੇ ਉਚੇ ਨੀਵੇਂ ਥਾਂ ਲਾਈ ਨਹੀਂ ਪੌੜੀ, ਵੇਖਣਹਾਰਾ ਚਾਈਂ ਚਾਈਂਆ । ਜੋ ਦਿਵਸ ਰੈਣ ਫਿਰੇ ਦੌੜੀ, ਭੱਜੇ ਵਾਹੋ ਦਾਹੀਆ । ਜਿਸ ਦੀ ਤ੍ਰਿਸ਼ਨਾ ਨਹੀਂ ਕੌੜੀ, ਵਿਖ ਰੂਪ ਨਾ ਕੋਇ ਵਖਾਈਆ । ਉਹ ਵੇਖੇ ਕਰਦੀ ਬਹੁੜੀ ਬਹੁੜੀ, ਕੂਕ ਕੂਕ ਸੁਣਾਈਆ । ਪੁਰਖ ਅਕਾਲੇ ਕਰੀ ਗੌਰੀ, ਗਹਿਰ ਗਵਰ (ਧਿਆਨ) ਲਗਾਈਆ । ਮੈਨੂੰ ਲੁੱਟੀ ਜਾਂਦੇ ਠੱਗ ਚੋਰੀ, ਕਲਜੁਗ ਲਟੂਆ ਨਾਲ ਮਿਲਾਈਆ । ਮੇਰਾ ਪ੍ਰੇਮ ਰਸ ਜਾਂਦੇ ਭੋਰੀ, ਭੋਰਾ ਭੋਰਾ ਮੇਰਾ ਸਭ ਕੁਝ ਗਿਆ ਲੁਟਾਈਆ । ਮੈਂ ਹੋ ਗਈ ਕੋਝੀ ਕਮਲੀ ਕੋਹੜੀ, ਬਲਹੀਣ ਦੁਹਾਈਆ । ਮੇਰੇ ਸਾਹਿਬ ਸਵਾਮੀ ਮੇਰੀ ਧਰਮ ਨਾਲ ਬਣਾ ਦੇ ਜੋੜੀ, ਧਰਨੀ ਰੋ ਕੇ ਵਾਸਤਾ ਪਾਈਆ । ਨਾਰਦ ਕਹੇ ਮੈਂ ਅਗੇ ਹੋ ਕੇ ਦਿਤਾ ਹੋੜੀ, ਐਵੇਂ ਨਾ ਕੁਰਲਾਈਆ । ਉਹ ਤੱਕ ਕਲਜੁਗ ਆਯੂ ਰਹਿ ਗਈ ਥੋੜ੍ਹੀ, ਸਮਾਂ ਬੈਠਾ ਪੰਧ ਮੁਕਾਈਆ । ਇਕ ਸਾਹਿਬ ਤੇ ਰਖ ਡੋਰੀ, ਜੋ ਟੁੱਟਿਆਂ ਗੰਢ ਪਵਾਈਆ । ਸ਼ਬਦ ਆਵਾਂ ਸੁਣ ਘਨਘੋਰੀ, ਜੋ ਬਿਨ ਕੰਨਾਂ ਰਿਹਾ ਸੁਣਾਈਆ । ਤੇਰੀ ਕਿਸਮਤ ਹੋਏ ਮਥੋਰੀ, ਭਾਗਹੀਣ ਰਹਿਣ ਨਾ ਪਾਈਆ । ਤੂੰ ਵਰ ਪਾਉਣਾ ਜਿਹਾ ਲੋੜੀ, ਪ੍ਰਭ ਦੇਵਣਹਾਰ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਸਦਾ ਸਦਾ ਸਦ ਆਪਣੇ ਸੰਗ ਰਿਹਾ ਤੋਰੀ, ਤੁਰਤ ਆਪਣੀ ਦਇਆ ਕਮਾਈਆ ।

### ✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨੁਸ਼ਹਿਰਾ ਜ਼ਿਲਾ ਗੁਰਦਾਸ ਪੁਰ ਗੁਰਬਖ਼ਸ਼ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਜਨ ਭਗਤੋ ਮਾਣੋ ਆਪਣੇ ਸਾਹਿਬ ਦਾ ਰੰਗ, ਹਰਿ ਕਰਤਾ ਧੁਰਦਰਗਾਹੀਆ । ਆਤਮ ਪਰਮਾਤਮ ਬਣਾਉਣਾ ਸੰਗ, ਦੋ ਜਹਾਨਾਂ ਵੱਜਦੀ ਰਹੇ ਵਧਾਈਆ । ਨਾਮ ਨਿਧਾਨਾ ਸੁਣਨਾ ਮਰਦੰਗ, ਨਿਰਗੁਣ ਸਰਗੁਣ ਕਰੇ ਸ਼ਨਵਾਈਆ । ਦੀਨ ਦੁਨੀ ਦੀ ਧਾਰ ਜਾਣਾ ਲੰਘ, ਮਜ਼੍ਹਬ ਸ਼ਰਅ ਨਾ ਕੋਇ ਅਟਕਾਈਆ । ਕਲਜੁਗ ਕੂੜੀ ਕਿਰਿਆ ਕਰਨੀ ਭੰਗ, ਭਾਂਡਾ ਭਰਮ ਭਉ ਭੰਨਾਈਆ । ਪਾਰਬ੍ਰਹਮ ਬ੍ਰਹਮ ਮਾਨਣਾ ਸਚ ਅਨੰਦ, ਸੁਖ ਸੁਖ ਵਿਚੋਂ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਨਾਰਦ ਕਹੇ ਜਨ ਭਗਤੋ ਹੋਵੇ ਵਕਤ ਸੁਹੇਲਾ, ਮਾਤਲੋਕ ਮਿਲੇ ਵਡਿਆਈਆ । ਆਤਮ ਪਰਮਾਤਮ ਕਰਾਉਣਾ ਮੇਲਾ, ਜਗਤ ਵਿਛੋੜਾ ਰਹੇ ਨਾ ਰਾਈਆ । ਇਕ ਘਰ ਸੁਹਾਉਣਾ ਗੁਰੂ ਗੁਰ ਚੇਲਾ, ਸਤਿਗੁਰ ਸ਼ਬਦੀ ਵੱਜਦੀ ਰਹੇ ਵਧਾਈਆ । ਸਵਾਮੀ ਠਾਕਰ ਮਿਲੇ ਸੁਹੇਲਾ, ਸੱਜਣ ਅਗੰਮ ਅਥਾਹੀਆ । ਜਿਸ ਦਾ ਧਾਮ ਨਵੇਲਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹ ਆਪਣੀ ਖੇਲ ਕਲਜੁਗ ਰਿਹਾ ਖੇਲਾ, ਖ਼ਾਲਕ ਖ਼ਲਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਆਤਮ ਹੋਵੇ ਸਾਰੇ ਦਰਸ਼ੀ, ਜਗ ਨੇਤਰਾਂ ਲੋੜ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਅੰਮ੍ਰਿਤ ਮੇਘ ਰਿਹਾ ਬਰਸੀ, ਨਿਝਰ ਝਿਰਨਾ ਅੰਮ੍ਰਿਤ

ਰਸ ਆਪ ਚੁਆਈਆ । ਜਗਤ ਵਾਸਨਾ ਤ੍ਰਿਖਾ ਰਹੇ ਕੋਇ ਨਾ ਤਰਸੀ, ਕਲਪਣਾ ਕੂੜ ਨਾ ਕੋਇ ਹਲਕਾਈਆ । ਦੇਵੇ ਮਾਣ ਵਡਿਆਈ ਉਤੇ ਧਰਤੀ, ਧਰਨੀ ਧਰਤ ਧਵਲ ਧੌਲ ਚਾਰੇ ਕੁੰਟ ਖ਼ੁਸ਼ੀ ਬਣਾਈਆ । ਉਹ ਸਵਾਮੀ ਠਾਕਰ ਸ਼ਰਤੀ, ਸ਼ਰਤੀਆ ਆਪਣਾ ਰੰਗ ਰੰਗਾਈਆ । ਉਹ ਪ੍ਰੀਤਮ ਮਾਹੀ ਅਰਸ਼ੀ, ਦੋ ਜਹਾਨਾਂ ਹੋਏ ਸਹਾਈਆ । ਜਿਸ ਨਾਮ ਕਲਮੇ ਦੀ ਗੁਰ ਅਵਤਾਰ ਪੈਗ਼ੰਬਰਾਂ ਦਿਤੀ ਪਰਚੀ, ਪ੍ਰਾਚੀਨ ਦਾ ਲੇਖਾ ਰਿਹਾ ਦ੍ਰਿੜਾਈਆ । ਮੈਂ ਖ਼ਬਰ ਦੱਸਾਂ ਉਸ ਦੇ ਘਰ ਦੀ, ਭੇਵ ਅਭੇਦਾ ਮਾਤ ਉਠਾਈਆ । ਉਹਦੀ ਸੂਰਤ ਮੂਰਤ ਨਰਾਇਣ ਨਰ ਦੀ, ਨੂਰ ਨੁਰਾਨਾ ਡਗਮਗਾਈਆ । (ਉਹਦੀ) ਨਾਦ ਤੂਰਤ ਦੋ ਜਹਾਨ ਦੀ, ਬ੍ਰਹਿਮੰਡਾਂ ਖੰਡਾਂ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪ੍ਰਵਾਹੀਆ । ਜਨ ਭਗਤ ਕਹਿਣ ਸਾਡਾ ਸਾਹਿਬ ਸਵਾਮੀ ਏਕਾ, ਏਕੰਕਾਰ ਸੀਸ ਨਿਵਾਈਆ । ਜਿਸ ਦੇ ਚਰਨ ਕਵਲ ਸਾਚੀ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋ ਕਰਨਹਾਰਾ ਬੁਧ ਬਿਬੇਕਾ, ਦੁਰਮਤ ਮੈਲ ਧਵਾਈਆ । ਸੋ ਸਵਾਮੀ ਬਣ ਕੇ ਨਰ ਨਰੇਸ਼ਾ, ਨਿਰਗੁਣ ਨਿਰਵੈਰ ਲਈ ਅੰਗੜਾਈਆ । ਜੋ ਰਹੇ ਸਦਾ ਹਮੇਸ਼ਾ, ਜੁਗ ਚੌਕੜੀ ਹੁਕਮ ਵਰਤਾਈਆ । ਜਿਸ ਦਾ ਸਰੂਪ ਦਸ ਦਸਮੇਸ਼ਾ, ਗੋਬਿੰਦ ਅਗੰਮੜਾ ਮਾਹੀਆ । ਜੋ ਸਭ ਦਾ ਪੂਰਾ ਕਰੇ ਲੇਖਾ, ਚਾਰ ਵਰਨਾਂ ਲਹਿਣਾ ਦਏ ਚੁਕਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਵੇਖ ਵਖਾਈਆ । ਜੋ ਫਿਰਨਹਾਰਾ ਦੋ ਜਹਾਨ ਪ੍ਰਦੇਸਾ, ਪ੍ਰਦੇਸੀ ਹੋ ਕੇ ਭੱਜੇ ਵਾਹੋ ਦਾਹੀਆ । ਉਹ ਸਦੀ ਚੌਧਵੀਂ ਅੰਤ ਅਖੀਰ ਬੇਨਜ਼ੀਰ ਜੋਤੀ ਧਾਰ ਬਦਲ ਕੇ ਭੇਸਾ, ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਆਪਣਾ ਖੇਲ

ਖਿਲਾਈਆ । ਜਿਸ ਨੂੰ ਅਵਤਾਰ ਕਰਨ ਆਦੇਸਾ, ਪੈਗ਼ੰਬਰ ਸਜਦਿਆਂ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਵਡ ਵਡਿਆਈਆ । ਜਨ ਭਗਤ ਕਹਿਣ ਸਾਡਾ ਪੁਰਖ ਅਕਾਲ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹਦਾ ਮੇਲਾ ਨਾਲ ਆਤਮ ਬ੍ਰਹਮ, ਪਾਰਬ੍ਰਹਮ ਬੇਪ੍ਰਵਾਹੀਆ । ਸਤਿ ਸਚ ਉਸ ਦਾ ਧਰਮ, ਦੀਨ ਵੰਡ ਨਾ ਕੋਇ ਵੰਡਾਈਆ । ਜਨਣੀ ਕੁੱਖ ਨਾ ਲਏ ਜਰਮ, ਜਨਮ ਮਰਨ ਵਿਚ ਕਦੇ ਨਾ ਆਈਆ । ਜੋ ਸਭ ਨੂੰ ਦੇਵਣਹਾਰਾ ਸਰਨ, ਸਰਨਗਤ ਇਕ ਦ੍ਰਿੜਾਈਆ । ਉਸੇ ਦੀ ਵਿਦਿਆ ਅਵਤਾਰ ਪੈਗ਼ੰਬਰ ਗੁਰੂ ਪੜ੍ਹਨ, ਨਿਸ਼ ਅੱਖਰ ਧਾਰ ਸਮਝਾਈਆ । ਪੌੜੀ ਪੌੜੀ ਮੰਜ਼ਲ ਚੜ੍ਹਨ, ਨਾਮ ਡੰਡੇ ਹੱਥ ਟਿਕਾਈਆ । ਸੋ ਮਾਲਕ ਖ਼ਾਲਕ ਕਰਨੀ ਕਰਨ, ਕਰਤਾ ਧੁਰਦਰਗਾਹੀਆ । ਜੋ ਜਨ ਭਗਤਾਂ ਖੋਲੇ ਨੇਤਰ ਹਰਨ ਫਰਨ, ਲੋਚਣ ਨੈਣ ਨੈਣ ਖੁਲਾਈਆ । ਸੋ ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਮਿਹਰ ਆਇਆ ਕਰਨ, ਨਿਗਾਹ ਮਿਹਰ ਵਾਲੀ ਉਠਾਈਆ । ਖ਼ਾਲੀ ਭੰਡਾਰੇ ਆਇਆ ਭਰਨ, ਅਤੋਟ ਅਤੁਟ ਵਰਤਾਈਆ । ਜਨ ਭਗਤ ਕਹਿਣ ਨਾਰਦ ਆਦਿ ਜੁਗਾਦਿ ਉਸੇ ਤੋਂ ਸਾਰੇ ਡਰਨ, ਭੈ ਭਉ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਸ਼ਬਦੀ ਧਾਰ ਬੰਧਾਏ ਲੜਨ, ਪੱਲੂ ਗੰਢ ਨਾ ਕੋਇ ਖੁਲਾਈਆ ।

## ✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ਗਿਆਨ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਜਨ ਭਗਤੋ ਰਾਵੀ ਦੀ ਰੇਤ ਮਾਰੇ ਚੀਕਾਂ, ਚੀਕ ਚਿਹਾੜਾ ਰਹੀ ਪਾਈਆ । ਬਿਨਾ ਉਂਗਲਾਂ ਤੋਂ ਖਿੱਚੀ ਜਾਏ ਲੀਕਾਂ, ਲਾਈਨ ਲਾਈਨ ਨਾਲ ਬਦਲਾਈਆ । ਬਿਨਾ ਅੱਖੀਆਂ ਤੋਂ ਵੇਖ ਰਹੀ ਤਾਰੀਖਾਂ, ਤਵਾਰੀਖਾਂ ਧਿਆਨ ਲਗਾਈਆ । ਜਿਸ ਦੀਆਂ ਚਾਰ ਜੁਗ ਹੁੰਦੀਆਂ ਰਹੀਆਂ ਤਸਦੀਕਾਂ, ਸ਼ਹਾਦਤ ਅਵਤਾਰ ਪੈਗ਼ੰਬਰ ਗੁਰ ਭੁਗਤਾਈਆ । ਕਵਣ ਵੇਲਾ ਉਹ ਪੂਰੀਆਂ ਕਰੇ ਉਮੀਦਾਂ, ਆਸਾ ਮਨਸਾ ਵੇਖ ਵਖਾਈਆ । ਸਨਮੁਖ ਦਰਸ਼ਨ ਕਰਾਂ ਆਪਣੇ ਦੀਦਾ, ਨੂਰੀ ਚੰਦ ਚੰਦ ਰੁਸ਼ਨਾਈਆ । ਮੇਰੀਆਂ ਗ਼ਫ਼ਲਤ ਵਿਚੋਂ ਖੁਲ੍ਹਣ ਨੀਂਦਾ, ਧੁਨੀ ਨਾਦ ਸ਼ਬਦ ਕਰੇ ਸ਼ਨਵਾਈਆ । ਜਿਸ ਦਾ ਖੇਲ ਸਦਾ ਪੇਚੀਦਾ, ਬਾਤਨ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਬੇਪ੍ਰਵਾਹੀਆ । ਨਾਰਦ ਕਹੇ ਰਾਵੀ ਦੀ ਰੇਤ ਨੇਤਰ ਰਹੀ ਨੀਰ ਵਹਾ, ਨੈਣਾਂ ਛਹਿਬਰ ਲਾਈਆ । ਬਿਨਾ ਹੱਥਾਂ ਤੋਂ ਕਰੇ ਦੁਆ, ਵਾਸਤਾ ਰਹੀ ਪਾਈਆ । ਕਿਰਪਾ ਕਰ ਮੇਰੇ ਮਿਹਰਵਾਂ, ਮਿਹਰਵਾਨ ਤੇਰੀ ਸ਼ਰਨਾਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਮੇਰੇ ਪਾਰ ਕਿਨਾਰੇ ਜ਼ਿਬਹ ਹੁੰਦੀ ਗਾਂ, ਬੰਸਰੀ ਵਾਲਾ ਕਾਹਨ ਰਿਹਾ ਦਰਸਾਈਆ । ਉਧਰੋਂ ਮੁਹੰਮਦ ਇਸ਼ਾਰੇ ਰਿਹਾ ਕਰਾ, ਚਾਰ ਯਾਰਾਂ ਨਾਲ ਜੁੜਾਈਆ । ਸਾਰੇ ਕੂਕਣ ਵਾਹਿਦ ਇਕ ਖ਼ੁਦਾ, ਖ਼ੁਦ ਮਾਲਕ ਬੇਪ੍ਰਵਾਹੀਆ । ਜੋ ਅਮਾਮ ਅਮਾਮਾ ਆਏ ਵੇਸ ਵਟਾ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਰੇਤ ਕਹੇ ਮੈਂ ਕੀ ਦੱਸਾਂ, ਕਹਿਣ ਕਿਛ ਨਾ ਪਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਸੰਦੇਸੇ ਦਿਆਂ ਦ੍ਰਿੜਾਈਆ । ਬਾਲਮੀਕ ਨੇ ਏਥੇ ਲਿਖੀ ਉਸ ਰਾਮ ਦੀ ਕਥਾ, ਜਿਸ ਨੂੰ ਕਥਨੀ ਕਥ ਨਾ ਸਕੇ ਰਾਈਆ । ਮੈਂ ਯਥਾਰਥ ਦੱਸਾਂ ਯਥਾ, ਯਦੀ ਯਦਪ ਦਿਆਂ ਦ੍ਰਿੜਾਈਆ । ਜਿਸ ਦੇ ਹੁਕਮ ਨਾਲ ਰਾਵਣ ਗੜ੍ਹ ਹੰਕਾਰੀ ਢੱਠਾ, ਹਉਮੇ ਦਿਤੀ ਮਿਟਾਈਆ । ਉਹ ਸਵਾਮੀ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਤੱਕੇ ਪੱਥਰ ਇੱਟਾਂ, ਪਾਹਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਆਦਿ ਜੁਗਾਦਿ ਜੁਗ ਚੌਕੜੀ ਲੇਖਾ ਲਿਖਾ, ਲਿਖਤ ਭਵਿਖਤ ਆਪਣੇ ਨਾਲ ਰਲਾਈਆ ।


੭੪੫
੨੩

## ✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਤਰਲੋਕ ਸਿੰਘ ਦੇ ਗ੍ਰਿਹ ✪

ਰੇਤ ਕਹੇ ਮੇਰੇ ਉਤੇ ਪਾਣੀ ਧਾਰ ਵਹਿੰਦਾ, ਦਿਵਸ ਰੈਣ ਵਾਹੋ ਦਾਹੀਆ । ਮੈਨੂੰ ਸੁਬਹ ਸ਼ਾਮ ਸੰਦੇਸੇ ਦਿੰਦਾ, ਕਹਿ ਕੇ ਰਿਹਾ ਸੁਣਾਈਆ । ਉਹ ਖੇਲ ਤੱਕ ਲੈ ਦਿਸ਼ਾ ਲਹਿੰਦਾ, ਲਹਿੰਦੀ ਦਿਸ਼ਾ ਅੱਖ ਉਠਾਈਆ । ਜਿਥੇ ਮੁਹੰਮਦ ਦਾ ਮੁਕਣ ਵਾਲਾ ਪੈਂਡਾ, ਸਦੀ ਚੌਧਵੀਂ ਬੈਠੀ ਆਸ ਰਖਾਈਆ । ਹਜ਼ਰਤ ਮੂਸਾ ਕੋਹਤੂਰ ਨੂਰ ਜ਼ਹੂਰ ਜਿਸ ਸਾਹਿਬ ਦਾ ਲੈਂਦਾ, ਓਹ ਲਬ੍ਹਾਂ ਤੋਂ ਬਾਹਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਰੇਤ ਕਹੇ ਮੇਰੀ ਆਸਾ ਬਹੁ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ ।

ਮੇਰੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਜਾਣ ਸਕੇ ਨਾ ਕੋਇ ਕਹਾਣੀ, ਕਹਾਵਤ ਕਹਿਣ ਕੋਇ ਨਾ ਪਾਈਆ । ਮੈਂ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੀ ਰਾਣੀ, ਜਿਸ ਦੀ ਰਈਅਤ ਆਦਿ ਅੰਤ ਜੁਗਾ ਜੁਗੰਤ ਇਕੋ ਨਜ਼ਰੀ ਆਈਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਇਹੋ ਢੋਲਾ ਅਗੰਮੀ ਬਾਣੀ, ਦੂਸਰ ਰਾਗ ਸੁਣਨ ਕੋਇ ਨਾ ਪਾਈਆ । ਜੋ ਮਾਲਕ ਖ਼ਾਲਕ ਦੀਨ ਦੁਨੀ ਦਾ ਜਾਣ ਜਾਣੀ, ਘਟ ਘਟ ਆਪਣਾ ਆਸਣ ਲਾਈਆ । ਤਿਸ ਸਾਹਿਬ ਵਿਟਹੁ ਕੁਰਬਾਨੀ, ਆਪਣਾ ਆਪ ਉਸੇ ਦੇ ਕਦਮ ਟਿਕਾਈਆ । ਜੋ ਕਰਨਹਾਰ ਮਿਹਰਵਾਨੀ, ਮਿਹਰਵਾਨ ਮਹਿਬੂਬ ਬੇਪ੍ਰਵਾਹੀਆ । ਜਿਸ ਦੇ ਹੁਕਮ ਅੰਦਰ ਚਾਰੋਂ ਕੁੰਟ ਕੂੜ ਦੀ ਚੜ੍ਹੀ ਤੁਗਿਆਨੀ, ਮੇਰੇ ਤੱਟ ਦੇਣ ਦੁਹਾਈਆ । ਉਹ ਈਸਾ ਦਾ ਪਿਤਾ ਅਸਮਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਦੋ ਜਹਾਨ ਅਖਵਾਈਆ ।

✪ ੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ਹਰਦੀਪ ਸਿੰਘ ਦੇ ਗ੍ਰਿਹ ✪

੭੪੬ ੨੩ ਨਾਰਦ ਕਹੇ ਰੇਤ ਆਪਣਾ ਦੱਸੇ ਦੁੱਖ, ਦੁਖੀ ਹੋ ਕੇ ਹਾਲ ਸੁਣਾਈਆ । ਮੈਨੂੰ ਪ੍ਰਭ ਮਿਲਣ ਦੀ ਭੁੱਖ, ਜੁਗ ਚੌਕੜੀ ਰਾਹ ਤਕਾਈਆ । ਮੈਂ ਜਿਸ ਦੀ ਜਨਮੀ ਵਿਚੋਂ ਕੁੱਖ, ਮੈਨੂੰ ਜਨਮ ਦੇਣ ਵਾਲੀ ਕੋਇ ਨਾ ਮਾਈਆ । ਮੇਰੀ ਉਸੇ ਨਾਲ ਸੁਹੰਜਣੀ ਹੋਵੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਉਹ ਸਵਾਮੀ ਅਬਿਨਾਸ਼ੀ ਅਚੁਤ, ਪ੍ਰਭ ਮੇਰਾ ਮਾਹੀਆ । ਜੋ ਦੇਵਣਹਾਰਾ ਆਪਣਾ ਸੁਖ, ਸੁਖ ਸਾਗਰ ਰੂਪ ਬਣਾਈਆ । ਕਲਜੁਗ ਕੂੜੀ ਕਿਰਿਆ ਮੇਟੇ ਲੁੱਟ, ਲੁਟੇਰਾ ਨਜ਼ਰ ਕੋਇ ਨਾ ਆਈਆ । ਮੈਂ ਨਿਮਾਣੀ ਕੋੜੀ ਕਮਲੀ ਅੰਮ੍ਰਿਤ ਜਾਮ ਪਿਆ ਦੇ ਘੁੱਟ, ਅੰਮਿਉਂ ਰਸ ਆਪ ਚੁਆਈਆ । ਮੇਰਾ ਲਹਿਣਾ ਦੇਣਾ ਜਾਏ ਮੁਕ, ਬਾਕੀ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਰੇਤ, ਪ੍ਰਭ ਸਾਚਾ ਦਇਆ ਕਮਾਏਗਾ । ਦੀਨ ਦਿਆਲ ਵੇਖ ਵਖਾਏਗਾ । ਰੂਪ ਅਨੂਪ ਆਪ ਪ੍ਰਗਟਾਏਗਾ । ਜੋਤੀ ਜਾਤਾ ਡਗਮਗਾਏਗਾ । ਪੁਰਖ ਬਿਧਾਤਾ ਨਜ਼ਰੀ ਆਏਗਾ । ਤੇਰਾ ਤੱਟ ਕਿਨਾਰਾ ਆਪ ਸੁਹਾਏਗਾ । ਭੇਵ ਅਭੇਦ ਅਗੰਮ ਖੁਲਾਏਗਾ । ਚਾਰੇ ਵੇਦਾਂ ਰਾਗ ਜਣਾਏਗਾ । ਅਛਲ ਅਛੱਲਾ ਰੂਪ ਬਣਾਏਗਾ । ਤੇਰਾ ਸੁਹਾ ਕੇ ਸਚ ਮਹੱਲਾ, ਸਿੰਘਾਸਣ ਇਕੋ ਇਕ ਵਡਿਆਏਗਾ । ਉਹ ਫਿਰਦਾ ਜਲਾ ਥਲਾ, ਮਹੀਅਲ ਖੋਜ ਖੁਜਾਏਗਾ । ਸਵਾਮੀ ਇਕ ਇਕੱਲਾ, ਅਕਲ ਕਲਧਾਰੀ ਪਰਦਾ ਲਾਹੇਗਾ । ਜਿਸ ਦਾ ਭਾਣਾ ਕਦੇ ਨਾ ਟਲਾ, ਅਟਲ ਹੁਕਮ ਇਕ ਸੁਣਾਏਗਾ । ਜੋਤੀ ਸ਼ਬਦੀ ਧਾਰ ਹੋਵੇ ਰਲਾ, ਸੰਬਲ ਆਪਣਾ ਦੇਸ ਵਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵੇਖ ਵਖਾਏਗਾ । ਰੇਤ ਕਹੇ ਨਾਰਦ ਮੈਂ ਸੁਣਿਆ ਸਚ ਸੰਦੇਸਾ, ਨਿਵ ਨਿਵ ਸੀਸ ਝੁਕਾਈਆ । ਉਹ ਸਾਹਿਬ ਧੁਰ ਨਰੇਸ਼ਾ, ਨਰ ਨਰਾਇਣ ਵਡ ਵਡਿਆਈਆ । ਜੋ ਰਹੇ ਸਦਾ ਹਮੇਸ਼ਾ, ਜਨਮ ਮਰਨ ਨਾ ਰੂਪ ਬਦਲਾਈਆ । ਜਿਸ ਦੀ ਮੁੱਛ ਦਾਹੜੀ ਨਾ ਕੇਸਾ, ਨਾ ਕੋਈ ਮੁੰਡ ਮੁੰਡਾਈਆ । ਉਹ ਜੁਗ ਚੌਕੜੀ ਸਭ ਦਾ ਵੇਖੇ ਲੇਖਾ, ਬਚਿਆ

ਨਜ਼ਰ ਕੋਇ ਨਾ ਆਈਆ । ਜਿਸ ਅੰਤਮ ਝਗੜਾ ਮੁਕਾਉਣਾ ਮੁੱਲਾ ਸ਼ੇਖ਼ਾ, ਮੁਸਾਇਕਾਂ ਪੰਧ ਮੁਕਾਈਆ । ਦੀਨ ਦੁਨੀ ਦੀ ਬਦਲ ਦੇਵੇ ਰੇਖਾ, ਰਿਖੀਆਂ ਮੁਨੀਆਂ ਭੇਵ ਖੁਲਾਈਆ । ਉਹਦਾ ਨਾਮ ਡੰਕਾ ਵੱਜੇ ਏਕਾ, ਏਕੰਕਾਰ ਕਰੇ ਸ਼ਨਵਾਈਆ । ਸਭ ਨੇ ਉਸ ਤੇ ਰਖਣੀ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜਨ ਭਗਤਾਂ ਕਰੇ ਬੁਧ ਬਿਬੇਕਾ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਤਤ ਲਾਏ ਨਾ ਸੇਕਾ, ਅਗਨੀ ਤਤ ਗਵਾਈਆ । ਚਰਨ ਛੁਹਾਏ ਤੇਰੇ ਉਤੇ ਰਾਵੀ ਦੀਏ ਰੇਤਾ, ਰੰਗ ਰਤੜਾ ਧੁਰ ਦਾ ਮਾਹੀਆ । ਤੂੰ ਪਿਛਲਾ ਯਾਦ ਕਰਨਾ ਚੇਤਾ, ਚੇਤਨ ਹੋ ਕੇ ਸੁਰਤ ਖੁਲਾਈਆ । ਜੋ ਆਵੇ ਤੇਰੇ ਘਾਟ ਤੇਰੇ ਦੇਸਾ, ਤੇਰੀ ਜੂਹ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ ਨੇਤਾ, ਨਿਤ ਨਵਿਤ ਆਪਣਾ ਹੁਕਮ ਵਰਤਾਈਆ ।

## ✪ ੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਉਜ ਦਰਿਆ ਦੇ ਕੰਢੇ ਦੁਪਿਹਰ ਦੇ ਸਮੇਂ ਵਿਹਾਰ ਹੋਇਆ ✪

ਨਾਰਦ ਕਹੇ ਮੈਂ ਸਭ ਕੁਛ ਲਿਆ ਬੁੱਝ, ਮੇਰੀ ਬੋਦੀ ਭੇਵ ਦਿਤਾ ਖੁਲਾਈਆ । ਜਿਹੜੀ ਆਸਾ ਬਾਲਮੀਕ ਰਖੀ ਗੁੱਝ, ਆਪਣੇ ਅੰਦਰ ਧਿਆਨ ਲਗਾਈਆ । ਨਾਲੇ ਇਸ਼ਾਰਾ ਕੀਤਾ ਤਰੇਤਾ ਜੁਗ, ਬਨਖੰਡੀ ਹੋ ਕੇ ਧਿਆਨ ਲਗਾਈਆ । ਜਿਸ ਵੇਲੇ ਕਲਜੁਗ ਔਧ ਗਈ ਪੁੱਜ, ਪੂਜਾ ਰਾਮ ਨਾ ਕੋਇ ਵਡਿਆਈਆ । ਮੇਰੇ ਰਾਮ ਦਾ ਰਾਮ ਮੇਰਾ ਲਹਿਣਾ ਦਏਗਾ ਉਤੇ ਉਝ, ਉਜਲਾ ਮੇਰਾ ਮੁਖ ਕਰਾਈਆ । ਜਿਸ ਦੇ ਕੋਲ ਪਿਆਰ ਦਾ ਪ੍ਰਸ਼ਾਦ ਹੋਵੇਗਾ ਕੁਝ, ਵਸਤ ਵਸਤ ਵਿਚੋਂ ਵਰਤਾਈਆ । ਮੈਨੂੰ ਪੂਰੀ ਦੇਵੇਗਾ ਸੁਝ, ਸੁਦੀ ਵਦੀ ਦਾ ਪੰਧ ਮੁਕਾਈਆ । ਨਾਰਦ ਕਹੇ ਮੈਂ ਵੀ ਆਵਾਂਗਾ ਕੁੱਦ, ਭੱਜਾਂ ਵਾਹੋ ਦਾਹੀਆ । ਨਾਲੇ ਬਾਲਮੀਕ ਇਸ਼ਾਰਾ ਕੀਤਾ ਰਾਮ ਰਾਵਣ ਦਾ ਹੋਵੇ ਯੁੱਧ, ਕਲਮ ਏਸੇ ਥਾਂ ਚਲਾਈਆ । ਨਾਲੇ ਆਪਣੀ ਖਪਰੀ ਵਿਚੋਂ ਕਢ ਕੇ ਦੁੱਧ, ਜ਼ਿਮੀਂ ਨਾਲ ਦਿਤਾ ਛੁਹਾਈਆ । ਓਧਰੋਂ ਇਕ ਸ਼ੇਰ ਪਿਆ ਬੁੱਕ, ਆਪਣੀ ਭੱਬਕ ਲਗਾਈਆ । ਮੂੰਹ ਲਿਆ ਚੁੱਕ, ਬਾਲਮੀਕ ਵੱਲ ਤਕਾਈਆ । ਬਾਲਮੀਕ ਗਾਈ ਤੁਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਿੰਘ ਉਥੇ ਗਿਆ ਰੁਕ, ਨੈਣ ਜ਼ਿਮੀਂ ਅਸਮਾਨ ਉਠਾਈਆ । ਫੇਰ ਬੋਲਿਆ ਵਿਚੋਂ ਮੁਖ, ਆਪਣੀ ਆਵਾਜ਼ ਦ੍ਰਿੜਾਈਆ । ਚਾਰੋਂ ਕੁੰਟ ਡੰਡਾਵਤ ਵਿਚ ਗਿਆ ਝੁਕ, ਨਿਵ ਨਿਵ ਸੀਸ ਨਿਵਾਈਆ । ਫੇਰ ਕੂਕ ਪੁਕਾਰਿਆ, ਜਿਸ ਵੇਲੇ ਕਲਜੁਗ ਕੂੜ ਪਾਈ ਲੁੱਟ, ਲੁੱਟੇ ਜਗਤ ਸੰਸਾਰਿਆ । ਦੀਨ ਦੁਨੀ ਭਾਗ ਜਾਣ ਨਿਖੁੱਟ, ਹੋਵੇ ਨਾ ਕੋਇ ਸਹਾਰਿਆ । ਆਤਮ ਪਰਮਾਤਮ ਨਾਤਾ ਜਾਏ ਤੁੱਟ, ਮਿਲੇ ਮੇਲ ਨਾ ਜੋਤ ਨਿਰੰਕਾਰਿਆ । ਓਸ ਵੇਲੇ ਪ੍ਰਗਟ ਹੋਵੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਰੂਪ ਨਿਆਰਿਆ । ਸਤਿਗੁਰ ਸ਼ਬਦ ਸੁਹਾਏ ਰੁੱਤ, ਰੁਤੜੀ ਆਪਣੇ ਨਾਮ ਵਡਿਆ ਰਿਹਾ । ਧਰਨੀ ਦਾ ਜ਼ਰੂਰ ਵੇਖੇਗਾ ਦੁੱਖ, ਦੁਖੀਆਂ ਦੁੱਖ ਮਿਟਾ ਰਿਹਾ । ਓਦੋਂ ਇਥੇ ਨੜ੍ਹਿੰਨਵੇਂ ਹੁੰਦੇ ਸੀ ਰੁੱਖ, ਸੰਗਠਨ ਸਭ ਦਾ ਇਕ ਵਖਾ ਰਿਹਾ । ਬਾਲਮੀਕ ਪਿਆਰ ਵਿਚ ਸੇਕਦਾ ਸੀ ਧੁੱਪ, ਪ੍ਰਵਿਸ਼ਟਾ ਚੇਤ ਸੁਹਾ ਰਿਹਾ । ਫੇਰ ਭਰ ਕੇ ਰੇਤ ਦੀ ਬੁੱਕ, ਆਪਣੇ ਸੀਸ ਉਤੇ ਟਿਕਾ ਰਿਹਾ । ਫੇਰ ਕਲਮ ਦੀ ਫੜ

ਕੇ ਨੋਕ, ਜ਼ਿਮੀਂ ਉਤੇ ਲਿਖਾ ਰਿਹਾ । ਪ੍ਰਗਟ ਹੋਵੇ ਨਿਰਮਲ ਜੋਤ, ਜੋਤੀ ਜਾਤਾ ਨਜ਼ਰੀ ਆ ਰਿਹਾ । ਜਿਥੇ ਨਾ ਕੋਈ ਕਿਲਾ ਨਾ ਕੋਈ ਕੋਟ, ਗੜ੍ਹ ਬੰਕ ਨਾ ਕੋਈ ਸੁਹਾ ਰਿਹਾ । ਓਧਰੋਂ ਬ੍ਰਹਿਮਣ ਆ ਗਿਆ ਖਚਰੋਟ, ਮੱਥੇ ਤਿਲਕ ਦਿਖਾ ਰਿਹਾ । ਬਾਲਮੀਕ ਦਿਤਾ ਟੋਕ, ਤੂੰ ਕਿਹੜਾ ਰਾਮ ਧਿਆ ਰਿਹਾ । ਕਿਸ ਦੇ ਮਿਲਣ ਦਾ ਸ਼ੌਕ, ਕਿਸ ਦਾ ਲੇਖ ਬਣਾ ਰਿਹਾ । ਕਿਥੇ ਜਾਵੇਂ ਪਹੁੰਚ, ਕਿਹੜਾ ਪੰਧ ਮੁਕਾ ਰਿਹਾ । ਬਾਲਮੀਕ ਕਿਹਾ ਜਿਸ ਦਾ ਲੇਖਾ ਨਾ ਜਿਸਤ ਨਾ ਟਾਂਕ, ਹਿੱਸੇ ਵੰਡ ਨਾ ਕੋਇ ਵੰਡਾ ਰਿਹਾ । ਮੈਂ ਉਸੇ ਦਾ ਗਾਵਾਂ ਸਲੋਕ, ਸੋਹਲਾ ਰਾਗ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾ ਰਿਹਾ । ਨਾਰਦ ਕਹੇ ਬਾਲਮੀਕ ਨੇ ਖੱਬੇ ਪੰਜੇ ਨਾਲ ਮਿੱਟੀ ਦੱਬੀ, ਜ਼ੋਰ ਨਾਲ ਦਬਾਈਆ । ਉਹਨੂੰ ਨਜ਼ਰੀ ਆਈ ਜੋਤ ਰੱਬੀ, ਨੂਰ ਨੂਰ ਰੁਸ਼ਨਾਈਆ । ਸ਼ਬਦ ਸੰਦੇਸ਼ ਦਿਤਾ ਕਲਜੁਗ ਪ੍ਰਗਟ ਹੋਵਾਂ ਪ੍ਰਵਿਸ਼ਟਾ ਹੋਵੇ ਪੋਹ ਛੱਬੀ, ਜੋਤ ਜੋਤ ਡਗਮਗਾਈਆ । ਨੂਰ ਅਲਾਹੀ ਬਣ ਕੇ ਰੱਬੀ, ਵੇਖਾਂ ਥਾਉਂ ਥਾਈਆ । ਬਾਲਮੀਕ ਕਲਮ ਭੰਨ ਦਿਤੀ ਅੱਧੀ, ਤੋੜ ਕੇ ਦਿਤੀ ਵਖਾਈਆ । ਝਟ ਹੁਕਮ ਹੋਇਆ ਜਿਸ ਵੇਲੇ ਆਈ ਚੌਧਵੀਂ ਸਦੀ, ਸਦਕਾ ਤੇਰਾ ਵੇਖ ਵਖਾਈਆ । ਜਿਸ ਮਿੱਟੀ ਖ਼ਾਕ ਉਤੇ ਤੇਰੀ ਲੱਗੀ ਗੱਦੀ, ਓਸੇ ਤੇ ਆਪਣਾ ਆਸਣ ਲਾਈਆ । ਓਧਰੋਂ ਪਵਣ ਠੰਡੀ ਵਗੀ, ਆਪਣਾ ਬਲ ਧਰਾਈਆ । ਬਾਲਮੀਕ ਨੇ ਪੁੱਠੀ ਕਰ ਕੇ ਅੱਡੀ, ਪੰਜੇ ਨਾਲ ਦਬਾਈਆ । ਓਨੇ ਚਿਰ ਨੂੰ ਰਾਹੀ ਸੀਦਾ ਆਇਆ ਉਸ ਦੇ ਕੋਲ ਸੀ ਡੱਬੀ, ਉਸ ਅਗਨੀ ਦਿਤੀ ਜਲਾਈਆ । ਫੇਰ ਖਲੋ ਗਿਆ ਹੱਥ ਬੱਧੀ, ਸੀਸ ਪ੍ਰੇਮ ਨਾਲ ਨਿਵਾਈਆ । ਪੱਲਿਉਂ ਖੋਲ ਕੇ ਰੋਟੀ ਅੱਧੀ, ਬਾਲਮੀਕ ਅਗੇ ਟਿਕਾਈਆ । ਝਟ ਨਾਰਦ ਕਹੇ
੭੪੮
੨੩
ਇਹ ਮੈਨੂੰ ਭੁੱਖ ਲੱਗੀ, ਮੈਨੂੰ ਦੇ ਖਵਾਈਆ । ਝਟ ਆਵਾਜ਼ ਆਈ ਰੱਬੀ, ਇਹ ਹੁਕਮ ਧੁਰਦਰਗਾਹੀਆ । ਇਹਦਾ ਲਹਿਣਾ ਦੇਣਾ ਫੇਰ ਹੋਣਾ ਕਿਨਾਰੇ ਨਦੀ, ਵਹਿਣਾ ਰੰਗ ਰੰਗਾਈਆ । ਜਦੋਂ ਪੁਰਖ ਅਕਾਲ ਦੀ ਜੋਤ ਜਗੀ, ਤੇਰਾ ਮਾਨਸ ਜਨਮ ਦੇਣਾ ਬਦਲਾਈਆ । ਏਸੇ ਕਾਰਨ ਬਚਨ ਸਿੰਘ ਨੂੰ ਇਹ ਧਰਤੀ ਲੱਭੀ, ਪੂਰਬ ਲੇਖਾ ਬਾਲਮੀਕ ਵਾਲਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਦੇਵੇ ਸਰਬ ਸਰਬਗੀ, ਸੂਰਬੀਰ ਵਡ ਵਡਿਆਈਆ ।

### ✪ ੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸਪੁਰ ਬਚਨ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਮੇਰੇ ਕੋਲ ਅਗੰਮੀ ਕਿਤਾਬਾਂ, ਕੁਤਬਖ਼ਾਨਿਆਂ ਹੱਥ ਕਦੇ ਨਾ ਆਈਆ । ਜਿਸ ਵਿਚ ਉਸ ਸਾਹਿਬ ਦੀਆਂ ਮਹਿਰਾਬਾ, ਜਿਸ ਦਾ ਮਹੱਲ ਅਟੱਲ ਵੇਖਣ ਕੋਇ ਨਾ ਪਾਈਆ । ਮੈਂ ਉਸੇ ਦੀ ਧਾਰ ਦਾ ਬਣਿਆ ਹਕ ਅਹਿਬਾਬਾ, ਮਿਤਰ ਪਿਆਰਾ ਯਾਰ ਅਖਵਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਸਭ ਦਾ ਸ਼ੁਮਾਰ ਕਰਦਾ ਰਿਹਾ ਤਾਦਾਦਾ, ਜੁਗ ਜੁਗ ਵੇਖ ਵਖਾਈਆ । ਸੁਣਦਾ ਰਿਹਾ ਸ਼ਬਦ ਅਗੰਮੀ ਨਾਦਾ, ਬਿਨ ਸਰਵਣ ਕੰਨਾਂ ਸ਼ਨਵਾਈਆ । ਹਕ ਵਿਚੋਂ ਹਕ ਬਦਲਦੀ ਰਹੀ ਆਵਾਜ਼ਾ, ਨਾਮ ਕਲਮਾ ਕਲਮਾ ਨਾਮ ਬਦਲਾਈਆ । ਨੂਰ ਤੱਕਦਾ ਰਿਹਾ ਗ਼ਰੀਬ ਨਿਵਾਜ਼ਾ, ਜੋ ਨੂਰ ਨੁਰਾਨਾ ਡਗਮਗਾਈਆ । ਸ਼ਾਹੋ ਭੂਪ ਦੋ ਜਹਾਨਾਂ ਰਾਜਾ, ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ

੭੪੯
੨੩

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਮੇਰੀ ਕਿਤਾਬ ਦਾ ਵੇਖੋ ਪਹਿਲਾ ਅੱਖਰ ਅਲਿਫ਼, ਦੂਸਰ ਨਜ਼ਰ ਕੋਇ ਨਾ ਆਈਆ । ਜਿਸ ਵਿਚ ਸ਼ਰਅ ਨੇ ਲਿਆ ਹਲਫ਼, ਸ਼ਰੀਅਤ ਸੰਗ ਨਿਭਾਈਆ । ਦੂਸਰੇ ਕਰਨੀ ਪਈ ਨਾ ਕੋਇ ਤਕੱਲਫ, ਦਰਦੀ ਦਰਦ ਨਾ ਕੋਇ ਜਣਾਈਆ । ਇਹ ਲੇਖਾ ਉਸ ਸਾਹਿਬ ਦਾ ਜੋ ਸਵਾਮੀ ਸਦਾ ਮੁਸਲਤ, ਪਰਵਰਦਿਗਾਰ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਚਾਰ ਯਾਰ ਮੁਹੰਮਦ ਸੰਗ ਤਅੱਲਕ, ਤਰਫਦਾਰੀ ਸਮਝ ਕੋਇ ਨਾ ਪਾਈਆ । ਉਹ ਹੁਕਮ ਸੰਦੇਸਾ ਧੁਰ ਫ਼ਰਮਾਨ ਦੇਵੇ ਸਦੀ ਚੌਦਾਂ ਦੇ ਮੁਤੱਲਕ, ਜਿਸ ਦਾ ਮੁਤਾਲਿਆ ਅਕਲ ਬੁੱਧੀ ਕਰਨ ਕੋਇ ਨਾ ਪਾਈਆ । ਉਹਦਾ ਨਿਸ਼ਾਨਾ ਤੱਕੇ ਉਤੇ ਖ਼ਲਕ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਜਿਸ ਦਾ ਨੂਰ ਅਲਾਹੀ ਝਲਕ, ਗੋਬਿੰਦ ਗੁਰ ਗੁਰ ਗਿਆ ਦ੍ਰਿੜਾਈਆ । ਉਸ ਦਾ ਸੁਹੰਜਣਾ ਹੋਏ ਵਕਤ, ਨਿਰਗੁਣ ਧਾਰ ਲਏ ਅੰਗੜਾਈਆ । ਪਕੜ ਉਠਾਏ ਚੁਰਾਸੀ ਵਿਚੋਂ ਭਗਤ, ਭਗਵਨ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਦੇਵੇ ਸ਼ਕਤ, ਸ਼ਖ਼ਸੀਅਤ ਇਕੋ ਇਕ ਸਮਝਾਈਆ । ਬੋਧ ਅਗਾਧਾ ਹੋ ਕੇ ਆਵੇ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਰੁੱਤ ਸੁਹੰਜਣੀ ਕਰੇ ਧਰਤ, ਧਵਲ ਦਏ ਵਡਿਆਈਆ । ਜੋਧਾ ਸੂਰਬੀਰ ਬਣ ਮਰਦ, ਮਰਦ ਮਰਦਾਨਾ ਹੋ ਕੇ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਜਿਸ ਦੇ (ਕੋਲ) ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੀ ਫ਼ਰਦ, ਅਵਤਾਰ ਪੈਗ਼ੰਬਰਾਂ ਗੁਰੂਆਂ ਲੇਖਾ ਆਪਣੇ ਹੱਥ ਰਖਾਈਆ । ਉਹ ਸ਼ਰਅ ਛੁਰੀ ਮੇਟੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਨਾਰਦ ਕਹੇ ਮੇਰੀ ਕਿਤਾਬ ਵਿਚ ਅਗੰਮੇ ਨਾਮ, ਅੱਖਰਾਂ ਵਿਚ ਲਿਖਣ ਕੋਇ ਨਾ ਪਾਈਆ । ਮੈਂ ਬਿਨਾ ਨੇਤਰਾਂ ਤੋਂ ਪੜ੍ਹੇ ਤਮਾਮ, ਬਿਨਾ ਕਾਗਜ਼ਾਂ ਸੋਭਾ ਪਾਈਆ । ਜਿਥੇ ਸਾਰੇ ਵੇਖੇ ਗ਼ੁਲਾਮ, ਪੈਗ਼ੰਬਰ ਗੁਰ ਅਵਤਾਰ ਸੀਸ ਨਿਵਾਈਆ । ਪੁਰਖ ਅਕਾਲ ਦਾ ਇਕ ਨਿਜਾਮ, ਨੌਬਤ ਨਾਮ ਹਕ ਵਜਾਈਆ । ਜੁਗ ਜੁਗ ਬਦਲਦਾ ਰਹੇ ਇਕਦਾਮ, ਕਦੀਮ ਦਾ ਮਾਲਕ ਧੁਰਦਰਗਾਹੀਆ । ਜਿਸ ਨੇ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਇਸਲਾਮ, ਇਸਮ ਆਜ਼ਮ ਦਏ ਜਣਾਈਆ । ਸਦੀ ਚੌਧਵੀਂ ਮੇਟਣਾ ਨਿਸ਼ਾਨ, ਨਿਸ਼ਾਨਾ ਕੂੜ ਦਏ ਉਠਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਏਕਾ ਦਿਸੇ ਹੁਕਮਰਾਨ, ਹੁਕਮ ਹਾਕਮ ਇਕ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਾਏ ਇਕੋ ਨਾਮ, ਕਲਮਾ ਕਾਇਨਾਤ ਸਮਝਾਈਆ । ਵੇਖੇ ਵਿਗਸੇ ਵੇਖਣਹਾਰ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਕਲ ਕਲਕੀ ਖੇਲ ਹੋਵੇ ਮਹਾਨ, ਮਹਿੰਮਾ ਕਥ ਕਥ ਦ੍ਰਿੜਾਈਆ । ਨਿਹਕਲੰਕ ਵਾਲੀ ਬਣ ਦੋ ਜਹਾਨ, ਦੋਹਰੀ ਆਪਣੀ ਖੇਲ ਖਿਲਾਈਆ । ਸੰਬਲ ਸੁਹਾ ਕੇ ਸਚ ਮਕਾਨ, ਮੜ੍ਹੀ ਗੋਰਾਂ ਤੋਂ ਬਾਹਰ ਡੇਰਾ ਲਾਈਆ । ਜਿਸ ਦੀ ਬੋਲਣ ਵਾਲੀ ਨਹੀਂ ਜ਼ਬਾਨ, ਤਤਾਂ ਵੰਡ ਨਾ ਕੋਇ ਵੰਡਾਈਆ । ਉਹ ਸ਼ਬਦ ਗੁਰੂ ਸਤਿਗੁਰੂ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨਾਮ ਸਤਿ ਵੇਖੇ ਮਾਰ ਧਿਆਨ, ਨਵ ਨੌ ਚਾਰ ਦਾ ਪੰਧ ਮੁਕਾਈਆ । ਜਨ ਭਗਤਾਂ ਦੇਵੇ ਬ੍ਰਹਮ ਗਿਆਨ, ਆਤਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣਾ ਭੇਵ ਚੁਕਾਈਆ ।

★ ੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸ ਪੁਰ ਸੰਤੋਖ ਸਿੰਘ ਦੇ ਗ੍ਰਿਹ ★

ਨਾਰਦ ਕਹੇ ਮੇਰੇ ਕੋਲ ਸਬੂਤ ਲਿਖਤੀ, ਹੁਕਮਨਾਮਾ ਧੁਰਦਰਗਾਹੀਆ । ਜਿਸ ਦੇ ਵਿਚ ਜ਼ਾਤ ਗੁਰਮੁਖ ਇਕ ਇਕ ਦੀ, ਜੋਤ ਇਕ ਨਾਲ ਮਿਲ ਕੇ ਇਕ ਰੂਪ ਸਮਾਈਆ । ਜਿਨ੍ਹਾਂ ਦੀ ਆਤਮ ਪਰਮਾਤਮ ਸਿਖ ਦੀ, ਸਿਖਿਆ ਸਤਿਗੁਰ ਵਿਚ ਸਮਾਈਆ । ਉਨ੍ਹਾਂ ਦੀ ਪੂਜਾ ਮੁਕ ਗਈ ਪੱਥਰ ਇੱਟ ਦੀ, ਪਾਹਨ ਸੀਸ ਨਾ ਕੋਇ ਨਿਵਾਈਆ । ਸੁਰਤੀ ਇਕੋ ਸਾਹਿਬ ਚਰਨਾਂ ਵਿਚ ਹੋਵੇ ਟਿਕਦੀ, ਟਿੱਕੇ ਧੂੜੀ ਖ਼ਾਕ ਰਮਾਈਆ । ਜਿਥੇ ਇਕੋ ਬਖ਼ਸ਼ ਵੱਡੇ ਨਿੱਕ ਦੀ, ਉਚਾਂ ਨੀਚਾਂ ਮਿਲੇ ਵਡਿਆਈਆ । ਇਹ ਖੇਲ ਪ੍ਰਭੂ ਦੀ ਸੁਹੰਜਣੀ ਥਿਤ ਦੀ, ਵਾਰ ਥਿਤ ਨਿਵ ਨਿਵ ਸੀਸ ਝੁਕਾਈਆ । ਮੁਹੰਮਦ ਦੱਸੇ ਨਿਤ ਨਵਿਤ ਦੀ, ਜੁਗ ਜੁਗ ਭਗਤਾਂ ਸੰਗ ਨਿਭਾਈਆ । ਅਗਲੀ ਖੇਲ ਅਨੋਖੇ ਹਿਤ ਦੀ, ਹਿਤਕਾਰੀ ਹੋ ਕੇ ਵੇਖ ਵਖਾਈਆ । ਉਹ ਵੇਖੋ ਸਦੀ ਚੌਧਵੀਂ ਪਿਟਦੀ, ਨੇਤਰ ਰੋ ਰੋ ਰਹੀ ਕੁਰਲਾਈਆ । ਮੈਨੂੰ ਯਾਦ ਮੁਹੰਮਦ ਵਾਲੀ ਚਿਟ ਦੀ, ਜੋ ਕਲਮੇ ਕਲਾਮਾਂ ਤੋਂ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੇਰੇ ਕੋਲ ਪੁਰਾਣੀਆਂ ਖ਼ਬਰਾਂ, ਬੇਖ਼ਬਰੋ ਦਿਆਂ ਜਣਾਈਆ । ਮੈਂ ਫਿਰਦਾ ਆਇਆ ਉਤੋਂ ਅੰਬਰਾਂ, ਧਰਨੀ ਧਰਤ ਧਵਲ ਉਤੇ ਫੇਰਾ ਪਾਈਆ । ਮੈਂ ਚਾਰ ਜੁਗ ਦੇ ਵੇਖਦਾ ਰਿਹਾ ਸਵੰਬਰਾ, ਖ਼ੁਸ਼ੀਆਂ ਵਾਲੇ ਖ਼ੁਸ਼ੀ ਦੇ ਢੋਲੇ ਗਾਈਆ । ਮੈਂ ਜਾਣਦਾ ਰਿਹਾ ਦਿਲ ਦੀਆਂ ਅੰਦਰਾਂ, ਅੰਤਸ਼ਕਰਨ ਵੇਖਾਂ ਖ਼ਲਕ ਖ਼ੁਦਾਈਆ । ਮੈਂ ਵਾਅਦੇ ਕੌਲ ਇਕਰਾਰ ਤੱਕਾਂ ਪੈਗੰਬਰਾਂ, ਜੋ ਪੇਸ਼ੀਨਗੋਈਆਂ ਵਿਚ ਦ੍ਰਿੜਾਈਆ । ਮੈਂ ਫਿਰਾਂ ਮੱਠਾਂ ਮੰਦਰਾਂ, ਮਸਜਦਾਂ ਖੋਜ ਖੁਜਾਈਆ । ਮੈਂ ਹੈਰਾਨ ਹੋ ਗਿਆ ਚਾਰੋਂ ਕੁੰਟ ਹੋਈਆਂ ਅੰਧੇਰੀਆਂ ਕੰਦਰਾਂ, ਨੂਰੀ ਚੰਦ ਨਾ ਕੋਇ ਚਮਕਾਈਆ । ਨੌ ਖੰਡ ਦਿਸੇ ਵਾਂਗ ਖੰਡਰਾਂ, ਨਗਰ ਖੇੜਾ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਤੋੜਨਹਾਰਾ ਅੰਤਰ ਨਿਰੰਤਰ ਜੰਦਰਾ, ਤ੍ਰੈਗੁਣ ਅਤੀਤਾ, ਤ੍ਰੈਗੁਣ ਦਾ ਪੰਧ ਮੁਕਾਈਆ ।



★ ੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸ ਪੁਰ ਸੋਹਣ ਸਿੰਘ ਦੇ ਗ੍ਰਿਹ ★

ਨਾਰਦ ਕਹੇ ਮੈਂ ਵੇਖਿਆ ਲਾਤਸਵੀਰ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਜੋ ਸ਼ਾਹ ਸ਼ਹਾਨਾ ਬੇਨਜ਼ੀਰ, ਪਾਤਸ਼ਾਹ ਬੇਪ੍ਰਵਾਹੀਆ । ਜਿਸ ਸ਼ਰਅ ਤੋੜਨੇ ਜ਼ੰਜੀਰ, ਦੀਨ ਦੁਨੀ ਦਏ ਬਦਲਾਈਆ । ਕਲਜੁਗ ਕੂੜੀ ਕਿਰਿਆ ਕਰੇ ਅਖ਼ੀਰ, ਆਖ਼ਰ ਲੇਖਾ ਦਏ ਮੁਕਾਈਆ । ਪ੍ਰਗਟ ਹੋ ਕੇ ਪੀਰਾਂ ਦਾ ਪੀਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਨੌ ਖੰਡ ਪ੍ਰਿਥਮੀ ਦੇਵੇ ਧੀਰ, ਸੱਤਾਂ ਦੀਪਾਂ ਹੋਏ ਸਹਾਈਆ । ਧਰਮ ਦੀ ਧਾਰ ਬਦਲ ਦਏ ਤਕਦੀਰ, ਤਦਬੀਰ ਆਪਣੀ ਆਪ ਜਣਾਈਆ । ਏਕਾ ਰੰਗ ਰੰਗਾਏ ਸ਼ਾਹ ਹਕੀਰ, ਫ਼ਕੀਰਾਂ ਆਪਣੀ ਗੋਦ ਉਠਾਈਆ । ਇਕੋ ਨਾਮ ਦੀ ਕਰ ਤਕਰੀਰ, ਤਹਿਰੀਰ ਇਕੋ ਇਕ ਸਮਝਾਈਆ । ਜਿਸ ਦੀ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜਗੀਰ, ਜ਼ਿਮੀਂ ਅਸਮਾਨਾਂ ਆਪਣਾ ਹੁਕਮ ਵਰਤਾਈਆ । ਉਹ ਸਤਿਜੁਗ ਦੀ ਨਵੀਂ ਕਰੇ ਤਾਅਮੀਰ, ਮਿਹਰਵਾਨ ਆਪਣੀ ਦਇਆ ਕਮਾਈਆ ।

ਜੋ ਆਸਾ ਰਖ ਕੇ ਗਿਆ ਕਬੀਰ, ਕਬਰਾਂ ਤੋਂ ਬਾਹਰ ਦ੍ਰਿੜਾਈਆ । ਮੇਰਾ ਸ਼ਹਿਨਸ਼ਾਹ ਪਾਤਸ਼ਾਹ ਸਭ ਦਾ ਦਸਤਗੀਰ, ਨਿਰਵੈਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਮੈਂ ਪਿਛਲੀਆਂ ਦੱਸਾਂ ਖ਼ਾਹਿਸ਼ਾਂ, ਜੋ ਪੇਸ਼ੀਨਗੋਈਆਂ ਨਾਲ ਵਡਿਆਈਆ । ਮਕਬਰਿਆਂ ਵਿਚ ਪੁਕਾਰਨ ਲਾਸ਼ਾਂ, ਕੂਕ ਕੂਕ ਸੁਣਾਈਆ । ਧੁਰ ਅਮਾਮ ਬਦਲਨਾ ਪਾਸਾ, ਕਰਵਟ ਆਪਣੀ ਲਏ ਬਦਲਾਈਆ । ਜਿਸ ਚੌਦਾਂ ਤਬਕ ਖੁਲਾਉਣਾ ਖ਼ੁਲਾਸਾ, ਖ਼ਾਲਕ ਖ਼ਲਕ ਦਏ ਦ੍ਰਿੜਾਈਆ । ਉਸ ਦਾ ਨੂਰ ਜੋਤ ਹੋਏ ਪ੍ਰਕਾਸ਼ਾ, ਤਨ ਵਜੂਦ ਨਾ ਕੋਇ ਰਖਾਈਆ । ਸੂਫ਼ੀਆਂ ਭਗਤਾਂ ਦਏ ਦਿਲਾਸਾ, ਮਨ ਮਨਸਾ ਪੂਰ ਕਰਾਈਆ । ਜਗਤ ਵਿਸ਼ਿਆਂ ਤੋਂ ਬਾਹਰ ਦੇਵੇ ਵਿਸ਼ਵਾਸਾ, ਵਿਸ਼ਵ ਦਾ ਭੇਵ ਚੁਕਾਈਆ । ਜਿਸ ਨੂੰ ਸਾਰੇ ਕਹਿੰਦੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਉਹ ਕਲਜੁਗ ਅੰਤਮ ਪਾਵੇ ਰਾਸਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗੋਪੀ ਕਾਹਨ ਖੇਲ ਖਿਲਾਈਆ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼ਾ, ਮੰਡਲ ਮੰਡਪ ਡੰਡਾਵਤ ਵਿਚ ਸੀਸ ਝੁਕਾਈਆ । ਉਹ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ਾ, ਪਾਤਸ਼ਾਹ ਬੇਪ੍ਰਵਾਹੀਆ । ਜਿਸ ਕਲਜੁਗ ਮੇਟੀ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਜਨ ਭਗਤਾਂ ਦੇਵੇ ਨਾਮ ਅਗੰਮੀ ਦਾਤਾ, ਦਇਆਵਾਨ ਹੋ ਕੇ ਆਪ ਵਰਤਾਈਆ । ਆਤਮ ਧਾਰ ਬਣ ਕੇ ਪਿਤਾ ਮਾਤਾ, ਪਰਮ ਪੁਰਖ ਆਪਣੀ ਗੋਦ ਟਿਕਾਈਆ । ਝਗੜਾ ਮੇਟ ਕੇ ਜ਼ਾਤਾਂ ਪਾਤਾਂ, ਊਚਾਂ ਨੀਚਾਂ ਏਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਦ ਪੂਰੀਆਂ ਕਰੇ ਆਸਾਂ, ਤ੍ਰਿਸ਼ਨਾਂ ਤ੍ਰਿਖਾ ਕੂੜ ਦਏ ਗਵਾਈਆ ।



### ੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸ ਪੁਰ ਅਵਤਾਰ ਸਿੰਘ ਦੇ ਗ੍ਰਿਹਿ

ਨਾਦਰ ਕਹੇ ਮੈਂ ਸਤਿਜੁਗ ਤਰੇਤਾ ਦੁਆਪਰ ਵੇਖਿਆ ਬਦਲਦਾ, ਜੁਗ ਜੁਗ ਆਪਣੀ ਅੱਖ ਉਠਾਈਆ । ਹੁਣ ਕਲਜੁਗ ਵੇਲਾ ਵੇਖਣਾ ਅਦਲ ਦਾ, ਹਕ ਇਨਸਾਫ਼ ਕਵਣ ਕਰਾਈਆ । ਕਿਉਂ ਜਗਤ ਜਹਾਨ ਖੇਲ ਬਣਿਆ ਮਕਤੂਲ ਕਤਲ ਦਾ, ਦੀਨ ਮਜ਼੍ਹਬ ਕਰੇ ਲੜਾਈਆ । ਮਾਣ ਰਿਹਾ ਨਹੀਂ ਕਿਸੇ ਅਕਲ ਦਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਝਗੜਾ ਦਿਸੇ ਤਨ ਸ਼ਰੀਰ ਸ਼ਕਲ ਦਾ, ਬੁਤਖ਼ਾਨੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਸੁਣਾਈਆ । ਜੁਗ ਚੌਕੜੀ ਰਿਹਾ ਨਸਦਾ, ਲੋਕਮਾਤ ਰਹਿਣ ਨਾ ਪਾਈਆ । ਨਾਰਦ ਖ਼ੁਸ਼ੀਆਂ ਦੇ ਵਿਚ ਦੱਸਦਾ, ਕਲਜੁਗ ਅੰਤ ਰਿਹਾ ਸੁਣਾਈਆ । ਖੇਲ ਤੱਕਣਾ ਓਸ ਅਲੱਖ ਦਾ, ਅਲਖ ਅਗੋਚਰ ਜੋ ਬੇਪ੍ਰਵਾਹੀਆ । ਜਿਹੜਾ ਦੀਨ ਦੁਨੀ ਪਲਟਦਾ, ਪਲਕਾਂ ਵਿਚ ਖੇਲ ਖਿਲਾਈਆ । ਉਹ ਰੂਪ ਅਨੂਪ ਸਮਰਥ ਦਾ, ਹਰਿ ਕਰਤਾ ਧੁਰਦਰਗਾਹੀਆ । ਜੋ ਰਥਵਾਹੀ ਬਣਿਆ ਕਲਜੁਗ ਰਥ ਦਾ, ਚਾਰੋਂ ਕੁੰਟ ਆਪ ਭਵਾਈਆ । ਅੰਤਮ ਲੇਖਾ ਹੋਵੇ ਸਬੱਬ ਦਾ, ਸਬਰ ਯਾਰੜਾ ਦਏ ਗਵਾਹੀਆ । ਖੇੜਾ ਦਿਸੇ ਭੱਠ ਦਾ, ਕੂੜੀ ਕਿਰਿਆ ਅਗਨੀ ਨਾਲ ਜਲਾਈਆ । ਸਦੀ ਚੌਧਵੀਂ ਵੇਖੋ ਵਕਤ ਟੱਪਦਾ, ਟਾਪੂਆਂ ਤੋਂ ਪਰੇ ਦੁਹਾਈਆ । ਜੋ ਮੁਹੰਮਦ

ਇਸ਼ਾਰਾ ਕੀਤਾ ਅੱਖ ਦਾ, ਨੇਤਰਾਂ ਨਾਲ ਜਣਾਈਆ । ਚਾਰ ਯਾਰ ਓਸੇ ਦਾ ਵਾਸਤਾ ਘਤਦਾ, ਸਜਦਿਆਂ ਵਿਚ ਸੀਸ ਝੁਕਾਈਆ । ਮਹਿਬੂਬ ਅਮਾਮ ਆਵੇ ਹਕ ਦਾ, ਹਕੀਕਤ ਵੇਖ ਵਖਾਈਆ । ਨਾਰਦ ਕਹੇ ਉਸੇ ਦਾ ਜੋਤ ਦੀਪਕ ਜਗਦਾ, ਦੋ ਜਹਾਨ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਨਾਦ ਵੱਜਦਾ, ਗ੍ਰਿਹ ਮੰਦਰ ਰਿਹਾ ਦ੍ਰਿੜਾਈਆ । ਜਿਸ ਖੇਲ ਮਿਟਾਉਣਾ ਕਲਜੁਗ ਅਗਨੀ ਅੱਗ ਦਾ, ਅੰਮ੍ਰਿਤ ਮੇਘ ਬਰਸਾਈਆ । ਉਹ ਭਗਤ ਸੁਹੇਲੇ ਲੱਭਦਾ, ਗੁਰ ਗੁਰ ਗੋਦ ਟਿਕਾਈਆ । ਜਿਸ ਝਗੜਾ ਮਿਟਾਉਣਾ ਆਰ ਪਾਰ ਹੱਦ ਦਾ, ਹਦੂਦਾਂ ਕਰੇ ਸਫ਼ਾਈਆ । ਉਹ ਨੂਰ ਨੁਰਾਨਾ ਸੂਰੇ ਸਰਬੱਗ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੀਨ ਦੁਨੀ ਮਜ਼੍ਹਬ ਦਾ, ਸ਼ਰਅ ਸ਼ਰਅ ਵਿਚੋਂ ਵੇਖ ਵਖਾਈਆ ।



### ✪ ੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸ ਪੁਰ ਚਰਨ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਦੋ ਜਹਾਨਾ, ਨਿਰਗੁਣ ਨਿਰਵੈਰ ਹੋ ਕੇ ਵੇਖ ਵਖਾਈਆ । ਖੇਲਾਂ ਖੇਲ ਜ਼ਿਮੀਂ ਅਸਮਾਨਾ, ਬ੍ਰਹਿਮੰਡਾਂ ਖੰਡਾਂ ਧਿਆਨ ਲਗਾਈਆ । ਜੋ ਹੁਕਮ ਸੰਦੇਸ਼ਾ ਦੇਵੇ ਸ੍ਰੀ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਵਿਸ਼ਨ ਬ੍ਰਹਮਾ ਸ਼ਿਵ ਜਣਾਏ ਤਰਾਨਾ, ਤੁਰੀਆ ਤੋਂ ਬਾਹਰ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਸੰਦੇਸ ਸਮਝਾਏ ਮਹਾਨਾ, ਮਹਿੰਮਾ ਕਥ ਕਥ ਸੁਣਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਹਿਰ ਕੇ ਜਾਮਾ, ਜੋਤੀ ਜਾਤਾ ਡਗਮਗਾਈਆ । ਮੈਂ ਨਿਵ ਨਿਵ ਕਰਾਂ ਪ੍ਰਨਾਮਾ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਝੁਕਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੁਲਤਾਨਾ, ਗਹਿਰ ਗੰਭੀਰ ਇਕ ਅਖਵਾਈਆ । ਨੂਰੀ ਨੂਰ ਨੂਰ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਸਤਿ ਸਰੂਪ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਜੋ ਵੇਖਣਹਾਰਾ ਜ਼ਿਮੀਂ ਅਸਮਾਨਾ, ਇਸਮ ਆਜ਼ਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਹੁਕਮ ਦੱਸਾਂ ਕਲਾਮ, ਕਾਇਨਾਤ ਦ੍ਰਿੜਾਈਆ । ਕੀ ਖੇਲ ਕਰੇ ਧੁਰ ਅਮਾਮ, ਪੀਰਨ ਪੀਰ ਬੇਪ੍ਰਵਾਹੀਆ । ਜਿਸ ਸ਼ਰਅ ਦਾ ਤੱਕਣਾ ਨਿਸ਼ਾਨ, ਸ਼ਰੀਅਤ ਵੇਖੇ ਥਾਉਂ ਥਾਈਂਆ । ਜਿਸ ਹਜ਼ਰਤਾਂ ਦਿਤੇ ਪੈਗ਼ਾਮ, ਕਲਮੇ ਅੱਖਰਾਂ ਵਾਲੇ ਸਮਝਾਈਆ । ਸੋ ਜੋਤੀ ਜਾਤਾ ਹੋ ਮਿਹਰਵਾਨ, ਮਹਿਬੂਬ ਆਪਣੀ ਕਲ ਪ੍ਰਗਟਾਈਆ । ਨਵ ਸੱਤ ਵੇਖੇ ਮਾਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਮਾਣ, ਧਰਮ ਦੀ ਧਾਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਖੇਲ ਨਿਆਰੀ, ਹਰਿ ਕਰਤਾ ਆਪ ਕਰਾਈਆ । ਜੋ ਸਤਿਜੁਗ ਤਰੇਤਾ ਦੁਆਪਰ ਕਰਿਆ ਪਾਰ ਕਿਨਾਰੀ, ਲੋਕਮਾਤ ਰਹਿਣ ਨਾ ਪਾਈਆ । ਸੋ ਕਲਜੁਗ ਅੰਤਮ ਵੇਖੇ ਆਪਣੀ ਧਾਰੀ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਸੋ ਹੁਕਮ ਸੰਦੇਸਾ ਦੇਵੇ ਏਕਾ ਏਕੰਕਾਰੀ, ਅਕਲ ਕਲਧਾਰੀ ਆਪ ਦ੍ਰਿੜਾਈਆ । ਲਹਿਣਾ ਦੇਣਾ ਪੂਰਾ ਕਰੇ ਸੰਗ ਮੁਹੰਮਦ ਚਾਰ ਯਾਰੀ, ਉਮਤ ਉਮਤੀ ਭੇਵ ਰਹੇ ਨਾ ਰਾਈਆ ।

੭੫੨
੨੩

ਕਲਜੁਗ ਕੂੜੀ ਕਿਰਿਆ ਅੰਤ ਕੰਤ ਭਗਵੰਤ ਕਰੇ ਖ਼ੁਆਰੀ, ਧਰਨੀ ਧਰਤ ਧਵਲ ਧੌਲ ਰੋਵੇ ਮਾਰੇ ਧਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦ ਕਰੇ ਜੈਕਾਰੀ, ਚਾਰੋਂ ਕੁੰਟ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਝਟ ਨਾਰਦ ਕਹੇ ਮੇਰੇ ਕੋਲ ਬਹੁਤ ਪੁਰਾਣਾ ਰੁੱਕਾ, ਬਿਨ ਅੱਖਰਾਂ ਦਿਆਂ ਵਖਾਈਆ । ਜਿਸ ਦਾ ਨਿਸ਼ਾਨਾ ਕਦੇ ਨਾ ਉਕਾ, ਤੀਰ ਅਣਿਆਲਾ ਤੀਰ ਚਲਾਈਆ । ਜਿਸ ਦਾ ਪੰਧ ਕਦੇ ਨਾ ਮੁਕਾ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਉਹ ਸਾਹਿਬ ਸਵਾਮੀ ਤੁਠਾ, ਧੁਰ ਫ਼ਰਮਾਣਾ ਰਿਹਾ ਦ੍ਰਿੜਾਈਆ । ਕਲਜੁਗ ਅੰਤਮ ਜਾਣਾ ਕੁੱਠਾ, ਕੂੜੀ ਕਿਰਿਆ ਸੰਗ ਬਣਾਈਆ । ਮਾਇਆ ਮਮਤਾ ਮੋਹ ਵਿਕਾਰ ਨਾਤਾ ਜਾਣਾ ਟੁੱਟਾ, ਟੁੱਟੀ ਗੰਢ ਨਾ ਕੋਇ ਪਵਾਈਆ । ਸ਼ਰਅ ਸ਼ਰੀਅਤ ਮੇਟੇ ਫੁੱਟਾ, ਫੁਟਕਲ ਦਿਸੇ ਕੂੜ ਲੋਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤਾ, ਪਾਰਬ੍ਰਹਮ ਪ੍ਰਭ ਬੇਪ੍ਰਵਾਹੀਆ । ਧਰਮ ਦੀ ਧਾਰ ਸੁਹਾਏ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਨਾਰਦ ਕਹੇ ਮੇਰੇ ਕੋਲ ਅਗੰਮੀ ਧਾਰ ਚਿੱਠੀ, ਨਿਰਅੱਖਰਾਂ ਨਾਲ ਵਡਿਆਈਆ । ਜਗ ਨੇਤਰ ਕਿਸੇ ਨਾ ਡਿਠੀ, ਵਿਦਿਆ ਪੜ੍ਹ ਨਾ ਕੋਇ ਸਮਝਾਈਆ । ਜਿਸ ਵਿਚ ਸੰਮਤ ਸ਼ਹਿਨਸ਼ਾਹੀ ਨੌ ਵਿਸਾਖ ਪੰਜ ਦੀ ਮਿਤੀ, ਮਿਤਰ ਪਿਆਰੇ ਦਿਤੀ ਸਮਝਾਈਆ । ਕਿਸੇ ਦਾ ਰਹੇ ਕੋਇ ਨਾ ਹਿੱਤੀ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਸੁਰਤ
੭੫੩ ਸ਼ਬਦ ਮਾਤ ਹੋਵੇ ਨਾ ਟਿਕੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਝਗੜਾ ਪੈਣਾ ਪੱਥਰ ਇੱਟੀ, ਪਾਹਨ ਦੇਣ ਦੁਹਾਈਆ । ਪੁਰਖ ਅਕਾਲ ਦੀਨ ੭੫੩
੨੩ ਦਿਆਲ ਦੀ ਸਮਝ ਆਏ ਕਿਸੇ ਨਾ ਲਿਪੀ, ਬੇਜ਼ਬਾ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੨੩
ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਨਿਰਵੈਰ ਨਿਰੰਕਾਰ ਕਿਸੇ ਨਾ ਦਿਸੀ, ਜੋਤੀ ਜਾਤਾ ਪੁਰਖ ਬਿਧਾਤਾ ਅਗੰਮ ਅਥਾਹ ਇਕ ਅਖਵਾਈਆ ।

### ✪ ੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਰਾਜ ਜ਼ਿਲਾ ਗੁਰਦਾਸ ਪੁਰ ਸੰਸਾਰ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਸੰਦੇਸ਼ ਰਿਹਾ ਸੁਣਾਈ, ਦੋ ਜਹਾਨ ਨੌਜਵਾਨ ਕਰੇ ਸ਼ਨਵਾਈਆ । ਮੈਂ ਆਦਿ ਜੁਗਾਦਿ ਦਾ ਪਾਂਧੀ ਰਾਹੀ, ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਖੇਲ ਤੱਕਾਂ ਥਲ ਅਸਗਾਹੀ, ਮਹੀਅਲ ਖੋਜ ਖੁਜਾਈਆ । ਚਾਰੋਂ ਕੁੰਟ ਇਕੋ ਦਿਸੇ ਸਭ ਦਾ ਮਾਹੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਸੇਵ ਰਹੇ ਕਮਾਈ, ਸੰਸਾਰੀ ਭੰਡਾਰੀ ਸੰਘਾਰੀ ਨਿਵ ਨਿਵ ਲਾਗਣ ਪਾਈਆ । ਅਵਤਾਰ ਅਵਤਰ ਕਰਨ ਨਿਮਸਕਾਰੀ, ਡੰਡਾਵਤ ਵਿਚ ਸੀਸ ਝੁਕਾਈਆ । ਪੈਗ਼ੰਬਰ ਬਣ ਕੇ ਬਰਖ਼ੁਰਦਾਰੀ, ਖ਼ੁਦ ਮਾਲਕ ਸਜਦਾ ਸੀਸ ਨਿਵਾਈਆ । ਸਤਿਗੁਰ ਬੋਲ ਬੋਲ ਜੈਕਾਰੀ, ਉਸੇ ਦਾ ਢੋਲਾ ਗਾਈਆ । ਉਹ ਪਰਮ ਪੁਰਖ ਨਿਰੰਕਾਰੀ, ਨਿਰਵੈਰ ਨੂਰ ਅਲਾਹੀਆ । ਜੋ ਕਲਜੁਗ ਅੰਤਮ ਪਾਵੇ ਸਾਰੀ, ਚਾਰੋਂ ਕੁੰਟ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ ।

ਸਾਚਾ ਹੁਕਮ ਹਰਿ ਸਵਾਮੀ, ਹਰਿ ਕਰਤਾ ਆਪ ਵਰਤਾਇੰਦਾ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖ ਵਖਾਇੰਦਾ । ਕਲਜੁਗ ਅੰਤਮ ਕਰੇ ਖੇਲ ਮਹਾਨੀ, ਮਹਿੰਮਾ ਕਥ ਨਾ ਕੋਇ ਦ੍ਰਿੜਾਇੰਦਾ । ਜੋਧਾ ਸੂਰ ਬਣ ਨੌਜਵਾਨੀ, ਮਰਦ ਮਰਦਾਨਾ ਵੇਸ ਵਟਾਇੰਦਾ । ਖ਼ਾਲਕ ਖ਼ਲਕ ਹੋ ਨੂਰ ਨੁਰਾਨੀ, ਸ਼ਮਾ ਨੂਰ ਜੋਤ ਚਮਕਾਇੰਦਾ । ਅਮਾਮ ਅਮਾਮਾਂ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕ ਅਖਵਾਇੰਦਾ । ਨਿਹਕਲੰਕ ਕਲ ਪਹਿਰ ਕੇ ਬਾਨੀ, ਰੂਪ ਅਨੂਪ ਦਰਸਾਇੰਦਾ । ਸੰਬਲ ਗ੍ਰਿਹਿ ਖੇਲ ਨਿਧਾਨੀ, ਹਰਿ ਕਰਤਾ ਆਪ ਕਰਾਇੰਦਾ । ਲੱਖ ਚੁਰਾਸੀ ਜਾਣ ਜਾਣੀ, ਚਾਰੇ ਖਾਣੀ ਫੋਲ ਫੁਲਾਇੰਦਾ । ਜਨ ਭਗਤਾਂ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਇੰਦਾ । ਸਤਿਗੁਰ ਸ਼ਬਦ ਕਹੇ ਪ੍ਰਭ ਕਰੇ ਖੇਲ ਅਪਾਰਾ, ਅਪਰੰਪਰ ਵਡ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਕੇ ਪਾਵੇ ਸਾਰਾ, ਮਹਾਸਾਰਥੀ ਧੁਰਦਰਗਾਹੀਆ । ਲਹਿਣਾ ਦੇਣਾ ਜਗਤ ਜਹਾਨ ਵੇਖੇ ਅਵਤਾਰਾ, ਭਵਿਸ਼ ਭਵਿਖਤਾਂ ਨਾਲ ਮਿਲਾਈਆ । ਪੈਗ਼ੰਬਰਾਂ ਦਏ ਅਧਾਰਾ, ਨਬੀ ਰਸੂਲਾਂ ਝੋਲੀ ਆਪ ਭਰਾਈਆ । ਸਤਿਗੁਰ ਗੁਰੂਆਂ ਗੁਰ ਬਣੇ ਵਰਤਾਰਾ, ਵਸਤ ਅਮੁੱਲ ਅਤੁਲ ਆਪ ਵਖਾਈਆ । ਜਿਸ ਦਾ ਭੇਵ ਕਾਗਦ ਕਲਮ ਨਾ ਲਿਖਣਹਾਰਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਸੋ ਪ੍ਰਗਟ ਹੋਵੇ ਨਿਹਕਲੰਕ ਕਲ ਕਲਕੀ ਅਵਤਾਰਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦਾ ਨਾਮ ਖੰਡਾ ਦੋ ਧਾਰਾ, ਜ਼ਿਮੀਂ ਅਸਮਾਨਾਂ ਕਰੇ ਸਫ਼ਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਵੈਰ ਹੋ ਕੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਖੇਲ ਖੇਲਣਾ ਅਰਬ ਅਰਬਾਨੀਆਂ ਵਿਚ ਕਾਹਿਰਾ, ਕਾਇਨਾਤ ਦਾ ਲੇਖਾ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦਿ ਦਾ ਬਕਤਾ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਮੈਂ ਨਿਰਗੁਣ ਸਰਗੁਣ ਧਾਰ ਲਿਖਦਾ, ਕਾਗ਼ਜ਼ ਕਲਮ ਸਿਆਹੀ ਨਾਲ ਵਡਿਆਈਆ । ਜਗ ਨੇਤਰ ਲੋਚਨ ਨੈਣ ਕਿਸੇ ਨਾ ਦਿਸਦਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਮੈਂ ਪਿਆਰਾ ਦੁਲਾਰਾ ਇਕੋ ਪੁਰਖ ਅਕਾਲ ਪਿਤ ਦਾ, ਜੋ ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੇ ਸਥਰ ਗੋਬਿੰਦ ਮਾਹੀ ਲਿਟਦਾ, ਯਾਰੜਾ ਸੇਜ ਹੰਢਾਈਆ । ਉਸੇ ਦੇ ਚਰਨ ਕਵਲਾਂ ਵਿਚ ਟਿਕਦਾ, ਧੂੜੀ ਮਸਤਕ ਖ਼ਾਕ ਰਮਾਈਆ । ਮੇਰਾ ਆਦਿ ਜੁਗਾਦਿ ਜੁਗ ਚੌਕੜੀ ਇਸ਼ਟ ਇਕ ਦਾ, ਦੂਸਰ ਸੀਸ ਨਾ ਕੋਇ ਨਿਵਾਈਆ । ਜੋ ਵਣਜਾਰਾ ਆਤਮ ਪਰਮਾਤਮ ਹਿੱਤ ਦਾ, ਪ੍ਰੀਤਮ ਪ੍ਰੇਮ ਸਮਾਈਆ । ਉਹ ਭੇਵ ਅਭੇਦਾ ਅਛਲ ਅਛੇਦਾ ਲਹਿਣਾ ਦੇਣਾ ਚੁਕਾਏ ਨਿਤ ਦਾ, ਲੇਖਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਹਿਣਾ ਦੇਣਾ ਆਪ ਨਜਿੱਠਦਾ, ਦੂਆ ਦੂਸਰ ਦੋਇੰਮ ਨਜ਼ਰ ਕੋਇ ਨਾ ਆਈਆ ।

## ✪ ੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਅੰਤੋਰ ਜ਼ਿਲਾ ਗੁਰਦਾਸ ਪੁਰ ਚਰਨ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਪ੍ਰਭੂ ਮੈਂ ਬਰਦਾ ਤੇਰੇ ਦਰ ਦਾ, ਖ਼ਾਕਸਾਰ ਤੇਰੀ ਖ਼ਾਕ ਰਮਾਈਆ । ਦਿਵਸ ਰੈਣ ਸੇਵ ਕਰਦਾ, ਨੌ ਖੰਡ ਪ੍ਰਿਥਮੀ ਭੱਜਾਂ ਵਾਹੋ ਦਾਹੀਆ । ਸਿਰ ਤੇਰੇ ਚਰਨ ਕਵਲਾਂ ਧਰਦਾ, ਨਿਵ ਨਿਵ ਲਾਗਾਂ ਪਾਈਆ । ਤੂੰ ਮੇਰਾ ਕੱਜਣਾ ਪਰਦਾ, ਬੇਪ੍ਰਵਾਹ ਤੇਰੀ ਵਡਿਆਈਆ । ਮੈਂ ਤੇਰੇ ਹੁਕਮ ਨੂੰ ਪੂਰਾ ਕਰਦਾ, ਕਮੀ ਰਹਿਣ ਕੋਇ ਨਾ ਪਾਈਆ । ਪਿਆਰਾ ਰਹਿਣ ਦੇਣਾ ਨਹੀਂ ਕੋਈ ਤੇਰੇ ਦਰ ਦਾ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਮੈਂ ਕਾਇਆ ਮੰਦਰ ਅੰਦਰ ਵੜਦਾ, ਮਨਸਾ ਮਨ ਦੇ ਨਾਲ ਪਕਾਈਆ । ਝਗੜਾ ਪਾ ਕੇ ਸੀਸ ਧੜ ਦਾ, ਦੋਹਾਂ ਕਰਾਂ ਹਕ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਬਰਖ਼ੁਰਦਾਰ, ਸਾਚੀ ਸੇਵ ਕਮਾਈਆ । ਮੇਰੀ ਕਰਨੀ ਵੱਲ ਨਿਗਾਹ ਮਾਰ, ਨਿਜ ਨੈਣ ਵੇਖ ਵਖਾਈਆ । ਮੈਂ ਚਾਰੋਂ ਕੁੰਟ ਕੀਤਾ ਧੂੰਆਂਧਾਰ, ਤੇਰਾ ਨੂਰ ਚੰਦ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੀਤੀ ਵਿਭਚਾਰ, ਕੁਕਰਮ ਕਰੇ ਲੋਕਾਈਆ । ਉਹ ਤੱਕ ਲੈ ਤੀਰਥ ਤੱਟ ਕਰਨ ਪੁਕਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਰੋਵਣ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਮੈਂ ਆਪਣੀ ਕਲਾ ਸਭ ਥਾਂ ਦਿਤੀ ਵਖਾਲ, ਬਚਿਆ ਰਹਿਣ ਕੋਇ ਨਾ ਪਾਈਆ । ਤੇਰਾ ਭਗਤ ਸੁਹੇਲਾ ਭਗਤੀ ਵਾਲਾ ਦਿਸੇ ਕੋਇ ਨਾ ਲਾਲ, ਅਗੰਮੀ ਰੰਗ ਨਾ ਕੋਇ ਚੜ੍ਹਾਈਆ । ਫਲ ਰਹਿਣ ਨਹੀਂ ਦਿਤਾ ਮਾਨਸ ਧਰਮ ਦੇ ਡਾਲ, ਪਤਝੜ ਸਾਰੇ ਦਿਤੀ ਕਰਾਈਆ । ਤੂੰ ਮੇਰਾ ਦੀਨਾ ਬੰਧਪ ਦੀਨ ਦਿਆਲ, ਹਰਿ
੭੫੫ ੨੩ ਤੇਰੀ ਇਕ ਸਰਨਾਈਆ । ਮੇਰੀ ਲੇਖੇ ਪਾਉਣੀ ਘਾਲ, ਕੀਤੀ ਘਾਲ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੭੫੫ ੨੩
ਕਰ, ਮਿਹਰ ਨਜ਼ਰ ਨਾਲ ਲੈਣਾ ਤਰਾਈਆ । ਕਲਜੁਗ ਕਹੇ ਪ੍ਰਭੂ ਵੇਖ ਲੈ ਮੇਰੀ ਸਿਖਿਆ, ਚਾਰ ਕੁੰਟ ਧਿਆਨ ਲਗਾਈਆ । ਮੈਂ ਕਲਜੁਗ ਜੀਵਾਂ ਕੂੜ ਦੀ ਪਾਈ ਭਿਛਿਆ, ਘਰ ਘਰ ਦਿਤੀ ਵਰਤਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਸੰਦੇਸ਼ ਭੁਲ ਗਿਆ ਲਿਖਿਆ, ਅੱਖਰਾਂ ਚਲੇ ਨਾ ਕੋਇ ਚਤੁਰਾਈਆ । ਤੇਰਾ ਪਿਆਰ ਰਹਿਣ ਨਹੀਂ ਦਿਤਾ ਪਿਆਰੇ ਮਿਤਿਆ, ਮਿਤਰ ਪਿਆਰੇ ਮਿਲਣ ਕੋਇ ਨਾ ਪਾਈਆ । ਹਿਤਕਾਰ ਰਿਹਾ ਨਹੀਂ ਆਤਮ ਪਰਮਾਤਮ ਸਾਚਾ ਹਿੱਤਿਆ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਖੇਲ ਤੱਕ ਅਬਿਨਾਸ਼ੀ ਅਚੁੱਤਿਆ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਮੈਂ ਸਤਿ ਧਰਮ ਦਾ ਭੰਡਾਰਾ ਘਰ ਘਰ ਲੁੱਟਿਆ, ਕੂੜ ਕਿਰਿਆ ਦਿਤੀ ਟਿਕਾਈਆ । ਜਗਤ ਜੀਵਾਂ ਭਾਗ ਨਿੱਖੁਟਿਆ, ਸਿਰ ਹੱਥ ਨਾ ਕੋਇ ਰਖਾਈਆ । ਪਾਰਬ੍ਰਹਮ ਬ੍ਰਹਮ ਮੇਲਾ ਮਿਲਾਪ ਤੇਰਾ ਛੁੱਟਿਆ, ਛੁੱਟੀ ਲਿਵ ਨਾ ਕੋਇ ਲਗਾਈਆ । ਖ਼ਾਲੀ ਰੋਵਣ ਪੰਜ ਤਤ ਕਾਇਆ ਬੁੱਤਿਆ, ਬੁਤਖ਼ਾਨੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਪ੍ਰਭੂ ਝੁਕਾ ਤੇਰੇ ਕਦਮਾ, ਕਦਮ ਬੋਸੀ ਵਿਚ ਸੀਸ ਨਿਵਾਈਆ । ਸਦੀ ਚੌਧਵੀਂ ਦੇ ਦੇ ਉਮਤ ਨੂੰ ਸਦਮਾ, ਰਸੂਲ ਪੈਗ਼ੰਬਰਾਂ ਨਾਲ ਮਿਲਾਈਆ । ਲਹਿਣਾ ਦੇਣਾ ਪੂਰ ਕਰ ਦੇ ਖੇਲ ਦੱਸ ਦੇ ਵਿਚ ਅਦਨਾ, ਅਦਲ ਇਨਸਾਫ਼ ਤੇਰੇ ਹੱਥ ਰਖਾਈਆ । ਤੇਰਾ ਡੰਕਾ ਇਕੋ ਵੱਜਣਾ, ਚਾਰੇ ਕੁੰਟ ਕਰ ਸ਼ਨਵਾਈਆ । ਤੇਰਾ ਦੀਪਕ ਇਕੋ ਜਗਣਾ, ਜੋਤੀ ਜਾਤੇ ਡਗਮਗਾਈਆ । ਕਿਰਪਾ ਕਰ ਸੂਰੇ ਸਰਬੰਗਣਾ, ਦਰ ਠਾਂਡੇ ਅਲਖ ਜਗਾਈਆ । ਕਲਜੁਗ ਕਹੇ

ਮੇਰਾ ਨਿਸ਼ਾਨ ਨੌ ਖੰਡ ਪ੍ਰਿਥਮੀ ਸੱਤ ਦੀਪ ਕੂੜ ਕੁੜਿਆਰ ਗੱਡਣਾ, ਸੁਚ ਸਚ ਰਹਿਣ ਕੋਇ ਨਾ ਪਾਈਆ । ਧਰਮ ਧਰਮ ਦਵਾਰੇ ਕਿਸੇ ਨਾ ਲੱਭਣਾ, ਇਹ ਮੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿਘ ਵਿਸ਼ਨੂੰ ਭਗਵਾਨ, ਸਾਹਿਬ ਸਵਾਮੀ ਆਦਿ ਜੁਗਾਦੀ ਸਦਾ ਸਮਰਥਣਾ, ਸਮਰਥ ਸਵਾਮੀ ਤੇਰੀ ਓਟ ਤਕਾਈਆ ।

### ✪ ੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੀਨਾ ਨਗਰ ਜ਼ਿਲਾ ਗੁਰਦਾਸ ਪੁਰ ਲਾਲ ਸਿੰਘ ਦੇ ਗ੍ਰਿਹ ✪

ਚੇਤ ਕਹੇ ਮੇਰਾ ਪ੍ਰਵਿਸ਼ਟਾ ਨਾਵਾਂ, ਨਵ ਨੌ ਚਾਰ ਖ਼ੁਸ਼ੀ ਮਨਾਈਆ । ਇਕੋ ਪੁਰਖ ਅਕਾਲ ਦਾ ਢੋਲਾ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਇਕੋ ਸਚ ਸਰੋਵਰ ਤੀਰਥ ਨਹਾਵਾਂ, ਦੁਰਮਤ ਮੈਲ ਰਹੇ ਨਾ ਰਾਈਆ । ਇਕੋ ਪੁਰਖ ਅਕਾਲ ਇਸ਼ਟ ਮਨਾਵਾਂ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਥਾਨ ਥਨੰਤਰ ਸੁਹਾਵਾਂ, ਸਚਖੰਡ ਸਾਚਾ ਸੋਭਾ ਪਾਈਆ । ਇਕੋ ਮਾਂਗਤ ਹੋ ਕੇ ਮੰਗ ਮੰਗਾਵਾਂ, ਦਰ ਠਾਂਡੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਚੇਤ ਕਹੇ ਮੇਰਾ ਦਿਵਸ ਦਿਹਾੜ ਸੁਹੰਜਣਾ, ਨਵ ਧਾਰ ਵਾਸਨਾ ਦਏ ਗਵਾਈਆ । ਕਿਰਪਾ ਕਰੇ ਆਦਿ ਪੁਰਖ ਨਿਰੰਜਣਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜੋ ਏਥੇ ਓਥੇ ਦੋ ਜਹਾਨਾਂ ਸੱਜਣਾ, ਸਗਲਾ ਸੰਗ ਬਣਾਈਆ । ਜਿਸ ਦੇ ਚਰਨ ਧੂੜ ਅਗੰਮੀ ਮਜਨਾ, ਦੁਰਮਤ ਮੈਲ ਨਾ ਲਾਗੇ ਰਾਈਆ । ਜਿਸ ਦਾ ਅਨਾਦੀ ਨਾਦ ਵੱਜਣਾ, ਜਗਤ ਜਹਾਨ ਕਰੇ ਸ਼ਨਵਾਈਆ । ਸੋ ਸਾਹਿਬ ਸੂਰਾ ਸਰਬਗਣਾ, ਦੇਵਣਹਾਰ ਸਦਾ ਵਡਿਆਈਆ । ਲੇਖਾ ਜਾਣੇ ਆਅਲਾ ਅਦਨਾ, ਊਚਾਂ ਨੀਚਾਂ ਖੋਜ ਖੁਜਾਈਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰਨਾ ਬਚਨਾ, ਅਭੁਲ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਇਕ ਅਖਵਾਈਆ ।



### ✪ ੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੀਨਾ ਨਗਰ ਜ਼ਿਲਾ ਗੁਰਦਾਸ ਪੁਰ ਮਹਿੰਦਰ ਸਿੰਘ ਦੇ ਗ੍ਰਿਹ ✪

ਨੌ ਚੇਤ ਕਹੇ ਮੇਰਾ ਸਵਾਮੀ ਠਾਕਰ ਏਕ, ਏਕੰਕਾਰ ਦਏ ਵਡਿਆਈਆ । ਮੈਂ ਜਿਸ ਦੀ ਰਖੀ ਟੇਕ, ਧੂੜੀ ਖ਼ਾਕ ਰਮਾਈਆ । ਉਹ ਭਗਤਾਂ ਕਰੇ ਬੁਧ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲੱਗੇ ਸੇਕ, ਅਗਨੀ ਤਤ ਗਵਾਈਆ । ਕੂੜੀ ਕਿਰਿਆ ਮੇਟੇ ਰੇਖ, ਸਤਿ ਧਰਮ ਧਰਮ ਪ੍ਰਗਟਾਈਆ । ਜਨ ਭਗਤਾਂ ਦਰਸ਼ਨ ਦੇਵੇ ਨੇਤਨ ਨੇਤ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਆਤਮ ਪਰਮਾਤਮ ਬਖ਼ਸ਼ੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਨੂੰ ਲੱਭਦੇ ਕੇਤੀ ਕੇਤ, ਕੋਟਨ ਕੋਟ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਵ ਚੇਤ ਕਹੇ ਮੇਰਾ ਮਾਲਕ ਦੀਨ ਦਿਆਲਾ, ਹਰਿ ਕਰਤਾ ਬੇਪਰਵਾਹੀਆ ।

ਜਿਸ ਮੇਰਾ ਵਕਤ ਸੰਭਾਲਾ, ਸੰਬਲ ਬਹਿ ਕੇ ਖੋਜ ਖੁਜਾਈਆ । ਵਸਤ ਅਗੰਮ ਦੇਵੇ ਬਣ ਕਿਰਪਾਲਾ, ਕਿਰਪਾਨਿਧ ਝੋਲੀ ਪਾਈਆ । ਸਚ ਦਵਾਰ ਵਿਖਾਏ ਸੱਚੀ ਧਰਮਸਾਲਾ, ਦਰ ਠਾਂਡੇ ਵੱਜੇ ਵਧਾਈਆ । ਜਿਸ ਦੇ ਪਿਛੇ ਜੁਗ ਚੌਕੜੀ ਘਾਲੀ ਘਾਲਾ, ਘਾਇਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਨਵ ਚੇਤ ਕਹੇ ਮੈਂ ਖ਼ੁਸ਼ੀਆਂ ਵਿਚ ਚਾਰੋਂ ਕੁੰਟ ਤੱਕਾਂ, ਤਕਵਾ ਇਕੋ ਇਕ ਰਖਾਈਆ । ਮੈਂ ਵੇਖਾਂ ਮਦੀਨਾ ਮੱਕਾ, ਕਾਅਬਿਆਂ ਫੋਲ ਫੁਲਾਈਆ । ਮੈਂ ਖੇਲ ਤੱਕਾਂ ਬੂਰਾ ਕੱਕਾ, ਭੱਜਾਂ ਵਾਹੋ ਦਾਹੀਆ । ਮੈਂ ਨਿਰਗੁਣ ਧਾਰ ਤੱਕਾਂ ਸੜ੍ਹਾ, ਸਤਿ ਸਤਿਵਾਦ ਖੋਜ ਖੁਜਾਈਆ । ਮੇਰਾ ਸਾਹਿਬ ਸਵਾਮੀ ਲਾਪਤਾ, ਪਤਿਪਰਮੇਸ਼ਵਰ ਨੂਰ ਅਲਾਹੀਆ । ਉਸ ਅਗੇ ਵਾਸਤਾ ਘਤਾ, ਨਿਵ ਨਿਵ ਲਾਗਾ ਪਾਈਆ । ਜਿਹੜੀ ਆਸ਼ਾ ਰਖ ਕੇ ਗਿਆ ਨਾਨਕ ਤਪਾ, ਤਪੀ ਤਪੀਸ਼ਰਾਂ ਬਾਹਰ ਧਿਆਨ ਲਗਾਈਆ । ਉਸ ਦਾ ਪਹਿਲਾ ਅੱਖਰ ਪ੍ਰਵਾਨ ਕਰ ਲੈ ਪੱਪਾ, ਪਤਿਪਰਮੇਸ਼ਵਰ ਤੇਰੇ ਅਗੇ ਵਾਸਤਾ ਪਾਈਆ । ਮੈਂ ਜੋੜਾਂ ਬਿਨਾ ਹੱਥਾਂ ਤੋਂ ਹੱਥਾ, ਹਥੇਲੀ ਹਥੇਲੀ ਨਾਲ ਮਿਲਾਈਆ । ਤੂੰ ਸਾਹਿਬ ਸਵਾਮੀ ਸਮਰਥਾ, ਸਮਰਥ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਮਰਥਾ, ਸਮਰਥ ਆਪਣੀ ਖੇਲ ਖਿਲਾਈਆ ।



੭੫੭
੨੩

### ✪ ੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਦੀਨਾ ਨਗਰ ਜ਼ਿਲਾ ਗੁਰਦਾਸ ਪੁਰ ਜੀਤੋ ਦੇ ਗ੍ਰਿਹ ✪

ਨਵ ਚੇਤ ਕਹੇ ਮੇਰੀ ਆਸਾ ਪੁਰਾਣੀ, ਨਿਵ ਨਿਵ ਸੀਸ ਨਿਵਾਈਆ । ਬਿਨਾ ਲੇਖ ਕਲਮ ਤੋਂ ਖੇਲ ਮਹਾਨੀ, ਕਥਨੀ ਕਥ ਨਾ ਸਕੇ ਰਾਈਆ । ਮੇਰਾ ਲਹਿਣਾ ਦੇਣਾ ਉਸ ਹੱਥ ਜੋ ਸਭ ਦਾ ਜਾਣ ਜਾਣੀ, ਜਾਨਣਹਾਰ ਬੇਪਰਵਾਹੀਆ । ਉਸ ਦੇ ਚਰਨ ਕਵਲ ਵਿਟਹੁ ਕੁਰਬਾਨੀ, ਕਰਬਲੇ ਤੋਂ ਬਾਹਰ ਲੇਖਾ ਦਿਆਂ ਦ੍ਰਿੜਾਈਆ । ਜਿਸ ਦੀ ਮੰਜ਼ਲ ਇਕ ਰੁਹਾਨੀ, ਰੂਹ ਬੁੱਤ ਮਿਲ ਕੇ ਵੱਜੇ ਵਧਾਈਆ । ਸੋ ਦੇਵਣਹਾਰਾ ਧਰਮ ਨਿਸ਼ਾਨੀ, ਨਾਮ ਨਿਸ਼ਾਨਾ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਵ ਚੇਤ ਕਹੇ ਮੇਰਾ ਇਕੋ ਇਸ਼ਟ, ਦੇਵ ਆਤਮਾ ਜਿਸ ਨੂੰ ਸੀਸ ਨਿਵਾਈਆ । ਓਹ ਸਭ ਦੀ ਖੋਲਣਹਾਰਾ ਦ੍ਰਿਸ਼ਟ, ਭੇਵ ਅਭੇਦਾ ਦਏ ਸਮਝਾਈਆ । ਲਹਿਣਾ ਦੇਣਾ ਪੂਰਾ ਕਰੇ ਭਵਿਖਤਾਂ ਵਾਲੀ ਲਿਖਤ, ਲੇਖਾ ਅਵਰ ਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਚ ਕਹੇ ਮੇਰਾ ਸਾਹਿਬ ਸੁਲਤਾਨ, ਹਰਿ ਸਤਿਗੁਰ ਵਡ ਵਡਿਆਈਆ । ਜੋ ਜੀਵਣ ਜੁਗਤੀ ਦੇਵੇ ਧੁਰ ਦਾ ਦਾਨ, ਵਸਤ ਅਮੋਲਕ ਅਗੰਮ ਵਰਤਾਈਆ । ਰਸਨਾ ਜਿਹਵਾ ਅੰਤਰ ਨਿਰੰਤਰ ਦੇਵੇ ਪੀਣ ਖਾਣ, ਰਸਨਾ ਰਸ ਦੂਰ ਕਰਾਈਆ । ਭਾਗ ਲਗਾਏ ਕਾਇਆ ਮੰਦਰ ਹਕ ਮਕਾਨ, ਮੱਕਾ ਕਾਅਬਿਆਂ ਬਾਹਰ ਡਗਮਗਾਈਆ । ਜਿਸ ਦਾ ਝੁੱਲੇ ਧਰਮ ਨਿਸ਼ਾਨ, ਨਿਸ਼ਾਨੇ ਸਾਰੇ ਜਾਏ ਬਦਲਾਈਆ । ਸੋ ਰੂਪ ਅਨੂਪਾ ਖੇਲ ਕਰੇ ਮਹਾਨ, ਹਰਿ ਕਰਤਾ ਧੁਰਦਰਗਾਹੀਆ । ਮੇਰੀ ਸਜਦੇ ਵਿਚ ਸਲਾਮ, ਸੰਦੇਸਾ ਦੇਣਾ ਦ੍ਰਿੜਾਈਆ ।

ਮੈਂ ਲੇਖਾ ਤੱਕਾਂ ਓਸ ਅਮਾਮ, ਜੋ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੀ ਸਭ ਤੋਂ ਵੱਖਰੀ ਕਲਾਮ, ਕਾਇਨਾਤ ਨਿਰ ਅੱਖਰ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵੇ ਦਾਨ, ਦੇਵਣਹਾਰ ਦਾਤਾਰ ਏਕੰਕਾਰ ਇਕ ਇਕੱਲਾ ਸਚ ਮਹੱਲਾ ਸਤਿ ਸਤਿਵਾਦੀ ਇਕੋ ਵਾਰ ਭੁਗਤਾਈਆ ।

✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਭੀਮਪੁਰ ਜ਼ਿਲਾ ਗੁਰਦਾਸਪੁਰ ਦੇਵ ਰਾਜ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਟ ਦੇ ਮੇਰਾ ਦੁੱਖ, ਦੁਖੀ ਹੋ ਕੇ ਰਹੀ ਕੁਰਲਾਈਆ । ਦੀਨ ਦੁਨੀ ਚੁਕਾ ਦੇ ਭੁੱਖ, ਤ੍ਰਿਸ਼ਨਾ ਕੂੜ ਦੇ ਗਵਾਈਆ । ਆਤਮ ਪਰਮਾਤਮ ਬਖ਼ਸ਼ ਦੇ ਸੁਖ, ਸੁਰਤ ਸ਼ਬਦ ਨਾਲ ਮਿਲਾਈਆ । ਪਵਿਤ੍ਰ ਕਰ ਜਨਣੀ ਕੁੱਖ, ਹਰਿਜਨ ਸਾਚੇ ਲੈ ਪ੍ਰਗਟਾਈਆ । ਲੇਖੇ ਲਾ ਆਪਣੇ ਮਾਨਸ ਮਨੁਖ, ਮਾਨਵ ਭੇਵ ਰਹੇ ਨਾ ਰਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਪਰਮ ਪੁਰਖ ਤੇਰੀ ਵਡਿਆਈਆ । ਕਲਜੁਗ ਵਿਚ ਸਤਿਜੁਗ ਸੁਹਾ ਦੇ ਰੁਤ, ਰੁਤੜੀ ਆਪਣੇ ਨਾਮ ਮਹਿਕਾਈਆ । ਭਗਤ ਸੁਹੇਲੇ ਜਣਾ ਸੁਤ, ਦੁਲਾਰੇ ਮੇਰੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਝਟ ਨਾਰਦ ਪੁਛੇ ਧਰਨੀ ਤੂੰ ਕੀ ਮੰਗਦੀ ਮੰਗਾ, ਮੰਗਣ ਵਾਲੀਏ ਦੇ ਜਣਾਈਆ । ਜਗਤ ਜਹਾਨ ਵੇਖ ਲੈ ਭੁੱਖਾ ਨੰਗਾ, ਇਹ ਪ੍ਰਭੂ ਦੀ ਬੇਪਰਵਾਹੀਆ । ਓਹ ਵੇਖ ਕਲਜੁਗ ਵਜਾਈ ਆਏ ਮਰਦੰਗਾ, ਭੱਜੇ ਵਾਹੋ ਦਾਹੀਆ । ਮੇਰਾ ਹਲੂਣਦਾ ਫੜ ਕੇ ਕੰਧਾ, ਜ਼ੋਰ ਨਾਲ ਹਿਲਾਈਆ । ਮੈਂ ਪਵਿਤ੍ਰ ਰਹਿਣ ਦੇਣਾ ਨਹੀਂ ਕੋਈ ਬੰਦਾ, ਬੰਦਗੀ ਵਿਚ ਨਾ ਕੋਇ ਸਮਾਈਆ । ਮਨ ਕਲਪਣਾ ਵਿਚ ਕਰਨਾ ਗੰਦਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਤੂੰ ਮੇਰਾ ਮੈਂ ਤੇਰਾ ਸੁਣ ਸਕੇ ਕੋਇ ਨਾ ਛੰਦਾ, ਅਨਾਦੀ ਨਾਦ ਨਾ ਕੋਇ ਸੁਣਾਈਆ । ਮੇਰਾ ਅੰਤਮ ਆਉਂਦਾ ਜਾਂਦਾ ਕੰਢਾ, ਅਖ਼ੀਰੀ ਘਾਟ ਦਿਆਂ ਵਖਾਈਆ । ਚਾਰੋਂ ਕੁੰਟ ਕਰਾਵਾਂ ਦੰਗਾ, ਝਗੜੇ ਵਿਚ ਲੋਕਾਈਆ । ਜਲ ਪਵਿਤ੍ਰ ਰਹਿਣ ਨਾ ਦੇਵਾਂ ਗੋਦਾਵਰੀ ਜਮਨਾ ਸੁਰਸਤੀ ਗੰਗਾ, ਗਊ ਪਾਲ ਨਜ਼ਰ ਕੋਇ ਨਾ ਆਈਆ । ਮੈਂ ਮੋਹ ਵਿਕਾਰ ਦਾ ਫੜਿਆ ਖੰਡਾ, ਸਤਿ ਸਚ ਦੀ ਕਰਾਂ ਸਫ਼ਾਈਆ । ਦੀਨ ਦੁਨੀ ਦਾ ਅੰਤਰ ਕਰਾਂ ਠੰਡਾ, ਹਰਿਜੂ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੈਂ ਪ੍ਰਭੂ ਦਾ ਬਰਖ਼ੁਰਦਾਰ, ਸੇਵਾ ਵਿਚ ਸੇਵ ਕਮਾਈਆ । ਹੁਕਮ ਮੰਨਾ ਸੱਚੀ ਸਰਕਾਰ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਰਿਹਾ ਸੁਣਾਈਆ । ਦੀਨ ਦੁਨੀ ਕਰੀ ਗ਼ਦਾਰ, ਗਦਾਗਰ ਵੇਖ ਵਖਾਈਆ । ਚਾਰੋਂ ਕੁੰਟ ਕਰਨਾ ਧੂਆਂਧਾਰ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਡੰਕਾ ਵਜਾਉਣਾ ਕੂੜ ਕੁੜਿਆਰ, ਮੇਰੇ ਸਾਹਿਬ ਦਿਤਾ ਸਮਝਾਈਆ । ਪਿਤਾ ਪੂਤ ਰਹਿਣਾ ਨਹੀਂ ਪਿਆਰ, ਇਹ ਮੇਰੀ ਬੇਪਰਵਾਹੀਆ । ਚਾਰੋਂ ਕੁੰਟ ਪੰਚ ਵਿਕਾਰ ਅਖਾੜ, ਮਨ ਮਨਸਾ ਦੇਣੀ ਨਚਾਈਆ । ਤ੍ਰੈਗੁਣ ਅਗਨੀ ਲੱਗੀ ਰਹੇ ਹਾੜ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੈਂ ਫਿਰਨਾ ਜੰਗਲ ਜੂਹ ਉਜਾੜ, ਪਹਾੜਾਂ ਟਿਲਿਆਂ ਵੇਖ ਵਖਾਈਆ । ਕਿਉਂ ਮੇਰਾ ਪੁਰਖ ਅਕਾਲਾ ਦੀਨ ਦਿਆਲਾ ਮੈਨੂੰ ਸਿਖਿਆ ਰਿਹਾ ਸਿਖਾਲ, ਬੋਧ ਅਗਾਧ ਜਣਾਈਆ ।

੭੫੯
੨੩

ਕਲਜੁਗ ਮੇਰੇ ਦੂਲ੍ਹੇ ਲਾਲ, ਸਿਰ ਤੇਰੇ ਹੱਥ ਟਿਕਾਈਆ । ਖੇਲ ਕਰਨਾ ਸ਼ਾਹ ਕੰਗਾਲ, ਦੀਨ ਦੁਨੀ ਫੋਲ ਫੁਲਾਈਆ । ਧਰਮ ਦਾ ਫਲ ਰਹੇ ਕਿਸੇ ਨਾ ਡਾਲ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਮਾਇਆ ਮਮਤਾ ਸਭ ਨੂੰ ਪਾਉਣਾ ਜੰਜਾਲ, ਬੰਧਨ ਸਕੇ ਨਾ ਕੋਇ ਤੁੜਾਈਆ । ਪਵਿਤ੍ਰ ਰਹੇ ਨਾ ਕੋਈ ਧਰਮਸਾਲ, ਸਚ ਦਵਾਰ ਵੱਜੇ ਨਾ ਕੋਇ ਵਧਾਈਆ । ਕਲਜੁਗ ਕਹੇ ਮੈਂ ਉਸ ਪ੍ਰਭੂ ਦਾ ਹੁਕਮ ਰਿਹਾ ਪਾਲ, ਨਿਵ ਨਿਵ ਸੀਸ ਝੁਕਾਈਆ । ਜੋ ਮੇਰੇ ਉਤੇ ਹੋਇਆ ਦਿਆਲ, ਦੀਨਾ ਬੰਧਪ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਪੇ ਕਰੇ ਸੰਭਾਲ, ਸੰਬਲ ਬਹਿ ਕੇ ਆਪਣਾ ਹੁਕਮ ਵਰਤਾਈਆ ।

### ✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਭੀਮਪੁਰ ਜ਼ਿਲਾ ਗੁਰਦਾਸ ਪੁਰ ਲਾਲ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਪ੍ਰਭੂ ਹੁਕਮ ਦੇ ਦੇ ਕਰੜਾ, ਸਖ਼ਤੀ ਨਾਲ ਦ੍ਰਿੜਾਈਆ । ਚਾਰ ਜੁਗ ਦੇ ਗ੍ਰੰਥਾਂ ਦਾ ਵੇਖ ਖਰੜਾ, ਖ਼ਾਲਕ ਖ਼ਲਕ ਧਿਆਨ ਲਗਾਈਆ । ਬਾਲਮੀਕ ਦਾ ਲੇਖਾ ਤੱਕ ਖੰਭ ਮੋਰ ਗਰੜਾ, ਜੋ ਕਾਨੀ ਕਲਮ ਵਾਲੀ ਚਲਾਈਆ । ਕਲਜੁਗ ਕੂੜਾ ਰਹਿਣ ਨਾ ਦੇ ਬਰੜਾ, ਟੇਢੀ ਅੱਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਦੇ ਦੇ ਸਖ਼ਤ, ਸਖ਼ਤੀ ਨਾਲ ਜਣਾਈਆ । ਤੇਰਾ ਇਕੋ ਸ਼ਬਦੀ ਸਤਿਗੁਰ ਦਿਸੇ ਜਿਗਰੇ ਲਖਤ, ਦੂਜਾ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਪਾ ਦੇ ਬਖ਼ਤ, ਸੁਖ ਵਿਚ ਨਾ ਕੋਇ ਸਮਾਈਆ । ਇਕ ਦੂਜੇ ਨਾਲ ਸਾਰੇ ਕਰਨ ਹਸਦ, ਹਸਤੀ ਤੇਰੀ ਨਜ਼ਰ ਕਿਸੇ ਨਾ ਆਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਇਕੱਠਾ ਤੇਰੇ ਕੋਲ ਆਵੇ ਵਫਦ, ਨਿਵ ਨਿਵ ਸੀਸ ਝੁਕਾਈਆ । ਸਾਰੇ ਕਹਿਣ ਪ੍ਰਭੂ ਸ਼ਰਅ ਮੇਟ ਦੇ ਫ਼ਕਤ, ਫ਼ਿਕਰਾ ਆਪਣਾ ਨਾਮ ਦੇ ਦ੍ਰਿੜਾਈਆ । ਸਾਨੂੰ ਮਨਜ਼ੂਰ ਤੇਰੀ ਸ਼ਰਤ, ਸ਼ਰਅ ਸ਼ਰੀਅਤ ਦਾ ਲੇਖਾ ਦੇ ਚੁਕਾਈਆ । ਕਿਰਪਾ ਕਰ ਉਤੇ ਧਰਤ, ਧਰਨੀ ਧਵਲ ਵੱਜੇ ਵਧਾਈਆ । ਅਸੀਂ ਖ਼ੁਸ਼ੀ ਮਨਾਈ ਉਤੇ ਅਰਸ਼, ਅਰਸ਼ੀ ਪ੍ਰੀਤਮ ਤੇਰੀ ਬੇਪ੍ਰਵਾਹੀਆ । ਸਾਡੀ ਮਨਜ਼ੂਰ ਕਰਨੀ ਅਰਜ਼, ਬੇਨੰਤੀ ਤੇਰੇ ਚਰਨਾਂ ਵਿਚ ਟਿਕਾਈਆ । ਕਲਜੁਗ ਕੂੜ ਕੁੜਿਆਰਾ ਵੇਖ ਗਰਦ, ਚਾਰੋਂ ਕੁੰਟ ਅੰਧੇਰਾ ਛਾਈਆ । ਦੁਖੀਆਂ ਵੰਡੇ ਕੋਇ ਨਾ ਦਰਦ, ਦੀਨਾਂ ਦਇਆ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਨਾਰਦ ਕਹੇ ਪ੍ਰਭੂ ਹੁਕਮ ਦੇ ਦੇ ਨਾਲ ਜ਼ੋਰ, ਜ਼ੋਰਾਵਰ ਤੇਰੀ ਵਡਿਆਈਆ । ਕਰ ਪ੍ਰਕਾਸ਼ ਅੰਧੇਰੇ ਘੋਰ, ਨੂਰੀ ਚੰਦ ਚੰਦ ਚਮਕਾਈਆ । ਝਗੜਾ ਮੇਟ ਦੇ ਠੱਗ ਚੋਰ, ਚੋਰੀ ਯਾਰੀ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਸਭ ਦੇ ਅੰਦਰੋਂ ਹੋੜ, ਹੋੜਾ ਸੱਸਾ ਦਏ ਗਵਾਹੀਆ । ਸੁਰਤੀ ਸ਼ਬਦੀ ਮੇਲ ਜੋੜ, ਹੰ ਬ੍ਰਹਮ ਆਪਣੇ ਰੰਗ ਰੰਗਾਈਆ । ਜਨ ਭਗਤਾਂ ਪ੍ਰੀਤੀ ਨਿਭੇ ਤੋੜ, ਅੱਧ ਵਿਚਕਾਰ ਨਾ ਕੋਇ ਤੁੜਾਈਆ । ਤੂੰ ਸ਼ਾਹ ਅਸਵਾਰਾ ਚੜ੍ਹਨ ਵਾਲਾ ਘੋੜ, ਦੋ ਜਹਾਨਾਂ ਭੱਜੇਂ ਵਾਹੋ ਦਾਹੀਆ । ਮੈਂ ਨਿਮਾਣਾ ਹੱਥ ਰਿਹਾ ਜੋੜ, ਬੰਦਨਾ ਵਿਚ ਸੀਸ ਝੁਕਾਈਆ । ਤੇਰੇ ਨਾਮ

ਦਾ ਇਕੋ ਵੱਜੇ ਢੋਲ, ਦੂਜੀ ਖ਼ਬਰ ਨਾ ਕੋਇ ਸ਼ਨਵਾਈਆ । ਸਤਿ ਪੁਰਖ ਨਿਰੰਜਣ ਆਪਣੇ ਕੰਡੇ ਤੋਲ, ਤਰਾਜੂ ਇਕੋ ਨਾਮ ਉਠਾਈਆ । ਤੂੰ ਮੇਰਾ ਮੈਂ ਤੇਰਾ ਦੱਸ ਬੋਲ, ਸੋਹੰ ਢੋਲਾ ਵਡ ਵਡਿਆਈਆ । ਧਰਮ ਦਵਾਰਾ ਇਕੋ ਖੋਲ, ਦੀਨਾਂ ਮਜ਼੍ਹਬਾਂ ਪੰਧ ਮੁਕਾਈਆ । ਸਚ ਵਸਤ ਅਗੰਮੀ ਤੇਰੇ ਕੋਲ, ਦੇਵਣਹਾਰ ਤੇਰੀ ਬੇਪਰਵਾਹੀਆ । ਹਰ ਘਟ ਅੰਦਰ ਮੌਲ, ਮੌਲਾ ਹੋ ਕੇ ਨਜ਼ਰੀ ਆਈਆ । ਸਭ ਦਾ ਪੂਰਾ ਕਰਦੇ ਕੌਲ, ਭਵਿਸ਼ਾਂ ਮੇਲਾ ਮੇਲਣਾ ਚਾਈਂ ਚਾਈਂਆ । ਤੂੰ ਸਦਾ ਆਪ ਅਡੋਲ, ਅਤੁਲ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਆਪੇ ਖੋਲ, ਖ਼ਾਲਕ ਖ਼ਲਕ ਦੇ ਸਮਝਾਈਆ ।

### ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ਚਰਨ ਸਿੰਘ ਦੇ ਗ੍ਰਿਹਿ

ਨਾਰਦ ਕਹੇ ਜਨ ਭਗਤਾਂ ਪ੍ਰਭੂ ਉਜਲ ਕਰ ਬੁੱਧੀ, ਬੁੱਧੀਵਾਨ ਦੇ ਬਣਾਈਆ । ਤੇਰੀ ਰਮਜ਼ ਸਮਝਣ ਗੁੱਝੀ, ਜਗਤ ਵਿਦਿਆ ਤੋਂ ਬਾਹਰ ਦੇ ਕਢਾਈਆ । ਤੇਰੀ ਮੰਜ਼ਲ ਜਾਨਣ ਉਚੀ, ਉਚ ਅਗੰਮ ਤੇਰੇ ਵਿਚ ਮਿਲ ਕੇ ਵੱਜੇ ਵਧਾਈਆ । ਭਾਗ ਲੱਗਾ ਰਹੇ ਕਾਇਆ ਝੁੱਗੀ, ਸਾਢੇ ਤਿੰਨ ਹੱਥ ਵੱਜਦੀ ਰਹੇ ਵਧਾਈਆ । ਜ਼ਿੰਦਗੀ ਜ਼ਿੰਦਗੀ ਵਿਚ ਕਰ ਉਘੀ, ਦੋ ਜਹਾਨਾਂ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਨਾਰਦ ਕਹੇ ਪ੍ਰਭ ਜਨ ਭਗਤਾਂ ਅੰਦਰ ਬਖ਼ਸ਼ ਦੇ ਸਤਿ, ਸਤਿ ਸਤਿ ਨਾਲ ਮਿਲਾਈਆ । ਇਕੋ ਰੂਪ ਜਣਾ ਦੇ ਅਗੰਮਾ ਤਤ, ਤਤਵ ਤਤ ਭੇਵ ਖੁਲਾਈਆ । ਅੰਤਰ ਆਤਮ ਦੇ ਧੁਰ ਦੀ ਮਤ, ਮਨਮਤ ਦਾ ਡੇਰਾ ਢਾਹੀਆ । ਆਤਮ ਬੀਜ ਬੀਜ ਸਭ ਦੇ ਵਤ, ਫੁੱਲ ਫੁਲਵਾੜੀ ਮਾਤ ਮਹਿਕਾਈਆ । ਜਿਨ੍ਹਾਂ ਦੀ ਤੇਰੇ ਤੇਰੇ ਤੇਰੇ ਤੇਰੇ ਲੇਖੇ ਲੱਗੀ ਰੱਤ, ਉਨ੍ਹਾਂ ਹੋਣਾ ਆਪ ਸਹਾਈਆ । ਤੂੰ ਜਾਨਣਹਾਰਾ ਮਿਤ ਗਤ, ਗਹਿਰ ਗੰਭੀਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਹਿੰਮਾ ਜਗਤ ਅਕਥ, ਕਥਨੀ ਕਥ ਨਾ ਸਕੇ ਰਾਈਆ ।

### ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ਮਹਿੰਦਰ ਕੌਰ ਦੇ ਗ੍ਰਿਹਿ

ਨਾਰਦ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਇਕ ਪ੍ਰੀਤ, ਪ੍ਰੀਤਮ ਆਪਣੀ ਦਇਆ ਕਮਾਈਆ । ਕੂੜ ਕਲਪਣਾ ਮੇਟ ਦੇ ਨੀਤ, ਸਤਿ ਸਚ ਦੇ ਸਮਝਾਈਆ । ਆਤਮ ਪਰਮਾਤਮ ਦੱਸ ਅਗੰਮਾ ਗੀਤ, ਤੂੰ ਮੇਰਾ ਮੈਂ ਤੇਰਾ ਢੋਲਾ ਅਗੰਮ ਅਥਾਹੀਆ । ਕਾਇਆ ਅੰਤਰ ਨਿਰੰਤਰ ਕਰ ਦੇ ਠੰਡੀ ਸੀਤ, ਤ੍ਰੈਗੁਣ ਅਗਨੀ ਤਤ ਬੁਝਾਈਆ । ਝਗੜਾ ਮੁਕਾ ਦੇ ਉਚ ਨੀਚ, ਪਾਰਬ੍ਰਹਮ ਪ੍ਰਭ ਪਰਦਾ ਦੇਣਾ ਉਠਾਈਆ । ਸਤਿਗੁਰ ਸ਼ਬਦ ਨਾਲ

੭੬੦
੨੩

ਕਰ ਤਸਦੀਕ, ਸ਼ਹਾਦਤ ਨਿਰਗੁਣ ਧਾਰ ਭੁਗਤਾਈਆ । ਏਕਾ ਰੰਗ ਰੰਗਾ ਦੇ ਹਸਤ ਕੀਟ, ਸ਼ਾਹ ਫ਼ਕੀਰ ਹਕੀਰ ਏਕਾ ਘਰ ਵਸਾਈਆ । ਤੇਰਾ ਖੇਲ ਸਦਾ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਦੀ ਚੌਧਵੀਂ ਰਹੀ ਬੀਤ, ਮੁਹੰਮਦ ਬੈਠਾ ਨੈਣ ਉਠਾਈਆ । ਚਾਰੋਂ ਕੁੰਟ ਹੋਣਾ ਅੰਧੇਰਾ ਤਾਰੀਕ, ਨੂਰੀ ਚੰਦ ਨਾ ਕੋਇ ਚਮਕਾਈਆ । ਸ਼ਰਅ ਦੀ ਸ਼ਰਅ ਰਹੇ ਨਾ ਕੋਇ ਸ਼ਰੀਕ, ਸ਼ਰਕਤ ਅੰਦਰੋਂ ਦੇ ਗਵਾਈਆ । ਤੇਰੇ ਕੋਲ ਹਕ ਤੌਫ਼ੀਕ, ਬੇਪਰਵਾਹ ਤੇਰੀ ਵਡ ਵਡਿਆਈਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਕੂੜ ਦੇਣੀ ਗਵਾਈਆ । ਤੇਰੇ ਸੰਤ ਭਗਤ ਸੁਹੇਲੇ ਮਾਨਸ ਜਨਮ ਜਾਵਣ ਜਗ ਜੀਤ, ਚੁਰਾਸੀ ਫਾਂਸੀ ਜਮ ਦੀ ਦੇਣੀ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮੰਡਲ ਤੇਰੀ ਇਕੋ ਹੋਵੇ ਰਾਸੀ, ਰਸਤਾ ਏਕੰਕਾਰ ਏਕਾ ਦੇਣਾ ਜਣਾਈਆ ।

✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ਜਵੰਦ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਪ੍ਰਭੂ ਖੋਲ ਦੇ ਪ੍ਰੇਮ ਦੀ ਗੰਢ, ਗੰਢਣਹਾਰ ਗੋਪਾਲ ਦਇਆ ਕਮਾਈਆ । ਸਚ ਪ੍ਰੀਤੀ ਦੇ ਵੰਡ, ਵੰਡਣਹਾਰ ਤੇਰੀ ਸ਼ਰਨਾਈਆ । ਕੂੜੀ ਕਲਪਣਾ ਕਰ ਖੰਡ ਖੰਡ, ਖੰਡਾ ਖੜਗ ਨਾਮ ਖੜਕਾਈਆ । ਮੋਹ ਵਿਕਾਰੇ ਦੇ ਦੰਡ, ਡੰਡਾਵਤ ਆਪਣੀ ਇਕ ਸਮਝਾਈਆ । ਤੇਰਾ ਖੇਲ
੭੬੧ ੨੩ ਵਿਚ ਬ੍ਰਹਿਮੰਡ, ਦੋ ਜਹਾਨ ਤੇਰੀ ਓਟ ਤਕਾਈਆ । ਜਨ ਭਗਤਾਂ ਲਹਿਣਾ ਮੁਕਾ ਦੇ ਜੇਰਜ ਅੰਡ, ਉਤਭੁਜ ਸੇਤਜ ਨਾ ਕੋਇ ਭਵਾਈਆ । ਰਾਏ ੭੬੧ ੨੩
ਧਰਮ ਨਾ ਦੇਵੇ ਦੰਡ, ਲਾੜੀ ਮੌਤ ਨਾ ਅੰਤ ਪ੍ਰਨਾਈਆ । ਕਾਇਆ ਚੋਲੀ ਸਭ ਦੀ ਰੰਗ, ਰੰਗ ਅਗੰਮੜਾ ਆਪ ਚੜ੍ਹਾਈਆ । ਆਤਮ ਸੇਜ ਸੁਹਾ ਪਲੰਘ, ਸੁਖ ਆਸਣ ਡੇਰਾ ਲਾਈਆ । ਹਰਿਜਨ ਭਾਗ ਨਾ ਹੋਵੇ ਮੰਦ, ਮੰਦ ਹੀਣ ਗੋਦ ਉਠਾਈਆ । ਆਤਮ ਪਰਮਾਤਮ ਦੇ ਅਨੰਦ, ਸੁਖ ਸਾਗਰ ਵਿਚ ਸਮਾਈਆ । ਜਨਮ ਜਨਮ ਦੀ ਟੁੱਟੀ ਗੰਢ, ਵਿਛੜੇ ਹਰਿ ਹਰਿ ਮੇਲ ਮਿਲਾਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਗਾਇਆ ਛੰਦ, ਤਿਨ੍ਹਾਂ ਹੋਣਾ ਆਪ ਸਹਾਈਆ । ਭਾਂਡਾ ਭਰਮ ਭੰਨਾ ਦਵੈਤੀ ਵਾਲੀ ਕੰਧ, ਹਉਮੇ ਹੰਗਤਾ ਗੜ੍ਹ ਤੁੜਾਈਆ । ਨਿਰਗੁਣ ਨੂਰ ਜੋਤ ਚਾੜ੍ਹ ਦੇ ਚੰਦ, ਘਰ ਸਵਾਮੀ ਦਰਸ਼ਨ ਦੇਣਾ ਚਾਈਂ ਚਾਈਆ । ਤੂੰ ਆਦਿ ਜੁਗਾਦਿ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸ਼ਾ ਮਨਸਾ ਪੂਰੀ ਕਰ ਉਮੰਗ, ਦੇਵਣਹਾਰ ਆਪਣੀ ਦਇਆ ਕਮਾਈਆ ।

✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਤੋਵਾਲ ਜ਼ਿਲਾ ਗੁਰਦਾਸਪੁਰ ਅਜੀਤ ਸਿੰਘ ਦੇ ਗ੍ਰਹਿ ✪

ਧਰਮ ਕਹੇ ਪ੍ਰਭ ਮੇਰੀ ਡੰਡਾਵਤ ਬੰਦਨਾ, ਗ਼ਰੀਬ ਨਿਵਾਜ ਸੀਸ ਨਿਵਾਈਆ । ਮੇਰੇ ਸਾਹਿਬ ਸੂਰੇ ਸਰਬੰਗਨਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ

ਤੇਰੀ ਸ਼ਰਨਾਈਆ । ਤੂੰ ਦੀਨ ਦਿਆਲ ਸਦਾ ਦੁੱਖ ਦਰਦ ਭੈ ਭੰਜਨਾ, ਗਹਿਰ ਗੰਭੀਰ ਇਕ ਅਖਵਾਈਆ । ਚਾਰੋਂ ਕੁੰਟ ਮੇਰੇ ਪ੍ਰੇਮ ਦਾ ਰਿਹਾ ਨਾ ਕੋਇ ਅਨੰਦਨਾ, ਸਚ ਅਨੰਦ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜੀ ਚਾੜ੍ਹੀ ਰੰਗਣਾ, ਦੀਨ ਦੁਨੀ ਦਿਤੀ ਰੰਗਾਈਆ । ਮੇਰੀ ਵਸਤ ਕੀਤੀ ਭੰਗਣਾ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਲਾਏ ਕੋਇ ਨਾ ਅੰਗਣਾ, ਪਰਮਾਤਮ ਤੇਰੀ ਗੋਦ ਨਾ ਕੋਇ ਸੁਹਾਈਆ । ਮੈਂ ਖ਼ਾਲੀ ਹੱਥ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਨਿਗਾਹ ਮਾਰ ਵਿਚ ਵਰਭੰਡਣਾ, ਬ੍ਰਹਿਮੰਡ ਖੋਜ ਖੁਜਾਈਆ । ਚਾਰੋਂ ਕੁੰਟ ਕੂੜ ਚੰਡ ਪ੍ਰਚੰਡਣਾ, ਜਗਤ ਜਹਾਨ ਵੇਖ ਵਖਾਈਆ । ਮੈਨੂੰ ਸਚ ਦਵਾਰੇ ਮਿਲੇ ਨਾ ਲੰਘਣਾ, ਧਰਮ ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਝਟ ਨਾਰਦ ਆ ਗਿਆ ਕਹੇ ਧਰਮ ਸੁਣ ਸੱਜਣਾ ਮੇਰੀ ਬਾਤ, ਬਾਤਨ ਦਿਆਂ ਸੁਣਾਈਆ । ਮੇਰੇ ਕੋਲ ਬਿਨ ਅੱਖਰਾਂ ਵਾਲੀ ਲੁਗਾਤ, ਜਿਸ ਨੂੰ ਅਲਿਫ਼ ਯੇ ਵਾਲਾ ਸਮਝ ਸਕੇ ਨਾ ਰਾਈਆ । ਉਹਦਾ ਲੇਖਾ ਲਿਖਿਆ ਨਹੀਂ ਕਿਸੇ ਕਲਮ ਦਵਾਤ, ਕਾਗਦ ਵੰਡ ਨਾ ਕੋਇ ਵੰਡਾਈਆ । ਉਹ ਰਸਨਾ ਜਿਹਵਾ ਬੱਤੀ ਦੰਦ ਗਾਈ ਕਿਸੇ ਨਹੀਂ ਗਾਥ, ਅਵਤਾਰ ਪੈਗੰਬਰ ਗੁਰ ਢੋਲਿਆਂ ਵਿਚ ਨਾ ਕੋਇ ਜਣਾਈਆ । ਮੈਨੂੰ ਪੁਰਖ ਅਕਾਲੇ ਦੀਨ ਦਿਆਲੇ ਧਰਮ ਦੀ ਧਾਰ ਦਿਤੀ ਦਾਤ, ਅਮੋਲਕ ਅਮੁੱਲ ਆਪ ਵਰਤਾਈਆ । ਜਿਸ ਵਿਚ ਲੇਖਾ ਲਿਖਿਆ ਕਲਜੁਗ ਅੰਤ ਹੋਣੀ ਅੰਧੇਰੀ ਰਾਤ, ਸਾਚਾ ਨੂਰ ਨਾ ਕੋਇ ਚਮਕਾਈਆ । ਧਰਮ ਤੇਰਾ ਟੁੱਟਣਾ ਧਰਮ ਦਵਾਰਿਉਂ ਸਾਕ, ਸੱਜਣ ਸੈਣ ਸੰਗ ਨਾ ਕੋਇ ਰਖਾਈਆ । ਪਿਤਾ ਪੂਤ ਕਰੇ ਘਾਤ, ਦੀਨ ਮਜ਼੍ਹਬ ਕਾਤਲ ਮਕਤੂਲ ਰੂਪ ਵਟਾਈਆ । ਜਿਸ ਦੇ ਵਿਚ ਅਗੰਮ ਗਿਆਤ, ਜਗਤ ਬੁੱਧੀ ਤੋਂ ਬਾਹਰ ਸਮਝਾਈਆ । ਜ਼ਰਾ ਉਠ ਕੇ ਧਰਨੀ ਉਤੇ ਝਾਕ, ਬਿਨ ਨੈਣਾਂ ਨੈਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਧਰਮ ਕਹੇ ਨਾਰਦ ਮੇਰੀ ਹੋਈ ਬੇਹਾਲੀ, ਬਹੁੜੀ ਬਹੁੜੀ ਕਰ ਸੁਣਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਘਾਲ ਘਾਲੀ, ਕਲਜੁਗ ਸੇਵਾ ਸੇਵਾ ਵਿਚ ਰਖਾਈਆ । ਮੇਰੇ ਮਸਤਕ ਚੜ੍ਹੀ ਰਹੇ ਨਾ ਲਾਲੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਮੈਂ ਧਰਮ ਦਾ ਰਿਹਾ ਕੋਇ ਨਾ ਮਾਲੀ, ਬਗ਼ੀਚਾ ਸਚ ਨਾ ਕੋਇ ਮਹਿਕਾਈਆ । ਫਲ ਰਿਹਾ ਨਾ ਕਿਸੇ ਡਾਲੀ, ਪੱਤ ਟਹਿਣੀ ਰਹੇ ਕੁਰਲਾਈਆ । ਜਿਧਰ ਤੱਕਾਂ ਰੈਣ ਅੰਧੇਰੀ ਕਾਲੀ, ਕਲਜੁਗ ਆਪਣੀ ਕਲ ਵਰਤਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦੂਈ ਦਵੈਤ ਦੀ ਅਗਨੀ ਬਾਲੀ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਈਆ । ਧਰਮ ਦਵਾਰਿਆਂ ਕੂੜ ਮਾਰੇ ਤਾਲੀ, ਮਾਇਆ ਮਮਤਾ ਨਾਚ ਨਚਾਈਆ । ਮੇਰਾ ਗ੍ਰਿਹ ਹੋਇਆ ਖ਼ਾਲੀ, ਖ਼ਾਲਕ ਖ਼ਲਕ ਕੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਕਰਨਹਾਰ ਇਕ ਅਖਵਾਈਆ । ਨਾਰਦ ਕਹੇ ਧਰਮ ਕੀ ਰੋਣਾ, ਜਗ ਨੈਣਾਂ ਨੀਰ ਵਹਾਈਆ । ਧੁਰ ਦੇ ਹੁਕਮ ਨਾਲ ਸਭ ਕੁਛ ਹੋਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਓਹ ਤੱਕ ਲੈ ਕਲਜੁਗ ਚਾਰ ਦਿਨ ਦਾ ਪ੍ਰਾਹੁਣਾ, ਲੋਕਮਾਤ ਵੇਖ ਵਖਾਈਆ । ਅੰਤਮ ਇਹਦਾ ਧਰਤੀ ਖ਼ਾਕ ਉਤੇ ਵਿਛਾਉਣਾ, ਮੁਹੰਮਦ ਦਾ ਮਕਬਰਾ ਦਏ ਗਵਾਹੀਆ । ਕੂੜ ਕੁੜਿਆਰਾ ਚਾਰ ਯਾਰਾ ਇਹਦੇ ਨਾਲ ਮਿਲਾਉਣਾ, ਚਾਰੇ ਕੁੰਟ ਵੇਖ ਵਖਾਈਆ । ਮਮਤਾ ਮੋਹ ਸੰਗ ਬਣਾਉਣਾ, ਜਗਤ ਵਾਸਨਾ ਝੋਲੀ ਦੇਣੀ ਪਾਈਆ । ਧੁਰ ਫ਼ਰਮਾਨਾ ਸ੍ਰੀ ਭਗਵਾਨਾ ਇਕ ਜਣਾਉਣਾ, ਸ਼ਬਦ

੭੬੨
੨੩

ਅਗੰਮ ਅਥਾਹੀਆ । ਧੁਰ ਅਮਾਮ ਵੇਸ ਵਟਾਉਣਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨੂਰ ਨੁਰਾਨਾ ਨੂਰ ਚਮਕਾਉਣਾ, ਜ਼ਹੂਰ ਵਿਚ ਰੁਸ਼ਨਾਈਆ । ਉਸ ਸਦੀ ਚੌਧਵੀਂ ਪੰਧ ਮੁਕਾਉਣਾ, ਸਦਮਾ ਵੇਖੇ ਖ਼ਲਕ ਖ਼ੁਦਾਈਆ । ਧਰਮ ਤੇਰਾ ਕਿਸੇ ਕੰਮ ਨਾ ਆਵੇ ਪਛਤਾਉਣਾ, ਪਸ਼ਚਾਤਾਪ ਵਿਚ ਕੀ ਕੁਰਲਾਈਆ । ਪਰਮ ਪੁਰਖ ਪਰਮਾਤਮ ਖੇਲ ਰਚਾਉਣਾ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਜਿਸ ਕੂੜ ਕਿਰਿਆ ਦਾ ਹੰਕਾਰੀ ਬੁਰਜ ਢਾਉਣਾ, ਮਾਟੀ ਖ਼ਾਕ ਵਿਚ ਮਿਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸਚਖੰਡ ਮੁਕਾਮੇ ਹਕ ਦਰਗਾਹ ਸਾਚੀ ਵੇਖ ਵਖਾਉਣਾ, ਲੋਕਮਾਤ ਦੀਨ ਦੁਨੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਮ ਜੀ ਮਾਤਲੋਕ ਨਾ ਹੋ ਨਿਰਾਸਾ, ਚਿੰਤਾ ਚਿਖਾ ਨਾ ਕੋਇ ਵਡਿਆਈਆ । ਪੁਰਖ ਅਕਾਲ ਤੇ ਰਖ ਭਰਵਾਸਾ, ਜੋ ਸਭ ਦਾ ਪਿਤਾ ਮਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਕੀਤਾ ਖੁਲਾਸਾ, ਕਲਜੁਗ ਅੰਤਮ ਮੇਟ ਮਿਟਾਈਆ । ਧਰਨੀ ਧਰਤ ਧਵਲ ਉਤੇ ਤੇਰੀ ਫੇਰ ਪਵੇਗੀ ਰਾਸਾ, ਰਸਤਾ ਇਕੋ ਇਕ ਪੁਰਖ ਅਕਾਲ ਜਣਾਈਆ । ਤੂੰ ਸੰਬਲ ਬਹਿ ਕੇ ਪਰਮ ਪੁਰਖ ਦਾ ਵੇਖ ਅਗੰਮ ਤਮਾਸ਼ਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹ ਖੇਲ ਕਰਾਏ ਪਾਤਾਲ ਅਕਾਸ਼ਾ, ਗਗਨ ਗਗਨੰਤਰਾਂ ਵੇਖ ਵਖਾਈਆ । ਜਿਸ ਕੂੜੀ ਕਿਰਿਆ ਮੇਟਣੀ ਅੰਧੇਰੀ ਰਾਤਾ, ਸਤਿਜੁਗ ਸਚ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਬਣਾਏ ਇਕ ਜਮਾਤਾ, ਦੀਨਾਂ ਮਜ਼੍ਹਬਾਂ ਸ਼ਰਅ ਸ਼ਰੀਅਤਾਂ ਲੇਖਾ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਗਾਉਣੀ ਗਾਥਾ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਆਪਣਾ ਹੁਕਮ ਇਕ ਦ੍ਰਿੜਾਈਆ । ਹਰ ਘਟ ਅੰਦਰ ਕਾਇਆ ਮੰਦਰ ਜੋ ਰਖਣਹਾਰਾ ਵਾਸਾ, ਵਾਸਤਾ ਸਤਿਗੁਰ ਸ਼ਬਦ ਸ਼ਬਦ ਸਤਿਗੁਰ ਸ਼ਬਦ ਸੁਰਤ ਨਾਲ ਰਖਾਈਆ । ਜਿਸ ਨੇ ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਖੇਲ ਖੇਲਿਆ ਧਰਨੀ ਧਰਤ ਧਵਲ ਧੌਲ ਵੇਖਿਆ ਤਮਾਸ਼ਾ, ਜ਼ਿਮੀਂ ਅਸਮਾਨਾਂ ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਪਾਰਬ੍ਰਹਮ ਪਤਿਪਰਮੇਸ਼ਵਰ ਸਰਬ ਕਲਾ ਸਮਰਾਥਾ, ਅਗੰਮ ਅਥਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਭੇਵ ਅਲਖਣਾ ਅਲਾਖਾ, ਅਲਖ ਅਗੋਚਰ ਅਗੰਮ ਅਥਾਹ, ਆਪਣਾ ਹੁਕਮ ਵਰਤਾਈਆ ।

### ✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ ਧਰਮ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਪ੍ਰਭੂ ਮੈਂ ਸੇਵਾ ਕਰਾਂ ਸਤਿ, ਸਤਿ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਕਿਸੇ ਦੇ ਅੰਦਰ ਰਹਿਣ ਦਿਤਾ ਨਹੀਂ ਧਰਮ ਜਤ, ਧੀਰਜ ਧੀਰ ਨਾ ਕੋਇ ਧਰਾਈਆ । ਨੌ ਖੰਡ ਪ੍ਰਿਥਮੀ ਘਰ ਘਰ ਅੰਦਰ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕੂੜ ਕਲਪਣਾ ਪਾ ਕੇ ਮਤ, ਮਨ ਮਨਸਾ ਨਾਲ ਹਲਕਾਈਆ । ਤੇਰੀ ਜਾਣੇ ਕੋਇ ਨਾ ਮਿਤ ਗਤ, ਬੇਪ੍ਰਵਾਹ ਸਾਰ ਕਿਸੇ ਨਾ ਆਈਆ । ਮੈਂ ਦਿਵਸ ਰੈਣ ਰਿਹਾ ਨੱਠ, ਭੱਜਾਂ ਵਾਹੋ ਦਾਹੀਆ । ਸਾਧਾਂ ਸੰਤਾਂ ਜਗਿਆਸੂਆਂ ਰਹਿਣਾ ਦਿਤਾ ਨਹੀਂ ਹੱਠ, ਮੁੱਲਾ ਸ਼ੇਖ਼ ਮੁਸਾਇਕ ਮਮਤਾ ਮੋਹ ਵਿਚ ਕੁਰਲਾਈਆ ।

ਤੇਰਾ ਨਾਮ ਪਿਆਲਾ ਦੀਨ ਦਿਆਲ ਪੀਏ ਨਾ ਕੋਈ ਗਟ ਗਟ, ਸਾਚਾ ਰਸ ਨਿਝਰ ਹੱਥ ਕਿਸੇ ਨਾ ਆਈਆ । ਧਰਮ ਦਾ ਮੰਦਰ ਗਿਆ ਢੱਠ, ਛੱਪਰ ਛੰਨ ਨਾ ਕੋਇ ਛੁਹਾਈਆ । ਸਭ ਦਾ ਖੇੜਾ ਕੀਤਾ ਭੱਠ, ਕੂੜ ਕੁੜਿਆਰਾ ਅਗਨੀ ਦਿਤੀ ਲਾਈਆ । ਮੇਰਾ ਖੇਲ ਤੱਕ ਪੁਰਖ ਸਮਰਥ, ਬੇਪਰਵਾਹ ਤੇਰੀ ਓਟ ਤਕਾਈਆ । ਤੇਰੇ ਚਰਨ ਕਵਲ ਵਾਸਤਾ ਰਿਹਾ ਘੱਤ, ਨਿਵ ਨਿਵ ਲਾਗਾਂ ਪਾਈਂਆ । ਸ਼ਾਹ ਸੁਲਤਾਨਾਂ ਉਲਟੀ ਕੀਤੀ ਮਤ, ਤਪੀ ਤਪੀਸ਼ਰ ਜਗਤ ਜੁਗੀਸ਼ਰ ਰੋਵਣ ਮਾਰਨ ਧਾਹੀਆ । ਚਾਰੋਂ ਕੁੰਟ ਮਾਇਆ ਡਸਨੀ ਡਸੇ ਸੱਪ, ਵਿਖ ਗ੍ਰਿਹਿ ਗ੍ਰਿਹਿ ਰਹੀ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਬਰਖ਼ੁਰਦਾਰ, ਅਜੀਜ ਧੁਰ ਦਾ ਨਜ਼ਰੀ ਆਈਆ । ਮੇਰੀ ਚਾਰੋਂ ਕੁੰਟ ਤੱਕ ਗੁਫ਼ਤਾਰ, ਗੁਫ਼ਤ ਸ਼ਨੀਦ ਧਿਆਨ ਲਗਾਈਆ । ਤੇਰੀ ਵਸਤ ਅਗੰਮੀ ਦਾ ਬਣ ਵਰਤਾਰ, ਚਾਰੋਂ ਕੁੰਟ ਰਿਹਾ ਵਰਤਾਈਆ । ਜੂਠ ਝੂਠ ਦਾ ਭਰ ਭੰਡਾਰ, ਨੌ ਖੰਡ ਪ੍ਰਿਥਮੀ ਦਿਤਾ ਵਖਾਈਆ । ਹਰ ਘਟ ਅੰਤਰ ਕਾਮ ਕਰੋਧ ਲੋਭ ਮੋਹ ਹੰਕਾਰ, ਕੂੜੀ ਕਿਰਿਆ ਨਾਲ ਰਲਾਈਆ । ਦਿਵਸ ਰੈਣ ਕਰ ਕੇ ਧੂਆਂਧਾਰ, ਅੰਧ ਅੰਧੇਰਾ ਦਿਤਾ ਵਖਾਈਆ । ਕਾਇਆ ਮੰਦਰ ਅੰਦਰ ਦੀਪਕ ਜੋਤੀ ਹੋਣ ਨਾ ਦੇਵਾਂ ਉਜਿਆਰ, ਆਤਮ ਪਰਮਾਤਮ ਮਿਲਣ ਕੋਇ ਨਾ ਪਾਈਆ । ਤੇਰੇ ਨਾਦ ਸ਼ਬਦ ਦੀ ਸੁਣੇ ਨਾ ਕੋਇ ਧੁਨਕਾਰ, ਆਤਮ ਰਾਗ ਨਾ ਕੋਇ ਦ੍ਰਿੜਾਈਆ । ਨੌਵਾਂ ਦਵਾਰਿਆਂ ਵਿਚ ਮੈਂ ਪਹਿਰੇਦਾਰ, ਨੌਵਾਂ ਰਸਾਂ ਨਾਲ ਰਖਾਈਆ । ਸਚ ਘਰ ਦੀ ਮੰਜ਼ਲ ਕਰ ਦੁਸ਼ਵਾਰ, ਪਾਂਧੀ ਅਧਵਿਚਕਾਰ ਦਿਤੇ ਅਟਕਾਈਆ । ਤੂੰ ਮਿਹਰਵਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਮੇਰਾ ਕਰਤਾਰ, ਕੁਦਰਤ ਦਾ ਕਾਦਰ ਇਕ ਅਖਵਾਈਆ । ਮੇਰੇ ਸਿਰ ਤੇ ਦੇ ਪਿਆਰ, ਸੀਸ ਜਗਦੀਸ਼ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ ।

### ✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ ਗੁਰਬਚਨ ਸਿੰਘ ਦੇ ਗ੍ਰਿਹਿ ✪

ਕਲਜੁਗ ਕਹੇ ਪ੍ਰਭੂ ਮੈਂ ਤੇਰਾ ਦਿਵਸ ਰੈਣ ਦਾ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਮੇਰਾ ਲਹਿਣਾ ਦੇਣਾ ਕਰਜ਼ ਉਤਾਰ, ਪੂਰਬਲਾ ਲੇਖਾ ਝੋਲੀ ਪਾਈਆ । ਜੋ ਹੁਕਮ ਸੰਦੇਸਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਹੁਕਮ ਦ੍ਰਿੜਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੂੰ ਦੇਵਣਹਾਰ ਸੱਚੀ ਸਰਕਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਦਰ ਠਾਂਡਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਮੈਂ ਮੰਗਣਹਾਰ ਭਿਖਾਰ, ਦਰ ਭਿੱਖਕ ਝੋਲੀ ਰਿਹਾ ਵਖਾਈਆ । ਏਕਾ ਵਸਤ ਦੇ ਥਾਰ, ਮਿਹਰਵਾਨ ਹੋ ਕੇ ਦੇਣੀ ਵਰਤਾਈਆ । ਮੈਂ ਚਾਰੋਂ ਕੁੰਟ ਸ੍ਰਿਸ਼ਟੀ ਕਰਾਂ ਖਵਾਰ, ਦ੍ਰਿਸ਼ਟੀ ਵਿਚ ਤੈਨੂੰ ਮਿਲਣ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕਰਾਂ ਧੂੰਆਂਧਾਰ ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ



੭੬੪
੨੩

ਕਹੇ ਪ੍ਰਭੂ ਮੈਂ ਮਾਂਗਤ ਇਕੋ, ਏਕੰਕਾਰ ਤੇਰੀ ਸਰਨਾਈਆ । ਮੇਰਾ ਸਾਚਾ ਲੇਖਾ ਸ਼ਬਦ ਧਾਰ ਵਿਚ ਲਿਖੋ, ਲਿਖਿਆ ਸਕੇ ਨਾ ਕੋਇ ਮਿਟਾਈਆ । ਮੈਂ ਕੁਰਬਾਨ ਜਾਵਾਂ ਤੇਰੇ ਉਤੋਂ ਵਿਟਹੁ, ਬੇਪਰਵਾਹ ਤੇਰੀ ਇਕ ਸਰਨਾਈਆ । ਤੇਰਾ ਖੇਲ ਨਿਤ ਨਵਿਤੋ, ਦੋ ਰਹਾਨ ਦੇਣ ਗਵਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲ ਮੇਰਾ ਮਿਤੋ, ਮਿਤਰ ਪਿਆਰਾ ਏਕੰਕਾਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਇਨਾਮੀ, ਸੂਰਬੀਰ ਅਖਵਾਈਆ । ਮੇਰਾ ਖੇਲ ਤੱਕ ਅਮਾਮੀ, ਜਗਤ ਜਹਾਨ ਫੋਲ ਫੁਲਾਈਆ । ਮੈਂ ਸੰਦੇਸਾ ਦਿਤਾ ਵਿਚ ਅਵਾਮੀ, ਚਾਰ ਕੁੰਟ ਕਰੀ ਸ਼ਨਵਾਈਆ । ਜ਼ੰਜੀਰ ਕੂੜ ਗਲ ਪਾਇਆ ਗ਼ੁਲਾਮੀ, ਅਗੇ ਹੋ ਨਾ ਕੋਇ ਛੁਡਾਈਆ । ਮੇਰਾ ਦਿਲ ਕਰਦਾ ਮੈਂ ਝਗੜਾ ਪਾਉਣਾ ਅੰਜੀਲ ਕੁਰਾਨੀ, ਕੁਰਹ ਜਗਤ ਵਾਲਾ ਵੇਖ ਵਖਾਈਆ । ਖੇਲ ਤਕਾਉਣਾ ਤੇਰੇ ਜਿਸਮ ਤੋਂ ਬਾਹਰ ਇਸਮ ਇਸਲਾਮੀ, ਸਾਹਿਬ ਤੇਰੀ ਓਟ ਰਖਾਈਆ । ਪੈਗ਼ੰਬਰਾਂ ਮੁਰਸ਼ਦਾਂ ਰਸੂਲਾਂ ਲੇਖਾ ਪੂਰਾ ਕਰਨਾ ਜੋ ਮੰਗਦੇ ਆਲਮੇ ਜਾਵੇਦਾਨੀ, ਦਰਗਾਹ ਸਾਚੀ ਧਿਆਨ ਲਗਾਈਆ । ਮੇਰੇ ਮਿਹਰਵਾਨ ਮਹਿਬੂਬਾ ਮੇਰੀ ਮੁਹੱਬਤ ਵਾਲੀ ਜ਼ਰੂਰ ਪਰਵਾਨ ਕਰੀਂ ਕੁਰਬਾਨੀ, ਕਰਬਲਿਆਂ ਤੋਂ ਬਾਹਰ ਆਸ਼ਾ ਤੇਰੀ ਝੋਲੀ ਪਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੌਜਵਾਨੀ, ਸਚਖੰਡ ਨਿਵਾਸੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਦਾ ਜਾਣ ਜਾਣੀ, ਜਾਣਨਹਾਰ ਇਕ ਅਖਵਾਈਆ ।



✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਗੁਰਦਾਸਪੁਰ ਸ਼ਹਿਰ ਸਰੂਪ ਸਿੰਘ ਦੇ ਗ੍ਰਹਿ ✪

ਪੁਰਖ ਅਕਾਲ ਕਹੇ ਸੁਣ ਕਲਜੁਗ ਲਾਲ ਦੁਲਾਰੇ, ਦੂਲ੍ਹਿਆ ਦਿਆਂ ਜਣਾਈਆ । ਜੁਗ ਚੌਕੜੀ ਮੇਰੇ ਖੇਲ ਨਿਆਰੇ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਬਦਲਾਈਆ । ਚਾਰ ਜੁਗ ਦੇ ਸ਼ਾਸਤਰ ਰਹੇ ਪੁਕਾਰੇ, ਕੂਕ ਕੂਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਬਣ ਲਿਖਾਰੇ, ਲਿਖ ਲਿਖ ਲੇਖੇ ਗਏ ਜਣਾਈਆ । ਜਿਸ ਵੇਲੇ ਚਾਰੋਂ ਕੁੰਟ ਹੋਏ ਅੰਧਿਆਰੇ, ਸਾਚਾ ਚੰਦ ਨਾ ਕੋਇ ਚਮਕਾਈਆ । ਪਿਆਰ ਰਹੇ ਨਾ ਮਿਤਰਾਂ ਪਿਆਰੇ, ਪਿਤਾ ਪੂਤ ਨਾ ਕੋਇ ਵਡਿਆਈਆ । ਧਰਨੀ ਧਰਤ ਧਵਲ ਧੌਲ ਰੋਵੇ ਜ਼ਾਰੋ ਜ਼ਾਰੇ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਜੀਵ ਹੋਣ ਹੱਤਿਆਰੇ, ਹੱਤਿਆ ਹੋਵੇ ਥਾਉਂ ਥਾਈਂਆ । ਪੈਗ਼ੰਬਰ ਉਠ ਉਠ ਵੇਖਣ ਕੀਤੇ ਇਸ਼ਾਰੇ, ਪੇਸ਼ੀਨਗੋਈਆਂ ਬਗ਼ਲਾਂ ਵਿਚ ਟਿਕਾਈਆ । ਅਵਤਾਰ ਤੱਕਣ ਪ੍ਰਭ ਖੇਲ ਕਰੇ ਨਿਰੰਕਾਰੇ, ਕਰਤਾ ਧੁਰਦਰਗਾਹੀਆ । ਗੁਰੂ ਗੁਰ ਵੇਖਣ ਕਵਣ ਵੇਲਾ ਕਲ ਕਲਕੀ ਲਏ ਅਵਤਾਰੇ, ਨਿਹਕਲੰਕ ਰੂਪ ਬਦਲਾਈਆ । ਪੁਰਖ ਅਕਾਲ ਕਹੇ ਕਲਜੁਗ ਜਿਸ ਵੇਲੇ ਦੀਨ ਦੁਨੀ ਦੇ ਰਹੇ ਨਾ ਕੋਇ ਸਹਾਰੇ, ਸਿਰ ਹੱਥ ਨਾ ਕੋਇ ਟਿਕਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਆਪਣਾ ਵੇਸ ਅਗੰਮਾ ਧਾਰੇ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਪੈਗ਼ੰਬਰਾਂ ਦੀ ਆਸਾ ਮਨਸਾ ਪੂਰੀ ਕਰੇ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ, ਕਲਜੁਗ ਦਇਆ ਕਮਾਵਾਂਗਾ । ਦੀਨ ਦਿਆਲ ਆਪ ਅਖਵਾਵਾਂਗਾ । ਜੋਤੀ ਜੋਤ ਡਗਮਗਾਵਾਂਗਾ । ਸ਼ਬਦ ਚੋਟ ਨਗਾਰੇ ਲਾਵਾਂਗਾ । ਵਰਨ ਗੋਤ ਅੰਤ ਮੁਕਾਵਾਂਗਾ । ਕਾਇਆ ਕੋਟ ਬੰਕ ਰੁਸ਼ਨਾਵਾਂਗਾ । ਜਨ ਭਗਤਾਂ ਹਿਰਦਾ ਸੋਧ, ਦਰਸ ਦਿਖਾਵਾਂਗਾ । ਆਤਮ ਪਰਮਾਤਮ ਕਰ ਕੇ ਬੋਧ, ਪਾਰਬ੍ਰਹਮ ਪ੍ਰਭ ਮੇਲ ਮਿਲਾਵਾਂਗਾ । ਹਉਮੇ ਕੱਟ ਕੇ ਰੋਗ, ਹੰਗਤਾ ਗੜ੍ਹ ਤੁੜਾਵਾਂਗਾ । ਚਿੰਤਾ ਮੇਟ ਕੇ ਸੋਗ, ਅੰਮ੍ਰਿਤ ਮੇਘ ਬਰਸਾਵਾਂਗਾ । ਨਿਰਗੁਣ ਨਿਰਗੁਣ ਕਦੇ ਨਾ ਹੋਵੇ ਵਿਯੋਗ, ਸੰਜੋਗੀ ਮੇਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਵਾਂਗਾ । ਸਚ ਦਾ ਖੇਲ ਆਪ ਖਿਲਾਵਾਂਗਾ । ਵੇਸ ਅਨੇਕਾ ਰੂਪ ਵਟਾਵਾਂਗਾ । ਜੋਤੀ ਜਾਤਾ ਡਗਮਗਾਵਾਂਗਾ । ਕਲਜੁਗ ਤੇਰੀ ਕਰਨੀ, ਚਾਰੋਂ ਕੁੰਟ ਲੇਖੇ ਪਾਵਾਂਗਾ । ਪਾ ਕੇ ਸਾਰ ਧੌਲ ਧਰਨੀ, ਧਰਮ ਦਵਾਰਾ ਇਕ ਜਣਾਵਾਂਗਾ । ਤੂੰ ਮੇਰਾ ਮੈਂ ਤੇਰਾ ਸਭ ਨੇ ਮੇਰੀ ਤੁਕ ਪੜ੍ਹਨੀ, ਤੁਖ਼ਮ ਤਾਸੀਰ ਸਰਬ ਬਦਲਾਵਾਂਗਾ । ਮੰਜ਼ਲ ਬਾਮੰਜ਼ਲ ਇਕੋ ਚੜ੍ਹਨੀ, ਜਗਤ ਪਾਂਧੀ ਪੰਧ ਮੁਕਾਵਾਂਗਾ । ਗੜ੍ਹ ਹੰਕਾਰ ਤੋੜ ਗੜ੍ਹ ਗੜ੍ਹਨੀ, ਹਉਮੇ ਹੰਗਤਾ ਆਪ ਮਿਟਾਵਾਂਗਾ । ਪੁਰਖ ਅਕਾਲ ਕਹੇ ਸਭ ਨੂੰ ਦੇਵਾਂ ਇਕੋ ਸਰਨੀ, ਦੂਸਰ ਨਜ਼ਰ ਕੋਇ ਨਾ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਖੇਲ ਅਗੰਮੀ ਕਰਨੀ, ਕਰਨੀ ਦਾ ਕਰਤਾ ਕਰਤਾ ਪੁਰਖ ਆਪਣੀ ਆਪ ਕਮਾਵਾਂਗਾ ।



✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਠੀਕਰੀ ਜ਼ਿਲਾ ਗੁਰਦਾਸਪੁਰ ਚੰਨਣ ਸਿੰਘ ਦੇ ਗ੍ਰਹਿ ✪

੭੬੬
੨੩

ਕਿਰਪਾ ਕਰ ਆਪ ਪ੍ਰਭ ਸਵਾਮੀ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦਿ ਅੰਤਰਜਾਮੀ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਨਾਮ ਸੁਣਾਏ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਦੀ ਮਹਿੰਮਾ ਅਕਥ ਕਹਾਣੀ, ਬੇਅੰਤ ਵਡ ਵਡਿਆਈਆ । ਸੋ ਭਗਤਾਂ ਦੇਵੇ ਨਾਮ ਨਿਧਾਨੀ, ਨਾਉਂ ਨਿਰੰਕਾਰਾ ਇਕ ਸਮਝਾਈਆ । ਆਤਮ ਬ੍ਰਹਮ ਦਾ ਬਣਾ ਗਿਆਨੀ, ਅੰਦਰ ਦ੍ਰਿਸ਼ਟੀ ਦਏ ਖੁਲਾਈਆ । ਮੰਜ਼ਲ ਬਖ਼ਸ਼ ਇਕ ਰੁਹਾਨੀ, ਰੂਹ ਬੁਤ ਦੇਵੇ ਮਾਣ ਵਡਿਆਈਆ । ਝਗੜਾ ਕੂੜ ਮੇਟ ਜਿਸਮਾਨੀ, ਜਿਸਮ ਜਮੀਰ ਦਏ ਬਦਲਾਈਆ । ਲਹਿਣਾ ਦੇਣਾ ਰਹੇ ਨਾ ਚਾਰ ਖਾਣੀ, ਆਵਣ ਜਾਵਣ ਗੇੜ ਮੁਕਾਈਆ । ਭਗਤ ਵਛਲ ਹਰਿ ਨੌਜਵਾਨੀ, ਸ੍ਰੀ ਭਗਵਾਨ ਇਕ ਅਖਵਾਈਆ । ਜੋਧਾ ਸੂਰਬੀਰ ਮਰਦ ਮਰਦਾਨੀ, ਨਿਰਵੈਰ ਪੁਰਖ ਨੂਰ ਅਲਾਹੀਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਮਹਾਨੀ, ਮਹਾਬਲੀ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਪਹਿਰ ਕੇ ਬਾਨੀ, ਜੋਤੀ ਜਾਤਾ ਡਗਮਗਾਈਆ । ਹਰਿ ਸੰਤ ਸੁਹੇਲੇ ਵੇਖੇ ਵਿਚ ਜਹਾਨੀ, ਚਾਰੋਂ ਕੁੰਟ ਫੋਲ ਫੁਲਾਈਆ । ਚਰਨ ਪ੍ਰੀਤੀ ਬਖ਼ਸ਼ੇ ਧਿਆਨੀ, ਧਰਮ ਦੀ ਧਾਰ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਅਕਥ ਕਥ ਕਹਾਣੀ, ਸਿਖਿਆ ਧਰਮ ਧਰਮ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਏਕਾ ਪਦ ਦਏ ਨਿਰਬਾਣੀ, ਨਿਰਾਕਾਰ ਆਪਣਾ ਰੰਗ ਰੰਗਾਈਆ ।

**੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾੜੀ ਪੰਨੂਆ ਜ਼ਿਲਾ ਗੁਰਦਾਸਪੁਰ ਅਵਤਾਰ ਸਿੰਘ ਦੇ ਗ੍ਰਹਿ**

ਧਰਨੀ ਕਹੇ ਮੇਰੇ ਜਾਗੇ ਭਾਗ, ਪ੍ਰਭ ਦੇਵੇ ਮਾਣ ਵਡਿਆਈਆ । ਮੇਰੇ ਉਤੇ ਦੀਪਕ ਜੋਤ ਜਗੇ ਚਰਾਗ਼, ਨੂਰ ਨੁਰਾਨਾ ਡਗਮਗਾਈਆ । ਦੁਰਮਤ ਮੈਲ ਧੋਵੇ ਦਾਗ਼, ਪਤਤ ਪੁਨੀਤ ਕਰਾਈਆ । ਮੇਰੀ ਕਲਜੁਗ ਅਗਨੀ ਬੁਝੇ ਆਗ, ਅੰਮ੍ਰਿਤ ਮੇਘ ਬਰਸਾਈਆ । ਮੇਰੇ ਅੰਤਰ ਉਪਜੇ ਵੈਰਾਗ, ਬ੍ਰਿਹੋਂ ਵਿਚ ਹਾਲ ਸੁਣਾਈਆ । ਕਿਰਪਾ ਕਰ ਪ੍ਰਭੂ ਪ੍ਰਭ ਆਜ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਖੋਲ ਰਾਜ਼, ਭੇਵ ਅਭੇਦਾ ਆਪ ਚੁਕਾਈਆ । ਮੈਂ ਤਰੇਤਾ ਦੁਆਪਰ ਤੇਰੀ ਕੀਤੀ ਯਾਦ, ਕਲਜੁਗ ਨੈਣ ਉਠਾਈਆ । ਅਣਗਿਣਤ ਵੇਖੇ ਸਮਾਜ, ਦੀਨਾਂ ਮਜ਼੍ਹਬਾਂ ਧਿਆਨ ਲਗਾਈਆ । ਬਦਲਦੇ ਰਹੇ ਰਾਜ, ਰਈਅਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੀ ਧਵਲ ਬੜੀ ਰਮਣੀਕ, ਧਰਤ ਧਵਲ ਸੋਭਾ ਪਾਈਆ । ਮੇਰੀ ਅਗੰਮੀ ਪੁਰਾਣੀ ਤਾਰੀਖ, ਤਵਾਰੀਖ ਅਗੰਮ ਅਥਾਹੀਆ । ਜਿਸ ਵਿਚ ਲੇਖਾ ਲਿਖਿਆ ਠੀਕ, ਠਾਕੁਰ ਧੁਰ ਦੇ ਦਿਤਾ ਸੁਣਾਈਆ । ਤਰੇਤਾ ਜੁਗ ਕਰ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਏਥੇ ਆਇਆ ਸੀ ਬਾਲਮੀਕ, ਰਿਸ਼ੀ ਰਿਸ਼ੀ ਪੰਧ ਮੁਕਾਈਆ । ਜਿਸ ਨੂੰ ਜਗਤ ਕਹੇ ਨੀਚ, ਜ਼ਾਤਹੀਣ ਅਖਵਾਈਆ । ਉਸ ਦੀ ਪ੍ਰਭ ਦੇ ਨਾਲ ਪ੍ਰੀਤ, ਅੰਤਰ ਆਤਮ ਮੇਲ ਮਿਲਾਈਆ । ਚਿੱਟੇ ਉਤੇ ਕਾਲੀ ਖਿੱਚੇ ਲੀਕ, ਰਾਮ ਰਾਮਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਬਾਲਮੀਕ ਮੇਰੇ ਉਤੇ ਲਾਇਆ ਸਿੰਘਾਸਣ, ਅੰਤਰ ਅੰਤਰ ਧਿਆਨ ਲਗਾਈਆ । ਜੋ ਮਿਲਿਆ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤੇ ਵਿਚ ਸਮਾਈਆ । ਬ੍ਰਹਿਮੰਡ ਖੰਡ ਤੱਕੀ ਰਾਸਨ, ਪੁਰੀਆਂ ਲੋਆਂ ਵੇਖ ਵਖਾਈਆ । ਨੂਰੀ ਜੋਤ ਵੇਖਿਆ ਪ੍ਰਕਾਸ਼ਨ, ਜੋਤੀ ਜਾਤਾ ਡਗਮਗਾਈਆ । ਜੋ ਜੁਗ ਚੌਕੜੀ ਖੇਲੇ ਖੇਲ ਤਮਾਸ਼ਨ, ਨਿਰਗੁਣ ਸਰਗੁਣ ਵੇਸ ਵਟਾਈਆ । ਭੇਵ ਖੁਲਾਏ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰਾਂ ਪਰਦਾ ਲਾਹੀਆ । ਉਤੇ ਬੈਠਾ ਸੁੰਨ ਸਮਾਧਨ, ਸੁਰਤ ਸ਼ਬਦ ਵਿਚ ਮਿਲਾਈਆ । ਪੁਰਖ ਅਕਾਲ ਨੂੰ ਲੱਗਾ ਅਰਾਧਣ, ਹਿਰਦੇ ਹਰਿ ਵਸਾਈਆ । ਦੀਨ ਦੁਨੀ ਵਿਚ ਲੱਗਾ ਜਾਗਣ, ਆਲਸ ਨਿੰਦਰਾ ਦੂਰ ਕਰਾਈਆ । ਅੰਤਰ ਸੁਣਿਆ ਅਨਹਦ ਵਾਜਣ, ਅਨਾਦੀ ਧੁਨ ਸ਼ਨਵਾਈਆ । ਕਿਰਪਾ ਕਰੀ ਗ਼ਰੀਬ ਨਿਵਾਜਣ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਬਾਲਮੀਕ ਏਥੇ ਰਿਹਾ ਘੰਟੇ ਢਾਈ, ਸੁਖ ਆਸਣ ਸੇਜ ਸੁਹਾਈਆ । ਓਧਰੋਂ ਆਇਆ ਇਕ ਰਾਹੀ, ਧੀਨਾ ਉਸ ਦਾ ਨਾਮ ਜਣਾਈਆ । ਉਹ ਹੱਸ ਕੇ ਸੀਸ ਰਿਹਾ ਨਿਵਾਈ, ਡੰਡਾਵਤ ਵਿਚ ਜਣਾਈਆ । ਤੂੰ ਰਿਸ਼ੀ ਬੈਠਾ ਕਿਹੜੇ ਥਾਈਂ, ਥਨੰਤਰ ਕੀ ਵਡਿਆਈਆ । ਬਾਲਮੀਕ ਕਿਹਾ ਮੈਂ ਕਲਜੁਗ ਅੰਤਮ ਵੇਖਾਂ ਚਾਈਂ ਚਾਈਂ, ਚਾਓ ਘਨੇਰਾ ਇਕ ਦ੍ਰਿੜਾਈਆ । ਜਿਥੇ ਆਉਣਾ ਧੁਰ ਦਾ ਮਾਹੀ, ਜੋਤੀ ਜਾਤਾ ਅਗੰਮ ਅਥਾਹੀਆ । ਝਟ ਉਸ ਨੇ ਨੈਣਾਂ ਨੀਰ ਦਿਤਾ ਵਹਾਈ, ਰੋ ਰੋ ਦਿਤਾ ਸੁਣਾਈਆ । ਮੈਂ ਕਿਸ ਬਿਧ ਦਰਸ਼ਨ ਪਾਈ, ਪਾਰਬ੍ਰਹਮ ਗੁਸਾਈਂਆ । ਮੇਰੀ ਤ੍ਰਿਖਾ ਦਏ ਬੁਝਾਈ, ਅਗਨੀ ਤਤ ਨਾ ਕੋਇ ਤਪਾਈਆ । ਬਾਲਮੀਕ ਕਿਹਾ ਤੇਰਾ ਫੇਰ ਜਨਮ ਹੋਵੇ ਪੰਜਾਂ ਤਤਾਂ ਰੰਗ ਰੰਗਾਈ, ਰੰਗਤ ਅਗੰਮ ਚੜ੍ਹਾਈਆ ।

ਮੇਲ ਮਿਲਾਏ ਸਹਿਜ ਸੁਭਾਈ, ਹਰਿ ਕਰਤਾ ਧੁਰਦਰਗਾਹੀਆ । ਤੈਨੂੰ ਏਸੇ ਧਰਤੀ ਉਤੇ ਕਰਨੀ ਪਏਗੀ ਵਾਹੀ, ਕਿਰਸਾਨਾ ਰੂਪ ਬਦਲਾਈਆ । ਅਵਤਾਰ ਸਿੰਘ ਦਾ ਪੂਰਬ ਲਹਿਣਾ ਬਾਲਮੀਕ ਰਿਹਾ ਸਮਝਾਈ, ਭੇਵ ਅਭੇਦਾ ਆਪ ਖੁਲਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਮੰਗਲਚਾਰ ਰਹੀ ਗਾਈ, ਸੋਹਲੇ ਢੋਲੇ ਰਾਗ ਸੁਣਾਈਆ । ਰੰਗ ਰੁਤ ਸੁਹੰਜਣੀ ਆਈ, ਪ੍ਰਭ ਦਿਤੀ ਮਾਣ ਵਡਿਆਈਆ । ਮੈਂ ਨਿਵ ਨਿਵ ਲਾਗਾਂ ਪਾਈਂ, ਚਰਨ ਧੂੜ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣੇ ਸਭ ਦੇ ਰਿਹਾ ਚੁਕਾਈ, ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ ।

✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾੜੀ ਪੰਨੂਆ ਜ਼ਿਲਾ ਗੁਰਦਾਸਪੁਰ ✪

ਧਰਨੀ ਕਹੇ ਮੇਰੀ ਆਸ਼ਾ ਪੁੰਨੀ, ਪ੍ਰਭ ਦੇਵੇ ਮਾਣ ਵਡਿਆਈਆ । ਘਰ ਸਵਾਮੀ ਡਿੱਠਾ ਬਹੁਗੁਣੀ, ਗੁਣਵੰਤ ਨੂਰ ਅਲਾਹੀਆ । ਜਿਸ ਦੀ ਸ਼ਬਦ ਨਾਦ ਧੁਨੀ, ਧੁਨ ਆਤਮਕ ਰਾਗ ਸੁਣਾਈਆ । ਜੋ ਮਾਲਕ ਕੁੰਨ ਕੁੰਨੀ, ਕਰਾਮਾਤ ਵੇਖ ਵਖਾਈਆ । ਜਿਸ ਦੀ ਕਥਾ ਕਹਾਣੀ ਅਵਤਾਰ ਪੈਗ਼ੰਬਰਾਂ ਗੁਰੂਆਂ ਕੋਲੋਂ ਸੁਣੀ, ਸੋਹਲੇ ਢੋਲੇ ਰਾਗਾਂ ਨਾਦਾਂ ਵਿਚ ਜਣਾਈਆ । ਸੋ ਸਵਾਮੀ ਅੰਤਰਜਾਮੀ ਲੱਖ ਚੁਰਾਸੀ ਰਿਹਾ ਪੁਣੀ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੀ ਰੁਤੜੀ ਗਈ ਮੌਲ, ਪਰਮ ਪੁਰਖ ਦਿਤੀ ਮਹਿਕਾਈਆ । ਲੇਖਾ ਪੂਰਾ ਕਰੇ ਉਤੇ ਧੌਲ, ਧਰਮ ਧਰਮ ਦੀ ਧਾਰ ਜਣਾਈਆ । ਪਿਛਲਾ ਪੂਰਾ ਕਰੇ ਕੌਲ, ਇਕਰਾਰ ਵਿਸਰ ਕਦੇ ਨਾ ਜਾਈਆ । ਜਿਸ ਦਾ ਭੇਵ ਪਾਏ ਨਾ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਮੁਸਾਇਕ ਕਹਿਣ ਕੋਇ ਨਾ ਪਾਈਆ । ਸੋ ਸਵਾਮੀ ਸਦਾ ਅਡੋਲ, ਅਨਡੋਲਤ ਖੇਲ ਖਿਲਾਈਆ । ਜਿਸ ਨੇ ਨੌ ਖੰਡ ਪ੍ਰਿਥਮੀ ਸਦੀ ਚੌਧਵੀਂ ਅੰਤਮ ਵੇਖਣਾ ਘੋਲ, ਸੂਰਮੇ ਦੀਨ ਮਜ਼੍ਹਬ ਉਠਾਈਆ । ਸ਼ਰਅ ਸ਼ਰੀਅਤ ਵਜਾਏ ਢੋਲ, ਡੱਗਾ ਕੂੜ ਕੁੜਿਆਰੇ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਾਂ ਹੋਲ, ਰੰਗ ਗੁਲਾਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲਾ ਵਸੇ ਕੋਲ, ਦੂਰ ਦੁਰਾਡਾ ਪੰਧ ਨਾ ਕੋਇ ਰਖਾਈਆ ।

✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾੜੀ ਪਨੂੰਆ ਜ਼ਿਲਾ ਗੁਰਦਾਸਪੁਰ ✪

ਧਰਨੀ ਕਹੇ ਮੈਨੂੰ ਕਲਜੁਗ ਕਰੇ ਇਸ਼ਾਰਾ, ਬਿਨ ਅੱਖਾਂ ਸੈਨਤ ਲਗਾਈਆ । ਮੇਰੇ ਖੇਲ ਦਾ ਤਕ ਨਜ਼ਾਰਾ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਧਰਮ ਦਾ ਪਵਿਤ੍ਰ ਰਹਿਣ ਦਿਤਾ ਨਹੀਂ ਕੋਈ ਦਵਾਰਾ, ਕੂੜੀ ਕਿਰਿਆ ਸੋਭਾ ਪਾਈਆ । ਮੇਰਾ ਜੂਠ ਝੂਠ ਜੈਕਾਰਾ, ਚਾਰ ਵਰਨ ਅਠਾਰਾਂ ਬਰਨ ਸੁਣਨ ਥਾਉਂ ਥਾਈਆ । ਕਲਜੁਗ ਕਹੇ ਮੇਰੀ ਉਸ ਪ੍ਰਭੂ ਨੂੰ ਨਿਮਸਕਾਰਾ, ਜੋ ਆਦਿ ਜੁਗਾਦਿ ਅਖਵਾਈਆ । ਜਿਸ ਨੇ ਹਜ਼ਰਤ ਈਸਾ ਮੂਸਾ

੭੬੮
੨੩

ਲੇਖਾ ਪੂਰਾ ਕਰਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਮੁਹੰਮਦ ਦੀ ਸਦੀ ਚੌਧਵੀਂ ਦਾ ਹੋਵੇ ਅੰਤ ਕਿਨਾਰਾ, ਨਈਆ ਨੌਕਾ ਡੋਲੇ ਥਾਉਂ ਥਾਈਂਆ । ਧਰਨੀ ਕਹੇ ਮੇਰੇ ਉਤੇ ਦੀਨਾਂ ਮਜ਼੍ਹਬਾਂ ਲਗੇ ਅਖਾੜਾ, ਜਗਤ ਸ਼ਰਅ ਨਾਲ ਟਕਰਾਈਆ । ਚਾਰੋਂ ਕੁੰਟ ਅਗਨੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੈਂ ਨਿਮਾਣੀ ਹੋ ਕੇ ਕਢਾਂ ਹਾੜਾ, ਬੇਨੰਤੀ ਇਕ ਸੁਣਾਈਆ । ਤੂੰ ਪਰਮ ਪੁਰਖ ਨਿਰੰਕਾਰਾ, ਨਿਰਵੈਰ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਉਤੇ ਜੋਤ ਨੂਰ ਕਰ ਉਜਿਆਰਾ, ਕਲਜੁਗ ਅੰਧ ਅੰਧੇਰ ਮਿਟਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲਗਾਏ ਜੈਕਾਰਾ, ਰਸਨਾ ਜਿਹਵਾ ਢੋਲੇ ਬਾਹਰ ਸਾਰੇ ਗਾਈਆ । ਤੂੰ ਪਰਮ ਪੁਰਖ ਪਰਮਾਤਮ ਪਰਵਰਦਿਗਾਰਾ, ਸਾਂਝੇ ਯਾਰ ਯਾਰੜਾ ਤੇਰਾ ਸਬਰ ਹੰਢਾਈਆ । ਤੂੰ ਕਲ ਕਲੇਸ਼ ਨਰ ਨਰੇਸ਼ ਮੇਟ ਦੇ ਵਿਚ ਸੰਸਾਰਾ, ਨੌ ਖੰਡ ਪ੍ਰਿਥਮੀ ਸੱਤ ਦੀਪ ਦੀਪਕ ਇਕੋ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਬੇਅੰਤ ਬੇਅੰਤ ਧਰਨੀ ਕਹਿ ਕਹਿ ਸੀਸ ਨਿਵਾਈਆ ।

### ✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਹਰਿ ਗੋਬਿੰਦ ਪੁਰ ਸ਼ਹਿਰ ਵਿਰਸਾ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਦੇਵੇ ਦਰਸ, ਅੰਤਰ ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਬੂੰਦ ਸਵਾਂਤੀ ਕਵਲ ਨਾਭੀ ਟਪਕਾਈਆ । ਜਗਤ ਤ੍ਰਿਸ਼ਨਾ ਮੇਟੇ ਹਰਸ, ਹਉਮੇ ਹੰਗਤਾ ਗੜ੍ਹ ਤੁੜਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਸਚ ਕਮਾਈਆ । ਉਨ੍ਹਾਂ ਦਾ ਜੀਵਨ ਹੋਵੇ ਸਪਰਸ਼, ਜ਼ਿੰਦਗੀ ਲੇਖੇ ਪਾਈਆ । ਕਿਰਪਾ ਕਰੇ ਯੋਧਾ ਸੂਰਬੀਰ ਮਰਦਾਨਾ ਮਰਦ, ਹਰਿ ਕਰਤਾ ਧੁਰਦਰਗਾਹੀਆ । ਜੋ ਮਨਜ਼ੂਰ ਕਰਨ ਵਾਲਾ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਜਿਨ੍ਹਾਂ ਪ੍ਰਭ ਮਿਲਣ ਦੀ ਗ਼ਰਜ਼, ਤਨ ਮੰਦਰ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਦਰਸ਼ਨ ਦੇਵੇ ਸਤਿਗੁਰ ਦੀਨ ਦਿਆਲਾ, ਹਰਿ ਕਰਤਾ ਵਡ ਵਡਿਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜੀਵਨ ਜੁਗਤ ਦਏ ਸਮਝਾਈਆ । ਕਾਇਆ ਮੰਦਰ ਸਮਝਾ ਸੱਚੀ ਧਰਮਸਾਲਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਮਨ ਕਾ ਮਣਕਾ ਭੇਵ ਜਣਾਏ ਧੁਰ ਦੀ ਮਾਲਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਜਰ ਕਪਾਟੀ ਤੋੜ ਕੇ ਤਾਲਾ, ਤ੍ਰੈਗੁਣ ਅਤੀਤਾ ਤ੍ਰੈਗੁਣ ਦਾ ਲੇਖ ਮੁਕਾਈਆ । ਸਚ ਪ੍ਰੇਮ ਦਾ ਪਿਆਏ ਪਿਆਲਾ, ਨਾਮ ਨਿਧਾਨਾ ਮੁਖ ਚੁਆਈਆ । ਅਨਹਦ ਸ਼ਬਦ ਨਾਦ ਦੇ ਧੁਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਜੋਤੀ ਦੀਪਕ ਗ੍ਰਹਿ ਮੰਦਰ ਦੇਵੇ ਬਾਲਾ, ਬਿਨ ਤੇਲ ਬਾਤੀ ਡਗਮਗਾਈਆ । ਗੁਰਮੁਖ ਪਕੜ ਉਠਾਏ ਆਪਣੇ ਲਾਲਾ, ਲਾਲਨ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵਡਾ ਵਡ ਵਡਿਆਈਆ । ਸਤਿਗੁਰ ਦਰਸ ਅੰਮ੍ਰਿਤ ਰਸ, ਬਿਨ ਰਸਨਾ ਆਪ ਚਖਾਇੰਦਾ । ਮਨ ਕਲਪਣਾ ਹੋਵੇ ਵਸ, ਮਨੂਆ ਦਹਿ ਦਿਸ਼ ਨਾ ਉਠ ਉਠ ਧਾਇੰਦਾ । ਨਿਜ ਨੇਤਰ ਲੋਚਨ ਨੈਣ ਖੋਲੇ ਅੱਖ, ਅੰਧ ਅੰਧੇਰ ਮਿਟਾਇੰਦਾ । ਦਰਸ਼ਨ ਦੇਵੇ ਹੋ ਪ੍ਰਤਖ, ਸਾਖਿਆਤ

ਸਨਮੁਖ ਸੋਭਾ ਪਾਇੰਦਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬੋਲ ਅਲੱਖ, ਅਲਖ ਅਗੋਚਰ ਪਰਦਾ ਆਪ ਉਠਾਇੰਦਾ । ਘਰ ਸਵਾਮੀ ਠਾਕਰ ਜਾਏ ਵਸ, ਬਾਹਰ ਨਜ਼ਰ ਕੋਇ ਨਾ ਆਇੰਦਾ । ਝਗੜਾ ਮਿਟਾਏ ਮਨ ਮਤ, ਗੁਰਮਤ ਆਪ ਸਮਝਾਇੰਦਾ । ਪਰਦਾ ਲਾਹ ਕੇ ਤਤਵ ਤਤ, ਸਤਿ ਸਤਿਵਾਦੀ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰਸ ਆਪ ਕਰਾਇੰਦਾ । ਸਾਚਾ ਦਰਸ ਦੇਵੇ ਗੁਰ ਪੂਰਾ, ਪੂਰਨ ਬ੍ਰਹਮ ਦ੍ਰਿੜਾਇੰਦਾ । ਸ਼ਬਦ ਅਨਾਦ ਸੁਣਾ ਤੂਰਾ, ਤੁਰੀਆ ਤੋਂ ਬਾਹਰ ਭੇਵ ਖੁਲ੍ਹਾਇੰਦਾ । ਜੋਤ ਅਗੰਮੀ ਬਖ਼ਸ਼ ਕੇ ਨੂਰਾ, ਨੂਰ ਨੁਰਾਨਾ ਡਗਮਗਾਇੰਦਾ । ਪਰਦਾ ਲਾਹੇ ਜ਼ਾਹਰ ਜ਼ਹੂਰਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਜਿਸ ਨੇ ਨੂਰ ਚਮਕਾਇਆ ਮੂਸਾ ਉਤੇ ਕੋਹਤੂਰਾ, ਸੋ ਸਵਾਮੀ ਖੇਲ ਖਿਲਾਇੰਦਾ । ਉਹ ਦਰਸ਼ਨ ਦੇਵੇ ਜਨ ਭਗਤਾਂ ਆਪ ਜ਼ਰੂਰਾ, ਜ਼ਰੂਰਤ ਸਭ ਦੀ ਵੇਖ ਵਖਾਇੰਦਾ । ਕਿਰਪਾ ਕਰ ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਕੋਝੇ ਕਮਲੇ ਗਲ ਲਗਾਇੰਦਾ । ਜਿਨ੍ਹਾਂ ਬਖ਼ਸ਼ੇ ਚਰਨ ਧੂੜਾ, ਦੁਰਮਤ ਮੈਲ ਧਵਾਇੰਦਾ । ਸਾਚੇ ਨਾਮ ਦਾ ਬਖ਼ਸ਼ ਸਰੂਰਾ, ਸੁਰਤ ਸ਼ਬਦ ਮੇਲ ਮਿਲਾਇੰਦਾ । ਜੋ ਚਲ ਕੇ ਆਏ ਦੂਰਨ ਨੇਰਾ, ਨੇਰਨ ਨੇਰਾ ਹੋ ਕੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਅਖਵਾਇੰਦਾ । ਸਤਿਗੁਰ ਦਰਸ਼ਨ ਦੇਵੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਲੇਖੇ ਲਾਏ ਰਸਨਾ ਜਿਹਵਾ, ਕੀਤਾ ਜਾਪ, ਅਜਪਾ ਜਾਪ ਵਿਚ ਸਮਾਈਆ । ਗ੍ਰਿਹ ਅੰਦਰ ਵੜ ਕੇ ਖੋਲੇ ਤਾਕ, ਕੁੰਡੀ ਖਿੜਕੀ ਆਪ ਖੁਲਾਈਆ । ਸਤਿ ਸਚ ਮਾਰ ਅਵਾਜ਼, ਸੋਈ ਸੁਰਤ ਲਏ ਉਠਾਈਆ । ਕਾਇਆ ਕਾਅਬੇ ਖੋਲ ਕੇ ਰਾਜ਼, ਰਿਜ਼ਕ ਰਹੀਮ ਦਏ ਵਡਿਆਈਆ । ਜੋ ਵੇਖਣਹਾਰ ਜੁਗਾਦਿ ਆਦਿ, ਜੁਗ ਜੁਗ ਆਪਣਾ ਖੇਲ ਖਿਲਾਈਆ । ਓਹ ਸਤਿਗੁਰ ਸ਼ਬਦ ਸੁਹੇਲਾ ਸਦਾ ਸਾਥ, ਸਗਲਾ ਸੰਗ ਨਿਭਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਗਾਥ, ਸਿਫ਼ਤਾਂ ਵਾਲੇ ਢੋਲੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨਹਾਰ ਇਕ ਅਖਵਾਈਆ । ਸਤਿਗੁਰ ਦਰਸ ਆਤਮ ਅਨੰਦਾ, ਨਿਜਾਨੰਦ ਦਏ ਵਡਿਆਈਆ । ਕਰੇ ਪ੍ਰਕਾਸ਼ ਕੋਟਨ ਰਵ ਚੰਦਾ, ਸਸ ਰਵ ਨਾਲ ਵਡਿਆਈਆ । ਤੂੰ ਮੇਰਾ ਮੈਂ ਤੇਰਾ ਜਣਾਏ ਛੰਦਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਅੰਮ੍ਰਿਤ ਰਸ ਨਿਝਰ ਦੇਵੇ ਧਾਰ ਅਗੰਮੀ ਗੰਗਾ, ਜਿਸ ਦੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਰ ਕੋਇ ਨਾ ਪਾਈਆ । ਧੁਨ ਅਨਾਦੀ ਸ਼ਬਦ ਬ੍ਰਹਿਮਾਦੀ ਵਜਾਏ ਆਪ ਮਰਦੰਗਾ, ਤੰਦ ਸਿਤਾਰ ਨਾ ਕੋਇ ਹਿਲਾਈਆ । ਦਰਸ਼ਨ ਵਿਚ ਪ੍ਰਭੂ ਬਣੇ ਆਪ ਬਖ਼ਸ਼ੰਦਾ, ਬਖ਼ਸ਼ਣਹਾਰ ਆਪ ਅਖਵਾਈਆ । ਭਗਤ ਜਨਾਂ ਲੱਖ ਚੁਰਾਸੀ ਸਫ਼ਰ ਰਹੇ ਨਾ ਲੰਬਾ, ਜਮ ਕੀ ਫਾਸੀ ਗੇੜਾ ਦਏ ਚੁਕਾਈਆ । ਸਤਿਗੁਰ ਦਰਸ ਨਾਲ ਨਿਜ ਨੇਤਰ ਨੈਣ ਗੁਰਸਿਖ ਕਦੇ ਰਹੇ ਨਾ ਅੰਧਾ, ਅੰਧ ਆਤਮ ਡੇਰਾ ਢਾਹੀਆ । ਬੇਸ਼ਕ ਬਾਹਰੋਂ ਦਿਸੇ ਪੰਜਾਂ ਤਤਾਂ ਵਾਲਾ ਬੰਦਾ, ਅੰਤਰ ਨਿਰਮਲ ਨੂਰ ਜੋਤ ਰੁਸ਼ਨਾਈਆ । ਜੋ ਦੂਈ ਦਵੈਤ ਸ਼ਰਅ ਸ਼ਰੀਅਤ ਭਰਮ ਦੀ ਢਾਹੇ ਕੰਧਾ, ਹੰਗਤਾ ਹਉਮੇ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਮਾਲਕ ਅਗੰਮ ਅਥਾਹੀਆ । ਦਰਸ ਕਹੇ ਜਿਸ ਸਤਿਗੁਰ ਪੇਖੇ ਚਰਨ, ਚਰਨ ਕਵਲ ਸ਼ਰਨਾਈਆ । ਨਿਜ ਨੇਤਰ ਖੁਲ੍ਹੇ ਹਰਨ ਫਰਨ, ਲੋਇਣ ਵੱਜੇ ਵਧਾਈਆ । ਮੰਜ਼ਲ ਹਕੀਕੀ ਚੜ੍ਹਨ, ਦਰ ਸਾਚੇ ਸੋਭਾ ਪਾਈਆ ।

ਆਤਮ ਪਰਮਾਤਮ ਢੋਲਾ ਪੜ੍ਹਨ, ਨਿਰਅੱਖਰ ਧਾਰ ਦ੍ਰਿੜਾਈਆ । ਝਗੜਾ ਚੁਕੇ ਮਰਨ ਡਰਨ, ਚੁਰਾਸੀ ਰਹਿਣ ਕੋਇ ਨਾ ਪਾਈਆ । ਮਿਲੇ ਸਾਹਿਬ ਸਵਾਮੀ ਸਰਨ, ਸਰਨਗਤ ਇਕ ਰਖਾਈਆ । ਜੋ ਆਦਿ ਜੁਗਾਦਿ ਤਾਰਨ ਤਰਨ, ਤਾਰਨਹਾਰ ਬੇਪ੍ਰਵਾਹੀਆ । ਭਗਤ ਸੁਹੇਲੇ ਸ਼ਬਦੀ ਧਾਰ ਬੰਧਾਏ ਲੜਨ, ਪੱਲੂ ਇਕੋ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਆਵੇ ਕਰਨ, ਭਗਤ ਸੁਹੇਲੇ ਲੋਕਮਾਤ ਵਿਚੋਂ ਫੜਨ, ਫੜ ਫੜ ਬਾਹੋਂ ਪ੍ਰਭ ਆਪਣੇ ਰੰਗ ਰੰਗਾਈਆ ।

✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਤਾਰਾ ਚੱਕ ਜ਼ਿਲਾ ਗੁਰਦਾਸਪੁਰ ਮੋਹਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੀ ਡੰਡਾਵਤ ਬੰਦਨਾ, ਤੂੰ ਦਿਆਲ ਠਾਕਰ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੇ ਦਰ ਤੋਂ ਮੰਗਣਾ, ਸਚਖੰਡ ਦਵਾਰੇ ਝੋਲੀ ਡਾਹੀਆ । ਨਾਮ ਨਿਧਾਨਾ ਸ੍ਰੀ ਭਗਵਾਨਾ ਚਾੜ੍ਹ ਦੇ ਰੰਗਣਾ, ਦੁਰਮਤ ਮੈਲ ਰਹੇ ਨਾ ਰਾਈਆ । ਸਚ ਸਵਾਮੀ ਅੰਤਰਜਾਮੀ ਨਿਰੰਤਰ ਦੇ ਅਗੰਮ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੇਰੀ ਚਰਨ ਧੂੜੀ ਮਸਤਕ ਲਾਵਾਂ ਚੰਦਨਾ, ਟਿੱਕੇ ਧਰਮ ਖ਼ਾਕ ਰਮਾਈਆ । ਤੂੰ ਦੀਨ ਦਿਆਲ ਸਦ ਬਖ਼ਸ਼ੰਦਨਾ, ਰਹਿਮਤ ਰਹੀਮ ਦੇਣੀ ਵਰਤਾਈਆ । ਤੂੰ ਯੋਧਾ
੭੭੧ ੨੩ ਸੂਰਬੀਰ ਸਰਬੰਗਣਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕ ਅਖਵਾਈਆ । ਤੇਰਾ ਖੇਲ ਖੰਡ ਮੰਡਲ ਬ੍ਰਹਿਮੰਡਣਾ, ਵਰਭੰਡੀ ਧਿਆਨ ਲਗਾਈਆ । ੭੭੧ ੨੩
ਮੇਰਾ ਸੀਸ ਓਢਣ ਹੋਇਆ ਨੰਗਨਾ, ਮੇਰੀ ਤੇਰੇ ਅਗੇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਦੇ ਵਸਤ ਅਮੁੱਲ, ਨਾਮ ਭੰਡਾਰਾ ਇਕ ਵਰਤਾਈਆ । ਤੂੰ ਆਦਿ ਜੁਗਾਦੀ ਸਦਾ ਅਤੁਲ, ਕੁੱਲ ਮਾਲਕ ਤੇਰੀ ਸ਼ਰਨਾਈਆ । ਸਚ ਦਵਾਰ ਆਪਣਾ ਖੋਲ, ਖ਼ਾਲਕ ਖ਼ਲਕ ਦੇ ਵਡਿਆਈਆ । ਮੈਂ ਉਚੀ ਕੂਕ ਸੁਣਾਵਾਂ ਬੋਲ, ਦਰੋਹੀ ਤੇਰਾ ਨਾਮ ਦੁਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਪੂਰਾ ਕੋਈ ਨਾ ਤੋਲੇ ਤੋਲ, ਸਚ ਤਰਾਜੂ ਹੱਥ ਨਾ ਕੋਇ ਉਠਾਈਆ । ਮੇਰੇ ਉਤੇ ਦੀਨਾਂ ਮਜ਼੍ਹਬਾਂ ਮਚਾਇਆ ਘੋਲ, ਡੰਕਾ ਸ਼ਰਅ ਵਾਲਾ ਵਜਾਈਆ । ਤੂੰ ਸਵਾਮੀ ਅੰਤਰਜਾਮੀ ਆਪਣਾ ਵਾਅਦਾ ਪੂਰਾ ਕਰ ਦੇ ਕੌਲ, ਇਕਰਾਰਨਾਮੇ ਪਿਛਲੇ ਵੇਖ ਵਖਾਈਆ । ਆਹ ਤੱਕ ਬਿਨਾ ਜ਼ਬਾਨ ਮੁਹੰਮਦ ਦੀ ਆਸ਼ਾ ਰਹੀ ਬੋਲ, ਮਕਬਰਿਆਂ ਤੋਂ ਬਾਹਰ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਸਾਹਿਬ ਤੇਰੀ ਵਡਿਆਈਆ । ਧਰਨੀ ਕਹੇ ਮੈਂ ਕੀ ਮੰਗਣ ਯੋਗ, ਜੁਗਤੀ ਨਜ਼ਰ ਕੋਇ ਨਾ ਆਈਆ । ਕਲਜੁਗ ਨੇ ਆਯੂ ਬਥੇਰੀ ਲਈ ਭੋਗ, ਕੂੜੀ ਕਿਰਿਆ ਨਾਲ ਮਿਲਾਈਆ । ਮੈਨੂੰ ਧਰਮ ਨਾਲੋਂ ਦਿਤਾ ਵਿਜੋਗ, ਨਾਤਾ ਸਚ ਨਾਲੋਂ ਤੁੜਾਈਆ । ਮੈਨੂੰ ਅੱਠੇ ਪਹਿਰ ਚਿੰਤਾ ਸੋਗ, ਦਿਵਸ ਰੈਣ ਰਿਹਾ ਸਤਾਈਆ । ਕਵਣ ਵੇਲਾ ਮੇਰਾ ਸਵਾਮੀ ਕਟੇ ਰੋਗ, ਦੁੱਖ ਦਰਦ ਮਿਟਾਈਆ । ਆਪ ਆਪਣਾ ਦੇ ਕੇ ਦਰਸ ਅਮੋਘ, ਅਗਨੀ ਤਤ ਤਤ ਗਵਾਈਆ । ਆਤਮ ਪਰਮਾਤਮ ਕਰ ਸੰਜੋਗ, ਮੇਲਾ ਮੇਲੇ ਸਹਿਜ

ਸੁਭਾਈਆ । ਤੇਰੀ ਆਸ਼ਾ ਸਭ ਨੇ ਰਖੀ ਓਟ, ਓੜਕ ਤੇਰਾ ਧਿਆਨ ਲਗਾਈਆ । ਕਿਰਪਾ ਕਰ ਨਿਰਮਲ ਜੋਤ, ਜੋਤੀ ਜਾਤੇ ਹੋ ਸਹਾਈਆ । ਲਹਿਣਾ ਦੇਣਾ ਪੂਰਾ ਕਰ ਦੇ ਚੌਦਾਂ ਤਬਕ ਚੌਦਾਂ ਲੋਕ, ਸਦੀ ਚੌਧਵੀਂ ਅੰਤਮ ਵੇਖ ਵਖਾਈਆ । ਮੈਂ ਤੇਰਾ ਰਾਹ ਤੱਕਾਂ ਸ਼ਬੇ ਰੋਜ਼, ਬਿਨ ਨੈਣਾਂ ਨੈਣ ਉਠਾਈਆ । ਮੇਰੇ ਪ੍ਰੀਤਮ ਸਵਾਮੀ ਦੱਸ ਦੇ ਆਪਣਾ ਚੋਜ, ਚੋਜ਼ੀ ਹੋ ਕੇ ਖੇਲ ਖਿਲਾਈਆ । ਕਲਜੁਗ ਕੂੜ ਕੁਕਰਮ ਮਿਟਾ ਦੇ ਔਧ, ਅਗੇ ਆਯੂ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੈਂ ਆਸ ਰਖੀ ਇਕ, ਏਕੰਕਾਰ ਦਿਆਂ ਜਣਾਈਆ । ਤੇਰੇ ਪਿਆਰ ਵਿਚ ਗਈ ਵਿਕ, ਕੀਮਤ ਜਗਤ ਨਾ ਕੋਇ ਰਖਾਈਆ । ਤੇਰੇ ਚਰਨਾਂ ਗਈ ਟਿਕ, ਦੂਸਰ ਗ੍ਰਹਿ ਨਾ ਕੋਇ ਵਖਾਈਆ । ਸਚ ਸਵਾਮੀ ਅੰਤਰਜਾਮੀ ਬਿਨਾ ਕਲਮ ਸਿਆਹੀ ਤੋਂ ਮੇਰਾ ਲੇਖਾ ਲਿਖ, ਨਿਰਅੱਖਰ ਧਾਰ ਦੇ ਪ੍ਰਗਟਾਈਆ । ਝਗੜਾ ਮੁਕਾ ਦੇ ਪੱਥਰ ਇੱਟ, ਪਾਹਨ ਪੂਜਣ ਕੋਇ ਨਾ ਜਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਪਿਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਮੇਰੇ ਉਤੋਂ ਮਨ ਠਗੌਰੀ ਮੇਟ ਦੇ ਚਿਤ, ਚੇਤਨ ਸੁਰਤੀ ਸਭ ਦੀ ਦੇ ਕਰਾਈਆ । ਦੀਨ ਦੁਨੀ ਤੇਰਾ ਕਰੇ ਹਿਤ, ਹਿਤਕਾਰੀ ਹੋ ਕੇ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪਰਮਾਤਮ ਪਿਤ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਅੰਦਰ ਜੋਤੀ ਜਾਤਾ ਹੋ ਕੇ ਦਿਸ, ਦਹਿ ਦਿਸ਼ਾ ਇਕੋ ਨੂਰ ਜੋਤ ਕਰ ਰੁਸ਼ਨਾਈਆ ।



੭੭੨
੨੩

✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੰਜ ਗਰਾਈਂ ਜ਼ਿਲਾ ਗੁਰਦਾਸਪੁਰ ਕੈਪਟਨ ਬੰਤਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਭਗਤ ਤੇਰੇ ਮੇਰੇ ਮੀਤ, ਸੱਜਣ ਸਾਚੇ ਨਜ਼ਰੀ ਆਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਗਾਇਆ ਗੀਤ, ਅੰਤਰ ਆਤਮ ਖ਼ੁਸ਼ੀ ਬਣਾਈਆ । ਭਗਤ ਭਗਵਾਨ ਚਲਾਈ ਰੀਤ, ਸਾਚਾ ਮਾਰਗ ਇਕ ਪ੍ਰਗਟਾਈਆ । ਮੇਰੀ ਅਗਨੀ ਕੀਤੀ ਠਾਂਡੀ ਸੀਤ, ਤਤਵ ਤਤ ਨਾ ਕੋਇ ਤਪਾਈਆ । ਏਕੰਕਾਰ ਤੇਰੀ ਇਕੋ ਕਰਨ ਪ੍ਰੀਤ, ਪ੍ਰੀਤਮ ਮਾਹੀ ਤੇਰੀ ਆਸ ਰਖਾਈਆ । ਤੂੰ ਸਦਾ ਵਸਣਾ ਚੀਤ, ਚਿਤ ਠਗੌਰੀ ਮਨ ਕਾਇਆ ਨਾ ਪਾਈਆ । ਇਕੋ ਰੰਗ ਦਿਸਣ ਹਸਤ ਕੀਟ, ਊਚਾਂ ਨੀਚਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤ ਪ੍ਰੇਮੀ ਪਿਆਰੇ, ਪ੍ਰੇਮ ਤੇਰੇ ਵਿਚ ਸਮਾਈਆ । ਨਾਤਾ ਤੋੜ ਕੂੜ ਸੰਸਾਰੇ, ਨਾਤਾ ਤੇਰੇ ਨਾਲ ਰਖਾਈਆ । ਤੂੰ ਮੇਰਾ ਮੈਂ ਤੇਰਾ ਲਾਉਣ ਜੈਕਾਰੇ, ਮੈਂ ਉਨ੍ਹਾਂ ਤੋਂ ਜਾਵਾਂ ਬਲਿਹਾਰੇ, ਬਲਿਹਾਰੀ ਕਹਿ ਕੇ ਖ਼ੁਸ਼ੀ ਬਣਾਈਆ । ਜੋ ਤੇਰੇ ਬਰਖ਼ੁਰਦਾਰੇ, ਅਜ਼ੀਜ਼ ਤੇਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡ ਵਡਿਆਈਆ । ਧਰਨੀ ਕਹੇ ਤੇਰੇ ਭਗਤਾਂ ਮੇਰਾ ਸੱਚਾ ਸੰਗ, ਸਾਥੀ ਧਰਮ ਧਾਰ ਬਣਾਈਆ । ਜਿਨ੍ਹਾਂ ਦੀ ਚੋਲੀ ਚੜ੍ਹਿਆ ਰੰਗ, ਰੰਗਤ ਨਾਮ ਵਾਲੀ ਦਰਸਾਈਆ । ਅੰਦਰ ਵੱਜੇ ਨਾਮ ਮਰਦੰਗ, ਨਾਦ ਅਨਾਦੀ ਧੁਨ ਸ਼ਨਵਾਈਆ । ਅੰਮ੍ਰਿਤ ਧਾਰਾ

ਵਹੇ ਗੰਗ, ਸਰ ਸਰੋਵਰ ਆਪ ਭਰਾਈਆ । ਦੂਈ ਦਵੈਤੀ ਢੱਠੀ ਕੰਧ, ਭਾਂਡਾ ਭਰਮ ਭਓ ਭੰਨਾਈਆ । ਕਰ ਪ੍ਰਕਾਸ਼ ਅਗੰਮੀ ਚੰਦ, ਚੰਦ ਸਿਤਾਰ ਨਾ ਕੋਇ ਵਡਿਆਈਆ । ਮੈਂ ਉਨ੍ਹਾਂ ਦੇ ਅੰਦਰ ਤੱਕਿਆ ਅਨੰਦ, ਜੋ ਅਨੰਦ ਤੇਰੇ ਵਿਚ ਸਮਾਈਆ । ਮੈਂ ਖ਼ੁਸ਼ੀ ਵਿਚ ਗਾਇਆ ਛੰਦ, ਢੋਲਾ ਅਗੰਮ ਅਥਾਹੀਆ । ਤੂੰ ਦੀਨ ਦਿਆਲ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਦੇਣੀ ਕਰਾਈਆ । ਮੇਰੀ ਇਕ ਹੋਰ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਕੱਟ ਭੁੱਖ ਨੰਗ, ਸਚ ਭੰਡਾਰਾ ਦੇ ਵਰਤਾਈਆ । ਤੰਗ ਦਸਤ ਨਾ ਹੋਵਣ ਤੰਗ, ਸਿਰ ਆਪਣਾ ਹੱਥ ਰਖਾਈਆ । ਜਿਹੜੇ ਜਗਤ ਜਹਾਨ ਦੀ ਮੰਜ਼ਲ ਗਏ ਲੰਘ, ਕਦਮ ਕਦਮ ਨਾਲ ਬਦਲਾਈਆ । ਆਤਮ ਸੇਜ ਸੁਹਾ ਪਲੰਘ, ਸੁਖ ਆਸਣ ਡੇਰਾ ਲਾਈਆ । ਤੂੰ ਸਦਾ ਸਦਾ ਸਦ ਬਖ਼ਸ਼ੰਦ, ਬਖ਼ਸ਼ਣਹਾਰ ਬੇਪ੍ਰਵਾਹੀਆ । ਧਰਨੀ ਕਹੇ ਜਨ ਭਗਤਾਂ ਮੇਰੀ ਕਦੇ ਨਾ ਹੋਵੇ ਕੰਡ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਸਚ ਭੰਡਾਰ ਏਕੰਕਾਰ ਨਿਰਗੁਣ ਧਾਰ ਹੋ ਕੇ ਵੰਡ, ਅਮੁਲ ਅਤੁਲ ਵਸਤ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ੁਸ਼ੀ ਕਰਾ ਬੰਦ ਬੰਦ, ਬੰਦਗੀ ਇਕੋ ਨਾਮ ਦ੍ਰਿੜਾਈਆ ।

## ✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਫੈਜਪੁਰ ਜ਼ਿਲਾ ਗੁਰਦਾਸ ਪੁਰ ਸੁਰਜੀਤ ਸਿੰਘ ਦੇ ਗ੍ਰਹਿ ✪

੭੭੩ ੨੩ ਧਰਨੀ ਕਹੇ ਮੈਂ ਜੁਗ ਚੌਕੜੀ ਭੌਂਦੀ, ਸਮੁੰਦ ਸਾਗਰਾਂ ਨਾਲ ਮਿਲਾਈਆ । ਸਦ ਤੇਰਾ ਢੋਲਾ ਗਾਉਂਦੀ, ਗਾ ਗਾ ਸ਼ੁਕਰ ਮਨਾਈਆ । ੭੭੩ ੨੩
ਅਵਤਾਰ ਪੈਗੰਬਰਾਂ ਗੁਰੂਆਂ ਖੇਲ ਖਿਲਾਉਂਦੀ, ਖ਼ਾਲਕ ਖ਼ਲਕ ਤੇਰੀ ਸਾਰੇ ਵੇਖ ਵਖਾਈਆ । ਚਾਰੋਂ ਕੁੰਟ ਵੇਖ ਵਖਾਉਂਦੀ, ਬਿਨ ਅੱਖਾਂ ਅੱਖ ਉਠਾਈਆ । ਜੋਤ ਸ਼ਬਦ ਧਾਰ ਮੈਨੂੰ ਤੇਰੇ ਢੋਲੇ ਰਹੀ ਸੁਣਾਉਂਦੀ, ਨਾਮ ਕਲਮਿਆਂ ਵਿਚ ਜਣਾਈਆ । ਮੈਂ ਸਭ ਦਾ ਸ਼ੁਕਰ ਮਨਾਉਂਦੀ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਹਿਬ ਬੇਪ੍ਰਵਾਹੀਆ । ਧਰਨੀ ਕਹੇ ਮੈਂ ਜੁਗ ਚੌਕੜੀ ਭੱਜੀ, ਦਿਵਸ ਰੈਣ ਵਾਹੋ ਦਾਹੀਆ । ਮੈਂ ਘੁੰਮ ਘੁੰਮਾ ਕੇ ਰੱਜੀ, ਆਸ਼ਾ ਅਵਰ ਨਾ ਕੋਇ ਰਖਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮੇਰੇ ਉਤੇ ਹੰਢਾ ਕੇ ਗਏ ਗੱਦੀ, ਅਵਤਾਰ ਪੈਗੰਬਰ ਗੁਰੂ ਖੇਲ ਖਿਲਾਈਆ । ਆਪਣੀ ਆਸ਼ਾ ਦੀ ਦੱਸ ਕੇ ਗਏ ਸਦੀ, ਸਦੀਵ ਕਾਲ ਖੋਜ ਖੁਜਾਈਆ । ਮੈਂ ਵੀ ਤੇਰੇ ਪਿਆਰ ਵਿਚ ਰਹੀ ਬੱਝੀ, ਨਾਤਾ ਸਤਿ ਵਾਲਾ ਜੁੜਾਈਆ । ਮੈਂ ਰਾਹ ਤੱਕਦੀ ਰਹੀ ਤੇਰਾ ਖੇਲ ਹੁੰਦਾ ਕਦੀ ਕਦੀ, ਕਦੀਮ ਦੇ ਮਾਲਕ ਤੇਰੀ ਵਡ ਵਡਿਆਈਆ । ਹੁਣ ਜ਼ਾਹਰ ਜ਼ਹੂਰ ਨੂਰ ਨੁਰਾਨਾ ਤੇਰੀ ਜੋਤ ਜਗੀ, ਜਗਤ ਦੇ ਮਾਲਕ ਦਇਆ ਕਮਾਈਆ । ਮੇਰੇ ਉਤੋਂ ਬੁਝਾ ਦੇ ਅਗਨ ਲੱਗੀ, ਆਗੂ ਹੋ ਕੇ ਦਇਆ ਕਮਾਈਆ । ਮੈਂ ਬਹੁਤੀ ਨਹੀਂ ਬਣਦੀ ਲਬੀ, ਲਬਾਂ ਕੱਟਣ ਵਾਲਿਆਂ ਕਰ ਸਫ਼ਾਈਆ । ਸਾਚਾ ਮੇਲਾ ਜਨ ਭਗਤਾਂ ਕਰ ਉਪਰ ਸ਼ਾਹ ਰਗੀ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਕੂੜ ਕਿਰਿਆ ਮੇਟ ਦੇ ਹਦੀ, ਹਦੂਦ ਆਪਣੀ ਦੇ ਸਮਝਾਈਆ । ਜਿਥੇ ਇਕੋ ਸ਼ਬਦ ਵੱਜੇ ਨੱਦੀ, ਸਤਿਗੁਰ ਸ਼ਬਦ ਦਏ ਸ਼ਨਵਾਈਆ । ਸਾਰ ਸ਼ਬਦ ਤੇਰੀ ਧਾਰ ਦਿਸੇ ਨਾ ਲਭੀ, ਅਗੰਮ ਤੇਰੀ

ਬੇਪ੍ਰਵਾਹੀਆ । ਅੰਤ ਖ਼ਾਲੀ ਝੋਲੀ ਬੈਠੀ ਅੱਡੀ, ਗਲ ਪੱਲੂ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਮੈਂ ਆਸ਼ਾ ਰਖੀ ਹੋਰ, ਅਵਰ ਨਾ ਕੋਇ ਜਣਾਈਆ । ਤੂੰ ਸਵਾਮੀ ਮੋਰ, ਮੀਤ ਮੁਰਾਰਾ ਇਕ ਅਖਵਾਈਆ । ਮੇਰੇ ਉਤੋਂ ਮੇਟ ਅੰਧ ਘੋਰ, ਸਤਿ ਸਚ ਕਰ ਰੁਸ਼ਨਾਈਆ । ਝਗੜਾ ਰਹੇ ਨਾ ਕਲਜੁਗ ਚੋਰ, ਕੂੜ ਕੁੜਿਆਰਾ ਪੰਧ ਮੁਕਾਈਆ । ਸਭ ਦੀ ਆਪਣੇ ਹੱਥ ਫੜ ਡੋਰ, ਡੋਰੀ ਸ਼ਬਦੀ ਤੰਦ ਬੰਧਾਈਆ । ਦੀਨ ਮਜ਼੍ਹਬ ਮਿਟਾ ਦੇ ਖੋਰ, ਖ਼ੈਰ ਧੁਰ ਦੀ ਝੋਲੀ ਪਾਈਆ । ਤੂੰ ਮਾਲਕ ਨਹੀਂ ਕਮਜ਼ੋਰ, ਤਾਕਤਵਰ ਇਕ ਅਖਵਾਈਆ । ਐਸ ਵੇਲੇ ਪ੍ਰਭੂ ਤੇਰੀ ਲੋੜ, ਲੁੜੀਂਦੇ ਸੱਜਣ ਹੋ ਸਹਾਈਆ । ਜਨ ਭਗਤ ਵਿਛੜੇ ਜੋੜ, ਮੇਲਾ ਮੇਲਣਾ ਥਾਉਂ ਥਾਈਂਆ । ਧਰਨੀ ਕਹੇ ਮੇਰਾ ਰਸ ਮਿੱਠਾ ਹੋਇਆ ਕੌੜ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਮੈਂ ਤੇਰੇ ਦਰ ਤੇ ਆਈ ਦੌੜ, ਭੱਜੀ ਵਾਹੋ ਦਾਹੀਆ । ਤੂੰ ਸਵਾਮੀ ਮਾਲਕ ਏਕਾ ਗੌੜ, ਬ੍ਰਾਹਮਣ ਇਕ ਅਖਵਾਈਆ । ਸਚ ਦਵਾਰ ਦਾ ਲਾ ਦੇ ਅਗੰਮਾ ਪੌੜ, ਪੌੜੀ ਡੰਡੇ ਪੰਧ ਮੁਕਾਈਆ । ਜਨ ਭਗਤਾਂ ਮਾਨਸ ਜਨਮ ਜਾਵਣ ਸੌਰ, ਸਾਂਵਰੀਆ ਆਪ ਹੋਣਾ ਸਹਾਈਆ । ਨਿਗਾਹ ਮਾਰ ਦੇ ਨਾਲ ਗ਼ੌਰ, ਗਹਿਰ ਗੰਭੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਮੀਠਾ ਕਰਦੇ ਫਲ ਕੌੜ, ਕੁੜੱਤਨ ਕੂੜੀ ਕਿਰਿਆ ਬਾਹਰ ਕਢਾਈਆ ।

੭੭੪
੨੩

੭੭੪
੨੩

### ✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ ਦਰਸ਼ਨ ਸਿੰਘ ਦੇ ਗ੍ਰਹਿ ✪

ਸਾਰ ਸ਼ਬਦ ਕਹੇ ਮੈਂ ਸਦਾ ਵਸਾਂ ਓਹਲੇ, ਧਾਮ ਅਗੰਮੜੇ ਆਸਣ ਲਾਈਆ । ਮੇਰੇ ਹੁਕਮ ਦੀ ਧਾਰ ਆਉਂਦੀ ਰਹੇ ਵਿਚ ਕਾਇਆ ਚੋਲੇ, ਤਨ ਵਜੂਦ ਮਾਤ ਸੁਹਾਈਆ । ਮੇਰੀ ਸਿਫ਼ਤ ਦੇ ਗਾਏ ਢੋਲੇ, ਅਵਤਾਰ ਪੈਗ਼ੰਬਰ ਗੁਰੂ ਨਾਉਂ ਪ੍ਰਗਟਾਈਆ । ਸਦਾ ਖੇਲ ਕਰਾਂ ਹੌਲੇ ਹੌਲੇ, ਆਪਣੀ ਕਾਰ ਭੁਗਤਾਈਆ । ਜੁਗ ਚੌਕੜੀ ਪਵਾ ਦੇਵਾਂ ਰੌਲੇ, ਕਿਸੇ ਦੀ ਚਲੇ ਨਾ ਕੋਇ ਚਤੁਰਾਈਆ । ਜਿਨ੍ਹਾਂ ਦੀਨ ਮਜ਼੍ਹਬ ਵਿਚ ਫਰਕਾਏ ਡੌਲੇ, ਅੰਤ ਉਨ੍ਹਾਂ ਦੀ ਕਰਾਂ ਸਫ਼ਾਈਆ । ਮੇਰਾ ਦਰ ਕਦੀ ਨਾ ਖੋਲੇ, ਮੈਂ ਸਭ ਦੇ ਦਵਾਰੇ ਆਪ ਖੁਲਾਈਆ । ਮੇਰਾ ਤੋਲ ਕੋਈ ਨਾ ਤੋਲੇ, ਮੈਂ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਕੰਡੇ ਦਿਆਂ ਤੁਲਾਈਆ । ਆਪਣੀ ਮਹਿੰਮਾ ਦੇ ਬਣਾ ਵਿਚੋਲੇ, ਸਿਫ਼ਤਾਂ ਵਾਲੇ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮੇਰਾ ਭਾਵ ਆਪਣਾ ਭੇਵ ਜਣਾਈਆ । ਸਾਰ ਸ਼ਬਦ ਕਹੇ ਮੈਂ ਕਦੀ ਬੰਦ ਨਹੀਂ ਹੋਇਆ ਵਿਚ ਪੰਜ ਤਤ, ਵਜੂਦ ਵਜੂਦ ਨਾ ਕੋਇ ਜਣਾਈਆ । ਮੈਂ ਧੁਰ ਸੰਦੇਸੇ ਦੀ ਦੇਵਣਹਾਰਾ ਮਤ, ਨਾਮ ਅਗੰਮੀ ਕਰ ਪੜ੍ਹਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਸੰਦੇਸਾ ਦਿਤਾ ਦੱਸ, ਵਾਰੋ ਵਾਰ ਸਮਝਾਈਆ । ਉਹ ਮੇਰੇ ਪਿਆਰ ਦਾ ਮਾਣਦੇ ਗਏ ਰਸ, ਸੁਖ ਸਾਗਰ ਵਿਚ ਸਮਾਈਆ । ਮੈਂ ਵਿਕਿਆ ਨਹੀਂ ਕਿਸੇ ਹੱਟ, ਵਣਜਾਰਾ ਖ਼ਰੀਦਣ ਕੋਇ ਨਾ ਪਾਈਆ । ਮੈਂ ਨਿਰਗੁਣ ਧਾਰ ਅਗੰਮ ਸਮਰਥ, ਜੋ ਸਮਰਥ ਖੇਲ ਖਿਲਾਈਆ । ਜਿਸ ਨੂੰ ਭੇਜਿਆ ਤਿਸ ਮੇਰੀ ਮਹਿੰਮਾ ਕਹੀ ਅਕਥ, ਰਾਗਾਂ ਨਾਦਾਂ ਵਿਚ ਕਰ ਸ਼ਨਵਾਈਆ । ਕੋਟਨ ਕੋਟ ਜੁਗ ਚੌਕੜੀ ਗਏ ਨੱਠ, ਹੁਕਮਾਂ ਅੰਦਰ

ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਰੂਪ ਸਮਾਈਆ । ਸਾਰ ਸ਼ਬਦ ਕਹੇ ਮੈਨੂੰ ਕਹਿ ਸਕੇ ਨਾ ਕਥਨ, ਕਹਾਵਤ ਵਿਚ ਨਾ ਕੋਇ ਜਣਾਈਆ । ਮੈਂ ਸਭ ਦੇ ਚਲਾਵਾਂ ਰਥਨ, ਹੁਕਮੇ ਅੰਦਰ ਅਗਲਾ ਹੁਕਮ ਬਣਾਈਆ । ਮੇਰਾ ਖੇਲ ਸਦਾ ਸਮਰਥਣ, ਸਮਰਥ ਆਪ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਸੰਤ ਭਗਤ ਮੇਰੇ ਪਿਆਰ ਦੇ ਗੀਤ ਕਥਣ, ਸੰਦੇਸਿਆਂ ਵਿਚ ਦ੍ਰਿੜਾਈਆ । ਮੇਰੀ ਮੰਜ਼ਲ ਮੂਲ ਨਾ ਟੱਪਣ, ਟਾਪੂਆਂ ਵਿਚ ਬੈਠੇ ਅੱਖ ਉਠਾਈਆ । ਮੇਰਾ ਖੇਲ ਅਲਖ ਅਲਖਣ, ਲੇਖਾ ਲਿਖ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਘਾਟ ਸਮਝਾਏ ਕੋਇ ਨਾ ਪਤਣ, ਪਾਤਰ ਪਤ੍ਰਕਾ ਵਿਚ ਨਾ ਕੋਇ ਸਮਝਾਈਆ ।

## ✪ ੧੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਸ਼ਹਿਰ ਲੁਧਿਆਣਾ ਨਿਰੰਜਣ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਸੁਣ ਬੇਨੰਤੀ, ਅਰਜ਼ ਆਰਜ਼ੂ ਦਿਆਂ ਸੁਣਾਈਆ । ਮੈਂ ਦਰਵੇਸ਼ਣ ਦਰ ਤੇ ਮੰਗਤੀ, ਖ਼ਾਲੀ ਝੋਲੀ ਅਗੇ ਡਾਹੀਆ । ਪਿਆਰ ਬਖ਼ਸ਼ ਦੇ ਧਰਮ ਧਾਰ ਦੀ ਸੰਗਤੀ, ਆਤਮ ਪਰਮਾਤਮ ਸੰਗ ਬਣਾਈਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਇਕ ਜਣਾਈਆ । ਸ੍ਰਿਸ਼ਟੀ ਧਾਰ ਬਣਾ ਦੇ ਸਾਚੇ ਸੰਤ ਦੀ, ਸਾਹਿਬ ਸਤਿਗੁਰ ਤੇਰੀ ਸ਼ਰਨਾਈਆ । ਮੁਹੱਬਤ ਦੱਸ ਅਗੰਮੀ ਕੰਤ ਦੀ, ਕੰਤ ਕੰਤੂਹਲ ਤੇਰੀ ਵਡਿਆਈਆ । ਰੁਤ ਸੁਹੰਜਣੀ ਕਰ ਬਸੰਤ ਦੀ, ਚਾਰੇ ਖਾਣੀ ਆਪ ਮਹਿਕਾਈਆ । ਕਲਜੁਗ ਖੇਲ ਤੱਕ ਲੈ ਅੰਤ ਦੀ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਵਡਿਆਈ ਰਹੀ ਨਾ ਕਿਸੇ ਪੰਡਤ ਦੀ, ਪੁਸਤਕਾਂ ਚਲੇ ਨਾ ਕੋਇ ਚਤੁਰਾਈਆ । ਆਸ਼ਾ ਤੱਕ ਲੈ ਸ਼ਹਿਨਸ਼ਾਹੀ ਨੌ ਸੰਮਤ ਦੀ, ਸਮਾਂ ਸਮੇਂ ਵਿਚੋਂ ਜਣਾਈਆ । ਕੀ ਖੇਲ ਹੋਣੀ ਉਮਤ ਦੀ, ਨਬੀ ਰਸੂਲਾਂ ਦੇ ਦ੍ਰਿੜਾਈਆ । ਕਿਸ ਬਿਧ ਖੇਲ ਮੁਕਣੀ ਸੁੰਨਤ ਦੀ, ਸਤਿ ਸਤਿ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਦਰ ਦੀ ਦਰਵੇਸ਼, ਭਿਖਾਰਨ ਨਜ਼ਰੀ ਆਈਆ । ਤੂੰ ਸਵਾਮੀ ਮਾਲਕ ਇਕ ਨਰੇਸ਼, ਨਰ ਨਰਾਇਣ ਤੇਰੀ ਵਡਿਆਈਆ । ਤੂੰ ਸਦਾ ਰਹੇਂ ਹਮੇਸ਼, ਜੁਗ ਚੌਕੜੀ ਖੇਲ ਖਿਲਾਈਆ । ਮੇਰੀ ਤੇਰੇ ਚਰਨ ਕਵਲਾਂ ਵਿਚ ਆਦੇਸ, ਨਿਵ ਨਿਵ ਲਾਗਾ ਪਾਈਆ । ਤੇਰਾ ਖੇਲ ਅਗੰਮੇ ਦੇਸ, ਸਚਖੰਡ ਸਾਚੇ ਵੱਜੇ ਵਧਾਈਆ । ਮੇਰੀ ਬੇਨੰਤੀ ਸੁਣ ਲੈ ਏਕ, ਏਕੰਕਾਰ ਦਿਆਂ ਦ੍ਰਿੜਾਈਆ । ਮਿਹਰਵਾਨਾ ਮਹਿਬੂਬਾ ਮੈਂ ਤੇਰੀ ਰਖੀ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਮੈਨੂੰ ਤ੍ਰੈਗੁਣ ਅਗਨ ਸਾੜੀ ਜਾਏ ਸੇਕ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੇ ਕੋਲ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲਾ ਲੇਖ, ਜੋ ਭਵਿਖਤਾਂ ਵਿਚ ਗਏ ਸਮਝਾਈਆ । ਮੈਂ ਉਸ ਦਾ ਰਾਹ ਤੱਕਾਂ ਹਮੇਸ਼, ਹਮ ਸਾਜਣ ਵੇਖ ਵਖਾਈਆ । ਜਿਸ ਮੇਰੇ ਉਤੋਂ ਮੇਟਣਾ ਕਲ ਕਲੇਸ਼, ਕਲ ਕਲਕੀ ਫੇਰਾ ਪਾਈਆ । ਉਸ ਸੁਹੰਜਣਾ ਕਰਨਾ ਸੰਬਲ ਦੇਸ, ਦੇਸ ਦੇਸਾਂਤਰਾਂ ਵੇਖ ਵਖਾਈਆ । ਕੂੜੀ ਕਿਰਿਆ ਕਰਨੀ ਖੇਤ, ਰਣਭੂਮੀ ਖਾਕ ਉਡਾਈਆ । ਧਰਨੀ ਕਹੇ ਮੇਰੇ ਉਤੇ ਸੁਹੰਜਣਾ ਮਹੀਨਾ ਚੜ੍ਹਿਆ ਚੇਤ, ਮੈਂ ਚਾਤ੍ਰਕ ਵਾਂਗ ਬਿਲਲਾਈਆ । ਮੇਰੇ ਸਵਾਮੀ ਕਿਰਪਾ

ਕਰ ਦੇ ਨੇਤਨ ਨੇਤ, ਨੇਰਨ ਨੇਰ ਤੇਰੀ ਵਡਿਆਈਆ । ਮੈਂ ਨਿਮਾਣੀ ਤੇਰੇ ਚਰਨਾਂ ਵਿਚ ਰਹੀ ਲੇਟ, ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਵਾਸਤਾ ਪਾਵਾਂ, ਮਿਹਰਵਾਨ ਤੇਰੀ ਸ਼ਰਨਾਈਆ । ਨਿਤ ਢੋਲੇ ਤੇਰੇ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਨਿਰਗੁਣ ਸਵਾਮੀ ਤੇਰਾ ਰਾਹ ਤਕਾਵਾਂ, ਚਾਰੇ ਕੁੰਟਾਂ ਵੇਖ ਵਖਾਈਆ । ਉਚੀ ਕੂਕ ਕੂਕ ਸੁਣਾਵਾਂ, ਦਰੋਹੀ ਦਰੋਹੀ ਤੇਰਾ ਨਾਮ ਦੁਹਾਈਆ । ਆਪਣੀਆਂ ਭੁੱਜਾਂ ਬਾਹਵਾਂ ਉਠਾਵਾਂ, ਨੇਤਰਾਂ ਨਾਲ ਲਵਾਂ ਅੰਗੜਾਈਆ । ਤੈਨੂੰ ਬ੍ਰਹਿਮੰਡਾਂ ਖੰਡਾਂ ਦੇ ਵੇਖਾਂ ਵਿਚ ਗਰਾਵਾਂ, ਪੁਰੀਆਂ ਲੋਆਂ ਦੀਆਂ ਗਲੀਆਂ ਰਾਹ ਤਕਾਈਆ । ਮੈਂ ਫਿਰਦੀ ਰਵ੍ਹਾਂ ਨਾਲ ਚਾਵਾਂ, ਚਾਓ ਘਨੇਰਾ ਇਕ ਜਣਾਈਆ । ਅੰਤਰ ਨਿਰੰਤਰ ਤੈਨੂੰ ਰਾਵਾਂ, ਜੋ ਰਵਿਆ ਹਰ ਘਟ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੀ ਆਦਿ ਜੁਗਾਦਿ ਮੰਗਣ ਦੀ ਆਦਤ, ਭੁੱਖੀ ਨੰਗੀ ਝੋਲੀ ਡਾਹੀਆ । ਸਦੀ ਚੌਧਵੀਂ ਤੱਕ ਲੈ ਹਾਲਤ, ਬਿਨ ਅੱਖਾਂ ਅੱਖ ਉਠਾਈਆ । ਚਾਰੋਂ ਕੁੰਟ ਹੋਈ ਜਹਾਲਤ, ਸਚ ਵਿਚ ਨਾ ਕੋਇ ਸਮਾਈਆ । ਨਾਮ ਕਲਮਾ ਕਰੇ ਕਵਣ ਵਕਾਲਤ, ਵੁਕਲਾ ਨਜ਼ਰ ਕੋਇ ਨਾ ਆਈਆ । ਤੇਰੀ ਇਕੋ ਹਕ ਅਦਾਲਤ, ਹਕੀਕਤ ਦੇ ਮਾਲਕ ਮੰਗ ਮੰਗਾਈਆ । ਮੇਰੀ ਦੇਵੇ ਨਾ ਕੋਇ ਜ਼ਮਾਨਤ, ਜ਼ਾਮਨੀ ਸਕੇ ਨਾ ਕੋਇ ਕਰਾਈਆ । ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਇਕੋ ਪ੍ਰੇਮ ਦੀ ਕਰ ਸਖ਼ਾਵਤ, ਵਸਤ ਅਗੰਮ ਅਥਾਹ ਵਰਤਾਈਆ । ਸਾਚੀ ਦਾਤ ਦੇ ਨਿਆਮਤ, ਅਮੋਲਕ ਆਪ ਵਰਤਾਈਆ । ਮੈਨੂੰ ਇਉਂ ਜਾਪਦਾ ਮੇਰੇ ਉਤੇ ਆਉਣ ਵਾਲੀ ਕਿਆਮਤ, ਕਿਆਮਗਾਹ ਰਹਿਣ ਕੋਇ ਨਾ ਪਾਈਆ । ਤੁਧ ਬਿਨ ਦਿਸੇ ਨਾ ਕੋਈ ਸਹੀ ਸਲਾਮਤ, ਸਤਿ ਵਿਚ ਨਾ ਕੋਇ ਸਮਾਈਆ । ਕਲਜੁਗ ਚਾਰੋਂ ਕੁੰਟ ਪਾਈ ਅਦਾਵਤ, ਝਗੜਾ ਕਰੇ ਕੂੜ ਲੋਕਾਈਆ । ਜਿਧਰ ਤੱਕਾਂ ਓਧਰ ਮਨੂਆ ਕਰੇ ਅਦਾਵਤ, ਦਵੈਤੀ ਪੰਧ ਨਾ ਕੋਇ ਮੁਕਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਪਰਵਰਦਿਗਾਰ ਸਹੀ ਸਲਾਮਤ, ਸੁਲਹਕੁਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਜਗਤ ਭੁੱਖੀ ਪਿਆਸੀ, ਮੇਰੀ ਤ੍ਰਿਪਤ ਨਾ ਕੋਇ ਕਰਾਈਆ । ਜੁਗ ਚੌਕੜੀ ਰਖੀ ਆਸੀ, ਆਸਾ ਤੇਰੇ ਵਿਚ ਟਿਕਾਈਆ । ਨੈਣ ਉਠਾਉਂਦੀ ਰਹੀ ਵੱਲ ਆਕਾਸ਼ੀ, ਅਕਾਸ਼ ਅਕਾਸ਼ਾਂ ਖੋਜ ਖੁਜਾਈਆ । ਕਵਣ ਵੇਲਾ ਪ੍ਰਭ ਜੋਤ ਹੋਵੇ ਪ੍ਰਕਾਸ਼ੀ, ਪ੍ਰਕਾਸ਼ ਆਪਣਾ ਦਏ ਵਖਾਈਆ । ਮੇਰੀ ਉੱਤਰ ਜਾਏ ਉਦਾਸੀ, ਚਿੰਤਾ ਗ਼ਮੀ ਰਹਿਣ ਨਾ ਪਾਈਆ । ਫੇਰ ਮੈਂ ਸੰਦੇਸ਼ਾ ਦੇਵਾਂ ਸ਼ੰਕਰ ਉਤੇ ਕੈਲਾਸ਼ੀ, ਬ੍ਰਹਮੇ ਬ੍ਰਹਮ ਦਿਆਂ ਦ੍ਰਿੜਾਈਆ । ਵਿਸ਼ਨੂੰ ਖੇਲ ਤੱਕੇ ਕੀ ਕਰੇ ਆਪ ਅਬਿਨਾਸ਼ੀ, ਕਰਤਾ ਧੁਰਦਰਗਾਹੀਆ । ਮੇਰੀ ਇਕ ਬੇਨੰਤੀ ਮਨਜ਼ੂਰ ਕਰੀਂ ਬਾਤੀ, ਬਾਤਨ ਦਿਆਂ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਆਤਮ ਪਰਮਾਤਮ ਤੇਰੀ ਹੋਵੇ ਗਾਥੀ, ਗਹਿਰ ਗੰਭੀਰ ਬੇਨਜ਼ੀਰ ਦੇਣਾ ਦ੍ਰਿੜਾਈਆ । ਸਭ ਦੀ ਇਕੋ ਮੰਜ਼ਲ ਦੱਸ ਕੇ ਘਾਟੀ, ਘਾਟਾ ਦੀਨ ਦੁਨੀ ਪੂਰ ਕਰਾਈਆ । ਮੇਰੇ ਉਤੋਂ ਕੂੜ ਕੁੜਿਆਰ ਦਾ ਪੰਧ ਮੁਕਾ ਦੇ ਵਾਟੀ, ਅਗੇ ਆਯੂ ਹੋਰ ਨਾ ਕੋਇ ਵਧਾਈਆ । ਮੈਂ ਦੋਵੇਂ ਜੋੜ ਕੇ ਬੇਨੰਤੀ ਕਰਾਂ ਹਾਥੀ, ਹਥੇਲੀ ਹਥੇਲੀ ਨਾਲ ਮਿਲਾਈਆ । ਤੂੰ ਪੁਰਖ ਅਕਾਲਾ ਸਰਬ ਕਲਾ ਸਮਰਾਥੀ, ਭਰਪੂਰ ਰਿਹਾ ਸਰਬ ਠਾਈਆਂ । ਮੈਂ ਖ਼ਾਕੀ

੭੭੭
੨੩

ਮਾਟ ਦਿਸੇ ਮਾਟੀ, ਤਨ ਵਜੂਦ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਪੂਰੀ ਕਰ ਦੇ ਆਸੀ, ਆਸ਼ਾਵੰਦ ਹੋ ਕੇ ਦਰ ਤੇਰੇ ਮੰਗ ਮੰਗਾਈਆ ।

ਸਤਿਗੁਰ ਪੂਰਾ ਬਖ਼ਸ਼ੇ ਹਿੱਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਦੁੱਖ ਦਲਿਦਰ ਕੱਟੇ ਜੋ ਲੱਗਾ ਨਿਤ, ਅੰਤਰ ਵੇਖੇ ਚਾਈਂ ਚਾਈਂਆ । ਜਿੰਨ ਖ਼ਵੀਸ ਜੋ ਵਸੇ ਚਿਤ, ਚੇਤਨ ਸਭ ਨੂੰ ਦਏ ਕਰਾਈਆ । ਸਭ ਦਾ ਨਿਸ਼ਾਨ ਜਾਏ ਮਿਟ, ਮਿੱਟੀ ਖ਼ਾਕ ਵਿਚ ਰਲਾਈਆ । ਆਪਣੇ ਘਰ ਜਾ ਕੇ ਸੋਹੰ ਲਿਖਣਾ ਉਤੇ ਇੱਟ, ਦਹਿਲੀਜ ਅਗੇ ਦੇਣਾ ਦਬਾਈਆ । ਫੇਰ ਭੂਤ ਪ੍ਰੇਤ ਨੱਠ ਜਾਣ ਪਿੱਟ ਪਿੱਟ, ਪਿਉ ਦਾਦਾ ਰਹਿਣ ਕੋਇ ਨਾ ਪਾਈਆ । ਜੀਤ ਕੌਰ ਪ੍ਰੇਮ ਨਾਲ ਜਾਏ ਟਿਕ, ਬੰਸ ਖ਼ੁਸ਼ੀਆਂ ਝਟ ਲੰਘਾਈਆ । ਇਕੋ ਪਿਆਰ ਦੀ ਹੋਵੇ ਸਿਕ, ਪ੍ਰੇਮ ਸਤਿਗੁਰ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮ ਸੰਦੇਸ਼ਾ ਦੇਵੇ ਇਕ ਅਮਿਟ, ਮੇਟਣਹਾਰ ਨਜ਼ਰ ਕੋਇ ਨਾ ਆਈਆ ।

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਮਲਕੀਅਤ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਧਵਲੀ, ਧਰਮ ਧਾਰ ਤੇਰੀ ਸਰਨਾਈਆ । ਤੂੰ ਨੂਰ ਅਲਾਹੀ ਅਵਲੀ, ਆਲਮੀਨ ਤੇਰੀ ਵਡਿਆਈਆ । ਮੈਂ ਬ੍ਰਿਹੋਂ ਵਿਛੋੜੇ ਵਿਚ ਹੋਈ ਕਮਲੀ, ਕਾਮਲ ਮੁਰਸ਼ਦ ਹੋ ਸਹਾਈਆ । ਕਲਜੁਗ ਕੂੜੀ ਕਿਰਿਆ ਕੀਤਾ ਬਵਲੀ, ਬੁਧ ਬਿਬੇਕ ਨਾ ਕੋਇ ਕਰਾਈਆ । ਤੂੰ ਮਿਹਰਵਾਨ ਹੋ ਕੇ ਮੇਰੇ ਉਤੇ ਮਵਲੀਂ, ਮੌਲਾ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੀ ਬੇਪਰਵਾਹੀਆ । ਧਰਨੀ ਕਹੇ ਮੈਂ ਨਿਮਾਣੀ ਧਰਤ, ਦਰ ਠਾਂਡੇ ਸੀਸ ਨਿਵਾਈਆ । ਜੇ ਸਵਾਮੀ ਆਇਉਂ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਮੇਰੀ ਪੂਰੀ ਕਰ ਦੇ ਸ਼ਰਤ, ਸ਼ਰਅ ਦਾ ਲੇਖਾ ਰਹੇ ਨਾ ਰਾਈਆ । ਗ਼ਰੀਬ ਨਿਮਾਣਿਆਂ ਵੰਡ ਦਰਦ, ਦੁਖੀਆਂ ਹੋ ਸਹਾਈਆ । ਦਰ ਠਾਂਡੇ ਕਰਾਂ ਅਰਜ਼, ਬੇਨੰਤੀ ਇਕ ਸੁਣਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਬੇਐਬ ਨੂਰ ਖ਼ੁਦਾਈਆ । ਕਾਤਲ ਮਕਤੂਲ ਦਾ ਲੇਖਾ ਮੁਕਾ ਕਰਦ, ਦੀਨ ਦੁਨੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਧੌਲ, ਦੋ ਜਹਾਨਾਂ ਵਾਲੀ ਸੀਸ ਨਿਵਾਈਆ । ਮੇਰਾ ਪੂਰਾ ਕਰ ਦੇ ਕੌਲ, ਇਕਰਾਰਨਾਮਾ ਵੇਖ ਵਖਾਈਆ । ਜਿਸ ਦਾ ਲੇਖਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਰਿਖੀ ਮੁਨੀ ਸਮਝ ਕੋਇ ਨਾ ਪਾਈਆ । ਮੈਂ ਤੇਰਾ ਇਕੋ ਸ਼ਬਦ ਸੁਣਨਾ ਚਾਹੁੰਦੀ ਬੋਲ, ਅਨਬੋਲਤ ਦੇਣਾ ਦ੍ਰਿੜਾਈਆ । ਚਾਰ ਕੁੰਟ ਤੇਰੇ ਨਾਮ ਦਾ ਮਰਦੰਗਾ ਵੱਜੇ ਢੋਲ, ਨਵ ਸੱਤ ਕਰੇ ਰੁਸ਼ਨਾਈਆ । ਸਚਖੰਡ ਦਵਾਰਾ ਇਕੋ ਖੋਲ, ਦਰ ਦਰਬਾਰਾ ਸੋਭਾ ਪਾਈਆ । ਤੂੰ ਵਸ ਸਦਾ ਭਗਤਾਂ ਕੋਲ, ਕੁੱਲ ਮਾਲਕ ਦਇਆ ਕਮਾਈਆ । ਮੈਂ ਨਿਮਾਣੀ ਅਨਭੋਲ, ਬੇਸੁਧ ਹੋ ਕੇ ਰਹੀ ਜਣਾਈਆ । ਤੂੰ ਸਵਾਮੀ ਮੇਰਾ ਅਡੋਲ, ਗਹਿਰ ਗੰਭੀਰ ਆਪ ਵਰਤਾਈਆ । ਧਰਮ ਤਰਾਜੂ ਆਪੇ ਤੋਲ, ਨੌਵਾਂ

ਖੰਡਾ ਕੰਡਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਭਾਰ ਕਰ ਦੇ ਹੌਲ, ਪਤਤ ਪਾਪੀਆਂ ਪੰਧ ਮੁਕਾਈਆ ।

✪ ੧੩ ਖੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਸੁਰਜਨ ਸਿੰਘ ਲਾਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਕੋਝੀ ਕਮਲੀ ਨਿਕੰਮੀ, ਦਰ ਤੇਰੇ ਸੀਸ ਨਿਵਾਈਆ । ਤੇਰੇ ਅੰਤਰੋਂ ਨਿਰੰਤਰੋਂ ਜੰਮੀ, ਜਨਮ ਦੇਣ ਵਾਲੀ ਕੋਇ ਨਾ ਮਾਈਆ । ਮੈਂ ਜਗਤ ਨੇਤਰਹੀਣ ਅੰਨ੍ਹੀ, ਤੇਰਾ ਨੂਰ ਨੂਰ ਨੁਰਾਨਾ ਨਜ਼ਰੀ ਆਈਆ । ਮੈਂ ਸ਼ਬਦ ਸੁਣਿਆ ਨਹੀਂ ਕੋਈ ਕੰਨੀਂ, ਸਰਵਣ ਸਕੇ ਨਾ ਕੋਇ ਸਮਝਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਵਡ ਧਨ ਧਨੀ, ਧਨਾਢ ਇਕ ਅਖਵਾਈਆ । ਪਿਆਰ ਮੁਹੱਬਤ ਵਿਚ ਮੈਨੂੰ ਫੜਾ ਦੇ ਆਪਣੀ ਕੰਨੀ, ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਮੇਰੀ ਇਕ ਬੇਨੰਤੀ ਮੰਨੀ, ਆਰਜ਼ੂ ਤੇਰੇ ਅਗੇ ਰਖਾਈਆ । ਸਤਿਗੁਰ ਸ਼ਬਦ ਦਾ ਚਾੜ੍ਹੀਂ ਚੰਨੀ, ਨਿਰਗੁਣ ਨੂਰ ਕਰ ਰੁਸ਼ਨਾਈਆ । ਮੇਰੀ ਅੰਤ ਮੇਟ ਦੇ ਗ਼ਮੀ, ਗ਼ਮਖ਼ਾਰ ਹੋਣਾ ਸਹਾਈਆ । ਮੈਨੂੰ ਲਾਲਚ ਨਹੀਂ ਕੋਈ ਤਮੀ, ਤਮੰਨਾ ਅਵਰ ਨਾ ਕੋਇ ਜਣਾਈਆ । ਮੈਂ ਦਿਵਸ ਰੈਣ ਫਿਰਾਂ ਭੰਨੀ, ਜੁਗ ਚੌਕੜੀ ਚਲਾਂ ਵਾਹੋ ਦਾਹੀਆ । ਮਿਹਰਵਾਨ ਮਹਿਬੂਬ ਕੂੜੀ ਕਿਰਿਆ ਮੇਰੇ ਉਤੋਂ ਡੰਨੀ, ਡੰਕਾ ਆਪਣਾ ਨਾਮ ਵਜਾਈਆ । ਗੜ੍ਹ ਹੰਕਾਰੀ ਭੰਨੀ, ਹਉਮੇ ਹੰਗਤਾ ਦੇਣੀ ਗਵਾਈਆ । ਕੂੜ ਕੁੜਿਆਰ ਦੀ ਆਯੂ ਰਹਿਣ ਨਾ ਦੇਵੀਂ ਲੰਮੀ, ਮੈਂ ਲੰਮੀ ਪੈ ਕੇ ਸੀਸ ਨਿਵਾਈਆ । ਤੂੰ ਗਗਨ ਰਹਾਏ ਬਿਨਾ ਥੰਮ੍ਹੀ, ਸਹਾਰਾ ਤੇਰਾ ਇਕੋ ਨਜ਼ਰੀ ਆਈਆ । ਮੈਂ ਯਾਦ ਕਰਾਂ ਦਮ ਦਮੀ, ਸਵਾਸ ਸਵਾਸਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਕੋਝੀ, ਕਮਲੀ ਕਹਿਣ ਕੁਛ ਨਾ ਪਾਈਆ । ਮੈਨੂੰ ਆਪਣੀ ਦੇ ਦੇ ਸੋਝੀ, ਸੁਧ ਬੁਧ ਦੇ ਬਦਲਾਈਆ । ਤੂੰ ਪ੍ਰੀਤਮ ਮੇਰਾ ਚੋਜੀ, ਧੁਰ ਮਾਲਕ ਇਕ ਅਖਵਾਈਆ । ਮੈਂ ਚਾਰ ਜੁਗ ਦੀ ਰੋਗੀ, ਰੋਗਣ ਹੋ ਕੇ ਹਾਲ ਸੁਣਾਈਆ । ਕਲਜੁਗ ਜੀਵ ਕੂੜ ਕੁੜਿਆਰ ਮੇਰੇ ਉਤੇ ਭੋਗੀ, ਭਸਮੜ ਰੂਪ ਨਾ ਕੋਇ ਬਦਲਾਈਆ । ਆਤਮ ਧਾਰ ਹੋਈ ਵਿਯੋਗੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਮੇਰੇ ਉਤੇ ਇਸ਼ਾਰਾ ਦੇ ਕੇ ਗਏ ਵੇਦੀ ਸੋਢੀ, ਸੰਦੇਸੇ ਨਾਮ ਵਾਲੇ ਜਣਾਈਆ । ਤੇਰਾ ਖੇਲ ਵੇਖੇ ਪੁਰਖ ਅਕਾਲਾ ਜਿਸ ਦੀ ਆਪਣੀ ਖੇਲ ਘਰੋਗੀ, ਨਿਰਗੁਣ ਆਪਣੀ ਦਇਆ ਕਮਾਈਆ । ਮੈਂ ਨਿਗਾਹ ਮਾਰੀ ਲੋਕ ਪਰਲੋਕੀ, ਦੋ ਜਹਾਨਾਂ ਵੇਖ ਵਖਾਈਆ । ਤੇਰਾ ਸੁਣਿਆ ਸ਼ਬਦ ਸਲੋਕੀ, ਤੂੰ ਮੇਰਾ ਮੈਂ ਤੇਰਾ ਢੋਲਾ ਅਗੰਮ ਅਥਾਹੀਆ । ਮੇਰੀ ਖ਼ਾਹਿਸ਼ ਮੁਕੀ ਜਗਤ ਮੋਹ ਦੀ, ਮੁਹੱਬਤ ਤੇਰੇ ਚਰਨਾਂ ਨਾਲ ਰਖਾਈਆ । ਵਡਿਆਈ ਦੇ ਦੇ ਆਪਣੀ ਛੋਹ ਕੀ, ਸ਼ੌਹਰ ਬਾਂਕੇ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਆਪੇ ਕਰਮ, ਕਰਮ ਕਾਂਡ ਦਾ ਪੰਧ ਮੁਕਾਈਆ । ਸਤਿ ਰਿਹਾ ਕੋਈ ਨਾ ਧਰਮ, ਧਰਮਾਤਮਾ ਨਜ਼ਰ ਕੋਇ ਨਾ ਆਈਆ । ਝਗੜਾ ਦਿਸੇ ਵਰਨ ਬਰਨ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹੇ ਕੁਰਲਾਈਆ । ਜਗਤ ਇਸ਼ਾਰਾ ਤਕ

ਚਰਮ, ਚੰਮ ਦ੍ਰਿਸ਼ਟੀ ਵਿਚ ਦੁਹਾਈਆ । ਕੋਈ ਨਾ ਭੰਨੇ ਭਾਂਡਾ ਭਰਮ, ਭੈ ਭਾਓ ਨਾ ਕੋਇ ਰਖਾਈਆ । ਮੈਂ ਅੰਤ ਕੰਤ ਭਗਵੰਤ ਮੰਗਾਂ ਇਕੋ ਤੇਰੀ ਸਰਨ, ਸਰਨਗਤ ਇਕ ਰਖਾਈਆ । ਸਚ ਪ੍ਰੀਤੀ ਦੇ ਦੇ ਚਰਨ, ਚਰਨ ਚਰਨੋਦਕ ਧੁਰ ਦਾ ਜਾਮ ਪਿਆਈਆ । ਮੇਰੇ ਉਤੇ ਤਕ ਚਾਰ ਕੁੰਟ ਮਾਨਵ ਮਾਨਸ ਲੜਨ, ਮਨੁੱਖਤਾ ਬੈਠੀ ਮੁਖ ਛੁਪਾਈਆ । ਤੇਰੀ ਮੰਜ਼ਲ ਮੂਲ ਨਾ ਚੜ੍ਹਨ, ਸਚਖੰਡ ਦਵਾਰ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਚਾਹੁੰਦੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਤੇਰਾ ਢੋਲਾ ਪੜ੍ਹਨ, ਦੂਜਾ ਇਸ਼ਟ ਨਾ ਕੋਇ ਮਨਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਗੁਰਦੇਵ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਸਾਹਿਬ ਸਵਾਮੀ ਕਮਲਾਪਾਤੀ, ਪਤਿਪਰਮੇਸ਼ਵਰ ਹੋਣਾ ਸਹਾਈਆ । ਨਿਗਾਹ ਮਾਰ ਲੈ ਮੇਰੇ ਸੀਨੇ ਉਤੇ ਛਾਤੀ, ਲੱਖ ਚੁਰਾਸੀ ਖੋਜ ਖੁਜਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀ ਪਾਤੀ, ਨਾਮ ਕਲਮਿਆਂ ਵਿਚ ਦ੍ਰਿੜਾਈਆ । ਚਾਰ ਜੁਗ ਦੇ ਸ਼ਾਸਤਰ ਮਿਲੇ ਸੌਗ਼ਾਤੀ, ਵਸਤ ਅਗੰਮ ਦਿਤੀ ਵਰਤਾਈਆ । ਚਾਰੋਂ ਕੁੰਟ ਸਭ ਦੇ ਹੁੰਦਿਆਂ ਹੋਈ ਅੰਧੇਰੀ ਰਾਤੀਂ, ਨੂਰੀ ਚੰਦ ਨਾ ਕੋਇ ਚਮਕਾਈਆ । ਤੂੰ ਆਦਿ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਬ੍ਰਹਿਮੰਡ ਖੰਡ ਤੇਰੀ ਮੰਡਲ ਰਾਸੀ, ਪੁਰੀ ਲੋਅ ਗਗਨ ਗਗਨੰਤਰ ਸੋਭਾ ਪਾਈਆ । ਮੇਰੀ ਪੂਰੀ ਕਰ ਦੇ ਆਸੀ, ਆਹਿਸਤਾ ਆਹਿਸਤਾ ਮੰਗ ਮੰਗਾਈਆ । ਕਲਜੁਗ ਕੂੜ ਕੁੜਿਆਰ ਕੋਲੋਂ ਕਰਾ ਖ਼ੁਲਾਸੀ, ਖ਼ਾਲਸ ਸਤਿ ਧਰਮ ਚਲਾਈਆ । ਝਗੜਾ ਮੇਟ ਦੇ ਜ਼ਾਤ ਪਾਤੀ, ਦੀਨ ਦੁਨੀ ਨਾ ਕਰੇ ਲੜਾਈਆ । ਮਾਇਆ ਮਮਤਾ ਮੋਹ ਵਿਚ ਕਰੇ ਘਾਤੀ, ਘਾਓ ਆਪਣਾ ਨਾਮ ਲਗਾਈਆ । ਮੇਰਾ ਲੇਖਾ ਬਦਲ ਦੇ ਨਾਲ ਲਿਖ ਕੇ ਕਲਮ ਦਵਾਤੀ, ਕਾਗ਼ਜ਼ ਸਿਆਹੀ ਜੋੜ ਜੁੜਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚਖੰਡ ਨਿਵਾਸੀ, ਦਰਗਾਹ ਸਾਚੀ ਸੋਭਾ ਪਾਈਆ । ਮੈਂ ਧਰਤੀ ਧਰਨੀ ਧਵਲ ਧੌਲ ਮਾਟੀ ਖ਼ਾਕੀ, ਖ਼ਾਕ ਛਾਰ ਹੋ ਕੇ ਮੰਗ ਮੰਗਾਂ ਚਾਈਂ ਚਾਈਂਆ । ਮੇਰੇ ਉਤੇ ਧਰਮ ਦਵਾਰਾ ਖੋਲ ਤਾਕੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਆਤਮ ਪਰਮਾਤਮ ਦਾ ਬਣ ਸਾਕੀ, ਨਾਮ ਜਾਮ ਪਿਆਲਾ ਦੇਣਾ ਪਿਆਈਆ । ਅਵਤਾਰ ਪੈਗ਼ੰਬਰ ਗੁਰੂਆਂ ਦੀ ਪੂਰੀ ਕਰ ਆਖੀ, ਜੋ ਭਵਿਖਤਾਂ ਵਿਚ ਪੇਸ਼ੀਨਗੋਈਆਂ ਗਏ ਦ੍ਰਿੜਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਸਾਖਿਆਤੀ, ਸਗਲਾ ਸਾਥੀ ਇਕ ਅਖਵਾਈਆ । ਦੀਨ ਦੁਨੀ ਦੀ ਜ਼ਿੰਦਗੀ ਵਿਚੋਂ ਬਦਲ ਦੇ ਹਯਾਤੀ, ਜੀਵਣ ਆਪਣੇ ਰੰਗ ਰੰਗਾਈਆ । ਮਿਹਰਵਾਨ ਮਹਿਬੂਬ ਕਿਰਪਾ ਕਰ ਲੋਕਮਾਤੀ, ਮਤ ਮਤਾਂਤਰ ਦਾ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੂੰ ਦੱਸ ਗਾਥੀ, ਗਹਿਰ ਗੰਭੀਰ ਬੇਨਜ਼ੀਰ ਕਰ ਪੜ੍ਹਾਈਆ । ਤੂੰ ਸਰਬ ਕਲਾ ਸਮਰਾਥੀ, ਹਰ ਘਟ ਵੇਖਣਾ ਚਾਈਂ ਚਾਈਂਆ । ਮੈਂ ਨਿਮਾਣੀ ਅਨਾਥ ਅਨਾਥੀ, ਦਰ ਠਾਂਡੇ ਸੀਸ ਝੁਕਾਈਆ । ਮੈਂ ਇਸ਼ਾਰਾ ਕਰਾਂ ਸ਼ੰਕਰ ਉਤੇ ਕੈਲਾਸ਼ੀ, ਬਿਨ ਸੈਨਤ ਦਿਆਂ ਸਮਝਾਈਆ । ਵਿਸ਼ਨ ਬ੍ਰਹਮਾ ਵੇਖਣ ਖੇਲ ਤਮਾਸ਼ੀ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੇ ਸਾਹਿਬ ਤੇਰੀ ਮੰਜ਼ਲ ਉਚੀ ਘਾਟੀ, ਬਿਨ ਤੇਰੀ ਕਿਰਪਾ ਚੜ੍ਹਨ ਕੋਇ ਨਾ ਪਾਈਆ । ਧਰਨੀ ਕਹੇ ਮੈਂ ਚਾਹੁੰਦੀ ਮੇਰੇ ਉਤੋਂ ਮੇਟ ਦੇ ਕਲਜੁਗ

੭੭੯
੨੩

ਵਾਟੀ, ਕੂੜ ਕੁੜਿਆਰ ਰਹਿਣ ਕੋਇ ਨਾ ਪਾਈਆ । ਜਗਤ ਵਿਸ਼ਿਆਂ ਤੋਂ ਬਾਹਰ ਮੇਰਾ ਤੇਰੇ ਉਤੇ ਵਿਸ਼ਵਾਸੀ, ਵਿਸ਼ੇਸ਼ ਆਪਣੀ ਖੇਲ ਦੇਣੀ ਵਖਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਸ਼ਾਹ ਸੁਲਤਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਤੇਰੀ ਹੋਵੇ ਇਕੋ ਰਾਸੀ, ਮੰਡਲ ਮੰਡਪ ਸੋਭਾ ਪਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਮਦਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਬੇਸਹਾਰੀ, ਸਹਾਇਕ ਨਾਇਕ ਦੇਣੀ ਆਪ ਵਡਿਆਈਆ । ਚਾਰੋਂ ਕੁੰਟ ਤਕ ਧੂੰਆਂਧਾਰੀ, ਸਤਿ ਸਚ ਚੰਨ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਵਿਭਚਾਰੀ, ਅੰਤਸ਼ਕਰਨ ਪਵਿਤ੍ਰ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਭੇਵ ਖੁਲ੍ਹੇ ਨਾ ਕਿਸੇ ਨਰ ਨਾਰੀ, ਨਰ ਨਰਾਇਣ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਖੇਲ ਕੁੜਿਆਰੀ, ਜੂਠ ਝੂਠ ਵੱਜੇ ਵਧਾਈਆ । ਪੰਚ ਵਿਕਾਰ ਬਣਿਆ ਬਲਕਾਰੀ, ਜੀਵਾਂ ਜੰਤਾਂ ਸਾਧਾਂ ਸੰਤਾਂ ਰਿਹਾ ਢਾਹੀਆ । ਤੇਰਾ ਅੰਮ੍ਰਿਤ ਰਸ ਮਿਲੇ ਨਾ ਕਿਸੇ ਠੰਡਾ ਠਾਰੀ, ਕਵਲ ਨਾਭੀ ਬੂੰਦ ਨਾ ਕੋਇ ਟਪਕਾਈਆ । ਸ਼ਬਦ ਨਾਦ ਸੁਣੇ ਨਾ ਕੋਇ ਧੁਨਕਾਰੀ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਤੇਰਾ ਨੂਰ ਨਾ ਦਿਸੇ ਕੋਇ ਉਜਿਆਰੀ, ਜੋਤੀ ਜਾਤੇ ਤੇਰਾ ਦਰਸ ਕੋਇ ਨਾ ਪਾਈਆ । ਮੈਂ ਤੇਰੇ ਅਗੇ ਕਰਾਂ ਗਿਰਿਆਜ਼ਾਰੀ, ਨੇਤਰ ਰੋ ਰੋ ਨੀਰ ਵਹਾਈਆ । ਮੈਨੂੰ ਸੰਦੇਸ਼ਾ ਦੇ ਕੇ ਗਏ ਅਵਤਾਰ ਪੈਗ਼ੰਬਰ ਗੁਰ ਵਿਚ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਗਏ ਜਣਾਈਆ । ਬਿਨਾ ਪਰਮ ਪੁਰਖ ਪਾਏ ਕੋਇ ਨਾ ਸਾਰੀ, ਮਹਾਸਾਰਥੀ ਨਜ਼ਰ ਕੋਇ ਨਾ ਆਈਆ । ਕਲਜੁਗ ਚਾਰੋਂ ਕੁੰਟ ਰੈਣ ਕੀਤੀ ਅੰਧਿਆਰੀ, ਅੰਧ ਆਤਮ ਹੋਈ ਲੋਕਾਈਆ । ਕਿਰਪਾ ਕਰ ਮੇਰੇ ਪਰਵਰਦਿਗਾਰੀ, ਮਿਹਰਵਾਨ ਤੇਰੀ ਓਟ ਤਕਾਈਆ । ਸਚ ਧਰਮ ਦਾ ਦਿਸੇ ਨਾ ਕੋਇ ਪੁਜਾਰੀ, ਸਚ ਵਿਚ ਨਾ ਕੋਇ ਸਮਾਈਆ । ਮੇਰੀ ਤੇਰੇ ਚਰਨ ਕਵਲ ਨਿਮਸਕਾਰੀ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਝੁਕਾਈਆ । ਮਿਹਰ ਕਰ ਮਿਹਰਵਾਨ ਕਲਜੁਗ ਅੰਤਮ ਵਾਰੀ, ਕਲ ਕਲੇਸ਼ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੋ ਜਹਾਨ ਸਿਕਦਾਰੀ, ਸਿਕ ਆਸਾ ਮੇਰੀ ਪੂਰ ਕਰਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਮੱਘਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਹੋ ਗਈ ਭੁੱਖੀ ਨੰਗੀ, ਸਤਿ ਸਚ ਰਿਹਾ ਨਾ ਰਾਈਆ । ਮੈਨੂੰ ਦਿਵਸ ਰੈਣ ਆਈ ਤੰਗੀ, ਅੱਠੇ ਪਹਿਰ ਰਹੀ ਕੁਰਲਾਈਆ । ਮੇਰੀ ਚੋਟੀ ਹੋ ਗਈ ਨੰਗੀ, ਓਢਣ ਸੀਸ ਨਾ ਕੋਇ ਟਿਕਾਈਆ । ਨਾਮ ਵਸਤ ਮਿਲੇ ਨਾ ਮੰਗੀ, ਚਾਰੋਂ ਕੁੰਟ ਝੋਲੀ ਡਾਹੀਆ । ਭਾਰ ਉਠਾਏ ਕੋਇ ਨਾ ਕੰਧੀ, ਬੋਝਲ ਹੋ ਕੇ ਮਾਰਾਂ ਧਾਹੀਆ । ਜੀਵਾਂ ਜੰਤਾਂ ਆਸ਼ਾ ਹੋ ਗਈ ਮੰਦੀ, ਮੰਦਭਾਗ ਹੋਈ ਲੋਕਾਈਆ । ਚਾਰੋਂ ਕੁੰਟ ਦਿਸਣ ਪਖੰਡੀ,

ਵਲ ਛਲ ਵਿਚ ਸਮਾਈਆ । ਮੈਂ ਸੁਹਾਗਣ ਹੋ ਗਈ ਰੰਡੀ, ਕੰਤ ਸੁਹਾਗ ਨਜ਼ਰ ਕੋਇ ਨਾ ਆਈਆ । ਆਪਣੇ ਦੀਨਾਂ ਮਜ਼੍ਹਬਾਂ ਦੀ ਵੇਖ ਪਗਡੰਡੀ, ਮਾਰਗ ਹਕ ਨਾ ਕੋਇ ਅਪਣਾਈਆ । ਫਿਰੀ ਦਰੋਹੀ ਵਿਚ ਬਨਖੰਡੀ, ਸਮੁੰਦ ਸਾਗਰ ਟਿੱਲੇ ਪਰਬਤ ਰਹੇ ਕੁਰਲਾਈਆ । ਮਿਹਰਵਾਨ ਮੇਰੀ ਕੁੱਖ ਰਹੀ ਨਾ ਚੰਗੀ, ਬਿਨ ਤੇਰੀ ਕਿਰਪਾ ਭਗਤ ਸੰਤ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਖ਼ਾਨਾਜੰਗੀ, ਮਨ ਮਤ ਬੁਧ ਕਰੇ ਲੜਾਈਆ । ਮੈਂ ਚਾਹੁੰਦੀ ਤੇਰਾ ਇਕੋ ਸੁਤ ਦੁਲਾਰਾ ਸ਼ਬਦ ਹੋਵੇ ਭੁਜੰਗੀ, ਬਿਨਾ ਭੁਜ਼ਾਂ ਬਾਹਵਾਂ ਤੋਂ ਨਜ਼ਰੀ ਆਈਆ । ਜੋ ਦੋ ਜਹਾਨਾਂ ਹੱਦਾਂ ਜਾਵੇ ਲੰਘੀ, ਅਗੇ ਹੋ ਨਾ ਕੋਇ ਅਟਕਾਈਆ । ਉਹ ਮੇਰੀ ਕਿਸਮਤ ਬਦਲੇ ਮੰਦੀ, ਮੰਦ ਹੀਣ ਭਾਗ ਤੇਰੇ ਅਗੇ ਵਾਸਤਾ ਪਾਈਆ । ਮੇਰੀ ਛਾਤੀ ਕਰ ਦੇ ਠੰਡੀ, ਸੀਨੇ ਅਗਨ ਦੇਣੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਔਧ ਆਯੂ ਕਲਜੁਗ ਨਾਲੋਂ ਬਥੇਰੀ ਲੰਮੀ, ਅਗਲਾ ਪੈਂਡਾ ਦੇਣਾ ਮੁਕਾਈਆ ।

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਸਰਦਾਰਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀ ਵੇਖ ਗਿਰਿਆਜ਼ਾਰੀ, ਨੇਤਰ ਰੋ ਰੋ ਨੀਰ ਵਹਾਈਆ । ਚਾਰੋਂ ਕੁੰਟ ਰੈਣ ਅੰਧਿਆਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਦੁਨੀ ਹੋਈ ਕੁੜਿਆਰੀ, ਜੂਠ ਝੂਠ ਨਾਲ ਵਡਿਆਈਆ । ਸਤਿ ਸਚ ਦਾ ਰਿਹਾ ਨਾ ਕੋਇ ਵਪਾਰੀ, ਨਾਮ ਵਣਜ ਨਾ ਕੋਇ ਜਣਾਈਆ ।

ਤੇਰਾ ਨੂਰ ਨਜ਼ਰ ਨਾ ਆਏ ਕਿਸੇ ਨਿਰੰਕਾਰੀ, ਨਰ ਨਰਾਇਣ ਤੇਰਾ ਦਰਸ ਕੋਇ ਨਾ ਪਾਈਆ । ਮਨ ਮਮਤਾ ਕਰੇ ਬਦਕਾਰੀ, ਬਦੀ ਦਾ ਪੰਧ ਨਾ ਕੋਇ ਚੁਕਾਈਆ । ਨਵ ਨੌ ਚਾਰ ਗੜ੍ਹ ਹੰਕਾਰੀ, ਨਵ ਖੰਡ ਨਾ ਕੋਇ ਤੁੜਾਈਆ । ਮੇਰੀ ਤੇਰੇ ਅਗੇ ਮਿੰਨਤ ਇਕੋ ਹਾੜੀ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਪੱਟੀ ਰਹੀ ਨਾ ਸੀਸ, ਸਤਿ ਵਿਚ ਨਾ ਕੋਇ ਸਮਾਈਆ । ਕਿਰਪਾ ਕਰ ਮੇਰੇ ਜਗਦੀਸ, ਜਗਦੀਸ਼ਰ ਤੇਰੀ ਓਟ ਤਕਾਈਆ । ਦੀਨ ਦੁਨੀਆ ਮਾਇਆ ਚੱਕੀ ਰਹੀ ਪੀਸ, ਸਤਿ ਵਿਚ ਨਾ ਕੋਇ ਸਮਾਈਆ । ਆਪਣਾ ਖੇਲ ਤੱਕ ਬੀਸ ਇਕੀਸ, ਵੀਹ ਇਕੀਹ ਆਪਣੀ ਕਾਰ ਭੁਗਤਾਈਆ । ਪੈਗ਼ੰਬਰਾਂ ਦੀ ਪੂਰੀ ਕਰ ਹਦੀਸ, ਜੋ ਹਜ਼ਰਤ ਗਏ ਜਣਾਈਆ । ਗੁਰੂਆਂ ਦੀ ਸ਼ਹਾਦਤ ਲੇਖੇ ਲਾ ਤਸਦੀਕ, ਜੋ ਅੱਖਰ ਅੱਖਰਾਂ ਨਾਲ ਗਏ ਮਿਲਾਈਆ । ਤੂੰ ਮਾਲਕ ਹਕ ਰਫ਼ੀਕ, ਦੋਸਤ ਅਗੰਮ ਅਥਾਹੀਆ । ਧਰਨੀ ਕਹੇ ਮੇਰੇ ਸਾਹਿਬ ਸੁਲਤਾਨਾ ਮੈਨੂੰ ਤੇਰੀ ਇਕ ਉਡੀਕ, ਅਗੰਮ ਅਗੰਮੜੇ ਫੇਰਾ ਪਾਈਆ । ਝਗੜਾ ਮੁਕਾ ਦੇ ਹਸਤ ਕੀਟ, ਊਚ ਨੀਚ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਸਭ ਨੂੰ ਦੱਸ ਪ੍ਰੀਤ, ਦੀਨ ਮਜ਼੍ਹਬ ਵੰਡ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਦੇ ਗੀਤ, ਸੋਹੰ ਢੋਲਾ ਅਗੰਮ ਅਥਾਹੀਆ । ਕਲਜੁਗ ਵਿਚ ਸਤਿਜੁਗ ਬਦਲ ਦੇ ਰੀਤ, ਰੀਤੀਵਾਨ ਤੇਰੀ ਓਟ ਤਕਾਈਆ । ਝਗੜਾ ਮੇਟ ਮੰਦਰ ਮਸੀਤ, ਧੁਰ ਦੇ ਕਾਅਬੇ ਕਰੇ ਰੁਸ਼ਨਾਈਆ । ਜਿਥੇ ਨਜ਼ਰ ਆਵੇ ਅਤੀਤ, ਤ੍ਰੈਗੁਣ ਪੰਧ ਮੁਕਾਈਆ । ਦਰ ਠਾਂਢਾ ਦਿਸੇ ਸੀਤ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਮੈਂ ਤੇਰੇ ਅਗੇ ਪੁਕਾਰਾਂ, ਪੁਨਹ ਪੁਨਹ ਸੀਸ ਨਿਵਾਈਆ । ਮੈਨੂੰ ਸੰਦੇਸੇ ਦਿਤੇ ਪੈਗ਼ੰਬਰ ਗੁਰ ਅਵਤਾਰਾਂ, ਕੀ ਅਵਤਰੀ ਆਪਣੀ ਖੇਲ ਖਿਲਾਈਆ । ਜਿਸ ਵੇਲੇ ਕਲਜੁਗ ਅੰਤ ਚਾਰੋਂ ਕੁੰਟ ਹੋਇਆ ਧੁਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦਾ ਰਿਹਾ ਨਾ ਕੋਇ ਦਵਾਰਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਦੇਣ ਦੁਹਾਈਆ । ਤੀਰਥ ਤਟ ਰੋਵਣ ਜ਼ਾਰੋ ਜ਼ਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰੇ ਇਸ਼ਾਰਾ, ਸੈਨਤ ਸ਼ਬਦ ਵਾਲੀ ਲਗਾਈਆ । ਕਿਰਪਾ ਕਰੇ ਆਪ ਕਰਤਾਰਾ, ਹਰਿ ਕਰਤਾ ਦਇਆ ਕਮਾਈਆ । ਕਲ ਕਲਕੀ ਲੈ ਅਵਤਾਰਾ, ਕਲ ਕਲੇਸ਼ ਦਏ ਮਿਟਾਈਆ । ਅਮਾਮ ਅਮਾਮਾ ਬਣ ਸਿਕਦਾਰਾ, ਨੂਰ ਨੁਰਾਨਾ ਡਗਮਗਾਈਆ । ਵੇਖੇ ਵਿਗਸੇ ਪਾਏ ਸਾਰਾ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤਮ ਕਰੇ ਪਾਰ ਕਿਨਾਰਾ, ਸਦੀ ਚੌਧਵੀਂ ਪੰਧ ਦਏ ਮੁਕਾਈਆ । ਧਰਨੀ ਕਹੇ ਪ੍ਰਭੂ ਮੇਰੀ ਡੰਡਾਵਤ ਬੰਦਨਾ ਚਰਨ ਕਵਲ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਂਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਧਾਰ ਹੋ ਜ਼ਾਹਰਾ, ਜ਼ਾਹਰ ਜ਼ਹੂਰ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਸੀਸ ਨਿਵਾਈਆ ।


੭੮੨
੨੩

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਲੁਧਿਆਣਾ ਸ਼ਹਿਰ ਹਰਨੇਕ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੇ ਭਾਗ ਹੋਏ ਮੰਦ, ਤੇਰਾ ਨਾਮ ਦੁਹਾਈਆ । ਸਾਚਾ ਦਿਸੇ ਕੋਇ ਨਾ ਚੰਦ, ਚੰਦ ਸਿਤਾਰ ਰਹੇ ਕੁਰਲਾਈਆ । ਮੇਰਾ ਦੁਖੀ ਹੋਇਆ ਬੰਦ ਬੰਦ, ਬੰਦਗੀ ਵਾਲੇ ਬੰਦੇ ਤੈਨੂੰ ਗਏ ਭੁਲਾਈਆ । ਹਰ ਘਟ ਅੰਦਰ ਦਿਸੇ ਅੰਧੇਰਾ ਅੰਧ, ਆਤਮ ਨੂਰ ਨਾ ਕੋਇ ਰੁਸ਼ਨਾਈਆ । ਰਸਨਾ ਜਿਹਵਾ ਸਾਰੇ ਗਾਉਂਦੇ ਬੱਤੀ ਦੰਦ, ਹਿਰਦੇ ਸਕੇ ਨਾ ਕੋਇ ਵਸਾਈਆ । ਭਰਮਾਂ ਢਾਹੇ ਕੋਇ ਨਾ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਮੈਂ ਮਾਂਗਤ ਹੋ ਕੇ ਰਹੀ ਮੰਗ, ਅਗੇ ਆਪਣੀ ਝੋਲੀ ਡਾਹੀਆ । ਜਨ ਭਗਤਾਂ ਬਖ਼ਸ਼ ਸੰਗ, ਸਗਲਾ ਸੰਗ ਬਣਾਈਆ । ਗੁਰਮੁਖਾਂ ਕੱਟ ਭੁੱਖ ਨੰਗ, ਜਗਤ ਦਲਿਦਰ ਰਹੇ ਨਾ ਰਾਈਆ । ਸਚ ਪਿਆਰ ਦਾ ਦੇ ਅਨੰਦ, ਬਖ਼ਸ਼ਿਸ਼ ਰਹਿਮਤ ਆਪ ਵਰਤਾਈਆ । ਆਤਮ ਸੇਜ ਸੁਹਾ ਪਲੰਘ, ਘਰ ਘਰ ਡੇਰਾ ਲਾਈਆ । ਪੰਚ ਵਿਕਾਰ ਕਰੇ ਨਾ ਜੰਗ, ਜੁਗਤੀ ਆਪਣੀ ਨਾਲ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਰੇ ਸਰਬੰਗ, ਸੂਰਬੀਰ ਤੇਰੀ ਇਕ ਸਰਨਾਈਆ ।

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਲੁਧਿਆਣਾ ਸ਼ਹਿਰ ਰਵੇਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਬਖ਼ਸ਼ਣਹਾਰ, ਬੇਪ੍ਰਵਾਹ ਤੇਰੀ ਬੇਪ੍ਰਵਾਹੀਆ ।

ਮੇਰੇ ਉਤੋਂ ਦੀਨ ਦੁਨੀ ਦਾ ਦੁੱਖ ਨਿਵਾਰ, ਦੀਨਾਂ ਮਜ਼੍ਹਬਾਂ ਝਗੜਾ ਦੇ ਮੁਕਾਈਆ । ਵੱਡੇ ਛੋਟੇ ਨਾ ਹੋਣ ਖ਼ੁਆਰ, ਅਮੀਰ ਗ਼ਰੀਬਾਂ ਇਕੋ ਰੰਗ ਰੰਗਾਈਆ । ਸਾਜਣ ਮੀਤ ਬਣ ਵਿਚ ਸੰਸਾਰ, ਸਹਿੰਸਾ ਰੋਗ ਦੇ ਗਵਾਈਆ । ਤੂੰ ਸਾਹਿਬ ਬਖ਼ਸ਼ੰਦ ਬਖ਼ਸ਼ਣਹਾਰ, ਬਖ਼ਸ਼ਿਸ਼ ਆਪਣੀ ਦੇਣੀ ਵਰਤਾਈਆ । ਮੇਰੀ ਚਰਨ ਕਵਲ ਸਾਹਿਬ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਮੇਰੇ ਉਤੇ ਰਹੇ ਨਾ ਕੋਇ ਗ਼ਦਾਰ, ਬਦੀ ਦਾ ਲੇਖਾ ਦੇਣਾ ਮੁਕਾਈਆ । ਚਾਰੋਂ ਕੁੰਟ ਸਤਿ ਧਰਮ ਦਾ ਹੋਏ ਜੈਕਾਰ, ਕਲਜੁਗ ਕੂੜ ਕੁੜਿਆਰ ਨਜ਼ਰ ਨਾ ਆਈਆ । ਮੈਂ ਮੰਗਾਂ ਮੰਗ ਦੋਵੇਂ ਭੁਜਾਂ ਪਸਾਰ, ਬਿਨ ਹੱਥਾਂ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕੋਈ ਨਾ ਲਾਏ ਪਾਰ, ਪਾਰਬ੍ਰਹਮ ਪ੍ਰਭ ਤੇਰੀ ਆਸ ਰਖਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਲੁਧਿਆਣਾ ਸ਼ਹਿਰ ਮਹਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀਆਂ ਰੋਂਦੀਆਂ ਅੱਖਾਂ, ਆਖਰ ਦਿਆਂ ਜਣਾਈਆ । ਸਾਜਣ ਮੀਤ ਰਿਹਾ ਕੋਈ ਨਾ ਸਖਾ, ਸਗਲਾ ਸੰਗ ਨਾ ਕੋਇ ਬਣਾਈਆ । ਦੀਨ ਦੁਨੀ ਵਸੇ ਕਰੋੜਾਂ ਲੱਖਾਂ, ਅਰਬਾਂ ਖਰਬਾਂ ਨਾਲ ਵਡਿਆਈਆ । ਮੇਰੀ ਕੀਮਤ ਪਏ ਨਾ ਕੱਖਾਂ, ਮੇਰੀ ਹਾਲ ਦੁਹਾਈਆ । ਮੈਂ ਬਿਰਹੋਂ ਵੈਰਾਗਣ ਹੋ ਕੇ ਨੱਸਾਂ, ਭੱਜਾਂ ਵਾਹੋ ਦਾਹੀਆ । ਇਸ਼ਾਰਾ ਕਰਾਂ ਰਵ ਸਸਾ, ਸੂਰੀਆ ਚੰਦ ਜਣਾਈਆ । ਮੇਰੇ ਉਤੋਂ ਮੇਟੋ ਅੰਧੇਰੀ ਮੱਸਾ, ਸਚ ਚੰਦ ਹੋਏ ਰੁਸ਼ਨਾਈਆ । ਮੇਰਾ ਉਦੇ ਭਾਗ ਹੋਵੇ ਮਸਤਕ ਮੱਥਾ, ਮਿਹਰ ਨਜ਼ਰ ਇਕ ਉਠਾਈਆ । ਉਹ ਸਾਰੇ ਪ੍ਰਭੂ ਤੇਰੀ ਸੁਣਾਉਂਦੇ ਕਥਾ, ਹਰਿ ਦਾਤਾ ਧੁਰਦਰਗਾਹੀਆ । ਜੋ ਸਰਬ ਕਲਾ ਸਮਰਥਾ, ਦੇਵਣਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਰ ਰਿਹਾ ਕੁਰਲਾ, ਕਰਮ ਕਾਂਡ ਵੇਖ ਜਗਤ ਲੋਕਾਈਆ । ਸਾਚਾ ਦੀਪਕ ਕਰ ਰੁਸ਼ਨਾ, ਅੰਧ ਅੰਧੇਰਾ ਦੇ ਮਿਟਾਈਆ । ਜੀਵਾਂ ਜੰਤਾਂ ਬਖ਼ਸ਼ ਗੁਨਾਹ, ਪਾਪਾਂ ਭਰੀ ਲੋਕਾਈਆ । ਤੂੰ ਬਖ਼ਸ਼ਣਹਾਰ ਖ਼ੁਦਾ, ਰਹਿਮਤ ਤੇਰੀ ਨਜ਼ਰੀ ਆਈਆ । ਤੂੰ ਵਾਹਿਦ ਹਕ ਖ਼ੁਦਾ, ਖ਼ੁਦ ਮਾਲਕ ਤੇਰੀ ਬੇਪਰਵਾਹੀਆ । ਮੇਰੀ ਤੇਰੇ ਅਗੇ ਦੁਆ, ਦੋਏ ਜੋੜ ਵਾਸਤਾ ਪਾਈਆ । ਸਤਿ ਧਰਮ ਮੇਰੇ ਉਤੇ ਪ੍ਰਗਟਾ, ਸਤਿਜੁਗ ਸਾਚੇ ਦੇ ਵਡਿਆਈਆ । ਸਭ ਦਾ ਲਹਿਣਾ ਦੇਣਾ ਪੂਰਬ ਚੁਕਾ, ਲੋਆਂ ਪੁਰੀਆਂ ਆਪਣਾ ਪੰਧ ਮੁਕਾਈਆ । ਤੇਰੇ ਚਰਨ ਕਵਲ ਨਿਰਗੁਣ ਧਾਰ ਸੀਸ ਰਹੀ ਝੁਕਾ, ਨਿਵ ਨਿਵ ਲਾਗਾਂ ਪਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋਣਾ ਆਪ ਸਹਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਲੁਧਿਆਣਾ ਸ਼ਹਿਰ ਕੁਲਦੀਪ ਕੌਰ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਕਰ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਹਾਲਤ ਤੱਕ ਜੇਰਜ ਖਾਣੀ, ਚਾਰੋਂ ਕੁੰਟ ਫੋਲ ਫੁਲਾਈਆ ।

੭੮੩
੨੩

ਸਤਿ ਸਚ ਦਾ ਰਿਹਾ ਕੋਇ ਨਾ ਬਾਨੀ, ਬਾਣ ਅਣਿਆਲਾ ਤੀਰ ਨਾ ਕੋਇ ਲਗਾਈਆ । ਕਲਜੁਗ ਅੰਤਮ ਵੇਖ ਕਥਾ ਕਹਾਣੀ, ਮੇਰੇ ਉਤੇ ਪਰਦਾ ਆਪ ਫੁਲਾਈਆ । ਚਾਰੋਂ ਕੁੰਟ ਰੋਵਣ ਜੀਵ ਪ੍ਰਾਣੀ, ਪੁਰਾਨ ਅਠਾਰਾਂ ਭਾਰ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਨਾਦਾਨੀ, ਨਿਜ ਨੇਤਰ ਅੱਖ ਨਾ ਕੋਇ ਖੁਲਾਈਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਠੰਡਾ ਪਾਣੀ, ਜਗਤ ਤ੍ਰਿਸ਼ਨਾ ਨਾ ਕੋਇ ਬੁਝਾਈਆ । ਅਵਤਾਰ ਪੈਗ਼ੰਬਰ ਗੁਰ ਸੰਦੇਸਾ ਦੇ ਕੇ ਗਏ ਵਿਚ ਜਹਾਨੀ, ਦੀਨ ਦੁਨੀ ਦ੍ਰਿੜਾਈਆ । ਕਲਜੁਗ ਅੰਤ ਆਵੇ ਸ਼ਹਿਨਸ਼ਾਹ ਸੁਲਤਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦਾ ਪਦ ਇਕ ਨਿਰਬਾਨੀ, ਸਚਖੰਡ ਸਾਚੇ ਸੋਭਾ ਪਾਈਆ । ਉਹ ਲੇਖਾ ਜਾਣੇ ਜਗਤ ਇਨਸਾਨੀ, ਖੋਜਣਹਾਰਾ ਚਾਈਂ ਚਾਈਂਆ । ਤੂੰ ਮਿਹਰਵਾਨ ਮਿਹਰਵਾਨ ਮਿਹਰਵਾਨ ਵੱਡਾ ਦਾਨੀ, ਦਾਤੇ ਆਪਣੀ ਦਇਆ ਦੇ ਕਮਾਈਆ । ਮੇਰਾ ਲੇਖਾ ਪੂਰਾ ਕਰਦੇ ਨਾਲ ਕਲਮ ਕਾਨੀ, ਕਾਇਨਾਤ ਦਾ ਕਰਮ ਦੇਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਲੇਖਾ ਜਾਣੇਂ ਦੋ ਜਹਾਨੀ, ਲੋਕਮਾਤ ਹੋਣਾ ਆਪ ਸਹਾਈਆ ।

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਫੂਲਾ ਰਾਣੀ ਦੇ ਗ੍ਰਿਹਿ ✪



ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਇਹ ਕਹਿੰਦਾ, ਕਹਿ ਕਹਿ ਕੇ ਰਿਹਾ ਜਣਾਈਆ । ਸਤਿ ਸਚ ਦਾ ਬੁਰਜ ਜਾਂਦਾ ਢਹਿੰਦਾ, ਢਹਿ ਢਹਿ ਢੇਰੀ ਖ਼ਾਕ ਨਜ਼ਰੀ ਆਈਆ । ਦੀਨ ਦੁਨੀ ਗੜ੍ਹ ਬਣਿਆ ਹੰਕਾਰ ਹਉਮੇ ਦਾ, ਮਮਤਾ ਮੋਹ ਨਾਲ ਰਲਾਈਆ । ਮਾਣ ਰਿਹਾ ਨਾ ਤੇਰੇ ਨਾਉਂ ਦਾ, ਨਾਉਂ ਨਿਰੰਕਾਰ ਨਜ਼ਰ ਕਿਸੇ ਨਾ ਆਈਆ । ਤੇਰਾ ਖੇਲ ਅਗੰਮ ਅਥਾਹੋ ਦਾ, ਬੇਪ੍ਰਵਾਹ ਤੇਰੀ ਬੇਪ੍ਰਵਾਹੀਆ । ਮੈਂ ਆਸਰਾ ਤੱਕਾਂ ਧੁਰ ਦੇ ਸ਼ਾਹੋ ਦਾ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਤੂੰ ਮਾਲਕ ਥਲ ਅਸਗਾਹੋ ਦਾ, ਸਮੁੰਦ ਸਾਗਰਾਂ ਪਾਰ ਲੰਘਾਈਆ । ਕਲਜੁਗ ਜੀਵ ਰੂਪ ਬਣਿਆ ਕਾਉਂ ਦਾ, ਹੰਸ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਜਣਾਈਆ । ਤੇਰੀ ਦੀਨ ਦੁਨੀਆ ਹੋਈ ਬੇਗਾਨੀ, ਨਾਤਾ ਪ੍ਰੇਮ ਗਈ ਤੁੜਾਈਆ । ਕੋਈ ਨਾ ਜਾਣੇ ਤੇਰਾ ਖੇਲ ਜ਼ਿਮੀਂ ਅਸਮਾਨੀ, ਧਰਨੀ ਧਰਤ ਧਵਲ ਦਏ ਦੁਹਾਈਆ । ਤੂੰ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਅਗੰਮ ਅਥਾਹੀਆ । ਕਲਜੁਗ ਜੀਵਾਂ ਅੰਤਰ ਮੇਟ ਦੇ ਬੇਈਮਾਨੀ, ਕੂੜੀ ਕਿਰਿਆ ਰਹੇ ਨਾ ਰਾਈਆ । ਸਤਿ ਸਚ ਦੀ ਦੇ ਨਿਸ਼ਾਨੀ, ਧਰਮ ਨਿਸ਼ਾਨਾ ਇਕ ਝੁਲਾਈਆ । ਚਾਰ ਵਰਨ ਤੇਰਾ ਨਾਮ ਇਕੋ ਪੜ੍ਹਨ ਬਾਣੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਤੂੰ ਜ਼ਮੀਰ ਬਦਲ ਦੇ ਜਿਸਮ ਜਿਸਮਾਨੀ, ਤ੍ਰਿਸ਼ਨਾ ਕੂੜ ਜਗਤ ਮਿਟਾਈਆ । ਮੈਂ ਤੇਰੇ ਚਰਨ ਕਵਲ ਕਰਾਂ ਧਿਆਨੀ, ਨਿਵ ਨਿਵ ਲਾਗਾ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਮਨਸਾ ਪੂਰ ਕਰਾਨੀ, ਦਰ ਤੇਰੇ ਆਸ ਰਖਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਲੁਧਿਆਣਾ ਸ਼ਹਿਰ ਹਰਬੰਸ ਕੌਰ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਮਾਰੀਆਂ ਲੀਕਾਂ, ਹੱਦ ਹਦੂਦ ਮਜ਼੍ਹਬਾਂ ਵੰਡ ਵੰਡਾਈਆ । ਤੇਰੇ ਨਾਮ ਕਲਮੇ ਦੀਆਂ ਕਰ ਕੇ ਗਏ ਤਸਦੀਕਾਂ, ਸ਼ਹਾਦਤ ਅਸੂਲ ਵਾਲੀ ਭੁਗਤਾਈਆ । ਮੈਂ ਤਕਦੀ ਰਹੀ ਲਾ ਕੇ ਨੀਝਾਂ, ਨਿਜ ਨੇਤਰ ਅੱਖ ਉਠਾਈਆ । ਅੰਦਰੇ ਅੰਦਰ ਆਸਾ ਰਖਦੀ ਰਹੀ ਉਮੀਦਾਂ, ਆਪਣੇ ਵਿਚ ਸਮਾਈਆ । ਭਵਿਖਤਾਂ ਵਾਲੀਆਂ ਸੁਣਦੀ ਰਹੀ ਤਾਕੀਦਾਂ, ਕੀ ਸੰਦੇਸੇ ਜਗਤ ਜਣਾਈਆ । ਕਵਣ ਵੇਲਾ ਮੇਰਾ ਸਾਹਿਬ ਸਭ ਦੀਆਂ ਪੂਰੀਆਂ ਕਰੇ ਰੀਝਾਂ, ਮਿਹਰ ਨਜ਼ਰ ਉਠਾਈਆ । ਜਿਸ ਅਵਤਾਰ ਪੈਗ਼ੰਬਰ ਗੁਰੂਆਂ ਦੇ ਤਨ ਚੋਲੇ ਬਦਲੇ ਕਮੀਜ਼ਾਂ, ਜੋਤ ਸ਼ਬਦ ਧਾਰ ਵਡਿਆਈਆ । ਅੰਤ ਉਹ ਵੇਖੇ ਆਪਣੇ ਅਜ਼ੀਜ਼ਾਂ, ਜਨ ਭਗਤਾਂ ਧਿਆਨ ਲਗਾਈਆ । ਮੇਰੇ ਉਤੇ ਮਾਰਗ ਦੱਸੇ ਸੀਧਾ, ਸਿਧ ਆਪਣਾ ਆਪ ਕਰਾਈਆ । ਮੇਰਾ ਤਨ ਮਨ ਜਾਏ ਵੀਧਾ, ਪ੍ਰੇਮ ਅਨਿਆਲਾ ਤੀਰ ਚਲਾਈਆ । ਮੈਂ ਖ਼ੁਸ਼ੀਆਂ ਵਿਚ ਪਾਵਾਂ ਗੀਧਾ, ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਆ । ਜਿਸ ਭਾਗ ਲਗਾਉਣਾ ਮੇਰੀ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਆਪਣਾ ਰੰਗ ਰੰਗਾਈਆ । ਸਤਿ ਸਚ ਮੈਨੂੰ ਸਮਝਦੇ ਮੁੱਦਾ, ਮੁੱਦਤਾਂ ਦੇ ਵਿਛੜੇ ਨਾਲ ਮਿਲਾਈਆ । ਮੇਰਾ ਭਾਗ ਕਰੇ ਉਘਾ, ਉਗਣ ਆਥਣ ਵੱਜੇ ਵਧਾਈਆ । ਭਾਉ ਮੁਕਾਵੇ ਦੂਜਾ, ਦੁਤੀਆ ਰਹਿਣ ਕੋਇ ਨਾ ਪਾਈਆ । ਭੇਵ ਖੁਲਾਏ ਗੁੱਝਾ, ਆਤਮ ਪਰਮਾਤਮ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਪੂਰ ਕਰਾਏ ਅੰਤ ਕਲਜੁਗਾ, ਕਲ ਕਾਤੀਆਂ ਕਰੇ ਸਫ਼ਾਈਆ ।



੭੮੫
੨੩

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਲੁਧਿਆਣਾ ਸ਼ਹਿਰ ਹਰਚਰਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਂ ਤੇਰੀ ਚਰਨ ਦਾਸੀ, ਦਾਸਤਾਨ ਆਪਣੀ ਦਿਆਂ ਜਣਾਈਆ । ਚਾਰ ਕੁੰਟ ਮੇਰੇ ਉਤੇ ਹੋਏ ਬਦਮਾਸ਼ੀ, ਬਦੀ ਦਾ ਪੰਧ ਨਾ ਕੋਇ ਮੁਕਾਈਆ । ਤੇਰੀ ਦੁਨੀਆ ਤੈਨੂੰ ਕਰੇ ਹਾਸੀ, ਹਸਤੀ ਤੇਰੀ ਵੇਖਣ ਕੋਇ ਨਾ ਪਾਈਆ । ਸਾਚੇ ਮੰਡਲ ਪਾਵੇ ਕੋਇ ਨਾ ਰਾਸੀ, ਗੋਪੀ ਕਾਹਨ ਰੂਪ ਨਾ ਕੋਇ ਜਣਾਈਆ । ਦੀਆਂ ਬਾਤੀ ਕਮਲਾਪਾਤੀ ਜੋਤ ਨਾ ਹੋਏ ਪ੍ਰਕਾਸ਼ੀ, ਅੰਧ ਅੰਧੇਰ ਵਿਚ ਲੋਕਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਪਾਤਸ਼ਾਹ ਵਡ ਵਡਿਆਈਆ । ਮੇਰੀ ਪੂਰੀ ਕਰ ਦੇ ਆਸੀ, ਨਿਰਾਸਤਾ ਅੰਦਰੋਂ ਬਾਹਰ ਕਢਾਈਆ । ਮੈਂ ਮੰਗਾਂ ਦੋਵੇਂ ਜੋੜ ਕੇ ਹਾਥੀ, ਹਸਤ ਹਸਤ ਨਾਲ ਮਿਲਾਈਆ । ਤੂੰ ਸਰਬ ਕਲਾ ਸਮਰਾਥੀ, ਦਾਤਾ ਧੁਰਦਰਗਾਹੀਆ । ਮੈਂ ਨਿਮਾਣੀ ਅਨਾਥ ਅਨਾਥੀ, ਬੁਧਹੀਣ ਬਲਹੀਣ ਕੁਰਲਾਈਆ । ਕਲਜੁਗ ਕੂੜੀ ਮੇਟ ਦੇ ਵਾਟੀ, ਸਤਿਜੁਗ ਸਚ ਦੇ ਜਣਾਈਆ । ਹਉਮੇ ਹੰਗਤਾ ਵਿਕਾਰ ਰਹੇ ਨਾ ਜਗਤ ਹਾਟੀ, ਵਸਤ ਅਗੰਮ ਨਾਮ ਦਾਤ ਦੇਣੀ ਵਰਤਾਈਆ । ਮੈਂ ਤੇਰਾ ਨੂਰ ਸਾਰੀ ਸ੍ਰਿਸ਼ਟੀ ਤੱਕਾਂ ਤੇਰੀ ਜ਼ਾਤੀ, ਜ਼ਾਹਰ ਜ਼ਹੂਰ ਇਕੋ ਨਜ਼ਰੀ ਆਈਆ । ਤੇਰੀ ਖ਼ੁਸ਼ੀ ਦਾ ਵਕਤ ਸੁਹੰਜਣਾ ਹੋਵੇ ਪ੍ਰਭਾਤੀ, ਸੰਧਿਆ ਇਕੋ ਰੰਗ ਰੰਗਾਈਆ । ਕਿਰਪਾ ਕਰ ਮੇਰੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਕਰੀਂ ਨਾ ਮੂਲ ਨਿਰਾਸੀ, ਆਸ਼ਾ ਪੂਰਨ ਦੇਣੀ ਕਰਾਈਆ ।

✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ✪

ਧਰਨੀ ਕਹੇ ਕਿਰਪਾ ਕਰ ਮੇਰੇ ਹਰੀ, ਹਰੀ ਹਰਿ ਤੇਰੀ ਸਰਨਾਈਆ । ਮੇਰੇ ਉਤੇ ਸ੍ਰਿਸ਼ਟੀ ਦੁੱਖਾਂ ਭਰੀ, ਦਿਵਸ ਰੈਣ ਰਹੀ ਕੁਰਲਾਈਆ । ਮੈਂ ਵੀ ਕਲਜੁਗ ਪਾਪਾਂ ਕੋਲੋਂ ਡਰੀ, ਭੈ ਵਿਚ ਰਹੀ ਸੁਣਾਈਆ । ਜਿਹੜਾ ਖੇਲ ਕਰੇ ਘੜੀ ਘੜੀ, ਛਿੰਨ ਛਿੰਨ ਆਪਣਾ ਰੂਪ ਬਦਲਾਈਆ । ਦੀਨ ਮਜ਼੍ਹਬ ਕਰਾਏ ਸ਼ਰੀ, ਸ਼ਰੀਅਤ ਦਿਤੀ ਲੜਾਈਆ । ਕੋਈ ਹੋ ਸਕੇ ਨਾ ਬਰੀ, ਦੀਨਾਂ ਮਜ਼੍ਹਬਾਂ ਬੰਧਨ ਤੁੜਾਈਆ । ਤੂੰ ਕਿਰਪਾਨਿਧ ਕਿਰਪਾ ਕਰੀ, ਮਿਹਰਵਾਨ ਹੋਣਾ ਸਹਾਈਆ । ਮੈਨੂੰ ਪੰਚ ਵਿਕਾਰ ਹੰਕਾਰ ਕੋਲੋਂ ਕਰਨਾ ਬਰੀ, ਬਰੇ ਆਜ਼ਮਾਂ ਕਰਨੀ ਸਫ਼ਾਈਆ । ਮੈਂ ਤੇਰੇ ਚਰਨ ਰਹੀ ਫੜੀ, ਚਰਨੋਦਕ ਮੁਖ ਦੇਣਾ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਤਕ ਦੁੱਖ, ਦੁਖੜੇ ਵਾਲੀ ਲੋਕਾਈਆ । ਅੰਦਰ ਮਿਲੇ ਨਾ ਕਿਸੇ ਸੁਖ, ਕਲਜੁਗ ਕਲਕਾਤੀ ਬਣਿਆ ਕਸਾਈਆ । ਜਗਤ ਤ੍ਰਿਸ਼ਨਾ ਮਿਟੇ ਨਾ ਭੁੱਖ, ਮਮਤਾ ਮੋਹ ਨਾ ਕੋਇ ਮਿਟਾਈਆ । ਜਨਣੀ ਸੁਫ਼ਲ ਹੋਵੇ ਕੋਇ ਨਾ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਉਲਟਾ ਗਰਭ ਨਾ ਗੇੜ ਮਿਟੇ ਰੁੱਖ, ਆਵਣ ਜਾਵਣ ਪੰਧ ਨਾ ਕੋਇ ਮੁਕਾਈਆ । ਨਿਗਾਹ ਮਾਰ ਲੈ ਆਪਣੇ ਮਾਨਸ ਮਨੁੱਖ, ਤਤਵ ਤਤ ਖੋਜ ਖੁਜਾਈਆ । ਹਿਰਦਿਉਂ ਤੈਨੂੰ ਕੋਇ ਨਾ ਰਿਹਾ ਝੁਕ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹੇ ਕੋਇ ਨਾ ਤੁਕ, ਆਤਮ ਪਰਮਾਤਮ ਮਿਲ ਕੇ ਵੱਜੇ ਨਾ ਮੂਲ ਵਧਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਵਸਤੂ ਝੋਲੀ ਪਾ ਦੇ ਮੁਠ, ਨਾਮ ਭੰਡਾਰਾ ਇਕ ਵਰਤਾਈਆ । ਮੇਰੀ ਸੁਹੰਜਣੀ ਹੋਵੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਂ ਤੱਕਾਂ ਤੇਰੇ ਭਗਤ ਸੁਹੇਲੇ ਸੁਤ, ਦੁਲਾਰੇ ਗੁਰਮੁਖ ਵੇਖ ਵਖਾਈਆ । ਜਿਨ੍ਹਾਂ ਨੂੰ ਆਪਣੇ ਸੀਨੇ ਲਵਾਂ ਚੁੱਕ, ਛਾਤੀ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਪ੍ਰਗਟਾ ਦੇ ਸਚ ਸੁਚ, ਕੂੜ ਕੁੜਿਆਰ ਦਾ ਪੰਧ ਮੁਕਾਈਆ ।

✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਢਹਿ ਪਈ ਜ਼ਿਲਾ ਲੁਧਿਆਣਾ ਧੰਨਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਸਾਹਿਬ ਚੋਜ ਵਡਾਣੀ, ਪਰਮ ਪੁਰਖ ਦਰ ਤੇਰੇ ਵਾਸਤਾ ਪਾਈਆ । ਸੱਤ ਸਮੁੰਦਰ ਮੇਰੇ ਨੇਤਰਾਂ ਨੈਣਾਂ ਦਾ ਪਾਣੀ, ਰੋ ਰੋ ਸਾਗਰਾਂ ਵਹਿਣ ਵਹਾਈਆ । ਮੇਰਾ ਟੁੱਟ ਗਿਆ ਜਗਤ ਮਾਣੀ, ਨਿਮਾਣੀ ਹੋ ਕੇ ਮੰਗ ਮੰਗਾਈਆ । ਆਪਣੀ ਤੱਕ ਲੈ ਚਾਰੇ ਖਾਣੀ, ਅੰਡਜ

੭੮੭
੨੩

ਜੇਰਜ ਉਤਭੁਜ ਸੇਤਜ ਧਿਆਨ ਲਗਾਈਆ । ਕਲਜੁਗ ਭਰਮ ਭੁਲਾਏ ਜੀਵ ਪ੍ਰਾਣੀ, ਪਰਮ ਪੁਰਖ ਤੇਰੀ ਸਾਰ ਕੋਇ ਨਾ ਪਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਵਾਲੀ ਭੁਲੀ ਬਾਣੀ, ਸਤਿ ਸਚ ਵਿਚ ਨਾ ਕੋਇ ਸਮਾਈਆ । ਸੁਰਤ ਸ਼ਬਦ ਮਿਲੇ ਮੇਲ ਨਾ ਧੁਰ ਦੇ ਹਾਣੀ, ਵਿਛੋੜਾ ਕੂੜ ਨਾ ਕੋਇ ਕਟਾਈਆ । ਅਨਹਦ ਧੁਨ ਸਰਵਣ ਕਰੇ ਕੋਇ ਨਾ ਬਾਣੀ, ਸ਼ਬਦ ਅਨਾਦੀ ਨਾਦ ਨਾ ਕੋਇ ਸ਼ਨਵਾਈਆ । ਤੀਰਥ ਤੱਟਾਂ ਰੋਵਣ ਜਲ ਪਾਣੀ, ਥਲ ਅਸਗਾਹ ਰਹੇ ਕੁਰਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੀਨ ਦੁਨੀ ਹੋਈ ਬੇਮੁਹਾਣੀ, ਮਨ ਕਲਪਣਾ ਭੱਜੇ ਵਾਹੋ ਦਾਹੀਆ । ਕਿਰਪਾ ਕਰ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਤੇਰੀ ਬੇਪ੍ਰਵਾਹੀਆ । ਦੀਨਾਂ ਮਜ਼੍ਹਬਾਂ ਏਕਾ ਰੰਗ ਰੰਗਾ ਸ੍ਰੀ ਭਗਵਾਨੀ, ਭਗਵਨ ਆਪਣਾ ਰੰਗ ਚੜ੍ਹਾਈਆ । ਦੂਈ ਦਵੈਤੀ ਮੇਟ ਨਿਸ਼ਾਨੀ, ਆਤਮ ਪਰਮਾਤਮ ਨਾਤਾ ਜੋੜ ਸਹਿਜ ਸੁਭਾਈਆ । ਤੇਰੇ ਚਰਨ ਕਵਲ ਵਿਟਹੁ ਕੁਰਬਾਨੀ, ਆਪ ਆਪਾ ਭੇਟ ਕਰਾਈਆ । ਨਿਗਾਹ ਮਾਰ ਲੈ ਜਿਮੀਂ ਅਸਮਾਨੀ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਖੇਲ ਤੱਕ ਲੈ ਵੇਦ ਪੁਰਾਨੀ, ਪੁਨਹ ਪੁਨਹ ਸੀਸ ਨਿਵਾਈਆ । ਪਰਦਾ ਰਹੇ ਨਾ ਅੰਜੀਲ ਕੁਰਾਨੀ, ਕੁਰਹ ਕਾਇਆ ਖੋਜ ਖੁਜਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਆਪਣੀ ਕਰ ਮਹਿਬੂਬ ਮਿਹਰਵਾਨੀ, ਨਿਵ ਨਿਵ ਸਜਦਿਆਂ ਵਿਚ ਸੀਸ ਝੁਕਾਈਆ । ਸਦੀ ਚੌਧਵੀਂ ਚਾਰੋਂ ਕੁੰਟ ਚੜ੍ਹੀ ਦਿਸੇ ਤੁਗ਼ਿਆਨੀ, ਹੜ੍ਹ ਕੂੜ ਵਾਲਾ ਵਖਾਈਆ । ਜੀਵਾਂ ਜੰਤਾਂ ਅੰਦਰ ਭਰੀ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਤੇਰੇ ਚਰਨ ਕਵਲ ਕਰੇ ਨਾ ਕੋਇ ਧਿਆਨੀ, ਇਸ਼ਟ ਦੇਵ ਨਾ ਕੋਇ ਮਨਾਈਆ । ਚੌਦਾਂ ਤਬਕ ਹੋਏ ਹੈਰਾਨੀ, ਸੰਗ ਮੁਹੰਮਦ ਨੈਣ ਉਠਾਈਆ । ਕੀ ਖੇਲ ਕਰੇ ਹਰਿ ਕਰਤਾ ਨੌਜਵਾਨੀ, ਮਰਦ ਮਰਦਾਨਾ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਨੇਤਰ ਨੈਣ ਕੁਰਲਾਉਂਦੇ, ਕੁਲ ਮਾਲਕ ਦਿਆਂ ਜਣਾਈਆ । ਹੰਝੂਆਂ ਵਹਿਣ ਵਹਾਉਂਦੇ, ਛਹਿਬਰ ਤੇਰੀ ਧਾਰ ਜਣਾਈਆ । ਦੋਏ ਜੋੜ ਵਾਸਤਾ ਪਾਉਂਦੇ, ਨਿਵ ਨਿਵ ਸੀਸ ਝੁਕਾਈਆ । ਮੇਰੇ ਪਰਮ ਪੁਰਖ ਪਰਮਾਤਮ ਕਲਜੁਗ ਜੀਵ ਨਾ ਮੂਲ ਸ਼ਰਮਾਉਂਦੇ, ਜਗਤ ਵਿਕਾਰ ਨਾ ਕੋਇ ਮਿਟਾਈਆ । ਆਤਮ ਪਰਮਾਤਮ ਢੋਲਾ ਮੂਲ ਨਾ ਗਾਉਂਦੇ, ਪਾਰਬ੍ਰਹਮ ਬ੍ਰਹਮ ਮਿਲਣ ਕੋਇ ਨਾ ਪਾਈਆ । ਮਨ ਕਲਪਣਾ ਚਾਰੋਂ ਕੁੰਟ ਉਠ ਉਠ ਧਾਉਂਦੇ, ਦਿਵਸ ਰੈਣ ਰੈਣ ਦਿਵਸ ਭੱਜਣ ਵਾਹੋ ਦਾਹੀਆ । ਮਾਇਆ ਮਮਤਾ ਮੋਹ ਵਿਕਾਰ ਕਾਰ ਕਮਾਉਂਦੇ, ਕਰਨੀ ਦੇ ਕਰਤੇ ਤੇਰੀ ਸਮਝ ਕਿਸੇ ਨਾ ਆਈਆ । ਕਲਜੁਗ ਦਾ ਕੂੜਾ ਸੰਗ ਰਖਾਉਂਦੇ, ਸਗਲੇ ਸਾਥੀ ਤੈਨੂੰ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਨੇਤਰ ਵਹਿੰਦਾ ਅੱਥਰ, ਹੰਝੂਆਂ ਹਾਰ ਬਣਾਈਆ । ਸ੍ਰਿਸ਼ਟੀ ਭੁਲ ਗਈ ਗੋਬਿੰਦ ਵਾਲਾ ਸਥਰ, ਯਾਰੜਾ ਸੇਜ ਨਾ ਕੋਇ ਹੰਢਾਈਆ । ਬਜਰ ਕਪਾਟੀ ਪਾਟੇ ਕਿਸੇ ਨਾ ਪੱਥਰ, ਨਿਜ ਨੇਤਰ ਤੇਰਾ ਦਰਸ ਨਾ ਕੋਇ ਕਰਾਈਆ । ਦੀਨ ਦੁਨੀ ਤੇ ਪਾਠ ਕਰਦੀ ਪੜ੍ਹ ਪੜ੍ਹ ਅੱਖਰ, ਨਿਰਅੱਖਰ ਤੇਰਾ ਅੱਖਰ ਸਮਝ ਕਿਸੇ ਨਾ ਆਈਆ । ਤੂੰ ਨਰੇਸਾ ਸਚ ਸੰਦੇਸਾ ਦੇ ਅਗੰਮੇ ਪੱਤਰ, ਪਾਤਰ ਆਪਣੀ ਇਕ ਜਣਾਈਆ । ਜਿਸ ਨਾਲ ਯਥਾਰਥ ਪੂਰਾ ਹੋਵੇ ਸਭ ਦਾ ਯਤਨ, ਯਦੀ ਆਪਣਾ ਭੇਵ ਚੁਕਾਈਆ । ਹਰਿਜਨ ਅਮੋਲਕ ਹੀਰੇ ਬਣਾ ਰਤਨ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਸੰਤ ਸੁਹੇਲੇ ਬੈਠਣ ਤੇਰੇ ਪਤਣ, ਕੰਢਾ ਘਾਟ ਇਕੋ ਸੋਭਾ ਪਾਈਆ । ਜਨ ਭਗਤਾਂ ਪੈਜ

ਆਈ ਆਪ ਰਖਣ, ਰਖਕ ਹੋ ਕੇ ਵੇਖ ਵਖਾਈਆ । ਸਤਿ ਧਰਮ ਨਾਲੋਂ ਮੇਰੀ ਝੋਲੀ ਹੋ ਗਈ ਸੱਖਣ, ਬਹੁੜੀ ਬਹੁੜੀ ਕਰ ਕੁਰਲਾਈਆ । ਮੇਰੇ ਮਿਹਰਵਾਨ ਮਹਿਬੂਬਾ ਮੇਰਾ ਪਰਦਾ ਆਈਂ ਢੱਕਣ, ਓਢਣ ਸੀਸ ਨਾਮ ਵਾਲਾ ਟਿਕਾਈਆ । ਮੇਰੇ ਉਤੇ ਦੂਈ ਦਵੈਤੀ ਮੇਟੀਂ ਛੱਟਣ, ਸ਼ਰਅ ਸ਼ਰੀਅਤ ਰਹਿਣ ਕੋਇ ਨਾ ਪਾਈਆ । ਮੈਂ ਤੇਰਾ ਲੇਖਾ ਵੇਖਣਾ ਚਾਹੁੰਦੀ ਪਹਿਲੇ ਕਰੋਚ ਦੀਪ ਨਾਲ ਲੱਖਣ, ਪੁਸ਼ਕਰ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸੰਦੇਸਾ ਹੋਵੇ ਸੱਚਣ, ਸਤਿ ਸਚ ਤੇਰੀ ਵਡਿਆਈਆ ।

✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ਸਰਦਾਰਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਕਿਰਪਾ ਕਰ ਜੋਤ ਨਿਰੰਕਾਰੀ, ਨਿਰਵੈਰ ਤੇਰੀ ਸ਼ਰਨਾਈਆ । ਮੈਂ ਦਰ ਠਾਂਡੇ ਤੇਰੇ ਪੁਕਾਰੀ, ਸਚਖੰਡ ਸਾਚੇ ਸੀਸ ਨਿਵਾਈਆ । ਸੋ ਪੁਰਖ ਨਿਰੰਜਣ ਤੇਰੀ ਮਹਿੰਮਾ ਅਪਰ ਅਪਾਰੀ, ਹਰਿ ਪੁਰਖ ਨਿਰੰਜਣ ਤੇਰੀ ਵਡਿਆਈਆ । ਏਕੰਕਾਰ ਤੇਰੀ ਪਨਿਹਾਰੀ, ਆਦਿ ਨਿਰੰਜਣ ਤੇਰੀ ਸੇਵ ਕਮਾਈਆ । ਅਬਿਨਾਸ਼ੀ ਕਰਤੇ ਹੋਈ ਮੈਂ ਦੁਖਿਆਰੀ, ਸ੍ਰੀ ਭਗਵਾਨ ਦੇਣੀ ਵਡਿਆਈਆ । ਪਾਰਬ੍ਰਹਮ ਤੇਰੀ ਚਰਨਾਂ ਧੂੜ ਲਾਵਾਂ ਛਾਰੀ, ਮਸਤਕ ਖ਼ਾਕ ਰਮਾਈਆ । ਮਿਹਰਵਾਨਾ ਨੌਜਵਾਨਾ ਮਰਦ ਮਰਦਾਨਾ ਇਕ ਵਾਰੀ ਨਿਗਾਹ ਮਾਰੀਂ, ਬਿਨ ਨੈਣਾਂ ਨੈਣ ਉਠਾਈਆ । ਮੇਰੀ ਚਾਰੋਂ ਕੁੰਟ ਹੋਈ ਖ਼ੁਆਰੀ, ਧਰਮ ਦੀ ਧਾਰ ਰਹਿਣ ਨਾ ਪਾਈਆ । ਮੈਂ ਮੰਗਤੀ ਦਰਵੇਸ਼ਣ ਤੇਰੇ ਦਰ ਦਰਬਾਰੀ, ਦਰਗਾਹ ਸਾਚੀ ਝੋਲੀ ਡਾਹੀਆ । ਸਤਿਗੁਰ ਸ਼ਬਦ ਭੇਜ ਏਕਾ ਯੋਧਾ ਬਲਕਾਰੀ, ਦੂਸਰ ਲੋੜ ਰਹੇ ਨਾ ਰਾਈਆ । ਜਿਸ ਦਾ ਨਾਮ ਖੰਡਾ ਦੋ ਧਾਰੀ, ਦੋ ਜਹਾਨਾਂ ਵੇਖ ਵਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਵੇ ਸਾਰੀ, ਗਗਨ ਗਗਨੰਤਰਾਂ ਖੋਜ ਖੁਜਾਈਆ । ਮੇਰੇ ਉਤੋਂ ਕਲਜੁਗ ਮੇਟੇ ਧੂੰਆਂਧਾਰੀ, ਅੰਧ ਅੰਧੇਰਾ ਦਏ ਚੁਕਾਈਆ । ਮੈਂ ਰੋਵਾਂ ਜ਼ਾਰੋ ਜ਼ਾਰੀ, ਜ਼ਾਹਰ ਜ਼ਹੂਰ ਧੁਰ ਦੇ ਨੂਰ ਤੇਰੀ ਓਟ ਰਖਾਈਆ । ਉਠ ਵੇਖ ਲੈ ਚਾਰ ਕੁੰਟ ਕਲਜੁਗ ਕਰੇ ਗ਼ਦਾਰੀ, ਗਦਾਗਰ ਦਿਸੇ ਖ਼ਲਕ ਖ਼ੁਦਾਈਆ । ਮਨੂਆ ਦਹਿ ਦਿਸ਼ਾ ਉਠ ਉਠ ਮਾਰੇ ਉਡਾਰੀ, ਨੌਵਾਂ ਦਵਾਰਿਆਂ ਭੱਜੇ ਚਾਈਂ ਚਾਈਂਆ । ਤੇਰਾ ਨਾਮ ਸ਼ਬਦ ਕਲਮਾ ਸੁਣੇ ਨਾ ਕੋਇ ਧੁਨਕਾਰੀ, ਧੁਨ ਅਨਾਦ ਨਾ ਕੋਇ ਸ਼ਨਵਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼ ਤਨ ਮੰਦਰ ਨਾ ਹੋਏ ਉਜਿਆਰੀ, ਕਾਇਆ ਕਾਅਬਾ ਨਾ ਕੋਇ ਸੁਹਾਈਆ । ਤੀਰਥ ਤਟਾਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਪਵਿਤ੍ਰ ਰਿਹਾ ਨਾ ਪਾਣੀ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਆਤਮ ਪਰਮਾਤਮ ਮਿਲੇ ਕੋਇ ਨਾ ਹਾਣੀ, ਸੁਰਤ ਸ਼ਬਦ ਨਾ ਕੋਇ ਸਮਾਈਆ । ਧਰਨੀ ਕਹੇ ਮੈਂ ਹੋਈ ਨਿਮਾਣੀ, ਨਿਵ ਨਿਵ ਲਾਗਾ ਪਾਈਂਆ । ਪੁਰਖ ਅਕਾਲੇ ਦੀਨ ਦਿਆਲੇ ਤੱਕ ਲੈ ਆਪਣੀ ਯਾਰੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਸੰਦੇਸਾ ਸੁਣ ਲੈ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਕੀ ਤੇਰੇ ਢੋਲੇ ਗਾਈਆ । ਅੰਤਰ ਨਿਰੰਤਰ ਨਿਗਾਹ ਮਾਰ ਲੈ ਜੀਵ ਪ੍ਰਾਣੀ, ਪਰਮ ਪੁਰਖ ਆਪਣਾ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਦੁਖੀ ਦੀ

ਸੁਣ ਪੁਕਾਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੂੰ ਸਭ ਦਾ ਸਾਂਝਾ ਪਰਵਰਦਿਗਾਰ, ਬੇਐਬ ਨੂਰ ਖ਼ੁਦਾਈਆ । ਮੇਰੀ ਆਸ਼ਾ ਤੇਰੀ ਤਲਬਗਾਰ, ਦਿਵਸ ਰੈਣ ਤੇਰਾ ਰਾਹ ਤਕਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਸਦੀ ਚੌਧਵੀਂ ਲਹਿਣਾ ਦੇਣਾ ਰਸੂਲ ਪੈਗ਼ੰਬਰਾਂ ਆਪ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਕੀ ਸੰਦੇਸਾ ਦਿਤਾ ਮੁਹੰਮਦ ਸੰਗ ਚਾਰ ਯਾਰ, ਜਗਤ ਜਹਾਨ ਭੇਵ ਚੁਕਾਈਆ । ਕਵਣ ਵੇਲਾ ਪ੍ਰਗਟ ਹੋਵੇ ਅਮਾਮ ਅਮਾਮਾ ਸਿਕਦਾਰ, ਨੂਰ ਨੁਰਾਨਾ ਅਗੰਮ ਅਥਾਹੀਆ । ਮੇਰਾ ਦੁਖੜਾ ਦਏ ਨਿਵਾਰ, ਚਿੰਤਾ ਸੋਗ ਮਿਟਾਈਆ । ਚਰਨ ਛੁਹਾਏ ਮੇਰੀ ਸੱਚੀ ਸਰਕਾਰ, ਕਵਲ ਤੇਰੇ ਮਿਲੇ ਵਡਿਆਈਆ । ਮੈਂ ਖ਼ਾਦਮ ਤੇਰੀ ਆਦਿ ਦੀ ਸੇਵਾਦਾਰ, ਆਦਮ ਹੱਵਾ ਬੈਠੇ ਰਾਹ ਤਕਾਈਆ । ਆਪਣੀ ਗੁਲਸ਼ਨ ਵੇਖ ਲੋਕਮਾਤ ਬਹਾਰ, ਕਿਸ ਬਿਧ ਕਲਜੁਗ ਕੂੜ ਕੁੜਿਆਰ ਮਹਿਕਾਈਆ । ਤੇਰਾ ਹਕੀਕੀ ਦਿਸੇ ਨਾ ਕੋਇ ਖ਼ਿਦਮਤਗਾਰ, ਖ਼ਾਦਮ ਰੂਪ ਨਾ ਕੋਇ ਬਣਾਈਆ । ਮੈਂ ਰੋਵਾਂ ਧਾਹਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਕਿਰਪਾ ਕਰ ਕਲ ਕਲਕੀ ਅਵਤਾਰ, ਨਿਹਕਲੰਕ ਤੇਰੀ ਸਰਨਾਈਆ । ਸ਼ਬਦ ਸਤਿਗੁਰੂ ਪਾ ਸਾਰ, ਮਹਾਸਾਰਥੀ ਹੋ ਸਹਾਈਆ । ਕੂੜੀ ਕਿਰਿਆ ਮੇਰੇ ਉਤੋਂ ਕਢ ਬਾਹਰ, ਧਰਨੀ ਧਰਤ ਧਵਲ ਧੌਲ ਰਹਿਣ ਨਾ ਪਾਈਆ । ਜੋਤੀ ਜਾਤੇ ਪੁਰਖ ਬਿਧਾਤੇ ਹੋ ਜ਼ਾਹਰ, ਏਕੰਕਾਰ ਆਪਣੀ ਕਲ ਪ੍ਰਗਟਾਈਆ । ਮੈਥੋਂ ਝਲਿਆ ਨਾ ਜਾਏ ਭਾਰ, ਬੋਝ ਸਕਾਂ ਨਾ ਸਿਰ ਉਠਾਈਆ । ਕਾਤਲ ਮਕਤੂਲ ਹੋਇਆ ਤੇਰਾ ਸੰਸਾਰ, ਚਾਰੋਂ ਕੁੰਟ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਇਕ ਸਹਾਰ, ਸਹਾਇਕ ਨਾਇਕ ਦੂਜਾ ਨਜ਼ਰ ਕੋਇ ਨਾ ਆਈਆ ।


੭੮੯
੨੩

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ਪਾਖਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਕੀ ਦੱਸਾਂ ਬਾਤ, ਬਾਤਨ ਕੀ ਜਣਾਈਆ । ਉਹ ਵੇਖ ਮੇਰੇ ਉਤੇ ਅੰਧੇਰੀ ਰਾਤ, ਤੇਰਾ ਚੰਦ ਨਾ ਕੋਇ ਰੁਸ਼ਨਾਈਆ । ਮੈਂ ਤੱਕਾਂ ਤੇਰੀ ਵਾਟ, ਬਿਨ ਨੈਣਾਂ ਨੈਣ ਉਠਾਈਆ । ਕਿਰਪਾ ਕਰ ਪੁਰਖ ਸਮਰਾਥ, ਸਮਰਥ ਤੇਰੀ ਸਰਨਾਈਆ । ਮੈਂ ਜੋੜਾਂ ਦੋਵੇਂ ਹਾਥ, ਮਸਤਕ ਚਰਨਾਂ ਸੀਸ ਟਿਕਾਈਆ । ਕੂੜੀ ਕਿਰਿਆ ਦਾ ਮੇਰੇ ਉਤੋਂ ਹਟਾ ਦੇ ਰਾਥ, ਸਤਿਜੁਗ ਸਚ ਦੇ ਵਡਿਆਈਆ । ਮੈਂ ਨਿਮਾਣੀ ਅਨਾਥਾਂ ਨਾਥ, ਦਰ ਤੇਰੇ ਅਲਖ ਜਗਾਈਆ । ਕੂੜੀ ਕਿਰਿਆ ਮੇਟ ਦੇ ਵਾਟ, ਜੂਠ ਝੂਠ ਪੰਧ ਮੁਕਾਈਆ । ਇਕੋ ਆਪਣਾ ਖੋਲ ਦੇ ਹਾਟ, ਨਾਮ ਨਿਧਾਨ ਵਸਤ ਟਿਕਾਈਆ । ਇਕੋ ਕਿਨਾਰਾ ਬਖ਼ਸ਼ ਕੇ ਘਾਟ, ਤੱਟ ਇਕ ਸੁਹਾਈਆ । ਤੂੰ ਆਦਿ ਜੁਗਾਦੀ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਸਚ ਪ੍ਰੀਤੀ ਮੇਰਾ ਤੇਰੇ ਨਾਲ ਨਾਤ, ਦੂਜੀ ਆਸ ਨਾ ਕੋਇ ਵਖਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਵਾਰੀ ਮਿਹਰ ਨਿਗਾਹ ਨਾਲ ਝਾਕ, ਝਾਤੀ ਆਪਣੀ ਪਾਈਆ । ਬੰਦ ਕਿਵਾੜਾ ਖੋਲ ਤਾਕ, ਖਿੜਕੀ ਕੁੰਡੀ ਆਪ ਖੁਲਾਈਆ । ਮੇਰੀ ਪੂਰੀ ਕਰਦੇ ਆਸ, ਆਸਾਵੰਦ ਰਹੀ ਕੁਰਲਾਈਆ । ਸਾਚੀ ਵਸਤ ਦੇ ਦੇ ਖ਼ਾਸ, ਖ਼ਸੂਸੀਅਤ ਆਪਣੀ ਦੇ ਦ੍ਰਿੜਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਦੁਨੀ ਦਾ ਪੰਧ ਮੁਕਾਈਆ ।

ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਗਾਥ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਅੰਤਮ ਪੁਛੇ ਵਾਤ, ਵਾਤਾਵਰਨ ਦੀਨ ਦੁਨੀ ਵੇਖ ਵਖਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ਭਗਵਾਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੈਂ ਤੇਰੇ ਦਰ ਤੇ ਕੁਰਲਾਂਦੀ, ਕੂਕ ਕੂਕ ਸੁਣਾਈਆ । ਮੇਰੀ ਕਲਜੁਗ ਵਿਚ ਪਤ ਜਾਂਦੀ, ਓਢਣ ਸੀਸ ਨਾ ਕੋਇ ਟਿਕਾਈਆ । ਕਲਜੁਗ ਜੀਵਾਂ ਬੁੱਧੀ ਹੋਈ ਕਾਂ ਦੀ, ਗੁਰਮੁਖ ਹੰਸ ਰੂਪ ਨਾ ਕੋਇ ਬਦਲਾਈਆ । ਮੇਰੇ ਉਤੇ ਪੁਤ ਹੱਤਿਆ ਕਰਨ ਮਾਂ ਦੀ, ਪਿਓ ਪੁਤ ਕਾਤਲ ਮਕਤੂਲ ਰੂਪ ਵਟਾਈਆ । ਮੈਂ ਖਲੜੀ ਲਥੀ ਵੇਖੀ ਗਾਂ ਦੀ, ਸੂਰਾਂ ਰਹੇ ਝਟਕਾਈਆ । ਵਡਿਆਈ ਰਹੀ ਨਹੀਂ ਤੇਰੇ ਨਾਂ ਦੀ, ਨਾਉਂ ਨਿਰੰਕਾਰ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਗਈ ਭੁਲਾਈਆ । ਤਾਕਤ ਰਹੀ ਨਹੀਂ ਕਿਸੇ ਬਾਂਹ ਦੀ, ਸੂਰਬੀਰ ਨਾ ਕੋਇ ਅਖਵਾਈਆ । ਮਾਣ ਰਹਿਣ ਦਿਤਾ ਨਹੀਂ ਕਲਜੁਗ ਕਿਸੇ ਭੂਮਿਕਾ ਥਾਂ ਦੀ, ਬਨੰਤਰ ਸਾਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੈਨੂੰ ਤੇਰਾ ਇਕ ਸਹਾਰਾ, ਸਾਹਿਬ ਸਤਿਗੁਰ ਤੇਰੀ ਸਰਨਾਈਆ । ਨਿਰਗੁਣ ਨਿਰਵੈਰ ਹੋ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸਤਿਗੁਰ ਸ਼ਬਦ ਤੇਰਾ ਦੋ ਜਹਾਨ ਹੋਵੇ ਸਿਕਦਾਰਾ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜੀ ਕਿਰਿਆ ਤੱਕ ਵਿਚ ਸੰਸਾਰਾ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਲੇਖਾ ਪੂਰਾ ਕਰ ਦੇ ਸੰਗ ਮੁਹੰਮਦ ਚਾਰ ਯਾਰਾ, ਚੌਦਾਂ ਲੋਕ ਚੌਦਾਂ ਤਬਕ ਬੈਠੇ ਅੱਖ ਉਠਾਈਆ । ਹਜ਼ਰਤ ਈਸਾ ਅਗੇ ਕਰੇ ਨਾ ਕੋਇ ਤਕਰਾਰਾ, ਬੀਸ ਬੀਸੇ ਤੇਰੀ ਵਡ ਵਡਿਆਈਆ । ਤੇਰਾ ਲਹਿਣਾ ਦੇਣਾ ਕਾਗ਼ਜ਼ ਕਲਮ ਲਿਖਣ ਤੋਂ ਬਾਹਰਾ, ਹਰਫ਼ ਹਰੂਫ਼ ਵੰਡ ਨਾ ਕੋਇ ਵੰਡਾਈਆ । ਤੂੰ ਆਦਿ ਪੁਰਖ ਅਪਰੰਪਰ ਆਦਿ ਜੁਗਾਦੀ ਮੀਤ ਮੁਰਾਰਾ, ਸਾਜਣ ਇਕੋ ਇਕ ਅਖਵਾਈਆ । ਮੇਰਾ ਵਕਤ ਦੁਹੇਲਾ ਬਣ ਸੁਹੇਲਾ ਹੁਕਮ ਦਏ ਸੱਚੀ ਸਰਕਾਰਾ, ਸਤਿ ਸਚ ਸਚ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਤੇਰਾ ਊਚੋ ਊਚ ਦਰਬਾਰਾ, ਦਰਗਾਹ ਸਾਚੀ ਸਚਖੰਡ ਸੁਹਾਈਆ ।

ਮਾਲਵੇ ਵਾਲਿਓ ਗਾਵੋ ਸ਼ਬਦ, ਸਤਿਗੁਰ ਸਰਨ ਸੱਚੀ ਸਰਨਾਈ । ਝਗੜਾ ਛਡਣਾ ਦੀਨ ਮਜ਼੍ਹਬ, ਆਤਮ ਪਰਮਾਤਮ ਲੈਣਾ ਪਰਨਾਈ । ਇਕ ਦੂਜੇ ਦਾ ਕਰਨਾ ਅਦਬ, ਸਭ ਨੂੰ ਸਮਝਣਾ ਭੈਣਾ ਭਾਈ । ਸਤਿਗੁਰ ਮੇਲਾ ਜਗਤ ਨਹੀਂ ਬਦਨ, ਨਿਰਗੁਣ ਨਿਰਗੁਣ ਦਏ ਮਿਲਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਕਾਰ ਵਿਚੋਂ ਤੁਹਾਨੂੰ ਆਇਆ ਕਢਣ, ਫੜ ਬਾਹੋਂ ਪਾਰ ਕਰਾਈ । ਗੁਰਸਿਖ ਤੇਰਾ

੭੯੦ ੨੩

ਮੁਨਾਰਾ ਚੰਗਾ, ਸਤਿਗੁਰ ਦਏ ਵਡਿਆਈ । ਜਿਸ ਦੇ ਵਿਚ ਅੰਮ੍ਰਿਤ ਧਾਰ ਗੰਗਾ, ਕਵਲ ਨਾਭੀ ਨਿਝਰ ਝਿਰਨੇ ਵਿਚੋਂ ਝਿਰਾਈਆ । ਧੁਨ ਆਤਮ ਵੱਜੇ ਮਰਦੰਗਾ, ਸ਼ਬਦ ਅਨਾਦੀ ਨਾਦ ਸ਼ਨਵਾਈਆ । ਜੋਤ ਜਗਾਏ ਸੂਰਾ ਸਰਬੰਗਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਸਚ ਪ੍ਰੇਮ ਦਾ ਬਖ਼ਸ਼ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਭਾਗ ਲਗਾ ਕੇ ਜੀਉ ਪਿੰਡਾ, ਮਿਹਰਵਾਨ ਹੋਏ ਸਹਾਈਆ । ਝਗੜਾ ਮੁਕਾ ਕੇ ਜੇਰਜ ਅੰਡਾ, ਉਤਭੁਜ ਸੇਤਜ ਲੇਖਾ ਦਏ ਮੁਕਾਈਆ । ਦਰ ਸੁਹਾਏ ਇਕ ਸਚਖੰਡਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਭਗਤਾਂ ਆਪ ਵਸੰਦਾ, ਵਸਲ ਦੇਵੇ ਯਾਰ ਅਲਾਹੀਆ । ਮਹੱਲ ਮੁਨਾਰਾ ਉਚ ਅਟੱਲ ਸੁਹੰਦਾ, ਪੁਰਖ ਅਬਿਨਾਸ਼ਣ ਜਿਥੇ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਰੰਗ ਰੰਗਾਈਆ ।

✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ਕਰਮ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਉਤੇ ਰੋਵੇ ਬਨਾਸਪਤ, ਟਿੱਲੇ ਪਰਬਤਾਂ ਉਤੇ ਦੁਹਾਈਆ । ਪ੍ਰਭੂ ਤੇਰਾ ਪਿਆਰ ਰਿਹਾ ਨਾ ਆਸਤਕ, ਤੇਰੇ ਰੰਗ ਨਾ ਕੋਇ ਸਮਾਈਆ । ਕਲਜੁਗ ਨੇ ਕੂੜ ਚਲਾਈ ਸਿਆਸਤ, ਸੱਤਾਂ ਦੀਪਾਂ ਹੁਕਮ ਵਰਤਾਈਆ । ਕਾਇਆ ਰਹਿਣ ਦਿਤੀ ਨਹੀਂ ਕਿਸੇ ਲਿਆਕਤ, ਅਕਲ ਬੁੱਧੀ ਨਾ ਕੋਇ ਵਡਿਆਈਆ । ਮਨੂਆ ਲੈ ਕੇ ਆਪਣੀ ਵਿਚ ਹਿਰਾਸਤ, ਦਹਿ ਦਿਸ਼ਾ ਦਿਤਾ ਨਚਾਈਆ । ਚਾਰੋਂ ਕੁੰਟ ਦਿਸਣ ਨਾਸਤਕ, ਨਾਮ ਰਸ ਰਸਨਾ ਨਾ ਕੋਇ ਚਖਾਈਆ । ਮੈਂ ਕਰ ਨਾ ਸਕਾਂ ਬਰਦਾਸ਼ਤ, ਬਦੀ ਚਾਰੋਂ ਕੁੰਟ ਨਜ਼ਰੀ ਆਈਆ । ਏਸ ਕਲਜੁਗ ਨੇ ਮੇਰੀ ਕਾਇਆ ਚੋਲੀ ਕਿਉਂ ਕੂੜ ਦੀ ਪਾਈ ਵਿਰਾਸਤ, ਵਿਰਸਾ ਮੇਰਾ ਨਜ਼ਰ ਨਾ ਆਈਆ । ਜਗਤ ਜਹਾਨ ਦਾ ਖੇਲ ਵੇਖ ਆਰਥਕ, ਅਰਥੀ ਸਾਰੇ ਕੂੜ ਉਠਾਈਆ । ਮੇਰੇ ਮਿਹਰਵਾਨ ਕਿਰਪਾ ਕਰ ਵਿਚ ਭਾਰਤ, ਭਾਰਦਵਾਜ ਦੀ ਆਸਾ ਪੂਰ ਕਰਾਈਆ । ਤੇਰੇ ਸਤਿਗੁਰ ਸ਼ਬਦ ਦੀ ਹੋਵੇ ਵਜ਼ਾਰਤ, ਹੁਕਮ ਧੁਰ ਦਾ ਨਾਮ ਦ੍ਰਿੜਾਈਆ । ਤੇਰੇ ਚਰਨ ਦੀ ਹੋਵੇ ਜ਼ਿਆਰਤ, ਦੂਸਰ ਸੀਸ ਨਾ ਕਦੇ ਝੁਕਾਈਆ । ਸਤਿ ਧਰਮ ਦੀ ਖੜੀ ਕਰ ਇਮਾਰਤ, ਮਾਨਵ ਏਕਾ ਘਰ ਬਹਾਈਆ । ਆਤਮ ਪਰਮਾਤਮ ਕਰਾ ਤੁਆਰਫ਼, ਤਰਫ਼ਦਾਰੀ ਰਹਿਣ ਕੋਇ ਨਾ ਪਾਈਆ । ਮੇਰੀ ਕਰੇ ਨਾ ਕੋਇ ਸਫ਼ਾਰਸ਼, ਸੰਗੀ ਨਜ਼ਰ ਕੋਇ ਨਾ ਆਈਆ । ਮੇਰੀ ਬੇਨੰਤੀ ਇਕ ਗੁਜ਼ਾਰਸ਼, ਗੁਜ਼ਸ਼ਤਾ ਹਾਲ ਦਿਤਾ ਜਣਾਈਆ । ਚਾਰੋਂ ਕੁੰਟ ਹੁੰਦੀ ਵੇਖ ਸਾਜ਼ਸ, ਸ਼ਰਾਰਤ ਭਰੀ ਲੋਕਾਈਆ । ਹਰ ਘਟ ਅੰਦਰ ਲੱਗੀ ਆਤਸ਼, ਅਗਨੀ ਅੱਗ ਨਾ ਕੋਇ ਬੁਝਾਈਆ । ਤੇਰਾ ਲਹਿਣਾ ਦੇਣਾ ਲੇਖਾ ਮੇਰੇ ਨਾਲ ਵਾਸਤਕ, ਵਾਹਿਦ ਮਾਲਕ ਦਿਆਂ ਦ੍ਰਿੜਾਈਆ । ਬਿਨਾ ਤੇਰੀ ਕਿਰਪਾ ਤੇਰਾ ਹੋ ਸਕੇ ਨਾ ਕੋਇ ਉਪਾਸ਼ਕ, ਉਪਨਿਸ਼ਦਾਂ ਕੰਮ ਕਿਸੇ ਨਾ ਆਈਆ । ਤੇਰਾ ਖੇਲ ਮੈਂ ਵੇਖਾਂ ਬਰਸ ਮਾਸਕ, ਦਿਵਸ ਰੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸ਼ਾ ਪੂਰੀ ਕਰ ਹਾਰਦਿਕ, ਹਿਰਦੇ ਅੰਦਰ ਤੇਰਾ ਧਿਆਨ ਲਗਾਈਆ ।


੭੯੧
੨੩

## ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ਸ਼ਹਿਰ ਸਾਧੂ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਅਲਾਹ ਅੱਲਾ, ਤੇਰੀ ਇਕ ਸ਼ਰਨਾਈਆ । ਮਹਿਬੂਬ ਫੜਾ ਦੇ ਪੱਲਾ, ਪਲਕਾਂ ਵਿਚ ਹੋ ਸਹਾਈਆ । ਤੂੰ ਮਾਲਕ ਖ਼ਾਲਕ ਇਕ ਇਕੱਲਾ, ਵਾਹਿਦ ਤੇਰੀ ਓਟ ਤਕਾਈਆ । ਵੇਖ ਲੈ ਜਲਾ ਥਲਾ, ਮਹੀਅਲ ਖੋਜ ਖੁਜਾਈਆ । ਮੇਰੇ ਉਤੇ ਦੂਈ ਦਵੈਤੀ ਦੀਨ ਦੁਨੀ ਲੱਗਾ ਸਲਾ, ਸਚ ਰੰਗ ਨਾ ਕੋਇ ਸਮਾਈਆ । ਕਲਜੁਗ ਕੂੜ ਮਚਾਇਆ ਤਰਥੱਲਾ, ਥਰ ਥਰਾਹਟ ਵਿਚ ਦੁਹਾਈਆ । ਕਿਸੇ ਦਾ ਚਾਹੇ ਕੋਈ ਨਾ ਭਲਾ, ਪ੍ਰੇਮ ਪਿਆਰ ਵਿਚ ਨਾ ਕੋਇ ਸਮਾਈਆ । ਕਾਮ ਕਰੋਧ ਕਰੇ ਹੱਲਾ, ਨੌ ਖੰਡ ਭੈ ਰਿਹਾ ਡਰਾਈਆ । ਤੇਰਾ ਗ੍ਰਹਿ ਦਿਸੇ ਨਾ ਕਿਸੇ ਅਟੱਲਾ, ਸਚ ਮਹੱਲ ਸੋਭਾ ਕੋਇ ਨਾ ਪਾਈਆ । ਜਿਧਰ ਤਕੇ ਵਿਕਾਰੀ ਦਲਾ, ਅਗੇ ਹੋ ਨਾ ਕੋਇ ਅਟਕਾਈਆ । ਮੇਰੇ ਉਤੇ ਹਉਮੇ ਹੰਗਤਾ ਦੀਪਕ ਬਲਾ, ਬਲਧਾਰੀ ਵੇਖ ਵਖਾਈਆ । ਮਾਨਸ ਰਿਹਾ ਨਾ ਸਚ ਦਾ ਫਲਾ, ਧਰਮ ਧੁਜ ਨਾ ਕੋਇ ਲਹਿਰਾਈਆ । ਅਰਸ਼ੀ ਪ੍ਰੀਤਮ ਆ ਕੇ ਵੇਖ ਥਲਾ, ਧਰਨੀ ਰੋ ਰੋ ਮਾਰੇ ਧਾਹੀਂਆ । ਜੋ ਸੰਦੇਸਾ ਅਵਤਾਰ ਪੈਗ਼ੰਬਰ ਗੁਰੂਆਂ ਘੱਲਾ, ਭਵਿਖਤਾਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਵਡਿਆਈਆ । ਧਰਨੀ ਕਹੇ ਮੈਂ ਬਿਨ ਨੇਤਰ ਹੰਝੂਆਂ ਰੋਵਾਂ, ਨੈਣਾਂ ਨੀਰ ਵਹਾਈਆ । ਸੁਖ ਵਿਚ ਕਦੇ ਨਾ ਸੋਵਾਂ, ਅੱਠੇ ਪਹਿਰ ਕੁਰਲਾਈਆ । ਆਪਣੇ ਤੋਂ ਪਾਪਾਂ ਦਾਗ਼ ਕਿਸ ਬਿਧ ਧੋਵਾਂ, ਸਮਝ ਕੋਇ ਨਾ ਆਈਆ । ਅੰਮ੍ਰਿਤ ਰਸ ਕਿਸ ਦਵਾਰੇ ਚੋਵਾਂ, ਕੌਣ ਗ੍ਰਹਿ ਮਿਲੇ ਵਡਿਆਈਆ । ਪਾਕ ਪਵਿਤਰ ਕਿਸ ਤਰਾ ਹੋਵਾਂ, ਦੁਰਮਤ ਮੈਲ ਨਾ ਲਾਗੇ
੭੯੨ ੨੩ ਰਾਈਆ । ਗੂੜ੍ਹੀ ਨੀਂਦੇ ਸਚ ਸਿੰਘਾਸਣ ਸੋਵਾਂ, ਸਤਿਗੁਰ ਸਰਨ ਮਿਲੇ ਸ਼ਰਨਾਈਆ । ਸਵਾਮੀ ਪੱਖਾਂ ਫੇਰਾਂ ਪਾਣੀ ਢੋਵਾਂ, ਕਿਸ ਬਿਧ ਤੇਰੀ ਸੇਵ ਕਮਾਈਆ । ਖੁਲ੍ਹੇ ਕੇਸ ਸਿਰ ਦੇ ਖੋਹਵਾਂ, ਵੈਰਾਗੀ ਹੋ ਕੇ ਦਿਆਂ ਦੁਹਾਈਆ । ਮਾਲਕ ਖ਼ਾਲਕ ਪ੍ਰੀਤਮ ਤੈਨੂੰ ਕਿਸ ਮੁਹੱਬਤ ਵਿਚ ਮੋਹਵਾਂ, ਪਿਆਰ ਪਿਆਰ ਨਾਲ ਮਿਲਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਕਲਜੁਗ ਸਤਿਜੁਗ ਦੋਵਾਂ, ਦੋਹਾਂ ਦਾ ਲਹਿਣਾ ਤੇਰੇ ਹੱਥ ਨਜ਼ਰੀ ਆਈਆ । ਮੇਰੇ ਉਤੇ ਦੀਨ ਮਜ਼੍ਹਬ ਦੀ ਵੰਡ ਰਹੇ ਨਾ ਭੌਵਾਂ, ਸ਼ਰਅ ਦੇ ਝਗੜੇ ਦੇਣੇ ਚੁਕਾਈਆ । ਮੈਂ ਇਕੋ ਰੂਪ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਹੋਵਾਂ, ਦੂਜਾ ਰੰਗ ਨਾ ਕੋਇ ਰੰਗਾਈਆ । ਤੇਰਾ ਪ੍ਰਕਾਸ਼ ਤੱਕਾਂ ਤ੍ਰੈ ਲੋਆਂ, ਤ੍ਰੈਭਵਣ ਧਨੀ ਪਰਦਾ ਦਿਆਂ ਚੁਕਾਈਆ । ਤੇਰੇ ਸਚਖੰਡ ਦਵਾਰ ਖਲੋਵਾਂ, ਖ਼ਲਕ ਦੇ ਖ਼ਾਲਕ ਤੇਰੀ ਸ਼ਰਨਾਈਆ । ਆਪਣੀਆਂ ਆਸ਼ਾਂ ਤੇਰੇ ਅਗੇ ਢੋਵਾਂ, ਮਨਸਾ ਚਰਨਾਂ ਵਿਚ ਰਖਾਈਆ । ਤੇਰੇ ਕੋਲੋਂ ਨਾ ਕੁਛ ਲੁਕੋਵਾਂ, ਦੁਖੜਾ ਸਾਰਾ ਦਿਆਂ ਸੁਣਾਈਆ । ਦਰ ਨਿਮਾਣੀ ਹੋਵਾਂ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਦਰ ਦੁਖੀ ਹੋ ਕੇ ਹਾਰ ਪਰੋਵਾਂ, ਪਰਮ ਪੁਰਖ ਪਰਮਾਤਮ ਸਿਰ ਮੇਰੇ ਹੱਥ ਰਖਾਈਆ ।

## ✪ ੧੪ ਚੇਤ ਸ਼ਹਿਨਸ਼ਹੀ ਸੰਮਤ ਨੌ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ਸਵਰਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਸੁਣ ਮੇਰੇ ਅਗੰਮੀ ਰਾਮਾ, ਰਾਮ ਰਾਮਾ ਦਿਆਂ ਜਣਾਈਆ । ਚਾਰੋਂ ਕੁੰਟ ਕੂੜ ਦਮਾਮਾ, ਕਲਜੁਗ ਰਿਹਾ ਵਜਾਈਆ । ਤੇਰਾ ਭੁਲਿਆ ਸਤਿਨਾਮਾ, ਸਤਿ ਵਿਚ ਨਾ ਕੋਇ ਸਮਾਈਆ । ਮਾਨਸ ਮਾਨਵ ਸ਼ਰਅ ਦਾ ਹੋਇਆ ਗ਼ੁਲਾਮਾ, ਬੰਧਨ ਸਕੇ ਨਾ ਕੋਇ ਤੁੜਾਈਆ । ਤੇਰਾ ਹਕ ਸੁਣੇ ਨਾ ਕੋਇ ਪੈਗ਼ਾਮਾ, ਪੀਰ ਪੈਗ਼ੰਬਰ ਵੇਖਣ ਥਾਉਂ ਥਾਈਂਆ । ਉਠ ਨਿਗਾਹ ਮਾਰ ਦੋ ਜਹਾਨਾਂ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਮੇਰਾ ਦੇਸ਼ ਹੁੰਦਾ ਜਾਏ ਵੈਰਾਨਾ, ਸਾਚੀ ਰੁੱਤ ਨਾ ਕੋਇ ਸੁਹਾਈਆ । ਤੇਰਾ ਪਿਆਰ ਹੋਇਆ ਬੇਗਾਨਾ, ਮੇਰਾ ਗ਼ਮ ਸਕੇ ਨਾ ਕੋਇ ਚੁਕਾਈਆ । ਚਾਰੋਂ ਕੁੰਟ ਕੂੜ ਨਿਸ਼ਾਨਾ, ਕੂੜੀ ਕਿਰਿਆ ਰਹੀ ਝੁਲਾਈਆ । ਸਾਚਾ ਸਜਦਾ ਕਰੇ ਨਾ ਕੋਇ ਸਲਾਮਾ, ਇਸਮ ਆਜ਼ਮ ਨਜ਼ਰ ਕਿਸੇ ਨਾ ਆਈਆ । ਪ੍ਰੇਮ ਮੁਹੱਬਤ ਖਾਵੇ ਨਾ ਕੋਇ ਤੁਆਮਾ, ਤਾਮਸ ਤ੍ਰਿਸ਼ਨਾ ਦੀਨ ਦੁਨੀ ਹਲਕਾਈਆ । ਮੇਰੇ ਸ਼ਹਿਨਸ਼ਾਹ ਸ਼ਾਹ ਅਮਾਮਾ, ਪਰਵਰਦਿਗਾਰ ਤੇਰੀ ਸ਼ਰਨਾਈਆ । ਤੇਰਾ ਹੁਕਮ ਅਲਾਹੀ ਕਲਾਮਾ, ਕਲਮਿਆਂ ਤੋਂ ਬਾਹਰ ਪੜ੍ਹਾਈਆ । ਮੈਂ ਵੇਖ ਕੇ ਹੋਈ ਹੈਰਾਨਾ, ਹੈਰਤ ਵਿਚ ਸੁਣਾਈਆ । ਤੇਰਾ ਇਸ਼ਟ ਰਿਹਾ ਨਾ ਸ੍ਰੀ ਭਗਵਾਨਾ, ਭਗਵਨ ਤੇਰੀ ਓਟ ਨਾ ਕੋਇ ਤਕਾਈਆ । ਚਾਰੋਂ ਕੁੰਟ ਸ੍ਰਿਸ਼ਟੀ ਦ੍ਰਿਸ਼ਟੀ ਦਿਸੇ ਵੈਰਾਨਾ, ਵੈਰੀ ਘਰ ਘਰ ਡੇਰਾ ਲਾਈਆ । ਤੂੰ ਸਾਹਿਬ ਸੁਲਤਾਨਾ ਵਿਸ਼ਨੂੰ ਭਗਵਾਨਾ, ਭਗਵਨ ਆਤਮ ਵੇਖ ਵਖਾਈਆ । ਨਿਰਗੁਣ ਧਾਰ ਨਿਰਵੈਰ ਪਹਰਿਆ ਜਾਮਾ, ਜੋਤੀ ਜਾਤਾ ਹੋ ਕੇ ਖੇਲ ਖਿਲਾਈਆ । ਮੇਰਾ ਪਵਿਤ੍ਰ ਕਰ ਦੇ ਨਗਰ ਗਰਾਮਾ, ਧਰਨੀ ਨਿਵ ਨਿਵ ਲਾਗੇ ਪਾਈਂਆ । ਤੂੰ ਮਾਲਕ ਜ਼ਿਮੀਂ ਅਸਮਾਨਾ, ਤੁਧ ਬਿਨ ਦੂਜਾ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨਾ, ਹਰਿ ਸਤਿਗੁਰ ਤੇਰੀ ਓਟ ਰਖਾਈਆ ।



## ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਸਰਾਵਾਂ ਜ਼ਿਲਾ ਲੁਧਿਆਣਾ ਭਾਗ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਧੁਰ ਦੇ ਸ਼ਾਮ, ਸਾਂਵਰੀਆ ਤੇਰੀ ਇਕ ਸ਼ਰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਦੇ ਆਪਣਾ ਨਾਮ, ਨਾਮ ਨਿਧਾਨਾ ਸ੍ਰੀ ਭਗਵਾਨਾ ਆਪ ਵਰਤਾਈਆ । ਨਿਝਰ ਝਿਰਨੇ ਅੰਮ੍ਰਿਤ ਪਿਆਲਾ ਦੇ ਜਾਮ, ਕਵਲ ਨਾਭੀ ਸਵਾਂਤੀ ਬੂੰਦ ਟਪਕਾਈਆ । ਭਾਗ ਲਗਾ ਦੇ ਕਾਇਆ ਨਗਰ ਖੇੜੇ ਗ੍ਰਾਮਾ, ਤਨ ਵਜੂਦ ਵੱਜੇ ਵਧਾਈਆ । ਪਵਿਤ੍ਰ ਕਰ ਦੇ ਤਤ ਵਜੂਦ ਚਾਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਕਰ ਪ੍ਰਕਾਸ਼ ਅਗੰਮੇ ਭਾਨ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਾ ਧਰਮ ਦਾ ਝੁਲੇ ਇਕ ਨਿਸ਼ਾਨ, ਨੌ ਖੰਡ ਪ੍ਰਿਥਮੀ ਸੋਭਾ ਪਾਈਆ । ਸੱਤ ਦੀਪ ਤੇਰਾ ਇਕੋ ਨਾਮ ਗਾਉਣ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਭੇਵ ਖੁਲਾ ਦੇ ਕਾਇਆ ਮੰਦਰ ਮਕਾਨ, ਕਾਅਬਿਆਂ ਪਰਦਾ ਦੇ ਚੁਕਾਈਆ । ਤੂੰ ਰਹਿਮਤ ਰਹੀਮ ਰਹਿਮਾਨ, ਰਹਿਮਤ ਕਰ ਚਾਈਂ ਚਾਈਂਆ । ਮੇਰੀ ਮੁਸ਼ਕਲ ਹੋਵੇ ਆਸਾਨ, ਰੋਗ ਸੋਗ ਦੇਣਾ ਗਵਾਈਆ । ਮੇਰੀ ਧਰਨੀ ਧਰਤ ਧਵਲ ਧੌਲ ਵੇਖ ਮੈਦਾਨ, ਨਵ ਖੰਡ ਸੋਭਾ ਪਾਈਆ । ਮੈਂ ਨਿਮਾਣੀ ਮੰਗਾਂ ਦਾਨ, ਦਰ ਠਾਂਡੇ ਝੋਲੀ ਡਾਹੀਆ । ਤੂੰ ਦੇਵਣਹਾਰ ਸ੍ਰੀ ਭਗਵਾਨ, ਹਰਿ

ਕਰਤਾ ਵਡ ਵਡਿਆਈਆ । ਆਦਿ ਅੰਤ ਜੁਗਾ ਜੁਗੰਤ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ । ਤੇਰੇ ਦਰ ਭਿਖਾਰੀ ਮੰਗਤੀ ਬਣੀ ਆਣ, ਆਪ ਆਪਣੀ ਦਇਆ ਦੇਣੀ ਕਮਾਈਆ । ਚਰਨ ਧੂੜੀ ਸ੍ਰਿਸ਼ਟ ਮੂੜ੍ਹੀ ਕਰਾਂ ਇਸ਼ਨਾਨ, ਦੁਰਮਤ ਮੈਲ ਰਹੇ ਨਾ ਰਾਈਆ । ਸਾਰੇ ਤੇਰਾ ਇਸ਼ਟ ਮਨਾਣ, ਇਸ਼ਟ ਦੇਵ ਸਵਾਮੀ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਦੀਸੇ ਕੋਇ ਵਿਚ ਜਹਾਨ, ਜਹਾਲਤ ਕਲਜੁਗ ਕੂੜੀ ਕਿਰਿਆ ਦੇਣੀ ਮੁਕਾਈਆ ।

✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ਨਾਜਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਸ੍ਰੀ ਭਗਵਾਨ, ਸਤਿ ਪੁਰਖ ਨਿਰੰਜਣ ਤੇਰੀ ਸ਼ਰਨਾਈਆ । ਮਿਹਰ ਕਰ ਨੌਜਵਾਨ, ਸਚਖੰਡ ਨਿਵਾਸੀ ਧਿਆਨ ਲਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਦੇ ਗਿਆਨ, ਆਤਮ ਪਰਮਾਤਮ ਭੇਵ ਖੁਲਾਈਆ । ਦੀਪ ਜੋਤ ਜਗਾ ਮਹਾਨ, ਅੰਧ ਅੰਧੇਰਾ ਰਹੇ ਨਾ ਰਾਈਆ । ਸ਼ਬਦ ਅਨਾਦੀ ਦੇ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਰਸ ਦੇ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਕਾਇਆ ਮਕਾਨ, ਮੰਦਰ ਮਸਜਿਦ ਸ਼ਿਵਦੁਆਲਾ ਮਠ ਗੁਰੂਦਵਾਰ ਇਕੋ ਨਜ਼ਰੀ ਆਈਆ । ਸਾਚੀ ਭਿਛਿਆ ਪਾ ਦੇ ਦਾਨ, ਦਇਆਵਾਨ ਦਇਆ ਕਮਾਈਆ । ਤੇਰੇ ਚਰਨ ਧੂੜ ਸਭ ਦਾ ਹੋਵੇ ਇਸ਼ਨਾਨ, ਦੁਰਮਤ ਮੈਲ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਢੋਲਾ ਗਾਣ, ਨਵ ਖੰਡ ਵੱਜੇ ਵਧਾਈਆ । ਸੱਤ ਦੀਪ ਸਤਿਗੁਰ ਸ਼ਬਦ ਹੋਵੇ ਪ੍ਰਧਾਨ, ਚਾਰ ਕੁੰਟਾਂ ਇਕੋ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨ, ਜੂਠ ਝੂਠ ਦਾ ਡੇਰਾ ਢਾਹੀਆ । ਦੀਨ ਦੁਨੀ ਵਿਚ ਰਹੇ ਨਾ ਕੋਈ ਬੇਈਮਾਨ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਪੰਜ ਵਿਕਾਰਾ ਝਗੜਾ ਮੇਟ ਸ਼ੈਤਾਨ, ਸ਼ਰਅ ਦੀ ਕਰੇ ਨਾ ਕੋਇ ਲੜਾਈਆ । ਨਵ ਸੱਤ ਤੇਰਾ ਹੋਵੇ ਮਾਣ, ਨਿਮਾਣਿਆਂ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੀ ਬੇਨੰਤੀ ਕਰੀਂ ਪ੍ਰਵਾਨ, ਦੁਖੀ ਹੋ ਕੇ ਰਹੀ ਜਣਾਈਆ । ਸਦੀ ਚੌਧਵੀਂ ਜਗਤ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਵੇਖ ਥਾਉਂ ਥਾਈਂਆ । ਜੋ ਪੈਗੰਬਰਾਂ ਦਿਤੀ ਕਲਾਮ, ਕਲਮੇ ਕਾਇਨਾਤ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਦੇ ਦੇ ਨਾਮ ਵਸਤ ਅਨਮੁੱਲ, ਕਲਜੁਗ ਜੀਵਾਂ ਝੋਲੀ ਪਾਈਆ । ਤੇਰੇ ਕੰਡੇ ਤਰਾਜੂ ਜਾਣ ਤੁਲ, ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਧਾਰ ਤੇਰੀ ਕੁਲ, ਕੁਲ ਮਾਲਕ ਤੇਰੀ ਓਟ ਤਕਾਈਆ । ਸਚ ਦਵਾਰਾ ਇਕੋ ਜਾਏ ਖੁਲ੍ਹ, ਚਾਰ ਵਰਨ ਮਿਲੇ ਵਡਿਆਈਆ । ਤੂੰ ਮਾਲਕ ਖਾਲਕ ਸਦਾ ਅਭੁਲ, ਅਭੁਲ ਤੇਰੀ ਸ਼ਰਨਾਈਆ । ਮੈਂ ਚਰਨ ਪ੍ਰੀਤੀ ਘੋਲੀ ਜਾਵਾਂ ਘੁਲ, ਆਪ ਆਪਾ ਘੋਲ ਘੁਮਾਈਆ । ਤੇਰੀ ਦੁਨੀਆ ਤੇਰੀ ਸ੍ਰਿਸ਼ਟੀ ਕਾਇਨਾਤ ਜਾਂ ਜਾਵੇ ਰੁਲ, ਬਿਨ ਹਰਿ ਨਾਮੇ ਸਾਰ ਕੋਇ ਨਾ ਪਾਈਆ । ਮੇਰੀ ਫੁਲਵਾੜੀ ਚੁਰਾਸੀ ਵਾਲੀ ਮਹਿਕਾ ਦੇ ਫੁੱਲ, ਪੱਤ ਡਾਲੀ ਆਪਣੇ ਪਿਆਰ ਨਾਲ ਮਹਿਕਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਸੁਲਹਕੁਲ,

ਦੂਈ ਦਵੈਤੀ ਦਾ ਡੇਰਾ ਢਾਹੀਆ । ਮਾਨਸ ਬੂਟਾ ਕਲਜੁਗ ਜਾਏ ਨਾ ਹੁਲ, ਸਿੰਮਲ ਰੂਪ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਭੰਡਾਰਾ ਆਦਿ ਜੁਗਾਦਿ ਸਦਾ ਅਮੁੱਲ, ਕਰਤੇ ਕੀਮਤ ਨਾ ਕੋਇ ਰਖਾਈਆ ।

## ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪੱਖੋਵਾਲ ਜ਼ਿਲਾ ਲੁਧਿਆਣਾ ਮੰਗਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਮਾਲਕ, ਮਲਕੀਅਤ ਤੇਰੀ ਦੀਨ ਦੁਨੀ ਨਜ਼ਰੀ ਆਈਆ । ਮੇਰੇ ਸਤਿਗੁਰ ਸਵਾਮੀ ਖ਼ਾਲਕ, ਖ਼ਾਲਕ ਤੇਰੀ ਵਡ ਵਡਿਆਈਆ । ਧਰਨੀ ਉਤੇ ਤੇਰੇ ਪ੍ਰੇਮ ਦਾ ਦਿਸੇ ਕੋਇ ਨਾ ਬਾਲਕ, ਮੇਰੀ ਗੋਦੀ ਖ਼ਾਲੀ ਨਜ਼ਰੀ ਆਈਆ । ਕਲਜੁਗ ਸਭ ਨੂੰ ਟਿੱਕੇ ਲਾਏ ਕਾਲਖ, ਕਲ ਕਾਤੀ ਹੋਈ ਲੋਕਾਈਆ । ਸਭ ਦੇ ਅੰਦਰ ਨਿੰਦਰਾ ਆਲਸ, ਸਵਾਧਾਨ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੀ ਅੰਦਰਲੀ ਸੁਣ ਆਹ, ਹੌਕਿਆਂ ਵਿਚ ਜਣਾਈਆ । ਤੂੰ ਦਾਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਤੇਰਾ ਅੰਤ ਨਾ ਆਵੇ ਰਾਹ, ਰਹਿਬਰ ਦੇ ਕੇ ਗਏ ਦੁਹਾਈਆ । ਤੂੰ ਵਾਹਿਦ ਇਕ ਖ਼ੁਦਾ, ਮਾਲਕ ਨੂਰ ਅਲਾਹੀਆ । ਤੇਰੀ ਸ੍ਰਿਸ਼ਟੀ ਤੇਰੇ ਨਾਲੋਂ ਹੋਈ ਜੁਦਾ, ਆਤਮ ਧਾਰ ਮਿਲਣ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰ ਵਬਾ, ਸ਼ਫ਼ਾ ਹੱਥ ਕਿਸੇ ਨਾ ਆਈਆ । ਮੇਰੇ ਪਿਤਾ ਸਵਾਮੀ ਅੱਬਾ, ਅੰਮੀਜਾਨ ਦਿਆਂ ਦੁਹਾਈਆ । ਮੇਰਾ ਦੁਖੜਾ ਪੁੱਜਿਆ ਉਤੇ ਲਬਾ, ਬਿਨ ਜ਼ਬਾਨ ਤੋਂ ਰਹੀ ਕੁਰਲਾਈਆ । ਅੰਤ ਅਖ਼ੀਰੀ ਆਈ ਹਦਾ, ਹਦੂਦਾਂ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਪੀਤੀ ਮੱਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਤੇਰਾ ਸਚਖੰਡ ਦਵਾਰ ਕਿਸੇ ਨਾ ਲੱਭਾ, ਦਰਗਾਹ ਸਾਚੀ ਦਰਸ ਕੋਇ ਨਾ ਪਾਈਆ । ਤੂੰ ਸਾਹਿਬ ਸੁਲਤਾਨ ਸੂਰਾ ਸਰਬਗਾ, ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਮੇਰਾ ਸਵਾਰ ਦੇ ਅਗਾ, ਆਗਮਨ ਵਿਚ ਤੇਰਾ ਰਾਹ ਤਕਾਈਆ । ਧਰਨੀ ਕਹੇ ਮੇਰੀ ਪਵਿਤ੍ਰ ਹੋਵੇ ਜਗਹ, ਜਗਹ ਜਗਹ ਤੇਰਾ ਨਾਮ ਵਡਿਆਈਆ । ਮੈਂ ਅੰਤ ਅਖ਼ੀਰ ਦੇਵਾਂ ਸੱਦਾ, ਹਾੜੇ ਹੌਕਿਆਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਰਸ ਚਖਾ ਮਜ਼ਾ, ਮਜ਼ਾਕ ਦੀਨ ਦੁਨੀ ਮਿਟਾਈਆ ।

## ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਪਿੰਡ ਲਤਾਲਾ ਜ਼ਿਲਾ ਲੁਧਿਆਣਾ ਭਗਤ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਗ਼ਰੀਬ ਨਿਵਾਜ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਦੀਨ ਦੁਨੀ ਦਾ ਬਦਲ ਦੇ ਸਮਾਜ, ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਈਆ । ਦੀਨਾਂ ਮਜ਼੍ਹਬਾਂ ਖੋਲ ਜਾਗ, ਹਿੰਦੂ ਮੁਸਲਿਮ ਸਿਖ ਈਸਾਈ ਲਿਆ ਉਠਾਈਆ । ਸਭ ਦੇ ਅੰਦਰ ਕਾਇਆ ਮੰਦਰ

ਲਗਾ ਭਾਗ, ਜੋਤੀ ਜੋਤ ਕਰ ਰੁਸ਼ਨਾਈਆ । ਅੰਤਰ ਆਤਮ ਉਪਜੇ ਇਕ ਵੈਰਾਗ, ਵੈਰ ਭਾਵਨਾ ਰਹਿਣ ਕੋਇ ਨਾ ਪਾਈਆ । ਜੂਠ ਝੂਠ ਦਾ ਸਾਰੇ ਕਰਨ ਤਿਆਗ, ਸਤਿ ਸਚ ਲੈਣ ਅਪਣਾਈਆ । ਕਲਜੁਗ ਜੀਵਾਂ ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਦੇ ਬਣਾਈਆ । ਤ੍ਰੈਗੁਣ ਬੁਝਾ ਆਗ, ਅੰਮ੍ਰਿਤ ਮੇਘ ਬਰਸਾਈਆ । ਕੂੜ ਕਲਪਣਾ ਵਿਚ ਰਹਿਣ ਨਾ ਕਾਗ, ਹੰਸ ਸਾਚੇ ਲੈ ਪ੍ਰਗਟਾਈਆ । ਤੂੰ ਮਾਲਕ ਖ਼ਾਲਕ ਜੁਗਾਦਿ ਆਦਿ, ਕਲਜੁਗ ਅੰਤ ਤੇਰੀ ਓਟ ਤਕਾਈਆ । ਏਕਾ ਸ਼ਬਦ ਸੁਣਾ ਨਾਦ, ਦੀਨ ਦੁਨੀ ਵੱਜੇ ਵਧਾਈਆ । ਤੇਰਾ ਹੁਕਮ ਵਰਤੇ ਵਿਚ ਬ੍ਰਹਿਮਾਦ, ਬ੍ਰਹਿਮੰਡ ਖੰਡ ਤੇਰੀ ਓਟ ਤਕਾਈਆ । ਤੇਰਾ ਸ਼ਬਦ ਅਗੰਮੀ ਉਡੇ ਬਾਜ, ਬਾਜਾਂ ਵਾਲੇ ਬਾਜ਼ੀ ਦੀਨ ਦੁਨੀ ਉਲਟਾਈਆ । ਕਲਜੁਗ ਅੰਤਮ ਕਰ ਦੇ ਕਾਜ, ਕਰਨੀ ਦੇ ਕਰਤੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਸਤਿਗੁਰ ਸੂਰਬੀਰ, ਪੁਰਖ ਅਕਾਲ ਤੇਰੀ ਸ਼ਰਨਾਈਆ । ਨਾਮ ਅਣਿਆਲਾ ਮਾਰ ਤੀਰ, ਤਿੱਖੀ ਮੁੱਖੀ ਧਾਰ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਘੱਤ ਜਾਏ ਵਹੀਰ, ਮੇਰੇ ਉਤੇ ਰਹਿਣ ਨਾ ਪਾਈਆ । ਮੈਂ ਨੇਤਰ ਰੋਵਾਂ ਨੀਰ, ਹੰਝੂਆਂ ਹਾਰ ਬਣਾਈਆ । ਜੋ ਤੇਰਾ ਲੇਖਾ ਦੱਸ ਕੇ ਗਿਆ ਕਬੀਰ, ਸੋ ਪੂਰਾ ਦੇਣਾ ਕਰਾਈਆ । ਤੂੰ ਮਾਲਕ ਆਇਉਂ ਬਿਨਾ ਸਰੀਰ, ਜੋਤੀ ਜਾਤਾ ਡਗਮਗਾਈਆ । ਮੇਰੀ ਬਦਲ ਦੇ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਮੈਂ ਅੰਮ੍ਰਿਤ ਰਸ ਪੀਵਾਂ ਤੇਰਾ ਅਗੰਮਾ ਸੀਰ, ਬਿਨ ਰਸਨਾ ਰਸ ਚਖਾਈਆ । ਕਲਜੁਗ ਕੂੜ ਕੁਕਰਮ ਉਤੇ ਮਾਰ ਲਕੀਰ, ਕਰਮ ਕਾਂਡ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਖ਼ਾਲਕ ਲੇਖਾ ਜਾਣੇਂ ਸ਼ਾਹ ਹਕੀਰ, ਫ਼ਿਕਰਾ ਇਕੋ ਦੇਣਾ ਸਮਝਾਈਆ ।

੭੯੬
੨੩

### ੧੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਕਸੂਦੜਾ ਜ਼ਿਲਾ ਲੁਧਿਆਣਾ ਸ੍ਰੀ ਰਾਮ ਸਿੰਘ ਦੇ ਗ੍ਰਿਹ

ਧਰਨੀ ਕਹੇ ਮੇਰੇ ਸੂਰੇ ਸਰਬਗ, ਸ੍ਰੀ ਭਗਵਾਨ ਧਿਆਨ ਲਗਾਈਆ । ਆਪਣੀ ਸ੍ਰਿਸ਼ਟੀ ਵੇਖ ਜਗ, ਦੀਨ ਦੁਨੀ ਖੋਜ ਖੁਜਾਈਆ । ਚਾਰੋਂ ਕੁੰਟ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੰਜ਼ਲ ਚੜ੍ਹੇ ਨਾ ਕੋਇ ਸ਼ਾਹ ਰਗ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਹੰਸ ਬੁੱਧੀ ਹੋਈ ਕਗ, ਸੋਹੰ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਜਗਤ ਕੂੜ ਕੁੜਿਆਰੀ ਪੀਂਦੇ ਮਧ, ਮਧੁਰ ਧੁਨ ਸੁਣਨ ਕੋਇ ਨਾ ਪਾਈਆ ਦੀਨਾਂ ਮਜ਼੍ਹਬਾਂ ਵੰਡੀ ਹੱਦ, ਹਦੂਦ ਸਮਝ ਕਿਸੇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਰਹੇ ਦਗ, ਅਗਨੀ ਤਤ ਤਤ ਤਪਾਈਆ । ਮੈਂ ਬੇਨੰਤੀ ਕਰਾਂ ਅੱਜ, ਆਜਜ਼ ਹੋ ਕੇ ਸੀਸ ਝੁਕਾਈਆ । ਕਿਸੇ ਦਾ ਕਬੂਲ ਨਾ ਹੋਵੇ ਹਜ, ਕਾਅਬੇ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਕਿਰਪਾ, ਕਿਰਪਾ ਨਿਧਾਨ ਦਇਆ ਕਮਾਈਆ । ਸ੍ਰਿਸ਼ਟ ਸਬਾਈ ਵੇਖ ਬਿਪਤਾ, ਚਾਰੋਂ ਕੁੰਟ ਨਜ਼ਰੀ ਆਈਆ । ਮਿਲੇ ਮੇਲ ਨਾ ਕਿਸੇ ਸਾਚੇ ਸਿਖ ਦਾ, ਗੁਰਮੁਖ ਰੰਗ ਨਾ ਕੋਇ ਰੰਗਾਈਆ । ਤੂੰ ਇਸ਼ਟ ਦੇ ਦੇ ਇਕ ਦਾ, ਏਕੰਕਾਰ ਹੋ ਸਹਾਈਆ । ਝਗੜਾ ਮੁਕਾ ਦੇ ਨਿਤ ਦਾ, ਨਵਿਤ ਫੇਰਾ ਪਾਈਆ ।

ਜਨ ਭਗਤਾਂ ਭਾਗ ਹਿੱਸਾ ਦੇ ਦੇ ਹਿਤ ਦਾ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਨਾਤਾ ਰਹੇ ਨਾ ਬੂੰਦ ਰਿਤ ਦਾ, ਰਕਤ ਬੂੰਦ ਦਾ ਡੇਰਾ ਢਾਹੀਆ । ਤੂੰ ਜੁਗ ਚੌਕੜੀ ਲੇਖੇ ਸਭ ਦੇ ਲਿਖਦਾ, ਲਿਖਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੂਪ ਅਗੰਮਾ ਅਬਿਨਾਸ਼ੀ ਅਚੁਤ ਦਾ, ਚੇਤਨ ਸਭ ਨੂੰ ਦੇ ਕਰਾਈਆ ।



## ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ ਨਛੱਤਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਨਿਗਾਹ ਮਾਰੀ ਅਸਮਾਨਾਂ ਉਤੇ, ਸਚਖੰਡ ਸਚ ਧਿਆਨ ਲਗਾਈਆ । ਜਿਥੇ ਤੇਰਾ ਪ੍ਰਕਾਸ਼ ਅਸੁਤੇ, ਦੀਆ ਬਾਤੀ ਨਾ ਕੋਇ ਵਖਾਈਆ । ਸੋ ਪੁਰਖ ਨਿਰੰਜਣ ਸੁਹਾਏ ਰੁੱਤੇ, ਰੁਤੜੀ ਅਗੰਮ ਵਡਿਆਈਆ । ਹਰਿ ਪੁਰਖ ਨਿਰੰਜਣ ਤੁਠੇ, ਮਿਹਰਵਾਨ ਦਇਆ ਕਮਾਈਆ । ਏਕੰਕਾਰਾ ਖੇਲ ਕਰੇ ਉਘੇ, ਆਦਿ ਨਿਰੰਜਣ ਇਕੋ ਦਵਾਰਾ ਸੁਝੇ, ਨੂਰ ਨੁਰਾਨਾ ਨੂਰ ਅਲਾਹੀਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੇ ਮੁੱਦੇ, ਮੁੱਦਾ ਸਮਝ ਕੋਇ ਨਾ ਪਾਈਆ । ਸ੍ਰੀ ਭਗਵਾਨ ਭੇਵ ਖੁਲਾਏ ਆਪਣੇ ਗੁੱਝੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪਾਰਬ੍ਰਹਮ ਆਪਣਾ ਖੇਲ ਕਰੇ ਆਪਣੀ ਧਾਰੋਂ ਉਠੇ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਦੀਨ ਦਿਆਲਾ ਗਾਏ ਆਪਣੀ ਤੁਕੇ, ਬਿਨ ਅੱਖਰਾਂ ਢੋਲੇ ਗਾਈਆ । ਜਾਂ ਮੈਂ ਹੋਰ ਤੱਕਿਆ ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂਆਂ ਜੋਤ ਧਾਰ ਆਪਣੇ ਹੱਥ ਵਿਚ ਫੜੇ ਰੁੱਕੇ, ਬਿਨਾ ਕਾਗ਼ਜ਼ਾਂ ਨਜ਼ਰੀ ਆਈਆ । ਉਹ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਸਰਨ ਸਰਨਾਈ ਝੁਕੇ, ਬਿਨਾ ਸੀਸ ਤੋਂ ਸੀਸ ਨਿਵਾਈਆ । ਬਿਨਾ ਰਸਨਾ ਤੋਂ ਕਹਿਣ ਪ੍ਰਭੂ ਸਾਡੇ ਪੈਂਡੇ ਮੁਕੇ, ਮੁਕੰਮਲ ਦੇਈਏ ਜਣਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪਾਰਬ੍ਰਹਮ ਪਰਵਰਦਿਗਾਰ ਨੂਰ ਅਲਾਹੀਆ । ਦੀਨ ਦੁਨੀ ਧਰਤੀ ਉਤੇ ਵੇਖ ਕੇ ਸਾਨੂੰ ਆਏ ਦੁੱਖੇ, ਦੁਖੀ ਦੁੱਖ ਨਾ ਕੋਇ ਗਵਾਈਆ । ਭਾਗ ਲੱਗੇ ਕਿਸੇ ਨਾ ਕੁੱਖੇ, ਭਗਤ ਜਨਮੇ ਕੋਇ ਨਾ ਮਾਈਆ । ਬਿਨ ਹਰਿ ਨਾਮੇ ਖ਼ਾਲੀ ਹੋਏ ਬੁਤੇ, ਬੁਤਖ਼ਾਨੇ ਰਹੇ ਕੁਰਲਾਈਆ । ਕਲਜੁਗ ਕੂੜੀ ਕਿਰਿਆ ਗਏ ਲੁੱਟੇ, ਲੁਟੇਰਾ ਘਰ ਘਰ ਡੇਰਾ ਬੈਠਾ ਲਾਈਆ । ਸਚ ਜੋਤ ਪ੍ਰਕਾਸ਼ ਦਿਸੇ ਮਹੱਲ ਅਟੱਲ ਕਿਸੇ ਨਾ ਉਚੇ, ਨੂਰ ਨੁਰਾਨਾ ਨਜ਼ਰੀ ਕੋਇ ਨਾ ਆਈਆ । ਸਾਡੇ ਧਰਮ ਸ਼ਾਸਤਰ ਜੋ ਮਾਰਗ ਦੱਸਣ ਦੁਨੀਆਦਾਰ ਉਸ ਤੋਂ ਘੁਥੇ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਉਹ ਤਕ ਸਦੀ ਚੌਧਵੀਂ ਮੁਹੰਮਦ ਕਹੇ ਮੇਰੀ ਪੁੱਜੇ, ਚੌਦਾਂ ਤਬਕ ਨਿਗਾਹ ਉਠਾਈਆ । ਈਸਾ ਕਹੇ ਭੇਵ ਰਹਿਣੇ ਨਹੀਂ ਗੁੱਝੇ, ਬੀਸ ਬੀਸੇ ਹਰਿ ਜਗਦੀਸ਼ੇ ਤੇਰੀ ਬੇਪਰਵਾਹੀਆ । ਰਾਮ ਕ੍ਰਿਸ਼ਨ ਕਹਿਣ ਸਭ ਦਵਾਰੇ ਜਾਣੇ ਲੁੱਟੇ, ਅਗੇ ਹੋ ਨਾ ਕੋਇ ਅਟਕਾਈਆ । ਨਾਨਕ ਨਿਰਗੁਣ ਧਾਰ ਕਹੇ ਮਨਮੁਖ ਜੀਵਾਂ ਭਾਗ ਜਾਣੇ ਨਿਖੁੱਟੇ, ਵਸਤ ਅਗੰਮ ਨਾ ਕੋਇ ਵਰਤਾਈਆ । ਗੋਬਿੰਦ ਕਹੇ ਪੁਰਖ ਅਕਾਲਾ ਦੀਨ ਦਿਆਲਾ ਮੇਰੀ ਆਪ ਸੁਹਾਏ ਰੁੱਤੇ, ਰੁਤੜੀ ਆਪਣੇ ਨਾਲ ਮਹਿਕਾਈਆ । ਸਤਿਗੁਰ ਸ਼ਬਦ ਹੋ ਕੇ ਦੋ ਜਹਾਨਾਂ ਪੁਛੇ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਮੈਂ ਅੰਬਰਾਂ ਤੋਂ ਉਪਰ ਮਾਰੀ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਅਗੇ ਤੱਕਿਆ ਪੁਰਖ ਅਬਿਨਾਸ਼ੀ, ਜੋ

੭੬੭ ੨੩

ਅਲਖ ਅਗੋਚਰ ਬੇਪ੍ਰਵਾਹ ਬੈਠਾ ਡੇਰਾ ਲਾਈਆ । ਜਿਸ ਦੀ ਮੰਡਲਾਂ ਵਿਚ ਪੈਣੀ ਰਾਸੀ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਉਸ ਨੂੰ ਝੁਕਣਾ ਸ਼ੰਕਰ ਉਤੇ ਕੈਲਾਸ਼ੀ, ਬ੍ਰਹਮਾ ਨਿਵ ਨਿਵ ਲਾਗੇ ਪਾਈਆ । ਵਿਸ਼ਨੂੰ ਰਖ ਕੇ ਉਸੇ ਦੀ ਆਸੀ, ਆਹਿਸਤਾ ਆਹਿਸਤਾ ਉਸੇ ਦੀ ਸੇਵ ਕਮਾਈਆ । ਉਹ ਖੇਲੇ ਖੇਲ ਬਹੁ ਬਿਧ ਭਾਤੀ, ਭੇਵ ਸਕੇ ਨਾ ਕੋਇ ਜਣਾਈਆ । ਜਿਸ ਮੇਟਣੀ ਕਲਜੁਗ ਅੰਧ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਉਹ ਬੈਠਾ ਦਿਸੇ ਇਕ ਇਕਾਂਤੀ, ਇਕ ਇਕੱਲਾ ਨੂਰ ਅਲਾਹੀਆ । ਜਿਸ ਸਭ ਦੀ ਪੁਛਣੀ ਵਾਤੀ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਵੇਖਿਆ ਉਤੇ ਅਸਮਾਨਾ, ਇਸਮ ਆਜ਼ਮ ਨੂਰ ਅਲਾਹੀਆ । ਜਿਸ ਨੂੰ ਕਹਿੰਦੇ ਸ੍ਰੀ ਭਗਵਾਨਾ, ਉਹ ਭਗਵਨ ਮੇਰਾ ਮਾਹੀਆ । ਜੋ ਅਦਿ ਜੁਗਾਦੀ ਦੇਵੇ ਦਾਨਾ, ਦਾਤ ਅਗੰਮ ਅਥਾਹ ਵਰਤਾਈਆ । ਜਿਸ ਲੇਖ ਚੁਕਾਉਣਾ ਦੋ ਜਹਾਨਾਂ, ਪੁਰੀਆਂ ਲੋਆਂ ਖੋਜ ਖੁਜਾਈਆ । ਬ੍ਰਹਿਮੰਡਾਂ ਖੰਡਾਂ ਵੇਖੇ ਨੈਣ ਮੁੰਧਾਨਾ, ਬਿਨ ਨੈਣਾਂ ਨੈਣ ਉਠਾਈਆ । ਉਹ ਕਲਜੁਗ ਅੰਤ ਭਗਵੰਤ ਤੱਕੇ ਕੂੜ ਨਿਸ਼ਾਨਾ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਧਰਨੀ ਕਹੇ ਮੈਂ ਓਸ ਦਾ ਰਾਹ ਤਕਾਨਾ, ਜੋ ਹੋਏ ਆਪ ਸਹਾਈਆ । ਮਿਹਰਵਾਨ ਮਿਹਰਵਾਨ ਹੋਏ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਵਿਚ ਸਤਿਜੁਗ ਕਰੇ ਪ੍ਰਧਾਨਾ, ਧਰਮ ਦੀ ਧਾਰ ਇਕ ਪ੍ਰਗਟਾਈਆ । ਮੈਂ ਖ਼ੁਸ਼ੀਆਂ ਵਿਚ ਗਾਵਾਂ ਗਾਣਾ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਵੇਖਿਆ ਖੇਲ ਅਗੰਮਾ, ਬਿਨ ਨੈਣਾਂ ਨੈਣ ਉਠਾਈਆ । ਕੀ ਹੁਕਮ ਸੰਦੇਸਾ ਦੇਵੇ ਸ੍ਰੀ ਭਗਵਾਨਾ, ਦੋ ਜਹਾਨਾ ਆਪ ਜਣਾਈਆ । ਮੈਂ ਸਰਵਣ ਕੀਆ ਬਿਨਾ ਕੰਨਾ, ਕਾਇਨਾਤ ਸਮਝ ਕੋਇ ਨਾ ਪਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਨਾ, ਉਹ ਪਰਵਰਦਿਗਾਰ ਨੂਰ ਇਲਾਹੀਆ । ਝਗੜਾ ਮਿਟਾਏ ਦੀਨ ਮਜ਼੍ਹਬ ਹੱਦ ਬੰਨਾਂ, ਹਦੂਦ ਇਕੋ ਇਕ ਵਖਾਈਆ । ਜਿਸ ਦਾ ਆਪਣਾ ਹੁਕਮ ਹੋਣਾ ਰਵਾਂ, ਰਹਿਮਤ ਵਿਚ ਸਭ ਨੂੰ ਕਰੇ ਸ਼ਨਵਾਈਆ । ਉਹ ਸੁਹੰਜਣਾ ਸਤਿਵਾਦੀ ਦੱਸੇ ਸਮਾਂ, ਸਮਾਪਤ ਕਰੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਵੇਖਿਆ ਦੀਨ ਦਿਆਲਾ, ਦਇਆਨਿਧ ਅਖਵਾਈਆ । ਜੋ ਆਦਿ ਜੁਗਾਦੀ ਕਰੇ ਪ੍ਰਿਤਪਾਲਾ, ਪ੍ਰਿਤਪਾਲਕ ਅਗੰਮ ਅਥਾਹੀਆ । ਸਚਖੰਡ ਜਿਸ ਦੀ ਸੋਹੇ ਧਰਮਸਾਲਾ, ਧਰਮ ਦਵਾਰਾ ਇਕ ਵਡਿਆਈਆ । ਉਹ ਜੋਤ ਨੂਰ ਉਜਾਲਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋ ਕਲਜੁਗ ਅੰਤਮ ਸੰਬਲ ਵਸੇ ਧਾਮ ਸੁਹਾਏ ਹਾਲਾ, ਹਾਲਤ ਤੱਕੇ ਖ਼ਲਕ ਖ਼ੁਦਾਈਆ । ਜਨ ਭਗਤਾਂ ਪ੍ਰੇਮ ਦੀ ਪਾਏ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਬਜਰ ਕਪਾਟੀ ਖੋਲ ਕੇ ਤਾਲਾ, ਤ੍ਰੈਗੁਣ ਅਤੀਤਾ ਦਰਸ਼ਨ ਦੇਵੇ ਚਾਈਂ ਚਾਈਆ । ਦੀਪਕ ਜੋਤ ਕਰ ਉਜਾਲਾ, ਅੰਧ ਅੰਧੇਰਾ ਕਾਇਆ ਮੰਦਰ ਦਏ ਗਵਾਈਆ । ਅੰਮ੍ਰਿਤ ਬੂੰਦ ਸਵਾਂਤੀ ਕਵਲ ਨਾਭੀ ਵਿਚੋਂ ਪਿਆਏ ਪਿਆਲਾ, ਨਿਝਰ ਝਿਰਨਾ ਆਪ ਝਿਰਾਈਆ । ਜਨ ਭਗਤਾਂ ਮਾਰਗ ਦੇ ਸੁਖਾਲਾ, ਕੂੜੀ ਕਿਰਿਆ ਡੇਰਾ ਢਾਹੀਆ । ਲੇਖੇ ਲਾਏ ਸੰਤ ਸੁਹੇਲੇ ਆਪਣੇ ਲਾਲਾ, ਲਾਲਨ ਆਪਣਾ ਮੇਲ ਮਿਲਾਈਆ । ਧਰਨੀ ਕਹੇ ਉਹ ਵੇਖੇ ਮੁਰੀਦਾਂ ਹਾਲਾ, ਮੁਰਸ਼ਦ ਬੇਪ੍ਰਵਾਹੀਆ । ਮੇਰਾ ਜ਼ਰੂਰ ਹੱਲ ਕਰੇ ਸਵਾਲਾ, ਸਵਾਲਣ ਹੋ

ਕੇ ਮੰਗ ਮੰਗਾਈਆ । ਕਲਜੁਗ ਕੂੜੀ ਕਿਰਿਆ ਤੋਂ ਕਰੇ ਬਹਾਲਾ, ਦੁਰਮਤ ਮੈਲ ਦਏ ਧਵਾਈਆ । ਮੇਰਾ ਸੀਨਾ ਬਣਾਏ ਸੱਚੀ ਧਰਮਸਾਲਾ, ਚਾਰ ਵਰਨਾਂ ਅਠਾਰਾਂ ਬਰਨਾਂ ਇਕੋ ਗ੍ਰਿਹਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਜੁਗ ਚੌਕੜੀ ਅਵੱਲੜੀ ਚਾਲਾ, ਕਲਜੁਗ ਅੰਤ ਚਾਲ ਨਿਰਾਲੀ ਸਮਝ ਕੋਇ ਨਾ ਪਾਈਆ ।



### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ ਗੱਜਣ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਪੁਰਖ ਅਬਿਨਾਸ਼ੀ, ਅਬਿਨਾਸ਼ ਦਿਆਂ ਜਣਾਈਆ । ਮੈਂ ਤੇਰੇ ਦਰਸ ਦੀ ਪਿਆਸੀ, ਜੁਗ ਚੌਕੜੀ ਆਸ ਰਖਾਈਆ । ਮੇਰੇ ਮੰਡਲ ਪਾ ਰਾਸੀ, ਗੋਪੀ ਕਾਹਨ ਆਪਣਾ ਖੇਲ ਖਿਲਾਈਆ । ਮੈਨੂੰ ਖ਼ੁਸ਼ੀਆਂ ਵਿਚ ਆਵੇ ਹਾਸੀ, ਹਸਤੀ ਤੱਕਾਂ ਬੇਪਰਵਾਹੀਆ । ਮੇਰੀ ਅੰਦਰੋਂ ਮਿਟ ਜਾਏ ਉਦਾਸੀ, ਮੁਸਕਰਾਹਟ ਬਾਹਰੋਂ ਨਜ਼ਰੀ ਆਈਆ । ਮੇਰੀ ਮੁਰਦਾ ਰਹੇ ਨਾ ਲਾਸ਼ੀ, ਜਵਾਂ ਮਰਦ ਦੇਣੀ ਬਣਾਈਆ । ਕਲਜੁਗ ਕੂੜੀ ਕਿਰਿਆ ਕੋਲੋਂ ਕਰਾ ਖ਼ੁਲਾਸੀ, ਖ਼ੁਲਾਸਾ ਆਪਣਾ ਆਪ ਸਮਝਾਈਆ । ਸ਼ਰਅ ਦੀ ਰਹੇ ਨਾ ਕੋਇ ਬਦਮਾਸ਼ੀ, ਬਦੀ ਦਾ ਡੇਰਾ ਦੇਣਾ ਢਾਹੀਆ । ਤੇਰਾ ਨੂਰ ਤੱਕਾਂ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਧਿਆਨ ਲਗਾਈਆ । ਕਿਰਪਾ ਕਰ ਮੇਰੇ ਸਰਬ ਗੁਣਵੰਤ ਵਡ ਦਾਨੇ ਦਾਤੀ, ਦਇਆਵਾਨ ਤੇਰੀ ਸ਼ਰਨਾਈਆ । ਚਾਰੋਂ ਕੁੰਟ ਅੰਧੇਰਾ ਮੇਟ ਦੇ ਰਾਤੀ, ਰੁਤੜੀ ਆਪਣੇ ਨਾਮ ਮਹਿਕਾਈਆ । ਆਹ ਤੱਕ ਲੈ ਮੇਰੇ ਕੋਲ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਪਾਤੀ, ਪਤਰਕਾ ਬਿਨ ਅੱਖਰਾਂ ਨਜ਼ਰੀ ਆਈਆ । ਜਿਸ ਵਿਚ ਸਭ ਨੇ ਇਸ਼ਾਰਾ ਦਿਤਾ ਕਲਜੁਗ ਕਾਤੀ, ਕਲ ਕਲਕੀ ਤੇਰੀ ਓਟ ਰਖਾਈਆ । ਮੇਰੀ ਜ਼ਿੰਦਗੀ ਬਦਲ ਦੇ ਹਯਾਤੀ, ਜੀਵਣ ਜੀਵਣ ਵਿਚੋਂ ਬਦਲਾਈਆ । ਮੇਰਾ ਝਗੜਾ ਮੇਟ ਦੇ ਕਾਗ਼ਜ਼ਾਤੀ, ਗ੍ਰੰਥ ਸ਼ਾਸਤਰਾਂ ਫੋਲ ਫੁਲਾਈਆ । ਮੈਂ ਤੇਰਾ ਨੂਰ ਜ਼ਹੂਰ ਤੱਕਾਂ ਨਵਾਂ ਤਾਤੀ, ਬਿਨ ਅੱਖਾਂ ਅੱਖ ਉਠਾਈਆ । ਤੇਰਾ ਕਲਮਾ ਕਲਾਮ ਸੁਣਾ ਸਫ਼ਾਤੀ, ਸਫ਼ਾ ਏ ਹਸਤੀ ਜਗਤ ਤੋਂ ਬਾਹਰ ਦੇਣਾ ਸਮਝਾਈਆ । ਮੇਰੀ ਤ੍ਰਿਸ਼ਨਾ ਨਾ ਕਰੀਂ ਨਿਰਾਸੀ, ਨਿਰਵੈਰ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਤੋੜ ਦੇ ਬੰਧਨ, ਬੰਦਗੀ ਵਾਲਿਆਂ ਦੇ ਸਮਝਾਈਆ । ਧੁਰ ਦਾ ਸਚ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੈਂ ਦਰਵੇਸ਼ਣ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਸਵਾਮੀ ਚਾੜ੍ਹ ਦੇ ਰੰਗਣ, ਰੰਗ ਰੰਗੀਲੇ ਨੂਰ ਅਲਾਹੀਆ । ਜਗਤ ਅੰਧੇਰ ਰਹੇ ਨਾ ਅੰਧਣ, ਅੰਧ ਗੁਬਾਰ ਦੇਣਾ ਚੁਕਾਈਆ । ਦੂਈ ਦਵੈਤੀ ਢਾਹੁਣੀ ਕੰਧਨ, ਸ਼ਰਅ ਹੱਦ ਨਾ ਕੋਇ ਵਖਾਈਆ । ਮੋਹ ਵਿਕਾਰਾ ਕਰਨਾ ਖੰਡਨ, ਖੰਡਾ ਖੜਗ ਨਾਮ ਖੜਕਾਈਆ । ਸਾਚਾ ਨਾਮ ਆਈ ਵੰਡਣ, ਵਸਤ ਅਗੰਮ ਇਕ ਵਰਤਾਈਆ । ਭਾਗ ਲਗਾਉਣਾ ਵਿਚ ਵਰਭੰਡਣ, ਸ੍ਰਿਸ਼ਟੀ ਦ੍ਰਿਸ਼ਟੀ ਖੋਜ ਖੁਜਾਈਆ । ਤੇਰਾ ਖੇਲ ਤੱਕਾਂ ਨਵ ਖੰਡਣ, ਦਹਿ ਦਿਸ਼ਾ ਸੋਭਾ ਪਾਈਆ । ਤੂੰ ਸਾਹਿਬ ਸਵਾਮੀ ਸੂਰਾ ਸਰਬੰਗਣ, ਸ਼ਹਿਨਸ਼ਾਹ ਇਕ ਅਖਵਾਈਆ । ਮੇਰਾ ਲੇਖੇ ਲਾਉਣਾ ਰਾਵੀ

ਵਾਲਾ ਕੰਗਣ, ਭਗਤ ਭਗਵਾਨ ਹੋਣਾ ਸਹਾਈਆ । ਜਨ ਭਗਤਾਂ ਮੁਖ ਨਾਮ ਲਗਾਉਣਾ ਸਗਨ, ਬਿਨ ਰਸਨਾ ਰਸ ਚਖਾਈਆ । ਧੂੜੀ ਖ਼ਾਕ ਰਮਾਉਣੀ ਚੰਦਨ, ਦੁਰਮਤ ਮੈਲ ਧਵਾਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਤੇਰੇ ਸੰਤ ਸੁਹੇਲੇ ਤੇਰਾ ਦਰ ਲੰਘਣ, ਅਗੇ ਹੋ ਨਾ ਕੋਇ ਅਟਕਾਈਆ । ਗੁਰਮੁਖਾਂ ਲਗਾਉਣਾ ਅੰਗਨ, ਆਪਣੀ ਗੋਦ ਬਹਾਈਆ । ਗੁਰਸਿਖ ਤੂੰ ਮੇਰਾ ਮੈਂ ਤੇਰਾ ਗਾਵਨ ਛੰਦਨ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੇਰੇ ਭੈ ਵਿਚ ਧਰਨੀ ਕਹੇ ਜ਼ਿਮੀਂ ਅਸਮਾਨ ਸਾਰੇ ਕੰਬਣ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਗਗਨ ਰਹਾਏ ਬਿਨਾ ਥੰਮਨ, ਇਹ ਤੇਰੀ ਵਡ ਵਡਿਆਈਆ । ਕੂੜ ਕੁੜਿਆਰੇ ਹੈਂਸਿਆਰੇ ਮੇਰੇ ਉਤੇ ਮੂਲ ਨਾ ਜੰਮਣ, ਜਨਮ ਦੇਣ ਵਾਲੀ ਦਿਸੇ ਕੋਇ ਨਾ ਮਾਈਆ । ਸਵਾਮੀ ਤੂੰ ਸਭ ਨੂੰ ਆਪ ਆਈਂ ਦੰਡਣ, ਡੰਡਾਵਤ ਸਭ ਦੀ ਦੇਣੀ ਬਦਲਾਈਆ । ਕਲਜੁਗ ਅੰਤਮ ਵੇਖੀਂ ਕੰਢਣ, ਕੰਢੀ ਘਾਟ ਸਾਰੇ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਇਕ ਦਵਾਰਾ ਸੋਹਵੇ ਸਚਖੰਡਣ, ਸਚਖੰਡ ਨਿਵਾਸੀ ਤੇਰੀ ਵਡ ਵਡਿਆਈਆ ।

### ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਦੁਰਾਹਾ ਜ਼ਿਲਾ ਲੁਧਿਆਣਾ ਜਸਵੰਤ ਕੌਰ ਦੇ ਗ੍ਰਿਹਿ



ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਏਕ, ਏਕੰਕਾਰ ਦਿਆਂ ਜਣਾਈਆ । ਸ੍ਰਿਸ਼ਟ ਸਬਾਈ ਬੁੱਧੀ ਕਰ ਬਿਬੇਕ, ਦੁਰਮਤ ਮੈਲ ਧਵਾਈਆ । ਇਕੋ ਚਰਨ ਕਵਲ ਬਖ਼ਸ਼ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜਗਤ ਮਾਇਆ ਲਾ ਸਕੇ ਨਾ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਮਨ ਕਲਪਣਾ ਕਰ ਨੇਕ, ਮਤ ਸਤਿਗੁਰ ਆਪ ਸਮਝਾਈਆ । ਆਤਮ ਪਰਮਾਤਮ ਬਖ਼ਸ਼ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਨਜ਼ਰੀ ਆ ਨੇਤਨ ਨੇਤ, ਨਿਜ ਨੇਤਰ ਲੋਚਣ ਨੈਣ ਅੱਖ ਖੁਲਾਈਆ । ਤੇਰਾ ਸਚ ਦਵਾਰਾ ਇਕੋ ਨਜ਼ਰੀ ਆਏ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਪੰਚ ਵਿਕਾਰਾ ਕਰ ਖੇਤ, ਖੜਗ ਖੰਡਾ ਨਾਮ ਉਠਾਈਆ । ਸੁਰਤੀ ਸ਼ਬਦੀ ਦੱਸ ਭੇਤ, ਭੇਵ ਅਭੇਦ ਆਪ ਖੁਲਾਈਆ । ਜਿਥੇ ਵਸੇ ਸਦਾ ਹਮੇਸ਼, ਹਮ ਸਾਜਣ ਡੇਰਾ ਲਾਈਆ । ਕਲਜੁਗ ਅੰਤ ਕੰਤ ਭਗਵੰਤ ਧਰਨੀ ਕਹੇ ਮੇਰੀ ਹਾਲਤ ਵੇਖ, ਅਨਡਿੱਠ ਧਿਆਨ ਲਗਾਈਆ । ਚਾਰੋਂ ਕੁੰਟ ਵਧਿਆ ਭੇਖ, ਅਛਲ ਛਲ ਭੱਜੇ ਵਾਹੋ ਦਾਹੀਆ । ਤੇਰਾ ਸਾਚਾ ਸਮਝੇ ਕੋਇ ਨਾ ਲੇਖ, ਲਿਖਣ ਪੜ੍ਹਨ ਵਾਲੀ ਬੁੱਧੀ ਕੰਮ ਕਿਸੇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਤੇਰਾ ਸੁਹੰਜਣਾ ਹੋਵੇ ਸੰਬਲ ਦੇਸ, ਜਿਸ ਗ੍ਰਿਹਿ ਆਪਣਾ ਆਸਣ ਲਾਈਆ । ਤੂੰ ਮਾਲਕ ਖ਼ਾਲਕ ਸਵਾਮੀ ਨਰ ਨਰੇਸ਼, ਨਰ ਨਰਾਇਣ ਤੇਰੀ ਵਡਿਆਈਆ । ਮੈਨੂੰ ਇਕ ਅਗੰਮੜਾ ਦੇ ਸੰਦੇਸ਼, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੈਨੂੰ ਤੇਰੀ ਇਕੋ ਓਟ, ਓੜਕ ਤੇਰਾ ਧਿਆਨ ਲਗਾਈਆ । ਤੇਰਾ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਇਕ ਅਖਵਾਈਆ । ਤੇਰੀ ਸ਼ਬਦ ਅਗੰਮੀ ਚੋਟ, ਦੋ ਜਹਾਨ ਉਠਾਈਆ । ਬੁਧੀ ਦੀ ਬਦਲੇ ਸੋਚ, ਸਮਝ ਆਪਣੇ ਨਾਲ ਰਖਾਈਆ । ਖੋਲੇ ਨੇਤਰ ਲੋਚਨ ਲੋਚ, ਲੋਇਣ ਆਪਣੇ ਰੰਗ ਰੰਗਾਈਆ । ਤੇਰਾ ਦਰਸ ਅਗੰਮਾ

੮੦੦ ੨੩

ਇਕੋ ਬਹੁਤ, ਦੂਸਰ ਲੋੜ ਨਾ ਕੋਇ ਵਖਾਈਆ । ਭਾਗ ਲਗਾ ਦੇ ਕਾਇਆ ਮੇਰੇ ਕੋਟ, ਗੜ੍ਹ ਦਵਾਰ ਦੇ ਸੁਹਾਈਆ । ਮੈਂ ਤੇਰਾ ਸੁਣਾਂ ਇਕ ਸਲੋਕ, ਸੋਹਲਾ ਢੋਲਾ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕ ਅਲਖ, ਅਲਖ ਅਗੋਚਰ ਦਿਆਂ ਜਣਾਈਆ । ਨਿਰਗੁਣ ਧਾਰ ਹੋ ਪ੍ਰਤੱਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਦਰਸ ਦਿਖਾਈਆ । ਨਿਗਾਹ ਮਾਰ ਕੇ ਮੇਰੇ ਉਤੇ ਤੱਕ, ਤਕਵੇ ਵਾਲਾ ਨਜ਼ਰ ਕੋਇ ਨਾ ਆਈਆ । ਹਕੀਕਤ ਰਹੀ ਨਾ ਕਿਸੇ ਕੋਲ ਹਕ, ਸਚ ਵਿਚ ਨਾ ਕੋਇ ਸਮਾਈਆ । ਤੂੰ ਵੇਖਣਹਾਰਾ ਘਟ ਘਟ, ਗ੍ਰਹਿ ਗ੍ਰਹਿ ਪਰਦਾ ਆਪ ਫੁਲਾਈਆ । ਪਵਿਤ੍ਰ ਰਿਹਾ ਨਾ ਕੋਇ ਹੱਟ, ਘਾਟ ਕਿਨਾਰੇ ਰੋਵਣ ਮਾਰਨ ਧਾਹੀਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਚਰਚ ਚਰਾਗਾਹਾਂ ਰੋਵਣ ਮਾਰਨ ਧਾਹੀਆ । ਕਿਰਪਾ ਕਰ ਮੇਰੇ ਸਮਰਥ, ਸਵਾਮੀ ਤੇਰੀ ਆਸ ਰਖਾਈਆ । ਸਚ ਨਾਲੋਂ ਮੇਰੇ ਖ਼ਾਲੀ ਹੋ ਗਏ ਹੱਥ, ਧਰਮ ਵਸਤ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰੇ ਸਭ ਨੂੰ ਪਾਈ ਨੱਥ, ਨੌ ਖੰਡ ਪ੍ਰਿਥਮੀ ਸੱਤ ਦੀਪ ਨਟੂਆ ਹੋ ਕੇ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਅਗੰਮ ਦੇਣੀ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਅੰਤਸ਼ਕਰਨ ਦਾ ਅੰਦਰ, ਅੰਤਰ ਅੰਤਰ ਧਿਆਨ ਲਗਾਈਆ । ਜਿਹੜਾ ਧਰਮ ਧਾਰ ਦਾ ਮੰਦਰ, ਬਿਨ ਬਾਡੀ ਬਣਤ ਬਣਾਈਆ । ਦੀਪਕ ਜਗੇ ਅੰਧੇਰੀ ਕੰਦਰ, ਜੋਤੀ ਨੂਰ ਨੂਰ ਰੁਸ਼ਨਾਈਆ । ਮਨੂਆ ਦਹਿ ਦਿਸ਼ਾ ਉਠ ਨਾ ਧਾਏ ਬੰਦਰ, ਮਨਸਾ ਮਨ ਨਾ ਕੋਇ ਵਧਾਈਆ । ਮੇਰੀ ਇਕੋ ਡੰਡਾਵਤ ਇਕੋ ਬੰਦਨ, ਪੁਰਖ ਅਕਾਲੇ ਦੀਨ ਦਿਆਲੇ ਸਭ ਨੂੰ ਲਾ ਲੈ ਆਪਣੇ ਅੰਗਣ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਆਤਮ ਪਰਮਾਤਮ ਨਿਜ ਘਰ ਸਭ ਨੂੰ ਦੇ ਅਨੰਦਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਮੈਂ ਭਿਖਾਰੀ ਦਰ ਦਰਵੇਸ਼ਣ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਗਾ ਆਪਣੇ ਅੰਗਣ, ਅੰਗੀਕਾਰ ਆਪ ਹੋ ਜਾਈਆ । ਮਸਤਕ ਧੂੜੀ ਖ਼ਾਕ ਰਮਾ ਦੇ ਚੰਦਨ, ਦੁਰਮਤ ਮੈਲ ਧਵਾਈਆ । ਧਰਨੀ ਕਹੇ ਮੇਰਾ ਭਾਗ ਉਦੈ ਕਰ ਨਵ ਖੰਡਣ, ਸੱਤ ਦੀਪ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਦੀ ਕਰੇ ਨਾ ਕੋਇ ਉਲੰਘਣ, ਆਪਣਾ ਬਲ ਨਾ ਕੋਇ ਪ੍ਰਗਟਾਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੋਰਾਹਾ ਜ਼ਿਲਾ ਲੁਧਿਆਣਾ ਗੁਰਨਾਮ ਕੌਰ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਮੇਰੇ ਉਤੇ ਤੁਠੀਂ, ਦੀਨ ਦਿਆਲ ਹੋਣਾ ਸਹਾਈਆ । ਨਿਗਾਹ ਮਾਰ ਲੈ ਮੇਰੀ ਚਾਰੇ ਗੁੱਠੀ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਮੇਰੀ ਪਵਿਤ੍ਰ ਰਹੀ ਖ਼ਾਕ ਨਾ ਮੁੱਠੀ, ਧੂੜੀ ਧਰਮ ਨਾ ਕੋਇ ਜਣਾਈਆ । ਮੇਰੇ ਸਵਾਮੀ ਮੈਂ ਕਲਜੁਗ ਅੰਤਮ ਲੁੱਟੀ, ਨੇਤਰ ਰੋ ਰੋ ਦਿਆਂ ਦੁਹਾਈਆ । ਮੈਂ ਜਗਤ ਵਿਕਾਰ ਹੰਕਾਰ ਵਿਚ ਗਈ ਕੁੱਠੀ, ਤਤ ਰਸ ਰਿਹਾ ਨਾ ਰਾਈਆ । ਮੈਂ ਦੁਖਿਆਰਨ ਸਦੀ ਚੌਧਵੀਂ ਅੰਤਮ

੮੦੧
੨੩

ਉਠੀ, ਤੇਰੇ ਅਗੇ ਵਾਸਤਾ ਪਾਈਆ । ਮੇਰੀ ਸੁਹੰਜਣੀ ਕਰ ਦੇ ਰੁੱਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਨੂੰ ਧਾਰ ਬਖ਼ਸ਼ ਦੇ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮੇਰੀ ਕਰਨੀ ਕਰਤੇ ਰਹੇ ਨਾ ਲੁਕੀ, ਸਨਮੁਖ ਹੋ ਕੇ ਦਿਆਂ ਸੁਣਾਈਆ । ਨੌਵਾਂ ਖੰਡਾਂ ਵਿਚ ਹੋਈ ਮੈਂ ਦੁਖੀ, ਸੱਤ ਦੀਪ ਸਾਂਤਕ ਸਤਿ ਨਾ ਕੋਇ ਵਰਤਾਈਆ । ਮੇਰੀ ਤ੍ਰਿਸ਼ਨਾ ਤੇਰੇ ਦਰਸ ਦੀ ਭੁੱਖੀ, ਤ੍ਰਿਪਤ ਦੇਣੀ ਕਰਾਈਆ । ਮੇਰਾ ਉਜਲ ਕਰ ਦੇ ਮੁਖੀ, ਦੁਰਮਤ ਮੈਲ ਧਵਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਪੁਜੀ, ਪੂਜਣਯੋਗ ਤੇਰੀ ਸਰਨਾਈਆ । ਮੇਰੀ ਬ੍ਰਿਹੋਂ ਦਰਦ ਵੇਖ ਲੈ ਗੁੱਝੀ, ਵਿਛੋੜੇ ਵਿਚ ਦਿਆਂ ਸੁਣਾਈਆ । ਮੈਂ ਬਿਨਾ ਨੇਤਰਾਂ ਰੋਵਾਂ ਉਚੀ, ਉਚ ਅਗੰਮ ਅਥਾਹ ਕੀ ਤੇਰੀ ਬੇਪਰਵਾਹੀਆ । ਕਲਜੁਗ ਜੀਵਾਂ ਸੁਰਤੀ ਸਭ ਦੀ ਅੰਦਰੋਂ ਸੁੱਤੀ, ਸ਼ਬਦੀ ਸ਼ਬਦ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਵੇਖ ਜਹਾਨ, ਜਗਤ ਜੁਗ ਧਿਆਨ ਲਗਾਈਆ । ਚਾਰੋਂ ਕੁੰਟ ਕੂੜ ਨਿਸ਼ਾਨ, ਸਤਿ ਧਰਮ ਨਾ ਕੋਇ ਝੁਲਾਈਆ । ਮੈਂ ਵੇਖ ਕੇ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਤੈਨੂੰ ਭੁਲ ਗਿਆ ਤੇਰਾ ਇਨਸਾਨ, ਇਨਸਾਨੀਅਤ ਵਿਚ ਨਾ ਕੋਇ ਸਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਫਿਰੇ ਬੇਈਮਾਨ, ਬੇਵਾ ਰੂਪ ਹੋਈ ਲੋਕਾਈਆ । ਆਤਮ ਬ੍ਰਹਮ ਮਿਲੇ ਨਾ ਕਿਸੇ ਗਿਆਨ, ਬੁਧ ਬਿਬੇਕ ਨਾ ਕੋਇ ਵਡਿਆਈਆ । ਚਾਰ ਕੁੰਟ ਕਲਜੁਗ ਕੂੜ ਫਿਰੇ ਸ਼ੈਤਾਨ, ਸ਼ਰੀਅਤ ਸ਼ਰਅ ਨਾਲ ਮਿਲਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਸ੍ਰੀ ਭਗਵਾਨ, ਭਗਵਨ ਤੇਰੀ ਓਟ ਰਖਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦਾ ਵੇਖ ਗਿਆਨ, ਜੋ ਭਵਿਖਤਾਂ ਵਿਚ ਦ੍ਰਿੜਾਈਆ । ਸੰਦੇਸਾ ਦੇ ਕੇ ਗਏ ਰਸਨਾ ਜਿਹਵਾ ਨਾਲ ਜ਼ਬਾਨ, ਬੱਤੀ ਦੰਦਾਂ ਸਿਫ਼ਤ ਸਾਲਾਹੀਆ । ਕਲ ਕਲਕੀ ਪ੍ਰਗਟ ਹੋਵੇ ਨੌਜਵਾਨ, ਜੋਧਾ ਸੂਰਬੀਰ ਆਪ ਅਖਵਾਈਆ । ਅਮਾਮ ਅਮਾਮਾ ਨੂਰ ਨੁਰਾਨਾ ਨੌਜਵਾਨ, ਪਰਵਰਦਿਗਾਰ ਅਗੰਮ ਅਥਾਹੀਆ । ਜੋ ਲਹਿਣਾ ਦੇਣਾ ਲੇਖਾ ਪੂਰਾ ਕਰੇ ਜ਼ਿਮੀਂ ਅਸਮਾਨ, ਧਰਨੀ ਧਰਤ ਧਵਲ ਧੌਲ ਤੇਰਾ ਲੇਖਾ ਝੋਲੀ ਪਾਈਆ । ਜਿਸ ਦੀ ਆਸਾ ਰਖ ਕੇ ਗਏ ਸੀਤਾ ਰਾਮ, ਕ੍ਰਿਸ਼ਨ ਰਾਧੇ ਧਿਆਨ ਲਗਾਈਆ । ਈਸਾ ਮੂਸਾ ਜਿਸ ਦਾ ਦਿਤਾ ਬਿਆਨ, ਸਜਦਿਆਂ ਵਿਚ ਕਲਮਿਆਂ ਤੋਂ ਬਾਹਰ ਸੀਸ ਨਿਵਾਈਆ । ਨਾਨਕ ਗੋਬਿੰਦ ਜਿਸ ਨੂੰ ਕੀਤਾ ਪਰਵਾਨ, ਪਰਮ ਪੁਰਖ ਬੇਪਰਵਾਹੀਆ । ਸੋ ਕਲਜੁਗ ਅੰਤਮ ਹੋਵੇ ਪ੍ਰਧਾਨ, ਸਤਿਗੁਰ ਸ਼ਬਦ ਸ਼ਬਦ ਲਏ ਅੰਗੜਾਈਆ । ਧਰਨੀ ਤੇਰੀ ਕਰੇ ਕਲਿਆਣ ਕਲਕਾਤੀ ਡੇਰਾ ਢਾਹੀਆ । ਝਗੜਾ ਮੁਕਾਏ ਦੀਨ ਈਮਾਨ, ਆਤਮ ਪਰਮਾਤਮ ਭੇਵ ਆਪ ਖੁਲਾਈਆ । ਜਨ ਭਗਤ ਸੁਹੇਲੇ ਕਰ ਪਹਿਚਾਨ, ਚਰਨ ਪ੍ਰੀਤੀ ਬਖ਼ਸ਼ੇ ਇਕ ਸਰਨਾਈਆ । ਤੇਰਾ ਵਕਤ ਸੁਹੰਜਣਾ ਵੇਖੇ ਆਣ, ਵਾਰ ਥਿਤ ਘੜੀ ਆਪਣੇ ਹੱਥ ਰਖਾਈਆ । ਤੈਨੂੰ ਹੋਣ ਨਾ ਦੇਵੇ ਪ੍ਰੇਸ਼ਾਨ, ਪ੍ਰੇਸ਼ਾਨੀ ਵਿਚੋਂ ਬਾਹਰ ਕਢਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਦੇਵੇ ਮਾਣ, ਪਰਵਰਦਿਗਾਰ ਸਾਂਝਾ ਯਾਰ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕਾਦਰ ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ ।

## ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਲਲਹੇੜੀ ਜ਼ਿਲਾ ਲੁਧਿਆਣਾ ਗੁਰਦੇਵ ਸਿੰਘ ਦੇ ਗ੍ਰਿਹ



ਧਰਨੀ ਕਹੇ ਮੇਰੇ ਪਰਮ ਪੁਰਖ ਨਿਰੰਕਾਰਾ, ਨਿਰਵੈਰ ਤੇਰੀ ਸਰਨਾਈਆ । ਜੋਤ ਸ਼ਬਦ ਦੀ ਧਾਰ ਖੇਲ ਵੇਖ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਵਾਧਾਨ ਕਰ ਲੈ ਤੇਈ ਅਵਤਾਰਾ, ਜੋਤ ਧਾਰ ਵਿਚੋਂ ਪ੍ਰਗਟਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਦੇ ਇਸ਼ਾਰਾ, ਦਰਗਾਹ ਸਾਚੀ ਮੁਕਾਮੇ ਹਕ ਵਿਚੋਂ ਹਿਲਾਈਆ । ਨਾਨਕ ਗੋਬਿੰਦ ਕਰ ਪਿਆਰਾ, ਪਰਮ ਪੁਰਖ ਪ੍ਰਭ ਤੇਰੀ ਬੇਪਰਵਾਹੀਆ । ਧਰਨੀ ਕਹੇ ਮੈਂ ਰੋ ਰੋ ਕਰਾਂ ਗਿਰਿਆਜ਼ਾਰਾ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਉਤੇ ਹੋਇਆ ਧੁੰਆਂਧਾਰਾ, ਸਮੁੰਦ ਸਾਗਰ ਰਹੇ ਕੁਰਲਾਈਆ । ਚਾਰ ਕੁੰਟ ਕੂੜੀ ਕਿਰਿਆ ਵਧਿਆ ਵਿਕਾਰਾ, ਲੋਭ ਮੋਹ ਹੰਕਾਰ ਨਾਲ ਮਿਲਾਈਆ । ਸ੍ਰਿਸ਼ਟੀ ਦੀ ਸ੍ਰਿਸ਼ਟੀ ਅੰਦਰ ਤੇਰਾ ਰਿਹਾ ਨਾ ਮੂਲ ਪਿਆਰਾ, ਪਰਮ ਪੁਰਖ ਤੈਨੂੰ ਮਿਲਣ ਕੋਇ ਨਾ ਪਾਈਆ । ਆਤਮ ਪਰਮਾਤਮ ਘਰ ਮੰਦਰ ਦੀਪਕ ਜੋਤੀ ਨੂਰ ਨਾ ਹੋਏ ਉਜਿਆਰਾ, ਨੂਰ ਨੁਰਾਨੇ ਤੇਰਾ ਨੂਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਵੇਖ ਲੈ ਖ਼ਾਹਿਸ਼, ਖ਼ਾਲਸ ਤੈਨੂੰ ਦਿਆਂ ਜਣਾਈਆ । ਨੌ ਖੰਡ ਪ੍ਰਿਥਮੀ ਲੱਗੀ ਆਤਸ਼, ਕਲਜੁਗ ਅਗਨੀ ਅੱਗ ਜਲਾਈਆ । ਮਨੂਆ ਮਨਸਾ ਨਾਲ ਮਿਲ ਕੇ ਕਰੇ ਸ਼ਰਾਰਤ, ਸਾਜ਼ਸ਼ ਆਪਣੀ ਰਿਹਾ ਕਰਾਈਆ । ਸਦੀ ਚੌਧਵੀਂ ਵਕਤ ਹੋਇਆ ਨਾਜ਼ਕ, ਸੰਗ ਮੁਹੰਮਦ ਚਾਰ ਯਾਰ ਰਾਹ ਤਕਾਈਆ । ਕਿਸੇ ਦੀ ਅਕਲ ਬੁੱਧੀ ਦੀ ਰਹੀ ਨਾ ਕੋਇ ਲਿਆਕਤ, ਅੱਖਰਾਂ ਵਾਲੀ ਵਿਦਿਆ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਅਵਤਾਰ ਪੈਗ਼ੰਬਰ ਗੁਰੂਆਂ ਦੇ ਇਸ਼ਾਰਾ, ਸਚਖੰਡ ਦਵਾਰ ਲੈ ਉਠਾਈਆ । ਖੇਲ ਵਖਾ ਵਿਚ ਸੰਸਾਰਾ, ਚਾਰੋਂ ਕੁੰਟ ਪਰਦਾ ਆਪ ਉਠਾਈਆ । ਹੁਕਮ ਸੰਦੇਸ਼ਾ ਦੇ ਇਕੋ ਵਾਰਾ, ਏਕੰਕਾਰ ਆਪਣਾ ਹੁਕਮ ਦੇ ਜਣਾਈਆ । ਜਾ ਕੇ ਦੀਨਾਂ ਮਜ਼੍ਹਬਾਂ ਪਾ ਸਾਰਾ, ਵੇਖੋ ਥਾਉਂ ਥਾਈਆ । ਕਿਉਂ ਹਰ ਘਟ ਅੰਦਰ ਹੋਇਆ ਧੁਆਂਧਾਰਾ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਨਾਮ ਕਲਮਾ ਸ਼ਬਦ ਸੁਣੇ ਨਾ ਕੋਇ ਧੁਨਕਾਰਾ, ਅਨਾਦ ਅਨਾਦੀ ਨਾਦ ਨਾ ਕੋਇ ਵਜਾਈਆ । ਅੰਮ੍ਰਿਤ ਆਤਮ ਨਿਝਰ ਰਸ ਮਿਲੇ ਨਾ ਠੰਡਾ ਠਾਰਾ, ਬੂੰਦ ਸਵਾਂਤੀ ਮੇਘ ਨਾ ਕੋਇ ਬਰਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜੋ ਦੇ ਕੇ ਗਏ ਸਹਾਰਾ, ਸਹਾਇਕ ਨਾਇਕ ਹੋ ਕੇ ਆਪਣਾ ਹੁਕਮ ਵਰਤਾਈਆ । ਕਿਉਂ ਸਭ ਦੇ ਹੁੰਦਿਆਂ ਕੂੜੀ ਕਿਰਿਆ ਵਧਿਆ ਵਿਕਾਰਾ, ਸਤਿ ਸਚ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਅਵਤਾਰ ਪੈਗ਼ੰਬਰ ਗੁਰੂਆਂ ਵਖਾ ਦੇ ਆਪਣਾ ਗ੍ਰਿਹ, ਲੋਕਮਾਤ ਧਿਆਨ ਲਗਾਈਆ । ਜੋ ਨਾਮ ਕਲਮਾ ਦੀਨ ਦੁਨੀਆ ਦੇ ਕੇ ਗਏ, ਅੱਖਰ ਅੱਖਰਾਂ ਨਾਲ ਮਿਲਾਈਆ । ਜੋ ਸਚ ਸਮਝਾ ਕੇ ਬੁੱਧੀ ਤੋਂ ਪਰੇ ਦੱਸਿਆ ਖੇਲ ਨਿਰਭੈ, ਨਿਰਵੈਰ ਇਕ ਜਣਾਈਆ । ਜਿਸ ਦੇ ਰੂਪ ਅਨੂਪ ਸਰੂਪ ਪੁਰਖ ਅਕਾਲੇ ਵਸੇ ਕੈ, ਰਸਨਾ ਕਹਿ ਕਹਿ ਕਥਨੀ ਨਾਲ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਜਗਤ ਧਾਰ ਵੇਖ ਲੈ ਵੰਡਾਂ,

੯੦੩
੨੩

ਗੁਰ ਅਵਤਾਰਾਂ ਪੈਗ਼ੰਬਰਾਂ ਦਿਤੀਆਂ ਪਾਈਆ । ਤੇਰੇ ਨਾਮ ਕਲਮੇ ਗਾਏ ਛੰਦਾ, ਅੱਖਰ ਅੱਖਰਾਂ ਨਾਲ ਮਿਲਾਈਆ । ਸ਼ਰਅ ਸ਼ਰੀਅਤ ਬਣਾ ਕੇ ਕੰਧਾ, ਹਦੂਦਾ ਦੀਨ ਦੁਨੀ ਰਖਾਈਆ । ਤੇਰਾ ਭੇਵ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਤੁਧ ਬਿਨ ਅਵਰ ਨਾ ਕੋਇ ਖੁਲ੍ਹੰਦਾ, ਪਰਦਾ ਸਕੇ ਨਾ ਕੋਇ ਉਠਾਈਆ । ਨਵ ਨੌ ਚਾਰ ਮੇਰਾ ਹਾਲ ਹੋਇਆ ਮੰਦਾ, ਮੰਦ ਭਾਗਣ ਹੋ ਕੇ ਦਿਆਂ ਸੁਣਾਈਆ । ਉਠ ਵੇਖ ਲੈ ਪੂਰਬ ਵਕਤ ਸਭ ਦਾ ਲੰਘਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਅੰਤ ਲੇਖਾ ਤੱਕ ਲੈ ਤਾਰਾ ਚੰਦਾ, ਚੰਦ ਸਿਤਾਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਦਿ ਜੁਗਾਦਿ ਜੁਗ ਚੌਕੜੀ ਤੇਰਾ ਖੇਲ ਸਦਾ ਸੂਰਾ ਸਰਬੰਗਾ, ਦੂਜਾ ਨਜ਼ਰ ਕੋਇ ਨਾ ਆਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਹੌਣ ਜ਼ਿਲਾ ਲੁਧਿਆਣਾ ਜਰਨੈਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਅੰਤਰ ਅਗੰਮੀ ਇਛਾ, ਜਗਤ ਵਾਸਨਾ ਨਾ ਕੋਇ ਦ੍ਰਿੜਾਈਆ । ਮਿਹਰਵਾਨ ਸਵਾਮੀ ਪਾ ਦੇ ਭਿੱਛਾ, ਭਿੱਖਕ ਹੋ ਕੇ ਝੋਲੀ ਰਹੀ ਡਾਹੀਆ । ਲਹਿਣਾ ਦੇਣਾ ਪੂਰਾ ਕਰ ਅਵਤਾਰ ਪੈਗ਼ੰਬਰ ਗੁਰੂਆਂ ਭਵਿਸ਼ਾ, ਪੇਸ਼ੀਨਗੋਈਆਂ ਵੇਖ ਵਖਾਈਆ । ਜਿਹੜਾ ਲੇਖ ਤੇਰੇ ਸ਼ਬਦ ਧਾਰ ਵਿਚ ਲਿਖਾ, ਸ਼ਬਦੀ ਸ਼ਬਦ ਕਰ ਸ਼ਨਵਾਈਆ । ਉਸ ਦਾ ਮੇਰੀ ਝੋਲੀ ਪਾ ਦੇ ਹਿੱਸਾ, ਮਾਂਗਤ ਹੋ ਕੇ ਮੰਗ ਮੰਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣੀ ਤੱਕ ਲੈ ਵਕਤ ਸੁਹੰਜਣੀ ਥਿਤਾ, ਘੜੀ ਪਲ ਖੋਜ ਖੁਜਾਈਆ । ਮੇਰੀ ਹਾਲਤ ਵੇਖ ਲੈ ਮੇਰੇ ਪਿਤਾ, ਪਤਿਪਰਮੇਸ਼ਵਰ ਨੈਣ ਉਠਾਈਆ । ਸਾਡਾ ਕਰੇ ਕੋਇ ਨਾ ਹਿਤਾ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਮਨ ਠਗੌਰੀ ਕਰੇ ਚਿਤਾ, ਚਾਰ ਕੁੰਟ ਹਲਕਾਈਆ । ਤੇਰਾ ਨੂਰ ਕਿਸੇ ਨਾ ਦਿਸਾ, ਜੋਤੀ ਜਾਤੇ ਤੇਰਾ ਦਰਸ ਕੋਇ ਨਾ ਪਾਈਆ । ਜਿਧਰ ਤੱਕਾਂ ਦੀਨ ਦੁਨੀਆ ਅੰਦਰ ਵਿਖਾ, ਪੰਜ ਵਿਕਾਰ ਹੋਇਆ ਹਲਕਾਈਆ । ਚਾਰ ਜੁਗ ਦੇ ਸ਼ਾਸਤਰਾਂ ਦੀ ਭੁਲੀ ਸਿਖਾ, ਸਿਖ ਸਿਖਿਆ ਵਿਚ ਨਾ ਕੋਇ ਸਮਾਈਆ । ਕਲਜੁਗ ਨੇ ਤੀਰ ਅਣਿਆਲਾ ਚਲਾਇਆ ਤਿੱਖਾ, ਜਗਤ ਸ੍ਰਿਸ਼ਟੀ ਅੰਤਰ ਪਾਰ ਕਰਾਈਆ । ਕੂੜਾ ਰਸ ਬਣਾ ਕੇ ਮਿੱਠਾ, ਮਾਨਸ ਮਨੁੱਖਾਂ ਦਿਤਾ ਹਿਲਾਈਆ । ਧਰਮ ਦਾ ਲਹਿਣਾ ਦੇਣਾ ਕਰ ਕੇ ਚਿੱਟਾ, ਆਪਣਾ ਡੰਕ ਕੀਤਾ ਸ਼ਨਵਾਈਆ । ਲੇਖਾ ਤੱਕ ਲੈ ਪੱਥਰ ਇੱਟਾ, ਪਾਹਨਾਂ ਫੋਲ ਫੁਲਾਈਆ । ਮਨੂਆ ਕਿਸੇ ਨਾ ਹੋਵੇ ਟਿਕਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਅੰਮ੍ਰਿਤ ਬੂੰਦ ਮਿਲੇ ਕਿਸੇ ਨਾ ਛਿੱਟਾ, ਸਵਾਮੀ ਮੇਘ ਨਾ ਕੋਇ ਬਰਸਾਈਆ । ਸਭ ਦੀਆਂ ਖੁਲ੍ਹੀਆਂ ਦਿਸਣ ਲਿਟਾਂ, ਸੀਸ ਜਗਦੀਸ਼ ਨਾ ਕੋਇ ਗੁੰਦਾਈਆ । ਤੇਰਾ ਖੇਲ ਨਿਤ ਨਵਿਤਾ, ਜੁਗ ਜੁਗ ਆਪਣਾ ਫੇਰਾ ਪਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੀ ਆਸਾ ਇਕਾ, ਏਕੰਕਾਰ ਦਿਆਂ ਜਣਾਈਆ । ਸਭ ਨੂੰ ਮਾਣ ਦੇਣਾ ਵੇਖਣਾ ਨਹੀਂ ਵੱਡਾ ਨਿੱਕਾ, ਬਾਲ ਜਵਾਨਾਂ ਰੰਗ ਰੰਗਾਈਆ । ਕੂੜੀ ਕਿਰਿਆ ਰਸ ਮੇਟ ਕੇ ਫ਼ਿਕਾ, ਫ਼ਿਕਰਾ ਆਪਣਾ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੱਕ ਲੈ ਆਪਣੀ ਦੀਨ ਦੁਨੀ ਦੀ ਕਰਨੀ, ਕਰਤੇ ਪੁਰਖ ਧਿਆਨ ਲਗਾਈਆ । ਤੇਰੀ


੮੦੪
੨੩

ਲੱਗਿਆ ਦਿਸੇ ਕੋਇ ਨਾ ਚਰਨੀ, ਚਰਨ ਚਰਨੋਦਕ ਮੁਖ ਨਾ ਕੋਇ ਚੁਆਈਆ । ਸਾਚੀ ਮਿਲੇ ਕਿਸੇ ਨਾ ਸਰਨੀ, ਸਰਨਗਤ ਨਾ ਕੋਇ ਵਖਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਮਿਲੇ ਨਾ ਕਿਸੇ ਪੜ੍ਹਨੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਕਾਇਆ ਮੰਦਰ ਅੰਦਰ ਸਾਚੀ ਮੰਜ਼ਲ ਮਿਲੇ ਕਿਸੇ ਨਾ ਚੜ੍ਹਨੀ, ਕੂੜਾ ਪੰਧ ਨਾ ਕੋਇ ਮੁਕਾਈਆ । ਨਿਰਭਉ ਤੇਰਾ ਭੈ ਚੁੱਕੇ ਨਾ ਡਰਨੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਨਿਗਾਹ ਮਾਰ ਲੈ ਵਰਨੀ ਬਰਨੀ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹੇ ਕੁਰਲਾਈਆ । ਸਾਚੀ ਤਾਰੀ ਬਿਨ ਤੇਰੀ ਕਿਰਪਾ ਕਿਸੇ ਨਾ ਤਰਨੀ, ਤਾਰਨਹਾਰ ਦੇਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੈਂ ਰੋਵਾਂ ਸਾਹ ਉਭ, ਉਫ਼ ਹਾਏ ਤੇਰਾ ਨਾਮ ਦੁਹਾਈਆ । ਕੂੜ ਕੁੜਿਆਰੇ ਕਿਚੜ ਗਈ ਖੁੱਭ, ਬਿਨ ਤੇਰੇ ਬਾਹਰ ਨਾ ਕੋਇ ਕਢਾਈਆ । ਮੇਰੀ ਬਿਬੇਕ ਰਹੀ ਨਾ ਬੁੱਧ, ਉਜਲ ਮੁਖ ਨਾ ਕੋਇ ਕਰਾਈਆ । ਮੇਰੇ ਉਤੇ ਕਾਮ ਕਰੋਧ ਲੋਭ ਮੋਹ ਹੰਕਾਰ ਰਚਾਇਆ ਯੁੱਧ, ਨੌ ਖੰਡ ਪ੍ਰਿਥਮੀ ਦਿਵਸ ਰੈਣ ਦਿਤੀ ਲੜਾਈਆ । ਨਿਗਾਹ ਮਾਰ ਲੈ ਪੁਰਖ ਅਕਾਲੇ ਵਿਚ ਆਪਣੇ ਕਲਜੁਗ, ਕਲ ਕਾਤੀ ਵੇਖ ਵਖਾਈਆ । ਸਤਿ ਧਰਮ ਦੀ ਰਹੀ ਕੋਈ ਨਾ ਸੁਧ, ਸੁਦੀ ਵਦੀ ਦਾ ਡੇਰਾ ਦਏ ਢਾਹੀਆ । ਕਿਸੇ ਨੂੰ ਸਚ ਵਿਚ ਕਹੇ ਕੋਇ ਨਾ ਮਾਰਨਿੰਗ ਗੁਡ, ਈਸਾ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਮ ਕਹੇ ਮੇਰੇ ਸ਼ਹਿਨਸ਼ਾਹ ਨਵਾਬ, ਪਰਵਰਦਿਗਾਰ ਤੇਰੀ ਸ਼ਰਨਾਈਆ । ਸਭ ਦੇ ਮਿਤਰ ਪਿਆਰੇ ਅਹਿਬਾਬ, ਮਹਿਬੂਬ ਤੇਰੀ ਵਡ ਵਡਿਆਈਆ । ਬਿਨਾ ਅੱਖਰਾਂ ਤੋਂ ਪੈਗ਼ੰਬਰਾਂ ਵਾਲੀ ਵੇਖ ਕਿਤਾਬ, ਕੁਤਬਖ਼ਾਨਿਆਂ ਤੋਂ ਬਾਹਰ ਫੋਲ ਫੁਲਾਈਆ । ਜਿਸ ਦੇ ਅਲਿਫ਼ ਯੇ ਤੋਂ ਬਿਨਾ ਅਲਫ਼ਾਜ਼, ਹਰਫ਼ ਹਰੂਫ਼ ਸਮਝ ਕੋਇ ਨਾ ਪਾਈਆ । ਕੀ ਲਹਿਣਾ ਦੇਣਾ ਤੇਰਾ ਮੇਰਾ ਉਤੇ ਇਤਫ਼ਾਕ, ਇਤਫ਼ਾਕੀਆ ਕੀ ਆਪਣੀ ਕਾਰ ਕਮਾਈਆ । ਕਿਸ ਬਿਧ ਸ਼ਰਅ ਦਾ ਸ਼ਰਅ ਨਾਲ ਹੋਵੇ ਨਿਫ਼ਾਕ, ਭੇਦ ਅਭੇਦਾ ਦੇਣਾ ਖੁਲਾਈਆ । ਰਸੂਲ ਪੈਗ਼ੰਬਰਾਂ ਹੋਏ ਤਲਾਕ, ਮੁਰੀਦ ਮੁਰਸ਼ਦ ਪੱਲੂ ਜਾਣ ਛੁਡਾਈਆ । ਸਦੀ ਚੌਧਵੀਂ ਹੋਵੇ ਅੰਤ ਹਿਸਾਬ, ਲੇਖਾ ਮੁਹੰਮਦ ਰਿਹਾ ਦ੍ਰਿੜਾਈਆ । ਚਾਰ ਯਾਰੀ ਸੋਈ ਜਾਏ ਜਾਗ, ਗ਼ਫ਼ਲਤ ਨਿੰਦਰਾ ਰਹੇ ਨਾ ਰਾਈਆ । ਕਿਸ ਬਿਧ ਨੂਰ ਨੁਰਾਨੇ ਧੁਰ ਅਮਾਮ ਕਰੇਂ ਇਮਦਾਦ, ਆਮਦ ਦਾ ਭੇਵ ਦੇਣਾ ਖੁਲਾਈਆ । ਮੈਂ ਬੇਨੰਤੀ ਕਰਨੀ ਆਜ, ਕਿਸ ਬਿਧ ਸ੍ਰਿਸ਼ਟੀ ਦਾ ਬਦਲੇ ਸਮਾਜ, ਪ੍ਰਵਿਸ਼ਟਾ ਪੰਦਰਾਂ ਚੇਤ ਮੰਗ ਮੰਗਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਚ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਪਾਰਬ੍ਰਹਮ ਪਤਿਪਰਮੇਵਸ਼ਰ ਪਰਵਰਦਿਗਾਰ ਸਾਂਝੇ ਯਾਰ ਮੇਰਾ ਸਵਾਰਨਾ ਕਾਜ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਮਿਹਰਵਾਨ ਮਿਹਰ ਨਜ਼ਰ ਉਠਾਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਹੌਣ ਜ਼ਿਲਾ ਲੁਧਿਆਣਾ ਚੈਂਚਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੀ ਵੇਖ ਅੰਤ ਬੇਹਾਲੀ, ਬਿਹਬਲ ਹੋ ਕੇ ਰਹੀ ਜਣਾਈਆ । ਸਚਖੰਡ ਨਿਵਾਸੀ ਤੇਰੇ ਦਰ ਦੀ ਸਵਾਲੀ, ਸਵਾਲਣ ਹੋ ਕੇ ਝੋਲੀ ਡਾਹੀਆ । ਤੂੰ ਆਦਿ ਜੁਗਾਦਿ ਦਾ ਮਾਲੀ, ਮਾਲਣ ਇਕ ਅਖਵਾਈਆ । ਜੁਗ ਚੌਕੜੀ ਕਰੇ ਰਖਵਾਲੀ, ਨਿਰਗੁਣ ਨਿਰਵੈਰ ਹੋਏ


੮੦੫
੨੩

ਸਹਾਈਆ । ਮੇਰੇ ਉਤੋਂ ਕਲਜੁਗ ਮੇਟ ਦੇ ਰੈਣ ਅੰਧੇਰੀ ਕਾਲੀ, ਕੂੜੀ ਕਿਰਿਆ ਦੇ ਤਜਾਈਆ । ਮੈਂ ਦੁਖੀ ਹੋਈ ਬਾਹਲੀ, ਬਹੁੜੀ ਤੇਰਾ ਨਾਮ ਦੁਹਾਈਆ । ਧਰਮ ਫਲ ਰਿਹਾ ਨਾ ਕਿਸੇ ਮਾਨਸ ਡਾਲੀ, ਸਿੰਮਲ ਸਾਰੇ ਰਹੇ ਲਹਿਰਾਈਆ । ਪੁਰਖ ਅਕਾਲ ਮੇਰੀ ਲੇਖੇ ਲਾ ਲੈ ਘਾਲ ਘਾਲੀ, ਘਾਇਲ ਹੋ ਕੇ ਸੀਸ ਨਿਵਾਈਆ । ਸਤਿ ਸਚ ਦੀ ਦਿਸੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁਕਰਮ ਹੋ ਗਿਆ ਜਾਹਲੀ, ਮਾਇਆ ਮਮਤਾ ਨਾਲ ਮਿਲਾਈਆ । ਪਵਿਤ੍ਰ ਰਿਹਾ ਨਾ ਕੋਇ ਧਰਮਸ਼ਾਲੀ, ਮੰਦਰ ਮਠ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਦਰ ਤੇਰੇ ਦੀ ਮੰਗਤੀ, ਨਿਮਸਕਾਰ ਡੰਡਾਵਤ ਵਿਚ ਸੀਸ ਨਿਵਾਈਆ । ਮੇਰੇ ਉਤੇ ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਇਕੋ ਆਪਣੇ ਨਾਮ ਦੀ ਦੱਸ ਦੇ ਪੰਗਤੀ, ਜੋ ਪੰਜਾਂ ਵਿਕਾਰਾਂ ਕਰੇ ਸਫ਼ਾਈਆ । ਆਸਾ ਰਹੇ ਨਾ ਕੂੜੇ ਮਨ ਦੀ, ਮਨਸਾ ਮੋਹ ਮਿਟਾਈਆ । ਪਵਿਤ੍ਰ ਕਰ ਦੇ ਕਾਇਆ ਤਨ ਦੀ, ਵਜੂਦਾਂ ਹੋਏ ਸਫ਼ਾਈਆ । ਖੇਲ ਵਖਾ ਦੇ ਗੋਬਿੰਦ ਸੂਰੇ ਚੰਨ ਦੀ, ਚੰਦ ਚਾਂਦਨਾ ਡਗਮਗਾਈਆ । ਮੇਰੀ ਚਿੰਤਾ ਮਿਟਾ ਦੇ ਹਰਖ ਸੋਗ ਗ਼ਮ ਦੀ, ਗ਼ਮਖ਼ਾਰ ਹੋਣਾ ਸਹਾਈਆ । ਮੈਂ ਵਣਜਾਰਨ ਤੇਰੇ ਨਾਮ ਦਮ ਦੀ, ਨਾਮ ਨਿਧਾਨਾ ਦੇ ਵਰਤਾਈਆ । ਸ੍ਰਿਸ਼ਟੀ ਨੂੰ ਬਖ਼ਸ਼ਿਸ਼ ਦੇ ਦੇ ਆਪਣੇ ਬ੍ਰਹਮ ਦੀ, ਪਾਰਬ੍ਰਹਮ ਪਰਦਾ ਆਪ ਚੁਕਾਈਆ । ਨਿਗਾਹ ਮਾਰ ਲੈ ਨਿਸ਼ਾਨੀ ਦਿਸੇ ਨਾ ਤੇਰੇ ਧਰਮ ਦੀ, ਧਰਮ ਧਰਮ ਨਾਲ ਜਣਾਈਆ । ਮੇਰੀ ਅੱਖ ਨੀਵੀਂ ਹੋ ਗਈ ਮਾਰੀ ਸ਼ਰਮ ਦੀ, ਸ਼ਰਅ ਵਾਲੇ ਸ਼ਰੀਅਤ ਗਏ ਭੁਲਾਈਆ । ਦੁਨੀਆ ਵਣਜਾਰਨ ਹੋ ਗਈ ਮਾਟੀ ਚਰਮ ਦੀ, ਚੰਮ ਦ੍ਰਿਸ਼ਟੀ ਸਭ ਦੀ ਦੇ ਬਦਲਾਈਆ । ਅੰਤ ਵਿਚਾਰ ਦੇ ਦੇ ਆਤਮ ਪਰਮਾਤਮ ਧਾਰ ਪੜ੍ਹਨਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਦਰ ਖੜੀ ਦਰਵੇਸ਼, ਦੀਨ ਦਿਆਲ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਨਰੇਸ਼, ਨਰ ਨਰਾਇਣ ਤੇਰੀ ਬੇਪ੍ਰਵਾਹੀਆ । ਆਦਿ ਜੁਗਾਦਿ ਰਹੇ ਹਮੇਸ਼, ਜੁਗ ਚੌਕੜੀ ਖੇਲ ਖਿਲਾਈਆ । ਮੈਂ ਤੇਰੇ ਦਰ ਤੇ ਹੋਈ ਪੇਸ਼, ਪੇਸ਼ਤਰ ਪੇਸ਼ੀਨਗੋਈਆਂ ਗਈਆਂ ਜਣਾਈਆ । ਆਹ ਲੇਖਾ ਤੱਕ ਗੋਬਿੰਦ ਦਸ ਦਸਮੇਸ਼, ਜੋ ਦਹਿ ਦਿਸ਼ਾ ਤੋਂ ਬਾਹਰ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਧਰਨੀ ਤੇਰੇ ਉਤੋਂ ਮੇਟੇ ਕਲੇਸ਼, ਕਲ ਕਲਕੀ ਖੇਲ ਖਿਲਾਈਆ । ਜੋ ਪ੍ਰਗਟ ਹੋਵੇ ਸੰਬਲ ਸਾਚੇ ਦੇਸ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜਗਤ ਜਗਿਆਸੂ ਕੋਈ ਨਾ ਸਕੇ ਵੇਖ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋ ਅੰਤਮ ਕਲਜੁਗ ਪੂਰਾ ਕਰੇ ਲੇਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਜੋਤ ਸਰੂਪੀ ਹੋਏ ਅਗੰਮਾ ਭੇਸ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹ ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਪ੍ਰਦੇਸ, ਪ੍ਰਦੇਸੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਝੁਕਦੇ ਬ੍ਰਹਮਾ ਵਿਸ਼ਨ ਮਹੇਸ਼, ਨਿਰਗੁਣ ਸਰਗੁਣ ਸਾਰੇ ਸੀਸ ਨਿਵਾਈਆ । ਉਸ ਸਾਹਿਬ ਨੂੰ ਕਰਨੀ ਇਕ ਆਦੇਸ, ਨਿਵ ਨਿਵ ਲਾਗਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਮੰਗਣ ਆਈ, ਆਈ ਸਚ ਦਵਾਰ ਕਿਰਪਾ ਕਰ ਮੇਰੇ ਗੁਸਾਈਂ, ਜੋਤੀ ਜਾਤੇ ਹੋ ਉਜਿਆਰ । ਮੇਰੀ ਪੂਰਨ ਆਸ ਕਰਾਈਂ, ਦਰ ਰੋਵਾਂ ਕਰਾਂ ਪੁਕਾਰ । ਕੂੜੀ ਕਿਰਿਆ ਕਲ ਮਿਟਾਈਂ, ਕਲ ਕਲਕੀ ਹੋ ਜ਼ਾਹਰ ।

੮੦੬
੨੩

ਸ਼ਬਦ ਸ਼ਬਦੀ ਡੰਕ ਵਜਾਈਂ, ਦੋ ਜਹਾਨਾਂ ਕਰੀਂ ਖ਼ਬਰਦਾਰ । ਬ੍ਰਹਿਮੰਡ ਖੰਡ ਪੁਰੀ ਲੋਅ ਆਪ ਉਠਾਈਂ, ਗਗਨ ਗਗਨੰਤਰਾਂ ਆਲਸ ਨਿੰਦਰਾ ਦਈਂ ਉਤਾਰ । ਆਤਮ ਪਰਮਾਤਮ ਭੇਵ ਖੁਲਾਈਂ, ਪਾਰਬ੍ਰਹਮ ਬ੍ਰਹਮ ਪਰਦਾ ਦਈਂ ਉਤਾਰ । ਈਸ਼ ਜੀਵ ਆਪ ਸਮਝਾਈਂ, ਕਿਰਪਾ ਕਰ ਵਿਚ ਸੰਸਾਰ । ਸਤਿਜੁਗ ਸਚ ਰਾਹ ਚਲਾਈਂ, ਮਾਰਗ ਪੰਥ ਆਪ ਦਾਤਾਰ । ਚਾਰ ਵਰਨਾਂ ਰੰਗ ਰੰਗਾਈਂ, ਚਾਰੇ ਵੇਦਾਂ ਸੁਣ ਪੁਕਾਰ । ਵਰਨ ਅਠਾਰਾਂ ਡੇਰਾ ਢਾਈਂ, ਪੁਰਾਨ ਅਠਾਰਾਂ ਪਾਈਂ ਸਾਰ । ਖਾਣੀ ਬਾਣੀ ਆਪਣਾ ਰੰਗ ਰੰਗਾਈਂ, ਜੋਤੀ ਜਾਤੇ ਹੋ ਉਜਿਆਰ । ਅੰਜੀਲ ਕੁਰਾਨਾਂ ਪੰਧ ਚੁਕਾਈਂ, ਲੇਖਾ ਮੁਕਾਉਣਾ ਈਸਾ ਮੂਸਾ ਮੁਹੰਮਦ ਸੰਗ ਚਾਰ ਯਾਰ । ਨਾਨਕ ਗੋਬਿੰਦ ਡੰਕ ਵਜਾਈਂ, ਮੇਰੇ ਬੇਅੰਤ ਬੇਐਬ ਪਰਵਰਦਿਗਾਰ । ਸਤਿ ਧਰਮ ਦਾ ਸਾਚਾ ਰਾਹ ਵਖਾਈਂ, ਕੂੜੀ ਕਿਰਿਆ ਮੇਰੇ ਉਤੋਂ ਨਿਵਾਰ । ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈ, ਧੂੜੀ ਮਸਤਕ ਲਾਵਾਂ ਛਾਰ । ਪੁਰਖ ਅਕਾਲ ਮੇਰੀ ਪੂਰਨ ਆਸ ਕਰਾਈਂ, ਨਿਰਾਸੀ ਹੋਵਾਂ ਨਾ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਰ ਤੇਰੇ ਕਰੀ ਪੁਕਾਰ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਧਨੌਰੀ ਜ਼ਿਲਾ ਅੰਬਾਲਾ ਲਛਮਣ ਸਿੰਘ ਦੇ ਗ੍ਰਹਿ ✪



ਧਰਨੀ ਕਹੇ ਪ੍ਰਭ ਵੇਖ ਲੈ ਆ ਕੇ ਆਪਣੀ ਧਰਤੀ, ਧਵਲ ਧੌਲ ਧਿਆਨ ਲਗਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਪ੍ਰੀਤਮ ਅਰਸ਼ੀ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਖੇਲ ਤੱਕ ਲੈ ਜ਼ਿਮੀਂ ਅਸਮਾਨਾਂ ਦੋ ਜਹਾਨਾਂ ਫ਼ਰਸ਼ੀ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਤੂੰ ਮਾਲਕ ਖ਼ਾਲਕ ਜਗਤ ਜਹਾਨ ਨਿਧ ਪਰਤੀ, ਪ੍ਰੀਤਮ ਅਗੰਮ ਅਥਾਹੀਆ । ਤੇਰੀ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਸ਼ਰਤੀ, ਸ਼ਰਅ ਦੇ ਮਾਲਕ ਆਉਣਾ ਚਾਈਂ ਚਾਈਆ । ਮੈਂ ਬਿਨਾ ਅੱਖਰਾਂ ਤੋਂ ਤੇਰੇ ਚਰਨਾਂ ਦਿਤੀ ਅਰਜ਼ੀ, ਆਰਜ਼ੂ ਦਿਤੀ ਦ੍ਰਿੜਾਈਆ । ਮੇਰੀ ਜਗਤ ਤਮੰਨਾ ਵੇਖ ਲੈ ਗ਼ਰਜ਼ੀ, ਗਰਜੇ ਕਿ ਤੇਰਾ ਬੈਠੀ ਧਿਆਨ ਲਗਾਈਆ । ਮੇਰੀ ਆਸਾ ਪੂਰੀ ਕਰ ਦੇ ਮਰਜੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗ਼ਰੀਬ ਨਿਮਾਣਿਆਂ ਬਣ ਦਰਦੀ, ਦੀਨਾਂ ਅਨਾਥਾਂ ਹੋ ਸਹਾਈਆ । ਇਹ ਖੇਲ ਤੇਰੀ ਪੁਰਖ ਅਕਾਲ ਆਪਣੇ ਘਰ ਦੀ, ਗ੍ਰਹਿ ਮੰਦਰ ਫੋਲ ਫੁਲਾਈਆ । ਮੈਂ ਸੀਸ ਜਗਦੀਸ਼ ਤੇਰੇ ਚਰਨ ਕਵਲਾਂ ਤੇ ਧਰਦੀ, ਧਰਨੀ ਰੋ ਰੋ ਦਏ ਦੁਹਾਈਆ । ਜਿਧਰ ਤੱਕਾਂ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਦੇ ਵਿਚ ਲੜਦੀ, ਇਸ਼ਟੀ ਸਾਚਾ ਨੂਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਭਿਖਾਰਨ ਤੇਰੇ ਦਰ ਦੀ, ਮਾਂਗਤ ਹੋ ਕੇ ਝੋਲੀ ਡਾਹੀਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰੰਗੀਲ ਪੁਰ ਜ਼ਿਲਾ ਰੋਪੜ ਜਗੀਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਪ੍ਰਭ ਮੇਰੀ ਆਸਾ ਮਨਸਾ ਤੱਕ, ਤਾਰੀਕ ਅੰਧੇਰਾ ਜਗਤ ਵੇਖ ਵਖਾਈਆ । ਮੇਰੀ ਝੋਲੀ ਪਾ ਦੇ ਮੇਰਾ ਹਕ, ਹਕੀਕਤ

ਦੇ ਮਾਲਕ ਹੋ ਸਹਾਈਆ । ਸਭ ਦੇ ਲਹਿਣੇ ਦੇਣੇ ਪੂਰਬਲੇ ਹੁਕਮਨਾਮੇ ਕਰ ਦੇ ਫ਼ਕ, ਲੇਖਾ ਅਵਰ ਨਾ ਕੋਇ ਜਣਾਈਆ । ਸਚ ਧਰਮ ਦਾ ਮੇਰੇ ਉਤੇ ਖੋਲ ਦੇ ਹੱਟ, ਵਣਜਾਰੇ ਗੁਰਮੁਖ ਲੈ ਪ੍ਰਗਟਾਈਆ । ਮੇਰੇ ਰੋਂਦੇ ਵੇਖ ਕਿਨਾਰੇ ਤੱਟ, ਤੀਰਥ ਦੇਣ ਦੁਹਾਈਆ । ਤੂੰ ਵਸਣਹਾਰਾ ਘਟ ਘਟ, ਘਟ ਘਟ ਅੰਦਰ ਆਪਣਾ ਡੇਰਾ ਲਾਈਆ । ਮਿਹਰਵਾਨ ਮਹਿਬੂਬ ਨਿਰਗੁਣ ਧਾਰ ਹੋ ਪ੍ਰਗਟ, ਪਰਦਾ ਆਪਣਾ ਆਪ ਉਠਾਈਆ । ਤੇਰੇ ਚਰਨ ਕਵਲ ਧੌਲ ਕਹੇ ਮੈਂ ਜਾਵਾਂ ਢੱਠ, ਨਿਮਾਣੀ ਹੋ ਕੇ ਸੀਸ ਨਿਵਾਈਆ । ਤੂੰ ਮੇਰੀ ਲੱਜਿਆ ਲੋਕ ਮਾਤ ਰਖ, ਰਖਕ ਹੋ ਕੇ ਵੇਖ ਵਖਾਈਆ । ਮੇਰੇ ਹੰਝੂ ਨੇਤਰ ਵਹਾਉਂਦੀ ਅੱਖ, ਨੈਣ ਨੈਣ ਰਹੇ ਕੁਰਲਾਈਆ । ਮੇਰੇ ਖ਼ਾਲੀ ਦੋਵੇਂ ਹੱਥ, ਸਚ ਵਸਤ ਹੱਥ ਨਾ ਕੋਇ ਉਠਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਸਕੇ ਨਾ ਰਾਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮੁਰਿੰਡਾ ਜ਼ਿਲਾ ਅੰਬਾਲਾ ਗੁਰਨਾਮ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਸਵਾਮੀ ਸਾਹਿਬ ਸੁਲਤਾਨਾ, ਪਰਵਰਦਿਗਾਰ ਤੇਰੀ ਸ਼ਰਨਾਈਆ । ਮੇਰੇ ਆਦਿ ਜੁਗਾਦੀ ਧੁਰ ਦੇ ਕਾਹਨਾ, ਦਰ ਠਾਂਡੇ ਨਿਵ ਨਿਵ ਲਾਗਾਂ ਪਾਈਆ । ਕਿਰਪਾ ਕਰ ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਮੇਰੇ ਉਤੋਂ ਕਲਜੁਗ ਕੂੜ ਮੇਟ ਦੇ ਨਿਸ਼ਾਨਾ, ਚਾਰੋਂ ਕੁੰਟ ਨਜ਼ਰ ਨਾ ਆਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਆਤਮ ਬ੍ਰਹਮ ਦੇ ਗਿਆਨਾ, ਇਸ਼ਟ ਸ੍ਰਿਸ਼ਟ ਵਿਚ ਇਕੋ ਦੇ ਸਮਝਾਈਆ । ਤੇਰਾ ਖੇਲ ਜਗਤ ਮਹਾਨਾ, ਬੇਅੰਤ ਤੇਰੀ ਬੇਪਰਵਾਹੀਆ । ਦੀਨ ਦੁਨੀ ਜ਼ਿਮੀਂ ਜ਼ਮਾਂ ਮੇਰੇ ਉਤੋਂ ਬਦਲ ਦੇ ਜ਼ਮਾਨਾ, ਧੁਰ ਦੇ ਹੁਕਮ ਨਾਲ ਬਦਲਾਈਆ । ਤੈਨੂੰ ਝੁਕਦੇ ਜ਼ਿਮੀਂ ਅਸਮਾਨਾ, ਬ੍ਰਹਿਮੰਡ ਖੰਡ ਬੈਠਣ ਸੀਸ ਨਿਵਾਈਆ । ਮੈਂ ਤੇਰੇ ਦਰ ਦੀ ਦਰਵੇਸ਼ਣ ਭਿਖਾਰਨ ਫਿਰਾਂ ਗ਼ੁਲਾਮਾ, ਗ਼ੁਰਬਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਧੁਰ ਦਮਾਮਾ, ਦੋ ਜਹਾਨਾਂ ਕਰ ਸ਼ਨਵਾਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸ਼ੇਖ਼ ਪੁਰਾ ਜ਼ਿਲਾ ਅੰਬਾਲਾ ਭਜਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੈਂ ਝੁਕ ਝੁਕ ਡਿੱਗਾਂ ਦਰ, ਦਰਵੇਸ਼ ਹੋ ਕੇ ਸੀਸ ਨਿਵਾਈਆ । ਪ੍ਰਭੂ ਬਖ਼ਸ਼ ਦੇ ਆਪਣਾ ਵਰ, ਧੁਰ ਦੀ ਦਾਤ ਦੇ ਵਰਤਾਈਆ । ਮੇਰਾ ਪਵਿਤ੍ਰ ਕਰ ਦੇ ਘਰ, ਗ੍ਰਹਿ ਮੰਦਰ ਹੋਏ ਰੁਸ਼ਨਾਈਆ । ਤੂੰ ਸਵਾਮੀ ਨਰਾਇਣ ਨਰ, ਨਰ ਹਰਿ ਤੇਰੀ ਓਟ ਤਕਾਈਆ । ਕਲਜੁਗ ਕਿਰਿਆ ਤੋੜ ਹੰਕਾਰੀ ਗੜ੍ਹ, ਹਉਮੇ ਹੰਗਤਾ ਦੇ ਮਿਟਾਈਆ । ਘਰ ਘਰ ਅੰਦਰ ਆਪੇ ਵੜ, ਸਾਢੇ ਤਿੰਨ ਹੱਥ ਸੋਭਾ ਪਾਈਆ । ਉਚ ਮਹੱਲ ਆਪੇ ਚੜ੍ਹ, ਨਵ ਦਰ ਦਾ ਡੇਰਾ ਢਾਹੀਆ । ਸ਼ਬਦ ਅਗੰਮਾ ਆਪੇ ਪੜ੍ਹ, ਧੁਨ ਆਤਮਕ ਰਾਗ ਸੁਣਾਈਆ । ਸਚ ਵਿਖਾ ਦੇ ਸਰੋਵਰ ਸਰ, ਦੁਰਮਤ

ਮੈਲ ਧਵਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਕਿਰਪਾ ਕਰ, ਕਿਰਪਾ ਨਿਧਾਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਭੰਡਾਰਾ ਕਰ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਹੋ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਹਜ਼ਰਤ ਨੂਰ ਅਲਾਹੀਆ । ਚਾਰੋਂ ਕੁੰਟ ਅਗਨੀ ਤੱਕ ਤੰਦੂਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰਾ ਨਜ਼ਰ ਨਾ ਆਏ ਨੂਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਜਿਹੜੀ ਆਸ਼ਾ ਰਖੀ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਅੱਖ ਉਠਾਈਆ । ਉਨ੍ਹਾਂ ਲਹਿਣਾ ਦੇਣਾ ਕਰ ਦੇ ਪੂਰ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਸਭ ਦਾ ਗੜ੍ਹ ਤੋੜ ਗ਼ਰੂਰ, ਹੰਕਾਰ ਵਿਕਾਰ ਰਹਿਣ ਨਾ ਪਾਈਆ । ਨਾਮ ਖ਼ੁਮਾਰੀ ਬਖ਼ਸ਼ ਸਰੂਰ, ਸੁਰਤ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਗੁਰ ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭ ਮੇਰਾ ਲੇਖਾ ਵੇਖ ਲੈ ਜਗ, ਜਗ ਜੀਵਣ ਦਾਤੇ ਤੇਰੀ ਆਸ ਰਖਾਈਆ । ਜਿਧਰ ਤੱਕਾਂ ਉਧਰ ਲੱਗੀ ਅੱਗ, ਸਾਂਤਕ ਸਤਿ ਨਾ ਕੋਇ ਕਰਾਈਆ । ਤੂੰ ਮਿਹਰਵਾਨ ਸੂਰਾ ਸਰਬਗ, ਪਾਤਸ਼ਾਹ ਬੇਪਰਵਾਹੀਆ । ਪਿਛਲੀ ਕਰਨੀ ਮੇਰੀ ਕਰ ਦੇ ਰੱਦ, ਅਗੇ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਕਾਇਨਾਤ ਦੁਨੀਆ ਤੇਰੀ ਇਕੋ ਹੋਵੇ ਯਦ, ਯਦੀ ਆਪਣਾ ਪਰਦਾ ਦਏ ਚੁਕਾਈਆ । ਬਿਨਾ ਸਾਜ ਤੋਂ ਤੇਰਾ ਨਾਦ ਘਰ ਘਰ ਜਾਏ ਵੱਜ, ਅਨਹਦ ਨਾਦੀ ਧੁਨ ਕਰ ਸ਼ਨਵਾਈਆ । ਕਲਜੁਗ ਕੂੜੀ ਕਿਰਿਆ ਪਾਰ ਕਰਾ ਦੇ ਹੱਦ, ਹਦੂਦ ਆਪਣੀ ਵੇਖ ਵਖਾਈਆ । ਜਿਥੇ ਨੂਰ ਨੁਰਾਨੇ ਸ਼ਾਹ ਸੁਲਤਾਨੇ, ਤੇਰਾ ਦੀਪਕ ਜੋਤ ਰਿਹਾ ਜਗ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸੰਦੇਸ ਸੁਣੇ ਦੋ ਜਹਾਨਾਂ ਜਗ, ਜਗ ਜੀਵਣ ਦਾਤੇ ਦੇਣਾ ਦ੍ਰਿੜਾਈਆ ।



## ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸ਼ੇਖ਼ ਪੁਰਾ ਜ਼ਿਲਾ ਅੰਬਾਲਾ ਹਰਦਿਆਲ ਕੌਰ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀ ਤੱਕ ਲੈ ਹਿਰਦਕ ਅੰਤਰ ਵਿਚਾਰ, ਵਿਚਰ ਕੇ ਦੱਸਾਂ ਕੀ ਜਣਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਨਾਤਾ ਛਡ ਗਏ ਮਾਤਲੋਕ ਪੈਗ਼ੰਬਰ ਗੁਰ ਅਵਤਾਰ, ਅਵਤਰੀ ਤੇਰਾ ਮੇਲ ਨਾ ਕੋਇ ਮਿਲਾਈਆ । ਸ੍ਰਿਸ਼ਟੀ ਅੰਤਰ ਗਈ ਹਾਰ, ਨਿਰੰਤਰ ਸਮਝ ਕੋਇ ਨਾ ਪਾਈਆ । ਹਰਿ ਜਗਦੀਸ਼ੇ ਬੀਸ ਬੀਸੇ ਤੇਰੀ ਮੰਜ਼ਲ ਕਰੇ ਨਾ ਕੋਈ ਪਾਰ, ਘਾਟੀ ਚੜ੍ਹਨ ਕੋਇ ਨਾ ਪਾਈਆ । ਜਿਧਰ ਤੱਕਾਂ ਉਧਰ ਕਲਜੁਗ ਪਹਿਰੇਦਾਰ, ਸੂਰਬੀਰ ਨਜ਼ਰੀ ਆਈਆ । ਜਿਸ ਦੇ ਕੋਲ ਤੇਰੇ ਨਾਮ ਦਾ ਖੰਡਾ ਤਲਵਾਰ, ਖੜਗ ਅਗੰਮੀ ਰਿਹਾ ਵਖਾਈਆ । ਜੋ ਫਿਰੇ ਵਿਚ ਸੰਸਾਰ, ਚਾਰੇ ਕੁੰਟ ਭੱਜੇ ਵਾਹੋ ਦਾਹੀਆ । ਉਚੀ ਕੂਕ ਕੂਕ ਰਿਹਾ ਲਲਕਾਰ, ਹੋਕਾ ਹਕ ਹਕ ਰਿਹਾ ਸੁਣਾਈਆ । ਮੈਂ ਸਾਚੇ ਨਾਮ ਦਾ ਹੋਣ ਦੇਣਾ ਨਹੀਂ ਵਣਜ ਵਪਾਰ, ਕੂੜੀ ਕਿਰਿਆ ਸਭ ਦੀ ਝੋਲੀ ਦੇਣੀ ਪਾਈਆ । ਮੇਰਾ ਲਹਿਣਾ ਦੇਣਾ ਨਾਲ ਠੱਗ ਚੋਰ ਯਾਰ, ਮਾਇਆ ਮਮਤਾ ਮੋਹ ਮੋਹ ਹਲਕਾਈਆ । ਧਰਨੀ ਕਹੇ ਮੇਰੇ ਮਾਲਕ ਸਵਾਮੀ

ਮੈਂ ਤੇਰੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਅੰਤਮ ਤੇਰੀ ਇਕੋ ਇੰਤਜ਼ਾਰ, ਦਿਵਸ ਰੈਣ ਤੇਰਾ ਰਾਹ ਤਕਾਈਆ । ਤੂੰ ਅਮਾਮ ਅਮਾਮਾ ਹੋਏਂ ਸਿਕਦਾਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮੇਰੀ ਦੇਣੀ ਪੈਜ ਸਵਾਰ, ਸਿਰ ਮੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਹੁਕਮ ਏਕਾ ਹੋਵੇ ਏਕੰਕਾਰ, ਦੂਜੀ ਓਟ ਨਜ਼ਰ ਕੋਇ ਨਾ ਆਈਆ ।

✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਧਨੌਰੀ ਜ਼ਿਲਾ ਅੰਬਾਲਾ ਮਨਜੀਤ ਕੌਰ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਨੂੰ ਤੇਰੇ ਮਿਲਣ ਦੀਆਂ ਤਾਂਘਾਂ, ਮਾਣ ਨਿਮਾਣੀ ਹੋ ਕੇ ਸੀਸ ਨਿਵਾਈਆ । ਨਿਰਗੁਣ ਧਾਰ ਤੇਰਾ ਤੱਕਾਂ ਸਵਾਂਗਾ, ਸਵਾਂਗੀ ਆਪਣਾ ਭੇਵ ਦੇਣਾ ਖੁਲਾਈਆ । ਦੀਨ ਦੁਨੀ ਤੱਕ ਲੈ ਰੋਜ਼ੇ ਨਿਮਾਜ਼ ਬਾਂਗਾਂ, ਕਲਮਿਆਂ ਖੋਜ ਖੁਜਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਵੇਖ ਲੈ ਪਾਂਧਾ, ਚਾਰੋਂ ਕੁੰਟ ਧਿਆਨ ਲਗਾਈਆ । ਹਿੰਦੂ ਮੁਸਲਿਮ ਸਿਖ ਈਸਾਈ ਵੇਖ ਲੈ ਗਾਂਦਾ, ਚਾਰ ਵਰਨਾਂ ਪਰਦਾ ਲਾਹੀਆ । ਮੇਰਾ ਮਾਣ ਰਿਹਾ ਨਾ ਧਰਤੀ ਮਾਂ ਦਾ, ਮਈਆ ਕਹਿ ਕੇ ਸੀਸ ਨਾ ਕੋਇ ਨਿਵਾਈਆ । ਖ਼ੂਨ ਪੀਤਾ ਜਾਏ ਗਾਂ ਦਾ, ਖਲੜੀਆਂ ਖੱਲ ਲੁਹਾਈਆ । ਪੁਰਖ ਅਕਾਲੇ ਨਿਸ਼ਾਨਾ ਮਿਟਦਾ ਜਾਏ ਤੇਰੇ ਨਾਂ ਦਾ, ਨਾਉਂ ਨਿਰੰਕਾਰ ਨਾ ਕੋਇ ਵਡਿਆਈਆ । ਸਤਿਕਾਰ ਰਿਹਾ ਨਹੀਂ ਕਿਸੇ ਥਾਂ ਦਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਵਹਿਣ ਗਹਿਣ ਪਵਿਤ੍ਰ ਰਿਹਾ ਨਾ ਥਲ ਅਸਗਾਹ ਦਾ, ਮਹੀਅਲ ਸਾਰ ਕੋਇ ਨਾ ਪਾਈਆ । ਕਲਜੁਗ ਤੇਰਾ ਖੇਲ ਬੇਪ੍ਰਵਾਹ ਦਾ, ਬੇਪ੍ਰਵਾਹੀ ਵਿਚ ਸਮਾਈਆ । ਤੇਰਾ ਲੇਖਾ ਅਗੰਮ ਖ਼ੁਦਾ ਦਾ, ਮਾਲਕ ਤੇਰੀ ਵਡਿਆਈਆ । ਮੈਥੋਂ ਝਲਿਆ ਨਾ ਜਾਏ ਵਿਛੋੜਾ ਜੁਦਾ ਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਨਜ਼ਾਰਾ ਤੱਕ ਲੈ ਕੂੜੀ ਵਬਾ ਦਾ, ਚਾਰੋਂ ਕੁੰਟ ਘਰ ਘਰ ਨਜ਼ਰੀ ਆਈਆ । ਖੇਲ ਵੇਖ ਲੈ ਦੀਨ ਦੁਨੀ ਅਦਾ ਦਾ, ਮਨ ਮਨਸਾ ਵਿਚ ਹਲਕਾਈਆ । ਆਪਣਾ ਹੁਕਮ ਤੱਕ ਲੈ ਆਦਿ ਦਾ, ਅਦਲ ਇਨਸਾਫ਼ ਦੇਣਾ ਕਮਾਈਆ । ਮੇਰਾ ਵਾਸਤਾ ਤੇਰੇ ਅਗੇ ਦੁਆ ਦਾ, ਦੋਏ ਜੋੜ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਸ਼ਹਿਨਸ਼ਾਹ ਸ਼ਾਹੋ ਸ਼ਬਾ ਦਾ, ਪਾਤਸ਼ਾਹ ਤੇਰੀ ਬੇਪਰਵਾਹੀਆ ।

✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸ਼ੇਖ਼ਪੁਰਾ ਜ਼ਿਲਾ ਅੰਬਾਲਾ ਮਿਹਰ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਂ ਤੇਰਾ ਤੱਕਦੀ ਰਾਹ, ਰਹਿਬਰਾ ਤੇਰਾ ਧਿਆਨ ਲਗਾਈਆ । ਸਾਹਿਬ ਸਵਾਮੀ ਮੇਰੇ ਆ, ਆਮਦ ਵਿਚ ਆਪਣਾ ਆਪ ਭੇਟ ਕਰਾਈਆ । ਮੇਰੀ ਦੂਈ ਦਵੈਤੀ ਪਰਦਾ ਲਾਹ, ਕੂੜ ਓਢਣ ਰਹੇ ਨਾ ਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਆਪ ਸਮਝਾ, ਧੁਰ ਸੰਦੇਸ਼ਾ ਇਕ

ਸੁਣਾਈਆ । ਕੂੜੀ ਮਾਇਆ ਮਮਤਾ ਮੋਹ ਚੁਕਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਚਾਰ ਵਰਨ ਅਠਾਰਾਂ ਬਰਨ ਏਕਾ ਥਾਂ ਬਹਾ, ਦੂਸਰ ਵੰਡ ਨਾ ਕੋਇ ਵੰਡਾਈਆ । ਮਾਨਸ ਮਾਨਵ ਮਾਨੁਖ ਏਕਾ ਰੰਗ ਰੰਗਾ, ਦੁਤੀਆ ਭਾਓ ਦੇਣਾ ਚੁਕਾਈਆ । ਸਾਚਾ ਮੰਦਰ ਇਕ ਸੁਹਾ, ਇਕੋ ਸ਼ਬਦ ਨਾਦ ਸ਼ਨਵਾਈਆ । ਦੀਪਕ ਜੋਤੀ ਇਕ ਜਗਾ, ਅੰਧ ਅੰਧੇਰਾ ਦੇ ਮਿਟਾਈਆ । ਅੰਮ੍ਰਿਤ ਜਾਮ ਅਗੰਮ ਪਿਆ, ਕੂੜੀ ਤ੍ਰਿਸ਼ਨਾ ਰਹੇ ਨਾ ਰਾਈਆ । ਧਰਨੀ ਕਹੇ ਮੇਰਾ ਦੁੱਖ ਦਲਿਦ੍ਰ ਲਾਹ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਕੋਲੋਂ ਪੱਲੂ ਛੁਡਾ, ਕੰਨੀ ਗੰਢ ਨਾ ਕੋਇ ਪਵਾਈਆ । ਮੈਂ ਰੋਵਾਂ ਮਾਰ ਕੇ ਧਾਹ, ਉਚੀ ਕੂਕ ਕੂਕ ਸੁਣਾਈਆ । ਸਭ ਦੇ ਵਾਅਦੇ ਪੂਰ ਕਰਾ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਮੈਂ ਨਿਮਾਣੀ ਚਰਨ ਕਵਲ ਆਈ ਸਰਨਾ, ਸਰਨਗਤ ਇਕ ਤਕਾਈਆ । ਸਚ ਪ੍ਰੀਤੀ ਭਿਛਿਆ ਝੋਲੀ ਪਾ, ਖ਼ਾਲੀ ਭੰਡਾਰੇ ਦੇ ਭਰਾਈਆ । ਖ਼ੁਸ਼ੀਆਂ ਵਿਚ ਕਰਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਸ ਰਖਾਈਆ ।

### ✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗੋਸਲਾ ਜ਼ਿਲਾ ਅੰਬਾਲਾ ਸਰੂਪ ਕੌਰ ਦੇ ਗ੍ਰਿਹਿ ✪



ਧਰਨੀ ਕਹੇ ਪ੍ਰਭੂ ਮੈਂ ਵੇਖਾਂ ਦਿਵਸ ਰੈਣ, ਬਿਨ ਨੈਣਾਂ ਨੈਣ ਉਠਾਈਆ । ਮੈਂ ਕੁਛ ਨਾ ਸਕਾਂ ਕਹਿਣ, ਕਹਿ ਕਹਿ ਨਾ ਕੁਛ ਸੁਣਾਈਆ । ਮੇਰੇ ਉਤੇ ਤੱਕ ਲੈ ਕਲਜੁਗ ਕੂੜੀ ਕਿਰਿਆ ਦਾ ਵਹਿਣ, ਜੋ ਭੱਜੇ ਅੱਠੇ ਪਹਿਰ ਵਾਹੋ ਦਾਹੀਆ । ਨਾਤਾ ਟੁੱਟਿਆ ਸਾਕ ਸੱਜਣ ਸੈਣ, ਮਿਤਰ ਪਿਆਰਾ ਨਜ਼ਰ ਕੋਇ ਨਾ ਆਈਆ । ਧਰਮ ਮੇਰੇ ਨਾਲੋਂ ਹੋਇਆ ਤਰਫ਼ੈਣ, ਪੱਲੂ ਪਲਕਾਂ ਵਿਚ ਗਿਆ ਛੁਡਾਈਆ । ਸਤਿ ਨੂੰ ਮਿਲੇ ਨਾ ਉਤੇ ਬਹਿਣ, ਧਰਨੀ ਆਸਣ ਕੋਇ ਨਾ ਲਾਈਆ । ਜੋ ਇਸ਼ਾਰਾ ਦੇ ਕੇ ਗਿਆ ਬਟਵਾਰਾ ਵਿਚ ਰਮਾਇਣ, ਬਾਲਮੀਕ ਅੱਖ ਉਠਾਈਆ । ਕਲਜੁਗ ਅੰਤ ਮਾਇਆ ਮਮਤਾ ਸਭ ਨੂੰ ਖਾਏ ਡੈਣ, ਘਰ ਘਰ ਡੇਰਾ ਲਾਈਆ । ਪਿਆਰ ਰਹਿਣਾ ਨਹੀਂ ਭਾਈ ਭੈਣ, ਮਾਤਾ ਗੋਦ ਨਾ ਕੋਇ ਸੁਹਾਈਆ । ਨੁਕਤਾ ਤੱਕ ਲੈ ਉਪਰ ਗ਼ੈਨ, ਐਨ ਦਾ ਲੇਖਾ ਨਾਲ ਰਖਾਈਆ । ਤੇਰਾ ਖੇਲ ਅੰਤ ਸਭ ਨੇ ਦਸਿਆ ਹੋਣਾ ਵਿਚ ਹਿੰਦਵਾਇਣ, ਭਾਰਤ ਆਪਣੀ ਵੰਡ ਵੰਡਾਈਆ । ਤੇਰਾ ਨਾਮ ਖ਼ਜ਼ਾਨਾ ਅਗੰਮੀ ਹੋਏ ਰਸਾਇਣ, ਪਾਰਸ ਲੋਹਾ ਕੰਚਨ ਦੇ ਬਣਾਈਆ । ਮੈਨੂੰ ਦਿਵਸ ਰੈਣ ਨਾ ਆਵੇ ਚੈਨ, ਭੱਜਾਂ ਵਾਹੋ ਦਾਹੀਆ । ਧਰਮ ਦੇ ਮੰਦਰ ਉਚੇ ਮਹੱਲ ਅਟੱਲ ਢਹਿਣ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਸ਼ਰਅ ਦੀ ਹੋਈ ਕਰਜ਼ਾਇਣ, ਮਕਰੂਜ਼ ਮੇਰਾ ਲੇਖਾ ਦੇਣਾ ਮੁਕਾਈਆ । ਤੂੰ ਮਾਲਕ ਖ਼ਾਲਕ ਇਕ ਨਰਾਇਣ, ਨਰ ਹਰਿ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦੀ ਇਕ ਇਕੱਲਾ ਮੇਰਾ ਸੈਣ, ਦੂਜਾ ਰਿਸ਼ਤਾ ਨਜ਼ਰ ਕੋਇ ਨਾ ਆਈਆ ।

## ✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕਲੌਂਦੀ ਜ਼ਿਲਾ ਅੰਬਾਲਾ ਮੇਵਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਵੇਖ ਵੇਖ ਤੇਰਾ ਰਾਹ ਥੱਕੀ, ਥਕਾਵਟ ਵਿਚ ਦੁਹਾਈਆ। ਮੇਰੇ ਮਹਿਬੂਬਾ ਮੇਰੇ ਵੱਲ ਤੱਕੀਂ, ਮਿਹਰ ਨਜ਼ਰ ਨੈਣ ਉਠਾਈਆ। ਕੂੜ ਕੁੜਿਆਰ ਦੀ ਚਾਰੋਂ ਕੁੰਟ ਵੇਖਣੀ ਹੱਟੀ, ਕਲਜੁਗ ਹਟਵਾਣਾ ਰਿਹਾ ਲਗਾਈਆ। ਧਰਮ ਦੀ ਪੜ੍ਹੇ ਕੋਇ ਨਾ ਪੱਟੀ, ਪਟਨੇ ਵਾਲਾ ਦਏ ਗਵਾਹੀਆ। ਸਾਚਾ ਲਾਹਾ ਰਿਹਾ ਕੋਇ ਨਾ ਖੱਟੀ, ਖਟਕੇ ਵਿਚ ਕੂੜ ਲੋਕਾਈਆ। ਸਭ ਦਾ ਜੀਵਣ ਪਿਆ ਨਟੀ, ਫੜ ਬਾਹੋਂ ਪਾਰ ਨਾ ਕੋਇ ਕਰਾਈਆ। ਮੈਂ ਵੈਰਾਗਣ ਹੋ ਕੇ ਫਿਰਾਂ ਨੱਠੀ, ਭੱਜਾਂ ਵਾਹੋ ਦਾਹੀਆ। ਮੇਰੇ ਉਤੇ ਕੂੜੀ ਕਿਰਿਆ ਤਪੇ ਭੱਠੀ, ਕਲਜੁਗ ਭਠਿਆਲਾ ਅਗਨੀ ਰਿਹਾ ਡਾਹੀਆ। ਫਿਰ ਗਈ ਦਰੋਹੀ ਅੱਠ ਸੱਠੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵਣ ਮਾਰਨ ਧਾਹੀਆ। ਮੰਦਰ ਮਸਜਿਦ ਸ਼ਿਵਦਵਾਲੇ ਮਠ ਭਰਦੇ ਚੱਟੀ, ਚੇਟਕ ਤੇਰਾ ਪ੍ਰਭੂ ਨਜ਼ਰ ਕੋਇ ਨਾ ਆਈਆ। ਸਭ ਦੀ ਆਤਮ ਪਰਮਾਤਮ ਡੋਰ ਗਈ ਕਟੀ, ਟੁੱਟੀ ਗੰਢ ਨਾ ਕੋਇ ਪਵਾਈਆ। ਸਭ ਦੀ ਆਸਾ ਅੰਦਰੋਂ ਢੱਠੀ, ਧੀਰਜ ਧੀਰ ਨਾ ਕੋਇ ਧਰਾਈਆ। ਤੂੰ ਸਾਹਿਬ ਪੁਰਖ ਸਮਰਥੀ, ਹਰਿ ਕਰਤਾ ਧੁਰਦਰਗਾਹੀਆ। ਜਿਸ ਮੈਨੂੰ ਮਾਣ ਦਵਾਇਆ ਹੱਥੀ, ਸਿਰ ਆਪਣਾ ਹੱਥ ਟਿਕਾਈਆ। ਹੁਣ ਮੇਰਾ ਲਹਿਣਾ ਦੇਣਾ ਵੇਖ ਲੈ ਅੱਖੀ, ਆਖਰ ਤੇਰੀ ਓਟ ਤਕਾਈਆ। ਮੇਰੀ ਕੀਮਤ ਰਹੀ ਨਾ ਕੱਖੀ, ਕੌਡੀ ਹੱਟ ਨਾ ਕੋਇ ਜਣਾਈਆ। ਤੂੰ ਪਾਤਸ਼ਾਹ ਸ਼ਹਿਨਸ਼ਾਹ ਲੱਖੀ, ਕਰੋੜ ਕਰੋੜਾਂ ਤੈਨੂੰ ਸੀਸ ਨਿਵਾਈਆ। ਮੈਂ ਮਿੱਟੀ ਖ਼ਾਕ ਤੇਰੇ ਪਿਆਰ ਦੀ ਸਖ਼ੀ, ਸਾਜਣ ਹੋਣਾ ਆਪ ਸਹਾਈਆ। ਤੂੰ ਸਵਾਮੀ ਕਮਲਾਪਤੀ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ। ਮੇਰਾ ਲਹਿਣਾ ਦੇਣਾ ਝੋਲੀ ਪਾਉਣਾ ਰਤੀ, ਰਤਨ ਅਮੋਲਕ ਹੀਰੇ ਗੁਰਮੁਖ ਮੇਰੇ ਨਾਲ ਮਿਲਾਈਆ। ਮੇਰੀ ਪਵਣ ਰਹੇ ਨਾ ਤੱਤੀ, ਅੰਮ੍ਰਿਤ ਮੇਘ ਦੇਣਾ ਬਰਸਾਈਆ। ਮੈਂ ਤੇਰੇ ਚਰਨਾਂ ਹੋਵਾਂ ਸਤੀ, ਸਤਿ ਸਤਿਵਾਦੀ ਤੇਰੀ ਧੂੜੀ ਖ਼ਾਕ ਰਮਾਈਆ। ਉਹ ਤੱਕ ਪੈਗ਼ੰਬਰਾਂ ਦੀ ਮੁਕਦੀ ਜਾਏ ਚੌਧਵੀਂ ਸਦੀ, ਸਦਮੇ ਵਿਚ ਦੁਹਾਈਆ। ਲੇਖਾ ਰਹੇ ਨਾ ਸੁਦੀ ਵਦੀ, ਅਮਾਵਸ ਪੁੰਨਿਆ ਨਾ ਕੋਇ ਵਡਿਆਈਆ। ਤੇਰੇ ਨਾਮ ਦੀ ਇਕੋ ਦਿਸੇ ਨੂਹ ਨਦੀ, ਹਜ਼ਰਤ ਨੂਹ ਜਿਸ ਦਾ ਧਿਆਨ ਲਗਾਈਆ। ਪੈਗ਼ੰਬਰਾਂ ਜਿਸ ਨੇ ਦਿਤੀ ਗੱਦੀ, ਗਦਾਗਰ ਖੇਲ ਖਿਲਾਈਆ। ਮੈਂ ਤੇਰੇ ਦਰ ਤੇ ਫਿਰਾਂ ਪੈਰ ਦੱਬੀ, ਆਹਟ ਸੁਣਨ ਕੋਇ ਨਾ ਪਾਈਆ। ਤੇਰੇ ਪ੍ਰਕਾਸ਼ ਦੀ ਇਕੋ ਜੋਤ ਜਗੀ, ਜੋਤਾਂ ਵਾਲੇ ਤੇਰੇ ਵਿਚ ਸਮਾਈਆ। ਤੂੰ ਸ਼ਹਿਨਸ਼ਾਹ ਸੂਰਾ ਸਰਬੱਗੀ, ਪਾਤਸ਼ਾਹ ਵਡ ਵਡਿਆਈਆ। ਕਲਜੁਗ ਅੰਤਮ ਪਤ ਰਖੀ, ਰਖਕ ਹੋ ਕੇ ਵੇਖ ਵਖਾਈਆ। ਮੈਂ ਚਾਰੋਂ ਕੁੰਟ ਫਿਰਾਂ ਨੱਸੀ, ਭੱਜਾਂ ਵਾਹੋ ਦਾਹੀਆ। ਮੇਰੇ ਉਤੋਂ ਜਮ ਦੀ ਫਾਸ ਨਾਲੋਂ ਸ਼ਰਅ ਦੀ ਪਹਿਲੋਂ ਕੱਟੀਂ ਰੱਸੀ, ਰਸਤਾ ਏਕੰਕਾਰ ਇਕੋ ਦੇਣਾ ਵਖਾਈਆ। ਫੇਰ ਲਹਿਣਾ ਦੇਣਾ ਮੁਕਾਵੀਂ ਚਾਰ ਲੱਖ ਅੱਸੀ, ਚੁਰਾਸੀ ਪੰਧ ਮੁਕਾਈਆ। ਮੈਂ ਆਪਣੀ ਖ਼ਾਹਿਸ਼ ਸਵਾਮੀ ਤੈਨੂੰ ਦੱਸੀ, ਦਹਿ ਦਿਸ਼ਾ ਧਿਆਨ ਲਗਾਈਆ। ਅੰਤ ਕੰਤ ਭਗਵੰਤ ਮੇਰੀ ਹੋਈ ਬੇਵਸੀ, ਬਿਹਬਲ ਹੋ ਕੇ ਮਾਰਾਂ ਧਾਹੀਆ। ਜਗਤ ਜਗਿਆਸੂਆਂ ਤੇਰਾ ਪਿਆਰ ਰਿਹਾ ਨਾ ਰਤੀ, ਮੁਹੱਬਤ ਵਿਚ ਨਾ ਕੋਇ ਸਮਾਈਆ। ਤੂੰ ਸਵਾਮੀ ਆਈ ਵਹੀਰਾ ਘੱਤੀ, ਆਪਣਾ ਪੰਧ ਮੁਕਾਈਆ। ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਟੱਪੀ, ਟਾਪੂਆਂ ਪੰਧ ਮੁਕਾਈਆ। ਜਨ ਭਗਤਾਂ ਦਰਸ਼ਨ ਦੇਵੀਂ ਅੱਖੀਂ, ਸਨਮੁਖ ਸੋਭਾ ਪਾਈਆ। ਜਿਨ੍ਹਾਂ ਨੇ ਤੇਰੀ ਆਸ ਰਖੀ, ਰੱਖਿਆ ਕਰਨੀ ਥਾਉਂ ਥਾਈਆ। ਮੇਰੀ ਅੰਤਰ ਆਵਾਜ਼ ਸੱਚੀ,

ਸਾਹਿਬ ਸਚ ਦ੍ਰਿੜਾਈਆ । ਜਗਤ ਜਹਾਨ ਪ੍ਰੀਤੀ ਕੱਚੀ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਧਰਨੀ ਕਹੇ ਮੇਰੇ ਪ੍ਰਭੂ ਮੈਂ ਵਾਸਤਾ ਰਹੀ ਘੱਤੀ, ਘਾਇਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਸਮਰਥੀ, ਸਮਰਥ ਪੁਰਖ ਤੇਰੀ ਓਟ ਤਕਾਈਆ ।

### ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਡਹੇੜੀ ਜ਼ਿਲਾ ਅੰਬਾਲਾ ਨੱਥਾ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਮੇਰਾ ਵੇਖ ਦੀਪ ਲੱਖਣ, ਅਲਖ ਅਗੋਚਰ ਆਪਣਾ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਝੁੱਲੇ ਝੱਖਣ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜਿਸ ਕਾਇਆ ਮਾਟੀ ਭਾਂਡੇ ਕੀਤੇ ਸੱਖਣ, ਤੇਰਾ ਨਾਮ ਨਿਧਾਨ ਨਜ਼ਰ ਨਾ ਆਈਆ । ਮੈਂ ਨਿਮਾਣੀ ਹੋ ਕੇ ਦਰ ਤੇ ਆਈ ਦੱਸਣ, ਪਾਂਧੀ ਹੋ ਕੇ ਪੰਧ ਮੁਕਾਈਆ । ਮੇਰੇ ਸਵਾਮੀ ਅੰਤਰਜਾਮੀ ਮੇਰੀ ਪੈਜ ਆਈਂ ਰਖਣ, ਰਖਕ ਹੋ ਕੇ ਵੇਖ ਵਖਾਈਆ । ਨਿਗਾਹ ਮਾਰ ਲੈ ਉੱਤਰ ਪੂਰਬ ਪੱਛਮ ਦੱਖਣ, ਦਹਿ ਦਿਸ਼ਾ ਪਰਦਾ ਆਪ ਉਠਾਈਆ । ਤੇਰਾ ਸੰਤ ਸੁਹੇਲਾ ਦਿਸੇ ਕੋਇ ਨਾ ਰਤਨ, ਅਮੋਲਕ ਰੰਗ ਨਾ ਕੋਇ ਚੜ੍ਹਾਈਆ । ਜਿਧਰ ਤੱਕਾਂ ਓਧਰ ਮਨ ਮਤਨ, ਗੁਰਮਤ ਸਾਰੇ ਗਏ ਭੁਲਾਈਆ । ਹਉਮੇ ਹੰਗਤਾ ਵਿਚ ਜੀਵ ਜੰਤ ਤਪਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰੇ ਪਿਆਰ ਦੀ ਗਾਏ ਕੋਇ ਨਾ ਕਥਨ, ਰਸਨਾ ਰਸ ਨਾ ਕੋਇ ਵਡਿਆਈਆ । ਮੇਰੇ ਜਗਤ ਭੰਡਾਰੇ ਖ਼ਾਲੀ ਹੋਏ ਹੱਟਣ, ਹਟਵਾਣੇ ਬੈਠੇ ਮੁਖ ਭਵਾਈਆ । ਜਿਧਰ ਤੱਕਾਂ ਕੂੜ ਕੁੜਿਆਰੇ ਨਾਚ ਨੱਚਣ, ਮਾਇਆ ਮਮਤਾ ਨਾਲ ਮਿਲਾਈਆ । ਮੇਰਾ ਸਵਾਮੀ ਘਾਟ ਵੇਖੇ ਪਤਣ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਕਿਸੇ ਕੰਮ ਨਾ ਆਵੇ ਯਤਨ, ਯਥਾਰਥ ਤੇਰੀ ਓਟ ਤਕਾਈਆ ।

### ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਡਹੇੜੀ ਜ਼ਿਲਾ ਅੰਬਾਲਾ ਹਰਚਰਨ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਮੇਰਾ ਤੱਕ ਲੈ ਲੇਖਾ, ਲਿਖਤ ਪੜ੍ਹਤ ਨਜ਼ਰ ਕੋਇ ਨਾ ਆਈਆ । ਤੂੰ ਨਿਵਾਸੀ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਆਦਿ ਜੁਗਾਦਿ ਰਹੇ ਹਮੇਸ਼ਾ, ਹਮ ਸਾਜਣ ਤੇਰੀ ਵਡ ਵਡਿਆਈਆ । ਤੂੰ ਨਿਰਗੁਣ ਨਿਰਵੈਰ ਨਰ ਨਰੇਸ਼ਾ, ਆਦਿ ਨਿਰੰਜਣ ਨੂਰ ਅਲਾਹੀਆ । ਮੈਨੂੰ ਸੰਦੇਸਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਤੋਂ ਬਾਹਰ ਪੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿਜੁਗ ਭੇਜੇ ਸ਼ਬਦ ਅਗੰਮੀ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰਨਾ ਠੇਕਾ, ਠਾਕਰ ਹੋ ਕੇ ਵੇਖ ਵਖਾਈਆ । ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਇਕ ਅਗੰਮਾ ਬਣੇ ਨੇਤਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਦੇਵੇ ਹਕ ਸੰਦੇਸਾ, ਹਕ ਹਕੀਕਤ ਦਾ ਮਾਲਕ ਨੂਰ ਅਲਾਹੀਆ । ਲਹਿਣਾ ਦੇਣਾ ਪੂਰਾ ਕਰੇ ਮੁਸਾਇਕ ਮੁੱਲਾ ਸ਼ੇਖ਼ਾ, ਉਮਤ ਉਮਤੀ ਖੋਜ ਖੁਜਾਈਆ ।

੮੧੩
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਹਮੇਸ਼ਾ, ਹਮ ਸਾਜਣ ਤੇਰੀ ਵਡ ਵਡਿਆਈਆ ।

✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਚੰਡੀਗੜ੍ਹ ਸ਼ਹਿਰ ਪਿਆਰਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਪੁਰਖ ਅਕਾਲ ਮਹਿਬੂਬਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੰਜ਼ਲ ਦਿਸੇ ਨਾ ਹਕ ਮਕਸੂਦਾ, ਦਰਗਾਹ ਸਾਚੀ ਨਜ਼ਰ ਕੋਇ ਨਾ ਆਈਆ । ਮੇਰੀ ਸ਼ਰਅ ਦੀ ਤੋੜ ਹਦੂਦਾ, ਹੱਦ ਆਪਣੀ ਦੇ ਸਮਝਾਈਆ । ਝਗੜਾ ਮਿਟਾ ਦੇ ਤਤ ਵਜੂਦਾ, ਤਤਵ ਤਤ ਅਗਨੀ ਤਤ ਨਾ ਕੋਇ ਤਪਾਈਆ । ਤੇਰਾ ਨੂਰ ਜ਼ਹੂਰ ਲਾਸ਼ਰੀਕ ਨਜ਼ਰ ਨਾ ਆਵੇ ਢੂੰਡਾ, ਖੋਜਿਆਂ ਹੱਥ ਕਿਸੇ ਨਾ ਆਈਆ । ਆਬੇਹਯਾਤ ਮਿਹਰਵਾਨ ਆਪਣੀ ਬਖ਼ਸ਼ ਅਗੰਮੀ ਬੂੰਦਾ, ਸਚ ਪਿਆਲਾ ਦੀਨ ਦਿਆਲਾ ਹਰਿ ਗੋਪਾਲਾ ਆਪ ਪਿਆਈਆ । ਕਵਲ ਨਾਭੀ ਗ੍ਰਹਿ ਮਹਿਰਾਬੀ ਘਰ ਸ਼ਤਾਬੀ ਕਰ ਦੇ ਉਧਾ, ਝਿਰਨਾ ਅਗੰਮ ਦੇਣਾ ਝਿਰਾਈਆ । ਭੇਵ ਖੁਲ੍ਹਾ ਦੇ ਬੁਤ ਰੂਹ ਦਾ, ਰੂਹੇ ਰਵਾਂ ਤੇਰੀ ਵਡਿਆਈਆ । ਲੇਖਾ ਸਮਝਾ ਦੇ ਸ਼ਬਦ ਸਤਿਗੁਰੂ ਦਾ, ਗੁਰੂ ਗੁਰਦੇਵ ਸਵਾਮੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਮੰਤਰ ਏਕੰਕਾਰ ਇਕੋ ਫੁਰ੍ਹਗਾ, ਫੁਰਨੇ ਮਨਸਾ ਬੰਦ ਕਰਾਈਆ ।



✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਚੰਡੀਗੜ੍ਹ ਸ਼ਹਿਰ ਨਿਰਮਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਕੀ ਕੁਝ ਕਰਾਂ ਤੇਰੀ ਖ਼ਾਤਰ, ਖ਼ਤਾ ਵਿਚ ਰੋ ਰੋ ਦਿਆਂ ਦੁਹਾਈਆ । ਮੈਂ ਬੁੱਧੀਵਾਨ ਨਹੀਂ ਕੋਈ ਚਾਤਰ, ਚਾਤ੍ਰਕ ਵਾਂਗ ਬਿਲਲਾਈਆ । ਬ੍ਰਿਹੋਂ ਵਿਛੋੜੇ ਵਿਚ ਹੋਈ ਆਤਰ, ਹੋ ਵੈਰਾਗਣ ਦਿਆਂ ਦੁਹਾਈਆ । ਤੂੰ ਮੇਰਾ ਸਵਾਮੀ ਖ਼ਲਕ ਦਾ ਖ਼ਾਲਕ, ਆਪਣੀ ਮਖ਼ਲੂਕ ਤੱਕ ਚਾਈਂ ਚਾਈਂਆ । ਆਦਿ ਜੁਗਾਦੀ ਧੁਰ ਦੇ ਪ੍ਰਿਤਪਾਲਕ, ਪਰਮ ਪੁਰਖ ਪ੍ਰਭ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਏਕੰਕਾਰ ਬਣ ਸਾਲਸ, ਧੁਰ ਦੀ ਸਾਲਸੀ ਆਪ ਕਮਾਈਆ । ਮੈਂ ਚਾਹੁੰਦੀ ਮੇਰੇ ਉਤੇ ਚਾਰ ਵਰਨ ਬਣਾ ਦੇ ਖ਼ਾਲਸ, ਖ਼ਾਲਸ ਖ਼ਾਲਸਾ ਆਪਣੇ ਨਾਮ ਰੰਗ ਰੰਗਾਈਆ । ਮੇਰੇ ਉਤੋਂ ਕੂੜ ਕੁੜਿਆਰੇ ਟਿੱਕੇ ਧੋ ਦੇ ਕਾਲਖ, ਕਲਜੁਗ ਮੇਟਣੀ ਕੂੜੀ ਸ਼ਾਹੀਆ । ਜਗਿਆਸੂਆਂ ਰਹਿਣ ਦੇ ਨਾ ਨਿੰਦਰਾ ਆਲਸ, ਸੁਰਤੀ ਸੁਰਤ ਸ਼ਬਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦੀ ਬਦਲ ਦੇ ਆਦਤ, ਅਦਲ ਇਨਸਾਫ਼ ਹਕ ਕਮਾਈਆ ।

✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਚੰਡੀਗੜ੍ਹ ਸ਼ਹਿਰ ਅਮਰ ਚੰਦ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਤੇਰੇ ਅਗੇ ਕਰਾਂ ਫ਼ਰਿਆਦ, ਬੇਨੰਤੀ ਹਕ ਸੁਣਾਈਆ । ਮੈਨੂੰ ਸਤਿ ਦੀ ਦੇ ਦੇ ਦਾਦ, ਵਸਤ ਅਗੰਮ ਵਰਤਾਈਆ ।

ਤੇਰਾ ਖੇਲ ਬੋਧ ਅਗਾਧ, ਬੁੱਧੀ ਤੋਂ ਪਰੇ ਤੇਰੀ ਪੜ੍ਹਾਈਆ । ਸੁਣਾ ਦੇ ਅਗੰਮਾ ਰਾਗ, ਜਗਤ ਵਿਦਿਆ ਬਾਹਰ ਸ਼ਨਵਾਈਆ । ਤੇਰੀ ਸ੍ਰਿਸ਼ਟੀ ਸੋਈ ਜਾਏ ਜਾਗ, ਜਾਗਰਤ ਜੋਤ ਡਗਮਗਾਈਆ । ਤ੍ਰੈਗੁਣ ਬੁਝਾ ਦੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਘਰ ਘਰ ਅੰਦਰ ਤੇਰਾ ਉਪਜੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਧਰਨੀ ਕਹੇ ਮੇਰੇ ਹੋਵਣ ਵਡ ਵਡ ਭਾਗ, ਭਾਗਾਂ ਭਰੀ ਦਿਸੇ ਲੋਕਾਈਆ । ਹਰ ਹਿਰਦਾ ਤੈਨੂੰ ਲਏ ਅਰਾਧ, ਹਰ ਘਟ ਅੰਦਰ ਆਪਣਾ ਡੇਰਾ ਲਾਈਆ । ਸੁਰਤੀ ਸੁਰਤ ਵਿਚ ਹੋਵੇ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਮਾਨਸ ਮਾਨੁਖ ਮਾਨਵ ਮੇਰਾ ਖਿੜ ਜਾਏ ਅਗੰਮਾ ਬਾਗ਼, ਮਾਲੀ ਏਕੰਕਾਰਾ ਤੂੰ ਹੀ ਨਜ਼ਰੀ ਆਈਆ । ਦੀਨ ਮਜ਼੍ਹਬ ਦਾ ਝਗੜਾ ਮੇਟ ਦੇ ਵਿਚ ਸਮਾਜ, ਸਮਿਗਰੀ ਸਤਿਨਾਮ ਵਰਤਾਈਆ । ਕਲਜੁਗ ਕੂੜੀ ਕਿਰਿਆ ਕਰੇ ਨਾ ਨਾਚ, ਧਰਨੀ ਧਰਤ ਧਵਲ ਕਹੇ ਮੇਰੇ ਉਤੋਂ ਬਾਹਰ ਕਢਾਈਆ । ਮੈਂ ਬੇਨੰਤੀ ਪਰਮ ਪੁਰਖ ਕਰਦੀ ਆਜ, ਨਮਸਤੇ ਕਹਿ ਕੇ ਨਮੋ ਨਮੋ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਠਾਂਡੇ ਮੰਗ ਮੰਗਾਈਆ ।

### ✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਚੰਡੀਗੜ੍ਹ ਸ਼ਹਿਰ ਕਰਨੈਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੀ ਆਸਾ ਪੂਰਨ ਕਰ ਦੇ ਪੁਨੀ, ਪਤਤ ਪੁਨੀਤ ਬਣਾਈਆ । ਤੂੰ ਦਾਤਾ ਵਡ ਗੁਣ ਗੁਣੀ, ਗਹਿਰ ਗੰਭੀਰ ਅਖਵਾਈਆ । ਮੇਰੀ ਪੁਕਾਰ ਸੁਣੀਂ, ਅਣਸੁਣਤ ਦਿਆਂ ਸੁਣਾਈਆ । ਭਾਗ ਲਗਾਉਣਾ ਮੇਰੀ ਕੁੱਲੀ, ਧਰਨੀ ਧਰਤ ਧਵਲ ਰੋ ਰੋ ਸੀਸ ਨਿਵਾਈਆ । ਤੇਰੀ ਅੰਮ੍ਰਿਤ ਧਾਰ ਸੰਸਾਰ ਵਿਚੋਂ ਗਈ ਡੁਲ੍ਹੀ, ਖੋਜਿਆਂ ਹੱਥ ਕਿਸੇ ਨਾ ਆਈਆ । ਦੁਨੀਆ ਜਾਪ ਕਰਦੀ ਬੁਟਾਂ ਬੁੱਲੀਂ, ਪ੍ਰਭੂ ਹਿਰਦੇ ਹਰਿ ਨਾ ਕੋਇ ਵਸਾਈਆ । ਝਗੜਾ ਵੇਖ ਲੈ ਦੀਨ ਦੁਨੀ, ਮਜ਼੍ਹਬ ਰਹੇ ਕੁਰਲਾਈਆ । ਆਪਣਾ ਲਹਿਣਾ ਦੇਣਾ ਪੂਰਾ ਕਰ ਏਕਾ ਨਾਂਏ ਲਾ ਕੇ ਉਨੀਂ, ਉਨੀਸਾ ਬੀਸਾ ਹਰਿ ਜਗਦੀਸ਼ਾ ਆਪਣਾ ਪਰਦਾ ਲਾਹੀਆ । ਮੈਂ ਵੈਰਾਗਣ ਦਰ ਤੇਰੇ ਤੇ ਭੁਲੀ, ਅਭੁਲ ਦੇਣੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਸਦਾ ਸੁਲਹਕੁਲੀ, ਕੁਲ ਮਾਲਕ ਹੋਣਾ ਆਪ ਸਹਾਈਆ ।

### ✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਚੰਡੀਗੜ੍ਹ ਸ਼ਹਿਰ ਪ੍ਰਿਥੀ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਵੇਖ ਲੈ ਆਪਣੀ ਦੀਨ ਦੁਨੀ ਦੀ ਧਾਰ, ਧਰਮ ਧਰਮ ਨਾਲ ਜਣਾਈਆ । ਸਚ ਮੁਹੱਬਤ ਰਿਹਾ ਨਾ ਕੋਇ ਪਿਆਰ, ਕੂੜੀ ਕਿਰਿਆ ਰੰਗ ਰੰਗਾਈਆ । ਜਿਧਰ ਤੱਕਾਂ ਧੂੰਆਂਧਾਰ ਤੇਰਾ ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਮੇਰੇ ਨੇਤਰ ਨੈਣ ਹੋਏ ਸ਼ਰਮਸਾਰ, ਅੱਖ ਪ੍ਰਤੱਖ ਸਕਾਂ ਨਾ ਕੋਇ ਉਠਾਈਆ । ਜਗਤ ਸਾਧੂ ਹੋਏ ਗੁਨਾਹਗਾਰ, ਲੱਜਿਆ ਵਿਚ ਲੱਜਿਆ ਨਾ ਕੋਇ ਜਣਾਈਆ । ਤੇਰਾ ਸੁਤ ਦੁਲਾਰਾ ਦਿਸੇ ਨਾ

੮੧੫
੨੩

ਕੋਇ ਬਰਖ਼ੁਰਦਾਰ, ਪੂਤ ਸਪੂਤਾ ਨਜ਼ਰ ਕੋਇ ਨਾ ਆਈਆ । ਉਠ ਸਵਾਮੀ ਅੰਤਰਜਾਮੀ ਚਾਰੋਂ ਕੁੰਟ ਨਿਗਾਹ ਮਾਰ, ਦਹਿ ਦਿਸ਼ਾ ਵੇਖ ਵਖਾਈਆ । ਕੁਦਰਤ ਦੇ ਕਾਦਰ ਤੇਰਾ ਕਰੇ ਨਾ ਕੋਇ ਇਜ਼ਹਾਰ, ਸਿਫ਼ਤਾਂ ਵਾਲੀ ਸਿਫ਼ਤ ਨਾ ਕੋਇ ਵਡਿਆਈਆ । ਜਿਧਰ ਤੱਕਾਂ ਕੂੜ ਕੁੜਿਆਰ, ਕੂੜ ਕੁਟੰਬ ਚਾਰ ਜੁਗ ਦਾ ਚਾਰੇ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰ, ਸਹਾਇਕ ਨਾਇਕ ਇਕੋ ਇਕ ਨਜ਼ਰੀ ਆਈਆ ।

### ✪ ੧੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਚੰਡੀਗੜ੍ਹ ਲੋਟੋ ਕਲੋਨੀ ਜੁਗਿੰਦਰ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਂ ਹੋਈ ਅੰਤ ਨਿਥਾਵੀਂ, ਥਿਰ ਘਰ ਵਾਸੀ ਦੇਣੀ ਵਡਿਆਈਆ । ਬਲ ਰਿਹਾ ਨਾ ਮੇਰੀ ਬਾਹਵੀਂ, ਬਲਹੀਣ ਕੁਰਲਾਈਆ । ਮੇਰੀ ਸਾਰ ਸਵਾਮੀ ਪਾਵੀਂ, ਪਰਮ ਪੁਰਖ ਤੇਰੀ ਓਟ ਤਕਾਈਆ । ਮੇਰਾ ਲੇਖ ਮੁਕਾਉਣਾ ਚਾਵ ਚਾਵੀਂ, ਚਾਉ ਘਨੇਰਾ ਦੇਣਾ ਦ੍ਰਿੜਾਈਆ । ਮੇਰੇ ਉਤੇ ਆਪਣੇ ਹੁਕਮ ਦੀ ਵਰਤਾਵੀਂ ਭਾਵੀ, ਭਾਣਾ ਆਪਣੇ ਹੱਥ ਰਖਾਈਆ । ਮੇਰਾ ਤੋਲ ਤਰਾਜ਼ੂ ਤੋਲੀਂ ਸਾਂਵੀਂ, ਕੰਡਾ ਆਪਣੇ ਹੱਥ ਉਠਾਈਆ । ਮੇਰੀ ਅਰਜ਼ ਗ਼ਰਜ਼ ਪ੍ਰਭੂ ਜਨ ਭਗਤਾਂ ਆਪਣੇ ਲੇਖੇ ਲਾਵੀਂ, ਲਹਿਣਾ ਅਵਰ ਨਾ ਹੱਥ ਫੜਾਈਆ । ਉਨ੍ਹਾਂ ਤੱਕੀਂ ਕਾਇਆ ਨਗਰ ਖੇੜਾ ਗਰਾਵੀਂ, ਪੰਜਾਂ ਤਤਾਂ ਫੋਲ ਫੁਲਾਈਆ । ਸੋਈ ਸੁਰਤੀ ਆਪ ਜਗਾਵੀਂ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਬਦ ਅਨਾਦੀ ਧੁਨ ਸੁਣਾਵੀਂ, ਧੁਨ ਆਤਮਕ ਰਾਗ ਗਾਈਆ । ਅੰਮ੍ਰਿਤ ਅਗੰਮ ਜਾਮ ਪਿਆਵੀਂ, ਝਿਰਨਾ ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਜੋਤੀ ਜਾਤੇ ਜੋਤ ਸਰੂਪੀ ਡਗਮਗਾਵੀਂ, ਅੰਧ ਅਧੇਰਾ ਦੇਣਾ ਮਿਟਾਈਆ । ਘਰ ਮੰਦਰ ਇਕ ਵਖਾਵੀਂ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਸਚ ਸਿੰਘਾਸਣ ਇਕ ਦਰਸਾਵੀਂ, ਜਿਸ ਗ੍ਰਿਹਿ ਆਪਣਾ ਡੇਰਾ ਲਾਈਆ । ਸੋ ਪੁਰਖ ਨਿਰੰਜਣ ਆਪਣੇ ਭਗਤ ਸੁਹੇਲੇ ਆਪਣੀ ਜੋਤ ਮਿਲਾਵੀਂ, ਨਿਰਗੁਣ ਨਿਰਗੁਣ ਵਿਚ ਰਲਾਈਆ । ਹਰਿ ਪੁਰਖ ਨਿਰੰਜਣ ਮੇਰੀ ਤ੍ਰਿਸ਼ਨਾ ਦੂਰ ਕਰਾਵੀਂ, ਜਗਤ ਕਲਪਣਾ ਰਹੇ ਨਾ ਰਾਈਆ । ਏਕੰਕਾਰਾ ਆਪਣੀ ਅਕਲ ਕਲਧਾਰ ਮੇਰਾ ਲੇਖਾ ਆਪਣੇ ਲੇਖੇ ਲਾਵੀਂ, ਦੂਸਰ ਆਸ ਨਾ ਕੋਇ ਰਖਾਈਆ । ਆਦਿ ਨਿਰੰਜਣ ਆਪਣਾ ਨੂਰ ਜੋਤ ਪ੍ਰਕਾਸ਼ ਚਮਕਾਵੀਂ, ਬਿਨ ਸੂਰੀਆ ਚੰਦ ਕਰੀਂ ਰੁਸ਼ਨਾਈਆ । ਅਬਿਨਾਸ਼ੀ ਕਰਤੇ ਆਪਣਾ ਮੰਦਰ ਆਪ ਸੁਹਾਵੀਂ, ਅੰਦਰ ਆਪਣਾ ਡੇਰਾ ਲਾਈਆ । ਸ੍ਰੀ ਭਗਵਾਨ ਆਪਣੀ ਚਰਨ ਧੂੜ ਮੇਰੀ ਝੋਲੀ ਪਾਵੀਂ, ਖ਼ਾਲੀ ਦੇਣੀ ਭਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਧਰਨੀ ਕਹੇ ਮੇਰੀ ਧਰਤ ਧਵਲ ਧੌਲ ਆਪਣੇ ਰੰਗ ਰੰਗਾਵੀਂ, ਕਲਜੁਗ ਕੂੜੀ ਕਿਰਿਆ ਦੇਣੀ ਗਵਾਈਆ । ਸਤਿਗੁਰ ਸ਼ਬਦ ਦਾਤਾ ਗਹਿਰ ਗੰਭੀਰ ਇਕ ਘਲਾਵੀਂ, ਬਹੁ ਗੁਰੂਆਂ ਦੀ ਲੋੜ ਰਹੇ ਨਾ ਰਾਈਆ । ਕਲਜੁਗ ਵਿਚੋਂ ਸਤਿਜੁਗ ਬਦਲਾਵੀਂ, ਬਦਲਾ ਚੁਕਾਉਣਾ ਥਾਉਂ ਥਾਈਂਆ । ਸਭ ਦੀਆਂ ਪੇਸ਼ੀਨਗੋਈਆਂ ਭਵਿਖਤਾਂ ਨਾਲ ਰਲਾਵੀਂ, ਏਕਾ ਪਰਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਕਲਜੁਗ ਅੰਤਮ ਆਪ ਤਰਾਵੀਂ, ਤਾਰਨਹਾਰ ਤੇਰੀ ਆਸ ਤਕਾਈਆ ।

## ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰੁੜਕੀ ਕਲਾਂ ਜ਼ਿਲਾ ਅੰਬਾਲਾ ਸੇਵਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਨਿਰਗੁਣ ਧਾਰ ਅਗੰਮੀ ਉਤਰ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਜਨ ਭਗਤ ਸੁਹੇਲੇ ਬਣਾ ਲੈ ਆਪਣੇ ਪੁਤਰ, ਪਿਤਾ ਪੂਤ ਗੋਦ ਟਿਕਾਈਆ । ਲੇਖਾ ਪੂਰਾ ਕਰ ਦੇ ਜੋ ਇਸ਼ਾਰਾ ਦਿਤਾ ਪਰੋਹਤ ਸ਼ੁਕਰ, ਬਲ ਦਵਾਰੇ ਗਿਆ ਜਣਾਈਆ । ਗ਼ਰੀਬ ਨਿਮਾਣਿਆਂ ਚੁੱਕ ਲੈ ਕੁੱਛੜ, ਗਲੇ ਲੈ ਲਗਾਈਆ । ਜਨਮ ਮਰਨ ਦਾ ਮੇਟ ਦੁੱਖੜ, ਦੁਖੀਆਂ ਹੋ ਸਹਾਈਆ । ਸੁਫਲ ਕਰਾ ਦੇ ਮਾਤਾ ਕੁੱਖੜ, ਜਨਣੀ ਆਪਣੇ ਰੰਗ ਰੰਗਾਈਆ । ਕਲਜੁਗ ਕੂੜ ਕੁੜਿਆਰਾ ਨੇੜ ਨਾ ਆਏ ਬੁੱਚੜ, ਰਾਏ ਧਰਮ ਨਾ ਦਏ ਸਜ਼ਾਈਆ । ਤੇਰੀ ਕਿਰਪਾ ਨਾਲ ਦੀਨ ਦੁਨੀ ਵਿਚੋਂ ਉਠਣ, ਆਤਮ ਪਰਮਾਤਮ ਲੈ ਅੰਗੜਾਈਆ । ਤੂੰ ਦੀਨ ਦਿਆਲਾ ਅੰਤਮ ਆਇਉਂ ਤੁਠਣ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਸਵਾਮੀ ਧੁਰ ਦੀ ਧਾਰ ਫੜ ਲੈ ਗੁੱਟਣ, ਬਾਜ਼ੂ ਸਕੇ ਨਾ ਕੋਇ ਛੁਡਾਈਆ । ਤੇਰਾ ਨਾਤਾ ਕਲਜੁਗ ਕਦੇ ਨਾ ਆਵੇ ਟੁੱਟਣ, ਟੁੱਟਿਆਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਬਣਾ ਲੈ ਧੁਰ ਦੇ ਬੱਚੇ, ਲੋਕ ਮਾਤ ਤੋਂ ਬਾਹਰ ਦੇ ਵਡਿਆਈਆ । ਲੇਖੇ ਲਾ ਲੈ ਭਾਂਡੇ ਕੱਚੇ, ਪੰਜ ਤਤ ਰੰਗ ਰੰਗਾਈਆ । ਤੇਰੇ ਨਾਮ ਵਿਚ ਜਾਣ ਰੱਤੇ, ਰਤਨ ਅਮੋਲਕ ਹੀਰੇ ਲੈ ਪ੍ਰਗਟਾਈਆ । ਬੀਜ ਬੀਜ ਦੇ ਕਾਇਆ ਵੱਤੇ, ਫਲ ਧੁਰ ਦਾ ਇਕ ਲਗਾਈਆ । ਗੋਬਿੰਦ ਦਾ ਲੇਖਾ ਲਾ ਲੈ ਡੰਕਾ ਫ਼ਤਿਹ, ਫ਼ਾਤਿਆ ਕਰ ਕੂੜ ਲੋਕਾਈਆ । ਧਰਨੀ ਰੋ ਰੋ ਆਪਣਾ ਹਾਲ ਦੱਸੇ, ਕਹਿ ਕਹਿ ਰਹੀ ਸੁਣਾਈਆ । ਜਨ ਭਗਤਾਂ ਰੈਣ ਹੋਏ ਨਾ ਅੰਧੇਰੀ ਮੱਸੇ, ਨੂਰ ਚੰਦ ਦੇਣਾ ਚਮਕਾਈਆ । ਨਿਝਰ ਧਾਰ ਦੇਵੇ ਰਸੇ, ਬੂੰਦ ਸਵਾਂਤੀ ਸਚ ਟਪਕਾਈਆ । ਮਨ ਮਨੂਆ ਹੋਵੇ ਵਸੇ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਤੇਰੇ ਚਰਨ ਕਵਲਾਂ ਵਿਚ ਹੋਣ ਢੱਠੇ, ਧੂੜੀ ਖ਼ਾਕ ਖ਼ਾਕ ਰਮਾਈਆ । ਧਰਨੀ ਉਤੇ ਸਾਰੇ ਕਰ ਲੈ ਇਕੱਠੇ, ਪੂਰਬ ਲਹਿਣੇ ਖੋਜ ਖੁਜਾਈਆ । ਪਰਮ ਪੁਰਖ ਸਭ ਕੁਝ ਤੇਰੇ ਹੱਥੇ, ਸਮਰਥ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਸੁਹੇਲੇ ਲਾ ਲੈ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ । ਆਤਮ ਪਰਮਾਤਮ ਦੇ ਸੰਗ, ਸਗਲਾ ਸੰਗ ਦੇ ਵਖਾਈਆ । ਅੰਮ੍ਰਿਤ ਧਾਰ ਬਖ਼ਸ਼ ਦੇ ਗੰਗ, ਜਗਤ ਤ੍ਰਿਸ਼ਨਾ ਭੁੱਖ ਦੇ ਮਿਟਾਈਆ । ਘਰ ਜੋਤ ਨੂਰ ਚਾੜ੍ਹ ਦੇ ਚੰਦ, ਅੰਧ ਅੰਧੇਰਾ ਦੇਣਾ ਗਵਾਈਆ । ਸ਼ਬਦ ਨਾਦ ਸੁਣਾ ਮਰਦੰਗ, ਢੋਲਾ ਅਗੰਮ ਅਥਾਹੀਆ । ਭੇਵ ਖੁਲਾ ਦੇ ਬ੍ਰਹਮ ਹੰ, ਸੋ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਨਜ਼ਰੀ ਆਏ ਸਭ ਨੂੰ ਪਾਰਬ੍ਰਹਮ, ਬ੍ਰਹਮ ਭੇਵ ਰਹੇ ਨਾ ਰਾਈਆ । ਝਗੜਾ ਮੇਟ ਦੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਸਭ ਦੀ ਦੇ ਬਦਲਾਈਆ । ਜਨ ਭਗਤਾਂ ਚਿੰਤਾ ਰਹੇ ਕੋਇ ਨਾ ਗ਼ਮ, ਖ਼ੁਸ਼ੀ ਨਾਮ ਵਾਲੀ ਦੇਣੀ ਵਰਤਾਈਆ । ਸਤਿ ਧਾਰ ਦਾ ਦੇ ਧਰਮ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਮੇਰਾ ਓਦੈ ਕਰ ਦੇ ਕਰਮ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਧੂੜ ਰਮਾ ਦੇ ਖ਼ਾਕ ਆਪਣੇ ਚਰਨ, ਚਰਨੋਦਕ ਮੁਖ ਦੇਣਾ ਚੁਆਈਆ । ਜਨ ਭਗਤਾਂ ਲੇਖੇ ਲਾ ਦੇ ਜਨਮ, ਆਵਣ ਜਾਵਣ ਪੰਧ ਮੁਕਾਈਆ । ਕੂੜੀ ਕਿਰਿਆ ਮੇਟ ਦੇ ਭਰਮ, ਭਾਂਡਾ ਭਰਮ ਦੇ ਭੰਨਾਈਆ । ਲੇਖਾ ਰਹੇ ਨਾ ਵਰਨ ਬਰਨ, ਸ਼ਤਰੀ

ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਤੇਰਾ ਨਿਰਗੁਣ ਧਾਰ ਦਰਸ ਕਰ ਕੇ ਸਾਰੇ ਤਰਨ, ਤਾਰਨਹਾਰ ਤੇਰੀ ਵਡ ਵਡਿਆਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ, ਸੋਹੰ ਸ਼ਬਦ ਕਰ ਸ਼ਨਵਾਈਆ । ਤੇਰੀ ਮੰਜ਼ਲ ਹਕੀਕੀ ਚੜ੍ਹਨ, ਸਚਖੰਡ ਪੁੱਜਣ ਚਾਈਂ ਚਾਈਆ । ਜੋਤੀ ਜੋਤ ਜੋਤ ਵਿਚ ਰਲਣ, ਵਿਚ ਜੋਤੀ ਜੋਤ ਸਮਾਈਆ । ਲੇਖਾ ਰਹੇ ਨਾ ਜਨਮ ਮਰਨ, ਮਰ ਜੀਵਤ ਰੂਪ ਬਦਲਾਈਆ । ਤੂੰ ਕਰਤਾ ਕਰਨੀ ਕਰਨ, ਕਰਤਾ ਪੁਰਖ ਅਗੰਮ ਅਥਾਹੀਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਲਾਗਾਂ ਸਰਨ, ਸਰਨਗਤ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਬੰਨ੍ਹਾ ਆਪਣੇ ਲੜਨ, ਪੱਲੂ ਏਥੇ ਓਥੇ ਸਕੇ ਨਾ ਕੋਇ ਛੁਡਾਈਆ ।

### ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਧਿਆਨ ਪੁਰਾ ਜ਼ਿਲਾ ਅੰਬਾਲਾ ਬਚਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਮਾਲਕ ਖ਼ਾਲਕ ਅੰਬਰੀ, ਪਰਮ ਪੁਰਖ ਪਰਮਾਤਮ ਤੇਰੀ ਇਕ ਸਰਨਾਈਆ । ਦੀਨ ਦੁਨੀ ਆਪਣੀ ਆ ਕੇ ਵੇਖ ਬੇਸਬਰੀ, ਧੀਰਜ ਧੀਰ ਬੇਨਜ਼ੀਰ ਨਾ ਕੋਇ ਰਖਾਈਆ । ਜਗਤ ਸ਼ਾਸਤਰ ਤੇਰਾ ਨਾਮ ਸੁਣਾਉਂਦੇ ਜ਼ਬਰੀ, ਜ਼ਬਰਦਸਤੀ ਦੀਨ ਦੁਨੀ ਦ੍ਰਿੜਾਈਆ । ਜਿਧਰ ਤੱਕੋ ਮਨ ਮਨੂਏ ਪਾਈ ਗਦਰੀ, ਗਦਾਗਰ ਦਿਸੇ ਖ਼ਲਕ ਖ਼ੁਦਾਈਆ । ਤੇਰੀ ਧਾਰ ਨਜ਼ਰ ਨਾ ਆਏ ਕੋਇ ਅਦਲੀ, ਇਨਸਾਫ਼ ਸਚ ਨਾ ਕੋਇ ਕਮਾਈਆ । ਮਿਹਰਵਾਨ ਮੇਰੇ ਮਹਿਬੂਬਾ ਮੇਰੇ ਉਤੋਂ ਕਲਜੁਗ ਕਰ ਦੇ ਬਦਲੀ, ਸਤਿਜੁਗ ਸਚ ਸਚ ਦੇ ਵਰਤਾਈਆ । ਮੇਰਾ ਪੰਧ ਮੁਕਾ ਦੇ ਮੰਜ਼ਲੋ ਮੰਜ਼ਲੀ, ਮੰਜਲ ਅਗਲੀ ਰਹੇ ਨਾ ਰਾਈਆ । ਉਠ ਵੇਖ ਲੈ ਫਿਰੀ ਦਰੋਹੀ ਪਹਾੜਾਂ ਜੰਗਲੀ, ਜੂਹਾਂ ਰੋਵਣ ਮਾਰਨ ਧਾਹੀਆ । ਕੋਈ ਸ਼ਰਅ ਦੀ ਤੋੜੇ ਨਾ ਸੰਗਲੀ, ਜ਼ੰਜੀਰ ਸਕੇ ਨਾ ਕੋਇ ਖੁਲਾਈਆ । ਪੁਰਖ ਅਕਾਲੇ ਦੀਨ ਦਿਆਲੇ ਕਿਸੇ ਨੂੰ ਸਮਝ ਨਾ ਆਉਂਦੀ ਗੱਲ ਅਗਲੀ, ਕਰਤਾ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੈਨੂੰ ਸਭ ਕੁਝ ਦਿਸਦਾ ਕਿਉਂ ਸਤਿਗੁਰ ਨਾਨਕ ਗਲ ਵਿਚ ਪਾਈ ਬਗ਼ਲੀ, ਬਗ਼ਲਗੀਰ ਬਗ਼ਦਾਦ ਵਿਚ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਸਾਰੇ ਜਗ ਲਈ, ਜਾਗਰਤ ਜੋਤ ਕਰ ਰੁਸ਼ਨਾਈਆ ।

### ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਘੜੂਆ ਜ਼ਿਲਾ ਅੰਬਾਲਾ ਸੁਰਜੀਤ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀਆਂ ਦੁੱਖਾਂ ਨਾਲ ਨਿਕਲਦੀਆਂ ਚੀਕਾਂ, ਬਹੁੜੀ ਬਹੁੜੀ ਕਰ ਕੁਰਲਾਈਆ । ਤੂੰ ਸਾਹਿਬ ਸਵਾਮੀ ਨੀਕਨ ਨੀਕਾ, ਤੇਰੀ ਵੱਡੀ ਵਡ ਵਡਿਆਈਆ । ਤੇਰੇ ਵਿਚ ਹਕ ਤੌਫ਼ੀਕਾ, ਮਿਹਰਵਾਨ ਤੇਰੀ ਸਰਨਾਈਆ । ਦਰੋਹੀ ਮੇਰੇ ਉਤੇ ਮੇਟ ਦੇ ਕੂੜੀਆਂ ਲੀਕਾਂ, ਕੂੜ ਕੁਕਰਮ ਦਾ ਡੇਰਾ ਢਾਹੀਆ । ਦੀਨ ਦੁਨੀ ਦੀਆਂ ਅੰਦਰੋਂ ਬਦਲ ਦੇ ਨੀਤਾਂ, ਨੀਤੀਵਾਨ ਤੇਰੀ ਸਰਨਾਈਆ । ਝਗੜਾ ਮਿਟਾ ਦੇ ਮੰਦਰ ਮਸੀਤਾਂ, ਕਾਅਬਾ

ਹੁਜਰਾ ਇਕੋ ਇਕ ਵਖਾਈਆ । ਜਿਥੇ ਸ਼ਬਦ ਧੁਨ ਨਾਦ ਗਾਏ ਰਾਗ ਤੂੰ ਮੇਰਾ ਮੈਂ ਤੇਰਾ ਠਾਂਡਾ ਸੀਤਾ, ਅਗਨੀ ਅੱਗ ਨਾ ਕੋਇ ਤਪਾਈਆ । ਪਿਛਲਾ ਵਕਤ ਪਿਛੇ ਬੀਤਾ, ਅਗੇ ਅਗੰਮੜੀ ਆਸ ਰਖਾਈਆ । ਸਤਿਗੁਰ ਸ਼ਬਦ ਹੋ ਕੇ ਨੌ ਖੰਡ ਪ੍ਰਿਥਮੀ ਕਰ ਤਸਦੀਕਾ, ਸ਼ਹਾਦਤ ਆਪਣੀ ਅਗੰਮ ਭੁਗਤਾਈਆ । ਚਾਰੋਂ ਕੁੰਟ ਤੱਕ ਤ੍ਰੈਗੁਣ ਅਤੀਤਾ ਤਪੇ ਅੰਗੀਠਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਕਲਮੇ ਦੀਆਂ ਇਕੋ ਹੋਣ ਹਦੀਸਾਂ, ਹਜ਼ਰਤਾਂ ਤੋਂ ਬਾਹਰ ਦੇ ਸਮਝਾਈਆ ।

### ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਘੜੂਆ ਜ਼ਿਲਾ ਅੰਬਾਲਾ ਗੁਰਦੇਵ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਨੂੰ ਯਾਦ ਆਉਂਦਾ ਰਾਮ ਕ੍ਰਿਸ਼ਨ ਦਾ ਭਵਿਖ, ਬਿਨ ਅੱਖਰਾਂ ਤੋਂ ਸੋਭਾ ਪਾਈਆ । ਜਿਸ ਵਿਚ ਇਕ ਸਵਾਮੀ ਤੇਰਾ ਹੋਵੇ ਇਸ਼ਟ, ਦੂਜਾ ਨਜ਼ਰ ਕੋਇ ਨਾ ਆਈਆ । ਸੱਚਾ ਮਾਰਗ ਦੇ ਦੇ ਸ੍ਰਿਸ਼ਟ, ਸੁਰਤੀ ਸ਼ਬਦ ਨਾਲ ਜੁੜਾਈਆ । ਜੋ ਸੰਦੇਸ਼ਾ ਦੇ ਕੇ ਗਿਆ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਭੇਵ ਖੁਲਾਈਆ । ਸੋ ਸਵਾਮੀ ਅੰਤਰਜਾਮੀ ਜਗਤ ਜੀਵਾਂ ਦੇ ਦੇ ਸਿਦਕ, ਭਰੋਸਾ ਆਪਣੇ ਨਾਲ ਰਖਾਈਆ । ਮਨੂਆ ਮਨ ਕਰੇ ਨਾ ਇਲਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਚ ਦਵਾਰ ਦੀ ਇਕੋ ਦੱਸ ਦੇ ਸਿੰਮਤ, ਗ੍ਰਿਹ ਮੰਦਰ ਇਕ ਵਖਾਈਆ । ਜਿਥੇ ਕੋਈ ਨਾ ਹੋਵੇ ਨਿੰਦਕ, ਦੁਤੀਆ ਰੂਪ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ ।

### ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਠਲਾਣਾ ਜ਼ਿਲਾ ਅੰਬਾਲਾ ਬੀਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਨੂੰ ਇਸ਼ਾਰਾ ਦੇਵੇ ਈਸਾ ਮੂਸਾ ਮੁਹੰਮਦ ਸੰਗ ਚਾਰ ਯਾਰ, ਕਲਮਿਆਂ ਤੋਂ ਬਾਹਰ ਰਹੇ ਦ੍ਰਿੜਾਈਆ । ਉਹ ਵੇਖ ਨੂਰ ਨੁਰਾਨਾ ਹੋਏ ਉਜਿਆਰ, ਦੋ ਜਹਾਨਾਂ ਕਰੇ ਰੁਸ਼ਨਾਈਆ । ਜੋ ਲਹਿਣੇ ਦੇਣੇ ਪੂਰਬ ਕਰਜ਼ ਦਏ ਉਤਾਰ, ਮਕਰੂਜ਼ ਆਪਣਾ ਹੁਕਮ ਵਰਤਾਈਆ । ਦੀਨਾਂ ਮਜ਼੍ਹਬਾਂ ਕਰੇ ਖ਼ਬਰਦਾਰ, ਬੇਖ਼ਬਰੀ ਵਿਚੋਂ ਜਗਾਈਆ । ਜਿਸ ਅਮਾਮ ਦੀ ਅਮਲਾਂ ਤੋਂ ਬਾਹਰ ਕਰਨ ਇੰਤਜ਼ਾਰ, ਉਮਤ ਬੈਠੀ ਅੱਖ ਉਠਾਈਆ । ਸੋ ਖੇਲ ਖਿਲਾ ਦੇ ਮੇਰੇ ਪਰਵਰਦਿਗਾਰ, ਪਰਮ ਪੁਰਖ ਤੇਰੀ ਸਰਨਾਈਆ । ਸਦੀ ਚੌਧਵੀਂ ਚਾਰੇ ਕੁੰਟਾਂ ਆਏ ਹਾਰ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਤੇਰੀ ਖ਼ਾਦਮ ਖ਼ਿਦਮਤਗਾਰ, ਖ਼ੁਦਗਰਜ਼ੀ ਨਾ ਕੋਇ ਰਖਾਈਆ । ਧਰਨੀ ਕਹੇ ਮੇਰੇ ਨਰ ਨਰਾਇਣ ਨਿਰੰਕਾਰ, ਕਰਤਾ ਪੁਰਖ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੇ ਸਿਕਦਾਰ, ਸਦ ਤੇਰੀ ਓਟ ਤਕਾਈਆ ।

੮੧੯
੨੩

✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਣਕ ਪੁਰ ਜ਼ਿਲਾ ਅੰਬਾਲਾ ਗੁਰਦੇਵ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਲੇਖਾ ਕਰ ਦੇ ਨਾਨਕ ਗੋਬਿੰਦ ਪੂਰਾ, ਪਾਰਬ੍ਰਹਮ ਤੇਰੀ ਸ਼ਰਨਾਈਆ । ਤੂੰ ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਹਰ ਘਟ ਵਸਿਆ ਥਾਉਂ ਥਾਈਂਆ । ਕਲਜੁਗ ਜੀਵ ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹਾ, ਬੁਧ ਬਿਬੇਕ ਕਰਾਈਆ । ਚਰਨ ਕਵਲ ਬਖ਼ਸ਼ ਦੇ ਸਾਚੀ ਧੂੜਾ, ਟਿੱਕੇ ਮਸਤਕ ਖ਼ਾਕ ਰਮਾਈਆ । ਤਨ ਰੰਗ ਚੜ੍ਹਾ ਦੇ ਗੂੜ੍ਹਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਅੰਮ੍ਰਿਤ ਆਤਮ ਦੇ ਦੇ ਸਚ ਸਰੂਰਾ, ਸੁਰਤੀ ਸ਼ਬਦ ਵਿਚ ਸਮਾਈਆ । ਜੋ ਮੂਸਾ ਆਸਾ ਰਖੀ ਉਤੇ ਕੋਹਤੂਰਾ, ਤੁਰੀਆ ਤੋਂ ਬਾਹਰ ਲੇਖਾ ਦੇਣਾ ਚੁਕਾਈਆ । ਸਭ ਦਾ ਗੜ੍ਹ ਤੋੜ ਗ਼ਰੂਰਾ, ਹਉਮੇ ਹੰਗਤਾ ਦੇ ਮਿਟਾਈਆ । ਤੂੰ ਸਰਬ ਕਲਾ ਭਰਪੂਰਾ, ਭਰਪੂਰ ਰਿਹਾ ਸਰਬ ਠਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਤਿਗੁਰ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਮੇਰੀ ਚਾਰ ਜੁਗ ਦੀ ਕਥਾ ਕਹਾਣੀ, ਕਹਾਵਤ ਵਿਚ ਜਣਾਈਆ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਸਦੀ ਚੌਧਵੀਂ ਮੰਜ਼ਲ ਕਰ ਆਸਾਨੀ, ਅਗੇ ਹੋ ਨਾ ਕੋਇ ਅਟਕਾਈਆ । ਦੀਨ ਦੁਨੀ ਦੀ ਅੰਦਰੋਂ ਕਢ ਬੇਈਮਾਨੀ, ਬੇਵਾ ਰੂਪ ਨਾ ਰਹੇ ਲੋਕਾਈਆ । ਝਗੜਾ ਰਹੇ ਨਾ ਕੋਇ ਜਿਸਮਾਨੀ, ਜਿਸਮ ਜ਼ਮੀਰ ਸਭ ਦੀ ਦੇ ਬਦਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣੇ ਮਿਲਣ ਦੀ ਮੰਜ਼ਲ ਦੱਸ ਆਸਾਨੀ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਜਲਵਾਗਾਰ ਨੁਰਾਨੀ, ਨੂਰ ਨੁਰਾਨਾ ਇਕ ਅਖਵਾਈਆ । ਲੇਖੇ ਲਾ ਲੈ ਜੀਵ ਪ੍ਰਾਣੀ, ਪੁਨਹ ਪੁਨਹ ਸੀਸ ਝੁਕਾਈਆ । ਸ਼ਰਅ ਦੀ ਗਲੋਂ ਕੱਟ ਗ਼ੁਲਾਮੀ, ਜ਼ੰਜੀਰ ਕੂੜ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕਲਾਮੀ, ਕਾਇਨਾਤ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਸ ਹੋਏ ਨਿਰਗੁਣ ਜੋਤ ਨੁਰਾਨੀ, ਨੂਰ ਨੁਰਾਨਾ ਇਕੋ ਨਜ਼ਰੀ ਆਈਆ ।

✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਣਕ ਪੁਰ ਜ਼ਿਲਾ ਅੰਬਾਲਾ ਸੰਤ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਅੰਤਰ ਤੱਕ ਪ੍ਰਭੂ ਪ੍ਰਭ ਮੇਰੇ, ਮਿਹਰਵਾਨ ਧਿਆਨ ਲਗਾਈਆ । ਮੇਰੇ ਉਤੇ ਚਾਰੋਂ ਕੁੰਟ ਕੂੜ ਦੇ ਡੇਰੇ, ਗ੍ਰਿਹ ਗ੍ਰਿਹ ਬੈਠਾ ਆਸਣ ਲਾਈਆ । ਦਹਿ ਦਿਸ਼ਾ ਤੱਕ ਲੈ ਝੇੜੇ, ਝਗੜਾ ਸਕੇ ਨਾ ਕੋਇ ਮੁਕਾਈਆ । ਬਰਬਾਦ ਦਿਸੇ ਕਾਇਆ ਖੇੜੇ, ਉਜੜੇ ਘਰ ਨਾ ਕੋਇ ਵਸਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਵਕਤ ਆ ਗਿਆ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਲੇਖੇ ਵੇਖ ਲੈ ਗੁਰੂ ਗੁਰ ਚੇਰੇ, ਚੇਲੇ ਗੁਰ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਫਿਰੇ ਵਿਚ ਅੰਧੇਰੇ, ਨੂਰੀ ਚੰਦ ਨਾ ਕੋਇ ਚਮਕਾਈਆ । ਕੋਈ ਨਾ ਚੜ੍ਹੇ ਤੇਰੇ ਨਾਮ ਦੇ ਬੇੜੇ, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਸ੍ਰਿਸ਼ਟੀ ਘੁੰਮਦੀ ਚੁਰਾਸੀ ਵਾਲੇ ਗੇੜੇ, ਜਮ ਕੀ ਫਾਸੀ ਨਾ ਕੋਇ ਕਟਾਈਆ । ਧਰਨੀ ਕਹੇ ਪ੍ਰਭੂ ਤੁਧ ਬਿਨ ਹਕ ਕਰੇ ਨਾ ਕੋਇ ਨਬੇੜੇ, ਹਕੀਕਤ ਵੇਖਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਸਵਾਲਣ ਹੋਈ ਦਰ ਤੇਰੇ, ਦਰ ਠਾਂਡੇ ਅਲਖ ਜਗਾਈਆ ।

### ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਚੂਨੀ ਕਲਾ ਜ਼ਿਲਾ ਅੰਬਾਲਾ ਹਜ਼ਾਰਾ ਸਿੰਘ ਦੇ ਗ੍ਰਹਿ

ਮੇਰੀ ਅਲਖ ਇਕ ਸਵਾਮੀ, ਧਰਨੀ ਧਰਤ ਧਵਲ ਜਣਾਈਆ । ਤੂੰ ਮਿਹਰਵਾਨ ਅੰਤਰਜਾਮੀ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਤੂੰ ਗਹਿਰ ਗੰਭੀਰ ਗੁਣ ਨਿਧਾਨੀ, ਗੁਣਵੰਤਾ ਵਡ ਵਡਿਆਈਆ । ਮਾਣ ਰਿਹਾ ਨਾ ਵੇਦ ਪੁਰਾਨੀ, ਗੀਤਾ ਗਿਆਨ ਦਏ ਗਵਾਹੀਆ । ਨੇਤਰ ਰੋਵੇ ਅੰਜੀਲ ਕੁਰਾਨੀ, ਤੁਰੈਤ ਬਾਈਬਲ ਦਏ ਗਵਾਹੀਆ । ਉਚੀ ਕੂਕ ਪੁਕਾਰੇ ਚਾਰੇ ਖਾਣੀ, ਪਰਾ ਪਸੰਤੀ ਮਧਮ ਬੈਖਰੀ ਕੂਕ ਕੂਕ ਜਣਾਈਆ । ਦਰੋਹੀ ਆਤਮ ਪਰਮਾਤਮ ਮੇਲ ਮਿਲੇ ਕਿਸੇ ਨਾ ਹਾਣੀ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਮਾਣ ਰਿਹਾ ਨਾ ਅੱਠ ਸੱਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀਆਂ ਢੇਰੀਆਂ ਢਾਹੀਆ । ਮਾਨਸ ਬੂਟੇ ਧਰਮ ਦਾ ਫਲ ਰਿਹਾ ਨਾ ਕਿਸੇ ਟਾਹਣੀ, ਸਿੰਮਲ ਰੁੱਖ ਸਰਬ ਲਹਿਰਾਈਆ । ਕਿਰਪਾ ਕਰ ਸ੍ਰੀ ਭਗਵਾਨੀ, ਹਰਿ ਕਰਤੇ ਤੇਰੀ ਓਟ ਤਕਾਈਆ । ਧਰਨੀ ਕਹੇ ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਕਢ ਕਰਮ ਕਾਂਡ ਦੀ ਨਿਸ਼ਾਨੀ, ਨਿਸ਼ਾਨਾ ਧਰਮ ਵਾਲਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਪੁਰਖ ਅਪਰੰਪਰ ਸਵਾਮੀ, ਪਰਮ ਪੁਰਖ ਪਰਮਾਤਮ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ੧੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਾਜੇ ਮਾਜਰਾ ਜ਼ਿਲਾ ਅੰਬਾਲਾ ਪ੍ਰੀਤਮ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭੂ ਮੇਰੀ ਟੇਕ ਤੇਰੇ ਉਤੇ, ਦੂਸਰ ਇਸ਼ਟ ਨਾ ਕੋਇ ਮਨਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤੇ, ਪਰਵਰਦਿਗਾਰ ਤੇਰੀ ਸ਼ਰਨਾਈਆ । ਮੇਰੀ ਸੁਹੰਜਣੀ ਕਰ ਦੇ ਰੁਤੇ, ਰੁਤੜੀ ਆਪਣੇ ਨਾਮ ਨਾਲ ਮਹਿਕਾਈਆ । ਜਨ ਭਗਤ ਉਠਾ ਲੈ ਸੁੱਤੇ, ਕਲਜੁਗ ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਜਿਹੜੇ ਤੇਰੇ ਪਿਆਰ ਦੇ ਭੁੱਖੇ, ਤ੍ਰਿਸ਼ਨਾ ਭੁੱਖ ਦੇ ਗਵਾਈਆ । ਉਨ੍ਹਾਂ ਦੀ ਪ੍ਰੀਤ ਪ੍ਰੀਤਮ ਕਦੇ ਨਾ ਟੁੱਟੇ, ਆਤਮ ਪਰਮਾਤਮ ਮੇਲਾ ਮੇਲਣਾ ਸਹਿਜ ਸੁਭਾਈਆ । ਧਰਨੀ ਕਹੇ ਮੇਰੇ ਉਤੋਂ ਮੇਟ ਦੇ ਦੁੱਖੇ, ਦੁਖੀਆਂ ਦੁੱਖ ਦਰਦ ਵੰਡਾਈਆ । ਪ੍ਰਭੂ ਮਾਨਸ ਮੂਲ ਰਹਿਣ ਨਾ ਭੁੱਖੇ, ਭੁੱਖਿਆਂ ਭੁੱਖ ਦੇਣੀ ਗਵਾਈਆ । ਤੇਰੇ ਦਵਾਰੇ ਸਦਾ ਉਚੇ, ਮਹੱਲ ਅਟੱਲ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਪੈਂਡੇ ਜਾਣ ਮੁਕੇ, ਮੁਕੰਮਲ ਆਪਣਾ ਹੁਕਮ ਦੇਣਾ ਵਰਤਾਈਆ ।

## ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਠਲਾਣਾ ਜ਼ਿਲਾ ਅੰਬਾਲਾ ਜੇਠਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਨਾਮ ਦਾ ਜੋਗ, ਜੁਗੀਸ਼ਰ ਧਰਮ ਧਾਰ ਬਣਾਈਆ । ਕਾਇਆ ਮੰਦਰ ਅੰਦਰ ਕੱਟ ਦੇ ਰੋਗ, ਹਉਮੇ ਹੰਗਤਾ ਰਹੇ ਨਾ ਰਾਈਆ । ਆਤਮ ਪਰਮਾਤਮ ਕਰ ਸੰਜੋਗ, ਧੁਰ ਮੇਲਾ ਲੈ ਮਿਲਾਈਆ । ਨਿਜ ਘਰ ਵਾਸੀ ਕੂੜੀ ਕਿਰਿਆ ਕਰ ਵਿਯੋਗ, ਪੰਚ ਵਿਕਾਰ ਨੇੜ ਨਾ ਆਈਆ । ਸਤਿ ਸਚ ਦਾ ਦੇ ਭੋਗ, ਬਿਨ ਰਸਨਾ ਰਸ ਚਖਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੀ ਹੋਵੇ ਓਟ, ਇਕੋ ਤੇਰਾ ਨਾਮ ਧਿਆਈਆ । ਮਨ ਕਲਪਣਾ ਕਢ ਦੇ ਖੋਟ, ਬੁਧ ਬਿਬੇਕ ਦੇ ਬਣਾਈਆ । ਆਲਣਿਉਂ ਡਿੱਗੇ ਉਠਾ ਲੈ ਬੋਟ, ਫੜ ਬਾਹੋਂ ਗਲੇ ਲਗਾਈਆ । ਧੁਨ ਆਤਮਕ ਸ਼ਬਦ ਲਗਾ ਚੋਟ, ਸੋਈ ਸੁਰਤ ਉਠਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਰਹੇ ਨਾ ਰਾਈਆ । ਨੇੜ ਨਾ ਆਏ ਲਾੜੀ ਮੌਤ, ਰਾਏ ਧਰਮ ਨਾ ਦਏ ਸਜ਼ਾਈਆ । ਘਰ ਘਰ ਅੰਦਰ ਪੁਰਖ ਅਕਾਲੇ ਪਹੁੰਚ, ਹਰਿਜਨ ਵੇਖ ਚਾਈਂ ਚਾਈਆ । ਤੂੰ ਧੁਰ ਸਵਾਮੀ ਅਗੰਮਾ ਖੌਂਤ, ਖ਼ਸਮ ਖ਼ਸਮਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਾਈ ਹੋਣਾ ਲੋਕ ਪ੍ਰਲੋਕ, ਦੋ ਜਹਾਨਾਂ ਆਪਣੀ ਦਇਆ ਕਮਾਈਆ ।


## ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਾਜੇ ਮਾਜਰਾ ਜ਼ਿਲਾ ਅੰਬਾਲਾ ਪ੍ਰੀਤਮ ਸਿੰਘ ਦੇ ਗ੍ਰਿਹਿ ✪
੮੨੨

੨੩

ਧਰਨੀ ਕਹੇ ਪ੍ਰਭੂ ਜਨ ਭਗਤਾਂ ਦੁੱਖ ਦਲਿਦ੍ਰ ਦੇ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਭਾਗ ਲਗਾ ਦੇ ਕਾਇਆ ਮੱਟ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਮਨੂਆ ਦਹਿ ਦਿਸ਼ਾ ਨਾ ਜਾਏ ਨਟੂਆ ਨੱਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਤੂੰ ਵਸਣਹਾਰਾ ਘਟ ਘਟ, ਹਰ ਘਟ ਅੰਦਰ ਰਿਹਾ ਸਮਾਈਆ । ਦੁਰਮਤ ਮੈਲ ਗੁਰਮੁਖਾਂ ਅੰਦਰੋਂ ਕੱਟ, ਪਤਤ ਪੁਨੀਤ ਦੇ ਬਣਾਈਆ । ਸਾਚਾ ਧਰਮ ਖੁਲਾ ਹੱਟ, ਵਣਜ ਆਪਣਾ ਨਾਮ ਜਣਾਈਆ । ਸਰ ਸਰੋਵਰ ਨੁਹਾ ਤਟ, ਕਿਨਾਰਾ ਇਕੋ ਇਕ ਰਖਾਈਆ । ਜਨ ਭਗਤਾਂ ਸਗਲ ਵਸੂਰੇ ਜਾਣ ਲਥ, ਸ੍ਰੀ ਭਗਵਾਨ ਤੇਰਾ ਦਰਸ਼ਨ ਪਾਈਆ । ਭੂਤ ਪ੍ਰੇਤ ਜਾਣ ਨੱਸ, ਜਿੰਨ ਖਵੀਸ ਰਹਿਣ ਕੋਇ ਨਾ ਪਾਈਆ । ਤੇਰੀ ਸਰਨ ਸਰਨਾਈ ਇਕੋ ਟਿੱਕੇ ਲਾਉਣ ਮਥ, ਮਸਤਕ ਧੂੜੀ ਖ਼ਾਕ ਰਮਾਈਆ । ਸਵਾਮੀ ਸਭ ਕੁਛ ਤੇਰੇ ਹੱਥ, ਦੇਵਣਹਾਰ ਅਗੰਮ ਅਥਾਹੀਆ । ਧਰਨੀ ਕਹੇ ਮੈਂ ਜੋੜ ਕੇ ਦੋਵੇਂ ਹੱਥ, ਪਰਮ ਪੁਰਖ ਤੇਰੇ ਅਗੇ ਸੀਸ ਨਿਵਾਈਆ । ਜਿਉਂ ਭਾਵੇਂ ਤਿਉਂ ਲੈਣਾ ਰਖ, ਜਨ ਭਗਤਾਂ ਹੋਣਾ ਆਪ ਸਹਾਈਆ । ਜਿਨ੍ਹਾਂ ਤੇਰਾ ਨਾਮ ਜੈਕਾਰਾ ਲਗਾਇਆ ਅਲੱਖ, ਅਲਖ ਅਗੋਚਰ ਦੇਣੀ ਵਡਿਆਈਆ । ਖ਼ਾਲੀ ਭਾਂਡਾ ਰਹੇ ਕੋਇ ਨਾ ਸੱਖ, ਸੱਖਣੇ ਦੇਣੇ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸਦਾ ਸਦਾ ਸਦ ਸਚ, ਸਚ ਤੇਰੀ ਵਡਿਆਈਆ ।

## ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਧਿਆਨ ਪੁਰਾ ਜ਼ਿਲਾ ਰੋਪੜ ਹਰਜਿੰਦਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਸਵਾਮੀ ਪੀਰਾਂ ਦੇ ਪੀਰ, ਪਾਰਬ੍ਰਹਮ ਤੇਰੀ ਸਰਨਾਈਆ । ਤੇਰੇ ਚਰਨ ਕਵਲ ਮੇਰੇ ਨੈਣਾ ਵਹਿੰਦਾ ਨੀਰ, ਹੰਝੂਆਂ ਹਾਰ ਬਣਾਈਆ । ਜਨ ਭਗਤਾਂ ਬਦਲ ਦੇ ਤਕਦੀਰ, ਪਿਛਲੇ ਕਰਮ ਦਾ ਲੇਖਾ ਆਪ ਚੁਕਾਈਆ । ਅੰਤਰ ਰਹੇ ਨਾ ਕੋਇ ਦਿਲਗੀਰ, ਚਿੰਤਾ ਗ਼ਮ ਨਾ ਕੋਇ ਸਤਾਈਆ । ਸਚ ਸਵਾਮੀ ਬਖ਼ਸ਼ ਦੇ ਧੀਰ, ਧੀਰਜ ਆਪਣਾ ਨਾਮ ਦ੍ਰਿੜਾਈਆ । ਅੰਤਰ ਆਤਮ ਬਖ਼ਸ਼ ਸੀਰ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਇਕੋ ਰੰਗ ਰੰਗਾ ਦੇ ਕਾਇਆ ਮਾਟੀ ਸਰੀਰ, ਪੰਜ ਤਤ ਤਤਾਂ ਵੱਜੇ ਵਧਾਈਆ । ਅੰਦਰੋਂ ਬਦਲ ਦੇ ਜ਼ਮੀਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਹੱਥ ਸਭ ਤੋਂ ਵਡੀ ਤਦਬੀਰ, ਜਿਸ ਦਾ ਤਰੀਕਾ ਸਮਝ ਕਿਸੇ ਨਾ ਆਈਆ । ਲੇਖੇ ਲਾ ਲੈ ਸ਼ਾਹ ਹਕੀਰ, ਗ਼ਰੀਬ ਨਿਮਾਣਿਆਂ ਹੋ ਸਹਾਈਆ । ਕੂੜ ਕੁੜਿਆਰਾ ਅੰਦਰੋਂ ਘਤੀ ਜਾਏ ਵਹੀਰ, ਤਨ ਮੰਦਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕੱਟ ਦੇ ਭੀੜ, ਦੁੱਖ ਦਲਿਦ੍ਰ ਰਹਿਣ ਨਾ ਪਾਈਆ ।

## ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰੋੜ ਜ਼ਿਲਾ ਰੋਪੜ ਪਿਆਰਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਚਾੜ੍ਹ ਦੇ ਰੰਗ, ਰੰਗਤ ਆਪਣਾ ਨਾਮ ਰੰਗਾਈਆ । ਭਿਖਾਰਨ ਹੋ ਕੇ ਮੰਗਾਂ ਮੰਗ, ਸਵਾਲਣ ਹੋ ਕੇ ਝੋਲੀ ਡਾਹੀਆ । ਨਿਜ ਘਰ ਦੇ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਗਾਇਆ ਛੰਦ, ਤਿੰਨ੍ਹਾਂ ਹੋਣਾ ਆਪ ਸਹਾਈਆ । ਪੁਰਖ ਅਕਾਲਾ ਦੀਨ ਦਿਆਲਾ ਤੂੰ ਬਖ਼ਸ਼ੰਦ, ਬਖ਼ਸ਼ਣਹਾਰ ਵਡ ਵਡਿਆਈਆ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਦਇਆ ਕਮਾਈਆ । ਸਚ ਪ੍ਰੀਤੀ ਨਾਮ ਵੰਡ, ਵਸਤ ਅਗੰਮ ਵਰਤਾਈਆ । ਰੋਗ ਸੋਗ ਕਰ ਦੇ ਖੰਡ ਖੰਡ, ਖੰਡਾ ਖੜਗ ਨਾਮ ਖੜਕਾਈਆ । ਕੂੜ ਵਿਕਾਰਾ ਅੰਦਰੋਂ ਦੰਡ, ਡੰਡਾਵਤ ਆਪਣੀ ਦੇ ਸਮਝਾਈਆ । ਤੇਰਾ ਖੇਲ ਵਿਚ ਵਰਭੰਡ, ਬ੍ਰਹਿਮੰਡ ਧਿਆਨ ਲਗਾਈਆ । ਲੇਖਾ ਮੁਕਾ ਦੇ ਜੇਰਜ ਅੰਡ, ਉਤਭੁਜ ਸੇਤਜ ਪੰਧ ਰਹੇ ਨਾ ਰਾਈਆ । ਤੇਰੇ ਭਗਤ ਸੁਹੇਲੇ ਪ੍ਰਭੂ ਨੂਰੀ ਚਮਕਣ ਚੰਦ, ਜਗਤ ਜਹਾਨ ਕਰਨ ਰੁਸ਼ਨਾਈਆ । ਇਨ੍ਹਾਂ ਖ਼ੁਸ਼ੀ ਰਖਣਾ ਬੰਦ ਬੰਦ, ਬੰਦਗੀ ਆਪਣੀ ਇਕ ਸਮਝਾਈਆ । ਦੂਈ ਦਵੈਤੀ ਢਾਹ ਦੇ ਕੰਧ, ਭਾਂਡਾ ਭਰਮ ਦੇਣਾ ਭੰਨਾਈਆ । ਸੁਹੰਜਣੀ ਕਰ ਸੇਜ ਪਲੰਘ, ਆਤਮ ਪਰਮਾਤਮ ਆਸਣ ਲੈਣਾ ਲਾਈਆ । ਤੇਰੇ ਨਾਮ ਦਾ ਅੰਦਰ ਵੱਜੇ ਮਰਦੰਗ, ਧੁਨ ਅਨਾਦੀ ਨਾਦ ਸ਼ਬਦ ਸ਼ਨਵਾਈਆ । ਅੰਮ੍ਰਿਤ ਰਸ ਦੇ ਕੇ ਪਾਉਣੀ ਠੰਡ, ਨਿਝਰ ਝਿਰਨਾ ਆਪ ਝਿਰਾਈਆ । ਸਵਾਮੀ ਮਾਲਕ ਹੋ ਕੇ ਕਦੇ ਨਾ ਦੇਵੀਂ ਕੰਡ, ਸਨਮੁਖ ਹੋ ਕੇ ਨਜ਼ਰੀ ਆਈਆ । ਮੇਰੀ ਆਸਾ ਮਨਸਾ ਪੂਰੀ ਕਰੀਂ ਮੰਗ, ਜਨ ਭਗਤਾਂ ਹੋਣਾ ਆਪ ਸਹਾਈਆ । ਘਰ ਘਰ ਗ੍ਰਹਿ ਗ੍ਰਹਿ ਤਨ ਵਜੂਦ ਅੰਦਰ ਦੇਣਾ ਅਨੰਦ, ਦੁੱਖ ਸੁਖ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਬਖ਼ਸ਼ਿਸ਼ ਰਹਿਮਤ ਆਪ ਕਮਾਈਆ ।

## ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਖੋਜਾ ਜ਼ਿਲਾ ਰੋਪੜ ਪ੍ਰੀਤਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਸਾਹਿਬ ਸਵਾਮੀ ਸੱਜਣ, ਪੁਰਖ ਅਕਾਲ ਦੀਨ ਦਿਆਲ ਤੇਰੀ ਸਰਨਾਈਆ । ਆਤਮ ਪਰਮਾਤਮ ਕਰਾ ਅਗੰਮਾ ਮਜਨ, ਦੁਰਮਤ ਮੈਲ ਰਹੇ ਨਾ ਰਾਈਆ । ਕੂੜੀ ਕਿਰਿਆ ਗੜ੍ਹ ਹੰਕਾਰੀ ਭਾਂਡੇ ਭੱਜਣ, ਹਉਮੇ ਹੰਗਤਾ ਰਹੇ ਨਾ ਰਾਈਆ । ਭਾਗ ਲਗਾ ਦੇ ਜਨ ਭਗਤਾਂ ਕਾਇਆ ਮਾਟੀ ਬਦਨ, ਤਨ ਵਜੂਦ ਹੋਏ ਰੁਸ਼ਨਾਈਆ । ਸਾਚਾ ਸ਼ਬਦ ਸੁਣਾ ਨੱਦਨ, ਧੁਨ ਅਨਾਦੀ ਕਰ ਸ਼ਨਵਾਈਆ । ਸਚ ਪ੍ਰੀਤੀ ਵਿਚ ਕਰ ਮਗਨ, ਮਸਤੀ ਨਾਮ ਖ਼ੁਮਾਰੀ ਇਕ ਰਖਾਈਆ । ਰਜੋ ਤਮੋ ਸਤੋ ਲੇਖਾ ਮੁਕਾ ਦੇ ਤ੍ਰੈਗੁਣ ਅਗਨ, ਅਗਨੀ ਤਤ ਨਾ ਲਾਗੇ ਰਾਈਆ । ਮੈਂ ਜਿਧਰ ਤੱਕਾਂ ਸੰਤ ਸੁਹੇਲੇ ਤੇਰੇ ਦੀਪਕ ਜਗਣ, ਚਾਰ ਕੁੰਟ ਹੋਵੇ ਰੁਸ਼ਨਾਈਆ । ਆਤਮ ਪਰਮਾਤਮ ਲੱਗੀ ਹੋਵੇ ਲਗਨ, ਸੁਰਤ ਸ਼ਬਦ ਵਿਚ ਸਮਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੈਂ ਇਹੋ ਵਸਤ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਨਿਗਾਹ ਮਾਰ ਲੈ ਜ਼ਿਮੀਂ ਅਸਮਾਨਾਂ ਉਪਰ ਗਗਨ, ਗਗਨੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਰਖਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਕਮਲਾਪਤੀ, ਪਤਿਪਰਮੇਸ਼ਵਰ ਤੇਰੀ ਆਸ ਤਕਾਈਆ । ਦੀਨ ਦੁਨੀ ਨੂੰ ਧਰਮ ਦੀ ਧਾਰ ਦੇ ਮਤੀ, ਮਨਮਤ ਦਾ ਡੇਰਾ ਢਾਹੀਆ । ਜਗਤ ਅਗਨੀ ਪੋਹ ਨਾ ਸਕੇ ਤਤੀ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਸਚ ਪ੍ਰੀਤੀ ਜੋੜ ਲੈ ਨਤੀ, ਰਿਸ਼ਤਾ ਇਕੋ ਇਕ ਵਖਾਈਆ । ਜਨਮ ਮਰਨ ਵਿਚੋਂ ਕਰ ਦੇ ਗਤੀ, ਗਤਮਿਤ ਆਪਣੇ ਹੱਥ ਰਖਾਈਆ । ਤੂੰ ਸਾਹਿਬ ਸਵਾਮੀ ਇਕ ਸਮਰਥੀ, ਸਮਰਥ ਪੁਰਖ ਤੇਰੀ ਵਡਿਆਈਆ । ਲਹਿਣਾ ਦੇਣਾ ਮੁਕਾ ਦੇ ਹੱਥੋ ਹੱਥੀ, ਅਗੇ ਉਧਾਰ ਨਾ ਕੋਇ ਜਣਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਮੈਂ ਤੇਰੇ ਚਰਨ ਕਵਲਾਂ ਢੱਠੀ, ਨਿਵ ਨਿਵ ਲਾਗਾ ਪਾਈਆ । ਚਾਰੋਂ ਕੁੰਟ ਕਲਜੁਗ ਕੂੜ ਦੀ ਤਪੇ ਭੱਠੀ, ਕੂੜ ਕੁੜਿਆਰਾ ਅਗਨੀ ਰਿਹਾ ਡਾਹੀਆ । ਮੈਂ ਦਰ ਦਵਾਰੇ ਆਈ ਨੱਠੀ, ਸਾਹਿਬ ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਮੇਰਾ ਖੋਲ ਦੇ ਅੰਤਰ ਪਰਦਾ, ਪਰਦਾਨਸ਼ੀਂ ਪਰਦਾ ਆਪ ਉਠਾਈਆ । ਮੈਂ ਖੇਲ ਤੱਕਾਂ ਤੇਰੇ ਘਰ ਦਾ, ਦਰਗਾਹ ਸਾਚੀ ਵੇਖ ਵਖਾਈਆ । ਜਿਥੇ ਦੀਪਕ ਜੋਤ ਅਗੰਮਾ ਬਲਦਾ, ਨੂਰ ਨੁਰਾਨਾ ਨਜ਼ਰੀ ਆਈਆ । ਸਚਖੰਡ ਦਵਾਰਾ ਸਿੰਘਾਸਣ ਵੇਖਾਂ ਮਹੱਲ ਅਟੱਲ ਦਾ, ਬਿਨ ਨੈਣਾਂ ਨੈਣ ਉਠਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਜਲ ਥਲ ਦਾ, ਮਹੀਅਲ ਤੇਰੀ ਓਟ ਤਕਾਈਆ । ਮੇਰਾ ਲਹਿਣਾ ਦੇਣਾ ਲੇਖਾ ਧਰਤੀ ਕਹੇ ਪੂਰਾ ਕਰਦੇ ਰਾਜੇ ਬਲ ਦਾ, ਬਾਵਨ ਇਸ਼ਾਰੇ ਰਿਹਾ ਕਰਾਈਆ । ਜਿਸ ਦਾ ਹੁਕਮ ਕਦੇ ਨਾ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਕੋਲ ਪੁਰਾਣੀ ਪਤ੍ਰਕਾ ਲਿਖੀ, ਬਿਨ ਅੱਖਰਾਂ ਸੋਭਾ ਪਾਈਆ । ਏਥੇ ਆਏ ਸਪਤਸ ਰਿਖੀ, ਮੁਨੀ ਆਪਣਾ ਪੰਧ ਮੁਕਾਈਆ । ਅਤਰੀ ਨੇ ਵੇਖੀ ਮਿਤੀ, ਭਾਰਦਵਾਜ ਦਿਤਾ ਜਣਾਈਆ । ਓਹ ਨਿਗਾਹ ਮਾਰ ਸ੍ਰਿਸ਼ਟੀ ਦੀ ਦ੍ਰਿਸ਼ਟੀ, ਰਸਨਾ ਰਸ ਰਹਿਣੀ ਨਹੀਂ ਮਿਠੀ, ਕਿਰਿਆ ਕੂੜ ਨਾਲ ਹਲਕਾਈਆ । ਉਸ ਵੇਲੇ ਧਰਨੀ ਦੁਹੱਥੜ ਮਾਰ ਕੇ ਰੋਵੇ ਪਿੱਟੀ, ਬਹੁੜੀ ਬਹੁੜੀ ਕਰ ਸੁਣਾਈਆ । ਖ਼ਾਕ ਉਡਾਵੇ ਆਪਣੀ ਮਿੱਟੀ, ਚਾਰੋਂ ਕੁੰਟ ਭਵਾਈਆ । ਤੱਕੇ

ਬਿਟ ਬਿਟੀ, ਬਿਨ ਨੈਣਾਂ ਨੈਣ ਉਠਾਈਆ । ਪੁਰਖ ਅਕਾਲੇ ਦੀਨ ਦਿਆਲੇ ਦੇ ਚਰਨਾਂ ਹੋਵੇ ਲਿਟੀ, ਲਟਾਂ ਖੁਲ੍ਹੀਆਂ ਦੇ ਵਖਾਈਆ । ਮੇਰੇ ਸਾਹਿਬ ਸਵਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਮੇਰਾ ਅੰਤਮ ਲਹਿਣਾ ਦੇਣਾ ਨਜਿੱਠੀ, ਬੀਸ ਬੀਸੇ ਦਇਆ ਕਮਾਈਆ । ਸੋ ਪੁਰਖ ਨਿਰੰਜਣ ਹਾਹੇ ਉਤੇ ਸੁਹਾਉਣੀ ਟਿੱਪੀ, ਹੰ ਬ੍ਰਹਮ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਤੇ ਅਤਰੀ ਲਿਖਿਆ ਲੇਖ ਅਪਾਰਾ, ਬਿਨ ਕਲਮ ਸਿਆਹੀ ਵਡਿਆਈਆ । ਸੈਨਤ ਨਾਲ ਦਿਤਾ ਇਸ਼ਾਰਾ, ਬਿਨ ਅੱਖਾਂ ਅੱਖ ਉਠਾਈਆ । ਧਰਨੀ ਉਹ ਤੱਕ ਕਲਜੁਗ ਅੰਤ ਕਿਨਾਰਾ, ਢਈਆ ਗੋਬਿੰਦ ਵਾਲਾ ਪਾਰ ਕਰਾਈਆ । ਕਲ ਕਲਕੀ ਲਏ ਅਵਤਾਰਾ, ਅਮਾਮ ਅਮਾਮਾ ਨੂਰ ਅਲਾਹੀਆ । ਜਿਸ ਤੇਰਾ ਉਤਾਰਨਾ ਭਾਰਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਲਗਾਏ ਨਾਅਰਾ, ਆਤਮ ਪਰਮਾਤਮ ਢੋਲਾ ਰਾਗ ਸੁਣਾਈਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰਾ, ਅਵਤਾਰ ਪੈਗ਼ੰਬਰ ਗੁਰੂ ਬੇਅੰਤ ਕਹਿ ਕੇ ਗਏ ਸੁਣਾਈਆ । ਸੋ ਸਵਾਮੀ ਨਰ ਨਰਾਇਣ ਚੌਬੀਸਾ ਹੋ ਅਵਤਾਰਾ, ਜਗਦੀਸ਼ਾ ਆਪਣਾ ਹੁਕਮ ਵਰਤਾਈਆ । ਤੂੰ ਨਿਵ ਨਿਵ ਕਰੀਂ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਤੇਰੀ ਅੰਤਮ ਪਾਵੇ ਸਾਰਾ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਚਲ ਕੇ ਆਏ ਤੇਰੇ ਦਵਾਰਾ, ਦਵਾਰਕਾਵਾਸੀ ਜਿਸ ਦਾ ਨਿਸ਼ਾਨਾ ਗਿਆ ਦ੍ਰਿੜਾਈਆ । ਸੋ ਲਹਿਣਾ ਦੇਣਾ ਪੂਰਾ ਕਰੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਕਲਜੁਗ ਕੂੜ ਕਿਰਿਆ ਮੇਟੇ ਧੂੰਆਂਧਾਰਾ, ਧਰਮ ਦਾ ਧਰਮ ਨਿਸ਼ਾਨ ਇਕ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰਾ, ਸਤਿ ਸਰੂਪੀ ਸ਼ਾਹੋ ਭੂਪੀ, ਬਿਨ ਰੰਗ ਰੂਪੀ ਇਕ ਅਖਵਾਈਆ ।

### ੧੮ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਖੋਜਾ ਜ਼ਿਲਾ ਰੋਪੜ ਅਮਰੋ ਦੇਵੀ ਦੇ ਗ੍ਰਿਹਿ

ਸਤਿਗੁਰ ਦੇਵੇ ਅਮਰਾਪਦ, ਅਮਰੋ ਅਮਰ ਆਪ ਕਰਾਈਆ । ਜਨਮ ਕਰਮ ਦੀ ਮੇਟ ਕੇ ਹੱਦ, ਜਗਤ ਜੰਜਾਲ ਵਿਚੋਂ ਬਾਹਰ ਕਢਾਈਆ । ਭਾਗ ਲਗਾ ਕੇ ਧਰਮ ਦੀ ਯਦ, ਯਾਦਵ ਕ੍ਰਿਸ਼ਨ ਦਾ ਲਹਿਣਾ ਲੇਖੇ ਪਾਈਆ । ਜਿਸ ਦੇ ਦਵਾਰੇ ਤੇ ਵੈਰਾਗੀ ਹੋ ਕੇ ਵਜਾਉਂਦਾ ਰਹਿੰਦਾ ਸੀ ਨਦ, ਧੁਨਾਂ ਨਾਲ ਸ਼ਨਵਾਈਆ । ਸਚ ਪ੍ਰੀਤੀ ਵਿਚ ਗਿਆ ਸੀ ਬੱਝ, ਬੰਦਨਾ ਬੰਦਨਾ ਵਿਚ ਸੀਸ ਨਿਵਾਈਆ । ਜਗਤ ਵਾਸਨਾ ਛਡ ਕੇ ਹੱਦ, ਜਾਗਰਤ ਜੋਤ ਪ੍ਰਭ ਦੇ ਨਾਲ ਮਿਲਾਈਆ । ਦਰਸ਼ਨ ਕੀਤਾ ਰੱਜ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਝਟ ਧਰਮ ਕਵਾਰੀ ਆਈ ਭੱਜ, ਨੇਤਰ ਦਰਸ਼ਨ ਪਾਈਆ । ਵਿਚੋਂ ਉਡੀ ਲਜ, ਨੈਣ ਲੋਚਨ ਬਿਗਸਾਈਆ । ਝਟ ਕ੍ਰਿਸ਼ਨ ਮਾਰੀ ਧੱਜ, ਧੁੱਜ ਸ਼ਬਦ ਵਾਲੀ ਜਣਾਈਆ । ਬਾਣ ਨਿਰਾਲਾ ਗਿਆ ਵੱਜ, ਸੋਈ ਸੁਰਤ ਉਠਾਈਆ । ਕਿਉਂ ਮਨੂਆ ਗਿਆ ਭੱਜ, ਕਾਹਨ ਤੋਂ ਬਾਹਰ ਧਿਆਨ ਲਗਾਈਆ । ਝਟ ਚਰਨਾਂ ਤੇ ਗਿਆ ਢਠ, ਨਿਵ ਨਿਵ ਸੀਸ ਨਿਵਾਈਆ । ਕ੍ਰਿਸ਼ਨ ਪਿਠ ਤੇ ਫੇਰ ਕੇ ਹੱਥ, ਸਿਰ ਹੱਥ ਦਿਤਾ ਟਿਕਾਈਆ । ਤੇਰੀ ਆਸ਼ਾ ਦੀ ਮਿਲੇ ਵਥ, ਵਸਤ ਦਿਆਂ ਵਰਤਾਈਆ ।

ਤੇਰਾ ਰੂਪ ਅਨੂਪ ਇਸਤਰੀ ਹੋਵੇ ਵਤ, ਬੇਵਤਨ ਆਪਣੀ ਖੇਲ ਖਿਲਾਈਆ । ਫੇਰ ਲਹਿਣਾ ਦੇਣਾ ਹੱਥ ਪੁਰਖ ਸਮਰਥ, ਸਹਿਜ ਨਾਲ ਸਮਝਾਈਆ । ਉਹ ਕਿਰਪਾ ਕਰੇ ਅਕਥਨਾ ਅਕਥ, ਮਿਹਰ ਨਜ਼ਰ ਉਠਾਈਆ । ਅੰਤਮ ਆਪਣੇ ਲੇਖੇ ਘੱਤ, ਲਹਿਣਾ ਦੇਣਾ ਜਗਤ ਜਹਾਨ ਮੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਚਰਨ ਕਵਲ ਕਵਲ ਚਰਨ ਸਹਾਰਾ ਦੇਵੇ ਨਤ, ਆਤਮ ਪਰਮਾਤਮ ਜੋੜ ਜੁੜਾਈਆ । ਮਾਨਸ ਜਨਮ ਨਾ ਹੋਵੇ ਭੱਠ, ਅਗਨੀ ਅੱਗ ਨਾ ਕੋਇ ਤਪਾਈਆ । ਸਚਖੰਡ ਦਵਾਰੇ ਸਚ ਆਤਮ ਦਵਾਰੇ ਜਾਏ ਵਸ, ਵਾਸਤਾ ਪਰਮਾਤਮਾ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਆਦਿ ਜੁਗਾਦੀ ਹੋਵੇ ਹੱਥੋ ਹੱਥ, ਜੁਗ ਜਨਮ ਦਾ ਪੂਰਬ ਲੇਖਾ ਪੂਰ ਕਰਾਈਆ ।

### ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਸੋਢੀਆਂ ਜ਼ਿਲਾ ਹੁਸ਼ਿਆਰ ਪੁਰ ਸੰਤੋਖ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੀ ਪੂਰੀ ਕਰ ਦੇ ਸੱਧਰ, ਸਦਮਾ ਜਗਤ ਰਹੇ ਨਾ ਰਾਈਆ । ਦੀਨ ਦੁਨੀ ਤੇਰਾ ਕਰੇ ਕਦਰ, ਕੁਦਰਤ ਦੇ ਕਾਦਰ ਤੇਰੀ ਓਟ ਤਕਾਈਆ । ਨਵ ਸੱਤ ਮੇਟ ਦੇ ਗਦਰ, ਹਉਮੇ ਹੰਗਤਾ ਗੜ੍ਹ ਤੁੜ੍ਹਾਈਆ । ਆਤਮ ਪਰਮਾਤਮ ਧਾਰ ਦੱਸ ਦੇ ਪੱਧਰ, ਸਚ ਦਵਾਰਾ ਇਕ ਸਮਝਾਈਆ । ਮਿਹਰਵਾਨ ਮਹਿਬੂਬ ਮਿਹਰ ਦੀ ਕਰ ਦੇ ਨਦਰ, ਨਦਰੀ ਨਦਰ ਉਠਾਈਆ । ਸਚ ਦਵਾਰੇ ਆਈ ਦਾਤ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਸਚ ਪ੍ਰੇਮ ਦੀ ਚਾੜ੍ਹ ਦੇ ਰੰਗਣ, ਦੁਰਮਤ ਮੈਲ ਧਵਾਈਆ । ਕਿਰਪਾ ਕਰ ਸੂਰੇ ਸਰਬੰਗਣ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਖ਼ੁਸ਼ੀ ਪ੍ਰਗਟਾ ਦੇ ਵਿਚ ਬ੍ਰਹਿਮੰਡਣ ਵਰਭੰਡਣ ਤੇਰੀ ਵੱਜੇ ਵਧਾਈਆ । ਸਭ ਨੂੰ ਚਰਨ ਧੂੜ ਮਸਤਕ ਲਾ ਦੇ ਚੰਦਨ, ਦੁਰਮਤ ਮੈਲ ਧਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਤੇਰੀ ਕਰੇ ਬੰਦਨ, ਬੰਦਗੀ ਇਕੋ ਇਕ ਦ੍ਰਿੜਾਈਆ । ਸਚ ਦਵਾਰਾ ਏਕੰਕਾਰਾ ਸਾਰੇ ਤੇਰਾ ਲੰਘਣ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਦੀਨ ਦੁਨੀ ਦੀ ਖੋਲ ਦੇ ਸੁਰਤ, ਸੁੱਤਿਆਂ ਦੇ ਜਗਾਈਆ । ਕਿਰਪਾ ਕਰ ਸਵਾਮੀ ਤੁਰਤ, ਤੁਰੀਆ ਤੋਂ ਬਾਹਰ ਭੇਵ ਖੁਲਾਈਆ । ਨੂਰ ਨੁਰਾਨੀ ਤੇਰੀ ਨਜ਼ਰੀ ਆਏ ਮੂਰਤ, ਅਨੁਭਵ ਪ੍ਰਕਾਸ਼ ਕਰਾਈਆ । ਪੰਧ ਮੁਕਾ ਦੇ ਨੇੜ ਦੂਰਤ, ਦੂਰ ਦੁਰਾਡਾ ਰਹਿਣ ਕੋਇ ਨਾ ਪਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹਤ, ਸਿਰ ਆਪਣਾ ਹੱਥ ਟਿਕਾਈਆ । ਏਸ ਵਕਤ ਸਵਾਮੀ ਤੇਰੀ ਜ਼ਰੂਰਤ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਝਗੜਾ ਮੇਟ ਦੇ ਕਿਰਿਆ ਕੂੜਤ, ਕੂੜ ਕੁਟੰਬ ਮਿਟਾਈਆ । ਸਾਚੀ ਬਖ਼ਸ਼ ਦੇ ਚਰਨ ਧੂੜਤ, ਤੇਰੇ ਚਰਨ ਸਾਰੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਦੀਨ ਦੁਨੀ ਨੂੰ ਦੇ ਦੇ ਸ਼ਾਂਤ, ਅਗਨੀ ਤਤ ਨਾ ਕੋਇ ਤਪਾਈਆ । ਨਜ਼ਰੀ ਆ ਏਕੰਕਾਰ ਆਪ ਏਕਾਂਤ, ਅਕਲ ਕਲਧਾਰੀ ਆਪਣਾ ਭੇਵ ਖੁਲਾਈਆ । ਗੁਪਤ ਜ਼ਾਹਰ ਕਰ ਬਾਤ, ਬਾਤਨ ਪਰਦਾ ਆਪ ਚੁਕਾਈਆ । ਕਲਜੁਗ ਕੂੜ ਅੰਧੇਰੀ ਮਿਟਾ ਰਾਤ, ਸਤਿਜੁਗ ਸਾਚਾ ਚੰਦ ਕਰ ਰੁਸ਼ਨਾਈਆ । ਝਗੜਾ

ਮੇਟ ਦੇ ਜ਼ਾਤ ਪਾਤ, ਦੀਨ ਮਜ਼੍ਹਬ ਸ਼ਰਅ ਜ਼ੰਜੀਰ ਦੇ ਕਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦੀ ਹੋਵੇ ਗਾਥ, ਗਹਿਰ ਗੰਭੀਰ ਬੇਨਜ਼ੀਰ ਇਕੋ ਰੰਗ ਦੇਣਾ ਰੰਗਾਈਆ । ਪਾਰਬ੍ਰਹਮ ਬ੍ਰਹਮ ਦੇ ਦੇ ਸਗਲਾ ਸਾਥ, ਸੰਗੀ ਇਕੋ ਇਕ ਹੋਣਾ ਨੂਰ ਅਲਾਹੀਆ । ਤੂੰ ਰਾਮ ਰਹੀਮਾ ਮੇਰਾ ਰਘੁਨਾਥ, ਰਘੁਪਤ ਤੇਰੀ ਓਟ ਤਕਾਈਆ । ਜੋ ਸੰਦੇਸ਼ਾ ਅਰਜਨ ਦੇ ਕੇ ਗਿਆ ਤ੍ਰੈਲੋਕੀ ਨਾਥ, ਕਾਹਨ ਕ੍ਰਿਸ਼ਨ ਕ੍ਰਿਸ਼ਨ ਦ੍ਰਿੜਾਈਆ । ਜੋ ਈਸਾ ਮੂਸਾ ਮੁਹੰਮਦ ਕਲਮਿਆਂ ਤੋਂ ਬਾਹਰ ਤੇਰੀ ਸੁਣਾਈ ਗਾਥ, ਕਾਇਨਾਤ ਤੋਂ ਬਾਹਰ ਜਣਾਈਆ । ਜੋ ਨਾਨਕ ਨਿਰਗੁਣ ਧਾਰ ਗਿਆ ਆਖ, ਗੋਬਿੰਦ ਜਿਸ ਦੀ ਕਰੇ ਸ਼ਨਵਾਈਆ । ਸੋ ਲਹਿਣਾ ਦੇਣਾ ਧਰਨੀ ਕਹੇ ਮੇਰਾ ਪੂਰਾ ਕਰ ਦੇ ਭਾਗ, ਵਸਤ ਅਮੋਲਕ ਅਗੰਮ ਅਥਾਹ ਵਰਤਾਈਆ । ਤੇਰੀ ਜੋਤ ਦਾ ਇਕੋ ਨੂਰ ਜਗੇ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ, । ਕਲਜੁਗ ਜੀਵਾਂ ਬੁੱਧੀ ਬਦਲ ਦੇ ਹੰਸ ਬਣਾ ਦੇ ਕਾਗ, ਕਾਗੋਂ ਹੰਸ ਉਡਾਈਆ । ਦੁਰਮਤ ਮੈਲ ਧੋ ਦੇ ਦਾਗ਼, ਪਾਪੀਆਂ ਅੰਤ ਕਰ ਸਫ਼ਾਈਆ । ਤ੍ਰੈਗੁਣ ਬੁਝਾ ਦੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਪਰਮ ਪੁਰਖ ਤੇਰਾ ਇਕੋ ਉਪਜੇ ਅੰਤ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਤੂੰ ਸਵਾਮੀ ਅੰਤਰਜਾਮੀ ਇਕੋ ਦਿਸੇਂ ਕੰਤ ਸੁਹਾਗ, ਕੰਤ ਕੰਤੂਹਲ ਤੇਰੀ ਓਟ ਤਕਾਈਆ । ਉਹ ਲੇਖਾ ਤੱਕ ਲੈ ਜਿਸ ਵੇਲੇ ਗੋਬਿੰਦ ਉਡਾਇਆ ਬਾਜ, ਬਾਜੀ ਦੀਨ ਦੁਨੀ ਉਲਟਾਈਆ । ਧਰਨੀ ਕਹੇ ਮੇਰੀ ਇਕ ਫ਼ਰਿਆਦ, ਦੁੱਖੀ ਹੋ ਕੇ ਹਾਲ ਸੁਣਾਈਆ । ਕਲਜੁਗ ਵਿਚ ਸਤਿਜੁਗ ਕਰ ਆਬਾਦ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਮੇਰੇ ਹੋਵਣ ਵਡ ਵਡ ਭਾਗ, ਭਾਗਾਂਵੰਤੀ ਹੋ ਕੇ ਤੈਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਆਪਣੀ ਦੀਨ ਦੁਨੀ ਸਮਝਾ, ਸਮਝ ਸਮਝ ਵਿਚੋਂ ਬਦਲਾਈਆ । ਪਰਦਾ ਓਹਲਾ ਅੰਤਰ ਚੁਕਾ, ਦੂਈ ਦਵੈਤੀ ਡੇਰਾ ਢਾਹੀਆ । ਕੂੜੀ ਕਿਰਿਆ ਪੰਧ ਮੁਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਤੂੰ ਵਾਹਿਦ ਇਕ ਖ਼ੁਦਾ, ਖ਼ੁਦ ਮਾਲਕ ਤੇਰੀ ਓਟ ਤਕਾਈਆ । ਸਦੀ ਚੌਧਵੀਂ ਸਭ ਨੂੰ ਕਰ ਜੁਦਾ, ਜ਼ੁਜ਼ ਵੱਖਰੇ ਵੇਖ ਵਖਾਈਆ । ਜੁਗ ਬਦਲਣਾ ਤੇਰੀ ਆਦਿ ਦੀ ਇਕ ਅਦਾ, ਅਦਲ ਇਨਸਾਫ਼ ਲੈਣਾ ਕਮਾਈਆ । ਮੈਂ ਤੇਰੇ ਚਰਨਾਂ ਹੋਵਾਂ ਫ਼ਿਦਾ, ਸੀਸ ਜਗਦੀਸ਼ ਤੇਰੀ ਭੇਟ ਕਰਾਈਆ । ਕੂੜੀ ਕਿਰਿਆ ਮੇਰੇ ਉਤੋਂ ਕਰ ਅਲਵਿਦਾ, ਧਰਨੀ ਉਤੇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭੂ ਤੇਰੀ ਦੀਨ ਦੁਨੀਆ ਤੇਰੇ ਹੋਵੇ ਵਿਚ ਪ੍ਰੇਮ, ਪ੍ਰੇਮੀ ਹੋ ਕੇ ਵੇਖ ਵਖਾਈਆ । ਸਤਿ ਧਰਮ ਦਾ ਦੱਸ ਦੇ ਨੇਮ, ਨਿਮਕ ਹਰਾਮ ਨਾ ਰਹੇ ਲੋਕਾਈਆ । ਜੋ ਇਸ਼ਾਰਾ ਦਿਤਾ ਦੁਸ਼ਟ ਦਮਨ ਕੁੰਟ ਹੇਮ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਤੱਕ ਅਗੰਮੇ ਨੈਣ, ਨੈਣ ਮੁੰਧਾਰੀ ਵੇਖ ਵਖਾਈਆ । ਕਿਸੇ ਦਾ ਮਿਤਰ ਪਿਆਰਾ ਰਿਹਾ ਨਾ ਕੋਈ ਸਾਕ ਸੈਣ, ਸੱਜਣ ਸੰਗ ਨਾ ਕੋਇ ਨਿਭਾਈਆ । ਮਾਵਾਂ ਪੁੱਤ ਹੋਏ ਤਰਫ਼ੈਨ, ਪਿਤਾ ਪੂਤ ਕਾਤਲ ਮਕਤੂਲ ਰੂਪ ਵਟਾਈਆ । ਨਾਤਾ ਤੁਟ ਗਿਆ ਭਾਈ ਭੈਣ, ਕੰਤ ਸੁਹਾਗ ਨਾ ਕੋਇ ਹੰਢਾਈਆ । ਚਾਰੋਂ ਕੁੰਟ ਮਾਇਆ ਖਾਈ ਜਾਏ ਡੈਣ, ਮਮਤਾ ਘਰ ਘਰ ਹੋਈ ਹਲਕਾਈਆ । ਕੂੜ ਕੁੜਿਆਰ ਦਾ ਹੋ ਗਿਆ ਵਹਿਣ, ਅਗੇ ਹੋ ਨਾ ਕੋਇ ਅਟਕਾਈਆ । ਧਰਨੀ ਕਹੇ ਮੇਰੇ ਸਵਾਮੀ ਮੈਂ ਤੈਨੂੰ ਆਈ ਕਹਿਣ, ਕਹਿ ਕੇ ਦਿਆਂ ਜਣਾਈਆ । ਦਿਵਸ ਰਾਤ ਮੈਨੂੰ ਮੂਲ ਨਾ ਆਵੇ ਚੈਨ, ਦੁੱਖਾਂ ਵਿਚ ਮੇਰੀ ਦੁਹਾਈਆ ।

੮੨੭
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਜ਼ਹੂਰ ਦਿਸੇ ਨਾ ਐਨ ਦਾ ਐਨ, ਜੋ ਅਨਲਹਕ ਇਸ਼ਾਰਾ ਗਿਆ ਕਰਾਈਆ ।

### ✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਸੋਢੀਆਂ ਜ਼ਿਲਾ ਜਲੰਧਰ ਪ੍ਰੀਤਮ ਕੌਰ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਰੋਵਣ ਕਬਰਸਤਾਨ, ਮਕਬਰੇ ਰਹੇ ਕੁਰਲਾਈਆ । ਜਿਨ੍ਹਾਂ ਨੂੰ ਪੈਗੰਬਰਾਂ ਤੇਰੀ ਸੁਣਾਈ ਦਾਸਤਾਨ, ਹੁਕਮ ਹੁਕਮ ਵਿਚੋਂ ਜਣਾਈਆ । ਉਹ ਕਹਿੰਦੇ ਨਾਲ ਈਮਾਨ, ਸਿਦਕ ਸਬੂਰੀ ਵਿਚ ਰਖਾਈਆ । ਸਾਨੂੰ ਇਸ਼ਾਰਾ ਦੇਵੇ ਮਜੀਦ ਕੁਰਾਨ, ਕੁਰਹਿਆਂ ਤੋਂ ਬਾਹਰ ਦ੍ਰਿੜਾਈਆ । ਹਕੀਕਤ ਦਾ ਮਾਲਕ ਇਕ ਇਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਝਗੜਾ ਮੇਟਣਾ ਤਮਾਮ, ਤਮਅ ਸ਼ਰਅ ਵਾਲੀ ਗਵਾਈਆ । ਕਲਮਿਆਂ ਤੋਂ ਬਾਹਰ ਦੱਸੇ ਕਲਾਮ, ਰਸੂਲਾਂ ਤੋਂ ਬਾਹਰ ਪੜ੍ਹਾਈਆ । ਉਸ ਦੀਨ ਦੁਨੀ ਦਾ ਬਦਲ ਦੇਣਾ ਨਜਾਮ, ਨੌਬਤ ਆਪਣਾ ਨਾਮ ਹਕ ਵਜਾਈਆ । ਧਰਨੀ ਕਹੇ ਮੇਰੇ ਸਾਹਿਬ ਸਤਿਗੁਰ ਸ੍ਰੀ ਭਗਵਾਨ, ਭਗਵਨ ਤੇਰੀ ਆਸ ਰਖਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਦੇ ਦੇ ਆਪਣੀ ਵਸਤ ਦਾ ਅਗੰਮਾ ਦਾਨ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਤੂੰ ਆਦਿ ਜੁਗਾਦੀ ਧੁਰ ਦਾ ਰਾਮ, ਰਾਮ ਰਮਈਆ ਤੇਰੀ ਓਟ ਤਕਾਈਆ । ਤੂੰ ਸਤਿ ਸਤਿਵਾਦੀ ਪੁਰਖ ਨਿਰੰਜਣ ਧੁਰ ਦਾ ਕਾਹਨ, ਕਾਹਨ ਕਾਹਨਾ ਤੇਰੀ ਇਕ ਸਰਨਾਈਆ । ਤੂੰ ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਇਕ ਅਮਾਮ, ਆਮਦ ਵਿਚ ਤੇਰਾ ਰਾਹ ਤਕਾਈਆ । ਨਾਨਕ ਗੋਬਿੰਦ ਗੋਬਿੰਦ ਨਾਨਕ ਜਿਸ ਦਾ ਸ਼ਬਦ ਸੰਦੇਸ਼ਾ ਸ਼ਬਦੀ ਧਾਰ ਸੁਣਾਉਣ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਤੂੰ ਲਹਿਣਾ ਦੇਣਾ ਲੇਖਾ ਜਾਣੇ ਦੋ ਜਹਾਨ, ਧਰਨੀ ਧਰਤ ਧਵਲ ਧੌਲ ਕਹੇ ਮੇਰੀ ਆਸਾ ਪੂਰ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਾਹ ਸੁਲਤਾਨ, ਸਲਤਨਤ ਤੇਰੀ ਸਤਿ ਸਤਿ ਨਜ਼ਰੀ ਆਈਆ ।

### ✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਦੁਸਾਂਝ ਖੁਰਦ ਜ਼ਿਲਾ ਹੁਸ਼ਿਆਰ ਪੁਰ ਗੁਰਦੇਵ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਕਲਜੁਗ ਓਢਣ ਹੋਇਆ ਪੁਰਾਣਾ, ਸਤਿ ਧਰਮ ਚੀਰ ਬਸਤਰ ਦੇ ਬਦਲਾਈਆ । ਸਚ ਸੰਦੇਸਾ ਇਕੋ ਦੇ ਅਗੰਮਾ ਦਾਨਾ, ਆਤਮ ਪਰਮਾਤਮ ਭੇਵ ਦੇ ਖੁਲਾਈਆ । ਦੀਨ ਦੁਨੀ ਸਹਾਈ ਹੋ ਨਿਮਾਣਿਆਂ ਮਾਣਾ, ਨਿਗਾਹਬਾਨ ਤੇਰੀ ਵਡਿਆਈਆ । ਧੁੰਆਂਧਾਰ ਤੱਕ ਜ਼ਿਮੀਂ ਅਸਮਾਨਾ, ਨਵ ਸੱਤ ਖੋਜ ਖੁਜਾਈਆ । ਤੇਰਾ ਨੂਰ ਦਿਸੇ ਨਾ ਮਾਤਲੋਕ ਜਹਾਨਾ, ਧਵਲ ਰੋ ਰੋ ਮਾਰੇ ਧਾਹੀਆ । ਕਿਰਪਾ ਕਰ ਸ੍ਰੀ ਭਗਵਾਨਾ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਸਚ ਵਸਤ ਦਾ ਦੇ ਦੇ ਦਾਨਾ, ਦਾਨਸ਼ਵਰ ਗੁਰਮੁਖ ਲੈ ਬਣਾਈਆ । ਹਰ ਘਟ ਅੰਦਰ ਭੇਵ ਖੁਲਾ

ਦੇ ਧੁਰ ਦੇ ਰਾਮਾ, ਰਮਈਆ ਤੇਰੀ ਬੇਪ੍ਰਵਾਹੀਆ । ਸੁਰਤੀ ਧਾਰ ਸ਼ਬਦ ਮੇਲ ਲੈ ਕਾਹਨਾ, ਕੰਤ ਕੰਤੂਹਲ ਤੇਰੀ ਵਡ ਵਡਿਆਈਆ । ਆਪਣੇ ਪਿਆਰ ਮੁਹੱਬਤ ਦਾ ਦੇ ਇਕ ਤਰਾਨਾ, ਖ਼ੁਸ਼ੀਆਂ ਵਿਚ ਸਾਰੇ ਢੋਲੇ ਗਾਈਆ । ਧਰਨੀ ਕਹੇ ਮੇਰਾ ਦੇਸ਼ ਨਾ ਹੋਏ ਵੈਰਾਨਾ, ਵੈਰੀ ਪੰਚ ਵਿਕਾਰ ਦੇਣੇ ਮਿਟਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮਾ, ਜ਼ੰਜੀਰ ਬੰਧਨ ਦੇਣੇ ਤੁੜਾਈਆ । ਤੇਰਾ ਧੁਰ ਦਾ ਡੰਕਾ ਨਾਮ ਵੱਜੇ ਦਮਾਮਾ, ਦੋ ਜਹਾਨ ਕਰੇ ਸ਼ਨਵਾਈਆ । ਕਲਜੁਗ ਮੇਟ ਅੰਧੇਰੀ ਸ਼ਾਮਾ, ਸ਼ਮ੍ਹਾਂ ਨੂਰ ਜੋਤ ਕਰ ਰੁਸ਼ਨਾਈਆ । ਨਿਗਾਹ ਮਾਰ ਲੈ ਮਿਹਰਵਾਨ ਮਿਹਰਵਾਨਾ, ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਸਚ ਦੇਣੀ ਵਰਤਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਪਿਆਰ ਦੀ ਭੁੱਖੀ ਨੰਗੀ, ਜਗਤ ਵਸਤੂ ਕੰਮ ਕਿਸੇ ਨਾ ਆਈਆ । ਕਿਰਪਾ ਕਰ ਸੂਰੇ ਸਰਬੰਗੀ, ਸਤਿਗੁਰ ਤੇਰੀ ਓਟ ਤਕਾਈਆ । ਤੇਰੇ ਨਾਮ ਦੀ ਚਾਰੋਂ ਕੁੰਟ ਆਈ ਤੰਗੀ, ਤੰਗਦਸਤ ਹੋਈ ਲੋਕਾਈਆ । ਧਰਮ ਦੀ ਧਾਰ ਮਿਲੇ ਨਾ ਸੰਗੀ, ਸਤਿ ਸਚ ਨਾ ਕੋਇ ਵਰਤਾਈਆ । ਜਗਤ ਦੀ ਅੱਖ ਹੋ ਗਈ ਅੰਧੀ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਮਜ਼੍ਹਬ ਸ਼ਰਅ ਨੇ ਪਾਈ ਪਾਬੰਦੀ, ਭਗਤ ਨਜ਼ਰ ਕੋਇ ਨਾ ਆਈਆ । ਦੁਹਾਗਣ ਆਤਮਾ ਹੋਈ ਰੰਡੀ, ਹਰਿ ਕੰਤ ਨਾ ਕੋਇ ਹੰਢਾਈਆ । ਚਾਰੋਂ ਕੁੰਟ ਭੇਖ ਪਖੰਡੀ, ਮਾਇਆ ਮਮਤਾ ਨਾਲ ਹਲਕਾਈਆ । ਤੇਰਾ ਨੂਰੀ ਚੜ੍ਹੇ ਨਾ ਚੰਦ ਨੌਚੰਦੀ, ਚੰਦ ਚਾਂਦਨਾ ਨਾ ਕੋਇ ਰੁਸ਼ਨਾਈਆ । ਮੈਂ ਇਕੋ ਵਸਤ ਰਹੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮਨੂਆ ਮਨ ਨਾ ਪਾਏ ਡੰਡੀ, ਵਰਭੰਡ ਹੋ ਸਹਾਈਆ । ਕਲਜੁਗ ਅੰਤਮ ਲੇਖਾ ਪੂਰਾ ਕਰ ਦੇ ਕੰਢੀ, ਜੋ ਘਾਟ ਕੰਢੇ ਬੈਠੇ ਡੇਰਾ ਲਾਈਆ । ਮੇਰਾ ਖੇਲ ਵੇਖ ਬਨਖੰਡੀ, ਜੰਗਲ ਜੂਹਾਂ ਪਹਾੜ ਸਾਗਰਾਂ ਧਿਆਨ ਲਗਾਈਆ । ਮੈਂ ਚਾਰੋਂ ਕੁੰਟ ਕੂੜ ਕੁੜਿਆਰ ਵੇਖ ਕੇ ਕੰਬੀ, ਦੁੱਖਾਂ ਵਿਚ ਜਣਾਈਆ । ਕਿਸੇ ਦਾ ਲੇਖਾ ਮੁਕਦਾ ਨਹੀਂ ਪ੍ਰਕਿਰਤੀ ਪੰਞੀ, ਪੰਜ ਦੱਸ ਸਮਝ ਕਿਸੇ ਨਾ ਆਈਆ । ਮੇਰੇ ਅੰਤਰ ਆਈ ਰੰਜੀ, ਰੰਜਸ਼ ਵਿਚ ਦੁਹਾਈਆ । ਤੇਰੀ ਖੇਲ ਕਿਸੇ ਨਾ ਲੱਗੇ ਚੰਗੀ, ਚਾਰ ਕੁੰਟ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਤਨ ਬਸਤਰ ਲੱਥੇ ਚੀਰ, ਚਿਰੀ ਵਿਛੁੰਨੇ ਧਿਆਨ ਲਗਾਈਆ । ਸਾਡਾ ਰਿਹਾ ਨਾ ਕੋਈ ਪੈਗ਼ੰਬਰ ਪੀਰ, ਨਬੀ ਰਸੂਲ ਬੈਠੇ ਮੁਖ ਭਵਾਈਆ । ਅਵਤਾਰਾਂ ਨਜ਼ਰ ਨਾ ਆਵੇ ਸ਼ਰੀਰ, ਤਨ ਵਜੂਦ ਨਾ ਕੋਇ ਵਡਿਆਈਆ । ਗੁਰੂਆਂ ਮਿਲੇ ਨਾ ਕੋਇ ਧੀਰ, ਧੀਰਜ ਧੀਰ ਨਾ ਕੋਇ ਰਖਾਈਆ । ਮੈਂ ਦਿਵਸ ਰੈਣ ਰਹਾਂ ਦਿਲਗੀਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਜਿਧਰ ਤੱਕਾਂ ਝਗੜਾ ਦਿਸੇ ਸ਼ਾਹ ਹਕੀਰ, ਊਚ ਨੀਚ ਕਰੇ ਲੜਾਈਆ । ਮੇਰੇ ਉਤੇ ਆਈ ਭੀੜ, ਭੀੜੀ ਗਲੀ ਪਾਰ ਨਾ ਕੋਇ ਲੰਘਾਈਆ । ਮੇਰੀ ਧਰਮ ਦੀ ਟੁੱਟ ਗਈ ਹੱਡੀ ਰੀੜ, ਸਿਰ ਸਕੇ ਨਾ ਕੋਇ ਉਠਾਈਆ । ਮੇਰੀਆਂ ਅੱਖੀਆਂ ਵਗੇ ਨੀਰ, ਹੰਝੂਆਂ ਛਹਿਬਰ ਲਾਈਆ । ਮੇਰਾ ਦੁਖੀ ਹੋਇਆ ਸ਼ਰੀਰ, ਅੰਗ ਅੰਗ ਰਿਹਾ ਕੁਰਲਾਈਆ । ਕਿਰਪਾ ਕਰ ਮੇਰੇ ਸਾਹਿਬ ਸਵਾਮੀ ਨਿਰਗੁਣ ਧਾਰ ਦੇ ਧੀਰ, ਧੀਰਜ ਆਪਣਾ ਨਾਮ ਜਣਾਈਆ । ਮੈਂ ਗ਼ਰੀਬ ਨਿਮਾਣੀ ਵੈਰਾਗਣ ਹੋਈ ਕੀਰ, ਕੀਮਤ ਜਗਤ ਨਾ ਕੋਇ ਪਾਈਆ । ਪਾਪ ਅਪਰਾਧ ਮੇਰੇ ਉਤੇ ਵਧਿਆ ਅਖ਼ੀਰ, ਆਖ਼ਰ ਦਿਆਂ ਜਣਾਈਆ । ਕਿਸੇ ਦੀ ਪਵਿਤ੍ਰ ਰਹੀ ਨਹੀਂ ਜ਼ਮੀਰ, ਪਤਤ ਪਾਵਨ ਤੇਰੀ ਸਮਝ ਕੋਇ ਨਾ ਪਾਈਆ ।

੮੨੯
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਕਲਜੁਗ ਅੰਤ ਕੱਟ ਦੇ ਭੀੜ, ਕੂੜ ਕਿਰਿਆ ਦਾ ਲੇਖਾ ਦੇ ਮੁਕਾਈਆ ।

✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੁਸਾਂਝ ਖੁਰਦ ਜ਼ਿਲਾ ਹੁਸ਼ਿਆਰ ਪੁਰ ਦਰਸ਼ਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਕਾਸ਼ ਕਰ ਦੇ ਪ੍ਰਭੂ ਆਪਣੀ ਜੋਤੀ, ਜੋਤੀ ਜਾਤੇ ਅੰਧ ਅੰਧੇਰ ਦੇ ਮਿਟਾਈਆ । ਜਗਤ ਜਗਿਆਸੂਆਂ ਸੁਰਤ ਉਠਾ ਸੋਤੀ, ਸਵਾਧਾਨ ਨੌਜਵਾਨ ਦੇ ਕਰਾਈਆ । ਤੇਰੇ ਪਿਆਰ ਵਿਚ ਦੁਰਮਤ ਮੈਲ ਸਭ ਦੀ ਜਾਏ ਧੋਤੀ, ਪਤਤ ਪੁਨੀਤ ਕਰ ਖ਼ਲਕ ਖ਼ੁਦਾਈਆ । ਗ਼ਰੀਬ ਨਿਮਾਣੇ ਜੀਵ ਜੰਤ ਤੱਕ ਕੋਟਨ ਕੋਟੀ, ਅਣਗਿਣਤ ਧਿਆਨ ਲਗਾਈਆ । ਸਭ ਦੀ ਵਾਸਨਾ ਹੋ ਗਈ ਖੋਟੀ, ਬੁਧ ਬਿਬੇਕ ਨਾ ਕੋਇ ਬਣਾਈਆ । ਤੇਰੀ ਮੰਜ਼ਲ ਚੜ੍ਹੇ ਕੋਈ ਨਾ ਚੋਟੀ, ਸਚਖੰਡ ਦਵਾਰੇ ਦਰਸ ਕੋਇ ਨਾ ਪਾਈਆ । ਜਗਤ ਕਲਪਣਾ ਮਨ ਮਤ ਹੋਈ ਹੋਛੀ, ਕੂੜ ਕਿਰਿਆ ਵਿਚ ਲਲਚਾਈਆ । ਕਿਸੇ ਕੰਮ ਨਾ ਆਵੇ ਪੜ੍ਹੀ ਪੁਸਤਕ ਪੋਥੀ, ਪੱਥਰ ਪਾਹਨ ਸਾਰੇ ਰਹੇ ਕੁਰਲਾਈਆ । ਦੀਨ ਦੁਨੀਆ ਇਕ ਦੂਜੇ ਦੀ ਹੋਈ ਦੋਖੀ, ਸਗਲਾ ਸੰਗ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਆਪਣਾ ਸਤਿ ਦਾ ਕਰ ਪ੍ਰਕਾਸ਼, ਪ੍ਰਕਾਸ਼ਵਾਨ ਤੇਰੀ ਵਡਿਆਈਆ । ਕਲਜੁਗ ਕੂੜ ਜਾਏ ਵਿਨਾਸ, ਧਰਨੀ ਧਵਲ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਪੂਰੀ ਕਰ ਆਸ, ਤ੍ਰਿਸ਼ਨਾ ਕੂੜ ਜਗਤ ਗਵਾਈਆ । ਘਰ ਸਵਾਮੀ ਪਾ ਰਾਸ, ਸੁਰਤ ਸ਼ਬਦ ਗੋਪੀ ਕਾਹਨ ਨਚਾਈਆ । ਪੰਧ ਮੁਕਾ ਦੇ ਦਸ ਦਸ ਮਾਸ, ਆਵਣ ਜਾਵਣ ਗੇੜ ਕਟਾਈਆ । ਚਰਨ ਕਵਲ ਬਣਾ ਦਾਸ, ਦਾਸੀ ਦਾਸ ਹੋ ਕੇ ਸੇਵ ਕਮਾਈਆ । ਸਚ ਮੁਹੱਬਤ ਬਖ਼ਸ਼ ਖ਼ਾਹਿਸ਼, ਪ੍ਰੀਤਮ ਪਿਆਰ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਆਪਣਾ ਦੇ ਦੇ ਨੂਰ, ਨਵ ਨੌ ਚਾਰ ਹੋਏ ਰੁਸ਼ਨਾਈਆ । ਜਲਵਾਗਰ ਆਪਣਾ ਬਖ਼ਸ਼ ਜ਼ਹੂਰ, ਜ਼ਾਹਰ ਜ਼ਹੂਰ ਤੇਰੀ ਵਡਿਆਈਆ । ਨਾਮ ਕਲਮੇ ਦੀ ਇਕੋ ਦੱਸ ਤੂਰ, ਤੁਰੀਆ ਤੋਂ ਬਾਹਰ ਸ਼ਨਵਾਈਆ । ਮੇਰਾ ਲਹਿਣਾ ਦੇਣਾ ਮੁਕਾਉਣਾ ਜ਼ਰੂਰ, ਜ਼ਰੂਰਤ ਪਿਛਲੀ ਵੇਖ ਵਖਾਈਆ । ਗੜ੍ਹ ਤੋੜ ਦੇ ਹਉਮੇ ਹੰਗਤਾ ਗ਼ਰੂਰ, ਗ਼ੁਰਬਤ ਕੂੜੀ ਅੰਦਰੋਂ ਬਾਹਰ ਕਢਾਈਆ । ਤੇਰੇ ਨਾਮ ਦਾ ਸਭ ਨੂੰ ਚੜ੍ਹਿਆ ਰਹੇ ਸਰੂਰ, ਸੁਰਤ ਸ਼ਬਦ ਨਾਲ ਮਿਲਾਈਆ । ਤੇਰੇ ਨਾਲੋਂ ਰਹੇ ਕੋਇ ਨਾ ਦੂਰ, ਦੂਰ ਦੁਰਾਡਾ ਪੰਧ ਚੁਕਾਈਆ । ਸ੍ਰਿਸ਼ਟ ਸਬਾਈ ਬੇਪਰਵਾਹੀ ਤੇਰੇ ਚਰਨਾਂ ਦੀ ਲਾਵੇ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਮੈਂ ਸਭ ਦਾ ਕਰਾਂ ਮਸ਼ਕੂਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਧਰਨੀ ਕਹੇ ਮੇਰੀ ਆਸ਼ਾ ਮਨਸਾ ਮੇਰੇ ਸਾਹਿਬ ਕਰ ਦੇ ਪੂਰ, ਪੂਰਨ ਬ੍ਰਹਮ ਦੇਣਾ ਦ੍ਰਿੜਾਈਆ । ਨਾਤਾ ਤੋੜ ਦੇ ਕੂੜੋ ਕੂੜ, ਸਤਿ ਸਚ ਦੇ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਚਰਨ ਕਵਲ ਧਰਨੀ ਕਹੇ ਮੇਰੀ ਲੱਗੇ ਧੂੜ, ਉਸੇ ਦੇ ਟਿੱਕੇ ਮਸਤਕ ਖ਼ਾਕ ਰਮਾਈਆ ।

੮੩੧
੨੩

### ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੈਲੇ ਖ਼ੁਰਦ ਜ਼ਿਲਾ ਹੁਸ਼ਿਆਰ ਪੁਰ ਮਿਲਖਾ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭੂ ਮੈਂ ਤੇਰੀ ਮਿਲਖ ਜਗੀਰ, ਬੇਪ੍ਰਵਾਹ ਵੇਖਣਾ ਧਿਆਨ ਲਗਾਈਆ । ਮੇਰੀ ਹੱਦ ਹਦੂਦ ਦੀ ਤੱਕ ਲਕੀਰ, ਨਿਗਾਹ ਨੈਣ ਆਪ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਕਿਉਂ ਮੇਰੀ ਆਸਾ ਹੋਈ ਦਿਲਗੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਸਮੁੰਦ ਸਾਗਰ ਵੇਖ ਲੈ ਨੀਰਾਂ ਦੇ ਨੀਰ, ਤੀਰਥ ਤੱਟਾਂ ਧਿਆਨ ਲਗਾਈਆ । ਮੇਰੇ ਅੰਤਰ ਨਿਰੰਤਰ ਬਿਰਹੋਂ ਵਿਛੋੜਾ ਪੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦਿਆਂ ਸੁਣਾਈਆ । ਜਿਧਰ ਤੱਕਾਂ ਉਧਰ ਸ਼ਰਅ ਦੇ ਦਿਸਣ ਜ਼ੰਜੀਰ, ਬੰਧਨ ਸਕੇ ਨਾ ਕੋਇ ਤੁੜਾਈਆ । ਮੈਨੂੰ ਸੰਦੇਸਾ ਸ਼ਬਦੀ ਧਾਰ ਦੇ ਕੇ ਗਿਆ ਕਬੀਰ, ਕਬਰਾਂ ਤੋਂ ਬਾਹਰ ਸੁਣਾਈਆ । ਧਰਨੀਏ ਕਲਜੁਗ ਅੰਤ ਤੇਰਾ ਲੇਖਾ ਵੇਖੇ ਅਖ਼ੀਰ, ਬਿਨ ਅੱਖਰਾਂ ਤੋਂ ਧਿਆਨ ਲਗਾਈਆ । ਜਿਸ ਨੂੰ ਅਵਤਾਰਾਂ ਪੈਗੰਬਰਾਂ ਗੁਰੂਆਂ ਕਿਹਾ ਲਾਤਸਵੀਰ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਆਵੇ ਗੁਣੀ ਗਹੀਰ, ਗਹਿਰ ਗੰਭੀਰ ਆਪਣਾ ਫੇਰਾ ਪਾਈਆ । ਜੋ ਨਾਮ ਅਣਿਆਲਾ ਦੋ ਜਹਾਨਾਂ ਮਾਰੇ ਤੀਰ, ਤੁਰਤ ਆਪਣਾ ਹੁਕਮ ਵਰਤਾਈਆ । ਤੇਰੇ ਉਤੋਂ ਕੂੜੀ ਕਿਰਿਆ ਕਟੇ ਭੀੜ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਹਰਿ ਸਰਨ ਸੱਚੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਆਸਾਵੰਦ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਸੁਣਨਾ ਚਾਹੁੰਦੀ ਤੇਰਾ ਸ਼ਬਦ ਅਗੰਮੀ ਬਾਣੀ, ਬਾਣ ਅਣਿਆਲਾ ਦੇ ਚਲਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਚਾਰੇ ਖਾਣੀ, ਚਾਰੋਂ ਕੁੰਟ ਹੋਣਾ ਸਹਾਈਆ । ਸਤਿ ਵਿਚ ਸਚ ਵਿਰੋਲ ਦੇ ਆਪਣਾ ਪਾਣੀ, ਅੰਮਿਉਂ ਰਸ ਆਪ ਚੁਆਈਆ । ਤੇਰੇ ਨਾਮ ਦੀ ਹੋਵੇ ਇਕ ਦੀਬਾਣੀ, ਦੂਜੀ ਓਟ ਨਾ ਕੋਇ ਤਕਾਈਆ । ਉਹ ਤੱਕ ਲੈ ਤੇਰਾ ਨੂਰ ਅਲਾਹ ਜਿਸ ਨੂੰ ਕਹਿੰਦੇ ਅੱਲਾ ਰਾਣੀ, ਰਈਅਤ ਦੋ ਜਹਾਨਾਂ ਵੇਖ ਵਖਾਈਆ । ਚੌਦਾਂ ਤਬਕ ਕਰ ਪਹਿਚਾਨੀ, ਚੌਦਾਂ ਲੋਕਾਂ ਫੋਲ ਫੁਲਾਈਆ । ਚੌਦਾਂ ਵਿਦਿਆ ਵੇਖ ਕੁਰਲਾਣੀ, ਚੌਦਸ ਚੌਧਵੀਂ ਰੈਣ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੱਕ ਲੈ ਆਪਣੇ ਅਗੰਮੀ ਕੌਲ ਇਕਰਾਰ, ਭੇਵ ਅਭੇਦ ਆਪ ਜਣਾਈਆ । ਤੇਰੇ ਨਾਲ ਕਿਸੇ ਦੀ ਨਹੀਂ ਕੋਈ ਤਕਰਾਰ, ਝਗੜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਸਭ ਨੂੰ ਕਰ ਦੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜਿਸ ਬਿਧ ਲੇਖਾ ਮੁਕਣਾ ਸੰਗ ਮੁਹੰਮਦ ਚਾਰ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਉਮਤ ਉਮਤੀ ਪਾਉਣੀ ਸਾਰ, ਮਹਾਸਾਰਥੀ ਭੇਵ ਦੇਣਾ ਖੁਲਾਈਆ । ਜਿਸ ਦਾ ਹਜ਼ਰਤ ਈਸਾ ਕਰੇ ਇੰਤਜ਼ਾਰ, ਫਾਸੀ ਗਲ ਹੱਥ ਲਟਕਾਈਆ । ਜਿਸ ਦਾ ਨੂਰ ਜੋਤ ਮੂਸੇ ਤੱਕਿਆ ਉਜਿਆਰ, ਕੋਹਤੂਰ ਦਏ ਗਵਾਹੀਆ । ਜਿਸ ਦੀ ਨਾਨਕ ਸਤਿ ਸਤਿ ਵਜਾਈ ਸਿਤਾਰ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਜਿਸ ਦਾ ਗੋਬਿੰਦ ਬਣਿਆ ਸੁਤ ਦੁਲਾਰ, ਪੁਰਖ ਅਕਾਲਾ ਅਗੰਮ ਅਥਾਹੀਆ । ਉਹ ਕਿਸ ਬਿਧ ਮਾਲਕ ਮੇਰਾ ਦੁਖੜਾ ਦਏ ਨਿਵਾਰ, ਸੁਖ ਸਾਗਰ ਵਿਚ ਸਮਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਕਢੇ ਬਾਹਰ, ਸਤਿ ਧਰਮ ਦਾ ਸਤਿ ਦਏ ਪ੍ਰਗਟਾਈਆ । ਸੰਤ ਸੁਹੇਲੇ ਗੁਰਮੁਖ ਗੁਰਸਿਖ ਹਰਿ ਭਗਤ ਕਰ ਤਿਆਰ, ਤ੍ਰੈਗੁਣ ਅਤੀਤਾ ਦੇਵੇ ਮਾਣ ਵਡਿਆਈਆ । ਧਰਨੀ ਕਹੇ ਮੇਰੇ ਧਰਮ ਸਵਾਮੀ ਮੈਂ ਤੇਰੀ ਸਦਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਦੋਏ

ਜੋੜ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਝੁਕਾਈਆ । ਤੂੰ ਮੇਰਾ ਲਹਿਣਾ ਦੇਣਾ ਪੂਰਬ ਕਰਜ਼ ਉਤਾਰ, ਮਕਰੂਜ਼ ਲੇਖਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਪੁਰਖ ਬਿਧਾਤੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਦਰ ਤੇਰੇ ਭਿਖਾਰਨ ਹੋ ਮੰਗ ਮੰਗਾਈਆ ।

### ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਡਾਡੀਆਂ ਜ਼ਿਲਾ ਹੁਸ਼ਿਆਰ ਪੁਰ ਹਰਭਜਨ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭੂ ਜਨ ਭਗਤ ਬਣਾ ਦੇ ਮੇਰੇ ਸੁਹੇਲੇ, ਸੱਜਣ ਸਦਾ ਸਦਾ ਅਖਵਾਈਆ । ਜਿਨ੍ਹਾਂ ਦੇ ਤੇਰੇ ਨਾਲ ਮੇਲੇ, ਓਹ ਮੇਰੇ ਨਾਲ ਮਿਲ ਕੇ ਤੇਰੇ ਢੋਲੇ ਗਾਈਆ । ਅਸੀਂ ਵਸੀਏ ਸਦਾ ਰੰਗ ਨਵੇਲੇ, ਦੀਨ ਦੁਨੀ ਤੋਂ ਬਾਹਰ ਆਪਣੀ ਖ਼ੁਸ਼ੀ ਬਣਾਈਆ । ਡੰਕੇ ਵੱਜਣ ਗੁਰੂ ਗੁਰ ਚੇਲੇ, ਘਰ ਮੇਰਾ ਸੋਭਾ ਪਾਈਆ । ਗੁਰਸਿਖ ਗੁਰਮੁਖ ਜਨ ਮੇਰੇ ਉਤੇ ਖੇਲੇ, ਖ਼ਾਲਕ ਖ਼ਲਕ ਦੇਣੀ ਵਡਿਆਈਆ । ਤੂੰ ਵਸਣਹਾਰਾ ਧਾਮ ਨਵੇਲੇ, ਮੇਰੀ ਧਰਨੀ ਧਵਲ ਦੇਣੀ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਆਪਣਿਆਂ ਭਗਤਾਂ ਮੇਰਾ ਜੋੜ ਦੇ ਨਾਤਾ, ਮੈਨੂੰ ਮਿਲ ਕੇ ਵੱਜੇ ਵਧਾਈਆ । ਦੋਹਾਂ ਦਾ ਸਾਂਝਾ ਹੋਵੇ ਖਾਤਾ, ਖ਼ਤਰਾ ਅਵਰ ਨਾ ਕੋਇ ਰਖਾਈਆ । ਉਹ ਤੇਰੀ ਮੇਰੇ ਉਤੇ ਗਾਵਣ ਗਾਥਾ, ਮੈਂ ਤੇਰੇ ਚਰਨਾਂ ਧੂੜ ਖ਼ਾਕ ਰਮਾਈਆ । ਤੂੰ ਸਾਹਿਬ ਸਵਾਮੀ ਸਰਬ ਕਲਾ ਸਮਰਾਥਾ, ਸਮਰਥ ਪੁਰਖ ਨਿਰੰਜਣ ਇਕ ਅਖਵਾਈਆ । ਮੇਰੀ ਬੇਨੰਤੀ ਜੋੜ ਕੇ ਹਾਥਾ, ਨਿਵ ਨਿਵ ਲਾਗਾ ਪਾਈਂਆ । ਮੇਰਾ ਪੂਰਾ ਕਰ ਦੇ ਘਾਟਾ, ਅਮੁਲ ਅਤੁਲ ਆਪਣੀ ਦਾਤ ਝੋਲੀ ਪਾਈਆ । ਕਲਜੁਗ ਕੂੜੀ ਰੈਣ ਰਹੇ ਨਾ ਰਾਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਸਵਾਮੀ ਕਮਲਾਪਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਮੈਂ ਤੇਰੀ ਅੰਤ ਅਖ਼ੀਰ ਤੇਰੀ ਰਖੀ ਆਸਾ, ਜੁਗ ਚੌਕੜੀ ਧਿਆਨ ਲਗਾਈਆ । ਤੇਰੇ ਚਰਨ ਧਰਿਆ ਭਰਵਾਸਾ, ਧਰਨੀ ਧਰਤ ਧਵਲ ਧੌਲ ਕਹਿ ਕੇ ਰਹੀ ਸੁਣਾਈਆ । ਮੇਰੀ ਪੰਧ ਮੁਕਾ ਦੇ ਵਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਭਗਤ ਬਣਾ ਦੇ ਸਾਚਾ ਮੀਤਾ, ਮਿਤਰ ਪਿਆਰੇ ਦਇਆ ਕਮਾਈਆ । ਅੰਤਰ ਨਿਰੰਤਰ ਸਾਫ਼ ਕਰ ਦੇ ਨੀਤਾ, ਨੀਤੀਵਾਨ ਤੇਰੀ ਵਡ ਵਡਿਆਈਆ । ਭੇਵ ਚੁਕਾ ਦੇ ਹਸਤ ਕੀਟਾ, ਇਕੋ ਰੰਗ ਰੰਗਾਈਆ । ਤੇਰਾ ਨਾਮ ਨਿਧਾਨਾ ਲਾਗੇ ਮੀਠਾ, ਅੰਮਿਉਂ ਰਸ ਦੇਣਾ ਚਖਾਈਆ । ਤ੍ਰੈਗੁਣ ਤਤ ਨਾ ਤਪੇ ਅੰਗੀਠਾ, ਅੰਮ੍ਰਿਤ ਮੇਘ ਵਰਸਾਈਆ । ਮੇਰਾ ਤਨ ਵਜੂਦ ਕਰ ਦੇ ਠਾਂਡਾ ਸੀਤਾ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਜਨ ਭਗਤ ਤੂੰ ਮੇਰਾ ਮੈਂ ਤੇਰਾ ਗਾਵਣ ਗੀਤਾ, ਗੀਤਾ ਗਿਆਨ ਜਿਸ ਦੀ ਸਿਫ਼ਤ ਸਾਲਾਹੀਆ । ਮੇਰੀ ਚੋਲੀ ਤਨ ਰੰਗ ਚਾੜ੍ਹ ਮਜੀਠਾ, ਜਗਤ ਜਹਾਨ ਉਤਰ ਕਦੇ ਨਾ ਜਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਖੇਲ ਸਦਾ ਅਨਡੀਠਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਮੇਰੀਆਂ ਪੂਰੀਆਂ ਕਰ ਦੇ ਆਸਾ ਉਮੀਦਾ, ਤ੍ਰਿਸ਼ਨਾ ਕੂੜੀ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਦੇ ਪ੍ਰੀਤਾ, ਪ੍ਰੀਤਮ ਹੋ ਕੇ ਪ੍ਰਿਆ ਪ੍ਰੇਮ ਇਕੋ ਇਕ ਬੰਧਾਈਆ ।


੮੩੨
੨੩

✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਡਵਿੱਡਾ ਜ਼ਿਲਾ ਹੁਸ਼ਿਆਰ ਪੁਰ ਨਸੀਬ ਕੌਰ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਭਗਤ ਭਗਵਾਨ ਬਣਾ ਸਮਾਜ, ਸਤਿ ਸਚ ਧਰਮ ਨਾਲ ਰਖਾਈਆ । ਪਿਆਰ ਮੁਹੱਬਤ ਸ਼ਹਿਨਸ਼ਾਹੀ ਬਖ਼ਸ਼ ਰਾਜ, ਰਈਅਤ ਮੁਹੱਬਤ ਵਿਚ ਪ੍ਰਗਟਾਈਆ । ਨਿਰਗੁਣ ਸਰਗੁਣ ਸਵਾਰ ਆਪ ਕਾਜ, ਪਾਰਬ੍ਰਹਮ ਬ੍ਰਹਮ ਭੇਵ ਦੇਣਾ ਖੁਲਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਅੰਦਰੋਂ ਜਾਏ ਜਾਗ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਕਲਜੁਗ ਜੀਵ ਹੰਸ ਬਣਾ ਫੜ ਫੜ ਕਾਗ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਦੁਰਮਤ ਮੈਲ ਸਭ ਦੇ ਅੰਦਰੋਂ ਧੋ ਦਾਗ਼, ਪਤਤ ਪਾਪੀਆਂ ਪਾਰ ਕਰਾਈਆ । ਪੰਚ ਵਿਕਾਰ ਬੁਝਾ ਆਗ, ਤ੍ਰੈਗੁਣ ਅਗਨ ਨਾ ਕੋਇ ਤਪਾਈਆ । ਤੂੰ ਮਿਹਰਵਾਨ ਮੋਹਣ ਮਾਧਵ ਮਾਧ, ਮਧੁਰ ਧੁਨ ਦੇ ਸੁਣਾਈਆ । ਤੇਰਾ ਲਹਿਣਾ ਦੇਣਾ ਲੇਖਾ ਆਦਿ ਜੁਗਾਦਿ, ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਓਟ ਤਕਾਈਆ । ਤੇਰੀ ਕਿਰਪਾ ਮੇਰਾ ਵਡ ਵਡ ਹੋਵੇ ਭਾਗ, ਭਾਗਾਂ ਭਰੀ ਖ਼ੁਸ਼ੀ ਮਨਾਈਆ । ਕਿਸੇ ਦੇ ਅੰਦਰ ਰਹਿਣ ਨਾ ਦੇਣਾ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਅੰਤਰ ਨਿਰੰਤਰ ਪਰਮ ਪੁਰਖ ਤੈਨੂੰ ਸਾਰੇ ਲੈਣ ਅਰਾਧ, ਹਰ ਹਿਰਦੇ ਤੇਰਾ ਨੂਰ ਹੋਵੇ ਰੁਸ਼ਨਾਈਆ । ਸਤਿ ਧਰਮ ਦੀ ਨਵੀਂ ਸਾਜਣਾ ਸਾਜ, ਸਚ ਸਚ ਨਾਲ ਵਡਿਆਈਆ । ਕਿਰਪਾ ਕਰ ਮੇਰੇ ਮਹਾਰਾਜ, ਪਰਮ ਪੁਰਖ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆਂ । ਧਰਨੀ ਕਹੇ ਪ੍ਰਭੂ ਤੂੰ ਦੀਨ ਦਿਆਲਾ ਦਰਦ ਦੁੱਖ ਭੰਜਨ, ਗਹਿਰ ਗੰਭੀਰ ਇਕ ਅਖਵਾਈਆ । ਤੇਰੇ ਦੋ ਜਹਾਨਾਂ ਦੀਪਕ ਜੋਤੀ ਜਗਣ, ਬ੍ਰਹਿਮੰਡ ਖੰਡ ਪੁਰੀ ਲੋਅ ਹੋਵੇ ਰੁਸ਼ਨਾਈਆ । ਧੁਰ ਦੇ ਠਾਕਰ ਸਵਾਮੀ ਦਰ ਤੇਰਾ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਕਲਜੁਗ ਜੀਵਾਂ ਆਤਮ ਪਰਮਾਤਮ ਚਾੜ੍ਹ ਦੇ ਰੰਗਣ, ਦੁਰਮਤ ਮੈਲ ਧਵਾਈਆ । ਜਨਮ ਕਰਮ ਕਿਸੇ ਰਹੇ ਨਾ ਮੰਦਨ, ਸਿਰ ਆਪਣਾ ਹੱਥ ਟਿਕਾਈਆ । ਤੇਰੀ ਚਰਨ ਧੂੜ ਮਸਤਕ ਲੱਗੇ ਚੰਦਨ, ਨਿੰਮਵਾਸ ਨਾ ਕੋਇ ਮਹਿਕਾਈਆ । ਮੇਰੀ ਡੰਡਾਵਤ ਤੇਰੇ ਅਗੇ ਬੰਦਨ, ਬੰਦਗੀ ਵਿਚ ਨਿਵ ਨਿਵ ਲਾਗਾਂ ਪਾਈਆਂ । ਤੂੰ ਆਦਿ ਪੁਰਖ ਨਿਰੰਜਣ, ਨਿਰਵੈਰ ਤੇਰੀ ਓਟ ਰਖਾਈਆ । ਮੇਰਾ ਦੁਖੀ ਦਾ ਦੁੱਖ ਆਈਂ ਵੰਡਣ, ਦਰਦੀ ਹੋ ਕੇ ਫੇਰਾ ਪਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਭਰਮ ਦੀ ਢਾਹੁਣੀ ਕੰਧਨ, ਭਾਂਡਾ ਭਰਮ ਭਉ ਭੰਨਾਈਆ । ਸਾਚਾ ਨਾਮ ਸ੍ਰੀ ਭਗਵਾਨ ਆਈਂ ਹਰ ਹਿਰਦੇ ਵੰਡਣ, ਕਾਇਆ ਮੰਦਰ ਘਰ ਘਰ ਦੇਣਾ ਟਿਕਾਈਆ । ਕਲਜੁਗ ਕੂੜੀ ਕਿਰਿਆ ਕਰ ਖੰਡਨ, ਖੰਡਾ ਨਾਮ ਉਠਾਈਆ । ਤੇਰਾ ਖੇਲ ਸਦਾ ਬ੍ਰਹਿਮੰਡਨ, ਵਰਭੰਡਣ ਮੇਰਾ ਲਹਿਣਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਨੀ ਕਹੇ ਮੈਂ ਆਪਣੀ ਮਨਸਾ ਤੇਰੇ ਅਗੇ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਇਕੋ ਇਕ, ਏਕੰਕਾਰ ਦਿਆਂ ਜਣਾਈਆ । ਸਾਰੀ ਸ੍ਰਿਸ਼ਟੀ ਤੇਰੀ ਸਿੱਖਿਆ ਲਏ ਸਿਖ, ਸਾਖਿਆਤ ਤੇਰਾ ਨੂਰ ਨਜ਼ਰੀ ਆਈਆ । ਤੂੰ ਸ੍ਰੀ ਭਗਵਾਨ ਪਾਉਣੀ ਭਿੱਖ, ਭਿਛਿਆ ਅਗੰਮ ਵਰਤਾਈਆ । ਦੀਨ ਦੁਨੀ ਦਾ ਅਗਲਾ ਲੇਖ ਦੇ ਲਿਖ, ਪਿਛਲੇ ਦਾ ਲੇਖਾ ਰਾਏ ਧਰਮ ਨਾ ਮੰਗੇ ਰਾਈਆ । ਤੂੰ ਵੇਖਣਹਾਰਾ ਨਿਤ ਨਵਿਤ, ਜੁਗ ਜੁਗ ਆਪਣਾ ਫੇਰਾ ਪਾਈਆ । ਮੇਰੀ ਸੁਹੰਜਣੀ ਕਰ ਦੇ ਥਿਤ, ਘੜੀ ਪਲ ਤੇਰਾ ਰਾਹ ਤਕਾਈਆ । ਤੁਧ ਬਿਨ ਅਵਰ ਕੋਇ ਨਾ ਦਿਸੇ ਮਿਤ, ਮਿਤਰ ਪਿਆਰਾ ਨਜ਼ਰ ਕੋਇ ਨਾ ਆਈਆ ।

੮੩੩
੨੩

ਤੂੰ ਵਸਣਹਾਰਾ ਹਰ ਘਟ ਚਿਤ, ਮਨ ਚਿਤ ਠਗੌਰੀ ਦੇ ਗਵਾਈਆ । ਪੁਰਖ ਅਕਾਲ ਦੀਨ ਦਿਆਲ ਅਬਿਨਾਸ਼ੀ ਕਰਤੇ ਮੇਰੇ ਪਿਤ, ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਮੇਰਾ ਲਹਿਣਾ ਦੇਣਾ ਪੂਰ ਕਰਾਈਆ । ਚਾਰੋਂ ਕੁੰਟ ਤੇਰਾ ਨੂਰ ਨੁਰਾਨਾ ਨੌ ਜਵਾਨਾ ਸ੍ਰੀ ਭਗਵਾਨਾ ਆਵੇ ਦਿਸ, ਦਹਿ ਦਿਸ਼ਾ ਇਕੋ ਜੋਤ ਜੋਤ ਰੁਸ਼ਨਾਈਆ । ਧਰਨੀ ਕਹੇ ਮੇਰੀ ਲੇਖੇ ਲਾ ਲੈ ਪਿਆਰ ਮੁਹੱਬਤ ਦੀ ਰਿਤ, ਰੁਤੜੀ ਧਰਮ ਧਾਰ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਭਾਣਾ ਹੁਕਮ ਸਦਾ ਅਮਿਟ, ਦੋ ਜਹਾਨਾਂ ਮੇਟ ਸਕੇ ਕੋਇ ਨਾ ਰਾਈਆ ।

### ੧੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦਾਉਦ ਪੁਰ ਜ਼ਿਲਾ ਕਪੂਰਥਲਾ ਪਾਲ ਸਿੰਘ ਦੇ ਗ੍ਰਿਹ

ਧਰਨੀ ਕਹੇ ਪ੍ਰਭੂ ਤੇਰੀਆਂ ਅਗੰਮੀ ਖ਼ਬਰਾਂ ਪੜ੍ਹੀਆਂ, ਛੱਤੀ ਰਾਗਾਂ ਤੋਂ ਬਾਹਰ ਸਿਫ਼ਤ ਸਾਲਾਹੀਆ । ਮੇਰਿਆ ਮਹਿਬੂਬਾ ਮੇਰੀਆਂ ਖ਼ੁਸ਼ੀਆਂ ਵਾਲੀਆਂ ਹੋਈਆਂ ਘੜੀਆਂ, ਚਾਰ ਜੁਗ ਦੇ ਘੜੀ ਘੜਿਆਲ ਕਰਨ ਸ਼ਨਵਾਈਆ । ਜਾਂ ਮੈਂ ਨਿਗਾਹ ਮਾਰੀ ਸਵਰਨ ਰਣਜੀਤ ਦੋਵੇਂ ਤੇਰੇ ਚਰਨਾਂ ਦੇ ਵਿਚ ਖੜ੍ਹੀਆਂ, ਬਿਨਾ ਤਤ ਵਜੂਦ ਦੇ ਨਜ਼ਰੀ ਆਈਆ । ਉਨ੍ਹਾਂ ਤੂੰ ਮੇਰਾ ਮੈਂ ਤੇਰਾ ਤੁਕਾਂ ਪੜ੍ਹੀਆਂ, ਬਿਨ ਰਸਨਾ ਢੋਲੇ ਗਾਈਆ । ਧਰਨੀ ਕਹੇ ਮੇਰੀ ਨਿਗਾਹ ਵਿਚ ਗੋਰਾਂ ਤੇ ਮੜ੍ਹੀਆਂ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੀ ਦੁਹਾਈ ਉਨ੍ਹਾਂ ਦੀਆਂ ਰੂਹਾਂ ਚੁਰਾਸੀ ਵਿਚ ਮੂਲ ਨਾ ਵੜੀਆਂ, ਨਿਰਗੁਣ ਤੇਰੇ ਦਰ ਸੁਹਾਈਆ । ਜਿਨ੍ਹਾਂ ਦੇ ਪਿਆਰ ਵਿਚ ਮੇਰੀ ਆਸਾ ਤਰੀਆਂ, ਤਾਰਨਹਾਰ ਤੇਰੀ ਸ਼ਰਨਾਈਆ । ਤੂੰ ਪੁਰਖ ਅਕਾਲੇ ਦੀਨ ਦਿਆਲੇ ਆਪਣੀ ਕਿਰਪਾ ਕਰੀਆ, ਕੁਦਰਤ ਦੇ ਕਾਦਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਧਰਨੀ ਕਹੇ ਮੈਂ ਤੱਕਾਂ ਚਾਰ ਲੱਖ ਤੇ ਅੱਸੀਆਂ, ਚੁਰਾਸੀ ਧਿਆਨ ਲਗਾਈਆ । ਚਾਰੇ ਖਾਣੀਆਂ ਹੋਈਆਂ ਬੇਵਸੀਆਂ, ਧੀਰਜ ਧੀਰ ਨਾ ਕੋਇ ਧਰਾਈਆ । ਨਵ ਸੱਤ ਫਿਰਨ ਨੱਸੀਆਂ, ਭੱਜਣ ਵਾਹੋ ਦਾਹੀਆ । ਰਾਏ ਧਰਮ ਦਵਾਰੇ ਬੈਠੀਆਂ ਇਕੱਠੀਆਂ, ਬੈਠੀਆਂ ਡੇਰੇ ਲਾਈਆ । ਜਿਧਰ ਤੱਕਣ ਅਗਨੀ ਦੀਆਂ ਭੱਠੀਆਂ, ਸਾਂਤਕ ਸਤਿ ਨਾ ਕੋਇ ਵਰਤਾਈਆ । ਨਿਗਾਹ ਮਾਰਨ ਨਜ਼ਰ ਨਾ ਆਵਣ ਤੇਰੇ ਨਾਮ ਦੀਆਂ ਪੱਟੀਆਂ, ਪਟਨੇ ਵਾਲਾ ਨਜ਼ਰ ਕਿਸੇ ਨਾ ਆਈਆ । ਸਾਰੀਆਂ ਗਿਣਦੀਆਂ ਗੱਟੀਆਂ, ਬੈਠੀਆਂ ਢੇਰੀਆਂ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਪ੍ਰੀਤਮ ਤੇਰੀ ਅਗੰਮੀ ਰੀਤ, ਰੀਤੀਵਾਨ ਤੇਰੀ ਸ਼ਰਨਾਈਆ । ਭਗਤਾਂ ਬਖ਼ਸ਼ ਦੇ ਸਚ ਪ੍ਰੀਤ, ਪ੍ਰੀਤਮ ਦੇ ਮਾਣ ਵਡਿਆਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਆਪਣੇ ਲੇਖੇ ਵਿਚ ਰਖਾਈਆ । ਅੰਤਰ ਕਰ ਦੇ ਠਾਂਡੀ ਸੀਤ, ਅਗਨੀ ਅੱਗ ਬੁਝਾਈਆ । ਧਰਨੀ ਕਹੇ ਮੇਰੇ ਉਤੇ ਤੇਰਾ ਪਿਆਰ ਲੈ ਕੇ ਗਈ ਧਰਮ ਧਾਰ ਦੀ ਕੰਨਿਆ ਰਣਜੀਤ, ਰਣ ਜਿੱਤ ਕੇ ਆਪਣਾ ਪੰਧ ਮੁਕਾਈਆ । ਜਿਨ੍ਹਾਂ ਦਾ ਵੀਰ ਦੁਲਾਰਾ ਧਰਮ ਪਿਆਰਾ ਅਗੇ ਬੈਠਾ ਨੰਨ੍ਹਾ ਮਨਜੀਤ, ਮਨਸਾ ਪ੍ਰਭ ਦੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ


੮੩੪
੨੩

ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਸਭ ਕੁਝ ਕੀਤਾ ਤਲਾਸ਼, ਵੇਖਿਆ ਥਾਉਂ ਥਾਈਆਂ । ਤੇਰਾ ਹੁਕਮ ਸੁਣਿਆ ਵਿਚੋਂ ਆਕਾਸ਼, ਫ਼ਰਮਾਨਾ ਧੁਰਦਰਗਾਹੀਆ । ਮੇਰਾ ਕਾਇਮ ਨਾ ਰਿਹਾ ਸਵਾਸ, ਧੜਕਣ ਵਿਚ ਦੁਹਾਈਆ । ਮੈਂ ਹੈਰਾਨ ਹੋ ਗਈ ਜਿਸ ਵੇਲੇ ਤੱਕੀ ਭਗਤ ਦੀ ਲਾਸ਼, ਲਾਸਾਨੀ ਤੇਰਾ ਨੂਰ ਨਜ਼ਰੀ ਆਈਆ । ਝੁਕਿਆ ਦਿਸਿਆ ਸ਼ੰਕਰ ਉਤੋਂ ਕੈਲਾਸ਼, ਆਪਣਾ ਨੈਣ ਨੈਣ ਛੁਪਾਈਆ । ਬ੍ਰਹਮੇ ਬ੍ਰਹਮ ਕੀਤਾ ਪ੍ਰਕਾਸ਼, ਮੇਰਾ ਰੰਗ ਰੰਗਾਈਆ । ਵਿਸ਼ਨੂੰ ਹਾਜ਼ਰ ਹੋਇਆ ਸਾਖਿਆਤ, ਸਨਮੁਖ ਸੋਭਾ ਪਾਈਆ । ਸਤਿਗੁਰ ਸ਼ਬਦ ਨੇ ਪੁਛੀ ਵਾਤ, ਪੰਧ ਮੁਕਾਇਆ ਚਾਈਂ ਚਾਈਆ । ਉਸ ਵੇਲੇ ਆਤਮ ਪਰਮਾਤਮ ਜੋੜ ਕੇ ਨਾਤ, ਨਾਤਾ ਤਤਾਂ ਵਾਲਾ ਤੁੜਾਈਆ । ਧੁਰ ਦੀ ਧਾਰ ਫੜਾ ਕੇ ਹਾਥ, ਹਥੇਲੀ ਹੱਥ ਨਾਲ ਮਿਲਾਈਆ । ਚੜ੍ਹਾ ਅਗੰਮੇ ਰਾਥ, ਭੱਜਿਆ ਵਾਹੋ ਦਾਹੀਆ । ਦਰ ਰਖ ਪੁਰਖ ਸਮਰਾਥ, ਸਚਖੰਡ ਦਿਤਾ ਟਿਕਾਈਆ । ਇਹ ਖੇਲ ਵੇਖਿਆ ਮੈਂ ਅਨਾਥਾਂ ਨਾਥ, ਧਰਨੀ ਹੱਸ ਕੇ ਰਹੀ ਜਣਾਈਆ । ਜਾਂ ਨਿਗਾਹ ਮਾਰੀ ਭਗਤ ਸੁਹੇਲੇ ਅਗੇ ਇਕੱਠਾ ਬਣਿਆ ਸਾਥ, ਸੋਹਣਾ ਸੰਗ ਬਣਾਈਆ । ਮੈਂ ਦੂਰੋਂ ਟੇਕਿਆ ਮਾਥ, ਸੀਸ ਦਿਤਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਸਾਹਿਬ ਨੇ ਕਿਰਪਾ ਕਰੀ, ਕ੍ਰਿਪਾਲ ਹੋ ਕੇ ਦਇਆ ਕਮਾਈਆ । ਮੈਨੂੰ ਪ੍ਰਕਾਸ਼ ਜਣਾਇਆ ਇਕੋ ਨੂਰ ਹਰੀ, ਹਰਿ ਕਰਤਾ ਸੋਭਾ ਪਾਈਆ । ਮੈਂ ਲੱਖ ਚੁਰਾਸੀ ਵਿਚੋਂ ਕਰ ਕੇ ਬਰੀ, ਬੰਦੀਖ਼ਾਨੇ ਤੋੜ ਤੁੜਾਈਆ । ਜਿਸ ਭਗਤ ਸੰਤ ਦੀ ਆਤਮ ਧਾਰ ਸ਼ਬਦ ਗੁਰ ਹੋ ਕੇ ਫੜੀ, ਗੰਢ ਆਪਣੇ ਨਾਲ ਪਵਾਈਆ । ਮੈਂ ਨਿਗਾਹ ਮਾਰੀ ਬੜੀ, ਧਰਨੀ ਕਹੇ ਚਾਰੋਂ ਕੁੰਟ ਵੇਖ ਵਖਾਈਆ । ਬੇਸ਼ਕ ਉਸ ਦੀ ਲਾਸ਼ ਮੇਰੇ ਤੇ ਸੜੀ, ਅਗਨੀ ਅੱਗ ਨਾਲ ਆਪਣਾ ਆਪ ਤਜਾਈਆ । ਰਣਜੀਤ ਪ੍ਰੀਤਮ ਵਿਚ ਪਰਮਾਤਮ ਦੀ ਆਤਮ ਹੋ ਕੇ ਮੰਜ਼ਲ ਚੜ੍ਹੀ, ਚਾਰੋਂ ਕੁੰਟ ਵੱਜੀ ਵਧਾਈਆ । ਜਿਥੇ ਮਾਤਾ ਗੁਜ਼ਰੀ ਦੀ ਧਾਰ ਬਿਸ਼ਨ ਕੌਰ ਖੜੀ, ਬਿਨਾ ਭੁਜਾਂ ਤੋਂ ਭੁਜਾਂ ਉਠਾਈਆ । ਨਿਗਾਹ ਮਾਰੀ ਜਾਂ ਮੈਨੂੰ ਭਗਤਾਂ ਦੀ ਦਿਸੀ ਅਗੇ ਲੜੀ, ਦੂਰ ਨੇੜੇ ਗੁਰਮੁਖ ਨਜ਼ਰੀ ਆਈਆ । ਜਿਥੇ ਇਕ ਪਿਆਰ ਦੀ ਲੱਗੀ ਝੜੀ, ਮੁਹੱਬਤ ਵਿਚ ਇਕੋ ਮੇਘ ਰਿਹਾ ਬਰਸਾਈਆ । ਮੇਰੇ ਸਾਹਿਬ ਦਿਆਲੂ ਵਡ ਕ੍ਰਿਪਾਲੂ ਕਿਰਪਾ ਨਿਧਾਨ ਆਪਣੀ ਕਿਰਪਾ ਕਰੀ, ਕਰਨੀ ਦੇ ਕਰਤੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਧਰਨੀ ਕਹੇ ਮੇਰੇ ਉਤੇ ਦਿਉਹਾੜਾ ਚੰਗਾ ਉਨੱਤੀ ਮਾਘ, ਮੈਂ ਹੱਸ ਕੇ ਦਿਆਂ ਜਣਾਈਆ । ਸਚਖੰਡ ਭਗਤ ਦਾ ਜਗਿਆ ਚਰਾਗ਼, ਜੋਤ ਜੋਤ ਨਾਲ ਰੁਸ਼ਨਾਈਆ । ਸਰੀਰ ਛੁੱਟਾ ਬਿਨਾ ਦਾਗ਼, ਕਰਮ ਕਾਂਡ ਦਾ ਪੰਧ ਮੁਕਾਈਆ । ਨਾਤਾ ਰਿਹਾ ਨਾ ਜਗਤ ਸਮਾਜ, ਕੂੜਾ ਸੰਗ ਤਜਾਈਆ । ਆਤਮ ਹੋਏ ਵਡ ਵਡਭਾਗ, ਪਰਮਾਤਮ ਵਿਚ ਸਮਾਈਆ । ਧਰਨੀ ਕਹੇ ਪ੍ਰਭੂ ਮੇਰੀ ਖੁਲ੍ਹ ਗਈ ਅੰਦਰ ਬਾਹਰ ਦੀ ਜਾਗ, ਗ਼ਫ਼ਲਤ ਰਹਿਣ ਕੋਇ ਨਾ ਪਾਈਆ । ਜਾਂ ਮੈਂ ਸਵਾਧਾਨ ਹੋਈ ਮੈਨੂੰ ਅਗੰਮੀ ਆਈ ਆਵਾਜ਼, ਸ਼ਬਦੀ ਸ਼ਬਦ ਦਿਤੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਉਨੱਤੀ ਮਾਘ ਕਹੇ ਧਰਨੀਏ ਮੇਰਾ ਦਿਵਸ ਸੁਹਾਣਾ, ਸੋਹਣਾ ਨਜ਼ਰੀ ਆਈਆ । ਆਤਮ ਧਾਰ ਰਣਜੀਤ ਤੇ ਰਾਣਾ, ਨਿਰਗੁਣ ਆਪਣਾ ਪੰਧ ਮੁਕਾਈਆ । ਚੜ੍ਹ ਕੇ ਧੁਰ ਦੇ ਸ਼ਬਦ ਸਤਿਗੁਰ ਬਿਬਾਣਾ, ਭੱਜਿਆ ਵਾਹੋ ਦਾਹੀਆ । ਜਾ ਕੇ ਮਿਲਿਆ

ਭਗਤ ਸੁਜਾਣਾ, ਜਗਦੀਸ਼ਾ ਰੰਗ ਰੰਗਾਈਆ । ਪਾਲ ਸਿੰਘ ਕਰੇ ਧਿਆਨਾ, ਮਾਣਾ ਸਿੰਘ ਅੱਖ ਖੁਲਾਈਆ । ਤਾਰਾ ਸਿੰਘ ਕਹੇ ਮੈਂ ਇਨ੍ਹਾਂ ਦਾ ਗਾਉਣਾ ਗਾਣਾ, ਆਪਣਾ ਰਾਗ ਅਲਾਈਆ । ਸਵਰਨ ਕਹੇ ਮੇਰਾ ਨਾਤਾ ਮੁਹੱਬਤ ਵਾਲਾ ਪੁਰਾਣਾ, ਨੰਨ੍ਹੀ ਕੰਨਿਆ ਨਾਲ ਮਿਲਾਈਆ । ਜਿਸ ਛੱਡਿਆ ਕੂੜ ਜਹਾਨਾਂ, ਧਰਤੀ ਧਰਨੀ ਧਵਲ ਤਜਾਈਆ । ਸਚ ਘਰ ਮਿਲਿਆ ਬਿਸਰਾਮਾ, ਜਿਥੇ ਵਿਸਰੇ ਵਸਤ ਪਰਾਈਆ । ਅੱਠੇ ਪਹਿਰ ਇਕੋ ਰੂਪ ਸਤਿ ਸਰੂਪ ਇਕੋ ਮੇਲ ਸ੍ਰੀ ਭਗਵਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਰਣਜੀਤ ਆਤਮਾ ਕਹੇ ਮੈਨੂੰ ਮਿਲ ਗਿਆ ਮੇਰਾ ਘਰ ਟਿਕਾਣਾ, ਜਿਥੋਂ ਬਾਹਰ ਨਾ ਕੋਇ ਕਢਾਈਆ । ਮੈਂ ਭੈਣ ਭਰਾਵਾਂ ਨੂੰ ਇਕੋ ਸੰਦੇਸ਼ ਸੁਨਾਣਾ, ਖ਼ੁਸ਼ੀਆਂ ਦੇ ਵਿਚ ਸੁਣਾਈਆ । ਮਾਤਾ ਪਿਤਾ ਮੇਰਾ ਸੋਗ ਨਾ ਕਿਸੇ ਮਨਾਣਾ, ਹਰਖ ਵਿਚ ਕੋਇ ਨਾ ਆਈਆ । ਮੇਰਾ ਤੁਹਾਡਾ ਪਿਆਰ ਕਦੇ ਨਾ ਹੋਵੇ ਪੁਰਾਣਾ, ਸਦ ਇਕੋ ਰੰਗ ਸਮਾਈਆ । ਜੇ ਤੁਸੀਂ ਮੇਰੇ ਸਾਹਿਬ ਦਾ ਘਰ ਤੇ ਮੇਰਾ ਵੇਖੋ ਟਿਕਾਣਾ, ਤੇ ਸਾਰੇ ਖ਼ੁਸ਼ੀਆਂ ਵਿਚ ਢੋਲੇ ਗਾਈਆ । ਫੇਰ ਸਾਰੇ ਕਹਿਣ ਪ੍ਰਭੂ ਇਕ ਦੂਜੇ ਤੋਂ ਪਹਿਲਾਂ ਸਾਨੂੰ ਏਥੇ ਪਹੁੰਚਾਉਣਾ, ਲੋਕਮਾਤ ਰਹਿਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਦ ਆਪਣੀ ਦਇਆ ਕਮਾਈਆ । ਧਰਨੀ ਕਹੇ ਮੇਰਾ ਉਂਨੀ ਚੇਤ ਦਿਵਸ ਦਿਹਾੜਾ, ਸੰਮਤ ਸ਼ਹਿਨਸ਼ਾਹੀ ਨੌਂ ਨਾਲ ਵਡਿਆਈਆ । ਮੇਰਾ ਇਕੋ ਪ੍ਰਭੂ ਦੇ ਅਗੇ ਹਾੜਾ, ਨਿਵ ਨਿਵ ਸੀਸ ਝੁਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਾਹਿਬ ਸਵਾਮੀ ਲਾੜਾ, ਧੁਰ ਦਾ ਮਾਲਕ ਅਗੰਮ ਅਥਾਹੀਆ । ਮੈਂ ਉਸ ਦੇ ਭਗਤਾਂ ਦਾ ਵੇਖਾਂ ਅਖਾੜਾ, ਜਿਥੇ ਇਕੋ ਰਾਗ ਅਲਾਈਆ । ਮੈਂ ਮੰਜ਼ਲ ਚਾੜ੍ਹਾਂ ਪਾਰ ਕਰਾਂ ਸਮੁੰਦ ਸਾਗਰ ਪਹਾੜਾ, ਟਿੱਲੇ ਪਰਬਤਾਂ ਪੰਧ ਮੁਕਾਈਆ । ਇਕੋ ਨੂਰ ਜ਼ਹੂਰ ਤੱਕਾਂ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਭਗਤਾਂ ਦਾ ਸੋਹਣਾ ਵੇਖਾਂ ਦਵਾਰਾ, ਸਚਖੰਡ ਸਾਚੇ ਧਿਆਨ ਲਗਾਈਆ । ਜਿਥੇ ਗੁਰਸਿਖ ਬੁੱਢਾ ਨੱਢਾ ਜਵਾਨ ਨਹੀਂ ਕੋਈ ਕਵਾਰਾ, ਆਤਮ ਧਾਰ ਪਰਮਾਤਮ ਲਈ ਪਰਨਾਈਆ । ਜਗਤ ਨਾਤਾ ਵਿਸਰ ਜਾਏ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਲੇਖਾ ਰਹੇ ਨਾ ਰਾਈਆ । ਉਂਨੀ ਚੇਤ ਕਹੇ ਮੇਰਾ ਹੇਤ ਓਸ ਪ੍ਰਭੂ ਨਾਲ ਨਿਰੰਕਾਰਾ, ਜੋ ਨਿਰਵੈਰ ਇਕ ਅਖਵਾਈਆ । ਜਿਸ ਦਾ ਸਚਖੰਡ ਵਿਚ ਬਿਨ ਰਸਨਾ ਤੋਂ ਏਕਾ ਏਕ ਜੈਕਾਰਾ, ਦੂਜਾ ਰਾਗ ਨਾ ਕੋਇ ਸ਼ਨਵਾਈਆ । ਜਿਸ ਭਗਤਾਂ ਆਵਣ ਜਾਵਣ ਕੀਤਾ ਪਾਰ ਕਿਨਾਰਾ, ਸਚਖੰਡ ਦਵਾਰ ਏਕੰਕਾਰ ਦਿਤੀ ਸ਼ਰਨਾਈਆ । ਸੋ ਭਗਤ ਸੁਹੇਲਾ ਉਚੀ ਕੂਕ ਬੋਲੇ ਜੈਕਾਰਾ, ਧੁਰ ਦਾ ਨਾਮ ਇਕ ਸੁਣਾਈਆ । ਧਰਨੀ ਉਤੇ ਮੇਰੇ ਧਰਮ ਪਿਆਰਿਓ ਮੇਰਾ ਤਤਾਂ ਵਾਲਾ ਪਿਆਰਾ, ਆਤਮ ਧਾਰ ਪਰਮਾਤਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਬਹਾਏ ਵਿਚ ਸਚਖੰਡ ਦਵਾਰਾ, ਰਣਜੀਤ ਅਤੀਤ ਤ੍ਰੈਗੁਣ ਤੋਂ ਬਾਹਰ ਆਪਣੀ ਜੋਤ ਵਿਚ ਮਿਲਾਈਆ ।

### ✪ ੨੦ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਫ਼ਤਿਹ ਪੁਰ ਸੀਕਰੀ ਜ਼ਿਲਾ ਹੁਸ਼ਿਆਰ ਪੁਰ ਜੁਗਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਂ ਅੰਤਰ ਤੇਰੀ ਵੈਰਾਗੀ, ਵੈਰਾਗ ਅਗੰਮੜਾ ਦਿਆਂ ਦ੍ਰਿੜਾਈਆ । ਮੇਰੀ ਵਿਚਾਰ ਨਹੀਂ ਕੋਈ ਮਾਨਸ ਵਾਲੀ ਦਿਮਾਗ਼ੀ,

੮੩੬
੨੩

ਅਕਲ ਬੁੱਧੀ ਨਾ ਕੋਇ ਰਖਾਈਆ । ਮੇਰਾ ਕੋਈ ਰੂਪ ਨਹੀਂ ਹੰਸ ਕਾਗੀ, ਕਾਗ ਹੰਸ ਨਾ ਕੋਇ ਜਣਾਈਆ । ਮੈਂ ਤੇਰੀ ਕਿਰਪਾ ਨਾਲ ਜਾਗੀ, ਆਲਸ ਨਿੰਦਰਾ ਦਿਆਂ ਗਵਾਈਆ । ਮੇਰੇ ਅੰਤਸ਼ਕਰਨ ਵਿਚ ਤੇਰੀ ਲਿਵ ਲਾਗੀ, ਪ੍ਰੇਮ ਸਕੇ ਨਾ ਕੋਇ ਤੁੜਾਈਆ । ਮੈਂ ਚਾਹੁੰਦੀ ਜਨ ਭਗਤਾਂ ਵੱਡਾ ਕਰ ਵਡਭਾਗੀ, ਭਾਗਹੀਣ ਰਹਿਣ ਕੋਇ ਨਾ ਪਾਈਆ । ਘਰ ਸਚ ਜਗਾ ਚਰਾਗ਼ੀ, ਜਗਤ ਜਹਾਨ ਰੁਸ਼ਨਾਈਆ । ਕੂੜੀ ਕਿਰਿਆ ਜਾਣ ਤਿਆਗੀ, ਤ੍ਰੈਗੁਣ ਅਤੀਤੇ ਤੇਰੀ ਓਟ ਤਕਾਈਆ । ਸਤਿਗੁਰ ਸ਼ਬਦ ਮਾਰ ਕੇ ਆਵਾਜ਼ੀ, ਸੁੱਤਿਆਂ ਲੈ ਉਠਾਈਆ । ਦੱਸ ਵਡਿਆਈ ਆਪਣੇ ਨਾਂ ਦੀ, ਨਾਉਂ ਨਿਰੰਕਾਰ ਇਕ ਦ੍ਰਿੜ੍ਹਾਈਆ । ਖੇਲ ਮੁਕਾ ਦੇ ਸੂਰ ਗਾਂ ਦੀ, ਝਟਕਾ ਹਲਾਲੀ ਲੇਖਾ ਕੋਇ ਰਹਿਣ ਨਾ ਪਾਈਆ । ਸੁਣ ਪੁਕਾਰ ਧਰਨੀ ਕਹੇ ਧਰਤੀ ਜਗਤ ਮਾਂ ਦੀ, ਪਿਤਾ ਪੁਰਖ ਅਕਾਲ ਹੋ ਕੇ ਧਿਆਨ ਲਗਾਈਆ । ਵਡਿਆਈ ਰਹੀ ਨਾ ਕਿਸੇ ਨਗਰ ਗਰਾਂ ਦੀ, ਤੀਰਥ ਤਟ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬੇਨਜ਼ੀਰ, ਮਿਹਰਵਾਨ ਤੇਰੀ ਵਡਿਆਈਆ । ਮੇਰੇ ਉਤੇ ਜਨ ਭਗਤਾਂ ਬਦਲ ਦੇ ਤਕਦੀਰ, ਤਕੱਬਰ ਹੰਕਾਰ ਰਹਿਣ ਕੋਇ ਨਾ ਪਾਈਆ । ਅੰਤਰ ਆਤਮ ਨਿਝਰ ਦੇ ਸੀਰ, ਕੂੜ ਤ੍ਰਿਸ਼ਨਾ ਭੁੱਖ ਮਿਟਾਈਆ । ਮੇਰੀ ਆਸ਼ਾ ਨਾ ਰਹੇ ਦਿਲਗੀਰ, ਸਾਂਤਕ ਸਤਿ ਦੇਣਾ ਵਰਤਾਈਆ । ਤੂੰ ਸ਼ਹਿਨਸ਼ਾਹ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਮਾਲਕ ਇਕ ਅਖਵਾਈਆ । ਤੇਰੀ ਨਜ਼ਰ ਨਾ ਆਏ ਕੋਇ ਤਸਵੀਰ, ਲਾਤਸਵੀਰ ਤੇਰੀ ਓਟ ਤਕਾਈਆ । ਜਨ ਭਗਤਾਂ ਸਾਚੀ ਦਾਤ ਪਿਤਾ ਪੂਤ ਦੇ ਜਗੀਰ, ਵਿਰਸਾ ਧੁਰ ਦਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਧਰਨੀ ਕਹੇ ਮੇਰੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸ਼ਰਨਾਈਆ । ਜਨ ਭਗਤ ਸੁਹਾ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਲਗਾ ਦੇ ਕਾਇਆ ਬੁਤ, ਬੁਤਖ਼ਾਨਿਆਂ ਵਜੇ ਵਧਾਈਆ । ਤੇਰਾ ਭੰਡਾਰ ਅਤੁਟ, ਅਤੋਟ ਦੇਣਾ ਵਰਤਾਈਆ । ਇਕ ਦੇ ਥਾਂ ਦੋ ਦੇਵੀਂ ਪੁਤ, ਪਿਤਾ ਪੂਤ ਤੇਰੀ ਬੇਪਰਵਾਹੀਆ । ਧਰਨੀ ਕਹੇ ਮੈਂ ਸੁੱਖਣਾ ਰਹੀ ਸੁੱਖ, ਦਿਵਸ ਰੈਣ ਅੱਖ ਉਠਾਈਆ । ਜਨਣੀ ਸੁਫਲ ਕਰਨੀ ਕੁੱਖ, ਹਰਿਜਨ ਜਨ ਲੈਣਾ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਤੂੰ ਦੇਵਣਹਾਰਾ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੀਰਾਂ ਦਾ ਪੀਰ, ਪਰਮ ਪੁਰਖ ਤੇਰੀ ਸਰਨਾਈਆ । ਤੂੰ ਚਿੱਟੇ ਉਤੇ ਕਾਲੀ ਕਲਮ ਨਾਲ ਬਦਲ ਦੇ ਤਕਦੀਰ, ਤਦਬੀਰ ਆਪਣੀ ਇਕ ਜਣਾਈਆ । ਮੇਰੀ ਬੇਨੰਤੀ ਤੇਰੇ ਚਰਨ ਕਵਲ ਅਖ਼ੀਰ, ਆਖ਼ਰ ਦਿਆਂ ਦ੍ਰਿੜ੍ਹਾਈਆ । ਤੇਰਾ ਨਾਮ ਅਣਿਆਲਾ ਸ੍ਰੀ ਭਗਵਾਨਾ ਵੱਜੇ ਤੀਰ, ਜਗਤ ਜਹਾਨਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਸਚ ਜਾਮ ਪਿਆ ਦੇ ਸੀਰ, ਜਗਤ ਤ੍ਰਿਸ਼ਨਾ ਤ੍ਰਿਖਾ ਦੇਣੀ ਮਿਟਾਈਆ ।

## ੨੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਲੀਮ ਪੁਰ ਜ਼ਿਲਾ ਹੁਸ਼ਿਆਰ ਪੁਰ ਅਰਜਨ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਕਲਜੁਗ ਕਰ ਪਾਰ ਕਿਨਾਰਾ, ਦੀਨ ਦੁਨੀ ਤੋਂ ਬਾਹਰ ਕਰਾਈਆ । ਮੇਰੇ ਉਤੇ ਰਹੇ ਨਾ ਧੁੰਆਂਧਾਰਾ, ਅੰਧ ਅੰਧੇਰਾ ਦੇਣਾ ਮਿਟਾਈਆ । ਨਵ ਸੱਤ ਕਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜੀਵਾਂ ਜੰਤਾਂ ਦੇ ਸਹਾਰਾ, ਸਹਾਇਕ ਨਾਇਕ ਆਪ ਅਖਵਾਈਆ । ਅੰਮ੍ਰਿਤ ਰਸ ਦੇ ਠਾਂਡਾ ਠਾਰਾ, ਅਗਨੀ ਤਤ ਬੁਝਾਈਆ । ਨਾਮ ਸ਼ਬਦ ਦੇ ਧੁਨਕਾਰਾ, ਸੋਈ ਸੁਰਤ ਆਪ ਜਗਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਗ੍ਰਿਹਿ ਮੰਦਰ ਹੋਏ ਰੁਸ਼ਨਾਈਆ । ਸਤਿ ਧਰਮ ਦਾ ਦੇ ਭੰਡਾਰਾ, ਵਸਤ ਅਮੋਲ ਅਮੁਲ ਵਰਤਾਈਆ । ਮੈਂ ਤੇਰਾ ਸ਼ੁਕਰ ਗੁਜ਼ਾਰਾ, ਨਿਵ ਨਿਵ ਸੀਸ ਨਿਵਾਈਆ । ਚਾਰ ਕੁੰਟ ਤੇਰਾ ਇਕੋ ਸੁਣਾ ਜੈਕਾਰਾ, ਪ੍ਰਭ ਤੇਰੀ ਸਿਫ਼ਤ ਸਲਾਹੀਆ । ਤੂੰ ਨਿਰਗੁਣ ਨਿਰਵੈਰ ਪਾ ਸਾਰਾ, ਮਹਾਸਾਰਥੀ ਆਪਣਾ ਰੰਗ ਰੰਗਾਈਆ । ਮੈਂ ਭਿੱਖਕ ਭਿਖਾਰਨ ਖੜੀ ਦਵਾਰਾ, ਦਰਵੇਸ਼ਣ ਆਸ ਤਕਾਈਆ । ਉਹ ਤੱਕ ਮੈਨੂੰ ਪੈਗ਼ੰਬਰ ਦੇਣ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਨਿਸ਼ਾਨਾ ਮਿਟਣਾ ਚੰਦ ਸਿਤਾਰਾ, ਸਤਹ ਬੁਲੰਦੀ ਤੇਰੀ ਬੇਪਰਵਾਹੀਆ । ਨੇਤਰ ਰੋਵੇ ਚਾਰ ਯਾਰਾ, ਮੁਹੰਮਦ ਅਗੰਮਾ ਰਾਹ ਤਕਾਈਆ । ਲੇਖਾ ਪੂਰਾ ਕਰ ਦੇ ਪਰਵਰਦਿਗਾਰਾ, ਯਾਮਬੀਨ ਤੇਰੀ ਓਟ ਤਕਾਈਆ । ਤੂੰ ਵਾਹਿਦ ਖ਼ਾਲਕ ਖ਼ਲਕ ਨੂਰ ਅਪਾਰਾ, ਅਪਰੰਪਰ ਤੇਰੇ ਹੱਥ ਵਡਿਆਈਆ । ਮੈਂ ਧਰਨੀ ਮਿੱਟੀ ਖ਼ਾਕ ਛਾਰਾ, ਚਰਨ ਧੂੜ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਕੂੜ ਕੁੜਿਆਰੀ ਮੇਟ ਦੇ ਰੈਣ, ਅੰਧ ਅੰਧੇਰਾ ਦੇ ਚੁਕਾਈਆ । ਮੈਂ ਦਰ ਠਾਂਡੇ ਤੇਰੇ ਆਈ ਕਹਿਣ, ਬਿਨਾ ਜ਼ਬਾਨ ਤੋਂ ਰਹੀ ਸੁਣਾਈਆ । ਤੂੰ ਮੇਰਾ ਸਵਾਮੀ ਬਣ ਸੈਣ, ਸੱਜਣ ਇਕ ਅਖਵਾਈਆ । ਮੇਰਾ ਪੂਰਬ ਚੁਕਾ ਲਹਿਣ ਦੇਣ, ਦੇਵਣਹਾਰ ਤੇਰੀ ਵਡਿਆਈਆ । ਮੈਂ ਸਭ ਕੁਛ ਵੇਖਿਆ ਆਪਣੇ ਨੈਣ, ਨੈਣ ਮੁੰਦਾਰੀ ਦਿਤਾ ਜਣਾਈਆ । ਚਾਰੋਂ ਕੁੰਟ ਮਾਇਆ ਖਾਏ ਡੈਣ, ਜੀਵਾਂ ਜੰਤਾਂ ਹੋਏ ਨਾ ਕੋਇ ਸਹਾਈਆ । ਆਤਮ ਪਰਮਾਤਮ ਹੋਈ ਪ੍ਰਾਇਣ, ਪ੍ਰਾਣ ਅਧਾਰੀ ਤੇਰੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਰਹਿਮਤ, ਰਹੀਮ ਰਹਿਮਾਨ ਦਇਆ ਕਮਾਈਆ । ਮੇਰੀ ਆਸ਼ਾ ਤੇਰੇ ਨਾਲ ਹੋਵੇ ਸਹਿਮਤ, ਸਹਿਸ ਦੁਖੜਾ ਦੇ ਗਵਾਈਆ । ਮੇਰੇ ਉਤੇ ਕਲਜੁਗ ਜੀਵ ਰਹੇ ਕੋਇ ਨਾ ਅਹਿਮਕ, ਬੁੱਧੀ ਬਿਬੇਕ ਦੇਣੀ ਬਣਾਈਆ । ਝਗੜਾ ਮੇਟਣਾ ਧੋਤੀ ਤਹਿਮਤ, ਇਕੋ ਰੰਗ ਸਭ ਨੂੰ ਦੇਣਾ ਵਖਾਈਆ । ਤੇਰੇ ਸ਼ਬਦ ਦੀ ਸਾਰੇ ਸਮਝਣ ਸੈਨਤ, ਨੇਤਰ ਅੱਖ ਦੇਣੀ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਦੁਖੀ ਹੋ ਪੁਕਾਰਾ, ਪੁਨਹ ਪੁਨਹ ਸੀਸ ਨਿਵਾਈਆ । ਤੁਧ ਬਿਨ ਦਿਸੇ ਨਾ ਕੋਇ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਧਰਮ ਦਾ ਰਿਹਾ ਨਾ ਕੋਈ ਮਿਤਰ ਪਿਆਰਾ, ਸਾਜਣ ਸੰਗ ਨਾ ਕੋਇ ਬਣਾਈਆ । ਮੇਰੇ ਨੈਣ ਰੋਂਦੇ ਜ਼ਾਰੋ ਜ਼ਾਰਾ, ਪਾਣੀ ਧਾਰ ਛਹਿਬਰ ਰਹੇ ਵਹਾਈਆ । ਮੈਂ ਕੂਕ ਕੂਕ ਪੁਕਾਰਾ, ਦਰੋਹੀ ਦਰੋਹੀ ਕਰ ਸੁਣਾਈਆ । ਆ ਮੇਰੇ ਪਰਵਰਦਿਗਾਰ ਸਾਂਝੇ ਯਾਰਾ, ਤੇਰੀ ਓਟ ਤਕਾਈਆ । ਪੈਗ਼ੰਬਰਾਂ ਦਾ ਦੇ ਉਧਾਰਾ, ਪੂਰਬ ਲੇਖਾ ਰਹੇ ਨਾ ਰਾਈਆ । ਦੀਨ ਦੁਨੀ ਦਾ ਵੇਖ ਤੱਟ ਕਿਨਾਰਾ, ਦੀਨ


੮੩੮
੨੩

ਮਜ਼੍ਹਬ ਘਾਟ ਫੋਲ ਫੁਲਾਈਆ । ਮੇਰੀ ਡੰਡਾਵਤ ਬੰਦਨਾ ਵਿਚ ਨਿਮਸਕਾਰਾ, ਸਜਦਿਆਂ ਵਿਚ ਸੀਸ ਝੁਕਾਈਆ । ਮੈਨੂੰ ਦੀਨਾਂ ਮਜ਼੍ਹਬਾਂ ਕੀਤਾ ਖ਼ੁਆਰਾ, ਖ਼ੁਆਰੀ ਮੇਰੇ ਉਤੇ ਬੈਠੀ ਆਸਣ ਲਾਈਆ । ਤੇਰੇ ਨਾਮ ਦੀ ਤੇਰੇ ਪਿਆਰ ਦੀ ਖਿੜੇ ਨਾ ਕੋਇ ਗੁਲਜ਼ਾਰਾ, ਗੁਲਸ਼ਨ ਨਾਮ ਨਾ ਕੋਇ ਮਹਿਕਾਈਆ । ਮੈਨੂੰ ਸੰਦੇਸਾ ਦਿਤਾ ਗੁਰੂਆਂ ਅਵਤਾਰਾ, ਪੈਗ਼ੰਬਰ ਢੋਲੇ ਗਏ ਸੁਣਾਈਆ । ਤੇਰੇ ਉਤੇ ਕਲ ਕਲਕੀ ਲਏ ਅਵਤਾਰਾ, ਨਿਹਕਲੰਕਾ ਵੇਸ ਵਟਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰਾ, ਭੇਵ ਅਭੇਦ ਨਾ ਕੋਇ ਖੁਲਾਈਆ । ਉਸ ਦਾ ਖੇਲ ਸਭ ਤੋਂ ਹੋਵੇ ਬਾਹਰਾ, ਚਾਰ ਜੁਗ ਦੇ ਸ਼ਾਸਤਰ ਜਿਸ ਨੂੰ ਸੀਸ ਨਿਵਾਈਆ । ਉਹ ਜੋਤ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਸ਼ਬਦੀ ਧਾਰ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਆਪਣੀ ਕਲ ਵਰਤਾਈਆ । ਜਿਸ ਦਾ ਆਤਮ ਪਰਮਾਤਮ ਹੋਵੇ ਨਾਅਰਾ, ਨਾਅਰਾ ਹਕ ਹਕ ਸੁਣਾਈਆ । ਸਚ ਧਰਮ ਦਾ ਤੇਰੇ ਉਤੇ ਪ੍ਰਗਟ ਕਰੇ ਦਵਾਰਾ, ਦੂਤੀਆ ਭਾਉ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰੇ ਮਾਲਕ ਮਹਿਬੂਬਾ, ਮਿਹਰਵਾਨ ਤੇਰੀ ਸਰਨਾਈਆ । ਮੈਂ ਤੈਨੂੰ ਸਦਾ ਤੱਕਦੀ ਮੌਜੂਦਾ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਮੇਰੇ ਉਤੇ ਸ਼ਰਅ ਦੀ ਮੇਟ ਹਦੂਦਾ, ਹਜ਼ਰਤਾਂ ਦੇ ਹਜ਼ਰਤ ਨੂਰ ਅਲਾਹੀਆ । ਕੂੜੀ ਕਿਰਿਆ ਕਰ ਨੇਸਤੋ ਨਾਬੂਦਾ, ਜੜ ਰਹਿਣ ਕੋਇ ਨਾ ਪਾਈਆ । ਤੇਰਾ ਖੇਲ ਆਲੀਸ਼ਾਨ ਅਰਸ਼ ਅਰੂਜਾ, ਆਲੀ ਜ਼ਾਹ ਤੇਰੀ ਸ਼ਰਨਾਈਆ । ਚਾਰ ਕੁੰਟ ਮੈਨੂੰ ਕਰ ਮਹਿਫੂਜਾ, ਮਿਹਰ ਨਜ਼ਰ ਇਕ ਉਠਾਈਆ । ਮੈਂ ਚਾਹੁੰਦੀ ਮੇਰੇ ਉਤੇ ਭਾਓ ਮਿਟਾ ਦੇ ਦੂਜਾ, ਦੁਤੀਆ ਭਾਓ ਰਹਿਣ ਕੋਇ ਨਾ ਪਾਈਆ । ਆਪਣਾ ਭੇਵ ਖੁਲਾ ਦੇ ਗੂੜਾ, ਅੰਤਰ ਆਤਮ ਪਰਦਾ ਦੇ ਚੁਕਾਈਆ । ਮੈਂ ਰੋ ਪੁਕਾਰਾਂ ਬਸੁਧਾ, ਧਰਨੀ ਤੇਰੇ ਅਗੇ ਝੋਲੀ ਡਾਹੀਆ । ਮੇਰੇ ਉਤੇ ਕਲੇਸ਼ ਮਿਟਾ ਦੇ ਕਲਜੁਗਾ, ਕਲਕਾਤੀ ਰਹਿਣ ਕੋਇ ਨਾ ਪਾਈਆ । ਜੋ ਤੇਰੀ ਆਸ਼ਾ ਰਖ ਕੇ ਗਿਆ ਬੁੱਧਾ, ਬੁਧ ਮਨ ਮਤ ਤੋਂ ਪਰੇ ਦੇ ਸਮਝਾਈਆ । ਮੈਨੂੰ ਇਉਂ ਦਿਸਦਾ ਮੇਰੇ ਉਤੇ ਅੰਤ ਹੋਣ ਵਾਲਾ ਯੁੱਧਾ, ਯੁਧਿਸ਼ਟਰ ਇਸ਼ਾਰੇ ਰਿਹਾ ਕਰਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਅਕਾਲੇ ਦੀਨ ਦਿਆਲੇ ਤੇਰੇ ਹੁਕਮ ਅੰਦਰ ਸੁਹੰਜਣਾ ਵੇਲਾ ਢੁਕਾ, ਘੜੀ ਪਲ ਥਿਤ ਵਾਰ ਦਏ ਗਵਾਹੀਆ । ਤੇਰਾ ਖੇਲ ਜਗਤ ਜਹਾਨ ਰਹੇ ਨਾ ਲੁਕਾ, ਲੋਕਮਾਤ ਤੇਰੇ ਹੁਕਮ ਦੀ ਵੱਜੇ ਵਧਾਈਆ । ਮੈਂ ਜਿਧਰ ਤੱਕਾਂ ਅਵਤਾਰ ਪੈਗ਼ੰਬਰ ਗੁਰੂ ਵਿਸ਼ਨ ਬ੍ਰਹਮਾ ਸ਼ਿਵ ਸਭ ਤੈਨੂੰ ਝੁਕਾ, ਬਿਨਾ ਸੀਸ ਤੋਂ ਸੀਸ ਜਗਦੀਸ਼ ਨਿਵਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਤੇਰਾ ਸਤਿਗੁਰ ਸ਼ਬਦ ਮੈਨੂੰ ਦੇ ਕੇ ਗਿਆ ਰੁੱਕਾ, ਬਿਨ ਅੱਖਰਾਂ ਗਿਆ ਫੜਾਈਆ । ਧਰਨੀਏ ਤੇਰੇ ਉਤੇ ਪੈਣੀ ਲੁੱਟਾ, ਸਾਂਤਕ ਸਤਿ ਰਹਿਣ ਕੋਇ ਨਾ ਪਾਈਆ । ਕਲਜੁਗ ਜੀਵਾਂ ਭਾਗ ਨਿਖੁੱਟਾ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਈਆ । ਸਭ ਦਾ ਆਤਮ ਪਰਮਾਤਮ ਨਾਤਾ ਤੁੱਟਾ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਕਿਰਪਾ ਕਰੇ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਦਏ ਕਰਾਈਆ । ਜਿਨ੍ਹਾਂ ਦੇ ਅੰਦਰ ਸੁਹੰਜਣੀ ਹੋਣੀ ਰੁਤਾ, ਰੁਤੜੀ ਅਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਦਰ ਦਰਬਾਰ ਕਰ ਦੇ ਸੁੱਚਾ, ਘਰ ਸੁਹੰਜਣੇ ਮਿਲੇ ਮਾਣ ਵਡਿਆਈਆ ।


੮੩੯
੨੩

## ✪ ੨੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਿਆਣੀ ਜ਼ਿਲਾ ਹੁਸ਼ਿਆਰ ਪੁਰ ਮੁਣਸ਼ੀ ਰਾਮ ਦੇ ਗ੍ਰਿਹ ✪

ਧਰਨੀ ਧਰਤ ਧਵਲ ਧੌਲ ਕਹੇ ਮੇਰੇ ਮਿਹਰਵਾਨ, ਮਿਹਰਵਾਂ ਤੇਰੀ ਸਰਨਾਈਆ । ਮੇਰੇ ਆਦਿ ਜੁਗਾਦੀ ਧੁਰ ਦੇ ਰਾਮ, ਰਮਈਆ ਤੇਰੀ ਓਟ ਤਕਾਈਆ । ਮੇਰੇ ਨਿਰਗੁਣ ਨਿਰਵੈਰ ਨਿਰੰਕਾਰ ਕਾਹਨ, ਕਾਹਨ ਕਾਹਨਾ ਤੇਰੀ ਵਡ ਵਡਿਆਈਆ । ਮੈਂ ਨਿਵ ਨਿਵ ਕਰਾਂ ਪ੍ਰਨਾਮ, ਨਮਸਤੇ ਵਿਚ ਸੀਸ ਨਿਵਾਈਆ । ਤੂੰ ਸੋ ਪੁਰਖ ਨਿਰੰਜਣ ਨੌਜਵਾਨ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਵਡ ਬਲਵਾਨ, ਆਦਿ ਨਿਰੰਜਣ ਅਗੰਮ ਅਥਾਹੀਆ । ਅਬਿਨਾਸ਼ੀ ਕਰਤਾ ਮਰਦ ਮਰਦਾਨ, ਸ੍ਰੀ ਭਗਵਾਨ ਸਹਿਜ ਸੁਖਦਾਈਆ । ਪਾਰਬ੍ਰਹਮ ਪ੍ਰਭ ਵੇਖਣ ਮਾਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਤੇਰਾ ਸਤਿਗੁਰ ਸ਼ਬਦ ਸਦਾ ਲੇਖਾ ਜਾਣੇ ਜੀਵ ਜਹਾਨ, ਦੀਨ ਦੁਨੀ ਧਿਆਨ ਲਗਾਈਆ । ਮੇਰੇ ਕੰਤ ਭਗਵੰਤ ਮੇਰੀ ਕਰ ਪਹਿਚਾਨ, ਬੇਪਹਿਚਾਨ ਪਰਦਾ ਆਪ ਚੁਕਾਈਆ । ਸਚ ਸਵਾਮੀ ਅੰਤਰਜਾਮੀ ਧਰਨੀ ਕਹੇ ਮੇਰੀ ਝੋਲੀ ਪਾ ਦੇ ਦਾਨ, ਦਇਆਵਾਨ ਦਇਆ ਕਮਾਈਆ । ਅੰਤਰ ਨਿਰੰਤਰ ਮ੍ਰਿਸ਼ਟੀ ਦ੍ਰਿਸ਼ਟੀ ਵਿਚ ਸਭ ਨੂੰ ਦੇ ਗਿਆਨ, ਅਨੁਭਵ ਪਰਦਾ ਆਪ ਖਲ੍ਹਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇ ਪੀਣ ਖਾਣ, ਕਵਲ ਨਾਭੀ ਅੰਮ੍ਰਿਤ ਮੇਘ ਆਪ ਬਰਸਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਧੁਨ ਆਤਮਕ ਸੁਣਾ ਸੱਚੀ ਧੁਨਕਾਨ, ਅਨਰਾਗੀ ਆਪਣਾ ਰਾਗ ਦ੍ਰਿੜਾਈਆ । ਦੀਆ ਬਾਤੀ ਕਮਲਾਪਾਤੀ ਜੋਤ ਜਗਾ ਮਹਾਨ, ਕਾਇਆ ਮੰਦਰ ਅੰਦਰ ਹੋਏ ਰੁਸ਼ਨਾਈਆ । ਮੈਂ ਭਿਖਾਰਨ ਦਰ ਵਣਜਾਰਨ ਤੂੰ ਦਵਣਹਾਰਾ ਦਾਨ, ਦਇਆ ਨਿਧ ਤੇਰੀ ਸ਼ਰਨਾਈਆ । ਮੈਂ ਚਾਹੁੰਦੀ ਮੇਰੇ ਉਤੋਂ ਕੂੜ ਕੁਕਰਮ ਦਾ ਮੇਟ ਨਿਸ਼ਾਨ, ਨਿਸ਼ਾਨਾ ਧਰਮ ਵਾਲਾ ਝੁਲਾਈਆ । ਤੂੰ ਲੱਖ ਚੁਰਾਸੀ ਗੋਪੀ ਦਾ ਪਰਮਾਤਮ ਵਾਲਾ ਕਾਹਨ, ਆਤਮ ਆਪਣੇ ਅੰਗ ਲਗਾਈਆ । ਪਾਰਬ੍ਰਹਮ ਬ੍ਰਹਮ ਆਪਣਾ ਕਰ ਪ੍ਰਵਾਨ, ਪਰਮ ਪੁਰਖ ਪਰਮਾਤਮ ਤੇਰੀ ਆਸ ਰਖਾਈਆ । ਈਸ਼ ਜੀਵ ਕਰ ਕਲਿਆਣ, ਕਰਮ ਕਾਂਡ ਦਾ ਡੇਰਾ ਢਾਹੀਆ । ਤੇਰਾ ਲੇਖਾ ਸਮਝ ਸਕੇ ਨਾ ਕੋਇ ਵਿਦਵਾਨ, ਵਿਦਿਆ ਤੋਂ ਬਾਹਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਦਰ ਠਾਂਡੇ ਅਲਖ ਜਗਾਉਂਦੀ ਹਾਂ । ਦੀਨ ਦਿਆਲ ਸੀਸ ਨਿਵਾਉਂਦੀ ਹਾਂ । ਸ੍ਰੀ ਭਗਵਾਨ ਮੰਗ ਮੰਗਾਉਂਦੀ ਹਾਂ । ਖ਼ਾਲੀ ਝੋਲੀ ਅਗੇ ਡਾਹੁੰਦੀ ਹਾਂ । ਦੋਏ ਜੋੜ ਵਾਸਤਾ ਪਾਉਂਦੀ ਹਾਂ । ਜੀਵਾਂ ਜੰਤਾਂ ਵੱਲ ਤਕਾਉਂਦੀ ਹਾਂ । ਸਾਧਾਂ ਸੰਤਾਂ ਵੇਖ ਵਿਖਾਉਂਦੀ ਹਾਂ । ਜਾਂ ਤੇਰੀ ਧਾਰ ਤੱਕਾਂ ਨੇਤਰ ਨੈਣਾਂ ਸ਼ਰਮਾਉਂਦੀ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵਾਸਤਾ ਪਾਉਂਦੀ ਹਾਂ । ਧਰਨੀ ਕਹੇ ਮੇਰੇ ਸਾਹਿਬ ਸਮਰਥ, ਸਤਿ ਸਚ ਤੇਰੀ ਸ਼ਰਨਾਈਆ । ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਕੂੜ ਕੁੜਿਆਰ ਵੇਖ ਲੈ ਰਥ, ਕੂੜ ਬਣਿਆ ਰਥਵਾਹੀਆ । ਜਿਸ ਪੰਜ ਵਿਕਾਰ ਸੰਸਾਰ ਪਾਈ ਨਥ, ਪੰਜ ਤਤ ਚਲੇ ਨਾ ਕੋਇ ਚਤੁਰਾਈਆ । ਪੰਞੀ ਪ੍ਰਕਿਰਤੀ ਆਪਣਾ ਹੱਠ ਬੈਠੀ ਛਡ, ਬਲਹੀਣ ਹੋਈ ਲੋਕਾਈਆ । ਧਰਨੀ ਕਿਹਾ ਮੈਂ ਦਿਵਸ ਰੈਣ ਨਿਗਾਹ ਰਖਾਂ ਤੇਰੇ ਵੱਲ, ਅੱਖ ਬਿਨ ਨੈਣਾਂ ਨੈਣ ਉਠਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਦਾ ਰਾਮ ਮਿਹਰਵਾਨ ਹੋਣਾ ਪ੍ਰਗਟ, ਪ੍ਰਗਣਾ ਆਪਣਾ ਸੰਗ ਦੇ ਦੇ ਇਕ ਸਹਾਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਰਾਮ ਬੇਟਾ ਦਸਰਥ, ਕਾਹਨ



੯੪੦
੨੩

ਕਹਿ ਕੇ ਗਿਆ ਸਤਿ ਸਚ ਨਾਲ ਦ੍ਰਿੜਾਈਆ । ਜਿਸ ਧਾਰ ਨਾਲ ਮੂਸੇ ਮਿਟਾਇਆ ਸ਼ੱਕ, ਈਸਾ ਗਲ ਵਿਚ ਪਾਈ ਫਾਸ, ਮੁਹੰਮਦ ਚੌਦਾਂ ਤਬਕ ਕੀਤਾ ਪ੍ਰਕਾਸ਼, ਭੇਵ ਅਭੇਦਾ ਆਪ ਖੁਲਾਈਆ । ਨਿਰਗੁਣ ਸਰਗੁਣ ਨਾਨਕ ਗੋਬਿੰਦ ਦੱਸਿਆ ਖੇਲ ਤਮਾਸ਼, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰੇ ਸਾਹਿਬ ਸਵਾਮੀ ਮੈਂ ਤੇਰੀ ਅੰਤ ਅਖ਼ੀਰ ਬੇਨਜ਼ੀਰ ਰਖੀ ਆਸ, ਆਸਾਵੰਦ ਤੇਰਾ ਧਿਆਨ ਲਗਾਈਆ । ਮੈਨੂੰ ਸ਼ੰਕਰ ਸੰਦੇਸ਼ਾ ਦੇਵੇ ਉਤੋਂ ਕੈਲਾਸ਼, ਬ੍ਰਹਮਾ ਬ੍ਰਹਮ ਵੇਤਾ ਹੋ ਕੇ ਰਿਹਾ ਦ੍ਰਿੜਾਈਆ । ਵਿਸ਼ਨੂੰ ਕਹੇ ਧਰਨੀ ਉਹ ਸਾਹਿਬ ਸਵਾਮੀ ਕਿਰਪਾ ਕਰੇ ਆਪ, ਆਪ ਆਪਣੀ ਦਇਆ ਕਮਾਈਆ । ਧਰਮ ਕਹੇ ਪ੍ਰਭੂ ਮੇਟ ਦੇ ਧਰਨੀ ਉਤੋਂ ਕਾਲੀ ਰਾਤ, ਰੈਣ ਭਿੰਨੜੀ ਆਪਣੀ ਦੇ ਵਖਾਈਆ । ਨਵ ਸੱਤ ਤੇਰੀ ਹੋਵੇ ਇਕ ਜਮਾਤ, ਇਕੋ ਅੱਖਰ ਜੁਮਲਾ ਦੇਣਾ ਪੜ੍ਹਾਈਆ । ਝਗੜਾ ਰਹੇ ਨਾ ਕਾਇਨਾਤ, ਦੀਨ ਦੁਨੀ ਦੇਣੀ ਸਮਝਾਈਆ । ਸਾਚੇ ਨਾਮ ਦੀ ਕਰ ਅਨਾਇਤ, ਰਹਿਮਤ ਧੁਰ ਕਲਮੇ ਵਾਲੀ ਝੋਲੀ ਪਾਈਆ । ਸਤਿਗੁਰ ਸ਼ਬਦ ਹੋ ਕੇ ਕਰ ਹਮਾਇਤ, ਹਮ ਸਾਜਣ ਆਪਣਾ ਰੰਗ ਰੰਗਾਈਆ । ਤੇਰੇ ਹੁਕਮ ਦੀ ਇਕੋ ਹੋਵੇ ਹਦਾਇਤ, ਇਕ ਸੰਦੇਸ਼ਾ ਦੇਣਾ ਥਾਉਂ ਥਾਈਂਆ । ਤੂੰ ਮਾਲਕ ਖ਼ਾਲਕ ਨਜ਼ਰੀ ਆਏਂ ਵਾਹਿਦ, ਲਾਸ਼ਰੀਕ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਸਾਹਿਬ ਸਤਿਗੁਰ ਠਾਕਰ, ਸਵਾਮੀ ਅੰਤਰਜਾਮੀ ਤੇਰਾ ਧਿਆਨ ਲਗਾਈਆ । ਦੀਨ ਦੁਨੀ ਆਪਣਾ ਗਹਿਰਾ ਵੇਖ ਲੈ ਸਾਗਰ, ਗੰਭੀਰ ਬੇਨਜ਼ੀਰ ਆਪਣਾ ਪਰਦਾ ਆਪ ਚੁਕਾਈਆ । ਭਾਗ ਲੱਗਾ ਦਿਸੇ ਨਾ ਕਿਸੇ ਗਾਗਰ, ਅੰਮ੍ਰਿਤ ਜਲ ਨਾ ਕੋਇ ਭਰਾਈਆ । ਤੂੰ ਕੁਦਰਤ ਦਾ ਕਰੀਮ ਕਾਦਰ, ਹਰਿ ਕਰਤੇ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਅੰਤ ਅਖ਼ੀਰ, ਮੇਰੇ ਉਤੇ ਕਰ ਦੇ ਆਦਲ, ਅਦਲ ਇਨਸਾਫ਼ ਆਪਣਾ ਦੇਣਾ ਜਣਾਈਆ । ਮਾਇਆ ਮਮਤਾ ਮੋਹ ਵਿਚ ਹੰਕਾਰ ਨਵ ਖੰਡ ਰਹੇ ਨਾ ਬਾਦਲ, ਪਵਣ ਠੰਡੀ ਦੇਣੀ ਚਲਾਈਆ । ਦੀਨ ਮਜ਼੍ਹਬ ਦਾ ਝਗੜਾ ਮੁਕਾ ਦੇ ਮਕਤੂਲ ਕਾਤਲ, ਕਤਲਗਾਹ ਦਾ ਲੇਖਾ ਰਹੇ ਨਾ ਰਾਈਆ । ਮਾਨਵ ਮਾਨਸ ਮਾਨੁਖ ਅੰਤਰ ਨਿਰੰਤਰ ਕਰ ਦੇ ਮੁਕੱਦਸ ਬੈਤਲ, ਬੈਤਲ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਸਚ ਵਸਤ ਦੇ ਪ੍ਰਭ ਧਰਨੀ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਸ਼ਹਿਨਸ਼ਾਹ ਨੂਰ ਅਲਾਹੀਆ । ਕੂੜੀ ਕਿਰਿਆ ਕਰ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਪਵਿਤ੍ਰ ਖਾਣੀ ਕਰ ਦੇ ਜੇਰਜ ਅੰਡ, ਉਤਭੁਜ ਸੇਤਜ ਤੇਰੀ ਵੱਜੇ ਵਧਾਈਆ । ਸਤਿ ਪ੍ਰਕਾਸ਼ ਦਾ ਚਾੜ੍ਹ ਦੇ ਚੰਦ, ਨੂਰ ਨੁਰਾਨਾ ਨਜ਼ਰੀ ਆਈਆ । ਕੂੜ ਸ਼ਰਅ ਰਹੇ ਨਾ ਵੰਡ, ਝਗੜਾ ਮਮਤਾ ਦੇਣਾ ਮੁਕਾਈਆ । ਮਨ ਮਨਸਾ ਤੋੜ ਦੇ ਬੰਦ, ਬੰਦਗੀ ਆਪਣੀ ਇਕ ਸਮਝਾਈਆ । ਤੇਰਾ ਸਚ ਦਵਾਰਾ ਜੀਵ ਜੰਤ ਜਾਣ ਲੰਘ, ਜਗਿਆਸੂਆਂ ਆਪਣੇ ਦਰ ਸੁਹਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਵਿਚ ਵਰਭੰਡ, ਬ੍ਰਹਿਮੰਡ ਖੰਡ ਵੇਖਣ ਧਿਆਨ ਲਗਾਈਆ । ਮੈਂ ਆਸ਼ਾ ਤੇਰੇ ਚਰਨ ਰਖੀ ਜੋ ਸੰਦੇਸ਼ਾ ਕਿਹਾ ਗੋਬਿੰਦ ਅੰਤ ਪੁਰੀ ਅਨੰਦ, ਅਨੰਦ ਤੇਰਾ ਇਕ ਜਣਾਈਆ । ਤੂੰ ਸਾਹਿਬ ਸਵਾਮੀ ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਦੇ ਕਰਾਈਆ । ਜੀਵ ਜੰਤ ਤੇਰੇ ਤੂੰ ਆਤਮ ਸੇਜ ਹੰਢਾ ਇਨ੍ਹਾਂ ਦਾ ਪਲੰਘ, ਆਸਣ ਸਿੰਘਾਸਣ ਇਕ ਸੁਹਾਈਆ । ਜੇ ਵਿਛੜ ਕੇ ਪ੍ਰਭੂ ਤੇਰੇ ਨਾਲੋਂ ਟੁੱਟੇ ਤੇ ਇਹਨਾਂ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਗੰਢ ਪਵਾਈਆ ।

ਧਰਨੀ ਕਹੇ ਮੇਰੇ ਸੀਨੇ ਮੇਰੇ ਸਤਿਗੁਰੂ ਪਾ ਦੇ ਠੰਡ, ਸਤਿਗੁਰ ਸਾਚੇ ਅੰਮ੍ਰਿਤ ਮੇਘ ਵਰਸਾਈਆ । ਦੀਨ ਦੁਨੀ ਦੇ ਅੰਦਰੋਂ ਦੂਈ ਦਵੈਤੀ ਢਾਹ ਦੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਬਿਨ ਤੇਰੀ ਕਿਰਪਾ ਤੇਰੀ ਮੰਜ਼ਲ ਸਕੇ ਕੋਈ ਨਾ ਲੰਘ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਆਸਾ ਭਰੀ, ਨਿਰਾਸਾ ਰਹਿਣ ਕੋਇ ਨਾ ਪਾਈਆ । ਤੂੰ ਆਪਣੀ ਕਿਰਪਾ ਆਪੇ ਕਰੀ, ਕਰਨੀ ਕਰਤਾ ਪੁਰਖ ਤੇਰੀ ਵਡਿਆਈਆ । ਮੇਰੀ ਸੁੱਕੀ ਕੁੱਖ ਕਰੀ ਹਰੀ, ਹਰਿਜਨ ਮੇਰੀ ਗੋਦ ਟਿਕਾਈਆ । ਕਲਜੁਗ ਕੂੜ ਕੁੜਿਆਰੇ ਆਯੂ ਭੋਗ ਲਈ ਬੜੀ, ਅਗੇ ਹੋਰ ਨਾ ਕੋਇ ਵਧਾਈਆ । ਇਹ ਇਸ਼ਾਰਾ ਦਿਤਾ ਗੋਬਿੰਦ ਵਿਚ ਚਮਕੌਰ ਗੜ੍ਹੀ, ਗੜ੍ਹ ਹੰਕਾਰ ਦੇਣਾ ਤੁੜਾਈਆ । ਜਿਸ ਦੀ ਆਤਮ ਪਰਮਾਤਮ ਧਾਰ ਅਗੰਮੀ ਲੜੀ, ਨਾਤਾ ਨਿਰਗੁਣ ਨਿਰਗੁਣ ਨਾਲ ਜੁੜਾਈਆ । ਧਰਨੀ ਕਹੇ ਮੈਂ ਦਰਵੇਸ਼ਣ ਹੋ ਕੇ ਤੇਰੇ ਦਵਾਰੇ ਖੜੀ, ਮੇਰੇ ਰਾਮ ਤੇਰੀ ਰਾਮ ਦੁਹਾਈਆ । ਵੇਖ ਲੈ ਤੇਰੀ ਦੁਨੀ ਦੁਨੀਆ ਚਾਰ ਕੁੰਟ ਹੋਈ ਸ਼ਰੇਈ, ਸ਼ਰੀਅਤ ਵਿਚ ਅਸਲੀਅਤ ਗਈ ਭੁਲਾਈਆ । ਮੈਨੂੰ ਸਭਨਾ ਮਾਂ ਬਣਾ ਲਿਆ ਮਤਰੇਈ, ਕੈਕਈ ਤੋਂ ਪਰੇ ਮੇਰੇ ਨਾਲ ਨਾਤਾ ਰਹੇ ਜੁੜਾਈਆ । ਤੂੰ ਸਾਹਿਬ ਸੁਲਤਾਨਾ ਸਦਾ ਸਹੀ, ਸਹੀ ਸਲਾਮਤ ਹੋਣਾ ਆਪ ਸਹਾਈਆ । ਮੈਂ ਚਾਹੁੰਦੀ ਰਾਏ ਧਰਮ ਦੇ ਕੋਲੋਂ ਕਲਜੁਗ ਜੀਵਾਂ ਦੀ ਕਢਾ ਕੇ ਵੇਖ ਲੈ ਵਹੀ, ਵਹੀ ਖਾਤੇ ਸਾਰੇ ਫੋਲ ਫੁਲਾਈਆ । ਤੇਰੀ ਚਰਨ ਸ਼ਰਨ ਕੋਈ ਆਤਮਾ ਪਰਮਾਤਮਾ ਮੂਲ ਨਾ ਢਹੀ, ਆਪਣਾ ਆਪ ਤੇਰੇ ਵਿਚ ਨਾ ਕੋਇ ਸਮਾਈਆ । ਧਰਨੀ ਕਹੇ ਮੈਨੂੰ ਸਾਰੇ ਕਹਿੰਦੇ ਨਿਰਦਈ, ਸਤਿ ਵਿਚ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਮੇਰੇ ਮਾਲਕ ਮੇਰੀ ਪਤ ਗਈ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਸਤਿ ਧਰਮ ਦੀ ਸਤਿ ਪਾਏ ਨਾ ਕੋਇ ਸਹੀ, ਸਹੀ ਸਲਾਮਤ ਨਜ਼ਰ ਕੋਇ ਨਾ ਆਈਆ ।



## ✪ ੨੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੋਟਲਾ ਜ਼ਿਲਾ ਜਲੰਧਰ ਸੋਮਰਾਜ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਪਰਵਰਦਿਗਾਰ, ਬੇਪ੍ਰਵਾਹ ਤੇਰੀ ਸ਼ਰਨਾਈਆ । ਆਪਣਾ ਭੇਵ ਦੱਸ ਦੇ ਅਗੰਮ ਅਪਾਰ, ਅਲਖ ਅਗੋਚਰ ਦੇ ਜਣਾਈਆ । ਮੈਂ ਕੋਝੀ ਕਮਲੀ ਤੇਰਾ ਕਰਦੀ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਮੇਰੇ ਮਾਲਕ ਖ਼ਾਲਕ ਤੇਰੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਮੈਨੂੰ ਇਸ਼ਾਰਾ ਦਿੰਦੇ ਚਾਰ ਯਾਰ, ਯਾਰੀ ਮੁਹੰਮਦ ਵਾਲੀ ਬਣਾਈਆ । ਮੁਹੰਮਦ ਕੂਕਾਂ ਰਿਹਾ ਮਾਰ, ਦਰੋਹੀ ਪ੍ਰਭ ਤੇਰੇ ਹੱਥ ਵਡਿਆਈਆ । ਮੈਂ ਖੇਲ ਤੱਕਾਂ ਅਪਰ ਅਪਾਰ, ਅਪਰੰਪਰ ਸਵਾਮੀ ਦਿਆਂ ਵਡਿਆਈਆ । ਕੀ ਤੇਰਾ ਹੁਕਮ ਸੱਚੀ ਸਰਕਾਰ, ਸ਼ਹਿਨਸ਼ਾਹ ਦੇਣਾ ਜਣਾਈਆ । ਕਿਸ ਬਿਧ ਵੇਖੇਂ ਵਿਗਸੇਂ ਪਾਵੇਂ ਸਾਰ, ਭੇਵ ਅਭੇਦਾ ਆਪ ਖੁਲਾਈਆ । ਨੂਰ ਨੁਰਾਨਾ ਨੌਜਵਾਨਾ ਕਰ ਉਜਿਆਰ, ਜੋਤੀ ਜਾਤੇ ਪੁਰਖ ਬਿਧਾਤੇ ਡਗਮਗਾਈਆ । ਮੈਂ ਸਦੀ ਸਦੀਵੀ ਤੇਰਾ ਰਾਹ ਤੱਕਾਂ ਸਾਂਝੇ ਯਾਰ, ਸਬਰ ਨੈਣਾਂ ਵਾਲਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਖੇਲ ਵੇਖ ਲੈ ਫ਼ਰਿਸ਼ਤਾ, ਜਬਰਾਈਲ, ਅਜ਼ਲ ਤੋਂ ਬਾਹਰ ਰਿਹਾ ਜਣਾਈਆ । ਹੱਸ ਕੇ ਕਹੇ ਮੈਂ ਉਮਤ ਦੀ ਕਰਨ ਆਇਆ ਤਾਮੀਲ, ਤਵੀਲ ਚੌਦਾਂ ਤਬਕਾਂ ਪੰਧ ਮੁਕਾਈਆ । ਨਾਲ ਵਖਾਏ ਮੁਹੰਮਦ ਦਾ ਕਲਮਾ ਵਕੀਲ, ਵੁਕਲਾ ਸ਼ਰਅ ਵਾਲਾ ਸਮਝਾਈਆ । ਉਚੀ ਕੂਕ ਕੇ ਕਹੇ ਮੈਂ ਸਦੀ ਚੌਧਵੀਂ ਅਗੇ ਪੈਣ ਨਹੀਂ ਦੇਣੀ ਤਾਤੀਲ, ਤਿਲਕਧਾਰੀ ਸਕੇ ਨਾ ਕੋਇ ਬਦਲਾਈਆ । ਮੈਨੂੰ ਹੁਕਮ ਦੇਵੇ ਮੇਰਾ ਮਾਲਕ ਖ਼ਾਲਕ ਆਮੀਨ, ਯਾਮਬੀਨ ਜਿਸ ਦੀ ਓਟ ਰਖਾਈਆ । ਮੈਂ ਸੰਦੇਸ਼ੇ ਫ਼ਰਮਾਨੇ ਪੈਗ਼ਾਮ ਦੀ ਕਰਨ ਆਇਆ ਤਾਮੀਲ, ਤਾਬਿਆਦਾਰੀ ਵਿਚ ਸੀਸ ਨਿਵਾਈਆ । ਮੈਨੂੰ ਇਸ਼ਾਰਾ ਦਿਤਾ ਈਸਾ ਵਾਲੀ ਅੰਜੀਲ, ਸੈਨਤ ਨਾਲ ਸਮਝਾਈਆ । ਕੁਰਾਨ ਮਜੀਦ ਕਿਹਾ ਮੇਰੀ ਅਲਿਫ਼ ਯੇ ਵਾਲੀ ਅਪੀਲ, ਨੁਕਤਾ ਗ਼ੈਨ ਵਾਲਾ ਦ੍ਰਿੜਾਈਆ । ਜਾਂ ਫੇਰ ਤੱਕਿਆ ਇਸ਼ਾਰਾ ਦੇਵੇ ਮਕਬਰਿਆਂ ਵਿਚ ਮਦੀਨ, ਮੁੱਦਤਾਂ ਦਾ ਬੈਠਾ ਰਾਹ ਤਕਾਈਆ । ਮੇਰੇ ਮਹਿਬੂਬਾ ਮਿਹਰਵਾਨਾ ਮੈਨੂੰ ਦੇ ਯਕੀਨ, ਏਤਮਾਦ ਆਪਣਾ ਦੇ ਜਣਾਈਆ । ਮੈਂ ਤੇਰੀ ਸਿੱਖੀ ਹਕ ਤਾਲੀਮ, ਤਾਲੀਮ ਤੁਲਬਾ ਹੋ ਕੇ ਪੜ੍ਹਿਆ ਚਾਈਂ ਚਾਈਂਆ । ਤੂੰ ਮਿਹਰਵਾਨ ਮਾਲਕ ਇਕ ਕਦੀਮ, ਕੁਦਰਤ ਦਾ ਕਾਦਰ ਇਕ ਅਖਵਾਈਆ । ਤੇਰਾ ਹੁਕਮ ਸਦਾ ਗ਼ਨੀਮ, ਗ਼ਫ਼ਲਤ ਸਭ ਦੀ ਦੇ ਮਿਟਾਈਆ । ਪਰ ਮੈਂ ਹੈਰਾਨ ਹੁੰਦਾ ਕੀ ਸ਼ਰਅ ਵਿਚ ਕਰੇ ਤਮਾ ਤਰਮੀਮ, ਹੁਕਮ ਹੁਕਮ ਵਿਚੋਂ ਬਦਲਾਈਆ । ਮੈਨੂੰ ਲੇਖਾ ਤੇਰਾ ਯਾਦ ਪ੍ਰਾਚੀਨ, ਪਰਾ ਪਸੰਤੀ ਮਧਮ ਬੈਖਰੀ ਤੋਂ ਜਿਹੜਾ ਬਾਹਰ ਦਿਤਾ ਦ੍ਰਿੜਾਈਆ । ਬੇਸ਼ਕ ਮੈਂ ਤੇਰੇ ਅਧੀਨ, ਨਿਵ ਨਿਵ ਕਦਮ ਬੋਸੀ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਫਿਰਦਾ ਜਬਰਾਈਲ ਫ਼ਰਿਸ਼ਤਾ, ਫ਼ਰਿਸਤ ਉਮਤ ਵਾਲੀ ਹੱਥ ਉਠਾਈਆ । ਭੱਜਾ ਫਿਰੇ ਆਹਿਸਤ ਆਹਿਸਤਾ, ਬਿਨ ਕਦਮਾਂ ਕਦਮ ਟਿਕਾਈਆ । ਉਸ ਨੂੰ ਇਕੋ ਭਰੋਸਾ ਨਿਸਚਾ, ਇਕੋ ਇਕ ਓਟ ਤਕਾਈਆ । ਬਿਨ ਕਲਮ ਸਿਆਹੀ ਤੋਂ ਫਿਰੇ ਲਿਖਦਾ, ਬਿਨਾ ਹਰਫ਼ ਹਰੂਫ਼ ਅਬਾਰਤ ਰਿਹਾ ਬਣਾਈਆ । ਨਾਲ ਇਸ਼ਾਰਾ ਦੇਵੇ ਤੇਰਾ ਅਗੰਮੀ ਪਿਤ ਦਾ, ਪਤਿਪਰਮੇਸ਼ਵਰ ਭੇਵ ਖੁਲਾਈਆ । ਉਹ ਕੂਕ ਪੁਕਾਰੇ ਡੰਕਾ ਵੱਜਣਾ ਵਾਹਿਦ ਖ਼ੁਦਾ ਇਕ ਦਾ, ਏਕੰਕਾਰ ਆਪਣਾ ਹੁਕਮ ਵਰਤਾਈਆ । ਜਿਸ ਦਾ ਹੁਕਮ ਸੰਦੇਸਾ ਫ਼ਰਮਾਨਾ ਜੁਗ ਚੌਕੜੀ ਨਿਤ ਦਾ, ਨਵਿਤ ਆਪਣਾ ਹੁਕਮ ਵਰਤਾਈਆ । ਉਹ ਜਗ ਨੇਤਰ ਕਿਸੇ ਨਹੀਂ ਦਿਸਦਾ, ਅੱਖੀਆਂ ਵੇਖਣ ਮੂਲ ਨਾ ਪਾਈਆ । ਜਿਸ ਝਗੜਾ ਮੁਕਾਉਣਾ ਪਾਹਨ ਪੱਥਰ ਇੱਟ ਦਾ, ਅੱਖਰਾਂ ਵਾਲੀ ਮੇਟੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਉਤੇ ਕੀ ਤੇਰੀ ਨਾਜ਼ਲ ਹੋਏ ਵਹੀ, ਵਾਅਦੇ ਪਿਛਲੇ ਪੂਰ ਕਰਾਈਆ । ਤੂੰ ਆਪਣੀ ਸਾਹਿਬ ਸੁਲਤਾਨ ਪਾ ਦੇ ਸਹੀ, ਸਹੀ ਸਲਾਮਤ ਤੇਰੀ ਓਟ ਤਕਾਈਆ । ਮੇਰਾ ਲੇਖਾ ਲਿਖਿਆ ਦਿਸਦਾ ਨਹੀਂ ਕਿਸੇ ਵਹੀ, ਵਹੀ ਖਾਤਾ ਨਜ਼ਰ ਕੋਇ ਨਾ ਆਈਆ । ਮੈਨੂੰ ਯਾਦ ਆ ਗਿਆ ਗੋਬਿੰਦ ਦਾ ਵਕਤ ਪੂਰਾ ਹੋਇਆ ਢਈਆ ਢਈ, ਢੌਂਕਾ ਲੈ ਕੇ ਆਪਣੀ ਲੈ ਅੰਗੜਾਈਆ । ਮੈਂ ਹੈਰਾਨ ਹੋ ਗਈ ਸਭ ਦੇ ਹੁੰਦਿਆਂ ਪ੍ਰਭੂ ਮੇਰੀ ਪਤ ਗਈ, ਓਢਣ ਸੀਸ ਜਗਦੀਸ਼ ਨਾ ਕੋਇ ਟਿਕਾਈਆ । ਮੈਂ ਜਿਧਰ ਤੱਕਾਂ ਉਧਰ ਦਿਸਣ ਸ਼ਰਈ, ਸ਼ਰੀਅਤ ਦਾ ਪੰਧ ਨਾ ਕੋਇ ਮੁਕਾਈਆ । ਮੈਂ ਤੇਰੇ ਚਰਨ ਕਵਲਾਂ ਵਿਚ ਢਹੀ, ਢਹਿ ਢਹਿ ਕੇ ਧੂੜੀ ਖ਼ਾਕ ਰਮਾਈਆ । ਮੈਨੂੰ ਪਤਾ ਲੱਗਾ

ਤੂੰ ਕਲਜੁਗ ਖੇਲ ਕੀਤਾ ਬਣ ਬਢਈ, ਤੇਰਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰਾ ਖ਼ੁਦਾ ਅਲਜ਼ਵੀ ਜ਼ਮਹੂ ਅਲਜ਼ਿਓ ਅਨਜ਼ਿਸਤਾ ਕਜ਼ੂ ਮੋਜ਼ਿਸੇ ਹਵਾ ਜ਼ਾਹੂਦੇ ਨਵਾ ਨੂਰੇ ਖ਼ੁਦਾ ਚਸ਼ਮੇ ਰੁਬਾ ਵਾਹਿਦੇ ਮਜ਼ਾ ਪੈਗ਼ੰਬਰੇ ਜ਼ਨਕੇ ਰਸੂਲੇ ਜ਼ਵਕ ਨਵੀਏ ਤਫ਼ਕ ਉਮਤੇ ਮਜ਼ਹਕ ਸ਼ਰਅ ਸ਼ਰੀਅਤ ਲਾਸ਼ਰੀਕ ਤੇਰੀ ਵਡ ਵਡਿਆਈਆ । ਮੇਰੇ ਖ਼ੁਦਾਏ ਨਵਜ਼ੀ ਜ਼ੋਅ ਮਲਾਹਜ਼ੀ ਵਜ਼ਹਮਤੋ ਜ਼ੋਨੂਜ਼ੂਬਮਜ਼ਵੀ ਦੂਜੇ ਜ਼ਖਾ ਯਕ ਹਮ ਚਸ਼ਮੇ ਚਸ਼ੀ ਨੂਰੇ ਜ਼ਮੀਂ ਨੂਰ ਨੁਰਾਨੇ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਵਾਹਿਦ ਹਕ ਮਹਿਬੂਬਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਿਗਾਹ ਉਠਾਈਆ । ਮੈਂ ਤੇਰਾ ਖਾਤਾ ਤੱਕਿਆ ਮਤਰੂਕਾ, ਮੁਤਲਕਾ ਸਭ ਨੂੰ ਦਿਤਾ ਜਣਾਈਆ । ਮੇਰੇ ਅੰਦਰ ਇਕ ਸ਼ਕੂਕਾ, ਸ਼ਕਵਾ ਦੇਣਾ ਦੂਰ ਕਰਾਈਆ । ਤੂੰ ਕਿਉਂ ਝਗੜਾ ਪਾਇਆ ਵਜੂਦਾ, ਤਤ ਤਤਾਂ ਨਾਲ ਲੜਾਈਆ । ਕਿਉਂ ਮੇਰੇ ਉਤੇ ਸ਼ਰਅ ਦੀ ਵੰਡੀ ਹਦੂਦਾ, ਹਜ਼ਰਤਾਂ ਦੇ ਹਜ਼ਰਤ ਦੇਣਾ ਸਮਝਾਈਆ । ਮੇਰਾ ਲੇਖਾ ਮੁਕਾ ਦੇ ਹਾਜ਼ਰ ਹੋ ਕੇ ਮੌਜੂਦਾ, ਮੁਫ਼ਲਿਸ ਹੋ ਕੇ ਝੋਲੀ ਡਾਹੀਆ । ਕੂੜੀ ਕਿਰਿਆ ਕਰ ਦੇ ਨੇਸਤੋ ਨਾਬੂਦਾ, ਮੇਰੇ ਉਤੇ ਰਹਿਣ ਨਾ ਪਾਈਆ । ਤੇਰਾ ਆਲੀਸ਼ਾਨ ਅਰਸ਼ ਮਹੱਲ ਅਟੱਲ ਅਰੂਜਾ, ਨੂਰ ਨੁਰਾਨੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਧਰਨੀਏ ਨਾ ਕਰ ਐਡਾ ਰੌਲਾ, ਕੀ ਸ਼ਰਅ ਤੋਂ ਬਾਹਰ ਜਣਾਈਆ । ਮੇਰਾ ਪਤਿ ਪਰਮੇਸ਼ਵਰ ਇਕੋ ਮੌਲਾ, ਜੋ ਮੌਲਿਆ ਹਰ ਘਟ ਥਾਈਂਆ । ਜਿਸ ਨੇ ਸਭ ਦਾ ਪੂਰਾ ਕਰਨਾ ਕੌਲਾ, ਕੌਲ ਇਕਰਾਰ ਵੇਖ ਵਖਾਈਆ । ਵੇਸ ਵਟਾਏ ਉਤੇ ਧੌਲਾ, ਧਰਨੀ ਧਵਲ ਵੱਜੇ ਵਧਾਈਆ । ਤੂੰ ਉਸ ਸਵਾਮੀ ਅੰਤਰਜਾਮੀ ਦਾ ਗਾ ਇਕੋ ਸੋਹਲਾ, ਸੋ ਪੁਰਖ ਨਿਰੰਜਣ ਢੋਲਾ ਗਾਈਆ । ਜਿਸ ਨੇ ਤੇਰੇ ਉਤੋਂ ਕਲਜੁਗ ਕੂੜੀ ਕਿਰਿਆ ਦਾ ਮੇਟਣਾ ਰੌਲਾ, ਸਤਿ ਧਰਮ ਦੀ ਰੌਣਕ ਦਏ ਲਗਾਈਆ । ਉਹਦੇ ਸਤਿਗੁਰ ਸ਼ਬਦ ਦਾ ਫਰਕਣ ਲੱਗਾ ਡੌਲਾ, ਬਾਹੂ ਬਲ ਆਪ ਪ੍ਰਗਟਾਈਆ । ਲੱਖ ਚੁਰਾਸੀ ਤੋਲੇ ਫੜ ਕੇ ਨਾਮ ਕੰਡੇ ਧੁਰ ਦਾ ਤੋਲਾ, ਜਗਤ ਤਰਾਜੂ ਹੱਥ ਨਾ ਕੋਇ ਰਖਾਈਆ । ਉਸ ਦਾ ਰਹੇ ਨਾ ਪਰਦਾ ਓਹਲਾ, ਭੇਵ ਅਭੇਦਾ ਦਏ ਖੁਲਾਈਆ । ਜਿਸ ਦਵਾਰੇ ਦਾ ਸਤਿਗੁਰ ਨਾਨਕ ਬਣਿਆ ਗੋਲਾ, ਓਹ ਪੁਰਖ ਅਕਾਲਾ ਹੋਏ ਸਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰ ਬਦਲ ਕੇ ਆਏ ਚੋਲਾ, ਚੋਜੀ ਪ੍ਰੀਤਮ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਦਵਾਰਾ ਏਕੰਕਾਰਾ ਖੋਲਾ, ਜਿਸ ਨੂੰ ਬੰਦ ਸਕੇ ਨਾ ਕੋਇ ਕਰਾਈਆ ।



✪ ੨੧ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੁਸਾਣਾ ਜ਼ਿਲਾ ਜਲੰਧਰ ਮਹਿੰਦਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਨੂੰ ਸਤਿਗੁਰ ਸ਼ਬਦ ਨੇ ਦਿਤੀ ਪਾਤੀ, ਬਿਨ ਅੱਖਰ ਨਿਰੱਖਰ ਧਾਰ ਵਿਚ ਜਣਾਈਆ । ਮਿਹਰਵਾਨਾ ਮਿਹਰਵਾਨਾ ਮੈਨੂੰ

ਮਿਲੀ ਅਗੰਮ ਸੌਗ਼ਾਤੀ, ਲੋਕਮਾਤ ਨਜ਼ਰ ਕਿਸੇ ਨਾ ਆਈਆ । ਉਹ ਲਿਖੀ ਨਹੀਂ ਕਿਸੇ ਨਾਲ ਕਲਮ ਦਵਾਤੀ, ਅੱਖਰ ਅੱਖਰਾਂ ਨਾਲ ਜੋੜ (ਨਾ ਕੋਇ) ਜੁੜਾਈਆ । ਮੈਨੂੰ ਫ਼ਰਮਾਨਾ ਦਿਤਾ ਅਗੰਮੇ ਕਮਲਾਪਾਤੀ, ਜੋ ਪਤਿਪਰਮੇਸ਼ਵਰ ਨੂਰ ਅਲਾਹੀਆ । ਹੱਸ ਕੇ ਕਿਹਾ ਧਰਨੀਏ ਤੇਰੇ ਉਤੋਂ ਮੇਟਾਂ ਅੰਧੇਰੀ ਰਾਤੀ, ਕੂੜੀ ਕਿਰਿਆ ਬਾਹਰ ਕਢਾਈਆ । ਤੈਨੂੰ ਬਖ਼ਸ਼ਾਂ ਅੰਮ੍ਰਿਤ ਬੂੰਦ ਸਵਾਂਤੀ, ਧੁਰ ਦਾ ਮੇਘਲਾ ਇਕ ਬਰਸਾਈਆ । ਤੇਰੀ ਪਵਿਤ੍ਰ ਕਰਾਂ ਮਿੱਟੀ ਖ਼ਾਕੀ, ਖ਼ਾਕੀ ਖ਼ਾਕ ਦਿਆਂ ਵਡਿਆਈਆ । ਮਿਹਰਵਾਨ ਹੋ ਕੇ ਮਾਰਾਂ ਝਾਕੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰਾ ਲਹਿਣਾ ਦੇਣਾ ਲੇਖੇ ਲਾਵਾਂ ਬਾਕੀ, ਪਿਛਲਾ ਉਧਾਰ ਨਾ ਕੋਇ ਰਖਾਈਆ । ਸਤਿਜੁਗ ਸਾਚਾ ਤੇਰਾ ਬਖ਼ਸ਼ਾਂ ਸਾਥੀ, ਸਗਲਾ ਸੰਗ ਨਿਭਾਈਆ । ਵਸਤ ਅਮੋਲਕ ਨਾਮ ਦੇਵਾਂ ਦਾਤੀ, ਦਇਆਵਾਨ ਹੋ ਕੇ ਝੋਲੀ ਪਾਈਆ । ਝਗੜਾ ਮੇਟ ਦੇ ਜ਼ਾਤੀ ਪਾਤੀ, ਦੀਨਾਂ ਮਜ਼੍ਹਬਾਂ ਵੇਖ ਵਖਾਈਆ । ਆਤਮ ਪਰਮਾਤਮ ਪਾਰਬ੍ਰਹਮ ਸ੍ਰਿਸ਼ਟੀ ਦ੍ਰਿਸ਼ਟੀ ਬਣਾ ਕੇ ਇਕ ਜਮਾਤੀ, ਤੂੰ ਮੇਰਾ ਮੈਂ ਤੇਰਾ ਧੁਰ ਦਾ ਸੋਹਲਾ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਆਸਾਂ ਤੱਕ ਲੈ ਆਪ, ਆਪਣੀ ਦਇਆ ਕਮਾਈਆ । ਤੂੰ ਮੇਰਾ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਮੈਂ ਸਦ ਤੇਰਾ ਜਪਾਂ ਜਾਪ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਤੂੰ ਮੇਰੀ ਮਿੱਟੀ ਕਰਦੇ ਪਾਕ, ਪਤਤ ਪੁਨੀਤ ਤੇਰੀ ਸਰਨਾਈਆ । ਤ੍ਰੈਗੁਣ ਮੇਟ ਦੇ ਤਾਪ, ਅਗਨੀ ਅੱਗ ਬੁਝਾਈਆ । ਜੀਵਾਂ ਜੰਤਾਂ ਅੰਦਰੋਂ ਧੋ ਦੇ ਪਾਪ, ਪਤਤ ਪੁਨੀਤ ਦੇ ਬਣਾਈਆ । ਮੈਂ ਚਾਹੁੰਦੀ ਹਰ (ਘਟ) ਅੰਦਰ ਕਾਇਆ ਬਜਰ ਕਪਾਟੀ ਸਭ ਦੀ ਜਾਏ ਪਾਟ, ਦੂਈ ਦਵੈਤੀ ਪਰਦਾ ਰਹੇ ਨਾ ਰਾਈਆ । ਨਿਜ ਨੇਤਰ ਨਿਰਵੈਰ ਪੁਰਖ ਕਰ ਪ੍ਰਕਾਸ਼, ਲੋਇਨ ਅੰਦਰੋਂ ਦੇ ਖੁਲਾਈਆ । ਤੇਰਾ ਸ਼ਬਦ ਅਗੰਮੀ ਧੁਨ ਆਤਮ ਵੱਜੇ ਨਾਦ, ਸੁਰਤ ਸ਼ਬਦ ਵਿਚ ਸਮਾਈਆ । ਦ੍ਰਿਸ਼ਟੀ ਸ੍ਰਿਸ਼ਟੀ ਤੇਰਾ ਨੂਰ ਜ਼ਹੂਰ ਤੱਕੇ ਵਿਚ ਬ੍ਰਹਿਮਾਦ, ਬ੍ਰਹਿਮੰਡ ਤੇਰਾ ਧਿਆਨ ਲਗਾਈਆ । ਨਵ ਚਾਰ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਤੂੰ ਸਵਾਮੀ ਘਰ ਮਿਲਣਾ ਕੰਤ ਸੁਹਾਗ, ਸੁਹੰਜਣੀ ਖ਼ੁਸ਼ੀ ਬਣਾਈਆ । ਮੇਰੇ ਉਤੋਂ ਦੁਰਮਤ ਮੈਲ ਧੋ ਦੇ ਦਾਗ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਜੀਵ ਹੰਸ ਬਣਾ ਦੇ ਕਾਗ, ਕਾਗ ਵਾਂਗ ਨਾ ਕੋਇ ਕੁਰਲਾਈਆ । ਅੰਤਰ ਆਤਮ ਪਰਮਾਤਮ ਦੇ ਆਪਣਾ ਵੈਰਾਗ, ਵੈਰੀ ਪੰਜ ਵਿਕਾਰ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਧਰਨੀ ਕਹੇ ਮੇਰੇ ਉਤੇ ਕਿਰਪਾ ਕਰ ਮੇਰੇ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਇਕੋ ਦੱਸ ਦੇ ਧੁਰ ਦਾ ਨਾਮ ਕਲਮਾ ਮੰਤ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਤੇਰੀ ਮਹਿੰਮਾ ਸਦਾ ਅਗਣਤ, ਬੇਅੰਤ ਤੇਰੀ ਵਡਿਆਈਆ । ਮੈਂ ਦਰਵੇਸ਼ਣ ਭਿਖਾਰਨ ਆਈ ਮੰਗਤ, ਖ਼ਾਲੀ ਝੋਲੀ ਦੇਣੀ ਭਰਾਈਆ । ਮੇਰੇ ਉਤੇ ਚਾਰ ਵਰਨ ਅਠਾਰਾਂ ਬਰਨ ਦੀਨਾਂ ਮਜ਼੍ਹਬਾਂ ਬਣਾ ਇਕੋ ਸੰਗਤ, ਜ਼ਾਤ ਪਾਤ ਦਾ ਲੇਖਾ ਰਹੇ ਨਾ ਰਾਈਆ । ਤੂੰ ਬੋਧ ਅਗਾਧਾ ਸੁਰਤ ਸ਼ਬਦ ਦਾ ਅਗੰਮੀ ਪੰਡਤ, ਜਗਤ ਵਿਦਿਆ ਤੋਂ ਬਾਹਰ ਤੇਰੀ ਪੜ੍ਹਾਈਆ । ਮੇਰੇ ਸਵਾਮੀ ਅੰਤਰਜਾਮੀ ਮੇਰੀ ਇਕੋ ਮੰਨ ਲੈ ਮਿੰਨਤ, ਨਿਵ ਨਿਵ ਦਰ ਤੇਰੇ ਸੀਸ ਨਿਵਾਈਆ । ਮੈਨੂੰ ਖ਼ੁਸ਼ੀ ਵਖਾ ਦੇ ਮੇਰੀ ਚਾਰੇ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਆਪਣਾ ਰੰਗ ਰੰਗਾਈਆ । ਮਨ ਕਲਪਣਾ ਦੀਨ ਦੁਨੀ

੯੪੫
੨੩

ਕਰੇ ਕੋਈ ਨਾ ਇਲਤ, ਇਲਮ ਆਲਮਾਂ ਦੇ ਸਮਝਾਈਆ । ਸਚ ਧਰਮ ਦੀ ਸਤਿ ਸਤਿਵਾਦੀ ਬਖ਼ਸ਼ ਹਿੰਮਤ, ਹੌਸਲੇ ਜਗਤ ਵਿਚ ਵਧਾਈਆ । ਮੇਰੇ ਮਾਲਕ ਮੈਂ ਚਾਹੁੰਦੀ ਮੇਰੇ ਉਤੇ ਕੋਈ ਰਹੇ ਨਾ ਤੇਰਾ ਨਿੰਦਕ, ਨਿੰਦਿਆ ਦੀਨ ਦੁਨੀ ਤੋਂ ਬਾਹਰ ਕਢਾਈਆ । ਮੇਰੀ ਸਗਲੀ ਮਿਟ ਜਾਏ ਚਿੰਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਠਾਂਡੇ ਸਚਖੰਡ ਦਵਾਰੇ ਮੈਂ ਨਿਰਧਨ ਕਰਾਂ ਮਿੰਨਤ, ਨਿਵ ਨਿਵ ਸੀਸ ਜਗਦੀਸ਼ ਝੁਕਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੁਸਾਣਾ ਜ਼ਿਲਾ ਜਲੰਧਰ ਗੁਰਨਾਮ ਕੌਰ ਦੇ ਗ੍ਰਿਹ ✪

ਧਰਨੀ ਕਹੇ ਪ੍ਰਭ ਮੇਰੇ ਉਤੋਂ ਮੇਟ ਦੇ ਰੈਣ ਕਾਲੀ, ਕਾਲਖ ਟਿੱਕਾ ਦੇ ਧਵਾਈਆ । ਦੀਨ ਦੁਨੀ ਦੇ ਮਸਤਕ ਚਾੜ੍ਹ ਲਾਲੀ, ਲਾਲ ਗੁਲਾਲੇ ਆਪਣਾ ਰੰਗ ਰੰਗਾਈਆ । ਫਲ ਲਗਾ ਦੇ ਮਾਨਸ ਵਾਲੀ ਡਾਲੀ, ਤਨ ਵਜੂਦ ਦੇ ਮਹਿਕਾਈਆ । ਮੇਰੇ ਉਤੇ ਧਰਮ ਦੀ ਹੋਵੇ ਤੇਰੀ ਧਰਮਸਾਲੀ, ਧਰਮ ਦਵਾਰਾ ਇਕ ਵਡਿਆਈਆ । ਮੇਰੀ ਲਜਪਤ ਅੰਤਮ ਪਾਲੀਂ, ਪਾਲਣਹਾਰ ਤੇਰੀ ਸ਼ਰਨਾਈਆ । ਮੈਂ ਦੁਖਿਆਰਨ ਹੋਈ ਬਾਹਲੀ, ਬਹੁੜੀ ਬਹੁੜੀ ਕਰ ਸੁਣਾਈਆ । ਮੰਗਤੀ ਬਣੀ ਸਵਾਲੀ, ਭਿਛਿਆ ਦੇਣੀ ਪਾਈਆ । ਮੋਹ ਵਿਕਾਰ ਮੇਰੇ ਉਤੋਂ ਪਾਵੇ ਚਾਲੀ, ਚਾਰ ਕੁੰਟ ਰਹਿਣ ਨਾ ਪਾਈਆ । ਤੇਰੀ ਖੇਲ ਤੱਕਾਂ ਨਿਰਾਲੀ, ਨੂਰ ਨੁਰਾਨੇ ਦੇਣੀ ਵਖਾਈਆ । ਮੇਰੀ ਹਾਲਤ ਵੇਖ ਲੈ ਹਾਲੀ, ਹਰ ਹਿਰਦਾ ਫੋਲ ਫੁਲਾਈਆ । ਤੂੰ ਜਗਤ ਬਾਗ਼ ਦਾ ਮਾਲੀ, ਚਾਰੋਂ ਕੁੰਟ ਸੋਭਾ ਪਾਈਆ । ਮੈਂ ਚਾਹੁੰਦੀ ਮੇਰੀ ਲੇਖੇ ਲੱਗੇ ਘਾਲਣ ਘਾਲੀ, ਘਰ ਮੇਰਾ ਸੋਭਾ ਪਾਈਆ । ਤੇਰਾ ਦੀਪਕ ਪ੍ਰਕਾਸ਼ ਹੋਵੇ ਮੇਰੀ ਖ਼ੁਸ਼ੀਆਂ ਵਾਲੀ ਹੋਵੇ ਦੀਵਾਲੀ, ਦੀਆ ਬਾਤੀ ਕਮਲਾਪਾਤੀ ਕਾਇਆ ਮੰਦਰ ਅੰਦਰ ਦੇਣਾ ਜਗਾਈਆ । ਸੋਈ ਸੁਰਤੀ ਸ੍ਰਿਸ਼ਟੀ ਦ੍ਰਿਸ਼ਟੀ ਆਪ ਉਠਾਲੀ, ਜਗਤ ਦਲਿੱਦ੍ਰ ਦੇਣਾ ਮੁਕਾਈਆ । ਚਾਰ ਵਰਨ ਏਕਾ ਸਰਨ ਬਹਾਲੀ, ਸਾਹਿਬ ਤੇਰੀ ਓਟ ਰਖਾਈਆ । ਸਾਚੇ ਨਾਮ ਦੀ ਗਾਲੀਂ ਵਿਚ ਕੁਠਾਲੀ, ਰੂਪ ਅਨੂਪ ਦੇਣਾ ਬਦਲਾਈਆ । ਮੁਰਦੀ ਦੁਨੀਆ ਮੁਰੀਦ ਹੋ ਕੇ ਮੁਰਸ਼ਦ ਆਪ ਜਵਾਲੀ, ਮੁਰੀਦ ਮੁਰਸ਼ਦ ਆਪਣਾ ਰੂਪ ਵਖਾਈਆ । ਫਿਰ ਮੈਂ ਖ਼ੁਸ਼ੀਆਂ ਵਿਚ ਲਾਵਾਂ ਤਾਲੀ, ਦੋ ਹੱਥਾਂ ਤਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਮਿਹਰ ਦਾ ਬਰਸ ਦੇ ਮੇਘ, ਚਾਰੋਂ ਕੁੰਟ ਅਗਨ ਬੁਝਾਈਆ । ਧਰਮ ਦੀ ਧਾਰ ਫੜ ਤੇਗ਼, ਕੂੜੀ ਕਿਰਿਆ ਬਾਹਰ ਕਢਾਈਆ । ਨਾਮ ਨਿਧਾਨ ਵਰਤਾ ਦੇਗ, ਘਰ ਘਰ ਅੰਮ੍ਰਿਤ ਬੂੰਦ ਚੁਆਈਆ । ਤ੍ਰੈਗੁਣ ਮਾਇਆ ਮੇਰੇ ਉਤੇ ਨਾ ਲੱਗੇ ਸੇਕ, ਅਗਨੀ ਅੱਗ ਦੇਣੀ ਗਵਾਈਆ । ਦੀਨ ਦੁਨੀ ਕਰ ਨੇਕ, ਬਦੀ ਦਾ ਡੇਰਾ ਢਾਹੀਆ । ਸਭ ਦੀ ਬੁੱਧੀ ਹੋਵੇ ਬਿਬੇਕ, ਮਨਮਤ ਦੇਣੀ ਸਮਝਾਈਆ । ਮੇਰਾ ਕੁਕਰਮ ਦਾ ਬਦਲ ਦੇ ਲੇਖ, ਭਾਗਹੀਣ ਦੇ ਵਡਿਆਈਆ । ਝਗੜਾ ਮੇਟ ਦੇ ਮੁੱਲਾ ਸ਼ੇਖ਼, ਮੁਸਾਇਕਾਂ ਕਰ ਸਫ਼ਾਈਆ । ਮੈਂ ਤੇਰਾ ਦਰਸ਼ਨ ਆਪਣੇ ਉਤੇ ਲਵਾਂ ਪੇਖ, ਪੇਖ ਪੇਖ ਨੈਣ ਬਿਘਸਾਈਆ । ਮੇਰੀ ਕਲਜੁਗ ਵਾਲੀ ਬਦਲ ਦੇ ਰੇਖ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਤੇਰਾ ਤੱਕ ਅਗੰਮਾ ਭੇਸ, ਭੇਖਾ ਧਾਰੀ ਪਰਦਾ ਦੇਣਾ ਉਠਾਈਆ । ਮੈਂ ਸਤਿਗੁਰ ਸ਼ਬਦ ਤੱਕਾਂ ਨੂਰ ਨੁਰਾਨਾ

ਦਸ ਦਸਮੇਸ਼, ਦਹਿ ਦਿਸ਼ਾ ਨਜ਼ਰੀ ਆਈਆ । ਜੋ ਸਦਾ ਰਹੇ ਹਮੇਸ਼, ਜੁਗ ਜੁਗ ਆਪਣਾ ਹੁਕਮ ਵਰਤਾਈਆ । ਓਹ ਮੇਰੇ ਉਤੋਂ ਮੇਟੇ ਕਲੇਸ਼, ਕਲ ਕਾਤੀਆ ਪੰਧ ਮੁਕਾਈਆ । ਧਰਨੀ ਕਹੇ ਮੇਰੇ ਥੱਲੇ ਰੋਵੇ ਸ਼ੇਸ਼, ਭਾਰ ਧਵਲ ਵਾਲਾ ਉਠਾਈਆ । ਉਹ ਵੀ ਤੇਰੇ ਅਗੇ ਹੋਏ ਪੇਸ਼, ਪੇਸ਼ਨਗੋਈਆਂ ਆਪਣੇ ਹੱਥ ਉਠਾਈਆ । ਉਹ ਵੇਖ ਪੁਕਾਰਾਂ ਕਰੇ ਗਣੇਸ਼, ਗਣਪਤ ਦਏ ਦੁਹਾਈਆ । ਪਰਮ ਪੁਰਖ ਪਰਮਾਤਮ ਕਲਜੁਗ ਅੰਤ ਚਲੇ ਕਿਸੇ ਨਾ ਪੇਸ਼, ਸਾਰੇ ਬੈਠੇ ਸੀਸ ਨਿਵਾਈਆ । ਪੂਰਬ ਲੇਖਾ ਸਭ ਕੁਛ ਤੇਰੇ ਕੀਤਾ ਭੇਟ, ਭੇਟਾ ਆਪਣਾ ਆਪ ਕਰਾਈਆ । ਇਕੋ ਤੇਰੀ ਕਰਨੀ ਦੇ ਕਰਤੇ ਰਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਤੂੰ ਆ ਪ੍ਰਭੂ ਮੇਰੇ ਪਰਦੇਸਣ ਦੇ ਦੇਸ, ਪਰਦੇਸੀ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸਵਾਮੀ ਆਦਿ ਜੁਗਾਦੀ ਏਕ, ਏਕੰਕਾਰ ਤੇਰੀ ਸਰਨਾਈਆ ।



### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡੀਰੇ ਜ਼ਿਲਾ ਜਲੰਧਰ ਤਾਰੂ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭ ਮੇਰੇ ਉਤੇ ਸਤਿਜੁਗ ਲਗਾ ਦੇ ਧਰਮੀ, ਧਰਮ ਦਵਾਰਾ ਇਕੋ ਇਕ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਮਿਟਾ ਦੇ ਗਰਮੀ, ਅਗਨੀ ਅੱਗ ਨਾ ਕੋਇ ਜਲਾਈਆ । ਭੇਵ ਰਹੇ ਨਾ ਵਰਨੀ ਬਰਨੀ, ਦੀਨਾਂ ਮਜ਼੍ਹਬਾਂ ਇਕੋ ਗੰਢ ਪਵਾਈਆ । ਮੈਂ ਸੀਸ ਨਿਵਾਵਾਂ ਤੇਰੇ ਚਰਨੀ, ਚਰਨ ਕਵਲ ਦੇਣੀ ਸਰਨਾਈਆ । ਮੇਰੇ ਉਤੇ ਇਕੋ ਤੁਕ ਸਭ ਨੇ ਹੋਵੇ ਪੜ੍ਹਨੀ, ਆਤਮ ਪਰਮਾਤਮ ਢੋਲਾ ਦੇਣਾ ਜਣਾਈਆ । ਗੜ੍ਹ ਤੋੜਨਾ ਹਉਮੇ ਗੜ੍ਹਨੀ, ਹੰਕਾਰ ਵਿਚੋਂ ਦੇਣਾ ਚੁਕਾਈਆ । ਦੀਨ ਦੁਨੀ ਛਡ ਦੇਵੇ ਲੜਾਈ ਲੜਨੀ, ਕਾਤਲ ਮਕਤੂਲ ਦਾ ਪੰਧ ਦੇਣਾ ਮੁਕਾਈਆ । ਆਪਣੀ ਮੰਜ਼ਲ ਹਕੀਕੀ ਦਸ ਦੇ ਚੜ੍ਹਨੀ, ਕਿਸ ਬਿਧ ਮੇਲਾ ਮਿਲੇ ਮਹਿਬੂਬ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪੁਰਖ ਅਕਾਲ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸਾਚੀ ਦੇ ਦੇ ਸਿਖਿਆ, ਸਿਖਿਆ ਨਾਮ ਸਾਖਿਆਤ ਸਮਝਾਈਆ । ਕਲਜੁਗ ਜੀਵਾਂ ਪ੍ਰੇਮ ਦੀ ਪਾ ਦੇ ਭਿਖਿਆ, ਜਿਹੜੇ ਪਰਮ ਪੁਰਖ ਤੈਨੂੰ ਗਏ ਭੁਲਾਈਆ । ਕਲਜੁਗ ਦਾ ਲੰਮਾ ਪੈਂਡਾ ਮੁਕਾ ਦੇ ਲਿਖਿਆ, ਲੇਖ ਲੇਖਾ ਦੇ ਬਦਲਾਈਆ । ਤੇਰਾ ਭਾਣਾ ਅਮੇਟ ਅਮਿਟਿਆ, ਨਾ ਕੋਈ ਮੇਟ ਮਿਟਾਈਆ । ਨਿਗਾਹ ਮਾਰ ਲੈ ਤੇਰੇ ਉਤੇ ਮਨ ਦਿਸੇ ਕਿਸੇ ਨਾ ਟਿਕਿਆ, ਸਚ ਪ੍ਰੀਤ ਨਾ ਕੋਇ ਬਣਾਈਆ । ਚਾਰੋਂ ਕੁੰਟ ਤੇਰੇ ਧਰਮ ਦਾ ਦੁੱਧ ਫਿਟਿਆ, ਸਤਿ ਨਜ਼ਰ ਕੋਇ ਨਾ ਆਈਆ । ਆਪਣਾ ਖੇਲ ਦੱਸ ਅਨਡਿਠਿਆ, ਅਨਡਿੱਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਤੇਰੇ ਹੱਥ ਵਡਿਆਈਆ । ਧਰਨੀ ਕਹੇ ਮੇਰੇ ਉਤੋਂ ਬਦਲ ਦੇ ਦੀਨ ਦੁਨੀਆ ਦੀ ਧਾਰ, ਧਰਮ ਧਾਰ ਇਕ ਸਮਝਾਈਆ । ਕਲਜੁਗ ਮੇਟ ਦੇ ਕੂੜ ਕੁੜਿਆਰ, ਕੁਟੰਬ ਮਾਇਆ ਮਮਤਾ ਮੋਹ ਰਹਿਣ ਨਾ ਪਾਈਆ । ਸਤਿਜੁਗ ਸਤਿ ਦੇ ਅਧਾਰ, ਮੇਰੇ ਉਦਰ ਵਿਚੋਂ ਪ੍ਰੇਮ ਦੀ ਧਾਰ ਕਢਾਈਆ । ਪੁਨਹ ਪੁਨਹ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਮੈਂ ਤੇਰੇ ਸੰਤਾਂ ਭਗਤਾਂ ਦੀ ਵੇਖਾਂ ਬਹਾਰ, ਗੁਲਸ਼ਨ

ਗੁਰਮੁਖਾਂ ਵਾਲਾ ਮਹਿਕਾਈਆ । ਜਿਧਰ ਤੱਕਾਂ ਤੇਰੇ ਨਾਮ ਦੀ ਆਵੇ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਭ ਦਾ ਸਾਂਝਾ ਕਰ ਪਿਆਰ, ਹਿੰਦੂ ਮੁਸਲਿਮ ਸਿਖ ਈਸਾਈ ਇਕੋ ਰੰਗ ਰੰਗਾਈਆ । ਆਤਮ ਪਰਮਾਤਮ ਪਾਰਬ੍ਰਹਮ ਪ੍ਰਭ ਭੇਵ ਦੇ ਨਿਵਾਰ, ਨਿਜ ਘਰ ਵਾਸੀ ਆਪਣਾ ਪਰਦਾ ਦੇ ਉਠਾਈਆ । ਮੇਰੇ ਉਤੇ ਰਹੇ ਨਾ ਧੂੰਆਂਧਾਰ, ਨੂਰੀ ਚੰਨ ਦੇਣਾ ਚਮਕਾਈਆ । ਮੈਂ ਤੇਰਾ ਬਿਨ ਵਾਰ ਥਿਤ ਤੋਂ ਕਰਾਂ ਇੰਤਜ਼ਾਰ, ਬਿਨ ਘੜੀ ਪਲ ਧਿਆਨ ਲਗਾਈਆ । ਕਿਰਪਾ ਕਰ ਮੇਰੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮੇਰੇ ਉਤੋਂ ਕੁਕਰਮ ਦਾ ਲਾਹ ਦੇ ਭਾਰ, ਭਾਵੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਦੇਣਾ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਦੁੱਖਾਂ ਦਾ ਕਰ ਦੇ ਦਾਰੂ, ਨਾਮ ਨਿਧਾਨਾ ਦੇ ਵਰਤਾਈਆ । ਮੇਰੇ ਥਲ ਵੇਖ ਲੈ ਮਾਰੂ, ਚਾਰੋਂ ਕੁੰਟ ਧਿਆਨ ਲਗਾਈਆ । ਦੀਨ ਦੁਨੀਆ ਤੁਧ ਬਿਨ ਕੋਈ ਨਾ ਪਾਰ ਉਤਾਰੂ, ਅਵਤਾਰ ਪੈਗ਼ੰਬਰ ਗੁਰੂ ਪੱਲੂ ਗਏ ਛੁਡਾਈਆ । ਕਿਸੇ ਦਾ ਸਹਾਇਕ ਨਾਇਕ ਦਿਸੇ ਕੋਇ ਨਾ ਪਾਹਰੂ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਕੂੜਾ ਕੁਕਰਮ ਬਣਿਆ ਕਾਰੂ, ਮਮਤਾ ਮੋਹ ਨਾਲ ਮਿਲਾਈਆ । ਤੁਧ ਬਿਨ ਦਏ ਨਾ ਕੋਇ ਅਧਾਰੂ, ਉਦਰ ਵਿਚ ਹੋਏ ਨਾ ਕੋਇ ਸਹਾਈਆ । ਮੈਂ ਬੇਨੰਤੀ ਕਰਦੀ ਸ੍ਰਿਸ਼ਟੀ ਜਨ ਭਗਤ ਬਣਾ ਦੇ ਜਿਸ ਤਰਾ ਭਗਤ ਬਣਾਇਆ ਸਿੰਘ ਤਾਰੂ, ਤਾਰਨਹਾਰ ਤੇਰੀ ਸਰਨਾਈਆ । ਮੈਂ ਵੇਖਾਂ ਜੰਗਲ ਜੂਹ ਪਹਾੜੂ, ਟਿੱਲੇ ਪਰਬਤਾਂ ਖੋਜ ਖੁਜਾਈਆ । ਤੁਧ ਬਿਨ ਮੇਰਾ ਤਨ ਵਜੂਦ ਕਵਣ ਸ਼ਿੰਗਾਰੂ, ਧਰਮ ਦਾ ਬਸਤਰ ਕਵਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਆਪਣਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਰੰਗ ਚਾੜ੍ਹ ਦੇ ਦੀਨ ਦੁਨੀ, ਦੁਨੀਆਦਾਰ ਵੇਖ ਵਖਾਈਆ । ਤੁਧ ਬਿਨ ਬਣੇ ਕੋਇ ਨਾ ਮੁਨੀ, ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਸਾਚੇ ਨਾਮ ਦੀ ਦੇ ਦੇ ਧੁਨੀ, ਧੁਨ ਆਤਮਕ ਰਾਗ ਦੇ ਦ੍ਰਿੜਾਈਆ । ਤੂੰ ਦਾਤਾ ਗਹਿਰ ਗੰਭੀਰ ਵਡ ਗੁਣ ਗੁਣੀ, ਗੋਬਿੰਦ ਧੁਰ ਦਾ ਮਾਹੀਆ । ਮੇਰੀ ਪੁਕਾਰ ਸਵਾਮੀ ਸੁਣੀ, ਅਣਸੁਣਤ ਦਿਆਂ ਜਣਾਈਆ । ਮੈਂ ਜਗਤ ਜਹਾਨ ਰੁੱਲੀ, ਮੇਰੀ ਕੀਮਤ ਕੋਇ ਨਾ ਪਾਈਆ । ਤੇਰੀ ਦੁਨੀਆ ਤੇਰੇ ਨਾਲੋਂ ਭੁਲੀ, ਵਿਛੋੜੇ ਵਿਚ ਸਮਝ ਕਿਸੇ ਨਾ ਆਈਆ । ਭਾਗ ਲੱਗੇ ਨਾ ਕਿਸੇ ਕਾਇਆ ਕੁੱਲੀ, ਕਾਅਬਾ ਹਕ ਨਜ਼ਰ ਕਿਸੇ ਨਾ ਆਈਆ । ਮੇਰੇ ਮਹਿਬੂਬਾ ਸਚ ਪਿਆਰ ਦੀ ਵਸਤ ਦੇ ਅਨਮੁੱਲੀ, ਕਰਤੇ ਕੀਮਤ ਕੋਇ ਨਾ ਪਾਈਆ । ਤੂੰ ਮਾਲਕ ਸੁਲਹਕੁਲੀ, ਕੁੱਲ ਮਾਲਕ ਇਕ ਅਖਵਾਈਆ । ਤੂੰ ਨਿਗਾਹ ਮਾਰ ਲੈ ਤੇਰਾ ਜਾਪ ਹੁੰਦਾ ਬੁੱਲੀ, ਹਿਰਦੇ ਤੈਨੂੰ ਸਕੇ ਨਾ ਕੋਇ ਵਸਾਈਆ । ਤੇਰੀ ਅੰਮ੍ਰਿਤ ਧਾਰ ਤੇਰੇ ਬਿਨਾ ਡੁਲ੍ਹੀ, ਅਮਿਉਂ ਰਸ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਉਣਾ ਧਰਨੀ ਕਹੇ ਮੇਰੇ ਨਵ ਸੱਤ ਧਾਰ ਦੀ ਕੁੱਲੀ, ਨਵ ਨੌ ਚਾਰ ਦਾ ਪੰਧ ਮੁਕਾਈਆ ।


੯੪੯
੨੩

## ✪ ੨੨ ਚੇਤ ਸ਼ਹਿਨਸ਼ਹੀ ਸੰਮਤ ਨੌ ਪਿੰਡ ਰੁਪੋਵਾਲ ਜ਼ਿਲਾ ਹੁਸ਼ਿਆਰ ਪੁਰ ਸੁਰਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭ ਚਰਨ ਕਵਲਾਂ ਦੇ ਦੇ ਧੂੜੀ, ਧਰਮ ਦੀ ਧਾਰ ਮਸਤਕ ਖ਼ਾਕ ਰਮਾਈਆ । ਸਚ ਪਿਆਰ ਮੁਹੱਬਤ ਦੀ ਰੰਗਣ ਚਾੜ੍ਹ ਦੇ ਗੂੜ੍ਹੀ, ਜਗਤ ਜਹਾਨ ਦੁਰਮਤ ਮੈਲ ਧਵਾਈਆ । ਹਰ ਘਟ ਅੰਦਰੋਂ ਵਾਸਨਾ ਕਢ ਦੇ ਕੂੜੀ, ਕਿਰਿਆ ਕੁਕਰਮ ਰਹਿਣ ਨਾ ਪਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹੀ, ਹਉਮੇ ਹੰਗਤਾ ਗੜ੍ਹ ਤੁੜਾਈਆ । ਆਪਣਾ ਜਲਵਾ ਪ੍ਰਕਾਸ਼ ਦੇ ਦੇ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਸਤਿ ਸਵਾਮੀ ਅੰਤਰਜਾਮੀ ਹੋਣਾ ਜ਼ਾਹਰ ਜ਼ਹੂਰੀ, ਜ਼ਾਹਰਾ ਆਪਣਾ ਹੁਕਮ ਵਰਤਾਈਆ । ਤੂੰ ਸਰਬ ਕਲਾ ਸਮਰਥ ਭਰਪੂਰੀ, ਭਰਪੂਰ ਰਿਹਾ ਸਰਬ ਠਾਈਂਆ । ਧਰਨੀ ਕਹੇ ਮੇਰੀ ਬੇਨੰਤੀ ਕਰ ਮਨਜ਼ੂਰੀ, ਦਰ ਠਾਂਡੇ ਨਿਵ ਨਿਵ ਸੀਸ ਝੁਕਾਈਆ । ਪ੍ਰਭੂ ਮੇਰੀ ਮਨਸਾ ਰਹਿਣ ਨਾ ਦੇਵੀਂ ਅਧੂਰੀ, ਹਜ਼ਰਤਾਂ ਦੇ ਮਾਲਕ ਤੇਰੀ ਵਡ ਵਡਿਆਈਆ । ਉਹ ਤੱਕ ਲੈ ਕੀ ਇਸ਼ਾਰਾ ਦੇਵੇ ਮੂਸਾ ਉਤੇ ਕੋਹਤੂਰੀ, ਤੁਰੀਆ ਤੋਂ ਬਾਹਰ ਆਖ ਸੁਣਾਈਆ । ਕੀ ਸੈਨਤ ਕੀਤੀ ਧੁਰ ਦੇ ਬਾਪ ਈਸਾ ਨੂਰੀ, ਨੂਰ ਨੁਰਾਨੇ ਤੇਰਾ ਧਿਆਨ ਲਗਾਈਆ । ਮੁਹੰਮਦ ਕਹੇ ਮੇਰੀ ਚੌਧਵੀਂ ਸਦੀ ਉਸੇ ਦੀ ਹੋਣੀ ਮਸ਼ਹੂਰੀ, ਮਸ਼ਵਰਾ ਜਿਸ ਦੇ ਨਾਲ ਪਕਾਈਆ । ਨਾਨਕ ਨਿਰਗੁਣ ਕਿਹਾ ਉਹ ਪੰਧ ਮੇਟੇ ਨੇੜ ਦੂਰੀ, ਦੂਰ ਦੁਰਾਡਾ ਧੁਰ ਦਾ ਮਾਹੀਆ । ਗੋਬਿੰਦ ਕਿਹਾ ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਆਸਾ ਮਨਸਾ ਕਰੇ ਪੂਰੀ, ਪਰਮ ਪੁਰਖ ਆਪਣਾ ਭੇਵ ਖੁਲਾਈਆ । ਦੀਨ ਦੁਨੀ ਵਰਨ ਬਰਨ ਕਾਇਆ ਮੰਦਰ ਵੇਖੇ ਗ਼ਰੂਰੀ, ਗ਼ੁਰਬਤ ਸਭ ਦੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਦੇਵਣਹਾਰ ਇਕ ਅਖਵਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਲਿਖ ਦੇ ਅਪਾਰ, ਅਪਰੰਪਰ ਦਇਆ ਕਮਾਈਆ । ਮੇਰੇ ਉਤੇ ਤੇਰੇ ਨਾਮ ਦਾ ਹੋਵੇ ਜੈਕਾਰ, ਚਾਰ ਕੁੰਟ ਹੋਵੇ ਰੁਸ਼ਨਾਈਆ । ਜੀਵ ਜੰਤ ਰਹੇ ਨਾ ਕੋਇ ਗ਼ਦਾਰ, ਘਰ ਘਰ ਆਪਣਾ ਰੰਗ ਦੇਣਾ ਰੰਗਾਈਆ । ਮੈਂ ਤੇਰੀ ਬਣਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਤੇਰੇ ਚਰਨ ਕਵਲ ਕਦਮਾਂ ਜਾਵਾਂ ਬਲਿਹਾਰ, ਆਪ ਆਪਾ ਘੋਲ ਘੁਮਾਈਆ । ਏਕਾ ਰੰਗ ਰੰਗਾ ਦੇ ਪੁਰਖ ਨਾਰ, ਨਰ ਨਰਾਇਣ ਤੇਰੀ ਵਡ ਵਡਿਆਈਆ । ਜ਼ਾਤ ਪਾਤ ਦੀਨ ਮਜ਼੍ਹਬ ਕਰੇ ਨਾ ਕਿਸੇ ਖ਼ੁਆਰ, ਖ਼ਾਲਕ ਆਪਣਾ ਪਰਦਾ ਦੇਣਾ ਚੁਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੇ ਨਾਮ ਤੇ ਹੋਏ ਨਾ ਕੋਇ ਤਕਰਾਰ, ਝਗੜਾ ਸ਼ਰਅ ਦੇਣਾ ਗਵਾਈਆ । ਤੂੰ ਮੀਤ ਮੁਰਾਰਾ ਏਕੰਕਾਰਾ ਪਰਵਰਦਿਗਾਰ ਸਾਂਝਾ ਯਾਰ, ਯਾਮਬੀਨ ਤੇਰੀ ਓਟ ਤਕਾਈਆ । ਤੂੰ ਰਾਮ ਰਾਮਾ ਧੁਰ ਦਾ ਕਾਹਨਾ, ਸਚਖੰਡ ਨਿਵਾਸੀ ਸ਼ਹਿਨਸ਼ਾਹ ਸਿਕਦਾਰ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਲਹਿਣਾ ਦੇਣਾ ਮਕਰੂਜ਼ ਸਭ ਦਾ ਕਰਜ਼ ਉਤਾਰ, ਅਵਤਾਰ ਪੈਗ਼ੰਬਰ ਗੁਰੂਆਂ ਲੇਖਾ ਧਰਨੀ ਕਹੇ ਲੋਕਮਾਤ ਰਹਿਣ ਨਾ ਪਾਈਆ । ਮੈਂ ਨਿਮਾਣੀ ਕੋਝੀ ਕਮਲੀ ਤੂੰ ਮਾਲਕ ਪੁਰਖ ਅਕਾਲ ਮੇਰੀ ਪਾ ਸਾਰ, ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਬੇੜਾ ਮੇਰਾ ਕਰੇ ਕੋਇ ਨਾ ਪਾਰ, ਕਿਨਾਰਾ ਅੰਤ ਨਜ਼ਰ ਕੋਇ ਨਾ ਆਈਆ ।

## ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੁਲੀਆਂ ਜ਼ਿਲਾ ਹੁਸ਼ਿਆਰਪੁਰ ਧੰਨਾ ਸਿੰਘ ਦੇ ਗ੍ਰਿਹ

ਧਰਨੀ ਕਹੇ ਕਿਰਪਾ ਕਰ ਗ਼ਰੀਬ ਨਿਵਾਜ, ਗ਼ਰੀਬ ਨਿਮਾਣਿਆਂ ਦੇ ਵਡਿਆਈਆ । ਸਚ ਮੁਹੱਬਤ ਦਾ ਬਖ਼ਸ਼ ਤਾਜ, ਤਖ਼ਤ ਨਿਵਾਸੀ ਸੀਸ ਜਗਦੀਸ਼ ਟਿਕਾਈਆ । ਆਤਮ ਪਿਆਰ ਦੇ ਦੇ ਰਾਜ, ਰੰਗ ਰਤੜੇ ਸਾਚੇ ਮਾਹੀਆ । ਜਨਮ ਕਰਮ ਦਾ ਸਵਾਰ ਕਾਜ, ਦੁਖੀਆਂ ਦਰਦ ਵੰਡਾਈਆ । ਲੇਖੇ ਲਾ ਲੈ ਪੂਰਬ ਕਰਮ ਦੇ ਆਜ, ਆਜਿਜ਼ ਆਪਣੇ ਲੈ ਬਣਾਈਆ । ਭਾਗ ਨਿਖੁੱਟੇ ਜਾਣ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਘਰ ਸਵਾਮੀ ਜਗਾ ਚਰਾਗ਼, ਅੰਧ ਅੰਧੇਰਾ ਦੇ ਮਿਟਾਈਆ । ਕੂੜੀ ਕਿਰਿਆ ਧੋ ਦਾਗ਼, ਦੁਰਮਤ ਮੈਲ ਕਰ ਸਫ਼ਾਈਆ । ਚਰਨ ਧੂੜੀ ਬਖ਼ਸ਼ ਅਗੰਮੇ ਮਾਘ, ਜਗਤ ਤੀਰਥਾਂ ਲੋੜ ਰਹੇ ਨਾ ਰਾਈਆ । ਕੋੜ੍ਹਿਆਂ ਕਮਲਿਆਂ ਬਣਾ ਸੰਤ ਸਾਧ, ਸਾਧਨਾ ਆਪਣੀ ਇਕ ਸਮਝਾਈਆ । ਤਨ ਰਹੇ ਨਾ ਵਾਦ ਵਿਵਾਦ, ਕੂੜ ਵਿਖ ਦੇਣੀ ਕਢਾਈਆ । ਤੇਰਾ ਖੇਲ ਬੋਧ ਅਗਾਧ, ਅਲਖ ਨਿਰੰਜਣ ਤੇਰੀ ਆਸ ਤਕਾਈਆ । ਹਰਿਜਨ ਸੋਇਆ ਮਾਰ ਆਵਾਜ਼, ਚੇਤਨ ਸੁਰਤੀ ਆਪ ਕਰਾਈਆ । ਜਗਤ ਤ੍ਰਿਸ਼ਨਾ ਮੇਟ ਆਗ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਤੇਰੀ ਬੇਪ੍ਰਵਾਹੀਆ । ਧਰਨੀ ਕਹੇ ਪ੍ਰਭ ਜਨ ਭਗਤਾਂ ਮੇਟ ਦੇ ਆਲਸ, ਕੂੜੀ ਨਿੰਦਰਾ ਵਿਚੋਂ ਬਾਹਰ ਕਢਾਈਆ । ਸਾਚਾ ਰੂਪ ਬਖ਼ਸ਼ ਦੇ ਖ਼ਾਲਸ, ਮਾਇਆ ਮਮਤਾ ਮੋਹ ਮਿਟਾਈਆ । ਤੇਰੇ ਪਿਆਰ ਵਿਚ ਮਿਲਣ ਦੀ ਰਹੇ ਕੋਇ ਨਾ ਆਲਸ, ਚੇਤਨ ਕਰਨਾ ਚਾਈਂ ਚਾਈਂਆ । ਨਾਮ ਪ੍ਰੀਤੀ ਬਖ਼ਸ਼ ਦੇ ਲਾਲਚ, ਮੋਹ ਪਿਆਰ ਦੇਣਾ ਬਣਾਈਆ । ਗੁਰਮੁਖ ਨਿਮਾਣੇ ਤੇਰੇ ਬਾਲਕ, ਹਰਿਜਨ ਆਪਣੀ ਗੋਦ ਉਠਾਈਆ । ਤੂੰ ਸਾਹਿਬ ਸਵਾਮੀ ਖ਼ਾਲਕ, ਖ਼ਲਕ ਦੇ ਮਾਲਕ ਦੇ ਵਡਿਆਈਆ । ਏਥੇ ਓਥੇ ਸਦਾ ਬਣ ਪ੍ਰਿਤਪਾਲਕ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਆਪਣਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਮੰਨ, ਮਨਸਾ ਪੂਰ ਕਰਾਈਆ । ਜਨ ਭਗਤਾਂ ਦੇ ਦੇ ਨਾਮ ਧਨ, ਧੰਨ ਧੰਨ ਤੇਰੀ ਵਡ ਵਡਿਆਈਆ । ਭਾਗ ਲਗਾ ਦੇ ਛੱਪਰੀ ਛੰਨ, ਗ੍ਰਿਹਿ ਮੰਦਰ ਸੋਭਾ ਪਾਈਆ । ਭੰਡਾਰ ਧਰਮ ਧਾਰ ਬਖ਼ਸ਼ ਦੇ ਅੰਨ, ਅਤੋਲ ਅਤੁੱਲ ਵਰਤਾਈਆ । ਲੇਖੇ ਲਾ ਲੈ ਆਪਣਾ ਜਨ, ਧੁਰ ਬਣ ਜਣੇਂਦੀ ਮਾਈਆ । ਪ੍ਰਕਾਸ਼ ਕਰ ਦੇ ਧੁਰ ਦੇ ਚੰਨ, ਨੂਰ ਨੁਰਾਨਾ ਡਗਮਗਾਈਆ । ਚਿੰਤਾ ਚਿਖਾ ਮੇਟ ਦੇ ਗ਼ਮ, ਗ਼ਮਖ਼ਾਰ ਹੋ ਸਹਾਈਆ । ਜਗਤ ਜਹਾਨ ਬੇੜਾ ਦੇਣਾ ਬੰਨ੍ਹ, ਬੰਨ੍ਹਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਤੇਰੀ ਓਟ ਤਕਾਈਆ ।

## ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਖੁਰਦਾ ਜ਼ਿਲਾ ਹੁਸ਼ਿਆਰਪੁਰ ਤਰਸੇਮ ਸਿੰਘ ਦੇ ਗ੍ਰਿਹ

ਧਰਨੀ ਕਹੇ ਮੇਰੇ ਸ੍ਰੀ ਭਗਵਾਨ, ਹਰਿ ਭਗਵਨ ਤੇਰੀ ਓਟ ਤਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਦੇ ਗਿਆਨ, ਨਾਮ ਨਿਧਾਨਾ ਨੌਜਵਾਨਾ ਦੇ ਦ੍ਰਿੜਾਈਆ । ਅੰਮ੍ਰਿਤ ਆਤਮ ਰਸ ਦੇ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਅਨਾਦੀ ਸੁਣਾ ਧੁਨਕਾਨ, ਬ੍ਰਹਮ ਬ੍ਰਹਿਮਾਦੀ

੯੫੧
੨੩

ਪਰਦਾ ਆਪ ਉਠਾਈਆ । ਦੀਆ ਬਾਤੀ ਕਮਲਾਪਾਤੀ ਜੋਤ ਜਗਾ ਮਹਾਨ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਨੂਰ ਕਰ ਰੁਸ਼ਨਾਈਆ । ਨਵ ਸੱਤ ਬ੍ਰਹਮ ਮਤ ਤੇਰੀ ਹੋਏ ਪ੍ਰਧਾਨ, ਮਨ ਮਤ ਦਾ ਝਗੜਾ ਦੇ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲੇ ਸਾਰੇ ਗਾਣ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਸਾਹਿਬ ਸੁਲਤਾਨਾ ਨੌਜਵਾਨਾ ਤੇਰਾ ਧਰਮ ਝੁੱਲੇ ਇਕ ਨਿਸ਼ਾਨ, ਚਾਰ ਕੁੰਟ ਦਹਿ ਦਿਸ਼ਾ ਦੇਣਾ ਝੁਲਾਈਆ । ਸ਼ਬਦ ਅਣਿਆਲਾ ਤੀਰ ਅਗੰਮਾ ਹਰ ਹਿਰਦੇ ਮਾਰ ਬਾਣ, ਲੱਖ ਚੁਰਾਸੀ ਤਨ ਵਜੂਦ ਪਾਰ ਕਰਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਕਾਇਆ ਮੰਦਰ ਮਕਾਨ, ਧੁਰ ਦਾ ਕਾਅਬਾ ਹਕ ਨਵਾਬਾ ਇਕ ਦੇਣਾ ਦਰਸਾਈਆ । ਧਰਨੀ ਕਹੇ ਮੈਂ ਦਰ ਦਰਵੇਸ਼ਨ ਦਰ ਠਾਂਡੇ ਮੰਗਾਂ ਦਾਨ, ਘਰ ਸੁਹੰਜਣੇ ਦੇਣੀ ਵਡਿਆਈਆ । ਮੇਰੀ ਕਲਪਣਾ ਕਾਇਨਾਤ ਵਿਚ ਵੇਖ ਆਣ, ਆਮਦ ਵਿਚ ਤੇਰਾ ਰਾਹ ਤਕਾਈਆ । ਨਵ ਸੱਤ ਦੀਨ ਦੁਨੀ ਹੋਈ ਬੇਈਮਾਨ, ਕੋਟਾਂ ਵਿਚੋਂ ਗੁਰਮੁਖ ਤੇਰਾ ਵਿਰਲਾ ਨਜ਼ਰੀ ਆਈਆ । ਮੈਂ ਚਾਹੁੰਦੀ ਮਨ ਕਲਪਣਾ ਕੂੜੀ ਰਹੇ ਨਾ ਕੋਇ ਸ਼ੈਤਾਨ, ਸਤਿ ਦਾ ਨਾਤਾ ਸਤਿ ਨਾਲ ਲੈਣਾ ਜੁੜਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਦੇਣਾ ਬਿਨਾ ਕਾਨ, ਸ਼ਬਦੀ ਸ਼ਬਦ ਰਾਗ ਅਲਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ, ਹਰ ਘਟ ਵੇਖੇਂ ਜੀਵ ਜੰਤ ਜਗਤ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਦੀਨ ਦੁਨੀਆ ਬੁਧ ਕਰ ਬਿਬੇਕ, ਦੁਰਮਤ ਮੈਲ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲਾਵੇ ਸੇਕ, ਕਲਜੁਗ ਅਗਨੀ ਅੱਗ ਨਾ ਕੋਇ ਜਲਾਈਆ । ਤੇਰੀ ਚਰਨ ਸ਼ਰਨ ਇਕੋ ਹੋਵੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਦੇਣੀ ਰਮਾਈਆ । ਲਹਿਣਾ ਦੇਣਾ ਪੂਰਾ ਕਰਨਾ ਸਦੀ ਚੌਧਵੀਂ ਮੁੱਲਾ ਸ਼ੇਖ਼, ਮੁਸਾਇਕਾਂ ਲਹਿਣਾ ਦੇਣਾ ਵਖਾਈਆ । ਉਹ ਤੱਕ ਦੂਰ ਦੁਰਾਡਾ ਤੇਰੀ ਦਰਗਾਹ ਵਿਚ ਮੁਹੰਮਦ ਰਿਹਾ ਵੇਖ, ਬਿਨ ਨੈਣਾਂ ਨੈਣ ਵਖਾਈਆ । ਮੇਰਾ ਪਰਵਰਦਿਗਾਰ ਸਾਂਝਾ ਯਾਰ ਕਿਸ ਬਿਧ ਆਪਣਾ ਕਰੇ ਅਗੰਮਾ ਖੇਲ, ਅਮਾਮ ਅਮਾਮਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਦੀਨ ਦੁਨੀ ਦਾ ਅੰਦਰ ਕਰ ਦੇ ਸਾਫ਼, ਸਫ਼ਾ ਕੂੜ ਰਹੇ ਨਾ ਰਾਈਆ । ਜਨਮ ਕਰਮ ਦਾ ਕਰਮ ਕਰ ਮੁਆਫ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਨੂਆ ਰਹੇ ਨਾ ਕਿਸੇ ਗੁਸਤਾਖ਼, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਜਗਤ ਵਿਕਾਰਾ ਕਰ ਦੇ ਨਾਸ, ਨਾਸਤਕ ਨਜ਼ਰ ਕੋਇ ਨਾ ਆਈਆ । ਭੇਵ ਖੁਲਾ ਦੇ ਪ੍ਰਿਥਮੀ ਆਕਾਸ, ਗਗਨ ਗਗਨੰਤਰ ਪਰਦਾ ਦੇ ਚੁਕਾਈਆ । ਸਭ ਕੁਛ ਤੇਰੇ ਸਤਿਗੁਰ ਸਾਜਣ ਹਾਥ, ਸਮਰਥ ਤੇਰੀ ਵਡ ਵਡਿਆਈਆ । ਧਰਨੀ ਕਹੇ ਸਚ ਪ੍ਰੀਤੀ ਪ੍ਰਭੂ ਆਤਮ ਪਰਮਾਤਮ ਜੋੜ ਲੈ ਨਾਤ, ਨਾਤਾ ਕੂੜ ਲੈਣਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਮੁਕਾਮੇ ਹਕ ਹਕੀਕਤ ਦੇ ਮਾਲਕ ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਦੀਨ ਦੁਨੀ ਵੇਖ ਆਪਣੇ ਮਾਨਸ ਮਾਨੁਖ, ਮਾਨਵ ਅੰਦਰੋ ਅੰਦਰ ਖੋਜ ਖੁਜਾਈਆ । ਜਿਨ੍ਹਾਂ ਨੇ ਨੌ ਅਠਾਰਾਂ ਮਾਤ ਗਰਭ ਝਲਿਆ ਦੁੱਖ, ਉਲਟਾ ਬ੍ਰਿਛ ਰਿਹਾ ਕੁਰਲਾਈਆ । ਆਤਮ ਧਾਰ ਤੇਰੇ ਸੁਤ, ਸੁਤ ਅਪਰਾਧੀ ਲੈ ਤਰਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਲੈ ਕਰਾਈਆ । ਸਤਿਗੁਰ ਸ਼ਬਦ ਹੋ ਕੇ ਹਰ ਹਿਰਦੇ ਅੰਦਰ ਉਠ, ਸੋਈ ਸੁਰਤੀ ਆਪ ਉਠਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਉਤੇ ਤੁਠ, ਬਿਨਾ

ਭਗਤੀਆਂ ਤੋਂ ਭਗਤ ਲੈ ਬਣਾਈਆ । ਨਿਮਾਣਿਆਂ ਨਿਤਾਣਿਆਂ ਗ਼ਰੀਬਾਂ ਆਪਣੀ ਗੋਦੀ ਚੁੱਕ, ਫੜ ਬਾਹੋਂ ਗਲੇ ਲਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕੋ ਪੜ੍ਹਾ ਦੇ ਤੁਕ, ਤੁਖ਼ਮ ਤਾਸੀਰ ਸਭ ਦੀ ਦੇ ਬਦਲਾਈਆ । ਜੀਵ ਜੰਤ ਤੇਰੇ ਚਰਨ ਕਵਲ ਸ਼ਰਨ ਸ਼ਰਨਾਈ ਜਾਣ ਝੁਕ, ਦੂਸਰ ਇਸ਼ਟ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਜਗਤ ਜਹਾਨ ਸ੍ਰੀ ਭਗਵਾਨ ਮੇਰਾ ਪੈਂਡਾ ਜਾਏ ਮੁਕ, ਕਲਜੁਗ ਪਾਂਧੀ ਆਪਣਾ ਪੰਧ ਤੇਰੇ ਚਰਨਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਅੰਤਰ ਨਿਰੰਤਰ ਨਿਰਵੈਰ ਸਭ ਨੂੰ ਦੇਣਾ ਸੁਖ, ਸੁਖ ਸਾਗਰ ਆਪਣੇ ਨਾਮ ਵਿਚ ਸਮਾਈਆ ।

✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਬੈਰਮ ਪੁਰ ਜ਼ਿਲਾ ਹੁਸ਼ਿਆਰਪੁਰ ਭਜਨ ਸਿੰਘ ਮਲਹਾਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੁ ਮੈਂ ਤੇਰੇ ਦਰ ਆਈ ਦੌੜੀ, ਨਿਰਗੁਣ ਸਵਾਮੀ ਅੰਤਰਜਾਮੀ ਭੱਜੀ ਵਾਹੋ ਦਾਹੀਆ । ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਮੇਰੀ ਬਹੁੜੀ, ਪਰਵਰਦਿਗਾਰ ਸਾਂਝੇ ਯਾਰ ਦਰੋਹੀ ਦਰੋਹੀ ਕਰ ਸੁਣਾਈਆ । ਨਿਗਾਹ ਮਾਰ ਲੈ ਤੇਰੀ ਦੀਨ ਦੁਨੀਆ ਅੰਦਰੋਂ ਹੋਈ ਕੌੜੀ, ਅੰਮ੍ਰਿਤ ਰਸ ਨਜ਼ਰ ਕੋਇ ਨਾ ਆਈਆ । ਸਤਿ ਧਰਮ ਦਾ ਡੰਡਾ ਰਿਹਾ ਨਾ ਪੌੜੀ, ਤੇਰੇ ਹਕ ਮੁਨਾਰੇ ਚੜ੍ਹਨ ਕੋਇ ਨਾ ਪਾਈਆ । ਦੀਨ ਦਿਆਲ ਮੇਰੇ
੯੫੨ ੨੩ ਕਿਰਪਾਲ ਸ੍ਰਿਸ਼ਟੀ ਮਾਨਵ ਹੋ ਕੇ ਖਾਵੇ ਢੋਰੀ, ਪਸ਼ੂਆਂ ਖੱਲ ਲੁਹਾਈਆ । ਆਤਮ ਪਰਮਾਤਮ ਬਣੇ ਕੋਇ ਨਾ ਜੋੜੀ, ਲੋੜੀਂਦੇ ਸੱਜਣ ਤੇਰਾ ਸੰਗ ੯੫੨ ੨੩
ਨਾ ਕੋਇ ਬਣਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਸਭ ਨੂੰ ਤੱਕ ਲੈ ਬਣ ਕੇ ਘੋਰੀ, ਅੰਤਰ ਅੰਤਸ਼ਕਰਨ ਵੇਖ ਵਖਾਈਆ । ਜਗਤ ਜਗਿਆਸੂ ਠੱਗੀ ਕਰਦੇ ਚੋਰੀ, ਦਗ਼ੇ ਫ਼ਰੇਬਾਂ ਨਾਲ ਵਡਿਆਈਆ । ਸਚ ਪ੍ਰੇਮ ਦੀ ਤੇਰੇ ਨਾਲੋਂ ਕਟੀ ਗਈ ਡੋਰੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਧਰਨੀ ਕਹੇ ਮੈਂ ਨਿਮਾਣੀ ਕਿਸੇ ਨਾ ਸਕਾਂ ਹੋੜੀ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਆਪਣਾ ਹੱਠ ਸਭ ਕੁਛ ਬੈਠੀ ਛੋੜੀ, ਤਾਕਤ ਹੀਣ ਦਿਆਂ ਦੁਹਾਈਆ । ਮੇਰੇ ਸਵਾਮੀ ਮੇਰੀ ਮਿੰਨਤ ਸੁਣ ਲੈ ਭੋਰੀ, ਆਹਿਸਤਾ ਆਹਿਸਤਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਸਾਹਿਬ ਬਖ਼ਸ਼ਿੰਦਾ, ਬਖ਼ਸ਼ਣਹਾਰ ਤੇਰੀ ਵਡਿਆਈਆ । ਸਤਿ ਧਰਮ ਦੀ ਰਹੀ ਕੋਈ ਨਾ ਬਿੰਦਾ, ਬਿੰਦਰਾਬਨ ਦਾ ਵਾਸੀ ਕਾਹਨ ਦਏ ਗਵਾਹੀਆ । ਤ੍ਰੈਗੁਣ ਖੁਲ੍ਹੇ ਕਿਸੇ ਨਾ ਜਿੰਦਾ, ਬਜਰ ਕਪਾਟ ਨਾ ਕੋਇ ਤੁੜਾਈਆ । ਜਿਧਰ ਤੱਕਾਂ ਤੇਰੀ ਸਾਰੇ ਕਰਦੇ ਨਿੰਦਾ, ਨਿੰਦਕ ਨਿੰਦਿਆ ਵਿਚ ਸਮਾਈਆ । ਤੂੰ ਮਾਲਕ ਗਹਿਰ ਗੰਭੀਰ ਗੁਣੀ ਗਹਿੰਦਾ, ਗਹਿਰ ਗਵਰ ਤੇਰੀ ਓਟ ਤਕਾਈਆ । ਪੁਰਖ ਅਕਾਲ ਅਕਲ ਕਲਧਾਰੀ ਮੇਰੀ ਮੇਟ ਦੇ ਚਿੰਦਾ, ਚਿੰਤਾ ਚਿਖਾ ਰਹੇ ਨਾ ਰਾਈਆ । ਸਭ ਨੂੰ ਆਪਣੇ ਸਤਿ ਦੀ ਬਣਾ ਲੈ ਬਿੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੁ ਤੂੰ ਬਖ਼ਸ਼ਣਹਾਰ ਅਗੰਮ, ਅਗੰਮ ਅਗੰਮੜੇ ਤੇਰੀ ਵਡਿਆਈਆ । ਮੇਰਾ ਅੰਤਮ ਬੇੜਾ ਬੰਨ੍ਹ, ਬੰਨ੍ਹਣਹਾਰ ਤੇਰੀ ਓਟ ਤਕਾਈਆ ।

ਸਤਿਗੁਰ ਸ਼ਬਦ ਹੋ ਕੇ ਜਗਤ ਜਹਾਨ ਚਾੜ੍ਹ ਦੇ ਚੰਨ, ਚੰਦ ਚਾਂਦਨੇ ਜਿਸ ਨੂੰ ਸੀਸ ਨਿਵਾਈਆ । ਮੇਰੇ ਅੰਤਰ ਨਿਰੰਤਰ ਕੂੜੀ ਕਿਰਿਆ ਮੇਟ ਦੇ ਗ਼ਮ, ਗ਼ਮਖ਼ਾਰ ਹੋਣਾ ਆਪ ਸਹਾਈਆ । ਦੀਨ ਦੁਨੀ ਦਾ ਪਵਿਤ੍ਰ ਕਰ ਦੇ ਤਨ, ਵਜੂਦਾਂ ਕਰ ਸਫ਼ਾਈਆ । ਕੂੜੀ ਕਿਰਿਆ ਮੇਟ ਦੇ ਮਨਸਾ ਮਨ, ਮਮਤਾ ਮੋਹ ਵਿਚ ਨਾ ਕੋਇ ਹਲਕਾਈਆ । ਭਰਮ ਭੁਲੇਖਾ ਕਢ ਦੇ ਜਨ, ਜਨਮ ਜਨਮ ਦਾ ਲੇਖਾ ਆਪ ਮੁਕਾਈਆ । ਸਤਿ ਸਤਿਵਾਦੀ ਆਪਣਾ ਰੂਪ ਦੱਸ ਦੇ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੇ ਚਰਨ ਕਵਲ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਤੇਰੀ ਸ੍ਰਿਸ਼ਟੀ ਦਾ ਇਕੋ ਹੋਵੇ ਰੂਪ, ਬਹੁਰੂਪੀਆ ਨਜ਼ਰ ਕੋਇ ਨਾ ਆਈਆ । ਆਤਮ ਧਾਰ ਬਖ਼ਸ਼ ਦੇ ਸਤਿ ਸਰੂਪ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਤੂੰ ਸ਼ਹਿਨਸ਼ਾਹ ਸ਼ਾਹ ਸ਼ਹਾਨਾ ਭੂਪ, ਦੋ ਜਹਾਨਾਂ ਇਕ ਅਖਵਾਈਆ । ਤੇਰਾ ਹੁਕਮ ਵਰਤੇ ਚਾਰੇ ਕੂਟ, ਦਹਿ ਦਿਸ਼ਾ ਵੱਜੇ ਵਧਾਈਆ । ਮੇਰੇ ਉਤੇ ਨਾਤਾ ਰਹੇ ਨਾ ਜੂਠ ਝੂਠ, ਸਤਿ ਸਚ ਦੇਣਾ ਪ੍ਰਗਟਾਈਆ । ਮੈਂ ਚੁਾਹੰਦੀ ਤੇਰਾ ਸਤਿਜੁਗ ਦੁਲਾਰਾ ਮੇਰੇ ਉਤੇ ਆਵੇ ਪੂਤ, ਪਿਤਾ ਆਪਣੀ ਗੋਦ ਲੈਣਾ ਟਿਕਾਈਆ । ਮੇਰਾ ਦੀਨ ਦੁਨੀ ਵਾਲਾ ਦੁਖੜਾ ਜਾਏ ਚੂਕ, ਚਾਰੇ ਕੁੰਟ ਏਕਾ ਏਕੰਕਾਰ ਵੱਜੇ ਵਧਾਈਆ । ਤੂੰ ਭਾਗ ਲਗਾ ਦੇ ਕਾਇਆ ਪੰਜ ਭੂਤ, ਪਰਮ ਪੁਰਖ ਮਿਹਰ ਨਜ਼ਰ ਇਕ ਉਠਾਈਆ । ਤੇਰਾ ਸਤਿਗੁਰ ਸ਼ਬਦ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਦੋ ਜਹਾਨਾਂ ਅਗੰਮਾ ਦੂਤ, ਦੁਤੀਆ ਭਾਉ ਸਭ ਦਾ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਮੁਕਾਮੇ ਹਕ ਹਕੀਕਤ ਦੇ ਮਾਲਕ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਮੇਰੀ ਸੁਣ ਲੈ ਬਿਨਾ ਰਸਨਾਂ ਜਿਹਵਾ ਤੋਂ ਪੁਕਾਰ, ਬਿਨਾ ਦੰਦਾਂ ਢੋਲੇ ਗਾਈਆ । ਨਿਰਗੁਣ ਸਰਗੁਣ ਹੋ ਜ਼ਾਹਰ, ਜ਼ਹੂਰ ਆਪਣਾ ਦੇ ਵਖਾਈਆ । ਮੈਂ ਚਾਹੁੰਦੀ ਤੇਰਾ ਦਰਸ਼ਨ ਪਾਵਾਂ ਸੰਬਲ ਦੇਸ ਅਪਾਰ, ਸੰਭਲ ਕੇ ਆਪਣਾ ਖੇਲ ਖਿਲਾਈਆ । ਜਿਸ ਦੀ ਸ਼ਹਾਦਤ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਪਰਦਾ ਦੇਣਾ ਚੁਕਾਈਆ । ਮੈਂ ਤੇਰੇ ਚਰਨ ਕਵਲ ਕਹੇ ਧੌਲ ਕਰਾਂ ਨਿਮਸਕਾਰ, ਧਰਨੀ ਧਰਤ ਹੋ ਕੇ ਲਾਗਾਂ ਪਾਈਆ । ਤੂੰ ਮੈਨੂੰ ਬਖ਼ਸ਼ਣਾ ਆਪਣਾ ਇਕ ਪਿਆਰ, ਪੀਆ ਪੀਤਮ ਪ੍ਰੇਮ ਨੇਮ ਵਾਲਾ ਝੋਲੀ ਪਾਈਆ । ਮੈਂ ਖ਼ੁਸ਼ੀਆਂ ਵਿਚ ਜਾਵਾਂ ਬਲਿਹਾਰ, ਬਲਹਾਰੀ ਤੇਰੀ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਤਿ ਸਤਿਵਾਦੀ ਏਕੰਕਾਰ, ਅਕਲ ਕਲਧਾਰੀ ਕਲ ਤੇਰੀ ਓਟ ਤਕਾਈਆ ।



### ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਰਾਈਂ ਜ਼ਿਲਾ ਹੁਸ਼ਿਆਰਪੁਰ ਅਮਰੀਕ ਸਿੰਘ ਦੇ ਗ੍ਰਿਹ

ਧਰਨੀ ਕਹੇ ਪ੍ਰਭੂ ਮੇਰਾ ਪਵਿਤ੍ਰ ਕਰ ਦੇ ਅੰਤਰ, ਅੰਤਸ਼ਕਰਨ ਦੀਨ ਦੁਨੀ ਕਰ ਸਫ਼ਾਈਆ । ਤੂੰ ਭੇਵ ਖੁਲਾ ਦੇ ਨਿਰਗੁਣ ਧਾਰ ਨਿਰੰਤਰ, ਨਿਰਵੈਰ ਨਿਰਾਕਾਰ ਨਿਰੰਕਾਰ ਤੇਰੀ ਓਟ ਤਕਾਈਆ । ਆਤਮ ਪਰਮਾਤਮ ਫ਼ੁਰਨਾ ਤੇਰਾ ਫੁਰੇ ਮੰਤਰ, ਮੰਤਵ ਸਭ ਦੇ ਹੱਲ ਕਰਾਈਆ । ਤੇਰਾ

ਪ੍ਰਕਾਸ਼ ਤੱਕਾਂ ਗਗਨ ਗਗਨੰਤਰ, ਜਗਤ ਜਹਾਨ ਹੋਏ ਰੁਸ਼ਨਾਈਆ । ਜੋ ਇਸ਼ਾਰਾ ਦੇ ਕੇ ਗਿਆ ਅਵਤਾਰ ਬਾਹਰਵਾਂ ਧਨੰਤਰ, ਔਖਧ ਤੇਰਾ ਨਾਮ ਦ੍ਰਿੜਾਈਆ । ਸੋ ਸਵਾਮੀ ਅੰਤਰਜਾਮੀ ਧਰਮ ਦੀ ਧਾਰ ਬਣਾ ਦੇ ਬੰਤਰ, ਘੜਨ ਭੰਨਣਹਾਰ ਸਮਰਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਤੇਰੀ ਓਟ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਰ ਕਰ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਆਪਣਾ ਭੇਵ ਖੁਲਾਈਆ । ਸੁਹੰਜਣਾ ਕਰ ਦੇ ਆਪਣਾ ਸੰਬਲ ਦੇਸ, ਦੇਸ ਦਸੰਤਰ ਆਪਣਾ ਪੰਧ ਮੁਕਾਈਆ । ਠਾਕਰ ਸਵਾਮੀ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਬਣ ਨਰ ਨਰੇਸ਼, ਨਰ ਨਰਾਇਣ ਤੇਰੀ ਵਡ ਵਡਿਆਈਆ । ਸ਼ਬਦ ਤਰਾਨਾ ਸ੍ਰੀ ਭਗਵਾਨਾ ਦੋ ਜਹਾਨ ਦੇ ਸੰਦੇਸ਼, ਜ਼ਿਮੀਂ ਅਸਮਾਨਾਂ ਹੋਏ ਸ਼ਨਵਾਈਆ । ਮੇਰੇ ਮਹਿਬੂਬਾ ਮੇਰੇ ਉਤੋਂ ਕੂੜੀ ਕਿਰਿਆ ਮੇਟ ਕਲੇਸ਼, ਕਲਾ ਆਪਣੀ ਆਪ ਪ੍ਰਗਟਾਈਆ । ਲਹਿਣਾ ਦੇਣਾ ਪੂਰਾ ਕਰ ਦੇ ਜੋ ਸੰਦੇਸ਼ਾ ਦੇ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਤੋਂ ਬਾਹਰ ਧਿਆਨ ਲਗਾਈਆ । ਤੂੰ ਸਵਾਮੀ ਅੰਤਰਜਾਮੀ ਸਦਾ ਰਹੇਂ ਹਮੇਸ਼, ਹਮ ਸਾਜਣ ਇਕ ਅਖਵਾਈਆ । ਮੈਂ ਦਰ ਠਾਂਡੇ ਤੇਰੀ ਦਰਗਾਹ ਸਾਚੀ ਹੋਈ ਪੇਸ਼, ਸਚਖੰਡ ਸੀਸ ਨਿਵਾਈਆ । ਮੇਰਾ ਬਦਲ ਦੇ ਬਿਨਾ ਕਲਮ ਸਿਆਹੀ ਤੋਂ ਲੇਖ, ਕੂੜੀ ਕਿਰਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੇ ਸਤਿਗੁਰ ਪੁਰਖ ਅਕਾਲੇ ਆਦਿ ਜੁਗਾਦੀ, ਜੁਗ ਚੌਕੜੀ ਤੇਰਾ ਧਿਆਨ ਲਗਾਈਆ । ਦਿਵਸ ਰੈਣ ਬਿਨ ਰਸਨਾ ਜਿਹਵਾ ਰਹੀ ਅਰਾਧੀ, ਆਦਿ ਪੁਰਖ ਅਪਰੰਪਰ ਸਵਾਮੀ ਤੇਰਾ ਢੋਲਾ ਗਾਈਆ । ਤੇਰੇ ਵਿਚ ਹੋਈ ਵਿਸਮਾਦੀ, ਬਿਸਮਿਲ ਆਪਣਾ ਆਪ ਕਰਾਈਆ । ਤੂੰ ਪੰਡਤ ਬੋਧ ਅਗਾਧੀ, ਤੇਰੀ ਵਿਦਿਆ ਸਮਝ ਕਿਸੇ ਨਾ ਆਈਆ । ਹੁਣ ਲੱਜਿਆ ਰਖ ਲੈ ਦੀਨ ਦੁਨੀ ਦੇ ਨਾਲ ਸਾਡੀ, ਸਾਹਿਬ ਤੇਰੇ ਅਗੇ ਵਾਸਤਾ ਪਾਈਆ । ਮੇਰੇ ਉਤੇ ਦੁੱਖਾਂ ਵਾਲੀ ਘੜੀ ਆਈ ਅਗੰਮੀ ਡਾਢੀ, ਡੌਰੂ ਡੰਕ ਵਜਾ ਕੇ ਦਿਆਂ ਸੁਣਾਈਆ । ਬਿਨ ਤੇਰੀ ਕਿਰਪਾ ਸ੍ਰਿਸ਼ਟੀ ਦ੍ਰਿਸ਼ਟੀ ਅੰਤਸ਼ਕਰਨ ਵਿਚ ਮੂਲ ਨਾ ਜਾਏ ਸਾਧੀ, ਸਾਧਨਾ ਸਚ ਨਾ ਕੋਇ ਸਮਝਾਈਆ । ਮੈਂ ਦਿਵਸ ਰੈਣ ਧੁਰ ਨਰਾਇਣ ਬਣੀ ਪਾਂਧੀ, ਭੱਜਾਂ ਵਾਹੋ ਦਾਹੀਆ । ਉਹ ਤੱਕ ਮੇਰੇ ਸਵਾਮੀ ਮੇਰੇ ਉਤੇ ਸਦੀ ਚੌਧਵੀਂ ਝੁਲਣ ਵਾਲੀ ਆਂਧੀ, ਅੰਧ ਅੰਧੇਰਾ ਚੌਦਾਂ ਤਬਕ ਦਰਸਾਈਆ । ਪਵਣ ਉਨੰਜਾ ਧਾਰ ਦਿਸੇ ਮੂਲ ਨਾ ਠਾਂਡੀ, ਅਗਨੀ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸਤਿਗੁਰ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਮੇਰੀ ਅੰਤ ਕੰਤ ਭਗਵੰਤ ਦੁਹਾਈ, ਸੱਜਣ ਮੀਤ ਮੁਰਾਰੇ ਦਿਆਂ ਜਣਾਈਆ । ਚਾਰ ਕੁੰਟ ਮੇਰੇ ਤੋਂ ਕੂੜ ਕੁਕਰਮ ਮੇਟ ਦੇ ਛਾਹੀ, ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਮੈਨੂੰ ਯਾਦ ਆਉਂਦਾ ਜਿਸ ਵੇਲੇ ਗੋਬਿੰਦ ਮੇਰੇ ਉਤੋਂ ਬੂਟਾ ਪੁਟਿਆ ਕਾਹੀ, ਕਾਇਨਾਤ ਦੀ ਜੜ ਗਿਆ ਉਖੜਾਈਆ । ਜਿਸ ਦਾ ਲਹਿਣਾ ਦੇਣਾ ਪੂਰਾ ਕਰਨਾ ਸਾਲ ਲੰਘ ਜਾਣ ਸੌ ਢਾਈ, ਢਈਆ ਆਪਣਾ ਪੰਧ ਮੁਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਜੋਤੀ ਜਾਤੇ ਤੂੰ ਲੋਕਮਾਤ ਆਉਣਾ ਚਾਈਂ ਚਾਈਂ, ਚਾਓ ਘਨੇਰਾ ਮੇਰੇ ਅੰਤਰ ਆਉਣਾ ਚਾਈਂ ਚਾਈਂਆ । ਧਰਨੀ ਕਹੇ ਤੂੰ ਸਭ ਦੀਆਂ ਪਕੜਨੀਆਂ ਬਾਹੀਂ, ਫੜ ਬਾਹੋਂ ਗਲੇ ਲਗਾਈਆ । ਪੀਆ ਪ੍ਰੀਤਮ ਪਰਮਾਤਮ ਬਣਨਾ ਮਾਹੀ, ਮਹਿਬੂਬ ਤੇਰੀ ਆਸ ਰਖਾਈਆ । ਨਾਲੇ ਮੇਰੇ ਤੇ ਨਿਗਾਹ ਮਾਰੀਂ ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ

੬੫੪
੨੩

ਗਾਂਈ, ਧਰਮ ਵਿਚ ਧਰਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਵੇਖ ਲੈ ਗੋਬਿੰਦ ਦਾ ਢਈਆ ਲੰਘਿਆ, ਆਪਣਾ ਪੰਧ ਮੁਕਾਈਆ । ਧਰਮ ਦਾ ਦਿਸੇ ਨਾ ਕੋਇ ਪਲੰਘਿਆ, ਸਚ ਸਿੰਘਾਸਣ ਸੋਭਾ ਕੋਇ ਨਾ ਪਾਈਆ । ਚਾਰੋਂ ਕੁੰਟ ਭੁੱਖ ਨੰਗਿਆ, ਧੀਰਜ ਧੀਰ ਨਾ ਕੋਇ ਜਣਾਈਆ । ਫਿਰੀ ਦਰੋਹੀ ਵਿਚ ਵਰਭੰਡਿਆ, ਬ੍ਰਹਿਮੰਡ ਰਹੇ ਕੁਰਲਾਈਆ । ਨਾਤਾ ਤੁਟਿਆ ਜੇਰਜ ਅੰਡਿਆ, ਉਤਭੁਜ ਸੇਤਜ ਮੇਲ ਨਾ ਕੋਇ ਮਿਲਾਈਆ । ਜਗਤ ਜੀਵਾਂ ਭਾਰ ਚੁੱਕੇ ਕੋਇ ਨਾ ਕੰਧਿਆ, ਕੰਢੀ ਪਾਰ ਨਾ ਕੋਇ ਕਰਾਈਆ । ਜਿਧਰ ਤੱਕਾਂ ਉਧਰ ਭੇਖ ਪਖੰਡਿਆ, ਸਤਿ ਵਿਚ ਨਾ ਕੋਇ ਸਮਾਈਆ । ਤੂੰ ਪ੍ਰਗਟ ਹੋ ਮਿਹਰਵਾਨ ਸੂਰੇ ਸਰਬੰਗਿਆ, ਸ਼ਾਹ ਪਾਤਸ਼ਾਹ ਆਪਣੀ ਲੈ ਅੰਗੜਾਈਆ । ਦੋ ਧਾਰ ਚਮਕਾ ਆਪਣਾ ਖੰਡਿਆ, ਖੜਗਾਂ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖ਼ਸ਼ੰਦਿਆ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਵਰਤਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਰਾਈਂ ਜ਼ਿਲਾ ਹੁਸ਼ਿਆਰਪੁਰ ਮੇਲਾ ਸਿੰਘ ਦੇ ਗ੍ਰਹਿ ✪



ਧਰਨੀ ਕਹੇ ਪ੍ਰਭੂ ਤੇਰੀ ਧਾਰ ਬਵੰਜੇ, ਬਾਵਨ ਰੰਗ ਰੰਗਾਈਆ । ਮੈਨੂੰ ਇਸ਼ਾਰਾ ਦਿਤਾ ਸੰਜੇ, ਬਿਨ ਨੈਣਾਂ ਨੈਣ ਉਠਾਈਆ । ਧਰਨੀਏ ਕਲ ਤੇਰੇ ਉਤੋਂ ਲੰਘੇ, ਭੱਜੇ ਵਾਹੋ ਦਾਹੀਆ । ਸਭ ਦੇ ਸੀਸ ਕਰਾਵੇ ਨੰਗੇ, ਓਢਣ ਧਰਮ ਨਾ ਕੋਇ ਟਿਕਾਈਆ । ਜਗਤ ਜਗਿਆਸੂ ਹੋਵਣ ਗੰਜੇ, ਬੋਦੀ ਸੀਸ ਨਾ ਕੋਇ ਟਿਕਾਈਆ । ਕੂੜੀ ਕਿਰਿਆ ਦੇ ਲਾਉਣੇ ਪੰਜੇ, ਪੰਜ ਵਿਕਾਰ ਨਾਲ ਮਿਲਾਈਆ । ਦੀਨਾਂ ਮਜ਼੍ਹਬਾਂ ਹੋਵੇ ਜੰਗੇ, ਝਗੜਾ ਸਕੇ ਨਾ ਕੋਇ ਮੁਕਾਈਆ । ਪ੍ਰਭੂ ਦੇ ਨਾਮ ਕਿੱਲੀਆਂ ਉਤੇ ਰਹਿਣੇ ਟੰਗੇ, ਹਿਰਦੇ ਸਕੇ ਨਾ ਕੋਇ ਵਸਾਈਆ । ਕਿਸੇ ਨੂੰ ਸਾਰ ਨਹੀਂ ਆਉਣੀ ਇਸ਼ਾਰੇ ਅਨਾਇਤ ਵਾਲੇ ਗੰਢੇ, ਬੁਲ੍ਹੇ ਕੀ ਵਡਿਆਈਆ । ਮਾਣ ਰਹਿਣਾ ਨਹੀਂ ਕਿਸੇ ਪੰਡੇ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਕਲਜੁਗ ਜੀਵ ਹੋਣੇ ਕਾਚੇ ਅੰਡੇ, ਧਰਮ ਦੀ ਧਾਰ ਨਾ ਕੋਇ ਸਮਾਈਆ । ਪੁਰਖ ਅਕਾਲ ਦੀਨ ਦਿਆਲ ਭੰਨਣੇ ਇਕੋ ਸ਼ਬਦ ਦੇ ਡੰਡੇ, ਡੰਡਾਵਤ ਸਭ ਦੀ ਦੇਣੀ ਬਦਲਾਈਆ । ਖੇਲ ਖਿਲਾਉਣਾ ਆਪਣੇ ਅਗੰਮੀ ਖੰਡੇ, ਜਗਤ ਕਟਾਰ ਨਾ ਹੱਥ ਉਠਾਈਆ । ਦੀਨ ਦੁਨੀ ਦੀ ਵੇਖੇ ਵੰਡੇ, ਨਵ ਸੱਤ ਧਿਆਨ ਲਗਾਈਆ । ਨਿਗਾਹ ਮਾਰੇ ਵਿਚ ਬ੍ਰਹਿਮੰਡੇ, ਭੇਵ ਅਭੇਦ ਖੁਲਾਈਆ । ਕੂੜੀ ਕਿਰਿਆ ਨਿਸ਼ਾਨ ਮਿਟਾਏ ਝੰਡੇ, ਸਤਿ ਧਰਮ ਸੱਤ ਰੰਗ ਆਪ ਝੁਲਾਈਆ । ਜਨ ਭਗਤਾਂ ਸੀਨੇ ਕਰੇ ਠੰਡੇ, ਅਗਨੀ ਤਤ ਗਵਾਈਆ । ਟੁੱਟੀ ਆਤਮ ਪਰਮਾਤਮ ਧਾਰ ਗੰਢੇ, ਮੇਲਾ ਮੇਲੇ ਸਹਿਜ ਸੁਭਾਈਆ । ਹਰਿਜਨ ਰਹਿਣ ਨਾ ਦੇਵੇ ਅੰਤਰ ਰੰਡੇ, ਸੁਰਤ ਸ਼ਬਦ ਨਾਲ ਪ੍ਰਨਾਈਆ । ਕਲਜੁਗ ਲੇਖਾ ਜਾਣੇ ਅੰਤ ਕਿਨਾਰਾ ਕੰਢੇ, ਕੰਢੀ ਬੈਠਾ ਧਿਆਨ ਲਗਾਈਆ । ਝਗੜਾ ਮੇਟ ਕਰੀਰ ਜੰਡੇ, ਭੇਵ ਅਭੇਦ ਆਪ ਖੁਲਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦੇ, ਸਹਿੰਸਾ ਅੰਦਰੋਂ ਦਏ ਚੁਕਾਈਆ । ਵਰਨ ਬਰਨ ਕੱਠੇ ਕਰ ਕੇ ਬੰਦੇ, ਬੰਦਗੀ ਇਕੋ ਦਏ ਸਮਝਾਈਆ । ਲਹਿਣਾ ਜਾਣੇ ਮਾੜੇ ਚੰਗੇ, ਚਾਰੋਂ ਕੁੰਟ ਖੋਜ ਖੁਜਾਈਆ ।

ਆਸਾ ਪੂਰੀ ਕਰੇ ਗੋਦਾਵਰੀ ਕੰਢੇ, ਜਮਨਾ ਸੁਰਸਤੀ ਨਾਲ ਮਿਲਾਈਆ । ਗੁਰਮੁਖਾਂ ਤਨ ਵਜੂਦ ਜਾਏ ਰੰਗੇ, ਰੰਗਤ ਆਪਣਾ ਨਾਮ ਰੰਗਾਈਆ । ਤੇਰੇ ਸਵਾਲ ਪੂਰੇ ਕਰੇ ਮੰਗੇ, ਮੰਗਤੀਏ ਤੈਨੂੰ ਦਏ ਵਡਿਆਈਆ । ਤੂੰ ਫਿਰਨਾ ਪੈਰੀਂ ਨੰਗੇ, ਬਿਨ ਚਰਨਾਂ ਚਲਣਾ ਚਾਈਂ ਚਾਈਂਆ । ਜਿਸ ਕੂੜ ਵਿਕਾਰ ਕਲ ਕਾਤੀ ਮੇਟਣੇ ਗੰਦੇ, ਕੁਕਰਮ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਦੇ ਕੇ ਪਰਮਾਨੰਦੇ, ਪਰਮ ਪੁਰਖ ਆਪਣਾ ਦਰਸ ਕਰਾਈਆ । ਦੀਨ ਦੁਨੀ ਦੇ ਤੱਕੇ ਦੰਗੇ, ਦਗ਼ੇ ਬਾਜ਼ੀ ਵੇਖ ਵਖਾਈਆ । ਧੁਰ ਦੇ ਅਸਵ ਕਸੇ ਤੰਗੇ, ਸ਼ਬਦੀ ਸ਼ਬਦ ਆਪ ਪ੍ਰਗਟਾਈਆ । ਸ਼ਾਹ ਸਵਾਰਾ ਬਸਤਰ ਪਹਿਨ ਕੇ ਚੰਗੇ, ਸਚ ਸਿੰਘਾਸਣ ਆਸਣ ਲਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਲੰਘੇ, ਦੀਨ ਦੁਨੀ ਵੇਖ ਵਖਾਈਆ । ਉਸ ਦਾ ਸੁਹੰਜਣਾ ਹੋਵੇ ਇਕ ਪਲੰਘੇ, ਸਤਿ ਸਰੂਪੀ ਸ਼ਾਹੋ ਭੂਪੀ ਆਪਣਾ ਆਸਣ ਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਵੱਖਰਾ ਕਰੇ ਢੰਗੇ, ਨੀਤੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਨ ਭਗਤਾਂ ਸਦਾ ਸੰਗੇ, ਸਗਲਾ ਸੰਗ ਬਹੁਰੰਗ ਆਪ ਨਿਭਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੁਰਾਲਾ ਜ਼ਿਲਾ ਹੁਸ਼ਿਆਰਪੁਰ ਗੁਰਮੀਤ ਕੌਰ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰਾ ਪਵਿਤ੍ਰ ਕਰਦੇ ਘਰ, ਦੀਨ ਦੁਨੀ ਧਰਮ ਧਾਰ ਚਲਾਈਆ । ਸਭ ਦੇ ਅੰਤਰ ਨਜ਼ਰੀਆ ਹੋਵੇ ਹਰਿ, ਹਰ ਹਿਰਦੇ



ਆਪਣਾ ਦਰਸ ਦਿਖਾਈਆ । ਕਲਜੁਗ ਕੂੜੀ ਕਿਰਿਆ ਚੁਕਾ ਦੇ ਡਰ, ਭੈ ਭਉ ਨਾ ਕੋਇ ਰਖਾਈਆ । ਕਿਲਾ ਹੰਕਾਰੀ ਤੋੜ ਦੇ ਗੜ੍ਹ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਮਾਨਵ ਢੋਲਾ ਜਾਏ ਪੜ੍ਹ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਚਾਈਂ ਚਾਈਂਆ । ਤ੍ਰੈਗੁਣ ਅਗਨੀ ਤੇਰਾ ਜੀਵ ਜਹਾਨ ਜਾਏ ਨਾ ਸੜ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਮੈਂ ਸ਼ਰਨ ਸ਼ਰਨਾਈ ਤੇਰੀ ਰਹੀ ਪੜ, ਨਿਵ ਨਿਵ ਸੀਸ ਝੁਕਾਈਆ । ਲਹਿਣਾ ਦੇਣਾ ਪੂਰਾ ਕਰ ਦੇ ਚੇਤਨ ਜੜ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਤਿਗੁਰ ਸਾਹਿਬ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਸ੍ਰਿਸ਼ਟੀ ਅੰਦਰ ਆਪਣਾ ਦੱਸ ਦੇ ਰੂਪ, ਮਹਿੰਮਾ ਕਥ ਕਥ ਜਣਾਈਆ । ਤੂੰ ਨਿਰਗੁਣ ਦਾਤਾ ਸਤਿ ਸਰੂਪ, ਜੋਤੀ ਜਾਤਾ ਵਡ ਵਡਿਆਈਆ । ਸ਼ਹਿਨਸ਼ਾਹ ਦੋ ਜਹਾਨਾਂ ਭੂਪ, ਪਾਤਸ਼ਾਹ ਇਕ ਅਖਵਾਈਆ । ਮੇਰੇ ਉਤੋਂ ਝਗੜਾ ਮੇਟ ਦੇ ਜੂਠ ਝੂਠ, ਕੂੜੀ ਕਿਰਿਆ ਬਾਹਰ ਕਢਾਈਆ । ਹਰਿਜਨ ਬਣਾ ਲੈ ਆਪਣੇ ਪੂਤ, ਗੁਰਮੁਖ ਆਪਣੀ ਗੋਦ ਉਠਾਈਆ । ਤੇਰਾ ਨਾਮ ਜੈਕਾਰਾ ਸੁਣਾਂ ਚਾਰੇ ਕੂਟ, ਦਹਿ ਦਿਸ਼ਾ ਤੇਰੀ ਵੱਜੇ ਵਧਾਈਆ । ਮੇਰੀ ਸੁਹੰਜਣੀ ਹੋ ਜਾਏ ਰੁੱਤ, ਰੁਤੜੀ ਤੇਰੇ ਨਾਲ ਮਹਿਕਾਈਆ । ਕਰ ਪ੍ਰਕਾਸ਼ ਕਾਇਆ ਬੁਤ, ਬੁਤਖ਼ਾਨਿਆਂ ਵੱਜੇ ਵਧਾਈਆ । ਤੂੰ ਸਵਾਮੀ ਅਬਿਨਾਸ਼ੀ ਅਚੁਤ, ਪੁਰਖ ਅਕਾਲ ਤੇਰੀ ਵਡਿਆਈਆ । ਜਿਹੜੀ ਦੁਨੀਆ ਤੇਰੇ ਪਿਆਰ ਨਾਲੋਂ ਗਈ ਟੁੱਟ, ਸਤਿਗੁਰ ਟੁੱਟਿਆਂ ਨਾਲ ਮਿਲਾਈਆ । ਕਿਸੇ ਦਾ ਭਾਗ ਨਾ ਜਾਏ ਨਖੁੱਟ, ਭਾਗਾਂ ਭਰੀ ਦਿਸੇ ਲੋਕਾਈਆ । ਆਪਣਾ ਨਾਮ ਭੰਡਾਰਾ ਵਰਤਾ ਅਤੁਟ, ਧਰਨੀ ਕਹੇ ਤੋਟ ਰਹੇ ਨਾ ਰਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤੇ ਕਰ ਰੁਸ਼ਨਾਈਆ ।

੮੫੬ ੨੩

ਤੇਰਾ ਸੰਦੇਸ਼ਾ ਸੁਣਣ ਚੌਦਾਂ ਲੋਕ, ਚੌਦਾਂ ਤਬਕ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਇਕ ਸਲੋਕ, ਸੋਹਲਾ ਧੁਰ ਦਾ ਸ਼ਬਦ ਸ਼ਬਦ ਸ਼ਨਵਾਈਆ ।

✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦਸੂਹਾ ਜ਼ਿਲਾ ਹੁਸ਼ਿਆਰਪੁਰ ਖ਼ਿਆਲ ਸਿੰਘ ਦੇ ਗ੍ਰਿਹ ✪



ਧਰਨੀ ਕਹੇ ਮੇਰੇ ਸਤਿਗੁਰ ਪੁਰਖ ਗੁਰਦੇਵਾ, ਦੇਵ ਆਤਮਾ ਧਿਆਨ ਲਗਾਈਆ । ਵਸਣਹਾਰੇ ਸਚਖੰਡ ਦਵਾਰ ਨਿਹਚਲ ਨਿਹਕੇਵਾ, ਨਰ ਨਰਾਇਣ ਤੇਰੀ ਸ਼ਰਨਾਈਆ । ਮਾਨਸ ਮਾਨੁਖ ਸਭ ਦੇ ਦੇ ਅੰਮ੍ਰਿਤ ਰਸ ਮੇਵਾ, ਚਾਰ ਕੁੰਟ ਖ਼ੁਸ਼ੀ ਬਣਾਈਆ । ਤੂੰ ਅਪਰੰਪਰ ਸਵਾਮੀ ਦੇਵੀ ਦੇਵਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਧਰਨੀ ਕਹੇ ਮੈਂ ਬਿਨਾ ਰਸਨਾ ਤੋਂ ਗੁਣ ਗਾਵਾਂ ਬਿਨ ਜਿਹਵਾ, ਤੇਰੀ ਸਿਫ਼ਤ ਸਿਫ਼ਤ ਵਡਿਆਈਆ । ਤੂੰ ਮਾਲਕ ਗਹਿਰ ਗੰਭੀਰ ਅਲਖ ਅਭੇਵਾ, ਅਗੋਚਰ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਦੇਣੀ ਵਡਿਆਈਆ । ਧਰਨੀ ਕਹੇ ਪ੍ਰਭੂ ਮੈਨੂੰ ਆਪਣੇ ਦਰ ਕਰ ਕਬੂਲ, ਕਾਇਨਾਤ ਤੋਂ ਬਾਹਰ ਧਿਆਨ ਲਗਾਈਆ । ਚਰਨ ਕਵਲ ਬਖ਼ਸ਼ ਧੂਲ, ਧੂੜੀ ਖ਼ਾਕ ਰਮਾਈਆ । ਤੇਰੀ ਸ੍ਰਿਸ਼ਟੀ ਤੈਨੂੰ ਗਈ ਭੂਲ, ਭੁਲੀ ਜਗਤ ਲੋਕਾਈਆ । ਧਰਮ ਦਾ ਰਿਹਾ ਨਾ ਕੋਈ ਅਸੂਲ, ਅਸਲ ਵਿਚ ਨਾ ਕੋਇ ਸਮਾਈਆ । ਔਹ ਤੱਕ ਸ਼ੰਕਰ ਉਠਾਈ ਫਿਰਦਾ ਤ੍ਰਿਸ਼ੂਲ, ਆਪਣੀ ਲਏ ਅੰਗੜਾਈਆ । ਕਿਸੇ ਦਾ ਬਕਾਇਆ ਰਹਿਣ ਨਹੀਂ ਦੇਣਾ ਮੂਲ, ਲਹਿਣਾ ਸਭ ਦਾ ਪੂਰ ਕਰਾਈਆ । ਮੇਰੇ ਸਵਾਮੀ ਬਿਨ ਤੇਰੀ ਕਿਰਪਾ ਪੰਘੂੜਾ ਸਕੇ ਕੋਈ ਨਾ ਝੂਲ, ਸੁਖ ਆਸਣ ਡੇਰਾ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਲੇਖੇ ਲਾ ਕਰਨੀ, ਕਰਨੀ ਦੇ ਕਰਤੇ ਦੇ ਵਡਿਆਈਆ । ਸਚ ਬਖ਼ਸ਼ ਸਹਾਰਾ ਚਰਨੀ, ਚਰਨ ਕਵਲ ਦੇ ਵਡਿਆਈਆ । ਮੈਂ ਤੇਰੀ ਇਕੋ ਤੁਕ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਦੀਨ ਦੁਨੀ ਤੱਕ ਲੈ ਆਪਣੀ ਵਰਨੀ, ਬਰਨਾਂ ਖੋਜ ਖੁਜਾਈਆ । ਤੇਰੀ ਪਏ ਕੋਇ ਨਾ ਸਰਨੀ, ਸ਼ਰਨਗਤ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰ ਗੜ੍ਹਨੀ, ਹੰਕਾਰ ਵਿਕਾਰ ਨਾਲ ਵਡਿਆਈਆ । ਮੇਰੇ ਉਤੇ ਤੇਰੀ ਖਾਲਕ ਮਖ਼ਲੂਕ ਖ਼ਲਕ ਅੰਤਮ ਸੜਨੀ, ਕਲਜੁਗ ਅਗਨੀ ਅੱਗ ਲਗਾਈਆ । ਵਣਜ ਹੋਵੇ ਸੀਸ ਧੜਨੀ, ਕੀਮਤ ਕੌਡੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਸੇਵਾ ਕਰੀਂ ਮਨਜ਼ੂਰ, ਮਿਹਰਵਾਨ ਦਇਆ ਕਮਾਈਆ । ਤੂੰ ਸਦਾ ਹਾਜ਼ਰ ਹਜ਼ੂਰ, ਹਜ਼ੂਰੀਏ ਅਵਤਾਰ ਪੈਗ਼ੰਬਰ ਗੁਰ ਰਹੇ ਜਣਾਈਆ । ਮੈਨੂੰ ਸੰਦੇਸ਼ਾ ਦੇਣ ਜ਼ਰੂਰ, ਜ਼ਰੂਰਤ ਆਪਣੀ ਰਹੇ ਜਣਾਈਆ । ਸਾਡਾ ਦੀਨਾਂ ਮਜ਼੍ਹਬਾਂ ਦਾ ਭਰਿਆ ਪੂਰ, ਬੇੜਾ ਕੰਧ ਉਤੇ ਟਿਕਾਈਆ । ਕਵਣ ਵੇਲਾ ਪ੍ਰਭ ਲੇਖ ਮੁਕਾਏ ਕੂੜ, ਕੁਕਰਮ ਕੁਟੰਬ ਦਏ ਖਪਾਈਆ । ਜਨ ਭਗਤਾਂ ਬਖ਼ਸ਼ੇ ਚਰਨ ਧੂੜ, ਟਿੱਕੇ ਖ਼ਾਕ ਰਮਾਈਆ । ਦੀਨ ਦੁਨੀ ਦਾ ਵੇਖੇ

ਕਸੂਰ, ਕਰਮ ਕਾਂਡਾਂ ਫੋਲ ਫੁਲਾਈਆ । ਸਾਚੇ ਸੰਤਾਂ ਤੱਕੇ ਸਰੂਰ, ਸੁਰਤ ਸ਼ਬਦ ਫੋਲ ਫੁਲਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਦਰ ਦਾ ਮਜ਼ਦੂਰ, ਜੁਗ ਜੁਗ ਸੇਵ ਕਮਾਈਆ । ਪਰ ਏਸ ਵੇਲੇ ਮੇਰੇ ਤੇ ਪਿਆ ਫ਼ਤੂਰ, ਫ਼ਤਵਾ ਦਿਤਾ ਖ਼ਲਕ ਖ਼ੁਦਾਈਆ । ਹੰਕਾਰੀ ਗੜ੍ਹ ਹੋਇਆ ਗ਼ਰੂਰ, ਗ਼ੁਰਬਤ ਸਕੇ ਨਾ ਕੋਇ ਮਿਟਾਈਆ । ਮੂਸਾ ਵੇਖੇ ਧਾਰ ਕੋਹਤੂਰ, ਈਸਾ ਇਸਮ ਦੀ ਅੱਖ ਉਠਾਈਆ । ਮੁਹੰਮਦ ਨਜ਼ਰੀਆ ਕਰੇ ਤੇਰੇ ਹਜ਼ੂਰ, ਜ਼ਾਹਰ ਜ਼ਹੂਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੈਂ ਤੇਰੀ ਹੋਵਾਂ ਮਸ਼ਕੂਰ, ਮੁਸ਼ਕਲ ਮੇਰੀ ਹੱਲ ਕਰਾਈਆ ।

## ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸ਼ਰੀਹ ਪੁਰ ਜ਼ਿਲਾ ਹੁਸ਼ਿਆਰ ਪੁਰ ਵਤਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਅੰਤਰ ਉਠਦੀਆਂ ਚੀਸਾਂ, ਚਸ਼ਮਦੀਦ ਵੇਖ ਵਖਾਈਆ । ਮੈਂ ਤੇਰਾ ਰਾਹ ਤੱਕਾਂ ਸਾਹਿਬ ਉਨੀਸਾ, ਇਕ ਨੌ ਦੇ ਮਾਲਕ ਧਿਆਨ ਲਗਾਈਆ । ਮੇਰੀ ਆਸਾ ਤੜਫਦੀ ਬੀਸਾ, ਬੀਸ ਬੀਸੇ ਹੋ ਸਹਾਈਆ । ਤੇਰਾ ਨੂਰ ਤੱਕਾਂ ਇਕੀਸਾ, ਏਕੰਕਾਰ ਦਏ ਵਡਿਆਈਆ । ਮੇਰਾ ਧਰਮ ਦਾ ਖ਼ਾਲੀ ਹੋਇਆ ਖ਼ੀਸਾ, ਪੱਲੇ ਗੰਢ ਨਾ ਕੋਇ ਰਖਾਈਆ । ਸ਼ਰਅ ਦੀ ਰਹੇ ਨਾ ਕੋਇ ਹਦੀਸਾ, ਹਜ਼ਰਤ ਉਠ ਉਠ ਦੇਣ ਗਵਾਹੀਆ । ਚਾਰੋਂ ਕੁੰਟ ਮਾਇਆ ਮਮਤਾ ਪੀਸਣ ਪੀਸਾ, ਚੱਕੀ ਕੂੜ ਕੁੜਿਆਰ ਚਲਾਈਆ । ਤੇਰਾ ਨੂਰ ਨਜ਼ਰ ਨਾ ਆਵੇ ਸ਼ੀਸ਼ਾ, ਸਤਿ ਸਰੂਰ ਨਾ ਕੋਇ ਦਸਾਈਆ । ਛਤਰ ਰਿਹਾ ਨਾ ਕਿਸੇ ਸੀਸਾ, ਸ਼ਹਿਨਸ਼ਾਹ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਦਰ ਉਠਦੀਆਂ ਹੁਕਾਂ, ਹੂੰ ਹੂੰ ਕਰ ਸੁਣਾਈਆ । ਮੈਂ ਕਿਹੜੀ ਕੂਟੇ ਲੁਕਾਂ, ਥਾਂ ਨਜ਼ਰ ਕੋਇ ਨਾ ਆਈਆ । ਕਿਹੜੇ ਸਾਹਿਬ ਨੂੰ ਝੁਕਾਂ, ਗੁਰ ਅਵਤਾਰ ਪੈਗ਼ੰਬਰ ਬੈਠੇ ਮੁਖ ਛੁਪਾਈਆ । ਕਿਸ ਨੂੰ ਦੱਸਾਂ ਦੁੱਖਾ, ਕਿਸ ਅਗੇ ਵਾਸਤਾ ਪਾਈਆ । ਮੇਰਾ ਦੁਰਮਤ ਭਰਿਆ ਮੁਖਾ, ਪਾਪਾਂ ਮੈਲ ਨਾ ਕੋਇ ਧਵਾਈਆ । ਮੇਰੇ ਸਿਸਕੀਆਂ ਵਿਚ ਰੋਂਦੇ ਬੂਲ ਬੂਟਾ, ਸਵਾਮੀ ਤੱਕਣਾ ਚਾਈਂ ਚਾਈਂਆ । ਮੇਰਾ ਨਾਤਾ ਸਤਿ ਦਾ ਟੁੱਟਾ, ਟੁਟਿਆਂ ਗੰਢ ਨਾ ਕੋਇ ਪਵਾਈਆ । ਜਿਧਰ ਤੱਕਦੀ ਮਾਨਵ ਫੁੱਟਾਂ, ਫੁਟਕਲ ਹੋਈ ਲੋਕਾਈਆ । ਕਲਜੁਗ ਪਾਈਆਂ ਲੁੱਟਾਂ, ਲੁਟੇਰਾ ਬਣਿਆ ਥਾਉਂ ਥਾਈਆ । ਮੈਂ ਦੋਵੇਂ ਮੀਟ ਕੇ ਅੱਖਾਂ, ਸੋਚਾਂ ਵਿਚ ਧਿਆਨ ਲਗਾਈਆ । ਜ਼ੋਰ ਜ਼ੋਰ ਦੀ ਘੁੱਟਾਂ, ਉਂਗਲੀਆਂ ਰਹੀ ਦਬਾਈਆ । ਕਿਹੜੀ ਤਾਕਤ ਨਾਲ ਉਠਾਂ, ਆਪਣੀ ਲਵਾਂ ਅੰਗੜਾਈਆ । ਮਿਹਰਵਾਨ ਜਿੰਨਾਂ ਚਿਰ ਸਾਹਿਬ ਨਾ ਤੁਠਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੇਰਾ ਨਿਮਾਣੀ ਦਾ ਗ਼ਰੀਬਾਂ ਵਾਲਾ ਗ਼ੁੱਸਾ, ਭੈ ਵਿਚ ਨਾ ਕਿਸੇ ਡਰਾਈਆ । ਮੇਰਾ ਕਮਜ਼ੋਰ ਹੋਇਆ ਜੁੱਸਾ, ਜਿਸਮ ਜ਼ਮੀਰ ਰਿਹਾ ਕੁਰਲਾਈਆ । ਤੂੰ ਸਾਹਿਬ ਸਵਾਮੀ ਅਬਿਨਾਸ਼ੀ ਅਚੁਤਾ, ਚੇਤਨ ਨੂਰ ਅਲਾਹੀਆ । ਮੇਰੀ ਸੁਹੰਜਣੀ ਕਰ ਦੇ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਦਰ ਹੁੰਦੀਆਂ ਪੀੜਾਂ, ਬਿਨ ਨਾੜੀ ਨਾੜੀਆਂ ਰਹੀ ਕੁਰਲਾਈਆ । ਮੈਂ ਵਾਸਤਾ ਪਾਇਆ

ਤੇਰੀਆਂ ਗ੍ਰੰਥਾਂ ਵਾਲੀਆਂ ਬੀੜਾਂ, ਅਗੇ ਨਿਵ ਨਿਵ ਸੀਸ ਝੁਕਾਈਆ । ਨੱਕ ਨਾਲ ਕਢੀਆਂ ਲਕੀਰਾਂ, ਲਾਈਨਾਂ ਦਿਤੀਆਂ ਵਖਾਈਆ । ਬਣ ਕੇ ਕੰਗਲੀ ਵਾਲਾ ਫ਼ਕੀਰਾ, ਦਰ ਦਰ ਅਲਖ ਜਗਾਈਆ । ਅਵਾਜ਼ਾਂ ਮਾਰੀਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਪੀਰਾਂ, ਉਚੀ ਕੂਕ ਕੂਕ ਸੁਣਾਈਆ । ਉਠੋ ਵੇਖੋ ਮੇਰਾ ਓਢਣ ਹੋਇਆ ਲੀਰਾਂ ਲੀਰਾਂ, ਸਿਰ ਹੱਥ ਨਾ ਕੋਇ ਰਖਾਈਆ । ਛੇਤੀ ਘੱਤ ਕੇ ਆਓ ਵਹੀਰਾਂ, ਭੱਜੇ ਵਾਹੋ ਦਾਹੀਆ । ਆਪਣੇ ਮਜ਼੍ਹਬ ਦੀਆਂ ਤੱਕੋ ਤਕਦੀਰਾਂ, ਜੋ ਤਦਬੀਰਾਂ ਨਾਲ ਬਣਾਈਆ । ਸ਼ਰਅ ਦੀਆਂ ਵੇਖੋ ਜਗੀਰਾਂ, ਜੋ ਹਿੱਸਿਆਂ ਵੰਡ ਵੰਡਾਈਆ । ਨਿਗਾਹ ਮਾਰੋ ਗ਼ਰੀਬਾਂ ਅਮੀਰਾਂ, ਜ਼ਾਤ ਅਜਾਤਾ ਖੋਜ ਖੁਜਾਈਆ । ਆਪਣੇ ਜ਼ੋਰ ਦੀਆਂ ਤੱਕੋ ਸ਼ਮਸ਼ੀਰਾਂ, ਖੰਡੇ ਤਿੱਖੀ ਧਾਰ ਵਖਾਈਆ । ਮੁਰੀਦਾਂ ਮੁਰਸ਼ਦਾਂ ਦੀਆਂ ਤੱਕੋ ਜਮੀਰਾਂ, ਅੰਦਰ ਵੜ ਕੇ ਖੋਜ ਖੁਜਾਈਆ । ਸਾਰਿਆਂ ਹੱਸ ਕੇ ਕਿਹਾ ਸਾਡੀਆਂ ਉਸ ਦੇ ਹੱਥ ਤਕਸੀਰਾਂ, ਜੋ ਨੂਰ ਨੁਰਾਨਾ ਨੂਰ ਅਲਾਹੀਆ । ਉਹ ਮਾਲਕ ਗਹਿਰ ਗੰਭੀਰਾ, ਗਵਰ ਇਕ ਅਖਵਾਈਆ । ਜਿਸ ਲੇਖੇ ਲਾਏ ਸਾਡੇ ਸਰੀਰਾ, ਪੰਜਾਂ ਤਤਾਂ ਤਤ ਸਮਾਈਆ । ਉਹ ਦੇਵਣਹਾਰਾ ਤੈਨੂੰ ਧੀਰਾ, ਧੀਰਜ ਧੀਰ ਆਪ ਜਣਾਈਆ । ਲੇਖਾ ਜਾਣੇ ਸ਼ਾਹ ਹਕੀਰਾ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਧਰਨੀਏ ਜਿਸ ਦੀਆਂ ਚਾਰ ਜੁਗ ਦੇ ਸ਼ਾਸਤਰਾਂ ਉਤੇ ਪੜ੍ਹਦੀ ਰਹੀਉਂ ਤਕਰੀਰਾਂ, ਤਹਿਰੀਰਾਂ ਵੇਖ ਵਖਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਤੇਰੇ ਉਤੇ ਹਰਿਜਨ ਬਣਾਏ ਧੁਰ ਦਾ ਹੀਰਾ, ਅਨਮੁਲੜੇ ਲਾਲ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਇਕ ਅਖਵਾਈਆ । ਧਰਨੀ ਕਹੇ ਪ੍ਰਭੂ ਮੈਨੂੰ ਕੂੜੀ ਕਿਰਿਆ ਦੀਆਂ ਪੈਂਦੀਆਂ ਦਰਦਾਂ, ਤੁਧ ਬਿਨ ਦਰਦੀਆਂ ਦਰਦ ਨਾ ਕੋਇ ਵੰਡਾਈਆ । ਮੈਂ ਚਾਰ ਕੁੰਟ ਪੁਕਾਰ ਕੇ ਕਹਾਂ ਮਰਦਾਂ, ਮਦਦ ਕਰੋ ਥਾਉਂ ਥਾਈਂਆ । ਜਿਧਰ ਤੱਕਿਆ ਮੈਨੂੰ ਸ਼ਰਅ ਦੀਆਂ ਦਿਸੀਆਂ ਕਰਦਾਂ, ਛੁਰੀਆਂ ਤਿੱਖੀ ਧਾਰ ਨਜ਼ਰੀ ਆਈਆ । ਅਵਤਾਰ ਪੈਗ਼ੰਬਰ ਗੁਰੂ ਤੇਰੇ ਅਗੇ ਕਰਨ ਅਰਜ਼ਾਂ, ਬੇਨੰਤੀਆਂ ਰਹੇ ਸੁਣਾਈਆ । ਕਲਜੁਗ ਦੀਆਂ ਸਾਥੋਂ ਦੂਰ ਨਹੀਂ ਹੁੰਦੀਆਂ ਮਰਜ਼ਾਂ, ਮਰੀਜ਼ ਹੋਈ ਜਗਤ ਲੋਕਾਈਆ । ਸਾਡੇ ਨਾਮ ਕਲਮੇ ਦੀਆਂ ਭੁਲੀਆਂ ਤਰਜਾਂ, ਤਰਾ ਤਰਾ ਦੇ ਢੋਲੇ ਸਾਰੇ ਗਾਈਆ । ਧਰਨੀਏ ਪੁਰਖ ਅਕਾਲ ਤੇਰੀਆਂ ਪੂਰ ਕਰੇ ਗ਼ਰਜ਼ਾਂ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਪੁੱਠੀਆਂ ਸਿੱਧੀਆਂ ਕਰੇ ਨਰਦਾਂ, ਨਰ ਨਰਾਇਣ ਵਡੀ ਵਡਿਆਈਆ । ਕੂੜ ਕੁੜਿਆਰਾ ਮੇਟੇ ਗਰਦਾਂ, ਸਾਚਾ ਸਚ ਚੰਦ ਚਮਕਾਈਆ । ਉਹ ਵੇਖਣਹਾਰਾ ਪਿਛਲੀਆਂ ਸਭ ਦੀਆਂ ਫ਼ਰਦਾਂ, ਭਰਮ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭ ਮੇਰੇ ਅੰਤਰ ਪੈਂਦਾ ਵਟ, ਵਟਣਾ ਕੂੜ ਕੁੜਿਆਰ ਚੜ੍ਹਾਈਆ । ਮੈਨੂੰ ਮਮਤਾ ਲੱਗਾ ਫੱਟ, ਪੱਟੀ ਸਚ ਨਾ ਕੋਇ ਬੰਧਾਈਆ । ਮੈਨੂੰ ਵਿਕਾਰੇ ਮਾਰੀ ਸੱਟ, ਸੁਧ ਰਹੀ ਨਾ ਰਾਈਆ । ਮੇਰਾ ਹੌਸਲਾ ਗਿਆ ਢੱਠ, ਰੋਵਾਂ ਮਾਰਾਂ ਧਾਹੀਆ । ਮੈਨੂੰ ਸਾਥੀ ਗਏ ਛਡ, ਧਰਮ ਧਾਰ ਨਾ ਕੋਇ ਜਣਾਈਆ । ਮੈਥੋਂ ਸਾਰੇ ਹੋ ਗਏ ਅੱਡ, ਪੱਲੂ ਗਏ ਛੁਡਾਈਆ । ਮੈਂ ਡਿੱਗੀ ਅੰਧੇਰੀ ਡੂੰਘੀ ਖੱਡ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਮੈਨੂੰ ਚੂੰਢੀ ਸਭ ਨੇ ਦਿਤੀ ਵੱਢ, ਪੱਟੀ ਸੁਹਾਗ ਨਜ਼ਰ ਕੋਇ ਨਾ ਆਈਆ । ਪ੍ਰੇਮੀ ਲਡਾਏ ਕੋਇ ਨਾ ਲਡ, ਪ੍ਰੀਤ ਅੰਤ ਨਾ ਕੋਇ ਲਗਾਈਆ । ਮੈਂ ਕਲਜੁਗ ਅਗਨੀ ਵਿਚ ਰਹੀ ਦਗ, ਸਾਂਤਕ ਸਤਿ ਨਾ ਕੋਇ ਵਰਤਾਈਆ । ਚਾਰੋਂ ਕੁੰਟ ਕੁਕਰਮ ਦੀ ਅੱਗ, ਮੈਨੂੰ ਰਹੀ ਜਲਾਈਆ ।

੯੫੯
੨੩

੯੬੦
੨੩

ਮੈਂ ਪੁਰਖ ਅਕਾਲੇ ਦੀਨ ਦਿਆਲੇ ਤੈਨੂੰ ਰਹੀ ਲੱਭ, ਭੱਜਾਂ ਵਾਹੋ ਦਾਹੀਆ । ਵੈਰਾਗਾਂ ਵਿਚ ਰਹੀ ਸੱਦ, ਬਿਰਹੋਂ ਆਵਾਜ਼ ਲਗਾਈਆ । ਆ ਮੇਰੇ ਸੂਰੇ ਸਰਬਗ, ਹਰਿ ਕਰਤੇ ਨੂਰ ਅਲਾਹੀਆ । ਮੇਰੀ ਪੁਕਾਰੇ ਰਗ ਰਗ, ਰਿਗ ਵੇਦ ਜਿਸ ਦੀ ਦਏ ਗਵਾਹੀਆ । ਅਥਰਬਣ ਸਭਾ ਮਲੇਛਾ ਹੋਈ ਸਭ, ਸਤਿ ਰੰਗ ਨਾ ਕੋਇ ਰੰਗਾਈਆ । ਕਿਰਪਾ ਕਰ ਮੇਰੇ ਪ੍ਰਭ, ਪਰਮ ਪੁਰਖ ਤੇਰੀ ਵਡਿਆਈਆ । ਅੰਮ੍ਰਿਤ ਰਿਹਾ ਨਾ ਮੇਰੀ ਕਵਲ ਨਭ, ਝਿਰਨਾ ਰਿਸਕ ਨਾ ਕੋਇ ਝਿਰਾਈਆ । ਧਰਨੀ ਕਹੇ ਪ੍ਰਭੂ ਬਿਨ ਤੇਰੀ ਕਿਰਪਾ ਮੇਰਾ ਗਿਆ ਕਿਛ ਹਭ, ਖ਼ਾਲੀ ਹੱਥ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰ ਏਕੰਕਾਰ ਮੈਂ ਨਿਮਾਣੀ ਤੈਨੂੰ ਰਹੀ ਸੱਦ, ਸੱਦੇ ਸਦਕੇ ਪ੍ਰੇਮ ਵਾਲੇ ਸੁਣਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਡਡ ਜ਼ਿਲਾ ਹੁਸ਼ਿਆਰਪੁਰ ਦਿਆਲ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਨਿਰੰਕਾਰ, ਨਿਰਵੈਰ ਨਿਰਾਕਾਰ ਤੇਰੀ ਵਡਿਆਈਆ । ਮੈਂ ਕੋਝੀ ਕਮਲੀ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਤੂੰ ਕਿਰਪਾ ਕਰੀਂ ਆਪ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮੇਰੇ ਸਵਾਮੀ ਅੰਤਰਜਾਮੀ ਮੇਰਾ ਅੰਤਸ਼ਕਰਨ ਵਿਚਾਰ, ਬੁਧੀ ਤੋਂ ਪਰੇ ਧਿਆਨ ਲਗਾਈਆ । ਮੇਰਾ ਅੰਤਰ ਨਿਰੰਤਰ ਕਰੇ ਗਿਰਿਆਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਬਹੁੜੀ ਬਹੁੜੀ ਦਰੋਹੀ ਮੇਰੇ ਪਰਵਰਦਿਗਾਰ, ਸਾਂਝੇ ਯਾਰ ਤੇਰੀ ਓਟ ਤਕਾਈਆ । ਨਵ ਸੱਤ ਬ੍ਰਹਮ ਮਤ ਆਤਮ ਤਤ ਰਿਹਾ ਨਾ ਕੋਈ ਪਿਆਰ, ਪਰਮ ਪੁਰਖ ਪਰਮਾਤਮ ਤੇਰੇ ਰੰਗ ਨਾ ਕੋਇ ਸਮਾਈਆ । ਏਕੰਕਾਰ ਨਿਗਾਹ ਮਾਰ, ਅੰਦਰ ਧਾਰ ਮੇਰੀ ਸੁਣ ਪੁਕਾਰ, ਸਚ ਸਵਾਮੀ ਅੰਤਰਜਾਮੀ ਪੁਰਖ ਬਿਧਾਤੇ ਆਪਣੀ ਦਇਆ ਕਮਾਈਆ । ਜਿਧਰ ਤੱਕਾਂ ਧੂੰਆਂਧਾਰ, ਜਗਤ ਜਗਿਆਸੂ ਠੱਗ ਚੋਰ ਯਾਰ, ਮਿਤਰ ਪਿਆਰਾ ਪਿਆਰੇ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਂ ਕੀ ਦੱਸਾਂ ਆਪਣਾ ਅੰਤਸ਼ ਵਿਚਾਰ, ਵਿਚਰ ਕੇ ਕੀ ਜਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਨਿਰਗੁਣ ਨਿਰਵੈਰ ਹੋ ਜਾਹਰ, ਜਾਹਰ ਜ਼ਹੂਰ ਅਗੰਮੀ ਨੂਰ ਨੁਰਾਨਾ ਕਰ ਰੁਸ਼ਨਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੈਂ ਦੁਖੀ ਰੋਵਾਂ ਜ਼ਾਰੋ ਜ਼ਾਰ, ਸਾਂਤਕ ਸਤਿ ਸਤਿ ਨਾ ਕੋਇ ਕਰਾਈਆ । ਉਠ ਵੇਖ ਸਵਾਮੀ ਚਾਰੋਂ ਕੁੰਟ ਬਿਨ ਨੈਣਾਂ ਨਿਗਾਹ ਮਾਰ, ਬਿਨ ਅੱਖੀਆਂ ਅੱਖ ਖੁਲਾਈਆ । ਤੇਰਾ ਰਿਹਾ ਨਾ ਕੋਇ ਖ਼ਿਦਮਤਗਾਰ, ਖ਼ਾਦਮ ਆਦਮ ਨਜ਼ਰ ਕੋਇ ਨਾ ਆਈਆ । ਜਿਧਰ ਤੱਕਾਂ ਨੈਣ ਉਘਾੜ, ਸ੍ਰਿਸ਼ਟੀ ਦ੍ਰਿਸ਼ਟੀ ਹੋਈ ਵਿਭਚਾਰ, ਕੂੜ ਕੁਕਰਮ ਦਾ ਡੇਰਾ ਕੋਇ ਨਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੈਂ ਮੰਗਾਂ ਕੀ, ਬਹੁੜੀ ਦਰੋਹੀ ਤੇਰਾ ਨਾਮ ਦੁਹਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੈਂ ਤੇਰੇ ਸਹਾਰੇ ਰਹੀ ਜੀ, ਜੀਵਨ ਤੇਰੀ ਝੋਲੀ ਪਾਈਆ । ਤੇਰੇ ਸਤਿ ਧਰਮ ਦੀ ਅਵਤਾਰ ਪੈਗ਼ੰਬਰ ਗੁਰੂਆਂ ਵਾਲੀ ਭੁਲੀ ਸਭ ਨੂੰ ਲੀਹ, ਰਸਤਾ ਤੇਰੇ ਮਾਨਵ ਗਏ ਭੁਲਾਈਆ । ਤੇਰਾ ਧਰਮ ਦਾ ਨਾ ਕੋਈ

ਪੁਤ ਰਿਹਾ ਨਾ ਧੀ, ਬੰਸ ਸਰਬੰਸ ਸੋਭਾ ਕੋਇ ਨਾ ਪਾਈਆ । ਅੰਮ੍ਰਿਤ ਧਾਰ ਏਕਾ ਏਕੰਕਾਰ ਅਗੰਮਾ ਬਰਸੇ ਕੋਇ ਨਾ ਮੀਂਹ, ਮੇਘਲਾ ਧਾਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੇ ਅੰਦਰ ਤੱਕ ਮੇਰੇ ਸਵਾਮੀ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਆਦਿ ਪੁਰਖ ਅਪਰੰਪਰ ਸਵਾਮੀ, ਸਾਹਿਬ ਸਤਿਗੁਰ ਤੇਰੀ ਓਟ ਤਕਾਈਆ । ਮੈਂ ਜਿਧਰ ਤੱਕਾਂ ਉਧਰ ਸ਼ਰਅ ਦੀ ਗ਼ੁਲਾਮੀ, ਜ਼ੰਜੀਰ ਬੇਨਜ਼ੀਰ ਸਕੇ ਨਾ ਕੋਇ ਤੁੜਾਈਆ । ਮੈਂ ਆਪਣੀ ਸੇਵਾ ਵਿਚ ਹੋਈ ਨਿਹਕਾਮੀ, ਮੇਰੀ ਚਲੇ ਨਾ ਕੋਇ ਚਤੁਰਾਈਆ । ਜਿਧਰ ਤੱਕਾਂ ਉਧਰ ਤੇਰੀ ਹੋਵੇ ਬਦਨਾਮੀ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਸਤਿ ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਨਿਸ਼ਾਨਾ ਕੂੜ ਨਜ਼ਰੀ ਆਈਆ । ਮੇਰੇ ਮਾਲਕ ਮੇਰੇ ਉਤੇ ਕਰ ਮਿਹਰਵਾਨੀ, ਮਹਿਬੂਬ ਆਪਣੀ ਦਇਆ ਕਮਾਈਆ । ਸ਼ਰਅ ਸ਼ਰੀਅਤ ਮੇਟ ਇਸਲਾਮੀ, ਇਸਮ ਆਜ਼ਮ ਇਕ ਸਮਝਾਈਆ । ਤੂੰ ਬੋਧ ਅਗਾਧਾ ਸਤਿਗੁਰ ਅਨਾਮੀ, ਸਚਖੰਡ ਨਿਵਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੁਧ ਬਿਨ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਆਸ਼ਾ ਤੱਕ ਇਕ, ਏਕੰਕਾਰ ਇਕ ਜਣਾਈਆ । ਮੇਰੀ ਨੌਂ ਸੌ ਚੁਰਾਨਮੇ ਜੁਗ ਚੌਕੜੀ ਪੁਰਾਣੀ ਸਿੱਕ, ਸਤਿ ਸਤਿ ਦਿਆਂ ਦ੍ਰਿੜਾਈਆ । ਤੇਰਾ ਰਾਹ ਉਡੀਕਾਂ ਨਿਤ, ਨਵਿਤ ਧਿਆਨ ਲਗਾਈਆ । ਮੇਰਾ ਸਵਾਮੀ ਮਿਲੇ ਮਿਤ, ਮਿਤਰ ਪਿਆਰਾ ਸੋਭਾ ਪਾਈਆ । ਜੋ ਵਸੇ ਹਰ ਘਟ ਚਿਤ, ਲੱਖ ਚੁਰਾਸੀ ਰਿਹਾ ਸਮਝਾਈਆ । ਸੋ ਸੁਹੰਜਣੀ ਮੇਰੀ ਕਰੇ ਥਿਤ, ਘੜੀ ਪਲ ਵੱਜੇ ਵਧਾਈਆ । ਮੇਰਾ ਲੇਖਾ ਅਗਲਾ ਦੇਵੇ ਲਿਖ, ਪਿਛਲਾ ਲੇਖਾ ਰਹੇ ਨਾ ਰਾਈਆ । ਹਰਿਜਨ ਪ੍ਰਗਟਾਏ ਸੰਤ ਸੁਹੇਲੇ ਗੁਰਮੁਖ ਸਿੱਖ, ਜਨ ਭਗਤਾਂ ਦਏ ਵਡਿਆਈਆ । ਪਰਮ ਪੁਰਖ ਪਰਮਾਤਮ ਬਣ ਪਿਤ, ਆਤਮ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੇਰੀ ਪੂਰੀ ਕਰਨੀ ਇਛ, ਨਿਰਇਛਤ ਆਪਣੀ ਦਇਆ ਕਮਾਈਆ ।

### ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ਲਾਲ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭ ਮੇਰੀ ਹਾਲਤ ਵੇਖ ਅੰਦਰੂਨੀ, ਅੰਤਸ਼ਕਰਨ ਫੋਲ ਫੁਲਾਈਆ । ਬਾਹਰੋਂ ਵੇਖ ਲੈ ਜਗਤ ਖੇਲ ਬੈਰੂਨੀ, ਨਵ ਨੌ ਚਾਰ ਧਿਆਨ ਲਗਾਈਆ । ਤੂੰ ਆਦਿ ਜੁਗਾਦਿ ਸ਼ਬਦ ਦਾ ਸਚ ਕਾਨੂੰਨੀ, ਕਾਇਦਾ ਕਾਇਨਾਤ ਦ੍ਰਿੜਾਈਆ । ਕੂੜ ਕਲਪਣਾ ਵੇਖ ਲੈ ਸਵਾਈ ਦੂਣੀ, ਚਵਗੁਣ ਰੂਪ ਵਟਾਈਆ । ਮਨ ਕਲਪਣਾ ਸਚ ਧਰਮ ਦੀ ਬਣੀ ਖ਼ੂਨੀ, ਕਾਤਲ ਮਕਤੂਲ ਰੂਪ ਬਣਾਈਆ । ਨਿਗਾਹ ਮਾਰ ਲੈ ਆਪਣੀ ਚੁਰਾਸੀ ਲੱਖ ਜੂਨੀ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਦਰ ਵੇਖ ਲੈ ਖੇਲ ਅਪਾਰਾ, ਅਪਰੰਪਰ ਧਿਆਨ ਲਗਾਈਆ । ਸਚ ਦਾ ਰਿਹਾ ਨਾ ਕੋਇ ਦਵਾਰਾ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਪਵਿਤ੍ਰ ਦਿਸੇ ਨਾ ਕੋਇ ਕਿਨਾਰਾ, ਤੀਰਥ ਤਟ ਰਹੇ ਕੁਰਲਾਈਆ । ਸਤਿਗੁਰ ਸ਼ਬਦ ਸਵਾਮੀ ਹੋ ਕੇ ਪਾ

੮੬੧
੨੩

ਸਾਰਾ, ਮਹਾਸਾਰਥੀ ਆਪਣਾ ਫੇਰਾ ਪਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰਾ, ਨਿਰੰਕਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਉਤੇ ਕੂੜ ਕੁਕਰਮ ਦਾ ਵੇਖ ਅਖਾੜਾ, ਚਾਰੋਂ ਕੁੰਟ ਨਾਚ ਨਚਾਈਆ । ਕਲਜੁਗ ਕਲ ਕਾਤੀ ਹੋ ਕੇ ਮਾਰ ਧਾੜਾ, ਧਾੜਵੀ ਆਪਣਾ ਬਲ ਪ੍ਰਗਟਾਈਆ । ਮੇਰੀ ਬੇਨੰਤੀ ਮੰਨ ਲੈ ਹਾੜਾ, ਨਿਵ ਨਿਵ ਲਾਗਾ ਤੇਰੀ ਪਾਈਆ । ਲੱਗੀ ਅੱਗ ਦੀਨ ਦੁਨੀ ਬਹੱਤਰ ਨਾੜਾ, ਤਤਵ ਤਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੀ ਪੁਕਾਰ ਤੇਰੇ ਅਗੇ, ਮਿਹਰਵਾਨ ਤੇਰੀ ਓਟ ਤਕਾਈਆ । ਸਾਚਾ ਦੀਪਕ ਨੂਰ ਕੋਇ ਨਾ ਜਗੇ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜਿਧਰ ਤੱਕਾਂ ਉਧਰ ਦਿਸੇ ਲੱਗੀ ਅੱਗੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੇ ਸਵਾਮੀ ਮੇਰੇ ਦੋਏ ਹੱਥ ਬੱਧੇ, ਬੰਦਨਾ ਵਿਚ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਆ ਜਾ ਝੱਬੇ, ਝਲਕ ਆਪਣੀ ਦੇ ਵਖਾਈਆ । ਮੇਰੇ ਉਤੋਂ ਕੂੜ ਮੇਟ ਦੇ ਦਗ਼ੇ, ਦਗ਼ੇਬਾਜ਼ੀ ਰਹਿਣ ਕੋਇ ਨਾ ਪਾਈਆ । ਆਪਣੇ ਜੀਵ ਵੇਖ ਲੈ ਹੰਸ ਬਣੇ ਕੱਗੇ, ਕਾਗ ਹੰਸ ਦੇ ਬਣਾਈਆ । ਕੂੜ ਕੁੜਿਆਰ ਦੀ ਮੇਟ ਦੇ ਹਦੇ, ਹਦੂਦ ਆਪਣੀ ਦੇ ਸਮਝਾਈਆ । ਜਿਸ ਗ੍ਰਿਹ ਇਕੋ ਜੋਤ ਦੀਪਕ ਜਗੇ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਸੂਰਬੀਰ ਸਰਬਗੇ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।



✪ ੨੨ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ਕਰਤਾਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭ ਮੈਂ ਪੁਕਾਰਾਂ ਤੇਰੇ ਦਰ, ਦਰਵੇਸ਼ਣ ਹੋ ਕੇ ਸੀਸ ਨਿਵਾਈਆ । ਤੂੰ ਆ ਜਾ ਮੇਰੇ ਘਰ, ਗ੍ਰਿਹ ਮੰਦਰ ਦੇ ਸੁਹਾਈਆ । ਪ੍ਰਗਟ ਹੋ ਨਰਾਇਣ ਨਰ, ਨਰ ਸਿੰਘ ਤੇਰਾ ਇਸ਼ਾਰਾ ਗਿਆ ਕਰਾਈਆ । ਝਗੜਾ ਮੇਟ ਦੇ ਜ਼ੋਰੂ ਜ਼ਰ, ਜ਼ਾਹਰ ਜ਼ਹੂਰ ਡਗਮਗਾਈਆ । ਸਤਿ ਸਤਿਵਾਦ ਮੇਰੇ ਉਤੇ ਧਰ, ਧਰਮ ਦੀ ਧਾਰ ਨਾਲ ਮਿਲਾਈਆ । ਅੰਮ੍ਰਿਤ ਬਖ਼ਸ਼ ਅਗੰਮਾ ਸਰ, ਸਰੋਵਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਸਵਾਮੀ ਮੇਰੇ ਸਤਿਗੁਰ, ਸਹਿਜ ਸਹਿਜ ਸੁਖਦਾਈਆ । ਮੇਰਾ ਲਹਿਣਾ ਦੇਣਾ ਲੇਖਾ ਵੇਖ ਧੁਰ, ਮਸਤਕ ਅੰਤਰ ਨਿਰੰਤਰ ਫੋਲ ਫੁਲਾਈਆ । ਕਿਉਂ ਕੂੜ ਕੁੜਿਆਰੀ ਸ੍ਰਿਸ਼ਟੀ ਹੋਈ ਨਿਗੁਰ, ਸਤਿਗੁਰ ਸ਼ਬਦ ਨਾ ਕੋਇ ਮਨਾਈਆ । ਪੁਰਖ ਅਕਾਲ ਉਹ ਵਾਅਦਾ ਯਾਦ ਕਰ ਜੋ ਗੋਬਿੰਦ ਨਾਲ ਕੀਤਾ ਅਨੰਦ ਪੁਰ, ਪੁਰੀਆਂ ਲੋਆਂ ਤੋਂ ਬਾਹਰ ਜਣਾਈਆ । ਸੰਦੇਸ਼ਾ ਦਿਤਾ ਏਕੰਕਾਰ ਦੀਨ ਦੁਨੀ ਤੋਂ ਜਾਣਾ ਤੁਰ, ਹੱਡ ਮਾਸ ਨਾੜੀ ਤਨ ਵਜੂਦ ਜਗਤ ਤਜਾਈਆ । ਸਚ ਸਰੂਪ ਮੇਰੀ ਧਾਰ ਵਿਚ ਜਾਣਾ ਜੁੜ, ਜੋੜੀ ਜੋਤ ਸ਼ਬਦ ਬਣਾਈਆ । ਫੇਰ ਲੋਕਮਾਤ ਬਿਨ ਵਰਨ ਗੋਤ ਆਉਣਾ ਮੁੜ, ਵੇਸ ਅਵੱਲੜਾ ਰੂਪ ਵਟਾਈਆ । ਜਿਸ ਦਾ ਲੇਖਾ ਜਾਣ ਸਕੇ ਨਾ ਕੋਈ ਵਿਸ਼ਨ ਬ੍ਰਹਮਾ ਸ਼ਿਵ ਸੁਰ, ਸੁਰਤੀ ਵਿਚ ਅਕਾਲ ਮੂਰਤ ਤੇਰਾ ਧਿਆਨ ਨਾ ਕੋਇ ਲਗਾਈਆ । ਫੇਰ ਖੇਲ ਕਰਨਾ ਅਵਰ ਕਾ ਔਰ,

੮੬੩
੨੩

ਅਵਰੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭੂ ਤੱਕ ਲੈ ਵਾਇਦਾ ਨਾਲ ਗੋਬਿੰਦ, ਸ਼ਬਦ ਸ਼ਬਦ ਸ਼ਬਦ ਸ਼ਨਵਾਈਆ । ਪ੍ਰਗਟ ਹੋਣਾ ਨਿਰਗੁਣ ਧਾਰ ਵਿਚ ਹਿੰਦ, ਹਿੰਦਵਾਇਣ ਨੈਣ ਅੱਖ ਖੁਲਾਈਆ । ਤੂੰ ਅਗੰਮੀ ਧਾਰ ਪੁਰਖ ਅਕਾਲ ਦੀ ਬਣਨਾ ਬਿੰਦ, ਬਿੰਦਰਾਬਨ ਦਾ ਕਾਹਨ ਤੇਰੀ ਦਏ ਗਵਾਹੀਆ । ਤੇਰਾ ਅੰਮ੍ਰਿਤ ਧਾਰ ਵਹਿਣ ਵਹੇ ਸਾਗਰ ਸਿੰਧ, ਦੋ ਜਹਾਨ ਆਪ ਵਰਤਾਈਆ । ਧਰਨੀ ਧਰਤ ਧਵਲ ਧੌਲ ਦੀ ਮੇਟਣੀ ਚਿੰਦ, ਚਿੰਤਾ ਚਿਖਾ ਦੇਣੀ ਗਵਾਈਆ । ਦਾਤਾ ਦਾਨੀ ਬਣਨਾ ਗੁਣੀ ਗਹਿੰਦ, ਗਹਿਰ ਗਵਰ ਅਖਵਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਹੋਣਾ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣੀ ਮਿਹਰ ਨਜ਼ਰ ਉਠਾਈਆ । ਧਰਨੀ ਕਹੇ ਮੇਰੇ ਕਿਰਪਾਲਾ, ਕਿਰਪਾ ਨਿਧ ਦਇਆ ਕਮਾਈਆ । ਫਲ ਲਗਾਉਣਾ ਮੇਰੇ ਡਾਲਾ, ਪੱਤ ਟਹਿਣੀ ਦੇਣੀ ਮਹਿਕਾਈਆ । ਮੈਨੂੰ ਸ਼ਾਹ ਬਣਾਉਣਾ ਹੋ ਗਈ ਕੰਗਾਲਾ, ਵਸਤ ਨਾਮ ਅਮੁੱਲ ਵਰਤਾਈਆ । ਮੇਰਾ ਨਾ ਕੋਈ ਵਿਚੋਲਾ ਨਾ ਦਲਾਲਾ, ਵਣਜ ਤੇਰੇ ਨਾਲ ਰਖਾਈਆ । ਮੈਂ ਚਾਹੁੰਦੀ ਤੇਰੇ ਉਤੇ ਪ੍ਰਗਟ ਹੋਵੇ ਤੇਰਾ ਇਕੋ ਸੁਤ ਬਾਲਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਤੂੰ ਜੋਤ ਸਰੂਪ ਜੋਤ ਹੋਵੇ ਅਕਾਲਾ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਦੋਵਾਂ ਦੀ ਇਕੋ ਹੋਵੇ ਧਰਮਸਾਲਾ, ਸੰਬਲ ਬਹਿ ਕੇ ਆਸਣ ਲਾਈਆ । ਤੇਰਾ ਦੀਆ ਕਮਲਾਪਾਤੀ ਜਗੇ ਜੋਤ ਨਿਰਾਲਾ, ਨਿਰਵੈਰ ਆਪਣਾ ਨੂਰ ਦੇਣਾ ਚਮਕਾਈਆ । ਧਰਨੀ ਕਹੇ ਧਰਮ ਦੀ ਧਾਰ ਆਪਣਾ ਮਾਰਗ ਦੱਸਣਾ ਸੁਖਾਲਾ, ਸਤਿਜੁਗ ਸਤਿ ਸਤਿ ਵਰਤਾਈਆ । ਨਾਮ ਨਿਧਾਨ ਸ੍ਰੀ ਭਗਵਾਨ ਅੰਮ੍ਰਿਤ ਰਸ ਪਿਆਉਣਾ ਪਿਆਲਾ, ਬਿਨ ਰਸਨਾ ਜਿਹਵਾ ਅੰਦਰ ਦੇਣਾ ਟਿਕਾਈਆ । ਮੇਰਾ ਕਰਨਾ ਹੱਲ ਸਵਾਲਾ, ਸਵਾਲੀ ਹੋ ਕੇ ਝੋਲੀ ਡਾਹੀਆ । ਧਰਨੀ ਕਹੇ ਮੇਰੇ ਸਤਿਗੁਰ ਸੱਚੇ ਮੈਨੂੰ ਬਖ਼ਸ਼ ਦੇ ਦੀਨ ਦਿਆਲਾ, ਦਇਆਨਿਧ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਸਚ ਦੇਣਾ ਵਰਤਾਈਆ । ਧਰਨੀ ਕਹੇ ਮੈਂ ਪਿਆਸੀ ਸਚ ਦੀ, ਸਚ ਦੇ ਵਰਤਾ । ਮੈਂ ਦਰ ਦਰ ਫਿਰਾਂ ਨਾ ਨੱਚਦੀ, ਮੇਰਾ ਲਹਿਣਾ ਦੇਣਾ ਦੇ ਚੁਕਾ । ਮੈਂ ਵਣਜਾਰਨ ਹੋਵਾਂ ਨਾ ਕਿਸੇ ਅੱਖ ਦੀ, ਇਕੋ ਲੋਚਨ ਨੈਣ ਕਰ ਰੁਸ਼ਨਾ । ਮੈਂ ਵਣਜਾਰਨ ਤੇਰੇ ਪਿਆਰ ਹਕ ਦੀ, ਹਕੀਕਤ ਦੇ ਮਾਲਕ ਵਾਹਿਦ ਖ਼ੁਦਾ । ਮੈਂ ਅਮਾਮ ਅਮਾਮਾ ਤੇਰਾ ਰਾਹ ਤੱਕਦੀ, ਨੂਰੇ ਚਸਮ ਕਰ ਰੁਸ਼ਨਾ । ਅਲਜਵੀ ਜ਼ਮਹੂ ਤੇਰੇ ਪਿਆਰ ਦੀ ਧਾਰ ਹੋ ਕੇ ਹੱਸਦੀ, ਹਸਤੀ ਤੱਕਾਂ ਬੇਪਰਵਾਹ । ਤੇਰੀ ਖੇਲ ਅਲੱਖਣਾ ਅਲੱਖ ਦੀ, ਅਲੱਖ ਅਗੋਚਰ ਅਗੰਮ ਅਥਾਹ । ਤੇਰੇ ਚਰਨ ਕਵਲਾਂ ਢੱਠਦੀ, ਧੂੜੀ ਮਾਟੀ ਖ਼ਾਕ ਰਮਾ । ਸਹਾਇਤਾ ਮੰਗਾਂ ਕਮਲਾਪਤ ਦੀ, ਪਤਿਪਰਮੇਸ਼ਵਰ ਹੋਣਾ ਆਪ ਸਹਾ । ਮੈਨੂੰ ਵਸਤ ਦੇ ਦੇ ਸਚ ਦੀ, ਸਤਿਜੁਗ ਮਾਰਗ ਸਚ ਲਗਾ । ਮੈਂ ਹੁਣ ਵਣਜਾਰਨ ਰਹਿਣਾ ਨਹੀਂ ਕੂੜੇ ਕੱਚ ਦੀ, ਕਲਜੁਗ ਕਾਚੀ ਵੰਗ ਭੰਨ ਵਖਾ । ਮੇਰੀ ਆਸ਼ਾ ਰਹੇ ਨਾ ਤਪਦੀ, ਸਵਾਮੀ ਤਪਸ਼ ਦੇਣੀ ਬੁਝਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਆਸਾ ਰਖੀ ਤੇਰੀ ਇਕ ਸਮਰਥ ਦੀ, ਸਮਰਥ ਮੇਰੀ ਆਸਾ ਪੂਰ ਦੇਣੀ ਕਰਾ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰ ਪੁਰ ਬਲਬੀਰ ਕੌਰ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਸੁਣਾ ਦੇ ਅਗੰਮ ਸਲੋਕ, ਹਕੀਕਤ ਆਪਣੀ ਦੇ ਦ੍ਰਿੜਾਈਆ । ਲੇਖਾ ਮੁਕਾ ਦੇ ਲੋਕ ਪ੍ਰਲੋਕ, ਨਿਰਗੁਣ ਹੋ ਸਹਾਈਆ । ਮੇਰੀ ਆਸ਼ਾ ਨਾ ਰਹੇ ਡਰਪੋਕ, ਧੀਰਜ ਧੀਰ ਦੇਣਾ ਧਰਾਈਆ । ਤੇਰਾ ਹੁਕਮ ਮੈਂ ਸੁਣਾ ਨਾਲ ਸ਼ੌਕ, ਆਪਣਾ ਧਿਆਨ ਲਗਾਈਆ । ਜਿਸ ਨੂੰ ਸਕੇ ਨਾ ਕੋਈ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਮੇਰੇ ਮਿਹਰਵਾਨ ਮੇਰੇ ਗਲੋਂ ਲਾਹ ਦੇ ਸ਼ਰਅ ਦਾ ਤੌਂਕ, ਤਬਕ ਤੇਰੀ ਭਰਨ ਗਵਾਹੀਆ । ਤੂੰ ਸਵਾਮੀ ਮੇਰਾ ਖੌਂਤ, ਖ਼ਸਮਾਨਾ ਇਕ ਅਖਵਾਈਆ । ਮੈਂ ਬਿਨਾ ਧਰਮ ਤੋਂ ਜਾਂਦੀ ਔਂਤ, ਜਗਤ ਗੰਢ ਨਾ ਕੋਇ ਬੰਧਾਈਆ । ਮੇਰੇ ਉਤੇ ਮੇਰੇ ਮਾਲਕਾ ਪਹੁੰਚ, ਆਪਣੀ ਲੈ ਅੰਗੜਾਈਆ । ਸੰਬਲ ਆ ਕੇ ਦੇ ਧੌਂਸ, ਸੰਬਲ ਦੇ ਮਾਲਕ ਦਇਆ ਕਮਾਈਆ । ਮੇਰੀ ਮਿੱਟੀ ਤੁਧ ਬਿਨ ਕੰਮ ਨਾ ਆਵੇ ਟਾਂਕ ਮਣ ਔਂਸ, ਰਤੀ ਗ੍ਰਾਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦੇ ਜਗਤ ਉਤਸ਼ਾਹ, ਉਤਪਤ ਆਪਣਾ ਆਪ ਕਰਾਈਆ । ਮਿਹਰਵਾਨ ਹੋ ਕੇ ਬਖ਼ਸ਼ ਗੁਨਾਹ, ਦੁਰਮਤ ਮੈਲ ਧਵਾਈਆ । ਮੇਰਾ ਸੁਖਾਲਾ ਕਰ ਦੇ ਸਾਹ, ਸਾਹ ਸਾਹ ਤੇਰਾ ਨਾਮ ਧਿਆਈਆ । ਸਤਿ ਧਰਮ ਚਲਾ ਦੇ ਰਾਹ, ਰਹਿਬਰ ਇਕੋ ਇਕ ਅਖਵਾਈਆ । ਮੈਨੂੰ ਸਾਰੇ ਕਰਨ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਤੈਨੂੰ ਰਸੂਲਾਂ ਕਿਹਾ ਖ਼ੁਦਾ, ਪੈਗ਼ੰਬਰਾਂ ਢੋਲੇ ਗਾਈਆ । ਮੇਰੀ ਤੇਰੇ ਅਗੇ ਦੁਆ, ਦੋਏ ਜੋੜ ਵਾਸਤਾ ਪਾਈਆ । ਮਿਹਰਵਾਨਾ ਮਿਹਰਵਾਨੀ ਵਿਚ ਆ, ਆਪ ਆਪਣਾ ਰੰਗ ਰੰਗਾਈਆ । ਮੇਰੇ ਉਤੇ ਪ੍ਰਗਟਾ ਦੇ ਆਪਣਾ ਇਕੋ ਨਾਂ, ਨਾਮ ਡੰਕਾ ਇਕ ਵਜਾਈਆ । ਤੇਰੇ ਚਰਨ ਕਵਲਾਂ ਬਲ ਬਲ ਜਾਂ, ਬਲਹਾਰੀ ਸੀਸ ਨਿਵਾਈਆ । ਮੇਰੀ ਨਿਮਾਣੀ ਦੀ ਫੜ ਲੈ ਬਾਂਹ, ਕੋਝੀ ਕਮਲੀ ਹੋ ਸਹਾਈਆ । ਕਲਜੁਗ ਜੀਵ ਚਾਰੋਂ ਕੁੰਟ ਕੁਰਲਾਉਂਦੇ ਕਾਂ, ਕਾਗ ਬੁੱਧੀ ਦੇ ਬਦਲਾਈਆ । ਮੈਂ ਸ੍ਰਿਸ਼ਟ ਸੁਬਾਈ ਦੀ ਬਣੀ ਮਾਂ, ਏਸੇ ਕਾਰਨ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਬਖ਼ਸ਼ਣੀ ਸਰਨ ਸਰਨਾ, ਤੇਰੇ ਚਰਨ ਸਰਨ ਇਕੋ ਓਟ ਤਕਾਈਆ ।



## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਤਲਵਾੜਾ ਸ਼ਹਿਰ ਗਿਆਨ ਚੰਦ ਗਾਂਧੀ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਮੇਰੇ ਕਮਲਾਪਾਤੀ, ਪਤਪਤਿਵੰਤ ਸ੍ਰੀ ਭਗਵੰਤ ਹੋਣਾ ਸਹਾਈਆ । ਸਚ ਵਸਤ ਅਮੋਲਕ ਦੇ ਦੇ ਦਾਤੀ, ਦਾਤੇ ਦਾਨੀ ਮੇਰੀ ਖ਼ਾਲੀ ਝੋਲੀ ਦੇਣੀ ਭਰਾਈਆ । ਚਰਨ ਕਵਲ ਪ੍ਰੀਤ ਬੰਨ੍ਹ ਦੇ ਨਾਤੀ, ਨਰ ਨਰਾਇਣ ਆਪਣਾ ਰੰਗ ਰੰਗਾਈਆ । ਮਿਹਰਵਾਨ ਹੋ ਕੇ ਮਹਿਬੂਬ ਮਾਰੀਂ ਝਾਤੀ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਮੈਂ ਬੇਨੰਤੀ ਕਰਦੀ ਹੋ ਇਕਾਂਤੀ, ਇਕ ਇਕੱਲੇ ਤੇਰੇ ਅਗੇ ਟਿਕਾਈਆ । ਸਾਹਿਬ ਸਵਾਮੀ ਮੇਰੇ ਉਤੋਂ ਮੇਟ ਦੇ ਅੰਧੇਰੀ ਰਾਤੀ, ਕਲਜੁਗ ਕੂੜੀ ਕਿਰਿਆ ਦੂਰ ਕਰਾਈਆ । ਸਚ ਸਵਾਮੀ ਸਤਿਗੁਰ ਸ਼ਬਦ ਬਣਾ ਦੇ ਮੇਰਾ ਸਾਥੀ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਗਾਵੇ ਗਾਥੀ, ਸੋਹਲਾ ਢੋਲਾ ਤੇਰਾ ਇਕੋ ਸੁਣਾਂ ਚਾਈਂ ਚਾਈਆ । ਤੂੰ

੯੬੪
੨੩

ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਾਥੀ, ਅਗੰਮ ਅਥਾਹ ਬੇਪਰਵਾਹ ਅਖਵਾਈਆ । ਮੈਂ ਨਿਮਾਣੀ ਦੀ ਮਿਹਰਵਾਨ ਮੰਨ ਲੈ ਆਖੀ, ਬਿਨ ਅੱਖਰਾਂ ਰਹੀ ਜਣਾਈਆ । ਮੇਰੇ ਉਤੇ ਧਰਮ ਦੀ ਧਾਰ ਦੀਨ ਦੁਨੀ ਦੀ ਨਵੀਂ ਚਲਾ ਕੇ ਸਾਖੀ, ਸਾਖਿਆਤ ਆਪਣਾ ਦਰਸ ਦਿਖਾਈਆ । ਤੂੰ ਪਰਮ ਪੁਰਖ ਕਰਨੀ ਦਾ ਕਰਤਾ ਆਪ ਅਬਿਨਾਸ਼ੀ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਮੇਰੇ ਉਤੇ ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਇਕੋ ਧਾਰ ਤੇਰੀ ਖ਼ੁਸ਼ੀਆਂ ਪਾਵਣ ਰਾਸੀ, ਦੀਨ ਮਜ਼੍ਹਬ ਦਾ ਝਗੜਾ ਦੇਣਾ ਮੁਕਾਈਆ । ਤੇਰਾ ਨੂਰ ਜ਼ਹੂਰ ਚਾਰ ਕੁੰਟ ਮੇਰੇ ਉਤੇ ਹੋਵੇ ਪ੍ਰਕਾਸ਼ੀ, ਪ੍ਰਕਾਸ਼ਵਾਨ ਜਲਵਾ ਨੂਰ ਦੇਣਾ ਵਖਾਈਆ । ਮੈਂ ਜੁਗ ਚੌਕੜੀ ਤੇਰੀ ਰਖੀ ਆਸੀ, ਕਲਜੁਗ ਅੰਤ ਧਿਆਨ ਲਗਾਈਆ । ਸਾਹਿਬ ਸਤਿਗੁਰ ਸਚਖੰਡ ਦਵਾਰੇ ਮੈਂ ਤੇਰੀ ਹੋਈ ਦਾਸੀ, ਦਾਸਤਾਨ ਆਪਣੀ ਰਹੀ ਸੁਣਾਈਆ । ਜਿਧਰ ਤੱਕੋ ਮੇਰੇ ਉਤੇ ਹੋਵੇ ਬਦਮੁਆਸ਼ੀ, ਬਦੀ ਦਾ ਡੇਰਾ ਦੇਣਾ ਢਾਹੀਆ । ਹੁਕਮ ਸੰਦੇਸ਼ਾ ਦੇ ਦੇ ਸ਼ੰਕਰ ਉਤੇ ਕੈਲਾਸ਼ੀ, ਕਲਾ ਆਪਣੀ ਦੇ ਵਰਤਾਈਆ । ਮੈਂ ਚਾਹੁੰਦੀ ਤੇਰੇ ਉਤੇ ਤੇਰੇ ਨਾਮ ਤੋਂ ਬਿਨਾ ਦਿਸੇ ਕੋਇ ਨਾ ਲਾਸ਼ੀ, ਕੂੜ ਕੁੜਿਆਰ ਦੀ ਲਾਸ਼ ਧਰਨੀ ਕਹੇ ਮੜ੍ਹੀਆਂ ਗੋਰਾਂ ਵਿਚ ਰਖਾਈਆ । ਮੇਰੀ ਸੁਣ ਅਗੰਮੀ ਬਾਤੀ, ਬਾਤਨ ਆਪਣਾ ਧਿਆਨ ਲਗਾਈਆ । ਆਹ ਤੱਕ ਮੇਰੇ ਕੋਲ ਪੇਸ਼ੀਨਗੋਈਆਂ ਵਾਲੀ ਅਵਤਾਰ ਪੈਗ਼ੰਬਰ ਗੁਰੂਆਂ ਦੀ ਪਾਤੀ, ਪਤ੍ਰਕਾ ਆਪਣਾ ਲੇਖ ਦ੍ਰਿੜਾਈਆ । ਬਿਨਾ ਪਰਵਰਦਿਗਾਰ ਸਾਂਝੇ ਯਾਰ ਦੂਸਰ ਕਰੇ ਕੋਇ ਨਾ ਰਾਖੀ, ਰਖਕ ਨਜ਼ਰ ਕੋਇ ਨਾ ਆਈਆ । ਤੂੰ ਸ੍ਰੀ ਭਗਵਾਨਾ ਨੌਜਵਾਨਾ ਅਲਖਣਾ ਅਲਾਖੀ, ਅਲਖ ਅਗੋਚਰ ਤੇਰੀ ਵੱਡੀ ਵਡਿਆਈਆ । ਧਰਤੀ ਕਹੇ ਮੇਰੇ ਸਵਾਮੀ ਮੇਰੀ ਬੇਨੰਤੀ ਮੰਨ ਅਰਦਾਸੀ, ਅਰਜ਼ ਆਰਜ਼ੂ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਜਗਤ ਚਿੰਤਾ ਕੂੜ ਮੇਟ ਉਦਾਸੀ, ਧੀਰਜ ਧੀਰ ਆਪਣਾ ਨਾਮ ਧਰਾਈਆ ।

੯੬੫
੨੩

### ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਤਲਵਾੜਾ ਸ਼ਹਿਰ ਨਰਾਇਣ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਮੇਰੀ ਹਾਲਤ ਬਦਲ ਦੇ ਖ਼ਸਤੀ, ਕਲਜੁਗ ਕੂੜੀ ਕਿਰਿਆ ਦੂਰ ਕਰਾਈਆ । ਆਪਣੇ ਨਾਮ ਦੀ ਖ਼ੁਮਾਰੀ ਦੇ ਦੇ ਮਸਤੀ, ਖ਼ੁਸ਼ਹਾਲੀ ਵਿਚ ਖ਼ੁਸ਼ੀ ਦੇ ਪ੍ਰਗਟਾਈਆ । ਤੇਰੀ ਸਚ ਮੁਹੱਬਤ ਬਿਨਾ ਕੀਮਤ ਤੋਂ ਮਿਲੇ ਸਸਤੀ, ਦੀਨ ਦੁਨੀ ਦੇ ਮਾਲਕ ਦਾਮ ਨਾ ਕੋਇ ਲਗਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮਾ ਅਰਸ਼ੀ, ਅਰਸ਼ੀ ਪ੍ਰੀਤਮ ਤੇਰੀ ਬੇਪਰਵਾਹੀਆ । ਮੈਂ ਧਰਨੀ ਧਰਤ ਧਵਲ ਧੌਲ ਤੇਰੀ ਮਿੱਟੀ ਖ਼ਾਕ ਫ਼ਰਸ਼ੀ, ਜ਼ਿਮੀਂ ਜ਼ਮਾਂ ਵੇਖਣਾ ਧਿਆਨ ਲਗਾਈਆ । ਮੇਰੇ ਕੋਲ ਸਤਿ ਧਰਮ ਦੀ ਵਸਤ ਰਹੀ ਨਾ ਖਰਚੀ, ਖ਼ਾਲੀ ਹੱਥ ਦਿਆਂ ਦੁਹਾਈਆ । ਚਾਰ ਜੁਗ ਦੇ ਸ਼ਾਸਤਰ ਗੁਰ ਅਵਤਾਰਾਂ ਪੈਗ਼ੰਬਰਾਂ ਦੀ ਦਿਸੇ ਪਰਚੀ, ਪ੍ਰਾਚੀਨ ਦਾ ਲੇਖਾ ਰਹੇ ਦ੍ਰਿੜਾਈਆ । ਦਰੋਹੀ ਹਾਲਤ ਵੇਖ ਲੈ ਮੇਰੇ ਘਰ ਦੀ, ਨੌ ਖੰਡ ਪ੍ਰਿਥਮੀ ਸੱਤ ਦੀਪ ਧਿਆਨ ਲਗਾਈਆ । ਕੀ ਹਾਲਤ ਹੋਈ ਤੇਰੇ ਨਾਰੀ ਨਰ ਦੀ, ਨਰ ਨਰਾਇਣ ਤੈਨੂੰ ਸਾਰੇ ਗਏ ਭੁਲਾਈਆ । ਆਤਮ ਧਾਰ ਹੋ ਪਰਮਾਤਮ ਤੈਨੂੰ ਕੋਈ ਨਾ ਵਰਦੀ, ਕੰਤ ਕੰਤੂਹਲ ਤੇਰੀ ਸੇਜ ਨਾ ਕੋਇ ਹੰਢਾਈਆ । ਮੈਂ ਦਿਵਸ ਰੈਣ ਕਲਜੁਗ ਅਗਨੀ ਤਤ ਨਾਲ ਸੜਦੀ,

ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੇ ਉਤੇ ਹਾਲਤ ਵੇਖ ਹੰਕਾਰੀ ਗੜ੍ਹ ਦੀ, ਹਉਮੇ ਹੰਗਤਾ ਫੋਲ ਫੁਲਾਈਆ । ਜਿਧਰ ਤੱਕਾਂ ਦੀਨ ਦੁਨੀ ਦੀਨਾਂ ਮਜ਼੍ਹਬਾਂ ਦੇ ਵਿਚ ਲੜਦੀ, ਸ਼ਰਅ ਸ਼ਰੀਅਤ ਕਰੇ ਲੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਮੂਲ ਨਾ ਪੜ੍ਹਦੀ, ਮੰਜ਼ਲ ਹਕ ਤੇਰੀ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮੇਰੀ ਆਸ਼ਾ ਪੂਰੀ ਕਰ ਦੇ ਜੋ ਸਵਾਲਣ ਤੇਰੇ ਘਰ ਦੀ, ਗ੍ਰਹਿ ਮੰਦਰ ਮੇਰਾ ਦੇਣਾ ਸੁਹਾਈਆ ।

### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਤਲਵਾੜਾ ਸ਼ਹਿਰ ਜਗੀਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਅਰਸ਼ੀ ਪ੍ਰੀਤਮ ਉਤਰ, ਬਿਨਾ ਜਨਣੀ ਤੋਂ ਸੋਭਾ ਪਾਈਆ । ਦੀਨ ਦੁਨੀ ਬਣਾ ਲੈ ਆਪਣੇ ਪੁਤਰ, ਪਿਤਾ ਪੂਤ ਗੋਦ ਉਠਾਈਆ । ਸ਼ਰਅ ਦਾ ਝਗੜਾ ਮੁਕਾ ਦੇ ਦੁਤਰ, ਦੂਈ ਦਵੈਤੀ ਡੇਰਾ ਢਾਹੀਆ । ਮੇਰੇ ਵਾਅਦਿਆਂ ਕੌਲਾਂ ਇਕਰਾਰਾਂ ਤੋਂ ਸਕੇ ਕੋਈ ਨਾ ਮੁਕਰ, ਅਵਤਾਰ ਪੈਗ਼ੰਬਰ ਗੁਰੂ ਪੇਸ਼ੀਨਗੋਈਆਂ ਨਾਲ ਮਿਲਾਈਆ । ਮੈਂ ਤੇਰਾ ਸਵਾਮੀ ਕਰਾਂ ਸ਼ੁਕਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਮੇਰਾ ਦਾਇਰਾ ਮਹੀਤ ਵੇਖੇਂ ਕੁਤਰ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੀ ਚੜ੍ਹਦਾ ਲਹਿੰਦਾ ਦੋਵੇਂ ਵੇਖੀਂ ਨੁਕਰ, ਪਹਾੜ ਦੱਖਣ ਅੱਖ ਉਠਾਈਆ । ਦੀਨ ਦੁਨੀ ਭੁੱਖੀ ਤੱਕ ਲੈ ਆਪਣੀ ਬਿਨਾ ਟੁਕਰ, ਟੁਕੜਾ ਨਾਮ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਚਰਨ ਕਵਲ ਅਭਿਲਾਸ਼ੀ, ਅਬਲਾ ਹੋ ਕੇ ਦਿਆਂ ਦੁਹਾਈਆ । ਕਿਰਪਾ ਕਰ ਮੇਰੇ ਸਾਹਿਬ ਅਬਿਨਾਸ਼ੀ, ਕਰਤੇ ਮਾਲਕ ਧੁਰਦਰਗਾਹੀਆ । ਮੇਰੀ ਕਲਜੁਗ ਕੋਲੋਂ ਕਰਾ ਖ਼ਲਾਸੀ, ਖ਼ਾਲਸ ਆਪਣਾ ਧਰਮ ਪ੍ਰਗਟਾਈਆ । ਚਾਰ ਕੁੰਟ ਕੂੜ ਕਿਰਿਆ ਜਾਏ ਵਿਨਾਸੀ, ਵਿਸ਼ਵ ਦਾ ਭੇਵ ਦੇਣਾ ਖੁਲਾਈਆ । ਸਾਚੇ ਮੰਡਲ ਪਾ ਰਾਸੀ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਦੀਨ ਦੁਨੀਆ ਕਰ ਪਵਿਤ੍ਰ ਸਵਾਸੀ, ਸਾਹ ਸਾਹ ਆਪਣਾ ਨਾਮ ਜਪਾਈਆ । ਮੇਰੀ ਚਿੰਤਾ ਮੇਟ ਉਦਾਸੀ, ਗ਼ਮੀ ਖ਼ੁਸ਼ੀ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਅੰਧ ਮਿਟਾ ਦੇ ਰੈਣ ਅੰਧੇਰੀ ਰਾਤੀ, ਨੂਰ ਨੁਰਾਨੇ ਨੂਰੀ ਚੰਦ ਕਰ ਰੁਸ਼ਨਾਈਆ ।

### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਤਲਵਾੜਾ ਸ਼ਹਿਰ ਜ਼ਿਲਾ ਹੁਸ਼ਿਆਰਪੁਰ ਜੀਆ ਲਾਲ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਸਚ ਸਵਾਮੀ ਪੀਆ, ਪੀਆ ਪ੍ਰੀਤਮ ਤੇਰੀ ਇਕ ਸਰਨਾਈਆ । ਮਿਹਰਵਾਨ ਨਿਰਗੁਣ ਜੋਤ ਜਗਾ ਦੇ ਦੀਆ, ਨਿਰਗੁਣ ਨੂਰ ਕਰ ਰੁਸ਼ਨਾਈਆ । ਪਵਿਤ੍ਰ ਕਰ ਦੇ ਜੰਤਾਂ ਜੀਆ, ਜੀਵਣ ਜੁਗਤ ਦੇ ਦ੍ਰਿੜਾਈਆ । ਝਗੜਾ ਮੁਕਾ ਦੇ ਸਾਢੇ ਤਿੰਨ ਹੱਥ ਸੀਆ, ਸਾਹਿਬ

੯੬੬
੨੩

ਸਤਿਗੁਰ ਆਪਣੇ ਲੇਖੇ ਲਾਈਆ । ਮੇਰਾ ਚਲੇ ਨਾ ਕੋਈ ਹੀਆ, ਤਾਕਤਹੀਣ ਦਿਆਂ ਦੁਹਾਈਆ । ਕਲਜੁਗ ਕੂੜ ਕੁੜਿਆਰੇ ਪੁੱਟ ਦੇ ਨੀਂਹਾ, ਜੜ ਧਰਨੀ ਉਤੋਂ ਉਖੜਾਈਆ । ਸਤਿਜੁਗ ਸਾਚੇ ਦਾ ਬੀਜ ਦੇ ਬੀਆ, ਘਰ ਘਰ ਅੰਦਰ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਹਾਲਤ ਹੋ ਗਈ ਮੰਦੀ, ਮੰਦਭਾਗ ਦਿਆਂ ਸੁਣਾਈਆ । ਤੇਰੀ ਦੁਨੀਆ ਨਿਜ ਨੇਤਰ ਨੈਣ ਹੀਣ ਹੋ ਗਈ ਅੰਧੀ, ਲੋਚਨ ਨੂਰ ਨ ਕੋਇ ਰੁਸ਼ਨਾਈਆ । ਸਭ ਦੇ ਅੰਤਰ ਮਨ ਕਲਪਣਾ ਵਾਸਨਾ ਮੰਦੀ, ਬੁਧ ਬਿਬੇਕ ਨਾ ਕੋਇ ਰਖਾਈਆ । ਬਿਨਾ ਕੰਤ ਸੁਹਾਗ ਤੇਰੇ ਹੋ ਗਈ ਰੰਡੀ, ਪੀਆ ਪ੍ਰੀਤਮ ਤੇਰਾ ਸੰਗ ਨਾ ਕੋਇ ਬਣਾਈਆ । ਜਿਧਰ ਤੱਕਾਂ ਨਵ ਸੱਤ ਦੀ ਧਾਰ ਹੋਈ ਪਾਖੰਡੀ, ਧਰਮ ਦਾ ਧਰਮ ਨਾਲ ਨਾਤਾ ਨਾ ਕੋਇ ਜੁੜਾਈਆ । ਦੀਨਾਂ ਮਜ਼੍ਹਬਾਂ ਮੇਰੇ ਉਤੇ ਸ਼ਰਅ ਦੀ ਲਾਈ ਪਾਬੰਦੀ, ਹਿੱਸੇ ਨਾਮ ਕਲਮੇ ਵਾਲੇ ਪਾਈਆ । ਆਤਮ ਪਰਮਾਤਮ ਧਾਰ ਬਣੇ ਕੋਇ ਨਾ ਸੰਗੀ, ਸਗਲਾ ਸੰਗ ਨਾ ਕੋਇ ਨਿਭਾਈਆ । ਮੈਨੂੰ ਸਦੀ ਚੌਧਵੀਂ ਅੰਤ ਆਈ ਤੰਗੀ, ਤੰਗ ਦਸਤ ਹੋ ਕੇ ਦਿਆਂ ਸੁਣਾਈਆ । ਨੌ ਖੰਡ ਪ੍ਰਿਥਮੀ ਪਵਣ ਰਹੀ ਨਾ ਠੰਡੀ, ਅਗਨੀ ਤਤ ਤਤ ਤਪਾਈਆ । ਫਿਰੀ ਦਰੋਹੀ ਵਿਚ ਵਰਭੰਡੀ, ਚਾਰ ਵਰਨ ਰਹੇ ਕੁਰਲਾਈਆ । ਤੇਰਾ ਮਾਰਗ ਪੰਧ ਭੁੱਲਿਆ ਡੰਡੀ, ਔਝੜ ਰਾਹ ਦਿਸੇ ਖ਼ਲਕ ਖ਼ੁਦਾਈਆ । ਆਪਣੀ ਪੂਰਬ ਕੌਲ ਇਕਰਾਰਾਂ ਵਾਲੀ ਵੇਖ ਲੈ ਸੰਧੀ, ਸਨਦ ਆਪਣੇ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਵਡਿਆਈਆ । ਧਰਨੀ ਕਹੇ ਮੈਂ ਜਗਤ ਹੋਈ ਦੁਖਿਆਰਨ, ਦੁੱਖੀ ਦਾ ਦਰਦ ਲੈ ਵੰਡਾਈਆ । ਮੇਰੇ ਉਤੇ ਦੀਨ ਦੁਨੀ ਹੋਈ ਵਿਭਚਾਰਨ, ਹੰਕਾਰਨ ਮਾਨਵ ਜ਼ਾਤੀ ਨਜ਼ਰੀ ਆਈਆ । ਤੇਰਾ ਪਿਆਰ ਨਾਮ ਹਿਰਦੇ ਅੰਤਰ ਨਾ ਮੂਲ ਵਿਚਾਰਨ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਮੈਂ ਦਰ ਠਾਂਡੇ ਆਈ ਪੁਕਾਰਨ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰਨ, ਦੋ ਜਹਾਨਾਂ ਵਾਲੀ ਬੇਪਰਵਾਹੀਆ । ਮੈਨੂੰ ਚਾਰ ਜੁਗ ਦੇ ਸ਼ਾਸਤਰ ਤੇਰਾ ਦੇਣ ਉਦਾਹਰਨ, ਅਵਤਾਰ ਪੈਗ਼ੰਬਰ ਗੁਰੂ ਤੇਰੇ ਸਿਫ਼ਤਾਂ ਵਾਲੇ ਢੋਲੇ ਗਏ ਗਾਈਆ । ਤੂੰ ਅੰਤ ਕੰਤ ਭਗਵੰਤ ਬਣ ਆਪ ਸਹਾਰਨ, ਸਿਰ ਸਵਾਮੀ ਮੇਰੇ ਹੱਥ ਟਿਕਾਈਆ । ਕਲਜੁਗ ਕਿਰਿਆ ਕੂੜ ਬਦਲ ਕੇ ਆਵੀਂ ਮੇਰਾ ਕਾਜ ਸਵਾਰਨ, ਮਹਾਸਾਰਥੀ ਆਪਣੀ ਦਇਆ ਕਮਾਈਆ । ਮੋਹ ਵਿਕਾਰਾ ਰਹੇ ਮੂਲ ਨਾ ਧਾੜਨ, ਚਾਰ ਕੁੰਟ ਕਰਨੀ ਆਪ ਸਫਾਈਆ । ਮੈਂ ਜਿਧਰ ਤੱਕਾਂ ਤੇਰੇ ਨਾਮ ਦਾ ਹੋਵੇ ਜੈਕਾਰਨ, ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਅਗਨੀ ਕਰ ਦੇ ਸ਼ਾਂਤ, ਤਤਵ ਤਤ ਤਤ ਦ੍ਰਿੜਾਈਆ । ਮੈਂ ਤੇਰਾ ਦਰਸ਼ਨ ਕਰਾਂ ਇਕਾਂਤ, ਇਕ ਇਕੱਲੇ ਮੇਰੇ ਮਾਹੀਆ । ਦੀਨ ਮਜ਼੍ਹਬ ਦੇ ਮਿਟਾ ਭਰਾਂਤ, ਜੋ ਹਿੱਸਿਆਂ ਵੰਡ ਵੰਡਾਈਆ । ਆਤਮ ਪਰਮਾਤਮ ਸਭ ਦਾ ਬਣਾ ਸਾਕ, ਸੱਜਣ ਇਕੋ ਇਕ ਅਖਵਾਈਆ । ਘਰ ਸਵਾਮੀ ਖੋਲ ਦੇ ਤਾਕ, ਬਜਰ ਕਪਾਟੀ ਪਰਦਾ ਆਪ ਤੁੜਾਈਆ । ਸ਼ਬਦ ਸੁਣਾ ਅਨਾਦੀ ਨਾਦ, ਆਤਮਕ ਰਾਗ ਵੱਜੇ ਵਧਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚ ਤੈਨੂੰ ਕਰੇ ਯਾਦ, ਯਾਦਵ ਦੀ ਧਾਰ ਕ੍ਰਿਸ਼ਨ ਗਿਆ ਦ੍ਰਿੜਾਈਆ । ਸਤਿ ਧਰਮ ਮੇਰੇ ਉਤੇ ਕਰ ਆਬਾਦ, ਕੂੜ ਆਬਾਦੀ ਦੀ ਲੋੜ ਰਹੇ ਨਾ ਰਾਈਆ । ਮੈਂ ਤੇਰੇ ਅਗੇ ਕਰਾਂ ਫ਼ਰਿਆਦ, ਨਿਵ ਨਿਵ ਲਾਗਾਂ ਪਾਈਂਆ ।

੯੬੭ ੨੩

ਸਚ ਵਸਤ ਦੀ ਮੈਨੂੰ ਦੇ ਦੇ ਦਾਦ, ਦੌਲਤਵੰਦ ਤੇਰੀ ਬੇਪਰਵਾਹੀਆ । ਧੁਰ ਦਾ ਨਾਮ ਦੱਸ ਬੋਧ ਅਗਾਧ, ਬੁਧੀ ਤੋਂ ਪਰੇ ਕਰ ਪੜ੍ਹਾਈਆ । ਹਰ ਘਟ ਅੰਦਰ ਹੋ ਵਿਸਮਾਦ, ਬਿਸਮਿਲ ਹੋ ਕੇ ਆਪਣਾ ਭੇਵ ਚੁਕਾਈਆ । ਤੇਰੀ ਦੀਨ ਦੁਨੀ ਜਾਵੇ ਜਾਗ, ਨੇਤਰ ਲੋਚਨ ਨੈਣ ਹੋਏ ਰੁਸ਼ਨਾਈਆ । ਮੈਂ ਤੇਰਾ ਰਾਹ ਤੱਕਾਂ ਸਵਾਮੀ ਅੰਤਰਜਾਮੀ ਦੇਸ ਅਗੰਮੇ ਮਾਝ, ਸੰਬਲ ਆਪਣਾ ਸਿੰਘਾਸਣ ਲੈਣਾ ਸੁਹਾਈਆ । ਬਿਨਾ ਰਸਨਾ ਜਿਹਵਾ ਮੇਰੀ ਸੁਣੋ ਆਵਾਜ਼, ਦਰ ਤੇਰੇ ਕੂਕ ਕੂਕ ਦ੍ਰਿੜਾਈਆ । ਮੇਰਾ ਖੋਲ ਅਗੰਮਾ ਰਾਜ਼, ਰਾਜਕ ਰਿਜਕ ਰਹੀਮ ਤੇਰੀ ਓਟ ਤਕਾਈਆ । ਝਗੜਾ ਮੁਕਾ ਦੇ ਰੋਜ਼ਾ ਨਿਮਾਜ਼, ਬਾਂਗ ਅਜ਼ਾਂ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੈਂ ਮੰਗਣਹਾਰੀ ਭਿੱਖਕ, ਦਰਵੇਸ਼ਣ ਨਜ਼ਰੀ ਆਈਆ । ਤੂੰ ਦੇਵਣਹਾਰ ਨਿਰਇਛਤ, ਮੇਰੀ ਇਛਿਆ ਪੂਰ ਕਰਾਈਆ । ਮੇਰੇ ਕੋਲ ਪੁਰਾਣੀ ਤੇਰੀ ਲਿਖਤ, ਲੇਖਣੀ ਤੋਂ ਬਿਨਾ ਮੈਂ ਆਪਣੇ ਵਿਚ ਰਖਾਈਆ । ਜਿਸ ਵਿਚ ਸੰਦੇਸ਼ਾ ਦਿਤਾ ਅਵਤਾਰ ਪੈਗੰਬਰ ਗੁਰੂਆਂ ਸਭ ਦਾ ਇਕੋ ਹੋਣਾ ਇਸ਼ਟ, ਇਸ਼ਟ ਦੇਵ ਆਤਮਾ ਨਜ਼ਰੀ ਆਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਸ੍ਰਿਸ਼ਟ, ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਪਰਦਾ ਆਪ ਚੁਕਾਈਆ । ਜੋ ਇਸ਼ਾਰਾ ਕੀਤਾ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਨੂਰੀ ਜੋਤ ਲਗਾਉਣਾ ਤਿਲਕ, ਲਲਾਟ ਲਲਾਟੀ ਕਰ ਰੁਸ਼ਨਾਈਆ । ਮੈਂ ਤੇਰੇ ਤੇ ਭਰੋਸਾ ਰੱਖਿਆ ਸਿਦਕ, ਯਕੀਨ ਵਿਚ ਤੇਰਾ ਰਾਹ ਤਕਾਈਆ । ਮੇਰੇ ਉਤੇ ਵੇਖ ਲੈ ਕੋਟਨ ਕੋਟ ਬਣ ਗਏ ਤੇਰੇ ਨਿੰਦਕ, ਨਿੰਦਿਆ ਵਿਚ ਅਪਣੀ ਖ਼ੁਸ਼ੀ ਬਣਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਚਾਰੇ ਕੂਟ ਸਿੰਮਤ, ਸੀਮਾ ਦੀਨ ਦੁਨੀ ਵਾਲੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸਗਲੀ ਮੇਟ ਦੇ ਚਿੰਤ, ਚਿੰਤਾ ਗ਼ਮ ਪਾਰਬ੍ਰਹਮ ਮੇਰਾ ਰਹਿਣ ਕੋਇ ਨਾ ਪਾਈਆ ।

### ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਤਲਵਾੜਾ ਸ਼ਹਿਰ ਹਰਬੰਸ ਸਿੰਘ ਦੇ ਕਵਿਤਾ ਬੋਲਣ ਤੇ

ਵਰਕਿਆਂ ਵਾਲੀ ਕਹੇ ਕਾਪੀ, ਕਾਪੀ ਅੱਖਰਾਂ ਵਾਲੀ ਕੰਮ ਕਿਸੇ ਨਾ ਆਈਆ । ਜਿਸ ਵੇਲੇ ਸਤਿਗੁਰ ਸ਼ਬਦ ਮਿਲੇ ਪ੍ਰਤਾਪੀ, ਪ੍ਰਤਾਪ ਦੂਣਾ ਦਏ ਕਰਾਈਆ । ਕੋਟ ਜਨਮ ਦੇ ਤਾਰ ਕੇ ਪਾਪੀ, ਪਤਤ ਪੁਨੀਤ ਕਰ ਵਖਾਈਆ । ਦਿਨੇ ਜਾਗਦਿਆਂ ਤੇ ਦਰਸ਼ਨ ਦੇਵੇ ਸੁੱਤਿਆਂ ਰਾਤੀਂ, ਇਹ ਅਗੰਮੀ ਬੇਪਰਵਾਹੀਆ । ਨਾਲੇ ਜ਼ਿੰਦਗੀ ਬਦਲੇ ਤੇ ਅਗਲੀ ਬਦਲੇ ਹਯਾਤੀ, ਹਯਾ ਸ਼ਰਮ ਦੀਨ ਦੁਨੀ ਤੇ ਮਜ਼੍ਹਬਾਂ ਵਾਲਾ ਚੁਕਾਈਆ । ਨਾਲੇ ਪਿਆਰਾ ਬਣੇ ਨਾਲੇ ਜਾਮ ਬਣੇ ਤੇ ਨਾਲੇ ਬਣੇ ਸਾਕੀ, ਬਿਨ ਲਬਾਂ ਤੋਂ ਅੰਦਰ ਦਏ ਟਿਕਾਈਆ । ਨਾਲੇ ਮੰਦਰ ਚੜ੍ਹੇ ਤੇ ਨਾਲੇ ਖਿੜਕੀ ਖੋਲੇ ਤਾਕੀ, ਕੁੰਡੀ ਆਪਣੇ ਹੱਥੀਂ ਲਾਹੀਆ । ਨਾਲੇ ਸਿਫ਼ਤ ਕਰੇ ਵਡਿਆਈ ਕਰੇ ਨਾਲੇ ਸ਼ਬਦ ਤੇ ਕਲਮਾ ਸੁਣਾਏ ਨਾਦੀ, ਧੁਨ ਆਤਮਕ ਰਾਗ ਸੁਣਾਈਆ । ਮਿਹਰਵਾਨ ਹੋ ਕੇ ਕਾਇਆ ਮੰਦਰ ਅੰਦਰ ਦੀਆ ਜਗਾਏ ਬਿਨ ਬਾਤੀ, ਬਾਤਨ ਦਾ ਪਰਦਾ ਦਏ ਖੁਲਾਈਆ । ਅੰਮ੍ਰਿਤ ਬੂੰਦ ਪਿਆਏ ਅੰਤਰ ਤ੍ਰਿਸ਼ਨ

੯੬੮
੨੩

ਮਿਟਾਏ ਦੇਵੇ ਰਸ ਉਹ ਸਵਾਂਤੀ, ਜੋ ਰਸਨਾ ਰਸ ਚਖ ਸਕੇ ਨਾ ਰਾਈਆ । ਫਿਰ ਦਇਆ ਕਮਾਏ ਦਰਸ ਦਿਖਾਏ ਇਕ ਇਕਾਂਤੀ, ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਰੂਪ ਇਕੋ ਨਜ਼ਰੀ ਆਈਆ । ਫੇਰ ਹੱਸ ਕੇ ਕਿਹਾ ਮੈਂ ਜਿਲਦਾਂ ਵਾਲੀ ਕਾਪੀ, ਜਿਸ ਨੇ ਹਰਫ਼ ਹਰੂਫ਼ਾਂ ਨਾਲ ਮਿਲ ਕੇ ਮਹਿੰਮਾ ਲਿਖੀ ਚਾਈਂ ਚਾਈਂਆ । ਸਤਿਗੁਰ ਸ਼ਬਦ ਕਾਤਬ ਨੂੰ ਦੇ ਦੇ ਪੁਸ਼ਤ ਪਨਾਹ ਤੇ ਥਾਪੀ, ਕਵਿਤਾ ਦਾ ਕਟਾਕਸ਼ ਅੰਦਰ ਦੇ ਲਗਾਈਆ । ਜਿਹੜੀ ਅਗੇ ਨਹੀਂ ਚੜ੍ਹਿਆ ਉਹ ਚਾੜ੍ਹ ਦੇ ਘਾਟੀ, ਘਾਟੇ ਪਿਛਲੇ ਪੂਰ ਕਰਾਈਆ । ਤੇਰੇ ਚਰਨਾਂ ਨਾਲ ਛੋਹ ਕੇ ਮਿਟ ਜਾਏ ਦੋ ਜਹਾਨ ਦੀ ਵਾਟੀ, ਅਗਲਾ ਤੇ ਪਿਛਲਾ ਪੰਧ ਰਹੇ ਨਾ ਰਾਈਆ । ਤੇਰੀ ਮਿਹਰਵਾਨ ਮਹਿਬੂਬ ਇਕ ਵਾਰ ਨਿਗਾਹ ਜਿਸ ਵੱਲ ਝਾਕੀ, ਝਲਕ ਆਪਣੀ ਦਏ ਵਖਾਈਆ । ਜੇ ਤੂੰ ਨਿਰਗੁਣ ਤੇ ਤੇਰਾ ਆਤਮਾ ਵੀ ਨਿਰਗੁਣ ਪੰਜਾਂ ਤਤਾਂ ਵਿਚ ਬਣ ਜਾ ਆਪ ਸਾਥੀ, ਸਗਲਾ ਸੰਗ ਬਣਾਈਆ । ਦੋਹਾਂ ਦਾ ਇਕੋ ਮੰਦਰ ਤੇ ਇਕੋ ਹੋਵੇ ਰਾਸੀ, ਇਕੋ ਰੂਪ ਗੋਪੀ ਕਾਹਨ ਬਣ ਕੇ ਆਪ ਨਾਚ ਨਚਾਈਆ । ਜੇ ਤੂੰ ਸਵਾਮੀ ਵਡਿਆਈ ਨਾ ਦਿਤੀ ਲੋਕਮਾਤੀ, ਤੈਨੂੰ ਪੁਰਖ ਅਕਾਲ ਕਹਿ ਕੇ ਸ਼ੁਕਰ ਨਾ ਕੋਇ ਮਨਾਈਆ । ਦਿਲ ਦੇ ਵਲਵਲੇ ਦਿਲ ਵਿਚ ਉਠਣ ਤੇ ਤੇਰੀ ਸਿਫ਼ਤ ਕਰਨ ਸਫ਼ਾਤੀ, ਸਫ਼ਾ ਸਫ਼ਾ ਕਾਪੀ ਕਹੇ ਮੇਰਾ ਦਿਤਾ ਬਦਲਾਈਆ । ਮੈਂ ਝਟ ਸੋਈ ਉਠੀ ਤੇ ਜਾਗੀ, ਆਪਣੀ ਲਈ ਅੰਗੜਾਈਆ । ਜਾਂ ਮੈਂ ਨਿਗਾਹ ਮਾਰੀ ਮੈਂ ਹਰਿ ਸੰਗਤ ਵਿਚ ਬੈਠੀ ਹੋਈ ਵਡ ਭਾਗੀ, ਭਾਗਹੀਣ ਮਿਲੀ ਵਡਿਆਈਆ । ਮੈਂ ਕੂੜ ਕੁੜਿਆਰ ਕੁਕਰਮ ਦੀ ਮੁਹੱਬਤ ਛਾਡੀ, ਨਾਤਾ ਮੋਹ ਵਿਕਾਰ ਦਿਤਾ ਤੁੜਾਈਆ । ਝਟ ਮੇਰੇ ਅੰਦਰ ਮੇਰੇ ਮਹਿਬੂਬ ਨੇ ਦਿਤੀ ਆਵਾਜ਼ੀ, ਬਿਨ ਕੰਨਾਂ ਤੇ ਸਰਵਣਾ ਦਿਤੀ ਸੁਣਾਈਆ । ਦੱਸ ਤੂੰ ਕਿਹੜੇ ਕਾਅਬੇ ਦਾ ਹੋਣਾ ਹਾਜੀ, ਕਿਹੜੇ ਹੁਜਰਿਆਂ ਸੋਭਾ ਪਾਈਆ । ਝਟ ਅਗੋਂ ਮਿਲਿਆ ਹੁਕਮ ਸ਼ਬਦ ਜਵਾਬੀ, ਸੰਦੇਸਾ ਸਹਿਜ ਸੁਭਾਈਆ । ਮੈਂ ਕੋਈ ਗ੍ਰਹਿ ਟਿਕਾਣਾ ਮੰਦਰ ਨਹੀਂ ਤੱਕਣਾ ਮੈਂ ਵੇਖਣਾ ਨਹੀਂ ਇਸ਼ਕ ਹਕੀਕੀ ਤੇ ਮਜਾਜੀ, ਮਜਾਜ ਜਗਤ ਜਹਾਨ ਆਸ ਨਾ ਕੋਇ ਰਖਾਈਆ । ਮੈਨੂੰ ਦੀਨ ਦੁਨੀਆ ਵਿਚ ਚਾਹੀਦੀ ਨਹੀਂ ਕੋਈ ਇਮਦਾਦੀ, ਲੋੜ ਆਸ ਮਨ ਨਾ ਕੋਇ ਰਖਾਈਆ । ਕਾਪੀ ਕਹੇ ਮੈਂ ਚਾਹੁੰਦੀ ਮੈਂ ਓਥੇ ਜਾਵਾਂ ਜਿਥੇ ਤੂੰ ਮੇਰਾ ਮੈਂ ਤੇਰਾ ਦੂਜਾ ਦਿਸੇ ਕੋਇ ਨਾ ਸਾਥੀ, ਸਗਲਾ ਸੰਗੀ ਇਕੋ ਨਜ਼ਰੀ ਆਈਆ । ਜਿਹੜੀ ਕਵਿਤਾ ਮੇਰੇ ਵਿਚੋਂ ਪੜ੍ਹ ਕੇ ਆਖੀ, ਅਲਿਫ਼ ਯੇ ਨਾਲ ਲਿਖਾਈਆ । ਉਸ ਨੂੰ ਜਾਮ ਪਿਆਲਾ ਪਿਆਵੀਂ ਬਣ ਕੇ ਸਾਕੀ, ਸੁਕਿਆਂ ਲਬਾਂ ਨੂੰ ਲਬਰੇਜ਼ ਦੇਣਾ ਪਿਆਈਆ । ਜਿਸ ਇਕ ਵੇਰਾਂ ਪੀ ਲਿਆ ਉਹਦਾ ਪਿਛੇ ਮੂਲ ਰਹੇ ਨਾ ਬਾਕੀ, ਸਰੂਰ ਦੇ ਨਾਲ ਮਖ਼ਮੂਰ ਦੇਣਾ ਕਰਾਈਆ । ਫੇਰ ਚਿੰਤਾ ਰਹੇ ਨਾ ਬਾਕੀ, ਮਸਤ ਹੋ ਕੇ ਅਲਮਸਤ ਹੋ ਕੇ ਇਕੋ ਰੂਪ ਤੇ ਇਕੋ ਵਸਤ ਹੋ ਵਸਤ ਵਸਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਕਾਪੀ ਕਹੇ ਮੇਰੇ ਵਿਚ ਇਕ ਇਕ ਪੁਕਾਰੇ ਕਵਿਤਾ ਦਾ ਅੱਖਰ, ਅੱਖਰ ਅੱਖਰ ਨਾਲ ਮਿਲਾਈਆ । ਪ੍ਰਭੂ ਤੂੰ ਜਦੋਂ ਤਾਰੇ ਤੇ ਤਾਰੇ ਪਾਹਨ ਪੱਥਰ, ਇਹ ਤੇਰੀ ਬੇਪ੍ਰਵਾਹੀਆ । ਪਰ ਜਿਹੜੇ ਯਾਰੜੇ ਤੇਰੇ ਲੱਥੇ ਸਥਰ, ਉਸ ਦੇ ਸਥਰਾਂ ਹੇਠ ਤੂੰ ਆਪਣਾ ਆਪ ਵਿਛਾਈਆ । ਜਿਸ ਨੇ ਇਕ ਦੋ ਤੇ ਚਾਰ ਤੇਰੇ ਵੈਰਾਗ ਵਿਚ ਵਿਰੋਲੇ ਅੱਥਰ, ਉਨ੍ਹਾਂ ਦੇ ਹੰਝੂ ਧੁਰ ਦਰਗਾਹ ਲੇਖੇ ਪਾਈਆ । ਤੂੰ ਵਿਰੋਲਣਹਾਰਾ ਨਾਮ ਮਧਾਣੇ ਮੱਖਣ, ਚੁਰਾਸੀ ਵਿਚੋਂ ਜਨ ਭਗਤ ਬਾਹਰ ਕਢਾਈਆ । ਜਿਨ੍ਹਾਂ ਦੀ ਪੈਜ ਆਇਉਂ ਰਖਣ, ਉਨ੍ਹਾਂ ਨੂੰ ਮੇਲਣਾ ਚਾਈਂ ਚਾਈਆ । ਸਤਿ ਸਤਿ ਸਤਿ ਏਸ ਦਵਾਰੇ ਤੋਂ ਕੋਈ ਨਾ ਜਾਏ ਸੱਖਣ, ਜੋ ਆਏ ਸੋ

ਝੋਲੀਆਂ ਜਾਏ ਭਰਾਈਆ । ਕਿਉਂ ਸਤਿਗੁਰ ਦਾ ਨਾਮ ਅਨਮੁੱਲਾ ਰਤਨ, ਗੁਰਮੁਖਾਂ ਦੇ ਅੰਦਰ ਦਏ ਟਿਕਾਈਆ । ਜਿਹੜੇ ਹੋ ਗਏ ਬੇਵਤਨ, ਉਨ੍ਹਾਂ ਨੂੰ ਵਤਨ ਵਾਲੇ ਫੇਰ ਦਏ ਬਣਾਈਆ । ਜਨ ਭਗਤ ਦੀ ਰਸਨਾ ਦਾ ਲੇਖੇ ਲਾਵੇ ਇਕ ਇਕ ਬਚਨ, ਜੋ ਪ੍ਰਭ ਦੀ ਮਹਿੰਮਾ ਵਿਚ ਪ੍ਰਭ ਦਾ ਰੂਪ ਹੋ ਕੇ ਗਾਈਆ । ਆਤਮ ਪਰਮਾਤਮ ਜੁੜ ਜਾਏ ਨਤਨ, ਨਾਤਾ ਸਕੇ ਨਾ ਕੋਇ ਤੁੜਾਈਆ । ਪਿਛਲਾ ਘਾਟ ਗਿਆ ਅਗਲਾ ਮਿਲ ਗਿਆ ਪੱਤਣ, ਕਿਨਾਰਿਆਂ ਤੋਂ ਪਰੇ ਕਿਨਾਰਾ ਆਪਣਾ ਇਕ ਵਖਾਈਆ । ਜਿਥੇ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਜੋਤੀ ਜਾਤਾ ਪੁਰਖ ਬਿਧਾਤਾ ਬੈਠਾ ਸਮਰਥਣ, ਸਮਰਥ ਆਪਣਾ ਡੇਰਾ ਲਾਈਆ । ਓਥੇ ਫੇਰ ਰਸਨਾ ਜਿਹਵਾ ਬੱਤੀ ਦੰਦ ਹਰਫ਼ ਹਰੂਫ਼ ਲਫ਼ਜ਼ ਇਲਫ਼ਾਜ਼ ਦਾ ਨਹੀਂ ਕੋਈ ਕਥਨ, ਬਿਨਾ ਕਥਾ ਤੋਂ ਯਥਾਰਥ ਯਥਾ ਆਪਣਾ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣਾ ਮੇਲ ਮਿਲਾਈਆ । ਕਾਪੀ ਕਹੇ ਉਹ ਪੀਣ ਵਾਲਿਓ ਪੀਓ ਨਾਲ ਮਸਤੀ, ਉਹ ਮਸਤ ਦਿਵਾਨਿਓ ਮਸਤ ਦੀਵਾਨੇ ਦਏ ਬਣਾਈਆ । ਉਹ ਬਿਨਾ ਕੀਮਤ ਤੋਂ ਧੁਰ ਦੇ ਠੇਕੇ ਵਿਚ ਮਿਲੇ ਸਸਤੀ, ਜਿਸ ਦੇ ਉਤੇ ਮੋਹਰ ਨਾਮ ਲਗਾਈਆ । ਜਿਸ ਨੂੰ ਪਿਆ ਦਿਤੀ ਉਹਦੀ ਦੋ ਜਹਾਨ ਨਾ ਉਤਰੇ ਮਸਤੀ, ਖ਼ੁਮਾਰੀ ਦਿਵਸ ਰੈਣ ਚੜ੍ਹਾਈਆ । ਜੇ ਕਦੀ ਪਲਕਾਂ ਖੋਲ੍ਹੇ ਤੇ ਨਜ਼ਰੀ ਆਵੇ ਧੁਰ ਦਾ ਰੂਪ ਅਰਸ਼ੀ, ਅਰਸ਼ੀ ਪ੍ਰੀਤਮ ਧੁਰ ਦਾ ਮਾਹੀਆ । ਕੀ ਹੋ ਗਿਆ ਜੇ ਵੇਸ ਵਟਾ ਕੇ ਆਗਿਆ ਉਤੇ ਫ਼ਰਸ਼ੀ, ਧਰਨੀ ਧਰਤ ਧਵਲ ਆਪਣਾ ਖੇਲ ਖਿਲਾਈਆ । ਜ਼ਰੂਰ ਪਾਰ ਕਰੇਗਾ ਇਹ ਸ਼ਬਦ ਅਗੰਮਾ ਸ਼ਰਤੀ, ਸਤਿਗੁਰ ਸ਼ਬਦ ਆਪਣੀ ਗੰਢ ਦਿਤੀ ਪਵਾਈਆ । ਭਗਤੋ ਭਗਤਾਂ ਦੀ ਆਤਮਾ ਨਾ ਜੰਮਦੀ ਨਾ ਮਰਦੀ, ਚੁਰਾਸੀ ਵਿਚ ਗੇੜ

੯੭੦
੨੩ ਨਾ ਕੋਇ ਰਖਾਈਆ । ਇਹ ਖੇਲ ਪਰਮ ਪੁਰਖ ਦੀ ਆਪਣੇ ਘਰ ਦੀ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੯੭੦ ੨੩

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੇਲਾ ਲਏ ਮਿਲਾਈਆ । ਕਾਪੀ ਕਹੇ ਪਤਾ ਨਹੀਂ ਮੈਂ ਸਿਧੀ ਕਿ ਪੁਠੀ, ਆਪਣੀ ਸੁਧ ਰਹੀ ਨਾ ਰਾਈਆ । ਮੈਂ ਦਰਸ ਕਰ ਕੇ ਗਈ ਕੁੱਠੀ, ਆਪਣਾ ਆਪ ਮਿਟਾਈਆ । ਦੁਨੀਆ ਵਾਲਿਓ ਮੈਂ ਗਈ ਲੁੱਟੀ, ਲੁਟੇਰਾ ਬਣ ਕੇ ਆਇਆ ਧੁਰ ਦਾ ਮਾਹੀਆ । ਜਿਸ ਮੈਨੂੰ ਬਿਨਾ ਰਗੜਿਆਂ ਤੋਂ ਪਿਆ ਦਿਤੀ ਬੂਟੀ, ਤੇ ਬੂਟਾ ਮੇਰਾ ਦਿਤਾ ਲਗਾਈਆ । ਫੇਰ ਮੈਂ ਪਾਸਾ ਪਰਤਿਆ ਕਾਪੀ ਕਹੇ ਮੈਂ ਹੱਸ ਕੇ ਕਿਹਾ ਵੇ ਮੇਰਿਆ ਮਹਿਬੂਬਾ ਕਦੇ ਮੇਰੇ ਉਤੇ ਤੁਠੀਂ, ਸਵਾਮੀ ਆਖਿਆ, ਕਾਪੀਏ ਮੈਂ ਜ਼ਰੂਰ ਤੁਠਾਂ, ਤੁਠ ਕੇ ਦਿਆਂ ਵਖਾਈਆ । ਮੇਰੀ ਖੇਲ ਸਦਾ ਅਦੂਤੀ, ਦੋਹਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਹੋਏ ਸਹਾਈਆ । ਕਾਪੀ ਕਹੇ ਮੇਰਾ ਦਸਤੇ ਮੁਬਾਰਕ, ਤੇਰੇ ਕਰਾਂ ਨਾਲ ਵਡਿਆਈਆ । ਮੇਰੇ ਵਿਚ ਅੱਖਰਾਂ ਵਾਲੀ ਅਬਾਰਤ, ਸਿਫ਼ਤਾਂ ਵਾਲੀ ਸਲਾਹੀਆ । ਮੈਂ ਖ਼ੁਸ਼ ਹੋਈ ਤੇਰੀ ਕੀਤੀ ਜ਼ਿਆਰਤ, ਜ਼ੱਰੇ ਜ਼ੱਰੇ ਵਿਚ ਤੇਰਾ ਨੂਰ ਨਜ਼ਰੀ ਆਈਆ । ਪਰ ਮੇਰੇ ਵਾਹਿਦ ਮਾਲਕ ਤੇਰੀ ਇਕ ਹੋਰ ਸ਼ਰਾਰਤ, ਸ਼ਰਅ ਵਾਲੇ ਸ਼ਰਅ ਵਾਲਿਆਂ ਨਾਲ ਦਿਤੇ ਲੜਾਈਆ । ਫੇਰ ਵੀ ਹਕੀਕਤ ਦੇ ਮਾਲਕ ਤੇਰੀ ਹਕੀਕੀ ਇਕ ਅਦਾਲਤ, ਅਦਲ ਇਨਸਾਫ਼ ਦੇਣਾ ਕਮਾਈਆ । ਕਾਪੀ ਕਹੇ ਮੇਰੇ ਲਿਖਣ ਵਾਲੇ ਮਾਲਕ ਨੂੰ ਮਾਲਕਾ ਰਖਣਾ ਸਹੀ ਸਲਾਮਤ, ਸਹੀ ਸਲਾਮਤ ਆਪਣੇ ਘਰ ਲੈ ਕੇ ਜਾਣਾ ਚਾਈਂ ਚਾਈਂਆ । ਜਗਤ ਵਿਕਾਰ ਕੂੜ ਕੁੜਿਆਰ ਦੀ ਅੰਦਰ ਬਾਹਰ ਗੁਪਤ ਜਾਹਰ ਤਨ ਮਾਟੀ ਖ਼ਾਕ ਨਾਲ ਰਹੇ ਨਾ ਕੋਇ ਅਲਾਮਤ, ਇਲਮਾਂ

ਦੇ ਆਲਮ ਆਲਮੀਨ ਆਪਣਾ ਰੰਗ ਦੇਣਾ ਚੜ੍ਹਾਈਆ । ਕਿਉਂ ਤੇਰਾ ਨਿਧਾਨ ਸ੍ਰੀ ਭਗਵਾਨ ਸਭ ਤੋਂ ਉੱਤਮ ਸ੍ਰੇਸ਼ਟ ਨਿਆਮਤ, ਅਣਮੁੱਲੀ ਦਾਤ ਅਣਤੁੱਲੀ ਝੋਲੀ ਦੇਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਤਲਵਾੜਾ ਸ਼ਹਿਰ ਦਲਜੀਤ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਭਗਵਾਨ, ਭਗਵੰਤ ਤੇਰੀ ਵਡਿਆਈਆ । ਸਤਿਗੁਰ ਧਾਰ ਫੜਾ ਦੇ ਦਾਮਨ, ਦਾਮਨਗੀਰ ਆਪ ਅਖਵਾਈਆ । ਸਤਿ ਧਰਮ ਬਣਾ ਦੇ ਮੇਰਾ ਜ਼ਾਮਨ, ਜ਼ਾਮਨੀ ਆਪਣੀ ਆਪ ਨਿਭਾਈਆ । ਕਲਜੁਗ ਅੰਧੇਰਾ ਮੇਟ ਦੇ ਸ਼ਾਮਨ, ਸ਼ਮਅ ਨੂਰ ਚੰਦ ਕਰ ਰੁਸ਼ਨਾਈਆ । ਮੈਨੂੰ ਸੰਦੇਸਾ ਦੇ ਕੇ ਗਿਆ ਰਾਮਾ ਰਾਮਨ, ਰਮਈਆ ਕਹਿ ਸੁਣਾਈਆ । ਇਸ਼ਾਰਾ ਕੀਤਾ ਕ੍ਰਿਸ਼ਨ ਕਾਹਨਨ, ਘਨਈਆ ਅੱਖ ਉਠਾਈਆ । ਪੈਗ਼ੰਬਰਾਂ ਜਣਾਇਆ ਨਿਸ਼ਾਨਨ, ਤਾਰਾ ਚੰਦ ਰਹੇ ਦ੍ਰਿੜਾਈਆ । ਗੁਰੂ ਦਰਸ ਕਰਾਇਆ ਤੇਰਾ ਆਹਮਨ ਸਾਹਮਨ, ਸਨਮੁਖ ਹੋ ਕੇ ਸੋਭਾ ਪਾਈਆ । ਪੁਰਖ ਅਕਾਲ ਮੇਰੇ ਉਤੇ ਸਚ ਦਾ ਰਿਹਾ ਨਾ ਕੋਇ ਬ੍ਰਾਹਮਣ, ਸਤਿ ਵਿਚ ਨਾ ਕੋਇ ਸਮਾਈਆ । ਵਿਦਿਆਵਾਨ ਤੇਰਾ ਭੇਵ ਮੂਲ ਨਾ ਜਾਨਨ, ਅਨੁਭਵ ਦ੍ਰਿਸ਼ਟ ਨਾ ਕੋਇ ਖੁਲਾਈਆ । ਜਿਧਰ ਤੱਕਾਂ ਪੰਚ ਵਿਕਾਰਾ ਕਾਮਨ, ਕਾਮਨੀ ਲੋਭ ਮੋਹ ਹਲਕਾਈਆ । ਤ੍ਰਿਸ਼ਨਾ ਕੂੜ ਵਧੀ ਤਾਮਨ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੈਂ ਨਿਮਾਣੀ ਹੋਈ ਨਿਮਾਨਣ, ਨਿਵ ਨਿਵ ਸੀਸ ਝੁਕਾਈਆ । ਆਪਣੇ ਨੂਰ ਦਾ ਦੇ ਦੇ ਚਾਨਣ, ਚਾਰ ਕੁੰਟ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਠਾਂਡੇ ਦੇਣਾ ਮਾਨਣ, ਮਾਣ ਨਿਮਾਣਿਆਂ ਹੋਣਾ ਸਹਾਈਆ ।


੯੭੧
੨੩

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਤਲਵਾੜਾ ਸ਼ਹਿਰ ਆਤਮ ਚੰਦ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਸ੍ਰਿਸ਼ਟੀ ਅੰਤਰ ਬਖ਼ਸ਼ ਗਿਆਨ, ਅਗਿਆਨ ਅੰਧੇਰਾ ਦੇ ਮਿਟਾਈਆ । ਤੇਰੇ ਚਰਨ ਕਵਲ ਕਰ ਧਿਆਨ, ਧੂੜੀ ਮਸਤਕ ਖ਼ਾਕ ਰਮਾਈਆ । ਦਿਵਸ ਰੈਣ ਤੇਰਾ ਢੋਲਾ ਗਾਣ, ਨਾਮ ਨਿਧਾਨ ਦੇ ਸਮਝਾਈਆ । ਅੰਮ੍ਰਿਤ ਰਸ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਤੇਰੇ ਪ੍ਰੇਮ ਦੀ ਵੱਜੇ ਧੁਨਕਾਨ, ਅਨਰਾਗੀ ਰਾਗ ਜਣਾਈਆ । ਘਰ ਪ੍ਰਕਾਸ਼ ਕਰ ਮਹਾਨ, ਮਿਹਰਵਾਨ ਦਇਆ ਕਮਾਈਆ । ਸਚ ਪ੍ਰੀਤੀ ਬਖ਼ਸ਼ ਦੇ ਦਾਨ, ਦਇਆਨਿਧ ਦਇਆ ਕਮਾਈਆ । ਦਰ ਠਾਂਡੇ ਦੇ ਮਾਣ, ਨਿਮਾਣਿਆਂ ਹੋ ਸਹਾਈਆ । ਲੇਖਾ ਮੁਕਾ ਦੇ ਵਿਚ ਜਹਾਨ, ਦੀਨ ਦੁਨੀ ਦਾ ਪੰਧ ਕਟਾਈਆ । ਚੁਰਾਸੀ ਵਿਚ ਫਿਰ ਨਾ ਆਣ, ਜਮ ਕੀ ਫਾਸੀ ਦੇ ਤੁੜਾਈਆ । ਸਚਖੰਡ ਦਵਾਰੇ ਚਰਨ ਚਰਨ ਤੇਰੇ ਜਾਣ, ਦਰਗਾਹ ਸਚ ਮਿਲੇ ਵਡਿਆਈਆ । ਤੇਰੀ ਜੋਤੀ ਜੋਤ ਜੋਤ ਵਿਚ ਮਿਲ ਜਾਣ, ਤੇਰੇ ਤੇਰੇ ਵਿਚ ਸਮਾਈਆ । ਥਿਰ ਘਰ ਦੇਣਾ ਸਚ ਮਕਾਨ, ਸਚਖੰਡ ਵਾਲੀ ਹੋਣਾ ਆਪ ਸਹਾਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪਰਮਾਤਮ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਦਰ ਤੇਰੇ ਆਸਾ ਦਿਤੀ ਜਣਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਾਲੜੀਆ ਜ਼ਿਲਾ ਹੁਸ਼ਿਆਰ ਪੁਰ ਮੰਗਲ ਸਿੰਘ ਰਾਮ ਸਿੰਘ ਦਰਬਾਰਾ ਸਿੰਘ ਦੇ ਗ੍ਰਿਹ ✪



ਧਰਨੀ ਕਹੇ ਪ੍ਰਭ ਮੇਰੀਆਂ ਖੁਲ੍ਹੀਆਂ ਅੱਖੀਆਂ, ਮੈਂ ਨੇਤਰਾਂ ਲਈ ਅੰਗੜਾਈਆ । ਸਤਿਗੁਰ ਸ਼ਬਦ ਨੇ ਮੈਨੂੰ ਖ਼ਬਰਾਂ ਦੱਸੀਆਂ, ਸੰਦੇਸਿਆਂ ਵਿਚ ਸੁਣਾਈਆ । ਉਠ ਵੇਖ ਭਗਤ ਭਗਵਾਨ ਦੀਆਂ ਸਖ਼ੀਆਂ, ਸੁਖ਼ਨ ਪਿਛਲੇ ਪੂਰ ਕਰਾਈਆ । ਜਿਨ੍ਹਾਂ ਇਕ ਤੇ ਆਸਾਂ ਰਖੀਆਂ, ਇਕੋ ਓਟ ਤਕਾਈਆ । ਉਹ ਜਗਤ ਪਿਆਰ ਤੋਂ ਬਾਹਰ ਫਿਰਨ ਨੱਸੀਆਂ, ਭਗਤੀ ਵਿਚ ਭੱਜਣ ਵਾਹੋ ਦਾਹੀਆ । ਉਨ੍ਹਾਂ ਦੇ ਚਰਨਾਂ ਵਿਚ ਰੁਲਦੀਆਂ ਕੋਟਨ ਸੱਸੀਆਂ, ਧੂੜੀ ਖ਼ਾਕ ਰਮਾਈਆ । ਨਿਗਾਹ ਮਾਰ ਲੈ ਚੌਦਾਂ ਤਬਕਾਂ ਦੀਆਂ ਹੱਟੀਆਂ, ਚੌਦਾਂ ਲੋਕ ਵੇਖ ਵਖਾਈਆ । ਬਿਨਾ ਭਗਤਾਂ ਤੋਂ ਸੀਸ ਵਾਹੀਆਂ ਨਹੀਂ ਕਿਸੇ ਦੀਆਂ ਪੱਟੀਆਂ, ਪਟਨੇ ਵਾਲਾ ਸਿਰ ਹੱਥ ਨਾ ਕਿਸੇ ਟਿਕਾਈਆ । ਅਵਤਾਰ ਪੈਗ਼ੰਬਰ ਗਿਣਦੇ ਗੱਟੀਆਂ, ਵੇਖਣ ਥਾਉਂ ਥਾਈਆ । ਅੰਤ ਸਭ ਨੇ ਇਕ ਤੇ ਡੋਰਾਂ ਸੱਟੀਆਂ, ਦੂਸਰ ਆਸ ਨਾ ਕੋਇ ਰਖਾਈਆ । ਮੈਨੂੰ ਖ਼ਬਰ ਪੁੱਜੀ ਨਿਗਾਹ ਮਾਰ ਲੈ ਮਜ਼੍ਹਬਾਂ ਵਾਲੀਆਂ ਪੱਤੀਆਂ, ਹਿੱਸਿਆਂ ਧਿਆਨ ਲਗਾਈਆ । ਉਹ ਤੱਕ ਲੈ ਚਾਰੋਂ ਕੁੰਟ ਤਪਣ ਭੱਠੀਆਂ, ਕਲਜੁਗ ਅਗਨੀ ਰਿਹਾ ਡਾਹੀਆ । ਧਾਰਾ ਰੋਵਣ ਤੀਰਥ ਅੱਠ ਸੱਠੀਆਂ, ਨੈਣਾਂ ਨੀਰ ਵਹਾਈਆ । ਕੋਟਾਂ ਵਿਚੋਂ ਗੁਰਮੁਖਾਂ ਦੀਆਂ ਰੂਹਾਂ ਰੱਤੀਆਂ, ਜਿਨ੍ਹਾਂ ਮਿਲਿਆ ਮੇਲ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੀ ਮਿਟ ਗਈ ਆਲਸ ਨਿੰਦਰਾ, ਗ਼ਫ਼ਲਤ ਰਹੀ ਨਾ ਰਾਈਆ । ਮੈਨੂੰ ਸੰਦੇਸ਼ਾ ਦੇਵੇ ਕਾਹਨ ਬਨ ਬਿੰਦਰਾ, ਰਾਮ ਬਨਬਾਸੀ ਰਿਹਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ਬਰ ਸੁਣਾ ਕੇ ਗਿਆ ਸੁਰਪਤ ਇੰਦਰਾ, ਇੰਦਰਾਸਣ ਆਪ ਤਜਾਈਆ । ਧਰਤੀ ਤੇਰੇ ਗ੍ਰਿਹ ਦਾ ਖੋਲਣ ਆਇਆ ਜਿੰਦਰਾ, ਹਰਿ ਕਰਤਾ ਧੁਰਦਰਗਾਹੀਆ । ਜੋ ਹੁਕਮ ਦੇਵੇ ਆਪਣੇ ਸੁਤ ਦੁਲਾਰੇ ਛਿੰਦੜਾ, ਪ੍ਰੇਮ ਨਾਲ ਸਮਝਾਈਆ । ਤੂੰ ਹੋਣਾ ਗੁਣੀ ਗਹਿੰਦੜਾ, ਗਹਿਰ ਗੰਭੀਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਨੂੰ ਸਤਿਗੁਰ ਸ਼ਬਦ ਦਿਤਾ ਆਖ, ਸਹਿਜ ਸਹਿਜ ਸਮਝਾਈਆ । ਉਠ ਸਾਹਿਬ ਇਸ ਵੱਲ ਝਾਕ, ਆਪਣੀ ਲੈਂ ਅੰਗੜਾਈਆ । ਆਪਣੇ ਗ੍ਰਿਹ ਦਾ ਪਵਿਤ੍ਰ ਕਰ ਲੈ ਤਾਕ, ਦਰ ਦਰਵਾਜ਼ਾ ਇਕ ਸੁਹਾਈਆ । ਤੇਰਾ ਲੇਖਾ ਲੇਖੇ ਪਾਵੇ ਜਨ ਭਗਤਾਂ ਸਾਥ, ਸਗਲਾ ਸੰਗ ਬਣਾਈਆ । ਮੈਂ ਬੇਨੰਤੀ ਕੀਤੀ ਜੋੜ ਕੇ ਹਾਥ, ਨਿਵ ਨਿਵ ਸੀਸ ਝੁਕਾਈਆ । ਕਿਰਪਾ ਕਰ ਮੇਰੇ ਸਮਰਾਥ, ਤੇਰੇ ਹੱਥ ਵਡਿਆਈਆ । ਮੇਰੇ ਸਗਲ ਵਸੂਰੇ ਜਾਣ ਲਾਥ, ਦੁੱਖ ਦਰਦ ਰਹੇ ਨਾ ਰਾਈਆ । ਕਲਜੁਗ ਕੂੜਾ ਮੇਰੇ ਉਤੋਂ ਮਿਟਾ ਦੇ ਰਾਥ, ਰਥ ਰਥਵਾਹੀ ਆਪਣਾ ਪੰਧ ਮੁਕਾਈਆ । ਸਤਿਜੁਗ ਸਾਚੇ ਮੇਰਾ ਸਚ ਬਣਾ ਦੇ ਸਾਥ, ਸਗਲਾ ਸੰਗ ਰਖਾਈਆ । ਤੂੰ ਮੇਰਾ ਮੈਂ ਤੇਰਾ ਹੋਵੇ ਸਾਚੀ ਗਾਥ, ਦੋ ਜਹਾਨ ਇਕੋ ਢੋਲਾ ਗਾਈਆ । ਮੈਂ ਤੇਰੇ ਚਰਨ ਧੂੜੀ ਲਾਵਾਂ ਮਾਥ, ਮਸਤਕ ਖ਼ਾਕ ਰਮਾਈਆ ।

੯੭੨
੨੩

ਮੈਂ ਅਨਾਥਾਂ ਅਨਾਥ, ਤੂੰ ਦੇਵਣਹਾਰ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਪੂਰਨ ਪਰਮ ਪੁਰਖ ਕਰ ਦੇ ਆਸ, ਆਸਾ ਤੇਰੇ ਚਰਨ ਕਵਲ ਟਿਕਾਈਆ ।

✪ ੨੩ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਰੇਸ਼ਮ ਸਿੰਘ ਦੇ ਗ੍ਰਿਹ ✪



ਧਰਨੀ ਕਹੇ ਪ੍ਰਭੂ ਮੇਰੇ ਉਤੇ ਰੋਂਦੇ ਟਿੱਲੇ ਪਰਬਤ ਪਹਾੜ, ਚੋਟੀਆਂ ਦੇਣ ਦੁਹਾਈਆ । ਕਲਜੁਗ ਕੂੜੀ ਅਗਨੀ ਰਹੀ ਸਾੜ, ਬਨਾਸਪਤ ਨੈਣਾਂ ਨੀਰ ਵਹਾਈਆ । ਮਮਤਾ ਮੋਹ ਵਿਕਾਰ ਤਪਸ਼ ਮੇਟ ਦੇ ਹਾੜ, ਅੰਮ੍ਰਿਤ ਮੇਘ ਆਪ ਬਰਸਾਈਆ । ਭਾਗ ਲਗਾ ਦੇ ਜੰਗਲ ਜੂਹ ਉਜਾੜ, ਚਰਾਗਾਹਾਂ ਵੇਖ ਵਖਾਈਆ । ਜਿਧਰ ਤੱਕੀਏ ਪੰਚ ਵਿਕਾਰਾ ਫਿਰੇ ਧਾੜ, ਨਵ ਸੱਤ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਸਚ ਸ਼ਰਨਾਈਆ । ਧਰਨੀ ਕਹੇ ਮੇਰੇ ਉਤੇ ਰੋਂਦੇ ਸਮੁੰਦ ਸਾਗਰਾਂ ਪਾਣੀ, ਜਲ ਥਲ ਮਾਰਨ ਧਾਹੀਆ । ਕਿਰਪਾ ਕਰ ਸ੍ਰੀ ਭਗਵਾਨੀ, ਭਗਵਨ ਤੇਰੀ ਆਸ ਤਕਾਈਆ । ਚਾਰੋਂ ਕੁੰਟ ਨਵ ਸੱਤ ਦਿਸੇ ਵੈਰਾਨੀ, ਬੌਰੀ ਹੋਈ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਸਾਰ ਪਾਏ ਕੋਇ ਨਾ ਪ੍ਰਾਣੀ, ਪ੍ਰਾਣਪਤਿ ਤੈਨੂੰ ਮਿਲਣ ਕੋਇ ਨਾ ਪਾਈਆ । ਮੇਰੀ ਇਕ ਬੇਨੰਤੀ ਮਾਨੀਂ, ਨਿਵ ਨਿਵ ਸੀਸ ਝੁਕਾਈਆ । ਮਿਹਰਵਾਨ ਕਰੀਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਨਾਮ ਨਿਧਾਨਾ ਸ਼ਬਦ ਤੀਰ ਮਾਰੀਂ ਕਾਨੀ, ਕਾਇਨਾਤ ਆਪ ਉਠਾਈਆ । ਅੰਮ੍ਰਿਤ ਰਸ ਰਹੀ ਨਾ ਕੋਇ ਨਿਸ਼ਾਨੀ, ਸਰੋਵਰ ਸਰ ਸਾਰੇ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਰੋਵਣ ਅੰਗ ਅੰਗ, ਅੰਗੀਕਾਰ ਨਜ਼ਰ ਕੋਇ ਨਾ ਆਈਆ । ਮੇਰੀ ਆਸ਼ਾ ਹੋਈ ਮੰਦ, ਮੰਦਹੀਣ ਦਿਆਂ ਦੁਹਾਈਆ । ਆਤਮ ਮਿਲੇ ਕਿਸੇ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਸਮਾਈਆ । ਆਤਮ ਪਰਮਾਤਮ ਗਾਏ ਕੋਇ ਨਾ ਛੰਦ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਦੀ ਟੁੱਟੀ ਆਪੇ ਗੰਢ, ਗੰਢਣਹਾਰ ਗੋਪਾਲ ਤੇਰੀ ਵਡਿਆਈਆ । ਮੇਰੇ ਸੀਨੇ ਪਾ ਦੇ ਠੰਡ, ਅਗਨੀ ਤਤ ਦੇ ਗਵਾਈਆ । ਸੀਤਲ ਧਾਰ ਚਾੜ੍ਹ ਦੇ ਚੰਦ, ਚੰਦ ਚਾਂਦਨਾ ਕਰ ਰੁਸ਼ਨਾਈਆ । ਸਵਾਮੀ ਸਾਹਿਬ ਤੂੰ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਗਰ ਆਪਣਾ ਨਾਮ ਦਰਸਾਈਆ । ਧਰਨੀ ਕਹੇ ਮੇਰੀ ਇਕ ਉਮੰਗ, ਸਤਿਗੁਰ ਸਤਿਗੁਰ ਪੂਰੀ ਦੇ ਕਰਾਈਆ । ਜਨ ਭਗਤਾਂ ਚਾੜ੍ਹ ਦੇ ਰੰਗ, ਰੰਗ ਅਗੰਮੜਾ ਆਪ ਰੰਗਾਈਆ । ਨਿਜਾਨੰਦ ਵਖਾ ਦੇ ਧੁਰ ਦਾ ਅਨੰਦ, ਅੰਮਿਉਂ ਰਸ ਅੰਮ੍ਰਿਤ ਆਪ ਚੁਆਈਆ । ਤੇਰੀ ਮੰਜ਼ਲ ਜਾਣ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਆਤਮ ਪਰਮਾਤਮ ਮਿਲ ਕੇ ਗਾਵਣ ਛੰਦ, ਸੋਹਲਾ ਸਹਿਜ ਸੁਭਾਈਆ । ਦਰ ਘਰ ਸੁਹਾ ਦੇ ਆਪਣਾ ਸਚਖੰਡ, ਦਰਗਾਹ ਸਾਚੀ ਦੇ ਵਡਿਆਈਆ । ਹਰਿਜਨ ਭੇਵ ਚੁਕਾ ਦੇ ਜੇਰਜ ਅੰਡ, ਖਾਣੀ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਕੋਟਨ ਕੋਟ ਕੋਟ ਬ੍ਰਹਿਮੰਡ, ਸਚ ਵਸਤ ਸਤਿ ਦੀ ਦੇਣਾ ਅਨੰਦ, ਅਨੰਦ ਅਨੰਦ ਆਪਣੇ ਵਿਚੋਂ ਪ੍ਰਗਟਾਈਆ ।

੯੭੩
੨੩

### ੨੪ ਚੇਤ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਅਮੀਰ ਸਿੰਘ ਗੁਲਾਟੀ ਦੇ ਨਵਿਤ

ਧਰਨੀ ਕਹੇ ਪ੍ਰਭੂ ਮੇਰੇ ਉਤੇ ਦਿਨ ਸੁਹਾਉਣਾ ਜੁਮਾ, ਘੜੀ ਪਲ ਸੁਹੰਜਣੀ ਸੋਭਾ ਪਾਈਆ । ਮਿਹਰਵਾਨਾ ਸ੍ਰੀ ਭਗਵਾਨਾ ਤੇਰੇ ਭਗਤਾਂ ਦੇ ਚਰਨ ਮੈਂ ਚੁੰਮਾਂ, ਚਰਨੋਦਕ ਧੂੜੀ ਖ਼ਾਕ ਰਮਾਈਆ । ਮੈਂ ਚਾਹੁੰਦੀ ਕਲਜੁਗ ਜੀਵ ਅੰਤਰ ਨਿਰੰਤਰ ਕੌੜਾ ਰਹੇ ਨਾ ਤੁੰਮਾ, ਤੁਖ਼ਮ ਤਾਸੀਰ ਬੇਨਜ਼ੀਰ ਦੇ ਬਦਲਾਈਆ । ਤੂੰ ਮਾਲਕ ਖ਼ਾਲਕ ਪਰਵਰਦਿਗਾਰ ਬਹੁ ਗੁਣਾ, ਗੁਣਵੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਮੈਂ ਹੋਵਾਂ ਤੇਰੇ ਭਗਤਾਂ ਦੀ ਦਾਸੀ, ਦਾਸੀ ਦਾਸ ਸੇਵ ਕਮਾਈਆ । ਮੇਰੇ ਸਵਾਮੀ ਮੇਰੇ ਮੰਡਲ ਪਾਵੀਂ ਰਾਸੀ, ਨਿਰਗੁਣ ਆਤਮ ਪਰਮਾਤਮ ਗੋਪੀ ਕਾਹਨ ਨਚਾਈਆ । ਪੁਰਖ ਅਕਾਲ ਸਾਂਝੇ ਯਾਰ ਕਲਜੁਗ ਕੂੜੀ ਕਿਰਿਆ ਤੋਂ ਕਰਨੀ ਬੰਦ ਖ਼ਲਾਸੀ, ਸ਼ਰਅ ਜ਼ੰਜੀਰ ਰਹਿਣ ਨਾ ਪਾਈਆ । ਮੇਰੇ ਮਹਿਬੂਬਾ ਕਲ ਕਰੀਂ ਨਾ ਮੇਰੀ ਉਦਾਸੀ, ਚਿੰਤਾ ਗ਼ਮ ਨਾ ਕੋਇ ਜਣਾਈਆ । ਮੈਂ ਚਰਨ ਕਵਲ ਬੇਨੰਤੀ ਕਰਾਂ ਦੋਏ ਜੋੜ ਕੇ ਹਾਥੀ, ਕਰ ਕਰਾਂ ਨਾਲ ਮਿਲਾਈਆ । ਸਾਹਿਬ ਸਤਿਗੁਰ ਮੇਰਾ ਬਣਨਾ ਧੁਰ ਦਾ ਸਾਥੀ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਮੈਂ ਨਿਮਾਣੀ ਅਨਾਥ ਅਨਾਥੀ, ਤੂੰ ਦੇਵਣਹਾਰ ਗੁਸਾਈਂਆ । ਮੇਰੇ ਉਤੇ ਸਚ ਦਵਾਰ ਖੋਲ ਦੇ ਹਾਟੀ, ਨਾਮ ਨਿਧਾਨਾ ਇਕ ਵਰਤਾਈਆ । ਪਵਿਤ੍ਰ ਕਰ ਦੇ ਤੀਰਥ ਤਾਟੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧਿਆਨ ਲਗਾਈਆ । ਧਰਨੀ ਕਹੇ ਮੈਂ ਤੇਰੇ ਚਰਨ ਕਵਲਾਂ ਵਿਚ ਫਿਰਾਂ ਨਾਠੀ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਤੂੰ ਮਾਲਕ ਮੇਰੇ ਸੂਰਬੀਰ ਸਮਰਾਠੀ, ਯੋਧਾ ਇਕ ਅਖਵਾਈਆ । ਮੇਰੀ ਡੰਡਾਵਤ ਬੰਦਨਾ ਮਨਜ਼ੂਰ ਕਰੀਂ ਸੀਸ ਨਿਵਾਵਾਂ ਜੋੜ ਕੇ ਹਾਥੀ, ਨਿਮਰਤਾ ਵਿਚ ਝੁਕ ਝੁਕ ਲਾਗਾਂ ਪਾਈਂਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਦੀਨ ਦਿਆਲ ਕਰਨੀ ਰਾਖੀ, ਰਖਕ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਿਬੇਕ ਕਰਨੀ ਬੁਧ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਨਿਰਮਲ ਸਚ ਸਰੂਪ ਵਿਖਾਉਣਾ ਦੁੱਧ, ਦੂਸਰ ਰੂਪ ਨਾ ਕੋਇ ਬਦਲਾਈਆ । ਮੈਂ ਆਸ਼ਾ ਰਖੀ ਉਪਰ ਤੁਧ, ਤੁਧ ਜੇਵਡ ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਚਾਹੁੰਦੀ ਮੇਰੇ ਉਤੇ ਲੇਖਾ ਮੁਕਾ ਦੇ ਕਲਜੁਗ, (ਕੂੜੀ) ਰੀਤੀ ਦੇ ਮੁਕਾਈਆ । ਪੈਗ਼ੰਬਰਾਂ ਰਸੂਲਾਂ ਔਧ ਗਈ ਪੁਗ, ਈਸਾ ਮੂਸਾ ਮੁਹੰਮਦ ਬੈਠੇ ਸੀਸ ਨਿਵਾਈਆ । ਮੈਂ ਹਾਲ ਪੁਕਾਰਾਂ ਧਰਨੀ ਕਹੇ ਬਸੁਧ, ਬਸੁਧਾ ਹੋ ਕੇ ਸੀਸ ਨਿਵਾਈਆ । ਪਰਮ ਪੁਰਖ ਪਰਮਾਤਮ ਮੇਰੇ ਉਤੇ ਤੇਰੇ ਹੁਕਮ ਦਾ ਹੋਣ ਵਾਲਾ ਯੁੱਧ, ਜੋਗੀ ਜੁਗੀਸ਼ਰ ਤਪੀਸ਼ਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਭਗਤਾਂ ਵੇਖਾਂ ਬਿਨਾ ਅੱਖ, ਅੱਖਰਾਂ ਤੋਂ ਬਾਹਰ ਸਿਫ਼ਤ ਸਲਾਹੀਆ । ਜਿਉਂ ਭਾਵੇਂ ਤਿਉਂ ਮੇਰੀ ਪਤ ਲੈ ਰਖ, ਰਖਣਹਾਰ ਤੇਰੀ ਵਡਿਆਈਆ । ਮੈਂ ਕੂਕ ਪੁਕਾਰਾਂ ਖ਼ਾਲੀ ਹੱਥ, ਦਰੋਹੀ ਤੇਰਾ ਨਾਮ ਦੁਹਾਈਆ । ਸਚ ਪ੍ਰੀਤੀ ਵਿਚ ਸਥਰ ਜਾਵਾਂ ਲੱਥ, ਗੋਬਿੰਦ ਯਾਰੜਾ ਸਥਰ ਹੰਢਾਈਆ । ਮੇਰੀ ਦੁਹਾਈ ਮੁਹੰਮਦ ਦੀ ਆਸ਼ਾ ਦੇ ਸਾਲ ਰਹਿ ਗਏ ਅੱਠ, ਅੱਠਾਂ ਤਤਾਂ ਵਾਲੇ ਸਾਰੇ ਰੋਵਣ ਮਾਰਨ ਧਾਹੀਂਆ । ਪੰਧ ਮੁਕਦਾ ਜਾਂਦਾ ਦਿਵਸ ਰੈਣ ਨੱਠ ਨੱਠ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਨਿਮਾਣੀ ਦਰ

ਠਾਂਡੇ ਜੋੜਾਂ ਹੱਥ, ਨਿਵ ਨਿਵ ਸੀਸ ਝੁਕਾਈਆ । ਪ੍ਰਭੂ ਇਕੋ ਤੇਰਾ ਨਾਮ ਜੈਕਾਰਾ ਹੋਵੇ ਅਲੱਖ, ਅਲੱਖ ਅਗੋਚਰ ਅਗੰਮ ਅਥਾਹ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਮੈਂ ਭਗਤਾਂ ਬਣਾਵਾਂ ਸੰਗ, ਸਗਲਾ ਸੰਗ ਜਣਾਈਆ । ਤੂੰ ਪਿਆਰ ਦਾ ਚਾੜ੍ਹਨਾ ਰੰਗ, ਜਗਤ ਜਹਾਨ ਉਤਰ ਕਦੇ ਨਾ ਜਾਈਆ । ਧੁਰ ਸ਼ਬਦ ਸੁਣਾਉਣਾ ਮਰਦੰਗ, ਤੁਰੀਆ ਤੋਂ ਬਾਹਰ ਕਰਨੀ ਸ਼ਨਵਾਈਆ । ਮੈਂ ਤੇਰਾ ਮਾਣਾਂ ਅਗੰਮਾ ਅਨੰਦ, ਜੋ ਅਨੰਦ ਅਨੰਦ (ਪੁਰ) ਵਾਲਾ ਗਿਆ ਸਮਝਾਈਆ । ਮੇਰੀ ਪਿਛੇ ਪਿਛੇ ਗਈ ਹੰਢ, ਅਗੇ ਤੇਰੀ ਓਟ ਤਕਾਈਆ । ਮੇਰੇ ਸਵਾਮੀ ਅੰਤਰਜਾਮੀ ਮੈਂ ਕਦੇ ਨਾ ਹੋਵਾਂ ਰੰਡ, ਰੰਡੇਪਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਆਤਮ ਪਰਮਾਤਮ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਮੇਰੇ ਸੀਨੇ ਪਾ ਦੇ ਠੰਡ, ਅਗਨੀ ਤਤ ਬੁਝਾਈਆ । ਤੂੰ ਸਤਿ ਸਰੂਪੀ ਬੱਧੀ ਗੰਢ, ਅਗੇ ਹੋ ਨਾ ਕੋਇ ਖੁਲਾਈਆ । ਮੇਰੇ ਉਤੇ ਸਤਿ ਧਰਮ ਭੰਡਾਰਾ ਵੰਡ, ਨਵ ਸੱਤ ਦੇ ਵਰਤਾਈਆ । ਪਰਮ ਪੁਰਖ ਮੇਰੀ ਨੰਗੀ ਨਾ ਹੋਵੇ ਕੰਡ, ਸੀਸ ਓਢਣ ਦੇਣਾ ਟਿਕਾਈਆ । ਦਿਵਸ ਰੈਣ ਤੂੰ ਮੇਰਾ ਮੈਂ ਤੇਰਾ ਗਾਵਾਂ ਛੰਦ, ਢੋਲਾ ਸੋਹਲਾ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਮੇਰਾ ਦੇਣਾ ਸੰਗ, ਸਰਗੁਣ ਸਰੂਪ ਤੇਰੀ ਓਟ ਤਕਾਈਆ ।



## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਅੰਬਾਲਾ ਛਾਉਣੀ ਸਰਦੂਲ ਸਿੰਘ ਦੇ ਗ੍ਰਿਹ ✪

੮੭੫
੨੩

ਧਰਨੀ ਕਹੇ ਪ੍ਰਭੂ ਮੈਂ ਤਕਿਆ ਲਹਿੰਦਾ ਚੜ੍ਹਦਾ, ਦੱਖਣ ਪਹਾੜ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖਿਆ ਸੜਦਾ, ਕਲਜੁਗ ਕੂੜ ਕੁੜਿਆਰ ਅਗਨੀ ਰਿਹਾ ਲਗਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਕੋਇ ਨਾ ਪੜ੍ਹਦਾ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਜਿਧਰ ਤੱਕਾਂ ਮਾਨਵ ਬਣਿਆ ਗ੍ਰਿਹਿ ਹੰਕਾਰ ਗੜ੍ਹ ਦਾ, ਮਾਇਆ ਮਮਤਾ ਮੋਹ ਨਾ ਕੋਇ ਮਿਟਾਈਆ । ਸ਼ਰਅ ਸ਼ਰੀਅਤ ਨਾਮ ਕਲਮਾ ਵੇਖਿਆ ਲੜਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਪੁਰਖ ਅਕਾਲੇ ਦੀਨ ਦਿਆਲੇ ਭੇਵ ਪਾਏ ਨਾ ਕੋਇ ਤੇਰੇ ਘਰ ਦਾ, ਕਾਇਆ ਮੰਦਰ ਅੰਦਰ ਤੇਰਾ ਦਰਸ ਕੋਇ ਨਾ ਪਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਧੁਨ ਆਤਮਾ ਕੋਇ ਨਾ ਸੁਣਦਾ, ਅਨਰਾਗੀ ਤੇਰਾ ਰਾਗ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਜਗਤ ਜਹਾਨ ਲੱਗੀ ਅੱਗ, ਤ੍ਰੈਗੁਣ ਮਾਇਆ ਰਹੀ ਜਲਾਈਆ । ਕਿਰਪਾ ਕਰ ਸੂਰੇ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਜਗਤ ਵਿਕਾਰ ਹੰਕਾਰ ਦੀਨ ਦੁਨੀ ਵਿਚੋਂ ਬੱਧ, ਕੂੜ ਕੁੜਿਆਰ ਦਾ ਲੇਖਾ ਦੇ ਮੁਕਾਈਆ । ਸਤਿ ਧਰਮ ਸਚ ਦਵਾਰੇ ਵਿਚੋਂ ਸੱਦ, ਧਰਨੀ ਧਰਤ ਧਵਲ ਧੌਲ ਕਹੇ ਮੇਰੇ ਉਤੇ ਆਸਣ ਲਏ ਲਗਾਈਆ । ਪੰਜ ਵਿਕਾਰ ਜਗਤ ਜਹਾਨ ਚਾਰੋਂ ਕੁੰਟ ਜਾਏ ਨੱਸ, ਸਮੁੰਦ ਸਾਗਰਾਂ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਬੂੰਦ ਸਵਾਂਤੀ ਦੇ ਰਸ, ਕਵਲ ਨਾਭੀ ਆਪਣੀ ਦਇਆ ਕਮਾਈਆ । ਨਿਜ ਨੇਤਰ ਲੋਚਨ ਨੈਣ ਖੋਲ ਅੱਖ, ਸਮਰਥ

ਤੇਰੀ ਬੇਪ੍ਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਅੰਤ ਮੇਰੀ ਪਤ ਰਖ, ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਸਤਿ ਸਚ ਮੇਰੀ ਝੋਲੀ ਰਿਹਾ ਨਾ ਕੱਖ, ਚਾਰੋਂ ਕੁੰਟ ਕਲਜੁਗ ਕੂੜ ਕੁੜਿਆਰ ਡੰਕਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭ ਅਵਤਾਰ ਪੈਗ਼ੰਬਰਾਂ ਗੁਰੂਆਂ ਤੱਕ ਲੈ ਅਗੰਮਾ ਭਵਿਖਤ, ਪੇਸ਼ੀਨਗੋਈਆਂ ਆਪਣੇ ਵਿਚੋਂ ਵੇਖ ਵਖਾਈਆ । ਬਿਨਾ ਅੱਖਰਾਂ ਤੋਂ ਨਿਰਅੱਖਰ ਧਾਰ ਵੇਖ ਲਿਖਤ, ਜੋ ਸਤਿਗੁਰ ਸ਼ਬਦ ਸ਼ਬਦ ਦ੍ਰਿੜਾਈਆ । ਜਿਸ ਵਿਚ ਏਕੰਕਾਰ ਤੇਰਾ ਇਕੋ ਇਕ ਇਸ਼ਟ, ਇਸ਼ਟ ਦੇਵ ਸਵਾਮੀ ਆਤਮ ਪਰਮਾਤਮ ਤੂੰ ਹੀ ਨਜ਼ਰੀ ਆਈਆ । ਨਿਗਾਹ ਮਾਰ ਲੈ ਦੀਨ ਦੁਨੀ ਕਾਇਨਾਤ ਆਪਣੀ ਸ੍ਰਿਸ਼ਟ, ਸ੍ਰਿਸ਼ਟੀ ਦੇ ਮਾਲਕ ਆਪਣਾ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਲੈ ਕੇ ਬੈਠੇ ਆਪਣਾ ਹਿਸਾਬ, ਦਰਗਾਹ ਸਾਚੀ ਸਚਖੰਡ ਸੋਭਾ ਪਾਈਆ । ਕਿਰਪਾ ਕਰ ਮਿਤਰ ਪਿਆਰੇ ਅਹਿਬਾਬ, ਪਾਰਬ੍ਰਹਮ ਪਰਵਰਦਿਗਾਰ ਸਾਂਝੇ ਯਾਰ ਤੇਰਾ ਰਾਹ ਤਕਾਈਆ । ਬਿਨਾ ਕਦਮਾਂ ਮਹਿਬੂਬ ਤੈਨੂੰ ਕਰਨ ਅਦਾਬ, ਬਿਨ ਸਜਦਿਆਂ ਸੀਸ ਝੁਕਾਈਆ । ਸਦੀ ਚੌਧਵੀਂ ਹਜ਼ਰਤ ਮੁਹੰਮਦ ਦਾ ਪੂਰਾ ਕਰ ਖ਼ੁਆਬ, ਜੋ ਅਮਾਮ ਅਮਾਮਾ ਤੇਰਾ ਰਾਹ ਤਕਾਈਆ । ਸਚ ਦਵਾਰੇ ਏਕੰਕਾਰ ਕਰ ਪ੍ਰਕਾਸ਼ ਅਗੰਮੇ ਮਹਿਰਾਬ, ਜਿਥੇ ਚੰਦ ਸਿਤਾਰ ਸੂਰੀਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂ ਮਾਰ ਕੇ ਗਏ ਲੀਕਾ, ਹੱਦਾਂ ਦੀਨ ਦੁਨੀ ਬਣਾਈਆ । ਤੇਰਾ ਨਾਮ ਕਲਮਾ ਲੜਾਇਆ ਵਾਂਗ ਸ਼ਰੀਕਾ, ਸ਼ਰਕਤ ਦੀਨ ਦੁਨੀ ਬਣਾਈਆ । ਤੇਰਾ ਅਗੰਮ ਅਥਾਹ ਤਰੀਕਾ, ਤਵਾਰੀਖ ਸਕੇ ਨਾ ਕੋਇ ਸਮਝਾਈਆ । ਹੁਕਮ ਸੰਦੇਸ਼ਾ ਫ਼ਰਮਾਨ ਦੇ ਕੇ ਗਏ ਪੋਸ਼ੀਦਾ, ਬਾਤਨ ਪਰਦਾ ਆਪ ਖੁਲਾਈਆ । ਪਰਵਰਦਿਗਾਰ ਸਾਂਝੇ ਯਾਰ ਪਤਿਪਰਮੇਸ਼ਵਰ ਦੀਨ ਦਿਆਲ ਸਭ ਨੂੰ ਵੇਖੇ ਆਪਣਾ ਦੀਦਾ, ਦੀਦਾ ਦਾਨਿਸਤਾ ਇਕੋ ਨਜ਼ਰੀ ਆਈਆ । ਬੀਸ ਬੀਸੇ ਹਰਿ ਜਗਦੀਸ਼ੇ ਈਸਾ ਰਖ ਕੇ ਬੈਠਾ ਉਮੀਦਾ, ਆਪਣਾ ਧਿਆਨ ਲਗਾਈਆ । ਮੂਸਾ ਤੱਕੇ ਲਾ ਕੇ ਨੀਝਾ, ਕੋਹਤੂਰ ਦਏ ਗਵਾਹੀਆ । ਮੁਹੰਮਦ ਕਹੇ ਮੈਨੂੰ ਤੇਰੀਆਂ ਹੋਈਆਂ ਤਾਕੀਦਾ, ਰਸੂਲ ਹੋ ਕੇ ਕਦਮਾਂ ਸੀਸ ਝੁਕਾਈਆ । ਨਾਨਕ ਧਾਰ ਸਰਗੁਣ ਨਿਰਗੁਣ ਤੇਰਾ ਖੇਲ ਸਦਾ ਪੇਚੀਦਾ, ਪਰਮ ਪੁਰਖ ਸਮਝ ਕੋਇ ਨਾ ਪਾਈਆ । ਗੋਬਿੰਦ ਕਹੇ ਸਚ ਸਵਾਮੀ ਅੰਤਰਜਾਮੀ ਚਾਰ ਵਰਨ ਅਠਾਰਾਂ ਬਰਨ ਸਭ ਨੂੰ ਮਾਰਗ ਦੱਸ ਦੇ ਸੀਧਾ, ਆਤਮ ਪਰਮਾਤਮ ਪਾਰਬ੍ਰਹਮ ਮਿਲ ਕੇ ਵੱਜੇ ਵਧਾਈਆ । ਗ਼ਫ਼ਲਤ ਵਿਚ ਸਭ ਦੀ ਖੋਲ ਨੀਂਦਾ, ਆਲਸ ਨਿੰਦਰਾ ਕੂੜੀ ਕਿਰਿਆ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਉਤੇ ਪੈਗ਼ੰਬਰਾਂ ਲਾਈਆਂ ਨੀਝਾਂ, ਬਿਨ ਨੈਣਾਂ ਨੈਣ ਉਠਾਈਆ । ਮਿਹਰਵਾਨਾ ਮਹਿਬੂਬਾ ਤੇਰੇ ਆਉਣ ਦੀਆਂ ਸਭ ਨੂੰ ਰੀਝਾਂ, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਤੂੰ ਬੇਪਰਵਾਹ ਅਲਖ ਅਲਾਹ ਤੇਰੀਆਂ ਸਿਫ਼ਤਾਂ ਵਾਲੀਆਂ ਹਮੀਦਾਂ, ਅਲਿਫ਼ ਯੇ ਢੋਲੇ ਸਾਰੇ ਗਏ ਗਾਈਆ । ਧਰਨੀ ਕਹੇ ਮੈਨੂੰ ਮਨਜ਼ੂਰ ਤੇਰਾ ਹੋਵੇ ਕੀਤਾ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਮੈਂ ਚਾਹੁੰਦੀ ਮੇਰੇ ਉਤੇ ਕਲਜੁਗ ਦੀ ਬਦਲ ਦੇ ਰੀਤਾ, ਸਤਿ ਸਚ ਦੇ ਵਰਤਾਈਆ । ਮੈਨੂੰ

ਇਸ਼ਾਰਾ ਦੇ ਕੇ ਗਏ ਰਾਮ ਸੀਤਾ, ਕਾਹਨ ਕ੍ਰਿਸ਼ਨ ਸੰਦੇਸ਼ਾ ਗਿਆ ਦ੍ਰਿੜਾਈਆ । ਪੈਗ਼ੰਬਰਾਂ ਹੁਕਮ ਸੁਣਾਇਆ ਠੀਕਾ, ਠਾਕਰ ਤੇਰੀ ਵਡ ਵਡਿਆਈਆ । ਗੁਰੂਆਂ ਦੱਸੀਆਂ ਹਕ ਤਰੀਕਾਂ, ਤਵਾਰੀਖਾਂ ਤੋਂ ਬਾਹਰ ਸਮਝਾਈਆ । ਤੇਰਾ ਖੇਲ ਅਨੋਖਾ ਵਡ ਨੀਕਨ ਨੀਕਾ, ਪੁਰਖ ਅਕਾਲੇ ਤੇਰੀ ਸਮਝ ਕਿਸੇ ਨਾ ਆਈਆ । ਕਲਜੁਗ ਅੰਤ ਲਹਿਣਾ ਦੇਣਾ ਮੁਕਾ ਦੇ ਸਾਢੇ ਤਿੰਨ ਹੱਥ ਸੀਂ ਕਾ, ਰਵਦਾਸ ਚਮਾਰਾ ਬੈਠਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਾਸ਼ਰੀਕ ਦੀਨ ਦੁਨੀ ਦਾ ਮੇਟ ਦੇ ਸ਼ਰੀਕਾ, ਸ਼ਰਕਤ ਕੂੜੀ ਰਹਿਣ ਕੋਇ ਨਾ ਪਾਈਆ ।

## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਲਸਾਣੀ ਜ਼ਿਲਾ ਕੁਰਕਸ਼ੇਤਰ ਆਸਾ ਸਿੰਘ ਦੇ ਗ੍ਰਿਹ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਸੁਣ ਸੁਹਾਉਣੀ ਧਰਤ, ਧਰਨੀ ਧਵਲ ਧੌਲ ਜਣਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਨਿਰਗੁਣ ਧਾਰ ਆਇਆ ਪਰਤ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਉਸ ਦੇ ਨਾਲ ਨਿਰਗੁਣ ਨਿਰਗੁਣ ਬਿਨ ਅੱਖਰਾਂ ਤੋਂ ਰਖੀ ਸ਼ਰਤ, ਬਿਨ ਸ਼ਰਅ ਤੋਂ ਲੇਖ ਬਣਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਚਾਰ ਜੁਗ ਦੀ ਪਿਛਲੀ ਵੇਖੇ ਫ਼ਰਦ, ਫ਼ੈਸਲੇ ਆਪਣੇ ਹੱਥ ਰਖਾਈਆ । ਨੌਜਵਾਨਾ ਸ੍ਰੀ ਭਗਵਾਨਾ ਯੋਧਾ ਸੂਰ ਬਣ ਕੇ ਮਰਦ, ਦੋ ਜਹਾਨਾਂ ਵੇਖ ਵਖਾਈਆ । ਅੰਤ ਕੰਤ ਭਗਵੰਤ ਸਭ ਦੇ ਵੰਡੇ ਦਰਦ, ਵੇਖਣਹਾਰਾ ਥਾਉਂ ਥਾਈਆ । ਨਿਗਾਹ ਮਾਰੇ ਤੇਰੇ ਉਤੇ ਕੂੜ ਕੁੜਿਆਰੀ ਉਡੇ ਗਰਦ, ਜ਼ਿਮੀਂ ਅਸਮਾਨ ਅੰਧੇਰਾ ਛਾਈਆ । ਉਸ ਦਾ ਖੇਲ ਹੋਣਾ ਅਚਰਜ, ਅਚਰਜ ਲੀਲਾ ਆਪ ਵਰਤਾਈਆ । ਜਿਸ ਛੁਰੀ ਸ਼ਰਅ ਮੇਟਣੀ ਕਰਦ, ਕਾਤਲ ਮਕਤੂਲ ਕਤਲਗਾਹ ਦਾ ਪੰਧ ਮੁਕਾਈਆ । ਤੇਰੀ ਮਨਜ਼ੂਰ ਕਰੇ ਅਰਜ਼, ਬੇਨੰਤੀ ਆਪਣੇ ਚਰਨ ਟਿਕਾਈਆ । ਸੋ ਸਾਹਿਬ ਸਤਿਗੁਰ ਕਲਜੁਗ ਅੰਤ ਪੂਰਾ ਕਰੇ ਫ਼ਰਜ਼, ਫ਼ੈਸਲਾ ਧਰਮ ਧਾਰ ਸੁਣਾਈਆ । ਸਭ ਦਾ ਮਕਰੂਜ਼ ਲਾਹਵੇ ਕਰਜ਼, ਲੇਖਾ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਉਹ ਤੱਕ ਲੈ ਪੁਰਖ ਅਕਾਲਾ, ਅਕਲ ਕਲਧਾਰੀ ਨੂਰ ਅਲਾਹੀਆ । ਦੀਨਾਂ ਬੰਧਪ ਦੀਨ ਦਿਆਲਾ, ਦਇਆਨਿਧ ਇਕ ਅਖਵਾਈਆ । ਜਿਸ ਤ੍ਰੈਗੁਣ ਮਾਇਆ ਤੋੜਨਾ ਜਗਤ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੇਰੇ ਉਤੇ ਧਰਮ ਦੀ ਧਰਮ ਬਣਾਏ ਧਰਮਸਾਲਾ, ਧਰਮ ਦਵਾਰਾ ਇਕ ਪ੍ਰਗਟਾਈਆ । ਸਚ ਪ੍ਰੇਮ ਦੀ ਪ੍ਰੇਮੀਆਂ ਅੰਤਰ ਨਿਰੰਤਰ ਪਾਵੇ ਮਾਲਾ, ਜਗਤ ਮਣਕਿਆਂ ਦੀ ਲੋੜ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਮਾਰਗ ਦੱਸ ਸੁਖਾਲਾ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਬਜਰ ਕਪਾਟੀ ਤੋੜ ਕੇ ਤਾਲਾ, ਤ੍ਰੈਗੁਣ ਅਤੀਤਾ ਤ੍ਰੈਭਵਣ ਧਨੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਉਹ ਲੇਖਾ ਜਾਣੇ ਹੱਬ, ਭੁਲ ਰਹੇ ਨਾ ਰਾਈਆ । ਪੂਰਬ ਲੇਖੇ ਵਾਚੇ ਝੱਬ, ਪਰਦੇ ਪਰਦਿਆਂ ਵਿਚੋਂ ਉਠਾਈਆ । ਜਿਸ ਨਿਰਗੁਣ ਧਾਰ ਲਏ ਸੱਦ, ਸਰਗੁਣ ਭੇਵ ਖੁਲਾਈਆ । ਨਿਰਗੁਣ ਜੋਤ ਪ੍ਰਕਾਸ਼ ਕਰ ਕੇ ਜਗ, ਜਾਗਰਤ ਜੋਤ ਡਗਮਗਾਈਆ । ਕੂੜੀ

ਕਿਰਿਆ ਮੇਟ ਕੇ ਹੱਦ, ਹਦੂਦ ਧਰਮ ਧਾਰ ਸਮਝਾਈਆ । ਸਤਿ ਸਚ ਦਾ ਦੇ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਧਰਨੀ ਤੇਰਾ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਇਕੋ ਇਕ ਸਮਝਾਈਆ । ਪੈਗ਼ੰਬਰ ਕਹਿਣ ਸਾਡਾ ਨਿਸ਼ਾਨ ਮਿਟਣਾ ਤਾਰਾ ਚੰਦ, ਸਦੀ ਚੌਧਵੀਂ ਸੀਸ ਨਿਵਾਈਆ । ਅੰਤਮ ਮੰਜ਼ਲ ਪਾਰ ਜਾਣੀ ਲੰਘ, ਮਹਿਬੂਬ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡੇ ਵਡ ਵਡਿਆਈਆ । ਅਵਤਾਰ ਪੈਗ਼ੰਬਰ ਕਹਿਣ ਧਰਨੀ ਅਸੀਂ ਓਸੇ ਦਾ ਤੱਕੀਏ ਰਾਹ, ਜੋ ਰਹਿਬਰ ਨੂਰ ਅਲਾਹੀਆ । ਨਿਰਗੁਣ ਧਾਰੋਂ ਜਾਵੇ ਆ, ਜੋਤੀ ਜਾਤਾ ਵੇਸ ਵਟਾਈਆ । ਸਤਿਗੁਰ ਸ਼ਬਦ ਬਣੇ ਮਲਾਹ, ਬੇੜਾ ਸਭ ਦਾ ਕੰਧ ਉਠਾਈਆ । ਕਲਜੁਗ ਕੂੜੀ ਕਿਰਿਆ ਕਰੇ ਫ਼ਨਾਹ, ਫ਼ਨਾਹ ਫ਼ਿਲਾ ਦਿਸੇ ਲੋਕਾਈਆ । ਕੂੜੀ ਕੁੜਿਆਰੀ ਰਹੇ ਨਾ ਕਲਜੁਗ ਬੁੱਧੀ ਕਾਂ, ਹੰਸ ਗੁਰਮੁਖ ਲਏ ਪ੍ਰਗਟਾਈਆ । ਭਗਤ ਸੁਹੇਲੇ ਨਿਜ ਨੇਤਰ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਸੁਰਤ ਸੁਰਤੀ ਵਿਚੋਂ ਲਏ ਉਠਾ, ਜਗਤ ਨਿੰਦਰਾ ਨਾ ਕੋਇ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਕੜੇ ਬਾਂਹ, ਮੇਲਾ ਮੇਲੇ ਸਹਿਜ ਸੁਭਾਈਆ । ਸਿਰ ਸਿਰ ਦੇਵੇ ਠੰਡੀ ਛਾਂ, ਅਗਨੀ ਤਤ ਨਾ ਲਾਗੇ ਰਾਈਆ । ਅੰਤਮ ਲਹਿਣਾ ਦੇਣਾ ਦਏ ਮੁਕਾ, ਚੁਰਾਸੀ ਫਾਸੀ ਜਮ ਕਟਾਈਆ । ਸਚਖੰਡ ਦਵਾਰ ਏਕੰਕਾਰ ਸਾਚਾ ਦੇਵੇ ਥਾਂ, ਥਨੰਤਰ ਇਕੋ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਭਗਵਾਨ ਭਗਵਨ ਹੋ ਕੇ ਕਰੇ ਨਿਆਂ, ਨਿਆਕਾਰ ਇਕੋ ਇਕ ਅਖਵਾਈਆ ।



੯੭੮
੨੩

## ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕਲਸਾਣੀ ਜ਼ਿਲਾ ਕੁਰਕਸ਼ੇਤਰ ਕਾਲਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੇ ਮਜ਼੍ਹਬਾਂ ਦੇ ਵੇਖੋ ਆ ਕੇ ਮੰਦਰ, ਕਾਇਆ ਕਾਅਬੇ ਧਿਆਨ ਲਗਾਈਆ । ਪਵਿਤ੍ਰ ਰਿਹਾ ਕੋਇ ਨਾ ਅੰਦਰ, ਅੰਤਸ਼ਕਰਨ ਤੱਕੋ ਖ਼ਲਕ ਖ਼ੁਦਾਈਆ । ਮਨੂਆ ਦਹਿ ਦਿਸ਼ਾ ਉਠ ਉਠ ਧਾਹੇ ਬੰਦਰ, ਮਮਤਾ ਮੋਹ ਵਿਕਾਰ ਨਾ ਕੋਇ ਮਿਟਾਈਆ । ਬਜਰ ਕਪਾਟੀ ਖੁਲਾ ਕਿਸੇ ਨਾ ਜੰਦਰ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਪ੍ਰਕਾਸ਼ ਹੋਵੇ ਨਾ ਬਿਨਾ ਸੂਰੀਆ ਚੰਦਰ, ਨਿਜ ਲੋਚਨ ਨੈਣ ਅੱਖ ਨਾ ਕੋਇ ਖੁਲਾਈਆ । ਜਗਤ ਵੀਰਾਨਾ ਹੋਇਆ ਖੰਡਰ, ਨਵ ਖੰਡ ਕੂੜੀ ਕਿਰਿਆ ਵਿਚ ਸਮਾਈਆ । ਮਾਨਸ ਮਾਨਵ ਮਾਨੁਖ ਪਸ਼ੂ ਢੋਰ ਬਣ ਗਏ ਡੰਗਰ, ਮਵੇਸ਼ੀ ਪਰਦੇਸੀ ਰੂਪ ਬਦਲਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦਨ, ਸੁਖ ਸਾਗਰ ਵਿਚ ਨਾ ਕੋਇ ਸਮਾਈਆ । ਜਗਤ ਜੰਜਾਲਾ ਟੁੱਟੇ ਕਿਸੇ ਨਾ ਬੰਧਨ, ਬੰਦਗੀ ਵਿਚ ਨਾ ਕੋਇ ਸਮਾਈਆ । ਮਿਲੇ ਮੇਲ ਨਾ ਦਾਤਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਨਾ ਕੋਇ ਕਰਾਈਆ । ਤੁਹਾਡਾ ਨਾਮ ਨਿਧਾਨਾ ਨੇਤਰ ਦਿਸੇ ਕਿਸੇ ਨਾ ਅੰਜਨ, ਅੰਧ ਅਗਿਆਨ ਨਾ ਕੋਇ ਮਿਟਾਈਆ । ਪਾਰਬ੍ਰਹਮ ਬ੍ਰਹਮ ਬਣੇ ਕੋਇ ਨਾ ਸੱਜਣ, ਸਗਲਾ ਸੰਗ ਨਾ ਕੋਇ ਨਿਭਾਈਆ । ਪ੍ਰਭ ਚਰਨ ਧੂੜੀ ਮਿਲੇ ਕਿਸੇ ਨਾ ਮਜਨ, ਦੁਰਮਤ ਮੈਲ ਨਾ ਕੋਇ ਧਵਾਈਆ । ਬਿਨਾ ਸੀਸ ਜਗਦੀਸ਼ ਕਰੇ ਕੋਇ ਨਾ ਬੰਦਨ, ਸਜਦਾ ਹਕ ਨਾ ਕੋਇ ਵਖਾਈਆ । ਧਰਨੀ ਕਹੇ ਮੇਰਾ ਸੀਸ ਹੋਇਆ ਨਗਣ, ਓਢਣ ਨਜ਼ਰ ਕੋਇ ਨਾ

ਆਈਆ । ਆਪਣੇ ਨਾਮ ਕਲਮਿਆਂ ਤੱਕੋ ਭਜਨ, ਭੱਜੋ ਵਾਹੋ ਦਾਹੀਆ । ਸਤਿ ਅਸਿਤ ਦਾ ਕਰੋ ਵਜ਼ਨ, ਨਾਮ ਕੰਡਾ ਹੱਥ ਉਠਾਈਆ । ਧਰਮ ਦੇ ਦੀਪਕ ਨਵ ਚਾਰ ਕਿਤੇ ਨਾ ਜਗਣ, ਅੰਧ ਅੰਧੇਰਾ ਗਿਆ ਛਾਈਆ । ਕਲਜੁਗ ਕੂੜੀ ਕਿਰਿਆ ਵਿਚ ਸਾਰੇ ਹੋਏ ਮਗਨ, ਮਮਤਾ ਮੋਹ ਵਿਕਾਰ ਹੰਕਾਰ ਨਾ ਕੋਇ ਮਿਟਾਈਆ । ਧਰਨੀ ਕਹੇ ਮੈਂ ਜਿਧਰ ਤੱਕਾਂ ਤ੍ਰੈਗੁਣ ਮਾਇਆ ਲੱਗੀ ਅਗਨ, ਸਾਂਤਕ ਸਤਿ ਨਾ ਕੋਇ ਕਰਾਈਆ । ਪਵਿਤ੍ਰ ਰਿਹਾ ਨਾ ਕੋਇ ਬਦਨ, ਪੰਚ ਤਤ ਪੰਚ ਵਿਕਾਰ ਵਿਚ ਹਲਕਾਈਆ । ਗੁਰਮੁਖ ਹੀਰਾ ਸੰਤ ਸੁਹੇਲਾ ਭਗਤ ਦਿਸੇ ਕੋਇ ਨਾ ਰਤਨ, ਅਮੋਲਕ ਰੂਪ ਨਾ ਕੋਇ ਵਟਾਈਆ । ਧਰਨੀ ਕਹੇ ਮੇਰਾ ਚਲੇ ਕੋਇ ਨਾ ਯਤਨ, ਗੁਰ ਅਵਤਾਰ ਪੈਗ਼ੰਬਰੋ ਯਥਾਰਥ ਦਿਆਂ ਜਣਾਈਆ । ਚਾਰ ਕੁੰਟ ਤੁਹਾਡੇ ਮਜ਼੍ਹਬਾਂ ਦੇ ਅੰਗੀਠੇ ਤਪਣ, ਕਰੋਧ ਹੰਕਾਰ ਨਾਲ ਹਲਕਾਈਆ । ਆਤਮ ਪਰਮਾਤਮ ਜੁੜੇ ਕਿਸੇ ਨਾ ਨਤਨ, ਨਾਤਾ ਬਿਧਾਤਾ ਨਾ ਕੋਇ ਰਖਾਈਆ । ਆਪਣਾ ਆ ਕੇ ਵੇਖੋ ਪਤਣ, ਨਈਆ ਨੌਕਾ ਨਾਮ ਨਜ਼ਰ ਕਿਸੇ ਨਾ ਆਈਆ । ਸਚ ਦਵਾਰ ਦਿਸੇ ਕੋਇ ਨਾ ਹੱਟਨ, ਮੰਦਰ ਮਸਜਿਦ ਸ਼ਿਵਦਵਾਲੇ ਮਠ ਦੇਣ ਦੁਹਾਈਆ । ਸਤਿ ਰਿਹਾ ਨਾ ਤੀਰਥ ਤੱਟਣ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਧਰਨੀ ਕਹੇ ਮੈਂ ਤੁਹਾਨੂੰ ਸ਼ਬਦੀ ਧਾਰ ਆਈ ਦੱਸਣ, ਸੰਦੇਸਾ ਨਾਮ ਦ੍ਰਿੜਾਈਆ । ਮੇਰੇ ਉਤੇ ਕਲਜੁਗ ਕੂੜ ਕੁੜਿਆਰੇ ਜੀਵ ਵਸਣ, ਹਿਰਦੇ ਹਰਿ ਨਾ ਕੋਇ ਵਸਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਕਰਦੇ ਜਪਣ, ਮਾਲਾ ਮਣਕਿਆਂ ਵਾਲੀ ਭਵਾਈਆ । ਚੜ੍ਹਦੀ ਲਹਿੰਦੀ ਦੱਖਣ ਪਹਾੜ ਦਿਸ਼ਾ ਨੱਠਣ, ਭੱਜਣ ਵਾਹੋ ਦਾਹੀਆ । ਫਿਰਨ ਅੱਠ ਸੱਠਣ, ਤੀਰਥਾਂ ਪੰਧ ਮੁਕਾਈਆ । ਮੈਂ ਜਿਧਰ ਤੱਕਾਂ ਦੀਨਾਂ ਮਜ਼੍ਹਬਾਂ ਪਾਇਆ ਰੱਟਨ, ਸ਼ਰਅ ਸ਼ਰਅ ਕਰੇ ਲੜਾਈਆ । ਸਤਿ ਧਰਮ ਦਾ ਦਿਸੇ ਕੋਇ ਨਾ ਹੱਟਣ, ਵਣਜਾਰਾ ਨਾਮ ਵਣਜ ਨਾ ਕੋਇ ਕਰਾਈਆ । ਜ਼ਰਾ ਖੋਲ ਕੇ ਵੇਖੋ ਬਿਨਾ ਅੱਖ ਤੋਂ ਅੱਖਣ, ਧੁਰ ਨੇਤਰ ਧਿਆਨ ਲਗਾਈਆ । ਸਤਿ ਸਚ ਬਿਨ ਮੇਰੀ ਝੋਲੀ ਹੋ ਗਈ ਸੱਖਣ, ਧਰਨੀ ਰੋ ਰੋ ਰਹੀ ਸੁਣਾਈਆ । ਉਠੋ ਵੇਖੋ ਕੀ ਖੇਲ ਹੋਣਾ ਦੀਪ ਲਖਣ, ਕੀ ਪੁਸ਼ਕਰ ਪ੍ਰਭ ਆਪਣਾ ਹੁਕਮ ਵਰਤਾਈਆ । ਪੈਗ਼ੰਬਰੋ ਸਦੀ ਚੌਧਵੀਂ ਆਪਣਾ ਕਰ ਲਓ ਯਤਨ, ਮੁਹੰਮਦ ਚਾਰ ਯਾਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਾਲਕ ਵਡ ਵਡਿਆਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣੀ ਆਪਣੀ ਪੂਜਾ, ਪੁਸਤਕ ਗ੍ਰੰਥ ਸ਼ਾਸਤਰ ਧਿਆਨ ਲਗਾਈਆ । ਦੀਨ ਦੁਨੀਆ ਅੰਤਰ ਭੇਵ ਹੋਇਆ ਦੂਜਾ, ਦੂਤੀਆ ਭੇਵ ਨਾ ਕੋਇ ਮਿਟਾਈਆ । ਨਿਰੰਤਰ ਪਰਦਾ ਖੁਲ੍ਹੇ ਕਿਸੇ ਨਾ ਗੁਝਾ, ਭੇਵ ਅਭੇਦ ਨਾ ਕੋਇ ਜਣਾਈਆ । ਨਾਭੀ ਕਵਲ ਨਾ ਹੋਵੇ ਮੂਧਾ, ਨਿਝਰ ਝਿਰਨਾਂ ਨਾ ਕੋਇ ਝਿਰਾਈਆ । ਮੈਂ ਰੋ ਰੋ ਕਹਾਂ ਬਸੁਧਾ, ਮਿੱਟੀ ਖ਼ਾਕ ਹੋ ਕੇ ਮਾਰਾਂ ਧਾਹੀਂਆ । ਜੋ ਸੰਦੇਸ਼ਾ ਦੇ ਗਿਆ ਬੁੱਧਾ, ਬੁੱਧੀ ਤੋਂ ਪਰੇ ਦ੍ਰਿੜਾਈਆ । ਉਹ ਲੇਖਾ ਹੋਣ ਲੱਗਾ ਊਧਾ, ਉਦੇ ਅਸਤ ਧਿਆਨ ਲਗਾਈਆ । ਮੈਨੂੰ ਇਉਂ ਜਾਪਦਾ ਮੇਰੇ ਉਤੇ ਦੀਨ ਮਜ਼੍ਹਬ ਦਾ ਹੋਣ ਵਾਲਾ ਯੁੱਧਾ, ਯੋਧੇ ਬਲੀ ਅਵਤਾਰ ਪੈਗੰਬਰ ਗੁਰੂ ਲਓ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰਾ ਸੁਣੋ ਬਿਆਨ, ਬਿਨ ਅੱਖਰਾਂ ਦਿਆਂ ਜਣਾਈਆ । ਜਿਸ ਦਾ ਸ਼ਰਅ ਵਾਲਾ ਨਹੀਂ ਗਿਆਨ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਮੈਂ ਸੰਦੇਸ਼ਾ ਸੁਣਿਆ ਸ੍ਰੀ ਭਗਵਾਨ, ਜੋ ਹਰਿ ਕਰਤਾ ਰਿਹਾ ਦ੍ਰਿੜਾਈਆ । ਕਲਜੁਗ ਅੰਤਮ


੮੭੯
੨੩

ਸ਼ਰਅ ਹੋਵੇ ਸ਼ੈਤਾਨ, ਕਲਮਾ ਛੁਰੀ ਰੂਪ ਕਸਾਈਆ । ਤੁਸੀਂ ਬਿਨਾ ਨੇਤਰਾਂ ਮਾਰੋ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਤੁਹਾਡੇ ਦੀਨ ਮਜ਼੍ਹਬ ਹੋਏ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਝਗੜਾ ਮਿਟੇ ਨਾ ਕਿਸੇ ਪੰਜ ਸ਼ੈਤਾਨ, ਸ਼ਰਅ ਸ਼ਰੀਅਤ ਡੇਰਾ ਕੋਇ ਨਾ ਢਾਹੀਆ । ਮੈਂ ਸਦੀ ਚੌਧਵੀਂ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਮੈਂ ਪੈਗ਼ੰਬਰੋ ਤੁਹਾਡੇ ਤੋਂ ਪਰੇ ਸੁਣੀ ਕਲਾਮ, ਕਾਇਨਾਤ ਦਿਆਂ ਸੁਣਾਈਆ । ਮੈਨੂੰ ਸੰਦੇਸਾ ਦਿਤਾ ਧੁਰ ਅਲਾਹੀ ਅਮਾਮ, ਜੋ ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਉਹ ਲਹਿਣਾ ਦੇਣਾ ਮੁਹੰਮਦ ਮੁਕਾਏ ਤਮਾਮ, ਰਸੂਲ ਰਸੂਲਾਂ ਪੰਧ ਰਹੇ ਨਾ ਰਾਈਆ । ਦੀਨ ਮਜ਼੍ਹਬ ਅੰਤ ਰਹੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਦਏ ਤੁੜਾਈਆ । ਜਿਸ ਨੂੰ ਸਜਦਿਆਂ ਵਿਚ ਕਰੋ ਸਲਾਮ, ਧੂੜੀ ਕਦਮਾ ਖ਼ਾਕ ਰਮਾਈਆ । ਉਹ ਖੇਲ ਕਰੇ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਧਰਨੀ ਕਹੇ ਮੈਂ ਦੱਸਾਂ ਨਾਲ ਈਮਾਨ, ਧਰਮ ਧਰਮ ਨਾਲ ਜਣਾਈਆ । ਉਹ ਯੋਧਾ ਸੂਰਬੀਰ ਨੌਜਵਾਨ, ਮਰਦ ਮਰਦਾਨਾ ਇਕ ਅਖਵਾਈਆ । ਪ੍ਰਗਟ ਹੋ ਵਿਚ ਜਹਾਨ, ਜਹਾਲਤ ਕੂੜੀ ਦਏ ਗਵਾਈਆ । ਤੁਹਾਡਾ ਲਹਿਣਾ ਦੇਣਾ ਲੇਖਾ ਵੇਖੇ ਆਣ, ਆਨਨ ਫ਼ਾਨਨ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੀਵ ਜਗਤ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਆਪਣਾ ਭੇਵ ਖੁਲਾਈਆ ।



## ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਮੁਗ਼ਲ ਮਾਜਰਾ ਜ਼ਿਲਾ ਕਰਨਾਲ ਬੰਤਾ ਸਿੰਘ ਦੇ ਗ੍ਰਿਹ

੪੪੦
੨੩

ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਕੋਝੀ, ਕਰਮ ਕਾਂਡ ਦੀ ਸਮਝ ਨਾ ਰਖਾਂ ਰਾਈਆ । ਤੇਰੀ ਸ੍ਰਿਸ਼ਟੀ ਦਾ ਚੁੱਕੀ ਬੈਠੀ ਬੋਝੀ, ਭਾਰ ਆਪਣੇ ਤਨ ਉਠਾਈਆ । ਮੇਰੇ ਮਿਹਰਵਾਨਾ ਆਪਣੀ ਦੀਨ ਦੁਨੀਆ ਨੂੰ ਦੇ ਦੇ ਸੋਝੀ, ਸਮਝ ਸਮਝ ਵਿਚੋਂ ਬਦਲਾਈਆ । ਬਹੁੜੀ ਮੇਰੇ ਉਤੇ ਹੋ ਗਏ ਹਉਮੇ ਦੇ ਸਾਰੇ ਰੋਗੀ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਸ੍ਰਿਸ਼ਟੀ ਤੇਰੇ ਪਿਆਰ ਤੋਂ ਹੋਈ ਵਿਜੋਗੀ, ਇਸ਼ਟ ਇਸ਼ਟ ਦੇਵ ਨਜ਼ਰ ਕੋਇ ਨਾ ਆਈਆ । ਮੈਂ ਜਿਧਰ ਤੱਕਾਂ ਕਾਮੀ ਕਰੋਧੀ ਭੋਗੀ, ਵਿਸ਼ਿਆਂ ਵਿਚ ਹਲਕਾਈਆ । ਸਤਿ ਧਰਮ ਦਾ ਦਿਸੇ ਕੋਇ ਨਾ ਜੋਗੀ, ਜੁਗੀਸ਼ਰ ਨਜ਼ਰ ਕੋਇ ਨਾ ਆਈਆ । ਮੈਂ ਵੇਖੇ ਧੋਤੀ ਟਿੱਕਾ ਬੋਦੀ, ਮੂੰਡ ਮੁੰਡਾਇਆ ਧਿਆਨ ਲਗਾਈਆ । ਅੰਦਰ ਵੇਖਿਆ ਵੇਦੀ ਸੋਢੀ, ਸੋਢ ਬੰਸ ਰੰਗ ਨਾ ਕੋਇ ਚੜ੍ਹਾਈਆ । ਜਗਤ ਆਸ਼ਾ ਹੋ ਗਈ ਬੋਢੀ, ਬੁਢੇਪਾ ਮੇਰੇ ਉਤੇ ਆਈਆ । ਪੁਰਖ ਅਕਾਲੇ ਦੀਨ ਦਿਆਲੇ ਸਤਿਗੁਰ ਸ਼ਬਦ ਭੇਜ ਦੇ ਧੋਬੀ, ਦੀਨ ਦੁਨੀ ਕਰੇ ਸਫ਼ਾਈਆ । ਉਹ ਮਜ਼੍ਹਬਾਂ ਦਾ ਮੂਲ ਨਾ ਹੋਵੇ ਲੋਭੀ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਮੇਰੇ ਉਤੇ ਮਾਨਵ ਜਾਤੀ ਜਾਏ ਸੋਧੀ, ਸ਼ੁਧ ਤੇਰਾ ਨਾਮ ਸਮਝਾਈਆ । ਇਹ ਪ੍ਰਭੂ ਤੇਰੀ ਖੇਲ ਘਰੋਗੀ, ਆਪਣਾ ਘਰਾਨਾ ਵੇਖ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਤੱਕ ਲੈ ਆਪਣੇ ਪੰਜਾਂ ਤੱਤਾਂ ਵਾਲੇ ਇਨਸਾਨ, ਹਿੰਸਾ ਆਹਿੰਸਾ ਖੋਜ ਖੁਜਾਈਆ । ਮੇਰੇ ਉਤੇ ਮਾਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਤੂੰ ਮਾਲਕ ਸ੍ਰੀ ਭਗਵਾਨ, ਹਰਿ ਕਰਤਾ ਵਡ

ਵਡਿਆਈਆ । ਮੈਂ ਹੋਈ ਪ੍ਰੇਸ਼ਾਨ, ਹੈਰਾਨੀ ਵਿਚ ਸੁਣਾਈਆ । ਸਤਿ ਦਾ ਰਿਹਾ ਨਾ ਕੋਇ ਗਿਆਨ, ਅੰਧ ਅਗਿਆਨ ਹੋਈ ਲੋਕਾਈਆ । ਨਾਦ ਸੁਣੇ ਨਾ ਕੋਇ ਧੁਨਕਾਨ, ਅਨਰਾਗੀ ਰਾਗ ਨਾ ਕੋਇ ਜਣਾਈਆ । ਅੰਮ੍ਰਿਤ ਨਾਮ ਰਸ ਮਿਲੇ ਨਾ ਕਿਸੇ ਪੀਣ ਖਾਣ, ਬੂੰਦ ਸਵਾਂਤੀ ਨਿਝਰ ਝਿਰਨਾ ਨਾ ਕੋਇ ਝਿਰਾਈਆ । ਮੈਂ ਜਿਧਰ ਤੱਕਾਂ ਕਲਜੁਗ ਕੂੜਾ ਫਿਰੇ ਸ਼ੈਤਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਧਰਨੀ ਕਹੇ ਮੇਰਾ ਸਤਿ ਦਾ ਟੁੱਟਾ ਅਭਿਮਾਨ, ਅਭਿਮਾਨੀਆਂ ਮਾਣ ਗਵਾਈਆ । ਕਿਰਪਾ ਕਰ ਮੇਰੇ ਰਹਿਮਾਨ, ਰਹੀਮ ਰਹਿਮਤ ਦੇ ਕਮਾਈਆ । ਤੂੰ ਜਵਾਂ ਮਰਦ ਨੌਜਵਾਨ, ਸੂਰਬੀਰ ਵਡ ਵਡਿਆਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਨਿਸ਼ਾਨਾ ਸਤਿ ਧਰਮ ਝੁਲਾਈਆ । ਮੇਰੀ ਬੇਨੰਤੀ ਸੁਣ ਆਣ, ਦੂਰ ਦੁਰਾਡੇ ਅਗੰਮੇ ਮਾਹੀਆ । ਮੈਂ ਵਸੇਰਾ ਤੱਕਾਂ ਤੇਰਾ ਸੰਬਲ ਵਿਚ ਮਕਾਨ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਪਰਗਟ ਹੋ ਵਾਲੀ ਦੋ ਜਹਾਨ, ਪਰਗਣਾ ਆਪਣਾ ਦੇ ਸੁਹਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਹੋਵੇ ਗਾਣ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਵ ਸੱਤ ਹੋਣਾ ਨਿਗਾਹਬਾਨ, ਨਵ ਚਾਰ ਦਾ ਪੰਧ ਮੁਕਾਈਆ । ਤੂੰ ਪਰਮ ਪੁਰਖ ਅਧਾਰੀ ਪ੍ਰਾਣ, ਪੁਰਾਣ ਅਠਾਰਾਂ ਦੇਣ ਗਵਾਹੀਆ । ਤੁਧ ਬਿਨ ਮੇਰੀ ਕਰੇ ਨਾ ਕੋਇ ਕਲਿਆਣ, ਕਲਮੇ ਨਾਮ ਵਾਲੇ ਸਾਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਸਰਨ ਸਰਨਾਈ ਏਕੰਕਾਰ ਤਕਾਈ ਆਣ, ਅਨਕ ਕਲਧਾਰੀ ਹੋਣਾ ਅੰਤ ਸਹਾਈਆ ।



੮੮੧
੨੩

### ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਠੀਕਰੀ ਛੰਨਾ ਜ਼ਿਲਾ ਕਰਨਾਲ ਹਰਬੰਸ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਦੀਨ ਮਜ਼੍ਹਬ ਦੇ ਮਿਤਰੋ, ਸੱਜਣੋ ਨਿਰਗੁਣ ਧਾਰ ਲਓ ਅੰਗੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਤਿਗੁਰ ਸ਼ਬਦ ਹੋ ਕੇ ਨਿਤਰੋ, ਨਿਰਵੈਰ ਹੋ ਕੇ ਵੇਖ ਵਖਾਈਆ । ਸ਼ਰਅ ਸ਼ਰੀਅਤ ਦੇ ਜਗਤ ਪਿਤਰੋ, ਪਤਤ ਪਾਪੀ ਵੇਖੋ ਥਾਉਂ ਥਾਈਂਆ । ਕਲਜੁਗ ਕੂੜ ਕੁੜਿਆਰਾ ਚੜ੍ਹਿਆ ਸ਼ਿਖ਼ਰੋ, ਚੋਟੀ ਸਭ ਦੀ ਆਸਣ ਲਾਈਆ । ਜਗਤ ਇਸ਼ਟ ਵੇਖੋ ਪਾਹਨ ਇਟੜੋ, ਸਿਲ ਪੂਜਸ ਸੀਸ ਨਿਵਾਈਆ । ਆਪਣਾ ਖੇਲ ਤੱਕੋ ਅਨਡਿਠੜੋ, ਚਾਰੋ ਕੁੰਟ ਧਿਆਨ ਲਗਾਈਆ । ਜਿਸ ਪੁਰਖ ਅਕਾਲ ਦਾ ਕਰਦੇ ਰਹੇ ਜ਼ਿਕਰੋ, ਪਰਵਰਦਿਗਾਰ ਦੇ ਢੋਲੇ ਗਾਈਆ । ਉਸ ਦੇ ਹੁਕਮ ਦਾ ਕਰੋ ਫ਼ਿਕਰੋ, ਜੋ ਫ਼ਿਕਰਾ ਅਗੰਮ ਸੁਣਾਈਆ । ਉਸ ਦਾ ਇਸ਼ਟ ਆਪਣੇ ਇਸ਼ਟ ਦੇ ਵਿਚ ਚਿਤਰੋ, ਚੇਤਨ ਹੋ ਕੇ ਧਿਆਨ ਲਗਾਈਆ । ਸੂਰਬੀਰ ਬਹਾਦਰ ਯੋਧੇ ਹੋ ਕੇ ਮੈਦਾਨ ਨਿਕਲੋ, ਆਪ ਆਪਣੀ ਲਓ ਅੰਗੜਾਈਆ । ਆਪਣੇ ਨਾਮ ਕਲਮੇ ਖਾਣੀ ਬਾਣੀ ਦੇਖ ਲਓ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ, ਪ੍ਰਭੂ ਦੇ ਸਹਿਬਜ਼ਾਦਿਓ ਲਓ ਅੰਗੜਾਈਆ । ਨਾਮ ਕਲਮਿਆਂ ਵਾਲਿਓ ਮਿਹਰਵਾਨੋ, ਮਿਹਰਵਾਨੀ ਆਪਣੀ ਵੇਖੋ ਥਾਉਂ ਥਾਈਂਆ । ਜਗਤ ਸ਼ਰਅ ਦੇ ਚਲਾਉਣ ਵਾਲਿਓ ਨਿਸ਼ਾਨਿਓ, ਦੀਨਾਂ ਮਜ਼੍ਹਬਾਂ ਖੇਲ ਖਿਲਾਈਆ । ਜ਼ਰਾ ਨਿਗਾਹ ਮਾਰੋ ਉਤੇ ਅਸਮਾਨੋ, ਧਰਨੀ ਵੱਲ ਧਿਆਨ ਲਗਾਈਆ । ਮਾਣ ਰਿਹਾ ਨਾ ਤੁਹਾਡੇ ਨਾਮ ਕਲਮੇ ਕਲਾਮੋ, ਅੱਖਰਾਂ ਚਲੇ ਨਾ ਕੋਇ ਚਤੁਰਾਈਆ ।

ਦੀਨ ਦੁਨੀ ਸਵਾਧਾਨ ਕਰੋ ਰਹੇ ਨਾ ਕੋਇ ਨਿਧਾਨੋ, ਅਣਿਆਲਾ ਤੀਰ ਨਾਮ ਚਲਾਈਆ । ਮੇਰੇ ਉਤੇ ਆਵੇ ਨਿਰਗੁਣ ਧਾਰ ਨੌਜਵਾਨੋ, ਮਰਦ ਮਰਦਾਨੋ ਫੇਰਾ ਪਾਈਆ । ਆਤਮ ਧਾਰ ਦੇ ਜਗਤ ਕਿਰਸਾਨੋ, ਆਪਣੀ ਲਓ ਅੰਗੜਾਈਆ । ਮੇਰੇ ਚਾਰ ਜੁਗ ਦੇ ਪਿਛਲੇ ਮਹਿਮਾਨੋ, ਮੈਂ ਸੱਦਾ ਦੇਵਾਂ ਚਾਈਂ ਚਾਈਂਆ । ਮੇਰੇ ਉਤੇ ਆਪਣੇ ਸਿੱਖ ਮੁਰੀਦ ਪਹਿਚਾਨੋ, ਬਿਨ ਨੈਣਾਂ ਨੈਣ ਉਠਾਈਆ । ਤਨ ਵਜੂਦ ਸਰੀਰ ਤੱਕੋ ਜਿਸਮਾਨੋ, ਜ਼ਮੀਰ ਸ਼ਾਹ ਹਕੀਰ ਵੇਖ ਵਖਾਈਆ । ਭੱਜੇ ਆਓ ਸੀਤਾ ਰਾਮੋ, ਰਾਧੇ ਕਾਹਨੋ ਆਪਣਾ ਪੰਧ ਮੁਕਾਈਆ । ਪੈਗ਼ੰਬਰੋ ਸੁਣੋ ਪੈਗ਼ਾਮੋ, ਹਜ਼ਰਤ ਮੂਸਾ ਈਸਾ ਮੁਹੰਮਦ ਧਿਆਨ ਲਗਾਈਆ । ਨਾਨਕ ਗੋਬਿੰਦ ਤੱਕੋ ਆਪਣਾ ਸਤਿਨਾਮੋ, ਡੰਕਾ ਫ਼ਤਿਹ ਵੇਖ ਵਖਾਈਆ । ਕਿਉਂ ਤੁਹਾਡੇ ਹੁੰਦਿਆਂ ਮੇਰੇ ਉਤੇ ਹੋਈ ਅੰਧੇਰੀ ਸ਼ਾਮੋ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕਿਉਂ ਨਹੀਂ ਮਾਰਦੇ ਨਾਮ ਦਾ ਤੀਰ ਅਣਿਆਲਾ ਬਾਣੋ, ਚਾਰੇ ਖਾਣੀ ਰਹੀ ਕੁਰਲਾਈਆ ਮੈਂ ਵੇਖ ਕੇ ਤੁਹਾਡੇ ਦੀਨ ਮਜ਼੍ਹਬ ਹੋਈ ਹੈਰਾਨੋ, ਹੈਰਤ ਵਿਚ ਜਣਾਈਆ । ਜਗਤ ਜਗਿਆਸੂ ਹੋਏ ਬੇਈਮਾਨੋ, ਬੇਵਾ ਰੂਪ ਦਿਸੇ ਖ਼ਲਕ ਖ਼ੁਦਾਈਆ । ਕਿਧਰ ਗਏ ਤੁਹਾਡੇ ਤੁਰੀਆ ਤੋਂ ਬਾਹਰ ਵਾਲੇ ਤਰਾਨੇ, ਸ਼ਬਦ ਨਾਦ ਧੁਨ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਹੱਥ ਨਾ ਆਏ ਜ਼ਿਮੀਂ ਅਸਮਾਨੋ, ਚੌਦਾਂ ਲੋਕ ਚੌਦਾਂ ਤਬਕ ਰਹੇ ਕੁਰਲਾਈਆ । ਆਪਣਾ ਆਪਣਾ ਤੱਕੋ ਖ਼ਾਨਦਾਨੋ, ਪਰਦਾ ਪਰਦੇ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਤੁਹਾਡਾ ਸਭ ਦਾ ਜਾਣੀ ਜਾਣੇ, ਧਰਨੀ ਕਹੇ ਜਾਣਨਹਾਰ ਇਕ ਅਖਵਾਈਆ ।


੮੮੨
੨੩

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਠੀਕਰੀ ਛੰਨਾ ਜ਼ਿਲਾ ਕਰਨਾਲ ਸੰਪੂਰਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਤੱਕੋ ਆਪਣੀਆਂ ਰੀਤਾਂ, ਦੀਨ ਦੁਨੀ ਧਿਆਨ ਲਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਚਰਚ ਤੱਕੋ ਮਸੀਤਾਂ, ਗੁਰੂਦਵਾਰਿਆਂ ਗੁਰ ਗੁਰ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਪਵਿਤ੍ਰ ਹੋਈਆਂ ਨਾ ਨੀਤਾਂ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਮਿਲੇ ਕਿਸੇ ਨਾ ਮੀਤਾ, ਪਰਵਰਦਿਗਾਰ ਸਾਂਝਾ ਯਾਰ ਸੰਗ ਨਾ ਕੋਇ ਨਿਭਾਈਆ । ਜਗਤ ਜਗਿਆਸੂ ਤ੍ਰੈਗੁਣ ਦਿਸੇ ਨਾ ਅਤੀਤਾ, ਤ੍ਰੈਭਵਨ ਧਨੀ ਰੰਗ ਨਾ ਕੋਇ ਰੰਗਾਈਆ । ਆਪਣਿਆਂ ਹੁਕਮਨਾਮਿਆਂ ਦੀਆਂ ਤੱਕੋ ਹਦੀਸਾ, ਹਜ਼ਰਤੋ ਧਿਆਨ ਲਗਾਈਆ । ਵਕਤ ਵੇਖੋ ਬੀਸ ਬੀਸਾ, ਹਰਿ ਜਗਦੀਸ਼ਾ ਕੀ ਆਪਣੀ ਖੇਲ ਖਿਲਾਈਆ । ਨਿਗਾਹ ਮਾਰ ਲੈ ਮੂਸਾ ਈਸਾ, ਮੁਹੰਮਦ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੇ ਦੀਨ ਮਜ਼੍ਹਬ ਦੀ ਵੇਖੋ ਸਿਖਿਆ, ਅੰਦਰ ਵੜ ਕੇ ਮੰਦਰ ਚੜ੍ਹ ਕੇ ਧਿਆਨ ਲਗਾਈਆ । ਜੋ ਧੁਰ ਦਾ ਨਾਮ ਕਲਮਾ ਪਾ ਕੇ ਗਏ ਭਿਛਿਆ, ਕਾਇਆ ਚੋਲੀ ਆਪ ਟਿਕਾਈਆ । ਜੋ ਸਤਿ ਸਾਚੀ ਰਖ ਕੇ ਗਏ ਇਛਿਆ, ਨਿਰ ਇਛਤ ਧਿਆਨ ਲਗਾਈਆ । ਆਪਣਾ ਅਪਣਾ ਲੇਖ ਕਲਮ ਸਿਆਹੀ ਨਾਲ ਵੇਖੋ ਲਿਖਿਆ ਕਾਗ਼ਜ਼ ਦੇਣ ਗਵਾਹੀਆ । ਜਿਸ ਦੀਨ ਦੁਨੀ ਨੂੰ ਕਹਿ ਕੇ ਗਏ ਮਿਥਿਆ, ਉਹ ਦੁਨੀ ਚਾਰ ਕੁੰਟ

ਦਿਸੇ ਲੋਕਾਈਆ । ਤੁਹਾਡਾ ਧਰਮ ਕਾਜ ਅੰਤ ਨਾ ਕਿਸੇ ਨਜਿੱਠਿਆ, ਚਾਰੋਂ ਕੁੰਟ ਪਏ ਦੁਹਾਈਆ । ਤੁਹਾਡੇ ਸਿਖ ਮੁਰੀਦ ਤੁਹਾਨੂੰ ਦੇ ਕੇ ਗਏ ਪਿਠਿਆ, ਸਨਮੁਖ ਨਜ਼ਰ ਕੋਇ ਨਾ ਆਈਆ । ਤੁਹਾਡੇ ਚਰਨ ਕਵਲਾਂ ਕਦਮਾਂ ਵਿਚ ਦਿਸੇ ਕੋਇ ਨਾ ਲਿਟਿਆ, ਧੂੜੀ ਖ਼ਾਕ ਨਾ ਕੋਇ ਰਮਾਈਆ । ਧਰਮ ਵੇਖੋ ਦੋਹੱਥੜ ਮਾਰ ਕੇ ਪਿਟਿਆ, ਬਹੁੜੀ ਬਹੁੜੀ ਕਰ ਸੁਣਾਈਆ । ਕਿਸੇ ਦਾ ਮਨ ਨਾ ਅੰਤਰ ਟਿਕਿਆ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਸਤਿ ਸਰੂਪ ਧਾਰ ਨਜ਼ਰ ਨਾ ਆਏ ਚਿੱਟਿਆ, ਕਲਜੁਗ ਕਾਲਖ ਕਾਲੀ ਸ਼ਾਹੀ ਸੋਭਾ ਪਾਈਆ । ਤੁਹਾਡਾ ਸਾਜਣ ਦਿਸੇ ਕੋਇ ਨਾ ਮਿਤਿਆ, ਮੀਤ ਮੁਰਾਰਾ ਨਜ਼ਰ ਕੋਇ ਨਾ ਆਈਆ । ਸਚ ਦੱਸੋ ਐਸ ਵੇਲੇ ਕਿਸ ਨਾਲ ਕਰੋ ਹਿਤਿਆ, ਪਿਆਰ ਮੁਹੱਬਤ ਨਾਲ ਰਖਾਈਆ । ਤੁਹਾਡਾ ਨਾਮ ਰਸ ਕਿਉਂ ਕਲਜੁਗ ਜੀਵਾਂ ਰਸਨਾ ਹੋਇਆ ਫਿਕਿਆ, ਅੰਮ੍ਰਿਤ ਜਾਮ ਨਾ ਕੋਇ ਸੁਹਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਅੰਤਰਜਾਮੀ ਮੈਨੂੰ ਪਾ ਦੇ ਆਪਣੀ ਭਿਖਿਆ, ਭਿੱਖਕ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਕਿਸੇ ਸਮਝ ਨਾ ਆਵੇ ਵਾਰ ਥਿਤਿਆ, ਭੇਵ ਅਭੇਦ ਸਕੇ ਨਾ ਕੋਇ ਖੁਲਾਈਆ ।

### ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਭਠ ਮਾਜਰਾ ਜ਼ਿਲਾ ਕਰਨਾਲ ਸੁਦਾਗਰ ਸਿੰਘ ਦੇ ਗ੍ਰਹਿ ✪



ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਨਿਗਾਹ ਮਾਰੋ ਮੇਰੀ ਛਾਤੀ, ਛਤਰਧਾਰੀ ਹੋ ਕੇ ਵੇਖ ਵਖਾਈਆ । ਖ਼ੁਸ਼ੀਆਂ ਵਿਚ ਵੇਖੋ ਆਪਣੇ ਵਕਤ ਦੀ ਅੰਧੇਰੀ ਰਾਤੀ, ਚਾਰੋਂ ਕੁੰਟ ਨਜ਼ਰੀ ਆਈਆ । ਤੁਹਾਡੇ ਪਿਆਰ ਦਾ ਰਿਹਾ ਨਾ ਕੋਇ ਜਮਾਤੀ, ਸਗਲਾ ਸੰਗ ਨਾ ਕੋਇ ਬਣਾਈਆ । ਕਲਮਾ ਹਕ ਸਮਝੇ ਨਾ ਕੋਇ ਸਫ਼ਾਤੀ, ਇਸਮ ਆਜ਼ਮ ਨਾ ਕੋਇ ਦ੍ਰਿੜਾਈਆ । ਮੇਲ ਮਿਲੇ ਨਾ ਕਮਲਾਪਾਤੀ, ਪਤਿਪਰਮੇਸ਼ਵਰ ਸਾਰੇ ਗਏ ਭੁਲਾਈਆ । ਆਪਣੇ ਗ੍ਰੰਥ ਸ਼ਾਸਤਰ ਵੇਖੋ ਜੋ ਲਿਖੇ ਕਲਮ ਦਵਾਤੀ, ਅੱਖਰ ਅੱਖਰਾਂ ਨਾਲ ਲਿਖਾਈਆ । ਕਿਸੇ ਦੀ ਬਦਲ ਨਾ ਸਕਣ ਹਯਾਤੀ, ਜੀਵਣ ਜੁਗਤ ਨਾ ਕੋਇ ਦ੍ਰਿੜਾਈਆ । ਸਤਿ ਮਿਲੇ ਨਾ ਕੋਇ ਦਾਤੀ, ਦਾਤਾ ਹੋ ਕੇ ਦਇਆਵਾਨ ਨਜ਼ਰ ਕੋਇ ਨਾ ਆਈਆ । ਮੈਂ ਸੁਣ ਸੁਣ ਥੱਕੀ ਰਸਨਾ ਜਿਹਵਾ ਵਾਲੀ ਗਾਥੀ, ਬੱਤੀ ਦੰਦਾਂ ਢੋਲੇ ਸਾਰੇ ਗਾਈਆ । ਹਕ ਹਕੀਕਤ ਖੇਲ ਜਾਣੇ ਨਾ ਕੋਇ ਪੁਰਖ ਸਮਰਾਥੀ, ਕੀ ਕਰਤਾ ਆਪਣੀ ਕਾਰ ਕਮਾਈਆ । ਆਹ ਵੇਖੋ ਮੈਂ ਸਾਂਭ ਕੇ ਰਖੀ ਤੁਹਾਡੀ ਪੱਤਰਾਂ ਵਾਲੀ ਪਾਤੀ, ਪਤਰਕਾ ਤੁਹਾਡੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰੋ ਗੁਰੂਓ ਤੱਕੋ ਆਪਣਾ ਪੱਤਰ, ਜੋ ਪਾਤੀ ਕਮਲਾਪਾਤੀ ਤੁਹਾਡੇ ਹੱਥ ਫੜਾਈਆ । ਪਹਿਲਾ ਲੇਖ ਵੇਖੋ ਆਪਣੀ ਸਤਰ, ਸੱਤਰ ਬਹੱਤਰ ਕੀ ਆਪਣੀ ਧਾਰ ਜਣਾਈਆ । ਅਗੇ ਨਿਗਾਹ ਮਾਰੋ ਵੇਖੋ ਨਿੱਕੀ ਜਿਹੀ ਕਤਰ, ਜੋ ਕਤਰਾ ਕਤਰਾ ਸਭ ਨੂੰ ਰਹੀ ਸਮਝਾਈਆ । ਫੇਰ ਵੇਖੋ ਅੰਤ ਕਿਨਾਰਾ ਸਭ ਦਾ ਦਿਸੇ ਪਤਣ, ਪਾਂਧੀ ਬੈਠੇ ਪੰਧ ਮੁਕਾਈਆ । ਮੈਨੂੰ ਇਉਂ ਜਾਪਦਾ ਤੁਹਾਡਾ ਅਗੇ ਰਹਿਣਾ ਨਹੀਂ ਕੋਈ ਯਤਨ, ਯਥਾਰਥ ਦਿਆਂ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਸਾਰੇ ਲੱਗੇ ਹੱਸਣ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਧਰਨੀ ਓਹ ਤੱਕ ਪੁਰਖ ਅਕਾਲਾ ਦੀਨ ਦਿਆਲਾ ਸਵਾਮੀ ਸਾਹਿਬ ਸਮਰਥਣ, ਹਰਿ

੮੮੩
੨੩

ਕਰਤਾ ਧੁਰਦਰਗਾਹੀਆ । ਉਹ ਸਾਡੀ ਪੈਜ ਆਵੇ ਰਖਣ, ਰੱਖਿਆ ਕਰੇ ਥਾਉਂ ਥਾਈਆ । ਕੂੜੀ ਕਿਰਿਆ ਆਵੇ ਮਥਣ, ਮਿਥਿਆ ਦਿਸੇ ਸਰਬ ਲੋਕਾਈਆ । ਤੂੰ ਵੇਖਣਾ ਸਭ ਕੁਛ ਅੱਖਣ, ਨੇਤਰ ਲੋਚਨ ਨੈਣ ਅੱਖ ਉਠਾਈਆ । ਗੋਬਿੰਦ ਕਹੇ ਜਿਸ ਦੀ ਧਾਰ ਮੈਂ ਲੱਥਾ ਸਥਰ, ਸਥਰ ਯਾਰੜਾ ਸੇਜ ਹੰਢਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਤੇਰੇ ਉਤੇ ਪ੍ਰਗਟ ਕਰੇ ਭਗਤ ਸੁਹੇਲੇ ਰਤਨ, ਅਮੋਲਕ ਹੀਰੇ ਆਪ ਪ੍ਰਗਟਾਈਆ । ਤੇਰਾ ਸੁਹੰਜਣਾ ਹੋਵੇ ਵਤਨ, ਬੇਵਤਨੇ ਤੈਨੂੰ ਦੇਈਏ ਸਮਝਾਈਆ । ਸੰਬਲ ਦੇਸ ਹੋ ਕੇ ਪ੍ਰਗਟ, ਪਰਗਣਾ ਆਪਣਾ ਇਕ ਪ੍ਰਗਟਾਈਆ । ਸਤਿ ਸਚ ਦਾ ਖੋਲ ਕੇ ਹੱਟਨ, ਨਾਮ ਅਨਮੁੱਲ ਅਤੁਲ ਦਏ ਵਰਤਾਈਆ । ਉਸ ਕੌਲ ਇਕਰਾਰ ਵਾਅਦੇ ਪੂਰੇ ਕਰਨੇ ਭਵਿਖਤ ਬਚਨ, ਪੇਸ਼ੀਨਗੋਈਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਤੇਰੇ ਉਤੇ ਚਲਾਏ ਰਥਨ, ਰਥ ਰਥਵਾਹੀ ਆਪਣਾ ਹੁਕਮ ਵਰਤਾਈਆ ।

## ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਲੋਚਪੁਰ ਜ਼ਿਲਾ ਕਰਨਾਲ ਅਰਜਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਉਫ਼ ਹਾਏ ਮੇਰੇ ਬਾਪੂ, ਪਿਤਾ ਪੁਰਖ ਅਕਾਲ ਤੇਰੀ ਸ਼ਰਨਾਈਆ । ਤੁਧ ਬਿਨ ਮੇਰੀ ਪਤ ਪਤਵੰਤੇ ਕਵਣ ਰਾਖੂ, ਹੋਵੇ ਕਵਣ ਸਹਾਈਆ । ਨਿਗਾਹ ਮਾਰ ਲੈ ਮੇਰੇ ਸਵਾਮੀ ਚਾਰੋਂ ਕੁੰਟ ਦੀਨਾਂ ਮਜ਼੍ਹਬਾਂ ਫਿਰਦੇ ਡਾਕੂ, ਸ਼ਸਤਰ ਛੁਰੀ ਸ਼ਰਅ ਵਾਲੀ ਉਠਾਈਆ । ਜਿਧਰ ਤੱਕਾਂ ਹੋਈ ਅੰਧੇਰੀ ਰਾਤੂ, ਰੁਤੜੀ ਤੇਰੇ ਰੰਗ ਨਾ ਕੋਇ ਮਹਿਕਾਈਆ । ਤੇਰੇ ਨਾਮ ਨਿਧਾਨ ਦੀ ਥਾਂ ਰਸਨਾ ਲੱਗਿਆ ਤਮਾਕੂ, ਤਮਅ ਵਿਚ ਕੂੜ ਜਗਤ ਹਲਕਾਈਆ । ਮੈਂ ਬਥੇਰੇ ਸੰਦੇਸ਼ੇ ਦਿੱਤੇ ਤੇਰੇ ਅਵਤਾਰ ਪੈਗ਼ੰਬਰਾਂ ਕਾਕੂ, ਤੇਰੇ ਕਾਕਿਆਂ ਅਗੇ ਵਾਸਤਾ ਪਾਈਆ । ਤੁਸੀਂ ਮੇਰੇ ਸਨਬੰਧੀ ਬਣੋ ਸੱਜਣ ਹੋਵੋ ਸਾਕੂ, ਮਿਤਰ ਪਿਆਰੇ ਮਾਤ ਅਖਵਾਈਆ । ਧਰਮ ਦਵਾਰਾ ਇਕੋ ਖੋਲੋ ਤਾਕੂ, ਗ੍ਰਹਿ ਮੰਦਰ ਇਕੋ ਇਕ ਸੁਹਾਈਆ । ਝਗੜਾ ਮੇਟੋ ਜ਼ਾਤ ਪਾਤੂ, ਪਤਿਪਰਮੇਸ਼ਵਰ ਇਕੋ ਇਸ਼ਟ ਦਿਓ ਸਮਝਾਈਆ । ਇਕੋ ਅੰਮ੍ਰਿਤ ਜਾਮ ਪਿਆਓ ਕਾਇਆ ਰਸ ਬਾਟੂ, ਜਗਤ ਵੰਡ ਨਾ ਕੋਇ ਵੰਡਾਈਆ । ਤੁਸੀਂ ਮੈਨੂੰ ਤੱਕ ਲਓ ਮੈਂ ਜੁਗ ਚੌਕੜੀ ਘੁੰਮਦੀ ਵਾਂਗ ਲਾਟੂ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਤੁਹਾਡੇ ਵਿਚੋਂ ਕਿਹੜਾ ਸੂਰਬੀਰ ਸਮਰਾਠੂ, ਬਲਧਾਰੀ ਲਓ ਅੰਗੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਵੇਖੋ ਟਾਪੂ, ਟੱਪਿਆਂ ਵਾਲਿਆਂ ਹਿੱਸੇ ਦਿਓ ਤਜਾਈਆ । ਸਾਰੇ ਕਹਿਣ ਧਰਨੀਏ ਤੇਰਾ ਅੰਤ ਅੰਤਸ਼ਕਰਨ ਸਾਡਾ ਸਾਹਿਬ ਸਵਾਮੀ ਨਾਪੂ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਧਰਨੀ ਕਹੇ ਮੇਰੇ ਵੈਰਾਗ ਵਿਚ ਨਿਕਲ ਗਏ ਆਂਸੂ, ਹੰਝੂਆਂ ਨੀਰ ਵਹਾਈਆ । ਕਵਣ ਮੇਰਾ ਮੰਡਲ ਕਰੂ ਰਾਸੂ, ਰਸਤਾ ਇਕ ਦਰਸਾਈਆ । ਲੇਖੇ ਲਾਵੇ ਪਵਣ ਸਵਾਸੂ, ਸਾਹ ਸਾਹ ਸਮਾਈਆ । ਕੂੜੀ ਕਿਰਿਆ ਕਿਸ ਬਿਧ ਵਿਨਾਸੂ, ਵਿਸ਼ਾ ਵਿਕਾਰ ਕਵਣ ਮਿਟਾਈਆ । ਮੈਂ ਨਿਗਾਹ ਮਾਰਾਂ ਵਿਚ ਲੋਕਮਾਤੂ, ਮਤ ਮਤਾਂਤਰ ਧਿਆਨ ਲਗਾਈਆ । ਮੈਨੂੰ ਦੀਨਾਂ ਮਜ਼੍ਹਬਾਂ ਵਾਲੇ ਦਿਸਦੇ ਪ੍ਰਾਂਤੂ, ਹਿੱਸੇ ਛੋਟੇ ਛੋਟੇ ਨਜ਼ਰੀ ਆਈਆ । ਮੈਂ ਖੇਲ ਤੱਕਾਂ ਕਿਸ ਬਿਧ ਹੋਵੇ ਸ਼ਾਂਤਕ ਸਾਂਤੂ, ਸਤਿ ਸਚ ਦਏ ਵਰਤਾਈਆ । ਮਿਲੇ ਸਵਾਮੀ ਇਕ ਇਕਾਂਤੂ, ਅਕਲ ਕਲਧਾਰੀ ਬੇਪ੍ਰਵਾਹੀਆ । ਜਿਸ ਝਗੜਾ ਰਹਿਣ ਨਹੀਂ ਦੇਣਾ ਜਾਤ ਪਾਤੂ, ਪਤ੍ਰਕਾ ਆਪਣੀ

ਇਕ ਜਣਾਈਆ । ਤਿਸ ਮਿਲਿਆਂ ਸਗਲ ਵਸੂਰਾ ਲਾਥੁ, ਚਿੰਤਾ ਗ਼ਮ ਰਹੇ ਨਾ ਰਾਈਆ । ਉਹ ਮੇਰਾ ਪੁਰਖ ਅਕਾਲ ਸਮਰਾਥੁ, ਸਰਬ ਕਲਾ ਵਡਿਆਈਆ । ਜੋ ਕਲਜੁਗ ਕਲਪਣਾ ਕਰੇ ਘਾਤੂ, ਘਾਤ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਬਣੇ ਵਿਚੋਲੇ, ਵਿਚਲਾ ਭੇਵ ਚੁਕਾਈਆ । ਤੁਸੀਂ ਸਾਰੇ ਇਕੇ ਘਰ ਦੇ ਗੋਲੇ, ਗੋਲਕ ਨਾਮ ਇਕੋ ਨਜ਼ਰੀ ਆਈਆ । ਸਿਫ਼ਤਾਂ ਵਾਲੇ ਸਭ ਨੇ ਗਾਏ ਢੋਲੇ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਭਾਗ ਲਗਾ ਕੇ ਕਾਇਆ ਚੋਲੇ, ਤਨ ਮਟਕੇ ਗਏ ਸੁਹਾਈਆ । ਧੁਰ ਨਾਮ ਕਲਮੇ ਬੋਲੇ, ਰਸਨਾ ਜਿਹਵਾ ਸਿਫ਼ਤ ਸਲਾਹੀਆ । ਦੀਨਾਂ ਮਜ਼੍ਹਬਾਂ ਖੇਲੇ ਹੋਲੇ, ਸ਼ਬਦ ਖੜਗ ਖੰਡੇ ਖੜਕਾਈਆ । ਹੁਣ ਆਪਣੀ ਆਪਣੀ ਧਾਰ ਪਾ ਲਓ ਧੁਰ ਦੇ ਡੋਲੇ, ਉਮਤ ਉਮਤੀ ਵਿਚ ਟਿਕਾਈਆ । ਵੇਖੇ ਬਣੇ ਨਾ ਰਿਹੋ ਭੋਲੇ, ਭੋਲਾ ਭਾਅ ਨਾ ਕੋਇ ਜਣਾਈਆ । ਨਿਗਾਹ ਮਾਰ ਲਓ ਤੁਹਾਡੇ ਘਰਾਂ ਵਿਚ ਪੈਣੇ ਰੌਲੇ, ਮੰਦਰਾਂ ਹੋਏ ਦੁਹਾਈਆ । ਮੈਂ ਕੂਕ ਪੁਕਾਰਾਂ ਧੌਲੇ, ਧਵਲ ਰਹੀ ਡਰਾਈਆ । ਤੁਸੀਂ ਸਾਰੇ ਮੇਰੇ ਉਤੇ ਮਿਲ ਕੇ ਗਾਓ ਸੋਹਲੇ, ਇਕੋ ਰਾਗ ਜਣਾਈਆ । ਪੁਰਖ ਅਕਾਲਾ ਫਿਰ ਪੂਰੇ ਤੋਲ ਤੋਲੇ, ਤੋਲਾ ਇਕੋ ਸੋਭਾ ਪਾਈਆ । ਤੁਹਾਡੇ ਦੀਨਾਂ ਮਜ਼੍ਹਬਾਂ ਫੋਲੇ, ਅੰਤਸ਼ਕਰਨ ਵੇਖ ਵਖਾਈਆ । ਤੁਹਾਨੂੰ ਤੱਕੇ ਕਿਸ ਘਰ ਅੰਦਰ ਮੌਲੇ, ਮੌਲਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਾ ਏਕੰਕਾਰਾ ਆਪਣਾ ਖੋਲੇ, ਖ਼ਲਕ ਦਾ ਖ਼ਾਲਕ ਦਇਆ ਕਮਾਈਆ ।



੯੯੫
੨੩

✪ ੨੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗੜ੍ਹੀ ਲਾਂਗਰੀ ਜ਼ਿਲਾ ਕਰਨਾਲ ਮੋਹਣ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਦੋ ਜਹਾਨ ਪਰਦਾ ਖੋਲੇ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਭੇਵ ਰਹੇ ਨਾ ਰਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਤਨ ਵਜੂਦ ਸ਼ਬਦ ਅਗੰਮੀ ਬੋਲੇ, ਨਾਮ ਕਲਮਾ ਕਾਇਨਾਤ ਦ੍ਰਿੜਾਈਆ । ਬਿਨ ਜਗਤ ਤਰਾਜੂ ਸ੍ਰਿਸ਼ਟੀ ਦ੍ਰਿਸ਼ਟੀ ਨਵ ਸੱਤ ਆਤਮ ਧਾਰ ਤੋਲੇ, ਵਜ਼ਨ ਜਗਤ ਨਾ ਕੋਇ ਰਖਾਈਆ । ਸਤਿ ਸਰੂਪ ਸ਼ਾਹੋ ਭੂਪ ਬਿਨ ਰੰਗ ਰੂਪ ਹੋ ਕੇ ਹਰ ਘਟ ਅੰਦਰ ਮੌਲੇ, ਮੌਲਾ ਹੋ ਕੇ ਆਪਣੀ ਖੇਲ ਦਰਸਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਸੁਹੇਲੇ ਭਗਤ ਸੂਫ਼ੀ ਫ਼ਕੀਰ ਵਿਰੋਲੇ, ਤਨ ਮਾਟੀ ਖ਼ਾਕ ਖ਼ਾਕ ਧਿਆਨ ਲਗਾਈਆ । ਸਚ ਪਿਆਰ ਏਕੰਕਾਰ ਪਰਵਰਦਿਗਾਰ ਦਿਓ ਅਨਮੋਲੇ, ਅਨਮੁੱਲੜੀ ਵਸਤ ਕੀਟ ਹਸਤ ਦਿਉ ਵਰਤਾਈਆ । ਮਨ ਕਲਪਣਾ ਘਰ ਘਰ ਕਰੋ ਅਡੋਲੇ, ਨਵ ਨਵ ਨਾ ਉਠ ਉਠ ਧਾਹੀਆ । ਦੂਰ ਦੁਰਾਡੇ ਧਰਨੀ ਕਹੇ ਆਓ ਮੇਰੇ ਕੋਲੇ, ਕਾਇਨਾਤ ਕਰਨੀ ਸਚ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੈਨੂੰ ਦੱਸੋ ਅਗਲੀ ਖ਼ਬਰ, ਬੇਖ਼ਬਰਾਂ ਦਿਉ ਜਣਾਈਆ । ਮੈਂ ਬੜਾ ਕਰ ਕੇ ਬੈਠੀ ਸਬਰ, ਬੇਸਬਰੀ ਵਿਚ ਦੁਹਾਈਆ । ਮੈਨੂੰ ਇਸ਼ਾਰਾ ਦੇਵੇ ਮੁਹੰਮਦ ਦੀ ਕਬਰ, ਮਕਬਰੇ ਰਸੂਲਾਂ ਰਹੇ ਕੁਰਲਾਈਆ । ਮੈਂ ਨਿਗਾਹ ਮਾਰੀ ਉਤੇ ਅੰਬਰ, ਅਸਮਾਨਾਂ ਪਰੇ

ਅੱਖ ਉਠਾਈਆ । ਕਵਣ ਵੇਲਾ ਪ੍ਰਭ ਮਿਹਰ ਕਰੇ ਨਦਰ, ਨਦਰੀ ਨਦਰ ਨਿਹਾਲ ਕਰਾਈਆ । ਤੁਸੀਂ ਆਪਣੀ ਆਪਣੀ ਦੱਸੋ ਸੱਧਰ, ਕੀ ਆਸ਼ਾ ਸਤਿਗੁਰ ਸ਼ਬਦ ਵਿਚ ਸਮਾਈਆ । ਕਵਣ ਵੇਲਾ ਵਕਤ ਤੁਹਾਡੇ ਦੀਨਾਂ ਮਜ਼੍ਹਬਾਂ ਦਾ ਹੋਵੇ ਗਦਰ, ਗਦਾਗਰ ਹੋਵੇ ਲੋਕਾਈਆ । ਫੇਰ ਸਤਿ ਸਚ ਕਵਣ ਕਰਾਵੇ ਅਦਲ, ਇਨਸਾਫ਼ ਕਿਸ ਦੇ ਹੱਥ ਵਖਾਈਆ । ਸਚ ਦੱਸੋ ਕੀ ਖੇਲ ਹੋਣਾ ਕਾਤਲ ਮਕਤੂਲ ਮਜ਼੍ਹਬੀ ਧਾਰ ਹੋਵੇ ਕਤਲ, ਕਤਲਗਾਹ ਦਿਸੇ ਲੋਕਾਈਆ । ਕਿਸ ਬਿਧ ਪਰਵਰਦਿਗਾਰ ਸਾਂਝਾ ਯਾਰ ਦੀਨ ਦੁਨੀ ਦੀ ਧਾਰ ਦੇਵੇ ਬਦਲ, ਬਦਲਾ ਚੁਕਾਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਖੇਲ ਆਪਣੀ ਧਰਨੀ, ਧਰਤ ਧਵਲ ਧਿਆਨ ਲਗਾਈਆ । ਮੈਂ ਛੋਂਹਦੀ ਰਹੀ ਨਾਲ ਤੁਹਾਡੀ ਚਰਨੀਂ, ਧੂੜੀ ਖ਼ਾਕ ਖ਼ਾਕ ਰਮਾਈਆ । ਮੈਂ ਲੇਖੇ ਵੇਂਹਦੀ ਰਹੀ ਵਰਨੀ ਬਰਨੀ, ਦੀਨਾਂ ਮਜ਼੍ਹਬਾਂ ਖੋਜ ਖੁਜਾਈਆ । ਸਚ ਦੱਸੋ ਅਗੇ ਸਭ ਨੇ ਕਿਹੜੀ ਤੁਕ ਪੜ੍ਹਨੀ, ਦੀਨ ਦੁਨੀ ਕੀ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਕਿਸ ਬਿਧ ਨਵੀਂ ਘਾੜਨ ਘੜਨੀ, ਘੜਨ ਭੰਨਣਹਾਰ ਕੀ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹਕ ਮਹਿਬੂਬ ਦੀ ਮੰਜ਼ਲ ਅਗੰਮ ਅਥਾਹ ਕਿਸ ਨੇ ਚੜ੍ਹਨੀ, ਚੜ੍ਹਦੀ ਲਹਿੰਦੀ ਦਿਸ਼ਾ ਨਿਗਾਹ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਕਲਜੁਗ ਪਾਣੀ ਪਵਣ, ਪਵਣ ਪਾਣੀ ਧਿਆਨ ਲਗਾਈਆ । ਮੇਰੇ ਉਤੇ ਲੇਖਾ ਮੁਕਿਆ ਰਾਮ ਰਵਣ, ਰਾਮ ਰਾਮਾ ਹੁਕਮ ਜਣਾਈਆ । ਲੇਖਾ ਤੱਕ ਲਉ ਕਾਹਨਾ ਕ੍ਰਿਸ਼ਨਾ ਘਨਈਆ ਸਮਰਾਠਾਂ ਤੋਂ ਪਰੇ ਅੱਖ ਉਠਾਈਆ । ਕਲਜੁਗ ਅੰਤ ਕਿਸ ਬਿਧ ਮੇਰਾ ਲਹਿਣਾ ਦੇਣਾ ਆਏ ਮੁਕਾਉਣ, ਲੇਖਾ ਤੁਹਾਡਾ ਤੁਹਾਡੀ ਝੋਲੀ ਪਾਈਆ । ਕਲਜੁਗ ਕੂੜੀ ਕਿਰਿਆ ਕੰਧ ਆਵੇ ਢਾਹੁਣ, ਭਾਂਡਾ ਭਰਮ ਭਉ ਭੰਨਾਈਆ । ਮੇਰਾ ਉਜੜਿਆ ਘਰ ਆਵੇ ਵਸਾਉਣ, ਸਤਿਜੁਗ ਸਚ ਧਰਮ ਨਾਲ ਲਿਆਈਆ । ਨਾਲ ਲਹਿਣਾ ਦੇਣਾ ਜਨ ਭਗਤਾਂ ਪੂਰਾ ਕਰੇ ਲੇਖੇ ਲਾਏ ਸਿੰਘ ਮੋਹਣ, ਜਿਉਂ ਬਿਦਰ ਸੁਦਾਮਾ ਪਾਰ ਕਰਾਈਆ । ਖ਼ੁਸ਼ੀਆਂ ਵਿਚ ਆਤਮ ਪਰਮਾਤਮ ਆਏ ਹਸਾਉਣ, ਮਾਇਆ ਮਮਤਾ ਕੂੜੀ ਕਿਰਿਆ ਡੇਰਾ ਢਾਹੀਆ । ਤਨ ਵਜੂਦ ਮਾਟੀ ਖ਼ਾਕ ਆਏ ਰੰਗਾਉਣ, ਰੰਗਤ ਇਕੋ ਨਾਮ ਚੜ੍ਹਾਈਆ । ਜੁਗ ਜਨਮ ਦੇ ਵਿਛੜੇ ਆਵੇ ਮਿਲਾਉਣ, ਮੇਲ ਮਿਲਾਵਾ ਕਰੇ ਸਹਿਜ ਸੁਭਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਆਏ ਪਹੁੰਚਾਉਣ, ਫੜ ਬਾਹੋਂ ਚਰਨ ਟਿਕਾਈਆ । ਦਰ ਠਾਂਡੇ ਆਏ ਵਸਾਉਣ, ਗ੍ਰਿਹਿ ਮੰਦਰ ਇਕ ਸੁਹਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਚਾਰੋਂ ਕੁੰਟ ਵੇਖੋ ਜੀਵ ਜੰਤ ਕੁਰਲਾਉਣ, ਰੈਣ ਦਿਵਸ ਦਿਵਸ ਰੈਣ ਪਈ ਦੁਹਾਈਆ । ਕਵਣ ਅਗਨੀ ਅੱਗ ਆਏ ਬੁਝਾਉਣ, ਅੰਮ੍ਰਿਤ ਮੇਘ ਨਾਮ ਵਰਸਾਈਆ । ਸਿਖ ਮੁਰੀਦ ਨੰਨ੍ਹੇ ਬੱਚੇ ਆਵੇ ਗਲੇ ਲਗਾਉਣ, ਫੜ ਬਾਹੋਂ ਗੋਦ ਟਿਕਾਈਆ । ਬੂੰਦ ਸਵਾਂਤੀ ਅੰਮ੍ਰਿਤ ਰਸ ਆਏ ਪਿਆਉਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਕਵਣ ਨਾਮ ਅਗੰਮੀ ਸ਼ਬਦ ਅਨਾਦੀ ਆਏ ਸੁਣਾਉਣ, ਧੁਨ ਆਤਮਕ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਧਰਨੀ ਕਹੇ ਤੁਹਾਡਾ ਲੇਖਾ ਆਏ ਮੁਕਾਉਣ, ਮੁਕੰਮਲ ਆਪਣਾ ਹੁਕਮ ਵਰਤਾਈਆ ।

## ✪ ੨੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਜੀਤ ਨਗਰ ਜ਼ਿਲਾ ਕਰਨਾਲ ਰਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਅੰਦਰੋਂ ਭੁੱਖ ਦਾ ਉਠਦਾ ਸੋਮਾ, ਸਮੇਂ ਦੀ ਧਾਰ ਵਹਿਣ ਵਹਾਈਆ। ਮੇਰਾ ਕੂਕ ਪੁਕਾਰੇ ਰੋਮ ਰੋਮਾ, ਅਣਗਿਣਤ ਦਏ ਦੁਹਾਈਆ। ਮੈਨੂੰ ਇਸ਼ਾਰਾ ਦੇ ਕੇ ਗਿਆ ਗੁਰ ਤੇਗ਼ ਬਹਾਦਰ ਨੌਂਵਾਂ, ਨਵ ਖੰਡ ਪ੍ਰਿਥਮੀ ਧਿਆਨ ਲਗਾਈਆ। ਧਰਨੀਏ ਤੇਰੇ ਉਤੇ ਸੀਸ ਧੜ ਵੱਖਰੇ ਵੱਖਰੇ ਹੋਣੇ ਮਜ਼੍ਹਬਾਂ ਕੌਮਾਂ, ਕੌਮੀਅਤ ਭੇਵ ਕੋਇ ਨਾ ਪਾਈਆ। ਜਗਤ ਵਾਸ਼ਨਾ ਮਨਸਾ ਵਧਣੀ ਹਉਮਾ, ਹਉਮੇ ਵਿਚ ਕੂੜ ਲੋਕਾਈਆ। ਤੇਰਾ ਸਤਿ ਸਰੂਪ ਸਰਵਣ ਰਹਿਣਾ ਨਹੀਂ ਸੋਮਾ, ਮਿੱਟੀ ਖ਼ਾਕ ਖ਼ਾਕ ਉਡਾਈਆ। ਅੰਤਮ ਸਭ ਨੂੰ ਪੈਣਾ ਰੋਣਾਂ, ਬਿਨ ਨੈਣਾਂ ਨੇਤਰ ਨੀਰ ਵਹਾਈਆ। ਤੂੰ ਨਿਗਾਹ ਮਾਰ ਲਈਂ ਆਪਣੇ ਕੋਨਾ ਕੋਨਾ, ਚਾਰੋਂ ਕੁੰਟ ਅੱਖ ਉਠਾਈਆ। ਤੇਰਾ ਦੁਰਮਤ ਮੈਲ ਪਾਪ ਕਿਸੇ ਨਾ ਧੋਣਾ, ਪਤਤ ਪੁਨੀਤ ਨਾ ਕੋਇ ਬਣਾਈਆ। ਤੇਰਾ ਸਤਿ ਸਚ ਧਰਮ ਕਲਜੁਗ ਕੂੜੇ ਖੋਹਣਾ, ਆਪਣਾ ਬਲ ਮਾਤ ਪ੍ਰਗਟਾਈਆ। ਪ੍ਰੇਮ ਪਿਆਰ ਮੁਹੱਬਤ ਦਾ ਰਹੇ ਨਾ ਕੋਇ ਵਿਛੌਣਾ, ਆਤਮ ਸੇਜ ਨਾ ਕੋਇ ਸੁਹਾਈਆ। ਕੁਛ ਚੇਤਾ ਕਰ ਲੈ ਕੀ ਸੰਦੇਸਾ ਦਿਤਾ ਦੁਆਪਰ ਵਿਚ ਅਚਾਰਜ ਦਰੋਣਾ, ਦੋਹਾਂ ਹੱਥਾਂ ਸੀਸ ਨਿਵਾਈਆ। ਕਲਜੁਗ ਕੂੜੀ ਕਿਰਿਆ ਕਲਕਾਤੀ ਜੀਵਾਂ ਕੋਹਣਾ, ਰੂਪ ਧਾਰ (ਧਰਮ ਕਸਾਈਆ)। ਆਤਮ ਰਸ ਸਾਚਾ ਦੁੱਧ ਕਿਸੇ ਨਾ ਦੋਹਣਾ, ਧਰਨੀ ਮਾਤ ਗਊ ਤੇਰੀ ਸਾਰ ਕੋਇ ਨਾ ਪਾਈਆ। ਤੇਰੇ ਉਤੇ ਪੁਰਖ ਅਕਾਲ ਦੀਨ ਦਿਆਲ ਬਿਨਾ ਅੱਖੀਂ ਡਿੱਠਿਆਂ ਆਊ ਪ੍ਰਾਹੁਣਾ, ਪੋਹ ਸੁਦੀ ਵਦੀ ਤੋਂ ਬਾਦ ਛੱਬੀ ਪ੍ਰਵਿਸ਼ਟਾ ਸੋਭਾ ਪਾਈਆ। ਨੀ ਕਮਲੀਏ ਤੂੰ ਤੱਕੀਂ ਆਪਣੇ ਲੋਇਣਾ, ਨੈਣਾਂ ਅੱਖ ਉਠਾਈਆ। ਉਸ ਦਾ ਖੇਲ ਹੋਣਾ ਅਣਹੋਣਾ, ਜਗਤ ਬੁੱਧੀ ਸਮਝ ਵਿਚ ਨਾ ਆਈਆ। ਦੀਨ ਮਜ਼੍ਹਬ ਜਿਸ ਅੰਤ ਬਣਾਉਣਾ ਖਿਲਾਉਣਾ, ਅਵਤਾਰ ਪੈਗ਼ੰਬਰ ਗੁਰੂ ਬਾਲਿਆਂ ਹੱਥ ਫੜਾਈਆ। ਤੇਰਾ ਹਕ ਹਕੂਕ ਮਿਹਰਵਾਨ ਆਪ ਦਵਾਉਣਾ, ਦੋਹਰੀ ਆਪਣੀ ਕਲ ਪ੍ਰਗਟਾਈਆ। ਸਾਚਾ ਸਤਿ ਦਾ ਡੰਕ ਵਜਾਉਣਾ, ਨਾਮ ਸ਼ਬਦ ਨਾਦ ਸ਼ਨਵਾਈਆ। ਜਿਸ ਰਾਓ ਰੰਕ ਇਕ ਕਰਾਉਣਾ, ਇਕੋ ਰੂਪ ਦਏ ਸਮਝਾਈਆ। ਬਸਤਰ ਤਨ ਵਜੂਦ ਇਕ ਪਹਿਨਾਉਣਾ, ਇਕੋ ਵੇਸ ਦਏ ਸਮਝਾਈਆ। ਆਤਮ ਸੋਇਆ ਸਰਬ ਉਠਾਉਣਾ, ਨਿੰਦਰਾ ਗ਼ਫ਼ਲਤ ਰਹੇ ਨਾ ਰਾਈਆ। ਤੂੰ ਮੇਰਾ ਮੈਂ ਤੇਰਾ ਮਾਰਗ ਇਕ ਸਮਝਾਉਣਾ, ਸਮਝ ਸਮਝ ਵਿਚੋਂ ਬਦਲਾਈਆ। ਸਾਚਾ ਨਾਦ ਧੁਨ ਇਕ ਵਜਾਉਣਾ, ਬਿਨ ਰਾਗਾਂ ਨਾਦਾਂ ਕਰੇ ਸ਼ਨਵਾਈਆ। ਅੰਮ੍ਰਿਤ ਜਾਮ ਆਪ ਪਿਆਉਣਾ, ਝਿਰਨਾ ਨਿਝਰ ਦਏ ਝਿਰਾਈਆ। ਕਲਜੁਗ ਕੂੜ ਕੁਟੰਬ ਮਿਟਾਉਣਾ, ਸਤਿਜੁਗ ਸਚ ਸਚ ਪ੍ਰਗਟਾਈਆ। ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਵਕਤ ਸੁਹਾਉਣਾ, ਸੁਹੰਜਣੀ ਰੁੱਤ ਨਾਲ ਮਹਿਕਾਈਆ। ਧਰਨੀਏ ਤੂੰ ਖ਼ੁਸ਼ੀਆਂ ਨਾਲ ਉਸ ਪ੍ਰਭੂ ਦਾ ਗੀਤ ਗਾਉਣਾ, ਗਾ ਗਾ ਖ਼ੁਸ਼ੀ ਬਣਾਈਆ। ਜਿਸ ਇਕੋ ਦੀਪਕ ਜੋਤ ਜਗਾਉਣਾ, ਅੰਧ ਅੰਧੇਰਾ ਦਏ ਚੁਕਾਈਆ। ਜਿਸ ਇਕੋ ਘਰ ਸੁਹਾਉਣਾ, ਭਗਤ ਦਵਾਰ ਦਏ ਵਡਿਆਈਆ। ਜਿਸ ਇਕੋ ਵਰਨ ਦ੍ਰਿੜਾਉਣਾ, ਆਤਮ ਪਰਮਾਤਮ ਪਰਦਾ ਲਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਆਪ ਕਮਾਉਣਾ, ਕਰਮ ਕਾਂਡ ਜਗਤ ਦਾ ਲੇਖਾ ਦਏ ਮੁਕਾਈਆ।

## ੨੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੀਤ ਨਗਰ ਜ਼ਿਲਾ ਕਰਨਾਲ ਸੁਰਜੀਤ ਕੌਰ ਦੇ ਗ੍ਰਹਿ

ਧਰਨੀ ਕਹੇ ਅਵਤਾਰ ਪੈਗੰਬਰ ਗੁਰੂਓ ਮੇਰੇ ਅੰਦਰ ਨਿਕਲਦੀਆਂ ਪੀੜਾਂ, ਨਾੜੀ ਨਾੜੀ ਰਹੀ ਕੁਰਲਾਈਆ । ਆਪਣੇ ਆਪਣੇ ਦੀਨ ਮਜ਼੍ਹਬ ਦੀਆਂ ਆਪੇ ਚੁੱਕ ਲਓ ਬੀੜਾ, ਬੇੜੇ ਬੰਨ੍ਹ ਕੇ ਦਿਓ ਵਖਾਈਆ । ਝਗੜਾ ਮਿਟਾ ਦਿਓ ਹਸਤ ਕੀੜਾ, ਕੀਟ ਕੀਟਾ ਧਿਆਨ ਲਗਾਈਆ । ਮੇਰਾ ਦੇਖ ਕੇ ਦੁੱਖੀ ਹੋਇਆ ਜੀਉੜਾ, ਬਹੁੜੀ ਬਹੁੜੀ ਕਰ ਕੁਰਲਾਈਆ । ਚਾਰ ਕੁੰਟ ਕਟੇ ਕੋਇ ਨਾ ਭੀੜਾ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਮੇਰੀ ਦਰਦ ਕਰਦੀ ਹੱਡੀ ਰੀੜਾ, ਕਮਰ ਸਕਾਂ ਨਾ ਮੂਲ ਉਠਾਈਆ । ਮੇਰੇ ਓਢਣ ਧਰਮ ਰਿਹਾ ਨਾ ਲੀੜਾ, ਸੀਸ ਪੱਟੀ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਦਇਆ ਕਮਾਈਆ । ਧਰਨੀ ਕਹੇ ਗੁਰ ਅਵਤਾਰ ਪੈਗੰਬਰੋ ਮੇਰੇ ਅੰਤਰ ਨਿਰੰਤਰ ਪੈਂਦੀਆਂ ਹੁੱਲਾਂ, ਹੌਲੀ ਹੌਲੀ ਸਭ ਨੂੰ ਦਿਆਂ ਸੁਣਾਈਆ । ਮੇਰਾ ਉਜੜਦਾ ਵੇਖੋ ਕੁੱਲਾ, ਕੁੱਲ ਮਾਲਕ ਕੀ ਖੇਲ ਖਿਲਾਈਆ । ਝਗੜਾ ਤੱਕੋ ਸ਼ੇਖ਼ਾ ਮੁੱਲਾ, ਮੁਸਾਇਕ ਦੇਣ ਦ੍ਰਿੜਾਈਆ । ਬਹੁੜੀ ਧਰਮ ਦੇ ਤੋਲ ਕੋਇ ਨਾ ਤੁਲਾ, ਤੁਲਹਾ ਨਜ਼ਰ ਕਿਸੇ ਨਾ ਆਈਆ । ਸਚ ਪ੍ਰੀਤੀ ਘੋਲੀ ਘੋਲ ਕੋਇ ਨਾ ਘੁਲਾ, ਆਪਣਾ ਆਪ ਨਾ ਕੋਇ ਘੁਮਾਈਆ । ਮਾਨਸ ਮਾਨਵ ਵੇਖੋ ਰੁਲਾ, ਕੀਮਤ ਜਗਤ ਨਾ ਕੋਇ ਰਖਾਈਆ । ਆਤਮ ਧਾਰ ਹੋ ਕੇ ਪਰਮਾਤਮ ਭੁਲਾ, ਪਾਰਬ੍ਰਹਮ ਬ੍ਰਹਮ ਮਿਲਣ ਕੋਇ ਨਾ ਜਾਈਆ । ਅੰਮ੍ਰਿਤ ਰਸ ਸਭ ਦੇ ਬਾਟਿਉਂ ਡੁੱਲ੍ਹਾ, ਬੂੰਦ ਸਵਾਂਤੀ ਨਾ ਕੋਇ ਚਖਾਈਆ । ਅੰਤਮ ਦੀਪਕ ਹੋਣ ਵਾਲਾ ਗੁੱਲਾ, ਜਗਤ ਅੰਧੇਰਾ ਰਿਹਾ ਛਾਈਆ । ਤੁਸੀਂ ਖੇਲ ਤੱਕੋ ਪਰਵਰਦਿਗਾਰ ਜੋ ਸੁਲਹਕੁਲਾ, ਕੁੱਲ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਗੁਰ ਅਵਤਾਰ ਪੈਗੰਬਰ ਮੇਰੇ ਅੰਤਰ ਵੇਖੋ ਦੁਖੜਾ, ਬਿਨ ਨੈਣਾਂ ਨੈਣ ਉਠਾਈਆ । ਜਗਤ ਜਹਾਨ ਹੋਇਆ ਭੁਖੜਾ, ਜਗਤ ਤ੍ਰਿਸ਼ਨਾ ਨਾ ਕੋਇ ਮਿਟਾਈਆ । ਕੂੜੀ ਨੀਂਦ ਗ਼ਫ਼ਲਤ ਸੁੱਤੜਾ, ਸੁਰਤੀ ਸ਼ਬਦ ਨਾ ਕੋਇ ਜਗਾਈਆ । ਸੁਹੰਜਣੀ ਹੋਏ ਕੋਇ ਨਾ ਰੁਤੜਾ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਭਾਗ ਲੱਗੇ ਨਾ ਕਾਇਆ ਬੁਤੜਾ, ਪੰਜ ਤੱਤ ਵੱਜੇ ਨਾ ਕੋਇ ਵਧਾਈਆ । ਪਵਿਤ੍ਰ ਹੋਇਆ ਨਾ ਉਲਟਾ ਮਾਤ ਗਰਭ ਦਾ ਰੁੱਖੜਾ, ਪੁਨੀਤ ਨਜ਼ਰ ਕੋਇ ਨਾ ਆਈਆ । ਦੁਰਮਤ ਮੈਲ ਧੋਏ ਕੋਇ ਨਾ ਮੁਖੜਾ, ਨੇਤਰ ਨੈਣ ਨਾ ਕੋਇ ਖੁਲਾਈਆ । ਨਿਗਾਹ ਮਾਰ ਲਓ ਖੇਲ ਤੱਕੋ ਕਲਜੁਗੜਾ, ਕੀ ਕਲਕਾਤੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸਦਾ ਵਰਤੇ ਅਬਿਨਾਸ਼ੀ ਅਚੁਤੜਾ, ਪਾਰਬ੍ਰਹਮ ਪ੍ਰਭ ਸਦ ਤੇਰੀ ਬੇਪਰਵਾਹੀਆ ।


ttt ੨੩

## ੨੭ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗੜ੍ਹੀ ਲਾਂਗਰੀ ਜ਼ਿਲਾ ਕਰਨਾਲ ਮਹਿੰਦਰ ਸਿੰਘ ਦੇ ਗ੍ਰਹਿ

ਧਰਨੀ ਕਹੇ ਮੇਰਾ ਸਾਹਿਬ ਸਵਾਮੀ ਤੱਕੋ ਪ੍ਰਭ, ਪ੍ਰਭੂ ਬੇਅੰਤ ਬੇਪਰਵਾਹ ਬੇਪਰਵਾਹੀਆ । ਜਿਸ ਨੂੰ ਪੈਗੰਬਰਾਂ ਨੂਰ ਅਲਾਹੀ ਕਿਹਾ ਰੱਬ, ਯਾਮਬੀਨ

ਆਲਮੀਨ ਵਡ ਵਡਿਆਈਆ । ਉਹ ਪ੍ਰਗਟ ਹੋ ਗਿਆ ਨਾਲ ਸਬਬ, ਸਾਹਿਬ ਸੁਲਤਾਨ ਨੌਜਵਾਨ ਸ੍ਰੀ ਭਗਵਾਨ ਅਗੰਮ ਅਥਾਹੀਆ । ਮਿਹਰਵਾਨ ਮਹਿਬੂਬ ਬਿਨਾ ਮੁਹੱਬਤ ਗਿਆ ਲੱਭ, ਲਬਾਂ ਕੱਟਣ ਵਾਲਿਓ ਦਿਆਂ ਜਣਾਈਆ । ਜਿਸ ਦੇ ਕੋਲ ਕੁਛ ਸਭ, ਅਤੋਟ ਅਤੁੱਟ ਆਪ ਰਖਾਈਆ । ਉਹ ਲਹਿਣੇ ਦੇਣੇ ਪੂਰੇ ਕਰੇ ਜਨ ਭਗਤਾਂ ਅੰਮ੍ਰਿਤ ਦੇ ਕੇ ਕਵਲ ਨਭ, ਅਨਰਸੀਆ ਰਸ ਚਖਾਈਆ । ਮਿਹਰਵਾਨ ਮਹਿਬੂਬ ਪ੍ਰਗਟ ਹੋ ਕੇ ਉਪਰ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦਾ ਮੇਲਾ ਗੁਰੂ ਗੁਰ ਚੇਲਾ ਉਪਰ ਸ਼ਾਹ ਰਗ, ਨਵ ਦਵਾਰ ਦਾ ਪੰਧ ਮੁਕਾਈਆ । ਤ੍ਰੈਗੁਣ ਮੇਟੇ ਕੂੜ ਕੁੜਿਆਰੀ ਅੱਗ, ਜਗਤ ਤ੍ਰਿਸ਼ਨਾ ਤ੍ਰਿਖਾ ਗਵਾਈਆ । ਦਾਤਾ ਯੋਧਾ ਸੂਰਬੀਰ ਹੋ ਕੇ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਲਏ ਅੰਗੜਾਈਆ । ਜਿਸ ਕੂੜੀ ਕਿਰਿਆ ਹੰਕਾਰ ਵਿਕਾਰ ਦੇਣਾ ਬੱਧ, ਬਦਲਾ ਚੁਕਾਏ ਥਾਉਂ ਥਾਈਂਆ । ਜੋ ਭਗਤ ਸੁਹੇਲੇ ਸੰਤ ਗੁਰਮੁਖ ਸੂਫ਼ੀ ਰਹਿਣ ਨਾ ਦੇਵੇ ਅਲੱਗ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਦੀਨ ਮਜ਼੍ਹਬ ਤਨ ਵਜੂਦ ਕਾਇਆ ਮਾਟੀ ਮੇਟ ਕੇ ਹੱਦ, ਹਦੂਦ ਮਹਿਬੂਬ ਇਕੋ ਇਕ ਸਮਝਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਵੱਜਣਾ ਨੱਦ, ਅਨਹਦ ਨਾਦੀ ਨਾਦ ਸੁਣਾਈਆ । ਧਰਨੀ ਕਹੇ ਮੈਂ ਉਸ ਦੇ ਚਰਨ ਕਵਲ ਧਵਲ ਹੋ ਕੇ ਰਹੀ ਦੱਬ, ਖ਼ੁਸ਼ੀਆਂ ਵਿਚ ਸੇਵ ਕਮਾਈਆ । ਪਰਮ ਪੁਰਖ ਪਿਆਰ ਤੇਰੇ ਵਿਚ ਜਾਣਾ ਬੱਝ, ਡੋਰੀ ਤੰਦ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਸਾਹਿਬ ਸਤਿਗੁਰ ਤੇਰੀਆਂ ਓਟਾਂ, ਓੜਕ ਓੜਕ ਓੜਕ ਧਿਆਨ ਲਗਾਈਆ । ਤੇਰੀ ਸ੍ਰਿਸ਼ਟੀ ਖ਼ਾਲਕ ਮਖ਼ਲੂਕ ਕੋਟਨ ਕੋਟਾਂ, ਕੋਟੀ ਕੋਟ ਵੇਖ ਵਖਾਈਆ । ਬੇਸ਼ਕ ਹਰ ਘਟ ਅੰਦਰ ਤੇਰੀਆਂ ਜੋਤਾਂ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਨੂਰ ਰੁਸ਼ਨਾਈਆ । ਮੈਂ ਜਿਧਰ ਤੱਕਾਂ ਕਲਜੁਗ ਕੂੜ ਕੁੜਿਆਰ ਦੀਨਾਂ ਮਾਰੇ ਚੋਟਾਂ, ਚੋਟੀ ਚੜ੍ਹ ਕੇ ਚੋਟਾ ਸਭ ਨੂੰ ਵੇਖ ਵਖਾਈਆ । ਮਨ ਵਿਕਾਰੀ ਜਗਤ ਹੰਕਾਰੀ ਵਿਸ਼ਿਆਂ ਵਿਚ ਹੋ ਗਿਆ ਖੋਟਾ, ਖ਼ਸਮ ਖ਼ਸਮਾਨੇ ਸ੍ਰੀ ਭਗਵਾਨੇ ਤੈਨੂੰ ਗਿਆ ਭੁਲਾਈਆ । ਮੈਂ ਕੀ ਦੱਸਾਂ ਨਾਲ ਜ਼ਬਾਨ ਬੁੱਲਾਂ ਹੋਠਾਂ, ਰਸਨਾ ਜਿਹਵਾ ਢੋਲਾ ਕੀ ਕੀ ਗਾਈਆ । ਦਰੋਹੀ ਦੁਹਾਈ ਮੇਰੀ ਮੇਰਾ ਦੁਖੇ ਪੋਟਾ ਪੋਟਾ, ਅੰਗ ਅੰਗ ਦਏ ਦੁਹਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਨਿਗਾਹ ਮਾਰ ਲੈ ਆਪਣਿਆਂ ਲੋਕਾਂ, ਖੰਡਾਂ ਬ੍ਰਹਿਮੰਡਾਂ ਤਬਕਾਂ ਧਿਆਨ ਲਗਾਈਆ । ਮੈਂ ਦੁਖਿਆਰਨ ਦਰ ਤੇ ਭਿਖਾਰਨ ਮੇਰਾ ਅੰਦਰੋਂ ਨਿਕਲੇ ਹੌਕਾ, ਹਾਏ ਉਫ਼ ਮੇਰੀ ਦੁਹਾਈਆ । ਸਹਾਰਾ ਰਿਹਾ ਨਾ ਤੇਰੇ ਨਾਉਂ ਕਾ, ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਡਰ ਰਿਹਾ ਨਾ ਤੇਰੇ ਭਾਓ ਕਾ, ਭੈ ਭਉ ਨਾ ਕੋਇ ਜਣਾਈਆ । ਮੈਂ ਢੋਲਾ ਸੁਣਨਾ ਚਾਹੁੰਦੀ ਤੇਰਾ ਸਿਫ਼ਤ ਸਲਾਹੀ ਵਾਹੋ ਵਾਹੋ ਕਾ, ਵਾਹਵਾ ਤੇਰੀ ਬੇਪਰਵਾਹੀਆ । ਤੂੰ ਖੇਲ ਤੱਕ ਲੈ ਕਲਜੁਗ ਕੂੜ ਪਸਾਓ ਕਾ, ਪਰਮ ਪੁਰਖ ਆਪਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਧਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਚ ਵਸਤ ਅਗੰਮੀ ਬਿਨ ਮੰਗਿਆਂ ਦੇ ਵੰਡ, ਅਨਮੁੱਲੀ ਆਪ ਵਰਤਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਨਿਰਗੁਣ ਧਾਰ ਪਾ ਠੰਡ, ਸਰਗੁਣ ਅਗਨੀ ਤੱਤ ਬੁਝਾਈਆ । ਗੁਰਮੁਖ ਸੰਤ ਸੁਹੇਲਾ ਭਾਗਹੀਣ ਹੋਏ ਕੋਇ ਨਾ ਮੰਦ, ਮੰਦਭਾਗੀਆਂ ਦੇ ਵਡਿਆਈਆ । ਜੇ ਤੂੰ ਨਿਸ਼ਾਨ ਮੇਟਣਾ ਤਾਰਾ



੮੮੯
੨੩

ਚੰਦ, ਗੁਰਮੁਖ ਚੰਦ ਸਿਤਾਰੇ ਮੇਰੇ ਉਤੇ ਦੇ ਚਮਕਾਈਆ । ਧਰਨੀ ਕਹੇ ਮੈਂ ਮਾਂਗਤ ਹੋ ਕੇ ਮੇਰੇ ਸਾਹਿਬਾ ਮੰਗਾਂ ਮੰਗ, ਦੋਏ ਜੋੜ ਵਾਸਤਾ ਪਾਈਆ । ਅੰਤਰ ਨਿਰੰਤਰ ਨਿਰਵੈਰ ਦੇ ਦੇ ਅਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਮੈਂ ਚਾਹੁੰਦੀ ਜੋ ਤੂੰ ਮੇਰਾ ਮੈਂ ਤੇਰਾ ਗਾਏ ਛੰਦ, ਸੋਹੰ ਢੋਲਾ ਸਹਿਜ ਸੁਖਦਾਈਆ । ਉਹ ਤੇਰਾ ਦਰਬਾਰਾ ਏਕੰਕਾਰਾ ਵਿਚ ਸੰਸਾਰਾ ਜਾਏ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਉਤੇ ਹੋਣਾ ਆਪ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਰਹੀਮ ਰਹਿਮਾਨ ਸ੍ਰੀ ਭਗਵਾਨ ਦੇਣੀ ਵਰਤਾਈਆ ।

✪ ੨੮ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕੌਮੀ ਫ਼ਾਰਮ ਜ਼ਿਲਾ ਕਰਨਾਲ ਸੰਤੋਖ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਮੈਂ ਹੋਈ ਡਾਵਾਂ ਡੋਲ, ਧੀਰਜ ਧੀਰ ਧਰਮ ਨਾ ਕੋਇ ਰਖਾਈਆ । ਨਵ ਸੱਤ ਕੂੜ ਕਿਰਿਆ ਦਾ ਵੱਜਾ ਢੋਲ, ਚਾਰ ਦਸ ਹੋਈ ਸ਼ਨਵਾਈਆ । ਸਤਿ ਵਸਤ ਰਹੀ ਨਾ ਕਿਸੇ ਕੋਲ, ਕੋਇਲ ਵਾਂਗ ਕੂਕ ਕੁਰਲਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਿਠੜਾ ਨਜ਼ਰ ਨਾ ਆਵੇ ਬੋਲ, ਅਨਬੋਲਤ ਦਿਆਂ ਜਣਾਈਆ । ਚਾਰ ਵਰਨ ਅਠਾਰਾਂ ਬਰਨ ਸਚ ਕੰਡੇ ਤੁਲਿਆ ਕੋਇ ਨਾ ਤੋਲ, ਅਤੁਲ
੮੯੦ ੨੩ ਤੇਰਾ ਭੇਵ ਕੋਇ ਨਾ ਪਾਈਆ । ਮਾਇਆ ਮਮਤਾ ਸਾਧਾਂ ਸੰਤਾਂ ਸਭ ਨੂੰ ਦਿਤਾ ਰੋਲ, ਮੰਜ਼ਲ ਹਕੀਕੀ ਲਾਸ਼ਰੀਕੀ ਚੜ੍ਹਨ ਕੋਇ ਨਾ ਪਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰਾ ਭਾਰ ਕਰ ਦੇ ਹੌਲ, ਕੂੜ ਕੁੜਿਆਰਾ ਵਿਚ ਸੰਸਾਰਾ ਬਾਹਰ ਕਢਾਈਆ । ਮੈਂ ਨੇਤਰ ਰੋਵਾਂ ਦਰ ਤੇਰੇ ਪੁਕਾਰਾਂ ਧੌਲ, ਧਵਲ ਹੋ ਕੇ ਸੀਸ ਨਿਵਾਈਆ । ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸਤਿ ਦਵਾਰਾ ਆਪਣਾ ਖੋਲ, ਖ਼ਲਕ ਦੇ ਖ਼ਾਲਕ ਪ੍ਰਿਤਪਾਲਕ ਹੋਣਾ ਆਪ ਸਹਾਈਆ । ਸ੍ਰਿਸ਼ਟੀ ਅੰਦਰ ਦ੍ਰਿਸ਼ਟੀ ਕਰ ਅਡੋਲ, ਅਡੁਲ ਦੇਣੀ ਆਪ ਵਡਿਆਈਆ । ਮਨੂਆ ਮਨ ਮਨਸਾ ਮਮਤਾ ਵਿਚ ਰਹੇ ਨਾ ਕੋਈ ਅਣਭੋਲ, ਸੋਈ ਸੁਰਤ ਅਕਾਲ ਮੂਰਤ ਨਾਦ ਤੂਰਤ ਸ਼ਬਦ ਨਾਲ ਜਗਾਈਆ । ਮੈਂ ਆਪਾ ਵਾਰੀ ਸਦਕੇ ਤੇਰੇ ਚਰਨਾਂ ਦੇਵਾਂ ਘੋਲ, ਘੋਲੀ ਆਪਣਾ ਆਪ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਮੈਂ ਕੂਕ ਕੂਕ ਕੇ ਦੇਵਾਂ ਹੋਕਾ, ਹੁਕਮ ਤੇਰਾ ਨਾਮ ਦੁਹਾਈਆ । ਨਿਗਾਹ ਮਾਰ ਲੈ ਚੌਦਾਂ ਲੋਕਾ, ਚੌਦਾਂ ਤਬਕ ਅੱਖ ਉਠਾਈਆ । ਸਤਿ ਸਤਿ ਦਾ ਦਿਸੇ ਨਾ ਕੋਇ ਸਲੋਕਾ, ਸੋਹਲਾ ਰਾਗ ਨਾ ਕੋਇ ਜਣਾਈਆ । ਜਿਧਰ ਤੱਕਾਂ ਦੀਨ ਮਜ਼੍ਹਬ ਮਜ਼੍ਹਬ ਦੀਨ ਦਾ ਹੋਵੇ ਧੋਖਾ, ਧਰਮ ਦੀ ਧਾਰ ਨਾ ਕੋਇ ਅਪਣਾਈਆ । ਮਿਹਰਵਾਨਾ ਮੇਰੇ ਉਤੇ ਆ ਕੇ ਵੇਖ ਲੈ ਆਪਣਾ ਮੌਕਾ, ਮੁਕੰਮਲ ਆਪਣਾ ਫੇਰਾ ਪਾਈਆ । ਜਗਤ ਜਹਾਨ ਵੇਖ ਲੈ ਰੋਤਾ, ਨੇਤਰ ਨੈਣਾਂ ਨੀਰ ਵਹਾਈਆ । ਕੂੜ ਕੁੜਿਆਰੀ ਨਿੰਦਰਾ ਵਿਚ ਸੋਤਾ, ਸੁਰਤੀ ਸ਼ਬਦ ਨਾ ਕੋਇ ਉਠਾਈਆ । ਕਲਜੁਗ ਸਾਗਰ ਵਿਚ ਸਭ ਨੇ ਮਾਰਿਆ ਗੋਤਾ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਦੁਰਮਤ ਕਲੇਵਰ ਪਾਪ ਜਾਏ ਨਾ ਧੋਤਾ, ਪਤਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੇ

ਅੰਤਰ ਵੇਖ ਲੈ ਮੇਰੇ ਸਵਾਮੀ, ਸਤਿਗੁਰ ਆਪਣਾ ਨੈਣ ਉਠਾਈਆ । ਤੂੰ ਮਿਹਰਵਾਨ ਮਿਹਰਵਾਨ ਅੰਤਰਜਾਮੀ, ਅੰਤਸ਼ਕਰਨ ਤੱਕ ਖ਼ਲਕ ਖ਼ੁਦਾਈਆ । ਤੂੰ ਰਹਿਮਤ ਕਰਨ ਵਾਲਾ ਰਹੀਮ ਰਹਿਮਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਜਿਸਮ ਜ਼ਮੀਰ ਤੱਕ ਜੀਵ ਇਨਸਾਨੀ, ਘਟ ਨਿਵਾਸੀ ਫੋਲ ਫੁਲਾਈਆ । ਅੰਮ੍ਰਿਤ ਰਸ ਨਿਜ ਰਸ ਬੂੰਦ ਸਵਾਂਤੀ ਮਿਲੇ ਕਿਸੇ ਨਾ ਪਾਣੀ, ਨਾਭੀ ਕਵਲ ਨਾ ਕੋਇ ਉਲਟਾਈਆ । ਅਨਹਦ ਸ਼ਬਦ ਅਗੰਮੀ ਧੁਨ ਸੁਣੇ ਕੋਇ ਨਾ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਦੀਪਕ ਜੋਤ ਕਾਇਆ ਮੰਦਰ ਨਾ ਦਿਸੇ ਮਹਾਨੀ, ਨੂਰ ਨੁਰਾਨੇ ਤੇਰਾ ਨੂਰ ਨਜ਼ਰ ਕੋਇ ਨਾ ਪਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹ ਬੁਤ ਵੱਜੇ ਨਾ ਕੋਇ ਵਧਾਈਆ । ਧਰਨੀ ਕਹੇ ਤੂੰ ਖੇਲ ਤੱਕ ਲੈ ਜ਼ਿਮੀਂ ਅਸਮਾਨੀ, ਇਸਮ ਆਜ਼ਮ ਪਰਦਾ ਆਪ ਉਠਾਈਆ । ਤੇਰਾ ਭੇਵ ਸਮਝੇ ਕੋਇ ਕਲਮ ਨਾ ਕਾਨੀ, ਗ੍ਰੰਥ ਸ਼ਾਸਤਰ ਅੰਤ ਕਹਿਣ ਨਾ ਪਾਈਆ । ਮੈਂ ਦਰ ਦਰਵੇਸ਼ਣ ਚਰਨ ਕਵਲ ਖੜੀ ਨਿਮਾਣੀ, ਨਿਵ ਨਿਵ ਲਾਗਾ ਪਾਈਆ । ਤੂੰ ਦੇਵਣਹਾਰ ਅਗੰਮਾ ਦਾਨੀ, ਦਾਤਾ ਦਇਆਵਾਨ ਵਡ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨੀ, ਸਤਿਜੁਗ ਸਚ ਧਰਮ ਨਿਸ਼ਾਨ ਝੁਲਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਢ ਦੇ ਅੰਦਰੋਂ ਬੇਈਮਾਨੀ, ਬੇਵਾ ਰੂਪ ਨਾ ਰਹੇ ਲੋਕਾਈਆ । ਹਰ ਹਿਰਦੇ ਅੰਦਰ ਕਿਰਪਾ ਕਰ ਸ੍ਰੀ ਭਗਵਾਨੀ, ਭਗਵਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ ।



### ੨੮ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਹਰਨੋਲਾ ਜ਼ਿਲਾ ਕਰਨਾਲ ਚੰਨਣ ਸਿੰਘ ਦੇ ਗ੍ਰਿਹ

ਗੁਰਸਿਖਾਂ ਅੰਤਰ ਲੱਗੀ ਔੜ, ਚਾਤ੍ਰਕ ਗੁਰਮੁਖ ਰਹੇ ਬਿਲਲਾਈਆ । ਪੁਰਖ ਅਕਾਲਾ ਦੀਨ ਦਿਆਲਾ ਜਾਏ ਬਹੁੜ, ਨੂਰ ਨੁਰਾਨਾ ਸ਼ਾਹ ਸੁਲਤਾਨਾ ਦੋ ਜਹਾਨਾਂ ਪੰਧ ਮੁਕਾਈਆ । ਸ਼ਬਦ ਅਗੰਮੇ ਸ਼ਾਹ ਸਵਾਰਾ ਚੜ੍ਹੇ ਘੋੜ, ਨਿਰਗੁਣ ਧਾਰ ਨਿਰਾਕਾਰ ਨਿਰੰਕਾਰ ਆਪਣਾ ਪੰਧ ਮੁਕਾਈਆ । ਕਲਜੁਗ ਕੂੜੀ ਕਿਰਿਆ ਅੰਦਰੋਂ ਕਢੇ ਕੌੜ, ਕੂੜ ਕੁਕਰਮ ਵਿਕਾਰ ਮਿਟਾਈਆ । ਪਾਰ ਕਰ ਕੇ ਭੀੜੀ ਗਲੀ ਸੌੜ, ਗ੍ਰਿਹ ਮੰਦਰ ਇਕ ਸੁਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰ ਕੇ ਜੋੜ, ਜੁਗ ਜਨਮ ਦੇ ਵਿਛੜੇ ਲਏ ਮਿਲਾਈਆ । ਸੁਰਤ ਸ਼ਬਦ ਪ੍ਰੀਤ ਨਿਭਾਵੇ ਤੋੜ, ਅੱਧ ਵਿਚਕਾਰ ਨਾ ਕੋਇ ਤੁੜਾਈਆ । ਵੇਖ ਵਖਾਣੇ ਜਗਤ ਜਹਾਨ ਵਿਚ ਅੰਧਘੋਰ, ਘੋਰੀ ਬਣ ਕੇ ਧਿਆਨ ਲਗਾਈਆ । ਲੇਖਾ ਮੁਕਾ ਕੇ ਪੰਜ ਚੋਰ, ਚੋਰੀ ਚੋਰੀ ਅਪਣਾ ਭੇਵ ਖੁਲਾਈਆ । ਮਨੂਆ ਮਨ ਜਗਤ ਮਨਸਾ ਵਿਚ ਨਾ ਪਾਵੇ ਸ਼ੋਰ, ਸ਼ੌਹਰਾ ਬਾਂਕਾ ਹੋਏ ਸਹਾਈਆ । ਸਚ ਪਿਆਰ ਮੁਹੱਬਤ ਵਿਚ ਭਾਗ ਕਰੇ ਮਥੋਰ, ਮਿਥਿਆ ਦੱਸ ਕੂੜ ਲੋਕਾਈਆ । ਅੰਮ੍ਰਿਤ ਆਤਮ ਨਿਝਰ ਝਿਰਨੇ ਜਾਮ ਪਿਆਏ ਤ੍ਰਿਸ਼ਨਾ ਫੇਰ ਰਹੇ ਨਾ ਹੋਰ, ਜਗਤ ਮਮਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਗੁਰਮੁਖਾਂ ਔੜ ਸਦਾ ਰਹੇ ਲੱਗੀ, ਅੰਤਰ ਅੰਤਰ ਪ੍ਰਭੂ ਲਗਾਈਆ । ਉਹ ਵੇਖਣਹਾਰਾ ਸੂਰਾ ਸਰਬਗੀ, ਸ਼ਹਿਨਸ਼ਾਹ ਧੁਰਦਰਗਾਹੀਆ । ਉਹ ਨਿਰਗੁਣ

੮੯੨
੨੩

ਧਾਰ ਜਾਮ ਪਿਆਏ ਬਿਨਾ ਕਟੋਰਿਆਂ ਜੱਗੀ, ਬੂੰਦ ਸਵਾਂਤੀ ਕਵਲ ਨਾਭੀ ਆਪ ਟਪਕਾਈਆ । ਅੰਦਰੋਂ ਲੇਖਾ ਮੁਕਾਵੇ ਨੇਕੀ ਬਦੀ, ਬਦਲਾ ਚੁਕਾਏ ਥਾਉਂ ਥਾਈਆ । ਗੁਰਮੁਖਾਂ ਨਾਮ ਰਸ ਚਖਾਏ ਬੁੱਲਾਂ ਲਬੀ, ਤ੍ਰਿਸ਼ਨਾ ਕੂੜ ਮਿਟਾਈਆ । ਖੇਲ ਕਰੇ ਸ੍ਰੀ ਭਗਵਾਨਾ ਪੁਰਖ ਅਕਾਲਾ ਨੂਰ ਅਲਾਹੀ ਰੱਬੀ, ਆਲਮੀਨ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਮੇਟੇ ਸਭੀ, ਸਭਾ ਕੂੜੀ ਦਏ ਮਿਟਾਈਆ । ਗੁਰਮੁਖਾਂ ਅੰਦਰ ਔੜ ਦੀ ਸਦਾ ਪਿਆਸ, ਜੁਗ ਜੁਗ ਪ੍ਰਭ ਆਪ ਲਗਾਈਆ । ਬਿਨਾ ਜਗਤ ਪੈਮਾਨਿਆਂ ਸਾਕੀ ਬਣ ਕੇ ਪਿਆਏ ਅਗੰਮਾ ਗਿਲਾਸ, ਜਿਸ ਦਾ ਨਾਪ ਵੰਡ ਨਾ ਕੋਇ ਵੰਡਾਈਆ । ਮੇਟ ਮਿਟਾਏ ਤੀਨੋਂ ਤਾਪ, ਤ੍ਰੈਗੁਣ ਅਗਨ ਬੁਝਾਈਆ । ਝਟ ਪ੍ਰਗਟ ਹੋ ਕੇ ਸਾਹਮਣੇ ਦਰਸ਼ਨ ਦੇਵੇ ਆਪ, ਆਪ ਆਪਣਾ ਨੂਰ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਣਾਏ ਸਾਕ, ਨਾਤਾ ਅਵਰ ਨਾ ਕੋਇ ਰਖਾਈਆ । ਜਗਤ ਪਿਆਸੇ ਦਾ ਅੰਦਰੋਂ ਖੋਲ ਕੇ ਤਾਕ, ਬਜਰ ਕਪਾਟੀ ਪਰਦਾ ਦਏ ਉਠਾਈਆ । ਨਿਗਾਹਬਾਨ ਹੋ ਕੇ ਲਏ ਝਾਕ, ਝਾਕੀ ਆਪਣੀ ਆਪੇ ਪਾਈਆ । ਸ਼ਬਦ ਅਨਾਦੀ ਸੁਣਾ ਨਾਦ, ਧੁਨ ਆਤਮਕ ਕਰੇ ਸ਼ਨਵਾਈਆ । ਜੋਤੀ ਜੋਤ ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਸਾਚੀ ਔੜ ਦੀ ਪੂਰੀ ਕਰੇ ਆਸ, ਅੰਦਰੋਂ ਤ੍ਰਿਸ਼ਨਾ ਦਏ ਮਿਟਾਈਆ । ਮੇਲ ਮਿਲਾ ਕੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਜਨ ਭਗਤਾਂ ਔੜ ਸਦਾ ਅੰਦਰ, ਕਾਇਆ ਤਨ ਵਜੂਦ ਸੋਭਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਵੇਖੇ ਆਪਣਾ ਮੰਦਰ, ਗ੍ਰਿਹ ਪਰਦਾ ਆਪ ਚੁਕਾਈਆ । ਘਰ ਸਵਾਮੀ ਤੋੜ ਕੇ ਜੰਦਰ, ਦਰ ਦਰਵਾਜ਼ਾ ਲਏ ਖੁਲਾਈਆ । ਕਰ ਪ੍ਰਕਾਸ਼ ਅੰਧੇਰੀ ਕੰਦਰ, ਨੂਰ ਨੁਰਾਨਾ ਡਗਮਗਾਈਆ । ਮਨੂਆ ਦਹਿ ਦਿਸ਼ਾ ਉਠ ਨਾ ਧਾਵੇ ਬੰਦਰ, ਸ਼ਬਦੀ ਸ਼ਬਦੀ ਬੰਧ ਪਵਾਈਆ । ਸਾਚਾ ਪ੍ਰੇਮ ਪਿਆਰ ਦਾ ਰਸ ਦੇਵੇ ਜਿਹੜਾ ਬਿਨਾ ਪੀਤਿਆਂ ਘੁਟ ਅਗੇ ਜਾਵੇ ਸੰਘਣ, ਬਿਨ ਰਸਨਾ ਰਸ ਚਖਾਈਆ । ਬਿਨ ਛੋਹ ਤੋਂ ਦੇਵੇ ਪਰਮਾਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਪਰ ਉਸ ਧਾਮ ਉਤੇ ਕੋਟਾਂ ਵਿਚੋਂ ਵਿਰਲੇ ਗੁਰਮੁਖ ਪਿਆਸੇ ਲੰਘਣ, ਜਿਨ੍ਹਾਂ ਨੂੰ ਫੜ ਕੇ ਬਾਹੋਂ ਆਪ ਲੰਘਾਈਆ । ਉਹ ਔੜ ਦੇ ਮਾਰੇ ਬਿਨਾ ਹੱਥਾਂ ਤੋਂ ਪ੍ਰੇਮ ਪਿਆਰ ਦੀ ਝੋਲੀ ਡਾਹ ਕੇ ਮੰਗਣ, ਬਿਨਾ ਮੁਖ ਤੋਂ ਬੂੰਦ ਸਵਾਂਤੀ ਅੰਦਰ ਲੈਣ ਟਪਕਾਈਆ । ਸਤਿਗੁਰ ਦਾਤਾ ਸਦਾ ਸੁਹੇਲਾ ਜੁਗ ਜੁਗ ਧਰਤੀ (ਉਤੇ ਸਤਿ) ਦੀ ਦਾਤ ਆਵੇ ਵੰਡਣ, ਦੇਵਣਹਾਰ ਵਡ ਵਡਿਆਈਆ । ਜਗਤ ਪਿਆਸਿਆਂ ਆਪਣੇ ਨਾਲ ਆਵੇ ਗੰਢਣ, ਟੁੱਟੀ ਗੰਢ ਪਵਾਈਆ । ਜਿਹੜਾ ਸਾਗਰ ਪਾਰ ਨਹੀਂ ਹੁੰਦਾ ਮੁਹਾਣਿਆਂ ਨਾਲ ਵੰਝਣ, ਉਹ ਸ਼ਬਦ ਇਸ਼ਾਰੇ ਨਾਲ ਪਾਰ ਕਰਾਈਆ । ਧੰਨ ਭਾਗ ਜੇ ਪ੍ਰਭ ਦੀ ਔੜ ਪਿਆਸ ਵਾਲੇ ਗੁਰਮੁਖ ਧਰਨੀ ਉਤੇ ਜੰਮਣ, ਮਾਟੀ ਖ਼ਾਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਮਿਹਰਵਾਨ ਇਕ ਅਖਵਾਈਆ । ਔੜ ਕਹੇ ਮੈਨੂੰ ਪ੍ਰਭੂ ਅੰਮ੍ਰਿਤ ਮੇਘ ਬਰਸੀਂ, ਬੂੰਦਾ ਬਾਂਦੀ ਦੀ ਲੋੜ ਰਹੇ ਨਾ ਰਾਈਆ । ਤੂੰ ਮੇਰਾ ਮਾਲਕ ਇਕੋ ਅਰਸ਼ੀ, ਅਰਸ਼ੀ ਪ੍ਰੀਤਮ ਧੁਰਦਰਗਾਹੀਆ । ਆ ਜਾ ਉਤੇ ਫ਼ਰਸ਼ੀ, ਧਰਨੀ ਧਰਤ ਧਵਲ ਡੇਰਾ ਲਾਈਆ । ਮੈਂ ਪਿਆਸੀ ਤੇਰੇ ਬਿਨਾ ਤੜਫੀ, ਸਾਂਤਕ ਸਤਿ ਨਾ ਕੋਇ ਕਰਾਈਆ । ਮੈਨੂੰ ਸ਼ਰਅ ਛੁੜਾ ਕੇ ਜਗਤ ਵਾਲੀ ਹਰਫ਼ੀ, ਹਲਫ਼ੀਆ ਬਿਆਨ ਦੇ ਕੇ ਰਹੀ ਸੁਣਾਈਆ । ਮੈਂ ਪਿਆਸਣ

ਇਕ ਤੇ ਇਕ ਕਰ ਦੇ ਤਰਫ਼ੀ, ਇਕੋ ਜਾਮ ਮੇਰੇ ਮੁਖ ਦੇਣਾ ਲਗਾਈਆ । ਨਾ ਸੋਗ ਰਹੇ ਨਾ ਹਰਖੀ, ਚਿੰਤਾ ਗ਼ਮ ਦੇਣੀ ਮਿਟਾਈਆ । ਨਾ ਗਰਮੀ ਰਹੇ ਨਾ ਸਰਦੀ, ਤਤਵ ਤਤ ਨਾ ਕੋਇ ਤਪਾਈਆ । ਮੈਂ ਤੇਰੇ ਪਿਆਸ ਬਿਨਾ ਮਰਦੀ, ਮਰਦ ਮਰਦਾਨੇ ਹੋਣਾ ਆਪ ਸਹਾਈਆ । ਮੈਂ ਔੜ ਉਸ ਗੁਰਮੁਖ ਦੇ ਘਰ ਦੀ, ਜਿਸ ਘਰ ਤੇਰਾ ਨੂਰ ਨਜ਼ਰੀ ਆਈਆ । ਮੈਨੂੰ ਤੇਰਾ ਦਰਸ ਕਰ ਕੇ ਖ਼ੁਮਾਰੀ ਚੜ੍ਹਦੀ, ਸਰੂਰ ਸਰੂਰ ਵਿਚੋਂ ਦਿੱਤਾ ਪ੍ਰਗਟਾਈਆ । ਮੈਂ ਵਣਜਾਰੀ ਹੋ ਗਈ ਤੇਰੇ ਘਰ ਕੀ, ਜਿਸ ਘਰ ਵਸੇ ਬੇਪ੍ਰਵਾਹੀਆ । ਮੈਨੂੰ ਇਉਂ ਦਿਸਦਾ ਉਥੇ ਜੋਤ ਇਕੋ ਅਗੰਮੀ ਬਲਦੀ, ਦੂਜਾ ਨਜ਼ਰ ਕੋਇ ਨਾ ਆਈਆ । ਓਹ ਧਾਮ ਸੁਹੰਜਣਾ ਖੇਲ ਤੇਰੀ ਅਟੱਲ ਦੀ, ਮਿਹਰਵਾਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਘਟ ਨਿਵਾਸੀ ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਆਸ ਪਿਆਸ ਦੇਣੀ ਬੁਝਾਈਆ ।

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰਾ ਵੇਖੋ ਅੰਤਸ਼ਕਰਨ, ਕਰਨੀ ਦੇ ਕਰਤੇ ਧਿਆਨ ਲਗਾਈਆ । ਤੁਸੀਂ ਧਰ ਕੇ ਗਏ ਮੇਰੇ ਉਤੇ ਪਵਿਤ੍ਰ ਚਰਨ, ਕਵਲ ਕਵਲਾਂ ਰੰਗ ਰੰਗਾਈਆ । ਸੰਦੇਸਾ ਦਿੱਤਾ ਪੁਰਖ ਅਕਾਲ ਦੀ ਇਕੋ ਸ਼ਰਨ, ਸ਼ਰਨਗਤ ਇਕ ਅਖਵਾਈਆ । ਮੈਂ ਓਸੇ ਦੇ ਅੰਕੜੇ ਲੱਗੀ ਪੜ੍ਹਨ, ਬਿਨ ਅੱਖਰਾਂ ਢੋਲੇ ਗਾਈਆ । ਉਸ ਦੇ ਮੰਜ਼ਲ ਲੱਗੀ ਚੜ੍ਹਨ, ਬਿਨ ਪੌੜੀ ਡੰਡੇ ਪੰਧ ਮੁਕਾਈਆ । ਉਸੇ ਦਾ ਫੜਨ ਲੱਗੀ ਲੜਨ, ਬਿਨ ਪੱਲੂ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਖੁਲਾਈਆ ।
੯੬੩ ੨੩ ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰਦੇਵ ਮੇਰੇ ਵੇਖੋ ਆਪਣਿਆਂ ਹਿੱਸਿਆਂ ਬਾਬਾਂ ਵਾਲੀ ਕਿਤਾਬ, ਕੁਤਬਖ਼ਾਨਿਆਂ ਬਾਹਰ ਧਿਆਨ ਲਗਾਈਆ । ਜਿਸ ਦੇ ਵਿਚ ਦੀਨਾਂ ਮਜ਼੍ਹਬਾਂ ਤੋਂ ਪਰੇ ਹਿਸਾਬ, ਹਿੱਸਾ ਵੰਡ ਨਜ਼ਰ ਕੋਇ ਨਾ ਆਈਆ । ਇਕੋ ਪਰਵਰਦਿਗਾਰ ਸਾਝੇ ਯਾਰ ਪੁਰਖ ਅਕਾਲ ਨੂੰ ਹੋਏ ਅਦਾਬ, ਦੂਸਰ ਸੀਸ ਨਾ ਕੋਇ ਝੁਕਾਈਆ । ਇਕੋ ਮੰਦਰ ਹਕ ਕਾਅਬਾ ਦਿਸੇ ਮਹਿਰਾਬ, ਮਹਿਬੂਬ ਇਕੋ ਨਜ਼ਰੀ ਆਈਆ । ਤੁਸੀਂ ਸਾਰੇ ਇਕੋ ਨੂੰ ਇਕੋ ਰੂਪ ਵਿਚ ਰਹੇ ਅਰਾਧ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਮੈਂ ਸਭ ਦੀ ਸੁਣਾਂ ਆਵਾਜ਼, ਬਿਨ ਸਰਵਣਾਂ ਮੇਰੇ ਅੰਦਰ ਵੱਜੇ ਵਧਾਈਆ । ਸਚ ਦੱਸੋ ਕੀ ਪ੍ਰਭ ਦਾ ਖੇਲ ਅਗੇ ਤੇ ਕੀ ਖੋਲੇ ਰਾਜ਼, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪੈਗ਼ੰਬਰੋ ਕਦ ਵੇਲਾ ਪੂਰਾ ਹੋਵੇ ਤੁਹਾਡੀ ਨਿਮਾਜ਼, ਸ਼ਰਅ ਸ਼ਰਅ ਨਾਲ ਟਕਰਾਈਆ । ਮੂਸਾ ਈਸਾ ਕਵਣ ਬਿਧ ਹੋਵਣ ਆਜ਼ਾਦ, ਸ਼ਰਅ ਜ਼ੰਜੀਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਸੁਣ ਲੈ ਧੁਰ ਫ਼ਰਮਾਨਾ, ਸ਼ਬਦ ਧਾਰ ਜਣਾਈਆ । ਸਾਡਾ ਇਕੋ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਧੁਰ ਦਾ ਰਾਣਾ, ਮਾਲਕ ਬੇਪ੍ਰਵਾਹੀਆ । ਅਸੀਂ ਉਸ ਦੇ ਹੁਕਮ ਅੰਦਰ ਮਾਤਲੋਕ ਨਾਮ ਕਲਮਿਆਂ ਗਾਇਆ ਗਾਣਾ, ਅੱਖਰ ਅੱਖਰਾਂ ਨਾਲ ਮਿਲਾਈਆ । ਉਹ ਸੂਰਬੀਰ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਸਾਰੇ ਮੰਨ ਕੇ ਆਏ ਉਸ ਦਾ ਭਾਣਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਸਭ ਨੇ ਭਵਿਖਤਾਂ ਵਿਚ ਲਿਖਿਆ ਲੇਖ ਮਹਾਨਾ, ਮਹਿੰਮਾ ਕਥ ਕਥ ਦ੍ਰਿੜਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਸਭ ਦਾ ਹੋਵੇ ਜਾਣੀ ਜਾਣਾ, ਜਾਨਣਹਾਰ ਇਕ ਅਖਵਾਈਆ । ਜਿਸ ਕੰਤ ਭਗਵੰਤ

੯੬੩ ੨੩

ਕਲਜੁਗ ਅੰਤ ਕੂੜੀ ਕਿਰਿਆ ਪੰਧ ਮੁਕਾਣਾ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਪੁਰਖ ਬਿਧਾਤਾ ਜੋਤੀ ਸ਼ਬਦੀ ਧਾਰ ਪਹਿਰ ਕੇ ਬਾਣਾ, ਨੂਰ ਨੁਰਾਨਾ ਇਕ ਨੂਰ ਕਰੇ ਰੁਸ਼ਨਾਈਆ । ਸਚ ਧਾਮ ਜਿਸ ਦਾ ਸੰਬਲ ਹੋਏ ਟਿਕਾਣਾ, ਟਿੱਕੇ ਮਸਤਕ ਧੂੜੀ ਸਭ ਨੂੰ ਦਏ ਰਮਾਈਆ । ਤੂੰ ਓਸ ਦੇ ਚਰਨ ਕਵਲ ਕਰ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਬੇਪ੍ਰਵਾਹੀਆ । ਧਰਨੀ ਕਹੇ ਮੈਂ ਓਸੇ ਦੀ ਰਖੀ ਆਸ, ਆਸਾਵੰਦ ਅਖਵਾਈਆ । ਕਵਣ ਵੇਲਾ ਕਿਰਪਾ ਕਰੇ ਸਰਬ ਗੁਣਤਾਸ, ਗੁਣਵੰਤਾ ਧੁਰਦਰਗਾਹੀਆ । ਮੈਂ ਬਿਨਾ ਨੈਣਾਂ ਤੋਂ ਵੇਖਾਂ ਆਕਾਸ਼, ਅਕਾਸ਼ ਅਕਾਸ਼ਾਂ ਖੋਜ ਖੁਜਾਈਆ । ਮੇਰਾ ਮਾਲਕ ਖ਼ਾਲਕ ਆਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਮੇਰਾ ਵਕਤ ਸੁਹੰਜਣਾ ਘੜੀ ਸੁਹੰਜਣੀ ਹੋਵੇ ਰਾਸ, ਪਲ ਪਲ ਆਪਣੇ ਲੇਖੇ ਲਾਈਆ । ਮੇਰੀ ਜਗਤ ਤ੍ਰਿਸ਼ਨਾ ਮਿਟਾਏ ਪਿਆਸ, ਤ੍ਰਿਖਾ ਕੂੜ ਰਹੇ ਨਾ ਰਾਈਆ । ਬਿਨਾ ਗੋਪੀ ਕਾਹਨ ਤੋਂ ਸ਼ਬਦੀ ਧਾਰ ਪਾਵੇ ਰਾਸ, ਮੰਡਲ ਮੰਡਪ ਆਪ ਨਚਾਈਆ । ਸਤਿ ਸਤਿ ਦਾ ਲੇਖਾ ਲਹਿਣਾ ਨਿਰਗੁਣ ਨੂਰ ਕਰੇ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਮੈਂ ਓਸੇ ਦੀ ਦਾਸੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਪ੍ਰੀਤਮ ਹੋ ਕੇ ਮੈਨੂੰ ਦੇਵੇ ਦਾਤ, ਦਾਤਾ ਦਾਨੀ ਆਪਣੀ ਦਇਆ ਕਮਾਈਆ ।



## ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌਂ ਨਾਨਕਸਰ ਜ਼ਿਲਾ ਕਰਨਾਲ ਭਾਨ ਸਿੰਘ ਪ੍ਰੀਤਮ ਸਿੰਘ ਦੇ ਗ੍ਰਿਹ ✪

੮੯੪
੨੩

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਆਪਣਾ ਵੇਖੋ ਆਣ ਕੇ ਧਰਮ, ਧਰਮੀਉਂ ਧਰਮ ਦੀ ਧਾਰ ਧਾਰ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਬਿਨਾ ਨੈਣ ਤੋਂ ਤੱਕੋ ਕਰਮ, ਕਰਮ ਕਾਂਡ ਵਿਚ ਬ੍ਰਹਿਮੰਡ ਖੋਜ ਖੁਜਾਈਆ । ਜੋ ਹੱਦ ਹਦੂਦ ਬਣਾ ਕੇ ਗਏ ਕਾਇਆ ਮਾਟੀ ਚਰਮ, ਦੀਨ ਮਜ਼੍ਹਬ ਜਿਸਮ ਇਸਮ ਵੰਡ ਵੰਡਾਈਆ । ਸਚ ਪ੍ਰੀਤੀ ਅੰਦਰ ਨੀਤੀ ਤੱਕੋ ਅਗੰਮੇ ਚਰਨ, ਚਰਨੋਦਕ ਰਸ ਅੰਮ੍ਰਿਤ ਹੱਥ ਕਿਸੇ ਨਾ ਆਈਆ । ਨਿਜ ਨੈਣ ਨੇਤਰ ਲੋਚਨ ਖੁਲ੍ਹੇ ਕਿਸੇ ਨਾ ਹਰਨ ਫਰਨ, ਨਿਰਗੁਣ ਧਾਰ ਨਿਰਵੈਰ ਦਰਸ ਕੋਇ ਨਾ ਪਾਈਆ । ਆਪਣਾ ਆਪਣਾ ਵਾਅਦਾ ਕੌਲ ਇਕਰਾਰ ਤਕੋ ਪੂ੍ਣ, ਜੋ ਪਰਮ ਪੁਰਖ ਨਾਲ ਕੀਤਾ ਚਾਈਂ ਚਾਈਆ । ਨਿਰਅੱਖਰ ਧਾਰ ਦੀ ਧਾਰ ਅੱਖਰ ਮੈਂ ਤੁਹਾਡੇ ਲੱਗੀ ਪੜ੍ਹਨ, ਚਾਰ ਜੁਗ ਦੇ ਗ੍ਰੰਥਾਂ ਸ਼ਾਸਤਰਾਂ ਬਾਹਰ ਸੁਣਾਈਆ । ਨਿਗਾਹ ਮਾਰੋ ਕਿਉਂ ਦੀਨ ਦੁਨੀ ਨਾਮ ਕਲਮਿਆਂ ਉਤੇ ਲੱਗੀ ਲੜਨ, ਝਗੜਾ ਸ਼ਰਅ ਵਾਲਾ ਰਖਾਈਆ । ਕੀ ਖੇਲ ਹੋਣਾ ਚੋਟੀ ਜੜਨ, ਕੀ ਚੇਤਨ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਕੀ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣੀ ਆਪਣੀ ਸਿਖਿਆ, ਦੀਨਾਂ ਮਜ਼੍ਹਬਾਂ ਅੰਤਰ ਅੰਤਸ਼ਕਰਨ ਧਿਆਨ ਲਗਾਈਆ । ਜੋ ਸਤਿ ਸਚ ਦੀ ਪਾ ਕੇ ਗਏ ਭਿਖਿਆ, ਕਾਇਆ ਮੰਦਰ ਅੰਦਰ ਟਿਕਾਈਆ । ਜੋ ਨਾਮ ਕਲਮਿਆਂ ਦੀਨਾਂ ਦੱਸ ਕੇ ਗਏ ਇਛਿਆ, ਨਿਰਇਛਤ ਹੋ ਕੇ ਜਗਤ ਸਮਝਾਈਆ । ਨੂਰ ਨੁਰਾਨਾ ਸ੍ਰੀ ਭਗਵਾਨਾ ਕਿਸੇ ਅੰਦਰ ਮੂਲ ਨਾ ਦਿਸਿਆ, ਮੈਂ ਹਰ

ਘਟ ਅੰਤਰ ਤੱਕਿਆ ਥਾਉਂ ਥਾਈਂਆ । ਧਰਨੀ ਕਹੇ ਮਾਨਸ ਮਾਨਵ ਮਾਨੁਖ ਕੂੜ ਕਿਰਿਆ ਦੇ ਵਿਚ ਵਿਕਿਆ, ਧਰਮ ਦਾ ਤੋਲ ਤਰਾਜੂ ਜਗਤ ਨਾ ਕੋਇ ਤੁਲਾਈਆ । ਤੁਹਾਡੇ ਪਿਆਰ ਵਿਚ ਸਤਿਕਾਰ ਵਿਚ ਸ਼ਬਦ ਦੀ ਧਾਰ ਵਿਚ ਏਕੰਕਾਰ ਵਿਚ ਮਨ ਕਿਸੇ ਨਾ ਟਿਕਿਆ, ਪਰਵਰਦਿਗਾਰ ਸਾਂਝਾ ਯਾਰ ਮਿਲਣ ਕਿਸੇ ਨਾ ਪਾਈਆ । ਮੈਂ ਵੇਖਿਆ ਵੱਡਿਆਂ ਨਿੱਕਿਆਂ, ਸ਼ਾਹ ਸੁਲਤਾਨਾਂ ਭਿੱਖਕ ਭਿਖਾਰੀਆਂ ਆਪਣੀ ਨਿਗਾਹ ਉਠਾਈਆ । ਸਭ ਦਾ ਲਹਿਣਾ ਦੇਣਾ ਕਲਜੁਗ ਕੂੜੀ ਕਿਰਿਆ ਕੀਤਾ ਚਿੱਟਿਆ, ਵਸਤ ਅਮੋਲਕ ਕਾਇਆ ਗੋਲਕ ਹਕ ਨਾ ਕਿਸੇ ਰਖਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਸਭ ਦੇ ਕਢਣ ਵਾਲਾ ਸਿੱਟਿਆ, ਸਿੱਟੇਬਾਜ਼ੀ ਵੇਖੇ ਖ਼ਲਕ ਖ਼ੁਦਾਈਆ । ਜਿਸ ਲੇਖਾ ਮੁਕਾਉਣਾ ਭੇਵ ਖੁਲਾਉਣਾ ਅੰਤ ਕਰਾਉਣਾ ਪੱਥਰ ਇੱਟਿਆ, ਸਿਲ ਪੂਜਸ ਪਾਹਨ ਸੀਸ ਨਾ ਕੋਇ ਨਿਵਾਈਆ । ਸੋ ਸੁਹੰਜਣੀ ਆਦਿ ਨਿਰੰਜਣ ਆਪਣੀ ਦੱਸੇ ਥਿਤਿਆ, ਜਗਤ ਵਦੀ ਸੁਦੀ ਸਮਝ ਕੋਇ ਨਾ ਪਾਈਆ । ਮਿਹਰਵਾਨਾ ਸ੍ਰੀ ਭਗਵਾਨਾ ਪੁਰਖ ਅਕਾਲ ਧੁਰ ਦਾ ਪਿਤਿਆ, ਪਤਿਪਰਮੇਸ਼ਵਰ ਕੀ ਆਪਣਾ ਹੁਕਮ ਵਰਤਾਈਆ । ਨਿਗਾਹ ਮਾਰੇ ਸਤਿ ਧਰਮ ਧਰਮ ਦਵਾਰਿਆਂ ਕਿਸੇ ਨਾ ਦਿਸਿਆ, ਦਹਿ ਦਿਸ਼ਾ ਅੰਧੇਰਾ ਛਾਈਆ । ਸਾਚੇ ਨਾਮ ਦਾ ਸੂਰੀਆ ਛਿਪਿਆ, ਉਦੇ ਅਸਤ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਕਰੇ ਕੋਇ ਨਾ ਹਿਤਿਆ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਸਰਬਗੁਣ ਸਮਰਥਿਆ, ਸਮਰਥ ਪੁਰਖ ਬੇਪਰਵਾਹੀਆ ।



ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਆਪਣੇ ਦੀਨ ਮਜ਼੍ਹਬ ਤੱਕੋ ਹਕ ਅਜ਼ੀਜ਼, ਆਜਜ਼ਾਂ ਵੇਖੋ ਧਿਆਨ ਲਗਾਈਆ । ਕਵਣ ਤੁਹਾਡੇ ਪਿਆਰ ਮੁਹੱਬਤ ਵਿਚ ਬਣਿਆ ਜਾਗੀਜ, ਜਲ ਵਿਜਲਤੀ ਤੂਜੇ ਮਜ਼ਾ ਮਵਜ਼ੀ ਰਜ਼ਾ ਨੂਰੇ ਖ਼ੁਦਾ ਖ਼ੁਦੀ ਗਿਆ ਮਿਟਾਈਆ । ਚਸ਼ਮੇ ਨਜ਼ੀ ਅਰਸ਼ੇ ਵਜ਼ੀ ਤੁਨਜ਼ੇ ਜ਼ਵਾ, ਹਿਵਜ਼ੇ ਅਜ਼ੀਜ਼ ਤਖਨਮਾਓ ਅਮੁੱਲੋ ਜ਼ਵਾ ਜ਼ਲਾਹਮ ਜੂਏ ਜ਼ਕ ਕਲਮਾ ਹਕ ਹਕੀਕਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੀ ਕਰੋ ਮਦਦ, ਮਿਹਰਵਾਨ ਮਿਹਰਵਾਨ ਮਿਹਰਵਾਨ ਮੇਰਾ ਲਹਿਣਾ ਦੇਣਾ ਥੋੜ੍ਹੇ ਅੰਕਤ ਥੋੜ੍ਹੇ ਅਦਦ, ਅਦਾਦੋ ਸ਼ੁਮਾਰ ਸਮਝ ਕਿਸੇ ਨਾ ਆਈਆ । ਮੈਂ ਮਿੱਟੀ ਖ਼ਾਕ ਮੇਰੇ ਉਤੋਂ ਮੇਟੇ ਤਸ਼ੱਦਦ, ਝਗੜਾ ਦੂਈ ਰਹਿਣ ਨਾ ਪਾਈਆ । ਮੈਂ ਚਾਹੁੰਦੀ ਤੁਹਾਡੇ ਨਾਮ ਕਲਮੇ ਵਿਚ ਸਭ ਨੂੰ ਆਏ ਵਜਦ, ਮਸਤੀ ਵਿਚ ਹਸਤੀ ਤੱਕਣ ਬੇਪਰਵਾਹੀਆ । ਕੀ ਵਡਿਆਈ ਅਲਿਫ਼ ਯੇ ਵਾਲੇ ਲਫ਼ਜ਼, ਹਰਫ਼ ਹਰੂਫ਼ ਸਮਝ ਕੀ ਸਮਝਾਈਆ । ਮੈਂ ਹੈਰਾਨ ਹੋ ਗਈ ਪ੍ਰੇਸ਼ਾਨ ਹੋ ਗਈ ਤੁਹਾਡੇ ਸੁਣ ਕੇ ਤਲੱਫਜ਼, ਤਾਰੀਫ਼ ਵਿਚ ਸਿਫ਼ਤ ਸਿਫ਼ਤ ਨਾਲ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਸੀਂ ਸਭ ਦੇ ਦੀਨ ਦਿਆਲ, ਦੀਨ ਮਜ਼੍ਹਬ ਤੁਹਾਡੀ ਓਟ ਤਕਾਈਆ । ਤੁਹਾਡਾ ਸਿਫ਼ਤਾਂ ਵਾਲਾ ਵਧਿਆ ਇਕਬਾਲ, ਇਕਬਾਲ ਦੇ ਕੇ ਸਾਰੇ ਦਿਉ ਸੁਣਾਈਆ । ਕਿਉਂ ਮੇਰੇ ਉਤੇ ਸਚ ਦੀ ਰਹੀ ਨਹੀਂ ਕੋਈ ਧਰਮਸਾਲ,

੮੯੫
੨੩

ਧਰਮ ਦਵਾਰਾ ਸੋਭਾ ਕੋਇ ਨਾ ਪਾਈਆ । ਫਲ ਦਿਸੇ ਨਾ ਕਿਸੇ ਮਾਨਵ ਡਾਲ, ਨਾਮ ਕਲਮਾ ਸਤਿ ਨਾ ਕੋਇ ਮਹਿਕਾਈਆ । ਦੀਨ ਦੁਨੀ ਹੋਈ ਬੇਹਾਲ, ਬਿਹਬਲ ਹੋ ਕੇ ਰੋਵੇ ਮਾਰੇ ਧਾਹੀਆ । ਕਿਉਂ ਤ੍ਰੈਗੁਣ ਮਾਇਆ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਨਾ ਕੋਇ ਰੁਸ਼ਨਾਈਆ । ਤੁਹਾਡੇ ਬਿਨਾ ਸੁਣੇ ਕੌਣ ਮੁਰੀਦਾਂ ਹਾਲ, ਮੁਰਸ਼ਦੋ ਮੈਨੂੰ ਦਿਉ ਸੁਣਾਈਆ । ਆਓ ਤੱਕੋ ਮੇਰੇ ਉਤੇ ਚਾਰ ਕੁੰਟ ਕੂਕਦਾ ਕਾਲ, ਮਹਾਕਾਲ ਲਏ ਅੰਗੜਾਈਆ । ਤੁਹਾਡਾ ਨਾਮ ਕਲਮਾ ਸਤਿ ਧਰਮ ਬਣ ਸਕੇ ਕਿਸੇ ਨਾ ਢਾਲ, ਅਗੇ ਹੋ ਨਾ ਕੋਇ ਅਟਕਾਈਆ । ਤੁਸੀਂ ਉਸ ਸਾਹਿਬ ਦੇ ਦੁਲਾਰੇ ਅਗੰਮੇ ਲਾਲ, ਜੋ ਲਾਲਨ ਇਕ ਅਖਵਾਈਆ । ਮੇਰੀ ਬੇਨੰਤੀ ਮੰਨੋ ਸਵਾਲ, ਸਵਾਲਣ ਹੋ ਕੇ ਰਹੀ ਜਣਾਈਆ । ਮੈਨੂੰ ਤੁਹਾਡੀਆਂ ਪੇਸ਼ੀਨਗੋਈਆਂ ਦੇਣ ਅਹਿਵਾਲ, ਭਗਤ ਰਹੇ ਸਮਝਾਈਆ । ਸਦੀ ਚੌਧਵੀਂ ਅੰਤ ਆਉਣਾ ਜ਼ਵਾਲ, ਜ਼ੇਰ ਜ਼ਬਰ ਦਾ ਲੇਖਾ ਸਮਝੇ ਕੋਇ ਨਾ ਰਾਈਆ । ਮੇਰੀ ਹਾਲਤ ਵੇਖੋ ਵਕਤ ਹਾਲ, ਮਾਜ਼ੀ ਦਾ ਝਗੜਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਅਵੱਲੜੀ ਚਾਲ, ਚਾਲ ਨਿਰਾਲੀ ਅਕਲ ਕਲਧਾਰੀ ਆਪਣੀ ਆਪ ਰਖਾਈਆ ।

## ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਨਾਨਕ ਪੁਰ ਜ਼ਿਲਾ ਕਰਨਾਲ ਸੋਹਣ ਸਿੰਘ ਦੇ ਗ੍ਰਹਿ ✪



ਪੈਗ਼ੰਬਰ ਕਹਿਣ ਧਵਲੀ ਕਰ ਸਬਰ, ਸਬੂਰੀ ਵਿਚ ਧਿਆਨ ਲਗਾਈਆ । ਪਰਵਰਦਿਗਾਰ ਸਾਂਝਾ ਯਾਰ ਮੇਟੇ ਤੇਰਾ ਗ਼ਦਰ, ਗਦਾਗਰ ਕਰ ਲੋਕਾਈਆ । ਅਮਾਮ ਅਮਾਮਾ ਨਿਗਾਹ ਮਾਰੇ ਉਤੇ ਅੰਬਰ, ਚੌਦਾਂ ਤਬਕਾਂ ਬਾਹਰ ਧਿਆਨ ਲਗਾਈਆ । ਤੂੰ ਸੁਣ ਕਲਮੇ ਦੀ ਆਵਾਜ਼ ਧੁਨ ਮਧੁਰ, ਕੀ ਕਾਇਨਾਤ ਦ੍ਰਿੜਾਈਆ । ਜਿਸ ਸਾਡੀ ਆਸ਼ਾ ਪੂਰੀ ਕਰਨੀ ਸੱਧਰ, ਤੇਰਾ ਸਦਮਾ ਦਏ ਸੁਣਾਈਆ । ਉਹ ਤੱਕ ਮੁਹੰਮਦ ਦੀ ਲਾਸ਼ ਪੁਕਾਰੇ ਵਿਚ ਕਬਰ, ਮਕਬਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਅਵਤਾਰ ਕਹਿਣ ਧਰਨੀ ਖੇਲ ਤੱਕ ਅਵਤਾਰੀ, ਅਵਤਰ ਕੀ ਆਪਣੀ ਕਾਰ ਕਮਾਈਆ । ਨਿਰਗੁਣ ਨਿਰਵੈਰ ਨਿਰੰਕਾਰ ਜੋਤ ਨਿਰਾਕਾਰੀ, ਕਰਤਾ ਪੁਰਖ ਕੀ ਆਪਣੀ ਖੇਲ ਖਿਲਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਪੈਜ ਸਵਾਰੀ, ਕਲਜੁਗ ਤੇਰਾ ਹੋਏ ਸਹਾਈਆ । ਉਸ ਦੇ ਚਰਨ ਕਵਲ ਸਾਡੀ ਨਿਮਸਕਾਰੀ, ਨਿਮਸਕਾਰ ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਉਹ ਪ੍ਰਗਟ ਹੋਵੇ ਆਪਣੀ ਧਾਰੀ, ਧਰਮ ਦੀ ਧਾਰ ਨਾਲ ਸਮਝਾਈਆ । ਜਿਸ ਨੂੰ ਅਸਾਂ ਕਿਹਾ ਚੌਵ੍ਹੀਵਾਂ ਅਵਤਾਰੀ, ਚੌਬੀਸਾ ਜਗਦੀਸ਼ਾ ਬੇਪਰਵਾਹੀਆ । ਉਹ ਖੇਲ ਕਰੇ ਖ਼ਾਲਕ ਹੋ ਕੇ ਅਪਰ ਅਪਾਰੀ, ਅਪਰੰਪਰ ਆਪਣਾ ਹੁਕਮ ਵਰਤਾਈਆ । ਬੇਸ਼ਕ ਤੂੰ ਹੋਈ ਬੜੀ ਦੁਖਿਆਰੀ, ਦੁੱਖਾਂ ਭਰੀ ਰਹੀ ਕੁਰਲਾਈਆ । ਮੇਰਾ ਸਾਹਿਬ ਸਵਾਮੀ ਤੇਰੀ ਵੇਖੇ ਅੰਤ ਲਾਚਾਰੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਦੀਨਾਂ ਮਜ਼੍ਹਬਾਂ ਕਰਨੀ ਖਵਾਰੀ, ਖ਼ਾਲਸ ਆਪਣਾ ਹੁਕਮ ਵਰਤਾਈਆ । ਓਹ ਲਹਿਣਾ ਦੇਣਾ ਕਰਜ ਮਕਰੂਜ ਰਿਹਾ ਉਤਾਰੀ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੮੯੬
੨੩

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੁਰੂ ਗੁਰ ਕਹਿਣ ਸੁਣ ਧਰਨੀ ਧਰਤ ਧਵਲ, ਧੌਲ ਦੇਈਏ ਜਣਾਈਆ । ਉਹ ਪਤਿਪਰਮੇਸ਼ਵਰ ਆਵੇ ਪਰਤ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜਿਸ ਦੀ ਕੌਲ ਇਕਰਾਰਾਂ ਵਾਲੀ ਸਾਡੇ ਨਾਲ ਸ਼ਰਤ, ਸ਼ਰਅ ਦਾ ਸ਼ਰੀਅਤ ਵਾਲਾ ਲੇਖਾ ਦਏ ਮੁਕਾਈਆ । ਉਹ ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਆਵੇ ਉਤੋਂ ਅਰਸ਼, ਅਰਸ਼ੀ ਪ੍ਰੀਤਮ ਅਗੰਮ ਅਥਾਹੀਆ । ਉਸ ਦਾ ਖ਼ੁਸ਼ੀਆਂ ਵਾਲਾ ਇਕ ਅਗੰਮਾ ਬਰਸ, ਬਰਸੀ ਸਭ ਦੀ ਵੇਖ ਵਖਾਈਆ । ਧਰਨੀ ਤੇਰੇ ਉਤੇ ਕਰੇ ਤਰਸ, ਰਹਿਮਤ ਰਹੀਮ ਆਪ ਕਮਾਈਆ । ਤੇਰੀ ਪੂਰਬਲੀ ਮੇਟੇ ਹਰਸ, ਅਗਲੀ ਹਵਸ ਦਏ ਬੁਝਾਈਆ । ਸਤਿ ਧਰਮ ਦਾ ਮੇਘ ਬਰਸ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਉਸ ਦਾ ਖੇਲ ਹੋਣਾ ਅਸਚਰਜ, ਜ਼ਿਮੀਂ ਜ਼ਮਾਂ ਦੋ ਜਹਾਨ ਬਿਨ ਨੈਣਾਂ ਲਏ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਦੀਨ ਦਿਆਲ ਆਏਗਾ । ਜੋਤੀ ਜਾਤਾ ਵੇਸ ਵਟਾਏਗਾ । ਪੁਰਖ ਬਿਧਾਤਾ ਖੇਲ ਖਿਲਾਏਗਾ । ਜਗਤ ਜਹਾਨਾ ਪਰਦਾ ਉਠਾਏਗਾ । ਨਾਮ ਨਿਧਾਨਾ ਇਕ ਸਮਝਾਏਗਾ । ਧਰਮ ਨਿਸ਼ਾਨਾ ਇਕ ਝੁਲਾਏਗਾ । ਸੀਤਾ ਰਾਮਾ ਵੇਖ ਵਖਾਏਗਾ । ਕਾਹਨਾ ਕ੍ਰਿਸ਼ਨਾ ਪਰਦਾ ਲਾਹੇਗਾ । ਪੈਗ਼ੰਬਰਾਂ ਬਾਹਰ ਅੰਬਰਾਂ ਰੰਗ ਰੰਗਾਏਗਾ । ਗੁਰੂ ਗੁਰਦੇਵਾ ਵੇਖ ਵਖਾਏਗਾ । ਅਲਖ ਅਭੇਵਾ ਆਪਣੀ ਕਲ ਵਰਤਾਏਗਾ । ਜਿਸ ਦੀ ਸਿਫ਼ਤ ਕਰਦੇ ਰਸਨਾ ਜਿਹਵਾ, ਸੋ ਸਵਾਮੀ ਫੇਰਾ ਪਾਏਗਾ । ਤੇਰੇ ਮਸਤਕ ਕੌਸਤਕ ਲਾ ਕੇ ਥੇਵਾ, ਕੂੜੀ ਕਿਰਿਆ ਮੇਟ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਮਿਹਰ ਨਜ਼ਰ ਇਕ ਉਠਾਏਗਾ । ਮਿਹਰ ਨਜ਼ਰ ਇਕ ਉਠਾਵੇਗਾ । ਚਾਰੋਂ ਕੁੰਟ ਵੇਖ ਵਖਾਵੇਗਾ । ਭੇਵ ਅਭੇਦਾ ਆਪ ਖੁਲਾਵੇਗਾ । ਦੇਵੀ ਦੇਵਾ ਵੇਸ ਵਟਾਵੇਗਾ । ਧਾਮ ਨਿਹਚਲ ਨਿਹਕੇਵਾ ਇਕ ਦ੍ਰਿੜਾਵੇਗਾ । ਤੇਰੀ ਪਿਛਲੀ ਪੂਰਬ ਕੀਤੀ ਸੇਵਾ, ਧਰਨੀ ਆਪਣੇ ਲੇਖੇ ਲਾਵੇਗਾ । ਅਗੇ ਦੇ ਕੇ ਅੰਮ੍ਰਿਤ ਰਸ ਮੇਵਾ, ਅੰਮਿਉਂ ਰਸ ਆਪ ਚੁਆਵੇਗਾ । ਮਾਲਕ ਖ਼ਾਲਕ ਹੋ ਕੇ ਵਡ ਦੇਵੀ ਦੇਵਾ, ਦੀਨ ਦੁਨੀ ਦੀ ਆਤਮਾ ਪਰਮਾਤਮਾ ਆਪ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਦਾ ਕਰਤਾ ਆਪ ਅਖਵਾਵੇਗਾ । ਕਰਨੀ ਦਾ ਕਰਤਾ ਕਾਰ ਕਮਾਏਗਾ । ਨਿਰਾਕਾਰ ਨਿਰਵੈਰ ਵੇਸ ਵਟਾਏਗਾ । ਸਾਕਾਰ ਦਾਤਾਰ ਆਪਣਾ ਰੰਗ ਚੜ੍ਹਾਏਗਾ । ਲਹਿਣਾ ਦੇਣਾ ਮੇਟ ਮੁਹੰਮਦ ਯਾਰ, ਚਾਰ ਯਾਰੀ ਨਾਲ ਮਿਲਾਏਗਾ । ਮੂਸਾ ਰਹੇ ਨਾ ਕੋਇ ਉਧਾਰ, ਹਜ਼ਰਤ ਈਸਾ ਝੋਲੀ ਆਪ ਭਰਾਏਗਾ । ਜੋ ਵੇਦ ਵਿਆਸੇ ਲਿਖਿਆ ਲੇਖ ਅਪਾਰ, ਅਪਰੰਪਰ ਪਰਦਾ ਆਪ ਉਠਾਏਗਾ । ਜੋ ਨਿਰਗੁਣ ਨਾਨਕ ਗਿਆ ਉਚਾਰ, ਸੋ ਲੇਖਾ ਧਰਨੀ ਧਰਤ ਧਵਲ ਧੌਲ ਤੇਰੀ ਝੋਲੀ ਪਾਏਗਾ । ਜੋ ਗੋਬਿੰਦ ਕਿਹਾ ਨਾਲ ਖੰਡੇ ਦੀ ਧਾਰ, ਖੰਡਾ ਖੜਗ ਨਾਮ ਚਮਕਾਏਗਾ । ਜਿਸ ਦਾ ਲੇਖਾ ਲਿਖ ਸਕਿਆ ਨਹੀਂ ਕੋਈ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤਿਸ ਨੂੰ ਸੀਸ ਨਿਵਾਏਗਾ । ਓਹ ਕਲ ਕਲਕੀ ਲਏ ਅਵਤਾਰ, ਕਲ ਕਲੇਸ਼ ਤੇਰੇ ਉਤੋਂ ਮਿਟਾਏਗਾ । ਤੂੰ ਬਿਨ ਹੱਥਾਂ ਕਰਾਂ ਕਰੀਂ ਨਿਮਸਕਾਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਏਕੋ ਧਾਰ, ਧਰਨੀ ਧਰਤ ਧਵਲ ਧੌਲ ਤੇਰਾ ਧਰਮ ਦਵਾਰਾ ਇਕ ਪ੍ਰਗਟਾਏਗਾ ।

### ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਕੁਰਕੁਸ਼ੇਤਰ ਸ਼ਹਿਰ ਨਿਰੰਜਣ ਸਿੰਘ ਦੇ ਗ੍ਰਿਹ

ਧਰਨੀ ਕਹੇ ਮੈਂ ਹੱਥੀਂ ਬੱਧੀ ਹੋਣਾ ਗ਼ੁਲਾਮ, ਗ਼ੁਰਬਤ ਅੰਦਰ ਨਾ ਕੋਇ ਰਖਾਈਆ । ਮੇਰਾ ਸਾਹਿਬ ਸਵਾਮੀ ਆਏ ਪੁਰਖ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਮੈਂ ਸਜਦਿਆਂ ਵਿਚ ਕਰਾਂ ਸਲਾਮ, ਨਿਵ ਨਿਵ ਲਾਗਾਂ ਪਾਈਆ । ਧੁਰ ਦਾ ਸ਼ਬਦ ਅਗੰਮੀ ਸੁਣਾਂ ਕਲਾਮ, ਕਲਮਾ ਜੋ ਕਾਇਨਾਤ ਤੋਂ ਬਾਹਰ ਦ੍ਰਿੜਾਈਆ । ਸਚ ਸੰਦੇਸ਼ਾ ਹਰਿ ਨਰੇਸ਼ਾ ਦਏ ਪੈਗ਼ਾਮ, ਜਿਸ ਨੂੰ ਪੈਗ਼ੰਬਰ ਸੀਸ ਨਿਵਾਈਆ । ਉਹ ਅੰਤ ਅਖ਼ੀਰ ਬੇਨਜ਼ੀਰ ਆਪਣੇ ਹੱਥ ਰਖੇ ਇੰਤਜ਼ਾਮ, ਇੰਤਕਾਮ ਲਏ ਖ਼ਲਕ ਖ਼ੁਦਾਈਆ । ਮੇਰਾ ਸਿਦਕ ਸਬੂਰੀ ਵਾਲਾ ਹੋਵੇ ਇਕ ਈਮਾਨ, ਅਮਲਾਂ ਤੋਂ ਰਹਿਤ ਦਏ ਸਮਝਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਸਵਾਮੀ ਅਗੰਮ ਅਥਾਹੀਆ । ਧਰਨੀ ਕਹੇ ਮੈਂ ਝੁਕਾਂ ਓਸ ਮਾਹੀ, ਜੋ ਮਹਿਬੂਬ ਇਕ ਅਖਵਾਈਆ । ਜਿਸ ਦੇ ਪੈਗ਼ੰਬਰ ਬਣੇ ਪਾਂਧੀ ਰਾਹੀ, ਰਹਿਬਰ ਇਕੋ ਨਜ਼ਰੀ ਆਈਆ । ਉਹ ਅੰਤ ਹੋਏ ਮੇਰਾ ਸਹਾਈ, ਸਦੀ ਚੌਧਵੀਂ ਜਿਸ ਨੂੰ ਸੀਸ ਨਿਵਾਈਆ । ਪੈਗ਼ੰਬਰ ਜਿਸ ਦੀ ਚਰਨ ਧੂੜ ਲਾਉਣ ਸ਼ਾਹੀ, ਮਸਤਕ ਕਦਮਾਂ ਨਾਲ ਛੁਹਾਈਆ । ਉਹ ਦਾਤਾ ਦਇਆਵਾਨ ਬੇਪਰਵਾਹੀ, ਅਲਖ ਅਗੋਚਰ ਅਗੰਮ ਇਕ ਅਖਵਾਈਆ । ਜੋ ਲਹਿਣਾ ਦੇਣਾ ਅੰਤ ਦਏ ਮੁਕਾਈ, ਮੁਕੰਮਲ ਆਪਣਾ ਹੁਕਮ ਵਰਤਾਈਆ । ਜਿਸ ਨੇ ਲੇਖੇ ਲਾਉਣਾ ਗੋਬਿੰਦ ਵਾਲਾ ਢਈਆ ਸੌ ਢਾਈ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕੂੜ ਕਿਰਿਆ ਮੇਰੇ ਉਤੋਂ ਕਰੇ ਸਫ਼ਾਈ, ਸਫ਼ਾ ਮਲੇਛਾਂ ਦਏ ਉਠਾਈਆ । ਇਕੋ ਨਾਮ ਢੋਲਾ ਸੋਹਲਾ ਦਏ ਸੁਣਾਈ, ਅਨੁਰਾਗੀ ਰਾਗ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਰਦਾ ਦਏ ਖੁਲਾਈ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ ।

### ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਕੁਰਕੁਸ਼ੇਤਰ ਸ਼ਹਿਰ ਸਰਦੂਲ ਸਿੰਘ ਦੇ ਗ੍ਰਿਹ

ਧਰਨੀ ਕਹੇ ਮੇਰਾ ਸਾਹਿਬ ਸਵਾਮੀ ਅੰਤਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਵੇਖਣ ਪਾਏ ਨਾ ਕੋਈ ਉਤੇ ਗਗਨ ਗਗਨੰਤਰ, ਪੁਰੀਆਂ ਲੋਆਂ ਤੋਂ ਬਾਹਰ ਡੇਰਾ ਲਾਈਆ । ਜਿਸ ਕੋਟਨ ਕੋਟ ਬ੍ਰਹਿਮੰਡ ਖੰਡ ਬਣਾਈ ਬਣਤਰ, ਘੜਨ ਭੰਨਣਹਾਰ ਇਕ ਅਖਵਾਈਆ । ਜਿਸ ਦੇ ਨਾਮ ਕਲਮੇ ਮੰਤਰ, ਜੁਗ ਚੌਕੜੀ ਢੋਲੇ ਸਿਫ਼ਤਾਂ ਵਾਲੇ ਗਾਈਆ । ਉਹ ਸਵਾਮੀ ਅੰਤਰਜਾਮੀ ਮੇਰਾ ਕੰਤੂਹਲਾ ਕੰਤਨ, ਕਰਤਾ ਪੁਰਖ ਇਕ ਅਖਵਾਈਆ । ਜੋ ਦੇਵੇ ਮਾਣ ਵਡਿਆਈ ਭਗਤਨ ਸੰਤਨ, ਸਤਿਗੁਰ ਸ਼ਬਦ ਹੋਏ ਸਹਾਈਆ । ਸੋ ਕਲਜੁਗ ਲੇਖਾ ਵੇਖੇ ਜੀਵ ਜੰਤਨ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਵਡ ਵਡਿਆਈਆ । ਧਰਨੀ ਕਹੇ ਮੇਰਾ ਸਾਹਿਬ ਪਰਮ ਪੁਰਖ ਬਿਧਾਤਾ, ਹਰਿ ਕਰਤਾ ਇਕ ਅਖਵਾਈਆ । ਜੋ ਮੇਟੇ ਕਲਜੁਗ ਰੈਣ ਅੰਧੇਰੀ ਰਾਤਾ, ਰੁਤੜੀ ਸਤਿ ਧਰਮ

੮੯੯
੨੩

ਮਹਿਕਾਈਆ । ਆਤਮ ਪਰਮਾਤਮ ਜੋੜੇ ਨਾਤਾ, ਭਗਤ ਭਗਵੰਤ ਆਪਣਾ ਰੰਗ ਰੰਗਾਈਆ । ਦੋ ਜਹਾਨ ਬਣ ਕੇ ਪਿਤਾ ਮਾਤਾ, ਸੰਤ ਸੁਹੇਲੇ ਆਪਣੀ ਗੋਦ ਟਿਕਾਈਆ । ਝਗੜਾ ਮੇਟ ਕੇ ਜ਼ਾਤ ਪਾਤਾ, ਗੁਰਮੁਖ ਗੁਰਸਿਖ ਇਕੋ ਰੰਗ ਰੰਗਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਦੇਵੇ ਦਾਤਾ, ਦਾਤਾ ਦਾਨੀ ਆਪ ਅਖਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥਾ, ਗਹਿਰ ਗੰਭੀਰ ਬੇਨਜ਼ੀਰ ਅੰਤਰ ਪਰਦਾ ਦਏ ਚੁਕਾਈਆ । ਕਿਰਪਾ ਕਰੇ ਪੁਰਖ ਸਮਰਾਥਾ, ਸਮਰਥ ਪੁਰਖ ਵੱਡੀ ਵਡਿਆਈਆ । ਧਰਨੀ ਕਹੇ ਮੈਂ ਉਸ ਨੂੰ ਟੇਕਾਂ ਮਾਥਾ, ਮਸਤਕ ਧੂੜੀ ਖ਼ਾਕ ਰਮਾਈਆ । ਜੋ ਆਤਮ ਪਰਮਾਤਮ ਸਭ ਦਾ ਜੋਤੀ ਜਾਤਾ, ਜਾਗਰਤ ਜੋਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੇਰੀ ਪੂਰਨ ਕਰੇ ਆਸਾ, ਆਸਾ ਮਨਸਾ ਤਮੰਨਾ ਖ਼ਾਹਸ਼ ਪੁਰਖ ਅਬਿਨਾਸ਼ ਆਪਣੇ ਵਿਚ ਮਿਲਾਈਆ ।

✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਥਨੇਸਰ ਸ਼ਹਿਰ ਗੁਰਮੇਜ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਕਰ ਦੇ ਉਘੇ, ਜੋ ਉਸਤਤ ਤੇਰੀ ਰਹੇ ਗਾਈਆ । ਮਾਣ ਦਵਾ ਦੇ ਵਿਚ ਕਲਜੁਗੇ, ਜੋਗ ਜੁਗਤ ਆਪਣੀ ਇਕ ਦ੍ਰਿੜਾਈਆ । ਉਨ੍ਹਾਂ ਦੀਪਕ ਕਦੇ ਨਾ ਬੁਝੇ, ਜੁਗ ਚੌਕੜੀ ਹੋਏ ਰੁਸ਼ਨਾਈਆ । ਤੇਰਾ ਘਰ ਸਵਾਮੀ ਇਕੋ ਸੁਝੇ, ਦੂਸਰ ਓਟ ਨਾ ਕੋਇ ਤਕਾਈਆ । ਚਰਨ ਪ੍ਰੀਤੀ ਵਿਚ ਰਹਿਣ ਰੁਝੇ, ਨੇਤਰ ਅੱਖ ਸਕੇ ਨਾ ਕੋਇ ਬਦਲਾਈਆ । ਅੰਤ ਭੇਵ ਖੋਲ ਦੇ ਗੁਝੇ, ਪਰਦਾ ਆਤਮ ਪਰਮਾਤਮ ਉਠਾਈਆ । ਮੈਂ ਖ਼ੁਸ਼ੀ ਹੋਵਾਂ ਧਰਨੀ ਧਰਤ ਬਸੁਧੇ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਸਚ ਸਚ ਵਰਤਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਕਾਇਆ ਮੰਡਲ ਕਰ ਰਾਸ, ਘਰ ਘਰ ਆਪਣਾ ਖੇਲ ਵਖਾਈਆ । ਨਿਜ ਆਤਮ ਵਸ ਪਾਸ, ਕਰਵਟ ਆਪਣੀ ਆਪ ਬਦਲਾਈਆ । ਚਰਨ ਪ੍ਰੀਤੀ ਵਿਚ ਕਰ ਦਾਸ, ਦਾਸੀ ਦਾਸ ਰੂਪ ਬਦਲਾਈਆ । ਲੇਖੇ ਲਾ ਪਵਣ ਸਵਾਸ, ਸਾਹ ਸਾਹ ਸਮਾਈਆ । ਘਰ ਖੇਲ ਵਖਾ ਗਗਨ ਗਗਨੰਤਰ ਪ੍ਰਿਥਮੀ ਆਕਾਸ਼, ਮੰਡਲਾਂ ਪੰਧ ਮੁਕਾਈਆ । ਕੂੜ ਵਿਕਾਰਾ ਕਰ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਤੇਰੇ ਪਿਆਰ ਦੀ ਸਦਾ ਰਹੇ ਪਿਆਸ, ਪ੍ਰਿਥਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਦਰ ਸੁਹਾ ਦੇ ਰੁਤ, ਰੁਤੜੀ ਧਰਮ ਧਾਰ ਮਹਿਕਾਈਆ । ਭਾਗ ਲਗਾ ਦੇ ਕਾਇਆ ਬੁਤ, ਬੁਤਖ਼ਾਨੇ ਵੱਜੇ ਵਧਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਆਪ ਜਗਾਈਆ । ਸਚਖੰਡ ਨਿਵਾਸੀ ਆਪਣੇ ਬਣਾ ਦੁਲਾਰੇ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਮਿਹਰਵਾਨ ਹੋ ਕੇ ਤੁਠ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਦੇ ਦੇ ਸਚ ਸੁਚ, ਸੰਜਮ ਆਪਣਾ ਇਕ ਸਮਝਾਈਆ ।

੯੦੦
੨੩

## ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਚੱਬੇ ਜ਼ਿਲਾ ਕਰਨਾਲ ਬਚਨ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭੂ ਤੇਰੇ ਭਗਤ ਹੋਣ ਪਤਵੰਤ, ਪਤਿਪਰਮੇਸ਼ਵਰ ਦਇਆ ਕਮਾਈਆ । ਪਿਆਰੇ ਹੋਣ ਸਾਜਣ ਸੰਤ, ਸਤਿ ਵਿਚ ਸਮਾਈਆ । ਗੁਰਮੁਖ ਗਾਉਂਦੇ ਹੋਣ ਮੰਤ, ਤੇਰਾ ਨਾਮ ਸੁਣਾਈਆ । ਗੁਰਸਿਖ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਰੰਗ ਰੰਗਾਈਆ । ਧਰਮ ਦੀ ਧਾਰ ਬਣਨ ਸੰਗਤ, ਸਗਲਾ ਸੰਗ ਬਣਾਈਆ । ਦੇਣੀ ਵਡਿਆਈ ਵਿਚੋਂ ਜੀਵ ਜੰਤ, ਸਿਰ ਆਪਣਾ ਹੱਥ ਰਖਾਈਆ । ਕਲਜੁਗ ਕੂੜੀ ਕਿਰਿਆ ਕਰਨੀ ਭਸਮੰਤ, ਭਸਮੜ ਆਪਣਾ ਰੂਪ ਵਟਾਈਆ । ਤੇਰਾ ਖੇਲ ਜੁਗਾ ਜੁਗੰਤ, ਜੁਗ ਕਰਤੇ ਤੇਰੇ ਹੱਥ ਵਡਿਆਈਆ । ਕਲਜੁਗ ਲਹਿਣਾ ਦੇ ਦੇ ਅੰਤ, ਅੰਤਸ਼ਕਰਨ ਕਰ ਸਫ਼ਾਈਆ । ਸਭ ਦੀ ਮੌਲੇ ਰੁਤ ਬਸੰਤ, ਪੱਤ ਟਹਿਣੀ ਫੁੱਲ ਆਪ ਬਣਾਈਆ । ਧਰਮ ਦੀ ਬਣਾ ਦੇ ਬਣਤ, ਘੜਨ ਭੰਨਣਹਾਰ ਤੇਰੀ ਸਰਨਾਈਆ । ਮੈਂ ਬੇਨੰਤੀ ਕਰਾਂ ਵਾਰ ਅਨੰਤ, ਅਨਕ ਕਲ ਗੁਣ ਤੇਰੇ ਰਹੀ ਗਾਈਆ । ਤੂੰ ਦਾਤਾ ਦਾਨੀ ਬੜਾ ਧਨਵੰਤ, ਦੇਵਣਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਸਚ ਨਾਮ ਵਰਤਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਭੰਡਾਰੇ ਭਰ, ਤੋਟ ਰਹੇ ਨਾ ਰਾਈਆ । ਭਾਗ ਲਗਾ ਦੇ ਘਰ, ਗ੍ਰਹਿ ਮੰਦਰ ਵੱਜੇ ਵਧਾਈਆ । ਪਵਿਤ੍ਰ ਬਣਾ ਦੇ ਸਰ, ਸਰੋਵਰ ਇਕ ਸੁਹਾਈਆ । ਦੁਰਮਤ ਮੈਲ ਦੂਰ ਕਰ, ਹਰ ਹਿਰਦੇ ਅੰਦਰ ਕਰ ਸਫ਼ਾਈਆ । ਨਿਰਭੌ ਚੁਕਾ ਡਰ, ਭੈ ਰਹਿਣ ਕੋਇ ਨਾ ਪਾਈਆ । ਮਾਨਸ ਜਨਮ ਜਾਣ ਤਰ, ਅਧਵਿਚਕਾਰ ਨਾ ਕੋਇ ਰੁੜ੍ਹਾਈਆ । ਇਕੋ ਸੁਹੰਜਣਾ ਤੇਰਾ ਦਿਸੇ ਦਰ, ਦਰ ਦਰਵਾਜ਼ਾ ਦੇਣਾ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਪਵਿਤ੍ਰ ਕਰ ਦੇ ਅੰਤਸ਼ਕਰਨ, ਕਰਨੀ ਦੇ ਕਰਤੇ ਦਇਆ ਕਮਾਈਆ । ਭੈ ਚੁਕਾ ਦੇ ਮਰਨ ਡਰਨ, ਜਨਮ ਮਰਨ ਵਿਚ ਕਦੇ ਨਾ ਆਈਆ । ਇਕੋ ਮੰਜ਼ਲ ਚੜ੍ਹਨ, ਦਰਗਾਹ ਸਾਚੀ ਜਾਣ ਚਾਈਂ ਚਾਈਂਆ । ਤ੍ਰੈਗੁਣ ਅੱਗ ਵਿਚ ਨਾ ਸੜਨ, ਮਾਇਆ ਮਮਤਾ ਨਾ ਕੋਇ ਹਲਕਾਈਆ । ਆਤਮ ਪਰਮਾਤਮ ਢੋਲਾ ਪੜ੍ਹਨ, ਘਰ ਸਾਚੇ ਵੱਜੇ ਵਧਾਈਆ । ਤੂੰ ਸਵਾਮੀ ਖ਼ਾਲਕ ਨਰਾਇਣ ਨਰਣ, ਨਰ ਹਰਿ ਆਪਣੇ ਰੰਗ ਰੰਗਾਈਆ । ਤੂੰ ਕਰਤਾ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਜੋ ਤੇਰੀ ਲੱਗੇ ਸਰਨ, ਸਰਨਗਤ ਦੇਣੀ ਸ਼ਰਨਾਈਆ । ਉਹ ਸੰਤ ਸੁਹੇਲੇ ਤਰਨ, ਗੁਰਮੁਖ ਪਾਰ ਲੰਘਾਈਆ । ਜਿਨ੍ਹਾਂ ਗੁਰਸਿਖਾਂ ਤੇਰੇ ਛੋਹੇ ਚਰਨ, ਚਰਨ ਕਵਲ ਦੇਣੀ ਵਡਿਆਈਆ । ਲੇਖਾ ਪੂਰਾ ਕਰਨਾ ਸੀਸ ਧੜਨ, ਪੰਜ ਤੱਤ ਦਾ ਲੇਖ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਕਰਨੀ ਦਾ ਕਰਤਾ ਕਰਤਾ ਪੁਰਖ ਕਰਨਹਾਰ, ਨਿਰੰਕਾਰ ਇਕ ਅਖਵਾਈਆ ।

## ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਅਮੀਨ ਜ਼ਿਲਾ ਕਰਨਾਲ ਠਾਕਰ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭੂ ਚਾਰ ਜੁਗ ਦੇ ਸ਼ਾਸਤਰ ਕਰਨ ਪੁਕਾਰ, ਪੁਨਹ ਪੁਨਹ ਸਵਾਮੀ ਅੰਤਰਜਾਮੀ ਦਰ ਤੇਰੇ ਸੀਸ ਨਿਵਾਈਆ । ਸ੍ਰਿਸ਼ਟੀ ਦ੍ਰਿਸ਼ਟੀ

ਅੰਤਰ ਨਿਰੰਤਰ ਸਾਡਾ ਰਿਹਾ ਨਾ ਕੋਇ ਪਿਆਰ, ਪੀਆ ਪ੍ਰੀਤਮ ਪਾਰਬ੍ਰਹਮ ਪਰਵਰਦਿਗਾਰ ਤੇਰੀ ਓਟ ਤਕਾਈਆ । ਨਵ ਸੱਤ ਬ੍ਰਹਮ ਮਤ ਤਤਵ ਤਤ ਗਈ ਹਾਰ, ਧੀਰਜ ਜਤ ਵੇਖਣ ਕੋਇ ਨਾ ਪਾਈਆ । ਮੇਰੇ ਸਾਹਿਬ ਸਮਰਥ ਤੇਰੀ ਮਹਿੰਮਾ ਅਕਥ ਰਸਨਾ ਜਿਹਵਾ ਸਕੇ ਨਾ ਕੋਇ ਉਚਾਰ, ਬੱਤੀ ਦੰਦ ਨਾ ਕੋਇ ਵਡਿਆਈਆ । ਮੈਂ ਬਸੁਧਾ ਹੋ ਕੇ ਨੇਤਰ ਰੋਵਾਂ ਜ਼ਾਰੋ ਜ਼ਾਰ, ਜਾਹਰ ਜ਼ਹੂਰ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾ ਸਾਰ, ਮਹਾਸਾਰਥੀ ਆਪਣਾ ਫੇਰਾ ਪਾਈਆ । ਹੋ ਨਿਮਾਣੀ ਡਿੱਗੀ ਹਰਿ ਕੇ ਦਵਾਰ, ਦੋਏ ਜੋੜ ਸੀਸ ਨਿਵਾਈਆ । ਮੇਰੀ ਰਖ ਪਤ ਨਿਰੰਕਾਰ, ਨਿਰਵੈਰ ਤੇਰੀ ਓਟ ਤਕਾਈਆ । ਮੈਂ ਚਰਨ ਧੂੜੀ ਮਸਤਕ ਲਾਵਾਂ ਛਾਰ, ਸ਼ਹਿਨਸ਼ਾਹ ਪ੍ਰਭ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੈਂ ਪ੍ਰਭ ਆਸਾ ਰਖੀ, ਨਿਤਾਣੀ ਹੋ ਕੇ ਸੀਸ ਨਿਵਾਈਆ । ਮਿਹਰਵਾਨ ਮਹਿਬੂਬ ਤੇਰਾ ਦਰਸ ਕਰਾਂ ਅਗੰਮੀ ਅੱਖੀਂ, ਬਿਨ ਲੋਇਣਾ ਨਜ਼ਰੀ ਆਈਆ । ਮੈਂ ਧਰਮ ਧਾਰ ਦੀ ਬਿਨਾ ਪੰਜਾਂ ਤੱਤਾਂ ਤੋਂ ਤੇਰੀ ਸਖ਼ੀ, ਕਾਹਨਾ ਦੇ ਕਾਹਨ ਤੇਰੇ ਚਰਨਾਂ ਸੀਸ ਨਿਵਾਈਆ । ਮੇਰੀ ਡੰਡਾਵਤ ਬੰਦਨਾ ਮਨਜ਼ੂਰ ਕਰੀਂ ਬਿਨਾ ਦੋ ਹੱਥੀਂ, ਹਥੇਲੀ ਹਥੇਲੀ ਨਾਲ ਮਿਲਾਈਆ । ਤੂੰ ਸਤਿਗੁਰ ਦਾਤਾ ਗਹਿਰ ਗੰਭੀਰ ਸਮਰਥੀ, ਸਮਰਥ ਤੇਰੀ ਵਡਿਆਈਆ । ਮੇਰੇ ਮਹਿਬੂਬਾ ਮੈਂ ਤੇਰੇ ਸਥਰ ਲੱਥੀ, ਯਾਰੜਾ ਗੋਬਿੰਦ ਗਿਆ ਜਣਾਈਆ । ਬ੍ਰਿਹੋਂ ਵੈਰਾਗਣ ਹੋ ਕੇ ਨਵ ਨੌਂ ਚਾਰ ਫਿਰਾਂ ਨੱਸੀ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਤੇਰੀ ਇੰਤਜ਼ਾਰੀ, ਜ਼ਾਹਰ ਜ਼ਹੂਰ ਤੇਰਾ ਅਗੰਮਾ ਰਾਹ ਤਕਾਈਆ । ਮੈਂ ਤੇਰੀ ਖ਼ਾਦਮ ਹੋ ਕੇ ਕਰਾਂ ਖ਼ਿਦਮਤਗਾਰੀ, ਨਿਵ ਨਿਵ ਲਾਗਾਂ ਪਾਈਆ । ਤੂੰ ਸ਼ਹਿਨਸ਼ਾਹ ਮੇਰੀ ਸਿਕਦਾਰੀ, ਹੁਕਮ ਸੰਦੇਸ਼ਾ ਦੇਣਾ ਚਾਈਂ ਚਾਈਂਆ । ਮੈਂ ਦੋਏ ਜੋੜ ਕਰਾਂ ਨਿਮਸਕਾਰੀ, ਧੂੜੀ ਖ਼ਾਕ ਰਮਾਈਆ । ਮੇਰੇ ਸਾਹਿਬ ਸਵਾਮੀ ਜਾਵਾਂ ਬਲ ਬਲਹਾਰੀ, ਆਪਣਾ ਆਪ ਭੇਟ ਕਰਾਈਆ । ਤੂੰ ਨਿੱਕੀ ਕਰ ਉਜਿਆਰੀ, ਉਜਾਲਾ ਦੋ ਜਹਾਨਾਂ ਵੇਖ ਵਖਾਈਆ । ਮੈਂ ਤੇਰਾ ਇਕੋ ਲਾਵਾਂ ਜੈਕਾਰੀ, ਢੋਲਾ ਇਕ ਸੁਣਾਈਆ । ਨੌ ਸੌ ਚੁਰਾਨਮੇਂ ਚੌਕੜੀ ਜੁਗ ਪਿਛੋਂ ਪੁਰਖ ਅਕਾਲੇ ਆਈ ਤੇਰੀ ਵਾਰੀ, ਵਾਰਤਾ ਸਭ ਦੀ ਵੇਖ ਵਖਾਈਆ । ਦਰ ਠਾਂਡੇ ਅਰਜ਼ ਗੁਜ਼ਾਰੀ, ਗੁਜ਼ਾਰਿਆਂ ਵਿਚ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਚ ਦਰਬਾਰੀ, ਧੁਰ ਦਰਬਾਰੇ ਮੇਰੀ ਆਸਾ ਪੂਰ ਦੇਣੀ ਕਰਾਈਆ ।

### ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਅਮੀਨ ਜ਼ਿਲਾ ਕਰਨਾਲ ਜਗਤਾਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਅੰਤਰ ਹਿਰਦਾ, ਬਿਨ ਅੱਖਾਂ ਅੱਖ ਉਠਾਈਆ । ਮੇਰੇ ਨੇਤਰਾਂ ਤੱਕ ਲੈ ਬਿਨ ਪਾਣੀਉਂ ਹੰਝੂ ਕਿਰਦਾ, ਬਿਨ ਨੈਣਾਂ ਛਹਿਬਰ ਲਾਈਆ । ਮੈਂ ਤੇਰਾ ਖੇਲ ਤੱਕਾਂ ਚਿਰ ਦਾ, ਜੁਗ ਚੌਕੜੀ ਗਏ ਵਿਹਾਈਆ । ਤੂੰ ਮਾਲਕ ਖ਼ਾਲਕ ਘਰ ਥਿਰ ਦਾ, ਸਚਖੰਡ

੯੦੧
੨੩

ਸਾਚੇ ਸੋਭਾ ਪਾਈਆ । ਮੈਨੂੰ ਸਹਾਰਾ ਤੇਰੇ ਪਿਰ ਦਾ, ਪੀਆ ਪ੍ਰੀਤਮ ਤੇਰੀ ਓਟ ਤਕਾਈਆ । ਬਿਨ ਤੇਰੀ ਕਿਰਪਾ ਜੁਗ ਚੌਕੜੀ ਗੇੜਾ ਕਦੇ ਨਾ ਗਿੜਦਾ, ਪਾਂਧੀਆਂ ਪੰਧ ਨਾ ਕੋਇ ਮੁਕਾਈਆ । ਕਲਜੁਗ ਲਹਿਣਾ ਦੇਣਾ ਸਦੀ ਚੌਧਵੀਂ ਮੂਲ ਨਾ (ਨਿਬੜਦਾ), ਅਦਲ ਇਨਸਾਫ਼ ਹੱਥ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਆਸਾ ਰਖੀ ਓਹ, ਓੜਕ ਧਿਆਨ ਲਗਾਈਆ । ਤੇਰੀ ਸੁਣ ਕੇ ਅਗੰਮੀ ਸੋ, ਸੋ ਪੁਰਖ ਨਿਰੰਜਣ ਲਈ ਅੰਗੜਾਈਆ । ਹਰਿ ਪੁਰਖ ਨਿਰੰਜਣ ਤੇਰੀ ਧਾਰਾ ਜਾਵਾਂ ਹੋ, ਏਕੰਕਾਰ ਤੇਰੇ ਰੂਪ ਵਿਚ ਸਮਾਈਆ । ਆਦਿ ਨਿਰੰਜਣ ਤੇਰਾ ਰੂਪ ਦਰਸਾਵਾਂ ਲੋ, ਬਿਨਾ ਲੋਇਣਾਂ ਡਗਮਗਾਈਆ । ਅਬਿਨਾਸ਼ੀ ਕਰਤੇ ਤੇਰਾ ਸੁਹੰਜਣਾ ਹੋਵੇ ਮੋਹ, ਮੁਹੱਬਤ ਸਕੇ ਨਾ ਕੋਇ ਤੁੜਾਈਆ । ਸ੍ਰੀ ਭਗਵਾਨ ਤੇਰਾ ਮੇਰਾ ਭੇਵ ਰਹੇ ਨਾ ਦੋ, ਦੂਤੀਆ ਭੇਵ ਮਿਟਾਈਆ । ਪਾਰਬ੍ਰਹਮ ਤੇਰੀ ਧਾਰ ਆਪੇ ਜਾਵਾਂ ਹੋ, ਹੋਕਾ ਦੇ ਕੇ ਹਕ ਸੁਣਾਈਆ । ਤੇਰੇ ਚਰਨ ਕਵਲ ਬਿਨਾ ਚਰਨਾਂ ਤੋਂ ਜਾਵਾਂ ਛੋਹ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਮਾਂਗਤ ਮੰਗਣਹਾਰੀ, ਹਰਿ ਸਾਹਿਬ ਤੇਰੀ ਸਰਨਾਈਆ । ਮਿਹਰਵਾਨਾ ਮੇਰੇ ਉਤੇ ਕਿਰਪਾ ਧਾਰੀ, ਕਿਰਪਾਨਿਧ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਕਰੀਂ ਖ਼ੁਆਰੀ, ਖ਼ਾਲਸ ਆਪਣਾ ਨਾਮ ਪ੍ਰਗਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰੀਂ ਨਾ ਕੋਇ ਵਿਭਚਾਰੀ, ਕੂੜ ਕੁਕਰਮ ਦਾ ਲੇਖਾ ਦੇਣਾ ਮੁਕਾਈਆ । ਹਉਮੇ ਹੰਗਤਾ ਕਢ ਬੀਮਾਰੀ, ਤਨ ਵਜੂਦ ਰੋਗ ਰਹੇ ਨਾ ਰਾਈਆ । ਸਾਚੇ ਨਾਮ ਦੀ ਬਿਨਾ ਰਸਨਾ ਰਸ ਦੇ ਦੇ ਖ਼ੁਮਾਰੀ, ਅੰਮਿਉਂ ਰਸ ਆਪਣਾ ਨਾਮ ਚੁਆਈਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਜੋਤ ਹੋਵੇ ਉਜਿਆਰੀ, ਦੀਏ ਬਾਤੀ ਦੀ ਲੋੜ ਰਹੇ ਨਾ ਰਾਈਆ । ਮੈਂ ਦਰ ਤੇਰੇ ਦੀ ਪਨਿਹਾਰੀ, ਪੁਨਹ ਪੁਨਹ ਸੇਵ ਕਮਾਈਆ । ਚੌਥੇ ਜੁਗ ਕਲਜੁਗ ਅੰਤਮ ਮੇਰੀ ਪਾ ਸਾਰੀ, ਮਹਾਸਾਰਥੀ ਆਪਣਾ ਪੰਧ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਦੇ ਇਕ ਅਧਾਰੀ, ਧੀਰਜ ਧਰਵਾਸ ਜਗਤ ਬੰਧਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਇਕੋ ਹੋਵੇ ਜੈ ਜੈਕਾਰੀ, ਨਾਮ ਢੋਲਾ ਸੋਹਲਾ ਇਕ ਦ੍ਰਿੜਾਈਆ । ਮੇਰੀ ਅੰਤ ਕੰਤ ਭਗਵੰਤ ਪੈਜ ਜਾਵੀਂ ਸਵਾਰੀ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖ ਨਿਰੰਜਣ ਤੇਰੀ ਆਦਿ ਜੁਗਾਦਿ ਸਦਾ ਸਿਕਦਾਰੀ, ਸੀਸ ਜਗਦੀਸ਼ ਸਕੇ ਨਾ ਕੋਇ ਉਠਾਈਆ ।

### ✪ ੩੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਸੁਰਜਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਚੇਤ ਤੇਰਾ ਪ੍ਰਵਿਸ਼ਟਾ ਤੀਸ, ਤ੍ਰੈਗੁਣ ਤੋਂ ਬਾਹਰ ਦਿਆਂ ਜਣਾਈਆ । ਖੇਲ ਤੱਕ ਹਰਿ ਬੀਸ ਇਕੀਸ, ਸਰਗੁਣ ਨਿਰਗੁਣ ਧਿਆਨ ਲਗਾਈਆ । ਕੀ ਹੁਕਮ ਸੰਦੇਸ਼ਾ ਦਏ ਹਦੀਸ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਮੂਸਾ ਈਸ, ਮੁਹੰਮਦ ਅਹਿਮਦ ਨਾਲ ਮਿਲਾਈਆ । ਜਿਸ ਸਾਹਿਬ ਦੇ ਸੀਸ ਤੇ ਛਤਰ ਝੁਲੇ ਹੋਏ ਜਗਦੀਸ਼, ਜਗਦੀਸ਼ਵਰ ਧੁਰਦਰਗਾਹੀਆ । ਉਸ ਨੂੰ ਨਿਰਗੁਣ ਧਾਰ

ਸਭ ਨੇ ਕਹਿਣਾ ਅਵਤਾਰ ਚੌਬੀਸ, ਚੌਬੀਸਾ ਅਗੰਮ ਅਥਾਹੀਆ । ਜਿਸ ਦੀ ਸਭ ਨੇ ਕੀਤੀ ਤਸਦੀਕ, ਸ਼ਹਾਦਤ ਨਾਮ ਕਲਮੇ ਵਾਲੀ ਭੁਗਤਾਈਆ । ਨਿਰਗੁਣ ਸਰਗੁਣ ਸਾਰੇ ਰਹੇ ਉਡੀਕ, ਬਿਨ ਨੈਣਾਂ ਨੈਣ ਉਠਾਈਆ । ਜਿਸ ਦੇ ਵਿਚ ਹਕ ਹੋਵੇ ਤੌਫ਼ੀਕ, ਤੋਹਫ਼ਾ ਨਾਮ ਦਏ ਵਰਤਾਈਆ । ਉਹ ਲਹਿਣਾ ਦੇਣਾ ਲੇਖਾ ਜਾਣੇ ਲਾਸ਼ਰੀਕ, ਪਰਵਰਦਿਗਾਰ ਨੂਰ ਅਲਾਹੀਆ । ਜਿਸ ਦੀ ਸਿਫ਼ਤਾਂ ਵਾਲੀ ਸਾਰੇ ਕਰਨ ਤਮਹੀਦ, ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੁਕਮ ਦੀ ਇਕ ਤਾਕੀਦ, ਤਾਈਦ ਵਿਚ ਸਾਰੇ ਸੀਸ ਨਿਵਾਈਆ ।



### ✪ ੩੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਮਹਿੰਦਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੈਂ ਸਾਹਿਬ ਤੈਥੋਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਕਿਰਪਾ ਕਰ ਮੇਰੇ ਨਰਾਇਣ ਨਿਰੰਕਾਰੀ, ਨਿਰਵੈਰ ਤੇਰੀ ਸਰਨਾਈਆ । ਮੈਂ ਜੁਗ ਚੌਕੜੀ ਪਨਿਹਾਰੀ, ਨਿਤ ਨਿਤ ਸੇਵ ਕਮਾਈਆ । ਕਲਜੁਗ ਕੂਕ ਕਰਾਂ ਪੁਕਾਰੀ, ਪੁਨਹ ਪੁਨਹ ਸੀਸ ਨਿਵਾਈਆ । ਤੁਧ ਬਿਨ ਦਿਸੇ ਨਾ ਕੋਇ ਸਿਕਦਾਰੀ, ਸੀਸ ਹੱਥ ਨਾ ਕੋਇ ਟਿਕਾਈਆ । ਚਾਰੋਂ ਕੁੰਟ ਰੈਣ ਅੰਧਿਆਰੀ, ਨੂਰੀ ਚੰਦ ਨਾ ਕੋਇ ਚਮਕਾਈਆ । ਮੁਹੰਮਦ ਮਸ਼ਵਰਾ ਕਰੇ ਨਾਲ ਚਾਰ ਯਾਰੀ, ਅਬੂਬਕਰ ਐਲੀ ਦਏ ਸਲਾਹੀਆ । ਸਦੀ ਚੌਧਵੀਂ ਕਿਸ ਬਿਧ ਹੋਵੇ ਉਮਤ ਖ਼ੁਆਰੀ, ਖ਼ੈਰਖ਼੍ਵਾਹ ਨਜ਼ਰ ਕੋਇ ਨਾ ਆਈਆ । ਆਯਤ ਸ਼ਰਾਇਤ ਕੁਰਾਨ ਮਜੀਦ ਬਿਨ ਅੱਖਰਾਂ ਕਰੇ ਪੁਕਾਰੀ, ਕੂਕ ਕੂਕ ਸੁਣਾਈਆ । ਈਸਾ ਨਿਗਾਹ ਰਿਹਾ ਮਾਰੀ, ਦਰਗਾਹ ਸਾਚੀ ਨੈਣ ਉਠਾਈਆ । ਮੂਸਾ ਖੇਲ ਤੱਕ ਕੇ ਹੋਏ ਬਲਹਾਰੀ, ਵਾਹਵਾ ਤੇਰੀ ਬੇਪਰਵਾਹੀਆ । ਬਲ ਬਾਵਨ ਦੀ ਪੂਰੀ ਕਰ ਇੰਤਜ਼ਾਰੀ, ਜੋ ਬਿਨ ਨੈਣਾਂ ਨੈਣ ਉਠਾਈਆ । ਧਰਨੀ ਕਹੇ ਪ੍ਰਭੂ ਮੇਰੀ ਨਮੋ ਨਮੋ ਨਿਮਸਕਾਰੀ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕੋਇ ਨਾ ਪਾਵੇ ਸਾਰੀ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਤੇਰੀ ਸਰਨ ਤਕਾਈਆ ।

### ✪ ੩੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਅਜੀਤ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭ ਮੈਂ ਕੀ ਦੱਸਾਂ ਤੇਰੇ ਦਰ, ਸਚਖੰਡ ਕੀ ਜਣਾਈਆ । ਤੂੰ ਆ ਕੇ ਵੇਖ ਮੇਰਾ ਅਨੋਖਾ ਘਰ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੈਂਡਾ ਪੰਧ ਮੁਕਾਈਆ । ਨਵ ਸੱਤ ਤੇਰਾ ਭੈ ਰਿਹਾ ਨਾ ਡਰ, ਹਿਰਦੇ ਹਰਿ ਤੈਨੂੰ ਸਕੇ ਨਾ ਕੋਇ ਵਸਾਈਆ । ਮੈਂ ਵੈਰਾਗਣ ਦੁਖੜੇ ਰਹੀ ਜਰ, ਜੁਗ ਜੁਗ ਵੇਖ ਵਖਾਈਆ । ਪ੍ਰਗਟ ਹੋ ਨਰਾਇਣ ਨਰ, ਜਗਦੀਸ਼ੇ ਚੌਬੀਸੇ ਤੇਰੀ ਆਸ ਰਖਾਈਆ । ਬਿਨ ਤੇਰੀ ਕਿਰਪਾ ਜੀਵਤ ਰਹੀ ਮਰ, ਮਰ ਜੀਵਤ ਰੂਪ ਨਾ ਕੋਇ ਦਰਸਾਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਚਰਨ ਧੂੜ ਨੁਹਾ ਦੇ ਆਪਣੇ ਸਰ, ਸਰੋਵਰ

ਏਕੋ ਏਕਕਾਰ ਦੇਣਾ ਵਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰੇ ਸਹਾਰੇ ਜਾਵੇ ਤਰ, ਤਾਰਨਹਾਰ ਏਕੰਕਾਰ ਤੇਰੀ ਵਡਿਆਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੈਨੂੰ ਫੜਾ ਦੇ ਆਪਣਾ ਲੜ, ਪੱਲੂ ਧੁਰ ਦੇ ਗੰਢ ਪਵਾਈਆ । ਮੇਰੀ ਦਰੋਹੀ ਦੁਹਾਈ, ਕਲਜੁਗ ਕੂੜੀ ਕਿਰਿਆ ਪੁੱਟ ਦੇ ਜੜ, ਚੇਤਨ ਸੁਰਤੀ ਸਭ ਦੀ ਦੇ ਕਰਾਈਆ । ਹਰ ਘਟ ਅੰਦਰ ਪੁਰਖ ਅਕਾਲੇ ਜਾਵਾਂ ਵੜ, ਕਾਇਆ ਮੰਦਰ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹਲਾ ਢੋਲਾ ਜੀਵ ਜੰਤ ਸਾਧ ਸੰਤ ਜਾਣ ਪੜ੍ਹ, ਜਗਿਆਸੂਆਂ ਆਸ ਪੂਰੀ ਦੇਣੀ ਕਰਾਈਆ । ਮੈਂ ਮਾਂਗਤ ਹੋ ਕੇ ਮੰਗਾਂ ਤੇਰੇ ਦਵਾਰੇ ਖੜ, ਬਿਨ ਹੱਥਾਂ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਚਰਨ ਸਰਨ ਸਰਨਾਈ ਜਾਵਾਂ ਪੜ, ਪਰਮ ਪੁਰਖ ਦੂਜੀ ਓਟ ਨਾ ਕੋਇ ਤਕਾਈਆ ।

### ✪ ੩੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਚਰਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਨਿਰਗੁਣ ਧਾਰ ਹੋ ਪ੍ਰਗਟ, ਪਰਗਣਾ ਦੀਨ ਦੁਨੀ ਵੇਖ ਵਖਾਈਆ । ਸਚ ਨਾਮ ਦਾ ਖੋਲ ਇਕੋ ਹੱਟ, ਹਟਵਾਣਾ ਹੋ ਕੇ ਦੇ ਵਰਤਾਈਆ । ਧਰਮ ਦੀ ਧਾਰ ਦੱਸ ਦੇ ਤੱਟ, ਕਿਨਾਰਾ ਇਕੋ ਇਕ ਜਣਾਈਆ । ਦੁਰਮਤ ਮੈਲ ਦੇ ਕੱਟ, ਕਟਾਕਸ਼ ਆਪਣਾ ਨਾਮ ਰਖਾਈਆ । ਮੈਨੂੰ ਨਜ਼ਰੀ ਆਵੇ ਘਟ ਘਟ, ਗ੍ਰਹਿ ਗ੍ਰਹਿ ਆਪਣਾ ਡੇਰਾ ਲਾਈਆ । ਭਾਗ ਲਗਾ ਦੇ ਕਾਇਆ ਮੱਟ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸ਼ਬਦ ਅਨਾਦੀ ਲਾ ਸੱਟ, ਸੋਈ ਸੁਰਤ ਜਗਤ ਜਗਾਈਆ । ਅੰਮ੍ਰਿਤ ਆਤਮ ਨਿਝਰ ਝਿਰਨਿਉਂ ਦੇ ਝੱਟ, ਮਿਹਰਵਾਨ ਮਿਹਰ ਨਜ਼ਰ ਤਕਾਈਆ । ਝਗੜਾ ਮੇਟ ਦੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕਰੇ ਨਾ ਕੋਇ ਲੜਾਈਆ । ਤੂੰ ਸਾਹਿਬ ਇਕ ਸਮਰਥ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ । ਮੈਂ ਤੇਰੇ ਚਰਨ ਕਵਲਾਂ ਜਾਣਾ ਢੱਠ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਧਰਨੀ ਕਹੇ ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਮੁਹੰਮਦ ਦਾ ਲੇਖਾ ਬਰਸ ਬਰਸੀ ਰਹਿ ਗਿਆ ਅੱਠ, ਪਾਂਧੀ ਕਿਸ ਬਿਧ ਬੈਠੇ ਆਪਣਾ ਪੰਧ ਮੁਕਾਈਆ । ਚੌਦਾਂ ਤਬਕਾਂ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਏਕਾ ਭੇਵ ਖੋਲ ਕੇ ਦੱਸ, ਦਹਿ ਦਿਸ਼ਾ ਤੋਂ ਬਾਹਰ ਆਪਣਾ ਹੁਕਮ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਬਖ਼ਸ਼ ਦੇ ਰਸ, ਰਸਨਾ ਰਸ ਲੈਣ ਦੀ ਲੋੜ ਰਹੇ ਨਾ ਰਾਈਆ ।

### ✪ ੩੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਂਗਾ ਸਰਾਏ ਜ਼ਿਲਾ ਅੰਮਿਤਸਰ ਜਸਵੰਤ ਕੌਰ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਕਰ ਕਬੂਲ, ਕਿਬਲੇ ਅਜ਼ ਦਿਆਂ ਜਣਾਈਆ । ਤੇਰੇ ਚਰਨਾਂ ਦੀ ਲਾ ਕੇ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਤੇਰੇ ਪਿਆਰ ਦਾ ਹੋਵੇ ਇਕ ਅਸੂਲ, ਅਸਲ ਵਸਲ ਯਾਰ ਦੇਣਾ ਸਮਝਾਈਆ । ਤੂੰ ਮਾਲਕ ਕੰਤ ਕੰਤੂਹਲ, ਨਰ ਨਰਾਇਣ ਵਡ ਵਡਿਆਈਆ ।

੯੦੫
੨੩

ਜੇ ਤੇਰੀ ਦੁਨੀਆ ਗਈ ਭੁਲ, ਅਭੁਲ ਲੈ ਸਮਝਾਈਆ । ਆਦਿ ਦਾ ਆਤਮ ਤੇਰਾ ਮੂਲ, ਅਸਲ ਦਾ ਅਸਲ ਵੇਖ ਵਖਾਈਆ । ਸਚ ਧਰਮ ਦਾ ਸਚ ਦੱਸ ਅਸੂਲ, ਕੂੜੀ ਕਿਰਿਆ ਪੰਧ ਮੁਕਾਈਆ । ਧਰਨੀ ਕਹੇ ਮੈਂ ਧਰਮ ਦਾ ਝੂਲਾ ਲਵਾਂ ਝੂਲ, ਝਲਕ ਆਪਣੀ ਦੇਣੀ ਵਖਾਈਆ । ਤੈਨੂੰ ਝੁਕਦਾ ਦਿਸਦਾ ਸ਼ੰਕਰ ਹੱਥ ਫੜ ਤ੍ਰਿਸੂਲ, ਵਿਸ਼ਨ ਬ੍ਰਹਮਾ ਸੀਸ ਨਿਵਾਈਆ । ਤੇਰਾ ਹੁਕਮ ਕਾਮਲ ਮੁਰਸ਼ਦ ਸਦਾ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ (ਪੂਰਾ) ਕਰ ਪੈਗ਼ੰਬਰ ਰਸੂਲ, ਰਸਮ ਵਿਚ ਇਸਮ ਆਪਣਾ ਦੇ ਸਮਝਾਈਆ ।

## ✪ ੩੦ ਚੇਤ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਹਿ ✪

ਚੇਤ ਕਹੇ ਧਰਨੀ ਮੇਰਾ ਪ੍ਰਵਿਸ਼ਟਾ ਤੀਸ ਅਖ਼ੀਰੀ, ਅੱਖਾਂ ਵਾਲੀਏ ਬਿਨਾ ਅੱਖਾਂ ਤੋਂ ਦਿਆਂ ਜਣਾਈਆ । ਨਿਗਾਹ ਮਾਰ ਕੇ ਤੱਕ ਲੈ ਮਾਲਕ ਬੇਨਜ਼ੀਰੀ, ਜੋ ਜਗ ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜਿਸ ਦਾ ਨਾਮ ਖੰਡਾ ਦੋ ਜਹਾਨਾਂ ਬ੍ਰਹਿਮੰਡਾਂ ਫਿਰੇ ਮੇਟੇ ਤੇਰੀ ਦਿਲਗੀਰੀ, ਚਿੰਤਾ ਗ਼ਮ ਰਹਿਣ ਨਾ ਪਾਈਆ । ਉਹ ਅਮਾਮ ਅਮਾਮਾ ਸ਼ਾਹ ਸੁਲਤਾਨਾ ਲੇਖਾ ਜਾਣੇ ਸ਼ਾਹ ਹਕੀਰੀ, ਹਕੀਰ ਹਕੀਰਾਂ ਵੇਖ ਵਖਾਈਆ । ਉਸ ਦੇ ਕੋਲ ਆਦਿ ਅੰਤ ਜੁਗਾ ਜੁਗੰਤ ਜੁਗ ਚੌਕੜੀ ਤਕਦੀਰੀ, ਤਕਦੀਰ ਆਪਣੇ ਵਿਚ ਪ੍ਰਗਟਾਈਆ । ਜਿਸ ਅੰਤ ਕੰਤ ਭਗਵੰਤ ਸ਼ਰਅ ਦੀ ਕੱਟਣੀ ਜ਼ੰਜੀਰੀ, ਸ਼ਰੀਅਤ ਦਾ ਲੇਖਾ ਦਏ ਮੁਕਾਈਆ । ਓਸ ਦਾ ਹੁਕਮ ਸੁਣ ਲੈ ਧਰਨੀ ਤੇ ਸ਼ਬਦੀ ਧਾਰ ਤਹਿਰੀਰੀ, ਜਿਸ ਦਾ ਲੇਖਾ ਨਾ ਕੋਇ ਬਦਲਾਈਆ । ਉਹਦੀ ਕੋਈ ਬੁੱਧੀ ਵਾਲੀ ਰਸਨਾ ਜਿਹਵਾ ਨਾਲ ਨਹੀਂ ਤਕਰੀਰੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜਿਸ ਨੇ ਤੇਰੇ ਉਤੇ ਨਵੇ ਜੁਗ ਦੀ ਕਰਨੀ ਤਾਮੀਰੀ, ਤਮਅ ਕਲਜੁਗ ਕੂੜ ਦਏ ਮਿਟਾਈਆ । ਸੋ ਸਤਿਗੁਰ ਸ਼ਬਦ ਗਹਿਰ ਗੰਭੀਰੀ, ਗਵਰ ਇਕ ਅਖਵਾਈਆ । ਜਿਸ ਦਾ ਸੰਦੇਸ਼ਾ ਕਬਰਾਂ ਤੋਂ ਬਾਹਰ ਦਿਤਾ ਕਬੀਰੀ, ਕਾਇਆ ਕਾਅਬਿਆਂ ਨਾਲ ਜਣਾਈਆ । ਉਹ ਮਿਹਰਵਾਨਾ ਨੌਜਵਾਨਾ ਤੇਰੀ ਅੰਤ ਮੇਟੇ ਦਿਲਗੀਰੀ, ਚਿੰਤਾ ਗ਼ਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਤੇਰੀ ਲੇਖੇ ਲਾਏ ਨਿਰਮਾਣਤਾ ਵਾਲੀ ਫ਼ਕੀਰੀ, ਫ਼ਿਕਰਾ ਇਕੋ ਇਕ ਆਪਣਾ ਨਾਮ ਦ੍ਰਿੜਾਈਆ ।

## ✪ ੧ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਤਿਗੁਰ ਸ਼ਬਦ ਸ਼ਬਦੀ ਧਾਰ ਰਿਹਾ ਆਖ, ਬਿਨ ਅੱਖਰ ਹਰਫ਼ ਹਰੂਫ਼ ਜਣਾਈਆ । ਧਰਨੀ ਧਰਤ ਧਵਲ ਧੌਲ ਅਵਤਾਰ ਪੈਗ਼ੰਬਰ ਗੁਰੂਆਂ ਦੀ ਲੈ ਕੇ ਰਾਖ, ਰਖਣਿਆਂ ਆਪਣਿਆਂ ਵਿਚੋਂ ਬਾਹਰ ਕਢਾਈਆ । ਸਚਖੰਡ ਦਵਾਰੇ ਪ੍ਰਭੂ ਦੇ ਚਰਨਾਂ ਭੇਟ ਕਰ ਪਹਿਲੀ ਵਿਸਾਖ, ਦੋ ਸੱਤ ਤਿੰਨ ਗੋਬਿੰਦ ਅੰਕ ਦਏ ਗਵਾਹੀਆ । ਫੇਰ ਕਿਰਪਾ ਕਰੇ ਅਲਖਣਾ ਅਲਾਖ, ਅਲਖ ਅਗੋਚਰ ਅਗੰਮ ਅਥਾਹੀਆ । ਜਿਸ ਦਾ ਦਰਸ਼ਨ ਕਰਾਂ ਸਾਖ,

ਸਾਖਿਆਤ ਸੋਭਾ ਪਾਈਆ । ਉਹਦਾ ਭੇਵ ਅਭੇਦਾ ਨਿਜ ਨੇਤਰ ਜਾਏ ਭਾਖ, ਜਗਤ ਬੁੱਧੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੇ ਮੀਤਾ, ਮਿਤਰ ਧੁਰ ਦੇ ਦਿਆਂ ਜਣਾਈਆ । ਮੈਂ ਤੇਰੇ ਹੁਕਮ ਦੀ ਮੰਨਾਂ ਰੀਤਾ, ਰੀਤੀਵਾਨ ਤੇਰੀ ਸਰਨਾਈਆ । ਜੋ ਹੁਕਮ ਮਿਹਰਵਾਨ ਅਗੰਮੇ ਕੀਤਾ, ਸੰਦੇਸਾ ਦਿਤਾ ਦ੍ਰਿੜਾਈਆ । ਉਸ ਮੇਰਾ ਸੀਨਾ ਠਾਂਡਾ ਕੀਤਾ, ਅਗਨੀ ਤਤ ਬੁਝਾਈਆ । ਮੈਂ ਨੂਰ ਨੁਰਾਨਾ ਤੱਕਾਂ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰੂ ਖੇਲ ਤੇਰਾ ਤੂੰ ਸਾਹਿਬ ਮੇਰਾ ਜਗਦੀਸ਼ਾ, ਜਗਦੀਸ਼ਰ ਤੇਰੀ ਵਡ ਵਡਿਆਈਆ । ਤੇਰਾ ਹੁਕਮ ਫ਼ਰਮਾਨਾ ਅਗੰਮਾ ਹਦੀਸਾ, ਹਜ਼ਰਤਾਂ ਤੋਂ ਬਾਹਰ ਸੁਣਾਈਆ । ਮੈਂ ਸ਼ੁਕਰਾਨੇ ਵਿਚ ਨਿਵਾਵਾਂ ਸੀਸਾ, ਦਰ ਤੇਰੇ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੈਂ ਮਕਬਰੇ ਵੇਖਾਂ ਭੂਮੀ ਸ਼ਮਸ਼ਾਨ, ਸ਼ਬੇ ਰੋਜ਼ ਧਿਆਨ ਲਗਾਈਆ । ਤੂੰ ਕਿਰਪਾ ਕਰੀਂ ਮੇਰੇ ਸ੍ਰੀ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਸਚ ਦਾ ਸਵਾਮੀ ਹੋਣਾ ਨਿਗਾਹਬਾਨ, ਬਿਨ ਨੈਣਾਂ ਨੈਣ ਉਠਾਈਆ । ਮੈਂ ਸਭ ਦੀ ਖ਼ਾਕ ਤੇਰੇ ਚਰਨ ਪਹੁੰਚਾਵਾਂ ਆਣ, ਅਨਕ ਕਲਧਾਰੀ ਆਪਣੀ ਦਇਆ ਕਮਾਈਆ । ਤੂੰ ਲੇਖੇ ਲਾਉਣੀ ਕਰਨੀ ਪ੍ਰਵਾਨ, ਪਰਮ ਪੁਰਖ ਤੇਰੀ ਵਡਿਆਈਆ । ਧੁਰ ਦਾ ਸ਼ਬਦ ਮੇਰੀ ਕਰੇ ਪਹਿਚਾਨ, ਬੇਪਹਿਚਾਨ ਦੇਣੀ ਵਡਿਆਈਆ । ਮੈਂ ਬੁੱਧਹੀਣ ਅਣਜਾਣ, ਧਰਨੀ ਰਹੀ ਸੁਣਾਈਆ । ਤੂੰ ਮਾਲਕ ਸ੍ਰੀ ਭਗਵਾਨ, ਵਡ ਦਾਤਾ ਅਗੰਮ ਅਥਾਹੀਆ । ਤੇਰਾ ਖੇਲ ਜੁਗ ਜੁਗ ਵਿਚ ਜਹਾਨ, ਸੰਸਾਰੀ ਭੰਡਾਰੀ ਸੰਘਾਰੀ ਤੇਰੀ ਸੇਵ ਕਮਾਈਆ । ਸਤਿਜੁਗ ਤਰੇਤਾ ਦੁਆਪਰ ਤੂੰ ਸਭ ਨੂੰ ਦਿਤਾ ਮਾਣ, ਨਿਮਾਣਿਆਂ ਹੋ ਸਹਾਈਆ । ਹੁਣ ਕਲਜੁਗ ਵੇਖ ਮਾਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਤੇਰੇ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨਾ ਕੂੜ ਜਗਤ ਝੁਲਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਸਾਬਤ ਰਿਹਾ ਨਾ ਕੋਇ ਈਮਾਨ, ਅਮਲਾਂ ਵਿਚ ਨਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤਨ ਵਜੂਦਾਂ ਬਣੀਆਂ ਮੜ੍ਹੀਆਂ, ਮਾਟੀ ਖ਼ਾਕ ਖ਼ਾਕ ਸਮਾਈਆ । ਮੈਨੂੰ ਯਾਦ ਪਿਛਲਿਆਂ ਬੀਤਿਆਂ ਜੁਗਾਂ ਦੀਆਂ ਘੜੀਆਂ, ਵੇਲਾ ਵਕਤ ਭੁਲ ਕਦੇ ਨਾ ਜਾਈਆ । ਤੇਰੀਆਂ ਖੇਲਾਂ ਤੱਕੀਆਂ ਬੜੀਆਂ, ਬੇਪਰਵਾਹ ਤੇਰੀ ਵਡ ਵਡਿਆਈਆ । ਮੈਂ ਤੇਰੀ ਸਰਨ ਸਰਨਾਈ ਪੜੀਆਂ, ਨਿਵ ਨਿਵ ਲਾਗਾਂ ਪਾਈਂਆ । ਮੈਂ ਵੇਖੀਆਂ ਜਗਤ ਜਹਾਨ ਦੀਆਂ ਗੜ੍ਹੀਆਂ, ਘਰਾਨੇ ਖੋਜ ਖੁਜਾਈਆ । ਤੇਰੀਆਂ ਧਾਰਾਂ ਵਿਚੋਂ ਸੰਸਾਰਾ ਪੁਰਖ ਅਕਾਲ ਦੇ ਸਚਖੰਡ ਦਵਾਰੇ ਚੜ੍ਹੀਆਂ, ਥਿਰ ਘਰ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਪੈਗ਼ੰਬਰਾਂ ਦੀਆਂ ਲਾਸ਼ਾਂ ਤੱਕ ਲੈ ਵਿਚ ਕਬਰਾਂ, ਕਾਅਬਿਆਂ ਦੇ ਮਾਲਕ ਨਜ਼ਰ ਕੋਇ ਨਾ ਆਈਆ । ਮੈਂ ਬੈਠੀ ਵਿਚ ਸਬਰਾ, ਸਬਰ ਸਬੂਰੀ ਮੇਰੇ ਵਿਚ ਰਖਾਈਆ । ਕਵਣ ਵੇਲਾ ਮੇਰਾ ਸਤਿਗੁਰ ਸ਼ਬਦ ਆਵੇ ਸ਼ੇਰ ਬਬਰਾ, ਭਬਕ ਇਕੋ ਨਾਮ ਲਗਾਈਆ । ਦੁਹਾਈ ਦੇਵੇ ਮੁਹੰਮਦ ਵਾਲਾ ਮਕਬਰਾ, ਦਰੋਹੀ ਦਰੋਹੀ ਤੇਰਾ ਧਿਆਨ ਲਗਾਈਆ । ਕਵਣ ਵੇਲਾ ਮੇਰਾ ਮਹਿਬੂਬ ਨੂਰ ਅਲਾਹੀ ਆਵੇ ਉਤੋਂ ਅੰਬਰਾ, ਅਮਾਮ

੯੦੬
੨੩

੯੭੭ ੨੩

ਅਮਾਮਾ ਵੇਸ ਵਟਾਈਆ । ਜਿਸ ਦਾ ਲੇਖਾ ਦੋ ਜਹਾਨ ਹੋਣਾ ਜਬਰਾ, ਜਬਰਾਈਲ ਜਿਸ ਦੇ ਸੰਦੇਸ਼ੇ ਫ਼ਰਮਾਨ ਗਿਆ ਦ੍ਰਿੜਾਈਆ । ਉਨ ਦੀਨ ਮਜ਼੍ਹਬ ਦੇ ਵੇਖਣੇ ਕੁਨਬੇ ਜਗਤ ਵਾਲੇ ਟੱਬਰਾ, ਖ਼ਾਨਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸੜ ਗਈਆਂ ਗੁਰੂਆਂ ਦੀਆਂ ਲਾਸ਼ਾਂ, ਤਨ ਸਰੀਰ ਨਜ਼ਰ ਕੋਇ ਨਾ ਆਈਆ । ਮੇਰੀਆਂ ਸਧਰਾਂ ਤੱਕ ਲੈ ਅੰਦਰ ਦੀਆਂ ਆਸ਼ਾਂ, ਆਸਾ ਕੀ ਰਖਾਈਆ । ਤੂੰ ਵੇਖਣਹਾਰਾ ਜੁਗ ਜੁਗ ਤਮਾਸ਼ਾ, ਪ੍ਰਭ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਉਪਰ ਆਕਾਸ਼ਾ, ਆਕਾਸ਼ ਆਕਾਸ਼ਾ ਫੋਲ ਫੁਲਾਈਆ । ਮੇਰੇ ਉਤੇ ਧੂੜੀ ਖ਼ਾਕ ਰਹੀ ਨਾ ਮਾਸਾ, ਜੁਗ ਚੌਕੜੀ ਮਿੱਟੀ ਮਿੱਟੀ ਵਿਚ ਸਮਾਈਆ । ਮੈਂ ਇਕੋ ਜਾਣਦੀ ਤੇਰਾ ਦਵਾਰਾ ਸਾਚਾ ਹਾਟਾ, ਹਟਵਾਣਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਮਿੱਟੀ ਖ਼ਾਕ ਨਾ ਰਿਹਾ ਨਿਸ਼ਾਨ, ਸੌਗੰਦ ਖਾ ਕੇ ਦਿਆਂ ਜਣਾਈਆ । ਤੂੰ ਮਾਲਕ ਸ੍ਰੀ ਭਗਵਾਨ, ਭਗਵਨ ਤੇਰੀ ਬੇਪ੍ਰਵਾਹੀਆ । ਤੇਈ ਅਵਤਾਰ ਨਾ ਦਿਸਣ ਜਹਾਨ, ਈਸਾ ਮੂਸਾ ਮੁਹੰਮਦ ਨਜ਼ਰ ਕੋਇ ਨਾ ਆਈਆ । ਦਸ ਗੁਰੂ ਤਨ ਵਜੂਦ ਖੇਲ ਤੱਕੇ ਨਾ ਕੋਇ ਇਨਸਾਨ, ਸਨਮੁਖ ਸੋਭਾ ਕੋਇ ਨਾ ਪਾਈਆ । ਮੈਂ ਖ਼ੁਸ਼ੀਆਂ ਵਿਚ ਤੇਰੇ ਚਰਨ ਕਰਾਂ ਪਰਨਾਮ, ਨਿਵ ਨਿਵ ਸੀਸ ਝੁਕਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਤੂੰ ਦਾਤਾ ਗੁਣ ਨਿਧਾਨ, ਗਹਿਰ ਗੰਭੀਰ ਤੇਰੀ ਵਡਿਆਈਆ । ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੇ ਅਗੇ ਸੀਸ ਝੁਕਾਈਆ । ਤੇਰੇ ਅਵਤਾਰ ਪੈਗ਼ੰਬਰ ਗੁਰੂ ਤੇਰਾ ਰੂਪ ਜੋਤ ਮਹਾਨ, ਜੋਤ ਜੋਤ ਵਿਚ ਸਮਾਈਆ । ਸਚਖੰਡ ਦਵਾਰਿਉਂ ਸਭ ਨੂੰ ਕਰ ਸਵਾਧਾਨ, ਆਪ ਆਪਣੇ ਵਿਚੋਂ ਪ੍ਰਗਟਾਈਆ । ਹੁਕਮ ਸੰਦੇਸਾ ਦੇ ਨੌਜਵਾਨ, ਨੌਬਤ ਆਪਣਾ ਨਾਮ ਸੁਣਾਈਆ । ਮੈਂ ਨਿਮਾਣੀ ਕੋਝੀ ਕਮਲੀ ਤੇਰੇ ਚਰਨ ਕਰਾਂ ਪਰਨਾਮ, ਨਿਵ ਨਿਵ ਲਾਗਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਮਿੱਟੀ ਖਾਕ ਰਹੀ ਨਾ ਮਾਤ, ਮਾਤਰ ਭੂਮੀ ਹੋ ਕੇ ਦਿਆਂ ਜਣਾਈਆ । ਸਚ ਵਸਤ ਨਾ ਕੋਈ ਦਾਤ, ਦਾਤੇ ਦਾਨੀ ਨਜ਼ਰ ਕੋਇ ਨਾ ਆਈਆ । ਤੂੰ ਸਭ ਦੀ ਆਪੇ ਪੁਛ ਵਾਤ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਅਵਤਾਰ ਪੈਗ਼ੰਬਰ ਗੁਰ ਤੇਰੀ ਜੋਤ ਤੇਰੇ ਵਿਚ ਕਰ ਗਈ ਵਾਸ, ਵਾਸਤਾ ਤੇਰੇ ਨਾਲ ਰਖਾਈਆ । ਨਿਗਾਹ ਮਾਰ ਲੈ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਮੇਰੀ ਸੁਣ ਲੈ ਅਗੰਮੀ ਆਸ, ਆਸਾਵੰਦ ਹੋ ਕੇ ਦਿਆਂ ਜਣਾਈਆ । ਤੂੰ ਦਾਤਾ ਦਾਨੀ ਸਰਬ ਗੁਣਤਾਸ, ਗੁਣਵੰਤ ਇਕ ਅਖਵਾਈਆ । ਜੋਤੀ ਜਾਤਾ ਪੁਰਖ ਬਿਧਾਤ, ਪਰਮ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਆਪਣਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਧਰਨੀ ਤੇਰੀ ਸੁਣੀ ਪੁਕਾਰ, ਜੋ ਪੁਨਹ ਪੁਨਹ ਦਿਤੀ ਸੁਣਾਈਆ । ਮੇਰਾ ਖੇਲ ਵੇਖ ਅਪਾਰ, ਅਪਰੰਪਰ ਹੋ ਕੇ ਦਿਆਂ ਜਣਾਈਆ । ਸਚ ਧਾਰੋਂ ਪ੍ਰਗਟ ਕਰ ਪੈਗ਼ੰਬਰ ਅਵਤਾਰ, ਗੁਰੂ ਗੁਰ ਸ਼ਬਦ ਨਾਲ ਉਪਜਾਈਆ । ਉਠੋ ਵੇਖੋ ਦੀਨ ਦੁਨੀ ਆਪਣਾ ਸੰਸਾਰ, ਲੋਕਮਾਤ ਧਿਆਨ ਲਗਾਈਆ । ਜੋ ਨਾਮ ਕਲਮਾ ਅੱਖਰਾਂ ਵਾਲਾ ਆਏ ਉਚਾਰ, ਸਿਫ਼ਤਾਂ ਵਾਲੇ ਢੋਲੇ ਗਾਈਆ । ਜੋ ਸੰਦੇਸਾ ਦੇ ਕੇ ਆਏ ਮਿਤਰ ਪਿਆਰ, ਸੇਜ ਯਾਰੜਾ ਹੰਢਾਈਆ ।

੯੦੮
੨੩

ਜੋ ਬਖ਼ਸ਼ਿਸ਼ ਕਰ ਕੇ ਆਏ ਅੰਤ ਅਪਾਰ, ਧੀਰਜ ਧੀਰ ਧਰਾਈਆ । ਕਿਉਂ ਤੁਹਾਡੇ ਨਾਮ ਕਲਮੇ ਵਾਲੇ ਹੋਏ ਗਵਾਰ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਸਤਿ ਦਵਾਰਿਉਂ ਸਭ ਨੂੰ ਆਪ ਉਠਾਲ, ਬਿਨ ਤਤਾਂ ਲੈਣ ਅੰਗੜਾਈਆ । ਅੱਜ ਵਿਸਾਖੀ ਵਾਲਾ ਦਿਨ ਪੁਰਖ ਅਕਾਲੇ ਸਭ ਨੂੰ ਦੇ ਵਖਾਲ, ਨੌ ਖੰਡ ਸੱਤ ਦੀਪ ਲੁਕਿਆ ਰਹਿਣ ਕੋਇ ਨਾ ਪਾਈਆ । ਕਿਉਂ ਤੁਹਾਡੇ ਨਾਮ ਕਲਮੇ ਵਾਲੇ ਹੋਏ ਕੰਗਾਲ, ਵਸਤ ਸਚ ਝੋਲੀ ਨਜ਼ਰ ਨਾ ਆਈਆ । ਕਿਉਂ ਫਲ ਨਾ ਲੱਗਾ ਕਾਇਆ ਡਾਲ, ਤਨ ਵਜੂਦ ਹਕ ਮਹਿਬੂਬ ਤੇਰੀ ਵੱਜਦੀ ਨਾ ਮਾਤ ਵਧਾਈਆ । ਉਠੋ ਵੇਖੋ ਨੌਜਵਾਨ ਮਰਦ ਮਰਦਾਨ ਆਪਣੇ ਮੰਦਰ ਮਸਜਿਦ ਮਠ ਸ਼ਿਵਦਵਾਲੇ ਧਰਮਸਾਲ, ਗੁਰੂਦਵਾਰ ਚਰਚਾਂ ਫੋਲ ਫੁਲਾਈਆ । ਫੜ ਕੇ ਵਖਾਲੋ ਆਪਣੇ ਸਿਖ ਮੁਰੀਦ ਜੋ ਬਣੇ ਤੁਹਾਡੇ ਲਾਲ, ਲਾਲਚ ਦੀਨ ਦੁਨੀ ਵਾਲਾ ਤਜਾਈਆ । ਕਿਸ ਕਿਸ ਦਾ ਤੁਸਾਂ ਤੋੜਿਆ ਜਗਤ ਜੰਜਾਲ, ਜਾਗਰਤ ਜੋਤ ਕਵਣ ਰੁਸ਼ਨਾਈਆ । ਪਹਿਲੇ ਪ੍ਰਵਿਸ਼ਟੇ ਸਾਰੇ ਉਠ ਉਠ ਕਰੋ ਭਾਲ, ਨੌ ਖੰਡ ਪ੍ਰਿਥਮੀ ਸੱਤ ਦੀਪ ਫੋਲੋ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਧਰਨੀਏ ਹੋਣਾ ਹੁਕਮਰਾਨ, ਹੁਕਮ ਅਗੰਮ ਜਣਾਈਆ । ਸਚਖੰਡ ਦਵਾਰ ਕਰਾਂ ਧਿਆਨ, ਬਿਨ ਅੱਖਾਂ ਵੇਖ ਵਖਾਈਆ । ਜਿਥੇ ਜੋਤ ਸ੍ਰੀ ਭਗਵਾਨ, ਭਗਵਨ ਮਿਲ ਕੇ ਆਪਣਾ ਆਸਣ ਲਾਈਆ । ਜਿਥੇ ਦੀਨ ਮਜ਼੍ਹਬ ਦਾ ਨਹੀਂ ਕੋਈ ਨਿਸ਼ਾਨ, ਜ਼ਾਤ ਪਾਤੀ ਵੰਡ ਨਾ ਕੋਇ ਵੰਡਾਈਆ । ਨਾਮ ਕਲਮਾ ਵੱਖਰੀ ਨਹੀਂ ਕਲਾਮ, ਸੋਹਲੇ ਢੋਲੇ ਨਾ ਕੋਇ ਜਣਾਈਆ । ਮੈਂ ਜੋਤ ਦੀ ਧਾਰ ਕਰਾਂ ਸਵਾਧਾਨ, ਸਾਰੇ ਲਓ ਅੰਗੜਾਈਆ । ਕਿਉਂ ਧਰਨੀ ਉਤੇ ਹੋਇਆ ਕੂੜ ਪ੍ਰਧਾਨ, ਦੀਨਾਂ ਮਜ਼੍ਹਬਾਂ ਵਾਲਿਓ ਵੇਖੋ ਚਾਈਂ ਚਾਈਂਆ । ਕਿਉਂ ਹਰ ਘਟ ਅੰਦਰ ਵੜਿਆ ਸ਼ੈਤਾਨ, ਸ਼ਰਅ ਛੁਰੀ ਵਾਲੀ ਚਲਾਈਆ । ਕਿਉਂ ਨਹੀਂ ਧਰਮ ਰਿਹਾ ਈਮਾਨ, ਸਚ ਵਿਚ ਨਾ ਕੋਇ ਸਮਾਈਆ । ਕਿਉਂ ਨਹੀਂ ਪਾਰ ਉਤਰਦੇ ਜਿਹੜੇ ਗਾਉਂਦੇ ਸੀਤਾ ਰਾਮ, ਰਾਧੇ ਕ੍ਰਿਸ਼ਨ ਕ੍ਰਿਸ਼ਨ ਵਿਚ ਨਾ ਕੋਇ ਸਮਾਈਆ । ਕਿਉਂ ਅੱਲਾ ਗਾਡ ਵਾਲੇ ਹੁੰਦੇ ਨਹੀਂ ਦਰਗਾਹ ਸਾਚੀ ਪ੍ਰਵਾਨ, ਜਿਹੜੇ ਰਸਨਾ ਜਿਹਵਾ ਢੋਲੇ ਗਾਈਆ । ਕਿਉਂ ਨਾ ਸਤਿਨਾਮ ਵਾਲੇ ਸਤਿ ਵਿਚ ਸਮਾਣ, ਵਾਹਿਗੁਰੂ ਫ਼ਤਿਹ ਵਾਲੇ ਫ਼ਤਿਹ ਦਾ ਡੰਕ ਵਜਾਈਆ । ਕਿਉਂ ਘਰ ਘਰ ਅੰਦਰ ਕਾਇਆ ਮੰਦਰ ਤੁਹਾਡੇ ਹੁੰਦਿਆਂ ਕਲਜੁਗ ਫਿਰੇ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਮਿਲਾਈਆ । ਸਚਖੰਡ ਨਿਵਾਸੀਓ ਸਾਰੇ ਉਠ ਕੇ ਮਾਰੋ ਧਿਆਨ, ਧਰਨੀ ਧਰਤ ਧਵਲ ਧੌਲ ਉਤੇ ਅੱਖ ਟਿਕਾਈਆ । ਫੇਰ ਆਪਣਾ ਆਪਣਾ ਬਿਨਾ ਜ਼ਬਾਨ ਤੋਂ ਦਿਓ ਬਿਆਨ, ਬਿਨਾ ਕਲਮ ਸਿਆਹੀ ਤੋਂ ਲੇਖ ਦਿਓ ਦ੍ਰਿੜਾਈਆ । ਅੱਜ ਵਿਸਾਖ ਦਾ ਪ੍ਰਵਿਸ਼ਟਾ ਪਹਿਲਾ ਗੋਬਿੰਦ ਦੀ ਵਿਸਾਖੀ ਦਾ ਦੋ ਸੌ ਤੇਹੱਤਰਵਾਂ ਸਾਲ, ਦੋ ਸਤ ਤਿੰਨ ਲੇਖਾ ਗਣਤ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਵੇਖੋ ਖੇਲ ਪ੍ਰਭੁ ਪ੍ਰਭ ਆਪ, ਕੀ ਕਰਤਾ ਕਾਰ ਕਮਾਈਆ । ਚਾਰ ਜੁਗ ਦਾ ਤੱਕੋ ਜਾਪ, ਅੱਖਰਾਂ ਵਾਲੀ ਸਿਫ਼ਤ ਵਡਿਆਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਧਿਆ ਪਾਪ, ਕੂੜ ਕੁਕਰਮ ਹੋਇਆ ਹਲਕਾਈਆ । ਕਿਉਂ ਤ੍ਰੈਗੁਣ ਮਾਇਆ ਚੜ੍ਹਿਆ ਤਾਪ, ਅਗਨੀ ਤਤ ਨਾ ਕੋਇ ਬੁਝਾਈਆ । ਕਿਉਂ ਆਤਮ ਪਰਮਾਤਮ ਤੁਟਾ ਨਾਤ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਸਮਾਈਆ । ਕਿਉਂ ਝਗੜਾ ਪਿਆ ਜ਼ਾਤ ਪਾਤ, ਕਿਉਂ ਦੀਨ ਮਜ਼੍ਹਬ ਕਰੇ ਲੜਾਈਆ । ਕਿਉਂ ਤੁਹਾਡੇ ਉਤੋਂ ਉਠ ਗਿਆ ਵਿਸ਼ਵਾਸ, ਵਿਸ਼ਿਆਂ

ਵਿਚ ਤੁਹਾਡੇ ਸਿਖ ਮੁਰੀਦ ਤੁਹਾਨੂੰ ਗਏ ਭੁਲਾਈਆ । ਕਿਉਂ ਨਹੀਂ ਧਰਮ ਦੀ ਕਿਸੇ ਤਨ ਰਹੀ ਪੋਸ਼ਾਕ, ਕਲਜੁਗ ਕੱਪੜ ਕੂੜ ਹੰਢਾਈਆ । ਕਿਉਂ ਨਹੀਂ ਰੂਹ ਬੁਤ ਹੋਏ ਪਾਕ, ਪਤਤ ਪੁਨੀਤ ਨਾ ਕੋਇ ਬਣਾਈਆ । ਕਿਉਂ ਨਹੀਂ ਬਜਰ ਕਪਾਟੀ ਖੁਲ੍ਹਿਆ ਕਾਇਆ ਅੰਦਰ ਤਾਕ, ਤ੍ਰੈਧਾਤੂ ਤੋੜ ਤੁੜਾਈਆ । ਕਿਉਂ ਨਹੀਂ ਸ਼ਬਦ ਅਗੰਮਾ ਨਿਜ ਆਤਮ ਸੁਣਾਇਆ ਆਪਣਾ ਵਾਕ, ਅਨਾਦੀ ਧੁਨ ਕਰ ਸ਼ਨਵਾਈਆ । ਕਿਉਂ ਨਹੀਂ ਅੰਮ੍ਰਿਤ ਰਸ ਨਾਲ ਮਿਟਾਇਆ ਸੰਤਾਪ, ਨਿਝਰ ਝਿਰਨਾ ਆਪ ਝਿਰਾਈਆ । ਕਿਉਂ ਨਾ ਤੁਹਾਡਾ ਸੁਰਤ ਸ਼ਬਦ ਦਾ ਬਣਿਆ ਸਾਚਾ ਸਾਕ, ਸੱਜਣ ਸੈਣ ਅਖਵਾਈਆ । ਕਿਉਂ ਨਾ ਨਾਮ ਘੋੜੇ ਚੜ੍ਹਾਏ ਗੁਰਮੁਖ ਰਾਕ, ਦੋ ਜਹਾਨਾਂ ਪਾਰ ਕਰਾਈਆ । ਕਿਉਂ ਨਾ ਸਚਖੰਡ ਦਵਾਰੇ ਮੁਕਾਈ ਵਾਟ, ਚੁਰਾਸੀ ਪੰਧ ਮੁਕਾਈਆ । ਨਿਗਾਹ ਮਾਰ ਲਓ ਆਪਣੇ ਮਜ਼੍ਹਬ ਮਜ਼੍ਹਬ ਮਜ਼੍ਹਬਾਂ ਵਾਲੇ ਘਾਟ, ਤੱਟਾਂ ਕਿਨਾਰਿਆਂ ਫੋਲ ਫੁਲਾਈਆ । ਮੁਹਮੰਦਾ ਤੱਕ ਲੈ ਆਪਣੀ ਵਾਟ, ਸਦੀ ਚੌਧਵੀਂ ਅੱਖ ਉਠਾਈਆ । ਮੂਸਾ ਉਠ ਖਲੋ ਆਪਣੀ ਉਤੋਂ ਖਾਟ, ਖਟੀਆ ਕੰਮ ਕਿਸੇ ਨਾ ਆਈਆ । ਈਸਾ ਉਠ ਕੇ ਕਰ ਲੈ ਟਾਕ, ਵੀਹਵੀਂ ਸਦੀ ਨੈਣ ਉਠਾਈਆ । ਨਾਨਕ ਭਵਿਖਤ ਤੱਕ ਲੈ ਵਾਕ, ਜੋ ਬਿਨ ਅੱਖਰਾਂ ਅੱਖਰ ਸਮਝਾਈਆ । ਗੁਰੂ ਗੋਬਿੰਦ ਜੋ ਬਿਨ ਰਸਨਾ ਜਿਹਵਾ ਦਿਤਾ ਆਖ, ਅੱਖਰਾਂ ਤੋਂ ਬਾਹਰ ਸ਼ਨਵਾਈਆ । ਸੋ ਖੇਲ ਕਰੇ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਪੁਰਖ ਬਿਧਾਤਾ ਆਪ, ਆਪਣੀ ਦਇਆ ਕਮਾਈਆ । ਧੰਨ ਸੁਭਾਗ ਦਿਹਾੜਾ ਸੁਹੰਜਣਾ ਹੋਵੇ ਪਹਿਲੀ ਵਿਸਾਖ, ਰੁਤੜੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਬੇਪਰਵਾਹੀਆ । ਵਿਸਾਖ ਕਹੇ ਮੈਂ ਆਇਆ ਉਤੇ ਧਰਨੀ ਧਰਤ, ਧਵਲ ਧੌਲ ਵਾਲਿਓ ਦਿਆਂ ਜਣਾਈਆ । ਮੇਰਾ ਸਵਾਮੀ ਨਿਰਗੁਣ ਧਾਰ ਮੇਰੇ ਨਾਲ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰਾਂ ਨਾਲ ਸ਼ਰਤ, ਸ਼ਰਅ ਵਾਲਿਆਂ ਲਏ ਜਗਾਈਆ । ਉਹ ਖੇਲ ਕਰੇ ਉਤੇ ਅਰਸ਼, ਅਰਸ਼ੀ ਪ੍ਰੀਤਮ ਬੇਪਰਵਾਹੀਆ । ਜਿਸ ਦਾ ਸੁਹੰਜਣਾ ਹੋਣਾ ਬਰਸ, ਬਰਸੀ ਪੈਗ਼ੰਬਰਾਂ ਦਏ ਦ੍ਰਿੜਾਈਆ । ਜਨ ਭਗਤਾਂ ਕਰੇ ਤਰਸ, ਰਹਿਮਤ ਆਪ ਕਮਾਈਆ । ਦੀਨਾਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਧਰਨੀ ਸੁਣੇ ਅਰਜ਼, ਦਾਤਾ ਧੁਰਦਰਗਾਹੀਆ । ਸਭ ਦਾ ਲਾਹਵੇ ਕਰਜ਼, ਮਕਰੂਜ਼ ਲੇਖਾ ਦਏ ਚੁਕਾਈਆ । ਜਿਸ ਦਾ ਖੇਲ ਹੋਣਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਉਹ ਬਣ ਮਰਦਾਨਾ ਮਰਦ, ਨਿਰਗੁਣ ਧਾਰ ਬੈਠਾ ਵੇਸ ਵਟਾਈਆ । ਜਿਸ ਛੁਰੀ ਮੇਟਣੀ ਸ਼ਰਅ ਦੀ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਵਿਸਾਖ ਕਹੇ ਮੈਂ ਖ਼ੁਸ਼ੀਆਂ ਵਿਚ ਆਪ ਕਰਾਂ ਅਰਦਾਸਾ, ਸਤਿਗੁਰ ਗੋਬਿੰਦ ਗੋਬਿੰਦ ਗੋਬਿੰਦ ਗੋਬਿੰਦ ਅਗੇ ਜਣਾਈਆ । ਤੇਰਾ ਖੇਲ ਅਗੰਮ ਤਮਾਸ਼ਾ, ਜਗਤ ਬੁੱਧੀ ਸਮਝ ਕਿਸੇ ਨਾ ਆਈਆ । ਤੇਰੀ ਮੰਡਲ ਮੰਡਪ ਰਾਸਾ, ਦੋ ਜਹਾਨ ਵੱਜੇ ਵਧਾਈਆ । ਤੇਰਾ ਨੂਰ ਜੋਤ ਪ੍ਰਕਾਸ਼ਾ, ਅੰਧ ਅੰਧੇਰ ਮਿਟਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਵੱਜੇ ਵਧਾਈਆ । ਮੇਰੀ ਇਕੋ ਅਗੰਮੀ ਆਸ਼ਾ, ਆਸ਼ਾਵੰਦ ਹੋ ਕੇ ਦਿਆਂ ਸੁਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਦ ਵਸੀਂ ਭਗਤਾਂ ਪਾਸਾ, ਨੇਰਨ ਨੇਰਾ ਨਜ਼ਰੀ ਆਈਆ । ਨਾਮ ਜਪਾਉਣਾ ਸਵਾਸ ਸਵਾਸਾ, ਸਾਹ ਸਾਹ ਵਿਚ ਸਮਾਈਆ । ਆਪਣਾ ਭੇਵ ਖੁਲਾਉਣਾ ਖੁਲਾਸਾ, ਪਰਦਾ ਅੰਦਰੋਂ ਦੇਣਾ ਉਠਾਈਆ । ਨਿਰਗੁਣ ਨੂਰ ਕਰ



੯੦੯
੨੩

ਪ੍ਰਕਾਸ਼ਾ, ਜੋਤੀ ਜਾਤੇ ਡਗਮਗਾਈਆ । ਨਿਜ ਘਰ ਸਵਾਮੀ ਕਰਨਾ ਵਾਸਾ, ਗ੍ਰਿਹ ਮੰਦਰ ਡੇਰਾ ਲਾਈਆ । ਜਨ ਭਗਤਾਂ ਨੂੰ ਦੇ ਕੇ ਜਾਈਂ ਭਰਵਾਸਾ, ਭਾਂਡਾ ਭਰਮ ਅੰਦਰੋਂ ਦੇਣਾ ਭੰਨਾਈਆ । ਹਰਿਜਨ ਤੇਰਾ ਹੋਵੇ ਦਾਸੀ ਦਾਸਾ, ਸੇਵਕ ਹੋ ਕੇ ਸਾਡੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਵਿਸਾਖ ਕਹੇ ਪ੍ਰਭੂ ਮੈਂ ਤੇਰੇ ਦਰ ਦਾ ਮੰਗਤਾ, ਸਵਾਲੀ ਇਕ ਅਖਵਾਈਆ । ਦੀਨ ਦੁਨੀ ਬਣਾ ਕੇ ਇਕੋ ਸੰਗਤਾ, ਹੰ ਬ੍ਰਹਮ ਭੇਵ ਚੁਕਾਈਆ । ਲੇਖਾ ਮੁਕਾ ਦੇ ਭੁੱਖ ਨੰਗ ਦਾ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਭੰਡਾਰਾ ਦੇ ਕੇ ਆਪਣੇ ਰੰਗ ਦਾ, ਲਾਲ ਗੁਲਾਲਾ ਦੇ ਚੜ੍ਹਾਈਆ । ਜੋ ਤੇਰਾ ਸਤਿਗੁਰ ਸ਼ਬਦ ਇਸ਼ਾਰਾ ਕਰੇ ਜੰਗ ਦਾ, ਹੁਕਮ ਹੁਕਮ ਨਾਲ ਸੁਣਾਈਆ । ਇਹ ਲੇਖਾ ਗੋਬਿਦ ਦੱਸਿਆ ਪੁਰੀ ਅਨੰਦ ਦਾ, ਅਨੰਦ ਅਨੰਦ ਵਿਚੋਂ ਸਮਝਾਈਆ । ਜਿਸ ਵੇਲੇ ਪ੍ਰਕਾਸ਼ ਹੋਇਆ ਬਿਨਾ ਗੁਜਰੀ ਤੋਂ ਗੁਜਰੀ ਦੇ ਚੰਦ ਦਾ, ਦੋ ਜਹਾਨ ਕਰੇ ਰੁਸ਼ਨਾਈਆ । ਉਹ ਲੇਖਾ ਜਾਣੇ ਖੰਡ ਬ੍ਰਹਿਮੰਡ ਦਾ, ਪੁਰੀਆਂ ਲੋਆਂ ਵੇਖ ਵਖਾਈਆ । ਜਨ ਭਗਤਾਂ ਨਾਮ ਭੰਡਾਰਾ ਹੋਵੇ ਵੰਡਦਾ, ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਕਾਇਆ ਮੰਦਰ ਅੰਦਰ ਦਏ ਟਿਕਾਈਆ । ਫੇਰ ਖੇਲ ਵੇਖੇ ਵਰਭੰਡ ਦਾ, ਵਰਭੰਡੀ ਭੰਡੀ ਆਪੇ ਪਾਈਆ । ਫੇਰ ਨਜ਼ਾਰਾ ਤੱਕੇ ਚੰਡ ਪ੍ਰਚੰਡ ਦਾ, ਸ਼ਬਦ ਖੰਡਾ ਨਾਲ ਉਠਾਈਆ । ਲੇਖਾ ਜਾਣੇ ਨਵ ਖੰਡ ਦਾ, ਸੱਤਾਂ ਦੀਪਾਂ ਭੱਜੇ ਵਾਹੋ ਦਾਹੀਆ । ਕਿਸੇ ਦਾ ਲੇਖਾ ਪੂਰ ਹੋਣਾ ਨਹੀਂ ਜਿਹਵਾ ਬੱਤੀ ਦੰਦ ਦਾ, ਦਾਮਨਗੀਰ ਨਜ਼ਰ ਕੋਇ ਨਾ ਆਈਆ । ਵਿਸਾਖ ਕਹੇ ਮੇਰਾ ਸਾਲ ਹੋਣਾ ਜਗਤ ਖੇਲ ਅਰੰਭ ਦਾ, ਮੈਂ ਖ਼ੁਸ਼ੀਆਂ ਨਾਲ ਸੁਣਾਈਆ । ਝਗੜਾ ਮੇਟਣਾ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਵਾਲੇ ਦੇਣੇ ਲੜਾਈਆ । ਕਿਸੇ ਨੂੰ ਭਰੋਸਾ ਰਹਿਣਾ ਨਹੀਂ ਆਪਣੇ ਦਮ ਦਾ, ਜੀਵਣ ਸਮਝ ਕੋਇ ਨਾ ਪਾਈਆ । ਜਗਤ ਵਣਜਾਰਾ ਬਣਨਾ ਚਿੰਤਾ ਗ਼ਮ ਦਾ, ਗ਼ਮਖ਼ਾਰ ਹੋ ਕੇ ਗ਼ਮੀ ਨਾ ਕੋਇ ਮਿਟਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲਾ ਪਿਆਰਾ ਹੋਣਾ ਬ੍ਰਹਮ ਦਾ, ਜਿਸ ਬ੍ਰਹਮ ਆਤਮ ਪਰਮਾਤਮ ਆਪਣਾ ਭੇਵ ਖੁਲਾਈਆ । ਸਦੀ ਚੌਧਵੀਂ ਅੰਤ ਨਿਸ਼ਾਨ ਮਿਟਣਾ ਧਰਮ ਦਾ, ਈਮਾਨ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਲਹਿਣਾ ਦੇਣਾ ਲੈਣਾ ਆਪਣੇ ਕਰਮ ਦਾ, ਕਰਮ ਕਾਂਡ ਦਾ ਲੇਖਾ ਨਾ ਕੋਇ ਮਿਟਾਈਆ । ਵਿਸਾਖ ਕਹੇ ਜਨ ਭਗਤੋ ਮੈਂ ਗੁਰਮੁਖਾਂ ਦੇ ਪ੍ਰੇਮ ਵਾਸਤੇ ਜਰਮ ਦਾ, ਜਨਮ ਗੁਰਮੁਖਾਂ ਦੇ ਸਤਿਗੁਰ ਝੋਲੀ ਪਾਈਆ । ਮੇਰੇ ਕੋਲ ਲੇਖਾ ਨਹੀਂ ਕਿਸੇ ਵਰਨ ਬਰਨ ਦਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜਿਸ ਸਹਾਰਾ ਲੈਣਾ ਤੇ ਇਕੋ ਪੁਰਖ ਅਕਾਲ ਸਰਨ ਦਾ, ਦੂਜੀ ਓਟ ਨਾ ਕੋਇ ਤਕਾਈਆ । ਚਰਨੋਦਕ ਲੈਣਾ ਤੇ ਸਤਿਗੁਰ ਸ਼ਬਦ ਚਰਨ ਦਾ, ਧੂੜੀ ਧੂਲੀ ਬਿਨ ਮਸਤਕ ਖ਼ਾਕ ਰਮਾਈਆ । ਜਿਸ ਮਾਰਗ ਲੈਣਾ ਸਤਿਗੁਰ ਮੰਜ਼ਲ ਚੜ੍ਹਨ ਦਾ, ਉਹ ਨਿਉਂ ਨਿਉਂ ਸਤਿਗੁਰ ਅਗੇ ਸੀਸ ਨਿਵਾਈਆ । ਉਹ ਲੇਖਾ ਮੁਕਾ ਜਾਏ ਅੱਖਰਾਂ ਨੂੰ ਪੜ੍ਹਨ ਦਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਵਿਸਾਖ ਕਹੇ ਜਨ ਭਗਤੋ ਮੈਂ ਤੁਹਾਡਾ ਮੀਤਾ, ਮਿਤਰ ਪਿਆਰਿਓ ਦਿਆਂ ਜਣਾਈਆ । ਸਤਿਗੁਰ ਸ਼ਬਦ ਸ਼ਬਦ ਧਾਰ ਦੀ ਰੀਤਾ, ਰੀਤੀ ਦੀਨ ਦੁਨੀ ਵੇਖ ਵਖਾਈਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਰਾਮ ਸੀਤਾ, ਰਾਧੇ ਕ੍ਰਿਸ਼ਨ ਆਪਣੇ ਰੰਗ ਰੰਗਾਈਆ । ਕਲਮਾ ਕਲਾਮ ਜਿਸ ਦੀ ਗਾਏ ਹਦੀਸਾ, ਹਜ਼ਰਤ ਜਿਸ ਨੂੰ ਸਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਵਿਸਾਖ ਕਹੇ ਮੈਂ ਮੰਗਣ ਆਇਆ, ਮੇਰੇ ਮਾਲਕ ਹਕ ਮਹਿਬੂਬ । ਜਨ ਭਗਤਾਂ ਨਾਤਾ ਤੋੜ ਕੇ ਤ੍ਰੈਗੁਣ ਮਾਇਆ, ਘਰ ਵਖਾ ਦੇ ਅਰਸ਼ ਅਰੂਜ । ਤੇਰੀ ਸਰਨ ਓਟ ਇਕ ਤਕਾਇਆ, ਲੇਖਾ ਰਹੇ ਨਾ ਦੂਤੀਆ ਭਾਉ ਦੂਜ । ਤੇਰੀ ਮਸਤਕ ਧੂੜੀ ਖ਼ਾਕ ਰਮਾਇਆ, ਭੇਵ ਖੋਲ ਦੇ ਅੰਦਰੋਂ ਗੂਝ । ਵਿਸਾਖ ਪਹਿਲੀ ਵਕਤ ਸੁਹਾਇਆ, ਪ੍ਰਭ ਨਿਰਮਲ ਕਰ ਦੇ ਗੁਰਮੁਖਾਂ ਬੁਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਵਰ ਦਿਸੇ ਨਾ ਕੋਇ ਬਿਨ ਤੁਝ, ਤੁਧ ਬਿਨ ਅਵਰ ਨਾ ਦਿਸੇ ਕੋਇ, ਹਰਿ ਕਰਤੇ ਪੁਰਖ ਅਪਾਰ । ਹਰਿਜਨ ਉਠਾ ਸੋਏ, ਸ਼ਬਦ ਹਲੂਣਾ ਇਕੋ ਮਾਰ । ਦੁਰਮਤ ਮੈਲ ਪਾਪਾਂ ਧੋਏ, ਪਤਤ ਪਾਪੀ ਕਰ ਤਿਆਰ । ਜਨ ਭਗਤ ਸੁਹੇਲੇ ਤੇਰੇ ਜਿਹੇ ਸਾਰੇ ਹੋਏ, ਆਤਮ ਪਰਮਾਤਮ ਦੇ ਅਧਾਰ । ਤੁਧ ਬਿਨ ਅਵਰ ਨਾ ਦੀਸੇ ਕੋਇ, ਮੇਰੇ ਕਰਤੇ ਪੁਰਖ ਕਰਤਾਰ । ਦਰਗਾਹ ਸਾਚੀ ਦੇ ਢੋਏ, ਦਰ ਠਾਂਡੇ ਬਖ਼ਸ਼ਣਹਾਰ । ਹਰਿਜਨ ਤੇਰੇ ਦਰ ਖਲੋਏ, ਨਿਵ ਨਿਵ ਕਰਨ ਨਿਮਸਕਾਰ । ਨਾਮ ਧਾਗੇ ਲੈ ਪਰੋਏ, ਵਿਛੜ ਨਾ ਜਾਇਣ ਵਿਚ ਸੰਸਾਰ । ਸਚ ਮੁਹੱਬਤ ਵਿਚ ਮੋਹੇ, ਮਾਇਆ ਮਮਤਾ ਕੂੜ ਨਿਵਾਰ । ਜਿਨ੍ਹਾਂ ਸਤਿਗੁਰ ਤੇਰੇ ਚਰਨ ਛੋਹੇ, ਲੱਖ ਚੁਰਾਸੀ ਵਿਚੋਂ ਕਰਨਾਂ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਸੱਚੀ ਸਰਕਾਰ । ਵਿਸਾਖ ਕਹੇ ਮੈਂ ਮੰਗਾਂ ਮੰਗ ਇਕ, ਏਕੰਕਾਰ ਝੋਲੀ ਡਾਹੀਆ । ਜਨ ਭਗਤਾਂ ਮਨ ਜਾਏ ਟਿਕ, ਟਿੱਕੇ ਮਸਤਕ ਧੂੜੀ ਖ਼ਾਕ ਸਭ ਦੇ ਦੇ ਰਮਾਈਆ । ਹਰ ਹਿਰਦੇ ਅੰਦਰ ਤੇਰੀ ਹੋਵੇ ਸਿਕ, ਦੂਸਰ ਆਸ ਨਾ ਕੋਇ ਰਖਾਈਆ । ਜੇ ਕਰਮ ਨਹੀਂ ਤੇ ਕਰਮਾਂ ਦਾ ਲੇਖਾ ਦੇ ਲਿਖ, ਤੇਰੇ ਵਿਚ ਵਡ ਵਡਿਆਈਆ । ਤੂ ਜੱਟ ਛੀਬੇ ਝੀਵਰ ਬਣਾਏ ਸਿਖ, ਗੋਬਿੰਦ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਆਤਮ ਧਾਰ ਸਭ ਦਾ ਬਣ ਪਿਤ, ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਬਿਨ ਤੇਰੀ ਕਿਰਪਾ ਕਲਜੁਗ ਕੂੜੀ ਕਿਰਿਆ ਸਕੇ ਕੋਈ ਨਾ ਜਿੱਤ, ਫ਼ਤਿਹ ਡੰਕਾ ਨਾ ਕੋਇ ਵਜਾਈਆ । ਮੇਰੇ ਸਵਾਮੀ ਸਾਹਿਬ ਜਨ ਭਗਤਾਂ ਨੂੰ ਜਾਗਦਿਆਂ ਸੁੱਤਿਆਂ ਨਿਰਗੁਣ ਧਾਰ ਹੋ ਕੇ ਦਿਸ, ਬਿਨ ਅੱਖਾਂ ਤੋਂ ਨਿਜ ਨੇਤਰ ਨਜ਼ਰੀ ਆਈਆ । ਵੇਖੀਂ ਕਿਤੇ ਕਲਜੁਗ ਨਾ ਦੇਵੀਂ ਪਿਠ, ਕਰਵਟ ਨਾ ਲੈਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਸਚ ਦੇਣੀ ਮਾਣ ਵਡਿਆਈਆ । ਵਿਸਾਖ ਕਹੇ ਪ੍ਰਭ ਦੇ ਦੇ ਨਿਮਾਣਿਆਂ ਮਾਣ, ਸਿਰ ਆਪਣਾ ਹੱਥ ਟਿਕਾਈਆ । ਤੂੰ ਦੇਵਣਹਾਰ ਸ੍ਰੀ ਭਗਵਾਨ, ਸਚਖੰਡ ਨਿਵਾਸੀ ਬੇਪ੍ਰਵਾਹੀਆ । ਇਹ ਬੱਚੇ ਤੇਰੇ ਨਾਦਾਨ, ਬਾਲੀ ਬੁਧ ਅਖਵਾਈਆ । ਕਲਜੁਗ ਸਭ ਦੇ ਅੰਦਰ ਵੜਿਆ ਸ਼ੈਤਾਨ, ਸਭ ਦਾ ਲੇਖਾ ਆਪਣੀ ਕਿਰਪਾ ਨਾਲ ਪੂਰਾ ਦੇ ਕਰਾਈਆ । ਤੂੰ ਮਿਹਰਵਾਨ ਨੌਜਵਾਨਾ ਮਰਦ ਮਰਦਾਨਾ ਦੋ ਜਹਾਨਾਂ ਮੇਰੀ ਬੇਨੰਤੀ ਕਰ ਪ੍ਰਵਾਨ, ਪ੍ਰਵਾਨਾ ਹੋ ਕੇ ਆਪਣਾ ਆਪ ਤੇਰੀ ਭੇਟ ਕਰਾਈਆ । ਤੂੰ ਸੂਰਬੀਰ ਸੁਲਤਾਨ ਨੌਜਵਾਨ, ਨੂਰ ਨੁਰਾਨਾ ਇਕ ਅਖਵਾਈਆ । ਤੇਰੀ ਕਲਮਿਆਂ ਤੋਂ ਬਾਹਰ ਕਲਾਮ, ਬਿਨਾ ਜ਼ਬਾਨ ਤੋਂ ਤੇਰਾ ਸ਼ਬਦ ਹੋਏ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਸੁਣ ਓਏ ਜਗਤ ਆਉਣ ਵਾਲਿਆ ਵਿਸਾਖਾ, ਘੜੀਆਂ ਮਿੰਟਾਂ ਵਾਲਿਆ ਤੈਨੂੰ ਦਿਆਂ ਜਣਾਈਆ । ਭਗਤਾਂ ਦਾ ਜੁਗੋ ਜੁਗ ਦਾ ਰਾਖਾ, ਨਿਤ ਨਿਤ ਸੇਵ ਕਮਾਈਆ । ਜਿਨ੍ਹਾਂ ਮੇਰਾ ਮੰਨਿਆ ਆਖਾ, ਮੈਂ ਉਨ੍ਹਾਂ ਦੇ ਅੰਦਰ

੯੧੧
੨੩

ਵੜ ਕੇ ਆਪਣਾ ਝਟ ਲੰਘਾਈਆ । ਪਰ ਯਾਦ ਕਰ ਲਓ ਮੇਰੀ ਜੁਗ ਜੁਗ ਦੀ ਵੱਖਰੀ ਭਾਸ਼ਾ, ਜਗਤ ਵਿਦਿਆ ਸਮਝ ਕਿਸੇ ਨਾ ਆਈਆ । ਮੈਂ ਪਹਿਲੋਂ ਆਪਣੇ ਪ੍ਰੇਮੀਆਂ ਦੇ ਅੰਦਰ ਆਪਣੇ ਪਿਆਰ ਦੀ ਪ੍ਰਗਟ ਕਰਦਾ ਆਸਾ, ਫੇਰ ਆਪਣੇ ਨਾਲ ਮਿਲਾਈਆ । ਫੇਰ ਦੇ ਕੇ ਭਰਵਾਸਾ, ਧੀਰਜ ਦੇਣਾ ਧਰਾਈਆ । ਫੇਰ ਨਾਮ ਜਪਾ ਕੇ ਸਾਚਾ, ਸਚ ਸਚ ਨਾਲ ਜੁੜਾਈਆ । ਭਾਗ ਲਗਾ ਕੇ ਕਾਇਆ ਮਾਟੀ ਕਾਚਾ, ਕੰਚਨ ਗੜ੍ਹ ਦਿਆਂ ਵਖਾਈਆ । ਜਦੋਂ ਤੱਕੋ ਗੁਰਮੁਖੋ ਤੁਹਾਡੇ ਲੂੰ ਲੂੰ ਅੰਦਰ ਹੋਵੇ ਰਾਚਾ, ਰਚਨਾ ਸ਼ਬਦ ਧਾਰ ਵਖਾਈਆ । ਅੰਤ ਲੱਗੇ ਨਾ ਕੋਇ ਆਂਚਾ, ਕਲਜੁਗ ਅਗਨੀ ਨਾ ਮੂਲ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਤੁਹਾਡਾ ਸੁਹੰਜਣਾ ਵਿਸਾਖ ਦਿਹਾੜਾ, ਪਹਿਲੇ ਪ੍ਰਵਿਸ਼ਟੇ ਮਿਲੇ ਵਡਿਆਈਆ । ਤੁਹਾਡਾ ਮਨਜ਼ੂਰ ਹੋਇਆ ਪੂਰਬਲੇ ਜਨਮ ਦਾ ਕਢਿਆ ਹਾੜਾ, ਲੇਖਾ ਲੇਖੇ ਵਿਚੋਂ ਜਣਾਈਆ । ਤੁਹਾਨੂੰ ਜਾਣਾ ਪਿਆ ਨਹੀਂ ਜੰਗਲਾਂ ਜੂਹਾਂ ਵਿਚ ਉਜਾੜਾਂ ਪਹਾੜਾਂ, ਟਿੱਲਿਆਂ ਚੋਟੀਆਂ ਉਤੇ ਆਸਣ ਲਾਈਆ । ਤੁਹਾਨੂੰ ਕਢਣਾ ਨਹੀਂ ਪਿਆ ਪਸੀਨਾ ਗਾਹੜਾ, ਜਲ ਧਾਰਾ ਨਾ ਕੋਇ ਫਿਰਾਈਆ । ਅਗਨੀ ਵਿਚ ਤਨ ਕਿਸੇ ਨਾ ਸਾੜਾ, ਧੂੜੀ ਖ਼ਾਕ ਨਾ ਕੋਇ ਰਮਾਈਆ । ਕਿਰਪਾ ਕਰ ਕੇ ਸਤਿਗੁਰ ਸ਼ਬਦ ਅਸੁਤੇ ਮਿਲ ਗਿਆ ਧੁਰ ਦਾ ਲਾੜਾ, ਜੋ ਆਤਮ ਆਪਣੀ ਆਪ ਲਏ ਪ੍ਰਨਾਈਆ । ਅਗਨੀ ਪੋਹ ਨਾ ਸਕੇ ਤਤੀ ਹਾੜਾ, ਤਤਵ ਤਤ ਨਾ ਕੋਇ ਤਪਾਈਆ । ਤੁਹਾਡੇ ਘਰ ਸਵਾਮੀ ਸਾਚਾ ਲਾਏ ਅਖਾੜਾ, ਬਿਨ ਗੋਪੀ ਕਾਹਨ ਸੁਰਤੀ ਸ਼ਬਦੀ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਬੇਦੋਸ਼ੀ, ਦੋਸ਼ ਨਜ਼ਰ ਕੋਇ ਨਾ ਆਈਆ । ਤੇਰੀ ਸ੍ਰਿਸ਼ਟੀ ਜਗਤ ਵਿਕਾਰ ਵਿਚ ਹੋਈ ਮਦਹੋਸ਼ੀ, ਹੋਸ਼ ਆਪਣੀ ਗਏ ਭੁਲਾਈਆ । ਮੈਂ ਬੜਾ ਚਿਰ ਰਖੀ ਆਪਣੇ ਹੋਠਾਂ ਦੇ ਅੰਦਰ ਖ਼ਮੋਸ਼ੀ, ਬੁੱਲ ਸਕੀ ਨਾ ਮੂਲ ਹਿਲਾਈਆ । ਮੈਨੂੰ ਕੋਟਨ ਕੋਟ ਦੱਸ ਕੇ ਗਏ ਜੋਤਸ਼ੀ, ਜੋਤਸ਼ ਵਿਚ ਧਿਆਨ ਲਗਾਈਆ । ਸਦੀ ਚੌਧਵੀਂ ਅੰਤ ਸਭ ਦੀ ਮਤ ਹੋਣੀ ਹੋਛੀ, ਹੁਸ਼ਿਆਰੀ ਨਾਲ ਵੇਖਣਾ ਥਾਉਂ ਥਾਈਂਆ । ਝਗੜਾ ਪੈਣਾ ਕਾਇਆ ਮਾਟੀ ਪੋਸ਼ੀ, ਪੇਸ਼ੀਨਗੋਈਆਂ ਦੇਣ ਗਵਾਹੀਆ । ਮੇਰੇ ਮਿਹਰਵਾਨਾ ਮੈਂ ਇਹ ਕਥਾ ਕਹਾਣੀ ਕਦੇ ਨਾ ਸੋਚੀ, ਸਮਝ ਵਿਚ ਸਮਝ ਨਾ ਕੋਇ ਬਦਲਾਈਆ । ਮੈਨੂੰ ਇਸ਼ਾਰਾ ਦਿਤਾ ਸੀ ਰਵਦਾਸ ਚਮਾਰੇ ਮੋਚੀ, ਸਾਢੇ ਤਿੰਨ ਹੱਥ ਆਪਣੀ ਵੰਡ ਵੰਡਾਈਆ । ਕਬੀਰ ਜੁਲਾਹਾ ਕਹਿ ਕੇ ਗਿਆ ਸੀ ਹੱਥ ਵਿਚ ਫੜ ਕੇ ਕੋਚੀ, ਟੁੱਟਿਆਂ ਤੰਦਾਂ ਗੰਢ ਪਵਾਈਆ । ਧਰਨੀਏ ਤੇਰੇ ਉਤੇ ਕਲਜੁਗ ਘੜੀ ਆਉਣੀ ਔਖੀ, ਸੰਗੀ ਸੰਗ ਨਾ ਕੋਇ ਨਿਭਾਈਆ । ਮਿਤਰ ਦੋਸਤ ਇਕ ਦੂਜੇ ਦੇ ਹੋਣੇ ਦੋਖੀ, ਸੱਜਣ ਸੰਗ ਨਾ ਕੋਇ ਨਿਭਾਈਆ । ਉਸ ਵੇਲੇ ਇਕ ਪੁਰਖ ਅਕਾਲ ਦੀ ਰਖੀਂ ਓਟੀ, ਧਿਆਨ ਇਕੋ ਇਕ ਰਖਾਈਆ । ਜਿਹੜਾ ਸਭ ਦੀ ਚੜ੍ਹ ਕੇ ਬੈਠਾ ਚੋਟੀ, ਚੋਟਾ ਹੋ ਕੇ ਵੇਖ ਵਖਾਈਆ । ਉਸ ਦਾ ਪ੍ਰਕਾਸ਼ ਹੋਣਾ ਨਿਰਮਲ ਜੋਤੀ, ਜੋਤੀ ਜਾਤਾ ਇਕ ਅਖਵਾਈਆ । ਜਨ ਭਗਤ ਬਣਾਉਣੇ ਆਪਣੇ ਗੋਤੀ, ਗੌਤਮ ਦੀ ਆਸਾ ਪੂਰ ਕਰਾਈਆ । ਗੁਰਮੁਖਾਂ ਧਾਰ ਰਹਿਣ ਨਾ ਦੇਵੇ ਸੋਤੀ, ਸੁਤਿਆਂ ਲਏ ਜਗਾਈਆ । ਉਹ ਲੇਖਾ ਜਾਣੇ ਲੋਕ ਪ੍ਰਲੋਕੀ, ਚੌਦਾਂ ਤਬਕਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦੀ ਦੱਸਾਂ ਗਾਥ, ਸਤਿ ਸਤਿ ਦ੍ਰਿੜਾਈਆ । ਜਨ

੯੧੨
੨੩

੬੧੩
੨੩

ਭਗਤੋ ਤੁਹਾਡੇ ਧੁਰ ਮਸਤਕ ਵੇਖੇ ਮਾਥ, ਮਿਹਰ ਨਜ਼ਰ ਉਠਾਈਆ । ਜਿਸ ਤੁਹਾਡਾ ਜੀਵਣ ਚਲਾਉਣਾ ਰਾਥ, ਰਥ ਰਥਵਾਹੀ ਇਕ ਅਖਵਾਈਆ । ਉਹ ਸਾਹਿਬ ਪੁਰਖ ਸਮਰਾਥ, ਹਰਿ ਵੱਡਾ ਵਡ ਵਡਿਆਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਾਂ ਗਲੇ ਲਗਾਈਆ । ਖ਼ੁਸ਼ੀ ਦਿਹਾੜਾ ਸੁਹੰਜਣਾ ਤੁਹਾਡਾ ਪਹਿਲੀ ਵਿਸਾਖ, ਵਿਸਾਖ ਕਹੇ ਮੈਂ ਜਨ ਭਗਤੋ ਸਭ ਨੂੰ ਦਿਆਂ ਵਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਜਪਣਾ ਜਾਪ, ਜਗ ਜੀਵਣ ਦਾਤਾ ਮਿਲ ਕੇ ਵੱਜੇ ਵਧਾਈਆ । ਮੈਂ ਗੁਰਮੁਖੋ ਗੁਰਸਿਖੋ ਖ਼ੁਸ਼ੀਆਂ ਨਾਲ ਸਭ ਨੂੰ ਦਿਆਂ ਆਖ, ਆਖ਼ਰ ਦਿਆਂ ਦ੍ਰਿੜਾਈਆ । ਪਤਿਪਰਮੇਸ਼ਵਰ ਪਰਵਰਦਿਗਾਰ ਸਭ ਦੀ ਪਤ ਲਏ ਰਾਖ, ਸਿਰ ਸਿਰ ਆਪਣਾ ਹੱਥ ਟਿਕਾਈਆ । ਪਿਛਲੇ ਜਨਮ ਕਰਮ ਸਾਰੇ ਕੀਤੇ ਮੁਆਫ਼, ਸਤਿਗੁਰ ਸ਼ਬਦ ਸ਼ਹਾਦਤ ਦਏ ਭੁਗਤਾਈਆ । ਅਗੇ ਸਭ ਦਾ ਇਕੋ ਜਿਹਾ ਪ੍ਰਤਾਪ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਸਭ ਦਾ ਪੁਰਖ ਅਕਾਲਾ ਮਾਈ ਬਾਪ, ਪੂਤ ਸਪੂਤੇ ਆਪਣੀ ਗੋਦ ਟਿਕਾਈਆ । ਆਤਮ ਪਰਮਾਤਮ ਜੋੜ ਕੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਅੰਤ ਉਤਾਰੇ ਆਪਣੇ ਘਾਟ, ਅਧਵਿਚਕਾਰ ਨਾ ਕੋਇ ਅਟਕਾਈਆ । ਲੱਖ ਚੁਰਾਸੀ ਮੇਟੇ ਵਾਟ, ਚਿਤ੍ਰਗੁਪਤ ਦਾ ਲੇਖਾ ਰਾਏ ਧਰਮ ਨਾ ਦਏ ਸਜ਼ਾਈਆ । ਮੇਲ ਮਿਲਾਏ ਜੋਤੀ ਜਾਤਾ ਕਮਲਾਪਾਤ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਤੁਸੀਂ ਉਸ ਦੇ ਅਗੰਮੇ ਸਾਕ, ਜਿਸ ਦਾ ਰਿਸ਼ਤਾ ਜਗਤ ਨਜ਼ਰ ਕੋਇ ਨਾ ਆਈਆ । ਉਸ ਦੀ ਧਾਰ ਵਿਚ ਕਰਨਾ ਵਾਸ, ਜਿਥੋਂ ਜਨਮ ਦੇਵੇ ਕੋਇ ਨਾ ਮਾਈਆ । ਤੁਹਾਡਾ ਆਤਮਾ ਜੋਤ ਪ੍ਰਕਾਸ਼, ਪ੍ਰਕਾਸ਼ ਪਰਮਾਤਮਾ ਵਿਚ ਸਮਾਈਆ । ਵਿਸਾਖ ਕਹੇ ਜਨ ਭਗਤੋ ਮੇਰੀ ਇਹੋ ਅਖੀਰੀ ਬਾਤ, ਬੇਵਤਨੋ ਦਿਆਂ ਜਣਾਈਆ । ਤੁਹਾਡੇ ਉਤੇ ਕਿਰਪਾ ਕਰੇ ਪ੍ਰਭੂ ਪ੍ਰਭ ਆਪ, ਆਪਣੀ ਦਇਆ ਕਮਾਈਆ । ਸਚਖੰਡ ਦਵਾਰ ਏਕੰਕਾਰ ਤੁਹਾਡਾ ਰਖਾਏ ਵਾਸ, ਥਿਰ ਘਰ ਆਪਣਾ ਰੰਗ ਰੰਗਾਈਆ । ਜਿਥੇ ਇਕੋ ਨੂਰ ਜੋਤ ਪ੍ਰਕਾਸ਼, ਦੀਆ ਬਾਤੀ ਬਿਨ ਤੇਲ ਬਾਤੀ ਡਗਮਗਾਈਆ । ਤੁਹਾਡੀ ਦਰ ਆਇਆ ਦੀ ਸਭ ਦੀ ਪ੍ਰਭ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਦੁੱਖ ਦਲਿਦ੍ਰ ਸਾਰੇ ਜਾਇਣ ਨਾਸ, ਤਨ ਵਜੂਦ ਵੱਜੇ ਵਧਾਈਆ । ਸ਼ੰਕਰ ਵੇਖੇ ਉਤੋਂ ਕੈਲਾਸ਼, ਬ੍ਰਹਮਾ ਬ੍ਰਹਮ ਖੋਜ ਖੁਜਾਈਆ । ਵਿਸ਼ਨੂੰ ਵਿਸ਼ਵ ਦਾ ਖੋਲ ਕੇ ਤਾਕ, ਬਿਨ ਨੈਣਾਂ ਨੈਣ ਤਕਾਈਆ । ਅਵਤਾਰ ਪੈਗ਼ੰਬਰ ਗੁਰੂ ਸਾਰੇ ਰਹੇ ਆਖ, ਸੰਦੇਸੇ ਨਾਮ ਵਾਲੇ ਜਣਾਈਆ । ਅਜ ਸੁਹੰਜਣਾ ਦਿਵਸ ਦਿਹਾੜਾ ਵਿਸਾਖ, ਸਭ ਨੂੰ ਮਿਲੇ ਵਡਿਆਈਆ । ਜਨ ਭਗਤੋ ਤੁਹਾਡੀ ਲੇਖੇ ਲੱਗੀ ਅੱਜ ਦੀ ਭਿੰਨੜੀ ਰਾਤ, ਰੈਣ ਭਿੰਨੜੀ ਤੁਹਾਨੂੰ ਸੀਸ ਨਿਵਾਈਆ । ਸਾਰਿਆਂ ਮਿਲ ਕੇ ਰਹਿਣਾ ਤੇ ਰਹਿਣਾ ਬਣ ਕੇ ਭੈਣ ਭਰਾਤ, ਨੇਤਰ ਨੈਣ ਅੱਖ ਨਾ ਕਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਏਥੇ ਓਥੇ ਦੋ ਜਹਾਨਾਂ ਦੇਵੇ ਸਾਥ, ਸਗਲਾ ਸੰਗੀ ਇਕ ਅਖਵਾਈਆ ।

### ੨ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੋਹਲ ਜ਼ਿਲਾ ਗੁਰਦਾਸ ਪੁਰ ਜਗੀਰ ਸਿੰਘ ਦੇ ਗ੍ਰਿਹਿ

ਸਤਿਗੁਰ ਸ਼ਬਦ ਕਹੇ ਸੁਣ ਓਏ ਮਾਤ ਵਿਸਾਖਿਆ, ਧੁਰ ਦਾ ਹੁਕਮ ਸੰਦੇਸ਼ਾ ਦਿਆਂ ਦ੍ਰਿੜਾਈਆ । ਕਿਸ ਬਿਧ ਤੇਰੇ ਅੰਦਰ ਆਵੇ ਅਗੰਮੀ

ਭਾਖਿਆ, ਬਿਨ ਰਸਨਾ ਜਿਹਵਾ ਬੱਤੀ ਦੰਦ ਦੇਣਾ ਸੁਣਾਈਆ । ਕਿਸ ਧਾਰ ਵਿਚ ਨਰ ਨਿਰੰਕਾਰ ਦਾ ਮੰਨੇਂ ਆਖਿਆ, ਸੀਸ ਜਗਦੀਸ਼ ਜਗਦੀਸ਼ਰ ਨਿਵਾਈਆ । ਕੀ ਸੰਦੇਸਾ ਸੁਣੇ ਅਲੱਖਣਾ ਅਲਾਖਿਆ, ਅਲੱਖ ਅਗੋਚਰ ਕੀ ਦ੍ਰਿੜਾਈਆ । ਕੀ ਮਾਤਲੋਕ ਵਿਚ ਹੋਣਾ ਵਾਕਿਆ, ਵਾਕਫ਼ਕਾਰ ਹੋ ਕੇ ਦੇ ਸੁਣਾਈਆ । ਕੀ ਤੇਰਾ ਲਹਿਣਾ ਦੇਣਾ ਧਰਨੀ ਉਤੇ ਕਾਕਿਆ, ਕਲਕਾਤੀ ਨਾਲ ਕੀ ਨਾਤਾ ਲਿਆ ਬਣਾਈਆ । ਕਿਸ ਬਿਧ ਸਭ ਦਾ ਲਹਿਣਾ ਦੇਣਾ ਚੁਕਣਾ ਬਾਕਿਆ, ਲੇਖਾ ਧਰਨ ਰਹਿਣ ਨਾ ਪਾਈਆ । ਕਿਉਂ ਤੇਰਾ ਥਾਪਣ ਥਾਪਿਆ, ਮਿਲੀ ਮਾਣ ਵਡਿਆਈਆ । ਕਿਸ ਬਿਧ ਦੀਨ ਦੁਨੀ ਪਤਤ ਪੁਨੀਤ ਹੋਵੇ ਵਿਚੋਂ ਪਾਕਿਆ, ਦੁਰਮਤ ਮੈਲ ਕਵਣ ਧਵਾਈਆ । ਕੀ ਸ੍ਰਿਸ਼ਟੀ ਰੋਗ ਹੋਵੇ ਸੰਤਾਪਿਆ, ਅਗਨੀ ਤਤ ਤਤ ਜਲਾਈਆ । ਕਵਣ ਧਾਰ ਹੋਵੇ ਧੁਰ ਦਾ ਜਾਪਿਆ, ਸ਼ਬਦ ਨਾਦ ਕਵਣ ਸ਼ਨਵਾਈਆ । ਭੇਵ ਅਭੇਦਾ ਸੁਣ ਲੈ ਸਾਚਿਆ, ਸਤਿ ਸਚ ਨਾਲ ਦ੍ਰਿੜਾਈਆ । ਕਲਜੁਗ ਕੂੜੀ ਵੰਗ ਭੱਜੇ ਕਾਚਿਆ, ਧਰਨੀ ਧਰਤ ਧਵਲ ਧੌਲ ਰਹਿਣ ਅੰਤ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਟੇ ਅੰਧੇਰੀ ਰਾਤਿਆ, ਰੁਤੜੀ ਆਪਣੇ ਨਾਮ ਮਹਿਕਾਈਆ । ਜੋ ਆਦਿ ਜੁਗਾਦੀ ਜੋਤੀ ਜਾਤਿਆ, ਜਾਗਰਤ ਜੋਤ ਨੂਰ ਅਲਾਹੀਆ । ਕਿਸ ਬਿਧ ਉਸ ਦਾ ਹੋਣਾ ਵਡ ਪਰਤਾਪਿਆ, ਦੋ ਜਹਾਨਾਂ ਵੱਜੇ ਵਧਾਈਆ । ਜਨ ਭਗਤਾਂ ਦੇਵੇ ਸਾਥਿਆ, ਸਗਲਾ ਸੰਗ ਬਣਾਈਆ । ਜੋ ਨਿਤ ਨਵਿਤ ਨਿਰਗੁਣ ਨੂਰ ਹੋਵੇ ਪਰਕਾਸ਼ਿਆ, ਜੋਤੀ ਜਾਤਾ ਡਗਮਗਾਈਆ । ਉਹ ਖੇਲ ਕਰੇ ਸ਼ਾਹੋ ਸ਼ਾਬਾਸ਼ਿਆ, ਸ਼ਹਿਨਸ਼ਾਹ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਕਿਸ ਬਿਧ ਵਿਸਾਖ ਤਨ ਹੋਵੇ ਵਜੂਦ ਪਾਕਿਆ, ਦੁਰਮਤ ਮੈਲ ਧਵਾਈਆ । ਦੀਨ ਦੁਨੀ ਦਾ ਪੂਰਾ ਕਰੇ ਘਾਟਿਆ, ਭੰਡਾਰਾ ਸ਼ਬਦ ਨਾਮ ਵਰਤਾਈਆ । ਸਤਿ ਦਾ ਸਚ ਖੁਲਾਵੇ ਹਾਟਿਆ, ਹੱਟਵਾਣਾ ਇਕੋ ਨਜ਼ਰੀ ਆਈਆ । ਧੁਰ ਦਾ ਜਾਮ ਪਿਆਏ ਕਾਇਆ ਅੰਦਰ ਬਾਟਿਆ, ਰਸਨਾ ਰਸ ਦੀ ਲੋੜ ਨਾ ਕੋਇ ਰਖਾਈਆ । ਕਲਜੁਗ ਕੂੜੀ ਸੇਜ ਨਾ ਦਿਸੇ ਖਾਟਿਆ, ਸਥਰ ਯਾਰ ਇਕ ਸਮਝਾਈਆ । ਕਿਸ ਬਿਧ ਸਭ ਦੀ ਮੇਟੇ ਵਾਟਿਆ, ਪਾਂਧੀਆਂ ਪੰਧ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਮ ਧਾਰ ਦੇ ਵਿਸਾਖੂ, ਵਿਸਾਖ ਤੈਨੂੰ ਦਿਆਂ ਸਮਝਾਈਆ । ਕਿਸ ਬਿਧ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਪਤ ਰਾਖੂ, ਰਖਕ ਹੋ ਕੇ ਵੇਖ ਵਖਾਈਆ । ਪ੍ਰਗਟ ਹੋਵੇ ਅਲਖਣਾ ਅਲਾਖੂ, ਅਲਖ ਅਗੋਚਰ ਆਪਣੀ ਦਇਆ ਕਮਾਈਆ । ਜਿਸ ਦੀ ਧਾਰ ਵਿਚ ਦੋ ਜਹਾਨ ਭਾਖੂ, ਭਾਖਿਆ ਦੇਵੇ ਥਾਉਂ ਥਾਈਂਆ । ਉਹ ਇਕ ਸੰਦੇਸਾ ਨਰ ਨਰੇਸ਼ਾ ਸਤਿਗੁਰ ਸ਼ਬਦ ਹੋ ਕੇ ਆਖੂ, ਬਿਨ ਅੱਖਰਾਂ ਦਏ ਦ੍ਰਿੜਾਈਆ । ਜਿਸ ਖੇਲ ਰਚਾਉਣਾ ਮੰਡਲ ਰਾਸੂ, ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਉਹ ਕਿਸ ਬਿਧ ਧਰਨੀ ਦੇ ਪੂੰਝੇ ਆਸੂ, ਨੇਤਰ ਨੈਣਾਂ ਨੀਰ ਵੇਖ ਵਖਾਈਆ । ਕਵਣ ਸੁਹੰਜਣਾ ਬਰਸ ਹੋਵੇ ਮਾਸੂ, ਦਿਵਸ ਕਵਣ ਮਿਲੇ ਵਡਿਆਈਆ । ਸਤਿਗੁਰ ਸ਼ਬਦ ਕਹੇ ਤੂੰ ਨਿੱਕਾ ਜਿਹਾ ਕਾਕੂ, ਤੈਨੂੰ ਦਿਆਂ ਜਣਾਈਆ । ਉਹ ਤੱਕ ਲੈ ਪੁਰਖ ਅਕਾਲਾ ਸਚਖੰਡ ਵਿਚੋਂ ਬਿਨ ਅੱਖਾਂ ਤੋਂ ਝਾਕੂ, ਬਿਨ ਨੈਣਾਂ ਨੈਣ ਤਕਾਈਆ । ਜਿਸ ਨੇ ਧਰਤੀ ਉਤੇ ਮੇਟਣੀ ਅੰਧੇਰੀ ਰਾਤੂ, ਰੁਤੜੀ ਆਪਣਾ ਨਾਮ ਮਹਿਕਾਈਆ । ਉਸ ਦਾ ਹੁਕਮ ਸੰਦੇਸਾ ਦੇਖ ਲੈ ਪੱਤਰ ਪਾਤੂ, ਨਿਸ਼ਅੱਖਰ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਹੁਕਮ ਇਕ ਵਰਤਾਈਆ ।


੬੧੪
੨੩

ਵਿਸਾਖ ਕਹੇ ਸਤਿਗੁਰ ਸ਼ਬਦ ਮੇਰੀ ਨਮੋ ਨਮੋ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਮੈਂ ਉਸੇ ਦਾ ਬਰਖ਼ੁਰਦਾਰ, ਨਿਤ ਨਿਤ ਸੇਵ ਕਮਾਈਆ । ਮੈਂ ਸੰਦੇਸਾ ਸੁਣਿਆ ਗੋਬਿੰਦ ਦੀ ਧਾਰ, ਜੋ ਧਰਮ ਧਾਰ ਦ੍ਰਿੜਾਈਆ । ਜਿਸ ਚਾਰ ਵਰਨਾਂ ਅਠਾਰਾਂ ਬਰਨਾਂ ਕੀਤਾ ਪਿਆਰ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆ ਚਰਨ ਲਗਾਈਆ । ਸੀਸ ਬੰਨ੍ਹ ਦਸਤਾਰ, ਸਿਰ ਸਿਖ ਆਪਣਾ ਹੱਥ ਟਿਕਾਈਆ । ਨਾਤਾ ਜੋੜ ਕੇ ਨਾਲ ਪੁਰਖ ਅਕਾਲ, ਅਕਲ ਕਲਧਾਰੀ ਨਾਲ ਦਿਤਾ ਮਿਲਾਈਆ । ਸੰਦੇਸਾ ਦੇ ਕੇ ਦੀਨ ਦਿਆਲ, ਦਇਆਨਿਧ ਦਿਤਾ ਸਮਝਾਈਆ । ਗੁਰਮੁਖ ਗੁਰਸਿਖ ਮੇਰੇ ਆਤਮ ਧਾਰੀ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਦਿਵਸ ਰੈਣ ਕਰਾਂ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਉਹ ਸੰਬਲ ਬਹਿ ਆਪਣਾ ਆਪ ਕਰੇ ਸੰਭਾਲ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਦੇਣ ਅਹਿਵਾਲ, ਸਿਫ਼ਤ ਸਿਫ਼ਤਾਂ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਵਿਸਾਖ ਕਹੇ ਮੇਰਾ ਸਤਿਗੁਰ ਸ਼ਬਦ ਸਵਾਮੀ, ਨਿਵ ਨਿਵ ਸੀਸ ਨਿਵਾਈਆ । ਪ੍ਰਭ ਪ੍ਰੀਤਮ ਹੋਵੇ ਅੰਤਰਜਾਮੀ, ਅੰਤਸ਼ਕਰਨ ਤੱਕੇ ਖ਼ਲਕ ਖ਼ੁਦਾਈਆ । ਸ਼ਰਅ ਜ਼ੰਜੀਰ ਕੱਟੇ ਗ਼ੁਲਾਮੀ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਭੇਵ ਖੁਲ੍ਹਾ ਕੇ ਜ਼ਿਮੀਂ ਅਸਮਾਨੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅੰਮ੍ਰਿਤ ਰਸ ਦੇ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਨਾਦ ਦੇ ਪਦ ਨਿਰਬਾਣੀ, ਨਿਰਗੁਣ ਆਪਣੇ ਰੰਗ ਰੰਗਾਈਆ । ਸਚ ਦਵਾਰ ਕਰ ਪਰਵਾਨੀ, ਪਰਮ ਪੁਰਖ ਹੋਏ ਸਹਾਈਆ । ਵਿਸਾਖ ਕਹੇ ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਉਤੇ ਕਰੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਜੋ ਲੇਖਾ ਜਾਣੇ ਜੀਵ ਪ੍ਰਾਣੀ, ਪੁਨਹ ਪੁਨਹ ਸਭ ਨੂੰ ਵੇਖ ਵਖਾਈਆ । ਉਹ ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨੀ, ਨਿਸ਼ਾਨਾ ਸਤਿ ਧਰਮ ਝੁਲਾਈਆ । ਹਰ ਹਿਰਦੇ ਵਿਚੋਂ ਕਢੇ ਬੇਈਮਾਨੀ, ਮਾਇਆ ਮਮਤਾ ਮੋਹ ਮਿਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਮੰਜ਼ਲ ਰੁਹਾਨੀ, ਰੂਹ ਬੁੱਤ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸੁਣ ਵਿਸਾਖ ਮੇਰੇ ਸੱਜਣਾ, ਪਿਆਰਿਆ ਪਿਆਰਿਆ ਦਿਆਂ ਦ੍ਰਿੜਾਈਆ । ਕਿਸ ਬਿਧ ਸਾਚਾ ਚਰਨ ਧੂੜ ਮਿਲੇ ਮਜਣਾ, ਜਗਤ ਦੁਰਮਤ ਮੈਲ ਧਵਾਈਆ । ਕੂੜ ਕਿਰਿਆ ਕੁਕਰਮ ਦਾ ਭਾਂਡਾ ਕਿਸ ਬਿਧ ਭੱਜਣਾ, ਜੂਠ ਝੂਠ ਰਹਿਣ ਨਾ ਪਾਈਆ । ਮੋਹ ਵਿਕਾਰ ਵਿਚ ਸੰਸਾਰ ਕਿਸ ਬਿਧ ਨਾਲ ਭੱਜਣਾ, ਰਸਨਾ ਜਿਹਵਾ ਬੱਤੀ ਦੰਦ ਨਾ ਹੋਏ ਸਹਾਈਆ । ਸ਼ਬਦ ਨਗਾਰਾ ਵਿਚ ਸੰਸਾਰਾ ਕਵਣ ਡੰਕਾ ਵੱਜਣਾ, ਕਵਣ ਕਰੇ ਸ਼ਨਵਾਈਆ । ਜੋਤੀ ਨੂਰ ਜ਼ਾਹਰ ਜ਼ਹੂਰ ਕਿਸ ਬਿਧ ਦੀਪਕ ਜਗਣਾ, ਬਿਨ ਤੇਲ ਬਾਤੀ ਕਮਲਾਪਾਤੀ ਕਰੇ ਰੁਸ਼ਨਾਈਆ । ਕਿਸ ਬਿਧ ਕੂੜ ਕੁੜਿਆਰ ਵਿਚ ਸੰਸਾਰ ਭੱਜਣਾ, ਨਵ ਸੱਤ ਬਣ ਕੇ ਪਾਂਧੀ ਰਾਹੀਆ । ਕੀ ਖੇਲ ਹੋਣਾ ਸੂਰੇ ਸਰਬੰਗਣਾ, ਕੀ ਹਰਿ ਕਰਤਾ ਕਾਰ ਕਮਾਈਆ । ਵਿਸਾਖ ਕਹੇ ਸਤਿਗੁਰ ਮੈਂ ਤੇ ਉਸ ਪ੍ਰਭੂ ਨੂੰ ਕਰਾਂ ਬੰਦਨਾ, ਜੋ ਬੰਦੀ ਛੋੜ ਅਖਵਾਈਆ । ਜਿਸ ਦੇ ਹੁਕਮ ਵਿਚ ਕਲਜੁਗ ਅੰਤਮ ਵੰਝਣਾ, ਵੰਝ ਮੁਹਾਣਾ ਸਕੇ ਨਾ ਕੋਇ ਅਟਕਾਈਆ । ਸਤਿ ਧਰਮ ਦਾ ਮਾਰਗ ਲੱਗਣਾ, ਲਗ ਮਾਤਰ ਦਾ ਡੇਰਾ ਢਾਹੀਆ । ਕਰੇ ਖੇਲ ਸੂਰਾ ਸਰਬੰਗਣਾ, ਸੂਰਬੀਰ ਇਕ ਅਖਵਾਈਆ । ਵਿਸਾਖ ਕਹੇ ਮੈਂ ਉਸ ਦੇ ਚਰਨ ਲਗਣਾ, ਜਿਸ ਦਾ ਚਰਨ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੯੧੫
੨੩

ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਵਿਸਾਖ ਕਹੇ ਮੇਰੇ ਸਤਿਗੁਰ ਸ਼ਬਦ ਦਿਆਲੂ, ਦਇਆਨਿਧ ਤੇਰੀ ਵਡਿਆਈਆ । ਮੇਰੇ ਮਿਹਰਵਾਨ ਹੋ ਕਿਰਪਾਲੂ, ਕਿਰਪਾ ਨਿਧਾਨ ਵੇਖ ਵਖਾਈਆ । ਜਿਸ ਨੇ ਨਿਰਗੁਣ ਸਰਗੁਣ ਧਾਰ ਨਾਤਾ ਜੁੜਾਇਆ ਨਾਲ ਕਾਲੂ, ਤ੍ਰਿਪਤ ਤ੍ਰਿਪਤ ਦਿਤੀ ਕਰਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਤਨ ਵਜੂਦ ਦਾ ਓਢਣ ਪਹਿਨ ਕੇ ਸਾਲੂ, ਸਾਲਸ ਆਪਣਾ ਰੂਪ ਬਦਲਾਈਆ । ਬਿਨਾ ਓਸ ਦੀ ਕਿਰਪਾ ਤੋਂ ਓਸ ਨੂੰ ਕਵਣ ਭਾਲੂ, ਖੋਜਿਆਂ ਹੱਥ ਕਿਸੇ ਨਾ ਆਈਆ । ਵਿਸਾਖ ਕਹੇ ਮੇਰੇ ਸਾਹਿਬ ਦਾ ਸੰਮਤ ਹੋ ਗਿਆ ਚਾਲੂ, ਨਾਵਾ ਨਾਵਾਂ ਦੇਸ਼ਾਂ ਵੇਖ ਵਖਾਈਆ । ਜਿਸ ਦੀ ਕਰਨੀ ਜਗਤ ਵਿਚ ਨਾ ਕੋਇ ਸੰਭਾਲੂ, ਸੰਬਲ ਬਹਿ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਤ ਸੁਹੇਲੇ ਗੁਰੂ ਗੁਰ ਚੇਲੇ ਵਿਚ ਸੰਸਾਰ ਭਾਲੂ, ਖੋਜੀ ਹੋ ਕੇ ਖੋਜ ਖੁਜਾਈਆ ।

## ✪ ੩ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਨਵਾਂ ਪਿੰਡ ਜ਼ਿਲਾ ਗੁਰਦਾਸ ਪੁਰ ਹਰਬੰਸ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭ ਮੇਰਾ ਕੱਟ ਕਲੇਸ਼, ਅਕਲ ਕਲਧਾਰੀ ਜੋਤ ਨਿਰੰਕਾਰੀ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਜੁਗ ਚੌਕੜੀ ਰਹੇਂ ਹਮੇਸ਼, ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਤੇਰੀ ਬੇਪਰਵਾਹੀਆ । ਮੇਰੀ ਤੇਰੇ ਚਰਨ ਕਵਲਾਂ ਵਿਚ ਆਦੇਸ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਮੇਰੇ ਥੱਲੇ ਦੁਹਾਈ ਦੇਵੇ ਸ਼ੇਸ਼, ਸਹੰਸਰ ਦੋ ਜਿਹਵਾ ਨਾਲ ਗਾਈਆ । ਮਿਹਰਵਾਨਾ ਮਹਿਬੂਬਾ ਮੈਂ ਤੇਰੇ ਦਰ ਹੋਈ ਪੇਸ਼, ਪੇਸ਼ਤਰ ਆਪਣਾ ਹਾਲ ਸੁਣਾਈਆ । ਤੂੰ ਸੁਣਾ ਅਗੰਮ ਹਕ ਸੰਦੇਸ਼, ਜਗਤ ਜਹਾਨ ਕਰ ਸ਼ਨਵਾਈਆ । ਜੋ ਇਸ਼ਾਰਾ ਦੇ ਕੇ ਗਿਆ ਦਸ ਦਸਮੇਸ਼, ਬਿਨਾ ਅੱਖਰਾਂ ਵੰਡ ਵੰਡਾਈਆ । ਤੂੰ ਲੱਜਿਆ ਰਖ ਲੈ ਮੁੱਛ ਦਾਹੜੀ ਕੇਸ, ਕਸਮ ਖਾ ਕੇ ਰਹੀ ਸੁਣਾਈਆ । ਮੈਂ ਤੱਕਣਾ ਚਾਹੁੰਦੀ ਤੇਰਾ ਨੂਰ ਜ਼ਹੂਰ ਆਪਣੇ ਦੇਸ, ਧਵਲ ਦੇ ਮਾਲਕ ਹੋਣਾ ਆਪ ਸਹਾਈਆ । ਮਿਹਰਵਾਨਾ ਸ੍ਰੀ ਭਗਵਾਨਾ ਮੇਰਾ ਬਦਲ ਦੇ ਲੇਖ, ਬਿਨਾ ਕਲਮ ਸਿਆਹੀ ਤੋਂ ਕਲਮਾ ਦੇ ਦ੍ਰਿੜਾਈਆ । ਕੂੜ ਕਿਰਿਆ ਰਹੇ ਨਾ ਕੋਈ ਭੇਖ, ਨਵ ਸੱਤ ਕਰ ਸਫ਼ਾਈਆ । ਲਹਿਣਾ ਦੇਣਾ ਪੂਰਾ ਕਰ ਦੇ ਮੁੱਲਾ ਸ਼ੇਖ਼, ਮੁਸਾਇਕਾਂ ਨਾਇਕਾਂ ਪੰਧ ਮੁਕਾਈਆ । ਤੂੰ ਮਾਲਕ ਇਕ ਨਰੇਸ਼, ਨਰ ਨਰਾਇਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਠੰਡ ਪਾ ਦੇ ਸੀਨੇ, ਕਲਜੁਗ ਅਗਨੀ ਅੱਗ ਬੁਝਾਈਆ । ਝਗੜਾ ਮੇਟ ਦੇ ਤ੍ਰੈਗੁਣ ਤੀਨੇ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਹਰ ਹਿਰਦਾ ਸਵਾਮੀ ਤੈਨੂੰ ਚੀਨੇ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਨਾਲ ਸਲਾਹੀਆ । ਹਸਤ ਕੀਟ ਤੇਰਾ ਰੂਪ ਦਿਸਣ ਹੀਰੇ ਜਗ ਨਗੀਨੇ, ਸ਼ਾਹ ਸੁਲਤਾਨ ਹਕੀਰਾਂ ਫ਼ਕੀਰਾਂ ਇਕੋ ਰੰਗ ਰੰਗਾਈਆ । ਮੇਰਾ ਸਜਦਾ ਨਾਲ ਆਮੀਨੇ, ਨਿਵ ਨਿਵ ਸੀਸ ਨਿਵਾਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਸ਼ਬਦ ਘੋੜੇ ਪਾਖਰ ਪਾ ਜ਼ੀਨੇ, ਦੋ ਜਹਾਨਾਂ ਵੇਖ ਵਖਾਈਆ । ਤੂੰ ਕੁਦਰਤ ਕਾਦਰ ਗਹਿਰ ਗੰਭੀਰ ਕਰੀਮੇ, ਕਰਤਾ ਪੁਰਖ ਇਕ ਅਖਵਾਈਆ । ਬ੍ਰਹਿਮੰਡ ਖੰਡ ਅਵਤਾਰ ਪੈਗੰਬਰ ਗੁਰ ਤੇਰੇ ਅਧੀਨੇ, ਸਿਰ ਸਕੇ ਨਾ ਕੋਇ ਉਠਾਈਆ ।


੯੧੬
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਮੇਰੇ ਉਤੇ ਆਪ, ਆਪਣੀ ਦਇਆ ਕਮਾਈਆ । ਜਿਧਰ ਤੱਕੋ ਵਧਿਆ ਪਾਪ, ਪਤਤ ਪੁਨੀਤ ਨਾ ਕੋਇ ਬਣਾਈਆ । ਤੇਰਾ ਨੂਰ ਜ਼ਹੂਰ ਨਜ਼ਰ ਆਏ ਨਾ ਸਾਖ, ਸਨਮੁਖ ਦਰਸ ਕੋਇ ਨਾ ਪਾਈਆ । ਹੋਇਆ ਅੰਧੇਰਾ ਲੋਕਮਾਤ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਭੁਲੀ ਸਭ ਨੂੰ ਗਾਥ, ਅਜਪਾ ਜਾਪ ਵਿਚ ਨਾ ਕੋਇ ਸਮਾਈਆ । ਉਹ ਤੱਕ ਲੇਖ ਤੇਰਾ ਕੂੜ ਕੁੜਿਆਰ ਦਾ ਚਲਦਾ ਰਾਥ, ਨੌ ਖੰਡ ਪ੍ਰਿਥਮੀ ਸੱਤ ਦੀਪ ਭੱਜੇ ਵਾਹੋ ਦਾਹੀਆ । ਸੱਜਣ ਸੁਹੇਲਾ ਦਿਸੇ ਕੋਇ ਨਾ ਸਾਥ, ਸੰਗੀ ਸੰਗ ਨਾ ਕੋਇ ਬਣਾਈਆ । ਕਿਰਪਾ ਕਰ ਪੁਰਖ ਸਮਰਾਥ, ਮਿਹਰਵਾਨ ਤੇਰੀ ਸਰਨਾਈਆ । ਧਰਨੀ ਕਹੇ ਮੈਂ ਬਿਨਾ ਹੱਥਾਂ ਤੋਂ ਜੋੜਾਂ ਹਾਥ, ਡੰਡਾਵਤ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਭੁੱਖੀ ਪਿਆਸੀ, ਪਰਮ ਪੁਰਖ ਮੇਰੀ ਤ੍ਰਿਖਾ ਦੇ ਬੁਝਾਈਆ । ਮੇਰੇ ਮੰਡਲ ਪਾ ਆਪਣੀ ਰਾਸੀ, ਬਿਨ ਗੋਪੀ ਕਾਹਨ ਨਾਚ ਨਚਾਈਆ । ਮੇਰੀ ਚਿੰਤਾ ਲਾਹ ਉਦਾਸੀ, ਗ਼ਮਖ਼ਾਰ ਹੋ ਸਹਾਈਆ । ਤੇਰੀ ਓਟ ਇਕੋ ਰਾਖੀ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦੀ ਸੁਣਾਂ ਸਤਿ ਪੁਰਖ ਨਿਰੰਜਣ ਸਾਖੀ, ਸਖ਼ਾਵਤ ਕਰਨੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੈਂ ਮੰਗਤੀ ਦਰੇ ਦਰਬਾਰ, ਦੇਵਣਹਾਰ ਤੇਰੀ ਸਰਨਾਈਆ । ਤੂੰ ਕਰਨੀ ਦਾ ਕਰਤਾ ਏਕੰਕਾਰ, ਅਕਲ ਕਲ ਅਗੰਮ ਅਥਾਹੀਆ । ਸਾਹਿਬ ਸਵਾਮੀ ਸਾਂਝਾ ਯਾਰ, ਪਰਵਰਦਿਗਾਰ ਨੂਰ ਅਲਾਹੀਆ । ਮੈਂ ਤੇਰੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਹਕੀਕੀ ਯਾਰ, ਯਾਰੜੇ ਦਾ ਸਥਰ ਗੋਬਿੰਦ ਦਏ ਗਵਾਹੀਆ । ਸ਼ਾਹੋ ਭੂਪ ਬਿਨ ਰੰਗ ਰੂਪ ਰੰਗ ਦੇ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਮੇਰੇ ਉਤੋਂ ਕੂੜੀ ਕਿਰਿਆ ਦੇ ਨਿਵਾਰ, ਨਵਾਜ਼ਸ਼ ਵਿਚ ਸੀਸ ਝੁਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੇ ਅਧਾਰ, ਬਾਕੀ ਬਕਾਇਦਾ ਦੇ ਚੁਕਾਈਆ । ਮੈਂ ਤੱਕਣਾ ਚਾਹੁੰਦੀ ਤੇਰਾ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਦਰ ਠਾਂਡਾ ਤੇਰਾ ਮੰਗਦੀ, ਮੇਰੇ ਸਤਿਗੁਰ ਸਿਰਜਣਹਾਰ । ਮੈਂ ਪਿਆਸੀ ਤੇਰੇ ਅਨੰਦ ਦੀ, ਅਨੰਦਪੁਰ ਵਾਸੀ ਦੇ ਦੀਦਾਰ । ਮੇਰੇ ਉਤੇ ਨਿਸ਼ਾਨੀ ਮੇਟ ਦੇ ਤਾਰੇ ਚੰਦ ਦੀ, ਸਦੀ ਚੌਧਵੀਂ ਲਹਿਣਾ ਦੇਣਾ ਕਰਜ਼ ਉਤਾਰ । ਮੇਰੀ ਆਸ਼ਾ ਧਰਮ ਪਿਆਰ ਠੰਡ ਦੀ, ਅਗਨੀ ਤਤ ਤਤ ਨਾ ਸਕੇ ਸਾੜ । ਮੇਰੀ ਔਧ ਜਾਂਦੀ ਹੰਢਦੀ, ਸਾਹਿਬ ਸਵਾਮੀ ਪਾ ਸਾਰ । ਤੇਰੀ ਦੀਨ ਦੁਨੀ ਤੇਰੇ ਵਿਛੋੜੇ ਵਿਚ ਰੂਪ ਬਣ ਗਈ ਦੁਹਾਗਣ ਰੰਡ ਦੀ, ਆਤਮ ਪਰਮਾਤਮ ਕੰਤ ਰਵੇ ਨਾ ਕੋਇ ਭਤਾਰ । ਮੈਂ ਬਿਨਾ ਹੱਥਾਂ ਤੋਂ ਹੱਥ ਬੰਨ੍ਹਦੀ, ਨਿਵ ਨਿਵ ਧੂੜੀ ਮਸਤਕ ਲਾਵਾਂ ਛਾਰ । ਮੈਂ ਵਣਜਾਰੀ ਨਹੀਂ ਕਿਸੇ ਕੰਨ ਦੀ, ਸ਼ਬਦ ਅਨਾਦੀ ਅਗੰਮੀ ਦੇ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਸਚਖੰਡ ਦਵਾਰ, ਏਕੰਕਾਰ ਨਿਵ ਨਿਵ ਨਿਵ ਕਰਾਂ ਨਿਮਸਕਾਰ ।

## ✪ ੯ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਜੋਵਾਲ ਜ਼ਿਲਾ ਲੁਧਿਆਣਾ ਮਾਲਵਾ ਦੁਆਬਾ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ ✪

ਧਰਨੀ ਕਹੇ ਮੈਂ ਭਾਗਾਂ ਭਰੀ, ਪ੍ਰਭ ਦਿਤੀ ਮਾਣ ਵਡਿਆਈਆ । ਮਿਹਰਵਾਨ ਹੋ ਕੇ ਕਿਰਪਾ ਕਰੀ, ਕਿਰਪਾਲ ਹੋ ਕੇ ਦਇਆ ਕਮਾਈਆ । ਮੇਰਾ ਸੁਹੰਜਣਾ ਹੋਇਆ ਘਰੀ, ਘਰਾਨਾ ਸੋਭਾ ਪਾਈਆ । ਮੇਰੇ ਅੰਤਰ ਖ਼ੁਸ਼ੀ ਬੜੀ, ਖ਼ੁਸ਼ਹਾਲੀ ਵਿਚ ਜਣਾਈਆ । ਮੈਂ ਬਿਨਾ ਅੱਖਰਾਂ ਤੋਂ ਨਿਰਅੱਖਰ ਧਾਰ ਪੜ੍ਹੀ, ਪੜ੍ਹ ਕੇ ਦਿਆਂ ਸੁਣਾਈਆ । ਜਿਸ ਵਿਚ ਲੇਖ ਲਿਖਿਆ ਲਹਿਣਾ ਚਮਕੌਰ ਗੜ੍ਹੀ, ਗੜ੍ਹ ਕੂੜ ਵਾਲਾ ਤੁੜਾਈਆ । ਲੇਖਾ ਵੇਖਿਆ ਭਗਤਾਂ ਸੰਤਾਂ ਗੁਰਮੁਖਾਂ ਜਿਨ੍ਹਾਂ ਹੱਥ ਤਲਵਾਰ ਫੜੀ, ਖੰਡੇ ਖੜਗਾਂ ਨਾਲ ਵਡਿਆਈਆ । ਉਹ ਹੋ ਕੇ ਇਕ ਧੜੀ, ਧੜਾ ਗੁਰਮੁਖਾਂ ਵਾਲਾ ਸੁਹਾਈਆ । ਜਗਤ ਦੀ ਧਾਰ ਫ਼ਸਲ ਵੇਖ ਕੇ ਖੜੀ, ਕੂੜ ਕੁੜਿਆਰ ਨੂੰ ਕੱਟਿਆ ਚਾਈਂ ਚਾਈਂਆ । ਆਪਣਾ ਲੇਖਾ ਮੁਕਾਇਆ ਗੋਰ ਮੜ੍ਹੀ, ਆਵਣ ਜਾਵਣ ਪੰਧ ਮੁਕਾਈਆ । ਸਤਿਗੁਰ ਤਾਰੇ ਨਾਲ ਸ਼ਬਦ ਦੀ ਛੜੀ, ਸ਼ਹਿਨਸ਼ਾਹ ਹੁਕਮ ਨਾਲ ਪਾਰ ਕਰਾਈਆ । ਗੁਰਮੁਖਾਂ ਲੇਖੇ ਲਾਏ ਜਿਨ੍ਹਾਂ ਸੇਵਾ ਕੀਤੀ ਬੜੀ, ਦਿਵਸ ਰੈਣ ਖ਼ੁਸ਼ੀ ਮਨਾਈਆ । ਧਰਨੀ ਕਹੇ ਮੈਂ ਵੀ ਖ਼ੁਸ਼ੀਆਂ ਵਿਚ ਭਗਤਾਂ ਦੇ ਚਰਨੀ ਪੜੀ , ਨਿਵ ਨਿਵ ਕੇ ਆਪਣਾ ਝਟ ਲੰਘਾਈਆ । ਮੈਨੂੰ ਇਉਂ ਦਿਸਿਆ ਮੇਰੇ ਉਤੇ ਗੁਰਮੁਖਾਂ ਦੇ ਪ੍ਰੇਮ ਦੀ ਲੱਗੀ ਰਹੀ ਝੜੀ, ਪਿਆਰ ਦਾ ਮੇਘ ਮੇਘਲਾ ਵਰਸਾਈਆ । ਮੈਂ ਖ਼ੁਸ਼ੀ ਕੀਤੀ ਨਾਲੇ ਦਰਸ ਕੀਤਾ ਨਰ ਹਰੀ, ਨਰ ਨਰਾਇਣ ਵੇਖ ਕੇ ਖ਼ੁਸ਼ੀ ਮਨਾਈਆ । ਜਨ ਭਗਤੋ ਤੁਸਾਂ ਖ਼ੁਸ਼ੀਆਂ ਵਿਚ ਜਾਣਾ ਆਪਣੇ ਘਰੀ, ਘਰਾਨੇ ਪ੍ਰਭ ਦੇ ਨਾਲ ਮਿਲ ਕੇ ਲੈਣੇ ਸੁਹਾਈਆ । ਮੈਂ ਗੱਲ ਸੁਣਾਵਾਂ ਖਰੀ, ਧਰਨੀ ਹੱਸ ਕੇ ਰਹੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਧਾਰ ਵਹਾਏ ਸਾਚਾ ਸਰੀ, ਸਰੋਵਰ ਚਰਨ ਕਵਲ ਨੁਹਾਈਆ ।



## ✪ ੧੦ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਜੋਵਾਲ ਜ਼ਿਲਾ ਲੁਧਿਆਣਾ ਸੰਗਤ ਦੇ ਵਾਢੀ ਕਰ ਕੇ ਰਾਤ ਆਉਣ ਦੇ ਸਮੇਂ ✪

ਧਰਨੀ ਕਹੇ ਤੱਕ ਲੈ ਆਪਣਾ ਕੌਲ ਇਕਰਾਰ, ਜੁਗ ਚੌਕੜੀ ਪੂਰਬ ਧਿਆਨ ਲਗਾਈਆ । ਵਾਇਦਿਆਂ ਦੇ ਵਾਹਿਦ ਮਾਲਕ ਯਾਰ, ਤੇਰੀ ਬੇਪਰਵਾਹੀਆ । ਮੈਂ ਕਰਾਂ ਤੇਰਾ ਇੰਤਜ਼ਾਰ, ਇੰਤਜ਼ਾਰੀ ਵਿਚ ਆਪਣਾ ਧਿਆਨ ਲਗਾਈਆ । ਖ਼ਾਦਮ ਬਣ ਕੇ ਖ਼ਿਦਮਤਗਾਰ, ਖ਼ੁਸ਼ੀ ਦਾ ਡੇਰਾ ਬੈਠੀ ਢਾਹੀਆ । ਕਿਰਪਾ ਕਰ ਮੇਰੇ ਨਿਰੰਕਾਰ, ਦਰ ਠਾਂਡੇ ਮੰਗ ਮੰਗਾਈਆ । ਮੇਰੀ ਖ਼ੁਸ਼ੀਆਂ ਵਾਲੀ ਕਰ ਬਹਾਰ, ਰੁਤੜੀ ਆਪਣੇ ਰੰਗ ਰੰਗਾਈਆ । ਭਗਤਾਂ ਦੀ ਮਹਿੰਮਾ ਵੇਖਾਂ ਗੁਲਜ਼ਾਰ, ਗੁਲਸ਼ਨ ਆਪਣਾ ਦੇਣਾ ਮਹਿਕਾਈਆ । ਮੇਰੀ ਭਵਰੇ ਦੀ ਸੁਣ ਗੁੰਜਾਰ, ਸਚ ਸੁਗੰਧੀ ਪ੍ਰੇਮ ਵਿਚ ਸਮਾਈਆ । ਤੂੰ ਦੇਵਣਹਾਰ ਦਾਤਾਰ, ਦਾਤਾ ਤੇਰੇ ਹੱਥ ਵਡਿਆਈਆ । ਭਿੱਛਿਆ ਭਿੱਖਕ ਦੀ ਝੋਲੀ ਡਾਰ, ਦਰ ਠਾਂਡੇ ਆਸ ਰਖਾਈਆ । ਕਲਜੁਗ ਅੰਤਮ ਪੈਜ ਸਵਾਰ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਦੇ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਦੀਨ ਦੁਨੀ ਰਹੇ ਨਾ ਧੂੰਆਂਧਾਰ, ਅੰਧ ਅੰਧੇਰਾ ਦੇਣਾ ਗਵਾਈਆ । ਤੂੰ ਮਾਲਕ ਸਭ ਦਾ ਸਾਂਝਾ ਯਾਰ, ਯਾਰੜਾ ਸਬਰ ਤੇਰਾ ਇਕੋ ਸੋਭਾ ਪਾਈਆ । ਨੌ

ਸੌ ਚੁਰਾਨਵੇਂ ਚੌਕੜੀ ਜੁਗ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੇਰਾ ਧਿਆਨ ਲਗਾਈਆ । ਰਾਹ ਤਕਦੇ ਤੇਈ ਅਵਤਾਰ, ਹਜ਼ਰਤ ਈਸਾ ਮੂਸਾ ਮੁਹੰਮਦ ਅੱਖ ਉਠਾਈਆ । ਗੁਰੂ ਗੁਰਦੇਵ ਵੇਖਣ ਨਾਲ ਪਿਆਰ, ਪਰਮ ਪੁਰਖ ਤੇਰਾ ਪ੍ਰੇਮ ਵਧਾਈਆ । ਤੂੰ ਲਹਿਣਾ ਦੇਣਾ ਪੂਰਾ ਕਰ ਅਲਖ ਅਗੋਚਰ ਅਗੰਮ ਅਪਾਰ, ਅਗੰਮੜੇ ਤੇਰੀ ਬੇਪਰਵਾਹੀਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਸਚ ਪ੍ਰੇਮ ਦੀ ਬਣਾਂ ਨਚਾਰ, ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਂਆ । ਚਾਰੋਂ ਕੁੰਟ ਫਿਰਾਂ ਵਾਰੋ ਵਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਨ ਭਗਤਾਂ ਕਰਾਂ ਦਰਸ ਦੀਦਾਰ, ਜੋ ਇਕੋ ਤੇਰਾ ਇਸ਼ਟ ਮਨਾਈਆ । ਸਚ ਮੁਹੱਬਤ ਵਿਚ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਸਚ ਸੁਹੰਜਣਾ ਸਮਾਂ ਤੇਰੀ ਚਰਨ ਧੂੜੀ ਮਿਲੀ ਛਾਰ, ਖ਼ਾਕੀ ਖ਼ਾਕ ਰਮਾਈਆ । ਮੈਂ ਬਿਨਾ ਤਤਾਂ ਤੋਂ ਜਾਵਾਂ ਆਪਣਾ ਆਪ ਵਾਰ, ਨਸ਼ਾਵਰ ਹੋ ਕੇ ਤੇਰੇ ਵਿਚ ਸਮਾਈਆ । ਤੂੰ ਮੇਰੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਗੁਰਮੁਖਾਂ ਬਣ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਜੋ ਆਏ ਤੇਰੇ ਦਵਾਰ, ਦਰ ਆਇਆਂ ਲੇਖੇ ਲੈਣਾ ਲਗਾਈਆ । ਖ਼ੁਸ਼ੀ ਵਿਚੋਂ ਖ਼ੁਸ਼ੀ ਦੇਣੀ ਅਪਾਰ, ਅਪਰੰਪਰ ਸਵਾਮੀ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਦਰ ਤੇਰੇ ਇਕੋ ਓਟ ਤਕਾਈਆ ।



## ✪ ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਲੁਧਿਆਣਾ ਸ਼ਹਿਰ ਗੁਰਦੇਵ ਸਿੰਘ ਦੇ ਗ੍ਰਿਹ ✪

੯੧੯
੨੩

ਧਰਨੀ ਕਹੇ ਸੰਦੇਸ਼ਾ ਦੇਵੇ ਪਵਣ ਉਨੰਜਾ, ਜਲ ਸਾਗਰਾਂ ਭੇਵ ਰਹੇ ਨਾ ਰਾਈਆ । ਸਿਫ਼ਤ ਸਲਾਹ ਵਡਿਆਈ ਕਰਨ ਅੱਖਰ ਬਵੰਜਾ, ਬਾਵਨ ਧਾਰ ਭੇਵ ਅਭੇਦ ਦ੍ਰਿੜਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਪੂਰਬ ਵਕਤ ਲੰਘਾ, ਮਾਜ਼ੀ ਦਾ ਲੇਖਾ ਵੇਖ ਵਖਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਧਰਨੀ ਕਹੇ ਮੇਰਾ ਲਵਾ ਲੈ ਪੰਜਾ, ਪੰਚਮ ਪੰਚਮ ਪੰਚਮ ਤੇਰੀ ਧਾਰ ਅਖਵਾਈਆ । ਸ੍ਰੀ ਭਗਵਾਨਾ ਮੇਰੇ ਉਤੇ ਦੀਨ ਦੁਨੀ ਦਾ ਕਰਮ ਧਰਮ ਦਾ ਵੇਖ ਲੈ ਧੰਦਾ, ਧਰਮ ਦੀ ਧਾਰ ਧਰਮ ਨਾਲ ਖੋਜ ਖੁਜਾਈਆ । ਪਾਕ ਪਵਿਤ ਆਤਮ ਹਿਤ ਤੇਰਾ ਰਿਹਾ ਕੋਇ ਨਾ ਬੰਦਾ, ਖ਼ਾਕੀ ਖ਼ਾਕ ਪਰਦਾ ਤਾਕ ਨਾ ਕੋਇ ਖੁਲਾਈਆ । ਗੁਣ ਨਿਧਾਨ ਜੀਵ ਜਹਾਨ ਤੇਰਾ ਹੋਇਆ ਅੰਧਾ, ਅੰਧ ਆਤਮ ਨਿਜ ਲੋਚਨ ਨੈਣ ਨਾ ਕੋਇ ਖੁਲਾਈਆ । ਮੇਰੇ ਉਤੇ ਬਿਨਾ ਨੈਣਾਂ ਤੋਂ ਨੀਰ ਵਹਾਵੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਅੱਠ ਸੱਠ ਤੀਰਥ ਰਹੇ ਕੁਰਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਲਜੁਗ ਵਕਤ ਰਹੇ ਨਾ ਲੰਬਾ, ਦੂਰ ਦੁਰਾਡਾ ਪੰਧ ਮੁਕਾਈਆ । ਪੈਗ਼ੰਬਰਾਂ ਦਾ ਲੇਖੇ ਲਾਉਣਾ ਯਕਸ਼ੰਬਾ, ਸ਼ਿਵ ਸ਼ੰਕਰ ਜਿਸ ਦਾ ਧਿਆਨ ਰਖਾਈਆ । ਮਿਹਰਵਾਨਾ ਗੁਣ ਨਿਧਾਨਾ ਤੇਰਾ ਖੇਲ ਸਭ ਨੂੰ ਲੱਗੇ ਚੰਗਾ, ਚਾਰ ਕੰਟ ਦਹਿ ਦਿਸ਼ਾ ਵੇਖਣਾ ਚਾਈਂ ਚਾਈਂਆ । ਦਰੋਹੀ ਮੇਰਾ ਲੇਖ ਹੋਏ ਨਾ ਮੰਦਾ, ਮੰਦਭਾਗ ਰੂਪ ਨਾ ਕੋਇ ਬਦਲਾਈਆ । ਧਰਨੀ ਕਹੇ ਮੇਰੀ ਬਿਨਾ ਹੱਥਾਂ ਕਰਾਂ ਤੇਰੇ ਅਗੇ ਇਹੋ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਅੰਤਰ

ਨਿਰੰਤਰ ਦੂਈ ਦਵੈਤ ਸ਼ਰਅ ਸ਼ਰੈਤ ਢਾਹ ਦੇ ਕੰਧਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮਾਨਸ ਮਾਨਵ ਮਾਨੁਖ ਤੇਰੇ ਪਿਆਰ ਵਿਚ ਰਹੇ ਨਾ ਕੋਇ ਗੰਦਾ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਮੇਲਾ ਲੈਣਾ ਮਿਲਾਈਆ । ਨਿਜ ਘਰ ਸਵਾਮੀ ਬਖ਼ਸ਼ ਦੇ ਸਚ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਧਰਨੀ ਕਹੇ ਮੇਰੇ ਉਤੇ ਨਿਸ਼ਾਨ ਮੇਟਣਾ ਅੰਤਮ ਤਾਰਾ ਚੰਦਾ, ਚੰਦ ਸਿਤਾਰ ਦੋਵੇਂ ਰਹੇ ਸੁਣਾਈਆ । ਸ਼ਰਅ ਦਾ ਰਹੇ ਨਾ ਕੋਇ ਸ਼ਰੀਅਤ ਵਿਚ ਪਾਬੰਦਾ, ਬੰਧਨ ਬੰਧ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਮਿਤਰ, ਪਰਮ ਪੁਰਖ ਤੇਰੀ ਸ਼ਰਨਾਈਆ । ਨਿਰਗੁਣ ਧਾਰੋਂ ਨਿਰਵੈਰ ਹੋ ਕੇ ਨਿਤਰ, ਨਿਰਾਕਾਰ ਨਿਰੰਕਾਰ ਲੈ ਅੰਗੜਾਈਆ । ਤੇਰਾ ਸਮਝਾ ਸਕੇ ਕੋਇ ਨਾ ਚਿਤਰ, ਚਿਤ੍ਰਗੁਪਤ ਦਾ ਲੇਖਾ ਦੇ ਮੁਕਾਈਆ । ਕਲਜੁਗ ਕੂੜੀ ਕਿਰਿਆ ਚੜ੍ਹੇ ਸ਼ਿਖ਼ਰ, ਚੋਟੀ ਸਭ ਦੀ ਆਸਣ ਲਾਈਆ । ਧਰਨੀ ਕਹੇ ਮੈਂ ਹੋਈ ਅੰਤਰ ਅੰਤਸ਼ਕਰਨ ਵਿਚ ਦੁੱਖੜ, ਬਿਨ ਨੈਣਾਂ ਨੀਰ ਵਹਾਈਆ । ਮੇਰੇ ਅਪਰਾਧੀ ਹੋਏ ਸੁਤੜ, ਗੋਦੀ ਗੋਦ ਨਾ ਕੋਇ ਵਡਿਆਈਆ । ਮੈਂ ਤੇਰੇ ਪਿਆਰ ਦੀ ਭੁੱਖੜ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਮੇਰੇ ਰਾਮ ਕਲਜੁਗ ਕੂੜਾ ਕੁਕਰਮ ਮਾਰ ਦੇ ਬੁੱਚੜ, ਬੁਤਖ਼ਾਨਿਆਂ ਕਰ ਸਫ਼ਾਈਆ । ਸਤਿ ਧਰਮ ਦੀ ਸਚ ਸੁਹਾ ਦੇ ਰੁਤੜ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਂ ਤੇਰੇ ਭਗਤ ਸੰਤ ਗੁਰਮੁਖ ਗੁਰਸਿਖ ਚੁੱਕਾਂ ਆਪਣੇ ਕੁੱਛੜ, ਧਰਮ ਧਾਰ ਬਣਾਂ ਜਣੇਂਦੀ ਮਾਈਆ । ਮੈਂ ਰਾਹ ਤੱਕਾਂ ਤੇਰਾ ਉੱਤਰ, ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਧਰਨੀ ਕਹੇ ਮੇਰੇ ਮੁਹੀਤ ਤੱਕ ਲੈ ਕੁਤਰ, ਚਾਰੋਂ ਕੁੰਟ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਅੰਤਸ਼ਕਰਨ, ਮਿਹਰਵਾਨ ਹੋ ਕੇ ਧਿਆਨ ਲਗਾਈਆ । ਮੇਰੀ ਆਸ਼ਾ ਤਮੰਨਾ ਤੇਰੇ ਚਰਨ, ਚਰਨ ਚਰਨੋਦਕ ਲੈ ਕੇ ਖ਼ੁਸ਼ੀ ਬਣਾਈਆ । ਮੇਰਾ ਆਦਿ ਜੁਗਾਦਿ ਦਾ ਤੇਰੇ ਨਾਲ ਪ੍ਰਣ, ਪਰਮ ਪੁਰਖ ਦਿਆਂ ਸੁਣਾਈਆ । ਏਕੰਕਾਰ ਤੇਰੀ ਇਕੋ ਰਖਾਂ ਸਰਨ, ਦੂਸਰ ਓਟ ਨਾ ਕੋਇ ਤਕਾਈਆ । ਤੂੰ ਹਾਰ ਭੰਨਣ ਘੜਨ, ਸਮਰਥ ਤੇਰੀ ਵਡਿਆਈਆ । ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂ ਤੇਰੇ ਨਾਮ ਦਾ ਢੋਲਾ ਪੜ੍ਹਨ, ਅੱਖਰਾਂ ਵਾਲੀ ਸਿਫ਼ਤ ਸਲਾਹੀਆ । ਤੇਰੀ ਮੰਜ਼ਲ ਹਕੀਕੀ ਚੜ੍ਹਨ, ਬਿਨ ਕਦਮਾਂ ਪੰਧ ਮੁਕਾਈਆ । ਤੇਰੇ ਹੁਕਮ ਅੰਦਰ ਤਤਾਂ ਨਾਲ ਤਨ ਵਜੂਦ ਹੋ ਕੇ ਲੜਨ, ਖੰਡੇ ਖੜਗ ਖੜਗ ਖੜਕਾਈਆ । ਦੀਨ ਮਜ਼੍ਹਬ ਬਣਾ ਕੇ ਧੜਨ, ਧੜਾ ਤੇਰਾ ਨਾਮ ਗਏ ਜਣਾਈਆ । ਤੇਰਾ ਲੇਖਾ ਚੇਤਨ ਜੜਨ, ਚੋਟੀ ਤੇਰੀ ਵੱਜੇ ਵਧਾਈਆ । ਤੇਰਾ ਖੇਲ ਵਰਨ ਬਰਨ, ਪ੍ਰਭ ਤੇਰੀ ਵਡ ਵਡਿਆਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲ ਕਹੇ ਸੁਣ ਧਰਨੀ ਧਰਤ, ਧਵਲ ਧੌਲ ਦਿਆਂ ਜਣਾਈਆ । ਮੈਂ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰ ਆਵਾਂ ਪਰਤ, ਪਤਿਪਰਮੇਸ਼ਵਰ ਰੂਪ ਅਨੂਪ ਨੂਰ ਅਲਾਹੀਆ । ਚਾਰ ਜੁਗ ਦਾ ਲੇਖਾ ਭਵਿਖਤ ਲਿਖਤ ਕਰਾਂ ਪੂਰ (ਸ਼ਰਤ), ਸ਼ਰੀਅਤ ਪਰਦਾ ਆਪ ਚੁਕਾਈਆ । ਤੇਰੀ ਅੰਤਸ਼ਕਰਨ ਦੀ ਬੇਨੰਤੀ ਸੁਣ ਅਰਜ਼, ਆਰਜ਼ੂ ਆਪਣੇ ਵਿਚ ਮਿਲਾਈਆ । ਤੈਨੂੰ ਨਾਮ ਢੋਲਾ ਸੋਹਲਾ ਦੱਸਾਂ ਅਸਚਰਜ,

੬੨੦
੨੩

ਜਿਸ ਦਾ ਰਾਗ ਛੱਤੀ ਰਾਗ ਨਾ ਕੋਇ ਜਣਾਈਆ । ਸੂਰਬੀਰ ਬਣਾ ਮਰਦਾਨਾ ਮਰਦ, ਮਦਦ ਕਰਾਂ ਥਾਉਂ ਥਾਈਂਆ । ਮਾਨਸ ਮਾਨਵ ਮਾਨੁਖ ਵੰਡ ਰਹਿਣ ਨਾ ਦੇਵਾਂ ਅਦਦ, ਸ਼ੁਮਾਰ ਇਕੋ ਇਕ ਜਣਾਈਆ । ਕਲਜੁਗ ਅੰਤਮ ਮੇਟ ਤਸ਼ੱਦਦ, ਧਰਮ ਦਾ ਧਰਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚ ਦਾ ਹੁਕਮ ਇਕ ਵਰਤਾਵਾਂਗਾ । ਸ਼ਬਦ ਸੰਦੇਸਾ ਧੁਰ ਪੈਗ਼ਾਮ ਇਕ ਦ੍ਰਿੜਾਵਾਂਗਾ । ਨਾਮ ਨਿਧਾਨ ਨੌਜਵਾਨ ਆਪ ਪ੍ਰਗਟਾਵਾਂਗਾ । ਨੌ ਖੰਡ ਸੱਤ ਦੀਪ ਵੇਖਾਂ ਮਾਰ ਧਿਆਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਵਾਂਗਾ । ਨਵ ਸੱਤ ਹੋਵਾਂ ਨਿਗਾਹਬਾਨ, ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਕਲ ਵਰਤਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨ, ਸਤਿਜੁਗ ਸਾਚਾ ਸਚ ਵਖਾਵਾਂਗਾ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੇ ਕੇ ਮਾਣ, ਸ਼ਾਹ ਸੁਲਤਾਨਾਂ ਖ਼ਾਕ ਮਿਲਾਵਾਂਗਾ । ਦੀਨ ਦੁਨੀ ਦਾ ਬਣਾ ਕੇ ਇਕ ਵਿਧਾਨ, ਹੁਕਮ ਇਕੋ ਇਕ ਸਮਝਾਵਾਂਗਾ । ਆਤਮ ਪਰਮਾਤਮ ਦੇ ਗਿਆਨ, ਪਾਰਬ੍ਰਹਮ ਹੋ ਬ੍ਰਹਮ ਪਰਦਾ ਆਪ ਉਠਾਵਾਂਗਾ । ਈਸ਼ ਜੀਵ ਕਰ ਪ੍ਰਵਾਨ, ਜੀਵਣ ਜੁਗਤ ਪ੍ਰਗਟਾਵਾਂਗਾ । ਅੱਲਾ ਹੂ ਅੱਨਾ ਹੂ ਨੂਰ ਨੂਰ ਕਰ ਪ੍ਰਵਾਨ, ਪਰਵਰਦਿਗਾਰ ਖੇਲ ਖਿਲਾਵਾਂਗਾ । ਮੰਜ਼ਲ ਹਕੀਕੀ ਲਾਸ਼ਰੀਕੀ ਸਚਖੰਡ ਦਵਾਰ ਦੱਸ ਮਹਾਨ, ਮਹਿੰਮਾ ਅਕਥ ਕਥ ਦਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵਾਂਗਾ । ਧਰਨੀ ਕਹੇ ਪ੍ਰਭੂ ਮੇਰਾ ਭਾਰ ਕਰ ਦੇ ਹਲਕਾ, ਹਾਏ ਉਫ਼ ਦਰੋਹੀ ਤੇਰਾ ਨਾਮ ਦੁਹਾਈਆ । ਮੈਂ ਤੇਰੇ ਪਿਆਰ ਵਿਚ ਆਪਣੀਆਂ ਵਿਛਾਵਾਂ ਪਲਕਾਂ, ਪਲਕਾਂ ਦੇ ਓਹਲੇ ਰਹਿਣ ਵਾਲਿਆ ਨਜ਼ਰੀ ਆਉਣਾ ਚਾਈਂ ਚਾਈਂਆ । ਤੂੰ ਮਾਲਕ ਖ਼ਾਲਕ ਖ਼ਲਕਾ, ਮਖ਼ਲੂਕ ਤੇਰੀ ਓਟ ਤਕਾਈਆ । ਤੇਰਾ ਲੇਖਾ ਜਲ ਥਲ ਦਾ, ਮਹੀਅਲ ਤੇਰੀ ਵਡ ਵਡਿਆਈਆ । ਤੇਰਾ ਲਹਿਣਾ ਦੇਣਾ ਘੜੀ ਪਲ ਕਾ, ਨੌ ਸੌ ਚੁਰਾਨਵੇਂ ਚੌਕੜੀ ਜੁਗ ਦੇਣ ਗਵਾਹੀਆ । ਤੇਰਾ ਹੁਕਮ ਕਦੇ ਨਾ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰੇ ਉਤੋਂ ਲੇਖਾ ਲਹਿਣਾ ਪੂਰਾ ਕਰ ਦੇ ਕਲਜੁਗ ਕਲ ਦਾ, ਕਲਕਾਤੀ ਦੇ ਖਪਾਈਆ । ਲੇਖਾ ਵੇਖ ਲੈ ਬਾਵਨ ਨਾਲ ਰਾਜੇ ਬਲ ਦਾ, ਬਿਨ ਅੱਖਰਾਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਮਨਸਾ ਕਰ ਦੇ ਪੂਰੀ, ਪਰਮ ਪੁਰਖ ਤੇਰੀ ਸਰਨਾਈਆ । ਤੂੰ ਮਾਲਕ ਖਾਲਕ ਮੇਰਾ ਨੂਰੀ, ਨੂਰ ਨੁਰਾਨੇ ਤੇਰੀ ਵਡ ਵਡਿਆਈਆ । ਤੂੰ ਸਰਬ ਕਲਾ ਭਰਪੂਰੀ, ਭਰਪੂਰ ਰਿਹਾ ਸਰਬ ਠਾਈਂਆ । ਸਭ ਤੇਰੀ ਕਰਨ ਮਜ਼ਦੂਰੀ, ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂ ਸੇਵ ਕਮਾਈਆ । ਤੂੰ ਮਿਹਰਵਾਨ ਹਾਜ਼ਰ ਹਜ਼ੂਰੀ, ਹਜ਼ਰਤਾਂ ਤੋਂ ਪਰੇ ਹਜ਼ੂਰ ਸੋਭਾ ਪਾਈਆ । ਮੇਰੀ ਤੱਕ ਲੈ ਅੰਤਮ ਮਜਬੂਰੀ, ਮਜਬੂਰ ਹੋ ਕੇ ਰਹੀ ਸੁਣਾਈਆ । ਚਾਰੋਂ ਕੁੰਟ ਵਾਸ਼ਨਾ ਹੋਈ ਕੂੜੀ, ਸਚ ਵਿਚ ਸਚ ਨਾ ਕੋਇ ਸਮਾਈਆ । ਪੁਰਖ ਅਕਾਲ ਤੇਰੀ ਚਰਨ ਲਾਏ ਕੋਇ ਨਾ ਧੂੜੀ, ਟਿੱਕਾ ਖ਼ਾਕ ਨਾ ਕੋਇ ਰਮਾਈਆ । ਮਨ ਮਮਤਾ ਸਭ ਨੂੰ ਕੀਤਾ ਮੂਰਖ ਮੂੜ੍ਹੀ, ਚਤੁਰ ਸੁਘੜ ਸੁਜਾਨ ਤੈਨੂੰ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰਾ ਅੰਤਸ਼ਕਰਨ ਕਰ ਪਵਿਤ, ਪਤਤ ਪੁਨੀਤ ਕਰ ਲੋਕਾਈਆ । ਤੇਰਾ ਖੇਲ ਨਿਤ ਨਵਿਤ, ਜੁਗ ਚੌਕੜੀ ਤੇਰੀ ਵੱਜੇ ਵਧਾਈਆ । ਤੂੰ ਸਾਹਿਬ ਸਵਾਮੀ ਪਿਤ,


੯੨੧
੨੩

ਪਤਿਪਰਮੇਸ਼ਵਰ ਇਕ ਅਖਵਾਈਆ । ਆਪਣੇ ਆਤਮ ਨਾਲ ਕਰ ਲੈ ਹਿਤ, ਪਰਮਾਤਮ ਹੋ ਕੇ ਮਿਲਣਾ ਚਾਈਂ ਚਾਈਆ । ਕਲਜੁਗ ਕੂੜੀ ਕਿਰਿਆ ਠਗੌਰੀ ਰਹੇ ਨਾ ਚਿਤ, ਚੇਤਨ ਸੁਰਤੀ ਦੇ ਕਰਾਈਆ । ਮੇਰੀ ਸੁਹੰਜਣੀ ਹੋਵੇ ਥਿਤ, ਘੜੀ ਪਲ ਵੱਜੇ ਵਧਾਈਆ । ਤੂੰ ਸਾਧਾਂ ਸੰਤਾਂ ਸਵਾਮੀ ਸਾਚਾ ਮਿਤ, ਮਿਤਰ ਪਿਆਰਾ ਇਕ ਅਖਵਾਈਆ । ਮੇਰੀ ਲੇਖੇ ਲਾ ਲੈ ਚਾਰ ਜੁਗ ਦੀ ਤ੍ਰਿਸ਼ਨਾ ਤ੍ਰਿਖਾ ਵਾਲੀ ਰਿਤ, ਕਤਰਾ ਕਤਰਾ ਤੇਰੇ ਚਰਨਾਂ ਹੇਠ ਵਿਛਾਈਆ । ਕਰਵਟ ਦੇ ਬਦਲ ਨਾ ਜਾਵੀਂ ਪਿੱਠ, ਸਨਮੁਖ ਹੋ ਕੇ ਹੋਣਾ ਸਹਾਈਆ । ਮੇਰਾ ਲਹਿਣਾ ਦੇਣਾ ਅੰਤਮ ਆਪ ਨਜਿੱਠ, ਦੂਸਰ ਲੋੜ ਰਹੇ ਨਾ ਰਾਈਆ । ਧਰਨੀ ਕਹੇ ਮੈਂ ਧਵਲ ਹੋ ਕੇ ਧੌਲ ਹੋ ਕੇ ਧਰਤ ਹੋ ਕੇ ਤੇਰੇ ਚਰਨਾਂ ਰਹੀ ਲਿਟ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਮੇਰੇ ਪ੍ਰਭੂ ਸਵਾਮੀ ਸਭ ਦੇ ਅੰਦਰ ਪ੍ਰੀਤਮ ਹੋ ਕੇ ਟਿਕ, ਟਿਕ ਟਿਕੀ ਆਪਣੀ ਦੇ ਜਮਾਈਆ । ਅੰਮ੍ਰਿਤ ਬੂੰਦ ਸਵਾਂਤੀ ਦੇ ਛਿਟ, ਅਗਨੀ ਅੱਗ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਨਿਰਵੈਰ ਹੋ ਕੇ ਦਿਸ, ਦਿਸ਼ਾ ਹਿੱਸਾ ਧਰਨੀ ਕਹੇ ਵੱਖਰੀ ਵੰਡ ਨਾ ਕੋਇ ਵੰਡਾਈਆ ।

### ✪ ੧੭ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਮਾਝਾ ਸੰਗਤ ਵਾਢੀ ਕਰਨ ਆਇਆਂ ਨਵਿਤ ✪

ਧਰਨੀ ਕਹੇ ਪ੍ਰਭੂ ਮੇਰਾ ਖ਼ੁਸ਼ੀਆਂ ਵਿਚ ਨਿਕਲਦਾ ਹਾਸਾ, ਬਿਨ ਮੁਖ ਤੋਂ ਦਿਆਂ ਹਸਾਈਆ । ਮੈਂ ਖੇਲ ਤੱਕਿਆ ਤੇਰੇ ਉਤੇ ਆਕਾਸ਼ਾ, ਆਕਾਸ਼ਾਂ ਤੋਂ ਬਾਹਰ ਤੇਰਾ ਨੂਰ ਅਲਾਹੀਆ । ਤੂੰ ਸਾਹਿਬ ਸਵਾਮੀ ਮੇਰਾ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜੁਗ ਚੌਕੜੀ ਨਿਰਗੁਣ ਧਾਰ ਮੈਂ ਤੇਰੀ ਤੱਕਦੀ ਰਹੀ ਰਾਸਾ, ਸਰਗੁਣ ਮਿਲ ਕੇ ਵੱਜਦੀ ਰਹੀ ਵਧਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰੇ ਨਾਮ ਦਾ ਦੱਸਦੇ ਰਹੇ ਖੁਲਾਸਾ, ਭੇਵ ਅਭੇਦ ਤੇਰਾ ਸਮਝ ਕੋਇ ਨਾ ਪਾਈਆ । ਤੂੰ ਮਿਹਰਵਾਨ ਮਹਿਬੂਬ ਸਵਾਮੀ ਲੇਖਾ ਜਾਣੇਂ ਸਭ ਦਾ ਪਵਣ ਸਵਾਸਾ, ਸਾਹ ਸਾਹ ਖੋਜ ਖੁਜਾਈਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰੀ ਪੂਰੀ ਹੋਈ ਆਸਾ, ਆਸ਼ਾ ਭਰੀ ਦਿਆਂ ਜਣਾਈਆ । ਤੇਰਾ ਸੰਤ ਸੁਹੇਲਾ ਗੁਰੂ ਗੁਰ ਚੇਲਾ ਭਗਤ ਭਗਵਾਨ ਧਰਮ ਦੀ ਧਾਰ ਦਾਸੀ ਦਾਸਾ, ਦਾਸਤਾਨ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਦਰ ਖ਼ੁਸ਼ੀ ਅਨੰਤ, ਅਨਕ ਕਲਧਾਰੀ ਦਿਆਂ ਜਣਾਈਆ । ਤੇਰੀ ਮਹਿੰਮਾ ਸਦਾ ਬੇਅੰਤ, ਬੇਐਬ ਤੇਰੀ ਵਡ ਵਡਿਆਈਆ । ਤੇਰੇ ਗੁਰਮੁਖ ਗੁਰਸਿਖ ਵੇਖੇ ਸੁਹੇਲੇ ਸੰਤ, ਸਾਜਣ ਧੁਰ ਦੇ ਨਜ਼ਰੀ ਆਈਆ । ਆਤਮ ਦੀ ਧਾਰ ਪਰਮਾਤਮ ਕੰਤ, ਕੰਤ ਕੰਤੂਹਲ ਤੇਰੀ ਵਡਿਆਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਅੰਤਰ ਨਿਰੰਤਰ ਮੰਤ, ਮੰਤਵ ਸਭ ਦਾ ਹੱਲ ਕਰਾਈਆ । ਤੂੰ ਮਿਹਰਵਾਨ ਮਹਿਬੂਬ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਸੋਭਾ ਪਾਈਆ । ਜਨ ਭਗਤਾਂ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਿਤਾ ਸਮਝਾਈਆ । ਕੂੜ ਕਲਪਨਾ ਮੇਟ ਕੇ ਚਿੰਤ, ਹਰਖ ਸੋਗ ਦਾ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰਾ ਖ਼ੁਸ਼ੀਆਂ ਵਾਲਾ ਸਤਾਰਾਂ ਵਿਸਾਖ ਪ੍ਰਵਿਸ਼ਟਾ, ਪਰਮ

ਪੁਰਖ ਦਿਆਂ ਜਣਾਈਆ । ਤੇਰੇ ਭਗਤਾਂ ਦੀ ਪਿਆਰ ਵਿਚ ਖੁਲ੍ਹੀ ਦਿਸੇ ਦ੍ਰਿਸ਼ਟਾ, ਦ੍ਰਿਸ਼ਟੀ ਤੇਰੇ ਵਿਚ ਸਮਾਈਆ । ਜਿਨ੍ਹਾਂ ਦਾ ਆਤਮ ਪਰਮਾਤਮ ਧਾਰ ਨਿਰਗੁਣ ਨਿਰਗੁਣ ਨਿਸਚਾ, ਨਿਹਚਲ ਧਾਮ ਬਹਿ ਕੇ ਤੇਰਾ ਦਰਸ਼ਨ ਪਾਈਆ । ਓਹ ਰੂਪ ਬਣ ਗਏ ਸਾਚੇ ਗੁਰਸਿਖ ਦਾ, ਗੁਰਮੁਖ ਹੋ ਕੇ ਗੁਰ ਗੁਰ ਸੇਵ ਕਮਾਈਆ । ਸਚ ਪਿਆਰ ਕਰਨ ਏਕੰਕਾਰ ਇਕ ਦਾ, ਇਕ ਇਕੱਲੇ ਤੇਰੀ ਓਟ ਤਕਾਈਆ । ਝਗੜਾ ਛਡ ਕੇ ਪੱਥਰ ਇੱਟ ਦਾ, ਪਾਹਨਾਂ ਪੰਧ ਮੁਕਾਈਆ । ਇਕੋ ਸਹਾਰਾ ਲੈ ਕੇ ਪਰਮੇਸ਼ਵਰ ਪਿਤ ਦਾ, ਪਾਰਬ੍ਰਹਮ ਪ੍ਰਭ ਦਰ ਤੇਰੇ ਅਲਖ ਜਗਾਈਆ । ਤੂੰ ਸਤਿਜੁਗ ਤਰੇਤਾ ਦੁਆਪਰ ਜੁਗ ਜੁਗ ਜਨ ਭਗਤਾਂ ਲੇਖਾ ਆਇਉਂ ਲਿਖਦਾ, ਕਲਜੁਗ ਅੰਤ ਦੇ ਵਡਿਆਈਆ । ਸਚ ਪਿਆਰ ਬਖ਼ਸ਼ ਅੰਤਰ ਹਿਤ ਦਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਉਤੇ ਤੇਰੇ ਭਗਤ ਸੁਹੇਲੇ ਟੱਪਦੇ, ਖ਼ੁਸ਼ੀਆਂ ਵਿਚ ਭੱਜਣ ਵਾਹੋ ਦਾਹੀਆ । ਅੰਤਰ ਤੂੰ ਮੇਰਾ ਮੈਂ ਤੇਰਾ ਨਾਮ ਜਪਦੇ, ਸੋਹੰ ਢੋਲਾ ਅਗੰਮ ਅਥਾਹੀਆ । ਸਚ ਪਿਆਰ ਵਿਚ ਆਪਣਾ ਅੰਤਰ ਰਤਦੇ, ਰਤਨ ਅਮੋਲਕ ਹੀਰੇ ਨਜ਼ਰੀ ਆਈਆ । ਉਹ ਵਣਜਾਰੇ ਤੇਰੇ ਆਤਮ ਬ੍ਰਹਮ ਤਤ ਦੇ, ਤਤਵ ਤਤ ਆਪਣਾ ਲੇਖਾ ਦੇਣਾ ਵਖਾਈਆ । ਉਹ ਵਣਜਾਰੇ ਨਹੀਂ ਕੂੜੀ ਮਤ ਦੇ, ਬੁਧ ਬਿਬੇਕ ਦੇਣੀ ਕਰਾਈਆ । ਕਲਜੁਗ ਅਗਨ ਵਿਚ ਫਿਰਨ ਨਾ ਤਪਦੇ, ਸਾਂਤਕ ਸਤਿ ਸਤਿ ਦੇਣਾ ਕਰਾਈਆ । ਤੇਰੇ ਨਾਤੇ ਹੋ ਜਾਣ ਪਕ ਦੇ, ਜਗਤ ਜਹਾਨ ਨਾ ਕੋਇ ਤੁੜਾਈਆ । ਗੁਰਮੁਖ ਭਗਤ ਸੁਹੇਲੇ ਸੇਵਾ ਕਰਦੇ ਕਦੀ ਨਾ ਥੱਕਦੇ, ਥਕਾਵਟ ਵਿਚ ਕਦੀ ਨਾ ਆਈਆ । ਉਹ ਵਣਜਾਰੇ ਤੇਰੇ ਘਰ ਵਿਚ ਹੋ ਗਏ ਹਕ ਦੇ, ਹਕੀਕਤ ਦੇ ਮਾਲਕ ਹਕ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਕਮਲਾਪਾਤੀ, ਪਤਿਪਰਮੇਸ਼ਵਰ ਸੀਸ ਨਿਵਾਈਆ । ਜੋ ਗੁਰਮੁਖ ਗੁਰਸਿਖ ਹਰਿ ਸੰਗਤ ਸੇਵਾ ਕਰਦੀ ਤਨ ਵਜੂਦ ਨਾਲ ਦਾਤੀ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਉਨ੍ਹਾਂ ਦੀ ਲੇਖੇ ਲਾਉਣੀ ਆਪਣੇ ਦਰ ਤੇ ਅੱਜ ਦੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਅਗਲਾ ਜੀਵਣ ਚਰਨ ਪ੍ਰੀਤੀ ਬਖ਼ਸ਼ ਹਯਾਤੀ, ਪਿਆਰ ਮੁਹੱਬਤ ਵਿਚ ਰਖਾਈਆ । ਜਿਹੜੀ ਵਸਤ ਹੱਥ ਨਹੀਂ ਆਉਂਦੀ ਜਗਤ ਜਗਿਆਸੂ ਸਾਧ ਸੰਤ ਫਿਰਦੇ ਲੋਕਮਾਤੀ, ਜਨਮ ਜਨਮ ਭੱਜਣ ਵਾਹੋ ਦਾਹੀਆ । ਉਹ ਲਹਿਣਾ ਦੇਣਾ ਸਭ ਦਾ ਪੂਰਾ ਕਰ ਦੇ ਬਾਕੀ, ਬਾਕਾਇਦਾ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੈਂ ਜੋੜ ਕੇ ਦੋਵੇਂ ਹਾਥੀ, ਬਿਨ ਸੀਸ ਸੀਸ ਨਿਵਾਈਆ । ਤੂੰ ਸਾਹਿਬ ਸਵਾਮੀ ਪੁਰਖ ਸਮਰਾਥੀ, ਹਰਿ ਕਰਤਾ ਧੁਰਦਰਗਾਹੀਆ । ਹੋਣਾ ਸਹਾਈ ਨਾਥ ਅਨਾਥੀ, ਦੀਨਾਂ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਪ੍ਰਭੂ ਤੇਰੇ ਲੇਖ ਅਗੰਮੇ ਲਿਖੇ, ਜੁਗ ਚੌਕੜੀ ਦਿਆਂ ਗਵਾਹੀਆ । ਤੇਰੇ ਨਾਮ ਕਲਮੇ ਦੀ ਗੁਰ ਅਵਤਾਰ ਪੈਗ਼ੰਬਰ ਸਿਖਿਆ ਸਿਖੇ, ਜਗਤ ਅੱਖਰਾਂ ਨਾਲ ਵਡਿਆਈਆ । ਤਨ ਵਜੂਦਾਂ ਪਾਏ ਹਿੱਸੇ, ਸ਼ਰਅ ਸ਼ਰਅ ਨਾਲ ਰਖਾਈਆ । ਤੇਰਾ ਨੂਰ ਜ਼ਹੂਰ ਏਕੰਕਾਰ ਜਨ ਭਗਤਾਂ ਜੁਗ ਜੁਗ ਇਕੋ ਦਿਸੇ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਂ ਚਾਹੁੰਦੀ ਦਰ ਆਇਆਂ ਦੇ ਪਿਛਲੇ ਜਰਮ ਕਰਮ ਦੇ ਲੇਖੇ ਕਰਦੇ ਚਿੱਟੇ, ਕੂੜ ਕੁਕਰਮ ਦਾ ਲਹਿਣਾ ਰਹੇ ਨਾ ਰਾਈਆ । ਸਚ ਪ੍ਰੀਤੀ ਵਿਚ ਤੇਰੇ ਚਰਨ ਰਹਿਣ ਟਿਕੇ, ਟਿੱਕੇ ਮਸਤਕ ਧੂੜੀ ਖ਼ਾਕ

੬੨੪
੨੩

ਰਮਾਈਆ । ਜੋ ਇਸ਼ਾਰਾ ਦਿਤਾ ਗੋਬਿੰਦ ਵਾਰ ਇਕੇ, ਏਕੰਕਾਰ ਨਾਲ ਧਿਆਨ ਲਗਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਸਾਚੇ ਸੰਤਾਂ ਸਚ ਪ੍ਰੀਤੀ ਵਿਚ ਰੱਤੇ, ਰਤਨ ਅਮੋਲਕ ਹੀਰੇ ਲਏ ਬਣਾਈਆ । ਜਿਸ ਦੀ ਧਾਰ ਵਿਚ ਪਿਆਰ ਵਿਚ ਜੈਕਾਰਾ ਬੋਲਿਆ ਫ਼ਤਿਹ, ਫ਼ਤਿਹ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਰਾਤ ਕਹੇ ਮੈਂ ਭਿੰਨੜੀ ਰੈਨੜੀ, ਜਨ ਭਗਤਾਂ ਤੱਕਾਂ ਨੂਰ । ਜੋ ਆਦਿ ਜੁਗਾਦੀ ਸਾਕ ਸੱਜਣ ਸੈਨੜੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹਾਜ਼ਰ ਹਜ਼ੂਰ । ਜਿਸ ਦਾ ਲੇਖਾ ਨਹੀਂ ਐਨ ਗ਼ੈਨੜੀ, ਨੁਕਤਾ ਕਾਫ਼ ਨਾ ਕੋਇ ਜ਼ਹੂਰ । ਜਨ ਭਗਤੋ ਤੁਹਾਡੀ ਖ਼ੁਸ਼ੀ ਹੋਵੇ ਮਸਤੀ ਵਾਲੇ ਚੈਨੜੀ, ਕਿਰਪਾ ਕਰੇ ਪ੍ਰਭ ਸਰਬ ਕਲਾ ਭਰਪੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਸਭ ਦੁੱਖੜੇ ਕਰੇ ਦੂਰ ।

### ✪ ੧੮ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਮਾਝਾ ਸੰਗਤ ਦੇ ਨਵਿਤ ਵਾਢੀਆਂ ਕਰਨ ਸਮੇਂ ✪

ਨਾਰਦ ਕਹੇ ਧਰਨੀਏ ਮੈਂ ਧਰਮ ਧਾਰ ਦਾ ਫ਼ੱਕਰ, ਬਿਨਾ ਫ਼ਿਕਰਿਆਂ ਤੋਂ ਪ੍ਰਭ ਦਾ ਨਾਮ ਧਿਆਈਆ । ਜੁਗਾ ਜੁਗੰਤ ਤੇਰੇ ਚਾਰੋਂ ਕੁੰਟ ਲਾਵਾਂ ਚੱਕਰ, ਚਕ੍ਰਵਰਤੀ ਹੋ ਕੇ ਫਿਰਾਂ ਚਾਈਂ ਚਾਈਂਆ । ਸਤਿਜੁਗ ਤਰੇਤਾ ਦੁਆਪਰ ਮੈਂ ਖੇਲ ਤੱਕਦਾ ਰਿਹਾ ਨਿਰਗੁਣ ਸਰਗੁਣ ਧਾਰ ਦੀ ਟੱਕਰ, ਤਤਵ ਤਤਾਂ ਖੋਜ ਖੁਜਾਈਆ । ਗ੍ਰੰਥ ਸ਼ਾਸਤਰ ਵੇਖਦਾ ਰਿਹਾ ਪੱਤਰ, ਅੱਖਰਾਂ ਰੰਗ ਰੰਗਾਈਆ । ਹਰਫ਼ਾਂ ਹਰੂਫ਼ਾਂ ਤੱਕਦਾ ਰਿਹਾ ਸੱਤਰ ਬਹੱਤਰ, ਸੱਤ ਦੋ ਖੋਜ ਖੁਜਾਈਆ । ਦੀਨ ਦੁਨੀ ਤੱਕੀ ਤੇਰੇ ਉਤੇ ਮੂੜ੍ਹ ਚਤੁਰ, ਅੰਤਸ਼ਕਰਨ ਵੇਖ ਵਖਾਈਆ । ਪ੍ਰਭ ਦਾ ਖੇਲ ਅਨੋਖਾ ਜਿਵੇਂ ਜਨ ਭਗਤ ਗੁੜ ਬਣਾ ਕੇ ਖਾਣ ਸ਼ੱਕਰ, ਅਸਲ ਦਾ ਅਸਲ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਨਾਰਦ ਕਹੇ ਧਰਤੀ ਮੈਂ ਆਦਿ ਦਾ ਆਦਿ ਚਕ੍ਰਵਰਤੀ, ਸਤਿਗੁਰ ਸ਼ਬਦ ਧਾਰ ਵਡਿਆਈਆ । ਮੈਂ ਪ੍ਰਭ ਦਾ ਖੇਲ ਵੇਖਾਂ ਜੁਗਾ ਜੁਗੰਤ ਸ਼ਰਤੀ, ਸ਼ਰਤੀਆ ਧਿਆਨ ਲਗਾਈਆ । ਉਹ ਮਾਲਕ ਏਕੰਕਾਰ ਇਕੋ ਨਿਧਪਰਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੂੰ ਨਾ ਸੋਗ ਨਾ ਹਰਖੀ, ਚਿੰਤਾ ਗ਼ਮ ਨਾ ਕੋਇ ਰਖਾਈਆ । ਉਹ ਮਹਿਬੂਬ ਮਾਲਕ ਧੁਰ ਦਾ ਅਰਸ਼ੀ, ਪ੍ਰੀਤਮ ਅਗੰਮ ਅਥਾਹੀਆ । ਮਿਹਰਵਾਨ ਹੋ ਕੇ ਧਰਨੀ ਤੇਰੇ ਉਤੇ ਕਰੇ ਤਰਸੀ, ਰਹਿਮਤ ਸਚ ਕਮਾਈਆ । ਜਿਸ ਦੀ ਸੁਹੰਜਣੀ ਤੀਹਵੇਂ ਸਾਲ ਦੀ ਬਰਸੀ, ਪੰਚਮ ਜੇਠ ਵਡ ਵਡਿਆਈਆ । ਤੂੰ ਖ਼ੁਸ਼ੀਆਂ ਨਾਲ ਕਰੀਂ ਦਰਸੀ, ਬਿਨ ਨੈਣਾਂ ਨੈਣ ਉਠਾਈਆ । ਜੁਗ ਜਨਮ ਦੀ ਮੇਟੀਂ ਹਰਸੀ, ਹਵਸ ਕੂੜ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਉਠ ਉਠ ਜਾਗ, ਬਿਨ ਤਨ ਵਜੂਦ ਲੈ ਅੰਗੜਾਈਆ । ਤੇਰੇ ਹੋਵਣ ਵਡ ਵਡ ਭਾਗ, ਭਾਗਾਂ ਭਰੀਏ ਆਪਣੀ ਖ਼ੁਸ਼ੀ ਬਣਾਈਆ । ਪ੍ਰੇਮ ਪਿਆਰ ਦਾ ਉਪਜੇ ਤੇਰੇ ਅੰਤਰ ਵੈਰਾਗ, ਮੁਹੱਬਤ ਵਿਚ ਆਪਣੀ ਖ਼ੁਸ਼ੀ ਬਣਾਈਆ । ਨਿਗਾਹ ਮਾਰ ਗੁਰਮੁਖ ਹੰਸ ਬਣਦੇ ਕਾਗ, ਕਾਗੋਂ ਹੰਸ ਬਣਾਈਆ । ਸਤਿਗੁਰ ਸ਼ਬਦ

ਧੋਵੇ ਦਾਗ, ਦੁਰਮਤ ਮੈਲ ਧਵਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣੇ ਹੱਥ ਪਕੜੇ ਵਾਗ, ਦੋ ਜਹਾਨਾਂ ਆਪ ਭਵਾਈਆ । ਸੁਣ ਉਸ ਸਾਹਿਬ ਦਾ ਅਗੰਮੀ ਰਾਗ, ਰਾਗ ਰਾਗਣੀ ਜਿਸ ਦਾ ਧਿਆਨ ਲਗਾਈਆ । ਸਰਗੁਣ ਧਾਰ ਜਗਤ ਤਿਆਗ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦਾ ਸੰਦੇਸਾ ਰਾਮ ਦਿਤਾ ਅਯੁਧਿਆ ਵਿਚ ਪਰਾਗ, ਕਾਸ਼ੀ ਧਿਆਨ ਲਗਾਈਆ । ਉਸ ਦੀ ਸਰਨ ਸਰਨਾਈ ਲਾਗ, ਜੋ ਬਣਿਆ ਧੁਰ ਦਾ ਮਾਹੀਆ । ਜਿਸ ਨੇ ਕਲਜੁਗ ਕੂੜੀ ਕਿਰਿਆ ਲਾਈ ਆਗ, ਘਰ ਘਰ ਦਿਤੀ ਮਚਾਈਆ । ਉਸ ਦਾ ਵਕਤ ਸੁਹੰਜਣਾ ਤੇਰਾ ਹੋਵੇ ਵਡ ਸੁਭਾਗ, ਘੜੀ ਸੁਲੱਖਣੀ ਤੇਰੇ ਰੰਗ ਰੰਗਾਈਆ । ਜਿਸ ਦਾ ਸ਼ਬਦ ਸੰਦੇਸਾ ਸਮਝ ਸਕੇ ਨਾ ਕੋਇ ਦਿਮਾਗ, ਬੁਧੀ ਚਲੇ ਨਾ ਕੋਇ ਚਤੁਰਾਈਆ । ਉਸ ਸਵਾਮੀ ਅੰਤਰਜਾਮੀ ਦਾ ਪੰਚਮ ਜੇਠ ਜਗਣਾ ਚਰਾਗ਼, ਕਲਸੀਆਂ ਵਿਚ ਕਲਸੀਆਂ ਵਾਲੇ ਘਰ ਘਰ ਆਪਣਾ ਦੀਪ ਜਲਾਈਆ । ਇੰਦਰ ਸਿੰਘ ਤੇਜਾ ਸਿੰਘ ਇੱਕੀ ਇੱਕੀ ਦਿਨ ਮੋਤਾ ਸਿੰਘ ਦੇ ਰਹਿਣਗੇ ਸਾਥ, ਦਿਵਸ ਰੈਣ ਪ੍ਰਭ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰਾ ਦਿਨ ਹੋਣਾ ਸੁਹੰਜਣਾ, ਪੰਚਮ ਜੇਠ ਵੱਜੇ ਵਧਾਈਆ । ਕਿਰਪਾ ਕਰੇ ਪ੍ਰਭੂ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਅਗੰਮ ਅਥਾਹੀਆ । ਜਿਸ ਦਾ ਨੂਰ ਜ਼ਹੂਰ ਇਕੋ ਦੀਪਕ ਜਗਣਾ, ਜੋਤੀ ਜਾਤਾ ਵਡ ਵਡਿਆਈਆ । ਮੈਂ ਓਸ ਦੀ ਸਰਨੀ ਲਗਣਾ, ਨਿਵ ਨਿਵ ਸੀਸ ਝੁਕਾਈਆ । ਮੇਰੀ ਸਚ ਸਤਿ ਉਸ ਪ੍ਰਭੂ ਨੂੰ ਬੰਦਨਾ, ਡੰਡਾਵਤ ਵਿਚ ਧੂੜੀ ਖ਼ਾਕ ਰਮਾਈਆ । ਮੇਰਾ ਖੇਲ ਖ਼ੁਸ਼ੀਆਂ ਵਿਚ ਖ਼ੁਸ਼ੀ ਦਾ ਦੀਪਕ ਜਗਣਾ, ਦਰ ਦਰ ਘਰ ਘਰ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਵੇਖਾਂ ਨਾਲ ਗੌਰ, ਚਾਰੋਂ ਕੁੰਟ ਧਿਆਨ ਲਗਾਈਆ । ਮੇਰਾ ਭਾਗ ਮੱਥਨ ਕਾਰਜ ਜਾਏ ਸੌਰ, ਸੋਹਣੀ ਮਿਲੇ ਵਡਿਆਈਆ । ਪੰਚ ਮੁਖੀਆ ਦੀਪਕ ਆਪਣੇ ਘਰ ਜਗਾਏ ਹਰਬੰਸ ਕੌਰ, ਇਕੀ ਦਿਨ ਇਕੋ ਰੀਤ ਬਣਾਈਆ । ਮੈਨੂੰ ਲੇਖਾ ਪੁਰਾਣਾ ਯਾਦ ਜੋ ਇਸ਼ਾਰਾ ਕੀਤਾ ਮੁਹੰਮਦ ਨੇ ਵਿਚ ਗੋਰ, ਮੜੀਆਂ ਤੋਂ ਬਾਹਰ ਅੱਖ ਉਠਾਈਆ । ਮੇਰੇ ਮਹਿਬੂਬਾ ਤੇਰੀ ਅੰਤਮ ਪੈਣੀ ਲੋੜ, ਲੋੜੀਂਦੇ ਸੱਜਣ ਤੇਰੀ ਓਟ ਤਕਾਈਆ । ਤੇਰਾ ਲਹਿਣਾ ਦੇਣਾ ਲੇਖਾ ਆਪਣੇ ਲੇਖੇ ਨਾਲ ਲੈਣਾ ਜੋੜ, ਦੂਸਰ ਹੱਥ ਨਾ ਕਦੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦ ਤੂੰ ਵੇਖੀਂ ਨਾਲ ਚਾਓ, ਚੰਚਲ ਬੁੱਧੀ ਨਾ ਕੋਇ ਰਖਾਈਆ । ਕੀ ਖੇਲ ਕਰੇ ਪ੍ਰਭੂ ਮੇਰਾ ਸ਼ਾਹੋ, ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਦਾ ਲੇਖਾ ਅਗੰਮ ਅਥਾਹੋ, ਅਥਰਬਣ ਵੇਦ ਦਏ ਗਵਾਹੀਆ । ਉਹ ਆਪਣਾ ਕਰੇ ਪਸਾਓ, ਉਪਾਓ ਸਮਝ ਕਿਸੇ ਨਾ ਆਈਆ । ਤੂੰ ਖ਼ੁਸ਼ੀਆਂ ਵਿਚ ਕਰੀਂ ਵਾਹੋ ਵਾਹੋ, ਵਾਹਵਾ ਪੰਚਮ ਜੇਠ ਵੱਜੇ ਵਧਾਈਆ । ਤੀਸ ਤੀਸਾ ਤ੍ਰੈਗੁਣ ਢੋਲਾ ਗਾਓ, ਤ੍ਰੈਗੁਣ ਅਤੀਤਾ ਖੇਲ ਖਿਲਾਈਆ । ਭਾਗ ਲਗਾਏ ਕਲਸੀਆਂ ਵਾਲੇ ਗਰਾਉਂ, ਗਾਉਂ ਗਰਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਨ ਭਗਤ ਮੇਰੇ ਉਤੇ ਖ਼ੁਸ਼ੀ ਮਨਾਉਣਗੇ । ਘਰ ਉਜੜੇ ਫੇਰ ਵਸਾਉਣਗੇ । ਮਹਾਰਾਜ ਸ਼ੇਰ ਸਿੰਘ ਦਾ ਫੋਟੂ ਆਪਣੇ ਅੰਦਰ ਇਕ ਇਕ ਰਖਾਉਣਗੇ । ਪੂਰਬ ਜਨਮ ਦੀ ਸਿਕ, ਸਿਕ ਆਪਣੇ ਵਿਚ ਟਿਕਾਉਣਗੇ । ਇਸ਼ਟ ਦੇਵ ਮੰਨ ਕੇ


੯੨੫
੨੩

ਇਕ, ਇਕੋ ਓਟ ਰਖਾਉਣਗੇ । ਦਰਸ਼ਨ ਕਰ ਕੇ ਨਿਤ, ਨੇਤਰ ਲੋਚਨ ਨੈਣ ਖ਼ੁਸ਼ੀ ਬਿਗਸਾਉਣਗੇ । ਕਿਰਪਾ ਕਰੇ ਪਰਮੇਸ਼ਵਰ ਪਿਤ, ਪਤਿਪਰਮੇਸ਼ਵਰ ਜਨ ਇਕ ਧਿਆਨ ਰਖਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇ ਹੁਕਮ ਵਿਚ ਹੁਕਮ ਮਨਾਉਣਗੇ । ਨਾਰਦ ਕਹੇ ਧਰਨੀਏ ਮੈਂ ਤੇਰੇ ਨਾਲ ਕਰਾਂ ਮਖ਼ੌਲ, ਮਸਖਰਾ ਹੋ ਕੇ ਦਿਆਂ ਜਣਾਈਆ । ਤੂੰ ਭਾਗ ਭਰੀ ਧੌਲ, ਧਵਲ ਆਪਣਾ ਨਾਮ ਧਰਾਈਆ । ਆਪਣਾ ਵਾਅਦਾ ਤੱਕ ਲੈ ਕੌਲ, ਇਕਰਾਰਨਾਮਾ ਦਿਆਂ ਵਖਾਈਆ । ਤੇਰੇ ਨਾਲ ਕਦੇ ਨਾ ਮਾਰਾਂ ਰੋਲ, ਰੌਲ ਪੰਡਤ ਹੋ ਕੇ ਧੋਖਾ ਕਰਨ ਕਦੇ ਨਾ ਆਈਆ । ਪਰ ਮੈਂ ਇਕ ਗੱਲ ਜ਼ਰੂਰ ਦੱਸਾਂ ਪੰਚਮ ਜੇਠ ਨੂੰ ਕਲਸੀਆਂ ਵਾਲੇ ਆਪਣਿਆਂ ਖੇਤਾਂ ਵਿਚ ਚਾੜ੍ਹਨਗੇ ਦੇਗ ਚੌਲ, ਵੀਹ ਸੌ ਅੱਠ ਬਿਕ੍ਰਮੀ ਧਿਆਨ ਲਗਾਈਆ । ਮੇਰਾ ਪੁਰਾਣਾ ਫ਼ਰਮਾਨਾ ਮੈਂ ਸੁਣਾਇਆ ਬੋਲ, ਬੋਲ ਕੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਨਾਰਦ ਕਹੇ ਧਰਨੀਏ ਤੂੰ ਬੜੀ ਸੋਹਣੀ ਸੁਹੰਜਣੀ ਲਾੜੀ, ਰੂਪਵੰਤ ਨਜ਼ਰੀ ਆਈਆ । ਮੈਂ ਤੇਰੇ ਪਿਛੇ ਵੇਖਾਂ ਕਿ ਅਗਾੜੀ, ਦੋਏ ਪਾਸੇ ਸੋਭਾ ਪਾਈਆ । ਨੀ ਨਾ ਤੈਨੂੰ ਮੁੱਛ ਨਾ ਕੋਇ ਦਾਹੜੀ, ਨਾ ਕੋਈ ਸੀਨੇ ਮਿਲੀ ਵਡਿਆਈਆ । ਕੀ ਤੂੰ ਖੇਲ ਤੱਕਿਆ ਅੱਜ ਦੀ ਦਿਹਾੜੀ, ਬਿਨ ਅੱਖਾਂ ਅੱਖ ਖੁਲਾਈਆ । ਜਿਹੜੇ ਭਗਤ ਸੁਹੇਲੇ ਧਰਮ ਦੀ ਧਾਰ ਵੱਢਣ ਆਏ ਹਾੜੀ, ਹਾੜ ਸਤਾਰਾਂ ਇਹਨਾਂ ਸਾਰਿਆਂ ਮਿਲੇ ਵਡਿਆਈਆ । ਇਹਨਾਂ ਚਿੱਟੀ ਕਾਲੀ ਸਵਾ ਸਵਾ ਗਿਠ ਲਾਈ ਹੋਵੇਗੀ ਦਾਹੜੀ, ਜਗਤ ਰੂਪ ਬਦਲਾਈਆ । ਭਗਤ ਦਵਾਰੇ ਵਿਚ ਦੋਹਾਂ ਹੱਥਾਂ ਦੀ ਮਾਰਦੇ ਫਿਰਨਗੇ ਤਾੜੀ, ਤਲਵਾੜਾ ਆਪਣਾ ਆਪ ਦਰਸਾਈਆ । ਸਭ ਦਾ ਲੇਖਾ ਮੁਕਾਉਣਾ ਜੰਗਲ ਜੂਹ ਪਹਾੜੀ, ਟਿੱਲਿਆਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਧਰਨੀ ਮੈਂ ਆਵਾਂਗਾ ਜ਼ਰੂਰ, ਹਾੜ ਸਤਾਰਾਂ ਵੇਖਾਂ ਚਾਈਂ ਚਾਈਂਆ । ਮੇਰੇ ਵਿਚ ਭਰਿਆ ਹੋਵੇਗਾ ਗ਼ਰੂਰ, ਗ਼ੁਰਬਤ ਜਗਤ ਵਾਲੀ ਬਣਾਈਆ । ਮੇਰੀਆਂ ਅੱਖੀਆਂ ਵਿਚ ਹੋਵੇਗਾ ਨੂਰ, ਨੂਰ ਨੁਰਾਨਾ ਸੋਭਾ ਪਾਈਆ । ਮੇਰੇ ਮਸਤਕ ਵਿਚ ਹੋਵੇ ਸੰਧੂਰ, ਤ੍ਰਿਸੂਲ ਸ਼ੰਕਰ ਨਾਲ ਵਡਿਆਈਆ । ਮੇਰੀ ਛਾਤੀ ਤੇ ਪਹਾੜ ਬਣਿਆ ਹੋਵੇ ਕੋਹਤੂਰ, ਚੋਟੀਆਂ ਤਿੰਨ ਪੰਜ ਨਜ਼ਰੀ ਆਈਆ । ਖ਼ੁਮਾਰੀ ਦਾ ਚੜ੍ਹਿਆ ਹੋਵੇ ਸਰੂਰ, ਸੁਰਤ ਸ਼ਬਦ ਵਿਚ ਸਮਾਈਆ । ਲੱਕ ਨੂੰ ਬੱਧੇ ਹੋਣ ਪੱਤੇ ਖਜੂਰ, ਚਾਰੋਂ ਕੁੰਟ ਨਜ਼ਰੀ ਆਈਆ । ਪਿੰਡੇ ਤੇ ਮਲੀ ਹੋਵੇ ਖ਼ਾਕ ਧੂੜ, ਧੂੜੀ ਖ਼ਾਕ ਰਮਾਈਆ । ਮੇਰੇ ਹੱਥਾਂ ਨੂੰ ਪੈਰਾਂ ਨੂੰ ਵੱਜਾ ਹੋਵੇ ਜੂੜ, ਜੂੜਾ ਬੋਦੀ ਵਾਲਾ ਉਤੇ ਵਖਾਈਆ । ਮੇਰੇ ਸੀਨੇ ਤੇ ਲਿਖਿਆ ਹੋਵੇ ਕੂੜ, ਕੂੜ ਕੁਟੰਬ ਜਗਤ ਲੋਕਾਈਆ । ਵਾਢੀ ਕਰਨ ਵਾਲਿਆਂ ਦਾ ਮੇਰੇ ਨਾਲ ਹੋਵੇਗਾ ਪੂਰ, ਪੂਰਨ ਸਤਿਗੁਰ ਹੋ ਕੇ ਦਇਆ ਕਮਾਈਆ । ਜਨਮ ਦਾ ਕਰਮ ਦਾ ਵਰਨ ਦਾ ਬਰਨ ਦਾ ਰਹੇ ਨਾ ਕੋਇ ਕਸੂਰ, ਧਰਮ ਦਾ ਲੇਖਾ ਧਰਮ ਨਾਲ ਬਣਾਈਆ । ਜਨ ਭਗਤੋ ਤੁਹਾਨੂੰ ਆਉਣਾ ਪਏ ਭਾਵੇਂ ਨੇੜੇ ਹੋਵੋ ਭਾਵੇਂ ਹੋਵੋ ਦੂਰ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਾਜ਼ਰ ਹਜ਼ੂਰ, ਹਜ਼ੂਰੀਏ ਗੁਰਮੁਖ ਲਏ ਬਣਾਈਆ ।


੯੨੬
੨੩

## ✪ ੨੨ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਗੁਰਦਾਸਪੁਰ ਸੰਗਤ ਦੇ ਵਾਢੀ ਕਰਨ ਸਮੇਂ ✪

ਵਿਸਾਖ ਕਹੇ ਮੇਰਾ ਪ੍ਰਵਿਸ਼ਟਾ ਬਾਈ, ਬਾਈਬਲ ਯਸੂਹ ਧਿਆਨ ਲਗਾਈਆ । ਉਸ ਨਿਗਾਹ ਮਾਰੀ ਉਤੇ ਸਕਾਈ, ਇਸਮ ਅਸਮਾਨਾਂ ਧਿਆਨ ਲਗਾਈਆ । ਮੇਰਾ ਮਹਿਬੂਬ ਕਰੇ ਫ਼ਲਾਈ, ਜਗਤ ਜਹਾਨਾਂ ਵੇਖ ਵਖਾਈਆ । ਜੋ ਸਭ ਦੀ ਕਰੇ ਰਹਿਨੁਮਾਈ, ਰਹਿਮਤ ਆਪਣੀ ਆਪ ਕਮਾਈਆ । ਜਿਸ ਲੇਖਾ ਹਿੰਦਸਾ ਜਾਨਣਾ ਇਕਾਈ ਨਾਲ ਦਹਾਈ, ਦਹਿ ਦਿਸ਼ਾ ਖੋਜ ਖੁਜਾਈਆ । ਲਹਿਣਾ ਪੂਰਾ ਕਰਨਾ ਜਨਕ ਜਿਸ ਰਾਮ ਬਣਾਇਆ ਜਵਾਈ, ਜ਼ੱਰਾ ਜ਼ੱਰਾ ਖੋਜ ਖੁਜਾਈਆ । ਮੂਸਾ ਏਸੇ ਦਿਨ ਦਿਤੀ ਦੁਹਾਈ, ਕੋਹਤੂਰ ਅੱਖ ਬਦਲਾਈਆ । ਗੋਬਿੰਦ ਨੇ ਬੂਟਾ ਪੁੱਟ ਕੇ ਕਾਹੀ, ਕਾਇਨਾਤ ਦਿਤੀ ਹਿਲਾਈਆ । ਸਤਿਗੁਰ ਸ਼ਬਦ ਬਣ ਕੇ ਰਾਹੀ, ਰਸਤਾ ਰਸਤਿਆਂ ਵਿਚੋਂ ਵੇਖ ਵਖਾਈਆ । ਬਾਈ ਵਿਸਾਖ ਕਹੇ ਮੇਰੀ ਦੁਹਾਈ, ਦੋ ਹੱਥ ਉਠਾ ਕੇ ਦਿਆਂ ਜਣਾਈਆ । ਮੇਰਾ ਦਿਵਸ ਜਿਸ ਵੇਲੇ ਲਕਸ਼ਮਣ ਨੇ ਸੀਤਾ ਨੂੰ ਕਿਹਾ ਨਾਲੇ ਮਾਤਾ ਨਾਲੇ ਭਰਜਾਈ, ਨੈਣ ਚਰਨ ਕਵਲ ਕਵਲ ਲਗਾਈਆ । ਏਸੇ ਦਿਵਸ ਬਾਵਨ ਨੇ ਬਦਲੀ ਬਲ ਵਾਲੀ ਸ਼ਹਿਨਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਨਾਨਕ ਸਰਗੁਣ ਧਾਰ ਬਗ਼ਦਾਦ ਤੱਕੀ ਆਪਣੀ ਕਲਾਈ, ਕਲਮਿਆਂ ਤੋਂ ਬਾਹਰ ਵੇਖ ਵਖਾਈਆ । ਕਬੀਰ ਏਸੇ ਦਿਨ ਸੁੱਤਾ ਲੈ ਕੇ ਉਤੇ ਰਜਾਈ, ਰਜ਼ਾ ਰੱਬ ਦੀ ਵਿਚ ਧਿਆਨ ਲਗਾਈਆ । ਰਵੀ ਨੇ ਟਕੇ ਵੱਟ ਕੇ ਢਾਈ, ਢਈਆ ਗੋਬਿੰਦ ਦਿਤਾ ਸਮਝਾਈਆ । ਗੋਬਿੰਦ ਨੇ ਖੜਗ ਏਸੇ ਦਿਵਸ ਪਹਿਲੀ ਵਾਰ ਚਲਾਈ, ਸ਼ਸਤਰ ਸ਼ਤਰੂ ਰੂਪ ਬਣਾਈਆ । ਸਤਿਗੁਰ ਅਰਜਨ ਸਵਾ ਪਹਿਰ ਏਸੇ ਦਿਨ ਕੀਤੀ ਲਿਖਾਈ, ਗ੍ਰੰਥ ਗੁਰੂ ਗੁਰੂ ਗਵਾਹੀਆ । ਧਰਨੀ ਕਹੇ ਮੇਰੀ ਛਾਤੀ ਉਤੇ ਕਦਮ ਕਦੀਮ ਦੇ ਮਾਲਕ ਕੀਤੇ ਢਾਈ, ਹਿੱਸਾ ਦੀਨ ਦੁਨੀ ਵੰਡਾਈਆ । ਖੇਲ ਖੇਲਿਆ ਚਾਈਂ ਚਾਈਂ, ਚਾਓ ਘਨੇਰਾ ਇਕ ਦਰਸਾਈਆ । ਮਹਾਰਾਜ ਸ਼ੇਰ ਸਿੰਘ ਏਸੇ ਦਿਵਸ ਪਹਿਲੀ ਵਾਰ ਕੁਸ਼ਤੀ ਲਾਈ, ਪਕੜ ਆਪਣੀ ਬਣਤ ਬਣਾਈਆ । ਏਸੇ ਦਿਵਸ ਤਾਬੋ ਦੇ ਅੰਦਰ ਧਾਰ ਹੋਈ ਰੁਸ਼ਨਾਈ, ਜਨਮ ਤੋਂ ਪਹਿਲਾਂ ਦਿਤਾ ਸਮਝਾਈਆ । ਮਨੀ ਸਿੰਘ ਏਸੇ ਦਿਵਸ ਛਡ ਕੇ ਵਾਹੀ, ਭੱਜਿਆ ਵਾਹੋ ਦਾਹੀਆ । ਸਤਿਗੁਰੂ ਤੋਂ ਬਿਨਾ ਵਸਤ ਪਰਾਈ, ਜਗਤ ਤ੍ਰਿਸ਼ਨਾ ਤ੍ਰਿਖਾ ਮਿਟਾਈ, ਤਨ ਅੰਦਰ ਵੱਜੀ ਵਧਾਈ, ਖ਼ੁਸ਼ੀਆਂ ਦੇ ਢੋਲੇ ਗਾਈਆ । ਬਾਈ ਵਿਸਾਖ ਕਹੇ ਮੈਨੂੰ ਧਰੂ ਨੇ ਗੱਲ ਇਕ ਸੁਣਾਈ, ਬਚਪਨ ਬੱਚਿਆਂ ਵਾਲਾ ਦ੍ਰਿੜ੍ਹਾਈਆ । ਪਤਾ ਨਹੀਂ ਓਹ ਕਿਹੋ ਜਿਹਾ ਮਾਹੀ, ਜਿਹੜਾ ਜੰਗਲਾਂ ਵਿਚ ਰੁਲਾਈਆ । ਜਿਸ ਦੇ ਪਿਛੇ ਰਾਜ ਰਜਾਨਾ ਹੁੰਦੀ ਤਬਾਹੀ, ਤਬਾ ਅੰਦਰੋਂ ਦਏ ਬਦਲਾਈਆ । ਢਾਈ ਘੰਟੇ ਪ੍ਰਹਿਲਾਦ ਇਕੋ ਤੁਕ ਗਾਈ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਬਿਪਰ ਸੁਦਾਮੇ ਪਾਈ ਦੁਹਾਈ, ਵਾਹਵਾ ਤੇਰੀ ਬੇਪ੍ਰਵਾਹੀਆ । ਜੈ ਦਿਓ ਜਲ ਧਾਰਾ ਉਤੇ ਬਹਿ ਕੇ ਗਿਆ ਗਾਈ, ਗਊ ਗ਼ਰੀਬ ਤੇਰੀ ਸ਼ਰਨਾਈਆ । ਨਾਮ ਦਿਓ ਦਿਤੀ ਦੁਹਾਈ, ਦਿਉਹਰੇ ਵਾਲਿਆ ਦੋਹਰਾ ਤੇਰਾ ਖੇਲ ਵਖਾਈਆ । ਮੈਂ ਚਾਹੁੰਦਾ ਤੂੰ ਸਭ ਦਾ ਬਣੇ ਗੁਸਾਈਂ, ਮਿਹਰਵਾਨ ਇਕ ਅਖਵਾਈਆ । ਲੰਮਾ ਪੈ ਕੇ ਲਕੀਰ ਨਕ ਨਾਲ ਲਗਾਈ, ਲਾਈਨ ਲਾਈਨ ਵਿਚੋਂ ਵਖਾਈਆ । ਫੇਰ ਨਿਗਾਹ ਚਾਰੋਂ ਕੁੰਟ ਉਠਾਈ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਜਿਧਰ ਵੇਖਿਆ ਉਧਰ ਨਜ਼ਰ ਆਇਆ ਧੁਰ ਦਾ ਮਾਹੀ, ਮਹਿਬੂਬ ਅਗੰਮ ਅਥਾਹੀਆ । ਨਾਲ ਇਸ਼ਾਰਾ ਹੋਇਆ ਉਹ ਤੱਕ ਕਲਜੁਗ ਕੂੜ ਅੰਧੇਰਾ ਰਿਹਾ ਛਾਈ, ਸਚ ਨੂਰ ਨਾ ਕੋਇ ਰੁਸ਼ਨਾਈਆ । ਤੇਰੀ ਆਸਾ ਮਨਸਾ

੯੨੭ ੨੩

ਪੂਰੀ ਦੇਵਾਂ ਕਰਾਈ, ਕਰਾਮਾਤ ਨਾ ਕੋਇ ਜਣਾਈਆ । ਤੇਰੇ ਦਿਉਹਰੇ ਦਾ ਦਿਉਹਰਾ ਭਗਤ ਦਵਾਰ ਦੇਵਾਂ ਸੁਹਾਈ, ਭਗਵਨ ਹੋ ਕੇ ਖੇਲ ਖਿਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਲਵਾਂ ਅੰਗੜਾਈ, ਨੂਰ ਨੁਰਾਨਾ ਡਗਮਗਾਈਆ । ਧੁਰ ਦੀ ਬਣਤ ਭਗਵੰਤ ਹੋ ਕੇ ਲਵਾਂ ਬਣਾਈ., ਘੜਨ ਭੰਨਣਹਾਰ ਇਕ ਅਖਵਾਈਆ । ਮੇਰਾ ਖੇਲ ਹੋਏ ਬੇਪਰਵਾਹੀ, ਬੇਅੰਤ ਹੋ ਕੇ ਆਪਣੀ ਕਾਰ ਕਮਾਈਆ । ਮੇਰੀ ਭਗਤਾਂ ਨਾਲ ਨਾਮਿਆਂ ਹੋਈ ਸਾਈ, ਸੌਦਾ ਪੱਕਾ ਦੇਣਾ ਕਰਾਈਆ । ਬਿਨਾ ਭਗਤੀ ਤੋਂ ਦਿਆਂ ਤਰਾਈ, ਤਾਰਨਹਾਰ ਇਕ ਅਖਵਾਈਆ । ਮਾਲਾ ਮਣਕਿਆਂ ਦੇ ਥਾਂ ਸੇਵਾ ਦੱਸਾਂ ਅਗੰਮ ਅਥਾਹੀ, ਜਿਸ ਦੀ ਸਮਝ ਕੋਇ ਨਾ ਪਾਈਆ । ਜਗਤ ਦੀ ਖੇਤੀ ਗੁਰਮੁਖਾਂ ਦੀ ਵਢਾਈ, ਕਰਮਾਂ ਦੇ ਲੇਖੇ ਦੇਵਾਂ ਕਟਾਈਆ । ਹਰਿਜਨ ਆਤਮ ਮੇਰੀ ਰਹੇ ਨਾ ਕੋਇ ਪਰਾਈ, ਪੂਰਨ ਸਤਿਗੁਰ ਹੋ ਕੇ ਲਵਾਂ ਪ੍ਰਨਾਈਆ । ਗੁਰਮੁਖਾਂ ਆਪਣੇ ਰੰਗ ਰੰਗਾਈ, ਰੰਗਤ ਚਾੜ੍ਹਾਂ ਥਾਉਂ ਥਾਈਂਆ । ਜਿਨ੍ਹਾਂ ਦੀ ਸੇਵਾ ਵਿਚ ਥੱਕਣ ਮੋਢੇ ਕੰਧੇ ਬਾਹੀਂ, ਤਿਨ੍ਹਾਂ ਦੀ ਥਕਾਵਟ ਦੋ ਜਹਾਨਾਂ ਦਿਆਂ ਮੁਕਾਈਆ । ਨਾਮੇ ਇਕ ਤੁਕ ਖ਼ੁਸ਼ੀਆਂ ਦੇ ਵਿਚ ਗਾਈ, ਬੀਠਲੋ ਕਹਿ ਕੇ ਪ੍ਰਭ ਨੂੰ ਦਿਤਾ ਵਡਿਆਈਆ । ਬਾਈ ਵਿਸਾਖ ਕਹੇ ਸੋ ਰੁਤ ਸੁਹੰਜਣੀ ਮੇਰੀ ਅੱਜ ਆਈ, ਰੁਤੜੀ ਪ੍ਰਭ ਨੇ ਦਿਤੀ ਮਹਿਕਾਈਆ । ਜਨ ਭਗਤੋ ਤੁਹਾਡੀ ਘਾਲ ਘਾਲੀ ਆਪਣੇ ਲੇਖੇ ਲਾਈ, ਤੁਹਾਡਾ ਲੇਖਾ ਆਪਣੇ ਹੱਥ ਰਖਾਈਆ । ਖ਼ੁਸ਼ੀਆਂ ਵਿਚ ਖ਼ੁਸ਼ੀ ਖ਼ੁਸ਼ੀ ਵਿਚ ਜਾਣਾ ਚਾਈਂ ਚਾਈਂ, ਚਾਓ ਆਪਣੇ ਅੰਦਰ ਟਿਕਾਈਆ । ਸਭ ਦਾ ਲਹਿਣਾ ਦੇਣਾ ਪੂਰਬ ਜਨਮ ਦਾ ਪੂਰਾ ਕਰੇ ਸਾਈਂ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪਿਆਰ ਦੀ ਸਭ ਨੂੰ ਦਏ ਵਧਾਈ, ਵਾਧਾ ਭਗਤਾਂ ਨਾਲ ਰਖਾਈਆ ।


੯੨੮
੨੩

### ✪ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਗੁਰਦਾਸ ਪੁਰ ਸ਼ਹਿਰ ਸਰੂਪ ਸਿੰਘ ਦੇ ਆਰੇ ਦੀ ਚੱਠ ਕਰਨ ਸਮੇਂ ✪

ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨੱਚਾਂ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਮੇਰੇ ਸਾਹਿਬ ਦਾ ਆਦਿ ਜੁਗਾਦੀ ਖੇਲ ਸੱਚਾ, ਸਚ ਸਵਾਮੀ ਅੰਤਰਜਾਮੀ ਆਪਣਾ ਹੁਕਮ ਵਰਤਾਈਆ । ਜੋ ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਲੱਖ ਚੁਰਾਸੀ ਅੰਦਰ ਰਚਾ, ਘਰ ਘਰ ਆਪਣਾ ਡੇਰਾ ਲਾਈਆ । ਜੁਗ ਚੌਕੜੀ ਭਗਤ ਸੁਹੇਲਾ ਸਦਾ ਪ੍ਰਗਟਾਏ ਆਪਣਾ ਬੱਚਾ, ਬਚਪਨ ਆਪਣੀ ਝੋਲੀ ਪਾਈਆ । ਭਾਗ ਲਗਾ ਕੇ ਕਾਇਆ ਮਾਟੀ ਗੜ੍ਹ ਕੱਚਾ, ਕੰਚਨ ਰੂਪ ਦਏ ਵਖਾਈਆ । ਤ੍ਰੈਗੁਣ ਅਗਨੀ ਤਤ ਕਦੇ ਨਾ ਮੱਚਾ, ਹਰਿਜਨ ਸਾਂਤਕ ਸਤਿ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਵਡ ਵਡਿਆਈਆ । ਜੁਗ ਜੁਗ ਖੇਲ ਕਰੇ ਅਪਾਰ, ਅਪਰੰਪਰ ਸਵਾਮੀ ਵੇਸ ਵਟਾਈਆ । ਦੋ ਜਹਾਨਾਂ ਬਣ ਕੇ ਸਾਂਝਾ ਯਾਰ, ਪਰਵਰਦਿਗਾਰ ਆਪਣਾ ਹੁਕਮ ਵਰਤਾਈਆ । ਕਲਜੁਗ ਲੇਖਾ ਜਾਣੇ ਜੀਵ ਜੰਤ ਜਗਤ ਜੁਗਤ ਵਿਵਹਾਰ, ਵਿਵਹਾਰੀ ਹੋ ਕੇ ਖੋਜ ਖੁਜਾਈਆ । ਜਨ ਭਗਤਾਂ ਕਰ ਪਿਆਰ, ਪੀਆ ਪ੍ਰੀਤਮ ਦਏ ਵਡਿਆਈਆ । ਅੰਤਰ ਆਤਮ ਦੇ ਦਰਸ ਦੀਦਾਰ, ਨਿਜ ਨੇਤਰ ਲੋਚਣ ਨੈਣ ਕਰੇ ਰੁਸ਼ਨਾਈਆ । ਜਗਤ

ਕਿਰਿਆ ਜਗਤ ਦੀ ਧਾਰ, ਜਗਿਆਸੂਆਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਕਿਰਪਾ ਕਰੇ ਸ੍ਰੀ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਧਾਰ ਹੋ ਮਿਹਰਵਾਨ, ਮਹਿਬੂਬ ਹੋਏ ਸਹਾਈਆ । ਜਨ ਭਗਤਾਂ ਦੇਵੇ ਦਾਨ, ਵਸਤ ਅਮੋਲਕ ਅਗੰਮ ਵਰਤਾਈਆ । ਜਗਤ ਸਹਾਰਾ ਬਖ਼ਸ਼ ਕੇ ਪੀਣ ਖਾਣ, ਤ੍ਰਿਸ਼ਨਾ ਤ੍ਰਿਖਾ ਪੂਰ ਕਰਾਈਆ । ਅੱਠੇ ਪਹਿਰ ਹੋਵੇ ਨਿਗਾਹਬਾਨ, ਦਿਵਸ ਰੈਣ ਵੇਖ ਵਖਾਈਆ । ਸਚ ਖ਼ੁਸ਼ੀ ਸਤਿ ਦਾ ਦੇਵੇ ਗਿਆਨ, ਅਗਿਆਨ ਅੰਧੇਰ ਮਿਟਾਈਆ । ਪ੍ਰੇਮ ਪ੍ਰੀਤੀ ਮੁਹੱਬਤ ਕਰ ਪ੍ਰਵਾਨ, ਪਰਮ ਪੁਰਖ ਆਪਣੇ ਲੇਖੇ ਲਾਈਆ । ਜਗਤ ਦਿਵਸ ਘੜੀ ਪਲ ਪ੍ਰਵਿਸ਼ਟਾ ਚੌਵ੍ਹੀ ਵਿਸਾਖ ਲੇਖਾ ਲੇਖੇ ਲਾਏ ਆਣ, ਆਪ ਆਪਣੀ ਦਇਆ ਕਮਾਈਆ । ਸਤਿ ਸਰੂਪ ਸ਼ਾਹੋ ਭੂਪ ਹਰਿਜਨ ਕਰ ਪ੍ਰਵਾਨ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਧਰਮ ਦੀ ਧਾਰ ਸਤਿ ਦੀ ਕਾਰ ਪਿਆਰ ਦੀ ਚਲਦੀ ਰਹੇ ਦੁਕਾਨ, ਵਸਤ ਅਗੰਮ ਅਥਾਹ ਬੇਪਰਵਾਹ ਆਪਣੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਨੀ ਦਾ ਕਰਤਾ ਕਰਨਹਾਰ ਵਡ ਵਡਿਆਈਆ ।



## ✪ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ਕਿਸ਼ਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੀ ਧੂੜ ਨੇ ਧੂੜ ਰਮਾਈ, ਖ਼ਾਕ ਖ਼ਾਕ ਮਿਲੀ ਵਡਿਆਈਆ । ਮੈਂ ਖ਼ੁਸ਼ੀਆਂ ਵਿਚ ਖ਼ੁਸ਼ੀ ਮਨਾਈ, ਖ਼ੁਸ਼ਖ਼ਬਰੀ ਸੁਣੀ ਧੁਰ ਦੇ ਮਾਹੀਆ । ਸੰਦੇਸਾ ਸੁਣਿਆ ਚਾਈਂ ਚਾਈਂ, ਚਾਓ ਘਨੇਰਾ ਮੇਰੇ ਅੰਤਰ ਪ੍ਰਗਟਾਈਆ । ਮੈਂ ਬਿਨਾ ਭੁਜਾਂ ਤੋਂ ਉਠਾਈਆਂ ਬਾਹੀਂ, ਚਾਰ ਕੁੰਟ ਦਿਤੀਆਂ ਵਖਾਈਆ । ਧੰਨ ਭਾਗ ਸੁਭਾਗ ਮੇਰਾ ਸਾਹਿਬ ਮਿਲਿਆ ਸਾਈਂ, ਸੁਲਤਾਨ ਧੁਰਦਰਗਾਹੀਆ । ਜੋ ਬਣਿਆ ਮੇਰੇ ਉਤੇ ਪਾਂਧੀ ਰਾਹੀ, ਰਹਿਬਰ ਅਗੰਮ ਅਥਾਹੀਆ । ਜਿਸ ਦਾ ਖੇਲ ਸਦਾ ਬੇਪਰਵਾਹੀ, ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੀ ਧੂੜ ਮੇਰੇ ਉਤੇ ਦਿਤਾ ਧੂੜਾ, ਚਾਰ ਕੁੰਟ ਵਰਖਾਈਆ । ਮੈਨੂੰ ਰੰਗ ਚਾੜ੍ਹਿਆ ਗੂੜ੍ਹਾ, ਉਤਰ ਕਦੇ ਨਾ ਜਾਈਆ । ਮੇਰਾ ਅੰਤਸ਼ਕਰਨ ਰਿਹਾ ਨਾ ਮੂੜ੍ਹਾ, ਦੁਰਮਤ ਮਤ ਨਾ ਕੋਇ ਬਣਾਈਆ । ਨਾਤਾ ਤੁੱਟਿਆ ਕੂੜਾ, ਕੂੜ ਕਿਰਿਆ ਖ਼ਾਕ ਮਿਲਾਈਆ । ਮੇਰੇ ਅੰਤਰ ਪ੍ਰਕਾਸ਼ ਹੋਇਆ ਨੂਰਾ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਸਭ ਤੋਂ ਵੱਖਰਾ ਜ਼ਹੂਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਨ ਭਗਤਾਂ ਸਦਾ ਹਾਜ਼ਰ ਹਜ਼ੂਰਾ, ਹਰਿ ਹਿਰਦੇ ਵਿਚ ਵਸਾਈਆ । ਧਰਨੀ ਕਹੇ ਮੇਰੀ ਆਸਾ ਮਨਸਾ ਕਰੇ ਪੂਰਾ, ਪੂਰਨ ਸਤਿਗੁਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਾਮ ਰਸ ਸਰੂਰਾ, ਸੁਰਤੀ ਸ਼ਬਦ ਨਾਲ ਮਿਲਾਈਆ ।

## ✪ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਪੁਰ ਮੱਖਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਨੂੰ ਇਸ਼ਾਰਾ ਦੇਵੇ ਅਸਮਾਨ, ਨੀਲੀ ਧਾਰ ਧਾਰ ਜਣਾਈਆ । ਖੇਲ ਤੱਕ ਸ੍ਰੀ ਭਗਵਾਨ, ਕੀ ਭਗਵਨ ਆਪਣੀ ਕਾਰ ਕਮਾਈਆ । ਨਿਗਾਹ ਮਾਰ ਲੈ ਧੁਰ ਦੇ ਰਾਮ ਅਗੰਮੇ ਕਾਹਨ, ਕਾਹਨਾ ਵਾਲੀਏ ਅੱਖ ਉਠਾਈਆ । ਬਿਨਾ ਅੱਖਰਾਂ ਤੋਂ ਸੁਣ ਗਿਆਨ, ਸ਼ਬਦੀ ਸ਼ਬਦ ਧਾਰ ਵਡਿਆਈਆ । ਨਵ ਨੌਂ ਚਾਰ ਦਾ ਵੇਖ ਬਿਆਨ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਸੁਣਾਈਆ । ਸਤਿ ਧਰਮ ਦੀ ਸ਼ਰਅ ਵੇਖ ਇਸਲਾਮ, ਇਸਮ ਆਜ਼ਮ ਖੋਜ ਖੁਜਾਈਆ । ਨਾਮ ਕਲਮੇ ਵੇਖ ਕਲਾਮ, ਕਾਇਨਾਤ ਪਰਦਾ ਰਹੇ ਨਾ ਰਾਈਆ । ਮਾਨਸ ਮਾਨੁਖ ਵੇਖ ਗ਼ੁਲਾਮ, ਸ਼ਰਅ ਜ਼ੰਜੀਰ ਬੰਧਾਈਆ । ਮਨ ਕਲਪਣਾ ਵੇਖ ਤਮਾਮ, ਤਮਅ ਵਿਚ ਕੂੜ ਲੋਕਾਈਆ । ਸਤਿ ਸਚ ਮਿਲੇ ਨਾ ਕੋਇ ਆਰਾਮ, ਸਾਂਤਕ ਸਤਿ ਨਾ ਕੋਇ ਕਰਾਈਆ । ਰਾਹ ਤੱਕ ਓਸ ਅਗੰਮੇ ਅਮਾਮ, ਜੋ ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦਾ ਹੁਕਮ ਸੰਦੇਸਾ ਫ਼ਰਮਾਨਾ ਬਨਾਮ, ਪਾਰਬ੍ਰਹਮ ਕੀ ਆਪਣੀ ਖੇਲ ਖਿਲਾਈਆ । ਨਿਗਾਹ ਮਾਰ ਲੈ ਕਲਜੁਗ ਅੰਧੇਰੀ ਸ਼ਾਮ, ਸ਼ਮਸ਼ਾਨ ਭੂਮੀਆਂ ਖੋਜ ਖੁਜਾਈਆ । ਹਕੀਕੀ ਮਿਲੇ ਕਿਸੇ ਨਾ ਜਾਮ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਧਰਮ ਦਾ ਰਿਹਾ ਨਾ ਕੋਇ ਨਾਮ, ਨਿਸ਼ਾਨਾ ਕੂੜ ਨਜ਼ਰੀ ਆਈਆ । ਪੈਗ਼ੰਬਰਾਂ ਤੋਂ ਪਰੇ ਸੁਣ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜ ਕਿਰਿਆ ਵੇਖੇ ਹਰਾਮ, ਹੁਰਮ ਸਭ ਦੇ ਖੋਜ ਖੁਜਾਈਆ ।



## ✪ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ਹਰਿਸੰਗਤ ਦੇ ਨਿਵਿਤ ✪

ਧਰਨੀ ਕਹੇ ਮੇਰੇ ਮਾਲਕ ਮਹਿਬੂਬਾ, ਬੇਪਰਵਾਹ ਤੇਰੀ ਸਰਨਾਈਆ । ਤੇਰਾ ਖੇਲ ਤੱਕਾਂ ਅਜੂਬਾ, ਅਜਬ ਨਿਰਾਲੇ ਤੇਰੀ ਵਡ ਵਡਿਆਈਆ । ਮੇਰੇ ਉਤੇ ਸ਼ਰਅ ਦੀਆਂ ਵੇਖ ਹਦੂਦਾ, ਹਿੱਸੇ ਦੀਨ ਦੁਨੀ ਨਜ਼ਰੀ ਆਈਆ । ਝਗੜਾ ਪਿਆ ਤਨ ਵਜੂਦਾ, ਮਾਟੀ ਖ਼ਾਕ ਕਰੇ ਲੜਾਈਆ । ਤੇਰੀ ਮੰਜ਼ਲ ਜਾਣੇ ਨਾ ਕੋਇ ਮਕਸੂਦਾ, ਦਰਗਾਹ ਸਾਚੀ ਵੇਖਣ ਕੋਇ ਨਾ ਪਾਈਆ । ਤੇਰੀ ਦੁਨੀਆ ਜਗਤ ਵਾਸਨਾ ਬਚਨ ਕਹੇ ਬੇਹੂਦਾ, ਬੇਵਾ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਧਰਨੀ ਕਹੇ ਮੇਰੇ ਸਵਾਮੀ ਸਤਿਗੁਰ ਠਾਕਰ, ਕਿਉਂ ਠੋਕਰਾਂ ਰਿਹਾ ਲਗਾਈਆ । ਦੀਨ ਦੁਨੀ ਆਪਣਾ ਵੇਖ ਜਗਤ ਸਾਗਰ, ਸਮੁੰਦ ਸਾਗਰਾਂ ਫੋਲ ਫੁਲਾਈਆ । ਨਿਗਾਹ ਮਾਰ ਲੈ ਕਾਇਆ ਮਾਟੀ ਗਾਗਰ, ਗਗਰੀਆ ਕਾਚੀ ਧਿਆਨ ਲਗਾਈਆ । ਕਿਸੇ ਦਾ ਕਰਮ ਨਾ ਦਿਸੇ ਉਜਾਗਰ, ਉਜਲ ਮੁਖ ਨਾ ਕੋਇ ਕਰਾਈਆ । ਤੇਰੇ ਨਾਮ ਦਾ ਵਣਜਾਰਾ ਰਿਹਾ ਨਾ ਕੋਇ ਸੌਦਾਗਰ, ਸੌਦਾ ਸਚ ਹੱਟ ਨਾ ਕੋਇ ਕਰਾਈਆ । ਸੁਰਤ ਰਹੀ ਨਾ ਕਿਸੇ ਇਕਾਗਰ, ਜਗਤ ਵਾਸਨਾ ਕਾਗ ਵਾਂਗ ਕੁਰਲਾਈਆ । ਸਚ ਦਵਾਰੇ ਮਿਲੇ ਕੋਇ ਨਾ ਆਦਰ, ਸਿਰ ਹੱਥ ਨਾ ਕੋਇ ਟਿਕਾਈਆ । ਤੂੰ ਕਰਤਾ ਕਰੀਮ ਧੁਰ ਦਾ ਕਾਦਰ, ਬੇਐਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ

੯੩੧ ੨੩

ਵਡਿਆਈਆ । ਧਰਨੀ ਕਹੇ ਪ੍ਰਭੂ ਤੇਰਾ ਖੇਲ ਅਗੰਮ ਅਥਾਹ, ਅਥਰਬਣ ਵੇਦ ਦਏ ਗਵਾਹੀਆ । ਕੁੱਲ ਮਾਲਕ ਬੇਪ੍ਰਵਾਹ, ਬੇਅੰਤ ਤੇਰੀ ਵਡਿਆਈਆ । ਤੇਰੀ ਸ੍ਰਿਸ਼ਟੀ ਭਰੀ ਨਾਲ ਗੁਨਾਹ, ਪਤਤ ਪੁਨੀਤ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਸੰਦੇਸਾ ਗਏ ਜਣਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਕਲਜੁਗ ਅੰਤਮ ਆਵੇ ਨੂਰ ਅਲਾਹ, ਅਮਾਮ ਅਮਾਮਾ ਵਡ ਵਡਿਆਈਆ । ਕਲ ਕਲਕੀ ਵੇਸ ਲਏ ਵਟਾ, ਵਟਾਂਦਰਾ ਸ਼ਬਦ ਗੁਰੂ ਕਰਾਈਆ । ਨਿਹਕਲੰਕ ਨੂਰ ਜੋਤ ਕਰੇ ਰੁਸ਼ਨਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਹੋਏ ਸਹਾ, ਸਹਾਇਕ ਨਾਇਕ ਬੇਪਰਵਾਹੀਆ । ਕਲਜੁਗ ਸੋਏ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਨਾਮ ਕਲਮਾ ਦਏ ਦ੍ਰਿੜਾ, ਢੋਲਾ ਧੁਰ ਦਾ ਇਕ ਸੁਣਾਈਆ । ਦੀਨ ਮਜ਼੍ਹਬ ਦਾ ਲੇਖਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਸਚ ਸਰਨਾਈ ਲਏ ਰਖਾ, ਰਖਕ ਹੋ ਕੇ ਰਖਿਆ ਕਰੇ ਥਾਉਂ ਥਾਈਆ । ਸਭ ਦੀ ਕਬੂਲ ਕਰੇ ਦੁਆ, ਜੋ ਦੋਏ ਜੋੜ ਵਾਸਤਾ ਪਾਈਆ । ਧਰਨੀਏ ਤੇਰਾ ਲਹਿਣਾ ਦੇਣਾ ਲੇਖਾ ਪੂਰਾ ਕਰੇ ਆ ਆ, ਆਪਣਾ ਫੇਰਾ ਪਾਈਆ । ਨਿਰਗੁਣ ਦਾਤਾ ਨਿਰਵੈਰ ਪ੍ਰਗਟ ਹੋਵੇ ਸ਼ਹਿਨਸ਼ਾਹ, ਪਾਤਸ਼ਾਹ ਇਕ ਅਖਵਾਈਆ । ਜਿਸ ਨੂੰ ਸਦੀ ਚੌਧਵੀਂ ਅੰਤ ਅਖ਼ੀਰ ਸਾਰੇ ਕਰਨ ਵਾਹ ਵਾਹ, ਵਾਹਵਾ ਤੇਰੀ ਵਡ ਵਡਿਆਈਆ । ਸੋ ਜਨ ਭਗਤਾਂ ਲਹਿਣਾ ਦੇਣਾ ਪੂਰਬ ਜਨਮ ਦਾ ਝੋਲੀ ਦੇਵੇ ਪਾ, ਕਰਮ ਕਰਮ ਦਾ ਲੇਖ ਰਹੇ ਨਾ ਰਾਈਆ । ਓਸ ਸਵਾਮੀ ਅੰਤਰਜਾਮੀ ਸੀਸ ਦੇਣਾ ਨਿਵਾ, ਨਿਵ ਨਿਵ ਲਗਣਾ ਪਾਈਆ । ਉਹ ਸੰਤ ਸੁਹੇਲਾ ਇਕ ਇਕੇਲਾ ਤੇਰੀ ਪਕੜੇ ਬਾਂਹ, ਸਹਾਇਕ ਨਾਇਕ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਦਏ ਮਿਟਾ, ਮਿੱਟੀ ਖ਼ਾਕ ਧੂੜ ਉਡਾਈਆ । ਸਤਿਜੁਗ ਸਾਚਾ ਦਏ ਲਗਾ, ਲਗ ਮਾਤਰ ਦਾ ਡੇਰਾ ਢਾਹੀਆ । ਇਕੋ ਇਸ਼ਟ ਦਏ ਮਨਾ, ਦ੍ਰਿਸ਼ਟ ਸਭ ਦੀ ਆਪ ਖੁਲਾਈਆ । ਨਾਉਂ ਨਿਰੰਕਾਰਾ ਆਪ ਪ੍ਰਗਟਾ, ਪ੍ਰਗਟ ਹੋ ਕੇ ਖੇਲ ਖਿਲਾਈਆ । ਸਤਿ ਧਰਮ ਦਾ ਡੰਕਾ ਦਏ ਵਜਾ, ਚਾਰ ਕੁੰਟ ਕਰੇ ਸ਼ਨਵਾਈਆ । ਜਨ ਭਗਤ ਸੁਹੇਲੇ ਲਏ ਤਰਾ, ਤਾਰਨਹਾਰ ਇਕ ਅਖਵਾਈਆ । ਹਰਿ ਸੰਗਤ ਮੇਲਾ ਲਏ ਮਿਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਗੁਰ ਚੇਲਾ ਇਕੋ ਰੰਗ ਰੰਗਾ, ਰੰਗਤ ਚਾੜ੍ਹੇ ਧੁਰ ਦਾ ਮਾਹੀਆ । ਵਕਤ ਸੁਹੰਜਣਾ ਕਰੇ ਆ, ਸੋਭਾਵੰਤ ਦਏ ਵਡਿਆਈਆ । ਤੂੰ ਚਰਨ ਸਰਨ ਪੈਣਾ ਸਰਨਾ, ਸਰਨਗਤ ਇਕ ਰਖਾਈਆ । ਉਹ ਤੇਰਾ ਲਹਿਣਾ ਦੇਣਾ ਪੂਰਾ ਦਏ ਕਰਾ, ਪੂਰਬ ਪੱਛਮ ਉੱਤਰ ਦੱਖਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰਨ ਦਏ ਕਰਾ, ਨਿਰਾਸ਼ਾ ਰਹਿਣ ਕੋਇ ਨਾ ਪਾਈਆ ।

✪ ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਪਾਤਸ਼ਾਹ ਜੀ ਦੀ ਬੰਬੀ ਤੇ
ਕਸ਼ਮੀਰ ਸਿੰਘ, ਜਸਬੀਰ ਸਿੰਘ, ਭਾਗ ਸਿੰਘ, ਕੁਲਵੰਤ ਸਿੰਘ, ਮੇਲਾ ਸਿੰਘ, ਜਗਤਾਰ ਸਿੰਘ,
ਗੁਰਮੀਤ ਕੌਰ, ਚਰਨ ਕੌਰ, ਜਗੀਰ ਸਿੰਘ, ਨਿਰਮਲ ਸਿੰਘ ਸੁਲਖਣ ਸਿੰਘ, ਜਰਨੈਲ ਸਿੰਘ,
ਦਲੀਪ ਸਿੰਘ, ਰਤਨ ਸਿੰਘ, ਜੋਗਾ ਸਿੰਘ, ਭਜਨ ਸਿੰਘ, ਪ੍ਰੀਤਮ ਸਿੰਘ, ਕਸ਼ਮੀਰ ਸਿੰਘ ✪

ਨਾਰਦ ਕਹੇ ਮੈਨੂੰ ਆਵੇ ਹਾਸਾ, ਦੰਦੀਆਂ ਕਢ ਕੇ ਦਿਆਂ ਵਖਾਈਆ । ਮੈਂ ਪਿਛਲਾ ਦੱਸਾਂ ਖੁਲਾਸਾ, ਭੇਵ ਅਭੇਦ ਜਣਾਈਆ । ਕੀ ਖੇਲ ਵਰਤਾਇਆ ਪੁਰਖ ਅਬਿਨਾਸ਼ਾ, ਹਰਿ ਕਰਤੇ ਧੁਰਦਰਗਾਹੀਆ । ਮੈਂ ਵੇਖਦਾ ਰਿਹਾ ਤਮਾਸ਼ਾ, ਨੈਣਾਂ ਨੈਣ ਉਠਾਈਆ । ਬਾਲਮੀਕ ਬੈਠਾ ਏਥੇ ਪਿਆਸਾ, ਆਸ ਅੰਤਰ ਅੰਤਰ ਰਖਾਈਆ । ਪ੍ਰਭੂ ਭਗਤਾਂ ਦਾ ਭਰ ਦੇ ਪ੍ਰੇਮ ਵਾਲਾ ਕਾਸਾ, ਕਸਮ ਖਾ ਕੇ ਦਿਤਾ ਸਮਝਾਈਆ । ਨਿਜ ਘਰ ਜਿਨ੍ਹਾਂ ਰਖੇਂ ਵਾਸਾ, ਆਪਣਾ ਰੰਗ ਰੰਗਾਈਆ । ਮੇਰੀ ਵੇਖ ਲੈ ਕਾਇਆ ਮਾਟੀ ਲਾਸ਼ਾ, ਤਨ ਸਰੀਰ ਖੋਜ ਖੁਜਾਈਆ । ਸ਼ਬਦ ਸੰਦੇਸਾ ਮਿਲਿਆ ਤੈਨੂੰ ਦੇਵਾਂ ਧਰਵਾਸਾ, ਧਰਮ ਧਾਰ ਸੁਣਾਈਆ । ਭੇਵ ਅਭੇਦਾ ਇਕ ਸੁਣਾਸਾ, ਅਣਸੁਣਤ ਹੋ ਕੇ ਦਿਆਂ ਜਣਾਈਆ । ਜਿਹੜੇ ਅਯੁਧਿਆ ਵਾਸੀ ਰਾਮ ਨੂੰ ਛਡਣ ਆਏ ਬਨਬਾਸਾ, ਰਸਤੇ ਵਿਚ ਨੈਣਾਂ ਨੀਰ ਵਹਾਈਆ । ਉਨ੍ਹਾਂ ਅੰਤਮ ਕਲਜੁਗ ਜਨਮ ਕਰਾਂ ਰਾਸਾ, ਜਨਮ ਜਨਮ ਵਿਚੋਂ ਦਵਾਈਆ । ਪ੍ਰੇਮ ਪਿਆਰ ਦੀ ਮਿਲ ਕੇ ਉਨ੍ਹਾਂ ਨਾਲ ਪਾਵਾਂ ਰਾਸਾ, ਰਸਤਾ ਦੀਨ ਦੁਨੀ ਬਦਲਾਈਆ । ਸ਼ੰਕਰ ਚਲ ਕੇ ਆਵੇ ਉਤੋਂ ਕੈਲਾਸ਼ਾ, ਵਿਸ਼ਨ ਬ੍ਰਹਮਾ ਸਿਰ ਨਿਵਾਈਆ । ਮੈਂ ਭਗਤਾਂ ਹੋ ਕੇ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਖੇਲ ਕਰਾਂ ਅਲਖਣਾ ਅਲਾਖਾ, ਅਲਖ ਅਗੋਚਰ ਆਪਣੇ ਹੱਥ ਰਖਾਂ ਵਡਿਆਈਆ । ਦਿਵਸ ਰੈਣ ਹੋਵਾਂ ਰਾਖਾ, ਅੱਠੇ ਪਹਿਰ ਸਹਾਈਆ । ਸਾਚੇ ਜਲ ਦੀਆਂ ਦੇਵਾਂ ਦਾਤਾ, ਭੰਡਾਰਾ ਅੰਮ੍ਰਿਤ ਨਾਮ ਵਰਸਾਈਆ । ਸੋ ਵਕਤ ਸੁਹੰਜਣਾ ਜਾਤਾ, ਨਾਰਦ ਕਹੇ ਮੇਰੇ ਅੰਤਰ ਵੱਜੀ ਵਧਾਈਆ । ਖ਼ੁਸ਼ੀ ਹੋਵੇ ਅੱਜ ਧਰਤੀ ਮਾਤਾ, ਮਾਤਾ ਤ੍ਰਿਪਤ ਦੀ ਨਾਲ ਮਿਲਾਈਆ । ਮੇਰਾ ਸਤਿਗੁਰ ਵਾਲਾ ਡੂੰਘਾ ਖਾਤਾ, ਭੇਵ ਸਕੇ ਕੋਇ ਨਾ ਪਾਈਆ । ਸੀਤਾ ਵੈਰਾਗ ਵਿਚ ਰਿਸ਼ੀ ਨਾਲ ਕੱਟੀਆਂ ਏਥੇ ਢਾਈ ਰਾਤਾ, ਗਿਆਰਾਂ ਦਿਨ ਗ਼ਮੀ ਵਿਚ ਲੰਘਾਈਆ । ਨਾਰਦ ਕਹੇ ਮੈਂ ਪਿਛਲਾ ਮਾਰਿਆ ਝਾਕਾ, ਸਹਿਜ ਨਾਲ ਵੇਖ ਵਖਾਈਆ । ਮੇਰੇ ਕੋਲ ਇਕ ਚਾਰ ਪੰਜ ਤਿੰਨ ਦਾ ਖ਼ਾਕਾ, ਖ਼ਾਕ ਮਿਟੀ ਵਾਲਾ ਸਮਝ ਕੋਇ ਨਾ ਪਾਈਆ । ਮੈਂ ਸਚ ਸੰਦੇਸਾ ਆਖਾ, ਆਖ ਕੇ ਦਿਆਂ ਦ੍ਰਿੜਾਈਆ । ਸ਼ਬਦ ਸੰਦੇਸਾ ਦੇਵਾਂ ਸਾਚਾ, ਸਚ ਨਾਲ ਸਮਝਾਈਆ । ਜਨ ਭਗਤਾਂ ਅੰਦਰ ਨਿਰਗੁਣ ਹੋ ਕੇ ਰਾਚਾ, ਰੋਮ ਰੋਮ ਵਿਚ ਸਮਾਈਆ । ਉਹ ਦਿਵਸ ਰੈਣ ਪ੍ਰੇਮ ਪਿਆਰ ਦੀਆਂ ਕੱਟਣ ਵਾਟਾ, ਭੱਜਣ ਵਾਹੋ ਦਾਹੀਆ । ਜਗਤ ਕਾਰ ਉਨ੍ਹਾਂ ਦਾ ਲੇਖਾ ਕਰ ਹਾਥਾ, ਲੇਖਾ ਹੱਥੋਂ ਹੱਥ ਚੁਕਾਈਆ । ਇਹ ਪੂਰਬ ਦਾ ਲਹਿਣਾ ਤਰੇਤੇ ਦਾ ਸਾਥਾ, ਕਲਜੁਗ ਅੰਤਮ ਪੂਰ ਕਰਾਈਆ । ਜਨਮ ਜਨਮ ਦੀ ਸੇਵਾ ਕਰਮ ਕਰਮ ਦਾ ਪੂਰਾ ਕਰੇ ਘਾਟਾ, ਘਾਟ ਅਗੇ ਰਹੇ ਨਾ ਰਾਈਆ । ਨਿਰਗੁਣ ਨੂਰ ਜੋਤ ਦੀ ਧਾਰ ਦੇਵੇ ਲਾਟਾ, ਲਿਲਾਟ ਆਪਣਾ ਰੰਗ ਰੰਗਾਈਆ । ਜਨ ਭਗਤ ਸੁਹੇਲੇ ਸਗਲਾ ਬਣਿਆ ਧੁਰ ਦਾ ਸਾਥਾ, ਸੰਗੀ ਇਕ ਅਖਵਾਈਆ । ਗੁਰਮੁਖੋ ਤੁਹਾਡਾ ਪ੍ਰਵਾਨ ਹੋਇਆ ਟੇਕਿਆ ਮਾਥਾ, ਮਸਤਕ ਮਿਲੇ ਵਡਿਆਈਆ । ਜਲ ਧਾਰਾ ਕਹੇ ਮੈਂ ਚਰਨ ਛੋਹ ਕੇ

ਪਵਿਤ ਹੋ ਕੇ ਨਹਾਤਾ, ਆਪਣਾ ਆਪ ਪਵਿਤ ਬਣਾਈਆ । ਗੁਰਮੁਖੋ ਤੁਹਾਡੇ ਪ੍ਰੇਮ ਦੀ ਧਾਰ, ਏਸ ਬੰਬੀ ਦੀ ਆਬ ਸ਼ਾਰ, ਜਲ ਅੱਠ ਸੱਠ ਤੀਰਥ ਨਾਲੋਂ ਵਡ ਵਡਿਆਈਆ । ਤੁਹਾਡੀ ਲੇਖੇ ਲੱਗੀ ਘਾਲ ਕੀਤੀ ਕਾਰ, ਕਰਮ ਦੀ ਧਾਰ ਕਰਮ ਨਾਲ ਰਖਾਈਆ । ਪੂਰਨ ਸਤਿਗੁਰ ਪੂਰਨ ਅਵਤਾਰ, ਪੂਰਨ ਜੋਤ ਸ਼ਬਦ ਦੀ ਧਾਰ, ਪੂਰਨ ਸਤਿਗੁਰ ਹੋਏ ਸਹਾਈਆ । ਇਹ ਲੇਖਾ ਪੂਰਬ ਚੁਕਾਏ ਸੱਚੀ ਸਰਕਾਰ, ਲਹਿਣਾ ਸਭ ਦਾ ਵੇਖ ਵਖਾਈਆ । ਆਗਿਆ ਕੌਰ ਉਸ ਵੇਲੇ ਪੈਂਸਠ ਸਾਲ ਦੀ ਹੁੰਦੀ ਸੀ ਇਕ ਵਿਧਵਾ ਨਾਰ, ਪੰਜ ਸਾਲ ਵਿਛੋੜਾ ਪਤੀ ਵਾਲਾ ਪਹਿਲੋਂ ਪਾਈਆ । ਓਸ ਸਤਾਰਾਂ ਘੰਟਿਆਂ ਪਿਛੋਂ ਰਿਸ਼ੀ ਨੂੰ ਪਾਣੀ ਦਿਤਾ ਪਿਆਲ, ਸੀਤਾ ਨੂੰ ਸੁੱਤੀ ਆਪ ਉਠਾਲ, ਨੇਤਰ ਪ੍ਰੇਮ ਨਾਲ ਤਕਾਈਆ । ਧੁਰ ਸੰਦੇਸਾ ਦਿਤਾ ਦੀਨ ਦਿਆਲ, ਦਇਆਨਿਧ ਹੁਕਮ ਸੁਣਾਈਆ । ਜਿਸ ਵੇਲੇ ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬੇਹਾਲ, ਬਹਿਬਲ ਹੋ ਕੇ ਰੋਵੇ ਮਾਰੇ ਧਾਹੀਆ । ਉਸ ਵੇਲੇ ਕਿਰਪਾ ਕਰੇ ਪੁਰਖ ਅਕਾਲ, ਜਨ ਭਗਤਾਂ ਹੋਏ ਆਪ ਸਹਾਈਆ । ਸਚ ਦਾ ਪ੍ਰਵਿਸ਼ਟਾ ਕੀਤਾ ਪ੍ਰਵਾਨ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਗੁਰਮੁਖੋ ਗੁਰਸਿਖੋ ਜਨ ਭਗਤੋ ਤੁਹਾਡੀ ਸਚ ਪ੍ਰੀਤੀ ਦਾ ਪ੍ਰੀਤਮ ਕੋਲ ਮਾਣ, ਦੇਵਣਹਾਰ ਆਪ ਅਖਵਾਈਆ । ਸਭ ਦੀ ਘਾਲ ਕੀਤੀ ਹੋਈ ਪ੍ਰਵਾਨ, ਪਰਮ ਪੁਰਖ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਾਣੀ ਜਾਣ, ਜਾਣਨਹਾਰ ਇਕ ਅਖਵਾਈਆ ।



✪ ੩੧ ਵਿਸਾਖ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਮੌਤਾ ਸਿੰਘ ਕਲਸੀਆਂ ਵਾਲੇ ਦੇ ਨਵਿਤ ✪

੯੩੩
੨੩

ਵਿਸਾਖ ਕਹੇ ਮੇਰਾ ਅੰਤ ਪ੍ਰਵਿਸ਼ਟਾ ਮੁਕਿਆ, ਮੁਕਤ ਦੇ ਮਾਲਕ ਦਿਤਾ ਮੁਕਾਈਆ । ਜਿਸ ਦਾ ਭਾਣਾ ਕਦੇ ਨਾ ਰੁਕਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਓਸ ਗੁਰ ਅਵਤਾਰ ਪੈਗ਼ੰਬਰ ਉਠਾਇਆ ਆਪਣੀ ਧਾਰ ਸੁੱਤਿਆ, ਨਿਰਗੁਣ ਨੂਰ ਨੂਰ ਜਗਾਈਆ । ਉਠੋ ਤੱਕੋ ਧਰਮ ਧਾਰ ਦੀ ਰੁੱਤਿਆ, ਕੀ ਰੁਤੜੀ ਮਾਤ ਮਹਿਕਾਈਆ । ਭੇਵ ਅਭੇਦ ਰਹੇ ਕੋਇ ਨਾ ਲੁਕਿਆ, ਓਹਲਾ ਪਰਦਾ ਆਪ ਚੁਕਾਈਆ । ਸਚ ਵਕਤ ਸੁਹੰਜਣਾ ਢੁਕਿਆ, ਘੜੀ ਥਿਤ ਵਾਰ ਵੱਜੇ ਵਧਾਈਆ । ਜਿਸ ਨਵ ਨੌ ਚਾਰ ਦਾ ਬੀੜਾ ਚੁਕਿਆ, ਬੇੜਾ ਜਗਤ ਜਹਾਨ ਵੇਖ ਵਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਮੇਟੇ ਦੁਖੀਆ, ਦੁਖੀਆਂ ਦਰਦ ਵੰਡਾਈਆ । ਸਾਚਾ ਵਕਤ ਸੁਹੰਜਣਾ ਕਰੇ ਸੁੱਖਿਆ, ਸੁਖ ਸਾਗਰ ਵਿਚ ਸਮਾਈਆ । ਗੁਰਸਿਖ ਰਹਿਣ ਦੇਵੇ ਕੋਈ ਨਾ ਭੁੱਖਿਆ, ਭੁੱਖਿਆਂ ਭੁੱਖ ਮਿਟਾਈਆ । ਜੋ ਹਰ ਘਟ ਅੰਦਰ ਵੜ ਕੇ ਰਿਹਾ ਪੁਛਿਆ, ਖੋਜਣਹਾਰਾ ਥਾਉਂ ਥਾਈਂਆ । ਉਹ ਸਭ ਨੂੰ ਬਖ਼ਸ਼ਣਹਾਰਾ ਖ਼ੁਸ਼ੀਆਂ, ਖ਼ੁਸ਼ੀਆਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਨਜ਼ਰ ਆਪ ਉਠਾਈਆ । ਵਿਸਾਖ ਕਹੇ ਮੇਰੇ ਬੀਤੇ ਸਾਲ ਸਹੰਸ, ਕੋਟਨ ਕੋਟ ਪੰਧ ਮੁਕਾਈਆ । ਮੈਂ ਜਨ ਭਗਤ ਸੁਹੇਲੇ ਪ੍ਰਭੂ ਦੇ ਪਿਆਰੇ ਤੱਕਾਂ ਹੰਸ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਸਤਿਗੁਰ ਧਾਰ ਦਾ ਤੱਕਾਂ ਬੰਸ, ਸਰਬੰਸ ਇਕੋ ਨਜ਼ਰੀ ਆਈਆ । ਕਲਜੁਗ ਕੂੜ ਹੰਕਾਰੀ ਰਹੇ ਨਾ ਕੰਸ, ਖੰਡਾ ਖੜਗ ਨਾਮ ਖੜਕਾਈਆ । ਦੇਵੇ ਮਾਣ ਜਗਤ ਦੀ ਧਾਰ ਕੌਰ ਹਰਬੰਸ, ਮਿਹਰਵਾਨ ਮਿਹਰ ਨਜ਼ਰ

ਉਠਾਈਆ । ਜੋ ਇਸ਼ਾਰਾ ਕੀਤਾ ਤਬਰੇਜ਼ ਸ਼ਮਸ਼, ਸ਼ਮਅ ਜਗਤ ਧਿਆਨ ਲਗਾਈਆ । ਜੋ ਸੰਦੇਸਾ ਦਿਤਾ ਹਮਜ਼ਾ ਗਮਸ, ਖ਼ੁਦ ਖ਼ੁਦੀ ਵਿਚੋਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਵਿਸਾਖ ਕਹੇ ਮੇਰੇ ਅੰਤਰ ਇਕ ਵੈਰਾਗ, ਬ੍ਰਿਹੋਂ ਵਿਚ ਜਣਾਈਆ । ਮਹੀਨੇ ਜੇਠ ਲੱਗਣਾ ਭਾਗ, ਭਗਵਨ ਦਏ ਵਡਿਆਈਆ । ਸਾਚੇ ਘਰ ਜਗਣਾ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਪੁਰਖ ਅਕਾਲਾ ਰਖੇ ਲਾਜ, ਬੰਸ ਸਰਬੰਸ ਸਿਰ ਆਪਣਾ ਹੱਥ ਟਿਕਾਈਆ । ਸਭ ਦਾ ਜੀਵਣ ਜਾਏ ਜਾਗ, ਜਾਗਰਤ ਜੋਤ ਨਾਲ ਵਡਿਆਈਆ । ਕੂੜੀ ਬੁਧੀ ਰਹਿਣ ਨਾ ਦੇਵੇ ਕਾਗ, ਗੁਰਮੁਖ ਰੰਗ ਰੰਗਾਈਆ । ਪੂਰਬ ਜਨਮ ਦਾ ਧੋ ਦਾਗ਼, ਪਤਤ ਪੁਨੀਤ ਵਖਾਈਆ । ਸਤਿ ਦਾ ਸਚ ਸੁਹਾਏ ਕਾਜ, ਕਰਨੀ ਦਾ ਕਰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਵਿਸਾਖ ਕਹੇ ਮੇਰੀ ਨਮੋ ਨਮੋ ਨਿਮਸਕਾਰਾ, ਸੀਸ ਜਗਦੀਸ਼ ਝੁਕਾਈਆ । ਸਤਿਗੁਰ ਸ਼ਬਦ ਦਾ ਦੱਸਾਂ ਇਸ਼ਾਰਾ, ਕੀ ਸੰਦੇਸਾ ਰਿਹਾ ਜਣਾਈਆ । ਸੁਖੀ ਵਸੇ ਮੇਰਾ ਪ੍ਰਵਾਰਾ, ਬੰਸ ਸਰਬੰਸ ਵਡਿਆਈਆ । ਜਗਤ ਦਲਿੱਦਰ ਕੂੜ ਨਿਵਾਰਾ, ਦੁੱਖਾਂ ਰੋਗਾਂ ਡੇਰਾ ਢਾਹੀਆ । ਘਰ ਸਚ ਕਰੇ ਪਸਾਰਾ, ਸਿਰ ਆਪਣਾ ਹੱਥ ਟਿਕਾਈਆ । ਹੁਕਮ ਸੰਦੇਸਾ ਦੇਵੇ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਉਤੇ ਜਣਾਈਆ । ਜਿਥੇ ਮਨੀ ਸਿੰਘ ਦੀ ਖ਼ਾਕ ਦਾ ਬੁਝਿਆ ਰਖਿਆ ਅੰਗਿਆਰਾ, ਹੱਡੀਆਂ ਢੇਰ ਸੁਹਾਈਆ । ਪੰਜ ਜੇਠ ਤੇਜਾ ਸਿੰਘ ਲਾਵੇਗਾ ਪੰਜ ਜੈਕਾਰਾ, ਇੰਦਰ ਸਿੰਘ ਨਾਲ ਮਿਲਾਈਆ । ਦੇਗ ਦਾ ਮੋਤਾ ਸਿੰਘ ਬਣੇ ਵਰਤਾਰਾ, ਖ਼ੁਸ਼ੀਆਂ ਨਾਲ ਵਰਤਾਈਆ । ਜਗਤਾਰ ਸਿੰਘ ਸੀਸ ਬੰਨ੍ਹ ਚਿੱਟਾ ਦਸਤਾਰਾ, ਫਿਰੇ ਚਾਈਂ ਚਾਈਂਆ । ਇਹ ਖੇਲ ਅਗੰਮ ਅਪਾਰਾ, ਹਰਿ ਕਰਤਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦੀ ਇਕ ਅਧਾਰਾ, ਦੂਸਰ ਓਟ ਨਾ ਕੋਇ ਜਣਾਈਆ ।



## ✪ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੀ ਖੇਲ ਕੇ ਗਏ ਗੋਦੀ, ਗੋਦਾਵਰੀ ਦਾ ਕੰਢਾ ਅੰਤਮ ਦਏ ਗਵਾਹੀਆ । ਜਗਤ ਰੂਪ ਦਰਸਾਉਂਦੇ ਗਏ ਸੋਢੀ ਤੇ ਵੇਦੀ, ਜਗਤ ਵਿਦਿਆ ਤੋਂ ਬਾਹਰ ਜਿਨ੍ਹਾਂ ਪੜ੍ਹਾਈਆ । ਕੂੜ ਕਿਰਿਆ ਦੂਰ ਕਰਦੇ ਗਏ ਮਮਤਾ ਮੋਹ ਵਾਲੇ ਬਚਾਉਂਦੇ ਗਏ ਰੋਗੀ, ਹੰਕਾਰ ਵਿਕਾਰ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਮੇਲ ਮਿਲਾਉਂਦੇ ਗਏ ਧੁਰ ਸੰਯੋਗੀ, ਵਿਛੋੜਾ ਨਾਤਾ ਜਗਤ ਵਾਲਾ ਗਵਾਈਆ । ਸਤਿ ਸਚ ਦਾ ਬਣਨਾ ਦੱਸਦੇ ਗਏ ਜੋਗੀ, ਜੁਗੀਸ਼ਰਾਂ ਤੋਂ ਬਾਹਰ ਪੜ੍ਹਾਈਆ । ਭਸਮੜ ਰੂਪ ਦਰਸਾਉਂਦੇ ਗਏ ਭੋਗੀ, ਭਗਵਨ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੇਰੇ ਉਤੋਂ ਲੇਖ ਜਿਨ੍ਹਾਂ ਮੁਕਾਇਆ ਭਾਉ ਦੋਜੀ, ਦੁਤੀਆ ਭੇਵ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਜੁਗ ਜੁਗ ਹੁੰਦਾ ਰਿਹਾ ਸਵੰਬਰ, ਸਾਹਿਬ

ਸਵਾਮੀ ਦਿਤੀ ਮਾਣ ਵਡਿਆਈਆ । ਨੂਰ ਪ੍ਰਕਾਸ਼ ਤੱਕਿਆ ਰਸੂਲ ਪੈਗ਼ੰਬਰ ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਧਿਆਨ ਲਗਾਈਆ । ਜ਼ਹੂਰ ਵੇਖਿਆ ਤਨ ਵਜੂਦ ਮਾਟੀ ਖ਼ਾਕ ਮੰਦਰ, ਕਾਅਬਿਆਂ ਸੋਭਾ ਪਾਈਆ । ਸਰਗੁਣ ਧਾਰ ਟੁੱਟਾ ਵੇਖਿਆ ਜੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਜ਼ਹੂਰ ਤੱਕਦੀ ਰਹੀ ਉਤੇ ਅੰਬਰ, ਅਸਮਾਨਾਂ ਪਰੇ ਵੇਖ ਵਖਾਈਆ । ਨਵ ਨਵ ਚਾਰ ਤੋਂ ਬਾਹਰ ਢੂੰਡਣ ਗਈ ਲੱਭਣ, ਖੋਜਨ ਖੋਜ ਖੁਜਾਈਆ । ਮੇਰਾ ਮਹਿਬੂਬ ਮਾਹੀ ਮੈਨੂੰ ਨਜ਼ਰ ਆਇਆ ਵਾਹਿਦ ਇਕੋ ਰੱਬਨ, ਰਬੀਉਲ ਸਾਨੀ ਜਿਸ ਦਾ ਧਿਆਨ ਲਗਾਈਆ । ਜਿਸ ਦਾ ਹੁਕਮ ਸੰਦੇਸ਼ਾ ਕਲਮੇ ਦੀ ਧਾਰ ਦਿਤਾ ਮੇਰੀ ਬੁਝਾਈ ਅਗਨ, ਆਬੇ ਹਯਾਤ ਨਾਲ ਨਜਾਤ ਕਰਾਈਆ । ਮੈਂ ਖ਼ੁਸ਼ੀਆਂ ਵਿਚ ਹੋਈ ਮਗਨ, ਮਸਤੀ ਵਿਚ ਲਈ ਅੰਗੜਾਈਆ । ਨਿਰਮਾਣਤਾ ਵਿਚ ਲੱਗੀ ਸੱਦਣ, ਸਦਕੇ ਵਾਰੀ ਘੋਲ ਘੁਮਾਈਆ । ਆ ਮੇਰੇ ਮਹਿਬੂਬ ਪੁਰਖ ਸਮਰਥਣ, ਤੇਰੀ ਓਟ ਤਕਾਈਆ । ਮੈਂ ਮਹਿੰਦੀ ਲਾ ਕੇ ਹੱਥਨ, ਬਿਨ ਹੱਥਾਂ ਤੋਂ ਸਗਨ ਮਨਾਈਆ । ਬਿਨ ਅੱਖਰਾਂ ਤੋਂ ਖੋਲ ਕੇ ਅੱਖਨ, ਨੇਤਰ ਲੋਚਨ ਨੈਣ ਲਈ ਅੰਗੜਾਈਆ । ਕਦਮਾਂ ਤੇ ਸਿਰ ਲੱਗੀ ਸੱਟਣ, ਧੂੜੀ ਖ਼ਾਕ ਰਮਾਈਆ । ਖ਼ੁਸ਼ੀਆਂ ਵਿਚ ਲੱਗੀ ਨੱਠਣ, ਭੱਜਾਂ ਵਾਹੋ ਦਾਹੀਆ । ਸੰਦੇਸਾ ਸੁਣਿਆ ਅਲਖ ਅਲੱਖਣ, ਕੀ ਅਗੋਚਰ ਦਿਤਾ ਦ੍ਰਿੜਾਈਆ । ਧਰਨੀ ਤੇਰੀ ਧਾਰ ਦਾ ਵੇਖਾਂ ਲੇਖਾ ਆਵਾਂ ਦੱਸਣ, ਦਸ ਦਸ ਦੀ ਧਾਰ ਤੋਂ ਬਾਹਰ ਸਮਝਾਈਆ । ਮਹਿਬੂਬ ਹੋ ਕੇ ਮੁਹੱਬਤ ਵਿਚ ਆਵਾਂ ਵਸਣ, ਵਸਲ ਇਕੋ ਯਾਰ ਵਖਾਈਆ । ਕਲਮਿਆਂ ਤੋਂ ਬਾਹਰ ਕਲਾਮ ਕਾਇਮ ਮੁਕਾਮ ਧੁਰ ਦਾ ਦੱਸਾਂ ਬਚਨ, ਬਚਪਨ ਤੇਰਾ ਵੇਖ ਵਖਾਈਆ । ਸਦੀ ਚੌਧਵੀਂ ਦਾ ਘਾਟ ਤੱਕੀਂ ਪਤਣ, ਕਿਨਾਰੇ ਬੈਠਾ ਮੁਹੰਮਦ ਅੱਖ ਖੁਲਾਈਆ । ਧਰਨੀ ਕਹੇ ਮੈਂ ਨੇਤਰ ਵਿਰੋਲੇ ਅੱਥਣ, ਹੰਝੂਆਂ ਹਾਰ ਬਣਾਈਆ । ਕੀ ਮੇਰੇ ਮਾਲਕ ਖ਼ਾਲਕ ਦੀਨ ਦੁਨੀ ਆਵੇ ਮਥਣ, ਜੋ ਮਿਥਿਆ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਓਸ ਦੀ ਸਰਨੀ ਪਰੀ, ਜੋ ਪਰਮ ਪੁਰਖ ਬੇਪ੍ਰਵਾਹੀਆ । ਜਿਸ ਖੇਲ ਅਵੱਲੜੀ ਕਰੀ, ਕਰਤਾ ਪੁਰਖ ਅਗੰਮ ਅਥਾਹੀਆ । ਜਿਸ ਤਨ ਵਜੂਦਾਂ ਧਾਰ ਬਣਾ ਕੇ ਲੜੀ, ਕੰਨੀ ਗੰਢ ਦਿਤੀ ਬੰਧਾਈਆ । ਮੈਨੂੰ ਯਾਦ ਪੁਰਾਣੀ ਘੜੀ, ਘੜੀ ਘੜੀ ਖੋਜ ਖੁਜਾਈਆ । ਧਰਨੀ ਕਹੇ ਮੇਰੀ ਨਿਗਾਹ ਅਕਾਸ਼ਾਂ ਤੋਂ ਉਪਰ ਚੜ੍ਹੀ, ਚੜ੍ਹਦਾ ਲਹਿੰਦਾ ਨਜ਼ਰਾਂ ਹੇਠ ਦਬਾਈਆ । ਮੈਂ ਮਹਿਬੂਬ ਤੱਕਿਆ ਜਿਥੇ ਕਿਰਪਾ ਹੁੰਦੀ ਬੜੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਂ ਦਰਵੇਸ਼ਣ ਹੋ ਕੇ ਖੜੀ, ਨਿਮਰਤਾ ਵਿਚ ਸੀਸ ਝੁਕਾਈਆ । ਨਿਗਾਹ ਮਾਰੀ ਤੇ ਧਾਰ ਬਿਨਾ ਅੱਖਰਾਂ ਤੋਂ ਪੜ੍ਹੀ, ਜਿਸ ਦਾ ਰੂਪ ਰੰਗ ਰੇਖ ਜਗਤ ਨਾ ਕੋਇ ਜਣਾਈਆ । ਜਿਸ ਵਿਚ ਸ਼ਰਅ ਨਾ ਕੋਇ ਸ਼ਰਈ, ਸ਼ਰੀਅਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਧਰਨੀ ਕਹੇ ਮੈਂ ਵੇਖ ਕੇ ਜ਼ਿਮੀਂ ਅਸਮਾਨਾ, ਦੋ ਜਹਾਨਾਂ ਪਰੇ ਧਿਆਨ ਲਗਾਈਆ । ਜਲਵਾ ਤੱਕ ਕੇ ਨੂਰ ਨੁਰਾਨਾ, ਜ਼ਾਹਰ ਜ਼ਹੂਰ ਵੇਖ ਵਖਾਈਆ । ਨਿਗਾਹ ਨਾਲ ਵੇਖ ਕੇ ਕਾਹਨਾ, ਨੈਣ ਨੈਣਾਂ ਵਿਚ ਟਿਕਾਈਆ । ਸਤਿ ਸਰੂਪ ਦਾ ਜਾਣ ਕੇ ਰਾਮਾ, ਰਾਮ ਰਾਮ ਰੂਪ ਅਖਵਾਈਆ । ਜੋ ਆਦਿ ਜੁਗਾਦੀ ਮਿਹਰਵਾਨਾ, ਮਹਿਬੂਬ ਨੂਰ ਅਲਾਹੀਆ । ਉਸ ਨੇ ਦਿਤਾ ਹਕੀਕੀ ਹਕ ਪੈਗ਼ਾਮਾ, ਕਲਮਿਆਂ ਤੋਂ ਬਾਹਰ ਸੁਣਾਈਆ । ਧਰਨੀਏ ਨਿਗਾਹ ਮਾਰ ਲੈ ਤੇਰੇ ਉਤੇ ਅੰਤ ਕੰਤ ਭਗਵੰਤ ਪਹਿਰ ਕੇ ਆਵੇ ਬਾਣਾ, ਭੇਵ ਅਭੇਦ

੯੩੯
੨੩

ਅਲੱਖ ਅਗੋਚਰ ਆਪਣੇ ਵਿਚ ਛੁਪਾਈਆ । ਜਿਸ ਦਾ ਖੇਲ ਹੋਣਾ ਜਗਤ ਮਹਾਨਾ, ਮਹਿੰਮਾ ਅਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਤੱਕ ਕੇ ਧੁਰ ਧਰਮ ਦੀ ਧਾਰ, ਧਰਮ ਧਰਮ ਨਾਲ ਜਣਾਈਆ । ਬਿਨਾ ਜ਼ਬਾਨ ਤੋਂ ਕਰ ਪੁਕਾਰ, ਕੂਕ ਕੂਕ ਸੁਣਾਈਆ । ਸੁਣ ਸ਼ਹਿਨਸ਼ਾਹ ਮਹਿੰਡੇ ਯਾਰ, ਨੂਰ ਨੁਰਾਨਾ ਨੂਰ ਅਲਾਹੀਆ । ਮੇਰੇ ਆਲੀਜਾਹ ਵਲੀਆਂ ਦੀ ਸਰਕਾਰ, ਸ਼ਹਿਨਸ਼ਾਹ ਪੈਗ਼ੰਬਰਾਂ ਦੇ ਵਖਾਈਆ । ਮੈਂ ਤੇਰੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੀਸ ਝੁਕਾਈਆ । ਮੇਰੇ ਅਮਾਮ ਅਮਾਮਾ ਤੂੰ ਮੇਰੇ ਉਤੇ ਹੋਣਾ ਜ਼ਾਹਰ, ਜ਼ਾਹਰ ਜ਼ਹੂਰ ਲੈਣੀ ਅੰਗੜਾਈਆ । ਮੈਂ ਤੇਰੀ ਕਦਮ ਬੋਸੀ ਵਿਚ ਕਦੀਮ ਦਾ ਕਰਾਂ ਇੰਤਜ਼ਾਰ, ਕੁਦਰਤ ਦੇ ਕਾਦਰ ਤੇਰਾ ਰਾਹ ਤਕਾਈਆ । ਦਰਗਾਹ ਸਾਚੀ ਦੇ ਮਾਲਕ ਖ਼ਲਕ ਦੇ ਖ਼ਾਲਕ ਆਪਣੇ ਅੰਦਰੋਂ ਹੋਵੀਂ ਬਾਹਰ, ਗੁਪਤ ਜ਼ਾਹਰ ਆਪਣਾ ਰੰਗ ਰੰਗਾਈਆ । ਮੈਂ ਤੇਰੀ ਦੀਦ ਦਾ ਦਰਸ ਕਰਨ ਨੂੰ ਰਹਾਂ ਤਿਆਰ, ਦਿਵਸ ਰੈਣ ਰਾਹ ਤਕਾਈਆ । ਤੂੰ ਮਾਲਕ ਮੇਰਾ ਆਦਿ ਜੁਗਾਦੀ ਤੇਰੇ ਸਭ ਕੁਛ ਅਖ਼ਤਿਆਰ, ਮੁਖ਼ਤਿਆਰ ਗੁਰ ਅਵਤਾਰ ਪੈਗ਼ੰਬਰ ਮੈਨੂੰ ਦੇ ਕੇ ਗਏ ਸਲਾਹੀਆ । ਧਰਨੀਏ ਤੇਰੇ ਉਤੇ ਅੰਤ ਆਵੇ ਕਲ ਕਲਕੀ ਅਵਤਾਰ, ਨਿਹਕਲੰਕ ਰੂਪ ਬਦਲਾਈਆ । ਜਿਸ ਦਾ ਇਕੋ ਨੂਰ ਜੋਤ ਹੋਵੇ ਉਜਿਆਰ, ਜੋਤੀ ਜਾਤਾ ਡਗਮਗਾਈਆ । ਸਤਿਗੁਰ ਸ਼ਬਦ ਸ਼ਬਦ ਦੀ ਹੋਵੇ ਧਾਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਗਤ ਅੱਖਰਾਂ ਦਾ ਲੇਖ ਸਮਝ ਸਕੇ ਨਾ ਵਿਸਥਾਰ, ਸਿਫ਼ਤਾਂ ਵਿਚ ਨਾ ਸਿਫ਼ਤ ਸਲਾਹੀਆ । ਉਹ ਬੋਧ ਅਗਾਧਾ ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕੇ ਜਿਸ ਨੂੰ ਸਾਰੇ ਗਾਈਆ । ਸੋ ਤੇਰਾ ਲਹਿਣਾ ਦੇਣਾ ਕਰਜ਼ ਦਏ ਉਤਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਲੇਖਾ ਤੇਰੀ ਝੋਲੀ ਪਾਈਆ । ਉਸ ਦਾ ਇਕੋ ਹੁਕਮ ਹੋਵੇ ਦਰੇ ਦਰਬਾਰ, ਅਦਲ ਇਨਸਾਫ਼ ਇਕ ਕਮਾਈਆ । ਇਕੋ ਕਲਮਾ ਤੇਰੇ ਉਤੇ ਦਏ ਉਚਾਰ, ਇਕੋ ਨਾਮ ਦਏ ਸਮਝਾਈਆ । ਦੀਨਾਂ ਮਜ਼੍ਹਬਾਂ ਮੇਟ ਕੇ ਖਾਰ, ਖ਼ਾਲਸ ਇਕੋ ਰੰਗ ਰੰਗਾਈਆ । ਤਨ ਵਜੂਦਾਂ ਦੁਤੀਆ ਭਾਉ ਦਏ ਨਿਵਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਗਫ਼ਲਤ ਵਿਚੋਂ ਹੋਣਾ ਬੇਦਾਰ, ਆਲਸ ਨਿੰਦਰਾ ਵਿਚੋਂ ਅੱਖ ਖੁਲਾਈਆ । ਖੇਲ ਤੱਕਣਾ ਏਕੰਕਾਰ, ਕੀ ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਦਾ ਸੰਬਲ ਹੋਣਾ ਧਾਮ ਨਿਆਰ, ਸੰਬਲ ਬਹਿ ਕੇ ਆਪਣਾ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰੇ ਅੰਦਰ ਆਵਾਜ਼ ਅਗੰਮੀ ਆਈ, ਆਇਤਾਂ ਤੋਂ ਬਾਹਰ ਦਿਤਾ ਦ੍ਰਿੜਾਈਆ । ਤੇਰੇ ਉਤੇ ਕਲਜੁਗ ਕੂੜ ਬਣੇ ਕਸਾਈ, ਛੁਰੀ ਸ਼ਰਅ ਵਾਲੀ ਉਠਾਈਆ । ਧਰਨੀ ਕਹੇ ਮੈਂ ਰੋ ਕੇ ਦਿਤੀ ਦੁਹਾਈ, ਦੁਹੱਥੜ ਸੀਨੇ ਉਤੇ ਲਗਾਈਆ । ਮਿਹਰ ਕਰ ਮੇਰੇ ਮਿਹਰਵਾਨ ਨੂਰ ਅਲਾਹੀ, ਅੱਲਾ ਤੇਰੀ ਓਟ ਰਖਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਮੇਰੀ ਦੇਣ ਗਵਾਹੀ, ਸ਼ਹਾਦਤ ਰਹੇ ਭੁਗਤਾਈਆ । ਤੇਰੀ ਨਾਮ ਦੀ ਦਰੋਹੀ ਤੇਰੀ ਆਦਿ ਵਿਚ ਦੁਹਾਈ, ਕਲਮਿਆਂ ਤੋਂ ਬਾਹਰ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਝਟ ਨਾਰਦ ਆ ਗਿਆ ਪਾਉਂਦਾ ਰੌਲਾ, ਤਾੜੀ ਪੁੱਠੇ ਹੱਥਾਂ ਵਜਾਈਆ । ਮੌਲੀ ਤੰਦ ਬੰਨ੍ਹ ਕੇ ਡੌਲਾ, ਬਾਜ਼ੂ ਰਿਹਾ ਹਿਲਾਈਆ । ਨਾਲੇ ਵਖਾਵੇ ਪੈਗ਼ੰਬਰਾਂ ਵਾਲਾ ਕੌਲਾ, ਇਕਰਾਰ ਰਿਹਾ ਜਣਾਈਆ । ਆਹ ਕਮਲੀਏ ਤੱਕ

ਲੈ ਆਪਣਾ ਮੌਲਾ, ਜੋ ਮੌਲਿਆ ਹਰ ਘਟ ਥਾਈਆ । ਜਿਸ ਤੇਰੇ ਉਤੇ ਭਾਰ ਕਰਨਾ ਹੌਲਾ, ਹੌਲੀ ਹੌਲੀ ਆਪਣਾ ਵਕਤ ਵਿਹਾਈਆ । ਜਿਸ ਦਾ ਰੂਪ ਨਾ ਕਾਲਾ ਨਾ ਸੌਲਾ, ਜੋਤ ਨੂਰ ਨੂਰ ਅਲਾਹੀਆ । ਓਸ ਦੀ ਕਰਨੀ ਨੂੰ ਆਪਣੇ ਉਤੇ ਆਪੇ ਟੋਹ ਲਾ, ਆਪਣਾ ਬਲ ਆਪ ਪ੍ਰਗਟਾਈਆ । ਜਿਸ ਸਚ ਦਵਾਰਾ ਇਕੋ ਖੋਲਾ, ਖ਼ਾਲਕ ਖ਼ਲਕ ਦਏ ਵਡਿਆਈਆ । ਨੀ ਧੌਲੇ ਤੇਰਾ ਝਾਟਾ ਹੋ ਗਿਆ ਧੌਲਾ, ਕੋਟਨ ਕੋਟ ਜੁਗ ਤੇਰੇ ਉਤੇ ਗਏ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਸੁਣ ਲੈਂ ਮੇਰੀ ਮਨਸਾ, ਮਮਤਾ ਤੋਂ ਬਾਹਰ ਜਣਾਈਆ । ਆਪਣਾ ਰੂਪ ਬਣਾ ਲੈ ਹੰਸਾ, ਕਾਗ ਵਾਂਗ ਨਾ ਕੂੜ ਕੁਰਲਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਗਾਉਂਦੇ ਅਸੰਖਾ, ਸਹੰਸਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਮੈਂ ਪੰਡਤ ਪੁਰਾਣਾ, ਵੇਦ ਸ਼ਾਸਤਰਾਂ ਤੋਂ ਬਾਹਰ ਮੇਰੀ ਪੜ੍ਹਾਈਆ । ਮੇਰੇ ਪ੍ਰਭੂ ਨੇ ਮੈਨੂੰ ਇਕੋ ਲੇਖ ਸਮਝਾਇਆ, ਜਿਸ ਨੂੰ ਲੇਖਣੀ ਲਿਖ ਸਕੇ ਨਾ ਰਾਈਆ । ਜਿਸ ਦਾ ਰਾਗ ਕਿਸੇ ਰਸਨਾ ਜਿਹਵਾ ਨਹੀਂ ਗਾਇਆ, ਸਿਫ਼ਤਾਂ ਵਿਚ ਸਕਿਆ ਨਾ ਕੋਇ ਸਲਾਹੀਆ । ਤ੍ਰੈਗੁਣ ਮਾਇਆ ਰੰਗ ਨਾ ਕੋਇ ਰੰਗਾਇਆ, ਰੰਗਤ ਜਗਤ ਨਾ ਕੋਇ ਦ੍ਰਿੜਾਈਆ । ਮੈਂ ਓਹ ਸੰਦੇਸਾ ਅਗੰਮਾ ਰਿਹਾ ਸੁਣਾਇਆ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਉਹ ਤੱਕ ਲੈ ਬੇਪ੍ਰਵਾਹਿਆ, ਜੋ ਬੇਪਰਵਾਹੀ ਵਿਚ ਸਮਾਈਆ । ਜੋ ਸਭ ਦਾ ਦਾਈ ਦਾਇਆ, ਆਦਿ ਅੰਤ ਆਪ ਅਖਵਾਈਆ । ਉਹ ਜੋਤ ਸਰੂਪੀ ਸ਼ਾਹੋ ਭੂਪੀ ਆਪਣਾ ਵੇਸ ਵਟਾਇਆ, ਵਟਾਂਦਰਾ ਸਤਿਗੁਰ ਸ਼ਬਦ ਨਾਲ ਕਰਾਈਆ । ਜਿਸ ਨੇ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਹੋ ਕੇ ਇਕੋ ਡਾਹਿਆ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਘਰ ਸੁਹੰਜਣੇ ਆਪ ਰਖਾਇਆ, ਆਦਿ ਨਿਰੰਜਣ ਦਇਆ ਕਮਾਈਆ । ਦੁੱਖ ਭੈ ਭੰਜਣ ਤੇਰੇ ਦੁੱਖ ਨਿਵਾਰਨ ਆਇਆ, ਦੁਖੀਆਂ ਹੋਏ ਸਹਾਈਆ । ਨਾਰਦ ਕਹੇ ਮੈਂ ਕੂਕ ਕੂਕ ਦ੍ਰਿੜਾਇਆ, ਦਰੋਹੀ ਦਰੋਹੀ ਕਰ ਸੁਣਾਈਆ । ਧਰਨੀ ਕਹੇ ਮੈਨੂੰ ਉਸ ਦਾ ਦਰਸ਼ਨ ਦੇ ਕਰਾਇਆ, ਜੋ ਕਰਨੀ ਦਾ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵਡ ਵਡਿਆਈਆ । ਨਾਰਦ ਕਹੇ ਧਰਨੀਏ ਦਰਸ਼ਨ ਕਰ ਲੈ ਅਗੰਮੇ ਹਰਿ ਦਾ, ਜੋ ਹਰ ਹਿਰਦੇ ਡੇਰਾ ਲਾਈਆ । ਜੋ ਮਾਲਕ ਤੇਰੇ ਨਵ ਸੱਤ ਘਰ ਦਾ, ਗ੍ਰਿਹਿ ਮੰਦਰ ਹੋਏ ਸਹਾਈਆ । ਉਸ ਦਾ ਅੰਦਰੋਂ ਚੁੱਕ ਦੇ ਪਰਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹਦਾ ਖੇਲ ਵੇਖ ਲੈ ਲਹਿੰਦਾ ਚੜ੍ਹਦਾ, ਚੜ੍ਹਦਾ ਲਹਿੰਦਾ ਆਪਣਾ ਹੁਕਮ ਦਏ ਵਰਤਾਈਆ । ਜਿਸ ਦੇ ਚਰਨਾਂ ਵਿਚ ਸਚਖੰਡ ਦਵਾਰੇ ਅਵਤਾਰ ਪੈਗ਼ੰਬਰ ਗੁਰੂ ਨਿਰਗੁਣ ਧਾਰ ਹੋ ਹੋ ਬਹਿੰਦਾ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਉਹ ਪੁਰਖ ਅਕਾਲ ਦੀਨ ਦਿਆਲ ਸ਼ਬਦ ਸੰਦੇਸ਼ਾ ਨਰ ਨਰੇਸ਼ਾ ਪਰਵਰਦਿਗਾਰ ਸਾਂਝਾ ਯਾਰ ਇਕੋ ਕਹਿੰਦਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਆਪ ਸੁਣਾਈਆ । ਤੇਰਾ ਬੁਰਜ ਮੁਨਾਰਾ ਅੰਤ ਵੇਖ ਲੈ ਜਾਂਦਾ ਢਹਿੰਦਾ, ਢਈਆ ਗੋਬਿੰਦ ਵਾਲਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਜ਼ਰਾ ਨਿਗਾਹ ਮਾਰ ਲੈ ਹੇਠਾਂ, ਨੈਣ ਨੈਣ ਨਾਲ ਬਦਲਾਈਆ ਰੁਤ ਸੁਹੰਜਣੀ ਤਕ ਲੈ ਮਹੀਨਾ ਜੇਠਾ, ਵਦੀ ਸੁਦੀ ਤੋਂ ਬਾਹਰ

੯੩੭
੨੩

ਧਿਆਨ ਲਗਾਈਆ । ਜੋ ਸਭ ਨੂੰ ਰਖੇ ਸਾਇਆ ਹੇਠਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦਾ ਸ਼ਬਦ ਧਾਰ ਸਤਿਗੁਰ ਬੇਟਾ, ਜਨਮ ਵਾਲੀ ਅਵਰ ਕੋਇ ਨਾ ਮਾਈਆ । ਜੋ ਸਚ ਸਿੰਘਾਸਣ ਆਤਮ ਲੇਟਾ, ਘਰ ਘਰ ਡੇਰਾ ਲਾਈਆ । ਜੋ ਅੰਤਮ ਤੇਰਾ ਬਣੇ ਖੇਵਟ ਖੇਟਾ, ਬੇੜਾ ਜਗਤ ਜਹਾਨ ਚਲਾਈਆ । ਦੋ ਜਹਾਨਾਂ ਹੋ ਕੇ ਆਵੇ ਨੇਤਾ, ਨੇਤਰ ਨੈਣਾਂ ਦਰਸ਼ਨ ਲੈਣਾ ਪਾਈਆ । ਜੋ ਦੀਨ ਦੁਨੀ ਕਾਇਨਾਤ ਰਣਭੂਮੀ ਵੇਖੇ ਖੇਤਾ, ਖ਼ਾਤਰ ਧੁਰ ਦੀ ਖੇਲ ਖਿਲਾਈਆ । ਜਿਸ ਦੇ ਪਿਆਰ ਵਿਚ ਸਤਿਗੁਰ ਅਰਜਨ ਸੀਸ ਪਵਾਈ ਰੇਤਾ, ਰਾਵੀ ਧਾਰ ਸੀਸ ਨਿਵਾਈਆ । ਉਹ ਭੁਲੇ ਕਦੇ ਨਾ ਚੇਤਾ, ਚੇਤਨ ਤੈਨੂੰ ਦਏ ਕਰਾਈਆ । ਸਭ ਦਾ ਪੂਰਾ ਕਰਾ ਲੇਖਾ, ਲਿਖਤ ਭਵਿਖਤ ਨਾਲ ਮਿਲਾਈਆ । ਜਿਸ ਦਾ ਇਸ਼ਾਰਾ ਕੀਤਾ ਗੋਬਿੰਦ ਧਾਰੀ ਕੇਸਾ, ਕੇਸਗੜ੍ਹ ਦਾ ਲੇਖਾ ਦਏ ਚੁਕਾਈਆ । ਉਸ ਖੇਲ ਖਿਲਾਉਣਾ ਮੁੱਲਾ ਸ਼ੇਖ਼ਾ, ਮੁਸਾਇਕਾਂ ਵੇਖ ਵਖਾਈਆ । ਜਿਸ ਈਸਾ ਮੂਸਾ ਧਾਰ ਮੇਟਣੀ ਰੇਖਾ, ਰਿਖੀਆਂ ਮੁਨੀਆਂ ਪਰਦਾ ਆਪ ਉਠਾਈਆ । ਤੇਰੇ ਉਤੇ ਸਤਿਜੁਗ ਧਰਮ ਦੀ ਲਾਏ ਮੇਖਾ, ਮੇਖ ਬਿਰਖ ਦੋਵੇਂ ਦੇਣ ਗਵਾਹੀਆ । ਜਿਸ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਉਣਾ ਭੁਲੇਖਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਉਹਦਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕੋ ਸੁਤ ਦੁਲਾਰਾ ਪਲੇਠਾ, ਜਿਸ ਦੀ ਆਯੂ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਧਰਨੀਏ ਪਹਿਲੀ ਜੇਠ ਕੀ ਰਿਹਾ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਤੇਰੇ ਵੱਲ ਵੇਖ ਕੇ ਰਿਹਾ ਹੱਸ, ਨਾਲ ਹਸਤੀ ਤੱਕ ਬੇਪਰਵਾਹੀਆ । ਚਾਰੋਂ ਕੁੰਟ ਰਿਹਾ ਨੱਸ, ਭੱਜੇ ਵਾਹੋ ਦਾਹੀਆ । ਹੈਰਾਨ ਹੋ ਕੇ ਕਹੇ ਪ੍ਰਭੂ ਦਾ ਗਾਏ ਕੋਇ ਨਾ ਜਸ, ਸਚ ਸਿਫ਼ਤ ਨਾ ਕੋਇ ਸਲਾਹੀਆ । ਜਗਤ ਵਿਕਾਰ ਵਿਚ ਸ੍ਰਿਸ਼ਟੀ ਗਈ ਫਸ, ਫਾਸੀ ਜਮ ਨਾ ਕੋਇ ਕਟਾਈਆ । ਸਚ ਦੇ ਆਗੂ ਗਏ ਨੱਸ, ਭੱਜੇ ਵਾਹੋ ਦਾਹੀਆ । ਅੰਤ ਧਰਮ ਦੀ ਹੋ ਗਈ ਬਸ, ਧਰਨੀਏ ਓਹ ਵੀ ਬੈਠਾ ਮੁਖ ਛੁਪਾਈਆ । ਤੈਨੂੰ ਪੈਣ ਵਾਲੀ ਗਸ਼, ਬਸੁਧੇ ਬਸੁਧੇ ਸੁਧ ਰਹੇ ਨਾ ਰਾਈਆ । ਕਲਜੁਗ ਕਰਦਾ ਫਿਰੇ ਅਸ਼ ਅਸ਼, ਐਸ਼ੋ ਇਸ਼ਰਤ ਨਾਲ ਮਿਲਾਈਆ । ਬਿਨਾ ਕਦਮਾਂ ਤੋਂ ਸ੍ਰਿਸ਼ਟੀ ਰਿਹਾ ਕਛ, ਕਛ ਮਛ ਵੇਖਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜੇਠ ਕਹੇ ਧਰਨੀਏ ਮੈਂ ਪ੍ਰਭ ਦਾ ਸੁਤ ਦੁਲਾਰਾ, ਦੂਹਲਾ ਇਕ ਅਖਵਾਈਆ । ਮੇਰਾ ਖੇਲ ਸਦਾ ਜੁਗ ਚਾਰਾ, ਚੌਕੜੀ ਵੱਜਦੀ ਰਹੇ ਵਧਾਈਆ । ਮੇਰੀ ਪਾਏ ਕੋਇ ਨਾ ਸਾਰਾ, ਮੇਰਾ ਮਹਾਸਾਰਥੀ ਇਕ ਅਖਵਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਈਆ । ਮੈਂ ਖੇਲ ਖਿਲਾਇਆ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਮੇਰੇ ਵਿਚ ਆਪਣਾ ਆਸਣ ਲਾਈਆ । ਮੈਂ ਸੰਦੇਸੇ ਸੁਣਦਾ ਰਿਹਾ ਸਤਿ ਸਚ ਦੇ ਵਿਚ ਪਿਆਰਾ, ਪ੍ਰੇਮ ਨਾਲ ਆਪਣੇ ਵਿਚ ਟਿਕਾਈਆ । ਸਭ ਨੇ ਕਿਹਾ ਕਲਜੁਗ ਆਵੇ ਅੰਤ ਸ੍ਰੀ ਭਗਵੰਤ ਕਲ ਕਲਕੀ ਅਵਤਾਰਾ, ਨਿਹਕਲੰਕ ਆਪਣਾ ਵੇਸ ਵਟਾਈਆ । ਅਮਾਮ ਅਮਾਮਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦੀਨ ਦੁਨੀ ਦਾ ਵੇਖਣਾ ਦਾਇਰਾ, ਹਦੂਦਾਂ ਫੋਲ ਫੁਲਾਈਆ । ਨਾਮ ਕਲਮਿਆਂ ਕਰਾਉਣਾ ਮੁਸ਼ਾਇਰਾ, ਮਸ਼ਵਰਿਆਂ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅਗੰਮ ਅਥਾਹੀਆ । ਜੇਠ ਕਹੇ

ਮੇਰਾ ਜਗਤ ਧਾਰ ਮਹੀਨਾ, ਮਹਿਵ ਦਿਆਂ ਸਮਝਾਈਆ । ਮੈਂ ਸਭ ਦਾ ਵੇਖਣਾ ਕਾਇਆ ਅੰਤਰ ਸੀਨਾ, ਸੀਨਾ ਬਸੀਨਾ ਖੋਜ ਖੁਜਾਈਆ । ਮੈਂ ਖੇਲ ਖਿਲਾਉਣਾ ਦੀਨ ਦੁਨੀ ਦੀ ਧਾਰ ਰੂਸਾ ਚੀਨਾ, ਰੁਸਤਮ ਕੂੜ ਵਾਲੇ ਉਠਾਈਆ । ਝਗੜਾ ਪਾਉਣਾ ਮੱਕਾ ਮਦੀਨਾ, ਕਾਅਬਿਆਂ ਦਿਤਾ ਹਿਲਾਈਆ । ਸਭ ਦੀ ਰਹਿਣ ਨਹੀਂ ਦੇਣੀ ਤਾਅਲੀਮਾ, ਤੁਲਬੇ ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਸਾਰੇ ਰੋਵਣ ਮਾਰਨ ਧਾਹੀਆ । ਮੇਰਾ ਰੂਪ ਨਹੀਂ ਕਮੀਨਾ, ਕਮਲਾਪਤ ਮੈਨੂੰ ਦਿਤੀ ਵਡਿਆਈਆ । ਮੈਂ ਅਗਨੀ ਤਾਵਾਂ ਉਤੇ ਧਰਨੀ ਤੇਰੀ ਜ਼ਮੀਨਾ, ਜ਼ਿਮੀਂ ਜ਼ਮਾਂ ਵੇਖ ਵਖਾਈਆ । ਦੀਨਾਂ ਮਜ਼੍ਹਬਾਂ ਦਾ ਹਕ ਹਕੂਕ ਸਭ ਦਾ ਜਾਣਾ ਛੀਨਾ, ਸ਼ਹਿਨਸ਼ਾਹ ਇਕੋ ਹੁਕਮ ਵਰਤਾਈਆ । ਨਵ ਸੱਤ ਸਤਿਗੁਰ ਸ਼ਬਦ ਦੇ ਹੋਣਾ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਜੇਠ ਕਹੇ ਮੈਂ ਸਭ ਦਾ ਮਿਤਰ ਪਿਆਰਾ ਮੀਤ, ਧਰਨੀਏ ਧਰਮ ਧਾਰ ਜਣਾਈਆ । ਮੇਰੇ ਇਕੋ ਸੁਣ ਲੈ ਗੀਤ, ਜੋ ਗੀਤ ਗੋਬਿੰਦ ਗਾਇਆ ਧੁਰ ਦੇ ਮਾਹੀਆ । ਤੇਰੇ ਉਤੇ ਬਦਲਣੀ ਰੀਤ, ਰੀਤੀਵਾਨ ਹੋਏ ਸਹਾਈਆ । ਜਿਸ ਝਗੜਾ ਮੇਟਣਾ ਮੰਦਰ ਮਸੀਤ, ਮਸਲੇ ਸਭ ਦੇ ਹਲ ਕਰਾਈਆ । ਦੀਨ ਦੁਨੀ ਕਰ ਕੇ ਪਤਤ ਪੁਨੀਤ, ਪਤਤ ਪਾਵਨ ਦਏ ਵਡਿਆਈਆ । ਝਗੜਾ ਮੁਕਾ ਕੇ ਊਚ ਨੀਚ, ਨੀਚ ਨੀਚਾਂ ਹੋਏ ਸਹਾਈਆ । ਲੇਖਾ ਰਹੇ ਨਾ ਹਸਤ ਕੀਟ, ਕੀਟ ਕੀਟਾਂ ਰੰਗ ਰੰਗਾਈਆ । ਤੇਰੇ ਹੱਥ ਟਿਕਾਏ ਉਤੇ ਪੀਠ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਬਦਲ ਦੇਵੇ ਨੀਤ, ਨੇਤਰ ਲੋਚਨ ਨੈਣ ਭਗਤਾਂ ਅੱਖ ਖੁਲਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਭ ਨੇ ਗਾਉਣਾ ਗੀਤ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਤਿਗੁਰ ਸ਼ਬਦ ਹੋ ਕੇ ਵਸੇ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਦੱਸ ਆਪਣੀ ਪ੍ਰੀਤ, ਪ੍ਰੀਤਮ ਹੋ ਕੇ ਮਿਲੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਰ, ਸਚ ਦਾ ਘਰ ਇਕ ਸੁਹਾਈਆ । ਪਹਿਲੀ ਜੇਠ ਕਹੇ ਧਰਨੀਏ ਤੇਰਾ ਘਰ ਹੋਵੇ ਸੁਹੰਜਣਾ, ਸਤਿਗੁਰ ਸ਼ਬਦ ਦੇਵੇ ਵਡਿਆਈਆ । ਪ੍ਰਕਾਸ਼ ਕਰੇ ਆਦਿ ਨਿਰੰਜਣਾ, ਕਲਜੁਗ ਅੰਧ ਅੰਧੇਰ ਗਵਾਈਆ । ਤੇਰਾ ਲੇਖਾ ਪੂਰਾ ਕਰੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਦਾ ਪਾ ਕੇ ਅੰਜਣਾ, ਲੋਚਨ ਨੈਣ ਕਰੇ ਰੁਸ਼ਨਾਈਆ । ਜਿਸ ਦਾ ਇਕੋ ਦੀਪਕ ਜਗਣਾ, ਦੋ ਜਹਾਨਾਂ ਡਗਮਗਾਈਆ । ਇਕੋ ਨਾਮ ਕਲਮਾ ਹੋਣਾ ਭਜਣਾ, ਬੰਦਗੀ ਇਕ ਦਰਸਾਈਆ । ਇਕੋ ਡੰਕਾ ਡੌਰੂ ਨਾਮ ਵੱਜਣਾ, ਦੋ ਜਹਾਨਾਂ ਕਰੇ ਸ਼ਨਵਾਈਆ । ਇਕੋ ਸਰੋਵਰ ਹੋਵੇ ਮਜਨਾ, ਦੁਰਮਤ ਮੈਲ ਗਵਾਈਆ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਗੋਦ ਟਿਕਾਈਆ । ਉਸ ਦਾ ਜਗਤ ਪ੍ਰਤਾਪ ਵਧਣਾ, ਵਾਧਾ ਤੱਕੇ ਖ਼ਲਕ ਖ਼ੁਦਾਈਆ । ਜਿਸ ਦੀ ਸਾਂਝੀ ਹੋਣੀ ਬੰਦਨਾ, ਸੀਸ ਜਗਦੀਸ਼ ਸਰ ਝੁਕਾਈਆ । ਜਿਸ ਕਲਜੁਗ ਅੰਤਮ ਲੇਖੇ ਲਾਉਣਾ ਕੂੜ ਕੁੜਿਆਰ ਦਾ ਕੰਢਣਾ, ਘਾਟ ਪੱਤਣ ਫੋਲ ਫੁਲਾਈਆ । ਜਨ ਭਗਤਾਂ ਸੰਗ ਕਦੇ ਨਾ ਛਡਣਾ, ਨਾਤਾ ਛੁਟੇ ਕੂੜ ਲੋਕਾਈਆ । ਭਾਗ ਲਗਾਏ ਕਾਇਆ ਮਾਟੀ ਹੱਡਣਾ, ਨਾੜੀ ਨਾੜੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਬੇਪਰਵਾਹੀਆ । ਧਰਨੀ ਕਹੇ ਜੇਠ ਮੈਂ ਬੇਨੰਤੀ ਸੁਣਾਵਾਂ ਏਕ, ਏਕੰਕਾਰ ਅਗੇ ਸੀਸ ਨਿਵਾਈਆ । ਪੁਰਖ ਅਕਾਲ ਦੀ ਰਖੀ ਟੇਕ, ਟਿੱਕਾ ਧੂੜੀ

੯੩੯
੨੩

ਖ਼ਾਕ ਰਮਾਈਆ । ਜਗਤ ਜਹਾਨ ਲੱਗਣਾ ਸੇਕ, ਅਗਨੀ ਤਤ ਤਪਾਈਆ । ਬਿਨਾ ਭਗਤਾਂ ਤੋਂ ਬੁੱਧੀ ਰਹੇ ਨਾ ਕਿਸੇ ਬਿਬੇਕ, ਦੁਰਮਤ ਮੈਲ ਨਾ ਕੋਇ ਧਵਾਈਆ । ਮਨੂਆ ਮਨ ਨਾ ਬਣੇ ਨੇਕ, ਦਹਿ ਦਿਸ਼ਾ ਉਠ ਉਠ ਧਾਹੀਆ । ਸਤਿ ਧਰਮ ਨੂੰ ਸਾਰੇ ਜਾਣ ਵੇਚ, ਕਲਜੁਗ ਕੂੜੇ ਹੱਥ ਫੜਾਈਆ । ਪ੍ਰਭੂ ਦਾ ਦਰਸ ਕੋਈ ਨਾ ਕਰੇ ਨੇਤਨ ਨੇਤ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਅੰਤਰ ਨਿਰੰਤਰ ਖੁਲ੍ਹੇ ਕਿਸੇ ਨਾ ਭੇਤ, ਪਾਰਬ੍ਰਹਮ ਬ੍ਰਹਮ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣੀ ਖੇਲ ਵਖਾਈਆ । ਪਹਿਲੀ ਜੇਠ ਕਹੇ ਧਰਨੀ ਮੇਰਾ ਸਤਿਗੁਰ ਪੁਰਖ ਸੁਲਤਾਨਾ, ਅਕਲ ਕਲਧਾਰੀ ਆਪ ਅਖਵਾਈਆ । ਜੋ ਪਹਿਰ ਕੇ ਅੰਤਮ ਬਾਣਾ, ਵੇਸ ਅਵੱਲੜਾ ਆਇਆ ਵਟਾਈਆ । ਜਿਸ ਦਾ ਸ਼ਬਦ ਅਗੰਮੀ ਗਾਣਾ ਤਰਾਨਾ, ਤੁਰੀਆ ਤੋਂ ਬਾਹਰ ਸੁਣਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਦੋ ਜਹਾਨਾਂ, ਦੋਹਰੀ ਆਪਣੀ ਕਲ ਵਰਤਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਘਰ ਮੰਦਰ ਕਰੇ ਸੁਹਾਨਾ, ਗ੍ਰਿਹਿ ਵੱਜਦੀ ਰਹੇ ਵਧਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨਾ, ਨਿਸ਼ਾਨ ਆਪਣਾ ਦਏ ਸਮਝਾਈਆ । ਆਤਮ ਧਾਰ ਪਰਮਾਤਮ ਬਣ ਕੇ ਕਾਹਨਾ, ਗੁਰਮੁਖ ਗੋਪੀ ਲਏ ਪ੍ਰਨਾਈਆ । ਅੰਮ੍ਰਿਤ ਰਸ ਦੇ ਕੇ ਪੀਣਾ ਖਾਣਾ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧਾਨ ਹੋਏ ਸਹਾਈਆ । ਧਰਨੀ ਕਹੇ ਮੈਂ ਸਾਹਿਬ ਸਤਿਗੁਰ ਤੋਂ ਬਲਿਹਾਰੀ, ਬਲ ਬਲ ਆਪ ਕਰਾਈਆ । ਜੋ ਆਇਆ ਆਪਣੀ ਧਾਰੀ, ਧਰਮ ਦੀ ਧਾਰ ਨਾਲ ਪ੍ਰਗਟਾਈਆ । ਜਿਸ ਲੇਖਾ ਪੂਰਾ ਕਰਨਾ ਪੈਗ਼ੰਬਰ ਗੁਰ ਅਵਤਾਰੀ, ਅਵਤਰੀ ਵੇਖ ਵਖਾਈਆ । ਸੋ ਲੇਖਾ ਜਾਣੇ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਸਾਰੀ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਜਿਸ ਦੇ ਬ੍ਰਹਮਾ ਸ਼ਿਵ ਪੁਜਾਰੀ, ਨਿਵ ਨਿਵ ਸੀਸ ਨਿਵਾਈਆ । ਉਹ ਨਿਰਗੁਣ ਜੋਤ ਕਰ ਉਜਿਆਰੀ, ਉਜਾਲਾ ਕਰੇ ਥਾਉਂ ਥਾਈਂਆ । ਜੋ ਸਤਿਗੁਰ ਸ਼ਬਦ ਧਾਰ ਭੰਡਾਰੀ, ਨਾਮ ਨਿਧਾਨਾ ਆਪ ਵਰਤਾਈਆ । ਜਨ ਭਗਤਾਂ ਪੈਜ ਜਾਏ ਸਵਾਰੀ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤ ਨਾ ਕਰੇ ਖ਼ੁਆਰੀ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਲੇਖਾ ਮੰਗੇ ਨਾ ਆਪਣੀ ਵਾਰੀ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤ ਸੁਹੇਲੇ ਜਨਮ ਜਨਮ ਦੇ ਵਿਛੜੇ ਫੜ ਫੜ ਬਾਹੋਂ ਜਾਏ ਤਾਰੀ, ਦੂਰ ਦੁਰਾਡੇ ਪੰਧ ਮੁਕਾਈਆ । ਪਹਿਲੀ ਜੇਠ ਕਹੇ ਧਰਨੀਏ ਮੈਂ ਵੀ ਕਰਾਂ ਉਸ ਨੂੰ ਨਿਮਸਕਾਰੀ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਨਾਲ ਮਿਲਾਈਆ । ਜੇਠ ਕਹੇ ਮੈਂ ਭਗਤਾਂ ਦੱਸਾਂ ਨਾਲ ਪਿਆਰ, ਮੁਹੱਬਤ ਵਿਚ ਜਣਾਈਆ । ਖ਼ੁਸ਼ੀਆਂ ਦਾ ਵਿਵਹਾਰ, ਦਿਵਸ ਰੈਣ ਵੱਜੇ ਵਧਾਈਆ । ਗੁਰਮੁਖੋ ਰਹਿਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਵੇਖੋ ਖੇਲ ਸਚੀ ਸਰਕਾਰ, ਕੀ ਕਰਤਾ ਕਾਰ ਕਮਾਈਆ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਵੇਖ ਵਖਾਈਆ । ਜਿਧਰ ਤੱਕੋ ਉਧਰ ਦਿਸੇ ਹਾਰ, ਜਿੱਤ ਰੂਪ ਨਾ ਕੋਇ ਬਦਲਾਈਆ । ਚਾਰੋਂ ਕੁੰਟ ਹੋਵੇ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਤੁਹਾਡਾ ਇਕੋ ਗ੍ਰਿਹਿ ਇਕੋ ਮੰਦਰ ਇਕ ਦਵਾਰ, ਇਕੋ ਭੂਮਿਕਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਜਨ ਭਗਤਾਂ ਦੇਵੇ ਤਾਰ, ਤਾਰਨਹਾਰ ਆਪਣੀ ਦਇਆ ਕਮਾਈਆ ।


੬੪੦
੨੩

### ✪ ੨ ਜੇਠ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰ ਵੇਲੇ ✪

ਧਰਨੀ ਕਹੇ ਮੇਰਾ ਭਾਗ ਹੋਇਆ ਉਦਾ, ਉਦੈ ਆਥਣ ਮਿਲੇ ਵਡਿਆਈਆ । ਮਾਣ ਵਡਿਆਈ ਮਿਲੀ ਬਸੁਧਾ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਸਮਝਾਈਆ । ਮਿਹਰਵਾਨ ਕਿਰਪਾ ਕਰੇ ਅੰਤ ਕਲਜੁਗਾ, ਜੁਗ ਚੌਕੜੀ ਪੂਰਬ ਲੇਖ ਚੁਕਾਈਆ । ਸੋ ਸਵਾਮੀ ਹੋਇਆ ਉਘਾ, ਨਿਰਗੁਣ ਨਿਰਵੈਰ ਨੂਰ ਅਲਾਹੀਆ । ਜਿਸ ਮੇਰਾ ਦੁੱਖੜਾ ਬੁੱਝਾ, ਬੁਝੀ ਦੀਪਕ ਦਏ ਜਗਾਈਆ । ਆਪਣਾ ਭੇਵ ਖੁਲਾ ਕੇ ਗੁੱਝਾ, ਹਰਿਜਨ ਸਾਚੇ ਮੇਲ ਮਿਲਾਈਆ । ਜਗਤ ਜਹਾਨ ਰਿਹਾ ਨਾ ਲੁਕਾ, ਲੋਕਮਾਤ ਵੱਜੀ ਵਧਾਈਆ । ਜਿਸ ਦਾ ਪੰਧ ਕਦੇ ਨਾ ਮੁਕਾ, ਉਹ ਮੁਕੰਮਲ ਆਪਣਾ ਹੁਕਮ ਵਰਤਾਈਆ । ਜਿਸ ਦਾ ਭਾਣਾ ਕਦੇ ਨਾ ਰੁਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਗੁਰਮੁਖ ਸੰਤ ਸੁਹੇਲੇ ਤਾਰੇ ਪੁਤਾ, ਪਿਤਾ ਪੂਤ ਗੋਦ ਉਠਾਈਆ । ਮੇਰੀ ਸੁਹੰਜਣੀ ਕਰੇ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਚ ਇਕ ਅਖਵਾਈਆ । ਧਰਨੀ ਕਹੇ ਮੇਰੇ ਉਤੇ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਵੱਜੀ ਵਧਾਈਆ । ਮੇਰੇ ਮਸਤਕ ਚੜ੍ਹੀ ਲਾਲੀ, ਲਾਲ ਗੁਲਾਲਾ ਮਿਲਿਆ ਧੁਰ ਦਾ ਮਾਹੀਆ । ਜੋ ਲਹਿਣਾ ਦੇਣਾ ਵੇਖੇ ਹਾਲੀ, ਲੇਖਾ ਸਭ ਦਾ ਦਏ ਚੁਕਾਈਆ । ਜਿਸ ਨੂੰ ਗੋਬਿੰਦ ਕਿਹਾ ਜੋਤ ਅਕਾਲੀ, ਅਕਲ ਕਲਧਾਰੀ ਲਏ ਅੰਗੜਾਈਆ । ਮੇਰੀ ਲੇਖੇ ਲਾਵੇ ਘਾਲਣਾ ਘਾਲੀ, ਚਾਰੋਂ ਕੁੰਟ ਖੋਜ ਖੁਜਾਈਆ । ਮੇਰੇ ਗ੍ਰਿਹਿ ਬਣਾਏ ਸਚੀ ਧਰਮਸਾਲੀ, ਧਰਮ ਦਵਾਰਾ ਇਕ ਪ੍ਰਗਟਾਈਆ । ਦੋ ਜਹਾਨਾਂ ਬਣ ਕੇ ਵਾਲੀ, ਵਾਰਸ
੬੪੧ ੨੩ ਹੋ ਕੇ ਵੇਖ ਵਖਾਈਆ । ਜਿਸ ਨੇ ਸੰਬਲ ਆਪਣੀ ਸੁਰਤ ਸੰਭਾਲੀ, ਸੋ ਸਵਾਮੀ ਇਕ ਅਖਵਾਈਆ । ਜਨ ਭਗਤਾਂ ਸਦਾ ਕਰੇ ਪ੍ਰਿਤਪਾਲੀ, ਪ੍ਰਿਤਪਾਲਕ ੬੪੧ ੨੩
ਹੋ ਕੇ ਵੇਖ ਵਖਾਈਆ । ਜਿਸ ਦੇ ਦਰ ਤੇ ਸਾਰੇ ਖੜ੍ਹੇ ਸਵਾਲੀ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਫਲ ਲਗਾਏ ਧਰਮ ਧਾਰ ਦੀ ਸਾਚੀ ਡਾਲੀ, ਫੁੱਲ ਆਪਣਾ ਨਾਮ ਮਹਿਕਾਈਆ ।

### ✪ ੫ ਜੇਠ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਂ ਪ੍ਰਭ ਦੀ ਸ਼ਰਨੀ ਢੱਠਾ, ਚਰਨ ਕਵਲ ਕਵਲ ਸ਼ਰਨਾਈਆ । ਜਿਸ ਲੇਖ ਚੁਕਾਇਆ ਤਤ ਅੱਠਾਂ, ਨਵ ਦਰ ਦਾ ਡੇਰਾ ਢਾਹੀਆ । ਲਹਿਣਾ ਪੂਰ ਕਰਾਇਆ ਅੱਠ ਸੱਠਾ, ਤੀਰਥ ਤਟ ਵੇਖ ਵਖਾਈਆ । ਮੈਂ ਖ਼ੁਸ਼ੀਆਂ ਦੇ ਵਿਚ ਨੱਠਾਂ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਪੁਰਖ ਅਕਾਲ ਦੀਨ ਦਿਆਲ ਦੇ ਚਰਨ ਕਵਲ ਚੱਟਾਂ, ਧੂੜੀ ਰਸਨਾ ਜਿਹਵਾ ਲਾਈਆ । ਫੇਰਾਂ ਦੁਹਾਈ ਵਾਂਗ ਨਟਾਂ, ਸਵਾਂਗਣ ਹੋ ਕੇ ਆਪਣਾ ਸਵਾਂਗ ਵਖਾਈਆ । ਸੰਦੇਸ਼ਾ ਦੇਵਾਂ ਚੌਦਾਂ ਹੱਟਾਂ, ਚੌਦਾਂ ਲੋਕ ਚੌਦਾਂ ਤਬਕ ਦਿਆਂ ਸਮਝਾਈਆ । ਉਠੋ ਵੇਖੋ ਖੇਲ ਪੁਰਖ ਸਮਰਥਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਲਹਿਣਾ ਦੇਣਾ ਦੇਵੇ ਹੱਥੋ ਹੱਥਾ, ਪੂਰਬ ਸਭ ਦਾ ਝੋਲੀ ਪਾਈਆ । ਮੇਰਾ ਸੰਦੇਸਾ ਯਥਾਰਥ ਯਥਾ, ਯਦੀ ਯਦਪ

੬੪੨
੨੩

ਦਿਆਂ ਦ੍ਰਿੜਾਈਆ । ਜਿਸ ਕਲਜੁਗ ਕੂੜੀ ਕਿਰਿਆ ਚਲਾਉਣੀ ਉਲਟੀ ਲੱਠਾ, ਨਵ ਸੱਤ ਆਪ ਭਵਾਈਆ । ਸੋ ਸਵਾਮੀ ਅਲਖਣਾ ਅਲੱਖਾ, ਅਲੱਖ ਅਗੋਚਰ ਵਡ ਵਡਿਆਈਆ । ਜਨ ਭਗਤਾਂ ਲੇਖੇ ਲਾਵੇ ਮਸਤਕ ਮੱਥਾ, ਟਿੱਕੇ ਧੂੜੀ ਖ਼ਾਕ ਰਮਾਈਆ । ਧਰਨੀ ਕਹੇ ਮੇਰਾ ਸਗਲ ਵਸੂਰਾ ਲੱਥਾ, ਕੂੜੀ ਵਿਖ ਰਹੀ ਨਾ ਰਾਈਆ । ਅੰਮ੍ਰਿਤ ਰਸ ਪਾਇਆ ਨਿਝਰ ਰਸਾ, ਬਿਨ ਰਸਨਾ ਜਿਹਵਾ ਦਿਆਂ ਚਖਾਈਆ । ਮੈਂ ਖਿੜ ਖਿੜਾ ਕੇ ਹੱਸਾ, ਹਸਤੀ ਤੱਕਾਂ ਬੇਪ੍ਰਵਾਹੀਆ । ਜਿਸ ਕਲਜੁਗ ਅੰਧੇਰੀ ਮੇਟਣੀ ਮੱਸਾ, ਨੂਰੀ ਜੋਤ ਚੰਦ ਕਰੇ ਰੁਸ਼ਨਾਈਆ । ਉਹ ਵੇਖਣਹਾਰਾ ਆਪਣਾ ਬੰਸ ਸਰਬੰਸਾ, ਗੁਰ ਗੁਰ ਗੋਦ ਉਠਾਈਆ । ਹਰਿਜਨ ਬਣਾ ਕੇ ਸਾਚੇ ਹੰਸਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਬੁੱਧੀ ਤੋਂ ਪਰੇ ਸੰਦੇਸ਼ਾ ਦੇਵੇ ਬੋਧ ਅਗਾਧਾ ਪੰਡਤਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਲੇਖੇ ਲੱਗੇ ਹਰਿਜਨ ਕਾ, ਹਰਿਜਨ ਹੋਏ ਆਪ ਸਹਾਈਆ । ਅਤੋਟ ਅਤੁਟ ਭੰਡਾਰਾ ਵਰਤਾਵੇ ਅੰਨ ਕਾ, ਅਨਕ ਕਲਧਾਰੀ ਆਪਣੀ ਦਇਆ ਕਮਾਈਆ । ਸਚ ਪ੍ਰਕਾਸ਼ ਦੇ ਕੇ ਨੂਰੀ ਚੰਦ ਕਾ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਝਗੜਾ ਮਿਟਾ ਕੇ ਮਮਤਾ ਮਨ ਕਾ, ਮਨਸਾ ਸਭ ਦੀ ਖੋਜ ਖੁਜਾਈਆ । ਨਵ ਸੱਤ ਏਕਾ ਮਾਰਗ ਦੱਸ ਧਰਮ ਕਾ, ਧਰਮ ਦੀ ਧਾਰ ਇਕ ਦ੍ਰਿੜਾਈਆ । ਲਹਿਣਾ ਜਾਣੇ ਕਾਂਡ ਕਰਮ ਕਾ, ਨਿਹਕਰਮੀ ਵੇਖ ਵਖਾਈਆ । ਜਨ ਭਗਤਾਂ ਸਹਾਰਾ ਦੇ ਕੇ ਜਾਵੇ ਧੁਰ ਦੀ ਸਰਨ ਕਾ, ਸਚਖੰਡ ਨਿਵਾਸੀ ਆਪਣੀ ਓਟ ਤਕਾਈਆ । ਝਗੜਾ ਮੇਟ ਕੇ ਵਰਨ ਬਰਨ ਕਾ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਮੇਰੇ ਉਤੇ ਵਕਤ ਸੁਹੰਜਣਾ, ਪੰਚਮ ਜੇਠ ਮਿਲੇ ਵਡਿਆਈਆ । ਕਿਰਪਾ ਕਰੇ ਸਵਾਮੀ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲਾਈਆ । ਪ੍ਰਕਾਸ਼ ਕਰ ਕੇ ਆਦਿ ਨਿਰੰਜਣਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਬਣ ਕੇ ਸਾਕ ਸੈਣ ਸੱਜਣਾ, ਸਤਿਗੁਰ ਹੋ ਕੇ ਵੇਖ ਵਖਾਈਆ । ਚਰਨ ਧੂੜ ਕਰਾ ਕੇ ਮਜਨਾ, ਦੁਰਮਤ ਮੈਲ ਧਵਾਈਆ । ਗੁਰਮੁਖਾਂ ਅੰਤਮ ਪਰਦਾ ਕੱਜਣਾ, ਸਿਰ ਆਪਣਾ ਹੱਥ ਟਿਕਾਈਆ । ਘਰ ਪ੍ਰਕਾਸ਼ ਦੀਪਕ ਜਗਣਾ, ਗ੍ਰਿਹਿ ਗ੍ਰਿਹਿ ਹੋਵੇ ਰੁਸ਼ਨਾਈਆ । ਜੋ ਆਸਾ ਰਖੀ ਸੈਨ ਸਧਨਾ, ਬਿਦਰ ਸੁਦਾਮਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਮੇਰਾ ਸੁਭਾਗ ਦਿਹਾੜਾ, ਪੰਚਮ ਜੇਠ ਵੱਜੇ ਵਧਾਈਆ । ਜਨ ਭਗਤਾਂ ਗ੍ਰਿਹਿ ਖ਼ੁਸ਼ੀਆਂ ਦਾ ਅਖਾੜਾ, ਪ੍ਰੇਮ ਪ੍ਰੀਤੀ ਵਿਚ ਨੱਚਣ ਟੱਪਣ ਕੁੱਦਣ ਚਾਈਂ ਚਾਈਆ । ਜਿਨ੍ਹਾਂ ਦਾ ਸਵਾਮੀ ਮਾਲਕ ਖ਼ਾਲਕ ਇਕੋ ਧੁਰ ਦਾ ਲਾੜਾ, ਨਰ ਨਰਾਇਣ ਵਡ ਵਡਿਆਈਆ । ਧੁਰ ਪ੍ਰੀਤੀ ਚਾੜ੍ਹੇ ਰੰਗ ਗਾੜ੍ਹਾ, ਦੋ ਜਹਾਨ ਉਤਰ ਕਦੇ ਨਾ ਜਾਈਆ । ਧਰਨੀ ਕਹੇ ਮੈਂ ਨਿਵ ਨਿਵ ਕਢਾਂ ਹਾੜਾ, ਨਿਰਮਾਣਤਾ ਵਿਚ ਸੀਸ ਨਿਵਾਈਆ । ਤੂੰ ਸਾਹਿਬ ਸਵਾਮੀ ਪਰਵਰਦਿਗਾਰਾ, ਸਾਂਝਾ ਯਾਰ ਇਕ ਅਖਵਾਈਆ । ਤੇਰੇ ਚਰਨ ਚਰਨ ਬਲਹਾਰਾ, ਬਲ ਬਲ ਆਪਣਾ ਆਪ ਵਖਾਈਆ । ਤੇਰਾ ਕਲਜੁਗ ਅੰਤਮ ਤੱਕ ਵਿਵਹਾਰਾ, ਖ਼ੁਸ਼ੀ ਖ਼ੁਸ਼ੀ ਵਿਚੋਂ ਬਦਲਾਈਆ । ਮੇਰੇ ਸਵਾਮੀ ਤੇਰਾ ਖੇਲ ਨਾ ਪੁਰਖ ਨਾ ਨਾਰਾ, ਨਰ ਨਰਾਇਣ ਤੇਰੀ ਵਡ ਵਡਿਆਈਆ । ਜਨ ਭਗਤਾਂ ਦੇਣਾ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਕਲਸੀਆਂ ਵਾਲਿਆਂ ਘਰ ਘਰ ਦੀਪਕ ਹੋਏ ਉਜਿਆਰਾ, ਜੋਤੀ ਜਾਤਾ ਵੇਖ ਵਖਾਈਆ । ਜਿਸ ਦਾ ਲਹਿਣਾ

ਦੇਣਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਰਖਾਈਆ । ਸੰਤ ਮਨੀ ਸਿੰਘ ਸਚਖੰਡ ਦਵਾਰਿਉਂ ਦਏ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਤੇਜਾ ਸਿੰਘ ਦਾ ਸੁਣ ਜੈਕਾਰਾ, ਜਨ ਭਗਤਾਂ ਅੰਦਰ ਵਜੀ ਵਧਾਈਆ । ਚੇਤ ਸਿੰਘ ਮਾਰੇ ਲਲਕਾਰਾ, ਪਾਲ ਸਿੰਘ ਰਿਹਾ ਸੁਣਾਈਆ । ਬੁੱਧ ਸਿੰਘ ਨੈਣ ਉਘਾੜਾ, ਮਾਣਾ ਸਿੰਘ ਅੱਖ ਉਠਾਈਆ । ਬਹੌਲਾ ਸਿੰਘ ਕਰ ਦੀਦਾਰਾ, ਪ੍ਰੇਮ ਸਿੰਘ ਰਿਹਾ ਸਮਝਾਈਆ । ਤਾਰਾ ਸਿੰਘ ਕਹੇ ਮੈਂ ਵੇਖਣਾ ਖੇਲ ਸਾਰਾ, ਬਿਨ ਅੱਖਾਂ ਅੱਖ ਉਠਾਈਆ । ਧਰਨੀ ਕਹੇ ਮੈਂ ਨਿਉਂ ਨਿਉਂ ਕਰਾਂ ਨਿਮਸਕਾਰਾ, ਧੂੜੀ ਖ਼ਾਕ ਰਮਾਈਆ । ਪੰਚਮ ਜੇਠ ਕਹੇ ਜਨ ਭਗਤੋ ਤੁਹਾਨੂੰ ਸਦਾ ਪ੍ਰਭੂ ਦਾ ਰਹੇ ਸਹਾਰਾ, ਦੂਸਰ ਓਟ ਨਾ ਕੋਇ ਤਕਾਈਆ । ਕਲਜੁਗ ਅੰਤਮ ਆਇਆ ਕਿਨਾਰਾ, ਨਈਆ ਡੋਲੇ ਥਾਉਂ ਥਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਲਹਿਣਾ ਦੇਣਾ ਵੇਖਾਂ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਮੈਂ ਖ਼ੁਸ਼ੀਆਂ ਵਿਚ ਸਭ ਨੂੰ ਦਿਆਂ ਪਿਆਰਾ, ਪਿਆਰ ਮੁਹੱਬਤ ਵਿਚ ਇਕੋ ਰੰਗ ਰੰਗਾਈਆ । ਪੰਚਮ ਜੇਠ ਕਹੇ ਮੇਰਾ ਸਵਾਮੀ ਅੰਤਰਜਾਮੀ ਨਿਹਕਲੰਕ ਨਰਾਇਣ ਨਰ ਅਵਤਾਰਾ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਇਕੋ ਘਰ ਇਕੋ ਘਰਬਾਰਾ, ਇਕੋ ਇਕ ਏਕੰਕਾਰ ਹੋ ਕੇ ਵੇਖ ਵਖਾਈਆ ।



## ✪ ੫ ਜੇਠ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਤਰਿਪਤ ਕੌਰ ਜੁਗਿੰਦਰ ਕੌਰ ਦੇ ਨਵਿਤ ✪

੯੪੩
੨੩

ਧਰਨੀ ਕਹੇ ਮੈਂ ਤੱਕਿਆ ਅਗੰਮ ਪ੍ਰਕਾਸ਼, ਬਿਨ ਦੀਆ ਬਾਤੀ ਦੋ ਜਹਾਨ ਰੁਸ਼ਨਾਈਆ । ਬਿਨ ਗੋਪੀ ਕਾਹਨ ਤੋਂ ਤੱਕੀ ਅਗੰਮੀ ਰਾਸ, ਮੰਡਲ ਮੰਡਪ ਨੱਚਣ ਚਾਈਂ ਚਾਈਆ । ਮੇਰੀ ਖ਼ੁਸ਼ੀ ਤੋਂ ਪਰੇ ਖੇਲ ਤਮਾਸ਼, ਭੇਵ ਸਕੇ ਕੋਇ ਨਾ ਪਾਈਆ । ਮੇਰੇ ਅੰਤਰ ਨਿਰੰਤਰ ਉਪਜੀ ਇਕ ਖ਼ਾਹਿਸ਼, ਖ਼ਾਲਸ ਦਿਆਂ ਦ੍ਰਿੜ੍ਹਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਵਡ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰ ਨਾਸ਼, ਨਾਸਤਕ ਵੇਖ ਖ਼ਲਕ ਖ਼ੁਦਾਈਆ । ਤਨ ਵਜੂਦ ਮਾਟੀ ਖ਼ਾਕ ਗ੍ਰਿਹਿ ਮੰਦਰ ਕਰ ਵਾਸ, ਘਰ ਘਰ ਆਪਣਾ ਡੇਰਾ ਲਾਈਆ । ਜਨ ਭਗਤ ਸੁਹੇਲੇ ਬਣਾ ਦਾਸੀ ਦਾਸ, ਗੁਰਮੁਖ ਗੁਰਸਿਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੇਰੀ ਏਕੰਕਾਰ ਇਕ ਅਲਖ, ਅਗੰਮ ਅਗੋਚਰ ਅਥਾਹ ਦਿਆਂ ਦ੍ਰਿੜ੍ਹਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਪ੍ਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਆਪਣਾ ਨੂਰ ਕਰ ਰੁਸ਼ਨਾਈਆ । ਮੇਰੀ ਨਿਮਾਣੀ ਕੋਝੀ ਕਮਲੀ ਦੀ ਪਤ ਅੰਤਮ ਰਖ, ਪਤਤ ਪੁਨੀਤ ਕਰ ਲੋਕਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰੀ ਝੋਲੀ ਵੇਖ ਲੈ ਸਖ, ਬਿਨ ਤੇਰੇ ਸਕੇ ਨਾ ਕੋਇ ਭਰਾਈਆ । ਮੈਂ ਚਾਹੁੰਦੀ ਜਨ ਭਗਤਾਂ ਨਿਜ ਨੇਤਰ ਖੋਲ ਦੇ ਅੱਖ, ਲੋਇਣ ਲੋਚਨ ਨੈਣ ਕਰ ਰੁਸ਼ਨਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਸਮਰਥ, ਦੋ ਜਹਾਨਾਂ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ

ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰੇ ਧੁਰ ਦੇ ਮਾਲਕਾ, ਪਰਮ ਪੁਰਖ ਪ੍ਰਭ ਤੇਰੀ ਓਟ ਤਕਾਈਆ । ਆਦਿ ਜੁਗਾਦੀ ਖ਼ਲਕ ਦੇ ਖ਼ਾਲਕਾ, ਮਖ਼ਲੂਕ ਤੇਰੀ ਧਿਆਨ ਲਗਾਈਆ । ਤੇਰਾ ਖੇਲ ਵਖਾਏ ਸਤਿਗੁਰ ਸ਼ਬਦ ਅਗੰਮਾ ਬਾਲਕਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਸ ਨੂੰ ਲੋੜ ਰਹੇ ਨਾ ਆਦਿ ਸ਼ਕਤ ਅਸ਼ਟਭੁਜ ਦੁਰਗਾ ਵਾਲੀ ਕਾਲਕਾ, ਕਲਜੁਗ ਅੰਤ ਕਲ ਕਾਤੀਆਂ ਕਰੇ ਸਫ਼ਾਈਆ । ਝਗੜਾ ਮੇਟਣਾ ਤ੍ਰੈਗਣ ਮਾਇਆ ਜੰਜਾਲ ਕਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਮੇਰਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਏਸੇ ਸਾਲ ਕਾ, ਸਾਲਸ ਹੋ ਕੇ ਧਿਆਨ ਲਗਾਈਆ । ਮੈਂ ਨਜ਼ਾਰਾ ਤੱਕਣਾ ਚਾਹੁੰਦੀ ਕਾਲ ਮਹਾਕਾਲ ਕਾ, ਚਿਤ੍ਰਗੁਪਤ ਰਾਏ ਧਰਮ ਨਾਲ ਮਿਲਾਈਆ । ਮੇਰਾ ਲੇਖਾ ਵੇਖ ਲੈ ਨੌ ਸੌ ਚੁਰਾਨਮੇਂ ਚੌਕੜੀ ਜੁਗ ਘਾਲ ਕਾ, ਜੁਗ ਜੁਗ ਨਿਤ ਨਵਿਤ ਤੇਰੀ ਸੇਵ ਕਮਾਈਆ । ਮੇਰਾ ਮਜ਼ਮੂਨ ਤੱਕ ਲੈ ਅਗੰਮੇ ਸਵਾਲ ਕਾ, ਸਵਾਲਣ ਹੋ ਕੇ ਮੰਗ ਮੰਗਾਈਆ । ਮੈਂ ਨਗਾਰਾ ਸੁਣਨਾ ਚਾਹੁੰਦੀ ਤੇਰੇ ਇਕੋ ਤਾਲ ਕਾ, ਤਾਲ ਤਲਵਾੜਾ ਦੀਨ ਦੁਨੀ ਬਦਲਾਈਆ । ਲੇਖਾ ਰਹੇ ਨਾ ਕੂੜੇ ਧਨ ਮਾਲ ਕਾ, ਮੋਹ ਮਮਤਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਰਖ ਸਾਇਆ ਹੇਠਾ, ਸਾਹਿਬ ਸਵਾਮੀ ਅੰਤਰਜਾਮੀ ਆਪਣੀ ਦਇਆ ਕਮਾਈਆ । ਤੇਰਾ ਵਕਤ ਸੁਹੰਜਣਾ ਹੋਵੇ ਪੰਚਮ ਜੇਠਾ, ਸੰਮਤ ਸ਼ਹਿਨਸ਼ਾਹੀ ਨਵ ਵੱਜੇ ਵਧਾਈਆ । ਤੇਰਾ ਦੁਲਾਰਾ ਦੂਲ੍ਹਾ ਇਕੋ ਸਤਿਗੁਰ ਸ਼ਬਦ ਹੋਵੇ ਬੇਟਾ, ਦੋ ਜਹਾਨਾਂ ਵੇਖ ਵਖਾਈਆ । ਤੇਰੇ ਯਾਰੜੇ ਸਥਰ ਹੋਵੇ ਲੇਟਾ, ਦੂਸਰ ਸੇਜ ਨਾ ਕੋਇ ਸੁਹਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਗਗਨ ਪਾਤਾਲਾਂ ਹੋਵੇ ਖੇਵਟ ਖੇਟਾ, ਦੋ ਜਹਾਨਾਂ ਵੇਖੇ ਚਾਈਂ ਚਾਈਆ । ਮੇਰੇ ਮਹਿਬੂਬਾ ਤੇਰਾ ਉਚ ਅਗੰਮ ਅਰੂਜਾ ਭੁਲ ਜਾਵੀਂ ਨਾ ਮੇਰਾ ਚੇਤਾ, ਚੇਤਨ ਹੋ ਕੇ ਸੀਸ ਨਿਵਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਇਕੋ ਨੇਤਾ, ਨਰ ਨਰਾਇਣ ਤੇਰੀ ਵਡ ਵਡਿਆਈਆ । ਸਾਹਿਬ ਸਤਿਗੁਰ ਜਨ ਭਗਤਾਂ ਕਰਨਾ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਤਮੰਨਾ ਅਗੰਮੀ ਖ਼ਾਹਿਸ਼, ਮਨ ਮਤ ਬੁਧ ਤੋਂ ਬਾਹਰ ਜਣਾਈਆ । ਨਿਰਗੁਣ ਧਾਰ ਨਿਰਵੈਰ ਤੇਰੇ ਮਿਲਣ ਦੀ ਆਸ, ਦੂਸਰ ਓਟ ਨਾ ਕੋਇ ਤਕਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰੀ ਦੱਸ ਕੇ ਗਏ ਬਾਤ, ਬਾਤਨ ਪਰਦਾ ਦੇ ਖੁਲਾਈਆ । ਤੁਧ ਬਿਨ ਕੋਇ ਨਾ ਮੇਟੇ ਅੰਧੇਰੀ ਰਾਤ, ਦੀਨਾਂ ਮਜ਼੍ਹਬਾਂ ਝਗੜਾ ਨਾ ਕੋਇ ਚੁਕਾਈਆ । ਤੇਰਾ ਨਾਮ ਕਲਮਾ ਇਕੋ ਹੋਵੇ ਗਾਥ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਏਥੇ ਓਥੇ ਨੌਜਵਾਨਾ ਸ੍ਰੀ ਭਗਵਾਨਾ ਤੇਰੀ ਹੋਵੇ ਰਾਸ, ਬਿਨ ਗੋਪੀ ਕਾਹਨ ਆਪਣਾ ਖੇਲ ਖਿਲਾਈਆ । ਤੇਰਾ ਖੇਲ ਤੱਕੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਵਿਸ਼ਨ ਵੇਖਣ ਨੈਣ ਉਠਾਈਆ । ਮੇਰੇ ਸਾਹਿਬ ਸਤਿਗੁਰ ਸਦਾ ਭਗਤਾਂ ਵਸਣਾ ਪਾਸ, ਕਰਵਟ ਦੀਨ ਦੁਨੀ ਬਦਲਾਈਆ । ਭਾਗ ਲਗਾਉਣਾ ਕਾਇਆ ਮਾਟੀ ਤਨ ਵਜੂਦ ਕਰਨਾ ਪ੍ਰਕਾਸ਼, ਅੰਧ ਅੰਧੇਰਾ ਦੇਣਾ ਗਵਾਈਆ । ਕਵਲ ਨਾਭੀ ਨਿਝਰ ਝਿਰਨਾ ਦੇਣੀ ਬੂੰਦ ਸਵਾਂਤ, ਅਗਨੀ ਤਤ ਬੁਝਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਆਤਮ ਬ੍ਰਹਮ ਦੇਣਾ ਸਮਝਾਈਆ । ਤੂੰ ਸਾਹਿਬ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਵਡ ਵਡਿਆਈਆ । ਧਰਨੀ ਕਹੇ ਮੇਰੇ ਉਤੋਂ ਕਲਜੁਗ ਰੈਣ ਅੰਧੇਰੀ ਮੇਟ ਦੇ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਸਦੀ ਚੌਧਵੀਂ ਅੰਤਮ ਮੇਰੀ ਪੁਛ ਵਾਤ, ਵਾਤਾਵਰਨ

੯੪੫
੨੩

ਤੱਕ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਧਰਨੀ ਸੁਣ ਸ਼ਬਦ ਅਗੰਮੀ ਗਾਥ, ਜਗਤ ਸ਼ਾਸਤਰਾਂ ਬਾਹਰ ਦ੍ਰਿੜਾਈਆ । ਕਿਰਪਾ ਕਰੇ ਪੁਰਖ ਸਮਰਾਥ, ਹਰਿ ਕਰਤਾ ਧੁਰਦਰਗਾਹੀਆ । ਹੋਏ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣਿਆਂ ਗੋਦ ਟਿਕਾਈਆ । ਕਲਜੁਗ ਕੂੜੀ ਕਿਰਿਆ ਅਗਨ ਦਾ ਤੱਕੇ ਰਾਥ, ਚਾਰੋਂ ਕੁੰਟ ਖੋਜ ਖੁਜਾਈਆ । ਸਭ ਦਾ ਲਹਿਣਾ ਦੇਣਾ ਅੰਤਮ ਪੂਰਾ ਕਰੇ ਹੱਥੋਂ ਹਾਥ, ਮਕਰੂਜ਼ ਕਰਜ਼ਾ ਰਿਹਾ ਚੁਕਾਈਆ । ਦੀਨਾਂ ਮਜ਼੍ਹਬਾਂ ਵੇਖੇ ਪੂਜਾ ਪਾਠ, ਸਿਮਰਨ ਜੋਗ ਅਭਿਆਸ ਖੋਜ ਖੁਜਾਈਆ । ਤੀਰਥ ਵੇਖੇ ਅੱਠ ਸਾਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੋਲ ਫੁਲਾਈਆ । ਲਹਿਣਾ ਦੇਣਾ ਤੱਕੇ ਮੰਦਰ ਮਸਜਿਦ ਸ਼ਿਵਦਵਾਲੇ ਮਾਠ, ਗੁਰੂਦਵਾਰ ਗੁਰ ਗੁਰ ਧਿਆਨ ਲਗਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਵੇਖੇ ਕੰਢਾ ਘਾਟ, ਕਵਣ ਪਤਣ ਸੋਭਾ ਪਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦੀ ਤੱਕੇ ਵਾਟ, ਕਵਣ ਵੇਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚ ਦੀ ਕਰਨੀ ਕਾਰ ਕਮਾਵਾਂਗਾ । ਦੀਨ ਦਿਆਲ ਇਕ ਅਖਵਾਵਾਂਗਾ । ਗੁਰਮੁਖ ਗੁਰਸਿਖ ਚੁਰਾਸੀ ਵਿਚੋਂ ਭਾਲ, ਭਾਂਡਾ ਭਰਮ ਭਉ ਭੰਨਾਵਾਂਗਾ । ਹਰਿਜਨ ਬਣਾ ਕੇ ਧੁਰ ਦੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਵਾਂਗਾ । ਭਾਗ ਲਗਾ ਕੇ ਕਾਇਆ ਮਾਟੀ ਖਾਲ, ਜੋਤ ਨੂਰ ਨੂਰ ਚਮਕਾਵਾਂਗਾ । ਫਲ ਲਗਾ ਕੇ ਤਤਾਂ ਵਾਲੇ ਡਾਲ, ਅੰਮ੍ਰਿਤ ਰਸ ਰਸ ਚੁਆਵਾਂਗਾ । ਘਰ ਦੀਪਕ ਜੋਤ ਅਗੰਮਾ ਬਾਲ, ਬਿਨ ਤੇਲ ਬਾਤੀ ਰੁਸ਼ਨਾਵਾਂਗਾ । ਕਾਇਆ ਮੰਦਰ ਬਣਾ ਕੇ ਸੱਚੀ ਧਰਮਸਾਲ, ਬੋਧ ਅਗਾਧੀ ਸ਼ਬਦ ਦ੍ਰਿੜਾਵਾਂਗਾ । ਜਨ ਭਗਤ ਸੁਹੇਲੇ ਆਪ ਉਠਾਲ, ਸੋਈ ਸੁਰਤੀ ਆਪ ਜਗਾਵਾਂਗਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਰੁਸ਼ਨਾਵਾਂਗਾ । ਸੰਬਲ ਬਹਿ ਕੇ ਕਰ ਸੰਭਾਲ, ਸਤਿ ਸਚ ਨਾਮ ਪ੍ਰਗਟਾਵਾਂਗਾ । ਜਨ ਭਗਤਾਂ ਪੋਹ ਨਾ ਸਕੇ ਕਾਲ, ਹਰਿਜਨ ਆਪਣੀ ਗੋਦ ਬਹਾਵਾਂਗਾ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰੋਂ ਕੁੰਟ ਕਰ ਕੇ ਭਾਲ, ਜੁਗ ਜਨਮ ਦੇ ਵਿਛੜੇ ਮੇਲ ਮਿਲਾਵਾਂਗਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਖੇਲ ਖਿਲਾਵਾਂਗਾ । ਰੁੱਤ ਸੁਹੰਜਣੀ ਵਕਤ ਸੁਹੰਜਣਾ ਹੋਵੇ ਨਾਲ, ਸਤਿ ਧਰਮ ਧਰਮ ਪ੍ਰਗਟਾਵਾਂਗਾ । ਇਕੋ ਮਾਣ ਦਵਾ ਕੇ ਸ਼ਾਹ ਕੰਗਾਲ, ਰਾਜ ਰਾਜਾਨਾ ਪੰਧ ਮੁਕਾਵਾਂਗਾ । ਹਰਿਜਨ ਬਣਾ ਕੇ ਆਪਣੇ ਬਾਲ, ਬਾਲੀ ਬੁਧ ਆਪ ਸਮਝਾਵਾਂਗਾ । ਦਿਵਸ ਰੈਣ ਕਰ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਜੋਤ ਅਕਾਲੀ ਆਪਣੀ ਖੇਲ ਖਿਲਾਵਾਂਗਾ ।

✪ ੧੧ ਜੇਠ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਨਿਵਾਸੀਆਂ
ਦਲੀਪ ਸਿੰਘ, ਰਤਨ ਸਿੰਘ, ਸੁਲਖਣ ਸਿੰਘ, ਜਰਨੈਲ ਸਿੰਘ, ਕੁਲਵੰਤ ਸਿੰਘ, ਪ੍ਰੀਤਮ ਸਿੰਘ,
ਕਸ਼ਮੀਰ ਸਿੰਘ, ਬਲਕਾਰ ਸਿੰਘ, ਭਜਨ ਸਿੰਘ, ਕੇਹਰ ਸਿੰਘ, ਜਗੀਰ ਸਿੰਘ,
ਜਸਬੀਰ ਸਿੰਘ, ਈਸ਼ਰ ਸਿੰਘ, ਭਾਨ ਸਿੰਘ ਦੇ ਨਵਿਤ ✪

ਧਰਨੀ ਕਹੇ ਮੇਰਾ ਭਾਗ ਹੋਇਆ ਉਦਾ, ਉਦਮ ਨਾਲ ਦਿਆਂ ਜਣਾਈਆ । ਮੈਨੂੰ ਸਾਰੇ ਕਹਿੰਦੇ ਬਸੁਧਾ, ਸੁਧ ਸਭ ਦੀ ਵੇਖ ਵਖਾਈਆ । ਮੇਰਾ ਲਹਿਣਾ ਜੁਗ ਜੁਗਾ, ਜੁਗ ਚੌਕੜੀ ਖੇਲ ਚਲੀ ਆਈਆ । ਮੇਰਾ ਪਰਮ ਪੁਰਖ ਪੁਰਖੋਤਮ ਉਘਾ, ਉਗਣ ਆਥਣ ਹੋਏ ਸਹਾਈਆ । ਉਹਦੇ ਪ੍ਰੇਮ ਦਾ ਇਕੋ ਮੁੱਦਾ, ਮੁੱਦਤ ਦੇ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਉਤੇ ਜੁਗ ਚੌਕੜੀ ਬੀਤੇ, ਆਪਣਾ ਆਪਣਾ ਪੰਧ ਮੁਕਾਈਆ । ਭਗਤ ਭਗਵਾਨ ਦੀ ਚਲਦੀ ਰਹੀ ਰੀਤੇ, ਜੁਗ ਜੁਗ ਵਜਦੀ ਰਹੀ ਵਧਾਈਆ । ਮਾਣ ਮਿਲਦੇ ਰਹੇ ਤ੍ਰੈਗੁਣ ਅਤੀਤੇ, ਤ੍ਰੈਭਵਨ ਧਨੀ ਹੋਏ ਆਪ ਸਹਾਈਆ । ਕਾਇਆ ਚੋਲੇ ਹੁੰਦੇ ਰਹੇ ਠੰਡੇ ਸੀਤੇ, ਅਗਨੀ ਤਤ ਬੁਝਾਈਆ । ਜਨ ਭਗਤ ਸੁਹੇਲੇ ਬਣਦੇ ਰਹੇ ਮੀਤੇ, ਮਿਤਰ ਪਿਆਰਾ ਰਾਮ ਸਖਾਈਆ । ਖੇਲ ਹੁੰਦੇ ਰਹੇ ਹਸਤ ਕੀਟੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ
੯੪੬ ੨੩ ਕਹੇ ਜੁਗ ਚੌਕੜੀ ਪ੍ਰਭੂ ਵਿਵਹਾਰ, ਨਿਰਗੁਣ ਸਰਗੁਣ ਧਾਰ ਚਲਾਈਆ । ਨਿਤ ਨਵਿਤ ਲਏ ਅਵਤਾਰ, ਖੇਲ ਕਰੇ ਬੇਪ੍ਰਵਾਹੀਆ । ਜਗਤ ਭਗਤ ੯੪੬ ੨੩
ਦੇਵੇ ਤਾਰ, ਤਾਰਨਹਾਰ ਵਡ ਵਡਿਆਈਆ । ਸਿਮਰਨ ਪੂਜਾ ਪਾਠ ਦੇ ਅਧਾਰ, ਲੇਖਾ ਲੇਖੇ ਵਿਚ ਰਖਾਈਆ । ਕਲਜੁਗ ਅੰਤ ਕਲ ਕਲਕੀ ਲਏ ਅਵਤਾਰ, ਕਲ ਕਲੇਸ਼ਾ ਦਏ ਮਿਟਾਈਆ । ਗੁਰਮੁਖ ਲਾ ਪ੍ਰੇਮ ਦੀ ਕਾਰ, ਸੇਵਾ ਸਚ ਸਚ ਸਮਝਾਈਆ । ਹਰਿ ਸੰਗਤ ਕਾਰਨ ਦਿਵਸ ਰੈਣ ਭੱਜਣ ਵਾਰੋ ਵਾਰ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰਾ ਖ਼ੁਸ਼ੀਆਂ ਵਾਲਾ ਇਹ ਸਾਲ, ਖ਼ੁਸ਼ੀ ਵਿਚ ਜਣਾਈਆ । ਜਨ ਭਗਤ ਸੁਹੇਲੇ ਪ੍ਰਭੂ ਦੇ ਲਾਲ, ਲਾਲਨ ਰੰਗ ਰੰਗਾਈਆ । ਜਿਨ੍ਹਾਂ ਦਿਵਸ ਰੈਣ ਘਾਲੀ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਉਨ੍ਹਾਂ ਦੀ ਸੰਬਲ ਬਹਿ ਕੇ ਕਰੇ ਸੰਭਾਲ, ਸੰਬਲ ਦਾ ਮਾਲਕ ਅਗੰਮ ਅਥਾਹੀਆ । ਧਰਮ ਦੀ ਧਾਰ ਉਪਜਾ ਕੇ ਬਾਲ, ਸਿਰ ਆਪਣਾ ਹੱਥ ਟਿਕਾਈਆ । ਮਾਰਗ ਦੇ ਸੁਖਾਲ, ਸੁਖ ਸਾਗਰ ਵਿਚ ਸਮਾਈਆ । ਜਗਤ ਤੋੜ ਜੰਜਾਲ, ਜਾਗਰਤ ਜੋਤ ਵਿਚ ਟਿਕਾਈਆ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਇਕੋ ਰੰਗ ਰੰਗਾਈਆ । ਸਚ ਦਵਾਰੇ ਆਪ ਬਹਾਲ, ਦਰਗਾਹ ਸਾਚੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਮੈਂ ਆਦਿ ਅੰਤ ਦੀ ਭੇਤੀ, ਪੂਰਬ ਲੇਖ ਜਣਾਈਆ । ਜੋ ਗੁਰਮੁਖ ਕਿਰਸਾਣਾ ਕਰਦੇ ਖੇਤੀ, ਫਿਰਨ ਚਾਈਂ ਚਾਈਂਆ । ਇਹ ਰਾਮ ਦੇ ਨੇਤਨ ਨੇਤੀ, ਨੇਰਨ ਨੇਰਾ ਸੋਭਾ ਪਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਮੁਕਿਆ ਵਾਰ ਏਕੀ, ਏਕੰਕਾਰ ਦਏ ਵਡਿਆਈਆ । ਜੋ ਇਸ਼ਾਰਾ

ਕੀਤਾ ਸੀਤਾ ਜਨਕ ਸਪੁਤਰੀ ਬੇਟੀ, ਬਿਨ ਅੱਖਾਂ ਅੱਖ ਉਠਾਈਆ । ਕਲਜੁਗ ਅੰਤਮ ਪ੍ਰਭ ਵਟਾਏ ਵੇਸ ਅਨੇਕੀ, ਅਕਲ ਕਲਧਾਰੀ ਕਲ ਪ੍ਰਗਟਾਈਆ । ਸਭ ਦਾ ਲਹਿਣਾ ਦੇਣਾ ਮੁਕਾਏ ਛੇਤੀ, ਛਤਰਧਾਰੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਜਨ ਭਗਤ ਸੁਹੇਲੇ ਕਰਨ ਕਾਮ, ਦਿਵਸ ਰੈਣ ਖ਼ੁਸ਼ੀ ਬਣਾਈਆ । ਲਹਿਣਾ ਦੇਣਾ ਪੂਰਾ ਹੋਇਆ ਰਾਮ, ਰਮਈਆ ਆਪਣਾ ਰੰਗ ਰੰਗਾਈਆ । ਜਿਨ੍ਹਾਂ ਗੁਰਮੁਖਾਂ ਦੇ ਉਪਰ ਲਿਖੇ ਜਾਣੇ ਨਾਮ, ਸੋ ਨਾਮ ਨਿਧਾਨਾ ਝੋਲੀ ਪਾਈਆ । ਅੰਮ੍ਰਿਤ ਰਸ ਮਿਲੇ ਜਾਮ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਭਾਗ ਲੱਗੇ ਨਗਰ ਖੇੜੇ ਗਰਾਮ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਦੇਵੇ ਧੁਰ ਦਾ ਨਾਮ, ਵਸਤ ਅਮੋਲਕ ਅਗੰਮ ਅਥਾਹ ਵਰਤਾਈਆ ।

## ✪ ੧੫ ਜੇਠ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਦਿੱਲੀ ਵਿਖੇ ✪

ਕਲਜੁਗ ਕਹੇ ਧਰਨੀ ਮੇਰੇ ਚਰਨ ਕਵਲ ਟੇਕ ਮੱਥਾ, ਬਿਨਾ ਮਸਤਕ ਧੂੜੀ ਖ਼ਾਕ ਲੈ ਰਮਾਈਆ । ਮੇਰੀ ਦੀਨ ਦੁਨੀ ਜਗਤ ਜਹਾਨ ਤੋਂ ਬਾਹਰ ਸੁਣ ਕਥਾ, ਬਿਨ ਕਥਨੀ ਤੋਂ ਦਿਆਂ ਦ੍ਰਿੜਾਈਆ । ਸਚ ਸਦੇਸ਼ਾ ਦੱਸਾਂ ਯਥਾਰਥ ਯਥਾ, ਯਦਪ ਯਦੀ ਦਿਆਂ ਜਣਾਈਆ । ਚਾਰ ਕੁੰਟ ਨਿਗਾਹ ਮਾਰ ਲੈ ਸਭ ਦੇ ਵੇਖ ਖ਼ਾਲੀ ਹੱਥਾ, ਵਸਤ ਅਮੋਲਕ ਹੱਥ ਕਿਸੇ ਨਾ ਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮੇਰਾ ਚਲਦਾ ਕੂੜ ਦਾ ਰਥਾ, ਰਥਵਾਹੀ ਹੋ ਕੇ ਭੱਜਾਂ ਵਾਹੋ ਦਾਹੀਆ । ਮਨ ਕਲਪਣਾ ਸਭ ਨੂੰ ਪਾਈ ਨੱਥਾ, ਅੰਤਰ ਨਿਰੰਤਰ ਡੋਰੀ ਲਈ ਬਣਾਈਆ । ਜਗਤ ਜਹਾਨ ਵੇਖ ਲੈ ਸਥਰ ਲੱਥਾ, ਯਾਰੜਾ ਸੇਜ ਨਾ ਕੋਇ ਹੰਢਾਈਆ । ਨਾਮ ਨਿਧਾਨਾ ਕਿਸੇ ਨਜ਼ਰ ਨਾ ਆਏ ਅਗੰਮਾ ਤੀਰ ਭੱਥਾ, ਸ਼ਬਦ ਅਣਿਆਲਾ ਤੀਰ ਨਾ ਕੋਇ ਚਲਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਤਮ ਧਾਰ ਮਿਲੇ ਕਿਸੇ ਨਾ ਰਸਾ, ਰਸਤਾ ਦੀਨ ਦੁਨੀ ਦਿਤਾ ਬਦਲਾਈਆ । ਮੈਂ ਚਾਰੋਂ ਕੁੰਟ ਖਿੜ ਖਿੜ ਹੱਸਾ, ਹਸਤੀ ਆਪਣੀ ਰਿਹਾ ਵਖਾਈਆ । ਜਿਧਰ ਤੱਕੋ ਅੰਧੇਰੀ ਮੱਸਾ, ਨੂਰੀ ਚੰਦ ਨਾ ਕੋਇ ਚਮਕਾਈਆ । ਧਰਨੀ ਕਹੇ ਕਲਜੁਗ ਇਹ ਖੇਲ ਮੇਰੇ ਸਾਹਿਬ ਦੇ ਵੱਸਾ, ਜੋ ਵਾਸਤਕ ਇਕੋ ਨਜ਼ਰੀ ਆਈਆ । ਜਿਸ ਨੇ ਹੋੜਾ ਵਖਾਇਆ ਉਪਰ ਸੱਸਾ, ਸੋ ਸਤਿਗੁਰ ਧੁਰਦਰਗਾਹੀਆ । ਹੰ ਬ੍ਰਹਮ ਜਿਸ ਦਾ ਖੇਲ ਅਲਖਾ, ਅਲਖ ਅਗੋਚਰ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਨੀ ਮੇਰਾ ਵੇਖ ਲੈ ਹੱਥ, ਸਚ ਸਚ ਨਾਲ ਦ੍ਰਿੜਾਈਆ । ਮੈਂ ਮਾਣ ਰਹਿਣ ਨਹੀਂ ਦਿਤਾ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਂਆ । ਧਰਮ ਰਿਹਾ ਕਿਸੇ ਨਾ ਮੰਦਰ ਮਠ, ਸ਼ਿਵਦਵਾਲੇ ਚਰਚ ਮਸਜਿਦਾਂ ਦੇਣ ਗਵਾਹੀਆ । ਮੇਰਾ ਖੇਲ ਤੱਕ ਲੈ ਘਟ ਘਟ, ਹਰ ਘਟ ਅੰਦਰ ਆਪਣਾ ਡੇਰਾ ਲਾਈਆ । ਸ਼ਰਅ ਸ਼ਰੀਅਤ ਦੀ ਪਾ ਕੇ ਵੱਟ, ਦੀਨ ਦੁਨੀ ਰਿਹਾ ਲੜਾਈਆ । ਸਚ ਨਾਮ ਮਿਲੇ ਕਿਸੇ ਨਾ ਹੱਟ, ਵਸਤ ਹਕ ਨਾ ਕੋਇ ਵਰਤਾਈਆ । ਭਾਗ ਲੱਗੇ ਨਾ

ਕਾਇਆ ਮੱਟ, ਜਗਤ ਜਗਿਆਸੂਆਂ ਸਾਢੇ ਤਿੰਨ ਹੱਥ ਨਾ ਕੋਇ ਰੁਸ਼ਨਾਈਆ । ਮਨੂਆ ਮੇਰੀ ਮਨਸਾ ਵਿਚ ਨਟੂਆ ਵੇਖ ਲੈ ਨਟ, ਦਿਵਸ ਰੈਣ ਨੱਚੇ ਟੱਪੇ ਚਾਈਂ ਚਾਈਆ । ਅੰਮ੍ਰਿਤ ਰਸ ਨਿਝਰ ਝਿਰਨੇ ਬੂੰਦ ਸਵਾਂਤੀ ਸਕੇ ਕੋਈ ਨਾ ਚੱਟ, ਪਾਰਬ੍ਰਹਮ ਬ੍ਰਹਮ ਮਿਲਣ ਕੋਇ ਨਾ ਪਾਈਆ । ਧਰਮ ਧਾਰ ਦਾ ਬੁਰਜ ਗਿਆ ਢੱਠ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਮੈਂ ਸਭ ਦੀ ਨਵ ਸੱਤ ਉਲਟੀ ਗੇੜੀ ਲੱਠ, ਚੱਕਰ ਨਾਲ ਚਕ੍ਰਵਰਤੀ ਦਿਤੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਕਲਜੁਗ ਨਾ ਕਰ ਜਗਤ ਬਗ਼ਾਵਤ, ਬਗ਼ਲਗੀਰ ਹੋ ਕੇ ਦੇ ਵਖਾਈਆ । ਗ੍ਰਿਹ ਗ੍ਰਿਹ ਨਾ ਕਰ ਅਦਾਵਤ, ਦੂਤੀ ਦੁਸ਼ਮਣ ਆਪਣਾ ਰੂਪ ਬਦਲਾਈਆ । ਤਨ ਵਜੂਦ ਨਾ ਵਖਾ ਰਿਕਾਬਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰੀ ਕਰਮ ਕਾਂਡ ਦੀ ਦਾਅਵਤ, ਅਦਲ ਇਨਸਾਫ਼ ਹੱਥ ਕਿਸੇ ਨਾ ਆਈਆ । ਉਹ ਤੱਕ ਮੇਰਾ ਮਹਿਬੂਬ ਜਗਤ ਜਹਾਨ ਕਰਨ ਵਾਲਾ ਸਖ਼ਾਵਤ, ਰਹਿਮਤ ਵਿਚ ਰਹਿਮਾਨ ਇਕੋ ਨਾਮ ਵਰਤਾਈਆ । ਤੇਰੀ ਕੂੜ ਕਿਰਿਆ ਰਹੇ ਨਾ ਕੋਇ ਬਨਾਵਟ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਨੀ ਪੂਰਬ ਕਰ ਲੈ ਚੇਤੇ, ਚੇਤਨ ਹੋ ਕੇ ਧਿਆਨ ਲਗਾਈਆ । ਤੇਰੇ ਉਤੇ ਅਵਤਾਰ ਪੈਗੰਬਰ ਗੁਰੂ ਹੋ ਕੇ ਗਏ ਕੇਤੇ, ਕੇਤੇ ਆਪਣੀਆਂ ਫੇਰੀਆਂ ਪਾਈਆ । ਦੀਨਾਂ ਮਜ਼੍ਹਬਾਂ ਬਣ ਕੇ ਗਏ ਨੇਤੇ, ਹੁਕਮ ਸ਼ਰਅ ਵਾਲੇ ਚਲਾਈਆ । ਅੰਤਮ ਰਣ ਭੂਮੀ ਸੁੱਤੇ ਕੇਤੇ ਕੇਤੇ, ਖੇਵਟ ਖੇਟਾ ਨਜ਼ਰ ਕੋਇ ਨਾ ਆਈਆ । ਜੋ ਪੁਰਖ ਅਕਾਲ ਦੇ ਬਣ ਗਏ ਬੇਟੇ, ਪਿਤਾ ਇਕੋ ਇਕ ਸੁਣਾਈਆ । ਉਨ੍ਹਾਂ ਦੇ ਨਾਮ ਕਲਮੇ ਮੈਂ ਤੇਰੇ ਉਤੇ ਵੇਖੇ, ਚਾਰੋਂ ਕੁੰਟ ਧਿਆਨ ਲਗਾਈਆ । ਸ਼ਰਅ ਵਿਚ ਬੱਝੇ ਵੇਖੇ ਮੁੱਲਾ ਸ਼ੇਖ਼ੇ, ਪੰਡਤ ਪਾਂਧੇ ਆਪਣੇ ਤੰਦ ਬੰਧਾਈਆ । ਮੇਰੇ ਕੋਲ ਸਭ ਦੇ ਲੇਖੇ, ਬਿਨਾ ਲਿਖਤ ਤੋਂ ਦਿਆਂ ਜਣਾਈਆ । ਮੇਰੇ ਸਭ ਤੋਂ ਅਵੱਲੜੇ ਭੇਖੇ, ਭੇਖਾਧਾਰੀ ਮੈਨੂੰ ਦਿਤੀ ਵਡਿਆਈਆ । ਮੈਂ ਸਤਿ ਧਰਮ ਦੀ ਮੇਟੀ ਰੇਖੇ, ਰਿਖੀ ਮੁਨੀ ਸਾਰੇ ਦਿਤੇ ਭੁਲਾਈਆ । ਮੈਂ ਸੰਦੇਸ਼ ਸੁਣੇ ਦਸ ਦਸਮੇਸ਼ੇ, ਜੋ ਨਿਰਗੁਣ ਸਰਗੁਣ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਕਲਜੁਗ ਤੇਰਾ ਖੇਲ ਜਗਤ ਅਣਹੋਣਾ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਇਆ ਮਮਤਾ ਮੋਹ ਵਿਕਾਰ ਜਗਤ ਸੰਸਾਰ ਵਿਛਿਆ ਵਿਛੌਣਾ, ਕੂੜ ਕਿਰਿਆ ਬੈਠੀ ਆਸਣ ਲਾਈਆ । ਸਤਿ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੇਰੇ ਵਿਚ ਹੁਕਮ ਇਕ ਸੁਣਾਉਣਾ, ਸੰਦੇਸਾ ਧੁਰ ਦਾ ਦਿਆਂ ਜਣਾਈਆ । ਜਿਸ ਤੇਰਾ ਕੂੜ ਕੁੜਿਆਰ ਦਾ ਵਕਤ ਚੁਕਾਉਣਾ, ਮਾਇਆ ਮਮਤਾ ਮੋਹ ਮੇਟ ਮਿਟਾਈਆ । ਵਰਨਾਂ ਬਰਨਾਂ ਡੇਰਾ ਢਾਉਣਾ, ਦੀਨਾਂ ਮਜ਼੍ਹਬਾਂ ਕਰੇ ਸਫ਼ਾਈਆ । ਊਚਾਂ ਨੀਚਾਂ ਇਕੋ ਰੰਗ ਰੰਗਾਉਣਾ, ਜ਼ਾਤ ਪਾਤ ਲੇਖਾ ਰਹੇ ਨਾ ਰਾਈਆ । ਆਤਮ ਬ੍ਰਹਮ ਸਰਬ ਸਮਝਾਉਣਾ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਧੁਰ ਦਾ ਸ਼ਬਦ ਇਕ ਦ੍ਰਿੜਾਉਣਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਨਾਮ ਕਲਮਾ ਇਕ ਪੜ੍ਹਾਉਣਾ, ਜਿਸ ਦੀ ਸ਼ਰਅ ਵੰਡ ਨਾ ਕੋਇ ਵੰਡਾਈਆ । ਸਤਿ ਦਵਾਰਾ ਇਕ ਸੁਹਾਉਣਾ, ਚਾਰ ਵਰਨਾ ਇਕੋ ਘਰ ਟਿਕਾਈਆ । ਸਤਿ ਧਰਮ ਦਾ ਸਾਚਾ ਮਾਰਗ ਲਾਉਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਆਪ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੬੪੮
੨੩

ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕਲਜੁਗ ਕਹੇ ਧਰਨੀ ਮੈਂ ਸੂਰਬੀਰ ਨੌਜਵਾਨਾ, ਕਲਕਾਤੀ ਇਕ ਅਖਵਾਈਆ । ਮੈਂ ਵੇਖਾਂ ਸ਼ਾਹ ਸੁਲਤਾਨਾਂ, ਜੀਵ ਜਹਾਨਾ ਧਿਆਨ ਲਗਾਈਆ । ਸੂਰਬੀਰ ਬਣ ਮਰਦ ਮਰਦਾਨਾ, ਬਲਧਾਰੀ ਆਪਣਾ ਪਰਦਾ ਦਿਆਂ ਚੁਕਾਈਆ । ਖੇਲਾਂ ਖੇਲ ਵਿਚ ਜਹਾਨਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫੋਲ ਫੁਲਾਈਆ । ਨਵ ਸੱਤ ਪੰਚ ਵਿਕਾਰ ਕਾਮ ਪ੍ਰਧਾਨਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਕਿਸੇ ਦਾ ਰਹਿਣ ਦੇਵਾਂ ਨਾ ਕੋਇ ਨਿਸ਼ਾਨਾ, ਸਚ ਵਿਚ ਨਾ ਕੋਇ ਸਮਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਜੋ ਭਵਿਖਤਾਂ ਵਿਚ ਦਿਤਾ ਬਿਆਨਾ, ਸੋ ਲਹਿਣਾ ਸਭ ਦੀ ਝੋਲੀ ਪਾਈਆ । ਹੁਕਮ ਸੁਣ ਧੁਰ ਫ਼ਰਮਾਨਾ, ਸ਼ਬਦ ਅਗੰਮੀ ਦਿਆਂ ਦ੍ਰਿੜਾਈਆ । ਕੀ ਖੇਲ ਕਰੇ ਕਰਾਏ ਸ੍ਰੀ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਸਦੀ ਚੌਧਵੀਂ ਨਿਗਾਹ ਮਾਰਨੀ ਜ਼ਿਮੀਂ ਅਸਮਾਨਾਂ, ਚੌਦਾਂ ਤਬਕਾਂ ਫੋਲ ਫੁਲਾਈਆ । ਸਦੀ ਬੀਸਵੀਂ ਈਸਾ ਦੀ ਸੁਣੇ ਕਲਾਮਾ, ਕਾਇਨਾਤ ਤੋਂ ਬਾਹਰ ਖੋਜ ਖੁਜਾਈਆ । ਪ੍ਰਗਟ ਹੋ ਕੇ ਧੁਰ ਅਮਾਮਾ, ਅਮਲ ਵੇਖੇ ਦੀਨ ਦੁਨੀ ਥਾਉਂ ਥਾਈਂਆ । ਜਿਸ ਦਾ ਨੂਰ ਜ਼ਹੂਰ ਜਗਤ ਨਿਸ਼ਾਨਾ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਸੋ ਸਵਾਮੀ ਅੰਤਰਜਾਮੀ ਖੇਲ ਕਰੇ ਮਹਾਨਾ, ਮਹਿੰਮਾ ਕਥ ਕਥ ਵਡਿਆਈਆ । ਜਿਸ ਕਲਜੁਗ ਵਿਚ ਬਦਲ ਦੇਣਾ ਜ਼ਮਾਨਾ, ਸਤਿਜੁਗ ਸਤਿ ਧਰਮ ਵਖਾਈਆ । ਜਨ ਭਗਤਾਂ ਦੇ ਕੇ ਅੰਤਰ ਆਤਮ ਬ੍ਰਹਮ ਗਿਆਨਾ, ਅਨਦ੍ਰਿਸ਼ਟ ਅੱਖ ਖੁਲਾਈਆ । ਮਿਹਰਵਾਨ ਮਿਹਰਵਾਨ ਹੋ ਕੇ ਮਿਹਰਵਾਨਾ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਕਲਜੁਗ ਉਹ ਮੇਰਾ ਮੀਤ ਮੁਰਾਰਾ, ਅਪਰੰਪਰ ਸਵਾਮੀ ਇਕ ਅਖਵਾਈਆ । ਅਮਾਮ ਅਮਾਮਾ ਹੋਵੇ ਜ਼ਾਹਰਾ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਨੂੰ ਰਸੂਲਾਂ ਕਿਹਾ ਪਰਵਰਦਿਗਾਰਾ, ਸਾਂਝਾ ਯਾਰ ਇਕ ਅਖਵਾਈਆ । ਜਿਸ ਦੀਆਂ ਗੁਰੂਆਂ ਗਾਈਆਂ ਵਾਰਾ, ਸਿਫ਼ਤਾਂ ਵਿਚ ਸਲਾਹੀਆ । ਜਿਸ ਨੂੰ ਅਵਤਾਰਾਂ ਕੀਤੀਆਂ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜਿਸ ਦਾ ਭਵਿਖਤਾਂ ਵਿਚ ਕੀਤਾ ਇਸ਼ਾਰਾ, ਬਿਨਾ ਸੈਨਤ ਗਏ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਚੌਵ੍ਹੀਆਂ ਅਵਤਾਰਾ, ਚੌਬੀਸਾ ਜਗਦੀਸਾ ਇਕ ਅਖਵਾਈਆ । ਜਨ ਭਗਤਾਂ ਪਾਵੇ ਸਾਰਾ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਨਿਰਗੁਣ ਸਰਗੁਣ ਦਏ ਦੀਦਾਰਾ, ਦੀਦਾ ਦਾਨਿਸਤਾ ਨਜ਼ਰੀ ਆਈਆ । ਲਹਿਣਾ ਦੇਣਾ ਵੇਖੇ ਵਾਰੋ ਵਾਰਾ, ਵਾਰਸ ਹੋ ਕੇ ਖੋਜ ਖੁਜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰ ਪਿਆਰਾ, ਪਰਮ ਪੁਰਖ ਪ੍ਰਭ ਆਪਣੇ ਰੰਗ ਰੰਗਾਈਆ । ਹਰਿਜਨ ਸਾਚਾ ਬਣ ਕੇ ਮੀਤ ਮੁਰਾਰਾ, ਮਿਤਰ ਪਿਆਰਾ ਵੇਖੇ ਥਾਉਂ ਥਾਈਂਆ । ਰੂਹ ਬੁੱਤ ਆਦਿ ਅੰਤ ਦਾ ਜਾਣੇ ਇਕ ਕਿਨਾਰਾ, ਨਈਆ ਨੌਕਾ ਇਕੋ ਆਪਣਾ ਨਾਮ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਕਲਜੁਗ ਪੁਰਖ ਅਕਾਲਾ ਅਲਖ ਅਭੇਵ, ਅਗੋਚਰ ਕਹਿਣ ਕਿਛ ਨਾ ਪਾਈਆ । ਜੋ ਵਸਣਹਾਰਾ ਸਚਖੰਡ ਧਾਮ ਨਿਹਚਲ ਨਿਹਕੇਵ, ਦਰਗਾਹ ਸਾਚੀ ਸੋਭਾ ਪਾਈਆ । ਜੋ ਜੁਗ ਜੁਗ ਜਨ ਭਗਤਾਂ ਲੇਖੇ ਲਾਵੇ ਸੇਵ, ਸੇਵਕ ਆਪਣੇ ਰੰਗ ਰੰਗਾਈਆ । ਜਿਸ ਦੀ ਸਿਫ਼ਤ ਗਾ ਨਾ ਸਕੇ ਰਸਨਾ ਜਿਹਵ, ਬੱਤੀ ਦੰਦ

੯੪੯
੨੩

ਨਾ ਕੋਇ ਵਡਿਆਈਆ । ਸੋ ਸਤਿਗੁਰ ਹਰਿਜਨ ਅੰਤਰ ਨਿਰੰਤਰ ਨਾਮ ਨਿਧਾਨਾ ਦੇਵੇ ਅਗੰਮਾ ਮੇਵ, ਰਸਨਾ ਰਸ ਨਾ ਕੋਇ ਚਖਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਜਨ ਭਗਤਾਂ ਮਾਣ ਵਡਿਆਈ ਦੇਵੇ ਵਡ ਦੇਵੀ ਦੇਵ, ਦੇਵਤ ਸੁਰ ਆਪਣੀ ਖੇਲ ਖਿਲਾਈਆ । ਕਿਰਪਾ ਕਰ ਲੇਖੇ ਲਾਏ ਆਤਮ ਧਾਰ ਕੌਰ ਗੁਰਦੇਵ, ਸਚਖੰਡ ਨਿਵਾਸੀ ਜੋਤ ਪ੍ਰਕਾਸ਼ੀ ਪ੍ਰਕਾਸ਼ ਆਪਣੇ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨ ਹਰਿ ਕੌਸਤਕ ਮਣੀਆ ਮਸਤਕ ਲਾਵੇ ਥੇਵ, ਕਰਮ ਕਾਂਡ ਦਾ ਲੇਖਾ ਜਗਤ ਜਹਾਨ ਦਏ ਚੁਕਾਈਆ ।

### ✪ ੧੬ ਜੇਠ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਦਿੱਲੀ ਵਿਖੇ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਤੱਕੋ ਨਾਮ ਕਲਮੇ ਆਪਣੇ ਕਲਾਮ, ਕਾਇਨਾਤ ਅੰਤਰ ਨਿਰੰਤਰ ਧਿਆਨ ਲਗਾਈਆ । ਆਬੇ ਹਯਾਤ ਹਕੀਕੀ ਦੇਵੇ ਨਾ ਕੋਇ ਜਾਮ, ਅੰਮ੍ਰਿਤ ਰਸ ਬਿਨ ਰਸਨਾ ਨਾ ਕੋਇ ਚਖਾਈਆ । ਚਾਰੋਂ ਕੁੰਟ ਦਿਸੇ ਅੰਧੇਰੀ ਸ਼ਾਮ, ਨੂਰੀ ਚੰਦ ਨਾ ਕੋਇ ਚਮਕਾਈਆ । ਦੀਨ ਦੁਨੀ ਤੁਹਾਡੀ ਸ਼ਰਅ ਦੀ ਹੋਈ ਗ਼ੁਲਾਮ, ਸ਼ਰੀਅਤ ਜ਼ੰਜੀਰ ਨਾ ਕੋਇ ਤੁੜਾਈਆ । ਧੁਰ ਸੰਦਸ਼ਾ ਸੁਣੋ ਅਗੰਮਾ ਪੈਗ਼ਾਮ, ਜੋ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਰਿਹਾ ਦ੍ਰਿੜਾਈਆ । ਨਵ ਸੱਤ ਧਰਮ ਦਾ ਰਿਹਾ ਨਾ ਕੋਇ ਇੰਤਜ਼ਾਮ, ਬੰਦੋਬਸਤ ਸਚ ਨਾ ਕੋਇ ਵਖਾਈਆ । ਕੀ ਖੇਲ ਕਰੇ

ਧੁਰ ਦਾ ਮਾਹੀ ਅਗੰਮ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਝਗੜਾ ਤੱਕੋ ਤਨ ਵਜੂਦ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਜਗਤ ਵੇਖੋ ਦੀਨ ਦੁਨੀ ਆਪਣੀ ਧਾਰ, ਧਰਮ ਈਮਾਨ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੱਕੋ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਤਿ ਸਚ ਦੀਪਕ ਹੋਏ ਨਾ ਕੋਇ ਉਜਿਆਰ, ਨੂਰ ਨੁਰਾਨਾ ਨੂਰ ਨਾ ਕੋਇ ਰੁਸ਼ਨਾਈਆ । ਤੁਹਾਡੇ ਹੁੰਦਿਆਂ ਕਿਉਂ ਮੇਰੇ ਉਤੇ ਹੋਇਆ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਆਪਣਿਆਂ ਦੀਨਾਂ ਮਜ਼੍ਹਬਾਂ ਵਿਚ ਨਿਗਾਹ ਲਓ ਮਾਰ, ਬਿਨ ਨੈਣਾਂ ਨੈਣ ਉਠਾਈਆ । ਜਿਧਰ ਤੱਕੋ ਹੋਏ ਵਿਭਚਾਰ, ਕੂੜ ਕੁਕਰਮ ਭਰੀ ਲੋਕਾਈਆ । ਤੁਹਾਡੇ ਨਾਮ ਦਾ ਚੜ੍ਹੇ ਨਾ ਕੋਇ ਖ਼ੁਮਾਰ, ਮਸਤੀ ਵਿਚ ਨਾ ਕੋਇ ਸਮਾਈਆ । ਜਿਧਰ ਤੱਕੋ ਧੂੰਆਂਧਾਰ, ਅੰਧ ਅਗਿਆਨ ਨਾ ਕੋਇ ਮਿਟਾਈਆ । ਜੀਵਾਂ ਜੰਤਾਂ ਪਾਏ ਕੋਇ ਨਾ ਸਾਰ, ਮਹਾਸਾਰਥੀ ਨਜ਼ਰ ਕੋਇ ਨਾ ਆਈਆ । ਸ਼ਰਅ ਨਾਲ ਸ਼ਰਅ ਕਰੇ ਤਕਰਾਰ, ਨਾਮ ਕਲਮਾ ਝਗੜੇ ਵਿਚ ਦੇਵੇ ਦੁਹਾਈਆ । ਖੇਲ ਤੱਕੋ ਪਰਵਰਦਿਗਾਰ, ਕੀ ਸਾਂਝਾ ਯਾਰ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵਡ ਵਡਿਆਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਬਿਨ ਨੈਣਾਂ ਮਾਰੋ ਝਾਤੀ, ਬਿਨ ਨੈਣਾਂ ਧਿਆਨ ਲਗਾਈਆ । ਮੇਰੇ ਉਤੇ ਕੂੜ ਕੁਕਰਮ ਦੀ ਵੇਖੋ ਅੰਧੇਰੀ ਰਾਤੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਝਗੜਾ ਤੱਕੋ ਜ਼ਾਤ ਪਾਤੀ, ਵਰਨ ਬਰਨ ਰਹੇ ਕੁਰਲਾਈਆ । ਸਚ ਮਿਲੇ ਕਿਸੇ ਨਾ ਦਾਤੀ, ਵਸਤ ਅਮੋਲਕ

ਨਾ ਕੋਇ ਵਰਤਾਈਆ । ਅੰਮ੍ਰਿਤ ਬੂੰਦ ਦੇਵੇ ਨਾ ਕੋਇ ਸਵਾਂਤੀ, ਆਬੇ ਹਯਾਤ ਜਾਮ ਨਾ ਕੋਇ ਪਿਆਈਆ । ਰੂਹ ਬੁਤ ਪਿਆਰ ਮੁਹੱਬਤ ਦਿਸੇ ਕੋਇ ਨਾ ਨਾਤੀ, ਤਨ ਵਜੂਦ ਵੱਜੇ ਨਾ ਕੋਇ ਵਧਾਈਆ । ਨਿਗਾਹ ਮਾਰੋ ਲੋਕਮਾਤੀ, ਜਗਤ ਭੂਮੀ ਵੇਖ ਵਖਾਈਆ । ਤੁਸਾਂ ਖੇਲ ਖੇਲਿਆ ਮੇਰੀ ਉਤੇ ਛਾਤੀ, ਛਤਰਧਾਰੀ ਹੋ ਕੇ ਆਪਣਾ ਪੰਧ ਗਏ ਮੁਕਾਈਆ । ਧੁਰ ਸੰਦੇਸ਼ੇ ਨਾਮ ਕਲਮੇ ਦਿਤੇ ਦਾਤੀ, ਦਾਤੇ ਹੋ ਕੇ ਜਗਤ ਵਰਤਾਈਆ । ਅੰਤਮ ਆਪਣਿਆਂ ਸਿੱਖਾਂ ਮੁਰੀਦਾਂ ਪੁਛੋ ਵਾਤੀ, ਕਿਉਂ ਸਚਖੰਡ ਬੈਠੇ ਡੇਰਾ ਲਾਈਆ । ਜਨਮ ਕਰਮ ਦੇ ਵੇਖੋ ਖਾਤੀ, ਲਹਿਣੇ ਦੇਣੇ ਖੋਜ ਖੁਜਾਈਆ । ਆਪਣੀ ਮੰਜ਼ਲ ਪੰਧ ਤੱਕੋ ਵਾਟੀ, ਪੈਂਡਾ ਵੇਖੋ ਥਾਉਂ ਥਾਈਂਆ । ਸਾਚੀ ਮੰਜ਼ਲ ਜਗਤ ਜੀਵ ਚੜ੍ਹੇ ਕੋਇ ਨਾ ਘਾਟੀ, ਘਾਟਾ ਪੂਰ ਨਾ ਕੋਇ ਕਰਾਈਆ । ਆਪਣੀ ਧਰਮ ਦੀ ਧਾਰ ਤੱਕੋ ਹਾਟੀ, ਹਟਵਾਣੇ ਹੋ ਕੇ ਵੇਖ ਵਖਾਈਆ । ਕੀ ਖੇਲ ਬਣਿਆ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਲੋਕਮਾਤ ਆਓ ਨੱਠ, ਨਿਰਗੁਣ ਧਾਰ ਪੰਧ ਮੁਕਾਈਆ । ਆਪਣੇ ਧਰਮ ਦਵਾਰੇ ਵੇਖੋ ਮਠ, ਚਰਚਾਂ ਚਰਾਗਾਹਾਂ ਫੋਲ ਫੁਲਾਈਆ । ਕਿਨਾਰੇ ਤੱਕੋ ਤੱਟ, ਅੱਠ ਸੱਠਾਂ ਫੋਲ ਫੁਲਾਈਆ । ਨਾਮ ਕਲਮੇ ਵੇਖੋ ਹੱਟ, ਗ੍ਰਿਹ ਗ੍ਰਿਹ ਭੇਵ ਚੁਕਾਈਆ । ਕਿਉਂ ਸ਼ਰਅ ਨੇ ਸ਼ਰੀਅਤ ਵਿਚ ਪਾਈ ਵੱਟ, ਮਾਨਸ ਮਾਨਵ ਦਿਤੇ ਵੰਡ ਵੰਡਾਈਆ । ਚਾਰੋਂ ਕੁੰਟ ਅੰਧੇਰਾ ਮਸ, ਸਾਚਾ ਚੰਦ ਨਾ ਕੋਇ ਚਮਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖੋ ਨੱਸ ਨੱਸ, ਭੱਜੋ ਵਾਹੋ ਦਾਹੀਆ । ਆਤਮ ਮਿਲੇ ਕਿਸੇ ਨਾ ਰਸ, ਰਸਤਾ ਸਾਰੇ ਗਏ ਭੁਲਾਈਆ । ਨਿਜ ਨੇਤਰ ਖੁਲ੍ਹੇ ਕੋਇ ਨਾ ਅੱਖ, ਲੋਚਨ ਨੈਣ ਪ੍ਰਭ ਦਾ ਦਰਸ ਕੋਇ ਨਾ ਪਾਈਆ । ਕਿਉਂ ਤੁਹਾਡਾ ਦੀਨਾਂ ਮਜ਼੍ਹਬਾਂ ਖੇੜਾ ਹੁੰਦਾ ਜਾਏ ਭੱਠ, ਕਲਜੁਗ ਭਠਿਆਲਾ ਅਗਨੀ ਕੂੜ ਰਿਹਾ ਤਪਾਈਆ । ਲੋਕਮਾਤ ਧਰਨੀ ਧਰਤ ਧਵਲ ਧੌਲ ਕਹੇ ਮੇਰੇ ਉਤੇ ਆਓ ਝਟ, ਝਟਕੇ ਹਲਾਲੀ ਵਾਲਿਓ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੁਕਾਓ ਆਪਣਾ ਪੰਧ, ਪਾਂਧੀ ਹੋ ਕੇ ਫੇਰਾ ਪਾਈਆ । ਲੇਖਾ ਵੇਖੋ ਤਾਰਾ ਚੰਦ, ਕੀ ਲਹਿਣਾ ਰਿਹਾ ਸਮਝਾਈਆ । ਨਿਝਰ ਧਾਰ ਆਤਮ ਪਰਮਾਤਮ ਤੱਕੋ ਅਨੰਦ, ਅਨੰਦ ਅਨੰਦ ਵਿਚੋਂ ਖੋਜ ਖੁਜਾਈਆ । ਸਿੱਖਾਂ ਮੁਰੀਦਾਂ ਦੇ ਅੰਦਰ ਵੇਖੋ ਲੰਘ, ਕਾਇਆ ਮੰਦਰ ਡੇਰਾ ਲਾਈਆ । ਕਿਉਂ ਤੁਹਾਡੇ ਹੁੰਦਿਆਂ ਪੰਚ ਵਿਕਾਰਾ ਲਾਇਆ ਜੰਗ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਮਾਇਆ ਮਮਤਾ ਕੂੜੀ ਕਿਰਿਆ ਮਾਰੇ ਡੰਗ, ਵਿਖ ਭਰੀ ਤੱਕੋ ਲੋਕਾਈਆ । ਤੁਹਾਡਾ ਨਾਮ ਕਲਮਾ ਕਿਥੇ ਗਿਆ ਚੰਡ ਪ੍ਰਚੰਡ, ਜੋ ਕੂੜੀ ਕਿਰਿਆ ਕਰੇ ਸਫ਼ਾਈਆ । ਕਿਉਂ ਦੀਨ ਦੁਨੀ ਵਧਿਆ ਪਖੰਡ, ਠੱਗੀ ਚੋਰੀ ਵਿਚ ਵਡਿਆਈਆ । ਨਿਗਾਹ ਮਾਰੋ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਖੇਲ ਤੱਕੋ ਵਿਚ ਬ੍ਰਹਿਮੰਡ, ਬ੍ਰਹਿਮਾਂਡ ਧਿਆਨ ਲਗਾਈਆ । ਧਰਨੀ ਕਹੇ ਸਦੀ ਚੌਧਵੀਂ ਪੈਗ਼ੰਬਰੋ ਰਹੀ ਲੰਘ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਸਾਹਿਬ ਸਵਾਮੀ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜੋ ਜੁਗ ਚੌਕੜੀ ਆਦਿ ਜੁਗਾਦਿ ਜਾਣੇ ਆਪਣਾ ਰੰਗ, ਰੰਗਤ ਆਪਣੀ ਦਏ ਵਖਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਨਿਰਗੁਣ ਧਾਰ ਮਾਰ ਕੇ ਪੰਧ, ਪਾਂਧੀ ਹੋ ਕੇ ਵੇਖ ਵਖਾਈਆ । ਦੀਨ ਦਿਆਲ ਬਣ ਬਖ਼ਸ਼ੰਦ, ਰਹਿਮਤ ਸਚ ਸਚ

ਕਮਾਈਆ । ਜਨ ਭਗਤ ਸੁਹੇਲੇ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਇਕੋ ਨਾਮ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ ਛੰਦ, ਸੋਹੰ ਸਤਿ ਸਚ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਕੂੜੀ ਕਿਰਿਆ ਮੇਟੇ ਭੇਖ ਪਾਖੰਡ, ਖੰਡਾ ਖੜਗ ਨਾਮ ਖੜਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਉਸੇ ਦੀ ਆਸਾ ਵਿਚ ਉਸੇ ਦੀ ਕਰ ਕੇ ਆਏ ਮੰਗ, ਕਲ ਕਲਕੀ ਓਟ ਤਕਾਈਆ । ਜੋ ਪਿਛਲਾ ਲਹਿਣਾ ਦੇਣਾ ਸਭ ਦਾ ਕਰੇ ਭੰਗ, ਅਗੇ ਆਪਣਾ ਹੁਕਮ ਵਰਤਾਈਆ । ਦੀਨਾਂ ਮਜ਼੍ਹਬਾਂ ਢਾਹੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਆਤਮ ਨੂਰ ਚਾੜ੍ਹ ਕੇ ਚੰਦ, ਜੋਤੀ ਜਾਤਾ ਕਰੇ ਰੁਸ਼ਨਾਈਆ । ਸਦਾ ਸੁਹੇਲਾ ਦੇਵੇ ਸੰਗ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰਿ ਭਗਤ ਆਪਣੀ ਡੋਰ ਬੰਧਾਏ ਸ਼ਬਦ ਤੰਦ, ਜਗਤ ਜਹਾਨ ਮਿਹਰਵਾਨ ਆਪਣੀ ਗੰਢ ਪਵਾਈਆ ।

### ✪ ੧ ਹਾੜ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਅਵਤਾਰ ਪੈਗ਼ੰਬਰ ਗੁਰ ਕਢਣ ਹਾੜਾ, ਪ੍ਰਵਿਸ਼ਟਾ ਪਹਿਲੀ ਹਾੜ ਦਏ ਗਵਾਹੀਆ । ਤੇਰਾ ਖੇਲ ਪ੍ਰਭੂ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰਾਂ ਕਾਇਆ ਗਾਗਾਰਾਂ ਧਿਆਨ ਲਗਾਈਆ । ਤੇਰਾ ਨੂਰ ਜ਼ਹੂਰ ਲੱਖ ਚੁਰਾਸੀ ਨਾੜੀ ਨਾੜਾ, ਨਰ ਨਰਾਇਣ ਨੌਜਵਾਨ ਨਜ਼ਰੀ ਆਈਆ । ਮਿਹਰਵਾਨ ਮਹਿਬੂਬ ਤੇਰਾ ਤੱਕੀਏ ਧਰਮ ਅਖਾੜਾ, ਦੋ ਜਹਾਨ ਸ੍ਰੀ ਭਗਵਾਨ ਧਿਆਨ ਲਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦਿਸੇ ਤੇਰੀ ਹੇਠ ਦਾੜ੍ਹਾ, ਬਚਿਆ ਨਜ਼ਰ ਕੋਇ ਨਾ ਆਈਆ । ਚਾਰ ਜੁਗ ਦੇ ਗ੍ਰੰਥ ਸ਼ਾਸਤਰ ਤੇਰੇ ਨਾਮ ਦਾ ਮੰਗਦੇ ਭਾੜਾ, ਅਲਖ ਅਗੋਚਰ ਅਲਖ ਤੇਰੇ ਦਰ ਤੇ ਜਗਾਈਆ । ਤੂੰ ਸਵਾਮੀ ਪੁਰਖ ਪੁਰਖੋਤਮ ਅਗੰਮ ਅਪਾਰਾ, ਅਲਖ ਅਗੋਚਰ ਤੇਰੀ ਇਕ ਸ਼ਰਨਾਈਆ । ਤੇਰਾ ਨੂਰ ਜ਼ਹੂਰ ਨਾ ਪੁਰਖ ਨਾ ਨਾਰਾ, ਜੋਤੀ ਜਾਤੇ ਪੁਰਖ ਬਿਧਾਤੇ ਤੇਰੇ ਹੱਥ ਵਡਿਆਈਆ । ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਤੇਰੇ ਹੁਕਮ ਦਾ ਇਕੋ ਹੋਵੇ ਇਸ਼ਾਰਾ, ਬਿਨ ਸੈਨਤ ਦੇਣਾ ਜਣਾਈਆ । ਨਵ ਸੱਤ ਨਵ ਨਵ ਤੇਰੀ ਦਿਸੇ ਧਾਰਾ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਜਿਧਰ ਵੇਖੀਏ ਚਾਰੋਂ ਕੁੰਟ ਦਿਸੇ ਅੰਧਿਆਰਾ, ਸਾਚਾ ਚੰਦ ਨੂਰ ਨਾ ਕੋਇ ਰੁਸ਼ਨਾਈਆ । ਸਾਡੇ ਨਾਮ ਕਲਮਿਆਂ ਤੇਰੇ ਅਗੇ ਤੇਰੀ ਸਿਫ਼ਤ ਦੀ ਕੀਤੀ ਨਿਮਸਕਾਰਾ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਲਾ ਸ਼ਰੀਕਾ ਹਕ ਹਕੀਕਾ ਨਿਰਵੈਰ ਇਕੋ ਜ਼ਾਹਰਾ, ਤੌਫ਼ੀਕ ਦੇ ਮਾਲਕ ਰਫ਼ੀਕ ਇਕ ਵਖਾਈਆ । ਤੇਰੇ ਹੁਕਮ ਦਾ ਸ਼ਰਅ ਸ਼ਰੀਅਤ ਦਾ ਤੇਰੇ ਅਗੇ ਰਖੀਏ ਦਾਇਰਾ, ਤੇਰੀ ਵਸਤ ਬਿਨਾ ਦਸਤ ਤੇਰੇ ਚਰਨ ਕਦਮਾ ਵਿਚ ਟਿਕਾਈਆ । ਤੇਰੇ ਹੁਕਮ ਤੋਂ ਹੁਕਮਰਾਨ ਹੋਏ ਕੋਇ ਨਾ ਬਾਹਰਾ, ਸ਼ਾਹ ਸੁਲਤਾਨ ਤੇਰੀ ਇਕ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਕਿਉਂ ਬਿਨਾ ਤਨ ਤੋਂ ਵਜੂਦ ਤੋਂ ਕਢੋ ਤਰਲਾ, ਬਿਨਾ ਸੀਸ ਤੋਂ ਸੀਸ ਨਿਵਾਈਆ । ਆਪਣੇ ਦੀਨ ਮਜ਼੍ਹਬ ਦਾ ਧਰਨੀ ਉਤੇ ਵੇਖੋ ਭੌਂ ਮਰਲਾ, ਚਾਰੋਂ ਕੁੰਟ ਧਿਆਨ ਲਗਾਈਆ । ਖੇਲ

੯੫੨
੨੩

ਤੱਕੋ ਪੁਰਖ ਅਕਾਲ ਅਗੰਮੇ ਹਰਿ ਕਾ, ਜੋ ਕਰਨੀ ਦਾ ਕਰਤਾ ਆਪ ਕਰਾਈਆ । ਜਿਸ ਮਾਲਕ ਬਣਾਇਆ ਤੁਹਾਨੂੰ ਤੁਹਾਡੇ ਸ਼ਰਅ ਵਾਲੇ ਘਰ ਦਾ, ਘਰਾਨੇ ਜਗਤ ਵਿਚ ਬਣਾਈਆ । ਤੁਹਾਡੇ ਅੰਤਰ ਨਿਰੰਤਰ ਹੋ ਕੇ ਪੰਜਾਂ ਤਤਾਂ ਨਾਲ ਰਿਹਾ ਲੜਦਾ, ਖੰਡੇ ਖੜਗਾਂ ਤੀਰ ਕਮਾਨ ਤਰਕਸ਼ ਕੰਧ ਉਠਾਈਆ । ਖੇਲ ਖਿਲਾਉਂਦਾ ਰਿਹਾ ਸੀਸ ਧੜ ਦਾ, ਧੜੇ ਬਾਜ਼ੀਆਂ ਜਗਤ ਬਣਾਈਆ । ਨਾਲੇ ਇਸ਼ਾਰਾ ਕਰਦਾ ਰਿਹਾ ਚੋਟੀ ਜੜ ਦਾ, ਜੜ ਚੇਤਨ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਦਾ ਨਾਮ ਕਲਮਾ ਨਿਰਅੱਖਰ ਧਾਰ ਬਿਨ ਰਸਨਾ ਜਿਹਵਾ ਰਿਹਾ ਪੜ੍ਹਦਾ, ਢੋਲੇ ਸੋਹਲੇ ਅਗੰਮ ਸੁਣਾਈਆ । ਉਹਦਾ ਖੇਲ ਤੱਕੋ ਨਿਹਚਲ ਧਾਮ ਅਟੱਲ ਦਾ, ਕੀ ਆਪਣਾ ਹੁਕਮ ਵਰਤਾਈਆ । ਜੋ ਵੇਸ ਵਖਾਏ ਅਛਲ ਛਲ ਦਾ, ਵਲ ਛਲ ਆਪਣੀ ਕਾਰ ਭੁਗਤਾਈਆ । ਜਿਸ ਤੁਹਾਡਾ ਸੰਗ ਰਖਾਇਆ ਮਹੀਅਲ ਜਲ ਥਲ ਦਾ, ਸਮੁੰਦ ਸਾਗਰ ਟਿੱਲੇ ਪਰਬਤ ਅਸਗਾਹ ਰਲਾਈਆ । ਉਹ ਤੱਕੋ ਉਹ ਹੁਕਮ ਸੰਦੇਸ਼ੇ ਘਲਦਾ, ਫ਼ਰਮਾਨਾ ਆਪਣਾ ਨਾਮ ਦ੍ਰਿੜਾਈਆ । ਜਿਸ ਦੀ ਧਾਰ ਵਿਚ ਆਦਿ ਅੰਤ ਸਭ ਰਲਦਾ, ਬਚਿਆ ਰਹਿਣ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਅੰਤ ਆਉਣਾ ਨਹੀਂ ਉਸ ਦੇ ਬਲ ਦਾ, ਬਲਧਾਰੀ ਕੀ ਸੁਣਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਕਲਜੁਗ ਕੂੜੀ ਕਿਰਿਆ ਡੂੰਘੀ ਡਲ ਦਾ, ਜਗਤ ਖੜਗ ਵੇਖ ਵਖਾਈਆ । ਉਸ ਦਾ ਭੇਵ ਪਾ ਸਕੇ ਕੋਇ ਨਾ ਪਲ ਦਾ, ਜੋ ਪਲਕਾਂ ਦੇ ਪਿਛੇ ਬਹਿ ਕੇ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਪ੍ਰਭੂ ਸਾਡੀ ਮਿੰਨਤ, ਨਿਮਰਤਾ ਵਿਚ ਸੀਸ ਝੁਕਾਈਆ । ਚਾਰੋਂ ਕੁੰਟ ਤੱਕੀਏ ਕਿਹੜੀ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਨਵ ਸੱਤ ਵੇਖਣ ਦੀ ਕਿਸੇ ਵਿਚ ਨਹੀਂ ਹਿੰਮਤ, ਹੌਸਲਾ ਸ਼ਬਦ ਨਾ ਕੋਇ ਬਣਾਈਆ । ਅੰਤ ਅਖੀਰ ਬੇਨਜ਼ੀਰ ਬਿਨਾ ਚਿੰਤਾ ਤੋਂ ਸਭ ਨੂੰ ਲੱਗੀ ਚਿੰਨਤ, ਫ਼ਿਕਰਾਂ ਵਿਚ ਫ਼ਿਕਰਾ ਢੋਲਾ ਤੇਰਾ ਇਕੋ ਗਾਈਆ । ਜਿਧਰ ਤੱਕੀਏ ਦੀਨਾਂ ਮਜ਼੍ਹਬਾਂ ਵਾਲੇ ਸਾਰੇ ਹੋਏ ਨਿੰਦਕ, ਸਤਿ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣੋ ਪਿਛਲੀ ਕਥਾ ਕਹਾਣੀ, ਬਿਨਾ ਕਥਨੀ ਤੋਂ ਦਿਆਂ ਜਣਾਈਆ । ਚਾਰ ਜੁਗ ਦੀ ਸ਼ਾਸਤਰਾਂ ਵਾਲੀ ਵੇਖੋ ਬਾਣੀ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਧਿਆਨ ਲਗਾਈਆ । ਸਤਿਗੁਰ ਸ਼ਬਦ ਦੀ ਜਾਣੋ ਕਹਾਣੀ, ਕੀ ਸਿਫ਼ਤਾਂ ਵਿਚ ਸਲਾਹੀਆ । ਜਲਵਾ ਜੋਤ ਤੱਕੋ ਨੁਰਾਨੀ, ਨੂਰ ਨੁਰਾਨਾ ਵੇਖ ਵਖਾਈਆ । ਆਪਣੇ ਆਪਣੇ ਦੀਨਾਂ ਮਜ਼੍ਹਬਾਂ ਦੀ ਤੱਕੋ ਨਿਸ਼ਾਨੀ, ਕੀ ਨਿਸ਼ਾਨੀ ਗਏ ਦ੍ਰਿੜਾਈਆ । ਸ਼ਰਅ ਜਗਤ ਦੀ ਵੇਖੋ ਜ਼ਿੰਦਗਾਨੀ, ਜ਼ਿੰਦਗੀ ਜ਼ਿੰਦਗੀ ਵਿਚੋਂ ਖੋਜ ਖੁਜਾਈਆ । ਆਬੇ ਹਯਾਤ ਤੱਕੋ ਤੱਕੋ ਅੰਮ੍ਰਿਤ ਪਾਣੀ, ਬਿਨ ਰਸਨਾ ਰਸ ਖੋਜ ਖੁਜਾਈਆ । ਵੇਦ ਤੱਕੋ ਸ਼ਾਸਤਰ ਨਾਲ ਪੁਰਾਨੀ, ਗਿਆਨ ਗਿਆਨ ਵਿਚੋਂ ਪ੍ਰਗਟਾਈਆ । ਨਿਗਾਹ ਮਾਰੋ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪਰਦਾ ਲਾਹੀਆ । ਫੇਰ ਨੂਰ ਤੱਕੋ ਉਸ ਪਿਤਾ ਪੁਰਖ ਅਸਮਾਨੀ, ਜਿਸ ਦਾ ਇਸਮ ਆਜ਼ਮ ਇਕੋ ਨੂਰ ਅਲਾਹੀਆ । ਜਿਸ ਦੇ ਪਿਛੇ ਸ਼ਰਅ ਦੀ ਦਿਤੀ ਕੁਰਬਾਨੀ, ਜ਼ਿਬਹ ਮਜ਼੍ਹਬ ਦਿਤੇ ਕਰਾਈਆ । ਸ਼ਰੀਅਤ ਦੇ ਬਣ ਕਿਰਸਾਨੀ, ਕਿਰਸ ਕੀਤੀ ਥਾਉਂ ਥਾਈਆਂ । ਕਲਮੇ ਗਾ ਕੇ ਅੰਜੀਲ ਕੁਰਾਨੀ, ਬਾਈਬਲ ਤੁਰੈਤਾਂ ਵੰਡ ਵੰਡਾਈਆ । ਅੱਖਰ ਲਿਖ ਕੇ ਕਲਮ ਕਾਨੀ, ਕਾਇਨਾਤ

ਸਮਝਾਈਆ । ਆਪਣੀ ਆਪਣੀ ਆਪਣੀ ਪਾ ਕੇ ਮੰਜ਼ਲ ਰੁਹਾਨੀ, ਰੂਹ ਬੁਤ ਕੀਤੀ ਸ਼ਨਵਾਈਆ । ਜਰਾ ਨਿਗਾਹ ਮਾਰੋ ਤੁਹਾਡੇ ਜਿਸਮ ਹੋ ਗਏ ਫ਼ਾਨੀ, ਜਗਤ ਨਜ਼ਰ ਕੋਇ ਨਾ ਆਈਆ । ਤੁਹਾਡਾ ਮਜ਼੍ਹਬ ਕਿਹੜਾ ਜਿਹੜਾ ਰਹੇ ਮੁਕਾਮੀ, ਮੁਕੰਮਲ ਦਿਉ ਸੁਣਾਈਆ । ਪਰਵਰਦਿਗਾਰ ਸਾਂਝਾ ਯਾਰ ਪੁਰਖ ਅਕਾਲਾ ਜੁਗ ਜੁਗ ਆਪਣੇ ਨਾਮ ਦੀ ਸਿਫ਼ਤ ਦੇ ਨਾਲ ਕਰਾਉਂਦਾ ਰਿਹਾ ਬਦਨਾਮੀ, ਜੁਗ ਜੁਗ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਸਾਡੀ ਇਕੋ ਆਸਾ, ਆਸ਼ਾ ਦੇਈਏ ਜਣਾਈਆ । ਪਰਮ ਪੁਰਖ ਤੇਰਾ ਭਰਵਾਸਾ, ਦੂਸਰ ਓਟ ਨਾ ਕੋਇ ਤਕਾਈਆ । ਤੇਰੀ ਸ੍ਰਿਸ਼ਟੀ ਤੇਰੀ ਕਾਇਨਾਤ ਤੇਰੀ ਦੁਨੀਆ ਤੇਰਾ ਤਮਾਸ਼ਾ, ਵੇਖਣਹਾਰ ਇਕ ਅਖਵਾਈਆ । ਤੇਰਾ ਰੂਪ ਗੋਪੀ ਕਾਹਨ ਤੇਰੀ ਮੰਡਲ ਰਾਸਾ, ਤੇਰਾ ਨਾਚ ਅਗੰਮ ਅਥਾਹੀਆ । ਤੇਰਾ ਨੂਰ ਜ਼ਹੂਰ ਤੇਰਾ ਤੇਰੇ ਵਿਚੋਂ ਪ੍ਰਕਾਸ਼ਾ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਭੇਦ ਅਭੇਦ ਦੱਸ ਸਕੇ ਨਾ ਕੋਇ ਖੁਲਾਸਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਅਸੀਂ ਤਨ ਵਜੂਦ ਮਹਿਬੂਬ ਤੇਰੇ ਦਾਸੀ ਦਾਸਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਸੇਵ ਕਮਾਈਆ । ਸਾਡੀ ਤਮੰਨਾ ਸਭ ਦੀ ਇਕੋ ਖ਼ਾਹਿਸ਼ਾ, ਖ਼ਾਲਸ ਦੇਈਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰੀ ਆਸ ਆਸਾਵੰਦ, ਸਭ ਦੀ ਪੂਰ ਦੇ ਕਰਾਈਆ । ਤੇਰੀ ਸਿਫ਼ਤ ਵਡਿਆਈ ਕਰ ਸਕੇ ਨਾ ਬੱਤੀ ਦੰਦ, ਜਿਹਵਾ ਜ਼ਬਾਨ ਨਾ ਕੋਇ ਚਤੁਰਾਈਆ । ਤੇਰਾ ਪਿਆਰ ਨਰ ਨਿਰੰਕਾਰ ਇਕ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ ।

ਸਭ ਦਾ ਨਿਸ਼ਾਨ ਤੱਕ ਲੈ ਵੇਖ ਲੈ ਆਪਣਾ ਤਾਰਾ ਚੰਦ, ਚੰਦ ਚਾਂਦਨੇ ਧਿਆਨ ਲਗਾਈਆ । ਤੇਰਾ ਹੁਕਮ ਫ਼ਰਮਾਨ ਕਦੇ ਹੋਇਆ ਨਾ ਕਲਮ ਬੰਦ, ਬੰਦੀਖ਼ਾਨੇ ਵਿਚ ਨਾ ਕੋਇ ਰਖਾਈਆ । ਜੁਗ ਚੌਕੜੀ ਕੇਤੇ ਗਏ ਲੰਘ, ਜੁਗ ਜੁਗ ਆਪਣਾ ਪੰਧ ਮੁਕਾਈਆ । ਸਾਡੀ ਸਭ ਦੀ ਸਾਂਝੀ ਇਕੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦ, ਰਹਿਮਤ ਸਚ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਨਾਮ ਆਪਣਾ ਵੰਡ, ਦੂਸਰ ਲੋੜ ਰਹੇ ਨਾ ਰਾਈਆ । ਤੇਰੀ ਜੈਕਾਰ ਹੋਵੇ ਨਵ ਖੰਡ, ਦੀਪ ਸੱਤ ਢੋਲੇ ਗਾਈਆ । ਤੂੰ ਸਭ ਤੋਂ ਵੱਖਰਾ ਬੋਧ ਅਗਾਧਾ ਪੰਡ, ਪੰਡਤ ਤੇਰੀ ਬੇਪਰਵਾਹੀਆ । ਜੋ ਦੀਨ ਦੁਨੀ ਮਾਨਵ ਜ਼ਾਤੀ ਆਪਣੇ ਨਾਮ ਕਲਮੇ ਵਿਚ ਸਾਥੋਂ ਕਰਾਈ ਖੰਡ ਖੰਡ, ਖੰਡੇ ਸ਼ਰਅ ਵਾਲੇ ਆਪ ਪ੍ਰਗਟਾਈਆ । ਦੀਨਾਂ ਮਜ਼੍ਹਬਾਂ ਪਵਾਈ ਕੰਧ, ਹਿੱਸੇ ਜਗਤ ਵਾਲੇ ਵਖਾਈਆ । ਅਸੀਂ ਸਾਰੇ ਚਾਹੁੰਦੇ ਤੇਰਾ ਇਕੋ ਨਾਮ ਕਲਮਾ ਇਕੋ ਹੋਵੇ ਛੰਦ, ਸ਼ਹਿਨਸ਼ਾਹ ਤੇਰੀ ਇਕੋ ਸਿਫ਼ਤ ਸਲਾਹੀਆ । ਪਰ ਮੈਨੂੰ ਇਉਂ ਦਿਸਦਾ ਤੂੰ ਸਾਡੀ ਆਸ਼ਾ ਉਤੇ ਚਾੜ੍ਹਨਾ ਰੰਗ, ਰੰਗ ਭਗਤ ਦਵਾਰ ਕਰਾਈਆ । ਸਾਡਾ ਚਾਰਾ ਕੁਛ ਨਹੀਂ ਚਲਣਾ ਤੇ ਦੀਨਾਂ ਮਜ਼੍ਹਬਾਂ ਹੋਣਾ ਜੰਗ, ਓਏ ਜੰਗਜੂ ਤੇਰਾ ਅੰਤ ਕੋਇ ਨਾ ਪਾਈਆ । ਫਿਰਨੀ ਦਰੋਹੀ ਵਿਚ ਵਰਭੰਡ, ਭੰਡੀ ਜਾਏ ਖ਼ਲਕ ਖ਼ੁਦਾਈਆ । ਤੇਰਾ ਸਮਾਂ ਸੁਹਾਵਣਾ ਧਰਨੀ ਉਤੇ ਜਾਏ ਲੰਘ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਹਿਲੀ ਹਾੜ ਜਿਸ ਭਗਤ ਦਵਾਰੇ ਵਿਚ ਡਾਹਿਆ ਨਹੀਂ ਪਲੰਘ, ਘਰ ਘਰ ਦੇ ਬਿਸਤਰ ਦਏ ਉਠਾਈਆ । ਝਟ ਨਾਰਦ ਆ ਗਿਆ ਵਜਾਉਂਦਾ ਆਪਣੀ ਟਿੰਡ, ਨਾਲ ਬੋਦੀ ਰਿਹਾ ਹਿਲਾਈਆ । ਓ ਜੇ ਖੇੜਾ ਵਸੇਗਾ ਤੇ ਵਸਦਾ ਰਹੇਗਾ ਭਗਤਾਂ ਦਾ ਜੀਉ ਪਿੰਡ, ਪਿੰਡੀ ਵਾਲੇ ਭੋਲੇ ਨਾਥ ਰਹੇ ਸੁਣਾਈਆ ।

ਇਹ ਸ਼ਬਦ ਸੰਦੇਸ਼ਾ ਧੁਰ ਫ਼ਰਮਾਨਾ ਹਾੜ ਸਤਾਰਾਂ ਜਾਣਾ ਵਾਲੀ ਹਿੰਦ, ਹਿੰਦੀ ਪੰਜਾਬੀ ਦੋਵੇਂ ਲੇਖ ਬਣਾਈਆ । ਪ੍ਰਗਟ ਹੋਵੇ ਸਿੰਘ ਸਿੰਘ ਦਾ ਸਿੰਘ, ਪੂਰਨ ਦਾ ਪੂਰਨ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਖ਼ੁਸ਼ੀਆਂ ਢੋਲੇ ਗਾਵਾਂ, ਜਨ ਭਗਤੋ ਦਿਆਂ ਸੁਣਾਈਆ । ਸ਼ਹਿਨਸ਼ਾਹੀ ਸੰਮਤ ਵੇਖ ਲਓ ਨਾਵਾਂ, ਨਵਾਂ ਖੰਡਾਂ ਧਿਆਨ ਲਗਾਈਆ । ਜਿਸ ਦਰੋਹੀ ਫੇਰਨੀ ਵਿਚ ਗਰਾਵਾਂ, ਗ੍ਰਿਹਿ ਗ੍ਰਿਹਿ ਆਪਣਾ ਹੁਕਮ ਵਰਤਾਈਆ । ਸ਼ਾਹ ਸੁਲਤਾਨਾਂ ਕਰੇ ਨਿਥਾਵਾਂ, ਸੀਸ ਤਾਜ ਨਾ ਕੋਇ ਸੁਹਾਈਆ । ਬਲ ਰਹੇ ਕਿਸੇ ਨਾ ਬਾਹਵਾਂ, ਭੁਜਾਂ ਰੋਵਣ ਮਾਰਨ ਧਾਹੀਆ । ਵਿਛੋੜਾ ਦਿਸੇ ਪੁਤਰਾਂ ਮਾਵਾਂ, ਪਿਤਾ ਗੋਦ ਨਾ ਕੋਇ ਸੁਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੁਰਲਾਏ ਵਾਂਗ ਕਾਂਵਾਂ, ਕੂਕ ਕੂਕ ਸੁਣਾਈਆ । ਨਾਰਦ ਕਹੇ ਜਨ ਭਗਤੋ ਪ੍ਰਭੂ ਦਾ ਭਗਤ ਅਗੇ ਰਹਿਣਾ ਨਹੀਂ ਕੋਈ ਲਾਵਾਂ, ਧਰਮ ਦੀ ਧਾਰ ਧਾਰ ਵਿਚ ਸਮਾਈਆ । ਪਹਿਲੀ ਹਾੜ ਸੰਦੇਸ਼ਾ ਦੇ ਕੇ ਮੈਂ ਨੌਵਾਂ ਖੰਡਾਂ ਵਿਚ ਜਾਵਾਂ, ਭੱਜਾਂ ਚਾਈਂ ਚਾਈਆ । ਹਾੜ ਸਤਾਰਾਂ ਸਭ ਦੀਆਂ ਖ਼ਬਰਾਂ ਲੈ ਕੇ ਆਵਾਂ, ਬਚਿਆ ਰਹਿਣ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਕਰ ਕੇ ਆਵੇ ਸਲਾਹਵਾਂ, ਮਸ਼ਵਰਾ ਮਸ਼ਵਰੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਰੰਗ ਕਹੇ ਮੇਰਾ ਰੰਗ ਅਨੂਪ, ਰੰਗਤ ਸਮਝ ਕਿਸੇ ਨਾ ਆਈਆ । ਮੇਰਾ ਮਾਲਕ ਇਕੋ ਭੂਪ, ਸ਼ਹਿਨਸ਼ਾਹ ਬੇਪਰਵਾਹੀਆ । ਜਿਹੜਾ ਵਸੇ ਆਪਣੀ ਕੂਟ, ਦਿਸ਼ਾ ਨਜ਼ਰ ਕੋਇ ਨਾ ਪਾਈਆ । ਉਹ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਸਭ ਦਾ ਵੇਖੇ ਕੂਚ, ਕੂਚਾ ਗਲੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੇਰੇ ਕੋਲ ਪੁਰਾਣੀਆਂ ਕਿਤਾਬਾਂ, ਜਗਤ ਅੱਖਰਾਂ ਤੋਂ ਬਿਨਾ ਸੋਭਾ ਪਾਈਆ । ਜਿਨ੍ਹਾਂ ਦੇ ਵਿਚ ਅਗੰਮੀ ਹਿਸਾਬਾ, ਅੰਕੜਿਆਂ ਵਿਚ ਲੇਖ ਨਾ ਕੋਇ ਬਣਾਈਆ । ਮੈਂ ਖ਼ੁਸ਼ੀ ਨਾਲ ਦੱਸਾਂ ਸਤਾਰਾਂ ਹਾੜ ਮਾਝੇ ਵਾਲਿਆਂ ਆਉਣਾ ਨਾਲ ਮਜਾਜਾ, ਆਕੜ ਪ੍ਰਭੂ ਪਿਆਰ ਬਣਾਈਆ । ਦੁਆਬੇ ਵਾਲਿਆਂ ਵਜਾਉਣਾ ਅਗੰਮੀ ਵਾਜਾ, ਬਿਨ ਰਸਨਾ ਜਿਹਵਾ ਆਖ ਸੁਣਾਈਆ । ਮਾਲਵੇ ਵਾਲਿਆਂ ਸ਼ਬਦੀ ਧੁਨ ਦਾ ਸੁਣਾਉਣਾ ਸਾਜਾ, ਸਾਜਣ ਮੀਤ ਦੇਣਾ ਦ੍ਰਿੜਾਈਆ । ਜੰਮੂ ਵਾਲਿਆਂ ਕੂਕ ਕੇ ਕਹਿਣਾ ਮਾਹੀ ਆ ਜਾ, ਤੇਰੀ ਓਟ ਤਕਾਈਆ । ਦਿੱਲੀ ਵਾਲਿਆਂ ਕਹਿਣਾ ਤੇਰੀ ਚਰਨ ਧੂੜ ਇਸ਼ਨਾਨ ਅਗੰਮੀ ਮਾਘਾ, ਮਗਨ ਆਪਣੇ ਨਾਲ ਕਰਾਈਆ । ਇਟਾਰਸੀ ਵਾਲੇ ਕਹਿਣ ਹੰਸ ਬਣਾ ਦੇ ਕਾਗਾ, ਕਾਗ ਹੰਸ ਰੂਪ ਬਦਲਾਈਆ । ਕਾਨਪੁਰ ਪੂਨਾ ਸੰਗਤ ਦਾ ਹਿਰਦਾ ਹੋਵੇ ਜਾਗਾ, ਭੁਪਾਲ ਦਿਆਲ ਨਾਲ ਮਿਲਾਈਆ । ਕਲਕਤੇ ਵਾਲਿਆਂ ਬੁਝੀ ਹੋਵੇ ਆਗਾ, ਪਟਨੇ ਪਟਨੇ ਵਾਲਿਆਂ ਦਾ ਲੇਖਾ ਤੱਕਣਾ ਧੁਰ ਦਾ ਮਾਹੀਆ । ਹਰਿ ਸੰਗਤ ਦੀ ਧਾਰ ਸਭ ਨੇ ਕਹਿਣਾ ਪੁਰਖ ਅਕਾਲ ਤੂੰ ਹੀ ਸਭ ਦਾ ਮਾਈ ਬਾਪਾ, ਦੂਜਾ ਨਜ਼ਰ ਕੋਇ ਨਾ ਆਈਆ । ਪੰਜਾਂ ਪਿਆਰਿਆਂ ਆਪਣੇ ਕੋਲ ਰਖਣਾ ਬੇਰੀ ਦਾ ਇਕ ਇਕ ਛਾਪਾ, ਛੱਪਰ ਸੀਸ ਉਤੇ ਸੁਹਾਈਆ । ਪੰਜਾਂ ਲਿਖਾਰੀਆਂ ਲੋਹੇ ਦੀ ਪਾਉਣੀ ਇਕ ਇਕ ਛਾਪਾ, ਛਪਕੇ ਉਂਗਲਾਂ ਨਾਲ ਸੁਹਾਈਆ । ਪੰਜਾਂ ਦਰਬਾਰੀਆਂ ਦੀਪਕ ਜਗਾਉਣਾ ਮਿੱਟੀ ਨਾਲ ਮਿਲਾ ਕੇ ਆਟਾ, ਮੁਖ ਪੰਜ ਪੰਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਹਾੜ ਕਹੇ ਮੈਂ ਵੇਖਾਂ ਅਸਮਾਨ

੯੫੫
੨੩

ਜ਼ਮੀਨਾਂ, ਬਿਨਾ ਨੈਣਾਂ ਨੈਣ ਉਠਾਈਆ । ਜਨ ਭਗਤਾਂ ਦੇ ਸੀਨੇ ਉਤੇ ਲਿਖਿਆ ਹੋਵੇ ਹਾੜ ਮਹੀਨਾ, ਜੋ ਭਗਤ ਦਵਾਰੇ ਵਿਚ ਆਈਆ । ਗੁਲਜਾਰ ਸਿੰਘ ਮੁਖ ਦੇ ਨਾਲ ਵਜਾਏ ਬੀਨਾ, ਬਿਨਾ ਖ਼ੁਸ਼ੀ ਤੋਂ ਖ਼ੁਸ਼ੀ ਬਣਾਈਆ । ਮਾਝੇ ਵਾਲੇ ਨੌ ਗੁਰਮੁਖ ਰੂਪ ਧਾਰਿਆ ਹੋਵੇ ਵਾਂਗ ਚੀਨਾ, ਚੀਨੀ ਆਪਣਾ ਰੂਪ ਬਦਲਾਈਆ । ਨੌ ਗੁਰਮੁਖ ਦੁਆਬੇ ਵਾਲੇ ਮਸਤਕ ਲਿਖਿਆ ਹੋਵੇ ਜੈਪੀਨਾ, ਜੈਪਨ ਰੰਗ ਰੰਗਾਈਆ । ਮਾਲਵੇ ਵਾਲਿਆਂ ਸੱਜੇ ਕੰਧੇ ਤੇ ਲਿਖਿਆ ਹੋਵੇ ਰਹੀਮਾ, ਤੇਰੀ ਰਹਿਮਤ ਬੇਪਰਵਾਹੀਆ । ਜੰਮੂ ਸੰਗਤ ਇਕ ਲੇਖ ਬਣਾਉਣਾ ਸੱਜੇ ਮੱਕਾ ਤੇ ਖੱਬੇ ਮਦੀਨਾ, ਸਾਢੇ ਤਿੰਨ ਹੱਥ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪਣੀ ਖੇਲ ਖਿਲਾਈਆ । ਹਾੜ ਕਹੇ ਮੈਂ ਖ਼ਬਰ ਸੁਣਾਵਾਂ ਚੰਗੀ, ਸਤਿਗੁਰ ਸ਼ਬਦ ਰਿਹਾ ਜਣਾਈਆ । ਮਾਝੇ ਮਾਲਵੇ ਦੁਆਬੇ ਜੰਮੂ ਇਕ ਇਕ ਗੁਰਮੁਖ ਤਿਆਰ ਕਰਨਾ ਭੁਜੰਗੀ, ਪਰਦਾ ਨਾ ਕੋਇ ਰਖਾਈਆ । ਪੰਜਾਂ ਦਾ ਰੂਪ ਹੋਵੇ ਜੰਗੀ, ਸ਼ਸਤਰ ਸ਼ਸਤਰਾਂ ਨਾਲ ਸੁਹਾਈਆ । ਪੰਜਾਂ ਪੰਜਾਂ ਦੇ ਕੋਲ ਖੜਗ ਹੋਵੇ ਨੰਗੀ, ਤਿੱਖੀ ਧਾਰ ਨਾਲ ਵਡਿਆਈਆ । ਸ਼ਿਵ ਸਿੰਘ ਭਗਤ ਦਵਾਰੇ ਉਤੇ ਚੜ੍ਹ ਕੇ ਪਾਏਗਾ ਝੰਡੀ, ਕੂਕ ਕੂਕ ਸੁਣਾਈਆ । ਉਹ ਦੁਨੀਆ ਵਾਲਿਓ ਇਹ ਪ੍ਰਭੂ ਦੀ ਓਝੜ ਡੰਡੀ, ਰਸਤਾ ਬਿਖੜਾ ਵੇਖ ਵਖਾਈਆ । ਜੋ ਫਿਰਦਾ ਸਭ ਦੇ ਕੰਢੀ, ਘਾਟਾਂ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਹਾੜ ਕਹੇ ਮੈਂ ਹਕੀਕਤ ਦੱਸਾਂ, ਮਾਲਕ ਹਕ ਜਣਾਈਆ । ਖ਼ੁਸ਼ੀਆਂ ਦੇ ਵਿਚ ਨੱਸਾਂ, ਭੱਜਾਂ ਵਾਹੋ ਦਾਹੀਆ । ਜਨ ਭਗਤੋ ਹਾੜ ਸਤਾਰਾਂ ਭਗਤ ਦਵਾਰੇ ਦੇ ਉਤੇ ਸਭ ਦੀਆਂ ਲੱਗੀਆਂ ਹੋਣ ਅੱਖਾਂ, ਸੋਹੰ ਨੈਣਾਂ ਵੇਖ ਵਖਾਈਆ । ਫੇਰ ਚੌਥੀ ਮੰਜ਼ਲ ਤੋਂ ਤੁਹਾਡੇ ਅੰਦਰ ਨੱਸਾਂ, ਘਰ ਘਰ ਡੇਰਾ ਲਾਈਆ । ਤੁਹਾਡੇ ਮੰਦਰ ਟਿਕਾਂ ਸ਼ਬਦੀ ਧਾਰ ਮਾਰ ਕੇ ਸੱਟਾਂ, ਕੂੜ ਕਿਰਿਆ ਬਾਹਰ ਕਢਾਈਆ । ਨੌਵਾਂ ਦਵਾਰਿਆਂ ਤੱਕਾਂ ਹੱਦਾਂ, ਹੱਦ ਹਦੂਦਾਂ ਨਾ ਕੋਇ ਵੰਡਾਈਆ । ਜਿਸ ਸਤਿਗੁਰ ਸ਼ਬਦ ਦੀਆਂ ਮਾਰਦੇ ਰਹੇ ਗੱਪਾਂ, ਕੀ ਸ਼ਬਦੀ ਸ਼ਬਦ ਜਣਾਈਆ । ਉਸ ਦਾ ਇਕੋ ਟਿਕਾਣਾ ਇਕੋ ਮੰਦਰ ਇਕੋ ਗ੍ਰਿਹ ਦਸਣਾ ਪਤਾ, ਪਤਿਪਰਮੇਸ਼ਵਰ ਹੋ ਕੇ ਆਪ ਸਮਝਾਈਆ । ਜਿਸ ਮੰਜ਼ਲ ਦਾ ਇਸ਼ਾਰਾ ਕਰ ਕੇ ਗਿਆ ਨਾਨਕ ਤਪਾ, ਬਿਨਾ ਤਪੱਸਿਆ ਤੋਂ ਤੁਹਾਨੂੰ ਦੇਣਾ ਵਖਾਈਆ । ਪਿਛਲਾ ਸਮਾਂ ਨੌ ਸੰਮਤ ਤੋਂ ਇੱਕੀ ਤੱਕ ਪਿਛਲਿਆਂ ਨਾਲ ਟੱਪਾ, ਜੋ ਭਵਿਖਤਾਂ ਵਿਚ ਗਏ ਸੁਣਾਈਆ । ਹੁਣ ਇਕੋ ਅੱਖਰ ਖੇਲ ਖਿਲਾਉਣਾ ਪੱਪਾ, ਪਾਰਬ੍ਰਹਮ ਪ੍ਰਭ ਪੂਰਨ ਵੇਸ ਵਟਾਈਆ । ਜਿਸ ਦਾ ਨੂਰ ਕਦੇ ਨਾ ਛੁਪਾ, ਛੁਪਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਤਰ ਨਿਰੰਤਰ ਇਕੋ ਨਾਮ ਮੰਤਰ ਦਾ ਦੇ ਰਸਾ, ਰਸਤਾ ਆਪਣਾ ਦਏ ਵਖਾਈਆ ।



੯੫੬
੨੩

### ✪ ੨ ਹਾੜ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ ਕਾਬਲ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਮਹਿਬੂਬਾ, ਮਿਹਰਵਾਨ ਮਹਿਬਾਨ ਬੀਦੋ ਤੇਰੀ ਸ਼ਰਨਾਈਆ । ਤੇਰਾ ਖੇਲ ਤਕਿਆ ਅਰਸ਼ ਅਰੂਜਾ, ਆਲੀਜਾਹ ਤੇਰੀ ਵਡਿਆਈਆ ।

ਮੈਂ ਜਿਧਰ ਵੇਖਾਂ ਮੌਜੂਦਾ, ਹਰ ਘਟ ਬੈਠਾ ਨਜ਼ਰੀ ਆਈਆ । ਮੇਰੀ ਆਸ਼ਾ ਇਕੋ ਮੰਜ਼ਲ ਹਕ ਮਕਸੂਦਾ, ਮਿਹਰਵਾਨ ਦਿਆਂ ਸੁਣਾਈਆ । ਨੌ ਸੱਤ ਸ਼ਰਅ ਦੀ ਤੋੜ ਹਦੂਦਾ, ਹੱਦ ਰਹਿਣ ਕੋਇ ਨਾ ਪਾਈਆ । ਤੇਰਾ ਖੇਲ ਤੱਕਾਂ ਅਜੂਬਾ, ਅਜਬ ਨਿਰਾਲੀ ਆਪਣੀ ਧਾਰ ਦੇ ਸਮਝਾਈਆ । ਦੀਨ ਦੁਨੀ ਅੰਦਰ ਭਾਉ ਰਹੇ ਨਾ ਦੂਜਾ, ਦੁਤੀਆ ਭੇਵ ਦੇਣਾ ਚੁਕਾਈਆ । ਅੰਤਰ ਆਤਮ ਪਰਦਾ ਖੋਲ ਦੇ ਗੁਝਾ, ਗੁਰ ਸਤਿਗੁਰ ਸ਼ਬਦ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਸਦੇ ਆਪਣਾ ਮੁੱਦਾ, ਮੁੱਦਤ ਦੇ ਵਿਛੜੇ ਲਏ ਮਿਲਾਈਆ । ਮੈਂ ਡੰਡਾਵਤ ਬੰਦਨਾ ਕਰਾਂ ਨਿਮਾਣੀ ਬਸੁਧਾ, ਧਰਤ ਧਵਲ ਧੌਲ ਹੋ ਕੇ ਸੀਸ ਨਿਵਾਈਆ । ਸ੍ਰੀ ਭਗਵਾਨਾ ਨੌਜਵਾਨਾ ਸਤਿ ਸਚ ਮੇਰੇ ਉਤੇ ਕਰ ਦੇ ਉਘਾ, ਉਗਣ ਆਥਣ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਤੇਰੀ ਮਹਿੰਮਾ ਸਦਾ ਅਗਣਤ, ਗਣਤੀ ਗਣਤ ਨਾ ਕੋਇ ਗਿਣਾਈਆ । ਤੇਰਾ ਵੇਸ ਅਨੇਕਾ ਰੂਪ ਅਨੰਤ, ਅਕਲ ਕਲਧਾਰੀ ਤੇਰੀ ਵਡਿਆਈਆ । ਮੈਂ ਦਰਵੇਸ਼ਣ ਦਰ ਤੇ ਮੰਗਤ, ਭਿਖਾਰਨ ਹੋ ਕੇ ਝੋਲੀ ਡਾਹੀਆ । ਦੀਨ ਦੁਨੀ ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਬੋਧ ਅਗਾਧਾ ਬਣ ਪੰਡਤ, ਬੁੱਧੀ ਤੋਂ ਪਰੇ ਦੇ ਸਮਝਾਈਆ । ਤੇਰਾ ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਹੋਵੇ ਸੰਨਤ, ਦੂਸਰ ਵੰਡ ਨਾ ਕੋਇ ਵੰਡਾਈਆ । ਸਤਿ ਸਚ ਬਣਾ ਦੇ ਬਣਤ, ਕੂੜੀ ਕਿਰਿਆ ਡੇਰਾ ਢਾਹੀਆ । ਤੇਰਾ ਲਹਿਣਾ ਦੇਣਾ ਜੇਰਜ ਅੰਡਜ, ਉਤਭੁਜ ਸੇਤਜ ਤੇਰੀ ਧਾਰ ਸਮਾਈਆ । ਤੂੰ ਲੇਖਾ ਵੇਖ ਲੈ ਪੰਜ ਪੰਕਜ, ਪਾਰਬ੍ਰਹਮ ਆਪਣਾ ਪਰਦਾ ਲਾਹੀਆ । ਜੋ ਇਸ਼ਾਰਾ ਕਰ ਕੇ ਗਿਆ ਭਗਤੀ ਦੀ ਧਾਰ ਵਿਚ ਜਨਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਤੱਕ ਖ਼ਾਹਿਸ਼, ਤਮੰਨਾ ਤੇਰੇ ਅਗੇ ਰਖਾਈਆ । ਮੇਰਾ ਤਨ ਵਜੂਦ ਨਹੀਂ ਕੋਈ ਲਾਸ਼, ਸਵਾਸ ਸਾਹ ਨਾ ਕੋਇ ਰਖਾਈਆ । ਮੇਰੇ ਕੋਲ ਅਵਤਾਰ ਪੈਗ਼ੰਬਰ ਗੁਰੂਆਂ ਦੇ ਸੰਦੇਸ਼ੇ ਖ਼ਾਸ, ਖ਼ਸੂਸੀਅਤ ਵਿਚ ਦ੍ਰਿੜਾਈਆ । ਨਿਰਗੁਣ ਨੂਰ ਤੇਰਾ ਅਥਾਹ ਪ੍ਰਕਾਸ਼, ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਤੇਰਾ ਦਰਸ਼ਨ ਪਾਈਆ । ਮੇਰਾ ਜਗਤ ਵਿਸ਼ਿਆਂ ਵਾਲਾ ਨਹੀਂ ਵਿਸ਼ਵਾਸ਼, ਵਿਸ਼ਵ ਦਾ ਪਰਦਾ ਦੇਣਾ ਚੁਕਾਈਆ । ਮੈਨੂੰ ਇਸ਼ਾਰਾ ਦੇਵੇ ਸ਼ੰਕਰ ਉਤੋਂ ਕੈਲਾਸ਼, ਬ੍ਰਹਮਾ ਬ੍ਰਹਮਪੁਰੀ ਧਿਆਨ ਲਗਾਈਆ । ਵਿਸ਼ਨੂੰ ਵਿਸ਼ਵ ਦੀ ਧਾਰ ਰਿਹਾ ਆਖ, ਬਿਨ ਅੱਖਰਾਂ ਤੋਂ ਰਿਹਾ ਸਮਝਾਈਆ । ਖੇਲ ਤੱਕ ਪੁਰਖ ਅਬਿਨਾਸ਼, ਕੀ ਕਰਤਾ ਕਾਰ ਕਮਾਈਆ । ਜਿਸ ਦੀ ਨਿਰਗੁਣ ਸਰਗੁਣ ਪੈਂਦੀ ਰਾਸ, ਬਿਨਾ ਗੋਪੀ ਕਾਹਨ ਆਪਣੀ ਖੇਲ ਰਚਾਈਆ । ਸੋ ਸਵਾਮੀ ਅੰਤਰਜਾਮੀ ਭਗਤ ਸੁਹੇਲਾ ਭਗਤਾਂ ਪਾਸ, ਭਗਵਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਸਾਹਿਬ ਸਤਿਗੁਰ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਤੇਰੀ ਸ਼ਰਨਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਮੇਰੀ ਬੇਨੰਤੀ ਮੰਨ ਸਵਾਲ, ਸਾਜਸ ਤੱਕ ਖ਼ਲਕ ਖ਼ੁਦਾਈਆ । ਜਗਤ ਜਗਿਆਸੂ ਹੋਏ ਬੇਹਾਲ, ਬਹਿਬਲ ਹੋ ਕੇ ਮਾਰਨ ਧਾਹੀਆ । ਸਭ ਦੇ ਸਿਰ ਤੇ ਕੂਕੇ ਕਾਲ, ਨਗਾਰਾ ਰਿਹਾ ਵਜਾਈਆ । ਸੰਬਲ ਬਹਿ ਕੇ ਕਰ ਸੰਭਾਲ, ਸਿਰ ਸਿਰ


੯੫੭
੨੩

ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਚੌਦਾਂ ਤਬਕਾਂ ਵੱਜੇ ਤਾਲ, ਤਾਲ ਤਲਵਾੜਾ ਮੁਹੰਮਦ ਰਿਹਾ ਵਜਾਈਆ । ਈਸਾ ਤੇਰੇ ਇਸਮ ਦੀ ਕਰੇ ਭਾਲ, ਬਿਨਾ ਜਿਸਮ ਜਮੀਰ ਧਿਆਨ ਲਗਾਈਆ । ਮੂਸਾ ਪਿਛਲੀ ਲੇਖੇ ਲਾਉਣੀ ਘਾਲ, ਪਰਦਾ ਪਰਦਿਆਂ ਵਿਚੋਂ ਉਠਾਈਆ । ਧਰਨੀ ਕਹੇ ਭਗਤ ਸੁਹੇਲੇ ਤੱਕਣੇ ਆਪਣੇ ਬਾਲ, ਬਚਪਨ ਸਭ ਦਾ ਵੇਖ ਵਖਾਈਆ । ਸਤਿਗੁਰ ਸ਼ਬਦ ਬਣਾ ਦਲਾਲ, ਵਿਚੋਲਾ ਇਕੋ ਸਚ ਸਮਝਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਹਰਿ ਸੰਤ ਸੁਹੇਲੇ ਤੇਰੀ ਕਰਨ ਕਿਤੇ ਨਾ ਭਾਲ, ਖੋਜਨ ਬਨ ਕੋਇ ਨਾ ਜਾਈਆ । ਦੀਆ ਬਾਤੀ ਕਮਲਾਪਾਤੀ ਗੁਰਮੁਖਾਂ ਅੰਤਰ ਦੇਣਾ ਬਾਲ, ਨਿਰਗੁਣ ਨੂਰ ਕਰ ਰੁਸ਼ਨਾਈਆ । ਭਾਗ ਲਗਾ ਦੇ ਕਾਇਆ ਮਾਟੀ ਖਾਲ, ਖ਼ਲਕ ਦੇ ਖ਼ਾਲਕ ਤੇਰੀ ਵਡ ਵਡਿਆਈਆ । ਕਲਜੁਗ ਵਿਚ ਸਤਿਜੁਗ ਬਦਲ ਕੇ ਆਪਣੀ ਚਾਲ, ਚਾਰੋਂ ਕੁੰਟ ਹੋ ਸਹਾਈਆ । ਨਾਮ ਨਿਧਾਨਾ ਦੇ ਧਨ ਮਾਲ, ਅਤੋਟ ਅਤੁਟ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਵਾਮੀ ਸਚ ਹੋਣਾ ਸਹਾਈਆ । ਧਰਨੀ ਕਹੇ ਪ੍ਰਭੁ ਮੈਂ ਮੰਗਾਂ ਭੀਖ, ਭਿਖਕ ਹੋ ਕੇ ਝੋਲੀ ਡਾਹੀਆ । ਬਾਲਮੀਕ ਦੇ ਸੀਨੇ ਵਾਲੀ ਵੇਖ ਤਵਾਰੀਖ, ਜਿਸ ਦੀ ਤਾਰੀਫ਼ ਜਗਤ ਨਾ ਕੋਇ ਸਮਝਾਈਆ । ਮੈਂ ਤੇਰੇ ਕਦਮਾਂ ਰਖਾਂ ਸੀਸ, ਬਿਨ ਸੀਸ ਸੀਸ ਝੁਕਾਈਆ । ਤੂੰ ਸਵਾਮੀ ਮੇਰਾ ਜਗਦੀਸ਼, ਜਗਦੀਸ਼ਰ ਬੇਪਰਵਾਹੀਆ । ਮੈਂ ਪੈਗ਼ੰਬਰਾਂ ਦੀ ਸੁਣੀ ਹਦੀਸ, ਹਜ਼ਰਤਾਂ ਪੈਗ਼ਾਮ ਦਿਤੇ ਸੁਣਾਈਆ । ਮੈਂ ਗੋਬਿੰਦ ਦਾ ਲੇਖਾ ਜਾਣਿਆ ਬੀਸ ਇਕੀਸ, ਬੀਸ ਇਕੀਸਾ ਇਕੋ ਨਜ਼ਰੀ ਆਈਆ । ਨਿਰਾਕਾਰ ਨਿਰੰਕਾਰ ਮੇਰੇ ਉਤੇ ਬਦਲ ਦੇ ਰੀਤ, ਰੀਤੀਵਾਨ ਤੇਰੀ ਓਟ ਤਕਾਈਆ । ਇਕੋ ਕਾਇਆ ਕਾਅਬਾ ਸਭ ਨੂੰ ਦੱਸ ਦੇ ਮੰਦਰ ਮਸੀਤ, ਗੁਰੂਦਵਾਰ ਗੁਰਦੇਵ ਇਕੋ ਦੇਣਾ ਸਮਝਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਦੇ ਆਪਣੀ ਪ੍ਰੀਤ, ਪ੍ਰੀਤਮ ਹਕ ਹਕ ਸਮਝਾਈਆ । ਝਗੜਾ ਮੇਟ ਦੇ ਊਚ ਨੀਚ, ਜ਼ਾਤ ਪਾਤ ਰਹਿਣ ਕੋਇ ਨਾ ਪਾਈਆ । ਕਲਜੁਗ ਅੰਧੇਰਾ ਰਹੇ ਨਾ ਤਾਰੀਕ, ਬਿਨ ਸੂਰੀਆ ਚੰਦ ਕਰ ਰੁਸ਼ਨਾਈਆ । ਮੇਰੇ ਉਤੇ ਏਸੇ ਥਾਂ ਬਾਲਮੀਕ ਨੇ ਮਾਰੀ ਸੀ ਲੀਕ, ਲਾਈਨ ਖੱਬੇ ਹੱਥ ਖਿਚਾਈਆ । ਨਾਲ ਆਸ਼ਾ ਰਖੀ ਉਮੀਦ, ਤ੍ਰਿਸ਼ਨਾ ਤਰੇਤਾ ਦੁਆਪਰ ਕਲਜੁਗ ਅੰਤ ਜਣਾਈਆ । ਮੇਰਾ ਸਵਾਮੀ ਠਾਕਰ ਆਵੇ ਠੀਕ, ਕਰਤਾ ਧੁਰਦਰਗਾਹੀਆ । ਜੋ ਦੀਨ ਦੁਨੀ ਦੀ ਬਦਲੇ ਨੀਤ, ਨੀਤੀਵਾਨ ਇਕ ਅਖਵਾਈਆ । ਆਪਣੇ ਸ਼ਬਦ ਨਾਲ ਧਰਨੀ ਕਹੇ ਮੇਰੀ ਕਰੇ ਤਸਦੀਕ, ਸ਼ਹਾਦਤ ਨਾਮ ਵਾਲੀ ਭੁਗਤਾਈਆ । ਸੋ ਵਕਤ ਸੁਹੰਜਣਾ ਪਿਛਲਾ ਗਿਆ ਬੀਤ, ਅਗਲੀ ਅਗੇ ਗੰਢ ਪਵਾਈਆ । ਮੈਂ ਨਿਮਾਣੀ ਮਾਟੀ ਹਸਤ ਕੀਟ, ਕੀਟ ਕੀਟਾਂ ਦਿਤੀ ਵਡਿਆਈਆ । ਧਰਨੀ ਕਹੇ ਮੇਰਾ ਭਾਗ ਬਣਾਇਆ ਚਰਨ ਛੁਹਾ ਕੇ ਪੀਠ, ਥਾਪੀ ਪੁਸ਼ਤ ਪਨਾਹ ਲਗਾਈਆ । ਮੈਂ ਕਰਵਟ ਬਦਲ ਕੇ ਦਰਸ਼ਨ ਪਾਇਆ ਮੇਰੀ ਨਿਕਲ ਗਈ ਚੀਕ, ਚੀਕ ਚਿਹਾੜਾ ਦੀਨ ਦੁਨੀ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੇਰੀ ਆਦਿ ਜੁਗਾਦੀ ਜੁਗ ਜੁਗ ਦੀ ਭੁਲ ਨਾ ਜਾਏ ਪ੍ਰੀਤ, ਪ੍ਰੀਤਮ ਹੋ ਕੇ ਲਹਿਣਾ ਦੇਣਾ ਮੇਰੀ ਝੋਲੀ ਪਾਈਆ ।

੯੫੮
੨੩

## ✪ ੩ ਹਾੜ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ ✪



ਧਰਨੀ ਕਹੇ ਮੇਰੇ ਬੇਪ੍ਰਵਾਹ, ਪੁਰਖ ਅਕਾਲ ਤੇਰੀ ਵਡਿਆਈਆ । ਮੈਂ ਸਿਫ਼ਤਾਂ ਵਿਚ ਕਰਾਂ ਵਾਹ ਵਾਹ, ਤੇਰਾ ਖੇਲ ਅਗੰਮ ਅਥਾਹੀਆ । ਮੇਰੇ ਉਤੇ ਤੇਰੇ ਟਿੱਲੇ ਪਰਬਤ ਜਲ ਥਲ ਅਸਗਾਹ, ਮਹੀਅਲ ਆਪਣਾ ਰੰਗ ਰੰਗਾਈਆ । ਨਵ ਸੱਤ ਖੇਲ ਦਿਤਾ ਖਿਲਾ, ਧੁਰ ਦੀ ਰਚਨਾ ਰਚਨ ਰਚਾਈਆ । ਤਨ ਵਜੂਦ ਦਿਤੇ ਸੁਹਾ, ਮਾਨਸ ਮਾਨਵ ਵੰਡ ਵੰਡਾਈਆ । ਧੁਰ ਸੰਦੇਸੇ ਨਾਮ ਸੁਣਾ, ਨਾਮ ਕਲਮੇ ਕੀਤੀ ਪੜ੍ਹਾਈਆ । ਅਵਤਾਰ ਪੈਗ਼ੰਬਰ ਗੁਰੂ ਰੂਪ ਬਦਲਾ, ਨਿਰਗੁਣ ਸਰਗੁਣ ਲਈ ਅੰਗੜਾਈਆ । ਹੁਕਮ ਸੰਦੇਸਾ ਦੇ ਕੇ ਸਹਿਜ ਸੁਭਾ, ਸਾਹਿਬ ਸਵਾਮੀ ਆਪਣਾ ਹੁਕਮ ਸੁਣਾਈਆ । ਕਲਜੁਗ ਲੇਖਾ ਦਿਤਾ ਗਿਣਾ, ਅਣਗਿਣਤ ਤੇਰੀ ਵਡਿਆਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਧਰਨੀ ਕਹੇ ਮੈਂ ਨੇਤਰ ਨੈਣਾਂ ਨੀਰ ਰਹੀ ਵਹਾ, ਛਹਿਬਰ ਸ਼ਰਅ ਵਾਲੀ ਲਗਾਈਆ । ਮਿਹਰ ਕਰ ਮੇਰੇ ਮਿਹਰਵਾਂ, ਮਿਹਰਵਾਨ ਮਹਿਬੂਬ ਤੇਰੀ ਵਡਿਆਈਆ । ਦਿਵਸ ਰੈਣ ਰਹੀ ਕੁਰਲਾ, ਕਾਅਬਿਆਂ ਖੋਜ ਖੁਜਾਈਆ । ਸਚ ਸਵਾਮੀ ਅੰਤਰਜਾਮੀ ਦਰ ਦਵਾਰੇ ਫੇਰਾ ਪਾ, ਘਰ ਠਾਂਡੇ ਅੱਖ ਉਠਾਈਆ । ਮੈਂ ਨਿਮਾਣੀ ਪਕੜ ਬਾਂਹ, ਕੋਝੀ ਕਮਲੀ ਲੈ ਉਪਾਈਆ । ਝਗੜਾ ਮਿਟਾ ਦੇ ਸੂਰ ਗਾਂ, ਛੁਰੀ ਸ਼ਰਅ ਨਾ ਕੋਇ ਚਲਾਈਆ । ਧਰਨੀ ਕਹੇ ਮੈਂ ਜਗਤ ਦੀ ਧਰਤੀ ਮਾਂ, ਮਾਯੂਸੀ ਵਿਚ ਸੀਸ ਝੁਕਾਈਆ । ਮੇਰੇ ਉਤੇ ਹੰਸ ਬਣਾ ਦੇ ਕਾਂ, ਕਾਗ ਹੰਸ ਉਡਾਈਆ । ਇਕੋ ਤੇਰਾ ਕਲਮਾ ਹੋਵੇ ਨਾਂ, ਨਾਉਂ ਨਿਰੰਕਾਰ ਦੇਣਾ ਸਮਝਾਈਆ । ਜਨ ਭਗਤਾਂ ਬਖ਼ਸ਼ ਦੇ ਠੰਡੀ ਛਾਂ, ਅਗਨੀ ਤਤ ਤਤ ਬੁਝਾਈਆ । ਮੈਂ ਤੇਰਾ ਖੇਲ ਤੱਕਾਂ ਨਾਲ ਚਾਅ, ਚਾਓ ਘਨੇਰਾ ਇਕ ਦ੍ਰਿੜਾਈਆ । ਚਰਨ ਕਵਲ ਬਲ ਬਲ ਜਾਂ, ਬਲਹਾਰੀ ਆਪਣਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਰੰਗ ਰੰਗਾਈਆ । ਧਰਨੀ ਕਹੇ ਮੈਂ ਤੇਰਾ ਕੀਤਾ ਇੰਤਜ਼ਾਰ, ਮੇਰਾ ਅੰਤਸ਼ਕਰਨ ਵੇਖ ਵਖਾਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਜ਼ਾਹਰ ਜ਼ਹੂਰ ਤੇਰੀ ਓਟ ਤਕਾਈਆ । ਸਾਚਾ ਬਖ਼ਸ਼ ਦੇ ਇਕ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਠਾਂਡੇ ਦਰ ਕਰਾਂ ਪੁਕਾਰ, ਨਿਵ ਨਿਵ ਸੀਸ ਨਿਵਾਈਆ । ਤੂੰ ਮਾਲਕ ਏਕੰਕਾਰ, ਅਕਲ ਕਲਧਾਰੀ ਨੂਰ ਅਲਾਹੀਆ । ਮੈਂ ਚਾਕਰ ਸੇਵਕ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਕਿਰਪਾ ਕਰ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਮੰਗ ਮੰਗਾਈਆ । ਕਲ ਕਲਕੀ ਕੂੜੀ ਕਿਰਿਆ ਦੇ ਨਿਵਾਰ, ਕਲੇਸ਼ ਕੁਕਰਮ ਰਹੇ ਨਾ ਰਾਈਆ । ਚਾਰੋਂ ਕੁੰਟ ਮੇਰੇ ਉਤੇ ਹੋਵੇ ਤੇਰੀ ਜੈ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲੇ ਸਾਰੇ ਗਾਈਆ । ਧਰਨੀ ਕਹੇ ਤੇਰੇ ਚਰਨ ਕਵਲ ਸਭ ਦਾ ਹੋਵੇ ਪਿਆਰ, ਪ੍ਰੀਤਮ ਪੀਆ ਇਕੋ ਇਕ ਮਨਾਈਆ । ਇਕੋ ਨਾਦ ਧੁਨ ਹੋਵੇ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਬੇਨੰਤੀ ਸੁਣ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸ਼ਰਨਾਈਆ । ਤੂੰ ਆਦਿ ਜੁਗਾਦੀ ਏਕੰਕਾਰ, ਅਕਲ ਕਲਧਾਰੀ ਆਪ ਅਖਵਾਈਆ । ਧਰਨੀ ਕਹੇ ਮੈਂ ਅਰਜ਼ ਰਹੀ ਗੁਜ਼ਾਰ, ਗੁਜ਼ਾਰਿਸ਼ ਵਿਚ ਸੀਸ ਨਿਵਾਈਆ । ਮੇਰਾ ਲਹਿਣਾ ਦੇਣਾ ਪੂਰ ਕਰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਦਰ ਤੇਰੇ ਮੰਗ ਮੰਗਾਈਆ । ਕਲਜੁਗ ਕੂੜੀ ਕਿਰਿਆ ਉਤਰੇ ਭਾਰ, ਭਾਰਦਵਾਜ ਦਾ ਲੇਖਾ ਪੂਰਾ ਦੇਣਾ ਕਰਾਈਆ । ਮੇਰੇ ਉਤੇ ਕੂੜ ਕਿਰਿਆ ਦੀ ਉਡੇ ਛਾਰ, ਧੂੜੀ ਖ਼ਾਕ ਤੇਰੇ ਚਰਨ ਨਾ ਕੋਇ ਰਮਾਈਆ । ਮੈਂ ਨੇਤਰ ਰੋਵਾਂ ਧਾਹਾਂ ਮਾਰ, ਧਰਮ

੯੫੯
੨੩

ਦੀ ਧਾਰ ਰਹਿਣ ਕੋਇ ਨਾ ਪਾਈਆ । ਆ ਮਾਲਕ ਮੇਰੇ ਪਰਵਰਦਿਗਾਰ, ਸਾਂਝੇ ਯਾਰ ਤੇਰੀ ਸ਼ਰਨਾਈਆ । ਤੇਰਾ ਹਕ ਦਵਾਰਾ ਇਕੋ ਹੋਵੇ ਤਿਆਰ, ਤ੍ਰੈਗੁਣ ਅਤੀਤੇ ਦੇਣਾ ਸਮਝਾਈਆ । ਹੁਕਮ ਸੰਦੇਸ਼ਾ ਦੇ ਦੇ ਪਰਵਰਦਿਗਾਰ, ਆਲਸ ਨਿੰਦਰਾ ਰਹੇ ਕੋਇ ਨਾ ਰਾਈਆ । ਧਰਨੀ ਕਹੇ ਪ੍ਰਭੂ ਮੇਰੀ ਮਨਜ਼ੂਰ ਕਰ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰ, ਸਹਾਇਕ ਨਾਇਕ ਖ਼ਸਮਾਨੇ ਨਜ਼ਰ ਕੋਇ ਨਾ ਆਈਆ ।

### ✪ ੩ ਹਾੜ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ਨਰੈਣ ਸਿੰਘ ਦੇ ਗ੍ਰਹਿ ✪

ਜਨ ਭਗਤਾਂ ਨਵਾਂ ਹੋਵੇ ਨਾਵਾਂ, ਸੰਮਤ ਸ਼ਹਿਨਸ਼ਾਹੀ ਨੌ ਦਏ ਗਵਾਹੀਆ । ਆਤਮ ਪਰਮਾਤਮ ਬਲ ਹੋਵੇ ਸਾਂਵਾਂ, ਬਲਹੀਣ ਰਹਿਣ ਕੋਇ ਨਾ ਪਾਈਆ । ਭਾਗ ਲੱਗੇ ਕਾਇਆ ਮੰਦਰ ਤਨ ਗਰਾਵਾਂ, ਗ੍ਰਹਿ ਗ੍ਰਹਿ ਵੱਜੇ ਵਧਾਈਆ । ਮਿਲੇ ਮੇਲ ਕਬੀਰ ਰਵਦਾਸ ਧੰਨੇ ਜੱਟ ਭਰਾਵਾਂ, ਸਗਲਾ ਸੰਗ ਬਣਾਈਆ । ਗੁਰਮੁਖ ਗੁਰਸਿਖ ਰਹੇ ਨਾ ਕੋਇ ਨਿਥਾਵਾਂ, ਸਚਖੰਡ ਦਵਾਰ ਮਿਲੇ ਸਚ ਵਡਿਆਈਆ । ਗ੍ਰਹਿ ਸੁਹੰਜਣਾ ਵੇਖਣਾ ਨਾਲ ਚਾਵਾਂ, ਚਾਓ ਘਨੇਰਾ ਇਕ ਦ੍ਰਿੜਾਈਆ । ਜਨ ਭਗਤਾਂ ਫਿਰਨਾਂ ਨਹੀਂ ਚੁਰਾਸੀ ਵਾਲੇ ਰਾਹਵਾਂ, ਚਾਰੇ ਖਾਣੀ ਖੇਲ ਨਾ ਕੋਇ ਵਖਾਈਆ । ਹੰਸ ਰੂਪ ਬਣਾਉਣੇ ਕਾਂਵਾਂ, ਕਾਗ ਹੰਸ ਉਡਾਈਆ । ਹਰਿਜਨ ਰਹਿਣ ਦੇਣਾ ਨਹੀਂ ਕੋਈ ਲਾਵਾਂ, ਸਤਿ ਸਚ ਨਾਲ ਮਿਲਾਈਆ । ਖੇਲ ਤੱਕਣਾ ਆਤਮ ਪਰਮਾਤਮ ਧਾਰ ਪਰਮ ਪੁਰਖ ਸਾਂਵਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਵਾਂ । ਸੰਮਤ ਨੌ ਕਹੇ ਮੇਰੇ ਸਾਹਿਬ ਦੀ ਸਾਚੀ ਬਿਧ, ਬਿਧਨਾ ਲੇਖ ਵੇਖ ਵਖਾਈਆ । ਜਿਸ ਭਗਤਾਂ ਕਾਰਜ ਕਰਨੇ ਸਿੱਧ, ਪ੍ਰਸਿੱਧ ਆਪਣਾ ਆਪ ਜਣਾਈਆ । ਸਤਿਗੁਰ ਸ਼ਬਦ ਬਣਾ ਕੇ ਗੁਣੀ ਗਹਿੰਦ, ਗਹਿਰ ਗੰਭੀਰ ਦਏ ਵਡਿਆਈਆ । ਆਵਣ ਜਾਵਣ ਲੱਖ ਚੁਰਾਸੀ ਫਾਸੀ ਰਾਏ ਧਰਮ ਦੀ ਰਹੇ ਕੋਈ ਨਾ ਜ਼ਿਦ, ਲੇਖ ਚਿਤ੍ਰਗੁਪਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਸੰਮਤ ਨੌ ਕਹੇ ਮੇਰੇ ਸਾਹਿਬ ਦੀ ਖੇਲ ਨਵੀਂ, ਨਵ ਸੱਤ ਦਏ ਵਡਿਆਈਆ । ਜੋ ਇਸ਼ਾਰਾ ਕੀਤਾ ਰਵਿਦਾਸ ਰਵੀ, ਰਵ ਸਸ ਜਿਸ ਦਾ ਧਿਆਨ ਲਗਾਈਆ । ਓਹ ਖੇਲ ਕਰੇ ਧਰਨੀ ਉਪਰ ਧਵੀ, ਧਵਲ ਵੰਡ ਵੰਡਾਈਆ । ਜਿਸ ਨੂੰ ਸਭ ਨੇ ਕਹਿਣਾ ਅਵਤਾਰ ਚਵ੍ਹੀ, ਚੌਬੀਸਾ ਬੇਪਰਵਾਹੀਆ । ਉਹ ਨਾਮ ਸਤਿਗੁਰ ਧਾਰ ਪਾਵੇ ਆਪਣੀ ਸਹੀ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਲੇਖਾ ਪੂਰਾ ਕਰਨਾ ਜੋ ਰਾਮ ਇਸ਼ਾਰਾ ਕੀਤਾ ਕਕੈਈ, ਕੇਵਲ ਇਕੋ ਬਚਨ ਸੁਣਾਈਆ । ਜੋ ਇਸ਼ਾਰਾ ਦਿਤਾ ਗੁਰ ਗੋਬਿੰਦ ਨੇ ਢਈ, ਢਈਆ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਇਕ ਵਖਾਈਆ । ਸੰਮਤ ਕਹੇ ਮੇਰਾ ਸਾਹਿਬ ਨਵਾਂ ਨਰੋਆ, ਨਰ ਨਰਾਇਣ ਵਡ ਵਡਿਆਈਆ । ਜਿਸ ਦਾ ਭੇਵ ਨਹੀਂ ਕੋਈ ਦੋਆ, ਦੁਤੀਆ ਧਾਰ ਨਾ ਕੋਇ ਸਮਝਾਈਆ । ਜਿਸ ਦਾ ਪਰਕਾਸ਼ ਜਗਤ ਜੁਗਤ ਤ੍ਰੈ ਲੋਆ, ਲੋਇਣ ਸਭ ਦੇ ਵੇਖ ਵਖਾਈਆ । ਸੋ ਸਵਾਮੀ ਕਦੇ ਨਾ ਸੋਇਆ, ਸੂਰਤ ਵਿਚ ਵੇਖਣ ਕੋਇ ਨਾ

ਪਾਈਆ । ਜਿਸ ਦਾ ਭੇਵ ਚੁੰਕਿ ਚੁਨਾਚੇ ਜਾਣੇ ਨਾ ਗੋਇਆ, ਗੋਬਿੰਦ ਦੀ ਧਾਰ ਗੋਬਿੰਦ ਮਾਹੀਆ । ਜਿਸ ਅੰਮ੍ਰਿਤ ਅਗੰਮੀ ਧਾਰ ਚੋਇਆ, ਅਨਰਸ ਆਪ ਵਹਾਈਆ । ਉਸ ਦਾ ਭੇਵ ਜਾਣੇ ਨਾ ਕੋਇਆ, ਕੋਟਨ ਕੋਟ ਧਿਆਨ ਲਗਾਈਆ । ਉਹ ਆਪਣੇ ਜਿਹਾ ਆਪੇ ਹੋਇਆ, ਹੋਕਾ ਹਕ ਹਕ ਸੁਣਾਈਆ । ਨਾ ਜਨਮੇ ਨਾ ਕਦੇ ਮੋਇਆ, ਜਨਮ ਮਰਨ ਵਿਚ ਕਦੇ ਨਾ ਆਈਆ । ਆਲਸ ਨਿੰਦਰਾ ਵਿਚ ਕਦੇ ਨਾ ਸੋਇਆ, ਗਫ਼ਲਤ ਵਿਚ ਗਾਫ਼ਲ ਨਾ ਕਦੇ ਅਖਵਾਈਆ । ਜਿਸ ਜੁਗ ਜੁਗ ਜਨ ਭਗਤਾਂ ਪਾਪਾਂ ਦੁਰਮਤ ਮੈਲ ਧੋਇਆ, ਪਤਤ ਪੁਨੀਤ ਕਰਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਪ੍ਰਗਟ ਹੋਇਆ, ਪਰਗਣਾ ਸੰਬਲ ਇਕ ਸੁਹਾਈਆ । ਜਿਸ ਨੌ ਖੰਡ ਪ੍ਰਿਥਮੀ ਧੁਰ ਦਾ ਨਾਮ ਦੇਣਾ ਢੋਇਆ, ਦੀਪਾਂ ਸੱਤਾਂ ਝੋਲੀ ਪਾਈਆ । ਉਸ ਦਾ ਤੇਜ ਸਕੇ ਨਾ ਕੋਇ ਰਕੋਇਆ, ਪਰਦਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਸਾਚੇ ਸੰਤਾਂ ਆਪ ਲਏ ਮੋਹਿਆ, ਮੁਹੱਬਤ ਪਿਆਰ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਇਕ ਅਖਵਾਈਆ । ਸੰਮਤ ਨੌ ਕਹੇ ਓਹ ਨਾਰਦ ਆਇਆ ਆਪਣੀ ਹਿਲਾਏ ਬੋਦੀ, ਨਿਗਾਹ ਜ਼ਿਮੀ ਅਸਮਾਨ ਰਖਾਈਆ । ਹੋਕਾ ਦੇਵੇ ਮੈਂ ਧਰਮ ਧਾਰ ਦਾ ਜੋਗੀ, ਜੁਗਤੀ ਸਭ ਨੂੰ ਦਿਆਂ ਸੁਣਾਈਆ । ਸ੍ਰਿਸ਼ਟੀ ਮਾਇਆ ਮਮਤਾ ਹੋਈ ਰੋਗੀ, ਕਲਜੁਗ ਖੇਲ ਰਿਹਾ ਖਿਲਾਈਆ । ਕੂੜ ਵਾਸਨਾ ਹੋਈ ਭੋਗੀ, ਮਮਤਾ ਵਿਚ ਹਲਕਾਈਆ । ਸਾਧ ਸੰਤ ਸੂਫ਼ੀ ਹੋ ਗਏ ਲੋਭੀ, ਲਬਾਂ ਕਟਾਵਣ ਵਾਲੇ ਰੋਵਨ ਮਾਰਨ ਧਾਹੀਆ । ਸਭ ਨੇ ਪਾਪਾਂ ਭਾਰ ਲੱਦਿਆ ਬੋਝੀ, ਹੌਲਾ ਸਕੇ ਨਾ ਕੋਇ ਕਰਾਈਆ । ਸਚ ਦਵਾਰ ਦਾ ਦਿਸੇ ਕੋਇ ਨਾ ਖੋਜੀ, ਖੋਜਤ ਖੋਜਤ ਵੇਖੀ ਜਗਤ ਲੋਕਾਈਆ । ਨਾਮ ਨਿਧਾਨ ਮਿਲੇ ਕਿਸੇ ਨਾ ਰੋਜ਼ੀ, ਰਾਜਕ ਰਿਜਕ ਰਹੀਮ ਮਿਲਣ ਕੋਇ ਨਾ ਪਾਈਆ । ਨਾਰਦ ਕਹੇ ਮੈਂ ਸਭ ਦੇ ਹੱਥ ਲਾਵਾਂ ਗੋਡੀ, ਮਾਰਨਿੰਗ ਗੁਡ ਕਹਿ ਕੇ ਸੀਸ ਨਿਵਾਈਆ । ਜੋ ਸੰਦੇਸਾ ਦੇ ਕੇ ਗਿਆ ਸ਼ਬਦੀ ਧਾਰ ਗੋਬਿੰਦ ਸੋਢੀ, ਸੋ ਪੁਰਖ ਨਿਰੰਜਣ ਦਿਤਾ ਦ੍ਰਿੜਾਈਆ । ਜਿਸ ਦੀਨ ਦੁਨੀ ਦੀ ਕੀਮਤ ਰਹਿਣ ਨਹੀਂ ਦੇਣੀ ਕੌਡੀ, ਕੌਡੀ ਕੌਡੀ ਹੱਟ ਵਿਕਾਈਆ । ਉਹ ਸਵਾਮੀ ਠਾਕਰ ਬਣ ਕੇ ਮੌਜੀ, ਮਜਲਸ ਭਗਤਾਂ ਨਾਲ ਬਣਾਈਆ । ਸਤਿਗੁਰ ਸ਼ਬਦ ਡਿਕਟੇਟਰ ਫ਼ੌਜੀ, ਸਿਪਾਹ ਸਾਲਾਰ ਨਜ਼ਰ ਕੋਇ ਨਾ ਆਈਆ । ਉਹਦਾ ਦਰਜਾ ਨਹੀਂ ਕੋਈ ਅਹੁਦੀ, ਅਹੁਦੇਦਾਰ ਨਾ ਕੋਇ ਵਡਿਆਈਆ । ਉਹ ਲੇਖਾ ਜਾਣੇ ਲੋਕ ਪ੍ਰਲੋਕੀ, ਦੋ ਜਹਾਨਾਂ ਵੇਖ ਵਖਾਈਆ । ਨਾਰਦ ਕਹੇ ਮੈਂ ਉਸ ਦਾ ਸਲੋਕੀ, ਜੋ ਸੋਹਲਾ ਰਿਹਾ ਦ੍ਰਿੜਾਈਆ । ਉਹਦੀ ਖ਼ਬਰ ਇਕੋ ਅਗੰਮੀ ਮੋਟੀ, ਬਹੁਤਾ ਲੇਖਾ ਨਾ ਕੋਇ ਜਣਾਈਆ । ਜਿਸ ਸਭ ਦੀ ਸਿਖ਼ਰ ਮੁੰਨਣੀ ਚੋਟੀ, ਚੋਟੀ ਚੋਟਾ ਹੋ ਕੇ ਵੇਖ ਵਖਾਈਆ । ਜੋ ਸ੍ਰਿਸ਼ਟ ਦ੍ਰਿਸ਼ਟ ਅੰਦਰ ਹੋ ਗਈ ਖੋਟੀ, ਰਾਏ ਧਰਮ ਦਏ ਸਜ਼ਾਈਆ । ਜਿਨ੍ਹਾਂ ਖਾਧੀ ਗੋਸ਼ਤ ਬੋਟੀ, ਰਸ ਬੁੱਲਾਂ ਬੁਟਾਂ ਬਣਾਈਆ । ਉਹ ਲਹਿਣਾ ਦੇਣਾ ਸਭ ਦਾ ਪੂਰਾ ਕਰੇ ਜੰਞੂ ਪੱਗ ਧਾਰ ਦੀ ਟੋਪੀ, ਜਗਤ ਜਹਾਨ ਵੇਖ ਵਖਾਈਆ । ਨਾਰਦ ਕਹੇ ਮੈਨੂੰ ਇਕ ਖ਼ਬਰ ਸੁਣਾਈ ਛੋਟੀ, ਬਿਨ ਅੱਖਰਾਂ ਦਿਤੀ ਦ੍ਰਿੜਾਈਆ । ਆਪਣੀ ਪੁਰਾਣੀ ਵੇਖ ਲੰਗੋਟੀ, ਚੀਥੜ ਧਿਆਨ ਲਗਾਈਆ । ਨਿਗਾਹ ਮਾਰ ਨਿਰਗੁਣ ਧਾਰ ਤੱਕ ਲੈ ਜੋਤੀ, ਜੋਤੀ ਜਾਤਾ ਨਜ਼ਰੀ ਆਈਆ । ਭਗਤ ਸੁਹੇਲਾ ਆਤਮ ਦਾ ਗੋਤੀ, ਗੌਤਮ ਬੁੱਧ ਰਿਹਾ ਦ੍ਰਿੜਾਈਆ । ਉਸ ਜਨ ਭਗਤਾਂ ਸੁਰਤ ਉਠਾਈ ਸੋਤੀ, ਸੁੱਤਿਆਂ ਲਏ ਜਗਾਈਆ । ਦੁਰਮਤ ਮੈਲ ਜਾਏ ਧੋਤੀ, ਪਾਪਾਂ ਕਰੇ ਸਫ਼ਾਈਆ । ਕਾਇਆ ਮਾਟੀ ਜਾਣੀ ਪੋਚੀ, ਤਨ ਵਜੂਦ ਵੱਜੇ ਵਧਾਈਆ ।

ਜੋ ਇਸ਼ਾਰਾ ਕੀਤਾ ਰਵੀਦਾਸ ਚਮਾਰੇ ਮੋਚੀ, ਚੰਮ ਦ੍ਰਿਸ਼ਟੀ ਦਾ ਡੇਰਾ ਢਾਹੀਆ । ਨਾਰਦ ਕਹੇ ਮੈਂ ਪੈ ਗਿਆ ਸੋਚੀ, ਅੰਦਰ ਅੰਦਰ ਧਿਆਨ ਲਗਾਈਆ । ਕੀ ਖ਼ਬਰ ਸੁਣਾਏ ਗੋਝੀ, ਭੇਵ ਅਭੇਦ ਦ੍ਰਿੜਾਈਆ । ਜਾਂ ਨਿਗਾਹ ਮਾਰੀ ਮੈਨੂੰ ਸਤਿ ਸਰੂਪ ਦਿਸਿਆ ਜੋਗੀ, ਜੁਗਤੀ ਜੁਗਤ ਨਾ ਕੋਇ ਬਣਾਈਆ । ਮੈਂ ਝਟ ਬੈਠ ਗਿਆ ਉਸ ਦੀ ਗੋਦੀ, ਗੋਦਾਵਰੀ ਦਾ ਕੰਢਾ ਗੋਬਿੰਦ ਵਾਲਾ ਸਮਝਾਈਆ । ਫਿਰ ਹਿਲਣ ਲੱਗੀ ਬੋਦੀ, ਪਵਣ ਪਵਣਾਂ ਨਾਲ ਮਿਲਾਈਆ । ਮੈਂ ਖ਼ਬਰ ਸੁਣੀ ਘਰੋਗੀ, ਗਹਿਰ ਗੰਭੀਰ ਦਿਤੀ ਦ੍ਰਿੜਾਈਆ । ਨਾਰਦ ਦੀਨ ਦੁਨੀ ਹੋਈ ਰੋਗੀ, ਸਚ ਜਾਮ ਨਾ ਕੋਇ ਪਿਆਈਆ । ਮੈਂ ਝਟ ਸੋਚਣ ਲੱਗਾ ਹੱਥ ਰਖ ਕੇ ਉਤੇ ਗੋਡੀ, ਨਿਗਾਹ ਜ਼ਿਮੀਂ ਉਤੇ ਟਿਕਾਈਆ । ਜਾਂ ਵੇਖਿਆ ਸਭ ਦੀ ਮੁਕਦੀ ਜਾਏ ਔਧੀ, ਆਯੂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਸੁਣਾਈਆ । ਨਾਰਦ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹੱਸਿਆ, ਹਸਤੀ ਤੱਕ ਬੇਪਰਵਾਹੀਆ । ਨਾਲੇ ਲਹਿੰਦੇ ਚੜ੍ਹਦੇ ਨੱਸਿਆ, ਦੱਖਣ ਪਹਾੜ ਕਦਮ ਟਿਕਾਈਆ । ਫੇਰ ਨੈਣਾਂ ਦਾ ਤੀਰ ਨਿਰਾਲਾ ਕਸਿਆ, ਪ੍ਰਭ ਚਰਨਾਂ ਦੇ ਵਿਚ ਲਗਾਈਆ । ਫੇਰ ਖੇਲ ਵੇਖਿਆ ਪੂਰਨਮਾ ਮੱਸਿਆ, ਕਿਸ਼ਨਾ ਸ਼ੁਕਲਾ ਪੱਖ ਦਏ ਗਵਾਹੀਆ । ਚਾਰੋਂ ਕੁੰਟ ਮਾਇਆ ਮਮਤਾ ਸਭ ਨੂੰ ਡੱਸਿਆ, ਬਚਿਆ ਰਹਿਣ ਕੋਇ ਨਾ ਪਾਈਆ । ਝਟ ਮੈਨੂੰ ਪੈ ਗਈ ਗ਼ਸ਼ਿਆ, ਸੁਰਤੀ ਸੁਰਤ ਭੁਲਾਈਆ । ਮੈਨੂੰ ਨਜ਼ਰ ਆ ਗਿਆ ਕਾਹਨ ਚਰਾਉਂਦਾ ਗਾਈਂ ਵੱਛਿਆ, ਗਊਪਾਲ ਗੋਪਾਲ ਨਾਂਓ ਧਰਾਈਆ । ਮੈਂ ਉਠ ਕੇ ਮਾਰੀਆਂ ਕੱਛਿਆ, ਕੱਛ ਮੱਛ ਦਾ ਲੇਖਾ ਦਿਤਾ ਸਮਝਾਈਆ । ਮੈਨੂੰ ਚੇਤਾ ਹੋਰ ਆ ਗਿਆ ਜਿਸ ਵੇਲੇ ਗੋਬਿੰਦ ਦਾ ਅੰਮ੍ਰਿਤ ਗੋਬਿੰਦ ਦੀ ਧਾਰ ਚੱਖਿਆ, ਦ੍ਰਿਸ਼ਟ ਚਸ਼ਮਦੀਦ ਨੂਰੇ ਚਸ਼ਮ ਦਰਸਾਈਆ । ਮੈਂ ਪਿਛਲਾ ਲੇਖਾ ਆਪਣੇ ਵਿਚੋਂ ਕਢ ਕੇ ਰੱਖਿਆ, ਬਿਨਾ ਹਥੇਲੀ ਹੱਥ ਉਤੇ ਟਿਕਾਈਆ । ਫਿਰ ਨਿਗਾਹ ਮਾਰੀ ਜਿਹੜਾ ਸਮਾਂ ਪ੍ਰਭੂ ਨੇ ਮਿਥਿਆ, ਸੋ ਵਕਤ ਸੁਹੰਜਣਾ ਗਿਆ ਆਈਆ । ਸੁਲਖਣੀ ਹੋਵੇ ਵਾਰ ਥਿਤਿਆ, ਘੜੀ ਪਲ ਵੱਜੇ ਵਧਾਈਆ । ਸਵਾਮੀ ਮਿਲੇ ਸਾਜਣ ਮਿਤਿਆ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਪਿਤਿਆ, ਪਤਿਪਰਮੇਸ਼ਵਰ ਵਡ ਵਡਿਆਈਆ । ਜੋ ਖੇਲ ਕਰੇ ਨਿਤ ਨਵਿਤਿਆ, ਜੁਗ ਜੁਗ ਵੇਸ ਵਟਾਈਆ । ਸੋ ਭਗਤਾਂ ਬਣੇ ਮਿਤਿਆ, ਮਿਤਰ ਪਿਆਰਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਨਾਰਦ ਕਹੇ ਮੈਂ ਸੰਮਤ ਨੌ ਦੀਆਂ ਸੁਣੀਆਂ ਤਕਰੀਰਾਂ, ਲਫ਼ਜ਼ ਲਫ਼ਜ਼ ਧਿਆਨ ਲਗਾਈਆ । ਆਵਾਜ਼ਾਂ ਆਈਆ ਪੈਗ਼ੰਬਰਾਂ ਪੀਰਾਂ, ਜੋ ਪਵਣਾਂ ਵਿਚ ਸਮਾਈਆ । ਆਸ਼ਾਂ ਤੱਕੀਆਂ ਸ਼ਾਹ ਹਕੀਰਾਂ, ਜੋ ਹਿਜਰ ਵਿਚ ਦ੍ਰਿੜਾਈਆ । ਬ੍ਰਿਹੋਂ ਦੇ ਵਹਿਣ ਵਗਦੇ ਵੇਖੇ ਨੀਰਾਂ, ਨੈਣਾਂ ਛਹਿਬਰ ਲਾਈਆ । ਚੁਰਾਸੀ ਦੀਆਂ ਤੱਕੀਆਂ ਤਕਦੀਰਾਂ, ਤਨ ਵਜੂਦਾਂ ਫੋਲ ਫੁਲਾਈਆ । ਗ੍ਰੰਥ ਸ਼ਾਸਤਰ ਵੇਦ ਪੁਰਾਨਾਂ ਅੰਜੀਲ ਕੁਰਾਨਾਂ ਜਾਣੀਆਂ ਬੀੜਾਂ, ਪਰਦੇ ਪਰਦਿਆਂ ਵਿਚੋਂ ਉਠਾਈਆ । ਧੁਰ ਦੇ ਹੁਕਮ ਦੀਆਂ ਤੱਕੀਆਂ ਕਰੀੜਾਂ, ਜੋ ਜਗਤ ਕਿਰਿਆ ਵਿਚ ਕਦੇ ਨਾ ਆਈਆ । ਮੈਨੂੰ ਇਉਂ ਦਿਸਦਾ ਜਿਵੇਂ ਸਭ ਦੇ ਉਤੇ ਪੈਣੀਆਂ ਭੀੜਾਂ, ਸਿਰ ਹੱਥ ਨਾ ਕੋਇ ਟਿਕਾਈਆ । ਪ੍ਰਭੂ ਵਿਛੋੜੇ ਦੀਆਂ ਹੋਣੀਆਂ ਪੀੜਾਂ, ਦਰਦੀਆਂ ਦਰਦ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਵਖਾਈਆ । ਸੰਮਤ ਨੌ ਕਹੇ ਨਾਰਦ ਕੀ ਮੈਨੂੰ ਦਏ ਸੰਦੇਸ਼ਾ, ਜਗਤ ਜਹਾਨ ਜਣਾਈਆ । ਕੀ ਭੇਵ ਦਸ

੯੬੨
੨੩

ਦਸਮੇਸਾ, ਦਹਿ ਦਿਸ਼ਾ ਦੇ ਖੁਲਾਈਆ । ਕੀ ਤੇਰਾ ਲੇਖਾ ਬੋਦੀ ਧਾਰ ਕੇਸਾ, ਧਰਮ ਦੀ ਧਾਰ ਨਾਲ ਸਮਝਾਈਆ । ਨਾਰਦ ਕਹੇ ਮੈਂ ਆਦਿ ਜੁਗਾਦੀ ਸਤਿਗੁਰ ਸ਼ਬਦੀ ਧਾਰ ਸਦ ਹਮੇਸ਼ਾ, ਹਮ ਸਾਜਣ ਇਕ ਬਣਾਈਆ । ਜੁਗ ਜੁਗ ਖੇਲ ਕਰਨਾ ਮੇਰੇ ਸਾਹਿਬ ਸਵਾਮੀ ਦਾ ਪੇਸ਼ਾ, ਪੇਸ਼ੀਨਗੋਈਆਂ ਵਿਚ ਸਾਰੇ ਗਏ ਸੁਣਾਈਆ । ਉਹ ਲੇਖਾ ਵੇਖ ਲੈ ਮੁੱਲਾ ਸ਼ੇਖ਼ਾ, ਮੁਸਾਇਕਾਂ ਦਿਆਂ ਦ੍ਰਿੜਾਈਆ । ਅੰਦਰ ਰਹੇ ਨਾ ਕੋਇ ਭੁਲੇਖਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਭ ਦੀ ਮਿਟਦੀ ਜਾਏ ਰੇਖਾ, ਰਿਖੀਸ਼ਰ ਹੋਏ ਨਾ ਕੋਇ ਸਹਾਈਆ । ਜਿਧਰ ਤੱਕੋ ਉਧਰ ਕਲੇਸ਼ਾ, ਕਲਕਾਤੀ ਖੇਲ ਵਖਾਈਆ । ਜੋ ਆਸ਼ਾ ਰਖੀ ਗਣਪਤ ਗਣੇਸ਼ਾ, ਸ਼ੰਕਰ ਧਿਆਨ ਲਗਾਈਆ । ਸੋ ਲਹਿਣਾ ਦੇਣਾ ਪੂਰਾ ਕਰੇ ਪ੍ਰਭੂ ਭੁਲੇ ਕਦੇ ਨਾ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਲੱਖ ਚੁਰਾਸੀ ਜਿਸ ਕਿਰਸਾਨ ਦੀ ਖੇਤੀ ਉਹ ਫਿਰੇ ਆਪਣਿਆਂ ਵਿਚ ਖੇਤਾਂ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਨੂੰ ਅੰਤ ਸਭ ਨੇ ਮੰਨਣਾ ਇਕੋ ਨੇਤਾ, ਨਰ ਨਰਾਇਣ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਨਾਰਦ ਕਹੇ ਸੰਮਤ ਵੇਖ ਪ੍ਰਵਿਸ਼ਟਾ ਦੂਜਾ, ਮਹੀਨਾ ਹਾੜ ਵਖਾਈਆ । ਪਰਮ ਪੁਰਖ ਜਨ ਭਗਤਾਂ ਪੂਰੀਆਂ ਕਰੇ ਰੀਝਾਂ, ਰਿਜ਼ਕ ਰਹੀਮ ਦਏ ਵਡਿਆਈਆ । ਆਤਮ ਦਵਾਰ ਦੀਆਂ ਲੰਘ ਦਹਿਲੀਜ਼ਾਂ, ਬਿਨਾ ਚਰਨਾਂ ਚਰਨ ਟਿਕਾਈਆ । ਪੂਰਬ ਜਨਮ ਦੀਆਂ ਪੂਰੀਆਂ ਕਰ ਉਮੀਦਾਂ, ਤ੍ਰਿਸ਼ਨਾ ਤ੍ਰਿਖਾ ਕੂੜ ਮਿਟਾਈਆ । ਜਿਸ ਦੇ ਕੋਲ ਬਿਨਾ ਅੱਖਰਾਂ ਤੋਂ ਰਸੀਦਾ, ਕਲਮ ਸਿਆਹੀ ਦੀ ਵੰਡ ਨਾ ਕੋਇ ਵੰਡਾਈਆ । ਉਹ ਖੋਲਣਹਾਰਾ ਗਫ਼ਲਤ ਵਿਚੋਂ ਨੀਂਦਾ, ਆਲਸ ਦਏ ਮਿਟਾਈਆ । ਅੰਮ੍ਰਿਤ ਬਰਖੇ ਆਪਣੇ ਅਗੰਮੇ ਮੀਂਹ ਦਾ, ਮੇਘ ਮੇਘਲਾ ਆਪ ਵਰਸਾਈਆ । ਲਹਿਣਾ ਦੇਣਾ ਜਨ ਭਗਤਾਂ ਪੂਰਾ ਕਰੇ ਸਾਢੇ ਤਿੰਨ ਹੱਥ ਸੀਅ ਦਾ, ਸਤਿਗੁਰ ਸ਼ਬਦ ਹੋਏ ਸਹਾਈਆ । ਉਹ ਮਾਲਕ ਖ਼ਾਲਕ ਲੱਖ ਚੁਰਾਸੀ ਜੰਤ ਜੀਅ ਦਾ, ਜੀਵ ਆਤਮਾ ਆਪੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਪੂਰਾ ਕਰੇ ਜਿਉਂ ਪਿਤਾ ਪੁਤਰ ਧੀ ਦਾ, ਪਿਤਾ ਪੂਤ ਆਪਣੀ ਗੋਦ ਸੁਹਾਈਆ ।



## ੪ ਹਾੜ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ਨਰੈਣ ਸਿੰਘ ਦੇ ਗ੍ਰਿਹ

ਧਰਨੀ ਕਹੇ ਪੁਰਖ ਅਕਾਲ ਅਗੰਮੇ ਮਾਹੀ, ਪਰਵਰਦਿਗਾਰ ਬੇਪ੍ਰਵਾਹ ਤੇਰਾ ਧਿਆਨ ਲਗਾਈਆ । ਆਦਿ ਜੁਗਾਦਿ ਏਕੰਕਾਰ ਤੇਰੀ ਇਕ ਸ਼ਹਿਨਸ਼ਾਹੀ, ਦੂਸਰ ਦੋ ਜਹਾਨ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਤੇਰਾ ਖੇਲ ਬੇਪ੍ਰਵਾਹੀ, ਬੇਅੰਤ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਤੇਰਾ ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈ, ਨਿਰਾਕਾਰ ਡਗਮਗਾਈਆ । ਸਤਿਗੁਰ ਸ਼ਬਦ ਅਗੰਮ ਅਥਾਹੀ, ਭੇਵ ਅਭੇਦ ਨਾ ਕੋਇ ਖੁਲਾਈਆ । ਲੱਖ ਚੁਰਾਸੀ ਖੇਲ ਖਿਲਾਈ, ਤ੍ਰੈਗੁਣ ਮਾਇਆ ਪੰਜ ਤਤ ਰੰਗ ਰੰਗਾਈਆ । ਆਤਮ ਧਾਰ ਆਪ ਪ੍ਰਗਟਾਈ, ਘਰ ਘਰ ਅੰਦਰ ਦਿਤੀ ਟਿਕਾਈਆ । ਅਵਤਾਰ ਪੈਗੰਬਰ ਗੁਰ ਰੂਪ ਧਰਕੇ ਬਣਿਉਂ ਰਾਹੀ, ਰਹਿਬਰ ਆਪਣਾ ਪੰਧ ਬਣਾਈਆ । ਸ਼ਬਦ ਨਾਦ ਧੁਨ ਵਜਾਈ, ਅਨਹਦ ਰਾਗੀ ਰਾਗ ਉਪਜਾਈਆ ।

ਧੁਰ ਦਾ ਨਾਮ ਸੰਦੇਸ਼ਾ ਦਿਤਾ ਸੁਣਾਈ, ਨਾਮ ਕਲਮਿਆਂ ਕਾਇਨਾਤ ਵਡਿਆਈਆ । ਲੇਖ ਬਣਾ ਕੇ ਕਾਗ਼ਜ਼ ਕਲਮ ਸਿਆਹੀ, ਗ੍ਰੰਥ ਸ਼ਾਸਤਰ ਰੰਗ ਰੰਗਾਈਆ । ਮਾਨਵ ਜ਼ਾਤੀ ਵੰਡ ਵੰਡਾਈ, ਦੀਨਾਂ ਮਜ਼੍ਹਬਾਂ ਹਿੱਸੇ ਦਿਤੇ ਪਾਈਆ । ਜਗਤ ਚੰਡ ਪ੍ਰਚੰਡ ਚਮਕਾਈ, ਖੰਡੇ ਖੜਗ ਨਾਲ ਮਿਲਾਈਆ । ਢੋਲੇ ਗੀਤ ਸੰਗੀਤ ਛੰਦ ਸੁਣਾਈ, ਸਿਫ਼ਤਾਂ ਵਿਚ ਸਲਾਹੀਆ । ਆਤਮ ਪਰਮਾਤਮ ਦ੍ਰਿੜਾਈ, ਪਾਰਬ੍ਰਹਮ ਬ੍ਰਹਮ ਭੇਵ ਖੁਲਾਈਆ । ਦੂਈ ਦਵੈਤੀ ਕੰਧ ਵਿਚ ਟਿਕਾਈ, ਪਰਦਾ ਪਰਦੇ ਵਿਚ ਵਖਾਈਆ । ਸੂਰੀਆ ਚੰਦ ਕਰ ਰੁਸ਼ਨਾਈ, ਜਗਤ ਜਹਾਨ ਦਿਤੀ ਵਡਿਆਈਆ । ਮੰਡਲ ਮੰਡਪ ਰੰਗ ਰੰਗਾਈ, ਪੁਰੀਆਂ ਲੋਆਂ ਸੋਭਾ ਪਾਈਆ । ਧਰਨੀ ਕਹੇ ਪ੍ਰਭੂ ਤੂੰ ਮਾਲਕ ਅਗੰਮ ਅਥਾਹੀ, ਅਲਖ ਅਗੋਚਰ ਇਕ ਅਖਵਾਈਆ । ਮੇਰੀ ਬਿਨਾ ਹੱਥਾਂ ਤੋਂ ਤੇਰੇ ਅਗੇ ਦੁਹਾਈ, ਬਿਨ ਨੈਣਾਂ ਨੀਰ ਵਹਾਈਆ । ਸਾਹਿਬ ਸਵਾਮੀ ਮੇਰੇ ਮਾਲਕ ਖ਼ਾਲਕ ਆ ਜਾ ਮਾਹੀ, ਮਿਹਰਵਾਨ ਦਇਆ ਕਮਾਈਆ । ਮੈਥੋਂ ਝੱਲੀ ਨਾ ਜਾਏ ਜੁਦਾਈ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਮੈਨੂੰ ਅਵਤਾਰ ਪੈਗ਼ੰਬਰ ਗੁਰੂ ਇਸ਼ਾਰਿਆਂ ਵਿਚ ਗਏ ਸਮਝਾਈ, ਸੈਨਤ ਤੇਰਾ ਨਾਮ ਲਗਾਈਆ । ਕਲਜੁਗ ਅੰਤਮ ਆਉਣਾ ਧੁਰਦਰਗਾਹੀ, ਸਚਖੰਡ ਨਿਵਾਸੀ ਨੂਰ ਅਲਾਹੀਆ । ਜਿਸ ਨੂੰ ਜਨਮੇ ਕੋਇ ਨਾ ਮਾਈ, ਪਿਤਾ ਗੋਦ ਨਾ ਕੋਇ ਟਿਕਾਈਆ । ਜਿਸ ਦਾ ਹੋਏ ਕੋਈ ਨਾ ਦਾਇਆ ਦਾਈ, ਦਾਇਰਿਆਂ ਵਿਚ ਬੰਦ ਨਾ ਕੋਇ ਕਰਾਈਆ । ਧਰਨੀ ਕਹੇ ਮੈਂ ਤੇਰਾ ਰਾਹ ਰਹੀ ਤਕਾਈ, ਦਿਵਸ ਰੈਣ ਨੈਣ ਉਠਾਈਆ । ਮੇਰੇ ਸਾਹਿਬ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਤੇਰੀ ਸ੍ਰਿਸ਼ਟੀ ਮੇਰੇ ਉਤੇ ਬਣੀ ਕਸਾਈ, ਕਸਮ ਸੌਗੰਦ ਖਾ ਕੇ ਦਿਆਂ ਜਣਾਈਆ । ਦੀਨਾਂ ਮਜ਼੍ਹਬਾਂ ਪਈ ਲੜਾਈ, ਤੇਰਾ ਨਾਮ ਕਲਮਾ ਜਗਤ ਸ਼ਰਅ ਛੁਰੀ ਰੂਪ ਬਦਲਾਈਆ । ਸਤਿ ਧਰਮ ਰਿਹਾ ਕਿਸੇ ਨਾ ਥਾਈਂ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਮੇਰੇ ਉਤੇ ਕੁਰਲਾਈਆ । ਝਗੜਾ ਪਿਆ ਭੈਣਾਂ ਭਾਈ, ਪਿਤਾ ਪੂਤ ਨਾ ਕੋਇ ਵਡਿਆਈਆ । ਮੇਰਾ ਲੇਖਾ ਪੂਰਾ ਕਰ ਦੇ ਜੋ ਦੱਸਿਆ ਗੋਬਿੰਦ ਗੁਰ ਗੁਸਾਈਂ, ਗਹਿਰ ਗੰਭੀਰ ਤੇਰੀ ਸ਼ਰਨਾਈਆ । ਜਿਸ ਕਾਹਨ ਬੂਟਾ ਪੁੱਟਿਆ ਕਾਹੀ, ਕਾਇਨਾਤ ਜੜ ਹਿਲਾਈਆ । ਤਿਸ ਦਾ ਵੇਲਾ ਵਕਤ ਲੰਘਿਆ ਢਾਈ, ਸੈਂਕੜਾ ਢਈਆ ਦਏ ਗਵਾਹੀਆ । ਮੇਰੇ ਖ਼ਾਲੀ ਹੱਥ ਮੈਂ ਵਾਸਤਾ ਰਹੀ ਪਾਈ, ਧੂੜੀ ਮਸਤਕ ਖ਼ਾਕ ਰਮਾਈਆ । ਤੇਰੀ ਸ੍ਰਿਸ਼ਟੀ ਤੇਰੇ ਨਾਲੋਂ ਹੋਈ ਪਰਾਈ, ਪਰਾ ਪਸੰਤੀ ਮਧਮ ਬੈਖਰੀ ਸਮਝ ਕੋਇ ਨਾ ਪਾਈਆ । ਸਤਿ ਦੀ ਸਚ ਧਰਮ ਦੀ ਧਰਮ ਦੇਵੇ ਨਾ ਕੋਇ ਗਵਾਹੀ, ਕੂੜੀ ਕਿਰਿਆ ਜਗਤ ਕੁਰਲਾਈਆ । ਮੇਰੇ ਸਾਹਿਬ ਸਤਿਗੁਰ ਨਿਰਵੈਰ ਪੁਰਖ ਪਕੜੀ ਬਾਹੀਂ, ਫੜ ਬਾਹੋਂ ਪਾਰ ਕਰਾਈਆ । ਸਮੁੰਦ ਸਾਗਰ ਪਾਰ ਕਰਾਈਂ, ਟਿੱਲੇ ਪਰਬਤ ਮੇਰੇ ਰਹੇ ਕੁਰਲਾਈਆ । ਤੇਰਾ ਖੇਲ ਤੱਕਾਂ ਚਾਈਂ ਚਾਈਂ, ਚਾਓ ਘਨੇਰਾ ਇਕ ਉਪਜਾਈਆ । ਤੂੰ ਦੋ ਜਹਾਨਾਂ ਹੁਕਮ ਸੰਦੇਸਾ ਇਕ ਸੁਣਾਈਂ, ਇਕੋ ਡੰਕਾ ਨਾਮ ਵਜਾਈਆ । ਮਾਰਗ ਪੰਥ ਇਕ ਪ੍ਰਗਟਾਈਂ, ਦੂਸਰ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਭੇਵ ਖੁਲਾਈਂ, ਖ਼ਾਲਕ ਖ਼ਲਕ ਦੇਣੀ ਸਮਝਾਈਆ । ਪਾਰਬ੍ਰਹਮ ਬ੍ਰਹਮ ਪਰਦਾ ਲਾਹੀਂ, ਦੁਤੀਆ ਭਾਓ ਨਾ ਕੋਇ ਜਣਾਈਆ । ਈਸ ਜੀਵ ਰੰਗ ਚੜ੍ਹਾਈਂ, ਜਗਦੀਸ਼ ਅਗੰਮ ਅਥਾਹੀਆ । ਕਲਜੁਗ ਕੂੜੀ ਕਿਰਿਆ ਪਾਰ ਕਰਾ ਦੇ ਖਾਈ, ਖਾਰ ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਦਰੋਹੀ ਤੇਰੇ ਨਾਮ ਦੀ ਕੀਮਤ ਰਹੀ ਨਾ ਪਾਈ, ਕੀਮਤ ਜਗਤ ਨਾ ਕੋਇ ਜਣਾਈਆ । ਜਿਧਰ ਤੱਕਾਂ ਕੂੜੀ ਸ਼ਾਹੀ, ਅਦਲ ਇਨਸਾਫ਼ ਨਾ ਕੋਇ ਕਮਾਈਆ । ਮੇਰੇ ਸਾਹਿਬ ਸਤਿਗੁਰ ਤੇਰੇ ਦਰ ਭਿਖਾਰਨ ਆਈ, ਮਾਂਗਤ

੬੬੪
੨੩

੯੬੫
੨੩

ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਮੈਂ ਮਾਂਗਤ ਕੀ ਮੰਗਾਂ, ਮੇਰੇ ਦੇਵਣਹਾਰ ਸਵਾਮੀ । ਕਿਸ ਬਿਧ ਆਪਣੀ ਚੋਲੀ ਰੰਗਾਂ, ਪਰਮ ਪੁਰਖ ਮੇਰੇ ਅੰਤਰਜਾਮੀ । ਜਗਤ ਜਹਾਨ ਸੀਸ ਵੇਖ ਨੰਗਾ, ਓਢਣ ਨਜ਼ਰ ਕੋਇ ਨਾ ਆਈਆ । ਜਿਧਰ ਤੱਕਾਂ ਓਧਰ ਦੰਗਾ, ਝਗੜਾ ਕਰੇ ਲੋਕਾਈਆ । ਅੰਮ੍ਰਿਤ ਧਾਰ ਤੇਰੀ ਦਿਸੇ ਕਿਸੇ ਨਾ ਗੰਗਾ, ਗੋਦਾਵਰੀ ਗੋਬਿੰਦ ਵਾਲੀ ਦਏ ਗਵਾਹੀਆ । ਫਿਰੀ ਦਰੋਹੀ ਵਿਚ ਵਰਭੰਡਾ, ਬ੍ਰਹਿਮੰਡ ਰਹੇ ਕੁਰਲਾਈਆ । ਜਗਤ ਜਗਿਆਸੂ ਆਤਮ ਰੰਡਾ, ਕੰਤ ਸੁਹਾਗ ਨਾ ਪ੍ਰਭੂ ਹੰਢਾਈਆ । ਤੇਰਾ ਸ਼ਬਦੀ ਨਜ਼ਰ ਨਾ ਆਏ ਖੰਡਾ, ਨਵ ਖੰਡ ਰਹੀ ਕੁਰਲਾਈਆ । ਭੇਵ ਖੁਲਾ ਦੇ ਆਪਣੇ ਸੰਗਾ, ਪਰਦਾ ਰਹੇ ਨਾ ਰਾਈਆ । ਨਿਸ਼ਾਨਾ ਤੱਕ ਲੈ ਤਾਰਾ ਚੰਦਾ, ਮੁਹੰਮਦ ਸੀਸ ਝੁਕਾਈਆ । ਜਿਸ ਦਾ ਸਫ਼ਰ ਰਿਹਾ ਨਾ ਲੰਬਾ, ਸਦੀ ਚੌਧਵੀਂ ਪੰਧ ਮੁਕਾਈਆ । ਲੇਖਾ ਤੱਕ ਲੈ ਮੂਸਾ ਈਸਾ ਸੰਧਾ, ਸੰਧਿਆ ਸਰਘੀ ਧਿਆਨ ਲਗਾਈਆ । ਸਚ ਪ੍ਰੇਮ ਦਿਸੇ ਨਾ ਕੋਇ ਅਨੰਦਾ, ਅਨੰਦ ਅਨੰਦ ਵਿਚ ਨਾ ਕੋਇ ਸਮਾਈਆ । ਕਲਜੁਗ ਜੀਵ ਮਨ ਕਲਪਣਾ ਹੋਇਆ ਗੰਦਾ, ਬੁਧ ਬਿਬੇਕ ਨਾ ਕੋਇ ਵਖਾਈਆ । ਤੇਰੇ ਜ਼ਹੂਰ ਵਿਚ ਨੂਰੀ ਦਿਸੇ ਕੋਈ ਨਾ ਬੰਦਾ, ਬੰਦਗੀ ਵਿਚ ਨਾ ਕੋਇ ਸਮਾਈਆ । ਮੈਂ ਵੇਖ ਕੇ ਖੇਲ ਹੋਈ ਅਚੰਭਾ, ਹੈਰਾਨੀ ਮੇਰੇ ਅੰਦਰ ਆਈਆ । ਧਰਨੀ ਕਹੇ ਮੇਰੇ ਸਾਹਿਬ ਮੇਰਾ ਸੀਨਾ ਕਰ ਦੇ ਠੰਡਾ, ਅਗਨੀ ਤਤ ਬੁਝਾਈਆ । ਵਰਨਾਂ ਬਰਨਾਂ ਦੀਨਾਂ ਮਜ਼੍ਹਬਾਂ ਇਕੋ ਪਾ ਦੇ ਗੰਢਾ, ਜ਼ਾਤ ਪਾਤ ਦਾ ਡੇਰਾ ਢਾਹੀਆ । ਕਲਜੁਗ ਅੰਤ ਅਖੀਰੀ ਕਰ ਦੇ ਕੰਢਾ, ਕੰਢੀ ਘਾਟ ਵੇਖ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਕਮਲੀ ਕੋਝੀ, ਕਮਲਾਪਤ ਕੀ ਦ੍ਰਿੜਾਈਆ । ਬਿਨ ਤੇਰੀ ਕਿਰਪਾ ਆਏ ਕੋਈ ਨਾ ਸੋਝੀ, ਸਮਝ ਸੂਝ ਨਾ ਕੋਇ ਵਡਿਆਈਆ । ਮੇਰੇ ਉਤੇ ਤੇਰੀ ਸ੍ਰਿਸ਼ਟੀ ਹੋਈ ਲੋਭੀ, ਮੋਹ ਹੰਕਾਰ ਵਿਕਾਰ ਨਾਲ ਵਡਿਆਈਆ । ਧਰਮ ਦਾ ਦਿਸੇ ਕੋਇ ਨਾ ਜੋਗੀ, ਜੁਗਤ ਜੁਗੀਸ਼ਰ ਨਾ ਕੋਇ ਸਮਝਾਈਆ । ਕੂੜ ਕਿਰਿਆ ਦੇ ਹੋ ਗਏ ਰੋਗੀ, ਦਾਰੂ ਨਾਮ ਨਾ ਕੋਇ ਪਿਆਈਆ । ਜਗਤ ਵਾਸ਼ਨਾ ਹੋਏ ਭੋਗੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਵਿਛੋੜੇ ਵਿਚ ਬਣੇ ਨਾ ਕੋਇ ਵਿਜੋਗੀ, ਬ੍ਰਿਹੋਂ ਤੀਰ ਨਾ ਕੋਇ ਲਗਾਈਆ । ਮਾਤਾ ਪੂਤ ਸੁਹਾਏ ਕੋਇ ਨਾ ਗੋਦੀ, ਭਗਤ ਜਨਮੇ ਕੋਇ ਨਾ ਮਾਈਆ । ਝਗੜਾ ਪਿਆ ਜੰਞੂ ਬੋਦੀ, ਭੇਵ ਸਕੇ ਨਾ ਕੋਇ ਖੁਲਾਈਆ । ਮੈਂ ਸੋਚਾਂ ਹੱਥ ਰਖ ਕੇ ਉਤੇ ਠੋਡੀ, ਨੇਤਰ ਤੇਰੇ ਚਰਨ ਟਿਕਾਈਆ । ਕੀ ਲਹਿਣਾ ਦੇਣਾ ਅੰਤਮ ਵੇਦੀ ਸੋਢੀ, ਨਾਨਕ ਗੋਬਿੰਦ ਕੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭ ਮੈਂ ਸੋਚਾਂ ਕੀ ਇਸ ਵਕਤ, ਸਮਝ ਵਿਚ ਕਿਛ ਨਾ ਆਈਆ । ਤੇਰੀ ਸ੍ਰਿਸ਼ਟੀ ਤੇਰੀ ਦੁਨੀਆ ਤੇਰਾ ਜਗਤ ਜਹਾਨ ਫ਼ਕਤ, ਫ਼ਿਕਰ ਤੇਰੀ ਝੋਲੀ ਪਾਈਆ । ਤੇਰਾ ਹੁਕਮ ਫ਼ਰਮਾਨਾ ਆਦਿ ਜੁਗਾਦੀ ਸਖ਼ਤ, ਸੁਖ਼ਨ ਸਕੇ ਨਾ ਕੋਇ ਬਦਲਾਈਆ । ਕੋਟਾਂ ਵਿਚੋਂ ਤੇਰਾ ਵਿਰਲਾ ਦਿਸੇ ਭਗਤ, ਭਗਵਨ ਜੋ ਤੇਰੀ ਓਟ ਤਕਾਈਆ । ਜਿਸ ਦੀ ਤੂੰ ਲੇਖੇ ਲਾਏਂ ਬੂੰਦ ਰਕਤ, ਤਨ ਹੱਡ ਮਾਸ ਨਾੜੀ ਆਪਣੇ ਰੰਗ ਰੰਗਾਈਆ । ਅੰਤਰ ਆਤਮ ਦੇ ਕੇ ਸ਼ਕਤ, ਸ਼ੱਕ ਕੂੜਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਮਾਂਗਤ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਮੈਂ ਸਚਖੰਡ ਦੀ ਮੰਗਤੀ, ਦੂਸਰ ਓਟ

ਨਾ ਕੋਇ ਤਕਾਈਆ । ਮੈਂ ਪੁਛਿਆ ਨਹੀਂ ਕਿਸੇ ਪਾਂਧੇ ਪੰਡਤੀ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਮੈਂ ਆਸ ਰਖੀ ਤੇਰੀ ਇਕ ਕੰਤ ਦੀ, ਕੰਤ ਕੰਤੂਹਲ ਦੇਣੀ ਸਰਨਾਈਆ । ਕੀ ਧਾਰ ਸਾਚੇ ਸੰਤ ਦੀ, ਸਾਹਿਬ ਸੁਲਤਾਨ ਦੇਣੀ ਸਮਝਾਈਆ । ਕੀ ਵਡਿਆਈ ਤੇਰੇ ਮੰਤ ਦੀ, ਜੁਗ ਜੁਗ ਆਪਣਾ ਨਾਮ ਬਦਲਾਈਆ । ਕੀ ਖੇਲ ਅਖ਼ੀਰੀ ਅੰਤ ਦੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਕੀ ਧਾਰ ਜਾਣੇ ਹਉਮੇ ਹੰਗਤ ਦੀ, ਹੰ ਬ੍ਰਹਮ ਕੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੁਰਖ ਅਕਾਲ ਕਹੇ ਸੁਣ ਧਰਨੀ ਧਰਤ, ਧਵਲ ਧੌਲ ਦਿਆਂ ਜਣਾਈਆ । ਮੇਰਾ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਵਾਇਦਾ ਅਗੰਮੀ ਸ਼ਰਤ, ਸ਼ਰੀਅਤ ਵਿਚ ਕਦੇ ਨਾ ਆਈਆ । ਨਿਰਗੁਣ ਧਾਰ ਆਵਾਂ ਪਰਤ, ਪਤਿਪਰਮੇਸ਼ਵਰ ਰੂਪ ਬਦਲਾਈਆ । ਨਾ ਕੋਈ ਸੋਗ ਰਹੇ ਨਾ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਲੱਖ ਚੁਰਾਸੀ ਕਰਾਂ ਪਰਖ, ਖੋਟੇ ਖਰੇ ਵੇਖਾਂ ਥਾਉਂ ਥਾਈਆ । ਮਾਲਕ ਖ਼ਾਲਕ ਬਣ ਕੇ ਅਰਸ਼, ਅਰਸ਼ੀ ਪ੍ਰੀਤਮ ਹੋ ਕੇ ਪਰਦਾ ਲਾਹੀਆ । ਮੇਰਾ ਲਹਿਣਾ ਦੇਣਾ ਸੰਮਤ ਸ਼ਹਿਨਸ਼ਾਹੀ ਨਵ ਧਾਰ ਦੇ ਬਰਸ, ਨਵ ਸੱਤ ਪੰਧ ਮੁਕਾਈਆ । ਜਨ ਭਗਤਾਂ ਅੰਤਰ ਆਤਮ ਦੇਵਾਂ ਦਰਸ, ਦੀਦਾ ਦਾਨਿਸਤਾ ਨਜ਼ਰੀ ਆਈਆ । ਜਨਮ ਕਰਮ ਦੀ ਮੇਟਾਂ ਹਰਸ, ਹਵਸ ਅਵਰ ਨਾ ਕੋਇ ਵਧਾਈਆ । ਗ਼ਰੀਬ ਨਿਮਾਣਿਆਂ ਕਰਾਂ ਤਰਸ, ਕੋੜ੍ਹਿਆਂ ਕਮਲਿਆਂ ਗੋਦ ਉਠਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਅਗਨੀ ਤਤ ਬੁਝਾਈਆ । ਲੇਖਾ ਜਾਣਾ ਮੰਦਰ ਮਸਜਿਦ ਸ਼ਿਵ ਦਵਾਲੇ ਮਠ, ਚਰਾਗਾਹਾਂ ਖੋਜ ਖੁਜਾਈਆ । ਸਭ ਦਾ ਲਹਿਣਾ ਦੇਣਾ ਝੋਲੀ ਪਾਵਾਂ ਕਰਜ਼, ਮਕਰੂਜ਼ ਹੋ ਕੇ ਲੇਖਾ ਦਿਆਂ ਮੁਕਾਈਆ । ਕਲਜੁਗ ਕੂੜਾ ਬਦਲਣਾ ਮੇਰੀ ਹੋਵੇ ਗ਼ਰਜ਼, ਕੂੜੀ ਕਿਰਿਆ ਪੰਧ ਮੁਕਾਈਆ । ਇਕੋ ਨਾਮ ਢੋਲਾ ਦੱਸਾਂ ਤਰਜ਼, ਕਲਮਾ ਕਾਇਨਾਤ ਸੁਣਾਈਆ । ਤੇਰੀ ਬੇਨੰਤੀ ਮਨਜ਼ੂਰ ਕਰਾਂ ਅਰਜ਼, ਆਰਜ਼ੂ ਆਪਣੇ ਵਿਚ ਟਿਕਾਈਆ । ਨਿਰਗੁਣ ਧਾਰ ਖੇਲ ਵਖਾਵਾਂ ਅਸਚਰਜ, ਅਚਰਜ ਲੀਲਾ ਆਪ ਰਚਾਈਆ । ਦੀਨ ਦੁਨੀ ਦੀ ਪੁੱਠੀ ਸਿੱਧੀ ਕਰਾਂ ਨਰਦ, ਨਰ ਨਰਾਇਣ ਆਪਣਾ ਭੇਖ ਬਦਲਾਈਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਹੋਵਾਂ ਸਹਾਈਆ । ਸ਼ਰਅ ਛੁਰੀ ਮੇਟ ਕੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਧਰਨੀ ਤੇਰਾ ਹੋਣ ਨਾ ਦੇਵਾਂ ਹਰਜ, ਹਰਜਾਨੇ ਪਿਛਲੇ ਪੂਰ ਕਰਾਈਆ । ਇਕੋ ਹੁਕਮ ਸੰਦੇਸਾ ਫ਼ਰਮਾਨਾ ਸੁਣਾਵਾਂ ਗਰਜ, ਗੂੰਜ ਦੋ ਜਹਾਨ ਜਣਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮੁੱਦਤਾਂ ਦਾ ਲੇਖਾ ਵੇਖ ਵਖਾਈਆ । ਨੌ ਸੌ ਚੁਰਾਨਮੇ ਚੌਕੜੀ ਜੁਗ ਦੀ ਫੋਲਾਂ ਫ਼ਰਦ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਸਦੀ ਚੌਧਵੀਂ ਅੰਤ ਬੇਨਜ਼ੀਰ ਹੋ ਕੇ ਮੇਟਾਂ ਅੰਧੇਰਾ ਗਰਦ, ਗਰਦਸ਼ ਤੱਕਾਂ ਸਰਬ ਲੋਕਾਈਆ । ਜਨ ਭਗਤਾਂ ਮਨਜ਼ੂਰ ਕਰ ਕੇ ਅਰਜ਼, ਬੰਸ ਸਰਬੰਸ ਸਾਰੇ ਦਿਆਂ ਤਰਾਈਆ । ਹਰਿਜਨ ਬਣਾ ਕੇ ਆਤਮ ਧਾਰ ਹੰਸ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਲੇਖਾ ਮੁਕਾ ਕੇ ਸਵਰਗ ਜੱਨਤ, ਸਚਖੰਡ ਸਾਚੇ ਆਪ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਦਿ ਜੁਗਾਦਿ ਜੁਗਾ ਜੁਗੰਤ, ਜੁਗ ਚੌਕੜੀ ਆਪਣਾ ਵੇਸ ਵਟਾਈਆ ।

## ✪ ੪ ਹਾੜ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕੱਲਾ ਹਰਿ ਸੰਗਤ ਦੇ ਨਵਿਤ ✪

ਧਰਨੀ ਕਹੇ ਮੈਂ ਸੁਣੀਆਂ ਅਗੰਮੀ ਆਵਾਜ਼ਾਂ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸੁਣਾਈਆ । ਉਠ ਵੇਖ ਅਗੰਮੀ ਰਾਜਾ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਆਦਿਨ ਆਦਿ ਤੇਰਾ ਸਾਜਣ ਸਾਜਾ, ਅੰਤ ਆਪਣੇ ਹੱਥ ਰਖਾਈਆ । ਸੋ ਜੋਤੀ ਧਾਰ ਗ਼ਰੀਬ ਨਿਵਾਜਾ, ਸੋ ਪੁਰਖ ਨਿਰੰਜਣ ਅਗੰਮ ਅਥਾਹੀਆ । ਤੇਰੀ ਰਖਣ ਆਵੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਦੀਪਕ ਜੋਤ ਜਗਾ ਕੇ ਦੇਸ ਮਾਝਾ, ਮਜਲਸ ਭਗਤਾਂ ਨਾਲ ਰਖਾਈਆ । ਕਮਲੀਏ ਬਿਨ ਨੈਣਾਂ ਤੋਂ ਦਰਸ਼ਨ ਪਾ ਜਾ, ਲੋਚਨ ਨੈਣ ਬਿਗਸਾਈਆ । ਨਿਗਾਹ ਮਾਰ ਲੈ ਸ਼ਬਦ ਸਤਿਗੁਰ ਧਾਰ ਵਿਚ ਜਾਗਾ, ਦੋ ਜਹਾਨ ਲਏ ਅੰਗੜਾਈਆ । ਜਿਸ ਦੇ ਹੱਥ ਵਿਚ ਲੱਖ ਚੁਰਾਸੀ ਜੀਵ ਜੰਤ ਦੀਆਂ ਵਾਗਾ, ਨਿਰਗੁਣ ਸਰਗੁਣ ਸੰਗ ਬਣਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਬਿਧਾਤਾ ਕੰਤ ਸੁਹਾਗਾ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਜਿਸ ਦਾ ਨਾਮ ਕਲਮਾ ਜਗਤ ਵਿਦਿਆ ਤੋਂ ਬਾਹਰ ਅਨਰਾਗਾ, ਕਥਨੀ ਕਹਿਣ ਕਿਛ ਨਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਇਆ ਭਾਗਾ, ਭਾਗ ਤੇਰੇ ਦਏ ਬਣਾਈਆ । ਚਰਨ ਧੂੜ ਕਰ ਲੈ ਉੱਤਮ ਸ੍ਰੇਸ਼ਟ ਦੋ ਜਹਾਨ ਤੋਂ ਮਜਨ ਮਾਘਾ, ਜਗਤ ਮੈਲ ਰਹੇ ਨਾ ਰਾਈਆ । ਜਿਸ ਨੂੰ ਸੀਸ ਝੁਕਾਉਂਦੇ ਕ੍ਰਿਸ਼ਨ ਰਾਧਾ, ਸੀਤਾ ਰਾਮ ਨਿਵ ਨਿਵ ਲਾਗਣ ਪਾਈਆ । ਓਹਦਾ ਹੁਕਮ ਸੰਦੇਸ ਇਕੋ ਇਕ ਅਨਾਦਾ, ਅਨਾਦੀ ਧੁਨ ਜਣਾਈਆ । ਜੋ ਤੇਰੇ ਕਲਜੁਗ ਅੰਤ ਬਦਲਣ ਆਇਆ ਮਰਿਆਦਾ, ਹੁਕਮ ਧੁਰ ਦਾ ਇਕ ਪ੍ਰਗਟਾਈਆ । ਜਿਸ ਦਾ ਨਾਮ ਨਿਧਾਨ ਬੋਧ ਅਗਾਧਾ, ਬੁੱਧੀ ਵਿਚ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਵੇ ਸਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਧਰਨੀਏ ਆਪਣੇ ਮੁਖ ਤੋਂ ਲਾਹ ਲੈ ਪੱਲਾ, ਪਲਕਾਂ ਲੈ ਉਠਾਈਆ । ਜਿਸ ਨੂੰ ਪੈਗ਼ੰਬਰਾਂ ਨੂਰ ਅਲਾਹੀ ਕਿਹਾ ਅੱਲਾ, ਆਲਮੀਨ ਯਾਮਬੀਨ ਇਕ ਅਖਵਾਈਆ । ਸੋ ਤੇਰਾ ਸੁਹਾਵਣ ਆਇਆ ਇਕ ਮਹੱਲਾ, ਨੌ ਖੰਡ ਪ੍ਰਿਥਮੀ ਸੱਤ ਦੀਪ ਪੰਧ ਮੁਕਾਈਆ । ਭਾਗ ਲਗਾ ਕੇ ਜੋਤੀ ਧਾਰ ਪਿੰਡ ਕੱਲਾ, ਕਾਇਨਾਤ ਦਾ ਪਰਦਾ ਰਿਹਾ ਚੁਕਾਈਆ । ਜੇ ਉਸ ਨੂੰ ਲੱਭਣਾ ਤੇ ਭਗਤਾਂ ਅੰਦਰ ਰਲਾ, ਘਰ ਘਰ ਡੇਰਾ ਲਾਈਆ । ਦੂਈ ਦਵੈਤੀ ਮੇਟੇ ਸੱਲਾ, ਸਲਲ ਆਪਣਾ ਰੰਗ ਚੜ੍ਹਾਈਆ । ਜਿਸ ਦਾ ਖੇਲ ਹੋਣਾ ਜਲਾ ਥਲਾ, ਮਹੀਅਲ ਖੋਜੇ ਚਾਈਂ ਚਾਈਆ । ਉਹ ਸ਼ਬਦ ਸੁਨੇਹੁੜਾ ਦੋ ਜਹਾਨਾਂ ਰਿਹਾ ਘੱਲਾ, ਨਿਰ ਅੱਖਰ ਆਪ ਸਮਝਾਈਆ । ਚੁਰਾਸੀ ਕਰ ਕੇ ਵਲ ਛਲਾ, ਅਛਲ ਛਲ ਆਪਣਾ ਪਰਦਾ ਆਪਣੇ ਵਿਚ ਛੁਪਾਈਆ । ਉਠ ਲਹਿਣਾ ਤੱਕ ਲੈ ਰਾਜਾ ਬਲਾ, ਕੀ ਬਾਵਨ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਵਿਸ਼ਨੂੰ ਕਹੇ ਧਰਨੀਏ ਤੈਨੂੰ ਵਿਸ਼ਵ ਦੀ ਦੱਸਾਂ ਧਾਰ, ਵਿਸ਼ਿਆਂ ਤੋਂ ਬਾਹਰ ਜਣਾਈਆ । ਜਿਸ ਨੇ ਧਰਨੀ ਧਰਤ ਧਵਲ ਧੌਲ ਤੇਰਾ ਨਾਮ ਰੱਖਿਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਇਸ਼ਾਰੇ ਰਿਹਾ ਕਰਾਈਆ । ਜਿਸ ਲੱਖ ਚੁਰਾਸੀ ਪਸਰ ਦਿਤਾ ਪਸਾਰ, ਚਾਰੇ ਖਾਣੀ ਵੰਡ ਵੰਡਾਈਆ । ਸੋ ਸਰਗੁਣ ਨਿਰਗੁਣ ਨਿਰਗੁਣ ਸਰਗੁਣ ਲੇਖਾ ਜਾਣੇ ਆਪਣੀ ਧਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਰੂਪ ਅਨੂਪ ਸਤਿ ਸਰੂਪ ਤੇਈ ਅਵਤਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਰੰਗ ਰੰਗਾਈਆ । ਜਿਸ ਪੈਗ਼ੰਬਰਾਂ ਸ਼ਰਅ ਦੇ ਨਾਲ ਕੀਤਾ ਤਿਆਰ,

੯੬੭
੨੩

ਸ਼ਰੀਅਤ ਇਕ ਦ੍ਰਿੜਾਈਆ । ਜਿਸ ਨਿਰਗੁਣ ਸਰਗੁਣ ਨਾਨਕ ਗੋਬਿੰਦ ਬਖ਼ਸ਼ ਇਕ ਦਵਾਰ, ਦਰਗਾਹ ਸਾਚੀ ਸਚਖੰਡ ਦਵਾਰ ਵਡਿਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਏਕੰਕਾਰ, ਇਕ ਇਕੱਲਾ ਅਕਲ ਕਲ ਵਖਾਈਆ । ਤੇਰੇ ਉਤੇ ਤੇਰਾ ਲਹਿਣਾ ਦੇਣਾ ਵੇਖੇ ਚਾਰ ਦੀਵਾਰ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਤੂੰ ਨਿਗਹ ਮਾਰ ਲੈ ਆਪਣੀ ਬੁਧੀ ਤੋਂ ਬਾਹਰ, ਅਕਲ ਚਲੇ ਨਾ ਕੋਇ ਚਤੁਰਾਈਆ । ਜਿਸ ਨੌ ਖੰਡ ਪ੍ਰਿਥਮੀ ਪਾਉਣੀ ਸਾਰ, ਸੱਤਾਂ ਦੀਪਾਂ ਖੋਜ ਖੁਜਾਈਆ । ਉਹ ਭਗਤ ਸੁਹੇਲਾ ਮੀਤ ਮੁਰਾਰ, ਮਿਤਰ ਪਿਆਰਾ ਵਡ ਵਡਿਆਈਆ । ਤੇਰਾ ਲਹਿਣਾ ਦੇਣਾ ਪੂਰਬ ਕਰਜ਼ ਦਏ ਉਤਾਰ, ਲੇਖਾ ਅਵਰ ਰਹੇ ਨਾ ਰਾਈਆ । ਕਲਜੁਗ ਕੂੜੀ ਕਿਰਿਆ ਕਰੇ ਪਾਰ, ਮਾਇਆ ਮਮਤਾ ਮੋਹ ਮਿਟਾਈਆ । ਸਤਿਜੁਗ ਸਾਚੇ ਬਖ਼ਸ਼ ਇਕ ਪਿਆਰ, ਪ੍ਰੀਤੀ ਪਰਮ ਪੁਰਖ ਦ੍ਰਿੜਾਈਆ । ਜਨ ਭਗਤ ਸੁਹੇਲੇ ਕਰ ਤਿਆਰ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਸਤਿਜੁਗ ਸਾਚਾ ਤੇਰੇ ਉਤੇ ਕਰੇ ਪਸਾਰ, ਪਰਮ ਪੁਰਖ ਦਏ ਵਡਿਆਈਆ । ਉਸ ਸਾਹਿਬ ਨੂੰ ਕਰ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਜਿਸ ਦੀ ਯਾਦ ਵਿਚ ਨੌ ਸੌ ਚੁਰਾਨਵੇਂ ਚੌਕੜੀ ਜੁਗ ਬੀਤੇ ਅੰਤ ਹੋਏ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਉਠ ਅਵਤਾਰ ਪੈਗ਼ੰਬਰ ਗੁਰੂਆਂ ਦੇ ਤੱਕ ਕੌਲ ਇਕਰਾਰ, ਪੇਸ਼ੀਨਗੋਈਆਂ ਤੇਰੇ ਉਤੇ ਗਏ ਦ੍ਰਿੜਾਈਆ । ਆਲਸ ਨਿੰਦਰਾ ਗ਼ਫ਼ਲਤ ਵਿਚੋਂ ਹੋ ਜਾ ਖ਼ਬਰਦਾਰ, ਬੇਖ਼ਬਰੇ ਖ਼ਬਰ ਸੁਣਾਈਆ । ਵਿਸ਼ਨੂੰ ਕਹੇ ਉਹ ਵਿਸ਼ਵ ਦਾ ਬਣੇ ਸਾਂਝਾ ਯਾਰ, ਚਾਰ ਯਾਰੀ ਦਾ ਪੰਧ ਮੁਕਾਈਆ । ਜਿਸ ਦੇ ਹਜ਼ਰਤ ਈਸਾ ਮੂਸਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜਿਸ ਦਾ ਸਾਰੇ ਕਰਨ ਇੰਤਜ਼ਾਰ, ਚਾਰੋਂ ਕੁੰਟ ਅੱਖ ਉਠਾਈਆ । ਉਹ ਕਲ ਕਲਕੀ ਇਕ ਅਵਤਾਰ, ਅਵਤਰੀ ਆਪਣਾ ਰੂਪ ਬਦਲਾਈਆ । ਧਰਨੀਏ ਤੇਰੀ ਪੈਜ ਜਾਏ ਸਵਾਰ, ਚਰਨ ਕਵਲ ਤੇਰੇ ਉਤੇ ਟਿਕਾਈਆ । ਭਗਤਾਂ ਦਾ ਭਗਵਨ ਧਾਰ ਦਾ ਵੇਖ ਦਰਬਾਰ, ਦਰੇ ਦਰਬਾਰ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਵਡ ਵਡਿਆਈਆ । ਧਰਨੀ ਕਹੇ ਵਿਸ਼ਨ ਬ੍ਰਹਮਾ ਸ਼ਿਵ ਮੈਂ ਦੱਸਾਂ ਕਹਾਣੀ ਸਚ ਦੀ, ਸਚ ਸਚ ਨਾਲ ਜਣਾਈਆ । ਮੇਰੇ ਉਤੇ ਅਗਨੀ ਮੱਚਦੀ, ਤ੍ਰੈਗੁਣ ਸਕੇ ਨਾ ਕੋਇ ਬੁਝਾਈਆ । ਜਗਤ ਜਹਾਨ ਕਾਇਆ ਕੱਚ ਦੀ, ਕੰਚਨ ਗੜ੍ਹ ਨਾ ਕੋਇ ਵਡਿਆਈਆ । ਵਡਿਆਈ ਰਹੀ ਨਹੀਂ ਬੁਧ ਮਤ ਦੀ, ਮਨ ਮਨਸਾ ਹੋਈ ਹਲਕਾਈਆ । ਦੁਨੀਆ ਪਿਆਸੀ ਹੋਈ ਦੀਨ ਮਜ਼੍ਹਬ ਦੇ ਰੱਤ ਦੀ, ਕਲਮਾ ਕਲਮੇ ਨਾਲ ਕਰੇ ਲੜਾਈਆ । ਧਾਰ ਦਿਸੇ ਨਾ ਜਤ ਸਤਿ ਦੀ, ਚਾਰ ਕੁੰਟ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸਵਾਰੀ ਮਿਲੇ ਨਾ ਕਿਸੇ ਸ਼ਬਦ ਅਗੰਮੇ ਰਥ ਦੀ, ਰਥਵਾਹੀ ਨਜ਼ਰ ਕੋਇ ਨਾ ਆਈਆ । ਮੈਂ ਭੌਂਦੀ ਭੌਂਦੀ ਥੱਕ ਗਈ, ਨੌ ਸੌ ਚੁਰਾਨਵੇਂ ਚੌਕੜੀ ਜੁਗ ਭੱਜੀ ਵਾਹੋ ਦਾਹੀਆ । ਮੈਂ ਦੀਨ ਦੁਨੀ ਨੂੰ ਵੇਖ ਕੇ ਅੱਕ ਗਈ, ਮੇਰੀ ਅਕਲ ਬੁੱਧੀ ਨਾ ਕੋਇ ਵਡਿਆਈਆ । ਮੈਂ ਦੀਨ ਦਿਆਲ ਪੁਰਖ ਅਕਾਲ ਨੂੰ ਸੱਦ ਰਹੀ, ਊਚੀ ਕੂਕ ਕੂਕ ਰਹੀ ਜਣਾਈਆ । ਮੇਰੇ ਉਤੇ ਕੂੜ ਵਾਸ਼ਨਾ ਵਧ ਗਈ, ਨਵ ਸਤਿ ਪਈ ਦੁਹਾਈਆ । ਧਰਮ ਦੀ ਧਾਰ ਪ੍ਰਭੂ ਤੇਰੀ ਯਦ ਗਈ, ਯਾਦਵ ਬੰਸੀ ਕ੍ਰਿਸ਼ਨ ਦਏ ਗਵਾਹੀਆ । ਪਿਛਲੀ ਮੇਰੇ ਉਤੇ ਤੇਰੀ ਕੀਤੀ ਲੰਘ ਗਈ, ਅਗੇ ਵਾਸਤਾ ਪਾਈਆ । ਉਠ ਵੇਖ ਲੈ ਤੇਰੀ ਕਾਇਨਾਤ ਤਿਆਰ ਹੋਈ ਜੰਗ ਲਈ, ਜਗਤ ਜਹਾਨ ਲਏ ਅੰਗੜਾਈਆ । ਕਲਜੁਗ ਨੇ ਮੇਰੇ ਉਤੇ ਇਕ ਮੰਗ ਮੰਗ ਲਈ, ਮਾਂਗਤ ਹੋ ਕੇ ਝੋਲੀ ਡਾਹੀਆ । ਆਪਣੀ ਖ਼ੁਸ਼ੀਆਂ ਚੋਲੀ ਰੰਗ ਲਈ,

ਕੂੜਾ ਰੰਗ ਰੰਗਾਈਆ । ਧਰਨੀ ਕਹੇ ਮੈਂ ਵਾਸਤਾ ਪਾਵਾਂ ਪ੍ਰਭੂ ਤੇਰੇ ਅਗੇ ਵਰਭੰਡ ਲਈ, ਭੰਡੀ ਦੇਣੀ ਜਗਤ ਚੁਕਾਈਆ । ਮੈਂ ਨੇਤਰ ਰੋਵਾਂ ਆਪਣੇ ਸੀਨੇ ਠੰਡ ਲਈ, ਅਗਨੀ ਤਤ ਬੁਝਾਈਆ । ਚਾਰ ਜੁਗ ਦੇ ਵਿਛੜੇ ਜਗਤ ਸੁਹੇਲੇ ਗੰਢ ਲਈ, ਨਾਮ ਡੋਰੀ ਨਾਲ ਬੰਧਾਈਆ । ਜੇ ਤੂੰ ਆਉਣਾ ਨਿਸ਼ਾਨ ਤਾਰਾ ਚੰਦ ਲਈ, ਚਾਰ ਯਾਰੀ ਮੁਹੰਮਦ ਲੇਖ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਰਖਾਈਆ । ਧਰਨੀ ਕਹੇ ਮੇਰਾ ਮਨਜ਼ੂਰ ਹੋਇਆ ਹਾੜਾ, ਦੁੱਖ ਰਿਹਾ ਨਾ ਰਾਈਆ । ਪਰਵਿਸ਼ਟਾ ਸੁਹੰਜਣਾ ਹੋਇਆ ਚਾਰ ਹਾੜ ਦੀ ਧਾਰਾ, ਧਰਮ ਧਰਮ ਨਾਲ ਸਮਝਾਈਆ । ਕਿਰਪਾ ਕਰੇ ਪੁਰਖ ਹਰਿ ਕਰਤਾਰਾ, ਕਰਤਾ ਪੁਰਖ ਵਡ ਵਡਿਆਈਆ । ਜੋ ਨਿਰਗੁਣ ਨਿਰਵੈਰ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਇਕ ਅਖਵਾਈਆ । ਜੋ ਵੇਖੇ ਭਗਤਾਂ ਦਾ ਦਾਇਰਾ, ਜਨ ਆਪਣੇ ਖੋਜ ਖੁਜਾਈਆ । ਮੇਰੇ ਉਤੋਂ ਕੂੜ ਦਾ ਮੇਟੇ ਕਾਹਿਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਧੂੜੀ ਚਰਨ ਲਾਈ ਗੁਰਮੁਖਾਂ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਮੇਰੀਆਂ ਪੂਰੀਆਂ ਹੋਈਆਂ ਸੁੱਖਾਂ, ਸੁਖ ਸਾਂਤਕ ਵਿਚ ਸਮਾਈਆ । ਮੇਰੀਆਂ ਤ੍ਰਿਸ਼ਨਾਂ ਮਿਟੀਆਂ ਭੁੱਖਾਂ, ਅਗਨੀ ਤਤ ਬੁਝਾਈਆ । ਮੈਂ ਸਾਹਿਬ ਦੀ ਸਿਫ਼ਤ ਕੀ ਲਿਖਾਂ, ਲਿਖਾਰੀਆਂ ਕੀ ਜਣਾਈਆ । ਭਗਤਾਂ ਕੋਲੋਂ ਕਿਹੜੀ ਸਿਖਿਆ ਸਿੱਖਾਂ, ਜੋ ਭਗਵਨ ਢੋਲਾ ਗਾਈਆ । ਮੇਰੇ ਉਤੇ ਜੁਗ ਚੌਕੜੀ ਬੀਤੇ ਬਰਸ ਵਾਰ ਥਿਤਾਂ, ਘੜੀ ਪਲ ਪੰਧ ਮੁਕਾਈਆ । ਮੈਂ ਅਵਤਾਰ ਪੈਗ਼ੰਬਰ ਗੁਰੂਆਂ ਵੇਖਾਂ ਪਿਆਰ ਨਾਲ ਹਿੱਤਾ, ਹਿਤਕਾਰੀ ਹੋ ਕੇ ਸੰਗ ਬਣਾਈਆ । ਮੈਂ ਰਾਹ ਉਡੀਕਾਂ ਉਸ ਪਰਮ ਪੁਰਖ ਪਿਤਾ, ਜਿਸ ਨੂੰ ਪੁਰਖ ਅਕਾਲ ਸਾਰੇ ਕਹਿ ਕੇ ਗਾਈਆ । ਸੋ ਸਵਾਮੀ ਅੰਤਰਜਾਮੀ ਜੋਤੀ ਜਾਤਾ ਮੈਨੂੰ ਦਿਸਾ, ਦਿਸ਼ਾ ਆਪਣੀ ਵੰਡ ਵੰਡਾਈਆ । ਉਹ ਇਕ ਇਕੱਲਾ ਜਿਸ ਦਾ ਕਲਮੇ ਵਾਲਾ ਵੰਡ ਨਹੀਂ ਕੋਈ ਹਿੱਸਾ, ਆਤਮ ਪਰਮਾਤਮ ਖੇਲ ਖਿਲਾਈਆ । ਜਿਸ ਨੂੰ ਸਮਝੇ ਕੋਇ ਮੁਨ ਨਾ ਰਿਖਾ, ਰਿਖੀਕੇਸ਼ ਗਵਰਧਨ ਧਾਰ ਜਿਸ ਨੂੰ ਸੀਸ ਝੁਕਾਈਆ । ਸੋ ਮੇਰੀ ਝੋਲੀ ਪਾਵਣ ਆਇਆ ਭਿੱਖਾ, ਭਿਖਕ ਹੋ ਕੇ ਝੋਲੀ ਲਵਾਂ ਭਰਾਈਆ । ਜਿਸ ਦਾ ਸ਼ਬਦ ਸੰਦੇਸ਼ਾ ਮਿੱਠਾ, ਅਨਰਸ ਆਪ ਚਖਾਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਕੱਲੇ ਪਿੰਡ ਡਿੱਠਾ, ਕਲ ਕਲਕੀ ਨੂਰ ਅਲਾਹੀਆ । ਮੈਂ ਭੇਵ ਖੋਲਾਂਗੀ ਕਿਸ ਕਿਸ ਨੂੰ ਮੇਰੇ ਸਵਾਮੀ ਨੇ ਦਿਤਾ ਚਿੱਠਾ, ਜੁਗ ਚੌਕੜੀ ਲੋਕਮਾਤ ਫੜਾਈਆ । ਜੋ ਆਵੇ ਨਿਤ ਨਵਿਤਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਪੂਰੀ ਕਰੇ ਇੱਛਾ, ਨਿਰਇਛਤ ਆਪਣੀ ਇੱਛਾ ਨਾ ਕੋਇ ਜਣਾਈਆ ।

## ✪ ੪ ਹਾੜ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕੱਲਾ ਹਰਿ ਸੰਗਤ ਦੇ ਨਵਿਤ ✪

ਧਰਨੀ ਪ੍ਰਭ ਚਰਨ ਕਵਲ ਤੱਕ ਸਚਖੰਡ, ਵਿਸ਼ਨੂੰ ਵਿਸ਼ਵ ਧਾਰ ਜਣਾਈਆ । ਜਿਥੇ ਹਿੱਸਾ ਨਹੀਂ ਕੋਈ ਵੰਡ, ਹੱਦ ਹਦੂਦ ਨਾ ਕੋਇ ਬਣਾਈਆ । ਨਾ ਕੋਈ ਟੁੱਟੀ ਨਾ ਕੋਈ ਪਾਵੇ ਗੰਢ, ਵਿਛੋੜਾ ਰਹਿਣ ਕੋਇ ਨਾ ਪਾਈਆ । ਨਾ ਸੂਰੀਆ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਈ ਦਰਸਾਈਆ ।

੯੭੦
੨੩

ਨਾ ਕੋਈ ਦੁੱਖ ਨਾ ਕੋਈ ਅਨੰਦ, ਸੁਖ ਸਚ ਸਚ ਸਮਝਾਈਆ । ਕਮਲੀਏ ਜ਼ਰਾ ਦਰ ਦਰਵਾਜ਼ਾ ਲੰਘ, ਬਿਨ ਕਦਮਾ ਕਦਮ ਟਿਕਾਈਆ । ਧੁਰ ਸੁਹੰਜਣਾ ਵੇਖ ਪਲੰਘ, ਜਿਸ ਦੀ ਬਾਡੀ ਘੜਤ ਨਾ ਕੋਇ ਘੜਾਈਆ । ਨਾ ਕੋਈ ਤਤਵ ਦਿਸੇ ਪੰਜ, ਤ੍ਰੈਗੁਣ ਰੰਗ ਨਾ ਕੋਇ ਚੜ੍ਹਾਈਆ । ਨਾ ਕੋਈ ਢੋਲ ਵੱਜੇ ਮਰਦੰਗ, ਤਾਲ ਤਲਵਾੜਾ ਨਾ ਕੋਇ ਰਖਾਈਆ । ਨਾ ਕੋਈ ਰੂਪ ਸੂਰਬੀਰ ਭੁਯੰਗ, ਬਿਰਧ ਬਾਲ ਨਾ ਕੋਇ ਦਰਸਾਈਆ । ਨਾ ਕੋਈ ਸ਼ਾਹ ਅਸਵਾਰਾ ਅਸਵ ਤਰੰਗ, ਹਸਤ ਕੀਟ ਨਜ਼ਰ ਕੋਇ ਨਾ ਆਈਆ । ਨਾ ਕੋਈ ਸ਼ਰਅ ਦਵਾਰ ਨਾ ਸ਼ਰੀਅਤ ਕੰਧ, ਨਾ ਕੋਈ ਹਿੱਸਾ ਰਿਹਾ ਵਖਾਈਆ । ਨਾ ਕੋਈ ਧੂਪ ਦੀਪ ਨਾ ਦਿਸੇ ਸੁਗੰਧ, ਦੁਰਗੰਧ ਸਕੇ ਨਾ ਕੋਇ ਪ੍ਰਗਟਾਈਆ । ਨਾ ਕੋਈ ਲੇਖਾ ਜੇਰਜ ਅੰਡ, ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਨਾ ਕੋਈ ਪੁਰੀ ਲੋਅ ਬ੍ਰਹਿਮੰਡ ਖੰਡ, ਖੰਡ ਨਾ ਕੋਇ ਕਰਾਈਆ । ਨਾ ਕੋਈ ਜਗਤ ਧਾਰ ਵਹੇ ਗੰਗ, ਗੰਗੋਤਰੀ ਰੂਪ ਨਾ ਕੋਇ ਦਰਸਾਈਆ । ਨਾ ਕੋਈ ਗੁਰ ਅਵਤਾਰ ਪੈਗ਼ੰਬਰ ਮਾਰੇ ਪੰਧ, ਪਾਂਧੀ ਰੂਪ ਨਾ ਕੋਇ ਪ੍ਰਗਟਾਈਆ । ਨਾ ਕੋਈ ਨਾਮ ਕਲਮਾ ਢੋਲਾ ਗਾਵੇ ਛੰਦ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਇਕੋ ਤੱਕ ਲੈ ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਸ਼ਹਿਨਸ਼ਾਹ ਅਗੰਮ ਅਥਾਹੀਆ । ਦਰ ਦਵਾਰੇ ਅਗਲੀ ਮੰਗ ਲੈ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪਿਛਲੀ ਕੀਤੀ ਤੇਰੇ ਉਤੇ ਸਾਰੀ ਹੋਣੀ ਭੰਗ, ਪੁਰਖ ਅਕਾਲ ਆਪਣਾ ਹੁਕਮ ਵਰਤਾਈਆ । ਨਵ ਸੱਤ ਸ਼ਬਦੀ ਧਾਰ ਤੱਕਣਾ ਜੰਗ, ਜੰਗਜੂ ਇਕੋ ਸੋਭਾ ਪਾਈਆ । ਤੇਰਾ ਭਾਗ ਹੋਵੇ ਨਾ ਮੰਦ, ਮੰਦ ਭਾਗਣ ਮਾਤ ਨਾ ਜਗਤ ਅਖਵਾਈਆ । ਤੇਰਾ ਲੇਖਾ ਹੋਵੇ ਅੰਤ ਅੰਧੇਰ ਅੰਧ, ਨਵ ਨਵ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਦਰਸਾਈਆ । ਧਰਨੀ ਕਹੇ ਮੈਂ ਮਿਹਨਤ ਕੀਤੀ ਬੜੀ, ਬੜੇ ਬੜੇ ਧਿਆਨ ਲਗਾਈਆ । ਮੈਂ ਜੁਗ ਚੌਕੜੀ ਸੜੀ, ਅਗਨੀ ਤਤ ਤਪਾਈਆ । ਮੈਨੂੰ ਸੰਦੇਸ਼ਾ ਦਿਤਾ ਗੋਬਿੰਦ ਚਮਕੌਰ ਗੜ੍ਹੀ, ਪਿਆਰ ਨਾਲ ਦ੍ਰਿੜ੍ਹਾਈਆ । ਤੇਰੇ ਉਤੇ ਅੰਤਮ ਲੇਖਾ ਹੋਣਾ ਗੋਰ ਮੜ੍ਹੀ, ਮਹੱਲ ਅਟਲ ਰਹਿਣ ਕੋਇ ਨਾ ਪਾਈਆ । ਮੇਰੇ ਢਈਏ ਦਾ ਇੰਤਜ਼ਾਰ ਕਰੀਂ, ਢੌਂਕਾ ਲਾਵਾਂ ਚਾਈਂ ਚਾਈਂਆ । ਮੈਂ ਗੱਲ ਸੁਣਾਵਾਂ ਖਰੀ, ਹੁਕਮ ਧੁਰ ਦਾ ਇਕ ਜਣਾਈਆ । ਤੂੰ ਇਕ ਸਾਹਿਬ ਦੀ ਸਰਨੀ ਪਰੀ, ਸੀਸ ਜਗਦੀਸ਼ ਝੁਕਾਈਆ । ਜਿਸ ਨੂੰ ਵਿਸ਼ਨੂੰ ਕਹੇ ਹਰੀ, ਹਰੀ ਵਿਸ਼ਨੂੰ ਰੂਪ ਦਰਸਾਈਆ । ਜੇ ਲੇਖੇ ਵਿਚ ਹੋਣਾ ਬਰੀ, ਬਰੇ ਆਜ਼ਮ ਵੇਖਣਾ ਥਾਉਂ ਥਾਈਂਆ । ਉਸ ਦੇ ਚਰਨ ਲਗ ਕੇ ਤਰੀ, ਤਾਰਨਹਾਰ ਦਏ ਵਡਿਆਈਆ । ਕਮਲੀਏ ਉਸ ਕੋਲੋਂ ਮੂਲ ਨਾ ਡਰੀ, ਕਮਲਾਪਤ ਇਕ ਅਖਵਾਈਆ । ਉਹਦਾ ਨਾਮ ਢੋਲਾ ਕਲਮਿਆਂ ਤੋਂ ਬਾਹਰ ਪੜ੍ਹੀਂ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਉਸ ਦੇ ਸਚਖੰਡ ਦਵਾਰੇ ਚਰਨ ਕਵਲ ਵਿਚ ਖੜ੍ਹੀ, ਨੈਣ ਚਰਨਾਂ ਵੱਲ ਟਿਕਾਈਆ । ਨੇਤਰ ਨੀਰ ਲਗਾਉਣੀ ਝੜੀ, ਵਹਿਣਾ ਵਹਿਣ ਵਹਾਈਆ । ਨਿਮਾਣੀ ਹੋ ਕੇ ਕਦੀਮ ਦੇ ਮਾਲਕ ਦੇ ਕਦਮ ਫੜੀ, ਬਿਨ ਹੱਥਾਂ ਹੱਥ ਲਗਾਈਆ । ਉਹ ਵਕਤ ਸੁਹੰਜਣਾ ਸ਼ਹਿਨਸ਼ਾਹੀ ਸੰਮਤ ਨੌਂ ਚਾਰ ਹਾੜ ਦੀ ਹੋਵੇ ਘੜੀ, ਘੜਿਆਲ ਇਕੋ ਦਏ ਵਜਾਈਆ । ਜਿਸ ਭਗਤਾਂ ਦੀ ਆਪਣੇ ਨਾਲ ਬੰਧਾਉਣੀ ਲੜੀ, ਡੋਰੀ ਸ਼ਬਦ ਤੰਦ ਬੰਧਾਈਆ । ਤੂੰ ਉਸ ਦੀ ਫਿਰਨਾ ਧਰਮ ਧਾਰ ਦੀ ਗਲੀ, ਕੂਚੇ ਜਗਤ ਵਾਲੇ ਤਜਾਈਆ । ਤੈਨੂੰ ਰੋ ਕੇ ਮਿਲੇਗਾ ਮੁਹੰਮਦ ਐਲੀ, ਅੱਲਾ ਹੂ ਦਾ ਨਾਅਰਾ ਲਾਈਆ । ਤੇਰੇ ਉਤੇ ਚਰਾਗ਼ਾਂ ਵਾਲੀ ਮੂਧੀ ਹੋਵੇ ਤੇਲ ਦੀ ਪਲੀ, ਪਰਮ ਪੁਰਖ ਆਪਣਾ ਖੇਲ

ਖਿਲਾਈਆ । ਧਰਨੀਏ ਤੈਨੂੰ ਇਕੋ ਪ੍ਰਭੂ ਦੇ ਚਰਨ ਦੀ ਦੇਣੀ ਪਵੇ ਬਲੀ, ਜੋ ਬਲ ਬਾਵਨ ਗਿਆ ਦ੍ਰਿੜਾਈਆ । ਜਿਸ ਕਾਰਨ ਗੋਬਿੰਦ ਸਿਖਿਆ ਦਿਤੀ ਸੀਸ ਰਖਣਾ ਤਲੀ, ਤਲਬ ਅਵਰ ਨਾ ਕੋਇ ਰਖਾਈਆ । ਉਹ ਖੇਲ ਕਰੇ ਪ੍ਰਭ ਵਲ ਛਲੀ, ਅਛਲ ਛਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੈਂ ਸਚਖੰਡ ਦਾ ਲੰਘੀ ਦਰਵਾਜ਼ਾ, ਪਿਛਲਾ ਪੰਧ ਮੁਕਾਈਆ । ਅਗੇ ਤੱਕਿਆ ਨੂਰ ਨੁਰਾਨਾ ਰਾਜਾ, ਸ਼ਾਹੋ ਭੂਪ ਬੇਪਰਵਾਹੀਆ । ਜਿਸ ਆਦਿ ਜੁਗਾਦੀ ਸਾਜਣ ਸਾਜਾ, ਸਾਜਣਹਾਰ ਇਕ ਅਖਵਾਈਆ । ਸੋ ਨੂਰ ਅਗੰਮਾ ਸੀਸ ਅਗੰਮ ਸੁਹਾਏ ਤਾਜਾ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਮੈਨੂੰ ਸ਼ਬਦ ਅਗੰਮੀ ਮਾਰੀ ਆਵਾਜ਼ਾ, ਸਹਿਜ ਨਾਲ ਸੁਣਾਈਆ । ਆਹ ਵੇਖ ਗ਼ਰੀਬ ਨਿਵਾਜਾ, ਜੋ ਮਾਲਕ ਧੁਰਦਰਗਾਹੀਆ । ਜਿਸ ਦਾ ਇਕੋ ਵੱਜੇ ਵਾਜਾ, ਦੂਜੀ ਧੁਨ ਨਾ ਕੋਇ ਸ਼ਨਵਾਈਆ । ਜਿਸ ਦਾ ਖੇਲ ਬੋਧ ਅਗਾਧਾ, ਬੁੱਧੀ ਤੋਂ ਪਰੇ ਦ੍ਰਿੜਾਈਆ । ਉਸੇ ਦਾ ਨੂਰ ਜ਼ਹੂਰ ਦੇਸ ਮਾਝਾ, ਤੇਰੇ ਉਤੇ ਡਗਮਗਾਈਆ । ਆਪਣਾ ਕਰ ਲੈ ਵਡ ਵਡਭਾਗਾ, ਜਾ ਕੇ ਚਰਨੀ ਸੀਸ ਝੁਕਾਈਆ । ਤੇਰਾ ਲੇਖੇ ਲਾਵੇ ਪੀਤਾ ਖਾਧਾ, ਜੋ ਲੱਖ ਚੁਰਾਸੀ ਆਪਣੇ ਪੇਟ ਵਿਚ ਪਾਈਆ । ਉਹ ਧਾਮ ਸੁਹੰਜਣੇ ਦੇਸ ਬਿਰਾਜਾ, ਸੁਖਆਸਣ ਡੇਰਾ ਲਾਈਆ । ਉਹ ਨਵਾਂ ਰਚਣ ਵਾਲਾ ਕਾਜਾ, ਕਰਤਾ ਪੁਰਖ ਆਪਣੀ ਕਾਰ ਕਮਾਈਆ । ਤੂੰ ਉਸ ਦਾ ਹੁਕਮ ਮੰਨਣਾ ਰਹਿਣਾ ਵਿਚ ਆਗਿਆ, ਅਗੇ ਆਪਣੀ ਧਾਰ ਜਣਾਈਆ । ਜਿਸ ਭਗਤ ਸੁਹੇਲੇ ਹੰਸ ਬਣਾਏ ਕਾਗਾ, ਦੁਰਮਤ ਮੈਲ ਧਵਾਈਆ । ਗੁਰਮੁਖਾਂ ਮੇਲਾ ਨਾਲ ਗੋਬਿੰਦ ਵਾਲੇ ਬਾਜਾ, ਬਾਜ਼ੀ ਜਗ ਉਲਟਾਈਆ । ਜਿਸ ਦਾ ਹੁਕਮ ਅਗੰਮੀ ਗੋਲਾ ਜਾਣਾ ਦਾਗਾ, ਅਗੇ ਹੋ ਨਾ ਕੋਇ ਅਟਕਾਈਆ । ਸੋ ਸਵਾਮੀ ਮਾਧਵ ਮਾਧਾ, ਮਿਹਰਵਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਸਚਖੰਡ ਦਾ ਵੇਖਿਆ ਅਗੰਮਾ ਮੰਦਰ, ਪੱਥਰ ਪਾਹਨ ਨਜ਼ਰ ਕੋਇ ਨਾ ਆਈਆ । ਪ੍ਰਕਾਸ਼ ਅਗੰਮਾ ਹੋਵੇ ਅੰਦਰ, ਨੂਰ ਨੂਰ ਰੁਸ਼ਨਾਈਆ । ਨਾ ਸੂਰੀਆ ਕੋਈ ਚੰਦਰ, ਰਵ ਸਸ ਤੇਜ ਨਾ ਕੋਇ ਪ੍ਰਗਟਾਈਆ । ਨਾ ਕੋਈ ਅੰਧੇਰਾ ਦਿਸੇ ਡੂੰਘੀ ਕੰਦਰ, ਟਿੱਲਾ ਪਰਬਤ ਵੰਡ ਨਾ ਕੋਇ ਵੰਡਾਈਆ । ਨਾ ਕੋਈ ਤ੍ਰੈਧਾਤੂ ਵੱਜਾ ਜੰਦਰ, ਕੁੰਜੀ ਹੱਥ ਨਾ ਕੋਇ ਵਖਾਈਆ । ਨਾ ਕੋਈ ਦੁੱਖ ਨਾ ਅਨੰਦਨ, ਸੁਖ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸ਼ਰਅ ਨਾ ਬੰਧਨ, ਸ਼ਰੀਅਤ ਰੰਗ ਨਾ ਕੋਇ ਰੰਗਾਈਆ । ਨਾ ਕੋਈ ਖ਼ਾਕ ਰਮਾਵੇ ਨਾ ਕੋਈ ਲਾਏ ਚੰਦਨ, ਤਿਲਕ ਲਲਾਟ ਨਾ ਕੋਇ ਜਣਾਈਆ । ਨਾ ਕੋਈ ਨਾਰ ਕੰਤ ਸੁਹਾਗ ਸੁਹਾਵੇ ਅੰਗਣ, ਅੰਗੀਕਾਰ ਨਾ ਕੋਇ ਅਖਵਾਈਆ । ਨਾ ਕੋਈ ਦਰਵੇਸ਼ ਕਿਸੇ ਨਰੇਸ਼ ਕੋਲੋਂ ਮੰਗਣ, ਜਗਤ ਝੋਲੀਆਂ ਡਾਹੀਆ । ਨਾ ਸ੍ਰਿਸ਼ਟੀ ਦ੍ਰਿਸ਼ਟੀ ਨਾ ਰੂਪ ਦਿਸੇ ਵਰਭੰਡਣ, ਬ੍ਰਹਿਮੰਡ ਰਚਨ ਨਾ ਕੋਇ ਰਚਾਈਆ । ਨਾ ਕੋਈ ਸ਼ਸਤਰ ਧਾਰ ਕਰੇ ਜੰਗਣ, ਖੰਡਾ ਖੜਗ ਨਾ ਕੋਇ ਖੜਕਾਈਆ । ਧਰਨੀ ਕਹੇ ਜਾਂ ਮੈਂ ਨਿਗਾਹ ਮਾਰੀ ਮੈਨੂੰ ਇਕੋ ਮਿਲਿਆ ਪਰਮਾਨੰਦਨ, ਪਰਮਾਨੰਦ ਵਿਚ ਸਮਾਈਆ । ਮੇਰੇ ਸਾਹਿਬ ਮੈਨੂੰ ਸੁਣਾਇਆ ਢੋਲਾ ਛੰਦਨ, ਬਿਨ ਰਸਨਾ ਜਿਹਵਾ ਗਾਈਆ । ਧਰਨੀਏ ਧਰਨੀਏ ਆਪਣੇ ਉਤੇ ਆਪਣਾ ਮਾਹੀ ਤੱਕ ਜੋ ਤੇਰੇ ਤੋੜੇ ਬੰਧਨ, ਬਿਨਾ ਬੰਦਗੀਉਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ ।

ਧਰਨੀ ਕਹੇ ਮੈਂ ਅੰਦਰ ਮਾਰੀ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਨਾ ਕੋਈ ਗੁਰ ਅਵਤਾਰ ਪੈਗ਼ੰਬਰ ਦਿਸਿਆ ਖ਼ਾਕੀ, ਤਨ ਵਜੂਦ ਨਾ ਕੋਇ ਵਡਿਆਈਆ । ਨਾ ਕੋਈ ਮੰਦਰ ਮਸਜਿਦ ਸ਼ਿਵਦਵਾਲਾ ਮਠ ਦੀ ਖੋਲੇ ਤਾਕੀ, ਨਾ ਕੋਈ ਚਰਚਾਂ ਰੰਗ ਰੰਗਾਈਆ । ਨਾ ਕੋਈ ਦੀਨ ਮਜ਼੍ਹਬ ਨਾ ਕੋਈ ਝਗੜਾ ਦਿਸੇ ਕਾਗ਼ਜ਼ਾਤੀ, ਨਾਮ ਕਲਮੇ ਢੋਲੇ ਗੀਤ ਨਾ ਕੋਇ ਸੁਣਾਈਆ । ਨਾ ਕੋਈ ਦਿਵਸ ਨਾ ਕੋਈ ਰੈਣ ਰਾਤੀ, ਸੁਬਹ ਸ਼ਾਮ ਖੇਲ ਨਾ ਕੋਇ ਖਿਲਾਈਆ । ਨਾ ਕੋਈ ਦੀਆ ਨਾ ਕੋਈ ਬਾਤੀ, ਇਕੋ ਨੂਰ ਜੋਤ ਰੁਸ਼ਨਾਈਆ । ਮੈਂ ਜਿਧਰ ਵੇਖਾਂ ਓਧਰ ਇਕੋ ਨਜ਼ਰ ਆਵੇ ਮੇਰਾ ਕਮਲਾਪਾਤੀ, ਪਤਿਪਰਮੇਸ਼ਵਰ ਸਾਹਿਬ ਸੁਖਦਾਈਆ । ਜੋ ਸਭ ਨੂੰ ਆਦਿ ਜੁਗਾਦਿ ਦੇਵੇ ਦਾਤੀ, ਦਾਤਾ ਦਾਨੀ ਆਪ ਵਰਤਾਈਆ । ਉਸ ਖ਼ਬਰ ਇਕ ਅਗੰਮੀ ਮੈਨੂੰ ਆਖੀ, ਬਿਨ ਅੱਖਰਾਂ ਦਿਤੀ ਸੁਣਾਈਆ । ਧਰਨੀਏ ਤੇਰੇ ਉਤੇ ਜਿਸ ਦੀ ਚਾਰ ਜੁਗ ਗਾਉਂਦੇ ਆਏ ਸਾਖੀ, ਸਖ਼ੀਆਂ ਵਾਲੇ ਕਾਹਨ ਢੋਲੇ ਸੁਣਾਈਆ । ਉਹ ਖੇਲ ਕਰੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਸੰਬਲ ਉਸ ਦੀ ਵੇਖ ਰਹਿਰਾਸੀ, ਕੀ ਰਚਨਾ ਰਿਹਾ ਰਚਾਈਆ । ਤੇਰਾ ਖੇਲ ਤੱਕੇ ਤਮਾਸ਼ੀ, ਤਮਾਸ਼ਬੀਨ ਹੋ ਕੇ ਪਰਦਾ ਦਏ ਉਠਾਈਆ । ਤੇਰੀ ਕੂੜ ਕਿਰਿਆ ਤੋਂ ਕਰਾਏ ਖਲਾਸੀ, ਖੁਲਾਸਾ ਆਪਣਾ ਨਾਮ ਸਮਝਾਈਆ । ਤੂੰ ਉਸ ਦੀ ਬਣ ਜਾ ਕੇ ਦਾਸੀ, ਦਾਸਤਾਨ ਆਪਣੀ ਦੇ ਦ੍ਰਿੜਾਈਆ । ਨਾਲੇ ਰੋਵੀਂ ਨਾਲੇ ਕਰੀਂ ਹਾਸੀ, ਦੋਵੇਂ ਰੂਪ ਬਦਲਾਈਆ । ਉਹ ਸ਼ਹਿਨਸ਼ਾਹ ਸ਼ਾਹੋ ਸ਼ਾਬਾਸੀ, ਸਤਿਗੁਰ ਸ਼ਬਦ ਵਡ ਵਡਿਆਈਆ । ਓਨ ਫੜ ਹਲੂਣਾ ਦੇਣਾ ਸ਼ੰਕਰ ਉਤੇ ਕੈਲਾਸ਼ੀ, ਬ੍ਰਹਮਾ ਬ੍ਰਹਮ ਧਾਰ ਉਠਾਈਆ । ਵਿਸ਼ਨੂੰ ਉਸ ਦੀ ਮੰਨੇ ਆਖੀ, ਬਿਨ ਅੱਖਰਾਂ ਦਏ ਦ੍ਰਿੜਾਈਆ । ਜਿਸ ਦੀ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੈਨੂੰ ਸਚਖੰਡ ਵਿਚੋਂ ਦਿਤਾ ਦਿਲਾਸਾ, ਧੀਰ ਦਿਤੀ ਧਰਾਈਆ । ਮੇਰਾ ਖ਼ਾਲੀ ਭਰਿਆ ਕਾਸਾ, ਵਸਤ ਅਗੰਮ ਟਿਕਾਈਆ । ਮੇਰਾ ਖ਼ੁਸ਼ੀਆਂ ਵਿਚ ਨਿਕਲਿਆ ਹਾਸਾ, ਹਸਤੀ ਤੱਕ ਅਗੰਮ ਅਥਾਹੀਆ । ਜਿਸ ਮੇਰਾ ਕਰਵਟ ਵਿਚ ਬਦਲਿਆ ਪਾਸਾ, ਪਾਸਾ ਜ਼ਿਮੀਂ ਅਸਮਾਨ ਬਦਲਾਈਆ । ਮੇਰੇ ਅੰਦਰ ਪੈਦਾ ਕੀਤੀ ਆਪਣੀ ਆਸਾ, ਆਸ਼ਾ ਦਿਤੀ ਵਧਾਈਆ । ਮੈਂ ਧਿਆਉਂਦੀ ਸਵਾਸ ਸਵਾਸਾ, ਸਾਹ ਸਾਹ ਸਮਾਈਆ । ਦਿਲ ਚਾਓ ਘਨੇਰਾ ਉਸ ਦੀ ਬਣਾ ਦਾਸੀ ਦਾਸਾ, ਧੂੜੀ ਖ਼ਾਕ ਖ਼ਾਕ ਰਮਾਈਆ । ਮੈਂ ਉਤਰੀ ਉਤੋਂ ਆਕਾਸ਼ਾ, ਆਕਾਸ਼ ਆਕਾਸ਼ਾਂ ਦਿਤਾ ਤਜਾਈਆ । ਜਾਂ ਨਿਗਾਹ ਮਾਰੀ ਸੰਬਲ ਮੇਰੇ ਸਾਹਿਬ ਦਾ ਵਾਸਾ, ਵਾਸਤਾ ਓਸੇ ਅਗੇ ਪਾਈਆ । ਮੇਰਾ ਆਪੇ ਵੇਖ ਲੈ ਖ਼ਾਕਾ, ਚਾਰੋਂ ਕੁੰਟ ਧਿਆਨ ਲਗਾਈਆ । ਤੁਧ ਬਿਨ ਦਿਸੇ ਕੋਈ ਨਾ ਰਾਖਾ, ਰਖਕ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਅੰਧੇਰੀ ਰਾਤਾ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਨੇਤਰ ਰੋਵਾਂ ਜਗਤ ਦੀ ਧਰਨੀ ਮਾਤਾ, ਧਵਲ ਹੋ ਕੇ ਦਿਆਂ ਸੁਣਾਈਆ । ਮੇਰੀਆਂ ਦੁੱਖਾਂ ਦੀਆਂ ਮੁਕਣੀਆਂ ਨਹੀਂ ਬਾਤਾਂ, ਬਾਤਨ ਪਰਦਾ ਦਿਆਂ ਚੁਕਾਈਆ । ਤੂੰ ਮੇਰਾ ਸਾਹਿਬ ਸਵਾਮੀ ਇਕੋ ਆਕਾ, ਅਕਲ ਕਲਧਾਰੀ ਇਕ ਅਖਵਾਈਆ । ਦਰੋਹੀ ਅਵਤਾਰ ਪੈਗ਼ੰਬਰਾਂ ਗੁਰੂਆਂ ਦੇ ਹੁੰਦਿਆਂ ਸਾਚੇ ਧਰਮ ਨੂੰ ਪੈ ਗਿਆ ਡਾਕਾ, ਕਲਜੁਗ ਲੁਟੇਰਾ ਲੁੱਟੇ ਥਾਉਂ ਥਾਈਆ । ਜਿਸ ਦਾ ਪੰਧ ਮੁਕਾ ਦੇ ਅੰਤਮ ਕਰਦੇ ਵਾਟਾ, ਪੂਰਨ ਪੂਰੀਆਂ ਦੇ ਪਾਈਆ । ਮੇਰੇ ਉਤੇ ਸਵਾਮੀਆਂ ਧਰਮ ਦਾ ਇਕੋ ਖੁਲ੍ਹੇ ਹਾਟਾ, ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਮੇਰਾ ਪੂਰਾ ਕਰ ਦੇ ਘਾਟਾ,

ਦਰ ਠਾਂਡੇ ਸੀਸ ਨਿਵਾਈਆ । ਤੇਰਾ ਦਰਸ਼ਨ ਪਾਵਾਂ ਆਪਣੇ ਉਤੇ ਜਗਤ ਵਾਲੀ ਖਾਟਾ, ਖਟੀਆ ਉਤੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦੇਣੀ ਵਡਿਆਈਆ । ਧਰਨੀ ਕਹੇ ਮੈਂ ਆਪਣੇ ਉਤੇ ਤੱਕਾਂ, ਬਿਨ ਅੱਖਾਂ ਅੱਖ ਉਠਾਈਆ । ਵੇਖਾਂ ਮਾਲਕ ਹਕੀਕਤ ਹਕਾ, ਹਕ ਹਕ ਖੋਜ ਖੁਜਾਈਆ । ਨੈਣ ਮਤਵਾਲੇ ਭਟਕਣ ਅੱਖਾਂ, ਅੱਖੀਆਂ ਰੰਗ ਰੰਗਾਈਆ । ਵੈਰਾਗਣ ਹੋ ਕੇ ਉਸ ਸਾਹਿਬ ਨੂੰ ਆਪਣਾ ਹਾਲ ਦੱਸਾਂ, ਮਿਲ ਮਿਲ ਕੇ ਦਿਆਂ ਸੁਣਾਈਆ । ਮੇਰੀ ਮਾਣ ਵਡਿਆਈ ਮਿਲ ਗਈ ਵਿਚ ਮਿੱਟੀ ਕੱਖਾਂ, ਕੀਮਤ ਜਗਤ ਨਾ ਕੋਇ ਜਣਾਈਆ । ਮੈਂ ਕਿਹੜੀ ਕੂਟੇ ਨੱਠਾਂ, ਭੱਜਾਂ ਵਾਹੋ ਦਾਹੀਆ । ਫਿਰ ਗਈ ਦਰੋਹੀ ਅੱਠਾਂ ਸੱਠਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮੇਰੇ ਉਤੇ ਰਹੀ ਕੁਰਲਾਈਆ । ਬਹੁੜੀ ਬਹੁੜੀ ਸੁਣ ਲੈ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ, ਗੁਰੂਦਵਾਰ ਦੇਣ ਦੁਹਾਈਆ । ਮੈਂ ਦੁਹੱਥੜ ਮਾਰਾਂ ਉਤੇ ਪੱਟਾਂ, ਪਟਨੇ ਵਾਲਿਆ ਦਿਆਂ ਸੁਣਾਈਆ । ਜੇ ਤੇਰਾ ਮੇਲ ਹੋ ਗਿਆ ਨਾਲ ਜੱਟਾਂ, ਜਟਾ ਜੂਟ ਧਾਰੀਆ ਕਰ ਸਫ਼ਾਈਆ । ਲੇਖਾ ਮੇਟ ਦੇ ਪੱਥਰ ਇੱਟਾਂ, ਪਾਹਨ ਪੂਜਣ ਕੋਇ ਨਾ ਜਾਈਆ । ਠਾਕਰ ਰਹੇ ਕੋਇ ਨਾ ਵੱਟਾ, ਤੁਧ ਬਿਨ ਸੀਸ ਨਾ ਕੋਇ ਨਿਵਾਈਆ । ਤੁਧ ਬਿਨ ਕਿਸੇ ਦੀ ਭੇਟਾ ਚੜ੍ਹੇ ਕੋਇ ਨਾ ਟਕਾ, ਟਕਿਆਂ ਦੀ ਕੀਮਤ ਗੁਰੂ ਨਾ ਕੋਇ ਵਿਕਾਈਆ । ਤੇਰਾ ਇਕੋ ਹੋਵੇ ਹੱਟਾ, ਹਟਵਾਣਿਆਂ ਨਾਮ ਸਚ ਦੇਣਾ ਵਰਤਾਈਆ । ਧਰਨੀ ਕਹੇ ਮੇਰਾ ਚੀਥੜ ਰਹੇ ਨਾ ਫਟਾ, ਓਢਣ ਸੀਸ ਦੇਣਾ ਸੁਹਾਈਆ । ਸਰੀਰ ਤਨ ਵਜੂਦ ਨੂੰ ਸਤਿਗੁਰ ਸ਼ਬਦ ਨਾਲ ਕਰ ਦੇ ਬਟਾ, ਜ਼ੀਰੋ ਦਾ ਜ਼ੀਰੋ ਰੂਪ ਸਮਝਾਈਆ । ਉਨ੍ਹਾਂ ਦਾ ਲੇਖਾ ਧਰਮ ਰਾਏ ਦੇ ਹੱਥ ਫੜਾ ਦੇ ਜਿਨ੍ਹਾਂ ਨੇ ਖਾਧਾ ਕੱਟਾ ਵੱਛਾ, ਵਹਿਸ਼ੀਆਂ ਵਾਲਾ ਰੂਪ ਗਏ ਬਦਲਾਈਆ । ਮੈਂ ਤੇਰੇ ਚਰਨ ਦਵਾਰੇ ਢੱਠਾ, ਨਿਵ ਨਿਵ ਲਾਗਾਂ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਕਿਰਪਾ ਨਿਧਾਨ ਤੇਰੀਆਂ ਸਭ ਨੂੰ ਹੋਣ ਮਤਾਂ, ਮਤ ਮਤਾਂਤਰ ਡੇਰੇ ਢਾਹੀਆ । ਤੇਰੇ ਹੁਕਮ ਦਾ ਇਕੋ ਡੰਕਾ ਵੱਜੇ ਫੜ੍ਹਾ, ਫ਼ਾਤਿਆ ਕਰ ਕੂੜ ਲੋਕਾਈਆ । ਤੇਰੇ ਪਿਆਰ ਵਿਚ ਤੇਰਾ ਭਗਤ ਹੋਵੇ ਰੱਤਾ, ਰਤਨ ਅਮੋਲਕ ਹੀਰੇ ਲੈ ਬਣਾਈਆ । ਜੋ ਤੇਰਾ ਸੰਦੇਸਾ ਦੇ ਕੇ ਗਿਆ ਸਤਿਗੁਰ ਨਾਨਕ ਤਪਾ, ਤਪਦੇ ਹਿਰਦੇ ਸ਼ਾਂਤ ਕਰਾਈਆ । ਜਿਸ ਨਾਮ ਨੂੰ ਪਹਿਲਾ ਅੱਖਰ ਲੱਗਦਾ ਪੱਪਾ, ਪੂਰਨ ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਸਾਚਾ ਅੰਮ੍ਰਿਤ ਪਿਆ ਦੇ ਬਿਨਾ ਲੱਪਾਂ, ਚੁਲੀਆਂ ਨਿਝਰ ਧਾਰ ਚੁਆਈਆ । ਧਰਨੀ ਕਹੇ ਆਪਣੇ ਚਰਨ ਕਵਲ ਬੰਧਾ ਲੈ ਨੱਤਾ, ਰਿਸ਼ਤਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਜਿਨ੍ਹਾਂ ਨੂੰ ਜੁਗ ਜੁਗ ਦਿਤੀਆਂ ਚਿੱਠੀਆਂ, ਨਾਮ ਸ਼ਬਦ ਵਡਿਆਈਆ । ਅੰਮ੍ਰਿਤ ਧਾਰਾਂ ਦਿਤੀਆਂ ਮਿੱਠੀਆਂ, ਬਿਨ ਰਸਨਾ ਰਸ ਚਖਾਈਆ । ਉਹ ਆਤਮਾ ਅਨਡਿੱਠੀਆਂ, ਆਪਣੇ ਰੰਗ ਰੰਗਾਈਆ । ਸਿਖਿਆ ਦੇਣੀ ਸੱਸੇ ਉਤੇ ਹੋੜਾ ਹਾਹੇ ਉਤੇ ਟਿਪੀਆਂ, ਟੀਕਾ ਟਿਪਣੀ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਪ੍ਰੇਮੀ ਪਿਆਰੇ ਬੰਦ ਕਰ ਲੈ ਬਿਨਾ ਸਿੱਪੀਆਂ, ਪਰਦਾ ਸ਼ਬਦ ਵਾਲਾ ਪਾਈਆ । ਧਰਨੀ ਕਹੇ ਇਹਨਾਂ ਗੁਰਸਿਖਾਂ ਨੂੰ ਸਿਖਿਆ ਦੀਆਂ ਸਿੱਖਣੀਆਂ ਪੈਣ ਨਾ ਲਿਪੀਆਂ, ਲਬਾਂ ਬੁੱਲਾਂ ਨਾ ਕੋਇ ਹਿਲਾਈਆ । ਮਾਣ ਵਡਿਆਈ ਦੇਣੀ ਵਡੀਆਂ ਨਿੱਕੀਆਂ, ਜੋ ਰੂਹਾਂ ਤੇਰੀ ਸਰਨ ਵਿਚ ਸਰਨਾਈਆ । ਮੈਂ ਚਾਹੁੰਦੀ ਉਹ ਦਿਵਸ ਰੈਣ ਤੇਰੇ ਪਿਆਰ ਵਿਚ ਰਹਿਣ ਖਿੱਚੀਆਂ, ਨਾਤਾ ਆਤਮ ਪਰਮਾਤਮ ਜੁੜਾਈਆ । ਉਹਨਾਂ ਦੀਆਂ ਪੂਰੀਆਂ ਸੁਹੰਜਣੀਆਂ


੬੭੩
੨੩

ਸੁਹਾਵਣੀਆਂ ਕਰਨੀਆਂ ਮਿਠੀਆਂ, ਮਿਤਰ ਪਿਆਰੇ ਦੇਣੀ ਵਡਿਆਈਆ । ਜੋ ਤੇਰੀ ਧਾਰ ਵਿਚ ਸਤਿ ਸਰੂਪ ਹੋ ਕੇ ਲਿਟੀਆਂ, ਗੋਦੀ ਗੋਦ ਲੈਣਾ ਟਿਕਾਈਆ । ਧਰਨੀ ਕਹੇ ਮੈਨੂੰ ਜੁਗ ਚੌਕੜੀ ਬੀਤੇ ਗਿਣਦੇ ਗੀਟੀਆਂ, ਜੁਗ ਗਏ ਵਿਹਾਈਆ । ਤੂੰ ਜਨ ਭਗਤਾਂ ਜਨਮ ਕਰਮ ਦੀਆਂ ਤਕਰੀਰਾਂ ਕਰਦੇ ਚਿੱਟੀਆਂ, ਦੁਰਮਤ ਮੈਲ ਰਹੇ ਨਾ ਰਾਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਵਿਚ ਜਾਣ ਨਾ ਭਿੱਟੀਆਂ, ਇਕੋ ਰੰਗ ਦੇਣਾ ਰੰਗਾਈਆ । ਤੇਰੀਆਂ ਬਖ਼ਸ਼ਿਸ਼ਾਂ ਰਹਿਮਤਾਂ ਜਗਤ ਕੀਮਤ ਵਿਚ ਨਾ ਵਿਕੀਆਂ, ਚਰਨ ਪ੍ਰੀਤੀ ਗੰਢ ਪਵਾਈਆ । ਧਰਨੀ ਕਹੇ ਮੇਰੀਆਂ ਸੁਹੰਜਣੀਆਂ ਹੋਵਣ ਅੱਜ ਦੀਆਂ ਥਿਤੀਆਂ, ਹਾੜ ਚਾਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਤੇਰੀਆਂ ਦਾਤਾਂ ਦਿਤੀਆਂ, ਧਰਨੀ ਕਹੇ ਮੇਰੀ ਝੋਲੀ ਦਿਤੀ ਭਰਾਈਆ ।

## ✪ ੫ ਹਾੜ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕੱਲਾ ਹਰਿ ਸੰਗਤ ਦੇ ਨਵਿਤ ✪

ਧਰਨੀ ਕਹੇ ਮੈਨੂੰ ਬ੍ਰਹਮਾ ਇਸ਼ਾਰਾ ਕਰੇ ਉਠਾ ਕੇ ਭੁਜਾਂ, ਅਸ਼ਟਭੁਜ ਨਾਲ ਸੈਨਤ ਰਹੀ ਲਗਾਈਆ । ਤੈਨੂੰ ਭੇਵ ਅਭੇਦ ਦੱਸਾਂ ਗੁਝਾ, ਗੁੰਝਲ ਖੋਲਾਂ ਅਗੰਮ ਅਥਾਹੀਆ । ਜਿਸ ਸਾਹਿਬ ਉਲਟਾਉਣਾ ਕਲਜੁਗਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਉਹ ਸਵਾਮੀ ਇਕੋ ਉਘਾ, ਉਗਣ ਆਥਣ ਕਰੇ ਰੁਸ਼ਨਾਈਆ । ਸਚ ਧਰਮ ਜਿਸ ਦਾ ਮੁੱਦਾ, ਮੁੱਦਤ ਦੇ ਵਿਛੜੇ ਵੇਖ ਵਖਾਈਆ । ਜਿਸ ਦਾ ਸੰਦੇਸਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਸਮਝਾਈਆ । ਉਸ ਦਾ ਦੀਪਕ ਧਰਨੀਏ ਸਚ ਵਾਲਾ ਤੇਰੇ ਉਤੇ ਬੁਝਾ, ਵੇਖਣ ਆਵੇ ਬੇਪਰਵਾਹੀਆ । ਨਾਮ ਨਿਧਾਨ ਦਾ ਖ਼ਾਲੀ ਤੱਕੇ ਕੁੱਜਾ, ਕੋਝੀਏ ਕਮਲੀਏ ਤੇਰੀ ਸਾਰ ਪਾਈਆ । ਮੈਂ ਸੰਦੇਸਾ ਦੇਵਾਂ ਤੈਨੂੰ ਬਸੁਧਾ, ਸਚ ਸਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਨਾਰਦ ਕਹੇ ਧਰਨੀ ਸੁਣ ਸ਼ਬਦ ਅਗੰਮੀ ਆਵਾਜ਼, ਬਿਨ ਸਰਵਣਾਂ ਦਿਆਂ ਸੁਣਾਈਆ । ਸਾਹਿਬ ਸਵਾਮੀ ਦਾ ਖੋਲਾਂ ਰਾਜ਼, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਆਦਿ ਜੁਗਾਦੀ ਸਾਜਣ ਲਿਆ ਸਾਜ, ਤੇਰੀ ਬਣਤ ਬਣਾਈਆ । ਜੁਗ ਚੌਕੜੀ ਰਚ ਰਚ ਕਾਜ, ਖੇਲੇ ਖੇਲ ਬੇਪਰਵਾਹੀਆ । ਜਿਸ ਦਾ ਸਤਿ ਧਰਮ ਇਕ ਸਮਾਜ, ਸਮਗਰੀ ਨਾਮ ਵਾਲੀ ਵਰਤਾਈਆ । ਨਿਰਗੁਣ ਸਰਗੁਣ ਚਲਾਏ ਜਹਾਜ਼, ਲੱਖ ਚੁਰਾਸੀ ਬੇੜਾ ਆਪਣੇ ਕੰਧ ਉਠਾਈਆ । ਸ਼ਾਹੋ ਭੂਪ ਸ਼ਹਿਨਸ਼ਾਹ ਸੀਸ ਰਖ ਕੇ ਤਾਜ, ਤਖ਼ਤ ਨਿਵਾਸੀ ਹੋਏ ਸਹਾਈਆ । ਉਸ ਦਾ ਦਰਸ਼ਨ ਕਰ ਲੈ ਆਜ, ਆਜਿਜ਼ ਹੋ ਕੇ ਸੀਸ ਝੁਕਾਈਆ । ਜਗਤ ਜਹਾਨ ਵਿਚੋਂ ਜਾਗ, ਅੱਖ ਪ੍ਰਤਖ ਖੁਲਾਈਆ । ਤੇਰੇ ਹੋਵਣ ਵਡ ਵਡ ਭਾਗ, ਵਡ ਭਾਗ ਦਏ ਵਡਿਆਈਆ । ਸੁਣ ਸ਼ਬਦ ਸੰਦੇਸ਼ਾ ਧੁਰ ਦਾ ਰਾਗ, ਅਨਰਾਗੀ ਆਪ ਦ੍ਰਿੜਾਈਆ । ਅੰਤਮ ਸਭ ਦੀ ਆਪਣੇ ਹੱਥ ਪਕੜੇ ਵਾਗ, ਡੋਰਾ ਤੰਦਾ ਖਿੱਚ ਖਿਚਾਈਆ । ਜਿਸ ਦਾ ਲਹਿਣਾ ਦੇਣਾ ਤੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਬਾਅਦ, ਅਬਾਦਤ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬ੍ਰਹਮੇ ਇਸ਼ਾਰੇ ਦੇਵਣ ਹੱਥ, ਹਥੇਲੀਆਂ ਆਪਣਾ ਰੂਪ ਬਦਲਾਈਆ । ਸੁਣ ਮਹਿੰਮਾ ਸ਼ਬਦ ਅਕਥ, ਬਿਨ ਕਥਨੀ ਦਿਆਂ ਦ੍ਰਿੜਾਈਆ । ਵੇਖ ਪੁਰਖ ਸਮਰਥ,

ਜੋ ਕਰਤਾ ਧੁਰਦਰਗਾਹੀਆ । ਤੇਰੇ ਸਗਲ ਵਸੂਰੇ ਜਾਣ ਲਥ, ਦੁਰਮਤ ਮੈਲ ਧਵਾਈਆ । ਸਚ ਸਰਨਾਈ ਜਾਣਾ ਢੱਠ, ਧੂੜੀ ਖ਼ਾਕ ਰਮਾਈਆ । ਤੇਰੀ ਉਲਟੀ ਗੇੜੇ ਲੱਠ, ਗੇੜਾ ਜੁਗ ਚੌਕੜੀ ਆਪ ਭਵਾਈਆ । ਜੋ ਵਸੇ ਘਟ ਘਟ, ਗ੍ਰਿਹ ਗ੍ਰਿਹ ਡੇਰਾ ਲਾਈਆ । ਉਹ ਤੇਰੇ ਉਤੇ ਆਇਆ ਨੱਠ, ਆਪਣਾ ਪੰਧ ਮੁਕਾਈਆ । ਜਿਸ ਭਗਤਾਂ ਕੀਤਾ ਇਕੱਠ, ਮੇਲ ਮਿਲਾਇਆ ਸਹਿਜ ਸੁਭਾਈਆ । ਸਚ ਦਵਾਰ ਤੀਰਥ ਬਣਾ ਕੇ ਤਟ, ਕਿਨਾਰਿਆਂ ਦਏ ਵਡਿਆਈਆ । ਭਾਗ ਲਗਾਵੇ ਕਾਇਆ ਮੱਟ, ਤਨ ਮਾਟੀ ਕਰ ਰੁਸ਼ਨਾਈਆ । ਤੇਰੇ ਉਤੇ ਖੋਲੇ ਆਪਣਾ ਹੱਟ, ਸਚ ਵਸਤ ਨਾਮ ਵਰਤਾਈਆ । ਮੇਰੇ ਚਾਰੇ ਵੇਦ ਆਪਣੇ ਲੇਖੇ ਘੱਤ, ਚਾਰੇ ਮੁਖ ਰੰਗ ਰੰਗਾਈਆ । ਜਨ ਭਗਤਾਂ ਰਖੇ ਪਤ, ਪਤਿਪਰਮੇਸ਼ਵਰ ਹੋਏ ਸਹਾਈਆ । ਨੀ ਉਹ ਸੱਜਣ ਸਵਾਮੀ ਆਇਆ ਵੱਤ, ਬੇਵਤਨੇ ਤੇਰਾ ਵਤਨ ਦਏ ਸੁਹਾਈਆ । ਲੱਖ ਚੁਰਾਸੀ ਵਿਰੋਲੇ ਤਤ, ਤਤਵ ਤਤ ਪਰਦਾ ਆਪ ਉਠਾਈਆ । ਜਿਸ ਨੂੰ ਦੀਨ ਦੁਨੀ ਦੀ ਸਾਂਝੀ ਹੋਵੇ ਮਤ, ਇਕੋ ਸਿਖਿਆ ਦਏ ਦ੍ਰਿੜਾਈਆ । ਬਿਨਾ ਪੁਰਖ ਅਕਾਲ ਤੋਂ ਦੂਜਾ ਜੋੜੇ ਕੋਇ ਨਾ ਨਤ, ਰਿਸ਼ਤਾ ਆਤਮ ਪਰਮਾਤਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਬ੍ਰਹਮਾ ਕਹੇ ਮੇਰੇ ਸੁਣ ਲੈ ਸੰਦੇਸ਼ੇ ਬਿਨਾ ਮੁਖ, ਚਾਰੇ ਮੁਖ ਆਪਣਾ ਰੰਗ ਰੰਗਾਈਆ । ਤੇਰੀ ਤ੍ਰਿਸ਼ਨਾ ਮੇਟੇ ਭੁੱਖ, ਭੁੱਖਿਆਂ ਦਏ ਰਜਾਈਆ । ਕੂੜੀ ਕਿਰਿਆ ਗਵਾਏ ਦੁੱਖ, ਦਰਦੀਆਂ ਦਰਦ ਵੰਡਾਈਆ । ਤੂੰ ਉਸ ਦੇ ਚਰਨ ਕਵਲਾਂ ਜਾਣਾ ਝੁਕ, ਨਿਵ ਨਿਵ ਲਾਗਣ ਪਾਈਂਆ । ਜਿਸ ਤੂੰ ਮੇਰਾ ਮੈਂ ਤੇਰਾ ਗਾਈ ਤੁਕ, ਸੋਹੰ ਢੋਲਾ ਅਗੰਮ ਅਥਾਹੀਆ । ਉਹ ਭਗਤ ਸੁਹੇਲੇ ਤੇਰੇ ਉਤੇ ਉਧਾਰੇ ਆਪਣੇ ਸੁਤ, ਸਤਿਗੁਰ ਸ਼ਬਦ ਸ਼ਬਦ ਦਏ ਵਡਿਆਈਆ । ਭਾਗ ਲਗਾ ਕੇ ਕਾਇਆ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਤੇਰੀ ਸੁਹੰਜਣੀ ਹੋਵੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਸਵਾਧਾਨ ਹੋ ਕੇ ਉਠ, ਆਪਣੀ ਲੈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰਾਹ ਇਕ ਵਖਾਈਆ । ਬ੍ਰਹਮਾ ਕਹੇ ਧਰਨੀਏ ਮੈਂ ਦੱਸਾਂ ਨਾਲ ਧਰਮ, ਧਰਮ ਧਾਰ ਜਣਾਈਆ । ਤੇਰਾ ਬਦਲ ਦੇਵੇ ਕਰਮ, ਨਿਹਕਰਮੀ ਹੋਏ ਸਹਾਈਆ । ਜਿਸ ਭਗਤਾਂ ਦਿਤਾ ਜਰਮ, ਬਣ ਜਣੇਂਦੀ ਮਾਈਆ । ਉਹ ਵੇਖਣਹਾਰਾ ਆਪਣਾ ਬ੍ਰਹਮ, ਪਾਰਬ੍ਰਹਮ ਵਡ ਵਡਿਆਈਆ । ਕੂੜੀ ਕਿਰਿਆ ਮੇਟੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਝਗੜਾ ਮੇਟ ਕੇ ਚਾਰੇ ਵਰਨ, ਬਰਨ ਅਠਾਰਾਂ ਰੰਗ ਰੰਗਾਈਆ । ਉਹ ਮਾਲਕ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਤੂੰ ਓਸ ਦੀ ਲਗਣਾ ਸਰਨ, ਜੋ ਸੰਬਲ ਬੈਠਾ ਸੋਭਾ ਪਾਈਆ । ਧੂੜੀ ਖ਼ਾਕ ਰਮਾਉਣੀ ਚਰਨ, ਚਰਨੋਦਕ ਆਪਣੇ ਮੁਖ ਚੁਆਈਆ । ਤੂੰ ਮੇਰਾ ਮੈਂ ਤੇਰਾ ਇਕੋ ਤੁਕ ਲੱਗੀ ਪੜ੍ਹਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤੇਰੇ ਉਤੋਂ ਤੋੜ ਹੰਕਾਰੀ ਗੜ੍ਹਨ, ਹਉਮੇ ਹੰਗਤਾ ਦਏ ਮਿਟਾਈਆ । ਦੂਈ ਦਵੈਤੀ ਵਿਚ ਜਨ ਭਗਤ ਕਦੇ ਨਾ ਸੜਨ, ਅਗਨੀ ਤਤ ਤਤ ਚੁਕਾਈਆ । ਤੇਰੇ ਉਤੇ ਨਵਾਂ ਘਾੜਨ ਆਇਆ ਘੜਨ, ਸਤਿਜੁਗ ਸਾਚੇ ਬਣਤ ਬਣਾਈਆ । ਗੁਰਮੁਖ ਗੁਰਸਿਖ ਆਇਆ ਫੜਨ, ਸੂਫ਼ੀ ਸੰਤ ਨਾਲ ਮਿਲਾਈਆ । ਤੇਰਾ ਜੁਗ ਚੌਕੜੀ ਦਾ ਪੂਰਾ ਕਰੇ ਪ੍ਰਣ, ਪੂਰਨ ਪਰਮੇਸ਼ਵਰ ਵਡ ਵਡਿਆਈਆ । ਨੇਤਰ ਖੋਲੇ ਹਰਨ ਫਰਨ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਭਾਗ ਲਗਾ ਕੇ ਤੇਰੇ ਘਰਨ, ਘਰਾਨੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਪਰਦਾ ਆਪ ਚੁਕਾਈਆ । ਬ੍ਰਹਮਾ ਕਹੇ ਇਸ਼ਾਰੇ ਦੇਂਦੇ ਮੇਰੇ ਚਾਰੇ ਵੇਦ, ਵਿਦਿਆ ਜਗਤ ਨਾਲ ਰਲਾਈਆ । ਉਹ ਮਾਲਕ ਭੇਵ ਅਭੇਦ, ਬੇਅੰਤ ਅੰਤ ਇਕ ਅਖਵਾਈਆ । ਜਿਸ ਦੀ ਜੁਗ ਚੌਕੜੀ ਕਰਦਾ ਆਇਆ ਸੇਵ, ਯਾਚਕ ਹੋ ਕੇ ਸੇਵ ਕਮਾਈਆ । ਉਹ ਸਵਾਮੀ ਵਡ ਦੇਵੀ ਦੇਵ, ਦੇਵ ਆਤਮਾ ਰੰਗ ਰੰਗਾਈਆ । ਜੋ ਵਸੇ ਸਦਾ ਧਾਮ ਅਟੱਲ ਨਿਹਚਲ ਨਿਹਕੇਵ, ਕਲਜੁਗ ਤੇਰੇ ਉਤੇ ਆਸਣ ਲਾਈਆ । ਜਿਸ ਦੀ ਸਿਫ਼ਤ ਕਰ ਸਕੇ ਨਾ ਕੋਈ ਜਿਹਵ, ਗੁਣਵੰਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਬ੍ਰਹਮਾ ਕਹੇ ਧਰਨੀਏ ਮੇਰਾ ਅੰਤਸ਼ਕਰਨ ਕੀ ਕਹਿੰਦਾ, ਬਿਨਾ ਅੱਖਰਾਂ ਰਿਹਾ ਦ੍ਰਿੜਾਈਆ । ਮੇਰੇ ਸਾਹਿਬ ਦਾ ਅਗੰਮੀ ਵਹਿਣ ਵਹਿੰਦਾ, ਜੋ ਜਗਤ ਨੇਤਰਾਂ ਨਜ਼ਰ ਕਿਸੇ ਨਾ ਆਈਆ । ਜੁਗ ਜੁਗ ਸਭ ਦੇ ਲਹਿਣੇ ਦੇਣੇ ਦੇਂਦਾ, ਦੇਵਣਹਾਰ ਵਡ ਵਡਿਆਈਆ । ਸੋ ਮਾਲਕ ਆਪਣੇ ਨਾਮ ਮੁਹਾਣੇ ਨੈਂ ਦਾ, ਨਰ ਨਰਾਇਣ ਇਕ ਅਖਵਾਈਆ । ਜਿਸ ਗੜ੍ਹ ਤੋੜਨਾ ਹੰਕਾਰ ਹਉਮੇ ਦਾ, ਹੰਗਤਾ ਕੂੜ ਦਏ ਗਵਾਈਆ । ਇਕੋ ਜੈਕਾਰਾ ਪ੍ਰਸਿੱਧ ਕਰਨਾ ਆਤਮ ਪਰਮਾਤਮ ਜੈ ਦਾ, ਚਾਰੋਂ ਕੁੰਟ ਵੱਜੇ ਵਧਾਈਆ । ਭਾਗ ਸੁਲੱਖਣਾ ਹੋਵੇ ਜਨ ਭਗਤਾਂ ਗ੍ਰਿਹ ਦਾ, ਗ੍ਰਿਹ ਦੇਵੇ ਮਾਣ ਵਡਿਆਈਆ । ਇਕੋ ਫ਼ਰਮਾਨ ਦਿਸੇ ਨਿਰਗੁਣ ਧਾਰ ਆਪਣੇ ਭੈ ਦਾ, ਭਾਉ ਇਕੋ ਇਕ ਜਣਾਈਆ । ਝਗੜਾ ਮੇਟ ਕੇ ਦਵੈਤ ਦਵੈ ਦਾ, ਦੁਤੀਆ ਭੇਵ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਵਡ ਵਡਿਆਈਆ । ਬ੍ਰਹਮਾ ਕਹੇ ਧਰਨੀਏ ਮੈਂ ਕਰਾਂ ਕੀ ਉਸਤਤ, ਸਿਫ਼ਤਾਂ ਨਾਲ ਸਾਲਾਹੀਆ । ਭੇਵ ਪਾ ਸਕੇ ਨਾ ਚਾਰ ਜੁਗ ਦੇ ਪੁਸਤਕ, ਅੱਖਰ ਗੰਢ ਨਾ ਕੋਇ ਖੁਲਾਈਆ । ਜੋ ਸਭ ਨੂੰ ਦੇਵਣਹਾਰਾ ਰੁਖ਼ਸਤ, ਸਾਡੇ ਲੇਖੇ ਪੂਰ ਕਰਾਈਆ । ਉਹ ਮਾਲਕ ਖ਼ਾਲਕ ਅਗੰਮਾ ਮੁਰਸ਼ਦ, ਬੇਐਬ ਨੂਰ ਅਲਾਹੀਆ । ਜਿਸ ਕਲਜੁਗ ਅੰਤ ਸ੍ਰੀ ਭਗਵੰਤ ਸਭ ਨੂੰ ਦੇਣੀ ਰੁਖ਼ਸਤ, ਲਹਿਣਾ ਦੇਣਾ ਸਭ ਦਾ ਪੂਰ ਕਰਾਈਆ । ਉਹਦੀ ਵਡਿਆਈ ਅਗੰਮੀ ਉਲਫ਼ਤ, ਮਹਿੰਮਾ ਕਹਿਣ ਕਿਛ ਨਾ ਪਾਈਆ । ਸੋ ਸਵਾਮੀ ਜਨ ਭਗਤਾਂ ਵੇਖੇ ਆਪਣਾ ਗੁਲਸ਼ਨ, ਨਵ ਸੱਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਰਹਿਣ ਨਾ ਦੇਵੇ ਕੋਈ ਮੁਸ਼ਕਲ, ਮੁਸ਼ਕਲ ਸਭ ਦੀ ਹੱਲ ਕਰਾਈਆ ।

### ✪ ੧੬ ਹਾੜ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਮੁਖੋਂ ਕਹਿਣ ਮੰਦਰ ਸ਼ਿਵਦਵਾਲੇ ਮਠੇ, ਮਿਠਤ ਨਾਲ ਜਣਾਈਆ । ਮਸਜਿਦਾਂ ਚਰਚਾਂ ਕਰ ਇਕੱਠੇ, ਏਕਾ ਦਏ ਵਡਿਆਈਆ । ਗੁਰੂਦਵਾਰ ਤੇਰੇ ਦਰ ਤੇ ਸਾਰੇ ਫਿਰਨ ਨੱਠੇ, ਭੱਜਣ ਵਾਹੋ ਦਾਹੀਆ । ਤੀਰਥ ਵੇਖ ਅੱਠ ਸੱਠੇ, ਤੱਟਾਂ ਫੋਲ ਫੁਲਾਈਆ । ਤੂੰ ਵਸੇਂ ਘਟ ਘਟੇ, ਘਟ ਭੀਤਰ ਡੇਰਾ ਲਾਈਆ । ਦੀਨਾਂ ਮਜ਼੍ਹਬਾਂ ਦੇ ਵੇਖ ਲੈ ਰੱਟੇ, ਚਾਰੋਂ ਕੁੰਟ ਖੋਜ ਖੁਜਾਈਆ । ਸ਼ਰਅ ਸ਼ਰੀਅਤ ਤੱਕ ਲੈ ਹੱਟੇ, ਦੀਨ ਮਜ਼੍ਹਬ ਕੁਰਲਾਈਆ । ਸਾਡੇ ਅੰਤਮ ਵੇਖ ਲੈ ਪਟੇ, ਪਟਨੇ ਵਾਲਾ ਨਾਲ ਮਿਲਾਈਆ । ਸਭ ਦੇ ਅੰਕੜੇ ਜ਼ੀਰੋ ਨਾਲ ਹੋ ਗਏ ਵਟੇ, ਅੰਕੜਾ ਸਮਝ ਕੋਇ ਨਾ ਪਾਈਆ ।

੯੭੬
੨੩

ਕਿਸੇ ਨੇ ਵੱਛੇ ਖਾਧੇ ਕਿਸੇ ਨੇ ਖਾਧੇ ਕੱਟੇ, ਕੂੜੀ ਕਿਰਿਆ ਨਾਲ ਹਲਕਾਈਆ । ਸਾਡੇ ਅੰਦਰ ਤੂੰ ਪ੍ਰਭੂ ਵਿਕੇਂ ਟਕੇ, ਟਕੇ ਕੀਮਤ ਗ੍ਰੰਥਾਂ ਵਾਲੀ ਪਾਈਆ । ਸਾਡੇ ਚੀਥੜ ਵੇਖ ਲੈ ਪੁਰਾਣੇ ਫਟੇ, ਓਢਣ ਨਜ਼ਰ ਕੋਇ ਨਾ ਆਈਆ । ਤੇਰੀ ਸਰਨ ਸਰਨਾਈ ਢੱਠੇ, ਨਿਵ ਨਿਵ ਸੀਸ ਝੁਕਾਈਆ । ਕਲਜੁਗ ਅੰਤਮ ਉਲਟੀ ਗੇੜ ਦੇ ਲੱਠੇ, ਨਵ ਸੱਤ ਦੇ ਉਲਟਾਈਆ । ਸਾਰੇ ਤੈਨੂੰ ਟੇਕੀਏ ਮੱਥੇ, ਮਸਤਕ ਸੀਸ ਨਿਵਾਈਆ । ਤੂੰ ਸਰਬ ਕਲਾ ਸਮਰਥੇ, ਸਮਰਥ ਤੇਰੀ ਵਡਿਆਈਆ । ਤੇਰੀ ਮਹਿੰਮਾ ਸਦਾ ਅਕਥੇ, ਕਥਨੀ ਕਥ ਸਕੇ ਨਾ ਰਾਈਆ । ਅਸੀਂ ਹਾਲ ਸੁਣਾਈਏ ਯਥਾਰਥ ਯਥੇ, ਯਦੀ ਯਦਪ ਦਈਏ ਦ੍ਰਿੜਾਈਆ । ਸਾਡੇ ਦੀਨਾਂ ਮਜ਼੍ਹਬਾਂ ਵਾਲੇ ਚਾਓ ਲੱਥੇ, ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਜਿਨ੍ਹਾਂ ਪਿਛੇ ਤੀਰ ਕਮਾਨ ਉਠਾਏ ਭੱਥੇ, ਖੰਡੇ ਖੜਗਾਂ ਹੱਥ ਉਠਾਈਆ । ਉਹ ਯਾਰ ਦੇ ਸਥਰ ਮੂਲ ਨਾ ਲੱਭੇ, ਯਾਰੜਾ ਸੇਜ ਨਾ ਕੋਇ ਹੰਢਾਈਆ । ਸਾਡੇ ਤੇਰੇ ਅਗੇ ਬੰਨ੍ਹੇ ਹੱਥੇ, ਨਿਵ ਨਿਵ ਸੀਸ ਝੁਕਾਈਆ । ਸਤਿ ਧਰਮ ਚਲਾ ਦੇ ਇਕੋ ਰਥੇ, ਰਥਵਾਹੀ ਇਕ ਅਖਵਾਈਆ । ਆਤਮ ਪਰਮਾਤਮ ਪ੍ਰੇਮ ਧਾਰ ਦੀ ਪਾ ਨੱਥੇ, ਖ਼ਸਮਾਨੇ ਖ਼ਸਮ ਆਪਣੇ ਹੱਥ ਰਖਾਈਆ । ਸਭ ਨੂੰ ਵਸਤ ਅਗੰਮੀ ਦੇ ਵੱਥੇ, ਅਮੋਲਕ ਇਕ ਵਰਤਾਈਆ । ਕੂੜ ਕੁੜਿਆਰੇ ਜਾਣ ਮਥੇ, ਬਚਿਆ ਰਹਿਣ ਕੋਇ ਨਾ ਪਾਈਆ । ਤੇਰੇ ਸਾਹਿਬ ਸਵਾਮੀ ਚਰਨ ਢੱਠੇ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਰਹੇ ਆਖ, ਬਿਨ ਅੱਖਰਾਂ ਅੱਖਰ ਜਣਾਈਆ । ਸਾਡੀ ਕੀਤੀ ਕਰ ਮੁਆਫ਼, ਮੁਫ਼ਲਿਸ ਹੋ ਕੇ ਮੰਗ ਮੰਗਾਈਆ । ਸਾਡੇ ਦਰ ਹੋਏ ਗੁਸਤਾਖ਼, ਗ਼ੁੱਸੇ ਵਿਚ ਤੱਕ ਲੋਕਾਈਆ । ਸਾਡੀ ਚਾਰੋਂ ਕੁੰਟ ਉਡਦੀ ਰਾਖ, ਮਿੱਟੀ ਜ਼ਿਮੀਂ ਅਸਮਾਨ ਦੁਹਾਈਆ । ਸਾਨੂੰ ਇਕੋ ਇਕ ਅੰਤਰ ਤੇਰਾ ਨਾਉਂ ਰਿਹਾ ਭਾਖ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਕਾਰਨ ਗੋਬਿੰਦ ਸਿੱਖੀ ਬਣਾਈ ਪਹਿਲੀ ਵਿਸਾਖ, ਇਕ ਸੱਤ ਪੰਜ ਛੇ ਅੰਕ ਜੁੜਾਈਆ । ਉਸ ਦਾ ਲਹਿਣਾ ਦੇਣਾ ਪੂਰਾ ਕਰ ਹੋ ਪ੍ਰਤਖ, ਪ੍ਰਗਟ ਹੋ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਸਾਰੇ ਕਹਿਣ ਪ੍ਰਭੂ ਸਾਹਿਬ ਨਿਰੰਕਾਰ, ਤੇਰੀ ਇਕ ਸ਼ਰਨਾਈਆ । ਅਸੀਂ ਚਾਰ ਜੁਗ ਦੇ ਮਹੱਲ ਮੁਨਾਰ, ਪਾਹਨ ਪੱਥਰਾਂ ਨਾਲ ਸੋਭਾ ਪਾਈਆ । ਤੇਰੇ ਨਾਮ ਦੀ ਸੁਣਦੇ ਰਹੇ ਜੈਕਾਰ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਦੀਨਾਂ ਮਜ਼੍ਹਬਾਂ ਤੱਕਦੇ ਰਹੇ ਧਾਰ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਅਸੀਂ ਸ਼ਰਅ ਵਿਚ ਹੁੰਦੇ ਰਹੇ ਮਿਸਮਾਰ, ਆਪਣਾ ਆਪ ਮਿਟਾਈਆ । ਸਾਨੂੰ ਦੀਨਾਂ ਮਜ਼੍ਹਬਾਂ ਕੀਤਾ ਖ਼ੁਆਰ, ਮੰਦਰ ਮਸਜਿਦ ਸ਼ਿਵਦਵਾਲੇ ਮਠ ਚਰਚ ਸਾਰੇ ਰੋਵਣ ਮਾਰਨ ਧਾਹੀਆ । ਸਾਨੂੰ ਇਕੋ ਦਿਸਦਾ ਤੂੰ ਸਭ ਦਾ ਸਾਂਝਾ ਯਾਰ, ਦੂਜਾ ਨਜ਼ਰ ਕੋਇ ਨਾ ਆਈਆ । ਸਾਡੀ ਬੇਨੰਤੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਕਲ ਕਲਕੀ ਅਵਤਾਰ, ਅਵਤਰ ਤੇਰੀ ਖੇਲ ਬੇਪਰਵਾਹੀਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਅਗੰਮ ਅਥਾਹੀਆ । ਜਿਸ ਕਿਰਪਾ ਕੀਤੀ ਅਪਾਰ, ਅਪਰੰਪਰ ਦਿਤੀ ਵਡਿਆਈਆ । ਨਿਸ਼ਾਨ ਬਣਾ ਕੇ ਹਰਿ ਭਗਤ ਦਵਾਰ, ਭਗਤ ਦਵਾਰਾ ਸੋਭਾ ਪਾਈਆ । ਜਿਥੇ ਊਚ ਨੀਚ ਨਹੀਂ ਕੋਈ ਵਿਚਾਰ, ਜ਼ਾਤ ਪਾਤ ਰੰਗ ਨਾ ਕੋਇ ਰੰਗਾਈਆ । ਵਰਨ ਬਰਨ ਨਹੀਂ ਕੋਈ ਸ਼ੁਮਾਰ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਤੂੰ

੬੭੭
੨੩

੯੭੮
੨੩

ਸਚ ਸਵਾਮੀ ਅੰਤਰਜਾਮੀ ਵੇਖਣਹਾਰ ਆਪ ਕਰਤਾਰ, ਕੁਦਰਤ ਦਾ ਕਾਦਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪ੍ਰਭੂ ਤੇਰਾ ਸੁਹੰਜਣਾ ਦਿਸੇ ਦਵਾਰਾ ਭਗਤ, ਭਗਵਨ ਦਿਤੀ ਵਡਿਆਈਆ । ਜਿਸ ਮਾਣ ਦਵਾਉਣਾ ਵਿਚ ਜਗਤ, ਜੁਗ ਚੌਕੜੀ ਹੁਕਮ ਵਰਤਾਈਆ । ਤੇਰੀ ਸਭ ਤੋਂ ਨਿਰਾਲੀ ਸ਼ਕਤ, ਸ਼ਕਤੀਸ਼ਾਲੀ ਇਕ ਅਖਵਾਈਆ । ਸਾਨੂੰ ਇਉਂ ਜਾਪਦਾ ਸਾਡਾ ਅੰਤਮ ਆਉਂਦਾ ਜਾਂਦਾ ਵਕਤ, ਸਮਾਂ ਸਮੇਂ ਵਿਚੋਂ ਬਦਲਾਈਆ । ਅਸੀਂ ਦੁਹਾਈ ਦੇਈਏ ਜ਼ਮੀਨ ਉਤੇ ਅਰਸ਼, ਅਰਸ਼ੀ ਪ੍ਰੀਤਮ ਸੁਣਨਾ ਚਾਈਂ ਚਾਈਂਆ । ਜੇ ਨਿਰਗੁਣ ਧਾਰ ਆਇਉਂ ਪਰਤ, ਪਤਿਪਰਮੇਸ਼ਵਰ ਵਡ ਵਡਿਆਈਆ । ਮੇਰੀ ਪੂਰੀ ਕਰਨੀ ਸ਼ਰਤ, ਸ਼ਰਅ ਦਾ ਡੇਰਾ ਢਾਹੀਆ । ਸਾਡੀ ਮਨਜ਼ੂਰ ਕਰਨੀ ਅਰਜ਼, ਖ਼ਾਹਿਸ਼ ਨਾਲ ਰਖਾਈਆ । ਸਦੀ ਚੌਧਵੀਂ ਪਈ ਗਰਜ, ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਕਰਨ ਸਲਾਹ, ਮਸ਼ਵਰਾ ਆਪਣੇ ਨਾਲ ਬਣਾਈਆ । ਕੀ ਖੇਲ ਅਗੰਮ ਅਥਾਹ, ਕੀ ਕਰਤਾ ਕਾਰ ਕਮਾਈਆ । ਜੋ ਆਦਿ ਜੁਗਾਦੀ ਸਭ ਦਾ ਮਲਾਹ, ਬੇੜੇ ਰਿਹਾ ਚਲਾਈਆ । ਉਹ ਸਾਡੀ ਜ਼ਰੂਰ ਮਨਜ਼ੂਰ ਕਰੇ ਦੁਆ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਭਗਤ ਦਵਾਰਾ ਦਿਤਾ ਸੁਹਾ, ਸੁਹੰਜਣੀ ਰੁਤ ਬਣਾਈਆ । ਉਹ ਦਾਤਾ ਨੂਰ ਅਲਾਹ, ਆਲਮੀਨ ਵਡ ਵਡਿਆਈਆ । ਜੋ ਵਸੇ ਥਲ ਅਸਗਾਹ, ਮਹੀਅਲ ਰਿਹਾ ਸਮਾਈਆ । ਉਸ ਦਾ ਵਕਤ ਸੁਹੰਜਣਾ ਰਿਹਾ ਆ, ਹਾੜ ਸਤਾਰਾਂ ਵੱਜੇ ਵਧਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਉਹ ਸਭ ਦੇ ਵਾਅਦੇ ਪੂਰੇ ਦਏ ਕਰਾਂ, ਕਰਾਮਾਤ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਮਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਕਹਿਣ, ਸਤਿ ਸਚ ਸੁਣਾਈਆ । ਪ੍ਰਭੂ ਅਸੀਂ ਭਗਤ ਦਵਾਰੇ ਦਾ ਦਰਸ਼ਨ ਕਰਨਾ ਨੈਣ, ਥਿਤ ਸਤਾਰਾਂ ਹਾੜ ਵਡਿਆਈਆ । ਜਿਥੇ ਨਾਤਾ ਜੁੜਿਆ ਹੋਵੇ ਭਾਈ ਭੈਣ, ਵਰਨ ਗੋਤ ਵੰਡ ਨਾ ਕੋਇ ਵੰਡਾਈਆ । ਜਗਤ ਕਿਰਿਆ ਕੂੜੀ ਚੁਕਿਆ ਹੋਵੇ ਲਹਿਣ ਦੇਣ, ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਉਹ ਮਾਲਕ ਖ਼ਾਲਕ ਇਕ ਨਰਾਇਣ, ਨਰ ਹਰਿ ਆਪ ਅਖਵਾਈਆ । ਉਹਦਾ ਰੂਪ ਐਨ ਦਾ ਐਨ, ਨੁਕਤਾ ਗ਼ੈਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਮੇਰਾ ਆਉਂਦਾ ਜਾਂਦਾ ਦਿਵਸ ਦਿਹਾੜਾ, ਆਪਣਾ ਵਕਤ ਸੁਹਾਈਆ । ਕਿਰਪਾ ਕਰੇ ਅਗੰਮੀ ਲਾੜਾ, ਧੁਰ ਮਾਲਕ ਨੂਰ ਅਲਾਹੀਆ । ਜਿਸ ਨੇ ਦੀਨ ਮਜ਼੍ਹਬ ਰਚਾਇਆ ਅਖਾੜਾ, ਮੰਦਰ ਮਸਜਿਦ ਵੰਡ ਵੰਡਾਈਆ । ਉਹ ਖੋਲ ਕੇ ਭਗਤ ਦਵਾਰਾ, ਦੋਹਰੀ ਆਪਣੀ ਕਲ ਪ੍ਰਗਟਾਈਆ । ਸਚ ਪ੍ਰਵਿਸ਼ਟਾ ਇਕ ਵਿਚਾਰਾ, ਵਿਚਰ ਕੇ ਦਿਤਾ ਜਣਾਈਆ । ਹਰਿ ਭਗਤ ਮੇਰਾ ਇਕੋ ਲਾਉਣਗੇ ਸਾਰੇ ਨਾਅਰਾ, ਇਕ ਵਜੇ ਦਾ ਵਕਤ ਸਮਝਾਈਆ । ਭਗਤ ਦਵਾਰੇ ਭਗਤ ਸਿੰਘਾਸਣ ਹੋਵੇ ਜ਼ਾਹਰਾ, ਸੁਖਆਸਣ ਹੋਵੇ ਧੁਰ ਦਾ ਮਾਹੀਆ । ਇੱਕੀ ਸ਼ਸਤਰਧਾਰੀ ਦੇਣਗੇ ਪਹਿਰਾ, ਆਪ ਆਪਣਾ ਬਲ ਪ੍ਰਗਟਾਈਆ । ਖੇਲ ਕਰੇ ਗੰਭੀਰ ਗਹਿਰਾ, ਗਵਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਹੁਕਮ ਇਕ ਵਰਤਾਈਆ । ਇਕ ਕਹੇ ਮੇਰਾ ਵਕਤ ਯਾਦ ਰਖਣਾ ਇਕ, ਏਕੰਕਾਰ ਦਿਤੀ ਵਡਿਆਈਆ । ਗੁਰਮੁਖਾਂ ਹਾੜ ਮਹੀਨਾ ਉਸ ਵੇਲੇ ਲਾਉਣਾ ਉਤੇ ਹਿਕ, ਛਾਤੀ ਨਾਲ ਛੁਹਾਈਆ । ਸਭ ਦਾ ਮਨੂਆ ਜਾਏ ਟਿਕ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਇਕੋ ਪ੍ਰਭੂ ਮਿਲਣ ਦੀ ਹੋਵੇ ਸਿਕ, ਸ਼ਿਖ਼ਰ ਚੋਟੀ ਚੜ੍ਹ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਭਗਤ ਦਵਾਰ ਕਹੇ ਮੇਰੀ ਨਾਮੇ ਵਾਲੀ ਮੰਗ, ਬਹੱਤਰ ਧਾਰ ਜਣਾਈਆ । ਮੇਰਾ ਸਤਿ ਸਰੂਪ ਦਾ ਬਦਲਿਆ ਰੰਗ, ਰੰਗਤ ਦਿਤੀ ਬੇਪਰਵਾਹੀਆ । ਮੈਂ ਭਗਤ ਸੁਹੇਲੇ ਲਾਉਣੇ ਅੰਗ, ਅੰਗੀਕਾਰ ਆਪ ਹੋ ਜਾਈਆ । ਖ਼ੁਸ਼ੀਆਂ ਨਾਲ ਖ਼ੁਸ਼ੀ ਮੰਗਣੀ ਮੰਗ, ਖ਼ੁਸ਼ਿਆਂ ਵਿਚ ਦ੍ਰਿੜਾਈਆ । ਕੂਕ ਕੇ ਪੁਕਾਰ ਰਿਹਾ ਤਾਰਾ ਚੰਦ, ਸਦੀ ਚੌਧਵੀਂ ਅੱਖ ਖੁਲਾਈਆ । ਆਪਣੀ ਪੱਲਿਉਂ ਖੋਲ ਕੇ ਗੰਢ, ਕੰਨੀ ਰਿਹਾ ਵਖਾਈਆ । ਇਹ ਇਸ਼ਾਰਾ ਕੀਤਾ ਜਿਸ ਵੇਲੇ ਗੋਬਿੰਦ ਛੱਡਿਆ ਪੁਰੀ ਅਨੰਦ, ਚਰਨ ਸਰਸੇ ਵੱਲ ਟਿਕਾਈਆ । ਨਾਲੇ ਪਿਆਰ ਦਾ ਕੀਤਾ ਜੰਗ, ਧਰਮ ਨਾਲ ਲੜਾਈਆ । ਸਤਾਰਾਂ ਹਾੜ ਕਹੇ ਮੇਰਾ ਹਿੱਸਾ ਪਾਇਆ ਵੰਡ, ਸਹਿਜ ਨਾਲ ਸੁਣਾਈਆ । ਸੰਮਤ ਸ਼ਹਿਨਸ਼ਾਹੀ ਨੌ ਜਨ ਭਗਤ ਪਿਆਰੇ ਰੈਣ ਨੂੰ ਇਕੋ ਸਾਂਝਾ ਕਰਨਗੇ ਡੰਗ, ਆਪਣੀ ਖ਼ੁਸ਼ੀ ਮਨਾਈਆ । ਚੜ੍ਹਦੇ ਲਹਿੰਦੇ ਦੀ ਬਜਾਏ ਦੱਖਣ ਪਹਾੜ ਡਹੇਗਾ ਪਲੰਘ, ਆਪਣੀ ਖੇਲ ਖਿਲਾਈਆ । ਨੌਵਾਂ ਦਵਾਰਿਆਂ ਵਿਚੋਂ ਇਕ ਇਕ ਗੁਰਮੁਖ ਅੰਦਰ ਜਾਏ ਲੰਘ, ਖ਼ੁਸ਼ੀ ਖ਼ੁਸ਼ੀਆਂ ਚਰਨ ਟਿਕਾਈਆ । ਅੰਤਰ ਅੰਤਰ ਮਾਣੇ ਅਨੰਦ, ਮੰਤਰ ਢੋਲਾ ਸੋਹੰ ਗਾਈਆ । ਇਕ ਵਜੇ ਵਿਹਾਰ ਹੋਵੇ ਅਰੰਭ, ਵਕਤ ਸੁਹੰਜਣਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖ਼ੁਸ਼ੀ ਬਣਾਈਆ । ਭਗਤ ਦਵਾਰ ਕਹੇ ਮੇਰਾ ਰੂਪ ਸੁਹਾਇਆ ਆਪ, ਪ੍ਰਭ ਦਿਤੀ ਮਾਣ ਵਡਿਆਈਆ । ਜਨ ਭਗਤੋ ਤੁਹਾਡਾ ਲੇਖੇ ਲਾਏ ਜਾਪ, ਜਗ ਜੀਵਣ ਦਾਤਾ ਹੋਵੇ ਸਹਾਈਆ । ਤੁਸੀਂ ਰੂਹ ਬੁੱਤ ਕਰਨੇ ਸਾਫ਼, ਪਤਤ ਪੁਨੀਤ ਬਣਾਈਆ । ਸਭ ਦੀ ਪੂਰੀ ਹੋਵੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰ ਤੱਕੋ ਉਤੋਂ ਕੈਲਾਸ਼, ਉਤੋਂ ਸ਼ੰਕਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਿੰਘਾਸਣ ਕਹੇ ਮੈਂ ਦੱਸਾਂ ਯਥਾਰਥ ਯਥਾ, ਯਦੀ ਦਿਆਂ ਦ੍ਰਿੜਾਈਆ । ਪੰਜ ਲਿਖਾਰੀ ਪੰਜ ਪੰਜ ਮਿੰਟ ਕਰਨਗੇ ਕਥਾ, ਵਾਰਤਾ ਖ਼ੁਸ਼ੀਆਂ ਨਾਲ ਸੁਣਾਈਆ । ਇਕ ਇਕ ਲੋਹੇ ਦੀ ਛਾਪ ਰਖਣਗੇ ਹੱਥਾ, ਦੂਸਰ ਨਜ਼ਰ ਕੋਇ ਨਾ ਆਈਆ । ਜਨ ਭਗਤ ਸਚ ਦਵਾਰ ਟੇਕਣਗੇ ਮੱਥਾ, ਖ਼ਾਲੀ ਹੱਥ ਸੀਸ ਨਾ ਕੋਇ ਨਿਵਾਈਆ । ਕਿਸ਼ਨ ਸਿੰਘ ਦੇ ਕੋਲ ਹੋਵੇ ਇਕ ਭੱਥਾ, ਤੀਰ ਪੰਜਾਂ ਨਾਲ ਵਡਿਆਈਆ । ਕੇਹਰ ਸਿੰਘ ਨੇ ਹੱਥ ਵਿਚ ਲਿਖਿਆ ਹੋਵੇ ਫੜਨਾ ਛਟਾ, ਛੇਵਾਂ ਵੰਡ ਵੰਡਾਈਆ । ਚੇਲਾ ਸਿੰਘ ਖੱਬੇ ਹੱਥ ਉਠਾ ਕੇ ਟਕਾ, ਟਿਕ ਟਿਕੀ ਪ੍ਰਭੂ ਦੇ ਵੱਲ ਲਗਾਈਆ । ਸਰੂਪ ਸਿੰਘ ਮਸਤਕ ਉਤੇ ਲਿਖ ਕੇ ਅੱਖਰ ਪੱਪਾ, ਪੁੱਠਾ ਲਏ ਲਟਕਾਈਆ । ਜੰਮੂ ਵਾਲਿਆਂ ਪ੍ਰਭ ਦੇ ਚਰਨਾਂ ਹੇਠ ਟਿਕਾਉਣਾ ਮਦੀਨਾ ਮੱਕਾ, ਕਾਅਬਿਆਂ ਰੁਤ ਬਦਲਾਈਆ । ਸਾਹਿਬ ਸਤਿਗੁਰ ਸ਼ਬਦ ਕਿਸੇ ਨਾਲ ਕਰੇ ਨਾ ਧੱਕਾ, ਸਮੇਂ ਨਾਲ ਸਮਾਂ ਦਏ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਹਕੀਕਤ ਦਾ ਮਾਲਕ ਜਾਣੇ ਹਕਾ, ਹਕ


੯੭੯
੨੩

ਹਕ ਵਿਚੋਂ ਵੇਖ ਵਖਾਈਆ ।

ਸਤਿਗੁਰ ਪ੍ਰੇਮ ਦੇਵੇ ਪ੍ਰਸ਼ਾਦਿ, ਬਿਨ ਰਸਨਾ ਰਸ ਚਖਾਈਆ । ਜਿਹੜੀ ਵਸਤ ਆਦਿ ਦੀ ਆਦਿ, ਆਦਿ ਦਏ ਵਰਤਾਈਆ । ਜੀਵਣ ਜ਼ਿੰਦਗੀ ਬਖ਼ਸ਼ ਕੇ ਦਾਦ, ਦਾਤਾ ਦਾਨੀ ਹੋਏ ਸਹਾਈਆ । ਸਾਚਾ ਰਸ ਸਭ ਨੇ ਰਖਣਾ ਯਾਦ, ਯਾਦ ਵਿਚੋਂ ਨਾ ਕਦੇ ਭੁਲਾਈਆ । ਭਗਤਾਂ ਕਾਇਆ ਖੇੜਾ ਹੋਏ ਆਬਾਦ, ਵਜਦੀ ਰਹੇ ਨਾਮ ਵਧਾਈਆ । ਧਰਮ ਦੀ ਧਾਰ ਬਣਾ ਕੇ ਸਾਧ, ਸੰਤ ਸਤਿਗੁਰ ਹੋਏ ਸਹਾਈਆ । ਵਕਤ ਸੁਹੰਜਣਾ ਖ਼ੁਸ਼ੀ ਆਜ, ਸਮਗਰੀ ਨਾਮ ਵਰਤਾਈਆ । ਜਨ ਭਗਤੋ ਦੀਨ ਮਜ਼੍ਹਬ ਤੋਂ ਬਾਹਰ ਤੁਹਾਡਾ ਸਮਾਜ, ਆਤਮ ਪਰਮਾਤਮ ਜੋੜ ਜੁੜਾਈਆ । ਤੂੰ ਮੇਰਾ ਮੈਂ ਤੇਰੀ ਇਕ ਆਵਾਜ਼, ਦੂਜਾ ਰਾਗ ਨਾ ਕੋਇ ਸੁਣਾਈਆ । ਸੋਈ ਸੁਰਤ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਸਤਿਗੁਰ ਪੂਰਾ ਦੇਵੇ ਆਪ ਪ੍ਰਸ਼ਾਦਿ, ਪ੍ਰਸ਼ਾਦੀ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਕਾਇਆ ਖੇੜੇ ਕਰੇ ਆਬਾਦ, ਵਸਿਆ ਉਜੜ ਕਦੇ ਨਾ ਜਾਈਆ ।

## ✪ ੧੭ ਹਾੜ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪



ਖ਼ੁਸ਼ੀ ਵਿਚ ਖ਼ੁਸ਼ਹਾਲ ਹੋਵੇ ਹਾੜ ਸਤਾਰਾਂ, ਸਤਿ ਸਤਿਵਾਦੀ ਦੇਵੇ ਮਾਣ ਵਡਿਆਈਆ । ਪ੍ਰਭ ਦਾ ਹੁਕਮ ਸੰਦੇਸ ਸੁਣੇ ਨਿਆਰਾ, ਪੈਗਾਮ ਧੁਰਦਰਗਾਹੀਆ । ਸਚਖੰਡ ਦਵਾਰ ਤੱਕੇ ਬਿਨ ਨੇਤਰ ਨੈਣ ਇਸ਼ਾਰਾ, ਦਰਗਾਹ ਸਾਚੀ ਮੁਕਾਮੇ ਹਕ ਹਕ ਨੂਰ ਅਲਾਹੀਆ । ਮਿਹਰਵਾਨ ਮਹਿਬੂਬ ਹੋਵੇ ਪਰਵਰਦਿਗਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਵਡ ਵਡਿਆਈਆ । ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੁਰਾਨਾ ਹੋ ਕੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਇਸ਼ਾਰਾ, ਸੈਨਤ ਨਾਮ ਕਲਮੇ ਵਾਲੀ ਲਗਾਈਆ । ਉਹ ਅਮਾਮ ਅਮਾਮਾ ਨਰ ਨਿਰੰਕਾਰਾ, ਨਿਰਵੈਰ ਪੁਰਖ ਅਗੰਮ ਅਥਾਹੀਆ । ਮੇਰੀ ਖ਼ੁਸ਼ੀਆਂ ਵਾਲੀ ਬਣਾਉਣ ਆਇਆ ਬਹਾਰਾ, ਬਸੰਤ ਇਕ ਪ੍ਰਗਟਾਈਆ । ਜਿਸ ਦਾ ਲੇਖ ਕਲਮ ਤੋਂ ਬਾਹਰਾ, ਸ਼ਾਸਤਰ ਸਮਝ ਕਿਸੇ ਨਾ ਆਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਪ੍ਰਗਟ ਹੋ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਰਿਹਾ ਹਿਲਾਈਆ । ਤੇਈ ਅਵਤਾਰਾਂ ਦਏ ਅਧਾਰਾ, ਰਾਮਾ ਕ੍ਰਿਸ਼ਨਾ ਸੋਇਆ ਰਹਿਣ ਕੋਇ ਨਾ ਪਾਈਆ । ਹਜ਼ਰਤ ਮੂਸਾ ਈਸਾ ਸੰਗ ਮੁਹੰਮਦ ਕਰੇ ਖ਼ਬਰਦਾਰਾ, ਬੇਖ਼ਬਰਾਂ ਖ਼ਬਰ ਜਣਾਈਆ । ਨਾਨਕ ਗੋਬਿੰਦ ਵੇਖੇ ਖੇਲ ਜਗਤ ਦੀ ਧਾਰਾ, ਧਰਨੀ ਧਰਤ ਧਵਲ ਧੌਲ ਧਿਆਨ ਰਖਾਈਆ । ਚਾਰੋਂ ਕੁੰਟ ਹੋਇਆ ਅੰਧਿਆਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਜਿਧਰ ਵੇਖੋ ਧੂੰਆਂਧਾਰਾ, ਨੂਰ ਨੁਰਾਨਾ ਨਜ਼ਰ ਕੋਇ ਨਾ ਪਾਈਆ । ਆਪਣਾ ਆਪਣਾ ਲਹਿਣਾ ਦੇਣਾ ਲੇਖਾ ਵਖਾਓ ਸਾਰਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪ ਸੁਣਾਈਆ । ਵਾਇਦਾ ਤੱਕੋ ਕੌਲ ਇਕਰਾਰਾ, ਜੋ ਭਵਿਖਤਾਂ ਵਿਚ ਸੁਣਾਈਆ । ਕੀ ਖੇਲ ਕਰੇ ਕਲ ਕਲਕੀ ਅਵਤਾਰਾ, ਨਿਹਕਲੰਕ ਕਲ ਆਪਣੀ ਕਲ ਪ੍ਰਗਟਾਈਆ । ਕਿਸ ਬਿਧ ਅਮਾਮ ਅਮਾਮਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਚਾਰ ਜੁਗ ਦੇ ਨਾਮ ਨਾਮ ਕਲਮੇ ਸ਼ਾਸਤਰਾਂ ਦਾ ਤੱਕੇ ਦਾਇਰਾ, ਦੀਨਾਂ ਮਜ਼੍ਹਬਾਂ ਵੇਖ ਵਖਾਈਆ । ਆਪ ਸਭ

੬੮੦ ੨੩

ਤੋਂ ਵਸੇ ਬਾਹਰਾ, ਹਿੱਸਿਆਂ ਵਿਚ ਕਦੇ ਨਾ ਆਈਆ । ਖੇਲੇ ਖੇਲ ਗੰਭੀਰ ਗਹਿਰਾ, ਗਹਿਰ ਗਵਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਹਾੜ ਕਹੇ ਮੇਰਾ ਪ੍ਰਵਿਸ਼ਟਾ ਸਤਾਰਾਂ, ਸੜ੍ਹਾ ਬੁਲੰਦੀ ਇਕੋ ਨਜ਼ਰੀ ਆਈਆ । ਮੇਰਾ ਲਹਿਣਾ ਦੇਣਾ ਬਾਹਰ ਪੁਰਖਾਂ ਨਾਰਾਂ, ਤੀਰਥ ਤਟਾਂ ਵੰਡ ਨਾ ਕੋਇ ਵੰਡਾਈਆ । ਮੇਰਾ ਜਗਤ ਸ਼ਾਸਤਰਾਂ ਤੋਂ ਬਾਹਰ ਨਾਅਰਾ, ਨਰ ਨਰਾਇਣ ਇਕ ਦ੍ਰਿੜਾਈਆ । ਮੇਰਾ ਭੇਵ ਅਭੇਦਾ ਗਾ ਨਾ ਸਕੇ ਸ਼ਾਇਰਾ, ਪਰਦਾ ਸਕੇ ਨਾ ਕੋਇ ਉਠਾਈਆ । ਮੇਰੀ ਧਾਰ ਦੀ ਧਾਰ ਵਿਚੋਂ ਉਪਜੇ ਲਹਿਰਾ, ਜਗਤ ਜਹਾਨ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਉਹ ਆ ਗਿਆ ਨਾਰਦ ਮੁੜ ਕੇ, ਨਵਾਂ ਖੰਡਾਂ ਵੇਖ ਵਖਾਈਆ । ਜੋਤੀ ਸ਼ਬਦੀ ਧਾਰ ਨਾਲ ਜੁੜ ਕੇ, ਭੱਜਿਆ ਵਾਹੋ ਦਾਹੀਆ । ਸਮੁੰਦ ਸਾਗਰ ਜੰਗਲ ਪਹਾੜ ਪਾਰ ਕੀਤੇ ਨਹੀਂ ਤੁਰ ਕੇ, ਤੁਰੀਆ ਤੋਂ ਬਾਹਰ ਆਪਣਾ ਪੰਧ ਮੁਕਾਈਆ । ਹੁਕਮ ਸੰਦੇਸੇ ਸੁਣ ਕੇ ਆਇਆ ਸ਼ਬਦ ਗੁਰ ਕੇ, ਸਤਿਗੁਰ ਕੀ ਦ੍ਰਿੜਾਈਆ । ਕੀ ਜੁਗ ਚੌਕੜੀ ਲਹਿਣੇ ਦੇਣੇ ਧੁਰ ਕੇ, ਮਸਤਕ ਵੇਖ ਵਖਾਈਆ । ਕੀ ਸੰਦੇਸੇ ਸੁਣੇ ਗੋਬਿੰਦ ਗੁਰ ਕੇ, ਜੋ ਪੁਰੀ ਅਨੰਦ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਜਨ ਭਗਤੋ ਮੈਂ ਨਵਾਂ ਖੰਡਾਂ ਤੱਕ ਕੇ ਆਇਆ ਧੁਰ ਦੀਆਂ ਅੱਖਾਂ, ਅੱਖਾਂ ਵਾਲਿਆਂ ਦਿਆਂ ਜਣਾਈਆ । ਸਤਾਰਾਂ ਹਾੜ ਕਹੇ ਮੇਰੇ ਸਾਹਿਬ ਦੀਆਂ ਮੈਨੂੰ ਰਖਾਂ, ਰੱਖਿਆ ਕਰੇ ਥਾਉਂ ਥਾਈਂਆ । ਜਨ ਭਗਤੋ ਸਾਰੇ ਬੰਦ ਕਰ ਦਿਓ ਹਿਲਾਉਣਾ ਪੱਖਾ, ਪੱਖੀ ਹੱਥ ਨਾ ਕੋਇ ਉਠਾਈਆ । ਸਤਿਗੁਰ ਦਾ ਪਿਆਰ ਕਦੇ ਮਿਲੇ ਨਾ ਕਰੋੜੀ ਲੱਖਾਂ, ਕੀਮਤ ਜਗਤ ਨਾ ਕੋਇ ਜਣਾਈਆ । ਮੈਂ ਵੀ ਤੁਹਾਡੇ ਨਾਲ ਭਗਤ ਦਵਾਰੇ ਉਤੇ ਸੋਹੰ ਸ਼ਬਦ ਨੂੰ ਤੱਕਾਂ, ਨੈਣ ਨੈਣਾਂ ਨਾਲ ਮਿਲਾਈਆ । ਬਚਨ ਦਾ ਆਦਿ ਜੁਗਾਦਿ ਹੋ ਕੇ ਪੱਕਾ, ਪੱਕੀ ਯਾਰੀ ਪ੍ਰਭ ਦੇ ਨਾਲ ਲਗਾਈਆ । ਮੈਂ ਲੱਖ ਚੁਰਾਸੀ ਕਾਇਆ ਭਾਂਡਾ ਵੇਖ ਕੇ ਆਇਆ ਕੱਚਾ, ਮਾਟੀ ਗੜ੍ਹ ਫੋਲ ਫੁਲਾਈਆ । ਮੈਂ ਨਿਗਾਹ ਮਾਰ ਕੇ ਆਇਆ ਮਦੀਨਾ ਮੱਕਾ, ਜੰਮੂ ਵਾਲਿਓ ਮੱਕਾ ਮਦੀਨਾ ਦੇਣਾ ਵਖਾਈਆ । ਮੈਂ ਜਿਧਰ ਜਾਵਾਂ ਮੈਨੂੰ ਕਿਧਰੇ ਗਰਮੀ ਲੱਗੇ ਤੇ ਕਿਧਰੇ ਲੱਗੇ ਸਰਦੀ ਦਾ ਠੱਕਾ, ਠੋਕਰਾਂ ਜਗਤ ਵਾਲੀਆਂ ਖਾਈਆ । ਨੌਂ ਖੰਡ ਪ੍ਰਿਥਮੀ ਪੁਛਦਾ ਰਿਹਾ ਪਤਾ, ਪਤਿਪਰਮੇਸ਼ਵਰ ਦਿਉ ਮਿਲਾਈਆ । ਇਕ ਦੂਜੇ ਦੀ ਕਰਦੇ ਹੱਤਾ, ਹੱਤਿਆ ਵਿਚ ਲੋਕਾਈਆ । ਧਰਮ ਦੀ ਰਹੀ ਕੋਈ ਨਾ ਸਤ੍ਹਾ, ਈਮਾਨ ਨਾਲ ਅਮਲ ਨਾ ਕੋਇ ਕਮਾਈਆ । ਤੀਰਥਾਂ ਪਾਣੀ ਹੋ ਗਿਆ ਤੱਤਾ, ਅੰਮ੍ਰਿਤ ਸੀਰ ਨਾ ਕੋਇ ਵਹਾਈਆ । ਪ੍ਰੇਮ ਰੰਗਣ ਵਿਚ ਦਿਸੇ ਕੋਇ ਨਾ ਰੱਤਾ, ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧਾ ਪ੍ਰੇਮ ਵਿਚ ਨਾ ਕੋਇ ਸਮਾਈਆ । ਮੈਂ ਚਾਰ ਜੁਗ ਦੇ ਸ਼ਾਸਤਰਾਂ ਦਾ ਵੇਖਿਆ ਖੱਤਾ, ਕਿੱਤੇ ਦੀਨਾਂ ਮਜ਼੍ਹਬਾਂ ਵਾਲੇ ਫੋਲ ਫੁਲਾਈਆ । ਆਤਮ ਪਰਮਾਤਮ ਜੋੜੇ ਕੋਇ ਨਾ ਨੱਤਾ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਮਿਲਾਈਆ । ਮੈਂ ਸੰਦੇਸੇ ਦੇਂਦਾ ਸੁਣਿਆ ਸਤਿਗੁਰ ਨਾਨਕ ਤਪਾ, ਤ੍ਰੈਗੁਣ ਤੋਂ ਬਾਹਰ ਦ੍ਰਿੜਾਈਆ । ਅਵਤਾਰੋ ਖੋਲੋ ਅੱਖਾ, ਤ੍ਰੇਈ ਤ੍ਰੇਈ ਧਿਆਨ ਲਗਾਈਆ । ਪੈਗ਼ੰਬਰੋ ਤੱਕੋ ਹਕੀਕਤ ਹਕਾ, ਹਕ ਖ਼ੁਦਾ ਅਲਾਹੀਆ । ਜਿਸ ਦਾ ਖੇਲ ਸਦਾ ਸਮਰਥਾ, ਸਮਰਥ ਆਪ ਅਖਵਾਈਆ । ਜਿਸ ਦੇ ਗੋਬਿੰਦ ਸਥਰ ਲੱਥਾ, ਯਾਰੜਾ ਸੇਜ ਹੰਢਾਈਆ । ਉਸ ਦੀ ਮਹਿੰਮਾ ਅਕਥ ਕਥਾ, ਕਥਨੀ ਕਥ ਸਕੇ ਨਾ ਰਾਈਆ । ਉਸ ਨੂੰ ਸਾਰੇ ਬਿਨਾ ਸੀਸ ਤੋਂ ਟੇਕੋ

ਮੱਥਾ, ਬਿਨ ਧੂੜੀ ਧੂੜੀ ਖ਼ਾਕ ਰਮਾਈਆ । ਜਿਸ ਦਾ ਇਕੋ ਨਾਮ ਢੋਲਾ ਗੀਤ ਧੁਰ ਦਾ ਟੱਪਾ, ਟਾਪੂਆਂ ਤੋਂ ਬਾਹਰ ਕਰੇ ਪੜ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਪਕਾ ਕੇ ਮਤਾ, ਮਤ ਬੁਧ ਤੋਂ ਬਾਹਰ ਰਿਹਾ ਜਣਾਈਆ । ਜਿਸ ਦਾ ਖੇਲ ਛੱਪਰ ਛੰਨਾ ਛੱਤਾ, ਛਤਰਧਾਰੀ ਵੇਖ ਵਖਾਈਆ । ਉਹ ਲੇਖਾ ਸਭ ਦਾ ਪੂਰਾ ਕਰਾਏ ਹੱਥੋ ਹੱਥਾ, ਉਧਾਰ ਨਿਰੰਕਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਮੈਂ ਨੌ ਖੰਡ ਪ੍ਰਿਥਮੀ ਮਾਰਿਆ ਚੱਕਰ, ਚਕਰਵਰਤੀਆਂ ਵੇਖ ਵਖਾਈਆ । ਧੁਰ ਕਲਮੇ ਦਾ ਮਿਲਿਆ ਕੋਇ ਨਾ ਫ਼ੱਕਰ, ਫ਼ਿਕਰੇ ਹਰਫ਼ਾਂ ਵਾਲੇ ਗਾਈਆ । ਮੈਂ ਸਭ ਦੇ ਵੇਖੇ ਪੱਤਰ, ਹਰੂਫ਼ਾਂ ਫੋਲ ਫੁਲਾਈਆ । ਮਜ਼੍ਹਬਾਂ ਦੇ ਜਾਣੇ ਪਤਣ, ਘਾਟਾਂ ਰੰਗ ਰੰਗਾਈਆ । ਕਿਤੋਂ ਮਿਲਿਆ ਨਹੀਂ ਧੁਰ ਦਾ ਵਤਨ, ਬੇਵਤਨ ਹੋਈ ਲੋਕਾਈਆ । ਮੈਨੂੰ ਯਾਦ ਆ ਗਿਆ ਜੋ ਨਿਰਗੁਣ ਸਰਗੁਣ ਧਾਰ ਦਾ ਇਕੋ ਬਚਨ, ਜਿਸ ਦੀ ਸਿਫ਼ਤ ਨਾ ਕੋਇ ਸਲਾਹੀਆ । ਜਿਥੇ ਅਵਤਾਰ ਪੈਗ਼ੰਬਰ ਗੁਰ ਇਕੋ ਨਾਮ ਕਲਮਾ ਜਪਣ, ਦੂਜਾ ਰਾਗ ਨਾ ਕੋਇ ਸੁਣਾਈਆ । ਮੈਂ ਖ਼ੁਸ਼ੀਆਂ ਵਿਚ ਲੱਗਾ ਟੱਪਣ, ਬੋਦੀ ਦਿਤੀ ਹਿਲਾਈਆ । ਬਿਨਾ ਕਦਮਾਂ ਤੋਂ ਲੱਗਾ ਨੱਸਣ, ਭੱਜਿਆ ਵਾਹੋ ਦਾਹੀਆ । ਮੈਨੂੰ ਝੁਕਦੇ ਰਵ ਸਸਣ, ਸੂਰਿਆ ਚੰਦ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰੂ ਸਾਰੇ ਹੱਸਣ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਆ ਪ੍ਰਭੂ ਦੇ ਪਿਆਰੇ ਲਾਡਲੇ ਮੱਖਣ, ਦੁਲਾਰੇ ਧਿਆਨ ਲਗਾਈਆ । ਮੈਂ ਹੱਸ ਕੇ ਕਿਹਾ ਚਾਰੋਂ ਕੁੰਟ ਲੱਗੀ ਅੱਗ ਮੱਚਣ, ਮਾਚਸ ਪੰਜ ਦਰਬਾਰੀ ਦੇਣ ਲਗਾਈਆ । ਪੰਜ ਪਿਆਰੇ ਸਿਰ ਤੇ ਬੇਰੀ ਟਾਹਣੀ ਰਖਣ, ਕੰਡਿਆਂ ਭਰੀ ਹੋਵੇ ਲੋਕਾਈਆ । ਜਗਤ ਮਾਇਆ ਜੜ ਆਇਆ ਪੁੱਟਣ, ਪਟਨੇ ਵਾਲਾ ਨਾਲ ਮਿਲਾਈਆ । ਲੋਹੇ ਦੀ ਧਾਰ ਸਭ ਤੇ ਮਾਰ ਕੇ ਸੱਟਣ, ਪੰਜ ਲਿਖਾਰੀ ਮੁੰਦਰੀਆਂ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਨਵ ਖੰਡ ਮਾਰਿਆ ਖ਼ਿਆਲ, ਸੁਰਤੀ ਤੋਂ ਬਾਹਰ ਧਿਆਨ ਲਗਾਈਆ । ਚਾਰ ਜੁਗ ਦੇ ਸ਼ਾਸਤਰ ਮਿਲੇ ਦਲਾਲ, ਮੈਨੂੰ ਰਹੇ ਜਣਾਈਆ । ਦੱਸ ਕਿੱਥੇ ਹਕੀਕਤ ਹਕ ਹਲਾਲ, ਧਰਮ ਦੇ ਵਖਾਈਆ । ਜਿਥੇ ਅੰਮ੍ਰਿਤ ਸੋਹੇ ਤਾਲ, ਤੀਰਥ ਤੱਟ ਕਵਣ ਵਡਿਆਈਆ । ਕਵਣ ਮੰਦਰ ਮਸਜਿਦ ਸ਼ਿਵਦਵਾਲਾ ਮਠ ਚਰਚਾਂ ਚਰਾਗਾਹਾਂ ਮਿਲੇ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਕਵਣ ਤੋੜੇ ਜਗਤ ਜੰਜਾਲ, ਜਾਗਰਤ ਜੋਤ ਰੁਸ਼ਨਾਈਆ । ਦੀਨਾਂ ਮਜ਼੍ਹਬਾਂ ਤੋਂ ਕਰੇ ਬਹਾਲ, ਇਕੋ ਰੰਗ ਰੰਗਾਈਆ । ਸਚ ਦਵਾਰ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਇਕ ਜਣਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਕਾਲ ਨਾ ਕੋਇ ਵਡਿਆਈਆ । ਨਾਰਦ ਕਹੇ ਮੈਂ ਹੱਸ ਕੇ ਕਿਹਾ ਆਪਣੇ ਆਪਣੇ ਇਸ਼ਟ ਲਵੋ ਭਾਲ, ਖੋਜੋ ਚਾਈਂ ਚਾਈਆ । ਜੇ ਜਗਤ ਅੰਧੇਰਾ ਆਪਣੇ ਨਾਮ ਦੀ ਫੜੋ ਮਸਾਲ, ਮਿਸਲ ਸ਼ਬਦ ਵਾਲੀ ਨਾਲ ਰਖਾਈਆ । ਬਿਹੰਗਮ ਚਲੋ ਆਪਣੀ ਚਾਲ, ਭੱਜੋ ਵਾਹੋ ਦਾਹੀਆ । ਜਹੰਨਮ ਬਹਿਸ਼ਤ ਪਰਦੇ ਲਓ ਉਠਾਲ, ਸਵਰਗਾਂ ਨਰਕਾਂ ਖੋਜ ਖੁਜਾਈਆ । ਜਗਤ ਜਗਿਆਸੂ ਹੋ ਕੇ ਵਜਾਓ ਤਾਲ, ਤਲਵਾੜਾ ਨਾਲ ਮਿਲਾਈਆ । ਪ੍ਰਭੂ ਪਿਆਰ ਵਿਚ ਆਪਣਾ ਆਪ ਲਓ ਸੰਭਾਲ, ਸੰਬਲ ਬੈਠਾ ਨਜ਼ਰ ਕਿਸੇ ਨਾ ਆਈਆ । ਜੋ ਸ਼ਾਹ ਬਣਾਏ ਕੰਗਾਲ, ਕੰਗਾਲੋਂ ਸ਼ਾਹ ਬਣਾਈਆ । ਹਕੀਕਤ ਵੇਖੇ ਹਲਾਲ, ਹਕ ਹਕ ਦ੍ਰਿੜਾਈਆ । ਉਸ ਬਿਨ ਕਰੇ ਨਾ ਕੋਇ ਸੰਭਾਲ, ਸਿਰ ਹੱਥ ਨਾ ਕੋਇ ਟਿਕਾਈਆ । ਸਚ ਦੀ ਝੱਲੇ ਕੋਇ

ਨਾ ਝਾਲ, ਝਲਕ ਫ਼ਲਕ ਨਾ ਕੋਇ ਵਖਾਈਆ । ਮੇਰੀ ਬੇਨੰਤੀ ਇਕ ਸਵਾਲ, ਫ਼ਿਕਰਿਆਂ ਤੋਂ ਬਾਹਰ ਸੁਣਾਈਆ । ਜਿਸ ਸਾਹਿਬ ਨੇ ਵੇਖਣਾ ਮੁਰੀਦਾਂ ਹਾਲ, ਉਹ ਮੁਰਸ਼ਦ ਬੇਪ੍ਰਵਾਹੀਆ । ਦੀਨ ਦੁਨੀ ਤੋਂ ਵੱਖਰੀ ਚਲੇ ਚਾਲ, ਚਾਲ ਨਿਰਾਲੀ ਇਕ ਦ੍ਰਿੜਾਈਆ । ਉਸ ਦਾ ਹੁਕਮ ਸੰਦੇਸਾ ਸੁਣੇ ਹਾਲ, ਹਾਲਾਂਕਿ ਆਪਣਾ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਨੌ ਖੰਡ ਭੱਜਾ, ਭਗਤੇ ਦਿਆਂ ਜਣਾਈਆ । ਮੇਰੀ ਸਮਝੇ ਕੋਇ ਨਾ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਮੈਨੂੰ ਫਿਰਦਿਆਂ ਫਿਰਦਿਆਂ ਫਿਰਦਿਆਂ ਆਇਆ ਉਹ ਅਗੰਮੀ ਮਜ਼ਾ, ਜਿਸ ਨੂੰ ਮਜ਼ਾਕ ਕਰੇ ਲੋਕਾਈਆ । ਸਚ ਪੁਛੋ ਮੈਂ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰਿਆਂ ਕਾਅਬਿਆਂ ਅੰਦਰ ਕੀਤੀ ਗਜਾ, ਗਜ ਦਾ ਲੇਖਾ ਨਾਲ ਮੁਕਾਈਆ । ਮੈਂ ਬਚੀ ਰਹਿਣ ਦਿਤੀ ਨਹੀਂ ਕੋਈ ਜਗਹ, ਜਗਹ ਜਗਹ ਆਪਣਾ ਫੇਰਾ ਪਾਈਆ । ਮੈਂ ਪੰਧ ਮੁਕਾਇਆ ਬਿਨਾ ਕਦਮਾਂ ਪਗਾ, ਬਿਨ ਧਰਤੀ ਧਵਲ ਛੁਹਾਈਆ । ਮੈਂ ਜਿਧਰ ਗਿਆ ਸਾਰੇ ਕਹਿਣ ਉਫ਼ ਹਾਏ ਸਾਡਿਆ ਰੱਬਾ, ਯਾਮਬੀਨ ਤੇਰੀ ਸ਼ਰਨਾਈਆ । ਉਧਰੋਂ ਕਲਜੁਗ ਆਪਣਾ ਵਜਾਉਂਦਾ ਆਵੇ ਢਿੱਡ ਦਾ ਅਗਾ, ਖ਼ੁਸ਼ੀਆਂ ਤਾਲ ਬਣਾਈਆ । ਮੈਨੂੰ ਕਹੇ ਬ੍ਰਾਹਮਣਾ ਤੈਨੂੰ ਕਿਸ ਨੇ ਦਿਤਾ ਸੱਦਾ, ਸਦੀ ਚੌਧਵੀਂ ਹਜ਼ਰਤ ਮੁਹੰਮਦ ਦੀ ਵੇਖ ਵਖਾਈਆ । ਮੈਂ ਤੇ ਕਰਨ ਲੱਗਾ ਅਜੇ ਆਪਣਾ ਦਗ਼ਾ, ਫ਼ਰੇਬ ਜਗਤ ਵਿਚ ਵਖਾਈਆ । ਸਾਹਿਬ ਸਵਾਮੀ ਕਿਸੇ ਨੂੰ ਨਜ਼ਰ ਆਉਣ ਦੇਣਾ ਨਹੀਂ ਜੋ ਚੜ੍ਹਿਆ ਅਸਵ ਬੱਗਾ, ਸ਼ਾਹ
੬੮੩ ਸਵਾਰਾ ਇਕ ਅਖਵਾਈਆ । ਸਾਧ ਸੰਤ ਮੰਜ਼ਲ ਪਾਰ ਕਰੇ ਕੋਈ ਨਾ ਉਪਰ ਸ਼ਾਹ ਰਗਾ, ਰਘੁਪਤ ਰਾਮ ਮਿਲਣ ਕੋਇ ਨਾ ਪਾਈਆ । ਮੈਂ ਸਭ ੬੮੩
੨੩ ਦੀ ਬੁੱਧੀ ਕਰਨੀ ਕੱਗਾ, ਕੂੜ ਨਾਲ ਹਲਕਾਈਆ । ਉਹ ਵੇਖ ਲੈ ਭਗਤ ਦਵਾਰੇ ਦਾ ਰੰਗ ਹੋ ਗਿਆ ਡੱਬਾ, ਚਿੱਟਾ ਕਾਲੇ ਨਾਲ ਮਿਲਾਈਆ । ੨੩
ਭਗਤ ਚੌਥੀ ਮੰਜ਼ਲ ਉਤੇ ਚੜ੍ਹ ਕੇ ਵਜਾਏ ਡੱਗਾ, ਦੁਨੀ ਦਾਰਾਂ ਨੂੰ ਹੋਕਾ ਦਏ ਸੁਣਾਈਆ । ਮੇਰੀ ਹਕ ਹਕ ਦੀ ਸਦਾ, ਸਦੀਆਂ ਦਿਆਂ ਵਿਛੜਿਆਂ ਦਿਆਂ ਸੁਣਾਈਆ । ਨਾਲੇ ਪੁਕਾਰਾਂ ਦਰੋਹੀ ਮੇਰੇ ਰੱਬਾ, ਰੱਬੇ ਆਲਮੀਨ ਤੇਰੀ ਸ਼ਰਨਾਈਆ । ਨਾਰਦਾ ਵੇਖ ਲੈ ਦੀਨਾਂ ਮਜ਼੍ਹਬਾਂ ਦੀਆਂ ਹੱਦਾਂ, ਮੇਰੇ ਸਾਹਿਬ ਨੇ ਵੰਡ ਵੰਡਾਈਆ । ਜਿਸ ਨੇ ਅੰਤਮ ਬਦਲ ਦੇਣੀਆਂ ਯੱਦਾਂ, ਬਿਨਾ ਯੁੱਧ ਤੋਂ ਯੁੱਧ ਵਿਚ ਸਾਰੇ ਦਏ ਫਸਾਈਆ । ਗੁਰਮੁਖ ਖ਼ੁਸ਼ੀ ਨਾਲ ਮੁਖ ਬੀਨ ਵਜਾਵਣ ਨਦਾ, ਧੁਨ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਨਾਰਦ ਕਹੇ ਕਲਜੁਗਾ ਮੇਰਾ ਸ਼ਾਹੋ ਵਡ ਬਲਵਾਨਾ, ਬਲਧਾਰੀ ਇਕ ਅਖਵਾਈਆ । ਜਿਸ ਦੇ ਕੋਲ ਬਿਨਾ ਨਾਪ ਤੋਂ ਪੈਮਾਨਾ, ਜਗਤ ਵੰਡ ਨਾ ਕੋਇ ਵੰਡਾਈਆ । ਜੋ ਰੂਪ ਧਰਦਾ ਰਿਹਾ ਰਾਮਾ ਕਾਹਨਾ, ਲੱਖ ਚੁਰਾਸੀ ਗੋਪੀਆਂ ਖੇਲ ਖਿਲਾਈਆ । ਜਿਸ ਪੈਗ਼ੰਬਰਾਂ ਦਿਤਾ ਪੈਗ਼ਾਮਾ, ਕਲਮਾ ਨਬੀਆਂ ਆਪ ਦ੍ਰਿੜਾਈਆ । ਜਿਸ ਮੰਤਰ ਜਣਾ ਕੇ ਸਤਿਨਾਮਾ, ਡੰਕਾ ਫ਼ਤਿਹ ਦਿਤਾ ਵਜਾਈਆ । ਉਹ ਪਹਿਰ ਕੇ ਆ ਗਿਆ ਜਾਮਾ, ਰੂਪ ਅਨੂਪਾ ਆਪ ਦਰਸਾਈਆ । ਉਸ ਨੂੰ ਅਵਤਾਰ ਪੈਗ਼ੰਬਰ ਗੁਰੂ ਸਜਦਿਆਂ ਵਿਚ ਕਰਨ ਸਲਾਮਾ, ਡੰਡਾਵਤ ਵਿਚ ਸੀਸ ਝੁਕਾਈਆ । ਉਸ ਸੰਦੇਸਾ ਦਿਤਾ ਵਿਚ ਜਹਾਨਾ, ਹੁਕਮ ਇਕ ਜਣਾਈਆ । ਨਾਰਦਾ ਸਤਾਰਾਂ ਹਾੜ ਨੂੰ ਆਉਣਾ, ਆਪਣਾ ਪੰਧ ਮੁਕਾਈਆ । ਮੈਂ ਪਹਿਲੋਂ ਸਚਖੰਡ ਦਵਾਰਾ ਕੀਤਾ ਇਸ਼ਨਾਨਾ, ਪ੍ਰਭ ਚਰਨ ਧੂੜ ਨੁਹਾਈਆ । ਫੇਰ ਆਪਣਾ ਕੀਤਾ ਆਰਾਮਾ, ਬਿਨਾ ਸੇਜ ਸੇਜ ਸੁਹਾਈਆ । ਫੇਰ ਬਿਨਾ ਨਿਗਾਹ ਤੋਂ ਮਾਰਿਆ

ਧਿਆਨਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਮੈਨੂੰ ਰਵ ਸਸ ਕਹਿਣ ਸਾਡਾ ਕਿੱਥੇ ਮਿਹਰਵਾਨਾ, ਮਹਿਬੂਬ ਧੁਰਦਰਗਾਹੀਆ । ਮੈਂ ਬੋਦੀ ਨੂੰ ਹਿਲਾ ਕੇ ਕਿਹਾ ਸਾਰੇ ਤੱਕੋ ਇਹਦਾ ਨਿਸ਼ਾਨਾ, ਨਿਸ਼ਾਨ ਤਾਰਾ ਚੰਦ ਜਣਾਈਆ । ਉਸ ਦਾ ਖੇਲ ਖ਼ਲਕ ਵਿਚ ਮਹਾਨਾ, ਰੂਪ ਅਨੂਪ ਪ੍ਰਗਟਾਈਆ । ਮੈਂ ਵੀ ਅੱਜ ਓਸ ਦਵਾਰੇ ਜਾਣਾ, ਜਿਥੇ ਜਾਨਸ਼ੀਨ ਨਜ਼ਰ ਕੋਇ ਨਾ ਆਈਆ । ਇਹੋ ਸਾਹਿਬ ਪੁਰਖ ਸੁਲਤਾਨਾ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦੇ ਹੁਕਮ ਅੰਦਰ ਸਾਰੇ ਹੋਏ ਗ਼ੁਲਾਮਾ, ਚਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਪਰਦਾ ਆਪ ਉਠਾਈਆ । ਨਾਰਦ ਕਹੇ ਜਨ ਭਗਤੋ ਮੈਂ ਜਿਸ ਵੇਲੇ ਵਿਚ ਗਿਆ ਲੋਆਂ ਪੁਰੀਆਂ, ਆਪਣਾ ਪੂਰਨ ਜੋਬਨ ਬਣਾਈਆ । ਮੈਂ ਨਾਲ ਦਲੀਲਾਂ ਲੈ ਗਿਆ ਬੁਰੀਆਂ, ਬਿਨਾ ਗਠੜੀ ਗੰਢ ਉਠਾਈਆ । ਸੱਜੇ ਖੱਬੇ ਲਟਕਾ ਲਈਆਂ ਸ਼ਰਅ ਦੀਆਂ ਛੁਰੀਆਂ, ਕਤਲਗਾਹਾਂ ਨਾਲ ਬੰਧਾਈਆ । ਮੈਨੂੰ ਪੁਛਣ ਲੱਗੀਆਂ ਪਰਾ ਪਸੰਤੀ ਮਧਮ ਬੈਖਰੀ ਤੁਰੀਆ, ਨਾਰਦਾ ਤੁਰਤ ਦੇ ਜਣਾਈਆ । ਵੇ ਏਸ ਵੇਲੇ ਨੌ ਖੰਡ ਪ੍ਰਿਥਮੀ ਉਤੇ ਆਤਮਾ ਕਿਹੋ ਜਿਹੀਆਂ ਕੁੜੀਆਂ, ਜੋਵਨ ਕਵਣ ਰੂਪ ਬਣਾਈਆ । ਕਿਸ ਪ੍ਰੀਤਮ ਪਿਆਰ ਵਿਚ ਜੁੜੀਆਂ, ਕਵਣ ਰੰਗ ਸਮਾਈਆ । ਨਾਰਦ ਕਹੇ ਮੈਂ ਸ਼ਰਅ ਦੀਆਂ ਆਪਣੀ ਬੋਦੀ ਦੇ ਥੱਲਿਉਂ ਕਢੀਆਂ ਪੁੜੀਆਂ, ਹੌਲੀ ਹੌਲੀ ਗੰਢਾਂ ਦਿਤੀਆਂ ਖੁਲਾਈਆ । ਨਾਲੇ ਰੋ ਪਿਆ ਨਾਲੇ ਹੱਸ ਪਿਆ ਫੇਰ ਕਿਹਾ ਉਹ ਸਦੀ ਚੌਧਵੀਂ ਸਾਰੀਆਂ ਜਾਂਦੀਆਂ ਰੁੜ੍ਹੀਆਂ, ਬੇੜਾ ਪਾਰ ਨਾ ਕੋਇ ਕਰਾਈਆ । ਕਿਉਂ ਸਤਿ ਦੇ ਮਾਲਕ ਬਿਨਾ ਸਭ ਹੋਈਆਂ ਨਿਗੁਰੀਆਂ, ਸਤਿਗੁਰ ਸ਼ਬਦ ਨਾ ਕੋਇ ਮਨਾਈਆ । ਘਰ ਘਰ ਹਲਵੇ ਪੂੜੀ ਖਾਂਦੀਆਂ ਘਿਉ ਦੀਆਂ ਚੂਰੀਆਂ, ਚੋਰੀ ਚੋਰੀ ਸਗਨ ਮਨਾਈਆ । ਸਾਚੀ ਮੰਜ਼ਲ ਵੱਲ ਕਦੇ ਨਾ ਤੁਰੀਆਂ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਮੈਂ ਗਿਆ ਵਿਚ ਬ੍ਰਹਿਮੰਡਾ, ਚੋਰੀ ਚੋਰੀ ਧਿਆਨ ਲਗਾਈਆ । ਓਥੇ ਨਾ ਕੋਈ ਲੇਖਾ ਜੇਰਜ ਅੰਡਾ, ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਨਾ ਕੋਈ ਗ੍ਰੰਥਾਂ ਸ਼ਾਸਤਰਾਂ ਬੱਧੀਆਂ ਪੰਡਾਂ, ਸੀਸ ਉਤੇ ਨਾ ਕੋਇ ਟਿਕਾਈਆ । ਨਾ ਕੋਈ ਮਾਲਾ ਮਣਕਿਆਂ ਦਿਤੀਆਂ ਗੰਢਾਂ, ਤਸਬੀਆਂ ਹੱਥ ਨਾ ਕੋਇ ਫੜਾਈਆ । ਨਾ ਕੋਈ ਸ਼ਾਸਤਰ ਵੇਖੇ ਚੰਡਾ, ਪ੍ਰਚੰਡਾਂ ਰੰਗ ਨਾ ਕੋਇ ਰੰਗਾਈਆ । ਨਾ ਕੋਈ ਸੂਰਬੀਰ ਬਹਾਦਰ ਵਢਾਉਂਦੇ ਕੰਡਾਂ, ਕੰਡਿਆਂ ਵਾਲੇ ਛਾਪੇ ਦੇਣ ਗਵਾਹੀਆ । ਨਾ ਕੋਈ ਜਗਤ ਜਗਿਆਸੂ ਫਿਰਦੇ ਉਤੇ ਟੰਗਾਂ, ਕਦਮਾਂ ਕਦਮਾਂ ਪੰਧ ਮੁਕਾਈਆ । ਨਾਰਦ ਕਹੇ ਫੇਰ ਮੈਂ ਸਤਿਗੁਰ ਸ਼ਬਦ ਦੇ ਹੁਕਮ ਨਾਲ ਅਗਲੀ ਮੰਜ਼ਲ ਲੰਘਾ, ਬਿਨਾ ਕਦਮ ਤੋਂ ਕਦਮ ਟਿਕਾਈਆ । ਮੈਨੂੰ ਕੁਛ ਨਾ ਲੱਗਾ ਚੰਗਾ, ਚੰਗੀ ਤਰਾ ਸਮਝਾਈਆ । ਜਿਧਰ ਵੇਖਿਆ ਦੇਵਤ ਸੁਰ ਆਪਣਾ ਆਪਣਾ ਸਿੰਘਾਸਣ ਡਾਹੀ ਬੈਠੇ ਮੰਜਾ, ਪਾਵਾ ਚੂਲ ਨਾ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਵਣ ਛੰਦਾ, ਤੇਰੀ ਬੇਪਰਵਾਹੀਆ । ਫੇਰ ਵੇਖਿਆ ਨਾਮ ਦਾ ਨਾਮ ਨਾਲ ਹੁੰਦਾ ਦੰਗਾ, ਬਿਨਾ ਅੱਖਰਾਂ ਅੱਖਰ ਲੜਾਈਆ । ਮੇਰਾ ਸੀਨਾ ਨਾ ਹੋਇਆ ਠੰਡਾ, ਹਾੜ ਮਹੀਨਾ ਅੱਜ ਦਾ ਦਏ ਗਵਾਹੀਆ । ਫੇਰ ਮੈਂ ਨਿਗਾਹ ਮਾਰੀ ਮੈਨੂੰ ਦੁੱਖ ਕਿਉਂ ਨਾ ਮੈਂ ਵਿਆਹਿਆ ਤੇ ਨਾ ਮੈਂ ਰੰਡਾ, ਸੁਹਾਗੀ ਕੰਤ ਨਾ ਕੋਇ ਬਣਾਈਆ । ਮੈਨੂੰ ਯਾਦ ਆ ਗਿਆ ਮੇਰਾ ਸੀਨਾ ਕਿਉਂ ਸੜਦਾ ਮੇਰੇ ਸਾਹਿਬ ਨੇ ਭਗਤਾਂ ਦੇ ਘਰੋਂ ਖਾਧਾ ਸੀ ਗੰਡਾ, ਗਾਡ ਹੋ ਕੇ ਖੇਲ ਖਿਲਾਈਆ । ਫੇਰ ਮੈਂ ਹੱਥ ਰਖ ਕੇ ਬਿਨਾ ਮੱਥੇ ਤੋਂ ਤੱਕਿਆ ਕਲਜੁਗ ਦਾ ਅੰਤਮ ਕੰਢਾ, ਕੰਢੀ ਦਾ ਮਾਲਕ ਆਪਣਾ ਹੁਕਮ

ਵਰਤਾਈਆ । ਨਾਰਦਾ ਓਹ ਤੱਕ ਲੈ ਨੂਰ ਮੇਰਾ ਜ਼ਹੂਰ ਮੇਰਾ ਨਾ ਉਹ ਸ਼ਹਿਨਸ਼ਾਹ ਨਾ ਉਹ ਕੰਗਾਲ ਜਗਤ ਜਹਾਨਾਂ ਵਿਚ ਜਗਤ ਵਾਲਾ ਬੰਦਾ, ਬੰਦਗੀ ਤੋਂ ਪਰੇ ਮੇਰੇ ਬੰਦਨ ਵਿਚ ਨਜ਼ਰੀ ਆਈਆ । ਨਾਰਦ ਕਹੇ ਮੈਂ ਝਟ ਅੱਖਾਂ ਤੇ ਹੱਥ ਰਖ ਕੇ ਹੋ ਗਿਆ ਅੰਧਾ, ਨੈਣਾਂ ਬੰਦ ਕਰਾਈਆ । ਵਾਹ ਮੇਰਿਆ ਮਾਲਕਾ ਖ਼ਲਕ ਦਿਆ ਖ਼ਾਲਕਾ ਤੇਰਾ ਜੁਗ ਜੁਗ ਉਲਟਾ ਧੰਦਾ, ਧੁੰਦੂਕਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਤੋਂ ਅਗੇ ਮਾਰ ਲਈ ਭਗਤੋ ਝਾਕੀ, ਝਾਕੇ ਲੈਣ ਵਾਲਿਓ ਦਿਆਂ ਜਣਾਈਆ । ਮੈਨੂੰ ਗੁਰ ਅਵਤਾਰ ਪੈਗ਼ੰਬਰ ਦਿਸਿਆ ਕੋਇ ਨਾ ਤਤ ਖ਼ਾਕੀ, ਕਲਬੂਤ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਵਸ ਨਾ ਕੋਈ ਰਾਤੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਨਾ ਕੋਇ ਗ੍ਰੰਥ ਸ਼ਾਸਤਰ ਕਿਤਾਬ ਕੁਤਬਖਾਨਿਆਂ ਵਾਲੀ ਪਾਤੀ, ਪਤਰਕਾ ਹੱਥ ਨਾ ਕੋਇ ਫੜਾਈਆ । ਨਾ ਕੋਈ ਸੰਧਿਆ ਸਰਘੀ ਪ੍ਰਭਾਤੀ, ਵੇਲਾ ਵਕਤ ਵੰਡ ਨਾ ਕੋਇ ਵੰਡਾਈਆ । ਨਾਰਦ ਕਹੇ ਮੈਂ ਡਰ ਗਿਆ ਜਿਸ ਵੇਲੇ ਮੈਂ ਭਗਤਾਂ ਦੀ ਤੱਕ ਲਈ ਛਾਤੀ, ਛਤਰਧਾਰੀ ਸਾਰੇ ਚਰਨਾਂ ਹੇਠ ਦਬਾਈਆ । ਉਸ ਮੇਰੇ ਪ੍ਰਭੂ ਨੇ ਮੈਨੂੰ ਇਕ ਖ਼ਬਰ ਅਗੰਮੀ ਆਖੀ, ਬਿਨਾ ਅੱਖਰਾਂ ਤੋਂ ਦਿਤੀ ਸੁਣਾਈਆ । ਓ ਸੋਹਣਿਆਂ ਮੈਂ ਆਪਣਿਆਂ ਭਗਤਾਂ ਦੀ ਕਰਾਂ ਰਾਖੀ, ਰਖਕ ਹੋ ਕੇ ਵੇਖ ਵਖਾਈਆ । ਨਾਰਦ ਕਹੇ ਮੈਂ ਵੀ ਬਣ ਗਿਆ ਹਾਠੀ, ਹਠ ਆਪਣਾ ਲਿਆ ਜਣਾਈਆ । ਮੇਰੇ ਸਾਹਿਬਾ ਮੈਂ ਨਹੀਂ ਮੰਨਦਾ ਤੈਨੂੰ ਜੁਗ ਜੁਗ ਸਤਿਗੁਰ ਸ਼ਬਦ ਵੱਖਰਾ ਬਣਾਇਆ ਪਾਠੀ, ਆਪਣੀਆਂ ਸਿਫ਼ਤਾਂ ਓਹਦੇ ਕੋਲੋਂ ਕਰਾਈਆ । ਫੇਰ ਆਪਣੀ ਮੰਜ਼ਲ ਦੀ ਦੱਸ ਕੇ ਉਚੀ ਘਾਟੀ, ਸੰਤਾਂ ਭਗਤਾਂ ਸੂਫ਼ੀਆਂ ਜਗਤ ਬੰਧਨਾ ਵਿਚ ਪਾਈਆ । ਜੇ ਕਦੀ ਬੜੀ ਕਿਰਪਾ ਕੀਤੀ ਥੋੜੀ ਜਿਹੀ ਜੋਤ ਜਗਾ ਕੇ ਵਿਚ ਲਲਾਟੀ, ਲਿਟਾਂ ਵਾਲਿਆਂ ਇਸ਼ਾਰੇ ਦਿਤੇ ਕਰਾਈਆ । ਜੇ ਕਿਸੇ ਦੀ ਖੋਲ ਦਿਤੀ ਕਪਾਟੀ, ਕਪਾਟ ਦੀਨ ਦੁਨੀ ਵਾਲਾ ਨਾਲ ਮਿਲਾਈਆ । ਜੇ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦਾ ਸਤਿਗੁਰ ਸ਼ਬਦ ਬਣਾਇਆ ਸਾਥੀ, ਸਾਥੀ ਆਪ ਅਖਵਾਈਆ । ਫੇਰ ਨਾਮ ਕਲਮੇ ਨੂੰ ਲੜਾਇਆ ਹੱਥੋ ਹਾਥੀ, ਟੱਕਰ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਕੋਲੋਂ ਲਵਾਈਆ । ਇਕ ਨੂੰ ਪਿਆਰ ਵਿਚ ਸਤਿਕਾਰ ਵਿਚ ਦੇ ਕੇ ਥਾਪੀ, ਪੁਸ਼ਤ ਪਨਾਹ ਹੱਥ ਟਿਕਾਈਆ । ਸੋਹਣਿਆਂ ਤੈਨੂੰ ਭੇਜਿਆ ਤੂੰ ਤਾਰ ਦੇਣੇ ਪਾਪੀ, ਪਤਤ ਪੁਨੀਤ ਕਰਾਈਆ । ਤੈਥੋਂ ਕੋਈ ਰਹੇ ਨਾ ਆਕੀ, ਖੰਡੇ ਖੜਗਾਂ ਹੱਥ ਫੜਾਈਆ । ਫੇਰ ਸਚਖੰਡ ਬਹਿ ਕੇ ਕਰਦਾ ਰਿਹਾ ਹਾਸੀ, ਮਸਖ਼ਰਾ ਆਪਣਾ ਰੂਪ ਬਦਲਾਈਆ । ਵਾਹ ਕਿੱਡੀ ਸੋਹਣੀ ਮੇਰੀ ਮੰਨਦੇ ਆਖੀ, ਮੇਰੇ ਨਾਮ ਨਾਲ ਮੇਰਾ ਨਾਮ ਰਹੇ ਟਕਰਾਈਆ । ਨਾਲੇ ਚੜ੍ਹਦੇ ਰਹੇ ਮੰਜ਼ਲ ਘਾਟੀ, ਪੈਂਡਿਆਂ ਪੰਧ ਮੁਕਾਈਆ । ਫੇਰ ਹੁਕਮ ਦਿੰਦਾ ਰਿਹੋਂ ਸੋਹਣਿਆਂ ਤੁਹਾਡੀ ਅੰਤਮ ਮੁਕਣੀ ਵਾਟੀ, ਪੈਂਡਾ ਪੰਧ ਰਹੇ ਨਾ ਰਾਈਆ । ਮੇਰੇ ਕੋਲ ਸ਼ਬਦ ਦੀ ਸ਼ਬਦੀ ਧਾਰ ਲਾਠੀ, ਜੁਗ ਜੁਗ ਉਲਟੀ ਲਠ ਗਿੜਾਈਆ । ਮੈਂ ਕਦੀ ਦਿਸਿਆ ਨਹੀਂ ਜਿਸ ਵੇਲੇ ਅਸਵ ਸ਼ਬਦ ਤੇ ਪਾਵਾਂ ਕਾਠੀ, ਚਰਨ ਕਵਲ ਰਕਾਬ ਟਿਕਾਈਆ । ਮੇਰਾ ਭੇਵ ਕਹੇ ਨਾ ਕੋਈ ਸਫਾਤੀ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਪ੍ਰਭੂ ਦਵਾਰੇ ਇਕ ਨਿੱਕੀ ਜਿਹੀ ਮੰਗ ਮੰਗੀ, ਓਹ ਮੰਗਤਿਆ ਮੰਗਤੇ ਦੀ ਝੋਲੀ ਦੇ ਭਰਾਈਆ । ਨਾਲੇ ਸਿਰ ਤੋਂ ਟਿੰਡ ਕਰ ਕੇ ਨੰਗੀ, ਸਾਹਿਬ ਨੂੰ ਦਿਤੀ ਵਖਾਈਆ । ਨਾਲੇ ਨੀਰ ਵਹਾ ਕੇ ਅੰਝੀ,


੬੮੫
੨੩

੬੮੬
੨੩

ਨੇਤਰ ਵਿਰੋਲੇ ਚਾਈਂ ਚਾਈਆ । ਬਹੁੜੀ ਬਹੁੜੀ ਕਰ ਕੇ ਦੱਸੀ ਆਪਣੀ ਤੰਗੀ, ਉਫ਼ ਹਾਏ ਮੇਰੀ ਦੁਹਾਈਆ । ਮੇਰੇ ਤੇੜ ਨਾ ਧੋਤੀ ਨਾ ਤੰਬੀ, ਬਸਤਰ ਨਜ਼ਰ ਕੋਇ ਨਾ ਪਾਈਆ । ਵੇਖ ਪ੍ਰਭੂ ਪਤਾ ਨਹੀਂ ਤੇਰੀ ਕਿੰਨੀ ਆਯੂ ਲੰਮੀ, ਲੰਮਾ ਪੈ ਕੇ ਸੀਸ ਨਿਵਾਈਆ । ਪਤਾ ਨਹੀਂ ਮੇਰੀ ਧਾਰ ਕਿਸ ਬਿਧ ਤੇਰੇ ਵਿਚੋਂ ਜੰਮੀ, ਜਿਸ ਦਾ ਪਿਤਾ ਨਜ਼ਰ ਕੋਇ ਨਾ ਆਈਆ । ਮੈਂ ਫਿਰਦਾ ਬੰਨੀ ਬੰਨੀ, ਭੱਜਾਂ ਵਾਹੋ ਦਾਹੀਆ । ਅੱਜ ਸਤਾਰਾਂ ਹਾੜ ਨੂੰ ਨੇਤਰਹੀਣ ਹੋ ਗਏ ਸੂਰੀਆ ਚੰਨੀ, ਆਪਣੀ ਅੱਖ ਨਾ ਕੋਇ ਖੁਲਾਈਆ । ਆਰਫ਼ਾਂ ਦੇ ਪੱਲੇ ਗੰਢ ਰਹੀ ਨਹੀਂ ਕੰਨੀ, ਸਫ਼ਾਰਸ਼ਾਂ ਕੰਮ ਕੋਇ ਨਾ ਆਈਆ । ਪਹਿਲੋਂ ਮੇਰੀ ਬੇਨੰਤੀ ਇਕ ਮੰਨੀਂ, ਮਨਸਾ ਤੇਰੇ ਚਰਨ ਰਖਾਈਆ । ਤੂੰ ਧਨਾਢ ਵੱਡਾ ਧਨੀ, ਧੁਰ ਦਾ ਮਾਲਕ ਨੂਰ ਅਲਾਹੀਆ । ਮੈਂ ਤੇਰੀ ਪਿਆਰ ਮੁਹੱਬਤ ਵਾਲੀ ਸਮੀ, ਸਮੇਂ ਸਮੇਂ ਤੇਰਾ ਦਰਸ਼ਨ ਪਾਈਆ । ਤੂੰ ਭਗਤਾਂ ਦੇ ਲੂੰ ਲੂੰ ਵਿਚ ਰਮੀਂ, ਰੌਣਕ ਆਪਣੇ ਨਾਲ ਬਣਾਈਆ । ਮੈਨੂੰ ਚੇਤਾ ਆ ਗਿਆ ਜਿਸ ਵੇਲੇ ਸਤਿਗੁਰ ਅਰਜਨ ਬੈਠਾ ਉਤੇ ਤਤੀ ਤਵੀ, ਆਪਣਾ ਆਸਣ ਲਾਈਆ । ਉਨ ਸਿਫ਼ਤਾਂ ਵਾਲਾ ਢੋਲਾ ਗਾਇਆ ਬਣ ਕੇ ਸ਼ਬਦ ਕਵੀ, ਕਲ ਕਾਇਆ ਵਿਚੋਂ ਕਢਾਈਆ । ਪਰ ਹੁਣ ਮੇਰਿਆ ਸਵਾਮੀਆਂ ਅੰਤਰਜਾਮੀਆਂ ਭਗਤਾਂ ਦੀਆਂ ਸਿਫ਼ਤਾਂ ਆਪੇ ਗਾਵੀਂ, ਉਹਨਾਂ ਨੂੰ ਕਹਿਣ ਦੀ ਲੋੜ ਰਹੇ ਨਾ ਰਾਈਆ । ਜੇ ਓਹ ਤੇਰੇ ਕੋਲ ਨਹੀਂ ਆ ਸਕਦੇ ਤੂੰ ਉਹਨਾਂ ਦੇ ਅੰਦਰ ਰਵੀਂ, ਕਾਇਆ ਮੰਦਰ ਡੇਰਾ ਲਾਈਆ । ਆਤਮ ਸੇਜਾ ਉਤੇ ਸਵੀਂ, ਆਪਣੀ ਸੇਜ ਸੁਹਾਈਆ । ਸਭ ਦੇ ਲਹਿਣੇ ਦੇਣੇ ਦਵੀਂ, ਦੇਵਣਹਾਰ ਤੇਰੀ ਵਡਿਆਈਆ । ਇਕੋ ਢੋਲਾ ਗੀਤ ਸੰਗੀਤ ਗਵੀਂ, ਤੂੰ ਮੇਰਾ ਮੈਂ ਤੇਰਾ ਰਾਗ ਜਣਾਈਆ । ਤੂੰ ਅਵਤਾਰ ਨਿਰੰਕਾਰ ਚਵ੍ਹੀ, ਚੌਬੀਸੇ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲਾਈਆ । ਨਾਰਦ ਕਹੇ ਮੈਂ ਖੋਲ ਦਿਤਾ ਅਗੇ ਜਾ ਕੇ ਕੁੰਡਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਿਛੇ ਪੰਧ ਮੁਕਾਈਆ । ਜਾਂ ਮੈਂ ਨਿਗਾਹ ਮਾਰੀ ਮੈਨੂੰ ਸਤਿ ਸਰੂਪੀ ਦਿਸਿਆ ਮੁੰਡਾ, ਮੁੱਛ ਦਾਹੜੀ ਕੇਸ ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਜਾਂ ਮੈਂ ਗ਼ੌਰ ਨਾਲ ਤੱਕਿਆ ਉਹ ਜੁਗ ਚੌਕੜੀ ਸ਼ਰਾਰਤੀ ਤੇ ਸਭ ਤੋਂ ਗੁੰਡਾ, ਜਿਸ ਨੂੰ ਗਾਡ ਗੁਡ ਕਹਿ ਕੇ ਸਾਰੇ ਸੀਸ ਨਿਵਾਈਆ । ਮੈਂ ਓਹਦੇ ਅਗੇ ਪਿਛੇ ਵੇਖਿਆ ਨਾ ਲੱਤਾਂ ਬਾਹਵਾਂ ਉਹ ਬਿਨਾ ਧੜ ਤੋਂ ਟੁੰਡਾ, ਬਾਜੂ ਸਕੇ ਨਾ ਕੋਇ ਹਿਲਾਈਆ । ਮੈਂ ਵੇਖਿਆ ਉਹ ਵਸੇ ਬਿਨਾ ਜੰਗਲ ਪਹਾੜਾਂ ਜੂਹਾਂ ਦਰਖਤਾਂ ਵਾਲਿਆਂ ਝੁੰਡਾਂ, ਪਰਬਤਾਂ ਤੋਂ ਬਾਹਰ ਆਸਣ ਲਾਈਆ । ਮੈਂ ਉਹਨੂੰ ਆਵਾਜ਼ ਮਾਰੀ ਤੇ ਉਹ ਮੂਲ ਨਾ ਬੋਲਿਆ ਤੇ ਮੈਂ ਸਮਝ ਲਿਆ ਉਹ ਗੁੰਗਾ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਫੇਰ ਮੈਂ ਨਿਮਾਣਾ ਹੋ ਕੇ ਕਿਹਾ ਪ੍ਰਭ ਜੇ ਤੂੰ ਆਪ ਨਹੀਂ ਕੁਛ ਦੇਣਾ ਮੈਨੂੰ ਬ੍ਰਹਿਮਣ ਨੂੰ ਦਰ ਆਏ ਨੂੰ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਤੋਂ ਬਚੇ ਨਾਮ ਕਲਮੇ ਦਾ ਪਾ ਦੇ ਝੁੰਗਾ, ਖ਼ਾਲੀ ਝੋਲੀ ਤੇਰੇ ਅਗੇ ਡਾਹੀਆ । ਉਸ ਨੇ ਕਿਹਾ ਵੇ ਬ੍ਰਹਿਮਣਾ ਜਾਹ ਸਤਿਗੁਰ ਸ਼ਬਦ ਨਾਲ ਆਹ ਵੇਖ ਜਿਨ੍ਹਾਂ ਨੇ ਸੂਰ ਗਾਂ ਖਾਧਾ ਦੁੰਬਾ, ਜਗਤ ਧਿਆਨ ਲਗਾਈਆ । ਤੂੰ ਗਵਾਹ ਸ਼ੁਧ ਬਣੇ ਕੁਨੰਦਾ, ਬਿਨਾ ਹਰਫ਼ ਹਰੂਫ਼ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਮੈਨੂੰ ਹੁਕਮ ਮਿਲ ਗਿਆ ਸਖ਼ਤਾ, ਪ੍ਰਭ ਸਖ਼ਤੀ ਨਾਲ ਜਣਾਈਆ । ਮੇਰੇ ਤੇ ਸਮਾਂ ਆ ਗਿਆ ਉਹ ਵਕਤਾ, ਜਿਸ ਵਕਤ ਦਾ ਰਾਹ ਤਕਾਈਆ । ਮੈਂ ਵੀ ਚਾਰ ਜੁਗ ਦਾ ਬਕਤਾ, ਕਹਿਣ ਵਾਲਾ ਕਹਿ ਕੇ ਪ੍ਰਭ ਨੂੰ ਹਾਲ ਸੁਣਾਈਆ । ਜੇ ਤੂੰ ਰੂਪ ਪਰਮੇਸ਼ਵਰ ਪਤ ਦਾ, ਪਾਰਬ੍ਰਹਮ

ਤੇਰੀ ਵਡ ਵਡਿਆਈਆ । ਤੂੰ ਸਚ ਦੱਸ ਕਿਉਂ ਤੇਰਾ ਰੂਪ ਵੱਖ ਵੱਖ ਤੇਰਾ ਨਾਮ ਜਪਦਾ, ਤੇਰੇ ਪੁਤ ਹੋ ਕੇ ਅਵਤਾਰ ਪੈਗ਼ੰਬਰ ਗੁਰੂ ਸਤਿ ਹੋ ਕੇ ਤੇਰੇ ਹਿੱਸੇ ਗਏ ਪਾਈਆ । ਕੀ ਖੇਲ ਤੇਰਾ ਲੁਕ ਦਾ, ਪਰਦਾ ਦੇ ਉਠਾਈਆ । ਕਿਉਂ ਨਹੀਂ ਭੇਦ ਦੱਸਦਾ ਇਕ ਤੁਕ ਦਾ, ਤੁੱਕੇ ਲਾਉਣ ਵਾਲਿਆ ਮੈਨੂੰ ਦੇ ਸਮਝਾਈਆ । ਮੇਰਾ ਸਹਿਸਾ ਮੂਲ ਨਹੀਂ ਚੁੱਕਦਾ, ਮੈਂ ਜੁਗ ਜੁਗ ਫਿਰਿਆ ਵਾਹੋ ਦਾਹੀਆ । ਮੈਂ ਆਪਣੇ ਮਾਰਗ ਤੋਂ ਨਹੀਂ ਘੁੱਸਦਾ, ਭੱਜਾਂ ਵਾਹੋ ਦਾਹੀਆ । ਮੈਂ ਉਹ ਭਗਤ ਨਹੀਂ ਜਿਹੜਾ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਰੁਸਦਾ, ਰੁੱਸਣ ਵਿਚ ਕਦੇ ਨਾ ਆਈਆ । ਮੈਂ ਵਣਜਾਰਾ ਨਹੀਂ ਦਾਹੜੀ ਤੇ ਮੁੱਛ ਦਾ, ਮੂੰਡ ਮੁੰਡਾਇਆ ਮੈਨੂੰ ਦੁੱਖ ਨਾ ਲਾਗੇ ਰਾਈਆ । ਓ ਪ੍ਰਭੂ ਮੈਂ ਮਾਣ ਰਖਾਂ ਜੰਮਿਆਂ ਤੇਰੀ ਕੁੱਖ ਦਾ, ਤੇਰੀ ਜੋਤ ਵਿਚੋਂ ਆਪਣੀ ਜੋਤ ਪ੍ਰਗਟਾਈਆ । ਮੈਂ ਸਹਾਰਾ ਨਹੀਂ ਲਿਆ ਉਲਟੇ ਰੁੱਖ ਦਾ, ਮਾਤ ਗਰਭ ਨਾ ਅਗਨ ਤਪਾਈਆ । ਮੈਂ ਵਣਜਾਰਾ ਨਹੀਂ ਪੁੱਛ ਪੁੱਛ ਦਾ, ਮਿੰਨਤਾਂ ਕਰ ਕੇ ਤੇਰੇ ਅਗੇ ਵਾਸਤਾ ਪਾਈਆ । ਮੈਂ ਵੀ ਜਾਣਦਾ ਤੇਰਾ ਜੁਗ ਜੁਗ ਧੂੰਆਂ ਧੁਖਦਾ, ਅੰਗਿਆਰੀ ਨਾਮ ਕਲਮਿਆਂ ਵਾਲੀ ਲਗਾਈਆ । ਤੂੰ ਸਭ ਨੂੰ ਆਪਣੇ ਹੁਕਮ ਦੇ ਨਾਲ ਕੁੱਟਦਾ, ਫੜ ਫੜ ਦਏਂ ਸਜ਼ਾਈਆ । ਓਹ ਨਾਮ ਦਿਆ ਵਣਜਾਰਿਆ ਤੂੰ ਅੱਖਰਾਂ ਨਾਲ ਦੀਨ ਦੁਨੀਆ ਰਿਹਾ ਲੁੱਟਦਾ, ਲੁਟੇਰਿਆ ਆਪਣੀ ਲੁੱਟ ਮਚਾਈਆ । ਕਦੀ ਬੂਟਾ ਲਗਾਉਂਦਾ ਰਿਹੋਂ ਤੇ ਕਦੀ ਰਿਹੋਂ ਪੁੱਟਦਾ, ਕੀ ਤੇਰੀ ਬੇਪਰਵਾਹੀਆ । ਏਸ ਵੇਲੇ ਹੁਣ ਤੇਰਾ ਭਗਤਾਂ ਤੋਂ ਪੱਲਾ ਨਹੀਂ ਛੁਟਦਾ, ਛੁਟੀ ਲਿਵ ਆਪਣੇ ਨਾਲ ਲੈ ਲਗਾਈਆ । ਝਗੜਾ ਰਹਿਣ ਨਾ ਦੇ ਕਿਸੇ ਦੇ ਦੁੱਖ ਦਾ, ਦੁਖੀਆਂ ਦਰਦ ਦੇ ਮਿਟਾਈਆ । ਮੈਂ ਜ਼ਰੂਰ ਜਾਣਦਾ ਤੇਰਾ ਭਾਣਾ ਕਦੇ ਨਾ ਰੁਕਦਾ, ਭਾਣੇ ਵਿਚ ਰੁਕਮਣੀ ਕ੍ਰਿਸ਼ਨ ਗਿਆ ਭਜਾਈਆ । ਉਹ ਲੇਖਾ ਵੇਖ ਲੈ ਸਭ ਦਾ ਬੂਟਾ ਜਾਂਦਾ ਸੁਕਦਾ, ਦੀਨ ਮਜ਼੍ਹਬ ਹਰਿਆ ਸਿੰਚ ਨਾ ਕੋਇ ਕਰਾਈਆ । ਪਿਆਰ ਰਿਹਾ ਨਹੀਂ ਕਿਸੇ ਮਨੁੱਖ ਦਾ, ਮਨੁੱਖਤਾ ਬੈਠੀ ਮੁਖ ਛੁਪਾਈਆ । ਨਾਰਦ ਕਹੇ ਤੇਰਾ ਵਕਤ ਸੁਹੰਜਣਾ ਹੋਇਆ ਆਪਣੀ ਰੁਤ ਦਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਨਾਰਦ ਕਹੇ ਮੈਂ ਦਰਵਾਜ਼ੇ ਦੇ ਅੰਦਰ ਲਿਆ ਵੇਖ, ਸਤਿਗੁਰ ਸ਼ਬਦ ਰੂਪ ਬਦਲਾਈਆ । ਤੱਕ ਕੇ ਅਗੰਮਾ ਭੇਖ, ਆਪਣੀ ਤਾੜੀ ਦਿਤੀ ਲਗਾਈਆ । ਨਾਲੇ ਕਿਹਾ ਓਏ ਸਾਹਿਬਾ ਨਾ ਤੇਰਾ ਜਗਤ ਵਾਲਾ ਰੂਪ ਨਾ ਕੋਈ ਰੇਖ, ਕੀ ਆਪਣੀ ਸ਼ਕਲ ਬਣਾਈਆ । ਉਹ ਕਿਹੜਾ ਤੇਰਾ ਦੇਸ, ਇਕ ਇਕੱਲਾ ਬੈਠਾ ਡੇਰਾ ਲਾਈਆ । ਨਾ ਏਥੇ ਮੁੱਲਾ ਨਾ ਕੋਈ ਸ਼ੇਖ਼, ਪੰਡਤ ਪਾਂਧਾ ਗ੍ਰੰਥੀ ਨਜ਼ਰ ਕੋਇ ਨਾ ਆਈਆ । ਉਹ ਨਾ ਤੇਰੇ ਨਾਮ ਕਲਮੇ ਨੂੰ ਸਕੇ ਕੋਈ ਵੇਚ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਪਤਾ ਨਹੀਂ ਤੂੰ ਕਿਸ ਬਿਧ ਆਪਣੇ ਸਿੰਘਾਸਣ ਉਤੇ ਰਿਹੋਂ ਲੇਟ, ਤੇਰੀ ਲਿਟਾ ਬੋਦੀ ਨਜ਼ਰ ਕੋਇ ਨਾ ਆਈਆ । ਕਿਸ ਤਰੀਕੇ ਨਾਲ ਬਣਿਉਂ ਖੇਵਟ ਖੇਟ, ਬੇੜਾ ਸਭ ਦਾ ਰਿਹਾ ਚਲਾਈਆ । ਮੈਨੂੰ ਉਹ ਥਾਂ ਦੱਸ ਜਿਹੜਾ ਤੇਰਾ ਆਪਣਾ ਪੇਟ, ਜਿਸ ਸ਼ਿਕਮ ਵਿਚੋਂ ਸਤਿਗੁਰ ਸ਼ਬਦ ਦਿਤਾ ਪ੍ਰਗਟਾਈਆ । ਕਿਸ ਕਾਰਨ ਸਾਰੇ ਤੇਰੇ ਉਤੇ ਰਖਣ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜਾਂ ਮੈਂ ਨਿਗਾਹ ਮਾਰੀ ਫੇਰ ਨਜ਼ਰ ਆਇਆ ਏਕ ਦਾ ਏਕ, ਏਕੰਕਾਰਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਥੋੜਾ ਜਿਹਾ ਅਗੇ ਵਧਿਆ, ਬਿਨ ਕਦਮਾਂ ਕਦਮ ਟਿਕਾਈਆ । ਬਿਨਾ ਪੌੜੀ ਡੰਡੇ ਤੋਂ ਮੈਂ ਉਸ ਦੀ ਮੰਜ਼ਲ ਚੜ੍ਹਿਆ, ਜਿਸ ਮੇਰੀ

੬੮੭
੨੩

ਬਣਤ ਬਣਾਈਆ । ਜਿਸ ਦੀ ਨਾ ਚੋਟੀ ਨਾ ਜੜ੍ਹਿਆ, ਜੜ ਚੇਤਨ ਦੋਹਾਂ ਤੋਂ ਬਾਹਰ ਬੈਠਾ ਡੇਰਾ ਲਾਈਆ । ਜਿਸ ਦਾ ਘਾੜਨ ਕਿਸੇ ਨਹੀਂ ਘੜਿਆ, ਰੂਪ ਅਨੂਪ ਨਾ ਕੋਇ ਸਮਝਾਈਆ । ਨਾ ਜੀਵਤ ਨਾ ਮਰਿਆ, ਨੂਰ ਨੁਰਾਨਾ ਡਗਮਗਾਈਆ । ਨਾਰਦ ਕਹੇ ਮੈਂ ਓਸ ਵੇਲੇ ਬਿਨਾ ਸੀਸ ਤੋਂ ਸੀਸ ਚਰਨਾਂ ਤੇ ਧਰਿਆ, ਚਰਨੋਦਕ ਮੁਖ ਲਗਾਈਆ । ਮੇਰਾ ਅੰਤਰ ਨਿਰੰਤਰ ਹੋ ਗਿਆ ਹਰਿਆ, ਹਿਰਦੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਰਖਾਈਆ । ਨਾਰਦ ਕਿਹਾ ਮੈਂ ਤੱਕ ਕੇ ਜਲਵਾ ਨੂਰ ਨੁਰਾਨਾ, ਆਪਣੀ ਬੋਦੀ ਲਈ ਹਿਲਾਈਆ । ਖੇਲ ਵੇਖ ਸ੍ਰੀ ਭਗਵਾਨਾ, ਡੰਡਾਵਤ ਸੀਸ ਝੁਕਾਈਆ । ਅਗੋਂ ਹੁਕਮ ਮਿਲਿਆ ਫ਼ਰਮਾਨਾ, ਧੁਰ ਦੀ ਧਾਰ ਦ੍ਰਿੜਾਈਆ । ਨਾਰਦਾ ਆਹ ਲੈ ਜਾ ਮੇਰਾ ਪੈਗ਼ਾਮਾਂ, ਸੰਦੇਸ਼ਾ ਇਕ ਸੁਣਾਈਆ । ਤੂੰ ਸਰੀਰ ਨਹੀਂ ਤੂੰ ਤਤ ਨਹੀਂ ਤੂੰ ਮੇਰਾ ਸ਼ਬਦ ਇਕ ਨਿਸ਼ਾਨਾ, ਨਿਸ਼ਾਨਾ ਤੇਰੇ ਉਤੇ ਰਖਾਈਆ । ਅਗੇ ਵੇਖ ਲੈ ਬੈਠੇ ਸਾਰੇ ਅਣਗਿਣਤ ਰੂਪ ਰਾਮਾ, ਕੋਟਨ ਕੋਟ ਕਾਹਨਾ ਸਖ਼ੀਆਂ ਵਾਲੇ ਡੇਰਾ ਲਾਈਆ । ਬੇਅੰਤ ਪੈਗ਼ੰਬਰ ਕਰਨ ਸਲਾਮਾ, ਸਜਦਿਆਂ ਵਿਚ ਸੀਸ ਝੁਕਾਈਆ । ਗੁਰੂਆਂ ਦਾ ਅੰਤ ਸ਼ੁਮਾਰ ਨਹੀਂ ਆਣਾ, ਅੰਕੜਿਆਂ ਵਿਚ ਨਾ ਕੋਇ ਸਮਝਾਈਆ । ਮੇਰਾ ਰੂਪ ਅਨੂਪ ਸਤਿ ਸਰੂਪ ਆਦਿ ਅੰਤ ਇਕ ਨੌਜਵਾਨਾ, ਬਿਰਧ ਬਾਲ ਨਾ ਕੋਇ ਅਖਵਾਈਆ । ਤੂੰ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਖ਼ੁਸ਼ੀਆਂ ਨਾਲ ਜਾਣਾ, ਆਪਣਾ ਪੰਧ ਮੁਕਾਈਆ । ਤੈਨੂੰ ਸਚ ਦੱਸਾਂ ਅਸਥਾਨਾ, ਭੂਮਿਕਾ ਦਿਆਂ ਸਮਝਾਈਆ । ਖ਼ੁਸ਼ੀਆਂ ਨਾਲ ਪੰਧ ਮੁਕਾਣਾ, ਭੱਜਣਾ ਵਾਹੋ ਦਾਹੀਆ । ਨਾਰਦ ਕਹੇ ਮੈਂ ਬਚਨ ਸੁਣ ਕੇ ਹੋ ਗਿਆ ਦੀਵਾਨਾ, ਮਸਤੀ ਵਿਚ ਲਈ ਅੰਗੜਾਈਆ । ਵਾਹ ਮੇਰਿਆ ਮਿਹਰਵਾਨਾ, ਤੇਰੀ ਮਿਹਰ ਨਜ਼ਰ ਮੈਨੂੰ ਪਾਰ ਲੰਘਾਈਆ । ਫੇਰ ਮੇਰੇ ਅੰਦਰ ਦਿਤਾ ਤਰਾਨਾ, ਤੁਰਤ ਦਿਤਾ ਸੁਣਾਈਆ । ਨਾਰਦਾ ਅੱਜ ਸਤਾਰਾਂ ਹਾੜ ਦਾ ਦਿਵਸ ਵਖ਼ਾਨਾ, ਵੇਖਣਾ ਚਾਈਂ ਚਾਈਂਆ । ਜਨ ਭਗਤਾਂ ਦੇਣਾ ਦਾਨਾ, ਧੁਰ ਦੀ ਦਾਤ ਵਰਤਾਈਆ । ਭਗਤ ਦਵਾਰ ਮੇਰਾ ਹੋਵੇ ਨਿਸ਼ਾਨਾ, ਨਿਸ਼ਾਨੀ ਅਵਰ ਨਾ ਕੋਇ ਰਖਾਈਆ । ਜਿਥੇ ਆਪਣਾ ਵਕਤ ਸੁਹਾਨਾ, ਸੋਹਣੀ ਰੁਤ ਬਣਾਈਆ । ਮੇਰੇ ਹੁਕਮ ਦਾ ਵੱਜੇ ਦਮਾਮਾ, ਡੰਕਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਦੇਸਾ ਇਕ ਸੁਣਾਈਆ । ਨਾਰਦ ਕਹੇ ਮੈਂ ਆਇਆ ਵਾਹੋ ਦਾਹੀ, ਭੱਜਿਆ ਚਾਈਂ ਚਾਈਂਆ । ਮੈਂ ਬਣਿਆ ਪਾਂਧੀ ਰਾਹੀ, ਰਹਿਬਰ ਦਿਤਾ ਸਮਝਾਈਆ । ਮੈਂ ਵੇਖੇ ਥਲ ਅਸਗਾਹੀ, ਸਮੁੰਦ ਸਾਗਰਾਂ ਪਾਰ ਕਰਾਈਆ । ਮੈਂ ਪੁੱਜਿਆ ਓਸ ਥਾਈਂ ਜਿਥੇ ਇਸ਼ਾਰਾ ਕੀਤਾ ਮੇਰੇ ਮਾਹੀਆ । ਜਨ ਭਗਤੋ ਮੈਂ ਆ ਗਿਆ ਨਾਰਦ ਕਹੇ ਤੁਹਾਨੂੰ ਵਧਾਈ, ਵਾਧਾ ਤੁਹਾਡੇ ਨਾਲ ਬਣਾਈਆ । ਤੁਸੀਂ ਉਹ ਭਗਤ ਜਿਹੜਾ ਨਾਤਾ ਜਗਤ ਵਿਚ ਬਣਾ ਨਹੀਂ ਸਕਦੇ ਭਾਈ, ਭਾਈਆਂ ਤੋਂ ਬਾਦ ਭਗਵਾਨ ਨਾਲ ਤੁਹਾਡੀ ਕੁੜਮਾਈਆ । ਸਤਾਰਾਂ ਹਾੜ ਉਹ ਸਾਰੀ ਸ੍ਰਿਸ਼ਟੀ ਦੇ ਸੜਦੇ ਹਿਰਦਿਆਂ ਦੀ ਦੇਵੇਗਾ ਅੱਜ ਗਵਾਹੀ, ਅਗਨੀ ਆਪਣਾ ਮੇਘ ਬਰਸਾਈਆ । ਪਵਣ ਉਨੰਜਾ ਬੈਠੀ ਮੁਖ ਛੁਪਾਈ, ਨੈਣ ਨਾ ਸਕੇ ਉਠਾਈਆ । ਤੁਹਾਡੀ ਭਗਤੀ ਤੁਹਾਡੀ ਝੋਲੀ ਪਾਈ, ਭਗਵਨ ਆਪਣੀ ਦਇਆ ਕਮਾਈਆ । ਤੁਹਾਡੀ ਪੂਰਬਲੇ ਜਨਮ ਦੀ ਕਮਾਈ, ਜੁਗ ਚੌਕੜੀ ਦੀ ਤੁਹਾਡੇ ਨਾਲ ਰਖਾਈਆ । ਤੁਹਾਨੂੰ ਪਤਾ ਨਹੀਂ ਇਹ ਕਦੋਂ ਦਾ ਸਾਡਾ ਪੁਰਾਣਾ ਮਾਹੀ, ਵਿਛੜਿਆਂ ਰਿਹਾ ਮਿਲਾਈਆ । ਤੁਸੀਂ ਜਨਮ ਕਰਕੇ ਕਰਮ ਕਰਕੇ ਕਰ ਲਈ ਜੁਦਾਈ, ਜੁਜ਼ ਆਪਣੇ ਆਪ ਬਣਾਈਆ ।

੯੮੮
੨੩

ਪਰ ਮੇਰਾ ਸਾਹਿਬ ਸਵਾਮੀ ਨਾਰਦ ਕਹੇ ਸਭ ਦਾ ਹਕ ਗੁਸਾਈਂ, ਗ਼ੁੱਸੇ ਗਿਲੇ ਵਿਚ ਕਦੇ ਨਾ ਆਈਆ । ਪਰ ਆਉਂਦਾ ਕਦਾਈਂ ਕਦਾਈਂ, ਕਦੀਮ ਦਿਆਂ ਵਿਛੜਿਆਂ ਆਪਣੇ ਨਾਲ ਰਲਾਈਆ । ਇਹ ਇਸ਼ਾਰਾ ਕੀਤਾ ਸੀ ਗੋਬਿੰਦ ਨੇ ਮੇਰੇ ਢਈਆ ਤੋਂ ਬਾਦ ਸਾਰੀਆਂ ਢੇਰੀਆਂ ਦੇਵੇਗਾ ਢਾਹੀ, ਢਾਹ ਢਾਹ ਆਪਣੀ ਰਚਨ ਰਚਾਈਆ । ਭਗਤੋ ਤੁਹਾਡੀ ਹੋਣ ਨਾ ਦੇਵੇ ਜੁਦਾਈ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਇਹ ਕੋਈ ਹੀਰ ਜੱਟੀ ਦਾ ਰਾਂਝਣ ਨਹੀਂ ਮਾਹੀ, ਜਿਸ ਨੂੰ ਵਿਆਹ ਕੇ ਦੂਜੇ ਲੈ ਜਾਣ ਤੇ ਉਹ ਰੋਵੇ ਮਾਰੇ ਧਾਹੀਆ । ਤੁਹਾਡਾ ਉਹ ਮਾਲਕ ਖ਼ਲਕ ਦਾ ਖਾਲਕ ਜਿਸ ਦਾ ਇਕੋ ਨੂਰ ਤੇ ਇਕੋ ਜੋਤ ਨੂਰ ਰੁਸ਼ਨਾਈ, ਦੀਪਕ ਤੁਹਾਡੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਓਏ ਹਾੜਾ ਆ ਜਾ ਮੇਰਿਆ ਬੇਲੀ, ਜਗਤ ਬੇਲਿਆਂ ਦੇ ਤਜਾਈਆ । ਓਹ ਤੱਕ ਲੈ ਪ੍ਰਭੂ ਦੀ ਜੋਤ ਅਕੇਲੀ, ਨੂਰ ਨੁਰਾਨਾ ਨਜ਼ਰੀ ਆਈਆ । ਭਗਤ ਸੁਹੇਲੇ ਉਹ ਇਕੱਠੇ ਕੀਤੇ ਜਿਨ੍ਹਾਂ ਦੇ ਹੱਥ ਸੀਸ ਰਖੇ ਤੇ ਸੁਹਾਈ ਆਪਣੀ ਹਥੇਲੀ, ਗੋਬਿੰਦ ਵਡ ਵਡਿਆਈਆ । ਮੇਲ ਮਿਲਾਏ ਗੁਰੂ ਗੁਰ ਚੇਲੀ, ਚੇਲਾ ਗੁਰ ਰੰਗ ਰੰਗਾਈਆ । ਆਪਣੀ ਖੇਲ ਅਗੰਮੀ ਖੇਲੀ, ਖ਼ਾਲਕ ਖ਼ਲਕ ਬੇਪਰਵਾਹੀਆ । ਸਭ ਦੀ ਆਤਮ ਪਰਮਾਤਮ ਬਣਾਈ ਆਪਣੀ ਸਹੇਲੀ, ਸੱਜਣ ਇਕ ਅਖਵਾਈਆ । ਤੁਹਾਡੀ ਅੱਜ ਖ਼ੁਸ਼ੀਆਂ ਵਾਲੀ ਰੈਲੀ, ਗੁਰ ਅਵਤਾਰ ਪੈਗ਼ੰਬਰ ਸਾਰੇ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣੀ ਮੰਗ ਮੰਗਾਈਆ । ਹਾੜ ਕਹੇ ਓਏ ਨਾਰਦਾ ਮੈਂ ਕੀ ਹਾਲਤ ਦੱਸਾਂ, ਬਹੁੜੀ ਮੇਰੀ ਦੁਹਾਈਆ । ਮੈਂ ਦਿਵਸ ਰੈਣ ਨੱਸਾਂ, ਭੱਜਾਂ ਵਾਹੋ ਦਾਹੀਆ । ਮੈਨੂੰ ਨਹੀਂ ਪਤਾ ਅੱਜ ਰੈਣ ਚੌਦਸ ਕਿ ਮੱਸਾ, ਸੁਕਲਾ ਕਿਸ਼ਨਾ ਪੱਖ ਵੰਡ ਵੰਡਾਈਆ । ਜਿਧਰ ਤੱਕਾਂ ਲਾਉਂਦੇ ਭੱਖਾਂ, ਅਗਨੀ ਰਹੀ ਜਲਾਈਆ । ਮੈਂ ਆਪਣਿਆਂ ਮਲਾਂ ਹੱਥਾਂ, ਹਥੇਲੀ ਹਥੇਲੀ ਨਾਲ ਮਿਲਾਈਆ । ਵਾਸਤਾ ਪ੍ਰਭੂ ਦੇ ਅਗੇ ਘੱਤਾਂ, ਨਿਵ ਨਿਵ ਸੀਸ ਝੁਕਾਈਆ । ਮੇਰਿਆ ਸਵਾਮੀਆਂ ਅੰਤਰਜਾਮੀਆਂ ਜਨ ਭਗਤਾਂ ਦੀਆਂ ਅੰਦਰੋਂ ਬਦਲ ਦੇ ਮਤਾਂ, ਮਾਤਾ ਪਿਤਾ ਹੋ ਕੇ ਦੇ ਸਮਝਾਈਆ । ਦੀਨਾਂ ਮਜ਼੍ਹਬਾਂ ਦੀਆਂ ਵਿਚੋਂ ਕਢ ਕੇ ਵੱਟਾਂ, ਵਟਣਾ ਆਪਣਾ ਨਾਮ ਲਗਾਈਆ । ਜੇ ਤੂੰ ਆਪਣਾ ਰੂਪ ਬਣਾਇਆ ਵਾਂਗ ਭੱਟਾਂ, ਗੁਰਮੁਖਾਂ ਦੇ ਢੋਲੇ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਸੁਣ ਨਾਰਦ ਬੀਬਾ, ਓਹ ਬੱਚੂ ਬੱਚਿਆਂ ਦਿਆਂ ਸੁਣਾਈਆ । ਮੇਰਾ ਖੇਲ ਜਗਤ ਅਜੀਬਾ, ਅਜਬ ਦਿਆਂ ਦ੍ਰਿੜਾਈਆ । ਓ ਮੈਂ ਵੇਖਣ ਆਇਆ ਗੋਬਿੰਦ ਧਾਰ ਸ਼ਬਦ ਆਪਣਿਆਂ ਮੁਰੀਦਾ, ਮੁਰਸ਼ਦ ਹੋ ਕੇ ਫੇਰਾ ਪਾਈਆ । ਜਨ ਭਗਤੋ ਸੋਹੰ ਵੱਲ ਕਰ ਲਓ ਆਪਣਾ ਦੀਦਾ, ਦੀਦਾ ਦਾਨਿਸਤਾ ਸਤਿਗੁਰ ਪੂਰਾ ਅਗੇ ਨਜ਼ਰੀ ਆਈਆ । ਜਿਸ ਦਾ ਖੇਲ ਨਹੀਂ ਰਹਿਣਾ ਪੋਸ਼ੀਦਾ, ਪੜਦੇ ਪਰਦਿਆਂ ਵਿਚੋਂ ਚੁਕਾਈਆ । ਓ ਸਤਿਗੁਰ ਸ਼ਬਦ ਜਦੋਂ ਵੇਖੋ ਤੇ ਸਦਾ ਜੀਉਂਦਾ, ਮਰਨ ਵਿਚ ਮਰ ਕਦੇ ਨਾ ਜਾਈਆ । ਤੁਹਾਡਾ ਲੇਖਾ ਮੁਕਾ ਦਿਤਾ ਸਾਢੇ ਤਿੰਨ ਹੱਥ ਸੀਂ ਦਾ, ਸੁਤਿਓ ਲਓ ਅੰਗੜਾਈਆ । ਜ਼ਰਾ ਖੇਲ ਵੇਖਣਾ ਵੀਹ ਇਕੀਹ ਦਾ, ਜੋ ਭਗਤ ਗੁਰਦਾਸ ਗਿਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਾਰਾਂ ਹਾੜ ਕਹੇ ਮੈਨੂੰ ਸਾਰੇ ਕਹਿੰਦੇ ਸੜਦਾ, ਹਾਏ ਮੇਰੇ ਨਾਲ ਪਿਆਰ ਨਾ ਕੋਇ ਬਣਾਈਆ ।

੯੮੯ ੨੩

ਮਨ ਮਤ ਦੇ ਨਾਲ ਲੜਦਾ, ਮਤ ਬੁਧੀ ਨਾਲ ਟਕਰਾਈਆ । ਪੰਜ ਵਿਕਾਰਾ ਗ੍ਰਹਿ ਬਣਾ ਕੇ ਗੜ੍ਹ ਦਾ, ਆਪਣਾ ਬਲ ਵਖਾਈਆ । ਮੈਂ ਸਭ ਦੇ ਕੋਲੋਂ ਡਰਦਾ, ਆਪਣਾ ਮੁਖ ਛੁਪਾਈਆ । ਹਾੜ ਕਹੇ ਮੈਂ ਸਚ ਦੱਸਾਂ ਬਿਨਾ ਭਗਤਾਂ ਤੋਂ ਪ੍ਰਭੂ ਦਾ ਭਾਣਾ ਕੋਇ ਨਾ ਜਰਦਾ, ਦੁੱਖ ਨੂੰ ਸੁਖ ਵਿਚ ਨਾ ਕੋਇ ਬਦਲਾਈਆ । ਵੇਖੋ ਖੇਲ ਮੇਰੇ ਹਰੀ ਹਰਿ ਦਾ, ਜੋ ਹਰ ਹਿਰਦੇ ਅੰਦਰ ਡੇਰਾ ਲਾਈਆ । ਉਹ ਧਰ ਕੇ ਰੂਪ ਨਰਾਇਣ ਨਰ ਦਾ, ਨਾਰੀਆਂ ਪੁਰਖਾਂ ਇਕੋ ਜਿਹੀ ਦਏ ਵਡਿਆਈਆ । ਸਾਰੀ ਸ੍ਰਿਸ਼ਟੀ ਨੂੰ ਫਿਰੇ ਛਲਦਾ, ਅਛਲ ਅਛੱਲ ਹੋ ਕੇ ਆਪਣੀ ਖੇਲ ਵਰਤਾਈਆ । ਜਨ ਭਗਤੋ ਕਿਸੇ ਨੂੰ ਪਤਾ ਨਹੀਂ ਪ੍ਰਭੂ ਦੇ ਘੜੀ ਪਲ ਦਾ, ਕੀ ਪਲਕ ਵਿਚ ਆਪਣਾ ਭਾਣਾ ਦਏ ਵਰਤਾਈਆ । ਯਾਦ ਰਖਣਾ ਉਹ ਕਦੇ ਨਹੀਂ ਲੇਖਾ ਭੁਲਦਾ ਰਾਜੇ ਬਲ ਦਾ, ਬਲ ਬਾਵਨ ਕੌਲ ਇਕਰਾਰ ਪੂਰ ਕਰਾਈਆ । ਜਿਸ ਦਾ ਹੁਕਮ ਕਦੇ ਨਹੀਂ ਟਲਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਆਪ ਚੁਕਾਈਆ । ਨਾਰਦ ਕਹੇ ਮੈਂ ਭਗਤੋ ਦੱਸਾਂ ਇਕ ਹੋਰ ਗੀਤ, ਓਹ ਗਵਈਓ ਤੁਹਾਨੂੰ ਦਿਆਂ ਜਣਾਈਆ । ਸਚ ਦੱਸੋ ਤੁਸੀਂ ਕਿਹੜਾ ਸਤਿਗੁਰੂ ਵਸਾਇਆ ਚੀਤ, ਚਿਤਰ ਕਿਸ ਦਾ ਨਜ਼ਰੀ ਆਈਆ । ਉਹ ਕਿਸ ਦੇ ਨਾਲ ਤੁਹਾਡੀ ਪ੍ਰੀਤ, ਤੇ ਕੌਣ ਪੂਰਨ ਤੁਹਾਡਾ ਮਾਹੀਆ । ਕਿਸੇ ਨੂੰ ਪਤਾ ਨਹੀਂ ਤੁਹਾਡੇ ਕਿੰਨੇ ਜਨਮ ਗਏ ਬੀਤ, ਵਿਛੋੜੇ ਵਿਚ ਵਿਛੜ ਕੇ ਆਪਣਾ ਝਟ ਲੰਘਾਈਆ । ਪਤਾ ਨਹੀਂ ਕਿੰਨੇ ਤੁਸੀਂ ਮੰਦਰ ਗਏ ਤੇ ਦਿਉਹਰੇ ਫਿਰੇ ਮਸੀਤ, ਤੇ ਲੱਖਾਂ ਸ਼ਿਵਦਵਾਲਿਆਂ ਵਿਚ ਸੀਸ ਝੁਕਾਈਆ । ਪਤਾ ਨਹੀਂ ਕਿੰਨੀ ਵੇਰਾਂ ਧਰਮ ਰਾਏ ਦੇ ਦਵਾਰੇ ਤੁਹਾਡੀ ਨਿਕਲੀ ਚੀਕ, ਬਹੁੜੀ ਬਹੁੜੀ ਕਰ ਸੁਣਾਈਆ । ਪਤਾ ਨਹੀਂ ਕਦੋਂ ਤੁਹਾਡੇ ਉਤੇ ਵੱਜ ਗਈ ਲੀਕ, ਲੇਖਾ ਦਿਤਾ ਪੂਰ ਕਰਾਈਆ । ਪਰ ਸਤਾਰਾਂ ਹਾੜ ਕਹੇ ਮੈਂ ਅੱਜ ਜ਼ਰੂਰ ਕਰਾਂਗਾ ਤਸਦੀਕ, ਸ਼ਹਾਦਤ ਸਭ ਦੀ ਦਿਆਂ ਭੁਗਤਾਈਆ । ਜਨ ਭਗਤੋ ਤੁਹਾਡੀ ਜ਼ਰੂਰ ਪੂਰੀ ਕਰੇਗਾ ਉਮੀਦ, ਆਸ਼ਾ ਤੁਹਾਡੇ ਨਾਲ ਰਖਾਈਆ । ਚਾਰ ਜੁਗ ਦੇ ਅਵਤਾਰ ਪੈਗ਼ੰਬਰ ਜਿਸ ਦੇ ਨਾਮ ਕਲਮੇ ਦੀ ਸਾਂਭ ਕੇ ਰਖੀ ਬੈਠੇ ਰਸੀਦ, ਆਪ ਆਪਣੇ ਵਿਚ ਛੁਪਾਈਆ । ਉਹਦੀ ਸਿਫ਼ਤਾਂ ਵਾਲੀ ਕਰ ਕੇ ਤਮਹੀਦ, ਢੋਲੇ ਗਏ ਗਾਈਆ । ਓਹ ਜਰੂਰ ਤੁਹਾਡੀ ਖੋਲਣ ਆਇਆ ਨੀਂਦ, ਸੁਤਿਓ ਲਓ ਅੰਗੜਾਈਆ । ਜਿਸ ਦਾ ਇਕੋ ਨਿਸ਼ਾਨਾ ਤੇ ਇਕੋ ਸੀਧ, ਤੀਰ ਇਕੋ ਦਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਮੈਨੂੰ ਸੁਣਿਆ ਇਕ ਸੰਦੇਸਾ, ਮੈਂ ਹੈਰਾਨੀ ਨਾਲ ਆਪਣੇ ਕੰਨ ਲਗਾਈਆ । ਕਵਣ ਦੇਵੇ ਵਰ ਏਕਾ, ਏਕੋ ਵਾਰ ਸੁਣਾਈਆ । ਕਿਸ ਦੇ ਕੋਲ ਠੇਕਾ, ਠੇਕੇਦਾਰੀ ਕਵਣ ਨਿਭਾਈਆ । ਝਟ ਹੁਕਮ ਹੋਇਆ ਨਾਰਦਾ ਉਹ ਕਰ ਲੈ ਪੁਰਾਣਾ ਚੇਤਾ, ਤੈਨੂੰ ਚੇਤਨ ਦਿਆਂ ਕਰਾਈਆ । ਜਿਸ ਵੇਲੇ ਬਲ ਦਾ ਰੁਸ ਗਿਆ ਸੀ ਨਿੱਕਾ ਜਿਹਾ ਬੇਟਾ, ਆਪਣੀ ਜ਼ਿਦ ਕਰਾਈਆ । ਬਾਵਨ ਆ ਗਿਆ ਬਣ ਕੇ ਖੇਵਟ ਖੇਟਾ, ਪਿਛਲਾ ਪੰਧ ਮੁਕਾਈਆ । ਵੇਖ ਕੇ ਅਗਲੀ ਰੇਖਾ, ਸਚ ਗਿਆ ਸੁਣਾਈਆ । ਕਲਜੁਗ ਅੰਤ ਧਾਰ ਕੇ ਭੇਖਾ, ਜੋਤੀ ਜਾਮਾ ਫੇਰਾ ਪਾਈਆ । ਆਵਾਂਗਾ ਸੰਬਲ ਵਾਲੇ ਦੇਸਾ, ਸੰਭਲ ਕੇ ਚਰਨ ਟਿਕਾਈਆ । ਨਾ ਕੋਈ ਸਮਝੇ ਰੂਪ ਰੰਗ ਰੇਖਾ, ਰਿਖੀਆਂ ਮੁਨੀਆਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਹੁਕਮ ਵਿਚੋਂ ਹੁਕਮ ਪ੍ਰਗਟਾਈਆ । ਨਾਰਦ ਕਹੇ ਕਿਰਪਾ ਕੀਤੀ ਮੇਰੇ ਦਿਆਲ, ਦੀਨ ਦਿਆਲ ਦਇਆ ਕਮਾਈਆ । ਆਪਣੇ ਵਕਤ

੯੯੦
੨੩

ਨੂੰ ਆਪੇ ਪਾਲ, ਆਪੇ ਦਏ ਵਡਿਆਈਆ । ਕਲਜੁਗ ਦਾ ਖੇਲ ਕਰ ਕਮਾਲ, ਕਰਤਾ ਪੁਰਖ ਆਪਣੀ ਕਾਰ ਕਮਾਈਆ । ਓਹ ਬਲ ਦਾ ਬਣ ਕੇ ਗੁਰਦਿਆਲ, ਦਿਆਲ ਹੋ ਕੇ ਆਪਣਾ ਰੂਪ ਗਿਆ ਸਮਝਾਈਆ । ਅੰਤ ਉਸ ਦੀ ਕਰ ਸੰਭਾਲ, ਸਚਖੰਡ ਸਾਚੇ ਦਿਤਾ ਪਹੁੰਚਾਈਆ । ਓਸੇ ਦੀ ਆਤਮਾ ਨੂੰ ਜਗਤ ਵਿਚ ਦਏ ਜਵਾਲ, ਚਾਰ ਜੁਗ ਦਾ ਨਿਸ਼ਾਨ ਨਾ ਕੋਇ ਮਿਟਾਈਆ । ਨਾਰਦ ਕਹੇ ਜਨ ਭਗਤੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਹਾੜ ਕਹੇ ਓਏ ਨਾਰਦਾ ਨਾ ਕਰ ਏਡੀਆਂ ਸਫ਼ਾਈਆਂ, ਸਫ਼ੇ ਪਿਛਲੇ ਵੇਖ ਵਖਾਈਆ । ਮੇਰੀਆਂ ਜੁਗ ਚੌਕੜੀ ਗਵਾਹੀਆਂ, ਗਵਾਹ ਸ਼ੁਧ ਇਕ ਅਖਵਾਈਆ । ਮੇਰੀਆਂ ਕਿਸੇ ਕਲਮ ਸਿਆਹੀ ਨੇ ਲਿਖੀਆਂ ਨਹੀਂ ਲਿਖਾਈਆਂ, ਕਾਗ਼ਜ਼ਾਂ ਵੰਡ ਨਾ ਕੋਇ ਵੰਡਾਈਆ । ਮੈਂ ਦੇਵਾਂ ਕੂਕ ਦੁਹਾਈਆਂ, ਉਚੀ ਉਚੀ ਉਚੀ ਸੁਣਾਈਆ । ਸੁਣ ਲੈ ਮੇਰਿਆ ਮਾਹੀਆ, ਮਹਿਬੂਬ ਤੇਰੀ ਬੇਪਰਵਾਹੀਆ । ਮੈਂ ਅੱਜ ਤੋਂ ਫ਼ੈਸਲਾ ਕਰਾਉਣਾ ਜਿਨ੍ਹਾਂ ਤੇਰੇ ਨਾਲ ਪ੍ਰੀਤਾਂ ਲਾਈਆਂ, ਪ੍ਰੀਤੀ ਤੋੜ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਹਾੜ ਕਹੇ ਮੈਂ ਪ੍ਰਭੂ ਤੈਥੋਂ ਵਾਰਿਆ ਆਪਾ, ਆਪਣਾ ਆਪਾ ਭੇਟ ਕਰਾਈਆ । ਅੱਜ ਤੋਂ ਆਪਣਿਆਂ ਭਗਤਾਂ ਦਾ ਪਿਛਲਾ ਰਹਿਣ ਨਹੀਂ ਦੇਣਾ ਪਾਪਾ, ਦੁਰਮਤ ਮੈਲ ਦੇਣੀ ਧਵਾਈਆ । ਇਕੋ ਆਤਮਾ ਪਰਮਾਤਮਾ ਦਾ ਹੋਵੇ ਜਾਪਾ, ਇਕੋ ਸ਼ਬਦ ਢੋਲਾ ਗਾਈਆ । ਪੰਜਾਂ ਲਿਖਾਰੀਆਂ ਦੀ ਸ਼ਹਾਦਤ ਦੇਣ ਲੋਹੇ ਵਾਲੀਆਂ ਛਾਪਾਂ, ਕਿਉਂਕਿ ਲੋਹੇ ਦੇ ਅੱਖਰਾਂ ਨਾਲ ਛਪ ਕੇ ਗ੍ਰੰਥ ਦਿਤੇ ਬਣਾਈਆ । ਕਿਸੇ ਦਾ ਬਸਤਰ ਰਹੇ ਨਾ ਪਾਟਾ, ਪਾਟਲ ਹੋ ਕੇ ਵੇਖ ਵਖਾਈਆ । ਜੋ ਗੋਬਿੰਦ ਦੀ ਧਾਰ ਤੂੰ ਅੰਮ੍ਰਿਤ ਪਿਆਇਆ ਇਕ ਬਾਟਾ, ਕਿਉਂ ਨਾ ਕਾਇਆ ਬਾਟੀ ਕਰੇ ਸਫ਼ਾਈਆ । ਸਤਿਗੁਰ ਤੇਰਾ ਇਕੋ ਚਰਨ ਕਵਲ ਤੇ ਇਕੋ ਵਾਰ ਕਹਿ ਦੇ ਟਾਟਾ, ਟਾਪ ਦਾ ਇਕੋ ਅੱਖਰ ਦੇ ਸਮਝਾਈਆ । ਸਭ ਦੀ ਪਿਛਲੀ ਮੁਕ ਜਾਏ ਵਾਟਾ, ਪੰਧ ਰਹੇ ਨਾ ਰਾਈਆ । ਮੇਰੀ ਇਕੋ ਮਨਜ਼ੂਰ ਕਰ ਲੈ ਬਾਤਾ, ਬਾਤਨ ਪਰਦੇ ਸਭ ਦੇ ਦੇ ਖੁਲਾਈਆ । ਤੂੰ ਹੀ ਸੱਜਣ ਤੂੰ ਹੀ ਸਾਕਾ, ਮੀਤ ਮੁਰਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਤੇਰੀ ਬੇਪਰਵਾਹੀਆ । ਹਾੜ ਕਹੇ ਮੈਂ ਪਿਆਰ ਵਿਚ ਮੰਗ ਮੰਗੀ, ਆਪਣੀ ਝੋਲੀ ਡਾਹੀਆ । ਪ੍ਰਭੂ ਉਹ ਵੇਖ ਤੇਰੇ ਭਗਤ ਤੇਰੇ ਭੁਯੰਗੀ, ਉਹ ਭੁਯੰਗੀ ਨਿੱਕੇ ਬਾਲੇ ਦੇਣ ਗਵਾਹੀਆ । ਓਹ ਵੇਖ ਲੈ ਤੇਰੇ ਗੋਬਿੰਦ ਦੇ ਪਿਆਰ ਵਾਲੇ ਸ਼ਸਤਰ ਧਾਰੀ ਜੰਗੀ, ਜੰਗਜੂ ਬਹਾਦਰ ਨਜ਼ਰੀ ਆਈਆ । ਓਹ ਤੱਕ ਲੈ ਜਿਨ੍ਹਾਂ ਨੇ ਤੇਰੇ ਪਿਆਰ ਵਿਚ ਤਲਵਾਰ ਕੀਤੀ ਨੰਗੀ, ਸੀਸ ਧੜ ਦਾ ਲੇਖਾ ਗਏ ਮੁਕਾਈਆ । ਉਨ੍ਹਾਂ ਦੀ ਹੁਣ ਤੇ ਸਾਰਿਆਂ ਦੀ ਇਕੋ ਸਾਂਝੀ ਕਰ ਦੇ ਡੰਡੀ, ਵੱਖਰਾ ਰਾਹ ਨਾ ਕੋਇ ਬਦਲਾਈਆ । ਇਹ ਤੇਰਾ ਖੇਲ ਵਿਚ ਵਰਭੰਡੀ, ਵਰਭੰਡ ਦੇ ਮਾਲਕ ਤੇਰੇ ਹੱਥ ਵਡਿਆਈਆ । ਸਾਚਾ ਸੁਖ ਦੇ ਦੇ ਅਨੰਦੀ, ਅਨੰਦਪੁਰ ਵਾਲਿਆ ਅਨੰਦ ਅਨੰਦ ਵਿਚੋਂ ਦੇ ਵਖਾਈਆ । ਕੀ ਹੋ ਗਿਆ ਜੇ ਤੂੰ ਵੇਸ ਧਰ ਲਿਆ ਆਪ ਪਾਖੰਡੀ, ਪਖੰਡੀਆ ਸਭ ਦੇ ਪਾਖੰਡ ਦੇ ਮਿਟਾਈਆ । ਤੇਰੇ ਬਿਨਾ ਆਤਮਾ ਟੁੱਟੀ ਨਾ ਜਾਏ ਗੰਢੀ, ਗੰਢ ਆਪਣੇ ਨਾਲ ਪਵਾਈਆ । ਵਿਛੋੜੇ ਵਿਚ ਰਹੇ ਕੋਇ ਨਾ ਰੰਡੀ, ਰੰਡੇਪਾ ਸਭ ਦਾ ਦੇ ਮੁਕਾਈਆ । ਪਿਛੇ ਪਿਛਲੀ ਲੰਘੀ, ਅਗੇ ਆਪਣੇ ਨਾਲ ਰਲਾਈਆ । ਗੁਰਮੁਖਾਂ ਆਉਣ ਨਾ ਦੇਵੇ ਆਪਣੇ ਨਾਮ ਦੀ ਤੰਗੀ, ਤੰਗ ਦਸਤ ਹੋਵੇ ਲੋਕਾਈਆ । ਸਭ ਦੀ ਕਾਇਆ

ਚੋਲੀ ਜਾਣੀ ਰੰਗੀ, ਚੋਜੀ ਪ੍ਰੀਤਮ ਆਪਣਾ ਰੰਗ ਵਖਾਈਆ । ਚੁਰਾਸੀ ਵਾਲੀ ਤੋੜਨੀ ਬੰਦੀ, ਬੰਦੀਖ਼ਾਨਿਆਂ ਵਿਚੋਂ ਬਾਹਰ ਕਢਾਈਆ । ਕੁਛ ਲੇਖਾ ਦਿਸਦਾ ਤੇਰਾ ਲਹਿਣਾ ਦੇਣਾ ਨਾਲ ਫ਼ਰੰਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਸਾਹਿਬ ਤੇਰੀ ਵਡ ਵਡਿਆਈਆ । ਹਾੜ ਕਹੇ ਮੇਰੀ ਘਰ ਘਰ ਲੱਗੀ ਅੱਗ, ਆਗੂ ਅਵਤਾਰ ਪੈਗ਼ੰਬਰ ਗੁਰੂ ਦੇਣ ਗਵਾਹੀਆ । ਮੈਂ ਸਚ ਸੰਦੇਸਾ ਦੇਣਾ ਜਗ, ਜੁਗਤੀ ਨਾਲ ਜਣਾਈਆ । ਪੰਝੀ ਸਾਲ ਦੀ ਉਮਰ ਵਿਚ ਅੱਜ ਦੇ ਦਿਵਸ ਹਜ਼ਰਤ ਮੁਹੰਮਦ ਨੇ ਆਪਣੇ ਹੱਥ ਨਾਲ ਬਾਲੀ ਸੀ ਅਗ, ਪੱਥਰ ਪੱਥਰ ਉਤੇ ਰਗੜਾਈਆ । ਝਟ ਜਬਰਾਈਲ ਹੁਕਮ ਲੈ ਕੇ ਆਇਆ ਭੱਜ, ਸੰਦੇਸਾ ਦਿਤਾ ਦ੍ਰਿੜਾਈਆ । ਹਕ ਅਮਾਮ ਦਾ ਨਗਾਰਾ ਜਾਣਾ ਵੱਜ, ਧਰਨੀ ਧਰਤ ਧਵਲ ਆਵਾਜ਼ ਸੁਣੇ ਲੋਕਾਈਆ । ਓਸ ਵੇਲੇ ਕੂੜ ਕੁੜਿਆਰ ਦਾ ਭਾਂਡਾ ਜਾਣਾ ਭੱਜ, ਠਠਿਆਰ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਭੁਗਤਾਈਆ । ਨਾਰਦ ਕਹੇ ਅੱਜ ਦੀ ਘੜੀ ਸੁਲਖਣੀ, ਸੁਖੀ ਸਾਂਦੀ ਆਈਆ । ਮੇਰੇ ਸਾਹਿਬ ਨੇ ਪਤ ਰਖਣੀ, ਰੱਖਿਆ ਕਰੇ ਥਾਉਂ ਥਾਈਂਆ । ਜੋ ਮਾਲਕ ਅਲਖ ਅਲੱਖਣੀ, ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਉਸ ਦਾ ਲਹਿਣਾ ਦੇਣਾ ਆਤਮਾ ਪਰਮਾਤਮਾ ਮੇਲਾ ਪਤ ਪਤਨੀ, ਪਤਿਪਰਮੇਸ਼ਵਰ ਹੋ ਕੇ ਦਇਆ ਕਮਾਈਆ । ਸਚ ਪਿਆਰ ਵਿਚ ਸਤਿ ਧਾਰ ਰੱਤਨੀ, ਰੰਗ ਅਮੋਲਕ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਮੈਂ ਨੌਵਾਂ ਖੰਡਾਂ ਵਿਚ ਆਇਆ ਭੌਂ, ਭਰਾਵੇ ਦਿਆਂ ਜਣਾਈਆ । ਮੈਨੂੰ ਇਕ ਛੋਟਾ ਜਿਹਾ ਤੁਹਾਡੇ ਨਾਲ ਗੌਂ, ਆਪਣੀ ਆਸਾ ਦਿਆਂ ਸੁਣਾਈਆ । ਜੇ ਸਚ ਪੁਛੋ ਤੇ ਸਾਰਿਆਂ ਦਾ ਇਕੋ ਪਿਤਾ ਤੇ ਇਕੋ ਮਾਉਂ, ਦੂਜਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨੂੰ ਸਾਰੇ ਫੜ ਲਓ ਬਾਹੋਂ, ਵਿਛੜਿਆ ਰਹਿਣ ਕੋਇ ਨਾ ਪਾਈਆ । ਤੁਸੀਂ ਆਤਮਾ ਪਰਮਾਤਮਾ ਦੀ ਧਾਰ ਤੇ ਇਕੋ ਤੁਹਾਡਾ ਰੂਪ ਤੇ ਇਕੋ ਤੁਹਾਡਾ ਨਾਉਂ, ਦੂਜੀ ਰੇਖ ਨਾ ਕੋਇ ਵਖਾਈਆ । ਜਗਤ ਵਾਸਨਾ ਕਰ ਕੇ ਕੋਈ ਨਾ ਬਣਿਓ ਕਾਉਂ, ਹੰਸ ਗੁਰਮੁਖ ਨਜ਼ਰੀ ਆਈਆ । ਵੇਖਿਓ ਪ੍ਰਭੂ ਦੇ ਪਿਆਰ ਦਾ ਭੁੱਲਿਓ ਕਦੀ ਨਾ ਰਾਹੋ, ਰਹਿਬਰ ਸਤਿਗੁਰ ਸ਼ਬਦ ਲੈਣਾ ਬਣਾਈਆ । ਧੁਰ ਦੇ ਰਾਮ ਨੂੰ ਮਿਲਣਾ ਨਾਲ ਚਾਓ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਾ ਪੰਧ ਮੁਕਾਈਆ । ਬੇਸ਼ਕ ਉਹ ਮਾਲਕ ਅਗੰਮ ਅਥਾਹੋ, ਬੇਅੰਤ ਇਕ ਅਖਵਾਈਆ । ਉਹ ਭਗਤਾਂ ਨੂੰ ਜ਼ਰੂਰ ਮਿਲਦਾ ਜਿਹੜਾ ਚਲੇ ਓਹਦੇ ਭਾਓ, ਭਗਤੀ ਵਿਚ ਸ਼ਕਤੀ ਆਪਣੀ ਦਏ ਟਿਕਾਈਆ । ਪੂਰਨ ਸਤਿਗੁਰ ਤੇ ਪੂਰਨ ਬਣ ਜਾਏ ਸ਼ਾਹੋ, ਸ਼ਹਿਨਸ਼ਾਹ ਪੂਰਨ ਰੂਪ ਬਦਲਾਈਆ । ਜਿਸ ਨੂੰ ਸਾਰਿਆਂ ਕਹਿਣਾ ਵਾਹੋ ਵਾਹੋ, ਵਾਹਵਾ ਤੇਰੀ ਵਡ ਵਡਿਆਈਆ । ਜੇ ਤੁਹਾਡਾ ਤੁਹਾਡੇ ਪ੍ਰਭ ਨੇ ਲਾ ਦਿਤਾ ਦਾਓ, ਤੇ ਦਾਅ ਲਾ ਕੇ ਆਪਣਾ ਕਾਰਜ ਲਓ ਬਣਾਈਆ । ਦੀਨ ਦੁਨੀ ਵਿਚ ਧੱਕੇ ਮੂਲ ਨਾ ਖਾਓ, ਚੁਰਾਸੀ ਵਿਚ ਕਦੇ ਨਾ ਆਈਆ । ਰਾਏ ਧਰਮ ਨਾ ਦੇਵੇ ਫਾਹੇ, ਫਾਸੀ ਜਮ ਨਾ ਕੋਇ ਲਟਕਾਈਆ । ਮਨੁਸ਼ਾ ਜਨਮ ਪਾ ਕੇ ਜਗਤ ਨੇਤਰ ਸ਼ਰਮਾਓ, ਭਗਤ ਨੇਤਰ ਅੰਦਰੋਂ ਲਓ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਨਾਰਦ ਕਹੇ ਭਗਤੋ ਸਮੇਂ ਦੀ ਕਰੋ ਵਿਚਾਰ, ਜੁਗ ਜੁਗ ਸਮੇਂ ਵਿਚ ਵਡਿਆਈਆ । ਸਮੇਂ ਵਿਚ ਆਏ ਪੈਗ਼ੰਬਰ ਗੁਰ ਅਵਤਾਰ,

੬੯੨
੨੩

ਸਮੇਂ ਨੇ ਸਭ ਨੂੰ ਸਮੇਂ ਵਿਚ ਦਿਤਾ ਭਵਾਈਆ । ਸਮੇਂ ਦੇ ਮਾਲਕ ਨੇ ਆਪਣੇ ਨਾਮ ਕਲਮੇ ਦਿਤੇ ਉਚਾਰ, ਢੋਲੇ ਜਿਹਵਾ ਸ਼ਬਦ ਨਾਲ ਜਣਾਈਆ । ਉਸ ਸਮੇਂ ਤੋਂ ਜਾਓ ਬਲਿਹਾਰ, ਜਿਸ ਸਮੇਂ ਵਿਚ ਭਗਤ ਭਗਵਾਨ ਹੋਏ ਕੁੜਮਾਈਆ । ਅੱਜ ਉਹ ਸਮਾਂ ਸਤਾਰਾਂ ਹਾੜ, ਜਿਸ ਨੂੰ ਹਾੜੇ ਕਢਣ ਵਿਸ਼ਨ ਬ੍ਰਹਮਾ ਦੇਵਤ ਸੁਰ ਸਾਰੇ ਥਾਉਂ ਥਾਈਂਆ । ਤੁਸੀਂ ਸਚ ਪੁਛੋ ਤੇ ਤੁਹਾਡਾ ਆਤਮਾ ਰੂਪ ਕਰਤਾਰ, ਕਰਤਾ ਪੁਰਖ ਤੁਹਾਡਾ ਰੂਪ ਸਮਾਈਆ । ਤੁਸੀਂ ਕਦੀ ਉਸ ਦੀ ਜੋਤ ਤੋਂ ਨਹੀਂ ਬਾਹਰ, ਜੋ ਜੋਤੀ ਜਾਤਾ ਇਕ ਅਖਵਾਈਆ । ਪ੍ਰਣ ਕਰ ਲਓ ਸਾਡਾ ਸਭ ਦਾ ਇਕੋ ਇਕ ਭਤਾਰ, ਨਾਰੀ ਰੂਪ ਸਰਬ ਅਖਵਾਈਆ । ਸਾਰਿਆਂ ਦਾ ਸਾਂਝਾ ਯਾਰ, ਹਿੱਸੇ ਵੰਡ ਨਾ ਕੋਇ ਵੰਡਾਈਆ । ਫੇਰ ਸਚ ਪੁਛੋ ਤੁਹਾਡਾ ਦਿਵਸ ਰੈਣ ਖ਼ਿਦਮਤਗਾਰ, ਤੁਹਾਨੂੰ ਸੁੱਤਿਆਂ ਨੂੰ ਦਰਸ਼ਨ ਦੇਵੇ ਥਾਉਂ ਥਾਈਂਆ । ਭਾਵੇਂ ਤੁਸੀਂ ਉਸ ਨੂੰ ਠੱਗ ਕਹੋ ਚੋਰ ਕਹੋ ਬਦਮਾਸ਼ ਕਹੋ ਤੇ ਕਹੋ ਕੁੜਿਆਂ ਦਾ ਯਾਰ, ਫੇਰ ਵੀ ਯਰਾਨਾ ਤੁਹਾਡੇ ਨਾਲੋਂ ਨਾ ਕਦੇ ਤੁੜਾਈਆ । ਇਹ ਪੂਰਨ ਕੋਈ ਭਾਂਡਾ ਘੜਿਆ ਨਹੀਂ ਘੁਮਿਆਰ, ਸੰਬਲ ਨਗਰੀ ਏਸੇ ਦਾ ਨਾਂ ਗੋਬਿੰਦ ਗਿਆ ਗਾਈਆ । ਯਾਦ ਰਖਿਓ ਸ਼ਾਹ ਸੁਲਤਾਨਾਂ ਇਹਦੇ ਚਰਨਾਂ ਦੀ ਧੂੜੀ ਲੱਭਣੀ ਛਾਰ, ਲੱਭਿਆਂ ਹੱਥ ਕਿਸੇ ਨਾ ਆਈਆ । ਪਰ ਇਕ ਗੱਲ ਯਾਦ ਰੱਖਿਓ ਸੰਮਤ ਸ਼ਹਿਨਸ਼ਾਹੀ ਦਸ ਵਿਚ ਤੁਹਾਡੇ ਘਰਾਂ ਦੇ ਭਾਂਡੇ ਮਾਂਜੇਗਾ ਆਪ ਬਣ ਕੇ ਖ਼ਿਦਮਤਗਾਰ, ਘਰ ਘਰ ਵਿਚ ਪੰਜ ਬਰਤਨ ਆਪ ਕਰੇ ਸਫ਼ਾਈਆ । ਤੁਸਾਂ ਕਹਿਣਾ ਇਹ ਬੜੀ ਚੰਗੀ ਸੁਚੱਜੀ ਨਾਰ, ਗੁਰਮੁਖਾਂ ਨੇ ਵਿਆਹ ਕੇ ਲਿਆਂਦੀ ਚਾਈਂ ਚਾਈਂਆ । ਮੁਖ ਤੇ ਘੁੰਡ ਕਢੇ ਕਿਸੇ ਨੂੰ ਪਤਾ ਨਾ ਲੱਗੇ ਬੁੱਢੀ ਕਿ ਮੁਟਿਆਰ, ਕਿ ਜੋਬਨਵੰਤੀ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਇਕੋ ਮਾਹੀਆ । ਨਾਰਦ ਕਹੇ ਜਨ ਭਗਤੋ ਪ੍ਰਭੂ ਨੂੰ ਮਾਹੀ ਕਹੋਗੇ ਕਿ ਬਾਪ, ਕਿ ਅੱਬਾ ਅੰਮੀਜਾਨ ਕਹਿ ਕੇ ਖ਼ੁਸ਼ੀ ਬਣਾਈਆ । ਜਨ ਭਗਤ ਕਹਿਣ ਨਾਰਦਾ ਸਾਨੂੰ ਨਹੀਂ ਪਤਾ ਉਹ ਸਾਡਾ ਕਿਹੜਾ ਸਾਕ, ਤੇ ਸੱਜਣ ਕਵਣ ਅਖਵਾਈਆ । ਜੇ ਉਹਨੂੰ ਲੋੜ ਆ ਤੇ ਸਾਡੇ ਅੰਦਰ ਦਾ ਖੋਲ ਦਏ ਤਾਕ, ਆਤਮ ਸੇਜਾ ਉਤੇ ਸੋਵੇ ਚਾਈਂ ਚਾਈਂਆ । ਉਹਦੀ ਕਦੀ ਭਗਤ ਦੀ ਦੁਹਾਗਣ ਵਾਲੀ ਨਾ ਹੋਵੇ ਰਾਤ, ਕੰਤ ਕੰਤੂਹਲ ਮਿਲ ਕੇ ਵੱਜੇ ਵਧਾਈਆ । ਸ਼ੇਖ਼ ਫ਼ਰੀਦ ਨੇ ਏਨੀ ਕਹੀ ਸੀ ਬਾਤ, ਸ਼ਰਅ ਵਾਲਿਆਂ ਫ਼ਤਵੇ ਦਿਤੇ ਸੀ ਲਾਈਆ । ਕਿਉਂ ਉਸ ਨੇ ਆਪਣੇ ਆਪ ਨੂੰ ਕਿਹਾ ਸੀ ਨਾਰ ਕਮਜ਼ਾਤ, ਕੁਲੱਖਣੀ ਨਾਉਂ ਧਰਾਈਆ । ਕਬੀਰ ਨੇ ਕਿਹਾ ਮੈਂ ਓਸੇ ਮਹਿਬੂਬ ਪਿਛੇ ਜੇ ਪਾ ਜਾਵਾਂ ਵਫ਼ਾਤ, ਤਤਾਂ ਨਾਲੋਂ ਕਰਾਂ ਜੁਦਾਈਆ । ਮੈਂ ਮਰ ਕੇ ਵੀ ਓਸੇ ਦੀ ਜ਼ਾਤ, ਜਾਤਹੀਣ ਨਾ ਕਦੇ ਅਖਵਾਈਆ । ਜਨ ਭਗਤੋ ਤੁਹਾਨੂੰ ਤੇ ਬਿਨਾ ਭਗਤੀ ਤੋਂ ਮਿਲ ਗਈ ਦਾਤ, ਪੈਸਾ ਧੇਲਾ ਲੱਗਿਆ ਨਹੀਂ ਰਾਈਆ । ਬੇਸ਼ਕ ਤੁਹਾਨੂੰ ਆਉਣ ਜਾਣ ਦਾ ਖ਼ੁਸ਼ੀਆਂ ਵਿਚ ਮਿਲਿਆ ਇਤਫ਼ਾਕ, ਆਏ ਚਾਈਂ ਚਾਈਂਆ । ਤੁਹਾਡੇ ਪਿਛਲੇ ਜਨਮ ਦਾ ਲਹਿਣਾ ਦੇਣਾ ਅੱਜ ਕਰ ਦਿਤਾ ਬੇਬਾਕ, ਅਗੇ ਲੇਖਾ ਰਿਹਾ ਨਾ ਰਾਈਆ । ਸੁੱਤਿਆਂ ਜਾਗਦਿਆਂ ਸ਼ਬਦ ਵਿਚ ਕਰਾਂਗਾ ਬਾਤ, ਸੰਦੇਸੇ ਦਿਆਂ ਸੁਣਾਈਆ । ਜੇ ਜੀਅ ਕਰਿਆ ਕਰੇਗਾ ਤੇ ਤੁਹਾਡੇ ਅੰਦਰ ਜੋਤ ਦੀ ਦਿਆਂ ਕਰਾਂਗਾ ਲਾਟ, ਲਾਟਾਂ ਵਾਲੀ ਤੁਹਾਡੇ ਨਾਲ ਫਿਰੇ ਚਾਈਂ ਚਾਈਂਆ । ਜੇ ਤੁਸੀਂ ਆ ਨਹੀਂ ਸਕਦੇ ਤੇ ਮੈਂ ਪੁੱਜਿਆ ਕਰਾਂਗਾ ਮਾਰ ਕੇ ਵਾਟ, ਆਪਣਾ ਪੰਧ ਮੁਕਾਈਆ । ਸਤਿਗੁਰ ਸ਼ਬਦ ਕਦੀ ਬੁੱਢਾ ਨਹੀਂ ਹੁੰਦਾ ਤੇ ਨਾ ਕਦੀ ਇਹਦਾ ਪੰਧ ਹੁੰਦਾ ਸਟਾਪ, ਟਾਪ ਤੇ ਬਹਿ ਕੇ ਸਭ ਨੂੰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਹਾੜ ਕਹੇ ਨਾਰਦਾ ਇਕ ਮੈਨੂੰ ਗੱਲ ਸੁਣਾਈ, ਅੱਖੀਂ ਵੇਖਿਆ ਹਾਲ ਸੁਣਾਈਆ । ਨਾਰਦ ਕਹੇ ਹਾੜਾ ਮੈਂ ਕੀ ਦੱਸਾਂ ਭਾਈ, ਐਸ ਵੇਲੇ ਭਾਈ ਭਾਈਆ ਪਈ ਜੁਦਾਈਆ । ਨਾਤਾ ਤੁਟ ਗਿਆ ਪੁਤਰਾਂ ਮਾਈ, ਪਿਤਾ ਗੋਦ ਨਾ ਕੋਇ ਸੁਹਾਈਆ । ਗੁਰੂ ਚੇਲੇ ਇਕ ਦੂਜੇ ਤੋਂ ਭੱਜੇ ਜਾਣ ਵਾਹੋ ਦਾਹੀ, ਪਲੂ ਪਲੇ ਗੰਢ ਛੁਡਾਈਆ । ਸਤਿਗੁਰ ਸ਼ਬਦ ਦੀ ਸਾਰ ਕਿਸੇ ਨਾ ਪਾਈ, ਸਾਰ ਸ਼ਬਦ ਹੱਥ ਕਿਸੇ ਨਾ ਆਈਆ । ਜਿੰਨਾਂ ਚਿਰ ਸਤਿਗੁਰ ਨੇ ਅੰਦਰ ਵੜ ਕੇ ਪ੍ਰੇਮ ਦੀ ਸਿਤਾਰ ਵਜਾਈ, ਓਹ ਗਾਉਂਦਾ ਗਿਆ ਚਾਈਂ ਚਾਈਂਆ । ਜਿਸ ਵੇਲੇ ਅੰਦਰੋਂ ਕਲਾ ਭਵਾਈ, ਤੇ ਕਲ ਉਲਟੀ ਦਿਤੀ ਵਰਤਾਈਆ । ਇਹ ਕੋਈ ਅੱਖਰ ਪੜ੍ਹਨੇ ਨਹੀਂ ਪੈਂਦੇ ਢਾਈ, ਸ਼ਿਲਿਆਂ ਵੰਡ ਨਾ ਕੋਇ ਵੰਡਾਈਆ । ਇਸ਼ਾਰੇ ਨਾਲ ਕਿਨਾਰੇ ਤੋਂ ਪਾਰ ਦਏ ਕਰਾਈ, ਤੇ ਇਸ਼ਾਰੇ ਨਾਲ ਉਰਾਰ ਆਪਣੀ ਗੋਦੀ ਵਿਚ ਰਖਾਈਆ । ਪਰ ਇਹ ਪ੍ਰਭੂ ਜਦੋਂ ਆਪ ਬਣ ਜਾਂਦਾ ਸ਼ੌਦਾਈ, ਤੇ ਬੁਧ ਮਤ ਜਗਤ ਨਾ ਕੋਇ ਰਖਾਈਆ । ਪਰ ਇਕ ਗੱਲ ਇਹ ਆਤਮਾ ਨਾਲੋਂ ਕਦੇ ਹੋਣ ਨਹੀਂ ਦੇਂਦਾ ਜੁਦਾਈ, ਜੁਗ ਜਨਮ ਦੇ ਵਿਛੜੇ ਫੇਰ ਆਪਣੇ ਰੰਗ ਰੰਗਾਈਆ । ਏਸ ਦੀ ਕਿਹੜੀ ਸਿਫ਼ਤ ਤੇ ਕਿਹੜੀ ਵਡਿਆਈ, ਕੀ ਢੋਲੇ ਰਾਗ ਸੁਣਾਈਆ । ਪਤਾ ਨਹੀਂ ਕਿਸ ਬਿਧ ਏਨ ਆਪਣੀ ਰੀਤ ਚਲਾਈ, ਨੀਤੀਵਾਨ ਕੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਮੈਨੂੰ ਭਗਤਾਂ ਦਾ ਆਉਣਾ ਤਰਸ, ਸਚ ਨਾਲ ਸੁਣਾਈਆ । ਬੜਾ ਖ਼ੁਸ਼ੀਆਂ ਵਾਲਾ ਬਰਸ, ਸੰਮਤ ਸ਼ਹਿਨਸ਼ਾਹੀ ਨੌ ਆਪਣਾ ਰੰਗ ਰੰਗਾਈਆ । ਮੈਂ ਗੁਰਮੁਖਾਂ ਦੇ ਕੀਤੇ ਦਰਸ, ਨੈਣ ਲਏ ਬਿਗਸਾਈਆ । ਗੁਰਮੁਖਾਂ ਦੀ

੯੯੪ ੨੩ ਮਿਟੇ ਹਰਸ, ਹਵਸ ਰਹੇ ਨਾ ਰਾਈਆ । ਜਨ ਭਗਤੋ ਆਪਣੇ ਕਾਇਆ ਨੂੰ ਮੰਦਰ ਮਸਜਿਦ ਸ਼ਿਵਦਵਾਲਾ ਮਠ ਸਮਝਣਾ ਚਰਚ, ਚਿਰਾਂ ਦਾ ਵਿਛੜਿਆ ੯੯੪ ੨੩

ਏਸੇ ਵਿਚ ਆਪਣਾ ਦਰਸ ਦਏ ਵਖਾਈਆ । ਤੁਹਾਡਾ ਪਿਛਲਾ ਲਾਹੁਣਾ ਮਕਰੂਜ਼ ਕਰਜ਼, ਲੇਖਾ ਹੱਥੋ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਮਾਂ ਆਪ ਸੁਹਾਈਆ । ਨਾਰਦ ਕਹੇ ਪ੍ਰਭੂ ਕੁਝ ਪਿਛਲੀਆਂ ਵੇਖ ਤਵਾਰੀਖਾਂ, ਮੁੱਛਾਂ ਨੂੰ ਵਟ ਚੜ੍ਹਾਈਆ । ਜਿਸ ਦੀਆਂ ਕਰਨ ਸਾਰੇ ਉਡੀਕਾਂ, ਬਿਨ ਅੱਖਾਂ ਅੱਖ ਉਠਾਈਆ । ਉਹਦੇ ਵਿਚ ਉਹਦੀਆਂ ਤਵਾਰੀਖਾਂ, ਦੂਜਾ ਸਮਝ ਸਕੇ ਕੋਇ ਨਾ ਰਾਈਆ । ਉਹ ਮਾਲਕ ਹਕ ਹਕੀਕਾ, ਹਕੀਕਤ ਦਾ ਮਾਲਕ ਬੇਪਰਵਾਹੀਆ । ਜਿਸ ਨੇ ਬਦਲ ਦੇਣੀਆਂ ਦੀਨ ਦੁਨੀ ਦੀਆਂ ਰੀਤਾਂ, ਆਤਮ ਬ੍ਰਹਮ ਦਏ ਸਮਝਾਈਆ । ਸੁਰਤ ਸ਼ਬਦ ਜਣਾ ਕੇ ਰਾਮ ਸੀਤਾ, ਰਾਧਾ ਕ੍ਰਿਸ਼ਨ ਏਸੇ ਦਾ ਰੂਪ ਦ੍ਰਿੜਾਈਆ । ਅੱਲਾ ਹੂ ਅੱਨਾ ਹੂ ਬਣਾ ਕੇ ਮੀਤਾ, ਆਤਮ ਪਰਮਾਤਮ ਨਾਤਾ ਦਏ ਜੁੜਾਈਆ । ਜਿਸ ਨੇ ਜਗਤ ਜਹਾਨ ਪਿਆਰ ਵਿਚ ਜੀਤਾ, ਜਿੱਤ ਹਾਰ ਆਪਣੇ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਹਾੜ ਕਹੇ ਨਾਰਦਾ ਦੀਨ ਦੁਨੀ ਕਿਸ ਦੀ ਹੋਵੇ ਅਧੀਨੀ, ਆਅਲਾ ਅਦਨਾ ਕੀ ਵਡਿਆਈਆ । ਨਾਰਦ ਕਹੇ ਹਾੜ ਜੀ ਉਹ ਵੇਖ ਪ੍ਰਭੂ ਪਹਿਲੋਂ ਉਠਾਉਣ ਵਾਲਾ ਚੀਨੀ, ਨੌ ਗੁਰਮੁਖ ਚੀਨੀ ਬਣੇ ਆਪਣਾ ਰੂਪ ਦੇਣ ਵਖਾਈਆ । ਨੌਵਾਂ ਦਾ ਖੇਲ ਹੋਣਾ ਜਪੀਨੀ, ਜੈਪਨ ਵਾਲੇ ਪਰਦਾ ਦਿਓ ਉਠਾਈਆ । ਸੰਮਤ ਸ਼ਹਿਨਸ਼ਾਹੀ ਦਸ ਵਿਚ ਰੁਤ ਹੋਣੀ ਭੀਨੀ, ਭਿੰਨੜੀ ਆਪਣੇ ਰੰਗ ਰੰਗਾਈਆ । ਕਿਸੇ ਦੀ ਬਾਂਹ ਫੜੇ ਕੋਇ ਨਾ ਵੀਣੀ, ਸੱਜਣ ਨਾਤੇ ਜਾਣ

ਤੁੜਾਈਆ । ਫੇਰ ਝਗੜਾ ਹੋਣਾ ਮਜ਼੍ਹਬ ਦੀਨੀ, ਸ਼ਰਅ ਸ਼ਰਅ ਨਾਲ ਟਕਰਾਈਆ । ਸਭ ਦੀ ਮੁਸ਼ਕਲ ਹੋ ਜਾਏ ਜੀਣੀ, ਸਚ ਦਾ ਜੀਵਣ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਇਕ ਬਣਾਈਆ । ਨਾਰਦ ਕਹੇ ਹਾੜ ਜੀ ਕੁਛ ਪਿਆਰ ਵਿਚ ਭਗਤਾਂ ਨੂੰ ਕਹੋ, ਪ੍ਰੇਮ ਵਿਚ ਜਣਾਈਆ । ਜਨ ਭਗਤੋ ਇਕ ਵਜੇ ਤਾਈਂ ਜਾਓ ਸੌਂ, ਹੁਣ ਪਵਣ ਠੰਡੀ ਰਹੀ ਆਈਆ । ਪਹਿਰੇਦਾਰ ਜਾਗਦੇ ਰਹਿਣਗੇ ਨੌਂ, ਬਾਕੀ ਅੱਖਾਂ ਮੀਟ ਧਿਆਨ ਲਗਾਈਆ । ਪਰ ਕਿਸੇ ਨੇ ਯਾਦ ਨਹੀਂ ਕਰਨੀ ਆਪਣੀ ਮਾਉਂ, ਤੇ ਨਾਰਾਂ ਪਤੀਆਂ ਵੱਲ ਤੇ ਪਤੀ ਨਾਰਾਂ ਵੱਲ ਧਿਆਨ ਨਾ ਕੋਇ ਰਖਾਈਆ । ਕਿਸੇ ਨੇ ਫਿਰਨ ਨਹੀਂ ਜਾਣਾ ਪਿੰਡ ਗਲੀਆਂ ਤੇ ਗਰਾਉਂ, ਖੇਤਾਂ ਤੇ ਦੁਕਾਨਾਂ ਵਿਚ ਚਰਨ ਛੁਹਾਈਆ । ਅੰਤਰ ਪਿਆਰ ਰਖਣਾ ਸਾਡਾ ਇਕੋ ਭੂਪ ਤੇ ਇਕੋ ਸ਼ਾਹੋ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਤੁਹਾਡੇ ਸੁੱਤਿਆਂ ਸੁੱਤਿਆਂ ਸੁੱਤਿਆਂ ਦੋ ਜਹਾਨਾਂ ਲਾਉਣਾ ਦਾਓ, ਦਾਓ ਲਾ ਕੇ ਇਕ ਵਜੇ ਨੂੰ ਫੇਰ ਤੁਹਾਡੇ ਕੋਲ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦਾ ਸੁਹੇਲਾ ਇਕ ਇਕੇਲਾ ਚਲੇ ਆਪਣੇ ਭਾਓ, ਦੁਤੀਆ ਭਾਓ ਨਾ ਕੋਇ ਰਖਾਈਆ ।

## ✪ ਭਾਰਤ ਦੇ ਰਾਸ਼ਟਰਪਤੀ ਵੀ० ਵੀ० ਗਿਰੀ ਨੂੰ ਸ਼ਬਦ ਭੇਜਿਆ ✪



ਸੰਮਤ ਸ਼ਹਿਨਸ਼ਾਹੀ ਨੌਂ ਕਹੇ ਮੇਰਾ ਚਾਰ ਮੰਗਲ, ਮੰਗਲਾਚਾਰ ਇਕ ਕਰਾਈਆ । ਪ੍ਰਭ ਸ਼ਰਅ ਦੇ ਤੋੜਨੇ ਸੰਗਲ, ਜਗਤ ਬੰਧਨ ਰਹਿਣ ਨਾ ਪਾਈਆ । ਖੇਲ ਤਕਣੇ ਸ਼ਾਹ ਕੰਗਲ, ਗ਼ਰੀਬਾਂ ਵੇਖ ਵਖਾਈਆ । ਵੇਖੇ ਪਹਾੜ ਜੰਗਲ, ਸਮੁੰਦ ਸਾਗਰਾਂ ਖੋਜ ਖੁਜਾਈਆ । ਦੀਨ ਦੁਨੀ ਦੀ ਹੱਦ ਆਵੇ ਲੰਘਣ, ਜਗਤ ਕਿਨਾਰਾ ਨਾ ਕੋਇ ਰਖਾਈਆ । ਜਨ ਭਗਤਾਂ ਪਹਿਨਾ ਕੇ ਨਾਮ ਕੰਗਣ, ਤਨ ਦੇਵੇ ਮਾਣ ਵਡਿਆਈਆ । ਸਤਿ ਦਾ ਸਚ ਸਮਝਾ ਦੇ ਪਰਮਾਨੰਦਨ, ਅਨੰਦ ਅਨੰਦ ਨਾਲ ਮਿਲਾਈਆ । ਧੁਰ ਦੀ ਧਾਰ ਚਾੜ੍ਹ ਕੇ ਰੰਗਣ, ਰੰਗਤ ਆਪਣੇ ਨਾਲ ਰਖਾਈਆ । ਕਰੇ ਖੇਲ ਵਿਚ ਵਰਭੰਡਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਸਗਲਾ ਸੰਗੀ ਬਣੇ ਬਹੁਭਾਂਤੀ, ਭੀਤਰ ਡੇਰਾ ਲਾਈਆ । ਕਿਰਪਾ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਸਤਾਰਾਂ ਹਾੜ ਸੁਹੰਜਣੀ ਕਰੇ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਸਚ ਪ੍ਰੀਤੀ ਜੋੜ ਕੇ ਨਾਤੀ, ਨਾਤਾ ਇਕੋ ਇਕ ਦਿਸਾਈਆ । ਨਾਮ ਨਿਧਾਨ ਜਣਾ ਕੇ ਗਾਥੀ, ਗਹਿਰ ਗੰਭੀਰ ਪੜ੍ਹਾਈਆ । ਮਿਹਰਵਾਨ ਹੋਵੇ ਪੁਰਖ ਸਮਰਾਥੀ, ਸਮਰਥ ਆਪਣੀ ਕਾਰ ਕਮਾਈਆ । ਰਾਸ਼ਟਰ ਦੇਵੇ ਪਾਤੀ, ਪਤਰਕਾ ਅਗੰਮ ਘਲਾਈਆ । ਖੇਲ ਤੱਕਣਾ ਲੋਕਮਾਤੀ, ਮਾਤਰ ਭੂਮੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਾਰਾਂ ਹਾੜ ਕਹੇ ਸੁਣ ਹੁਕਮ ਰਾਸ਼ਟਰਪਤ, ਰਾਸ਼ਟਰ ਦੇ ਜਣਾਈਆ । ਗੁਣ ਨਿਧਾਨ ਆਇਆ ਵਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਹੁਕਮ ਅਗੰਮਾ ਸਤਿ, ਨਾ ਕੋਈ ਮੇਟੇ ਮੇਟ ਮਿਟਾਈਆ । ਭਾਰਤ ਖੰਡ ਵੱਲ ਤੱਕ, ਨਿਗਾਹ ਬੁੱਧੀ ਤੋਂ ਬਾਹਰ ਲਗਾਈਆ । ਜੀਵਾਂ ਜੰਤਾਂ ਪਿਆ ਸ਼ੱਕ, ਸਹਿੰਸਾ ਸਕੇ ਨਾ ਕੋਇ ਮਿਟਾਈਆ । ਸਾਰੇ ਮੰਗਦੇ ਆਪਣਾ ਹਕ, ਹਕੀਕਤ ਹਕ ਨਾ ਕੋਇ ਵਖਾਈਆ । ਇਹ ਖੇਲ

ਕਰੇ ਹੁਕਮ ਨਾਲ ਪ੍ਰਭੂ ਪ੍ਰਭ ਯਕ, ਯਦੀ ਆਪਣੀ ਕਾਰ ਭੁਗਤਾਈਆ । ਗ਼ਰੀਬ ਨਿਮਾਣਿਆਂ ਗੋਦੀ ਚੱਕ, ਕੋੜਿਆਂ ਕਮਲਿਆਂ ਹੋਏ ਸਹਾਈਆ । ਸੰਦੇਸਾ ਦੇ ਕੇ ਭੇਵ ਖੁਲਾਏ ਅਪ, ਆਪਣੀ ਦਇਆ ਕਮਾਈਆ । ਪੁਰਖ ਅਕਾਲਾ ਦੀਨ ਦੁਨੀ ਦਾ ਕੂੜਾ ਮੇਟੇ ਤਪ, ਤਪਤ ਅਗਨੀ ਜਗਤ ਬੁਝਾਈਆ । ਸ਼ਬਦੀ ਹੁਕਮ ਦੇਵੇ ਸਚ, ਨਾ ਕੋਈ ਮੇਟੇ ਮੇਟ ਮਿਟਾਈਆ । ਕਾਇਆ ਮਾਟੀ ਭਾਂਡੇ ਜੀਵ ਕੱਚ, ਕੰਚਨ ਗੜ੍ਹ ਨਜ਼ਰ ਕਿਸੇ ਨਾ ਆਈਆ , । ਚਾਰ ਵਰਨਾਂ ਸ਼ਾਂਤ ਕਰਾ ਸਕੇ ਕੋਇ ਨਾ ਰੱਤ, ਰਤੀ ਰੱਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨਾ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਸੁਣ ਭਾਰਤ ਖੰਡੀ ਭੂਪ, ਭੇਵ ਅਭੇਦ ਖੁਲਾਈਆ । ਪ੍ਰਗਟ ਹੋਇਆ ਪ੍ਰਭ ਸਤਿ ਸਰੂਪ, ਰੂਪ ਅਨੂਪ ਨੂਰ ਅਲਾਹੀਆ । ਜਿਸ ਦਾ ਹੁਕਮ ਆਵੇ ਸ਼ਬਦੀ ਧਾਰ ਦੂਤ, ਧੁਰ ਪੈਗ਼ਾਮ ਦ੍ਰਿੜਾਈਆ । ਨਵ ਖੰਡ ਪੈਣੀ ਲੂਟ, ਸੱਤ ਸਤਿ ਨਾ ਕੋਇ ਵਰਤਾਈਆ । ਦੀਨਾਂ ਮਜ਼੍ਹਬਾਂ ਹੋਵੇ ਫੂਟ, ਫੁਟਕਲ ਹੋਵੇ ਲੋਕਾਈਆ । ਰਈਅਤ ਰਾਜਾਨਾ ਮੁਹੱਬਤ ਜਾਣੀ ਟੂਟ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਪ੍ਰਭ ਭਾਗ ਲਗਾਇਆ ਸੰਬਲ ਨਗਰੀ ਆਪਣੀ ਕੂਟ, ਸਾਢੇ ਤਿੰਨ ਹੱਥ ਡੇਰਾ ਲਾਈਆ । ਵੀ੦ ਵੀ੦ ਗਿਰੀ ਨਾ ਸਮਝਣਾ ਝੂਠ, ਪੁਰਖ ਅਕਾਲਾ ਨੂਰ ਅਲਾਹੀਆ । ਖੇਲ ਕਰੇ ਵਿਚ ਪੰਜ ਭੂਤ, ਕਾਇਆ ਕਾਅਬਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਜਾਵਾਂ ਦਿੱਲੀ ਦਵਾਰ, ਧੁਰ ਫ਼ਰਮਾਣਾ ਇਕ ਸੁਣਾਈਆ । ਸ਼ਾਹ ਸੁਲਤਾਨੋ ਆਇਆ ਕਲ ਕਲਕੀ ਅਵਤਾਰ, ਨਿਹਕਲੰਕਾ ਵੇਸ ਵਟਾਈਆ । ਅਮਾਮ ਅਮਾਮਾ ਰੂਪ ਅਪਾਰ, ਨੂਰ ਨੁਰਾਨਾ ਨੂਰ ਅਲਾਹੀਆ । ਆਪਣੇ ਵਸੇ ਸੰਬਲ ਘਰ ਬਾਹਰ, ਸਾਚੀ ਨਗਰੀ ਡੇਰਾ ਲਾਈਆ । ਜੋ ਸਭ ਦੇ ਲਹਿਣੇ ਦੇਣੇ ਰਿਹਾ ਵਿਚਾਰ, ਲੇਖਾ ਜਾਣੇ ਥਾਉਂ ਥਾਈਂਆ । ਜੋ ਭਵਿਖਤ ਦੱਸਿਆ ਪੈਗ਼ੰਬਰ ਗੁਰ ਅਵਤਾਰ, ਪੇਸ਼ੀਨਗੋਈਆਂ ਵਿਚ ਦ੍ਰਿੜਾਈਆ । ਸੋ ਵੇਖੇ ਵਿਗਸੇ ਪਾਵੇ ਸਾਰ, ਮਹਾਸਾਰਥੀ ਆਪਣਾ ਹੁਕਮ ਵਰਤਾਈਆ । ਉਹ ਖੇਲੇ ਖੇਲ ਕਮਾਲ, ਬੁੱਧੀ ਸਮਝ ਕੋਇ ਨਾ ਪਾਈਆ । ਉਹਦਾ ਪਤਾ ਜਗਤ ਧਾਰ ਜੇਠੂਵਾਲ, ਡਾਕਖ਼ਾਨਾ ਇਹੋ ਗਾਈਆ । ਅੰਮ੍ਰਿਤਸਰ ਜ਼ਿਲੇ ਦੇ ਨਾਲ, ਤਹਿਸੀਲ ਇਹਨਾਂ ਅੱਖਰਾਂ ਸਿਫ਼ਤ ਸਲਾਹੀਆ । ਉਹ ਸੰਬਲ ਬੈਠਾ ਸੁਰਤ ਸੰਭਾਲ, ਧੁਰ ਦਾ ਹੁਕਮ ਇਕ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਸਭ ਦਾ ਹਾਲ, ਤਤਵ ਤਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਰਾਸ਼ਟਰਪਤ ਵਾਚਣੀ ਲਿਖਤ, ਪ੍ਰਧਾਨ ਮੰਤਰੀ ਨਾਲ ਮਿਲਾਈਆ । ਜਿਸ ਦੇ ਕੋਲ ਸਤਿ ਦਾ ਭਵਿਖਤ, ਭਵਿਸ਼ ਜਗ ਜੀਵਣ ਰਾਮ ਸੁਣਾਈਆ । ਇਸ ਨੇ ਸਭ ਦਾ ਸਾਂਝਾ ਕਰਨਾ ਇਸ਼ਟ, ਇਸ਼ਟ ਇਸ਼ਟ ਦ੍ਰਿੜਾਈਆ । ਰਾਓ ਰੰਕਾਂ ਖੋਲੇ ਦ੍ਰਿਸ਼ਟ, ਅੰਦਰੋਂ ਪਰਦਾ ਆਪ ਚੁਕਾਈਆ । ਜੋ ਇਸ਼ਾਰਾ ਦਿਤਾ ਰਾਮ ਵਸ਼ਿਸ਼ਟ, ਸੋ ਪੂਰਾ ਦਏ ਕਰਾਈਆ । ਤੁਸਾਂ ਆਪਣਾ ਪੱਕਾ ਕਰਨਾ ਨਿਸਚ, ਨਿਸਚਾ ਲੈਣਾ ਬਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਿੰਘ ਪੂਰਨ ਦੇ ਵੜਿਆ ਵਿਚ, ਵਿਚਲਾ ਭੇਵ ਘਰ ਸੱਦ ਲਓ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਸਾਚੀ ਕਾਰ ਕਮਾਈਆ । ਰਾਸ਼ਟਰਪਤ ਪ੍ਰਭੂ ਪ੍ਰਭ ਆਇਆ ਲੋਕਮਾਤ, ਜੋਤੀ ਜਾਮਾ ਵੇਸ ਵਟਾਈਆ । ਜਿਸ ਕਲਜੁਗ


੯੯੬
੨੩

ਮੇਟਣੀ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਝਗੜਾ ਰਹਿਣ ਨਹੀਂ ਦੇਣਾ ਜ਼ਾਤ ਪਾਤ, ਦੀਨ ਮਜ਼੍ਹਬ ਇਕੋ ਘਰ ਵਸਾਈਆ । ਆਤਮ ਪਰਮਾਤਮ ਜੋੜੇ ਨਾਤ, ਜਗ ਟੁੱਟਿਆਂ ਲਏ ਮਿਲਾਈਆ । ਆਪਣੇ ਭਵਿਖਤ ਦਾ ਦਿੱਲੀ ਦਰਬਾਰ ਸੱਦ ਕੇ ਪੁਛੇ ਲੇਖਾ ਬਾਤਨ ਬਾਤ, ਪਰਦਾ ਪਰਦਿਆਂ ਵਿਚੋਂ ਖੁਲਾਈਆ । ਕੀ ਲਹਿਣਾ ਦੇਣਾ ਹੋਵੇ ਬਰਸ ਸਾਤ, ਸ਼ਹਿਨਸ਼ਾਹੀ ਸੰਮਤ ਸੋਲਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਪਾਤ, ਪਾਤੀ ਪਤ੍ਰਕਾ ਆਪ ਘਲਾਈਆ । ਰਾਸ਼ਟਰਪਤ ਜਾਣਾ ਜਾਗ, ਆਲਸ ਤ੍ਰਿਸ਼ਨਾ ਜਗਤ ਮਿਟਾਈਆ । ਸਭ ਦਾ ਵੇਖਣਾ ਕੰਤ ਸੁਹਾਗ, ਜੋਤੀ ਜਾਤਾ ਧੁਰ ਦਾ ਮਾਹੀਆ । ਜਿਸ ਗੋਬਿੰਦ ਨੇ ਉਡਾਇਆ ਬਾਜ, ਉਹ ਬਾਜ਼ੀ ਸਭ ਦੀ ਵੇਖ ਵਖਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਕਾਇਮ ਰਹੇ ਕੋਇ ਨਾ ਰਾਜ, ਰਈਅਤ ਸੰਗ ਨਾ ਕੋਇ ਬਣਾਈਆ । ਇਕ ਸਾਹਿਬ ਦੇ ਸੀਸ ਤੇ ਹੋਣਾ ਤਾਜ, ਜੋ ਰਾਸ਼ਟਰਪਤ ਰਾਜਿੰਦਰ ਪ੍ਰਸਾਦ ਹੱਥ ਫੜਾਈਆ । ਜਿਸ ਦਾ ਛੇਤੀ ਦੇਣਾ ਜਵਾਬ, ਹੁਕਮ ਹੁਕਮ ਨਾਲ ਸੁਣਾਈਆ । ਦੂਜੇ ਲੇਖ ਵਿਚ ਫੇਰ ਲੇਖ ਦੇਵੇਗਾ ਆਪ, ਆਪਣਾ ਭੇਵ ਖੁਲਾਈਆ । ਮਿਲਣਾ ਪਵੇਗਾ ਪ੍ਰਧਾਨ ਮੰਤਰੀ ਨਾਲ ਸਾਥ, ਇੰਦਰਾ ਇੰਦ ਨਾਲ ਮਿਲਾਈਆ । ਇਸ ਪਤ੍ਰਕਾ ਨੂੰ ਨੌ ਵਾਰ ਲੈਣਾ ਵਾਚ, ਸੰਮਤ ਸ਼ਹਿਨਸ਼ਾਹੀ ਨੌ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਲੇਖਾ ਦੱਸੇ ਕਿਸ ਬਿਧ ਲਹਿਣਾ ਮੁਕਣਾ ਹਿੰਦ ਪਾਕ, ਪਾਕ ਹਿੰਦ ਕੀ ਵਡਿਆਈਆ ।


੬੬੭
੨੩

## ੧੮ ਹਾੜ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਸਵੇਰੇ ਸ਼ਾਦੀਆਂ ਦੇ ਸਮੇਂ

ਸਤਿਗੁਰ ਸ਼ਬਦ ਸ਼ਬਦ ਦੀਆਂ ਰੀਤੀਆਂ, ਜਗਤ ਬੰਧਨ ਨਾ ਕੋਇ ਬੰਧਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀਆਂ ਬੀਤੀਆਂ, ਆਪਣਾ ਪੰਧ ਮੁਕਾਈਆ । ਸਿਫ਼ਤਾਂ ਵਾਲੀਆਂ ਗਾ ਕੇ ਗੀਤੀਆਂ, ਰਾਗਾਂ ਨਾਦਾਂ ਨਾਲ ਸ਼ਨਵਾਈਆ । ਲੱਖ ਚੁਰਾਸੀ ਬਦਲਦਾ ਆਇਆ ਨੀਤੀਆਂ, ਨੀਤੀਵਾਨ ਵਡ ਵਡਿਆਈਆ । ਮਾਣ ਦੇਂਦਾ ਰਿਹਾ ਹਸਤ ਕੀਟੀਆਂ, ਊਚਾਂ ਨੀਚਾਂ ਏਕਾ ਰੰਗ ਰੰਗਾਈਆ । ਜਨ ਭਗਤਾਂ ਕਰਦਾ ਆਇਆ ਕਾਇਆ ਠੰਡੀਆਂ ਸੀਤੀਆਂ, ਅਗਨੀ ਤਤ ਬੁਝਾਈਆ । ਖਹਿੜਾ ਛੁਡਾ ਕੇ ਮੰਦਰ ਮਸੀਤੀਆਂ, ਸੂਫ਼ੀਆਂ ਭੇਵ ਚੁਕਾਈਆ । ਸਾਚੇ ਨਾਮ ਦੀਆਂ ਦੱਸ ਹਦੀਸੀਆਂ, ਕਰਦਾ ਰਿਹਾ ਪੜ੍ਹਾਈਆ । ਹੁਕਮ ਦੇ ਉਤੇ ਹੁਕਮ ਦੀਆਂ ਮਾਰ ਕੇ ਲੀਕੀਆਂ, ਲਾਈਨਾਂ ਆਪਣੀਆਂ ਆਪ ਦਿਸਾਈਆ । ਜਿਸ ਦੇ ਵਿਚ ਹਕ ਤੌਫ਼ੀਕੀਆਂ, ਤਾਕਤਵਰ ਨੂਰ ਅਲਾਹੀਆ । ਸੋ ਸਭ ਦੀਆਂ ਆਸਾ ਮਨਸਾ ਪੂਰੀਆਂ ਕਰੇ ਉਮੀਦੀਆਂ, ਜਿਸ ਦੀ ਆਮਦ ਵਿਚ ਸਾਰੇ ਨੈਣ ਉਠਾਈਆ । ਹਰਿਜਨ ਲੇਖੇ ਲਾਵੇ ਨੇਤਰ ਨੈਣ ਦੀਦੀਆਂ, ਦੀਦਾ ਦਾਨਿਸਤਾ ਨਜ਼ਰੀ ਆਈਆ । ਜਗਤ ਜਹਾਨ ਪਾਵੇ ਵਿਚ ਪੇਚੀਦੀਆਂ, ਪੇਚੀਦਗੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਮੇਰਾ ਜੁਗ ਚੌਕੜੀ ਰਿਵਾਜ, ਨਿਰਗੁਣ ਸਰਗੁਣ ਧਾਰ ਪ੍ਰਗਟਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਰਖਦਾ ਰਿਹਾ ਲਾਜ, ਸਿਰ ਸਿਰ

ਆਪਣਾ ਹੱਥ ਟਿਕਾਈਆ । ਨਾਮ ਕਲਮਾ ਬੇੜੇ ਚਲਾਉਂਦਾ ਰਿਹਾ ਜਹਾਜ਼, ਬਿਨ ਵੰਝ ਮੁਹਾਣਿਆਂ ਆਪ ਲਾਈਆ । ਸ਼ਬਦ ਦੀ ਮਾਰਦਾ ਰਿਹਾ ਆਵਾਜ਼, ਸੋਈ ਸੁਰਤ ਉਠਾਈਆ । ਜੁਗ ਜੁਗ ਰੱਚ ਕੇ ਆਪਣਾ ਕਾਜ, ਕਰਨੀ ਕਰਤਾ ਹੋ ਕੇ ਕਾਰ ਕਮਾਈਆ । ਜਨ ਭਗਤਾਂ ਰਖਦਾ ਆਇਆ ਲਾਜ, ਹੋਇਆ ਆਪ ਸਹਾਈਆ । ਸੋ ਕਲਜੁਗ ਅੰਤਮ ਪ੍ਰਗਟ ਹੋ ਕੇ ਦੇਸ ਮਾਝ, ਮੌਜੂਦਾ ਹੋ ਕੇ ਖੇਲ ਖਿਲਾਈਆ । ਜਿਸ ਦੇ ਸੀਸ ਸੁਹੰਜਣਾ ਤਾਜ, ਜਗਦੀਸ਼ ਅਗੰਮ ਅਥਾਹੀਆ । ਸ਼ਬਦੀ ਧਾਰ ਉਡਾਵੇ ਬਾਜ, ਪੁਰੀਆਂ ਲੋਆਂ ਆਪ ਫਿਰਾਈਆ । ਗੁਰਮੁਖਾਂ ਰਖੇ ਪੂਰਬ ਲਹਿਣੇ ਦੀ ਯਾਦ, ਯਾਦਵ ਬੰਸੀ ਕ੍ਰਿਸ਼ਨ ਦਏ ਗਵਾਹੀਆ । ਜਿਸ ਕਾਇਆ ਖੇੜਾ ਕੀਤਾ ਆਬਾਦ, ਰਾਮ ਰਮਈਆ ਸੋਭਾ ਪਾਈਆ । ਜੋ ਮਖ਼ਲੂਕ ਦੀ ਸੁਣੇ ਫ਼ਰਿਆਦ, ਖ਼ਾਲਕ ਖ਼ਲਕ ਵਡ ਵਡਿਆਈਆ । ਜਿਸ ਪੈਗ਼ੰਬਰਾਂ ਅੰਦਰ ਵਜਾਇਆ ਧੁਨ ਨਾਦ, ਕਲਮੇ ਆਇਤਾਂ ਨਾਲ ਸ਼ਨਵਾਈਆ । ਸੋ ਸ੍ਰਿਸ਼ਟੀ ਦ੍ਰਿਸ਼ਟੀ ਦੇਵੇ ਸਾਧ, ਸਾਧਨਾ ਆਪਣੇ ਹੱਥ ਵਖਾਈਆ । ਜਿਸ ਦਾ ਭੇਵ ਬੋਧ ਅਗਾਧ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਉਹ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਆਇਆ ਬਾਅਦ, ਜੋਤੀ ਜਾਤਾ ਵੇਸ ਵਟਾਈਆ । ਜਿਸ ਦਾ ਭੇਵ ਪਾਏ ਕੋਈ ਸੰਤ ਨਾ ਸਾਧ, ਜਗਿਆਸੂਆਂ ਨਜ਼ਰ ਕੋਇ ਨਾ ਆਈਆ । ਮੇਟਣਹਾਰਾ ਵਾਦ ਵਿਵਾਦ, ਕੂੜੀ ਕਿਰਿਆ ਦਏ ਮਿਟਾਈਆ । ਭਗਤ ਖੇੜਾ ਕਰ ਆਬਾਦ, ਭਗਤ ਦਵਾਰ ਇਕ ਸੁਹਾਈਆ । ਜਿਸ ਨਵੀਂ ਸਾਜਣਾ ਸਾਜ, ਧੁਰ ਰੰਗਤ ਰੰਗ ਚੜ੍ਹਾਈਆ । ਕਿਰਪਾ ਕਰੇ ਮਿਹਰਵਾਨ ਮਹਿਬੂਬ ਆਜ, ਅਜਮਤੋ ਕਸਮਤੋ ਜਿਸ ਨੂੰ ਸੀਸ ਨਿਵਾਈਆ । ਜਿਸ ਦੀ ਨਿਰਗੁਣ ਸਰਗੁਣ ਧਾਰ ਵਜਾਈ ਰਬਾਬ, ਤਨ ਤੰਦ ਸਿਤਾਰ ਬਣਾਈਆ । ਉਹ ਖੇਲ ਖੇਲਣਹਾਰਾ ਆਦਿ, ਜੁਗ ਜੁਗ ਬ੍ਰਹਮ ਬ੍ਰਹਿਮਾਦ ਕਰੇ ਕੁੜਮਾਈਆ । ਜਿਸ ਦਾ ਦੀਨਾਂ ਮਜ਼੍ਹਬਾਂ ਤੋਂ ਵੱਖਰਾ ਇਕ ਸਮਾਜ, ਸਮਗਰੀ ਭਗਤਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਜੁਗ ਚੌਕੜੀ ਮੇਰੀ ਧਾਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਚਰਚਾਂ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਕਰਾ ਕੇ ਹੱਠ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਖੇਲ ਖਲਾਉਂਦਾ ਰਿਹਾ ਨੱਠ ਨੱਠ, ਭੱਜਿਆ ਵਾਹੋ ਦਾਹੀਆ । ਸਚਖੰਡ ਦਵਾਰੇ ਕਰ ਇਕੱਠ, ਇਕੋ ਵਾਰ ਦਿਤਾ ਦ੍ਰਿੜਾਈਆ । ਪਿਛਲਾ ਲੇਖਾ ਹੋਣਾ ਠੱਪ, ਠੱਪਾ ਮੋਹਰ ਨਾਮ ਰਖਾਈਆ । ਜਨ ਭਗਤੋ ਜਗਤ ਦੀ ਮੰਜ਼ਲ ਜਾਣਾ ਟੱਪ, ਟਾਪੂਆਂ ਵਾਲਾ ਪੰਧ ਮੁਕਾਈਆ । ਮਾਇਆ ਡਸਨੀ ਡੱਸੇ ਕਿਸੇ ਨਾ ਸੱਪ, ਜ਼ਹਿਰ ਕਹਿਰ ਨਾ ਕੋਇ ਵਰਤਾਈਆ । ਕੂੜ ਕਲਪਣਾ ਨਾ ਉਬਲੇ ਰੱਤ, ਤਨ ਵਜੂਦ ਨਾ ਕੋਇ ਕੁਰਲਾਈਆ । ਲੇਖਾ ਮੁਕਾਉਣਾ ਮਨ ਮਤ, ਮਨਸਾ ਸਤਿਗੁਰ ਚਰਨ ਟਿਕਾਈਆ । ਸੋ ਦੇਵਣਹਾਰਾ ਧੀਰਜ ਜਤ, ਸਿਰ ਆਪਣਾ ਹੱਥ ਰਖਾਈਆ । ਸਵਾਮੀ ਹੋ ਕੇ ਰਖੇ ਪਤ, ਪਤਿਪਰਮੇਸ਼ਵਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰੀਆਂ ਅਨਕ ਵਾਰ ਦੀਆਂ ਖੇਲਾਂ, ਦੀਨ ਦੁਨੀ ਖਿਲਾਈਆ । ਰੂਪ ਦ੍ਰਿੜਾਉਂਦਾ ਰਿਹਾ ਗੁਰੂ ਗੁਰ ਚੇਲਾ, ਮੁਰੀਦ ਮੁਰਸ਼ਦ ਰੰਗ ਰੰਗਾਈਆ । ਆਤਮ ਧਾਰ ਬਣਦਾ ਰਿਹਾ ਸੁਹੇਲਾ, ਸੱਜਣ ਇਕ ਅਖਵਾਈਆ । ਤਨ ਵਜੂਦਾਂ ਨਾਲ ਕਟਦਾ ਰਿਹਾ ਜੇਲਾ, ਆਪਣਾ ਆਪ ਬੰਦ ਵਖਾਈਆ । ਗੁਣੀ ਗਹੀਰ ਹੁੰਦਾ ਰਿਹਾ ਸੁਹੇਲਾ, ਸੱਜਣ ਇਕ ਅਖਵਾਈਆ । ਬਹਿ ਕੇ ਧਾਮ ਨਵੇਲਾ, ਆਪਣਾ ਹੁਕਮ ਚਲਾਈਆ ।

੯੯੮
੨੩

੯੯੯
੨੩

ਕਲਜੁਗ ਖੇਲ ਵੇਖ ਦੁਹੇਲਾ, ਦੋਹਰਾ ਆਪਣਾ ਰੂਪ ਬਦਲਾਈਆ । ਜਨ ਭਗਤਾਂ ਕਰ ਕਰ ਆਪਣਾ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰੇ ਹੁਕਮ ਅੰਦਰ ਜੁਗ ਚੌਕੜੀ ਗਏ ਲੰਘ, ਜਨ ਭਗਤੋ ਦਿਆਂ ਸੁਣਾਈਆ । ਜੁਗ ਜੁਗ ਨਾਮ ਭਿਛਿਆ ਭਗਤੀ ਦੀ ਧਾਰ ਵਿਚ ਸਾਰੇ ਗਏ ਮੰਗ, ਨਿਵ ਨਿਵ ਸੀਸ ਨਿਵਾਈਆ । ਕੋਟਾਂ ਵਿਚੋਂ ਥੋੜ੍ਹਿਆਂ ਚੜ੍ਹਿਆ ਰੰਗ, ਰਵੀਦਾਸ ਕਬੀਰ ਦਏ ਗਵਾਹੀਆ । ਉਹ ਵੀ ਦੁਨੀਆ ਵਿਚ ਹੁੰਦੇ ਗਏ ਤੰਗ, ਖ਼ਾਲੀ ਠੂਠੇ ਨਾ ਕੋਇ ਭਰਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਛੰਦ, ਆਪਣੀ ਖ਼ੁਸ਼ੀ ਬਣਾਈਆ । ਮਾਲਾ ਮਣਕਿਆਂ ਨਾਮ ਤਸਬੀਆਂ ਧੁਰ ਦੇ ਕਲਮਿਆਂ ਨਾਲ ਕਰਦੇ ਰਹੇ ਜੰਗ, ਸ਼ਸਤਰ ਹੁਕਮ ਵਾਲਾ ਉਠਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਭਗਤਾਂ ਨੂੰ ਸਾਖਿਆਤ ਪ੍ਰਭ ਮਿਲਿਆ ਨਹੀਂ ਬੈਠਾ ਉਤੇ ਪਲੰਘ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੂਰਬ ਰਿਹਾ ਜਣਾਈਆ । ਜੋ ਸਾਹਿਬ ਸਵਾਮੀ ਅੰਤਰਜਾਮੀ ਤੁਹਾਨੂੰ ਸਭ ਨੂੰ ਦਏ ਅਨੰਦ, ਅਨੰਦ ਕਾਰਜ ਕਰਤਾ ਆਪ ਕਰਾਈਆ । ਤੁਸੀਂ ਉਸ ਸਾਹਿਬ ਦੇ ਚੰਦ, ਜਿਥੇ ਚੰਦ ਸੂਰੀਆ ਨਜ਼ਰ ਕੋਇ ਨਾ ਆਈਆ । ਤੁਹਾਡਾ ਨੇਤਰਹੀਣ ਰਹੇ ਕੋਈ ਨਾ ਅੰਧ, ਅੰਧ ਅਗਿਆਨ ਦਏ ਮਿਟਾਈਆ । ਮਾਨਸ ਜਨਮ ਦਾ ਸੁਫ਼ਲ ਕਰਾਏ ਪੰਧ, ਅਗੇ ਅਵਰ ਨਾ ਕੋਇ ਭਵਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਛੰਦ, ਸੋਹੰ ਢੋਲਾ ਰਾਗ ਅਲਾਈਆ । ਨਾ ਕੋਈ ਹਰਖ ਸੋਗ ਰਹੇ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਕੂੜ ਤ੍ਰਿਸ਼ਨਾ ਮੇਟਣੀ ਤਮ, ਤਾਮਸ ਦਰ ਨਾ ਕੋਇ ਬਹਾਈਆ । ਤੂੰ ਹੀ ਸਤਿ ਧਾਰ ਦਾ ਰੂਪ ਬ੍ਰਹਮ, ਪਾਰਬ੍ਰਹਮ ਸ਼ਰਨਾਈਆ । ਸਤਿਗੁਰ ਸ਼ਬਦ ਦੇ ਘਰ ਗਏ ਜੰਮ, ਇਕੋ ਪਿਤਾ ਇਕੋ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਜੁਗ ਜੁਗ ਖੇਲ ਅਵੱਲਾ, ਭੇਵ ਅਭੇਦ ਕੋਇ ਨਾ ਪਾਈਆ । ਮੈਂ ਫਿਰਾਂ ਦੋ ਜਹਾਨਾਂ ਧਰਮ ਧਾਰ ਮਹੱਲਾ, ਮਹੱਲ ਅਟੱਲ ਵੇਖ ਵਖਾਈਆ । ਜਿਥੇ ਮੇਰਾ ਸਾਹਿਬ ਸਵਾਮੀ ਵਸੇ ਇਕੱਲਾ, ਅਕਲ ਕਲਧਾਰੀ ਡੇਰਾ ਲਾਈਆ । ਉਥੇ ਤੇਲ ਬਾਤੀ ਦਾ ਦੀਪਕ ਕੋਇ ਨਾ ਬਲਾ, ਜਗਤ ਨੂਰ ਨਾ ਕੋਇ ਚਮਕਾਈਆ । ਇਹ ਖੇਲ ਸਵਾਮੀ ਦਾ ਵਲ ਛਲਾ, ਅਛਲ ਛਲ ਧਾਰੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਬੁਧੀ ਦਾ ਬਣੇ ਕੋਇ ਨਾ ਚਾਤਰ, ਚਾਤ੍ਰਕ ਜਗਤ ਜਹਾਨ ਜਣਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਜਗ ਆਵੇ ਆਵੇ ਭਗਤਾਂ ਦੀ ਖ਼ਾਤਰ, ਖਿਤੇ ਦੀਨ ਦੁਨੀ ਫੋਲ ਫੁਲਾਈਆ । ਜਿਸ ਦਾ ਖੇਲ ਸੁਹੰਜਣਾ ਸਤਾਰਾਂ ਹਾੜ ਦੀ ਰਾਤਰ, ਰੁਤੜੀ ਮਾਤ ਵਰਤਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਭ ਦੇ ਲੇਖੇ ਆਇਆ ਵਾਚਣ, ਵਿਚਰਨ ਦੀ ਲੋੜ ਰਹੀ ਨਾ ਰਾਈਆ । ਧੁਰ ਸੰਦੇਸਾ ਆਇਆ ਆਖਣ, ਸ਼ਬਦ ਫ਼ਰਮਾਨ ਜਣਾਈਆ । ਲਹਿਣਾ ਦੇਣਾ ਪੂਰਾ ਕਰੇ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਸੋ ਭੇਵ ਅਭੇਦਾ ਖੋਲ੍ਹੇ ਬਾਤਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਵੰਡ ਵੰਡਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਮੇਰੀਆਂ ਜੁਗ ਜੁਗ ਜਗਤ ਦੀਆਂ ਧਾਰਾ, ਧਰਨੀ ਉਤੇ ਖੇਲ ਖਿਲਾਈਆ । ਮਾਣ ਦੇ ਕੇ ਗੁਰ ਪੈਗ਼ੰਬਰ ਅਵਤਾਰਾ, ਅਵਤਰੀ ਹੋ ਕੇ ਖੇਲ ਖਿਲਾਈਆ ।

ਲਹਿਣਾ ਦੇਣਾ ਝੋਲੀ ਪਾਵਾਂ ਸੰਗ ਮੁਹੰਮਦ ਚਾਰ ਯਾਰਾ, ਯਾਰਾਨਾ ਕਦੀਮ ਨਾ ਕਦੇ ਭੁਲਾਈਆ । ਮੇਰਾ ਆਦਿ ਦਾ ਅੰਤ ਅੰਤ ਦਾ ਆਦਿ ਇਕੋ ਨਾਅਰਾ, ਨਰ ਨਰਾਇਣ ਹੋ ਕੇ ਦਿਆਂ ਸੁਣਾਈਆ । ਗੁਰਮੁਖ ਹੋਏ ਕੋਈ ਨਾ ਬਹਰਾ, ਬਹਿਰਾਹਾਲ ਭੇਵ ਚੁਕਾਈਆ । ਸਚ ਸਵਾਮੀ ਹੋ ਕੇ ਹੋਵੇ ਜਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਤੁਹਾਡਾ ਬੰਧਨ ਤੋੜ ਕੇ ਦਾਇਰਾ, ਆਤਮ ਬ੍ਰਹਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਆਪਣੀ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਚੌਕੜੀ ਸਦਾ ਤਿਆਰ, ਤ੍ਰੈਗੁਣ ਵਿਚ ਕਦੇ ਨਾ ਆਈਆ । ਨਿਤ ਨਵਿਤ ਮੇਰਾ ਵਿਵਹਾਰ, ਵਿਵਹਾਰੀ ਹੋ ਕੇ ਵੇਸ ਵਟਾਈਆ । ਨਾਓਂ ਧਰਾ ਕੇ ਪੈਗੰਬਰ ਗੁਰ ਅਵਤਾਰ, ਪੰਜਾਂ ਤਤਾਂ ਖੇਲ ਖਿਲਾਈਆ । ਸ਼ਬਦ ਕਲਮਾ ਪੁਜਾ ਕੇ ਧੁਰ ਦੀ ਧਾਰ, ਧਰਮ ਦੀਨ ਮਜ਼੍ਹਬ ਵਖਾਈਆ । ਖੇਲ ਖੇਲਦਾ ਰਿਹਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ ਬਣਾਈਆ । ਭਗਤ ਬੂਟੇ ਲਾਉਂਦਾ ਰਿਹਾ ਵਾਰੋ ਵਾਰ, ਅਪਰ ਅਪਾਰ ਆਪਣੀ ਦਇਆ ਕਮਾਈਆ । ਸਚ ਪੁਛੋ ਸਤਿਗੁਰ ਸ਼ਬਦ ਕਹੇ ਮੇਰੀ ਕਲਜੁਗ ਅੰਤਮ ਖਿੜੀ ਇਕ ਗੁਲਜ਼ਾਰ, ਭਗਤ ਦਵਾਰੇ ਸੋਭਾ ਪਾਈਆ । ਜਿਸ ਦੀ ਖ਼ੁਸ਼ਬੂ ਰੂਹ ਤੋਂ ਬਾਹਰ, ਜੰਗਲ ਜੂਹ ਹੱਥ ਕਿਸੇ ਨਾ ਆਈਆ । ਉਸ ਦੀ ਮਹਿਕ ਨਾਲ ਟਹਿਕ ਜਾਵੇ ਸੰਸਾਰ, ਸਤਿਗੁਰ ਦੇਵੇ ਮਾਣ ਵਡਿਆਈਆ । ਜਨ ਭਗਤਾਂ ਕਰ ਪਿਆਰ, ਪ੍ਰੀਤਮ ਹੋਵੇ ਆਪ ਸਹਾਈਆ । ਸਨਮੁਖ ਬਹਿ ਕੇ ਦਏ ਦੀਦਾਰ, ਸਤਿਗੁਰ ਸ਼ਬਦ ਵੱਜੇ ਵਧਾਈਆ । ਬਚਨ ਤੋਂ ਹੀਣ ਕਦੇ ਨਾ ਬਣੇ ਗ਼ਦਾਰ, ਗ਼ਦਾਰੀ ਵਿਚ ਕਦੇ ਨਾ ਆਈਆ । ਤੁਹਾਡੀ ਸਭ ਦੀ ਜਾਣੇ ਤਕਰਾਰ, ਕੀ ਮਨੂਆ ਕਰੇ ਲੜਾਈਆ । ਮਾਇਆ ਮਮਤਾ ਕੀ ਸ਼ਿੰਗਾਰ, ਸੋਹਣਾ ਰੂਪ ਸੁਹਾਈਆ । ਜਿਸ ਦੀ ਸਾਰੇ ਕਰਦੇ ਇੰਤਜ਼ਾਰ, ਇੰਤਜ਼ਾਮੀਆ ਵਡ ਵਡਿਆਈਆ । ਓਹ ਆ ਗਿਆ ਸਭ ਦਾ ਮੀਤ ਮੁਰਾਰ, ਮਿਤਰ ਪਿਆਰਾ ਅਗੰਮ ਅਥਾਹੀਆ । ਜਨ ਭਗਤਾਂ ਪਾਵੇ ਸਾਰ, ਮਹਾਸਾਰਥੀ ਵਡ ਵਡਿਆਈਆ । ਧਰਮ ਦੀ ਧਾਰ ਸਤਿਜੁਗ ਦੀ ਕਰ ਤਿਆਰ, ਤ੍ਰੈਗੁਣ ਅਤੀਤਾ ਆਪ ਸੁਹਾਈਆ । ਇਕੋ ਰੰਗ ਰੰਗਾ ਕੇ ਵਰਨ ਗੋਤ ਜ਼ਾਤ ਪਾਤ ਤੋਂ ਕਢੇ ਬਾਹਰ, ਬੰਧਨ ਕੂੜ ਨਾ ਕੋਇ ਵਖਾਈਆ । ਸ਼ਬਦ ਧਾਰ ਬਖ਼ਸ਼ ਜੈਕਾਰ, ਢੋਲਾ ਸੁਣਾਵੇ ਥਾਉਂ ਥਾਈਆ । ਸੋ ਬੇੜੇ ਕਰਨ ਆ ਗਿਆ ਪਾਰ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਚ ਦਾ ਖੇਲ ਕਰ ਸੰਸਾਰ, ਸਮਗ੍ਰੀ ਸਚ ਵਰਤਾਈਆ । ਬਿਨਾ ਨਾਮ ਕਲਮੇ ਤੋਂ ਕਿਸੇ ਦਾ ਰਹੇ ਨਾ ਕੋਇ ਅਧਾਰ, ਉਦਰ ਵਿਚ ਹੋਵੇ ਆਪ ਸਹਾਈਆ । ਕਰਨੀ ਦਾ ਕਰਤਾ ਕਰਤਾ ਪੁਰਖ ਕਰਤਾਰ, ਕੁਦਰਤ ਦਾ ਮਲਕ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਭਗਤ ਦਵਾਰੇ, ਦੋਹਰਾ ਰੂਪ ਬਦਲਾਈਆ । ਨੂਰੀ ਜੋਤ ਜੋਤ ਚਮਤਕਾਰੇ, ਚਮਤਕਾਰ ਖ਼ਲਕ ਖ਼ੁਦਾਈਆ । ਸਤਿ ਸਚ ਲਗਾ ਨਾਅਰੇ, ਨਰ ਨਰਾਇਣ ਹੁਕਮ ਜਣਾਈਆ । ਧਰਮ ਦੀ ਧਾਰ ਬਣ ਕੇ ਮੀਤ ਮੁਰਾਰੇ, ਮਿਤਰ ਪਿਆਰਾ ਇਕ ਅਖਵਾਈਆ । ਜਨ ਭਗਤੋ ਤੁਹਾਡੇ ਕਾਜ ਸਵਾਰੇ, ਕਾਜ ਜਗਤ ਵਾਲਾ ਬਣਾਈਆ । ਸ਼ਾਹ ਕੰਗਾਲ ਬਹਾ ਕੇ ਇਕ ਦਵਾਰੇ, ਇਕੋ ਦੇਵੇ ਮਾਣ ਵਡਿਆਈਆ । ਭਗਤੋ, ਭਗਤਾਂ ਦੇ ਸਭ ਤੋਂ ਵੱਡੇ ਭਗਤ ਭਾਈਚਾਰੇ, ਮਿਲਣੀ ਭਗਤਾਂ ਨਾਲ ਕਰਾਈਆ । ਖ਼ੁਸ਼ੀਆਂ ਨਾਲ ਅਨੰਦ ਕਾਰਜ ਹੋਵਣ ਸਾਰੇ, ਸ਼ਾਦਿਆਨੇ ਨਾਮ ਵਾਲੇ ਵਜਾਈਆ । ਕਿਰਪਾ ਕਰੇ ਆਪ ਨਿਰੰਕਾਰੇ, ਨਰ ਨਰਾਇਣ ਵਡ ਵਡਿਆਈਆ ।

੧੦੦੦
੨੩

ਜਿਸ ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿੱਖ ਈਸਾਈ ਇਕੱਠੇ ਕੀਤੇ ਸਾਰੇ, ਬਚਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਭਗਤਾਂ ਭਗਤ ਕਰਾਇਆ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਸਚ ਪ੍ਰੀਤ ਦਾ ਜੋੜ ਕੇ ਨਾਤ, ਨਾਤਾ ਆਪਣੇ ਨਾਲ ਵਖਾਈਆ । ਜਗਤ ਜਹਾਨ ਬਣ ਕੇ ਪਿਤਾ ਮਾਤ, ਸਚਖੰਡ ਦੀ ਗੋਦੀ ਆਪ ਟਿਕਾਈਆ । ਜਿਥੇ ਨਾ ਕੋਈ ਦਿਵਸ ਨਾ ਕੋਈ ਰਾਤ, ਰੈਣ ਅੰਧੇਰਾ ਰਹਿਣ ਕੋਇ ਨਾ ਪਾਈਆ । ਸੋ ਪੁਰਖ ਅਕਾਲਾ ਸਭ ਦਾ ਬਣ ਕੇ ਬਾਪ, ਪਤਿਪਰਮੇਸ਼ਵਰ ਆਪਣੇ ਰੰਗ ਰੰਗਾਈਆ । ਆਤਮ ਪਰਮਾਤਮ ਦਾ ਦੇ ਕੇ ਜਾਪ, ਸਿਖਿਆ ਸਤਿ ਕਰੇ ਪੜ੍ਹਾਈਆ । ਕਲਜੁਗ ਖੇਲ ਕਰੇ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਬਦਲਾਈਆ । ਜਨ ਭਗਤੋ ਤੁਹਾਡੀ ਕੀਮਤ ਪਾਏ ਆਪਣੇ ਹਾਟ, ਹਟਵਾਣਾ ਇਕੋ ਨਜ਼ਰੀ ਆਈਆ । ਭਾਗ ਲਗਾ ਕੇ ਕਾਇਆ ਮਾਟ, ਤਨ ਵਜੂਦ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਤਿਜੁਗ ਦਾ ਮਾਰਗ ਹੋਇਆ ਸ਼ੁਰੂ, ਝਗੜਾ ਸ਼ਰਅ ਵਾਲਾ ਮੁਕਾਈਆ । ਜਨ ਭਗਤੋ ਤੁਹਾਡਾ ਇਕੋ ਸ਼ਬਦ ਸੱਚਾ ਸਤਿਗੁਰੂ, ਦੂਸਰ ਓਟ ਨਾ ਕੋਇ ਤਕਾਈਆ । ਜਿਹੜਾ ਨਾ ਜਨਮੇ ਨਾ ਕਦੇ ਮਰੂ, ਮਰ ਜੀਵਤ ਰੂਪ ਨਾ ਕਦੇ ਬਦਲਾਈਆ । ਉਸ ਦੇ ਨਾਲ ਮਿਲ ਕੇ ਤੁਹਾਡਾ ਕਾਰਜ ਸਰੂ, ਕਾਰਜ ਭਗਤਾਂ ਵਾਲਾ ਦਏ ਬਣਾਈਆ । ਜਨ ਭਗਤ ਸੁਹੇਲਾ ਇਕੋ ਪੱਲਾ ਫੜੂ, ਆਪਣਾ ਬਲ ਧਰਾਈਆ । ਸਚ ਦੀ ਬੇੜੀ ਉਤੇ ਚੜ੍ਹੂ, ਲਹਿੰਦਾ ਚੜ੍ਹਦਾ ਧਿਆਨ ਲਗਾਈਆ । ਨਿਰਅੱਖਰ ਅੱਖਰ ਧਾਰ ਵਿਚੋਂ ਪੜ੍ਹੂ, ਪੁਸਤਕਾਂ ਤੋਂ ਬਾਹਰ ਕਰੇ ਸ਼ਨਵਾਈਆ । ਤੋੜ ਕੇ ਹੰਕਾਰੀ ਗੜ੍ਹੂ, ਪ੍ਰੇਮ ਪ੍ਰੀਤੀ ਇਕ ਵਖਾਈਆ । ਜਿਸ ਨਾਲ ਲੇਖਾ ਪੂਰਾ ਹੋਵੇ ਸੀਸ ਧੜੂ, ਦੋਹਾਂ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਹਾੜ ਕਹੇ ਮੇਰਾ ਪ੍ਰਵਿਸ਼ਟਾ ਅੱਠ ਦਸ ਅਠਾਰਾਂ, ਅਠਾਰਾਂ ਧਿਆਏ ਗੀਤਾ ਰਹੀ ਜਣਾਈਆ । ਜੋ ਸਵਾਮੀ ਵਸੇ ਸਭ ਤੋਂ ਬਾਹਰਾ, ਨੇਤਰ ਜਗ ਨਜ਼ਰ ਕਿਸੇ ਨਾ ਆਈਆ । ਸੋ ਕਲਜੁਗ ਅੰਤਮ ਹੋ ਕੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਸ਼ਰਅ ਵਾਲਾ ਨਹੀਂ ਕੋਈ ਦਾਇਰਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਇਕੋ ਆਪਣਾ ਹੁਕਮ ਵਰਤੇ ਸਾਰਾ, ਸਾਲਸ ਹੋ ਕੇ ਆਪ ਸਮਝਾਈਆ । ਮਾਣ ਦਵਾਏ ਮੂਰਖ ਮੁਗਧ ਗਵਾਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਗਤ ਪਿਆਰ ਬਖ਼ਸ਼ੇ ਆਪਣਾ ਪਿਆਰਾ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਆਤਮ ਪਰਮਾਤਮ ਦੀ ਧਾਰ ਨੂਰ ਉਜਿਆਰਾ, ਜੋਤ ਜੋਤ ਰੁਸ਼ਨਾਈਆ । ਤਤਾਂ ਦਾ ਤਤਵ ਤਤ ਅਖਾੜਾ, ਜਗਤ ਵੰਡ ਵੰਡਾਈਆ । ਜਨ ਭਗਤਾਂ ਦਾ ਮੇਲ ਅਠਾਰਾਂ ਹਾੜਾ, ਹਾੜਾ ਕਢ ਕੇ ਹਾੜ ਦਏ ਸੁਣਾਈਆ । ਪ੍ਰਭ ਕਾਇਆ ਚੋਲੀ ਚਾੜ੍ਹੇ ਰੰਗ ਗਾੜ੍ਹਾ, ਦੋ ਜਹਾਨ ਉਤਰ ਕਦੇ ਨਾ ਜਾਈਆ । ਕਰ ਪ੍ਰਕਾਸ਼ ਬਹੱਤਰ ਨਾੜਾ, ਲੋਇਣ ਅੰਦਰੋਂ ਦਏ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇਵਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਜਗਤ ਦਿਹਾੜ ਸੁਹਾਵਾਂ, ਸਚ ਧਰਮ ਵੱਜੇ ਵਧਾਈਆ । ਹਰਿਜਨ ਰਹੇ ਨਾ ਕੋਇ ਨਿਥਾਵਾਂ, ਥਾਨ ਥਨੰਤਰ ਇਕ ਸੁਹਾਈਆ । ਜਨ ਭਗਤਾਂ ਸਤਿਗੁਰ ਸ਼ਬਦ ਪੂਰ ਕਰਾਏ ਲਾਵਾਂ, ਚੌਥੀ ਮੰਜ਼ਲ ਆਪਣਾ ਪਰਦਾ ਲਾਹੀਆ । ਸਿਰ ਰਖੇ ਠੰਡੀਆਂ

੧੦੦੧
੨੩

ਛਾਵਾਂ, ਮਿਹਰਵਾਨ ਹੋਏ ਸਹਾਈਆ । ਜਿਸ ਨੇ ਸਭ ਦਾ ਹਕ ਬਖ਼ਸ਼ਿਆ ਸਾਂਵਾਂ, ਸਾਵਲ ਸੁੰਦਰ ਰੂਪ ਕਾਹਨ ਕਾਹਨਾ ਵੇਖ ਵਖਾਈਆ । ਅੱਜ ਖ਼ੁਸ਼ੀਆਂ ਹੋਵਣ ਪਿਤਾ ਮਾਂਵਾਂ, ਭੈਣ ਭਰਾਵਾਂ ਵੱਜੇ ਵਧਾਈਆ । ਸਾਕ ਸੱਜਣਾਂ ਇਕੋ ਜਿਹਾ ਦਾਅਵਾ, ਵੱਧ ਘੱਟ ਨਾ ਕੋਇ ਰਖਾਈਆ । ਗੁਰਮੁਖੋ ਤੁਹਾਡਾ ਇਕੋ ਜਿਹਾ ਪਹਿਰਾਵਾ, ਚਿੱਟਿਆਂ ਬਸਤਰਾਂ ਨਾਲ ਸੁਹਾਈਆ । ਕੀ ਤੁਹਾਡੀ ਭੇਟ ਚੜ੍ਹਾਵਾਂ, ਸਤਿਗੁਰ ਸ਼ਬਦ ਰਿਹਾ ਸੁਣਾਈਆ । ਜਨ ਭਗਤ ਕਹਿਣ ਕੋਈ ਭਗਤ ਰਹਿਣ ਨਾ ਦੇਵੀਂ ਲਾਵਾਂ, ਪਿਛੋਕੜ ਵੰਡ ਨਾ ਕੋਇ ਵੰਡਾਈਆ । ਸਾਨੂੰ ਹੰਸ ਬਣਾ ਦੇ ਕਾਂਵਾਂ, ਕਾਗ ਵਾਂਗ ਕੁਰਲਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਮੈਂ ਤੁਹਾਡੇ ਬਲ ਬਲ ਜਾਵਾਂ, ਜੋ ਬਲ ਦਾ ਲੇਖਾ ਪੂਰ ਕਰਾਈਆ । ਸਤਿ ਦਾ ਸਚ ਨਿਸ਼ਾਨ ਝੁਲਾਵਾਂ, ਦੋ ਜਹਾਨਾਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਗੁਰਮੁਖਾਂ ਕਾਇਆ ਖੇੜਿਆਂ ਨਗਰ ਗਰਾਵਾਂ, ਗ੍ਰਹਿ ਗ੍ਰਹਿ ਘਰ ਘਰ ਆਪਣਾ ਆਸਣ ਲਾਈਆ ।

### ✪ ੧੮ ਹਾੜ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਰਾਤ ਦੇ ਸਮੇਂ ✪

ਨਾਰਦ ਕਹੇ ਧਰਨੀਏ ਮੈਂ ਜੁਗ ਚੌਕੜੀ ਮਾਰੀਆਂ ਵਾਟਾਂ, ਵਟਣੇ ਮਲਣ ਵਾਲੀਏ ਤੇਰੇ ਉਤੇ ਫੇਰੀਆਂ ਪਾਈਆ । ਲੱਖ ਚੁਰਾਸੀ ਜੀਵਾਂ ਜੰਤਾਂ ਜੋਤੀ ਜਗਦੀਆਂ ਵੇਖੀਆਂ ਲਾਟਾਂ, ਲਾਟਾਂ ਵਾਲੀਏ ਤੇਰਾ ਧਿਆਨ ਰਖਾਈਆ । ਦਿਵਸ ਰੈਣ ਘੜੀ ਪਲ ਤੱਕਦਾ ਰਿਹਾ ਤੇਰੀਆਂ ਵਾਧਾਂ ਘਾਟਾਂ, ਨਫ਼ੇ
੧੦੦੨ ੨੩ ਨੁਕਸਾਨਾਂ ਖੋਜ ਖੁਜਾਈਆ । ਸੌਂਦਾ ਰਿਹਾ ਤੇਰੀ ਸੁਹੰਜਣੀ ਸੇਜ ਜਗਤ ਖਾਟਾ, ਆਸਣ ਸਿੰਘਾਸਣ ਨਾਲ ਮਿਲਾਈਆ । ਤੇਰੇ ਨਾਲ ਮੇਰਾ ਧਰਮ ੧੦੦੨ ੨੩
ਦਾ ਜੁੜਿਆ ਰਿਹਾ ਨਾਤਾ, ਨਾਤਵਾਂ ਤੈਨੂੰ ਦਿਆਂ ਜਣਾਈਆ । ਸਤਿਗੁਰ ਸ਼ਬਦ ਦੀਆਂ ਸੁਣਦਾ ਰਿਹਾ ਬਾਤਾ, ਜੋ ਬਾਤਨ ਆਪਣਾ ਹੁਕਮ ਸੁਣਾਈਆ । ਦੀਨ ਮਜ਼੍ਹਬ ਰੰਗ ਤੱਕਦਾ ਰਿਹਾ ਜਾਤਾ ਪਾਤਾ, ਸ਼ਰਅ ਸ਼ਰੀਅਤ ਵੇਖ ਵਖਾਈਆ । ਜੁਗ ਚੌਕੜੀ ਖੇਲ ਤਮਾਸ਼ੇ ਤੇਰੇ ਤੱਕਦਾ ਰਿਹਾ ਦਿਵਸ ਰਾਤਾ, ਰੈਣ ਭਿੰਨੜੀ ਨਾਲ ਮਿਲਾਈਆ । ਓਹ ਅੰਮੀਏ ਜਗਤ ਦੀਏ ਮੰਮੀਏ ਤੇਰਾ ਚਿੱਟਾ ਹੋ ਗਿਆ ਝਾਟਾ, ਧਵਲੇ ਧੌਲੇ ਆਪਣੇ ਵੇਖ ਵਖਾਈਆ । ਤੇਰਾ ਚੀਥੜ ਪੁਰਾਣਾ ਬਸਤਰ ਅੰਤਮ ਪਾਟਾ, ਓਢਣ ਰੰਗ ਨਾ ਕੋਇ ਰੰਗਾਈਆ । ਮੈਂ ਦਿਵਸ ਰੈਣ ਬਿਨ ਕਦਮਾਂ ਤੋਂ ਰਿਹਾ ਨਾਠਾ, ਭੱਜਿਆ ਵਾਹੋ ਦਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਉਤੇ ਜਗਤ ਲਹਿਰ ਦੀਆਂ ਵੇਖੀਆਂ ਠਾਠਾ, ਬਿਨ ਨੈਣਾਂ ਨੈਣ ਉਠਾਈਆ । ਮੈਂ ਜੁਗ ਚੌਕੜੀ ਬਣਿਆ ਰਿਹਾ ਹਾਠਾ, ਬਲ ਆਪਣਾ ਆਪ ਵਧਾਈਆ । ਖੇਲ ਤੱਕਦਾ ਰਿਹਾ ਪੁਰਖ ਸਮਰਾਥਾ, ਜੋ ਅਵਤਾਰ ਪੈਗ਼ੰਬਰ ਗੁਰੂ ਨਾਉਂ ਧਰਾਈਆ । ਨਾਮ ਕਲਮਿਆਂ ਦੀਆਂ ਸੁਣਦਾ ਰਿਹਾ ਗਾਥਾ, ਰਸਨਾ ਵਾਲੇ ਢੋਲੇ ਜਗਤ ਵਡਿਆਈਆ । ਸੀਸ ਝੁਕਦੇ ਵੇਂਹਦਾ ਰਿਹਾ ਧੂੜੀ ਲਗਦੀ ਵੇਖੀ ਮਸਤਕ ਖ਼ਾਕਾ, ਆਪਣਾ ਰੰਗ ਬਣਾਈਆ । ਰੂਪ ਅਨੂਪ ਤੱਕਦਾ ਰਿਹਾ ਅਗੰਮੀ ਆਕਾ, ਜੋ ਅਕਲ ਕਲਧਾਰੀ ਇਕ ਅਖਵਾਈਆ । ਲਾਰੇ ਵੇਖਦਾ ਰਿਹਾ ਉਸ ਦੇ ਅਗੰਮੀ ਨਿੱਕੇ ਕਾਕਾ, ਜੋ ਨਿੱਕਾ ਵੱਡਾ ਰੂਪ ਨਾ ਕਦੇ ਬਦਲਾਈਆ । ਉਸ ਮੈਨੂੰ ਸ਼ਬਦ ਸੰਦੇਸ਼ਾ ਹਮੇਸ਼ਾ ਲਈ ਇਕੋ ਆਖਾ, ਅੱਖਰਾਂ ਤੋਂ ਬਾਹਰ ਸੁਣਾਈਆ । ਓਏ ਨਾਰਦਾ ਪਰਮ ਪੁਰਖ ਜਨ ਭਗਤਾਂ ਬਣਿਆ ਰਹੇ ਸਦਾ ਰਾਖਾ, ਰਖਕ ਹੋ ਕੇ ਵੇਖ ਵਖਾਈਆ । ਮੇਰੇ ਅੰਤਰ ਨਿਰੰਤਰ ਇਕੋ

ਮੰਤਰ ਭਾਖਾ, ਭਾਖਿਆ ਅੰਤਰ ਅੰਤਰ ਉਪਜਾਈਆ । ਕੀ ਖੇਲ ਕਰੇ ਮੇਰਾ ਪੁਰਖ ਅਲਖਣਾ ਅਲਾਖਾ, ਅਲਖ ਅਗੋਚਰ ਕੀ ਕਾਰ ਭੁਗਤਾਈਆ । ਮੈਂ ਕਿਸ ਬਿਧ ਕਰਾਂ ਭਰਵਾਸਾ, ਯਕੀਨ ਇਤਿਮਾਦ ਨਾਲ ਰਖਾਈਆ । ਮੈਨੂੰ ਖ਼ਬਰ ਆਈ ਉਤੋਂ ਆਕਾਸ਼ਾ, ਬਿਨਾ ਸਰਵਣਾਂ ਦਿਤਾ ਸੁਣਾਈਆ । ਆਹ ਵੇਖ ਪ੍ਰਭੂ ਦੀ ਰਾਸਾ, ਬਿਨ ਮੰਡਲਾਂ ਦਏ ਵਖਾਈਆ । ਜਿਸ ਦਾ ਸਚਖੰਡ ਨੂਰ ਜੋਤ ਪ੍ਰਕਾਸ਼ਾ, ਦੋ ਜਹਾਨ ਕਰੇ ਰੁਸ਼ਨਾਈਆ । ਉਸ ਦਾ ਅੰਤਮ ਸੰਬਲ ਹੋਣਾ ਵਾਸਾ, ਸੰਭਲ ਆਪਣਾ ਆਪ ਟਿਕਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੀਆਂ ਸ਼ਾਖ਼ਾ, ਜੁਗ ਜੁਗ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਆਪਣੇ ਹੱਥ ਰਖਾਈਆ । ਨਾਰਦ ਕਹੇ ਸੁਣ ਨੀ ਜਗਤ ਦੀ ਧਰਨੀ ਮਈਆ, ਮੰਮੀਏ ਅੰਮੀਏ ਤੈਨੂੰ ਦਿਆਂ ਜਣਾਈਆ । ਬਾਂਹ ਕਢ ਕੇ ਇਸ਼ਾਰਾ ਦੇਵੇ ਅਗੰਮੀ ਬਹੀਆ, ਜਿਸ ਦਾ ਰੂਪ ਨਜ਼ਰ ਕੋਇ ਨਾ ਆਈਆ । ਉਹ ਤੱਕ ਸਵਾਮੀ ਆਪਣਾ ਸਈਆ, ਜੋ ਸਈਆ ਸਖ਼ੀਆਂ ਲੱਖ ਚੁਰਾਸੀ ਹੰਢਾਈਆ । ਜਿਸ ਨੂੰ ਰਾਮ ਨੇ ਕਿਹਾ ਰਮਈਆ, ਕ੍ਰਿਸ਼ਨ ਕਾਹਨ ਭਗਵਾਨ ਮੰਨ ਕੇ ਸੀਸ ਨਿਵਾਈਆ । ਪੈਗ਼ੰਬਰਾਂ ਕਿਹਾ ਨੂਰ ਅਲਹੀਆ । ਅੱਲਾ ਆਲਮੀਨ ਵਡਿਆਈਆ । ਗੁਰੂਆਂ ਕਿਹਾ ਹਰ ਘਟ ਸਮਈਆ, ਸਮੀਪਤ ਖ਼ਲਕ ਖ਼ੁਦਾਈਆ । ਜਿਸ ਬਿਨ ਥੰਮਾਂ ਗਗਨ ਰਹਈਆ, ਰਹਿਮਤ ਹਕ ਕਮਾਈਆ । ਉਹ ਪੂਰਾ ਕਰ ਕੇ ਗਿਆ ਗੋਬਿੰਦ ਦਾ ਢਈਆ, ਢੌਂਕਾ ਤੇਰੇ ਤੋਂ ਪਰੇ ਲਗਾਈਆ । ਜਿਹੜਾ ਆਦਿ ਜੁਗਾਦੀ ਸ਼ਬਦ ਨਾਦ ਵਜਾਈਆ, ਧੁਨ ਅੰਤਰ ਅੰਤਰ ਸੁਣਾਈਆ । ਉਸ ਦਾ ਵਹਿਣ ਤੱਕ ਲੈ ਕਿਸ ਬਿਧ ਚਲਦੀ ਨਈਆ, ਨੌਕਾ ਨਾਮ ਚਲਾਈਆ । ਜਿਸ ਨੂੰ ਬੁਲ੍ਹੇ ਗਾਇਆ ਕਹਿ ਕੇ ਥਈਆ ਥਈਆ, ਦਈਆ ਦਈਆ ਕਹਿ ਕੇ ਸੀਸ ਨਿਵਾਈਆ । ਦਰੋਹੀ ਓਹਦੇ ਹੁਕਮ ਤੋਂ ਹੁਕਮ ਵਿਚ ਰਾਏ ਧਰਮ ਕਢ ਕੇ ਬੈਠਾ ਵਹੀਆ, ਲੇਖੇ ਨੈਣਾਂ ਨਾਲ ਤਕਾਈਆ । ਚਿਤ੍ਰਗੁਪਤ ਜੋ ਪਾਉਂਦਾ ਰਿਹਾ ਸਭ ਤੇ ਸਹੀਆ, ਸ਼ਹਾਦਤ ਹੁਕਮ ਵਾਲੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਨੀ ਜਗਤ ਦੀ ਅੰਮੀਜਾਨ, ਅੰਮੜੀਏ ਦਿਆਂ ਜਣਾਈਆ । ਤੇਰੇ ਉਤੇ ਜੁਗ ਬੀਤੇ ਕੋਟ ਮਹਾਨ, ਆਪਣਾ ਆਪਣਾ ਪੰਧ ਮੁਕਾਈਆ । ਤੂੰ ਖੇਲ ਵੇਖੇ ਸੀਤਾ ਰਾਮ, ਗੋਪੀਆਂ ਵਾਲੇ ਕਾਹਨ ਖ਼ੁਸ਼ੀਆਂ ਗਏ ਬਣਾਈਆ । ਪੈਗ਼ੰਬਰ ਸੁਣਦੇ ਵੇਖੇ ਪੈਗ਼ਾਮ, ਸੋਹਲੇ ਧੁਰਦਰਗਾਹੀਆ । ਗੁਰ ਸਤਿਗੁਰ ਸੁਣਦੇ ਰਹੇ ਸਤਿਨਾਮ, ਨਾਮ ਸਤਿ ਸਤਿ ਜਣਾਈਆ । ਨੀ ਤੂੰ ਖ਼ਬਰਾਂ ਸੁਣੀਆਂ ਆਉਣਾ ਅਗੰਮ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਤੂੰ ਜਾਣਿਆ ਮੇਰਾ ਨਿਹਕਲੰਕ ਬਲੀ ਬਲਵਾਨ, ਕਲ ਕਲਕੀ ਇਕ ਅਖਵਾਈਆ । ਜਿਸ ਨੇ ਜੁਗ ਚੌਕੜੀ ਦਾ ਮੇਰੇ ਉਤੋਂ ਬਦਲ ਦੇਣਾ ਵਿਧਾਨ, ਵਾਅਦੇ ਸਭ ਦੇ ਪੂਰ ਕਰਾਈਆ । ਆਪ ਬਣ ਕੇ ਸ਼ਾਹ ਸੁਲਤਾਨ, ਸ਼ਹਿਨਸ਼ਾਹ ਨੂਰ ਚਮਕਾਈਆ । ਬੇਖ਼ਬਰਾਂ ਖ਼ਬਰ ਸੰਦੇਸ਼ੇ ਦੇਵੇ ਆਣ, ਫ਼ਰਮਾਨੇ ਧੁਰਦਰਗਾਹੀਆ । ਜੋ ਆਦਿ ਜੁਗਾਦੀ ਨੌਜਵਾਨ, ਜੋਬਨਵੰਤਾ ਖੇਲ ਖਿਲਾਈਆ । ਜਿਸ ਨੂੰ ਸਭ ਨੇ ਮੰਨਿਆ ਸ੍ਰੀ ਭਗਵਾਨ, ਭਗਵਨ ਹੋ ਕੇ ਹੁਕਮ ਵਰਤਾਈਆ । ਉਹ ਮਿਹਰਵਾਨ ਮਹਿਬੂਬਾ ਅੰਤਮ ਬਹਿ ਕੇ ਸੰਬਲ ਆਪਣੇ ਵਿਚ ਮਕਾਨ, ਮੁਕਾਮੇ ਹਕ ਦਾ ਖੇਲ ਖਿਲਾਈਆ । ਜਿਸ ਨੂੰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਝੁਕਣੇ ਤਮਾਮ, ਸਜਦਿਆਂ ਵਿਚ ਸੀਸ ਝੁਕਾਈਆ । ਉਹਦਾ ਖੇਲ ਜਾਣੇ ਨਾ ਕੋਇ ਵਿਚ ਅਵਾਮ, ਆਮ ਸਮਝ ਕਿਸੇ ਨਾ ਆਈਆ । ਉਸ ਨੇ ਜੋ ਖੇਲ ਕਰਨਾ ਜੋਤ ਸ਼ਬਦ

ਦੀ ਧਾਰ ਨਾਲ ਬਨਾਮ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਨੀ ਉਸ ਦਾ ਸੁਣ ਲੈ ਪੈਗ਼ਾਮ, ਕੀ ਤੇਰੇ ਉਤੇ ਰਿਹਾ ਜਣਾਈਆ । ਧਰਨੀ ਕਹੇ ਮੈਂ ਰੋ ਰੋ ਕੇ ਦੱਸਾਂ ਆਪਣੇ ਅਮਾਮ, ਕੂਕ ਕੂਕ ਸੁਣਾਈਆ । ਤੇਰੇ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਸਤਿ ਨਜ਼ਰ ਕੋਇ ਨਾ ਆਈਆ । ਹਕੀਕੀ ਪੀਏ ਕੋਇ ਨਾ ਜਾਮ, ਹਕੀਕਤ ਵਿਚ ਨਾ ਕੋਇ ਸਮਾਈਆ । ਤੇਰੇ ਅਵਤਾਰ ਪੈਗ਼ੰਬਰ ਗੁਰੂ ਮੇਰੇ ਉਤੇ ਹੁਣ ਕਰ ਸਕਦੇ ਨਹੀਂ ਇੰਤਜ਼ਾਮ, ਬੰਦੋਬਸਤ ਸਚ ਨਾ ਕੋਇ ਵਖਾਈਆ । ਪ੍ਰਭੂ ਮਾਣ ਰਿਹਾ ਨਹੀਂ ਤੇਰੇ ਕੋਈ ਕਲਾਮ, ਕਲਮੇ ਰੋਵਣ ਮਾਰਨ ਧਾਹੀਆ । ਸਭ ਦੇ ਹੁੰਦਿਆਂ ਹੋਈ ਅੰਧੇਰੀ ਸ਼ਾਮ, ਸ਼ਮਅ ਨੂਰ ਚੰਦ ਨਾ ਕੋਇ ਰੁਸ਼ਨਾਈਆ । ਜਿਧਰ ਤੱਕਾਂ ਮੇਰੇ ਉਤੇ ਹੋਏ ਹਰਾਮ, ਹੁਰਮਖ਼ਾਨੇ ਸਾਰੇ ਰਹੇ ਕੁਰਲਾਈਆ । ਤੁਧ ਬਿਨ ਸੱਚਾ ਹੋਏ ਨਾ ਕੋਇ ਮਿਹਰਵਾਨ, ਮਿਹਰ ਨਜ਼ਰ ਨਾ ਕੋਇ ਉਠਾਈਆ । ਤੇਰਾ ਨੂਰ ਭੁਲ ਗਏ ਤੇਰੇ ਇਨਸਾਨ, ਜ਼ਹੂਰ ਵਿਚ ਨਾ ਕੋਇ ਸਮਾਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਅਗੇ ਵਾਸਤਾ ਪਾਈਆ । ਜੇ ਤੂੰ ਆ ਗਿਆ ਨਿਰਗੁਣ ਰੂਪ ਮਹਾਨ, ਆਪਣਾ ਵੇਸ ਵਟਾਈਆ । ਮੈਂ ਨਿਮਾਣੀ ਕੋਝੀ ਕਮਲੀ ਨੂੰ ਦੇ ਦੇ ਇਕੋ ਦਾਨ, ਦਾਤੇ ਦਾਨੀ ਦਇਆ ਕਮਾਈਆ । ਤੇਰੀ ਸ੍ਰਿਸ਼ਟੀ ਮੇਰੇ ਉਤੇ ਖ਼ਾਕ ਰਹੀ ਛਾਣ, ਸ਼ਹਿਨਸ਼ਾਹ ਤੇਰੇ ਰੰਗ ਨਾ ਕੋਇ ਸਮਾਈਆ । ਕਲਜੁਗ ਜੀਵ ਹੋਏ ਅਣਜਾਣ, ਬੁਧ ਬਿਬੇਕ ਨਾ ਕੋਇ ਬਣਾਈਆ । ਮੈਂ ਜਿਧਰ ਤੱਕਾਂ ਰਾਓ ਰੰਕ ਕੁਰਲਾਣ, ਕਾਅਬਿਆਂ ਪਈ ਦੁਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਨੇਤਰ ਨੀਰ ਵਹਾਣ, ਗੁਰੂਦਵਾਰ ਗੋਦ ਨਾ ਕੋਇ ਸੁਹਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਤੂੰ ਰਹਿਮਤਾਂ ਦਾ ਰਹਿਮਾਨ, ਰਹੀਮ ਕਰੀਮ ਨੂਰ ਅਲਾਹੀਆ । ਮੇਰੀ ਸਦਾ ਸਾਚੇ ਦਰ ਕਰੀਂ ਪ੍ਰਵਾਨ, ਪਰਮ ਪੁਰਖ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਵੇਖ ਵਖਾਈਆ । ਧਰਨੀ ਕਹੇ ਨਾਰਦਾ ਪ੍ਰਭੂ ਅਗੇ ਕਰੀਏ ਅਰਦਾਸਾ, ਬੇਨੰਤੀ ਅਰਜ਼ ਇਕ ਜਣਾਈਆ । ਨਾਰਦ ਕਹੇ ਧਰਨੀਏ ਸ਼ੰਕਰ ਨੂੰ ਸਦ ਲੈ ਉਤੋਂ ਕੈਲਾਸ਼ਾ, ਆਪਣਾ ਸੰਗ ਬਣਾਈਆ । ਬ੍ਰਹਮੇ ਨੂੰ ਆਵਾਜ਼ ਮਾਰ ਲੈ ਆ ਜਾ ਮੇਰੇ ਪਾਸਾ, ਬ੍ਰਹਮ ਦੀ ਧਾਰ ਵੇਖ ਵਖਾਈਆ । ਵਿਸ਼ਨੂੰ ਨੂੰ ਕਹਿ ਵਿਸ਼ਵ ਦਾ ਤੱਕ ਲੈ ਖ਼ੁਲਾਸਾ, ਪਰਦਾ ਖ਼ੁਦ ਉਠਾਈਆ । ਅਵਤਾਰਾਂ ਨੂੰ ਆਖ ਲੈ ਉਹ ਤੱਕ ਲਓ ਆਪਣੀਆਂ ਰਾਸਾ, ਰਸਤੇ ਵੇਖੋ ਚਾਈਂ ਚਾਈਂਆ । ਪੈਗ਼ੰਬਰਾਂ ਨੂੰ ਕਹਿ ਦੇ ਕਾਇਨਾਤ ਦੀਆਂ ਤੱਕ ਲਓ ਸ਼ਾਖ਼ਾ, ਸ਼ਰਅ ਵਾਲੀਆਂ ਧਿਆਨ ਲਗਾਈਆ । ਗੁਰੂਆਂ ਨੂੰ ਕਹਿ ਦੇ ਆਪਣੇ ਭਵਿਖ ਦੀਆਂ ਜਾਣ ਲਓ ਬਾਤਾ, ਪਰਦੇ ਬਾਤਨ ਬਾਤਨ ਖੁਲਾਈਆ । ਫੇਰ ਆਪਣਾ ਤੱਕ ਲੈ ਨੌ ਖੰਡ ਪ੍ਰਿਥਮੀ ਵਾਲਾ ਅਹਾਤਾ, ਸਤਾਂ ਦੀਪਾਂ ਖੋਜ ਖੁਜਾਈਆ । ਨਿਗਾਹ ਮਾਰ ਲੈ ਉਤੇ ਤੀਰਥ ਤਾਟਾ, ਕਾਅਬਿਆਂ ਮਕਬਰਿਆਂ ਕਬਰਾਂ ਫੋਲ ਫੁਲਾਈਆ । ਫੇਰ ਵੇਖ ਲੈ ਤੇਰੇ ਉਤੇ ਦੀਨ ਦੁਨੀ ਦੇ ਮਜ਼੍ਹਬਾਂ ਦਾ ਖੁਲ੍ਹਿਆ ਹਾਟਾ, ਹੱਟੀਆਂ ਬਣਾਉਣ ਵਾਲੀਏ ਆਪਣੀ ਨਿਗਾਹ ਉਠਾਈਆ । ਝਟ ਧਰਨੀ ਨੇ ਬਚਨ ਨਾਰਦ ਨੂੰ ਆਖਾ, ਅੱਖੀਆਂ ਵਿਚੋਂ ਨੀਰ ਵਹਾ ਕੇ ਦਿਤਾ ਸੁਣਾਈਆ । ਨਾਰਦਾ ਓਹ ਸਾਹਿਬ ਮੇਰਾ ਅਬਿਨਾਸ਼ਾ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜਿਸ ਦਾ ਹਰ ਘਟ ਅੰਦਰ ਵਾਸਾ, ਰਮਿਆ ਰੂਪ ਅਨੂਪ ਨੂਰ ਅਲਾਹੀਆ । ਮੈਨੂੰ ਤੇ ਐਵੇਂ ਬਣਾ ਦਿਤਾ ਜਗਤ ਦੀ ਮਾਤਾ, ਮਈਆ ਹੋ ਕੇ ਆਪ ਆਪਣਾ ਮੁਖ ਛੁਪਾਈਆ । ਮੈਂ ਸਚ ਦਾ ਬਚਨ ਆਖਾ, ਕਹਿ ਦੇ ਦਿਆਂ ਸੁਣਾਈਆ । ਜੇ ਮੈਂ ਸੱਚੀ ਮਾਂ ਹੋਵਾਂ ਆਪਣੇ ਉਤੇ ਸਾੜ ਫੂਕ ਕੇ ਆਪਣਿਆਂ ਬੱਚਿਆਂ ਦੀ ਕਦੀ ਨਾ ਵੇਖਾਂ ਰਾਖਾ,

ਮਕਬਰਿਆਂ ਵਿਚ ਨਾ ਕਦੇ ਦਬਾਈਆ । ਮਾਤਾ ਸਦਾ ਬੱਚਿਆਂ ਆਪਣਿਆਂ ਨੂੰ ਚੁੱਕਦੀ ਆਪਣੇ ਢਾਕਾ, ਮੋਢਿਆਂ ਨਾਲ ਲਗਾਈਆ । ਮੈਂ ਨਿਮਾਣੀ ਜੁਗ ਚੌਕੜੀ ਨਾਰਦਾ ਅਜੇ ਤੱਕ ਜੰਮਿਆ ਨਹੀਂ ਕੋਈ ਕਾਕਾ, ਜਿਸ ਨੂੰ ਪਿਆਰ ਨਾਲ ਉਠਾਈਆ । ਮੇਰਾ ਕਿਸੇ ਦੇ ਨਾਲ ਨਹੀਂ ਕੋਈ ਸਾਕਾ, ਨਾਤਾ ਜਗਤ ਨਾ ਕੋਇ ਰਖਾਈਆ । ਵੇ ਕਮਲਿਆ ਮੈਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀਆਂ ਰਹਿਣ ਨਹੀਂ ਦਿਤੀਆਂ ਲਾਸ਼ਾਂ, ਸ਼ਰੀਰ ਨਜ਼ਰ ਕਿਸੇ ਨਾ ਆਈਆ । ਮੇਰੇ ਅੰਦਰ ਮਾਂ ਵਾਲੀ ਮੁਹੱਬਤ ਨਹੀਉਂ ਕੋਈ ਮਾਸਾ, ਰਤੀ ਰਤੀ ਰੰਗ ਨਾ ਕੋਇ ਰੰਗਾਈਆ । ਮੈਂ ਜੁਗ ਚੌਕੜੀ ਸਗੋਂ ਵੇਖਦੀ ਰਹੀ ਤਮਾਸ਼ਾ, ਆਪਣੇ ਅੰਗਣ ਧਿਆਨ ਲਗਾਈਆ । ਸੁਣਦੀ ਰਹੀ ਅਗੰਮੀ ਆਵਾਜ਼ਾ, ਜੋ ਅਨਾਦੀ ਧੁਨ ਨਾਲ ਸ਼ਨਵਾਈਆ । ਖੇਲ ਤੱਕਦੀ ਰਹੀ ਸ਼ਹਿਨਸ਼ਾਹ ਰਾਜਾ, ਕੀ ਭੂਪ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਧਰਨੀ ਕਹੇ ਨਾਰਦਾ ਮੇਰਾ ਸਾਹਿਬ ਧੁਰ ਦੀ ਮਾਈ, ਪਿਤਾ ਇਕੋ ਇਕ ਅਖਵਾਈਆ । ਜਿਸ ਜੁਗ ਜੁਗ ਭਗਤਾਂ ਪੈਜ ਰਖਾਈ, ਸਿਰ ਆਪਣਾ ਹੱਥ ਟਿਕਾਈਆ । ਆਪਣੇ ਵਿਚੋਂ ਜੋਤ ਪ੍ਰਗਟਾਈ, ਅੰਤ ਆਪਣੇ ਵਿਚ ਸਮਾਈਆ । ਨਿਰਗੁਣ ਨੂਰ ਕਰ ਰੁਸ਼ਨਾਈ, ਦੀਪਕ ਦੀਆ ਦਿਤਾ ਜਗਾਈਆ । ਸ਼ਬਦ ਧੁਨ ਨਾਦ ਕਰ ਸ਼ਨਵਾਈ, ਹੁਕਮ ਸੰਦੇਸਾ ਇਕ ਸਮਝਾਈਆ । ਅੰਮ੍ਰਿਤ ਬੂੰਦ ਸਵਾਂਤੀ ਨਿਝਰ ਝਿਰਨਾ ਜਾਮ ਪਿਆਈ, ਪਿਆਲਾ ਹੱਥ ਨਾ ਕੋਇ ਉਠਾਈਆ । ਜਨ ਭਗਤ ਬਣਾ ਕੇ ਆਪਣੇ ਮਾਰਗ ਰਾਹੀ, ਰਹਿਬਰ ਹੋ ਕੇ ਰਾਹ ਵਖਾਈਆ । ਮੇਰੇ ਉਤੇ ਦੇਂਦਾ ਰਿਹਾ ਵਡਿਆਈ, ਜਿਸ ਸਿਰ ਆਪਣਾ ਹੱਥ ਟਿਕਾਈਆ । ਉਹ ਗਾਉਂਦਾ ਰਹੇ ਚਾਈਂ ਚਾਈਂ, ਚਾਓ ਘਨੇਰਾ ਨਾਲ ਜਣਾਈਆ । ਉਹ ਭਗਤਾਂ ਦੀ

੧੦੦੫
੨੩
ਕੱਟ ਨਾ ਸਕੇ ਜੁਦਾਈ, ਜੁਗ ਵਿਛੜੇ ਆਪਣੇ ਨਾਲ ਮਿਲਾਈਆ । ਧਰਨੀ ਕਹੇ ਜਿਸ ਭਗਤਾਂ ਦੇ ਅੰਦਰ ਆਪਣੀ ਸੇਜ ਵਿਛਾਈ, ਵਿਸ਼ਿਆਂ ਤੋਂ ਬਾਹਰ ਡੇਰਾ ਲਾਈਆ । ਸਚ ਦਾ ਬਣ ਕੇ ਇਕ ਗੁਸਾਈਂ, ਗੋਦ ਆਪਣੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾਤਾ ਇਕ ਅਖਵਾਈਆ । ਨਾਰਦ ਕਹੇ ਧਰਨੀਏ ਤੂੰ ਕੀ ਦੱਸੇਂ ਵਿਚਾਰਾ, ਕਹਿ ਕੇ ਕੀ ਸੁਣਾਈਆ । ਮੈਂ ਉਸੇ ਦਾ ਸੁਤ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਜਿਹੜਾ ਜੁਗ ਜੁਗ ਰਿਹਾ ਕਵਾਰਾ, ਕਵਾਰੀਏ ਤੇਰੇ ਉਤੇ ਆਪਣਾ ਫੇਰਾ ਪਾਈਆ । ਮੈਨੂੰ ਸਚ ਦੱਸ ਕਿਹੜਾ ਖ਼ਸਮ ਤੁਮਹਾਰਾ, ਕਵਣ ਤੇਰੀ ਸੇਵ ਕਮਾਈਆ । ਕਵਣ ਮੁਹੱਬਤ ਕਰੇ ਪਿਆਰਾ, ਕਵਣ ਆਪਣਾ ਰੰਗ ਰੰਗਾਈਆ । ਤੇਰਾ ਕਵਣ ਕੰਤ ਕੰਤੂਹਲ ਕਿਹੜਾ ਸਚ ਭਤਾਰਾ, ਮਾਲਕ ਕਵਣ ਅਖਵਾਈਆ । ਧਰਨੀ ਰੋ ਕੇ ਮਾਰਿਆ ਨਾਅਰਾ, ਦੁਹੱਥੜ ਪੱਟਾਂ ਉਤੇ ਲਗਾਈਆ । ਵੇ ਨਾਰਦਾ ਮੈਂ ਰੋਵਾਂ ਜਾਰੋ ਜਾਰਾ, ਨੈਣਾਂ ਨੀਰ ਵਹਾਈਆ । ਅਵਤਾਰ ਪੈਗ਼ੰਬਰ ਗੁਰੂ ਮੈਨੂੰ ਦੇਂਦੇ ਗਏ ਇਸ਼ਾਰਾ, ਸਿਫ਼ਤਾਂ ਨਾਲ ਸੁਣਾਈਆ । ਨੀ ਧਰਨੀਏ ਮਰਨੀਏ ਜਿਸ ਵੇਲੇ ਕਲ ਕਲਕੀ ਤੇਰੇ ਉਤੇ ਆਏ ਚਵ੍ਹੀਆਂ ਅਵਤਾਰਾ, ਚੌਬੀਸਾ ਰੂਪ ਬਦਲਾਈਆ । ਤੂੰ ਸੁਲੱਖਣੀ ਉਸ ਦੀ ਪਤਨੀ ਬਣੀਂ ਸਚ ਦੀ ਨਾਰਾ, ਨਰ ਨਰਾਇਣ ਇਕ ਹੰਢਾਈਆ । ਪਰ ਯਾਦ ਰਖੀਂ ਉਸ ਦਾ ਰੂਪ ਹੋਣਾ ਨਿਆਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਸ ਵੇਸ ਵਟਾ ਕੇ ਤੇਰੇ ਉਤੇ ਆਉਣਾ ਦੋਬਾਰਾ, ਦੋਹਰੀ ਖੇਲ ਖਿਲਾਈਆ । ਬਣ ਅਗੰਮੀ ਲਾੜਾ, ਸਿਹਰਾ ਸੀਸ ਜਗਦੀਸ਼ ਟਿਕਾਈਆ । ਤੂੰ ਉਸ ਦੇ ਚਰਨਾਂ ਕਵਲਾਂ ਲਾਉਣੀ ਧੂੜ ਛਾਰਾ, ਸ਼ਰਅ ਦਾ ਡੇਰਾ ਢਾਹੀਆ । ਕਮਲੀਏ ਉਸ ਕਮਲਾਪਾਤ ਦਾ ਕਰੀਂ ਇੰਤਜ਼ਾਰਾ, ਅੰਤ ਉਸੇ ਦਾ

ਰਾਹ ਤਕਾਈਆ । ਜਿਸ ਦਾ ਸੰਬਲ ਹੋਣਾ ਸੱਚਾ ਘਰਬਾਰਾ, ਗ੍ਰਿਹਿ ਮੰਦਰ ਇਕ ਵਡਿਆਈਆ । ਉਸ ਤੇਰੇ ਉਤੇ ਚਰਨ ਨਹੀਂ ਟਿਕਾਉਣਾ, ਤਤਾਂ ਵਾਲਾ ਰੂਪ ਨਾ ਕੋਇ ਦਰਸਾਈਆ । ਜੇ ਸਚ ਪੁਛੇਂ ਉਹ ਪੂਰਨ ਦਾ ਰੂਪ ਤੇ ਪੂਰਨ ਦਾ ਪਿਆਰਾ, ਪੂਰਨ ਸਤਿਗੁਰ ਪੂਰਨ ਵਿਚ ਸਮਾਈਆ । ਬਿਨਾ ਪੂਰਨ ਤੋਂ ਤੈਨੂੰ ਦੇਣਾ ਨਹੀਂ ਕਿਸੇ ਸਹਾਰਾ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ । ਮੇਰੇ ਉਤੇ ਕਰੀਂ ਇਤਬਾਰਾ, ਬੇਇਤਬਾਰੀਏ ਜੁਗ ਜੁਗ ਦੀਏ ਕਵਾਰੀਏ ਤੈਨੂੰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਨਾਰਦਾ ਮੇਰੇ ਅੰਦਰ ਚਾਓ ਘਨੇਰਾ, ਖ਼ੁਸ਼ੀਆਂ ਨਾਲ ਜਣਾਈਆ । ਮੈਂ ਵੀ ਚਾਹੁੰਦੀ ਕਦੀ ਕੋਈ ਸਾਈਂ ਬਣੇਗਾ ਮੇਰਾ, ਸਵਾਮੀ ਕਹਿ ਕੇ ਜਿਸ ਨੂੰ ਸੀਸ ਨਿਵਾਈਆ । ਮੈਂ ਗੁਰੂਆਂ ਪੀਰਾਂ ਅਵਤਾਰਾਂ ਪੈਗ਼ੰਬਰਾਂ ਤੱਕਿਆ ਜੋ ਆਇਆ ਸੋ ਬਣ ਕੇ ਉਸ ਦਾ ਚੇਰਾ, ਉਸੇ ਦੇ ਅਗੇ ਵਾਸਤਾ ਪਾਈਆ । ਜਿਹੜਾ ਧੁਰ ਦਾ ਮੰਗਤਾ ਉਹ ਮੇਰਾ ਬੰਨ੍ਹੇ ਕੀ ਬੇੜਾ, ਜੋ ਬੇੜੀ ਆਪਣੀ ਪ੍ਰਭ ਦੇ ਨਾਮ ਨਾਲ ਚਲਾਈਆ । ਜਿਸ ਨੂੰ ਬਧਾ ਨਾਲ ਸ਼ਰਅ ਦੇ ਜੇੜਾ, ਤੰਦ ਸਕੇ ਨਾ ਕੋਇ ਕਟਾਈਆ । ਮੈਂ ਵਕਤ ਲੰਘਾਇਆ ਬਥੇਰਾ, ਕੋਟਨ ਕੋਟ ਜੁਗ ਬਿਤਾਈਆ । ਕਦੀ ਚਾਨਣ ਤੱਕਿਆ ਕਦੀ ਤੱਕਿਆ ਅੰਧੇਰਾ, ਦੋਵੇਂ ਰੂਪ ਦਰਸਾਈਆ । ਮੈਨੂੰ ਜਦੋਂ ਸੰਦੇਸ ਆਇਆ ਆਵੇਗਾ ਸਤਿਗੁਰ ਸ਼ਬਦ ਸ਼ਬਦ ਸ਼ੇਰਾ, ਸਿੰਘ ਆਪਣਾ ਰੂਪ ਬਦਲਾਈਆ । ਭਾਗ ਲਗਾਏ ਤੇਰੇ ਨਵ ਸੱਤ ਦੇ ਵਿਹੜਾ, ਗ੍ਰਿਹਿ ਦੇਵੇ ਮਾਣ ਵਡਿਆਈਆ । ਤੂੰ ਆਪਣਾ ਵੇਸ ਕਰਨਾ ਚੰਗੇਰਾ, ਚੰਗੀ ਤਰਾ ਜਣਾਈਆ । ਨੀ ਉਸ ਨੇ ਨਾ ਤੈਨੂੰ ਮੰਦਰ ਲੱਭਣਾ ਮਸੀਤ ਲੱਭਣਾ ਨਾ ਲੱਭਣਾ ਵਿਚੋਂ ਕਿਸੇ ਦਿਉਹਰਾ, ਤੇ ਦਿਉਰ ਭਾਬੀ ਆਖਣ

੧੦੦੬ ੨੩ ਵਾਲਾ ਤੇਰਾ ਨਜ਼ਰ ਕੋਇ ਨਾ ਆਈਆ । ਜੇ ਉਸ ਨੂੰ ਲੱਭਣਾ ਤੇ ਉਹ ਮਿਲੇਗਾ ਸੰਬਲ ਵਿਚ ਖੇੜਾ, ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਜਣਾਈਆ । ਨਾਰਦ ਕਹੇ ਧਰਨੀਏ ਮੈਨੂੰ ਆਉਂਦਾ ਹਾਸਾ, ਮਸਕਰੀਆਂ ਨਾਲ ਜਣਾਈਆ । ਮੈਂ ਵੀ ਵੇਖਣਾ ਚਾਹੁੰਦਾ ਤਮਾਸ਼ਾ, ਕੀ ਤਮਾਸ਼ਬੀਨ ਆਪਣੀ ਖੇਲ ਖਿਲਾਈਆ । ਕਿਸ ਬਿਧ ਤੇਰਾ ਸਵਾਮੀ ਤੇਰੇ ਕੋਲ ਆਵੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਰੂਪ ਅਲਾਹੀਆ । ਮੈਨੂੰ ਸਚ ਦੱਸ ਤੂੰ ਕਿਸ ਬਿਧ ਲਾਏ ਦੰਦਾਂ ਦੰਦਾਸਾ, ਕੱਜਲ ਕਵਣ ਨੈਣ ਛੁਹਾਈਆ । ਕਵਣ ਲਿਬਾਸ ਸੁਹਾਏ ਤੇਰੀ ਪੂਰੀ ਕਰੇ ਆਸਾ, ਕਵਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਧਰਨੀ ਕਹੇ ਨਾਰਦਾ ਮੈਂ ਲੱਖ ਲੱਖ ਸ਼ੁਕਰ ਮਨਾਵਾਂਗੀ । ਬਿਨਾ ਅੱਖ ਅੱਖ ਉਠਾਵਾਂਗੀ । ਉਸ ਦੇ ਨਾਮ ਦੀ ਅਲਖ ਜਗਾਵਾਂਗੀ । ਦੀਨ ਦੁਨੀ ਤੋਂ ਹੋ ਕੇ ਵੱਖ ਉਸੇ ਦਾ ਰੂਪ ਵੇਖਣ ਆਵਾਂਗੀ । ਤੂੰ ਵੀ ਦੂਰ ਦੁਰਾਡੇ ਆਉਣਾ ਨੱਸ, ਮੈਂ ਬਚਨ ਸਚ ਸੁਣਾਵਾਂਗੀ । ਜੇ ਉਹ ਸੰਬਲ ਗਿਆ ਵਸ, ਵਾਸਤਾ ਉਸੇ ਅਗੇ ਪਾਵਾਂਗੀ । ਜਿਉਂ ਭਾਵੇ ਤਿਉਂ ਮੈਨੂੰ ਲੈਣਾ ਰਖ, ਚਰਨਾਂ ਉਤੇ ਸੀਸ ਟਿਕਾਵਾਂਗੀ । ਨਾਰਦ ਕਹੇ ਜੇ ਕਮਲੀਏ ਉਹ ਅਛਲ ਛਲਧਾਰੀ ਤੈਨੂੰ ਛਡ ਕੇ ਗਿਆ ਨੱਸ, ਫਿਰ ਕਿਸ ਦਾ ਮੁਖ ਤਕਾਵੇਂਗੀ । ਧਰਨੀ ਕਹੇ ਮੈਂ ਚਰਨ ਕਵਲ ਜਾਵਾਂ ਢੱਠ, ਧੂੜੀ ਖ਼ਾਕ ਰਮਾਵਾਂਗੀ । ਮੇਰੇ ਸਾਹਿਬ ਸਵਾਮੀਆਂ ਅੰਤਰਜਾਮੀਆਂ ਤੇਰਾ ਰੂਪ ਨਹੀਂ ਤਤ ਅੱਠ, ਅੱਠਾਂ ਤਤਾਂ ਤੋਂ ਬਾਹਰ ਉਸ ਨੂੰ ਮਨਾਵਾਂਗੀ । ਜੋ ਮੇਰੇ ਮਨਜ਼ੂਰ ਕਰ ਲਏ ਜੋੜੇ ਹੱਥ, ਵਾਸਤਾ ਉਸੇ ਅਗੇ ਪਾਵਾਂਗੀ । ਨਾਰਦ ਕਹੇ ਉਹ ਸਾਹਿਬ ਪੁਰਖ ਸਮਰਥ,

ਕੀ ਉਸ ਦਾ ਰੰਗ ਰੰਗਾਵੇਂਗੀ । ਧਰਨੀ ਕਹੇ ਨਾਰਦਾ ਜਿਥੇ ਭਗਤਾਂ ਦਾ ਹੋਇਆ ਇਕੱਠ, ਮੈਂ ਉਥੇ ਖ਼ੁਸ਼ੀ ਖ਼ੁਸ਼ੀ ਵਿਚ ਜਾਵਾਂਗੀ । ਨਾਰਦ ਕਿਹਾ ਨੀ ਕਮਲੀਏ ਰਮਲੀਏ ਜੇ ਉਹ ਭਗਵਾਨ ਰੂਪ ਬਦਲ ਕੇ ਬਣਿਆ ਹੋਵੇ ਜੱਟ, ਫੇਰ ਕਿਸ ਦੇ ਨਾਲ ਅੱਖ ਮਿਲਾਵੇਂਗੀ । ਧਰਨੀ ਕਹੇ ਮੈਂ ਇਕੋ ਪ੍ਰੇਮ ਦੀ ਲਾਵਾਂ ਰਟ, ਤੂੰ ਮੇਰਾ ਮੈਂ ਤੇਰਾ ਢੋਲਾ ਗਾਵਾਂਗੀ । ਵੇ ਮੇਰਿਆ ਮਾਹੀ ਬੇਪਰਵਾਹੀ ਨੌਜਵਾਨਾ ਸ੍ਰੀ ਭਗਵਾਨਾ ਮੈਨੂੰ ਜਾਈਂ ਨਾ ਛਡ, ਗਲ ਪੱਲੂ ਪਾ ਕੇ ਵਾਸਤਾ ਪਾਵਾਂਗੀ । ਮੇਰੇ ਨਹੀਂ ਕੋਈ ਮਾਸ ਨਾੜੀ ਹੱਡ, ਆਪਣੀ ਧੂੜ ਖ਼ਾਕ ਉਸੇ ਦੇ ਚਰਨਾਂ ਵਿਚ ਰਮਾਵਾਂਗੀ । ਮੈਂ ਪਿਛੇ ਰਹਿ ਗਈ ਤੈਥੋਂ ਅੱਡ, ਅਗੇ ਆਪਣਾ ਘਰ ਤੇਰੇ ਨਾਲ ਵਸਾਵਾਂਗੀ । ਨਾਲੇ ਰੋ ਕੇ ਪੁਕਾਰਾਂ ਧਾਹਾਂ ਮਾਰਾਂ ਮੇਰੇ ਮਾਹੀ ਧੁਰ ਦੇ ਸਾਈਂ ਕਲਜੁਗ ਕੂੜਿਆਂ ਕੁੜਿਆਰਿਆਂ ਮੇਰੇ ਵਿਚੋਂ ਕਢ, ਧਰਨੀ ਕਹੇ ਮੈਂ ਰੋ ਰੋ ਹਾਲ ਸੁਣਾਵਾਂਗੀ । ਜੇ ਮੇਰਾ ਮਾਹੀ ਨਾ ਮੰਨਿਆ ਤੇ ਹੌਲੀ ਹੌਲੀ ਉਸ ਦੇ ਚਰਨ ਦੱਬ, ਲਛਮੀ ਨੂੰ ਕੋਲ ਸੱਦਾਂਗੀ ਝੱਬ, ਸੋਹਣਾ ਸ਼ਿੰਗਾਰ ਕਰ ਕੇ ਆਪ ਬਹਾਂਗੀ ਫੱਬ, ਜੇ ਪੈਗ਼ੰਬਰਾਂ ਉਸ ਨੂੰ ਕਿਹਾ ਰੱਬ, ਤੇ ਮੈਂ ਰਹੀਮ ਕਹਿ ਕੇ ਰਹਿਮਾਨ ਕਹਿ ਕੇ ਆਪਣਾ ਈਮਾਨ ਉਸੇ ਉਤੇ ਰਖਾਵਾਂਗੀ । ਨਾਰਦ ਕਹੇ ਨੀ ਓਹ ਇੰਨਾ ਨਿੱਕਾ ਜਿਹਾ ਉਹ ਏਡਾ ਲੰਮਾ ਉਹਦਾ ਵੱਡਾ ਸਾਰਾ ਕੱਦ, ਕਦੀਮ ਦਾ ਮਾਲਕ ਧਰਨੀਏ ਕਿਸ ਬਿਧ ਤੇਰਾ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਵੇਗਾ । ਨਾਰਦ ਕਹੇ ਧਰਤੀ ਮੈਂ ਵੇਖਾਂ ਤੇਰਾ ਦੂਲ੍ਹਾ, ਦੂਹਲਣੇ ਤੂੰ ਵੀ ਲੈ ਅੰਗੜਾਈਆ । ਧਰਨੀ ਕਹੇ ਨਾਰਦਾ ਓਹਦਾ ਬੜਾ ਸਖ਼ਤ ਅਸੂਲਾ, ਅਸਲ ਦਾ ਮਾਲਕ ਬੇਪ੍ਰਵਾਹੀਆ । ਪਹਿਲੋਂ ਚਰਨਾਂ ਦੀ ਲਾਵਾਂ ਧੂਲਾ, ਮਸਤਕ ਖ਼ਾਕ ਰਮਾਈਆ । ਫੇਰ ਧੂੜੀ ਲਾਵਾਂ ਬੁੱਲਾਂ, ਜੋ ਬੁੱਲ੍ਹਾ ਇਸ਼ਾਰੇ ਨਾਲ ਸਮਝਾਈਆ । ਫੇਰ ਆਪਣੇ ਸ਼ਰੀਰ ਪਿਆਰ ਦਾ ਬੇਨਜ਼ੀਰ ਬਣਾ ਕੇ ਚੁੱਲ੍ਹਾ, ਅਗਨੀ ਸਤਿ ਪ੍ਰੇਮ ਜਲਾਈਆ । ਮੇਰਿਆ ਮਾਹੀਆ ਮਹਿਬੂਬਾ ਮੇਰੇ ਗ੍ਰਿਹਿ ਆ ਜਾ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵਿਚੋਂ ਭੁਲਾ, ਭੁਲੇਖੇ ਪਾਉਣ ਵਾਲਿਆ ਆਪਣਾ ਦਰਸ ਦਿਖਾਈਆ । ਆਪਣਿਆਂ ਦੀਨਾਂ ਮਜ਼੍ਹਬਾਂ ਦੀ ਮੇਰੇ ਉਤੇ ਕਰਾ ਸੁਲਹ, ਸੁਲਹਕੁਲ ਤੇਰੀ ਸਚ ਵਡਿਆਈਆ । ਤੂੰ ਆਤਮ ਧਾਰ ਪਰਮਾਤਮ ਬ੍ਰਹਮ ਤੇਰੀ ਦਿਸਦੀ ਕੁਲਾ, ਕੁਲਵੰਤ ਤੇਰੀ ਸ਼ਰਨਾਈਆ । ਤੇਰਾ ਮਾਨਵ ਮੇਰੇ ਉਤੇ ਰੁਲਾ, ਰੁਲਦਿਆਂ ਲੈ ਉਠਾਈਆ । ਇਕੋ ਆਪਣੇ ਨਾਮ ਦਾ ਦੇ ਦੇ ਤੁਲਾ, ਜਗਤ ਬੇੜਾ ਪਾਰ ਕਰਾਈਆ । ਸਚ ਘਰਾਣਾ ਦੱਸ ਦੇ ਖੁੱਲ੍ਹਾ, ਹਦੂਦਾ ਹੱਦ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਵਖਾਈਆ । ਧਰਨੀ ਕਹੇ ਮੈਂ ਆਪਣਾ ਆਪ ਸ਼ਿੰਗਾਰਾਂਗੀ । ਨੈਣ ਰੂਪ ਨਿਖਾਰਾਂਗੀ । ਘੜੀਆਂ ਥਿਤ ਵਿਚਾਰਾਂਗੀ । ਤੂੰ ਹੀ ਮੇਰਾ ਮਿਤ, ਮਿਤਰ ਪਿਆਰਾ ਕਹਿ ਪੁਕਾਰਾਂਗੀ । ਮੇਰੀ ਸੇਜ ਸੁਹੰਜਣੀ ਉਤੇ ਆ ਕੇ ਮਾਹੀ ਲਿਟ, ਲਟਾਂ ਖੋਲ ਕੇ ਤੇਰੇ ਅਗੇ ਵਾਸਤਾ ਪਾਵਾਂਗੀ । ਮੇਰਿਆ ਸਵਾਮੀਆ ਮੇਰੀ ਦੁਹਾਈ ਤੇਰਾ ਰੂਪ ਬਣਾ ਕੇ ਦੁਨੀਆ ਪੂਜਦੀ ਰਹੀ ਪੱਥਰ ਇੱਟ, ਮੈਂ ਪਾਹਨਾਂ ਪੱਥਰਾਂ ਕੋਲੋਂ ਆਪਣਾ ਪਲੂ ਛੁਡਾਵਾਂਗੀ । ਸਭ ਨੂੰ ਕਹਾਂਗੀ ਇਕੋ ਦੇ ਉਤੇ ਤੁਹਾਡਾ ਅੰਤਰ ਨਿਰੰਤਰ ਜਾਵੇ ਟਿਕ, ਟਿੱਕੇ ਨਾਮ ਵਾਲੇ ਲਗਾਵਾਂਗੀ । ਝਟ ਨਾਰਦ ਕਹੇ ਧਰਨੀਏ ਆਹ ਵੇਖ ਮੇਰੇ ਕੋਲ ਚਿਟ, ਚਿੱਟੇ ਝਾਟੇ ਵਾਲੀਏ ਕੀ ਆਪਣਾ ਰੰਗ ਵਖਾਵਾਂਗੀ । ਉਹਦੀ ਬੇਪ੍ਰਵਾਹੀ ਸ਼ਹਿਨਸ਼ਾਹੀ ਕਿਤੇ ਤੱਕਦੀ ਨਾ ਰਹਿ ਜਾਈਂ ਬਿਟ ਬਿਟ, ਕੀ ਨੈਣ ਨੈਣ ਉਠਾਵਾਂਗੀ । ਤੈਨੂੰ ਪਤਾ ਨਹੀਂ ਬਿਨਾ ਭਗਤਾਂ ਤੋਂ ਉਹਦੇ ਦਰ ਤੇ ਸਕੇ ਕੋਈ ਨਾ ਵਿਕ, ਕੀਮਤ ਸਚ ਵਾਲੀ ਪਵਾਈਆ ।



੧੦੦੭
੨੩

ਤੂੰ ਨਿਗਾਹ ਮਾਰ ਲੈ ਜਿਸ ਨੇ ਸੋਹੰ ਗੁਰਮੁਖਾਂ ਦੀ ਲਗਾਇਆ ਛਾਤੀ ਉਤੇ ਹਿਕ, ਹਿਕਮਤ ਨਾਲ ਦਏ ਵਡਿਆਈਆ । ਨੀ ਉਹ ਖ਼ਸਮ ਖ਼ਸਮਾਨਾ ਇਕ, ਖ਼ਸਮ ਅਗੰਮੜਾ ਬੇਪ੍ਰਵਾਹੀਆ । ਜਗਤ ਨੇਤਰ ਪਏ ਨਾ ਦਿਖ, ਨਿਜ ਲੋਚਨ ਕਰੇ ਰੁਸ਼ਨਾਈਆ । ਜੇ ਤੂੰ ਦਰਸ਼ਨ ਪਾਉਣਾ ਪਹਿਲੋਂ ਬਣੀ ਪ੍ਰੇਮ ਦਾ ਸਿੱਖ, ਸਿਖਿਆ ਸਚ ਵਿਚ ਸਮਾਈਆ । ਜੇ ਮਿਹਰਵਾਨ ਹੋ ਕੇ ਤੇਰਾ ਲੇਖਾ ਦੇਵੇ ਲਿਖ, ਲੇਖ ਜਗਤ ਬਦਲਾਈਆ । ਤੇਰੇ ਉਤੋਂ ਲਾਹ ਕੇ ਕੂੜੀ ਵਿਖ, ਅੰਮ੍ਰਿਤ ਦਏ ਭਰਾਈਆ । ਰਸ ਧਰ ਕੇ ਤੇਰੇ ਵਿਚ, ਅੰਮਿਉਂ ਰਸ ਦਏ ਚੁਆਈਆ । ਤੂੰ ਵੇਖਣਾ ਆਪਣੇ ਨਿਜ, ਧੁਰ ਦਾ ਮਾਲਕ ਧੁਰਦਰਗਾਹੀਆ । ਤੂੰ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਨਾਲ ਗਈਉਂ ਗਿਝ, ਖੇਲ ਮਜ਼੍ਹਬਾਂ ਵਾਲੇ ਤਕਾਈਆ । ਪਹਿਲੋਂ ਆਪਣਾ ਮੁਖ ਧੋ ਕੇ ਸ਼ਰਅ ਦੀ ਸਾਫ਼ ਕਰ ਲੈ ਗਿਡ, ਨਾਮ ਨਾਲ ਨੈਣ ਲੈ ਮਟਕਾਈਆ । ਫੇਰ ਨਿਮਾਣੀ ਹੋ ਕੇ ਚਰਨੀ ਡਿਗ, ਪੱਲੂ ਗਲ ਵਿਚ ਪਾਈਆ । ਆਪਣੀ ਖੁਲ੍ਹੀ ਕਰ ਲੈ ਮਿਡ, ਮੇਢੀ ਸੀਸ ਨਾ ਕੋਇ ਗੁੰਦਾਈਆ । ਆਪਣਾ ਖ਼ਾਲੀ ਵਜਾ ਦੇ ਢਿੱਡ, ਤੇਰਾ ਨਾਮ ਦੁਹਾਈਆ । ਫੇਰ ਕਹੋ ਭਾਗ ਲਗਾ ਦੇ ਮੇਰੇ ਪਿੰਡ, ਸੰਬਲ ਇਕ ਸੁਹਾਈਆ । ਜੇ ਤੂੰ ਤਤਾਂ ਵਾਲਿਆ ਵਸਿਓ ਵਿਚ ਘਵਿੰਡ, ਘੇਰਾ ਦੋ ਜਹਾਨ ਰਖਾਈਆ । ਲੇਖੇ ਲਾ ਲੈ ਮੇਰੀ ਬੋਦੀ ਵਾਲੀ ਟਿੰਡ, ਕੇਸਾਂ ਰੰਗ ਰੰਗਾਈਆ । ਮੈਨੂੰ ਪਤਾ ਨਹੀਂ ਲੱਗਾ ਕਿਸ ਵੇਲੇ ਤੂੰ ਪ੍ਰਗਟ ਹੋ ਗਿਉਂ ਵਿਚ ਹਿੰਦ, ਭਾਰਤ ਦਿਤੀ ਵਡਿਆਈਆ । ਮੇਰੀ ਸਗਲੀ ਮੇਟ ਦੇ ਚਿੰਦ, ਚਿੰਤਾ ਦੇ ਗਵਾਈਆ । ਮੇਰੇ ਮਾਹੀਆ ਤੂੰ ਹੀ ਮੇਰੀ ਜਾਨ ਤੂੰ ਹੈਂ ਮੇਰੀ ਜਿੰਦ, ਮੇਰੀ ਜ਼ਿੰਦਗੀ ਦੇ ਬਦਲਾਈਆ । ਤੂੰ ਗਹਿਰ ਗੰਭੀਰਾ ਸਾਗਰ ਸਿੰਧ, ਅੰਮ੍ਰਿਤ ਬੂੰਦ ਦੇ ਬਰਸਾਈਆ । ਤੂੰ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਜਿਨ ਮੈਨੂੰ ਪ੍ਰਗਟ ਕੀਤਾ ਬਿਨਾ ਕਿਸੇ ਲਿੰਗ, ਜਗਤ ਵਾਸ਼ਨਾ ਨਾ ਕੋਇ ਹਲਕਾਈਆ । ਦੀਨ ਦਿਆਲ ਮੇਰੇ ਬਖਸ਼ਿੰਦ, ਰਹਿਮਤ ਦੇ ਕਮਾਈਆ । ਤੂੰ ਦਾਤਾ ਗੁਣੀ ਗਹਿੰਦ, ਗਵਰ ਤੇਰੀ ਸ਼ਰਨਾਈਆ । ਝਟ ਨਾਰਦ ਕਹੇ ਧਰਨੀਏ ਮੇਰੀ ਸੁਣ ਲੈ ਕਿੰਗ, ਮੈਂ ਕਿੰਗਰੇ ਕਿੰਗਰੇ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਬੇਪਰਵਾਹੀਆ । ਨਾਰਦ ਕਹੇ ਧਰਨੀਏ ਉਹ ਸ਼ਹਿਨਸ਼ਾਹ ਸ਼ਹਾਨਾ, ਪਾਤਸ਼ਾਹ ਬੇਪਰਵਾਹੀਆ । ਵਸੇ ਸਚਖੰਡ ਮਕਾਨਾ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਸੂਰੀਆ ਚੰਦ ਨਹੀਂ ਨਿਸ਼ਾਨਾ, ਮੰਡਲ ਮੰਡਪ ਨਾ ਕੋਇ ਵਡਿਆਈਆ । ਦੀਨ ਦੁਨੀ ਨਹੀਂ ਜਹਾਨਾ, ਚੁਰਾਸੀ ਰੰਗ ਨਾ ਕੋਇ ਰੰਗਾਈਆ । ਅਵਤਾਰ ਪੈਗ਼ੰਬਰ ਗੁਰ ਗਾਵੇ ਨਹੀਂ ਕੋਈ ਤਰਾਨਾ, ਤੁਰੀਆ ਪਦ ਨਾ ਕੋਇ ਚਤੁਰਾਈਆ । ਸੰਝ ਸਵੇਰ ਨਹੀਂ ਕੋਈ ਸ਼ਾਮਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜਗਤ ਨਗਾਰਾ ਨਹੀਂ ਕੋਈ ਦਮਾਮਾ, ਧੌਂਸਾ ਧਵਲ ਨਾ ਕੋਇ ਵਜਾਈਆ । ਉਹ ਮਿਹਰਵਾਨ ਮਿਹਰਵਾਨ ਮਿਹਰਵਾਨਾ, ਮਹਿਬੂਬ ਨੂਰ ਅਲਾਹੀਆ । ਉਹ ਲੇਖਾ ਜਾਣੇ ਗੋਪੀ ਕਾਹਨਾ, ਸਭ ਨੂੰ ਫੋਲ ਫੁਲਾਈਆ । ਤੂੰ ਕਮਲੀਏ ਸਚ ਦੱਸ ਬਿਰਧ ਕਿ ਨੌਜਵਾਨਾ, ਕਿ ਅਲ੍ਹੜ ਰੂਪ ਅਖਵਾਈਆ । ਕੀ ਸ਼ਾਨ ਸ਼ੌਕਤ ਵਖਾਏ ਸ੍ਰੀ ਭਗਵਾਨਾ, ਆਪਣਾ ਆਪ ਬਦਲਾਈਆ । ਕੀ ਤੂੰ ਮੁਟਿਆਰ ਦਿਸੇ ਜਹਾਨਾਂ, ਜੋਬਨਵੰਤੀ ਰੰਗ ਰੰਗਾਈਆ । ਨੀ ਤੂੰ ਸਲਵਾਰ ਪਾਏਂ ਕਿ ਪਜਾਮਾ, ਕੀ ਤਹਿਮਤ ਧੋਤੀਆਂ ਸਾੜ੍ਹੀਆਂ ਰੰਗ ਰੰਗਾਈਆ । ਸਚ ਦੱਸ ਤੇਰਾ ਕਿਹੋ ਜਿਹਾ ਹੋਵੇ ਬਾਣਾ, ਕਵਣ ਓਢਣ ਸੀਸ ਟਿਕਾਈਆ । ਓਹ ਸ਼ਹਿਨਸ਼ਾਹ ਨੂਰ ਅਲਾਹੀ ਨੂਰ ਨੁਰਾਨਾ, ਨਰ ਨਰਾਇਣ ਇਕ ਅਖਵਾਈਆ । ਕਿਸ ਬਿਧ ਤੈਨੂੰ ਕਰੇ ਪ੍ਰਵਾਨਾ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਧਰਨੀ ਕਹੇ ਮੈਂ ਕੋਝੀ

੧੦੦੯
੨੩

ਕਮਲੀ ਉਹ ਮੇਰਾ ਗੁਣ ਨਿਧਾਨਾ, ਗਹਿਰ ਗੰਭੀਰ ਅਖਵਾਈਆ । ਨਾਰਦਾ ਮੈਂ ਇਕੋ ਰਖਾਂ ਚਰਨ ਧਿਆਨਾ, ਦੂਜੀ ਆਸ ਨਾ ਕੋਇ ਰਖਾਈਆ । ਉਹ ਮੇਰਾ ਜੀਓ ਪ੍ਰਾਣਾ, ਸਾਹ ਸਾਹ ਕਹਿ ਕੇ ਸ਼ੁਕਰ ਮਨਾਈਆ । ਮੈਂ ਦੁਨੀਆਦਾਰਾਂ ਨੂੰ ਦੱਸਣਾ ਮੇਰੇ ਉਤੇ ਰਹਿਣ ਵਾਲਿਓ ਜੇ ਮਿਲਣਾ ਸ੍ਰੀ ਭਗਵਾਨਾ, ਸਿਰ ਸਰ ਉਸੇ ਦੇ ਚਰਨਾਂ ਭੇਟ ਕਰਾਈਆ । ਭਾਵੇਂ ਉਹ ਮਸਤ ਹੋਵੇ ਭਾਵੇਂ ਹੋਵੇ ਦੀਵਾਨਾ, ਦੀਵਾਨ ਭਾਵੇਂ ਭਗਤਾਂ ਨਾਲ ਲਗਾਈਆ । ਭਾਵੇਂ ਉਹ ਸਖ਼ੀ ਹੋਵੇ ਭਾਵੇਂ ਰੂਪ ਧਰੇ ਕਾਹਨਾ, ਗੋਪੀਆਂ ਵਾਲੇ ਰੰਗ ਰੰਗਾਈਆ । ਉਸੇ ਦੇ ਚਰਨਾਂ ਕਰਾਂ ਪ੍ਰਨਾਮਾ, ਜੋ ਪਰਾ ਪਸੰਤੀ ਮਧਮ ਬੈਖਰੀ ਬਾਣੀ ਤੋਂ ਬਾਹਰ ਦਰਸ ਦਿਖਾਈਆ । ਨਾ ਸ਼ਰਅ ਦਾ ਕਿਸੇ ਨੂੰ ਰਹਿਣ ਦੇਵੇ ਗ਼ੁਲਾਮਾ, ਗ਼ੁਲਾਮੋ ਤੁਹਾਡੇ ਜ਼ੰਜੀਰ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਸਦ ਆਪਣਾ ਘਰ ਸੁਹਾਈਆ । ਧਰਨੀ ਕਹੇ ਮੈਂ ਰੂਪ ਬਣਾ ਬਸੰਤੀ, ਬਸਨ ਬਨਵਾਰੀ ਵੱਲ ਧਿਆਨ ਲਗਾਈਆ । ਅੰਤਰ ਗਾਵਾਂ ਤੂੰ ਹੀ ਮਾਹੀ ਤੂੰ ਹੀ ਕੰਤੀ, ਕੰਤੂਹਲ ਤੇਰੀ ਸਰਨਾਈਆ । ਮੈਂ ਲੱਭਣਾ ਨਹੀਂ ਕਿਸੇ ਕੋਲੋਂ ਸਾਧ ਸੰਤੀ, ਸਾਧਨਾ ਜਗਤ ਨਾ ਕੋਇ ਬਣਾਈਆ । ਤੂੰ ਮੇਰਾ ਮਾਲਕ ਇਕ ਭਗਵੰਤੀ, ਭਗਵਨ ਤੇਰੀ ਵਡ ਵਡਿਆਈਆ । ਮੈਂ ਭਿਖਾਰਨ ਤੇਰੇ ਦਰ ਦੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਪਿਆਰ ਬਣਾ ਦੇ ਨਾਲ ਭਗਤਾਂ ਦੀ ਸੰਗਤੀ, ਸੰਗ ਸ਼ਰਮ ਹਯਾ ਦੇਣੀ ਉਠਾਈਆ । ਮੈਂ ਵਣਜਾਰਨ ਰਹਿਵਾਂ ਨਾ ਪੰਜ ਤਤ ਤਨ ਦੀ, ਜੋਤੀ ਜਾਤੇ ਹੋਣਾ ਸਹਾਈਆ । ਮੈਂ ਤੇਰਾ ਹੁਕਮ ਸਦਾ ਮੰਨਦੀ, ਦਰ ਤੇਰੇ ਸੀਸ ਝੁਕਾਈਆ । ਜੇ ਤੂੰ ਆਸਾ ਪੂਰੀ ਕੀਤੀ ਗੋਬਿੰਦ ਚੰਨ ਦੀ, ਚੰਨਾਂ ਦੇ ਚਾਂਦਨੇ ਮੈਨੂੰ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਨਾਰਦ ਕਹੇ ਧਰਨੀਏ ਧੁਰ ਦਾ ਦੂਹਲਾ ਵੇਖ ਲੈ ਲਾੜਾ, ਜਿਸ ਨੂੰ ਲਾੜੀ ਮੌਤ ਨਾ ਕਦੇ ਪ੍ਰਨਾਈਆ । ਉਹਦਾ ਧਰਮ ਦਾ ਵੇਖ ਅਖਾੜਾ, ਜੋ ਸਚ ਨਾਲ ਲਗਾਈਆ । ਜਿਸ ਨੇ ਖੇਲ ਖਿਲਾਇਆ ਸੰਮਤ ਸ਼ਹਿਨਸ਼ਾਹੀ ਨੌਂ ਦਿਵਸ ਸਤਾਰਾਂ ਹਾੜਾ, ਅਠਾਰਾਂ ਵੰਡ ਵੰਡਾਈਆ । ਉਹ ਤੇਰੇ ਉਤੇ ਰੰਗ ਚਾੜ੍ਹੇ ਗਾੜ੍ਹਾ, ਦੁਰਮਤ ਮੈਲ ਧਵਾਈਆ । ਜਨ ਭਗਤ ਸੁਹੇਲੇ ਵੇਖੇ ਜਗਤ ਦੀ ਜੰਗਲ ਜੂਹ ਵਿਚ ਉਜਾੜਾ, ਟਿੱਲੇ ਪਰਬਤਾਂ ਫੋਲ ਫੁਲਾਈਆ । ਦਿਵਸ ਰੈਣ ਉਨ੍ਹਾਂ ਦੇ ਫਿਰੇ ਪਿਛੇ ਅਗਾੜਾ, ਭੱਜੇ ਵਾਹੋ ਦਾਹੀਆ । ਸਤਿ ਸਚ ਦਾ ਮਾਰ ਕੇ ਧਾੜਾ, ਧਾੜਵੀ ਲੁਟੇਰਾ ਹੋਵੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਧਰਨੀ ਕਹੇ ਨਾਰਦਾ ਉਹ ਕਿੱਡਾ ਸੋਹਣਾ ਚੰਗਾ, ਮਤਵਾਲਾ ਬੇਪਰਵਾਹੀਆ । ਜਿਸ ਦੇ ਕੋਲ ਪ੍ਰੇਮ ਦੀ ਗੰਗਾ, ਖ਼ੁਸ਼ੀਆਂ ਵਹਿਣ ਵਹਾਈਆ । ਉਹ ਪਾਰ ਕਰਾਏ ਭੁੱਖਾ ਨੰਗਾ, ਕੋੜ੍ਹਿਆਂ ਕਮਲਿਆਂ ਕੰਧੇ ਉਠਾਈਆ । ਅੰਤਮ ਮੇਰੀ ਆ ਗਿਆ ਵੰਡਾ, ਬ੍ਰਹਿਮੰਡਾਂ ਦਿਆਂ ਸੁਣਾਈਆ । ਜਿਸ ਦਾ ਸ਼ਬਦ ਅਗੰਮੀ ਖੰਡਾ, ਖੜਗਾਂ ਕਰੇ ਸਫ਼ਾਈਆ । ਇਕੋ ਫੜ ਕੇ ਸੱਤ ਰੰਗ ਦਾ ਡੰਡਾ, ਡੰਡਾਵਤ ਸਭ ਦੀ ਰਿਹਾ ਬਦਲਾਈਆ । ਫਿਰੇ ਦਰੋਹੀ ਵਿਚ ਵਰਭੰਡਾ, ਵਰਭੰਡੀ ਰਹੀ ਕੁਰਲਾਈਆ । ਜਨ ਭਗਤਾਂ ਪੱਕੀਆਂ ਕਰਨ ਆਇਆ ਗੰਢਾ, ਟੁੱਟੀ ਰਿਹਾ ਜੁੜਾਈਆ । ਸਚ ਸਵਾਮੀ ਹੋ ਕੇ ਦੇਵੇ ਸੰਗਾ, ਸਗਲਾ ਸੰਗ ਬਣਾਈਆ । ਮੈਂ ਵੇਖ ਕੇ ਹੋਈ ਅਚੰਭਾ, ਹੈਰਾਨੀ ਮੇਰੇ ਅੰਦਰ ਆਈਆ । ਜਿਸ ਦਾ ਸਫ਼ਰ ਆਦਿ ਜੁਗਾਦਿ ਜੁਗ ਚੌਕੜੀ ਲੰਬਾ, ਲਾਂਬੂਆਂ ਨਾਲ ਸਭ ਨੂੰ ਦਏ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ ।

ਨਾਰਦ ਕਹੇ ਧਰਨੀਏ ਉਹਦਾ ਬੜਾ ਸੋਹਣਾ ਲਿਬਾਸ, ਜਗਤ ਰੰਗ ਨਾ ਕੋਇ ਰੰਗਾਈਆ । ਮੈਂ ਵੇਖਿਆ ਉਤੇ ਆਕਾਸ਼, ਆਕਾਸ਼ ਆਕਾਸ਼ਾਂ ਉਤੇ ਸੋਭਾ ਪਾਈਆ । ਉਹ ਨੂਰ ਰੂਪ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਕਲਜੁਗ ਅੰਤ ਆਇਆ ਭਗਤਾਂ ਪਾਸ, ਪਾਸਾ ਆਪਣਾ ਲਿਆ ਬਦਲਾਈਆ । ਤੇਰੀ ਪੂਰੀ ਕਰੇ ਆਸ, ਤ੍ਰਿਸ਼ਨਾ ਦਏ ਮਿਟਾਈਆ । ਸਤਿ ਸਚ ਦੀ ਪਾ ਕੇ ਰਾਸ, ਖ਼ੁਸ਼ੀਆਂ ਰੰਗ ਰੰਗਾਈਆ । ਨੀ ਤੈਨੂੰ ਵਧਾਈਆਂ ਦੇਵੇ ਸ਼ੰਕਰ ਉਤੇ ਕੈਲਾਸ਼, ਦੂਰੋਂ ਹੱਥ ਉਠਾਈਆ । ਬ੍ਰਹਮਾ ਕਹੇ ਸ਼ਾਬਾਸ਼, ਵਾਹਵਾ ਤੇਰੀ ਵਡ ਵਡਿਆਈਆ । ਵਿਸ਼ਨੂੰ ਕਹੇ ਮੇਰਾ ਸਾਹਿਬ ਸਵਾਮੀ ਖ਼ਾਸ, ਖ਼ਾਲਸ ਰੰਗ ਰੰਗਾਈਆ । ਅਵਤਾਰ ਕਹਿਣ ਜਿਸ ਦੇ ਬਣੇ ਦਾਸੀ ਦਾਸ, ਸੋ ਦਾਤਾ ਧੁਰਦਰਗਾਹੀਆ । ਪੈਗ਼ੰਬਰ ਕਹਿਣ ਜਿਸ ਮਕਬਰਿਆਂ ਵਿਚ ਲੇਖੇ ਲਾਈ ਸਾਡੀ ਲਾਸ਼, ਲਸ਼ਕਰ ਨਜ਼ਰ ਕੋਇ ਨਾ ਆਈਆ । ਗੁਰੂ ਗੁਰਦੇਵ ਕਹਿਣ ਜਿਸ ਸ਼ਬਦ ਜਣਾਇਆ ਸਵਾਸ ਸਵਾਸ, ਸਾਹ ਸਾਹ ਸਮਾਈਆ । ਉਹ ਪ੍ਰਗਟ ਹੋ ਕੇ ਆਪ, ਆਪਣੀ ਦਇਆ ਕਮਾਈਆ । ਭਾਵੇਂ ਉਸ ਨੂੰ ਪੂਰਨ ਸਤਿਗੁਰ ਮੰਨੋ ਤੇ ਭਾਵੇਂ ਮੰਨ ਲਓ ਧੁਰ ਦਾ ਬਾਪ, ਤੇ ਭਾਵੇਂ ਮਈਆ ਕਹਿ ਕੇ ਗੋਦੀ ਆਸਣ ਲਾਈਆ । ਭਾਵੇਂ ਆਤਮਾ ਕਹੋ ਤੇ ਭਾਵੇਂ ਪਰਮਾਤਮਾ ਕਹੋ ਤੇ ਭਾਵੇਂ ਉਸੇ ਦਾ ਜਪੋ ਜਾਪ, ਉਹੋ ਨੂਰ ਤੇ ਉਹੋ ਜ਼ਹੂਰ ਨਜ਼ਰੀ ਆਈਆ । ਜਨ ਭਗਤੋ ਜੇ ਨਹੀਂ ਖੁਲ੍ਹਿਆ ਤੇ ਖੋਲ ਦੇਵੇਗਾ ਤਾਕ, ਜਿਨ੍ਹਾਂ ਦਾ ਤਕਵਾ ਲਿਆ ਬੰਨ੍ਹਾਈਆ । ਮਿਹਰਵਾਨ ਹੋ ਕੇ ਬਖ਼ਸ਼ੇ ਦਾਤ, ਦਾਤਾ ਦਾਨੀ ਵਡ ਵਡਿਆਈਆ । ਤੁਹਾਡੀ ਲੇਖੇ ਲਾਵੇ ਅਠਾਰਾਂ ਹਾੜ ਦੀ ਰਾਤ, ਰਾਤੀ ਜਾਗਣ ਵਾਲਿਓ ਜਾਗਰਤ ਵਿਚ ਤੁਹਾਨੂੰ ਆਪਣਾ ਦਰਸ ਦਿਖਾਈਆ । ਕਿਤੇ ਸੰਸਾਰ ਵਾਲਾ ਸਮਝ ਨਾ ਛੱਡਿਓ ਸਾਕ, ਏਸ ਨੇ ਸਾਕਾ ਸਾਰਾ ਜਾਣਾ ਬਦਲਾਈਆ । ਫੇਰ ਲੱਭਿਆਂ ਨਹੀਂ ਆਉਣਾ ਹਾਥ, ਹਥੇਲੀਆਂ ਮਲੇ ਖ਼ਲਕ ਖ਼ੁਦਾਈਆ । ਜਨ ਭਗਤਾਂ ਜ਼ਰੂਰ ਦੇਵੇਗਾ ਸਾਥ, ਸਾਥੀ ਧੁਰ ਦੇ ਲਏ ਬਣਾਈਆ । ਧਰਨੀ ਕਹੇ ਮੇਰਾ ਭਾਗ ਮਥੋਰ ਧੂੜੀ ਲੱਗੀ ਮਾਥ, ਚਰਨ ਸਰਨ ਸ਼ਰਨਾਈਆ । ਮੈਂ ਖ਼ੁਸ਼ੀਆਂ ਨਾਲ ਨੌਵਾਂ ਖੰਡਾਂ ਨੂੰ ਦੇਣਾ ਆਖ, ਬਿਨ ਅੱਖਰਾਂ ਢੋਲੇ ਗਾਈਆ । ਮੇਰਾ ਸਾਹਿਬ ਸਵਾਮੀ ਅੰਤਰਜਾਮੀ ਮੇਰਾ ਏਸੇ ਨਾਲ ਜੁੜਿਆ ਨਾਤ, ਜੋ ਆਪਣਾ ਰੰਗ ਰਿਹਾ ਰੰਗਾਈਆ । ਦੁਨੀਆਦਾਰੋ ਸਭ ਦਾ ਲੇਖਾ ਲਏ ਵਾਚ, ਵਾਚਣਹਾਰਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਤਿਗੁਰ ਸਾਚ, ਸਾਚਾ ਸਤਿਗੁਰ ਇਕ ਅਖਵਾਈਆ ।



### ✪ ੧੯ ਹਾੜ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਦੇ ਸਮੇਂ ✪

ਨਾਰਦ ਕਹੇ ਧਰਨੀਏ ਤੂੰ ਸੋਹਣੀ ਨਹਾਤੀ ਧੋਤੀ, ਸਾਫ਼ ਸੁਥਰੀ ਨਜ਼ਰੀ ਆਈਆ । ਤੇਰੇ ਨੂਰ ਦੀ ਜਗਦੀ ਨੂਰਾਨੀ ਜੋਤੀ, ਜੋਤ ਜੋਤ ਜੋਤ ਜੋਤ ਨਾਲ ਰੁਸ਼ਨਾਈਆ । ਨੀ ਤੂੰ ਫਿਰੇਂ ਇਕ ਇਕਲੌਤੀ, ਇਕੱਲੀ ਵਾਹੋ ਦਾਹੀਆ । ਤੇਰੇ ਉਤੇ ਮਾਣਕ ਹੀਰੇ ਮੋਤੀ, ਜਨ ਭਗਤ ਸੁਹੇਲੇ ਸੋਭਾ ਪਾਈਆ । ਜਿਹੜੇ ਦਿਸਦੇ ਵਿਚੋਂ ਕੋਟਨ ਕੋਟੀ, ਅਣਗਿਣਤਾਂ ਵਿਚੋਂ ਗਣਤ ਨਾ ਕੋਇ ਗਿਣਾਈਆ । ਤੂੰ ਜਾਗ ਸਵਾਣੀ ਸੋਤੀ, ਸੁੱਤੀ ਲੈ ਅੰਗੜਾਈਆ । ਤੇਰੀ ਯਾਦ ਬੀਤ ਗਈ ਬਹੁਤੀ, ਜੁਗ ਚੌਕੜੀ ਪੰਧ ਮੁਕਾਈਆ । ਨੀ ਨਾ ਕੋਈ ਤੇਰੀ ਧੀ ਨਾ ਕੋਈ ਪੁਤ ਤੇ ਪੋਤੀ, ਪੋਤਰਾ ਦੋਹਤਰਾ ਨਜ਼ਰ ਕੋਇ

ਨਾ ਆਈਆ । ਕਿਉਂ ਬਿਨ ਨੈਣਾਂ ਰਹੀ ਰੋਤੀ, ਹੰਝੂਆਂ ਹਾਰ ਬਣਾਈਆ । ਤੂੰ ਨੰਨ੍ਹੀ ਨਿੱਕੀ ਜਿਹੀ ਛੋਟੀ, ਵੱਡੀ ਵਡ ਨਾ ਕੋਇ ਵਡਿਆਈਆ । ਤੇਰੇ ਉਤੇ ਦੀਨ ਦੁਨੀ ਦੀ ਵਾਸਨਾ ਹੋ ਗਈ ਖੋਟੀ, ਕੂੜ ਵਿਚ ਲੋਕਾਈਆ । ਝਗੜਾ ਦਿਸੇ ਅੰਨ ਰੋਟੀ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਏਸੇ ਕਾਰਨ ਧਰਨੀਏ ਮੈਂ ਚਾਰ ਜੁਗ ਰਖੀ ਲੰਗੋਟੀ, ਓਢਣ ਸੀਸ ਨਾ ਕੋਇ ਟਿਕਾਈਆ । ਮੇਰਾ ਇਕ ਕਰਮੰਡਲ ਇਕ ਲੋਟੀ, ਜਿਸ ਨੂੰ ਲੁਟੀਆ ਕਹਿ ਕੇ ਸਾਰੇ ਗਾਈਆ । ਮੈਂ ਸਾਂਭ ਕੇ ਰੱਖਿਆ ਪ੍ਰੇਮ ਪਿਆਰ ਦੀ ਕੋਠੀ, ਕੁਟੀਆ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਤੇਰੀ ਪ੍ਰੇਮ ਪਿਆਰ ਦੀ ਅੰਗੀ, ਅੰਗਣ ਸੋਹਣਾ ਨਜ਼ਰੀ ਆਈਆ । ਨੀ ਤੂੰ ਇਕੋ ਜਿਹੀ ਉਚੀ ਲੰਮੀ, ਛੋਟਾ ਵੱਡਾ ਹਿੱਸਾ ਨਾ ਕੋਇ ਰਖਾਈਆ । ਪ੍ਰਭ ਦੀ ਚਰਨ ਧੂੜ ਵਿਚੋਂ ਜੰਮੀ, ਦੂਸਰ ਦਿਸੇ ਕੋਇ ਨਾ ਮਾਈਆ । ਮੇਰੀ ਇਕ ਬੇਨੰਤੀ ਮੰਨੀ, ਮਨਸਾ ਵਾਲੀਏ ਦਿਆਂ ਜਣਾਈਆ । ਸਾਚੇ ਸਾਹਿਬ ਦੀ ਬਣੀ ਚੰਨੀ, ਜਿਸ ਚੰਦ ਸਿਤਾਰ ਨਿਸ਼ਾਨ ਦੇਣੇ ਮਿਟਾਈਆ । ਵੇਖੀਂ ਜਗਤ ਲਾਲਚ ਵਿਚ ਨਾ ਬਣੀਂ ਤਮੀ, ਤਾਮਸ ਤ੍ਰਿਸ਼ਨਾ ਨਾ ਕੋਇ ਰਖਾਈਆ । ਸਾਹਿਬ ਸਵਾਮੀ ਗਾਵੀਂ ਦਮ ਦਮੀ, ਦਾਮਨਗੀਰ ਇਕੋ ਇਕ ਰਖਾਈਆ । ਜਿਸ ਤੇਰੇ ਉਤੇ ਖੇਲ ਖੇਲਣੀ ਨਵੀਂ, ਨਵ ਨੌ ਚਾਰ ਦਾ ਪੰਧ ਮੁਕਾਈਆ । ਤੂੰ ਓਸੇ ਦਾ ਢੋਲਾ ਗਵੀਂ, ਗਾ ਗਾ ਸ਼ੁਕਰ ਬਣਾਈਆ । ਓਸੇ ਦੇ ਚਰਨਾਂ ਢਵੀਂ, ਜੋ ਢਈਏ ਦਾ ਮਾਲਕ ਸੋਭਾ ਪਾਈਆ । ਵੇਖੀਂ ਗ਼ਫ਼ਲਤ ਵਿਚ ਕਦੇ ਨਾ ਸਵੀਂ, ਨੇਤਰ ਨੈਣ ਲੈਣੇ ਖੁਲਾਈਆ । ਓਸੇ ਦੀ ਦਾਸਨ ਹੋ ਕੇ ਰਵ੍ਹੀਂ, ਦਾਸੀ ਦਾਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵਡ ਵਡਿਆਈਆ । ਨਾਰਦ ਕਹੇ ਧਰਨੀਏ ਤੈਨੂੰ ਮਾਰਗ ਦੱਸਾਂ ਸੁਖੱਲਾ, ਸਹਿਜ ਨਾਲ ਦ੍ਰਿੜਾਈਆ । ਤੇਰਾ ਵਸਦਾ ਰਹੇ ਮਹੱਲਾ, ਮਹੱਲ ਅਟੱਲ ਵੱਜੇ ਵਧਾਈਆ । ਤਰਸ ਕਰੇ ਜੋ ਸਾਹਿਬ ਤੇਰਾ ਇਕੱਲਾ, ਏਕੰਕਾਰਾ ਨੂਰ ਅਲਾਹੀਆ । ਜੋ ਵਸਿਆ ਜਲਾ ਥਲਾ, ਮਹੀਅਲ ਰਿਹਾ ਸਮਾਈਆ । ਉਹ ਪ੍ਰਗਟ ਹੋਵੇ ਪਲ ਪਲਾ, ਪਾਰਬ੍ਰਹਮ ਧੁਰਦਰਗਾਹੀਆ । ਉਹ ਜ਼ਿੰਦਗੀ ਦਾ ਮੂਲ ਦੇਵੇ ਫਲਾ, ਫਲ ਫੁਲਵਾੜੀ ਆਪ ਮਹਿਕਾਈਆ । ਉਸ ਦੀ ਸਰਨ ਪਵੀਂ ਜੋ ਸਭ ਦਾ ਕਰੇ ਭਲਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਹ ਜੋਤੀ ਸ਼ਬਦੀ ਧਾਰ ਰਲਾ, ਨੂਰ ਜ਼ਹੂਰ ਵਿਚ ਟਿਕਾਈਆ । ਜਿਸ ਨੇ ਸਚ ਸਿੰਘਾਸਣ ਸਚ ਦਵਾਰੇ ਮੱਲਾ, ਮਾਲਕ ਹੋ ਕੇ ਖ਼ੁਸ਼ੀ ਬਣਾਈਆ । ਧਰਨੀਏ ਉਸ ਦੇ ਨਾਮ ਦਾ ਫੇਰ ਦੇ ਪੱਲਾ, ਜੋ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲਹਿਣਾ ਦੇਣਾ ਪੂਰਾ ਕਰੇ ਵਿਚ ਜਲ ਥਲਾ, ਮਹੀਅਲ ਵਿਚ ਮਹਿਬੂਬ ਆਪਣਾ ਦਰਸ ਦਿਖਾਈਆ ।



੧੦੧੧
੨੩

✪ ੩੦ ਹਾੜ ਸ਼ਹਿਨਸ਼ਾਹੀ ਸੰਮਤ ਨੌ ਫ਼ਿਰੋਜ਼ਪੁਰ ਛਾਉਣੀ ਗਵਾਲ ਟੋਲੀ ਰਾਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਤੇਰੇ ਪਿਆਰ ਦੀ ਪ੍ਰਭੂ ਕਸਮਾ, ਸੁਗੰਦ ਖਾ ਕੇ ਦਿਆਂ ਜਣਾਈਆ । ਤੇਰੀਆਂ ਜੁਗ ਚੌਕੜੀ ਵੇਖੀਆਂ ਰਸਮਾਂ, ਕਿਸ ਬਿਧ

ਆਪਣੀ ਵੰਡ ਵੰਡਾਈਆ । ਮੈਂ ਤਕਦੀ ਰਹੀ ਬਿਨਾ ਚਸ਼ਮਾਂ, ਚਸ਼ਮੇ ਦੀਦ ਧਿਆਨ ਲਗਾਈਆ । ਮੇਰੇ ਮਹਿਬੂਬ ਧੁਰ ਦੇ ਖ਼ਸਮਾ, ਖ਼ਸਮਾਨੇ ਸੀਸ ਝੁਕਾਈਆ । ਵੰਡੀ ਵੇਖ ਲੈ ਸਰੀਰ ਜਿਸਮਾ, ਜ਼ਮੀਰਾਂ ਫੋਲ ਫੁਲਾਈਆ । ਤੇਰਾ ਨਜ਼ਰ ਨਾ ਆਏ ਇਸ਼ਟ ਇਸਮਾ, ਅਜ਼ੀਮ ਆਜ਼ਮ ਤੇਰਾ ਨੂਰ ਨਾ ਕੋਇ ਦਰਸਾਈਆ । ਮੈਂ ਸੰਦੇਸੇ ਦਿਤੇ ਵਿਸ਼ਨ ਬ੍ਰਹਮਾ ਵਿਸ਼ਨਾ, ਵਿਸ਼ਵ ਧਾਰ ਸੁਣਾਈਆ । ਮੈਂ ਆਖਿਆ ਰਾਮਾ ਕ੍ਰਿਸ਼ਨਾ, ਪ੍ਰੇਮ ਵਿਚ ਸੁਣਾਈਆ । ਪੈਗ਼ੰਬਰਾਂ ਦਿਤੀਆਂ ਚਿਟਨਾ, ਬਿਨਾ ਹਰਫ਼ ਹਰੂਫ਼ ਲਿਖਾਈਆ । ਗੁਰੂਆਂ ਅਗੇ ਪਾ ਕੇ ਪਿਟਨਾ, ਬਹੁੜੀ ਬਹੁੜੀ ਕਰ ਕੁਰਲਾਈਆ । ਮੇਰੇ ਉਤੇ ਪੂਜਾ ਰਹਿ ਜਾਣੀ ਪੱਥਰ ਇੱਟਨਾ, ਪ੍ਰਭੂ ਸੀਸ ਨਾ ਕੋਇ ਨਿਵਾਈਆ । ਧੁਰ ਦਾ ਨਾਮ ਟਕਿਆਂ ਵਿਚ ਵਿਕਣਾ, ਕੀਮਤ ਹੱਟਾਂ ਵਿਚ ਵਿਚ ਰਖਾਈਆ । ਸਤਿਗੁਰ ਸ਼ਬਦ ਮਿਲੇ ਨਾ ਮਿਤਨਾ, ਮਿਤਰ ਪਿਆਰਾ ਸੰਗ ਨਾ ਕੋਇ ਬਣਾਈਆ । ਆਤਮ ਪਰਮਾਤਮ ਕਰੇ ਕੋਇ ਨਾ ਹਿਤਨਾ, ਹਿਤਕਾਰੀ ਰੰਗ ਨਾ ਕੋਇ ਸਮਾਈਆ । ਪੁਛਦੀ ਰਹੀ ਪ੍ਰਭੂ ਤੇਰਾ ਸਮਾਂ ਕਿਤਨਾ, ਭੇਵ ਅਭੇਦਾ ਦੇ ਖੁਲਾਈਆ । ਤੂੰ ਵਸ ਜਾ ਮੇਰੇ ਚਿਤਨਾ, ਚਿਤ ਠਗੌਰੀ ਰਹੇ ਨਾ ਰਾਈਆ । ਤੂੰ ਸਵਾਮੀ ਮੇਰਾ ਪਿਤਨਾ, ਪਤਿਪਰਮੇਸ਼ਵਰ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਦੱਸ ਦੇ ਹਿਤਨਾ, ਬਿਨ ਹੱਥਾਂ ਹੱਥ ਉਠਾਈਆ । ਕਵਣ ਦਵਾਰੇ ਤੇਰਾ ਚਰਨ ਟਿਕਣਾ, ਧੂੜੀ ਮਸਤਕ ਖ਼ਾਕ ਰਮਾਈਆ । ਕਿਸ ਬਿਧ ਮੇਰਾ ਲੇਖ ਨਜਿੱਠਣਾ, ਸਾਹਿਬ ਦੇਣਾ ਸਮਝਾਈਆ । ਧਰਨੀ ਕਹੇ ਮੈਨੂੰ ਸੁਣਾ ਦੇ ਅਗੰਮੀ ਸਿਖਨਾ, ਸਿਖਿਆ ਸਚ ਸਮਝਾਈਆ । ਤੇਰਾ ਲੇਖਾ ਲੇਖ ਕਿਸ ਬਿਧ ਲਿਖਣਾ, ਕੀ ਆਪਣਾ ਹੁਕਮ ਵਰਤਾਈਆ । ਤੂੰ ਵੇਸ ਵਟਾਏਂ ਨਿਤ ਨਵਿਤਨਾ, ਜੁਗ ਜੁਗ ਫੇਰੀਆਂ ਪਾਈਆ । ਧਰਨੀ ਕਹੇ ਕਿਸ ਬਿਧ ਮੇਰੀ ਬਦਲੇ ਰਿਖਨਾ, ਰੇਖ ਆਪਣੇ ਨਾਲ ਬਣਾਈਆ । ਕਿਸ ਨੈਣ ਨੇਤਰ ਦਿਸਨਾ, ਪਰਦਾ ਦੇਣਾ ਖੁਲਾਈਆ । ਕਿਸ ਧਾਰ ਭਗਤਾਂ ਅੰਦਰ ਲਿਟਣਾ, ਆਤਮ ਸੇਜ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਮੇਰੇ ਮਿਤਨਾ, ਮੀਤ ਰੀਤ ਆਪਣੀ ਦੇਣੀ ਸਮਝਾਈਆ ।

### ✪ ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਦੇ ਸਮੇਂ ✪

ਸੰਮਤ ਨੌ ਸ਼ਹਿਨਸ਼ਾਹੀ ਕਹੇ ਮੇਰਾ ਪ੍ਰਵਿਸ਼ਟਾ ਪਹਿਲਾ ਸਾਵਣ, ਸਾਵਰੀਆ ਗਾਵਰੀਆ ਦੇਵੇ ਮਾਣ ਵਡਿਆਈਆ । ਜੋ ਆਸ਼ਾ ਰਖ ਕੇ ਗਿਆ ਬਲ ਦਵਾਰੇ ਬਾਵਨ, ਬਿਨਾ ਬਾਬ ਅਹਿਬਾਬ ਅੰਤਰ ਨਿਰੰਤਰ ਭੇਵ ਜਣਾਈਆ । ਜੋ ਇਸ਼ਾਰਾ ਕੀਤਾ ਰਾਮ ਨੇ ਰਾਵਣ, ਦਹਿਸਰ ਸ਼ੇਸ਼ ਚਾਰ ਵੇਦਾਂ ਤੋਂ ਬਾਹਰ ਜਣਾਈਆ । ਜਿਸ ਦੀ ਨਿਗਾਹ ਮਾਰੀ ਕ੍ਰਿਸ਼ਨਾ ਕਾਹਨਨ, ਘਨਈਆ ਮਈਆ ਨਈਆ ਤੋਂ ਬਾਹਰ ਵੇਖ ਵਖਾਈਆ । ਜਿਸ ਦਾ ਪੈਗ਼ੰਬਰਾਂ ਕਲਮੇ ਕਾਇਨਾਤ ਤੋਂ ਬਾਹਰ ਪਕੜਿਆ ਦਾਮਨ, ਦਾਮਨਗੀਰ ਬੇਨਜ਼ੀਰ ਸ਼ਾਹ ਹਕੀਰ ਨੂਰ ਅਲਾਹੀਆ । ਜਿਸ ਨੂੰ ਸਤਿਗੁਰ ਗੁਰਦੇਵ ਬਣਾਇਆ ਜ਼ਾਮਨ, ਜ਼ਾਹਰ ਜ਼ਹੂਰ ਅਗੰਮ ਅਥਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਪਤਤ ਪਾਵਨ, ਪਤਤ ਪੁਨੀਤ ਤ੍ਰੈਗੁਣ ਰਿਹਾ ਕਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਬਣ ਕੇ ਸ਼ਬਦ ਜ਼ਾਮਨ, ਦੋ ਜਹਾਨ ਸ੍ਰੀ ਭਗਵਾਨ ਆਪਣੀ ਗੰਢ ਪਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ

੧੦੭੩
੨੩

ਦਾ ਕੰਤ ਮੇਟੇ ਅੰਧੇਰੀ ਸ਼ਾਮਨ, ਸ਼ਮ੍ਹਾਂ ਨੂਰ ਚੰਦ ਚੰਦ ਰੁਸ਼ਨਾਈਆ । ਜਗਤ ਤ੍ਰਿਸ਼ਨਾ ਬ੍ਰਹਮਾ ਵਿਸ਼ਨਾ ਵੇਖੇ ਸ਼ੰਕਰ ਵਾਲੀ ਤਾਮਨ, ਰਜੋ ਤਮੋ ਸਤੋ ਪਰਦਾ ਆਪ ਚੁਕਾਈਆ । ਨਿਰਗੁਣ ਨੂਰ ਬਿਨਾ ਕੋਹਤੂਰ ਸਤਿ ਸਰੂਰ ਖੇਲ ਕਰੇ ਸ੍ਰੀ ਭਗਵਾਨਨ, ਭਗਵਨ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰਾ ਵਕਤ ਸੁਹੰਜਣਾ, ਸੋਭਾਵੰਤ ਦਏ ਵਡਿਆਈਆ । ਕਿਰਪਾ ਕਰੇ ਦੀਨ ਦਿਆਲ ਦਰਦ ਦੁੱਖ ਭੈ ਭੰਜਨਾ, ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮ ਅਥਾਹੀਆ । ਪਰਵਰਦਿਗਾਰ ਸਾਂਝਾ ਯਾਰ ਸਾਚਾ ਸੱਜਣਾ, ਸਾਕ ਸੈਣ ਐਨ ਦਾ ਐਨ ਇਕ ਅਖਵਾਈਆ । ਜੋ ਮੇਰੇ ਉਤੇ ਆਪਣੇ ਪ੍ਰੇਮ ਦੀ ਚਾੜ੍ਹੇ ਰੰਗਣਾ, ਰੰਗਤ ਦੋ ਜਹਾਨ ਰੰਗਾਈਆ । ਤਿਸ ਦਵਾਰੇ ਮੈਂ ਭਿਖਾਰਨ ਹੋ ਕੇ ਮੰਗਣਾ, ਭਿੱਖਕ ਹੋ ਕੇ ਝੋਲੀ ਡਾਹੀਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਮੇਰਾ ਭਾਗ ਰਹਿਣ ਨਾ ਦੇਵੀਂ ਮੰਦਨਾ, ਭਾਗਹੀਣ ਸਿਰ ਹੱਥ ਦੇਣਾ ਟਿਕਾਈਆ । ਮੇਰੀ ਦਰੋਹੀ ਮੇਰੇ ਉਤੋਂ ਨਿਸ਼ਾਨ ਮਿਟਣਾ ਤਾਰਾ ਚੰਦਨਾ, ਚੰਦ ਸਿਤਾਰ ਕਰ ਪੁਕਾਰ ਸਦੀ ਚੌਧਵੀਂ ਚੌਦਸ ਰੂਪ ਬਦਲਾਈਆ । ਤੇਰਾ ਖੇਲ ਅਗੰਮਾ ਹੋਣਾ ਬਿਨਾ ਦੱਸਣਾ, ਰੋਵਾਂ ਛੰਮ ਛੰਮ ਨੀਰ ਵਹਾਈਆ । ਕਰਨੀ ਦੇ ਕਰਤੇ ਸੂਰੇ ਸਰਬੰਗਨਾ, ਧੁਰ ਦੇ ਯਾਰ ਬੇਐਬ ਤੇਰੀ ਵਡ ਵਡਿਆਈਆ । ਚਰਨ ਧੂੜੀ ਲਾਵਾਂ ਛਾਰ ਤੂੰ ਦੇਵਣਹਾਰ ਦਾਤਾਰ, ਦਇਆਨਿਧ ਠਾਕਰ ਸਵਾਮੀ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰਾ ਸਾਵਣ ਜਗਤ ਰੁੱਤ ਤੋਂ ਬਾਹਰ, ਰੁਤੜੀ ਮਾਤ ਨਾ ਕੋਇ ਬਣਾਈਆ । ਜਿਸ ਦੀ ਸਿਫ਼ਤ ਲਿਖ ਸਕੇ ਕੋਇ ਨਾ ਸ਼ਾਇਰ, ਕਲਮ ਸਿਆਹੀ ਕਾਤਬ ਨਾ ਕੋਇ ਚਤੁਰਾਈਆ । ਚਾਰ ਜੁਗ ਜਿਸ ਦਾ ਭੇਵ ਪਾ ਨਾ ਸਕਿਆ ਕੋਇ ਮਾਹਿਰ, ਪਰਦਾ ਮਹਿਬੂਬ ਹਕ ਨਾ ਕੋਇ ਉਠਾਈਆ । ਜੋ ਆਇਆ ਜਿਸ ਗਾਇਆ ਸਿਫ਼ਤਾਂ ਕਰ ਕੇ ਵਿਚ ਦਾਇਰ, ਹੱਦ ਹਦੂਦਾਂ ਵੰਡ ਵੰਡਾਈਆ । ਸ਼ਰਅ ਸ਼ਰਅ ਨੂੰ ਦੱਸ ਕੇ ਗ਼ਾਇਰ, ਗ਼ਰਜ਼ ਆਪਣੀ ਗੰਢ ਪਵਾਈਆ । ਮੈਂ ਰਾਗ ਤੋਂ ਸੁਣਦੀ ਰਹੀ ਬਾਹਿਰ, ਤਰਜ਼ ਆਲੀਸ਼ਾਨ ਅਜ਼ੀਮ ਕਾਇਨਾਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਸੁਣ ਸਾਵਣ ਸੱਜਣ, ਧੁਰ ਮਿਤਰਾ ਦਿਆਂ ਜਣਾਈਆ । ਕਵਣ ਪ੍ਰਭੂ ਦੇ ਚਰਨ ਧੂੜੀ ਕਰੇ ਮਜਨ, ਦੁਰਮਤ ਮੈਲ ਮੈਲ ਗਵਾਈਆ । ਕਿਸ ਬਿਧ ਗੜ੍ਹ ਹੰਕਾਰੀ ਭਾਂਡੇ ਭੱਜਣ, ਭਜਨ ਬੰਦਗੀ ਕਵਣ ਵਡਿਆਈਆ । ਕਵਣ ਵਿਚ ਮਾਇਆ ਮਾਇਆ ਮੋਹ ਜਗਤ ਤੱਜਣ, ਤ੍ਰਿਸ਼ਨਾ ਲੋਭ ਨਾ ਕੋਇ ਹਲਕਾਈਆ । ਕਿਸ ਬਿਧ ਸਾਹਿਬ ਸਤਿਗੁਰ ਪਰਦੇ ਆਵੇ ਕੱਜਣ, ਸਿਰ ਸਰ ਹੰਥ ਉਠਾਈਆ । ਕਿਸ ਧਾਰ ਅਗੰਮੀ ਦੀਪਕ ਜਗਣ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਕਵਣ ਵੇਲਾ ਵਕਤ ਸੁਹੰਜਣਾ ਮੈਂ ਮਨਾਵਾਂ ਸਗਨ, ਥਿਤ ਵਾਰ ਘੜੀ ਪਲ ਕਵਣ ਵਡਿਆਈਆ । ਧਰਨੀ ਕਹੇ ਸਾਵਣਾ ਕਿਸ ਬਿਧ ਮੇਰੇ ਉਤੋਂ ਕੂੜ ਦੀ ਬੁਝੇ ਅਗਨ, ਤਤੀ ਵਾਅ ਨਾ ਲਾਗੇ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਮਿਲੇ ਉਪਰ ਸ਼ਾਹ ਰਗਨ, ਨਵ ਨਵ ਦਾ ਪੰਧ ਮੁਕਾਈਆ । ਕਵਣ ਖੇੜਾ ਹੋਏ ਸੁਹੰਜਣਾ ਬਦਨ, ਮਿੱਟੀ ਖ਼ਾਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਧਰਨੀ ਕਹੇ ਸਾਵਨ ਮੇਰੀ ਕੌਣ ਕਰੇ ਸੁਹੰਜਣੀ ਰੁਤ, ਰੁਤੜੀ ਆਪਣੇ

ਨਾਲ ਮਹਿਕਾਈਆ । ਅੰਮ੍ਰਿਤ ਸਿੰਚੇ ਕਾਇਆ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਆਤਮ ਧਾਰ ਬਣਾਏ ਧੁਰ ਦੇ ਸੁਤ, ਦੁਲਾਰੇ ਆਪਣੀ ਗੋਦ ਉਠਾਈਆ । ਕੂੜ ਕਿਰਿਆ ਪੈਂਡਾ ਕਿਸ ਬਿਧ ਜਾਏ ਮੁਕ, ਮੁਕੰਮਲ ਦੇ ਸੁਣਾਈਆ । ਸਾਵਣ ਖ਼ੁਸ਼ੀਆਂ ਵਿਚ ਗਿਆ ਝੁਕ, ਨਿਵ ਨਿਵ ਸੀਸ ਨਿਵਾਈਆ । ਧਰਨੀ ਕੀ ਮੈਥੋਂ ਰਹੀ ਪੁਛ, ਆਪਣੀ ਆਸਾ ਰਹੀ ਪ੍ਰਗਟਾਈਆ । ਮੇਰੇ ਕੋਲ ਨਹੀਂ ਕੁਛ, ਕਛ ਮਛ ਦਾ ਪਿਛਲਾ ਲੇਖਾ ਦਿਆਂ ਦ੍ਰਿੜਾਈਆ । ਤੂੰ ਆਪਣੀ ਨਿਗਾਹ ਮਾਰ ਲੈ ਨੌ ਖੰਡ ਪ੍ਰਿਥਮੀ ਸੱਤ ਦੀਪ ਦੀ ਕੁੱਖ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਚੁਰਾਸੀ ਵਿਚੋਂ ਆਪਣੇ ਲਾਡਲੇ ਤੱਕ ਲੈ ਮਨੁੱਖ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਰਲਾਈਆ । ਸਾਰੇ ਕਿਸ ਧਾਰ ਵਿਚ ਮਾਣਦੇ ਸੁਖ, ਕਵਣ ਸੁਖ ਸਾਗਰ ਵਿਚ ਸਮਾਈਆ । ਧਰਨੀ ਆਪਣੇ ਦੋਹਾਂ ਹੱਥਾਂ ਨੂੰ ਰਹੀ ਘੁੱਟ, ਬਿਨ ਹੱਥਾਂ ਹੱਥ ਦਬਾਈਆ । ਵੇ ਸਾਵਣਾ ਮੇਰੇ ਉਤੇ ਚਾਰੋਂ ਕੁੰਟ ਪਈ ਲੁੱਟ, ਕਲਜੁਗ ਲੁਟੇਰਾ ਲੁੱਟੇ ਥਾਉਂ ਥਾਈਆ । ਧਰਮ ਦੀ ਧਾਰ ਵਿਚ ਦਿਸੇ ਕੋਇ ਨਾ ਖ਼ੁਸ਼ ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਸਾਵਣ ਕਹੇ ਧਰਨੀਏ ਹੋ ਜਾ ਚੁੱਪ, ਰਸਨਾ ਜਿਹਵਾ ਨਾ ਕੋਇ ਹਲਾਈਆ । ਚਾਰੋਂ ਕੁੰਟ ਤੱਕ ਅੰਧੇਰਾ ਘੁੱਪ, ਸੂਰੀਆ ਸਚ ਨਾ ਕੋਇ ਰੁਸ਼ਨਾਈਆ । ਨਿਗਾਹ ਮਾਰ ਲੈ ਤੇਰਾ ਵਕਤ ਸੁਹੰਜਣਾ ਗਿਆ ਢੁਕ, ਈਸਾ ਕਲਾਕ ਦਏ ਗਵਾਹੀਆ । ਬਿਦਰ ਦਾ ਅਲੂਣਾ ਸਾਗ ਕੀ ਕਹਿ ਰਿਹਾ ਟੁਕ, ਜਿਸ ਟੁਕੜੇ ਟੁਕੜੇ ਕੀਤੀ ਜਗਤ ਲੋਕਾਈਆ । ਮੂਸੇ ਇਸ਼ਾਰਾ ਦਿਤਾ ਕੀ ਜੋ ਕੋਹਤੂਰ ਤੇ ਗਿਆ ਝੁਕ, ਮੁਖ ਤੇਰੇ ਨਾਲ ਲਗਾਈਆ । ਮੁਹੰਮਦ ਨੇ ਕੀ ਤੇਰੇ ਅਗੇ ਫੋਲਿਆ ਦੁੱਖ, ਮਦੀਨੇ ਮਕਬਰੇ ਵਿਚ ਆਸਣ ਲਾਈਆ । ਸਦੀ ਚੌਧਵੀਂ ਮੇਰੇ ਮਾਲਕਾ ਜਗਤ ਦਿਆ ਖ਼ਾਲਕਾ ਮੇਰਿਆ ਅਮਾਮਾ ਮੇਰੀ ਉਮਤ ਵਿਚ ਪੈਣੀ ਲੁੱਟ, ਬਚਿਆ ਰਹਿਣ ਕੋਇ ਨਾ ਪਾਈਆ । ਅੱਲਾ ਹੂ ਅੱਨਾ ਹੂ ਜਬ ਤੱਕ ਸਾਰੇ ਗਾਏ ਕੋਇ ਨਾ ਤੁਕ, ਤੁਖ਼ਮ ਤਾਸੀਰ ਸਕੇ ਨਾ ਕੋਇ ਬਚਾਈਆ । ਜਿਸ ਕਾਰਨ ਲਬ ਕਟਾਈ ਮੁੱਛ, ਮੁਸ਼ਕਲ ਹੱਲ ਨਾ ਕਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਆਪਣੇ ਹੱਥ ਰਖਾਈਆ । ਧਰਨੀ ਕਹੇ ਸਾਵਣ ਕਰ ਦੇ ਆਪਣੀ ਬਰਖਾ, ਮੇਘਲਾ ਇਕ ਬਰਸਾਈਆ । ਮੈਨੂੰ ਨਾ ਸੋਗ ਰਹੇ ਨਾ ਹਰਖਾ, ਚਿੰਤਾ ਗ਼ਮ ਨਾ ਕੋਇ ਜਣਾਈਆ । ਸਾਵਣ ਰੋ ਕੇ ਕਿਹਾ ਧਰਨੀਏ ਉਹ ਵਕਤ ਯਾਦ ਕਰ ਲੈ ਜਿਸ ਵੇਲੇ ਹੁਕਮ ਦਿਤਾ ਸੀ ਗੋਬਿੰਦ ਉਤੇ ਸਰਸਾ, ਸੁਰਸਤੀ ਗੰਗਾ ਸਾਰੀਆਂ ਬੈਠੀਆਂ ਸੀਸ ਨਿਵਾਈਆ । ਜਿਸ ਵੇਲੇ ਮੇਰੇ ਸਾਹਿਬ ਸੁਲਤਾਨ ਸ੍ਰੀ ਭਗਵਾਨ ਨਿਰਗੁਣ ਧਾਰ ਆਈ ਹਸਤੀ, ਹਸਤ ਕੀਟਾਂ ਵੇਖ ਵਖਾਈਆ । ਬਿਨਾ ਭਗਤਾਂ ਤੋਂ ਕਿਸੇ ਚੜ੍ਹੇ ਨਾ ਮਸਤੀ, ਨਾਮ ਖ਼ੁਮਾਰੀ ਰੰਗ ਨਾ ਕੋਇ ਰੰਗਾਈਆ । ਇਹ ਲੇਖਾ ਗੋਬਿੰਦ ਨੇ ਸਰਸੇ ਵਿਚ ਰੁੜ੍ਹਾਇਆ ਦਸਤੀ, ਉਂਗਲਾਂ ਪੰਜੇ ਪੰਜ ਛੁਹਾਈਆ । ਫੇਰ ਹੱਸ ਕੇ ਤਾੜੀ ਮਾਰ ਕੇ ਕਿਹਾ ਖੇਲ ਹੋਣੀ ਅਲੱਖਣਾ ਅਲਖ ਦੀ, ਅਲਖ ਅਗੋਚਰ ਜੋ ਬੇਪਰਵਾਹੀਆ । ਅਗੋਂ ਸਰਸਾ ਦੀ ਧਾਰ ਆਪਣੀ ਆਸ਼ਾ ਦੱਸਦੀ, ਬਿਨ ਰਸਨਾ ਬੋਲ ਸੁਣਾਈਆ । ਗੋਬਿੰਦ ਇਹ ਵਸਤ ਕਿਹੜੇ ਬਣਜਾਰੇ ਹੱਟ ਦੀ, ਖ਼ਰੀਦਦਾਰ ਕਵਣ ਅਖਵਾਈਆ । ਗੋਬਿੰਦ ਇਸ਼ਾਰਾ ਕੀਤਾ ਓਹ ਸਰਸਿਆ ਇਹ ਖੇਲ ਹੋਣੀ ਉਸ ਅਗੰਮੇ ਜੱਟ ਦੀ, ਜਿਸ ਨੂੰ ਜਟਾ ਜੂਟ ਸਮਝ ਕੋਇ ਨਾ ਪਾਈਆ । ਉਸ ਵੇਲੇ ਸਦੀ ਚੌਧਵੀਂ ਹੋਣੀ ਟੱਪਦੀ, ਟਾਪੂਆਂ ਤੋਂ ਪਰੇ ਜਿਸ ਦੀ ਹੋਵੇ ਰੁਸ਼ਨਾਈਆ । ਇਹ ਧਾਰ ਖੇਲ ਖੇਲੇ ਪੁਰਖ ਸਮਰਥ ਦੀ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਮੇਰੇ ਵਹਿਣਾਂ

੧੦੧੪
੨੩

ਦੀ ਧਾਰ ਹੋਣੀ ਓਸ ਸਾਚੇ ਹੱਥ ਦੀ, ਜਿਸ ਹੱਥ ਨੂੰ ਅਕਥ ਕਹਿ ਕੇ ਸਾਰੇ ਗਾਈਆ । ਜਿਸ ਦੀ ਸਿਫ਼ਤ ਵਡਿਆਈ ਨਹੀਂ ਕਿਸੇ ਮਸ ਦੀ, ਸਮੁੰਦ ਸਾਗਰ ਆਪਣੀ ਸੇਵ ਕਮਾਈਆ । ਜਰਾ ਖੇਲ ਤੱਕ ਲੈ ਇਸ਼ਾਰੇ ਵਾਲੀ ਅੱਖ ਦੀ, ਬਿਨ ਨੈਣਾਂ ਤੋਂ ਨੈਣ ਦਿਤਾ ਚਮਕਾਈਆ । ਭੇਵ ਖੋਲਣਾ ਕਿਸੇ ਤਾਕਤ ਨਹੀਂ ਬੁਧ ਮਤ ਦੀ, ਮਨ ਚਲੇ ਨਾ ਕੋਇ ਚਤੁਰਾਈਆ । ਉਥੇ ਵਡਿਆਈ ਨਹੀਂ ਪੂਜਾ ਪਾਠ ਤਪ ਦੀ, ਸਿਮਰਨ ਜੋਗ ਅਭਿਆਸ ਵੰਡ ਨਾ ਕੋਇ ਵੰਡਾਈਆ । ਉਹ ਖੇਲ ਹੋਣੀ ਅਣਹੋਣੀ ਨਿਰਗੁਣ ਜੋਤ ਸ਼ਬਦ ਧਾਰ ਪ੍ਰਗਟ ਦੀ, ਪ੍ਰਗਣਾ ਆਪਣਾ ਲਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਆਪ ਅਖਵਾਈਆ । ਸਾਵਣ ਕਹੇ ਧਰਨੀਏ ਓਸ ਪ੍ਰਭੂ ਦੀ ਵੇਖ ਅਗੰਮੀ ਬਰਸਾਤ, ਜਿਸ ਦੀ ਬਰਸ ਮਾਸ ਵੰਡ ਨਾ ਕੋਇ ਵੰਡਾਈਆ । ਨੀ ਉਹ ਤੇਰਾ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਆਦਿ ਜੁਗਾਦੀ ਆਪਣੀ ਜਾਤ, ਜ਼ਾਤ ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਜੋ ਨਿਰਗੁਣ ਸਰਗੁਣ ਬੰਨ੍ਹੇ ਨਾਤ, ਆਤਮ ਪਰਮਾਤਮ ਮੇਲ ਮਿਲਾਈਆ । ਸੋ ਬੈਠਾ ਦਿਸੇ ਇਕਾਂਤ, ਇਕ ਇਕੱਲਾ ਨੂਰ ਅਲਾਹੀਆ । ਬਿਨਾ ਨੈਣਾਂ ਤੋਂ ਮਾਰ ਝਾਤ, ਝਾਕੀ ਆਪਣੀ ਵੇਖ ਵਖਾਈਆ । ਜਿਸ ਨੇ ਕਲਜੁਗ ਮੇਟਣੀ ਅੰਧੇਰੀ ਰਾਤ, ਰੁਤੜੀ ਭਗਤਾਂ ਨਾਲ ਮਹਿਕਾਈਆ । ਉਸ ਦੀ ਖ਼ਬਰ ਸੰਦੇਸ਼ੇ ਵਿਚ ਸੁਣ ਲੈ ਬਾਤ, ਬਾਤਨ ਦਿਆਂ ਜਣਾਈਆ । ਜੋ ਸਭ ਦਾ ਅੰਤਰ ਨਿਰੰਤਰ ਸੱਜਣ ਸਾਕ, ਸੈਣ ਅਗੰਮ ਅਥਾਹੀਆ । ਉਹ ਖੋਲ ਕੇ ਆਪਣਾ ਤਾਕ, ਘਰ ਘਰ ਭਗਤਾਂ ਅੰਮ੍ਰਿਤ ਬੂੰਦ ਸਵਾਂਤੀ ਨਾਭੀ ਕਵਲ ਦਏ ਚੁਆਈਆ । ਤੇਰੇ ਉਤੇ ਖੇਲ ਕਰੇ ਲੋਕਮਾਤ, ਮਾਤਰ ਭੂਮੀਏ ਵੇਖਣਾ ਚਾਈਂ ਚਾਈਆਂ । ਜਿਸ ਨੇ ਤਪਦੇ ਹਿਰਦੇ

੧੦੧੫ ੨੩ ਕਰਨੇ ਸ਼ਾਂਤ, ਕਲਜੁਗ ਕੂੜੀ ਅਗਨ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ੧੦੧੫ ੨੩

ਸਚ ਆਪ ਪ੍ਰਗਟਾਈਆ । ਧਰਨੀ ਕਹੇ ਸਾਵਣ ਕੀ ਸਤਿਗੁਰ ਮੇਘ ਬਰਸਾਵੇਗਾ । ਸਾਵਣ ਕਹੇ ਧਰਨੀ ਧਰਮ ਦੀ ਧਾਰ ਦਇਆ ਕਮਾਵੇਗਾ । ਤੇਰੀ ਜੁਗ ਜੁਗ ਦੀ ਤਪਸ਼ ਬੁਝਾਵੇਗਾ । ਜੋ ਆਸ਼ਾ ਰਖ ਕੇ ਗਏ ਰਿਖ ਸਪਤ, ਸਪਤਸ ਰਿਖੀਆਂ ਪੂਰ ਕਰਾਵੇਗਾ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਭਵਿਖਤ, ਪੇਸ਼ੀਨਗੋਈਆਂ ਸਭ ਦੀ ਪੇਸ਼ ਕਰ ਜਣਾਵੇਗਾ । ਜਨ ਭਗਤਾਂ ਕਾਇਆ ਮੰਦਰ ਅੰਦਰ ਖੋਲ ਕੇ ਦ੍ਰਿਸ਼ਟ, ਦਿਉਹਰਾ ਮਸੀਤ ਇਕੋ ਰੰਗ ਰੰਗਾਵੇਗਾ । ਨਾਤਾ ਤੋੜ ਕੇ ਕੂੜ ਸ੍ਰਿਸ਼ਟ, ਸ੍ਰੇਸ਼ਟ ਆਤਮ ਪਰਮਾਤਮ ਜੋੜ ਜੁੜਾਵੇਗਾ । ਜੋ ਵਾਅਦਾ ਕੀਤਾ ਰਾਮ ਨਾਲ ਵਸ਼ਿਸਟ, ਸੋ ਵਿਸ਼ਿਆਂ ਤੋਂ ਬਾਹਰ ਜਨ ਭਗਤ ਆਪ ਮਿਲਾਵੇਗਾ । ਜਿਸ ਦਾ ਦੋ ਜਹਾਨ ਇਕੋ ਹੋਣਾ ਇਸ਼ਟ, ਇਸ਼ਟੀ ਮਰਦ ਆਪਣਾ ਰੂਪ ਨਾ ਕੋਇ ਦਰਸਾਵੇਗਾ । ਜਿਸ ਦਾ ਲਹਿਣਾ ਦੇਣਾ ਨਹੀਂ ਟਾਂਕ ਜਿਸਤ, ਇਕ ਦੋ ਵੰਡ ਨਾ ਕੋਇ ਵੰਡਾਵੇਗਾ । ਤੇਰੀ ਅੰਤ ਮੇਟ ਕੇ ਚਿੰਤ, ਕਲਜੁਗ ਚਿਖਾ ਵਿਚੋਂ ਬਾਹਰ ਕਢਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਇਕ ਸੁਹਾਵੇਗਾ । ਸਾਚਾ ਗ੍ਰਿਹਿ ਪ੍ਰਭ ਸੁਹਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਜੋਤ ਰੁਸ਼ਨਾਏਗਾ । ਸ਼ਬਦੀ ਸ਼ਬਦ ਧਾਰ ਪ੍ਰਗਟਾਏਗਾ । ਬੰਕ ਦਵਾਰਾ ਇਕ ਸੁਹਾਏਗਾ । ਸੰਬਲ ਆਪਣਾ ਨੂਰ ਚਮਕਾਏਗਾ । ਜ਼ਾਹਰ ਜ਼ਹੂਰ ਖੇਲ ਖਿਲਾਏਗਾ । ਸਰਬ ਕਲਾ ਭਰਪੂਰ ਪਰਦਾ ਓਹਲਾ ਆਪ ਉਠਾਏਗਾ । ਪੈਂਡਾ ਪੰਧ ਮੁਕਾ ਕੇ ਨੇੜੇ ਦੂਰ, ਘਰ ਇਕੋ ਇਕ ਸੁਹਾਏਗਾ । ਜਿਥੇ ਦਿਸੇ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਸੋਭਾ ਪਾਏਗਾ । ਸੋ ਸਾਹਿਬ

ਸੁਲਤਾਨ ਨੌਜਵਾਨ ਭਗਤਾਂ ਮਿਲੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਏਗਾ । ਕੋਟ ਜਨਮ ਦਿਆਂ ਪਾਪੀਆਂ ਨਿਗਾਹ ਨਾਲ ਮੇਟ ਦੇਵੇ ਕਸੂਰ, ਕਸਰ ਇਸ਼ਾਰੀਆ ਤੋਂ ਬਾਹਰ ਆਪ ਉਠਾਏਗਾ । ਮਨੂਆ ਮਨ ਨਾ ਪਾਏ ਫ਼ਤੂਰ, ਫ਼ਤਵਾ ਨਾਮ ਵਾਲਾ ਲਗਾਏਗਾ । ਆਪਣੇ ਪਿਆਰ ਦਾ ਆਪੇ ਬਣਾ ਦਸਤੂਰ, ਬਿਨਾ ਦਸਤ ਤੋਂ ਦਸਤ ਨਾਲ ਰਖਾਏਗਾ । ਜਨ ਭਗਤਾਂ ਮਸਤਕ ਲਗਾ ਕੇ ਧੁਰ ਦੀ ਧੂੜ, ਟਿੱਕੇ ਨਾਮ ਵਾਲੇ ਰਮਾਏਗਾ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਅੰਧ ਅਗਿਆਨ ਆਪਣਾ ਗਿਆਨ ਸਮਝਾਏਗਾ । ਸ਼ਬਦੀ ਧਾਰ ਚੋਟੀ ਚਾੜ੍ਹ ਕੇ ਸਚ ਖਜੂਰ, ਫਿਰ ਥੱਲੇ ਕਦੇ ਨਾ ਲਾਹੇਗਾ । ਗ਼ਰੀਬਾਂ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੀ ਆਸਾ ਕਰ ਪੂਰ, ਪੁਰੀਆਂ ਲੋਆਂ ਤੋਂ ਬਾਹਰ ਸਚਖੰਡ ਟਿਕਾਏਗਾ । ਇਹ ਸਾਹਿਬ ਨੇ ਖੇਲ ਕਰਨਾ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਏਗਾ । ਜਨ ਭਗਤਾਂ ਸਾਚੇ ਸੰਤਾਂ ਸਤਹ ਬੁਲੰਦੀ ਤੋਂ ਉਤੇ ਕਰੇ ਮਸ਼ਹੂਰ, ਇਸ਼ਾਰਿਆਂ ਨਾਲ ਵਿਸ਼ਨ ਬ੍ਰਹਮਾ ਸ਼ਿਵ ਵਖਾਏਗਾ । ਜਨ ਭਗਤਾਂ ਦਾ ਬਣੇ ਮਜ਼ਦੂਰ, ਚਾਕਰ ਚਾਕਰੀ ਪ੍ਰੇਮ ਵਾਲੀ ਜਣਾਏਗਾ । ਫੇਰ ਵੀ ਭਗਤਾਂ ਦਾ ਹੋਇਆ ਰਹੇ ਮਸ਼ਕੂਰ, ਸ਼ੁਕਰਾਨੇ ਵਿਚ ਗਾਨੇ ਭਗਤਾਂ ਹੱਥ ਬੰਨ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਘਰ ਇਕ ਵਖਾਏਗਾ । ਸਾਵਣ ਕਹੇ ਧਰਨੀ ਮੇਰਾ ਮੇਘ ਨਾ ਠੰਡਾ ਨਾ ਤੱਤਾ, ਸਤਿ ਸਚ ਜਣਾਈਆ । ਮੈਨੂੰ ਸਾਰੇ ਦੇਂਦੇ ਗਏ ਮੱਤਾ, ਬੁੱਧੀਵਾਨ ਬੁਧ ਨਾਲ ਦ੍ਰਿੜਾਈਆ । ਮੇਰੀ ਆਸ਼ਾ ਰਖ ਕੇ ਬੈਠੇ ਸਮੁੰਦ ਸਾਗਰ ਸੱਤਾ, ਸਤਿਵਾਦੀ ਧਿਆਨ ਲਗਾਈਆ । ਪਰ ਮੈਂ ਕੀ ਦੱਸਾਂ ਮੇਰਾ ਸਵਾਮੀ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜੋ ਕਿਛ ਸੋ ਉਸ ਦੇ ਹੱਥਾ, ਹੁਕਮੇ ਵਿਚ ਹੁਕਮ ਵਰਤਾਈਆ । ਮੈਂ ਚਾਰੋਂ ਕੁੰਟ ਭੱਜਾ ਨੱਠਾ, ਚਲਾਂ ਵਾਹੋ ਦਾਹੀਆ ।



ਮੈਂ ਫਿਰਾਂ ਜਗਤ ਧਾਰ ਦਿਆਂ ਮੱਠਾਂ, ਮਸਾਣਾਂ ਪੰਧ ਮੁਕਾਈਆ । ਮੈਂ ਸੁਣਾਂ ਰਾਗ ਕੋਲੋਂ ਭੱਟਾ, ਗਵੱਈਆ ਕੰਨ ਵਾਲਾ ਬਣਾਈਆ । ਮੈਂ ਜਗਤ ਜਹਾਨ ਦੀ ਹੱਦ ਟੱਪਾ, ਟਾਪੂਆਂ ਤੋਂ ਬਾਹਰ ਵੇਖ ਵਖਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਖੇਲ ਵੇਖਿਆ ਨਾਲ ਅੱਖਾਂ, ਅਵਤਾਰ ਪੈਗ਼ੰਬਰ ਗੁਰੂ ਖੇਲ ਖਿਲਾਈਆ । ਮੈਨੂੰ ਯਾਦ ਆਉਂਦਾ ਜਿਸ ਵੇਲੇ ਗੋਬਿੰਦ ਜੈਕਾਰਾ ਬੋਲਿਆ ਫ਼ਤਹ, ਫ਼ਾਤਿਆ ਸਭ ਦਾ ਦਿਆਂ ਕਰਾਈਆ । ਮੇਰਾ ਮੇਘਲਾ ਨਾ ਠੰਡਾ ਨਾ ਤਤਾ, ਤਤਵ ਤਤ ਸਕੇ ਨਾ ਕਿਸੇ ਦਾ ਬਦਲਾਈਆ । ਨੀ ਮੈਂ ਤੈਨੂੰ ਛੋਟਾ ਜਿਹਾ ਦੱਸਦਾ ਪਤਾ, ਬਿਨਾ ਲੇਖਨੀ ਤੋਂ ਲੇਖ ਦਿਆਂ ਲਿਖਾਈਆ । ਉਸ ਦਾ ਹਿਸਾਬ ਨਾ ਐਜਨ ਨਾ ਤਥਾ, ਯਕੀਨ ਯਕੀਨ ਵਿਚੋਂ ਸਮਝਾਈਆ । ਨੀ ਜਿਸ ਦੀ ਚਾਰ ਜੁਗ ਸਾਰੇ ਗਾਉਂਦੇ ਆਏ ਗਾਥਾ, ਸਿਫ਼ਤਾਂ ਅੱਖਰਾਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਸਾਵਣਾ ਉਹ ਵੇਖ ਨਾਰਦ ਆਉਂਦਾ ਭੱਜਾ, ਬੋਦੀ ਰਿਹਾ ਹਿਲਾਈਆ । ਨਾਲੇ ਹੱਥ ਉਠਾਏ ਸੱਜਾ, ਉਂਗਲਾਂ ਤਿੰਨ ਰਿਹਾ ਉਠਾਈਆ । ਕੂਕ ਪੁਕਾਰੇ ਧਰਨੀਏ ਮੈਨੂੰ ਦੱਸ ਦੇ ਪਵਿਤ੍ਰ ਜਗਹ, ਕਵਣ ਅਸਥਾਨ ਸੋਭਾ ਪਾਈਆ । ਜਿਥੇ ਲਾਲਚ ਹੋਏ ਕੋਇ ਨਾ ਲਬਾ, ਵਿਕਾਰ ਹੰਕਾਰ ਨਾ ਕੋਇ ਵਖਾਈਆ । ਦੀਨ ਮਜ਼੍ਹਬ ਜ਼ਾਤ ਪਾਤ ਤੋਂ ਵੱਖਰੀ ਹੋਵੇ ਸਤਾ, ਸ਼ਰਅ ਸ਼ਰੀਅਤ ਵਿਚ ਕੋਇ ਨਾ ਆਈਆ । ਜਿਨ੍ਹਾਂ ਦੇ ਅੰਤਰ ਇਕੋ ਹੋਵੇ ਸਦਾ, ਤਿਨ੍ਹਾਂ ਦੇ ਸਦਕੇ ਵਾਰੀ ਘੋਲ ਘੁਮਾਈਆ । ਜਿਥੇ ਹੋਵੇ ਕੋਇ ਨਾ ਦਗ਼ਾ, ਫ਼ਰੇਬ ਰੂਪ ਨਾ ਕੋਇ ਬਦਲਾਈਆ । ਧਰਨੀ ਕਹੇ ਨਾਰਦਾ ਮੈਂ ਕੀ ਜਾਣਾ ਆਪਣਾ ਅਗਾ, ਅਗੇ ਕਹਿ ਕੇ ਕੀ ਸੁਣਾਈਆ । ਮੇਰੀ ਦਰੋਹੀ ਦੁਹਾਈ ਅਗੇ ਓਸ ਰੱਬਾ, ਜਿਸ ਨੂੰ ਆਲਮੀਨ ਕਹੇ ਖ਼ੁਦਾਈਆ ।

੧੦੭੯
੨੩

ਮੇਰਾ ਆਪਣਾ ਆਪ ਪਾਪਾਂ ਦੱਬਾ, ਭਾਰ ਸਕਾਂ ਨਾ ਮੂਲ ਉਠਾਈਆ । ਮੈਂ ਦੁਹੱਥੜ ਮਾਰਦੀ ਪੱਟਾਂ ਨਾਰਦਾ ਜੇ ਕਿਤੇ ਆ ਜਾਏ ਮੇਰਾ ਅੱਬਾ, ਮੈਂ ਰੋ ਰੋ ਕੇ ਦਿਆਂ ਸੁਣਾਈਆ । ਵੇ ਮੇਰਿਆ ਸਵਾਮੀਆਂ ਅੰਤਰਜਾਮੀਆਂ ਕਿਸੇ ਨੇ ਸੂਰ ਖਾ ਲਿਆ ਕਿਸੇ ਨੇ ਖਾ ਲਿਆ ਢੱਗਾ, ਤੇਰਾ ਪ੍ਰੇਮੀ ਰਹਿਣ ਕੋਇ ਨਾ ਪਾਈਆ । ਪਤਾ ਨਹੀਂ ਕੀ ਤੈਨੂੰ ਇਸ ਵਿਚ ਆਉਂਦਾ ਮਜ਼ਾ, ਮਜ਼ਾਕ ਤੇਰੀ ਖ਼ਲਕ ਖ਼ੁਦਾਈਆ । ਨਾਰਦ ਕਹੇ ਧਰਨੀ ਕੀ ਤੂੰ ਉਸ ਤੋਂ ਦਵਾਵੇਂਗੀ ਸਜ਼ਾ, ਚਾਰੋਂ ਕੁੰਟ ਪਏ ਦੁਹਾਈਆ । ਕੀ ਤੂੰ ਵੰਗਾਰੇਂਗੀ ਕਜ਼ਾ, ਲਾੜੀ ਮੌਤ ਨਾਲ ਮਿਲਾਈਆ । ਉਧਰੋਂ ਕਲਜੁਗ ਆ ਗਿਆ, ਨਾਰਦਾ ਆਹ ਵੇਖ ਲੈ ਮੇਰਾ ਨਿਸ਼ਾਨਾ ਗੱਡਾ, ਗਾਡ ਨੇ ਗਾਈਡ ਮੈਨੂੰ ਦਿਤਾ ਬਣਾਈਆ । ਮੈਂ ਝਗੜਾ ਪਾ ਕੇ ਮਾਟੀ ਚੰਮ ਹੱਡਾ, ਚੰਮ ਦ੍ਰਿਸ਼ਟੀ ਸਭ ਦੀ ਦਿਤੀ ਬਦਲਾਈਆ । ਉਹ ਵੇਖ ਸਭ ਦੇ ਵਾਸਤੇ ਪੁੱਟਿਆ ਖੱਡਾ, ਚੌਦਾਂ ਲੋਕ ਚੌਦਾਂ ਤਬਕ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਆਪਣਾ ਆਪ ਵਰਤਾਈਆ । ਨਾਰਦ ਕਹੇ ਕਲਜੁਗਾ ਸੋਹਣਿਆ ਨਾ ਮਾਰ ਐਡੀ ਸ਼ੇਖ਼ੀ, ਸ਼ੇਖ਼ ਮੁਸਾਇਕ ਮੁੱਲਾ ਵੇਖ ਧਿਆਨ ਲਗਾਈਆ । ਉਹ ਵੇਖ ਤੇਰੀ ਮਿਟਦੀ ਜਾਂਦੀ ਰੇਖੀ, ਰਿਖੀ ਮੁਨੀ ਸਾਰੇ ਰਹੇ ਕੁਰਲਾਈਆ । ਕਮਲਿਆ ਤੂੰ ਹੋਣ ਵਾਲਾ ਪ੍ਰਦੇਸੀ, ਧਰਨੀ ਧਰਤ ਧਵਲ ਉਤੋਂ ਆਪਣਾ ਪੰਧ ਮੁਕਾਈਆ । ਜਿਸ ਕਾਰਨ ਨਾਨਕ ਮੋਢੇ ਧਰੀ ਜਗਤ ਵਾਲੀ ਖੇਸੀ, ਖ਼ਾਲਸਾ ਗੋਬਿੰਦ ਗਿਆ ਪ੍ਰਗਟਾਈਆ । ਤੈਨੂੰ ਦੇਸ ਛਡਣਾ ਪਏ ਛੇਤੀ, ਛਤਰਧਾਰੀ ਤੇਰਾ ਛਤਰ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਰੂਪ ਅਵੱਲਾ ਕਰ ਕੇ ਆ ਗਿਆ ਭੇਖੀ, ਭੇਖ ਆਪਣਾ ਆਪ ਬਦਲਾਈਆ । ਜਿਸ ਨੇ ਤੇਰੀ ਜਾਣਨੀ ਬਦੀ ਨੇਕੀ, ਨਿੱਕਿਆਂ ਵੱਡਿਆਂ ਖੋਜ ਖੁਜਾਈਆ । ਮੈਂ ਉਸ ਦੀ ਰਖੀ ਟੇਕੀ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮੈਂ ਚਾਰ ਜੁਗ ਦਾ ਭੇਤੀ, ਭੇਵ ਅਭੇਦਾ ਦਿਆਂ ਜਣਾਈਆ । ਜਿਹੜਾ ਸਾਹਿਬ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਜੁਗ ਜੁਗ ਖੇਲੇ ਖੇਲ ਹਮੇਸ਼ੀ, ਹਮ ਸਾਜਣ ਇਕ ਅਖਵਾਈਆ । ਉਹ ਨਿਰਗੁਣ ਧਾਰ ਜੋਤ ਪ੍ਰਵੇਸ਼ੀ, ਪ੍ਰਵਿਸ਼ਟਾ ਪਹਿਲਾ ਸਾਵਣ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਰੰਗ ਇਕ ਰੰਗਾਈਆ । ਸਾਵਣ ਕਹੇ ਮੇਰਾ ਮਾਲਕ ਆਦਿ ਜੁਗਾਦੀ ਠੰਡਾ, ਸਾਂਤਕ ਸਤਿ ਵਰਤਾਈਆ । ਜੋ ਆਤਮ ਪਰਮਾਤਮ ਪਾਵੇ ਗੰਢਾ, ਜੁਗ ਵਿਛੜੇ ਜਗ ਮਿਲਾਈਆ । ਭਾਗ ਲਗਾ ਕੇ ਜੀਓ ਪਿੰਡਾ, ਬ੍ਰਹਿਮੰਡ ਖੰਡ ਹੋਏ ਸਹਾਈਆ । ਉਹ ਮਾਲਕ ਬਣ ਗੁਣੀ ਗਹਿੰਦਾ, ਗਹਿਰ ਗੰਭੀਰ ਗਵਰ ਦਏ ਗਵਾਹੀਆ । ਜਿਸ ਦਾ ਪ੍ਰੇਮ ਸਾਗਰ ਸਿੰਧਾ, ਬਿਨਾ ਲਹਿਰ ਲਹਿਰ ਟਕਰਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਜਨ ਭਗਤ ਬਣਾ ਕੇ ਧੁਰ ਦੀ ਬਿੰਦਾ, ਆਤਮ ਆਪਣੇ ਸੰਗ ਮਿਲਾਈਆ । ਬਜਰ ਕਪਾਟੀ ਤੋੜ ਕੇ ਜਿੰਦਾ, ਲੇਖਾ ਅੰਦਰੋਂ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਰ, ਸਚ ਵਸਤ ਆਪ ਵਰਤਾਈਆ । ਸਚ ਵਸਤ ਵਰਤੇ ਪ੍ਰਭ ਆਪ, ਜੁਗ ਜੁਗ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਕਰ ਵਡ ਪਰਤਾਪ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਆਪਣਾ ਸ਼ਬਦ ਜਣਾਇੰਦਾ । ਰਸਨਾ ਜਿਹਵਾ ਜਣਾ ਨਾ ਕੋਇ ਜਾਪ, ਅਜਪਾ ਜਾਪ ਵਿਚ ਸਮਾਇੰਦਾ । ਤ੍ਰੈਗੁਣ ਅੰਦਰੋਂ ਮੇਟ ਕੇ ਤਾਪ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਕੂੜੀ ਅਗਨ ਬੁਝਾਇੰਦਾ । ਏਥੇ ਓਥੇ ਦੋ ਜਹਾਨ ਬਣ ਕੇ ਬਾਪ, ਪਿਤਾ ਹਰਿਜਨ ਆਪਣੀ ਗੋਦ ਟਿਕਾਇੰਦਾ । ਦੀਨ ਦੁਨੀ ਦੀ ਮੇਟ ਅੰਧੇਰੀ ਰਾਤ, ਨਿਰਗੁਣ


੧੦੧੭
੨੩

੧੦੧੮ ੨੩

ਨੂਰ ਸਾਚਾ ਚੰਦ ਚਮਕਾਇੰਦਾ । ਅੰਮ੍ਰਿਤ ਦੇ ਕੇ ਬੂੰਦ ਸਵਾਂਤ, ਤ੍ਰਿਸ਼ਨਾ ਤ੍ਰਿਖਾ ਕੂੜ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਇਕ ਪ੍ਰਗਟਾਇੰਦਾ । ਸਾਵਣ ਕਹੇ ਮੇਰੀ ਨਮੋ ਨਮੋ ਪ੍ਰਨਾਮ, ਪਰਮ ਪੁਰਖ ਸਰਨਾਈਆ । ਮੇਰਾ ਸਜਦਾ ਧੁਰ ਅਮਾਮ, ਕਦਮ ਬੋਸੀ ਸਰ ਝੁਕਾਈਆ । ਮੇਰਾ ਲਹਿਣਾ ਦੇਣਾ ਧੁਰ ਦੇ ਰਾਮ, ਕਾਹਨ ਅਗੰਮੜੇ ਮਿਲ ਕੇ ਵੱਜੇ ਵਧਾਈਆ । ਮੇਰਾ ਨਾਮ ਮੰਤਰ ਸਤਿਗੁਰ ਸ਼ਬਦ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਨੇਤਰ ਨੈਣ ਲੋਚਣ ਤੋਂ ਕਰਾਂ ਧਿਆਨ, ਬਿਨਾ ਅੱਖੀਆਂ ਅੱਖ ਮਿਲਾਈਆ । ਬਿਨਾ ਪੜ੍ਹਿਆਂ ਸੁਣਿਆਂ ਹੋਵੇ ਗਿਆਨ, ਬਿਨ ਜਿਹਵਾ ਵੱਜੇ ਵਧਾਈਆ । ਮੇਰਾ ਠਾਕਰ ਸਵਾਮੀ ਘਰ ਸਹਿਜੇ ਮਿਲੇ ਆਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਮੇਘ ਬਰਸੇ ਮਹਾਨ, ਬੂੰਦ ਸਵਾਂਤੀ ਅਗੰਮ ਟਪਕਾਈਆ । ਜਨ ਭਗਤਾਂ ਬਣਾ ਕੇ ਪੁਰਖ ਸੁਜਾਨ, ਪੁਰਖ ਪੁਰਖੋਤਮ ਦੇਵੇ ਮਾਣ ਵਡਿਆਈਆ । ਸਾਵਣ ਕਹੇ ਮੈਂ ਤਿਸ ਸਾਹਿਬ ਤੋਂ ਮੰਗਾਂ ਦਾਨ, ਜੋ ਦੇਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਵਰ, ਸਤਿ ਸਾਚੇ ਆਪਣਾ ਸੰਗ ਬਣਾਈਆ । ਸਾਵਣ ਕਹੇ ਜਨ ਭਗਤੋ ਪੁਰਖ ਅਕਾਲ ਧੁਰ ਦਾ ਸੰਗੀ, ਸਗਲਾ ਸੰਗ ਬਣਾਈਆ । ਦੇਵੇ ਵਸਤ ਸਦਾ ਅਨਮੰਗੀ, ਅਨਮੁੱਲ ਅਤੁਲ ਝੋਲੀ ਆਪ ਭਰਾਈਆ । ਜਨ ਭਗਤਾਂ ਨਿਜ ਨੇਤਰ ਅੱਖ ਹੋਣ ਨਾ ਦੇਵੇ ਅੰਧੀ, ਦਿਬ ਨੇਤਰ ਆਪ ਖੁਲਾਈਆ । ਮਨਸਾ ਮਨ ਰਹੇ ਨਾ ਡੰਬੀ, ਪਖੰਡ ਕੂੜ ਰਹੇ ਨਾ ਰਾਈਆ । ਲੇਖਾ ਮੁਕਾਵੇ ਪ੍ਰਕਿਰਤੀ ਪੰਜੀ, ਪੰਜ ਦਸ ਵੱਜੇ ਵਧਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਧੁਰ ਦਾ ਜੰਗੀ, ਸ਼ਬਦ ਖੰਡਾ ਹੱਥ ਚਮਕਾਈਆ । ਜਿਸ ਦੀ ਧਾਰ ਵਿਚ ਜੁਗ ਚੌਕੜੀ ਕੋਟਨ ਕੋਟ ਲੰਘੀ, ਪਾਂਧੀ ਆਪਣਾ ਪੰਧ ਗਏ ਮੁਕਾਈਆ । ਉਹ ਸਭ ਦੇ ਨਾਲ ਪੂਰੀ ਕਰੇ ਜੋ ਕੀਤੀ ਸੰਧੀ, ਸੰਧਿਆ ਪਹਿਲੀ ਸਾਵਣ ਨਾਲ ਮਿਲਾਈਆ । ਕਲਜੁਗ ਧਾਰ ਅੰਤਮ ਵੇਖੇ ਕੰਢਾ ਕੰਢੀ, ਘਾਟ ਪਤਣ ਫੋਲ ਫੁਲਾਈਆ । ਖੇਲੇ ਖੇਲ ਸੂਰਾ ਸਰਬੰਗੀ, ਜੋ ਸਰਬੰਗ ਇਸ਼ਾਰਾ ਗਿਆ ਜਣਾਈਆ । ਜਿਸ ਕਲਜੁਗ ਦੀ ਆਯੂ ਰਹਿਣ ਨਹੀਂ ਦੇਣੀ ਲੰਬੀ, ਲਮਹ ਲਮਹ ਦੇ ਵਖਾਈਆ । ਓਸੇ ਦਾ ਖੇਲ ਵੇਖ ਕੇ ਧਰਤੀ ਕੰਬੀ, ਧਵਲ ਹਲੂਣੇ ਰਹੀ ਪਾਈਆ । ਨੇਤਰ ਨੀਰ ਵਿਰੋਲੇ ਜਮਨਾ ਸੁਰਸਤੀ ਗੰਗੀ, ਗੰਗੋਤਰੀ ਨੀਰ ਵਹਾਈਆ । ਜਿਸ ਕੂੜੀ ਕਿਰਿਆ ਖੇਲ ਮਿਟਾਉਣੀ ਮਸੰਦੀ, ਮਸਲੇ ਸਭ ਦੇ ਹੱਲ ਕਰਾਈਆ । ਉਹ ਦੀਨਾਂ ਦੀ ਰਹਿਣ ਨਾ ਦੇਵੇ ਕੋਇ ਪਾਬੰਦੀ, ਸ਼ਰਅ ਜ਼ੰਜੀਰ ਦਏ ਕਟਾਈਆ । ਭੇਵ ਖੁਲਾ ਕੇ ਜੇਰਜ ਅੰਡੀ, ਉਤਭੁਜ ਸੇਤਜ ਕਰੇ ਸ਼ਨਵਾਈਆ । ਨਵ ਸੱਤ ਰਹਿਣ ਨਾ ਦੇਵੇ ਕੋਈ ਪਖੰਡੀ, ਭੇਖਾਧਾਰੀ ਭੇਖ ਨਾ ਕੋਇ ਬਦਲਾਈਆ । ਜਨ ਭਗਤਾਂ ਆਤਮ ਹੋਵੇ ਕੋਇ ਨਾ ਰੰਡੀ, ਸਤਿਗੁਰ ਸ਼ਬਦ ਕੰਤ ਹੰਢਾਈਆ । ਨਾਤਾ ਤੋੜ ਕੂੜ ਵਰਭੰਡੀ, ਬ੍ਰਹਿਮੰਡ ਪੰਧ ਦਏ ਮੁਕਾਈਆ । ਸਾਚਾ ਮਾਰਗ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਡੰਡੀ, ਡੰਡੇ ਪੌੜੇ ਅਗੰਮ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਘਰ ਸਚ ਦਾ ਮਾਲਕ ਇਕ ਅਖਵਾਈਆ । ਸਾਵਣ ਕਹੇ ਭਗਤੋ ਮੇਰੇ ਅੰਤਰ ਇਕੋ ਖ਼ਾਹਿਸ਼, ਸਚ ਸਚ ਸੁਣਾਈਆ । ਸਚ ਮੰਡਲ ਦੀ ਘਰ ਆਪਣੇ ਵੇਖੋ ਰਾਸ, ਗੋਪੀ ਕਾਹਨ ਅੰਤਰ ਨਜ਼ਰੀ ਆਈਆ । ਆਤਮ ਪਰਮਾਤਮ ਵਸੇ ਪਾਸ, ਕਰਵਟ ਵਿਚ ਪਾਸਾ ਨਾ ਕਦੇ ਬਦਲਾਈਆ । ਬਿਨਾ ਨੈਣਾਂ ਤੋਂ ਮਾਰੋ ਝਾਤ, ਨਿਜ ਨੇਤਰ ਅੱਖ ਉਠਾਈਆ । ਉਹ ਤੁਹਾਡਾ ਸੱਜਣ ਮੀਤ ਆਦਿ ਜੁਗਾਦੀ

ਸਾਕ, ਸੈਣ ਇਕ ਹੋ ਆਈਆ । ਤੁਹਾਡਾ ਤਨ ਵਜੂਦ ਮਾਟੀ ਖ਼ਾਕ ਕਰ ਕੇ ਪਾਕ, ਪਤਤ ਪੁਨੀਤ ਦਏ ਬਣਾਈਆ । ਓਹ ਜੋਤੀ ਜਾਤਾ ਪੁਰਖ ਬਿਧਾਤਾ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੇ ਪਿਛੇ ਤੁਸਾਂ ਅੱਜ ਦੀ ਕਟੀ ਰਾਤ, ਭਿੰਨੜੀ ਰੈਣ ਦਏ ਵਡਿਆਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਹਰਿਜਨ ਬਣ ਗਏ ਪਾਰਜਾਤ, ਜ਼ਾਤ ਤੋਂ ਪਰੇ ਪ੍ਰਭ ਦੀ ਯਾਦ ਵਿਚ ਸਮਾਈਆ । ਜਿਥੇ ਜਗਤ ਤ੍ਰਿਸ਼ਨਾ ਕੂੜੀ ਕਿਰਿਆ ਕਾਮ ਵਾਸ਼ਨਾ ਨਹੀਂ ਕਮਜਾਤ, ਕੁਲਖਣੀ ਨਜ਼ਰ ਕੋਇ ਨਾ ਆਈਆ । ਉਥੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਪੜ੍ਹਨੀ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਪ੍ਰਭੂ ਮਿਲੇਗਾ ਆਪ, ਸਨਮੁਖ ਆਪਣਾ ਦਰਸ ਦਿਖਾਈਆ । ਨਾ ਪੁੰਨ ਵੇਖੇ ਨਾ ਪਾਪ, ਪਤਤ ਪਾਪੀਆਂ ਫੜ ਬਾਹੋਂ ਦਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਆਪ ਸੁਹਾਈਆ । ਧਰਨੀ ਕਹੇ ਸਾਵਣ ਦੋਵੇਂ ਟੇਕੀਏ ਮੱਥਾ, ਬਿਨ ਮਸਤਕ ਸੀਸ ਨਿਵਾਈਆ । ਨਾਲੇ ਕਹੀਏ ਖ਼ੁਸ਼ੀ ਨਾਲ ਪੁਰਖ ਸਮਰਥਾ, ਸਮਰਥ ਤੇਰੀ ਬੇਪਰਵਾਹੀਆ । ਪਿਛੇ ਤੇਰੀ ਬੜੀ ਸੁਣ ਲਈ ਕਥਾ, ਗੁਰ ਅਵਤਾਰ ਪੈਗ਼ੰਬਰ ਗਏ ਸੁਣਾਈਆ । ਤੇਰਾ ਖੇਲ ਯਥਾਰਥ ਯਥਾ, ਯਦੀ ਆਪਣਾ ਰੂਪ ਬਦਲਾਈਆ । ਦੀਨ ਦੁਨੀ ਦੀ ਉਲਟੀ ਗੇੜ ਦੇ ਲੱਠਾ, ਲਾਠੀ ਹੁਕਮ ਵਾਲੀ ਉਠਾਈਆ । ਦੀਨਾਂ ਮਜ਼੍ਹਬਾਂ ਦਾ ਲਹਿਣਾ ਮੁਕਾ ਦੇ ਇਕੱਠਾ, ਅਵਤਾਰ ਪੈਗ਼ੰਬਰ ਗੁਰੂ ਇਕੋ ਰੰਗ ਰੰਗਾਈਆ । ਚਾਰੋਂ ਕੁੰਟ ਕਲਜੁਗ ਕੂੜੀ ਕਿਰਿਆ ਦਾ ਤਪਦਾ ਵੇਖ ਲੈ ਭੱਠਾ, ਭਠਿਆਲਾ ਹੋ ਕੇ ਕਲਜੁਗ ਅਗਨੀ ਡਾਹੀਆ । ਨਿਗਾਹ ਮਾਰ ਲੈ ਸ਼ਿਵਦਵਾਲੇ ਮੰਦਰ ਮੱਠਾ, ਬਿਨ ਨੈਣਾਂ ਨੈਣ ਤਕਾਈਆ । ਤੇਰੇ ਨਾਮ ਦਾ (ਪਿਆ ਰੱਟਾ), ਕਲਮਾ ਕਲਮੇ ਨਾਲ ਕਰੇ ਲੜਾਈਆ । ਧਰਨੀ ਕਹੇ ਮੈਂ ਰੋਵਾਂ ਦੁਹੱਥੜ ਮਾਰ ਕੇ ਪੱਟਾ, ਪਟਨੇ ਵਾਲਿਆ ਤੈਨੂੰ ਦਿਆਂ ਸੁਣਾਈਆ । ਭਾਵੇਂ ਤੇਰਾ ਰੂਪ ਹੋਵੇ ਕੇਸਾਧਾਰੀ ਜਟਾ, ਜੱਟਾ ਤੈਨੂੰ ਦਿਆਂ ਸੁਣਾਈਆ । ਤੇਰੇ ਬਿਨਾ ਮੇਰਾ ਖੇੜਾ ਕਦੇ ਨਾ ਵਸਾ, ਵਾਸਤਾ ਤੇਰੇ ਅਗੇ ਪਾਈਆ । ਜੇ ਤੂੰ ਸੰਬਲ ਆਇਆ ਨੱਸਾ, ਨਾਸਤਕ ਵੇਖ ਖ਼ਲਕ ਖ਼ੁਦਾਈਆ । ਤੇਰੀ ਰੈਣ ਰਹੇ ਨਾ ਅੰਧੇਰੀ ਮੱਸਾ, ਚੰਦ ਦੇ ਚਾਂਨਣੇ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੈਂ ਪਿੱਟਦੀ, ਦਰ ਤੇਰੇ ਕਰਾਂ ਪੁਕਾਰ । ਪੂਜਾ ਮੁਕਾ ਦੇ ਪੱਥਰ ਇੱਟ ਦੀ, ਮੇਰੇ ਸਾਂਝੇ ਪਰਵਰਦਿਗਾਰ । ਤੇਰੇ ਚਰਨਾਂ ਦੇ ਵਿਚ ਲਿਟਦੀ, ਮਸਤਕ ਧੂੜੀ ਲਾਵਾਂ ਛਾਰ । ਮੇਰੀ ਦੁਹਾਈ ਤੇਰੇ ਨਾਮ ਕਲਮੇ ਉਤੇ ਸੁਰਤੀ ਕਿਸੇ ਨਾ ਟਿਕਦੀ, ਟਿੱਕਿਆਂ ਵਾਲੇ ਪੰਡਤ ਰੋਵਣ ਮਾਰਨ ਧਾਹਾਂ ਮਾਰ । ਤੇਰੀ ਬਾਣੀ ਅੱਖਰਾਂ ਵਾਲੀ ਟਕਿਆਂ ਉਤੇ ਵਿਕਦੀ, ਮੇਰੇ ਸਤਿਗੁਰ ਸਿਰਜਨਹਾਰ । ਮੈਂ ਵਣਜਾਰੀ ਤੇਰੇ ਨਾਮ ਦੀ ਇਕੋ ਚਿਟ ਦੀ, ਚਿੱਟੇ ਅਸਵ ਵਾਲਿਆ ਤੂੰ ਆ ਜਾ ਹੋ ਕੇ ਸ਼ਾਹ ਅਸਵਾਰ । ਮੇਰੀ ਆਸ਼ਾ ਪੂਰੀ ਹੋ ਜਾਏ ਸਿਕ ਦੀ, ਮੇਰੀ ਤ੍ਰਿਸ਼ਨਾ ਦੇ ਨਿਵਾਰ । ਗੋਬਿੰਦਾ ਤੇਰੀ ਤੇਗ਼ ਦੀ ਧਾਰ ਜੋ ਮਾਛੂਵਾੜੇ ਆਪਣੇ ਸੀਨੇ ਉਤੇ ਸੀ ਲਿਖਦੀ, ਉਹ ਅੱਖਰ ਦੇ ਵਖਾਲ । ਕਿਹੜੀ ਧਾਰ ਹੋਣੀ ਮੇਰੇ ਸਿੱਖ ਦੀ, ਜਿਨ੍ਹਾਂ ਸਿੱਖਾਂ ਦੇ ਅੰਦਰ ਮੇਰਾ ਚਮਕੇ ਨੂਰ ਜਮਾਲ । ਧਰਨੀ ਕਹੇ ਮੇਰੇ ਸਵਾਮੀਆਂ ਮੈਂ ਫੇਰ ਤੇਰੇ ਅਗੇ ਪਿੱਟਦੀ, ਤੂੰ ਆ ਕੇ ਸੁਰਤ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਹੋ ਸਹਾਰ । ਧਰਨੀ ਕਹੇ ਚੜ੍ਹ ਜਾ ਆਪਣੇ ਰਾਕ, ਦੋ ਜਹਾਨਾਂ ਪੰਧ ਮੁਕਾਈਆ । ਮੈਂ ਚੌਦਾਂ ਲੋਕਾਂ ਦਾ ਖੋਲ ਕੇ ਤਾਕ, ਚੌਦਾਂ ਤਬਕਾਂ

ਦਾ ਕੁੰਡਾ ਦਿਆਂ ਖੁਲਾਈਆ । ਮੇਰੇ ਸੀਨੇ ਉਤੇ ਲਿਖਿਆ ਅਵਤਰ ਪੈਗ਼ੰਬਰਾਂ ਗੁਰੂਆਂ ਦਾ ਭਵਿਖਤ ਵਾਕ, ਜਿਸ ਦੀ ਰੇਖਾ ਸਕਿਆ ਨਾ ਕੋਇ ਮਿਟਾਈਆ । ਤੁਧ ਬਿਨ ਕਲਜੁਗ ਦੀ ਮੇਟੇ ਕੋਇ ਨਾ ਵਾਟ, ਪੰਧ ਸਕੇ ਨਾ ਕੋਇ ਚੁਕਾਈਆ । ਤੂੰ ਆ ਜਾ ਆਪਣੇ ਪਤਣ ਤੇ ਗੋਬਿੰਦ ਵਾਲੇ ਘਾਟ, ਜਿਸ ਦਾ ਕਿਨਾਰਾ ਸਮਝ ਕੋਇ ਨਾ ਪਾਈਆ । ਤੇਰਾ ਨੂਰ ਜੋਤ ਹੋਵੇ ਤੇ ਦੋ ਜਹਾਨਾਂ ਚਮਕੇ ਲਾਟ, ਸਤਿਗੁਰ ਸ਼ਬਦ ਤੇਰੀ ਕਰੇ ਸ਼ਨਵਾਈਆ । ਤੇਰਾ ਸੰਬਲ ਤੇ ਪੂਰਨ ਦੀ ਸੇਜਾ ਹੋਵੇ ਖਾਟ, ਖਟੀਆ ਅਵਰ ਨਾ ਕੋਇ ਰਖਾਈਆ । ਉਹ ਸੋਹਣਿਆਂ ਸੱਜਣਾ ਮਿਤਰਾ ਜਿਥੇ ਤੇਰਾ ਵਸੇਰਾ ਅੱਜ ਦੀ ਰਾਤ, ਰਾਤੀ ਸੁੱਤਿਆਂ ਲੈਣਾ ਮਿਲਾਈਆ । ਕਿਸ ਨੂੰ ਦਰਸ਼ਨ ਦੇਣਾ ਸਾਖਿਆਤ, ਸਨਮੁਖ ਸੋਭਾ ਪਾਈਆ । ਮੁਹੰਮਦ ਈਸਾ ਮੂਸਾ ਵਾਲਿਆਂ ਨੂੰ ਦੇ ਦਾਤ, ਆਪਣਾ ਆਪ ਦੇਣਾ ਸਮਝਾਈਆ । ਇਹ ਸੰਮਤ ਨੌ ਮੈਂ ਦੱਸਾਂ ਬਾਤ, ਪੁੱਤਰਾਂ ਮਾਵਾਂ ਨਾਤਾ ਰਹਿਣ ਨਾ ਪਾਈਆ । ਮਾਇਆ ਮਮਤਾ ਲਾ ਦੇ ਆਗ, ਕੰਤ ਸੁਹਾਗ ਨਾਰ ਨਾ ਕੋਇ ਹੰਢਾਈਆ । ਸਾਚਿਆਂ ਭਗਤਾਂ ਨੂੰ ਮਾਰ ਲੈ ਆਵਾਜ਼, ਅੰਦਰ ਵੜ ਕੇ ਖੋਲ ਦੇ ਰਾਜ਼, ਆਪਣਾ ਪਰਦਾ ਆਪ ਚੁਕਾਈਆ । ਤਾਜਾਂ ਵਾਲਿਆਂ ਬਖ਼ਸ਼ ਦੇ ਤਾਜ, ਧਰਮ ਧਾਰ ਪ੍ਰਗਟਾਈਆ । ਜੇ ਤੂੰ ਆ ਗਿਆ ਦੇਸ ਮਾਝ, ਮਜਲਸ ਭਗਤਾਂ ਨਾਲ ਰਖਾਈਆ । ਕਲਜੁਗ ਦਾ ਕੂੜ ਡੋਬ ਜਹਾਜ਼, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਦਾ ਮਾਰਗ ਦੱਸ ਦੇ ਸਾਚ, ਸਚ ਤੇਰੀ ਵਡਿਆਈਆ । ਮੇਰੇ ਉਤੋਂ ਅਗਨੀ ਮਿਟਾ ਦੇ ਆਂਚ, ਸਾਂਤਕ ਸਤਿ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖ਼ੁਸ਼ੀ ਬਣਾਈਆ । ਧਰਨੀ ਕਹੇ ਕਲਜੁਗ ਕੂੜ ਮੇਟ ਦੇ ਲੋਕਮਾਤ, ਮਿਹਰਵਾਨ ਦਇਆ ਕਮਾਈਆ । ਤੂੰ ਸਾਹਿਬ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਬੇਪ੍ਰਵਾਹੀਆ । ਅੰਧੇਰਾ ਅੰਧ ਰਹੇ ਨਾ ਰਾਤ, ਰੁਤੜੀ ਆਪਣੀ ਦੇਣੀ ਮਹਿਕਾਈਆ । ਜਿਹੜੀ ਅਵਤਾਰ ਪੈਗ਼ੰਬਰਾਂ ਭਵਿਖ ਆਖੀ ਬਾਤ, ਆਖ਼ਰ ਲੇਖੇ ਲੈ ਲਗਾਈਆ । ਮੈਂ ਨਿਮਾਣੀ ਜੋੜਦੀ ਹਾਥ, ਨਿਵ ਨਿਵ ਸੀਸ ਝੁਕਾਈਆ । ਸਤਿ ਧਰਮ ਦੀ ਬਖ਼ਸ਼ ਦਾਤ, ਸਤਿ ਸਚ ਮੇਰੇ ਉਤੇ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰੀ ਰਖੀ ਝਾਕ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੇਰਾ ਭਾਗ ਕਰਦੇ ਉਘਾ, ਕਲਜੁਗ ਕੂੜਿਆਂ ਕੂੜ ਮਿਟਾਈਆ । ਕੀ ਆਸ਼ਾ ਰਖ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਮੈਂ ਨੇਤਰ ਰੋਵਾਂ ਬਸੁਧਾ, ਮੈਨੂੰ ਸੁਧ ਰਹੀ ਨਾ ਰਾਈਆ । ਮੇਰਾ ਸਾਹ ਵੇਖ ਲੈ ਉਭਾ, ਹੌਕਿਆਂ ਦਿਆਂ ਸੁਣਾਈਆ । ਮੈਨੂੰ ਪੈਗ਼ੰਬਰਾਂ ਦਾ ਸ਼ਰਅ ਵਾਲਾ ਦਿਸਦਾ ਦੁੰਬਾ, ਜਿਸ ਦੀ ਦੋਹਰੀ ਖੱਲ ਲੁਹਾਈਆ । ਮੈਨੂੰ ਪੰਡਤਾਂ ਦਾ ਦਿਸਦਾ ਕੁੰਭਾ, ਜਿਸ ਵਿਚ ਗੰਗਾ ਜਲ ਭਰਾਈਆ । ਪਰ ਤੇਰਾ ਸਾਗਰ ਸਤਿਗੁਰੂ ਬੜਾ ਡੂੰਘਾ, ਮਾਣਕ ਮੋਤੀ ਫੜਨ ਕੋਇ ਨਾ ਜਾਈਆ । ਉਹ ਵੇਲਾ ਯਾਦ ਕਰ ਲੈ ਜਿਸ ਵੇਲੇ ਤੇਗ਼ ਬਹਾਦਰ ਨੂੰ ਮਿਲਿਆ ਅੰਦਰ ਖੋਲ ਕੇ ਕੁੰਡਾ, ਕੁੰਡੀ ਖਿੜਕੀ ਪਰਦੇ ਦਿਤੇ ਉਠਾਈਆ । ਆਪਣਾ ਰੂਪ ਦਰਸਾਇਆ ਗੁੰਡਾ, ਸ਼ਸਤਰਧਾਰੀ ਆਪਣਾ ਆਪ ਬਣਾਈਆ । ਨਾਲੇ ਮਸਤਕ ਉਂਗਲੀ ਮਾਰੀ ਤੇਰੇ ਘਰ ਘੱਲਾਂਗਾ ਗੋਬਿੰਦ ਮੁੰਡਾ, ਦੁਸ਼ਟ ਦਮਨ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖਲ੍ਹਾਈਆ । ਧਰਨੀ ਕਹੇ ਮੈਨੂੰ ਪੈਂਦੀਆਂ ਰਹੀਆਂ ਹਾਕਾਂ, ਹੁਕਮ ਧੁਰ ਦਾ ਇਕ ਸੁਣਾਈਆ । ਤੇਰਾ ਪਰਦਾ ਖੋਲ ਕੇ ਤਾਕਾ, ਤਕਵੇ ਵਾਲੀਏ ਤੈਨੂੰ ਦਿਆਂ ਜਣਾਈਆ । ਤੇਰੇ ਉਤੇ ਮੇਰਾ ਆਉਣਾ ਗੋਬਿੰਦ ਇਕੋ ਕਾਕਾ, ਜਿਸ ਨੂੰ ਜਨਮੇ ਕੋਇ

੧੦੨੦
੨੩

ਨਾ ਮਾਈਆ । ਓਹਨੂੰ ਚੁੱਕੇ ਕੋਇ ਨਾ ਢਾਕਾ, ਮੁਖ ਸੀਰ ਨਾ ਕੋਇ ਰਖਾਈਆ । ਉਹਨੂੰ ਚੜ੍ਹੇ ਕੋਇ ਨਾ ਤਾਪਾ, ਅਗਨੀ ਤਤ ਨਾ ਕੋਇ ਜਲਾਈਆ । ਜਿਸ ਦਾ ਅੰਤ ਕਰੇ ਨਾ ਕੋਇ ਸਿਆਪਾ, ਮੜ੍ਹੀ ਗੋਰ ਨਾ ਕੋਇ ਦਬਾਈਆ । ਉਸ ਨੂੰ ਜੰਮਣ ਵਾਲੀ ਮਾਈ ਓਹੋ ਸਤਿਗੁਰ ਹੋਵੇ ਸਾਥਾ, ਸਗਲਾ ਸੰਗ ਬਣਾਈਆ । ਆਪਣੀ ਆਪੇ ਗਾਵੇ ਗਾਥਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸਹਾਰਾ ਦੇਵੇ ਨਾਥ ਅਨਾਥਾਂ, ਗ਼ਰੀਬ ਨਿਮਾਣਿਆਂ ਸਿਰ ਹੱਥ ਟਿਕਾਈਆ । ਧਰਨੀਏ ਤੇਰਾ ਪੂਰਾ ਕਰੇ ਘਾਟਾ, ਲਹਿਣਾ ਤੇਰੀ ਝੋਲੀ ਪਾਈਆ । ਆਪਣੀ ਮਾਰ ਕੇ ਵਾਟਾ, ਬਿਨ ਕਦਮਾਂ ਕਦਮ ਉਠਾਈਆ । ਉਹਦਾ ਵੇਖਣਾ ਖੇਲ ਤਮਾਸ਼ਾ, ਕੀ ਆਪਣੀ ਕਾਰ ਭੁਗਤਾਈਆ । ਉਸ ਗੋਪੀਆਂ ਵਾਲੀਆਂ ਪਾਉਣੀਆਂ ਨਹੀਂ ਰਾਸਾ, ਬਨਵਾਸੀ ਹੋ ਕੇ ਸੀਤਾ ਜੰਗਲਾਂ ਵਿਚ ਨਾ ਕੋਇ ਭਵਾਈਆ । ਉਸ ਪੈਗ਼ੰਬਰਾਂ ਵਾਲੀਆਂ ਝਾਕਣੀਆਂ ਨਹੀਂ ਕੋਈ ਝਾਕਾ, ਇਸ਼ਾਰੇ ਨੂਰ ਨੂਰ ਨਾਲ ਰਖਾਈਆ । ਉਹ ਆਵੇ ਪੁਰਖ ਸਮਰਾਥਾ, ਸਮਰਥ ਪੁਰਖ ਧੁਰ ਦਾ ਮਾਹੀਆ । ਧਰਨੀਏ ਤੇਰਾ ਸਗਲ ਵਸੂਰਾ ਜਾਏ ਲਾਥਾ, ਦੁੱਖ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਸਾਹਿਬ ਸਵਾਮੀ ਦਇਆ ਕਮਾਏਗਾ । ਮਿਹਰਵਾਨ ਨਜ਼ਰ ਉਠਾਏਗਾ । ਕਲਜੁਗ ਕੂੜੀ ਕਿਰਿਆ ਗ਼ਦਰ ਮਿਟਾਏਗਾ । ਜਨ ਭਗਤਾਂ ਪੂਰੀ ਸਧਰ ਕਰਾਏਗਾ । ਧੁਨ ਮਧੁਰ ਨਾਮ ਜਣਾਏਗਾ । ਊਚਾਂ ਨੀਚਾਂ ਕਰ ਕੇ ਪੱਧਰ, ਪਦ ਇਕੋ ਇਕ ਵਖਾਏਗਾ । ਲਹਿਣਾ ਚੁਕਾ ਕੇ ਮਗਰ ਅਗਰ, ਚੂੰਕਿ ਚੁਨਾਂਚਿ ਡੇਰਾ ਢਾਹੇਗਾ ।
੧੦੨੧ ੨੩ ਇਕੋ ਕਰ ਕੇ ਕਲਮਾ ਨਾਮ ਉਜਾਗਰ, ਢੋਲਾ ਗੀਤ ਇਕ ਸੁਣਾਏਗਾ । ਮਾਨਸ ਜ਼ਾਤੀ ਸਾਰਾ ਇਕੱਠਾ ਕਰ ਕੇ ਆਤਮ ਪਰਮਾਤਮ ਟੱਬਰ, ਦੀਨ ੧੦੨੧ ੨੩
ਦੁਨੀ ਦੀ ਵੰਡ ਮੁਕਾਏਗਾ । ਇਹ ਜ਼ਰੂਰ ਸਭ ਦੇਸਾਂ ਨੂੰ ਚਲੀ ਜਾਏਗੀ ਖ਼ਬਰ, ਬੇਖ਼ਬਰਾਂ ਆਪ ਉਠਾਏਗਾ । ਸਤਿਗੁਰ ਸ਼ਬਦ ਆ ਗਿਆ ਸ਼ੇਰ ਬੱਬਰ, ਭਬਕ ਨਾਮ ਵਾਲੀ ਲਗਾਏਗਾ । ਪੈਗ਼ੰਬਰਾਂ ਦੇ ਢੋਲੇ ਮਕਬਰੇ ਤੇ ਅੰਦਰੋਂ ਵੇਖੇ ਕਬਰ, ਕਾਅਬਿਆਂ ਆਪਣਾ ਹੁਕਮ ਵਰਤਾਏਗਾ । ਸ਼ਬਦੀ ਧਾਰ ਸ਼ਬਦ ਸਰੂਪ ਜਬਰ, ਜਾਬਰ ਜਬਰਦਸਤੀ ਵਿਚ ਹੱਥ ਕਿਸੇ ਨਾ ਆਏਗਾ । ਆਪਣੇ ਹੱਥ ਵਿਚ ਰਖ ਕੇ ਅਦਲ, ਇਨਸਾਫ਼ ਇਕੋ ਇਕ ਕਰਾਏਗਾ । ਝਗੜਾ ਮੇਟ ਕੇ ਮਕਤੂਲ ਕਤਲ, ਕਾਤਲ ਮਕਤੂਲ ਦੋਹਾਂ ਦਾ ਖੇਲ ਵਖਾਏਗਾ । ਦਰ ਸੁਹਾ ਕੇ ਇਕ ਬੈਤਲ ਮੁਕੱਦਸ, ਮੁਕੱਦਰ ਸਭ ਦੇ ਫੋਲ ਫੁਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਏਗਾ । ਸਾਵਣ ਕਹੇ ਪ੍ਰਭੂ ਮੇਰੀ ਤੇਰੇ ਚਰਨ ਡੰਡਾਵਤ, ਦੂਸਰ ਸੀਸ ਨਾ ਕਦੇ ਨਿਵਾਈਆ । ਮੈਨੂੰ ਖ਼ੁਸ਼ੀ ਤੇਰੀ ਵੇਖ ਕੇ ਆਮਦ, ਖ਼ੁਸ਼ਾਮੰਦ ਵਿਚ ਤੇਰੀ ਸੇਵ ਕਮਾਈਆ । ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਧਰਤੀ ਉਤੋਂ ਕਲਜੁਗ ਕੂੜੀ ਮੇਟ ਬਗ਼ਾਵਤ, ਬਗ਼ਲਗੀਰ ਕਰ ਲੋਕਾਈਆ । ਇਕੋ ਨਾਮ ਦੀ ਦੇ ਸਖ਼ਾਵਤ, ਸੁਖ਼ਨ ਸਭ ਦੇ ਪੂਰ ਕਰ ਵਖਾਈਆ । ਤੇਰਾ ਪ੍ਰੇਮ ਹੋਵੇ ਨਿਆਮਤ, ਕਾਇਆ ਅੰਤਰ ਦੇਣੀ ਵਰਤਾਈਆ । ਤੂੰ ਮਾਲਕ ਇਕੋ ਸਹੀ ਸਲਾਮਤ, ਦੂਜਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਤੇਰੀ ਬਨਾਵਟ, ਦੀਨ ਮਜ਼੍ਹਬ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਤੇਰੀ ਅਮਾਨਤ ਸਹੀ ਸਲਾਮਤ, ਤੇਰੀ ਚੋਲੀ ਨਜ਼ਰੀ ਆਈਆ ।

## ੨ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਸ਼ਹਿਰ ਗੰਗਾ ਨਗਰ ਰਾਜਸਥਾਨ ਜਸਮੇਰ ਸਿੰਘ ਦੇ ਗ੍ਰਿਹਿ

ਧਰਨੀ ਕਹੇ ਸੁਣ ਅਵਤਾਰ ਪੈਗ਼ੰਬਰ ਗੁਰ ਗੁਰਦੇਵ ਅਗੰਮੀ ਬੱਚੇ, ਬਿਨਾ ਤਨ ਵਜੂਦ ਤਨ ਮਾਟੀ ਖ਼ਾਕ ਦਿਆਂ ਜਣਾਈਆ । ਆਪਣੇ ਵਾਇਦੇ ਕੌਲ ਇਕਰਾਰ ਤੱਕੋ ਪੱਕੇ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਕੀ ਦ੍ਰਿੜਾਈਆ । ਦੀਨ ਮਜ਼੍ਹਬ ਦਰ ਦਰਵੇਸ਼ ਵੇਖੋ ਭਾਂਡੇ ਕੱਚੇ, ਕੰਚਨ ਗੜ੍ਹ ਨਜ਼ਰ ਕੋਇ ਨਾ ਆਈਆ । ਧੁਰ ਨਾਮ ਕਲਮਾ ਲੂੰ ਲੂੰ ਵਿਚ ਕਿਸੇ ਨਾ ਰਚੇ, ਰਚਨਾ ਪ੍ਰਭ ਦੀ ਸਮਝ ਕੋਇ ਨਾ ਪਾਈਆ । ਸਦੀ ਚੌਧਵੀਂ ਜਗਤ ਜਗਿਆਸੂ ਅਗਨੀ ਤਤ ਵਿਚ ਮੱਚੇ, ਬਿਨਾ ਮਾਚਸ ਕੂੜ ਕੁੜਿਆਰ ਰਿਹਾ ਜਲਾਈਆ । ਸਚ ਮੁਹੱਬਤ ਮਹਿਬੂਬ ਮੂਲ ਨਾ ਰੱਤੇ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਬਣਾਈਆ । ਪੈਗ਼ੰਬਰੋ ਨਿਗਾਹ ਮਾਰ ਲਓ ਮਦੀਨੇ ਮੱਕੇ, ਮਕਬਰਿਆਂ ਤੋਂ ਬਾਹਰ ਅੱਖ ਉਠਾਈਆ । ਬੀਸ ਬੀਸਾ ਹਰਿ ਜਗਦੀਸ਼ਾ ਵੇਖੇ ਫਲ ਸਭ ਦੇ ਪੱਕੇ, ਪੱਤ ਟਹਿਣੀਆਂ ਧਿਆਨ ਲਗਾਈਆ । ਜੋ ਹੁਕਮ ਸੰਦੇਸ ਫ਼ਰਮਾਨ ਦਿਸੇ ਦੀਗਰੇ ਬਾਦ ਯਕੇ, ਵਾਹਿਦ ਦਾ ਵਾਹਿਦ ਹੁਕਮ ਸੁਣਾਈਆ । ਉਹ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਲੇਖਾ ਮੰਗੇ ਪੁਰਖ ਸਮਰਥੇ, ਹਰਿ ਕਰਤਾ ਧੁਰਦਰਗਾਹੀਆ । ਸਚਖੰਡ ਦਵਾਰ ਦਰਗਾਹ ਸਾਚੀ ਮੁਕਾਮੇ ਹਕ ਹਕ ਵਿਚ ਹੋਣਾ ਇਕੱਠੇ, ਬਿਨਾ ਤਤਵ ਤਤ ਨਜ਼ਰੀ ਆਈਆ । ਜਗਤ ਜਗਿਆਸੂ ਦੀ ਧਾਰ ਖੋਲਣੀ ਗੱਠੇ, ਗਠੜੀ ਆਪਣੀ ਆਪ ਉਠਾਈਆ । ਕਿਸ ਬਿਧ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਉਲਟੀ ਗੇੜੇ ਲੱਠੇ, ਹੁਕਮ ਹੁਕਮ ਵਿਚੋਂ ਸੁਣਾਈਆ । ਜਗਤ ਜਹਾਨ ਲਹਿਣਾ ਦੇਣਾ ਪਵੇ ਵਿਚ ਭਠਿਆਲੇ ਭੱਠੇ, ਬਾਹਰ ਸਕੇ ਨਾ ਕੋਇ ਕਢਾਈਆ । ਜਿਸ ਦੀ ਯਾਦ ਵਿਚ ਜੁਗ ਚੌਕੜੀ ਟੱਪੇ, ਘੜੀ ਘੜੀ ਪਲ ਪਲ ਆਪਣਾ ਪੰਧ ਮੁਕਾਈਆ । ਜਿਸ ਨੂੰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਪੇ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜਿਸ ਦੀ ਯਾਦ ਵਿਚ ਭਗਤ ਸੁਹੇਲੇ ਰੱਤੇ, ਰਤਨ ਅਮੋਲਕ ਹੀਰੇ ਨਜ਼ਰੀ ਆਈਆ । ਉਹ ਕਿਸ ਬਿਧ ਲਹਿਣਾ ਦੇਣਾ ਮੁਕਾਵੇ ਹੱਥੋ ਹੱਥੇ, ਜਗਤ ਉਧਾਰ ਨਾ ਕੋਇ ਬਣਾਈਆ । ਲੇਖਾ ਜਾਣੇ ਕਾਇਆ ਮੱਟੇ, ਤਨ ਵਜੂਦਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੀ ਆਸਾ ਮਨਸਾ ਪੂਰੀ ਕਰੋ ਉਮੀਦ, ਤਮੰਨਾ ਸਚ ਸਚ ਜਣਾਈਆ । ਨਾਮ ਕਲਮੇ ਦੀ ਸ਼ਹਾਦਤ ਨਾਲ ਕਰੋ ਤਸਦੀਕ, ਗਵਾਹ ਸ਼ੁਧ ਇਕ ਅਖਵਾਈਆ । ਜਿਸ ਦੀ ਕਰ ਕੇ ਗਏ ਤਬਲੀਕ, ਤਬਾ ਦੀਨ ਦੁਨੀ ਬਦਲਾਈਆ । ਉਹ ਸ਼ਹਿਨਸ਼ਾਹ ਲਾਸ਼ਰੀਕ, ਪਰਵਰਦਿਗਾਰ ਨੂਰ ਅਲਾਹੀਆ । ਜਿਸ ਸਭ ਦੀ ਬਦਲ ਦੇਣੀ ਰੀਤ, ਰੀਤੀਵਾਨ ਇਕ ਅਖਵਾਈਆ । ਝਗੜਾ ਮੁਕਾਵੇ ਮੰਦਰ ਮਸੀਤ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਮਾਨਸ ਜ਼ਾਤੀ ਪਰਖੇ ਨੀਤ, ਨੀਤੀਵਾਨ ਬੇਪਰਵਾਹੀਆ । ਤ੍ਰੈਗੁਣ ਤੋਂ ਬਾਹਰ ਹੋ ਅਤੀਤ, ਤ੍ਰੈਭਵਣ ਧਨੀ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਚਾੜ੍ਹੇ ਰੰਗ ਬਸੀਠ, ਦੋ ਜਹਾਨ ਉਤਰ ਕਦੇ ਨਾ ਜਾਈਆ । ਕਲਜੁਗ ਜੀਵ ਭੰਨੇ ਕੌੜੇ ਰੀਠ, ਨਾਮ ਵਦਾਨਾ ਇਕ ਲਗਾਈਆ । ਅੰਮ੍ਰਿਤ ਰਸ ਗੁਰਮੁਖਾਂ ਦੇਵੇ ਨਿਝਰ ਮੀਠ, ਬੂੰਦ ਸਵਾਂਤੀ ਕਵਲ ਨਾਭੀ ਆਪ ਟਪਕਾਈਆ । ਘਰ ਸਵਾਮੀ ਮਿਲੇ ਠਾਕਰ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਦੱਸੇ ਗੀਤ, ਸੋਹੰ ਢੋਲਾ ਅਗੰਮ ਅਥਾਹੀਆ । ਝਗੜਾ ਮੁਕਾ ਕੇ ਊਚ ਨੀਚ, ਰਾਉ ਰੰਕਾਂ ਇਕੋ ਰੰਗ ਰੰਗਾਈਆ । ਸਤਿ ਸਚ ਦੀ ਦੇ ਹਦੀਸ,

ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਇਨ੍ਹਾਂ ਛਤਰ ਝੁਲਾਏ ਪ੍ਰਭ ਸੀਸ ਜਗਦੀਸ, ਜਗਦੀਸ਼ਰ ਆਪਣਾ ਖੇਲ ਖਿਲਾਈਆ । ਕਲਜੁਗ ਕੂੜੀ ਕਿਰਿਆ ਪੀਸਣ ਜਾਏ ਪੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਇਕ ਅਖਵਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਨਿਗਾਹ ਮਾਰੋ ਨਿਰਗੁਣ ਜੋਤ ਉਜਿਆਰੀ, ਬਿਨ ਤਤਾਂ ਧਿਆਨ ਲਗਾਈਆ । ਮੁਰੀਦੋ ਮੁਰਸ਼ਦੋ ਪਾਓ ਸਾਰੀ, ਗੁਰੂ ਗੁਰਸਿਖ ਧਿਆਨ ਰਖਾਈਆ । ਚਾਰੋਂ ਕੁੰਟ ਧੂੰਆਂਧਾਰੀ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਬ੍ਰਹਮ ਪਾਵੇ ਕੋਇ ਨਾ ਸਾਰੀ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਦੀਨ ਦੁਨੀ ਹੋਈ ਦੁਖਿਆਰੀ, ਦੁਖੀਆਂ ਰੋਗ ਨਾ ਕੋਇ ਗਵਾਈਆ । ਸਾਧ ਸੰਤ ਹੋਏ ਵਿਭਚਾਰੀ, ਕੂੜ ਕੁਕਰਮ ਕਰੇ ਲੋਕਾਈਆ । ਝਗੜਾ ਪਿਆ ਪੁਰਖ ਨਾਰੀ, ਨਰ ਨਰਾਇਣ ਤੇਰੇ ਅੰਗ ਨਾ ਕੋਇ ਸਮਾਈਆ । ਚਾਰ ਕੁੰਟ ਦਹਿ ਦਿਸ਼ਾ ਮੇਰੀ ਹੋਵੇ ਖ਼ੁਆਰੀ, ਨੇਤਰ ਰੋਵਾਂ ਮਾਰਾਂ ਧਾਹੀਆ । ਮੇਰੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਿਕਦਾਰੀ, ਸਤਿਗੁਰ ਤੇਰੀ ਓਟ ਤਕਾਈਆ । ਗੁਰ ਅਵਤਾਰ ਪੈਗ਼ੰਬਰਾਂ ਜਾਵਾਂ ਬਲਿਹਾਰੀ, ਬਲ ਬਲ ਸੀਸ ਨਿਵਾਈਆ । ਮੇਰੇ ਤੇ ਨਿਗਾਹ ਮਾਰੋ ਇਕੋ ਵਾਰੀ, ਏਕੰਕਾਰ ਨਾਲ ਮਿਲਾਈਆ । ਜੋ ਲੇਖਾ ਜਾਣੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸੰਸਾਰੀ ਭੰਡਾਰੀ ਸੰਘਾਰੀ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਜਿਸ ਦੀ ਪੈਗ਼ੰਬਰਾਂ ਨਾਲ ਯਾਰੀ, ਚਾਰ ਯਾਰ ਦੇਣ ਗਵਾਹੀਆ । ਜੋ ਨਿਰਗੁਣ ਸਰਗੁਣ ਨਾਮ ਉਧਾਰੀ, ਉਦਰ ਤੋਂ ਬਾਹਰ ਖੇਲ ਖਿਲਾਈਆ । ਸੋ ਸਭ ਦਾ ਲੇਖਾ ਮੰਗੇ ਵਾਰੋ ਵਾਰੀ, ਵਾਰਸ ਹੋ ਕੇ ਦਿਉ ਦ੍ਰਿੜਾਈਆ । ਨਿਰਗੁਣ ਧਾਰ ਸਚਖੰਡ ਦਵਾਰ ਖੋਲ੍ਹੋ ਕਿਵਾੜੀ, ਬਿਨਾ ਕੁੰਡੀ ਖਿੜਕੀ ਪਰਦਾ ਦਿਉ ਉਠਾਈਆ । ਸਤਿ ਸਚ ਧਰਮ ਕਰੋ ਜੈਕਾਰੀ, ਢੋਲਾ ਸੋਹਲਾ ਗੀਤ ਸੰਗੀਤ ਨਾਮ ਕਲਮਾ ਇਕ ਜਣਾਈਆ । ਕਿਸ ਬਿਧ ਮੇਰੀ ਅੰਤ ਪੈਜ ਜਾਏ ਸਵਾਰੀ, ਸਿਰ ਸਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਸਾਰੇ ਰਹੇ ਆਖ, ਬਿਨ ਰਸਨਾ ਜਿਹਵਾ ਗੀਤ ਸੁਣਾਈਆ । ਧਰਨੀ ਜਿਉਂ ਭਾਵੇ ਤਿਉਂ ਲਏ ਰਾਖ, ਪ੍ਰਭ ਦਾਤਾ ਬੇਪਰਵਾਹੀਆ । ਤੈਨੂੰ ਦਰਸ਼ਨ ਦੇਵੇ ਸਾਖਿਆਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਬਿਨਾ ਨੈਣਾਂ ਨੈਣ ਮੁਧਾਰੀ ਲੈਣਾ ਝਾਕ, ਬਿਨ ਅੱਖੀਆਂ ਅੱਖ ਉਠਾਈਆ । ਜਿਸ ਸਾਡਾ ਪੂਰਾ ਕਰਨਾ ਕੌਲ ਇਕਰਾਰ ਇਤਫ਼ਾਕ, ਇਤਫ਼ਾਕੀਆ ਆਪਣੀ ਖੇਲ ਖਿਲਾਈਆ । ਸੋ ਸਾਹਿਬ ਸੁਲਤਾਨ ਸ੍ਰੀ ਭਗਵਾਨ ਜੋਤੀ ਜਾਤਾ ਪੁਰਖ ਬਿਧਾਤਾ ਪ੍ਰਗਟ ਹੋ ਕੇ ਆਪ, ਆਪ ਆਪਣਾ ਹੁਕਮ ਵਰਤਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਤੇਰਾ ਬੁਝਾਏ ਜਗਤ ਵਾਲਾ ਤਾਪ, ਤ੍ਰਿਸ਼ਨਾ ਕੂੜ ਦਏ ਗਵਾਈਆ । ਤੇਰੀ ਸੁਹੰਜਣੀ ਹੋਵੇ ਰਾਤ, ਭਿੰਨੜੀ ਰੈਣ ਮਿਲ ਕੇ ਵੱਜੇ ਵਧਾਈਆ । ਜਿਸ ਝਗੜਾ ਮੇਟਣਾ ਜ਼ਾਤ ਪਾਤ, ਦੀਨ ਦੁਨੀ ਇਕੋ ਘਰ ਵਖਾਈਆ । ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸਭ ਨੇ ਇਕੋ ਗਾਉਣੀ ਗਾਥ, ਈਸ਼ ਜੀਵ ਜਗਦੀਸ਼ ਇਕੋ ਰੰਗ ਰੰਗਾਈਆ । ਜਨ ਭਗਤਾਂ ਸਦਾ ਸੁਹੇਲਾ ਵਸੇ ਸਾਥ, ਸੰਗੀ ਬਹੁਰੰਗੀ ਆਪਣੀ ਕਾਰ ਭੁਗਤਾਈਆ । ਲਹਿਣਾ ਦੇਣਾ ਪੂਰਾ ਕਰੇ ਮਸਤਕ ਮਾਥ, ਬਿਧਨਾ ਲਿਖੀ ਰੇਖ ਆਪਣੇ ਹੱਥ ਰਖਾਈਆ । ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੋ ਜਹਾਨ ਕਰੇ ਰਾਜ, ਲੱਖ ਚੁਰਾਸੀ ਆਪਣੇ ਹੁਕਮ ਚਲਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਧਰਨੀ ਜਾਵੀਂ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਵੇਖਣੀ ਚਾਈਂ ਚਾਈਂਆ । ਤੇਰੇ ਉਤੇ ਕੂੜ ਕੁਕਰਮ ਬੁਝਾਵੇ ਆਗ, ਅੰਮ੍ਰਿਤ ਮੇਘ ਇਕ

ਬਰਸਾਈਆ । ਤੇਰਾ ਮਥਨ ਹੋਵੇ ਵਡ ਵਡ ਭਾਗ, ਭਗਵਨ ਦੇਵੇ ਮਾਣ ਵਡਿਆਈਆ । ਜੋਤੀ ਜੋਤ ਜਗਾ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਹਰਿਜਨ ਹੰਸ ਬਣਾ ਕੇ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਜਿਸ ਤੇਰੀ ਰਚਨਾ ਰਚੀ ਆਦਿ, ਅੰਤ ਵੇਖੇ ਥਾਉਂ ਥਾਈਂਆ । ਉਹ ਮਾਲਕ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣਾ ਹੁਕਮ ਵਰਤਾਈਆ । ਜਿਸ ਦਾ ਭਗਤੀ ਧਾਰ ਹੋਵੇ ਸਮਾਜ, ਭਗਤ ਭਗਵਨ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਨਾ ਪਾ ਪਿਆਰ ਵਾਲਾ ਰੌਲਾ, ਕੂਕ ਕੂਕ ਸੁਣਾਈਆ । ਤੇਰਾ ਵਾਹਿਦਾ ਪੂਰਾ ਕਰੇ ਇਕਰਾਰ ਕੌਲਾ, ਜੋ ਕਵਲ ਨਾਭੀ ਸਭ ਦੇ ਅੰਮ੍ਰਿਤ ਰਿਹਾ ਭਰਾਈਆ । ਬੀਸ ਬੀਸਾ ਹਰਿ ਜਗਦੀਸ਼ਾ ਤੇਰਾ ਭਾਰ ਕਰੇ ਹੌਲਾ, ਜਿਸ ਦਾ ਅਹਿਵਾਲ ਈਸਾ ਮੂਸਾ ਗਏ ਦ੍ਰਿੜਾਈਆ । ਉਹ ਮਿਹਰਵਾਨ ਮਹਿਬੂਬ ਹਜ਼ਰਤਾਂ ਦਾ ਮੌਲਾ, ਮਵਲੇ ਹਰ ਘਟ ਥਾਈਂਆ । ਤੂੰ ਉਸ ਦੀ ਚਰਨ ਕਵਲ ਖ਼ੁਸ਼ੀਆਂ ਵਿਚ ਸੌਂ ਲਾ, ਦੀਨ ਦੁਨੀ ਦਰਦ ਨਾ ਕੋਇ ਰਖਾਈਆ । ਜਿਸ ਹੰਕਾਰੀ ਬੁਰਜ ਢਾਹੁਣਾ, ਢਾਹ ਢਾਹ ਢੇਰੀ ਖ਼ਾਕ ਮਿਲਾਈਆ । ਕਲਜੁਗ ਵਿਚ ਸਤਿ ਧਰਮ ਲਗਾਉਣਾ, ਸਚ ਸਚ ਨਾਲ ਵਡਿਆਈਆ । ਸਭ ਨੇ ਉਸ ਦੇ ਕਦਮਾਂ ਸੀਸ ਨਿਵਾਉਣਾ, ਚਰਨ ਕਵਲ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਸ਼ਬਦ ਅਨਾਦੀ ਧੁਨ ਆਤਮਕ ਰਾਗ ਗਾਉਣਾ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਚਤੁਰਾਈਆ ।



✪ ੩ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਬਣ ਆਲੀ ਗੰਗਾ ਨਗਰ ਮਲਕੀਅਤ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਂ ਸ਼ੁਕਰ ਵਿਚ ਕਰਾਂ ਸ਼ੁਕਰਾਨਾ, ਸ਼ੁਕਰੀਆ ਕਹਿ ਕੇ ਪ੍ਰਭ ਨੂੰ ਸੀਸ ਨਿਵਾਈਆ । ਜੋ ਮੇਰਾ ਮਾਲਕ ਸ੍ਰੀ ਭਗਵਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਨਿਰਗੁਣ ਨੂਰ ਜੋਤ ਮਹਾਨਾ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਜੋ ਲੇਖਾ ਜਾਣੇ ਜ਼ਿਮੀਂ ਅਸਮਾਨਾ, ਜ਼ਿਮੀਂ ਜ਼ਮਾਂ ਫੋਲ ਫੁਲਾਈਆ । ਸੋ ਸਾਹਿਬ ਨਿਰਗੁਣ ਨਿਰਵੈਰ ਜੋਤੀ ਧਾਰ ਪਹਿਰ ਕੇ ਜਾਮਾ, ਨੂਰ ਨੁਰਾਨਾ ਡਗਮਗਾਈਆ । ਜਿਸ ਨੂੰ ਝੁਕਦੇ ਸੀਤਾ ਰਾਮਾ, ਰਾਧਾ ਕ੍ਰਿਸ਼ਨ ਕ੍ਰਿਸ਼ਨ ਧਿਆਈਆ । ਜੋ ਪੈਗ਼ੰਬਰਾਂ ਧੁਰ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦਾ ਮੰਤਰ ਸਤਿਨਾਮਾ, ਸਤਿ ਸਤਿ ਵਿਚ ਸਮਾਈਆ । ਜਿਸ ਦਾ ਫ਼ਤਿਹ ਡੰਕ ਦਮਾਮਾ, ਦੋ ਜਹਾਨ ਕਰੇ ਰੁਸ਼ਨਾਈਆ । ਸੋ ਦੇਵਣਹਾਰਾ ਦਾਨਾ, ਖ਼ਾਲੀ ਝੋਲੀ ਦਏ ਭਰਾਈਆ । ਧਰਨੀ ਕਹੇ ਮੈਂ ਸ਼ੁਕਰ ਵਿਚ ਓਸ ਨੂੰ ਕਰਾਂ ਪ੍ਰਨਾਮਾ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਨਿਵਾਈਆ । ਜਿਸ ਨੂੰ ਦਿਸੇ ਨਾ ਕੋਇ ਬੇਗਾਨਾ, ਲੱਖ ਚੁਰਾਸੀ ਆਪਣਾ ਰੂਪ ਦਰਸਾਈਆ । ਸੋ ਸਾਹਿਬ ਸਤਿਗੁਰ ਅੰਤਮ ਕਰੇ ਖੇਲ ਮਹਾਨਾ, ਮਹਿੰਮਾ ਅਕਥ ਅਕਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰਾ ਸ਼ੁਕਰ ਗੁਜ਼ਾਰਾਂ, ਗੁਜਰੀ ਦੇ ਚੰਦ ਸੀਸ ਝੁਕਾਈਆ । ਤੇਰਾ ਨੂਰ ਜ਼ਹੂਰ ਵੇਖਾਂ ਜ਼ਾਹਿਰਾ, ਜ਼ਾਹਰ ਜ਼ਹੂਰ ਸੋਭਾ ਪਾਈਆ । ਮੇਰੇ ਉਤੇ ਆਪਣਾ

ਲਾਲ ਗੋਬਿੰਦ ਭੇਜ ਦੇ ਦੁਬਾਰਾ, ਦੋਹਰੀ ਆਪਣੀ ਕਲ ਵਰਤਾਈਆ । ਜਿਸ ਦਾ ਨਾਮ ਸ਼ਬਦ ਇਕੋ ਹੋਵੇ ਨਗਾਰਾ, ਜਗਤ ਜਹਾਨ ਕਰੇ ਸ਼ਨਵਾਈਆ । ਲਹਿਣਾ ਦੇਣਾ ਸਦੀ ਚੌਧਵੀਂ ਅੰਤਮ ਪੂਰਾ ਕਰੇ ਨਾਲ ਮੁਹੰਮਦ ਚਾਰ ਯਾਰਾ, ਚਾਰੋਂ ਕੁੰਟ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਕਰੇ ਪਿਆਰਾ, ਪੀਆ ਪ੍ਰੀਤਮ ਤੇਰਾ ਭੇਵ ਖੁਲਾਈਆ । ਜਿਸ ਦਾ ਫ਼ਤਿਹ ਡੰਕਾ ਇਕ ਜੈਕਾਰਾ, ਸੋ ਫ਼ਾਤਿਆ ਪੜ੍ਹੇ ਅੰਤ ਲੋਕਾਈਆ । ਮੈਂ ਓਸ ਦੇ ਚਰਨਾਂ ਉਤੋਂ ਆਪਣਾ ਆਪ ਵਾਰਾ, ਘੋਲੀ ਘੋਲ ਘੁਮਾਈਆ । ਜਿਸ ਨਿਸ਼ਾਨ ਮੇਟਣਾ ਚੰਦ ਸਿਤਾਰਾ, ਚੰਦ ਚਾਂਦਨਾ ਇਕੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਮੈਂ ਸ਼ੁਕਰ ਕਰਾਂ ਪ੍ਰਭੂ ਪ੍ਰਭ ਤੇਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੂੰ ਕਲਜੁਗ ਅੰਤ ਦੁੱਖ ਨਿਵਾਰੀਂ ਮੇਰਾ, ਦੁੱਖ ਨਿਵਾਰਨ ਤੇਰੀ ਇਕ ਸ਼ਰਨਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੇ ਦੇ ਗੇੜਾ, ਜਗਤ ਲੱਠ ਦੇ ਗਿੜਾਈਆ । ਕੂੜੀ ਕਿਰਿਆ ਮਿਟਾ ਦੇ ਝੇੜਾ, ਝਗੜਾ ਦਿਸੇ ਨਾ ਖ਼ਲਕ ਖ਼ੁਦਾਈਆ । ਉੱਤਰ ਪੂਰਬ ਪੱਛਮ ਦੱਖਣ ਰਹੇ ਨਾ ਕੋਇ ਅੰਧੇਰਾ, ਅੰਧ ਅਗਿਆਨ ਦੇਣਾ ਮਿਟਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਆਤਮ ਤੇਰਾ ਚੇਰਾ, ਪਰਮਾਤਮ ਸਤਿਗੁਰ ਸ਼ਬਦ ਨਾਲ ਮਿਲਾਈਆ । ਮਿਹਰਵਾਨਾ ਸ੍ਰੀ ਭਗਵਾਨਾ ਧਰਨੀ ਕਹੇ ਮੇਰੇ ਉਤੇ ਕਰ ਦੇ ਮਿਹਰਾ, ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਕਿਰਿਆ ਜੂਠਾ ਝੂਠਾ ਢਾਹ ਦੇ ਡੇਰਾ, ਸਤਿ ਸਚ ਧਰਮ ਧਰਮ ਨਾਲ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੈਂ ਸ਼ੁਕਰਾਨੇ ਵਿਚ ਟੇਕਾਂ ਮੱਥਾ, ਮਸਤਕ ਧੂੜੀ ਖ਼ਾਕ ਪ੍ਰਭੂ ਰਮਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰਦੇ ਯਥਾਰਥ ਯਥਾ, ਯਦੀ ਯਦਪ ਆਪਣੀ ਦਇਆ ਕਮਾਈਆ । ਤੂੰ ਸਾਹਿਬ ਸਵਾਮੀ ਨੌਜਵਾਨ ਮਰਦ ਮਰਦਾਨ ਸਰਬ ਕਲਾ ਸਮਰਥਾ, ਦੇਵਣਹਾਰ ਦਾਤਾਰ ਨਿਰੰਕਾਰ ਇਕ ਅਖਵਾਈਆ । ਮੈਂ ਤੇਰੇ ਚਰਨ ਕਵਲਾਂ ਨਿਮਾਣੀ ਹੋ ਕੇ ਢੱਠਾਂ, ਢਹਿ ਢਹਿ ਧੂੜੀ ਖ਼ਾਕ ਰਮਾਈਆ । ਮੇਰੇ ਉਤੇ ਸਮਾਂ ਬਦਲ ਦੇ ਵਿਚ ਸਾਲ ਅੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦੇ ਬਦਲਾਈਆ । ਓਹ ਤੱਕ ਗੋਬਿੰਦ ਦਾ ਢਈਆ ਜਾਂਦਾ ਟੱਪਾ, ਟਾਪੂਆਂ ਤੋਂ ਪਰੇ ਅੱਖ ਉਠਾਈਆ । ਮੁਹੰਮਦ ਦਾ ਤੇਰੇ ਨਾਲ ਵਾਇਦਾ ਕੌਲ ਇਕਰਾਰ ਪੱਕਾ, ਸਦੀ ਚੌਧਵੀਂ ਨਾਲ ਮਿਲਾਈਆ । ਧਰਨੀ ਕਹੇ ਮੈਂ ਸ਼ੁਕਰੀਏ ਵਿਚ ਤੇਰੇ ਅਗੇ ਜੋੜਦੀ ਹੱਥਾ, ਬਿਨ ਹੱਥਾਂ ਹੱਥ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਕਹੇ ਪ੍ਰਭੂ ਮੈਂ ਤੇਰਾ ਸ਼ੁਕਰ ਕਰਾਂ ਵਿਚ ਜਗ, ਜਗ ਜੀਵਣ ਦਾਤੇ ਤੇਰੀ ਓਟ ਰਖਾਈਆ । ਕਲਜੁਗ ਜੀਵ ਹੰਸ ਬਣਾ ਕਗ, ਕਾਗ ਹੰਸ ਉਡਾਈਆ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹ ਰਗ, ਨੌ ਦਵਾਰੇ ਪੰਧ ਚੁਕਾਈਆ । ਤ੍ਰੈਗੁਣ ਅਗਨ ਬੁਝਾ ਦੇ ਅੱਗ, ਤਤਵ ਤਤ ਨਾ ਕੋਇ ਤਪਾਈਆ । ਅੰਮ੍ਰਿਤ ਜਾਮ ਪਿਆ ਦੇ ਧੁਰ ਦੀ ਮਧ, ਮਧੁਰ ਧੁਨ ਸ਼ਬਦ ਸੁਣਾਈਆ । ਬਿਨਾ ਕਾਅਬਿਆਂ ਕਰਾ ਦੇ ਹੱਜ, ਹੁਜਰਾ ਹਕ ਹਕ ਵਖਾਈਆ । ਧਰਨੀ ਕਹੇ ਮੇਰੇ ਮਾਲਕ ਸਵਾਮੀ ਤੇਰਾ ਮੈਂ ਸ਼ੁਕਰ ਗੁਜ਼ਾਰਾਂ ਅੱਜ, ਅੱਜ ਦੀ ਘੜੀ ਸੁਲਖਣੀ ਨਾਲ ਮਿਲਾਈਆ । ਮੈਨੂੰ ਪਾਪਾਂ ਲਿਆ ਦੱਬ, ਭਾਰ ਸਕੇ ਨਾ ਕੋਇ ਵੰਡਾਈਆ । ਪ੍ਰਗਟ ਹੋ ਕੇ ਝਬ, ਝਪਟ ਆਪਣੀ ਦੇ ਵਖਾਈਆ । ਤੂੰ ਮੇਰਾ ਨੂਰ ਅਲਾਹੀ ਰੱਬ, ਯਾਮਬੀਨ ਤੇਰੀ ਸ਼ਨਵਾਈਆ । ਮੈਂ ਸ਼ੁਕਰੀਏ ਵਿਚ ਸ਼ੁਕਰ ਗੁਜ਼ਾਰਾਂ


੧੦੨੫
੨੩

ਹੱਬ, ਹਮ ਸਾਜਣ ਰਾਹ ਤਕਾਈਆ । ਤੇਰਾ ਨੂਰ ਨੁਰਾਨਾ ਤੱਕਾਂ ਹਭ, ਹਰ ਘਟ ਰਮਿਆ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਤੱਕਾਂ ਸੂਰੇ ਸਰਬਗ, ਅਲਪਗ ਜੀਵ ਦੇਣੇ ਤਰਾਈਆ ।

### ✪ ੪ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਤੇਵਾਲ ਗੰਗਾ ਨਗਰ ਜਾਗੀਰ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਉਤੇ ਰਚਨਾ ਰਚੀ ਬਹੁਭਾਂਤੀ, ਪਰਮ ਪੁਰਖ ਪਰਮਾਤਮ ਆਪਣੀ ਖੇਲ ਖਿਲਾਈਆ । ਤ੍ਰੈਗੁਣ ਮਾਇਆ ਪੰਜ ਤਤ ਜੋੜ ਜੁੜਾਇਆ ਕਮਲਾਪਾਤੀ, ਤਨ ਵਜੂਦ ਹਕ ਮਹਿਬੂਬ ਆਪਣਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਧਾਰ ਪ੍ਰਗਟਾ ਬਣਾਏ ਸਾਥੀ, ਸਗਲਾ ਸੰਗ ਰਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਚਾਲ ਚਲਾ ਕੇ ਪੁਰਖ ਸਮਰਾਥੀ, ਹਰਿ ਆਪਣੀ ਧਾਰ ਸਮਝਾਈਆ । ਨਾਮ ਸੰਦੇਸਾ ਦੇ ਕੇ ਕਮਲਾਪਾਤੀ, ਪਤਿਪਰਮੇਸ਼ਵਰ ਕੀਤੀ ਪੜ੍ਹਾਈਆ । ਵੰਡ ਵੰਡਾ ਕੇ ਦਿਵਸ ਰਾਤੀ, ਘੜੀ ਪਲ ਸੋਭਾ ਪਾਈਆ । ਖੇਲੇ ਖੇਲ ਆਪ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਲਹਿਣਾ ਦੇਣਾ ਜਾਣੇ ਮੰਡਲ ਰਾਸੀ, ਪੁਰੀਆਂ ਲੋਆਂ ਵੇਖ ਵਖਾਈਆ । ਸ਼ਾਹੋ ਭੂਪ ਵੇਸ ਵਟਾਏ ਲੋਕਮਾਤੀ, ਧਰਨੀ ਧਰਤ ਧਵਲ ਧੌਲ ਦਇਆ ਕਮਾਈਆ । ਜਿਸ ਦਾ ਲਹਿਣਾ ਦੇਣਾ ਬੋਧ ਅਗਾਧੀ, ਬੁਧੀ ਤੋਂ ਪਰੇ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਵਡ ਵਡਿਆਈਆ । ਰਚਨਾ ਰਚ ਪੁਰਖ ਅਕਾਲ, ਕਰਨੀ ਕਰਤੇ ਦਇਆ ਕਮਾਈਆ । ਮਿਹਰਵਾਨ ਹੋ ਕੇ ਦੀਨ ਦਿਆਲ, ਦਇਆਨਿਧ ਆਪਣਾ ਰੰਗ ਰੰਗਾਈਆ । ਸਚ ਦਵਾਰ ਸੁਹਾ ਕੇ ਧਰਮਸਾਲ, ਸਚਖੰਡ ਸਾਚੇ ਸੋਭਾ ਪਾਈਆ । ਸਤਿਗੁਰ ਸ਼ਬਦ ਬਣਾ ਦਲਾਲ, ਵਿਚੋਲਾ ਦੋ ਜਹਾਨ ਰਖਾਈਆ । ਸੇਵਾ ਲਾ ਕੇ ਕਾਲ ਮਹਾਕਾਲ, ਰਾਏ ਧਰਮ ਚਿਤ੍ਰਗੁਪਤ ਨਾਲ ਕੁੜਮਾਈਆ । ਲਾੜੀ ਮੌਤ ਵਜਾ ਕੇ ਆਪਣਾ ਤਾਲ, ਤਾਲ ਤਲਵਾੜਾ ਦਿਤਾ ਵਜਾਈਆ । ਖੇਲੇ ਖੇਲ ਸਦਾ ਕਮਾਲ, ਕਾਮਲ ਮੁਰਸ਼ਦ ਧੁਰਦਰਗਾਹੀਆ । ਲੱਖ ਚੁਰਾਸੀ ਰਿਹਾ ਸੁਰਤ ਸੰਭਾਲ, ਘਟ ਘਟ ਅੰਤਰ ਵੇਖ ਵਖਾਈਆ । ਜੁਗ ਚੌਕੜੀ ਫਲ ਲਗਾਵੇ ਮਾਨਸ ਡਾਲ, ਤਤਵ ਤਤ ਖੋਜ ਖੁਜਾਈਆ । ਲੇਖਾ ਜਾਣੇ ਤ੍ਰੈਗੁਣ ਮਾਇਆ ਕੂੜ ਜੰਜਾਲ, ਜਾਗਰਤ ਜੋਤ ਨਾਲ ਵਡਿਆਈਆ । ਸ਼ਬਦ ਨਾਦ ਧੁਨ ਵੱਜੇ ਸੱਚੀ ਧਰਮਸਾਲ, ਕਾਇਆ ਕਾਅਬਾ ਸੋਭਾ ਪਾਈਆ । ਜਲਵਾਗਰ ਨੂਰ ਜਲਾਲ, ਜੋਤੀ ਜਾਤਾ ਇਕ ਅਖਵਾਈਆ । ਜੋ ਆਦਿ ਜੁਗਾਦੀ ਜੁਗ ਚੌਕੜੀ ਸਭ ਦਾ ਹੱਲ ਕਰੇ ਸਵਾਲ, ਜਵਾਬ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਰਚਨਾ ਰਚੀ ਸਾਹਿਬ ਸਵਾਮੀ, ਹਰਿ ਕਰਤੇ ਆਪਣੀ ਦਇਆ ਕਮਾਈਆ । ਸਭ ਦਾ ਬਣ ਕੇ ਅੰਤਰਜਾਮੀ, ਘਟ ਘਟ ਵੇਖੇ ਥਾਉਂ ਥਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਬੋਧ ਅਗਾਧਾ ਜਣਾ ਕੇ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਆਤਮ ਪਰਮਾਤਮ ਮੇਲ ਮੇਲ ਕੇ ਹਾਣੀ, ਸੁਰਤ ਸ਼ਬਦ ਨਾਲ ਕੁੜਮਾਈਆ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪਰਦਾ ਆਪ ਉਠਾਈਆ ।

ਜਿਸ ਲੇਖੇ ਲਾਈ ਸਤਿਜੁਗ ਤਰੇਤਾ ਦੁਆਪਰ ਲੋਕਮਾਤ ਤਰਲ ਜਵਾਨੀ, ਜਵਾਂ ਮਰਦ ਹੋ ਕੇ ਖੇਲ ਖਿਲਾਈਆ । ਸੋ ਲੇਖਾ ਜਾਣੇ ਕਲਜੁਗ ਅੰਤ ਸ੍ਰੀ ਭਗਵੰਤ ਕੂੜ ਨਿਸ਼ਾਨੀ, ਨਿਸ਼ਾਨ ਤਾਰਾ ਚੰਦ ਪਰਦਾ ਦਏ ਚੁਕਾਈਆ । ਦੀਨ ਦੁਨੀ ਵੇਖੇ ਸਿਦਕ ਈਮਾਨੀ, ਅਮਲਾਂ ਤੋਂ ਰਹਿਤ ਤੱਕੇ ਖ਼ਲਕ ਖ਼ੁਦਾਈਆ । ਨਵ ਸੱਤ ਵੇਖੇ ਬੇਈਮਾਨੀ, ਉੱਤਰ ਪੂਰਬ ਪੱਛਮ ਦੱਖਣ ਪਰਦਾ ਆਪ ਉਠਾਈਆ । ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਵੇਖੇ ਮਾਰ ਧਿਆਨੀ, ਬਿਨ ਨੈਣਾਂ ਨੈਣ ਉਠਾਈਆ । ਕਵਣ ਸੰਤ ਸੁਹੇਲਾ ਗੁਰੂ ਗੁਰ ਚੇਲਾ ਮੁਰੀਦ ਮੁਰਸ਼ਦ ਪਾਵੇ ਪਦ ਨਿਰਬਾਣੀ, ਘਰ ਸਾਚੇ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਰਚਨਾ ਕਰ ਖੇਲ ਅਖੇਲ, ਹਰਿ ਕਰਤਾ ਵਡ ਵਡਿਆਈਆ । ਜਨ ਭਗਤ ਸੁਹੇਲਾ ਆਤਮ ਪਰਮਾਤਮ ਲਏ ਮੇਲ, ਮਿਲਣੀ ਸੁਰਤ ਸ਼ਬਦ ਕਰਾਈਆ । ਮਨਮੁਖ ਜੀਵਾਂ ਘੱਲੇ ਧਰਮ ਰਾਏ ਦੀ ਜੇਲ, ਚੁਰਾਸੀ ਫੰਦ ਨਾ ਕੋਇ ਕਟਾਈਆ । ਕਲਜੁਗ ਅੰਤਮ ਵਕਤ ਸੁਹੰਜਣਾ ਚਾਰੋਂ ਕੁੰਟ ਸ਼ਰਅ ਸ਼ਰੀਅਤ ਚਾੜ੍ਹੇ ਤੇਲ, ਸਗਨ ਜੋਤ ਮਗਨ ਨਾਲ ਮਿਲਾਈਆ । ਜੂਠ ਝੂਠ ਵੇਖੇ ਸਗਲ ਸੁਹੇਲ, ਮਿਤਰ ਪਿਆਰੇ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਸਵਾਮੀ ਹੋਏ ਸਹਾਈਆ । ਰਚਨਾ ਰਚੀ ਆਪ ਪ੍ਰਭ ਜਗਤ, ਜਗ ਜੀਵਣ ਦਾਤੇ ਦਿਤੀ ਮਾਣ ਵਡਿਆਈਆ । ਜੁਗ ਚੌਕੜੀ ਵੇਖੇ ਵਕਤ, ਕਲਜੁਗ ਅੰਤਮ ਪਰਦਾ ਲਾਹੀਆ । ਲੇਖਾ ਜਾਣੇ ਬੂੰਦ ਰਕਤ, ਮਾਨਸ ਮਾਨਵ ਮਾਨੁਖ ਭੇਵ ਰਹੇ ਨਾ ਰਾਈਆ । ਆਤਮ ਧਾਰ ਤੱਕੇ ਸ਼ਕਤ, ਸ਼ਖ਼ਸੀਅਤ ਖੋਜ ਖੁਜਾਈਆ । ਹਰਿਜਨ ਪਿਆਰੇ ਵੇਖੇ ਭਗਤ, ਭਗਵਨ ਦਇਆ ਕਮਾਈਆ । ਲਹਿਣਾ ਦੇਣਾ ਜਾਣੇ ਧਰਨੀ ਧਰਤ, ਧਵਲ ਧਿਆਨ ਰਖਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦ ਕਰੇ ਬੇਪਰਵਾਹੀਆ । ਨਵ ਸੱਤ ਨਵ ਦਵਾਰੇ ਹੋਏ ਤਸ਼ੱਦਦ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਵ ਸੱਤ ਵੇਖ ਵਖਾਈਆ । ਰਚਨਾ ਰਚੀ ਪ੍ਰਭੂ ਨਵ ਖੰਡ, ਖੰਡੇ ਖੜਗ ਨਾਲ ਚਲਾਈਆ । ਨਿਰਗੁਣ ਸਰਗੁਣ ਕਰ ਕੇ ਵੰਡ, ਹਿੱਸੇ ਦੀਨ ਦੁਨੀ ਦ੍ਰਿੜਾਈਆ । ਲੇਖਾ ਜਾਣੇ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਈਆ । ਸ਼ਾਹੋ ਭੂਪ ਬਣ ਸੂਰਾ ਸਰਬੰਗ, ਹਰਿ ਕਰਤਾ ਹੁਕਮ ਸੁਣਾਈਆ । ਕਲਜੁਗ ਕੂੜ ਵੇਖ ਕੇ ਰੰਗ, ਕੂੜੀ ਕਿਰਿਆ ਕਰੇ ਸਫ਼ਾਈਆ । ਚਾਰੋਂ ਕੁੰਟ ਵੱਜੇ ਮਰਦੰਗ, ਮਰਦ ਮਰਦਾਨਾ ਆਪ ਸੁਣਾਈਆ । ਸੰਮਤ ਸ਼ਹਿਨਸ਼ਾਹੀ ਦਸ ਸ਼ਰਅ ਦਾ ਸ਼ੁਰੂ ਹੋਵੇਗਾ ਜੰਗ, ਨਾ ਕੋਈ ਮੇਟੇ ਮੇਟ ਮਿਟਾਈਆ । ਬਚਿਆ ਰਹੇ ਨਾ ਭਾਰਤ ਖੰਡ, ਭਾਰਦਵਾਜ ਰਿਖੀ ਗਿਆ ਦ੍ਰਿੜਾਈਆ । ਅਤਰੀ ਨੇ ਬੋਲ ਕੇ ਕਿਹਾ ਸੀ ਨਿਸੰਗ, ਕਲਜੁਗ ਅੰਤਮ ਕੂੜ ਕੂੜ ਕੁਰਲਾਈਆ । ਜਿਸ ਵੇਲੇ ਨਿਸ਼ਾਨ ਮਿਟਣਾ ਤਾਰਾ ਚੰਦ, ਚਾਰ ਯਾਰੀ ਨਾਲ ਦੁਹਾਈਆ । ਸੇਜ ਸੁਹੰਜਣੀ ਰਹੇ ਨਾ ਕੋਇ ਪਲੰਘ, ਈਸਾ ਇਸਮ ਇਕ ਗਿਆ ਸਮਝਾਈਆ । ਮੂਸਾ ਮੂੰਹ ਦੇ ਭਾਰ ਡਿੱਗ ਕੇ ਮੰਗੀ ਮੰਗ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਵੇਦ ਵਿਆਸ ਕਿਹਾ ਜਿਸ ਵੇਲੇ ਜਗਤ ਦੀ ਧਾਰ ਸਮਾਂ ਗਿਆ ਲੰਘ, ਆਪ ਆਪਣਾ ਪੰਧ ਮੁਕਾਈਆ । ਚਾਰੋਂ ਕੁੰਟ ਹੋਏ ਅੰਧੇਰਾ ਅੰਧ, ਸਾਚਾ ਨੂਰ ਨਾ ਕੋਇ ਚਮਕਾਈਆ । ਉਸ ਵੇਲੇ ਧੁਰ ਦਾ ਰਾਮ ਧੁਰ ਦਾ ਕਾਹਨ ਸਭ ਨੂੰ ਦੇਵੇ ਡੰਨ, ਡੰਡਾਵਤ ਸਭ ਦੀ ਦਏ ਬਦਲਾਈਆ । ਜਨ ਭਗਤਾਂ ਨਾਮ ਨਿਧਾਨਾ ਸ੍ਰੀ ਭਗਵਾਨਾ ਅੰਤਰ ਆਤਮ ਦੇਵੇ ਵੰਡ, ਬਾਹਰੋਂ ਨਜ਼ਰ

੧੦੨੭
੨੩

ਕਿਸੇ ਨਾ ਆਈਆ । ਕੂੜੀ ਕਿਰਿਆ ਮੇਟੇ ਭਰਮ ਪਖੰਡ, ਭਾਂਡਾ ਭਰਮ ਭਉ ਭੰਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਜਿਸ ਸਾਹਿਬ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਰਚਨਾ ਰਚੀ ਓਹ ਆਪਣਾ ਖੇਲ ਕਰੇ ਨਿਸੰਗ, ਨਿਸਚਿਤ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਭੇਵ ਅਭੇਦਾ ਆਪ ਖੁਲਾਈਆ । ਰਚਨਾ ਰਚ ਕਰੇ ਖੇਲ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ, ਸੋ ਕਲਜੁਗ ਅੰਤਮ ਵੇਖ ਵਖਾਈਆ । ਲਹਿਣਾ ਦੇਣਾ ਪੂਰਾ ਕਰੇ ਪੈਗ਼ੰਬਰ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਝੋਲੀ ਆਪ ਭਰਾਈਆ । ਧਰਨੀ ਧਰਤ ਧਵਲ ਧੌਲ ਸੁਣ ਪੁਕਾਰ, ਪਰਮ ਪੁਰਖ ਆਪਣੀ ਦਇਆ ਕਮਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਨਿਰਾਕਾਰ ਹੋ ਉਜਿਆਰ, ਚਾਰੋਂ ਕੁੰਟ ਨੂਰ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਪਾਵੇ ਸਾਰ, ਇਸ਼ਟੀ ਇਕੋ ਰੂਪ ਸਮਝਾਈਆ । ਕਲਜੁਗ ਕੂੜੀ ਕਿਰਿਆ ਕਰਮ ਕਾਂਡ ਦੀ ਦਏ ਨਿਵਾਰ, ਨਿਵਣ ਸੁ ਅੱਖਰ ਇਕ ਸਮਝਾਈਆ । ਭਾਰਤ ਖੰਡ ਵਿਚ ਹੋ ਕੇ ਜ਼ਾਹਰ, ਨੌ ਖੰਡ ਪ੍ਰਿਥਮੀ ਸੱਤ ਦੀਪ ਦਏ ਹਿਲਾਈਆ । ਜਿਸ ਨੂੰ ਦੂਰ ਦੁਰਾਡਾ ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਕਰਨ ਸਲਾਮ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਸੋ ਰਚਨਾ ਰਚ ਕੇ ਖੇਲੇ ਖੇਲ ਖੇਲਣਹਾਰ ਖ਼ਾਲਕ ਖ਼ਲਕ ਮਖ਼ਲੂਕ ਆਪਣਾ ਖੇਲ ਖਿਲਾਈਆ । ਜਿਸ ਨੂੰ ਸਾਰੇ ਕਹਿੰਦੇ ਪਰਵਰਦਿਗਾਰ, ਸਾਂਝਾ ਯਾਰ ਅਗੰਮ ਅਥਾਹੀਆ । ਜੋ ਰਾਮ ਰਾਮਾ ਨੂਰ ਉਜਿਆਰ, ਕਾਹਨ ਕਾਹਨਾ ਕਾਹਨ ਘਨਈਆ ਸਈਆ ਵਡ ਵਡਿਆਈਆ । ਜਿਸ ਦਾ ਸਿਫ਼ਤਾਂ ਵਾਲਾ ਇਜ਼ਹਾਰ ਲੇਖਾ ਲਿਖਣ ਤੋਂ ਬਾਹਰ, ਉਹ ਖੇਲ ਕਰੇ ਅਪਰ ਅਪਾਰ, ਜਿਸ ਰਚਨਾ ਰਚੀ ਜਗਤ ਸੰਸਾਰ, ਰਚ ਰਚ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਪਤਿਪਰਮੇਸ਼ਵਰ ਪਰਵਰਦਿਗਾਰ ਪਾਰਬ੍ਰਹਮ ਪਰਮ ਪੁਰਖ ਇਕ ਅਖਵਾਈਆ ।



੧੦੨੮ ੨੩

✪ ੫ ਸਾਵਣ ਸ਼ਹਿਨਸ਼ਾਹੀ ਸੰਮਤ ਨੌ ੨੫ ਬੀ੦ ਬੀ੦ ਗੰਗਾ ਨਗਰ ਮਹਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰਾ ਪੁਰਖ ਅਕਾਲ ਵਾਸਤਾ, ਵਾਸਤਕ ਵਿਸ਼ਵ ਦੇ ਮਾਲਕ ਦਿਆਂ ਜਣਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਆਹਿਸਤਾ ਆਹਿਸਤਾ, ਅਸਲ ਦੇ ਅਸਲ ਰੂਪ ਦ੍ਰਿੜਾਈਆ । ਕਲਜੁਗ ਵਕਤ ਸੁਹੰਜਣਾ ਦੱਸ ਦੇ ਨਾਸ ਦਾ, ਨਾਸਤਕ ਤੱਕ ਖ਼ਲਕ ਖ਼ੁਦਾਈਆ । ਭੇਵ ਚੁਕਾ ਦੇ ਪ੍ਰਿਥਮੀ ਆਕਾਸ਼ ਦਾ, ਪਾਤਾਲ ਪਾਤਾਲਾਂ ਪਰਦਾ ਲਾਹੀਆ । ਜਲਵਾ ਜਣਾ ਦੇ ਆਪਣੀ ਮੰਡਲ ਰਾਸ ਦਾ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਰੰਗ ਰੰਗਾ ਦੇ ਪਵਿਤ੍ਰ ਪਾਕ ਦਾ, ਪਤਤ ਪੁਨੀਤ ਦੇ ਵਡਿਆਈਆ । ਮੇਰਾ ਰੂਪ ਮਾਟੀ ਖ਼ਾਕ ਦਾ, ਖ਼ਾਲਸ ਸਾਹਿਬ ਦਿਆਂ ਸੁਣਾਈਆ । ਨਾਤਾ ਤੱਕ ਲੈ ਆਤਮ ਪਰਮਾਤਮ ਸਾਕ ਦਾ, ਸੱਜਣ ਸੈਣ ਹੋ ਕੇ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਜਗਤ ਅੰਧੇਰਾ ਝਾਕਦਾ, ਸੱਤ ਦੀਪ ਨੈਣ ਉਠਾਈਆ । ਕਿਸੇ ਸਮਝ ਨਾ ਆਵੇ ਕੀ ਖੇਲ ਤੇਰਾ ਅਬਿਨਾਸ਼ ਦਾ, ਕੀ ਅਬਿਨਾਸ਼ੀ ਖੇਲ ਖਿਲਾਈਆ । ਮੈਨੂੰ ਭਰਵਾਸਾ ਨਹੀਂ ਆਪਣੇ ਸਵਾਸ ਦਾ, ਸਾਹ ਸਾਹ

ਤੇਰੇ ਅਗੇ ਵਾਸਤਾ ਪਾਈਆ । ਮੇਰੇ ਉਤੇ ਲੇਖਾ ਪੂਰਾ ਕਰ ਦੇ ਅਵਤਾਰ ਪੈਗ਼ੰਬਰ ਗੁਰੂਆਂ ਭਖਿਤ ਵਾਕ ਦਾ, ਵਾਕਿਆ ਵੇਖਣਾ ਚਾਈਂ ਚਾਈਆ । ਪਰਦਾ ਖੇਲ ਦੇ ਆਪਣੇ ਅਗੰਮੀ ਤਾਕ ਦਾ, ਤਾਕਤਵਰ ਲੈ ਅੰਗੜਾਈਆ । ਕੰਢਾ ਤੱਕ ਲੈ ਅੰਤ ਅਖ਼ੀਰੀ ਘਾਟ ਦਾ, ਪੱਤਣ ਵੇਖ ਲੈ ਧੁਰ ਦੇ ਮਾਹੀਆ । ਝਗੜਾ ਪਿਆ ਜ਼ਾਤ ਪਾਤ ਦਾ, ਦੀਨ ਮਜ਼੍ਹਬ ਕਰੇ ਲੜਾਈਆ । ਭਰੋਸਾ ਰਿਹਾ ਨਾ ਤੇਰੇ ਉਤੇ ਕਿਸੇ ਵਿਸ਼ਵਾਸ ਦਾ, ਵਿਸ਼ਿਆਂ ਭਰੀ ਲੋਕਾਈਆ । ਕੋਟਾਂ ਵਿਚੋਂ ਰੂਪ ਕਿਸੇ ਵਿਰਲੇ ਭਗਤ ਗੁਰਮੁਖ ਦਾਸ ਦਾ, ਜੋ ਦਾਸੀ ਹੋ ਕੇ ਸੇਵ ਕਮਾਈਆ । ਜਗਤ ਵਣਜਾਰਾ ਬਣਿਆ ਕੂੜੀ ਕਿਰਿਆ ਹਾਟ ਦਾ, ਸਤਿ ਹੱਥ ਕਿਸੇ ਨਾ ਆਈਆ । ਨੂਰ ਨਜ਼ਰ ਨਾ ਆਵੇ ਤੇਰੇ ਜੋਤ ਲਲਾਟ ਦਾ, ਚਾਂਦਨਾ ਚੰਦ ਨਾ ਕੋਇ ਚਮਕਾਈਆ । ਤੂੰ ਸੁਹੇਲਾ ਇਕ ਇਕੇਲਾ ਅਨਾਥਾਂ ਅਨਾਥ ਦਾ, ਦੀਨ ਦਿਆਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਅਗੇ ਕਰਾਂ ਅਰਜ਼ੋਈ, ਅਰਜ਼ ਬੇਨੰਤੀ ਇਕ ਜਣਾਈਆ । ਮੈਨੂੰ ਕਲਮਿਆਂ ਵਾਲੀ ਦਰੋਹੀ, ਤੋਬਾ ਤੋਬਾ ਕਰ ਸੁਣਾਈਆ । ਚਾਰ ਕੁੰਟ ਮਿਲੇ ਕੋਈ ਨਾ ਢੋਈ, ਸਹਾਰਾ ਕਿਨਾਰਾ ਨਾ ਕੋਇ ਦਰਸਾਈਆ । ਮੇਰੀ ਪਤ ਗਈ ਖੋਹੀ, ਪਤਿਪਰਮੇਸ਼ਵਰ ਮੇਰਾ ਲਹਿਣਾ ਦੇਣਾ ਪੂਰਾ ਕਰਨਾ ਥਾਉਂ ਥਾਈਂਆ । ਨੇਤਰ ਨੈਣਾਂ ਨੀਰ ਵਹਾ ਕੇ ਰੋਈ, ਹੰਝੂਆਂ ਹਾਰ ਬਣਾਈਆ । ਦੀਨ ਦੁਨੀ ਪ੍ਰਭ ਸੁਰਤ ਉਠਾ ਦੇ ਸੋਈ, ਸ਼ਬਦ ਹਲੂਣਾ ਇਕ ਰਖਾਈਆ । ਅੰਮ੍ਰਿਤ ਆਤਮ ਨਿਝਰ ਝਿਰਨੇ ਹਰ ਘਟ ਅੰਦਰ ਚੋਈਂ, ਬੂੰਦ ਸਵਾਂਤੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਸਰਨਾਈਆ । ਧਰਨੀ ਕਹੇ ਮੈਂ ਜਗਤ ਵੈਰਾਗਣ ਖੁਲ੍ਹੜੇ ਕੇਸ, ਬੇਰਾਗਣ ਹੋ ਕੇ ਕੂਕ ਸੁਣਾਈਆ । ਮੇਰੇ ਪੁਰਖ ਅਕਾਲੇ ਨਰ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਤੂੰ ਸਦਾ ਰਹੇਂ ਹਮੇਸ਼, ਆਦਿ ਜੁਗਾਦੀ ਤੇਰੀ ਵਡਿਆਈਆ । ਮੈਂ ਤੇਰੇ ਦਰ ਤੇ ਹੋਈ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਰਖਾਈਆ । ਜੋ ਸੰਦੇਸ਼ਾ ਦਿਤਾ ਸ਼ਬਦੀ ਧਾਰ ਦਸ ਦਸਮੇਸ਼, ਦਹਿ ਦਿਸ਼ਾ ਦਿਆਂ ਸੁਣਾਈਆ । ਮੇਰਾ ਦੀਨ ਦਿਆਲਾ ਪੁਰਖ ਅਕਾਲਾ ਪਰਵਰਦਿਗਾਰ ਸਾਂਝਾ ਯਾਰ ਪ੍ਰਗਟ ਹੋਵੇ ਕਲਜੁਗ ਅੰਤਮ ਸੰਬਲ ਦੇਸ, ਸੰਬਲ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦਾ ਕਾਤਬ ਲਿਖ ਸਕੇ ਕੋਇ ਨਾ ਲੇਖ, ਕਲਮ ਚਲੇ ਨਾ ਕੋਇ ਚਤੁਰਾਈਆ । ਜਨ ਭਗਤਾਂ ਉਹ ਨਜ਼ਰੀ ਆਏ ਨੇਤਨ ਨੇਤ, ਨਿਜ ਨੈਣ ਕਰੇ ਰੁਸ਼ਨਾਈਆ । ਧਰਨੀ ਕਹੇ ਮੈਨੂੰ ਪ੍ਰਭੂ ਪਰਦੇ ਨਾਲ ਦੱਸ ਦੇ ਆਪਣਾ ਭੇਤ, ਭਾਂਡਾ ਭਰਮ ਭੰਨਾਈਆ । ਮੈਂ ਬਿਨ ਨੈਣਾਂ ਨਿਰਗੁਣ ਧਾਰ ਤੈਨੂੰ ਲਵਾਂ ਵੇਖ, ਜਗਤ ਲੋਚਣ ਦੀ ਲੋੜ ਰਹੇ ਨਾ ਰਾਈਆ । ਜਿਸ ਝਗੜਾ ਮੁਕਾਉਣਾ ਮੁੱਲਾ ਸ਼ੇਖ਼, ਮੁਸਾਇਕਾਂ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਮੈਂ ਮੰਗਣਹਾਰੀ ਦਰ, ਦਰਦੀਆ ਦਰਦ ਲੈ ਵੰਡਾਈਆ । ਤੂੰ ਮਾਲਕ ਨਰਾਇਣ ਨਰ, ਹਰੀ ਹਰਿ ਤੇਰੀ ਸਰਨਾਈਆ । ਮੇਰਾ ਭਉ ਚੁਕਾ ਦੇ ਡਰ, ਭੈ ਰਹਿਣ ਕੋਇ ਨਾ ਪਾਈਆ । ਤੇਰੀ ਸਰਨੀ ਗਈ ਪਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦੇ ਪੜ੍ਹਾਈਆ । ਕੀ ਕਰਤੇ ਕਰਨੀ ਦੇਣੀ ਕਰ, ਕਲਜੁਗ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਖੋਲ ਦੇ ਭੇਵ ਅਵੱਲਾ, ਤੁਧ ਬਿਨ ਅਵਰ ਨਾ

ਕੋਇ ਜਣਾਈਆ । ਮੈਂ ਗੱਲ ਵਿਚ ਪਾ ਕੇ ਪੱਲਾ, ਪਲਕਾਂ ਦੇ ਪਿਛੇ ਵੇਖ ਵਖਾਈਆ । ਮੇਰੇ ਨੂਰ ਅਲਾਹੀ ਅੱਲਾ, ਆਲਮੀਨ ਤੇਰੀ ਸਰਨਾਈਆ । ਸਚ ਦੱਸ ਦੇ ਮੇਰੇ ਵਸੇ ਕਿਹੜੇ ਮਹੱਲਾ, ਕਵਣ ਕੂਟੇ ਡੇਰਾ ਲਾਈਆ । ਮੈਂ ਕਿੱਥੇ ਢੂੰਡਾਂ ਤੈਨੂੰ ਜਲਾ ਥਲਾ, ਮਹੀਅਲ ਧਿਆਨ ਲਗਾਈਆ । ਕਿਸ ਵਸੇਰਾ ਹੋਵੇ ਤੇਰਾ ਮਹੱਲਾ, ਕਵਣ ਬੰਕ ਮਿਲੇ ਵਡਿਆਈਆ । ਕਿਹੜਾ ਨਿਹਚਲ ਧਾਮ ਹੋਵੇ ਅਟੱਲਾ, ਅਟਲ ਪਦਵੀ ਦੇ ਦ੍ਰਿੜਾਈਆ । ਜਿਥੇ ਵਸੇਂ ਤੂੰ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਧਾਰ ਜੋਤ ਹੋਵੇ ਰਲਾ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਆਪਣਾ ਖੋਲ ਦੇ ਪਰਦਾ, ਪਰਦਾਨਸ਼ੀਨ ਭੇਵ ਦੇ ਚੁਕਾਈਆ । ਜਗਤ ਜਹਾਨ ਵੇਖ ਲੈ ਸੜਦਾ, ਕਲਜੁਗ ਅਗਨੀ ਤਤ ਤਪਾਈਆ । ਮਨ ਹੰਕਾਰ ਵੇਖ ਗੜ੍ਹ ਦਾ, ਕੰਚਨ ਰੂਪ ਨਾ ਕੋਇ ਵਟਾਈਆ । ਲੇਖਾ ਜਾਣ ਲੈ ਸੀਸ ਧੜ ਦਾ, ਧੜੇਬਾਜ਼ੀ ਦੀਨ ਮਜ਼੍ਹਬ ਵੰਡ ਵੰਡਾਈਆ । ਕੀ ਹਿਸਾਬ ਹੋਣਾ ਤੇਰਾ ਚੇਤਨ ਚੋਟੀ ਜੜ ਦਾ, ਜੜ ਚੇਤਨ ਕੀ ਆਪਣਾ ਹੁਕਮ ਵਰਤਾਈਆ । ਕੀ ਖੇਲ ਹੋਣਾ ਮੇਰੇ ਧਰਨੀ ਵਾਲੇ ਘਰ ਦਾ, ਚਾਰੋਂ ਕੁੰਟ ਕੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਮੈਂ ਰੋ ਰੋ ਪਾਵਾਂ ਵੈਣ, ਵਹਿੰਦੀ ਧਾਰ ਵਹਾਈਆ । ਮੇਰੇ ਸਵਾਮੀ ਸਾਕ ਸੈਣ, ਸੱਜਣ ਤੇਰੀ ਵਡਿਆਈਆ । ਮੈਨੂੰ ਦਿਵਸ ਰੈਣ ਨਾ ਆਵੇ ਚੈਨ, ਸਾਂਤਕ ਸਤਿ ਨਾ ਕੋਇ ਕਰਾਈਆ । ਤੇਰਾ ਰੂਪ ਦਿਸੇ ਨਾ ਐਨ ਦਾ ਐਨ, ਸਤਿ ਸਰੂਪ ਨਾ ਕੋਇ ਸਮਾਈਆ । ਤੇਰੀ ਧਾਰ ਦੀਨ ਦੂਨੀ ਹੋਈ ਤਰਫ਼ੈਣ, ਸਾਕ ਸੈਣ ਨਾ ਕੋਇ ਬਣਾਈਆ । ਨਾਤਾ ਟੁੱਟਾ ਭਾਈ ਭੈਣ, ਚਾਰੋਂ ਕੁੰਟ ਕੂੜ ਹਲਕਾਈਆ । ਤੂੰ ਮਿਹਰਵਾਨਾ ਮੇਰਾ ਦੇ ਦੇ ਦੇਣ, ਦੇਵਣਹਾਰ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਦਲਾਈਆ । ਪੁਰਖ ਅਕਾਲ ਕਹੇ ਧਰਨੀ ਸੁਣ ਅਗੰਮੀ ਬਾਤ, ਸਤਿਗੁਰ ਸ਼ਬਦ ਦ੍ਰਿੜਾਈਆ । ਦੇਵਾਂ ਅਗੰਮੀ ਦਾਤ, ਨਾਮ ਅਨਮੁੱਲ ਵਰਤਾਈਆ । ਮੇਟਾਂ ਅੰਧੇਰੀ ਰਾਤ, ਸਤਿਗੁਰ ਸ਼ਬਦ ਚੰਦ ਚਮਕਾਈਆ । ਖੇਲ ਕਰਾਂ ਲੋਕਮਾਤ, ਧਰਨੀ ਧਰਤ ਧਵਲ ਧੌਲ ਦਿਆਂ ਵਡਿਆਈਆ । ਆਤਮ ਪਰਮਾਤਮ ਜੋੜਾਂ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲਾਂ ਸਹਿਜ ਸੁਭਾਈਆ । ਖੇਲ ਕਰਾਂ ਇਕ ਇਕਾਂਤ, ਦੂਜਾ ਨਜ਼ਰ ਕੋਇ ਨਾ ਆਈਆ । ਲੇਖਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਨਾ ਵੰਡ ਵੰਡਾਈਆ । ਝਗੜਾ ਮੁਕਾ ਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਹੋਵਾਂ ਸਹਾਈਆ । ਕੋਝੀਏ ਕਮਲੀਏ ਨਿਮਾਣੀਏ ਤੇਰੀ ਪੂਰੀ ਕਰਾਂ ਆਸ, ਆਸਾ ਤ੍ਰਿਸ਼ਨਾ ਖ਼ਾਹਿਸ਼ ਤਮੰਨਾ ਤੇਰੀ ਆਪਣੇ ਵਿਚ ਮਿਲਾਈਆ । ਸੰਬਲ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਜੋਤ ਕਰਾਂ ਪ੍ਰਕਾਸ਼, ਦੋ ਜਹਾਨਾਂ ਡਗਮਗਾਈਆ । ਸਤਿ ਧਰਮ ਦੀ ਸਚਖੰਡ ਨਿਵਾਸੀ ਨਾਲ ਮਿਲ ਕੇ ਪਾਏ ਰਾਸ, ਆਤਮ ਪਰਮਾਤਮ ਗੋਪੀ ਕਾਹਨ ਕਾਹਨ ਰੂਪ ਨਾਚ ਨਚਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਸਮਰਥ ਕਰੇ ਪੜ੍ਹਾਈਆ । ਹੋਏ ਸਹਾਈ ਅਨਾਥਾਂ ਨਾਥ, ਜਗਦੀਸ਼ਰ ਸਿਰ ਆਪਣਾ ਹੱਥ ਟਿਕਾਈਆ । ਤੇਰੇ ਮਸਤਕ ਧੂੜੀ ਲਾਏ ਮਾਥ, ਸਚ ਦੀ ਖ਼ਾਕ ਰਮਾਈਆ । ਤੂੰ ਨੇਤਰ ਖੋਲ ਕੇ ਵੇਖ ਆਂਖ, ਕੀ ਅੱਖੀਆਂ ਤੋਂ ਪਰੇ ਆਪਣਾ ਖੇਲ ਖਿਲਾਈਆ । ਜਿਉਂ ਭਾਵੇ ਤਿਉਂ ਲਵੇ ਰਾਖ, ਰਖਣਹਾਰ ਵਡ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰੇ ਨਾਸ, ਸਤਿਜੁਗ


੧੦੩੦ ੨੩

ਸਤਿ ਸਚ ਧਰਮ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਤੇਰਾ ਹੋਏ ਸਹਾਈਆ । ਪੁਰਖ ਅਕਾਲ ਕਹੇ ਧਰਨੀ ਧਰਮ ਕਮਾਵਾਂਗਾ । ਦੀਨ ਦਿਆਲ ਹੋ ਕੇ ਵੇਖ ਵਖਾਵਾਂਗਾ । ਸਤਿਗੁਰ ਸ਼ਬਦ ਨਾਲ ਉਠਾਵਾਂਗਾ । ਅਵਤਾਰ ਪੈਗ਼ੰਬਰ ਗੁਰੂਆਂ ਭੇਵ ਚੁਕਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਵਾਂਗਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਾਰ ਕਰਾਵਾਂਗਾ । ਚਾਰ ਜੁਗ ਦਾ ਸ਼ਬਦੀ ਧਾਰ ਜੋ ਦਿਤਾ ਮੰਤਰ, ਮੰਤਵ ਸਭ ਦਾ ਵੇਖ ਵਖਾਵਾਂਗਾ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਤਰ ਵੇਖਾਂ ਨਿਰੰਤਰ, ਮਾਲਕ ਹੋ ਕੇ ਖੋਜ ਖੁਜਾਵਾਂਗਾ । ਧਰਮ ਦੀ ਧਾਰ ਤੇਰੀ ਸਚ ਬਣਾਵਾਂ ਬਣਤਰ, ਘੜਨ ਭੰਨਣਹਾਰ ਆਪ ਅਖਵਾਵਾਂਗਾ । ਤੇਰੇ ਉਤੇ ਕਲਜੁਗ ਕੂੜ ਦੀ ਰਹਿਣ ਨਾ ਦੇਵਾਂ ਬਸੰਤਰ, ਅੰਮ੍ਰਿਤ ਮੇਘ ਨਾਮ ਵਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਵਾਂਗਾ । ਭੇਵ ਅਭੇਦਾ ਆਪ ਖੁਲਾਏਗਾ । ਪ੍ਰਭ ਸਾਚੀ ਦਇਆ ਕਮਾਏਗਾ । ਕਾਇਆ ਮਾਟੀ ਕਾਚੀ ਵੇਖ ਵਖਾਏਗਾ । ਮਨ ਮਨਸਾ ਜੋ ਰਹੀ ਨਾਚੀ, ਪਰਦੇ ਓਹਲੇ ਸਰਬ ਉਠਾਏਗਾ । ਸੁਣ ਸੁਨੇਹੜਾ ਸਤਿਗੁਰ ਸ਼ਬਦ ਦੀ ਲੈ ਲੈ ਪਾਤੀ, ਪਤਰਕਾ ਇਕੋ ਨਾਮ ਜਣਾਏਗਾ । ਜਿਸ ਤੇਰੇ ਉਤੇ ਮੇਟਣੀ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਏਗਾ । ਅੰਤਮ ਪੁਛੇ ਤੇਰੀ ਵਾਤੀ, ਵਾਰਸ ਹੋ ਕੇ ਵੇਖ ਵਖਾਏਗਾ । ਤੂੰ ਸਵਾਧਾਨ ਰਹਿਣਾ ਉਤੇ ਲੋਕਮਾਤੀ, ਸ਼ਬਦ ਸੰਦੇਸ਼ੇ ਵਿਚ ਸੁਣਾਏਗਾ । ਘਰ ਤੇਰੇ ਠਾਕਰ ਸਵਾਮੀ ਆਵੇ ਅਬਿਨਾਸ਼ੀ, ਸੰਬਲ ਆਪਣਾ ਡੇਰਾ ਲਾਏਗਾ । ਤੂੰ ਖ਼ੁਸ਼ੀਆਂ ਨਾਲ ਨਿਰਗੁਣ ਨਿਰਵੈਰ ਨੂਰ ਤਾਕੀਂ, ਜੋ ਬਿਨ ਨੈਣਾਂ ਨਜ਼ਰੀ ਆਏਗਾ । ਜਿਸ ਨੂੰ ਸਭ ਨੇ ਮੰਨਣਾ ਕਮਲਾਪਾਤੀ, ਪਤਿਪਰਮੇਸ਼ਵਰ ਫੇਰਾ ਪਾਏਗਾ । ਸਭ ਦਾ ਲਹਿਣਾ ਦੇਣਾ ਦੇਵੇ ਬਾਕੀ, ਬਕਾਇਦਾ ਆਪਣੀ ਕਾਰ ਭੁਗਤਾਏਗਾ । ਸ਼ਬਦ ਘੋੜੇ ਅਸਵ ਚੜ੍ਹੇ ਰਾਕੀ, ਦੋ ਜਹਾਨਾਂ ਵੇਖ ਵਖਾਏਗਾ । ਤੇਰੇ ਉਤੋਂ ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਏਗਾ । ਓਹ ਖੇਲੇ ਖੇਲ ਬਹੁ ਬਿਧ ਭਾਤੀ, ਅਕਲ ਕਲਧਾਰੀ ਆਪਣੀ ਕਲ ਵਰਤਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਏਗਾ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੀਤ, ਸਾਹਿਬ ਤੇਰੀ ਵਡਿਆਈਆ । ਮੇਰੇ ਉਤੋਂ ਕੂੜ ਦੀ ਬਦਲ ਦੇ ਰੀਤ, ਰੀਤੀਵਾਨ ਤੇਰੀ ਸਰਨਾਈਆ । ਦੀਨ ਦੁਨੀਆ ਵੇਖ ਲੈ ਨੀਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਦੀ ਚੌਧਵੀਂ ਰਹੀ ਬੀਤ, ਬੀਸਵੀਂ ਆਪਣਾ ਅੰਕ ਸਮਝਾਈਆ । ਤੂੰ ਮਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਅਖਵਾਈਆ । ਤੇਰਾ ਲੇਖਾ ਹਸਤ ਕੀਟ, ਊਚਾਂ ਨੀਚਾਂ ਮੇਲ ਮਿਲਾਈਆ । ਮੇਰੇ ਉਤੇ ਝਗੜਾ ਮੁਕਾ ਦੇ ਮੰਦਰ ਮਸੀਤ, ਮੱਠਾਂ ਕਰੇ ਨਾ ਕੋਇ ਲੜਾਈਆ । ਤੂੰ ਹਰ ਘਟ ਵਸ ਜਾ ਚੀਤ, ਮਨ ਚਿਤ ਠਗੌਰੀ ਰਹੇ ਨਾ ਰਾਈਆ । ਮੇਰੇ ਸਵਾਮੀ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਦੇਣੀ ਵਡਿਆਈਆ । ਮੇਰੀ ਬ੍ਰਿਹੋਂ ਵਿਛੋੜੇ ਵਿਚ ਨਿਕਲੇ ਚੀਕ, ਕੂਕ ਕੂਕ ਸੁਣਾਈਆ । ਮੈਨੂੰ ਸਤਿਜੁਗ ਤਰੇਤਾ ਦੁਆਪਰ ਬੀਤਿਆ ਕਲਜੁਗ ਰਖੀ ਉਡੀਕ, ਦੋ ਜਹਾਨ ਸ੍ਰੀ ਭਗਵਾਨ ਤੇਰਾ ਰਾਹ ਤਕਾਈਆ । ਕਵਣ ਵੇਲਾ ਮੇਰਾ ਮਾਲਕ ਮੇਰੇ ਉਤੋਂ ਮੇਟੇ ਅੰਧੇਰਾ ਤਾਰੀਕ, ਨੂਰ ਨੁਰਾਨਾ ਚੰਦ ਚਮਕਾਈਆ । ਘਰ ਆ ਜਾ ਮੇਰੇ ਠਾਕਰ ਲਾਸ਼ਰੀਕ, ਪਰਵਰਦਿਗਾਰ ਤੇਰੀ ਸਰਨਾਈਆ । ਤੇਰੇ ਵਿਚ ਹਕ ਤੌਫ਼ੀਕ, ਤੋਹਫ਼ੇ ਨਾਮ ਕਲਮੇ ਦੇ ਘਰ ਘਰ ਦੇ ਪਹੁੰਚਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਲੀਕ, ਸਤਿ ਧਰਮ ਦਾ ਨਿਸ਼ਾਨ ਨਿਸ਼ਾਨੇ ਵਾਲੇ ਦੇ ਝੁਲਾਈਆ । ਅੰਤ ਅਖ਼ੀਰ ਬੇਨਜ਼ੀਰ ਮੇਰੀ ਸਤਿਗੁਰ ਸ਼ਬਦ ਕਰੇ ਤਸਦੀਕ,


੧੦੩੧
੨੩

ਸ਼ਹਾਦਤ ਕਲਮੇ ਵਾਲੀ ਭੁਗਤਾਈਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਵਿਚ ਤੇਰਾ ਰਾਹ ਤਕਾਈਆ । ਜਿਸ ਦੇ ਪਿਆਰ ਵਿਚ ਸਤਿਕਾਰ ਵਿਚ ਅਵਤਾਰ ਪੈਗ਼ੰਬਰ ਗੁਰੂ ਹੋਏ ਸ਼ਹੀਦ, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਧਰਤ ਧਰਮ ਧਾਰ ਮੈਂ ਆਵਾਂਗਾ । ਨੂਰੀ ਨੂਰ ਜੋਤ ਚਮਕਾਵਾਂਗਾ । ਜੋਤੀ ਜਾਤਾ ਡਗਮਗਾਵਾਂਗਾ । ਪੁਰਖ ਬਿਧਾਤਾ ਇਕ ਅਖਵਾਵਾਂਗਾ । ਅੰਧੇਰੀ ਰਾਤਾ ਮੇਟ ਮਿਟਾਵਾਂਗਾ । ਸਾਚੀ ਦਾਤਾ ਝੋਲੀ ਪਾਵਾਂਗਾ । ਆਤਮ ਪਰਮਾਤਮ ਨਾਤਾ ਇਕ ਜਣਾਵਾਂਗਾ । ਤੂੰ ਮੇਰਾ ਮੈਂ ਤੇਰਾ ਗਾਥਾ, ਸਭ ਨੂੰ ਆਪ ਸਮਝਾਵਾਂਗਾ । ਨਿਰਗੁਣ ਧਾਰ ਬਣ ਪੁਰਖ ਸਮਰਾਥਾ, ਸਰਬ ਕਲਾ ਅਖਵਾਵਾਂਗਾ । ਲੇਖਾ ਲਾ ਕੇ ਤੇਰੀ ਧੂੜ ਮਸਤਕ ਮਾਥਾ, ਟਿੱਕੇ ਸਤਿ ਸਚ ਰਮਾਵਾਂਗਾ । ਤੇਰੀ ਪੂਰੀ ਕਰਾਂ ਆਸਾ, ਤ੍ਰਿਸ਼ਨਾ ਆਪਣੇ ਵਿਚ ਛੁਪਾਵਾਂਗਾ । ਤੂੰ ਕਰਵਟ ਵਿਚ ਬਦਲ ਲੈ ਆਪਣਾ ਪਾਸਾ, ਪਾਰਬ੍ਰਹਮ ਹੋ ਕੇ ਖੇਲ ਖਲਾਵਾਂਗਾ । ਤੂੰ ਖ਼ੁਸ਼ੀਆਂ ਵਿਚ ਕਰੀਂ ਹਾਸਾ, ਹਸਤੀ ਤੈਨੂੰ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਜੋਤ ਦਏ ਭਰਵਾਸਾ, ਭਾਂਡਾ ਭਰਮ ਭਉ ਭੰਨਾਵਾਂਗਾ ।

## ੫ ਸਾਵਣ ਸ਼ਹਿਨਸ਼ਾਹੀ ਸੰਮਤ ਨੌ ੨੫ ਬੀ੦ ਬੀ੦ ਗੰਗਾ ਨਗਰ ਤਾਰਾ ਸਿੰਘ ਦੇ ਗ੍ਰਿਹਿ

੧੦੩੨
੨੩

ਨਾਰਦ ਕਹੇ ਧਰਨੀਏ ਮੈਂ ਆ ਗਿਆ ਪੁਰਾਣਾ ਪੰਡਾ, ਜਗਤ ਵਿਦਿਆ ਤੋਂ ਬਾਹਰ ਨਿਰਅੱਖਰ ਮੇਰੀ ਪੜ੍ਹਾਈਆ । ਨਿਰਗੁਣ ਨਿਰਗੁਣ ਧਾਰ ਫਿਰਨਾ ਮੇਰਾ ਜੁਗ ਚੌਕੜੀ ਧੰਦਾ, ਚਾਰ ਕੁੰਟ ਦਿਵਸ ਰੈਣ ਆਪਣਾ ਪੰਧ ਮੁਕਾਈਆ । ਸਦੀ ਚੌਧਵੀਂ ਮੇਰਾ ਰੂਪ ਵੇਖ ਸਕੇ ਕੋਈ ਨਾ ਬੰਦਾ, ਬੰਦਗੀ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਨਵ ਸੱਤ ਫਿਰਾਂ ਵਿਚ ਵਰਭੰਡਾ, ਭੰਡੀ ਤੱਕਾਂ ਥਾਉਂ ਥਾਈਆ । ਉਹ ਜ਼ਿਮੀਂ ਅਸਮਾਨਾਂ ਤੋਂ ਬਾਹਰ ਪ੍ਰਭੂ ਦਾ ਖੰਡਾ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਸ਼ਬਦ ਦੀ ਧਾਰ ਤੱਕ ਲੈ ਡੰਡਾ, ਜੋ ਡੰਡਾਵਤ ਸਭ ਦੀ ਰਿਹਾ ਬਦਲਾਈਆ । ਜੋ ਲੇਖਾ ਜਾਣੇ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਮੈਂ ਤੈਨੂੰ ਸੰਦੇਸਾ ਦੇਵਾਂ ਇਕ ਅਗੰਮਾ ਚੰਗਾ, ਚੰਗੀ ਤਰਾ ਸੁਣਾਈਆ । ਮੈਂ ਫਿਰ ਕੇ ਆਇਆ ਜਮਨਾ ਸੁਰਸਤੀ ਗੋਦਾਵਰੀ ਗੰਗਾ, ਭੱਜਿਆ ਵਾਹੋ ਦਾਹੀਆ । ਮੈਂ ਨਵ ਸੱਤ ਖੋਜਦਾ ਰਿਹਾ ਕਿੱਥੋਂ ਮਿਲੇ ਅਨੰਦਾ, ਅਨੰਦ ਅਨੰਦ ਵਿਚੋਂ ਕਵਣ ਪ੍ਰਗਟਾਈਆ । ਮੈਂ ਜਗਤ ਜਗਿਆਸੂਆਂ ਧਾਰ ਲੰਘਾ, ਕਦਮ ਕਦਮ ਨਾਲ ਬਦਲਾਈਆ । ਮੈਂ ਸੇਜ ਸੁਹੰਜਣੀ ਸਾਧਾਂ ਸੰਤਾਂ ਦੀ ਵੇਖੀ ਆਤਮ ਪਲੰਘਾ, ਬਿਨ ਨੈਣਾਂ ਨੈਣ ਉਠਾਈਆ । ਮੈਂ ਨਵਾਂ ਦਵਾਰਿਆਂ ਤੋਂ ਬਾਹਰ ਨੱਚਿਆ ਬਣ ਮਲੰਗਾ, ਡੌਰੂ ਜਗਤ ਵਾਲਾ ਵਜਾਈਆ । ਮੈਂ ਨਿਗਾਹ ਮਾਰੀ ਨਿਸ਼ਾਨ ਤੱਕਿਆ ਤਾਰਾ ਚੰਦਾ, ਸੂਰੀਆ ਆਪਣੀ ਖੇਲ ਖਿਲਾਈਆ । ਜਾ ਧਰਨੀਏ ਤੇਰੇ ਉਤੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਦੇਖੀ ਸਭ ਦਾ ਹਾਲ ਦਿਸੇ ਮੰਦਾ, ਮੰਦਭਾਗਣ ਹੋਈ ਲੋਕਾਈਆ । ਤਨ ਵਜੂਦ ਮਾਟੀ ਖ਼ਾਕ ਅੰਤਰ ਨਿਰੰਤਰ ਹੋਏ ਕੋਇ ਨਾ ਠੰਡਾ, ਅਗਨੀ ਤਤ ਤਤ ਤਪਾਈਆ । ਭੇਵ ਖੁਲ੍ਹੇ ਨਾ ਕਿਸੇ ਬ੍ਰਹਮ ਹੰਗਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਦਾ ਭੇਵ ਆਪਣੇ ਹੱਥ ਰਖਾਈਆ । ਨਾਰਦ ਕਹੇ ਧਰਨੀਏ ਮੈਂ ਆਇਆ ਫਿਰਦਾ ਫਿਰਦਾ, ਚੱਕਰਵਰਤੀ ਹੋ ਕੇ ਭੱਜਿਆ ਵਾਹੋ ਦਾਹੀਆ । ਖੇਲ ਤੱਕਦਾ ਰਿਹਾ ਨਿਰਵੈਰ ਨਿਰ ਦਾ, ਕੀ ਨਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਜੋ ਸੰਦੇਸ਼ਾ ਸੁਣਦਾ ਰਿਹਾ ਚਿਰ ਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅਵਤਾਰ ਪੈਗ਼ੰਬਰ ਗੁਰੂ ਗਏ ਦ੍ਰਿੜਾਈਆ । ਪਵਿਤ੍ਰ ਤੱਕਿਆ ਨਹੀਂ ਕਿਸੇ ਦਾ ਹਿਰਦਾ, ਹਿਰਦੇ ਹਰਿ ਕੋਇ ਨਾ ਪਾਈਆ । ਦਰਸ਼ਨ ਪਾਏ ਨਾ ਕੋਈ ਨੂਰੀ ਪਿਰ ਦਾ, ਪੀਆ ਪ੍ਰੀਤਮ ਕੰਤ ਨਾ ਕੋਇ ਹੰਢਾਈਆ । ਉਹ ਤੱਕ ਲੈ ਤੇਰੇ ਉਤੇ ਅੰਤਮ ਉਲਟਾ ਗੇੜਾ ਗਿੜਦਾ, ਕਲਜੁਗ ਆਪਣੀ ਲੱਠ ਭਵਾਈਆ । ਨੌ ਖੰਡ ਪ੍ਰਿਥਮੀ ਝੇੜਾ ਛਿੜਦਾ, ਝਗੜਾ ਸਕੇ ਨਾ ਕੋਇ ਮੁਕਾਈਆ । ਲੇਖਾ ਤੱਕ ਲੈ ਗਿਰਵਰ ਗਿਰਧਾਰ ਗਿਰ ਦਾ, ਕੀ ਗਹਿਰ ਗੰਭੀਰ ਬੇਨਜ਼ੀਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਧਰਨੀਏ ਮੈਂ ਧੁਰ ਤੋਂ ਭੱਜਿਆ ਆਇਆ, ਭਜਨ ਬੰਦਗੀ ਤੱਕਾਂ ਖ਼ਲਕ ਖ਼ੁਦਾਈਆ । ਚਾਰੋਂ ਕੁੰਟ ਤ੍ਰੈਗੁਣ ਮਾਇਆ, ਮਮਤਾ ਮੋਹ ਜਗਤ ਹਲਕਾਈਆ । ਸ਼ਬਦ ਨਾਦ ਧੁਨ ਅੰਤਰ ਰਾਗ ਕਿਸੇ ਨਾ ਗਾਇਆ, ਰਸਨਾ ਜਿਹਵਾ ਸਾਰੇ ਢੋਲੇ ਗਾਈਆ । ਘਰ ਦੀਪਕ ਜੋਤ ਨਾ ਕੋਇ ਕਰੇ ਰੁਸ਼ਨਾਇਆ, ਬਿਨ ਤੇਲ ਬਾਤੀ ਨਾ ਕੋਇ ਡਗਮਗਾਈਆ । ਮੈਂ ਦੀਨਾਂ ਮਜ਼੍ਹਬਾਂ ਅੰਦਰ ਵੜ ਵੜ ਆਪਣਾ ਧਿਆਨ ਲਗਾਇਆ, ਬਿਨ ਨੈਣਾਂ ਨੈਣ ਉਠਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਆਤਮ ਸੇਜਾ ਸੁਹੰਜਣੀ ਮੈਨੂੰ ਨਜ਼ਰ ਕਿਸੇ ਨਾ ਆਇਆ, ਬੈਠਾ ਡੇਰਾ ਅਗੰਮ ਲਗਾਈਆ । ਮੈਂ ਕੂਕ ਕੂਕ ਤੈਨੂੰ ਰਿਹਾ ਸੁਣਾਇਆ, ਕਮਲੀਏ ਆਪਣਾ ਨੈਣ ਲੈ ਤਕਾਈਆ । ਕਿਉਂ ਫਿਰ ਤੇਰੇ ਉਤੇ ਅੰਧੇਰਾ ਛਾਇਆ, ਛੱਪਰ ਛੰਨਾਂ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਧਰਨੀਏ ਆਪਣੀ ਕਰ ਲੈ ਸੋਝੀ, ਸਮਝ ਸਮਝ ਨਾਲ ਬਦਲਾਈਆ । ਉਠ ਵੇਖ ਲੈ ਮੇਰੀ ਦੋ ਜਹਾਨਾਂ ਵਿਚ ਹਿਲਦੀ ਬੋਦੀ, ਨਿਰਗੁਣ ਧਾਰ ਨਜ਼ਰੀ ਆਈਆ । ਇਹ ਖੇਲ ਤੇਰੀ ਘਰੋਗੀ, ਲੱਖ ਚੁਰਾਸੀ ਘਰਾਨੇ ਵਾਲੀਏ ਤੈਨੂੰ ਦਿਆਂ ਸੁਣਾਈਆ । ਤੇਰੀ ਸ੍ਰਿਸ਼ਟੀ ਤੇਰੇ ਉਤੇ ਹਉਮੇ ਦੀ ਹੋ ਗਈ ਰੋਗੀ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਜਗਤ ਵਿਕਾਰ ਦੀ ਹੋ ਗਈ ਭੋਗੀ, ਭਸਮੜ ਰੂਪ ਨਾ ਕੋਇ ਬਣਾਈਆ । ਦੁਰਮਤ ਮੈਲ ਧੋ ਸਕੇ ਕੋਇ ਨਾ ਧੋਬੀ, ਸਤਿਗੁਰ ਸ਼ਬਦ ਨਾ ਹੋਏ ਸਹਾਈਆ । ਤੂੰ ਹੋ ਗਈ ਕਮਲੀ ਕੋਝੀ, ਤੇਰੀ ਚਲੇ ਨਾ ਕੋਇ ਚਤੁਰਾਈਆ । ਸਤਿ ਦਾ ਰਿਹਾ ਕੋਇ ਨਾ ਜੋਗੀ, ਜੁਗੀਸ਼ਰ ਰੂਪ ਨਾ ਕੋਇ ਦਰਸਾਈਆ । ਹੁਣ ਸੋਚਾਂ ਕਰ ਲੈ ਉਂਗਲ ਰਖ ਕੇ ਉਪਰ ਠੋਡੀ, ਤੈਨੂੰ ਠੋਕਰਾਂ ਮਾਰੇ ਖ਼ਲਕ ਖ਼ੁਦਾਈਆ । ਵਾਸਤਾ ਪਾ ਲੈ ਪ੍ਰਭੂ ਦੇ ਅਗੇ ਡਿੱਗ ਪਓ ਭਾਰ ਗੋਡੀਂ, ਗੁਡ ਗਾਡ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚਖੰਡ ਨਿਵਾਸੀ ਆਪਣੀ ਕਾਰ ਭੁਗਤਾਈਆ । ਨਾਰਦ ਕਹੇ ਮੈਂ ਭੱਜਾ ਨੱਠਾ ਲੰਘ ਕੇ ਆਇਆ ਲੋਆਂ ਪੁਰੀਆਂ, ਪਰਮ ਪੁਰਖ ਨੂੰ ਸੀਸ ਨਿਵਾਈਆ । ਖ਼ਬਰਾਂ ਸੁਣੀਆਂ ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਤੁਰੀਆ, ਕੀ ਤੁਰਤ ਹੁਕਮ ਮਿਲੇ ਧੁਰਦਰਗਾਹੀਆ । ਨੌ ਖੰਡ ਪ੍ਰਿਥਮੀ ਮੈਂ ਜਿਧਰ ਗਿਆ ਮੈਨੂੰ ਸ਼ਰਅ ਦੀਆਂ ਵੱਜੀਆਂ ਛੁਰੀਆਂ, ਸ਼ਰੀਅਤ ਬੰਧ ਨਾ ਕੋਇ ਤੁੜਾਈਆ । ਕਲਜੁਗ ਰੂਹਾਂ ਦਿਸੀਆਂ ਨਿਗੁਰੀਆਂ,

੧੦੩੩
੨੩

ਸਤਿਗੁਰ ਸ਼ਬਦ ਨਾ ਕੋਇ ਪ੍ਰਗਟਾਈਆ । ਸ਼ੌਹ ਦਰਿਆਏ ਜਾਂਦੀਆਂ ਰੁੜ੍ਹੀਆਂ, ਬੇੜਾ ਕੰਧ ਨਾ ਕੋਇ ਉਠਾਈਆ । ਰੰਡੀਆਂ ਹੋਈਆਂ ਆਤਮਾ ਪਰਮਾਤਮਾ ਬਿਨਾ ਕੁੜੀਆਂ, ਕੰਤ ਸੁਹਾਗ ਅੰਗ ਨਾ ਕੋਇ ਲਗਾਈਆ । ਮੈਂ ਥੋੜ੍ਹੀਆਂ ਜਿਹੀਆਂ ਭਗਤਾਂ ਦੀਆਂ ਆਤਮਾ ਵੇਖੀਆਂ ਪਰਮਾਤਮਾ ਨਾਲ ਜੁੜੀਆਂ, ਜੋ ਜੁੜ ਜੁੜਾ ਕੇ ਇਕੋ ਰੰਗ ਸਮਾਈਆ । ਉਨ੍ਹਾਂ ਦੀਆਂ ਕਥਾ ਕਹਾਣੀਆਂ ਸੁਣੀਆਂ, ਜਿਨ੍ਹਾਂ ਨੂੰ ਮਿਲਿਆ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਮਿਹਰ ਨਜ਼ਰ ਉਠਾਈਆ । ਧਰਨੀ ਕਹੇ ਨਾਰਦ ਬੀਬਾ, ਸਚ ਦਿਆਂ ਸੁਣਾਈਆ । ਕੀ ਤੂੰ ਤੱਕਿਆ ਖੇਲ ਅਜੀਬਾ, ਕੀ ਪ੍ਰਭੂ ਦਿਤਾ ਸਮਝਾਈਆ । ਨਾਰਦ ਕਹੇ ਧਰਨੀਏ ਤੂੰ ਨੇਤਰ ਖੋਲ ਕੇ ਵੇਖ ਆਪਣਾ ਦੀਦਾ, ਦੀਦਾ ਦਾਨਿਸਤਾ ਧਿਆਨ ਲਗਾਈਆ । ਜੋ ਮਾਲਕ ਖ਼ਾਲਕ ਲਹਿਣਾ ਦੇਣਾ ਪੂਰਾ ਕਰੇ ਗ਼ਰੀਬਾਂ, ਗ਼ੁਰਬਤ ਕੂੜੀ ਵੇਖ ਵਖਾਈਆ । ਉਸ ਨੇ ਤੇਰੇ ਕੋਲੋਂ ਅਵਤਾਰ ਪੈਗ਼ੰਬਰ ਗੁਰੂਆਂ ਦੇ ਨਾਮ ਕਲਮਿਆਂ ਦੀਆਂ ਮੰਗਣੀਆਂ ਰਸੀਦਾਂ, ਲੇਖਾ ਚਾਰ ਜੁਗ ਦਾ ਵੇਖ ਵਖਾਈਆ । ਜਿਸ ਦਾ ਸਤਿਗੁਰ ਸ਼ਬਦ ਕਰ ਕੇ ਗਿਆ ਤਾਕੀਦਾ, ਤਾਈਦ ਵਿਚ ਦ੍ਰਿੜਾਈਆ । ਉਸ ਦੇ ਉਤੇ ਰਖ ਉਮੀਦਾ, ਜੋ ਆਵੇ ਧੁਰ ਦਾ ਮਾਹੀਆ । ਜਿਸ ਤੇਰਾ ਭੇਵ ਖੋਲਣਾ ਪੇਚੀਦਾ, ਪੋਸ਼ੀਦਾ ਪਰਦਾ ਦਏ ਉਠਾਈਆ । ਤੂੰ ਗ਼ਫ਼ਲਤ ਵਿਚੋਂ ਖੋਲਣੀ ਨੀਂਦਾ, ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਵਡ ਵਡਿਆਈਆ । ਨਾਰਦ ਕਹੇ ਧਰਨੀਏ ਨਿਗਾਹ ਮਾਰ ਲੈ ਤੱਕ ਲੈ ਆਪਣਾ ਅੱਬਾ, ਏਕੰਕਾਰ ਇਕੋ ਨਜ਼ਰੀ ਆਈਆ । ਜਿਸ ਤੇਰਾ ਦੁਰਮਤ ਮੈਲ ਦਾ ਧੋਣਾ ਧੱਬਾ, ਧੁਰ ਨਾਮ ਨਾਲ ਕਰੇ ਸਫ਼ਾਈਆ । ਸਫ਼ਾ ਮਲੇਛਾ ਮੇਟਣੀ ਸਭਾ, ਹਰਿਜਨ ਸਾਚੇ ਲਏ ਪ੍ਰਗਟਾਈਆ । ਨਾਮ ਖ਼ੁਮਾਰੀ ਦੇਵੇ ਮਧਾ, ਮਧੁਰ ਧੁਨ ਇਕ ਸੁਣਾਈਆ । ਨੌ ਖੰਡ ਪ੍ਰਿਥਮੀ ਦੇਵੇ ਸੱਦਾ, ਸੱਦੇ ਘਰ ਘਰ ਆਪ ਜਣਾਈਆ । ਆਤਮ ਪਰਮਾਤਮ ਚਖਾਵੇ ਮਜ਼ਾ, ਮਜ਼ਾਕ ਕੂੜਾ ਦਏ ਗਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਚਲਾਵੇ ਆਪਣੀ ਰਜ਼ਾ, ਰਾਜਕ ਰਿਜਕ ਰਹੀਮ ਹੋ ਕੇ ਵੇਖ ਵਖਾਈਆ । ਪਰ ਮੈਨੂੰ ਇਉਂ ਦਿਸਦਾ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਲਜੁਗ ਕਜ਼ਾਕ ਰੂਪ ਬਣਿਆ ਕਸਾਈਆ । ਜਿਸ ਨੇ ਪਵਿਤ੍ਰ ਰਹਿਣ ਦਿਤੀ ਨਹੀਂ ਕੋਈ ਜਗਹ, ਚਾਰੋਂ ਕੁੰਟ ਕੂੜ ਹਲਕਾਈਆ । ਸਭ ਦੀ ਹੰਸ ਬੁੱਧੀ ਬਣਾਈ ਕੱਗਾ, ਕਾਗ ਵਾਂਗ ਕੁਰਲਾਈਆ । ਤਨ ਵਜੂਦਾਂ ਲਾ ਕੇ ਅੱਗਾ, ਤਤਵ ਤਤ ਦਿਤਾ ਤਪਾਈਆ । ਸਤਿ ਧਰਮ ਦੀ ਪਾਰ ਕਰ ਕੇ ਹੱਦਾ, ਕੂੜ ਨਿਸ਼ਾਨਾ ਰਿਹਾ ਝੁਲਾਈਆ । ਜਿਸ ਦਾ ਇਕੋ ਡੋਰੂ ਡੰਕਾ ਵੱਜਾ, ਚਾਰ ਕੁੰਟ ਕੀਤੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਲੇਖਾ ਲੇਖੇ ਵਿਚੋਂ ਦਏ ਬਦਲਾਈਆ । ਨਾਰਦ ਕਹੇ ਮੈਂ ਸੁਣੀਆਂ ਹੋਰ ਅਗੰਮੀ ਖ਼ਬਰਾਂ, ਧਰਨੀ ਧਰਤ ਧਵਲ ਧੌਲ ਦਿਆਂ ਜਣਾਈਆ । ਜੋ ਆਈਆਂ ਉਤੋਂ ਅੰਬਰਾਂ, ਪਵਣ ਪਾਣੀ ਸੰਗ ਨਾ ਕੋਇ ਮਿਲਾਈਆ । ਜਿਸ ਦੀਆਂ ਆਵਾਜ਼ਾਂ ਧੁਨਾਂ ਮਧੁਰਾਂ, ਮਧੁਰ ਧੁਨ ਵਿਚ ਸੁਣਾਈਆ । ਉਹ ਤੇਰੀਆਂ ਪੂਰੀਆਂ ਕਰੇ ਸਧਰਾਂ, ਸਾਹਿਬ ਸਵਾਮੀ ਧੁਰਦਰਗਾਹੀਆ । ਉਹ ਲੇਖਾ ਜਾਣੇ ਜੰਗਲ ਪਹਾੜ ਜੂਹਾਂ ਕੰਧਰਾਂ, ਟਿੱਲੇ ਪਰਬਤ ਸਮੁੰਦ ਸਾਗਰਾਂ ਫੋਲ ਫੁਲਾਈਆ । ਜਿਸ ਲੇਖਾ ਪੂਰਾ ਕਰਨਾ ਮਸਜਿਦ ਸ਼ਿਵਦਵਲੇ ਮਠ ਮੰਦਰਾਂ, ਤਨ ਵਜੂਦਾਂ ਕਰੇ ਸਫ਼ਾਈਆ । ਤੇਰੇ ਗ੍ਰਿਹਿ ਇਕ ਕਰਾਏ ਚਾਰਮੰਗਲਾ, ਮੰਗਲਾਚਾਰ ਇਕ ਸੁਣਾਈਆ । ਸ਼ਰਅ ਦੇ ਤੋੜ ਕੇ ਸੰਗਲਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ ।

੧੦੩੪
੨੩

ਇਕੋ ਧਾਮ ਬਹਾਏ ਸ਼ਾਹ ਕੰਗਾਲ ਕੰਗਲਾ, ਰਾਜ ਰਾਜਾਨ ਰਹਿਣ ਕੋਇ ਨਾ ਪਾਈਆ । ਨੇਤਰ ਲੋਚਨ ਹੀਣ ਰਹੇ ਕੋਇ ਨਾ ਅੰਧਲਾ, ਅੰਧ ਅਗਿਆਨ ਦਏ ਮਿਟਾਈਆ । ਤਨ ਸੁਹਾ ਕੇ ਪੰਜ ਤਤ ਦਾ ਬੰਗਲਾ, ਪੰਚਮ ਸ਼ਬਦ ਕਰੇ ਸ਼ਨਵਾਈਆ । ਉਸ ਸਵਾਮੀ ਅੰਤਰਜਾਮੀ ਕੋਲੋਂ ਨਿਮਾਣੀ ਦਰਵੇਸ਼ਣ ਹੋ ਕੇ ਮੰਗ ਲਾ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਏਕੰਕਾਰ ਆਤਮ ਧਾਰ ਆਪਣਾ ਅਨੰਦ ਲੈ, ਅਨੰਦ ਅਨੰਦ ਅਨੰਦ ਵਿਚੋਂ ਪ੍ਰਗਟਾਈਆ ।

### ✪ ੫ ਸਾਵਣ ਸ਼ਹਿਨਸ਼ਾਹੀ ਸੰਮਤ ਨੌ ੨੫ ਬੀ० ਬੀ० ਗੰਗਾ ਨਗਰ ਰਤਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਉਤੇ ਸਚ ਪਿਆਰ ਹੋਵੇ ਬੁਕ, ਬੁਕਲ ਕਾਇਆ ਮੰਦਰ ਅੰਦਰ ਇਕ ਖੁਲਾਈਆ । ਜਿਥੇ ਪਰਦਾ ਓਹਲਾ ਰਹੇ ਨਾ ਲੁਕ, ਭੇਵ ਅਭੇਦ ਦਏ ਜਣਾਈਆ । ਦੋਹਾਂ ਦੀ ਸਾਂਝੀ ਹੋਵੇ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਆਤਮ ਪਰਮਾਤਮ ਮੰਜ਼ਲ ਜਾਏ ਨਾ ਰੁਕ, ਅਗੇ ਹੋ ਨਾ ਕੋਇ ਅਟਕਾਈਆ । ਕੂੜ ਪੰਚ ਵਿਕਾਰਾ ਜਾਵੇ ਮੁਕ, ਅੰਮ੍ਰਿਤ ਮੇਘ ਸਿੰਚ ਹਰਾ ਅਵਰ ਨਾ ਕੋਇ ਕਰਾਈਆ । ਸਚ ਪਿਆਰ ਇਕ ਦੂਜੇ ਨੂੰ ਜਾਵੇ ਝੁਕ, ਨਿਵ ਨਿਵ ਰੰਗ ਰੰਗਾਈਆ । ਹਕ ਨਿਸ਼ਾਨਾ ਕਿਸੇ ਨਾ ਜਾਵੇ ਉਕ, ਤੀਰ ਅਣਿਆਲਾ ਨਾਮ ਚਲਾਈਆ । ਸਾਚਾ ਵਕਤ ਸੁਹੰਜਣਾ ਆਵੇ ਢੁਕ, ਘੜੀ ਪਲ ਨਾ ਕੋਇ ਦਰਸਾਈਆ । ਨਾ ਕੋਈ ਹਰਖ ਸੋਗ ਰਹੇ ਨਾ ਦੁੱਖ, ਕੂੜ ਨਾਮ ਨਾ ਕੋਇ ਸਤਾਈਆ । ਉਜਲ


੧੦੩੫
੨੩

ਧਰਨੀ ਧਵਲ ਉਤੇ ਹੋਵੇ ਮੁਖ, ਰਸਨਾ ਜਿਹਵਾ ਬੱਤੀ ਦੰਦ ਇਕੋ ਨਾਮ ਸਿਫ਼ਤ ਸਲਾਹੀਆ । ਘਰ ਸਵਾਮੀ ਠਾਕਰ ਸਤਿਗੁਰ ਪੁਰਖ ਅਕਾਲਾ ਸੁਹੰਜਣੀ ਕਰੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਪਰਕਾਸ਼ ਕਰੇ ਕਾਇਆ ਮਾਟੀ ਪੰਜ ਤਤ ਬੁੱਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਪਰਮ ਪੁਰਖ ਏਕਾ ਧਾਰ ਬਣਾਏ ਸਾਚੇ ਸੁਤ, ਸੋਈ ਸੁਰਤ ਸ਼ਬਦ ਜਗਾਈਆ । ਦੇਵੇ ਵਡਿਆਈ ਅਗੰਮ ਅਥਾਹ ਉਚ, ਊਚ ਅਗੰਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮੇਲਾ ਲਏ ਮਿਲਾਈਆ । ਸਚ ਪਿਆਰ ਵਿਚ ਬੁਕ ਹਰਿਜਨ ਹੋਣਾ, ਹਰਿ ਹਿਰਦੇ ਵਿਚ ਵਸਾਈਆ । ਗ਼ਫ਼ਲਤ ਨੀਂਦ ਵਿਚ ਕਦੇ ਨਾ ਸੌਣਾ, ਸੁਰਤੀ ਸ਼ਬਦ ਵਿਚ ਮਿਲਾਈਆ । ਜਗਤ ਨੇਤਰ ਨੀਰ ਨਾ ਰੋਣਾ, ਚਿੰਤਾ ਗ਼ਮ ਨਾ ਕੋਇ ਵਡਿਆਈਆ । ਨਾਮ ਢੋਲਾ ਗੀਤ ਇਕੋ ਗਾਉਣਾ, ਬਿਨ ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਨਿਝਰ ਅੰਮ੍ਰਿਤ ਧਾਰ ਰਸ ਚੋਣਾ, ਬੂੰਦ ਸਵਾਂਤੀ ਨਾਭੀ ਕਵਲ ਟਪਕਾਈਆ । ਨਾਦ ਅਨਾਦੀ ਧੁਨ ਆਤਮਕ ਰਾਗ ਗਾਉਣਾ, ਬਿਨਾ ਤਾਲ ਤਲਵਾੜੇ ਵੱਜੇ ਵਧਾਈਆ । ਕਾਇਆ ਮੰਦਰ ਅੰਦਰ ਦੀਪਕ ਇਕ ਜਗਾਉਣਾ, ਬਿਨਾ ਤੇਲ ਬਾਤੀ ਹੋਏ ਰੁਸ਼ਨਾਈਆ । ਜਗਤ ਵਾਸ਼ਨਾ ਪੰਧ ਮੁਕਾਉਣਾ, ਨਾਤਾ ਟੁੱਟੇ ਕੂੜ ਲੋਕਾਈਆ । ਮਾਇਆ ਮਮਤਾ ਮੋਹ ਮਿਟਾਉਣਾ, ਹਉਮੇ ਹੰਗਤਾ ਗੜ੍ਹ ਮਿਟਾਈਆ । ਸਾਚੀ ਮੰਜ਼ਲ ਕਦਮ ਉਠਾਉਣਾ, ਭੱਜਣਾ ਵਾਹੋ ਦਾਹੀਆ । ਬਜਰ ਕਪਾਟੀ ਕੁੰਡਾ ਲਾਹੁਣਾ, ਈੜਾ ਪਿੰਗਲ ਸੁਖਮਨ ਸਾਚੇ ਰੰਗ ਸਮਾਈਆ । ਅਗਾ ਪਿਛਾ ਏਕਾ ਨਜ਼ਰੀ ਆਉਣਾ, ਸੌਹਰੇ ਪੇਈਏ ਆਸ ਨਾ ਕੋਇ ਧਰਾਈਆ । ਸਤਿਗੁਰ ਸ਼ਬਦ ਸਾਚਾ ਸੰਗੀ ਇਕ ਬਣਾਉਣਾ, ਸਗਲਾ ਸੰਗ ਰਖਾਈਆ । ਕੰਤ ਭਗਵੰਤ ਇਕ ਪਰਨਾਉਣਾ, ਦੂਜੀ ਸੇਜ ਨਾ ਕੋਇ ਹੰਢਾਈਆ ।

੧੦੩੬
੨੩

ਆਤਮਾ ਪਰਮਾਤਮਾ ਦੇ ਨਾਲ ਆਪਣਾ ਇਕੋ ਵਾਰ ਬੁਕ ਕਰਾਉਣਾ, ਦੂਜੀ ਵਾਰ ਬੁਕਿੰਗ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜੋ ਬੁਕ ਹੋ ਗਏ ਵਿਚ ਜਗਤ, ਦੀਨ ਦੁਨੀ ਆਪਣਾ ਆਪ ਮਿਟਾਈਆ । ਉਨ੍ਹਾਂ ਦੀ ਲੇਖੇ ਲੱਗੇ ਬੂੰਦ ਰਕਤ, ਹੱਡ ਮਾਸ ਨਾੜੀ ਸੋਭਾ ਪਾਈਆ ਕਿਰਪਾ ਕਰੇ ਪੁਰਖ ਅਕਾਲ ਫ਼ਕਤ, ਫ਼ਿਕਰਾ ਇਕੋ ਇਕ ਸਮਝਾਈਆ । ਜਗਤ ਸੁਹੰਜਣਾ ਹੋਵੇ ਵਕਤ, ਘੜੀ ਪਲ ਮਿਲੇ ਵਡਿਆਈਆ । ਉਹ ਬਣ ਗਏ ਧੁਰ ਦੇ ਭਗਤ, ਭਗਵਨ ਮੇਲਾ ਮੇਲੇ ਸਹਿਜ ਸੁਭਾਈਆ । ਬਿਨਾ ਮੰਜ਼ਲ ਤੋਂ ਚੜ੍ਹ ਜਾਣ ਅਰਸ਼, ਅਰਸ਼ੀ ਪ੍ਰੀਤਮ ਹੋਏ ਸਹਾਈਆ । ਘਰ ਸਵਾਮੀ ਦੇਵੇ ਦਰਸ, ਦੀਦ ਇਕੋ ਇਕ ਜਣਾਈਆ । ਜਨਮ ਮਰਨ ਦੀ ਮੇਟੇ ਹਰਸ, ਚੁਰਾਸੀ ਫੰਦ ਕਟਾਈਆ । ਮੁੜ ਕੇ ਫੇਰ ਨਾ ਆਵੇ ਪਰਤ, ਜਿਸ ਨੂੰ ਪਤਿਪਰਮੇਸ਼ਵਰ ਬੁਕ ਆਪਣੇ ਨਾਮ ਨਾਲ ਕਰਾਈਆ । ਉਹ ਨਾਤਾ ਤੋੜ ਕੇ ਧਰਨੀ ਧਰਤ, ਪੱਲੂ ਚੁਰਾਸੀ ਨਾਲੋਂ ਛੁਡਾਈਆ । ਸਤਿਗੁਰ ਸ਼ਬਦ ਪਿਆਰ ਦੀ ਆਦਿ ਅੰਤ ਦੀ ਇਕੋ ਸ਼ਰਤ, ਜੋ ਸ਼ਰਤੀਆ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦੇਵਣਹਾਰ ਬੇਪਰਵਾਹੀਆ । ਜਿਸ ਆਪਣਾ ਆਪ ਬੁਕ ਕਰਾਉਣਾ, ਜਗਤ ਬੁਕ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਕੂੜ ਕੁੜਿਆਰ ਨਾਤਾ ਮਾਤ ਤੁੜਾਉਣਾ, ਜਗਤ ਹੰਕਾਰ ਨਾ ਸੰਗ ਰਖਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਇਸ਼ਟ ਮਨਾਉਣਾ, ਦੇਵ ਸਵਾਮੀ ਇਕੋ ਨਜ਼ਰੀ ਆਈਆ । ਇਕੋ ਢੋਲਾ ਗੀਤ ਗਾਉਣਾ, ਗਾ ਗਾ ਸ਼ੁਕਰ ਮਨਾਈਆ । ਇਕੋ ਚਰਨ ਕਵਲ ਸੀਸ ਝੁਕਾਉਣਾ, ਦੂਸਰ ਕਦੇ ਨਾ ਲਾਗੇ ਪਾਈਆ । ਇਕੋ ਮੰਦਰ ਹਕ ਸੁਹਾਉਣਾ, ਜਿਥੇ ਵੱਜੇ ਨਾਮ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਸਾਚਾ ਸਾਹਿਬ ਸਵਾਮੀ ਇਕੋ ਦਰਸ਼ਨ ਪਾਉਣਾ, ਜਿਥੇ ਪਵਣ ਪਾਣੀ ਦੀ ਲੋੜ ਰਹੇ ਨਾ ਰਾਈਆ । ਜਿਸ ਜੋਤੀ ਜੋਤ ਮਿਲਾਉਣਾ, ਜੋਤ ਜੋਤ ਵਿਚ ਸਮਾਈਆ । ਦਰ ਠਾਂਡੇ ਘਰ ਬਹਾਉਣਾ, ਥਿਰ ਘਰ ਆਸਣ ਦਏ ਲਗਾਈਆ । ਉਹਦਾ ਮੁਕ ਜਾਏ ਅਵਣਾ ਗਵਣਾ, ਜਗਤ ਫੰਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਜੋ ਹਰਿਜਨ ਬੁਕ ਕਰਾਏ ਆਪਣਾ ਆਪ, ਮਾਇਆ ਮਮਤਾ ਮੋਹ ਮਿਟਾਈਆ । ਪੁਰਖ ਅਕਾਲਾ ਦੀਨ ਦਿਆਲਾ ਤ੍ਰੈਗੁਣ ਮੇਟੇ ਤਾਪ, ਅਗਨੀ ਤਤ ਤਤ ਬੁਝਾਈਆ । ਅੰਤਰ ਰਹਿਣ ਨਾ ਦੇਵੇ ਅੰਧੇਰੀ ਰਾਤ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਾਚੇ ਸ਼ਬਦ ਦੀ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਅੱਠੇ ਪਹਿਰ ਰਹੇ ਪ੍ਰਭਾਤ, ਏਕਾ ਰੰਗ ਸਮਾਈਆ । ਨਜ਼ਰੀ ਆਏ ਇਕ ਇਕਾਂਤ, ਏਕੰਕਾਰ ਨੂਰ ਅਲਾਹੀਆ । ਝਗੜਾ ਮੇਟ ਕੇ ਜ਼ਾਤ ਪਾਤ, ਪਾਰਬ੍ਰਹਮ ਬ੍ਰਹਮ ਲੇਖਾ ਦਏ ਚੁਕਾਈਆ । ਪਰਮਾਤਮ ਹੋ ਕੇ ਵਸੇ ਸਾਥ, ਆਤਮ ਆਪਣਾ ਸੰਗ ਬਣਾਈਆ । ਕਿਰਪਾ ਕਰੇ ਪੁਰਖ ਸਮਰਾਥ, ਹਰਿ ਕਰਤਾ ਵਡ ਵਡਿਆਈਆ ਦੀਨਾ ਨਾਥਾਂ ਕਿਰਪਾ ਕਰੇ ਆਪ, ਨਾਥ ਨਾਥ ਅਨਾਥ ਵੇਖ ਵਖਾਈਆ । ਲਹਿਣਾ ਦੇਣਾ ਮਸਤਕ ਪੂਰਾ ਕਰੇ ਭਾਗ, ਭਗਵਨ ਦੇਵੇ ਮਾਣ ਵਡਿਆਈਆ । ਸਚ ਦੀਪਕ ਜਗਾ ਕੇ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਤਤ ਪੁਨੀਤ ਆਪ ਕਰਾਈਆ । ਸਤਿਗੁਰ ਸ਼ਬਦੀ ਮਾਰ ਆਵਾਜ਼, ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਮੇਟ ਕੇ ਜਗਤ ਸਮਾਜ, ਗ੍ਰਿਹਿ ਮੰਦਰ ਇਕੋ ਇਕ ਵਸਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਨਾਮ ਝੋਲੀ ਪਾਈਆ । ਧਰਨੀ ਕਹੇ ਬੁਕ ਹੋਣਾ ਜਗਤ ਮਹਾਨ, ਮੈਂ ਜੁਗ ਜੁਗ ਵੇਖ ਵਖਾਈਆ । ਮੈਂ ਲੇਖੇ ਤੱਕੇ ਸੀਤਾ ਰਾਮ, ਕ੍ਰਿਸ਼ਨ ਕਾਹਨ ਧਿਆਨ ਲਗਾਈਆ । ਮੈਂ ਪੈਗ਼ੰਬਰਾਂ ਸੁਣੇ ਕਲਾਮ, ਜੋ ਕਇਨਾਤ ਦ੍ਰਿੜਾਈਆ । ਮੈਂ ਮੰਤਰ ਸੁਣ ਕੇ ਸਤਿਨਾਮ, ਸਤਿ ਸਤਿ ਦਾ ਰਾਹ ਵੇਖ ਵਖਾਈਆ । ਸਤਿਗੁਰ ਸ਼ਬਦ ਡੰਕਾ ਸੁਣ ਕੇ ਨੌਜਵਾਨ, ਆਪਣੀ ਲਈ ਅੰਗੜਾਈਆ । ਜਿਸ ਹੁਕਮ ਸੰਦੇਸ਼ਾ ਦਿਤਾ ਅਗੰਮ ਫ਼ਰਮਾਨ, ਬਿਨ ਰਸਨਾ ਜਿਹਵਾ ਹਿਲਾਈਆ । ਧਰਨੀਏ ਹੋਣਾ ਸਵਾਧਾਨ, ਮੇਰਾ ਢਈਆ ਦਏ ਗਵਾਹੀਆ । ਕਲਜੁਗ ਹੋਣੀ ਸ਼ਰਅ ਸ਼ੈਤਾਨ, ਚਾਰੋਂ ਕੁੰਟ ਕੂੜ ਹਲਕਾਈਆ । ਸਤਿ ਧਰਮ ਨਾ ਰਹੇ ਈਮਾਨ, ਅਮਲਾਂ ਵਿਚ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਹੋਏ ਹਰਾਮ, ਸਤਿ ਵਿਚ ਨਾ ਕੋਇ ਸਮਾਈਆ । ਮੈਂ ਦੱਸਾਂ ਭੇਵ ਤਮਾਮ, ਤਮਅ ਕੂੜ ਹੋਏ ਹਲਕਾਈਆ । ਮਾਇਆ ਮਮਤਾ ਸਭ ਨੂੰ ਕਰੇ ਗ਼ੁਲਾਮ, ਜ਼ੰਜੀਰ ਸਕੇ ਨਾ ਕੋਇ ਕਟਾਈਆ । ਸਤਿ ਸਚ ਦਾ ਮਿਲੇ ਨਾ ਕੋਇ ਨਿਸ਼ਾਨ, ਨਿਸ਼ਾਨਾ ਕੂੜ ਜਾਏ ਬਦਲਾਈਆ । ਸੋ ਵੇਲਾ ਵੇਖਣਾ ਤੂੰ ਬਣੀਂ ਨਾ ਮੂਲ ਅਣਜਾਣ, ਆਪਣਾ ਬਲ ਧਰਾਈਆ । ਪ੍ਰਭੂ ਦਾ ਭਗਤ ਕੋਈ ਵਿਰਲਾ ਦਿਸੇ ਵਿਚ ਜਹਾਨ, ਕੋਟਾਂ ਵਿਚੋਂ ਨਜ਼ਰੀ ਆਈਆ । ਜਗਤ ਵਿਦਿਆ ਦਾ ਸਾਰੇ ਦੇਣ ਗਿਆਨ, ਸਿਫ਼ਤਾਂ ਵਾਲੀ ਸਿਫ਼ਤ ਪੜ੍ਹਾਈਆ । ਜੋ ਮੇਰਾ ਗੁਰਮੁਖ ਗੁਰਸਿਖ ਹਰਿਭਗਤ ਮੇਰੀ ਮੰਨੇ ਆਣ, ਚਲੇ ਹੁਕਮ ਸਚ ਰਜ਼ਾਈਆ । ਉਸ ਦਾ ਲਹਿਣਾ ਦੇਣਾ ਪੂਰਾ ਕਰਨਾ ਆਣ, ਇਹ ਮੇਰੀ ਬੇਪਰਵਾਹੀਆ । ਜੋ ਆਪਣੇ ਆਪ ਨੂੰ ਮੇਰੇ ਪ੍ਰੇਮ ਵਿਚ ਬੁਕ

੧੦੩੭ ੨੩ ਕਰਾਣ, ਕਰਮ ਕਾਂਡ ਦਾ ਡੇਰਾ ਢਾਹੀਆ । ਉਨ੍ਹਾਂ ਦਾ ਲੇਖੇ ਲਾਵਾਂ ਮਾਟੀ ਚਾਮ, ਗੋਬਿੰਦ ਗੋਬਿੰਦ ਗੋਬਿੰਦ ਦਇਆ ਕਮਾਈਆ । ਲੇਖਾ ਰਹਿਣ ਨਾ ਦੇਵਾਂ ਸੁਬਹ ਸ਼ਾਮ, ਜਗਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ੧੦੩੭ ੨੩

ਸਚ ਸਵਾਮੀ ਖੇਲ ਖਿਲਾਈਆ । ਧਰਨੀ ਕਹੇ ਮੇਰੇ ਧਰਨਾਪਤ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਮਿਹਰਵਾਨ ਮਹਿਬੂਬਾ ਹਰ ਘਟ ਅੰਤਰ ਉਤਮ ਕਰ ਦੇ ਮਤ, ਮਨ ਮਤ ਦਾ ਡੇਰਾ ਢਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਕੂੜ ਵਿਕਾਰ ਨਾ ਉਬਲੇ ਰਤ, ਰਤੀ ਰਤ ਆਪਣੇ ਰੰਗ ਰੰਗਾਈਆ । ਸਚ ਪ੍ਰੇਮ ਧੀਰਜ ਦੇ ਦੇ ਜਤ, ਸਤਿ ਸੰਤੋਖ ਦੇ ਵਰਤਾਈਆ । ਮੇਰੇ ਪ੍ਰਭੂ ਪਰਮਾਤਮ ਸਭ ਕੁਛ ਤੇਰੇ ਹੱਥ, ਦੇਵਣਹਾਰ ਤੇਰੀ ਵਡਿਆਈਆ । ਤੂੰ ਸਰਬ ਕਲਾ ਸਮਰਥ, ਦਰ ਠਾਂਡੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਕਿਰਪਾ ਕਰ ਮੇਰੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਸਦਾ ਮਿਹਰਵਾਨਾ, ਮਿਹਰਵਾਨ ਤੇਰੀ ਸਰਨਾਈਆ । ਤੂੰ ਗਹਿਰ ਗੰਭੀਰ ਗੁਣ ਨਿਧਾਨਾ, ਗੁਣਵੰਤ ਇਕ ਅਖਵਾਈਆ । ਮੈਂ ਤੇਰੇ ਚਰਨ ਕਵਲ ਕਰਾਂ ਧਿਆਨਾ, ਬਿਨ ਨੈਣਾਂ ਨੈਣ ਬਿਘਸਾਈਆ । ਤੂੰ ਸਚ ਪਿਆਰ ਦਾ ਦੇ ਦੇ ਦਾਨਾ, ਦੌਲਤਮੰਦ ਆਪਣੀ ਦਇਆ ਕਮਾਈਆ । ਮੇਰੀ ਬੇਨੰਤੀ ਕਰੀਂ ਪ੍ਰਵਾਨਾ, ਪਰਮ ਪੁਰਖ ਦਰ ਠਾਂਡੇ ਮੰਗ ਮੰਗਾਈਆ । ਮੈਂ ਚਾਹੁੰਦੀ ਦੀਨ ਦੁਨੀਆ ਤੇਰਾ ਨੂਰ ਜ਼ਹੂਰ ਹੋਵੇ ਵਿਚ ਜਹਾਨਾ, ਘਟ ਘਟ ਅੰਦਰ ਕਰ ਰੁਸ਼ਨਾਈਆ । ਸਭ ਦੇ ਆਤਮ ਆਪਣੇ ਪ੍ਰੇਮ ਦਾ ਬੰਨ੍ਹ ਦੇ ਗਾਨਾ, ਸ਼ਬਦੀ ਡੋਰੀ ਤੰਦ ਪਵਾਈਆ । ਤੂੰ ਸ਼ਾਹੋ ਭੂਪ ਮੇਰਾ ਸੁਲਤਾਨਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਤਕਾਈਆ । ਧਰਨੀ ਕਹੇ ਪ੍ਰਭੂ ਸ੍ਰਿਸ਼ਟੀ ਦੀ

ਦ੍ਰਿਸ਼ਟੀ ਅੰਤਰ ਖੋਲ, ਖ਼ਾਲਕ ਖ਼ਲਕ ਦਇਆ ਕਮਾਈਆ । ਸਤਿਗੁਰ ਸ਼ਬਦ ਹੋ ਕੇ ਬੋਲ, ਅਨਬੋਲਤ ਆਪਣਾ ਰਾਗ ਸੁਣਾਈਆ । ਨਾਮ ਦਾ ਵਜਾ ਦੇ ਡੰਕਾ ਢੋਲ, ਘਟ ਘਟ ਅੰਤਰ ਕਰ ਸ਼ਨਵਾਈਆ । ਤੇਰੀ ਆਤਮਾ ਵਸੇ ਕੋਲ, ਘਰ ਮੰਦਰ ਸੋਭਾ ਪਾਈਆ । ਸਾਚੇ ਕੰਡੇ ਤਰਾਜੂ ਆਪੇ ਤੋਲ, ਤੋਲਣਹਾਰ ਇਕ ਅਖਵਾਈਆ । ਮੈਂ ਰੋ ਕੇ ਪੁਕਾਰ ਕੇ ਕਹਾਂ ਨਿਮਾਣੀ ਤੇਰੀ ਧੌਲ, ਧਰਮ ਦੀ ਧਾਰ ਤੇਰੀ ਓਟ ਤਕਾਈਆ । ਤੇਰਾ ਲੇਖਾ ਕੋਈ ਜਾਣ ਨਾ ਸਕੇ ਪੰਡਤ ਪਾਂਧਾ ਰੌਲ, ਜਗਤ ਬੁੱਧੀ ਨਾ ਕੋਇ ਚਤੁਰਾਈਆ । ਤੂੰ ਸਵਾਮੀ ਸਤਿਗੁਰ ਨਵ ਸੱਤ ਆਪੇ ਮੌਲ, ਮੌਲਾ ਹੋ ਕੇ ਸੋਭਾ ਪਾਈਆ । ਸਭ ਦਾ ਪੂਰਾ ਕਰ ਦੇ ਵਾਅਦਾ ਇਕਰਾਰ ਕੌਲ, ਕਵਲ ਨੈਣ ਆਪਣੀ ਦਇਆ ਕਮਾਈਆ । ਮੈਂ ਨਿਮਾਣੀ ਬੁਧਹੀਣ ਅਨਭੋਲ, ਮੇਰੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਦੇਣਾ ਰੰਗਾਈਆ । ਧਰਨੀ ਕਹੇ ਮੇਰੇ ਸਵਾਮੀ ਠਾਕਰ, ਹਰਿ ਵੱਡੇ ਤੇਰੀ ਵਡ ਵਡਿਆਈਆ । ਭਾਗ ਲਗਾ ਦੇ ਸ੍ਰਿਸ਼ਟੀ ਕਾਇਆ ਗਾਗਰ, ਅੰਮ੍ਰਿਤ ਰਸ ਆਪ ਭਰਾਈਆ । ਕਲਜੁਗ ਜੀਵਾਂ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਤੇਰੇ ਪਿਆਰ ਦੇ ਸਾਰੇ ਹੋਣ ਸੌਦਾਗਰ, ਵਣਜ ਇਕੋ ਹੱਟ ਵਖਾਈਆ । ਤੂੰ ਕਰਤਾ ਕਰੀਮ ਕਾਦਰ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਜੋ ਮੇਰੇ ਉਤੇ ਸੰਦੇਸਾ ਦੇ ਕੇ ਗਿਆ ਸਤਿਗੁਰ ਤੇਗ਼ ਬਹਾਦਰ, ਤੇਗ਼ ਦੀ ਧਾਰ ਤੇਰੀ ਸੇਵ ਕਮਾਈਆ । ਤੂੰ ਸੋ ਸਵਾਮੀ ਹੋ ਕੇ ਕਰਨਾ ਆਦਲ, ਅਦਲ ਇਨਸਾਫ਼ ਆਪਣਾ ਦੇਣਾ ਦ੍ਰਿੜਾਈਆ । ਮੇਰੇ ਉਤੋਂ ਮੇਟ ਅੰਧੇਰਾ ਬਾਦਲ, ਬਦਲੀ ਕਰ ਦੇ ਕੂੜ ਕੁੜਿਆਰ ਦੀ ਧਾਰ ਰਹੇ ਨਾ ਰਾਈਆ । ਝਗੜਾ ਮੁਕਾ ਦੇ ਮਕਤੂਲ ਕਾਤਲ, ਕਤਲਗਾਹ ਦੀਨ ਦੁਨੀ ਨਜ਼ਰ ਨਾ ਆਈਆ । ਤੇਰਾ ਲੇਖਾ ਤੱਕਾਂ ਰਾਜੇ ਬਲ ਵਾਲਾ ਦੇਸ ਰਸਾਤਲ, ਤਲਾਤਲ ਆਪਣਾ ਹੁਕਮ ਵਰਤਾਈਆ । ਪਰਦਾ ਖੋਲ ਦੇ ਆਪਣਾ ਬਾਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਦਰ ਦਰਵੇਸ਼ਣ ਮੰਗਤੀ, ਤੂੰ ਦੇਵਣਹਾਰ ਦਾਤਾਰ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਕਰ ਉਜਿਆਰ । ਭਾਗ ਲਗਾ ਦੇ ਹਰਿਜਨ ਸਾਚੇ ਸੰਗਤੀ, ਗਰਮੁਖ ਗੁਰਸਿੱਖ ਮੇਲਾ ਕਰ ਵਿਚ ਸੰਸਾਰ । ਬੁੱਧੀ ਬਿਬੇਕ ਕਰ ਦੇ ਪੰਡਤੀ, ਦੁਰਮਤ ਮੈਲ ਉਤਾਰ । ਤੇਰੀ ਖੇਲ ਤ੍ਰੈਗੁਣ ਮਾਇਆ ਪੰਜ ਤਤ ਦੀ, ਪੰਚਮ ਸ਼ਬਦ ਦੇ ਸੱਚੀ ਧੁਨਕਾਰ । ਮੇਰੀ ਆਸ਼ਾ ਰਹੇ ਨਾ ਰੰਜ ਦੀ, ਦੁਖੀਆਂ ਦਾ ਦੁੱਖ ਦੇ ਨਿਵਾਰ । ਰੈਣ ਅੰਧੇਰੀ ਮੇਟ ਦੇ ਕਲਜੁਗ ਕਲ ਦੀ, ਅਲਲ ਸੁਬਹ ਕਰ ਉਜਿਆਰ । ਮੈਂ ਦਰਵੇਸ਼ਣ ਹੋ ਕੇ ਪੁਰਖ ਅਕਾਲ ਦੀਨ ਦਿਆਲ ਤੇਰੇ ਚਰਨ ਕਵਲ ਨਿਰਗੁਣ ਧਾਰ ਆਪਣਾ ਆਪ ਰਖਦੀ, ਰਖਕ ਹੋ ਕੇ ਹੋਣਾ ਸਹਾਰ । ਮੈਂ ਵਣਜਾਰੀ ਤੇਰੇ ਇਕੋ ਨੇਤਰ ਲੋਚਨ ਅੱਖ ਦੀ, ਦੂਜੀ ਲੋੜ ਨਾ ਕੋਇ ਰਖਾਈਆ । ਮੇਰੇ ਉਤੇ ਧਾਰ ਚਲਾ ਦੇ ਮੇਰੇ ਸਵਾਮੀਆਂ ਸਚ ਦੀ, ਸੁੱਚ ਸੰਜਮ ਨਾਲ ਮਿਲਾਈਆ । ਮੈਂ ਪਿਆਸੀ ਨਹੀਂ ਤੇਰੀ ਦੀਨ ਦੁਨੀਆ ਦੀ ਰੱਤ ਦੀ, ਗੁਰਮੁਖ ਰਤਨ ਹੀਰੇ ਰੂਪ ਦੇ ਪ੍ਰਗਟਾਈਆ । ਮੈਂ ਤੇਰੀ ਸਰਨ ਸਰਨਾਈ ਢਠਦੀ, ਨਿਵ ਨਿਵ ਲਾਗਾਂ ਪਾਈਆ । ਖੇਲ ਸਮਝਾ ਦੇ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਅੱਠ ਦੀ, ਨੌਂ ਦਰ ਆਪਣਾ ਪਰਦਾ ਲਾਹੀਆ । ਤੇਰੀ ਜੋਤ ਤੱਕਾਂ ਦਸਮ ਦਵਾਰੀ ਲਟ ਲਟ ਦੀ, ਨੂਰ ਨੁਰਾਨਾ ਇਕੋ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਸਾਹਿਬ ਇਕ ਅਖਵਾਈਆ । ਧਰਨੀ ਕਹੇ ਜਨ ਭਗਤੋ ਜੇ ਬੁਕ ਪ੍ਰਭ

੧੦੩੮
੨੩

ਦੇ ਹੋ ਜਾਓ ਜਗ, ਜਗਤ ਜੁਗ ਮਿਲੇ ਵਡਿਆਈਆ । ਜਗਤ ਤ੍ਰਿਸ਼ਨਾ ਬੁਝੇ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਦਰਸ ਕਰੋ ਉਪਰ ਸ਼ਾਹ ਰਗ, ਕੂੜ ਵਿਕਾਰਾ ਡੇਰਾ ਢਾਹੀਆ । ਬਿਨ ਕਾਅਬਿਉਂ ਹੋਵੇ ਹੱਜ, ਹੁਜਰਾ ਹਕ ਸੁਹਾਈਆ । ਮਨ ਮਨਸਾ ਜਾਣੀ ਤਜ, ਮਮਤਾ ਮੋਹ ਨਾਲ ਰਖਾਈਆ । ਘਰ ਸ਼ਬਦ ਅਨਾਦੀ ਧੁਨ ਜਾਏ ਵੱਜ, ਅਨਹਦ ਰਾਗੀ ਰਾਗ ਸੁਣਾਈਆ । ਦੀਪਕ ਜੋਤ ਜਾਏ ਜਗ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਮੇਲ ਮਿਲਾਏ ਆਪ ਸਰਬਗ, ਸੂਰਬੀਰ ਸਹਿਜ ਸੁਖਦਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਦੀ ਪਾਰ ਕਰਾ ਕੇ ਹੱਦ, ਦਰ ਇਕੋ ਇਕ ਵਖਾਈਆ । ਜਿਥੇ ਭਗਤ ਸੁਹੇਲੇ ਭਗਵਨ ਦੀ ਯੱਦ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਕਦੇ ਹੋਣ ਨਾ ਦੇਵੇ ਅੱਡ, ਵੱਖਰਾ ਗ੍ਰਹਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰ ਸੂਰਾ ਸਰਬਗ, ਅਲਪਗ ਜੀਵਾਂ ਜੁਗਤ ਜਗ ਤਰਾਈਆ ।


੧੦੩੯
੨੩

### ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ਨੌ ੨੫ ਬੀ੦ ਬੀ੦ ਗੰਗਾ ਨਗਰ ਸੁਖਨਿੰਦਰ ਸਿੰਘ ਜਸਬੀਰ ਕੌਰ ਦੇ ਨਵਿਤ ✪

ਸਾਵਣ ਕਹੇ ਮੇਰਾ ਪ੍ਰਵਿਸ਼ਟਾ ਛੇ, ਛੇ ਸ਼ਾਸਤਰ ਰੋਵਣ ਮਾਰਨ ਧਾਹੀਆ । ਜਗਤ ਨਾਤਾ ਟੁੱਟਾ ਪ੍ਰਭੂ ਨੇਂਹ, ਮੇਲਾ ਸਕੇ ਨਾ ਕੋਇ ਮਿਲਾਈਆ । ਮੈਨੂੰ ਤਨ ਵਜੂਦ ਖ਼ਾਲੀ ਦਿਸੇ ਦੇਹ, ਜਗਤ ਜਗਿਆਸੂਆਂ ਰੰਗ ਨਾ ਕੋਇ ਰੰਗਾਈਆ । ਭਾਗ ਲੱਗੇ ਨਾ ਕਿਸੇ ਮਾਟੀ ਖ਼ਾਕ ਨੇਂਹ, ਖ਼ਾਲਸ ਰੂਪ ਨਾ ਕੋਇ ਦਰਸਾਈਆ । ਅੰਮ੍ਰਿਤ ਬਰਖੇ ਕੋਇ ਨਾ ਮੇਂਹ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਸਾਵਣ ਕਹੇ ਮੇਰਾ ਪ੍ਰਵਿਸ਼ਟਾ ਮਾਤ ਆਇਆ, ਮਿਤਰ ਪਿਆਰਿਆਂ ਦਿਆਂ ਜਣਾਈਆ । ਪੁਰਖ ਅਕਾਲਾ ਹੋਏ ਸਹਾਇਆ, ਸਹਾਇਕ ਨਾਇਕ ਧੁਰਦਰਗਾਹੀਆ । ਜਿਸ ਜੁਗ ਚੌਕੜੀ ਖੇਲ ਰਚਾਇਆ, ਕਲਜੁਗ ਅੰਤਮ ਵੇਖੇ ਚਾਈਂ ਚਾਈਆ । ਲਹਿਣਾ ਦੇਣਾ ਜਾਣੇ ਤ੍ਰੈਗੁਣ ਮਾਇਆ, ਤ੍ਰੈਗੁਣ ਅਤੀਤਾ ਬੇਪਰਵਾਹੀਆ । ਜਿਸ ਨੇ ਲਖ ਚੁਰਾਸੀ ਰਚਨ ਰਚਾਇਆ, ਖਾਣੀ ਬਾਣੀ ਵੰਡ ਵੰਡਾਈਆ । ਜੋ ਆਦਿ ਜੁਗਾਦੀ ਦਾਈ ਦਾਇਆ, ਗਹਿਰ ਗੰਭੀਰ ਇਕ ਅਖਵਾਈਆ । ਉਸ ਵੇਸ ਅਗੰਮ ਵਟਾਇਆ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨੂਰ ਨੁਰਾਨਾ ਡਗਮਗਾਇਆ, ਜੋਤੀ ਜਾਤਾ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਧੁਨ ਸੁਣਾਇਆ, ਦੋ ਜਹਾਨਾਂ ਆਪ ਦ੍ਰਿੜਾਈਆ । ਅੰਮ੍ਰਿਤ ਆਤਮ ਮੁਖ ਚੁਆਇਆ, ਜਨ ਭਗਤਾਂ ਜਾਮ ਪਿਆਈਆ । ਸੋਈ ਸੁਰਤੀ ਸੁਰਤ ਉਠਾਇਆ, ਸਾਹਿਬ ਸਵਾਮੀ ਹੋ ਸਹਾਈਆ । ਤੂੰ ਮੇਰਾ ਮੈਂ ਤੇਰਾ ਜਾਪ ਜਪਾਇਆ, ਜਗ ਜੀਵਣ ਦਾਤਾ ਦਏ ਵਡਿਆਈਆ । ਫੜ ਕਾਗੋਂ ਹੰਸ ਬਣਾਇਆ, ਹੰਸ ਕਾਗ ਰੂਪ ਦਰਸਾਈਆ । ਦਰ ਮੇਲਾ ਮੇਲ ਮਿਲਾਇਆ, ਮਿਲਣੀ ਹਰਿ ਜਗਦੀਸ਼ ਕਰਾਈਆ । ਸਾਵਣ ਕਹੇ ਮੇਰਾ ਪ੍ਰਵਿਸ਼ਟਾ ਛੇ ਮੈਂ ਸ਼ਹਿਨਸ਼ਾਹ ਸੀਸ ਨਿਵਾਇਆ, ਜਗਦੀਸ਼ ਸੀਸ ਨਿਵਾਈਆ । ਚਾਰੋਂ ਕੁੰਟ ਰਿਹਾ ਸੁਣਾਇਆ, ਦਰੋਹੀ ਤੇਰਾ ਨਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਦਰ ਸਾਚੇ ਰਖੀ ਆਸ, ਆਸਾਵੰਦ ਹੋ ਕੇ ਧਿਆਨ ਲਗਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ

ਤੇਰੀ ਓਟ ਤਕਾਈਆ । ਸਾਚੇ ਗ੍ਰਿਹਿ ਮੰਡਲ ਤੇਰੀ ਵੇਖਾਂ ਰਾਸ, ਬਿਨ ਗੋਪੀ ਕਾਹਨ ਖ਼ੁਸ਼ੀ ਮਨਾਈਆ । ਤੂੰ ਜਨ ਭਗਤਾਂ ਵਸੀਂ ਪਾਸ, ਤਨ ਮੰਦਰ ਅੰਦਰ ਡੇਰਾ ਲਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਅਗਿਆਨ ਅੰਧੇਰਾ ਦੇਣਾ ਚੁਕਾਈਆ । ਸ਼ਬਦ ਅਗੰਮਾ ਸੁਣਾਉਣਾ ਨਾਦ, ਧੁਨ ਆਤਮਕ ਰਾਗ ਦ੍ਰਿੜਾਈਆ । ਗੁਰਮੁਖਾਂ ਅੰਦਰੋਂ ਕਢਣਾ ਵਾਦ ਵਿਵਾਦ, ਵਿਖ ਰਹਿਣ ਕੋਇ ਨਾ ਪਾਈਆ । ਤੂੰ ਮਿਹਰਵਾਨ ਮੋਹਣ ਮਾਧਵ ਮਾਧ, ਮਧੁਰ ਧੁਨ ਇਕ ਜਣਾਈਆ । ਤੇਰਾ ਸ਼ਬਦ ਨਿਧਾਨਾ ਸ੍ਰੀ ਭਗਵਾਨਾ ਬੋਧ ਅਗਾਧ, ਬੁੱਧੀ ਤੋਂ ਪਰੇ ਕਰੀ ਪੜ੍ਹਾਈਆ । ਕਲਜੁਗ ਵਿਚ ਸਤਿਜੁਗ ਬਦਲ ਦੇ ਸਮਾਜ, ਸਮਗਰੀ ਆਪਣੇ ਨਾਮ ਵਰਤਾਈਆ । ਸਤਿ ਧਰਮ ਦੀ ਨਈਆ ਨੌਕਾ ਇਕ ਚਲਾਉਣਾ ਜਹਾਜ਼, ਚਾਰੋਂ ਕੁੰਟ ਨਜ਼ਰੀ ਆਈਆ । ਸੀਸ ਜਗਦੀਸ਼ ਤੇਰੇ ਸੋਹੇ ਤਾਜ, ਤਖ਼ਤ ਨਿਵਾਸੀ ਸੋਭਾ ਪਾਈਆ । ਸਾਵਣ ਛੇ ਕਹੇ ਮੇਰੀ ਆਸਾ ਪੂਰੀ ਕਰ ਦੇ ਜੋ ਸੰਦੇਸ਼ਾ ਦਿਤਾ ਨਾਨਕ ਨਿਰਗੁਣ ਸਰਗੁਣ ਬਗ਼ਦਾਦ, ਬਗ਼ਲੀ ਕੰਧੇ ਨਾਲ ਲਟਕਾਈਆ । ਹਰਿਜਨ ਤੇਰੀ ਹੋਵੇ ਇਕ ਅਮਦਾਦ, ਦੂਸਰ ਓਟ ਨਾ ਕੋਇ ਰਖਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਵਾਹਿਦ, ਵਾਹਵਾ ਤੇਰੀ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਦੇ ਅਹਿਦ, ਅਹਿਦਨਾਮੇ ਵੇਖ ਵਖਾਈਆ । ਤੂੰ ਇਕੋ ਨੂਰ ਅਲਾਹੀ ਅਮਾਮ ਅਮਾਮਾ ਸ਼ਾਇਦ, ਸ਼ਹਿਨਸ਼ਾਹ ਨਜ਼ਰੀ ਆਈਆ । ਧੁਰ ਫ਼ਰਮਾਨਾ ਸਦੀ ਚੌਧਵੀਂ ਅੰਤਮ ਦੇ ਦੇ ਜਾਇਜ਼, ਜਾਇਜ਼ਾ ਲੈ ਕੇ ਖ਼ਲਕ ਖ਼ੁਦਾਈਆ । ਧੁਰ ਦਾ ਹੁਕਮ ਕਰ ਰਾਇਜ, ਰਈਅਤ ਦੀਨ ਦੁਨੀ ਬਣਾਈਆ । ਸਾਚਾ ਨਾਮ ਕਲਮਾ ਇਕੋ ਕਰ ਅਨਾਇਤ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਆਤਮ ਪਰਮਾਤਮ ਤੇਰੀ ਹੋਵੇ ਹਮਾਇਤ, ਹਮ ਸਾਜਣ ਤੂੰ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋ ਸਹਾਈਆ । ਸਾਵਣ ਕਹੇ ਪ੍ਰਭੂ ਸਚ ਪ੍ਰੇਮ ਦੀ ਕਰ ਦੇ ਬਰਖਾ, ਮੇਘਲਾ ਨਾਮ ਵਾਲਾ ਬਰਸਾਈਆ । ਚਿੰਤਾ ਸੋਗ ਮਿਟਾ ਦੇ ਹਰਖਾ, ਗ਼ਮੀ ਗ਼ਮਖਾਰ ਦੇਣੀ ਗਵਾਈਆ । ਤੂੰ ਮਾਲਕ ਵਾਲੀ ਅਰਸ਼ਾ, ਅਰਸ਼ੀ ਪ੍ਰੀਤਮ ਇਕ ਅਖਵਾਈਆ । ਸਚ ਦੀ ਧਾਰ ਦੇ ਦੇ ਦਰਸਾ, ਦੀਨ ਦਿਆਲ ਆਪਣੀ ਦਇਆ ਕਮਾਈਆ । ਮੇਰਾ ਕੌਲ ਇਕਰਾਰ ਪੂਰਾ ਕਰ ਦੇ ਜੋ ਸੰਦੇਸ਼ਾ ਦਿਤਾ ਉਪਰ ਸਰਸਾ, ਗੋਬਿੰਦ ਧਾਰ ਬਣ ਕੇ ਗੋਬਿੰਦ ਮਾਹੀਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦਾ, ਮਰਦ ਮਰਦਾਨਾ ਇਕ ਅਖਵਾਈਆ । ਗੁਰਮੁਖਾਂ ਨਾਲ ਵੰਡ ਜਗਤ ਦੀਆਂ ਦਰਦਾਂ, ਦੀਨ ਦੁਨੀ ਦੇ ਮਾਲਕ ਹੋ ਸਹਾਈਆ । ਮੇਰੀਆਂ ਤੇਰੇ ਅਗੇ ਅਰਜ਼ਾਂ, ਅਰਜ਼ ਆਰਜ਼ੂ ਤੇਰੇ ਅਗੇ ਰਖਾਈਆ । ਮੇਰੀਆਂ ਸਧਰਾਂ ਪੂਰੀਆਂ ਕਰ ਦੇ ਗਰਜਾਂ, ਗਰੀਬ ਨਿਮਾਣਿਆਂ ਸਿਰ ਆਪਣਾ ਹੱਥ ਟਿਕਾਈਆ । ਮੈਂ ਚਾਕਰ ਸੇਵਕ ਤੇਰਾ ਬਰਦਾ, ਦਰ ਠਾਂਡੇ ਸੀਸ ਨਿਵਾਈਆ । ਤੂੰ ਲਹਿਣਾ ਦੇਣਾ ਤੱਕ ਲੈ ਧਰਨੀ ਉਤੇ ਆਪਣੇ ਘਰ ਦਾ, ਘਰਾਨੇ ਚੁਰਾਸੀ ਵਾਲੇ ਫੋਲ ਫੁਲਾਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਤੇਰਾ ਨਾਮ ਕੋਇ ਨਾ ਪੜ੍ਹਦਾ, ਸਿਫ਼ਤਾਂ ਵਾਲੇ ਢੋਲੇ ਜੀਵ ਜੰਤ ਸਾਧ ਸੰਤ ਸਾਰੇ ਗਾਈਆ । ਮੈਂ ਤੇਰਾ ਖੇਲ ਤੱਕਣਾ ਚਾਹੁੰਦਾ ਨਰਾਇਣ ਨਰ ਦਾ, ਨਰ ਹਰਿ ਨਰਾਇਣ ਤੇਰੀ ਆਸ ਰਖਾਈਆ । ਮੈਂ ਨਿਵ ਨਿਵ ਸਰਨ ਸਰਨਾਈ ਪਰਦਾ, ਸਰਨਗਤ ਇਕੋ ਇਕ ਦੇਣੀ ਸਮਝਾਈਆ । ਜਨ ਭਗਤ ਸੁਹੇਲਾ ਤੇਰਾ ਰਾਹ ਧੁਰ ਦੇ ਰਹਿਬਰ ਤੱਕਦਾ, ਬਿਨ ਨੈਣਾਂ ਨੈਣ ਉਠਾਈਆ । ਤੂੰ ਜਨ ਭਗਤਾਂ ਪਿਆਰ ਲੇਖੇ ਲਾਉਣਾ ਅੱਜ ਦਾ, ਸਾਵਣ ਛੇ ਸੀਸ ਨਿਵਾਈਆ । ਨਾਤਾ ਕੂੜਾ ਦਿਸੇ ਜਗ ਦਾ, ਜਗ ਜੀਵਣ ਦਾਤੇ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਵਣਜਾਰਾ ਤੇਰੇ ਪਗ

੧੦੪੦
੨੩

ਦਾ, ਧੂੜੀ ਖ਼ਾਕ ਖ਼ਾਕ ਰਮਾਈਆ । ਤੂੰ ਲੱਭਿਆਂ ਕਿਸੇ ਨਹੀਂ ਲੱਭਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਸਾਚਾ ਮਧੁਰ ਪਿਆਲਾ ਅੰਮ੍ਰਿਤ ਦੇ ਦੇ ਮਧ ਦਾ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਜੁਗ ਜੁਗ ਮੇਲਾ ਭਗਤਾਂ ਨਾਲ ਸਬੱਬ ਦਾ, ਭਗਤਨ ਮੀਤਾ ਹੋ ਕੇ ਵੇਖ ਵਖਾਈਆ ।

✪ ੬ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਫ਼ਿਰੋਜਪੁਰ ਸ਼ਹਿਰ ਗੁਰਚਰਨ ਕੌਰ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਅੰਤਰ ਵੱਜੀ ਹੁਕ, ਹੁਕਮ ਧੁਰ ਦੇ ਦਿਤੀ ਵਜਾਈਆ । ਬਿਨਾ ਮੁਖ ਤੋਂ ਮੇਰੇ ਅੰਦਰੋਂ ਨਿਕਲੀ ਤੁਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਕਦਮਾ ਤੋਂ ਮੇਰਾ ਸੀਸ ਗਿਆ ਝੁਕ, ਨਿਵ ਨਿਵ ਲਾਗਾਂ ਪਾਈਆ । ਮੇਰੇ ਸਵਾਮੀ ਅੰਤਰਜਾਮੀ ਤੇਰਾ ਪਿਆਰ ਕਦੇ ਨਾ ਜਾਏ ਮੁਕ, ਮੁਕੰਮਲ ਆਪਣਾ ਰੰਗ ਰੰਗਾਈਆ । ਨਿਗਾਹ ਮਾਰ ਲੈ ਤੇਰਾ ਅੰਤਮ ਵਕਤ ਸੁਹੰਜਣਾ ਰਿਹਾ ਢੁਕ, ਵਾਰ ਥਿਤ ਦਏ ਗਵਾਹੀਆ । ਮੇਰੇ ਉਤੇ ਤੇਰਾ ਭਾਣਾ ਕਦੇ ਨਾ ਜਾਵੇ ਰੁਕ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਸਾਹਿਬ ਤੇਰਾ ਨਾਮ ਅਨਮੋਲਾ ਅੱਖਰ, ਜਗਤ ਅੱਖੀਆਂ ਨਜ਼ਰ ਕਿਸੇ ਨਾ ਆਈਆ । ਚੌਦਾਂ ਵਿਦਿਆ ਤੋਂ ਬਾਹਰ ਵੱਖਰ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਮੇਰੇ ਨੈਣ ਵਰੋਲਣ ਅੱਥਰ,
੧੦੪੧ ੨੩ ਹੰਝੂਆਂ ਹਾਰ ਬਣਾਈਆ । ਪਿਆਰਾ ਤੇਰਾ ਯਾਰੜੇ ਸਥਰ, ਸੂਲਾਂ ਸੇਜ ਹੰਢਾਈਆ । ਮੈਂ ਤੇਰੇ ਦਰ ਤੇ ਆਈ ਦੱਸਣ, ਕਹਿ ਕਹਿ ਜਣਾਈਆ । ੧੦੪੧ ੨੩
ਤੂੰ ਮਾਲਕਾ ਖ਼ਾਲਕਾ ਮੇਰੀ ਪੈਜ ਆਈਂ ਰਖਣ, ਰਖਕ ਹੋ ਕੇ ਵੇਖ ਵਖਾਈਆ । ਜਨ ਭਗਤ ਵਿਰੋਲੀ ਮੱਖਣ, ਚੁਰਾਸੀ ਵਿਚੋਂ ਬਾਹਰ ਕਢਾਈਆ । ਮੈਂ ਤੇਰਾ ਦਵਾਰਾ ਇਕੋ ਜਾਣਦੀ ਪਤਣ, ਘਾਟ ਤੇਰਾ ਸੋਭਾ ਪਾਈਆ । ਨਾਮ ਨਿਧਾਨਾ ਦੇਣਾ ਅੰਮਿਉਂ ਰਸਨ, ਰਸਨਾ ਰਸ ਨਾ ਕੋਇ ਵਖਾਈਆ । ਨਿਜ ਨੇਤਰ ਦਰਸ ਕਰਾ ਅੱਖਨ, ਲੋਚਨ ਨੈਣ ਦੇਣਾ ਚਮਕਾਈਆ । ਤੂੰ ਮੇਰਾ ਮੈਂ ਤੇਰਾ ਸਦਾ ਕਰਾਂ ਰਟਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਮੇਰੇ ਸਾਹਿਬ ਮੇਰੇ ਅੰਤਸ਼ਕਰਨ ਮਾਰ ਝਾਤੀ, ਮਿਹਰਵਾਨ ਦਇਆ ਕਮਾਈਆ । ਸਤਿ ਪ੍ਰੇਮ ਸਚ ਬਖ਼ਸ਼ ਦੇ ਨਾਤੀ, ਨਾਤਾ ਆਪਣੇ ਨਾਲ ਜੁੜਾਈਆ । ਮੇਰੇ ਉਤੋਂ ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਲਹਿਣਾ ਦੇਣਾ ਪੂਰਾ ਕਰ ਦੇ ਲੋਕਮਾਤੀ, ਪਾਰਬ੍ਰਹਮ ਪ੍ਰਭ ਤੇਰੀ ਆਸ ਰਖਾਈਆ । ਸਦੀ ਸਦੀਵੀ ਮੇਰੀ ਪੁਛ ਵਾਤੀ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਤੂੰ ਹੋਣਾ ਸਹਾਈ ਨਾਥ ਅਨਾਥੀ, ਧੁਰ ਦੇ ਨਾਥ ਤੇਰੀ ਵਡਿਆਈਆ । ਤੂੰ ਸਰਬ ਕਲਾ ਸਮਰਾਥੀ, ਪਰਮ ਪੁਰਖ ਤੇਰੀ ਸਰਨਾਈਆ । ਜਨ ਭਗਤਾਂ ਲੇਖੇ ਲਾਉਣੀ ਜ਼ਿੰਦਗੀ ਹਯਾਤੀ, ਜੀਵਣ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਹੋਣਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਚਰਨ ਕਵਲ ਦੇਣੀ ਪ੍ਰੀਤ, ਪ੍ਰੀਤਮ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਬਦਲ ਕੇ ਨੀਤ, ਨੀਤੀਵਾਨ ਆਪਣਾ

ਪਰਦਾ ਦੇਣਾ ਉਠਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸੁਹਾਈਆ । ਮੇਲ ਮਿਲਾਉਣਾ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਤੇਰੇ ਹੱਥ ਵਡਿਆਈਆ । ਤੇਰਾ ਖੇਲ ਸਦਾ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਜਨ ਤੇਰਾ ਸੋਹੰ ਗਾਉਂਦੇ ਸੁਹਾਗੀ ਗੀਤ, ਹਰਿ ਸਤਿਗੁਰ ਲੈ ਅਪਣਾਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਨ ਧਨੀ ਦੇਣੀ ਵਡਿਆਈਆ । ਸਦਾ ਵਸਣਾ ਚੀਤ, ਮਨਚਿਤ ਠਗੌਰੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਬੇਪਰਵਾਹੀਆ । ਧਰਨੀ ਕਹੇ ਮੇਰੀ ਅਰਜ਼ੋਈ ਅਰਦਾਸ, ਬੇਨੰਤੀ ਇਕ ਜਣਾਈਆ । ਜਨ ਭਗਤਾਂ ਵਸਣਾ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਘਰ ਸਵਾਮੀ ਵਖਾਉਣੀ ਰਾਸ, ਗੋਪੀ ਕਾਹਨ ਖੇਲ ਖਿਲਾਈਆ । ਭੇਵ ਚੁਕਾਉਣਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਪਰਦਾ ਆਪ ਉਠਾਈਆ । ਹਰਿਜਨ ਪੂਰੀ ਕਰਨੀ ਆਸ, ਜੋ ਤੇਰੀ ਓਟ ਤਕਾਈਆ । ਮਿਤਰ ਪਿਆਰਾ ਬਣਨਾ ਖ਼ਾਸ, ਖ਼ਾਲਸ ਆਪਣਾ ਸੰਗ ਜਣਾਈਆ । ਤੂੰ ਸਰਬ ਗੁਣਾ ਗੁਣਤਾਸ, ਗੁਣਵੰਤ ਤੇਰੀ ਵਡਿਆਈਆ । ਹਿਰਦੇ ਵਸਣਾ ਸਵਾਸ ਸਵਾਸ, ਸਾਹ ਸਾਹ ਆਪਣਾ ਨਾਮ ਜਪਾਈਆ । ਗੁਰਮੁਖ ਬਣਾਉਣੇ ਪਾਰਜਾਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਧਰਨੀ ਕਹੇ ਜਨ ਭਗਤਾਂ ਲੇਖੇ ਲਾਉਣੀ ਅੱਜ ਦੀ ਰਾਤ, ਜੋ ਰੁਤੜੀ ਤੇਰੇ ਨਾਲ ਮਹਿਕਾਈਆ । ਤੂੰ ਸਭ ਦਾ ਪਿਤ ਮਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਨਿਰਗੁਣ ਧਾਰ ਸਦਾ ਸਮਰਾਥ, ਸਮਰਥ ਅਕਥ ਤੇਰੀ ਆਸ ਰਖਾਈਆ ।



## ✪ ੯ ਸਾਵਣ ਸ਼ਹਿਨਸ਼ਾਹੀ ਸੰਮਤ ੯ ਹਰਿ ਭਗਤ ਦਵਾਰ ਜੇਠੂਵਾਲ ਦਰਬਾਰ ਨਿਵਾਸੀ ਜਰਨੈਲ ਸਿੰਘ ਰਤਨ ਸਿੰਘ ਦਲੀਪ ਸਿੰਘ ਪ੍ਰੀਤਮ ਸਿੰਘ ਸੁਲੱਖਣ ਸਿੰਘ ਹਰਭਜਨ ਸਿੰਘ ਦੇ ਨਵਿਤ ✪

ਸਾਵਣ ਕਹੇ ਮੇਰਾ ਪ੍ਰਵਿਸ਼ਟਾ ਨਾਵਾਂ, ਪ੍ਰੀਕਸ਼ਤ ਧਿਆਨ ਲਗਾਈਆ । ਜਿਸ ਬਾਸ਼ਕ ਤਸ਼ਕ ਦਾ ਲੇਖਾ ਕੀਤਾ ਸਾਂਵਾਂ, ਸਾਵਲ ਸੁੰਦਰ ਮੁਕੰਦ ਮਨੋਹਰ ਜਿਸ ਦੀ ਦਏ ਗਵਾਹੀਆ । ਜਿਸ ਦਾ ਲੇਖਾ ਲਹਿਣਾ ਦੇਣਾ ਦਰਗਾਹ ਸਾਚੀ ਨਾਵਾਂ, ਨਿਰੰਕਾਰ ਦੇਵੇ ਵਡਿਆਈਆ । ਉਸ ਦੇ ਢੋਲੇ ਸਿਫ਼ਤੀ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਫਿਰਾਂ ਚਾਵਾਂ ਚਾਵਾਂ, ਚਾਓ ਘਨੇਰਾ ਇਕ ਰਖਾਈਆ । ਸਹਾਰਾ ਲੈ ਕੇ ਅਗੰਮੀ ਬਾਹਵਾਂ, ਗਲਵਕੜੀ ਧਰਮ ਧਾਰ ਰਖਾਈਆ । ਮੁਹੱਬਤ ਕਰੇ ਵੱਧ ਪੁਤਰਾਂ ਮਾਵਾਂ, ਮਾਤ ਪੂਤ ਕੀ ਵਡਿਆਈਆ । ਤਿਸ ਸਾਹਿਬ ਦੇ ਬਲ ਬਲ ਜਾਵਾਂ, ਬਲ ਬਲਿਹਾਰੀ ਸੀਸ ਨਿਵਾਈਆ । ਜਿਸ ਦੀ ਯਾਦ ਵਿਚ ਅਮਰਦਾਸ ਅਮਰੂ ਹੋਇਆ ਨਿਥਾਵਾਂ, ਅਮਰਾਪਦ ਪਾ ਕੇ ਮਿਲੀ ਵਡਿਆਈਆ । ਨਵ ਸਾਵਣ ਕਹੇ ਮੈਂ ਲੇਖਾ ਪੂਰਬ ਪੂਰਬ ਜਣਾਵਾਂ, ਭੇਵ ਖੁਲਾਵਾਂ ਸਹਿਜ ਸੁਭਾਈਆ । ਸਚ ਸੰਦੇਸਾ ਦੇਵਾਂ ਵਿਛੋੜਾ ਹੋਇਆ ਸੀ ਰਾਮ ਭਰਤ ਭਰਾਵਾਂ, ਅੰਤਰ ਅੰਤਰ ਅੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਵ ਸਾਵਣ ਕਹੇ ਮੇਰਾ ਇਕੋ ਸਈਆ, ਸਾਜਣ ਬਾਬਲ ਪਿਰ ਇਕ ਅਖਵਾਈਆ । ਮੇਰੀ ਇਕੋ ਆਦਿ ਅੰਤ ਦੀ ਮਈਆ,

ਮਾਤਾ ਇਕੋ ਇਕ ਅਖਵਾਈਆ । ਮੇਰਾ ਆਦਿ ਜੁਗਾਦੀ ਸਾਚਾ ਸਈਆ, ਸੱਜਣ ਧੁਰਦਰਗਾਹੀਆ । ਜਿਸ ਸਤਿਜੁਗ ਤਰੇਤਾ ਦੁਆਪਰ ਕਲਜੁਗ ਚਲਾਈ ਨਈਆ, ਨੌਕਾ ਆਪਣਾ ਨਾਮ ਵਖਾਈਆ । ਸਾਵਣ ਕਹੇ ਮੇਰਾ ਉਹ ਦਿਵਸ ਸੁਹੰਜਣਾ ਜਿਸ ਵਕਤ ਗੋਬਿੰਦ ਇਸ਼ਾਰਾ ਕੀਤਾ ਆਪਣੇ ਢਈਆ, ਨਵ ਨੌ ਰੰਗ ਚੜ੍ਹਾਈਆ । ਏਸੇ ਪ੍ਰਵਿਸ਼ਟੇ ਨਾਨਕ ਨਿਰਗੁਣ ਧਾਰ ਬਣੇ ਗਵਈਆ, ਸ਼ਬਦ ਸ਼ਬਦੀ ਰਾਗ ਅਲਾਈਆ । ਏਸੇ ਦਿਨ ਗੋਬਿੰਦ ਉਚਾਰਨ ਕੀਤਾ ਸਵਈਆ, ਦੀਨਨ ਕੀ ਪ੍ਰਿਤਪਾਲ ਧਿਆਨ ਲਗਾਈਆ । ਏਸੇ ਦਿਨ ਮੁਹੰਮਦ ਇਸ਼ਾਰਾ ਕੀਤਾ ਸ਼ਰਈਆ, ਸ਼ਰਅ ਬੰਧ ਬੰਧਾਈਆ । ਏਸੇ ਦਿਵਸ ਹਜ਼ਰਤ ਈਸਾ ਜਗਤ ਖੇਲ ਖੇਲਿਆ ਨਈਆ, ਬੇੜੀ ਕਾਗ਼ਜ਼ਾਂ ਵਾਲੀ ਚਲਾਈਆ । ਏਸੇ ਦਿਨ ਮੂਸਾ ਇਸ਼ਾਰਾ ਕੀਤਾ ਕੀ ਮੇਰੇ ਸਾਹਿਬ ਦਾ ਹੋਵੇ ਰਵਈਆ, ਰਹਿਬਰ ਕੀ ਖੇਲ ਖਿਲਾਈਆ । ਏਸੇ ਦਿਵਸ ਕ੍ਰਿਸ਼ਨ ਨੇ ਆਪਣੀ ਹੱਥੀਂ ਰਥ ਦਾ ਹਲੂਣਿਆ ਪਹੀਆ, ਕੌਰਵ ਪਾਂਡਵ ਧਿਆਨ ਲਗਾਈਆ । ਏਸ ਦਿਨ ਭਗਤ ਪਰਾਇਣ ਵੇਦ ਵਿਆਸ ਬਣਿਆ ਲਖਈਆ, ਕਲਮ ਗਰੜ ਮੋਰ ਪੰਖ ਉਠਾਈਆ । ਏਸ ਦਿਵਸ ਰਾਮ ਵਸ਼ਿਸ਼ਟ ਸਰਨੀ ਪਈਆ, ਗੁਰਦੇਵ ਲਿਆ ਮਨਾਈਆ । ਏਸੇ ਦਿਵਸ ਬਾਵਨ ਬਲ ਨੂੰ ਹੁਕਮ ਸੰਦੇਸ ਸੁਣਈਆ, ਬਿਨਾ ਰੂਪ ਤੋਂ ਰੂਪ ਪ੍ਰਗਟਾਈਆ । ਏਸ ਦਿਵਸ ਦੁਰਗਾ ਨੂੰ ਦੇਵਤਿਆਂ ਕਿਹਾ ਮਈਆ, ਅਸ਼ਟਭੁਜ ਮਿਲੀ ਵਡਿਆਈਆ । ਏਸੇ ਦਿਵਸ ਸੁਰਸਤੀ ਧਾਰ ਬਣੀ ਗਵਈਆ, ਰਾਗ ਰਾਗਣੀਆਂ ਨਾਲ ਵਡਿਆਈਆ । ਨਵ ਸਾਵਣ ਕਹੇ ਮੇਰਾ ਸਾਹਿਬ ਜੁਗ ਜੁਗ ਲਹਿਣਾ ਦੇਣਾ ਦਈਆ, ਦੇਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਾਵਣ ਕਹੇ ਮੇਰੇ ਦਿਵਸ ਸੁਦਾਮੇ ਮਿਲਿਆ ਮਾਣ ਉਤੇ ਸਿੰਘਾਸਣ, ਕ੍ਰਿਸ਼ਨ ਕਾਹਨ ਦਿਤੀ ਵਡਿਆਈਆ । ਮੇਰੇ ਦਿਵਸ ਚੰਦ ਸਿਤਾਰ ਸੂਰੀਆ ਝਾਕਣ, ਬ੍ਰਹਿਮੰਡ ਧਿਆਨ ਲਗਾਈਆ । ਸਪਤਸ ਰਿਖ ਲੇਖਾ ਵਾਚਣ, ਅਕਲ ਬੁੱਧੀ ਤੋਂ ਬਾਹਰ ਖੋਜ ਖੁਜਾਈਆ । ਪਹੁੰਚੇ ਜਗਤ ਧਾਰ ਦੇ ਘਾਟਣ, ਨਈਆ ਨੌਕਾ ਸੋਭਾ ਪਾਈਆ । ਏਸੇ ਦਿਵਸ ਰੁਕਮਣੀ ਖੋਹੀ ਕ੍ਰਿਸ਼ਨ ਵਿਚੋਂ ਬਰਾਤਨ, ਭੱਜਾ ਵਾਹੋ ਦਾਹੀਆ । ਨੌ ਸਾਵਣ ਕਹੇ ਮੈਂ ਸਭ ਕੁਛ ਲੱਗਾ ਆਖਣ, ਆਖ ਕੇ ਦਿਆਂ ਸੁਣਾਈਆ । ਜਨ ਭਗਤੋ ਆਤਮਾ ਪਰਮਾਤਮਾ ਆਦਿ ਦਾ ਸਾਥਣ, ਜੁਗ ਜੁਗ ਸੰਗ ਨਿਭਾਈਆ । ਚੁਰਾਸੀ ਵਿਚ ਨਾ ਦਏ ਗਵਾਚਣ, ਜਿਨ੍ਹਾਂ ਆਪਣਾ ਮੇਲ ਮਿਲਾਈਆ । ਇਕ ਦਵਾਰਾ ਸੁਹਾ ਕੇ ਪਾਤਨ, ਦਰਗਾਹ ਸਚ ਦਏ ਵਡਿਆਈਆ । ਜਨਮ ਜਨਮ ਦਾ ਮੇਟੇ ਪਾਪਣ, ਦੁਰਮਤ ਮੈਲ ਧਵਾਈਆ । ਕਰਮ ਕਰਮ ਦੀ ਪੂਰੀ ਕਰੇ ਆਸਣ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਲੇਖੇ ਲਾਏ ਨਵ ਸਾਵਣ ਕਹੇ ਅੱਜ ਦੀ ਰਾਤਣ, ਜੋ ਜਨ ਸਾਚੀ ਸੇਵ ਕਮਾਈਆ । ਜੁਗ ਜਨਮ ਦੇ ਲੇਖੇ ਆਇਆ ਵਾਚਣ, ਵਾਚਕ ਹੋ ਕੇ ਵੇਖ ਵਖਾਈਆ । ਭਗਤ ਉਧਾਰਨਾ ਖੇਲ ਪੁਰਾਤਨ, ਪਰਮ ਪੁਰਖ ਪ੍ਰਭ ਦਇਆ ਕਮਾਈਆ । ਜੋ ਪਰਦੇ ਖੋਲੇ ਬਾਤਨ, ਓਹਲਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਵ ਸਾਵਣ ਕਹੇ ਮੇਰਾ ਸਾਹਿਬ ਗੰਭੀਰ ਗੁਣੀ, ਗੁਣਵੰਤ ਇਕ ਅਖਵਾਈਆ । ਜਿਸ ਦਾ ਭੇਵ ਪਾਏ ਕੋਇ ਨਾ ਮੁਨੀ, ਮੁਨੀਸ਼ਰ ਕਹਿਣ ਕਿਛ ਨਾ ਆਈਆ । ਉਹ ਸਭ ਦੀ ਪੁਕਾਰ ਰਿਹਾ ਸੁਣੀ, ਸਿਰ ਸਿਰ ਹੱਥ ਟਿਕਾਈਆ । ਹਰਿਜਨ ਸਾਰੇ ਰਿਹਾ ਪੁਣੀ, ਗੁਰਸਿਖ ਗੁਰ ਗੁਰ ਗੋਦ ਉਠਾਈਆ । ਸਾਚੇ ਪਿਆਰ ਦੀ ਦੇ ਕੇ ਧੁਨੀ, ਧੁਨ ਆਤਮ ਰਾਗ ਸਮਝਾਈਆ । ਜੋ

੧੦੪੩
੨੩

ਸਭ ਦੀ ਪੁਕਾਰ ਰਿਹਾ ਸੁਣੀ, ਵੇਖਣਹਾਰਾ ਚਾਈਂ ਚਾਈਂਆ । ਜਿਸ ਭਾਗ ਲਗਾਉਣਾ ਇਕ ਨਾਲ ਨੌਂ ਮਿਲਾ ਕੇ ਉਨੀ, ਉਨੀਸਾ ਹਰਿ ਜਗਦੀਸਾ ਇਟਾਰਸੀ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਵ ਸਾਵਣ ਕਹੇ ਕਿਰਪਾ ਕਰੇ ਆਪ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਇਟਾਰਸੀ ਸੰਗਤ ਸਤਿਗੁਰ ਦੇ ਗਲ ਵਿਚ ਪੁੱਠੇ ਪਾਵੇਗੀ ਹਾਰ, ਪਿਠ ਵੱਲ ਲਟਕਾਈਆ । ਸਿਰ ਤੇ ਪੁੱਠੀ ਹੋਵੇਗੀ ਦਸਤਾਰ, ਨੀਲੀ ਧਾਰੀ ਸੋਭਾ ਪਾਈਆ । ਮਸਤਕ ਬਿੰਦੀ ਹੋਵੇ ਲਾਲ ਸ਼ਿੰਗਾਰ, ਬੁੱਲ ਨੀਲ ਨਾਲ ਰੰਗ ਰੰਗਾਈਆ । ਲੰਘੇ ਵਿਚੋ ਵਿਚ ਬਾਜ਼ਾਰ, ਖ਼ੁਸ਼ੀਆਂ ਨਾਲ ਚਾਈਂ ਚਾਈਂਆ । ਪਿਛਲਾ ਲੇਖਾ ਦਏ ਉਧਾਰ, ਸੰਮਤ ਅੱਠ ਦੀ ਕਾਲਖ ਲਾਹੀਆ । ਧਰਮ ਦੀ ਧਾਰ ਲਗਾਏ ਦਰਬਾਰ, ਦਰ ਦਰ ਸਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨੌ ਸਾਵਣ ਕਹੇ ਗੁਰਮੁਖੋ ਤੁਹਾਡੀ ਧਰਮ ਦੀ ਧਾਰ ਸੇਵਾ ਬੜੀ, ਸ਼ਾਹ ਸੁਲਤਾਨਾਂ ਹੱਥ ਕਿਸੇ ਨਾ ਆਈਆ । ਤੁਹਾਡੇ ਪ੍ਰੇਮ ਪਿਆਰ ਦੀ ਲੱਗੀ ਝੜੀ, ਇੰਦਰ ਆਪਣਾ ਮੇਘ ਬਰਸਾਈਆ । ਖ਼ੁਸ਼ੀਆਂ ਵਿਚ ਹੱਸੇ ਗੋਰ ਮੜ੍ਹੀ, ਮਕਬਰੇ ਢੋਲੇ ਗਾਈਆ । ਧਰਨੀ ਕਹੇ ਮੈਂ ਸਚ ਦਵਾਰੇ ਖੜੀ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਿਰਪਾ ਆਦਿ ਜੁਗਾਦਿ ਆਪੇ ਰਿਹਾ ਕਰੀ, ਜੁਗ ਜੁਗ ਜਨ ਭਗਤਾਂ ਹੋਏ ਸਹਾਈਆ ।


੧੦੪੪
੨੩

✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਦਿੱਲੀ ਸੁਰਿੰਦਰ ਕੌਰ ਦੇ ਗ੍ਰਿਹ ✪

ਧਰਨੀ ਕਹੇ ਕੋਟਨ ਅਵਤਾਰ ਪੈਗ਼ੰਬਰ ਗੁਰ ਸੁਤੇ ਮੇਰੀ ਗੋਦੀ, ਗੋਦਾਵਰੀ ਦਾ ਕੰਢਾ ਕਲਜੁਗ ਦਏ ਗਵਾਹੀਆ । ਅਣਗਿਣਤ ਤਪੀਸ਼ਰ ਸੌਂ ਗਏ ਜੋਗਨ ਜੋਗੀ, ਭਗਤ ਸੰਤ ਆਸਣ ਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਤੇਰਾ ਇਕੋ ਸ਼ਬਦ ਦੁਲਾਰਾ ਜਿਸ ਦੀ ਦੰਦੀ ਦੋਧੀ, ਦੋ ਜਹਾਨ ਅੰਤ ਕੋਇ ਨਾ ਆਈਆ । ਮੈਂ ਓਸੇ ਦੀ ਯਾਦ ਵਿਚ ਵਿਛੜ ਕੇ ਹੋ ਗਈ ਵਿਯੋਗੀ, ਬਿਰਹੋਂ ਵਿਚ ਕੁਰਲਾਈਆ । ਧੁਰ ਦਾ ਮੇਲ ਕਰ ਦੇ ਮਾਲਕ ਧੁਰ ਸੰਜੋਗੀ, ਸਤਿ ਸਚ ਆਪਣੀ ਦਇਆ ਕਮਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੀ ਹਾਲਤ ਵੇਖ ਘਰੋਗੀ, ਘਰਾਨਾ ਨਵ ਸੱਤ ਧਿਆਨ ਲਗਾਈਆ । ਅਕਲ ਬੁਧੀ ਵਾਲਾ ਰਿਹਾ ਕੋਇ ਨਾ ਬੋਧੀ, ਬੁੱਧ ਇਸ਼ਾਰੇ ਨਾਲ ਜਣਾਈਆ । ਤਤਾਂ ਵਾਲਾ ਦੁਰਮਤ ਮੈਲ ਧੋਏ ਕੋਇ ਨਾ ਧੋਬੀ, ਪਤਤ ਪੁਨੀਤ ਨਾ ਕੋਇ ਕਰਾਈਆ । ਜਗਤ ਜਗਿਆਸੂ ਹੋਏ ਲੋਭੀ, ਸਾਧਨਾ ਵਿਚ ਨਾ ਕੋਇ ਸਮਾਈਆ । ਕੂੜ ਕੁੜਿਆਰ ਕੀਤਾ ਬੋਝੀ, ਬਿਨ ਨੈਣਾਂ ਰੋ ਕੇ ਦਿਤੀ ਦੁਹਾਈਆ । ਬਹੁੜੀ ਬਿਨ ਤੇਰੀ ਕਿਰਪਾ ਆਏ ਕਿਸੇ ਨਾ ਸੋਝੀ, ਸੋਚ ਸਮਝ ਨਾ ਕੋਇ ਬਦਲਾਈਆ । ਮਮਤਾ ਰਸ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਭੋਗੀ, ਭਸਮੜ ਰੂਪ ਨਾ ਕੋਇ ਬਣਾਈਆ । ਸਾਧ ਸੰਤ ਕਲਜੁਗ ਹੋਏ ਕਰੋਧੀ, ਕਾਮ ਵਾਸਨਾ ਨਾਲ ਹਲਕਾਈਆ । ਹਉਮੇ ਹੰਗਤਾ ਕੀਤਾ ਰੋਗੀ, ਔਖਧ ਸਚ ਨਾ ਕੋਇ ਜਣਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਤੇਰੀ ਦੀਨ ਦੁਨੀਆ ਤੇਰੇ ਨਾਲ ਹੋਈ ਵਿਰੋਧੀ,

ਬਿਰਦ ਤੇਰਾ ਸਕੇ ਨਾ ਕੋਇ ਅਪਨਾਈਆ । ਮਾਣ ਰਿਹਾ ਨਾ ਟਿੱਕਾ ਧੋਤੀ ਜੰਞੂ ਬੋਦੀ, ਮੁੱਛ ਕੇਸ ਦਸਮੇਸ ਨਾ ਕੋਇ ਸੁਹਾਈਆ । ਮੈਂ ਸੋਚਾਂ ਉਂਗਲ ਰਖ ਕੇ ਉਤੇ ਠੋਡੀ, ਚਿੰਤਾ ਗ਼ਮ ਵਿਚ ਉਫ਼ ਤੇਰੀ ਦੁਹਾਈਆ । ਬਿਨ ਸਤਿਗੁਰ ਸ਼ਬਦ ਸਤਿ ਧਰਮ ਦਾ ਬਣੇ ਕੋਇ ਨਾ ਮੋਢੀ, ਮੁਢਲਾ ਭੇਵ ਨਾ ਕੋਇ ਖੁਲਾਈਆ । ਵਾਸ਼ਨਾ ਲੱਖ ਚੁਰਾਸੀ ਤੇਰੀ ਮੂਲ ਰਹੀ ਨਾ ਡੋਡੀ, ਗੁਲਸ਼ਨ ਹਕ ਨਾ ਕੋਇ ਮਹਿਕਾਈਆ । ਲੇਖਾ ਜੋ ਦੱਸ ਕੇ ਗਏ ਵੇਦੀ ਸੋਢੀ, ਮੈਨੂੰ ਸਹਿਜ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਸੁੱਤੇ ਮੇਰੀ ਖ਼ਾਕੀ ਸੇਜਾ, ਸੱਜਣਾ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਮਿਹਰਵਾਨ ਮਹਿਬੂਬ ਮੇਰੀ ਬਦਲੀ ਕਿਸੇ ਨਾ ਰੇਖਾ, ਰਿਖੀ ਮੁਨੀ ਕੋਟਨ ਕੋਟ ਫੇਰੀਆਂ ਪਾਈਆ । ਮੈਂ ਸਭ ਨੂੰ ਦਿਤਾ ਬਿਰਹੋਂ ਵਾਲਾ ਸੰਦੇਸਾ, ਨਾਮ ਕਲਮਿਆਂ ਤੋਂ ਬਾਹਰ ਸੁਣਾਈਆ । ਜਾ ਕੇ ਕਹੋ ਨਰਾਇਣ ਨਰ ਨਰੇਸ਼ਾ, ਪੁਰਖ ਅਕਾਲ ਦੇਣਾ ਦ੍ਰਿੜ੍ਹਾਈਆ । ਮੇਰੇ ਮਿਹਰਵਾਨ ਸ੍ਰੀ ਭਗਵਾਨ ਨਿਰਗੁਣ ਧਾਰ ਧਾਰ ਲੈ ਭੇਸਾ, ਭੇਖਾਧਾਰੀ ਆਪਣੀ ਦਇਆ ਕਮਾਈਆ । ਲਹਿਣਾ ਦੇਣਾ ਪੂਰਾ ਕਰ ਕੇ ਵਿਸ਼ਨ ਸ਼ਿਵ ਮਹੇਸ਼ ਗਣੇਸ਼ਾ, ਗਣਪਤ ਧਿਆਨ ਲਗਾਈਆ । ਲੇਖੇ ਲਾ ਲੈ ਸਵਾਸ ਸਹੰਸਰ ਸ਼ੇਸ਼ਾ, ਸ੍ਰੀ ਭਗਵਾਨ ਦਇਆ ਕਮਾਈਆ । ਮੈਂ ਤੇਰੀ ਓਟ ਰਖਾਂ ਹਮੇਸ਼ਾ, ਹਮ ਸਾਜਣ ਧਿਆਨ ਲਗਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬਣ ਨੇਤਾ, ਬਿਨ ਨੇਤਰਾਂ ਵੇਖ ਵਖਾਈਆ । ਚਾਰ ਜੁਗ ਦਾ ਪਿਛਲਾ ਕਰ ਲੈ ਚੇਤਾ, ਚਤਰਭੁਜ ਤੇਰੀ ਬੇਪਰਵਾਹੀਆ । ਆਤਮ ਧਾਰ ਸਭ ਦੇ ਨਾਲ ਕਰ ਹੇਤਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਤੇਰੀ ਕਿਰਸਾਣੀ ਧਰਨੀ ਧਰਤ ਧਵਲ ਧੌਲ ਕਹੇ ਮੇਰੀ ਫੁਲਵਾੜੀ ਖੇਤਾ, ਖਾਤਰ ਤੇਰੀ ਸੇਵ ਕਮਾਈਆ । ਸਾਹਿਬ ਸਤਿਗੁਰ ਦੀਨ ਦਿਆਲ ਆਪਣਾ ਸਤਿਗੁਰ ਸ਼ਬਦ ਵਖਾ ਦੇ ਬੇਟਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੈਂ ਓਸੇ ਨੂੰ ਬਿਨਾ ਸੀਸ ਤੋਂ ਮਸਤਕ ਟੇਕਾ, ਬਿਨਾ ਧੂੜ ਤੋਂ ਧੂੜ ਰਮਾਈਆ । ਜਿਸ ਦਾ ਆਦਿ ਜੁਗਾਦੀ ਇਕੋ ਲੇਖਾ, ਏਕਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਵਡਿਆਈਆ । ਧਰਨੀ ਕਹੇ ਕੋਟਨ ਅਵਤਾਰ ਪੈਗ਼ੰਬਰ ਗੁਰ ਮੇਰੀ ਬਹਿ ਬਹਿ ਝੋਲੀ, ਜਗਤ ਮਾਤਾ ਗੋਦ ਨਾ ਕੋਇ ਵਡਿਆਈਆ । ਆਪਣੀ ਆਪਣੀ ਤੇਰੇ ਨਾਮ ਦੀ ਬੋਲ ਕੇ ਗਏ ਬੋਲੀ, ਸਿਫ਼ਤਾਂ ਵਾਲੇ ਢੋਲੇ ਗਾਈਆ । ਦੀਨ ਮਜ਼੍ਹਬ ਦੀ ਖੇਲ ਕੇ ਗਏ ਹੋਲੀ, ਹੌਲੀ ਹੌਲੀ ਤੇਰੀ ਸੇਵ ਕਮਾਈਆ । ਨਾਮ ਕਲਮੇ ਨਾਲ ਰੰਗ ਕੇ ਗਏ ਚੋਲੀ, ਚੀਥੜ ਤਨ ਵਜੂਦ ਵਡਿਆਈਆ । ਸਤਿ ਧਰਮ ਦੀ ਬਹਿ ਕੇ ਗਏ ਡੋਲੀ, ਚਾਰੇ ਜੁਗ ਕਹਾਰ ਬਣਾਈਆ । ਸਭਨਾ ਤੰਦ ਬੰਨ੍ਹੇ ਮੌਲੀ, ਪੈਗ਼ੰਬਰ ਰਸੂਲ ਦੇਣ ਗਵਾਹੀਆ । ਵਾਅਦੇ ਇਕਰਾਰ ਕੀਤੇ ਕੌਲੀ, ਕਵਲ ਨੈਣ ਤੇਰੀ ਸ਼ਰਨਾਈਆ । ਬਿਨ ਤੇਰੀ ਕਿਰਪਾ ਮੇਰੇ ਉਤੇ ਤੇਰੇ ਨਾਮ ਦੀ ਰੁਤ ਚਾਰ ਕੁੰਟ ਕਦੇ ਨਾ ਮੌਲੀ, ਮੌਲਾ ਰੂਪ ਨਾ ਕੋਇ ਦਰਸਾਈਆ । ਤੇਰੇ ਵਣਜਾਰੇ ਤੇਰੀ ਕੀਮਤ ਪਾ ਗਏ ਟਕਿਆਂ ਨਾਲ ਪੌਲੀ, ਦੀਨ ਦੁਨੀ ਹੱਟ ਵਿਕਾਈਆ । ਅੱਖਰਾਂ ਵਾਲੀ ਸੁਣ ਨਾ ਰੌਲੀ, ਜਗਤ ਜਹਾਨ ਰਿਹਾ ਜਣਾਈਆ । ਤੈਨੂੰ ਖ਼ੁਸ਼ ਕਰਦੇ ਰਹੇ ਨਿਆਜਾਂ ਨਾਲ ਚੌਲੀ, ਚਾਓ ਘਨੇਰਾ ਸਮਝ ਕਿਸੇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰੀ ਨਿਮਸਕਾਰ ਡੰਡਾਵਤ ਬੰਦਨਾ ਮੇਰੇ ਉਤੇ ਇਕੋ ਦਵਾਰਾ ਖੋਲੀ, ਖ਼ਾਲਕ ਖ਼ਲਕ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ

੧੦੪੫
੨੩

ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਅੰਦਰ ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰ ਗਏ ਲੁਕ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਮੈਂ ਸਭ ਨੂੰ ਗੋਦੀ ਬੈਠੀ ਚੁਕ, ਚੁਕੰਨੀ ਹੋ ਕੇ ਸੇਵ ਕਮਾਈਆ । ਸਭ ਦੇ ਅੰਤਰ ਨਿਰੰਤਰ ਤੇਰੇ ਪਿਆਰ ਦੀ ਸੁਣਦੀ ਰਹੀ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਬਣਦੇ ਰਹੇ ਤੇਰੇ ਦੁਲਾਰੇ ਸੁਤ, ਸਤਿ ਸਤਿ ਤੇਰੀ ਸਰਨਾਈਆ । ਆਪਣੀ ਆਪਣੀ ਸੁਹੰਜਣੀ ਕਰਦੇ ਰਹੇ ਰੁਤ, ਰੁਤੜੀ ਤੇਰੇ ਨਾਲ ਮਹਿਕਾਈਆ । ਅੰਤਮ ਖ਼ਾਲੀ ਕਰਦੇ ਕਾਇਆ ਬੁਤ, ਬੁਤਖ਼ਾਨੇ ਗਏ ਤਜਾਈਆ । ਤੇਰੇ ਘਰ ਸੁਹਾ ਕੇ ਅਬਿਨਾਸ਼ੀ ਅਚੁਤ, ਸਚਖੰਡ ਸਾਚੇ ਡੇਰਾ ਲਾਈਆ । ਮੇਰੇ ਅੰਤਰ ਇਕੋ ਦੁੱਖ, ਧਰਨੀ ਰੋ ਰੋ ਰਹੀ ਸੁਣਾਈਆ । ਮੈਨੂੰ ਕਿਸੇ ਨਾ ਦਿਤਾ ਸੁਖ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਮੈਂ ਜਨਣੀ ਸਭ ਦੀ ਮੇਰੀ ਸੁਫ਼ਲ ਕਰਾਈ ਕਿਸੇ ਨਾ ਕੁੱਖ, ਇਕੋ ਨਾਮ ਨਾ ਕੋਇ ਸਮਝਾਈਆ । ਮੈਂ ਵੇਖਦੀ ਰਹੀ ਮਾਨਵ ਮਾਨੁਖ, ਤਤਾਂ ਵਾਲੇ ਖੋਜ ਖੁਜਾਈਆ । ਸਭ ਨੇ ਮੇਰੇ ਉਤੇ ਤੇਰੇ ਨਾਮ ਦੀ ਪਾਈ ਲੁੱਟ, ਲੁਟੇਰਾ ਹੋ ਕੇ ਭੱਜੇ ਵਾਹੋ ਦਾਹੀਆ । ਮੈਨੂੰ ਦਿਤਾ ਕੁੱਟ, ਰੋ ਰੋ ਦਿਆਂ ਸੁਣਾਈਆ । ਕਲਜੁਗ ਅੰਤਮ ਸਾਹਿਬ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤ ਸੁਹੇਲੇ ਮੇਰੇ ਉਤੋਂ ਕੋਟਾਂ ਵਿਚੋਂ ਇਕ ਮੁਠ, ਨਵ ਸੱਤ ਨਜ਼ਰੀ ਆਈਆ । ਉਨ੍ਹਾਂ ਕਰ ਸੁਹੰਜਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸੰਤ ਸਾਜਣਾ ਆਪੇ ਪੁਛ, ਦੂਰ ਦੁਰਾਡਾ ਆਪਣਾ ਧਿਆਨ ਲਗਾਈਆ ।

### ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਗਵਾਲੀਅਰ ਅਜਮੇਰ ਸਿੰਘ ਦੇ ਗ੍ਰਿਹ ਮਾਤਾ ਗੰਜੀ ਮਿਲਟਰੀ ਡੇਰੀ ਫ਼ਾਰਮ ✪

ਧਰਨੀ ਕਹੇ ਮੇਰੇ ਭਗਵਾਨ, ਧੁਰ ਦੇ ਰਾਮ ਤੇਰੀ ਸਰਨਾਈਆ । ਸਚਖੰਡ ਨਿਵਾਸੀ ਅਗੰਮੀ ਕਾਹਨ, ਮਿਹਰਵਾਨ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਨਿਗਾਹਬਾਨ, ਸਤਿਜੁਗ ਤਰੇਤਾ ਦੁਆਪਰ ਵੇਖ ਵਖਾਈਆ । ਕਲਜੁਗ ਅੰਤਮ ਮਾਰ ਧਿਆਨ, ਚਾਰੋਂ ਕੁੰਟ ਅੰਧੇਰਾ ਛਾਈਆ । ਸਤਿ ਧਰਮ ਨਾ ਰਿਹਾ ਨਿਸ਼ਾਨ, ਕੂੜ ਕੁਕਰਮ ਜਗਤ ਹਲਕਾਈਆ । ਜੀਵ ਜੰਤ ਸਰਬ ਕੁਰਲਾਣ, ਦੁਖੀਆਂ ਦਰਦ ਨਾ ਕੋਇ ਮਿਟਾਈਆ । ਆਤਮ ਬ੍ਰਹਮ ਮਿਲੇ ਨਾ ਕਿਸੇ ਗਿਆਨ, ਮਨਸਾ ਮਨ ਨਾ ਕੋਇ ਬੁਝਾਈਆ । ਮੇਰੀ ਅੰਤਰ ਦ੍ਰਿਸ਼ਟੀ ਹੋਈ ਹੈਰਾਨ, ਹੈਰਤ ਵਿਚ ਸੁਣਾਈਆ । ਪਿਆਰ ਰਿਹਾ ਨਾ ਕਿਸੇ ਵਿਚ ਇਨਸਾਨ, ਪਿਤਾ ਪੂਤ ਨਾ ਕੋਇ ਵਡਿਆਈਆ । ਸ਼ਰੀਅਤ ਫਿਰੇ ਸ਼ੈਤਾਨ, ਮਾਇਆ ਮਮਤਾ ਨਾਲ ਹਲਕਾਈਆ । ਆਤਮ ਪਰਮਾਤਮ ਗਾਏ ਕੋਇ ਨਾ ਗਾਣ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਤੇਰੇ ਚਰਨ ਕਵਲ ਕਰੇ ਨਾ ਕੋਇ ਧਿਆਨ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਧਰਨੀ ਕਹੇ ਪ੍ਰਭੂ ਮੇਰਾ ਰਿਹਾ ਕੋਇ ਨਾ ਮਾਣ, ਨਿਮਾਣੀ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ੍ਰੀ ਭਗਵਾਨ ਤੇਰੀ ਸਰਨਾਈਆ । ਧਰਨੀ ਕਹੇ ਸ੍ਰੀ ਭਗਵਾਨ ਮੇਰੇ ਮੀਤਾ, ਪਾਰਬ੍ਰਹਮ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਵੇਖ ਲੈ ਰੀਤਾ, ਸਤਿ ਵਿਚ ਨਾ ਕੋਇ ਸਮਾਈਆ । ਫਿਰੀ ਦਰੋਹੀ ਮੰਦਰ ਮਸੀਤਾ, ਝਗੜਿਆਂ ਵਿਚ

੧੦੪੭ ੨੩

ਲੋਕਾਈਆ । ਭੇਵ ਪਾਏ ਨਾ ਕੋਇ ਅਠਾਰਾਂ ਧਿਆਏ ਗੀਤਾ, ਕ੍ਰਿਸ਼ਨ ਕਾਹਨ ਕਾਹਨ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਮਾਰ ਚੀਕਾ, ਉਚੀ ਕੂਕ ਸੁਣਾਈਆ । ਕੂੜ ਮਿਟੇ ਨਾ ਅੰਧੇਰ ਤਾਰੀਕਾ, ਸਚ ਨੂਰ ਨਾ ਕੋਇ ਰੁਸ਼ਨਾਈਆ । ਜ਼ਾਤ ਪਾਤ ਬਣੇ ਸ਼ਰੀਕਾ, ਆਤਮ ਬ੍ਰਹਮ ਨਾ ਕੋਇ ਸਮਝਾਈਆ । ਆਤਮ ਰਸ ਮਿਲੇ ਕਿਸੇ ਨਾ ਮੀਠਾ, ਰਸਨਾ ਰਸ ਜਗਤ ਹਲਕਾਈਆ । ਕਿਰਪਾ ਕਰ ਸਵਾਮੀ ਸਾਹਿਬ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਸਤਿ ਸਤਿਵਾਦੀ ਸਭ ਦਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਦੀਨ ਦੁਨੀ ਕਰ ਪਤਤ ਪੁਨੀਤਾ, ਪਤਤ ਪਾਵਨ ਤੇਰੇ ਹੱਥ ਵਡਿਆਈਆ । ਤੇਰਾ ਇਕੋ ਨਾਮ ਹੋਵੇ ਹਦੀਸਾ, ਇਕੋ ਕਲਮਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਆਪਣੀ ਦੁਨੀਆ ਵੇਖ ਲੈ ਦੁਖੀ, ਦੁਖਾਂ ਭਰੀ ਲੋਕਾਈਆ । ਮਾਨਸ ਦਿਸੇ ਕੋਇ ਨਾ ਸੁਖੀ, ਸੁਖ ਵਿਚ ਨ ਕੋਇ ਸਮਾਈਆ । ਜਗਤ ਤ੍ਰਿਸ਼ਨਾ ਕੀਤਾ ਭੁੱਖੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਸੋਈ ਸੁਰਤ ਕਿਸੇ ਨਾ ਉਠੀ, ਸ਼ਬਦੀ ਲਏ ਨਾ ਕੋਇ ਅੰਗੜਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਆਪੇ ਤੁਠੀਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਚਾਰੋਂ ਕੁੰਟ ਜਾਂਦੀ ਲੁੱਟੀ, ਲੁਟੇਰਾ ਬਣਿਆ ਕਲਜੁਗ ਰਾਹੀਆ । ਸਤਿ ਧਰਮ ਦੀ ਮੇਰੇ ਅੰਦਰ ਆਈ ਤਰੁਟੀ, ਤ੍ਰੈਗੁਣ ਨਾਤਾ ਸਕੇ ਨਾ ਕੋਇ ਤੁੜਾਈਆ । ਆਤਮ ਪਰਮਾਤਮ ਪ੍ਰੀਤ ਸਭ ਦੀ ਟੁੱਟੀ, ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਜਗਤ ਕੂੜ ਕੁੜਿਆਰ ਮੈਨੂੰ ਰਿਹਾ ਕੁੱਠੀ, ਸਿਰ ਮੇਰੇ ਹੱਥ ਦੇਣਾ ਟਿਕਾਈਆ । ਮੇਰੀ ਸੁਹੰਜਣੀ ਕਰ ਦੇ ਰੁੱਤੀ, ਰੁੱਤ ਆਪਣੇ ਨਾਲ ਮਹਿਕਾਈਆ । ਭੇਵ ਖੁਲਾ ਦੇ ਕਾਇਆ ਬੁਤੀ, ਪੰਜ ਤਤ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੱਕ ਲੈ ਹਾਹਾਕਾਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਦੀਨ ਮਜ਼੍ਹਬ ਹੋਏ ਲਾਚਾਰ, ਹਿੰਦੂ ਮੁਸਲਿਮ ਸਿੱਖ ਈਸਾਈ ਮੀਤ ਨਾ ਕੋਇ ਬਣਾਈਆ । ਦੀਨਾਂ ਮਜ਼੍ਹਬਾਂ ਵਧੀ ਖਾਰ, ਖਾਰ ਝਗੜਾ ਤੇਰਾ ਨਾਮ ਕਲਮਾ ਨਜ਼ਰੀ ਆਈਆ । ਕਿਰਪਾ ਕਰ ਦੇ ਸਾਂਝੇ ਯਾਰ, ਸਾਹਿਬ ਸੁਲਤਾਨ ਤੇਰੀ ਓਟ ਤਕਾਈਆ । ਮੈਂ ਬਿਰਹੋਂ ਵਿਚ ਰੋਂਦੀ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਤੂੰ ਦੁਖੀਆਂ ਦਾ ਦਿਲਦਾਰ, ਦਰਦੀਆਂ ਦਰਦ ਵੰਡਾਈਆ । ਚਾਰੋਂ ਕੁੰਟ ਮੇਰੇ ਉਤੇ ਧੁੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਤੂੰ ਮਿਹਰਵਾਨ ਹੋ ਕੇ ਪਾਵੀਂ ਸਾਰ, ਮਹਾਸਾਰਥੀ ਤੇਰੀ ਆਸ ਰਖਾਈਆ । ਕਲਜੁਗ ਕੂੜੀ ਕਿਰਿਆ ਦੇ ਨਿਵਾਰ, ਮਾਇਆ ਮਮਤਾ ਮੋਹ ਮਿਟਾਈਆ । ਹਰ ਘਟ ਅੰਦਰ ਆਪਣਾ ਨੂਰ ਜੋਤ ਕਰ ਉਜਿਆਰ, ਉਜਾਲਾ ਦੇਣਾ ਥਾਉਂ ਥਾਈਂਆ । ਤਖ਼ਤ ਨਿਵਾਸੀ ਮੇਰੇ ਸ਼ਹਿਨਸ਼ਾਹ ਸਿਕਦਾਰ, ਸ਼ਾਹੋ ਭੂਪ ਤੇਰੀ ਓਟ ਤਕਾਈਆ । ਮੈਂ ਤੇਰੀ ਚਰਨ ਧੂੜੀ ਬਣ ਕੇ ਛਾਰ, ਮਸਤਕ ਅਗੰਮੇ ਖ਼ਾਕ ਰਮਾਈਆ । ਖ਼ਾਦਮ ਹੋ ਕੇ ਬਣਾ ਖ਼ਿਦਮਤਗਾਰ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਨਰ ਨਿਰੰਕਾਰ, ਨਰ ਨਰਾਇਣ ਤੇਰੇ ਹੱਥ ਵਡਿਆਈਆ । ਮੈਂ ਦਸਤ ਬਦਸਤ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਮੇਰੇ ਉਤੇ ਕਿਰਪਾ ਕਰ ਕਰਨਹਾਰ ਕਰਤਾਰ, ਕਰਨਯੋਗ ਤੇਰੀ ਸਰਨਾਈਆ । ਦੀਨ ਦੁਨੀ ਦਰਦ ਦੁੱਖ ਨਿਵਾਰ, ਘਰ ਘਰ ਦੇਣਾ ਰਿਜ਼ਕ ਸਬਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰ, ਸਹਾਇਕ ਨਜ਼ਰ ਕੋਇ ਨਾ ਆਈਆ ।

## ✪ ੧੮ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਭੂਪਾਲ ਇਬਰਾਹੀਮ ਗੰਜ ਮੰਗਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਆਪਣੇ ਮਾਨਸ ਵੇਖ ਉਲਟੇ ਰੁੱਖ ਮਨੁਖ, ਪਰਦਾ ਆਪ ਉਠਾਈਆ । ਅੰਤਰ ਆਤਮ ਪਰਮਾਤਮ ਮਿਲੇ ਕੋਇ ਨਾ ਸੁਖ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜਗਤ ਤ੍ਰਿਸ਼ਨਾ ਕੂੜ ਕੁੜਿਆਰ ਬੁਝੇ ਕਿਸੇ ਨਾ ਭੁੱਖ, ਮਾਇਆ ਮਮਤਾ ਮੋਹ ਹਲਕਾਈਆ । ਚਾਰ ਵਰਨ ਅਠਾਰਾਂ ਬਰਨ ਭਰੇ ਦੁੱਖ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਸੁਫ਼ਲ ਹੋਏ ਕੋਇ ਨਾ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਆਪਣੀ ਧਾਰੋਂ ਉਠ, ਨਿਰਗੁਣ ਨਿਰਵੈਰ ਲੈ ਅੰਗੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਸ਼ਕਰਨ ਵਿਚ ਤੁਠ, ਤਨ ਵਜੂਦ ਮਹਿਬੂਬ ਕਰ ਸਫ਼ਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜ ਕੁੜਿਆਰ ਪਾਈ ਲੁੱਟ, ਲੁਟੇਰਾ ਕਲਜੁਗ ਲੁੱਟੇ ਵਾਹੋ ਦਾਹੀਆ । ਸਚ ਪ੍ਰੀਤੀ ਸ਼ਾਹੋ ਭੂਪ ਤੇਰੀ ਗਈ ਟੁਟ, ਟੁੱਟੀ ਗੰਢ ਨਾ ਕੋਇ ਪਵਾਈਆ । ਨਿਰੰਤਰ ਲਿਵ ਗਈ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਅਪਰਾਧੀ ਮੇਰੇ ਹੋਏ ਸੁਤ, ਸੁਤ ਦੁਲਾਰੇ ਆਪਣੇ ਲਏ ਬਣਾਈਆ । ਤੇਰੇ ਮਾਰਗ ਗਏ ਘੁਥ, ਓਝੜ ਰਾਹ ਦਿਸੇ ਲੋਕਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਅਵਤਾਰ ਪੈਗ਼ੰਬਰ ਗੁਰੂਆਂ ਕੋਲੋਂ ਪੁਛ, ਜੋਤ ਧਾਰ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੇਰੀ ਦੀਨ ਦੁਨੀ ਹੋਈ ਨਿਗੁਰੀ, ਸਤਿਗੁਰ ਸ਼ਬਦ ਨਾ ਕੋਇ ਮਨਾਈਆ । ਮਨ ਵਾਸ਼ਨਾ ਸਭ ਦੀ ਹੋਈ ਬੁਰੀ, ਕਲਪਣਾ ਕੂੜ ਵਿਚ ਹਲਕਾਈਆ । ਦੀਨ ਮਜ਼੍ਹਬ ਸ਼ਰਅ ਬਣੀ ਛੁਰੀ, ਸ਼ਰੀਅਤ ਜ਼ਿਬਹ ਕਰੇ ਖ਼ਲਕ ਖ਼ੁਦਾਈਆ । ਕਿਸੇ ਮੰਜ਼ਲ ਨਾ ਮਿਲੇ ਤੇਰੀ ਤੁਰੀ, ਤੁਰੀਆ ਪਦ ਨਾ ਕੋਇ ਸਮਝਾਈਆ । ਮਾਨਵ ਜ਼ਾਤੀ ਮੇਰੇ ਉਤੇ ਜਾਂਦੀ ਰੁੜੀ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਸਚ ਸੁਹਾਗਣ ਆਤਮ ਧਾਰ ਦਿਸੇ ਕੋਇ ਨਾ ਕੁੜੀ, ਧੁਰ ਦਾ ਕੰਤ ਸ੍ਰੀ ਭਗਵੰਤ ਨਾ ਕੋਇ ਹੰਢਾਈਆ । ਪਾਰਬ੍ਰਹਮ ਬ੍ਰਹਮ ਦਿਸੇ ਕਿਸੇ ਨਾ ਜੁੜੀ, ਜੋੜੀ ਦੋ ਜਹਾਨ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਆਪਣੀ ਵੇਖ ਲੈ ਮਾਨਵ ਜ਼ਾਤੀ, ਮਾਨਸ ਮਾਨਵ ਧਿਆਨ ਲਗਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਸਤਿ ਦੀ ਦਿਸੇ ਨਾ ਕੋਈ ਪ੍ਰਭਾਤੀ, ਪ੍ਰਭੂ ਤੇਰਾ ਦਰਸ ਕੋਇ ਨਾ ਪਾਈਆ । ਝਗੜਾ ਤੱਕ ਲੈ ਜ਼ਾਤ ਪਾਤੀ, ਦੀਨ ਮਜ਼੍ਹਬ ਕਰੇ ਲੜਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਸਚ ਦਵਾਰੇ ਏਕੰਕਾਰ ਤੈਨੂੰ ਮਿਲਣ ਕੋਇ ਨਾ ਆਈਆ । ਦਹਿ ਦਿਸ਼ਾ ਕਲਜੁਗ ਕੂੜ ਕੁੜਿਆਰ ਖੋਲੀ ਹਾਟੀ, ਵਣਜ ਵਪਾਰ ਮਾਇਆ ਮਮਤਾ ਰਿਹਾ ਕਰਾਈਆ । ਮਾਣ ਰਿਹਾ ਨਾ ਤੀਰਥ ਤਾਟੀ, ਅੱਠ ਸੱਠ ਗੰਗਾ ਗੋਦਾਰਵੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਤੇਰੇ ਨਾਮ ਸ਼ਬਦ ਦਾ ਬਿਨ ਰਸਨਾ ਜਿਹਵਾ ਬੱਤੀ ਦੰਦ ਦਿਸੇ ਕੋਇ ਨਾ ਪਾਠੀ, ਅਜਪਾ

ਜਾਪ ਵਿਚ ਨਾ ਕੋਇ ਸਮਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਮੇਰੀ ਮੰਨ ਲੈ ਆਖੀ, ਬਿਨ ਅੱਖਰਾਂ ਰਹੀ ਸੁਣਾਈਆ । ਸਦੀ ਚੌਧਵੀਂ ਅੰਤ ਕੰਤ ਭਗਵੰਤ ਮੇਰੀ ਕਰ ਰਾਖੀ, ਸੰਗ ਮੁਹੰਮਦ ਚਾਰ ਯਾਰ ਲੇਖਾ ਪੂਰ ਕਰਾਈਆ । ਮੈਂ ਦਰ ਦਰਵੇਸ਼ਣ ਸਦਾ ਸਦਾ ਤੇਰੀ ਦਾਸੀ, ਦਾਸੀ ਦਾਸ ਸੇਵ ਕਮਾਈਆ । ਵੇਲਾ ਯਾਦ ਕਰ ਲੈ ਜਿਸ ਵੇਲੇ ਮਸੀਹ ਨੂੰ ਅੰਤਮ ਮਿਲੀ ਫਾਸੀ, ਸਲੀਵ ਗਲ ਵਿਚ ਲਟਕਾਈਆ । ਜਿਨ ਖ਼ੁਸ਼ੀਆਂ ਨਾਲ ਕੀਤੀ ਹਾਸੀ, ਹਸਤੀ ਤੱਕ ਅਗੰਮ ਅਥਾਹੀਆ । ਬਿਨ ਕਲਮ ਸਿਆਹੀ ਤੋਂ ਲਿਖੀ ਪਾਤੀ, ਪਤਰਕਾ ਤੇਰੇ ਵਿਚੋਂ ਪ੍ਰਗਟਾਈਆ । ਜਿਸ ਵੇਲੇ ਮੇਰੀ ਬੀਸਵੀਂ ਸਦੀ ਦਾ ਅੰਤਮ ਹੋਇਆ ਖੇਲ ਤਮਾਸ਼ੀ, ਤਮਅ ਵਿਚ ਹੋਵੇ ਜਗਤ ਲੋਕਾਈਆ । ਤਨ ਵਜੂਦ ਮਾਟੀ ਖ਼ਾਕ ਕਰਨ ਬਦਮਾਸੀ, ਬਦੀ ਦਾ ਲੇਖਾ ਸਕੇ ਨਾ ਕੋਇ ਮੁਕਾਈਆ । ਉਸ ਵੇਲੇ ਮੇਰਾ ਬਾਪ ਜੋਤ ਧਾਰ ਅਗੰਮਾ ਆਸੀ, ਇਸਮ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਆਪਣੀ ਵੇਖ ਲੈ ਕਾਇਨਾਤ, ਕਲਮੇ ਵਾਲਿਆ ਧਿਆਨ ਲਗਾਈਆ । ਬਾਤਨ ਤੇਰੀ ਸਮਝੇ ਕੋਇ ਨਾ ਬਾਤ, ਬੇਵਤਨ ਹੋਈ ਲੋਕਾਈਆ । ਨਿਗਾਹ ਮਾਰ ਲੈ ਇਤਫ਼ਾਕੀਆ ਇਤਫ਼ਾਕ, ਬਿਨ ਨੈਣਾਂ ਨੈਣ ਉਠਾਈਆ । ਆਪਣਾ ਲੇਖਾ ਵੇਖ ਲੈ ਜੋ ਲਿਖਿਆ ਬਿਨ ਕਲਮ ਦਵਾਤ, ਕਾਗ਼ਜ਼ ਸਿਆਹੀ ਨਜ਼ਰ ਕੋਇ ਨਾ ਆਈਆ । ਜੋ ਇਸ਼ਾਰਾ ਦਿਤਾ ਮੂਸਾ ਕੋਹਤੂਰ ਉਤੇ ਆਪ, ਨੂਰ ਜ਼ਹੂਰ ਦ੍ਰਿੜਾਈਆ । ਨਿਰਗੁਣ ਧਾਰ ਜੋਤੀ ਜਾਤਾ ਅਗੰਮਾ ਆਏ ਤੇਰਾ ਬਾਪ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹ ਪ੍ਰਗਟ ਹੋ ਕੇ ਜਲਵਾ ਦੇਵੇ ਸਾਖਿਆਤ, ਸਖ਼ੀ ਸਰਵਰ ਜਿਸ ਨੂੰ ਸੀਸ ਝੁਕਾਈਆ । ਉਹਦਾ ਨੂਰ ਜ਼ਹੂਰ ਹੋਏ ਆਪਣੀ ਆਪ ਮਹਿਰਾਬ, ਮਹਿਬੂਬ ਆਪਣਾ ਆਪ ਪ੍ਰਗਟਾਈਆ । ਜਗਤ ਜਹਾਨ ਕਰੇ ਖ਼ਤਾਬ, ਮੁਖ਼ਾਤਬ ਹੋ ਕੇ ਦਏ ਸੁਣਾਈਆ । ਤੇਰੇ ਲੇਖੇ ਲਾਏ ਆਬੇ ਹਯਾਤ, ਬੇਆਬ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਵੇਖ ਲੈ ਆਪਣੀ ਦੁਨੀਆ ਖ਼ਾਕੀ, ਖ਼ਾਕ ਛਾਰ ਦਿਸੇ ਲੋਕਾਈਆ । ਮਨੂਆ ਸਭ ਦਾ ਹੋਇਆ ਆਕੀ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਬਜਰ ਕਪਾਟੀ ਖੁਲ੍ਹੇ ਕਿਸੇ ਨਾ ਤਾਕੀ, ਨਵ ਦਵਾਰੇ ਪੰਧ ਨਾ ਕੋਇ ਮੁਕਾਈਆ । ਸ਼ਬਦ ਨਾਦ ਸੁਣਾਏ ਨਾ ਕੋਇ ਅਨਾਦੀ, ਅਨਹਦ ਰਾਗ ਨਾ ਕੋਇ ਵਡਿਆਈਆ । ਨਿਰਗੁਣ ਨੂਰ ਜੋਤ ਨਾ ਹੋਏ ਪ੍ਰਕਾਸ਼ੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਧਰਨੀ ਕਹੇ ਮੇਰੇ ਸਾਹਿਬ ਪੁਰਖ ਅਬਿਨਾਸ਼ੀ, ਕੀ ਤੇਰੀ ਬੇਪਰਵਾਹੀਆ । ਮੇਰੀ ਹੰਝੂਆਂ ਨਾਲ ਨਿਕਲਦੀ ਹਾਸੀ, ਹਸਤੀ ਤੱਕਾਂ ਅਗੰਮ ਅਥਾਹੀਆ । ਸਦੀ ਚੌਧਵੀਂ ਕਲਜੁਗ ਅੰਤ ਕਵਣ ਪੁਛੇ ਮੇਰੀ ਵਾਤੀ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਸੁਣ ਧਰਨੀ ਧਰਤ, ਧਵਲ ਦਿਆਂ ਜਣਾਈਆ । ਮੈਂ ਸਭ ਦੀ ਪੂਰੀ ਕਰਾਂ ਸ਼ਰਤ, ਸ਼ਰੀਅਤ ਤੋਂ ਬਾਹਰ ਸ਼ਰਅ ਇਕ ਸਮਝਾਈਆ । ਨਿਰਗੁਣ ਧਾਰ ਨਿਰਵੈਰ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਆਪਣਾ ਰੂਪ ਬਦਲਾਈਆ । ਲੇਖਾ ਜਾਣਾ ਫ਼ਰਸ਼ ਅਰਸ਼, ਦੋ ਜਹਾਨਾਂ ਖੋਜ ਖੁਜਾਈਆ । ਤੇਰੇ ਉਤੇ ਕਰਾਂ ਤਰਸ, ਰਹਿਮਤ ਆਪਣੀ ਹਕ ਕਮਾਈਆ । ਧੁਰ ਦੇ ਨਾਮ ਦਾ ਮੇਘ ਦੇਵਾਂ ਬਰਸ, ਨੌ ਖੰਡ ਪ੍ਰਿਥਮੀ ਸੱਤ ਦੀਪ ਅਗਨੀ ਦਿਆਂ ਬੁਝਾਈਆ । ਯੋਧਾ ਸੂਰਬੀਰ ਬਣ ਮਰਦਾਨਾ ਮਰਦ, ਮੱਦਦ


੧੦੪੯
੨੩

ਕਰਾਂ ਥਾਉਂ ਥਾਈਂਆ । ਕਾਤਲ ਮਕਤੂਲ ਦਾ ਲੇਖਾ ਰਹਿਣ ਨਾ ਦੇਵਾਂ ਛੁਰੀ ਕਰਦ, ਕਤਲਗਾਹ ਦਾ ਡੇਰਾ ਢਾਹੀਆ । ਤੇਰੀ ਮਨਜ਼ੂਰ ਕਰਾਂ ਅਰਜ਼, ਆਰਜ਼ੂ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਈਆ । ਧਰਨੀ ਤੇਰੀ ਅਰਜ਼ ਬੇਨੰਤੀ ਕਰਾਂ ਮਨਜ਼ੂਰ, ਸਚਖੰਡ ਦਵਾਰੇ ਲੇਖੇ ਪਾਈਆ । ਦਰਸ਼ਨ ਦੇਵਾਂ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਬਾਹਰ ਦਿਆਂ ਸਮਝਾਈਆ । ਇਕੋ ਜੋਤ ਦਾ ਕਰ ਕੇ ਨੂਰ, ਨੂਰ ਨੁਰਾਨਾ ਦੋ ਜਹਾਨਾਂ ਉਜਾਲਾ ਇਕ ਵਖਾਈਆ । ਦੀਨ ਦੁਨੀ ਦਾ ਬਖ਼ਸ਼ ਦੇਵਾਂ ਕਸੂਰ, ਮਿਹਰਵਾਨ ਹੋ ਕੇ ਮਿਹਰ ਨਜ਼ਰ ਨਾਲ ਤਰਾਈਆ । ਤੇਰਾ ਪੰਧ ਰਿਹਾ ਨਾ ਦੂਰ, ਸਦੀ ਚੌਧਵੀਂ ਅੰਤਮ ਭੱਜੇ ਵਾਹੋ ਦਾਹੀਆ । ਤੇਰਾ ਲੇਖਾ ਮੁਕੇ ਕੂੜੋ ਕੂੜ, ਕੂੜ ਕੁੜਿਆਰ ਦਾ ਡੇਰਾ ਢਾਹੀਆ ਚਤੁਰ ਸੁਘੜ ਬਣਾਵਾਂ ਮੂਰਖ ਮੂੜ੍ਹ, ਮੁੱਦਤਾਂ ਦੇ ਵਿਛੜੇ ਲਵਾਂ ਮਿਲਾਈਆ । ਜੁਗ ਬਦਲਣਾ ਆਦਿ ਜੁਗਾਦੀ ਮੇਰਾ ਦਸਤੂਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਬੇਪ੍ਰਵਾਹ, ਤੇਰੀ ਬੇਪਰਵਾਹੀ ਵਿਚ ਸਮਾਈਆ । ਸੋ ਪੁਰਖ ਨਿਰੰਜਣ ਨਿਰਗੁਣ ਧਾਰ ਜਾਣਾ ਆ, ਹਰਿ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਏਕੰਕਾਰ ਬਣਨਾ ਮਲਾਹ, ਆਦਿ ਨਿਰੰਜਣ ਏਕਾ ਨੂਰ ਜੋਤ ਦੇਣਾ ਚਮਕਾਈਆ । ਅਬਿਨਾਸ਼ੀ ਕਰਤੇ ਕਰਨੀ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਈਆ । ਸ੍ਰੀ ਭਗਵਾਨ ਪਕੜੀਂ ਬਾਂਹ, ਤੁਧ ਬਿਨ ਦੂਜੀ ਓਟ ਨਾ ਕੋਇ ਤਕਾਈਆ । ਪਾਰਬ੍ਰਹਮ ਮੇਰਾ ਲਹਿਣਾ ਦੇਣਾ ਦੇਣਾ ਮੁਕਾ, ਲੇਖਾ ਅਵਰ ਰਹੇ ਨਾ ਰਾਈਆ । ਸਤਿਗੁਰ ਸ਼ਬਦ ਪ੍ਰਗਟ ਕਰਨਾ ਦੋ ਜਹਾਂ, ਚੌਦਾਂ ਲੋਕ ਚੌਦਾਂ ਤਬਕ ਜਿਸ ਨੂੰ ਸੀਸ ਨਿਵਾਈਆ । ਅਵਤਾਰ ਪੈਗੰਬਰ ਗੁਰੂ ਜਿਸ ਦਾ ਜੁਗ ਚੌਕੜੀ ਨਿਸ਼ਾਂ, ਸੋ ਨਿਸ਼ਾਨਾ ਆਪਣਾ ਦੇ ਝੁਲਾਈਆ । ਕਲਜੁਗ ਜੀਵਾਂ ਹੰਸ ਬੁਧੀ ਬਣਾ ਦੇ ਕਾਂ, ਕਾਗੋਂ ਹੰਸ ਉਡਾਈਆ । ਝਗੜਾ ਮਿਟਾ ਕੇ ਸੂਰ ਗਾਂ, ਏਕਾ ਰੰਗ ਦੇ ਰੰਗਾਈਆ । ਨਿਥਾਵਿਆਂ ਦੇ ਕੇ ਆਤਮ ਪਰਮਾਤਮ ਸਾਚਾ ਥਾਂ, ਥਾਨ ਥਨੰਤਰ ਇਕ ਵਖਾਈਆ । ਮੇਰਾ ਨਗਰ ਖੇੜਾ ਵਸੇ ਗਰਾਂ, ਨਵ ਸੱਤ ਵੱਜੇ ਵਧਾਈਆ । ਮੈਂ ਫਿਰਾਂ ਨਾਲ ਚਾਅ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਹਰ ਹਿਰਦੇ ਵਿਚ ਪੁਰਖ ਅਕਾਲ ਇਕੋ ਤੇਰਾ ਨਿਕਲੇ ਨਾਂ, ਨਾਉਂ ਨਿਰੰਕਾਰ ਸਾਰੇ ਗਾਈਆ । ਮੈਂ ਖ਼ੁਸ਼ੀਆਂ ਵਿਚ ਕਰਾਂ ਵਾਹੋ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਤੂੰ ਹੀ ਰਾਮ ਰਹੀਮ ਰਹਿਨੁਮਾ ਮੇਰਾ ਇਕ ਅਲਾਹ, ਅੱਲਾ ਹੂ ਅੱਨਾ ਹੂ ਕਹਿ ਕੇ ਤੈਨੂੰ ਸੀਸ ਨਿਵਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲਵਾਂ ਗਾ, ਗੀਤ ਗੋਬਿੰਦ ਤੇਰਾ ਗਾਵਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਕਵਲ ਚਰਨ ਏਕਾ ਰੰਗ ਦੇਣਾ ਰੰਗਾ, ਕੂੜੀ ਰੰਗਤ ਰਹਿਣ ਕੋਇ ਨਾ ਪਾਈਆ ।



### ✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਇਟਾਰਸੀ ਭਗਤ ਸਿੰਘ ਦੇ ਗ੍ਰਿਹ ਪਹੁੰਚਦਿਆਂ ਹੀ ✪

ਚਸ਼ਮੇ ਜਵਾ ਨੂਰੇ ਅਲਾਹੀ ਜ਼ਵਲੀਉਲ ਅਜ਼ਮਾ ਵਕਨੂਜ਼ੇ ਨਜ਼ਾ ਬੇ ਅਜ਼ਵੀ ਉਹਿਨਜ਼ਾ ਵਜ਼ਊਲ ਦਿਜ਼ੇ ਮਜ਼ਾ ਚਿਸਤੇ ਚਵੂਲ ਅਜ਼ਮੋ ਨਜ਼ਾ ਜ਼ਮੀਉਤ

ਖ਼ੁਦਾ ਦਸਤੇ ਬਜ਼ ਹੀ ਅਸਤੇ ਰਜ਼ਹੀ ਕੁਨਿੰਦੇ ਕੁਨਾਹਅ ਮੁਹੰਮਦੇ ਦੁਆ ਅਰਸ਼ੇ ਰਹਿਨੁਮਾ ਜ਼ਕੂ ਉਮਜ਼ਵੀ ਤੁਆਰਫ ਤਵਜ਼ੀ ਕਾਨਿਸਤੋ ਗਜ਼ਮ ਵਹੀਦੇ ਦਿਤੇ ਤੇ ਅਨਜ਼ਵਾ ਤੁਮਿਜ਼ਵੀ ਸਰੀਕੋਲਜ਼ਵਾ ਤਵਸੇ ਨਦਾ ਮਿਹਰਵਾਨੇ ਮਿਹਰਵਾਂ ਮਹਿਬੂਬ ਨੂਰ ਅਲਾਹੀਆ । ਦਸਤੇ ਬਜੀ ਨੂਰੇ ਜ਼ਬੀ ਅਰਸ਼ੇ ਮਜ਼ੀ ਕਵਸਤ ਅਬਹਲਜ਼ੂ ਜ਼ਮੀਅਤੇ ਨਜ਼ੀਅਤੇ ਕਸਮਮ ਮਜ਼ਲਾ ਨਿਸਸਤੇ ਦੋ ਜਹਾਂ ਫ਼ਰਸ਼ੇ ਜ਼ਮਾਂ ਕੁਦਰਤੇ ਕਾਦਰ ਕਾਦਰੇ ਕਰੀਮ ਰਹਿਮਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਗੋਬਿੰਦੇ ਤਰਜ਼ੀ ਨਾਨਕੇ ਅਰਜ਼ੀ ਮੁਹੰਮਦੇ ਤਵਜ਼ੀ ਮੂਸਾਏ ਕੁਲਜ਼ੀ ਈਸਾਏ ਮਜ਼ਹੂ ਕਿਸਨਾਏ ਕੁਨਤ ਰਾਮਾਏ ਬਜ਼ਤ ਗੋਸ਼ੇ ਗ਼ਮਾਂ ਨੂਰੇ ਜਹਾਂ ਅਮਾਮੇ ਅਮਾਂ ਰਹਿਨੁਮਾਏ ਖ਼ੁਦਾ ਅਜ਼ਮਤੋ ਅਜ਼ਾ ਕਸਮਤੋ ਗ਼ਜ਼ਾ, ਅਜ਼ਹਿਬ ਵੇ ਮਹਿਬੂਬ ਅਤੁਲ ਹੇ ਨਜ਼ੀਹ ਕੋਫੇ ਕਿਸਾ ਅਰਸ਼ੇ ਜ਼ਮਾ ਫ਼ਰਸ਼ੇ ਤਮਾਮ ਤਬਕੇ ਦਵਾ ਸਬਕੇ ਅਦਾ ਕਲਮਾ ਕਵਿਤ ਰਸੂਲੇ ਹਜ਼ਿਤ ਨੂਰੇ ਚਸ਼ਿਤ ਮਦੀਉਲ ਮੁਦਾ ਸ਼ਫ਼ੀਉਲ ਸ਼ਫ਼ਾ ਕੋਜ਼ਾਨੇ ਕਮੂ ਦੋ ਜਹਾਨੇ ਮਵੂ ਖ਼ਾਕੇ ਤਾਕੇ ਅਜ਼ਵਾ ਪੈਗ਼ੰਬਰ ਪਵੀ ਅਵਤਾਰੇ ਤਜ਼ੀ ਗੁਰਦੇਵਾ ਸ਼ਵੀ ਨੂਰੇ ਅਲਸ ਸ਼ਾਹੋ ਸ਼ਵਸ ਪਸਤੇ ਪਵਿਦ ਗੁਨਿਸਤੇ ਗੁਜ਼ਿਦ ਅਲੀਅਲਏ ਅਲਹੂ ਮੁਕਜ਼ਿਦਾ ਮਤਲੂ ਤੋਬਾਏ ਤਰਜ਼ੀ ਇਸਮਾਏ ਰੱਬੀ ਚਸ਼ਮਾਏ ਨਸ਼ਿਦ ਨੌਜ਼ਾਨੇ ਜ਼ਵਿਦ ਚਾਰ ਯਾਰੀ ਕੁਨਿੰਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਸਮਾਨੇ ਚਸ਼ਮ ਚਸ਼ਮੇ ਦੀਦ ਦੀਦੇ ਦਵਿਸ਼ਤ ਦਵਿਸ਼ਤੇ ਮਜ਼ੂ ਮਜ਼ੂਏ ਅਵਾ ਮੁਹੰਮਦੇ ਅਜ਼ਾ ਰਸੂਲੇ ਦੁਆ ਕਬੂਲੇ ਖ਼ੁਦਾ ਰਹਿਮਤੇ ਰਹਿਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪਣੇ ਹੱਥ ਰਖਾਈਆ । ਨੀਲੀ ਧਾਰ ਕਹੇ ਮੇਰੇ ਸਾਹਿਬ ਦੀ ਪੁਠੀ ਹੋ ਗਈ ਪੱਗ, ਪੱਗਾਂ ਤੇ ਚਲਣ ਵਾਲੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਸੀਸ ਨਿਵਾਈਆ । ਜਿਸ ਦਾ ਖੇਲ ਅਵੱਲੜਾ ਇਕ ਇਕੱਲੜਾ ਕਰੇ ਅਗੰਮਾ ਉਤੇ ਜਗ, ਜਾਗਰਤ ਜੋਤ ਬਿਨ ਵਰਨ ਗੋਤ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਕਲਮਿਆਂ ਦੀ ਕਾਇਨਾਤ ਬੁਝਾਉਣੀ ਅੱਗ, ਸ਼ਮਸ ਤਬਰੇਜ਼ ਦੀ ਸ਼ਮ੍ਹਾਂ ਨੂਰ ਜੋਤ ਦਏ ਗਵਾਹੀਆ । ਉਹ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਦੋ ਜਹਾਨਾਂ ਕਰ ਕੇ ਇਕੋ ਹੱਜ, ਹਾਜਤ ਸਭ ਦੀ ਪੂਰ ਕਰਾਈਆ । ਜਿਸ ਨੂੰ ਰਸੂਲਾਂ ਕਿਹਾ ਮੇਰਾ ਮਹਿਬੂਬ ਅਗੰਮਾ ਅਲਾਹੀ ਰੱਬ, ਯਾਮਬੀਨ ਕਹਿ ਕੇ ਸਿਰ ਸਾਰੇ ਸਜਦਿਆਂ ਦਿਤੇ ਝੁਕਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਗਤ ਜਹਾਨ ਸ੍ਰੀ ਭਗਵਾਨ ਪਾਰ ਕਰ ਕੇ ਹੱਦ, ਹਦੂਦ ਆਪਣੀ ਇਕ ਦਰਸਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਰਸੂਲਾਂ ਪੈਗ਼ੰਬਰਾਂ ਗੁਰੂਆਂ ਪੀਰਾਂ ਅੱਜ, ਅਜ਼ਲ ਦੇ ਵਕਤ ਜੋ ਗ਼ਜ਼ਲ ਵਿਚ ਚਾਰ ਯਾਰੀ ਨੂੰ ਮੁਹੰਮਦ ਗਿਆ ਦ੍ਰਿੜਾਈਆ । ਮੇਰਾ ਨੂਰ ਅਲਾਹੀ ਆਏ ਮਹਿਬੂਬ ਨਾਲ ਸਬਬ, ਸੁਬਹ ਸ਼ਾਮ ਅਲਲ ਸੁਬਹ ਸਮਝ ਕੋਇ ਨਾ ਪਾਈਆ । ਜਿਸ ਦੀ ਐਲੀ ਨੇ ਮੰਗੀ ਮਦਦ, ਮੁੱਦੇ ਸਭ ਦੇ ਵੇਖ ਵਖਾਈਆ । ਉਸ ਦਾ ਨਾਮ ਨਿਧਾਨਾ ਦੋ ਜਹਾਨਾਂ ਬਿਨਾ ਤਾਰ ਸਿਤਾਰ ਤੋਂ ਵੱਜੇ ਇਕੋ ਨੱਦ, ਨਾਦ ਅਨਾਦੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਪੱਗੜੀ ਕਹੇ ਮੇਰਾ ਵੇਖ ਲਓ ਪੁੱਠਾ ਪਾਸਾ, ਚਾਰੋਂ ਕੁੰਟ ਸਮਝ ਕੋਇ ਨਾ ਪਾਈਆ । ਮੈਨੂੰ ਵਿਸ਼ਨ ਬ੍ਰਹਮਾ ਦੇਵਤ ਸੁਰ ਸਾਰੇ ਕਰਦੇ ਹਾਸਾ, ਮਸਕਰੀਆਂ ਨਾਲ ਰਹੇ ਸੁਣਾਈਆ । ਨੀ ਕਮਲੀਏ ਉਠ ਕੇ ਵੇਖ ਲੈ ਉਸ ਪ੍ਰਭੂ ਦਾ ਤਮਾਸ਼ਾ, ਜਿਸ ਦਾ ਨੂਰ ਜ਼ਹੂਰ ਅਲਾਹੀਆ । ਉਹ ਜਗਤ ਜਹਾਨ ਫਿਰੇ ਫੜ ਕੇ ਅਗੰਮੀ ਕਾਸਾ,


੧੦੫੧
੨੩

ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਚਾਰ ਜੁਗ ਦੇ ਲਹਿਣੇ ਦੇਣੇ ਵੇਖੇ ਅਵਤਾਰ ਪੈਗ਼ੰਬਰ ਗੁਰੂਆਂ ਵਾਲੀਆਂ ਸ਼ਾਖ਼ਾਂ, ਹਿੱਸਿਆਂ ਬਾਉਂ ਬਾਈਂ ਫੋਲ ਫੁਲਾਈਆ । ਮੈਂ ਹੈਰਾਨ ਹੋਈ ਉਸ ਦਾ ਤੱਕ ਕੇ ਨੂਰ ਜੋਤ ਪ੍ਰਕਾਸ਼ਾ, ਬਿਨ ਨੇਤਰ ਲੋਚਨ ਨੈਣਾਂ ਦਰਸ਼ਨ ਆਈਆ । ਮੇਰੇ ਅੰਤਰ ਸੁਣੀ ਉਸ ਦੇ ਸ਼ਬਦ ਨਾਮ ਦੀ ਆਵਾਜ਼ਾ, ਰਸਨਾ ਜਿਹਵਾ ਨਾ ਕੋਇ ਦ੍ਰਿੜਾਈਆ । ਕੀ ਓਸ ਦਾ ਖੇਲ ਕੇ ਦੱਸਾਂ ਖੁਲਾਸਾ, ਖ਼ਸੂਸੀਅਤ ਵਿਚ ਅਸਲੀਅਤ ਭੇਵ ਕੋਇ ਨਾ ਪਾਈਆ । ਜਿਸ ਕੂੜੀ ਕਿਰਿਆ ਕਲਜੁਗ ਧਰਨੀ ਉਤੋਂ ਮੇਟਣੀ ਅੰਧੇਰੀ ਰਾਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਂ ਉਸ ਦੀਆਂ ਭਵਿਖਤਾਂ ਵਿਚ ਸੁਣਦੀ ਆਈ ਬਾਤਾ, ਜੋ ਬਾਤਨ ਪੜਦੇ ਸਭ ਦੇ ਦਏ ਖੁਲਾਈਆ । ਨੀਲੀ ਪੱਗੜੀ ਕਹੇ ਮੈਨੂੰ ਯਾਦ ਜਿਸ ਵੇਲੇ ਗੋਬਿੰਦ ਨੇ ਪੁਠੀ ਰਖ ਕੇ ਮਾਛੂਵਾੜੇ ਵਿਚ ਕੀਤਾ ਅਰਦਾਸਾ, ਪੁੱਠੀ ਤੋਂ ਸਿੱਧੀ ਸਿੱਧੀ ਤੋਂ ਪੁੱਠੀ ਦੀਨ ਦੁਨੀ ਦੇ ਬਦਲਾਈਆ । ਤੇਰਾ ਪੰਧ ਰਿਹਾ ਨਾ ਦੂਰ ਸਾਹਿਬ ਸਵਾਮੀ ਆਪਣੀ ਮੇਟ ਲੈ ਵਾਟਾ, ਪੁਰਖ ਅਕਾਲੇ ਦੀਨ ਦਿਆਲੇ ਕਲ ਕਲਕੀ ਫੇਰਾ ਪਾਈਆ । ਤੇਰਾ ਆਤਮ ਪਰਮਾਤਮ ਜਨ ਭਗਤਾਂ ਨਾਲ ਹੋਏ ਨਾਤਾ, ਦੂਸਰ ਸੰਗ ਨਾ ਕੋਇ ਬਣਾਈਆ । ਤੂੰ ਸਭ ਦਾ ਮਾਲਕ ਕਮਲਾਪਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਬਿੰਦੀ ਕਹੇ ਮੈਂ ਲਾਲ ਮੇਰਾ ਚਾਓ ਕੀਤਾ ਦੁਰਗਾ ਦੁਰਗੀ, ਅਸ਼ਟਭੁਜ ਖ਼ੁਸ਼ੀ ਮਨਾਈਆ । ਜਿਸ ਜਗਤ ਧਾਰ ਬਣਾਈ ਮਸਤਕ ਨੂਰ ਜੋਤ ਲਲਾਟ ਸ਼ਬਦ ਗੁਰ ਦੀ, ਸਤਿਗੁਰ ,ਸਤਿ ਸਤਿ ਰੰਗ ਰੰਗਾਈਆ । ਜਿਸ ਦੀ ਖੇਲ ਜਗਤ ਜਹਾਨ ਵਿਚ ਕਦੇ ਨਾ ਮੁੜਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਬਿੰਦੀ ਕਹੇ ਅੰਤ ਮੈਂ ਖੇਲ ਦੱਸਾਂ ਅਨੰਦ



ਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਜਣਾਈਆ । ਜਿਥੇ ਆਵਾਜ਼ ਪੁੱਜੇ ਨਾ ਕਿਸੇ ਤਾਲ ਸੁਰ ਦੀ, ਸੁਰਤੀ ਵਿਚ ਸੁਰਤ ਨਾ ਕੋਇ ਟਿਕਾਈਆ । ਓਥੇ ਅਗੰਮੀ ਧਾਰ ਬਿਨਾ ਏਕੰਕਾਰ ਕੋਇ ਨਾ ਫੁਰਦੀ, ਫੁਰਨਿਆਂ ਵਿਚ ਫੁਰਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਬਿੰਦੀ ਕਹੇ ਮੈਨੂੰ ਗੋਬਿੰਦ ਲਾਇਆ ਨਾਲ ਹੱਥੀਂ, ਜਗਤ ਸੰਗੀ ਸੰਗ ਨਾ ਕੋਇ ਰਖਾਈਆ । ਮੈਂ ਸਭ ਕੁਛ ਵੇਖਿਆ ਆਪਣੀ ਅੱਖੀਂ, ਜਗਤ ਨੇਤਰਾਂ ਬੰਦ ਕਰਾਈਆ । ਓਸ ਵੇਲੇ ਗੁਰਸਿੱਖ ਦੀ ਪ੍ਰੀਤੀ ਦੀ ਧਾਰ ਨਜ਼ਰ ਆਈ ਸਤਿ ਸਰੂਪੀ ਇਕੋ ਸਖ਼ੀ, ਜੋ ਸੁਖ਼ਨ ਵਿਚੋਂ ਸੁਖਨ ਨਾ ਕਦੇ ਬਦਲਾਈਆ । ਜਿਸ ਓਟ ਇਕੋ ਏਕ ਏਕ ਦੀ ਰਖੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਗੋਬਿੰਦ ਨੇ ਹੱਸ ਕੇ ਹਕੀਕਤ ਵਾਲੀ ਖ਼ਬਰ ਦੱਸੀ ਹਕੀਕੀ ਹਕੀ, ਹਕ ਹਕ ਜਣਾਈਆ । ਉਹ ਕਲਜੁਗ ਦੀ ਧਾਰ ਵੇਖ ਲੈਂ ਜਿਹੜੀ ਸਤਿ ਧਰਮ ਨੂੰ ਜਾਂਦੀ ਛੱਡੀ, ਸਤਿਗੁਰ ਵਿਚ ਨਾ ਕੋਇ ਸਮਾਈਆ । ਮਸਤਕ ਨਿਸ਼ਾਨਾ ਨੂਰੀ ਜੋਤ ਸਕੇ ਕੋਇ ਨਾ ਗੱਡੀ, ਜ਼ਹੂਰ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਕੂੜ ਕੁੜਿਆਰ ਦੀ ਨੌਬਤ ਵੇਖ ਲੈ ਵੱਜੀ, ਵਜਹ ਸਕੇ ਨਾ ਕੋਇ ਸਮਝਾਈਆ । ਫੇਰ ਫੜ ਕੇ ਆਪਣੀ ਉਂਗਲ ਸੱਜੀ, ਪਹਿਲੀ ਦਿਤੀ ਹਿਲਾਈਆ । ਜਿਸ ਵੇਲੇ ਮੇਰਾ ਮਾਲਕ ਆਇਆ ਪੁਰਖ ਅਕਾਲਾ ਨੂਰ ਅਲਾਹੀ ਰੱਬੀ, ਰਬੀਉਲ ਸਾਨੀ ਜਿਸ ਨੂੰ ਸੀਸ ਨਿਵਾਈਆ । ਉਹ ਦੀਨ ਦੁਨੀ ਦਾ ਬਣੇ ਤਬੀ, ਤਬੀਅਤ ਸਭ ਦੀ ਫੋਲ ਫੁਲਾਈਆ । ਇਹ ਵਕਤ ਸੁਹੰਜਣਾ ਲੋਕਮਾਤ ਆਉਂਦਾ ਕਦੀ ਕਦੀ, ਕਦੀਮ ਦਾ ਮਾਲਕ ਹੋਏ ਸਹਾਈਆ । ਏਸੇ ਦਾ ਇਸ਼ਾਰਾ ਦਿਤਾ ਹਜ਼ਰਤ ਨੂਹ ਨੇ ਜਿਸ ਵੇਲੇ ਆਵੇ ਨੂਹ ਨਦੀ, ਚੌਦਾਂ ਤਬਕਾਂ ਅੱਖ ਉਠਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਇਕ ਸਰਨਾਈਆ । ਬਿੰਦੀ ਕਹੇ ਮੈਂ ਲੱਗੀ ਬਿੰਦਰਾਬਨ, ਬਿੰਦੀਆ ਕਹਿ ਕੇ ਸਾਰੇ ਗਾਈਆ । ਮੈਂ ਸੰਦੇਸੇ ਸੁਣੇ ਬਿਨਾ ਕੰਨ, ਬਿਨਾ ਸਰਵਣਾ ਵੱਜਦੀ ਰਹੀ ਵਧਾਈਆ । ਮੈਂ ਸ਼ੁਕਰਾਨੇ ਵਿਚ ਕਰਦੀ ਰਹੀ ਧੰਨ ਧੰਨ, ਪ੍ਰਭ ਤੇਰੀ ਬੇਪਰਵਾਹੀਆ । ਸ਼ਬਦ ਸੰਦੇਸੇ ਵਿਚ ਕਦੀ ਖ਼ੁਸ਼ੀ ਆਈ ਕਦੀ ਹੋਇਆ ਗ਼ਮ, ਚਿੰਤਾ ਚਿਖਾ ਨਾਲ ਮਿਲਾਈਆ । ਪਰ ਮੈਨੂੰ ਯਾਦ ਆ ਗਿਆ ਜੋ ਹੁਕਮ ਸੁਣਾਇਆ ਸ੍ਰੀ ਭਗਵਨ, ਭਗਵਨ ਆਪਣੀ ਦਇਆ ਕਮਾਈਆ । ਨੀ ਬਿੰਦੀਏ ਤੇਰਾ ਨੂਰ ਅਲਾਹੀ ਲਾਲ ਗੁਲਾਲਾ ਤੇਰਾ ਮੇਲਾ ਨਾਲ ਬ੍ਰਹਮ, ਤਨ ਵਜੂਦ ਨਾ ਕੋਇ ਚਤੁਰਾਈਆ । ਬਿੰਦੀ ਕਹੇ ਮੈਂ ਰੋ ਪਈ ਨੈਣਾਂ ਨੀਰ ਵਹਾ ਕੇ ਛੰਮ ਛੰਮ, ਛਹਿਬਰ ਆਪਣੀ ਆਪ ਲਗਾਈਆ । ਕਿਤੇ ਮੈਂ ਵਸ ਨਾ ਪੈ ਜਾਵਾਂ ਕਲਜੁਗ ਜੀਵਾਂ ਦੇ ਮਨ, ਜੋ ਮਨ ਮਮਤਾ ਵਿਚ ਮੇਰਾ ਰੰਗ ਲਏ ਰੰਗਾਈਆ । ਕਿਤੇ ਮੈਨੂੰ ਰਾਏ ਧਰਮ ਨਾ ਦੇਵੇ ਡੰਨ, ਚੁਰਾਸੀਆਂ ਵਿਚ ਭਵਾਈਆ । ਮੈਂ ਬੇਨੰਤੀ ਕੀਤੀ ਪੁਰਖ ਅਕਾਲ ਅਗੇ ਹੱਥ ਬੰਨ੍ਹ, ਬਿਨ ਹੱਥਾਂ ਹੱਥ ਮਿਲਾਈਆ । ਮੇਰੇ ਸਾਹਿਬ ਸਤਿਗੁਰ ਮੈਂ ਜਦੋਂ ਤੱਕਾਂ ਤੇ ਤਕਾਂ ਤੇਰਾ ਨੂਰ ਅਲਾਹੀ ਚੰਨ, ਬਿਨਾ ਚੰਨ ਗੋਬਿੰਦ ਸ਼ਬਦ ਦੇ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੈਂ ਜੁਗ ਜੁਗ ਵੇਖੇ ਗੁਰ ਅਵਤਾਰ ਪੈਗ਼ੰਬਰਾਂ ਵਾਲੇ ਕਬੀਲੇ, ਕਿਬਲੇ ਅਜ ਧਿਆਨ ਲਗਾਈਆ । ਨਾਮ ਕਲਮੇ ਤੱਕੇ ਵਸੀਲੇ, ਵਸਲ ਯਾਰ ਤੱਕਿਆ ਨੂਰ ਅਲਾਹੀਆ । ਮਨ ਮਨਸਾ ਤੱਕੇ ਸ਼ਰਅ ਵਾਲੇ ਦਲੀਲੇ, ਬੁਧ ਮਤ ਨਾਲ ਮਿਲ ਕੇ ਵੱਜਦੀ ਰਹੀ ਵਧਾਈਆ । ਮੈਂ ਖੇਲ ਤੱਕੇ ਜਗਤ ਜਹਾਨ ਵਾਲੇ ਨਵ ਜੋਬਨਾ ਵਾਲੇ ਛੈਲ ਛਬੀਲੇ, ਤਨ ਵਜੂਦਾਂ ਖੋਜ ਖੁਜਾਈਆ । ਮੈਂ ਬਰਸ ਤੱਕੇ ਤੱਕੇ ਘੜੀ ਪਲ ਅਤੇ ਮਹੀਨੇ, ਰੁਤ ਰੁਤੜੀਆਂ ਧਿਆਨ ਲਗਾਈਆ । ਮੈਂ ਮਜ਼੍ਹਬ ਇਸਲਾਮ ਤੱਕ ਤੱਕ ਦੀਨ ਦੁਨੀ ਦੇ ਦੀਨੇ, ਨਵ ਸੱਤ ਅੱਖ ਉਠਾਈਆ । ਮੈਂ ਸਚ ਦੱਸਾਂ ਮੈਂ ਜਿਸ ਵੇਲੇ ਗਈ ਮੁਹੰਮਦ ਦੇ ਕੋਲ ਵਿਚ ਮੱਕੇ ਮਦੀਨੇ, ਕਾਅਬਿਆਂ ਤੋਂ ਪਰੇ ਆਪਣਾ ਪੰਧ ਮੁਕਾਈਆ । ਵੇ ਰਸੂਲਾ ਇਕ ਵੇਰਾਂ ਹੱਥ ਰਖ ਲੈ ਆਪਣੇ ਉਤੇ ਸੀਨੇ, ਸ਼ੀਨ ਦੇ ਤਿੰਨੇ ਨੁਕਤੇ ਨਾਲ ਮਿਲਾਈਆ । ਮੁਹੰਮਦ ਹੋ ਗਿਆ ਪਸੀਨੋ ਪਸੀਨੇ, ਥਰਥਰਾਹਟ ਵਿਚ ਆਪਣੇ ਅੰਦਰ ਕਲਮਾ ਦਿਤਾ ਸੁਣਾਈਆ । ਮੇਰੇ ਮਾਲਕ ਯਾਮਬੀਨੇ, ਰਹਿਮਤਾਂ ਵਾਲੇ ਵਡ ਰਹੀਮੇ, ਆਦਿ ਜੁਗਾਦੀ ਸਦਾ ਕਦੀਮੇ, ਕੁਦਰਤ ਦੇ ਮਾਲਕ ਤੇਰੀ ਬੇਪਰਵਾਹੀਆ । ਮੇਰੇ ਕੋਲੋਂ ਸਾਰੇ ਹਕ ਹਕੂਕ ਜਾਣੇ ਛੀਨੇ, ਸਦੀ ਚੌਧਵੀਂ ਚੌਦਾਂ ਤਬਕ ਰੋਵਣ ਮਾਰਨ ਧਾਹੀਆ । ਮੇਰੀ ਦੁਹਾਈ ਦਰੋਹੀ ਜਿਸ ਵੇਲੇ ਤੇਰੇ ਬੁੱਲ ਹੋਏ ਨੀਲੇ, ਨੀਲੀ ਧਾਰ ਵਾਲਿਆ ਨੀਲੇ ਦੇ ਅਸਵਾਰ ਵਾਲਿਆ ਅਸਮਾਨ ਉਤੇ ਬੇਜ਼ਬਾਨ ਸਾਰੇ ਦੇਣ ਦੁਹਾਈਆ । ਮੇਰਾ ਲੇਖਾ ਤੱਕ ਲੈ ਵਿਚ ਕੁਰਾਨ ਮਜੀਦੇ, ਕੀ ਦੇ ਕੇ ਗਿਆ ਹਦੀਸੇ, ਤੇਰਾ ਖੇਲ ਬੀਸ ਇਕੀਸੇ, ਤੇਰਾ ਨੂਰ ਅਲਾਹੀ ਚੌਬੀਸੇ, ਜਲਵਾਗਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਰੰਗਤ ਆਪ ਰੰਗਾਈਆ । ਜ਼ਿਮੀਂ ਅਸਮਾਨ ਦੋਵੇਂ ਰਹੇ ਵੇਖ, ਬਿਨ ਨੈਣਾਂ ਨੈਣ ਉਠਾਈਆ । ਕੀ ਮਾਹੀ ਦਾ ਹੋਵੇ ਭੇਖ, ਭੇਖਾਧਾਰੀ ਕੀ ਆਪਣੀ ਕਲ ਵਰਤਾਈਆ । ਕਿਸ ਵਸੇ ਸੁਹੰਜਣੇ ਦੇਸ, ਦੇਸ ਦੇਸੰਤਰ ਦੇ ਵਡਿਆਈਆ । ਜਿਹੜਾ ਮਾਲਕ ਰਹੇ ਸਦਾ ਹਮੇਸ਼, ਹਮਸਾਜਣ ਇਕ ਅਖਵਾਈਆ । ਜਿਸ ਨੂੰ ਸੰਦੇਸਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਅੱਖ ਉਠਾਈਆ । ਜਿਸ

ਦਾ ਪਾਵੇ ਕੋਇ ਨਾ ਭੇਤ, ਭੇਵ ਸਕੇ ਨਾ ਕੋਇ ਦ੍ਰਿੜਾਈਆ । ਜਿਸ ਕਲਜੁਗ ਕੂੜੀ ਕਿਰਿਆ ਕਰਨੀ ਖੇਤ, ਖੇਤਰ ਵੇਖੇ ਜਗਤ ਲੋਕਾਈਆ । ਜਿਸ ਦੇ ਪਿਆਰ ਵਿਚ ਗੁਰ ਅਰਜਨ ਸੀਸ ਪਵਾਈ ਤਤੀ ਰੇਤ, ਮਾਰੂਥਲਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਹਾਰ ਕਹਿਣ ਅਸੀਂ ਦੱਸੀਏ ਆਪਣੀ ਪਿਛਲੀ ਬੀਤੀ, ਜਿਸ ਨੂੰ ਸਕੇ ਨਾ ਕੋਇ ਦ੍ਰਿੜਾਈਆ । ਇਹ ਖੇਲ ਪੁਰਾਣੀ ਰੀਤੀ, ਰੀਤੀਵਾਨ ਦਿਆਂ ਜਣਾਈਆ । ਜਿਸ ਦੀ ਜਗਤ ਜਹਾਨ ਫੁਲਵਾੜੀ ਬਗ਼ੀਚੀ, ਲਖ ਚੁਰਾਸੀ ਫਲ ਫੁੱਲ ਮਹਿਕਾਈਆ । ਉਹ ਮਾਲਕ ਧਾਰ ਬਣ ਤ੍ਰੈਗੁਣ ਅਤੀਤੀ, ਤ੍ਰੈਭਵਣ ਧਨੀ ਹੋ ਕੇ ਵੇਖ ਵਖਾਈਆ । ਜੋ ਲੱਖ ਚੁਰਾਸੀ ਅੰਤਰ ਨਿਰੰਤਰ ਜਾਣੇ ਨੀਤੀ, ਘਟ ਘਟ ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਜਣਾਈਆ । ਹਾਰ ਕਹਿਣ ਅਸੀਂ ਭੇਵ ਦੱਸੀਏ ਤਮਾਮ, ਤਮਅ ਲਾਲਚ ਨਾ ਕੋਇ ਰਖਾਈਆ । ਜਿਸ ਵੇਲੇ ਅਯੁਧਿਆ ਨੂੰ ਛਡਿਆ ਸੀ ਰਾਮ, ਰਾਮ ਵਸ਼ਿਸ਼ਟ ਧਿਆਨ ਲਗਾਈਆ । ਪਹਿਲੋਂ ਤੱਕਿਆ ਉਤੇ ਅਸਮਾਨ, ਫੇਰ ਜ਼ਿਮੀਂ ਜ਼ਮਾਨ ਧਿਆਨ ਰਖਾਈਆ । ਫੇਰ ਨਮਸਤੇ ਕੀਤੀ ਪ੍ਰਨਾਮ, ਡੰਡਾਵਤ ਵਿਚ ਸੀਸ ਝੁਕਾਈਆ । ਫੇਰ ਮਸਤਕ ਤੇ ਲਿਖਿਆ ਭਗਵਾਨ, ਬਿਨ ਕਲਮ ਸਿਆਹੀ ਰੰਗ ਰੰਗਾਈਆ । ਫੇਰ ਸਤਿ ਦਾ ਗਾਇਆ ਗਾਣ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਸੁਣੀ ਆਵਾਜ਼ ਬਿਨਾ ਕਾਨ, ਅੰਤਰ ਅੰਤਰ ਹੋਈ ਸ਼ਨਵਾਈਆ । ਉਹ ਵੇਖ ਲੈ ਨਿਗਾਹਵਾਨ, ਬਿਨ ਨੈਣਾਂ ਨੈਣ ਤਕਾਈਆ । ਜਿਸ ਦਾ ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤਰੇਤਾ ਵੰਡ ਵੰਡਾਈਆ । ਦੁਆਪਰ ਪ੍ਰਗਟ ਹੋਏ ਜਹਾਨ, ਕਾਹਨ ਕਾਹਨਾ ਖੇਲ ਖਿਲਾਈਆ । ਬੰਸਰੀਆਂ ਧੁਨ ਦਏ ਮੁਸਕਾਨ, ਮਸਤੀ ਮਸਤੀ ਵਿਚੋਂ ਪ੍ਰਗਟਾਈਆ । ਕਲਜੁਗ ਜਿਸ ਵੇਲੇ ਕੂੜ ਹੋਏ ਪ੍ਰਧਾਨ, ਨਵ ਸੱਤ ਭੱਜੇ ਵਾਹੋ ਦਾਹੀਆ । ਧਰਮ ਦੀ ਰਹੇ ਕੋਈ ਨਾ ਆਣ, ਸਚ ਦਾ ਰੂਪ ਨਾ ਕੋਇ ਦਰਸਾਈਆ । ਉਸ ਵੇਲੇ ਦਾ ਹੁਕਮ ਸੁਣ ਰਾਮ, ਰਮਈਆ ਹੋ ਕੇ ਦਿਆਂ ਜਣਾਈਆ । ਖੇਲਾਂ ਖੇਲ ਵਿਚ ਜਹਾਨ, ਜਹਾਂ ਤਹਾਂ ਹੋਵਾਂ ਆਪ ਸਹਾਈਆ । ਮੇਰਾ ਰੂਪ ਅਨੂਪ ਹੋਵੇ ਮਹਾਨ, ਮਹਿੰਮਾ ਕਥ ਨਾ ਕੋਇ ਸੁਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਹੋਵਾਂ ਪ੍ਰਧਾਨ, ਪਰਮ ਪੁਰਖ ਆਪਣਾ ਰੂਪ ਬਦਲਾਈਆ । ਲਹਿਣਾ ਦੇਣਾ ਤੱਕਾਂ ਜੀਵ ਜੰਤ ਜਗਤ ਇਨਸਾਨ, ਚਾਰੇ ਕੁੰਟ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਹਾਰ ਕਹਿਣ ਸਾਨੂੰ ਰਾਮ ਨੇ ਪਿਆਰ ਨਾਲ ਕੀਤਾ ਪੁੱਠੇ, ਆਪਣੇ ਹੱਥਾਂ ਨਾਲ ਲਟਕਾਈਆ । ਬੇਨੰਤੀ ਵਿਚ ਕਿਹਾ ਮੇਰਾ ਰਾਮ ਰਾਮ ਹੋ ਕੇ ਰਹਿਮਾਨ ਹੋ ਕੇ ਤੁਠੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਜਗਤ ਜਹਾਨ ਜਹਾਨ ਜਗਤ ਹੋ ਕੇ ਇਸ਼ਟ ਜਾਣੇ ਲੁੱਟੇ, ਲੁਟੇਰਾ ਕਲਜੁਗ ਫਿਰੇ ਥਾਉਂ ਥਾਈਆ । ਪ੍ਰਕਾਸ਼ ਰਹਿਣਾ ਨਹੀਂ ਕਿਸੇ ਬੁਤੇ, ਬੁਤਖ਼ਾਨੇ ਰੋਵਣ ਮਾਰਨ ਧਾਹੀਆ । ਸਾਧ ਸੰਤ ਜਾਗ ਨਾ ਸਕਣ ਸੁੱਤੇ, ਸੋਈ ਸੁਰਤ ਨਾ ਕੋਇ ਉਠਾਈਆ । ਉਸ ਵੇਲੇ ਸਭ ਦੇ ਅੰਦਰ ਦੁੱਖ ਦਰਦ ਹੋਣੇ ਦੁੱਖੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਸ਼ਾਹ ਸੁਲਤਾਨ ਬਣਨੇ ਭੁੱਖੇ, ਘਰ ਘਰ ਭਿਖਿਆ ਮੰਗਣ ਵਾਹੋ ਦਾਹੀਆ । ਪੰਚਮ ਵਿਕਾਰਾ ਫੜ ਫੜ ਸਭ ਨੂੰ ਕੁੱਟੇ, ਕਾਇਆ ਕੁਟੀਆ ਕਰੇ ਨਾ ਕੋਇ ਸਫ਼ਾਈਆ । ਆਤਮ ਪਰਮਾਤਮ ਪ੍ਰੀਤੀ ਜਗਤ ਟੁੱਟੇ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਉਸ ਵੇਲੇ ਮੇਰਾ ਪੁਰਖ ਅਕਾਲਾ

ਦੀਨ ਦਿਆਲਾ ਪ੍ਰਗਟ ਹੋਵੇ ਆਪ ਅਸੁਤੇ, ਸੁਰਤ ਸ਼ਬਦ ਨਾਲ ਮਿਲਾਈਆ । ਆਪਣੀ ਸੁਹੰਜਣੀ ਕਰੇ ਰੁਤੇ, ਰੁਤੜੀ ਧੁਰ ਦੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਬੇਪਰਵਾਹੀਆ । ਹਾਰ ਕਹਿਣ ਜਦੋਂ ਅਸੀਂ ਰਾਮ ਦੀ ਲੱਗੇ ਨਾਲ ਪਿੱਠ, ਸਾਡੀ ਨਿਗਾਹ ਅਯੁਧਿਆ ਵੱਲ ਰਖਾਈਆ । ਆਪ ਪਹਿਲੇ ਕਦਮ ਵਿਚ ਅਗੇ ਵੱਧ ਕੇ ਸਵਾ ਗਿਠ, ਮਾਰੂ ਡੰਡ ਦਾ ਲੇਖਾ ਦਿਤਾ ਮੁਕਾਈਆ । ਫੇਰ ਆਪਣੀ ਇਕ ਲੰਮੀ ਖੋਲ ਕੇ ਲਿਟ, ਲਿਟਾਂ ਵਾਲਿਆਂ ਸਾਰਿਆਂ ਦਿਤਾ ਸਮਝਾਈਆ । ਆਹ ਲਓ ਮੇਰੀ ਬਿਨਾ ਅੱਖਰਾਂ ਤੋਂ ਚਿਟ, ਚਿੱਟੇ ਤੇ ਕਾਲਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਮੇਰੇ ਰਾਮ ਦੀ ਪੂਜਾ ਦੀ ਥਾਂ ਪੂਜੇ ਜਾਣਗੇ ਪੱਥਰ ਇੱਟ, ਪਾਹਨਾਂ ਸੀਸ ਨਿਵਾਈਆ । ਮਨੂਆ ਸਕੇ ਕਿਸੇ ਨਾ ਟਿਕ, ਟਿੱਕੇ ਮਸਤਕ ਧੂੜੀ ਖ਼ਾਕ ਨਾ ਕੋਇ ਰਮਾਈਆ । ਉਹ ਵਕਤ ਸੁਹੰਜਣਾ ਹੋਵੇ ਸੁਹਾਵੀ ਰਿਤ, ਰੁਤੜੀ ਧੁਰ ਦੀ ਆਪ ਮਹਿਕਾਈਆ । ਬਣ ਕੇ ਧਰਮ ਧਾਰ ਦੀ ਧਾਰ ਅਗੰਮਾ ਪਿਤ, ਪਤਿਪਰਮੇਸ਼ਵਰ ਖੇਲ ਖਿਲਾਈਆ । ਜਨ ਭਗਤਾਂ ਕਰੇ ਆਪ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਉਹਦਾ ਖੇਲ ਜਗਤ ਅਨਡਿਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਹਾਰ ਕਹਿਣ ਜਿਸ ਵੇਲੇ ਅਸੀਂ ਪਿਛਾਂਹ ਨੂੰ ਮਾਰੀ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਸਾਡੇ ਮੁਖ ਵਿਚੋਂ ਨਿਕਲੇ ਕੋਇ ਨਾ ਬਾਤੀ, ਕਥਾ ਕਹਿਣ ਕਿਛ ਨਾ ਪਾਈਆ । ਉਹ ਇਕੱਠੇ ਰਾਮ ਪਿਆਰੇ ਸ਼ਹਿਰੀ ਤੇ ਦੇਹਾਤੀ, ਅਮੀਰ ਗ਼ਰੀਬ ਇਕੋ ਨਜ਼ਰੀ ਆਈਆ । ਜਿਨ੍ਹਾਂ ਦੀ ਪ੍ਰੇਮ ਦੀ ਮੰਜ਼ਲ ਇਕੋ ਦਿਸੇ ਵਾਟੀ, ਅਗੇ ਪਿਛੇ ਪੰਧ ਨਾ ਕੋਇ ਬਣਾਈਆ । ਸਾਰਿਆਂ ਇਕੋ ਵਾਰ ਪੁਕਾਰ ਕੇ

ਕਿਹਾ ਧੁਰ ਦੇ ਰਾਮ ਸਭ ਨੂੰ ਲਾ ਲਾ ਨਾਲ ਆਪਣੀ ਛਾਤੀ, ਛਤਰਧਾਰੀਆਂ ਛਤਰ ਆਪਣਾ ਦੇ ਝੁਲਾਈਆ । ਰਾਮ ਨੇ ਹੱਸ ਕੇ ਕਿਹਾ ਔਹ ਤੱਕ
੧੦੫੫
੨੩
ਲਓ ਕਲਜੁਗ ਤੁਹਾਡਾ ਸਾਹਿਬ ਆਵੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਆਤਮ ਧਾਰ ਤੁਸੀਂ ਸਤਿ ਸਰੂਪ ਜ਼ਾਤੀ, ਜਾਤ ਅਜਾਤਾ ਪੰਧ ਮੁਕਾਈਆ । ਸਭ ਨੂੰ ਇਕੋ ਦੱਸੇ ਗਾਥੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਦੋ ਜਹਾਨਾਂ ਬਣ ਸਮਰਾਥੀ, ਸਮਰਥ ਆਪਣਾ ਹੁਕਮ ਵਰਤਾਈਆ । ਹਾਰ ਕਹਿਣ ਸਾਨੂੰ ਉਸ ਵੇਲੇ ਬਿਨਾ ਬੁੱਲਾਂ ਤੋਂ ਆਈ ਹਾਸੀ, ਹੱਸ ਕੇ ਖ਼ੁਸ਼ੀ ਮਨਾਈਆ । ਓਹ ਮਾਲਕ ਪ੍ਰਿਥਮੀ ਆਵੇ ਕਿ ਰਵ੍ਹੇ ਉਤੇ ਆਕਾਸ਼ੀ, ਆਕਾਸ਼ ਅਕਾਸ਼ਾਂ ਵਿਚ ਸਮਾਈਆ । ਹਾਰ ਕਹਿਣ ਸਾਨੂੰ ਰਾਮ ਨੇ ਫੜ ਕੇ ਨਾਲ ਲਾਇਆ ਆਪਣੀ ਛਾਤੀ, ਸਹਿਜ ਨਾਲ ਦਬਾਈਆ । ਓਹ ਪਰਮ ਪੁਰਖ ਮੇਰਾ ਰਾਮ ਰਮਈਆ ਆਦਿ ਜੁਗਾਦੀ ਸਭ ਦਾ ਨਾਤੀ, ਨਾਤਾ ਸਕੇ ਨਾ ਕੋਇ ਤੁੜਾਈਆ । ਜਿਸ ਵੇਲੇ ਕਲਜੁਗ ਹੋਈ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਉਹ ਤੁਹਾਡਾ ਲੇਖਾ ਪੂਰਾ ਕਰੇ ਲਹਿਣੇ ਵਿਚ ਰਖੇ ਜ਼ਿੰਦਗੀ ਹਯਾਤੀ, ਭੈ ਜਗਤ ਵਾਲਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਸਮਝਾਈਆ । ਹਾਰ ਕਹਿਣ ਕੀ ਖੇਲ ਦੱਸੀਏ ਪਿਛਲਾ ਆਦਿ, ਅੰਤ ਕੀ ਵਡ ਵਡਿਆਈਆ । ਕਿਸ ਬਿਧ ਸਾਨੂੰ ਮਿਲੀ ਦਾਦ, ਵਸਤ ਅਗੰਮ ਦਿਤੀ ਵਰਤਾਈਆ । ਏਸੇ ਥਾਂ ਰਾਮ ਨੂੰ ਫੇਰ ਆਈ ਸੀ ਅਯੁਧਿਆ ਵਾਲੀ ਯਾਦ, ਹੱਥ ਆਪਣੀ ਪਿਠ ਉਤੇ ਟਿਕਾਈਆ । ਮੇਰੇ ਰਾਮ ਦਾ ਖੇੜਾ ਫੇਰ ਫੇਰ ਹੋਵੇਗਾ ਆਬਾਦ, ਖ਼ੁਸ਼ੀਆਂ ਵਿਚ ਸੁਣਾਈਆ । ਨਾਲੇ ਸ਼ਬਦ ਵਿਚ ਵਸ਼ਿਸ਼ਟ ਨੂੰ ਮਾਰੀ ਅਗੰਮੀ ਆਵਾਜ਼, ਬਿਨਾ ਤਨ ਸਰੀਰ ਸੁਣਾਈਆ । ਉਹ ਤੱਕ ਇਕ ਇਕ

ਦਾ ਸਮਾਜ, ਜੋ ਸਮਗਰੀ ਇਕ ਵਰਤਾਈਆ । ਫੁੱਲ ਕਹਿਣ ਅਸੀਂ ਢੋਲੇ ਗੀਤ ਗਾਈਏ ਰਾਗ, ਰਾਗਣੀਆਂ ਨਾਲ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਉਹ ਵਕਤ ਸੁਹੰਜਣਾ ਸਾਡਾ ਲਹਿਣਾ ਦੇਣਾ ਪੂਰਾ ਹੋਇਆ ਆਜ, ਇਕ ਨੌ ਉਨੀਸਾ ਸਾਵਣ ਦਏ ਗਵਾਹੀਆ । ਸਾਡੀ ਨਮਸਤੇ ਨਿਮਸਕਾਰ ਡੰਡਾਵਤ ਬੰਦਨਾ ਓਸ ਗੁਰੂ ਮਹਾਰਾਜ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲਹਿਣਾ ਦੇਣਾ ਪੂਰਾ ਕਰੇ ਜੁਗਾਦਿ ਆਦਿ, ਜੁਗ ਜੁਗ ਸਭ ਦੇ ਲੇਖੇ ਲੇਖਿਆਂ ਵਿਚੋਂ ਪੂਰ ਕਰਾਈਆ ।

## ✪ ੨੦ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਜੁਗਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਂ ਭੱਜੀ ਨੱਠੀ ਦੌੜੀ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਮੰਜ਼ਲ ਲੱਭਦੀ ਰਹੀ ਅਗੰਮੀ ਪੌੜੀ, ਪੌੜੀ ਡੰਡਾ ਧਿਆਨ ਲਗਾਈਆ । ਮੈਨੂੰ ਗਲੀ ਭੀੜੀ ਦਿਸੇ ਸੌੜੀ, ਸੌਹਰਾ ਪਈਆ ਪੰਧ ਨਾ ਕੋਇ ਮੁਕਾਈਆ । ਜਗਤ ਵਾਸ਼ਨਾ ਦਿੱਸੀ ਕੌੜੀ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਮੇਰੀ ਬੁੱਧੀ ਵਿਚ ਕਿਛ ਨਾ ਔੜੀ, ਅਕਲ ਚਲੇ ਨਾ ਕੋਇ ਚਤੁਰਾਈਆ । ਮੈਂ ਨਿਗਾਹ ਨਾਲ ਤੱਕਿਆ ਮੇਰਾ ਮਿਹਰਵਾਨਾ ਮਹਿਬੂਬਾ ਚੜ੍ਹਿਆ ਅਗੰਮੀ ਘੋੜੀ, ਅਸਵ ਅਸਵਾਰਾ ਧੁਰਦਰਗਾਹੀਆ । ਜਿਸ ਦੇ ਕੋਲ ਸ਼ਰਅ ਸ਼ਰੀਅਤ ਵਾਲੀ ਹਥੌੜੀ, ਹੱਥਕੜੀਆਂ ਨਾਮ ਕੰਡਿਆਂ ਵਾਲੀਆਂ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਮੈਂ ਭੱਜੀ ਨੱਠੀ ਵਾਹੋ ਵਾਹ, ਜ਼ੋਰੂ ਜ਼ਰ ਆਪਣੇ ਨਾਲ ਭਵਾਈਆ । ਘੁੰਮਦੇ ਰਹੇ ਥਲ ਅਸਗਾਹ, ਸਮੁੰਦ ਸਾਗਰ ਟਿੱਲੇ ਪਰਬਤ ਪੰਧ ਮੁਕਾਈਆ । ਜਲ ਥਲ ਕਹਿੰਦੇ ਵਾਹ ਵਾਹ, ਵਾਹਵਾ ਮਹੀਅਲ ਤੇਰਾ ਰੂਪ ਨਜ਼ਰੀ ਆਈਆ । ਤੂੰ ਮਾਲਕ ਖਾਲਕ ਬੇਪਰਵਾਹ, ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰਾ ਨੂਰ ਅਲਾਹੀਆ । ਮੈਂ ਬਿਨ ਹੱਥਾਂ ਹੱਥ ਰਹੀ ਉਠਾ, ਕੂਕ ਕੂਕ ਰਹੀ ਸੁਣਾਈਆ । ਖ਼ਾਲੀ ਝੋਲੀ ਕਰਾਂ ਦਵਾ, ਨਿਵ ਨਿਵ ਸੀਸ ਝੁਕਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰਾ ਲਹਿਣਾ ਦੇਣਾ ਪੂਰਾ ਕਰਦੇ ਮੇਰੇ ਕਰਾਂ, ਕਰਮ ਕਾਂਡ ਤੇਰੇ ਚਰਨਾਂ ਵਿਚ ਟਿਕਾਈਆ । ਆਸਾ ਪੂਰੀ ਕਰ ਦੇ ਬਾਬਾ ਆਦਮ ਨਾਲ ਹੱਵਾ, ਪਵਣ ਪਾਣੀ ਤੇਰਾ ਰਾਹ ਤਕਾਈਆ । ਤੇਰਾ ਧੁਰ ਦਾ ਕਲਮਾ ਮੇਰਾ ਗਵਾਹ, ਸ਼ਹਾਦਤ ਸ਼ਰਅ ਵਾਲੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਦਿਵਸ ਰੈਣ ਭੱਜੀ ਨੱਠੀ, ਬਣ ਕੇ ਪਾਂਧੀ ਪੰਧ ਮੁਕਾਈਆ । ਮੇਰੀ ਬੇਨੰਤੀ ਅਰਜ਼ ਖ਼ਾਹਿਸ਼ ਸੁਣ ਇਕੱਠੀ, ਇਕੋ ਵਾਰ ਤੇਰੇ ਚਰਨ ਕਵਲ ਟਿਕਾਈਆ । ਸਤਿ ਧਰਮ ਦੀ ਨਵ ਸੱਤ ਰਹੀ ਨਾ ਹੱਟੀ, ਹਟਵਾਣਾ ਸਚ ਵਸਤ ਨਾ ਕੋਇ ਵਰਤਾਈਆ । ਤੇਰੇ ਨਾਮ ਦੀ ਨਿਰਗੁਣ ਧਾਰ ਪੜ੍ਹੇ ਕੋਇ ਨਾ ਪੱਟੀ, ਪਟਨੇ ਵਾਲਾ ਇਸ਼ਾਰਾ ਰਿਹਾ ਕਰਾਈਆ । ਮੈਂ ਸਰਨ ਸਰਨਾਈ ਤੇਰੀ ਢਠੀ, ਧੂੜੀ ਖ਼ਾਕ ਖ਼ਾਕ ਰਮਾਈਆ । ਤੂੰ ਕਿਰਪਾ ਕਰਦੇ ਇਕੋ ਮਿਹਰਵਾਨਾ ਰਤੀ, ਰਤਨ ਅਮੋਲਕ ਗੁਰਮੁਖ ਹੀਰੇ ਆਪ ਲੈ ਪ੍ਰਗਟਾਈਆ । ਤੂੰ ਸਭ ਦਾ ਸਵਾਮੀ ਮੇਰਾ ਕਮਲਾਪਤੀ, ਪਤਿਪਰਮੇਸ਼ਵਰ



੧੦੫੬ ੨੩

ਇਕ ਅਖਵਾਈਆ । ਮੈਂ ਜੁਗ ਚੌਕੜੀ ਤਪੀਸਰਾਂ ਨਾਲੋਂ ਤੇਰੇ ਪਿਆਰ ਦੀ ਵੱਡੀ ਤਪੀ, ਤੁਧ ਬਿਨ ਤ੍ਰਿਪਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਭੱਜ ਭੱਜ ਗਈ ਥੱਕ, ਥਕਾਵਟ ਵਿਚ ਦੁਹਾਈਆ । ਤੇਰੇ ਅਗੇ ਰਗੜਾਂ ਨੱਕ, ਨੁਕਤਾ ਜਗਤ ਵਾਲਾ ਮਿਟਾਈਆ । ਮੇਰੀ ਝੋਲੀ ਪਾ ਦੇ ਮੇਰਾ ਪੂਰਬਲਾ ਹਕ, ਹਕੀਕਤ ਦੇ ਮਾਲਕ ਹੋਣਾ ਸਹਾਈਆ । ਵਸਤ ਅਗੰਮੀ ਦੇ ਦੇ ਸਤਿ, ਸਤਿ ਸਤਿਵਾਦੀ ਝੋਲੀ ਦੇ ਭਰਾਈਆ । ਸਦੀ ਚੌਧਵੀਂ ਧਰਮ ਕਹੇ ਮੇਰੀ ਰਹੀ ਨਾ ਪਤ, ਪਤਿਪਰਮੇਸ਼ਵਰ ਦਿਆਂ ਸੁਣਾਈਆ । ਜੇ ਤੂੰ ਮਾਲਕ ਹੋ ਕੇ ਮੇਰੇ ਉਤੇ ਆ ਗਿਉਂ ਵਤ, ਵਤਨ ਮੇਰਾ ਦੇ ਸੁਹਾਈਆ । ਮੇਰੇ ਕੋਲ ਤੇਰੇ ਅਵਤਾਰਾਂ ਪੈਗੰਬਰਾਂ ਗੁਰੂਆਂ ਦੇ ਖਤ, ਜਿਨ੍ਹਾਂ ਖ਼ਤੂਤਾਂ ਨਾਲ ਖ਼ਿਤਾਬ ਤੇਰਾ ਗਏ ਸਮਝਾਈਆ । ਜਿਸ ਦੀ ਯਾਦ ਵਿਚ ਮੇਰੇ ਉਤੇ ਗੋਬਿੰਦ ਸਥਰ ਗਿਆ ਲਥ, ਯਾਰੜੇ ਯਰਾਨਾ ਤੇਰੀ ਸੇਜ ਹੰਢਾਈਆ । ਐਸ ਵੇਲੇ ਮੇਰਾ ਪਰਦਾ ਢਕ, ਢਾਕਨ ਕੋ ਪਤ ਇਕ ਅਖਵਾਈਆ । ਦੀਨ ਦੁਨੀ ਦੀ ਨਿਰੰਤਰ ਬਦਲ ਦੇ ਮਤ, ਅੰਤਰ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੈਂ ਫਿਰ ਫਿਰ ਮੁਕਾ ਸਕੀ ਨਾ ਪੰਧ, ਪਾਂਧੀ ਹੋ ਕੇ ਭੱਜੀ ਵਾਹੋ ਦਾਹੀਆ । ਮੈਂ ਗਾਉਂਦੀ ਰਹੀ ਤੇਰੇ ਪਿਆਰ ਦੇ ਛੰਦ, ਗੀਤ ਸੰਗੀਤ ਤੇਰਾ ਰਾਗ ਅਲਾਈਆ । ਮੈਨੂੰ ਆਉਂਦਾ ਰਿਹਾ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਮੇਰਾ ਖ਼ੁਸ਼ੀ ਹੁੰਦਾ ਰਿਹਾ ਬੰਦ ਬੰਦ, ਤੇਰੀ ਬੰਦਗੀ ਵਿਚ ਸਮਾਈਆ । ਮੈਨੂੰ ਅੰਤ ਡਰ ਲਗਦਾ ਜਿਸ ਵੇਲੇ ਤੂੰ ਨਿਸ਼ਾਨ ਮੇਟਣਾ ਤਾਰਾ ਚੰਦ, ਚੰਦ ਸਿਤਾਰ ਦਏ ਦੁਹਾਈਆ । ਸਦੀ ਚੌਧਵੀਂ ਰਹੀ ਲੰਘ, ਪਾਰ ਕਿਨਾਰਾ ਅੰਤ ਵਖਾਈਆ । ਜਗਤ ਸੇਜ ਸੁਹੰਜਣੀ ਰਹੇ ਨਾ ਕੋਇ ਪਲੰਘ, ਬਿਸਤਰ ਖ਼ਾਕ ਦੀਨ ਦੁਨੀ ਹੰਢਾਈਆ । ਮੇਰਾ ਅੰਤਸ਼ਕਰਨ ਹੋਇਆ ਤੰਗ, ਤੰਗ ਦਸਤੀ ਵਿਚ ਕੁਰਲਾਈਆ । ਤੇਰੀ ਮਾਨਵ ਜਾਤੀ ਟੁਟਣ ਵਾਲੀ ਕਾਚੀ ਵੰਗ, ਭੰਨਣ ਘੜਨਹਾਰ ਤੇਰੀ ਬੇਪਰਵਾਹੀਆ । ਕਰ ਕਿਰਪਾ ਕਿਰਪਾ ਨਿਧਾਨ ਲਾ ਲੈ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ । ਮਰੇ ਸੀਨੇ ਪਾ ਦੇ ਠੰਡ, ਅਗਨੀ ਤਤ ਬੁਝਾਈਆ । ਜਨ ਭਗਤਾਂ ਆਤਮ ਧਾਰ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਹੋਣਾ ਆਪ ਸਹਾਈਆ । ਧਰਨੀ ਕਹੇ ਮੈਂ ਫਿਰ ਫਿਰ ਤੱਕਿਆ ਜਗਤ ਜਹਾਨ, ਜਹਾਲਤ ਵਿਚ ਲੋਕਾਈਆ । ਕਾਇਆ ਕਾਅਬੇ ਵੇਖੇ ਮਕਾਨ, ਮੰਦਰ ਤਤਾਂ ਫੋਲ ਫੁਲਾਈਆ । ਸਤਿ ਧਰਮ ਤੱਕੇ ਨਿਸ਼ਾਨ, ਬਿਨ ਨੈਣਾਂ ਨੈਣ ਉਠਾਈਆ । ਇਸ਼ਟ ਵੇਖੇ ਸੀਤਾ ਰਾਮ, ਕ੍ਰਿਸ਼ਨਾ ਕਾਹਨਾ ਫੋਲ ਫੁਲਾਈਆ । ਪੈਗ਼ੰਬਰਾਂ ਸੁਣੇ ਪੈਗ਼ਾਮ, ਕਲਮੇ ਕਾਇਨਾਤ ਦ੍ਰਿੜਾਈਆ । ਗੁਰੂਆਂ ਸੁਣੇ ਮੰਤਰ ਸਤਿਨਾਮ, ਨਮੋ ਨਮੋ ਸਾਰੇ ਸੀਸ ਝੁਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਰਬ ਕੁਰਲਾਣ, ਕੁਰ੍ਹਾ ਕਾਅਬਾ ਕਾਇਆ ਪਵਿਤ ਨਾ ਕੋਇ ਬਣਾਈਆ । ਮੈਂ ਤੇਰੀ ਬਾਲੀ ਬਾਲ ਅੰਞਾਣ, ਬੁਧਹੀਣ ਅਖਵਾਈਆ । ਤੂੰ ਦਾਤਾ ਗੁਣ ਨਿਧਾਨ, ਬੇਅੰਤ ਤੇਰੀ ਵਡ ਵਡਿਆਈਆ । ਮੇਰੇ ਮਾਲਕ ਮਾਰ ਧਿਆਨ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਮੇਰੇ ਉਤੇ ਸ਼ਰਅ ਛੁਰੀ ਜਗਤ ਰਹੇ ਨਾ ਸ਼ੈਤਾਨ, ਸ਼ਰੀਅਤ ਆਪਣੇ ਵਿਚ ਲੈਣੀ ਛੁਪਾਈਆ । ਮੈਂ ਚਾਹੁੰਦੀ ਤੂੰ ਮੇਰਾ ਮੈਂ ਤੇਰਾ ਸਾਰੇ ਗਾਵਨ ਗਾਣ, ਗਾ ਗਾ ਸ਼ੁਕਰ ਮਨਾਈਆ । ਮੇਰੀ ਉਤਰ ਜਾਏ ਥਕਾਨ, ਥਕਾਵਟ

੧੦੫੭ ੨੩

ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਸਹਾਈਆ । ਧਰਨੀ ਕਹੇ ਮੈਂ ਫਿਰ ਫਿਰ ਵੇਖਿਆ ਤੇਰਾ ਸੰਸਾਰ, ਸਹਿੰਸਾ ਅਵਰ ਰਿਹਾ ਨਾ ਰਾਈਆ । ਕੀ ਦੱਸਾਂ ਪ੍ਰਭੂ ਆਪਣੀ ਵਿਚਾਰ, ਵਿਚਰ ਕੇ ਕੀ ਜਣਾਈਆ । ਤੂੰ ਸਭ ਕੁਛ ਵੇਖਣਹਾਰ, ਵੇਖੇ ਵਿਗਸੇ ਥਾਉਂ ਥਾਈਂਆ । ਮੈਂ ਇਕੋ ਬੇਨੰਤੀ ਕਰਾਂ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਇਕ ਬੇਨੰਤੀ ਦਿਆਂ ਗੁਜ਼ਾਰ, ਗੁਜ਼ਾਰਸ਼ ਵਿਚ ਸੀਸ ਝੁਕਾਈਆ । ਮੇਰੇ ਮਹਿਬੂਬਾ ਮੇਰਾ ਪੰਧ ਨਹੀਂ ਜੁਗ ਚੌਕੜੀ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੰਗ ਨਾ ਕੋਇ ਨਿਭਾਈਆ । ਮੈਂ ਆਦਿ ਜੁਗਾਦੀ ਤੇਰੀ ਸੇਵਾਦਾਰ, ਚਾਕਰ ਹੋ ਕੇ ਸੇਵ ਕਮਾਈਆ । ਮੇਰੀ ਸਮਝ ਸਕਿਆ ਨਾ ਕੋਇ ਅਜੇ ਰਫ਼ਤਾਰ, ਰਫ਼ਤਾ ਰਫ਼ਤਾ ਚਲਣਾ ਚਾਈਂ ਚਾਈਂਆ । ਕੋਟਨ ਕੋਟ ਮੇਰੀ ਖ਼ਾਕ ਵਿਚ ਮਿਲ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਤੇਰਾ ਭੇਵ ਕੋਇ ਨਾ ਪਾਈਆ । ਮੇਰੀ ਅੰਤ ਕੰਤ ਭਗਵੰਤ ਇਹੋ ਪੁਕਾਰ, ਨਿਮਸਕਾਰ ਕਰ ਕੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਦੇ ਨਿਵਾਰ, ਕੁਕਰਮ ਅਧਰਮ ਦਾ ਡੇਰਾ ਢਾਹੀਆ । ਜਨ ਭਗਤਾਂ ਪੈਜ ਦੇ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਭੁੱਖਿਆਂ ਭੁੱਖ ਦੇ ਨਿਵਾਰ, ਦੁਖੀਆਂ ਦੁੱਖ ਚੁਕਾਈਆ । ਖ਼ਾਲੀ ਭਰ ਭੰਡਾਰ, ਭਰਪੂਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਰਕਾਰੇ ਆਅਲਾ ਤੇਰੀ ਇਕ ਸਰਨਾਈਆ ।


੧੦੫੮
੨੩

## ✪ ੨੦ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਇਟਾਰਸੀ ਹਰਦਿਤ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰਾ ਸਾਹਿਬ ਸਵਾਮੀ ਬਹੁੜੇ, ਬਹੁੜੀ ਬਹੁੜੀ ਮੇਰੀ ਸੁਣੇ ਦੁਹਾਈਆ । ਜਗਤ ਜੀਵ ਜਹਾਨ ਵੇਖੇ ਫਲ ਮਿੱਠੇ ਕੌੜੇ, ਚੁਰਾਸੀ ਵਿਚੋਂ ਅਬਿਨਾਸ਼ੀ ਫੋਲ ਫੁਲਾਈਆ । ਕੂੜ ਵਿਕਾਰ ਹੰਕਾਰ ਵਿਚੋਂ ਸਭ ਨੂੰ ਹੋੜੇ, ਹੋੜਾ ਸੱਸੇ ਉਤੇ ਟਿਕਾਈਆ । ਪਰਮਾਤਮ ਧਾਰ ਆਤਮ ਹੋ ਕੇ ਜੋੜੇ, ਜੋੜੀ ਜਗਤ ਜਹਾਨ ਜਣਾਈਆ । ਮੇਰੀ ਆਸ਼ਾ ਪੂਰੀ ਕਰੇ ਜੋ ਵਰ ਰਹੀ ਲੋੜੇ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਗੰਮ ਅਗੰਮੜਾ ਚੜ੍ਹ ਕੇ ਅਗੰਮੇ ਘੋੜੇ, ਘੜਿਆਲ ਦੋ ਜਹਾਨ ਵਜਾਈਆ । ਕੂੜੀ ਕਿਰਿਆ ਕਲਜੁਗ ਅੰਤਮ ਸ਼ੌਹ ਦਰਿਆਏ ਰੋੜ੍ਹੇ, ਛੁਰੀ ਸ਼ਰਅ ਰੂਪ ਦਿਸੇ ਨਾ ਕੋਇ ਕਸਾਈਆ । ਦੀਨ ਦੁਨੀਆ ਸਾਰੀ ਸਾਚੇ ਧਰਮ ਦੇ ਚਾੜ੍ਹੇ ਪੌੜੇ, ਪੌੜੀ ਡੰਡਾ ਇਕ ਵਖਾਈਆ । ਰੂਪ ਅਨੂਪਾ ਧਰ ਕੇ ਬ੍ਰਹਿਮਣ ਗੌੜੇ, ਵੇਦ ਵਿਆਸਾ ਲੇਖਾ ਦਏ ਮੁਕਾਈਆ । ਜਿਸ ਦੇ ਪੰਧ ਆਦਿ ਜੁਗਾਦੀ ਲੰਮੇ ਚੌੜੇ, ਅੰਤ ਕਹਿ ਸਕੇ ਕੋਇ ਨਾ ਰਾਈਆ । ਉਹ ਖੇਲ ਕਰੇ ਗੰਭੀਰ ਗਹਿਰ ਗਵਰ ਗੌਰੇ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਸਵਾਮੀ ਮੇਰੀ ਰਖੇ ਲੱਜਿਆ, ਲੱਜਿਆਵੰਤ ਇਕ ਅਖਵਾਈਆ । ਜਿਸ ਦਾ ਦੀਪਕ ਜੋਤ ਅਗੰਮੀ ਜਗਿਆ, ਜਗਤ ਜਹਾਨ ਕਰੇ ਰੁਸ਼ਨਾਈਆ । ਓਹ ਹੁਕਮੀ ਹੁਕਮ ਦਾ ਦੇਵੇ ਸੱਦਿਆ, ਸੰਦੇਸਾ ਧੁਰਦਰਗਾਹੀਆ । ਜਿਸ ਨੇ ਸਭ ਦਾ ਪੂਰਾ ਕਰਨਾ ਹੱਜਿਆ, ਹਾਜਤ ਵੇਖੇ ਖ਼ਲਕ ਖ਼ੁਦਾਈਆ । ਉਸ ਦਾ ਨਾਮ ਨਿਧਾਨ ਇਕੋ ਸੁਣਿਆ ਨੱਦਿਆ, ਨਦੀਆਂ ਦੇ ਵਹਿਣ ਸਮਝ

ਕੋਇ ਨਾ ਆਈਆ । ਜਿਸ ਦੀਨਾਂ ਮਜ਼੍ਹਬਾਂ ਪਾਰ ਕੀਤੀ ਹੱਦਿਆ, ਨਵ ਸੱਤ ਆਪਣਾ ਪੰਧ ਮੁਕਾਈਆ । ਆਤਮ ਪਰਮਾਤਮ ਦਸ ਕੇ ਧੁਰ ਦੀ ਯੱਦਿਆ, ਯਦੀ ਯਦਪ ਆਪਣਾ ਰੰਗ ਰੰਗਾਈਆ । ਸਚ ਖ਼ੁਮਾਰੀ ਦੇ ਵਿਚ ਮਧਿਆ, ਮਸਤੀ ਨਾਮ ਵਾਲੀ ਵਖਾਈਆ । ਜਗ ਨੇਤਰ ਨੈਣ ਲੋਚਨ ਦੀਨ ਦੁਨੀ ਕਿਸੇ ਨਾ ਲੱਭਿਆ, ਕੋਟਨ ਕੋਟ ਖੋਜਣ ਥਾਉਂ ਥਾਈਂਆ । ਉਹ ਸਚ ਦਵਾਰ ਏਕੰਕਾਰ ਸੰਬਲ ਆਪਣੇ ਗ੍ਰਹਿ ਸਜਿਆ, ਸਾਜਣ ਹੋ ਕੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰਾ ਸਵਾਮੀ ਗਹਿਰ ਗੰਭੀਰਾ, ਗੁਣਵੰਤ ਇਕ ਅਖਵਾਈਆ । ਜਿਸ ਦਾ ਤਨ ਵਜੂਦ ਨਹੀਂ ਸਰੀਰਾ, ਸਿਰ ਧੜ ਵੰਡ ਨਾ ਕੋਇ ਵੰਡਾਈਆ । ਜੋ ਸਭ ਦਾ ਮੀਤ ਪਿਆਰਾ ਦਸਤਗੀਰਾ, ਮਿਹਰਵਾਨ ਇਕ ਅਖਵਾਈਆ । ਉਹ ਅੰਤ ਲੇਖਾ ਜਾਣੇ ਸ਼ਾਹ ਹਕੀਰਾ, ਹਕੀਕਤ ਦਾ ਮਾਲਕ ਹੋ ਕੇ ਵੇਖ ਵਖਾਈਆ । ਜੋ ਇਸ਼ਾਰਾ ਦੇ ਕੇ ਗਿਆ ਕਬੀਰਾ, ਕਬਰਾਂ ਤੋਂ ਬਾਹਰ ਦ੍ਰਿੜਾਈਆ । ਜਿਸ ਦੀ ਨਜ਼ਰ ਆਏ ਨਾ ਕਿਸੇ ਤਸਵੀਰਾ, ਤਸੱਵਰ ਮੁਸੱਵਰ ਕਰ ਨਾ ਕੋਇ ਸਮਝਾਈਆ । ਉਹ ਮਾਲਕ ਗੁਣੀ ਗਹੀਰਾ, ਨੂਰ ਨੁਰਾਨਾ ਡਗਮਗਾਈਆ । ਧਰਨੀ ਕਹੇ ਜਿਸ ਲੇਖੇ ਲਾਇਆ ਰਵੀਦਾਸ ਵਾਲਾ ਕਸੀਰਾ, ਗੰਗਾ ਗੰਗੋਤਰੀ ਰੰਗ ਚੜ੍ਹਾਈਆ । ਜੋ ਪਹਿਨ ਕੇ ਆ ਗਿਆ ਨੀਲੀ ਧਾਰ ਤੋਂ ਬਾਹਰ ਆਪਣਾ ਨੀਲਾ ਚੀਰਾ, ਚਿਰੀ ਵਿਛੁੰਨੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਮਾਲਕ ਇਕ ਬੇਅੰਤ, ਅੰਤ ਕਹਿਣ ਕਿਛ ਨਾ ਪਾਈਆ । ਜਿਸ ਨੇ ਆਦਿ ਬਣਾਈ ਬਣਤ, ਜੁਗਾ ਜੁਗੰਤ ਵੇਖ ਵਖਾਈਆ । ਜੋ ਲੱਖ ਚੁਰਾਸੀ ਨਿਰਗੁਣ ਧਾਰ ਬਣਿਆ ਕੰਤ, ਕੰਤੂਹਲ ਵਡ ਵਡਿਆਈਆ । ਜਿਸ ਦਾ ਨਾਮ ਨਿਧਾਨਾ ਇਕੋ ਮੰਤ, ਮੰਤਵ ਜੁਗ ਚੌਕੜੀ ਹੱਲ ਕਰਾਈਆ । ਜਿਸ ਦੀ ਮਹਿੰਮਾ ਗਾਉਂਦੇ ਜੁਗ ਚੌਕੜੀ ਸਾਧ ਸੰਤ, ਰਾਗ ਸਿਫ਼ਤਾਂ ਵਾਲੇ ਸਲਾਹੀਆ । ਉਹ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਭੁਲ ਰਹੇ ਨਾ ਰਾਈਆ । ਬੁਧੀ ਤੋਂ ਪਰੇ ਬੋਧ ਅਗਾਧਾ ਬਣ ਕੇ ਪੰਡਤ, ਬਿਨਾ ਅੱਖਰਾਂ ਤੋਂ ਨਿਰਅੱਖਰ ਧਾਰ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਜਿਸ ਦਾ ਰੂਪ ਅਨੂਪਾ ਸਤਿ ਸਰੂਪਾ ਧਾਰ ਪੰਕਜ, ਪਰਾ ਪਸੰਤੀ ਮਧਮ ਬੈਖਰੀ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਮਾਲਕ ਵਡ ਅਲਾਹ, ਪੁਰਖ ਅਗੰਮ ਅਖਵਾਈਆ । ਜਿਸ ਦੀ ਸਤਿਗੁਰ ਸ਼ਬਦ ਨਾਲ ਸਲਾਹ, ਮਸ਼ਵਰਾ ਨਾਮ ਨਾਲ ਪਕਾਈਆ । ਅਵਤਾਰ ਪੈਗ਼ੰਬਰ ਗੁਰੂ ਜੁਗ ਚੌਕੜੀ ਬਣਾ ਗਵਾਹ, ਸ਼ਹਾਦਤ ਸ਼ਰਅ ਵਾਲੀ ਜਣਾਈਆ । ਸੋ ਨਵ ਨੌ ਚਾਰ ਦਾ ਲੇਖਾ ਰਿਹਾ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਜੋਤੀ ਜਾਤਾ ਪੁਰਖ ਬਿਧਾਤਾ ਵੇਸ ਵਟਾ, ਰੂਪ ਅਨੂਪਾ ਰਿਹਾ ਪ੍ਰਗਟਾਈਆ । ਜਿਸ ਨੂੰ ਹਜ਼ਰਤਾਂ ਕਿਹਾ ਖ਼ੁਦਾ, ਪੈਗ਼ੰਬਰ ਰਸੂਲ ਰਸੂਲੱਲਾਹ ਕਹਿ ਕੇ ਸੀਸ ਨਿਵਾਈਆ । ਜੁਗ ਬਦਲਣੀ ਓਸ ਦੀ ਅਦਾ, ਜੋ ਅਬਾਦਤ ਆਪਣੀ ਲਏ ਬਦਲਾਈਆ । ਧਰਨੀ ਕਹੇ ਮੈਂ ਉਸ ਦੇ ਕਦਮਾਂ ਤੋਂ ਜਾਵਾਂ ਫ਼ਿਦਾ, ਜੋ ਫ਼ੈਸਲਾ ਹਕ ਸੁਣਾਈਆ । ਜਿਸ ਦਾ ਲੇਖਾ ਲਿਖਿਆ ਵੇਦ ਵਿਚ ਰਿਗਾ, ਰਾਮ ਰਾਮਾ ਆਪਣਾ ਲੇਖਾ ਗਿਆ ਦ੍ਰਿੜਾਈਆ । ਜਿਸ ਦਾ ਇਸ਼ਾਰਾ ਕੀਤਾ ਭਰਿੰਗੂ ਭਰਿੰਗਾ, ਭਵ ਸਾਗਰਾਂ ਪਾਰ ਅੱਖ ਉਠਾਈਆ ।

ਉਸ ਦੀ ਜਾਣੇ ਕੋਇ ਨਾ ਬਿਧਾ, ਜੋ ਬਿਧਨਾ ਦੇ ਲੇਖੇ ਰਿਹਾ ਮੁਕਾਈਆ । ਧਰਨੀ ਕਹੇ ਮੈਂ ਉਸ ਦੀ ਦਾਸੀ ਨਿਮਾਣੀ ਬਸੁਧਾ, ਆਪਣੀ ਸੁਧ ਨਾ ਕੋਇ ਰਖਾਈਆ । ਜਿਸ ਮੇਰੇ ਉਤੇ ਨੌ ਖੰਡ ਪ੍ਰਿਥਮੀ ਕਰਾਉਣਾ ਯੁੱਧਾ, ਯੁਧਿਸ਼ਟਰ ਦੀ ਆਸ਼ਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪਣੀ ਕਾਰ ਭੁਗਤਾਈਆ । ਧਰਨੀ ਕਹੇ ਮੇਰਾ ਸਾਹਿਬ ਸਤਿਗੁਰ ਏਕ, ਏਕੰਕਾਰ ਆਪ ਅਖਵਾਈਆ । ਜਿਸ ਦੀ ਰਖ ਕੇ ਬੈਠੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਉਹ ਭਗਤਾਂ ਕਰੇ ਬੁਧ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਤਨ ਨਾ ਲਾਏ ਸੇਕ, ਅਗਨੀ ਤਤ ਬੁਝਾਈਆ । ਜਨਮ ਕਰਮ ਦੀ ਬਦਲੇ ਰੇਖ, ਰਿਖੀਆਂ ਮੁਨੀਆਂ ਤੋਂ ਬਾਹਰ ਦਏ ਵਡਿਆਈਆ । ਸਚ ਦਵਾਰਾ ਬਖ਼ਸ਼ੇ ਸਚਖੰਡ ਅਗੰਮਾ ਦੇਸ, ਦੇਸ ਦੇਸਾਂਤਰਾਂ ਡੇਰਾ ਢਾਹੀਆ । ਹਰਿਜਨ ਹਰਿ ਭਗਤ ਧੁਰ ਦਰਗਾਹ ਦੇ ਬਣਾ ਕੇ ਦਰਵੇਸ਼, ਸਿਰ ਸਿਰ ਆਪਣਾ ਹੱਥ ਰਖਾਈਆ । ਜਿਸ ਝਗੜਾ ਮੁਕਾਉਣਾ ਮੁੱਲਾ ਸ਼ੇਖ਼, ਕਾਜੀਆਂ ਕਜ਼ਾ ਦੇ ਹੱਥ ਫੜਾਈਆ । ਚੜ੍ਹਦੀ ਦਿਸ਼ਾ ਜਾਏ ਪ੍ਰਦੇਸ, ਪ੍ਰਦੇਸੀ ਹੋ ਕੇ ਆਪਣੀ ਕਾਰ ਕਮਾਈਆ । ਨਾਲੇ ਸ਼ਾਹ ਬਣੇ ਨਰੇਸ਼, ਫ਼ਕੀਰ ਹੋ ਕੇ ਫ਼ੱਕਰਾਂ ਵਾਲੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਮੇਰੀ ਖ਼ੁਸ਼ੀ ਬਣਾਈਆ । ਧਰਨੀ ਕਹੇ ਮੇਰਾ ਸਾਹਿਬ ਮੈਨੂੰ ਦੇਵੇ ਖ਼ੁਸ਼ਹਾਲੀ, ਖ਼ੁਸ਼ੀਆਂ ਢੋਲੇ ਗਾਈਆ । ਮੇਰੇ ਮਸਤਕ ਚੜ੍ਹੇ ਲਾਲੀ, ਲਾਲ ਲਾਲਨ ਗੁਰਮੁਖ ਲਏ ਪ੍ਰਗਟਾਈਆ । ਮੈਂ ਸਚ ਦੀ ਮੰਗਤੀ ਬਣਾਂ ਸਵਾਲੀ, ਭਿਖਾਰਨ ਹੋ ਕੇ ਝੋਲੀ ਡਾਹੀਆ । ਤੂੰ ਨੂਰ ਨੁਰਾਨਾ ਸ਼ਹਿਨਸ਼ਾਹ ਜੋਤ ਅਕਾਲੀ, ਅਕਲ ਕਲਧਾਰੀ ਇਕ ਅਖਵਾਈਆ । ਤੂੰ ਦੋ ਜਹਾਨਾਂ ਵਾਲੀ, ਮਾਲਕ ਬੇਪਰਵਾਹੀਆ । ਮੇਰਾ ਦਵਾਰਾ ਨੌ ਖੰਡ ਬਣਾ ਦੇ ਸਚੀ ਧਰਮਸਾਲੀ, ਧਰਮ ਦੀ ਧਾਰ ਇਕ ਸਮਝਾਈਆ । ਮਾਨਸ ਫਲ ਲਗਾ ਦੇ ਡਾਲੀ, ਪੱਤ ਟਹਿਣੀ ਹਰੀ ਆਪ ਕਰਾਈਆ । ਤੇਰੇ ਨਾਮ ਤੋਂ ਤਨ ਵਜੂਦ ਰਹੇ ਕੋਇ ਨਾ ਖ਼ਾਲੀ, ਖਾਲਕ ਆਪਣਾ ਰੰਗ ਚੜ੍ਹਾਈਆ । ਕਲਜੁਗ ਦੀ ਔਧ ਰਹੇ ਨਾ ਬਾਹਲੀ, ਦੂਰ ਦੁਰਾਡਾ ਪੰਧ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਭਿਛਿਆ ਝੋਲੀ ਪਾਈਆ । ਧਰਨੀ ਕਹੇ ਮੇਰੇ ਸਾਹਿਬ ਪਾ ਦੇ ਭਿਛਿਆ, ਭਿੱਖਕ ਭਿਖਾਰੀ ਝੋਲੀ ਦੇ ਭਰਾਈਆ । ਮੇਰੀ ਪੂਰਨ ਕਰ ਦੇ ਇਛਿਆ, ਪੂਰਨ ਸਤਿਗੁਰ ਤੇਰੀ ਵਡ ਵਡਿਆਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਲੇਖਾ ਵੇਖ ਲੈ ਲਿਖਿਆ, ਬਿਨ ਨੈਣਾਂ ਨਜ਼ਰੀ ਆਈਆ । ਤੇਰੀ ਸ੍ਰਿਸ਼ਟੀ ਦਿੱਸਦੀ ਮਿਥਿਆ, ਮਥਣ ਕਰ ਲੋਕਾਈਆ । ਮੈਨੂੰ ਦਸ ਦੇ ਆਪਣੀ ਸੁਹੰਜਣੀ ਵਾਰ ਥਿਤਿਆ, ਘੜੀ ਪਲ ਨਾਤਾ ਜੋੜ ਜੁੜਾਈਆ । ਕਿਸ ਬਿਧ ਪ੍ਰਗਟ ਹੋਵੇ ਦੋ ਜਹਾਨਾ ਸ੍ਰੀ ਭਗਵਾਨਾ ਸ਼ਾਹ ਅਸਵਾਰਾ ਅਸਵ ਚਿਟਿਆ, ਚਿੱਟੀ ਧਾਰ ਕਰ ਰੁਸ਼ਨਾਈਆ । ਧਰਨੀ ਕਹੇ ਮੇਰਾ ਮਾਤਾ ਦਾ ਸੀਰ ਜਗਤ ਵਿਚ ਫਿਟਿਆ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕਲਜੁਗ ਜੀਵਾਂ ਮਨੂਆ ਮੂਲ ਨਾ ਟਿਕਿਆ, ਦਹਿ ਦਿਸ਼ਾ ਉਠ ਉਠ ਧਾਹੀਆ । ਤੇਰੇ ਚਰਨ ਕੋਇ ਨਾ ਵਿਕਿਆ, ਪ੍ਰੀਤੀ ਵਿਚ ਪ੍ਰੀਤਮ ਨਾ ਕੋਇ ਸਮਾਈਆ । ਮੇਰਾ ਲਹਿਣਾ ਦੇਣਾ ਤੁਧ ਬਿਨ ਨਾ ਜਾਏ ਨਜਿਠਿਆ, ਸਿਰ ਹੱਥ ਨਾ ਕੋਇ ਰਖਾਈਆ । ਝਗੜਾ ਮੁਕਾ ਦੇ ਪੱਥਰ ਇੱਟਿਆ, ਪਾਹਨਾਂ ਲੇਖਾ ਰਹੇ ਨਾ ਰਾਈਆ । ਸਚ ਪ੍ਰੀਤੀ ਅੰਤਰ ਆਤਮ ਕਰ ਹਿਤਿਆ, ਪਰਮਾਤਮ ਹੋ ਕੇ ਜੋੜ ਜੁੜਾਈਆ । ਤੂੰ ਪੁਰਖ ਅਬਿਨਾਸ਼ੀ ਅਚੁਤਿਆ, ਅਚੁਤ ਤੇਰੀ ਵਡ ਵਡਿਆਈਆ । ਮੇਰਾ ਅੰਤਮ ਵੰਡ ਦੁਖਿਆ, ਦੀਨਾਂ ਦਰਦੀਆਂ



੧੦੬੦
੨੩

ਹੋ ਸਹਾਈਆ । ਜਗਤ ਜਹਾਨ ਤੱਕ ਲੈ ਭੁੱਖਿਆ, ਤ੍ਰਿਸ਼ਨਾ ਸਕੇ ਨਾ ਕੋਇ ਮਿਟਾਈਆ । ਧਰਨੀ ਕਹੇ ਮੇਰੀ ਸੁਫ਼ਲ ਕਰ ਦੇ ਕੁੱਖਿਆ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਜਨ ਭਗਤਾਂ ਉਜਲ ਕਰ ਮੁਖਿਆ, ਦੁਰਮਤ ਮੈਲ ਰਹੇ ਨਾ ਰਾਈਆ । ਤੇਰਾ ਵਕਤ ਸੁਹੰਜਣਾ ਪੁਜਿਆ, ਪੂਜਣਯੋਗ ਤੇਰੀ ਵਡਿਆਈਆ । ਕਲਜੁਗ ਕੂੜਾ ਮੇਟ ਦੇ ਜੁਗਿਆ, ਜੁਗਤ ਜਗ ਆਪਣੀ ਦੇ ਸਮਝਾਈਆ । ਮੇਰੇ ਉਤੋਂ ਸਭ ਦਾ ਦੀਪਕ ਵੇਖ ਲੈ ਬੁਝਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਆਪਣਾ ਭੇਵ ਅਭੇਦਾ ਦੱਸ ਦੇ ਗੁਝਿਆ, ਪਰਦਾ ਓਹਲਾ ਦੇ ਉਠਾਈਆ । ਭਾਓ ਰਹੇ ਨਾ ਏਕਾ ਦੂਜਿਆ, ਦੁਤੀਆ ਭਾਓ ਦੇਣਾ ਮੁਕਾਈਆ । ਮੈਂ ਤੇਰੀ ਨਿਮਾਣੀ ਭਿਖਾਰਨ ਬਸੁਧਿਆ, ਬੇਸੁਧ ਹੋ ਕੇ ਦਿਆਂ ਸੁਣਾਈਆ । ਓਹ ਲੇਖਾ ਪੂਰਾ ਕਰ ਦੇ ਜੋ ਵਾਅਦਾ ਕੀਤਾ ਨਾਲ ਰਾਮ ਛਡਣ ਲੱਗਿਆ ਅਯੁਧਿਆ, ਬਿਨ ਅੱਖਰਾਂ ਅੱਖਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਜਲ ਕਰ ਦੇ ਸਭ ਦੀ ਬੁਧਿਆ, ਮਨਮਤ ਦਾ ਡੇਰਾ ਢਾਹੀਆ ।

### ✪ ੨੨ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਇਟਾਰਸੀ ਸੁਰਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀ ਸੁਹੰਜਣੀ ਕਰ ਦੇ ਝੁੱਗੀ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਚਰਨ ਛੁਹਾਈਆ । ਮੈਂ ਆਸ਼ਾ ਰਖੀ ਤੇਰੀ ਜੁਗ ਜੁਗੀ, ਜੁਗਾ ਜੁਗੰਤਰ ਦੇ ਮਾਲਕ ਅੰਤ ਮੇਰਾ ਲੇਖਾ ਦੇਣਾ ਮੁਕਾਈਆ । ਮੇਰੀ ਕਰਨੀ ਕਰਤੇ ਪੁਰਖ ਕਰ ਦੇ ਉਘੀ, ਉਗਣ ਆਥਣ ਤੇਰੀ ਓਟ ਤਕਾਈਆ । ਕਲਜੁਗ ਜੀਵਾਂ ਪਵਿਤ੍ਰ ਕਰ ਦੇ ਬੁਧੀ, ਬੁਧ ਬਿਬੇਕ ਦੇ ਬਣਾਈਆ । ਮੇਰਾ ਖੇਲ ਨਾ ਵੇਖੀਂ ਜਗਤ ਜਹਾਨ ਯੁੱਧੀ, ਯੋਧੇ ਆਪਣਾ ਬਲ ਦਰਸਾਈਆ । ਬੇਸ਼ਕ ਮੇਰੇ ਉਤੇ ਦੀਨਾਂ ਮਜ਼੍ਹਬਾਂ ਦੀ ਔਧ ਪੁਗੀ, ਵੇਲਾ ਵਕਤ ਧਿਆਨ ਲਗਾਈਆ । ਸ਼ਹਾਦਤ ਦੇਵੇ ਨਾ ਕੋਇ ਵਦੀ ਸੁਦੀ, ਕਿਸ਼ਨਾ ਸੁਕਲਾ ਪੱਖ ਨੈਣ ਨਾ ਕੋਇ ਉਠਾਈਆ । ਤੇਰੀ ਮੰਜ਼ਲ ਮਹਿਬੂਬ ਪਿਆਰ ਵਾਲੀ ਕਦੇ ਨਾ ਮੁਕੀ, ਪਾਂਧੀ ਪੰਧ ਨਾ ਕੋਇ ਚੁਕਾਈਆ । ਮੈਂ ਚਰਨ ਕਵਲ ਸਰਨ ਸਰਨਾਈ ਤੇਰੀ ਝੁਕੀ, ਬਿਨ ਸੀਸ ਜਗਦੀਸ਼ ਤੇਰੇ ਭੇਟ ਕਰਾਈਆ । ਆਪਣੀ ਖੇਲ ਰਹਿਣ ਨਾ ਦੇਵੀਂ ਲੁਕੀ, ਲੋਕਮਾਤ ਪਰਦਾ ਦੇਣਾ ਚੁਕਾਈਆ । ਮੇਰੇ ਸਾਹਿਬ ਸਵਾਮੀ ਲੁੱਟੀ, ਲੁਟੇਰਾ ਕਲਜੁਗ ਭੱਜੇ ਵਾਹੋ ਦਾਹੀਆ । ਤੇਰੀ ਆਤਮ ਧਾਰ ਪ੍ਰੀਤੀ ਭਗਤਾਂ ਨਾਲੋਂ ਕਦੇ ਨਾ ਟੁੱਟੀ, ਟੁਟਿਆਂ ਲੈਣਾ ਮਿਲਾਈਆ । ਮੈਂ ਤੇਰੀ ਖ਼ਬਰ ਸੁਣਾਂ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਢੋਲਾ ਇਕ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਬਦਲ ਦੇ ਰੁਚੀ, ਰਚਨਾ ਆਪਣੀ ਇਕ ਸਮਝਾਈਆ । ਮੈਂ ਤੇਰੀ ਜਗਤ ਜਹਾਨ ਕਰਾਂ ਬੁਤੀ, ਬੁਤਖ਼ਾਨਿਆਂ ਕਰਾਂ ਸਫ਼ਾਈਆ । ਸੁਰਤੀ ਰਹੇ ਨਾ ਕਿਸੇ ਸੁੱਤੀ, ਮਨ ਕਾ ਮਣਕਾ ਦੇ ਬਦਲਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਅਚੁਤੀ, ਚੇਤਨ ਸਭ ਨੂੰ ਦੇ ਕਰਾਈਆ । ਮੇਰੇ ਉਤੇ ਤੇਰੇ ਨਾਮ ਦੀ ਸੁਹੰਜਣੀ ਹੋਵੇ ਰੁੱਤੀ, ਰੁੱਤੜੀ ਸਚ ਦਵਾਰ ਸੁਹਾਈਆ । ਆਪਣੀ ਦੀਨ ਦੁਨੀ ਵੇਖ ਲੈ ਮਾਰਗ ਘੁੱਥੀ, ਸਾਚੇ ਪੰਥ ਮਗ ਚਲੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਆਪ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਮ ਨਿਸ਼ਾਨਾ ਤੀਰ ਮਾਰ ਅਗੰਮੀ ਕਾਨੀ, ਕਾਇਨਾਤ ਕੁਦਰਤ ਦੇ ਮਾਲਕ

ਕਲਮਾ ਦੇ ਬਦਲਾਈਆ । ਆਤਮ ਧਾਰ ਪਰਮਾਤਮ ਸਚ ਦੇ ਨਿਸ਼ਾਨੀ, ਨਿਸ਼ਾਨਾ ਇਕੋ ਇਕ ਸਮਝਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੁਲਤਾਨੀ, ਭੂਪਤ ਭੂਪ ਬੇਪਰਵਾਹੀਆ । ਪਰਵਰਦਿਗਾਰ ਸਾਂਝੇ ਯਾਰ ਕਰ ਮਿਹਰਵਾਨੀ, ਬੇਨਜ਼ੀਰ ਨਜ਼ਰ ਆਪ ਉਠਾਈਆ । ਝਗੜਾ ਮੇਟ ਅੰਜੀਲ ਕੁਰਾਨੀ, ਪਰਦਾ ਦੇ ਉਠਾਈਆ । ਤੇਰੀ ਮੰਜ਼ਲ ਆਦਿ ਜੁਗਾਦਿ ਇਕ ਰੁਹਾਨੀ, ਰੂਹ ਬੁੱਤ ਦੇ ਸਮਝਾਈਆ । ਤੂੰ ਨੂਰੀ ਇਸਮ ਮਹਿਬੂਬ ਮੇਰਾ ਅਸਮਾਨੀ, ਜਿਸਮ ਜ਼ਮੀਰ ਕਰ ਸਫ਼ਾਈਆ । ਮੈਂ ਤੇਰੇ ਚਰਨ ਕਵਲਾਂ ਕਰਾਂ ਧਿਆਨੀ, ਬਿਨ ਕਦਮਾਂ ਸੀਸ ਝੁਕਾਈਆ । ਤੇਰੀ ਸ੍ਰਿਸ਼ਟੀ ਤੇਰਾ ਰੂਪ ਨਹੀਂ ਬੇਗਾਨੀ, ਆਪ ਆਪਣੇ ਨਾਲ ਮਿਲਾਈਆ । ਝਗੜਾ ਮੇਟ ਦੇ ਚਾਰੇ ਖਾਣੀ, ਚਾਰੇ ਬਾਣੀ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਮੰਗਤੀ ਤੇਰੇ ਦਰ, ਦਰਵੇਸ਼ਣ ਹੋ ਕੇ ਝੋਲੀ ਡਾਹੀਆ । ਕਿਰਪਾ ਨਿਧਾਨ ਕਿਰਪਾ ਕਰ, ਕਿਰਪਨ ਹੋ ਕੇ ਸੀਸ ਨਿਵਾਈਆ । ਮੇਰਾ ਉਜੜ ਨਾ ਜਾਏ ਖੇੜਾ ਵਸਾ ਦੇ ਪਿਛਲਾ ਘਰ, ਗ੍ਰਹਿ ਗ੍ਰਹਿ ਖੋਜ ਖੁਜਾਈਆ । ਸਦੀ ਚੌਧਵੀਂ ਅੰਤਮ ਮੈਨੂੰ ਆਉਂਦਾ ਡਰ, ਡਰਪੋਕ ਹੋ ਕੇ ਸੀਸ ਨਿਵਾਈਆ । ਮੈਂ ਪੇਸ਼ੀਨਗੋਈਆਂ ਸਭ ਦੀਆਂ ਲਈਆਂ ਪੜ੍ਹ, ਅੱਖਰ ਅੱਖਰਾਂ ਨਾਲ ਮਿਲਾਈਆ । ਮੇਰੇ ਉਤੇ ਜੋ ਲੇਖਾ ਹੋਣਾ ਸੀਸ ਧੜ, ਦੋ ਧੜ ਦਿਸੇ ਲੋਕਾਈਆ । ਝਗੜਾ ਪੈਣਾ ਚੇਤਨ ਜੜ, ਅਸਬੂਲ ਰੋਵੇ ਮਾਰੇ ਧਾਹੀਂਆ । ਮੈਂ ਸਰਨ ਸਰਨਾਈ ਸਾਹਿਬ ਸਤਿਗੁਰ ਰਹੀ ਪੜੂ, ਨਿਵ ਨਿਵ ਲਾਗਾਂ ਪਾਈਆ । ਤੂੰ ਭੰਨਣਹਾਰ ਤੇ ਆਪੇ ਲਏਂ ਘੜ, ਘੜਨ ਭੰਨਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਇਆ ਕਮਾਈਆ । ੧੦੬੨ ੨੩
ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਹਾਲਤ, ਹਾਏ ਉਫ਼ ਤੇਰਾ ਨਾਮ ਦੁਹਾਈਆ । ਚਾਰੋਂ ਕੁੰਟ ਹੋਈ ਜਹਾਲਤ, ਸਤਿ ਵਿਚ ਨਾ ਕੋਇ ਸਮਾਈਆ । ਧਰਮ ਦੀ ਰਹੀ ਨਾ ਕੋਇ ਅਦਾਲਤ, ਇਨਸਾਫ਼ ਹੱਥ ਨਾ ਕਿਸੇ ਵਖਾਈਆ । ਮੈਨੂੰ ਇਉਂ ਦਿਸਦਾ ਮੇਰੇ ਉਤੇ ਹੋਣ ਵਾਲੀ ਬਗ਼ਾਵਤ, ਬਗ਼ਲਗੀਰ ਸਾਰੇ ਪੱਲੂ ਜਾਣ ਛੁਡਾਈਆ । ਸਚ ਪਿਆਰ ਦੀ ਕਰੇ ਨਾ ਕੋਇ ਸਖ਼ਾਵਤ, ਵਸਤ ਅਮੁਲ ਨਾ ਕੋਇ ਵਰਤਾਈਆ । ਮੈਂ ਬੁੱਧਹੀਣ ਅਣਜਾਣਤ, ਦਰ ਤੇਰੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੈਂ ਤਕਦੀ ਚਾਰ ਕੁੰਟ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਸਤਿ ਸਚ ਸਾਰੇ ਪਈ ਲੁਟ, ਕਲਜੁਗ ਲੁਟੇ ਥਾਉਂ ਥਾਈਆ । ਨਿਰਗੁਣ ਸਰਗੁਣ ਧਾਰ ਨਾਤਾ ਗਿਆ ਟੁਟ, ਟੁਟਿਆਂ ਗੰਢ ਨਾ ਕੋਇ ਪਵਾਈਆ । ਸਾਧਾਂ ਸੰਤਾਂ ਲਿਵ ਗਈ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਬਿਨ ਤੇਰੀ ਕਿਰਪਾ ਭਗਤ ਸੁਹੇਲਾ ਦਿਸੇ ਕੋਇ ਨਾ ਸੁਤ, ਅਪਰਾਧੀ ਹੋਈ ਖ਼ਲਕ ਖ਼ੁਦਾਈਆ । ਕਿਰਪਾ ਕਰ ਸ੍ਰੀ ਭਗਵਾਨ ਅਬਿਨਾਸ਼ੀ ਅਚੁਤ, ਚਤੁਰਭੁਜ ਤੇਰੀ ਓਟ ਤਕਾਈਆ । ਮੈਨੂੰ ਅੰਤ ਆਉਂਦਾ ਦੁੱਖ, ਦੁਖੀ ਹੋ ਕੇ ਰਹੀ ਸੁਣਾਈਆ । ਆਪਣੇ ਮਾਨਸ ਮਾਨਵ ਜਗਿਆਸੂ ਜਗਤ ਵੇਖ ਮਨੁਖ, ਈਸ਼ ਜੀਵ ਆਪਣਾ ਪਰਦਾ ਲਾਹੀਆ । ਤੇਰਾ ਵਕਤ ਸੁਹੰਜਣਾ ਆਦਿ ਨਿਰੰਜਣਾ ਅਖ਼ੀਰੀ ਰਿਹਾ ਢੁਕ, ਘੜੀ ਪਲ ਸਮਝ ਕਿਸੇ ਨਾ ਆਈਆ । ਮੈਂ ਸਰਨ ਸਰਨਾਈ ਬੇਪਰਵਾਹੀ ਨੂਰ ਅਲਾਹੀ ਅਗੰਮ ਅਥਾਹੀ ਰਹੀ ਝੁਕ, ਕਦਮ ਬੋਸੀ ਵਿਚ ਕਦੀਮ ਦੇ ਮਾਲਕ ਸੀਸ ਝੁਕਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੂੰ ਮੇਰਾ ਮੈਂ ਤੇਰਾ ਦੱਸ ਦੇ ਤੁਕ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ ।

ਮੈਂ ਦਿਵਸ ਰੈਣ ਸੁੱਖਣਾ ਰਹੀ ਸੁੱਖ, ਘਰ ਠਾਂਡੇ ਧਿਆਨ ਲਗਾਈਆ । ਮੇਰਾ ਮੇਟ ਅੰਧੇਰਾ ਘੁਪ, ਨੂਰੀ ਚੰਦ ਚੰਦ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਦੇ ਦੇ ਵਸਤ ਅਮੁਲ, ਕੀਮਤ ਕਰਤੇ ਨਾ ਕੋਇ ਲਗਾਈਆ । ਜੇ ਤੇਰੀ ਸ੍ਰਿਸ਼ਟੀ ਤੈਨੂੰ ਗਈ ਭੁਲ, ਅਭੁਲ ਸਭ ਨੂੰ ਦੇਣੀ ਮਾਤ ਵਡਿਆਈਆ । ਤੂੰ ਭਾਗ ਲਗਾਉਣਾ ਮੇਰੀ ਧਰਨੀ ਵਾਲੀ ਕੁਲ, ਕੁਲ ਮਾਲਕ ਹੋਣਾ ਆਪ ਸਹਾਈਆ । ਮੈਂ ਤੇਰਾ ਨਾਮ ਧਿਆਉਂਦੀ ਬਿਨਾ ਰਸਨਾ ਜਿਹਵਾ ਬੁੱਲ, ਬੱਤੀ ਦੰਦ ਨਾ ਕੋਇ ਚਤੁਰਾਈਆ । ਮੈਂ ਵੇਖਣਾ ਚਾਹੁੰਦੀ ਤੇਰੇ ਭਗਤ ਸੁਹੇਲੇ ਜਿਹੜੇ ਤੇਰੇ ਨਾਮ ਤਰਾਜੂ ਕੰਢੇ ਗਏ ਤੁਲ, ਜਗਤ ਕੀਮਤ ਨਾ ਕੋਇ ਰਖਾਈਆ । ਸਚ ਪ੍ਰੀਤੀ ਘੋਲੀ ਗਏ ਘੁਲ, ਆਪ ਆਪਣਾ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰੀ ਝੋਲੀ ਦੇ ਭਰਾਈਆ । ਪੁਰਖ ਅਕਾਲ ਕਹੇ ਧਰਨੀ ਨਾ ਕਰ ਗਿਰਿਆਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਮੈਂ ਸ਼ਹਿਨਸ਼ਾਹ ਸ਼ਾਹੋ ਭੂਪ ਸਿਕਦਾਰੀ, ਪਾਤਸ਼ਾਹ ਅਗੰਮ ਅਥਾਹੀਆ । ਮੇਰਾ ਲੇਖਾ ਨਾਲ ਪੈਗ਼ੰਬਰ ਗੁਰ ਅਵਤਾਰੀ, ਅਵਤਰ ਹੋ ਕੇ ਤੇਰਾ ਲਹਿਣਾ ਦਿਆਂ ਚੁਕਾਈਆ । ਨਿਰਗੁਣ ਹੋ ਕੇ ਸਰਗੁਣ ਪਾਵਾਂ ਸਾਰੀ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਤੂੰ ਆਪਣੀ ਕਰਨੀ ਆਪ ਤਿਆਰੀ, ਤ੍ਰੈਗੁਣ ਅਤੀਤਾ, ਹੋ ਕੇ ਦਿਆਂ ਸੁਣਾਈਆ । ਤੇਰੀ ਚੜ੍ਹਦੀ ਦਿਸ਼ਾ ਲਹਿੰਦੀ ਨਾਲ ਹੋਣੀ ਖਵਾਰੀ, ਖਾਰ ਸਕੇ ਨਾ ਕੋਇ ਮਿਟਾਈਆ । ਉਹ ਤੱਕ ਲੈ ਕਲਜੁਗ ਕਰੇ ਗ਼ਦਾਰੀ, ਗਦਾਗਰ ਹੋਕੇ ਭੱਜੇ ਵਾਹੋ ਦਾਹੀਆ । ਜਿਸ ਝਗੜਾ ਪਾਉਣਾ ਨਰ ਨਾਰੀ, ਨਰ ਹਰਿ ਆਪਣੀ ਕਲ ਵਰਤਾਈਆ । ਜਿਸ ਦੀ ਤਬੀਬ ਤਬੀਅਤ ਅੰਦਰ ਕਰ ਸਕੇ ਨਾ ਕੋਇ ਤੀਮਾਦਾਰੀ, ਸ਼ਫ਼ਾ ਹੱਥ ਕਿਸੇ ਨਾ ਆਈਆ । ਲਾੜੀ ਮੌਤ ਆਪਣਾ ਆਪ ਰਹੀ ਸ਼ਿੰਗਾਰੀ, ਨੇਤਰ ਨੈਣਾਂ ਕਜਲੇ ਨਾਲ ਸੁਹਾਈਆ । ਚਿਤ੍ਰਗੁਪਤ ਸੰਦੇਸ਼ਾ ਦੇਵੇ ਵਾਰੋ ਵਾਰੀ, ਆਪਣੀ ਸੇਵ ਕਮਾਈਆ । ਰਾਏ ਧਰਮ ਲੇਖੇ ਰਿਹਾ ਉਘਾੜੀ, ਬਚਿਆ ਰਹਿਣ ਕੋਇ ਨਾ ਪਾਈਆ । ਫਿਰਨੀ ਦਰੋਹੀ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਸਮੁੰਦ ਸਾਗਰ ਰੋਵਣ ਮਾਰਨ ਧਾਹੀਂਆ । ਤੂੰ ਵੇਖਣੀ ਕਲਜੁਗ ਕੁਕਰਮਾਂ ਵਾਲੀ ਅਖਾੜੀ, ਜੋ ਮਾਇਆ ਮਮਤਾ ਵਹਿਣਾਂ ਨਾਲ ਭਰਾਈਆ । ਝਟ ਨਾਰਦ ਆਣ ਕੇ ਮਾਰੀ ਤਾੜੀ, ਦੋ ਹੱਥਾਂ ਦਿਤੀ ਸੁਣਾਈਆ । ਧਰਨੀਏ ਤੇਰੇ ਪਿਛੇ ਹੋਵਾਂ ਕਿ ਅਗਾੜੀ, ਕਿ ਸੱਜੇ ਖੱਬੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਚ ਦਾ ਹੁਕਮ ਇਕ ਫ਼ਰਮਾਨਾ, ਫਰਮਾਬਰਦਾਰ ਹੋ ਕੇ ਸੀਸ ਨਿਵਾਈਆ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਹੁਕਮ ਵਰਤਾਈਆ । ਸੋ ਪੁਰਖ ਨਿਰੰਜਣ ਪਹਿਰ ਕੇ ਬਾਣਾ, ਹਰਿ ਪੁਰਖ ਨਿਰੰਜਣ ਨੂਰ ਨੂਰ ਕਰੇ ਰੁਸ਼ਨਾਈਆ । ਏਕੰਕਾਰ ਵਡ ਬਲਵਾਨਾ, ਆਦਿ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤਾ ਨੌਜਵਾਨਾ, ਭਗਵਨ ਹੋ ਕੇ ਖੇਲ ਖਿਲਾਈਆ । ਪਾਰਬ੍ਰਹਮ ਸ਼ਾਹੋ ਭੂਪ ਬਣ ਸੁਲਤਾਨਾ, ਦੋ ਜਹਾਨ ਕਰੇ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਤੂੰ ਮੇਰਾ ਮੈਂ ਤੇਰਾ ਗਾਵਣ ਗਾਣਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਅਵਤਾਰ ਪੈਗ਼ੰਬਰ ਗੁਰ ਬਿਨ ਨੈਣਾਂ ਤੋਂ ਵੇਖਣ ਜਗਤ ਜਹਾਨਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਪਹਿਰ ਕੇ ਆ ਗਿਆ ਜਾਮਾ, ਦੋ ਜਹਾਨਾਂ ਡਗਮਗਾਈਆ । ਜਿਸ ਦਾ ਸੰਬਲ ਸਚ ਮਕਾਨਾ, ਮਕਬਰਿਆਂ ਗੋਰਾਂ ਤੋਂ ਬਿਨਾ ਆਪਣਾ

ਆਸਣ ਲਾਈਆ । ਉਹ ਰਹੀਮ ਬਣ ਰਹਿਮਾਨਾ, ਰਹਿਮਤ ਸਚ ਕਮਾਈਆ । ਜਨ ਭਗਤਾਂ ਦੇਵੇ ਭਗਤੀ ਦਾਨਾ, ਬਿਨਾ ਭਗਤੀਉਂ ਝੋਲੀ ਪਾਈਆ । ਸੋ ਲੇਖਾ ਜਾਣੇ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੀਨ ਦੁਨੀ ਤੇਰੀ ਵਿਚ ਜ਼ਮਾਨਾ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਤੂੰ ਖ਼ੁਸ਼ੀਆਂ ਨਾਲ ਆਪਣੀ ਧਾਰ ਦਾ ਬੰਨ੍ਹ ਲੈ ਗਾਨਾ, ਗਹਿਰ ਗੰਭੀਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ ।

### ✪ ੨੨ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਜਸਵੰਤ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਪ੍ਰਭੂ ਨਾ ਭਗਤਾਂ ਤੱਕ ਗੁਸਤਾਖ਼ੀ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਤੂੰ ਸਾਹਿਬ ਸੁਲਤਾਨ ਸਾਖੀ, ਸਾਖਿਆਤ ਤੇਰੀ ਵਡ ਵਡਿਆਈਆ । ਪ੍ਰੇਮੀ ਪਿਆਰਿਆਂ ਦੀ ਕਰ ਰਾਖੀ, ਰਖਕ ਹੋ ਕੇ ਵੇਖ ਵਖਾਈਆ । ਕੀ ਹੋਇਆ ਜੇ ਪਹਿਲੀ ਸਾਵਣ ਤੇਰੀ ਮੰਨੇ ਨਹੀਂ ਨਿਕੀ ਜੇਹੀ ਆਖੀ, ਸੰਮਤ ਸ਼ਹਿਨਸ਼ਾਹੀ ਅੱਠ ਦਏ ਗਾਵਾਹੀਆ । ਤੇਰੇ ਕੋਲ ਪੂਰਬਲਿਆਂ ਜਨਮਾਂ ਦੀ ਬਿਨਾ ਅੱਖਰਾਂ ਤੋਂ ਪਾਤੀ, ਪਤਿਪਰਮੇਸ਼ਵਰ ਆਪਣਿਆਂ ਚਰਨਾਂ ਵਿਚ ਟਿਕਾਈਆ । ਤੇਰਾ ਭਗਤ ਤੇਰੀ ਜ਼ਾਤੀ, ਦੂਜਾ ਰੂਪ ਨਜ਼ਰ ਕੋਇ ਨਾ ਆਈਆ । ਤੇਰਾ ਜੁਗ ਜੁਗ ਦਾ ਸਾਥੀ, ਸੰਗੀ ਸਾਥੀ ਤੇਰਾ ਸੰਗ ਬਣਾਈਆ । ਤੂੰ ਸਰਬ ਕਲਾ ਸਮਰਾਥੀ, ਤੇਰੇ ਹੱਥ ਵਡਿਆਈਆ । ਕਿਉਂ ਨਹੀਂ ਖ਼ੁਸ਼ੀ ਦਿੰਦਾ ਦਿਵਸ ਰਾਤੀ, ਮਿਹਰ ਨਜ਼ਰ ਉਠਾਈਆ ।

ਸਤਿਗੁਰ ਸ਼ਬਦ ਨੂੰ ਕਹਿਣਾ ਅੰਦਰੋਂ ਸਾਫ਼ ਕਰ ਦੇ ਛਾਤੀ, ਛਤਰਧਾਰੀ ਹੋ ਸਹਾਈਆ । ਪੂਰਬ ਲਹਿਣੇ ਦੀ ਦੇ ਦੇ ਦਾਤੀ, ਦਇਆਵਾਨ ਝੋਲੀ ਦੇ ਭਰਾਈਆ । ਅਗੇ ਦੁੱਖ ਦੀ ਮੇਟ ਦੇ ਵਾਟੀ, ਪਿਛਲਾ ਆਪਣੇ ਲੇਖੇ ਲਾਈਆ । ਤੇਰੀ ਮੰਜ਼ਲ ਔਖੀ ਬਹੁ ਘਾਟੀ, ਘਾਟੇ ਸਭ ਦੇ ਪੂਰ ਕਰਾਈਆ । ਤੇਰਾ ਨਾਮ ਭੰਡਾਰਾ ਅਤੁਟ ਤੇਰੀ ਹਾਟੀ, ਦੇਵਣਹਾਰ ਵਸਤ ਦੇਣੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਦੇਣਾ ਚਾਈਂ ਚਾਈਂਆ । ਕਿਰਪਾ ਕਰ ਸ੍ਰੀ ਭਗਵੰਤ, ਮਿਹਰ ਨਜ਼ਰ ਉਠਾਈਆ । ਤੂੰ ਮਾਲਕ ਅਗੰਮੀ ਕੰਤ, ਕੰਤੂਹਲ ਇਕ ਅਖਵਾਈਆ । ਰਾਏ ਧਰਮ ਉਹ ਵੇਖ ਲੇਖਾ ਵਖਾਏ ਸਿੰਘ ਜਸਵੰਤ, ਉਸ ਦਾ ਲੇਖਾ ਦੇ ਬਦਲਾਈਆ । ਮੇਰੀ ਪਿਆਰ ਵਾਲੀ ਮਿੰਨਤ, ਮਿਹਰ ਨਜ਼ਰ ਉਠਾਈਆ । ਤੂੰ ਬਦਲ ਦੇ ਸਿੰਮਤ, ਜ਼ਿਮੀਂ ਅਸਮਾਨ ਧਿਆਨ ਰਖਾਈਆ । ਜਿਸ ਵਿਚ ਚੱਲਣ ਦੀ ਨਹੀਂ ਹਿੰਮਤ, ਸੋ ਗੁਰਮੁਖ ਲੈ ਉਠਾਈਆ । ਕੀ ਹੋਇਆ ਜੇ ਇਕ ਬਚਨ ਨਾਲ ਬਣਿਆ ਨਿੰਦਕ, ਮੁਖ ਰਸਨਾ ਨਾਲ ਸੁਣਾਈਆ । ਅਗੇ ਵਾਸਤੇ ਮੇਟ ਦੇ ਚਿੰਤ, ਦੁੱਖ ਦਰਦ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਪ੍ਰਭੂ ਤੇਰਾ ਭਗਤ ਛੈਲ ਛਬੀਲਾ, ਗੁਰਮੁਖ ਸੋਹਣਾ ਨਜ਼ਰੀ ਆਈਆ । ਜਿਸ ਦੇ ਪਿਛੇ ਤਰਿਆ ਸਾਰਾ ਕਬੀਲਾ, ਕਾਮਲ ਮੁਰਸ਼ਦ ਦੇਣੀ ਮਾਣ ਵਡਿਆਈਆ । ਉਸ ਦੀ ਸੁਣ ਅਪੀਲਾ, ਅਪਰੰਪਰ ਸਵਾਮੀ ਹੋ ਕੇ ਵੇਖ ਵਖਾਈਆ । ਜਗਤ ਵਾਸਨਾ ਨਹੀਂ ਕੋਈ ਦਲੀਲਾ, ਦਿਲਬਰ ਤੇਰੇ ਅਗੇ ਵਾਸਤਾ ਪਾਈਆ । ਤੇਰਾ ਖੇਲ ਬੇਸ਼ਕ ਉਪਰ ਅਸਮਾਨ ਨੀਲਾ, ਨੀਲੀ ਧਾਰ ਦੇ ਮਾਲਕ ਹੋਣਾ ਸਹਾਈਆ । ਸਤਿਗੁਰ ਸ਼ਬਦ ਅੱਜ

ਬਣ ਵਸੀਲਾ, ਅਜਲ ਦਾ ਲੇਖਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਨਾਰਦ ਕਹੇ ਪ੍ਰਭੂ ਤੇਰਾ ਭਗਤ ਕਿੱਡਾ ਚੰਗਾ, ਚੰਗੀ ਤਰਾ ਜਣਾਈਆ । ਜਿਸ ਦੇ ਚਰਨ ਧਾਰ ਗੰਗਾ, ਗੋਦਾਵਰੀ ਜਮਨਾ ਸੁਰਸਤੀ ਸੀਸ ਨਿਵਾਈਆ । ਉਸ ਦਾ ਹਾਲ ਰਹੇ ਨਾ ਮੰਦਾ, ਭਗਵਨ ਭਾਗ ਦੇ ਬਦਲਾਈਆ । ਦੁੱਖ ਦਾ ਦੁੱਖ ਰਹੇ ਨਾ ਲੰਬਾ, ਕੂੜਾ ਪੰਧ ਦੇ ਚੁਕਾਈਆ । ਆਪਣੇ ਆਪ ਲਗਾ ਲੈ ਅੰਗਾ, ਅੰਗੀਕਾਰ ਇਕ ਅਖਵਾਈਆ । ਤੇਰਾ ਨੂਰ ਨੂਰ ਨੁਰਾਨਾ ਚੰਦਾ, ਚੰਦ ਗੋਬਿੰਦ ਵੇਖ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤ ਚਾੜ੍ਹ ਦੇ ਰੰਗਾ, ਰੰਗਤ ਆਪਣੀ ਵਿਚ ਰੰਗਾਈਆ ।



## ✪ ੨੨ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਇਟਾਰਸੀ ਜਸਵੰਤ ਸਿੰਘ ਦੇ ਗ੍ਰਿਹਿ ✪

ਸਾਵਣ ਕਹੇ ਸੁਹਾਵਣੀ ਰੁੱਤ ਕਰ ਦੇ, ਬਾਰਾਂ ਮਾਸੀ ਵੰਡ ਨਾ ਕੋਇ ਵੰਡਾਈਆ । ਤੇਰੇ ਖੇਲ ਤੱਕਾਂ ਅਗੰਮੀ ਹਰਿ ਦੇ, ਹਰੀ ਹਰਿ ਹੋਣਾ ਆਪ ਸਹਾਈਆ । ਹਰਿਜਨ ਭਿਖਾਰੀ ਤੇਰੇ ਦਰ ਦੇ, ਦਰਦੀਆਂ ਦਰਦ ਵੰਡਾਈਆ । ਪ੍ਰੇਮ ਭੰਡਾਰੇ ਖ਼ਾਲੀ ਭਰ ਦੇ, ਅਤੋਟ ਅਤੁਟ ਵਰਤਾਈਆ । ਲੇਖੇ ਜਾਣ ਕੇ ਚੋਟੀ ਜੜ ਦੇ, ਚੇਤਨ ਆਪਣਾ ਮੇਲ ਮਿਲਾਈਆ । ਸਾਵਣ ਕਹੇ ਮੇਰੇ ਵਿਚ ਤੇਰੇ ਭਗਤ ਰਹਿਣ ਨਾ ਸੜਦੇ, ਅਗਨੀ ਤਤ ਗਵਾਈਆ । ਤੇਰਾ ਨਾਮ ਨਿਧਾਨਾ ਰਹਿਣ ਪੜ੍ਹਦੇ, ਪੁਸਤਕ ਜਗਤ ਵਾਲੀ ਤਜਾਈਆ । ਮੰਜ਼ਲ ਧੁਰ ਦੀ ਰਹਿਣ ਚੜ੍ਹਦੇ, ਅਗੇ ਹੋ ਨਾ ਕੋਇ ਅਟਕਾਈਆ । ਇਹ ਪਿਆਰੇ ਤੇਰੇ ਘਰ ਦੇ, ਗ੍ਰਿਹ ਮੰਦਰ ਦੇਣਾ ਸੁਹਾਈਆ । ਲੇਖੇ ਛਡ ਦੇ ਵਲ ਛਲ ਦੇ, ਅਛਲ ਛਲ ਧਾਰੀ ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਸਾਵਣ ਕਹੇ ਮੇਰੀ ਰੁਤ ਸੁਹਾਵੀ ਸਾਹਿਬ, ਸੁਹੰਜਣੀ ਦੇ ਵਡਿਆਈਆ । ਤੇਰਾ ਖੇਲ ਨਿਰਾਲਾ ਅਜੀਬ ਅਜਾਇਬ, ਅਜਬ ਤੇਰੀ ਬੇਪ੍ਰਵਾਹੀਆ । ਤੂੰ ਭਗਤਾਂ ਅੰਤਰ ਕਦੀ ਨਾ ਹੋਵੀਂ ਗ਼ਾਇਬ, ਗਹਿਰ ਗੰਭੀਰ ਆਪਣਾ ਦਰਸ ਦਿਖਾਈਆ । ਪੂਰਬ ਜਨਮ ਦਾ ਲੇਖਾ ਪੂਰਾ ਕਰ ਦੇ ਅਹਿਦ, ਇਕਰਾਰਨਾਮਾ ਆਪਣਾ ਆਪ ਜਣਾਈਆ । ਤੇਰਾ ਹੁਕਮ ਸਵਾਮੀ ਪਤਾ ਨਹੀਂ ਫੇਰ ਕਦੋਂ ਹੋਵੇ ਸ਼ਾਇਦ, ਸ਼ਹਿਨਸ਼ਾਹ ਕਵਣ ਵਕਤ ਸੁਹਾਈਆ । ਮੇਰੀ ਬੇਨੰਤੀ ਇਕੋ ਜਾਇਜ਼, ਦਰ ਤੇਰੇ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਮੇਰਾ ਪ੍ਰਵਿਸ਼ਟਾ ਪਹਿਲਾ ਰਿਹਾ ਆਖ, ਸੰਮਤ ਸ਼ਹਿਨਸ਼ਾਹੀ ਅੱਠ ਨਾਲ ਮਿਲਾਈਆ । ਜਿਸ ਦਾ ਲੇਖਾ ਲਿਖਿਆ ਦੋ ਸੱਤ ਦੀ ਦੋ ਪਹਿਲੀ ਧਾਰ ਵਿਸਾਖ, ਮੁਖ ਕਾਲਾ ਆਪ ਕਰਾਈਆ । ਮੈਨੂੰ ਸਭ ਕੁਛ ਰਿਹਾ ਭਾਖ, ਬਿਨ ਨੈਣਾਂ ਵੇਖਾਂ ਥਾਉਂ ਥਾਈਆ । ਜਿਸ ਦਵਾਰੇ ਹਰਿ ਨਿਰੰਕਾਰੇ ਆਪਣੀ ਸੁਹੰਜਣੀ ਕੀਤੀ ਰਾਤ, ਰੁਤੜੀ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਮਹਿਕਾਈਆ । ਜਿਥੇ ਬਖ਼ਸ਼ਣੀ ਸੀ ਭਗਤਾਂ ਨੂੰ ਭਗਤੀ ਵਾਲੀ ਦਾਤ, ਅਤੋਟ ਅਤੁਟ ਵਰਤਾਈਆ । ਓਥੇ ਭਰਮ ਭੁਲੇਖਾ ਪਾ ਕੇ ਆਪ, ਆਪਣਾ ਪਰਦਾ ਗਿਆ ਛੁਪਾਈਆ । ਇਹ ਖੇਲ ਤੇਰਾ ਅਗੰਮਾ ਤਮਾਸ਼, ਹਰਿਜਨ ਸਮਝੇ ਕੋਇ ਨਾ ਰਾਈਆ ।

੧੦੬੫
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਾਵਣ ਕਹੇ ਜੇ ਜਸਵੰਤ ਸਿੰਘ ਬੇਨੰਤੀ ਕਰਦਾ, ਦੋਏ ਜੋੜ ਸੀਸ ਨਿਵਾਈਆ । ਭੇਵ ਖੁਲ੍ਹਦਾ ਅਗੰਮੇ ਘਰ ਦਾ, ਜਿਸ ਘਰ ਵਸੇ ਸਾਚਾ ਮਾਹੀਆ । ਇਹ ਖੇਲ ਅਨੋਖਾ ਅਗੰਮੀ ਹਰਿ ਦਾ, ਜੋ ਸਮਝ ਸਮਝ ਵਿਚੋਂ ਬਦਲਾਈਆ । ਜੋ ਆਦਿ ਜੁਗਾਦੀ ਘਾੜਨ ਘੜਦਾ, ਘੜਨਹਾਰ ਆਪਣੇ ਹੱਥ ਰਖੇ ਵਡਿਆਈਆ । ਸਾਵਣ ਕਹੇ ਮੈਂ ਵਕਤ ਉਡਕੀਦਾ ਰਿਹਾ ਪਰ ਦਾ, ਸਾਲ ਬਸਾਲਾ ਧਿਆਨ ਲਗਾਈਆ । ਅੰਦਰੇ ਅੰਦਰ ਰਿਹਾ ਜ਼ਰਦਾ, ਹਾਏ ਉਫ਼ ਨਾ ਕੋਇ ਸੁਣਾਈਆ । ਬਿਨਾ ਦੁੱਖ ਦਿਤਿਆਂ ਬਹਾਨਾ ਨਹੀਂ ਸੀ ਬਣਦਾ, ਬਿਨਾ ਕਸ਼ਟ ਤੋਂ ਇਸ਼ਟ ਨਾ ਕੋਇ ਜਣਾਈਆ । ਇਹ ਲਹਿਣਾ ਦੇਣਾ ਪੂਰਬ ਇਕ ਗੱਲ ਦਾ, ਜਿਸ ਦੀ ਕੀਮਤ ਨਾ ਕੋਇ ਚੁਕਾਈਆ । ਛਲਣਹਾਰ ਫੇਰ ਵੀ ਰਿਹਾ ਛਲਦਾ, ਅਛਲ ਛਲ ਆਪਣਾ ਭੇਵ ਲੁਕਾਈਆ । ਇਹ ਲੇਖਾ ਪੂਰਬ ਪੁਰਾਣਾ ਦਵਾਰੇ ਬਲ ਦਾ, ਬਲ ਬਾਵਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਾਵਣ ਕਹੇ ਮੈਂ ਦੱਸਾਂ ਪੁਰਾਣੀ ਗਾਥਾ, ਪ੍ਰੇਮ ਨਾਲ ਸੁਣਾਈਆ । ਜਸਵੰਤ ਸਿੰਘ ਰਾਜੇ ਬਲ ਦਾ ਚਲਾਉਂਦਾ ਸੀ ਰਾਥਾ, ਰਥਵਾਹੀ ਹੋ ਕੇ ਸੇਵ ਕਮਾਈਆ । ਬਾਵਨ ਨੂੰ ਦੂਰੋਂ ਟੇਕਿਆ ਮਾਥਾ, ਉਂਗਲੀ ਮੱਥੇ ਉਤੇ ਟਿਕਾਈਆ । ਪਿਛੇ ਪਰਤ ਨਾ ਤੱਕੀ ਵਾਟਾ, ਨੇਤਰ ਨੈਣ ਨਾ ਕੋਇ ਬਦਲਾਈਆ । ਘਰ ਜਾ ਕੇ ਸੀਸ ਨਿਵਾਇਆ ਆਪਣੀ ਬ੍ਰਿਹਮਣੀ ਮਾਤਾ, ਜੋ ਸ਼ੁਕਰ ਪ੍ਰੋਹਤ ਦੀ ਸਕੀ ਲੱਗੇ ਭਰਜਾਈਆ । ਨਾਲੇ ਖ਼ੁਸ਼ੀਆਂ ਵਿਚ ਕੀਤਾ ਹਾਸਾ, ਹੱਸ ਕੇ ਦਿਤਾ ਸੁਣਾਈਆ । ਮੈਂ ਦੇਖਿਆ ਇਕ ਤਮਾਸ਼ਾ, ਬੁੱਢਾ ਬ੍ਰਾਹਮਣ ਗਿਠ ਮੁਠ ਦਾ ਰੂਪ ਬਣਾਈਆ । ਮੈਂ ਉਸ ਦੇ ਵੱਲ ਝਾਕਾ, ਦੂਰੋਂ ਅੱਖ ਉਠਾਈਆ । ਮੈਂ ਹੱਸ ਕੇ ਕਿਹਾ ਫੇਰ ਇਹ ਬੁੱਢਾ ਕਿ ਕਾਕਾ, ਕੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਥਵਾਹੀ ਕਹੇ ਮੈਂ ਮਾਰਿਆ ਫੇਰਾ ਫੇਰ, ਫਿਰਤ ਫਿਰਤ ਆਪਣਾ ਆਪ ਭਵਾਈਆ । ਮੈਨੂੰ ਨਾ ਸੰਝ ਦਿਸੇ ਨਾ ਸਵੇਰ, ਦਿਵਸ ਰੈਣ ਨਾ ਕੋਇ ਵਡਿਆਈਆ । ਮੈਨੂੰ ਭੈ ਆਇਆ ਸ਼ੇਰ ਦਿਸਿਆ ਕੇਹਰ, ਭਬਕ ਇਕ ਸੁਣਾਈਆ । ਮੇਰਾ ਅੰਤਸ਼ਕਰਨ ਹੋਇਆ ਢੇਰ, ਆਪਣਾ ਬਲ ਮਿਟਾਈਆ । ਮੈਂ ਡਰਦੇ ਡਰਦੇ ਮੰਗੀ ਮਿਹਰ, ਬਿਨ ਹੱਥਾਂ ਸੀਸ ਨਿਵਾਈਆ । ਤੂੰ ਕਿਹੜੀ ਖੇਲੇਂ ਖੇਲ, ਕੀ ਤੇਰੀ ਬੇਪਰਵਾਹੀਆ । ਬਾਵਨ ਇਸ਼ਾਰਾ ਦਿਤਾ ਉਹ ਵੇਖ ਮੈਂ ਵਸਦਾ ਧਾਮ ਨਵੇਲ, ਗ੍ਰਿਹ ਵੇਖਣ ਕੋਇ ਨਾ ਪਾਈਆ । ਤੇਰਾ ਫੇਰ ਮੇਲਾਂਗਾ ਮੇਲ, ਮਿਲਣੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਬਾਵਨ ਝੱਟ ਸੰਦੇਸਾ ਦਿਤਾ ਆਪ, ਆਪਣੀ ਦਇਆ ਕਮਾਈਆ । ਉਹ ਤੱਕ ਲੈ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਅਕਾਲ ਅਖਵਾਈਆ । ਜਿਹੜਾ ਤੇਰੇ ਵਸੇ ਸਾਥ, ਸਗਲਾ ਸੰਗ ਬਣਾਈਆ । ਜੋ ਤੂੰ ਹੁਣ ਚਲਾਇਆ ਰਾਥ, ਰਥਵਾਹੀ ਹੋ ਕੇ ਸੇਵ ਕਮਾਈਆ । ਫਿਰ ਤੇਰਾ ਲਹਿਣਾ ਦੇਣਾ ਪੂਰਾ ਕਰੇ ਹੋ ਸਮਰਾਥ, ਸਿਰ ਤੇਰੇ ਹੱਥ ਟਿਕਾਈਆ । ਸਚ ਮੰਨਣਾ ਨਰ ਨਰੇਸ਼ਾ ਏਕੰਕਾਰਾ ਇਕੋ ਆਖ, ਬਿਨਾ ਲਿਖਤ ਤੋਂ ਲਿਖਤ ਬਣਾਈਆ । ਯਾਦ ਰਖਣਾ ਭਵਿਖਤ ਵਾਕ, ਭੇਖਾਧਾਰੀ ਦਿਆਂ ਸਮਝਾਈਆ । ਜਿਸ ਵੇਲੇ ਕਲਜੁਗ ਹੋਣੀ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਉਸ ਵਕਤ ਤੇਰਾ ਲਹਿਣਾ ਦੇਣਾ ਪੂਰਾ ਕਰਾਂ ਪਿਛਲਾ ਕਢ ਕੇ


੧੦੬੬
੨੩

ਖਾਤ, ਜੁਗ ਚੌਕੜੀ ਭੁਲ ਕਦੇ ਨਾ ਜਾਈਆ । ਸ੍ਰਿਸ਼ਟੀ ਵਿਚ ਤੇਰੀ ਦ੍ਰਿਸ਼ਟੀ ਕਰ ਕੇ ਪਾਕ, ਪਤਤ ਪੁਨੀਤ ਦਿਆਂ ਬਣਾਈਆ । ਅੰਤਰ ਨਿਰਤਰ ਖੋਲ ਕੇ ਤਾਕ, ਪਰਦਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਆਪਣੀ ਦਇਆ ਕਮਾਈਆ । ਬਾਵਨ ਕਹੇ ਮੇਰਾ ਭੇਵ ਹੋਣਾ ਅਗੰਮਾ, ਅਗੰਮੜੀ ਕਾਰ ਕਮਾਈਆ । ਹੱਡ ਮਾਸ ਨਾੜੀ ਦਿਸੇ ਕੋਇ ਨਾ ਚੰਮਾ, ਤਨ ਵਜੂਦ ਨਾ ਕੋਇ ਰਖਾਈਆ । ਕੱਦ ਹੋਵੇ ਨਾ ਛੋਟਾ ਲੰਮਾ, ਮਿਣਤੀ ਮਿਣਤ ਨਾ ਕੋਇ ਕਰਾਈਆ । ਹਰਖ ਸੋਗ ਹੋਵੇ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੇਰਾ ਖੇਲ ਹੋਵੇਗਾ ਨਵਾਂ, ਨਵ ਖੰਡ ਪ੍ਰਿਥਮੀ ਦਿਆਂ ਸਮਝਾਈਆ । ਦੀਨ ਦੁਨੀ ਦਾ ਤੋੜਾਂ ਬੰਨਾ, ਹੱਦ ਹਦੂਦ ਦਿਆਂ ਗਵਾਈਆ । ਗੁਰਮੁਖ ਤੇਰਾ ਰੂਪ ਬਣਾ ਕੇ ਚੰਨਾ, ਚੰਦ ਚਾਂਦਨੀ ਨਾਲ ਚਮਕਾਈਆ । ਘਰ ਦੀਪਕ ਜਗਾ ਕੇ ਸ਼ਮਾ, ਅੰਧ ਅੰਧੇਰ ਮਿਟਾਈਆ । ਜਿਸ ਵੇਲੇ ਮੇਰਾ ਲੇਖਾ ਜਗਤ ਜਹਾਨ ਹੋਵੇ ਰਵਾਂ, ਰੌਣਕ ਦੀਨ ਦੁਨੀ ਵਖਾਈਆ । ਤੇਰੇ ਗ੍ਰਿਹ ਮੰਦਰ ਜਗਤ ਦਵਾਰੇ ਆਪਣੀ ਧਾਰ ਸਵਾਂ, ਸੇਜ ਅਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਸਾਵਣ ਕਹੇ ਪ੍ਰਵਿਸ਼ਟਾ ਮੇਰਾ ਰਿਹਾ ਬੋਲ, ਬਿਨ ਰਸਨਾ ਢੋਲਾ ਗਾਈਆ । ਪੁਰਖ ਅਕਾਲੇ ਜਨ ਭਗਤਾਂ ਪਰਦੇ ਮੂਲ ਨਾ ਫੋਲ, ਪੜਦੇ ਪਰਦਿਆਂ ਵਿਚੋਂ ਖੁਲਾਈਆ । ਜੇ ਬੇਨੰਤੀ ਕਰ ਸਕੇ ਨਹੀਂ ਤੇਰੇ ਕੋਲ, ਕੌਲ ਇਕਰਾਰ ਪਿਛਲੇ ਵੇਖ ਵਖਾਈਆ । ਤੂੰ ਹਰ ਘਟ ਅੰਦਰ ਘਟ ਨਿਵਾਸੀ ਇਨ੍ਹਾਂ ਮੌਲ, ਮੌਲਾ ਹੋ ਕੇ ਵੇਖ ਵਖਾਈਆ । ਕਿਰਪਾ ਕਰ ਦੇ ਉਤੇ ਧੌਲ, ਧਰਨੀ ਧਰਤ ਧਵਲ ਸੀਸ ਨਿਵਾਈਆ । ਆਪਣੇ ਕੰਢੇ ਤਰਾਜੂ ਤੋਲ, ਦੂਸਰ ਹੱਟ ਨਾ ਕਿਸੇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਾਵਣ ਕਹੇ ਪਿਛਲਾ ਪੂਰਾ ਕਰ ਦੇ ਲੇਖਾ, ਲੇਖਾ ਅਵਰ ਰਹੇ ਨਾ ਰਾਈਆ । ਦੇ ਦੇ ਨਾਮ ਸਚ ਸੰਦੇਸਾ, ਬਿਨਾ ਸੰਧਿਆ ਸਰਘੀ ਆਪ ਸੁਣਾਈਆ । ਜਨ ਭਗਤੋ ਮੈਂ ਤੁਹਾਡਾ ਲਹਿਣਾ ਦੇਵਾਂ ਹਮੇਸ਼ਾ, ਦਿਵਸ ਰੈਣ ਚੁਕਾਈਆ । ਸੁਹੰਜਣਾ ਗ੍ਰਿਹ ਮੰਦਰ ਹੋਵੇ ਦੇਸਾ, ਦੇਸੰਤਰ ਵੱਜਦੀ ਰਹੇ ਵਧਾਈਆ । ਮਾਲਕ ਸਵਾਮੀ ਬਣ ਕੇ ਨੇਤਾ, ਨਿਜ ਨੇਤਰ ਕਰਾਂ ਰੁਸ਼ਨਾਈਆ । ਜਿਸ ਪੂਰਬ ਜਨਮ ਦਾ ਰੱਖਿਆ ਚੇਤਾ, ਚਾਤ੍ਰਿਕ ਗੁਰਮੁਖ ਵੇਖੇ ਥਾਉਂ ਥਾਈਂਆ । ਆਤਮ ਪਰਮਾਤਮ ਹੋ ਕੇ ਕਰੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਾਵਣ ਕਹੇ ਪ੍ਰਭ ਅੰਮ੍ਰਿਤ ਬਰਸ ਦੇ ਆਪਣਾ ਮੇਘ, ਪ੍ਰੇਮ ਘਨਘੋਰ ਘਟਾ ਤੇਰੀ ਨਜ਼ਰੀ ਆਈਆ । ਜੋ ਗੁਰਸਿੱਖਾਂ ਵਾਸਤੇ ਆਸਾ ਰਖੀ ਬਹਾਦਰ ਤੇਗ਼, ਜੋ ਤੇਗ਼ ਦੀ ਧਾਰ ਸੀਸ ਕਟਾਈਆ । ਤਿਨ੍ਹਾਂ ਦੀ ਮਾਣ ਸੁਹੰਜਣੀ ਸੇਜ, ਅੰਤਰ ਆਤਮ ਸੋਭਾ ਪਾਈਆ । ਜੇ ਲੋਕਮਾਤ ਦਿਤਾ ਭੇਜ, ਬਿਨਾ ਭਜਨ ਬੰਦਗੀ ਆਪਣੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਿਰ ਆਪਣਾ ਹੱਥ ਟਿਕਾਈਆ । ਸਾਵਣ ਕਹੇ ਪ੍ਰਭੂ ਧੁਰ ਦਾ ਬਰਸ ਦੇ ਮੀਂਹ, ਮਿਹਰਵਾਨ ਦਇਆ ਕਮਾਈਆ । ਜਨ ਭਗਤਾਂ ਲੇਖੇ ਲਾ ਦੇ ਸਾਢੇ ਤਿੰਨ ਹੱਥ ਸੀਂਅ, ਧਰਨੀ ਦੀ ਵੰਡ ਰਹੇ ਨਾ ਰਾਈਆ । ਜੇ ਭੁਲ ਜਾਣ ਤੇ ਹੋਇਆ ਕੀ, ਕੀ ਤੇਰੀ ਬੇਪਰਵਾਹੀਆ । ਹਰਿਜਨ ਪਿਆਰੇ ਤੇਰੇ ਜੀਅ, ਜੀਵਣ ਜੁਗਤ ਦੇ ਸਮਝਾਈਆ । ਸਚ ਧਰਮ ਦਾ ਬੀਜ ਆਤਮ ਬੀ, ਪੱਤ ਟਹਿਣੀ ਆਪ ਲਹਿਰਾਈਆ । ਤੇਰੇ ਸਾਰੇ ਪੁਤਰ ਧੀ, ਪਿਤਾ ਪਰਖ ਅਕਾਲ ਤੇਰੀ


੧੦੬੭
੨੩

ਸਰਨਾਈਆ । ਭਾਈ ਗੁਰਦਾਸ ਦਾ ਲੇਖਾ ਪੂਰਾ ਕਰ ਦੇ ਇਕੀਹ, ਵੀਹ ਇੱਕੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਸਮਝਾਈਆ । ਸਾਵਣ ਕਹੇ ਵੀਹ ਇੱਕੀ ਕੀ ਆਖਦਾ, ਗੁਰਦਾਸ ਧਿਆਨ ਲਗਾਈਆ । ਕੀ ਤੇਰਾ ਲਹਿਣਾ ਦੇਣਾ ਪਿਛਲੇ ਵਿਸਾਖ ਦਾ, ਗੋਬਿੰਦ ਵਿਸਾਖੀ ਨਾਲ ਮਿਲਾਈਆ । ਕੀ ਤੇਰਾ ਹੁਕਮ ਸ਼ਹਿਨਸ਼ਾਹੀ ਅੱਠ ਪਹਿਲੀ ਰਾਤ ਦਾ, ਪਰਦਾ ਦੇ ਚੁਕਾਈਆ । ਕੀ ਖੇਲ ਤੇਰਾ ਪੁਰਖ ਬਿਧਾਤ ਦਾ, ਪਰਮ ਪੁਰਖ ਦੇਣਾ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਭੇਵ ਖੁਲਾਏ ਇਕ ਅਗੰਮੀ ਬਾਤ ਦਾ, ਪਰਦਾ ਆਪ ਚੁਕਾਈਆ । ਮੇਰਾ ਰੂਪ ਅਨੂਪਾ ਸਤਿ ਸਰੂਪਾ ਭਗਤਾਂ ਵਾਲੀ ਜ਼ਾਤ ਦਾ, ਦੂਜਾ ਰੰਗ ਨਾ ਕੋਇ ਰੰਗਾਈਆ । ਮੇਰਾ ਪ੍ਰੇਮ ਪਿਆਰ ਆਤਮ ਵਾਲੇ ਨਾਤ ਦਾ, ਸੱਜਣ ਸਾਕ ਇਕ ਅਖਵਾਈਆ । ਕੀ ਹੋਇਆ ਜੇ ਬਹਾਨਾ ਬਣਾਇਆ ਤਾਪ ਦਾ, ਪਿਛਲਾ ਲੇਖਾ ਪੂਰ ਕਰਾਈਆ । ਇਹ ਸੌਦਾ ਨਹੀਂ ਕੋਈ ਘਾਟ ਦਾ, ਲਹਿਣੇਦਾਰਾਂ ਦੇ ਲਹਿਣੇ ਝੋਲੀਆਂ ਵਿਚ ਟਿਕਾਈਆ । ਜਸਵੰਤ ਸਿੰਘ ਵਿਛੋੜਾ ਹੋਵੇ ਨਾ ਕਦੇ ਧੁਰ ਦੇ ਬਾਪ ਦਾ, ਪਰਮ ਪੁਰਖ ਪ੍ਰਭ ਆਪਣੀ ਗੋਦ ਸੁਹਾਈਆ । ਵਕਤ ਰਿਹਾ ਨਹੀਂ ਦੁਖੜੇ ਨਾਸ ਦਾ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਲੇਖਾ ਜਾਣੇ ਭਗਤ ਭਗਵਾਨ ਆਪਣੇ ਆਪ ਦਾ, ਆਪ ਆਪਣੀ ਦਇਆ ਕਮਾਈਆ ।



## ✪ ੨੨ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਪਟੋਲਾ ਬਾਈ ਸਿੰਧੀ ਦੇ ਗ੍ਰਹਿ ✪

੧੦੬੮
੨੩

ਸਾਵਣ ਕਹੇ ਪ੍ਰਭੂ ਮੇਰੀ ਪਵਣ ਠੰਡੀ, ਠੰਡਕ ਭਗਤਾਂ ਦੇ ਵਰਤਾਈਆ । ਜਨਮ ਜਨਮ ਦੀ ਟੁਟੀ ਲੈ ਗੰਢੀ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਆਤਮ ਸੁਖ ਬਖ਼ਸ਼ ਪਰਮਾਨੰਦੀ, ਨਿਜਾਨੰਦ ਦੇ ਜਣਾਈਆ । ਹਰਿਜਨ ਨੇਤਰ ਅੱਖ ਰਹੇ ਨਾ ਅੰਧੀ, ਅੰਧ ਅਗਿਆਨ ਗਵਾਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦੀ, ਬਖ਼ਸ਼ਣਹਾਰ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਲਾਉਣਾ ਅੰਗੀ, ਅੰਗੀਕਾਰ ਆਪ ਅਖਵਾਈਆ । ਜਗਤ ਵਾਸ਼ਨਾ ਮੇਟ ਕੇ ਗੰਦੀ, ਦੁਰਮਤ ਮੈਲ ਧਵਾਈਆ । ਸਾਚੇ ਨਾਮ ਨਿਧਾਨੇ ਨਾਲ ਰੰਗੀਂ, ਰੰਗਤ ਉਤਰ ਕਦੇ ਨਾ ਜਾਈਆ । ਫੜ ਬਾਹੋਂ ਚੁੱਕ ਲੈ ਕੰਧੀ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਮਾਰਗ ਇਕੋ ਦੱਸੇ ਡੰਡੀ, ਰਸਤਾ ਰਹਿਬਰ ਇਕ ਵਖਾਈਆ । ਤੂੰ ਮੇਰਾ ਮੈਂ ਤੇਰਾ ਧਰਮ ਦੀ ਧਾਰ ਹੋਵੇ ਛੰਦੀ, ਸੋਹੰ ਢੋਲਾ ਸਾਚਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਾਵਣ ਕਹੇ ਪ੍ਰਭੂ ਮੇਰਾ ਮਹੀਨਾ ਵੇਖ ਲੈ ਸਾਵਣ, ਸਾਵਰੀਆ ਧਿਆਨ ਲਗਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਬਲ ਬਾਵਨ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਕਲਜੁਗ ਕੂੜ ਮਿਟਾ ਕੇ ਰਾਵਨ, ਰਾਮ ਰਾਮਾ ਹੋ ਸਹਾਈਆ । ਕਾਹਨ ਕ੍ਰਿਸ਼ਨ ਫੜਾ ਦੇ ਦਾਮਨ, ਦਾਮਨਗੀਰ ਆਪ ਹੋ ਜਾਈਆ । ਤੇਰਾ ਦਰਸ ਦੀਦਾ ਦਾਨਿਸਤਾ ਦਿਸੇ ਸਾਮ੍ਹਨ, ਸਨਮੁਖ ਹੋ ਕੇ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਅਗੰਮ ਬ੍ਰਹਿਮਣ, ਬ੍ਰਹਮ ਵਿਦਿਆ ਦੇ ਪੜ੍ਹਾਈਆ । ਜਗਤ ਤ੍ਰਿਸ਼ਨਾ ਮੇਟ ਕੇ ਤਾਮਨ, ਤ੍ਰੈਗੁਣ ਆਪਣਾ ਪੰਧ ਮੁਕਾਈਆ ।

ਅੰਧੇਰਾ ਰਹੇ ਨਾ ਅੰਦਰ ਸ਼ਾਮਨ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਤੂੰ ਸਦਾ ਸਦਾ ਪਤਤ ਪਾਵਨ, ਪਤਤ ਪੁਨੀਤ ਤੇਰੀ ਸਰਨਾਈਆ । ਜੋ ਖ਼ੁਸ਼ੀਆਂ ਵਿਚ ਤੇਰੇ ਢੋਲੇ ਗਾਵਣ, ਗਾ ਗਾ ਖ਼ੁਸ਼ੀ ਮਨਾਈਆ । ਉਹਨਾਂ ਮਨਸਾ ਪੂਰੀ ਕਰਨੀ ਕਾਮਨ, ਆਸਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਮੰਗ ਮੰਗਾਈਆ । ਸਾਵਣ ਕਹੇ ਪ੍ਰਭੂ ਵੇਖ ਮੇਰੀ ਘਟਾ ਘਨਘੋਰ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਨੱਚਣ ਟੱਪਣ ਪਪੀਹੇ ਮੋਰ, ਪੰਛੀ ਪੰਖਾਂ ਵਾਲੇ ਖ਼ੁਸ਼ੀ ਮਨਾਈਆ । ਜਨ ਭਗਤ ਸੁਹੇਲੇ ਸਦ ਤੇਰੇ ਵਸਣ ਕੋਲ, ਕੋਇਲ ਕੂਕ ਕੂਕ ਸੁਣਾਈਆ । ਮੇਰੇ ਧੁਰ ਦੇ ਮਾਹੀ ਢੋਲ, ਸਵਾਮੀ ਤੇਰੀ ਬੇਪਰਵਾਹੀਆ । ਜਨ ਭਗਤ ਦਵਾਰਾ ਖੋਲ, ਸਚ ਭੰਡਾਰਾ ਇਕ ਵਰਤਾਈਆ । ਦੇ ਵਡਿਆਈ ਉਪਰ ਧੌਲ, ਧਰਨੀ ਨਿਵ ਨਿਵ ਲਾਗੇ ਪਾਈਆ । ਮਿਹਰਵਾਨ ਹੋ ਕੇ ਮੌਲ, ਜੋਤੀ ਜਾਤੇ ਆਪਣੀ ਦਇਆ ਕਮਾਈਆ । ਮੈਂ ਤੇਰੇ ਉਤੋਂ ਵਾਰੀ ਘੋਲੀ ਘੋਲ, ਆਪ ਆਪਾ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਰਨ ਦੇਣੀ ਸਰਨਾਈਆ । ਸਾਵਣ ਕਹੇ ਪ੍ਰਭੂ ਮੇਰਾ ਖ਼ੁਸ਼ੀਆਂ ਵਾਲਾ ਤੱਕ ਲੈ ਬਾਦਲ, ਬਦਲੀ ਜਗਤ ਜਹਾਨ ਕਰਾਈਆ । ਸਤਿ ਦਵਾਰ ਦਾ ਬਣਨਾ ਆਦਲ, ਅਦਲ ਇਨਸਾਫ਼ ਇਕ ਜਣਾਈਆ । ਝਗੜਾ ਮੇਟਣਾ ਮਕਤੂਲ ਕਾਤਲ, ਕਤਲਗਾਹ ਦਾ ਡੇਰਾ ਢਾਹੀਆ । ਜਨ ਭਗਤਾਂ ਭੇਵ ਖੁਲਾ ਦੇ ਬਾਤਨ, ਪਰਦਾ ਪਰਦਿਆਂ ਵਿਚੋਂ ਖੁਲਾਈਆ । ਤੂੰ ਸਵਾਮੀ ਪੁਰਖ ਅਬਿਨਾਸ਼ਣ, ਹਰਿ ਕਰਤਾ ਧੁਰਦਰਗਾਹੀਆ । ਚਰਨ ਪ੍ਰੀਤ ਬਖ਼ਸ਼ ਕੇ ਨਾਤਨ, ਨਰ ਨਰਾਇਣ ਦੇ ਵਡਿਆਈਆ । ਦੁੱਖ ਭੁੱਖ ਦਾ ਪੰਧ ਰਹੇ ਨਾ ਵਾਟਣ, ਗੇੜੇ ਵਿਚ ਨਾ ਕੋਇ ਰਖਾਈਆ । ਮੈਂ ਸਚ ਬੇਨੰਤੀ ਆਇਆ ਆਖਣ, ਸਾਵਣ ਨਿਵ ਨਿਵ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਵਡ ਰਾਜਨ, ਸ਼ਹਿਨਸ਼ਾਹ ਧੁਰਦਰਗਾਹੀਆ । ਗ਼ਰੀਬ ਨਿਮਾਣਿਆਂ ਆਇਉਂ ਨਿਵਾਜਣ, ਗ਼ਰੀਬ ਨਿਵਾਜ ਤੇਰੀ ਸਰਨਾਈਆ । ਬਿਨ ਤੇਰੀ ਕਿਰਪਾ ਹੋਣ ਨਾ ਵਡ ਵਡਭਾਗਣ, ਭਾਗਹੀਣ ਦਿਸੇ ਲੋਕਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਤੇਰੇ ਜਾਗਣ, ਜਿਨ੍ਹਾਂ ਨਿਜ ਨੇਤਰ ਲੋਚਨ ਨੈਣ ਅੱਖ ਖੁਲਾਈਆ । ਗੁਰਮੁਖਾਂ ਆਤਮ ਧਾਰ ਬਣਾ ਸੁਹਾਗਣ, ਹਰਿ ਕੰਤ ਵਿਛੋੜਾ ਤੇਰਾ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਜੁਗ ਚੌਕੜੀ ਆਦਿਨ, ਅੰਤ ਕੰਤ ਭਗਵੰਤ ਇਕ ਅਖਵਾਈਆ । ਜੋ ਜਨ ਤੇਰੀ ਸਰਨ ਸਰਨਾਈ ਲਾਗਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੇਰੀ ਆਪਣੇ ਚਰਨ ਕਵਲ ਕਬੂਲ ਕਰ ਨਿਮਾਜਣ, ਦਰੋਹੀ ਦਰੋਹੀ ਕਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਤੂੰ ਆਦਿ ਜੁਗਾਦੀ ਵਡ ਮਹਾਜਨ, ਮਹਿੰਮਾ ਤੇਰੀ ਅਕਥ ਕਥੀ ਨਾ ਜਾਈਆ ।

### ੨੨ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਚਮਨ ਲਾਲ ਦੇ ਗ੍ਰਿਹ

ਧਰਨੀ ਕਹੇ ਮੈਨੂੰ ਭੀਲਣੀ ਦਏ ਇਸ਼ਾਰੇ, ਰਾਮ ਦਾ ਇਸ਼ਟ ਰਾਮ ਰਾਮ ਜਣਾਈਆ । ਸਤਿ ਧਰਮ ਦੇ ਖੜੀ ਦਵਾਰੇ, ਜਗਤ ਦਵਾਰੇ ਕੂੜ ਤਜਾਈਆ । ਬਿਨ ਰਸਨਾ ਜਿਹਵਾ ਪੁਕਾਰੇ, ਤੂੰ ਹੀ ਰਾਮ ਮੇਰਾ ਮਾਹੀਆ । ਕਲਜੁਗ ਅੰਤਮ ਵੇਖ ਅੰਧ ਅੰਧਿਆਰੇ, ਸਾਚਾ ਚੰਦ ਨਾ ਕੋਇ ਚਮਕਾਈਆ ।

੧੦੬੯
੨੩

ਕੂੜ ਕੁੜਿਆਰ ਰਿਹਾ ਲਲਕਾਰੇ, ਚਾਰ ਕੁੰਟ ਕੁੰਟ ਸ਼ਨਵਾਈਆ । ਧਰਮ ਦਾ ਦਿਸੇ ਨਾ ਕੋਇ ਮੁਨਾਰੇ, ਮੁਨ ਰਿਖ ਨਜ਼ਰ ਕੋਇ ਨਾ ਆਈਆ । ਜਗਤ ਨਈਆ ਸਈਆ ਵੇਖ ਲੈ ਪੁੱਜੀ ਕਵਣ ਕਿਨਾਰੇ, ਕਵਣ ਘਾਟ ਡੇਰਾ ਲਾਈਆ । ਤੁਧ ਬਿਨ ਪਾਰ ਨਾ ਕੋਇ ਉਤਾਰੇ, ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਰਹੀ ਕੁਰਲਾਈਆ । ਤੇਰੇ ਭਗਤ ਸੁਹੇਲੇ ਨਿਰੰਤਰ ਰੋਵਣ ਜ਼ਾਰੋ ਜ਼ਾਰੇ, ਬਿਨ ਨੈਣਾਂ ਨੀਰ ਵਹਾਈਆ । ਤੁਧ ਬਿਨ ਦਿਸਣ ਨਾ ਕੋਇ ਸਹਾਰੇ, ਸਹਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਲੈਣਾ ਮਿਲਾਈਆ । ਭੀਲਣੀ ਕਹੇ ਮੈਂ ਸੰਦੇਸਾ ਦੇਵਾਂ ਆਪਣੀ ਪੁਰਾਣੀ ਸਹੇਲੀ, ਸਈਏ ਬਹੀਆਂ ਕਢ ਕੇ ਦਿਆਂ ਜਣਾਈਆ । ਆਤਮ ਧਾਰ ਨਾ ਰਹਿਣ ਕਦੇ ਅਕੇਲੀ, ਜਗਤ ਵਿਛੋੜੇ ਵਿਚ ਕਦੇ ਨਾ ਆਈਆ । ਆਤਮ ਧਾਰ ਪਰਮਾਤਮ ਨਾਲ ਮੇਲੀ, ਮਿਲਣੀ ਹਰਿ ਜਗਦੀਸ਼ ਕਰਾਈਆ । ਬਿਨਾ ਸਤਿਗੁਰ ਸ਼ਬਦ ਬਣੀ ਨਾ ਕਿਸੇ ਦੀ ਚੇਲੀ, ਚੇਲਾ ਗੁਰ ਰੂਪ ਨਾ ਕੋਇ ਦਰਸਾਈਆ । ਪੁਰਖ ਅਕਾਲਾ ਦੀਨ ਦਿਆਲਾ ਪਤਿਪਰਮੇਸ਼ਵਰ ਅਗੰਮਾ ਬੇਲੀ, ਜੋ ਬੇਲੇ ਜੰਗਲ ਜੂਹਾਂ ਉਜਾੜ ਪਹਾੜਾਂ ਵਿਚ ਹੋਏ ਸਹਾਈਆ । ਉਹ ਖੇਲ ਅਗੰਮਾ ਏਕੰਕਾਰਾ ਹੋ ਕੇ ਰਿਹਾ ਖੇਲੀ, ਖ਼ਾਲਸ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਭੀਲਣੀ ਕਹੇ ਮੈਂ ਗ਼ਰੀਬ ਨਿਮਾਣੀ ਕੋਝੀ, ਕੋਝਿਆਂ ਕਮਲਿਆਂ ਦਿਆਂ ਸੁਣਾਈਆ । ਮੈਂ ਰਾਮ ਵਿਜੋਗਣ ਤੇ ਮੇਰਾ ਪ੍ਰੀਤਮ ਇਕੋ ਜੋਗੀ, ਜੁਗੀਸ਼ਰਾਂ ਤੋਂ ਬਾਹਰ ਨਜ਼ਰੀ ਆਈਆ । ਜਿਸ ਮੇਰੇ ਅੰਤਰ ਆਪਣੇ ਇਸ਼ਟ ਦੀ ਦਿਤੀ ਸੋਝੀ, ਸਮਝ ਜਗਤ ਵਾਲੀ ਬਦਲਾਈਆ । ਮੇਰੇ ਅੰਤਰ ਵੜ ਕੇ ਠਾਕਰ ਮੌਜੀ, ਠੋਕਰ ਪ੍ਰੇਮ ਵਾਲੀ ਲਗਾਈਆ । ਮੈਨੂੰ ਭੁਲ ਗਈ ਪ੍ਰੀਤ ਘਰੋਗੀ, ਘਰ ਬਾਹਰ ਦਿਤਾ ਤਜਾਈਆ । ਮਿਲਿਆ ਮੇਲ ਇਕ ਸੰਜੋਗੀ, ਆਤਮ ਪਰਮਾਤਮ ਮਿਲ ਕੇ ਵੱਜੀ ਵਧਾਈਆ । ਮੈਂ ਬਿਨਾ ਰਸਨਾ ਤੋਂ ਰਸ ਲਏ ਭੋਗੀ, ਅਨਰਸ ਆਪਣਾ ਰਸ ਚਖਾਈਆ । ਨਾ ਕੋਈ ਲਾਲਚ ਰਿਹਾ ਨਾ ਲੋਭੀ, ਮਮਤਾ ਵਿਚ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਭੀਲਣੀ ਕਹੇ ਮੇਰੀ ਸਖ਼ੀ ਸਹੇਲੀ ਭੋਲੀ, ਅਭੁਲ ਦਏ ਵਡਿਆਈਆ । ਜਿਸ ਦੀ ਪ੍ਰੇਮ ਪੁਜਾਰਨ ਖ਼ੁਸ਼ੀਆਂ ਵਾਲੀ ਗੋਲੀ, ਦਰ ਘਰ ਸਾਚੇ ਸੇਵ ਕਮਾਈਆ । ਉਹ ਭੇਵ ਅਭੇਦਾ ਅਛਲ ਅਛੇਦਾ ਰਿਹਾ ਖੋਲੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਪ੍ਰੀਤੀ ਪ੍ਰੀਤਮ ਉਤੋਂ ਘੋਲੀ, ਆਪਣਾ ਆਪ ਘੋਲ ਘੁਮਾਈਆ । ਉਹ ਸੱਤ ਸਚ ਦੀ ਚੜ੍ਹ ਕੇ ਡੋਲੀ, ਜਗਤ ਜਹਾਨ ਪੰਧ ਮੁਕਾਈਆ । ਜੋਤ ਧਾਰ ਧਾਰ ਵਿਚ ਮੌਲੀ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਭੀਲਣੀ ਕੀ ਅਗੰਮੀ ਮਾਰੇ ਆਵਾਜ਼ਾ, ਰਾਗਾਂ ਨਾਦਾਂ ਸ਼ਬਦਾਂ ਵਿਚ ਸ਼ਨਵਾਈਆ । ਤ੍ਰੇਤੇ ਜੁਗ ਦਾ ਰਿਹਾ ਕੋਇ ਨਾ ਰਾਜਾ, ਰਾਮ ਰਾਜ ਨਜ਼ਰ ਕੋਇ ਨਾ ਆਈਆ । ਪੂਰਬਲਾ ਆਪਣਾ ਵੇਖ ਲੈ ਵਾਹਿਦਾ, ਕੌਲ ਇਕਰਾਰਾਂ ਖੋਜ ਖੁਜਾਈਆ । ਜੋ ਰਾਮ ਇਸ਼ਾਰਾ ਦਿਤਾ ਪ੍ਰਥਾਏ ਕ੍ਰਿਸ਼ਨ ਰਾਧਾ, ਘਨਈਆ ਨਈਆ ਇਕ ਸਮਝਾਈਆ । ਜਿਸ ਭੇਵ ਖੁਲਾਇਆ ਰਾਮ ਰਾਜਾ, ਰਾਮ ਰਮਈਆ ਧੁਰਦਰਗਾਹੀਆ । ਜਿਸ ਨੈਣ ਉਠਾਇਆ ਕਲਜੁਗ ਅੰਤ ਭੇਵ ਖੁਲਾਇਆ ਬੋਧ ਅਗਾਧਾ, ਬੁੱਧੀ ਤੋਂ ਪਰੇ ਪੜ੍ਹਾਈਆ । ਜਿਸ ਵੇਲੇ ਪਿਆਰ ਰਿਹਾ ਨਾ ਕਿਸੇ ਸਮਾਜਾ,

੧੦੭੦
੨੩

ਸਮਗਰੀ ਸਚ ਨਾ ਕੋਇ ਵਰਤਾਈਆ । ਪੁਰਖ ਅਕਾਲਾ ਆਵੇ ਭਾਜਾ, ਦੋ ਜਹਾਨਾਂ ਪੰਧ ਮੁਕਾਈਆ । ਗ਼ਰੀਬਾਂ ਬਣੇ ਗ਼ਰੀਬ ਨਿਵਾਜਾ, ਨਿਵਾਜ਼ਸ਼ ਸਭ ਦੀ ਲੇਖੇ ਲਾਈਆ । ਭੀਲਣੀ ਕਿਹਾ ਉਹ ਮੇਰਾ ਰਾਮ ਸਰਬ ਕਲਾ ਸਮਰਾਥਾ, ਸਮਰਥ ਬੇਪਰਵਾਹੀਆ । ਜੋ ਜੁਗ ਜੁਗ ਚਲਾਵੇ ਰਾਥਾ, ਰਥ ਰਥਵਾਹੀ ਇਕ ਅਖਵਾਈਆ । ਹੋਏ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਭਗਤਾਂ ਭਗਵਨ ਹੋ ਕੇ ਦੇਵੇ ਸਾਥਾ, ਜਗਤ ਵਿਛੋੜਾ ਪੰਧ ਮੁਕਾਈਆ । ਪੂਰਬ ਜਨਮ ਦੀ ਲੇਖੇ ਲਾਵੇ ਵਾਟਾ, ਅਗਲਾ ਆਪਣਾ ਰੰਗ ਚੜ੍ਹਾਈਆ । ਜਨਮ ਕਰਮ ਦਾ ਰਹਿਣ ਨਾ ਦੇਵੇ ਘਾਟਾ, ਵਸਤ ਅਨਮੁੱਲ ਵਰਤਾਈਆ । ਕਾਇਆ ਚੀਥੜ ਭੀਲਣੀ ਕਹੇ ਮੇਰੇ ਵਾਂਗ ਕਿਸੇ ਦਾ ਰਹਿਣ ਨਾ ਦੇਵੇ ਪਾਟਾ, ਨਾਮ ਰੰਗਣ ਨਾਲ ਰੰਗਾਈਆ । ਮੇਰੇ ਚਰਨਾਂ ਕਵਲਾਂ ਛੋਹਿਆ ਰਾਮ ਬੇਟਾ ਦਸਰਾਥਾ, ਜੋ ਰਾਮ ਰਮਿਆ ਹਰ ਘਟ ਥਾਈਂਆ । ਜਿਸ ਮੇਰੀ ਖਾਤਰ ਖੇਲ ਖੇਲਣਾ ਬਹੁ ਭਾਂਤਾ, ਭੇਵ ਸਕੇ ਕੋਇ ਨਾ ਪਾਈਆ । ਝਗੜਾ ਮੇਟੇ ਜ਼ਾਤ ਪਾਤਾ, ਦੀਨ ਦੁਨੀ ਦਾ ਡੇਰਾ ਢਾਹੀਆ । ਦੂਰ ਦੁਰਾਡਾ ਵਿਸ਼ਨ ਬ੍ਰਹਮਾ ਸ਼ਿਵ ਵੇਖੇ ਮਾਰੇ ਝਾਤਾ, ਬਿਨ ਨੈਣਾਂ ਨੈਣ ਤਕਾਈਆ । ਨੇਤਰ ਖੋਲ੍ਹੇ ਦੁਰਗਾ ਅਸ਼ਟਭੁਜ ਵਾਲੀ ਮਾਤਾ, ਮਤਾ ਆਪਣੇ ਨਾਲ ਰਖਾਈਆ । ਅਵਤਾਰ ਪੈਗ਼ੰਬਰ ਗੁਰੂਆਂ ਵਖਾਏ ਸਾਕਾ, ਸਾਕੀ ਆਪਣਾ ਪਰਦਾ ਲਾਹੀਆ । ਜਿਸ ਮਿਟਾਉਣੀ ਕਲਜੁਗ ਅੰਧੇਰੀ ਰਾਤਾ, ਰੁਤੜੀ ਆਪਣੇ ਨਾਮ ਮਹਿਕਾਈਆ । ਭੀਲਣੀ ਕਹੇ ਹੁਣ ਭਗਤਾਂ ਅੰਦਰ ਕਾਇਆ ਮੰਦਰ ਜੋਤ ਸਰੂਪੀ ਕਰਨਾ ਵਾਸਾ, ਸੁਰਤ ਜੋੜ ਜੁੜਾਈਆ । ਮੈਂ ਸਚ ਦਿਆਂ ਭਰਵਾਸਾ, ਸਤਿ ਨਾਲ ਸੁਣਾਈਆ । ਜੋ ਮਾਲਕ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰਾਂ ਡੇਰਾ ਲਾਈਆ । ਜੋ ਕਲਜੁਗ ਅੰਤਮ ਆਤਮ ਪਰਮਾਤਮ ਪਾਵੇ ਰਾਸਾ, ਗੋਪੀ ਕਾਹਨ ਖੇਲ ਖਿਲਾਈਆ । ਮੇਰੀ ਸਖ਼ੀ ਸਹੇਲੀ ਤੇਰੀ ਪੁਛੇ ਵਾਤਾ, ਵਾਤਾਵਰਨ ਜਾਣੇ ਥਾਉਂ ਥਾਈਂਆ । ਸਭ ਪੂਰਾ ਕਰੇ ਘਾਟਾ, ਲਹਿਣਾ ਲਹਿਣਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਵੇਖਾਂ ਚੀਥੜ ਪਾਟੇ, ਭੀਲਣੀ ਭਰਮ ਰਹੀ ਗਵਾਈਆ । ਜਿਸ ਦੇ ਮਸਤਕ ਨੂਰ ਜੋਤ ਲਲਾਟੇ, ਤਤਵ ਤਤ ਕਰੇ ਰੁਸ਼ਨਾਈਆ । ਜਗਤ ਜਹਾਨ ਮੇਟ ਕੇ ਵਾਟੇ, ਕੂੜੀ ਕਿਰਿਆ ਪੰਧ ਮੁਕਾਈਆ । ਇਕੋ ਪਰਮ ਪੁਰਖ ਅਰਾਧੇ, ਵਾਹਵਾ ਤੇਰੀ ਬੇਪਰਵਾਹੀਆ । ਜਿਸ ਜੁਗ ਚੌਕੜੀ ਸਾਧੇ, ਸਤਿਜੁਗ ਤਰੇਤਾ ਦੁਆਪਰ ਦਿਤਾ ਬਦਲਾਈਆ । ਬਣ ਕੇ ਮੋਹਨ ਮਾਧਵ ਮਾਧੇ, ਮਧੁਰ ਧੁਨ ਰਿਹਾ ਸੁਣਾਈਆ । ਕਾਇਆ ਮੰਦਰ ਮਾਰ ਆਵਾਜ਼ੇ, ਬਿਨ ਸਰਵਣਾਂ ਰਿਹਾ ਸੁਣਾਈਆ । ਭੀਲਣੀ ਖੇਲ ਤੱਕ ਲੈ ਓਸ ਗ਼ਰੀਬ ਨਿਵਾਜੇ, ਜੋ ਗ਼ਰੀਬਾਂ ਹੋਏ ਸਹਾਈਆ । ਜਿਸ ਤਰੇਤਾ ਦੁਆਪਰ ਸਾਜਣ ਲੈਣੇ ਸਾਜੇ, ਰਾਮ ਕ੍ਰਿਸ਼ਨ ਰੂਪ ਬਦਲਾਈਆ । ਅੰਤਮ ਪ੍ਰਗਟ ਹੋਣਾ ਦੇਸ ਮਾਝੇ, ਸੰਬਲ ਨੂਰ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਰਖੇ ਲਾਜੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਆਤਮ ਕਰਾਏ ਵਡ ਵਡ ਭਾਗੇ, ਭਾਗ ਆਪਣਾ ਨਾਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੀ ਸੁਹੰਜਣੀ ਹੋਈ ਰਾਤਾ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਪ੍ਰਭ ਦੇਵਣਹਾਰਾ ਦਾਤਾ, ਦੇਵਣਹਾਰ ਦਇਆ ਕਮਾਈਆ । ਆਦਿ ਜੁਗਾਦੀ ਪੁਰਖ ਬਿਧਾਤਾ, ਪੁਰਖੋਤਮ ਬੇਪਰਵਾਹੀਆ । ਜਿਸ ਦਾ ਲੱਖ ਚੁਰਾਸੀ ਨਾਤਾ, ਨਾਤਾ ਸਕੇ ਨਾ ਕੋਇ ਤੁੜਾਈਆ । ਜੁਗ ਜੁਗ ਵੇਖੇ ਖੇਲ ਤਮਾਸ਼ਾ, ਤਮਾਸ਼ਬੀਨ ਧੁਰਦਰਗਾਹੀਆ । ਧਰਨੀ

ਕਹੇ ਮੈਨੂੰ ਖ਼ੁਸ਼ੀਆਂ ਵਿਚ ਆਉਂਦਾ ਹਾਸਾ, ਹੱਸ ਹੱਸ ਕੇ ਦਿਆਂ ਸੁਣਾਈਆ । ਮੇਰਾ ਸਵਾਮੀ ਕਮਲਾਪਾਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਭੇਵ ਖੁਲਾਇਆ ਪੂਰਬ ਲਹਿਣਾ ਚਮਨ ਦੀ ਮਾਤਾ, ਭੀਲਣੀ ਸੰਗ ਸਹੇਲੀ ਨਜ਼ਰੀ ਆਈਆ । ਅਗੇ ਅਗਲਾ ਪੰਧ ਮੁਕਾਇਆ ਵਾਟਾ, ਚੁਰਾਸੀ ਫਾਸੀ ਜਮ ਰਹੀ ਨਾ ਰਾਈਆ । ਸਚ ਪ੍ਰੀਤੀ ਜੋੜ ਕੇ ਨਾਤਾ, ਬੰਸ ਸਰਬੰਸ ਰਿਹਾ ਤਰਾਈਆ । ਇਟਾਰਸੀ ਸੰਗਤ ਸਭ ਦਾ ਇਕੋ ਪਿਤਾ ਤੇ ਇਕੋ ਮਾਤਾ, ਦੂਜਾ ਨਜ਼ਰ ਕੋਇ ਨਾ ਆਈਆ । ਗ਼ਰੀਬ ਨਿਮਾਣਿਆਂ ਸਭ ਦਾ ਪੂਰਾ ਕਰੇ ਘਾਟਾ, ਸੰਮਤ ਨਵ ਨੌ ਆਪਣਾ ਹੁਕਮ ਵਰਤਾਈਆ । ਘਰ ਖ਼ਾਲੀ ਰਹੇ ਕਿਸੇ ਨਾ ਬਾਟਾ, ਸਚ ਭੰਡਾਰੇ ਨਾਲ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰਨ ਕਰੇ ਆਸਾ, ਨਿਰਾਸਾ ਹਰਿਜਨ ਰਹਿਣ ਕੋਇ ਨਾ ਪਾਈਆ ।

### ✪ ੨੩ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਪ੍ਰੇਮਵਤੀ ਦੇ ਗ੍ਰਿਹ ✪

ਧਰਨੀ ਕਹੇ ਸੁਣ ਮੇਰੇ ਕਮਲਾਪਾਤੀ, ਪਤਿਪਰਮੇਸ਼ਵਰ ਦਿਆਂ ਜਣਾਈਆ । ਚਾਰੋਂ ਕੁੰਟ ਤੱਕ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਨਿਗਾਹ ਮਾਰ ਲੈ ਲੋਕਮਾਤੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਅੱਖ ਉਠਾਈਆ । ਆਪਣੇ ਲਹਿਣੇ ਦੇਣੇ ਤੱਕ ਲੈ ਜੋ ਲੇਖੇ ਬਿਨ ਕਲਮ ਦਵਾਤੀ, ਬਿਨਾ ਸ਼ਾਸਤਰਾਂ ਲੇਖੇ ਵਿਚ ਰਖਾਈਆ । ਜੋ ਖੇਲ ਕਰਦਾ ਰਿਹਾ ਬਹੁਭਾਂਤੀ, ਵੇਸ ਅਨੇਕਾ ਰੂਪ ਵਟਾਈਆ । ਜੁਗ ਚੌਕੜੀ ਬਖ਼ਸ਼ਦਾ ਰਿਹਾ ਦਾਤੀ,
੧੦੭੨ ੨੩ ਦਾਤਾ ਦਇਆਵਾਨ ਹੋ ਕੇ ਆਪ ਵਰਤਾਈਆ । ਧਰਨੀ ਕਹੇ ਮੇਰੀ ਦਰੋਹੀ ਸਦੀ ਚੌਧਵੀਂ ਮੇਰਾ ਅੰਮ੍ਰਿਤ ਸੀਰ ਲਏ ਕੋਇ ਨਾ ਵਿਚੋਂ ਛਾਤੀ, ਵਿਖ ੧੦੭੨ ੨੩
ਭਰੀ ਤੇਰੀ ਲੋਕਾਈਆ । ਨਿਗਾਹ ਮਾਰ ਲੈ ਸਵਾਮੀ ਇਕ ਇਕਾਂਤੀ, ਅਕਲ ਕਲਧਾਰੀ ਨੈਣ ਉਠਾਈਆ । ਮੇਰਾ ਲਹਿਣਾ ਦੇਣਾ ਲੇਖਾ ਰਖਿਆ ਕਿਹੜੇ ਖਾਤੀ, ਖਾਤਾ ਮੈਨੂੰ ਦੇ ਵਖਾਈਆ । ਮੈਂ ਸੁਣ ਸੁਣ ਥੱਕੀ ਤੇਰੀ ਗਾਥੀ, ਗ੍ਰੰਥ ਸ਼ਾਸਤਰ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਦਰੋਂ ਨਿਕਲੇ ਹੌਕਾ, ਹਾਏ ਉਫ਼ ਕਰ ਸੁਣਾਈਆ । ਜਗਤ ਭੈ ਰਿਹਾ ਨਾ ਤੇਰੇ ਭਾਉ ਕਾ, ਚਾਰ ਕੁੰਟ ਕੂੜ ਕਿਰਿਆ ਨਾਲ ਹਲਕਾਈਆ । ਸਹਾਰਾ ਰਿਹਾ ਨਾ ਕਿਸੇ ਨਾਉਂ ਕਾ, ਨਈਆ ਨੌਕਾ ਨਾਮ ਨਾ ਕੋਇ ਚਲਾਈਆ । ਸੰਦੇਸਾ ਸੁਣਾਏ ਨਾ ਕੋਈ ਵਾਹੋ ਵਾਹੋ ਕਾ, ਵਾਹਵਾ ਕੀ ਤੇਰੀ ਬੇਪਰਵਾਹੀਆ । ਤੂੰ ਮੇਰਾ ਦੁੱਖ ਸੁਣ ਲੈ ਸ੍ਰਿਸ਼ਟੀ ਵਾਲੀ ਮਾਉਂ ਕਾ, ਮਾਤਾ ਧਰਤ ਹੋ ਕੇ ਦਿਆਂ ਸੁਣਾਈਆ । ਬੇਸ਼ਕ ਤੇਰਾ ਲੇਖਾ ਅਗੰਮ ਅਥਾਹੋ ਕਾ, ਅਗੋਚਰ ਕਹਿਣ ਕਿਛ ਨਾ ਪਾਈਆ । ਤੇਰਾ ਹੁਕਮ ਧੁਰ ਦੇ ਸ਼ਾਹੋ ਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਹਕ ਦੇ ਦੇ ਅਦਲ ਇਨਸਾਫ਼ ਨਿਆਉਂ ਕਾ, ਨਰ ਨਰਾਇਣ ਤੇਰੇ ਅਗੇ ਵਾਸਤਾ ਪਾਈਆ । ਕਲਜੁਗ ਜੀਵ ਰੂਪ ਬਦਲ ਦੇ ਕਾਉਂ ਕਾ, ਹੰਸ ਗੁਰਮੁਖ ਲੈ ਪ੍ਰਗਟਾਈਆ । ਗੁਰ ਅਵਤਾਰਾਂ ਲਹਿਣਾ ਦੇਣਾ ਪੂਰਾ ਕਰ ਦੇ ਥਲ ਅਸਗਾਹੋ ਕਾ, ਪੈਗ਼ੰਬਰਾਂ ਥਲਾਂ ਦੇ ਵਡਿਆਈਆ । ਮੇਰੇ ਅੰਤਰ ਨਾਦ ਵੱਜੇ ਘਨੇਰਾ ਚਾਓ ਕਾ, ਚਾਰ ਕੁੰਟ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਵੇਖ ਵਖਾਈਆ । ਧਰਨੀ ਕਹੇ ਪ੍ਰਭੂ ਮੇਰੀ ਅੰਤਰ ਸੁਣ ਪੁਕਾਰ, ਪੁਨਹ

੧੦੭੩
੨੩

ਪੁਨਹ ਸੀਸ ਨਿਵਾਈਆ । ਮੈਂ ਤੇਰਾ ਕਰਾਂ ਇੰਤਜ਼ਾਰ, ਦਿਵਸ ਰੈਣ ਨੈਣ ਉਠਾਈਆ । ਤੂੰ ਆ ਕਲਕੀ ਅਵਤਾਰ, ਨਿਹਕਲੰਕਾ ਤੇਰੀ ਬੇਪਰਵਾਹੀਆ । ਅਮਾਮ ਅਮਾਮਾ ਦੇ ਸਿਕਦਾਰ, ਪਰਵਰਦਿਗਾਰ ਨੂਰ ਅਲਾਹੀਆ । ਮੈਂ ਤੇਰੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਤੇਰਾ ਨੂਰ ਜੋਤ ਦੋ ਜਹਾਨ ਹੋਏ ਉਜਿਆਰ, ਤਨ ਵਜੂਦ ਵੱਜੇ ਵਧਾਈਆ । ਸਭ ਦਾ ਲਹਿਣਾ ਦੇਣਾ ਕਰਜ਼ਾ ਦੇ ਉਤਾਰ, ਬਕਾਇਦਾ ਬਾਕੀ ਲੇਖ ਨਾ ਕੋਇ ਰਖਾਈਆ । ਜਨ ਭਗਤਾਂ ਆ ਕੇ ਪੈਜ ਸਵਾਰ, ਪਵਣ ਪਾਣੀ ਦਾ ਲੇਖਾ ਦੇ ਮੁਕਾਈਆ । ਮੈਂ ਤੇਰੇ ਦਰ ਠਾਂਡੇ ਕਰਾਂ ਪੁਕਾਰ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੇ ਮਾਲਕ ਖ਼ਾਲਕ ਇਕ, ਏਕੰਕਾਰ ਤੇਰੀ ਵਡਿਆਈਆ । ਮੇਰਾ ਸੀਨਾ ਛਾਤੀ ਵੇਖ ਹਿਕ, ਹਿਕਮਤ ਨਾਲ ਰਹੀ ਸੁਣਾਈਆ । ਮਨੂਆ ਸਕੇ ਕਿਸੇ ਨਾ ਟਿਕ, ਦਹਿ ਦਿਸ਼ਾ ਉਠ ਉਠ ਧਾਈਆ । ਕਲਜੁਗ ਕੂੜੀ ਕਿਰਿਆ ਵਿਚ ਤੇਰੀ ਸ੍ਰਿਸ਼ਟ ਗਈ ਵਿਕ, ਕੀਮਤ ਕਾਮ ਕਰੋਧ ਲੋਭ ਮੋਹ ਹੰਕਾਰ ਵਾਲੀ ਪਾਈਆ । ਵਕਤ ਦਿਸੇ ਨਾ ਕੋਈ ਸੁਹੰਜਣੀ ਥਿਤ, ਘੜੀ ਪਲ ਨਾ ਕੋਇ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਰਿਹਾ ਨਹੀਂ ਕੋਈ ਕਿਸੇ ਦਾ ਮਿਤ, ਮਿਤਰ ਪਿਆਰੇ ਯਾਰੜੇ ਤੇਰੀ ਸੇਜ ਨਾ ਕੋਇ ਹੰਢਾਈਆ । ਤੇਰਾ ਆਉਣਾ ਜਾਣਾ ਨਿਤ ਨਵਿਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲਏ ਅੰਗੜਾਈਆ । ਆਤਮ ਪਰਮਾਤਮ ਧਾਰ ਹੋ ਕੇ ਕਰ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਰਖੀ ਟੇਕ, ਟਿਕਟਿਕੀ ਤੇਰੇ ਉਤੇ ਲਗਾਈਆ । ਤੂੰ ਮੇਰਾ ਖੇਵਟ ਖੇਟ, ਬੇੜਾ ਨਈਆ ਨੌਕਾ ਆਪਣੇ ਕੰਧ ਉਠਾਈਆ । ਮੇਰਾ ਦੁੱਖਾਂ ਭਰਿਆ ਪੇਟ, ਅੰਤਸ਼ਕਰਨ ਰਿਹਾ ਕੁਰਲਾਈਆ । ਤੂੰ ਤੱਕ ਲੈ ਨੇਤਨ ਨੇਤ, ਨਿਜ ਘਰ ਆਪਣਾ ਫੇਰਾ ਪਾਈਆ । ਸਚ ਸਵਾਮੀ ਖੋਲ ਦੇ ਭੇਤ, ਪਰਦਾ ਆਪਣਾ ਆਪ ਚੁਕਾਈਆ । ਓਹ ਤੱਕ ਬਾਲੂ ਰੇਤ, ਮੁਹੰਮਦ ਦਾ ਮਕਬਰਾ ਰੋਵੇ ਮਾਰੇ ਧਾਹੀਆ । ਜਿਥੇ ਤੇਰਾ ਲੇਖਾ ਹੋਣਾ ਪਹਿਲੀ ਚੇਤ, ਚੇਤਨ ਸਭ ਨੂੰ ਆਪ ਕਰਾਈਆ । ਜਿਥੇ ਪੀਰ ਪੈਗ਼ੰਬਰ ਰਣ ਭੂਮੀ ਸੁਤੇ ਖੇਤ, ਖਾਤਰ ਤੇਰੀ ਸੀਸ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਨਾ ਕਰੀਂ ਨਿਰਾਸਾ, ਆਸ਼ਾਵੰਦ ਧਿਆਨ ਲਗਾਈਆ । ਤੈਨੂੰ ਕੂਕ ਪੁਕਾਰਨ ਨਬੀਆਂ ਵਾਲੀਆਂ ਲਾਸ਼ਾਂ, ਰਸੂਲਾਂ ਮਕਬਰੇ ਰਹੇ ਕੁਰਲਾਈਆ । ਤੂੰ ਵੇਖੀਂ ਆਪਣਾ ਅਗੰਮ ਤਮਾਸ਼ਾ, ਤਮਾਸ਼ਬੀਨ ਤੇਰੀ ਬੇਪਰਵਾਹੀਆ । ਤੇਰਾ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਤੇਰੀ ਓਟ ਤਕਾਈਆ । ਮੇਰਾ ਕੋਝੀ ਕਮਲੀ ਦਾ ਭਰ ਦੇ ਖ਼ਾਲੀ ਕਾਸਾ, ਕਸਮ ਖਾ ਕੇ ਤੈਨੂੰ ਰਹੀ ਸੁਣਾਈਆ । ਮੈਂ ਜਗਤ ਜਗਿਆਸੂਆਂ ਦੀ ਮਿੱਟੀ ਖ਼ਾਕ ਮਾਤਾ, ਧਰਤੀ ਮਾਤਾ ਕਹਿ ਕੇ ਸਾਰੇ ਮੈਨੂੰ ਗਾਈਆ । ਤੂੰ ਸਚ ਪ੍ਰੀਤਮ ਜੋੜ ਕੇ ਨਾਤਾ, ਨਾਤਾ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਸਮਝਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸ਼ਾ ਇਕ ਵਸੀਹ, ਬਿਨ ਪੈਮਾਨਿਆਂ ਇਕ ਜਣਾਈਆ । ਜੋ ਦੁਆ ਕੀਤੀ ਮਸੀਹ, ਹਜ਼ਰਤ ਈਸਾ ਧਿਆਨ ਲਗਾਈਆ । ਤੂੰ ਰੂਪ ਅਨੂਪਾ ਇਕ ਤਵਜ਼ੀ, ਜ਼ਵੀਉਲ ਆਪਣਾ ਰੂਪ ਦਰਸਾਈਆ । ਜੋ ਮੂਸਾ ਤੱਕਿਆ ਵਹੀ, ਵਾਹਿਦ ਕਲਮਾ ਇਕ ਦ੍ਰਿੜਾਈਆ । ਤੂੰ ਮੇਰਾ ਨੂਰ ਰਬੀ, ਰਹਿਮਤ ਆਪਣੀ

ਦੇਣੀ ਕਮਾਈਆ । ਮੇਰੀ ਆਸ਼ਾ ਹਜ਼ਰਤ ਮੇਰੇ ਵਿਚ ਦੱਬੀ, ਉਲਫ਼ਤ ਆਪਣੀ ਨਾਲ ਲੈ ਉਠਾਈਆ । ਤੂੰ ਮੇਰਾ ਮਾਲਕ ਇਕੋ ਤਬੀ, ਤਬੀਅਤ ਮੇਰੀ ਦੇ ਬਦਲਾਈਆ । ਓਹ ਨੇਤਰ ਰੋਂਦਾ ਇਕ ਲੱਖ ਹਜ਼ਾਰ ਚਵ੍ਹੀ ਨਬੀ, ਨੈਣਾਂ ਨੀਰ ਵਹਾਈਆ । ਬਹੁੜੀ ਉਫ਼ ਹਾਏ ਸਾਡੀ ਅੰਤ ਆ ਗਈ ਚੌਧਵੀਂ ਸਦੀ, ਲੁਕਮਾ ਹੋਏ ਖ਼ਲਕ ਖ਼ੁਦਾਈਆ । ਚੌਦਾਂ ਤਬਕਾਂ ਖੁਸਣੀ ਗੱਦੀ, ਗਦਾਗਰ ਫਿਰਨ ਵਾਹੋ ਦਾਹੀਆ । ਇਕ ਨੂਰ ਅਗੰਮੀ ਜੋਤ ਜਗੀ, ਦੋ ਜਹਾਨ ਕਰੇ ਰੁਸ਼ਨਾਈਆ । ਧਰਨੀ ਕਹੇ ਮੈਂ ਦੋਵੇਂ ਹੱਥ ਰਹੀ ਬੱਧੀ, ਬੰਦਨਾ ਕਰ ਕੇ ਸੀਸ ਨਿਵਾਈਆ । ਮੇਰੇ ਉਤੇ ਜਗਤ ਜਹਾਨ ਲੱਗੀ ਅੱਗੀ, ਅਗਨੀ ਤਤ ਨਾ ਕੋਇ ਬੁਝਾਈਆ । ਤੂੰ ਮਾਲਕ ਸੂਰਾ ਸਰਬਗੀ, ਸ਼ਹਿਨਸ਼ਾਹ ਇਕ ਅਖਵਾਈਆ । ਜਨ ਭਗਤਾਂ ਦਰਸ ਦਿਖਾਉਣਾ ਉਪਰ ਸ਼ਾਹ ਰਗੀ, ਰਘੁਪਤ ਰਾਮ ਦਾ ਲੇਖਾ ਦੇਣਾ ਮੁਕਾਈਆ । ਪੰਧ ਮੁਕਾਉਣਾ ਦੂਰ ਨੇੜਾ ਮਧ ਮਧੀ, ਮਧੁਰ ਧੁਨ ਆਪਣਾ ਨਾਮ ਜਣਾਈਆ । ਤੇਰੇ ਪ੍ਰੇਮ ਦੀ ਸਿਤਾਰ ਦਾਤਾਰ ਇਕੋ ਵੱਜੀ, ਵਜੂਹਾਤ ਸਮਝ ਕਿਸੇ ਨਾ ਆਈਆ । ਮੈਂ ਚਾਰ ਕੁੰਟ ਦਿਵਸ ਰੈਣ ਫਿਰਾਂ ਭੱਜੀ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਨਾਲ ਤੇਰੀਆਂ ਸ਼ਰਤਾਂ ਪੱਕੀਆਂ, ਸ਼ਰਅ ਵੰਡ ਨਾ ਕੋਇ ਵੰਡਾਈਆ । ਤੂੰ ਰੀਤਾਂ ਦੱਸੀਆਂ ਹਕੀਕਤ ਹਕੀਆਂ, ਹਕ ਹਕ ਸਮਝਾਈਆ । ਮੈਂ ਤੇਰੇ ਪਿਆਰ ਵਿਚ ਪੀਸਣ ਪੀਸਾ ਚੱਕੀਆਂ, ਚਾਕਰ ਹੋ ਕੇ ਸੇਵ ਕਮਾਈਆ । ਧਰਮ ਦੀ ਧਾਰ ਲੋਆਂ ਮਾਣੀਆਂ ਤਤੀਆਂ, ਤਤਵ ਤਤ ਤਤ ਤਪਾਈਆ । ਧੜ ਸੀਸਾਂ ਗਈਆਂ ਕਟੀਆਂ, ਵਜੂਦਾਂ ਹੋਈ ਜੁਦਾਈਆ । ਨਿਰਗੁਣ ਧਾਰ ਪੜ੍ਹੀਆਂ ਪੱਟੀਆਂ, ਪਾਟਲ ਤੇਰੀ ਖੇਲ ਵੇਖ ਵਖਾਈਆ । ਸੋਚਾਂ ਵਿਚ ਪੈ ਕੇ ਗਿਣੀਆਂ ਗਟੀਆਂ, ਬੁਧਹੀਣ ਅਖਵਾਈਆ । ਤੇਰੀਆਂ ਕਥਾ ਕਹਾਣੀਆਂ ਕਥੀਆਂ, ਢੋਲੇ ਰਸਨਾ ਗਾਈਆ । ਅੱਖਰਾਂ ਵਾਲੀਆਂ ਲਿਖੀਆਂ ਫੱਟੀਆਂ, ਹਰੂਫ਼ਾਂ ਨਾਲ ਵਡਿਆਈਆ । ਸ਼ਰਅ ਦੀਆਂ ਮੰਜ਼ਲਾਂ ਟੱਪੀਆਂ, ਕਦਮ ਕਦਮਾਂ ਨਾਲ ਬਦਲਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਰਖੀਆਂ ਪੱਤੀਆਂ, ਹਿੱਸੇ ਮਜ਼੍ਹਬਾਂ ਵਾਲੇ ਜਣਾਈਆ । ਮੈਂ ਰਾਗ ਸੁਣੇ ਸੁਣਾਏ ਰਾਗ ਛੱਤੀਆਂ, ਛੱਤੀ ਰਾਗਾਂ ਵਡ ਵਡਿਆਈਆ । ਤੇਰੇ ਪ੍ਰੇਮ ਵਿਚ ਆਦਿ ਜੁਗਾਦਿ ਰੱਤੀਆਂ, ਰੰਗ ਸਕੇ ਨਾ ਕੋਇ ਬਦਲਾਈਆ । ਪਰ ਦਰੋਹੀ ਏਸ ਵੇਲੇ ਕਲਜੁਗ ਜੀਵਾਂ ਬਦਲੀਆਂ ਮਤੀਆਂ, ਮਨ ਕਾ ਮਣਕਾ ਨਾ ਕੋਇ ਭਵਾਈਆ । ਬਾਹਰੋਂ ਦਾਹੜੀਆਂ ਕਰ ਕੇ ਰਤੀਆਂ, ਅੰਦਰ ਕੂੜ ਵਿਖ ਹਲਕਾਈਆ । ਮੈਂ ਦੂਰ ਦੁਰਾਡੇ ਵੇਖ ਕੇ ਸਬਰ ਲੱਬੀਆਂ, ਯਾਰੜੇ ਤੇਰੀ ਸੇਜ ਨਾ ਕੋਇ ਹੰਢਾਈਆ । ਮੇਰੇ ਨੇਤਰ ਰੋਵਣ ਅੱਖੀਆਂ, ਨੈਣ ਰਹੇ ਕੁਰਲਾਈਆ । ਆਤਮ ਧਾਰ ਵਿਚ ਪਰਮਾਤਮ ਭਗਤਾਂ ਤੋਂ ਬਿਨਾ ਦਿਸਣ ਕੋਇ ਨਾ ਸਖ਼ੀਆਂ, ਸੁਖ਼ਨ ਪੂਰ ਨਾ ਕੋਇ ਕਰਾਈਆ । ਤੇਰੇ ਲੱਖ ਚੁਰਾਸੀ ਜੀਵ ਜੰਤ ਵਿਸ਼ਟੇ ਵਾਲੀਆਂ ਮੱਖੀਆਂ, ਤੇਰਾ ਸਤਿ ਸਰੂਪ ਨਜ਼ਰ ਕਿਸੇ ਨਾ ਆਈਆ । ਮੈਂ ਨਾਵਾਂ ਖੰਡਾਂ ਸੱਤਾਂ ਦੀਪਾਂ ਵਿਚ ਸਤਿ ਤੇਰੀਆਂ ਦੱਸੀਆਂ, ਭੱਜੀ ਆਂ ਵਾਹੋ ਦਾਹੀਆ । ਸੰਦੇਸਾ ਦਿਤਾ ਚਾਰ ਲੱਖ ਅੱਸੀਆਂ, ਚੁਰਾਸੀਆਂ ਦਿਤਾ ਦ੍ਰਿੜਾਈਆ । ਕਿਉਂ ਕਲਜੁਗ ਧਾਰ ਵਿਚ ਫਸੀਆਂ, ਆਪਣੀ ਲਓ ਅੰਗੜਾਈਆ । ਕੱਟੋ ਜੰਮ ਕਾਲ ਦੀਆਂ ਰੱਸੀਆਂ, ਲਓ ਸਰਨ ਸਰਨਾਈਆ । ਝਗੜਾ ਛਡੋ ਗਾਈਆਂ ਵੱਛੀਆਂ, ਸੂਰਾਂ ਖੱਲ ਲੁਹਾਈਆ । ਕਿਸੇ ਕੰਮ ਨਹੀਂ ਆਉਣਾ ਖਾਧੀਆਂ ਮੱਛੀਆਂ, ਮਛ ਕਛ ਅੱਖ ਉਠਾਈਆ । ਇਕੋ ਮਾਲਕ ਖ਼ਾਲਕ ਸਭ ਦਾ ਕਮਲਾਪਤੀਆ, ਪਤਿਪਰਮੇਸ਼ਵਰ ਇਕ ਅਖਵਾਈਆ । ਧਰਨੀ ਕਹੇ ਮੈਂ ਤੇਰੇ ਚਰਨ ਕਵਲ ਹੋਵਾਂ ਸਤੀਆਂ, ਸਤਿ ਤੇਰੇ

੧੦੭੪
੨੩

ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀਆਂ ਬੇਨਤੀਆਂ ਸੁਣ ਲੈ ਇਕੱਠੀਆਂ, ਏਕੰਕਾਰ ਇਕੋ ਵਾਰ ਸੁਣਾਈਆ ।

### ✪ ੨੩ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਅਮਰਜੀਤ ਕੌਰ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਪੁਰਖ ਅਕਾਲ ਨਰੇਸ਼, ਨਰ ਨਰ ਨਿਰੰਕਾਰ ਤੇਰੀ ਵਡਿਆਈਆ । ਤੇਰੀ ਮਹਿੰਮਾ ਕਰੇ ਸਹੰਸਰ ਮੁਖ ਸ਼ੇਸ਼, ਜਿਹਵਾ ਧਾਰ ਹਿਲਾਈਆ । ਤੇਰਾ ਹੁਕਮ ਚਲੇ ਹਮੇਸ਼, ਹਮ ਸਾਜਣ ਤੇਰੀ ਬੇਪਰਵਾਹੀਆ । ਮੈਂ ਤੇਰੇ ਦਰ ਤੇ ਹੋਈ ਪੇਸ਼, ਪੇਸ਼ੀਨਗੋਈਆਂ ਹੱਥ ਉਠਾਈਆ । ਬਿਨ ਨੇਤਰ ਨੈਣਾਂ ਵੇਖ, ਬਿਨ ਅੱਖੀਆਂ ਅੱਖ ਖੁਲਾਈਆ । ਪੂਰਬ ਲੇਖਾ ਵੇਖ ਸੰਦੇਸ਼, ਜੋ ਜੁਗ ਚੌਕੜੀ ਦਿਤਾ ਸੁਣਾਈਆ । ਮੈਂ ਤੈਨੂੰ ਕਰਾਂ ਆਦੇਸ, ਨਿਵ ਨਿਵ ਸੀਸ ਝੁਕਾਈਆ । ਮੇਰੇ ਖੁਲ੍ਹੇ ਵੇਖ ਲੈ ਕੇਸ, ਵੈਰਾਗਣ ਹੋ ਕੇ ਭੱਜਾਂ ਵਾਹੋ ਦਾਹੀਆ । ਮੈਨੂੰ ਇਸ਼ਾਰਾ ਦਿਤਾ ਦਸ ਦਸਮੇਸ਼, ਗੋਬਿੰਦ ਗੋਬਿੰਦ ਗਿਆ ਜਣਾਈਆ । ਜਿਸ ਲਹਿਣਾ ਦੇਣਾ ਮੇਟਣਾ ਮੁੱਲਾ ਸ਼ੇਖ਼, ਮੁਸਾਇਕਾਂ ਡੇਰਾ ਢਾਹੀਆ । ਉਹ ਧਾਮ ਸੁਹੰਜਣਾ ਕਰੇ ਸੰਬਲ ਦੇਸ, ਸਚ ਦਵਾਰਾ ਇਕ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟੇ ਕਲੇਸ਼, ਕਲਕਾਤੀ ਰਹਿਣ ਕੋਇ ਨਾ ਪਾਈਆ । ਜਿਸ ਦੇ ਚਰਨ ਚੁੰਮਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਦੇਵਤ ਸੁਰ ਧਿਆਨ ਲਗਾਈਆ । ਉਹ ਤੇਰੇ ਕਰਮ ਦੀ ਬਦਲ ਦੇਵੇ ਰੇਖ, ਰਿਖੀ ਕੇਸ ਗਵਰਧਨ ਧਾਰੀ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਵਾਲਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੱਕ ਲੈ ਹਾਹਾਕਾਰ, ਚਾਰੋਂ ਕੁੰਟ ਰਹੀ ਕੁਰਲਾਈਆ । ਸਤਿ ਦਾ ਰਿਹਾ ਨਾ ਕੋਇ ਪਿਆਰ, ਸਚ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਕੂੜ ਕੁੜਿਆਰ, ਡੰਕਾ ਜੂਠ ਝੂਠ ਵਜਾਈਆ । ਤੇਰੀ ਸ੍ਰਿਸ਼ਟੀ ਹੋਏ ਵਿਭਚਾਰ, ਕੁਕਰਮਾਂ ਭਰੀ ਲੋਕਾਈਆ । ਤੇਰਾ ਨਾਮ ਸ਼ਬਦ ਸੁਣੇ ਨਾ ਕੋਇ ਧੁਨਕਾਰ, ਆਤਮ ਰਾਗ ਨਾ ਕੋਇ ਸ਼ਨਵਾਈਆ । ਘਰ ਦੀਪਕ ਨਾ ਹੋਏ ਉਜਿਆਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਅੰਮ੍ਰਿਤ ਰਸ ਨਿਝਰ ਝਿਰਨੇ ਪੀਏ ਨਾ ਕੋਇ ਠੰਡਾ ਠਾਰ, ਬੂੰਦ ਸਵਾਂਤ ਨਾ ਕੋਇ ਟਪਕਾਈਆ । ਭਗਤ ਸੁਹੇਲਾ ਬਿਨ ਤੇਰੀ ਕਿਰਪਾ ਮਿਲੇ ਨਾ ਕੋਇ ਮੀਤ ਮੁਰਾਰ, ਸੰਤ ਸਾਜਣ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਸਾਰੇ ਗਏ ਵਿਸਾਰ, ਵਿਸਰਿਆ ਤੇਰਾ ਨੂਰ ਅਲਾਹੀਆ । ਮੈਂ ਰੋਵਾਂ ਕੂਕ ਪੁਕਾਰ, ਦਰੋਹੀ ਦਰੋਹੀ ਕਰ ਕੁਰਲਾਈਆ । ਆਹ ਵੇਖ ਮੇਰੇ ਪਰਵਰਦਿਗਾਰ, ਸਾਂਝੇ ਯਾਰ ਨੂਰ ਅਲਾਹੀਆ । ਪਾਰਬ੍ਰਹਮ ਸੁਣ ਪੁਕਾਰ, ਆਦਿ ਪੁਰਖ ਆਪਣੀ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਤੱਕ ਲੈ ਧੂੰਆਂਧਾਰ, ਜਗਤ ਅੰਧੇਰ ਨਾ ਕੋਇ ਮਿਟਾਈਆ । ਚਾਰ ਜੁਗ ਦੇ ਸ਼ਾਸਤਰ ਗਏ ਹਾਰ, ਬੁਧ ਬਿਬੇਕ ਨਾ ਕੋਇ ਕਰਾਈਆ । ਮਨ ਮਨਸਾ ਸਭ ਨੂੰ ਕਰੇ ਖਵਾਰ, ਹਉਮੇ ਹੰਗਤਾ ਨਾਲ ਮਿਲਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵੰਤੀ ਹਰਿਜਨ ਦਿਸੇ ਨਾ ਕੋਇ ਨਾਰ, ਨਰ ਨਰਾਇਣ ਕੰਤ ਸੁਹਾਗ ਨਾ ਕੋਇ ਹੰਢਾਈਆ । ਮੇਰੀ ਬੇਨੰਤੀ ਬੇਅੰਤ ਸੁਣ ਸੱਚੇ ਦਰਬਾਰ, ਦਰੇ ਦਰਬਾਰ ਸੀਸ ਨਿਵਾਈਆ । ਤੂੰ ਸਚਖੰਡ ਨਿਵਾਸੀ ਜੁਗ ਚੌਕੜੀ ਨਿਰਗੁਣ ਸਰਗੁਣ ਹੋ ਕੇ ਪਾਵੇਂ ਸਾਰ, ਨਿਤ ਨਵਿਤ ਆਪਣਾ ਖੇਲ ਖਿਲਾਈਆ ।


੧੦੭੫ ੨੩

ਕਲਜੁਗ ਅੰਤ ਸ੍ਰੀ ਭਗਵੰਤ ਮੇਰਾ ਦੁੱਖ ਦੇ ਨਿਵਾਰ, ਚਿੰਤਾ ਸੋਗ ਗ਼ਮ ਗ਼ਮਖ਼ਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ ।

## ✪ ੨੩ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਪਾਰੂ ਮਲ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭ ਧਰਮ ਦੀ ਧਾਰ ਦੀ ਮੇਰੇ ਉਤੇ ਚਲਾ ਦੇ ਰੇਲ, ਜ਼ਾਤ ਪਾਤ ਦੀਨ ਮਜ਼੍ਹਬ ਰਾਓ ਰੰਕ ਇਕੋ ਵਾਰ ਬਠਾਈਆ । ਮੈਂ ਮਾਨਵ ਜ਼ਾਤੀ ਤੇਰਾ ਤੱਕਾਂ ਖੇਲ, ਮਾਨਸ ਮਾਨੁਖ ਪਰਦਾ ਦੇ ਉਠਾਈਆ । ਆਤਮ ਪਰਮਾਤਮ ਕਰ ਦੇ ਮੇਲ, ਜਗਤ ਵਿਛੋੜਾ ਦੇ ਕਟਾਈਆ । ਪਾਰਬ੍ਰਹਮ ਪ੍ਰਭ ਭੇਵ ਚੁਕਾ ਦੇ ਸ਼ਬਦ ਗੁਰੂ ਗੁਰ ਚੇਲ, ਈਸ਼ ਜੀਵ ਰੰਗ ਰੰਗਾਈਆ ਤੂੰ ਸਭ ਦਾ ਸੱਜਣ ਸੁਹੇਲ, ਰਾਮ ਰਾਮਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਅਲਾਹੀ ਰੱਬਾ, ਪੁਰਖ ਅਕਾਲ ਤੇਰੀ ਸਰਨਾਈਆ । ਤੇਰੇ ਨਾਮ ਨਿਧਾਨ ਦਾ, ਇਕੋ ਹੋਵੇ ਡੱਬਾ, ਜਗਤ ਜਹਾਨ ਲੈਣਾ ਵਿਚ ਟਿਕਾਈਆ । ਬ੍ਰਹਿਮੰਡ ਖੰਡ ਪੁਰੀਆਂ ਲੋਆਂ ਦੀਪਾਂ ਟੱਪਦਾ ਜਾਏ ਹੱਦਾਂ, ਦੀਨਾਂ ਮਜ਼੍ਹਬਾਂ ਪਾਰ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇਵੇ ਸੱਦਾ, ਸਚ ਸੰਦੇਸਾ ਇਕ ਸੁਣਾਈਆ ।
੧੦੭੬ ੨੩
ਕਲਜੁਗ ਕੂੜੀ ਕਿਰਿਆ ਬੁਝਾਉਣ ਜਾਏ ਅੱਗਾ, ਅੰਮ੍ਰਿਤ ਮੇਘ ਇਕ ਬਰਸਾਈਆ । ਸੁਰਤ ਸ਼ਬਦ ਚਖਾਏ ਮਜ਼ਾ, ਮਜ਼ਾਕ ਮੁਕੇ ਕੂੜ ਲੋਕਾਈਆ । ਹਰਿਜਨ ਚੜ੍ਹਾਏ ਆਪਣੀ ਰਜ਼ਾ, ਰਹਿਬਰ ਹੋ ਕੇ ਵੇਖ ਵਖਾਈਆ । ਜਨ ਭਗਤਾਂ ਨਾਤਾ ਤੁੜਾ ਕੇ ਕੋਲੋਂ ਕਜ਼ਾ, ਕੁਦਰਤ ਕਾਦਰ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਦਇਆ ਆਪ ਕਮਾਈਆ । ਧਰਨੀ ਕਹੇ ਪ੍ਰਭੂ ਸਚ ਪ੍ਰੇਮ ਦੇ ਬਣਾ ਮੁਸਾਫ਼ਰ, ਮੁਸਾਫ਼ਰਖ਼ਾਨਾ ਮੇਰਾ ਵੇਖ ਵਖਾਈਆ । ਤੇਰੇ ਪਿਆਰ ਵਿਚ ਰਹੇ ਨਾ ਕੋਇ ਕਾਫ਼ਰ, ਕੁਫ਼ਰ ਦਾ ਲੇਖਾ ਦੇ ਚੁਕਾਈਆ । ਤੇਰਾ ਲਹਿਣਾ ਦੇਣਾ ਹੋਵੇ ਗੰਭੀਰ ਗਹਿਰ ਗੁਣ ਸਾਗਰ, ਗਵਰ ਆਪਣਾ ਰੰਗ ਰੰਗਾਈਆ । ਸਚ ਦਵਾਰ ਬਖ਼ਸ਼ਣਾ ਆਦਰ, ਆਦਰਸ਼ ਆਪਣਾ ਦੇਣਾ ਵਖਾਈਆ । ਮੈਂ ਕੋਝੀ ਕਮਲੀ ਆਜਜ਼, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਧਰਨੀ ਕਹੇ ਪ੍ਰਭੂ ਤੇਰੇ ਪ੍ਰੇਮ ਦੀ ਹੋਵੇ ਗਾਡੀ, ਗਾਡ ਗਾਈਡ ਇਕੋ ਨਜ਼ਰੀ ਆਈਆ । ਜੋ ਲੇਖਾ ਜਾਣੇ ਨਾੜੀ ਨਾੜੀ, ਹਾਡੀ ਹਾਡੀ ਫੋਲ ਫੁਲਾਈਆ । ਮਾਨਸ ਤਤਾਂ ਆਪਣੇ ਉਤੇ ਜਾਵੇ ਚਾੜ੍ਹੀ, ਚੜ੍ਹਦਾ ਲਹਿੰਦਾ ਦੱਖਣ ਪਹਾੜ ਵੇਖ ਵਖਾਈਆ । ਜਿਸ ਦਾ ਰੂਪ ਇਕੋ ਜਿਹਾ ਪਿੱਛਾ ਅਗਾੜੀ, ਦੁਤੀਆ ਵੰਡ ਨਾ ਕੋਇ ਵੰਡਾਈਆ । ਉਹ ਇਕੋ ਜਿਹਾ ਹਕ ਦੇਵੇ ਪੁਰਖ ਨਾਰੀ, ਨਰ ਨਰਾਇਣ ਤੇਰੀ ਸੇਵ ਕਮਾਈਆ । ਉਹ ਚਲੀ ਜਾਏ ਆਪਣੀ ਧਾਰੀ, ਧਰਮ ਦੇ ਨਾਲ ਭੱਜੇ ਵਾਹੋ ਦਾਹੀਆ । ਉਸ ਦੇ ਉਤੇ ਹੁਕਮ ਨਾ ਹੋਵੇ ਲੋਕਮਾਤ ਨਾ ਕੋਇ ਸਰਕਾਰੀ, ਤੁਧ ਬਿਨ ਜ਼ੁੰਮੇਵਾਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਤੇਰੇ


੧੦੭੬ ੨੩

ਹੱਥ ਵਡਿਆਈਆ । ਧਰਨੀ ਕਹੇ ਉਸ ਦਾ ਰਾਹ ਹੋਵੇ ਸਿੱਧਾ, ਰਿਧ ਸਿਧ ਨਾ ਕੋਇ ਅਟਕਾਈਆ । ਸਤਿ ਧਰਮ ਦੀ ਹੋਵੇ ਬਿਧਾ, ਬਿਧਨਾ ਲੇਖੇ ਰਹੇ ਚੁਕਾਈਆ । ਪ੍ਰੇਮ ਧਾਰ ਵਿਚ ਅੰਤਰ ਸਭ ਦਾ ਜਾਏ ਵਿੱਧਾ, ਵਿੱਦਤ ਆਪਣਾ ਪਰਦਾ ਦੇਣਾ ਉਠਾਈਆ । ਧਰਨੀ ਕਹੇ ਉਹਦਾ ਸਤਿ ਸਰੂਪ ਹੋਵੇ ਨਿੱਘਾ, ਅਗਨੀ ਠੰਡ ਨਾ ਕੋਇ ਬਣਾਈਆ । ਫੇਰ ਮੈਂ ਤੇਰੀ ਸਰਨੀ ਡਿੱਗਾ, ਢਹਿ ਢਹਿ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਧਰਨੀ ਪ੍ਰਭ ਗਾਡੀ ਰੇਲ ਕਰੀ ਤਿਆਰ, ਤ੍ਰੈਗੁਣ ਅਤੀਤੇ ਆਪ ਬਣਾਈਆ । ਜਿਸ ਦੀ ਪਾਵੇ ਕੋਇ ਨਾ ਸਾਰ, ਪਰਦਾ ਸਕੇ ਨਾ ਕੋਇ ਖੁਲਾਈਆ । ਉਸ ਦੀ ਸਭ ਤੋਂ ਵੱਖਰੀ ਰਫ਼ਤਾਰ, ਭੱਜੇ ਵਾਹੋ ਦਾਹੀਆ । ਫਿਰੇ ਨਵ ਸੱਤ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ, ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਸੇਵ ਕਮਾਈਆ । ਉਸ ਦਾ ਇਸ਼ਾਰਾ ਦੇਣ ਪੈਗ਼ੰਬਰ ਗੁਰ ਅਵਤਾਰ, ਝੰਡੀ ਮਜ਼੍ਹਬ ਵਾਲੀ ਲਗਾਈਆ । ਕਲਮਿਆਂ ਵਾਲੀਆਂ ਸੀਟੀਆਂ ਰਹੇ ਮਾਰ, ਨਾਮਾਂ ਵਾਲੇ ਸ਼ਬਦ ਸ਼ਬਦ ਸ਼ਬਦ ਜਣਾਈਆ । ਜਗਤ ਜਗਿਆਸੂਓ ਆਵੋ ਹੋਵੋ ਸਵਾਰ, ਸ਼ਟੇਸ਼ਨ ਸ਼ਰਅ ਵਾਲੇ ਬਣਾਈਆ । ਧਰਮ ਕਹੇ ਇਹ ਖੇਲ ਅਗੰਮੀ ਕਾਰ, ਹਰਿ ਕਰਤੇ ਆਪ ਕਰਾਈਆ । ਧਰਨੀਏ ਏਸ ਵੇਲੇ ਕਲਜੁਗ ਜੀਵ ਪਰਦਾ ਸਕੇ ਨਾ ਕੋਇ ਉਤਾਰ, ਉੱਤਰ ਪੂਰਬ ਪੱਛਮ ਦੱਖਣ ਅੱਖ ਨਾ ਕੋਇ ਉਠਾਈਆ । ਕੂੜੀ ਕਿਰਿਆ ਗੂੜ੍ਹੀ ਨੀਂਦ ਸੁੱਤੇ ਪੈਰ ਪਸਾਰ, ਸਿਰ ਪੈਰ ਨਾ ਕੋਇ ਹਿਲਾਈਆ । ਉਹ ਬਿਨਾ ਸਹਾਰੇ ਤੋਂ ਕਰਦੀ ਜਾਏ ਧੂੰਆਂਧਾਰ, ਜਗਤ ਜਹਾਨ ਅੰਧੇਰ ਵਖਾਈਆ । ਨਾਲੇ ਹੱਸੇ ਨਾਲੇ ਖੇਲੇ ਖੇਲ ਅਪਰ ਅਪਾਰ, ਜੋ ਅਪਰੰਪਰ ਸਵਾਮੀ ਰਿਹਾ ਖਿਲਾਈਆ । ਫੇਰ ਆਪਣੀ ਨੂਰ ਜੋਤ ਦਾ ਮਾਰ ਚਮਤਕਾਰ, ਬਿਨਾ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਕਰਦੀ ਜਾਏ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਉਠੋ ਨੱਠੋ ਭੱਜੋ ਉਸ ਦਵਾਰ, ਜਿਥੇ ਦਵਾਰਕਾ ਵਾਸੀ ਆਸਣ ਲਾਈਆ । ਆਪਣਾ ਪੰਧ ਮੁਕਾਉਣਾ ਜਗਤ ਦੀ ਧਾਰ, ਚੁਰਾਸੀ ਗੰਢ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਦਾ ਹੁਕਮ ਇਕ ਵਰਤਾਈਆ । ਧਰਮ ਕਹੇ ਧਰਨੀਏ ਤੂੰ ਵੇਖ ਲੈ ਰੇਲ ਅਨੋਖੀ, ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਭੇਵ ਸਮਝੇ ਕੋਇ ਨਾ ਪੋਥੀ, ਪੁਸਤਕ ਕਹਿਣ ਕਿਛ ਨਾ ਪਾਈਆ । ਉਹਦੀ ਮੰਜ਼ਲ ਹੱਥ ਨਾ ਆਵੇ ਸੌਖੀ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਦੀਨ ਦੁਨੀ ਵੇਖ ਲੈ ਰੋਤੀ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਪਿਆ ਗੋਸ਼ਤ ਬੋਟੀ, ਚਾਰੋਂ ਕੁੰਟ ਕੁੰਟ ਦੁਹਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਚੋਟੀ, ਕਿਨਾਰਾ ਨਜ਼ਰ ਕਿਸੇ ਨਾ ਆਈਆ । ਅੰਦਰ ਵਾਸਨਾ ਹੋਈ ਖੋਟੀ, ਦੁਰਮਤ ਮੈਲ ਨਾ ਕੋਇ ਧਵਾਈਆ । ਭੇਵ ਪਾਏ ਨਾ ਕੋਇ ਜੰਗਮ ਜੋਗੀ, ਜਗਤ ਜਗਿਆਸੂ ਸਮਝ ਕਿਸੇ ਨਾ ਆਈਆ । ਕਲਜੁਗ ਜੀਵ ਪਾਪਾਂ ਭਾਰ ਚੁੱਕਿਆ ਬੋਝੀ, ਅਗੇ ਕਦਮ ਨਾ ਕੋਇ ਉਠਾਈਆ । ਚੜ੍ਹਨਾ ਮਿਲੇ ਨਾ ਕਿਸੇ ਨੂੰ ਧਰਮ ਮੁਸਾਫ਼ਰਾਂ ਵਾਲੀ ਵਿਚ ਬੋਗੀ, ਕੁੰਡਾ ਸਚ ਨਾ ਕੋਇ ਖੁਲਾਈਆ । ਉਹ ਚਾਰੋਂ ਕੁੰਟ ਮਨਮੁਖ ਜੀਵਾਂ ਜਾਂਦੀ ਛੋਡੀ, ਆਪ ਭੱਜੇ ਵਾਹੋ ਦਾਹੀਆ । ਜਿਸ ਦਾ ਮਾਲਕ ਇਕ ਮੌਜੀ, ਮੌਜੀ ਠਾਕਰ ਬੇਪ੍ਰਵਾਹੀਆ । ਵਕਤ ਦੀ ਪਾਬੰਦੀ ਲਾ ਕੇ ਬੈਠਾ ਜਗਤ ਧਾਰ ਦਾ ਫ਼ੌਜੀ, ਜਿਸ ਦਾ ਹੁਕਮ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਦ ਆਪਣਾ ਖੇਲ ਖਿਲਾਈਆ । ਧਰਨੀ ਕਹੇ ਪ੍ਰਭੂ ਤੇਰੀ ਧਰਮ ਦੀ ਧਾਰ ਇਕੋ ਯਕ, ਯਕੇ ਬਾਦ

ਦੀਗਰੇ ਜੁਗ ਜੁਗ ਖੇਲ ਖਿਲਾਈਆ । ਜਿਸ ਦੇ ਉਤੇ ਭਗਤਾਂ ਚੜ੍ਹਨ ਦਾ ਮਿਲੇ ਹਕ, ਮੁਸਾਫ਼ਰ ਸੂਫ਼ੀ ਡੇਰਾ ਲਾਈਆ । ਬਾਕੀ ਦੀਨ ਦੁਨੀਆ ਉਹਦੇ ਵੱਲ ਨਾ ਸਕੇ ਤੱਕ, ਨੇਤਰ ਨਜ਼ਰ ਕਿਸੇ ਨਾ ਆਈਆ ਉਹਦੀ ਆਵਾਜ਼ ਸੁਣੇ ਨਾ ਕੋਇ ਫਕ ਫਕ, ਉਹ ਫ਼ਿਕਰਾ ਗਾਏ ਇਕੋ ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਭੱਜੀ ਨੱਠੀ ਜਾਂਦੀ ਇਟਾਰਸੀ ਵਿਚੋਂ ਥੋੜ੍ਹੇ ਜਿਹੇ ਮੁਸਾਫ਼ਰ ਆਪਣੇ ਉਤੇ ਲਏ ਚੱਕ, ਫੜ ਆਤਮ ਧਾਰ ਆਪ ਟਿਕਾਈਆ । ਜਿਸ ਵਿਚ ਰਹੇ ਨਾ ਕੋਇ ਸ਼ੱਕ, ਸ਼ਕਵੇ ਸ਼ਕੂਕ ਰਹੀ ਗਵਾਈਆ । ਉਸ ਨੇ ਫੇਰ ਛੇਤੀ ਮੁੜ ਨਹੀਂ ਆਉਣਾ ਵਤ, ਜੋ ਬੇਵਤਨਾ ਸਚਖੰਡ ਦਏ ਪਹੁੰਚਾਈਆ । ਉਹ ਮਿਲਦੀ ਜਿਨ੍ਹਾਂ ਦਾ ਕੋਟ ਜਨਮ ਦਾ ਤਪ, ਤਪੀਸ਼ਰ ਪੂਰਬ ਜਨਮ ਦੇ ਵੇਖ ਵਖਾਈਆ । ਜਿਨ੍ਹਾਂ ਦੇ ਪੁਰਖ ਅਕਾਲ ਨੇ ਧੋਤੇ ਪਾਪ, ਪਤਤ ਪੁਨੀਤ ਕਰਾਈਆ । ਉਨ੍ਹਾਂ ਨੂੰ ਵੇਖੇ ਆਪ, ਦੂਰ ਦੁਰਾਡਾ ਪੰਧ ਚੁਕਾਈਆ । ਉਹ ਭਗਤ ਦਵਾਰੇ ਗ੍ਰਿਹ ਭਗਤਾਂ ਦੇ ਹੁੰਦੇ ਸਪਾਟ, ਸਟੇਸ਼ਨ ਅਵਰ ਨਾ ਕੋਇ ਬਣਾਈਆ । ਉਹਦੀ ਇਕੋ ਆਵਾਜ਼ ਅੰਤਮ ਹੁੰਦੀ ਟਾਪ, ਟਾਪੂਆਂ ਤੋਂ ਪਰੇ ਦਏ ਦ੍ਰਿੜ੍ਹਾਈਆ । ਜਿਸ ਦਾ ਨਿਯਮ ਸਕੇ ਮੂਲ ਨਾ ਕੋਇ ਛਾਪ, ਅੱਖਰਾਂ ਵਾਲੀ ਨਾ ਕੋਇ ਚਤੁਰਾਈਆ । ਉਸ ਦਾ ਆਪਣਾ ਆਪ ਪ੍ਰਤਾਪ, ਜੋ ਪਰਤ ਕੇ ਜੁਗ ਜੁਗ ਭਗਤਾਂ ਲਏ ਉਠਾਈਆ । ਧਰਨੀ ਕਰੇ ਉਹ ਫਿਰਦੀ ਲੋਕਮਾਤ, ਦਿਵਸ ਰੈਣ ਵਾਹੋ ਦਾਹੀਆ । ਅੱਜ ਖ਼ੁਸ਼ੀ ਨਾਲ ਪਾਰੂ ਮਲ ਦੇ ਘਰ ਆ ਗਈ ਰਾਤ, ਆਪਣਾ ਪੰਧ ਮੁਕਾਈਆ । ਗੁਰਮੁਖੋ ਉਠੋ ਛੇਤੀ ਉਸ ਉਤੇ ਚੜ੍ਹੋ ਆਪ, ਆਪਣਾ ਬਲ ਪ੍ਰਗਟਾਈਆ । ਜੋ ਤ੍ਰੈਗੁਣ ਮੇਟੇ ਤਾਪ, ਤ੍ਰੈਗੁਣ ਅਤੀਤੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਪ ਬਣਾਇਆ ਸਾਥ, ਸਗਲਾ ਸੰਗੀ ਬਹੁਰੰਗੀ ਆਪਣੀ ਕਾਰ ਭੁਗਤਾਈਆ ।


੧੦੭੮
੨੩

### ✪ ੨੪ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਨਾਗਪੁਰ ਸ਼ਹਿਰ ਅਰਜਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਜੁਗ ਜੁਗ ਰਖਵਾਲ, ਨਿਰਗੁਣ ਧਾਰ ਨਿਰਵੈਰ ਲਓ ਅੰਗੜਾਈਆ । ਦੀਨ ਦੁਨੀ ਆਪਣੀ ਮਾਤਲੋਕ ਲਓ ਸੰਭਾਲ, ਮਜ਼੍ਹਬਾਂ ਦੇ ਮਹਿਬੂਬ ਹੋ ਕੇ ਵੇਖ ਵਖਾਈਆ । ਬਿਨ ਨਾਮ ਕਲਮੇ ਜਗਤ ਜਗਿਆਸੂ ਹੋਏ ਕੰਗਾਲ, ਸਚ ਵਸਤ ਤਨ ਵਜੂਦ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਧਾਰ ਅੰਤਰ ਨਿਰੰਤਰ ਬਣਾਓ ਦਲਾਲ, ਬਿਨ ਰਸਨਾ ਜਿਹਵਾ ਬੱਤੀ ਦੰਦ ਦਿਓ ਸਮਝਾਈਆ । ਵਸਤ ਅਨਮੁਲੜੀ ਨਾਮ ਨਿਧਾਨ ਦਿਓ ਧਨ ਮਾਲ, ਕਲਜੁਗ ਕੂੜ ਕੁੜਿਆਰ ਲੁਕ ਸਕੇ ਨਾ ਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਆ ਕੇ ਵੇਖੋ ਹੋਏ ਬੇਹਾਲ, ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਰਹੀ ਕੁਰਲਾਈਆ । ਆਤਮ ਪਰਮਾਤਮ ਧਾਰ ਸਚ ਦਾ ਦਿਸੇ ਕੋਇ ਨਾ ਲਾਲ, ਕੂੜੀ ਕਿਰਿਆ ਦੁਰਮਤ ਮੈਲ ਨਾ ਕੋਇ ਧਵਾਈਆ । ਸਦੀ ਚੌਧਵੀਂ ਤ੍ਰੈਗੁਣ ਮਾਇਆ ਪਿਆ ਜੰਜਾਲ, ਚੁਰਾਸੀ ਫੰਦ ਨਾ ਕੋਇ ਕਟਾਈਆ । ਮੁਰਸ਼ਦ ਹੋ ਕੇ ਵੇਖੋ ਮੁਰੀਦਾਂ ਹਾਲ, ਦੀਨ ਦੁਨੀ ਪਰਦਾ ਦਿਓ ਉਠਾਈਆ । ਪਵਿਤ੍ਰ ਰਹੀ ਨਾ ਕੋਈ ਧਰਮਸਾਲ, ਮੰਦਰ ਮਠ ਮਸਜਿਦ ਸਾਰੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰੀ ਮਨਸਾ ਪੂਰ ਕਰਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ

ਆਪਣਾ ਧਰਮ ਨਿਸ਼ਾਨ, ਨਿਰਗੁਣ ਸਰਗੁਣ ਖੋਜ ਖੁਜਾਈਆ । ਪੈਗ਼ੰਬਰੋ ਸਾਥ ਰਿਹਾ ਨਾ ਕਿਸੇ ਈਮਾਨ, ਇਸਮ ਆਜ਼ਮ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਗੁਰੂ ਗੁਰਦੇਵ ਕਰੋ ਧਿਆਨ, ਸਤਿ ਸਚ ਸ਼ਬਦ ਦੀ ਧਾਰ ਨਾ ਕੋਇ ਸਮਾਈਆ । ਅਵਤਾਰ ਹੋਵੋ ਨਿਗਾਹਬਾਨ, ਬਿਨ ਨੈਣਾਂ ਨੈਣ ਉਠਾਈਆ । ਜੀਵ ਜੰਤ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਰਖਾਈਆ । ਆਤਮ ਬ੍ਰਹਮ ਮਿਲੇ ਨਾ ਕਿਸੇ ਗਿਆਨ, ਨਿਜ ਨੇਤਰ ਲੋਚਨ ਨੈਣ ਨਾ ਕਿਸੇ ਰੁਸ਼ਨਾਈਆ । ਕਲਜੁਗ ਕੂੜ ਹੋਇਆ ਪ੍ਰਧਾਨ, ਨਵ ਦਵਾਰੇ ਭੱਜੇ ਵਾਹੋ ਦਾਹੀਆ । ਨਾਲ ਸ਼ਰਅ ਮਿਲੀ ਸ਼ੈਤਾਨ, ਸ਼ਰੀਅਤ ਰਹੀ ਲੜਾਈਆ । ਮੈਂ ਸੰਦੇਸਾ ਦੇਵਾਂ ਬਿਨ ਅੱਖਰਾਂ ਹਰੂਫ਼ਾਂ ਪੈਗ਼ਾਮ, ਪੈਗ਼ੰਬਰਾਂ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸਤਿ ਸਚ ਤੇਰੀ ਸਰਨਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣਾ ਆਪਣਾ ਭਵਿਖਤ, ਪੇਸ਼ੀਨਗੋਈਆਂ ਹੱਥ ਉਠਾਈਆ । ਜੋ ਸ਼ਬਦ ਇਸ਼ਾਰੇ ਨਾਲ ਗਏ ਲਿਖ, ਅੱਖਰਾਂ ਵਾਲੇ ਜੋੜ ਜੁੜਾਈਆ । ਵਕਤ ਸੁਹੰਜਣਾ ਵੇਖੋ ਵਾਰ ਥਿਤ, ਘੜੀ ਪਲ ਖੋਜ ਖੁਜਾਈਆ । ਕੀ ਖੇਲ ਕਰੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬ੍ਰਹਮ ਕੀ ਆਪਣਾ ਹੁਕਮ ਵਰਤਾਈਆ । ਕੀ ਲੇਖਾ ਤੁਹਾਡਾ ਨਾਲ ਪੰਜ ਤਤ ਕਾਇਆ ਬੁਤ, ਰੂਹ ਰੰਗ ਕੀ ਰੰਗਾਈਆ । ਸਦੀ ਚੌਧਵੀਂ ਆਪਣੀ ਆਪਣੀ ਵੇਖੋ ਰੁਤ, ਬੀਸ ਬੀਸਵੀਂ ਨਾਲ ਮਿਲਾਈਆ । ਢਈਆ ਪੈਂਡਾ ਰਿਹਾ ਮੁਕ, ਮੁਕੰਮਲ ਗੋਬਿੰਦ ਦਏ ਗਵਾਹੀਆ । ਤੁਹਾਡੀ ਦੀਨ ਦੁਨੀ ਅੰਤਸ਼ਕਰਨ ਵਿਚ ਭਰਿਆ ਦੁੱਖ, ਸੁਖ ਵਿਚ ਨਾ ਕੋਇ ਸਮਾਈਆ । ਭਗਤ ਸੰਤ ਸੂਫ਼ੀ ਗੁਰਮੁਖ ਗੁਰਸਿਖ ਉਜਲ ਕਰਾਏ ਕੋਇ ਨਾ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣਾ ਵਕਤ ਵੇਲਾ, ਬਿਨ ਘੜੀ ਘੜਿਆਲ ਧਿਆਨ ਲਗਾਈਆ । ਪਿਆਰ ਰਿਹਾ ਨਾ ਗੁਰੂ ਗੁਰ ਚੇਲਾ, ਚੇਲਾ ਗੁਰ ਨਾ ਕੋਇ ਵਡਿਆਈਆ । ਮਿਤਰ ਦਿਸੇ ਨਾ ਕੋਇ ਸੁਹੇਲਾ, ਸੱਜਣ ਸੰਗ ਨਾ ਕੋਇ ਬਣਾਈਆ । ਕੀ ਖੇਲ ਪ੍ਰਭੂ ਕਲ ਖੇਲਾ, ਖ਼ਾਲਕ ਖ਼ਲਕ ਕੀ ਆਪਣਾ ਹੁਕਮ ਵਰਤਾਈਆ । ਜੋ ਵਸੇ ਨਿਰਗੁਣ ਸਚਖੰਡ ਧਾਮ ਨਵੇਲਾ, ਦਰਗਾਹ ਸਾਚੀ ਮੁਕਾਮੇ ਹਕ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਸਚਖੰਡ ਅਸੀਂ ਸਭ ਕੁਛ ਰਹੇ ਵੇਖ, ਬਿਨ ਨੈਣਾਂ ਨੈਣ ਉਠਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਸਾਡੇ ਕੋਲ ਸ਼ਾਸਤਰਾਂ ਤੋਂ ਬਾਅਦ ਦਾ ਲੇਖ, ਜਿਸ ਨੂੰ ਜਗਤ ਲਿਖਾਰੀ ਕਾਤਬ ਸਮਝ ਸਕੇ ਕੋਇ ਨਾ ਰਾਈਆ । ਜੋ ਸੰਦੇਸਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ਼ਬਦ ਅਗੰਮੀ ਹੁਕਮ ਦ੍ਰਿੜਾਈਆ । ਸ੍ਰੀ ਭਗਵਾਨਾ ਜੋਤੀ ਜਾਤਾ ਪਹਿਰ ਕੇ ਵੇਸ, ਰੂਪ ਅਨੂਪਾ ਆਪ ਪ੍ਰਗਟਾਈਆ । ਜੋ ਵਸੇ ਸੰਬਲ ਦੇਸ, ਸਾਢੇ ਤਿੰਨ ਹੱਥ ਦਏ ਵਡਿਆਈਆ । ਜਿਸ ਦਾ ਲੇਖਾ ਮੁਕਾਉਣਾ ਮੁਹੰਮਦ ਵਾਲਾ ਔਲੀਆ ਪੀਰ ਸ਼ੇਖ਼, ਚਾਰ ਯਾਰੀ ਪੰਧ ਰਹੇ ਨਾ ਰਾਈਆ । ਦੀਨ ਦੁਨੀ ਦੀ ਬਦਲ ਦੇਵੇ ਰੇਖ, ਰਿਖੀ ਮੁਨੀ ਸਮਝ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਕਰੇ ਖੇਤ, ਖੜਗ ਖੰਡਾ ਨਾਮ ਉਠਾਈਆ । ਜਿਸ ਦੀ ਰੁਤ ਸੁਹੰਜਣੀ ਆਉਣੀ ਸੰਮਤ ਸ਼ਹਿਨਸ਼ਾਹੀ ਦਸ, ਦਸ ਦਾ ਪਹਿਲਾ ਚੇਤ, ਚੇਤਨ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ



੧੦੨੯
੨੩

ਧੁਰ ਦਾ ਵਰ, ਧੁਰ ਭੇਵ ਆਪ ਖੁਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਅਸੀਂ ਸਭ ਕਿਛ ਰਹੇ ਜਾਣ, ਦਰਗਾਹ ਸਾਚੀ ਵੇਖ ਵਖਾਈਆ । ਬੇਨੰਤੀ ਕਰੀਏ ਅਗੇ ਸ੍ਰੀ ਭਗਵਾਨ, ਦਰ ਠਾਂਡੇ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਰਾਜਾਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਤੇਰਾ ਖੇਲ ਜੁਗ ਚੌਕੜੀ ਮਹਾਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਹੁਕਮ ਵਰਤਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਵਿਚ ਜਹਾਨ, ਜਹਾਲਤ ਵੇਖ ਖ਼ਲਕ ਖ਼ੁਦਾਈਆ । ਸਾਡੇ ਨਾਮ ਕਲਮਿਆਂ ਤੇ ਸਾਬਤ ਰਿਹਾ ਨਾ ਕਿਸੇ ਦਾ ਈਮਾਨ, ਸਤਿ ਧਰਮ ਵਿਚ ਨਾ ਕੋਇ ਸਮਾਈਆ । ਜਿਧਰ ਤੱਕੀਏ ਹੋਏ ਹਰਾਮ, ਸਾਂਤਕ ਸਤਿ ਨਾ ਕੋਇ ਕਰਾਈਆ । ਲੋਕਮਾਤ ਪ੍ਰਭੂ ਅਸੀਂ ਸਾਰੇ ਹੋਏ ਬਦਨਾਮ, ਬਦੀ ਦਾ ਲੇਖਾ ਦੇ ਮੁਕਾਈਆ । ਧੁਰ ਦਾ ਕਲਮਾ ਕਾਇਨਾਤ ਦੇ ਕਲਾਮ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਨਾਮ ਦ੍ਰਿੜਾਈਆ । ਤੂੰ ਪੈਗ਼ੰਬਰਾਂ ਦਾ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਨਿਹਕਲੰਕ ਬਲੀ ਬਲਵਾਨ, ਬਲਧਾਰੀ ਇਕ ਅਖਵਾਈਆ । ਕਲ ਕਲਕੀ ਨੌਜਵਾਨ, ਜੰਮਣ ਮਰਨ ਵਿਚ ਕਦੀ ਨਾ ਆਈਆ । ਤੇਰਾ ਸਤਿਗੁਰ ਸ਼ਬਦ ਸ਼ਬਦ ਬਲਵਾਨ, ਸੂਰਬੀਰ ਵਡ ਵਡਿਆਈਆ । ਤੇਰਾ ਨਿਰਗੁਣ ਨੂਰ ਜੋਤ ਮਹਾਨ, ਦੋ ਜਹਾਨ ਕਰੇ ਰੁਸ਼ਨਾਈਆ । ਕਲਜੁਗ ਅੰਤਮ ਸਭ ਦਾ ਬਦਲ ਦੇ ਵਿਧਾਨ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਇਕੋ ਇਸ਼ਟ ਹੋਵੇ ਸ੍ਰੀ ਭਗਵਾਨ, ਦੂਸਰ ਸੀਸ ਨਾ ਕਿਸੇ ਨਿਵਾਈਆ । ਇਕੋ ਭੂਮਿਕਾ ਹੋਏ ਅਸਥਾਨ, ਅਸਥਲ ਇਕੋ ਦਵਾਰ ਵਡਿਆਈਆ । ਸਤਿਜੁਗ ਸਚ ਕਰ ਪ੍ਰਧਾਨ, ਕਲਜੁਗ ਕੂੜ ਕੂੜ ਮੁਕਾਈਆ । ਅੰਤਰ ਆਤਮ ਦੇ ਗਿਆਨ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਤੇਰਾ ਇਕੋ ਇਸ਼ਟ ਸ੍ਰਿਸ਼ਟ ਸਬਾਈ ਮਨਾਣ, ਮਨਸਾ ਮਨ ਨਾ ਕੋਇ ਹਲਕਾਈਆ । ਸਚਖੰਡ ਦਵਾਰੇ ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਸਾਰੇ ਕਰੀਏ ਪ੍ਰਵਾਨ, ਪਰਮ ਪੁਰਖ ਤੇਰਾ ਹੁਕਮ ਇਕ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਦੀਨ ਦਿਆਲ ਆਵੇਗਾ । ਕਿਰਪਾ ਨਿਧਾਨ ਹੋ ਕਿਰਪਾਲ, ਕਿਰਪਨ ਆਪਣੇ ਰੰਗ ਰੰਗਾਵੇਗਾ । ਤੇਰੀ ਆਸ਼ਾ ਮਨਸਾ ਪੂਰੀ ਕਰ ਪ੍ਰਵਾਨ, ਪਰਮ ਪੁਰਖ ਪ੍ਰਭ ਭੇਵ ਖੁਲਾਵੇਗਾ । ਸਤਿ ਧਰਮ ਦਾ ਦੇ ਕੇ ਦਾਨ, ਸਤਿ ਸਤਿਵਾਦੀ ਝੋਲੀ ਆਪ ਭਰਾਵੇਗਾ । ਏਕਾ ਨਾਮ ਕਰ ਪ੍ਰਵਾਨ, ਦੋ ਜਹਾਨਾਂ ਹੁਕਮ ਮਨਾਵੇਗਾ । ਏਕਾ ਧਰਮ ਝੁਲਾ ਨਿਸ਼ਾਨ, ਸੱਤਾਂ ਦੀਪਾਂ ਸੰਗ ਰਖਾਵੇਗਾ । ਏਕਾ ਦੇ ਕੇ ਬ੍ਰਹਮ ਗਿਆਨ, ਆਤਮ ਪਰਮਾਤਮ ਪਰਦਾ ਲਾਹਵੇਗਾ । ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਫੋਲ ਫੁਲਾਵੇਗਾ । ਕਲਜੁਗ ਕੂੜ ਮੇਟ ਦੁਕਾਨ, ਸੌਦਾ ਸਾਚੇ ਹੱਟ ਨਾਮ ਵਿਕਾਵੇਗਾ । ਨਾਮ ਅਣਿਆਲਾ ਤੀਰ ਮਾਰ ਕੇ ਬਾਣ, ਪਰਦੇ ਓਹਲੇ ਆਪ ਬੈਠਾਵੇਗਾ । ਤੂੰ ਉਸ ਗਹਿਰ ਗੰਭੀਰ ਦੀ ਕਰੀਂ ਪਹਿਚਾਨ, ਜੋ ਚਰਨ ਕਵਲ ਤੇਰੇ ਉਤੇ ਟਿਕਾਵੇਗਾ । ਤੂੰ ਮੇਰਾ ਮੈਂ ਤੇਰਾ ਗਾਵੀਂ ਗਾਣ, ਸੋਹੰ ਢੋਲਾ ਮੰਗ ਮੰਗਾਵੇਗਾ । ਦਰ ਦਰਵੇਸ਼ਾ ਨਰ ਨਰੇਸ਼ਾ ਦੇਵੇ ਮਾਣ, ਸਿਰ ਤੇਰੇ ਹੱਥ ਟਿਕਾਵੇਗਾ । ਤੂੰ ਤੱਕਣਾ ਉਹ ਅਗੰਮੀ ਰਾਮ, ਜੋ ਰਮਈਆ ਨਜ਼ਰੀ ਆਵੇਗਾ । ਦਰਸ ਕਰੀਂ ਨੁਰਾਨੇ ਕਾਹਨ, ਜੋ ਲੱਖ ਚੁਰਾਸੀ ਆਪ ਹੰਢਾਵੇਗਾ । ਤੇਰਾ ਲਹਿਣਾ ਦੇਣਾ ਚੁਕਾਵੇ ਆਣ, ਆਪ ਆਪਣਾ ਰੂਪ ਦਰਸਾਵੇਗਾ । ਕਲਜੁਗ ਕੂੜੀ ਕਿਰਿਆ ਮੇਟੇ ਜਗਤ ਜਹਾਨ, ਜਾਗਰਤ ਜੋਤ ਡਗਮਗਾਵੇਗਾ । ਸਾਚੇ ਸ਼ਬਦ ਸੁਣੀ ਧੁਨਕਾਨ, ਆਤਮ ਦਰਸੀ ਰਾਗ ਉਪਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਤੇਰਾ ਵਕਤ

੧੦੮੦
੨੩

ਸੁਹਾਵੇਗਾ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀਏ ਤੇਰਾ ਹੋਵ ਵਕਤ ਸੁਹੰਜਣਾ, ਹਰਿ ਕਰਤਾ ਆਪ ਸੁਹਾਈਆ । ਚਰਨ ਧੂੜ ਤੈਨੂੰ ਕਰਾਏ ਮਜਨਾ, ਚਾਰ ਕੁੰਟ ਦੀ ਦੁਰਮਤ ਮੈਲ ਧਵਾਈਆ । ਘਰ ਸਵਾਮੀ ਮਿਲੇ ਸੱਜਣਾ, ਗਹਿਰ ਗੰਭੀਰ ਨੂਰ ਅਲਾਹੀਆ । ਤੂੰ ਦਰਸ਼ਨ ਕਰ ਕਰ ਰੱਜਣਾ, ਸੰਬਲ ਤੱਕਣਾ ਆਪਣਾ ਮਾਹੀਆ । ਜਿਥੇ ਇਕੋ ਦੀਪਕ ਜਗਣਾ, ਜੋਤ ਨੂਰ ਰੁਸ਼ਨਾਈਆ । ਇਕੋ ਨਾਮ ਨਿਧਾਨਾ ਨੱਦ ਵਜਣਾ, ਅਨਹਦ ਨਾਦ ਨਾਦ ਸੁਣਾਈਆ । ਤੂੰ ਉਸ ਦੀ ਸਰਨੀ ਲੱਗਣਾ, ਸਰਨਗਤ ਇਕ ਸਮਝਾਈਆ । ਜਿਸ ਦਾ ਤਾਲ ਤਲਵਾੜਾ ਦੋ ਜਹਾਨਾਂ ਵੱਜਣਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸੀਸ ਸਰਬ ਨਿਵਾਈਆ । ਇਕ ਨੂੰ ਝੁਕਣਾ ਆਅਲਾ ਅਦਨਾ, ਰਾਓ ਰੰਕ ਲਾਗਣ ਪਾਈਆ । ਉਹਦਾ ਨਾਮ ਦਮਾਮਾ ਇਕੋ ਵੱਜਣਾ, ਦੋ ਜਹਾਨਾਂ ਕਰੇ ਸ਼ਨਵਾਈਆ । ਜਿਸ ਦੇ ਹੁਕਮ ਨਾਲ ਸਤਿ ਧਰਮ ਦਾ ਸਤਿਜੁਗ ਸਾਚਾ ਲੱਗਣਾ, ਕਲਜੁਗ ਕੂੜ ਵਿਕਾਰ ਦਏ ਮਿਟਾਈਆ । ਉਸ ਨੂੰ ਪੈਗ਼ੰਬਰਾਂ ਕਹਿਣਾ ਨੂਰ ਅਲਾਹੀ ਰੱਬਨਾ, ਮਹਿਬਾਨ ਬੀਦੋ ਬੀਖੈਰੀ ਯਾ ਅਲਾਹ ਕਹਿ ਕੇ ਸਾਰੇ ਸੀਸ ਨਿਵਾਈਆ । ਤੂੰ ਉਸ ਦੇ ਚਰਨ ਕਵਲ ਬਹਿ ਬਹਿ ਸਜਣਾ, ਧੂੜੀ ਮਸਤਕ ਖ਼ਾਕ ਰਮਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੂਰਾ ਸਰਬਗਣਾ, ਸੂਰਬੀਰ ਨਰ ਨਿਰੰਕਾਰ ਆਪ ਅਖਵਾਈਆ ।

## ✪ ੨੫ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਭਲਈ ਦੁਰਗ ਗੁਰਮੁਖ ਸਿੰਘ ਦੇ ਗ੍ਰਿਹ ✪

੧੦੮੧ ੨੩ ਸੋ ਪੁਰਖ ਨਿਰੰਜਣ ਸਦਾ ਨਿਰਾਕਾਰ, ਆਕਾਰ ਨਜ਼ਰ ਕੋਇ ਨਾ ਆਈਆ । ਹਰਿ ਪੁਰਖ ਨਿਰੰਜਣ ਰੂਪ ਅਪਾਰ, ਅਪਰੰਪਰ ਸਵਾਮੀ ਭੇਵ ਕੋਇ ਨਾ ਪਾਈਆ । ਏਕੰਕਾਰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜਾਤਾ ਆਦਿ ਨਿਰੰਜਣ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਆਪਣਾ ਅਪਰ ਅਪਾਰ, ਭੇਵ ਅਭੇਦ ਕਹਿਣ ਕਿਛ ਨਾ ਪਾਈਆ । ਸ੍ਰੀ ਭਗਵਾਨ ਆਪਣੇ ਰੰਗ ਰਵੇ ਕਰਤਾਰ, ਕਰਤਾ ਪੁਰਖ ਵਡ ਵਡਿਆਈਆ । ਪਾਰਬ੍ਰਹਮ ਰੂਪ ਅਨੂਪ ਸੱਚੀ ਸਰਕਾਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋ ਪੁਰਖ ਨਿਰੰਜਣ ਸੋ ਆਪਣੀ ਧਾਰ ਆਪਣੇ ਵਿਚੋਂ ਪ੍ਰਗਟਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਨਿਰਵੈਰ ਨਿਰਾਕਾਰ ਆਪ ਕਰਾਈਆ । ਆਤਮ ਧਾਰ ਕਰ ਪਸਾਰਾ, ਪਾਰਬ੍ਰਹਮ ਪ੍ਰਭ ਰਚਨਾ ਰਚ ਵਖਾਈਆ । ਜੋਤੀ ਜੋਤ ਕਰ ਉਜਿਆਰਾ, ਦੀਆ ਬਾਤੀ ਕਮਲਾਪਾਤੀ ਏਕਾ ਡਗਮਗਾਈਆ । ਏਕਾ ਮੰਦਰ ਸਚ ਉਸਾਰਾ, ਸਚ ਘਰ ਆਪ ਸੁਹਾਈਆ । ਏਕਾ ਹੁਕਮ ਸੰਦੇਸਾ ਦੇ ਆਪਣੀ ਧਾਰਾ, ਸ਼ਬਦੀ ਸ਼ਬਦ ਧਾਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪ੍ਰਵਾਹੀਆ । ਆਤਮ ਧਾਰ ਬਣਾ ਕੇ ਹੰ, ਹਰਿ ਦਿਤੀ ਮਾਣ ਵਡਿਆਈਆ । ਰੂਪ ਦਰਸਾ ਕੇ ਨਿਰਗੁਣ ਬ੍ਰਹਮ, ਪਾਰਬ੍ਰਹਮ ਪ੍ਰਭ ਪਰਦਾ ਆਪ ਖੁਲਾਈਆ । ਆਪਣੀ ਧਾਰੋਂ ਦੇ ਕੇ ਜਰਮ, ਆਪੇ ਬਣਿਆ ਪਿਤਾ ਮਾਈਆ । ਆਪ ਦਰਸਾ ਕੇ ਆਪਣਾ ਧਰਮ, ਸਤਿ ਦੀ ਧਾਰ ਧਰਮ ਨਾਲ ਰਲਾਈਆ । ਆਪ ਜਣਾ ਕੇ ਆਪਣਾ ਕਰਮ, ਆਪਣੀ ਕਲਾ ਦਿਤੀ ਵਖਾਈਆ । ਆਪ ੧੦੮੧ ੨੩

ਨਿਭਾ ਕੇ ਆਪਣਾ ਪ੍ਰਣ, ਪਰਮ ਪੁਰਖ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਆਤਮ ਪਰਮਾਤਮ ਧਾਰ ਹੰ ਸੋ, ਸੋਹੰ ਸਤਿ ਸਰੂਪ ਪ੍ਰਗਟਾਈਆ । ਨਿਰਗੁਣ ਨਿਰਗੁਣ ਧਾਰ ਆਪੇ ਹੋ, ਏਕਾ ਦੂਆ ਭਾਓ ਚੁਕਾਈਆ । ਆਪ ਆਪਣਾ ਬਣਾ ਕੇ ਮੋਹ, ਮੁਹੱਬਤ ਨਾਮ ਵਾਲੀ ਰਖਾਈਆ । ਆਪੇ ਬਖ਼ਸ਼ ਆਪਣੀ ਲੋ, ਬਿਨ ਲੋਇਣਾ ਨੈਣ ਕਰੇ ਰੁਸ਼ਨਾਈਆ । ਆਪ ਆਪਣਾ ਅੰਮ੍ਰਿਤ ਚੋ, ਅਗੰਮਾ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸੋਹੰ ਸ਼ਬਦ ਆਤਮ ਪਰਮਾਤਮ ਧਾਰ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਜਿਸ ਨੂੰ ਬਾਹਰ ਕਰ ਸਕੇ ਕੋਇ ਨਾ ਜ਼ਾਹਰ, ਗੁਫ਼ਤ ਸ਼ਨੀਦ ਸਾਰੇ ਧਿਆਨ ਲਗਾਈਆ । ਰਸਨਾ ਬੋਲਣਾ ਜਗਤ ਵਾਲੀ ਧਾਰ, ਧਰਨੀ ਧਰਤ ਧਵਲ ਕੂੜ ਨਾ ਕੋਇ ਦ੍ਰਿੜਾਈਆ । ਅੰਤਰ ਦ੍ਰਿਸ਼ਟ ਖੋਲ੍ਹੇ ਸ੍ਰਿਸ਼ਟ, ਜੋ ਵਸ਼ਿਸ਼ਟ ਲੇਖਾ ਰਾਮ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੋਹੰ ਸ਼ਬਦ ਗੁਫ਼ਤ ਸ਼ਨੀਦਾ, ਜੋਗੀ ਜਤੀ ਜੰਗਮ ਜਟਾ ਧਾਰੀ ਰਹੇ ਗਾਈਆ । ਜੋ ਦਰਸ਼ਨ ਮੰਗਦੇ ਕਾਇਆ ਮੰਦਰ ਅੰਦਰ ਵਜੂਦ ਤੱਕਣ ਅਗੰਮੀ ਦੀਦਾ, ਦੀਦਾ ਦਾਨਿਸਤਾ ਵੇਖ ਵਖਾਈਆ । ਉਸ ਦੀ ਪਿਆਰ ਵਿਚ ਅੰਤਰ ਅੰਤਰ ਲਾਹੁੰਦੇ ਰੀਝਾ, ਖ਼ੁਸ਼ੀਆਂ ਰਾਗ ਅਲਾਈਆ । ਜੇ ਸਾਡੀਆਂ ਆਸਾ ਮਨਸਾ ਪੂਰੀਆਂ ਕਰਨ ਉਮੀਦਾ, ਘਰ ਮੰਦਰ ਅੰਦਰ ਤਨ ਵੱਜੇ ਵਧਾਈਆ । ਨਿਜ ਨੇਤਰ ਉਸ ਨੂੰ ਤੱਕੀਏ ਲਾ ਕੇ ਨੀਝਾ, ਲੋਚਨ ਨੈਣ ਅੱਖ ਮਟਕਾਈਆ । ਜਿਸ ਆਤਮ ਪਰਮਾਤਮ ਦੀਆਂ ਬਾਹਰ ਸਿਫ਼ਤ ਸਲਾਹੀ ਤਮਹੀਦਾ, ਖ਼ੁਸ਼ੀਆਂ ਰਾਗ ਦ੍ਰਿੜਾਈਆ । ਉਸ ਦੇ ਵਿਚ ਹਕ ਤੌਫ਼ੀਕਾ, ਜਿਸ ਨੂੰ ਅੱਲਾ ਹੂ ਅੱਨਾ ਹੂ ਕਹਿ ਕੇ ਪੈਗ਼ੰਬਰ ਗਏ ਗਾਈਆ । ਜਿਸ ਦੇ ਵਿਚ ਨਹੀਂ ਕੋਈ ਸ਼ਰੀਕਾ, ਸ਼ਰਅ ਜਗਤ ਨਾ ਕੋਇ ਲੜਾਈਆ । ਉਹ ਤ੍ਰੈਗੁਣ ਧਾਰ ਅਤੀਤਾ, ਤ੍ਰੈਭਵਨ ਨਾਲ ਮਿਲ ਕੇ ਵੱਜੇ ਵਧਾਈਆ । ਆਤਮ ਪਰਮਾਤਮ ਧਾਰ ਉਸ ਨੂੰ ਖੋਜਦੇ ਸਾਰੇ ਕਾਇਆ ਮੰਦਰ ਵਿਚ ਮਸੀਤਾ, ਕਾਅਬਾ ਇਕੋ ਇਕ ਵੇਖ ਵਖਾਈਆ । ਜੇ ਸੁਰਤੀ ਵਿਚ ਉਸ ਦੀਆਂ ਬੱਝ ਜਾਣ ਪ੍ਰੀਤਾ, ਪ੍ਰੀਤਮ ਨੂੰ ਮਿਲ ਕੇ ਖ਼ੁਸ਼ੀ ਮਨਾਈਆ । ਪਰ ਗੁਪਤ ਦੱਸਿਆ ਬਿਨਾ ਸਤਿਗੁਰ ਸ਼ਬਦ ਤੋਂ ਸਾਫ਼ ਹੁੰਦੀਆਂ ਨਹੀਂ ਨੀਤਾ, ਬੁਧ ਬਿਬੇਕ ਨਾ ਕੋਇ ਕਰਾਈਆ । ਅੰਦਰ ਵੜ ਵੜ ਮੰਦਰ ਚੜ੍ਹ ਚੜ੍ਹ ਸਾਰੇ ਕਰਦੇ ਰਹੇ ਉਡੀਕਾ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸੋਹੰ ਸ਼ਬਦ ਗੁਪਤ ਨਹੀਂ ਕੋਈ ਨਾਦ, ਰਾਗ ਰਾਗਣੀਆਂ ਨਾ ਕੋਇ ਜਣਾਈਆ । ਜਿਸ ਦਾ ਲੇਖਾ ਦੀਨ ਦੁਨੀ ਵਿਚ ਬ੍ਰਹਿਮਾਦ, ਗ੍ਰੰਥਾਂ ਸ਼ਾਸਤਰਾਂ ਉਤੇ ਕਲਮ ਸਿਆਹੀ ਅੰਕ ਗਈ ਬਣਾਈਆ । ਜਿਸ ਨੂੰ ਨੇਤਰ ਤੱਕਣ ਉਹਦੀ ਵਡਿਆਈ ਵਾਲੀ ਮਿਲਦੀ ਦਾਦ, ਸਿਫ਼ਤਾਂ ਵਾਲੇ ਢੋਲੇ ਗਾਈਆ । ਜਿਸ ਸੋਹੰ ਦਾ ਗੁਰ ਅਵਤਾਰ ਪੈਗ਼ੰਬਰ ਗਾਇਆ ਰਾਗ, ਦੀਨ ਦੁਨੀ ਸੁਣਾਈਆ । ਇਸ ਦਾ ਰਸਨਾ ਤੋਂ ਬਾਹਰ ਰਸਨਾ ਵਾਲਾ ਸਵਾਦ, ਅਨਰਸ ਆਤਮ ਧਾਰ ਚਖਾਈਆ । ਬਿਨਾ ਸਤਿਗੁਰ ਸ਼ਬਦ ਤੋਂ ਬਾਹਰ ਕੂਕ ਕੇ ਮਾਰ ਸਕੇ ਨਾ ਕੋਇ ਆਵਾਜ਼, ਆਤਮਾ ਤੂੰ ਮੇਰਾ ਮੈਂ ਤੇਰਾ ਕਹਿਕੇ ਸ੍ਰਿਸ਼ਟੀ ਦੇ ਸਨਮੁਖ ਮੇਲ ਨਾ ਕੋਇ ਮਿਲਾਈਆ । ਏਸੇ ਕਰ ਕੇ ਡਰਦੇ ਡਰਦੇ ਉਸ ਨੂੰ ਅੰਦਰੇ ਅੰਦਰ ਰਹੇ ਅਰਾਧ, ਬਾਹਰ ਸਕੇ ਨਾ ਕੋਇ ਸੁਣਾਈਆ ।

੧੦੮੨
੨੩

ਇਹ ਕੋਈ ਆਦਿ ਜੁਗਾਦੀ ਰੀਤੀ ਨਹੀਂ ਸ਼ਬਦ ਧਾਰ ਦਾ ਸਮਾਜ, ਸਮਗਰੀ ਪੁਰਖ ਅਕਾਲ ਦੀਨ ਦਿਆਲ ਨਾ ਕੋਇ ਵਰਤਾਈਆ । ਇਹ ਜਗਤ ਰੀਤੀਆਂ ਦਾ ਜਗਿਆਸੂਆਂ ਨਾਲ ਰਿਵਾਜ, ਜੋ ਆਪਣੀ ਧਾਰ ਵਿਚੋਂ ਧਾਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਨਾਮ ਇਕ ਪ੍ਰਗਟਾਈਆ । ਸਾਚਾ ਨਾਮ ਜੋ ਪ੍ਰਗਟਿਆ ਹੋਏ ਜਗਤ, ਉਸ ਨੂੰ ਸਕੇ ਨਾ ਕੋਇ ਛੁਪਾਈਆ । ਜਿਸ ਨੂੰ ਗਾਉਂਦੇ ਸੰਤ ਭਗਤ, ਸੂਫ਼ੀ ਫ਼ਕੀਰ ਢੋਲੇ ਗਾਈਆ । ਜਿਹੜਾ ਪੁਰਖ ਅਕਾਲ ਦੀਨ ਦਿਆਲ ਦਾ ਮੰਤ, ਮੰਤਵ ਸਭ ਦੇ ਹੱਲ ਕਰਾਈਆ । ਜਿਸ ਦੀ ਅੱਖਰਾਂ ਬਣਾਈ ਬਣਤ, ਉਸ ਨੂੰ ਸਕੇ ਨਾ ਕੋਇ ਛੁਪਾਈਆ । ਸੋਹੰ ਆਤਮ ਪਰਮਾਤਮ ਧਾਰ ਜੀਵ ਜੰਤ, ਲੱਖ ਚੁਰਾਸੀ ਰੰਗ ਰੰਗਾਈਆ । ਆਤਮਾ ਪੁਕਾਰੇ ਆਪਣੇ ਕੰਤ, ਸੋ ਪੁਰਖ ਨਿਰੰਜਣਾ ਆਉਣਾ ਚਾਈਂ ਚਾਈਆ । ਤੇਰਾ ਦਰਸ ਤੱਕਾਂ ਵਾਰ ਅਨਕ, ਨਿਰਗੁਣ ਨੂਰ ਚਾਈਂ ਚਾਈਆ । ਮੈਂ ਦਰ ਤੇਰੇ ਕਰਾਂ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਸੋਹੰ ਸ਼ਬਦ ਕਦੀ ਲਿਖਿਆ ਨਹੀਂ ਕਾਇਆ ਮੰਦਰ ਅੰਦਰ ਦੀ ਸਿੰਮਤ, ਸੀਮਾ ਵਿਚ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪ੍ਰਵਾਹੀਆ । ਸੋਹੰ ਸ਼ਬਦ ਅਵਤਾਰ ਪੈਗ਼ੰਬਰਾਂ ਗੁਰੂਆਂ ਗਾਇਆ ਵਿਚ ਜਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਫੇਰ ਚੜ੍ਹ ਕੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਨਾਲ ਮਿਲ ਕੇ ਵਜਦੀ ਰਹੇ ਵਧਾਈਆ । ਤ੍ਰੈਗੁਣ ਮਾਇਆ ਬੁਝੀ ਅੱਗ, ਅਗਨੀ ਤਤ ਨਾ ਲਾਗੇ ਰਾਈਆ । ਘਰ ਸਵਾਮੀ ਮਿਲੇ ਸੂਰਾ ਸਰਬਗ, ਸੋ ਪੁਰਖ ਨਿਰੰਜਣ ਨੂਰ ਅਲਾਹੀਆ । ਜਿਸ ਦੇ ਚਰਨ ਪਰਸਣੇ ਪਗ, ਕਵਲਾਂ ਧਿਆਨ ਲਗਾਈਆ । ਜੋ ਹੰਸ ਬਣਾਏ ਕੱਗ, ਗੁਰਮੁਖ ਹੰਸ
੧੦੮੩ ੨੩ ਰੂਪ ਬਦਲਾਈਆ । ਉਸ ਪ੍ਰਭੂ ਨੂੰ ਏਕਾ ਧਾਰ ਸ਼ਬਦ ਵਿਚ ਗਾਉਣਾ ਜੋ ਕਿਸੇ ਹੱਦ ਵਿਚ ਨਾ ਹੋਇਆ ਬੰਦ, ਅੰਦਰ ਬਾਹਰ ਗੁਪਤ ਜ਼ਾਹਰ ਇਕੋ ੧੦੮੩ ੨੩
ਰੂਪ ਸਮਾਈਆ । ਸੋਹੰ ਸੋਹੰ ਸੋਹੰ ਸਿਫ਼ਤਾਂ ਵਾਲਾ ਨਹੀਂ ਕੋਈ ਛੰਦ, ਸ਼ਹਿਨਸ਼ਾਹ ਆਪਣੀ ਨਿਰਗੁਣ ਧਾਰ ਸਰਗੁਣ ਆਪਣਾ ਸਤਿ ਸਰੂਪ ਸਮਝਾਈਆ । ਜਿਸ ਦਾ ਇਕੋ ਜਿਹਾ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੋਧ ਅਗਾਧੀ ਆਤਮ ਧਾਰ ਪਰਮਾਤਮ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੀਵ ਆਤਮਾ ਸਤਿ ਸਰੂਪੀ ਵਿਸਮਾਦੀ ਬਿਸਮਿਲ ਧਾਰ ਆਪਣਾ ਨੂਰ ਨੂਰ ਜ਼ਹੂਰ ਕਰੇ ਰੁਸ਼ਨਾਈਆ ।

### ✪ ੨੬ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਦੁਰਗ ਭਲਾਈ ਗੁਰਮੁਖ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੈਂ ਰੋਵਾਂ ਨਾਲ ਵੈਰਾਗ, ਵੈਰਾਗਣ ਹੋ ਕੇ ਧਿਆਨ ਲਗਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਅੰਦਰੋਂ ਖੋਲ ਦੇ ਜਾਗ, ਜਾਗਰਤ ਜੋਤ ਨਾਲ ਕਰ ਰੁਸ਼ਨਾਈਆ । ਕੂੜੀ ਕਿਰਿਆ ਕਲਜੁਗ ਤਤਵ ਤਤ ਬੁਝਾ ਦੇ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਜਗਤ ਜਗਿਆਸੂ ਹੰਸ ਬਣਾ ਦੇ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਦੁਰਮਤ ਮੈਲ ਧੋ ਦੇ ਦਾਗ਼, ਪਤਤ ਪੁਨੀਤ ਕਰ ਵਖਾਈਆ ।

ਕਿਰਪਾ ਕਰ ਮੇਰੇ ਕੰਤ ਸੁਹਾਗ, ਨਾਥ ਅਨਾਥਾਂ ਹੋ ਸਹਾਈਆ । ਤੇਰਾ ਲਹਿਣਾ ਦੇਣਾ ਬੁੱਧੀ ਤੋਂ ਪਰੇ ਬੋਧ ਅਗਾਧ, ਜਗਤ ਸਿਫ਼ਤ ਨਾ ਕੋਇ ਸਲਾਹੀਆ । ਮੇਰੇ ਵਡ ਵਡ ਕਰ ਭਾਗ, ਭਗਵਨ ਆਪਣਾ ਰੰਗ ਰੰਗਾਈਆ । ਤੂੰ ਮੋਹਣ ਮਾਧਵ ਮਾਧ, ਮਧੁਰ ਧੁਨ ਦੇ ਸੁਣਾਈਆ । ਮੈਂ ਸਦੀ ਚੌਧਵੀਂ ਤੈਨੂੰ ਰਹੀ ਅਰਾਧ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਤੂੰ ਆਉਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਅਦ, ਬੰਦਨਾ ਵਿਚ ਸੀਸ ਨਿਵਾਈਆ । ਤੇਰੇ ਵਿਚ ਹੋ ਵਿਸਮਾਦ, ਬਿਸਮਿਲ ਹੋ ਕੇ ਆਪਾ ਆਪ ਮਿਟਾਈਆ । ਸਰਨ ਸਰਨਾਈ ਜਾਵਾਂ ਲਾਗ, ਲਗ ਮਾਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਕਿਰਪਾ ਕਰ ਮੇਰੇ ਭਗਵੰਤ, ਗਹਿਰ ਗੰਭੀਰ ਦਇਆ ਕਮਾਈਆ ਨਾਮ ਨਿਧਾਨਾ ਸ੍ਰੀ ਭਗਵਾਨਾ ਨੌਜਵਾਨਾ ਇਕੋ ਦੇ ਦੇ ਮੰਤ, ਮਾਂਗਤ ਹੋ ਕੇ ਮੰਗ ਮੰਗਾਈਆ । ਘਰ ਸਵਾਮੀ ਅੰਤਰਜਾਮੀ ਮੇਰੇ ਠਾਕਰ ਮਿਲਣਾ ਹੋ ਕੇ ਅਗੰਮੇ ਕੰਤ, ਕੰਤੂਹਲ ਤੇਰੀ ਓਟ ਤਕਾਈਆ । ਕੂੜੀ ਕਿਰਿਆ ਵਿਚੋਂ ਕਢ ਦੇ ਜੀਵ ਜੰਤ, ਸਾਧ ਸੰਤ ਆਪਣੇ ਰੰਗ ਰੰਗਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਜਣਾਈਆ । ਪ੍ਰਭੂ ਵਰਨਾਂ ਬਰਨਾਂ ਦੀਨਾਂ ਮਜ਼੍ਹਬਾਂ ਤੇਰੇ ਪਿਆਰ ਦੀ ਇਕੋ ਹੋਵੇ ਸੰਗਤ, ਇਕੋ ਵਸਤ ਨਾਮ ਦੇਣੀ ਵਰਤਾਈਆ । ਸਤਿਜੁਗ ਸਚ ਬਣਾ ਦੇ ਬਣਤ, ਘੜਨ ਭੰਨਣਹਾਰ ਆਪਣੀ ਦਇਆ ਕਮਾਈਆ । ਦੀਨ ਦੁਨੀ ਦਾ ਲੇਖਾ ਮੁਕਾ ਦੇ ਭੁੱਖ ਨੰਗਤ, ਦਰਦੀਆਂ ਦਰਦ ਵੰਡਾਈਆ । ਤੇਰਾ ਨਾਮ ਢੋਲਾ ਗੀਤ ਕਲਮਾ ਇਕੋ ਹੋਵੇ ਛੰਤ, ਰਾਗ ਅਨਾਦੀ ਬ੍ਰਹਮ ਬ੍ਰਹਿਮਾਦੀ ਦੇ ਸਮਝਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਸਚਖੰਡ ਨਿਵਾਸੀ ਬੋਧ ਅਗਾਧਾ ਪੰਡਤ, ਬੁਧੀ ਤੋਂ ਪਰੇ ਦੇ ਪੜ੍ਹਾਈਆ । ਧਰਨੀ ਕਹੇ ਮੈਂ ਰੋ ਰੋ ਕਰਾਂ ਮਿੰਨਤ, ਦਰ ਤੇਰੇ ਸੀਸ ਨਿਵਾਈਆ । ਮੇਰੇ ਮਾਲਕਾ ਖ਼ਾਲਕਾ ਪ੍ਰਗਟ ਹੋ ਜਾ ਆਪਣੀ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਗੁਰਮੁਖ ਗੁਰਸਿਖ ਬਣਾ ਲੈ ਜੋ ਮੇਰੇ ਉਤੇ ਤੇਰੇ ਨਿੰਦਕ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਨਜ਼ਰ ਆਪ ਉਠਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰੋ ਸਾਰੇ ਸੁਣਾਓ ਆਪਣੀ ਸਦਾ, ਸਦਕੇ ਵਾਰੀ ਘੋਲ ਘੁਮਾਈਆ । ਨੂਰ ਅਲਾਹੀ ਧੁਰ ਦਾ ਮਾਹੀ ਮੈਂ ਵੇਖਾਂ ਆਪਣਾ ਅੱਬਾ, ਅੰਮੀਜਾਨ ਮਿਲ ਕੇ ਖ਼ੁਸ਼ੀ ਬਣਾਈਆ । ਤੋਬਾ ਤੋਬਾ ਸਾਰੇ ਕਹੋ ਤੇ ਆ ਅਲਾਹੀ ਰੱਬਾ, ਆਲਮੀਨ ਤੇਰੀ ਓਟ ਤਕਾਈਆ । ਮੈਂ ਚੌਦਾਂ ਤਬਕਾਂ ਖ਼ੁਸ਼ੀਆਂ ਨਾਲ ਦੇਵਾਂ ਸੱਦਾ, ਹਕ ਹਕੀਕਤ ਦਾ ਲੇਖਾ ਦਿਓ ਮੁਕਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਵਾਅਦਾ ਕੌਲ ਇਕਰਾਰ ਕਰ ਦੇ ਪੱਕਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਪਰਦਾ ਦੇ ਉਠਾਈਆ । ਤੇਰਾ ਪੈਗ਼ਾਮ ਧੁਰ ਫ਼ਰਮਾਣਾ ਇਕੋ ਹੋਵੇ ਯਕਾ, ਯਕੇ ਬਾਦ ਦੀਗਰੇ ਹੁਕਮ ਅਵਰ ਨਾ ਕੋਇ ਬਦਲਾਈਆ । ਮੈਨੂੰ ਭੇਵ ਖੁਲਾ ਦੇ ਜੋ ਲਹਿਣਾ ਦੇਣਾ ਪਹਿਲੀ ਚੇਤ ਨੂੰ ਹੋਣਾ ਵਿਚ ਮਦੀਨੇ ਮੱਕਾ, ਮਕਬਰਿਆਂ ਦਿਆ ਮਾਲਕਾ ਪਰਦਾਨਸ਼ੀਂ ਹੋ ਕੇ ਪਰਦਾ ਦੇ ਉਠਾਈਆ । ਮੈਂ ਬਿਨਾ ਨੇਤਰਾਂ ਨੈਣਾਂ ਅੱਖਾਂ ਤੈਨੂੰ ਤੱਕਾਂ, ਤਕਵਾ ਤੇਰੇ ਉਤੇ ਰਖਾਈਆ । ਸਤਿਗੁਰ ਸ਼ਬਦ ਹੋ ਕੇ ਮੇਰਾ ਭੇਵ ਖੁਲਾ ਦੇ ਆਪਣਾ ਦੱਸ ਕੇ ਪਤਾ, ਬਿਨ ਪਤਿਉਂ ਆਪਣਾ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਦੇ ਜਲਦੀ, ਜਲ ਥਲ ਮਹੀਅਲ ਧਿਆਨ ਲਗਾਈਆ । ਖੇਲ

ਮਿਟਾ ਦੇ ਕਲ ਕੂੜੇ ਕਲਜੁਗ ਕਲ ਦੀ, ਕਲ ਕਲਕੀ ਆਪਣਾ ਰੰਗ ਰੰਗਾਈਆ । ਧਾਰ ਰਹਿਣ ਨਾ ਦੇਣੀ ਮੇਰੇ ਉਤੇ ਪੰਜ ਵਿਕਾਰੇ ਦਲ ਦੀ, ਦਲਿਦਰੀਆਂ ਡੇਰਾ ਦੇਣਾ ਢਾਹੀਆ । ਮੇਰੀ ਮਨਸਾ ਪੂਰੀ ਕਰ ਦੇ ਬਾਵਨ ਵਾਲੇ ਰਾਜੇ ਬਲ ਦੀ, ਬਾਵਨ ਵੇਖੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਧਰਨੀ ਕਹੇ ਮੈਂ ਤੇਰੀ ਓਟ ਇਕੋ ਰਖੀ, ਰਖਕ ਹੋ ਕੇ ਵੇਖ ਵਖਾਈਆ । ਮੈਂ ਰੁਲ ਗਈ ਮਿੱਟੀ ਕੱਖੀ, ਕੀਮਤ ਕਰਤੇ ਕੋਇ ਨਾ ਪਾਈਆ । ਤੂੰ ਮੇਰਾ ਠਾਕਰ ਧੁਰ ਦਾ ਪਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਮੇਰੇ ਉਤੇ ਰਹਿਮਤ ਕਰ ਦੇ ਰਤੀ, ਰਤਨ ਅਮੋਲਕ ਹੀਰੇ ਗੁਰਮੁਖ ਲੈ ਪ੍ਰਗਟਾਈਆ । ਤੇਰਾ ਨਾਮ ਭੁਲ ਨਾ ਜਾਏ ਰਾਗ ਛੱਤੀ, ਛਤੀਸਾ ਬਤੀਸਾ ਹਦੀਸਾ ਇਕੋ ਤੇਰੀ ਦਏ ਸਮਝਾਈਆ । ਕਲਜੁਗ ਕੂੜੀ ਕਰਿਆ ਬਦਲ ਦੇ ਮਨ ਮਤੀ, ਗੁਰਮਤ ਇਕੋ ਦੇ ਸਮਝਾਈਆ । ਮੈਂ ਤੇਰੇ ਦਰ ਤੇ ਹੋਵਾਂ ਸਤੀ, ਸਤਿ ਦੇ ਮਾਲਕ ਆਪਾ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਧਰਨੀ ਧਰਤ ਧਵਲ ਮੈਂ ਅਵਾਂਗਾ । ਨਿਰਗੁਣ ਨੂਰ ਜੋਤ ਪ੍ਰਗਟਾਵਾਂਗਾ । ਸ਼ਬਦ ਅਨਾਦੀ ਨਾਦ ਵਜਾਵਾਂਗਾ । ਸੋ ਪੁਰਖ ਨਿਰੰਜਣ ਹੋ ਕੇ ਖੇਲ ਖਿਲਾਵਾਂਗਾ । ਹਰਿ ਪੁਰਖ ਨਿਰੰਜਣ ਹੋ ਕੇ ਹੁਕਮ ਦ੍ਰਿੜਾਵਾਂਗਾ । ਏਕੰਕਾਰਾ ਹੋ ਕੇ ਨਾਦ ਵਜਾਵਾਂਗਾ । ਆਦਿ ਨਿਰੰਜਣ ਹੋ ਕੇ ਡਗਮਗਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਪਰਦਾ ਲਾਹਵਾਂਗਾ । ਸ੍ਰੀ ਭਗਵਾਨ ਹੋ ਕੇ ਸੰਗ ਨਿਭਾਵਾਂਗਾ । ਪਾਰਬ੍ਰਹਮ ਹੋ ਕੇ ਬ੍ਰਹਮ ਸਮਝਾਵਾਂਗਾ । ਸਤਿ ਸਚ ਬਖ਼ਸ਼ ਕੇ ਧਰਮ, ਨਾਤਾ ਧਰਮ ਨਾਲ ਜੁੜਾਵਾਂਗਾ । ਤੇਰਾ ਪੂਰਬ ਜਨਮ ਦਾ ਵੇਖ ਕੇ ਕਰਮ, ਕਰਮ ਕਾਂਡ ਦਾ ਲੇਖ ਮਿਟਾਵਾਂਗਾ । ਸਚ ਪ੍ਰੀਤੀ ਬਖ਼ਸ਼ ਕੇ ਸਰਨ, ਸਰਨਗਤ ਇਕ ਦਰਸਾਵਾਂਗਾ । ਤੇਰਾ ਨੇਤਰ ਖੋਲ ਕੇ ਹਰਨ ਫਰਨ, ਹਰ ਹਿਰਦਾ ਵੇਖ ਵਖਾਵਾਂਗਾ । ਤੇਰਾ ਭੇਵ ਚੁਕਾ ਕੇ ਡਰਨ, ਭਾਓ ਆਪਣਾ ਇਕ ਸਮਝਾਵਾਂਗਾ । ਸਾਚੀ ਘਾੜਨ ਆਵਾਂ ਘੜਨ, ਘੜਨ ਭੰਨਣਹਾਰ ਸਮਰਥ ਆਪ ਅਖਵਾਵਾਂਗਾ । ਜਨ ਭਗਤਾਂ ਅੰਦਰ ਆਵਾਂ ਵੜਨ, ਨੌਂ ਦਵਾਰੇ ਡੇਰਾ ਢਾਹਵਾਂਗਾ । ਸਾਚੀ ਸਿਖਿਆ ਆਵਾਂ ਪੜ੍ਹਨ, ਤੂੰ ਮੇਰਾ ਮੈਂ ਤੇਰਾ ਇਕੋ ਰਾਗ ਸੁਣਾਵਾਂਗਾ । ਆਪਣੀ ਕਰਨੀ ਆਵਾਂ ਕਰਨ, ਕਰਤਾ ਪੁਰਖ ਹੋ ਕੇ ਕਾਰ ਕਮਾਵਾਂਗਾ । ਲੇਖਾ ਜਾਣਾ ਚੋਟੀ ਜੜਨ, ਚੇਤਨ ਹੋ ਕੇ ਚੇਤਨ ਫੋਲ ਫੁਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਿਰ ਤੇਰੇ ਹੱਥ ਰਖਾਵਾਂਗਾ । ਸਿਰ ਤੇਰੇ ਹੱਥ ਰਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਨਿਰਗੁਣ ਨੂਰ ਜੋਤ ਰੁਸ਼ਨਾਏਗਾ । ਸ਼ਬਦੀ ਨਾਦ ਡੰਕ ਸੁਣਾਏਗਾ । ਰਾਓ ਰੰਕ ਆਪ ਉਠਾਏਗਾ । ਦਵਾਰ ਬੰਕ ਇਕ ਸੁਹਾਏਗਾ । ਮਨ ਕਾ ਮਣਕਾ ਆਪ ਭਵਾਏਗਾ । ਹਰਿਜਨ ਜਨ ਕਾ ਵੇਖ ਵਖਾਏਗਾ । ਜੋਤੀ ਕਨਕਾ ਕਨਕਾ ਸਭ ਮੇਂ ਆਪ ਟਿਕਾਏਗਾ । ਭੇਵ ਖੁਲਾ ਕੇ ਆਪਣੇ ਬ੍ਰਹਮ ਕਾ, ਪਾਰਬ੍ਰਹਮ ਹੋ ਕੇ ਸੰਗ ਮਿਲਾਏਗਾ । ਝਗੜਾ ਮਿਟਾ ਕੇ ਮਾਟੀ ਚੰਮ ਕਾ, ਚੰਮ ਦ੍ਰਿਸ਼ਟੀ ਡੇਰਾ ਢਾਹੇਗਾ । ਨਾਮ ਜਪਾ ਕੇ ਸਾਹ ਸਾਹ ਕਾ, ਸਵਾਸ ਸਵਾਸ ਵਿਚੋਂ ਬਦਲਾਏਗਾ । ਖੇਲ ਖਿਲਾ ਕੇ ਬੇਪਰਵਾਹ ਕਾ, ਬੇਪਰਵਾਹੀ ਵਿਚ ਆਪਣਾ ਹੁਕਮ ਵਰਤਾਏਗਾ । ਲੇਖਾ ਮੁਕਾਏ ਥਲ ਅਸਗਾਹ ਕਾ, ਸਮੁੰਦ ਸਾਗਰਾਂ ਖੋਜ ਖੁਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਪ੍ਰਗਟਾਏਗਾ । ਸਚ ਦਾ ਮਾਰਗ ਇਕ

੧੦੮੫
੨੩

ਲਗਾਵਾਂਗਾ । ਦਰ ਤੇਰਾ ਇਕ ਸੁਹਾਵਾਂਗਾ । ਨਵ ਸੱਤ ਰੰਗ ਰੰਗਾਵਾਂਗਾ । ਧਰਮ ਧਾਰ ਦੀ ਦੇ ਕੇ ਮਤ, ਮਨ ਮਤ ਦਾ ਪੰਧ ਮੁਕਾਵਾਂਗਾ । ਤੇਰੇ ਵਤਨ ਵਿਚ ਆਏ ਵਤ, ਬੇਵਤਨੇ ਤੈਨੂੰ ਆਪਣਾ ਭੇਵ ਖੁਲਾਵਾਂਗਾ । ਤੂੰ ਖ਼ਾਲੀ ਰਖਣੇ ਹੱਥ, ਵਸਤ ਅਗੰਮੀ ਤੇਰੇ ਹੱਥ ਰਖਾਵਾਂਗਾ । ਜਿਸ ਦੇ ਨਾਲ ਸਤਿਜੁਗ ਦਾ ਚਲਣਾ ਰਥ, ਰਥਵਾਹੀ ਹੋ ਕੇ ਆਪਣਾ ਹੁਕਮ ਵਰਤਾਵਾਂਗਾ । ਕਲਜੁਗ ਕੂੜੀ ਕਿਰਿਆ ਦੇਣਾ ਮਥ, ਨਾਮ ਮਧਾਣਾ ਹੱਥ ਉਠਾਵਾਂਗਾ । ਲਹਿਣਾ ਦੇਣਾ ਮੁਕਾ ਕੇ ਤਤ ਅੱਠ, ਘਰ ਇਕੋ ਇਕ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਵਡਿਆਵਾਂਗਾ । ਧਰਨੀ ਕਹੇ ਪ੍ਰਭੂ ਮੈਂ ਤੇਰੀਆਂ ਰਖੀਆਂ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਤੇਰੇ ਵਿਚ ਹਕ ਤੌਫ਼ੀਕਾ, ਤੇਰੀ ਬੇਪਰਵਾਹੀਆ । ਜਿਸ ਸ਼ਰਅ ਦੀਆਂ ਮੇਟਣੀਆਂ ਲੀਕਾਂ, ਲਾਈਨ ਇਕੋ ਦੇਣੀ ਵਖਾਈਆ । ਮਾਨਵ ਜ਼ਾਤੀ ਕਰਨੀਆਂ ਰੀਝਾਂ, ਮਾਨਸ ਮਾਨੁਖ ਗੋਦ ਉਠਾਈਆ । ਜਨ ਭਗਤਾਂ ਖੇਲ ਕੇ ਨੈਣ ਤੀਜਾ, ਨਿਜ ਨੇਤਰ ਦੇਣਾ ਸਮਝਾਈਆ । ਸਭ ਦਾ ਲੇਖਾ ਪੂਰਾ ਕਰਨਾ ਪੂਰਬ ਬੀਜਾ, ਫਲ ਝੋਲੀ ਦੇਣਾ ਭਰਾਈਆ । ਮੈਂ ਤੇਰਾ ਰਾਹ ਤੱਕਾਂ ਲਾ ਕੇ ਨੀਝਾ, ਹੱਥ ਮੱਥੇ ਉਤੇ ਟਿਕਾਈਆ । ਤੂੰ ਮੇਰਾ ਮਹਿਬਾਨ ਬੀਦਾ, ਬੀਖੈਰੀ ਯਾ ਅਲਾਹ ਤੇਰੀ ਸ਼ਰਨਾਈਆ । ਤੂੰ ਮੇਰੇ ਵੱਲ ਰਖਣਾ ਸਿੱਧਾ ਦੀਦਾ, ਦੀਦਾ ਦਾਨਿਸਤਾ ਦਰਸ਼ਨ ਦੇਣਾ ਕਰਾਈਆ । ਮੈਨੂੰ ਇਸ਼ਾਰਾ ਦਿਤਾ ਜੋ ਤੂੰ ਮੁਹੰਮਦ ਦਿਤਾ ਕੁਰਾਨ ਮਜੀਦਾ, ਤੀਸ ਬਤੀਸਾ ਫੋਲ ਫੁਲਾਈਆ । ਮੈਂ ਤੇ ਹਾਲ ਦੱਸਣਾ ਤੇਰਿਆਂ ਭਗਤਾਂ ਵਾਲਾ ਮੁਰੀਦਾ, ਮੁਰਸ਼ਦਾਂ ਦਿਆਂ ਜਣਾਈਆ । ਆਪਣਾ ਪਰਦਾ ਖੋਲ ਪੇਚੀਦਾ, ਬਾਤਨ ਆਪਣਾ ਰਾਹ ਜਣਾਈਆ । ਮੇਰੀ ਮਨਸਾ ਪੂਰੀ ਕਰ ਦੇ ਉਮੀਦਾ, ਆਮਦ ਵਿਚ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਮੁਹੰਮਦ ਉਠ ਆਪਣੇ ਤੱਕ ਲੈ ਹਰਫ਼, ਹਰੂਫ਼ਾਂ ਨਾਲ ਮਿਲਾਈਆ । ਖੇਲ ਵੇਖ ਕੀ ਹੋਣਾ ਯਕ ਤਰਫ਼, ਕੀ ਵਾਹਿਦ ਹੁਕਮ ਸੁਣਾਈਆ । ਜਿਸ ਨੇ ਸਭ ਨੂੰ ਦਿਤਾ ਸ਼ਰਫ਼, ਮੁਸ਼ਰਫ਼ ਕੀ ਦ੍ਰਿੜਾਈਆ । ਆਪਣੀ ਸ਼ਰਅ ਦੀ ਤੱਕ ਸ਼ਰਤ, ਭੇਵ ਰਹੇ ਨਾ ਰਾਈਆ । ਉਹ ਨੂਰ ਨੁਰਾਨਾ ਨੌਜਵਾਨਾ ਪਰਵਰਦਿਗਾਰ ਆਵੇ ਪਰਤ, ਅਮਾਮ ਅਮਾਮਾਂ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਧਰਨੀਏ ਮੇਰਾ ਅਵਲ ਅੱਲਾ ਅਲਹਜੂ ਜ਼ੂਏ ਅਜ਼ਮੋ ਜ਼ਵੀ ਜ਼ਲਹਿਜ਼ਾ ਮੁਜ਼ਿਸਤੋ ਖ਼ੁਦਾ ਅਹਿਬਾਬੇ ਜ਼ਦਾ ਜਲਵਾਗਰ ਨੂਰ ਅਲਾਹੀਆ । ਲਾਵਿਜ਼ਦੀ ਮਾਗੁਲਾਹ ਜ਼ਵੀ ਸਾਫ਼ੁਸਤਾ ਤਫ਼ਾ ਲਮਜ਼ਹੀ ਕੋਲਾਜ਼ਾਹੂ ਜ਼ਨਿੰਦਾ ਵਜ਼ਿਦ ਸਲਖ਼ਤੋ ਬਜ਼ਾ ਰਹਿਨਮਾਏ ਖ਼ੁਦਾ ਖ਼ੁਦ ਮਾਲਕ ਬੇਪਰਵਾਹੀਆ । ਪੋਜ਼ੀਨੇ ਪਲਅਖ ਖਹਮ ਸਖ਼ਤੂ ਜ਼ਬੂ ਦਵਾਏ ਅਸਤ ਉਤੇ ਅਰਸ਼ ਜ਼ਮੀਨੇ ਫ਼ਰਸ਼ ਖ਼ਾਕੇ ਮਜ਼ਰੂ ਹਫਜ਼ੇ ਹਫ਼ੂ ਨਾਜਿਸਤੇ ਜ਼ਵਾ ਬੇਮਕਬਰ ਦਲਜ਼ਵਾ ਜ਼ੀਨੇ ਜਾਮਅਸਤ ਚਸ਼ਮੇ ਚੁਜ਼ੂ ਪੈਗ਼ੰਬਰੋ ਰਸੂਲ ਖ਼ੁਦਾਏ ਖਦਸ਼ ਬਲਿਹਾ ਬਜ਼ਦਾਨੋਜ਼ਮੀ ਜ਼ਬਰਾਈਲੇ ਤਵਜ਼ੀਹ ਚੌਦਾਂ ਤਬਕੇ ਰਜ਼ੀਹ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੁਹੰਮਦ ਮੇਰੇ ਰਫ਼ੀਕ, ਦੋਸਤਾ ਤੇਰੀ ਖ਼ੁਸ਼ੀ ਬਣਾਈਆ । ਉਹ ਤੱਕ ਲੈ ਮਹਿਬੂਬ ਲਾਸ਼ਰੀਕ, ਲਾ ਸ਼ਰਾ ਨੂਰ ਅਲਾਹੀਆ । ਜੋ ਕਾਇਨਾਤ ਦਾ ਬਣੇ ਤਬੀਬ, ਦੀਨ ਦੁਨੀ ਵੇਖ ਵਖਾਈਆ । ਵੇ ਉਸ ਦਾ ਖੇਲ ਹੋਣਾ ਅਜੀਬ, ਅਜਬ ਨਿਰਾਲਾ ਹੁਕਮ ਵਰਤਾਈਆ । ਜਿਸ ਨੇ ਸ਼ਰਅ ਬਣਾਈ ਨਾਲ ਤਰਤੀਬ,

੧੦੮੬
੨੩

ਤੁਲਬੇ ਪੈਗ਼ੰਬਰ ਲਏ ਉਠਾਈਆ । ਵੇ ਓਸ ਦੀ ਅਗਲੀ ਸੁਣ ਹਦੀਸ, ਕੀ ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਪਰਦਾ ਲਾਹੀਆ । ਮੁਹੰਮਦ ਕਹੇ ਧਰਨੀਏ ਮੇਰਾ ਮੌਲਾ ਮਵਿਜ਼ ਮਚਿਸਤੇ ਮਲੂ ਅਵਲਾ ਵਸਿਤ ਇਨਸਾਫ਼ ਇਕ ਆਪਣੇ ਹੱਥ ਰਖਾਈਆ । ਦੋਵਿਲਾਹਜਬੀ ਚਸਤਮਾ ਗੋਸੇ ਨਿਸ਼ਾ ਅਰਸ਼ੇ ਨੁਮਾ ਬਾਹਸਤੀ ਬਜ਼ਹੂ ਨੂਰੇ ਅੱਲਾ ਹੂ ਅੱਲਾ ਹੂ ਅੱਲ੍ਹਾ ਹੂ ਅੱਲਾ ਹੂ ਕਹਿ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲੇਖਾ ਜਾਣੇ ਬੁਤ ਰੂਹ, ਰੂਹੇ ਰਹਿਮਾਨ ਮਿਹਰਵਾਨ ਮਿਹਰਵਾਨ ਮਿਹਰਵਾਨ ਇਕ ਅਖਵਾਈਆ ।

ਧਰਨੀ ਕਹੇ ਸਤਿਗੁਰ ਸ਼ਬਦ ਜੇ ਆਇਉਂ ਵਿਚ ਭਲਈ, ਭਲਾ ਸਭ ਦਾ ਦੇ ਕਰਾਈਆ । ਆਪਣੇ ਨਾਮ ਦੀ ਗੁਰਮੁਖਾਂ ਦੇ ਪਿਆਰ ਉਤੇ ਪਾ ਦੇ ਸਹੀ, ਸਹੀ ਸਲਾਮਤ ਆਪਣਾ ਰੰਗ ਬਣਾਈਆ । ਜਿਨ੍ਹਾਂ ਤੇਰਾ ਦਰਸ਼ਨ ਪਾਇਆ ਧਰਮ ਰਾਏ ਲੇਖਾ ਮੰਗੇ ਨਾ ਕਢ ਕੇ ਵਹੀ, ਚਿਤ੍ਰਗੁਪਤ ਲੇਖਾ ਨਾ ਕੋਇ ਸਮਝਾਈਆ । ਸਭ ਦੇ ਉਤੇ ਆਪਣੇ ਨਾਮ ਦਾ ਪਰਦਾ ਦੇਈਂ, ਦੇਵਣਹਾਰ ਤੇਰੇ ਹੱਥ ਵਡਿਆਈਆ । ਇਹਨਾਂ ਗੁਰਮੁਖਾਂ ਵਿਚੋਂ ਬਹੁਤੇ ਉਹ ਜਿਹੜੇ ਰਾਮ ਦੇ ਸਾਥੀ ਤੇ ਵਿਛੋੜਾ ਹੋਇਆ ਸੀ ਕਾਰਨ ਕੈਕਈ, ਦਸਰਥ ਬੇਟਾ ਭੱਜਿਆ ਵਾਹੋ ਦਾਹੀਆ । ਧਰਨੀ ਕਹੇ ਮੈਂ ਪਿਛਲੀ ਕਥਾ ਗਈ ਭੁਲ, ਅਭੁਲ ਤੇਰੇ ਹੱਥ ਵਡਿਆਈਆ । ਇਹ ਹਰਿਜਨ ਭਗਤ ਸੁਹੇਲੇ ਉਹ ਅਗੰਮੀ ਫੁੱਲ, ਜਿਨ੍ਹਾਂ ਦੀ ਵਾਸ਼ਨਾ ਤੇਰਾ ਨਾਮ ਸਤਿ ਸਤਿ ਨਾਮ ਹੋ ਕੇ ਗਿਆ ਸਮਝਾਈਆ । ਇਹ ਤੇਰੀ ਆਤਮਾ ਧਾਰ ਉਹ ਕੁਲ, ਜਿਸ ਕੁਲ ਦਾ ਨਾਸ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ ।

## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਦੁਰਗ ਸ਼ਹਿਰ ਕਰਤਾਰ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਸੂਰਾ ਸਰਬੰਗੀ, ਆਦਿ ਜੁਗਾਦਿ ਵਡ ਵਡਿਆਈਆ । ਜੁਗ ਚੌਕੜੀ ਖੇਲ ਕਰੇ ਬਹੁਰੰਗੀ, ਭੇਵ ਅਭੇਦ ਆਪਣੇ ਹੱਥ ਰਖਾਈਆ । ਆਤਮ ਪਰਮਾਤਮ ਸਦਾ ਬਣਿਆ ਰਹੇ ਸੰਗੀ, ਸਗਲਾ ਸੰਗ ਬਣਾਈਆ । ਦੇਂਦਾ ਰਹੇ ਸਚ ਅਨੰਦੀ, ਪਰਮਾਨੰਦ ਨਾਲ ਮਿਲਾਈਆ । ਤੋੜਦਾ ਰਹੇ ਖ਼ਾਨਾਬੰਦੀ, ਬੰਦਗੀ ਆਪਣੀ ਇਕ ਸਮਝਾਈਆ । ਚਾੜ੍ਹਦਾ ਰਹੇ ਚੰਦ ਨੌਚੰਦੀ, ਅੰਧ ਅੰਧੇਰ ਮਿਟਾਈਆ । ਜੁਗ ਜਨਮ ਦੀ ਪਿਛਲੀ ਜਾਣੇ ਸੰਧੀ, ਸੰਨਦ ਬਿਨ ਹਰਫ਼ਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰੀ ਜੁਗ ਜੁਗ ਅਗੰਮੜੀ ਰਾਸ, ਰਸਤਾ ਸਮਝ ਕਿਸੇ ਨਾ ਆਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜੋ ਹਰ ਘਟ ਵਸੇ ਪਾਸ, ਸਦਾ ਸੁਹੇਲਾ ਇਕ ਅਖਵਾਈਆ । ਜਿਸ ਦਾ ਨਿਰਗੁਣ ਨੂਰ ਜੋਤ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਕੂੜੀ ਕਿਰਿਆ ਕਰੇ ਨਾਸ, ਜਗਤ ਵਿਕਾਰ ਦਏ ਗਵਾਈਆ । ਲੇਖਾ ਜਾਣੇ ਨਾੜੀ ਹੱਡ ਮਾਸ, ਤਤਵ ਤਤ ਖੋਜ ਖੁਜਾਈਆ ।

੧੦੮੭
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਖੇਲ ਅਪਾਰ, ਅਪਰੰਪਰ ਭੇਵ ਖੁਲਾਈਆ । ਲੇਖਾ ਜਾਣਾ ਗੋਬਿੰਦ ਧਾਰ, ਗੋਬਿੰਦ ਸਤਿਗੁਰ ਗੋਬਿੰਦ ਮਾਹੀਆ । ਗੋਬਿੰਦ ਸਿੰਘ ਰੂਪ ਅਪਾਰ, ਹਰਿ ਗੋਬਿੰਦ ਆਪ ਪ੍ਰਗਟਾਈਆ । ਗੋਬਿੰਦ ਲੇਖਾ ਜਗਤ ਲੇਖ ਤੋਂ ਬਾਹਰ, ਕਥਨੀ ਕਥ ਨਾ ਸਕੇ ਰਾਈਆ । ਜੋ ਲਹਿਣਾ ਦੇਣਾ ਸਭ ਦਾ ਰਿਹਾ ਵਿਚਾਰ, ਵਿਚਰ ਕੇ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਜਿਸ ਵੇਲੇ ਗੋਬਿੰਦ ਗਿਆ ਦਾਦੂ ਦਿਓਹਰੇ ਕੋਲ, ਆਪਣਾ ਪੰਧ ਮੁਕਾਈਆ । ਸ਼ਬਦ ਜੈਕਾਰੇ ਵੱਜੇ ਢੋਲ, ਮਰਦੰਗ ਦਿਤੇ ਸੁਣਾਈਆ । ਦਾਦੂ ਬਿਨਾ ਨੇਤਰਾਂ ਨੇਤਰ ਖੋਲ, ਆਪਣੀ ਲਈ ਅੰਗੜਾਈਆ । ਝਟ ਮੂਤੀਏ ਨੂੰ ਕਿਹਾ ਬੋਲ, ਹੱਸ ਕੇ ਦਿਤਾ ਸੁਣਾਈਆ । ਉਹ ਕਿਹੜਾ ਕਰਨ ਆਉਂਦਾ ਘੋਲ, ਆਪਣਾ ਬਲ ਪ੍ਰਗਟਾਈਆ । ਕੀ ਸਾਨੂੰ ਕਰੇ ਮਖ਼ੌਲ, ਮਸਖ਼ਰਾ ਰੂਪ ਜਣਾਈਆ । ਕਿ ਭਾਗ ਲਗਾਏ ਧੌਲ, ਧਰਨੀ ਦਏ ਵਡਿਆਈਆ । ਕਿ ਅੰਮ੍ਰਿਤ ਬਖ਼ਸ਼ੇ ਪਾਹੁਲ, ਨਾਮ ਰਸ ਚਖਾਈਆ । ਮੂਤੀਏ ਵੇਖ ਕੇ ਹੋਇਆ ਅਡੋਲ, ਹੱਥ ਸੀਨੇ ਉਤੇ ਟਿਕਾਈਆ । ਨੇਤਰ ਨੈਣਾਂ ਨੀਰ ਦਿਤਾ ਵਿਰੋਲ, ਹੰਝੂਆਂ ਹਾਰ ਬਣਾਈਆ । ਗੋਬਿੰਦ ਤੋਲਣਾ ਆਪਣੇ ਤੋਲ, ਕੰਡਾ ਧੁਰ ਦਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਿਹਾ ਮੂਤੀਏ ਫੇਰ ਕਿਹਾ ਪਰਤ, ਸਤਿਗੁਰ ਸ਼ਬਦ ਤੇਰੀ ਬੇਪਰਵਾਹੀਆ । ਤੂੰ ਆਇਓਂ ਏਸ ਧਰਤ, ਧਰਨੀ ਸੋਭਾ ਪਾਈਆ । ਦਾਦੂ ਜਿਸ ਨੂੰ ਤੱਕੇ ਉਤੇ ਅਰਸ਼, ਤੂੰ ਫ਼ਰਸ਼ ਫੇਰਾ ਪਾਈਆ । ਮੇਰੀ ਮਨਜ਼ੂਰ ਕਰ ਲੈ ਅਰਜ਼, ਬੇਨੰਤੀ ਇਕ ਸੁਣਾਈਆ । ਯੋਧਾ ਮਰਦਾਨੇ ਮਰਦ, ਮਦਦ ਤੇਰੀ ਮੰਗ ਮੰਗਾਈਆ । ਝਟ ਗੋਬਿੰਦ ਨੇ ਪਿਛਲੇ ਲੇਖੇ ਦੀ ਕਢੀ ਫ਼ਰਦ, ਬਿਨ ਅੱਖਰਾਂ ਫੋਲ ਫੁਲਾਈਆ । ਫੇਰ ਦਾਦੂ ਵੱਲ ਨਿਗਾਹ ਕੀਤੀ ਸ਼ਰਦ, ਇਸ਼ਾਰੇ ਨਾਲ ਦ੍ਰਿੜਾਈਆ । ਫੇਰ ਮੂਤੀਏ ਨੇ ਚਰਨਾਂ ਤੋਂ ਲਾਹੀ ਗਰਦ, ਧੂੜੀ ਕੀਤੀ ਸਫ਼ਾਈਆ । ਝਟ ਗੋਬਿੰਦ ਨੇ ਹੱਸ ਕੇ ਕਿਹਾ ਤੇਰੀ ਪੁੱਠੀ ਸਿੱਧੀ ਹੋਵੇਗੀ ਨਰਦ, ਨਰ ਨਰਾਇਣ ਵੇਖ ਵਖਾਈਆ । ਆਪਣਾ ਪੂਰਾ ਕਰਾਂਗਾ ਫ਼ਰਜ਼, ਸ਼ਬਦ ਗੋਬਿੰਦ ਹੋ ਕੇ ਅਗੰਮ ਅਥਾਹੀਆ । ਕਲਜੁਗ ਅੰਤਮ ਤੇਰੀ ਮੈਨੂੰ ਪਵੇ ਗ਼ਰਜ਼, ਗ਼ਰਜ਼ ਤੇਰੀ ਨਾਲ ਮਿਲਾਈਆ । ਜਿਸ ਵਕਤ ਮੇਲ ਸੁਹੰਜਣਾ ਹੋਵੇ ਤੇਰੇ ਪੇਟ ਵਿਚ ਹੋਵੇ ਦਰਦ, ਪੂਰਬ ਲੇਖਾ ਦਿਤਾ ਸਮਝਾਈਆ । ਸ਼ਰਅ ਛੁਰੀ ਕਟੇ ਨਾ ਫੇਰ ਕਰਦ, ਕਤਲਗਾਹ ਨਾ ਰੂਪ ਬਣਾਈਆ । ਅਗੇ ਹੋਣ ਨਾ ਦੇਵਾਂ ਹਰਜ, ਪੂਰਬ ਜਨਮ ਲੇਖੇ ਪਾਈਆ । ਇਹ ਖੇਲ ਮੇਰਾ ਹੋਵੇ ਅਸਚਰਜ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਗੋਬਿੰਦ ਧਾਰ ਪਿਆਰ, ਪ੍ਰੇਮ ਪ੍ਰੇਮ ਵਿਚ ਜਣਾਈਆ । ਮੇਰਾ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਵਖਾਈਆ । ਮੈਂ ਲਹਿਣਾ ਦੇਣਾ ਦੇਵਾਂ ਹੋ ਕੇ ਕਰਜ਼ਦਾਰ, ਮਕਰੂਜ਼ ਹੋ ਕੇ ਝੋਲੀ ਪਾਈਆ । ਵਕਤ ਸੁਹੰਜਣਾ ਦੇਵੇ ਸਦਾ ਇਸ਼ਾਰ, ਘੜੀ ਪਲ ਜਗਤ ਨਾ ਕੋਇ ਵਖਾਈਆ । ਲਹਿਣਾ ਦੇਣਾ ਵੇਖਾਂ ਬਣ ਕੇ ਵੇਖਣਹਾਰ, ਵੇਖਾਂ ਵਿਗਸਾਂ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਸਤਿਗੁਰ ਸ਼ਬਦ ਕਹੇ ਸੋ ਵਕਤ ਪੁਜਿਆ

੧੦੮੮
੨੩

ਜਗਤ ਦੀ ਧਾਰ, ਧਰਨੀ ਧਰਤ ਧਵਲ ਦਏ ਵਡਿਆਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਪੁਰਖ ਧੁਰਦਰਗਾਹੀਆ । ਜੋ ਅੰਤ ਅੰਤ ਏਕੰਕਾਰ, ਇਕ ਇਕੱਲਾ ਸਭ ਦਾ ਮਾਹੀਆ । ਭੁਲ ਨਾ ਜਾਏ ਕਦੀ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੀ ਸੇਵ ਕਮਾਈਆ । ਸੋ ਮੂਤੀਏ ਦਾ ਲਹਿਣਾ ਦੇਣਾ ਰਿਹਾ ਉਤਾਰ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਆ ਕੇ ਦੱਖਣ ਵਾਲੀ ਧਾਰ, ਦੁੱਖ ਭੰਜਨ ਹੋਏ ਸਹਾਈਆ । ਪੂਰਬ ਕਰਮ ਦਾ ਲੇਖਾ ਦੇ ਕੇ ਸਿੰਘ ਕਰਤਾਰ, ਕਰਤਾ ਕਰਨੀ ਕਾਰ ਕਮਾਈਆ । ਜੋ ਅੰਤਸ਼ਕਰਨ ਵੇਖੇ ਵੇਖਣਹਾਰ, ਬਿਨ ਨੈਣਾਂ ਨੈਣ ਉਠਾਈਆ । ਜਨਮ ਕਰਮ ਦਾ ਦੁੱਖ ਦਲਿਦ੍ਰ ਦਿਤਾ ਨਿਵਾਰ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦਾ ਲੇਖਾ ਪੂਰਾ ਕਰੇ ਨਾਲ ਪਿਆਰ, ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਈਆ ।

## ✪ ੨੭ ਸਾਵਣ ਸ਼ਹਿਨਸ਼ਾਹੀ ਸੰਮਤ ਨੌਂ ਦੁਰਗ ਸ਼ਹਿਰ ਅਰਜਨ ਸਿੰਘ ਦੇ ਗ੍ਰਿਹ ✪

ਸਾਵਣ ਕਹੇ ਪ੍ਰਭੂ ਸੁਹੰਜਣੀ ਕਰ ਦੇ ਰੁਤ, ਰੁਤੜੀ ਆਪਣੇ ਪ੍ਰੇਮ ਨਾਲ ਮਹਿਕਾਈਆ । ਦਇਆ ਕਰਨੀ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸ਼ਰਨਾਈਆ । ਹਰਿ ਭਗਤ ਸੁਹੇਲੇ ਵੇਖ ਆਪਣੇ ਸੁਤ, ਦੁਲਾਰੇ ਨਿਰੰਕਾਰੇ ਆਪ ਵੇਖ ਵਖਾਈਆ । ਪਵਿਤ੍ਰ ਕਰ ਦੇ ਕਾਇਆ ਮਾਟੀ ਬੁਤ, ਬੁਤਖ਼ਾਨਿਆਂ ਕਰ ਸਫ਼ਾਈਆ । ਬਿਨਾ ਹੱਥਾਂ ਤੋਂ ਗੋਦੀ ਚੁੱਕ, ਸਤਿਗੁਰ ਸ਼ਬਦ ਹੋ ਸਹਾਈਆ । ਕੂੜ ਕੁੜਿਆਰ ਪੈਂਡਾ ਜਾਏ ਮੁਕ, ਅਗੇ ਪੰਧ ਨਾ ਕੋਇ ਰਖਾਈਆ । ਆਤਮ ਪਰਮਾਤਮ ਧਾਰ ਸਮਝਾ ਦੇ ਆਪਣੀ ਤੁਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਲੇਖੇ ਲਾ ਲੈ ਉਲਟਾ ਮਾਤ ਗਰਭ ਦਾ ਰੁਖ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨਮ ਜਨਮ ਦਾ ਕਰਮ ਕਰਮ ਦਾ ਚੁਰਾਸੀ ਵਾਲਾ ਮਿਟਾ ਦੇ ਦੁੱਖ, ਦਰਦੀਆਂ ਦਰਦ ਦੇ ਗਵਾਈਆ । ਸਾਚੇ ਸੰਤਾਂ ਅੰਤਰ ਨਿਰੰਤਰ ਤੇਰੇ ਨਾਮ ਦਾ ਉਪਜੇ ਇਕੋ ਸੁਖ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਦੇ ਚੁਕਾ, ਬਾਤਨ ਭੇਵ ਰਹੇ ਨਾ ਰਾਈਆ । ਸਾਵਣ ਕਹੇ ਮੇਰੇ ਸਾਹਿਬ ਸਵਾਮੀ ਸਤਿਗੁਰ, ਗੁਰਦੇਵ ਤੇਰੀ ਸ਼ਰਨਾਈਆ । ਮੇਰਾ ਲਹਿਣਾ ਦੇਣਾ ਵੇਖ ਧੁਰ, ਦੋ ਜਹਾਨਾਂ ਵਾਲੀ ਪਰਦਾ ਆਪ ਉਠਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਵੈਰ ਨਿਰਾਕਾਰ ਲੋਕਮਾਤੀ ਮੁੜ, ਆਪ ਆਪਣਾ ਵੇਸ ਵਟਾਈਆ । ਸਾਚੇ ਅੰਮ੍ਰਿਤ ਦੀ ਸਾਵਣ ਕਹੇ ਮੇਰੇ ਅੰਦਰ ਆਈ ਥੁੜ, ਸਚ ਸਰੋਵਰ ਤਾਲ ਨਾ ਕੋਇ ਭਰਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਧਰਨੀ ਉਤੇ ਤੇਰੀ ਲੋੜ, ਲੋੜੀਂਦੇ ਸਾਜਣ ਹੋਣਾ ਆਪ ਸਹਾਈਆ । ਚੜ੍ਹ ਕੇ ਆਉਣਾ ਸ਼ਬਦ ਅਗੰਮੀ ਘੋੜ, ਦੋ ਜਹਾਨਾਂ ਪੰਧ ਮੁਕਾਈਆ । ਤੈਨੂੰ ਸਭ ਨੇ ਆਖਿਆ ਬ੍ਰਹਿਮਣ ਗੌੜ, ਵੇਦ ਵਿਆਸਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਾਵਣ ਕਹੇ ਪ੍ਰਭੂ ਸੂਰੇ ਸਰਬਗ, ਚਰਨ ਕਵਲ ਤੇਰੀ ਸ਼ਰਨਾਈਆ । ਤੇਰੀ ਸ੍ਰਿਸ਼ਟੀ ਉਤੇ ਲੱਗੀ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਜਗਤ ਜਗਿਆਸੂ ਰਹੇ ਦਗ, ਸਾਂਤਕ ਸਤਿ ਨਾ ਕੋਇ ਵਰਤਾਈਆ ।

੧੦੮੯
੨੩

ਨੌ ਖੰਡ ਪ੍ਰਿਥਮੀ ਸੱਤ ਦੀਪ ਨਿਰਗੁਣ ਸਵਾਮੀ ਤੈਨੂੰ ਰਹੇ ਲੱਭ, ਖੋਜਿਆਂ ਹੱਥ ਕਿਸੇ ਨਾ ਆਈਆ । ਕੂਕ ਕੂਕ ਰਸਨਾ ਵਾਲੇ ਸਾਰੇ ਵਜਾਉਂਦੇ ਨੱਦ, ਢੋਲੇ ਬੱਤੀਆਂ ਦੰਦਾਂ ਨਾਲ ਗਾਈਆ । ਤੇਰੀ ਕੂਟ ਨਜ਼ਰ ਆਏ ਕਿਸੇ ਨਾ ਹੱਦ, ਉੱਤਰ ਪੂਰਬ ਪੱਛਮ ਦੱਖਣ ਵੇਖਣ ਥਾਉਂ ਥਾਈਆ । ਤੇਰਾ ਮੇਲ ਹੁੰਦਾ ਨਾਲ ਸਬਬ, ਜੁਗ ਜਨਮ ਦੇ ਵਿਛੜਿਆਂ ਕਰ ਕਿਰਪਾ ਲੈਣਾ ਮਿਲਾਈਆ । ਮੈਂ ਨਿਮਾਣਾ ਹੋ ਕੇ ਜੋੜਾਂ ਹੱਥ, ਸਮਰਥ ਅਗੇ ਸੀਸ ਨਿਵਾਈਆ । ਸਾਚੇ ਨਾਮ ਦੀ ਅੰਮ੍ਰਿਤ ਧਾਰ ਦੇ ਦੇ ਵਥ, ਵਸਤ ਅਮੁਲ ਅਤੁਲ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਇਆ ਕਮਾਈਆ । ਸਾਵਣ ਕਹੇ ਮੇਰੇ ਨਿਰੰਕਾਰ, ਨਿਰਵੈਰ ਤੇਰੀ ਵਡਿਆਈਆ । ਧਰਨੀ ਕਹੇ ਪੁਕਾਰ, ਕੂਕ ਕੂਕ ਸੁਣਾਈਆ । ਵੇਖ ਲੈ ਗਿਰਿਅਜ਼ਾਰ, ਚਾਰੋਂ ਕੁੰਟ ਦੁਹਾਈਆ । ਅਵਤਾਰ ਪੈਗ਼ੰਬਰ ਕਰਨ ਇੰਤਜ਼ਾਰ, ਗੁਰ ਗੁਰ ਬਿਨ ਨੈਣਾਂ ਨੈਣ ਤਕਾਈਆ । ਪ੍ਰਗਟ ਹੋ ਕਲ ਕਲਕੀ ਅਵਤਾਰ, ਕਲ ਕਲੇਸ਼ ਦੇ ਮਿਟਾਈਆ । ਤੂੰ ਅਮਾਮ ਅਮਾਮਾ ਨੂਰ ਨੁਰਾਨਾ ਸ਼ਾਹੋ ਭੂਪ ਇਕ ਸਿਕਦਾਰ, ਮਿਹਰਵਾਨ ਮਹਿਬੂਬ ਨੂਰ ਅਲਾਹੀਆ । ਲਹਿਣਾ ਦੇਣਾ ਪੂਰਾ ਕਰ ਕੂੜੀ ਕਿਰਿਆ ਮੇਟ ਅੰਧ ਅੰਧਿਆਰ, ਸਤਿ ਸਚ ਚੰਦ ਕਰ ਰੁਸ਼ਨਾਈਆ । ਅੰਮ੍ਰਿਤ ਆਤਮ ਬਖ਼ਸ਼ ਠੰਡਾ ਠਾਰ, ਨੌਜਵਾਨ ਸ੍ਰੀ ਭਗਵਾਨ ਮਿਹਰਵਾਨ ਆਪ ਬਰਸਾਈਆ । ਦੀਨ ਦੁਨੀ ਦ੍ਰਿਸ਼ਟੀ ਅੰਤਰ ਕਰ ਖ਼ਬਰਦਾਰ, ਸ੍ਰਿਸ਼ਟੀ ਇਸ਼ਟ ਇਕ ਸਮਝਾਈਆ । ਤੂੰ ਕੁਦਰਤ ਦਾ ਕਾਦਰ ਕਰਤਾ ਪੁਰਖ ਕਰਨੇਹਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਾਵਣ ਕਹੇ ਮੇਰੀ ਬੂੰਦ ਸਵਾਂਤੀ ਚਾਤ੍ਰਕ ਮਿਲੇ ਕਿਸੇ ਨਾ ਧਾਰ, ਉਲਟਾ ਹੋ ਕੇ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਾਵਣ ਕਹੇ ਪ੍ਰਭੂ ਧਰਨੀ ਤੱਕ ਲੈ ਆਪਣੀ ਦਾਸੀ, ਬਿਨ ਨੈਣਾਂ ਨੈਣ ਉਠਾਈਆ । ਮੈਨੂੰ ਵੇਖ ਕੇ ਆਉਂਦੀ ਹਾਸੀ, ਮਸਖ਼ਰਾ ਹੋ ਕੇ ਰਿਹਾ ਸੁਣਾਈਆ । ਤੇਰੇ ਮੰਡਲ ਸਚ ਦੀ ਪਾਏ ਕੋਇ ਨਾ ਰਾਸੀ, ਗੋਪੀ ਕਾਹਨ ਰੰਗ ਨਾ ਕੋਇ ਰੰਗਾਈਆ । ਮੈਂ ਜਿਧਰ ਤੱਕਾਂ ਦਿਸੇ ਉਦਾਸੀ, ਉਦਰ ਦਾ ਲੇਖਾ ਨਾ ਕੋਇ ਮੁਕਾਈਆ । ਨਾਮ ਰਮਿਆ ਨਹੀਂ ਪਵਣ ਸਵਾਸੀ, ਸਾਹ ਸਾਹ ਨਾ ਕੋਇ ਸਮਾਈਆ । ਪਿਆਰ ਮਿਲੇ ਨਾ ਤੇਰਾ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤੇ ਤੇਰੇ ਰੰਗ ਨਾ ਕੋਇ ਸਮਾਈਆ । ਜਿਧਰ ਤੱਕਾਂ ਦਿਸੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੂੰ ਮਾਲਕ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਕਲਜੁਗ ਜੀਵਾਂ ਅੰਮ੍ਰਿਤ ਬਖ਼ਸ਼ ਦੇ ਬੂੰਦ ਸਵਾਂਤੀ, ਨਾਭੀ ਕਵਲ ਕਵਲ ਉਲਟਾਈਆ । ਤੇਰਾ ਸਤਿ ਸਰੂਪ ਇਹ ਸਾਰੇ ਤੇਰੀ ਜ਼ਾਤੀ, ਆਤਮ ਪਰਮਾਤਮ ਆਪਣਾ ਮੇਲ ਮਿਲਾਈਆ । ਅੱਠੇ ਪਹਿਰ ਹਰ ਹਿਰਦੇ ਅੰਦਰ ਕਰ ਪ੍ਰਭਾਤੀ, ਵੇਲਾ ਵਕਤ ਵੰਡ ਨਾ ਕੋਇ ਵੰਡਾਈਆ । ਚਰਨ ਕਵਲ ਉਪਰ ਧਵਲ ਜਨ ਭਗਤਾਂ ਜੋੜ ਲੈ ਆਪਣਾ ਨਾਤੀ, ਨਾਤਾ ਪੁਰਖ ਬਿਧਾਤਾ ਇਕੋ ਇਕ ਸਮਝਾਈਆ । ਦਰਸ਼ਨ ਦੇਣਾ ਆਪ ਇਕ ਇਕਾਂਤੀ, ਏਕੰਕਾਰ ਪਰਦਾ ਲਾਹੀਆ । ਤੂੰ ਸਭ ਦਾ ਪਿਤਾ ਮਾਤੀ, ਸੁਤ ਦੁਲਾਰੇ ਲੈਣੇ ਗੋਦ ਉਠਾਈਆ । ਸਾਵਣ ਕਹੇ ਪ੍ਰਭੂ ਮੇਰੇ ਅੰਤਰ ਆਪਣੇ ਅੰਮ੍ਰਿਤ ਦੀ ਦੇ ਦੇ ਦਾਤੀ, ਬਖ਼ਸ਼ਣਹਾਰ ਬਖ਼ਸ਼ਿਸ਼ ਮੇਰੀ ਝੋਲੀ ਪਾਈਆ । ਅੱਠ ਸੱਠ ਤੀਰਥ ਮੇਰਾ ਰਿਹਾ ਕੋਇ ਨਾ ਸਾਥੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸੰਗ ਨਾ ਕੋਇ ਨਿਭਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ ਦੀਨ ਦੁਨੀ ਵਿਚੋਂ ਮੇਟ ਦੇ ਵਾਟੀ, ਅਗਲਾ ਪੰਧ ਕੂੜ ਰਹੇ ਨਾ ਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਸਾਵਣ ਦੇਵੇਂ ਡਾਹੀਏ ਝੋਲੀ, ਝਲਕ ਦੇਵੇ ਬੇਪਰਵਾਹੀਆ । ਇਕੋ ਗਾਈਏ ਬੋਲੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਦੀ ਬਣੀਏ ਗੋਲੀ, ਸੇਵਕ ਹੋ ਕੇ ਸੇਵ ਕਮਾਈਆ । ਬਿਰਹੋਂ ਵਿਛੋੜੇ ਵਿਚ ਪਾਈਏ ਰੌਲੀ, ਬਹੁੜੀ ਤੇਰਾ ਨਾਮ ਦੁਹਾਈਆ । ਪੁਰਖ ਅਕਾਲੇ ਦੀਨ ਦਿਆਲੇ ਦੀਨ ਦੁਨੀ ਉਤੇ ਹਰ ਘਟ ਅੰਦਰ ਮੌਲੀਂ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਅੰਮ੍ਰਿਤ ਆਤਮ ਧਾਰ ਬਖ਼ਸ਼ ਦੇ ਗੋਬਿੰਦ ਵਾਲੀ ਪਾਹੁਲੀ, ਬਿਨ ਰਸਨਾ ਰਸ ਚਖਾਈਆ । ਉਲਟੀ ਕਰ ਦੇ ਨਾਭ ਕਵਲ ਵਾਲੀ ਕੌਲੀ, ਬੂੰਦ ਸਵਾਂਤੀ ਅਗੰਮ ਟਪਕਾਈਆ । ਮੈਂ ਮਾਂਗਤ ਹੋ ਗਈ ਤੇਰੇ ਦਰ ਦੀ ਧੌਲੀ, ਧਵਲ ਰਹੀ ਸੁਣਾਈਆ । ਸਾਵਣ ਕਹੇ ਮੈਂ ਵੀ ਪੁਕਾਰਾਂ ਹੌਲੀ ਹੌਲੀ, ਆਹਿਸਤਾ ਆਹਿਸਤਾ ਰਿਹਾ ਜਣਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਦਰ ਦਵਾਰਾ ਇਕੋ ਖੋਲੀ, ਖ਼ਾਲਸ ਆਪਣਾ ਰੰਗ ਰੰਗਾਈਆ । ਧੁਰ ਦਾ ਸ਼ਬਦ ਬਣਾਈਂ ਢੋਲੀ, ਜਗਤ ਜਹਾਨ ਕਰੇ ਸ਼ਨਵਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜੀਵਾਂ ਜੰਤਾਂ ਰੰਗ ਦੇ ਚੋਲੀ, ਚੋਜੀ ਪ੍ਰੀਤਮ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਭੇਵ ਆਪ ਚੁਕਾਈਆ । ਧਰਨੀ ਕਹੇ ਸਾਵਣ ਚਰਨਾਂ ਲਾਈਏ ਧੂੜ, ਮਸਤਕ ਖ਼ਾਕ ਰਮਾਈਆ । ਅੰਤਸ਼ਕਰਨ ਰਹੇ ਨਾ ਮੂੜ੍ਹ, ਮੁਗਧਾਂ ਵਾਲਾ ਡੇਰਾ ਢਾਹੀਆ । ਕਲਪਣਾ ਰੰਗ ਰਹੇ ਨਾ ਕੂੜ, ਦੁਰਮਤ ਮੈਲ ਧਵਾਈਆ । ਇਕ ਬੇਨੰਤੀ ਕਰੀਏ ਜ਼ਰੂਰ, ਆਸ਼ਾ ਇਕ ਰਖਾਈਆ । ਤੂੰ ਸਦਾ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਮਾਲਕ ਧੁਰਦਰਗਾਹੀਆ । ਸਰਬ

੧੦੯੧ ੨੩ ਕਲਾ ਭਰਪੂਰ, ਬੇਪਰਵਾਹੀ ਵਿਚ ਸਮਾਈਆ । ਜੇ ਤੇਰੀ ਸ੍ਰਿਸ਼ਟੀ ਭੁਲ ਗਈ ਤੂੰ ਬਖ਼ਸ਼ ਦੇ ਜਨਮ ਜਨਮ ਦੇ ਸਭ ਕਸੂਰ, ਮਿਹਰਵਾਨ ਆਪਣੀ ੧੦੯੧ ੨੩

ਦਇਆ ਕਮਾਈਆ । ਆਪਣੀ ਜੋਤ ਦਾ ਦੇ ਦੇ ਨੂਰ, ਨੂਰ ਨੁਰਾਨੇ ਕਰ ਰੁਸ਼ਨਾਈਆ । ਤੇਰੇ ਨਾਮ ਦੀ ਸੁਣਨ ਸਾਰੇ ਤੂਰ, ਤੁਰੀਆ ਦੇ ਮਾਲਕ ਤੁਰਤ ਦੇਣੀ ਸੁਣਾਈਆ । ਤੇਰੇ ਸ਼ੁਕਰਾਨੇ ਵਿਚ ਹੋਈਏ ਮਸ਼ਕੂਰ, ਮੁਸ਼ਕਲ ਸਭ ਦੀ ਹੱਲ ਕਰਾਈਆ । ਕਲਜੁਗ ਕਰਮ ਕਾਂਡ ਦਾ ਬਦਲ ਦੇ ਦਸਤੂਰ, ਲਹਿਣਾ ਦੇਣਾ ਦਸਤ ਬਦਸਤ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਸਹਾਈਆ । ਪੁਰਖ ਅਕਾਲ ਕਹੇ ਸਾਵਣ ਧਰਨੀ ਮਾਗੋ ਤੁਸੀਂ ਕੀ, ਮੰਗਣਾ ਸਮਝ ਕਿਸੇ ਨਾ ਆਈਆ । ਮੇਰਾ ਲਹਿਣਾ ਦੇਣਾ ਲੱਖ ਚੁਰਾਸੀ ਜੀਅ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਮੈਂ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਬੀਜਿਆ ਬੀ, ਬੂਟੇ ਲੋਕਮਾਤ ਰਖਾਈਆ । ਆਦਿ ਜੁਗਾਦਿ ਬਰਸਦਾ ਰਵ੍ਹਾਂ ਮੀਂਹ, ਮੇਘਲਾ ਅਗੰਮ ਅਥਾਹੀਆ । ਮੇਰਾ ਸਭ ਦੇ ਨਾਲ ਲੇਖਾ ਜੋ ਮੇਰੇ ਆਤਮ ਧਾਰ ਪੁੱਤਰ ਧੀ, ਦੂਸਰ ਵੰਡ ਨਾ ਕੋਇ ਵੰਡਾਈਆ । ਜਰਾ ਨਿਗਾਹ ਮਾਰ ਲਓ ਮੇਰਾ ਖੇਲ ਦੀਨਾਂ ਮਜ਼੍ਹਬਾਂ ਵਾਲੀ ਲੀਹ, ਰਸਤਾ ਜੁਗਤ ਜਗਤ ਜਣਾਈਆ । ਮੈਂ ਬਣਿਆ ਰਿਹਾ ਸ਼ਰੇਈ, ਸ਼ਰੀਅਤ ਆਪਣਾ ਹੁਕਮ ਸੁਣਾਈਆ । ਮੇਰੇ ਹੁਕਮ ਵਿਚ ਜੁਗ ਬੀਤੜੇ ਕਈ, ਕੋਟਨ ਕੋਟ ਪੰਧ ਮੁਕਾਈਆ । ਹੁਣ ਖੇਲ ਕਰਾਂ ਦੁਨੀਆ ਦੇ ਵਿਚ ਨਈ, ਨਵ ਸੱਤ ਆਪਣੀ ਕਾਰ ਕਮਾਈਆ । ਧੁਰ ਦਾ ਸ਼ਬਦ ਸਤਿਗੁਰ ਧਾਰ ਪਵੇ ਸਹੀ, ਸਹੀ ਸਲਾਮਤ ਕਾਰ ਭੁਗਤਾਈਆ । ਗੋਬਿੰਦ ਦਾ ਲਹਿਣਾ ਪੂਰਾ ਹੋਵੇ ਬਰਸ ਸੌ ਸਾਲ ਢਈ, ਢਈਆ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਧੁਰ ਫ਼ਰਮਾਨਾ ਅਗੰਮ ਸੁਣਾਈਆ । ਸਾਵਣ ਸੁਣ ਲੈ ਨਾਲ ਧਰਨੀ ਧਰਤ, ਧਰਮ ਦੀ ਧਰਮ ਧਾਰ ਜਣਾਈਆ । ਸਭ ਦੀ ਪੂਰੀ ਕਰਾਂ ਚਾਰ ਜੁਗ ਦੀ ਸ਼ਰਤ, ਬਿਨ ਅੱਖਰਾਂ ਅੱਖਰ ਖੋਜ ਖੁਜਾਈਆ । ਜੋਤੀ ਜਾਤਾ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਹੋਵਾਂ ਸਹਾਈਆ । ਸ਼ਰਅ ਛੁਰੀ ਰਹੇ ਨਾ ਕਰਦ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਹੁਕਮ ਸੁਣਾਵਾਂ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਮੇਟਾਂ ਅੰਧੇਰਾ ਗਰਦ, ਨੂਰੀ ਚੰਦ ਕਰ ਰੁਸ਼ਨਾਈਆ । ਭਬਕ ਲਗਾਵਾਂ ਨਾਮ ਇਕੋ ਗਰਜ, ਦੋ ਜਹਾਨ ਸੁਣਾਈਆ । ਸਦੀ ਚੌਧਵੀਂ ਧੁਰ ਦਾ ਪੂਰਾ ਕਰਾਂ ਫ਼ਰਜ਼, ਫ਼ਾਜ਼ਲ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਝਟ ਨਾਰਦ ਲੈ ਕੇ ਆ ਗਿਆ ਪਤ੍ਰ, ਧਰਨੀਏ ਤੈਨੂੰ ਦਿਆਂ ਵਖਾਈਆ । ਓਏ ਸਾਵਣਾ ਇਹ ਲਿਖਿਆ ਨਹੀਂ ਵਿਚ ਕਿਸੇ ਸਤਰ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਇਹਦੀ ਕੀਮਤ ਨਹੀਂ ਕੋਈ ਹੀਰਾ ਰਤਨ, ਜਵਾਹਰ ਮਣੀਆ ਮੂਲ ਨਾ ਕੋਇ ਪਵਾਈਆ । ਇਹਨੂੰ ਪੜ੍ਹਨ ਦਾ ਕਿਆ ਕੋਈ ਕਰੇ ਯਤਨ, ਯਥਾਰਥ ਭੇਵ ਸਮਝ ਕਿਸੇ ਨਾ ਆਈਆ । ਮੈਂ ਤੇਰਾ ਧੁਰ ਦਾ ਸੰਦੇਸਾ ਆਇਆ ਦੱਸਣ, ਦਹਿ ਦਿਸ਼ਾ ਦਿਆਂ ਜਣਾਈਆ । ਭਗਤਾਂ ਨੂੰ ਆਖਾਂ ਜਨ ਭਗਤੋ ਤੁਹਾਨੂੰ ਵਿਰੋਲੇ ਪ੍ਰਭੂ ਵਾਂਗ ਮੱਖਣ, ਨਾਮ ਮਧਾਣਾ ਚੁਰਾਸੀ ਵਿਚ ਭਵਾਈਆ । ਤੁਹਾਡਾ ਅੰਤਰ ਰਹਿਣ ਨਾ ਦੇਵੇ ਸੱਖਣ, ਵਸਤ ਅਗੰਮ ਦਏ ਟਿਕਾਈਆ । ਦੱਸ ਕੇ ਆਪਣੀ ਮੰਜ਼ਲ ਘਾਟਣ, ਤਟ ਇਕ ਤਕਾਈਆ । ਜਿਥੇ ਮਿਲੇ ਪੁਰਖ ਸਮਰਥਣ, ਮਾਲਕ ਧੁਰਦਰਗਾਹੀਆ । ਤੁਸਾਂ ਤੱਕਣਾ ਨਿਜ ਅੱਖਣ,
੧੦੯੨ ੨੩ ਲੋਚਨ ਕਰੇ ਰੁਸ਼ਨਾਈਆ । ਜਿਸ ਤੂੰ ਮੇਰਾ ਮੈਂ ਤੇਰਾ ਗਾਇਆ ਬਚਨ, ਬਚਪਨ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੦੯੨ ੨੩
ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੂੰ ਤੱਕਣਾ ਖੇਲ ਅਵੱਲਾ, ਸਾਵਣ ਪ੍ਰੇਮ ਨਾਲ ਮਿਲਾਈਆ । ਖੇਲੇ ਖੇਲ ਪ੍ਰਭੂ ਇਕੱਲਾ, ਵਾਹਿਦ ਆਪਣਾ ਹੁਕਮ ਵਰਤਾਈਆ । ਜੋ ਵਸੇ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਨੂਰ ਜੋਤ ਰੁਸ਼ਨਾਈਆ । ਉਹ ਸ਼ਬਦ ਸੰਦੇਸਾ ਸਤਿਗੁਰ ਸ਼ਬਦ ਹੋ ਕੇ ਰਿਹਾ ਘੱਲਾ, ਬਿਨ ਰਸਨਾ ਜਿਹਵਾ ਗਾਈਆ । ਜਿਸ ਨੇ ਫੜਾਉਣਾ ਸਭ ਨੂੰ ਪੱਲਾ, ਪਲਕਾਂ ਦੇ ਪਿਛੇ ਮੇਲ ਮਿਲਾਈਆ । ਜਿਸ ਪੰਜ ਵਿਕਾਰਾ ਮੇਟਣਾ ਦਲਾ, ਦਲਿਦ੍ਰੀਆਂ ਡੇਰਾ ਢਾਹੀਆ । ਦੂਈ ਦਵੈਤੀ ਦੂਰ ਕਰਾਏ ਸੱਲਾ, ਸਲਲ ਆਪਣਾ ਰੰਗ ਰੰਗਾਈਆ । ਜਿਸ ਇਕ ਸਿੰਘਾਸਣ ਮੱਲਾ, ਲੱਖ ਚੁਰਾਸੀ ਸੇਜ ਹੰਢਾਈਆ । ਉਹ ਸ਼ਬਦੀ ਧਾਰ ਰਲਾ, ਜੋਤੀ ਜਾਤਾ ਅਗੰਮ ਅਥਾਹੀਆ । ਕਰੇ ਵਲ ਛਲਾ, ਅਛਲ ਛਲ ਧਾਰੀ ਆਪਣੀ ਕਾਰ ਭੁਗਤਾਈਆ । ਜਿਸ ਦਾ ਸੰਦੇਸਾ ਬਾਵਨ ਦਿਤਾ ਦਵਾਰੇ ਬਲਾ, ਬਲ ਬਾਵਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਸਤਿ ਸਤਿ ਵਰਤਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਰਖ ਉਡੀਕਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਉਹ ਸਵਾਮੀ ਨੀਕਨ ਨੀਕਾ, ਨਿਰਗੁਣ ਨਿਰਵੈਰ ਨੂਰ ਅਲਾਹੀਆ । ਜਿਸ ਨੇ ਸਭ ਦਾ ਮੇਟਣਾ ਸ਼ਰੀਕਾ, ਸ਼ਰਕਤ ਕੂੜੀ ਦਏ ਗਵਾਈਆ । ਉਹ ਉਠਾਵਣ ਵਾਲਾ ਰਸ਼ੀਆ ਨਾਲ ਅਮਰੀਕਾ, ਅਮਰ ਰਹਿਣ ਕੋਇ ਨਾ ਪਾਈਆ । ਚੀਨਾ ਸਮਝ ਨਾ ਸਕੇ ਤਰੀਕਾ, ਫ਼ਰੰਗੀਆਂ ਗੰਢ ਰਿਹਾ ਖੁਲਾਈਆ । ਉਸ ਦਾ ਹੁਕਮ ਸਭ ਨੇ ਮੰਨਣਾ ਕਰ ਕੇ ਮੀਠਾ, ਭਾਣਾ ਭਾਣੇ ਵਿਚੋਂ ਜਣਾਈਆ ।

ਇਹ ਖੇਲ ਹੋਣਾ ਅਨਡੀਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਨੀ ਧਰਨੀਏ ਮਰਨੀਏ ਕੋਝੀਏ ਕਮਲੀਏ ਤੇਰੇ ਉਤੇ ਤਪਣ ਵਾਲਾ ਅੰਗੀਠਾ, ਗੋਬਿੰਦ ਦਾ ਅੰਗੀਠਾ ਦਏ ਗਵਾਹੀਆ । ਬਿਨ ਪ੍ਰਭੂ ਦੀ ਕਿਰਪਾ ਕਿਸੇ ਰੰਗ ਨਾ ਚੜ੍ਹੇ ਮਜੀਠਾ, ਦੁਰਮਤ ਮੈਲ ਨਾ ਕੋਇ ਧਵਾਈਆ । ਕਲਜੁਗ ਜੀਵ ਅੰਦਰੋਂ ਹੋਇਆ ਕੌੜਾ ਰੀਠਾ, ਅੰਮ੍ਰਿਤ ਵਿਖ ਰੂਪ ਬਣਾਈਆ । ਲੇਖਾ ਤੱਕ ਲੈ ਹਸਤ ਕੀਟਾ, ਰਾਜ ਰਾਜਾਨਾ ਖੋਜ ਖੁਜਾਈਆ । ਪਿਛਲਾ ਵਕਤ ਜੋ ਪਿਛੇ ਬੀਤਾ, ਬੀਤੀ ਕਥਾ ਕੀ ਦ੍ਰਿੜਾਈਆ । ਉਹ ਨਿਗਹ ਮਾਰ ਲੈ ਕੀ ਆਸਾ ਲਾਈ ਰਾਮ ਸੀਤਾ, ਬਨਵਾਸੀ ਬੈਠੇ ਅੱਖ ਉਠਾਈਆ । ਇਸ਼ਾਰਾ ਕੀਤਾ ਕ੍ਰਿਸ਼ਨ ਅਰਜਨ ਵਿਚ ਗੀਤਾ, ਅਠਾਰਾਂ ਧਿਆਏ ਦੇਣ ਗਵਾਹੀਆ । ਕੀ ਪੈਗ਼ੰਬਰਾਂ ਦੱਸੀ ਹਦੀਸਾ, ਬਿਨ ਅਲਿਫ਼ ਯੇ ਪੜ੍ਹਾਈਆ । ਕੀ ਗੁਰੂਆਂ ਜਣਾਇਆ ਮੀਤਾ, ਮਿਤਰ ਪਿਆਰਾ ਗੋਬਿੰਦ ਮਾਹੀਆ । ਜਿਸ ਬਦਲ ਦੇਣੀ ਰੀਤਾ, ਰੀਤੀਵਾਨ ਇਕ ਅਖਵਾਈਆ । ਝਗੜਾ ਮੇਟ ਕੇ ਮੰਦਰ ਮਸੀਤਾ, ਕਾਇਆ ਕਾਅਬੇ ਕਰੇ ਰੁਸ਼ਨਾਈਆ । ਉਹ ਸਤਿਗੁਰ ਸ਼ਬਦ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਇਕ ਅਖਵਾਈਆ । ਛਤਰ ਝੁਲਣਾ ਅੰਤ ਕਿਸੇ ਨਹੀਂ ਸੀਸਾ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਓਏ ਸਾਵਣਾ ਬਿਨਾ ਪ੍ਰਭੂ ਦੀ ਕਿਰਪਾ ਤੋਂ ਅੰਮ੍ਰਿਤ ਰਸ ਜਾਏ ਕਿਸੇ ਨਾ ਪੀਤਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੁਰਖ ਅਕਾਲਾ ਦੀਨ ਦਿਆਲਾ ਮਿਹਰਵਾਨ ਹੋ ਕੇ ਜੇ ਅੰਦਰੋਂ ਬਦਲ ਦੇਵੇ ਸਭ ਦੀਆਂ ਨੀਤਾ, ਮਨ ਕਾ ਮਣਕਾ ਆਪ ਭਵਾਈਆ । ਸਤਿਗੁਰ ਚਰਨ ਸ਼ਬਦ ਨਾਲ ਜੁੜ ਜਾਣ ਸੁਰਤੀ ਦੀਆਂ ਪ੍ਰੀਤਾ, ਸੁਰਤ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਸੋਹੇ ਭਗਤ ਦਵਾਰਾ ਇਕ, ਏਕੰਕਾਰ ਦਏ ਵਡਿਆਈਆ । ਜਿਥੇ ਸਤਿ ਦਾ ਮਾਲਕ ਜਾਏ ਟਿਕ, ਟਿੱਕੇ ਧੂੜੀ ਖ਼ਾਕ ਸਰਬ ਰਮਾਈਆ । ਆਤਮ ਪਰਮਾਤਮ ਬਣ ਕੇ ਮਿਤ, ਮਿਤਰ ਪਿਆਰਾ ਹੋਏ ਸਹਾਈਆ । ਮਨ ਠਗੌਰੀ ਮੇਟੇ ਚਿਤ, ਚਿੰਤਾ ਚਿਖਾ ਦੂਰ ਕਰਾਈਆ । ਸਵਾਮੀ ਹੋ ਕੇ ਕਰੇ ਹਿਤ, ਹਿਤਕਾਰੀ ਇਕ ਅਖਵਾਈਆ । ਦਰਸ਼ਨ ਦੇਵੇ ਨਿਤ, ਨਿਜ ਨੇਤਰ ਕਰ ਰੁਸ਼ਨਾਈਆ । ਅਗਲਾ ਲੇਖਾ ਦੇਵੇ ਲਿਖ, ਪਿਛਲਾ ਲੇਖ ਆਪਣੇ ਵਿਚ ਟਿਕਾਈਆ । ਪਹਿਲੇ ਪਿਆਰ ਵਿਚ ਬਣਾਏ ਸਿੱਖ, ਦੂਜਾ ਗੁਰਮੁਖ ਰੰਗ ਚੜ੍ਹਾਈਆ । ਤੀਜੇ ਸੰਤ ਸਾਜਣ ਮਿਲਾਏ ਆਪਣੇ ਵਿਚ, ਭੇਵ ਅਭੇਦਾ ਦਏ ਮਿਟਾਈਆ । ਚੌਥੇ ਜਨ ਭਗਤਾਂ ਧਾਮ ਵਖਾ ਕੇ ਇਕ ਅਨਡਿਠ, ਅਨਡਿਠੜੀ ਖੇਲ ਵਖਾਈਆ । ਸਤਿਗੁਰ ਸੱਜਣ ਸਵਾਮੀ ਮੀਤਾ ਹੋ ਕੇ ਕਦੀ ਨਾ ਦੇਵੇ ਪਿਠ, ਕਰਵਟ ਸਕੇ ਨਾ ਕਦੇ ਬਦਲਾਈਆ । ਪੈਂਡਾ ਮੁਕਾ ਕੇ ਮੇਰੂਡੰਡ ਦਾ ਸਵਾ ਗਿੱਠ, ਨਵ ਨੌਂ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿਗੁਰ ਸ਼ਬਦ ਮਿਹਰਵਾਨਾ, ਮਿਹਰਵਾਨ ਮਹਿਬੂਬ ਅਗੰਮ ਅਥਾਹੀਆ । ਧਰਨੀਏ ਤੈਨੂੰ ਦੇਵੇ ਦਾਨਾ, ਦਾਤਾ ਦਾਨੀ ਆਪ ਵਰਤਾਈਆ । ਸਾਵਣਾ ਤੂੰ ਵੀ ਕਰਨਾ ਧਿਆਨਾ, ਬਿਨ ਅੱਖਾਂ ਅੱਖ ਉਠਾਈਆ । ਸਭ ਦਾ ਮਾਲਕ ਸ੍ਰੀ ਭਗਵਾਨਾ, ਭਗਵਨ ਇਕੋ ਇਕ ਨੂਰ ਅਲਾਹੀਆ । ਜੋ ਬੇਨੰਤੀਆਂ ਕਰੇ ਪ੍ਰਵਾਨਾ, ਪਰਮ ਪੁਰਖ ਹੋਵੇ ਆਪ ਸਹਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣਾ ਨਿਸ਼ਾਨਾ, ਸਤਿਜੁਗ ਸਤਿ ਧਰਮ ਨਿਸ਼ਾਨ ਝੁਲਾਈਆ । ਜਨ ਭਗਤ ਸੁਹੇਲੇ ਸੰਤ ਕਰੇ ਪ੍ਰਵਾਨਾ, ਗੁਰਮੁਖ ਗੁਰਸਿੱਖ ਗੁਰ ਗੁਰ ਗੋਦ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਸਵਾਮੀ ਅੰਤਰਜਾਮੀ ਹਰ ਘਟ ਰਿਹਾ ਜਾਣਾ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਹਰਿ ਸੰਗਤ ਸਤਿ ਸਰੂਪ ਸ਼ਾਹੋ ਭੂਪ ਬਿਨ


੧੦੬੩
੨੩

ਰੰਗ ਰੂਪ ਸਚਖੰਡ ਦਵਾਰ ਕਰੇ ਪ੍ਰਵਾਨਾ, ਜੋ ਪਰਮ ਪੁਰਖ ਦਾ ਦਰਸ਼ਨ ਪਾਈਆ । ਜਿਸ ਦਾ ਲੇਖਾ ਭਗਤਾਂ ਨਾਲ ਜਹਾਨਾ, ਗੁਰਮੁਖ ਸਿੰਘ ਸਿੰਘ ਅਰਜਨ ਨਾਲ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੁਗ ਚੌਕੜੀ ਜਗਤ ਜਹਾਨ ਧਰਮ ਈਮਾਨ ਨੌਜਵਾਨਾ ਮਰਦ ਮਰਦਾਨਾ ਆਪਣੇ ਹੱਥ ਰਖਾਈਆ ।

### ✪ ੨੮ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਜਬਲਪੁਰ ਰਖੜੀ ਵਾਲੇ ਦਿਨ ਰਖੜੀ ਬੰਨ੍ਹਣ ਸਮੇਂ ਮਹਾ ਸਿੰਘ ਦੇ ਗ੍ਰਹਿ ✪

ਹਨਵੰਤ ਰਾਮ ਨੂੰ ਬੰਨ੍ਹੀ ਰਖੀ, ਦੁਮਾ ਦੁਬਾ ਕੇ ਦਿਤੀ ਹਿਲਾਈਆ । ਫੇਰ ਹੱਸ ਕੇ ਕਿਹਾ ਮੈਂ ਤੇਰੀ ਸੀਆ ਨਾਲੋਂ ਚੰਗੀ ਸਖ਼ੀ, ਹਾਸੇ ਵਿਚ ਸੁਣਾਈਆ । ਨਾਲੇ ਮਿਲਾ ਕੇ ਅੱਖ ਵਿਚ ਅੱਖੀ, ਇਸ਼ਾਰਾ ਅੱਖੀਆਂ ਨਾਲ ਕਰਾਈਆ । ਤੂੰ ਸਰਬ ਧਾਰ ਭਖੀ, ਭਾਖਿਆ ਦੇ ਦ੍ਰਿੜਾਈਆ । ਫੇਰ ਛੇੜ ਕੇ ਰਾਮ ਦੀ ਵੱਖੀ, ਹਲੂਣਾ ਦਿਤਾ ਲਗਾਈਆ । ਫੇਰ ਫੜ ਕੇ ਝਟ ਪੱਖੀ, ਹਵਾ ਰਿਹਾ ਝੁਲਾਈਆ । ਫੇਰ ਲੈ ਕੇ ਤਿਨਕਾ ਕੱਖੀ, ਪਿੱਠ ਵਿਚ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਹਨਵੰਤ ਰਖੀ ਬੰਨ੍ਹ ਕੇ ਗਾਨਾ, ਗੁਨ ਗੁਨਾ ਕੇ ਦਿਤਾ ਜਣਾਈਆ । ਮੈਂ ਬਾਨਰ ਤੇਰਾ ਭਗਵਾਨਾ, ਭਗਵਨ ਤੇਰੀ ਆਸ ਰਖਾਈਆ । ਨਾਲੇ ਮਸਤਕ ਲਾ ਨਿਸ਼ਾਨਾ, ਧੂੜੀ ਖ਼ਾਕ ਰਮਾਈਆ । ਫੇਰ ਆਖਿਆ ਨਾਲ ਮਾਣਾ, ਨਿਮਾਣਾ ਹੋ ਕੇ ਸੀਸ ਝੁਕਾਈਆ । ਤੂੰ ਕਿਹਦਾ ਸੱਚਾ ਰਾਮਾ, ਰਮਈਆ ਦੇ ਦ੍ਰਿੜਾਈਆ ।
੧੦੬੪ ੨੩ ਜਗਤ ਵਕਤ ਤੱਕ ਸੁਬਹ ਸ਼ਾਮਾ, ਸ਼ਾਮ ਕੀ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਰਖੀ ਕਹੇ ਜਿਸ ਵੇਲੇ ਮੈਂ ਰਾਮ ਦੇ ਗੁਟ ਨਾਲ ਗਈ ਛੁਹ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਮੈਨੂੰ ਇਉਂ ਦਿਸਿਆ ਜਿਉਂ ਹਾਜ਼ਰ ਹੋਇਆ ਵਸ਼ਿਸ਼ਟ ਗੁਰੂ, ਵਿਸ਼ਵ ਦਾ ਰੰਗ ਰੰਗਾਈਆ । ਉਸ ਨੇ ਮਿੱਠਾ ਲਾਇਆ ਰਾਮ ਦੇ ਮੂੰਹ, ਖ਼ੁਸ਼ੀਆਂ ਸਗਨ ਮਨਾਈਆ । ਰਾਮ ਨੂੰ ਰਾਮ ਰੂਪ ਸਮਝਿਆ ਹੂਬਹੂ, ਇਕੋ ਰਾਮ ਨਜ਼ਰੀ ਆਈਆ । ਫੇਰ ਕਿਹਾ ਤੂੰ ਹੀ ਤੂੰ, ਤੇਰੀ ਬੇਪ੍ਰਵਾਹੀਆ । ਝਟ ਨਜ਼ਰੀ ਆਇਆ ਧਰੂ, ਪ੍ਰਹਿਲਾਦ ਨਾਲ ਮਿਲਾਈਆ । ਫੇਰ ਹਨਵੰਤ ਨੇ ਆਪਣੇ ਸੀਨੇ ਦਾ ਪਾੜ ਕੇ ਖੂਹ, ਅੰਮ੍ਰਿਤ ਦਿਤਾ ਜਣਾਈਆ । ਫੇਰ ਵਖਾ ਕੇ ਬੇਗਾਨੀ ਜੂਹ, ਜੰਗਲਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਖੀ ਕਹੇ ਮੈਂ ਲੱਗੀ ਰਾਮ ਦੀ ਬਹੀਆ, ਖ਼ੁਸ਼ੀਆਂ ਢੋਲੇ ਗਾਈਆ । ਮੈਨੂੰ ਮਿਲਿਆ ਮੇਰਾ ਸਈਆ, ਸਾਹਿਬ ਅਗੰਮ ਅਥਾਹੀਆ । ਜਿਸ ਤਰੇਤੇ ਡੋਬਣੀ ਨਈਆ, ਦੁਆਪਰ ਧਾਰ ਬਣਾਈਆ । ਝਟ ਵਸ਼ਿਸ਼ਟ ਨੇ ਕਿਹਾ ਇਹ ਬਣੇ ਘਨਈਆ, ਘਨੀਸ਼ਾਮ ਰੂਪ ਬਦਲਾਈਆ । ਝਟ ਹਾਜਰ ਹੋਈ ਦੁਰਗਾ ਇਸ਼ਟ ਮਈਆ, ਇਸ਼ਾਰੇ ਨਾਲ ਸੁਣਾਈਆ । ਹਨਵੰਤ ਕਿਹਾ ਇਹ ਸਵਾਮੀ ਸਮੀਪਤ ਰਮਈਆ, ਮੇਰਾ ਮੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਖੀ ਕਹੇ ਝਟ ਆ ਗਿਆ ਬ੍ਰਾਹਮਣ ਇਕ ਨਾਥੀ, ਜਿਸ ਨੂੰ ਨਥ੍ਹ ਕਹਿ ਕੇ ਸਾਰੇ ਗਾਈਆ । ਉਨ ਰਖੀ ਫੜੀ ਹਾਥੀ, ਬਾਂਹ ਰਾਮ ਵੱਲ ਵਧਾਈਆ । ਵਾਹ

ਮੇਰੇ ਜਜਮਾਨ ਸਮਰਾਥੀ, ਦਰ ਤੇਰੇ ਵੱਜੇ ਵਧਾਈਆ । ਮੈਂ ਗ਼ਰੀਬ ਨਿਮਾਣਾ ਅਨਾਥੀ, ਤੂੰ ਨਾਥ ਅਨਾਥਾਂ ਹੋਏਂ ਸਹਾਈਆ । ਝਟ ਹਨਵੰਤ ਕਿਹਾ ਤੂੰ ਮੇਰੀ ਮੰਨ ਆਖੀ, ਸਹਿਜ ਨਾਲ ਸੁਣਾਈਆ । ਗ਼ੁੱਸਾ ਨਾ ਕਰੀਂ ਗੁਸਤਾਖ਼ੀ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਥੀ ਕਿਹਾ ਦੋਵੇਂ ਹੱਥ ਬੰਨ੍ਹ, ਬੰਦਨਾ ਸੀਸ ਨਿਵਾਈਆ । ਭਾਗ ਦਿਹਾੜਾ ਧੰਨ, ਧੰਨ ਵੱਜੇ ਵਧਾਈਆ । ਜੇ ਮੇਰੀ ਰਾਖੀ ਰਾਮ ਛੁਹਾਏ ਤਨ, ਮੇਰੇ ਤੰਦਵੇ ਵਾਂਗ ਤੰਦ ਕਟਾਈਆ । ਮੈਂ ਤੇਰਾ ਹੋਵਾਂ ਜਨ, ਜਨਮ ਦਾ ਲੇਖਾ ਰਹੇ ਨਾ ਰਾਈਆ । ਮੈਂ ਬ੍ਰਾਹਮਣ ਤੇਰਾ ਹੋਵਾਂ ਬ੍ਰਹਮ, ਜੋ ਬ੍ਰਾਹਮਣੀ ਲਿਆ ਜਾਈਆ । ਰਖੜੀ ਬੰਨ੍ਹਣਾ ਮੇਰਾ ਧਰਮ, ਇਹ ਰੀਤੀ ਪਿਛਲੀ ਚਲੀ ਆਈਆ । ਨਾਲੇ ਰੋਇਆ ਛੰਮ ਛੰਮ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਖੀ ਕਹੇ ਝਟ ਸੀਤਾ ਆ ਗਈ ਪਹਿਨ ਲਬਾਸ, ਬਸਤਰ ਭਿਕਸ਼ੂਆਂ ਵਾਲੇ ਪਾਈਆ । ਰਾਮ ਦੇ ਪਹੁੰਚੀ ਪਾਸ, ਬ੍ਰਾਹਮਣ ਵੱਲ ਤਕਾਈਆ । ਨਾਲੇ ਬਚਨ ਹੱਸ ਕੇ ਕਿਹਾ ਖ਼ਾਸ, ਸਹਿਜ ਨਾਲ ਸੁਣਾਈਆ । ਮੇਰੇ ਰਾਮ ਦਾ ਵੇਖ ਪ੍ਰਕਾਸ਼, ਜੋ ਮਾਲਕ ਧੁਰਦਰਗਾਹੀਆ । ਜੇ ਰਖੀ ਬੰਨ੍ਹਣੀ ਪਹਿਲੋਂ ਭਗਤ ਬਣ ਦਾਸ, ਦਾਸੀ ਹੋ ਕੇ ਸੇਵ ਕਮਾਈਆ । ਫੇਰ ਚਰਨ ਕਵਲ ਰਖ ਆਸ, ਆਸਾ ਜਗਤ ਵਾਲੀ ਤਜਾਈਆ । ਝਟ ਪਾਣੀ ਦਾ ਫੜ ਗਿਲਾਸ, ਵਿਚੋਂ ਰਾਮ ਰੂਪ ਰਹੀ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਕਰੇ ਖੇਲ ਸਾਚਾ ਹਰਿ, ਸਚ ਦੀ ਕਾਰ ਆਪ ਕਮਾਈਆ । ਸੀਤਾ ਕਿਹਾ ਸੁਣ ਨਾਥੀ ਜਗਤ ਪਾਂਧੇ, ਪੰਡਤਾ ਦਿਆਂ ਜਣਾਈਆ । ਜਿਸ ਰਾਮ ਨੂੰ ਰਾਮ ਗਾਂਦੇ, ਉਹ ਰਾਮ ਬੇਪ੍ਰਵਾਹੀਆ । ਤੂੰ ਜਗਤ ਢੋਲੇ ਗਾਂਦੇ, ਸਿਫ਼ਤਾਂ ਨਾਲ ਸਲਾਹੀਆ । ਦੀਨ ਦੁਨੀ ਵਿਹਾਰ ਕਰਾਉਂਦੇ, ਬੰਧਨ ਬੰਧਨਾ ਵਾਲੇ ਰਖਾਈਆ । ਇਹ ਖੇਲ ਅਗੰਮ ਅਥਾਹ ਦੇ, ਅਗੰਮੀ ਕਾਰ ਕਮਾਈਆ । ਇਹ ਵਿਵਹਾਰ ਭੈਣ ਭਰਾ ਦੇ, ਭਈਆ ਭੈਣਾਂ ਸੰਗ ਬਣਾਈਆ । ਜਾਂ ਲੇਖੇ ਭਗਤ ਭਗਵਾਨ ਅਥਾਹ ਦੇ, ਦੂਜੀ ਵੰਡ ਨਾ ਕੋਇ ਵੰਡਾਈਆ । ਨਥੂ ਦੇ ਅੰਦਰੋਂ ਨਾਅਰੇ ਨਿਕਲੇ ਆਹ ਦੇ, ਕੂਕ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੀਤਾ ਕਿਹਾ ਨਾਥੀ ਰਾਮ ਦੇ ਚਰਨ ਦੀ ਲਾ ਧੂੜੀ, ਧੂੜੀ ਖ਼ਾਕ ਰਮਾਈਆ । ਪ੍ਰਭੂ ਦਾ ਭਗਤ ਬਣੀਂ ਨਾਲੇ ਜਨਮ ਦੀ ਬਣੀਂ ਕੁੜੀ, ਦੋਵੇਂ ਰੰਗ ਰੰਗਾਈਆ । ਤੇਰੀ ਆਸ਼ਾ ਫੇਰ ਕਦੇ ਨਾ ਥੁੜੀ, ਥੁੜਿਆ ਥੁੜਕਿਆ ਦਿਆਂ ਸਮਝਾਈਆ । ਚਰਨ ਪ੍ਰੀਤੀ ਦੇ ਵਿਚ ਜੁੜੀਂ, ਜੋੜਾ ਧੁਰ ਦੇ ਰਾਮ ਨਾਲ ਰਖਾਈਆ । ਤੇਰੀ ਆਸ਼ਾ ਨਾ ਹੋਵੇ ਨਿਗੁਰੀ, ਸਗਨ ਜਗਤ ਵਾਲਾ ਮਨਾਈਆ । ਨਾਲੇ ਇਸ਼ਾਰਾ ਕੀਤਾ ਉਹ ਲੇਖਾ ਤੱਕ ਅਨੰਦ ਪੁਰੀ, ਪੁਰੀ ਅਨੰਦ ਕੀ ਜਣਾਈਆ । ਜ਼ਿਮੀਂ ਤੱਕ ਲੈ ਜੋ ਫਿਰਦੀ ਉਤੇ ਅਗੰਮੀ ਧੁਰੀ, ਭੱਜੇ ਵਾਹੋ ਦਾਹੀਆ । ਰਾਮ ਦਾ ਨਾਮ ਤੱਕ ਲੈ ਬਣਿਆ ਛੁਰੀ, ਸ਼ਰਅ ਜਗਤ ਵਾਲੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਖੀ ਕਹੇ ਨਾਥੀ ਨਥੂ ਸੁਣਿਆ ਸੰਦੇਸ਼ਾ, ਚੁਪ ਚਾਪ ਧਿਆਨ ਲਗਾਈਆ । ਝਟ ਆ ਗਿਆ ਬ੍ਰਹਮਾ ਵਿਸ਼ਨ ਮਹੇਸ਼ਾ, ਸ਼ੰਕਰ ਪੰਧ ਮੁਕਾਈਆ । ਇਸ਼ਾਰਾ ਕਰੇ ਗਣੇਸ਼ਾ, ਗਣਪਤ ਰੂਪ ਦ੍ਰਿੜਾਈਆ । ਉਹ ਕਲਜੁਗ ਤੱਕ ਲੈ ਭੇਸਾ, ਨਿਰਗੁਣ ਧਾਰ ਰੂਪ ਅਗੰਮ ਅਥਾਹੀਆ । ਜਿਸ ਦਾ ਲਹਿਣਾ ਦੇਣਾ ਪੈਗ਼ੰਬਰਾਂ ਮੁੱਲਾ

ਸ਼ੇਸ਼ਾ, ਸ਼ਰਅ ਜਗਤ ਖੋਜ ਖੁਜਾਈਆ । ਦੋ ਜਹਾਨਾਂ ਹੋਵੇ ਨੇਤਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰਾ ਪਿਛਲਾ ਰਖੇ ਚੇਤਾ, ਚੇਤਨ ਭੁਲ ਕਦੇ ਨਾ ਜਾਈਆ । ਤੇਰੀ ਆਤਮ ਧਾਰ ਕਰੇ ਹੇਤਾ, ਪਰਮਾਤਮ ਮੇਲ ਮਿਲਾਈਆ । ਤੇਰੀ ਝੋਲੀ ਪਾਏ ਲੇਖਾ, ਅਗਲਾ ਲੇਖ ਸਮਝਾਈਆ । ਜਿਸ ਦਾ ਰੂਪ ਦਸ ਦਸਮੇਸ਼ਾ, ਜੋਤੀ ਜਾਤਾ ਡਗਮਗਾਈਆ । ਉਹ ਸਵਾਮੀ ਰਹੇ ਹਮੇਸ਼ਾ, ਹਮ ਸਾਜਣ ਇਕ ਅਖਵਾਈਆ । ਵਸੇ ਸੰਬਲ ਦੇਸਾ, ਸਚ ਘਰ ਸੋਭਾ ਪਾਈਆ । ਤੇਰੀ ਕਬੂਲ ਕਰੇ ਭੇਟਾ, ਭਾਵਨਾ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਝਟ ਨਾਥੀ ਖ਼ੁਸ਼ੀਆਂ ਦੇ ਵਿਚ ਮੰਨਿਆ, ਸੀਤਾ ਰਾਮ ਸੀਸ ਨਿਵਾਈਆ । ਸੀਤਾ ਹੱਸ ਕੇ ਕਿਹਾ ਤੇਰਾ ਰੂਪ ਜ਼ਰੂਰ ਹੋਵੇਗਾ ਕੰਨਿਆ, ਕੰਨ ਵਿਚ ਦਿਤਾ ਸੁਣਾਈਆ । ਲਹਿਣਾ ਦੇਣਾ ਹੋਵੇ ਧੰਨ ਧੰਨਿਆ, ਧੰਨ ਹੋਵੇ ਜਣੇਂਦੀ ਮਾਈਆ । ਗੜ੍ਹ ਹੰਕਾਰੀ ਹੋਵੇ ਭੰਨਿਆ, ਆਤਮ ਬ੍ਰਹਮ ਸਮਝਾਈਆ । ਗ੍ਰਿਹਿ ਮੰਦਰ ਛਡ ਦੇ ਛੱਪਰ ਛੰਨਿਆ, ਜੰਗਲ ਜੂਹਾਂ ਵੇਖ ਵਖਾਈਆ । ਵਕਤ ਸੁਹਾਵੇ ਆਪਣਾ ਸਮਿਆਂ, ਸਮੇਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਰਖੀ ਕਹੇ ਖ਼ੁਸ਼ੀਆਂ ਵਿਚ ਮੇਘਾ ਬਰਸੇ ਇੰਦਰ, ਇੰਦਰ ਇੰਦਰਾਸ ਖ਼ੁਸ਼ੀ ਬਣਾਈਆ । ਸਹੰਸਰ ਮੁਖ ਗਾਏ ਫੁਨਿੰਦਰ, ਸ਼ੇਸ਼ਾ ਵਡ ਵਡਿਆਈਆ । ਨਾਥੂ ਦਾ ਰੂਪ ਦਰਸਾ ਜੁਗਿੰਦਰ, ਜੋਗ ਜੁਗਤ ਦਿਤੀ ਬਣਾਈਆ । ਪੂਰਬ ਲੇਖਾ ਤੋੜ ਕੇ ਜੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਰਖੀ ਕਹੇ



ਮੈਂ ਰਾਮ ਦੀ ਧਾਰ ਰਾਮ ਦੀ ਰਾਮ ਲਾਲ ਗਈ ਬੱਝ, ਸੋਹਣਾ ਰੂਪ ਬਣਾਈਆ । ਮੇਰਾ ਲੇਖਾ ਪੂਰਾ ਹੋਇਆ ਅੱਜ, ਤਰੇਤਾ ਦੁਆਪਰ ਕਲਜੁਗ ਬੈਠੀ ਅੱਖ ਉਠਾਈਆ । ਇਹ ਸਗਨ ਨਹੀਂ ਕੋਈ ਜਗ, ਜੁਗਤ ਜਗਤ ਵਾਲੀ ਬਣਾਈਆ । ਚਾਰੋਂ ਕੁੰਟ ਲਗਣੀ ਅੱਗ, ਗਾਨਿਆਂ ਵਾਲੇ ਰੋਵਣ ਮਾਰਨ ਧਾਹੀਆ । ਧੀਰਜ ਸਕੇ ਕਿਸੇ ਨਾ ਬੱਝ, ਸਬੂਰੀ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਪੂਰ ਕਰਾਈਆ । ਰਖੀ ਕਹੇ ਮੇਰਾ ਖ਼ੁਸ਼ੀਆਂ ਵਾਲਾ ਤਿਵਹਾਰ, ਨਿਵ ਨਿਵ ਸੀਸ ਨਿਵਾਈਆ । ਮੈਂ ਸਭ ਦਾ ਵੇਖਾਂ ਪਿਆਰ, ਭੈਣ ਭਈਆ ਖੋਜ ਖੁਜਾਈਆ । ਚਾਰੋਂ ਕੁੰਟ ਹੋਇਆ ਅੰਧਿਆਰ, ਅੰਧ ਅਗਿਆਨ ਨਾ ਕੋਇ ਚੁਕਾਈਆ । ਮੇਰੀ ਆਸ਼ਾ ਹੋਈ ਸ਼ਰਮਸਾਰ, ਨੈਣਾਂ ਨੀਰ ਵਹਾਈਆ । ਬਿਨਾ ਭਗਤਾਂ ਤੋਂ ਪ੍ਰਭੂ ਦਾ ਰਿਹਾ ਨਾ ਕਿਸੇ ਪਿਆਰ, ਪ੍ਰੇਮ ਵਿਚ ਨਾ ਕੋਇ ਸਮਾਈਆ । ਜਗਤ ਬੰਧਨ ਹੋਏ ਦੁਖਿਆਰ, ਨਾਤਾ ਕੂੜ ਦਿਸੇ ਲੋਕਾਈਆ । ਮੈਂ ਖ਼ੁਸ਼ੀਆਂ ਵਿਚ ਬੋਲਾਂ ਇਕ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਚ ਸੰਦੇਸਾ ਦੇਵਾਂ ਆਪਣੀ ਵਾਰ, ਵਾਰਤਾ ਪਿਛਲੀ ਨਾਲ ਮਿਲਾਈਆ । ਹਨਵੰਤ ਦੀ ਰਖੜੀ ਦਾ ਰੱਖਿਆ ਵਾਲਾ ਤਿਉਹਾਰ, ਦੂਸਰ ਵੰਡ ਨਾ ਕੋਇ ਵੰਡਾਈਆ । ਜਿਸ ਰਾਮ ਨੇ ਰਾਵਣ ਦਿਤਾ ਸੰਘਾਰ, ਦੈਤਾਂ ਕੀਤੀ ਸਫ਼ਾਈਆ । ਉਹ ਭਗਤਾਂ ਬਖ਼ਸ਼ੇ ਪਿਆਰ, ਚਰਨ ਚਰਨੋਦਕ ਮੁਖ ਚੁਆਈਆ । ਕਲ ਕਲਕੀ ਲਏ ਅਵਤਾਰ, ਅੰਤ ਹੋਏ ਆਪ ਸਹਾਈਆ । ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਅਗੰਮ ਅਥਾਹੀਆ । ਸੋ ਭਗਤਾਂ ਪੈਜ ਰਿਹਾ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਭ ਦੇ ਬੇੜੇ ਲਾਵੇ ਪਾਰ, ਚੁਰਾਸੀ ਵਿਚ ਨਾ ਕੋਇ ਭਵਾਈਆ । ਲਹਿਣਾ ਦੇਣਾ ਦੇਵੇ

੧੦੬੬
੨੩

ਕਰਜ਼ ਉਤਾਰ, ਪੂਰਬ ਲੇਖਾ ਲੇਖੇ ਪਾਈਆ । ਰਖੀ ਕਹੇ ਮੇਰੀ ਓਸ ਨੂੰ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਅਪਣਾ ਰੰਗ ਰੰਗਾਈਆ । ਸੀਤਾ, ਏ ਰਾਮ ਰਖੀ ਕਿਹੜੀ ਧਾਰ, ਰਖੜੀ ਕੀ ਵਡਿਆਈਆ । ਓਧਰੋਂ ਝਟ ਸ਼ਤਰੀ ਜੀਦੂ ਖੇਡਦਾ ਆਇਆ ਸ਼ਿਕਾਰ, ਭੱਜਿਆ ਵਾਹ ਦਾਹੀਆ । ਨੇੜੇ ਪੁਜ ਕੇ ਪਹਿਲੋਂ ਸੀਤਾ ਨੂੰ ਕੀਤੀ ਨਿਮਸਕਾਰ, ਫੇਰ ਰਾਮ ਵੱਲ ਤਕਾਈਆ । ਹਨਵੰਤ ਨੂੰ ਗ਼ੁੱਸਾ ਚੜ੍ਹਿਆ ਉਨ ਕੂਕ ਕਿਹਾ ਪੁਕਾਰ, ਕਿਉਂ ਮੇਰਾ ਭਗਵਨ ਦਿਤਾ ਭੁਲਾਈਆ । ਇਹ ਰਾਮ ਮੇਰੀ ਸਰਕਾਰ, ਰਾਜਨ ਰਾਜ ਇਕ ਅਖਵਾਈਆ । ਕੀ ਹੋਇਆ ਜੇ ਅਯੁਧਿਆ ਤੋਂ ਆਇਆ ਬਾਹਰ, ਜੰਗਲਾਂ ਵਿਚ ਫੇਰਾ ਪਾਈਆ । ਸੀਤਾ ਏਸ ਦੀ ਨਾਰ, ਪਤ ਪਤਨੀ ਰੂਪ ਬਦਲਾਈਆ । ਉਹ ਬੋਲਿਆ ਨਾਲ ਹੰਕਾਰ, ਗ਼ੁੱਸੇ ਵਿਚ ਜਣਾਈਆ । ਮੈਂ ਆਪਣੀ ਮਰਜੀ ਦਾ ਮੁਖ਼ਤਿਆਰ, ਜਿਸ ਨੂੰ ਚਾਹਾਂ ਸੀਸ ਨਿਵਾਈਆ । ਹਨਵੰਤ ਫੇਰ ਕਿਹਾ ਲਲਕਾਰ, ਜ਼ੋਰ ਨਾਲ ਸੁਣਾਈਆ । ਮੇਰਾ ਦਿਲ ਚਾਹੁੰਦਾ ਤੈਨੂੰ ਹੁਣੇ ਦੇਵਾਂ ਮਾਰ, ਗੁਰਜ ਤੇਰੇ ਸੀਸ ਟਿਕਾਈਆ । ਝਟ ਰਾਮ ਨੇ ਪ੍ਰੇਮ ਨਾਲ ਕਿਹਾ ਪੁਕਾਰ, ਹਨਵੰਤ ਦਿਤਾ ਦ੍ਰਿੜਾਈਆ । ਇਹ ਮੇਰਾ ਖੇਲ ਅਪਾਰ, ਜੋ ਹਰ ਹਿਰਦੇ ਵਿਚ ਸਮਾਈਆ । ਤੂੰ ਝਗੜਾ ਨਾ ਕਰ ਤਕਰਾਰ, ਗ਼ੁੱਸਾ ਨਾ ਕੋਇ ਰਖਾਈਆ । ਫੇਰ ਹਨਵੰਤ ਕਿਹਾ ਇਸ ਪਹਿਲੋਂ ਸੀਤਾ ਦਿਤਾ ਅਧਿਕਾਰ, ਤੇਰਾ ਮਾਣ ਗਵਾਈਆ । ਮੈਂ ਵੀ ਭਗਤ ਤੇਰੇ ਚਰਨ ਕਰਾਂ ਨਿਮਸਕਾਰ, ਦਰ ਤੇਰੇ ਸੀਸ ਨਿਵਾਈਆ । ਮੇਰੀ ਬੇਨੰਤੀ ਮਨਜ਼ੂਰ ਕਰੀਂ ਸਰਕਾਰ, ਮੇਰੇ ਰਾਮ ਰਾਮ ਦੁਹਾਈਆ । ਮੈਂ ਚਾਹੁੰਦਾ ਜਦ ਇਹ ਫੇਰ ਮਿਲੇ ਤੈਨੂੰ ਇਹਦਾ ਇਸਤਰੀ ਰੂਪ ਹੋਵੇ ਵਿਚ ਸੰਸਾਰ, ਆਪਣਾ ਜਨਮ ਆਪ ਬਦਲਾਈਆ । ਰਾਮ ਨੇ ਹੱਸ ਕੇ ਕਿਹਾ ਇਹ ਕੀ ਮਾਰਿਆ ਤੀਰ ਅਣਿਆਲ, ਅਣਿਆਲਾ ਦਿਤਾ ਚਲਾਈਆ । ਨਾਲੇ ਰਾਮ ਨੇ ਹੱਸ ਕੇ ਕਿਹਾ ਤੇਰਾ ਲੇਖਾ ਜ਼ਰੂਰ ਪੂਰਾ ਹੋਵੇਗਾ ਇਹ ਮੇਰਾ ਇਕਰਾਰ, ਭੁਲ ਰਹੇ ਨਾ ਰਾਈਆ । ਪਰ ਤੇਰੇ ਬਚਨ ਦਾ ਸਦਕਾ ਮੈਨੂੰ ਇਹਦਾ ਰਖਣਾ ਪਏਗਾ ਅਧਿਕਾਰ, ਗ੍ਰਹਿ ਆਪਣੇ ਰੰਗ ਰੰਗਾਈਆ । ਉਹ ਪੂਰਬ ਲੇਖਾ ਬਲਵਿੰਦਰ ਨੇ ਜਨਮ ਲਿਆ ਤਰੇਤਾ ਦੁਆਪਰ ਕਲਜੁਗ ਅੰਤਮ ਦੂਜੀ ਵਾਰ, ਤ੍ਰੈ ਜੁਗ ਚੁਰਾਸੀ ਵਿਚ ਕਦੇ ਨਾ ਆਈਆ । ਜਿਸ ਦਾ ਲਹਿਣਾ ਦੇਣਾ ਲੇਖਾ ਅਗੰਮ ਅਪਾਰ, ਲੇਖੇ ਵਿਚ ਦ੍ਰਿੜਾਈਆ । ਜੁਗਿੰਦਰ ਸਿੰਘ ਪਿਸ਼ੌਰਾ ਸਿੰਘ ਇਸ ਸ਼ਿਕਾਰੀ ਦੇ ਸੀ ਨਾਲ, ਸਾਥੀ ਹੋ ਕੇ ਸੰਗ ਬਣਾਈਆ । ਇਨ੍ਹਾਂ ਵੱਲ ਸਭ ਨੇ ਨਿਗਾਹ ਕੀਤੀ ਏਕਾ ਵਾਰ, ਵਸ਼ਿਸ਼ਟ ਰਾਮ ਹਨਵੰਤ ਧਿਆਨ ਲਗਾਈਆ । ਨਾਲੇ ਤਾਲੀ ਮਾਰ ਕੇ ਕਿਹਾ ਇਹ ਲਹਿਣਾ ਦੇਣਾ ਕਲਜੁਗ ਅੰਤਮ ਵਾਰ, ਕਲ ਕਲਕੀ ਲੇਖਾ ਪੂਰ ਕਰਾਈਆ । ਸੋ ਵਕਤ ਸੁਹੰਜਣਾ ਪਹੁੰਚਿਆ ਆਣ, ਸਭ ਦੀ ਤ੍ਰਿਪਤ ਨਾਲ ਤ੍ਰਿਖਾ ਦਿਤੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਸੁਰਤ ਰਿਹਾ ਸੰਭਾਲ, ਸੰਬਲ ਬਹਿ ਕੇ ਆਪਣੀ ਦਇਆ ਕਮਾਈਆ ।

✪ ੨੮ ਸਾਵਣ ਸ਼ਹਿਸ਼ਾਹੀ ਸੰਮਤ ਨੌਂ ਜਬਲਪੁਰ ਗੁਰਦਾਸ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਕਲਜੁਗ ਹੋਇਆ ਹਕਾ ਬੱਕਾ, ਹੈਰਾਨੀ ਵਿਚ ਚਾਰੋਂ ਕੁੰਟ ਧਿਆਨ ਲਗਾਈਆ । ਕੀ ਪ੍ਰਭੂ ਦਾ ਕੌਲ ਇਕਰਾਰ ਵਾਅਦਾ ਪੱਕਾ,

੧੦੬੭
੨੩

ਪਰਮ ਪੁਰਖ ਆਪਣਾ ਸੁਖਨ ਤੋੜ ਨਿਭਾਈਆ । ਵਾਹਿਦ ਹੁਕਮ ਦੇਵੇ ਲਾਸ਼ਰੀਕ ਯਕਾ, ਏਕੰਕਾਰ ਆਪਣੀ ਕਾਰ ਭੁਗਤਾਈਆ । ਮੈਂ ਚਾਰੋਂ ਕੁੰਟ ਬਿਨ ਨੇਤਰ ਅੱਖ ਤੱਕਾ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਮੇਰੇ ਅੰਤਰ ਨਿਰੰਤਰ ਇਕੋ ਆਈ ਸ਼ੰਕਾ, ਸ਼ੱਕ ਦਿਆਂ ਸੁਣਾਈਆ । ਮੇਰੇ ਸਾਹਿਬ ਨੇ ਰਾਓ ਝਗੜਾ ਕਰਨਾ ਨਾਲ ਰੰਕਾ, ਰੰਕ ਰਾਜਾਨ ਸਰਬ ਕੁਰਲਾਈਆ । ਪਵਿਤ੍ਰ ਰਹਿਣਾ ਨਹੀਂ ਕੋਈ ਦਵਾਰ ਬੰਕਾ, ਧਰਨੀ ਗੜ੍ਹ ਨਾ ਕੋਇ ਵਡਿਆਈਆ । ਲਹਿਣਾ ਦੇਣਾ ਪੂਰਾ ਕਰਨਾ ਰਾਜੇ ਜਨਕਾ, ਅਯੁਧਿਆ ਵਾਸੀ ਰਾਮ ਦਏ ਦੁਹਾਈਆ । ਨਿਸ਼ਾਨ ਮਿਟਣਾ ਅੰਤਮ ਤਾਰੇ ਚੰਨ ਕਾ, ਮੁਹੰਮਦ ਬੈਠਾ ਅੱਖ ਉਠਾਈਆ । ਬੁਰਜ ਢਹਿਣਾ ਹੰਕਾਰੀ ਮਨ ਕਾ, ਮਨਸਾ ਕੂੜ ਰਹੇ ਨਾ ਰਾਈਆ । ਝਗੜਾ ਵੇਖਣਾ ਕਾਇਆ ਮਾਟੀ ਤਨ ਕਾ, ਤਤਾਂ ਖੋਜ ਖੁਜਾਈਆ । ਕਲਜੁਗ ਕਹੇ ਮੇਰਾ ਨੇਤਰ ਨੈਣ ਨਹੀਂ ਕੋਈ ਸ਼ਰਮ ਕਾ, ਹਯਾ ਦਿਤਾ ਗਵਾਈਆ । ਬਿਨ ਭਗਤਾਂ ਤੋਂ ਪਿਆਰਾ ਰਹਿਣ ਦੇਣਾ ਨਹੀਂ ਕੋਈ ਬ੍ਰਹਮ ਕਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਲੇਖਾ ਰਹਿਣ ਦੇਣਾ ਨਹੀਂ ਕੋਈ ਧਰਮ ਕਾ, ਧਰਨੀ ਧਰਤ ਧੌਲ ਨਾ ਕੋਇ ਵਡਿਆਈਆ । ਜਗਤ ਨਾਤਾ ਤੋੜਨਾ ਪ੍ਰਭ ਸ਼ਰਨਾਈ ਚਰਨ ਕਾ, ਚਰਨੋਦਕ ਮੁਖ ਨਾ ਕੋਇ ਚੁਆਈਆ । ਨੇਤਰ ਖੁਲ੍ਹਣ ਦੇਣਾ ਨਹੀਂ ਕੋਈ ਹਰਨ ਫਰਨ ਕਾ, ਨਿਜ ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਸਹਾਰਾ ਮਿਲਣਾ ਨਹੀਂ ਕਿਸੇ ਪ੍ਰਭੂ ਦੀ ਸ਼ਰਨ ਕਾ, ਸ਼ਰਨਗਤ ਨਾ ਕੋਇ ਜਣਾਈਆ । ਵਕਤ ਸੁਹੰਜਣਾ ਹੋਵੇ ਨਾ ਆਤਮ ਪਰਮਾਤਮ ਢੋਲਾ ਪੜ੍ਹਨ ਕਾ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਘਰ ਮਿਲੇ ਨਾ ਮੰਜ਼ਲ ਚੜ੍ਹਨ ਕਾ, ਨੌ ਦਰ ਕਾ ਡੇਰਾ ਢਾਹੀਆ । ਜਗਤ ਜਹਾਨ ਵਕਤ ਹੋਣਾ ਅਗਨੀ ਸੜਨ ਕਾ, ਕਲਜੁਗ ਕਹੇ ਮੈਂ ਚਾਰੋਂ ਕੁੰਟ ਧਿਆਨ ਲਗਾਈਆ । ਪਿਆਰ ਰਹਿਣਾ ਨਹੀਂ ਵਰਨ ਬਰਨ ਕਾ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਸਰਬ ਕੁਰਲਾਈਆ । ਵਕਤ ਆ ਗਿਆ ਦੀਨਾਂ ਮਜ਼੍ਹਬਾਂ ਲੜਨ ਕਾ, ਹਿੰਦੂ ਮੁਸਲਿਮ ਸਿਖ ਈਸਾਈ ਬਚਿਆ ਰਹਿਣ ਕੋਇ ਨਾ ਪਾਈਆ । ਇਹ ਖੇਲ ਪ੍ਰਭੂ ਘਾੜਨ ਘੜਨ ਦਾ, ਘੜਨ ਭੰਨਣਹਾਰ ਆਪਣੀ ਕਲ ਵਰਤਾਈਆ । ਜਿਸ ਲੇਖ ਮੁਕਾਉਣਾ ਚੋਟੀ ਚੜ੍ਹਨ ਕਾ, ਚੇਤਨ ਪਰਦਾ ਦਏ ਉਠਾਈਆ । ਹੰਕਾਰ ਮੇਟਣਾ ਹਉਮੇ ਵਾਲੇ ਗੜ੍ਹਨ ਕਾ, ਹੰਗਤਾ ਕੂੜੀ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਮੇਰੇ ਅੰਤਰ ਆਈ ਦਿਲਗੀਰੀ, ਦਲਿੱਦ੍ਰੀਆਂ ਦਿਆਂ ਜਣਾਈਆ । ਬਹੁੜੀ ਮੇਰਾ ਵਕਤ ਅਖ਼ੀਰੀ, ਆਖ਼ਰ ਦਿਤਾ ਸਮਝਾਈਆ । ਮਾਲਕ ਤੱਕ ਲਓ ਮੀਰੀ ਪੀਰੀ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਅੱਖ ਉਠਾਈਆ । ਜਿਸ ਦੀ ਖੇਲ ਬੇਨਜ਼ੀਰੀ, ਜਗ ਨੇਤਰ ਦਰਸ ਕੋਇ ਨਾ ਪਾਈਆ । ਉਹ ਆ ਗਿਆ ਤਕਦੀਰੀ, ਤਕਦੀਰਾਂ ਦਾ ਮਾਲਕ ਨੂਰ ਅਲਾਹੀਆ । ਜਿਸ ਸ਼ਰਅ ਤੋੜਨੀ ਜ਼ੰਜੀਰੀ, ਸ਼ਰੀਅਤ ਲੇਖਾ ਦਏ ਮੁਕਾਈਆ । ਆਸ਼ਾ ਪੂਰੀ ਕਰੇ ਭਗਤ ਕਬੀਰੀ, ਕਾਅਬਿਆਂ ਪਰੇ ਧਿਆਨ ਲਗਾਈਆ । ਓਹ ਜਨ ਭਗਤਾਂ ਮੇਟੇ ਅੰਤ ਦਿਲਗੀਰੀ, ਚਿੰਤਾ ਗ਼ਮ ਨਾ ਕੋਇ ਸਤਾਈਆ । ਇਕੋ ਰੰਗ ਰੰਗਾਏ ਸ਼ਾਹ ਹਕੀਰੀ, ਊਚਾਂ ਨੀਚਾਂ ਡੇਰਾ ਢਾਹੀਆ । ਸਤਿਜੁਗ ਸਚ ਦੱਸ ਤਦਬੀਰੀ, ਤਰੀਕਾ ਇਕੋ ਨਾਮ ਸਮਝਾਈਆ । ਬਸਤਰ ਨਾਮ ਦੇ ਕੇ ਚੀਰੀ, ਚਿਰੀ ਵਿਛੁੰਨੇ ਲਏ ਮਿਲਾਈਆ । ਜੋ ਲੇਖਾ ਜਾਣੇ ਰਵਿਦਾਸ ਕਸੀਰੀ, ਗੰਗਾ ਗੰਗੋਤਰੀ ਲਏ ਅੰਗੜਾਈਆ । ਉਹ ਨਾਮ ਖੰਡਾ ਫੜ ਸ਼ਮਸ਼ੀਰੀ, ਚਾਰੋਂ ਕੁਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਮੇਰੇ ਅੰਤਰ ਆਇਆ ਦੁੱਖ, ਦੁਖੀਆਂ ਦਿਆਂ ਸੁਣਾਈਆ । ਮੈਂ ਕੋਈ ਮਾਨਸ ਨਹੀਂ ਮਨੁੱਖ, ਤਤਾਂ ਰੰਗ ਨਾ ਕੋਇ ਰੰਗਾਈਆ । ਉਲਟਾ ਗਰਭ ਨਾ ਹੋਇਆ ਰੁੱਖ, ਅਗਨੀ ਤਤ ਨਾ ਕੋਇ ਤਪਾਈਆ । ਮੈਂ ਨੂਰ ਨੁਰਾਨਾ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬ੍ਰਹਮ ਮੇਰੀ ਬਣਤ ਦਿਤੀ ਬਣਾਈਆ । ਮੈਂ ਆਪਣੀ ਸੁਹਾਵਣ ਆਇਆ ਰੁਤ, ਰੁਤੜੀ ਕੂੜ ਨਾਲ ਮਹਿਕਾਈਆ । ਪਵਿਤ੍ਰ ਰਹਿਣ ਦੇਣਾ ਨਹੀਂ ਕੋਈ ਬੁਤ, ਬੁਤਖ਼ਾਨੇ ਰੋਵਣ ਮਾਰਨ ਧਾਹੀਆ । ਅਪਰਾਧੀ ਕਰਨੇ ਸਾਰੇ ਸੁਤ, ਜਨਣੀ ਮਿਲੇ ਨਾ ਕਿਸੇ ਵਡਿਆਈਆ । ਪੰਜ ਵਿਕਾਰੇ ਸਭ ਨੂੰ ਦੇਣਾ ਕੁੱਟ, ਕਾਇਆ ਕੁਟੀਆ ਸਾਫ਼ ਨਾ ਕੋਇ ਕਰਾਈਆ । ਮੈਂ ਘਰ ਘਰ ਪਾਉਣੀ ਲੁੱਟ, ਲੁਟੇਰਾ ਹੋ ਕੇ ਭੱਜਾਂ ਵਾਹੋ ਦਾਹੀਆ । ਨੌ ਖੰਡ ਪ੍ਰਿਥਮੀ ਪਾਉਣੀ ਫੁੱਟ, ਫੁਟਕਲ ਹੋਏ ਲੋਕਾਈਆ । ਰੰਕ ਰਾਜਾਨਾਂ ਨਾਤਾ ਜਾਣਾ ਟੁੱਟ, ਰਾਓ ਰੰਕਾਂ ਸੰਗ ਨਾ ਕੋਇ ਬਣਾਈਆ । ਸਭ ਦੇ ਭਾਗ ਜਾਣੇ ਨਿਖੁੱਟ, ਸਿਰ ਹੱਥ ਨਾ ਕੋਇ ਟਿਕਾਈਆ । ਅੰਮ੍ਰਿਤ ਮਿਲੇ ਕਿਸੇ ਨਾ ਘੁਟ, ਬੂੰਦ ਸਵਾਂਤੀ ਨਾ ਕੋਇ ਚੁਆਈਆ । ਆਤਮ ਪਰਮਾਤਮ ਨਾਤਾ ਰਿਹਾ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਬਿਨ ਭਗਤਾਂ ਪ੍ਰਭ ਦੀ ਰਹੇ ਕਿਸੇ ਨਾ ਓਟ, ਓੜਕ ਇਸ਼ਟ ਦੀਨ ਦੁਨੀ ਗਵਾਈਆ । ਮੈਂ ਕੂੜ ਨਗਾਰੇ ਲਗਾਵਣ ਲੱਗਾ ਚੋਟ, ਚੋਟੀ ਚੜ੍ਹ ਕੇ ਦਿਆਂ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਭਰਨਾ ਖੋਟ, ਸਚ ਧਰਮ ਬਾਹਰ ਕਢਾਈਆ । ਦਰਸ਼ਨ ਪਾ ਸਕੇ ਨਾ ਕੋਇ ਨਿਰਮਲ ਜੋਤ, ਜੋਤੀ ਜਾਤਾ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਸੁਣਾਵੇ ਅਗੰਮ ਸਲੋਕ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਨਿਰਗੁਣ ਆਪੇ ਸੋਚੇ ਸੋਚ, ਜਗਤ ਸਮਝ ਦੀ ਲੋੜ ਰਹੇ ਨਾ ਰਾਈਆ ।

## ੨੮ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਜਬਲਪੁਰ ਮਹਾ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕਲਜੁਗ ਕੂੜਾ, ਕੁਕਰਮ ਰਹਿਣ ਕੋਇ ਨਾ ਪਾਈਆ । ਆਪਣੇ ਨਾਮ ਦਾ ਚਾੜ੍ਹ ਦੇ ਰੰਗ ਗੂੜ੍ਹਾ, ਲਾਲ ਗੁਲਾਲਾ ਆਪ ਰੰਗਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹਾ, ਦੁਰਮਤ ਮੈਲ ਧਵਾਈਆ । ਚਰਨ ਪ੍ਰੀਤੀ ਸਚ ਬਖ਼ਸ਼ ਦੇ ਧੂੜਾ, ਧੂੜੀ ਮਸਤਕ ਖ਼ਾਕ ਰਮਾਈਆ । ਸਾਚੇ ਨਾਮ ਸ਼ਬਦ ਦੀ ਦੇ ਦੇ ਤੂਰਾ, ਅਨਾਦੀ ਧੁਨ ਸੁਣਾਈਆ । ਜੋਤੀ ਬਖ਼ਸ਼ ਦੇ ਨੂਰਾ, ਨਿਰਮਲ ਜੋਤ ਕਰ ਰੁਸ਼ਨਾਈਆ । ਹਰ ਘਟ ਅੰਦਰ ਹੋਣਾ ਹਾਜ਼ਰ ਹਜ਼ੂਰਾ, ਤਨ ਮੰਦਰ ਸੋਭਾ ਪਾਈਆ । ਸਭ ਦਾ ਬਚਨ ਕਰਨਾ ਪੂਰਾ, ਪੂਰਨ ਸਤਿਗੁਰ ਦਇਆ ਕਮਾਈਆ । ਜਨਮ ਕਰਮ ਦਾ ਬਖ਼ਸ਼ ਕਸੂਰਾ, ਭਾਂਡਾ ਭਰਮ ਭਰਮ ਭੰਨਾਈਆ । ਪੰਧ ਮੁਕਾ ਕੇ ਨੇੜ ਦੂਰਾ, ਘਟ ਭੀਤਰ ਹੋਣਾ ਆਪ ਸਹਾਈਆ । ਇਕੋ ਪ੍ਰੇਮ ਦਾ ਬਖ਼ਸ਼ ਸਰੂਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਧਰਨੀ ਕਹੇ ਮੇਰੇ ਅਗੰਮੇ ਰਾਮ ਹਰ ਘਟ ਰਮਈਆ, ਸੀਸ ਨਿਵਾਈਆ । ਮੇਰੇ ਸਾਵਲ ਸੁੰਦਰ ਸ਼ਾਮ ਘਨਈਆ, ਮੁਕੰਦ ਮਨੋਹਰ ਲਖਮੀ

੧੦੯੯
੨੩

ਨਰਾਇਣ ਤੇਰੀ ਬੇਪਰਵਾਹੀਆ । ਮੇਰੇ ਅਮਾਮ ਅਮਾਮਾ ਨੂਰ ਅਲਹੀਆ । ਪਰਵਰਦਿਗਾਰ ਤੇਰੀ ਬੇਪਰਵਾਹੀਆ । ਮੇਰੇ ਸਤਿਨਾਮ ਦਾ ਸਤਿ ਡੰਕ ਵਜਈਆ, ਗੋਬਿੰਦ ਰੰਗ ਰੰਗੀਲਾ ਇਕੋ ਨਜ਼ਰੀ ਆਈਆ । ਕਿਰਪਾ ਕਰ ਦੇ ਸਾਚੇ ਸਈਆ, ਸਜਨੂਆਂ ਆਪਣੀ ਦਇਆ ਕਮਾਈਆ । ਲਖ ਚੁਰਾਸੀ ਸਖ਼ੀਆਂ ਫੜ ਲੈ ਬਹੀਆ, ਬਾਹੂ ਆਪਣਾ ਆਪ ਉਠਾਈਆ । ਸਾਚੇ ਨਾਮ ਚਲਾ ਦੇ ਨਈਆ, ਨੌਕਾ ਇਕ ਵਖਾਈਆ । ਲੇਖਾ ਪੂਰਾ ਕਰ ਦੇ ਆਦਿ ਸ਼ਕਤ ਦੁਰਗਾ ਅਸ਼ਟਭੁਜ ਮਈਆ, ਮਾਹਬਲੀ ਤੇਰੀ ਵਡਿਆਈਆ । ਦੀਨ ਦੁਨੀ ਨਾਤਾ ਜੋੜ ਦੇ ਭੈਣਾਂ ਭਈਆ, ਚਾਰ ਵਰਨ ਇਕ ਸਮਝਾਈਆ । ਤੂੰ ਸਵਾਮੀ ਸਦਾ ਗੁਸਈਂਆ, ਗਹਿਰ ਗਵਰ ਇਕ ਅਖਵਾਈਆ । ਕਲਜੁਗ ਕੂੜਾ ਮੇਟ ਰਵੱਈਆ, ਰਵਾਦਾਰ ਨਾ ਕੋਇ ਅਖਵਾਈਆ । ਸਤਿਜੁਗ ਸਤਿ ਧਰਮ ਹੋ ਪ੍ਰਗਟਈਆ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਲੇਖੇ ਲਾ ਲੈ ਗੋਬਿੰਦ ਵਾਲਾ ਢਈਆ, ਢਾਈ ਸਤਰਾਂ ਬਿਧਨਾ ਵਾਲੀਆਂ ਵੇਖ ਵਖਾਈਆ । ਮੁਹੰਮਦ ਚੌਦਾਂ ਸਦੀਆਂ ਲੇਖਾ ਰਿਹਾ ਵਖਈਆ, ਬਿਨਾ ਹਰਫ਼ ਹਰੂਫ਼ ਅਲਫ਼ ਯੇ ਉਠਾਈਆ । ਹਜ਼ਰਤ ਈਸਾ ਵੀਹਵੀਂ ਸਦੀ ਪਾਏ ਆਪਣੀ ਸਈਆ, ਵੀਹਵੀਂ ਸਦੀ ਮਿਲ ਕੇ ਵੱਜੇ ਵਧਾਈਆ । ਤੂੰ ਬੇਪਰਵਾਹ ਬੇਅੰਤ ਅਖਵਈਆ, ਅੱਖਰਾਂ ਤੋਂ ਬਾਹਰ ਤੇਰੀ ਵਡਿਆਈਆ । ਚਾਰ ਜੁਗ ਦੇ ਸ਼ਾਸਤਰ ਜਿਸ ਦੇ ਬਣੇ ਗਵਈਆ, ਗਾ ਗਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਪ੍ਰਭੂ ਅਗੰਮੇ ਨਾਥ, ਤ੍ਰੈਲੋਕੀ ਸਲੋਕੀ ਇਕ ਸੁਣਾਈਆ । ਮੈਂ ਨਿਵ ਨਿਵ ਮਸਤਕ ਟੇਕਾਂ ਧੂੜੀ ਰਮਾਵਾਂ ਮਾਥ, ਚਰਨ ਕਵਲ ਕਵਲ ਵਡਿਆਈਆ । ਤੇਰਾ ਸਤਿ ਸਰੂਪੀ ਸ਼ਾਹੋ ਭੂਪੀ ਵੇਖਾਂ
੧੧੦੦ ੨੩ ਰਾਥ, ਰਖਵਾਹੀ ਆਪਣੀ ਲੈ ਅੰਗੜਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਜੋ ਕਹਿ ਕੇ ਗਿਆ ਰਾਮ ਬੇਟਾ ਦਸਰਾਥ, ਦਹਿ ਦਿਸ਼ਾ ਅੱਖ ੧੧੦੦ ੨੩
ਉਠਾਈਆ । ਮੇਰੇ ਸਗਲ ਵਸੂਰੇ ਜਾਇਣ ਲਾਥ, ਦੁੱਖ ਦਲਿਦ੍ਰ ਦੇਣਾ ਗਵਾਈਆ । ਤੂੰ ਮਾਲਕ ਧੁਰ ਦਾ ਪਰਮ ਪੁਰਖ ਸਮਰਾਥ, ਸਮਰਥ ਤੇਰੀ ਵਡਿਆਈਆ । ਤੇਰੀ ਮਹਿੰਮਾ ਜੁਗ ਜੁਗ ਅਕਾਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਠਾਕਰ ਬੀਠਲੋ ਸਵਾਮੀ, ਗੁਰਦੇਵਾ ਨਿਵ ਨਿਵ ਸੀਸ ਨਿਵਾਈਆ । ਮੇਰੇ ਅੰਤਰ ਆਤਮ ਪਰਮਾਤਮ ਅੰਤਰਜਾਮੀ, ਘਟ ਘਟ ਤੇਰਾ ਖੇਲ ਵੇਖ ਵਖਾਈਆ । ਚਾਰ ਜੁਗ ਦੇ ਸ਼ਾਸਤਰ ਤੇਰੀ ਬਾਣੀ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਮੈਂ ਤੱਕਾਂ ਤੇਰੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਜਲ ਸਰੋਵਰ ਵੇਖਾਂ ਅੱਠ ਸੱਠ ਪਾਣੀ, ਤੀਰਥ ਤੱਟਾਂ ਧਿਆਨ ਲਗਾਈਆ । ਧਰਨੀ ਕਹੇ ਤੇਰੇ ਵਿਟਹੁ ਜਾਵਾਂ ਕੁਰਬਾਨੀ, ਆਪ ਆਪਣਾ ਘੋਲ ਘੁਮਾਈਆ । ਮੇਰੇ ਪਰਮ ਪੁਰਖ ਮੇਰੇ ਉਤੋਂ ਕਲਜੁਗ ਕੂੜ ਮੇਟ ਨਿਸ਼ਾਨੀ, ਨਿਸ਼ਾਨਾ ਸਚ ਧਰਮ ਝੁਲਾਈਆ । ਸਤਿਜੁਗ ਸਾਚੇ ਬਖ਼ਸ਼ ਚਰਨ ਧਿਆਨੀ, ਬਿਨ ਨੈਣਾਂ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਸਵਾਮੀ ਕਮਲਾਪਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਨਿਗਾਹ ਮਾਰ ਕੇ ਨਿਗਾਹਬਾਨ ਤੱਕ, ਬਿਨ ਨੈਣਾਂ ਨੈਣ ਉਠਾਈਆ । ਮੇਰਾ ਮੈਨੂੰ ਦੇ ਦੇ ਹਕ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਸੇ ਨੂੰ ਰਹੇ ਕੋਈ ਨਾ ਸ਼ੱਕ, ਦੀਨ ਦੁਨੀ ਸ਼ਿਕਵੇ ਦੇ ਗਵਾਈਆ । ਸਭ ਕਿਛ ਤੇਰੇ ਹੱਥ, ਸਮਰਥ ਤੇਰੀ ਬੇਪਰਵਾਹੀਆ ।

ਧਰਨੀ ਕਹੇ ਮੈਂ ਚਾਹੁੰਦੀ ਕਲਜੁਗ ਕੂੜੀ ਕਿਰਿਆ ਦੇ ਮਥ, ਨਾਮ ਮਧਾਣਾ ਹੱਥ ਉਠਾਈਆ । ਮੇਰੇ ਉਤੇ ਸਤਿਜੁਗ ਸਚ ਧਰਮ ਦਾ ਚਲੇ ਰਥ, ਰਥਵਾਹੀ ਹੋ ਕੇ ਹੋਣਾ ਆਪ ਸਹਾਈਆ । ਤੇਰੇ ਚਰਨ ਕਵਲ ਜਾਵਾਂ ਢੱਠ, ਨਿਵ ਨਿਵ ਲਾਗਾਂ ਪਾਈਆ । ਧਰਨੀ ਕਹੇ ਪ੍ਰਭੂ ਕਲਜੁਗ ਸਮਾਂ ਬਦਲ ਦੇ ਵਿਚ ਸਾਲਾਂ ਅੱਠ, ਅੱਠਾਂ ਤਤਾਂ ਦਾ ਪੰਧ ਮੁਕਾਈਆ । ਮੈਂ ਵੀ ਕਰ ਕੇ ਬੈਠੀ ਹੱਠ, ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਲਗਾਈਆ । ਆਤਮ ਪਰਮਾਤਮ ਸਭ ਦਾ ਕਰ ਇਕੱਠ, ਦੀਨਾਂ ਮਜ਼੍ਹਬਾਂ ਝਗੜਾ ਰਹੇ ਨਾ ਰਾਈਆ । ਪਾਰਬ੍ਰਹਮ ਬ੍ਰਹਮ ਧਾਰ ਬਖ਼ਸ਼ ਦੇ ਸਤਿ, ਈਸ਼ ਜੀਵ ਜਗਦੀਸ਼ ਆਪਣੇ ਰੰਗ ਰੰਗਾਈਆ । ਹਰ ਹਿਰਦੇ ਉਪਜੇ ਬ੍ਰਹਮ ਮਤ, ਮਨ ਮਤ ਦਾ ਡੇਰਾ ਢਾਹਿਆ । ਨਿਜ ਨੇਤਰ ਖੋਲ ਦੇ ਅੱਖ, ਲੋਚਨ ਆਪਣੇ ਕਰ ਰੁਸ਼ਨਾਈਆ । ਲੋਕਮਾਤ ਸਭ ਦੀ ਪਤ ਰਖ, ਰਖੜੀ ਅੱਜ ਦੀ ਦਏ ਗਵਾਹੀਆ । ਲਹਿਣਾ ਮੁਕਾ ਦੇ ਕਿਸ਼ਨਾ ਸੁਕਲਾ ਪੱਖ, ਅੰਧ ਅੰਧੇਰ ਗਵਾਈਆ । ਜਨ ਭਗਤਾਂ ਦਰਸ ਦੇ ਪ੍ਰਤਖ, ਸਨਮੁਖ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਖੀ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਪ੍ਰਭੂ ਚੰਗੀ ਦਏ ਵਡਿਆਈਆ । ਜਿਸ ਦੇ ਚਰਨ ਧਾਰ ਸਰੋਵਰ ਗੰਗਾ, ਗੰਗੋਤਰੀ ਖ਼ੁਸ਼ੀ ਮਨਾਈਆ । ਨਾਮ ਵਜਾਏ ਮਰਦੰਗਾ, ਸ਼ਬਦ ਕਰੇ ਸ਼ਨਵਾਈਆ । ਆਤਮ ਬਖ਼ਸ਼ ਅਨੰਦਾ, ਪਰਮਾਨੰਦ ਵਿਚ ਰਖਾਈਆ । ਲੇਖਾ ਜਾਣੇ ਤਾਰਾ ਚੰਦਾ, ਸੂਰੀਆ ਖੋਜ ਖੁਜਾਈਆ । ਜੋ ਮਨਸਾ ਰਖੀ ਪਰੀ ਅਰੰਭਾ, ਚੌਦਾਂ ਰਤਨਾਂ ਨਾਲ ਵਡਿਆਈਆ । ਜੋ ਚੌਦਾਂ ਤਬਕਾਂ ਇਕ ਰਖਾਇਆ ਹਕ ਯਕ ਸ਼ੰਭਾ, ਸਦੀ ਚੌਧਵੀਂ ਗੰਢ ਪਵਾਈਆ । ਚੌਦਾਂ ਲੋਕ ਪੰਧ ਰਹੇ ਨਾ ਲੰਬਾ, ਚੌਦਸ ਆਪਣਾ ਖੇਲ ਖਿਲਾਈਆ । ਰਾਖੀ
੧੧੦੧ ੨੩ ਕਹੇ ਪ੍ਰਭੂ ਦਾ ਖੇਲ ਸਦਾ ਅਚੰਭਾ, ਜੁਗ ਜੁਗ ਆਪਣੀ ਕਾਰ ਭੁਗਤਾਈਆ । ਸੱਜੇ ਅੰਗੂਠੇ ਚਰਨ ਤੇ ਤ੍ਰਿਪਤ ਪੁੱਠਿਆਂ ਹੱਥਾਂ ਨਾਲ ਬੱਧੇ ਤੰਦਾਂ, ਜਗਤ ੧੧੦੧ ੨੩
ਤੰਦਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਖੀ ਕਹੇ ਮੇਰੇ ਸਾਹਿਬ ਸਵਾਮੀ ਸਤਿਗੁਰ ਗੁਰਦੇਵਾ, ਜੁਗ ਜੁਗ ਤੇਰੀ ਬੇਪਰਵਾਹੀਆ । ਜੋ ਸਚਖੰਡ ਵਸੇ ਨਿਹਚਲ ਧਾਮ ਨਿਹਕੇਵਾ, ਨਿਰਗੁਣ ਆਪਣਾ ਆਸਣ ਲਾਈਆ । ਮੈਨੂੰ ਅੰਮ੍ਰਿਤ ਫਲ ਬਖ਼ਸ਼ ਦੇ ਅਗੰਮੀ ਮੇਵਾ, ਜਿਉਂ ਬੇਰ ਭੀਲਣੀ ਰਾਮ ਖਾਈਆ । ਕੌਸਤਕ ਮਣੀਆ ਮਸਤਕ ਲਾ ਦੇ ਥੇਵਾ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਸੱਜਾ ਚਰਨ ਕਹੇ ਮੈਂ ਉਡੀਕਾਂ ਰਖੀਆਂ, ਰਖੀ ਦਏ ਗਵਾਹੀਆ । ਜੋ ਇਸ਼ਾਰੇ ਕੀਤੇ ਭਗਤ ਧਾਰਾਂ ਆਤਮ ਸਖ਼ੀਆਂ, ਰਾਮ ਰਾਮਾ ਦਇਆ ਕਮਾਈਆ । ਉਹ ਇਕੋ ਪਿਆਰ ਦੇ ਵਿਚ ਰੱਤੀਆਂ, ਦੂਸਰ ਰੰਗ ਨਾ ਕੋਇ ਰੰਗਾਈਆ । ਸਚ ਪ੍ਰੀਤੀ ਜੋੜ ਕੇ ਨਤੀਆਂ, ਨਾਤਾ ਇਕੋ ਇਕ ਰਖਾਈਆ । ਅੰਦਰੋਂ ਕੂੜੀਆਂ ਬਦਲ ਦੇ ਮਤੀਆਂ, ਮਨ ਮਤ ਦਾ ਪੰਧ ਮੁਕਾਈਆ । ਸਚ ਪਿਆਰ ਵਿਚ ਹੋਈਆਂ ਸਤੀਆਂ, ਸਤਿਗੁਰ ਸ਼ਬਦ ਮਿਲ ਕੇ ਆਪਣਾ ਆਪ ਮਿਟਾਈਆ । ਨਾ ਠੰਡੀਆਂ ਨਾ ਤਤੀਆਂ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮੇਟੇ ਅੰਧੇਰੀ ਮੱਸਿਆ, ਸਤਿਜੁਗ ਸਾਚਾ ਚੰਦ ਨੂਰ ਕਰੇ ਰੁਸ਼ਨਾਈਆ ।

### ੨੯ ਸਾਵਣ ਸ਼ਹਿਨਸ਼ਾਹੀ ਸੰਮਤ ਨੌ ਇਟਾਰਸੀ ਭਗਤ ਸਿੰਘ ਦੇ ਗ੍ਰਿਹ

ਵਿਸ਼ਨੂੰ ਕਹੇ ਮੇਰੇ ਭਗਵਾਨ, ਸ੍ਰੀ ਭਗਵਾਨ ਤੇਰੀ ਸਰਨਾਈਆ । ਮੈਂ ਤੇਰਾ ਰੂਪ ਮਹਾਨ, ਆਦਿ ਜੁਗਾਦਿ ਤੇਰਾ ਸੰਗ ਨਿਭਾਈਆ । ਮੇਰਾ ਲੇਖਾ ਜਾਣੇ ਨਾ ਕੋਇ ਜੀਵ ਜਹਾਨ, ਜਗਤ ਸਮਝ ਕਿਸੇ ਨਾ ਆਈਆ । ਤੂੰ ਸਚ ਸਵਾਮੀ ਨੌਜਵਾਨ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਆਪਣੇ ਹੁਕਮ ਦਾ ਦੇ ਦਾਨ, ਦਾਤੇ ਦਾਨੀ ਝੋਲੀ ਪਾਈਆ । ਮੈਂ ਚਾਰੋਂ ਕੁੰਟ ਵੇਖਾਂ ਮਾਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਕਲਜੁਗ ਕੂੜ ਵੇਖਾਂ ਸ਼ੈਤਾਨ, ਸ਼ਰਅ ਸ਼ਰੀਅਤ ਪਰਦਾ ਲਾਹੀਆ । ਤੂੰ ਮਿਹਰਵਾਨ ਹੋ ਕੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਮੈਂ ਚਾਹੁੰਦਾ ਤੇਰੇ ਹੁਕਮ ਦੀ ਧਾਰ ਤੇਰੇ ਭਗਤ ਸੁਹੇਲੇ ਕਰਾਂ ਪ੍ਰਵਾਨ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਭਗਵਨ ਕਹੇ ਵਿਸ਼ਨੂੰ ਮੇਰੀ ਵਿਸ਼ਵ ਦੀ ਧਾਰ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਤੇਰੀ ਸੇਵਾ ਵਿਚ ਜੁਗ ਚੌਕੜੀ ਬੀਤੇ ਅਨਕ ਬਾਰ, ਕੋਟਨ ਕੋਟ ਪੰਧ ਮੁਕਾਈਆ । ਖੇਲ ਖੇਲਦੇ ਰਹੇ ਪੈਗ਼ੰਬਰ ਗੁਰ ਅਵਤਾਰ, ਨਿਰਗੁਣ ਸਰਗੁਣ ਵਜਦੀ ਰਹੀ ਵਧਾਈਆ । ਮੇਰਾ ਅੰਤਮ ਲਹਿਣਾ ਦੇਣਾ ਕਲ ਕਲਕੀ ਅਵਤਾਰ, ਨਿਹਕਲੰਕਾ ਨਾਉਂ ਧਰਾਈਆ । ਜੋਤੀ ਜਾਤਾ ਹੋ ਉਜਿਆਰ, ਸ਼ਬਦੀ ਡੰਕ ਇਕ ਸੁਣਾਈਆ । ਹੋ ਜਾ ਖ਼ਬਰਦਾਰ, ਆਲਸ ਨਿੰਦਰਾ ਰਹੇ ਨਾ ਰਾਈਆ । ਫਿਰਨਾ ਨਵ ਖੰਡ ਪ੍ਰਿਥਮੀ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਮਿਲ ਕੇ ਭੱਜਣਾ ਵਾਹੋ ਦਾਹੀਆ । ਸਾਚਿਆਂ ਭਗਤਾਂ ਪਾਉਣੀ ਸਾਰ, ਨਵ ਸੱਤ ਧਿਆਨ ਲਗਾਈਆ । ਹੁਕਮ ਸੁਣ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਰਿਹਾ ਸੁਣਾਈਆ । ਸਭ ਦੇ ਖ਼ਾਲੀ ਭਰਨੇ ਭੰਡਾਰ, ਭੰਡਾਰਾ ਮੇਰਾ ਅਤੁਟ ਵਰਤਾਈਆ । ਭੁੱਖ ਦੁੱਖ ਨਾਲ ਰੋਵੇ ਕੋਇ ਨਾ ਜ਼ਾਰੋ ਜ਼ਾਰ, ਗਿਰਿਆਜ਼ਾਰੀ ਨਾ ਕੋਇ ਕਰਾਈਆ । ਪੂਰਬ ਲਹਿਣਾ ਸਭ ਦਾ ਕਰਜ਼ ਉਤਾਰ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਮੈਂ ਦੇਵਣਹਾਰ ਦਾਤਾਰ, ਦਇਆਵਾਨ ਦਇਆਨਿਧ ਬੇਪਰਵਾਹੀਆ । ਵਿਸ਼ਨੂੰ ਬਿਨਾ ਸੀਸ ਕਰ ਨਿਮਸਕਾਰ, ਜਗਦੀਸ਼ ਰਿਹਾ ਦ੍ਰਿੜਾਈਆ । ਮੈਂ ਘਰ ਘਰ ਪਾਵਾਂ ਸਾਰ, ਗ੍ਰਿਹ ਗ੍ਰਿਹ ਵੇਖ ਵਖਾਈਆ । ਅੱਜ ਦਾ ਸੁਹੰਜਣਾ ਦਿਵਸ ਮੈਂ ਕਰਾਂ ਆਪਣੀ ਕਾਰ, ਕਰਤਾ ਪੁਰਖ ਕਰਨੀ ਕਾਰ ਕਮਾਈਆ । ਤੇਰੇ ਭਗਤਾਂ ਦਾ ਭਰ ਸਚ ਭੰਡਾਰ, ਭੰਡਾਰੀ ਹੋ ਕੇ ਆਪ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚੀ ਸਰਕਾਰ, ਭੂਪਤ ਭੂਪ ਤੇਰੀ ਓਟ ਰਖਾਈਆ ।

### ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ

ਸਤਿਗੁਰ ਸ਼ਬਦ ਕਹੇ ਭਾਦਰੋਂ ਪਹਿਲਾ ਪ੍ਰਵਿਸ਼ਟਾ, ਇਸ਼ਟ ਦ੍ਰਿਸ਼ਟ ਸ੍ਰਿਸ਼ਟ ਦਏ ਖੁਲਾਈਆ । ਜਨ ਭਗਤਾਂ ਪੂਰਬ ਪੂਰਨ ਪੂਰਾ ਕਰੇ ਨਿਸ਼ਚਾ, ਮਨ ਤਨ ਆਪਣੀ ਦਇਆ ਕਮਾਈਆ । ਭੇਵ ਖੁਲਾ ਕੇ ਏਕੰਕਾਰ ਇਕ ਦਾ, ਅਕਲ ਕਲਧਾਰੀ ਆਪਣਾ ਰੰਗ ਰੰਗਾਈਆ । ਵੇਸ ਵਟਾ ਕੇ

ਨਿਰਗੁਣ ਧਾਰ ਰੂਪ ਅਗੰਮਾ ਨਿਤ ਦਾ, ਨਰ ਨਰਾਇਣ ਨੂਰ ਰੁਸ਼ਨਾਈਆ । ਪੀਆ ਪ੍ਰੀਤਮ ਪਿਆਰਾ ਬਣੇ ਆਤਮ ਹਿਤ ਦਾ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜਗ ਨੇਤਰ ਨੈਣ ਕਿਸੇ ਨਾ ਦਿਸਦਾ, ਅੱਖੀਆਂ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਭਾਦਰੋਂ ਕਹੇ ਮੇਰਾ ਪਹਿਲਾ ਦਿਵਸ ਦਿਹਾੜਾ, ਸਤਿਗੁਰ ਸ਼ਬਦ ਤੇਰੀ ਸਰਨਾਈਆ । ਤੂੰ ਮਿਹਰਵਾਨ ਮਹਿਬਾਨ ਬੀਦੋ ਅਗੰਮੀ ਲਾੜਾ, ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਇਕ ਅਖਵਾਈਆ । ਮੈਂ ਸਾਹਿਬ ਸਵਾਮੀ ਅੰਤਰਜਾਮੀ ਤੇਰਾ ਵੇਖਾਂ ਸਚ ਅਖਾੜਾ, ਘਟ ਨਿਵਾਸੀ ਪੁਰਖ ਅਬਿਨਾਸ਼ੀ ਧਿਆਨ ਲਗਾਈਆ । ਲਹਿਣਾ ਦੇਣਾ ਜਾਣਾ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰਾਂ ਧਿਆਨ ਲਗਾਈਆ । ਨਵ ਸੱਤ ਤੱਕਾਂ ਅਖਾੜਾ, ਜ਼ਿਮੀਂ ਜ਼ਮਾਂ ਫੋਲ ਫੁਲਾਈਆ । ਤੇਰੇ ਹੁਕਮ ਦਾ ਵੇਖਾਂ ਧਾੜਾ, ਨਵ ਸੱਤ ਕੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਸੁਣ ਭਾਦਰੋਂ ਪਿਆਰੇ ਮੀਤਾ, ਮਿਤਰ ਪਿਆਰੇ ਦਿਆਂ ਜਣਾਈਆ । ਉਠ ਵੇਖ ਪ੍ਰਭੂ ਦੀ ਰੀਤਾ, ਕੀ ਨਿਰਗੁਣ ਧਾਰ ਖੇਲ ਖਿਲਾਈਆ । ਕੀ ਲਹਿਣਾ ਦੇਣਾ ਦੱਸੇ ਮੰਦਰ ਮਸੀਤਾ, ਕਾਅਬਿਆਂ ਕੀ ਸ਼ਨਵਾਈਆ । ਕੀ ਲੇਖਾ ਜਾਣੇ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਗੀਤਾ, ਅੰਜੀਲ ਕੁਰਾਨਾ ਅਲਿਫ਼ ਯੇ ਵਡ ਕੀ ਵਡਿਆਈਆ । ਕੀ ਸੰਦੇਸ਼ ਨਰੇਸ਼ ਦੇਵੇ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣਾ ਹੁਕਮ ਸੁਣਾਈਆ । ਕੀ ਲਹਿਣਾ ਦੇਣਾ ਹੋਵੇ ਜੀਵ ਜੀਅ ਕਾ, ਚੁਰਾਸੀ ਕੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਉਹ ਨਾਰਦ ਆ ਗਿਆ ਭੁੱਖਾ, ਹੱਥ ਮੱਥੇ ਉਤੇ ਟਿਕਾਈਆ । ਮੁਖ ਵਿਚ ਟੁੱਕਰ ਰਖ ਕੇ ਰੁੱਖਾ, ਬਿਨਾ ਦੰਦੀਆਂ ਰਿਹਾ ਦਬਾਈਆ । ਟੇਢਾ ਕਰ ਕੇ ਮੁਖਾ, ਨੈਣਾਂ ਨੀਰ ਵਹਾਈਆ । ਪ੍ਰਭੂ ਨੂੰ ਜਾਏ ਝੁਕਾ, ਸੀਸ ਜਗਦੀਸ਼ ਝੁਕਾਈਆ । ਫੇਰ ਹੱਥ ਦਾ ਵੱਟ ਕੇ ਮੁਕਾ, ਮੁਕੰਮਲ ਰਿਹਾ ਦ੍ਰਿੜਾਈਆ । ਕਲਜੁਗ ਉਠ ਵੇਖ ਲੈ ਤੇਰਾ ਅੰਤਮ ਵੇਲਾ ਢੁੱਕਾ, ਘੜੀ ਪਲ ਲੈ ਅੰਗੜਾਈਆ । ਲਹਿਣਾ ਦੇਣਾ ਅਖੀਰੀ ਚੁਕਾ, ਚੁਕੰਨਾ ਹੋ ਕੇ ਅੱਖ ਖੁਲਾਈਆ । ਮੇਰੇ ਸਾਹਿਬ ਦਾ ਭਾਣਾ ਕਦੇ ਨਾ ਰੁਕਾ, ਨਾ ਕੋਈ ਮੇਟੇ ਮੇਟ ਮਿਟਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਆਇਆ ਉਤੋਂ ਅਰਸ਼ਾ, ਅਰਸ਼ੀ ਪ੍ਰੀਤਮ ਦਿਤੀ ਵਡਿਆਈਆ । ਮੈਂ ਪਹੁੰਚਿਆ ਉਤੇ ਫ਼ਰਸ਼ਾ, ਫ਼ਰਸ਼ ਖ਼ਾਕੀ ਵੇਖ ਵਖਾਈਆ । ਮੈਨੂੰ ਜਗਤ ਜਗਿਆਸੂਆਂ ਉਤੇ ਆਵੇ ਤਰਸਾ, ਰਹਿਮਤ ਪ੍ਰਭ ਦੀ ਮੰਗ ਮੰਗਾਈਆ । ਜਾਂ ਨਿਗਾਹ ਮਾਰਾਂ ਸੰਮਤ ਨੌਂ ਦਿਸਦਾ ਮੇਰੇ ਸਾਹਿਬ ਵਾਲਾ ਬਰਸਾ, ਜੋ ਬਰਸੀਆਂ ਸਭ ਦੀਆਂ ਦਏ ਬਦਲਾਈਆ । ਲੇਖਾ ਨਜ਼ਰ ਆਵੇ ਜੋ ਗੋਬਿੰਦ ਲਿਖਿਆ ਉਤੇ ਸਰਸਾ, ਸਾਰ ਸ਼ਬਦ ਨਾਲ ਲਿਖਾਈਆ । ਮੇਰੇ ਢਈਏ ਦਾ ਪੁਰਖ ਅਕਾਲੇ ਦੀਨ ਦਿਆਲੇ ਆਪਣੇ ਲੇਖੇ ਵਿਚ ਲਾਉਣਾ ਅਰਸਾ, ਕਦੀਮ ਦਾ ਕਦਮ ਸਮਝ ਕਿਸੇ ਨਾ ਆਈਆ । ਜਨ ਭਗਤਾਂ ਨਿਰਗੁਣ ਧਾਰ ਨਿਰਵੈਰ ਹੋ ਕੇ ਦੇਣਾ ਦਰਸਾ, ਨਿਜ ਨੇਤਰ ਲੋਚਨ ਨੈਣ ਅੱਖ ਖੁਲਾਈਆ । ਮੇਰਾ ਅੱਖਰਾਂ ਤੋਂ ਬਿਨਾ ਪ੍ਰਭੂ ਇਕੋ ਹੋਵੇ ਪਰਚਾ, ਪ੍ਰਾਚੀਨ ਦਾ ਲਹਿਣਾ ਦੇਣਾ ਮੁਕਾਈਆ । ਤੇਰੀ ਘਰ ਘਰ ਹੋਵੇ ਚਰਚਾ, ਚਰਾਗਾਹਾਂ ਵਿਚ ਤੇਰੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੧੦੩
੨੩

ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਨਾਰਦ ਕਹੇ ਧਰਨੀਏ ਉਠ ਤੈਨੂੰ ਵਖਾਵਾਂ ਰਸਤਾ, ਬਿਨ ਨੈਣਾਂ ਨੈਣ ਤਕਾਈਆ । ਮੇਰਾ ਖੋਲ ਕੇ ਕਮਲੀਏ ਤੱਕ ਲੈ ਬਸਤਾ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਮੇਰੇ ਕੋਲ ਪ੍ਰਭੂ ਦਾ ਨਾਮ ਅਗੰਮਾ ਸਸਤਾ, ਕੌਡੀ ਕੀਮਤ ਦਾਮ ਨਾ ਕੋਇ ਰਖਾਈਆ । ਜਿਹੜਾ ਕਰੇ ਮਸਤ ਅਲਮਸਤਾ, ਖ਼ੁਮਾਰੀ ਨਾਮ ਵਾਲੀ ਚੜ੍ਹਾਈਆ । ਓਹ ਇਕੋ ਸੰਦੇਸਾ ਦੋ ਜਹਾਨਾਂ ਦੱਸਦਾ, ਦਹਿ ਦਿਸ਼ਾ ਰਿਹਾ ਸਮਝਾਈਆ । ਦੋ ਜਹਾਨੋ ਨੌਜਵਾਨੋ ਮਰਦ ਮਰਦਾਨੋ ਸ੍ਰੀ ਭਗਵਾਨ ਇਕੋ ਗ੍ਰਿਹ ਵਸਦਾ, ਦੂਸਰ ਬੰਕ ਨਾ ਕੋਇ ਵਡਿਆਈਆ । ਜੋ ਵਣਜਾਰਾ ਹੋਇਆ ਭਗਤਾਂ ਵਾਲੇ ਜਸ ਦਾ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਮਾਲਕ ਖ਼ਾਲਕ ਹੋ ਕੇ ਪੈਜ ਜੁਗ ਜੁਗ ਰਖਦਾ, ਕਲਜੁਗ ਅੰਤਮ ਦਇਆ ਕਮਾਈਆ । ਲੂੰ ਲੂੰ ਅੰਦਰ ਸਾਢੇ ਤਿੰਨ ਕਰੋੜ ਹੋ ਕੇ ਰਚਦਾ, ਰਚਨਾ ਆਪਣੀ ਦਏ ਵਖਾਈਆ । ਲੇਖੇ ਲਾਵੇ ਤਿੰਨ ਸੌ ਸੱਠ ਹਾਡੀ ਭਾਂਡਾ ਕਾਇਆ ਕੱਚ ਦਾ, ਕੰਚਨ ਗੜ੍ਹ ਆਪ ਬਣਾਈਆ । ਜਿਸ ਦੇ ਅੰਦਰ ਜਗਤ ਵਾਸ਼ਨਾ ਮਨੂਆ ਨੱਚਦਾ, ਦਹਿ ਦਿਸ਼ਾ ਉਠ ਉਠ ਧਾਹੀਆ । ਜਗਤ ਵਿਕਾਰਾ ਸਦਾ ਮਚਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਉਹ ਖੇਲ ਕਰਾਏ ਕਮਲਾਪਤ ਦਾ, ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਜਨ ਭਗਤਾਂ ਲਹਿਣਾ ਦੇਣਾ ਪੂਰਾ ਕਰੇ ਜਪ ਦਾ, ਜਗ ਜੀਵਣ ਦਾਤਾ ਹੋਵੇ ਆਪ ਸਹਾਈਆ । ਲੇਖਾ ਜਾਣੇ ਕੂੜ ਕੁੜਿਆਰੇ ਪਪ ਦਾ, ਪਤਤ ਪਾਪੀਆਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਨਾਰਦ ਕਹੇ ਧਰਨੀ ਗੁਰ ਅਵਤਾਰ ਪੈਗ਼ੰਬਰਾਂ ਦੇ ਦੇ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਆਓ ਵੇਖੋ ਆਪਣਾ ਅਗਾ, ਆਗਮਨ ਵਿਚ ਆਪਣਾ ਪੰਧ ਮੁਕਾਈਆ । ਆਓ ਲੇਖਾ ਤੱਕੋ ਉਪਰ ਸ਼ਾਹ ਰਗਾ, ਨੌ ਦਵਾਰੇ ਡੇਰਾ ਢਾਹੀਆ । ਦੀਨ ਮਜ਼੍ਹਬ ਤੱਕੋ ਹੱਦਾ, ਹਦੂਦਾਂ ਫੋਲ ਫੁਲਾਈਆ । ਕਿਉਂ ਤੁਹਾਡੇ ਗੁਰਮੁਖ ਗੁਰਸਿਖ ਬਣ ਮੁਰੀਦ ਪੀਂਦੇ ਮਦਾ, ਮੁਰਦੇ ਖਾ ਕੇ ਆਪਣਾ ਝਟ ਲੰਘਾਈਆ । ਨੇਤਰ ਖੋਲ ਲੈ ਅੰਤ ਅਖ਼ੀਰੀ ਬੁੱਧਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਮੈਂ ਰੋ ਕੇ ਕਹਾਂ ਨਿਮਾਣੀ ਬਸੁਧਾ, ਉਚੀ ਕੂਕ ਕੂਕ ਸੁਣਾਈਆ । ਮੇਰੇ ਪ੍ਰਭੂ ਸਤਿਗੁਰ ਸ਼ਬਦ ਆਪਣਾ ਵਕਤ ਵੇਖ ਲੈ ਕਲਜੁਗਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪ੍ਰਭੂ ਦੇ ਪਿਆਰ ਦਾ ਰਿਹਾ ਕੋਇ ਨਾ ਮੁੱਦਾ, ਮੁੱਦਤਾਂ ਦਾ ਲੇਖਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰ ਹੋ ਗਿਆ ਉਘਾ, ਉਗਣ ਆਥਣ ਆਪਣਾ ਹੁਕਮ ਵਰਤਾਈਆ । ਸੰਤਾਂ ਸਾਧਾਂ ਅੰਦਰ ਪੈ ਗਈ ਦੁਬਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਸਚ ਦਵਾਰ ਕਿਸੇ ਨਾ ਸੁਝਾ, ਸਚਖੰਡ ਦਵਾਰ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਨਾਰਦ ਕਹੇ ਮੇਰਾ ਬਸਤਾ ਕੀ ਕੁਛ ਕਹਿੰਦਾ, ਬਿਨ ਹਰਫ਼ ਹਰੂਫ਼ ਦ੍ਰਿੜਾਈਆ । ਨਿਗਾਹ ਮਾਰ ਕੇ ਦਿਸ਼ਾ ਲਹਿੰਦਾ, ਬਿਨ ਅੱਖਾਂ ਅੱਖ ਉਠਾਈਆ । ਬੁਰਜ ਪੈਗ਼ੰਬਰਾਂ ਦਿਸੇ ਢਹਿੰਦਾ, ਮਹੱਲ ਅਟਲ ਨਾ ਕੋਇ ਸੁਹਾਈਆ । ਸਦੀ ਚੌਧਵੀਂ ਵਹਿਣ ਵਹਿੰਦਾ, ਅਗੇ ਹੋ ਨਾ ਕੋਇ ਅਟਕਾਈਆ । ਮੁਰੀਦ ਮੁਰਸ਼ਦ ਭਾਣਾ ਵੇਖੇ ਸਹਿੰਦਾ, ਸਿਰ ਸਕੇ ਨਾ ਕੋਇ ਉਠਾਈਆ । ਧਰਨੀ ਕਹੇ ਮੇਰਾ ਨਾਰਦਾ ਉਤੋਂ ਉਤਰਦਾ ਜਾਂਦਾ ਲਹਿੰਗਾ, ਅੰਗੀ ਅੰਗ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਨਾਰਦ ਕਹੇ ਮੇਰੇ ਬਸਤੇ ਦੇ ਵਿਚੋਂ ਬੋਲਣ ਨਿਰਾਧਾਰ ਅੱਖਰ, ਨਿਰਅੱਖਰ ਰਹੇ ਸੁਣਾਈਆ ।

ਪ੍ਰਭੂ ਦਾ ਖੇਲ ਅਨੋਖਾ ਵੱਖਰ, ਵੱਖਰੀ ਕਾਰ ਕਮਾਈਆ । ਜਿਸ ਲੇਖ ਚੁਕਾਉਣਾ ਪਾਹਨ ਪੱਥਰ, ਇੱਟਾਂ ਰੰਗ ਨਾ ਕੋਇ ਚੜ੍ਹਾਈਆ । ਮੈਂ ਉਸ ਯਾਰ ਦਾ ਲੱਭਾ ਸਬਰ, ਜੋ ਯਾਰੜਾ ਸਥਰ ਗਿਆ ਹੰਢਾਈਆ । ਨੇਤਰ ਨੀਰ ਨਾ ਵਿਰੋਲਿਆ ਅੱਥਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਅੰਤ ਅਖ਼ੀਰੀ ਇਕੋ ਕੀਤਾ ਬਚਨ, ਬਚਪਨ ਤੋਂ ਬਾਹਰ ਜਣਾਈਆ । ਜਗਤ ਧਾਰ ਤਤ ਸਰੀਰ ਨਹੀਂ ਕੋਇ ਕੰਚਨ, ਕੰਚਨਗੜ੍ਹ ਨਾ ਕੋਇ ਵਡਿਆਈਆ । ਸਭ ਨੇ ਸੜਨਾ ਵਿਚ ਅੰਚਨ, ਆਂਚ ਨਾਲ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਵੇਖ ਵਖਾਈਆ । ਭਾਦਰੋਂ ਕਹੇ ਮੇਰਾ ਦਿਵਸ ਦਿਹਾੜਾ ਇਕ, ਏਕੰਕਾਰ ਦਿਤੀ ਵਡਿਆਈਆ । ਮੈਂ ਅਸਥਲ ਹੋ ਕੇ ਗਿਆ ਟਿਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਇਕੋ ਦਰ ਤੇ ਗਿਆ ਵਿਕ, ਕੀਮਤ ਜਗਤ ਨਾ ਕੋਇ ਜਣਾਈਆ । ਇਕੋ ਸਵਾਮੀ ਕਰ ਕੇ ਹਿੱਤ, ਹਿਤਕਾਰੀ ਵੇਖ ਵਖਾਈਆ । ਦਰਸ਼ਨ ਕਰਾਂ ਨਿਤ, ਨਿਜ ਲੋਚਨ ਹੋਏ ਰੁਸ਼ਨਾਈਆ । ਸਵਾਮੀ ਪਰਮੇਸ਼ਵਰ ਮਿਲੇ ਪਿਤ, ਪਤ ਪਤਵੰਤਾ ਧੁਰਦਰਗਾਹੀਆ । ਜੋ ਆਤਮ ਧਾਰ ਕਰੇ ਹਿੱਤ, ਦੂਸਰ ਸੰਗ ਨਾ ਕੋਇ ਰਖਾਈਆ । ਸਾਚਾ ਲਹਿਣਾ ਦੇਣਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੁਖੀਆਂ ਨਾਮ ਦੀ ਪਾਵੇ ਭਿੱਖ, ਭੁੱਖਿਆਂ ਦਏ ਰਜਾਈਆ । ਬਿਨ ਨੇਤਰ ਲੋਚਨ ਆਵੇ ਦਿਸ, ਨੈਣਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਮੇਰੇ ਪਿਆਰ ਵਿਚ ਆਓ ਅਗੇ, ਅਗਲੀ ਕਥਾ ਦਿਆਂ ਸੁਣਾਈਆ । ਵੇਖੋ ਵਾਅ ਤਤੀ ਵਗੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਜੀਵ ਹੋ ਗਏ ਕੱਗੇ, ਹੰਸ ਰੂਪ ਨਾ ਕੋਇ ਪ੍ਰਗਟਾਈਆ । ਪਿਉ ਪੁਤਰਾਂ ਕਰਦੇ ਦਗ਼ੇ, ਭਈਆ ਭੈਣਾਂ ਸੰਗ ਨਾ ਕੋਇ ਵਖਾਈਆ । ਚਾਰੋਂ ਕੁੰਟ ਲੱਗੀ ਅੱਗੇ, ਦੀਨ ਮਜ਼੍ਹਬ ਰਹੀ ਜਲਾਈਆ । ਆਪਣੇ ਸਿੱਖ ਮੁਰੀਦ ਵੇਖੋ ਯਦੇ, ਯਦਪ ਆਪਣਾ ਰੂਪ ਪ੍ਰਗਟਾਈਆ । ਕੂੜ ਖ਼ੁਮਾਰੀ ਵਿਚ ਸਾਰੇ ਮਧੇ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਮਾਇਆ ਮਮਤਾ ਕੂੜ ਕੁੜਿਆਰ ਭਾਰ ਲੱਦੇ, ਸਿਰ ਸਕੇ ਨਾ ਕੋਇ ਉਠਾਈਆ । ਮੀਤ ਮੁਰਾਰੀ ਸੱਜਣ ਕੋਇ ਨਾ ਲੱਭੇ, ਖੋਜਿਆਂ ਹੱਥ ਕੋਇ ਨਾ ਆਈਆ । ਸਾਰੇ ਵੇਖੋ ਸੱਜੇ ਖੱਬੇ, ਅਗੇ ਪਿਛੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਰਤਾਈਆ । ਧਰਨੀ ਕਹੇ ਨਾਰਦਾ ਸੱਦ ਲੈ ਅਵਤਾਰ ਪੈਗ਼ੰਬਰ ਗੁਰੂ, ਗੁਰਦੇਵਾ ਧਿਆਨ ਲਗਾਈਆ । ਮੇਰੇ ਸਾਹਿਬ ਦਾ ਖੇਲ ਹੋਣ ਵਾਲਾ ਸ਼ੁਰੂ, ਸ਼ਰਅ ਵਾਲਿਆਂ ਲਏ ਉਠਾਈਆ । ਚਾਰੋਂ ਕੁੰਟ ਹੋਣੀ ਦੜੂ ਦੜੂ, ਦੋਹਰੀ ਆਪਣੀ ਧਾਰ ਬਣਾਈਆ । ਧੁਰ ਦਾ ਹੁਕਮ ਕਦੇ ਨਾ ਮੁੜੂ, ਨਾ ਕੋਈ ਮੇਟੇ ਮੇਟ ਮਿਟਾਈਆ । ਬਿਨਾ ਭਗਤਾਂ ਤੋਂ ਮੇਰੇ ਸਾਹਿਬ ਨਾਲ ਕਦੇ ਕੋਇ ਨਾ ਜੁੜੂ, ਵਿਛੋੜਾ ਹੋਣਾ ਭੈਣਾਂ ਭਾਈਆ । ਸਦੀ ਚੌਧਵੀਂ ਮੁਹੰਮਦ ਦਾ ਬੇੜਾ ਉਮਤ ਨਾਲ ਭਰ ਕੇ ਰੁੜੂ, ਅਗੇ ਹੋ ਨਾ ਕੋਇ ਅਟਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਫੇਰ ਘਰ ਘਰ ਸਾਰੀ ਝੁਰੂ, ਝੁਰੇਵੇਂ ਵਿਚ ਲੋਕਾਈਆ । ਮਾਨਸ ਮਾਨਵ ਮਾਨੁਖ ਨਿਮਕ ਦੀ ਡਲੀ ਵਾਗਰਾਂ ਖੁਰੂ, ਖੁਰਾ ਖੋਜ ਕੁੜਿਆਂ ਰਹਿਣ ਕੋਇ ਨਾ ਪਾਈਆ । ਅੰਤ ਕੰਤ ਭਗਵੰਤ ਦਾ ਇਕੋ ਮੰਤਰ ਫੁਰਨਾ ਫੁਰੂ, ਜਗਤ ਫੁਰਨਿਆਂ ਬੰਦ ਕਰਾਈਆ । ਜੋ ਕਰਤਾ ਚਾਹੇ ਸੋ ਅੰਤਮ ਆਪਣੀ ਕਰਨੀ ਕਰੂ, ਕੌਰਵ ਪਾਂਡਵ ਸਾਰੇ ਸੀਸ ਨਿਵਾਈਆ । ਧਰਨੀ ਕਹੇ ਉਸ ਵੇਲੇ

ਬ੍ਰਹਮਾ ਵਿਸ਼ਨ ਸ਼ਿਵ ਵੇਖ ਕੇ ਡਰੂ, ਇੰਦ ਇੰਦਰਾਸਣ ਤਜ ਕੇ ਧਿਆਨ ਲਗਾਈਆ । ਜਿਸ ਕਾਰਨ ਗੋਬਿੰਦ ਨੇ ਬੱਚੇ ਸ਼ਹੀਦ ਕਰਾਏ ਵਿਚ ਗੜ੍ਹੂ, ਗੜ੍ਹੀ ਚਮਕੌਰ ਦਏ ਗਵਾਹੀਆ । ਪੁਰਖ ਅਕਾਲ ਦੀਨ ਦਿਆਲ ਦੇ ਹੁਕਮ ਦਾ ਇਕੋ ਲਸ਼ਕਰ ਚੜ੍ਹੂ, ਚਾਰੋਂ ਕੁੰਟ ਕਰੇ ਲੜਾਈਆ । ਰੂਸਾ ਚੀਨਾ ਅਮਰੀਕਾ ਫ਼ਰੰਗੀਆਂ ਨਾਲ ਇਕ ਦੂਜੇ ਨੂੰ ਫੜੂ, ਬਿਨ ਹੱਥਾਂ ਹੱਥ ਉਠਾਈਆ । ਲਹਿੰਦਾ ਚੜ੍ਹਦਾ ਦੱਖਣ ਪਹਾੜ ਕਲਜੁਗ ਅਗਨੀ ਵਿਚ ਸੜੂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਧਰਨੀ ਕਹੇ ਮੈਂ ਖ਼ੁਸ਼ਹਾਲ ਹੋਵਾਂ ਵੇ ਨਾਰਦਾ ਜਿਸ ਵੇਲੇ ਸਾਰੀ ਸ੍ਰਿਸ਼ਟੀ ਤੂੰ ਮੇਰਾ ਮੈਂ ਤੇਰਾ ਨਾਮ ਪੜ੍ਹੂ, ਬਿਨਾ ਸੋਹੰ ਦੇ ਅਵਰ ਨਾ ਕੋਇ ਪੜ੍ਹਾਈਆ । ਮੈਂ ਸੁਮੇਰੂ ਪਰਬਤਾਂ ਉਤੇ ਚੜ੍ਹੂੰ, ਚਾਰੋਂ ਕੁੰਟ ਧਿਆਨ ਰਖਾਈਆ । ਜਜ਼ੀਏ ਟੈਕਸ ਦੀਨਾਂ ਮਜ਼੍ਹਬਾਂ ਕੋਲੋਂ ਭਰੂੰ, ਭਰਮਾਂ ਦੇ ਡੇਰੇ ਢਾਹੀਆ । ਪਰਮ ਪੁਰਖ ਦੀ ਸਰਨੀ ਲਗ ਕੇ ਤਰੂੰ, ਜੋ ਤਾਰਨਹਾਰ ਇਕ ਅਖਵਾਈਆ । ਜਿਸ ਦੇ ਦਰ ਤੇ ਇਕੋ ਵਾਰ ਮਰੂੰ, ਮਰ ਕੇ ਜੀਵਤ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਅਗੰਮ ਸੁਣਾਈਆ । ਧਰਨੀ ਕਹੇ ਨਾਰਦਾ ਕੀ ਪ੍ਰਭ ਨੇ ਹੁਕਮ ਅਗੰਮਾ ਛਾਪਾ, ਕੁਤਬਖਾਨਿਆਂ ਵਿਚੋਂ ਹੱਥ ਕੋਇ ਨਾ ਆਈਆ । ਨਾਰਦ ਕਹੇ ਧਰਨੀਏ ਓਹ ਤੱਕ ਲੈ ਗੁਰ ਅਵਤਾਰ ਪੈਗ਼ੰਬਰਾਂ ਵਾਲਾ ਵਾਕਾ, ਜੋ ਵਾਕਫ਼ਕਾਰ ਹੋ ਕੇ ਦਏ ਸੁਣਾਈਆ । ਆਪਣੀ ਨਵ ਧਾਰ ਦਾ ਤੱਕ ਲੈ ਖ਼ਾਕਾ, ਖ਼ਾਕ ਮਿੱਟੀ ਵਾਲੀਏ ਆਪਣਾ ਨੈਣ ਉਠਾਈਆ । ਕੀ ਖੇਲ ਅਗੰਮੀ ਆਕਾ, ਅਕਲ ਬੁੱਧੀ ਤੋਂ ਬਾਹਰ ਹੁਕਮ ਵਰਤਾਈਆ । ਆਪਣੇ ਭਵਿਖਤਾਂ ਦਾ ਖੋਲ ਕੇ ਆਪਣਾ ਤਾਕਾ, ਆਪੇ ਪਰਦਾ ਦਏ ਚੁਕਾਈਆ । ਤੇਰੇ ਉਤੇ ਵੇਖੇ ਚਾਰੋਂ ਕੁੰਟ ਅੰਧੇਰੀ ਰਾਤਾ, ਬਿਨ ਸੂਰੀਆ ਚੰਦ ਧਿਆਨ ਲਗਾਈਆ ।



੧੧੦੬
੨੩

ਲੇਖਾ ਤੱਕੇ ਜ਼ਾਤਾ ਪਾਤਾ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਰੂਪ ਪ੍ਰਗਟਾ ਕੇ ਕਮਲਾਪਾਤਾ, ਪਤਿਪਰਮੇਸ਼ਵਰ ਲਏ ਅੰਗੜਾਈਆ । ਤੈਨੂੰ ਬਖ਼ਸ਼ੇ ਅਗੰਮੀ ਦਾਤਾ, ਦੇਵਣਹਾਰ ਦਇਆ ਕਮਾਈਆ । ਆਪਣਾ ਭੇਵ ਖੋਲੇ ਖ਼ੁਲਾਸਾ, ਖ਼ੁਸੂਸੀਅਤ ਦਏ ਸਮਝਾਈਆ । ਜਿਸ ਕਾਰਨ ਰਖੀਆਂ ਆਸਾ, ਤ੍ਰਿਸ਼ਨਾ ਨਾਲ ਵਧਾਈਆ । ਤੇਰਾ ਪੂਰਾ ਕਰਾ ਭਰਵਾਸਾ, ਭਰਮ ਦਿਆਂ ਮਿਟਾਈਆ । ਉਠ ਤੱਕ ਲੈ ਜੋਤ ਨੂਰ ਪ੍ਰਕਾਸ਼ਾ, ਸੰਬਲ ਡਗਮਗਾਈਆ । ਜਿਸ ਦੀ ਦੋ ਜਹਾਨ ਵੇਖਣੀ ਰਾਸਾ, ਕੀ ਮੰਡਲਾਂ ਨਾਚ ਨਚਾਈਆ । ਕੀ ਲਹਿਣਾ ਪੂਰਾ ਕਰੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਦਏ ਵਡਿਆਈਆ । ਉਸ ਦਾ ਸਭ ਨੇ ਮੰਨਣਾ ਆਖਾ, ਜੋ ਅੱਖਰਾਂ ਤੋਂ ਬਾਹਰ ਰਿਹਾ ਦ੍ਰਿੜਾਈਆ । ਅੰਤ ਅਖ਼ੀਰ ਬੇਨਜ਼ੀਰ ਤੇਰਾ ਬਣ ਕੇ ਆਵੇ ਰਾਖਾ, ਰਖਕ ਹੋ ਕੇ ਧਿਆਨ ਰਖਾਈਆ । ਤੂੰ ਉਸ ਦੇ ਚਰਨਾਂ ਤੇ ਬਿਨ ਚਰਨਾਂ ਤੋਂ ਟੇਕਣਾ ਮਾਥਾ, ਮਸਤਕ ਧੂੜ ਰਮਾਈਆ । ਓਹ ਪੁਰਖ ਅਗੰਮ ਸਮਰਾਥਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹਦੀ ਕਥਨੀ ਕਥੇ ਅਗੰਮੀ ਗਾਥਾ, ਚਾਰ ਜੁਗ ਦੇ ਸ਼ਾਸਤਰ ਕਹਿਣ ਕਿਛ ਨਾ ਪਾਈਆ । ਉਹ ਹੋਏ ਨਾਥ ਅਨਾਥਾ, ਦੀਨਨ ਆਪਣੇ ਰੰਗ ਰੰਗਾਈਆ । ਪੰਧ ਮਾਰ ਕੇ ਆਏ ਵਾਟਾ, ਬਿਨ ਕਦਮਾ ਕਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀ ਤੱਕ ਆਪਣਾ ਸਵਾਮੀ, ਸਵੰਬਰਾਂ ਵਾਲੀਏ ਤੈਨੂੰ ਦਿਆਂ ਵਖਾਈਆ । ਜੋ ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖੇ ਖਲਕ ਖ਼ੁਦਾਈਆ । ਮਿਹਰਵਾਨ ਹੋ ਕ ਕਰੇ ਮਿਹਰਵਾਨੀ, ਮਹਿਬੂਬ ਆਪਣਾ ਰੰਗ ਚੜ੍ਹਾਈਆ । ਜਿਸ ਦਾ ਜਿਸਮ ਜ਼ਮੀਰ ਨਹੀਂ ਜਗਤ ਜਿਸਮਾਨੀ, ਤਤਾਂ ਖੇਲ ਨਾ ਕੋਇ ਖਿਲਾਈਆ । ਉਹ ਮਾਲਕ ਜਿਸ

ਨੂੰ ਈਸਾ ਕਿਹਾ ਮੇਰਾ ਬਾਪ ਅਸਮਾਨੀ, ਇਸਮ ਇਕੋ ਇਕ ਦਰਸਾਈਆ । ਜਿਸ ਦੇ ਪਿਛੇ ਪੈਗ਼ੰਬਰਾਂ ਦਿਤੀ ਕੁਰਬਾਨੀ, ਵਜੂਦ ਆਪਣਾ ਭੇਟ ਕਰਾਈਆ । ਉਹ ਸ਼ਹਿਨਸ਼ਾਹ ਨੌਜਵਾਨੀ, ਮਰਦ ਮਰਦਾਨਾ ਨੂਰ ਅਲਾਹੀਆ । ਜਿਸ ਝਗੜਾ ਮੇਟਣਾ ਦੀਨ ਦੁਨੀ ਇਸਲਾਮੀ, ਇਸਮ ਇਕੋ ਇਕ ਸਮਝਾਈਆ । ਦੀਨਾਂ ਮਜ਼੍ਹਬਾਂ ਸ਼ਰਅ ਜ਼ੰਜੀਰ ਕੱਟਣੀ ਗ਼ੁਲਾਮੀ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਇਕੋ ਮੰਜ਼ਲ ਦੱਸ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਓਹ ਲੇਖਾ ਜਾਣੇ ਆਲਮੇ ਜਾਵਦਾਨੀ, ਰਹਿਬਰ ਨੂਰ ਅਲਾਹੀਆ । ਧਰਨੀਏ ਤੈਨੂੰ ਕਰਾਂ ਸਾਵਧਾਨੀ, ਆਲਸ ਨਿੰਦਰਾ ਦੇਣੀ ਤਜਾਈਆ । ਓਸ ਦੀ ਜੂਹ ਹੋਣੀ ਨਹੀਂ ਕੋਈ ਬੇਗਾਨੀ, ਦੀਨਾਂ ਮਜ਼੍ਹਬਾਂ ਇਕੋ ਰੰਗ ਰੰਗਾਈਆ । ਜਿਸ ਝਗੜਾ ਮੇਟਣਾ ਵੇਦ ਪੁਰਾਨੀ, ਅੰਜੀਲ ਕੁਰਾਨ ਪਰਾ ਪਸੰਤੀ ਮਧਮ ਬੈਖਰੀ ਇਕੋ ਰੰਗ ਵਖਾਈਆ । ਜਿਸ ਅੱਲਾ ਹੂ ਅੱਨਾ ਹੂ ਆਤਮ ਪਰਮਾਤਮ ਸੋਹੰ ਸ਼ਬਦ ਧਾਰ ਦੱਸਣੀ ਇਕ ਨੂਰਾਨੀ, ਪਾਰਬ੍ਰਹਮ ਬ੍ਰਹਮ ਇਕੋ ਰੰਗ ਵਖਾਈਆ । ਉਹ ਸ਼ਹਿਨਸ਼ਾਹ ਸੁਲਤਾਨੀ, ਸਤਿਗੁਰ ਦਾਤਾ ਬੇਪਰਵਾਹੀਆ । ਉਸ ਦਾ ਸੁਣ ਲੈ ਇਕ ਪੈਗ਼ਾਮੀ, ਪੈਗ਼ੰਬਰਾਂ ਤੋਂ ਬਾਹਰ ਸੁਣਾਈਆ । ਧਰਨੀਏ ਖ਼ਬਰ ਦੇ ਦੇ ਆਮ ਅਵਾਮੀ, ਸੰਦੇਸਿਆਂ ਵਿਚ ਸੁਣਾਈਆ । ਉਹ ਆ ਗਿਆ ਨੂਰ ਪ੍ਰਗਟਾ ਗਿਆ ਮੇਰਾ ਅੱਲਾ ਅਵਾਮੀ, ਜਿਸ ਨੂੰ ਮੁਹੰਮਦ ਮਹਿਬੂਬ ਕਹਿਕੇ ਸੀਸ ਨਿਵਾਈਆ । ਉਹਦੀ ਤਤਾਂ ਤੋਂ ਬਾਹਰ ਨਿਸ਼ਾਨੀ, ਨਿਸ਼ਾਨੇ ਸਾਰੇ ਦਏ ਬਦਲਾਈਆ । ਲੇਖਾ ਜਾਣ ਕੇ ਚਾਰੇ ਖਾਣੀ, ਖ਼ਾਨੇ ਰਖਨੇ ਤੇਰੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜੇ ਨਾਰਦ ਆ ਜਾਏ ਮੇਰਾ ਅੱਬਾ, ਮੈਂ ਗਲਵਕੜੀ ਲਵਾਂ ਪਾਈਆ । ਮੇਰੇ ਮਾਲਕਾ ਮੇਰੀ ਦੁਰਮਤ ਮੈਲ ਦਾ ਧੋ ਦੇ ਧੱਬਾ, ਦਾਗ਼ ਰਹਿਣ ਕੋਇ ਨਾ ਪਾਈਆ । ਮੋਹ ਵਿਕਾਰ ਮੇਟ ਦੇ ਲਬਾ, ਕਾਮ ਕਰੋਧ ਦਾ ਡੇਰਾ ਢਾਹੀਆ । ਦੀਨ ਮਜ਼੍ਹਬ ਰਹੇ ਨਾ ਹੱਦਾ, ਜ਼ਾਤ ਪਾਤ ਨਾ ਵੰਡ ਵੰਡਾਈਆ । ਮੇਰੀ ਪਵਿਤ੍ਰ ਕਰ ਦੇ ਜਗਹ, ਜਗਹ ਜਗਹ ਤੇਰਾ ਨਾਮ ਸਿਫ਼ਤ ਸਲਾਹੀਆ । ਤੂੰ ਸਾਹਿਬ ਸੂਰਾ ਸਰਬਗਾ, ਸ਼ਹਿਨਸ਼ਾਹ ਇਕ ਅਖਵਾਈਆ । ਜਨ ਭਗਤਾਂ ਦਰਸ ਦੇਂਦਾ ਰਹੀਂ ਸਦਾ ਉਪਰ ਸ਼ਾਹ ਰਗਾ, ਨੌ ਦਵਾਰ ਦਾ ਡੇਰਾ ਢਾਹੀਆ । ਤੇਰਾ ਗੁਰਮੁਖ ਰਹੇ ਕੋਇ ਨਾ ਕੱਗਾ, ਹੰਸ ਹਰਿਜਨ ਦੇਣੇ ਬਣਾਈਆ । ਤ੍ਰੈਗੁਣ ਮਾਇਆ ਸਾੜੇ ਮੂਲ ਨਾ ਅੱਗਾ, ਅਗਨੀ ਤਤ ਬੁਝਾਈਆ । ਧਰਨੀ ਕਹੇ ਮੈਂ ਪ੍ਰਭੂ ਚਲਾਂ ਤੇਰੀ ਰਜ਼ਾ, ਰਿਜ਼ਕ ਰਹੀਮ ਕਰੀਮ ਤੇਰੀ ਸ਼ਰਨਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਮੇਰਾ ਮਹਿਬੂਬ ਮਾਹੀ ਉਹ ਮੈਨੂੰ ਸੰਬਲ ਵਿਚੋਂ ਲੱਭਾ, ਲਬਾਂ ਮੁੰਨਾਉਣ ਵਾਲਾ ਮੁਹੰਮਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਧਰਨੀਏ ਕੁਛ ਅਸੀਂ ਵੀ ਕਰੀਏ ਫ਼ਰੇਬ, ਜਗਤ ਵੱਲ ਧਿਆਨ ਲਗਾਈਆ । ਮੇਰੀ ਹੱਥ ਮਾਰ ਕੇ ਵੇਖ ਲੈ ਜੇਬ, ਬਿਨ ਹੱਥਾਂ ਹੱਥ ਟਿਕਾਈਆ । ਧਰਨੀ ਕਹੇ ਨਾਰਦਾ ਉਹ ਵੇਖ ਕੀ ਪੁਕਾਰਨ ਚਾਰ ਵੇਦ, ਪੁਰਾਨ ਅਠਾਰਾਂ ਕੀ ਸੁਣਾਈਆ । ਛੇ ਸ਼ਾਸਤਰ ਦਸਦੇ ਕਿਹੜਾ ਭੇਦ, ਸਿਮਰਤੀਆਂ ਰੋਵਣ ਮਾਰਨ ਧਾਹੀਆ । ਰਮਾਇਣ ਨੈਣ ਤੋਂ ਬਿਨਾ ਰਹੀ ਵੇਖ, ਅੱਖੀਆਂ ਅੱਖ ਖੁਲਾਈਆ । ਗੀਤਾ ਦੇਵੇ ਕੀ ਸੰਦੇਸ਼, ਅਠਾਰਾਂ ਧਿਆਏ ਵੰਡ ਵੰਡਾਈਆ । ਅਜੀਲ ਕੁਰਾਨ ਬਾਈਬਲ ਕਹੇ ਕੀ ਤੌਰੇਤ, ਤੁਰੀਆ ਤੋਂ ਬਾਹਰ ਕੀ ਸੁਣਾਈਆ । ਸ਼ਬਦ ਧਾਰ ਨਾਨਕ ਗੋਬਿੰਦ ਦੱਸੇ ਕਿਹੜੀ ਸੇਧ, ਮਾਰਗ ਪੰਧ ਇਕ ਸਮਝਾਈਆ । ਧਰਨੀ ਕਹੇ ਵੇ ਨਾਰਦਾ ਮੂਰਖਾ ਕੋੜਿਆ

ਕਮਲਿਆ ਉਠ ਕੇ ਬਿਨਾ ਅੱਖਾਂ ਤੋਂ ਵੇਖ, ਨੈਣਾਂ ਵਾਲਿਆਂ ਨੈਣ ਮਿਲਾਈਆ । ਪ੍ਰਭੂ ਦੇ ਚਾਰ ਜੁਗ ਦਿਆਂ ਗ੍ਰੰਥਾਂ ਨੂੰ ਕਲਜੁਗ ਜੀਵਾਂ ਨੇ ਟਕਿਆਂ ਤੋਂ ਦਿਤਾ ਵੇਚ, ਪਰਮਾਤਮਾ ਦੀ ਕੀਮਤ ਰਹਿਣ ਕੋਇ ਨਾ ਪਾਈਆ । ਨਾਰਦ ਕਹੇ ਧਰਨੀਏ ਇਹ ਵੀ ਇਸ ਦੀ ਖੇਡ, ਖਿਲਾੜੀ ਹੋ ਕੇ ਰਿਹਾ ਖਿਲਾਈਆ । ਜੇ ਗ੍ਰੰਥ ਨਾ ਹੁੰਦੇ ਤੇ ਮਾਇਆ ਮਮਤਾ ਦੀ ਕੌਣ ਪਾਉਂਦਾ ਗੇਜ, ਭਰਮਾਂ ਵਿਚ ਭਰਮ ਜਗਤ ਭਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲਾਈਆ । ਨਾਰਦ ਕਹੇ ਧਰਨੀ ਸੁਣ ਹੁਕਮ ਅਗੰਮੀ ਇਕ ਦੇ, ਏਕੰਕਾਰ ਕੀ ਦ੍ਰਿੜਾਈਆ । ਜਿਸ ਦੇ ਨਾਮ ਟਕਿਆਂ ਉਤੇ ਵਿਕਦੇ, ਕੀਮਤ ਦੀਨ ਦੁਨੀ ਰਖਾਈਆ । ਧਰਨੀ ਕਹੇ ਵੇ ਨਾਰਦਾ ਮੇਰੇ ਦੁੱਖ ਵੇਖ ਲੈ ਸੀਨੇ ਹਿਕ ਦੇ, ਹਿਕਮਤ ਨਾਲ ਫੋਲ ਫੁਲਾਈਆ । ਪ੍ਰਭ ਦੇ ਹੁਕਮ ਅੰਦਰ ਸਾਰੇ ਆਪਣਾ ਮਾਣ ਤਾਣ ਸਿਟਦੇ, ਸਿਰ ਸਕੇ ਨਾ ਕੋਇ ਉਠਾਈਆ । ਆਹ ਅੱਖਰ ਵੇਖ ਲੈ ਗੋਬਿੰਦ ਵਾਲੀ ਉਸ ਚਿੱਟ ਦੇ, ਜੋ ਚਿੱਟੇ ਅਸਵ ਵਾਲਾ ਆਪਣੀ ਧਾਰ ਨਾਲ ਗਿਆ ਲਿਖਾਈਆ । ਏਸ ਵੇਲੇ ਮਨੂਏ ਮਨ ਕਿਸੇ ਨਹੀਂ ਟਿਕਦੇ, ਟਿੱਕੇ ਲਾਉਣ ਵਾਲੇ ਸਾਰੇ ਰੋਵਣ ਮਾਰਨ ਧਾਹੀਆ । ਸਾਧ ਸੰਤ ਵੇਖ ਲੈ ਪਿਟਦੇ, ਪਟਨੇ ਵਾਲੇ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪਣੇ ਵਿਚ ਰਖਾਈਆ । ਨਾਰਦ ਕਹੇ ਧਰਨੀਏ ਮੇਰੀ ਸੁਣ ਲੈ ਹੋਰ ਗੱਲ ਬਾਤ, ਬੇਵਤਨੇ ਬਾਤਨ ਦਿਆਂ ਜਣਾਈਆ । ਸਚਖੰਡ ਨਿਗਾਹ ਮਾਰ ਲੈ ਕੀ ਹੁਕਮ ਸੰਦੇਸ਼ਾ ਮਿਲਣਾ ਅੱਜ ਦੀ ਰਾਤ, ਅਵਤਾਰ ਪੈਗ਼ੰਬਰ ਗੁਰੂ ਸਤਿਗੁਰ ਸ਼ਬਦ ਕੀ ਦ੍ਰਿੜਾਈਆ । ਸਵਾਧਾਨ ਕਰੇ ਸਭ ਨੂੰ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਝਗੜਾ ਛਡ ਕੇ ਜ਼ਾਤ ਪਾਤ, ਬਿਨਾ ਦੀਨਾਂ ਮਜ਼੍ਹਬਾਂ ਲਓ ਅੰਗੜਾਈਆ । ਧਰਨੀ ਧਰਤ ਧਵਲ ਧੌਲ ਉਤੇ ਸਾਰੇ ਲਓ ਝਾਕ, ਮਾਨਸ ਮਾਨਵ ਮਾਨੁੱਖ ਖੋਜ ਖੁਜਾਈਆ । ਕਿਸ ਕਿਸ ਨੇ ਤੁਹਾਡੇ ਨਾਮ ਕਲਮੇ ਨਾਲ ਪਾਈ ਨਜਾਤ, ਮੈਨੂੰ ਲੇਖਾ ਦਿਓ ਵਖਾਈਆ । ਤੁਸਾਂ ਲਿਖਣਾ ਬਿਨਾ ਕਲਮ ਦਵਾਤ, ਜਗਤ ਅੱਖਰਾਂ ਸੰਗ ਨਾ ਕੋਇ ਬਣਾਈਆ । ਤੁਹਾਡੇ ਨਾਮ ਕਲਮਿਆਂ ਕਿਹੜੀ ਬਖ਼ਸ਼ੀ ਦਾਤ, ਕਵਣ ਵਸਤ ਅੰਤਰ ਦਿਤੀ ਟਿਕਾਈਆ । ਮੇਰਾ ਭੇਵ ਅਭੇਦਾ ਦੱਸੋ ਬਿਨਾ ਅੱਖਰਾਂ ਵਾਲੀ ਲੁਗ਼ਾਤ, ਬਿਨ ਰਸਨਾ ਬੋਲ ਜਣਾਈਆ । ਕਿਸ ਦੀ ਲੇਖੇ ਲੱਗੀ ਰੋਜ਼ਿਆਂ ਵਾਲੀ ਨਿਮਾਜ਼, ਕਵਣ ਮੰਤਰ ਪੜ੍ਹ ਕੇ ਮੇਰੇ ਵਿਚ ਸਮਾਈਆ । ਤੁਹਾਡੇ ਹੁਕਮ ਦਾ ਉਨ੍ਹਾਂ ਕੋਲ ਕੀ ਏਜ਼ਾਜ਼, ਸਹਿਜ ਨਾਲ ਦਿਓ ਦਰਸਾਈਆ । ਜਿਸ ਬਿਧ ਤੁਹਾਡੇ ਹੁਕਮ ਨਾਲ ਜਗਤ ਸਾਜਣਾ ਆਏ ਸਾਜ, ਫ਼ਰਮਾਨੇ ਧਰਮ ਧਾਰ ਦ੍ਰਿੜਾਈਆ । ਕਿਉਂ ਨਹੀਂ ਤੁਹਾਡਾ ਕਾਇਮ ਰਿਹਾ ਰਾਜ, ਤੁਹਾਡੀ ਰਈਅਤ ਬੈਠੀ ਮੁਖ ਭਵਾਈਆ । ਨਿਗਾਹ ਮਾਰੋ ਆਪਣੇ ਵਿਚ ਸਮਾਜ, ਜਿਥੇ ਸਮਗਰੀ ਨਾਮ ਕਲਮਾ ਵਰਤਾਈਆ । ਕਿਉਂ ਨਹੀਂ ਹੋਏ ਤੁਹਾਡੇ ਪ੍ਰੇਮ ਦੇ ਮੁਹਤਾਜ, ਜਗਤ ਮੁਫ਼ਲਿਸਾਂ ਵਾਲਾ ਰੂਪ ਵਟਾਈਆ । ਕਿਉਂ ਨਹੀਂ ਸੋਈ ਸੁਰਤ ਅੰਦਰੋਂ ਗਈ ਜਾਗ, ਸ਼ਬਦ ਨਾਲ ਮਿਲ ਕੇ ਵੱਜੀ ਵਧਾਈਆ । ਕਿਉਂ ਨਹੀਂ ਆਤਮ ਦੀਪ ਜਗਿਆ ਚਰਾਗ਼, ਕਾਇਆ ਕਾਅਬਾ ਹੋਈ ਰੁਸ਼ਨਾਈਆ । ਕਿਉਂ ਨਹੀਂ ਹੰਸ ਬਣੇ ਕਾਗ, ਦੁਰਮਤ ਮੈਲ ਧਵਾਈਆ । ਤੁਹਾਡੇ ਹੁੰਦਿਆਂ ਕਿਉਂ ਬਣੇ ਲੰਗੜੇ ਲੂਲੇ ਅਪਾਹਜ, ਹੁਕਮੇ ਮੁਕਾਮੇ ਹਕ ਦੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਬਿਨਾ ਜ਼ਬਾਨ ਬੋਲਿਆਂ ਤੋਂ ਦਿਉ ਜਵਾਬ, ਜਵਾਬ ਤਲਬੀ ਵਿਚ ਸਤਿਗੁਰ ਸ਼ਬਦ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪਣੇ

੧੧੦੮
੨੩

ਹੱਥ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਇਕੋ ਇਕ ਬਿਆਨ, ਵਾਹਿਦ ਵਿਚ ਜਣਾਈਆ । ਅਸੀਂ ਇਕੋ ਨੂਰ ਜੋਤ ਮਹਾਨ, ਦੂਜਾ ਰੂਪ ਰੰਗ ਨਾ ਕੋਇ ਵਖਾਈਆ । ਸਾਡਾ ਇਕੋ ਇਕ ਮਕਾਨ, ਦਰਗਾਹ ਸਾਚੀ ਸਚਖੰਡ ਸੋਭਾ ਪਾਈਆ । ਸਾਡਾ ਇਕੋ ਇਕ ਗਾਨ, ਤੂੰ ਮੇਰਾ ਮੈਂ ਤੇਰਾ ਢੋਲਾ ਰਾਗ ਅਲਾਈਆ । ਸਾਡਾ ਇਕੋ ਇਕ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਾਡਾ ਇਕੋ ਇਕ ਅਸਥਾਨ, ਅਸਥਿਲ ਦਵਾਰ ਇਕ ਸੁਹਾਈਆ । ਅਸੀਂ ਇਕੋ ਘਰ ਹੋਏ ਪ੍ਰਵਾਨ, ਬਿਨ ਹੱਥਾਂ ਸੀਸ ਝੁਕਾਈਆ । ਸਾਡੀ ਬੋਲਣ ਵਾਲੀ ਨਹੀਂ ਜ਼ਬਾਨ, ਬਿਨ ਰਸਨਾ ਦਈਏ ਦ੍ਰਿੜਾਈਆ । ਇਥੇ ਨਾ ਕੋਈ ਸੀਤਾ ਨਾ ਕੋਈ ਰਾਮ, ਗੋਪੀਆਂ ਵਾਲਾ ਕਾਹਨ ਨਾ ਕੋਇ ਅਖਵਾਈਆ । ਨਾ ਕੋਈ ਪੈਗ਼ੰਬਰ ਨਾ ਕੋਈ ਦੀਨ ਇਸਲਾਮ, ਸ਼ਰਅ ਰੂਪ ਨਾ ਕੋਇ ਜਣਾਈਆ । ਨਾ ਮੰਤਰ ਦਿਸੇ ਸਤਿਨਾਮ, ਡੰਕਾ ਫ਼ਤਹਿ ਨਾ ਕੋਇ ਖੜਕਾਈਆ । ਜਿਧਰ ਤੱਕੀਏ ਇਕੋ ਨੂਰ ਨੂਰ ਮਹਾਨ, ਸ੍ਰੀ ਭਗਵਾਨ ਨਜ਼ਰੀ ਆਈਆ । ਜਿਸ ਦਾ ਹੁਕਮ ਸੰਦੇਸਾ ਦੇ ਕੇ ਆਏ ਫ਼ਰਮਾਨ, ਫ਼ੁਰਨਿਆਂ ਤੋਂ ਬਾਹਰ ਜਣਾਈਆ । ਓਹ ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਕਰੇ ਆਪ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਲਹਿਣਾ ਦੇਣਾ ਮੇਟਣਾ ਜਗਤ ਜਹਾਨ, ਲੇਖਾ ਸਭ ਦੀ ਝੋਲੀ ਪਾਈਆ । ਸਾਨੂੰ ਇਉਂ ਦਿਸਦਾ ਇਹ ਖੇਲ ਕਰੇ ਧੁਰ ਅਮਾਮ, ਅਮਾਮ ਅਮਾਮਾ ਨੂਰ ਅਲਾਹੀਆ । ਨਿਹਕਲੰਕਾ ਨੌਜਵਾਨ, ਸ੍ਰੀ ਭਗਵਾਨ ਅਗੰਮ ਅਥਾਹੀਆ । ਕਲ ਕਲਕੀ ਹੋ ਪ੍ਰਧਾਨ, ਇਕੋ ਹੁਕਮ ਵਰਤਾਈਆ । ਸਚ ਸਤਿ ਧਰਮ ਝੁਲਾਏ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਵਖਾਈਆ । ਨਾਰਦ ਕਹੇ ਧਰਨੀਏ ਸੁਣ ਲੈ ਲਾ ਕੇ ਕਾਨ, ਬਿਨ ਕੰਨਾਂ ਕੰਨ ਲਗਾਈਆ । ਉਹ ਸਾਹਿਬ ਸਵਾਮੀ ਪੁਰਖ ਅਕਾਲਾ ਦੀਨ
੧੧੦੯ ੨੩ ਦਿਆਲਾ ਸਤਿਗੁਰ ਸ਼ਬਦ ਉਠਾਏ ਬਲਵਾਨ, ਬਲਧਾਰੀ ਦਇਆ ਕਮਾਈਆ । ਜੋ ਆਵੇ ਵਿਚ ਮੈਦਾਨ, ਸ਼ਸਤਰ ਖੰਡਾ ਨਾਮ ਇਕ ਚਮਕਾਈਆ । ੧੧੦੯ ੨੩
ਦੀਨ ਦੁਨੀ ਕਰੇ ਹੈਰਾਨ, ਸ੍ਰਿਸ਼ਟੀ ਦ੍ਰਿਸ਼ਟੀ ਵਿਚ ਹਿਲਾਈਆ । ਮੈਨੂੰ ਇਉਂ ਦਿਸਦਾ ਜਿਸ ਚੌਧਵੀਂ ਸਦੀ ਅੰਤ ਕਰਾ ਦੇਣਾ ਕਤਲੇਆਮ, ਕਾਤਲ ਮਕਤੂਲ ਸਮਝ ਕੋਇ ਨਾ ਪਾਈਆ । ਧਰਨੀ ਤੂੰ ਖੇਲ ਵੇਖੀਂ ਨਾਲ ਆਰਾਮ, ਆਪਣਾ ਆਸਣ ਲਾਈਆ । ਤਾੜੀ ਮਾਰੇਗਾ ਦਸ਼ਰਥ ਬੇਟਾ ਰਾਮ, ਘਨਈਆ ਆਪਣਾ ਨਾਚ ਨਚਾਈਆ । ਪੈਗ਼ੰਬਰ ਸਜਦੇ ਕਰਨ ਸਲਾਮ, ਕਦਮ ਬੋਸੀ ਵਿਚ ਨੈਣ ਟਿਕਾਈਆ । ਗੁਰੂ ਗੁਰਦੇਵ ਕਰਨ ਪ੍ਰਨਾਮ, ਪ੍ਰਭ ਤੇਰੀ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਖੇਲ ਵੇਖਣਗੇ ਆਣ, ਦਰ ਤੇਰੇ ਸੋਭਾ ਪਾਈਆ । ਇੰਦਰ ਦੇਵਤਾ ਸੇਵ ਕਮਾਣ, ਕਰੋੜ ਤੇਤੀਸਾ ਦਇਆ ਕਮਾਈਆ । ਖਵਾਜਾ ਖਿਜ਼ਰ ਹੋਏ ਪ੍ਰਧਾਨ, ਬਿਨ ਕਦਮਾਂ ਕਦਮ ਉਠਾਈਆ ਧਰਨੀਏ ਤਾੜੀ ਵਜਾਵਣ ਤੇਰੇ ਉਤੇ ਅਸਮਾਨ, ਚੌਦਾਂ ਤਬਕ ਨਾਲ ਰਲਾਈਆ । ਚੌਦਾਂ ਲੋਕ ਗਾਵਣ ਗਾਣ, ਚੌਦਾਂ ਵਿਦਿਆ ਨਾਲ ਸ਼ਨਵਾਈਆ । ਚੌਦਾਂ ਰਤਨ ਹੋਵਣ ਪ੍ਰਵਾਨ, ਸਦੀ ਚੌਧਵੀਂ ਨਾਲ ਵਡਿਆਈਆ । ਧਰਨੀ ਕਹੇ ਨਾਰਦਾ ਮੈਂ ਕੀ ਜਾਣਾ ਅਣਜਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੇਰਾ ਦਾਤਾ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਮੇਟਣਾ ਕੂੜ ਨਿਸ਼ਾਨ, ਕਲਜੁਗ ਡੇਰਾ ਢਾਹੀਆ । ਸਤਿਜੁਗ ਮੇਰੀ ਝੋਲੀ ਪਾਏ ਬਾਲ ਅੰਞਾਣ, ਨੰਨ੍ਹਾ ਰੂਪ ਦਰਸਾਈਆ । ਫੇਰ ਮੈਂ ਸੁਣਾਵਾਂ ਉਸ ਨੂੰ ਗਾਣ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਉਹ ਝਟ ਭਗਤਾਂ ਕਰੇ ਪਹਿਚਾਨ, ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਭਾਦਰੋਂ ਕਹੇ ਧਰਨੀਏ ਮੈਂ ਵੀ ਆਇਆ ਮਾਤਲੋਕ, ਲੁਕਣ ਵਾਲੀਏ ਤੈਨੂੰ

ਦਿਆਂ ਜਣਾਈਆ । ਸੁਣ ਲੈ ਇਕ ਅਗੰਮਾ ਸਲੋਕ, ਕੀ ਅਗੰਮੜਾ ਰਿਹਾ ਸੁਣਾਈਆ । ਜਿਸ ਦਾ ਹੁਕਮ ਸੰਦੇਸਾ ਇਕੋ ਬਹੁਤ, ਬਹੁਤੀ ਕਥਾ ਦੀ ਲੋੜ ਰਹੇ ਨਾ ਰਾਈਆ । ਜਿਸ ਤੇਰਾ ਚਾਰ ਜੁਗ ਦਾ ਵੇਖਣਾ ਦੋਹਤ ਪੋਤ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਤੂੰ ਬਾਲ ਅੰਞਾਣੇ ਵਖਾਈਂ ਨਾਲ ਸ਼ੌਕ, ਫੜ ਫੜ ਬਾਹੋਂ ਆਪ ਉਠਾਈਆ । ਕਹੀਂ ਪ੍ਰਭੂ ਤੇਰੇ ਵੇਸ ਤੱਕੇ ਕੋਟਨ ਕੋਟ, ਅਨਕ ਕਲ ਤੇਰੀ ਬੇਪਰਵਾਹੀਆ । ਨਾਰਦ ਕਹੇ ਮੈਂ ਵੀ ਨੰਗਾ ਪਿੰਡਾ ਕਰ ਕੇ ਆ ਜਾਵਾਂਗਾ ਬੰਨ੍ਹ ਕੇ ਲੰਗੋਟ, ਬੋਦੀ ਸਿਰ ਦੇ ਉਤੇ ਹਿਲਾਈਆ । ਆਪਣੇ ਪੇਟ ਤੇ ਲਾ ਕੇ ਚੋਟ, ਦੋ ਹੱਥਾਂ ਨਾਲ ਖੜਕਾਈਆ । ਤੂੰ ਵੀ ਹੌਲੀ ਹੌਲੀ ਬੋਲੀਂ ਅੰਦਰ ਹੋਟ, ਬਾਹਰ ਸੁਣਨ ਕੋਇ ਨਾ ਪਾਈਆ । ਮੈਂ ਵੀ ਸੰਦੇਸਾ ਦੇਵਾਂਗਾ ਉਸ ਨਿਰਮਲ ਜੋਤ, ਜੋ ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਵੇਖ ਵਖਾਈਆ । ਧਰਨੀ ਕਹੇ ਸੁਣ ਵੇ ਭਾਦਰੋਂ ਭਾਰਦਵਾਜ ਦੀ ਗਾਥਾ, ਸਪਤਸ ਰਿਖੀਆਂ ਵਿਚੋਂ ਕੀ ਜਣਾਈਆ । ਉਹ ਵਕਤ ਤੱਕ ਲੈ ਜਿਸ ਵੇਲੇ ਵੇਦ ਵਿਆਸ ਨੇ ਉਂਗਲੀ ਰਖੀ ਉਤੇ ਮਾਥਾ, ਭਵਿਖਤ ਪੁਰਾਣ ਦਿਤਾ ਲਿਖਾਈਆ । ਨਿਗਾਹ ਮਾਰ ਲੈ ਕੀ ਲਹਿਣਾ ਦੇਣਾ ਤੇਰੇ ਪ੍ਰਵਿਸ਼ਟੇ ਵਿਚ ਬੇਟਾ ਰਾਮ ਦਸਰਾਥਾ, ਵਸ਼ਿਸ਼ਟ ਸਤਿਗੁਰ ਕੀ ਧਿਆਨ ਲਗਾਈਆ । ਕੀ ਕ੍ਰਿਸ਼ਨ ਕਾਹਨ ਨੇ ਅੰਤਰ ਅਰਜਨ ਭਗਤ ਸੰਦੇਸਾ ਆਖਾ, ਅਠਾਰਾਂ ਧਿਆਏ ਗੀਤਾ ਸਮਝ ਕੋਇ ਨਾ ਪਾਈਆ । ਕੀ ਮੂਸਾ ਕੋਹਤੂਰ ਉਤੇ ਜਲਵਾ ਤੱਕਿਆ ਜੋਤ ਪ੍ਰਕਾਸ਼ਾ, ਨੂਰ ਜ਼ਹੂਰ ਵਿਚੋਂ ਚਮਕਾਈਆ । ਉਹ ਲੇਖਾ ਨਾਰਦਾ ਯਾਦ ਕਰ ਲੈ ਜਿਸ ਵੇਲੇ ਹਜ਼ਰਤ ਈਸਾ ਗਲ ਵਿਚ ਪਾਈ ਫ਼ਾਸਾ, ਸਲੀਬ ਅਹਿਬਾਬੀ ਦਿਤੀ ਲਟਕਾਈਆ । ਜਿਸ ਵੇਲੇ ਹਜ਼ਰਤ ਮੁਹੰਮਦ ਚਾਰ ਯਾਰੀ ਛੱਡਿਆ ਸਾਥਾ, ਕੀ ਹੁਕਮ ਗਿਆ ਸੁਣਾਈਆ । ਕੀ ਨਿਰਗੁਣ ਧਾਰ ਨਾਨਕ ਆਪਣੀ ਦੱਸਿਆ ਸ਼ਬਦ ਅਗੰਮੀ ਭਾਸ਼ਾ, ਜਿਸ ਦਾ ਭਵਿਖਤ ਬਿਨ ਗੋਬਿੰਦ ਸਮਝ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਵੇਖਣ ਆਏ ਤਮਾਸ਼ਾ, ਰੂਪ ਅਨੂਪਾ ਸ਼ਾਹੋ ਭੂਪਾ ਆਪ ਪ੍ਰਗਟਾਈਆ । ਨਾਰਦ ਕਹੇ ਧਰਨੀਏ ਖ਼ੁਸ਼ੀਆਂ ਵਿਚ ਕਰੀਏ ਹਾਸਾ, ਹਸਤੀ ਤੱਕ ਕੇ ਬੇਪ੍ਰਵਾਹੀਆ । ਜਿਸ ਲੇਖੇ ਲਾਉਣੀਆਂ ਮਕਬਰਿਆਂ ਵਿਚੋਂ ਲਾਸ਼ਾਂ, ਤਤਾਂ ਤਨਾਂ ਵਜੂਦਾਂ ਫੋਲ ਫੁਲਾਈਆ । ਅੰਤ ਭਗਤਾਂ ਦੀਆਂ ਪੂਰੀਆਂ ਕਰਨੀਆਂ ਖ਼ਾਹਿਸ਼ਾਂ, ਦੁਖੀਆਂ ਦੁੱਖ ਮਿਟਾਈਆ । ਦੀਨਾਂ ਮਜ਼੍ਹਬਾਂ ਦੀਆਂ ਮੇਟਣੀਆਂ ਕਲਾਸਾਂ, ਇਕੋ ਨਾਮ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਮੇਰੀ ਵੇਖ ਲੈ ਜਗਤ ਦੀ ਧਾਰ ਧਾਰ ਤੋਂ ਬਾਹਰ ਲੰਗੋਟੀ, ਕੀ ਆਸਾ ਰਹੀ ਸੁਣਾਈਆ । ਭਗਤੋ ਸੰਤੋ ਸੂਫ਼ੀਓ ਗੁਰਮੁਖੋ ਗੁਰਸਿਖੋ ਉਠੋ ਵਿਚੋਂ ਕੋਟਨ ਕੋਟੀ, ਕਾਇਆ ਕੁਟੀਆ ਧਿਆਨ ਲਗਾਈਆ । ਤੁਹਾਡਾ ਮਾਲਕ ਖ਼ਾਲਕ ਪ੍ਰਿਤਪਾਲਕ ਸਵਾਮੀ ਅੰਤਰਜਾਮੀ ਚੜ੍ਹਿਆ ਉਪਰ ਚੋਟੀ, ਚੋਟਾਂ ਲਾ ਕੇ ਰਿਹਾ ਜਗਾਈਆ । ਸਤਿਗੁਰ ਚਰਨ ਪਰਸ ਕੇ ਅੰਦਰੋਂ ਨੀਤ ਨਾ ਰਖਿਓ ਖੋਟੀ, ਖੋਟਿਆਂ ਖਰੇ ਰਿਹਾ ਬਣਾਈਆ । ਜਿਸ ਪ੍ਰਭੂ ਨੂੰ ਮਿਲਣਾ ਉਹ ਖਾਏ ਮਾਸ ਨਾ ਬੋਟੀ, ਬੁਤਖ਼ਾਨਿਆਂ ਹੋਏ ਸਫ਼ਾਈਆ । ਭਾਵੇਂ ਕਲਜੁਗ ਦੀ ਉਮਰ ਗੁਰਮੁਖੋ ਸਭ ਤੋਂ ਛੋਟੀ, ਛੋਟਿਆਂ ਤੋਂ ਵੱਡੇ ਦਏ ਬਣਾਈਆ । ਜਿਨ੍ਹਾਂ ਪਿਆਰ ਵਿਚ ਸਤਿਕਾਰ ਵਿਚ ਨਿਮਸਕਾਰ ਇਕ ਵਾਰ ਕਰ ਲਈ, ਉਹ ਚਾਰ ਜੁਗ ਦੀ ਭਗਤੀ ਨਾਲੋਂ ਬਹੁਤੀ, ਅੱਖਰਾਂ ਦੀ ਪੜ੍ਹਾਈ ਨਾਲੋਂ ਧੁਰ ਦਾ ਮਾਹੀ ਦਏ ਮਿਲਾਈਆ । ਫੇਰ ਤੁਹਾਡੇ ਅੰਦਰ ਜਗਾ ਕੇ ਜੋਤੀ,

ਨਿਰਗੁਣ ਜੋਤ ਨਾਲ ਕਰੇ ਰੁਸ਼ਨਾਈਆ । ਤੁਹਾਡੀ ਸੁਰਤ ਰਹੇ ਨਾ ਸੋਤੀ, ਸ਼ਬਦੀ ਸਤਿਗੁਰ ਆਪ ਉਠਾਈਆ । ਹਰਿਜਨ ਬਣਾ ਕੇ ਮਾਣਕ ਮੋਤੀ, ਕੀਮਤ ਆਪਣੇ ਘਰ ਰਖਾਈਆ । ਗੁਰਸਿਖ ਕਦੇ ਮਤ ਹੋਏ ਨਾ ਹੋਛੀ, ਗੁਰ ਗੋਬਿੰਦ ਗਿਆ ਦ੍ਰਿੜਾਈਆ । ਨਾਨਕ ਨਿਰਗੁਣ ਸਰਗੁਣ ਧਾਰ ਰਹੇ ਨਾ ਖ਼ਾਮੋਸ਼ੀ, ਬਿਨਾ ਰਸਨਾ ਜਿਹਵਾ ਲਬਾਂ ਤੋਂ ਸੋਹੰ ਢੋਲਾ ਗਾਈਆ । ਜਿਸ ਦਾ ਭੇਵ ਪਾ ਸਕੇ ਕੋਇ ਨਾ ਜੋਸ਼ੀ, ਵੰਡਾਂ ਵਿਚ ਵੰਡ ਨਾ ਕੋਇ ਵੰਡਾਈਆ । ਜਨ ਭਗਤ ਪ੍ਰਭੂ ਦਾ ਅੰਤ ਧਰਮ ਰਾਏ ਦਾ ਰਹੇ ਕੋਇ ਨਾ ਦੋਸ਼ੀ, ਚਿਤ੍ਰਗੁਪਤ ਦਾ ਲੇਖਾ ਸਕੇ ਨਾ ਕੋਇ ਵਖਾਈਆ । ਨਾਰਦ ਕਹੇ ਭਗਤੋ ਪਰ ਯਾਦ ਰੱਖਿਓ ਪ੍ਰਭੂ ਮਿਲਦਾ ਨਹੀਂ ਪੜ੍ਹਿਆਂ ਕੋਸ਼ੀ, ਵਿਦਿਆ ਵਿਚ ਹੱਥ ਕਿਸੇ ਨਾ ਆਈਆ । ਉਹ ਸਦਾ ਤੁਹਾਡੇ ਕਾਇਆ ਮੰਦਰ ਅੰਦਰ ਕਾਇਆ ਦਾ ਪੜੋਸੀ, ਇਕੋ ਗ੍ਰਿਹਿ ਬਹਿ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਬੇਪ੍ਰਵਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸੁਣ ਨੀ ਧਰਨੀ ਧਵਲੇ, ਧਵਲ ਧਰਤ ਤੈਨੂੰ ਦਈਏ ਜਣਾਈਆ । ਸਾਡਾ ਮਾਲਕ ਇਕੋ ਨੂਰ ਅਲਾਹੀ ਅਵਲੇ, ਆਲਮੀਨ ਬੇਪ੍ਰਵਾਹੀਆ । ਜਿਸ ਦੇ ਰੂਪ ਅਨੂਪ ਸਾਵਲ ਸਵਲੇ, ਮੁਕੰਦ ਮਨੋਹਰ ਲਖਮੀ ਨਰਾਇਣ ਅਖਵਾਈਆ । ਉਹਦੇ ਖੇਲ ਅਨੋਖੇ ਜੋ ਹਰ ਘਟ ਅੰਦਰ ਮਵਲੇ, ਮੌਲਾ ਆਪ ਅਖਵਾਈਆ । ਜਿਸ ਦੇ ਵਾਹਿਦੇ ਤੱਕ ਲੈ ਕੌਲ ਇਕਰਾਰ ਕਵਲੇ, ਕਵਲ ਨੈਣਾਂ ਵਾਲੀਏ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਏਕਾ ਮਾਹੀ ਪ੍ਰੀਤਮ ਵਰ ਲੈ, ਦੂਸਰ ਕੰਤ ਦੀ ਲੋੜ ਰਹੇ ਨਾ ਰਾਈਆ ।

੧੧੧੧
੨੩

### ✪ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਸੰਗਤ ਦੇ ਸੇਵਾ ਕਰ ਕੇ ਜਾਣ ਸਮੇਂ ✪

ਜਨ ਭਗਤ ਧੁਰ ਦੀ ਦਾਸੀ, ਦਸਤ ਬਦਸਤ ਸੇਵ ਕਮਾਈਆ । ਖ਼ੁਸ਼ੀਆਂ ਮੰਗਲ ਪਾਈ ਰਾਸੀ, ਨੱਚੇ ਟੱਪੇ ਕੁੱਦੇ ਚਾਈਂ ਚਾਈਆ । ਆਤਮ ਧਾਰ ਕਰੇ ਹਾਸੀ, ਪਰਮਾਤਮ ਮਿਲ ਕੇ ਵੱਜੇ ਵਧਾਈਆ । ਸ਼ੰਕਰ ਨਿਵ ਨਿਵ ਵੇਖੇ ਕੈਲਾਸ਼ੀ, ਬ੍ਰਹਮਾ ਨੇਤਰ ਬ੍ਰਹਮ ਤਕਾਈਆ । ਵਿਸ਼ਨੂੰ ਵਿਸ਼ਵ ਦੀ ਤੱਕੇ ਅਗੰਮੀ ਤਮਾਸ਼ੀ, ਅਗੰਮ ਅਗੰਮੜਾ ਭੇਵ ਖੁਲਾਈਆ । ਲਹਿਣਾ ਦੇਣਾ ਜਾਣੇ ਹਰ ਘਟ ਵਾਸੀ, ਹਰਿਜਨ ਆਪਣੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਸੁਹੇਲਾ ਧੁਰ ਦਾ ਸੱਚਾ ਮੀਤ, ਮਿਤਰ ਵਚਿੱਤਰ ਇਕ ਅਖਵਾਈਆ । ਆਤਮ ਧਾਰ ਗਾਵੇ ਗੀਤ, ਪਰਮਾਤਮ ਸਿਫ਼ਤ ਸਲਾਹੀਆ । ਸਤਿ ਸਚ ਅਪਣਾ ਕੇ ਰੀਤ, ਸਚ ਆਪਣਾ ਰੰਗ ਵਖਾਈਆ । ਪਰਮ ਪੁਰਖ ਕਰ ਪ੍ਰਤੀਤ, ਸਿਰ ਆਪਣਾ ਆਪ ਝੁਕਾਈਆ । ਮਾਨਸ ਜਨਮ ਲਏ ਜਗ ਜੀਤ, ਜੁਗ ਜਨਮ ਦਾ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਗੀਤ, ਸੋਹੰ ਸਤਿ ਸਰੂਪ ਸਮਾਈਆ । ਝਗੜਾ ਮੁਕਾ ਕੇ ਊਚ ਨੀਚ, ਕੀਟਾਂ ਕੀਟ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਸੁਹੇਲਾ ਆਦਿ ਜੁਗਾਦੀ ਚਾਕ, ਜੁਗ ਜੁਗ ਸੇਵ ਕਮਾਈਆ । ਜਿਸ ਉਪਰ ਕਿਰਪਾ ਕਰੇ ਪ੍ਰਭ ਆਪ, ਆਪਣੇ ਰੰਗ ਰੰਗਾਈਆ । ਨਾਮ ਨਿਧਾਨਾ ਦੇਵੇ ਜਾਪ, ਬਿਨ ਅੱਖਰਾਂ ਅੱਖਰ ਵਡਿਆਈਆ । ਤਤ ਸ਼ਰੀਰ

ਕਰ ਕੇ ਪਾਕ, ਪਤਤ ਪੁਨੀਤ ਅਖਵਾਈਆ । ਕਾਇਆ ਮੰਦਰ ਖੋਲ ਕੇ ਤਾਕ, ਪਰਦਾ ਸਹਿਜ ਸਹਿਜ ਉਠਾਈਆ । ਨਿਰਗੁਣ ਧਾਰ ਲੇਖਾ ਜਾਣੇ ਭਵਿਖਤ ਵਾਕ, ਵਾਕਫ਼ਕਾਰ ਸਰਗੁਣ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਧਾਰ ਇਕ ਸਮਝਾਈਆ । ਜਨ ਭਗਤ ਸੁਹੇਲਾ ਆਦਿ ਜੁਗਾਦੀ ਸੇਵਾਦਾਰ, ਸੇਵਾ ਸਚ ਸਚ ਕਮਾਈਆ । ਧਰਨੀ ਕਹੇ ਮੈਂ ਜੁਗ ਜੁਗ ਜਾਣਾ ਵਿਵਹਾਰ, ਸਤਿਜੁਗ ਤਰੇਤਾ ਕਲਜੁਗ ਧਿਆਨ ਲਗਾਈਆ । ਮੈਂ ਖ਼ੁਸ਼ੀਆਂ ਵਿਚ ਉਸ ਦਾ ਕਰਾਂ ਇੰਤਜ਼ਾਰ, ਜੋ ਭਗਤ ਸੁਹੇਲਾ ਧੁਰ ਦਾ ਮਾਹੀਆ । ਜੋ ਨਿਰਗੁਣ ਨਿਰਵੈਰ ਨਿਰਾਕਾਰ ਲਏ ਅਵਤਾਰ, ਅਵਤਰੀ ਆਪਣਾ ਰੂਪ ਪ੍ਰਗਟਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਤਿਆਰ, ਤ੍ਰੈਗੁਣ ਅਤੀਤਾ ਆਪ ਖੇਲ ਖਿਲਾਈਆ । ਪੰਧ ਮੁਕਾ ਕੇ ਵਿਸ਼ਨ ਬ੍ਰਹਮਾ ਸ਼ਿਵ ਦੀ ਧਾਰ, ਧਰਨੀ ਉਤੇ ਸੋਭਾ ਪਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਵਡ ਵਡਿਆਈਆ । ਜਨ ਭਗਤ ਸੁਹੇਲੇ ਸੇਵਕ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਥਾਉਂ ਥਾਈਆ । ਅੰਤ ਕੰਤ ਬਖ਼ਸ਼ ਕੇ ਚਰਨ ਪਿਆਰ, ਪ੍ਰੀਤੀ ਆਪਣੇ ਨਾਲ ਰਖਾਈਆ । ਲੱਖ ਚੁਰਾਸੀ ਗੇੜ ਨਿਵਾਰ, ਜਮ ਕੀ ਫਾਸੀ ਦਏ ਕਟਾਈਆ । ਦੇਵੇ ਮਾਣ ਸੱਚੇ ਦਰਬਾਰ, ਦਰ ਦਰਵਾਜ਼ਾ ਇਕ ਖੁਲਾਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰ, ਕੁਲ ਮਾਲਕ ਅਗੰਮ ਅਥਾਹੀਆ । ਸੋ ਭਗਤਾਂ ਦਏ ਸਹਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਅੰਦਰ ਬਾਹਰ ਪਾਵੇ ਸਾਰ, ਮਿਹਰਵਾਨ ਵੇਖੇ ਚਾਈਂ ਚਾਈਂਆ । ਲਹਿਣਾ ਦੇਣਾ ਦੇਵੇ ਪੂਰਬ ਕਰਮ ਵਿਚਾਰ, ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਖ਼ਸ਼ ਕੇ ਚਰਨ ਧੂੜੀ ਛਾਰ, ਸ਼ਹਿਨਸ਼ਾਹ ਮਸਤਕ ਟਿੱਕੇ ਨਾਮ ਵਾਲੇ ਰਮਾਈਆ ।



## ✪ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਸੁਣ ਨੀ ਲਛਮੀ ਲੱਛੀ, ਲੱਛਿਆਂ ਵਾਲੀਏ ਦਿਆਂ ਜਣਾਈਆ । ਵਿਸ਼ਨੂੰ ਭਗਵਾਨ ਨੂੰ ਇਕ ਖ਼ਬਰ ਦੱਸ ਦੇ ਅੱਛੀ, ਖ਼ੁਸ਼ੀਆਂ ਨਾਲ ਸੁਣਾਈਆ । ਤੇਰਾ ਜਗਤ ਜਹਾਨ ਗਾਂ ਸੂਰ ਖਾਂਦਾ ਮੱਛੀ, ਮੱਛ ਕੱਛ ਦੇ ਹਿਲਾਈਆ । ਧਰਨੀ ਕਹੇ ਮੇਰੀ ਛਾਤੀ ਗਈ ਪੱਛੀ, ਪੱਛਮ ਵਾਲੇ ਛੁਰੀਆਂ ਰਹੇ ਚਲਾਈਆ । ਮੈਨੂੰ ਵੇਖ ਕੇ ਪੈਂਦੀ ਗ਼ਸ਼ੀ, ਧੀਰਜ ਧੀਰ ਨਾ ਕੋਇ ਰਖਾਈਆ । ਇਹ ਖੇਲ ਨਹੀਂ ਕੋਈ ਛੁਪੀ, ਓਹਲਾ ਪਰਦਾ ਨਾ ਕੋਇ ਦ੍ਰਿੜਾਈਆ । ਜਿਸ ਨੂੰ ਮੇਟ ਸਕੇ ਕੋਇ ਨਾ ਹਠੀ ਤਪੀ, ਜੋਗੀਸ਼ਰ ਹੋਏ ਨਾ ਕੋਇ ਸਹਾਈਆ । ਅਵਤਾਰ ਪੈਗ਼ੰਬਰ ਗੁਰ ਦੇਵੇ ਕੋਇ ਨਾ ਮਤੀ, ਮਨ ਮਤ ਦਾ ਡੇਰਾ ਢਾਹੀਆ । ਚਾਰੋਂ ਕੁੰਟ ਵਾ ਤਤੀ, ਤਪਤ ਅਗਨੀ ਵਾਲੀ ਵਖਾਈਆ । ਕੀ ਖੇਲ ਕਰੇ ਮੇਰਾ ਕਮਲਾਪਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਮੈਨੂੰ ਸਮਝ ਨਹੀਂ ਆਉਂਦੀ ਰਤੀ, ਕਿਉਂ ਰਤਨ ਅਮੋਲਕ ਗੁਰਮੁਖ ਹੀਰੇ ਰਿਹਾ ਬਣਾਈਆ । ਮੈਂ ਕੋਝੀ ਕਮਲੀ ਫੱਤੀ, ਫ਼ਾਤਮਾ ਜਿਸ ਵਿਚ ਆਪਣਾ ਆਪ ਛੁਪਾਈਆ । ਸਮਝਾ ਸਕਣ ਨਾ ਰਾਗ ਛੱਤੀ, ਛਤੀਸਾ ਬਤੀਸਾ ਨਾ ਕੋਇ ਵਡਿਆਈਆ । ਮੇਰੇ ਉਤੇ ਪੌਣ ਹੋਈ ਤਤੀ,

ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਕੀ ਤੱਕਾਂ ਨਾਲ ਅੱਖਾਂ, ਅੱਖੀਆਂ ਨੈਣ ਉਠਾਈਆ । ਕੀ ਖੇਲ ਵੇਖਾਂ ਸਰਬ ਭਖਾ, ਭਖ ਭੋਜ ਲੇਹਜ ਫੇਜ ਸਮਝ ਕੋਇ ਨਾ ਆਈਆ । ਮੈਂ ਕਿਸ ਦਵਾਰੇ ਤੱਕਾਂ, ਸਵਾਮੀ ਸਖ਼ਾ, ਸਗਲਾ ਸੰਗ ਬਣਾਈਆ । ਮਹੱਲ ਮੁਨਾਰੇ ਤੱਕਾਂ ਕੁਲੀ ਕੱਖਾਂ, ਖੰਡਰਾਂ ਖੋਜ ਖੁਜਾਈਆ । ਆਸ਼ਾ ਉਮੀਦਾ ਆਪਣੇ ਅੰਦਰ ਰਖਾਂ, ਰਖਕ ਹੋ ਕੇ ਹੋਣਾ ਸਹਾਈਆ । ਬੇਸ਼ਕ ਪ੍ਰਭੂ ਤੈਨੂੰ ਲੱਭਦੇ ਕੋਟਨ ਲੱਖਾਂ, ਅਣਗਿਣਤ ਧਿਆਨ ਲਗਾਈਆ । ਮੈਂ ਪਿਆਰ ਦੀ ਝਲਦੀ ਪੱਖਾ, ਪੰਖੇਰੂਆਂ ਵੇਖ ਵਖਾਈਆ । ਤੂੰ ਮਾਲਕ ਅਲਖਣਾ ਅਲੱਖਾ, ਅਲਖ ਅਗੋਚਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਮੈਂ ਤੱਕ ਤੱਕ ਥੱਕੀ, ਥਕਾਵਟ ਵਿਚ ਸੀਸ ਨਿਵਾਈਆ । ਮੈਂ ਜੁਗ ਚੌਕੜੀ ਪੀਠੀ ਚੱਕੀ, ਚੱਕਰ ਅਵਤਾਰ ਪੈਗ਼ੰਬਰ ਗੁਰੂ ਬਣਾਈਆ । ਸਭ ਦੇ ਨਾਲ ਕੌਲ ਇਕਰਾਰ ਕਰ ਕੇ ਪੱਕੀ, ਪੱਕੀ ਇਕੋ ਵਾਰ ਕਰਾਈਆ । ਤੇਰਾ ਖੇਲ ਹੋਣਾ ਨਾਲ ਬੂਰਾ ਕੱਕੀ, ਕਾਇਦਾ ਕਾਨੂੰਨ ਦਏ ਗਵਾਹੀਆ । ਪਰਮਾਤਮਾ ਤੇਰਾ ਨਾਮ ਹੋਣਾ ਸ਼ੱਕੀ, ਸ਼ੱਕ ਸਕੇ ਨਾ ਕੋਇ ਮਿਟਾਈਆ । ਤੂੰ ਪ੍ਰਗਟ ਹੋਣਾ ਵਾਹਿਦ ਯਕੀ, ਏਕੰਕਾਰ ਲਏ ਅੰਗੜਾਈਆ । ਮੇਰੇ ਸਾਹਿਬ ਸਵਾਮੀ ਪਤ ਰਖੀਂ, ਸਿਰ ਸਿਰ ਹੱਥ ਟਿਕਾਈਆ । ਤੇਰੇ ਦਰਸ਼ਨ ਨਾਲ ਮੈਂ ਬਣ ਜਾਵਾਂ ਕਰੋੜਾਂ ਲੱਖੀ, ਬੇਅੰਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਮੰਗ ਇਕ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਖਾਧੇ ਪੰਖੀ ਪੰਖੇਰੂ, ਪਸ਼ੂਆਂ ਖੱਲ ਲੁਹਾਈਆ । ਮੇਰੇ ਸਤਿਗੁਰ ਸ਼ਬਦ ਵੱਡੇ ਕੇਹਰੂ, ਬਲਧਾਰੀ ਤੇਰੀ ਬੇਪ੍ਰਵਾਹੀਆ । ਮੇਰੇ ਉਤੇ ਇਕ ਵਾਰ ਕਰਦੇ ਮਿਹਰੂ, ਮਿਹਰ ਨਜ਼ਰ ਉਠਾਈਆ । ਤੂੰ ਲੇਖਾ ਜਾਣੇਂ ਅੰਡਜ ਜੇਰੂ, ਉਤਭੁਜ ਸੇਤਜ ਫੋਲ ਫੁਲਾਈਆ । ਮੈਂ ਵੇਖਣਹਾਰਾ ਬਸਤਰ ਗੇਰੂ, ਕਪੜਿਆਂ ਰੰਗ ਚੜ੍ਹਾਈਆ । ਤੂੰ ਧਾਰ ਜਾਣੇ ਗੁਰ ਚੇਰੂ, ਚੇਲਾ ਗੁਰ ਕੀ ਚਤੁਰਾਈਆ । ਸਾਹਿਬ ਸਤਿਗੁਰ ਸ਼ਬਦ ਕਰ ਮਿਹਰੂ, ਮਿਹਰ ਨਜ਼ਰ ਉਠਾਈਆ । ਤੁਧ ਬਿਨ ਫ਼ੈਸਲਾ ਕੌਣ ਨਬੇੜੂ, ਗੋਬਿੰਦ ਦਾ ਢਈਆ ਦਏ ਗਵਾਹੀਆ । ਤੇਰਾ ਲੇਖਾ ਮੁਕੇ ਅੰਤਮ ਗੇੜੂ, ਚੌਥਾ ਜੁਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਵੇਖ ਖੇਲ ਕਲਜੁਗ ਕਲ ਦੇ, ਕਲਕਾਤੀ ਰੂਪ ਬਦਲਾਈਆ । ਲਹਿਣੇ ਪੂਰੇ ਕਰ ਦੇ ਸਤਿਗੁਰ ਨਾਨਕ ਵਾਲੀ ਇਕ ਗੱਲ ਦੇ, ਲੇਖੇ ਆਪਣੇ ਵਿਚ ਲਗਾਈਆ । ਵਿਛੋੜੇ ਕੱਟ ਦੇ ਘੜੀ ਪਲ ਦੇ, ਪਲਕਾਂ ਦੇ ਪਿਛੇ ਬਹਿ ਕੇ ਆਸਣ ਲਾਈਆ । ਨਿਸ਼ਾਨੇ ਛਡ ਦੇ ਤੀਰ ਅਣਿਆਲੇ ਤੇਰੇ ਚਲਦੇ, ਚਾਲ ਨਿਰਾਲੀ ਇਕ ਪ੍ਰਗਟਾਈਆ । ਸਾਡੇ ਖੇਲ ਨਹੀਂ ਵਲ ਛਲ ਦੇ, ਵਲ ਛਲਧਾਰੀ ਦੇਈਏ ਸੁਣਾਈਆ । ਲਹਿਣੇ ਦੇਣੇ ਪੂਰੇ ਕਰ ਦੇ ਰਾਜੇ ਬਲ ਦੇ, ਬਲ ਬਾਵਨ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਢੋਰਾਂ ਪਸ਼ੂਆਂ ਖਾਧਾ ਮਾਸ, ਪੰਖੇਰੂਆਂ ਖੱਲ ਲੁਹਾਈਆ । ਸਤਿ ਵਿਚ ਰਖ ਵਿਸ਼ਵਾਸ, ਵਿਸ਼ਿਆਂ ਵਿਚ ਜਣਾਈਆ । ਮਿਹਰਵਾਨ ਹੋ ਕੇ ਵਸ ਸਾਡੇ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਸਾਚੇ ਮੰਡਲ ਤੱਕਣੀ ਰਾਸ, ਜੋ ਗੋਪੀ ਕਾਹਨ ਨਾਚ ਨਚਾਈਆ । ਤੂੰ ਲੇਖਾ ਜਾਣਨਾ ਰਾਮ ਬਨਵਾਸ, ਰਮਈਆ

ਖੇਲ ਆਪਣਾ ਦੇਣਾ ਸਮਝਾਈਆ । ਮੇਰਾ ਕੂੜ ਕੁੜਿਆਰ ਦਾ ਬਦਲ ਦੇ ਲਬਾਸ, ਤਨ ਬਸਤਰ ਸਚ ਦੇ ਚੜ੍ਹਾਈਆ । ਮੇਰੀ ਕੋਈ ਤਤਾਂ ਵਾਲੀ ਨਹੀਂ ਲਾਸ਼, ਨਾ ਕੋਈ ਸਮਝੇ ਲੰਬਾਈ ਚੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਅਚੰਭੇ, ਅਚਰਜ ਤੇਰੀ ਬੇਪਰਵਾਹੀਆ ।

### ✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਵਸ਼ਿਸ਼ਟ ਕਹੇ ਸੁਣੋ ਸ਼ਬਦ ਪ੍ਰਸੰਗ, ਪ੍ਰਸ਼ੰਸਾ ਨਾਲ ਜਣਾਈਆ । ਕੁਸ਼ਲਿਆ ਸੁਮਿਤਰਾ ਕੈਕਈ ਮੰਗੀ ਮੰਗ, ਦਸਰਥ ਸੰਗ ਰਖਾਈਆ । ਰਾਜ ਜੋਗ ਚੜ੍ਹਾ ਕੇ ਰੰਗ, ਸ਼ਤਰੂਘਨ ਦਿਤੀ ਵਡਿਆਈਆ । ਭਰਤ ਆਸਣ ਕਸ ਕੇ ਤੰਗ, ਪਾਖਰ ਜ਼ੀਨ ਸੁਹਾਈਆ । ਲਛਮਨ ਬਾਣਾ ਪਹਿਨ ਕੇ ਜੰਗ, ਸ਼ੱਤਰੂ ਰੂਪ ਬਦਲਾਈਆ । ਰਾਮ ਕੇਸਾਂ ਨੂੰ ਸੀਸ ਤੇ ਦੇ ਕੇ ਗੰਢ, ਜੀਵੜੇ ਜੂੜੀ ਲਈ ਬਣਾਈਆ । ਧੁਰ ਰਾਮ ਦਾ ਮਾਣ ਅਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਚਰਨ ਛੋਂਹਣ ਆਈ ਗੰਗ, ਅੰਮ੍ਰਿਤ ਵਹਿਣ ਵਹਾਈਆ । ਗੋਦਾਵਰੀ ਜਮਨਾ ਸੁਰਸਤੀ ਲੱਗੀ ਅੰਗ, ਸੋਹਣਾ ਰੰਗ ਸੁਹਾਈਆ । ਪ੍ਰੇਮ ਪਿਆਰ ਦੀ ਧਾਰ ਏਕਾ ਰੰਗ ਵਖਾਏ ਸਵੇਰ ਸੰਝ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਬ੍ਰਹਿਮੰਡ ਖੰਡ ਗਏ ਕੰਬ, ਹਲੂਣਾ ਜ਼ਿਮੀਂ ਅਸਮਾਨ ਲਗਾਈਆ । ਦੇਵਤ ਸੁਰ ਪਾਵਣ ਡੰਡ, ਖ਼ੁਸ਼ੀਆਂ ਢੋਲੇ ਗਾਈਆ । ਬੀਰ ਬੇਤਾਲੇ ਵਿਚ ਘਮੰਡ, ਨੱਚਣ ਚਾਈਂ ਚਾਈਆ । ਰੂਪ ਬਦਲ ਕੇ ਸੂਰੀਆ ਚੰਦ, ਪ੍ਰਕਾਸ਼ ਆਪਣਾ ਰਹੇ ਵਖਾਈਆ । ਦਿਵਸ ਰੈਣ ਮੁਕਾ ਕੇ ਪੰਧ, ਇਕੋ ਵਕਤ ਸੁਹਾਈਆ । ਸਿਫ਼ਤ ਗਾਏ ਕੋਇ ਨਾ ਦੰਦ, ਅੰਤਰ ਅੰਤਰ ਰਾਗ ਅਲਾਈਆ । ਭਾਗ ਦਿਸੇ ਕਿਸੇ ਨਾ ਮੰਦ, ਸੋਹਣੀ ਖ਼ੁਸ਼ੀ ਬਣਾਈਆ । ਵਸ਼ਿਸ਼ਟ ਖ਼ੁਸ਼ੀ ਦਾ ਬਚਨ ਬੋਲਿਆ ਛੰਦ, ਸਭਾਪਤੀ ਸਮਝਾਈਆ । ਰਾਮ ਦੀ ਰਾਮ ਵਾਲੀ ਚੜ੍ਹੇ ਜੰਞ, ਸੇਹਰਾ ਸਤਿ ਸੀਸ ਗੁੰਦਾਈਆ । ਨਾਲ ਇਸ਼ਾਰੇ ਕੀਤੇ ਪੰਜ, ਪੰਚਮ ਧਾਰ ਦ੍ਰਿੜਾਈਆ । ਮੁਹੱਬਤ ਵਿਚ ਵਹਾ ਕੇ ਅੰਞ, ਨੇਤਰ ਨੀਰ ਦਰਸਾਈਆ । ਆਪਣੇ ਕੰਨੀ ਰਾਮ ਨਾਲ ਗੰਢ, ਪੱਲੂ ਲਿਆ ਬੰਧਾਈਆ । ਸੀਨੇ ਅੰਤਰ ਪਾ ਕੇ ਠੰਡ, ਅਗਨੀ ਤਤ ਬੁਝਾਈਆ । ਫੇਰ ਚਰਨ ਧੂੜੀ ਦਿਤੀ ਵੰਡ, ਬਿਨਾ ਝੋਲੀ ਤੋਂ ਝੋਲੀ ਦਿਤੀ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਵਸ਼ਿਸ਼ਟ ਕਹੇ ਇਹ ਖੇਲ ਅਕਾਲ ਮੂਰਤੀ, ਮੂਰਤੀਆਂ ਤੋਂ ਬਾਹਰ ਖੇਲ ਖਿਲਾਈਆ । ਜਿਸ ਦੀ ਧਾਰ ਨਾਦ ਤੂਰਤੀ, ਤੁਰੀਆ ਤੋਂ ਬਾਹਰ ਦ੍ਰਿੜਾਈਆ । ਖੇਲ ਜ਼ਾਹਰ ਜ਼ਹੂਰ ਦੀ, ਜੋਤ ਨੂਰ ਜੋਤ ਰੁਸ਼ਨਾਈਆ । ਜੋ ਆਸਾ ਮਨਸਾ ਪੂਰਦੀ, ਪਤਤ ਪੁਨੀਤ ਕਰਾਈਆ । ਪੰਧ ਮੁਕਾ ਕੇ ਨੇੜ ਦੂਰ ਦੀ, ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਸ਼ਿਸ਼ਟ ਕਹੇ ਰਾਮ ਰਾਮ ਨਾਲ ਹੋਵੇ ਤਿਆਰ, ਬੰਸ ਸਰਬੰਸ ਖ਼ੁਸ਼ੀ ਬਣਾਈਆ । ਸੀਤਾ ਸਤਿ ਦੇ ਚਰਨ ਪਸਾਰ, ਸੇਜ ਸੁਹੰਜਣੀ ਆਸਣ ਲਾਈਆ । ਆਤਮ ਤਤ ਦੇ ਅਧਾਰ, ਅੰਤਰ ਆਤਮ ਵੇਖ ਵਖਾਈਆ । ਕਰ ਦਰਸ ਰਘੁਪਤ ਦੀਦਾਰ, ਰਘੁਨਾਥ ਸੀਸ ਨਿਵਾਈਆ । ਬਿਨ ਹੱਥਾਂ ਕਰ ਨਿਮਸਕਾਰ, ਨਿਵ ਨਿਵ ਲਾਗੀ ਪਾਈਆ । ਬਿਨ ਰਸਨਾ ਬੋਲ



੧੧੧੪
੨੩

ਜੈਕਾਰ, ਸੀਤਾ ਤੇਰੀ ਰਾਮ ਦੁਹਾਈਆ । ਖ਼ਾਦਮ ਹੋ ਕੇ ਸੇਵਾਦਾਰ, ਯਾਚਕ ਹੋ ਕੇ ਧੂੜ ਰਮਾਈਆ । ਤੁਸਾਂ ਆਉਣਾ ਜਨਕ ਦਵਾਰ, ਸੋਹਣੀ ਬਣਤ ਬਣਾਈਆ । ਮੇਰਾ ਧਨੁਸ਼ ਤੇਰਾ ਕਰਦਾਰ, ਕਰਮ ਕਾਂਡ ਦਾ ਪੰਧ ਮੁਕਾਈਆ । ਤੁਸਾਂ ਵੇਖਣਾ ਨਿਗਾਹ ਮਾਰ, ਮੇਰੇ ਰਾਮ ਰਾਮ ਤੇਰੀ ਸ਼ਰਨਾਈਆ । ਮੁੱਠੀ ਅੰਦਰ ਰੰਗ ਰੂਪ ਅਪਾਰ, ਭੀਲਣੀ ਸੋਭਾ ਪਾਈਆ । ਚਰਨ ਛੁਹਾਉਣਾ ਖ਼ੁਸ਼ੀਆਂ ਨਾਲ, ਸੱਜਾ ਕਦਮ ਉਠਾਈਆ । ਇਸ ਦਾ ਭਾਰ ਰਹੇ ਨਾ ਵਿਚ ਸੰਸਾਰ, ਆਪ ਆਪਣਾ ਆਪ ਮਿਟਾਈਆ । ਤੇਰੀ ਵਿਜੈ ਮੇਰਾ ਗੱਲ ਵਿਚ ਹੋਵੇ ਹਾਰ, ਹਾਰਦਿਕ ਹੋ ਕੇ ਦਿਆਂ ਵਧਾਈਆ । ਮੇਰੀ ਆਸਾ ਦੀ ਸੁਣੀ ਸਚ ਪੁਕਾਰ, ਗੁਰ ਵਸ਼ਿਸ਼ਟ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਵਸ਼ਿਸ਼ਟ ਕਹੇ ਰਾਮ ਰਾਮ ਦੀ ਵੇਖ ਰੀਤਾ, ਕੀ ਰੀਤੀਵਾਨ ਜਣਾਈਆ । ਰਾਮ ਨੇਤਰ ਬੰਦ ਕੀਤਾ, ਆਪਣੀ ਖ਼ੁਸ਼ੀ ਬਣਾਈਆ । ਮਿਥਲ ਪੁਰੀ ਵਿਚ ਨਜ਼ਰੀ ਆਈ ਸੀਤਾ, ਸੁੱਤੀ ਆਸਣ ਲਾਈਆ । ਖੇਲ ਵੇਖ ਤ੍ਰੈਗੁਣ ਅਤੀਤਾ, ਸ਼ਬਦੀ ਰਾਗ ਦ੍ਰਿੜਾਈਆ । ਨਾਲ ਵਖਾਈਆਂ ਅਗੰਮੀ ਲੀਕਾ, ਲਾਈਨਾਂ ਬਾਹਰ ਜਣਾਈਆ । ਜੋ ਭੇਵ ਜਾਣੇ ਜੀਵ ਜੀਅ ਕਾ, ਜਗ ਦਾਤਾ ਅਗੰਮ ਅਥਾਹੀਆ । ਉਸ ਕੋਲ ਤੇਰੇ ਸਵੰਬਰ ਦਾ ਸਚ ਤਾਰੀਕਾ, ਵਸ਼ਿਸ਼ਟ ਗੁਰੂ ਨਾਲ ਰਖਾਈਆ । ਲਖਮਣ ਵੇਖੇ ਨਾਲ ਪ੍ਰੀਤਾ, ਪ੍ਰੀਤਮ ਆਪਣਾ ਰੰਗ ਰੰਗਾਈਆ । ਵਕਤ ਸੁਹੰਜਣਾ ਹੋਵੇ ਠਾਂਡਾ ਸੀਤਾ, ਵੱਜੀ ਸਚ ਵਧਾਈਆ । ਇਹ ਖੇਲ ਅਯੁਧਿਆ ਵਿਚੋਂ ਬਿਨ ਨੈਣਾਂ ਤੋਂ ਦੀਖਾ, ਬਿਨ ਅੱਖੀਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਮ ਕਿਹਾ ਮੁਨੀ ਵਸ਼ਿਸ਼ਟ, ਵਿਸ਼ਵ ਦੇ ਜਣਾਈਆ । ਸੀਤਾ ਦਾ ਸਤਿ ਦਾ ਹੋਵੇ ਇਸ਼ਟ, ਇਸ਼ਟ ਦੇਵ ਇਕ ਰਖਾਈਆ । ਬਿਨਾ ਕਲਮ ਸਿਆਹੀ ਤੋਂ ਪਾ ਲਿਖਤ, ਉਂਗਲਾਂ ਨਾਲ ਕਰ ਲਿਖਾਈਆ । ਕੀ ਸਾਡਾ ਹੋਏ ਭਵਿਖਤ, ਭਵਿਸ਼ ਦੇ ਦ੍ਰਿੜਾਈਆ । ਵਸ਼ਿਸ਼ਟ ਮੁਨੀ ਲੈ ਕੇ ਰਿਸਕ, ਰਿਸ਼ਤਾ ਦਿਤਾ ਬੰਧਾਈਆ । ਪ੍ਰੇਮ ਪਿਆਰ ਦਾ ਲਾ ਕੇ ਤਿਲਕ, ਮਸਤਕ ਦਿਤੀ ਵਡਿਆਈਆ । ਫੇਰ ਜ਼ੋਰ ਦੀ ਮਾਰੀ ਕਿਲਕ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਸ਼ਿਸ਼ਟ ਕਹੇ ਰਾਮ ਸੀਤਾ ਤੇਰਾ ਤੱਕੇ ਜੋੜਾ, ਦੂਰ ਦੁਰਾਡੀ ਆਤਮ ਧਿਆਨ ਲਗਾਈਆ । ਉਸ ਨੂੰ ਦਿਸੇ ਚਕ੍ਰਵਰਤੀ ਘੋੜਾ, ਅਸਵ ਭੱਜੇ ਵਾਹੋ ਦਾਹੀਆ । ਅੰਤ ਪ੍ਰੇਮ ਵਿਚ ਹੋਣਾ ਵਿਛੋੜਾ, ਵਿਛੜਿਆਂ ਮੇਲ ਮਿਲਾਈਆ । ਨਿਗਾਹ ਮਾਰ ਲਈ ਸੱਸੇ ਤੇ ਹੋੜਾ, ਹੰ ਬ੍ਰਹਮ ਸਮਝਾਈਆ । ਤੇਰਾ ਬਿਸਤਰ ਹੋਣਾ ਪੱਥਰ ਰੋੜਾ, ਜੰਗਲਾਂ ਸੇਜ ਬਣਾਈਆ । ਸੁਖ ਭੋਗਣਾ ਥੋੜਾ ਥੋੜਾ, ਦੁੱਖਾਂ ਵਿਚ ਤੇਰੀ ਹੋਵੇ ਵਡਿਆਈਆ । ਤਰੇਤਾ ਤੇਰੇ ਉਤੇ ਸੁੱਟ ਕੇ ਬੈਠਾ ਡੋਰਾ, ਡੋਰੀ ਤੇਰੇ ਹੱਥ ਫੜਾਈਆ । ਜਿਨ੍ਹਾਂ ਦੇ ਸੀਸ ਝੁਲਦੇ ਚੌਰਾ, ਚਾਰ ਵਰਨ ਕਰਨ ਵਡਿਆਈਆ । ਉਨ੍ਹਾਂ ਦਾ ਲਹਿਣਾ ਦੇਣਾ ਹੋਣਾ ਕੋਰਾ, ਰਾਵਣ ਦਹਿਸਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਮ ਵਸ਼ਿਸ਼ਟ ਸੀਆ ਇਕੋ ਹੁਕਮ ਘਨਘੋਰਾ, ਬਿਨ ਸਾਹ ਸਵਾਸ ਰਸਨਾ ਬੋਲ ਜਣਾਈਆ ।

੧੧੧੫
੨੩

## ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਰਘਬੀਰ ਸਿੰਘ ਦੇ ਨਵਿਤ

ਧਰਨੀ ਕਹੇ ਮੇਰੇ ਨੇਤਰ ਨੈਣ ਰੋਵਣ ਅੱਖਾਂ, ਬਿਨ ਅੱਖੀਆਂ ਹੰਝੂ ਧਾਰ ਵਹਾਈਆ । ਮਿਤਰ ਪਿਆਰਾ ਦਿਸੇ ਕੋਇ ਨਾ ਸਖ਼ਾ, ਸਾਜਣ ਮੀਤ ਸੰਗ ਨਾ ਕੋਇ ਬਣਾਈਆ । ਭਗਤ ਸੁਹੇਲਾ ਦਿਸੇ ਕੋਇ ਨਾ ਵਿਚੋਂ ਲੱਖਾਂ, ਕਰੋੜ ਕਰੋੜੀ ਗਣਤ ਗਿਣਾਈਆ । ਮੇਰੀ ਕੀਮਤ ਰਹੀ ਨਾ ਕੌਡੀ ਕੱਖਾਂ, ਕਲਜੁਗ ਕੂੜੇ ਹੱਟ ਵਿਕਾਈਆ । ਮੈਂ ਕਿਹੜੀ ਕੂਟੇ ਨੱਸਾਂ, ਭੱਜਾਂ ਮੁਖ ਛੁਪਾਈਆ । ਜਿਧਰ ਤੱਕਾਂ ਰੈਣ ਅੰਧੇਰੀ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਮਾਇਆ ਡਸਣੀ ਡੱਸੇ ਸੱਪਾ, ਚਾਰ ਕੁੰਟ ਕੁੰਟ ਹਲਕਾਈਆ । ਸਤਿਗੁਰ ਧਾਰ ਸ਼ਬਦ ਕਿਸੇ ਨਾ ਜਪਾ, ਜਗ ਜੀਵਣ ਦਾਤੇ ਤੇਰੀ ਓਟ ਨਾ ਕੋਇ ਤਕਾਈਆ । ਤੇਰਾ ਭੇਵ ਸਮਝੇ ਕੋਇ ਨਾ ਰਤਾ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਬਦਲਾਈਆ । ਜਗਤ ਜਹਾਨ ਹੋ ਗਿਆ ਮਨ ਮਤਾ, ਮਨਸਾ ਕੂੜ ਨਾਲ ਹਲਕਾਈਆ । ਆਪਣੀ ਆਤਮ ਧਾਰ ਆਪੇ ਕਰਦੇ ਹੱਤਾ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਅੰਤਸ਼ਕਰਨ ਜਗਿਆਸੂਆਂ ਹੋਇਆ ਤੱਤਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਤੇਰਾ ਮਿਲੇ ਕਿਸੇ ਨਾ ਪਤਾ, ਪਤਿਪਰਮੇਸ਼ਵਰ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭ ਮੇਰਾ ਸੀਸ ਹੋ ਗਿਆ ਨੰਗਾ, ਓਢਣ ਧਰਮ ਨਾ ਕੋਇ ਰਖਾਈਆ । ਮੈਂ ਕਿਸ ਦਵਾਰੇ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਨੇਤਰ ਹੋ ਗਿਆ ਅੰਧਾ, ਨੈਣ ਨੂਰ ਨਾ ਕੋਇ ਚਮਕਾਈਆ । ਤੇਰੀ ਸ੍ਰਿਸ਼ਟੀ ਲੱਗੀ ਕੂੜੇ ਧੰਦਾ, ਧੰਦੂਕਾਰ ਲੋਕਾਈਆ । ਤੇਰਾ ਸੰਬਲ ਧਾਮ ਜਗਤ ਜਗਿਆਸੂ ਸਮਝੇ ਬੰਦਾ, ਸੰਬਲ ਰੰਗ ਨਾ ਕੋਇ ਰੰਗਾਈਆ । ਪੂਰਬ ਲਹਿਣਾ ਤੇਰੇ ਲੇਖੇ ਵਿਚ ਲੰਘਾ, ਅਗੇ ਇਕੋ ਆਸ ਰਖਾਈਆ । ਮੇਰੇ ਉਤੇ ਹੋਣ ਵਾਲਾ ਦੰਗਾ, ਚਾਰੋਂ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੈਨੂੰ ਸਚ ਦੀ ਦੇ ਦਾਦ, ਵਸਤ ਅਗੰਮ ਇਕ ਵਰਤਾਈਆ । ਸਚਖੰਡ ਦਵਾਰ ਮੰਗਾਂ ਇਮਦਾਦ, ਖ਼ਾਲੀ ਝੋਲੀ ਦੇਣੀ ਭਰਾਈਆ । ਸਾਚਾ ਨਾਮ ਸੁਣਾਉਣਾ ਨਾਦ, ਧੁਨੀ ਰਾਗ ਅਲਾਈਆ । ਤੇਰਾ ਲੇਖਾ ਬੋਧ ਅਗਾਧ, ਬੁੱਧੀ ਤੋਂ ਪਰੇ ਪੜ੍ਹਾਈਆ । ਮੇਰੀ ਸੋਈ ਦੀ ਖੁਲ੍ਹੀ ਜਾਗ, ਸੁਰਤੀ ਲਈ ਅੰਗੜਾਈਆ । ਦੀਨ ਦੁਨੀ ਤੱਕ ਹੰਸ ਬਣੀ ਕਾਗ, ਸਚ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਲੱਗੀ ਆਗ, ਅਗਨੀ ਤਤ ਨਾ ਕੋਇ ਬੁਝਾਈਆ । ਤੇਰਾ ਸ਼ਬਦ ਸਤਿਗੁਰ ਦਿਸੇ ਕਿਸੇ ਨਾ ਬਾਜ, ਬਾਜਾਂ ਵਾਲੇ ਕੀ ਤੇਰੀ ਧਾਰ ਬੇਪ੍ਰਵਾਹੀਆ । ਮੈਂ ਰੋ ਰੋ ਪੁਕਾਰਾਂ ਆਜ, ਅੱਜ ਦੀ ਘੜੀ ਨਾਲ ਮਿਲਾਈਆ । ਮੇਰੀ ਰਖਣੀ ਲਾਜ, ਸਿਰ ਮੇਰੇ ਹੱਥ ਟਿਕਾਈਆ । ਕੀ ਖੇਲ ਹੋਣਾ ਤੇਰੇ ਬਾਦ, ਭੇਵ ਅਭੇਦਾ ਦੇ ਜਣਾਈਆ । ਮੈਂ ਸਚ ਕਰਾਂ ਅਦਾਬ, ਸੀਸ ਜਗਦੀਸ਼ ਨਿਵਾਈਆ । ਕੀ ਤੇਰੀ ਸਿਫ਼ਤਾਂ ਵਾਲੀ ਭਰੀ ਰਹੇ ਕਿਤਾਬ, ਅੱਖਰਾਂ ਨਾਲ ਵਡਿਆਈਆ । ਤੂੰ ਸਤਿ ਦਾ ਸਚ ਸਚ ਮਹਾਰਾਜ, ਕੀ ਤੇਰੀ ਬੇਪਰਵਾਹੀਆ । ਕੀ ਤੇਰਾ ਰਚਣਾ ਕਾਜ, ਕੀ ਧੁਰ ਦੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੀ ਬੇਨੰਤੀ ਏਕਾ ਏਕ, ਏਕੰਕਾਰ ਸੀਸ ਨਿਵਾਈਆ । ਬਖ਼ਸ਼ਣੀ ਸਾਚੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਧੁਰ ਦੇ ਨੇਤਰ ਨਾਲ ਪੇਖ, ਜੋਤੀ

ਨੂਰ ਲੋਚਨ ਇਕ ਰੁਸ਼ਨਾਈਆ । ਤੇਰਾ ਜਾਣੇ ਕੋਇ ਨਾ ਭੇਖ, ਭੇਖਾਧਾਰੀ ਕੀ ਤੇਰੀ ਬੇਪਰਵਾਹੀਆ । ਆ ਕੇ ਵੇਖ ਲੈ ਆਪਣੇ ਦੇਸ, ਦੇਸ ਦੇਸਾਂਤਰ ਪੰਧ ਮੁਕਾਈਆ । ਤੂੰ ਹੰਢਾਵਣ ਵਾਲਾ ਸੇਜ ਬਾਸ਼ਕ ਸ਼ੇਸ਼, ਸਹੰਸਰ ਸ਼ਹਿਨਸ਼ਾਹ ਅਗੰਮ ਅਥਾਹੀਆ । ਮੈਂ ਤੇਰੇ ਦਰ ਤੇ ਹੋਈ ਪੇਸ਼, ਪੇਸ਼ਤਰ ਦਿਆਂ ਦ੍ਰਿੜਾਈਆ । ਤੇਰਾ ਹੁਕਮ ਸਦਾ ਹਮੇਸ਼, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੀ ਪੂਰੀ ਕਰ ਦੇ ਆਸਨ, ਆਸਾਵੰਦ ਤੇਰੀ ਸ਼ਰਨਾਈਆ । ਤੂੰ ਸਾਹਿਬ ਪੁਰਖ ਅਬਿਨਾਸ਼ਨ, ਕਰਤਾ ਧੁਰਦਰਗਾਹੀਆ । ਅਵਤਾਰ ਪੈਗ਼ੰਬਰ ਗੁਰੂ ਤੈਨੂੰ ਆਖਣ, ਸ਼ਬਦੀ ਸ਼ਬਦੀ ਸ਼ਬਦ ਰਾਗ ਸੁਣਾਈਆ । ਕਿਰਪਾ ਕਰ ਅਲੱਖਣਾ ਅਲਾਖਣ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਪ੍ਰਭੂ ਮੇਰੇ ਨੇਤਰ ਰੋਂਦੀ ਦੇ ਵੇਖ ਲੈ ਹੰਝੂ ਆਥਨ, ਨੈਣਾਂ ਨੀਰ ਵਹਾਈਆ । ਦਰੋਹੀ ਤੇਰੇ ਖ਼ਾਲੀ ਦਿਸਣ ਸਿੰਘਾਸਣ, ਸੇਵਾਦਾਰ ਰਹਿਣ ਕੋਇ ਨਾ ਪਾਈਆ । ਕਿਡੀ ਸੋਹਣੀ ਸੁਹੰਜਣੀ ਮੇਰੀ ਰੈਣ ਰਾਤਨ, ਰੁਤੜੀ ਤੇਰੇ ਨਾਲ ਮਹਿਕਾਈਆ । ਮੈਂ ਦਰਸ ਕਰਾਂ ਬਾਤਨ, ਤੂੰ ਮਿਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਪ੍ਰਭੂ ਤੂੰ ਸਾਹਿਬ ਸਵਾਮੀ ਆਪ, ਆਪ ਆਪਣੀ ਖੇਲ ਖਿਲਾਈਆ । ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਵਡ ਵਡਿਆਈਆ । ਆਤਮ ਪਰਮਾਤਮ ਤੇਰਾ ਜਾਪ, ਦੂਜਾ ਨਾਉਂ ਨਾ ਕੋਇ ਸਲਾਹੀਆ । ਮੈਂ ਥਰ ਥਰ ਰਹੀ ਕਾਂਪ, ਰੋ ਰੋ ਦਿਆਂ ਦੁਹਾਈਆ । ਮੇਰੇ ਉਤੇ ਵਧਿਆ ਪਾਪ, ਪਤਤ ਹੋਈ ਲੋਕਾਈਆ । ਮਾਇਆ ਡਸਣੀ ਡੱਸੇ ਸਾਪ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਸਾਚੀ ਥਾਪਨਾ ਮੇਰੇ ਉਤੇ ਥਾਪ, ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਕਰ ਘਾਤ, ਘਾਓ ਇਕੋ ਨਾਮ ਲਗਾਈਆ । ਮੇਟ ਅੰਧੇਰੀ ਰਾਤ, ਸਾਚਾ ਚੰਦ ਚਮਕਾਈਆ । ਜੇ ਪੂਰਨ ਤੇਰਾ ਰੂਪ ਸਾਚ, ਸਚ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਸੁਣ ਪੁਕਾਰ, ਸਹਿਜ ਨਾਲ ਸੁਣਾਈਆ । ਸਤਿਗੁਰ ਪੂਰਨ ਬਣਾ ਸੇਵਾਦਾਰ, ਸਾਚੀ ਤੇਰੀ ਸੇਵ ਕਮਾਈਆ । ਅੰਮ੍ਰਿਤ ਵੇਲੇ ਆਵੇ ਉਠ ਕੇ ਭਗਤ ਦਵਾਰ, ਨਿਤ ਨਿਤ ਆਪਣੀ ਕਾਰ ਕਮਾਈਆ । ਤੇਰਾ ਸਿੰਘਾਸਣ ਕਰੇ ਤਿਆਰ, ਤਿੰਨ ਸੌ ਸੱਠ ਦਿਨ ਰੰਗ ਰੰਗਾਈਆ । ਚਵਰ ਝੁਲਾਏ ਅਪਰ ਅਪਾਰ, ਆਪ ਆਪਣੀ ਕਾਰ ਕਮਾਈਆ । ਤੇਰਾ ਲਹਿਣਾ ਦੇਣਾ ਪੂਰਾ ਹੋਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਿੰਘਾਸਣ ਕਹੇ ਪ੍ਰਭੂ ਮੇਰਾ ਰਿਹਾ ਕੋਇ ਨਾ ਮਾਣ, ਹਰਿਜਨ ਬੈਠੇ ਮੁਖ ਭਵਾਈਆ । ਮੈਂ ਹੋਇਆ ਨਿਤਾਣਿਆਂ ਤਾਣ, ਦਰ ਤੇਰੇ ਸੀਸ ਝੁਕਾਈਆ । ਤੂੰ ਸਾਹਿਬ ਮੇਰਾ ਸੁਲਤਾਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਦੇ ਵਡਿਆਈਆ । ਜੁਗ ਰੀਤੀ ਬਦਲਣੀ ਤੈਨੂੰ ਆਸਾਨ, ਆਸਾਨੀ ਨਾਲ ਦੇ ਸਮਝਾਈਆ । ਮੈਂ ਤੇਰੇ ਦਰ ਨਿਮਾਣੀ ਹੋ ਕੇ ਡਿੱਗੀ ਆਣ, ਚਰਨ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਰੰਗ ਰੰਗਾਈਆ । ਸਿੰਘਾਸਣ ਕਹੇ ਪ੍ਰਭੂ ਮੈਨੂੰ ਪਹਿਲੀ ਅੱਸੂ ਸਿੰਘ ਪੂਰਨ ਕਰੇ ਤਿਆਰ, ਦੂਸਰ ਹੱਥ ਨਾ ਕੋਇ ਲਗਾਈਆ । ਇਹ ਸੱਚਾ ਸੇਵਾਦਾਰ,

ਜੁਗ ਜੁਗ ਸੇਵ ਕਮਾਈਆ । ਇਹ ਮੰਗੀ ਮੰਗ ਜਿਸ ਵੇਲੇ ਸਥਰ ਹੰਢਾਇਆ ਯਾਰ, ਮਾਛੂਵਾੜਾ ਦਏ ਗਵਾਹੀਆ । ਉਹ ਵਕਤ ਸੁਹੰਜਣਾ ਪਹੁੰਚਿਆ ਆਣ, ਆਪ ਆਪਣਾ ਪੰਧ ਮੁਕਾਈਆ । ਤੂੰ ਹੋਣਾ ਮਿਹਰਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਜੁਗ ਜੁਗ ਦੀ ਰੋਗੀ, ਰੋਗਾਂ ਭਰੀ ਦਿਆਂ ਦੁਹਾਈਆ । ਕੂੜ ਸ੍ਰਿਸ਼ਟੀ ਮੇਰੇ ਉਤੇ ਭੋਗੀ, ਭਗਵਨ ਤੇਰੇ ਵਿਚ ਨਾ ਕੋਇ ਸਮਾਈਆ । ਆਤਮ ਧਾਰ ਜਾਏ ਕਿਸੇ ਨਾ ਸੋਧੀ, ਸੁਦੀ ਵਦੀ ਨਾ ਕੋਇ ਚਤੁਰਾਈਆ । ਧਰਮ ਦੀ ਧਾਰ ਬਹੇ ਨਾ ਕੋਇ ਤੇਰੀ ਗੋਦੀ, ਗੋਦਾਵਰੀ ਦਾ ਕੰਢਾ ਕੂਕ ਕੂਕ ਦਏ ਸੁਣਾਈਆ । ਮਾਇਆ ਮਮਤਾ ਸਭ ਨੂੰ ਕੀਤਾ ਲੋਭੀ, ਮੋਹ ਹੰਕਾਰ ਵਿਚ ਕੁਰਲਾਈਆ । ਤੇਰੇ ਨਾਮ ਦਾ ਬਣੇ ਕੋਇ ਨਾ ਜੋਗੀ, ਜੁਗਤੀ ਵਿਚ ਨਾ ਕੋਇ ਸਮਾਈਆ । ਤੂੰ ਸ੍ਰੀ ਭਗਵਾਨ ਬਣਨਾ ਧੋਬੀ, ਦੁਰਮਤ ਮੈਲ ਧਵਾਈਆ । ਤੇਰੀ ਸੇਵਾ ਕਰ ਕਰ ਗਏ ਵੇਦੀ ਸੋਢੀ, ਸੋ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਨਿਵਾਸੀ ਤੇਰੀ ਖੇਲ ਘਰੋਗੀ, ਦੋ ਜਹਾਨਾਂ ਸ੍ਰੀ ਭਗਵਾਨਾ, ਤੇਰਾ ਗ੍ਰਿਹ ਮੰਦਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਦਰ ਦੇ ਦੇ ਸਿਖਿਆ, ਸਤਿ ਸਚ ਦ੍ਰਿੜਾਈਆ । ਕੂੜ ਕੁਕਰਮ ਦਾ ਲੇਖਾ ਮੇਟ ਦੇ ਲਿਖਿਆ, ਲਿਖਣਹਾਰ ਤੇਰੀ ਵਡਿਆਈਆ । ਜਗਤ ਜਹਾਨ ਸਮਝਾ ਦੇ ਮਿਥਿਆ, ਬਿਨ ਸਤਿਗੁਰ ਅੰਤ ਰਹਿਣ ਕੋਇ ਨਾ ਪਾਈਆ । ਰਸਨਾ ਰਸ ਕੂੜ ਕੁੜਿਆਰਾ ਫਿਕਿਆ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਜੋ ਹਰਿਜਨ ਤੇਰੇ ਦਰ ਤੇ ਵਿਕਿਆ, ਕਰਤੇ ਕੀਮਤ ਦੇਣੀ ਪਾਈਆ । ਮਾਣ ਦਵਾਉਣਾ ਵੱਡਿਆਂ ਨਿੱਕਿਆਂ, ਬਿਰਧ ਬਾਲਾਂ ਹੋਣਾ ਸਹਾਈਆ । ਤੇਰਾ ਰੂਪ ਅਨੂਪਾ ਬਿਨ ਤੇਰੀ ਕਿਰਪਾ ਕਿਸੇ ਨਾ ਦਿਸਿਆ, ਨੇਤਰ ਲੋਚਨ ਨੈਣ ਦਰਸ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਝੋਲੀ ਪਾ ਦੇ ਮੇਰਾ ਹਿੱਸਿਆ, ਖ਼ਾਲੀ ਝੋਲੀ ਦੇ ਭਰਾਈਆ । ਮੈਂ ਮਾਂਗਤ ਹੋ ਕੇ ਮੰਗੀ ਭਿਛਿਆ, ਭਿੱਖਕ ਹੋ ਕੇ ਆਪਣੀ ਆਸ ਜਣਾਈਆ । ਤੂੰ ਸਾਹਿਬ ਸਵਾਮੀ ਕਰਨੀ ਰਛਿਆ, ਤੇਰੀ ਓਟ ਤਕਾਈਆ । ਤੂੰ ਲੇਖੇ ਲਾਵੇਂ ਮੱਛ ਕਛਿਆ, ਹੋੜਿਆ ਜੋੜ ਜੁੜਾਈਆ । ਪ੍ਰਵਾਨ ਕਰ ਲੈ ਮਾੜਿਆਂ ਅੱਛਿਆ, ਅੱਛੀ ਤਰਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਲੇਖ ਅਲੇਖ ਜਗ ਨੇਤਰ ਕਿਸੇ ਨਾ ਦਿਸਿਆ ।



੧੧੧੮
੨੩

### ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ਦੀਦਾਰ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਸੱਚਾ ਉਸਤਾਦ, ਆਦਿ ਜੁਗਾਦਿ ਜੁਗਾ ਜੁਗੰਤ ਇਕ ਅਖਵਾਈਆ । ਪੁਰਖ ਅਕਾਲਾ ਦੀਨ ਦਿਆਲਾ ਜਿਸ ਅਗੰਮੀ ਦੇਵੇ ਦਾਦ, ਵਸਤ ਅਮੋਲਕ ਆਪਣੀ ਇਕ ਵਰਤਾਈਆ । ਜੋ ਨਿਰਗੁਣ ਧਾਰ ਨਿਰਗੁਣ ਵਿਚ ਹੋਵੇ ਵਿਸਮਾਦ, ਬਿਸਮਿਲ ਆਪਣਾ ਰੂਪ ਦਰਸਾਈਆ ।

ਜਿਸ ਦਾ ਹੁਕਮ ਸੰਦੇਸਾ ਨਾਮ ਕਲਮਾ ਬੋਧ ਅਗਾਧ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਆਪਣੀ ਦਾਦ, ਦੌਲਤ ਦਇਆਵਾਨ ਆਪ ਵਰਤਾਈਆ । ਜੋ ਤੂੰ ਮੇਰਾ ਮੈਂ ਤੇਰਾ ਰਹੇ ਅਰਾਧ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਿਸ ਨੇ ਖੇਲ ਖਿਲਾਇਆ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਦਿਤੀ ਵਡਿਆਈਆ । ਏਕਾ ਨਾਮ ਵਜਾ ਕੇ ਨਾਦ, ਧੁਨੀ ਧਰਮ ਧਾਰ ਸ਼ਨਵਾਈਆ । ਤਤਵ ਤਤ ਖੇਲ ਕੇ ਰਾਜ਼, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਤ੍ਰੈ ਪੰਜ ਸਾਜਣਾ ਸਾਜ, ਮੇਲ ਮਿਲਾਵਾ ਸਹਿਜ ਸੁਭਾਈਆ । ਚਾਰੇ ਖਾਣੀ ਰਚ ਕੇ ਕਾਜ, ਆਪ ਆਪਣਾ ਹੁਕਮ ਵਰਤਾਈਆ । ਚਾਰੇ ਬਾਣੀ ਮਾਰ ਕੇ ਅਵਾਜ਼, ਢੋਲਾ ਢੋਲਿਆਂ ਵਿਚੋਂ ਸੁਣਾਈਆ । ਜੁਗ ਚੌਕੜੀ ਚਲਾ ਜਹਾਜ਼, ਨਿਰਗੁਣ ਹੋ ਕੇ ਖੇਲ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਰੂਪ ਧਾਰਿਆ ਮਹਾਰਾਜ, ਮਿਹਰਵਾਨ ਆਪਣਾ ਰੂਪ ਬਦਲਾਈਆ । ਜਗਤ ਖੇਲ ਜਣਾ ਸਮਾਜ, ਸਮਗਰੀ ਧੁਰ ਦੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਆਦਿ ਜੁਗਾਦਿ ਉਸਤਾਦ ਏਕੰਕਾਰ, ਅਕਲ ਕਲਧਾਰੀ ਬੇਪਰਵਾਹੀਆ । ਸੋ ਪੁਰਖ ਨਿਰੰਜਣ ਰੂਪ ਅਪਾਰ, ਅਪਰੰਪਰ ਸਵਾਮੀ ਆਪਣਾ ਰੂਪ ਬਦਲਾਈਆ । ਹਰਿ ਪੁਰਖ ਨਿਰੰਜਣ ਹੋ ਕੇ ਜ਼ਾਹਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਆਦਿ ਨਿਰੰਜਣ ਨੂਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸ੍ਰੀ ਭਗਵਾਨ ਬਣ ਸਿਕਦਾਰ, ਸਿਰ ਸਿਰ ਆਪਣਾ ਹੱਥ
੧੧੧੯ ਟਿਕਾਈਆ । ਪਾਰਬ੍ਰਹਮ ਪ੍ਰਭ ਖੋਲ ਕਿਵਾੜ, ਪਰਦਾ ਪਰਦਿਆਂ ਵਿਚੋਂ ਉਠਾਈਆ । ਬ੍ਰਹਮ ਧਾਰ ਬ੍ਰਹਮ ਵੇਤਾ ਦੇ ਉਧਾਰ, ਬਿਨਾ ਉਦਰ ਤੋਂ ੧੧੧੯
੨੩ ਲਏ ਪ੍ਰਗਟਾਈਆ । ਵਿਸ਼ਨ ਸ਼ਿਵ ਕਰ ਤਿਆਰ, ਸਹਿੰਸਾ ਰੋਗ ਦਏ ਮਿਟਾਈਆ । ਤ੍ਰੈਗੁਣ ਖੇਲ ਕਰੇ ਅਪਾਰ, ਤ੍ਰੈਗੁਣ ਅਤੀਤਾ ਧੁਰਦਰਗਾਹੀਆ । ੨੩
ਪੰਜਾਂ ਤਤਾਂ ਕਰ ਸ਼ਿੰਗਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਗੰਢ ਪਵਾਈਆ । ਅੰਡਜ ਜੇਰਜ ਉਤਭੁਜ ਸੇਤਜ ਰਚਨਾ ਰਚ ਵਿਚ ਸੰਸਾਰ, ਧੁਰ ਸੰਦੇਸਾ ਇਕ ਸੁਣਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਅਵਤਰ ਆਪਣਾ ਰੂਪ ਬਦਲਾਈਆ । ਧੁਰ ਦਾ ਹੁਕਮ ਜਗਤ ਜਗਿਆਸੂਆਂ ਦਏ ਅਧਾਰ, ਅੰਤਰ ਨਿਰੰਤਰ ਇਕ ਸਮਝਾਈਆ । ਮਨ ਮਤ ਬੁਧ ਪਾਵੇ ਸਾਰ, ਸੁਰਤੀ ਸ਼ਬਦ ਸੰਗ ਮਿਲਾਈਆ । ਕਾਗਦ ਕਲਮ ਕਰ ਤਿਆਰ, ਸ਼ਿਆਹੀ ਸ਼ਹਿਨਸ਼ਾਹ ਰੰਗ ਰੰਗਾਈਆ । ਹੁਕਮ ਸੰਦੇਸ਼ਾ ਦੇਵੇ ਵਾਰੋ ਵਾਰ, ਜੁਗ ਚੌਕੜੀ ਆਪਣੀ ਖੇਲ ਖਿਲਾਈਆ । ਸਚ ਉਸਤਾਦ ਬਣ ਆਦਿ ਪੁਰਖ ਕਰਤਾਰ, ਆਪਣਾ ਹੁਕਮ ਦਏ ਅਗੰਮ ਅਪਾਰ, ਅਲਖ ਅਗੋਚਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਚ ਉਸਤਾਦ ਬਣਿਆ ਪੁਰਖ ਅਕਾਲਾ, ਅਕਲ ਕਲ ਧਾਰੀ ਵਡ ਵਡਿਆਈਆ । ਦੀਨਾਂ ਬੰਧਪ ਦੀਨ ਦਿਆਲਾ, ਦਇਆਨਿਧ ਦਇਆ ਕਮਾਈਆ । ਜੁਗ ਜੁਗ ਖੇਲੇ ਖੇਲ ਨਿਰਾਲਾ, ਵੇਸ ਅਨੇਕਾ ਰੂਪ ਵਟਾਈਆ । ਹੁਕਮ ਜਣਾਏ ਕਾਲ ਮਹਾਕਾਲਾ, ਰਾਏ ਧਰਮ ਧਰਮ ਪੜ੍ਹਾਈਆ । ਚਿਤ੍ਰਗੁਪਤ ਮਾਰਗ ਦੱਸ ਸਖਾਲਾ, ਲਾੜੀ ਮੌਤ ਨਾਲ ਮਿਲਾਈਆ । ਲੇਖਾ ਜਾਣੇ ਸਚਖੰਡ ਦਵਾਰ ਸੱਚੀ ਧਰਮਸਾਲਾ, ਦਰਗਾਹ ਸਾਚੀ ਸੋਭਾ ਪਾਈਆ । ਧਰਨੀ ਧਰਤ ਧਵਲ ਧੌਲ ਕਰੇ ਖੇਲ ਆਪ ਗੋਪਾਲਾ, ਗੋਬਿੰਦ ਗੋਬਿੰਦ ਗੋਬਿੰਦ ਧਾਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ ।

ਸਤਿਗੁਰ ਸ਼ਬਦ ਆਦਿ ਜੁਗਾਦੀ ਉਸਤਾਦ ਜਗਤ, ਜਗ ਜੀਵਣ ਦਾਤਾ ਇਕ ਅਖਵਾਈਆ । ਜੋ ਇਕੋ ਨਾਮ ਦੇਵੇ ਫ਼ਕਤ, ਫ਼ਿਕਰਾ ਅਵਰ ਨਾ ਕੋਇ ਪੜ੍ਹਾਈਆ । ਲੇਖੇ ਲਾਵੇ ਬੂੰਦ ਰਕਤ, ਤਨ ਵਜੂਦਾਂ ਕਰੇ ਸਫ਼ਾਈਆ । ਆਤਮ ਧਾਰ ਬਖ਼ਸ਼ ਦੇ ਸ਼ਕਤ, ਮਨਸਾ ਮਨ ਮੇਟ ਮਿਟਾਈਆ । ਜਦ ਸਿਖਿਆ ਦੇਵੇ ਵਿਦਿਆਰਥੀ ਬਣਾਏ ਆਪਣੇ ਭਗਤ, ਭਗਵਨ ਆਪਣਾ ਰੰਗ ਰੰਗਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਆਵੇ ਉਪਰ ਧਰਤ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਖੇਲ ਖਿਲਾਈਆ । ਸ਼ਰਅ ਸ਼ਰੀਅਤ ਗੁਰ ਅਵਤਾਰ ਪੈਗ਼ੰਬਰਾਂ ਨਾਮ ਕਲਮੇ ਦੀ ਦੱਸੇ ਸ਼ਰਤ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਜੋਧਾ ਸੂਰਬੀਰ ਮਰਦਾਨਾ ਬਣ ਮਰਦ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਆਦਿ ਜੁਗਾਦਿ ਨਿਤ ਨਵਿਤ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਮੰਨੇ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਗੁਰਮੁਖਾਂ ਗੁਰਸਿਖਾਂ ਸੂਫ਼ੀ ਸੰਤਾਂ ਵੰਡੇ ਦਰਦ, ਦਰਦ ਦੁੱਖ ਭੈ ਭੰਜਨ ਆਪਣਾ ਭੇਵ ਚੁਕਾਈਆ । ਕੂੜੀ ਕਿਰਿਆ ਮੇਟੇ ਅੰਧੇਰ ਗਰਦ, ਗਰਦਸ਼ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧੁਰ ਉਸਤਾਦ ਅੱਖਰ ਅਗੰਮ ਪੜ੍ਹਾਉਂਦਾ ਏ । ਬਿਨਾ ਬੁਧੀ ਤੋਂ ਰਹੇ ਯਾਦ, ਮਨਮਤ ਦਾ ਡੇਰਾ ਢਾਉਂਦਾ ਏ । ਧੁਨ ਆਤਮਕ ਸੁਣਾਏ ਨਾਦ, ਅਨਹਦ ਨਾਦੀ ਨਾਦ ਵਜਾਉਂਦਾ ਏ । ਭੇਵ ਖੁਲ੍ਹਾ ਕੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਰੰਗ ਰੰਗਾਉਂਦਾ ਏ । ਝਗੜਾ ਰਹੇ ਨਾ ਸੁੰਨ ਸਮਾਧ, ਸਗਲੀ ਚਿੰਤ ਗਵਾਉਂਦਾ ਏ । ਸੋਈ ਸੁਰਤੀ ਜਾਏ ਜਾਗ, ਆਲਸ ਨਿੰਦਰਾ ਪਰੇ ਹਟਾਉਂਦਾ ਏ । ਸਤਿਗੁਰ ਸ਼ਬਦ ਉਪਜੇ ਵੈਰਾਗ, ਵੈਰੀ ਪੰਚਮ ਮਾਰ ਮੁਕਾਉਂਦਾ ਏ । ਗ੍ਰਿਹਿ ਮੰਦਰ ਕਰ ਆਬਾਦ, ਸਾਢੇ ਤਿੰਨ ਹੱਥ ਆਪ ਸੁਹਾਉਂਦਾ ਏ । ਮੇਲ ਮਿਲਾ ਕੇ ਏਕੰਕਾਰਾ ਵਾਹਿਦ, ਵਾਹਵਾ ਆਪਣਾ ਪਰਦਾ ਲਾਹੁੰਦਾ ਏ । ਸਤਿਗੁਰ ਸ਼ਬਦ ਸਵਾਮੀ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਜਿਨ੍ਹਾਂ ਮਿਲ ਗਿਆ ਉਸਤਾਦ, ਸੋ ਉਸਤਤ ਬਿਨਾ ਪੁਸਤਕ ਆਪ ਸਮਝਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਸਿਖਿਆ ਦੇਵੇ ਬੋਧ ਅਗਾਧ, ਬੋਧ ਅਗਾਧਾ ਨਿਰਅੱਖਰ ਨਿਰਵੈਰ ਨਿਰਾਕਾਰ ਨਿਰੰਤਰ ਆਪ ਪੜ੍ਹਾਉਂਦਾ ਏ ।

### ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ਪੂਰਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਸਾਹਿਬ ਸੂਰੇ ਸਰਬੰਗੀ, ਹਰਿ ਕਰਤੇ ਤੇਰੀ ਓਟ ਤਕਾਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖ ਸੰਧੀ, ਜੁਗ ਚੌਕੜੀ ਪੂਰਬ ਧਿਆਨ ਲਗਾਈਆ । ਮੇਰੇ ਉਤੇ ਦੀਨਾਂ ਮਜ਼੍ਹਬਾਂ ਲੱਗੀ ਪਾਬੰਦੀ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਆਤਮ ਧਾਰ ਦਿਸੇ ਕੋਇ ਨਾ ਸੰਗੀ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗੀ, ਅੱਠ ਸੱਠ ਰਹੇ ਕੁਰਲਾਈਆ । ਵੇਦ ਸ਼ਾਸਤਰਾਂ ਪਿੱਠ ਹੋਈ ਨੰਗੀ, ਪੁਸ਼ਤ ਪਨਾਹ ਦਏ ਨਾ ਕੋਇ ਵਡਿਆਈਆ । ਦੀਨਾਂ ਮਜ਼੍ਹਬਾਂ ਆਈ ਤੰਗੀ, ਤੰਗ ਦਸਤ ਹੋਈ ਲੋਕਾਈਆ । ਚਾਰ ਕੁੰਟ ਨੂਰੀ ਚੰਦ ਦਿਸੇ ਨਾ ਕੋਇ ਨੌਚੰਦੀ, ਕਲਜੁਗ ਅੰਧੇਰਾ ਛਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਮੁਹੰਮਦ ਨੈਣ ਰਿਹਾ ਉਠਾਈਆ । ਬੀਸ ਬੀਸੇ ਹਰਿ

ਜਗਦੀਸੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਅੰਧੀ, ਨਿਜ ਲੋਚਨ ਨਾ ਕੋਇ ਖੁਲਾਈਆ । ਭਾਂਡਾ ਭਰਮ ਢਾਹੇ ਕੋਇ ਨਾ ਕੰਧੀ, ਦੂਈ ਦਵੈਂਤ ਨਾ ਕੋਇ ਮਿਟਾਈਆ । ਚਾਰੋਂ ਕੁੰਟ ਸ਼ਸਤਰ ਜੰਗੀ, ਮਨ ਮਨੂਆ ਰਿਹਾ ਕੁਰਲਾਈਆ । ਮੇਰੇ ਉਤੇ ਕਲਜੁਗ ਔਧ ਹੋਣ ਨਾ ਦੇਣੀ ਲੰਬੀ, ਲੰਮੀ ਪੈ ਕੇ ਸੀਸ ਨਿਵਾਈਆ । ਮਾਇਆ ਮਮਤਾ ਮੋਹ ਮਿਟਾ ਦੇ ਭੇਖ ਪਖੰਡੀ, ਡੰਬੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੈਂ ਰੋ ਰੋ ਦੇਵਾਂ ਹੋਕਾ, ਸਾਹਿਬ ਸਵਾਮੀ ਦਿਆਂ ਜਣਾਈਆ । ਨਿਗਾਹ ਮਾਰ ਲੈ ਚੌਦਾਂ ਲੋਕਾ, ਚੌਦਾਂ ਤਬਕਾਂ ਵੇਖ ਵਖਾਈਆ । ਤੇਰਾ ਸੁਣੇ ਨਾ ਕੋਇ ਹਕ ਸਲੋਕਾ, ਆਤਮ ਪਰਮਾਤਮ ਰਾਗ ਨਾ ਕੋਇ ਅਲਾਈਆ । ਮਨੂਆ ਸਭਦਾ ਹੋਇਆ ਥੋਥਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਪ੍ਰਕਾਸ਼ ਹੋਏ ਨਾ ਨਿਰਮਲ ਜੋਤਾ, ਜੋਤੀ ਜਾਤੇ ਤੇਰਾ ਨੂਰ ਨਜ਼ਰ ਨਾ ਆਈਆ । ਮੈਂ ਅੰਤ ਕੂੜੀ ਕਿਰਿਆ ਵਿਚ ਮਾਰ ਕੇ ਵੇਖਿਆ ਗੋਤਾ, ਗਹਿਰ ਗੰਭੀਰ ਧਿਆਨ ਲਗਾਈਆ । ਤੇਰਾ ਜਗਤ ਜਗਿਆਸੂ ਸੋਤਾ, ਆਲਸ ਨਿੰਦਰਾ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੇਰੀ ਅੰਤਰ ਆਸ਼ਾ ਪੁਕਾਰਦੀ, ਬਿਨ ਨੈਣਾਂ ਨੀਰ ਵਹਾਈਆ । ਕੀ ਖੇਲ ਤੇਰੀ ਪਰਵਰਦਿਗਾਰ ਦੀ, ਸਾਂਝੇ ਯਾਰ ਦੇਣਾ ਦ੍ਰਿੜਾਈਆ । ਕਿਉਂ ਨੌ ਖੰਡ ਪ੍ਰਿਥਮੀ ਗੜ੍ਹੀ ਬਣੀ ਹੰਕਾਰ ਦੀ, ਗੜ੍ਹੀ ਚਮਕੌਰ ਦਏ ਗਵਾਹੀਆ । ਕਿਉਂ ਆਵਾਜ਼ ਸੁਣਦੀ ਨਹੀਂ ਸ਼ਬਦ ਧੁਨਕਾਰ ਦੀ, ਅਨਾਦੀ ਧੁਨ ਨਾ ਕੋਇ ਸ਼ਨਵਾਈਆ । ਕਿਉਂ ਧਾਰ ਮਿਲਦੀ ਨਹੀਂ ਅੰਮ੍ਰਿਤ ਠੰਡੀ ਠਾਰ ਦੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਕਿਉਂ ਗੁਲਸ਼ਨ ਮਹਿਕਦੀ ਨਹੀਂ ਤੇਰੇ ਨਾਮ ਵਾਲੀ ਬਹਾਰ ਦੀ, ਖ਼ਿਜ਼ਾਂ ਰੂਪ ਬਦਲਾਈਆ । ਮੈਂ ਕੂਕ ਕੂਕ ਦਰੋਹੀ ਤੈਨੂੰ ਪੁਕਾਰਦੀ, ਨਿਵ ਨਿਵ ਸੀਸ ਨਿਵਾਈਆ । ਸਦੀ ਚੌਧਵੀ ਲੇਖਾ ਤੱਕ ਲੈ ਮੁਹੰਮਦ ਸੰਗ ਚਾਰ ਯਾਰ ਦੀ, ਮੂਸਾ ਈਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਰੋ ਰੋ ਮਾਰੂੰ ਨਾਅਰਾ, ਨਰ ਨਰਾਇਣ ਧਿਆਨ ਲਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜਾਤਾ ਹੋ ਉਜਿਆਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਭੇਵ ਖੁਲਾ ਦੇ ਗੁਪਤ ਜ਼ਾਹਰਾ, ਬਾਤਨ ਪਰਦਾ ਦੇ ਚੁਕਾਈਆ । ਮੈਂ ਕੂਕ ਕੂਕ ਕਰਬਲਿਆਂ ਤੋਂ ਬਾਹਰ ਪੁਕਾਰਾ, ਆਸਾ ਮਨਸਾ ਸਭ ਦੀ ਨਾਲ ਮਿਲਾਈਆ । ਭੇਵ ਖੁਲਾ ਦੇ ਮੇਰੇ ਪਰਵਰਦਿਗਾਰਾ, ਸਾਂਝੇ ਯਾਰ ਤੇਰੀ ਵਡਿਆਈਆ । ਤੇਰਾ ਲੇਖਾ ਕਾਗਦ ਕਲਮ ਲਿਖਣ ਤੋਂ ਬਾਹਰਾ, ਅਲਿਫ਼ ਯੇ ਸਮਝ ਸਕੇ ਨਾ ਰਾਈਆ । ਤੂੰ ਅਮਾਮ ਅਮਾਮਾ ਦੋ ਜਹਾਨਾਂ ਸਿਕਦਾਰਾ, ਤਬਕਾਂ ਸਬਕਾਂ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਅਲਖ, ਅਗੋਚਰ ਅਗੰਮ ਅਥਾਹ ਬੇਪਰਵਾਹ ਤੇਰੀ ਸਰਨਾਈਆ । ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਹੋ ਪ੍ਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਨੂਰ ਜ਼ਹੂਰ ਕਰ ਰੁਸ਼ਨਾਈਆ । ਮੇਰਾ ਭਾਂਡਾ ਨੌ ਖੰਡ ਪ੍ਰਿਥਮੀ ਵੇਖ ਸੱਖ, ਨਾਉਂ ਨਿਰੰਕਾਰ ਸਕੇ ਨਾ ਕੋਇ ਟਿਕਾਈਆ । ਮੇਰੀ ਕੀਮਤ ਰਹੀ ਨਾ ਕੌਡੀ ਕੱਖ, ਮਿੱਟੀ ਖ਼ਾਕ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਲਾਉਂਦੇ ਭੱਖ, ਅਗਨੀ ਤਤ ਤਤ ਤਪਾਈਆ । ਮੈਨੂੰ ਜਿਉਂ ਭਾਵੇ ਤਿਉਂ ਲੈਣਾ ਰਖ, ਰਖਣਹਾਰ ਤੇਰੀ ਵਡਿਆਈਆ ।

ਮੈਂ ਆਪਣੀ ਆਸ਼ਾ ਰਹੀ ਦਸ, ਦਹਿ ਦਿਸ਼ਾ ਵੇਖ ਵਖਾਈਆ । ਜਿਧਰ ਤੱਕਾਂ ਰੈਣ ਅੰਧੇਰੀ ਮਸ, ਨੂਰੀ ਚੰਦ ਨਾ ਕੋਇ ਚਮਕਾਈਆ । ਜਗਤ ਜਗਿਆਸੂ ਤੇਰਾ ਗਾਏ ਕੋਇ ਨਾ ਜਸ, ਆਤਮ ਪਰਮਾਤਮ ਸੰਗ ਨਾ ਕੋਇ ਸਮਾਈਆ । ਸੱਤ ਦੀਪ ਮੇਰਾ ਖੇੜਾ ਹੋਇਆ ਭੱਠ, ਕਲਜੁਗ ਭਠਿਆਲਾ ਅਗਨੀ ਰਿਹਾ ਡਾਹੀਆ । ਧੀਰਜ ਧਰਮ ਰਿਹਾ ਨਾ ਸਤਿ, ਜਪ ਵਿਚ ਨਾ ਕੋਇ ਲੋਕਾਈਆ । ਦੀਨਾਂ ਮਜ਼੍ਹਬਾਂ ਉਬਲੇ ਰੱਤ, ਰਤੀ ਰਤ ਤੇਰੇ ਵਿਚ ਨਾ ਕੋਇ ਸਮਾਈਆ । ਤੂੰ ਜਾਨਣਹਾਰਾ ਮਿਤ ਗਤ, ਆਦਿ ਅੰਤ ਇਕ ਅਖਵਾਈਆ । ਮੇਰੇ ਸਵਾਮੀ ਅੰਤਰਜਾਮੀ ਕਲਜੁਗ ਜੀਵਾਂ ਅੰਤਰ ਨਿਰੰਤਰ ਬਦਲ ਦੇ ਮਤ, ਬੁਧ ਬਿਬੇਕ ਦੇ ਕਰਾਈਆ । ਤੇਰੇ ਪਿਆਰ ਵਿਚ ਯਾਰੜੇ ਸਬਰ ਲੈਣ ਘਤ, ਮਿਲੇ ਮੇਲ ਗੋਬਿੰਦ ਮਾਹੀਆ । ਧਰਨੀ ਕਹੇ ਮੈਂ ਬਿਨਾ ਹੱਥਾਂ ਤੋਂ ਜੋੜਾਂ ਹੱਥ, ਬਿਨਾ ਸੀਸ ਸੀਸ ਨਿਵਾਈਆ । ਤੂੰ ਸਰਬ ਕਲਾ ਸਮਰਥ, ਪਰਮ ਪੁਰਖ ਅਗੰਮ ਅਥਾਹੀਆ । ਤੇਰੀ ਮਹਿੰਮਾ ਅਕਥਨਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਮੰਦਰ ਜਾਵੇ ਢੱਠ, ਸ਼ੌਹ ਦਰਿਆ ਦੇਣਾ ਰੁੜ੍ਹਾਈਆ । ਸਤਿਜੁਗ ਸਾਚਾ ਦੇਣਾ ਰਖ, ਰਖਕ ਹੋ ਕੇ ਵੇਖ ਵਖਾਈਆ । ਜਨ ਭਗਤਾਂ ਨਿਜ ਨੇਤਰ ਖੋਲਣੀ ਅੱਖ, ਲੋਇਣ ਇਕੋ ਇਕ ਦਰਸਾਈਆ । ਦਰਸ਼ਨ ਦੇਣਾ ਹੋ ਪ੍ਰਤਖ, ਸਨਮੁਖ ਹੋ ਕੇ ਸੋਭਾ ਪਾਈਆ । ਸਾਚੇ ਨਾਮ ਦਾ ਚਾਰ ਵਰਨ ਅਠਾਰਾਂ ਬਰਨ ਇਕੋ ਖੋਲ ਦੇ ਹੱਟ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਦੇਣਾ ਜਣਾਈਆ । ਮੇਰੇ ਸਾਹਿਬ ਸਤਿਗੁਰ ਪੁਰਖ ਅਕਾਲੇ ਦੀਨ ਦਿਆਲੇ ਮੈਂ ਸਰਨ ਸਰਨਾਈ ਤੇਰੀ ਜਾਵਾਂ ਢੱਠ, ਧਰਨੀ ਧਵਲ ਧੌਲ ਨਿਵ ਨਿਵ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਜ ਬੀਜਣਾ ਆਤਮ ਧਾਰ ਨਾਮ ਦੇ ਵਤ, ਫਲ ਸਤਿ ਸਤਿ ਉਪਜਾਈਆ ।



੧੧੨੨
੨੩

### ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ
### ਹੀਰਾ ਸਿੰਘ ਨਿਰੰਜਣ ਸਿੰਘ ਤੇਜਾ ਸਿੰਘ ਮੋਹਣ ਸਿੰਘ ਕਰਤਾਰ ਸਿੰਘ ਅਨੋਖ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪਰਮ ਪੁਰਖ ਮੇਰੇ ਅਗੰਮੀ ਪਿਤਾ, ਪਤਿਪਰਮੇਸ਼ਵਰ ਤੇਰੇ ਚਰਨ ਧਿਆਨ ਲਗਾਈਆ । ਤੇਰਾ ਖੇਲ ਵੇਖਾਂ ਨਿਤ ਨਵਿਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਰੂਪ ਸਮਝਾਈਆ । ਜੁਗ ਚੌਕੜੀ ਸਦ ਵੇਖੇ ਆਪਣੀ ਅਨੋਖੀ ਥਿਤਾ, ਜਿਸ ਦਾ ਘੜੀ ਪਲ ਸਮਝ ਕੋਇ ਨਾ ਪਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਕਲਜੁਗ ਕੂੜੀ ਕਿਰਿਆ ਬਣਾ ਦੇ ਚਿਤਾ, ਚਿਖਾ ਅਗਨੀ ਹੰਕਾਰ ਵਾਲੀ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਤਮ ਪਰਮਾਤਮ ਬਣਾ ਦੇ ਹਿੱਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਬਿਨ ਤੇਰੀ ਕਿਰਪਾ ਮਨੂਆ ਮਨ ਜਾਏ ਨਾ ਜਿੱਤਾ, ਕਲਪਣਾ ਲੋਭ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਅਗੰਮ ਦੇਣੀ ਵਰਤਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ ਬਾਪ, ਪਤ ਪਤਵੰਤੇ ਸੀਸ ਨਿਵਾਈਆ । ਮੇਰੇ ਉਤੋਂ ਤ੍ਰੈਗੁਣ ਮੇਟ ਦੇ ਤਾਪ, ਅਗਨੀ ਤਤ ਨਾ ਕੋਇ ਜਲਾਈਆ । ਧੁਰ ਦਾ ਭੇਵ ਖੁਲਾ ਦੇ ਆਪ, ਆਪ ਆਪਣਾ ਪਰਦਾ ਲਾਹੀਆ । ਆਤਮ ਪਰਮਾਤਮ ਦੱਸ ਦੇ ਜਾਪ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ ।

ਕਲਜੁਗ ਕੂੜੀ ਕਿਰਿਆ ਮੇਟ ਰੋਗ ਸੰਤਾਪ, ਸਹਿੰਸਾ ਅਵਰ ਰਹੇ ਨਾ ਰਾਈਆ । ਕਲਜੁਗ ਕੂੜੀ ਕਿਰਿਆ ਮੇਟ ਰੋਗ ਸੰਤਾਪ, ਸਹਿੰਸਾ ਅਵਰ ਰਹੇ ਨਾ ਰਾਈਆ । ਜਗਤ ਅੰਧੇਰ ਰਹੇ ਨਾ ਰਾਤ, ਨੂਰੀ ਚੰਦ ਸ਼ਬਦ ਚਮਕਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਸਚ ਸਵਾਮੀ ਸਗਲਾ ਦੇ ਸਾਥ, ਸੰਗੀ ਸਾਥੀ ਇਕ ਅਖਵਾਈਆ । ਮੈਂ ਬੇਨੰਤੀ ਕਰਾਂ ਹੋ ਅਨਾਥ, ਨਾਥ ਅਨਾਥੇ ਤੇਰੀ ਓਟ ਤਕਾਈਆ । ਲੇਖਾ ਪੂਰਾ ਕਰ ਦੇ ਜੋ ਸੰਦੇਸਾ ਦੇ ਕੇ ਗਿਆ ਰਾਮ ਬੇਟਾ ਦਸਰਾਥ, ਪੰਚਬਟੀ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪਰਵਰਦਿਗਾਰ ਅਲਾਹੀ ਅੱਬਾ, ਅੰਮੀਜਾਨ ਤੇਰੀ ਓਟ ਤਕਾਈਆ । ਮੇਰੀ ਦਰੋਹੀ ਧੁਰ ਦੇ ਰੱਬਾ, ਯਾਮਬੀਨ ਤੇਰੀ ਸ਼ਰਨਾਈਆ । ਮੇਰੀ ਆਵਾਜ਼ ਅਜ਼ਾਂ ਸੁਣ ਸਦਾ, ਕੂਕ ਕੂਕ ਸੁਣਾਈਆ । ਤੇਰਾ ਜਗਤ ਜਹਾਨ ਕੂੜੀ ਮਾਇਆ ਵਿਚ ਮਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਪਵਿਤ੍ਰ ਰਹੀ ਕੋਈ ਨਾ ਜਗਹ, ਮੱਕਾ ਕਾਅਬਾ ਰਹੇ ਕੁਰਲਾਈਆ । ਤੇਰਾ ਨੂਰ ਜ਼ਹੂਰ ਕਿਸੇ ਦਿਸੇ ਨਾ ਉਪਰ ਸ਼ਾਹ ਰਗਾ, ਨੌਂ ਦਵਾਰ ਪੰਧ ਨਾ ਕੋਇ ਮੁਕਾਈਆ । ਕਲਜੁਗ ਜੀਵ ਹੰਸ ਹੋਏ ਕੱਗਾ, ਬੁੱਧੀ ਮਤ ਮਨ ਕਾਗ ਵਾਂਗ ਕੁਰਲਾਈਆ । ਮੇਰੇ ਉਤੋਂ ਸ਼ਰਅ ਸ਼ਰੀਅਤ ਮੇਟ ਦੇ ਹੱਦਾ, ਹਦੂਦ ਆਪਣੀ ਦੇ ਸਮਝਾਈਆ । ਸਾਚੇ ਕਲਮੇ ਨਾਮ ਦਾ ਦੇ ਮਜ਼ਾ, ਰਸ ਨਿਝਰ ਦੇ ਝਿਰਾਈਆ । ਚਾਰੋਂ ਕੁੰਟ ਮੇਰੇ ਉਤੇ ਕੂਕਦੀ ਕਜ਼ਾ, ਕਜ਼ਾਕ ਕਲਜੁਗ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰੇ ਪਰਮ ਪੁਰਖ ਸੁਲਤਾਨਾ, ਸ਼ਾਹੋ ਭੂਪ ਤੇਰੀ ਵਡਿਆਈਆ । ਤੇਰੇ ਅਗੇ ਕਰਾਂ ਬਿਆਨਾ, ਬੇਨੰਤੀ ਰਹੀ ਸੁਣਾਈਆ । ਜੋ ਇਸ਼ਾਰਾ ਦੇ ਕੇ ਗਿਆ ਕ੍ਰਿਸ਼ਨਾ ਕਾਹਨਾ, ਯਾਦਵ ਬੰਸੀ ਭੇਵ ਖੁਲਾਈਆ । ਜੋ ਮੂਸਾ ਦਿਤਾ ਪੈਗ਼ਾਮਾ, ਹਜ਼ਰਤ ਈਸਾ ਕੀਤਾ ਸ਼ਨਵਾਈਆ । ਜਿਸ ਧਾਰ ਵਿਚ ਮੁਹੰਮਦ ਗਾਇਆ ਤਰਾਨਾ, ਬਿਨ ਜ਼ਬਾਂ ਤੇਰੀ ਸਿਫ਼ਤ ਸਾਲਾਹੀਆ । ਤੂੰ ਨੂਰ ਅਲਾਹੀ ਇਕ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਸਦੀ ਚੌਧਵੀਂ ਤੇਰਾ ਵੇਖਾਂ ਅੰਤ ਨਿਸ਼ਾਨਾ, ਨਿਸ਼ਾਨੇ ਜਗਤ ਦੇ ਮਿਟਾਈਆ । ਨਵ ਸੱਤ ਹੋ ਪ੍ਰਧਾਨਾ, ਚਾਰੋਂ ਕੁੰਟ ਹੁਕਮ ਵਰਤਾਈਆ । ਮੈਂ ਨਿਵ ਨਿਵ ਕਰਾਂ ਸਲਾਮਾ, ਸਜਦਿਆਂ ਵਿਚ ਸੀਸ ਨਿਵਾਈਆ । ਤੂੰ ਮਿਹਰਵਾਨ ਮਹਿਬੂਬ ਗੁਣ ਨਿਧਾਨਾ, ਗੁਣਵੰਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਆਦਿ ਅੰਤ ਜੁਗਾ ਜੁਗੰਤ ਜ਼ਿਮੀਂ ਅਸਮਾਨਾ, ਜ਼ਿਮੀਂ ਜ਼ਮਾਂ ਮਿਹਰਵਾਨ ਤੇਰਾ ਧਿਆਨ ਲਗਾਈਆ ।



### ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ਅਨੋਖ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਗੁਰੂ ਗੁਰਦੇਵਾ, ਸਤਿਗੁਰ ਸੰਗ ਸੁਖਦਾਈਆ । ਤੇਰਾ ਖੇਲ ਅਲਖ ਅਭੇਵਾ, ਅਗੋਚਰ ਕਹਿਣ ਕਿਛ ਨਾ ਪਾਈਆ । ਮੇਰੀ ਰਸਨਾ ਨਹੀਂ ਕੋਈ ਜਿਹਵਾ, ਕੀ ਤੇਰੀ ਸਿਫ਼ਤ ਸਲਾਹੀਆ । ਮੇਰੀ ਕਬੂਲ ਕਰਨੀ ਸੇਵਾ, ਤੇਰੇ ਚਰਨਾਂ ਧੂੜੀ ਖ਼ਾਕ ਰਮਾਈਆ । ਜਨ ਭਗਤਾਂ

ਅੰਮ੍ਰਿਤ ਨਾਮ ਦੇਣਾ ਫਲ ਮੇਵਾ, ਰਸ ਆਪਣਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸਵਾਮੀ ਵਡ ਦੇਵੀ ਦੇਵਾ, ਦੇਵਤ ਸੁਰ ਸਭ ਤੇਰਾ ਧਿਆਨ ਲਗਾਈਆ ।

## ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਸ਼ਾਹ ਬੁਕਰ ਜ਼ਿਲਾ ਫ਼ਰੀਦਕੋਟ ਸੋਹਣ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਮਾਲਕ ਕੋਟਨ ਕੋਟੀ, ਕੰਚਨ ਗੜ੍ਹ ਵੇਖ ਵਖਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਚੋਟੀ, ਚੋਟਾ ਮਨੂਆ ਸਭ ਨੂੰ ਰਿਹਾ ਭਰਮਾਈਆ । ਮਾਨਵ ਜ਼ਾਤੀ ਵਾਸ਼ਨਾ ਹੋਈ ਖੋਟੀ, ਦੁਰਮਤ ਮੈਲ ਨਾ ਕੋਇ ਧਵਾਈਆ । ਬਿਨ ਤੇਰੇ ਪੁਰਖ ਅਕਾਲ ਦਿਸੇ ਕੋਇ ਨਾ ਓਟੀ, ਓੜਕ ਤੇਰਾ ਧਿਆਨ ਲਗਾਈਆ । ਸ਼ਬਦ ਸਹਾਰਾ ਮਿਲੇ ਕੋਇ ਨਾ ਸੋਟੀ, ਜਗਤ ਜਹਾਨ ਧੀਰ ਨਾ ਕੋਇ ਰਖਾਈਆ । ਸ੍ਰਿਸ਼ਟੀ ਬਣਜਾਰੀ ਹੋ ਗਈ ਤਨ ਬੋਟੀ, ਬੁੱਲਾਂ ਬੁਟਾਂ ਰਸ ਪੂਰ ਨਾ ਕੋਇ ਕਰਾਈਆ । ਸਚ ਪ੍ਰਕਾਸ਼ ਤੇਰਾ ਨਜ਼ਰ ਨਾ ਆਵੇ ਜੋਤੀ, ਜੋਤੀ ਜਾਤੇ ਤੇਰਾ ਨੂਰ ਨਾ ਕੋਇ ਚਮਕਾਈਆ । ਨੌ ਖੰਡ ਪ੍ਰਿਥਮੀ ਵੇਖ ਸੋਤੀ, ਸੁੱਤਿਆਂ ਸਕੇ ਨਾ ਕੋਇ ਉਠਾਈਆ । ਆਤਮ ਪਰਮਾਤਮ ਬਣੇ ਕੋਇ ਨਾ ਗੋਤੀ, ਗੌਤਮ ਬੁੱਧ ਕੂਕ ਕੂਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਆਪਣਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਤੇਰਾ ਮਿਲੇ ਕਿਸੇ ਨਾ ਘਰ, ਘਰਾਨੇ ਕੂੜ ਜਗਤ ਵੇਖ ਵਖਾਈਆ । ਤੇਰਾ ਪਾਵੇ ਕੋਇ ਨਾ ਦਰ, ਦਰਵਾਜ਼ਾ ਸਚਖੰਡ ਨਾ ਕੋਇ ਖੁਲਾਈਆ । ਤੂੰ ਮਿਲੀਂ ਨਾ ਧੁਰ ਦਾ ਹਰਿ, ਹਰਿ ਹਿਰਦੇ ਸਕੇ ਨਾ ਕੋਇ ਵਸਾਈਆ । ਅੰਮ੍ਰਿਤ ਪੀਏ ਕੋਇ ਨਾ ਸਾਚੇ ਸਰ, ਦੁਰਮਤ ਮੈਲ ਨਾ ਕੋਇ ਧਵਾਈਆ । ਮੇਰੇ ਉਤੇ ਚਾਰੋਂ ਕੁੰਟ ਆਉਂਦਾ ਡਰ, ਕਲਜੁਗ ਕੂੜ ਕੁੜਿਆਰ ਹੋਇਆ ਹਲਕਾਈਆ । ਮਾਨਵ ਜ਼ਾਤੀ ਲੱਗੀ ਅੱਗ ਬਹੱਤਰ ਨੜ, ਸਾਂਤਕ ਸਤਿ ਨਾ ਕੋਇ ਕਰਾਈਆ । ਮੈਂ ਤੇਰੇ ਦਵਾਰੇ ਗਈ ਖੜ, ਖੰਡੇ ਖੜਗਾਂ ਵਾਲੇ ਸਾਰੇ ਲਏ ਉਠਾਈਆ । ਲੇਖਾ ਮੁਕਾ ਦੇ ਸੀਸ ਧੜ, ਜੜ ਚੇਤਨ ਭਰਮ ਦੇ ਮਿਟਾਈਆ । ਇਕੋ ਅੱਖਰ ਮਾਨਸ ਜ਼ਾਤੀ ਜਾਏ ਪੜ੍ਹ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਪੂਜਾ ਰਹੇ ਨਾ ਪਿੱਪਲ ਬੜ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਸਾਚਾ ਘਾੜਨ ਪ੍ਰਭੂ ਘੜ, ਘੜਨ ਭੰਨਣਹਾਰ ਤੇਰੀ ਵਡਿਆਈਆ । ਕਲਜੁਗ ਕਿਲਾ ਤੋੜ ਹੰਕਾਰੀ ਗੜ੍ਹ, ਹਉਮੇ ਹੰਗਤਾ ਦੇ ਮਿਟਾਈਆ । ਵਸਤ ਅਮੋਲਕ ਕਾਇਆ ਮੰਦਰ ਸਭ ਦੇ ਧਰ, ਧਰਨੀ ਰੋ ਰੋ ਰਹੀ ਜਣਾਈਆ । ਸ਼ਰੀਅਤ ਦਾ ਰਹੇ ਕੋਇ ਨਾ ਸ਼ਰ, ਸ਼ਰਅ ਅਸਲ ਵਸਲ ਦੇ ਸਮਝਾਈਆ । ਕਿਰਪਾ ਨਿਧਾਨ ਕਿਰਪਾ ਕਰ, ਕਿਰਪਨ ਵੇਖ ਜਗਤ ਲੋਕਾਈਆ । ਤੂੰ ਸਾਹਿਬ ਸੁਲਤਾਨਾ ਨਰਾਇਣ ਨਰ, ਅਮਾਮ ਅਮਾਮਾ ਨੂਰ ਅਲਾਹੀਆ । ਤੇਰੀ ਸਰਨ ਸਰਨਾਈ ਰਹੀ ਪੜ, ਟਿੱਕੇ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਲੱਖ ਚੁਰਾਸੀ ਤਨ ਵੇਖ ਲੈ ਮੰਦਰ, ਕਾਇਆ ਕੰਚਨ ਗੜ੍ਹ ਧਿਆਨ ਲਗਾਈਆ । ਪ੍ਰਕਾਸ਼ ਦਿਸੇ ਕਿਸੇ ਨਾ ਅੰਦਰ, ਜੋਤ ਨੂਰ ਨਾ ਕੋਇ ਚਮਕਾਈਆ । ਬਜਰ ਕਪਾਟ ਨਾ ਤੁਟੇ ਜੰਦਰ, ਤ੍ਰੈਗੁਣ ਲੇਖ ਨਾ ਕੋਇ ਮੁਕਾਈਆ । ਮਨੂਆ ਦਹਿ ਦਿਸ਼ ਉਠ ਉਠ ਧਾਵੇ ਬੰਦਰ, ਨਵ ਸੱਤ ਭੱਜੇ ਵਾਹੋ ਦਾਹੀਆ । ਕਲਜੁਗ ਕੂੜ ਬਣਿਆ ਕਲੰਦਰ, ਜੀਵਾਂ

੧੧੨੪
੨੩

ਜੰਤਾਂ ਰਿਹਾ ਨਚਾਈਆ । ਮੇਰੀ ਇਕੋ ਚਰਨ ਕਵਲ ਪ੍ਰਭ ਬੰਦਨ, ਨਮਸਤੇ ਕਹਿ ਕੇ ਸੀਸ ਝੁਕਾਈਆ । ਮੇਰੇ ਤੋਂ ਸ਼ਰਅ ਦੇ ਮੇਟ ਦੇ ਬੰਧਨ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਮੈਂ ਭਿਖਾਰਨ ਆਈ ਮੰਗਣ, ਦਰ ਤੇਰੇ ਮੰਗ ਮੰਗਾਈਆ । ਦੀਨ ਦੁਨੀ ਚਾੜ੍ਹ ਦੇ ਰੰਗਣ, ਨਾਮ ਰੰਗਤ ਇਕ ਵਖਾਈਆ । ਮਾਨਸ ਜਨਮ ਨਾ ਹੋਏ ਭੰਗਣ, ਹਰਿਜਨ ਸਾਚੇ ਲੈ ਤਰਾਈਆ । ਆਤਮ ਪਰਮਾਤਮ ਬਖ਼ਸ਼ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਧੂੜੀ ਖ਼ਾਕ ਰਮਾ ਦੇ ਚੰਦਨ, ਟਿੱਕੇ ਇਕੋ ਇਕ ਰਮਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਆਪਣੇ ਲਾ ਲੈ ਅੰਗਣ, ਅੰਗੀਕਾਰ ਇਕ ਅਖਵਾਈਆ । ਸਤਿ ਦਾ ਮੁਖ ਲਗਾ ਦੇ ਸਗਨ, ਸਚ ਦੇ ਨਾਲ ਕਰ ਕੁੜਮਾਈਆ । ਤੇਰੇ ਭਗਤ ਸੁਹੇਲੇ ਘਰ ਘਰ ਦੀਪਕ ਜਗਣ, ਮੇਰੇ ਉਤੇ ਹੋਵੇ ਰੁਸ਼ਨਾਈਆ । ਮੈਂ ਖ਼ੁਸ਼ੀਆਂ ਵਿਚ ਹੋਵਾਂ ਮਗਨ, ਮਸਤੀ ਨਾਮ ਖ਼ੁਮਾਰ ਚੜ੍ਹਾਈਆ । ਫੇਰ ਵੇਖਾਂ ਉਤੇ ਗਗਨ, ਗਗਨ ਮੰਡਲ ਖੋਜ ਖੁਜਾਈਆ । ਤੂੰ ਦੀਨ ਦਿਆਲ ਬਖ਼ਸ਼ੰਦਨ, ਮਿਹਰ ਨਜ਼ਰ ਨਾਲ ਤਰਾਈਆ । ਸੂਰਬੀਰ ਬਹਾਦਰ ਸਰਬੰਗਣ, ਪਾਤਸ਼ਾਹ ਵਡ ਵਡਿਆਈਆ । ਤੇਰੇ ਜੁਗ ਚੌਕੜੀ ਕੇਤੇ ਮੇਰੇ ਉਤੇ ਲੰਘਣ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਨੇਤਰ ਵਰੋਲੇ ਜਮਨਾ ਸੁਰਸਤੀ ਗੰਗਣ, ਗੋਦਾਵਰੀ ਮਾਰੇ ਧਾਹੀਆ । ਕਲਜੁਗ ਕੂੜ ਕੁੜਿਆਰ ਹਾਥ ਨਾ ਆਵੇ ਵੰਝਣ, ਵੰਝ ਮੁਹਾਣਾ ਸਚ ਨਾ ਕੋਇ ਰਖਾਈਆ । ਸੁਰਤੀ ਵਿਚ ਰਿਹਾ ਕੋਇ ਨਾ ਭਜਨ, ਬੰਦਗੀ ਵਿਚ ਨਾ ਕੋਇ ਸਮਾਈਆ । ਨੇਤਰ ਨਾਮ ਮਿਲੇ ਕਿਸੇ ਨਾ ਅੰਜਣ, ਨਿਜ ਲੋਚਣ ਨਾ ਕੋਇ ਖੁਲਾਈਆ । ਤੇਰੀ ਦੁਨੀਆ ਹੋਈ ਅੰਧਨ, ਨੈਣਹੀਣ ਲੋਕਾਈਆ । ਧਰਮ ਦਾ ਪਾਏ ਕੋਇ ਨਾ ਕੰਗਣ, ਗੋਬਿੰਦ ਸੰਗ ਨਾ ਕੋਇ ਵਖਾਈਆ । ਤੁਧ ਬਿਨ ਟੁੱਟੀ ਆਏ ਕੋਇ ਨਾ ਗੰਢਣ, ਆਤਮ ਪਰਮਾਤਮ ਜੋੜ (ਨਾ ਕੋਇ) ਜੁੜਾਈਆ । ਦੀਨ ਦੁਨੀਆ ਹੋਈ ਭੇਖ ਪਖੰਡਨ, ਸਤਿ ਸਰੂਪ ਨਾ ਕੋਇ ਬਦਲਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਭ ਨੂੰ ਦੇ ਦੇ ਦੰਡਨ, ਡੰਡਾਵਤ ਦੀਨ ਦੁਨੀ ਬਦਲਾਈਆ । ਪਿਛਲੀ ਕਿਰਿਆ ਕਰ ਦੇ ਖੰਡਨ, ਅਗੇ ਖੰਡਾ ਖੜਗ ਨਾਮ ਚਮਕਾਈਆ । ਤਿੱਖੀ ਧਾਰ ਵਖਾ ਦੇ ਚੰਡਣ, ਪ੍ਰਚੰਡ ਰੂਪ ਬਦਲਾਈਆ । ਤੇਰੇ ਹੁਕਮ ਦੀ ਕਰੇ ਨਾ ਕੋਇ ਉਲੰਘਣ, ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਸਤਿ ਸਚ ਦਾ ਕਰ ਅਦਲ, ਇਨਸਾਫ਼ ਆਪਣੇ ਹੱਥ ਵਖਾਈਆ । ਕਲਜੁਗ ਸਤਿਜੁਗ ਨਾਲ ਦੇ ਬਦਲ, ਬਦਲੀ ਹੋਵੇ ਥਾਉਂ ਥਾਈਂਆ । ਦੀਨ ਮਜ਼੍ਹਬ ਦਾ ਕਰੇ ਕੋਇ ਨਾ ਕਤਲ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਪੁਰਖ ਅਕਾਲੇ ਆ ਮੇਰੇ ਵਤਨ, ਧਰਨੀ ਆਸਾ ਇਕ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਖਾ ਦੇ ਪਤਣ, ਘਾਟ ਇਕੋ ਇਕ ਜਣਾਈਆ । ਗੁਰਮੁਖ ਹੀਰੇ ਪ੍ਰਗਟਾ ਰਤਨ, ਅਮੋਲਕ ਆਪ ਉਠਾਈਆ ਸਦੀ ਚੌਧਵੀਂ ਕਿਸੇ ਦਾ ਚਲੇ ਕੋਇ ਨਾ ਯਤਨ, ਮੈਂ ਯਥਾਰਥ ਰਹੀ ਸੁਣਾਈਆ । ਨੌਂ ਖੰਡ ਮੇਰੇ ਉਤੇ ਤਪਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰੀ ਆਤਮਾ ਹੋਈ ਬੇਵਤਨ, ਪਰਮਾਤਮ ਸਚਖੰਡ ਮੇਲ ਨਾ ਕੋਇ ਮਿਲਾਈਆ । ਧਰਮ ਦਾ ਦਿਸੇ ਕੋਇ ਨਾ ਹੱਟਨ, ਸਚ ਵਸਤ ਨਾ ਕੋਇ ਵਰਤਾਈਆ । ਤੇਰੀ ਕੀਮਤ ਪੈ ਗਈ ਪ੍ਰਭੂ ਪੈਸੇ ਧੇਲੇ ਟਕਣ, ਗ੍ਰੰਥ ਸ਼ਾਸਤਰ ਹੱਟਾਂ ਵਿਚ ਵਿਕਾਈਆ । ਖ਼ਾਲੀ ਹੋ ਗਏ ਕਾਇਆ ਮੱਟਨ, ਨਾਮ ਨਿਧਾਨ ਵਿਚ ਨਾ ਕੋਇ ਰਖਾਈਆ । ਠੱਗ ਚੋਰ ਚਾਰੋਂ ਕੁੰਟ ਟੱਪਣ, ਕੂੜ ਕੁੜਿਆਰ ਭੱਜਣ ਵਾਹੋ ਦਾਹੀਆ । ਤੇਰੇ ਸੰਤ ਭਗਤ ਮੇਰੇ ਉਤੇ ਛੱਪਣ, ਸਿਰ ਸਕੇ ਨਾ ਕੋਇ ਉਠਾਈਆ । ਮੇਰੇ ਉਤੇ ਭਾਰ ਵਧ ਗਿਆ ਪੱਪਣ, ਪਤਤ ਪੁਨੀਤ ਦੇਣੀ ਵਡਿਆਈਆ । ਧਰਨੀ ਕਹੇ ਮੇਰੇ ਹੰਝੂ ਵੇਖ ਲੈ ਅੱਖਣ, ਨੈਣਾਂ

ਨੀਰ ਵਹਾਈਆ । ਮੇਰਾ ਘਰਾਨਾ ਬਣ ਗਿਆ ਸੱਖਣ, ਦਰੋਹੀ ਤੇਰਾ ਨਾਮ ਦੁਹਾਈਆ । ਮਿਹਰਵਾਨਾ ਮੇਰੀ ਪਤ ਆ ਰਖਣ, ਸਿਰ ਮੇਰੇ ਹੱਥ ਟਿਕਾਈਆ । ਜਨ ਭਗਤ ਸੁਹੇਲੇ ਮਿਤਰ ਪਿਆਰੇ ਇਕੋ ਦਿਸਣ, ਚਾਰੋਂ ਕੁੰਟ ਸੋਭਾ ਪਾਈਆ । ਸਭ ਦੇ ਅੰਦਰੋਂ ਕੂੜੀ ਕਿਰਿਆ ਕਢ ਦੇ ਵਿਸਣ, ਅੰਮ੍ਰਿਤ ਨਾਮ ਰਸ ਭਰਾਈਆ । ਜੇ ਲੇਖਾ ਗੁਰਮੁਖਾਂ ਆਇਉਂ ਲਿਖਣ, ਮੇਰਾ ਲੇਖ ਦੇ ਬਦਲਾਈਆ । ਸਾਚੀ ਵਸਤ ਪਾ ਦੇ ਭਿੱਖਣ, ਭਿਖਾਰਨ ਹੋ ਕੇ ਝੋਲੀ ਡਾਹੀਆ । ਤੂੰ ਏਕੰਕਾਰਾ ਏਕ ਇੱਕਣ, ਵਾਹਿਦ ਅੱਲਾ ਨੂਰ ਅਲਾਹੀਆ । ਪਰਵਰਦਿਗਾਰ ਸਾਂਝੇ ਯਾਰ ਬਣ ਜਾ ਮਿਤਨ, ਮਿਤਰ ਪਿਆਰੇ ਗੋਬਿੰਦ ਮੇਲਾ ਹੋਵੇ ਸਾਚੇ ਮਾਹੀਆ । ਝਗੜਾ ਮੁਕਾ ਦੇ ਇਤਲ ਬਿਤਲ ਸਿਤਲ, ਰਾਜੇ ਬਲ ਲੈ ਉਠਾਈਆ । ਆਪਣੀ ਜੋਤੀ ਧਾਰੋਂ ਆਪੇ ਨਿਕਲ, ਤੈਨੂੰ ਜਨਮੇ ਕੋਇ ਨਾ ਮਾਈਆ । ਹਰ ਹਿਰਦੇ ਵਸ ਚਿਤਨ, ਠਗੌਰੀ ਕੂੜੀ ਦੇ ਕਢਾਈਆ । ਝਗੜਾ ਮੇਟ ਦੇ ਬੂੰਦ ਰਿਤਨ, ਤਨ ਵਜੂਦਾਂ ਕਰ ਸਫ਼ਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਮੈਂ ਤੇਰੇ ਦਵਾਰੇ ਆਈ ਟਿਕਣ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਪੂਜਾ ਰਹੇ ਨਾ ਕਿਸੇ ਪੱਥਰ ਇੱਟਣ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਇਕੋ ਧਾਰ ਦੱਸ ਦੇ ਚਿੱਟਣ, ਸਤਿ ਸਫ਼ੈਦੀ ਪਰਦਾ ਆਪ ਉਠਾਈਆ । ਅੰਮ੍ਰਿਤ ਬੂੰਦ ਬਖ਼ਸ਼ ਦੇ ਛਿੱਟਣ, ਕਵਲ ਨਾਭੀ ਆਪ ਉਲਟਾਈਆ । ਮੇਰਾ ਲਹਿਣਾ ਦੇਣਾ ਆ ਨਜਿੱਠਣ, ਧੁਰ ਦੇ ਮਾਲਕ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਕਿਧਰੋਂ ਤੈਨੂੰ ਲੱਭਾਂ, ਖੋਜਿਆਂ ਹੱਥ ਕਿਤੇ ਨਾ ਆਈਆ । ਮੇਰੇ ਉਤੋਂ ਮਲੇਛਾਂ ਉਠਾ ਦੇ ਸਭਾ, ਸਭਾਪਤੀ ਤੇਰੀ ਓਟ ਤਕਾਈਆ । ਦੀਨ ਦੁਨੀ ਦੇ ਅੰਦਰੋਂ ਬਦਲ ਦੇ ਤਬਾ, ਤਬੀਅਤ ਤਬੀਬ ਵੇਖ ਵਖਾਈਆ । ਮੇਰੀ ਦੁਹਾਈ ਦਰੋਹੀ ਧੁਰ ਦੇ ਰੱਬਾ, ਰਹਿਮਾਨ ਤੇਰੀ ਸਰਨਾਈਆ । ਤੂੰ ਇਕੋ ਮਾਲਕ ਮੇਰਾ ਅੱਬਾ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਮੇਰੀ ਪਵਿਤ੍ਰ ਕਰ ਦੇ ਜਗਹ, ਜਨ ਭਗਤਾਂ ਦਵਾਰੇ ਚਰਨ ਛੁਹਾਈਆ । ਪਿਛਲਾ ਅੰਤ ਵਿਛੋੜੇ ਵਿਚ ਲੰਘਾ, ਅਗੇ ਮੇਲਾ ਮੇਲਣਾ ਸਹਿਜ ਸੁਭਾਈਆ । ਹਰਿਜਨ ਰੂਪ ਰਹੇ ਨਾ ਕੱਗਾ, ਗੁਰਮੁਖ ਹੰਸ ਲੈਣੇ ਉਠਾਈਆ । ਤੂੰ ਮਾਲਕ ਸੂਰਾ ਸਰਬਗਾ, ਸ਼ਹਿਨਸ਼ਾਹ ਇਕ ਅਖਵਾਈਆ । ਆਤਮ ਰਸ ਦਾ ਦੇ ਦੇ ਮਜ਼ਾ, ਤੈਨੂੰ ਮਜ਼ਾਕ ਕਰੇ ਨਾ ਕੋਇ ਲੋਕਾਈਆ । ਸਦੀ ਚੌਧਵੀਂ ਸਭ ਨੂੰ ਦੇ ਦੇ ਸਜ਼ਾ, ਜੋ ਸਚ ਨੂੰ ਗਏ ਭੁਲਾਈਆ । ਮੈਂ ਚਲਦੀ ਸਦਾ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਮੈਂ ਦਰ ਦਰਬਾਰ ਤੇਰੇ ਹੱਥ ਬੱਧਾ, ਬੰਦਗੀ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਗਤ ਸੰਤ ਗੁਰਮੁਖ ਗੁਰਸਿਖ ਸੂਫ਼ੀ ਰਹੇ ਨਾ ਕੋਇ ਅਲੱਗਾ, ਇਕੋ ਗ੍ਰਿਹ ਮੰਦਰ ਦੇਣੀ ਮਾਣ ਵਡਿਆਈਆ ।

### ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਫ਼ਤਿਹ ਗੜ੍ਹ ਜ਼ਿਲਾ ਫ਼ਰੀਦਕੋਟ ਬਗੀਚਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਂ ਦਿਵਸ ਰੈਣ ਫਿਰਾਂ ਨੱਠੀ, ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਮੇਰੇ ਉਤੇ ਕੂੜੀ ਕਿਰਿਆ ਤਪਦੀ ਭੱਠੀ, ਭਠਿਆਲਾ ਕਲਜੁਗ ਅਗਨੀ ਡਾਹੀਆ । ਫਿਰੀ ਦੁਹਾਈ ਅੱਠ ਸੱਠੀ, ਮੰਦਰ ਮਸਜਿਦ ਸ਼ਿਵਦਵਾਲੇ ਮਠ ਰਹੇ ਕੁਰਲਾਈਆ । ਮਿਹਰਵਾਨਾ ਸ੍ਰੀ ਭਗਵਾਨਾ

੧੧੨੭
੨੩

ਅੰਤਮ ਉਲਟੀ ਗੇੜ ਦੇ ਲੱਠੀ, ਚਾਰੋਂ ਕੁੰਟ ਭਵਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਬਦਲ ਦੇ ਇਕੱਠੀ, ਆਤਮ ਅੰਤਰ ਨਿਰੰਤਰ ਭੇਵ ਚੁਕਾਈਆ । ਮੇਰੀ ਆਸ਼ਾ ਆਵਾਜ਼ ਸੁਣ ਲੈ ਮੱਠੀ, ਮੱਠਾਂ ਤੋਂ ਬਾਹਰ ਦਿਆਂ ਸੁਣਾਈਆ । ਜਗਿਆਸੂ ਰਿਹਾ ਕੋਇ ਨਾ ਹਠੀ, ਤਪੀ ਤਪ ਨਾ ਕੋਇ ਖੁਲਾਈਆ । ਨਾਮ ਧਨ ਪੱਲੇ ਬੰਨ੍ਹੇ ਕੋਇ ਨਾ ਗੱਠੀ, ਕੂੜੀ ਗੰਢ ਸਰਬ ਉਠਾਈਆ । ਧਰਮ ਦੀ ਕੰਧ ਚਾਰੋਂ ਤਰਫ ਢੱਠੀ, ਦੀਵਾਰ ਸਾਂਝੇ ਯਾਰ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦੀ ਪੜ੍ਹੇ ਕੋਇ ਨਾ ਪੱਟੀ, ਨਿਰਅੱਖਰ ਵਿਚ ਨਾ ਕੋਇ ਸਮਾਈਆ । ਜੋਤ ਜਗੇ ਨਾ ਲਟ ਲਟੀ, ਸ਼ਬਦ ਅਨਾਦ ਧੁਨ ਨਾ ਕੋਇ ਸੁਣਾਈਆ । ਸਾਚੀ ਖੱਟੇ ਕੋਇ ਨਾ ਖੱਟੀ, ਲਾਹਾ ਧਰਮ ਹੱਥ ਕਿਸੇ ਨਾ ਆਈਆ । ਪਰਵਰਦਿਗਾਰ ਸਾਂਝੇ ਯਾਰ ਤੇਰੀ ਸਦੀ ਚੌਧਵੀਂ ਜਾਂਦੀ ਟੱਪੀ, ਆਪ ਆਪਣਾ ਪੰਧ ਮੁਕਾਈਆ । ਤੂੰ ਵੇਖਣਹਾਰਾ ਘਟ ਘਟੀ, ਲੱਖ ਚੁਰਾਸੀ ਵਿਚ ਸਮਾਈਆ । ਤੇਰੀ ਸਿਫ਼ਤ ਗਾ ਗਾ ਥੱਕੇ ਰਾਗ ਛੱਤੀ, ਢੋਲੇ ਸੋਹਲਿਆਂ ਨਾਲ ਵਡਿਆਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਕਿਰਪਾ ਕਰ ਅਗੰਮੜੇ ਏਕਾ ਰੱਤੀ, ਧੁਰ ਦੇ ਮਾਲਕ ਹੋਣਾ ਸਹਾਈਆ । ਆਤਮ ਪਰਮਾਤਮ ਧਾਰ ਸਭ ਦਾ ਬਣਨਾ ਕਮਲਾਪਤੀ, ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਨੇਤਰ ਨੈਣਾਂ ਵਗਦਾ ਨੀਰ, ਛਹਿਬਰ ਅਗੰਮ ਅਥਾਹੀਆ । ਤੂੰ ਮਾਲਕ ਖ਼ਾਲਕ ਮੇਰਾ ਬਣ ਦਸਤਗੀਰ, ਬੇਨਜ਼ੀਰ ਆਪਣਾ ਭੇਵ ਚੁਕਾਈਆ । ਲਹਿਣਾ ਦੇਣਾ ਪੂਰਾ ਕਰ ਦੇ ਜੋ ਆਸਾ ਰਖ ਕੇ ਗਿਆ ਕਬੀਰ, ਕਬਰਾਂ ਤੋਂ ਬਾਹਰ ਸੁਣਾਈਆ । ਮੇਰਾ ਸ਼ਹਿਨਸ਼ਾਹ ਗਹਿਰ ਗੰਭੀਰ, ਗਵਰ ਇਕੋ ਇਕ ਅਖਵਾਈਆ । ਜਿਸ ਦੀ ਨਜ਼ਰ ਨਾ ਆਏ ਤਸਵੀਰ, ਮੁਸੱਵਰ ਤਸੱਵਰ ਨਾ ਕੋਇ ਕਰਾਈਆ । ਉਹ ਕਲਜੁਗ ਅੰਤਮ ਸ਼ਰਅ ਦੇ ਕੱਟ ਜ਼ੰਜੀਰ, ਤੰਦਵ ਤੰਦ ਇਕ ਰਖਾਈਆ । ਦੀਨ ਦੁਨੀ ਬਦਲੇ ਤਕਦੀਰ, ਤਕੱਬਰ ਦਾ ਡੇਰਾ ਕਿਵੇਂ ਢਾਹੀਆ । ਆਪਣੇ ਹੱਥ ਰਖੇ ਤਦਬੀਰ, ਅਕਲ ਬੁੱਧੀ ਸਮਝ ਕਿਸ ਨਾ ਆਈਆ । ਲੇਖਾ ਜਾਣੇ ਸ਼ਾਹ ਹਕੀਰ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਪ੍ਰਗਟ ਹੋ ਕੇ ਪੀਰਨ ਪੀਰ, ਅਮਾਮ ਅਮਾਮਾ ਨੂਰ ਅਲਾਹੀਆ । ਚੌਦਾਂ ਤਬਕਾਂ ਦੇਵੇ ਧੀਰ, ਚੌਦਾਂ ਲੋਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੈਂ ਮੰਗਣ ਆਈ ਦਰ, ਗ੍ਰਿਹਿ ਠਾਂਡੇ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਸਵਾਮੀ ਮੇਰਾ ਹਰਿ, ਅਗੰਮ ਅਗੰਮੜਾ ਇਕ ਅਖਵਾਈਆ । ਮੇਰਾ ਖ਼ਾਲੀ ਭੰਡਾਰਾ ਭਰ, ਅਟੋਟ ਅਤੁਟ ਦੇਣਾ ਵਰਤਾਈਆ । ਕੂੜੀ ਕਿਰਿਆ ਚੁਕਾ ਦੇ ਡਰ, ਭੈ ਭਉ ਨਾ ਕੋਇ ਵਖਾਈਆ । ਸਤਿ ਸਚ ਜਣਾ ਦੇ ਸਰ, ਸਰੋਵਰ ਇਕ ਪ੍ਰਗਟਾਈਆ । ਮਿਹਰਵਾਨਾ ਸ੍ਰੀ ਭਗਵਾਨਾ ਕਿਰਪਾ ਕਰ, ਕਿਰਪਾਲ ਹੋ ਕੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਜਾਏ ਝੜ, ਫਲ ਲੋਭ ਰਹਿਣ ਕੋਇ ਨਾ ਪਾਈਆ । ਪਵਿਤ੍ਰ ਕਰ ਦੇ ਕਾਇਆ ਧੜ, ਪੰਜਾਂ ਤਤਾਂ ਕਰ ਸਫ਼ਾਈਆ । ਇਕੋ ਤੇਰਾ ਨਾਮ ਅੱਖਰ ਜਾਵਣ ਪੜ੍ਹ, ਸੋਹਲਾ ਢੋਲਾ ਕਲਮਾ ਰਾਗ ਇਕ ਸਮਝਾਈਆ । ਮੁਕਾਮੇ ਹਕ ਸਚਖੰਡ ਮਕਾਨ ਮੰਦਰ ਜਾਣ ਚੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਸਤਿਜੁਗ ਸਚ ਧਰਮ ਦਾ ਘਾੜਨ ਘੜ, ਕਲਜੁਗ ਕੂੜਾ ਭਾਂਡਾ ਭੰਨ ਵਖਾਈਆ । ਕਿਲਾ ਰਹੇ ਨਾ ਹੰਕਾਰੀ ਗੜ੍ਹ, ਨਿਵਣ ਸੁ ਅੱਖਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਕਰਮਹੀਣ

ਨਿਮਾਣੀ, ਨਿਮਰਤਾ ਵਿਚ ਸੀਸ ਨਿਵਾਈਆ । ਤੂੰ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਧੁਰਦਰਗਾਹੀਆ । ਬ੍ਰਹਿਮੰਡ ਖੰਡ ਤੇਰੀ ਨਿਸ਼ਾਨੀ, ਪੁਰੀਆਂ ਲੋਆਂ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਸਿਫ਼ਤ ਬਾਣੀ, ਰਾਗਾਂ ਨਾਦਾਂ ਵਿਚ ਸ਼ਨਵਾਈਆ । ਤੂੰ ਆਦਿ ਪੁਰਖ ਅਪਰੰਪਰ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਜੀਵ ਜੰਤ ਤੇਰੇ ਪ੍ਰਾਣੀ, ਪੁਨਹ ਪੁਨਹ ਮੰਗ ਮੰਗਾਈਆ । ਆਤਮ ਧਾਰ ਕਰ ਪ੍ਰਵਾਨੀ, ਪਰਮਾਤਮ ਆਤਮ ਦੇ ਮਾਣ ਵਡਿਆਈਆ । ਨਿਰਮਲ ਨੂਰ ਬਖ਼ਸ਼ ਨੁਰਾਨੀ, ਜੋਤੀ ਜਾਤੇ ਡਗਮਗਾਈਆ । ਸ਼ਬਦ ਅਨਾਦ ਦੇ ਧੁਨਕਾਨੀ, ਅਨਹਦ ਨਾਦੀ ਰਾਗ ਸੁਣਾਈਆ । ਕਲਜੁਗ ਅੰਮ੍ਰਿਤ ਬਖ਼ਸ਼ ਦੇ ਪਾਣੀ, ਬੂੰਦ ਸਵਾਂਤੀ ਆਪ ਟਪਕਾਈਆ । ਤੂੰ ਆਤਮ ਬ੍ਰਹਮ ਗਿਆਨੀ, ਪਰਮ ਪੁਰਖ ਤੇਰੀ ਓਟ ਤਕਾਈਆ । ਤੇਰਾ ਲਹਿਣਾ ਦੇਣਾ ਆਲਮੇ ਜਾਵਦਾਨੀ, ਮੁਕਾਮੇ ਹਕ ਤੇਰੀ ਸ਼ਰਨਾਈਆ । ਤੇਰਾ ਲੇਖਾ ਲਿਖੇ ਨਾ ਕਲਮ ਕਾਨੀ, ਸ਼ਿਆਹੀ ਕਾਗ਼ਜ਼ ਨਾ ਕੋਇ ਚਤੁਰਾਈਆ । ਦੀਨ ਦੁਨੀ ਨੂੰ ਮੰਜ਼ਲ ਦੇ ਰੁਹਾਨੀ, ਰੂਹ ਬੁਤ ਇਕੋ ਰੰਗ ਰੰਗਾਈਆ । ਸਭ ਨੂੰ ਬਖ਼ਸ਼ ਦੇ ਪਦ ਨਿਰਬਾਨੀ, ਨਿਰਵੈਰ ਆਪਣਾ ਪਰਦਾ ਦੇ ਉਠਾਈਆ । ਲੇਖਾ ਮੁਕਾ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਹੋਣਾ ਆਪ ਸਹਾਈਆ । ਪੰਧ ਮੁਕਾ ਦੇ ਕੂੜ ਕਿਰਿਆ ਜਗਤ ਜਹਾਨੀ, ਸਤਿ ਸਚ ਨਾਲ ਕਰ ਕੁੜਮਾਈਆ । ਧਰਨੀ ਕਹੇ ਮੇਰੀ ਆਸ਼ਾ ਜੁਗ ਚੌਕੜੀ ਪੁਰਾਣੀ, ਪਰਮ ਪੁਰਖ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਧੁਰ ਦੇ ਦਾਨੀ, ਦਾਤੇ ਦਾਤ ਵਸਤ ਅਗੰਮ ਨਾਮ ਦੇਣੀ ਵਰਤਾਈਆ ।


੧੧੨੮
੨੩

### ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ਜਰਨੈਲ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਗੁਰਮੁਖ ਤੇਰਾ ਪ੍ਰੇਮ ਪਿਆਰ ਦਾ ਹਾੜਾ, ਅੰਮਿਉਂ ਰਸ ਅੰਮ੍ਰਿਤ ਧੁਰਦਰਗਾਹੀਆ । ਜਿਸ ਦਾ ਰਸ ਸਮਝੇ ਕੋਇ ਨਾ ਦਾੜ੍ਹਾ, ਦੰਦਾਂ ਚਲੇ ਨਾ ਕੋਇ ਚਤੁਰਾਈਆ । ਜਿਸ ਦੀ ਖ਼ੁਮਾਰੀ ਵਿਚ ਨੱਚਣ ਟੱਪਣ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਭੱਜਣ ਵਾਹੋ ਦਾਹੀਆ । ਸਚਖੰਡ ਦਵਾਰ ਥਿਰ ਘਰ ਸੰਤਾਂ ਭਗਤਾਂ ਲਾਇਆ ਅਖਾੜਾ, ਅਵਤਾਰ ਪੈਗ਼ੰਬਰ ਗੁਰ ਖ਼ੁਸ਼ੀਆਂ ਨਾਦ ਵਜਾਈਆ । ਜਿਸ ਦੀ ਮਸਤੀ ਵਿਚ ਹਸਤੀ ਇਕੋ ਨਜ਼ਰੀ ਆਏ ਅਗੰਮੀ ਲਾੜਾ, ਜੋਤੀ ਜਾਤਾ ਪੁਰਖ ਬਿਧਾਤਾ ਅਗੰਮ ਅਥਾਹੀਆ । ਜੋ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਜ਼ਿਮੀਂ ਅਸਮਾਨਾ ਮੇਟੇ ਪਾੜਾ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅਗਨੀ ਬੁਝਾਵੇ ਬਹੱਤਰ ਨਾੜਾ, ਅੰਮ੍ਰਿਤ ਮੇਘ ਮੇਘ ਬਰਸਾਈਆ । ਪੰਜ ਵਿਕਾਰ ਮੇਟੇ ਕੂੜੀ ਧਾੜਾ, ਖੰਡਾ ਖੜਗ ਨਾਮ ਚਮਕਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਾਚੇ ਰਸ ਦਾ ਦੇਵੇ ਇਸ਼ਾਰਾ, ਐਸ਼ੋ ਇਸ਼ਰਤ ਤੋਂ ਬਾਹਰ ਸੁਣਾਈਆ । ਇਕੋ ਜਲਵਾ ਤੱਕੋ ਨੂਰ ਨੂਰ ਉਜਿਆਰਾ, ਜੋਤੀ ਜਾਤਾ ਧੁਰਦਰਗਾਹੀਆ । ਇਕੋ ਨਾਦ ਸ਼ਬਦ ਸੁਣੋ ਧੁਨਕਾਰਾ, ਇਕੋ ਕਲਮਾ ਰਾਗ ਅਲਾਈਆ । ਇਕੋ ਅੰਮ੍ਰਿਤ ਪੀਓ ਜਾਮ ਖ਼ੁਮਾਰਾ, ਅੱਠੇ ਪਹਿਰ ਖ਼ੁਮਾਰ ਬਣਾਈਆ । ਜੋ ਅੰਤਰ ਆਤਮ ਦਏ ਅਧਾਰਾ, ਉਦਰ ਦਾ ਲੇਖਾ ਦਏ ਮੁਕਾਈਆ । ਜੋ ਲਹਿਣਾ ਦੇਣਾ ਚੁਕਾਵੇ ਵਿਚ ਸੰਸਾਰਾ, ਸੰਸਾਰੀ

ਭੰਡਾਰੀ ਸੰਘਾਰੀ ਨਿਵ ਨਿਵ ਲਾਗਣ ਪਾਈਆ । ਜੋ ਭੇਵ ਅਭੇਦਾ ਖੋਲੇ ਦਰ ਦਰਬਾਰਾ, ਦਰ ਦਰਵਾਜ਼ਾ ਆਪ ਖੁਲਾਈਆ । ਜਿਸ ਪੀਤਿਆਂ ਮਿਲੇ ਏਕੰਕਾਰਾ, ਅਕਲ ਕਲਧਾਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਗੁਰਮੁਖ ਤੇਰਾ ਨਾਮ ਨਿਧਾਨ ਅਤੀਤਾ, ਜਾਮ ਧੁਰ ਦਾ ਨਜ਼ਰੀ ਆਈਆ । ਭਰ ਪਿਆਲਾ ਪ੍ਰੇਮ ਪੀਤਾ, ਰਸਨਾ ਰਸ ਨਾ ਕੋਇ ਵਡਿਆਈਆ । ਇਹ ਲੇਖਾ ਜਿਸ ਵੇਲੇ ਅਰਜਨ ਕ੍ਰਿਸ਼ਨ ਲਿਖਾਈ ਗੀਤਾ, ਅਠਾਰਾਂ ਧਿਆਏ ਸਮਝਾਈਆ । ਮਿਤਰ ਪਿਆਰਾ ਬਣ ਕੇ ਮੀਤਾ, ਸੁਦਾਮੇ ਬਿਪਰ ਦਿਤੀ ਵਡਿਆਈਆ । ਲਹਿਣਾ ਦੇਣਾ ਚੁਕਾ ਦੇ ਭੀਲਣੀ ਨੀਚਾ, ਰਾਮ ਰਾਮ ਵਡਿਆਈਆ । ਇਸ਼ਾਰਾ ਦੇ ਕੇ ਵਸ਼ਿਸ਼ਟ ਸੀਤਾ, ਸੋਈ ਸੁਰਤ ਗਿਆ ਜਗਾਈਆ । ਸਪਤਸ ਰਿਖੀਆਂ ਧਰਨੀ ਉਤੇ ਕਢੀਆਂ ਲੀਕਾਂ, ਨੱਕ ਜ਼ਿਮੀਂ ਉਤੇ ਰਗੜਾਈਆ । ਵਿਛੋੜੇ ਵਿਚ ਮਾਰੀਆਂ ਚੀਕਾਂ, ਤੇਰਾ ਨਾਮ ਦੁਹਾਈਆ । ਮੂਸਾ ਕਿਹਾ ਹਕ ਤੌਫ਼ੀਕਾ, ਕੋਹਤੂਰ ਦਏ ਗਵਾਹੀਆ । ਈਸਾ ਕਹੇ ਰਖਾਂ ਉਡੀਕਾ, ਸਲੀਵ ਗਲ ਵਿਚ ਲਟਕਾਈਆ । ਮੁਹੰਮਦ ਕਿਹਾ ਸਦੀ ਚੌਧਵੀਂ ਕਰ ਤਸਦੀਕਾ, ਸ਼ਹਾਦਤ ਚਾਰ ਯਾਰੀ ਭੁਗਤਾਈਆ । ਸਤਿਗੁਰ ਨਾਨਕ ਕਿਹਾ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਇਕ ਅਖਵਾਈਆ । ਸਤਿਗੁਰ ਗੋਬਿੰਦ ਸਿੰਘ ਕਿਹਾ ਜਿਸ ਅੰਮ੍ਰਿਤ ਜਾਮ ਪਿਆਲਾ ਪੀਤਾ, ਪਤਤ ਪਾਪੀਆਂ ਪਾਰ ਕਰਾਈਆ । ਵਡਿਆਈ ਦੇ ਗੁਰਮੁਖਾਂ ਸੀਸਾ, ਸਿਰ ਆਪਣਾ ਹੱਥ ਟਿਕਾਈਆ । ਆਪ ਹੋ ਕੇ ਨੀਕਨ ਨੀਕਾ, ਅੰਮ੍ਰਿਤ ਪੰਜਾਂ ਕੋਲੋਂ ਮੰਗ ਮੰਗਾਈਆ । ਕੀਤਾ ਖੇਲ ਜਗਤ ਅਨਡੀਠਾ, ਜਗ ਰੀਤੀ ਸਮਝ ਕੋਇ ਨਾ ਪਾਈਆ । ਅੰਤ ਸੇਦੇਸ਼ਾ ਦਿਤਾ ਜਿਸ ਵੇਲੇ ਨੰਦੇੜ ਸੁਹਾਇਆ ਆਪਣਾ ਆਪ ਅੰਗੀਠਾ, ਤਤਵ ਤਤ ਤਤ ਛੁਪਾਈਆ । ਪਰਮ ਪੁਰਖ ਦਾ ਭਾਣਾ ਮੰਨਣਾ ਮੀਠਾ, ਨੇਤਰ ਨੈਣ ਨੀਰ ਨਾ ਕੋਇ ਵਹਾਈਆ । ਓਹ ਮਾਲਕ ਸਵਾਮੀ ਜੀਵ ਜੀਅ ਕਾ, ਜੁਗ ਜੁਗ ਵੇਖ ਵਖਾਈਆ । ਨਾਲੇ ਹੱਸ ਕੇ ਦੱਸਿਆ ਤਰੀਕਾ, ਇਸ਼ਾਰੇ ਨਾਲ ਗਿਆ ਦ੍ਰਿੜਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਜਿਸ ਦੇ ਵਿਚ ਨਹੀਂ ਸ਼ਰੀਕਾ, ਸ਼ਰਕਤ ਜਗਤ ਨਾ ਕੋਇ ਰਖਾਈਆ । ਉਹ ਅੰਤਮ ਕੂੜੀ ਕਿਰਿਆ ਮੇਟੇ ਲੀਕਾ, ਲਾਈਨ ਇਕ ਵਖਾਈਆ । ਮਾਣ ਦੇਵੇ ਹਸਤ ਕੀਟਾ, ਊਚਾਂ ਨੀਚਾਂ ਜੋੜ ਜੁੜਾਈਆ । ਕਲਜੁਗ ਬਦਲ ਦੇਵੇ ਰੀਤਾ, ਸਤਿਜੁਗ ਸਚ ਨਾਮ ਸਮਝਾਈਆ । ਖੇਲੇ ਖੇਲ ਸਾਹਿਬ ਜਗਦੀਸ਼ਾ, ਜਗਦੀਸ਼ਰ ਅਗੰਮ ਅਥਾਹੀਆ । ਜਿਸ ਦਾ ਰੂਪ ਅਨੂਪ ਬੀਸ ਬੀਸਾ, ਇਕ ਇਕੀਸਾ ਕਾਰ ਕਮਾਈਆ । ਉਸ ਦੀ ਅਗੰਮੜੀ ਹੋਵੇ ਹਦੀਸਾ, ਹਜ਼ਰਤਾਂ ਤੋਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਵੇਖਿਆ ਖੇਲ ਅਪਾਰਾ, ਅਪਰੰਪਰ ਸਵਾਮੀ ਦਿਤਾ ਵਖਾਈਆ । ਮੈਂ ਤੱਕਿਆ ਅਗੰਮ ਨਜ਼ਾਰਾ, ਜਿਸ ਮੇਰਾ ਨਜ਼ਰੀਆ ਦਿਤਾ ਬਦਲਾਈਆ । ਚਾਰੋਂ ਕੁੰਟ ਆਪਣਾ ਵੇਖਿਆ ਕਿਨਾਰਾ, ਕੋਨਾ ਕੋਨਾ ਫੋਲ ਫੁਲਾਈਆ । ਅੰਮ੍ਰਿਤ ਰਸ ਪੀਏ ਨਾ ਕੋਇ ਵਿਚ ਸੰਸਾਰਾ, ਜਗਤ ਰਸਨਾ ਮਦਿ ਨਾਲ ਵਡਿਆਈਆ । ਅੰਤਰ ਨਿਰੰਤਰ ਹਰਿ ਭੁੱਲਿਆ ਮੀਤ ਮੁਰਾਰਾ, ਮਿਤਰ ਪਿਆਰੇ ਯਾਰੜੇ ਸੇਜ ਨਾ ਕੋਇ ਹੰਢਾਈਆ । ਧਰਨੀ ਕਹੇ ਮੈਂ ਰੋਵਾਂ ਜ਼ਾਰੋ ਜ਼ਾਰਾ, ਕੂਕ ਕੂਕ ਸੁਣਾਈਆ । ਦਰੋਹੀ ਕਹਿ ਕਹਿ ਪੁਕਾਰਾ, ਮੇਰੀ ਹਾਲ ਦੁਹਾਈਆ । ਸਤਿ ਸਰੂਪੀ ਸ਼ਾਹੋ ਭੂਪੀ ਦੀਨ ਦੁਨੀ ਭੁਲਿਆ ਗੋਬਿੰਦ ਫ਼ਤਿਹ ਜੈਕਾਰਾ, ਆਪਣਾ ਤਨ ਫ਼ਤਿਹ ਨਾ ਕੋਇ ਕਰਾਈਆ । ਅੰਮ੍ਰਿਤ ਕੋਈ ਨਾ ਪੀਵੇ ਠਾਂਡਾ ਠਾਰਾ, ਖੰਡਾ ਨਾਮ


੧੧੨੯
੨੩

੧੧੩੦
੨੩

ਵਿਚ ਨਾ ਕੋਇ ਫਿਰਾਈਆ । ਚਾਰੋਂ ਕੁੰਟ ਹੋਇਆ ਧੁਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਤੇਰਾ ਖੇਲ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਈਆ । ਮੈਨੂੰ ਯਾਦ ਆ ਗਿਆ ਜਦੋਂ ਗੋਬਿੰਦ ਬਣਿਆ ਉਚ ਦਾ ਪੀਰ, ਪੀਰ ਪੀਰਾ ਨੂਰ ਅਲਾਹੀਆ । ਤੇਰਾ ਰੂਪ ਹੋਇਆ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਉਸ ਵੇਲੇ ਇਸ਼ਾਰੇ ਕੀਤੇ ਕਬੀਰ, ਨਾਮ ਨਿਧਾਨੇ ਢੋਲੇ ਗਾਈਆ । ਅਫ਼ਗ਼ਾਨਾਂ ਵਾਸਤੇ ਪੜ੍ਹੀ ਇਕ ਤਕਬੀਰ, ਬਿਨਾ ਤਹਿਰੀਰ ਦਿਤੀ ਜਣਾਈਆ । ਇਹ ਖੇਲ ਅਖ਼ੀਰੀ ਅਖ਼ੀਰ, ਆਖ਼ਰ ਦਿਤਾ ਸੁਣਾਈਆ । ਆਬੇ ਹਯਾਤ ਪਿਆਲਾ ਬਦਲ ਦਿਤੀ ਤਾਸੀਰ, ਤਸਬੀ ਆਪਣੀ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੈਂ ਖੇਲ ਦੱਸਣਾ ਨਹੀਂ ਆਮ, ਜਗਤ ਕੀ ਸ਼ਨਵਾਈਆ । ਮੇਰੀ ਅੱਖਰਾਂ ਵਾਲੀ ਨਹੀਂ ਕਲਾਮ, ਕਲਮਿਆਂ ਕੀ ਵਡਿਆਈਆ । ਮੈਂ ਇਕ ਨੂੰ ਕਰਾਂ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਮੈਂ ਗੋਬਿੰਦ ਕੀਤਾ ਪ੍ਰਨਾਮ, ਜਿਸ ਵੇਲੇ ਉਚ ਦਾ ਪੀਰ ਬਣਿਆ ਧੁਰ ਦਾ ਮਾਹੀਆ । ਜਰਨੈਲ ਸਿੰਘ ਨੇ ਓਸ ਵੇਲੇ ਫੜ ਪਿਆਇਆ ਜਾਮ, ਪਾਣੀ ਗਿਲਾਸ ਹੱਥ ਟਿਕਾਈਆ । ਜਿਹੜਾ ਸ਼ਰਅ ਦਾ ਪਠਾਣ, ਮੁਸਲਿਮ ਆਪਣਾ ਰੂਪ ਦਰਸਾਈਆ । ਗੋਬਿੰਦ ਪ੍ਰੇਮ ਨਾਲ ਕੀਤਾ ਪ੍ਰਵਾਨ, ਪਰਮ ਪੁਰਖ ਦੀ ਮੋਹਰ ਦਿਤੀ ਲਗਾਈਆ । ਤੇਰਾ ਲਹਿਣਾ ਦੇਣਾ ਫੇਰ ਹੋਵੇ ਵਿਚ ਜਹਾਨ, ਜੁਗ ਚੌਕੜੀ ਮੁਕ ਕਦੇ ਨਾ ਜਾਈਆ । ਜਿਸ ਵੇਲੇ ਜੋਤੀ ਜਾਤਾ ਪੁਰਖ ਬਿਧਾਤਾ ਪ੍ਰਗਟ ਹੋਵੇ ਨੌਜਵਾਨ, ਨੂਰ ਨੁਰਾਨਾ ਡਗਮਗਾਈਆ । ਮੈਂ ਸ਼ਬਦ ਗੋਬਿੰਦ ਹੋਵਾਂ ਬਲਵਾਨ, ਰੂਪ ਅਨੂਪਾ ਆਪ ਦਰਸਾਈਆ । ਦੀਨ ਦੁਨੀ ਵਿਚ ਤੇਰੀ ਕਰਾਂ ਪਹਿਚਾਨ, ਬੇਪਹਿਚਾਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਓਹ ਤੱਕੋ ਨਾਰਦ ਬੋਦੀ ਆਉਂਦਾ ਹਿਲਾਉਂਦਾ, ਨੱਕ ਟੇਢਾ ਰਿਹਾ ਵਖਾਈਆ । ਬਿਨਾ ਸ਼ਾਸਤਰਾਂ ਫਿਰੇ ਗਾਉਂਦਾ, ਬਿਨਾ ਜਿਹਵਾ ਢੋਲੇ ਰਿਹਾ ਦ੍ਰਿੜਾਈਆ । ਹਲੂਣ ਹਲੂਣ ਧਰਤੀ ਰਿਹਾ ਹਿਲਾਉਂਦਾ, ਠੋਕਰਾਂ ਰਿਹਾ ਲਗਾਈਆ । ਮੁਖੋਂ ਬੋਲ ਬੋਲ ਜਣਾਉਂਦਾ, ਸੁਣ ਲੈ ਜਗਤ ਦੀ ਮਾਈਆ । ਓਹ ਵੇਖ ਕਲਜੁਗ ਕਾਲਾ ਰੂਪ ਵਟਾਉਂਦਾ, ਭੇਸ ਅਵੱਲੜਾ ਆਪ ਬਦਲਾਈਆ । ਜੋ ਤੇਰੇ ਧਰਮ ਦਵਾਰੇ ਫਿਰੇ ਢਾਉਂਦਾ, ਅਗੇ ਹੋ ਨਾ ਕੋਇ ਅਟਕਾਈਆ । ਘਰ ਘਰ ਮਨੂਆ ਨਾਚ ਨਚਾਉਂਦਾ, ਸਾਢੇ ਤਿੰਨ ਹੱਥ ਸ਼ੋਰ ਮਚਾਈਆ । ਜਗਿਆਸੂਆਂ ਰੂਪ ਧਰਿਆ ਕਾਉਂ ਦਾ, ਹੰਸ ਨਜ਼ਰ ਕੋਇ ਨਾ ਆਈਆ । ਜਾਪ ਭੁੱਲਿਆ ਵਾਹੇ ਵਾਹੋ ਦਾ, ਵਿਦਿਆ ਵਿਚ ਫਿਰੇ ਲੋਕਾਈਆ । ਓਹ ਤੱਕ ਕਮਲੀਏ ਖੇਲ ਬੇਪ੍ਰਵਾਹੋ ਦਾ, ਜੋ ਦੋ ਜਹਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਸੁਣ ਲੈ ਮੇਰਾ ਢੋਲਾ, ਕੀ ਢੋਲ ਮਾਹੀ ਜਣਾਈਆ । ਸੁਣ ਲੈ ਅਗੰਮੀ ਸੋਹਲਾ, ਸੋਲਾਂ ਕਲਾ ਵਾਲੇ ਜਿਸ ਦਾ ਧਿਆਨ ਲਗਾਈਆ । ਤੱਕ ਲੈ ਅਗੰਮੀ ਮੌਲਾ, ਜਿਸ ਨੂੰ ਪੈਗ਼ੰਬਰ ਸੀਸ ਨਿਵਾਈਆ । ਨੀ ਧੌਲੇ ਤੇਰਾ ਝਾਟਾ ਹੋ ਗਿਆ ਧੌਲਾ, ਬੁਢਾਪੇ ਵਿਚ ਤੇਰੀ ਚਲੇ ਨਾ ਕੋਇ ਚਤੁਰਾਈਆ । ਮੇਰੇ ਕੋਲ ਲੇਖਾ ਤੱਕ ਲੈ ਜੋ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਕੀਤਾ ਕੌਲਾ, ਇਕਰਾਰਨਾਮੇ ਦਿਆਂ ਵਖਾਈਆ । ਜਿਸ ਨੇ ਖੇਲ ਖਿਲਾਇਆ ਕ੍ਰਿਸ਼ਨ ਬਣਕੇ ਸਾਵਲਾ,

ਸਾਵਲ ਸੁੰਦਰ ਰੂਪ ਅਖਵਾਈਆ । ਉਹ ਕਲਜੁਗ ਅੰਤਮ ਜੋਤੀ ਜਾਤਾ ਪੁਰਖ ਬਿਧਾਤਾ ਸ਼ਬਦੀ ਧਾਰ ਬਣੇ ਬਾਵਲਾ, ਦੋ ਜਹਾਨਾਂ ਫਿਰੇ ਵਾਹੋ ਦਾਹੀਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਬਾਵਨਾ, ਬਲ ਆਪਣੀ ਗੰਢ ਪਵਾਈਆ । ਉਹ ਤੇਰੀ ਪੂਰੀ ਕਰੇ ਕਾਮਨਾ, ਖ਼ਾਹਿਸ਼ ਪਿਛਲੀ ਵੇਖ ਵਖਾਈਆ । ਜੋ ਭਗਤਾਂ ਪਕੜੇ ਦਾਮਨਾ, ਦਾਮਨਗੀਰ ਇਕ ਅਖਵਾਈਆ । ਜਿਸ ਇਸ਼ਾਰਾ ਕੀਤਾ ਸੀਤਾ ਰਾਮਨਾ, ਬਾਲਮੀਕ ਪਰਦਾ ਦਿਤਾ ਚੁਕਾਈਆ । ਨੀ ਓਹ ਫਿਰੇ ਤੇਰੇ ਗਰਾਮਨਾ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਧਰਨੀਏ ਤੂੰ ਸਭ ਦੀ ਧਰਨੀ ਮਈਆ, ਮਮਤਾ ਵਾਲੀਏ ਦੇ ਜਣਾਈਆ । ਤੇਰੀ ਕਿਧਰ ਨੂੰ ਜਾਵੇ ਨਈਆ, ਨਈਆ ਨੌਕਾ ਕੌਣ ਚਲਾਈਆ । ਤੇਰਾ ਖ਼ਸਮ ਮਾਲਕ ਸਵਾਮੀ ਕਿਹੜਾ ਰਮਈਆ, ਰਾਮ ਵਾਲੀਏ ਦੇ ਦ੍ਰਿੜਾਈਆ । ਤੇਰਾ ਨਾਤਾ ਸਾਕ ਸੱਜਣ ਕਿਹੜਾ ਭੈਣ ਭਈਆ, ਮੰਮੀ ਬੀਬੀ ਕਵਣ ਰੂਪ ਬਦਲਾਈਆ । ਨੀ ਭੇਤ ਖੋਲ ਦੇ ਕਿਉਂ ਬੁੱਲ੍ਹੇ ਗਾਇਆ ਤੇਰੇ ਉਤੇ ਥਈਆ ਥਈਆ, ਦਈਆ ਦਈਆ ਕਹਿ ਕੇ ਗਿਆ ਸੁਣਾਈਆ । ਧਰਨੀ ਅੱਖ ਖੋਲੀ ਜਾਂ ਨਿਗਾਹ ਮਾਰੀ ਵੇ ਨਾਰਦਾ ਓਹ ਵੇਖ ਰਾਏ ਧਰਮ ਸਭ ਦੀ ਕਢੀ ਬੈਠਾ ਵਹੀਆ, ਲੱਖ ਚੁਰਾਸੀ ਲੇਖਾ ਫੋਲ ਫੁਲਾਈਆ । ਚਿਤ੍ਰਗੁਪਤ ਨਾਲ ਪਾਉਂਦਾ ਜਾਏ ਸਹੀਆ, ਸਹੀ ਸਲਾਮਤ ਨਜ਼ਰ ਕੋਇ ਨਾ ਆਈਆ । ਮੇਰੀ ਦੁਹਾਈ ਗੋਬਿੰਦ ਦਾ ਪੂਰਾ ਹੋ ਗਿਆ ਢਈਆ, ਢੌਂਕਾ ਲਾ ਕੇ ਉਠਿਆ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਝਟ ਨਾਰਦ ਮਾਰੀ ਤਾਲੀ, ਤਾੜੀ ਦਿਤੀ ਵਜਾਈਆ । ਨੀ ਧਰਨੀਏ ਆਪਣੀ ਜੇਬ ਵੇਖ ਲੈ ਖ਼ਾਲੀ, ਖ਼ਲਕਤ ਵਾਲੀਏ ਵਸਤ ਹੱਥ ਕੋਇ ਨਾ ਆਈਆ । ਫਲ ਰਿਹਾ ਨਾ ਤੇਰੇ ਉਤੇ ਚੁਰਾਸੀ ਡਾਲੀ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਚਾਰੋਂ ਕੁੰਟ ਰੈਣ ਅੰਧੇਰੀ ਕਾਲੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੇ ਪਿਆਰ ਵਿਚ ਸਤਿਕਾਰ ਵਿਚ ਅਧਿਕਾਰ ਵਿਚ ਦੇਵੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਧਰਮ ਰਿਹਾ ਨਾ ਧਰਮਸਾਲੀ, ਮੰਦਰ ਮਸਜਿਦ ਸਾਰੇ ਰਹੇ ਕੁਰਲਾਈਆ । ਮੈਂ ਤੇਰੇ ਦਰ ਦਾ ਬਣਿਆ ਸਵਾਲੀ, ਸਵਾਲੀ ਹੋ ਕੇ ਦਿਆਂ ਜਣਾਈਆ । ਤੇਰੀ ਆਯੂ ਬੀਤ ਗਈ ਬਾਹਲੀ, ਜੁਗ ਚੌਕੜੀ ਬੈਠੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਮਾਲਕ ਇਕ ਅਖਵਾਈਆ । ਧਰਨੀ ਕਹੇ ਨਾਰਦ ਗੰਜਿਆ, ਬ੍ਰਿਮਣਾ ਕੀ ਸੁਣਾਈਆ । ਮੇਰੇ ਅੰਦਰ ਅਗੇ ਬੜਾ ਰੰਜਿਆ, ਦੁਖੀ ਹੋ ਕੇ ਰਹੀ ਕੁਰਲਾਈਆ । ਜੋ ਇਸ਼ਾਰਾ ਦਿਤਾ ਦੁਆਪਰ ਸੰਦੇਸੇ ਵਿਚ ਸੰਜਿਆ, ਕਲਜੁਗ ਅੰਤਮ ਅੱਖ ਉਠਾਈਆ । ਕਲਜੁਗ ਕੂੜ ਕੁੜਿਆਰ ਹਾਥ ਨਾ ਆਵੇ ਵੰਝਿਆ, ਵਹਿਣਾਂ ਭੇਵ ਕੋਇ ਨਾ ਆਈਆ । ਪੰਚ ਵਿਕਾਰ ਹੋਣਾ ਤਤਾਂ ਪੰਜਿਆ, ਪੰਚਮ ਸ਼ਬਦ ਨਾ ਕੋਇ ਸ਼ਨਵਾਈਆ । ਚਾਰੋਂ ਕੁੰਟ ਹੋਵੇ ਜੰਗਿਆ, ਜਗਹ ਖ਼ਾਲੀ ਨਜ਼ਰ ਕੋਇ ਨਾ ਆਈਆ । ਕਲਜੁਗ ਆਪਣਾ ਚੋਲਾ ਹੋਵੇ ਰੰਗਿਆ, ਮੋਹ ਵਿਕਾਰਾ ਰੰਗ ਚੜ੍ਹਾਈਆ । ਸਾਚਾ ਦਿਸੇ ਨਾ ਕੋਇ ਅਨੰਦਿਆ, ਅਨੰਦ ਅਨੰਦ ਅਨੰਦ ਵਿਚ ਨਾ ਕੋਇ ਸਮਾਈਆ । ਝਗੜਾ ਪੈਣਾ ਬੰਦਗੀ ਵਾਲਿਆਂ ਵਿਚ ਬੰਦਿਆ, ਸ਼ਰਅ ਸ਼ਰਅ ਨਾਲ ਟਕਰਾਈਆ । ਧਰਮ ਦਵਾਰੇ ਵੱਜਣਾ ਜੰਦਿਆ, ਕੁੰਡਾ ਸ਼ਰਅ ਨਾ ਕੋਇ ਖੁਲ੍ਹਾਈਆ । ਮਾਣ ਰਹਿਣਾ ਨਹੀਂ ਮੁੱਲਾ ਸ਼ੇਖ਼ ਮੁਸਾਇਕ ਪੰਡਿਆ, ਰੰਗਤ ਰੰਗ ਨਾ ਕੋਇ ਚੜ੍ਹਾਈਆ । ਮੇਰੇ ਉਤੇ ਲੇਖਾ ਮੁਕਣਾ ਨੇਤਰ ਹੀਣ ਅੰਧਿਆ, ਕੂੜ ਕੁੜਿਆਰ ਰਹਿਣ

ਨਾ ਪਾਈਆ । ਕਿਸੇ ਨੂੰ ਸਮਝ ਨਹੀਂ ਆਉਣੀ ਸਰਘੀ ਸੰਧਿਆ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਅੰਤਮ ਸਭ ਤੋਂ ਛੁਟਣੇ ਧੰਦਿਆ, ਧੌਲ ਧਵਲ ਰਹੀ ਸੁਣਾਈਆ । ਪਿਛੇ ਪਿਛਲਾ ਵੇਲਾ ਲੰਘਿਆ, ਅਗੇ ਭੇਵ ਨਾ ਕੋਇ ਪਾਈਆ । ਸੰਮਤ ਸੰਮਤੀ ਹੋਵੇ ਦੰਗਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਾਹ ਸੁਲਤਾਨਾ ਸੌਣਾ ਮਿਲੇ ਨਾ ਉਤੇ ਮੰਜਿਆ, ਬਿਸਤਰ ਸੇਜ ਨਾ ਕੋਇ ਹੰਢਾਈਆ । ਪਤਾ ਲੱਗਣਾ ਨਹੀਂ ਮਾੜਿਆਂ ਚੰਗਿਆਂ, ਚਾਰ ਕੁੰਟ ਕੁਰਲਾਈਆ । ਖੇਲ ਵੇਖਣਾ ਰੂਸਾ ਚੀਨਾ ਨਾਲ ਫ਼ਰੰਗਿਆ, ਫ਼ਾਰਸ ਪਹਿਲੀ ਵੰਡ ਵੰਡਾਈਆ । ਗੋਬਿੰਦ ਦਾ ਖੜਕਣ ਵਾਲਾ ਮਰਦੰਗਿਆ, ਨੌਬਤ ਨਾਮ ਨਗਾਰਾ ਇਕ ਸੁਣਾਈਆ । ਨਵੀਂ ਧਾਰ ਚਮਕਦੀ ਵੇਖ ਲੈ ਚੰਡਿਆ, ਕਲਜੁਗ ਚੰਡਾਲ ਰੂਪ ਬਣੇ ਕਸਾਈਆ । ਕਿਸੇ ਪਵਣ ਨਹੀਂ ਮਿਲਣੀ ਠੰਡਿਆ, ਅਗਨੀ ਤਤ ਤਪਾਈਆ । ਧਰਨੀ ਕਹੇ ਨਾਰਦਾ ਮੇਰੇ ਉਤੇ ਹਾਲਤ ਹੋਣੀ ਮੰਦਿਆ, ਮੰਦਭਾਗ ਦਿਸੇ ਲੋਕਾਈਆ । ਕਿਸੇ ਕੋਇ ਨਾ ਲਾਵੇ ਅੰਗਿਆ, ਅੰਗੀਕਾਰ ਅੰਗ ਨਾ ਕੋਇ ਛੁਹਾਈਆ । ਦਿਸੇ ਨੂਰ ਨਾ ਕੋਇ ਨੌ ਚੰਦੀਆ, ਨਵ ਸੱਤ ਅੰਧੇਰਾ ਛਾਈਆ । ਜਨ ਭਗਤਾਂ ਪੂਰੀਆਂ ਹੋਣ ਕਿਸੇ ਨਾ ਸੰਧੀਆਂ, ਪੂਰਬ ਲੇਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲਾਈਆ । ਨਾਰਦ ਕਹੇ ਧਰਨੀਏ ਨਾ ਲੈ ਐਡਾ ਹੌਕਾ, ਹਕ ਦਿਆਂ ਸੁਣਾਈਆ । ਤੂੰ ਖੇਲ ਵੇਖਣਾ ਚੌਦਾਂ ਲੋਕਾਂ, ਚੌਦਾਂ ਤਬਕ ਨੈਣ ਉਠਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਤੈਨੂੰ ਮਿਲ ਗਿਆ ਮੌਕਾ, ਮੁਕੰਮਲ ਨੈਣ ਲੈਣਾ ਖੁਲਾਈਆ । ਪ੍ਰਭੂ ਦਾ ਹੁਕਮ ਵਰਤਣਾ ਨਾਲ ਸ਼ੌਕਾ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਨਾਤਾ ਟੁਟਣਾ ਕੂੜੇ ਮੋਹ ਕਾ, ਮੁਹੱਬਤ ਕੁਕਰਮ ਰਹੇ ਨਾ ਰਾਈਆ । ਲੇਖਾ ਮੁਕਣਾ ਕਲਜੁਗ ਧ੍ਰੋਹ ਕਾ, ਧਰੂ ਪ੍ਰਹਿਲਾਦ ਦੇਣ ਗਵਾਹੀਆ । ਇਕੋ ਨਾਮ ਪ੍ਰਗਟ ਹੋਣਾ ਪੁਰਖ ਅਕਾਲੇ ਸੋ ਕਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਪ੍ਰਕਾਸ਼ ਹੋਣਾ ਹੰ ਬ੍ਰਹਮ ਲੋ ਕਾ, ਆਤਮ ਨੂਰ ਨੂਰ ਚਮਕਾਈਆ । ਭੇਵ ਰਹਿਣਾ ਨਹੀਂ ਏਕਾ ਦੋ ਕਾ, ਦੁਤੀਆ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਜਾਣੇ ਆਦਿ ਅੰਤ ਜੁਗਾ ਜੁਗੰਤ ਆਪਣੇ ਹੁਕਮ ਨਿਰਮੋਹ ਕਾ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣਾ ਹੁਕਮ ਵਰਤਾਈਆ ।

### ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਵਾੜਾ ਜ਼ਿਲਾ ਫ਼ਿਰੋਜ਼ਪੁਰ ਲਛਮਣ ਸਿੰਘ ਦੇ ਗ੍ਰਿਹਿ

ਧਰਨੀ ਕਹੇ ਮੇਰੇ ਪਾਰਬ੍ਰਹਮ ਅਬਿਨਾਸ਼ੀ ਅਚੁਤ, ਪੁਰਖ ਅਕਾਲ ਦੀਨ ਦਿਆਲ ਤੇਰੀ ਸ਼ਰਨਾਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਮੇਰੀ ਸੁਹੰਜਣੀ ਕਰ ਦੇ ਰੁਤ, ਰੁਤੜੀ ਆਪਣੇ ਨਾਮ ਕਲਮੇ ਨਾਲ ਮਹਿਕਾਈਆ । ਮੈਂ ਵੈਰਾਗਣ ਜਗਤ ਦੁਹਾਗਣ ਮੇਰੀ ਖੁਲ੍ਹੀ ਵੇਖ ਲੈ ਗੁੱਤ, ਮੇਂਢੀ ਸੀਸ ਜਗਦੀਸ਼ ਨਜ਼ਰ ਕੋਇ ਨਾ ਆਈਆ । ਧਰਮ ਦੀ ਧਾਰ ਏਕੰਕਾਰ ਮੇਰੇ ਨਿਰੰਕਾਰ ਤੇਰਾ ਰਿਹਾ ਕੋਇ ਨਾ ਸੁਤ, ਅਪਰਾਧੀ ਹੋਈ ਕੂੜ ਲੋਕਾਈਆ । ਤੇਰਾ ਧਰਮ ਨਿਸ਼ਾਨਾ ਸ੍ਰੀ ਭਗਵਾਨਾ ਗਿਆ ਛੁਪ, ਨੂਰ ਨੁਰਾਨੇ ਨੌਜਵਾਨੇ ਤੇਰਾ ਚੰਦ ਨਾ ਕੋਇ ਚਮਕਾਈਆ । ਮੇਰੇ ਉਤੇ ਅਬਿਨਾਸ਼ੀ ਅਚੁਤੇ ਹੋਇਆ ਅੰਧੇਰਾ ਘੁੱਪ, ਚਾਰ ਕੁੰਟ ਅੰਧ ਅਗਿਆਨ ਨਾ ਕੋਇ ਮਿਟਾਈਆ । ਮਾਇਆ ਮਮਤਾ ਕੂੜੀ ਕਿਰਿਆ ਜਗਤ ਤ੍ਰਿਸ਼ਨਾ

ਲੱਗੀ ਭੁੱਖ, ਧੀਰਜ ਧੀਰ ਬੇਨਜ਼ੀਰ ਸਕੇ ਨਾ ਕੋਇ ਬੰਨ੍ਹਾਈਆ । ਮੇਰੇ ਅੰਤਰ ਨਿਰੰਤਰ ਇਕੋ ਇਕ ਅਗੰਮੜਾ ਦੁੱਖ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਮੇਰੇ ਮਾਲਕ ਇਕ ਨਰੇਸ਼, ਨਰ ਨਰਾਇਣ ਤੇਰੀ ਸ਼ਰਨਾਈਆ । ਦਰ ਠਾਂਡੇ ਹੋਈ ਪੇਸ਼, ਪੇਸ਼ੀਨਗੋਈਆਂ ਨਾਲ ਉਠਾਈਆ । ਮੇਰਾ ਸੁਹੰਜਣਾ ਕਰ ਦੇ ਦੇਸ, ਦੇਸ ਦੇਸੰਤਰਾਂ ਪੰਧ ਮੁਕਾਈਆ । ਆਹ ਲੇਖਾ ਵੇਖ ਲੈ ਜੋ ਲਿਖ ਕੇ ਗਿਆ ਗੋਬਿੰਦ ਦਸ ਦਸਮੇਸ, ਦਹਿ ਦਿਸ਼ਾ ਧਿਆਨ ਲਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਕਲ ਧਰੇ ਅਗੰਮੜਾ ਵੇਸ, ਅਗੰਮੜੀ ਵੇਖ ਵਖਾਈਆ । ਜਿਸ ਦੀ ਮਹਿੰਮਾ ਗਾ ਸਕੇ ਕੋਈ ਨਾ ਸ਼ੇਸ਼, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਚਤੁਰਾਈਆ । ਉਹ ਕਮਲੀਏ ਤੇਰੇ ਉਤੋਂ ਮੇਟੇ ਕਲ ਕਲੇਸ਼, ਕਲ ਕਲਕੀ ਨੂਰ ਅਲਾਹੀਆ । ਜਿਸ ਦਾ ਨਜ਼ਰ ਆਏ ਨਾ ਕੋਇ ਰੂਪ ਰੰਗ ਭੇਖ, ਰਿਖੀ ਮੁਨੀ ਮੁਨੀਸ਼ਰ ਵੇਖਣ ਕੋਇ ਨਾ ਪਾਈਆ । ਜੋ ਆਦਿ ਅੰਤ ਰਹੇ ਹਮੇਸ਼, ਜੁਗ ਚੌਕੜੀ ਆਪਣਾ ਵੇਸ ਵਟਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਗਣਪਤ ਗਣੇਸ਼, ਸ਼ੰਕਰ ਆਸ਼ਾ ਨਾਲ ਮਿਲਾਈਆ । ਜਿਸ ਝਗੜਾ ਮੁਕਾਉਣਾ ਮੁੱਲਾ ਮੁਸਾਇਕ ਸ਼ੇਖ਼, ਕਾਜੀ ਗਾਜ਼ੀ ਲਹਿਣਾ ਰਹਿਣ ਕੋਇ ਨਾ ਪਾਈਆ । ਉਸ ਦਾ ਸੁਣ ਅਗੰਮਾ ਸੰਦੇਸ਼, ਜੋ ਸੋਹਲਾ ਢੋਲਾ ਸੁਣਾਏ ਧੁਰਦਰਗਾਹੀਆ । ਉਹ ਕਰਨੀ ਦਾ ਕਰਤਾ ਇਕੋ ਹੁਕਮ ਦੇਵੇ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਪ੍ਰਭੂ ਮੇਰੀ ਵੇਖ ਬੇਹਾਲੀ, ਬਿਹਬਲ ਹੋ ਕੇ ਦਿਆਂ ਸੁਣਾਈਆ । ਤੂੰ ਨਿਰਗੁਣ ਨੂਰ ਜੋਤ ਅਕਾਲੀ, ਅਕਲ ਕਲ ਧਾਰੀ ਅਗੰਮ ਅਥਾਹੀਆ । ਮੈਂ ਦਰ ਮੰਗਤੀ ਬਣੀ ਸਵਾਲੀ, ਭਿਖਾਰਨ ਹੋ ਕੇ ਝੋਲੀ ਡਾਹੀਆ । ਸਤਿ ਧਰਮ ਤੋਂ ਮੇਰਾ ਗ੍ਰਿਹ ਹੋ ਗਿਆ ਖ਼ਾਲੀ, ਵਸਤ ਸਚ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਮਾਇਆ ਤ੍ਰੈਗੁਣ ਜ਼ੰਜਾਲੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਨਵ ਖੰਡ ਪ੍ਰਿਥਮੀ ਹੋਈ ਕੰਗਾਲੀ, ਸਚ ਵਸਤ ਨਾ ਕੋਇ ਵਰਤਾਈਆ । ਧਰਮ ਦਾ ਰਿਹਾ ਕੋਇ ਨਾ ਮਾਲੀ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਈਆ । ਮੇਰੀ ਦੇਵੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਪ੍ਰਭੂ ਫਲ ਰਿਹਾ ਨਾ ਤੇਰੀ ਚੁਰਾਸੀ ਵਾਲੀ ਡਾਲੀ, ਪੱਤ ਟਹਿਣੀ ਰਹੇ ਕੁਮਲਾਈਆ । ਤੂੰ ਵਕਤ ਆਪਣਾ ਵੇਖ ਹਾਲੀ, ਹਾਲਤ ਬਦਲੀ ਖ਼ਲਕ ਖ਼ੁਦਾਈਆ । ਪਵਿਤ੍ਰ ਰਹੀ ਨਾ ਕੋਇ ਧਰਮਸਾਲੀ, ਮੰਦਰ ਸ਼ਿਵਦਵਾਲੇ ਮੱਠ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਂ ਦਿਵਸ ਰੈਣ ਹੋਈ ਗ਼ਮਗੀਨ, ਗ਼ਮਖ਼ਾਰ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਲੋਕ ਤੀਨ, ਲੋਕ ਪ੍ਰਲੋਕ ਰਹੇ ਕੁਰਲਾਈਆ । ਮੇਰੀ ਪਵਿਤ੍ਰ ਰਹੀ ਨਾ ਜ਼ਮੀਨ, ਜ਼ੱਰਾ ਜ਼ੱਰਾ ਖੋਜ ਖੁਜਾਈਆ । ਤੂੰ ਵਾਹਿਦ ਮਾਲਕ ਇਕ ਅਮੀਨ, ਅਮਾਮ ਨੂਰ ਅਲਾਹੀਆ । ਸਾਚੀ ਸਿਖਿਆ ਦਿਸੇ ਨਾ ਕੋਇ ਤਾਲੀਮ, ਤੁਲਬਾ ਹਕ ਕਰੇ ਨਾ ਕੋਇ ਪੜ੍ਹਾਈਆ । ਕਲਜੁਗ ਸਾਰੇ ਹੋਏ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਝਗੜਾ ਪਿਆ ਨਰ ਮਦੀਨ, ਮੁੱਦਾ ਸਮਝ ਕੋਇ ਨਾ ਪਾਈਆ । ਤੇਰੇ ਉਤੇ ਭਰੋਸਾ ਰਿਹਾ ਨਾ ਕੋਇ ਯਕੀਨ, ਇਤਮਾਦ ਰਖੇ ਨਾ ਕੋਇ ਗੁਸਾਈਆ । ਤੂੰ ਅੰਤ ਖ਼ਾਲਕ ਆਲਮੀਨ, ਉਲਮਾ ਤੈਨੂੰ ਗਏ ਭੁਲਾਈਆ । ਤੇਰਾ ਨੂਰ ਜ਼ਹੂਰ ਕਰੇ ਨਾ ਕੋਇ ਤਸਲੀਮ, ਸਜਦਾ

ਸੀਸ ਨਾ ਕੋਇ ਝੁਕਾਈਆ । ਤੂੰ ਮਹਿਬੂਬ ਵਾਹਿਦ ਕਦੀਮ, ਕੁਦਰਤ ਕਾਦਰ ਇਕ ਅਖਵਾਈਆ । ਆਦਿ ਜੁਗਾਦੀ ਸਦਾ ਰਹੀਮ, ਰਹਿਮਾਨ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰੀ ਖ਼ਾਲੀ ਝੋਲੀ ਦੇਣੀ ਭਰਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਡੋਲਦੀ ਨਈਆ, ਨੌਕਾ ਪਾਰ ਨਾ ਕੋਇ ਲੰਘਾਈਆ । ਤੂੰ ਸਵਾਮੀ ਹਕ ਇਕ ਰਮਈਆ, ਰਮਿਆ ਹਰ ਘਟ ਥਾਈਆ । ਮੇਰੀ ਅੰਤਮ ਫੜ ਲੈ ਬਹੀਆ, ਦਰ ਤੇਰੇ ਸੀਸ ਝੁਕਾਈਆ । ਗੋਬਿੰਦ ਦਾ ਪੰਧ ਮੁਕਿਆ ਢਈਆ, ਅਗੇ ਅਵਰ ਨਾ ਕੋਇ ਵਧਾਈਆ । ਮੈਂ ਸ਼ਰਨ ਸ਼ਰਨਾਈ ਤੇਰੀ ਪਈਆ, ਪਰਮ ਪੁਰਖ ਓਟ ਰਖਾਈਆ । ਤੂੰ ਹੀ ਮਾਤਾ ਤੂੰ ਹੀ ਮਈਆ, ਪਿਤਾ ਪੁਰਖ ਅਕਾਲ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰਾ ਲੇਖਾ ਪੂਰ ਕਰਾਈਆ । ਧਰਨੀ ਕਹੇ ਮੇਰੇ ਧਰਮ ਧਾਰ ਦੇ ਕਾਹਨਾ, ਘਨਈਆ ਤੇਰੀ ਆਸ ਰਖਾਈਆ । ਤੂੰ ਸ਼ਹਿਨਸ਼ਾਹ ਸ੍ਰੀ ਭਗਵਾਨਾ, ਭਗਵਨ ਬੇਪ੍ਰਵਾਹੀਆ । ਮੈਨੂੰ ਕੋਝੀ ਕਮਲੀ ਨੂੰ ਦੇ ਦੇ ਦਾਨਾ, ਦਾਤੇ ਦਾਨੀ ਦਇਆ ਕਮਾਈਆ । ਮੇਰਾ ਸੁਹੰਜਣਾ ਗ੍ਰਿਹ ਕਰ ਮਕਾਨਾ, ਫਿਕਰੇ ਪੈਗ਼ੰਬਰਾਂ ਦੇ ਦੇਣ ਗਵਾਹੀਆ । ਤੂੰ ਲੇਖਾ ਤੱਕ ਜਿਮੀਂ ਜ਼ਮਾਨਾਂ, ਅਸਮਾਨਾਂ ਖੋਜ ਖੁਜਾਈਆ । ਤੇਰਾ ਰਾਹ ਤੱਕਾਂ ਕਾਹਨਾ, ਬਿਨ ਨੈਣਾਂ ਨੈਣ ਉਠਾਈਆ । ਲਹਿਣਾ ਪੂਰਾ ਕਰ ਮੇਰੇ ਰਾਮਾ, ਮਿਹਰ ਨਜ਼ਰ ਨਜ਼ਰ ਟਿਕਾਈਆ । ਤੇਰਾ ਜੋਤੀ ਧਾਰ ਅਗੰਮਾ ਜਾਮਾ, ਕਲ ਕਲਕੀ ਖੇਲ ਖਿਲਾਈਆ । ਨਿਹਕਲੰਕ ਵਜਾ ਦਮਾਮਾ, ਡੰਕਾ ਇਕੋ ਇਕ ਕਰ ਸ਼ਨਵਾਈਆ । ਫਿਰ ਤੇਰਾ ਖੇਲ ਤੱਕਾਂ ਦੋ ਜਹਾਨਾਂ, ਨਿਰਗੁਣ ਤੇਰੀ ਬੇਪ੍ਰਵਾਹੀਆ । ਜਨ ਭਗਤਾਂ ਬਖ਼ਸ਼ ਚਰਨ ਧਿਆਨਾ, ਨਿਜ ਨੇਤਰ ਲੋਚਨ ਨੈਣ ਅੱਖ ਖੁਲਾਈਆ । ਨਾਦ ਸ਼ਬਦ ਦੇ ਧੁਨਕਾਨਾ, ਆਤਮ ਰਾਗ ਸੁਣਾਈਆ । ਅੰਮ੍ਰਿਤ ਰਸ ਬਖ਼ਸ਼ ਪੀਣਾ ਖਾਣਾ, ਨਿਝਰ ਝਿਰਨਾ ਇਕ ਝਿਰਾਈਆ । ਮੇਰੀ ਬੇਨੰਤੀ ਕਰ ਪ੍ਰਵਾਨਾ, ਪਰਮ ਪੁਰਖ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਤੂੰ ਮੇਰਾ ਗੁਣ ਨਿਧਾਨਾ, ਗਹਿਰ ਗੰਭੀਰ ਵਡ ਵਡਿਆਈਆ । ਕਲਜੁਗ ਕੂੜ ਬਦਲ ਨਿਸ਼ਾਨਾ, ਸਤਿਜੁਗ ਸਚ ਸਚ ਪ੍ਰਗਟਾਈਆ । ਆਤਮ ਪਰਮਾਤਮ ਤੇਰਾ ਹੋਵੇ ਗਾਣਾ, ਚਾਰ ਵਰਨ ਅਠਾਰਾਂ ਬਰਨ ਇਕੋ ਰੂਪ ਤੇਰਾ ਦਿਸੇ ਨੂਰ ਨੁਰਾਨਾ, ਨਰ ਨਰਾਇਣ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮਰਦ ਮਰਦਾਨਾ, ਦਰ ਦਵਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਇਕੋ ਆਸ ਰਖਾਈਆ ।

## ✪ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਤਲਵੰਡੀ ਜਲੇ ਖਾਂ ਜ਼ਿਲਾ ਫ਼ਿਰੋਜ਼ਪੁਰ ਬਲਵੰਤ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਸੁਣ ਮੇਰੇ ਪਰਮ ਪੁਰਖ ਨਿਰੰਕਾਰੇ, ਨਿਰਵੈਰ ਤੇਰੇ ਹੱਥ ਵਡਿਆਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰੇ, ਜੋਤੀ ਜਾਤੇ ਪੁਰਖ ਬਿਧਾਤੇ ਨੂਰ ਨੁਰਾਨੇ ਅਗੰਮ ਅਥਾਹੀਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੈਨੂੰ ਚੌਦਾਂ ਤਬਕ ਦੇਂਦੇ ਇਸ਼ਾਰੇ, ਲੋਕ ਚੌਦਾਂ ਸੈਨਤ ਰਹੇ ਲਗਾਈਆ । ਅੰਬਰਾਂ ਵਿਚ ਵੇਖਣ ਚੰਦ ਸਿਤਾਰੇ, ਸੂਰੀਆ ਨੈਣਾਂ ਨੈਣ ਬਦਲਾਈਆ । ਦੇਵਤ ਸੁਰ ਰਹੇ ਪੁਕਾਰੇ, ਗਣ ਗੰਧਰਬ ਕਰੀ ਸ਼ਨਵਾਈਆ ।

ਵਿਸ਼ਨ ਬ੍ਰਹਮਾ ਸ਼ਿਵ ਲਾਵਣ ਨਾਅਰੇ, ਕੂਕ ਕੂਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਸਤਿ ਦਾ ਸਚ ਦੇਣ ਅਧਾਰੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਆਪਣੇ ਲਹਿਣੇ ਦੇਣੇ ਵੇਖ ਲੈ ਸਾਰੇ, ਪੂਰਬ ਲੇਖੇ ਨਾਲ ਮਿਲਾਈਆ । ਸੋ ਪੁਰਖ ਨਿਰੰਜਣ ਤੇਰੇ ਖੇਲ ਅਪਾਰੇ, ਅਪਰੰਪਰ ਤੇਰੀ ਬੇਪ੍ਰਵਾਹੀਆ । ਹਰਿ ਪੁਰਖ ਨਿਰੰਜਣ ਮੈਂ ਤੇਰੇ ਇਕ ਸਹਾਰੇ, ਦੂਜਾ ਨਜ਼ਰ ਕੋਇ ਨਾ ਆਈਆ । ਏਕੰਕਾਰ ਮੇਰੀ ਨਈਆ ਤੇਰੇ ਕਿਨਾਰੇ, ਖੇਵਟ ਖੇਟਾ ਇਕੋ ਨਜ਼ਰੀ ਆਈਆ । ਆਦਿ ਨਿਰੰਜਣ ਤੇਰਾ ਨੂਰ ਜੋਤ ਚਮਤਕਾਰੇ, ਦੋ ਜਹਾਨਾਂ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰੇ ਖੇਲ ਜਗਤ ਧਾਰ ਤੋਂ ਬਾਹਰੇ, ਭੇਵ ਅਭੇਦਾ ਸਮਝ ਕਿਸੇ ਨਾ ਆਈਆ । ਸ੍ਰੀ ਭਗਵਾਨ ਤੂੰ ਜੋਧਾ ਸੂਰਬੀਰ ਬਲਕਾਰੇ, ਕਰਤੇ ਅਬਿਨਾਸ਼ੀ ਤੇਰੀ ਵਡ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਸੋਹਣੇ ਬੰਕ ਦਵਾਰੇ, ਅਸਥਲ ਆਦਿ ਜੁਗਾਦਿ ਨਜ਼ਰੀ ਆਈਆ । ਮੇਰੀ ਅੰਤ ਕੰਤ ਭਗਵੰਤ ਸੁਣ ਇਕ ਪੁਕਾਰੇ, ਪੁਨਹ ਪੁਨਹ ਸੀਸ ਨਿਵਾਈਆ । ਲਹਿਣਾ ਤੱਕ ਲੈ ਸੰਗ ਮੁਹੰਮਦ ਨਾਲ ਚਾਰ ਯਾਰੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਹਜ਼ਰਤ ਈਸਾ ਕੀ ਕਹਿ ਕਹਿ ਪੁਕਾਰੇ, ਕੀ ਸਲੀਬ ਰਹੀ ਸਮਝਾਈਆ । ਮੂਸਾ ਕੋਹਤੂਰ ਦੇ ਦੇ ਸਹਾਰੇ, ਨੈਣ ਮੂੰਦ ਧਿਆਨ ਲਗਾਈਆ । ਮੇਰੀ ਆਸ਼ਾ ਅੰਤਰ ਰੋ ਰੋ ਪੁਕਾਰੇ, ਨਿਵ ਨਿਵ ਸੀਸ ਨਿਵਾਈਆ । ਮੇਰੇ ਮਹਿਬੂਬ ਪਰਵਰਦਿਗਾਰੇ, ਯਾਮਬੀਨ ਤੇਰੀ ਵਡਿਆਈਆ । ਕਲਮਾ ਕਲਾਮਾ ਕਾਇਨਾਤ ਪਾ ਸਾਰੇ, ਬਿਨ ਨੈਣਾਂ ਵੇਖ ਵਖਾਈਆ । ਮੈਂ ਤੇਰੇ ਤੱਕਾਂ ਨਜ਼ਾਰੇ, ਦੀਨ ਦੁਨੀ ਦਾ ਨਜ਼ਰੀਆ ਦੇ ਬਦਲਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਤੇਰਾ ਖੇਲ ਮੇਰੇ ਮੀਤ ਮੁਰਾਰੇ, ਮਿਤਰ ਪਿਆਰੇ ਦੇਣਾ ਦਰਸਾਈਆ । ਮੈਂ ਠਾਂਡੇ ਦਰ ਕਢਾਂ ਹਾੜੇ, ਹੌਕਿਆਂ ਵਿਚ ਕਰਾਂ ਸ਼ਨਵਾਈਆ । ਮੈਨੂੰ ਸਚ ਦੱਸ ਕਵਣ ਕੂਟੇ ਮੇਰੇ ਉਤੇ ਲੱਗਣੇ ਯੁੱਧ ਅਖਾੜੇ, ਖੰਡੇ ਖੜਗਾਂ ਕਵਣ ਕਵਣ ਖੜਕਾਈਆ । ਕਵਣ ਅਵਤਾਰ ਪੈਗ਼ੰਬਰ ਗੁਰ ਬਣਨ ਲਾੜੇ, ਸ਼ਾਹ ਸਵਾਰੇ ਰੂਪ ਵਟਾਈਆ । ਮੇਰਾ ਵਸਦਾ ਖੇੜਾ ਉਜਾੜੇ, ਢਾਹ ਢਾਹ ਖ਼ਾਕ ਮਿਲਾਈਆ । ਦੀਨ ਮਜ਼੍ਹਬ ਮਾਰੇ ਧਾੜੇ, ਧਾੜਵੀ ਹੋ ਕੇ ਆਪਣਾ ਬਲ ਜਣਾਈਆ । ਮੇਰੀ ਦਰੋਹੀ ਮੇਰੇ ਵਕਤ ਜਗਤ ਦਿਵਸ ਆਏ ਮਾੜੇ, ਸੁਹੰਜਣੀ ਰੁੱਤ ਨਾ ਕੋਇ ਸੁਹਾਈਆ । ਕਿਰਪਾ ਕਰ ਮੇਰੇ ਕਰਤਾਰੇ, ਕੁਦਰਤ ਦੇ ਕਾਦਰ ਹੋ ਸਹਾਈਆ । ਲੱਖ ਚੁਰਾਸੀ ਤੇਰੇ ਨੂਰ ਉਜਿਆਰੇ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ । ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਤੈਨੂੰ ਪੁਕਾਰੇ, ਤੈਨੂੰ ਕੂਕ ਕੂਕ ਸੁਣਾਈਆ । ਪ੍ਰਗਟ ਹੋ ਕਲ ਕਲਕੀ ਅਵਤਾਰੇ, ਅਕਲ ਕਲ ਆਪਣਾ ਆਪ ਜਣਾਈਆ । ਨਿਹਕਲੰਕ ਮੈਂ ਤੇਰੇ ਇਕ ਸਹਾਰੇ, ਸਹਾਇਕ ਨਾਇਕ ਦੂਜਾ ਨਜ਼ਰ ਕੋਇ ਨਾ ਆਈਆ । ਅਮਾਮ ਅਮਾਮਾ ਤੇਰੇ ਵੇਖਾਂ ਅਗੰਮ ਨਜ਼ਾਰੇ, ਨੂਰ ਨੁਰਾਨੇ ਨੂਰ ਅਲਾਹੀਆ । ਆਪਣਾ ਦੇਸ ਸੁਹੰਜਣਾ ਕਰ ਦੇ ਮੇਰੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਵਿਚ ਸੰਸਾਰੇ, ਸਤਿਗੁਰ ਸ਼ਬਦ ਨਾਲ ਮਿਲਾਈਆ । ਸੰਬਲ ਤੇਰੇ ਵੱਜਣ ਨਗਾਰੇ, ਨੌਬਤ ਨਾਮ ਵਾਲੀ ਖੜਕਾਈਆ । ਗੋਬਿੰਦ ਮੇਰਾ ਹੋਏ ਜਗਤ ਦਵਾਰੇ, ਦਰੋਹੀ ਆਪਣੀ ਕਲ ਵਖਾਈਆ । ਧਰਨੀ ਕਹੇ ਮੇਰੀ ਆਸਾ ਪੂਰੀ ਕਰ ਦੇ ਕਲਜੁਗ ਕੂੜ ਦੇ ਨਿਵਾਰੇ, ਸਤਿਜੁਗ ਸਤਿ ਸਤਿ ਪ੍ਰਗਟਾਈਆ । ਇਕੋ ਇਸ਼ਟ ਹੋਵੇ ਜੀਵ ਜੰਤ ਤੇਰਾ ਨਿਰੰਕਾਰੇ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਨਾਮ ਹੋਵੇ ਜੈਕਾਰੇ, ਇਕੋ ਢੋਲਾ ਕਲਮਾ ਸਿਫ਼ਤ ਸਲਾਹੀਆ । ਇਕੋ ਮੰਦਰ ਸੋਹੇ ਗੁਰਦਵਾਰੇ, ਇਕੋ ਕਾਅਬੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ,

੧੧੩੫
੨੩

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਮੇਰਾ ਬੇੜਾ ਪਾਰ ਨਾ ਕੋਈ ਉਤਾਰੇ, ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਨਿਵਾਸੀ ਬੈਕੁੰਠ ਮੇਰਾ ਹੋਏ ਨਾ ਕੋਇ ਸਹਾਈਆ ।

## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰੱਜ਼ੀ ਵਾਲਾ ਜ਼ਿਲਾ ਫ਼ਰੀਦਕੋਟ ਮਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਸਾਹਿਬ ਗੁਣਵੰਤ ਗੁਣ ਗੁਣੀਆ, ਗੁਣ ਨਿਧਾਨ ਨੌਜਵਾਨ ਤੇਰੀ ਵਡ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਵੇਖ ਸਾਰੀ ਦੁਨੀਆ, ਕਾਇਨਾਤ ਦੇ ਮਾਲਕ ਕਲਮਿਆਂ ਤੋਂ ਬਾਹਰ ਧਿਆਨ ਲਗਾਈਆ । ਤਨ ਵਜੂਦਾ ਹਕ ਮਹਿਬੂਬਾ ਵੇਖ ਨਾਦ ਅਗੰਮੀ ਤੁਰੀਆ, ਹਕ ਹਕੀਕਤ ਲਾਸ਼ਰੀਕ ਫੋਲ ਫੁਲਾਈਆ । ਭੇਵ ਅਭੇਦਾ ਖੋਲ ਪਰਦਿਆਂ ਵਿਚੋਂ ਸਮਾਧੀ ਸੁੰਨੀਆਂ, ਓਹਲਾ ਰਹਿਣ ਕੋਇ ਨਾ ਪਾਈਆ । ਲੇਖਾ ਤੱਕ ਲੈਂ ਜਗਤ ਜਗਿਆਸੂ ਰਿਖੀਆਂ ਮੁਨੀਆਂ, ਮੁੱਲਾ ਸ਼ੇਖ਼ਾਂ ਮੁਸਾਇਕਾਂ ਪੰਡਤਾਂ ਫੋਲ ਫੁਲਾਈਆ । ਨਿਗਾਹ ਮਾਰ ਲੈ ਪੰਜ ਤਤ ਕਾਇਆ ਕੁੱਲੀਆਂ, ਕੁੱਲ ਮਾਲਕ ਆਪਣਾ ਨੈਣ ਉਠਾਈਆ । ਦਰੋਹੀ ਤੇਰੀਆਂ ਆਤਮਾ ਤੈਨੂੰ ਅੰਤਰ ਆਤਮ ਭੁਲੀਆਂ, ਮਾਰਗ ਪੰਧ ਸਚ ਚਲੇ ਨਾ ਕੋਇ ਤੇਰੀ ਰਜ਼ਾਈਆ । ਤੇਰਾ ਨਾਉਂ ਨਿਰੰਕਾਰ ਗੋਬਿੰਦ ਗਾਉਂਦੇ ਰਸਨਾ ਬੁਲੀਆਂ, ਹਿਰਦੇ ਸਕੇ ਨਾ ਕੋਇ ਵਸਾਈਆ । ਤੇਰੀ ਖਾਣੀ ਬਾਣੀ ਤੇਰੇ ਸ਼ਬਦ ਧਾਰ ਦੀ ਕਰਦੀ ਚੁਲੀਆਂ, ਨਿਝਰ ਰਸ ਨਾ ਕੋਇ ਝਿਰਾਈਆ । ਮਨ ਦੀਆਂ ਵਾਗਾਂ ਹੋ ਗਈਆ ਖੁਲ੍ਹੀਆਂ, ਖ਼ਲਕ ਦੇ ਖ਼ਾਲਕ ਬੰਧਨ ਨਜ਼ਰ ਕੋਇ ਨਾ ਆਈਆ । ਸਚ ਪ੍ਰੇਮ ਦੀਆਂ ਧਾਰਾਂ ਡੁੱਲ੍ਹੀਆਂ, ਮਿੱਟੀ ਖ਼ਾਕ ਵਿਚ ਰੁਲਾਈਆ । ਤੇਰੇ ਚਰਨ ਕਵਲ ਲਾਏ ਕੋਇ ਨਾ ਧੂਲੀਆਂ, ਧੂੜੀ ਖ਼ਾਕ ਨਾ ਕੋਇ ਰਮਾਈਆ । ਉਹ ਵੇਖ ਕੀ ਇਸ਼ਾਰਾ ਦੇਵੇ ਹਜ਼ਰਤ ਈਸਾ ਚੜ੍ਹਿਆ ਸੂਲੀਆਂ, ਸੂਲ ਸੁਰਾਹੀ ਖੰਜਰ ਪਿਆਲਾ ਕੀ ਰਿਹਾ ਸਮਝਾਈਆ । ਕਿਰਪਾ ਕਰ ਦੇ ਮੇਰੇ ਕੰਤ ਕੰਤੂਹਲੀਆ, ਭਗਵੰਤ ਨੂਰ ਅਲਾਹੀਆ । ਸਤਿ ਸਚ ਹੱਥ ਆਵੇ ਨਾ ਕਿਸੇ ਮੂਲੀਆ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਹਾਲਤ ਵੇਖ ਨਿਹਕਰਮੀ, ਕਰਮ ਕਾਂਡ ਤੋਂ ਬਾਹਰ ਧਿਆਨ ਲਗਾਈਆ । ਮੈਂ ਆਦਿ ਪੁਰਖ ਤੇਰੀ ਧਾਰੋਂ ਜਰਮੀ, ਜਨਮ ਦੇਣ ਵਾਲੀ ਅਵਰ ਕੋਇ ਨਾ ਮਾਈਆ । ਪੁਰਖ ਅਕਾਲੇ ਦੀਨ ਦਿਆਲੇ ਜੁਗ ਚੌਕੜੀ ਤੇਰੀ ਰਹੀ ਸਰਨੀ, ਅਵਤਾਰ ਪੈਗ਼ੰਬਰ ਗੁਰ ਇਸ਼ਟ ਨਾ ਕੋਇ ਮਨਾਈਆ । ਤੂੰ ਮਾਲਕ ਖ਼ਾਲਕ ਤਰਨ ਤਰਨੀ, ਤਾਰਨਹਾਰ ਤੇਰੀ ਵਡਿਆਈਆ । ਮੈਂ ਇਕੋ ਤੁਕ ਤੂੰ ਮੇਰਾ ਮੈਂ ਤੇਰਾ ਜੁਗ ਚੌਕੜੀ ਪੜ੍ਹਨੀ, ਦੂਜੀ ਸਿਫ਼ਤ ਨਾ ਕੋਇ ਸਲਾਹੀਆ । ਮੈਂ ਮੰਜ਼ਲ ਹਕੀਕੀ ਤੇਰੀ ਚੜ੍ਹਨੀ, ਚਰਨ ਕਵਲ ਸੀਸ ਨਿਵਾਈਆ । ਤੂੰ ਕਿਰਪਾਨਿਧ ਕਿਰਪਾਲ ਆਪਣੀ ਕਿਰਪਾ ਕਰਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰੇ ਉਤੋਂ ਝਗੜਾ ਮੇਟ ਦੇ ਵਰਨੀ ਬਰਨੀ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਨੇਤਰ ਖੋਲ ਦੇ ਹਰਨੀ ਫਰਨੀ, ਨਿਜ ਲੋਚਨ ਨੈਣ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਹਾਲਤ ਅੰਦਰੂਨੀ, ਬਿਨ ਨੇਤਰ ਨੈਣ ਉਠਾਈਆ । ਮੇਰੀ ਸ਼ਰਅ ਤੱਕ ਬੇਰੂਨੀ, ਜੋ ਜਗਤ ਜੁਗਤ ਚਲਾਈਆ । ਚਾਰ ਜੁਗ ਦੇ ਹੁਕਮ ਵੇਖ ਲੈ ਕਾਨੂੰਨੀ, ਕਲਮੇ ਨਾਮਾਂ ਨਾਲ ਦਰਸਾਈਆ । ਨਿਗਾਹ ਮਾਰ ਲੈ ਆਪਣੀ ਲੱਖ ਚੁਰਾਸੀ ਜੂਨੀ, ਚਾਰੇ ਖਾਣੀ ਫੋਲ

੧੧੩੬
੨੩

ਫੁਲਾਈਆ । ਮੈਂ ਨਿਮਾਣੀ ਕੋਝੀ ਕਮਲੀ ਮਾਸੂਮੀ, ਬਚਪਨ ਤੇਰੀ ਝੋਲੀ ਪਾਈਆ । ਮੇਰੇ ਉਤੇ ਕਿਰਪਾ ਕਰਨੀ ਤੇਰਾ ਹੁਕਮ ਮਾਮੂਲੀ, ਕਿਰਪਨ ਦੇਣੀ ਮਾਣ ਵਡਿਆਈਆ । ਕੂੜੀ ਸ਼ਰਅ ਦੀ ਬਦਲ ਬੇਅਸੂਲੀ, ਅਸਲ ਆਪਣਾ ਭੇਵ ਖੁਲਾਈਆ । ਤੂੰ ਸਭ ਦਾ ਮਾਲਕ ਕੰਤ ਕੰਤੂਹਲੀ, ਆਤਮ ਪਰਮਾਤਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਮੇਰਾ ਅੰਤ ਲਹਿਣਾ ਦੇਣਾ ਸਭ ਦੇ ਕੋਲੋਂ ਵਸੂਲੀਂ, ਸ੍ਰੀ ਭਗਵਾਨ ਨੌਜਵਾਨ ਦੋ ਜਹਾਨ ਬਚਿਆ ਰਹਿਣ ਕੋਇ ਨਾ ਪਾਈਆ ।

### ✪ ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਮੋਗਾ ਸ਼ਹਿਰ ਜ਼ਿਲਾ ਫ਼ਰੀਦਕੋਟ ਕਪੂਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਮਾਲਕ ਧੁਰ ਸਵਾਮੀ, ਪੁਰਖ ਅਕਾਲ ਦੀਨ ਦਿਆਲ ਦੇਣੀ ਇਕ ਸਰਨਾਈਆ । ਸ਼ਾਹ ਪਾਤਸ਼ਾਹ ਮੇਰੀ ਸ਼ਰਅ ਦੀ ਕੱਟ ਗ਼ੁਲਾਮੀ, ਜ਼ੰਜੀਰ ਬੇਨਜ਼ੀਰ ਜਗਤ ਵਾਲੇ ਤੁੜਾਈਆ । ਤੂੰ ਨੂਰ ਨੁਰਾਨਾ ਨੌਜਵਾਨਾ ਇਕ ਅਮਾਮੀ, ਨਿਰਵੈਰ ਪੁਰਖ ਅਗੰਮ ਅਥਾਹੀਆ । ਸਚਖੰਡ ਨਿਵਾਸੀ ਵਸੇ ਨਿਹਚਲ ਧਾਮ ਸਦਾ ਨਿਹਕਾਮੀ, ਤੇਰੀ ਓਟ ਰਖਾਈਆ । ਆਦਿ ਜੁਗਾਦੀ ਲੱਖ ਚੁਰਾਸੀ ਅੰਤਰਜਾਮੀ, ਗ੍ਰਿਹ ਗ੍ਰਿਹ ਵੇਖਣਾ ਥਾਉਂ ਥਾਈਆਂ । ਸਤਿ ਧਰਮ ਦੀ ਤੇਰੀ ਦਿਸੇ ਨਾ ਕੋਇ ਨਿਸ਼ਾਨੀ, ਨੌ ਖੰਡ ਪ੍ਰਿਥਮੀ ਵੇਖ ਵਖਾਈਆ । ਤੇਰੀ ਜਗਤ ਜੁਗਤੀ ਹੋਣੀ ਪੁਰਾਣੀ, ਵੇਦ ਪੁਰਾਨ ਦੇਣ ਦੁਹਾਈਆ । ਕੂਕ ਪੁਕਾਰੇ ਚਾਰੇ ਖਾਣੀ, ਚਾਰੇ ਬਾਣੀ ਨਾਲ ਮਿਲਾਈਆ । ਕਿਰਪਾ ਕਰ ਗੁਣ ਨਿਧਾਨੀ, ਗੁਣਵੰਤ ਹੋਣਾ ਆਪ ਸਹਾਈਆ । ਸਤਿਗੁਰ ਸ਼ਬਦ ਧੁਰ ਦੀ ਦਾਤ ਬਖ਼ਸ਼ ਇਕ ਮਹਾਨੀ, ਨਾਮ ਨਿਧਾਨ ਝੋਲੀ ਪਾਈਆ । ਮੇਰੀ ਬੇਨੰਤੀ ਪੁਰਖ ਅਕਾਲ ਇਕੋ ਮਾਨੀਂ, ਦਰ ਠਾਂਡੇ ਸੀਸ ਝੁਕਾਈਆ । ਝਗੜਾ ਮੇਟ ਅੰਜੀਲ ਕੁਰਾਨੀ, ਕਾਇਨਾਤ ਦੇ ਸਮਝਾਈਆ । ਤੈਨੂੰ ਈਸਾ ਮੂਸਾ ਬਣਾਇਆ ਪਿਤਾ ਇਕੋ ਅਸਮਾਨੀ, ਦਰਗਾਹ ਸਾਚੀ ਸੋਭਾ ਪਾਈਆ । ਮੁਹੰਮਦ ਸੰਦੇਸਾ ਦਿਤਾ ਅਵਾਮੀ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਕਲਜੁਗ ਰੈਣ ਅੰਧੇਰੀ ਮੇਟ ਦੇ ਸ਼ਾਮੀ, ਸ਼ਾਮ ਘਨਈਆ ਤੇਰੀ ਓਟ ਰਖਾਈਆ । ਤੂੰ ਹਰ ਘਟ ਰਮਈਆ ਰਮਿਆ ਰਾਮੀ, ਰਾਮ ਰਾਮਾ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਦੁੱਖਾਂ ਭਰੀ, ਨਾੜ ਨਾੜ ਰਹੀ ਕੁਰਲਾਈਆ । ਕਿਰਪਾ ਕਰ ਦੇ ਮੇਰੇ ਅਗੰਮੀ ਹਰੀ, ਹਰ ਹਿਰਦੇ ਕਰ ਸਫ਼ਾਈਆ । ਮੇਰੇ ਉਤੋਂ ਮੇਟ ਦੇ ਜਗਤ ਸ਼ਰੀ, ਸ਼ਰਅ ਨਾਮ ਵਾਲੀ ਸਮਝਾਈਆ । ਦੀਨਾਂ ਮਜ਼੍ਹਬਾਂ ਤੋਂ ਕਰ ਦੇ ਬਰੀ, ਬਰਿਆਜ਼ਮ ਦੇ ਸਮਝਾਈਆ । ਮੈਂ ਬੇਨੰਤੀ ਤੇਰੇ ਉਤੇ ਕਰੀ, ਤੂੰ ਕਰਤਾ ਪੁਰਖ ਅਗੰਮ ਅਥਾਹੀਆ । ਮੈਂ ਕਲਜੁਗ ਕੂੜੀ ਕਿਰਿਆ ਤੋਂ ਰਹੀ ਡਰੀ, ਡਰਪੋਕ ਹੋ ਕੇ ਰਹੀ ਸੁਣਾਈਆ । ਸਚ ਸਰਨਾਈ ਤੇਰੀ ਪੜੀ, ਨਿਵ ਨਿਵ ਲਾਗਾਂ ਪਾਈਆ । ਸਚਖੰਡ ਦਵਾਰੇ ਖੜ੍ਹੀ, ਖੜਗਾਂ ਖੰਡਿਆਂ ਵਾਲੇ ਮੈਨੂੰ ਰਹੇ ਡਰਾਈਆ । ਮੈਨੂੰ ਇਉਂ ਜਾਪਦਾ ਤੇਰੀ ਸ੍ਰਿਸ਼ਟੀ ਹੋਈ ਦੋ ਧੜੀ, ਹਿੱਸੇ ਧੁਰ ਦੇ ਵੰਡ ਵੰਡਾਈਆ । ਲੇਖਾ ਮੁਕਣਾ ਗੋਰ ਮੜ੍ਹੀ, ਚਾਰੋਂ ਕੁੰਟ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੧੧੩੭
੨੩

ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਕਿਰਪਾ ਕਰ ਮੇਰੇ ਗੁਰਦੇਵ, ਦੇਵ ਦੇਵਾ ਤੇਰੀ ਸਰਨਾਈਆ । ਤੂੰ ਵਸੇਂ ਨਿਹਚਲ ਧਾਮ ਨਿਹਕੇਵ, ਦਰਗਾਹ ਸਾਚੀ ਸੋਭਾ ਪਾਈਆ । ਤੂੰ ਮਾਲਕ ਅਲਖ ਅਭੇਵ, ਅਗੋਚਰ ਅਗੰਮ ਅਥਾਹੀਆ । ਮੈਨੂੰ ਬਖ਼ਸ਼ ਦੇ ਆਪਣੇ ਨਾਮ ਦਾ ਮੇਵ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਖ਼ਾਲੀ ਝੋਲੀ ਮੇਰੀ ਦੇਣੀ ਭਰਾਈਆ । ਧਰਨੀ ਕਹੇ ਪ੍ਰਭੂ ਮੈਂ ਮੰਗਤੀ ਹੋਈ ਨਿਮਾਣੀ, ਨਿਰਧਨ ਤੇਰੇ ਅਗੇ ਵਾਸਤਾ ਪਾਈਆ । ਤੂੰ ਬਖ਼ਸ਼ਣਹਾਰਾ ਪਦ ਨਿਰਬਾਣੀ, ਨਿਰਵੈਰ ਪੁਰਖ ਤੇਰੀ ਵਡਿਆਈਆ । ਮੇਰੇ ਉਤੋਂ ਝਗੜਾ ਮੇਟ ਦੇ ਚਾਰੇ ਖਾਣੀ, ਚਾਰੋਂ ਕੁੰਟ ਹੋ ਸਹਾਈਆ । ਜੀਵ ਜੰਤ ਤੱਕ ਲੈ ਆਪਣੇ ਪ੍ਰਾਣੀ, ਪ੍ਰਾਣ ਅਧਾਰੀ ਵੇਖ ਵਖਾਈਆ । ਆਪਣੀ ਆਤਮਾ ਸਭ ਦੇ ਅੰਦਰ ਕਰ ਲੈ ਸੁਘੜ ਸਿਆਣੀ, ਸੁਚੱਜੀ ਲੈ ਬਣਾਈਆ । ਤੂੰ ਮਾਲਕ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਅਗੰਮ ਅਥਾਹੀਆ । ਮੇਰੀ ਬੇਨੰਤੀ ਇਕੋ ਮਾਨੀਂ, ਮਨਸਾ ਤੇਰੇ ਅਗੇ ਟਿਕਾਈਆ । ਕਲਜੁਗ ਕੂੜ ਕਿਰਿਆ ਮੇਟ ਅਭਿਮਾਨੀ, ਮਮਤਾ ਮੋਹ ਦੇਣੀ ਗਵਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਨਾਮ ਦੇਣਾ ਨਿਧਾਨੀ, ਗੁਣਵੰਤੇ ਤੇਰਾ ਢੋਲਾ ਗਾਈਆ । ਸਾਚਾ ਬਖ਼ਸ਼ਣਾ ਚਰਨ ਧਿਆਨੀ, ਚਰਨੋਦਕ ਧੁਰ ਦਾ ਦੇਣਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੰਜ਼ਲ ਕਰ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ ।



## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਘਲ ਕਲਾਂ ਜ਼ਿਲਾ ਫ਼ਰੀਦਕੋਟ ਗੁਰਤੇਜ ਸਿੰਘ ਦੇ ਗ੍ਰਿਹ ✪

੧੧੩੮ ੨੩

ਧਰਨੀ ਕਹੇ ਮੇਰੇ ਸ਼ਹਿਨਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਧੁਰਦਰਗਾਹੀਆ । ਮੈਂ ਕੋਝੀ ਕਮਲੀ ਬੁਧਹੀਣ ਨਿਮਾਣੀ, ਦਰ ਠਾਂਡੇ ਸੀਸ ਨਿਵਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਜਾਣ ਜਾਣੀ, ਦੋ ਜਹਾਨਾਂ ਮਾਲਕ ਅਗੰਮ ਅਥਾਹੀਆ । ਮੈਂ ਤੇਰੇ ਚਰਨ ਕਵਲ ਕਰਾਂ ਧਿਆਨੀ, ਧਰਤ ਹੋ ਕੇ ਸੀਸ ਨਿਵਾਈਆ । ਮੇਰੀ ਇਕ ਬੇਨੰਤੀ ਹਕ ਮਹਿਬੂਬਾ ਉਚ ਆਰੂਜਾ ਮਾਨੀ, ਮਨਸਾ ਤੇਰੇ ਅਗੇ ਰਖਾਈਆ । ਨਿਗਾਹ ਮਾਰ ਲੈ ਆਪਣੀ ਜੇਰਜ ਵਾਲੀ ਖਾਣੀ, ਨਵ ਨੌ ਖੋਜ ਖੁਜਾਈਆ । ਸਚ ਤੱਕ ਲੈ ਧਰਮ ਧਾਰ ਦੀ ਬਾਣੀ, ਭੇਵ ਅਭੇਦਾ ਆਪਣੇ ਵਿਚੋਂ ਪ੍ਰਗਟਾਈਆ । ਅੰਮ੍ਰਿਤ ਧਾਰ ਵੇਖ ਲੈ ਆਪਣਾ ਨਿਝਰ ਧਾਰ ਦਾ ਪਾਣੀ, ਬੂੰਦ ਸਵਾਂਤੀ ਨਾਲ ਮਿਲਾਈਆ । ਮੇਰੀ ਹਕ ਹਕੀਕਤ ਵਾਲੀ ਸੁਣ ਲੈ ਕਥਾ ਕਹਾਣੀ, ਬਿਨ ਕਥਨੀ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੈਂ ਦਰ ਤੇਰੇ ਤੇ ਪੁੱਜੀ, ਪੂਜਣ ਯੋਗ ਤੇਰੀ ਸ਼ਰਨਾਈਆ । ਮੇਰੀ ਬੇਨੰਤੀ ਸੁਣ ਲੈ ਗੁਝੀ, ਬਿਨ ਰਸਨਾ ਜਿਹਵਾ ਦਿਆਂ ਦ੍ਰਿੜਾਈਆ । ਮੇਰੀ ਦੀਨ ਦੁਨੀ ਵਾਲੀ ਨਹੀਂ ਬੁਧੀ, ਅਕਲ ਆਕਲਾਂ ਵਾਲੀ ਨਾ ਕੋਇ ਰਖਾਈਆ । ਮੈਂ ਮਿੱਟੀ ਖ਼ਾਕ ਨਿਮਾਣੀ ਬਸੁਧੀ, ਬੇਸੁਧ ਹੋ ਕੇ ਸੀਸ ਨਵਾਈਆ । ਮੇਰੀ ਆਸ਼ਾ ਕਰ ਦੇ ਉਘੀ, ਉਗਣ ਆਥਣ ਦੇ ਵਡਿਆਈਆ । ਤੂੰ ਲੇਖਾ ਜਾਨਣਹਾਰ ਜੁਗ ਜੁਗੀ, ਜੁਗ ਚੌਕੜੀ ਚਲਣ ਤੇਰੀ ਰਜਾਈਆ । ਚਾਰੋਂ ਕੁੰਟ ਤੱਕ ਲੈ ਕਲਜੁਗ ਕੂੜੀ ਕਿਰਿਆ ਫਿਰਦੀ ਕੁੱਦੀ, ਕਦੀਮ ਦੇ ਮਾਲਕ ਧਿਆਨ ਲਗਾਈਆ । ਰਸ ਰਿਹਾ ਨਾ ਅੰਮ੍ਰਿਤ ਧਾਰ ਸੀਰ ਦੁੱਧੀ,

ਭਗਤ ਜਨਮੇ ਕੋਇ ਨਾ ਮਾਈਆ । ਮੈਂ ਕੋਟਨ ਕੋਟ ਜੁਗ ਬਿਨ ਤਨ ਵਜੂਦ ਤੋਂ ਹੋ ਗਈ ਬੁਢੀ, ਬੁਢੇਪਾ ਕਲਜੁਗ ਦਿਤਾ ਵਖਾਈਆ । ਤੂੰ ਮੇਰੀ ਰਮਜ਼ ਮਹਿਬੂਬਾ ਨੌਜਵਾਨਾ ਮਰਦ ਮਰਦਾਨਾ ਬਿਨਾ ਰਮਜ਼ ਤੋਂ ਬੁੱਝੀ, ਇਸ਼ਾਰਾ ਸੈਨਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਨਾਮ ਦੇਣਾ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੀ ਹਾਲਤ ਜਗਤ ਹੋ ਗਈ ਬੁਰੀ, ਸੁਧ ਰਹਿਣ ਕੋਇ ਨਾ ਪਾਈਆ । ਚਾਰੋਂ ਕੁੰਟ ਸ਼ਰਅ ਦੀ ਛੁਰੀ, ਕਾਤਲ ਮਕਤੂਲ ਰੂਪ ਵਟਾਈਆ । ਸਤਿ ਧਰਮ ਦੀ ਨਈਆ ਜਾਂਦੀ ਰੁੜ੍ਹੀ, ਅਗੇ ਹੋ ਨਾ ਕੋਇ ਅਟਕਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਸੁੱਤੀ ਨੀਂਦ ਗੂੜ੍ਹੀ, ਨੈਣ ਸਕੇ ਨਾ ਕੋਇ ਖੁਲਾਈਆ । ਆਤਮ ਪਰਮਾਤਮ ਸੁਰਤੀ ਦਿਸੇ ਕਿਸੇ ਨਾ ਜੁੜੀ, ਸ਼ਬਦੀ ਸੰਗ ਨਾ ਕੋਇ ਨਿਭਾਈਆ । ਤੇਰੇ ਪਿਆਰ ਦੀ ਵਸਤ ਕਾਇਆ ਮੰਦਰ ਅੰਦਰ ਥੁੜੀ, ਧਰਮ ਦੀ ਧਾਰ ਨਾ ਕੋਇ ਵਰਤਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੇ ਘਰ ਸਵਾਮੀ ਮੁੜੀਂ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਸੀਸ ਨਿਵਾਈਆ । ਪੁਰਖ ਅਕਾਲ ਕਹੇ ਧਰਨੀ ਧਰਮ ਕਮਾਵਾਂਗਾ । ਸੋ ਪੁਰਖ ਨਿਰੰਜਣ ਹੋ ਕੇ ਖੇਲ ਖਿਲਾਵਾਂਗਾ । ਹਰਿ ਪੁਰਖ ਨਿਰੰਜਣ ਹੋ ਕੇ ਰੂਪ ਪ੍ਰਗਟਾਵਾਂਗਾ । ਏਕੰਕਾਰ ਹੋ ਕੇ ਏਕਾ ਏਕ ਡੰਕ ਵਜਾਵਾਂਗਾ । ਆਦਿ ਨਿਰੰਜਣ ਬਖ਼ਸ਼ ਕੇ ਟੇਕ, ਜੋਤੀ ਜਾਤਾ ਡਗਮਗਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਲਵਾਂ ਵੇਖ, ਬਿਨ ਨੈਣਾਂ ਨੈਣ ਚਮਕਾਵਾਂਗਾ । ਸ੍ਰੀ ਭਗਵਾਨ ਹੋ ਕੇ ਤੇਰਾ ਸੁਹਾਵਾਂ ਦੇਸ, ਸਾਚੀ ਕਰਨੀ ਕਾਰ ਕਮਾਵਾਂਗਾ । ਪਾਰਬ੍ਰਹਮ ਹੋ ਕੇ ਦੇਵਾਂ ਸੰਦੇਸ਼, ਢੋਲਾ ਆਪਣਾ ਨਾਦ ਜਣਾਵਾਂਗਾ । ਸਤਿਗੁਰ ਸ਼ਬਦ ਹੋ ਕੇ ਤੇਰੀ ਮਿਟਾਵਾਂ ਰੇਖ, ਲੇਖਾ ਆਪਣੇ ਹੱਥ ਰਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਕਰ ਕੇ ਪੇਸ਼, ਪੇਸ਼ੀਆਂ ਸਭ ਦੀਆਂ ਆਪ ਭੁਗਤਾਵਾਂਗਾ । ਜੋ ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਸੰਦੇਸ਼, ਲੇਖਾ ਸਭ ਦਾ ਨਾਲ ਮਿਲਾਵਾਂਗਾ । ਜੋ ਅੰਤ ਅਖ਼ੀਰੀ ਕਹਿ ਕੇ ਗਿਆ ਦਸਮੇਸ਼, ਦਹਿ ਦਿਸ਼ਾ ਪਰਦਾ ਆਪ ਚੁਕਾਵਾਂਗਾ । ਝਗੜਾ ਮੇਟ ਕੇ ਮੁੱਲਾ ਸ਼ੇਖ਼, ਮੁਸਾਇਕਾਂ ਡੇਰਾ ਢਾਹਵਾਂਗਾ । ਪੈਗ਼ੰਬਰਾਂ ਕਰ ਕੇ ਆਪਣੀ ਭੇਟ, ਦੀਨਾਂ ਮਜ਼੍ਹਬਾਂ ਪੰਧ ਮੁਕਾਵਾਂਗਾ । ਸਤਿ ਧਰਮ ਦਾ ਬਣ ਕੇ ਖੇਵਟ ਖੇਟ, ਨਈਆ ਨੌਕਾ ਨਾਮ ਚਲਾਵਾਂਗਾ । ਰੁੱਤ ਬਸੰਤੀ ਤੇਰੀ ਕਰ ਕੇ ਚੇਤ, ਕੂੜੀ ਕਿਰਿਆ ਮੇਟ ਮਿਟਾਵਾਂਗਾ । ਆਤਮ ਪਰਮਾਤਮ ਦੱਸ ਕੇ ਹੇਤ, ਪਾਰਬ੍ਰਹਮ ਬ੍ਰਹਮ ਸਾਚਾ ਜੋੜ ਜੁੜਾਵਾਂਗਾ । ਦਰਸ਼ਨ ਦੇ ਕੇ ਨੇਤਨ ਨੇਤ, ਨਿਜ ਲੋਚਨ ਨੈਣ ਖੁਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਪ੍ਰਭ ਅਬਿਨਾਸ਼ੀ ਖੇਲ ਖਿਲਾਏਗਾ । ਭੇਵ ਅਭੇਦਾ ਆਪ ਖੁਲਾਏਗਾ । ਅਛਲ ਅਛੇਦਾ ਰੂਪ ਵਟਾਏਗਾ । ਚਾਰੇ ਵੇਦਾਂ ਪੰਧ ਮੁਕਾਏਗਾ । ਪੁਰਾਣ ਸਮਿਰਤੀਆਂ ਖੋਜ ਖੁਜਾਏਗਾ । ਰਸਨਾ ਜਿਹਵਾ ਪਰਦਾ ਲਾਹੇਗਾ । ਕੌਸਤਕ ਮਨੀਆ ਮਸਤਕ ਲਾ ਕੇ ਥੇਵਾ, ਥਿਰ ਘਰ ਪਰਦਾ ਆਪ ਉਠਾਏਗਾ । ਤੈਨੂੰ ਦੱਸ ਕੇ ਇਕੋ ਨਿਹਚਲ ਧਾਮ ਨਿਹਕੇਵਾ, ਅਸਥਲ ਦਵਾਰਾ ਇਕ ਸੁਹਾਏਗਾ । ਨਾਮ ਅਨਮੁੱਲੜਾ ਅਗੰਮ ਤੇਰੀ ਝੋਲੀ ਪਾ ਕੇ ਮੇਵਾ, ਅਤੋਟ ਅਤੁਟ ਆਪ ਵਰਤਾਏਗਾ । ਪੁਰਖ ਅਬਿਨਾਸ਼ੀ ਘਟ ਨਿਵਾਸੀ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਲੇਖੇ ਲਾਵੇ ਸੇਵਾ, ਸਿਰ ਆਪਣਾ ਹੱਥ ਰਖਾਏਗਾ । ਕਿਰਪਾ ਨਿਧਾਨ ਠਾਕਰ ਹੋ ਕੇ ਵਡ ਦੇਵੀ ਦੇਵਾ, ਦੇਵ ਆਤਮਾ ਮੇਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਤੇਰਾ ਲਹਿਣਾ ਦੇਣਾ ਤੇਰੀ ਝੋਲੀ ਪਾਏਗਾ । ਧਰਨੀ ਕਹੇ ਮੈਂ ਨਿਵ ਨਿਵ ਸੀਸ ਨਿਵਾਵਾਂਗੀ । ਚਰਨ ਧੂੜੀ ਖ਼ਾਕ ਰਮਾਵਾਂਗੀ । ਹਾਜ਼ਰ ਹਜ਼ੂਰ ਦਰਸ਼ਨ ਪਾਵਾਂਗੀ । ਮੂਸਾ ਕੋਹਤੂਰ ਉਤੋਂ ਉਠਾਵਾਂਗੀ । ਈਸਾ ਜੰਮ ਕੀ ਫਾਸ ਕਟਾਵਾਂਗੀ । ਮੁਹੰਮਦ ਚਾਰ ਯਾਰੀ ਨਾਲ ਮਿਲਾਵਾਂਗੀ । ਤੇਈ ਅਵਤਾਰਾਂ ਖ਼ਬਰ ਸੁਣਾਵਾਂਗੀ । ਨਾਨਕ ਗੋਬਿੰਦ ਸੀਸ ਝੁਕਾਵਾਂਗੀ । ਸਤਿਗੁਰ ਸ਼ਬਦ ਇਕ ਮਨਾਵਾਂਗੀ । ਬੈਠ ਕੇ ਨਾਲ ਅਦਬ, ਅਦਾਬ ਵਿਚ ਵਾਸਤਾ ਪਾਵਾਂਗੀ । ਝਗੜਾ ਮੇਟ ਦੇ ਦੀਨ ਮਜ਼੍ਹਬ, ਆਤਮ ਪਰਮਾਤਮ ਇਕੋ ਮੰਗ ਮੰਗਾਵਾਂਗੀ । ਤੇਰੇ ਦਵਾਰ ਦਾ ਸਭ ਦਾ ਸਾਂਝਾ ਹੋਵੇ ਕਦਮ, ਘਰ ਇਕੋ ਇਕ ਵਖਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਵਾਂਗੀ । ਧਰਨੀ ਕਹੇ ਮੇਰੇ ਮਾਲਕ ਅਗੰਮ ਅਗੰਮੜੇ, ਨਿਰਵੈਰ ਪੁਰਖ ਨੂਰ ਅਲਾਹੀਆ । ਲੇਖੇ ਮਿਟਾ ਦੇ ਕਾਇਆ ਮਾਟੀ ਚਮੜੇ, ਚੰਮ ਦ੍ਰਿਸ਼ਟੀ ਇਸ਼ਟੀ ਹੋ ਕੇ ਦ੍ਰਿਸ਼ਟੀ ਦੇ ਬਦਲਾਈਆ । ਕੇਤੇ ਜੁਗ ਚੌਕੜੀ ਤੇਰੇ ਲੰਘੜੇ, ਮੇਰੇ ਉਤੇ ਫੇਰੀਆਂ ਪਾਈਆ । ਕੇਤੇ ਤੇਰੇ ਨਾਮ ਵਿਕਦੇ ਨਾਲ ਦਮੜੇ, ਮਾਇਆ ਮਮਤਾ ਹੱਟ ਮੁਕਾਈਆ । ਤੂੰ ਆ ਜਾ ਸਚ ਸਵਾਮੀ ਆਪਣੇ ਸੰਬਲ ਦੇਸ ਸੰਬੜੇ, ਸਗਲਾ ਸੰਗ ਬਣਾਈਆ । ਕਲਜੁਗ ਜੀਵ ਨੇਤਰਹੀਣ ਰਹਿਣ ਨਾ ਦੇਵੀਂ ਅੰਧੜੇ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਮਨ ਵਿਕਾਰੀ ਮੂਲ ਦਿਸਣ ਨਾ ਗੰਦੜੇ, ਅੰਮ੍ਰਿਤ ਰਸ ਦੇਣਾ ਭਰਾਈਆ । ਭਾਗਹੀਣ ਰਹਿਣ ਨਾ ਮੰਦੜੇ, ਸਿਰ ਆਪਣਾ ਹੱਥ ਟਿਕਾਈਆ । ਅੰਦਰੋਂ ਖੋਲ ਦੇ ਵੱਜੇ ਜੰਦਰੇ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਭਾਗ ਲਗਾ ਦੇ ਕਾਇਆ ਮਾਟੀ ਪਿੰਜਰੇ, ਪੰਜਾਂ ਤਤਾਂ ਦੇ ਵਡਿਆਈਆ । ਤ੍ਰਿਸ਼ਨਾ ਰਹੇ ਨਾ ਕਲਪਣਾ ਵਾਲੀ ਅੰਦਰੇ, ਇੰਦਰੀਆਂ ਮੂਲ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਦੇ ਦੇ ਨਾਮ ਨਿਧਾਨਾ, ਨਿਰਵੈਰ ਦਇਆ ਕਮਾਈਆ । ਆਤਮ ਬ੍ਰਹਮ ਬਖ਼ਸ਼ ਗਿਆਨਾ, ਮਨ ਮਤ ਦਾ ਡੇਰਾ ਢਾਈਆ । ਚਰਨ ਕਵਲ ਤੇਰਾ ਹੋਵੇ ਧਿਆਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਨ ਭਗਤਾਂ ਬੰਨ੍ਹ ਨਾਮ ਦਾ ਅਗੰਮੀ ਗਾਨਾ, ਤੰਦਵ ਤੰਦ ਆਪਣਾ ਆਪ ਜਣਾਈਆ । ਸਤਿ ਸਰੂਪੀ ਦਰਸ ਦਿਖਾ ਦੇ ਧੁਰ ਦੇ ਕਾਹਨਾ, ਰਾਮ ਰਾਮਾ ਰੂਪ ਦਰਸਾਈਆ । ਤੇਰਾ ਨੂਰ ਜ਼ਹੂਰ ਤੱਕਾਂ ਅਮਾਮਾ, ਅਮਲਾਂ ਤੋਂ ਰਹਿਤ ਮੇਰੇ ਨੂਰ ਅਲਾਹੀਆ । ਕਲਜੁਗ ਅੰਧੇਰੀ ਮੇਟ ਦੇ ਸ਼ਾਮਾ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਤੇਰੇ ਨਾਮ ਦਾ ਡੰਕਾ ਵੱਜੇ ਦਮਾਮਾ, ਗੋਬਿੰਦ ਸ਼ਬਦ ਧਾਰ ਸਮਝਾਈਆ । ਤੈਨੂੰ ਨਿਵ ਨਿਵ ਕਰਾਂ ਸਲਾਮਾ, ਸਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੈਂ ਆਸ਼ਾ ਰਖੀ ਏਕ, ਏਕੰਕਾਰ ਦੇਣੀ ਵਡਿਆਈਆ । ਸਚ ਦਵਾਰ ਬਖ਼ਸ਼ਣੀ ਟੇਕ, ਦੂਜਾ ਰੂਪ ਨਾ ਕੋਇ ਜਣਾਈਆ । ਜਨ ਭਗਤਾਂ ਅੰਤਸ਼ਕਰਨ ਬੁੱਧੀ ਕਰਨੀ ਬਿਬੇਕ, ਦੁਰਮਤ ਮੈਲ ਰਹੇ ਨਾ ਰਾਈਆ । ਰੂਪ ਅਨੂਪ ਦਰਸਾਉਣਾ ਨੇਤਨ ਨੇਤ, ਨਿਜ ਲੋਚਣ ਨੈਣ ਅੱਖ ਖੁਲਾਈਆ । ਤੇਰੇ ਜੁਗ ਚੌਕੜੀ ਬੀਤੇ ਕੇਤ, ਕੋਟਨ ਕੋਟ ਪੰਧ ਮੁਕਾਈਆ । ਤੂੰ ਮਾਲਕ ਸਵਾਮੀ ਬਣਨਾ ਖੇਵਟ ਖੇਟ, ਨਈਆ ਨੌਕਾ ਇਕ ਚਲਾਈਆ । ਜਨ ਭਗਤ ਸੁਹੇਲੇ ਬਣਾਉਣੇ ਆਪਣੇ ਬੇਟ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਤੇਰੇ ਚਰਨ ਕਵਲਾਂ ਵਿਚ ਜਾਵਾਂ ਲੇਟ, ਦੂਸਰ ਅਵਰ ਨਾ ਕੋਇ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਨਿਵ ਨਿਵ ਕਰਾਂ ਆਦੇਸ,

ਝੁਕ ਝੁਕ ਲਾਗਾਂ ਪਾਈਆ । ਮੇਰੇ ਉਤੋਂ ਮੇਟ ਕਲੇਸ਼, ਕਲ ਕਲਕੀ ਹੋ ਸਹਾਈਆ । ਸੁਹੰਜਣਾ ਕਰ ਦੇ ਮੇਰਾ ਨਵ ਸੱਤ ਦਾ ਦੇਸ, ਚਾਰੋਂ ਕੁੰਟ ਵੱਜੇ ਵਧਾਈਆ । ਦਰ ਠਾਂਡੇ ਹੋਈ ਪੇਸ਼, ਪੇਸ਼ੀਨਗੋਈਆਂ ਨਾਲ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਨਰੇਸ਼, ਨਰ ਨਰਾਇਣ ਸ੍ਰੀ ਭਗਵਾਨ, ਭਗਵਨ ਦੂਜਾ ਨਜ਼ਰ ਕੋਇ ਨਾ ਆਈਆ ।

✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਡਗਰੂ ਜ਼ਿਲਾ ਫਰੀਦਕੋਟ ਧੰਨਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਤੇਰੀ ਚਰਨ ਧੂੜ ਤੋਂ ਉਤਰੀ, ਉੱਤਰ ਪੂਰਬ ਪੱਛਮ ਦੱਖਣ ਬੈਠੀ ਆਸਣ ਲਾਈਆ । ਨਿਰਗੁਣ ਧਾਰ ਨਿਰਵੈਰ ਤੇਰੀ ਬਣ ਸਪੁਤਰੀ, ਸਦਾ ਸਦਾ ਸਦ ਤੇਰੀ ਸੇਵ ਕਮਾਈਆ । ਜੁਗ ਚੌਕੜੀ ਤੇਰੇ ਚਰਨ ਕਵਲਾਂ ਹੇਠਾਂ ਰਹੀ ਸੁਤੜੀ, ਦਿਵਸ ਰੈਣ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਸੁਹਾਉਂਦਾ ਰਿਹੋਂ ਰੁਤੜੀ, ਅਵਤਾਰ ਪੈਗ਼ੰਬਰ ਗੁਰ ਆਪਣਾ ਨਾਮ ਪਰਗਟਾਈਆ । ਕਲਜੁਗ ਅੰਤ ਸਦੀ ਚੌਧਵੀਂ ਹੋਈ ਦੁਖੜੀ, ਨੇਤਰ ਰੋ ਰੋ ਮਾਰਾਂ ਧਾਹੀਂਆ । ਮੇਰੀ ਜਗਤ ਤ੍ਰਿਸ਼ਨਾ ਹੋ ਗਈ ਭੁੱਖੜੀ, ਭੁੱਖਿਆਂ ਤ੍ਰਿਪਤ ਨਾ ਕੋਇ ਕਰਾਈਆ । ਦੁਰਮਤ ਮੈਲ ਧੋ ਦੇ ਪਿਆਰ ਦੇ ਮੁਖੜੀ, ਪਤਤਾਂ ਕਰ ਸਫ਼ਾਈਆ । ਮਨਸਾ ਮਮਤਾ ਮੇਟ ਦੇ ਕਲਪਣਾ ਵਾਲੀ ਰੁਖੜੀ, ਉਲਟੇ ਬਿਰਛਾਂ ਹੋ ਸਹਾਈਆ । ਕੋਟਾਂ ਵਿਚੋਂ ਮੇਰੇ ਉਤੇ ਤੇਰੇ ਭਗਤ ਦਿਸਦੇ ਇਕ ਮੁੱਠੜੀ, ਥੋੜ੍ਹੇ ਥੋੜ੍ਹਿਆਂ ਵਿਚੋਂ ਨਜ਼ਰੀ ਆਈਆ । ਮੈਂ ਤੇਰੇ ਚਰਨਾਂ ਵਿਚ ਝੁਕੜੀ, ਝੁਕ ਝੁਕ ਸੀਸ ਨਿਵਾਈਆ । ਸੁਣਾਂ ਆਵਾਜ਼ ਤੇਰੀ ਅਗੰਮੀ ਤੁਕ ਦੀ, ਜੋ ਤੁਖਮ ਤਾਸੀਰ ਰਿਹਾ ਬਦਲਾਈਆ । ਮੇਰੇ ਉਤੋਂ ਮਾਨਸ ਵੇਲ ਜਾਂਦੀ ਸੁਕਦੀ, ਅੰਮ੍ਰਿਤ ਸਿੰਚ ਹਰੀ ਨਾ ਕੋਇ ਕਰਾਈਆ । ਮੇਰੀ ਰੇਖ ਬਦਲ ਦੇ ਜਨਣੀ ਵਾਲੀ ਕੁੱਖ ਦੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰੇ ਉਤੇ ਬੁਧੀ ਪਵਿਤ੍ਰ ਕਰ ਦੇ ਮਨੁੱਖ ਦੀ, ਮਨੁਸ਼ਾਂ ਦੇ ਸਮਝਾਈਆ । ਮੈਂ ਅੰਤ ਅਖੀਰ ਇਹੋ ਸੁੱਖਣਾ ਸੁੱਖਦੀ, ਸੁਖ ਸਤਿਗੁਰ ਦੇਣਾ ਵਰਤਾਈਆ । ਮਿਹਰਵਾਨ ਨਿਮਾਣੀ ਹੋ ਕੇ ਪੁਛਦੀ, ਖ਼ਾਲੀ ਝੋਲੀ ਅਗੇ ਡਾਹੀਆ । ਕਿਉਂ ਤੇਰੀ ਆਤਮ ਧਾਰ ਤੇਰੇ ਨਾਲੋਂ ਰੁੱਸਦੀ, ਵਿਛੋੜੇ ਵਿਚ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਧਰਨੀ ਕਹੇ ਪ੍ਰਭੂ ਮੇਰੀ ਸਗਲੀ ਮੇਟ ਦੇ ਚਿੰਦਾ, ਚਿੰਤਾ ਗ਼ਮ ਰਹਿਣ ਨਾ ਪਾਈਆ । ਅੰਮ੍ਰਿਤ ਬਖ਼ਸ਼ ਦੇ ਸਾਗਰ ਸਿੰਧਾ, ਗਹਿਰ ਗੰਭੀਰ ਆਪ ਵਰਤਾਈਆ । ਹਰਿਜਨ ਬਣਾ ਲੈ ਆਪਣੀ ਬਿੰਦਾ, ਦੂਸਰ ਰੂਪ ਨਾ ਕੋਇ ਵਖਾਈਆ । ਤੇਰੀ ਕਰੇ ਕੋਇ ਨਾ ਨਿੰਦਾ, ਨਿੰਦਿਆ ਵਿਚ ਨਾ ਹੋਏ ਲੋਕਾਈਆ । ਅੰਦਰੋਂ ਬਜਰ ਕਪਾਟੀ ਖੋਲ ਦੇ ਜਿੰਦਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਸ਼ਹਿਨਸ਼ਾਹ ਬਣ ਭੂਪ ਬਖਸ਼ਿੰਦਾ, ਪਾਰਬ੍ਰਹਮ ਹੋ ਸਹਾਈਆ । ਤੂੰ ਮਿਹਰਵਾਨ ਮੇਰਾ ਗੁਣੀ ਗਹਿੰਦਾ, ਗਹਿਰ ਗਵਰ ਇਕ ਅਖਵਾਈਆ । ਭਾਗ ਲਗਾ ਦੇ ਜੀਉ ਪਿੰਡਾ, ਸਾਢੇ ਤਿੰਨ ਹੱਥ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਨੌਜਵਾਨ ਲਹਿਣਾ ਦੇਣਾ ਪੂਰਾ ਕਰ ਦੇ ਇੰਦ ਇੰਦਰਾਸਣ ਇੰਦਾ, ਦੇਵਤ ਸੁਰ ਤੇਰੀ ਓਟ ਤਕਾਈਆ ।

## ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਡਗਰੂ ਜ਼ਿਲਾ ਫਰੀਦਕੋਟ ਮੇਲਾ ਸਿੰਘ ਦੇ ਗ੍ਰਿਹ

ਧਰਨੀ ਕਹੇ ਮੇਰੇ ਪੁਰਖ ਅਕਾਲਾ ਓਮਾ, ਵਿਸ਼ਨ ਬ੍ਰਹਮਾ ਸ਼ਿਵ ਦੇ ਮਾਲਕ ਤੇਰੀ ਬੇਪ੍ਰਵਾਹੀਆ । ਬਹੁੜੀ ਮੇਰੇ ਵਿਚੋਂ ਕਲਜੁਗ ਅਗਨ ਦਾ ਨਿਕਲਣ ਵਾਲਾ ਸੋਮਾ, ਨਵ ਸੱਤ ਦਏ ਜਲਾਈਆ । ਖ਼ਾਕ ਕਰਾਏ ਕਲਜੁਗ ਕੂੜੀ ਕਿਰਿਆ ਦੀ ਹਉਮਾ, ਹੰਗਤਾ ਗੜ੍ਹ ਦਏ ਮਿਟਾਈਆ । ਜੋ ਮਸੀਹ ਨੇ ਇਸ਼ਾਰਾ ਕੀਤਾ ਨਿਗਾਹ ਮਾਰ ਕੇ ਵੱਲ ਰੋਮਾ, ਰੂਹ ਬੁੱਤ ਤੋਂ ਪਰੇ ਅੱਖ ਉਠਾਈਆ । ਜੋ ਮੁਹੰਮਦ ਨੇ ਸ਼ਰਅ ਵਾਲੀਆਂ ਵੰਡੀਆਂ ਕੌਮਾਂ, ਕਲਮਿਆਂ ਨਾਲ ਰੰਗ ਰੰਗਾਈਆ । ਉਹ ਖੇਲ ਹੋਣ ਵਾਲਾ ਦੋਇਮ ਦੋਮਾ, ਦੋ ਧੜ ਹੋਵੇ ਲੋਕਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਸਤਿਗੁਰ ਸ਼ਬਦ ਅੰਦਰੇ ਅੰਦਰ ਸਭ ਦੀਆਂ ਕਰੀ ਜਾਂਦਾ ਚੋਣਾਂ, ਹਿੱਸੇ ਹੁਕਮ ਨਾਲ ਸਮਝਾਈਆ । ਮੇਰੇ ਉਤੇ ਸਭ ਨੂੰ ਪੈਣਾ ਰੋਣਾ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਾਹ ਸੁਲਤਾਨਾਂ ਕੋਲੋਂ ਰਾਜ ਭਾਗ ਸਭ ਨੇ ਖੋਹਣਾ, ਹੈਸੀਅਤ ਨਜ਼ਰ ਕੋਇ ਨਾ ਆਈਆ । ਮਾਣਸ ਮਾਨੁਖ ਕਲਜੁਗ ਕੂੜੀ ਕਿਰਿਆ ਮਾਤ ਕੋਹਣਾ, ਸ਼ਰਅ ਬਣੇ ਰੂਪ ਕਸਾਈਆ । ਦੁਰਮਤ ਦਾਗ਼ ਕਿਸੇ ਨਾ ਧੋਣਾ, ਪਾਪਾਂ ਕਰੇ ਨਾ ਕੋਇ ਸਫ਼ਾਈਆ । ਅੰਮ੍ਰਿਤ ਰਸ ਕਿਸੇ ਨਾ ਚੋਣਾ, ਅਗਨੀ ਤਤ ਨਾ ਕੋਇ ਬੁਝਾਈਆ । ਫਿਰਨੀ ਦਰੋਹੀ ਮੇਰੇ ਕੋਨਾ ਕੋਨਾ, ਕੁੰਨਬੇ ਦੀਨ ਮਜ਼੍ਹਬ ਕੁਰਲਾਈਆ । ਮਾਣ ਤਾਣ ਸਭ ਨੇ ਖੋਹਣਾ, ਸਿਰ ਹੱਥ ਨਾ ਕੋਇ ਟਿਕਾਈਆ । ਤੇਰਾ ਖੇਲ ਮੇਰੇ ਪੁਰਖ ਅਕਾਲੇ ਹੋਣਾ ਅਨਹੋਣਾ, ਜਿਸ ਦੀ ਚਾਰ ਜੁਗ ਦੇ ਸ਼ਾਸਤਰ ਸਮਝ ਕੋਇ ਨਾ ਪਾਈਆ । ਸਚ ਸਿੰਘਾਸਣ ਮਿਲੇ ਕਿਸੇ ਨਾ ਸੌਣਾ, ਸੁੰਨੀ ਸੇਜ ਹੋਏ ਲੋਕਾਈਆ । ਕਲਜੁਗ ਮੇਰੇ ਉਤੇ ਜਗਤ ਚਾਰ ਦਿਨ ਦਾ ਪ੍ਰਾਹੁਣਾ, ਆਪਣਾ ਬੈਠਾ ਪੰਧ ਮੁਕਾਈਆ । ਸਤਿਜੁਗ ਸਾਚਾ ਪ੍ਰਭੂ ਮੇਰੇ ਉਤੇ ਆਉਣਾ, ਤੇਰੀ ਕਿਰਪਾ ਤੇਰੀ ਓਟ ਤਕਾਈਆ । ਤੂੰ ਮਿਹਰਵਾਨ ਸਤਿ ਧਰਮ ਲਗਾਉਣਾ ਸਚ ਦੇਣੀ ਵਡਿਆਈਆ । ਕਲਜੁਗ ਕੂੜੀ ਜੜ ਉਖੜਾਉਣਾ, ਧਰਨੀ ਧਰਤ ਧਵਲ ਧੌਲ ਰਹਿਣ ਨਾ ਪਾਈਆ । ਪਿਛਲਾ ਲਹਿਣਾ ਦੇਣਾ ਸਰਬ ਮੁਕਾਉਣਾ, ਬਾਕੀ ਹੱਥ ਨਾ ਕੋਇ ਵਖਾਈਆ । ਤੇਰੇ ਹੁਕਮ ਨੇ ਨਵ ਸੱਤ ਇਕੋ ਲਾਂਬੂ ਲਾਉਣਾ, ਜਗਤ ਤਤਵ ਤਤ ਜਲਾਈਆ । ਮੈਂ ਤੇਰੇ ਦਰ ਤੇ ਵਾਸਤਾ ਪਾਉਣਾ, ਨਿਵ ਨਿਵ ਸੀਸ ਝੁਕਾਈਆ । ਤੂੰ ਸਾਹਿਬ ਸਵਾਮੀ ਸਿਰ ਮੇਰੇ ਹੱਥ ਟਿਕਾਉਣਾ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਆਪਣੇ ਨਾਲ ਮਿਲਾਉਣਾ, ਵਿਛੋੜੇ ਵਿਚ ਵਿਛੜ ਕੋਇ ਨਾ ਜਾਈਆ । ਆਤਮ ਪਰਮਾਤਮ ਰੰਗ ਰੰਗਾਉਣਾ, ਸੁਰਤ ਸ਼ਬਦ ਵਿਚ ਸਮਾਈਆ । ਦਰ ਠਾਂਡਾ ਇਕ ਵਖਾਉਣਾ, ਸਚਖੰਡ ਸਾਚੇ ਪਰਦਾ ਲਾਹੀਆ । ਅੰਮ੍ਰਿਤ ਆਤਮ ਜਾਮ ਪਿਆਉਣਾ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸ਼ਬਦ ਅਨਾਦੀ ਨਾਦ ਸੁਣਾਉਣਾ, ਧੁਨ ਆਤਮਕ ਰਾਗ ਦ੍ਰਿੜਾਈਆ । ਅੰਤਮ ਜੋਤੀ ਜੋਤ ਮਿਲਾਉਣਾ, ਜੋਤੀ ਜੋਤ ਵਿਚ ਸਮਾਈਆ । ਜਨ ਭਗਤਾਂ ਲੱਖ ਚੁਰਾਸੀ ਪੰਧ ਮੁਕਾਉਣਾ, ਆਵਣ ਜਾਵਣ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਘਰ ਗ੍ਰਿਹ ਇਕ ਸੁਹਾਉਣਾ, ਭੂਮਿਕਾ ਦੇਣੀ ਵਡਿਆਈਆ ।

**੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਡਗਰੂ ਜ਼ਿਲਾ ਫ਼ਰੀਦਕੋਟ ਸੀਤਲ ਸਿੰਘ ਦੇ ਗ੍ਰਿਹ**

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੇ ਮਸਤਕ ਲਾਓ ਚਰਨ ਧੂੜੀ, ਟਿੱਕਾ ਦੋ ਜਹਾਨ ਸ੍ਰੀ ਭਗਵਾਨ ਦਿਆਂ ਵਖਾਈਆ । ਅੰਤਸ਼ਕਰਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਕਾਇਨਾਤ ਕੂੜੀ, ਕੂੜ ਕੁਟੰਬ ਚਾਰੋਂ ਕੁੰਟ ਧਿਆਨ ਲਗਾਈਆ । ਮਾਨਸ ਮਾਨਵ ਮਾਨੁਖ ਮਨ ਮਤ ਵੇਖੇ ਮੂੜ੍ਹੀ, ਮੁਗਧਾਂ ਖੋਜ ਖੁਜਾਈਆ । ਦਰਸ਼ਨ ਦੇਵੋ ਹਾਜ਼ਰ ਹਜ਼ੂਰੀ, ਨਿਵ ਨਿਵ ਲਾਗਾਂ ਪਾਈਆ । ਮੇਰੀ ਝੋਲੀ ਪਾਵੋ ਚਾਰ ਜੁਗ ਦੀ ਮਜ਼ਦੂਰੀ, ਜੁਗ ਜੁਗ ਸਾਚੀ ਸੇਵ ਕਮਾਈਆ । ਮੈਂ ਜਲਵਾ ਤੱਕਾਂ ਪ੍ਰਕਾਸ਼ ਅਗੰਮਾ ਨੂਰੀ, ਨੂਰ ਨੁਰਾਨਾ ਦਿਓ ਚਮਕਾਈਆ । ਮੇਰੀ ਅੰਤ ਵੇਖੋ ਮਾਤਲੋਕ ਮਜਬੂਰੀ, ਧਵਲ ਹੋ ਕੇ ਰਹੀ ਸੁਣਾਈਆ । ਸਾਚਾ ਤਿਲਕ ਲਲਾਟੀ ਮਸਤਕ ਲੱਗੇ ਨਾ ਕੋਇ ਸੰਧੂਰੀ, ਸੰਧਿਆ ਸਰਘੀ ਨਾ ਕੋਇ ਵਡਿਆਈਆ । ਜਿੱਧਰ ਤੱਕਾਂ ਹਰ ਹਿਰਦੇ ਦਿਸੇ ਮਗ਼ਰੂਰੀ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਸੇ ਨਜ਼ਰ ਨਾ ਆਏ ਨਿਸ਼ਾਨਾ ਕੋਹਤੂਰੀ, ਤੁਰੀਆ ਤੋਂ ਬਾਹਰ ਭੇਵ ਨਾ ਕੋਇ ਖੁਲਾਈਆ । ਨਾਮ ਮਸਤੀ ਦੇਵੇ ਨਾ ਕੋਇ ਸਰੂਰੀ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰੇ ਉਤੇ ਮਾਰੋ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਮੇਰਾ ਘਰਾਨਾ ਹੋਇਆ ਸੁੰਞ ਮਸਾਣ, ਪਵਣ ਪਾਣੀ ਸਾਰੇ ਰਹੇ ਕੁਰਲਾਈਆ । ਆਤਮ ਅੰਤਰ ਨਿਰੰਤਰ ਕਿਸੇ ਨਾ ਮਿਲੇ ਬ੍ਰਹਮ ਗਿਆਨ, ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਧੁਨ ਆਤਮਕ ਸ਼ਬਦ ਸੁਣੇ ਨਾ ਕੋਇ ਧੁਨਕਾਨ, ਅਨਰਾਗੀ ਰਾਗ ਨਾ ਕੋਇ ਦ੍ਰਿੜਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਕਿਸੇ ਮਿਲੇ ਨਾ ਪੀਣ ਖਾਣ, ਨਾਭੀ ਕਵਲ ਨਾ ਕੋਇ ਉਲਟਾਈਆ । ਮੈਂ ਸਦੀ ਚੌਧਵੀਂ ਹੋਈ ਹੈਰਾਨ, ਹੈਰਾਨੀ ਵਿਚ ਰੋਵਾਂ ਮਾਰਾਂ ਧਾਹੀਆ । ਮੇਰੀ ਬੇਨੰਤੀ ਕਰੋ ਪ੍ਰਵਾਨ, ਪਰਮ ਪੁਰਖ ਦਾ ਵਾਸਤਾ ਪਾਈਆ । ਤੁਸੀਂ ਯੋਧੇ ਸੂਰਬੀਰ ਨੌਜਵਾਨ, ਮਰਦ ਮਰਦਾਨ ਇਕ ਅਖਵਾਈਆ । ਆਪਣੇ ਭੱਥੇ ਵੇਖੋ ਸ਼ਬਦ ਖੰਡੇ ਤੀਰ ਕਮਾਨ, ਚਿੱਲਿਆਂ ਹੱਥ ਉਠਾਈਆ । ਮੇਰੇ ਉਤੋਂ ਕੂੜ ਦੀ ਮੇਟੋ ਦੁਕਾਨ, ਕੂੜੀ ਕਿਰਿਆ ਕਰੋ ਸਫ਼ਾਈਆ । ਸਤਿ ਧਰਮ ਦਾ ਇਕੋ ਝੁਲੇ ਨਿਸ਼ਾਨ, ਨੌ ਖੰਡ ਪ੍ਰਿਥਮੀ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਸਾਰੀ ਦੁਨੀਆ ਗਾਵੇ ਗਾਣ, ਆਤਮ ਪਰਮਾਤਮ ਰਾਗ ਅਲਾਈਆ । ਇਕੋ ਮੰਦਰ ਸੋਹੇ ਮਕਾਨ, ਦਰ ਦਰਬਾਰਾ ਇਕੋ ਨਜ਼ਰੀ ਆਈਆ । ਇਕੋ ਇਸ਼ਟ ਹੋਵੇ ਭਗਵਾਨ, ਦੂਸਰ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਲੇਖਾ ਸਭ ਦਾ ਪੂਰ ਕਰਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰ ਨਿਗਾਹ ਮਾਰੋ ਜਲਦੀ, ਆਪ ਆਪਣਾ ਪੰਧ ਮੁਕਾਈਆ । ਮੇਰੀ ਅਗਨ ਬੁਝਾਵੋ ਬਲਦੀ, ਬਲੀ ਦੀਨ ਦੁਨੀ ਨਾ ਕੋਇ ਚੜ੍ਹਾਈਆ । ਵੇਖੋ ਖੇਲ ਕਲਾ ਵਰਤਦੀ ਕਲਜੁਗ ਕਲ ਦੀ, ਕਲ ਕਾਤੀ ਹੋਈ ਖ਼ਲਕ ਖ਼ੁਦਾਈਆ । ਸਾਰ ਪਾਉਣੀ ਜਲ ਥਲ ਦੀ, ਮਹੀਅਲ ਪਰਦਾ ਦੇਣਾ ਉਠਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਕੀ ਪ੍ਰਭੂ ਆਪਣਾ ਹੁਕਮ ਵਰਤਾਈਆ । ਜਗਤ ਸ਼ਰਅ ਮੈਨੂੰ ਦਿਨ ਰਾਤ ਸੱਲ ਦੀ, ਤਿਖੀ ਧਾਰ ਰਹੀ ਚਲਾਈਆ । ਮੈਨੂੰ ਆਸ਼ਾ ਯਾਦ ਆਉਂਦੀ ਰਾਜੇ ਬਲ ਦੀ, ਬਾਵਨ ਢਾਈ ਕਰਮਾਂ ਵਿਚ ਮੇਰਾ ਲੇਖਾ ਗਿਆ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ

ਅਥਾਹੀਆ । ਗੁਰ ਅਵਤਾਰ ਪੈਗ਼ੰਬਰ ਵੇਖੇ ਕਲਜੁਗ ਅੰਤ ਕਿਨਾਰਾ, ਨਈਆ ਨੌਕਾ ਧਿਆਨ ਲਗਾਈਆ । ਸਤਿ ਬਿਨ ਮਿਲੇ ਨਾ ਕੋਇ ਸਹਾਰਾ, ਕੂੜ ਕੁੜਿਆਰਾ ਬੈਠਾ ਡੇਰਾ ਲਾਈਆ । ਏਕਾ ਦਿਓ ਵੰਞ ਮੁਹਾਣਾ, ਦੋ ਜਹਾਨਾਂ ਚਪੂ ਨਾਲ ਮਿਲਾਈਆ । ਲੇਖਾ ਚੁਕੇ ਜੀਵ ਜਹਾਨਾ, ਜਾਗਰਤ ਜੋਤ ਕਰੋ ਰੁਸ਼ਨਾਈਆ । ਮੇਰੇ ਉਤੇ ਵਰਤਣ ਵਾਲਾ ਭਾਣਾ, ਭਾਵੀ ਮੈਨੂੰ ਰਹੀ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸ਼ਾਹ ਸੁਲਤਾਨਾ ਸ਼ਹਿਨਸ਼ਾਹ ਇਕੋ ਇਕ ਏਕੰਕਾਰ ਆਪਣਾ ਹੁਕਮ ਵਰਤਾਈਆ ।

✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਫਿਰੋਜ਼ਸ਼ਾਹ ਜ਼ਿਲਾ ਫ਼ਿਰੋਜਪੁਰ ਸੰਪੂਰਨ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਕਲਜੁਗ ਪ੍ਰਭੂ ਮੈਨੂੰ ਮਾਰਦਾ ਹਾਕਾਂ, ਚਾਰੋਂ ਕੁੰਟ ਕੂਕ ਕੂਕ ਸੁਣਾਈਆ । ਧਰਨੀ ਆਪਣਾ ਖੋਲ ਕੇ ਰਖਣਾ ਤਾਕਾ, ਕੁੰਡਾ ਖਿੜਕੀ ਧਰਮ ਬੰਦ ਨਾ ਕੋਇ ਕਰਾਈਆ । ਮੈਂ ਪ੍ਰਭੂ ਦਾ ਚੌਥਾ ਜੁਗ ਲਾਡਲਾ ਕਾਕਾ, ਨੰਨ੍ਹਾ ਬੱਚਾ ਸੋਭਾ ਪਾਈਆ । ਮੈਂ ਤੇਰੇ ਉਤੇ ਸਤਿ ਸਚ ਨੂੰ ਮਾਰਨਾ ਡਾਕਾ, ਲੁਟੇਰਾ ਹੋ ਕੇ ਲੁਟਣਾ ਥਾਉਂ ਥਾਈਂਆ । ਮੇਰੀ ਮਦਦ ਕਰੇ ਧੁਰ ਦਾ ਅਗੰਮੀ ਆਕਾ, ਅਕਲ ਬੁੱਧੀ ਵਾਲਾ ਸਮਝ ਕੋਇ ਨਾ ਪਾਈਆ । ਮੈਂ ਨੌ ਖੰਡ ਪ੍ਰਿਥਮੀ ਦੇਣਾ ਝਾਕਾ, ਸੱਤਾਂ ਦੀਪਾਂ ਹੁਕਮ ਸੁਣਾਈਆ । ਸਦੀ ਚੌਧਵੀਂ ਮੇਰਾ ਅੰਤਮ ਸਮਝੇ ਕੋਇ ਨਾ ਖ਼ਾਕਾ, ਕੀ ਕਲਜੁਗ ਆਪਣੀ ਕਾਰ ਕਮਾਈਆ । ਭੇਵ ਅਭੇਦਾ ਬਾਤਨ ਸਮਝੇ ਕੋਇ ਨਾ ਬਾਤਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰੇ ਮਹਿਬੂਬ ਉਚ ਅਰੂਜ਼ ਮੇਰੇ ਨਾਲ ਆਪਣਾ ਜੋੜਿਆ ਨਾਤਾ, ਚਰਨ ਸਰਨ ਦਿਤੀ ਵਡਿਆਈਆ । ਮੇਰਾ ਮਾਲਕ ਸਵਾਮੀ ਇਕੋ ਇਕ ਬਿਧਾਤਾ, ਜੋ ਬਿਧਨਾ ਦੇ ਲਿਖੇ ਲੇਖ ਦਏ ਮਿਟਾਈਆ । ਉਹ ਵੇਖਣਹਾਰਾ ਚੌਦਾਂ ਤਬਕ ਚੌਦਾਂ ਲੋਕ ਜਾਣੇ ਖੁਲਾਸਾ, ਚੌਦਾਂ ਵਿਦਿਆ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਨੀ ਹੋ ਜਾਣਾ ਹੁਸ਼ਿਆਰ, ਖ਼ਬਰਦਾਰੀ ਨਾਲ ਦ੍ਰਿੜਾਈਆ । ਧੁਰ ਦਾ ਹੁਕਮ ਸੁਣ ਲੈ ਸਮਾਚਾਰ, ਸਮੇਂ ਸਮੇਂ ਵਿਚੋਂ ਦ੍ਰਿੜਾਈਆ । ਕੀ ਖੇਲ ਕਰੇ ਪਰਵਰਦਿਗਾਰ, ਸਾਂਝਾ ਯਾਰ ਨੂਰ ਅਲਾਹੀਆ । ਜਿਸ ਅਵਤਾਰਾਂ ਪੂਰਾ ਕਰਨਾ ਉਧਾਰ, ਲਹਿਣੇ ਸਭ ਦੇ ਝੋਲੀ ਪਾਈਆ । ਪੈਗ਼ੰਬਰਾਂ ਲੇਖੇ ਰਿਹਾ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਗੁਰੂਆਂ ਸੰਦੇਸ਼ਾ ਦੇਵੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਜਣਾਈਆ । ਚਾਰੋਂ ਕੁੰਟ ਤੇਰੇ ਉਤੇ ਹੋਣਾ ਅੰਧਿਆਰ, ਨੂਰੀ ਚੰਦ ਨਾ ਕੋਇ ਚਮਕਾਈਆ । ਨਾਤਾ ਤੁਟਣਾ ਮੀਤ ਮੁਰਾਰ, ਸਾਕ ਸੈਣ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਹੋਣਾ ਧੂੰਆਂਧਾਰ, ਸਚ ਚੰਦ ਨਾ ਕੋਇ ਚਮਕਾਈਆ । ਜਗਤ ਵਿਛੋੜਾ ਦਿਸੇ ਮੀਤ ਮੁਰਾਰ, ਪੁਰਖ ਅਬਿਨਾਸ਼ੀ ਮਿਲਣ ਕੋਇ ਨਾ ਪਾਈਆ । ਕਲਜੁਗ ਕਹੇ ਮੈਂ ਧੁਰ ਦੇ ਹੁਕਮ ਨਾਲ ਰਿਹਾ ਲਲਕਾਰ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਅਗੰਮ ਅਥਾਹੀਆ ।

### ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ ਸੁੰਦਰ ਸਿੰਘ ਦੇ ਗ੍ਰਿਹ ✪

ਕਲਜੁਗ ਕਹੇ ਧਰਨੀ ਉਠ ਵੇਖ ਲੈ ਮੇਰਾ ਬਲ, ਬਲਧਾਰੀ ਇਕੋ ਨਜ਼ਰੀ ਆਈਆ । ਜਿਸ ਕੂੜ ਕਪਟ ਵਧਾਇਆ ਛਲ, ਚਾਰੋਂ ਕੁੰਟ ਲਈ ਅੰਗੜਾਈਆ । ਪਵਿਤ੍ਰ ਰਹਿਣ ਦਿੱਤਾ ਨਹੀਂ ਕੋਈ ਜਲ, ਅੱਠ ਸੱਠ ਤੀਰਥ ਰੋਵਣ ਮਾਰਨ ਥਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਪ੍ਰੇਮ ਦਾ ਵੱਜੇ ਕੋਇ ਨਾ ਟੱਲ, ਜਗਤ ਟੱਲੀਆਂ ਸਾਰੇ ਰਹੇ ਖੜਕਾਈਆ । ਕੂੜ ਸਿੰਘਾਸਣ ਮੈਂ ਹਰ ਘਟ ਅੰਦਰ ਲਿਆ ਮੱਲ, ਸਤਿ ਸਚ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਆਪਣੀ ਸੁੱਟੀ ਡੂੰਘੀ ਡਲ, ਬਾਹਰ ਸਕੇ ਨਾ ਕੋਇ ਕਢਾਈਆ । ਫਲ ਰਹਿਣ ਨਹੀਂ ਦਿੱਤਾ ਮਾਨਸ ਟਹਿਣੀ ਕਲਜੁਗ ਅੰਤਮ ਕਲ, ਕਲ ਕਲੇਸ਼ ਦਿੱਤਾ ਵਖਾਈਆ । ਤੇਰਾ ਮਸਲਾ ਕੋਈ ਕਰ ਸਕੇ ਨਾ ਹੱਲ, ਲਹਿਣਾ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਧਰਨੀ ਮੇਰਾ ਖੇਲ ਵੇਖ ਜਹਾਨ, ਜਹਾਲਤ ਵਿਚ ਲੋਕਾਈਆ । ਮੈਂ ਸੂਰਬੀਰ ਬਲਵਾਨ, ਬਲਧਾਰੀ ਇਕੋ ਨਜ਼ਰੀ ਆਈਆ । ਮੇਰਾ ਹੁਕਮ ਚਲੇ ਸ਼ੈਤਾਨ, ਨੌ ਖੰਡ ਪ੍ਰਿਥਮੀ ਭੱਜੇ ਵਾਹੋ ਦਾਹੀਆ । ਸਾਬਤ ਰਹਿਣ ਦਿੱਤਾ ਨਹੀਂ ਕਿਸੇ ਧਰਮ ਈਮਾਨ, ਹਕ ਵਿਚ ਨਾ ਕੋਇ ਸਮਾਈਆ । ਮਾਣ ਰਿਹਾ ਨਹੀਂ ਕੋਈ ਅੰਜੀਲ ਕੁਰਾਨ, ਆਇਤ ਸ਼ਰਾਇਤ ਬੈਠੀ ਮੁਖ ਛੁਪਾਈਆ । ਮੇਰਾ ਅਪਰਾਧ ਹੋਇਆ ਪ੍ਰਧਾਨ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਮੈਂ ਦੀਨ ਦੁਨੀ ਦਾ ਬਦਲ ਦਿਤਾ ਵਿਧਾਨ, ਨਾਮ ਕਲਮੇ ਚਲੇ ਨਾ ਕੋਇ ਚਤੁਰਾਈਆ । ਨਾਤਾ ਰਿਹਾ ਨਹੀਂ ਕਿਸੇ ਇਨਸਾਨ, ਮੁਹੱਬਤ ਵਿਚ ਨਾ ਕੋਇ ਸਮਾਈਆ । ਕੀਤਾ ਵਿਛੋੜਾ ਗੋਪੀਆਂ ਕਾਹਨ, ਮੰਡਲ ਰਾਸ ਨਾ ਕੋਇ ਰਚਾਈਆ । ਸ਼ਬਦ ਸੁਣੇ ਨਾ ਕੋਇ ਧੁਨਕਾਨ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਚਾਰੋਂ ਕੁੰਟ ਕੂੜ ਨਿਸ਼ਾਨ, ਕੂੜੀ ਕਿਰਿਆ ਨਾਲ ਝੁਲਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਕੀਤੇ ਬੇਈਮਾਨ, ਅਦਲ ਇਨਸਾਫ਼ ਨਾ ਕੋਇ ਕਮਾਈਆ । ਮੈਂ ਸੂਰਬੀਰ ਜੋਧਾ ਬਲਵਾਨ, ਬਲਧਾਰੀ ਇਕੋ ਨਜ਼ਰੀ ਆਈਆ । ਮੈਂ ਦੱਸਦਾ ਨਾਲ ਈਮਾਨ, ਸਤਿ ਸਚ ਦਿਆਂ ਸੁਣਾਈਆ । ਸਦੀ ਚੌਧਵੀਂ ਸਭ ਨੂੰ ਕਰਨਾ ਵੀਰਾਨ, ਵੈਰੀ ਘਰ ਘਰ ਦੇਣੇ ਬਣਾਈਆ । ਮੇਰਾ ਖ਼ੁਸ਼ੀਆਂ ਵਾਲਾ ਚੌਦਾਂ ਲੋਕ ਹੋਵੇ ਤਮਾਮ, ਚੌਦਾਂ ਲੋਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਦਾ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ ।

### ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਸਤੀ ਖਲੀਲ ਜ਼ਿਲਾ ਫ਼ਿਰੋਜ਼ਪੁਰ ਅਰਜਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਂ ਤੇਰੇ ਦਰ ਦੀ ਬਾਂਦੀ, ਬੰਦਗੀਆਂ ਵਾਲਿਆਂ ਬੰਦਨਾ ਵਿਚ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਢੋਲਾ ਗਾਉਂਦੀ, ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਇਕ ਜਣਾਈਆ । ਮੇਰੀ ਆਸ਼ਾ ਮਨਸਾ ਖ਼ਾਹਿਸ਼ ਤਮੰਨਾ ਭਰੀ ਰਹੇ ਚਾਵਾਂ ਦੀ, ਚਾਓ ਘਨੇਰਾ ਇਕੋ ਇਕ ਦਰਸਾਈਆ । ਤੂੰ ਮੈਨੂੰ ਵਡਿਆਈ ਦਿਤੀ ਧਰਨੀ ਵਾਲੀ ਮਾਂ ਦੀ, ਮਮਤਾ ਜਗਤ ਵਾਲੀ ਨਾਲ ਰਲਾਈਆ । ਮੇਰੀ ਦੁਹਾਈ ਮੇਰੇ

ਉਤੇ ਕਲਜੁਗ ਜੀਵਾਂ ਬੁੱਧੀ ਹੋਈ ਕਾਂ ਦੀ, ਗੁਰਮੁਖ ਹੰਸ ਨਜ਼ਰ ਕੋਇ ਨਾ ਆਈਆ । ਸ਼ਰਅ ਬਣ ਗਈ ਸੂਰ ਗਾਂ ਦੀ, ਸਾਹਿਬ ਸਤਿਗੁਰ ਤੇਰਾ ਭੇਵ ਕੋਇ ਨਾ ਆਈਆ । ਤੂੰ ਅਦਾਲਤ ਕਰ ਮੇਰੇ ਉਤੇ ਨਿਆਂ ਦੀ, ਅਦਲ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਆਸ਼ਾ ਤੱਕ ਲੈ ਬੁਰੀਆਂ, ਬੁਰਿਆਰਾ ਖੋਜ ਖੁਜਾਈਆ । ਲੇਖਾ ਜਾਣ ਲੈ ਆਪਣੀਆਂ ਪੁਰੀਆਂ, ਪੂਰਨ ਸਤਿਗੁਰ ਖੋਜ ਖੁਜਾਈਆ । ਮੇਰੀਆਂ ਵਿੰਗੀਆਂ ਟੇਢੀਆਂ ਹੋਈਆਂ ਧੁਰੀਆਂ, ਧੁਰ ਮਾਲਕ ਦਿਆਂ ਦ੍ਰਿੜਾਈਆ । ਲੋਕਾਂ ਪਰਲੋਕਾਂ ਜੁੜਦੀਆਂ ਜਾਂਦੀਆਂ ਪੁਰੀਆਂ, ਮੰਡਲ ਮੰਡਪ ਵੇਖਣ ਥਾਉਂ ਥਾਈਂਆ । ਮੇਰੇ ਉਤੇ ਜਗਤ ਜਗਿਆਸੂਆਂ ਰੂਹਾਂ ਹੋਈਆਂ ਨਿਗੁਰੀਆਂ, ਸਤਿਗੁਰ ਸ਼ਬਦ ਨਾ ਕੋਇ ਮਿਲਾਈਆ । ਕੂੜ ਕੁੜਿਆਰੇ ਮਾਰਗ ਜਾਂਦੀਆਂ ਤੁਰੀਆ, ਭੱਜਣ ਵਾਹੋ ਦਾਹੀਆ । ਮੇਰੇ ਸੀਨੇ ਉਤੇ ਸ਼ਰਅ ਵਾਲੀਆਂ ਚੱਲਣ ਛੁਰੀਆਂ, ਸ਼ਹਿਨਸ਼ਾਹ ਕੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਤੱਕ ਲੈ ਅੰਤਸ਼ਕਰਨ ਹਕੀਕੀ, ਹਕੀਕਤ ਦੇ ਮਾਲਕ ਖੋਜ ਖੁਜਾਈਆ । ਬਿਨ ਸੂਰੀਆ ਚੰਦ ਹੋਈ ਤਾਰੀਕੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਦੀਨ ਦੁਨੀ ਹੋਈ ਸ਼ਰੀਕੀ, ਲਾਸ਼ਰੀਕ ਤੇਰਾ ਭੇਵ ਕੋਇ ਨਾ ਪਾਈਆ । ਤੇਰੇ ਵਿਚ ਹਕ ਤੋਫੀਕੀ, ਤੂੰ ਤਾਕਤਵਰ ਨੂਰ ਅਲਾਹੀਆ । ਮਾਨਵ ਜਾਤੀ ਬਦਲ ਦੇ ਨੀਤੀ, ਨੀਤੀਵਾਨ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਬਖ਼ਸ਼ ਪ੍ਰੀਤੀ, ਪ੍ਰੀਤਮ ਹੋ ਕੇ ਮਿਲਣਾ ਚਾਈਂ ਚਾਈਂਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਗੀਤੀ, ਗੋਬਿੰਦ ਢੋਲਾ ਅਗੰਮ ਅਥਾਹੀਆ । ਝਗੜਾ ਰਹੇ ਨਾ ਮੰਦਰ ਮਸੀਤੀ, ਕਾਅਬਾ ਇਕੋ ਇਕ ਵਖਾਈਆ । ਜਿਥੇ ਨਿਰਗੁਣ ਧਾਰ ਜੋਤ ਅਤੀਤੀ, ਤ੍ਰੈਭਵਣ ਧਨੀ ਪਰਦਾ ਦੇਣਾ ਉਠਾਈਆ । ਮੇਰੀ ਆਸ਼ਾ ਮਨਸਾ ਕਰਨੀ ਠਾਂਡੀ ਸੀਤੀ, ਅਗਨੀ ਤੱਤ ਬੁਝਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰਾ ਪਿਛਲਾ ਲੇਖਾ ਮੁਕਾ ਤਵਾਰੀਖੀ, ਤਾਰੀਖ ਤਵਾਰੀਖ ਆਪਣੀ ਇਕ ਸਮਝਾਈਆ । ਦਰ ਠਾਂਡੇ ਮੰਗਵਾਈ ਭੀਖੀ, ਭਿੱਖਕ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੇ ਸਤਿਗੁਰ ਪੁਰਖ ਅਕਾਲੇ ਸੱਜਣ, ਮੀਤ ਪਿਆਰੇ ਦੇਣੀ ਵਡਿਆਈਆ । ਤੇਰੇ ਚਰਨ ਧੂੜ ਕਰਾਂ ਮਜਨ, ਦੁਰਮਤ ਮੈਲ ਰਹੇ ਨਾ ਰਾਈਆ । ਤੂੰ ਦੀਨ ਦਿਆਲ ਸਦਾ ਦੁੱਖ ਭੰਜਣ, ਭਵ ਸਾਗਰ ਪਾਰ ਦੇਣਾ ਕਰਾਈਆ । ਜਨ ਭਗਤਾਂ ਨੇਤਰ ਪਾਉਣਾ ਨਾਮ ਅੰਜਨ, ਅੰਧ ਅੰਧੇਰ ਗਵਾਈਆ । ਤੂੰ ਸਤਿ ਸਚ ਦਾ ਕਰ ਪ੍ਰਬੰਧਨ, ਹੁਕਮ ਆਪਣਾ ਇਕ ਵਰਤਾਈਆ । ਕੂੜ ਕੁੜਿਆਰ ਤੋੜ ਦੇ ਬੰਧਨ, ਫੰਦ ਨਜ਼ਰ ਕੋਇ ਨਾ ਆਈਆ । ਸਚ ਪਿਆਰ ਦਾ ਮਸਤਕ ਧੂੜ ਲਾ ਦੇ ਚੰਦਨ, ਮਮਤਾ ਮੋਹ ਮਿਟਾਈਆ । ਮਿਤਰ ਸੁਹੇਲੇ ਲਾ ਕੇ ਆਪਣੇ ਅੰਗਣ, ਅੰਗੀਕਾਰ ਆਪ ਹੋ ਜਾਈਆ । ਗੁਰਮੁਖ ਗੁਰਸਿਖ ਚਾੜ੍ਹ ਦੇ ਰੰਗਣ, ਰੰਗਤ ਇਕੋ ਇਕ ਜਣਾਈਆ । ਦਰ ਠਾਂਡੇ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਹਰਿਜਨ ਮਾਨਸ ਜਨਮ ਨਾ ਹੋਵੇ ਭੰਗਣ, ਮੇਲ ਮਿਲਾਉਣਾ ਸਹਿਜ ਸੁਭਾਈਆ । ਨਿਜ ਆਤਮ ਦੇਣਾ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਦੂਈ ਦਵੈਤੀ ਢਾਹ ਦੇ ਕੰਧਨ, ਭਰਮ ਦੇਣਾ ਮਿਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦਨ, ਹਉਮੇ ਹੰਗਤਾ ਗੜ੍ਹ ਤੁੜਾਈਆ । ਸੁਰਤ ਸ਼ਬਦ ਲਗਾ ਕੇ ਲਗਨ, ਲਗ ਮਾਤਰ ਦਾ ਡੇਰਾ ਢਾਹੀਆ । ਸਚ ਦਵਾਰ ਏਕੰਕਾਰ

੧੧੪੬
੨੩

੧੧੪੭
੨੩

ਏਕਾ ਲਾਉਣਾ ਸਗਨ, ਸਤਿ ਸਚ ਕਰਨੀ ਆਪ ਕੁੜਮਾਈਆ । ਤੇਰੀ ਹਸਤੀ ਵਿਚ ਤੇਰੀ ਮਸਤੀ ਨਾਲ ਹੋਵੇ ਮਗਨ, ਦੂਸਰ ਓਟ ਨਾ ਕੋਇ ਤਕਾਈਆ । ਮੇਰੀ ਬੇਨੰਤੀ ਮਨਜ਼ੂਰ ਕਰੀਂ ਬੰਦਨ, ਬੰਦਗੀ ਵਿਚ ਸੀਸ ਨਿਵਾਈਆ । ਤੂੰ ਮਾਲਕ ਬ੍ਰਹਮ ਧਾਰ ਬ੍ਰਹਿਮੰਡਣ, ਬ੍ਰਹਿਮਾਂਡ ਤੇਰੀ ਸ਼ਰਨਾਈਆ । ਜਨ ਭਗਤਾਂ ਪੰਧ ਮੁਕਾਉਣਾ ਜੇਰਜ ਅੰਡਨ, ਉਤਭੁਜ ਸੇਤਜ ਸੰਗ ਨਾ ਕੋਇ ਰਖਾਈਆ । ਤੂੰ ਸਾਹਿਬ ਸਤਿਗੁਰ ਸੂਰਾ ਸਰਬੰਗਣ, ਪੁਰਖ ਅਕਾਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਸਦ ਵਰਭੰਡਣ, ਵਿਚ ਬ੍ਰਹਿਮੰਡਣ ਬ੍ਰਹਮ ਦੇ ਮਾਲਕ ਪਾਰਬ੍ਰਹਮ ਹੋਣਾ ਆਪ ਸਹਾਈਆ ।

### ✪ ੧੮ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਫ਼ਿਰੋਜਪੁਰ ਛਾਉਣੀ ਰਾਮ ਸਿੰਘ ਦੇ ਗ੍ਰਿਹਿ ਗਵਾਲ ਟੋਲੀ ਮਕਾਨ ਨੰ੦ ੩੮੬ ✪

ਧਰਨੀ ਕਹੇ ਦੋ ਜਹਾਨ ਸੁਣੋ ਮੇਰੇ ਅਗੰਮੀ ਵੀਰੋ, ਵਾਰਤਾ ਆਪਣੀ ਅੰਤਸ਼ਕਰਨ ਜਣਾਈਆ । ਧੀਰਜ ਧਿਆਨ ਨਾਲ ਤੱਕੋ ਮੇਰੇ ਉਤੇ ਧੀਰੋ, ਧਰਮ ਦੀ ਧਰਮ ਨਾਲ ਸੁਣਾਈਆ । ਨਿਗਾਹ ਮਾਰੋ ਤੁਸੀਂ ਅਵਤਾਰ ਪੈਗ਼ੰਬਰ ਪੀਰੋ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਧਿਆਨ ਲਗਾਈਆ । ਗੁਰੂ ਗੁਰਦੇਵ ਵੇਖੋ ਧੁਰ ਦੇ ਹੀਰੋ, ਹਰ ਘਟ ਅੰਦਰ ਖੋਜ ਖੁਜਾਈਆ । ਸਮੁੰਦ ਸਾਗਰ ਨਿਗਾਹ ਮਾਰੋ ਨੀਰੋ, ਨਰ ਨਰਾਇਣ ਕੀ ਹੁਕਮ ਵਰਤਾਈਆ । ਮੇਰੇ ਪ੍ਰੇਮੀਓ ਜੁਗ ਜੁਗ ਦੇ ਹਾਮੀਓ ਮੇਰੇ ਸੀਸ ਤੋਂ ਲੱਥਾ ਜਾਣੋ ਚੀਰੋ, ਚਿਰੀ ਵਿਛੁੰਨਿਆਂ ਮੇਲ ਨਾ ਕੋਇ ਮਿਲਾਈਆ । ਭਗਤ ਸੁਹੇਲਿਓ ਜਗਤ ਅਕੇਲਿਓ ਹੋਵੇ ਨਾ ਮੂਲ ਦਿਲਗੀਰੋ, ਚਿੰਤਾ ਗ਼ਮ ਨਾ ਕੋਇ ਰਖਾਈਆ । ਮੇਰੇ ਉਤੇ ਕੀਮਤ ਪੈ ਗਈ ਰਵਿਦਾਸ ਵਾਲੇ ਕਸੀਰੋ, ਚੱਕਰਵਰਤੀਆਂ ਭੇਵ ਨਾ ਆਇਆ ਰਾਈਆ । ਹਰਿਜਨ ਆਪਣੇ ਪਵਿਤ੍ਰ ਕਰੋ ਜਮੀਰੋ, ਜ਼ਿਮੀਂ ਜ਼ਮਾ ਹੋ ਕੇ ਦਿਆਂ ਜਣਾਈਆ । ਚਾਰ ਜੁਗ ਦੀ ਧਰਮ ਧਾਰ ਮੇਰੇ ਉਤੇ ਮਜ਼੍ਹਬਾਂ ਵਾਲੀ ਵੇਖੋ ਲਕੀਰੋ, ਨਿਗਾਹ ਨਿਗਾਹ ਨਾਲ ਮਿਲਾਈਆ । ਜਿਸ ਦਾ ਲੇਖਾ ਖੰਡਿਆਂ ਨਾਲ ਸ਼ਮਸ਼ੀਰੋ, ਤੀਰ ਕਮਾਨਾਂ ਤਰਕਸ਼ਾਂ ਨਾਲ ਸੁਹਾਈਆ । ਸੋ ਵਕਤ ਸੁਹੰਜਣਾ ਸਭ ਨੇ ਵੇਖਣੀ ਆਪਣੀ ਤਕਦੀਰੋ, ਤਦਬੀਰ ਪ੍ਰਭ ਦੀ ਨਾਲ ਮਿਲਾਈਆ । ਮੈਨੂੰ ਇਉਂ ਜਾਪਦਾ ਮੇਰੇ ਉਤੇ ਸਭ ਨੇ ਬਟਾ ਹੋਣਾ ਜ਼ੀਰੋ, ਜ਼ੇਰ ਜ਼ਬਰ ਨਜ਼ਰ ਕੋਇ ਨਾ ਆਈਆ । ਉਹ ਵੇਖੋ ਇਸ਼ਾਰਾ ਦੇਂਦਾ ਭਗਤ ਕਬੀਰੋ, ਕਬਰਾਂ ਤੋਂ ਬਾਹਰ ਸੁਣਾਈਆ । ਧਰਨੀਏ ਮਰਨੀਏ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਧਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਘੱਤੀ ਆਏ ਵਹੀਰੋ, ਰਹਿਬਰ ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਸੁਲਤਾਨਾ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮੈਂ ਬਿਨ ਨੈਣਾਂ ਨੈਣ ਕਰਾਂ ਧਿਆਨਾ, ਬਿਨ ਅੱਖੀਆਂ ਅੱਖ ਉਠਾਈਆ । ਤੂੰ ਵਾਲੀ ਦੋ ਜਹਾਨਾਂ ਦੋਹਰੀ ਆਪਣੀ ਖੇਲ ਖਿਲਾਈਆ । ਜੁਗ ਜੁਗ ਨਿਰਗੁਣ ਸਰਗੁਣ ਪਹਿਰੇ ਬਾਣਾ, ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਤੇਰਾ ਰੂਪ ਅਗੰਮ ਅਥਾਹੀਆ । ਅੰਤ ਕੰਤ ਭਗਵੰਤ ਮੇਰੇ ਉਤੇ ਵੇਖ ਕਲਜੁਗ ਅੰਧੇਰੀ ਸ਼ਾਮਾ, ਸ਼ਾਮ ਘਨਈਆ ਰਾਮ ਰਮਈਆ ਮੇਰੀ ਸਾਰ ਕੋਇ ਨਾ ਪਾਈਆ । ਪੈਗ਼ੰਬਰਾਂ ਹਕ ਸੁਣੇ ਨਾ ਕੋਇ ਦਮਾਮਾ, ਨੌਬਤ ਨਾਮ ਨਾ ਕੋਇ ਜਣਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ

ਦੇ ਮੈਂ ਇਕੋ ਮੰਗ ਮੰਗਾਉਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨਾ, ਹਰਿ ਪੁਰਖ ਨਿਰੰਜਣ ਲੈ ਅੰਗੜਾਈਆ । ਏਕੰਕਾਰ ਬਖ਼ਸ਼ ਦੇ ਮਾਣਾ, ਆਦਿ ਨਿਰੰਜਣ ਤੇਰੀ ਸ਼ਰਨਾਈਆ । ਅਬਿਨਾਸ਼ੀ ਕਰਤੇ ਦੇ ਦੇ ਦਾਨਾ, ਸ੍ਰੀ ਭਗਵਾਨ ਝੋਲੀ ਦੇ ਭਰਾਈਆ । ਪਾਰਬ੍ਰਹਮ ਮੇਰੇ ਉਤੇ ਹੋ ਪ੍ਰਧਾਨਾ, ਪ੍ਰਧਾਨਗੀ ਇਕੋ ਦੇ ਵਖਾਈਆ । ਤੇਰੇ ਸਤਿਗੁਰ ਸ਼ਬਦ ਦਾ ਹੋਏ ਤਰਾਨਾ, ਤੁਰੀਆ ਤੋਂ ਬਾਹਰ ਕਰ ਪੜ੍ਹਾਈਆ । ਮਾਨਵ ਜਾਤੀ ਆਤਮ ਦੇ ਬ੍ਰਹਮ ਗਿਆਨਾ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਬਖ਼ਸ਼ ਦੇ ਪੀਣਾ ਖਾਣਾ, ਜਗਤ ਤ੍ਰਿਸ਼ਨਾ ਦੇਣੀ ਮਿਟਾਈਆ । ਧੁਨ ਆਤਮਕ ਰਾਗ ਤੇਰਾ ਸੁਣਨ ਸਾਰੇ ਅਨਾਦੀ ਗਾਣਾ, ਅਨਾਦੀ ਨਾਦ ਧੁਨ ਕਰ ਸ਼ਨਵਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਇਸ਼ਟ ਮਨਾਉਣਾ, ਪੁਰਖ ਅਕਾਲੇ ਦੀਨ ਦਿਆਲੇ ਦੂਜੀ ਓਟ ਨਾ ਕੋਇ ਰਖਾਈਆ । ਚਾਰ ਵਰਨ ਅਠਾਰਾਂ ਬਰਨ ਮੰਨਣ ਤੇਰਾ ਭਾਣਾ, ਦੀਨ ਮਜ਼੍ਹਬ ਸਿਰ ਸਕੇ ਨਾ ਕੋਇ ਉਠਾਈਆ । ਤੂੰ ਸ਼ਾਹੋ ਭੂਪ ਸੁਲਤਾਨਾ ਮੇਰੇ ਉਤੇ ਇਕੋ ਹੋਵੀਂ ਰਾਣਾ, ਰਈਅਤ ਲਖ ਚੁਰਾਸੀ ਸੋਭਾ ਪਾਈਆ । ਤੇਰਾ ਇਕੋ ਗੁਰੂਦਵਾਰਾ ਮੰਦਰ ਹੋਵੇ ਮਕਾਨਾ, ਕਾਅਬਾ ਇਕੋ ਇਕ ਸੁਹਾਈਆ । ਤੇਰਾ ਧਰਮ ਦਾ ਧਰਮ ਹੋਵੇ ਨਿਸ਼ਾਨਾ, ਨੌ ਸੱਤ ਵੱਜੇ ਵਧਾਈਆ । ਧਰਨੀ ਕਹੇ ਮੇਰੇ ਉਤੇ ਮਾਨਸ ਮਾਨਵ ਮਾਨੁਸ਼ ਪ੍ਰਭੂ ਹੋਵੇ ਨਾ ਕੋਈ ਬੇਗਾਨਾ, ਦੂਈ ਦਵੈਤ ਦਾ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਾਂਗਤ ਹੋ ਕੇ ਦਰ ਸਾਚੀ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਕਲਜੁਗ ਰੋਂਦੀ ਕੁਰਲਾਉਂਦੀ, ਮੇਰਾ ਕੁਰਹ ਦਏ ਦੁਹਾਈਆ । ਮੈਂ ਜੁਗ ਚੌਕੜੀ ਥੱਕੀ ਮਾਂਦੀ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਮੈਂ ੧੧੪੮ ੨੩ ੧੧੪੮ ੨੩
ਸਤਿਜੁਗ ਤਰੇਤਾ ਦੁਆਪਰ ਤੇਰਿਆਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਸੂਫ਼ੀਆਂ ਦਾ ਭਾਰ ਰਹੀ ਉਠਾਉਂਦੀ, ਹਰਿਜਨ ਆਪਣੇ ਸੀਨੇ ਉਤੇ ਟਿਕਾਈਆ । ਉਨ੍ਹਾਂ ਦੇ ਚਰਨਾਂ ਦੀ ਧੂੜੀ ਨਾਲ ਆਪਣੀ ਦੁਰਮਤ ਮੈਲ ਰਹੀ ਗਵਾਉਂਦੀ, ਮੇਰੇ ਪਾਪਾਂ ਹੁੰਦੀ ਰਹੀ ਸਫ਼ਾਈਆ । ਤੇਰੇ ਨਾਮ ਦਾ ਰਸ ਭੋਜਨ ਅਨਰਸੀਏ ਰਹੀ ਖਾਂਦੀ, ਅੰਮ੍ਰਿਤ ਨਾਲ ਆਪਣੀ ਤ੍ਰਿਖਾ ਬੁਝਾਈਆ । ਮੈਂ ਦਰ ਦਰਵੇਸ਼ਣ ਭਿਖਾਰਨ ਤੇਰੀ ਬਾਂਦੀ, ਜੁਗ ਜੁਗ ਸੇਵ ਕਮਾਈਆ । ਕਲਜੁਗ ਅੰਤ ਮੇਰੇ ਉਤੇ ਚਾਰੋਂ ਕੁੰਟ ਕੂੜ ਦੀ ਝੁੱਲੇ ਆਂਧੀ, ਪਵਣ ਠੰਡੀ ਨਾ ਕੋਇ ਵਖਾਈਆ । ਮੇਰੇ ਸੀਸ ਦੀ ਖੁਲ੍ਹੀ ਮੇਂਢੀ, ਭਾਗ ਵਾਲੀ ਰਹੀ ਨਾ ਅੰਤ ਪਰਾਂਦੀ, ਪ੍ਰਾਣ ਅਧਾਰੀ ਤੇਰੇ ਅਗੇ ਵਾਸਤਾ ਪਾਈਆ । ਤੇਰੇ ਹੁਕਮ ਨਾਲ ਦੀਨ ਦੁਨੀ ਖਾਂਦੀ ਹੱਡ ਮਾਸ ਨਾੜੀ ਵਾਲੀ ਢਾਂਡੀ, ਸੂਰਾਂ ਖੱਲ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਕੀ ਦੱਸਾਂ ਆਪਣੀ ਦਲੀਲ, ਦਲੀਲਾਂ ਵਾਲੇ ਕੋਟਨ ਕੋਟ ਤੈਨੂੰ ਰਹੇ ਸੁਣਾਈਆ । ਮੇਰੀ ਬਿਨਾ ਆਸ਼ਾ ਤੋਂ ਇਕੋ ਇਕ ਦਲੀਲ, ਦਿਲਬਰ ਦਿਲਦਾਰ ਦਿਆਂ ਦ੍ਰਿੜਾਈਆ । ਜਿਸ ਦੀ ਦੋ ਜਹਾਨ ਫਿਰ ਹੋਵੇ ਨਾ ਕਦੇ ਅਪੀਲ, ਹੁਕਮ ਹੁਕਮ ਵਿਚੋਂ ਨਾ ਕੋਇ ਬਦਲਾਈਆ । ਜੇ ਤੂੰ ਮੇਰਾ ਮਾਲਕ ਨੌਜਵਾਨਾ ਛੈਲ ਛਬੀਲ, ਨੌਜਵਾਨਾ ਇਕ ਅਖਵਾਈਆ । ਮੇਰਾ ਮਾਰਗ ਤੱਕ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਿਉਂ ਆਤਮ ਪਰਮਾਤਮ ਰਹੀ ਨਹੀਂ ਤੇਰੇ ਅਧੀਨ, ਕਲਜੁਗ ਕੂੜ ਕੁੜਿਆਰ ਆਪਣਾ ਜੋਰ ਵਧਾਈਆ । ਕਿਉਂ ਸਤਿ ਧਰਮ ਕਲਜੁਗ ਹੁਸ਼ਿਆਰੇ ਲਿਆ ਛੀਨ, ਧਰਮ ਦਵਾਰੇ ਸਾਰੇ ਰਹੇ ਕੁਰਲਾਈਆ । ਕਿਉਂ ਹਉਮੇ ਹੰਗਤਾ ਹੰਕਾਰੀ ਵੱਜੇ ਬੀਨ, ਤੇਰੇ ਨਾਮ ਨਿਧਾਨ ਦੀ ਧੁਨ ਸੁਣਨ ਕੋਇ ਨਾ ਪਾਈਆ ।

ਧਰਨੀ ਕਹੇ ਮੇਰੇ ਮਾਲਕ ਅਮੀਨ, ਯਾਮਬੀਨ ਤੇਰੀ ਓਟ ਤਕਾਈਆ । ਮੇਰੀ ਦਰੋਹੀ ਮੇਰੀ ਬੇਨੰਤੀ ਕਰੀਂ ਤਸਲੀਮ, ਤਸਬੀਆਂ ਮਣਕਿਆਂ ਵਾਲਾ ਮੇਰੇ ਉਤੇ ਪਾਕ ਪਵਿਤ ਨਜ਼ਰ ਕੋਇ ਨਾ ਆਈਆ । ਚਾਰ ਜੁਗ ਦੇ ਗ੍ਰੰਥਾਂ ਸ਼ਾਸਤਰਾਂ ਦੀ ਜਗਿਆਸੂਆਂ ਤੇਰੀ ਭੁਲੀ ਤਾਲੀਮ, ਹਿਰਦੇ ਹਰਿ ਸਕੇ ਨਾ ਕੋਇ ਵਸਾਈਆ । ਮੈਂ ਚਾਹੁੰਦੀ ਮੇਰੇ ਉਤੋਂ ਦੀਨਾਂ ਮਜ਼੍ਹਬਾਂ ਦੀ ਮੇਟ ਦੇ ਤਕਸੀਮ, ਤਸੱਵਰ ਇਕੋ ਇਕ ਆਪਣਾ ਆਪ ਕਰਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਸ਼ਹਿਨਸ਼ਾਹ ਰਹੀਮ, ਰਹਿਮਾਨ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਬੇਨੰਤੀ ਕਰਾਂ ਮਿੱਟੀ ਖ਼ਾਕ ਜ਼ਮੀਨ, ਜਿਸ ਦੀ ਕੀਮਤ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰੇ ਸੂਰੇ ਸਰਬਗੇ, ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਤੇਰਾ ਨੂਰ ਨੁਰਾਨਾ ਦੀਪਕ ਇਕੋ ਜੋਤ ਜਗੇ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਤੂੰ ਸ਼ਾਹ ਸਵਾਰਾ ਨਿਰਗੁਣ ਧਾਰ ਸ਼ਬਦ ਸਰੂਪੀ ਅਸਵ ਬੱਗੇ, ਲਗਾਮਾਂ ਆਪਣੇ ਹੱਥ ਰਖਾਈਆ । ਕੋਟਨ ਬ੍ਰਹਿਮੰਡ ਖੰਡ ਤੇਰੇ ਚਰਨਾਂ ਹੇਠ ਦੱਬੇ, ਅਲਖ ਅਲਖਣੇ ਤੇਰਾ ਅੰਤ ਕੋਇ ਨਾ ਪਾਈਆ । ਮੈਂ ਤੈਨੂੰ ਦੇਵਾਂ ਸੱਦੇ, ਸਦਕੇ ਵਾਰੀ ਘੋਲ ਘੁਮਾਈਆ । ਮੇਰੇ ਮਾਲਕਾ ਖ਼ਲਕ ਦੇ ਖ਼ਾਲਕਾ ਨਿਰਗੁਣ ਧਾਰ ਆਉਣਾ ਭੱਜੇ, ਬਿਨ ਕਦਮਾਂ ਕਦਮ ਉਠਾਈਆ । ਦਰੋਹੀ ਮੈਨੂੰ ਪੁਛਣੀ ਕੋਈ ਨਾ ਵਜ੍ਹੇ, ਵਜੂਹਾਤ ਆਪੇ ਵੇਖ ਵਖਾਈਆ । ਮੈਨੂੰ ਇਉਂ ਦਿਸਦਾ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਹੋ ਗਈ ਕੱਗੇ, ਹੰਸ ਰੂਪ ਗੁਰਮੁਖ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕੂੜ ਦਾ ਡੰਕਾ ਵੱਜੇ, ਧਰਮ ਦੀ ਹੋਏ ਨਾ ਕੋਇ ਸ਼ਨਵਾਈਆ । ਬਿਨਾ ਤੇਰੀ ਕਿਰਪਾ ਤੇਰਾ ਗ੍ਰਿਹਿ ਕਿਸੇ ਨਾ ਲੱਭੇ, ਸਚਖੰਡ ਮਿਲਣ ਕੋਇ ਨਾ ਆਈਆ । ਤੇਰਾ ਆਉਣਾ ਹੁੰਦਾ ਮੇਰੇ ਉਤੇ ਕਦੇ ਕਦੇ, ਕਦੀਮ ਦੇ ਮਾਲਕ ਦਿਆਂ ਸੁਣਾਈਆ । ਅਵਤਾਰ ਪੈਗੰਬਰ ਗੁਰੂ ਖੇਲ ਖੇਲਦੇ ਰਹਿੰਦੇ ਵਿਚ ਮੱਧੇ, ਨੌ ਸੌ ਚੁਰਾਨਮੇਂ ਚੌਕੜੀ ਜੁਗ ਤੇਰਾ ਹੁਕਮ ਸੁਣਾਈਆ । ਕਿਰਪਾ ਕਰ ਦੇ ਮੇਰੇ ਨੂਰ ਅਲਾਹੀ ਰੱਬੇ, ਬਿਨਾ ਲਬਾਂ ਜ਼ਬਾਨ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਹੋਣਾ ਸਹਾਈਆ । ਪੁਰਖ ਅਕਾਲ ਕਹੇ ਧਰਨੀ ਸੁਣ ਸ਼ਬਦ ਅਗੰਮੀ ਏਕ, ਏਕੰਕਾਰ ਹੋ ਕੇ ਦਿਆਂ ਜਣਾਈਆ । ਇਕੋ ਨੂਰ ਜੋਤ ਰਖਣੀ ਟੇਕ, ਦੂਜਾ ਇਸ਼ਟ ਨਾ ਕੋਇ ਮਨਾਈਆ । ਸ਼ਬਦ ਸਤਿਗੁਰੂ ਦੇਵਾਂ ਭੇਜ, ਦੂਲ੍ਹਾ ਧੁਰ ਦਾ ਬੇਪ੍ਰਵਾਹੀਆ । ਤੇਰੀ ਸੁਹੰਜਣੀ ਕਰੇ ਸੇਜ, ਸੁਖ ਦੇ ਆਸਣ ਡੇਰਾ ਲਾਈਆ । ਮੇਰਾ ਜੋਤੀ ਜਲਵਾ ਦੇਵੇ ਤੇਜ, ਚਾਰ ਕੁੰਟ ਰੁਸ਼ਨਾਈਆ । ਕੂੜੀ ਕਿਰਿਆ ਕਰੇ ਖੇਤ, ਮਾਇਆ ਮਮਤਾ ਮੋਹ ਮਿਟਾਈਆ । ਆਤਮ ਪਰਮਾਤਮ ਬਖ਼ਸ਼ ਕੇ ਹੇਤ, ਸੁਰਤੀ ਸ਼ਬਦ ਨਾਲ ਜੁੜਾਈਆ । ਸਾਚੀ ਕਰੇ ਰੁੱਤ ਸੁਹੰਜਣੀ ਚੇਤ, ਬਸੰਤੀ ਆਪਣੇ ਨਾਮ ਨਾਲ ਮਹਿਕਾਈਆ । ਨੌਵਾਂ ਖੰਡਾਂ ਪਾਵੇ ਭੇਤ, ਭੇਵ ਅਭੇਦ ਆਪ ਖੁਲਾਈਆ । ਜਿਸ ਕਾਰਨ ਸਤਿਗੁਰ ਅਰਜਨ ਸੀਸ ਪਵਾਈ ਤੱਤੀ ਰੇਤ, ਧਰਨੀਏ ਤੇਰਾ ਅਗਨੀ ਤਤ ਦਏ ਬੁਝਾਈਆ । ਜਿਸ ਕਾਰਨ ਗੋਬਿੰਦ ਬੱਚੇ ਕੀਤੇ ਭੇਟ, ਬਾਲੇ ਨੀਂਹਾਂ ਹੇਠ ਦਬਾਈਆ । ਉਹ ਗੋਬਿੰਦ ਦੂਲ੍ਹਾ ਸ਼ਬਦ ਦੁਲਾਰਾ ਬਣ ਕੇ ਖੇਵਟ ਖੇਟ, ਤੇਰਾ ਬੇੜਾ ਨਈਆ ਨੌਕਾ ਨਾਮ ਧਾਰ ਪਾਰ ਕਰਾਈਆ । ਤੂੰ ਚਰਨ ਕਵਲ ਧਰਨੀਏ ਉਸ ਦੇ ਜਾਣਾ ਲੇਟ, ਲਿਟਾਂ ਖੋਲ ਕੇ ਸੀਸ ਨਿਵਾਈਆ । ਆਪਣਾ ਖ਼ਾਲੀ ਵਜਾ ਕੇ ਦੱਸੀਂ ਪੇਟ, ਪਟਨੇ ਵਾਲੇ ਅਗੇ ਦੇਈਂ ਦੁਹਾਈਆ । ਸੋ ਸਤਿਗੁਰ ਪੂਰਾਂ ਹਾਜ਼ਰ ਹਜ਼ੂਰਾ ਸ਼ਬਦੀ ਧਾਰ ਤੇਰਾ ਲੇਖਾ ਲਏ ਵੇਖ, ਬਿਨ ਨੈਣਾਂ ਨੈਣ ਉਠਾਈਆ । ਤੇਰੀ ਬਦਲ ਦੇਵੇ ਜਨਮ ਕਰਮ ਦੀ ਰੇਖ, ਰਿਖੀਆਂ ਮੁਨੀਆਂ ਤੋਂ ਬਾਹਰ


੧੧੪੯
੨੩

ਆਪਣਾ ਭੇਵ ਖੁਲਾਈਆ । ਝਗੜਾ ਰਹਿਣ ਨਾ ਦੇਵੇ ਮੁੱਲਾ ਸ਼ੇਖ਼, ਮੁਸਾਇਕਾਂ ਡੇਰਾ ਢਾਹੀਆ । ਦਰਸ ਵਿਖਾਵੇ ਨੇਤਨ ਨੇਤ, ਨਿਜ ਲੋਚਨ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਧਰਨੀ ਮੇਰਾ ਫ਼ਿਕਰਾ ਸੁਣ ਲੈ ਫ਼ਕਤ, ਨਿਰਅੱਖਰ ਧਾਰ ਦਿਆਂ ਜਣਾਈਆ । ਜਿਸ ਨੂੰ ਸਮਝੇ ਕੋਈ ਨਾ ਵਿਚ ਜਗਤ, ਵਿਦਿਆ ਵਿਚ ਨਾ ਕੋਇ ਜਣਾਈਆ । ਤੂੰ ਨਿਗਾਹ ਮਾਰ ਲੈ ਮੇਰੇ ਪਿਆਰ ਵਿਚ ਮੇਰੇ ਮਤੇ ਭਗਤ, ਬਿਨ ਭਗਤੀਉਂ ਭਗਵਨ ਅੰਦਰ ਆਪਣਾ ਮੇਲ ਮਿਲਾਈਆ । ਆਪਣੇ ਸ਼ਬਦ ਦੀ ਦੇ ਕੇ ਸ਼ਕਤ, ਨਾਮ ਨਾਲ ਸ਼ਖ਼ਸੀਅਤ ਦਿਤੀ ਬਦਲਾਈਆ । ਲੇਖੇ ਲਾ ਕੇ ਬੂੰਦ ਰਕਤ, ਹੱਡ ਮਾਸ ਨਾੜੀ ਆਪਣੇ ਰੰਗ ਰੰਗਾਈਆ । ਓ ਧਰਨੀਏ ਤੂੰ ਮੇਰਾ ਲਹਿਣਾ ਦੇਣਾ ਹੋਰ ਵੇਖ ਲੈ ਅਧਿਕ, ਅਧਿਕਾਰ ਵਾਲੀਏ ਤੈਨੂੰ ਦਿਆਂ ਜਣਾਈਆ । ਜਿਸ ਕਾਰਨ ਸ੍ਰਿਸ਼ਟੀ ਉਤੇ ਜਨਮ ਦਵਾਇਆ ਭਗਤ ਬੱਧਕ, ਲਹਿਣਾ ਦੇਣਾ ਕ੍ਰਿਸ਼ਨ ਕਾਹਨ ਪੂਰ ਕਰਾਈਆ । ਤੂੰ ਐਵੇਂ ਨਾ ਮੂਰਖੇ ਭਟਕ, ਧੀਰਜ ਧੀਰ ਦਿਆਂ ਦ੍ਰਿੜਾਈਆ । ਮੇਰੇ ਹੁਕਮ ਨਾਲ ਸ਼ਬਦੀ ਚੜ੍ਹਨ ਵਾਲਾ ਕਟਕ, ਅਟਕ ਤੋਂ ਪਰੇ ਲੇਖਾ ਦਿਆਂ ਵਖਾਈਆ । ਸਦੀ ਚੌਧਵੀਂ ਧੁਰ ਦਾ ਹੁਕਮ ਬੜਾ ਸਖ਼ਤ, ਸਖ਼ਤੀ ਨਾਲ ਦ੍ਰਿੜਾਈਆ । ਤੂੰ ਖ਼ੁਸ਼ੀਆਂ ਨਾਲ ਵਕਤ ਸੁਹੰਜਣਾ ਵੇਖਣਾ ਨਾ ਐਵੇਂ ਤਰਸ, ਰਹਿਮਤ ਤੇਰੇ ਉਤੇ ਕਮਾਈਆ । ਨੀ ਦਰੋਹੀ ਫਿਰਨੀ ਦੁਨੀਆ ਉਤੇ ਅਗਲੇ ਬਰਸ, ਬਰਸੀ ਬਰਸੀ ਨਾਲ ਮਿਲਾਈਆ । ਤੇਰਾ ਪਵਿਤ੍ਰ ਹੁੰਦਾ ਜਾਣਾ ਫ਼ਰਸ਼, ਵਾਲੀ ਆਸ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਸੀਸ ਝੁਕਾਈਆ । ਧਰਨੀ ਕਹੇ ਪ੍ਰਭੂ ਮੈਂ ਝੁਕ ਝੁਕ ਸੀਸ ਨਿਵਾਵਾਂ ਚਰਨ, ਚਰਨੋਦਕ ਦੇਣਾ ਮੁਖ ਚੁਆਈਆ । ਮੇਰਾ ਖੁਲ੍ਹ ਜਾਏ ਬਿਨ ਨੇਤਰਾਂ ਤੋਂ ਹਰਨ ਫਰਨ, ਦੋ ਜਹਾਨਾਂ ਤੇਰਾ ਖੇਲ ਵੇਖ ਵਖਾਈਆ । ਮੈਂ ਬਿਨਾ ਵਿਦਿਆ ਅੱਖਰਾਂ ਤੋਂ ਤੇਰਾ ਹੁਕਮ ਲੱਗਾ ਪੜ੍ਹਨ, ਸਚਖੰਡ ਦਵਾਰ ਏਕੰਕਾਰ ਦਰਗਾਹ ਸਾਚੀ ਮੁਕਾਮੇ ਹਕ ਧਿਆਨ ਲਗਾਈਆ । ਇਕੋ ਓਟ ਪੁਰਖ ਅਕਾਲੇ ਦੀਨ ਦਿਆਲੇ ਤੇਰੀ ਹੋਵੇ ਸ਼ਰਨ, ਸ਼ਰਨਗਤ ਇਕੋ ਇਕ ਦੇਣੀ ਸਮਝਾਈਆ । ਮੇਰੇ ਉਤੋਂ ਝਗੜਾ ਮੇਟਣਾ ਜਾਤ ਪਾਤ ਦੀਨ ਮਜ਼੍ਹਬ ਵਰਨ ਬਰਨ, ਇਕੋ ਰੰਗ ਸੂਰੇ ਸਰਬੰਗ ਮਾਣਸ ਮਾਨਵ ਮਾਨੁਖ ਦੇਣਾ ਰੰਗਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਤਿਗੁਰ ਬੋਧ ਅਗਾਧੀ ਤਾਰਨ ਤਰਨ, ਤਾਰਨਹਾਰ ਇਕ ਅਖਵਾਈਆ । ਤੂੰ ਵਿਸ਼ਨ ਬ੍ਰਹਮਾ ਸ਼ਿਵ ਘਾੜਨ ਘੜਨ, ਤ੍ਰੈਗੁਣ ਮਾਇਆ ਪੰਜ ਤਤ ਲੱਖ ਚੁਰਾਸੀ ਗੰਢ ਪਵਾਈਆ । ਮੈਂ ਇਕੋ ਪੱਲੂ ਤੇਰਾ ਫੜਿਆ ਲੜਨ, ਜਗਤ ਜਗਦੀਸ਼ ਮੇਰੀ ਆਸ਼ਾ ਪੂਰ ਦੇਣੀ ਕਰਾਈਆ । ਝਗੜਾ ਮੇਟ ਦੇ ਸੀਸ ਧੜਨ, ਕਾਤਲ ਮਕਤੂਲ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੁਰਖ ਅਕਾਲ ਕਹੇ ਸੁਣ ਧਰਨੀ ਧਵਲ, ਧਰਤ ਧੌਲ ਦਿਆਂ ਜਣਾਈਆ । ਮੇਰਾ ਲਹਿਣਾ ਦੇਣਾ ਕੌਲ ਇਕਰਾਰ ਵੇਖ ਲੈ ਅਵਲ, ਆਦਿ ਜੁਗਾਦਿ ਦਾ ਭੇਵ ਖੁਲਾਈਆ । ਮੈਂ ਹਰ ਘਟ ਰਿਹਾ ਮਵਲ, ਚੁਰਾਸੀ ਵਿਚ ਸਮਾਈਆ । ਮੇਰਾ ਰੂਪ ਨਾ ਸਾਵਲ ਨਾ ਸਵਲ, ਰੰਗ ਨਜ਼ਰ ਕਿਸੇ ਨਾ ਆਈਆ । ਤੂੰ ਵੈਰਾਗਣ ਹੋ ਨਾ ਬਵਲ, ਬੌਰੀ ਹੋ ਨਾ ਦੇ ਦੁਹਾਈਆ । ਮੈਂ ਵੇਖਣਹਾਰਾ ਅਵਣ ਗਵਣ, ਤ੍ਰੈਭਵਣ ਖੋਜ ਖੁਜਾਈਆ । ਚੌਦਾਂ ਲੋਕ ਮੈਥੋਂ ਕੰਬਣ, ਚੌਦਾਂ ਤਬਕ ਰਹੇ ਕੁਰਲਾਈਆ । ਮੇਰਾ ਤਨ ਵਜੂਦ ਨਹੀਂ ਬਦਨ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਮੇਰਾ

੧੧੫੦
੨੩

ਸਤਿਗੁਰ ਸ਼ਬਦ ਸੂਰਬੀਰ ਸਰਬੰਗਣ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਓਹ ਮੇਰਾ ਹੁਕਮ ਮਨਾਏ ਵਿਚ ਬ੍ਰਹਿਮੰਡਣ, ਪੁਰੀਆਂ ਲੋਆਂ ਆਕਾਸ਼ਾਂ ਪਾਤਾਲਾਂ ਗਗਨ ਗਗਨੰਤਰਾਂ ਜ਼ਿਮੀਂ ਅਸਮਾਨਾਂ ਰਿਹਾ ਸੁਣਾਈਆ । ਉਸ ਨੂੰ ਇਕੋ ਢੋਲਾ ਗੀਤ ਦੱਸ ਕੇ ਛੰਦਨ, ਤੂੰ ਮੇਰਾ ਮੈਂ ਤੇਰਾ ਦਿਆਂ ਸਮਝਾਈਆ । ਉਹ ਲੱਖ ਚੁਰਾਸੀ ਵਸੇ ਕਾਇਆ ਅੰਗਣ, ਘਟ ਘਟ ਆਪਣਾ ਡੇਰਾ ਲਾਈਆ । ਪ੍ਰੇਮ ਪਿਆਰਾ ਪ੍ਰੀਤਮ ਪਿਆਰਾ ਹੋ ਕੇ ਦੋ ਜਹਾਨਾਂ ਮੇਰਾ ਨਾਮ ਆਵੇ ਵੰਡਣ, ਅਤੋਟ ਅਤੁੱਟ ਵਰਤਾਈਆ । ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਤਨ ਵਜੂਦਾਂ ਵਿਚੋਂ ਆਵੇ ਕਢਣ, ਮਾਇਆ ਮਮਤਾ ਨਾਲ ਮਿਲਾਈਆ । ਸਤਿ ਧਰਮ ਹਰ ਹਿਰਦੇ ਵਿਚ ਆਵੇ ਵੰਡਣ, ਘਰ ਘਰ ਗ੍ਰਹਿ ਗ੍ਰਹਿ ਦਏ ਟਿਕਾਈਆ । ਨਿਜ ਆਤਮ ਦੇ ਕੇ ਅਗੰਮ ਅਨੰਦਨ, ਅਨੰਦ ਅਨੰਦ ਵਿਚੋਂ ਵਖਾਈਆ । ਸਾਚੇ ਪ੍ਰੇਮ ਦਾ ਦੇ ਕੇ ਪਰਮਾਨੰਦਨ, ਮਹਾਰਸ ਇਕ ਚਖਾਈਆ । ਤ੍ਰੈਗੁਣ ਮਾਇਆ ਕੂੜੀ ਮੇਟ ਕੇ ਅਗਨ, ਅਗਨੀ ਤਤ ਦਏ ਬੁਝਾਈਆ । ਤੇਰੇ ਉਤੇ ਮੇਰੇ ਸੰਤ ਸੁਹੇਲੇ ਦੀਪਕ ਜਗਣ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਕਲਜੁਗ ਕੂੜੇ ਭਾਂਡੇ ਮਾਟੀ ਭੱਜਣ, ਥਿਰ ਰਹਿਣ ਕੋਇ ਨਾ ਪਾਈਆ । ਤੂੰ ਸਾਚੀ ਧੂੜੀ ਫੇਰ ਕਰਨਾ ਮਜਨ, ਇਸ਼ਨਾਨ ਇਕ ਵਖਾਈਆ । ਮਿਲੇ ਮੇਲ ਪੁਰਖ ਪੁਰਖੋਤਮ ਮੋਹਣ ਮਾਧਵ ਮਦਨ, ਜੋ ਮਧੁਰ ਧੁਨ ਦਏ ਸੁਣਾਈਆ । ਕਿਰਪਾ ਕਰੇ ਸਵਾਮੀ ਧੁਰ ਦਾ ਸੱਜਣ, ਸਜਣੂਆ ਹੋਏ ਆਪ ਸਹਾਈਆ । ਤੂੰ ਕਿਤੇ ਨਾ ਜਾਵੀਂ ਲੱਭਣ, ਸੰਬਲ ਬਹਿ ਕੇ ਤੈਨੂੰ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਤੇਰਾ ਪਰਦਾ ਦਏ ਉਠਾਈਆ । ਧਰਨੀ ਕਹੇ ਪ੍ਰਭੂ ਮੈਂ ਨੇਤਰ ਅੱਖਾਂ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਜਿਸ ਮੇਰੇ ਉਤੋਂ ਮੇਟਣਾ ਅੰਧੇਰਾ ਤਾਰੀਕਾ, ਨੂਰ ਨੂਰ ਜੋਤ ਚੰਦ ਕਰੇ ਰੁਸ਼ਨਾਈਆ । ਆਪਣੀਆਂ ਬਖ਼ਸ਼ੇ ਹਕ ਤੌਫ਼ੀਕਾ, ਰਹਿਮਤਾਂ ਨਾਮ ਵਰਤਾਈਆ । ਮੇਰੀਆਂ ਆਸਾਂ ਮਨਸਾ ਪੂਰੀਆਂ ਕਰੇ ਉਮੀਦਾਂ, ਉਸ ਦੀ ਆਮਦ ਵਿਚ ਬੈਠਾ ਨੈਣ ਉਠਾਈਆ । ਜੋ ਆਪਣਿਆਂ ਭਗਤਾਂ ਸੰਤਾਂ ਸੂਫ਼ੀ ਫ਼ਕੀਰਾਂ ਅਜ਼ੀਜ਼ਾਂ, ਆਜਜ਼ਾਂ ਮੇਲ ਮਿਲਾਈਆ । ਸਾਚੇ ਮਾਰਗ ਦੀਆਂ ਦਏ ਤਮੀਜ਼ਾਂ, ਬਦੀ ਦਾ ਡੇਰਾ ਢਾਹੀਆ । ਆਤਮ ਪਰਮਾਤਮ ਕਰ ਕੇ ਰੀਝਾਂ, ਮੇਲਾ ਮੇਲੇ ਸਹਿਜ ਸੁਭਾਈਆ । ਕਾਇਆ ਮੰਦਰ ਦੀਆਂ ਲੰਘ ਦਹਿਲੀਜ਼ਾ, ਗ੍ਰਹਿ ਦਸਵੇਂ ਹੋਏ ਸਹਾਈਆ । ਕਿਸੇ ਵੇਖਣਾ ਪਏ ਨਾ ਲਾ ਕੇ ਨੀਝਾਂ, ਜਨ ਭਗਤਾਂ ਨਿਜ ਲੋਚਣ ਨੈਣ ਦਏ ਖੁਲਾਈਆ । ਆਪਣਾ ਮਾਰਗ ਦੱਸ ਕੇ ਸੀਧਾ, ਮਹਿਬਾਨ ਬੀਦੋ ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਚੜ੍ਹਾਈਆ । ਧਰਨੀ ਕਹੇ ਕਿਰਪਾ ਕਰੇ ਮੇਰਾ ਸਾਹਿਬ ਦਿਆਲਾ, ਦੀਨ ਦਿਆਲ ਦਇਆ ਕਮਾਈਆ । ਮੇਰਾ ਰੂਪ ਉਸ ਦੀ ਬਣੇ ਸੱਚੀ ਧਰਮਸਾਲਾ, ਨੌ ਖੰਡ ਇਕੋ ਖ਼ੁਸ਼ੀ ਬਣਾਈਆ । ਕਲਜੁਗ ਕੂੜਾ ਮੇਟੇ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੇਰਾ ਲਹਿਣਾ ਦੇਣਾ ਮੁਕਾਏ ਹਾਲਾ, ਪੂਰਬ ਖੋਜ ਖੁਜਾਈਆ । ਜਨ ਭਗਤ ਸੁਹੇਲੇ ਤਰਾਏ ਆਪਣੇ ਨਾਮ ਦੀ ਉਨ੍ਹਾਂ ਦੇ ਅੰਦਰ ਰਖ ਕੇ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਬਜਰ ਕਪਾਟੀ ਤੋੜ ਕੇ ਤਾਲਾ, ਭੇਵ ਅਭੇਦਾ ਦਏ ਖੁਲਾਈਆ । ਅੰਮ੍ਰਿਤ ਨਾਮ ਪਿਆ ਪਿਆਲਾ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਨਿਰਗੁਣ ਨੂਰ ਅਗੰਮੀ ਦੀਪਕ ਆਪੇ ਬਾਲਾ, ਜੋਤੀ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਘਾਲਣੀ ਪਏ ਨਾ ਘਾਲਾ, ਘਰ ਬੈਠਿਆਂ ਘਰ ਵਿਚ ਘਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ

੧੧੫੧
੨੩

ਵਖਾਈਆ । ਧਰਨੀ ਕਹੇ ਮੈਂ ਸੁਣਾਂ ਅਗੰਮੀ ਪੈਗ਼ਾਮ, ਬੇਖ਼ਬਰਾਂ ਖ਼ਬਰ ਜਣਾਈਆ । ਕੀ ਲਹਿਣਾ ਦੇਣਾ ਮੇਰਾ ਪੂਰਾ ਕਰੇ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਕੀ ਹਜ਼ਰਤ ਈਸਾ ਮੂਸਾ ਲੇਖਾ ਚੁਕਾਏ ਵਿਚ ਅਵਾਮ, ਆਮ ਸਮਝ ਕੋਇ ਨਾ ਪਾਈਆ । ਕੀ ਸ਼ਰਅ ਜ਼ੰਜੀਰਾਂ ਕੱਟੇ ਆਜ਼ਾਦ ਕਰੇ ਗ਼ੁਲਾਮ, ਗ਼ੁਰਬਤ ਕੂੜੀ ਬਾਹਰ ਕਢਾਈਆ । ਕੀ ਨਾਮ ਕਲਮਾ ਡੰਡਾਵਤ ਬੰਦਨਾ ਸਜਦਾ ਦੱਸੇ ਸਲਾਮ, ਸੀਸ ਜਗਦੀਸ ਇਕੋ ਇਕ ਸਰਬ ਨਿਵਾਈਆ । ਕੀ ਭੇਵ ਅਭੇਦਾ ਅਛਲ ਅਛੇਦਾ ਜਨ ਭਗਤਾਂ ਖੋਲੇ ਤਮਾਮ, ਤਬਾ ਕੂੜ ਦਾ ਲੇਖਾ ਦਏ ਮੁਕਾਈਆ । ਧਰਨੀ ਕਹੇ ਮੈਂ ਓਸ ਪ੍ਰਭੂ ਨੂੰ ਕਰਾਂ ਪ੍ਰਨਾਮ, ਜੁਗ ਜੁਗ ਸੀਸ ਨਿਵਾਈਆ । ਜਿਸ ਕਿਰਪਾ ਕਰ ਕੇ ਬੱਧਕ ਤੋਂ ਕੀਤਾ ਸਿੰਘ ਰਾਮ, ਰਾਮ ਹੋ ਕੇ ਰਿਹਾ ਆਪੇ ਆਪ ਗੁਸਾਈਆ । ਬਿਨਾ ਬੁੱਲਾਂ ਤੋਂ ਪਿਆ ਕੇ ਜਾਮ, ਨਾਮ ਖ਼ੁਮਾਰੀ ਦਏ ਚੜ੍ਹਾਈਆ । ਸਾਚੇ ਘਰ ਬਖ਼ਸ਼ ਬਿਸਰਾਮ, ਸੇਜ ਸੁਹੰਜਣੀ ਦਿਤਾ ਲਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਨ ਭਗਤੋ ਮੈਂ ਸਭ ਨੂੰ ਕਰਾਂ ਨਮਸਤੇ, ਨਮੋ ਨਮੋ ਸੀਸ ਝੁਕਾਈਆ । ਜਿਸ ਦੀ ਮਹਿੰਮਾ ਚਾਰ ਜੁਗ ਗਏ ਲਿਖਦੇ, ਕਾਤਬ ਕਲਮ ਸ਼ਾਹੀ ਨਾਲ ਵਡਿਆਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਨਾਮ ਕਲਮੇ ਆਏ ਸਿਖਦੇ, ਧੁਰ ਸੰਦੇਸੇ ਜਗਤ ਵਿਚ ਦ੍ਰਿੜ੍ਹਾਈਆ । ਸਚਖੰਡ ਦਵਾਰੇ ਆਏ ਲਿਟਦੇ, ਸੁਹੰਜਣੀ ਸੇਜਾ ਸੋਭਾ ਪਾਈਆ । ਓਹ ਕਲਜੁਗ ਅੰਤ ਸ੍ਰੀ ਭਗਵੰਤ ਦੇ ਪਿਆਰੇ ਵਣਜਾਰੇ ਬਣ ਗਏ ਪੱਥਰ ਇੱਟ ਦੇ, ਪਾਹਨ ਡੋਬੇ ਜਗਤ ਲੋਕਾਈਆ । ਦਰੋਹੀ ਕਹੇ ਧਰਨੀ ਮੇਰੇ ਉਤੇ ਜਗਿਆਸੂਆਂ ਦੇ ਮਨੂਏ ਪ੍ਰਭ ਚਰਨ ਮੂਲ ਨਾ ਟਿਕਦੇ, ਟਿੱਕੇ ਮਸਤਕ ਲਾਉਣ ਵਾਲੇ ਸਾਰੇ ਪਾਹਨਾ ਪੱਥਰਾਂ ਸੀਸ ਝੁਕਾਈਆ ।

੧੧੫੨ ੨੩

ਕਿਸੇ ਭੇਵ ਨਾ ਆਏ ਗੋਬਿੰਦ ਵਾਲੀ ਇਕ ਚਿਟ ਦੇ, ਜੋ ਕੰਨਾ ਕਾਇਨਾਤ ਤੋਂ ਬਾਹਰ ਗਿਆ ਲਗਾਈਆ । ਅਸਥਿਲ ਚੁਬਾਰੇ ਮੰਦਰ ਸਦੀ ਚੌਧਵੀਂ ਕਿਸੇ ਨਾ ਦਿਸਦੇ, ਦਰਗਾਹ ਸਾਚੀ ਨੈਣ ਨਾ ਕੋਇ ਮਿਲਾਈਆ । ਪਿਆਰ ਮਿਲਣ ਨਾ ਪੁਰਖ ਅਬਿਨਾਸ਼ੀ ਧੁਰ ਦੇ ਮਿਤ ਦੇ, ਪਤਿਪਰਮੇਸ਼ਵਰ ਗੋਦ ਨਾ ਕਿਸੇ ਟਿਕਾਈਆ । ਦੀਨ ਦੁਨੀ ਝਗੜੇ ਕੂੜ ਮੂਲ ਨਾ ਮਿਟਦੇ, ਪਰਦਾ ਸਕੇ ਨਾ ਕੋਇ ਉਠਾਈਆ । ਜਿਸ ਵੇਲੇ ਪੰਜ ਤਤ ਕਾਇਆ ਰੂਪ ਬਣਾ ਲਏ ਸਾਚੇ ਸਿੱਖ ਦੇ, ਸਾਚੀ ਸਿਖਿਆ ਵਿਚ ਸਮਾਈਆ । ਫੇਰ ਮੇਲ ਹੋਣੇ ਗੋਬਿੰਦ ਮਾਹੀ ਪਿਆਰੇ ਮਿਤ ਦੇ, ਜੋ ਮਿਤਰ ਪਿਆਰਾ ਯਾਰੜਾ ਸੇਜ ਹੰਢਾਈਆ । ਕਲਜੁਗ ਪੈਂਡੇ ਅੰਤਮ ਮੁਕਣੇ ਨਿਤ ਦੇ, ਸਤਿਜੁਗ ਸਚ ਲਏ ਅੰਗੜਾਈਆ । ਧਰਨੀ ਕਹੇ ਮੇਰੇ ਉਤੋਂ ਭਾਂਡੇ ਭੱਜਣੇ ਕੂੜੀ ਭਰੀ ਵਿਖ ਦੇ, ਤਨ ਮਾਟੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਖੇਲ ਆਦਿ ਜੁਗਾਦਿ ਸਦਾ ਨਿਤ ਨਵਿਤ ਦੇ, ਨਰ ਨਰਾਇਣ ਤੇਰੀ ਤੇਰੇ ਦਰ ਗ੍ਰਿਹ ਬੇਪ੍ਰਵਾਹੀਆ ।

## ✪ ੧੮ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਸਤੀ ਤੇਗਾ ਸਿੰਘ ਜ਼ਿਲਾ ਫ਼ਿਰੋਜ਼ਪੁਰ ਸਾਧੂ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਂ ਪ੍ਰੀਤ ਰਖਾਵਾਂਗੀ । ਤੂੰ ਮੇਰਾ ਮੈਂ ਤੇਰਾ ਢੋਲਾ ਗੀਤ ਰਾਗ ਇਕੋ ਗਾਵਾਂਗੀ । ਮੇਰੀ ਕਾਇਆ ਕਰਨੀ ਠਾਂਡੀ ਸੀਤ, ਦਰ ਠਾਂਡੇ ਮੰਗ ਮੰਗਾਵਾਂਗੀ । ਖ਼ਬਰ ਸੰਦੇਸੇ ਦੇਵਾਂ ਦਿਉਹਰੇ ਮੰਦਰ ਮਸੀਤ, ਗੁਰੂਦਵਾਰੇ ਚਰਚਾਂ ਆਪ ਜਣਾਵਾਂਗੀ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ

ਦੋ ਜਹਾਨਾਂ ਮੇਟ ਦੇ ਕੂੜੀ ਰੀਤ, ਮਾਂਗਤ ਹੋ ਕੇ ਸਾਚੀ ਮੰਗ ਮੰਗਾਵਾਂਗੀ । ਹਰ ਹਿਰਦੇ ਵਸਣਾ ਚੀਤ, ਗ੍ਰਿਹਿ ਗ੍ਰਿਹਿ ਅੰਦਰ ਤੇਰੀ ਓਟ ਤਕਾਵਾਂਗੀ । ਕੂੜ ਕੁਕਰਮ ਦੀ ਮੇਰੇ ਉਤੋਂ ਮੇਟ ਦੇ ਲੀਕ, ਦਰ ਤੇਰੇ ਵਾਸਤਾ ਪਾਵਾਂਗੀ । ਤੂੰ ਮਾਲਕ ਵਾਹਿਦ ਲਾਸ਼ਰੀਕ, ਪਰਵਰਦਿਗਾਰ ਸਾਂਝੇ ਯਾਰ ਤੇਰਾ ਰਾਹ ਤਕਾਵਾਂਗੀ । ਤੇਰੇ ਵਿਚ ਹਕ ਤੌਫ਼ੀਕ, ਦਰ ਠਾਂਡੇ ਅਲਖ ਜਗਾਵਾਂਗੀ । ਲੇਖਾ ਰਹੇ ਨਾ ਊਚ ਨੀਚ, ਰਾਓ ਰੰਕਾਂ ਇਕਾ ਘਰ ਵਖਾਵਾਂਗੀ । ਧੁਰ ਦਾ ਕਲਮਾ ਦੱਸ ਹਦੀਸ, ਹਜ਼ਰਤਾਂ ਤੋਂ ਪਰੇ ਤੇਰਾ ਨਾਮ ਜਣਾਵਾਂਗੀ` । ਤੇਰਾ ਲਹਿਣਾ ਦੇਣਾ ਬੀਸ ਇਕੀਸ, ਜਗਤ ਜਗਦੀਸ਼ ਤੇਰੇ ਅਗੇ ਵਾਸਤਾ ਪਾਵਾਂਗੀ । ਇਕੋ ਛਤਰ ਝੁਲੇ ਤੇਰੇ ਸੀਸ, ਦੂਜਾ ਇਸ਼ਟ ਨਾ ਕੋਇ ਮਨਾਵਾਂਗੀ । ਤੂੰ ਸਾਹਿਬ ਸਵਾਮੀ ਸਾਜਣ ਬਣਨਾ ਮੀਤ, ਤ੍ਰੈਗੁਣ ਅਤੀਤ ਤੇਰਾ ਰਾਹ ਤਕਾਵਾਂਗੀ । ਲੱਖ ਚੁਰਾਸੀ ਪਵਿਤ੍ਰ ਕਰਨੀ ਨੀਤ, ਨੀਤੀਵਾਨ ਦਰ ਤੇਰੇ ਓਟ ਤਕਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਵਾਂਗੀ । ਧਰਨੀ ਕਹੇ ਪ੍ਰਭੂ ਮੇਰੀ ਬੁਝਾ ਦੇ ਅਗਨ, ਅੰਮ੍ਰਿਤ ਮੇਘ ਦੋ ਜਹਾਨ ਬਰਸਾਈਆ । ਤੇਰੇ ਨਾਮ ਨਿਧਾਨ ਵਿਚ ਹੋਵਾਂ ਮਗਨ, ਦੂਸਰ ਅਵਰ ਨਜ਼ਰ ਕੋਇ ਨਾ ਆਈਆ । ਮੇਰਾ ਪਵਿਤ੍ਰ ਕਰ ਦੇ ਬਦਨ, ਦੁਰਮਤ ਮੈਲ ਧਵਾਈਆ । ਦਰ ਠਾਂਡੇ ਆਈ ਮੰਗਣ, ਖ਼ਾਲੀ ਝੋਲੀ ਦੇਣੀ ਭਰਾਈਆ । ਸਚਖੰਡ ਨਿਵਾਸੀ ਚਾੜ੍ਹ ਕੇ ਰੰਗਣ, ਰੰਗਤ ਇਕੋ ਦੇਣੀ ਜਣਾਈਆ । ਮੇਰਾ ਭਾਗ ਹੋਵੇ ਨਾ ਅੰਤ ਮੰਦਣ, ਮੰਦ ਭਾਗ ਮੇਟ ਮਿਟਾਈਆ । ਤੇਰੀ ਧੂੜੀ ਮਸਤਕ ਲਾਵਾਂ ਚੰਦਨ, ਟਿੱਕੇ ਖ਼ਾਕ ਰਮਾਈਆ । ਮੇਰੇ ਉਤੋਂ ਨਿਸ਼ਾਨਾ ਮੇਟ ਦੇ ਤਾਰਾ ਚੰਦਨ, ਸਦੀ ਚੌਧਵੀਂ ਨਾਲ ਰਲਾਈਆ । ਸਤਿ ਧਰਮ ਦਾ ਇਕ ਪਹਿਨਾ ਦੇ ਕੰਗਣ, ਗੋਬਿੰਦ ਲੇਖ ਹੱਥ ਫੜਾਈਆ । ਨਿਗਾਹ ਮਾਰ ਲੈ ਵਿਚ ਵਰਭੰਡਣ, ਬ੍ਰਹਿਮੰਡ ਤੇਰੀ ਸਰਨਾਈਆ । ਕੂੜ ਕੁਕਰਮ ਕਰ ਦੇ ਖੰਡਨ, ਖੰਡਾ ਖੜਗ ਇਕ ਚਮਕਾਈਆ । ਤੇਰਾ ਨਾਮ ਚੰਡ ਪ੍ਰਚੰਡਣ, ਪਾਰਬ੍ਰਹਮ ਪ੍ਰਭ ਹੋਣਾ ਆਪ ਸਹਾਈਆ । ਤੂੰ ਦੀਨ ਦਿਆਲ ਬਖ਼ਸ਼ੰਦਨ, ਰਹਿਮਤ ਦੇਣੀ ਕਮਾਈਆ । ਸਤਿ ਸਚ ਦਾ ਦੇ ਅਨੰਦਨ, ਅਨੰਦ ਅਨੰਦ ਵਿਚ ਸਮਾਈਆ । ਮੇਰੇ ਉਤੋਂ ਸ਼ਰਅ ਦੀ ਦਵੈਤੀ ਢਾਹ ਦੇ ਕੰਧਨ, ਹੱਦ ਹਦੂਦ ਨਜ਼ਰ ਕੋਇ ਨਾ ਆਈਆ । ਮੇਰਾ ਸੀਨਾ ਕਰ ਦੇ ਠੰਡਣ, ਸਤਿਗੁਰ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਪ੍ਰਭੂ ਮੈਂ ਸਤਿ ਸਚ ਦੀ ਪਿਆਸੀ, ਪਰਮ ਪੁਰਖ ਪ੍ਰਭ ਮੇਰੀ ਤ੍ਰਿਖਾ ਦੇਣੀ ਬੁਝਾਈਆ । ਮੇਰੀ ਨਵ ਨੌਂ ਚਾਰ ਦੀ ਆਸੀ, ਆਸ਼ਾਵੰਦ ਆਸ਼ਾ ਪੂਰੀ ਦੇਣੀ ਕਰਾਈਆ । ਮੈਂ ਤੇਰਾ ਜਲਵਾ ਤੱਕਾਂ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਤ ਲੇਖਾ ਥਾਉਂ ਥਾਈਆ । ਮੇਰੇ ਮਹਿਬੂਬਾ ਮੇਰੀ ਅੰਤਮ ਲਾਹ ਉਦਾਸੀ, ਉਦਰ ਤੋਂ ਬਾਹਰ ਲਏ ਅੰਗੜਾਈਆ । ਮੈਂ ਦਰ ਦਵਾਰ ਤੇਰੇ ਹੋਈ ਦਾਸੀ, ਦਾਸਤਾਨ ਤੇਰੇ ਅਗੇ ਟਿਕਾਈਆ । ਮੇਰਾ ਸ਼ਾਹੋ ਭੂਪ ਬਣ ਸ਼ਾਬਾਸ਼ੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੇਰੇ ਮੰਡਲ ਪਾ ਦੇ ਰਾਸੀ, ਸੁਰਤ ਸ਼ਬਦ ਗੋਪੀ ਕਾਹਨ ਨਚਾਈਆ । ਸ਼ਰਅ ਜ਼ੰਜੀਰ ਤੋੜ ਕਰ ਖਲਾਸੀ, ਖੁਲਾਸਾ ਆਪਣਾ ਦੇ ਸਮਝਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਇਕ ਅਬਿਨਾਸ਼ੀ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਧਰਨੀ ਕਹੇ ਮੇਰਾ ਲੇਖਾ ਪੂਰਾ ਕਰ ਦੇ ਸਵਾਸ ਸਵਾਸੀ, ਸਾਹ ਸਾਹ ਤੇਰਾ ਨਾਮ ਧਿਆਈਆ । ਤੇਰੇ ਹੁਕਮ ਵਿਚ ਹਜ਼ਰਤ ਈਸਾ ਚੜ੍ਹ ਗਿਆ ਫਾਸੀ, ਨੂਰ ਜੋਤ ਜੋਤ ਵਿਚ ਮਿਲਾਈਆ । ਤੂੰ ਸਭ ਦਾ ਲੇਖਾ ਜਾਣੇ ਤਨ ਪੋਸ਼ਾਕੀ, ਪਰਦਾ ਪਰਦਿਆਂ ਵਿਚ ਉਠਾਈਆ ।

ਮੇਰਾ ਲਹਿਣਾ ਦੇਣਾ ਦੇ ਦੇ ਬਾਕੀ, ਪੂਰਬ ਰਹਿਣ ਕੋਇ ਨਾ ਪਾਈਆ । ਪ੍ਰਗਟ ਹੋ ਕੇ ਆਇਉਂ ਲੋਕਮਾਤੀ, ਮਤਾ ਆਪਣੇ ਨਾਲ ਰਖਾਈਆ । ਅੰਧ ਘੋਰ ਦਿਸੇ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਮੇਰੇ ਸਾਹਿਬ ਸੁਲਤਾਨ ਬਣ ਜਾ ਸਾਥੀ, ਸਗਲਾ ਸੰਗ ਬਣਾਈਆ । ਤੂੰ ਪੁਰਖ ਅਕਾਲਾ ਸਰਬ ਕਲਾ ਸਮਰਾਥੀ, ਪਰਵਰਦਿਗਾਰ ਨੂਰ ਅਲਾਹੀਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਮਸਤਕ ਮਾਥੀ, ਧੂੜੀ ਤੇਰੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਇਕ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਭਰ ਦੇ ਨਾਮ, ਅੰਤਸ਼ਕਰਨ ਵਿਚ ਸਮਾਈਆ । ਅੰਮ੍ਰਿਤ ਦੇ ਦੇ ਜਾਮ, ਪਿਆਲਾ ਸਬਰ ਸਬੂਰ ਪਿਆਈਆ । ਮਾਲਕ ਬਣ ਜਾ ਧੁਰ ਦੇ ਰਾਮ, ਮੇਰੀ ਰਾਮ ਦੁਹਾਈਆ । ਸਹਾਇਤਾ ਕਰ ਦੇ ਅਗੰਮੇ ਸ਼ਾਮ, ਰੈਣ ਅੰਧੇਰਾ ਦੇ ਚੁਕਾਈਆ । ਨੂਰ ਉਜਾਲਾ ਕਰ ਦੇ ਅਮਾਮ, ਅਮਲਾਂ ਤੋਂ ਰਹਿਤ ਬੇਪਰਵਾਹੀਆ । ਕਲ ਕਲਕੀ ਮੇਰੇ ਬਲਵਾਨ, ਬਲ ਧਾਰੀ ਲੈ ਅੰਗੜਾਈਆ । ਕਲ ਕਲਕੀ ਤੇਰਾ ਖੇਲ ਤਕਾਣ, ਦੋ ਜਹਾਨ ਦੋਹਰੀ ਧਾਰ ਪ੍ਰਗਟਾਈਆ । ਤੂੰ ਹਕ ਯੋਧਾ ਸ੍ਰੀ ਭਗਵਾਨ, ਵਡ ਵੱਡਾ ਇਕ ਅਖਵਾਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਧਰਨੀ ਕਹੇ ਮੈਨੂੰ ਧਰਮ ਦਾ ਦੇ ਦੇ ਦਾਨ, ਵਸਤ ਅਗੰਮ ਵਰਤਾਈਆ । ਮੇਰੇ ਉਤੇ ਹੋਣਾ ਮਿਹਰਵਾਨ, ਮਿਹਰ ਨਜ਼ਰ ਨਾਲ ਤਰਾਈਆ । ਤੇਰੇ ਸੰਤਾਂ ਭਗਤਾਂ ਤੋਂ ਜਾਵਾਂ ਕੁਰਬਾਨ, ਕਰਬਲੇ ਵਾਲਿਆਂ ਦਾ ਲੇਖਾ ਦੇਣਾ ਮੁਕਾਈਆ । ਤੇਰਾ ਧਰਮ ਦਾ ਝੁੱਲੇ ਨਿਸ਼ਾਨ, ਨਿਸ਼ਾਨਾ ਕੂੜ ਰਹਿਣ ਕੋਇ ਨਾ ਪਾਈਆ । ਗੁਰਮੁਖ ਸਾਚੇ ਆਪਣੇ ਦਰ ਕਰੀਂ ਪ੍ਰਵਾਨ, ਸਾਧੂ ਸੰਤ ਅੰਤ ਚਰਨਾਂ ਵਿਚ ਟਿਕਾਈਆ । ਧਰਨੀ ਕਹੇ ਮੇਰੀ ਬੇਨੰਤੀ ਇਕ ਮੈਂ ਬੁਧਹੀਣ ਅਣਜਾਣ, ਅਕਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਅੰਤ ਜੁਗਾ ਜੁਗੰਤ ਵਿਚ ਜਹਾਨ, ਜਹਾਲਤ ਕੂੜੀ ਸਤਿਗੁਰ ਸ਼ਬਦ ਅਗੰਮੀ ਨੂਰੀ ਨੂਰ ਨੁਰਾਨੇ ਦੇਣੀ ਮਿਟਾਈਆ ।



### ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਬਸਤੀ ਤੇਗਾ ਸਿੰਘ ਜ਼ਿਲਾ ਫ਼ਰੀਦਕੋਟ ਰਾਜਿੰਦਰ ਸਿੰਘ ਦੇ ਨਵਿਤ ✪

ਨਾਰਦ ਕਹੇ ਵਾਹ ਮੇਰੇ ਭਗਵਾਨ ਸੂਰੇ ਸਰਬਗੇ, ਸਮਰਥ ਤੇਰੀ ਵਡ ਵਡਿਆਈਆ । ਤੇਰੇ ਖੇਲ ਤੱਕੇ ਜੁਗ ਚੌਕੜੀ ਪਿੱਛੇ ਅਗੇ, ਦੀਨ ਦੁਨੀ ਧਿਆਨ ਲਗਾਈਆ । ਮੈਂ ਫਿਰਦਾ ਰਿਹਾ ਜੁਗ ਚੌਕੜੀ ਪੈਰ ਦੱਬੇ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਤੇਰਾ ਨੂਰ ਕਿਤੇ ਨਾ ਲੱਭੇ, ਸ੍ਰਿਸ਼ਟੀ ਖੋਜੇ ਥਾਉਂ ਥਾਈਆਂ । ਜਿਧਰ ਜਾਵਾਂ ਭਗਤ ਸੰਤ ਸੂਫ਼ੀ ਤੈਨੂੰ ਦੇਂਦੇ ਸੱਦੇ, ਨਾਮ ਕਲਮਿਆਂ ਵਿਚ ਰਹੇ ਧਿਆਈਆ । ਆਤਮ ਰਸ ਦੇ ਦੇਂਦੇ ਮਜ਼ੇ, ਮਜਲਸ ਆਪਣੇ ਨਾਲ ਰਖਾਈਆ । ਮਿਹਰਵਾਨਾ ਤੂੰ ਮਿਲਦਾ ਕਦੇ ਕਦੇ, ਨਵਿਤ ਆਪਣਾ ਵੇਸ ਵਟਾਈਆ । ਹੁਣ ਵੇਖੀਂ ਕਲਜੁਗ ਧਾਰ ਹੱਦੇ, ਆਪਣਾ ਪੰਧ ਮੁਕਾਈਆ । ਸੀਸ ਦਸਤਾਰ ਰਹੀ ਕਿਸੇ ਨਾ ਪੱਗੇ, ਪਗ ਚਲ ਤੇਰੇ ਚਰਨਾਂ ਦਰਸ ਕੋਇ ਨਾ ਪਾਈਆ । ਤੇਰਾ ਨਾਮ ਸੁਣੇ ਕੋਇ ਨਾ ਨੱਦੇ, ਅਨਰਾਗੀ ਰਾਗ ਸਮਝ ਕੋਇ ਨਾ ਪਾਈਆ । ਤੂੰ ਕਿਰਪਾ ਕਰ ਜਨ ਭਗਤਾਂ ਆਪ ਲਡਾ ਲੱਡੇ, ਆਪਣੀ ਗੋਦ

ਉਠਾਈਆ । ਜਿਸ ਆਪਣੀ ਧਾਰੋਂ ਕਢੇ, ਜੋਤੀ ਜੋਤ ਵਿਚੋਂ ਪ੍ਰਗਟਾਈਆ । ਜਿਸ ਲੱਖ ਚੁਰਾਸੀ ਜੀਵ ਜੰਤ ਛੱਡੇ, ਸੰਤ ਸੁਹੇਲੇ ਆਪਣੇ ਰੰਗ ਰੰਗਾਈਆ । ਗੁਰਮੁਖਾਂ ਭਾਗ ਲਗਾ ਦੇ ਯੱਦੇ, ਯਦੀ ਯਦਪ ਆਪਣੀ ਦਇਆ ਕਮਾਈਆ । ਤੇਰੇ ਅਗੇ ਹਰਿਜਨ ਖਲੋਤੇ ਹੱਥ ਬੱਧੇ, ਬੰਦਨਾ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਨਾਰਦ ਕਹੇ ਵਕਤ ਯਾਦ ਕਰ ਲੈ ਦਿਓਹਰਾ ਦਾਦੂ, ਗੋਬਿੰਦ ਸ਼ਬਦ ਧਿਆਨ ਲਗਾਈਆ । ਮੇਰੇ ਧੁਰਦਰਗਾਹੀ ਮੋਹਣ ਮਾਧੂ, ਮਧੁਰ ਬੈਨ ਤੇਰੀ ਵਡਿਆਈਆ । ਤੇਰਾ ਦੂਸਰ ਦਿਸੇ ਕੋਇ ਨਾ ਲਾਗੂ, ਹਮ ਸਾਜਣ ਨਜ਼ਰ ਕੋਇ ਨਾ ਆਈਆ । ਤੁਧ ਬਿਨ ਜਗਤ ਜਹਾਨ ਬਣੇ ਕੋਇ ਨਾ ਆਗੂ, ਅਗਾ ਸਕੇ ਨਾ ਕੋਇ ਵਧਾਈਆ । ਗੋਬਿੰਦ ਦਾ ਮੀਤਾ ਓਸ ਵੇਲੇ ਨਾਲ ਸੀ ਸਿੰਘ ਸਾਧੂ, ਸਾਧਨਾ ਆਪਣੀ ਵਿਚ ਸਮਾਈਆ । ਸੱਜਾ ਚੁੱਕ ਕੇ ਆਪਣਾ ਬਾਜੂ, ਬਾਜਾਂ ਵਾਲੇ ਦੀ ਦਿਤੀ ਦੁਹਾਈਆ । ਏਸ ਅੰਤਮ ਆਉਣਾ ਕਲ ਦੇਸ ਮਾਝੂ, ਨਿਰਗੁਣ ਆਪਣਾ ਫੇਰਾ ਪਾਈਆ । ਸਤਿ ਦਾ ਤੋਲ ਤੋਲੇ ਨਾਲ ਤਰਾਜੂ, ਖੰਡਾ ਇਕੋ ਹੱਥ ਉਠਾਈਆ । ਸ਼ਬਦ ਸੰਦੇਸਾ ਕਾਇਆ ਅੰਦਰ ਸੁਣਾਏ ਨਾਦੂ, ਅਨਹਦ ਆਪਣੀ ਧੁਨ ਸੁਣਾਈਆ । ਪ੍ਰੇਮ ਪਿਆਰ ਦਾ ਪਾਵੇ ਜਾਦੂ, ਯਦਵਾ ਵਿਛੜੇ ਲਏ ਮਿਲਾਈਆ । ਧੁਰ ਦੇ ਹੁਕਮ ਵਜਾਏ ਢਾਡੂ, ਢੰਡੋਰਾ ਦੋ ਜਹਾਨ ਫਿਰਾਈਆ । ਜਿਸ ਨੂੰ ਈਸਾ ਮੂਸਾ ਕਿਹਾ ਗਾਡੂ, ਗਾਡ ਗਾਈਡ ਇਕੋ ਨੂਰ ਅਲਾਹੀਆ । ਧੁਰ ਕਾ ਕਲਮਾ ਰਖ ਕੇ ਰਾਡੂ, ਦੋ ਜਹਾਨ ਭੈ ਜਣਾਈਆ । ਸਤਿ ਪ੍ਰੇਮ ਸੁਣਾਏ ਰਬਾਬੂ, ਨਾਨਕ ਗੋਬਿੰਦ ਧਾਰ ਪ੍ਰਗਟਾਈਆ । ਮੇਲ ਮਿਲਾਏ ਮਾਲਵਾ ਦਵਾਬੂ, ਦਰੋਹੀ ਆਪਣੀ ਖੇਲ ਖਿਲਾਈਆ । ਬਿਨ ਭਗਤਾਂ ਕਿਸੇ ਨਾ ਆਵੇ ਕਾਬੂ, ਕਾਬਲ ਕੰਧਾਰੀ ਵੇਖਣ ਨੈਣ ਉਠਾਈਆ । ਸਤਿ ਪ੍ਰੇਮ ਦਾ ਰਖੇ ਮਜ਼ਾਜੂ, ਮਜਾਜ ਜਗਤ ਨਾਲ ਰਖਾਈਆ । ਲੇਖਾ ਚੁਕਾਏ ਅਯੁਧਿਆ ਪਰਾਗੂ, ਕਾਸ਼ੀਆਂ ਕਪਟ ਦਏ ਮਿਟਾਈਆ । ਝਗੜਾ ਰਹਿਣ ਨਾ ਦੇਵੇ ਵਾਧੂ, ਵਿਦਿਆ ਆਪਣੀ ਇਕ ਸਮਝਾਈਆ । ਜਨ ਭਗਤ ਤਰਾਏ ਬਿਨਾ ਸਮਾਧੂ, ਸਮਗਰੀ ਇਕੋ ਇਕ ਵਰਤਾਈਆ । ਭੇਵ ਖੁਲਾ ਕੇ ਬੋਧ ਅਗਾਧੂ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਥੇ ਨਾ ਕੋਈ ਸਵਾਲ ਜਵਾਬੂ, ਪੁਛਣ ਵਾਲਾ ਨਜ਼ਰ ਕੋਇ ਨਾ ਆਈਆ । ਲਹਿਣਾ ਦੇਣਾ ਪੂਰਾ ਕਰੇ ਨਾਨਕ ਵਾਲਾ ਬਗ਼ਦਾਦੂ, ਦਜਲਾ ਫ਼ਰਾਤ ਨਾਲ ਮਿਲਾਈਆ । ਜੁਗ ਜਨਮ ਦੇ ਵਿਛੜੇ ਸੰਤ ਸੁਹੇਲੇ ਆਪਣੇ ਕਰੇ ਕਾਬੂ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੋ ਜਹਾਨਾਂ ਏਕਾ ਏਕ ਇਕੱਲਾ ਬਣੇ ਆਗੂ, ਮਾਲਕ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਮੰਤਰ ਨਾਮ ਜਣਾਈਆ । ਨਾਰਦ ਕਹੇ ਓਹ ਧਰਨੀਏ ਤੇਰਾ ਆ ਗਿਆ ਧੁਰ ਦਾ ਬਾਪੂ, ਪਿਤਾ ਪੁਰਖ ਅਕਾਲ ਨੂਰ ਅਲਾਹੀਆ । ਜਿਸ ਦਾ ਆਦਿ ਅੰਤ ਇਕੋ ਜਾਪੂ, ਅਜਪਾ ਜਾਪ ਨਾਲ ਮਿਲਾਈਆ । ਤੇਰਾ ਤ੍ਰੈਗੁਣ ਮੇਟੇ ਤਾਪੂ, ਅਗਨੀ ਤਤ ਦਏ ਬੁਝਾਈਆ । ਜੀਵਾਂ ਜੰਤਾਂ ਕਰੇ ਪਾਕੂ, ਪਤਤ ਪੁਨੀਤ ਹੋਵੇ ਲੋਕਾਈਆ । ਆਤਮ ਪਰਮਾਤਮ ਬਣਾਏ ਸਾਕੂ, ਸਾਹਿਬ ਸੱਜਣ ਇਕ ਅਖਵਾਈਆ । ਜਨ ਭਗਤਾਂ ਅੰਦਰ ਵੜ ਵੜ ਝਾਕੂ, ਬਿਨ ਨੈਣਾਂ ਨੈਣ ਉਠਾਈਆ । ਸਤਿਗੁਰ ਸ਼ਬਦ ਬਣਾ ਕੇ ਕਾਕੂ, ਨਿੱਕਾ ਨੰਨ੍ਹਾ ਭੇਜੇ ਥਾਉਂ ਥਾਈਂਆ । ਤੇਰੀ ਮੇਟੇ ਰੈਣ ਅੰਧੇਰੀ ਰਾਤੂ, ਰੁਤੜੀ ਆਪਣੇ ਨਾਲ ਮਹਿਕਾਈਆ । ਲੇਖਾ ਜਾਣੇ ਪੈਗ਼ੰਬਰਾਂ ਵਾਲਾ ਬਾਤਨ ਬਾਤੂ, ਭੇਵ ਅਭੇਦ ਦਏ ਖੁਲਾਈਆ । ਸਤਿ ਨਾਦ ਦੀ ਸਤਿ ਦੇ ਕੇ ਦਾਤੂ, ਦਇਆਵਾਨ ਹੋਏ ਸਹਾਈਆ । ਆਵੇ ਪਾੜ ਗਗਨ ਦੀ

ਛਾਤੂ, ਛੱਪਰ ਛੰਨ ਸਮਝ ਕੋਇ ਨਾ ਪਾਈਆ । ਨੀ ਉਹ ਬੇਪ੍ਰਵਾਹ ਅਗੰਮ ਅਥਾਹ ਦੀਨ ਦੁਨੀ ਤੋਂ ਵੱਖਰਾ ਹੋਵੇ ਅਫ਼ਲਾਤੂ, ਜਿਸ ਦਾ ਅਲਿਫ਼ ਯੇ ਭੇਵ ਕੋਇ ਨਾ ਪਾਈਆ । ਤੇਰੇ ਉਤੇ ਝਗੜਾ ਮੇਟੇ ਕੂੜ ਤਮਾਕੂ, ਗੋਬਿੰਦ ਦਾ ਲਹਿਣਾ ਵੇਖ ਵਖਾਈਆ । ਸਦੀ ਚੌਧਵੀਂ ਸਭ ਦੇ ਪਰਦੇ ਢਾਕੂ, ਜਨ ਭਗਤਾਂ ਸਿਰ ਹੱਥ ਟਿਕਾਈਆ । ਦੀਨ ਦੁਨੀ ਲੁੱਟੇ ਬਣ ਕੇ ਡਾਕੂ, ਧਾੜਵੀ ਧਾੜੇ ਮਾਰੇ ਥਾਉਂ ਥਾਈਂਆ । ਮਾਇਆ ਮਮਤਾ ਵਜ਼ਨ ਰਹਿਣਾ ਨਹੀਂ ਧੜੀ ਸੇਰ ਛਟਾਂਕੂ, ਰਤੀਆਂ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਬਜਰ ਕਪਾਟੀ ਪਾਟੂ, ਮੇਲਾ ਮੇਲੇ ਪੂਰਨ ਸਤਿਗੁਰ ਧੁਰ ਦਾ ਮਾਹੀਆ । ਜਿਨ ਦੀਨ ਦੁਨੀ ਦੇ ਵੇਖਣੇ ਟਾਪੂ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਧਰਨੀਏ ਆਪਣੇ ਚਰਨ ਨਾਲ ਪਵਿਤ੍ਰ ਕਰੇਗਾ ਛਾਤੂ, ਸੀਨੇ ਤੇਰੇ ਕਰੇ ਸਫ਼ਾਈਆ । ਪਾਰਸ ਕੰਚਨ ਬਣਾ ਕੇ ਧਾਤੂ, ਕਲਜੁਗ ਲੋਹਾ ਰੂਪ ਦਏ ਬਦਲਾਈਆ । ਤੂੰ ਮੇਰਾ ਮੈਂ ਤੇਰਾ ਖੋਲ ਕੇ ਹਾਟੂ, ਨਾਮ ਵਣਜ ਇਕ ਕਰਾਈਆ । ਨੀ ਤੂੰ ਘੁੰਮਣ ਵਾਲੀ ਜੁਗ ਚੌਕੜੀ ਵਾਂਗ ਲਾਟੂ, ਲਿਟਾ ਖੋਲ ਕੇ ਤੱਕਣਾ ਧੁਰ ਦਾ ਮਾਹੀਆ । ਜਿਸ ਦੇ ਕੋਲੋਂ ਕੋਈ ਵਿਰਲਾ ਗੁਰਮੁਖ ਲਾਹਾ ਖਾਟੂ, ਖਟਕੇ ਵਿਚ ਸਰਬ ਲੋਕਾਈਆ । ਤੂੰ ਫਿਰ ਆਪਣਾ ਸੀਸ ਗੁੰਦਾਵੀਂ ਖੁਲਾ ਰਖੀਂ ਨਾ ਝਾਟੂ, ਕੰਤ ਸੁਹਾਗ ਇਕ ਮਨਾਈਆ । ਸਚ ਪ੍ਰੀਤੀ ਜੋੜ ਦੇਈਂ ਨਾਤੂ, ਨਾਤਵਾਂ ਜੋਵਨਵੰਤੀ ਹੋ ਕੇ ਲੈਣੀ ਅੰਗੜਾਈਆ । ਅੰਦਰੋਂ ਕਢੇ ਤੇਰੇ ਭਰਮ ਭਰਾਂਤੂ, ਭਰਮਾਂ ਡੇਰਾ ਢਾਹੀਆ । ਭਾਗ ਲਗਾਏ ਲੋਕਮਾਤੂ, ਮਿਤਰ ਪਿਆਰਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਧਰਨੀਏ ਨੀ ਉਹ ਵੇਖ ਲੈ ਆਪਣਾ ਮਿਤੂ, ਮਿਤਰ ਪਿਆਰਾ ਅਗੰਮ ਅਥਾਹੀਆ । ਜੋ ਵਸੇ ਹਰ
੧੧੫੬ ੨੩ ਘਟ ਚਿਤੂ, ਚੇਤਨ ਰੂਪ ਨੂਰ ਅਲਾਹੀਆ । ਜਨ ਭਗਤਾਂ ਕਰੇ ਸਾਚਾ ਹਿਤੂ, ਹਿੱਤਕਾਰੀ ਇਕੋ ਇਕ ਅਖਵਾਈਆ । ਜਗ ਨੇਤਰ ਕਿਸੇ ਨਾ ਦਿਸੂ, ਅੱਖੀਆਂ ਵੇਖਣ ਕੋਇ ਨਾ ਪਾਈਆ । ਜੋ ਭਗਤਾਂ ਲਹਿਣਾ ਦੇਣਾ ਦੇਵੇ ਹਿਸੂ, ਪੂਰਬ ਲੇਖੇ ਝੋਲੀ ਭਰਾਈਆ । ਜਿਸ ਦੀ ਆਸ਼ਾ ਰਖ ਕੇ ਗਿਆ ਯਸੂਹ, ਮਸੀਹ ਮਸਲਿਆਂ ਨਾਲ ਸੁਣਾਈਆ । ਉਹ ਸਚ ਸੁਨੇਹੁੜਾ ਦੱਸੂ, ਦਹਿ ਦਿਸ਼ਾ ਕਰੇ ਸ਼ਨਵਾਈਆ । ਮੂਸਾ ਵੇਖ ਵੇਖ ਕੇ ਹੱਸੂ, ਹਸਤੀ ਤੇਰੀ ਬੇਪ੍ਰਵਾਹੀਆ । ਮੁਹੰਮਦ ਚਾਰ ਯਾਰੀ ਨਾਲ ਨੱਸੂ, ਚੌਦਾਂ ਤਬਕਾਂ ਪੰਧ ਮੁਕਾਈਆ । ਨਾਰਦ ਕਹਿ ਕੇ ਅਲੱਖ ਅਲੱਖੂ, ਅਲਖ ਅਗੋਚਰ ਤੇਰੀ ਵਡ ਵਡਿਆਈਆ । ਗੋਬਿੰਦ ਕਹੇ ਮੇਰਾ ਲਹਿਣਾ ਦੇਣਾ ਮੁਕਾਵੇ ਹੱਥੋ ਹੱਥੂ, ਲੇਖਾ ਹਥੇਲੀ ਉਤੇ ਟਿਕਾਈਆ । ਮੈਂ ਲੱਭਾ ਜਿਸ ਯਾਰ ਦੇ ਸਥਰ ਸੱਥੂ, ਕੰਡਿਆਂ ਵਾਲੀ ਸੇਜ ਹੰਢਾਈਆ । ਉਹ ਸਰਬ ਕਲਾ ਸਮਰਥੂ, ਮੇਰਾ ਦਾਤਾ ਧੁਰਦਰਗਾਹੀਆ । ਜਗਤ ਦੇ ਨੇਤਰ ਵਰੋਲੇ ਅੱਥੂ, ਹੰਝੂਆਂ ਖੇਲ ਖਿਲਾਈਆ । ਪੂਜਾ, ਮਿਟਾਏ ਪਾਹਨ ਪੱਥੂ, ਪੱਥਰਾਂ ਸੀਸ ਨਾ ਕੋਇ ਨਿਵਾਈਆ । ਜਨ ਭਗਤਾਂ ਦਰਸ਼ਨ ਦੇਵੇ ਅੱਖੂ, ਘਰ ਸਨਮੁਖ ਸੋਭਾ ਪਾਈਆ । ਅੰਤ ਕੰਤ ਭਗਵੰਤ ਹੋ ਕੇ ਲਾਜ ਰਖੂ, ਸਿਰ ਆਪਣਾ ਹੱਥ ਟਿਕਾਈਆ । ਸਚ ਪ੍ਰੀਤੀ ਨਾਲ ਰੱਤੂ, ਰੰਗ ਇਕੋ ਇਕ ਰੰਗਾਈਆ । ਜਿਸ ਦੇ ਹੁਕਮ ਨਾਲ ਦੀਨ ਦੁਨੀਆ ਚਾਰੋਂ ਕੁੰਟ ਤਪੂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕੋਟਾਂ ਵਿਚੋਂ ਭਗਤ ਸੁਹੇਲਾ ਤੂੰ ਮੇਰਾ ਮੈਂ ਤੇਰਾ ਨਾਮ ਜਪੂ, ਸੋਹੰ ਢੋਲਾ ਅਗੰਮ ਅਥਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ, ਦੇਵੇ ਸਤਿ ਸੰਤੋਖ ਸਤੂ, ਸਤਿ ਧਰਮ ਦੀ ਧਾਰ ਜਣਾਈਆ । ਕਲਜੁਗ ਅੰਤ ਰਖੇ ਆਪ ਪਤੂ, ਪਤਿਪਰਮੇਸ਼ਵਰ ਮੇਰਾ ਮਾਹੀਆ । ਨਾਰਦ ਕਹੇ ਧਰਨੀਏ ਮੈਂ ਖ਼ੁਸ਼ੀਆਂ ਦੇ ਵਿਚ ਟੱਪੂ, ਭੱਜਾਂ ਵਾਹੋ ਦਾਹੀਆ । ਜਿਸ ਮੈਨੂੰ

ਆਪਣਾ ਭਗਤ ਸੁਹੇਲਾ ਬਣਾਇਆ ਸਕੂ, ਸਾਜਣ ਹੋ ਕੇ ਵੇਖ ਵਖਾਈਆ । ਉਹ ਵਸਣਹਾਰਾ ਘਟ ਘਟੂ, ਘਟ ਘਟ ਰਿਹਾ ਸਮਾਈਆ । ਗੁਰਮੁਖਾਂ ਗੁਰਸਿੱਖਾਂ ਭਾਗ ਲਗਾਏ ਕਾਇਆ ਮੱਟੂ, ਮਟਕੇ ਭਾਂਡੇ ਮਾਟੀ ਕਰੇ ਸਫ਼ਾਈਆ । ਅੰਮ੍ਰਿਤ ਨਿਝਰ ਧਾਰਾ ਵਿਚੋਂ ਝੱਟੂ, ਮੇਘ ਅਗੰਮਾ ਆਪ ਬਰਸਾਈਆ । ਕੋਈ ਵਿਰਲਾ ਗੁਰਮੁਖ ਉਸ ਦਾ ਰਸ ਚੱਟੂ, ਕੂੜੇ ਚੇਟਕ ਵਿਚ ਦਿਸੇ ਲੋਕਾਈਆ । ਉਹ ਲੇਖਾ ਜਾਣੇ ਅੱਠ ਸੱਠੂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੋਜ ਖੁਜਾਈਆ । ਲੇਖਾ ਪੂਰ ਕਰਾਏ ਮੰਦਰ ਮਸਜਿਦ ਸ਼ਿਵਦਵਾਲੇ ਮਠੂ, ਗੁਰੂਦਵਾਰਿਆਂ ਭੇਵ ਰਹੇ ਨਾ ਰਾਈਆ । ਸਤਿਜੁਗ ਸਾਚਾ ਮਾਰਗ ਏਕਾ ਦੱਸੂ, ਦਹਿ ਦਿਸ਼ਾ ਕਰੇ ਸ਼ਨਵਾਈਆ । ਹਰਿ ਭਗਤਾਂ ਹਿਰਦੇ ਅੰਦਰ ਵੱਸੂ, ਵਾਸਤਾ ਆਪਣੇ ਨਾਲ ਜੁੜਾਈਆ । ਕਲਜੁਗ ਮੇਟ ਕੇ ਰੈਣ ਅੰਧੇਰੀ ਮੱਸੂ, ਸਤਿਜੁਗ ਸਚ ਕਰੇ ਰੁਸ਼ਨਾਈਆ । ਨਾਰਦ ਕਹੇ ਜਨ ਭਗਤ ਸੁਹੇਲੇ ਨਿੱਕੇ ਵੱਡੇ ਬਿਰਧ ਬਾਲ ਜਵਾਨ ਆਪਣੇ ਬਣਾ ਕੇ ਬੱਚੂ, ਬਚਪਨ ਆਪਣੀ ਗੋਦ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਜਗਤ ਜਹਾਨ ਮਥੂ, ਮਥਨ ਕਰੇ ਕੂੜ ਲੋਕਾਈਆ ।

### ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰੁਕਨਾ ਮੁਗ਼ਲਾ ਜ਼ਿਲਾ ਫਿਰੋਜ਼ਪੁਰ ਸੁਲੱਖਣ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਧਰਨੀਏ ਵੇਖ ਲੈ ਦੀਨਾਂ ਬੰਧੁ, ਬੰਦਨਾ ਸਭ ਦੀ ਰਿਹਾ ਬਦਲਾਈਆ । ਜਗਤ ਨੇਤਰ ਨਿਧਾਨ ਵੇਖੇ ਅੰਧੂ, ਅੰਧ ਆਤਮ ਖੋਜ

ਖੁਜਾਈਆ । ਤੇਰੀ ਨਵ ਸੱਤ ਦੀ ਮੰਜ਼ਲ ਲੰਘੂ, ਸਮੁੰਦ ਸਾਗਰਾਂ ਪਾਰ ਕਰਾਈਆ । ਜਨ ਭਗਤਾਂ ਅੰਦਰ ਸਚ ਸਿੰਘਾਸਣ ਸੁਹਾਏ ਪਲੰਘੂ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਕਾਇਆ ਚੋਲੀ ਨਾਮ ਨਿਧਾਨੇ ਨਾਲ ਰੰਗੂ, ਰੰਗਤ ਆਪਣੀ ਆਪ ਵਖਾਈਆ । ਤੂੰ ਮੇਰਾ ਮੈਂ ਤੇਰਾ ਦਸ ਕੇ ਛੰਦੂ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਬਜਰ ਕਪਾਟੀ ਤੋੜ ਕੇ ਜੰਦੂ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਅੰਮ੍ਰਿਤ ਧਾਰ ਬਖ਼ਸ਼ ਕੇ ਸਾਗਰ ਸਿੰਧੂ, ਅਤੋਟ ਅਤੁਟ ਵਰਤਾਈਆ । ਨੇਤਰ ਨੈਣ ਪੂੰਝ ਕੇ ਹੰਝੂ, ਸਿਰ ਆਪਣਾ ਹੱਥ ਟਿਕਾਈਆ । ਧੂੜੀ ਖ਼ਾਕ ਰਮਾ ਕੇ ਬਿੰਦੂ, ਬਿੰਦਰਾਬਨ ਦੇ ਲੇਖੇ ਪੂਰ ਕਰਾਈਆ । ਜਿਸ ਨੂੰ ਜਗਤ ਜਹਾਨ ਨਿੰਦੂ, ਨਿੰਦਕ ਹੋਵੇ ਲੋਕਾਈਆ । ਉਹ ਵਸੇ ਸਾਚੇ ਖੇੜੇ ਕਾਇਆ ਪਿੰਡੂ, ਇੰਡ ਬ੍ਰਹਿਮੰਡ ਧਿਆਨ ਰਖਾਈਆ । ਉਹਨੂੰ ਸਮਝੇ ਕੋਇ ਨਾ ਮੁਸਲਿਮ ਹਿੰਦੂ, ਇਸਾਈ ਸਮਝਣ ਕੋਇ ਨਾ ਪਾਈਆ । ਨੇਤਰ ਨੈਣ ਦੂਰ ਦੁਰਾਡਾ ਤੱਕੇ ਸੁਰਪਤ ਇੰਦੂ, ਇੰਦਰਾਸਣ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸਦੇ ਲਾਡਲੇ ਬਿੰਦੂ, ਸ੍ਵਯੰ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਨਾਰਦ ਕਹੇ ਧਰਨੀਏ ਵੇਖ ਲੈ ਆਪਣਾ ਹਿਤੂ, ਕੀ ਕਰਤਾ ਖੇਲ ਖਿਲਾਈਆ । ਜਿਸ ਦੀ ਵਾਰ ਸਮਝ ਨਾ ਆਵੇ ਥਿਤੂ, ਘੜੀ ਪਲ ਭੇਵ ਕੋਇ ਨਾ ਪਾਈਆ । ਉਹ ਤੇਰੇ ਉਤੇ ਵਹਿਣ ਵਹਾਵਣ ਵਾਲਾ ਰਿਤੂ, ਰਕਤ ਬੂੰਦਾਂ ਕਰੇ ਸਫ਼ਾਈਆ । ਤੇਰੀ ਕਿਆਰੀ ਜਗਤ ਖ਼ੂਨ ਨਾਲ ਸਿੰਚੂ, ਸਤਿ ਦਾ ਮਾਲਕ ਹੁਕਮ ਵਰਤਾਈਆ । ਤੇਰੀਆਂ ਖੁਲ੍ਹੀਆਂ ਵੇਖੇ ਲਿਟੂ, ਚਾਰੋਂ ਕੁੰਟ ਪਏ ਦੁਹਾਈਆ । ਕਮਲੀਏ ਤੇਰੀ ਆਸ਼ਾ ਫੇਰ ਬਹੁੜੀ ਬਹੁੜੀ ਕਰ ਕੇ ਪਿਟੂ, ਦੁਹੱਥੜ ਸੀਨੇ ਉਤੇ ਲਗਾਈਆ । ਆਹ

ਲੈ ਮੈਂ ਤੈਨੂੰ ਦੇਂਦਾ ਚਿਟੂ, ਜੋ ਗੁਰ ਅਵਤਾਰ ਪੈਗ਼ੰਬਰ ਗਏ ਫੜਾਈਆ । ਜਿਸ ਦੇ ਵਿਚ ਅੰਤ ਅਖ਼ੀਰੀ ਨਿਕਲੂ ਸਿੱਟੂ, ਸਿੱਟੇਬਾਜ਼ੀ ਖ਼ਲਕ ਖ਼ੁਦਾਈਆ । ਮਨੂਆ ਬਿਨ ਸਤਿਗੁਰ ਸ਼ਬਦ ਕਿਸੇ ਨਾ ਟਿਕੂ, ਟਕਿਆਂ ਵਾਲੇ ਗੁਰੂ ਕੰਮ ਕਿਸੇ ਨਾ ਆਈਆ । ਸਚ ਧਰਮ ਦਾ ਦੁੱਧ ਫਿਟੂ, ਜਾਗ ਕੂੜੀ ਕਾਂਜੀ ਵਾਲੀ ਲਗਾਈਆ । ਝਗੜਾ ਮੁਕਾਵੇ ਪੱਥਰ ਇਟੂ, ਪਾਹਨਾਂ ਕਰੇ ਸਫ਼ਾਈਆ । ਮਾਇਆ ਮਮਤਾ ਸ਼ੌਹ ਦਰਿਆਏ ਸਿਟੂ, ਸਤਿਗੁਰ ਹੋਏ ਆਪ ਸਹਾਈਆ । ਜਨ ਭਗਤ ਸੁਹੇਲਾ ਬਣ ਕੇ ਮਿਤੂ, ਮਿਤਰ ਪਿਆਰਾ ਦਏ ਵਡਿਆਈਆ । ਕਾਇਆ ਮਾਟੀ ਭਾਂਡੇ ਪੋਚੇ ਲਿਪੂ, ਧਰਮ ਦੀ ਧਾਰ ਸੇਵ ਕਮਾਈਆ । ਮਨਮੁਖਾਂ ਕੋਲੋਂ ਚਾਰੋਂ ਕੁੰਟ ਛਿਪੂ, ਨੇਤਰ ਨਜ਼ਰ ਕਿਸੇ ਨਾ ਆਈਆ । ਖੇਲ ਖਿਲਾਵੇ ਸੱਤ ਦੀਪੂ, ਦੀਪਕ ਜੋਤ ਕਰ ਰੁਸ਼ਨਾਈਆ । ਲਹਿਣਾ ਦੇਣਾ ਪੂਰਾ ਕਰੇ ਭਗਤ ਪੀਪੂ, ਪੂਤਨਾ ਆਸਾ ਲੇਖੇ ਵਿਚ ਲਗਾਈਆ । ਹਰਿਜਨ ਕਰ ਕੇ ਠਾਂਡੀ ਸੀਤੂ, ਅਗਨੀ ਤਤ ਗਵਾਈਆ । ਸਤਿਜੁਗ ਸਚ ਚਲਾ ਕੇ ਰੀਤੂ, ਮਾਰਗ ਇਕੋ ਇਕ ਵਖਾਈਆ । ਦੀਨ ਦੁਨੀ ਕਰੇ ਭੈ ਭੀਤੂ, ਭਾਓ ਆਪਣਾ ਇਕ ਸਮਝਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਲੀਕੂ, ਲਾਈਨ ਇਕੋ ਦਏ ਵਖਾਈਆ । ਦੀਨ ਮਜ਼੍ਹਬ ਨਾ ਰਹੇ ਸ਼ਰੀਕੂ, ਸ਼ਰਕਤ ਕੂੜੀ ਦਏ ਗਵਾਈਆ । ਨਾਰਦ ਕਹੇ ਧਰਨੀਏ ਮੈਂ ਵੀ ਉਸ ਨੂੰ ਉਡੀਕੂੰ, ਦਿਵਸ ਰੈਣ ਨੈਣ ਉਠਾਈਆ । ਜਿਸ ਦੀ ਸਦੀ ਚੌਧਵੀਂ ਅੰਤ ਤਰੀਕੂ, ਤਰੀਕੇ ਨਾਲ ਗਿਆ ਸਮਝਾਈਆ । ਜੋ ਦੀਨਾਂ ਮਜ਼੍ਹਬਾਂ ਫੜ ਘਸੀਟੂ, ਚਾਰੋਂ ਕੁੰਟ ਵੇਖ ਵਖਾਈਆ । ਜਨ ਭਗਤਾਂ ਚਾੜ੍ਹੂ ਰੰਗ ਬਸੀਠੂ, ਬੀਠਲਾ ਨਾਮੇ ਵਾਲਾ ਧੁਰ ਦਾ ਮਾਹੀਆ । ਸਤਿਜੁਗ ਸਾਚਾ ਪੀਸਣ ਪੀਠੂ, ਚੱਕੀ ਨਾਮ ਵਾਲੀ ਚਲਾਈਆ । ਕਲਜੁਗ ਕੂੜਾ ਤ੍ਰੈਗੁਣ ਸਾੜ ਅੰਗੀਠੂ, ਅਗਨੀ ਅੱਗ ਜਲਾਈਆ । ਆਪਣਾ ਖੇਲ ਕਰੇ



ਅਨਡੀਠੂ, ਜਗਤ ਨੇਤਰ ਵੇਖਣ ਕੋਇ ਨਾ ਆਈਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਹੋਣਾ ਗੀਤੂ, ਸੋਹੰ ਢੋਲਾ ਧੁਰਦਰਗਾਹੀਆ । ਜਨ ਭਗਤਾਂ ਨਾਲ ਪ੍ਰੇਮ ਗੰਢ ਪੀਚੂ, ਪੇਚੀਦਗੀ ਸਮਝ ਕੋਇ ਨਾ ਪਾਈਆ । ਆਪੇ ਵਸੇ ਹਿਰਦੇ ਬੀਚੂ, ਮੰਦਰ ਅੰਦਰ ਇਕ ਸੁਹਾਈਆ । ਬਿਨ ਹਰਿ ਕਿਰਪਾ ਕਿਸੇ ਨਾ ਦੀਸੂ, ਜਗਦੀਸ਼ਰ ਧੁਰਦਰਗਾਹੀਆ । ਜਿਸ ਨੂੰ ਸਭ ਦਾ ਝੁਕਣਾ ਸੀਸੂ, ਸਿਰ ਚਰਨ ਕਵਲ ਸ਼ਰਨਾਈਆ । ਜਿਸ ਨੂੰ ਯਾਦ ਕਰਦੇ ਮੁਹੰਮਦ ਮੂਸਾ ਈਸੂ, ਇਸਮ ਇਕੋ ਇਕ ਵੇਖ ਵਖਾਈਆ । ਉਸ ਨੂੰ ਵੇਖ ਕੇ ਕਲਜੁਗ ਮਾਰੂ ਚੀਕੂ, ਚੀਕ ਚਿਹਾੜਾ ਦਏ ਪਵਾਈਆ । ਧਰਨੀਏ ਤੂੰ ਸਚ ਦੱਸ ਤੇਰੇ ਉਤੇ ਰੂਪ ਬਦਲੇਗਾ ਕੀਕੂ, ਕਿਸ ਤਰਾ ਖੇਲ ਖਿਲਾਈਆ । ਕਿਸ ਬਿਧ ਰੰਗ ਰੰਗਾਏ ਹਸਤ ਕੀਟੂ, ਕੀਟ ਕੀਟਾਂ ਦਏ ਵਡਿਆਈਆ । ਕੀ ਨਾਮ ਭੰਡਾਰਾ ਬਖ਼ਸ਼ੇ ਮੀਠੂ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਦੇਵਣਹਾਰਾ ਧੁਰ ਦਾ ਵਰ, ਕੀ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਧਰਨੀਏ ਉਹ ਤੱਕ ਲੈ ਆਪਣਾ ਸਹੇਲੂ, ਸਖ਼ੀਆਂ ਵਾਲੀਏ ਅਲਬੇਲੀਏ ਤੈਨੂੰ ਦਿਆਂ ਜਣਾਈਆ ਜਿਸ ਨੂੰ ਜਗਤ ਨੇਤਰ ਕੋਇ ਨਾ ਵੇਖੂ, ਦਿਸ਼ਾ ਚੜ੍ਹਦੀ ਲਹਿੰਦੀ ਦੱਖਣ ਪਹਾੜ ਅੱਖ ਨਾ ਕੋਇ ਉਠਾਈਆ । ਨੀ ਕੋਝੀਏ ਕਮਲੀਏ ਤੇਰੀ ਬਦਲਣ ਆ ਗਿਆ ਰੇਖੂ, ਰਿਖੀ ਰਿਖੀਸ਼ਰਾਂ ਦਾ ਲੇਖਾ ਦਏ ਚੁਕਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਤੇਰੇ ਮਸਤਕ ਲਾਏ ਮੇਖੂ, ਜੜ ਸਕੇ ਨਾ ਕੋਇ ਉਖੜਾਈਆ । ਤੂੰ ਚੌਰ ਕਰਨਾ ਆਪਣੇ ਪਿਆਰ ਨਾਲ ਕੇਸੂ, ਕੇਸਗੜ੍ਹ ਦਾ ਲੇਖਾ ਤੇਰੇ ਨਾਲ ਰਖਾਈਆ । ਨੀ ਉਹ ਮਾਲਕ ਖ਼ਾਲਕ ਬਣਿਆ ਕਲਜੁਗ ਪ੍ਰਦੇਸੂ, ਚਾਰੇ ਕੁੰਟ ਫਿਰੇ ਵਾਹੋ ਦਾਹੀਆ । ਉਹਦੇ ਕੋਲ ਨਾ ਭੂਰੀ ਨਾ ਖੇਸੂ, ਖ਼ਾਲੀ ਹੱਥ ਆਪਣਾ ਡੰਗ ਲੰਘਾਈਆ । ਨੀ ਜਿਸ ਦੀ

ਸਿਫ਼ਤ ਕਰਦਾ ਦੋ ਸਹੰਸਰ ਜਿਹਵਾ ਸ਼ੇਸ਼ੂ, ਦਿਵਸ ਰੈਣ ਢੋਲੇ ਗਾਈਆ । ਉਹ ਰਹਿਣ ਵਾਲਾ ਸਦਾ ਹਮੇਸ਼ੂ, ਹਮ ਸਾਜਣ ਇਕ ਅਖਵਾਈਆ । ਉਸ ਦੇ ਅਗੇ ਸਾਰੇ ਹੋਏ ਪੇਸ਼ੂ, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਤੇਰਾ ਸਾਹਿਬ ਸਵਾਮੀ ਤੇਰੇ ਉਤੇ ਕੁੱਦੂ, ਚਾਰੋਂ ਕੁੰਟ ਵੇਖ ਵਖਾਈਆ । ਤੇਰੀ ਸਾਰ ਪਾਵੇ ਸਿੰਧੂ, ਬਸੁਧੇ ਤੈਨੂੰ ਲਏ ਜਗਾਈਆ । ਲਹਿਣਾ ਦੇਣਾ ਜਾਣੇ ਕਲਜੁਗੂ, ਜੁਗ ਚੌਕੜੀ ਦਾ ਮਾਲਕ ਧੁਰਦਰਗਾਹੀਆ । ਜਿਸ ਵੇਲੇ ਮੁਹੰਮਦ ਦਾ ਅੰਤ ਪੁਗੂ, ਸਦੀ ਚੌਧਵੀਂ ਵੇਖ ਵਖਾਈਆ । ਉਸ ਵੇਲੇ ਥਣੀਂ ਧਾਰ ਰਹਿਣਾ ਨਹੀਂ ਦੁੱਧੂ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਦਾ ਇਸ਼ਾਰਾ ਕੋਇ ਨਾ ਬੁਝੂ, ਬੁਝਾ ਦੀਪ ਨਾ ਕੋਇ ਜਲਾਈਆ । ਬਿਨ ਭਗਤਾਂ ਤੋਂ ਸਾਚਾ ਮਾਰਗ ਕਿਸੇ ਨਾ ਸੁਝੂ, ਸਮਝ ਵਿਚ ਸਮਝ ਨਾ ਕੋਇ ਰਖਾਈਆ । ਚਾਰੋਂ ਕੁੰਟ ਤੇਰੀ ਖ਼ਾਕ ਉਡੂ, ਉਗਣ ਆਥਣ ਅੰਧੇਰਾ ਛਾਈਆ । ਕੂੜ ਕੁੜਿਆਰਾ ਹੈਸਿਆਰਾ ਤੇਰੇ ਉਤੇ ਬੇੜਾ ਡੁੱਬੂ, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਕੂੜ ਕੁਕਰਮੀ ਮਾਇਆ ਮਮਤਾ ਗਾਰੇ ਖੁੱਭੂ, ਬਾਹਰ ਫੜ ਨਾ ਕੋਇ ਕਰਾਈਆ । ਤੇਰਾ ਵਕਤ ਸੁਹੰਜਣਾ ਦਿਸੇ ਕੋਇ ਨਾ ਸ਼ੁਭੂ, ਸ਼ੁਭ ਵੇਲਾ ਨਜ਼ਰ ਕੋਇ ਨਾ ਆਈਆ । ਨੀ ਤੂੰ ਰੋਣਾ ਮਾਰ ਕੇ ਭੁਬੂ, ਹਾਏ ਉਫ਼ ਮੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਉਹ ਤੱਕ ਲੈ ਧੁਰ ਦਾ ਅੱਬੂ, ਅੱਬਾ ਵਾਲੀਏ ਧਿਆਨ ਲਗਾਈਆ । ਜਿਸ ਦਾ ਨੂਰ ਨੁਰਾਨਾ ਨੂਰ ਸਬੂ, ਦੋ ਜਹਾਨਾਂ ਸੋਭਾ ਪਾਈਆ । ਉਹ ਖੇਲ

੧੧੫੯
੨੩

੧੧੫੯
੨੩

ਖਲਾਏ ਆਦਿ ਅੰਤ ਮਧੂ, ਮਧ ਆਪਣਾ ਹੁਕਮ ਵਰਤਾਈਆ । ਤੇਰਾ ਲੇਖਾ ਜਾਣੇ ਯਦਪ ਯਦੂ, ਯਦੀ ਆਪਣੀ ਕਾਰ ਭੁਗਤਾਈਆ । ਜਿਸ ਕਲਜੁਗ ਸ਼ਰਅ ਮੇਟਣੀ ਹੱਦੂ, ਹਦੀਸਾ ਪੰਧ ਮੁਕਾਈਆ । ਉਹ ਲੱਭਿਆਂ ਕਿਸੇ ਨਾ ਲੱਭੂ, ਖੋਜਣ ਵਿਚ ਖੋਜ ਨਾ ਕੋਇ ਰਖਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਜੁਗ ਜਨਮ ਦੇ ਵਿਛੜੇ ਆਪੇ ਸੱਦੂ, ਸੱਦਾ ਦੇਵੇ ਥਾਉਂ ਥਾਈਂਆ । ਕਲਜੁਗ ਕੂੜ ਕੁੜਿਆਰਾ ਤੇਰੇ ਉਤੋਂ ਆਪਣਾ ਭਾਰ ਲੱਦੂ, ਲੱਦ ਕੇ ਭੱਜਾ ਜਾਵੇ ਵਾਹੋ ਦਾਹੀਆ । ਸਤਿਗੁਰ ਸ਼ਬਦ ਸ਼ੇਰ ਸ਼ੇਰ ਵਾਂਗੂ ਗੱਜੂ, ਚਾਰੋਂ ਕੁੰਟ ਭਬਕ ਸੁਣਾਈਆ । ਪ੍ਰਗਟ ਹੋ ਕੇ ਦੇਸ ਮੱਝੂ, ਮਾਝਾ ਦੋ ਜਹਾਨ ਰਖਾਈਆ । ਜਨ ਭਗਤਾਂ ਪਿਆਰ ਨਾਲ ਬੱਝੂ, ਡੋਰੀ ਸ਼ਬਦ ਤੰਦ ਰਖਾਈਆ । ਕੋਝੀਏ ਕਮਲੀਏ ਮੂਰਖੇ ਤੇਰਾ ਅੰਤਮ ਪਰਦਾ ਕੱਜੂ, ਮਿਹਰਵਾਨ ਸਿਰ ਆਪਣਾ ਹੱਥ ਰਖਾਈਆ । ਤੇਰੇ ਉਤੋਂ ਗੜ੍ਹ ਹੰਕਾਰੀ ਭਾਂਡਾ ਭੱਜੂ, ਮਾਟੀ ਖ਼ਾਕੀ ਰਹਿਣ ਨਾ ਪਾਈਆ । ਇਕੋ ਸਤਿ ਸਚ ਦਾ ਦੀਪਕ ਜਗੂ, ਚਾਰੋਂ ਕੁੰਟ ਹੋਵੇ ਰੁਸ਼ਨਾਈਆ । ਗੁਰਮੁਖਾਂ ਦਰਸ ਕਰਾਏ ਉਪਰ ਸ਼ਾਹ ਰਗੂ, ਰਘੁਪਤ ਹੋ ਕੇ ਮੇਲਾ ਮੇਲੇ ਸਹਿਜ ਸੁਭਾਈਆ । ਹਰਿਜਨ ਰਹੇ ਕੋਇ ਨਾ ਕੱਗੂ, ਕਾਗ ਹੰਸ ਦਏ ਬਣਾਈਆ । ਨਾਮ ਅੰਮ੍ਰਿਤ ਪਿਆਲਾ ਪਿਆ ਕੇ ਮਧੂ, ਮਧੁਰ ਧੁਨ ਦਏ ਸੁਣਾਈਆ । ਨੀ ਉਸ ਦਾ ਮੇਲਾ ਹੁੰਦਾ ਨਾਲ ਸਬਬੂ, ਤੂੰ ਮਿਲਣਾ ਚਾਈਂ ਚਾਈਂਆ । ਜਿਸ ਦੇ ਹੁਕਮ ਨਾਲ ਸਤਿਜੁਗ ਲੋਕਮਾਤ ਵਿਚ ਲੱਗੂ, ਨਾਤਾ ਧਰਮ ਤੇਰੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਮਲੇਛਾ ਮੇਟੇ ਸਭੂ, ਸਭਾ ਜਨ ਭਗਤਾਂ ਆਪ ਲਗਾਈਆ ।

## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਢੁਡੀਕੇ ਜ਼ਿਲਾ ਫ਼ਿਰੋਜ਼ਪੁਰ ਸਰੂਪ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਧਰਨੀਏ ਵੇਖ ਲੈ ਪ੍ਰਭੂ ਅਗੰਮ ਅਨਾਦੂ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਧਿਆਨ ਲਗਾਈਆ । ਜਿਸ ਦਾ ਹੁਕਮ ਸੰਦੇਸਾ ਨਾਮ ਕਲਮਾ ਨਿਰਗੁਣ ਧਾਰ ਬੋਧ ਅਗਾਧੂ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਆਪ ਸੁਣਾਈਆ । ਜੋ ਲੇਖਾ ਜਾਣੇ ਦੀਨ ਦੁਨੀ ਜਗਤ ਭਗਤ ਸਮਾਜੂ, ਵਰਨਾਂ ਬਰਨਾਂ ਦੀਨਾਂ ਮਜ਼੍ਹਬਾਂ ਖੋਜ ਖੁਜਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਭ ਨੇ ਕਿਹਾ ਮਹਿਬੂਬ ਮਿਹਰਵਾਨ ਅਹਿਬਾਬੂ, ਐਬਾਂ ਤੋਂ ਰਹਿਤ ਅਗੰਮ ਅਥਾਹੀਆ । ਉਹ ਧੁਰ ਫ਼ਰਮਾਨਾ ਦੇਵੇ ਇਕ ਅਹਿਲਾਦੂ, ਅੱਲਾ ਵਾਹਿਗੁਰੂ ਰਾਮ ਜਿਸ ਨੂੰ ਕਹਿ ਕੇ ਸਾਰੇ ਗਾਈਆ । ਤੂੰ ਸ਼ਬਦ ਸੰਦੇਸਾ ਦੇ ਦੇ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਜਾਤੂ, ਜਾਗਰਤ ਜੋਤ ਬਿਨ ਵਰਨ ਗੋਤ ਲਓ ਅੰਗੜਾਈਆ । ਕਲਜੁਗ ਜੀਵ ਜੰਤ ਸਾਧ ਸੰਤ ਹੰਸ ਬਣੋ ਕਾਗੋ, ਕੂੜੀ ਕਿਰਿਆ ਅੰਦਰੋਂ ਬਾਹਰ ਕਢਾਈਆ । ਮਾਇਆ ਮਮਤਾ ਮੋਹ ਵਿਕਾਰ ਤਿਆਗੋ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਆਤਮ ਧਾਰ ਕਰ ਪਿਆਰ ਆਪਣਾ ਆਪ ਸਾਧੋ, ਸਾਧਨਾ ਵਿਚ ਇਕੋ ਪੁਰਖ ਅਕਾਲਾ ਨਜ਼ਰੀ ਆਈਆ । ਦਰਸ਼ਨ ਕਰੋ ਮੋਹਨ ਮਾਧਵ ਮਾਧੋ, ਜੋ ਮਧੁਰ ਧੁਨ ਰਿਹਾ ਸੁਣਾਈਆ । ਤੁਹਾਡਾ ਆਵਣ ਜਾਵਣ ਲੱਖ ਚੁਰਾਸੀ ਗੇੜਾ ਕੱਟੇ ਅਜ਼ਾਬੋ, ਫ਼ਜ਼ਲ ਨਾਲ ਅਜ਼ਲ ਦਾ ਡਰ ਰਹੇ ਨਾ ਰਾਈਆ । ਓਸ ਦੀ ਸ਼ਰਨ ਸ਼ਰਨਾਈ ਬਿਨ ਕਦਮਾਂ ਤੋਂ ਭਾਗੋ, ਅੰਤਰ ਆਤਮ ਅੰਤਸ਼ਕਰਨ ਵਿਚ ਧਿਆਨ ਲਗਾਈਆ । ਜੋ ਮੇਲ ਮਿਲਾਏ ਦਇਆ ਕਮਾਏ ਮੋਹਨ ਮਾਧੋ, ਮਧੁਰ ਧੁਨ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਧਰਨੀਏ ਤੱਕ ਲੈ ਅਗੰਮਾ ਪੀਰ, ਪੀਰਨ ਪੀਰਾ ਨੂਰ ਅਲਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਦਸਤਗੀਰ, ਦੋ ਜਹਾਨਾਂ ਨੌਜਵਾਨਾਂ ਮਰਦ ਮਰਦਾਨਾ ਇਕ ਅਖਵਾਈਆ । ਸਾਹਿਬ ਸੁਲਤਾਨਾਂ ਨੌਜਵਾਨਾ ਗੁਣੀ ਗਹੀਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਰੂਪ ਵਟਾਈਆ । ਜਿਸ ਦਾ ਨਜ਼ਰ ਨਾ ਆਏ ਮਾਟੀ ਤਨ ਵਜੂਦ ਸਰੀਰ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਡਗਮਗਾਈਆ । ਉਹ ਦੇਵਣਹਾਰਾ ਨਿਰਗੁਣ ਸਰਗੁਣ ਧਾਰ ਸਭ ਨੂੰ ਧੀਰ, ਧਰਨੀ ਧਰਤ ਧਵਲ ਧੌਲ ਤੇਰੀ ਆਸਾ ਪੂਰ ਕਰਾਈਆ । ਕੋਝੀਏ ਕਮਲੀਏ ਤੇਰੇ ਸਿਰ ਤੋਂ ਲੱਥਾ ਚੀਰ, ਓਢਣ ਸਤਿ ਧਰਮ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਤੇਰੀ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਸ਼ਰਅ ਦੇ ਕੱਟ ਦੇਵੇ ਜ਼ੰਜੀਰ, ਸ਼ਰੀਅਤ ਦਾ ਲੇਖਾ ਦਏ ਮੁਕਾਈਆ । ਇਕੋ ਰੰਗ ਰੰਗਾ ਕੇ ਹਸਤ ਕੀਟ, ਫ਼ਕੀਰ ਫ਼ਿਕਰਾ ਢੋਲਾ ਧੁਰ ਦਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਤੇਰਾ ਮਹਿਬੂਬ ਨੂਰ ਅਲਾਹੀ ਅਵੱਲਾ, ਆਲਮੀਨ ਇਕ ਅਖਵਾਈਆ । ਜਿਸ ਦਾ ਚੌਦਾਂ ਤਬਕਾਂ ਇਕੋ ਦਿਸੇ ਮਹੱਲਾ, ਮੁਹੰਮਦ ਸਜਦਿਆਂ ਵਿਚ ਸੀਸ ਝੁਕਾਈਆ । ਨੀ ਓਹ ਫਿਰਦਾ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਜਲਾ ਥਲਾ, ਸਮੁੰਦ ਸਾਗਰਾਂ ਚਰਨਾਂ ਹੇਠ ਦਬਾਈਆ । ਜਿਸ ਨੇ ਸਚ ਸੰਦੇਸ ਨਰ ਨਰੇਸ਼ ਹੋ ਕੇ ਘੱਲਾ, ਨਵ ਸੱਤ ਬ੍ਰਹਮ ਮਤ ਆਤਮ ਤਤ ਇਕ ਜਣਾਈਆ । ਉਹ ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਦਰਗਾਹ ਸਾਚੀ ਮੁਕਾਮੇ ਹਕ ਆਪਣਾ ਆਸਣ ਲਾਈਆ । ਉਹਦਾ ਖੇਲ ਤੱਕ ਲੈ ਘੜੀ ਘੜੀ ਪਲ ਪਲਾ, ਪਾਰਬ੍ਰਹਮ ਪਤਿਪਰਮੇਸ਼ਵਰ ਕੀ ਆਪਣਾ ਹੁਕਮ ਵਰਤਾਈਆ ।

ਜਿਸ ਦਾ ਦੀਪਕ ਜੋਤ ਇਕੋ ਦੀਪ ਬਲਾ, ਬਲਧਾਰੀ ਇਕ ਅਖਵਾਈਆ । ਉਹ ਮੇਟਣ ਆਇਆ ਤੇਰੇ ਉਤੋਂ ਦੂਈ ਦਵੈਤੀ ਸੱਲਾ, ਸਲਾਹ ਮਸ਼ਵਰਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਧਰਨੀਏ ਓਹ ਵੇਖ ਲੈ ਮੇਰਾ ਮਹਿਬੂਬਾ, ਮਿਹਰਵਾਨ ਮਿਹਰਵਾਨ ਬੇਪਰਵਾਹੀਆ । ਜੋ ਹਰ ਘਟ ਮੌਜੂਦਾ, ਦਰ ਦਰ ਘਰ ਘਰ ਗ੍ਰਿਹ ਗ੍ਰਿਹ ਆਪਣਾ ਹੁਕਮ ਵਰਤਾਈਆ । ਉਹਦੀ ਮੰਜ਼ਲ ਇਕੋ ਹਕ ਮਕਸੂਦਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦੀ ਸਿਫ਼ਤ ਗਾ ਸਕਿਆ ਨਾ ਹਜ਼ਾਰਾ ਦਰੂਦਾ, ਬਸਰੀ ਇਸਮ ਨਾ ਕੋਇ ਚਤੁਰਾਈਆ । ਉਹਦਾ ਖੇਲ ਤੱਕ ਲੈ ਦੋ ਜਹਾਨ ਅਜਬ ਅਜੂਬਾ, ਜੋਬਨਵੰਤੀਏ ਆਪਣਾ ਪਰਦਾ ਆਪ ਉਠਾਈਆ । ਓਹ ਦੀਨ ਮਜ਼੍ਹਬ ਦੀਆਂ ਹੱਦਾਂ ਵਿਚ ਨਾ ਕਦੇ ਹੋਏ ਮੌਜੂਦਾ, ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਉਸ ਦਾ ਖੇਲ ਵੇਖ ਲੈ ਅਨੋਖਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਕਿਸੇ ਹੱਥ ਨਾ ਆਵੇ ਪੁਸਤਕ ਪੋਥਾ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਸੋ ਸਵਾਮੀ ਜਨ ਭਗਤਾਂ ਅੰਤਰ ਨਿਰੰਤਰ ਸੋਤਾ, ਸੁਰਤੀ ਸ਼ਬਦ ਸ਼ਬਦ ਸੁਰਤੀ ਮੇਲ ਮਿਲਾਈਆ । ਕਾਇਆ ਮੰਦਰ ਅੰਦਰ ਡੂੰਘੀ ਭਵਰੀ ਮਾਰ ਕੇ ਗੋਤਾ, ਨਿਝਰ ਰਸ ਬੂੰਦ ਸਵਾਂਤੀ ਕਵਲ ਨਾਭੀ ਆਪ ਟਪਕਾਈਆ । ਗੁਰਮੁਖ ਹਰਿਜਨ ਬਣਾ ਕੇ ਮਾਣਕ ਮੋਤਾ, ਜਗਤ ਕੀਮਤ ਨਜ਼ਰ ਕੋਇ ਨਾ ਆਈਆ । ਜੋ ਖ਼ਬਰ ਸੰਦੇਸਾ ਦੇਵੇ ਚੌਦਾਂ ਲੋਕਾ, ਚੌਦਾਂ ਤਬਕਾਂ ਰਿਹਾ ਸੁਣਾਈਆ । ਧਰਨੀਏ ਉਠ ਕੇ ਸੰਭਲ ਲੈ ਆਪਣਾ ਮੌਕਾ,

ਸੰਬਲ ਤੱਕ ਲੈ ਸਹਿਜ ਸੁਖਦਾਈਆ । ਜਿਸ ਦਾ ਨੂਰ ਨੁਰਾਨਾ ਪ੍ਰਕਾਸ਼ ਅਗੰਮਾ ਜੋਤਾ, ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਨਾਰਦ ਮੈਂ ਸੁਣਿਆ ਤੇਰਾ ਸੰਦੇਸ਼ਾ, ਸੰਧਿਆ ਸਰਘੀ ਵਕਤ ਨਾ ਕੋਇ ਚੁਕਾਈਆ । ਉਹ ਮਾਲਕ ਸਵਾਮੀ ਖ਼ਾਲਕ ਮੇਰਾ ਇਕ ਨਰੇਸ਼ਾ, ਨਰ ਨਰਾਇਣ ਆਦਿ ਜੁਗਾਦਿ ਅਖਵਾਈਆ । ਮੈਂ ਚਵਰ ਕਰਾਂ ਚਰਨ ਕਵਲ ਉਸ ਦੇ ਕੇਸਾ, ਧੂੜੀ ਖ਼ਾਕ ਰਮਾਈਆ । ਜਿਸ ਖੇਲ ਖਿਲਾਇਆ ਦਸ ਦਸਮੇਸ਼ਾ, ਦਹਿ ਦਿਸ਼ਾ ਹੋਏ ਸਹਾਈਆ । ਉਹ ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਨਾ ਰੂਪ ਬਦਲਾਈਆ । ਜਗਤ ਬਦਲਣਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਜਿਸ ਲੇਖ ਲਿਖਾਉਣਾ ਮੁਲ੍ਹਾਂ ਸ਼ੇਖ਼ਾ, ਮੁਸਾਇਕਾਂ ਡੇਰਾ ਢਾਹੀਆ । ਉਹ ਜਨ ਭਗਤਾਂ ਕਦੇ ਨਾ ਭੁਲੇ ਚੇਤਾ, ਚੇਤਨ ਸੁਰਤੀ ਲਏ ਕਰਾਈਆ । ਆਤਮ ਪਰਮਾਤਮ ਦੱਸ ਕੇ ਹੇਤਾ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਨਿਰਗੁਣ ਨਿਰਵੈਰ ਬਣ ਕੇ ਮੀਤਾ, ਨਿਜ ਲੋਚਨ ਨੈਣ ਅੱਖ ਦਏ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨਾ ਬੇਪਰਵਾਹੀਆ । ਧਰਨੀ ਕਹੇ ਮੇਰਾ ਸਵਾਮੀ ਸਾਹਿਬ ਸਤਿਗੁਰ, ਸ਼ਬਦੀ ਸ਼ਬਦੀ ਨਾਦ ਵਜਾਈਆ । ਲਹਿਣਾ ਦੇਣਾ ਪੂਰਾ ਕਰੇ ਧੁਰ, ਦਰਗਾਹ ਸਾਚੀ ਭੇਵ ਰਹੇ ਨਾ ਰਾਈਆ । ਲੇਖਾ ਜਾਣੇ ਦੇਵਤ ਸੁਰ, ਇੰਦ ਇੰਦਰਾਸਣ ਫੋਲ ਫੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਰਜ਼ਾ ਵਿਚ ਰਹੇ ਤੁਰ, ਤੁਰਤ ਆਪਣਾ ਹੁਕਮ ਮਨਾਈਆ । ਕਲਜੁਗ ਮੇਟੇ ਅੰਧੇਰਾ ਘੋਰ, ਘੋਰੀ ਬਣ ਕੇ ਖੋਜ ਖੁਜਾਈਆ । ਭੇਵ ਚੁਕਾਏ ਠੱਗ ਚੋਰ, ਚਿਰੀ ਵਿਛੁੰਨਿਆਂ ਜੋੜ ਜੁੜਾਈਆ । ਜਨ ਭਗਤਾਂ

ਸਦਾ ਵਸੇ ਕੋਲ, ਹਰ ਹਿਰਦੇ ਆਪਣਾ ਡੇਰਾ ਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰੇ ਕੌਲ, ਇਕਰਾਰਨਾਮੇ ਫੋਲ ਫੁਲਾਈਆ । ਅੰਤਮ ਲੇਖਾ ਤੇਰੀ ਝੋਲੀ ਪਾਏ ਧੌਲ, ਧਰਮ ਦੀ ਧਾਰ ਨਾਲ ਬੰਧਾਈਆ । ਤੂੰ ਸਦੀ ਚੌਧਵੀਂ ਨਾ ਜਾਵੀਂ ਡੋਲ, ਧੀਰਜ ਧੀਰ ਨਾਲ ਮਿਲਾਈਆ । ਝੱਟ ਨਾਰਦ ਪਿਆ ਬੋਲ, ਸਹਿਜ ਨਾਲ ਸੁਣਾਈਆ । ਧਰਨੀਏ ਧਰਮ ਦਵਾਰਾ ਆਪਣਾ ਖੋਲ, ਖ਼ਲਕ ਖ਼ਲਕ ਦੇ ਵਖਾਈਆ । ਝਗੜਾ ਮੁਕਾ ਦੇ ਪੰਡਤ ਪਾਂਧੇ ਰੌਲ, ਇਕੋ ਬ੍ਰਹਮ ਸਰਬ ਸਮਝਾਈਆ । ਪੰਚ ਵਿਕਾਰ ਕਰੇ ਨਾ ਘੋਲ, ਤ੍ਰਿਸ਼ਨਾ ਮਨ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਨਾਰਦ ਮੈਂ ਕੀ ਆਖਾਂ, ਅੱਖਰਾਂ ਤੋਂ ਬਾਹਰ ਕੀ ਸਮਝਾਈਆ । ਮੇਰਾ ਸਾਹਿਬ ਸਭ ਦਾ ਰਾਖਾ, ਜੁਗ ਜੁਗ ਸਾਚੀ ਸੇਵ ਕਮਾਈਆ । ਜਿਸ ਦੀ ਗ੍ਰੰਥ ਸ਼ਾਸਤਰ ਦੇਂਦੇ ਭਾਖਾ, ਭਾਸ਼ਾ ਆਪਣੀ ਆਪਣੀ ਬਦਲਾਈਆ । ਉਸ ਦੇ ਉਤੇ ਰਖ ਭਰਵਾਸਾ, ਧੀਰਜ ਧੀਰ ਨਾਲ ਜਣਾਈਆ । ਸੋ ਪੂਰੀਆਂ ਕਰੇ ਆਸ਼ਾ, ਖ਼ਾਹਿਸ਼ਾਂ ਮਨਸਾ ਨਾਲ ਰਖਾਈਆ । ਉਹਦੇ ਹੁਕਮ ਵਿਚ ਸ਼ੰਕਰ ਭੱਜਾ ਆਵੇ ਉਤੋਂ ਅਕਾਸ਼ਾ, ਬ੍ਰਹਮਾ ਵੇਤਾ ਬ੍ਰਹਮਲੋਕ ਪੰਧ ਮੁਕਾਈਆ । ਵਿਸ਼ਨੂੰ ਵਿਸ਼ਵ ਦੀ ਪਾਵੇ ਰਾਸਾ, ਬਿਨ ਗੋਪੀ ਕਾਹਨ ਰਾਸ ਰਚਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਤੱਕੇ ਤਮਾਸ਼ਾ, ਚਾਰੋਂ ਕੁੰਟ ਧਿਆਨ ਲਗਾਈਆ । ਝਟ ਨਾਰਦ ਦਾ ਨਿਕਲ ਗਿਆ ਹਾਸਾ, ਹੱਸ ਕੇ ਰਿਹਾ ਸੁਣਾਈਆ । ਧਰਨੀਏ ਨੀ ਉਹ ਮਾਲਕ ਵੱਸਦਾ ਉਤੇ ਆਕਾਸ਼ਾ, ਜਗ ਨੇਤਰ ਵੇਖਣ ਕੋਇ ਨਾ ਜਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀਆਂ ਸ਼ਾਖ਼ਾ, ਸ਼ਨਾਖ਼ਤ ਕਰਾਉਣ ਵਾਸਤੇ ਭੇਜੇ ਥਾਉਂ ਥਾਈਂਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਨੂਰ ਪ੍ਰਕਾਸ਼ਾ, ਨੂਰ ਨੂਰ ਅਲਾਹੀਆ । ਉਸ ਦੇ ਦਰੇ ਦਰਬਾਰ ਬਣ ਜਾ ਦਾਸੀ ਦਾਸਾ, ਆਪ ਆਪਣਾ ਮਾਣ ਮਿਟਾਈਆ । ਤੇਰਾ ਭਰ ਦਏ ਨਾਮ ਭੰਡਾਰੇ ਨਾਲ ਖ਼ਾਲੀ ਕਾਸਾ, ਕਸਮ ਨਾਲ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਰਬ ਕਲਾ ਸਮਰਾਥਾ, ਧਰਨੀ ਧਰਤ ਧਵਲ ਧੌਲ ਸਤਿਜੁਗ ਤੇਰਾ ਚਲਾਏ ਰਾਥਾ, ਕਲਜੁਗ ਕੂੜ ਕੁੜਿਆਰਾ ਦਏ ਮਿਟਾਈਆ ।



### ✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਫ਼ਰੀਦਕੋਟ ਸ਼ਹਿਰ ਡੋਗਰ ਬਸਤੀ ਇਕਬਾਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੈਂ ਦਿਵਸ ਰੈਣ ਨੱਠਾਂ, ਸਵਾਮੀ ਅੰਤਰਜਾਮੀ ਤੇਰੀ ਸੇਵ ਕਮਾਈਆ । ਚਰਨ ਕਵਲ ਧੁਰਦਰਗਾਹੀ ਤੇਰੇ ਢੱਠਾਂ, ਧੂੜੀ ਵਾਲਿਆ ਧੂੜੀ ਖ਼ਾਕ ਤੇਰੀ ਰਮਾਈਆ । ਲੇਖਾ ਤੱਕ ਲੈ ਮੇਰੇ ਉਤੇ ਅੱਠਾਂ ਸੱਠਾਂ, ਤੀਰਥ ਤੱਟਾਂ ਮਾਣ ਰਿਹਾ ਨਾ ਰਾਈਆ । ਫਿਰ ਗਈ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ, ਚਰਚਾਂ ਮਸੀਤਾਂ ਰੰਗ ਨਾ ਕੋਇ ਰੰਗਾਈਆ । ਮੇਰਾ ਲਹਿਣਾ ਦੇਣਾ ਚਾਰ ਜੁਗ ਦਾ ਮੁਕਾ ਦੇ ਇਕੱਠਾ, ਅਕਲ ਕਲਧਾਰੀ ਲਹਿਣਾ ਦੇਣਾ ਮੁਕਾਈਆ । ਮੈਨੂੰ ਚਾਰੋਂ ਕੁੰਟ ਤੇਰੇ ਮਾਨਵ ਕਰਦੇ ਠੱਠਾ, ਠਗੌਰੀ ਮਨ ਮਤ ਵਾਲੀ ਨਾਲ ਮਿਲਾਈਆ । ਜਿਧਰ ਤੱਕਾਂ ਮੇਰੇ ਸੀਸ ਵਿਚ ਪੈਂਦਾ ਘੱਟਾ, ਘਟਾ ਕਾਲੀ ਰੈਣ ਅੰਧੇਰੀ ਛਾਈਆ । ਤੇਰਾ ਵਕਤ ਸੁਹੰਜਣਾ ਸਚ ਵਾਲਾ ਟੱਪਾ, ਕੂੜ ਕੁੜਿਆਰ ਆਪਣਾ ਡੰਕ

ਰਿਹਾ ਵਜਾਈਆ । ਮੇਰੇ ਉਤੇ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਹੁੰਦਾ ਜਾਏ ਪਟਾ, ਮੁਨਿਆਦ ਨਜ਼ਰ ਕੋਇ ਨਾ ਆਈਆ । ਗ੍ਰਿਹ ਮੰਦਰ ਘਰ ਦਿਸੇ ਕਿਸੇ ਨਾ ਛਟਾ, ਸਤਵੇਂ ਸਤਿ ਵਿਚ ਨਾ ਕੋਇ ਸਮਾਈਆ । ਤੇਰੀ ਕੀਮਤ ਪ੍ਰਭ ਰਹੀ ਨਾ ਪੈਸਾ ਟਕਾ, ਤੇਰਾ ਨਾਮ ਨਿਧਾਨ ਹੱਟਾਂ ਵਿਚ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭ ਕੂੜ ਕੁੜਿਆਰ ਕਰ ਦੇ ਮੁਕਤੀ, ਮਿਹਰਵਾਨ ਦਇਆ ਕਮਾਈਆ । ਲੇਖਾ ਤੱਕ ਲੈ ਆਪਣੀ ਸ਼ਕਤੀ ਭੁਗਤੀ, ਭਗਵਾਨ ਪਰਦਾ ਆਪ ਉਠਾਈਆ । ਪਵਿਤ੍ਰ ਰਹੀ ਕਿਸੇ ਨਾ ਸੁਰਤੀ, ਸੋਇਆ ਸਕੇ ਨਾ ਕੋਇ ਜਗਾਈਆ । ਤੇਰਾ ਨੂਰ ਨਜ਼ਰ ਨਾ ਆਏ ਅਕਾਲ ਮੂਰਤੀ, ਮਾਧਵ ਮੋਹਨ ਤੇਰਾ ਦਰਸ਼ਨ ਕੋਇ ਨਾ ਪਾਈਆ । ਸ਼ਬਦ ਸੁਣੇ ਨਾ ਕੋਇ ਨਾਦ ਤੂਰਤੀ, ਤੁਰੀਆ ਤੋਂ ਪਰੇ ਰੰਗ ਨਾ ਕੋਇ ਵਖਾਈਆ । ਮੈਂ ਆਸ਼ਾ ਰਖੀ ਤੇਰੀ ਇਕੋ ਹਾਜ਼ਰ ਹਜ਼ੂਰ ਦੀ, ਹਜ਼ਰਤਾਂ ਦੇ ਮਾਲਕ ਹੋਣਾ ਸਹਾਈਆ । ਮੰਜ਼ਲ ਮੁਕਾ ਦੇ ਪੈਂਡਾ ਨੇੜੇ ਦੂਰ ਦੀ, ਨੇਰਨ ਨੇਰ ਹੋ ਕੇ ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਮੇਟ ਦੇ ਦੁਖੜੇ ਵਾਲਾ ਰੋਗ, ਰੋਗਣ ਹੋ ਕੇ ਰਹੀ ਸੁਣਾਈਆ । ਤੇਰੀ ਚਰਨ ਪ੍ਰੀਤੀ ਮੇਰਾ ਹੋਵੇ ਜੋਗ, ਦੂਜਾ ਰੂਪ ਨਾ ਕੋਇ ਬਦਲਾਈਆ । ਆਤਮ ਪਰਮਾਤਮ ਸੋਹੰ ਹੋਵੇ ਸਾਚੀ ਚੋਗ, ਚੁਗਲੀ ਨਿੰਦਿਆ ਤੋਂ ਬਾਹਰ ਰਖਾਈਆ । ਆਤਮ ਪਰਮਾਤਮ ਬਖ਼ਸ਼ਣਾ ਭੋਗ, ਰਸਨਾ ਰਸ ਨਾ ਕੋਇ ਹਲਕਾਈਆ । ਸਤਿ ਸਚ ਦਾ ਦੇਣਾ ਸੰਜੋਗ, ਵਿਛੜਿਆਂ ਲਏ ਮਿਲਾਈਆ । ਤੇਰੇ ਦਰਸ ਦੀ ਹੋਵੇ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਕਲਜੁਗ ਦੀ

ਅੰਤਮ ਖ਼ਤਮ ਕਰ ਦੇ ਔਧ, ਆਯੂ ਅਵਰ ਨਾ ਕੋਇ ਵਧਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੇ ਸੋਧ, ਸੁਦੀ ਵਦੀ ਦਾ ਲੇਖਾ ਰਹੇ ਨਾ ਰਾਈਆ । ਤੂੰ ਮਾਲਕ ਅਗਾਧ ਬੋਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਆਪਣਾ ਗ੍ਰਿਹ ਗ੍ਰਿਹ ਦੇਣਾ ਦਰਸ ਅਮੋਘ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਤੇਰਾ ਇਕੋ ਗਾਵਣ ਸਲੋਕ, ਸੋ ਪੁਰਖ ਨਿਰੰਜਣ ਤੇਰੀ ਓਟ ਤਕਾਈਆ ।

### ✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਬਠਿੰਡੇ ਸ਼ਹਿਰ ਵਿਚ ਬਠਿੰਡਾ ਹਰਿ ਸੰਗਤ ਦੇ ਨਵਿਤ ✪

ਧਰਨੀ ਕਹੇ ਸੋ ਪੁਰਖ ਨਿਰੰਜਣ ਮੇਰੇ ਮੀਤੇ, ਮਿਤਰ ਪਿਆਰੇ ਹੋਣਾ ਆਪ ਸਹਾਈਆ । ਧੁਰਦਰਗਾਹੀ ਠਾਂਡੇ ਸੀਤੇ, ਸਤਿ ਸਵਾਮੀ ਅੰਤਰਜਾਮੀ ਤੇਰੀ ਓਟ ਤਕਾਈਆ । ਏਕੰਕਾਰ ਸਦਾ ਸੁਹੇਲੇ ਬਖ਼ਸ਼ੀਂ ਹਕ ਪ੍ਰੀਤੇ, ਪ੍ਰੀਤਮ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਨਿਰੰਜਣ ਮੇਰੇ ਜਗਦੀਸੇ, ਜਗਦੀਸ਼ਰ ਤੇਰੀ ਓਟ ਤਕਾਈਆ । ਅਬਿਨਾਸ਼ੀ ਕਰਤੇ ਤੂੰ ਸ਼ਹਿਨਸ਼ਾਹ ਸ਼ਾਹੋ ਸ਼ਬੀਸੇ, ਧੁਰ ਦੇ ਮਾਲਕ ਅਗੰਮ ਅਥਾਹੀਆ । ਸ੍ਰੀ ਭਗਵਾਨ ਤੁਧ ਬਿਨ ਮੇਰੀ ਬਦਲੇ ਕੋਇ ਨਾ ਰੀਤੇ, ਰੀਤੀਵਾਨ ਨੌਜਵਾਨ ਮਰਦ ਮਰਦਾਨ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਅੰਤਮ ਕਰ ਤਸਦੀਕੇ, ਬਿਨ ਨੇਤਰ ਲੋਚਨ ਨੈਣਾਂ ਆਪਣੀ ਅੱਖ ਖੁਲਾਈਆ । ਸਤਿਗੁਰ ਸ਼ਬਦ ਮਿਟਾ ਸ਼ਰੀਕੇ, ਸ਼ਰਅ ਸ਼ਰੀਅਤ ਲੇਖਾ ਰਹੇ

ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਭੇਵ ਵੇਖੋ ਜੀਵ ਜੀਅ ਕੇ, ਲੱਖ ਚੁਰਾਸੀ ਧਿਆਨ ਲਗਾਈਆ । ਸਤਿ ਧਰਮ ਦੇ ਸਭ ਨੂੰ ਭੁਲੇ ਤਰੀਕੇ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਨਾ ਕੋਇ ਮਿਲਾਈਆ । ਜਗਤ ਰਸ ਰਸਨਾ ਵਾਲੇ ਹੋਏ ਫੀਕੇ, ਅੰਮ੍ਰਿਤ ਰਸ ਨਾਮ ਨਾ ਕੋਇ ਚੁਆਈਆ । ਪੈਗ਼ੰਬਰੋ ਤੁਹਾਡੀ ਸੁਣੇ ਨਾ ਕੋਇ ਹਦੀਸੇ, ਹਜ਼ਰਤੋ ਹਜ਼ੂਰ ਨਾ ਕੋਇ ਮਿਲਾਈਆ । ਚੌਦਾਂ ਤਬਕ ਵੇਖੋ ਬਿਨਾ ਨਿਗਾਹ ਤੋਂ ਨੈਣ ਮੀਟੇ, ਨੂਰ ਨੁਰਾਨਾ ਨੌਜਵਾਨਾ ਨਜ਼ਰ ਕਿਤੇ ਨਾ ਆਈਆ । ਸ਼ਬਦੀ ਧਾਰ ਰਸ ਮਾਣੇ ਕੋਇ ਨਾ ਮੀਠੇ, ਕਲਜੁਗ ਕੂੜ ਵਿਖ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਵਿਚੋਂ ਜੋਤੀ ਧਾਰ, ਧਰਨੀ ਉਤੇ ਧਿਆਨ ਲਗਾਈਆ । ਚਾਰੋਂ ਕੁੰਟ ਹੋਇਆ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤ ਨੂਰ ਨਾ ਦਿਸੇ ਉਜਿਆਰ, ਉਜਾਲਾ ਮਿਟਿਆ ਖ਼ਲਕ ਖ਼ੁਦਾਈਆ । ਮੇਰੀ ਬਿਰਹੋਂ ਵਿਛੋੜੇ ਵਿਚ ਵੈਰਾਗਣ ਦੀ ਸੁਣੇ ਪੁਕਾਰ, ਨਿਵ ਨਿਵ ਸੀਸ ਨਿਵਾਈਆ । ਸਦੀ ਚੌਧਵੀਂ ਚਾਰੋਂ ਕੁੰਟ ਹੋਇਆ ਧੂੰਆਂਧਾਰ, ਧਰਮ ਦੀ ਧਾਰ ਰਹਿਣ ਕੋਇ ਨਾ ਪਾਈਆ । ਆਪਣਿਆਂ ਦੀਨਾਂ ਮਜ਼੍ਹਬਾਂ ਪਾਵੇ ਸਾਰ, ਗ੍ਰਿਹ ਗ੍ਰਿਹ ਅੰਦਰ ਆਪਣਾ ਧਿਆਨ ਲਗਾਈਆ । ਨਾਦ ਸ਼ਬਦ ਧੁਨ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਆਤਮ ਨਿਝਰ ਝਿਰਨਾ ਬੂੰਦ ਸਵਾਂਤੀ ਮਿਲੇ ਨਾ ਠੰਡੀ ਠਾਰ, ਨਾਭੀ ਕਵਲ ਨਾ ਕੋਇ ਉਲਟਾਈਆ । ਪਾਰਬ੍ਰਹਮ ਬ੍ਰਹਮ ਹੋਏ ਨਾ ਕੋਇ ਪਿਆਰ, ਪਰਦਾ ਸਕੇ ਨਾ ਕੋਇ ਉਠਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲਾਏ ਨਾ ਕੋਇ ਜੈਕਾਰ, ਰਸਨਾ ਜਿਹਵਾ ਢੋਲੇ ਗੀਤ ਕਾਇਨਾਤ ਦੀਨ ਦੁਨੀ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰਾ ਸੰਦੇਸ਼ਾ ਅੰਤ ਅਖ਼ੀਰ, ਬਿਨਾ ਅੱਖਰਾਂ ਦਿਆਂ ਜਣਾਈਆ । ਆ ਕੇ ਵੇਖੋ ਆਪਣੇ ਦੀਨ ਮਜ਼੍ਹਬ ਤਕਦੀਰ, ਤਦਬੀਰ ਆਪਣੀ ਨਾਲ ਫੇਰਾ ਪਾਈਆ । ਸ਼ਰਅ ਵੇਖੋ ਜਗਤ ਵਾਲੇ ਜ਼ੰਜੀਰ, ਨਾਮ ਕਲਮੇ ਹੱਥ ਰਖਾਈਆ । ਝਗੜਾ ਤੱਕੋ ਫ਼ਕੀਰ ਹਕੀਰ, ਸ਼ਾਹ ਸੁਲਤਾਨ ਰਹੇ ਕੁਰਲਾਈਆ । ਤੁਹਾਡੀ ਸ੍ਰਿਸ਼ਟੀ ਹੋਈ ਦਿਲਗੀਰ, ਇਸ਼ਟੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣ ਧਰਤ, ਸਚਖੰਡ ਦਵਾਰਿਉਂ ਦਈਏ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀ ਆਇਆ ਪਰਤ, ਪਤਿਪਰਮੇਸ਼ਵਰ ਪਾਰਬ੍ਰਹਮ ਅਲਖ ਅਗੋਚਰ ਅਗੰਮ ਅਥਾਹੀਆ । ਜਿਸ ਦੇ ਨਾਲ ਸਾਡੇ ਵਾਅਦੇ ਕੌਲ ਇਕਰਾਰ ਪੂਰੀ ਹੋਈ ਸ਼ਰਤ, ਸ਼ਰਅ ਦੇ ਲੇਖੇ ਓਸੇ ਦੀ ਝੋਲੀ ਪਾਈਆ । ਜਿਸ ਨੇ ਤੇਰੇ ਉਤੋਂ ਨਾਮ ਕਲਮਾ ਬਦਲ ਦੇਣਾ ਇਕੋ ਦੱਸਣੀ ਅਗੰਮੀ ਆਪਣੀ ਤਰਜ, ਤਾਲ ਤਲਵਾੜਿਆਂ ਬਾਹਰ ਕਰੇ ਸ਼ਨਵਾਈਆ । ਉਹ ਸੂਰਬੀਰ ਗੁਣੀ ਗਹੀਰ ਨੌਜਵਾਨਾ ਮਰਦਾਨਾ ਮਰਦ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਸ਼ਰਅ ਛੁਰੀ ਦਾ ਲੇਖਾ ਮੇਟੇ ਕਲਜੁਗ ਕਸਾਈ ਦੀ ਲੇਖੇ ਲਾਵੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਕੋੜੀਏ ਕਮਲੀਏ ਤੇਰੀ ਮਨਜ਼ੂਰ ਕਰੇ ਅਰਜ਼, ਬੇਨੰਤੀ ਚਰਨਾਂ ਵਿਚ ਰਖਾਈਆ । ਉਸ ਦਾ ਖੇਲ ਹੋਣਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ

ਦਾ ਵਰ, ਭੇਵ ਅਭੇਦਾ ਅਛਲ ਅਛੇਦਾ ਚਾਰੇ ਵੇਦਾਂ ਤੋਂ ਬਾਹਰ ਆਪ ਖੁਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀਏ ਸਾਡਾ ਇਕੋ ਇਕ ਇਸ਼ਾਰਾ, ਪ੍ਰੇਮ ਨਾਲ ਦਈਏ ਜਣਾਈਆ । ਸਾਡਾ ਹੋ ਗਿਆ ਅੰਤ ਕਿਨਾਰਾ, ਤੂੰ ਅੰਤਸ਼ਕਰਨ ਵੇਖ ਲੈ ਖ਼ਲਕ ਖ਼ੁਦਾਈਆ । ਕਾਇਆ ਮੰਦਰ ਕਰੇ ਨਾ ਕੋਇ ਪਿਆਰਾ, ਸਚ ਪ੍ਰੇਮ ਨਾ ਕੋਇ ਰਖਾਈਆ । ਖ਼ਾਲੀ ਦਿਸੇ ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰੂਦਵਾਰਾ, ਚਰਚਾਂ ਚਰਾਗਾਹਾਂ ਪਈ ਦੁਹਾਈਆ । ਜਿਧਰ ਤੱਕੀਏ ਕੂੜ ਜੈਕਾਰਾ, ਕਲ ਕਾਤੀ ਡੰਕਾ ਰਿਹਾ ਵਜਾਈਆ । ਮਾਇਆ ਮਮਤਾ ਹੋਇਆ ਪਸਾਰਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਹਲਕਾਈਆ । ਅਸੀਂ ਸੰਦੇਸ਼ਾ ਦੱਸੀਏ ਤੂੰ ਸੁਣਨਾ ਨਾਲ ਪਿਆਰਾ, ਪ੍ਰੇਮ ਵਿਚ ਜਣਾਈਆ । ਤੇਰੇ ਉਤੇ ਪ੍ਰਗਟ ਹੋਇਆ ਏਕੰਕਾਰਾ, ਅਕਲ ਕਲ ਧਾਰੀ ਆਪਣਾ ਰੂਪ ਬਦਲਾਈਆ । ਜਿਸ ਦਾ ਸੰਬਲ ਇਕ ਦਵਾਰਾ, ਦਵਾਰਕਾ ਨਿਵਾਸੀ ਜਿਥੇ ਸੋਭਾ ਪਾਈਆ । ਰਾਮ ਰਾਮਾ ਜਿਥੇ ਵੇਖੇ ਵਿਗਸੇ ਪਾਵੇ ਸਾਰਾ, ਮਹਾਸਾਰਥੀ ਆਪਣਾ ਖੇਲ ਖਿਲਾਈਆ । ਤੂੰ ਉਸ ਦੇ ਚਰਨ ਕਵਲ ਧਵਲੇ ਕਰ ਨਿਮਸਕਾਰਾ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਉਹ ਆ ਗਿਆ ਸਰਗੁਣ ਤੋਂ ਨਿਰਗੁਣ ਨਿਰਗੁਣ ਤੋਂ ਸਰਗੁਣ ਦੁਬਾਰਾ, ਦੋਹਰਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਦੋ ਜਹਾਨਾਂ ਇਕੋ ਇਕ ਸੁਣਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਨਾਲ ਮਿਲਾਓ ਸ਼ਿਵ ਬ੍ਰਹਮਾ, ਪਾਰਬ੍ਰਹਮ ਭੇਵ ਖੁਲਾਈਆ । ਮੇਰੇ ਉਤੇ ਸਤਿ ਰਿਹਾ ਨਾ ਧਰਮਾ, ਧਰਮ ਦੀ ਧਾਰ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰ ਵਧਿਆ ਕੁਕਰਮਾ, ਚਾਰੋਂ ਕੁੰਟ ਡੇਰਾ ਲਾਈਆ । ਮੇਰੇ ਨੇਤਰ ਲੋਚਨ ਨੈਣ ਝੁਕੇ ਨਾਲ

੧੧੬੫ ੨੩ ਸ਼ਰਮਾ, ਅੱਖ ਸਕੇ ਨਾ ਕੋਇ ਉਠਾਈਆ । ਮੇਰਾ ਘਰ ਬਣ ਗਿਆ ਗੜ੍ਹ ਭਰਮਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਦੀਨ ਦੁਨੀ ਦਾ ਬਦਲੇ ਕੋਇ ਨਾ ਜਨਮਾ, ਜਨਮ ਸਕੇ ਨਾ ਕੋਇ ਬਦਲਾਈਆ । ਲੇਖਾ ਮੁਕੇ ਨਾ ਵਰਨਾਂ ਬਰਨਾਂ, ਦੀਨ ਮਜ਼੍ਹਬ ਰਹੇ ਕੁਰਲਾਈਆ । ਮੈਂ ਚਾਹੁੰਦੀ ਗੁਰ ਅਵਤਾਰ ਪੈਗ਼ੰਬਰੋ ਮੇਰੇ ਉਤੇ ਇਕੋ ਪਰਮ ਪੁਰਖ ਦੀ ਹੋਵੇ ਸਰਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਆਤਮ ਪਰਮਾਤਮ ਸਭ ਨੇ ਢੋਲਾ ਪੜ੍ਹਨਾ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਸਾਚੀ ਮੰਜ਼ਲ ਸਭ ਨੂੰ ਮਿਲੇ ਚੜ੍ਹਨਾ, ਦਰਗਾਹ ਸਾਚੀ ਸਚਖੰਡ ਜਾਵਣ ਚਾਈਂ ਚਾਈਂਆ । ਮਾਨਸ ਜਾਮੇ ਵਿਚ ਮਰ ਕੇ ਫੇਰ ਨਾ ਹੋਵੇ ਮਰਨਾ, ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਅਵਤਾਰ ਪੈਗ਼ੰਬਰ ਕਹਿਣ ਧਰਨੀ ਪੁਰਖ ਅਕਾਲ ਦਇਆ ਕਮਾਵੇਗਾ । ਦੀਨ ਦਿਆਲ ਵੇਖ ਵਖਾਵੇਗਾ । ਤੇਰੀ ਸਚ ਬਣਾਏ ਧਰਮਸਾਲ, ਧਰਮ ਦਵਾਰਾ ਇਕੋ ਇਕ ਬਣਾਵੇਗਾ । ਤੇਰੀ ਲੇਖੇ ਲਾਵੇ ਪਿੱਛਲੀ ਘਾਲ, ਘਾਲੀ ਘਾਲ ਆਪਣੀ ਝੋਲੀ ਵਿਚ ਪਾਵੇਗਾ । ਤੇਰੇ ਉਤੇ ਪ੍ਰਗਟ ਕਰ ਕੇ ਸੰਤ ਸੁਹੇਲੇ ਲਾਲ, ਹਰਿਜਨ ਆਪਣੇ ਰੰਗ ਰੰਗਾਵੇਗਾ । ਕਲਜੁਗ ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਵੇਗਾ । ਨਾਮ ਨਿਧਾਨਾ ਸ੍ਰੀ ਭਗਵਾਨਾ ਦੇਵੇ ਸੱਚਾ ਧਨ ਮਾਲ, ਅਤੋਟ ਅਤੁਟ ਆਪ ਵਰਤਾਵੇਗਾ । ਸਤਿ ਸਚ ਦਾ ਦੀਪਕ ਬਾਲ, ਅੰਧ ਅੰਧੇਰ ਗਵਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਵੇਗਾ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਖ਼ੁਸ਼ੀਆਂ ਵਿਚ ਫੇਰ ਕਰਾਂਗੀ ਹਾਸੀ, ਹਸਤੀ ਤੱਕ ਬੇਪਰਵਾਹੀਆ । ਜਿਸ ਦੀ

ਮੇਰੇ ਉਤੇ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਅਗੰਮ ਅਥਾਹੀਆ । ਉਸ ਦੀ ਬਿਨਾ ਗੋਪੀ ਕਾਹਨ ਤੋਂ ਤੱਕਾਂ ਅਗੰਮੀ ਰਾਸੀ, ਜੋ ਆਤਮ ਪਰਮਾਤਮ ਨਾਲ ਮਿਲ ਕੇ ਆਪਣੀ ਖ਼ੁਸ਼ੀ ਮਨਾਈਆ । ਉਸ ਦਾ ਇਕੋ ਰੂਪ ਤੇ ਇਕੋ ਜਾਤੀ, ਜਾਤ ਅਜਾਤੀ ਡੇਰਾ ਢਾਹੀਆ । ਮੈਨੂੰ ਬਖ਼ਸ਼ੇ ਅੰਮ੍ਰਿਤ ਬੂੰਦ ਸਵਾਂਤੀ, ਅਗਨੀ ਅੱਗ ਦਏ ਬੁਝਾਈਆ । ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਆਤਮ ਬ੍ਰਹਮ ਜੋੜ ਕੇ ਨਾਤੀ, ਨਾਤਾ ਬਿਧਾਤਾ ਲਏ ਬੰਧਾਈਆ । ਦਰਸ਼ਨ ਦੇਵੇ ਇਕ ਇਕਾਂਤੀ, ਏਕੰਕਾਰਾ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਬਹੁਭਾਂਤੀ, ਵੇਸ ਅਵੱਲੜਾ ਆਪ ਵਟਾਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਮੰਨਦੇ ਆਖੀ, ਸੋ ਸਵੈ ਸ਼ਕਤੀ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਨੂਰ ਨੁਰਾਨਾ ਅਗੰਮ ਸਵੈ, ਸ਼ਕਤੀ ਧਾਰ ਇਕ ਪ੍ਰਗਟਾਈਆ । ਜੋ ਆਦਿ ਜੁਗਾਦੀ ਦੇਵ ਦੇਵਾ, ਦੇਵ ਆਤਮਾ ਮੇਲ ਮਿਲਾਈਆ । ਅਸੀਂ ਉਸ ਦੀ ਕਰਦੇ ਸੇਵਾ, ਜੁਗ ਜੁਗ ਆਪਣੀ ਸੇਵ ਕਮਾਈਆ । ਓਹ ਪੁਰਖ ਅਕਾਲਾ ਅਲਖ ਅਭੇਵਾ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਜਿਸ ਨੂੰ ਗਾਏ ਕੋਇ ਨਾ ਜਿਹਵਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਓਹ ਵਸਣਹਾਰਾ ਨਿਹਚਲ ਧਾਮ ਨਿਹਕੇਵਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਨਾਮ ਅਗੰਮੀ ਮੇਵਾ, ਬਿਨ ਰਸਨਾ ਰਸ ਦਏ ਚਖਾਈਆ । ਕੌਸਤਕ ਮਨੀਆਂ ਮਸਤਕ ਲਾਵੇ ਥੇਵਾ, ਥਿਰ ਘਰ ਦਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਤੱਕਾਂ ਸਵੈ ਸ਼ਕਤੀ, ਸ਼ਕਤੀ ਆਪਣੀ ਨਾਲ ਦ੍ਰਿੜਾਈਆ । ਜਿਸ ਦੀ ਸਾਰੇ ਕਰਦੇ ਭਗਤੀ, ਉਹ ਭਗਵਨ ਬੇਪਰਵਾਹੀਆ । ਜਿਸ ਦਾ ਖੇਲ ਦੀਨ ਦੁਨੀ ਵਿਚ ਜਗਤੀ, ਦੋ ਜਹਾਨਾਂ ਰੰਗ ਰੰਗਾਈਆ । ਉਹ ਨੂਰ ਅਲਾਹੀ ਬਿਨਾ ਤੱਤਾਂ ਤੋਂ ਵਿਅਕਤੀ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਉਹਦਾ ਲਹਿਣਾ ਦੇਣਾ ਨਹੀਂ ਬੂੰਦ ਰਕਤੀ, ਜਨਣੀ ਕੁੱਖ ਨਾ ਕੋਇ ਟਿਕਾਈਆ । ਉਹ ਇਕ ਖ਼ਾਲਕ ਅਰਸ਼ੀ, ਅਰਸ਼ੀ ਪ੍ਰੀਤਮ ਵਡ ਵਡਿਆਈਆ । ਉਹ ਆ ਗਿਆ ਉਤੇ ਧਰਤੀ, ਧਰਨੀ ਕਹੇ ਮੇਰੇ ਉਤੇ ਡੇਰਾ ਲਾਈਆ । ਉਸ ਦਾ ਸਤਿਗੁਰ ਸ਼ਬਦ ਨਿਧਪ੍ਰਤੀ, ਪ੍ਰਤਿਨਿਧ ਇਕ ਅਖਵਾਈਆ । ਜਿਸ ਦੀ ਖੇਲ ਆਪਣੇ ਘਰ ਦੀ, ਘਰ ਘਰਾਨੇ ਆਪਣੇ ਫੋਲ ਫੁਲਾਈਆ । ਮੈਂ ਓਸੇ ਕੋਲੋਂ ਡਰਦੀ, ਨਿਵ ਨਿਵ ਲਾਗਾਂ ਪਾਈਆ । ਜਿਸ ਦੀ ਕਲਾ ਹੋਣੀ ਚੜ੍ਹਦੀ, ਲਹਿੰਦਾ ਚੜ੍ਹਦਾ ਵੇਖੇ ਚਾਈਂ ਚਾਈਆ । ਜਿਸ ਗੜ੍ਹੀ ਤੋੜਨੀ ਹੰਕਾਰ ਗੜ੍ਹ ਦੀ, ਹਉਮੇ ਹੰਗਤਾ ਦਏ ਮਿਟਾਈਆ । ਜਿਸ ਦਾ ਨਾਮ ਨਿਧਾਨਾ ਵਿਚ ਜਹਾਨਾ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਹੋਣੀ ਪੜ੍ਹਦੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਧਰਨੀ ਕਹੇ ਮੈਂ ਉਸ ਦਵਾਰੇ ਖੜਦੀ, ਜਿਹੜਾ ਬਿਨਾ ਖੰਡੇ ਖੜਗਾਂ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਅਵਤਾਰ ਗੁਰੂ ਪੈਗ਼ੰਬਰੋ ਮੇਰਾ ਮਾਲਕ ਇਕ ਅਗੰਮ, ਅਗੰਮੜਾ ਦਿਆਂ ਜਣਾਈਆ । ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਕਦੇ ਨਾ ਆਈਆ । ਉਹਦਾ ਇਕੋ ਸਤਿ ਸਰੂਪ ਬ੍ਰਹਮ, ਬ੍ਰਹਮਾ ਵੇਤਾ ਇਕ ਸਮਝਾਈਆ । ਆਤਮ ਧਾਰ ਜਿਸ ਦਾ ਧਰਮ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਉਹ ਕਰਤਾ ਆਪਣੀ ਕਰਨੀ ਆਇਆ ਕਰਨ, ਕਰਤਾ ਪੁਰਖ ਆਪਣਾ ਹੁਕਮ ਵਰਤਾਈਆ ।

ਮੈਂ ਓਸ ਦੀ ਲੱਗਣਾ ਸਰਨ, ਸਰਨਗਤ ਇਕੋ ਇਕ ਜਣਾਈਆ । ਜਿਸ ਦੀ ਵਿਦਿਆ ਅਵਤਾਰ ਪੈਗ਼ੰਬਰ ਗੁਰੂ ਪੜ੍ਹਨ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਉਹ ਝਗੜਾ ਮੇਟੇ ਉਤੋਂ ਕਲਜੁਗ ਕੂੜ ਕੁੜਿਆਰ ਵਰਨ ਬਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਨੀ ਧਰਨੀਏ ਉਹ ਬੜਾ ਅਛਲ, ਅਛਲ ਛਲ ਛਲਧਾਰੀ ਇਕ ਅਖਵਾਈਆ । ਜਿਸ ਦਾ ਖੇਲ ਘੜੀ ਘੜੀ ਪਲ ਪਲ, ਛਿੰਨ ਛਿੰਨ ਆਪਣਾ ਹੁਕਮ ਵਰਤਾਈਆ । ਤੂੰ ਲਹਿਣਾ ਯਾਦ ਕਰ ਲੈ ਰਾਜੇ ਬਲ, ਜਿਸ ਕਰਮ ਢਾਈ ਧਰਤੀ ਮੰਗ ਕੇ ਦੋ ਕਦਮਾ ਵਿਚ ਮਿਣਾਈਆ । ਉਹ ਕਲਜੁਗ ਪ੍ਰਗਟ ਹੋ ਕੇ ਆਪਣੀ ਵਰਤੇ ਕਲ, ਕਲ ਕਲਕੀ ਫੇਰਾ ਪਾਈਆ । ਜਿਸ ਵੇਖਣੇ ਜਲ ਥਲ, ਮਹੀਅਲ ਖੋਜ ਖੁਜਾਈਆ । ਜੋ ਲੱਖ ਚੁਰਾਸੀ ਕਾਇਆ ਜਾਣੇ ਡੂੰਘੀ ਡਲ, ਪਰਦਾ ਓਹਲਾ ਰਹੇ ਨਾ ਰਾਈਆ । ਜਿਸ ਦਾ ਦੀਪਕ ਜੋਤੀ ਰਿਹਾ ਬਲ ਚਾਰੋਂ ਕੁੰਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰਾ ਸਾਹਿਬ ਦਰਸ ਦਿਖਾਵੇਗਾ । ਮੇਰੀ ਕੋਝੀ ਕਮਲੀ ਦੇ ਪਿਛਲੇ ਮੇਟ ਕੇ ਐਬ, ਅਹਿਬਾਬ ਹੋ ਕੇ ਆਪਣਾ ਰੰਗ ਰੰਗਾਵੇਗਾ । ਇਸ ਦਾ ਖੇਲ ਅਵੱਲਾ ਕੋਈ ਨਾ ਜਾਣੇ ਸ਼ਾਇਦ, ਸ਼ਹਿਨਸ਼ਾਹ ਕੀ ਆਪਣੀ ਕਲ ਵਰਤਾਵੇਗਾ । ਸਭ ਦੇ ਨਾਲ ਇਹ ਪੂਰਾ ਕਰੇ ਆਹਿਦ, ਅਹੁਦੇਦਾਰਾਂ ਆਪਣੇ ਵਿਚ ਮਿਲਾਵੇਗਾ । ਇਕੋ ਹੁਕਮ ਕਰ ਕੇ ਰਾਇਜ, ਰਈਅਤ ਜਗਤ ਜਹਾਨ ਇਕ ਰਖਾਵੇਗਾ । ਸ਼ਬਦ ਸੰਦੇਸਾ ਧੁਰ ਨਾਮ ਦਾ ਦੇ ਕੇ ਮਹਿਜ਼, ਮਹਿਫ਼ਲ ਆਪਣੀ ਇਕ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਖੁਲਾਵੇਗਾ । ਭੇਵ ਅਭੇਦਾ ਆਪ ਖੋਲੇਗਾ । ਸ਼ਬਦ ਅਗੰਮਾ ਨਿਰਗੁਣ ਬੋਲੇਗਾ । ਤਨ ਵਜੂਦ ਕਾਇਆ ਚੋਲੇ ਆਪ ਫੋਲੇਗਾ । ਸਤਿ ਸਰੂਪੀ ਸੋਹਲੇ ਢੋਲੇ, ਤਨ ਵਜੂਦਾਂ ਵਿਚੋਂ ਵਿਰੋਲੇਗਾ । ਜਨ ਭਗਤਾਂ ਆਤਮ ਪਰਦਾ ਬੰਦ ਕਿਵਾੜ ਕੁੰਡੀ ਖਿੜਕੀ ਖੋਲੇਗਾ । ਸਚ ਪ੍ਰੀਤੀ ਕਾਇਆ ਮੰਦਰ ਅੰਦਰ ਆਪ ਵਰੋਲੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪੇ ਖੋਲੇਗਾ । ਸਤਿਗੁਰ ਸ਼ਬਦ ਸੁਣੇ ਸਾਰੇ ਹੁਕਮ ਅਲਖ, ਵਿਸ਼ਨ ਬ੍ਰਹਮਾ ਸ਼ਿਵ ਧਰਨੀ ਧਰਤ ਧਵਲ ਧੌਲ ਤੈਨੂੰ ਦਿਆਂ ਜਣਾਈਆ । ਉਹ ਸਵਾਮੀ ਅੰਤਰਜਾਮੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਪ੍ਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਆਪਣਾ ਪਰਦਾ ਰਿਹਾ ਚੁਕਾਈਆ । ਜਿਸ ਨੇ ਕਲਜੁਗ ਜੀਵਾਂ ਸਾਧਾਂ ਸੰਤਾਂ ਭਾਂਡੇ ਕਾਚੇ ਵੇਖਣੇ ਸੱਖ, ਅੰਤਰ ਨਿਰੰਤਰ ਵਸਤ ਨਜ਼ਰ ਕੋਇ ਨਾ ਆਈਆ । ਸੋ ਸਭ ਦੀ ਕੀਮਤ ਪਾਏ ਕੌਡੀ ਕੱਖ, ਕਲਜੁਗ ਕੂੜੇ ਹੱਟ ਵਿਕਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਖੋਲ ਕੇ ਅੱਖ, ਨਿਜ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਆਪਣਾ ਦਰਸ਼ਨ ਦੇਵੇ ਹੋ ਪ੍ਰਤਖ, ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਈਆ । ਆਤਮ ਪਰਮਾਤਮ ਬੀਜ ਬੀਜੇ ਨਾਮ ਆਪਣੇ ਵਤ, ਕਾਇਆ ਸਿੰਚ ਕਿਆਰੀ ਹਰੀ ਕਰਾਈਆ । ਆਪੇ ਬਖ਼ਸ਼ੇ ਧੀਰਜ ਜਤ, ਸਤਿ ਸੰਤੋਖ ਦਇਆ ਨਾਲ ਵਿਚ ਟਿਕਾਈਆ । ਪੰਚ ਵਿਕਾਰਾ ਜੜ ਦੇਵੇ ਪਟ, ਅਸਥੂਲ ਦੀ ਕਰੇ ਸਫ਼ਾਈਆ । ਚੇਤਨ ਧਾਰ ਕਰ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਧਰਨੀਏ ਤੇਰੀ ਪੂਰੀ ਕਰੇ ਆਸ, ਤੇਰੀ ਮਨਸਾ ਵੇਖੇ ਚਾਈਂ ਚਾਈਆ । ਤੂੰ ਅਗਲੇ ਸਾਲ ਪਹਿਲੀ ਚੇਤ ਨੂੰ ਉਸਦਾ ਤਕਣਾ ਪ੍ਰਕਾਸ਼, ਜਿਸ ਨੂੰ



੧੧੬੭
੨੩

ਕੋਟਨ ਕੋਟ ਸੂਰੀਆ ਚੰਦ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਦਾਸੀ ਦਾਸ, ਜੋ ਉਸ ਦੀ ਦਾਸਤਾਨ ਬਿਨਾ ਜ਼ਬਾਨ ਰਹੇ ਸੁਣਾਈਆ । ਉਸ ਦਾ ਬ੍ਰਹਮ ਨਾਲ ਹੋਣਾ ਪ੍ਰਕਾਸ਼, ਪ੍ਰਕਾਸ਼ਤ ਕਰੇ ਖ਼ਲਕ ਖ਼ੁਦਾਈਆ । ਸ਼ੰਕਰ ਉਠ ਕੇ ਆਵੇ ਉਤੋਂ ਕੈਲਾਸ਼, ਸ਼ਿਵ ਸ਼ਿਵਾ ਕਹਿ ਕੇ ਸੀਸ ਨਿਵਾਈਆ । ਵਿਸ਼ਨੂੰ ਕਹੇ ਮੈਂ ਤੇਰਾ ਨੂਰ ਰੂਪ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਪ੍ਰੇਮ ਧਾਰ ਤੇਰਾ ਨੂਰ ਨਜ਼ਰੀ ਆਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਮੇਰੀ ਮੰਡਲ ਰਾਸ, ਦੂਜਾ ਧਾਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸ਼ਕਤੀ ਕਹੇ ਮੈਂ ਸ਼ਕਤੀ ਸ਼ਵੈ, ਸ਼ਿਵ ਸ਼ਿਵਾ ਕਹਿ ਕੇ ਸਾਰੇ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਏਕਾ ਹੈ, ਦੂਜਾ ਨਜ਼ਰ ਕੋਇ ਨਾ ਆਈਆ । ਮੇਰਾ ਰੂਪ ਅਨੂਪ ਸਤਿ ਸਰੂਪਾ ਵਿਸ਼ਨ ਬ੍ਰਹਮਾ ਸ਼ਿਵ ਤਰੈ, ਤ੍ਰੈਗੁਣ ਤੋਂ ਅਤੀਤ ਦਿਤੇ ਬਣਾਈਆ । ਸਦਾ ਸਦਾ ਸਦ ਮੇਰਾ ਰਖਦੇ ਭੈ, ਨਿਰਭੌ ਹੋ ਕੇ ਆਪਣੇ ਖੇਲ ਖਿਲਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਬੀਤੇ ਕੈ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਰਸਨਾ ਜਿਹਵਾ ਗਏ ਕਹਿ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਉਹ ਆਦਿ ਅੰਤ ਸ਼ਕਤ ਦਾ ਨੂਰ ਅਲਾਹੀ ਲੈਅ, ਮਹਿੰਮਾ ਕਥ ਕਥ ਵਡਿਆਈਆ । ਜਿਸ ਦਾ ਸਚ ਦਵਾਰਾ ਮੰਦਰ ਕਦੇ ਨਾ ਢਹਿ, ਮਹੱਲ ਅਟੱਲ ਇਕੋ ਸੋਭਾ ਪਾਈਆ । ਧਰਨੀ ਕਹੇ ਮੇਰਾ ਪਵਿਤ੍ਰ ਕਰੇ ਕਲਜੁਗ ਅੰਤਮ ਉਹ ਗ੍ਰਿਹਿ, ਘਰਾਨਾ ਨਵ ਸੱਤ ਵੇਖ ਵਖਾਈਆ । ਮੈਂ ਉਸ ਦੇ ਚਰਨ ਕਵਲਾਂ ਵਿਚ ਜਾਵਾਂ ਪੈ, ਪਤਿਪਰਮੇਸ਼ਵਰ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਪਰਮ ਪੁਰਖ ਪ੍ਰਭ ਆਇਆ, ਮੈਂ ਗਾਵਾਂ ਢੋਲੇ ਗੀਤ । ਜਿਸ ਲੇਖਾ ਮੁਕਾਉਣਾ ਤ੍ਰੈਗੁਣ ਮਾਇਆ, ਮੈਨੂੰ ਕਰਨਾ ਠੰਡੀ ਸੀਤ । ਕਲਜੁਗ ਕੂੜ ਕੁੜਿਆਰਾ ਦਏ ਚੁਕਾਇਆ, ਮੇਰੀ ਚੋਲੀ ਚਾੜ੍ਹੇ ਰੰਗ ਮਜੀਠ । ਆਤਮ ਪਰਮਾਤਮ ਮੇਲਾ ਲਏ ਮਿਲਾਇਆ, ਰੰਗ ਰੰਗਾਏ ਹਸਤ ਕੀਟ । ਸਾਚਾ ਢੋਲਾ ਜਗਤ ਦਏ ਸੁਣਾਇਆ, ਕਿਰਪਾ ਕਰੇ ਪਤਤ ਪੁਨੀਤ । ਧਰਨੀ ਕਹੇ ਮੈਂ ਉਸ ਨੂੰ ਨਿਵ ਨਿਵ ਸੀਸ ਨਿਵਾਇਆ, ਜੋ ਮੇਰਾ ਮਾਲਕ ਇਕ ਅਨਡੀਠ । ਜਿਸ ਦੀ ਗੋਬਿੰਦ ਯਾਰੜਾ ਸੇਜ ਗਿਆ ਹੰਢਾਇਆ, ਸਤਿਗੁਰ ਸ਼ਬਦ ਕਰੇ ਤਸਦੀਕ । ਉਹ ਅਮਾਮ ਅਮਾਮਾ ਨੂਰ ਅਲਾਹਿਆ, ਮੁਹੰਮਦ ਦਾ ਲਹਿਣਾ ਦੇਣਾ ਜਾਣੇ ਲਾਸ਼ਰੀਕ । ਜਿਸ ਨੂੰ ਵਾਹਿਦ ਅੱਲਾ ਹੂ ਅੱਨਾ ਹੂ ਕਹਿ ਕੇ ਸਭ ਨੇ ਗਾਇਆ, ਯਾਮਬੀਨ ਰਹਿਮਾਨ ਤੇਰੇ ਵਿਚ ਹਕ ਤੌਫ਼ੀਕ । ਜਿਸ ਨੇ ਸੰਬਲ ਕਰ ਕੇ ਇਸਮ ਸਭ ਨੂੰ ਦੇਣਾ ਦ੍ਰਿੜਾਇਆ, ਆਤਮ ਪਰਮਾਤਮ ਹੋ ਵਸੇ ਨਜ਼ਦੀਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਾ ਨੂਰੀ ਅੱਲ੍ਹਾ ਵਲਜ਼ਹੀ ਮਚਿਸ਼ਤੇ ਨੂਰਾਨੇ ਨਿਜ ਲਾਅ ਸ਼ਾਇਨੇ ਮਵਲੂ ਅਰਜ਼ੂ ਤਜਲੂ ਮੁਹੰਮਦ ਰਜੂ ਈਸਾ ਵਜ਼ੂ ਕੁਨਿੰਦੇ ਕੁਨਾਹ ਅਰਸ਼ੇ ਨਿਸ਼ਾ ਮੁਹੰਮਦ ਜ਼ਾਊ ਜ਼ੂਰੇ ਜ਼ਵਸ਼ ਰਹੀਮੇ ਰਹਿਮਤ ਖ਼ੁਦਾ ਖ਼ੁਦ ਮਾਲਕ ਨੂਰ ਅਲਾਹੀਆ । ਜਿਸ ਨੂੰ ਪੈਗ਼ੰਬਰ ਕਰਨ ਸਦਾ, ਓਸੇ ਦੀ ਇਕੋ ਇਕ ਅਜ਼ਾ, ਬਾਂਗੇ ਸ਼ਹਿਰ ਕਰ ਕੇ ਜਿਸ ਨੂੰ ਸਾਰੇ ਗਾਈਆ । ਮੇਰੀ ਓਸੇ ਅਗੇ ਦੁਆ, ਕਿਰਪਾ ਕਰ ਮੇਰੇ ਮਿਹਰਵਾਨ ਮਹਿਬਾਨ ਬੀਦੋ ਬੀਖੈਰੀ ਯਾ ਅਲਾਹ, ਤੇਰਾ ਇਕੋ ਨੂਰ ਨਜ਼ਰੀ ਆਈਆ । ਖ਼ੁਦਸਤੇ ਕੁਨਾਹ ਅਜ਼ਿਮਲੀ ਜਗ ਨੌਜ਼ਵੀ ਅਲਖਤਾ ਸੂ ਚਸ਼ਮੇ ਜ਼ੂ ਨੂਰੇ ਨੂ ਮੇਰੇ ਅਰਸ਼ੇ ਵਜ਼ੀਹ ਫ਼ਰਸ਼ੀ ਤਰਜ਼ੀਹ

੧੧੬੮ ੨੩

ਕਦਮਾਏ ਕੁਨਿੰਦ ਦੀਨੇ ਜ਼ਦਾ ਸਵਾਜ਼ੇ ਮਬੀਹ ਨੂਰੇ ਰਬੀ ਆਲਮੀਨ ਆਲਮੀਨ ਆਲਮੀਨ ਤੇਰੀ ਬੇਪ੍ਰਵਾਹੀਆ । ਧਰਨੀ ਕਹੇ ਮੇਰੇ ਰਾਮ ਰਾਮਾ ਮੇਰੇ ਕਾਹਨ ਕਾਹਨਾ ਮੇਰੇ ਅਮਾਮ ਅਮਾਮਾ ਮੇਰੇ ਜਾਣੀ ਜਾਣਾ, ਜਾਨਣਹਾਰ ਤੇਰੀ ਓਟ ਤਕਾਈਆ । ਚਰਨ ਧੂੜ ਮੂਰਖ ਮੂੜ੍ਹ ਮੈਨੂੰ ਬਖ਼ਸ਼ ਆਪਣਾ ਸਚ ਇਸ਼ਨਾਨਾ, ਦੁਰਮਤ ਮੈਲ ਰਹੇ ਨਾ ਰਾਈਆ । ਕਲਜੁਗ ਜੀਵਾਂ ਕੋਝਿਆਂ ਕਮਲਿਆਂ ਆਪਣੇ ਦਰ ਕਰ ਪ੍ਰਵਾਨਾ, ਪਰਮ ਪੁਰਖ ਆਪਣੀ ਦਇਆ ਕਮਾਈਆ । ਕੀ ਹੋ ਗਿਆ ਜੇ ਤੈਨੂੰ ਭੁਲ ਗਏ ਮਨ ਕਲਪਣਾ ਵਿਚ ਹੋਏ ਨਾਦਾਨਾ, ਮਨਸਾ ਕੂੜ ਜਗਤ ਵਾਲੀ ਰਖਾਈਆ । ਤੇਰਾ ਆਤਮ ਸਤਿ ਸਰੂਪ ਤੂੰ ਸਭ ਨੂੰ ਬਖ਼ਸ਼ ਦੇ ਆਪਣਾ ਦਾਨਾ, ਦਾਤੇ ਦਾਨੀ ਆਪਣੀਆਂ ਭੁਜਾਂ ਨਾਲ ਭਿਛਿਆ ਨਾਮ ਵਰਤਾਈਆ । ਘਰ ਠਾਕਰ ਸਵਾਮੀ ਮਿਲਣਾ ਹੋ ਕੇ ਗੁਣ ਨਿਧਾਨਾ, ਗੁਣਵੰਤ ਤੇਰੇ ਹੱਥ ਵਡਿਆਈਆ । ਧਰਨੀ ਕਹੇ ਮੇਰੀ ਬੇਨੰਤੀ ਕਰੀਂ ਪ੍ਰਵਾਨਾ, ਪਰਮ ਪੁਰਖ ਤੈਨੂੰ ਨਾ ਕੋਈ ਸੋਗ ਨਾ ਕੋਈ ਹਰਖ ਚਿੰਤਾ ਗ਼ਮ ਨਜ਼ਰ ਕੋਇ ਨਾ ਆਈਆ । ਮੈਂ ਚਾਹੁੰਦੀ ਮੂਰਖਾਂ ਮੁਗਧਾਂ ਅਣਜਾਣਾਂ, ਆਪਣਾ ਆਤਮ ਧਾਰ ਦੇ ਦੇ ਦਰਸ਼, ਆਦਰਸ਼ ਆਪਣਾ ਦੇ ਵਖਾਈਆ । ਮੇਰੇ ਉਤੇ ਤੇਰੇ ਮਾਨਵ ਮਾਨੁਖ ਮਾਨੁਸ਼ ਸੁੱਤੇ, ਸੁਤਿਆਂ ਲਏ ਜਗਾਈਆ । ਤੇਰੀ ਆਤਮਾ ਲਾਲੀ ਤੇਰੇ ਪਿਆਰੇ ਪੁੱਤੇ, ਪੁਰਖ ਅਕਾਲ ਤੁਧ ਬਿਨ ਗੋਦ ਨਾ ਕੋਇ ਉਠਾਈਆ । ਮੈਂ ਚਾਹੁੰਦੀ ਮੇਰੇ ਉਤੇ ਸੁਹੰਜਣੀ ਹੋਵੇ ਰੁਤੇ, ਰੁਤੜੀ ਤੇਰੇ ਨਾਮ ਨਾਲ ਮਹਿਕਾਈਆ । ਤੁਧ ਬਿਨ ਜਗਿਆਸੂਆਂ ਵਾਤ ਕੋਈ ਨਾ ਪੁਛੇ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਭਾਗ ਲਗਾ ਦੇ ਕਾਇਆ ਮਾਟੀ ਤਨ ਵਜੂਦ ਪੰਜ ਤਤ ਮਾਟੀ ਜੁੱਸੇ, ਜਿਸਮ ਜਮੀਰ ਗ਼ਰੀਬ ਅਮੀਰ ਸ਼ਾਹ ਫ਼ਕੀਰ ਦੇ ਬਦਲਾਈਆ ।



### ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਬਠਿੰਡਾ ਸ਼ਹਿਰ ਮਾਧਾ ਸਿੰਘ ਦੇ ਗ੍ਰਿਹ

ਧਰਨੀ ਕਹੇ ਮੇਰੇ ਉਤੇ ਤਪੇ ਬਾਲੂ ਰੇਤ, ਕਲਜੁਗ ਅਗਨੀ ਤਤ ਤਪਾਈਆ । ਧੰਨ ਭਾਗ ਮੇਰੇ ਸਾਹਿਬ ਜਨ ਭਗਤਾਂ ਨਾਲ ਬਖ਼ਸ਼ਿਆ ਹੇਤ, ਹਿਤਕਾਰੀ ਹੋ ਕੇ ਦਇਆ ਕਮਾਈਆ । ਮੇਰੇ ਉਤੇ ਰੁਤ ਮੌਲੀ ਬਸੰਤੀ ਚੇਤ, ਫੁੱਲ ਫੁਲਵਾੜੀ ਚਾਰੋਂ ਕੁੰਟ ਸੋਭਾ ਪਾਈਆ । ਤੇਰਾ ਦਰਸ਼ਨ ਕਰਿਆ ਨੇਤਨ ਨੇਤ, ਨਿਜ ਨੇਤਰ ਲੋਚਣ ਨੈਣ ਅੱਖ ਖੁਲਾਈਆ । ਮੇਰੇ ਸਵਾਮੀ ਅੰਤਰਜਾਮੀ ਜਨ ਭਗਤਾਂ ਖੋਲਿਆ ਆਪਣਾ ਭੇਤ, ਭੇਵ ਅਭੇਦਾ ਦਿਤਾ ਦ੍ਰਿੜਾਈਆ । ਸੋ ਹਰਿਜਨ ਮੀਤ ਪਿਆਰੇ ਤੇਰੇ ਉਤੇ ਰਖ ਕੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਆਤਮ ਧਾਰ ਬਣ ਕੇ ਏਕ, ਏਕੰਕਾਰ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਦੀਨ ਦਿਆਲ, ਦਇਆਨਿਧ ਤੇਰੀ ਸ਼ਰਨਾਈਆ । ਮੈਂ ਤੱਕੇ ਤੇਰੇ ਭਗਤ ਸੁਹੇਲੇ ਲਾਲ, ਹਰਿਜਨ ਸਾਚੇ ਸੋਭਾ ਪਾਈਆ । ਜਿਨ੍ਹਾਂ ਦੇ ਅੰਤਰ ਨਾਮ ਧਨ ਮਾਲ, ਧਰਮ ਖ਼ਜ਼ਾਨਾ ਦਿੱਤਾ ਟਿਕਾਈਆ । ਫਲ ਲਗਾ ਉਨ੍ਹਾਂ ਦੇ ਡਾਲ, ਮੇਰੀ ਬਾਲੂ ਰੇਤ ਦਏ ਗਵਾਹੀਆ । ਸਚ ਦਵਾਰ ਬਣਾ ਸੱਚੀ ਧਰਮਸਾਲ, ਹਰਿਜਨ ਬੈਠੇ ਆਸਣ ਲਾਈਆ । ਤੂੰ ਸਭ ਦੀ ਲੇਖੇ ਲਾਉਣੀ ਘਾਲ, ਜੋ ਦਿਵਸ ਰੈਣ ਤੇਰੀ ਸੇਵ ਕਮਾਈਆ । ਤ੍ਰੈਗੁਣ

ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਬਲ ਬੈਠਾ ਕਰ ਸੰਭਾਲ, ਸਾਹਿਬ ਸਵਾਮੀ ਹੋ ਸਹਾਈਆ । ਇਨ੍ਹਾਂ ਪੋਹ ਨਾ ਸਕੇ ਕਾਲ, ਜੋ ਦਰ ਤੇਰਾ ਦਰਸ਼ਨ ਪਾਈਆ । ਚੁਰਾਸੀ ਵਿਚ ਨਾ ਹੋਣ ਬੇਹਾਲ, ਬਿਹਬਲ ਹੋ ਵੇਖਣੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਆਪਣੇ ਬਾਲਕ ਤੱਕ ਲੈ ਗੁਰਮੁਖ ਨੰਨ੍ਹੇ ਬਾਲ, ਬਿਰਧਾਂ ਚਰਨਾਂ ਵਿਚ ਰਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਤੇਰੇ ਪਿਆਰ ਵਿਚ ਸੁੱਚੇ, ਸੁਚ ਸੰਜਮ ਇਕੋ ਇਕ ਅੰਤਰ ਆਤਮ ਦੇਣੀ ਦ੍ਰਿੜਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਕਾਇਆ ਮਾਟੀ ਕੱਚੇ, ਕੰਚਨ ਗੜ੍ਹ ਦੇ ਸੁਹਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਲੂੰ ਲੂੰ ਅੰਦਰ ਭਗਤਾਂ ਰਚੇ, ਰਚਨਾ ਆਪਣੀ ਦੇਣੀ ਵਖਾਈਆ । ਨਾਤਾ ਜੋੜ ਦੇ ਭੈਣ ਭਾਈ ਸਕੇ, ਦੂਈ ਦਵੈਤੀ ਡੇਰਾ ਢਾਹੀਆ । ਕੂੜ ਵਿਕਾਰ ਅੰਤਸ਼ਕਰਨ ਵਿਚ ਰਹਿਣ ਨਾ ਤਪੇ, ਸਾਂਤਕ ਸਤਿ ਦੇਣਾ ਵਰਤਾਈਆ । ਤੂੰ ਮੇਰਾ ਮੈਂ ਤੇਰਾ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸੁਹੇਲਾ ਜਪੇ, ਜਗ ਜੀਵਣ ਦਾਤੇ ਤੇਰਾ ਇਕੋ ਨਾਮ ਧਿਆਈਆ । ਧਰਨੀ ਕਹੇ ਮੇਰੇ ਆਦਿ ਪੁਰਖ ਸਭ ਦੀ ਪਵਿਤ੍ਰ ਕਰ ਦੇ ਮਤੇ, ਬੁਧ ਬਿਬੇਕ ਦੇਣੀ ਕਰਾਈਆ । ਤੇਰੀ ਨਾਮ ਖ਼ੁਮਾਰੀ ਵਿਚ ਬਿਨਾ ਰੰਗ ਤੋਂ ਜਾਣ ਰੱਤੇ, ਰਤਨ ਅਮੋਲਕ ਗੁਰਮੁਖ ਹੀਰੇ ਲੈਣੇ ਬਣਾਈਆ । ਅੰਤ ਕੰਤ ਭਗਵੰਤ ਮੇਰੇ ਉਤੇ ਸਭ ਦੀ ਰਖਣੀ ਪਤੇ, ਪਤਿਪਰਮੇਸ਼ਵਰ ਜੋ ਤੇਰੀ ਚਲ ਆਏ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਇਹ ਭਗਤ ਸੁਹੇਲੇ ਤੇਰੇ ਮੀਤ, ਬਿਪਰ ਸੁਦਾਮਾ ਦਏ ਗਵਾਹੀਆ । ਤੂੰ ਹਰ ਘਟ ਵਸਣਾ ਚੀਤ, ਮਨ ਠਗੌਰੀ ਦੇਣੀ ਗਵਾਈਆ । ਮੂਰਖ ਮੁਗਧ ਅਣਜਾਣਿਆਂ ਕਰਨਾ ਪਤਤ ਪੁਨੀਤ, ਪਤਤ ਪਾਵਨ ਤੇਰੀ ਓਟ ਰਖਾਈਆ । ਝਗੜਾ ਮੁਕਾਉਣਾ ਊਚ ਨੀਚ, ਜਾਤ ਪਾਤ ਦਾ ਡੇਰਾ ਢਾਹੀਆ । ਤੂੰ ਸਭ ਦੇ ਵਸਦਾ ਕਾਇਆ ਮੰਦਰ ਬੀਚ, ਗ੍ਰਿਹ ਆਪਣਾ ਇਕ ਸੁਹਾਈਆ । ਹਰਿਜਨ ਕਰਨਾ ਠਾਂਡਾ ਸੀਤ, ਅਗਨੀ ਅੱਗ ਬੁਝਾਈਆ । ਮਾਨਸ ਜਨਮ ਤੇਰੀ ਕਿਰਪਾ ਨਾਲ ਗੁਰਮੁਖ ਲਏ ਜੀਤ, ਹਾਰ ਵਿਚ ਕਦੇ ਨਾ ਆਈਆ । ਸਾਚਾ ਦਿਉਹਰਾ ਸੁਹਾ ਦੇ ਮੰਦਰ ਮਸੀਤ, ਕਾਅਬਾ ਇਕੋ ਇਕ ਵਖਾਈਆ । ਤੇਰੀ ਟੁੱਟ ਨਾ ਜਾਏ ਪ੍ਰੀਤ, ਪ੍ਰੀਤਮ ਪੀਆ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਮੇਰਾ ਹੋਇਆ ਭਾਗ ਉਚਾ, ਸਾਹਿਬ ਊਚੇ ਦਿਤੀ ਵਡਿਆਈਆ । ਤੇਰਾ ਧਾਮ ਨਿਆਰਾ ਤੱਕਿਆ ਸੁੱਚਾ, ਜਿਥੇ ਹਰਿਜਨ ਬੈਠੇ ਸੋਭਾ ਪਾਈਆ । ਮੇਰਾ ਚਾਰ ਜੁਗ ਦਾ ਲੇਖਾ ਉਠਿਆ ਸੁੱਤਾ, ਆਪਣੀ ਲਏ ਅੰਗੜਾਈਆ । ਪਵਿਤ੍ਰ ਹੋਇਆ ਤਨ ਵਜੂਦਾ ਵਾਲਾ ਬੁੱਤਾ, ਬੁਤਖ਼ਾਨੇ ਖ਼ੁਸ਼ੀ ਬਣਾਈਆ । ਤੂੰ ਗ਼ਰੀਬ ਨਿਮਾਣਿਆਂ ਭਗਤ ਸੁਹੇਲਿਆਂ ਸ਼ਬਦ ਉਠਾਇਆ ਆਪਣੀ ਗੋਦ ਚੁੱਕਾ, ਚਾਰੋਂ ਕੁੰਟ ਧਿਆਨ ਲਗਾਈਆ । ਸਚ ਸੰਦੇਸ਼ ਨਰ ਨਰੇਸ਼ ਨਿਰਗੁਣ ਸਰਗੁਣ ਦੇ ਕੇ ਰੁੱਕਾ, ਰਾਮ ਵਸ਼ਿਸ਼ਟ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਪ੍ਰਭੂ ਮੈਂ ਮਿੱਟੀ ਨਿਮਾਣੀ ਖ਼ਾਕ, ਤੇਰੇ ਚਰਨ ਕਵਲ ਸ਼ਰਨਾਈਆ । ਜਨ ਭਗਤਾਂ ਖੋਲ ਦੇਣਾ ਤਾਕ, ਅੰਤਰ ਨਿਰੰਤਰ ਭੇਵ ਰਹੇ ਨਾ ਰਾਈਆ । ਆਤਮ ਪਰਮਾਤਮ ਬਣਾ ਕੇ ਜਾਣਾ ਸਾਕ, ਦਿਵਸ ਅੱਜ ਦਾ ਦਏ ਗਵਾਹੀਆ । ਮੈਂ

੧੧੭੦
੨੩

ਤੇਰੀ ਸੇਵਕ ਚਾਕਰ ਚਾਕ, ਖ਼ਾਦਮ ਹੋ ਕੇ ਸੀਸ ਨਿਵਾਈਆ । ਮੇਰੀ ਸੁਣ ਬੇਨੰਤੀ ਇਕੋ ਬਾਤ, ਬਾਤਨ ਦਿਆਂ ਦ੍ਰਿੜਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਆਪੇ ਝਾਕ, ਬਿਨ ਨੈਣਾਂ ਨੈਣ ਉਠਾਈਆ । ਦੇਣੀ ਵਡਿਆਈ ਉਤੇ ਮਾਤ, ਮੈਂ ਮਾਤਰ ਭੂਮੀ ਹੋ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੈਂ ਆਦਿ ਜੁਗਾਦਿ ਮਾਂਗਤ, ਮਾਂਗਤ ਹੋ ਕੇ ਸੀਸ ਨਿਵਾਈਆ । ਤੂੰ ਬੋਧ ਅਗਾਧਾ ਪੰਡਤ, ਦੇਵਣਹਾਰ ਸਾਹਿਬ ਗੁਸਾਈਆ । ਤੇਰਾ ਲਹਿਣਾ ਦੇਣਾ ਜੇਰਜ ਅੰਡਜ, ਉਤਭੁਜ ਸੇਤਜ ਤੇਰੀ ਵੱਜੇ ਵਧਾਈਆ । ਮੈਂ ਖ਼ੁਸ਼ੀ ਮਨਾਉਂਦੀ ਮੇਰੇ ਉਤੇ ਇਕੱਠੀ ਹੋਈ ਤੇਰੀ ਹਰਿ ਸੰਗਤ, ਹਰਿਜਨ ਸਾਚੇ ਸੋਭਾ ਪਾਈਆ । ਸਚ ਪ੍ਰੇਮ ਦੀ ਚਾੜ੍ਹਨੀ ਰੰਗਤ, ਦੁਰਮਤ ਮੈਲ ਧਵਾਈਆ । ਦਰਸ਼ਨ ਦੇਣਾ ਵਾਰ ਅਨੰਤ, ਅਕਲ ਕਲਧਾਰੀ ਆਪਣਾ ਪਰਦਾ ਲਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਬਣਾਉਣਾ ਸੰਤ, ਸਤਿਗੁਰ ਸ਼ਬਦ ਇਕੋ ਪਰਦਾ ਆਪ ਉਠਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਮੰਤ, ਮੰਤਵ ਸਭ ਦੇ ਹੱਲ ਕਰਾਈਆ । ਵਿਛੋੜਾ ਹੋਏ ਨਾ ਆਦਿ ਅੰਤ, ਜਗਤ ਜੁਗ ਆਪਣਾ ਸੰਗ ਨਿਭਾਈਆ । ਤੂੰ ਨੂਰ ਨੁਰਾਨਾ ਨਿਰਾਕਾਰ ਨਿਰਵੈਰ ਕੰਤ, ਕੰਤ ਕੰਤੂਹਲ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਅੰਤ ਅਖ਼ੀਰੀ ਆਸ਼ਾ, ਜਗਤ ਤ੍ਰਿਸ਼ਨਾ ਨਾ ਕੋਇ ਰਖਾਈਆ । ਤੂੰ ਵਸੇਂ ਪ੍ਰਿਥਮੀ ਅਕਾਸ਼ਾ, ਦੋ ਜਹਾਨ ਕਰੇ ਰੁਸ਼ਨਾਈਆ । ਮੈਂ ਚਾਹੁੰਦੀ ਤੇਰੇ ਭਗਤਾਂ ਤੇਰਾ ਹੋਵੇ ਭਰਵਾਸਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਘਰ ਘਰ ਦੇਣਾ ਸਾਥਾ, ਸਗਲਾ ਸੰਗੀ ਆਪ ਹੋ ਜਾਈਆ । ਤਨ ਵਜੂਦਾ ਚਲਾਉਣਾ ਰਾਥਾ, ਰਥਵਾਹੀ ਹੋ ਕੇ ਸੇਵ ਕਮਾਈਆ । ਮੈਂ ਨਿਵ ਨਿਵ ਸਤਿਗੁਰ ਸ਼ਬਦ ਟੇਕਾਂ ਮਾਥਾ, ਬਿਨ ਮਸਤਕ ਸੀਸ ਝੁਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਾਥਾ, ਸਮਰਥ ਤੇਰੇ ਹੱਥ ਵਡਿਆਈਆ । ਤੂੰ ਲਹਿਣਾ ਦੇਣਾ ਪੂਰਾ ਕਰਨਾ ਨਾਥ ਅਨਾਥਾ, ਮਿਹਰ ਨਜ਼ਰ ਇਕ ਟਿਕਾਈਆ । ਜੋ ਤੇਰੀ ਆਤਮ ਪਰਮਾਤਮ ਗਾਵਣ ਗਾਥਾ, ਗਹਿਰ ਗੰਭੀਰ ਬੇਨਜ਼ੀਰ ਉਨ੍ਹਾਂ ਦਾ ਲਹਿਣਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਤਿ ਧਰਮ ਦੀ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮੇਰੇ ਉਤੇ ਪਵੇ ਰਾਸਾ, ਰਸਤਾ ਵਾਬਸਤਾ ਹੋ ਕੇ ਇਕੋ ਇਕ ਦੇਣਾ ਜਣਾਈਆ ।


੧੧੭੧
੨੩

### ✪ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਚੱਕ ਰਾਮ ਸਿੰਘ ਵਾਲਾ ਜ਼ਿਲਾ ਬਠਿੰਡਾ ਹਰੀ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਪੁਰਖ ਅਕਾਲ ਪਰਵਰਦਿਗਾਰ ਧੁਰ ਦੇ ਠਾਕਰਾ, ਠਾਕਰ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਤੇਰੀ ਓਟ ਤਕਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਭਾਗ ਲਗਾ ਦੇ ਮਾਨਵ ਤਨ ਵਜੂਦ ਮਾਟੀ ਖ਼ਾਕ ਗਾਗਰਾ, ਗਹਿਰ ਗੰਭੀਰ ਬੇਨਜ਼ੀਰ ਤੇਰੀ ਆਸ ਰਖਾਈਆ । ਨਿਰਮਲ ਕਰਮ ਕਰਤੇ ਕਾਦਰ ਸਭ ਦਾ ਕਰ ਉਜਾਗਰਾ, ਦੁਰਮਤ ਮੈਲ ਅੰਤਰ ਨਿਰੰਤਰ ਰਹੇ ਨਾ ਰਾਈਆ । ਮੇਰੀ ਆਸ਼ਾ ਪੂਰੀ ਕਰਦੇ ਜੋ ਇਸ਼ਾਰਾ

ਦੇ ਕੇ ਗਿਆ ਸਤਿਗੁਰ ਤੇਗ਼ ਬਹਾਦਰਾ, ਜਗਤ ਜਹਾਨ ਆਪਣਾ ਰੂਪ ਵਟਾਈਆ । ਤੂੰ ਕਰੀਮ ਕਰਤਾ ਧੁਰ ਦਾ ਕਾਦਰਾ, ਕੁਦਰਤ ਦਾ ਮਾਲਕ ਇਕ ਅਖਵਾਈਆ । ਏਥੇ ਓਥੇ ਦੋ ਜਹਾਨਾਂ ਕਰੀਂ ਆਦਲਾ, ਅਦਲ ਇਨਸਾਫ਼ ਇਕ ਕਰਾਈਆ । ਕਲਜੁਗ ਨਾਲ ਸਤਿਜੁਗ ਦਾ ਕਰ ਤਬਾਦਲਾ, ਕੂੜ ਕੁੜਿਆਰ ਦਾ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭ ਮੇਰੀ ਪੁਨਹ ਪੁਨਹ ਪੁਕਾਰ, ਕੋਟਨ ਕੋਟ ਸੀਸ ਨਿਵਾਈਆ । ਕਿਰਪਾ ਕਰ ਮੇਰੇ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮੈਨੂੰ ਸੰਦੇਸੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਤੇਰਾ ਭੇਵ ਖੁਲਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮੇਰੀ ਪਾ ਸਾਰ, ਮਹਾਸਾਰਥੀ ਆਪਣਾ ਫੇਰਾ ਪਾਈਆ । ਤੂੰ ਨਿਰਵੈਰ ਪੁਰਖ ਤੇਰੀ ਮਹਿੰਮਾ ਅਕਥ ਕੋਈ ਨਾ ਲਿਖਣਹਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਮੈਂ ਦਰ ਠਾਂਡੇ ਕਰਾਂ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਮੇਰੇ ਉਤੋਂ ਮੇਟ ਦੇ ਧੂਆਂਧਾਰ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਤੂੰ ਨਿਰਗੁਣ ਸਰਗੁਣ ਪਾਵਣਹਾਰਾ ਸਾਰ, ਸਤਿਗੁਰ ਸ਼ਬਦ ਤੇਰੀ ਵਡ ਵਡਿਆਈਆ । ਪੂਰਬ ਲਹਿਣਾ ਦੇਣਾ ਸਭ ਦਾ ਲਏ ਵਿਚਾਰ, ਮਾਣਸ ਮਾਨਵ ਮਾਨੁਖ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਹੋ ਗਿਆ ਦੁਖੀ, ਬਿਰਹੋਂ ਵਿਚ ਕੁਰਲਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋ ਗਈ ਭੁੱਖੀ, ਧੀਰਜ ਧੀਰ ਨਾ ਕੋਇ ਰਖਾਈਆ । ਝਗੜਾ ਪਿਆ ਮਾਨਸ ਮਾਨੁਖੀ, ਮਾਨਵ ਰੰਗ ਨਾ ਕੋਇ ਰੰਗਾਈਆ । ਭਾਗ ਲੱਗੇ ਕਿਸੇ ਨਾ ਕੁੱਖੀ, ਭਗਤ ਜਨਮੇ ਕੋਇ

੧੧੭੨ ੨੩ ਨਾ ਮਾਈਆ । ਮੇਰਾ ਧਰਮ ਦਵਾਰਾ ਏਕੰਕਾਰਾ ਕਲਜੁਗ ਰਿਹਾ ਲੁੱਟੀ, ਲੁਟੇਰਾ ਬਣਿਆ ਥਾਉਂ ਥਾਈਂਆ । ਸਤਿ ਸਚ ਦੀ ਜੜ ਰਿਹਾ ਪੁੱਟੀ, ੧੧੭੨ ੨੩

ਧਰਮ ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਤੇਰੀ ਸ੍ਰਿਸ਼ਟੀ ਪੁਰਖ ਅਕਾਲ ਤੇਰਾ ਨਾਮ ਜਪਦੀ ਬੁਲਾਂ ਬੁੱਟੀ, ਹਿਰਦੇ ਹਰਿ ਨਾ ਕੋਇ ਵਸਾਈਆ । ਆਤਮ ਪਰਮਾਤਮ ਤੇਰੀ ਪ੍ਰੀਤ ਟੁੱਟੀ, ਪ੍ਰੀਤਮ ਬ੍ਰਹਮ ਪਾਰਬ੍ਰਹਮ ਸੰਗ ਨਾ ਕੋਇ ਰਖਾਈਆ । ਤੇਰਾ ਭਗਤ ਸੁਹੇਲਾ ਬਿਨ ਤੇਰੀ ਕਿਰਪਾ ਤੇਰਾ ਲਾਹਾ ਸਕੇ ਨਾ ਕੋਇ ਲੁੱਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਅੰਤਸ਼ਕਰਨ ਦੀ ਹਾਲਤ, ਦਰੋਹੀ ਦਰੋਹੀ ਕਰ ਦ੍ਰਿੜਾਈਆ । ਚਾਰੋਂ ਕੁੰਟ ਦਿਸੇ ਜਹਾਲਤ, ਜ਼ਾਹਰ ਜ਼ਹੂਰ ਤੇਰਾ ਦਰਸ ਕੋਇ ਨਾ ਪਾਈਆ । ਧਰਮ ਦੀ ਰਹੀ ਨਾ ਕੋਇ ਅਦਾਲਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਸਾਚੇ ਨਾਮ ਦੀ ਕਰੇ ਨਾ ਕੋਇ ਸਖ਼ਾਵਤ, ਬਖ਼ਸ਼ਿਸ਼ ਰਹਿਮਤ ਝੋਲੀ ਕੋਇ ਨਾ ਪਾਈਆ । ਮੈਨੂੰ ਇਉਂ ਦਿਸਦਾ ਮੇਰੇ ਉਤੇ ਨਵ ਸੱਤ ਦੀ ਹੋਣ ਵਾਲੀ ਬਗ਼ਾਵਤ, ਬਗ਼ਲਗੀਰ ਸੰਗ ਨਾ ਕੋਇ ਨਿਭਾਈਆ । ਪੈਗ਼ੰਬਰਾਂ ਦੇ ਲੇਖੇ ਵਾਲੀ ਪੂਰੀ ਕਰਨ ਆਇਆ ਕਿਆਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਤੱਕ ਲੈ ਅਗੰਮੀ, ਰਸਨਾ ਕਹਿਣ ਕਿਛ ਨਾ ਪਾਈਆ । ਸਤਿਗੁਰ ਸ਼ਬਦ ਹੋ ਕੇ ਮੰਨੀ, ਮਨਸਾ ਜਗਤ ਨਾ ਕੋਇ ਵਡਿਆਈਆ । ਮੇਰਾ ਪ੍ਰੀਤਮ ਬਣਨਾ ਤਨੀ, ਕਰਤੇ ਪੁਰਖ ਹੋਣਾ ਸਹਾਈਆ । ਆਪਣੀ ਦੀਨ ਦੁਨੀ ਤੱਕ ਲੈ ਜਗਤ ਨੇਤਰਹੀਣ ਹੋ ਗਈ ਅੰਨ੍ਹੀ, ਨਿਜ ਲੋਚਨ ਸਕੇ ਨਾ ਕੋਇ ਖੁਲਾਈਆ । ਮਨ ਵਾਸਨਾ ਫਿਰੇ ਭੰਨੀ, ਭੱਜੇ ਵਾਹੋ ਦਾਹੀਆ ।

ਸਾਚਾ ਨਾਮ ਦਾਮ ਰਿਹਾ ਨਾ ਕੰਨੀ, ਪੱਲੂ ਗੰਢ ਨਾ ਕੋਇ ਬੰਧਾਈਆ । ਤੂੰ ਸਾਹਿਬ ਸਵਾਮੀ ਸਤਿਗੁਰ ਪੂਰਾ ਨੂਰ ਨੁਰਾਨਾ ਚੰਨੀ, ਦੋ ਜਹਾਨ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਨਿਰਗੁਣ ਧਾਰ ਵਡ ਧਨਾਢ ਧਨੀ, ਧਨਵੰਤ ਸ੍ਰੀ ਭਗਵੰਤ ਹਰਿ ਕੰਤ ਇਕ ਅਖਵਾਈਆ ।

✪ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਚੱਕ ਫ਼ਤਿਹ ਸਿੰਘ ਜ਼ਿਲਾ ਫ਼ਰੀਦਕੋਟ ਧੰਨ ਕੌਰ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਸਤਿਗੁਰ ਬੇਨਜ਼ੀਰ, ਨਰ ਨਰਾਇਣ ਤੇਰੀ ਓਟ ਤਕਾਈਆ । ਮਿਹਰਵਾਨਾ ਸ੍ਰੀ ਭਗਵਾਨਾ ਆਪਣੀ ਦੀਨ ਦੁਨੀ ਤੱਕ ਹੋਈ ਦਿਲਗੀਰ, ਸਾਂਤਕ ਸਤਿ ਸਤਿ ਨਾ ਕੋਇ ਵਰਤਾਈਆ । ਦੁੱਖਾਂ ਰੋਗਾਂ ਭਰਿਆ ਤਨ ਮਾਟੀ ਸਰੀਰ, ਪੰਜ ਤਤ ਤੇਰਾ ਰੰਗ ਨਾ ਕੋਇ ਰੰਗਾਈਆ । ਹਰਿਜਨ ਗੁਰਮੁਖ ਦੁੱਖਾਂ ਵਿਚ ਵਹਾਉਂਦੇ ਨੀਰ, ਨੈਣਾਂ ਛਹਿਬਰ ਲਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਗ਼ਰੀਬ ਨਿਮਾਣਿਆਂ ਬਦਲ ਦੇ ਤਕਦੀਰ, ਤਦਬੀਰ ਆਪਣੀ ਇਕ ਜਣਾਈਆ । ਹੱਡ ਮਾਸ ਨਾੜੀ ਵਿਚੋਂ ਕਢ ਦੇ ਦੁੱਖਾਂ ਵਾਲੀ ਪੀੜ, ਸੁਖ ਸਾਗਰ ਵਿਚ ਦੇਣਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਿਰਪਾ ਕਰ ਏਕ, ਏਕੰਕਾਰ ਧਿਆਨ ਲਗਾਈਆ । ਤੇਰੇ ਸਚ ਦਵਾਰੇ ਰਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਤੇਰੇ ਪ੍ਰੇਮੀ ਪਿਆਰਿਆਂ ਤਨ ਵਜੂਦ ਨਾ ਲੱਗੇ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਕਾਇਆ ਮੰਦਰ ਅੰਦਰ ਵੜ ਕੇ ਵੇਖ, ਬਿਨ ਨੈਣਾਂ ਨੈਣ ਉਠਾਈਆ । ਸਾਢੇ ਤਿੰਨ ਹੱਥ ਤੇਰਾ ਆਪਣਾ ਦੇਸ, ਦੇਸ ਦੇਸੰਤਰ ਪੰਧ ਮੁਕਾਈਆ । ਤੂੰ ਸ਼ਬਦ ਸਵਾਮੀ ਦਸ ਦਸਮੇਸ਼, ਦਹਿ ਦਿਸ਼ਾ ਤੇਰੀ ਓਟ ਤਕਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਆਪਣੀ ਕਿਰਪਾ ਨਾਲ ਬਦਲ ਦੇ ਰੇਖ, ਦੁੱਖ ਦਲਿਦਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਗੁਰ ਸ਼ਬਦ ਤੇਰੀ ਸ਼ਰਨਾਈਆ । ਸਤਿਗੁਰ ਸ਼ਬਦ ਕਹੇ ਦਇਆ ਕਮਾਵਾਂਗਾ । ਹਰਿਜਨ ਸਾਚੇ ਵੇਖ ਵਿਖਾਵਾਂਗਾ । ਕਾਇਆ ਮਾਟੀ ਭਾਂਡਾ ਫੋਲ ਫੁਲਾਵਾਂਗਾ । ਨਾੜੀ ਬਹੱਤਰ ਖੋਜ ਖੁਜਾਵਾਂਗਾ । ਤਿੰਨ ਸੌ ਸੱਠ ਹਾਡੀ ਪਰਦਾ ਲਾਹਵਾਂਗਾ ।, ਦੁਖ ਰੋਗ ਕਾਇਆ ਮੰਦਰ ਅੰਦਰ ਵੇਖ ਵਖਾਵਾਂਗਾ । ਤੂੰ ਮੇਰਾ ਮੈਂ ਤੇਰਾ ਦੇ ਕੇ ਸਾਚਾ ਜੋਗ, ਜੁਗਤੀ ਅਗੰਮੀ ਇਕ ਜਣਾਵਾਂਗਾ । ਚਿੰਤਾ ਮੂਲ ਰਹੇ ਨਾ ਰੋਗ, ਹਉਮੇ ਹੰਗਤਾ ਗੜ੍ਹ ਤੁੜਾਵਾਂਗਾ । ਮੇਟ ਕੇ ਹਰਖ ਸੋਗ, ਸਾਚਾ ਘਰ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਏਗਾ । ਪ੍ਰਭ ਆਪਣਾ ਰੰਗ ਰੰਗਾਏਗਾ । ਭਗਤ ਸੁਹੇਲੇ ਵੇਖ ਵਖਾਏਗਾ । ਗੁਰ ਚੇਲੇ ਜੋੜ ਜੁੜਾਏਗਾ । ਦੁੱਖ ਦਲਿਦਰ ਮੇਟ ਮਿਟਾਏਗਾ । ਛਲ ਛਿਦਰ ਰਹਿਣ ਨਾ ਪਾਏਗਾ । ਸਭ ਦੀ ਸਧਰ ਪੂਰ ਕਰਾਏਗਾ । ਮਧੁਰ ਧੁਨ ਇਕ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲਾ ਆਪ ਮਿਲਾਏਗਾ । ਸਤਿਗੁਰ ਸ਼ਬਦ ਕਹੇ ਧੁਰ ਮੇਲਾ ਮੇਲ ਮਿਲਾਵਾਂਗਾ । ਗੁਰ ਚੇਲਾ ਇਕੋ ਰੰਗ ਰੰਗਾਵਾਂਗਾ । ਸੱਜਣ ਸੁਹੇਲਾ ਇਕ ਅਖਵਾਵਾਂਗਾ । ਅੰਮ੍ਰਿਤ ਰਸ ਨਾਮ ਮੇਵਾ


੧੧੭੩
੨੩

ਇਕ ਖਵਾਵਾਂਗਾ । ਅਲਖ ਅਭੇਵਾ ਹੋ ਕੇ ਪਰਦਾ ਲਾਹਵਾਂਗਾ । ਵਡ ਦੇਵੀ ਦੇਵਾ ਇਕ ਅਖਵਾਵਾਂਗਾ । ਰੋਗਾਂ ਸੋਗਾਂ ਚਿੰਤ ਮਿਟਾਵਾਂਗਾ । ਹਰਿਜਨ ਸਾਚੀਆਂ ਮਾਨਣ ਮੌਜਾ, ਦੁੱਖ ਦਲਿਦ੍ਰ ਦੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਸੋਭਾ ਪਾਵਾਂਗਾ । ਧਰਨੀ ਕਹੇ ਮੇਰੇ ਸਵਾਮੀ ਮੇਰੀ ਇਕੋ ਇਕ ਬੰਦਨਾ, ਬਾਂਦੀ ਹੋ ਕੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਕੱਟ ਦੇ ਫੰਦਨਾ, ਫਾਂਦਕੀ ਤੇਰੇ ਹੱਥ ਵਡਿਆਈਆ । ਜੀਵ ਨਿਮਾਣਿਆਂ ਅੰਤਰ ਆਤਮ ਦੇ ਦੇ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੂੰ ਦੀਨ ਦਿਆਲ ਸਰਬ ਬਖ਼ਸ਼ੰਦਨਾ, ਬਖ਼ਸ਼ਿਸ਼ ਆਪਣੀ ਝੋਲੀ ਦੇਣੀ ਪਾਈਆ । ਮੈਂ ਦਰਵੇਸ਼ਣ ਹੋ ਕੇ ਦਰ ਤੇਰੇ ਤੋਂ ਮੰਗਣਾ, ਖ਼ਾਲੀ ਝੋਲੀ ਅਗੇ ਡਾਹੀਆ । ਗ਼ਰੀਬ ਨਿਮਾਣਿਆਂ ਲਾ ਲੈ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਤੂੰ ਸਾਹਿਬ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਨੂਰ ਅਲਾਹੀਆ । ਤੇਰਾ ਡੰਕ ਨਗਾਰਾ ਇਕੋ ਵੱਜਣਾ, ਦੋ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਦਰ ਠਾਂਡੇ ਦੀ ਮੰਗਤੀ, ਮੰਗਣਹਾਰ ਇਕ ਅਖਵਾਈਆ । ਰਹਿਮਤ ਕਰ ਦੇ ਆਪਣੀ ਸੰਗਤੀ, ਸਤਿਗੁਰ ਤੇਰੀ ਬੇਪ੍ਰਵਾਹੀਆ । ਇਕ ਨਾਮ ਦੀ ਪੜ੍ਹਾ ਦੇ ਪੰਗਤੀ, ਪੰਚਮ ਨਾਦ ਸ਼ਬਦ ਧੁਨ ਕਰ ਸ਼ਨਵਾਈਆ । ਮਨਸਾ ਕੂੜ ਰਹੇ ਨਾ ਮਨ ਦੀ, ਮਮਤਾ ਦੇਣੀ ਗਵਾਈਆ । ਜੋਤ ਵਖਾ ਦੇ ਗੋਬਿੰਦ ਅਗੰਮੇ ਚੰਨ ਦੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਗੁਰਮੁਖਾਂ ਪ੍ਰੀਤ ਬਖ਼ਸ਼ ਦੇ ਕਾਇਆ ਮਾਟੀ ਚੰਮ ਦੀ, ਚੰਮ ਦ੍ਰਿਸ਼ਟੀ ਦਾ ਡੇਰਾ ਢਾਹੀਆ । ਤੇਰੀ ਆਤਮ ਧਾਰ ਸਤਿ ਸਰੂਪ ਬ੍ਰਹਮ ਦੀ, ਪਾਰਬ੍ਰਹਮ ਦੇਣਾ ਸਮਝਾਈਆ । ਵਡਿਆਈ ਰਹੇ ਨਾ ਕਿਸੇ ਕਰਮ ਦੀ, ਕਰਮ ਕਾਂਡ ਦਾ ਲੇਖਾ ਦੇਣਾ ਮੁਕਾਈਆ । ਗੰਢ ਪਵਾ ਦੇ ਆਪਣੇ ਧਰਮ ਦੀ, ਧਰਮ ਦੀ ਧਾਰ ਦੇਣੀ ਸਮਝਾਈਆ । ਖੇਲ ਰਹੇ ਨਾ ਵਰਨ ਬਰਨ ਦੀ, ਜਾਤ ਅਜਾਤੀ ਲੇਖਾ ਦੇਣਾ ਚੁਕਾਈਆ । ਮੈਂ ਵਣਜਾਰੀ ਤੇਰੇ ਚਰਨ ਦੀ, ਸਰਨਗਤ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਇਕੋ ਓਟ ਤਕਾਈਆ । ਧਰਨੀ ਕਹੇ ਪ੍ਰਭੂ ਦੀਨਾਂ ਦੁਖੀਆਂ ਪਾ ਸਾਰ, ਮਹਾਸਾਰਥੀ ਤੇਰੇ ਹੱਥ ਵਡਿਆਈਆ । ਤੂੰ ਬਖ਼ਸ਼ਣਹਾਰਾ ਏਕੰਕਾਰ, ਅਕਲ ਕਲ ਤੇਰੀ ਬੇਪ੍ਰਵਾਹੀਆ । ਕਲਜੁਗ ਜੀਵ ਰੋਂਦੇ ਧਾਹਾਂ ਮਾਰ, ਬਿਨ ਨੈਣਾਂ ਨੈਣ ਵਹਾਈਆ । ਜਗਤ ਮਿਲੇ ਨਾ ਕੋਇ ਸਹਾਰ, ਸਿਰ ਹੱਥ ਨਾ ਕੋਇ ਟਿਕਾਈਆ । ਦੁਖਾਂ ਰੋਗਾਂ ਕਰੇ ਨਾ ਕੋਇ ਪਾਰ, ਤਨ ਵਜੂਦ ਨਾ ਕੋਇ ਸਫ਼ਾਈਆ । ਤੇਰਾ ਧਨੰਤਰ ਕੁਛ ਕਰੇ ਨਾ ਅੰਤ ਵਿਚਾਰ, ਵਿਚਰ ਕੇ ਦੱਸੇ ਨਾ ਕੁਛ ਸੁਣਾਈਆ । ਤੂੰ ਪੁਰਖ ਅਕਾਲੇ ਦੀਨ ਦਿਆਲੇ ਸਭ ਦੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਦਰ ਆਇਆਂ ਦੇਣਾ ਤਾਰ, ਤਾਰਨਹਾਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭ ਮੇਰੇ ਮਾਲਕ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋਣਾ ਸਹਾਈਆ । ਤੂੰ ਆਦਿ ਜੁਗਾਦੀ ਖ਼ਲਕ ਦਾ ਖ਼ਾਲਕ, ਮਖ਼ਲੂਕ ਤੇਰਾ ਨੂਰ ਨਜ਼ਰੀ ਆਈਆ । ਤੂੰ ਨਿਰਗੁਣ ਧਾਰ ਸਰਗੁਣ ਬਣਨਾ ਸਾਲਸ, ਸਤਿਗੁਰ ਸ਼ਬਦ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੇ ਟਿੱਕਾ ਮੇਟ ਦੇ ਕਾਲਖ, ਕਾਇਨਾਤ ਦਾ ਰੰਗ ਦੇ ਬਦਲਾਈਆ । ਜਨ ਭਗਤ ਸੁਹੇਲੇ ਗੁਰਮੁਖ ਤੇਰੇ ਨੰਨ੍ਹੇ ਬਾਲਕ, ਹਰਿਜਨ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭ ਤੂੰ ਦੇਵਣ ਯੋਗ, ਯਦੀ ਆਪਣੀ ਦਇਆ ਕਮਾਈਆ । ਤੇਰੀ ਮਿਹਰ ਨਾਲ ਰਹੇ ਕੋਈ ਨਾ ਸੋਗ, ਚਿੰਤਾ ਗ਼ਮ ਦੇਣਾ ਚੁਕਾਈਆ । ਕੂੜ ਕਲਪਣਾ ਰਹੇ ਨਾ ਸੋਚ, ਸਮਝ ਵਿਚੋਂ ਸਮਝ ਦੇਣੀ ਬਦਲਾਈਆ । ਤੇਰਾ ਨੂਰ ਨੁਰਾਨਾ ਦਰਸ਼ਨ ਹੋਵੇ ਇਕੋ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਈਆ । ਤੂੰ ਪਰਮਾਤਮਾ ਆਤਮਾ ਵੇਖ ਲੈ ਆਪਣੀ ਗੋਤ, ਗੌਤਮ ਬੁੱਧ ਦਾ ਲਹਿਣਾ ਪੂਰਾ ਦੇਣਾ ਕਰਾਈਆ । ਤੈਨੂੰ ਲੱਭਦੇ ਕੋਟੀ ਕੋਟ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਦੇਣਾ ਖੁਲਾਈਆ । ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਕਰ ਮਨਜ਼ੂਰ, ਜ਼ਰੂਰਤ ਤੇਰੇ ਅਗੇ ਟਿਕਾਈਆ । ਤੂੰ ਆਦਿ ਜੁਗਾਦੀ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਗ਼ਰੀਬ ਨਿਮਾਣਿਆਂ ਤਾਰਨਾ ਤੇਰਾ ਦਸਤੂਰ, ਜੁਗ ਚੌਕੜੀ ਰੀਤੀ ਚਲੀ ਆਈਆ । ਮੈਂ ਅੰਤ ਹੋਈ ਮਜਬੂਰ, ਦੁਖੀ ਹੋ ਕੇ ਰਹੀ ਸੁਣਾਈਆ । ਚਾਰੋਂ ਕੁੰਟ ਵੇਖ ਲੈ ਕੂੜ, ਸਚ ਧਰਮ ਨਜ਼ਰ ਨਾ ਆਈਆ । ਆਪਣੀ ਕਿਰਪਾ ਨਾਲ ਸਭ ਨੂੰ ਬਖ਼ਸ਼ ਦੇ ਧੂੜ, ਟਿੱਕੇ ਪ੍ਰੇਮ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਦੁਰਮਤ ਮੈਲ ਧਵਾਈਆ । ਇਕੋ ਵਾਰ ਆਪਣਾ ਨਾਮ ਰੰਗ ਚਾੜ੍ਹ ਦੇ ਗੂੜ੍ਹ, ਦੁਖੀਆਂ ਦਰਦ ਦੇ ਮਿਟਾਈਆ । ਤੇਰੀ ਆਸ਼ਾ ਰਖੇ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਪਰੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਧਰਮਾਪਤ, ਧਵਲ ਧਵਲ ਹੋ ਕੇ ਮੰਗ ਮੰਗਾਈਆ । ਕਲਜੁਗ ਕੂੜ ਕੁੜਿਆਰ ਕਰ ਸਮਾਪਤ, ਸਮਾਂ ਸਾਹਿਬ ਸਤਿਗੁਰ ਤੇਰੇ ਹੱਥ ਨਜ਼ਰੀ ਆਈਆ । ਸਤਿ ਧਰਮ ਦੀ ਧਾਰਾ ਦੇ ਥਾਪਤ, ਸਤਿ ਧਰਮ ਮੇਰੇ ਉਤੇ ਪ੍ਰਗਟਾਈਆ । ਤੇਰਾ ਲਹਿਣਾ ਦੇਣਾ ਪੂਰਾ ਹੋਏ ਵਾਸਤਕ, ਲੇਖਾ ਅਵਰ ਰਹੇ ਨਾ ਰਾਈਆ । ਕੂੜ ਕੁੜਿਆਰ ਮੇਟਣਾ ਨਾਸਤਕ, ਆਸਤਕ ਰੂਪ ਹੋਵੇ ਖ਼ਲਕ ਖ਼ੁਦਾਈਆ । ਤੇਰੇ ਨਾਮ ਦੀ ਤੇਰੇ ਕੋਲ ਹੋਵੇ ਤੇਰੀ ਵਿਰਾਸਤ, ਦੂਜਾ ਹਕ ਨਾ ਕੋਇ ਰਖਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਆਤਮ ਬ੍ਰਹਮ ਦੀ ਸਭ ਨੂੰ ਕਰਾ ਸ਼ਨਾਖ਼ਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲਾਈਆ । ਬਿਨਾ ਰਸਨਾ ਜਿਹਵਾ ਦੱਸ ਆਪਣੀ ਅਗੰਮੀ ਅਬਾਦਤ, ਧੁਨ ਅਨਾਦੀ ਨਾਦ ਕਰ ਸ਼ਨਵਾਈਆ । ਬਿਨ ਤੇਰੀ ਕਿਰਪਾ ਕਿਸੇ ਦੀ ਚਲੇ ਨਾ ਕੋਇ ਲਿਆਕਤ, ਬੁੱਧੀਵਾਨਾਂ ਬੁੱਧੀ ਕੰਮ ਕਿਸੇ ਨਾ ਆਈਆ । ਤੂੰ ਸਭ ਦੇ ਨਾਲ ਦੇ ਆਪਣੀ ਰਫ਼ਾਕਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਧਰਨੀ ਕਹੇ ਮੇਰੀ ਧਰਮ ਦੀ ਧਾਰ ਭੁਗਤਣ ਆਏ ਸ਼ਹਾਦਤ, ਬਿਆਨ ਇਕੋ ਇਕ ਜਣਾਈਆ । ਤੇਰਾ ਇਕੋ ਕਲਮਾ ਇਕੋ ਨਾਮ ਇਕੋ ਹੋਵੇ ਵਹਿਦਤ, ਵਾਹਿਦ ਤੇਰਾ ਇਕੋ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ ਕਹੇ ਮੇਰੇ ਗੋਬਿੰਦਾ, ਗੋਬਿੰਦ ਗੋਬਿੰਦ ਗੋਬਿੰਦ ਤੇਰੀ ਓਟ ਰਖਾਈਆ । ਤੂੰ ਗਹਿਰ ਗੰਭੀਰ ਗੁਣੀ ਗਹਿੰਦਾ, ਗਵਰ ਇਕ ਨੂਰ ਅਲਾਹੀਆ । ਲੱਖ ਚੁਰਾਸੀ ਤੇਰੀ ਆਤਮ ਧਾਰ ਬਿੰਦਾ, ਬਿੰਦਰਾਬਨ ਵਾਲਾ ਕ੍ਰਿਸ਼ਨ ਦਏ ਗਵਾਹੀਆ । ਤੂੰ ਸਰਬ ਕਲਾ ਬਖ਼ਸ਼ਿੰਦਾ, ਰਾਮ ਰਾਮਾ ਦਸਰਥ ਬੇਟਾ ਕੂਕ ਕੂਕ ਸੁਣਾਈਆ । ਤੇਰੀ ਚਰਨ ਧੂੜੀ ਮੰਗਦੇ ਕਰੋੜ ਤੇਤੀਸਾ ਸੁਰਪਤ ਇੰਦਾ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਅੱਖ ਉਠਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਅੰਮ੍ਰਿਤ

੧੧੭੫
੨੩

ਧਾਰ ਸਾਗਰ ਸਿੰਧਾ, ਗਹਿਰ ਗੰਭੀਰ ਬੇਨਜ਼ੀਰ ਦੇਣਾ ਵਰਤਾਈਆ । ਦੁਖੀਆਂ ਰੋਗੀਆਂ ਅੰਦਰੋਂ ਮੇਟ ਦੇ ਚਿੰਦਾ, ਚਿੰਤਾ ਚਿਖਾ ਨਾ ਕੋਇ ਸਤਾਈਆ । ਭਾਗ ਲਗਾ ਦੇ ਜੀਓ ਪਿੰਡਾ, ਇੰਡ ਬ੍ਰਹਿਮੰਡ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਵਸਤ ਅਮੋਲਕ ਜੁਗ ਜੁਗ ਸਭ ਨੂੰ ਦੇਂਦਾ, ਦੇਵਣਹਾਰ ਏਕੰਕਾਰ ਇਕ ਅਖਵਾਈਆ ।

## ✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਬਰਨਾਲਾ ਸ਼ਹਿਰ ਬਠਿੰਡਾ ਰੋਡ ਸ਼ਾਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੇ ਤੇ ਵਕਤ ਦਿਸਦਾ ਬੁਰਾ, ਚਾਰੋਂ ਕੁੰਟ ਵੇਖਾਂ ਧਿਆਨ ਲਗਾਈਆ । ਤੇਰਾ ਮਾਨਵ ਮਾਨਸ ਮਾਨੁਖ ਹੋ ਗਿਆ ਨਿਗੁਰਾ, ਸਤਿਗੁਰ ਸ਼ਬਦ ਸੀਸ ਨਾ ਕੋਇ ਨਿਵਾਈਆ । ਜਿਧਰ ਤੱਕਾਂ ਕੂੜ ਕੁੜਿਆਰਾ ਦਿਸੇ ਛੁਰਾ, ਛੁਰੀ ਫੜੀ ਕਲਜੁਗ ਜਗਤ ਕਸਾਈਆ । ਮੇਰਾ ਘੁੰਮਦੀ ਘੁੰਮਦੀ ਦਾ ਬਦਲ ਗਿਆ ਧੁਰਾ, ਧੁਰ ਦੇ ਮਾਲਕ ਦਿਆਂ ਦ੍ਰਿੜਾਈਆ । ਸਤਿ ਧਰਮ ਦੀ ਧਾਰ ਵਿਚ ਰਿਹਾ ਨਾ ਕੋਇ ਦੇਵਤ ਸੁਰਾ, ਸੁਰਪਤ ਰਾਜਾ ਇੰਦ ਰਿਹਾ ਜਣਾਈਆ । ਤੇਰੀ ਰਜ਼ਾ ਵਿਚ ਦੀਨ ਮਜ਼੍ਹਬ ਕੋਇ ਨਾ ਤੁਰਾ, ਤੁਰੀਆ ਤੋਂ ਪਰੇ ਤੇਰਾ ਦਰਸ ਕੋਇ ਨਾ ਪਾਈਆ । ਸਚ ਧਰਮ ਮੇਰੇ ਉਤੋਂ ਮਿਟ ਗਿਆ ਖੋਜ ਖੁਰਾ, ਖਾਰ ਵਿਚ ਦਿਸੇ ਤੇਰੀ ਖ਼ਲਕ ਖ਼ੁਦਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਕੂੜ ਕੁੜਿਆਰ ਵਿਚ ਮੇਰਾ ਬੇੜਾ ਜਾਂਦਾ ਰੁੜ੍ਹਾ, ਖੇਵਟ ਖੇਟਾ ਹੋ ਕੇ ਪਾਰ ਨਾ ਕੋਇ ਲੰਘਾਈਆ । ਆਤਮ ਪਰਮਾਤਮ ਪਿਆਰ ਵਿਚ ਜਗਤ ਜਗਿਆਸੂ ਕੋਇ ਨਾ ਜੁੜਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜਿਧਰ ਤੱਕਾਂ ਤੇਰੇ ਪਿਆਰ ਦੀ ਆਈ ਥੁੜਾ, ਮੁਹੱਬਤ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਕਿਨਾਰਾ ਅੰਤ, ਅੰਤਸ਼ਕਰਨ ਤੱਕ ਲੈ ਜਗਤ ਲੋਕਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸ੍ਰੀ ਭਗਵੰਤ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਇਕ ਅਖਵਾਈਆ । ਅੰਤਰ ਨਿਰੰਤਰ ਤੇਰਾ ਨਾਮ ਨਿਧਾਨਾ ਰਿਹਾ ਕੋਇ ਨਾ ਮੰਤ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਰਹੇ ਸੁਣਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਸੰਤ, ਸਤਿ ਸਤਿਵਾਦੀ ਨਜ਼ਰ ਕੋਇ ਨਾ ਆਈਆ । ਬੋਧ ਅਗਾਧਾ ਬਣੇ ਕੋਇ ਨਾ ਪੰਡਤ, ਨਿਰਅੱਖਰ ਧਾਰ ਨਾ ਕੋਇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਭੇਵ ਨਾ ਕੋਇ ਚੁਕਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਮੇਰੀ ਇਕੋ ਮਿੰਨਤ, ਦਰ ਠਾਂਡੇ ਸੀਸ ਝੁਕਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰੇ ਉਤੋਂ ਮੇਟ ਦੇ ਕੂੜੇ ਨਿੰਦਕ, ਹਰਿਜਨ ਸਾਚੇ ਲੈ ਪ੍ਰਗਟਾਈਆ । ਹਰਖ ਸੋਗ ਗ਼ਮ ਰਹੇ ਨਾ ਚਿੰਨਤ, ਅਗਨੀ ਅੱਗ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰਾ ਦੁੱਖ ਦਲਿਦ੍ਰ ਮੇਟ ਦੇ ਕਸ਼ਟ, ਕਟਾਕਸ਼ ਆਪਣਾ ਨਾਮ ਲਗਾਈਆ । ਕੌਲ ਇਕਰਾਰ ਵਾਅਦਾ ਪੂਰਾ ਕਰ ਦੇ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਧਿਆਨ ਲਗਾਈਆ । ਚਾਰੋਂ ਕੁੰਟ ਅੰਧੇਰਾ ਤੱਕ

੧੧੭੬
੨੩

ਲੈ ਆਪਣੀ ਸ੍ਰਿਸ਼ਟ, ਦੀਨ ਦੁਨੀ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਗ੍ਰਿਹਸਤ, ਗ੍ਰਹਿ ਗ੍ਰਹਿ ਚਾਰੋਂ ਕੁੰਟ ਜਗਤ ਵਾਸ਼ਨਾ ਹੋਈ ਹਲਕਾਈਆ । ਮੇਰਾ ਗ੍ਰਹਿ ਦਵਾਰਾ ਹੋਇਆ ਭਰਿਸ਼ਟ, ਪਤਤ ਪੁਨੀਤ ਤੁਧ ਬਿਨ ਦੇਵੇ ਨਾ ਕੋਇ ਵਡਿਆਈਆ । ਮਿਹਰਵਾਨ ਆਪਣੀ ਪ੍ਰਗਟ ਕਰ ਦੇ ਮੇਰੇ ਉਤੇ ਸ਼ਕਤ, ਸ਼ਖ਼ਸੀਅਤ ਸਭ ਦੀ ਦੇ ਬਦਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਪੇਸ਼ੀਨਗੋਈਆਂ ਵਾਲਾ ਆ ਗਿਆ ਵਕਤ, ਭਵਿਖਤਾਂ ਪਰਦਾ ਦੇਣਾ ਖੁਲਾਈਆ । ਬਿਨ ਤੇਰੀ ਕਿਰਪਾ ਬਣੇ ਕੋਈ ਨਾ ਭਗਤ, ਭਗਵਨ ਤੇਰੇ ਰੰਗ ਨਾ ਕੋਇ ਸਮਾਈਆ । ਮੇਰੇ ਸਾਹਿਬ ਜੋਤੀ ਧਾਰ ਦੇਣਾ ਦਰਸ, ਆਦਰਸ਼ ਆਪਣਾ ਦੇਣਾ ਵਖਾਈਆ । ਕੋਝੀ ਕਮਲੀ ਉਤੇ ਕਰਨਾ ਤਰਸ, ਰਹਿਮਤ ਰਹੀਮ ਦੇਣੀ ਵਰਤਾਈਆ । ਮੇਰੀ ਬੇਨੰਤੀ ਮਨਜ਼ੂਰ ਕਰਨੀ ਅਰਜ਼, ਆਰਜ਼ੂ ਤੇਰੇ ਕਦਮਾਂ ਵਿਚ ਟਿਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਮਰਦਾਨਾ ਮਰਦ, ਬੇਅੰਤ ਬੇਐਬ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਠਾਕਰ ਹੋਣਾ ਸਹਾਈਆ । ਧਰਨੀ ਕਹੇ ਪ੍ਰਭ ਮੇਰੀ ਦੁਖੀ ਦੀ ਪਾਉਣੀ ਸਾਰ, ਮਹਾਸਾਰਥੀ ਤੇਰੀ ਓਟ ਤਕਾਈਆ । ਤੂੰ ਵੇਖ ਆਪਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਸਚਖੰਡ ਦੀ ਧਾਰੋਂ ਸਵਾਧਾਨ ਕਰ ਲੈ ਤੇਈ ਅਵਤਾਰ, ਪੈਗ਼ੰਬਰਾਂ ਬਿਨ ਤਨ ਵਜੂਦ ਨੇਤਰ ਲਏ ਖੁਲਾਈਆ । ਗੁਰੂ ਗੁਰਦੇਵਾ ਪਾ ਸਾਰ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਪਰਦਾ ਲਾਹੀਆ । ਸਤਿਗੁਰ ਸ਼ਬਦ ਕਰ ਦੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਏ ਸੁਣਾਈਆ । ਨਵਾਂ ਸੱਤਾਂ ਦਏ ਇਕ ਹੁਲਾਰ, ਨਾਮ ਹਲੂਣਾ ਅਗੰਮ ਲਗਾਈਆ । ਜਗਤ ਜਗਿਆਸੂਓ ਨੇਤਰ ਨੈਣ ਲਓ ਉਘਾੜ, ਆਲਸ ਨਿੰਦਰਾ ਵਿਚੋਂ ਆਪਣਾ ਆਪ ਬਾਹਰ ਕਢਾਈਆ । ਦਰੋਹੀ ਫਿਰਨੀ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਸਮੁੰਦ ਸਾਗਰ ਰੋਵਨ ਮਾਰਨ ਧਾਹੀਂਆ । ਚਾਰੋਂ ਕੁੰਟ ਅਗਨੀ ਲੱਗਣੀ ਤਤੀ ਹਾੜ, ਹਾੜਾ ਕਢ ਕੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਧਰਨੀ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਪੁਰਖ ਅਕਾਲ ਕਹੇ ਧਰਨੀ ਧਰਤ ਧਵਲ ਧੌਲ ਮੈਂ ਆਵਾਂਗਾ । ਜੁਗ ਚੌਕੜੀ ਕੀਤਾ ਕੌਲ, ਅੰਤਮ ਲੇਖਾ ਪੂਰ ਕਰਾਵਾਂਗਾ । ਲੱਖ ਚੁਰਾਸੀ ਅੰਤਰ ਘਟ ਘਟ ਮੌਲ, ਮੌਲਾ ਹੋ ਕੇ ਆਪਣਾ ਵੇਸ ਵਟਾਵਾਂਗਾ । ਮੇਰਾ ਭੇਵ ਪਾ ਸਕੇ ਨਾ ਕੋਈ ਪੰਡਤ ਪਾਂਧਾ ਰੌਲ, ਮੁੱਲਾਂ ਸ਼ੇਖ਼ਾਂ ਹੱਥ ਕਦੇ ਨਾ ਆਵਾਂਗਾ । ਮੇਰਾ ਰੰਗ ਨਾ ਕਾਲਾ ਨਾ ਸੌਲ, ਜੋਤ ਸਰੂਪੀ ਡਗਮਗਾਵਾਂਗਾ । ਸਚ ਦਵਾਰਾ ਏਕਾ ਖੋਲ, ਏਕੰਕਾਰ ਏਕਾ ਨੂਰ ਜੋਤ ਰੁਸ਼ਨਾਵਾਂਗਾ । ਸ਼ਬਦ ਅਨਾਦੀ ਵਜਾ ਕੇ ਢੋਲ, ਦੋ ਜਹਾਨਾਂ ਆਪ ਜਗਾਵਾਂਗਾ । ਜਨ ਭਗਤਾਂ ਕਾਇਆ ਅੰਦਰ ਵਸਾਂ ਕੋਲ, ਬੰਦ ਕਿਵਾੜੀ ਕੁੰਡਾ ਆਪੇ ਲਾਹਵਾਂਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਬੋਲ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਇਕ ਰੰਗਾਵਾਂਗਾ । ਸਾਚਾ ਰੰਗ ਪ੍ਰਭੂ ਰੰਗਾਏਗਾ । ਦੀਨ ਦਿਆਲ ਦਇਆ ਕਮਾਏਗਾ । ਲੱਖ ਚੁਰਾਸੀ ਵੇਖ ਵਖਾਏਗਾ । ਮਾਨਵ ਜ਼ਾਤੀ ਫੋਲ ਫੁਲਾਏਗਾ । ਕਲਜੁਗ ਵੇਖੇ ਅੰਤਮ ਵਾਟੀ, ਪੈਂਡਾ ਸਭ ਦਾ ਆਪਣੇ ਹੱਥ ਰਖਾਏਗਾ । ਤੇਰੀ ਮੰਜ਼ਲ ਤੱਕ ਕੇ ਘਾਟੀ, ਘਾਟੇ ਪਿਛਲੇ ਪੂਰ ਕਰਾਏਗਾ । ਸਚ ਧਰਮ ਦੀ ਖੋਲ ਕੇ ਹਾਟੀ, ਵਣਜਾਰਾ ਇਕੋ ਵਸਤ ਵਿਕਾਏਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥੀ, ਆਤਮ ਪਰਮਾਤਮ


੧੧੭੭
੨੩

ਆਪਣਾ ਘਰ ਬਣਾਏਗਾ । ਤੂੰ ਖ਼ੁਸ਼ੀਆਂ ਦੇ ਵਿਚ ਹਾਸੀਂ, ਹਸਤ ਕੀਟਾਂ ਪ੍ਰਭ ਇਕੋ ਘਰ ਬਹਾਏਗਾ । ਕਰੇ ਖੇਲ ਪੁਰਖ ਅਬਿਨਾਸ਼ੀ, ਦੂਸਰ ਸੰਗ ਨਾ ਕੋਇ ਰਲਾਏਗਾ । ਤੇਰੇ ਉਤੇ ਪਾਵੇ ਧਰਮ ਧਾਰ ਦੀ ਰਾਸੀ, ਗੋਪੀ ਕਾਹਨ ਆਪਣੀ ਵੰਡ ਵੰਡਾਏਗਾ । ਜਗਤ ਅੰਧੇਰਾ ਰਹਿਣ ਦੇਵੇ ਨਾ ਰਾਤੀ, ਰੁਤੜੀ ਆਪਣੇ ਨਾਲ ਮਹਿਕਾਏਗਾ । ਅੰਮ੍ਰਿਤ ਦੇ ਕੇ ਬੂੰਦ ਸਵਾਂਤੀ, ਕਲਜੁਗ ਅਗਨੀ ਅੱਗ ਬੁਝਾਏਗਾ । ਤੂੰ ਬਿਨ ਨੇਤਰ ਲੋਚਨ ਨੈਣ ਝਾਕੀਂ, ਸਨਮੁਖ ਜੋਤੀ ਜਾਤਾ ਨਜ਼ਰੀ ਆਏਗਾ । ਸ਼ਬਦ ਅਸਵ ਚੜ੍ਹੇ ਅਗੰਮੀ ਰਾਕੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਏਗਾ । ਤੇਰੇ ਨਵਾਂ ਖੰਡਾਂ ਦੀਆਂ ਕਮਲੀਏ ਖੋਲ ਕੇ ਤਾਕੀ, ਸੱਤਾਂ ਦੀਪਾਂ ਪਰਦਾ ਆਪ ਉਠਾਏਗਾ । ਝਗੜਾ ਮੇਟ ਕੇ ਜ਼ਾਤੀ ਪਾਤੀ, ਆਤਮ ਬ੍ਰਹਮ ਭੇਵ ਖੁਲਾਏਗਾ । ਸਤਿਜੁਗ ਸਾਚੇ ਬਖ਼ਸ਼ ਕੇ ਹਯਾਤੀ, ਧਰਨੀ ਧਰਤ ਧਵਲ ਧੌਲ ਤੇਰੇ ਉਤੇ ਪ੍ਰਗਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪਣਾ ਆਪ ਜਣਾਏਗਾ । ਧਰਨੀ ਕਹੇ ਪ੍ਰਭੂ ਮੈਂ ਤੇਰਾ ਤੱਕਾਂ ਰਾਹ, ਬਿਨ ਨੈਣਾਂ ਨੈਣ ਉਠਾਈਆ । ਮੈਂ ਨਿਗਾਹ ਮਾਰਾਂ ਆਪਣੇ ਬਲ ਅਸਗਾਹ, ਟਿੱਲਿਆਂ ਪਰਬਤਾਂ ਪਹਾੜਾਂ ਖੋਜ ਖੁਜਾਈਆ । ਮੈਂ ਚਾਰੋਂ ਕੁੰਟ ਵੇਖਾਂ ਠੰਡੀ ਹਵਾ, ਪਵਣ ਪਵਣਾਂ ਵਿਚੋਂ ਕੀ ਰੂਪ ਬਦਲਾਈਆ । ਇਕੋ ਤੇਰਾ ਕਲਮਾ ਪੜ੍ਹਾਂ ਨਾਂ, ਤੂੰ ਹੀ ਤੂੰ ਹੀ ਰਾਗ ਅਲਾਈਆ । ਉਚੀ ਕੂਕ ਪੁਕਾਰਾਂ ਕਢ ਕੇ ਬਾਂਹ, ਦੋ ਜਹਾਨ ਸੁਣਾਈਆ । ਤੂੰ ਮਾਲਕ ਖ਼ਾਲਕ ਆ ਮੇਰੇ ਖ਼ੁਦਾ, ਖ਼ੁਦੀ ਤਕਬਰੀ ਦੇ ਮਿਟਾਈਆ । ਤੇਰਾ ਜ਼ਹੂਰ ਨੂਰ ਨਾ ਹੋਵੇ ਜੁਦਾ, ਜ਼ੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਦਿਲਰੁਬਾ, ਰਹਿਮਤ ਰਹੀਮ ਮੇਰੇ ਉਤੇ ਦੇਣੀ ਕਮਾਈਆ । ਆਪਣਾ ਕਲਮਾ ਕਾਇਨਾਤ ਤੋਂ ਬਾਹਰ ਸੁਣਾ, ਪੈਗ਼ਾਮ ਦੇਣਾ ਧੁਰਦਰਗਾਹੀਆ ।
੧੧੭੮ ੨੩ ਤੂੰ ਨੂਰ ਨੁਰਾਨਾ ਨੂਰ ਅਲਾਹ, ਆਲਮੀਨ ਇਕ ਅਖਵਾਈਆ । ਮੁਹੰਮਦ ਦੀ ਪੂਰੀ ਕਰ ਦੁਆ, ਜੋ ਚਾਰ ਯਾਰੀ ਨਾਲ ਵਾਸਤਾ ਤੇਰੇ ਅਗੇ ਪਾਈਆ । ੧੧੭੮ ੨੩
ਜੋਤੀ ਜਾਤੇ ਨੂਰ ਨੁਰਾਨਾ ਆਪਣਾ ਕਰ ਰੁਸ਼ਨਾ, ਅਮਾਮ ਅਮਾਮਾ ਫੇਰਾ ਪਾਈਆ । ਸਦੀ ਚੌਧਵੀਂ ਪੰਧ ਮੁਕਾ, ਮੁਕੰਮਲ ਆਪਣਾ ਖੇਲ ਖਿਲਾਈਆ । ਚਾਰੋਂ ਕੁੰਟ ਕੂੜ ਕੁੜਿਆਰ ਦਾ ਡੇਰਾ ਢਾਹ, ਘੜਨ ਭੰਨਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਮੈਂ ਤੇਰੀ ਚਰਨ ਸਰਨ ਗਈ ਆ, ਆਜਜ਼ ਹੋ ਕੇ ਨਿਵ ਨਿਵ ਲਾਗਾਂ ਪਾਈਆ ।

### ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਨਾਭਾ ਸ਼ਹਿਰ ਨੇੜੇ ਪਟਿਆਲਾ ਗੇਟ ਉੱਤਮ ਸਿੰਘ ਦੇ ਗ੍ਰਿਹ

ਧਰਨੀ ਕਹੇ ਪ੍ਰਭ ਮੇਰੀ ਰਖ ਲੈ ਪਤ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਮੇਰੇ ਉਤੇ ਰਿਹਾ ਨਹੀਂ ਧੀਰਜ ਸਤਿ, ਸਤਿ ਸਤਿਵਾਦੀ ਤੇਰੀ ਓਟ ਨਾ ਕੋਇ ਰਖਾਈਆ । ਧਰਮ ਦੀ ਧਾਰ ਦਿਸੇ ਨਾ ਯਤ, ਸੰਤੋਖ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਉਬਲੇ ਰਤ, ਅਗਨੀ ਤਤ ਰਿਹਾ ਤਪਾਈਆ । ਜਗਤ ਵਾਸਨਾ ਤੱਕ ਲੈ ਮਨ ਮਤ, ਕਲਪਣਾ ਕੂੜ ਖੋਜ ਖੁਜਾਈਆ । ਨਾਮ ਬੀਜੇ ਕੋਇ ਨਾ ਸਾਚੇ ਵਤ, ਕਾਇਆ ਸਿੰਚ ਹਰੀ ਕਿਆਰੀ ਨਾ ਕੋਇ ਕਰਾਈਆ । ਤੇਰੇ ਪਿਆਰ ਵਿਚ ਸਬਰ ਬਹੇ ਕੋਇ ਨਾ ਘਤ, ਯਾਰੜੇ ਤੇਰੀ ਸੇਜ ਨਾ ਕੋਇ ਹੰਢਾਈਆ । ਕੂੜੀ

੧੧੭੯
੨੩

ਕਿਰਿਆ ਜੁੜਿਆ ਨਤ, ਮਾਇਆ ਮਮਤਾ ਬੰਧਨ ਰਹੇ ਬੰਧਾਈਆ । ਕਿਰਪਾ ਕਰ ਮੇਰੇ ਸਮਰਥ, ਪੁਰਖ ਅਕਾਲ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ ਧੁਰ ਦੀ ਵਸਤ ਇਕ ਵਰਤਾਈਆ । ਧੁਰ ਦੀ ਵਸਤ ਦੇ ਪ੍ਰਭ ਏਕ, ਏਕੰਕਾਰ ਦਇਆ ਕਮਾਈਆ । ਧੁਰ ਦੇ ਨਾਮ ਦੀ ਬਖ਼ਸ਼ ਟੇਕ, ਦੂਸਰ ਓਟ ਨਾ ਕੋਇ ਵਖਾਈਆ । ਮੇਰੇ ਉਤੋਂ ਕਲਜੁਗ ਜੀਵਾਂ ਬੁੱਧੀ ਕਰ ਬਿਬੇਕ, ਦੁਰਮਤ ਮੈਲ ਦੇ ਧਵਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਕੂੜੀ ਮੇਟ ਦੇ ਰੇਖ, ਸਤਿਜੁਗ ਸਚ ਸਚ ਪ੍ਰਗਟਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਦੀਨਾਂ ਮਜ਼੍ਹਬਾਂ ਦੇ ਇਕ ਸੰਦੇਸ਼, ਸੋ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਹੰ ਬ੍ਰਹਮ ਆਪੇ ਵੇਖ, ਹਰਿ ਪੁਰਖ ਨਿਰੰਜਣ ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੇਰਾ ਸੁਹੰਜਣਾ ਕਰ ਦੇ ਦੇਸ, ਏਕੰਕਾਰ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਇਕ ਨਰੇਸ਼, ਆਦਿ ਨਿਰੰਜਣ ਨੂਰ ਅਲਾਹੀਆ । ਨਾਮ ਸ਼ਬਦ ਸੁਣਾ ਦੇ ਅਗੰਮਾ ਸੰਦੇਸ਼, ਸ੍ਰੀ ਭਗਵਾਨ ਆਪ ਦ੍ਰਿੜਾਈਆ । ਮੈਂ ਨੇਤਰ ਲੋਚਨ ਨੈਣਾਂ ਨਿਰਗੁਣ ਧਾਰ ਲਵਾਂ ਵੇਖ, ਅਬਿਨਾਸ਼ੀ ਕਰਤੇ ਪਰਦਾ ਦੇਣਾ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੂੰ ਸਦਾ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਮੇਰੀ ਕੋੜੀ ਕਮਲੀ ਦਾ ਬਦਲ ਦੇ ਲੇਖ, ਲਿਖਤ ਭਵਿਖਤ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਮਿਲਾਈਆ । ਸਾਹਿਬ ਸਵਾਮੀ ਹੋ ਕੇ ਕਰ ਹੇਤ, ਹਿਤਕਾਰੀ ਹੋ ਕੇ ਦਇਆ ਕਮਾਈਆ । ਦਰਸ਼ਨ ਦੇ ਦੇ ਨੇਤਨ ਨੇਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭ ਤੇਰਾ ਖੇਲ ਸਦਾ ਦਿਉਹਾੜੀ, ਦਿਵਸ ਰੈਣ ਆਪਣਾ ਹੁਕਮ ਵਰਤਾਈਆ । ਕਰ ਪ੍ਰਕਾਸ਼ ਜਨ ਭਗਤ ਸੁਹੇਲੇ ਬਹੱਤਰ ਨਾੜੀ, ਨਾੜੀ ਨਾੜੀ ਨੂਰ ਕਰ ਰੁਸ਼ਨਾਈਆ । ਸਦਾ ਸੁਹੇਲੇ ਇਕ ਅਕੇਲੇ ਫਿਰਨਾ ਪਿਛੇ ਅਗਾੜੀ, ਏਥੇ ਓਥੇ ਦੋ ਜਹਾਨਾਂ ਹੋਣਾ ਆਪ ਸਹਾਈਆ । ਜਿਨ੍ਹਾਂ ਗੁਰਮੁਖਾਂ ਤੇਰੇ ਚਰਨ ਛੁਹਾਈ ਦਾਹੜੀ, ਤਿਨ੍ਹਾਂ ਦਾ ਲਹਿਣਾ ਦੇਣਾ ਝੋਲੀ ਪਾਈਆ । ਲੇਖਾ ਪਾਰ ਕਰਾ ਕੇ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤਾਂ ਸਮੁੰਦ ਸਾਗਰਾਂ ਪੰਧ ਮੁਕਾਈਆ । ਉਨ੍ਹਾਂ ਦਾ ਲੇਖਾ ਰਹੇ ਨਾ ਨਾਲ ਮੌਤ ਲਾੜੀ, ਰਾਏ ਧਰਮ ਨਾ ਦਏ ਸਜ਼ਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਿਹਰਵਾਨਾ ਸਾਚੀ ਮੰਜ਼ਲ ਆਪੇ ਚਾੜ੍ਹੀਂ, ਦਰਗਾਹ ਸਾਚੀ ਸਚਖੰਡ ਦਵਾਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਕਮਲਾਪਾਤੀ, ਪਤਿ ਪਤਿਵੰਤੇ ਤੇਰੀ ਬੇਪਰਵਾਹੀਆ । ਤੇਰੇ ਭਗਤ ਸੁਹੇਲੇ ਉੱਤਮ ਜ਼ਾਤੀ, ਆਤਮ ਪਰਮਾਤਮ ਨੂਰ ਨੁਰਾਨਾ ਨਜ਼ਰੀ ਆਈਆ । ਤੂੰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਨਾ ਸਾਥੀ, ਸਗਲਾ ਸੰਗੀ ਆਪ ਹੋ ਜਾਈਆ । ਤੇਰੀ ਮਹਿੰਮਾ ਆਦਿ ਜੁਗਾਦਿ ਕਥਨਾ ਕਾਥੀ, ਕਥਨਾ ਕਥ ਸਕੇ ਨਾ ਰਾਈਆ । ਤੂੰ ਸਦਾ ਸੁਹੇਲਾ ਨਾਥ ਅਨਾਥੀ, ਦੀਨਾਂ ਬੰਧਪ ਦੀਨਨ ਆਪਣੇ ਗਲੇ ਲਗਾਈਆ । ਧਰਨੀ ਕਹੇ ਮੇਰੇ ਪ੍ਰਭੂ ਮੇਰੇ ਕੋਲ ਚਾਰ ਜੁਗ ਦੇ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਪਾਤੀ, ਬਿਨ ਅੱਖਰ ਹਰਫ਼ ਹਰੂਫ਼ ਨਜ਼ਰੀ ਆਈਆ । ਤੇਰਾ ਖੇਲ ਹੋਣਾ ਦੋ ਜਹਾਨ ਲੋਕਮਾਤੀ, ਨਵ ਸੱਤ ਵੱਜੇ ਵਧਾਈਆ । ਮੇਰੇ ਉਤੋਂ ਕਲਜੁਗ ਮੇਟਣੀ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਅੰਮ੍ਰਿਤ ਦੇਣਾ ਬੂੰਦ ਸਵਾਂਤੀ, ਨਿਝਰ ਝਿਰਨਾ ਆਪ ਝਿਰਾਈਆ । ਤੇਰਾ ਦਰਸ਼ਨ ਕਰਾਂ ਇਕਾਂਤੀ, ਇਕ ਅਕੇਲੇ ਨਜ਼ਰੀ

ਆਉਣਾ ਥਾਉਂ ਥਾਈਂਆ । ਤੇਰਾ ਭਗਤ ਬਣਾਂ ਦਾਸੀ, ਦਾਸ ਦਾਸੀ ਸੇਵ ਕਰਾਂ ਚਾਈਂ ਚਾਈਂਆ । ਕਿਰਪਾ ਕਰ ਅਬਿਨਾਸ਼ੀ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਗ਼ਰੀਬ ਨਿਮਾਣਿਆਂ ਵੰਡ ਦਰਦਾਂ, ਦੀਨਾਂ ਅਨਾਥਾਂ ਦਇਆ ਕਮਾਈਆ । ਇਹ ਖੇਲ ਆਪਣਾ ਤੇਰੇ ਘਰ ਦਾ, ਘਰਾਨੇ ਦੀਨ ਦੁਨੀ ਤਜਾਈਆ । ਲਹਿਣਾ ਦੇਣਾ ਪੂਰਾ ਕਰ ਦੇ ਚੇਤਨ ਜੜ ਦਾ, ਲੇਖਾ ਅਵਰ ਰਹੇ ਨਾ ਰਾਈਆ । ਜੋ ਹਰਿਜਨ ਤੇਰਾ ਨਾਮ ਢੋਲਾ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਸੋਹੰ ਰਸਨਾ ਜਿਹਵਾ ਗਾਈਆ । ਉਹ ਨਾ ਜਨਮੇ ਨਾ ਕਦੇ ਮਰਦਾ, ਮਰਨ ਜਨਮ ਦਾ ਲੇਖਾ ਰਹੇ ਨਾ ਰਾਈਆ । ਉਹ ਸਾਚੀ ਮੰਜ਼ਲ ਹਕ ਹਕੀਕੀ ਤੇਰੀ ਚੜ੍ਹਦਾ, ਸਚਖੰਡ ਸਾਚੇ ਸੋਭਾ ਪਾਈਆ । ਲੱਖ ਚੁਰਾਸੀ ਵਿਚੋਂ ਤਰਨੀ ਤਰਦਾ, ਰਾਏ ਧਰਮ ਨਾ ਦਏ ਸਜ਼ਾਈਆ । ਤੇਰਾ ਖੇਲ ਅਗੰਮਾ ਨਰਾਇਣ ਨਰ ਦਾ, ਨਰ ਹਰਿ ਤੇਰੀ ਵਡ ਵਡਿਆਈਆ । ਧਰਨੀ ਕਹੇ ਜੋ ਸੰਤ ਸੁਹੇਲਾ ਤੇਰਾ ਬਰਦਾ, ਬੰਦੀਖ਼ਾਨੇ ਵਿਚੋਂ ਦੇਣਾ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਗੁਣ ਨਿਧਾਨ, ਗੁਣਵੰਤ ਦਇਆ ਕਮਾਈਆ । ਸਤਿ ਧਰਮ ਝੁਲਾ ਨਿਸ਼ਾਨ, ਕੂੜ ਕੁੜਿਆਰਾ ਡੇਰਾ ਢਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਦੇ ਗਿਆਨ, ਅੰਤਰ ਆਤਮ ਇਕ ਪੜ੍ਹਾਈਆ । ਘਰ ਮੰਦਰ ਸੁਹਾ ਮਕਾਨ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਸ਼ਬਦ ਦੀ ਦੇ ਸੱਚੀ ਧੁਨਕਾਨ, ਧੁਨ ਆਤਮਕ ਰਾਗ ਦ੍ਰਿੜਾਈਆ । ਅੰਮ੍ਰਿਤ ਰਸ ਦੇ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਈਆ । ਹਰਿਜਨ ਹਰਿ ਭਗਤ ਤੇਰੇ ਚਰਨ ਕਰਨ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਲਹਿਣਾ ਦੇਣਾ ਚੁਕਾਉਣਾ ਆਣ, ਆਨਨ ਫ਼ਾਨਨ ਆਪਣੀ ਦਇਆ ਕਮਾਈਆ । ਤੂੰ ਸ਼ਾਹ ਪਾਤਸ਼ਾਹ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰਾ ਖੇਲ ਮਹਾਨ, ਮਹਿੰਮਾ ਅਕਥ ਕਥਨੀ ਕਥ ਸਕੇ ਨਾ ਰਾਈਆ ।

✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਸੇਵਕ ਕਲੋਨੀ ਪਲਾਟ ਨੰ੦ ੩੧ ਜ਼ਿਲਾ ਪਟਿਆਲਾ ਬਲਵੰਤ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀ ਆਸ਼ਾ ਦਿਵਸ ਰੈਣ ਤਪਦੀ, ਸਾਂਤਕ ਸਤਿ ਸਤਿ ਨਾ ਕੋਇ ਕਰਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਤੇਰਾ ਨਾਮ ਮੂਲ ਨਾ ਜਪਦੀ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਵਣਜਾਰਨ ਹੋ ਗਈ ਮਨ ਮਤ ਦੀ, ਕੂੜੀ ਕਿਰਿਆ ਨਾਲ ਮਿਲਾਈਆ । ਪਿਆਸੀ ਹੋ ਗਈ ਦੀਨ ਮਜ਼੍ਹਬ ਦੀ ਰੱਤ ਦੀ, ਰਤਨ ਅਮੋਲਕ ਹੀਰਾ ਤੇਰਾ ਰੂਪ ਨਾ ਕੋਇ ਦਰਸਾਈਆ । ਵਣਜਾਰਨ ਰਹੀ ਨਾ ਨਿਜ ਨੇਤਰ ਲੋਚਨ ਨੈਣ ਅੱਖ ਦੀ, ਜੋਤੀ ਧਾਰ ਤੇਰਾ ਦਰਸ ਕੋਇ ਨਾ ਪਾਈਆ । ਮੇਰੀ ਝੋਲੀ ਵੇਖ ਲੈ ਸਖਣੀ ਸੱਖ ਦੀ, ਮੁਹੱਬਤ ਪਿਆਰ ਵਿਚ ਨਜ਼ਰ ਕੋਇ ਨਾ ਆਈਆ । ਮੈਂ ਵੈਰਾਗਣ ਹੋ ਕੇ ਚਾਰੋਂ ਕੁੰਟ ਨਠਦੀ, ਭੱਜਾਂ ਵਾਹੋ ਦਾਹੀਆ । ਸੁਣਾਂ ਪੁਕਾਰ ਤੀਰਥ ਅੱਠ ਸੱਠ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਵਡਿਆਈ ਰਹੀ ਨਾ ਤੇਰੇ ਮੰਦਰ ਮਸਜਿਦ ਸ਼ਿਵਦੁਆਲੇ ਮੱਠ ਦੀ, ਗੁਰੂਦੁਆਰਾ ਗੁਰਦੇਵ ਨਜ਼ਰ ਕਿਸੇ ਨਾ ਆਈਆ । ਰੈਣ ਅੰਧੇਰੀ

੧੧੮੦
੨੩

ਤੱਕ ਲੈ ਕਾਇਆ ਮਾਟੀ ਹੱਟ ਦੀ, ਪੰਜਾਂ ਤਤਾਂ ਫੋਲ ਫੁਲਾਈਆ । ਕੂੜੀ ਕਿਰਿਆ ਵੇਖ ਲੈ ਨੌ ਖੰਡ ਪ੍ਰਿਥਮੀ ਟੱਪਦੀ, ਹਉਮੇ ਹੰਗਤਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਰੋਂਦੀ ਦੇ ਤੱਕ ਲੈ ਨੈਣ, ਬਿਨ ਅੱਖੀਆਂ ਅੱਖ ਉਠਾਈਆ । ਤੇਰੇ ਪਿਆਰੇ ਤੇਰੇ ਨਾਲੋਂ ਹੋਏ ਤੂਫ਼ੈਨ, ਤਰਫ਼ਦਾਰੀ ਨਜ਼ਰ ਕੋਇ ਨਾ ਆਈਆ । ਮੈਂ ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਪਰਵਰਦਿਗਾਰਾ ਤੈਨੂੰ ਆਈ ਕਹਿਣ, ਸਾਂਝੇ ਯਾਰ ਦਿਆਂ ਦ੍ਰਿੜਾਈਆ । ਕਲਜੁਗ ਕੂੜ ਕੁੜਿਆਰੇ ਵਹਾਇਆ ਵਹਿਣ, ਸ਼ੌਹ ਦਰਿਆ ਰੂਪ ਬਦਲਾਈਆ । ਨਾਤਾ ਤੁਟ ਗਿਆ ਪ੍ਰੇਮ ਪਿਆਰ ਦਾ ਭਾਈ ਭੈਣ, ਸਾਜਣ ਮੀਤ ਸੰਗ ਨਾ ਕੋਇ ਰਖਾਈਆ । ਦਰੋਹੀ ਮੇਰਾ ਅੰਤ ਚੁਕਾ ਦੇ ਲਹਿਣ ਦੇਣ, ਵਾਸਤਾ ਤੇਰੇ ਅਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਓਟ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਸ਼ਕਰਨ ਦੀ ਤੱਕ ਲੈ ਆਹ, ਬਿਨ ਰਸਨਾ ਜਿਹਵਾ ਦਿਆਂ ਜਣਾਈਆ । ਨੌ ਖੰਡ ਮੇਰੇ ਉਤੇ ਵੇਖ ਗੁਨਾਹ, ਤਨ ਮੰਦਰ ਫੋਲ ਫੁਲਾਈਆ । ਸਤਿ ਸਰੂਪ ਤੇਰਾ ਨਜ਼ਰ ਨਾ ਆਵੇ ਨਾਂ, ਨਰ ਨਿਰੰਕਾਰ ਨਿਰਵੈਰ ਤੇਰੇ ਰੰਗ ਨਾ ਕੋਇ ਰੰਗਾਈਆ । ਮੈਂ ਸਚ ਸਵਾਮੀ ਅੰਤਰਜਾਮੀ ਆਪਣੀ ਆਸ਼ਾ ਸਵਾਲਣ ਹੋ ਕੇ ਕਹਾਂ, ਕਹਿ ਕੇ ਦਿਆਂ ਦ੍ਰਿੜਾਈਆ । ਕਲਜੁਗ ਪਾਪੀ ਹਿੰਸਿਆਰਾ ਹੋਇਆ ਮਹਾ, ਮਹਾਭਾਰਤ ਦਾ ਲੇਖਾ ਕਦਮਾਂ ਹੇਠ ਦਬਾਈਆ । ਜਿਸ ਨੇ ਪਿਆਰ ਰਹਿਣ ਦਿਤਾ ਨਹੀਂ ਪਿਤਾ ਮਾਂ, ਪਿਤਾ ਪੂਤ ਨਾ ਕੋਇ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਫੜੇ ਕੋਈ ਨਾ ਬਾਂਹ, ਸਿਰ ਹੱਥ ਨਾ ਕੋਇ ਟਿਕਾਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸ਼ਹਿਨਸ਼ਾਹ ਤੇਰਾ ਨੂਰੀ ਚੰਦ ਨਾ ਕੋਇ
੧੧੮੧ ੨੩ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ੧੧੮੧ ੨੩
ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਅਗੇ ਕੂਕਾਂ, ਦਰੋਹੀ ਦਰੋਹੀ ਕਰ ਸੁਣਾਈਆ । ਤੂੰ ਖੇਲ ਤੱਕ ਲੈ ਕਾਇਆ ਪੰਜ ਭੂਤਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਆਪਣਾ ਪਿਆਰ ਤੱਕ ਲੈ ਮਿੱਟੀ ਖ਼ਾਕ ਬੁੱਤਾ, ਬੁਤਖ਼ਾਨਿਆਂ ਲੇਖਾ ਰਹੇ ਨਾ ਰਾਈਆ । ਨਾਮ ਵਿਹੂਣਾ ਤੇਰਾ ਸੰਸਾਰ ਸੁੱਤਾ, ਸੁਤਿਆਂ ਨਾ ਕੋਇ ਜਗਾਈਆ । ਮੇਰੀ ਸੁਹੰਜਣੀ ਹੋਏ ਮੂਲ ਨਾ ਰੁਤਾ, ਰੁਤੜੀ ਮਾਤ ਨਾ ਕੋਇ ਮਹਿਕਾਈਆ । ਮੇਰੀ ਦੁਹਾਗਣ ਦੀ ਖੁਲ੍ਹੀ ਵੇਖ ਲੈ ਗੁੱਤਾ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਅਬਿਨਾਸ਼ੀ ਅਚੁਤਾ, ਚੇਤਨ ਰੂਪ ਅਗੰਮ ਅਥਾਹੀਆ । ਜਿਧਰ ਤੱਕਾਂ ਦਹਿ ਦਿਸ਼ਾ ਪੈਂਦੀ ਲੁੱਟਾ, ਲੁਟੇਰਾ ਬਣਿਆ ਕਲਜੁਗ ਕੂੜ ਕਸਾਈਆ । ਤੇਰਾ ਪਿਆਰ ਹਰਿ ਨਿਰੰਕਾਰ ਆਤਮ ਧਾਰ ਤੁੱਟਾ, ਤੁੱਟਿਆ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰਾ ਦਿਓ ਸਾਥ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਖੇਲ ਤੱਕੋ ਪੁਰਖ ਸਮਰਾਥ, ਜੋ ਸਰਗੁਣ ਸਰਗੁਣ ਦਏ ਸਮਝਾਈਆ । ਸੀਸ ਝੁਕਾਓ ਜਗਦੀਸ਼ ਬਿਨ ਹੱਥਾਂ ਜੋੜੋ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਵਡਿਆਈ ਸਿਫ਼ਤ ਕਰੋ ਮਹਿੰਮਾ ਅਕਥਨਾ ਅਕਾਥ, ਕਥਨੀ ਕਥ ਨਾ ਕੋਇ ਜਣਾਈਆ । ਜਿਸ ਨੇ ਸਤਿਜੁਗ ਤਰੇਤਾ ਦੁਆਪਰ ਕਲਜੁਗ ਚਲਾਇਆ ਰਾਥ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਉਹ ਲਹਿਣਾ ਦੇਣਾ ਜਾਣੇ ਅਨਾਥਾਂ ਨਾਥ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਸਾਰੇ ਇਕੋ ਵਾਰ ਏਕੰਕਾਰ

ਨੂੰ ਦਿਓ ਆਖ, ਬਿਨ ਅੱਖਰਾਂ ਦਿਓ ਜਣਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਪ੍ਰਭ ਤੇਰੇ ਹੱਥ ਵਡਿਆਈਆ । ਜਨ ਭਗਤਾਂ ਦਰਸ਼ਨ ਦੇ ਦੇ ਸਾਖਿਆਤ, ਜੋਤੀ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਇਕੋ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਧਰਨੀ ਤੂੰ ਮੰਗਣਾ ਜਗ ਕੀ, ਮੰਗਤੀਏ ਦੇ ਜਣਾਈਆ । ਜਿਸ ਪ੍ਰਭੂ ਦੇ ਲੱਖ ਚੁਰਾਸੀ ਜੀਅ ਜੰਤ ਪੁਤਰ ਧੀ, ਬੰਸ ਸਰਬੰਸ ਆਪ ਸੁਹਾਈਆ । ਉਸ ਦਾ ਲਹਿਣਾ ਦੇਣਾ ਲੇਖਾ ਵੀਹ ਇਕੀਹ, ਗੁਰਦਾਸ ਦਏ ਗਵਾਹੀਆ । ਜਿਸ ਸਤਿ ਧਰਮ ਦਾ ਸਚ ਦਾ ਮਾਰਗ ਲਗਾਇਆ ਧਰਾਈ ਨੀਂਹ, ਗੋਬਿੰਦ ਬੱਚੇ ਨੀਹਾਂ ਹੇਠ ਦਬਾਈਆ । ਨੀ ਤੇਰੀ ਕੋਝੀਏ ਕਮਲੀਏ ਵੰਡ ਸਾਢੇ ਤਿੰਨ ਹੱਥ ਦੀ ਸੀਂਅ, ਰਵਦਾਸ ਚਮਾਰਾ ਗਿਆ ਦ੍ਰਿੜਾਈਆ । ਜੋਤੀ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀਏ ਉਹ ਮਾਲਕ ਤੱਕ ਸਵਾਮੀ, ਜੋ ਜੁਗ ਜੁਗ ਤੇਰਾ ਸਵੰਬਰ ਰਚਾਈਆ । ਆਦਿ ਪੁਰਖ ਅਪਰੰਪਰ ਅੰਤਰਜਾਮੀ, ਘਟ ਘਟ ਵਾਸੀ ਅਗੰਮ ਅਥਾਹੀਆ । ਜਿਸ ਦਾ ਨਾਮ ਨਿਧਾਨਾ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਦੇਵਣਹਾਰਾ ਪਦ ਨਿਰਬਾਣੀ, ਦਰਗਾਹ ਸਾਚੀ ਆਪ ਸੁਹਾਈਆ । ਤੇਰੀ ਵੇਖੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਤੂੰ ਬਣਨਾ ਸੁਘੜ ਸਿਆਣੀ, ਸੁਚੱਜੀ ਆਪਣਾ ਰੂਪ ਵਟਾਈਆ । ਜੋ ਖੇਲੇ ਖੇਲ ਦੋ ਜਹਾਨੀ, ਦੋਹਰੀ ਆਪਣੀ ਕਲ ਪਰਗਟਾਈਆ । ਨੀ ਉਹ ਤੇਰੇ ਦਵਾਰੇ ਤੇਰੇ ਗ੍ਰਹਿ ਤੇਰੇ ਘਰ ਖਾਣ ਆਵੇ ਮਹਿਮਾਨੀ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਵੇਸ ਵਟਾਈਆ । ਤੂੰ ਬਣਨਾ ਸੁਘੜ ਸੁਚੱਜੀ ਸੁਆਣੀ, ਅੰਮ੍ਰਿਤ ਰਸ ਚਰਨ ਚਰਨੋਦਕ ਦਾ ਲੈ ਕੇ ਪਾਣੀ, ਪਤਤ ਪੁਨੀਤ ਜੀਵ ਜੰਤ ਦੇਣੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਤੇਰੀ ਆਸ਼ਾ ਪੂਰ ਕਰਾਈਆ । ਤੇਰੀ ਆਸ਼ਾ ਪੂਰ ਕਰਾਵੇਗਾ । ਸੋ ਪੁਰਖ ਨਿਰੰਜਣ ਆਵੇਗਾ । ਹਰਿ ਪੁਰਖ ਨਿਰੰਜਣ ਖੇਲ ਖਿਲਾਵੇਗਾ । ਏਕੰਕਾਰਾ ਅਕਲ ਕਲਧਾਰੀ ਕਲ ਪ੍ਰਗਟਾਵੇਗਾ । ਆਦਿ ਨਿਰੰਜਣ ਜੋਤ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਪਰਦਾ ਲਾਹਵੇਗਾ । ਸ੍ਰੀ ਭਗਵਾਨ ਹੁਕਮ ਸੁਣਾਵੇਗਾ । ਪਾਰਬ੍ਰਹਮ ਪ੍ਰਭ ਭੇਵ ਚੁਕਾਵੇਗਾ । ਸਤਿਗੁਰ ਸ਼ਬਦ ਆਪ ਪ੍ਰਗਟਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਨਾਲ ਮਿਲਾਵੇਗਾ । ਭੇਵ ਅਭੇਦ ਆਪ ਖੁਲਾਵੇਗਾ । ਚਾਰੇ ਵੇਦਾਂ ਲੇਖਾ ਤੇਰੇ ਹੱਥ ਫੜਾਵੇਗਾ । ਜੋ ਅਵਤਾਰ ਪੈਗ਼ੰਬਰ ਗੁਰੂਆਂ ਕੀਤਾ ਠੇਕਾ, ਠਾਕਰ ਹੋ ਕੇ ਸਭ ਦੇ ਲਹਿਣੇ ਲਹਿਣੇਦਾਰ ਝੋਲੀ ਪਾਵੇਗਾ । ਤੂੰ ਧਰਨੀਏ ਮਰਨੀਏ ਪੁਰਖ ਅਕਾਲਾ ਵੇਖਣਾ ਏਕੰਕਾਰ ਏਕਾ, ਅਕਲ ਕਲਧਾਰੀ ਨਜ਼ਰੀ ਆਵੇਗਾ । ਤੇਰੇ ਉਤੋਂ ਤ੍ਰੈਗੁਣ ਮਾਇਆ ਮੇਟ ਕੇ ਸੇਕਾ, ਅੰਮ੍ਰਿਤ ਮੇਘ ਨਾਮ ਬਰਸਾਵੇਗਾ । ਦੋ ਜਹਾਨਾਂ ਬਣ ਕੇ ਨੇਤਾ, ਨਿਜ ਨੇਤਰ ਭਗਤਾਂ ਆਪ ਖੁਲਾਵੇਗਾ । ਆਤਮ ਪਰਮਾਤਮ ਕਰ ਕੇ ਹੇਤਾ, ਪਾਰਬ੍ਰਹਮ ਬ੍ਰਹਮ ਆਪਣਾ ਘਰ ਵਖਾਵੇਗਾ । ਓਸ ਦਾ ਵਾਸਾ ਹੋਣਾ ਸੰਬਲ ਦੇਸਾ, ਸਾਢੇ ਤਿੰਨ ਹੱਥ ਵੰਡ ਵੰਡਾਵੇਗਾ । ਜੋਤੀ ਜਾਮਾ ਧਾਰ ਕੇ ਭੇਸਾ, ਭਸਮੜ ਆਪਣਾ ਰੂਪ ਬਦਲਾਵੇਗਾ । ਦੋ ਜਹਾਨਾਂ ਬਣ ਕੇ ਨਰ ਨਰੇਸ਼ਾ, ਨਰ ਨਰਾਇਣ ਇਕੋ ਇਕ ਅਖਵਾਵੇਗਾ । ਉਸ ਦਾ ਸਮਝੇ ਕੋਇ ਨਾ ਭੇਤਾ, ਭੇਵ ਅਭੇਦ ਆਪਣੇ ਵਿਚ ਟਿਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਾਚਾ ਭੇਵ ਆਪ ਖੁਲਾਵੇਗਾ । ਧਰਨੀ ਕਹੇ ਜਿਸ ਵੇਲੇ ਮੇਰਾ ਮਹਿਬੂਬ ਆਵੇ ਮਾਹੀ, ਮਿਹਰਵਾਨ ਮਿਹਰਵਾਨ ਮਿਹਰਵਾਨ ਦਇਆ

੧੧੮੨
੨੩

ਕਮਾਈਆ । ਮੈਂ ਚਾਰ ਕੁੰਟ ਦੀ ਬਣਾਂ ਰਾਹੀ, ਦਹਿ ਦਿਸ਼ਾ ਵੇਖਾਂ ਥਾਉਂ ਥਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵਾਂ ਚਾਈਂ ਚਾਈਂ, ਚਾਓ ਘਨੇਰਾ ਇਕ ਰਖਾਈਆ । ਮੇਰੇ ਸਵਾਮੀਆਂ ਅੰਤਰਜਾਮੀਆਂ ਘਟ ਨਿਵਾਸੀਆ ਪੁਰਖ ਅਬਿਨਾਸ਼ੀਆ ਮੇਰੀ ਪਕੜ ਲੈ ਬਾਹੀਂ, ਬਹੀਆ ਤੇਰੇ ਹੱਥ ਫੜਾਈਆ । ਕਲਜੁਗ ਕੂੜ ਮੇਰੇ ਉਤੇ ਰਹਿਣ ਨਾ ਦਈਂ ਕਸਾਈ, ਕਸਮ ਖਾ ਕੇ ਤੇਰੇ ਅਗੇ ਵਾਸਤਾ ਪਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਬੇਪ੍ਰਵਾਹੀ, ਬੇਐਬ ਤੇਰੀ ਓਟ ਰਖਾਈਆ । ਤੂੰ ਜਗਤ ਜੰਜਾਲ ਮੇਰੀ ਕੱਟਣੀ ਫਾਹੀ, ਫ਼ੈਸਲਾ ਤੇਰੇ ਕੋਲੋਂ ਕਰਾਈਆ । ਮੈਂ ਚਾਹੁੰਦੀ ਤੇਰੇ ਨਾਮ ਦੀ ਇਕੋ ਵੱਜੇ ਵਧਾਈ, ਡੰਕਾ ਤੇਰਾ ਨਾਮ ਸ਼ਨਵਾਈਆ । ਜਿਸ ਕਾਰਨ ਗੋਬਿੰਦ ਬੂਟਾ ਪੁੱਟਿਆ ਕਾਹੀ, ਕਲਜੁਗ ਦੀ ਜੜ ਤੇਰੇ ਕੋਲੋਂ ਉਖੜਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਬਿਨ ਤੇਰੇ ਮੇਰੇ ਉਤੋਂ ਬਦਲੇ ਮੂਲ ਕੋਇ ਨਾ ਸ਼ਾਹੀ, ਸ਼ਹਿਨਸ਼ਾਹ ਤੇਰੇ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਅੰਤ ਕੰਤ ਭਗਵੰਤ ਆਪ ਚੁਕਾਈ, ਚੌਥੇ ਜੁਗ ਲੇਖਾ ਅਵਰ ਰਹੇ ਨਾ ਰਾਈਆ ।

### ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਸੰਗਰੂਰ ਸ਼ਹਿਰ ਧੂਰੀ ਗੇਟ ਹਰਬੰਸ ਸਿੰਘ ਦੇ ਗ੍ਰਿਹ ✪



ਸਤਿਗੁਰ ਸ਼ਬਦ ਕਦੇ ਨਾ ਭੁਲਦਾ, ਅਭੁਲ ਆਦਿ ਅੰਤ ਇਕ ਅਖਵਾਈਆ । ਉਹ ਮਾਲਕ ਲੱਖ ਚੁਰਾਸੀ ਕੁਲ ਦਾ, ਕੁੱਲ ਮਾਲਕ ਦਿਤੀ ਵਡਿਆਈਆ । ਜਿਸ ਦਾ ਪਿਆਰ ਮੁਹੱਬਤ ਨਾਤਾ ਅਮੁਲ ਦਾ, ਕੀਮਤ ਜਗਤ ਨਾ ਕੋਇ ਰਖਾਈਆ । ਉਸ ਦਾ ਜੁਗ ਜੁਗ ਧਰਮ ਦਵਾਰਾ ਖੁਲ੍ਹਦਾ, ਖ਼ਾਲਕ ਖ਼ਲਕ ਦਏ ਖੁਲਾਈਆ । ਉਹਦਾ ਨਾਤਾ ਆਦਿ ਜੁਗਾਦੀ ਸੁਲਹਕੁਲ ਦਾ, ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਜਿਸ ਦਾ ਨਾਮ ਨਿਧਾਨਾ ਇਕੋ ਨਿਸ਼ਾਨਾ ਝੁਲਦਾ, ਦੋ ਜਹਾਨਾਂ ਡਗਮਗਾਈਆ । ਉਹ ਪ੍ਰੇਮੀ ਪਿਆਰਾ ਗੁਰਮੁਖ ਹਰਿਜਨ ਮਾਇਆ ਵਿਚ ਕਦੇ ਨਾ ਰੁਲਦਾ, ਕੂੜ ਕਿਰਿਆ ਵਿਚ ਨਾ ਕੋਇ ਫਸਾਈਆ । ਓਹ ਵਣਜਾਰਾ ਹੋਏ ਇਕੋ ਚਰਨ ਕਵਲ ਧੂਲ ਦਾ, ਧੂੜੀ ਮਸਤਕ ਖ਼ਾਕ ਰਮਾਈਆ । ਨਾਮ ਭਗਤੀ ਨਾਲ ਲੋਕਮਾਤ ਵਿਚ ਫਲਦਾ ਫੁਲਦਾ, ਚਾਰ ਕੁੰਟ ਦਏ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਨਾਮ ਇਕ ਵਰਤਾਈਆ । ਸਤਿਗੁਰ ਸ਼ਬਦ ਭੁਲ ਵਿਚ ਨਾ ਪਾਏ ਭੁਲੇਖਾ, ਜੁਗ ਜੁਗ ਭਾਂਡਾ ਭਰਮ ਭੰਨਾਈਆ । ਜੋ ਪੂਰਬ ਜਨਮ ਦਾ ਜਾਣੇ ਲੇਖਾ, ਜਨਮ ਅਜਨਮਾ ਖੋਜ ਖੁਜਾਈਆ । ਜੋ ਅੰਤਰ ਨਿਰੰਤਰ ਧੁਰ ਦੀ ਧਾਰ ਦਾ ਦਏ ਸੰਦੇਸਾ, ਨਿਰਅੱਖਰ ਨਾਮ ਧਾਰ ਪ੍ਰਗਟਾਈਆ । ਜਨਮ ਕਰਮ ਦੀ ਬਦਲ ਦੇਵੇ ਰੇਖਾ, ਰਿਖੀਆਂ ਮੁਨੀਆਂ ਤੋਂ ਪਰੇ ਆਪਣਾ ਘਰ ਵਖਾਈਆ । ਜਿਥੇ ਦਿਸੇ ਇਕੋ ਨਰ ਨਰੇਸ਼ਾ, ਨਰ ਹਰਿ ਆਪਣੀ ਸੋਭਾ ਪਾਈਆ । ਜੋ ਨਿਤ ਨਵਿਤ ਨਿਰਗੁਣ ਸਰਗੁਣ ਕਰੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਸਤਿਗੁਰ ਸ਼ਬਦ ਭੁਲ ਵਿਚ ਕਦੇ ਨਾ ਆਇਆ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਸੰਤਾਂ ਦੇਵੇ ਠੰਡੀ ਛਾਇਆ, ਅਗਨੀ ਤਤ ਨਾ ਲਾਗੇ ਰਾਈਆ । ਤ੍ਰੈਗੁਣ ਲੇਖਾ ਦਏ ਮੁਕਾਇਆ, ਮਾਇਆ

ਮਮਤਾ ਮੋਹ ਮਿਟਾਈਆ । ਦੁਰਮਤ ਮੈਲ ਦਏ ਧਵਾਇਆ, ਪਤਤ ਪੁਨੀਤ ਆਪ ਕਰਾਈਆ । ਸਾਚੀ ਧੂੜੀ ਖ਼ਾਕ ਦਏ ਰਮਾਇਆ, ਟਿੱਕੇ ਮਸਤਕ ਨਾਮ ਦਏ ਰਮਾਈਆ । ਜਗਤ ਦਵਾਰੇ ਪੰਧ ਦਏ ਮੁਕਾਇਆ, ਕੂੜ ਕਿਰਿਆ ਨਾ ਕੋਇ ਹਲਕਾਈਆ । ਨੌਂ ਦਵਾਰ ਅੰਧੇਰ ਮਿਟਾਇਆ, ਸਿਰ ਆਪਣਾ ਹੱਥ ਰਖਾਈਆ । ਤ੍ਰਿਕੁਟੀ ਆਪਣੀ ਵੰਡ ਵੰਡਾਇਆ, ਸੰਦੇਸਾ ਦੇਵੇ ਚਾਈਂ ਚਾਈਆ । ਨਾਮ ਨਿਧਾਨਾ ਅੰਮ੍ਰਿਤ ਰਸ ਜਾਮ ਪਿਆਇਆ, ਬੂੰਦ ਸਵਾਂਤੀ ਨਿਝਰ ਝਿਰਨਾ ਕਵਲ ਨਾਭੀ ਵਿਚੋਂ ਟਪਕਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਦੇਵੇ ਰਾਗ ਸੁਣਾਇਆ, ਅਨਰਾਗੀ ਆਪਣਾ ਢੋਲਾ ਗਾਈਆ । ਘਰ ਸੁਹੰਜਣਾ ਦਏ ਵਡਿਆਇਆ, ਸੋਭਾਵੰਤ ਵੇਖ ਵਖਾਈਆ । ਆਤਮ ਸੇਜਾ ਦਏ ਸੁਹਾਇਆ, ਸਚ ਸਵਾਮੀ ਆਪਣਾ ਚਰਨ ਟਿਕਾਈਆ । ਆਪਣਾ ਗ੍ਰਿਹਿ ਮੰਦਰ ਹੋਏ ਰੁਸ਼ਨਾਇਆ, ਅੰਧ ਅੰਧੇਰ ਨਜ਼ਰ ਕੋਇ ਨਾ ਆਈਆ । ਜੋਤੀ ਜਾਤਾ ਪੁਰਖ ਬਿਧਾਤਾ ਆਪਣੇ ਰੰਗ ਲਏ ਰੰਗਾਇਆ, ਰੰਗ ਰੂਪ ਰੇਖ ਨਜ਼ਰ ਕਿਸੇ ਨਾ ਆਈਆ । ਸਚ ਦਵਾਰ ਏਕੰਕਾਰ ਲਏ ਟਿਕਾਇਆ, ਜਿਥੇ ਵਿਛੋੜਾ ਅਗੇ ਰਹੇ ਨਾ ਰਾਈਆ । ਸੋ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਅਭੁਲ ਭੁਲ ਕਦੇ ਨਾ ਜਾਇਆ, ਯਾਦ ਵਿਚ ਯਾਦਦਾਸ਼ਤ ਧੁਰ ਦੀ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਅਭੁਲ ਹੋ ਕੇ ਫਿਰਾਂ ਵਿਚ ਜਗਤ, ਚਾਰੋਂ ਕੁੰਟ ਧਿਆਨ ਲਗਾਈਆ । ਵੇਖਾਂ ਦਰ ਦਵਾਰੇ ਉਤੇ ਧਰਤ, ਨਵਖੰਡ ਸੋਭਾ ਪਾਈਆ । ਪੂਰਬ ਲਹਿਣੇ ਦੀ ਪੂਰੀ ਕਰਾਂ ਸ਼ਰਤ, ਸ਼ਰਾਇਤਾਂ ਵਿਚੋਂ ਪਰਦੇ ਦਿਆਂ ਚੁਕਾਈਆ । ਯੋਧਾ ਸੂਰਬੀਰ ਬਣ ਮਰਦਾਨਾ ਮਰਦ, ਨਵ ਸੱਤ ਭੱਜਾਂ ਵਾਹੋ ਦਾਹੀਆ । ਹਰਿਜਨ ਸਾਚਿਆਂ ਵੰਡਾਂ ਦਰਦ, ਦੀਨਾਂ ਦੁਖੀਆਂ ਵੇਖ ਵਖਾਈਆ । ਸ਼ਰਅ ਛੁਰੀ ਤੱਕਾਂ ਕਰਦ, ਕਾਤਲ ਮਕਤੂਲ ਪੰਧ ਮੁਕਾਈਆ । ਧਰਨੀ ਧਰਤ ਧਵਲ ਧੌਲ ਦੀ ਸੁਣਾਂ ਅਰਜ਼, ਬੇਨੰਤੀ ਆਪਣੇ ਲੇਖੇ ਪਾਈਆ । ਆਪਣਾ ਪੂਰਾ ਕਰਾਂ ਫ਼ਰਜ, ਨਿਰਗੁਣ ਸਰਗੁਣ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਪੂਰਬ ਲਾਹਵਾਂ ਕਰਜ਼, ਮਕਰੂਜ਼ ਹੋ ਕੇ ਲੇਖਾ ਦਿਆਂ ਚੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਅਗਨੀ ਤਤ ਬੁਝਾ ਕੇ ਕਰਾਂ ਸਰਦ, ਸਾਂਤਕ ਸਤਿ ਆਪ ਕਰਾਈਆ । ਮੇਰਾ ਖੇਲ ਹੋਵੇ ਅਸਚਰਜ, ਜਗਤ ਬੁੱਧੀ ਸਮਝ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਗਿਆਤਾ, ਬੁੱਧੀ ਤੋਂ ਪਰੇ ਮੇਰੀ ਪੜ੍ਹਾਈਆ । ਦੇਵਾਂ ਨਾਮ ਨਿਧਾਨ ਦੀ ਦਾਤਾ, ਨਿਤ ਨਵਿਤ ਲੋਕਮਾਤ ਵਰਤਾਈਆ । ਕਲਜੁਗ ਅੰਤਮ ਵੇਖਾਂ ਅੰਧੇਰੀ ਰਾਤਾ, ਚਾਰੋਂ ਕੁੰਟ ਫੋਲ ਫੁਲਾਈਆ । ਕਿਸ ਬਿਧ ਜੀਵਾਂ ਜੰਤਾਂ ਤੁੱਟਾ ਨਾਤਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਕਿਉਂ ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਭੁਲੀ ਗਾਥਾ, ਗਹਿਰ ਗੰਭੀਰ ਦਰਸ ਕੋਇ ਨਾ ਪਾਈਆ । ਕੀ ਲੇਖਾ ਜਾਣੇ ਪੁਰਖ ਸਮਰਾਥਾ, ਸਮਰਥ ਪੁਰਖ ਕੀ ਆਪਣੀ ਖੇਲ ਖਿਲਾਈਆ । ਕੀ ਲੱਖ ਚੁਰਾਸੀ ਲੇਖਾ ਹੋਵੇ ਹਾਥੇ ਹਾਥਾ, ਸਦੀ ਚੌਧਵੀਂ ਵੰਡ ਵੰਡਾਈਆ । ਕਵਣ ਜਗਤ ਜਗਿਆਸੂਆਂ ਪੂਰਾ ਕਰੇ ਘਾਟਾ, ਘਾਟ ਵਿਚ ਦਿਸੇ ਲੋਕਾਈਆ । ਸਭ ਦਾ ਕਾਇਆ ਬਸਤਰ ਨਜ਼ਰੀ ਆਏ ਪਾਟਾ, ਤਨ ਓਢਣ ਸੀਸ ਨਾ ਕੋਇ ਟਿਕਾਈਆ । ਝਗੜਾ ਵੇਖਾਂ ਜ਼ਾਤਾ ਪਾਤਾ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਇਹ ਖੇਲ ਖਿਲਾਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਮੰਡਲ ਮੰਡਪ

੧੧੮੪
੨੩

ਪਾਉਣੀਆਂ ਰਾਸਾਂ, ਬਿਨ ਗੋਪੀ ਕਾਹਨ ਨਾਚ ਨਚਾਈਆ । ਸਭ ਦੀਆਂ ਪੂਰੀਆਂ ਕਰੇ ਆਸਾ, ਚਾਰ ਜੁਗ ਦੀ ਤ੍ਰਿਸ਼ਨਾ ਦਏ ਬੁਝਾਈਆ । ਵੇਖੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਖੋਜ ਖੁਜਾਈਆ । ਸ਼ਾਹੋ ਭੂਪ ਸਤਿਗੁਰ ਸ਼ਬਦ ਕਹੇ ਨਿਰਵੈਰ ਹੋਵੇ ਰਾਖਾ, ਰਖਕ ਇਕੋ ਨਜ਼ਰੀ ਆਈਆ । ਜਿਸ ਦਾ ਧੁਰ ਸੰਦੇਸਾ ਦੋ ਜਹਾਨ ਅਗੰਮਾ ਆਖਾ, ਫ਼ਰਮਾਨਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਕਦੇ ਨਾ ਭੁਲਦਾ ਜੁਗ ਜੁਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਜਨ ਭਗਤਾਂ ਮੇਲਾ ਉਪਰ ਸ਼ਾਹ ਰਗ, ਨੌ ਦਵਾਰ ਦਾ ਡੇਰਾ ਢਾਹੀਆ । ਸਚ ਮਹੱਲ ਅਟੱਲ ਕਰਾਵਾਂ ਹੱਜ, ਕਾਅਬਾ ਇਕੋ ਇਕ ਸੁਹਾਈਆ । ਜਿਥੇ ਇਕੋ ਸ਼ਬਦ ਅਨਾਦੀ ਰਿਹਾ ਵੱਜ, ਅਨਹਦ ਨਾਦ ਆਪ ਸੁਣਾਈਆ । ਕਰੇ ਖੇਲ ਸੂਰਾ ਸਰਬਗ, ਦੂਜਾ ਨਜ਼ਰ ਕੋਇ ਨਾ ਆਈਆ । ਨਾਮ ਨਿਧਾਨ ਪਿਆ ਕੇ ਮਦਿ, ਮਧੁਰ ਧੁਨ ਦਏ ਸੁਣਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਅੰਤ ਮੇਟਣੀ ਹੱਦ, ਉਹ ਕਲਜੁਗ ਲੇਖਾ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਅਭੁਲ, ਵਿਚੋਂ ਭੁਲ ਆਪ ਪ੍ਰਗਟਾਵਾਂਗਾ । ਜੋ ਅੰਮ੍ਰਿਤ ਆਤਮ ਰਸ ਜਗਤ ਜਹਾਨ ਰਿਹਾ ਡੁੱਲ੍ਹ, ਅਵਤਾਰ ਪੈਗੰਬਰ ਗੁਰੂਆਂ ਸਚ ਵਖਾਵਾਂਗਾ । ਕਿਉਂ ਮਾਨਸ ਜ਼ਾਤੀ ਬੂਟਾ ਰਿਹਾ ਹੁੱਲ, ਫੜ ਬਾਹੋਂ ਸਰਬ ਉਠਾਵਾਂਗਾ । ਕਿਉਂ ਸਿੱਖ ਮੁਰੀਦ ਮੁਰਸ਼ਦੋ ਰਹੇ ਰੁਲ, ਰੋਹਬ ਨਾਲ ਆਪ ਜਣਾਵਾਂਗਾ । ਜੋ ਚਰਨ ਪ੍ਰੀਤੀ ਪੁਰਖ ਅਕਾਲ ਦੀ ਗਏ ਘੋਲੀ ਘੁਲ, ਤਿਨ੍ਹਾਂ ਦੇ ਲਹਿਣੇ ਸਾਚੇ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਵਾਂਗਾ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧਰਤ, ਧਵਲ ਧੌਲ ਧਵਲੇ ਦਿਆਂ ਜਣਾਈਆ । ਉਹ ਮਿਹਰਵਾਨਾ ਮਹਿਬੂਬ ਤੇਰੇ ਉਤੇ ਆਏ ਪਰਤ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਤੂੰ ਆਪਣਾ ਦੁੱਖ ਦੱਸਣਾ ਬ੍ਰਿਹੋਂ ਵਾਲੀ ਨਾਲ ਦਰਦ, ਕੂਕ ਕੂਕ ਸੁਣਾਈਆ । ਮੇਰੇ ਸਤਿ ਧਰਮ ਦੀ ਪੁੱਠੀ ਹੋ ਗਈ ਨਰਦ, ਨਰ ਨਰਾਇਣ ਸਕੇ ਨਾ ਕੋਇ ਉਲਟਾਈਆ । ਤੇਰਾ ਬ੍ਰਿਹੋਂ ਵਿਛੋੜੇ ਵੈਰਾਗ ਵਿਚ ਰੂਪ ਹੋ ਨਾ ਜਾਵੇ ਜ਼ਰਦ, ਨੇਤਰ ਨੈਣਾਂ ਨੀਰ ਲੈਣਾ ਵਹਾਈਆ । ਦਰੋਹੀ ਪ੍ਰਭੂ ਮੈਂ ਜਗਤ ਅੰਤ ਹੋਈ ਨਪੜਦ, ਧਰਮ ਧਾਰ ਦਾ ਓਢਣ ਉਪਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਧਰਨੀ ਕਹੇ ਮੈਂ ਰੋ ਕੇ ਹਾਲ ਸੁਣਾਵਾਂਗੀ । ਪਰਮ ਪੁਰਖ ਅਗੇ ਵਾਸਤਾ ਪਾਵਾਂਗੀ । ਮੇਰੇ ਮਿਹਰਵਾਨਾ ਮੇਰੇ ਉਤੇ ਬਦਲ ਦੇ ਰਾਸਤਾ, ਦਰ ਤੇਰੇ ਅਲਖ ਜਗਾਵਾਂਗੀ । ਵਕਤ ਸੁਹੰਜਣਾ ਕਰ ਦੇ ਆਸ ਦਾ, ਖ਼ਾਲੀ ਝੋਲੀ ਅਗੇ ਡਾਹਵਾਂਗੀ । ਲੱਖ ਚੁਰਾਸੀ ਤੇਰਾ ਰੂਪ ਪੁਰਖ ਅਬਿਨਾਸ਼ ਦਾ, ਅਬਿਨਾਸ਼ੀ ਕਰਤੇ ਅਗੇ ਵਾਸਤਾ ਪਾਵਾਂਗੀ । ਤੂੰ ਬੇਸ਼ਕ ਮਾਲਕ ਮੰਡਲ ਮੰਡਪ ਵਾਲੀ ਰਾਸ ਦਾ, ਬਿਨ ਗੋਪੀ ਕਾਹਨ ਤੇਰਾ ਭੇਖ ਖੁਲਾਵਾਂਗੀ । ਤੂੰ ਹਰ ਘਟ ਅੰਦਰ ਨੂਰ ਦੇ ਦੇ ਆਪਣੀ ਜੋਤ ਪ੍ਰਕਾਸ਼ ਦਾ, ਅਨਭਵ ਦ੍ਰਿਸ਼ਟੀ ਸਰਬ ਖੁਲਾਵਾਂਗੀ । ਤੂੰ ਅਭੁਲ ਸਾਹਿਬ ਮੇਰਾ ਲੇਖਾ ਵੇਖ ਲੈ ਪੁਰਾਣੀ ਯਾਦ ਦਾ, ਯਾਦਵਾਂ ਦਾ ਲਹਿਣਾ ਆਪ ਦ੍ਰਿੜਾਵਾਂਗੀ । ਕੀ ਹਿਸਾਬ ਹੋਵੇ ਤੇਰੇ ਸਮਾਜ ਦਾ, ਸਮਗਰੀ ਕੀ ਵਰਤਾਵਾਂਗੀ । ਮੇਰਾ ਹਾਲ ਵੇਖ ਲੈ ਆਜ ਦਾ, ਆਜਜ਼ ਹੋ ਕੇ ਸੀਸ ਨਿਵਾਵਾਂਗੀ । ਪੁਰਖ ਅਕਾਲੇ ਬਿਨ ਤੇਰੀ ਕਿਰਪਾ ਕੋਈ ਨਾ ਜਾਗਦਾ, ਸੋਈ ਸ੍ਰਿਸ਼ਟੀ


੧੧੮੫
੨੩

ਸਰਬ ਵਖਾਵਾਂਗੀ । ਕਿਉਂ ਜੀਵ ਬਣਿਆ ਰੂਪ ਕਾਗ ਦਾ, ਹੰਸਾਂ ਵਾਸਤੇ ਮੰਗ ਮੰਗਾਵਾਂਗੀ । ਦਰੋਹੀ ਮੈਨੂੰ ਦਾਨ ਦੇ ਦੇ ਆਪਣੇ ਪ੍ਰੇਮ ਵੈਰਾਗ ਦਾ, ਵੈਰੀ ਕੂੜੇ ਤੇਰੇ ਚਰਨ ਟਿਕਾਵਾਂਗੀ । ਮੇਰਾ ਲਹਿਣਾ ਮੁਕਾ ਦੇ ਦੁਰਮਤ ਵਾਲੇ ਦਾਗ਼ ਦਾ, ਪਤਤ ਪੁਨੀਤ ਤੇਰੇ ਅਗੇ ਆਸ ਰਖਾਵਾਂਗੀ । ਤੂੰ ਸਵਾਮੀ ਸਾਚਾ ਮਾਲਕ ਮੇਰਾ ਤੇਰਾ ਰੂਪ ਕੰਤ ਸੁਹਾਗ ਦਾ, ਵਿਛੋੜਾ ਜਗਤ ਵਾਲਾ ਗਵਾਵਾਂਗੀ । ਮੇਰੇ ਉਤੋਂ ਭਾਂਬੜ ਕਲਜੁਗ ਬੁਝਾ ਦੇ ਤ੍ਰੈਗੁਣ ਮਾਇਆ ਆਗ ਦਾ, ਤੇਰੇ ਆਗਮਨ ਵਿਚ ਤੇਰਾ ਰਾਹ ਤਕਾਵਾਂਗੀ । ਮੈਂ ਰਾਹ ਤੱਕਾਂ ਤੇਰੇ ਸ਼ਬਦ ਅਗੰਮੀ ਬਾਜ ਦਾ, ਬਾਜਾਂ ਵਾਲੇ ਤੇਰੀ ਓਟ ਰਖਾਵਾਂਗੀ । ਤੂੰ ਮਾਲਕ ਲੱਖ ਚੁਰਾਸੀ ਮੇਰੇ ਉਤੇ ਬਾਗ਼ ਦਾ, ਬਾਗ਼ਬਾਨ ਤੇਰੀ ਹਰੀ ਕਿਆਰੀ ਵੇਖ ਖ਼ੁਸ਼ੀ ਮਨਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਓਟ ਰਖਾਵਾਂਗੀ । ਸਤਿਗੁਰ ਸ਼ਬਦ ਕਹੇ ਮੈਨੂੰ ਯਾਦ ਕਦੇ ਨਾ ਭੁਲੀ, ਭੁਲਿਆਂ ਦਿਆਂ ਸਮਝਾਈਆ । ਜਨ ਭਗਤੋ ਪੁਰਖ ਅਕਾਲਾ ਦੀਨ ਦਿਆਲਾ ਸਦ ਵਸਦਾ ਤੁਹਾਡੀ ਕਾਇਆ ਕੁੱਲੀ, ਬਿਨ ਤਨ ਵਜੂਦ ਹਕ ਮਹਿਬੂਬ ਆਪਣਾ ਆਸਣ ਲਾਈਆ । ਉਸ ਦੇ ਕੋਲੋਂ ਸਾਚੇ ਨਾਮ ਦੀ ਕਰੋ ਵਸੂਲੀ, ਦੇਵਣਹਾਰਾ ਧੁਰਦਰਗਾਹੀਆ । ਚੁਰਾਸੀ ਵਿਚੋਂ ਕਢਣਾ ਉਸ ਦੀ ਖੇਲ ਮਾਮੂਲੀ, ਸਦਾ ਸਦਾ ਸਦ ਆਪਣੇ ਵਿਚ ਸਮਾਈਆ । ਉਹ ਪਰਮਾਤਮ ਧਾਰ ਆਤਮ ਦਾ ਕੰਤ ਕੰਤੂਹਲੀ, ਨਰ ਨਰਾਇਣ ਇਕ ਅਖਵਾਈਆ । ਜਿਸ ਦੇ ਪਿਛੇ ਹਜ਼ਰਤ ਈਸਾ ਚੜ੍ਹਿਆ ਸੂਲੀ, ਸੂਲਾਂ ਸਥਰ ਯਾਰੜਾ ਗੋਬਿੰਦ ਗਿਆ ਹੰਢਾਈਆ । ਗੁਰਮੁਖੋ ਤੁਹਾਡੀ ਯਾਦ ਮਾਛੂਵਾੜੇ ਦੀ ਅਜੇ ਨਹੀਂ ਭੂਲੀ, ਅਭੁਲ ਇਕੋ ਧੁਰ ਦਾ ਮਾਹੀਆ । ਜੋ ਜੁਗ ਚੌਕੜੀ ਸਤਿ ਸਚ ਦਾ ਬਦਲਦਾ ਆਇਆ ਅਸੂਲੀ, ਅਸਲ ਵਿਚ ਵਸਲ ਆਪਣਾ ਯਾਰ ਸਮਝਾਈਆ । ਤੁਸਾਂ ਓਸ ਦੇ ਪਿਆਰ ਦੀ ਇਕੋ ਗੱਲ ਕਰਨੀ ਕਬੂਲੀ, ਉਹ ਕਾਮਲ ਮੁਰਸ਼ਦ ਹੋਏ ਸਹਾਈਆ । ਦੋ ਜਹਾਨਾਂ ਪਾਰ ਤੁਸਾਂ ਪਘੂੰੜਾ ਲੈਣਾ ਝੂਲੀ, ਝਲਕ ਨਾਲ ਖ਼ਲਕ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਅਭੁਲ ਜੁਗ ਜੁਗ ਦਾ ਰਾਹੀ, ਭੁੱਲਿਆਂ ਲਵਾਂ ਮਿਲਾਈਆ । ਗੁਰਮੁਖੋ ਤੁਹਾਡਾ ਪ੍ਰੇਮੀ ਪਿਆਰਾ ਇਕੋ ਗੋਬਿੰਦ ਮਾਹੀ, ਜੋ ਆਦਿ ਅੰਤ ਸਤਿ ਸਰੂਪ ਅਖਵਾਈਆ । ਜਿਸ ਨੇ ਤੁਹਾਡੇ ਪਿਛੇ ਬੂਟਾ ਪੁੱਟਿਆ ਕਾਹੀ, ਜੜ ਕਲਜੁਗ ਵਾਲੀ ਉਖੜਾਈਆ । ਛੋਟੇ ਬੱਚੇ ਨੀਹਾਂ ਹੇਠ ਦਬਾਈ, ਦੋ ਜਹਾਨਾਂ ਦਾ ਲਹਿਣਾ ਗਿਆ ਚੁਕਾਈਆ । ਜਿਸ ਕਲਜੁਗ ਅੰਤਮ ਮੇਟਣੀ ਕੂੜੀ ਸ਼ਾਹੀ, ਸ਼ਹਿਨਸ਼ਾਹ ਇਕੋ ਪੁਰਖ ਅਕਾਲ ਦਏ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਜਿਸ ਨੇ ਬਣਾਏ ਭੈਣਾਂ ਭਾਈ, ਖ਼ਾਲਸ ਖ਼ਾਲਸਾ ਰੰਗ ਰੰਗਾਈਆ । ਉਹ ਦੀਨਾਂ ਮਜ਼੍ਹਬਾਂ ਦਾ ਲਹਿਣਾ ਦੇਣਾ ਦੇਵੇ ਅੰਤ ਚੁਕਾਈ, ਚਾਰੋਂ ਕੁੰਟ ਇਕੋ ਹੁਕਮ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈ, ਕਲਜੁਗ ਅੰਧ ਅੰਧੇਰ ਗਵਾਈਆ । ਸਤਿ ਧਰਮ ਦਾ ਮਾਲਕ ਬਣ ਗੁਸਾਈਂ, ਗੁਸਈਂਆ ਹੋ ਕੇ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਹਰਿਜਨ ਮੀਤ ਮੁਰਾਰਿਓ ਸਤਿਗੁਰ ਭੁਲਦਾ ਕਦੇ ਨਾਹੀਂ, ਕਦੀਮ ਦਾ ਮਾਲਕ ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪਣੇ ਹੱਥੀਂ ਆਪ ਚੜ੍ਹਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਵਿਚ ਜਹਾਨਾਂ, ਜੁਗ ਚੌਕੜੀ ਰੀਤੀ ਚਲੀ ਆਈਆ । ਹੁਕਮ ਮੰਨਣਾ ਸ੍ਰੀ ਭਗਵਾਨਾ, ਨਿਵ ਨਿਵ ਸੀਸ ਝੁਕਾਈਆ । ਅਗੇ ਦਾ ਦੇਵਾਂ

੧੧੮੬
੨੩

ਇਕ ਪੈਗ਼ਾਮਾ, ਪੈਗ਼ੰਬਰਾਂ ਤੋਂ ਬਾਹਰ ਸੁਣਾਈਆ । ਜਿਸ ਖੇਲ ਖਿਲਾਇਆ ਸੀਆ ਰਾਮਾ, ਰਾਧੇ ਕ੍ਰਿਸ਼ਨ ਦਿਤੀ ਵਡਿਆਈਆ । ਉਹ ਪਹਿਰੇ ਅਗੰਮੀ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਨੂੰ ਮੁਹੰਮਦ ਕਿਹਾ ਅਮਾਮਾ, ਮੂਸਾ ਈਸਾ ਅੱਬਾਜਾਨ ਕਹਿ ਕੇ ਸੀਸ ਨਿਵਾਈਆ । ਜਿਸ ਦਾ ਨਾਮ ਨਿਰਗੁਣ ਸਰਗੁਣ ਸਤਿਗੁਰ ਨਾਨਕ ਜਣਾਇਆ ਸਤਿਨਾਮਾ, ਨਾਮ ਨਿਧਾਨਾ ਸਭ ਨੂੰ ਦਏ ਵਰਤਾਈਆ । ਜਿਸ ਦਾ ਗੋਬਿੰਦ ਸਿੰਘ ਸੂਰਬੀਰ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਜੋ ਲੇਖਾ ਜਾਣੇ ਜਗਤ ਜਹਾਨਾ, ਲੱਖ ਚੁਰਾਸੀ ਖੋਜ ਖੁਜਾਈਆ । ਉਹ ਰਹੀਮ ਬਣ ਰਹਿਮਾਨਾ, ਰਹਿਮਤ ਦਏ ਕਮਾਈਆ । ਲੇਖਾ ਜਾਣੇ ਚੌਦਾਂ ਤਬਕ ਚੌਦਾਂ ਲੋਕ ਜ਼ਿਮੀਂ ਅਸਮਾਨਾ, ਜ਼ਿਮੀਂ ਜ਼ਮਾਂ ਧਿਆਨ ਲਗਾਈਆ । ਉਹ ਭੁਲਣ ਵਿਚ ਨਾ ਆਏ ਵਾਲੀ ਦੋ ਜਹਾਨਾਂ, ਜਿਸ ਦੇ ਵਲੀ ਅਹਿਦ ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਸਾਰੇ ਦੇਣ ਗਵਾਹੀਆ । ਉਹ ਰੱਬੀ ਨੂਰ ਅਲਾਹੀ ਮਲਵਜ਼ੇ ਸੀਅਜ਼ਮਾਲੇ ਕੁਲਹਮ ਜਨਿਸਤੇ ਜ਼ਵਾਂ ਨੂਰੇ ਅਲਾਹ ਅੱਲਾ ਆਲਮੀਨ ਬੇਪਰਵਾਹੀਆ । ਜਿਸ ਦੇ ਅਗੇ ਸਾਰੇ ਕਰਨ ਦੁਆ, ਉਹ ਮਹਿਬੂਬ ਅਗੰਮ ਅਥਾਹ, ਜੁਗ ਚੌਕੜੀ ਜੁਗਾਂ ਜੁਗੰਤਰਾਂ ਲੇਖੇ ਦਏ ਮੁਕਾ, ਮੁਕਾਉਣਹਾਰ ਏਕੰਕਾਰ ਏਕਾ ਏਕ ਏਕ ਏਕ ਅਖਵਾਈਆ ।

### ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਸੁਨਾਮ ਸ਼ਹਿਰ ਵਿਚ ਤਰਲੋਕ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਪਰਮ ਪੁਰਖ ਪਿਆਰੇ ਮਿਤਿਆ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰ ਸਾਚਾ ਹਿਤਿਆ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੇਰੇ ਉਤੇ ਪਵਿਤ੍ਰ ਰਹੀ ਕੋਇ ਨਾ ਥਿਤਿਆ, ਵਾਰ ਥਿਤ ਰਹੇ ਕੁਰਲਾਈਆ । ਮਨੂਆ ਜਾਏ ਕਿਸੇ ਨਾ ਜਿੱਤਿਆ, ਚਾਰੋਂ ਕੁੰਟ ਕੁੰਟ ਹਲਕਾਈਆ । ਤੇਰੀ ਦੀਨ ਦੁਨੀ ਹੋਈ ਮਿਥਿਆ, ਕਲਜੁਗ ਮਥਣ ਰਿਹਾ ਕਰਾਈਆ । ਮੇਰਾ ਲਹਿਣਾ ਦੇਣਾ ਨਾ ਜਾਏ ਨਜਿਠਿਆ, ਸਿਰ ਹੱਥ ਨਾ ਕੋਇ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਦੇ ਗਏ ਪਿਠਿਆ, ਸਨਮੁਖ ਸੋਭਾ ਕੋਇ ਨਾ ਪਾਈਆ । ਮੇਰਾ ਅੰਤਸ਼ਕਰਨ ਪ੍ਰਭੂ ਤੇਰੇ ਦਰ ਤੇ ਪਿਟਿਆ, ਪਾਟਲ ਹੋ ਕੇ ਵੇਖ ਵਖਾਈਆ । ਮੇਰਾ ਕਲਜੁਗ ਕੂੜਾ ਲੇਖਾ ਕਰ ਦੇ ਚਿੱਟਿਆ, ਦੁਰਮਤ ਮੈਲ ਧਵਾਈਆ । ਦਰੋਹੀ ਤੇਰੇ ਨਾਮ ਵਿਚ ਮਨ ਕਿਸੇ ਨਾ ਟਿਕਿਆ, ਮਸਤਕ ਟਿੱਕੇ ਲਾਉਣ ਵਾਲੇ ਰਹੇ ਕੁਰਲਾਈਆ । ਤੇਰਾ ਧਰਮ ਨਿਸ਼ਾਨਾ ਚਾਰੋਂ ਕੁੰਟ ਮਿਟਿਆ, ਮਿੱਟੀ ਖ਼ਾਕ ਕੂੜ ਰਹੀ ਉਡਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਅੰਤਮ ਵੇਖ ਲੈ ਆਪਣਾ ਸਿੱਟਿਆ, ਸਿੱਟੇਬਾਜੀ ਖ਼ਲਕ ਖ਼ੁਦਾਈਆ । ਤੇਰਾ ਨਾਮ ਨਿਧਾਨਾ ਰਸ ਮਿਲੇ ਨਾ ਮਿਠਿਆ, ਕਲਜੁਗ ਕੂੜੀ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਆਪਣਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਸ਼ਕਰਨ ਮਾਰ ਲੈ ਝਾਕੀ, ਨੈਣਾਂ ਵਾਲਿਆ ਬਿਨ ਨੈਣਾਂ ਨੈਣ ਉਠਾਈਆ । ਤੇਰੇ ਪ੍ਰਕਾਸ਼ ਬਿਨਾ ਹੋਏ ਅੰਧੇਰੀ ਰਾਤੀ, ਸਾਚਾ ਚੰਦ ਨਾ ਕਇ ਚਮਕਾਈਆ । ਧਰਮ ਧਾਰ ਦਾ ਮਾਰਗ ਰਿਹਾ ਕੋਇ ਨਾ ਮਾਤੀ, ਲੋਕਮਾਤ ਵੇਖ ਵਖਾਈਆ । ਮੈਂ ਬਾਲੀ ਤੇਰੀ ਦਾਸੀ, ਦਾਸਤਾਨ ਆਪਣੀ ਰਹੀ ਸੁਣਾਈਆ । ਤੂੰ ਪੁਰਖ ਅਕਾਲਾ ਸਚਖੰਡ ਦਾ ਨਿਵਾਸੀ, ਸਚ ਦਵਾਰ ਤੇਰੀ ਜੋਤ ਰੁਸ਼ਨਾਈਆ । ਤੇਰਾ ਲੇਖਾ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਤੇਰੀ ਓਟ ਤਕਾਈਆ । ਤੂੰ ਮੇਰਾ ਮਸਤਕ ਬਣਾ

ਲਲਾਟੀ, ਜੋਤੀ ਜਾਤੇ ਦਇਆ ਕਮਾਈਆ । ਮੇਰੀ ਮੰਜ਼ਲ ਪੂਰੀ ਕਰ ਦੇ ਘਾਟੀ, ਪਾਂਧੀਆ ਪੰਧ ਰਹੇ ਨਾ ਰਾਈਆ । ਤੂੰ ਸ਼ਾਹ ਪਾਤਸ਼ਾਹ ਅਬਿਨਾਸ਼ੀ, ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਖ਼ਾਲੀ ਝੋਲੀ ਭਰ, ਭਾਂਡਾ ਭਰਮ ਭਾਓ ਭੰਨਾਈਆ । ਕੋਝੀ ਕਮਲੀ ਦੇ ਦੇ ਵਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਿਰਪਾ ਨਿਧਾਨ ਹੋ ਕੇ ਕਿਰਪਾ ਕਰ, ਕਿਰਪਨ ਹੋ ਕੇ ਝੋਲੀ ਡਾਹੀਆ । ਨੌ ਖੰਡ ਪ੍ਰਿਥਮੀ ਮੇਰੇ ਉਤੇ ਆਵੇ ਡਰ, ਭੈ ਭਓ ਨਾ ਕੋਇ ਮਿਟਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਪਵਿਤ੍ਰ ਕਰ ਦੇ ਘਰ, ਗ੍ਰਹਿ ਮੰਦਰ ਹੋਵੇ ਰੁਸ਼ਨਾਈਆ । ਚਰਨ ਚਰਨੋਦਕ ਅੰਮ੍ਰਿਤ ਦੇ ਸਰ, ਸਰ ਸਰੋਵਰ ਇਕ ਵਖਾਈਆ । ਤੂੰ ਸਾਹਿਬ ਸੁਲਤਾਨਾ ਨਰਾਇਣ ਨਰ, ਨਰ ਹਰਿ ਤੇਰੀ ਓਟ ਤਕਾਈਆ । ਮੈਂ ਪੱਲੂ ਰਹੀ ਫੜ, ਕੰਨੀ ਲੈਣੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਭਰ ਦੇ ਝੋਲੀ, ਝੂਲੇ ਵਾਲਿਆ ਤੇਰੀ ਬੇਪਰਵਾਹੀਆ । ਮੈਂ ਆਦਿ ਜੁਗਾਦੀ ਤੇਰੀ ਗੋਲੀ, ਮਾਟੀ ਖ਼ਾਕ ਖ਼ਾਕ ਸੇਵ ਕਮਾਈਆ । ਮੇਰਾ ਲਹਿਣਾ ਦੇਣਾ ਮੈਨੂੰ ਬਖ਼ਸ਼ ਦੇ ਹੌਲੀ ਹੌਲੀ, ਵਸਤ ਅਗੰਮ ਅਗੰਮ ਵਰਤਾਈਆ । ਤੇਰੇ ਨਾਮ ਨਿਧਾਨ ਦੀ ਇਕੋ ਸੁਣਾਂ ਬੋਲੀ, ਅਨਬੋਲਤ ਦੇਣੀ ਦ੍ਰਿੜਾਈਆ । ਸਚ ਦਵਾਰਾ ਏਕਾ ਖੋਲੀ, ਖ਼ਾਲਕ ਖ਼ਲਕ ਹੋਣਾ ਆਪ ਸਹਾਈਆ । ਮੇਰੇ ਪਿਆਰ ਵਿਚ ਹਰ ਘਟ ਅੰਦਰ ਮੌਲੀਂ, ਮੌਲਾ ਆਪਣਾ ਰੰਗ ਚੜ੍ਹਾਈਆ । ਸਤਿਗੁਰ ਸ਼ਬਦ ਬਣਾ ਦੇ ਢੋਲੀ, ਦੋ ਜਹਾਨ ਕਰੇ ਸ਼ਨਵਾਈਆ । ਅੰਮ੍ਰਿਤ ਆਤਮ ਦੇ ਦੇ ਪਾਹੁਲੀ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਤੂੰ ਇਕੋ ਬਣ ਜਾ ਅਦਲੀ, ਇਨਸਾਫ਼ ਦੇਣਾ ਕਰਾਈਆ । ਕਲਜੁਗ ਕੂੜੀ ਕਿਰਿਆ ਸਤਿਜੁਗ ਨਾਲ ਕਰ ਬਦਲੀ, ਸਤਿ ਸਚ ਦੇਣਾ ਪ੍ਰਗਟਾਈਆ । ਮੇਰੇ ਉਤੇ ਲੇਖਾ ਰਹੇ ਮਕਤੂਲ ਕਾਤਲ ਨਾ ਕਤਲੀ, ਕਤਲਗਾਹ ਦਾ ਡੇਰਾ ਢਾਹੀਆ । ਜਿਹੜੀ ਤੇਰੀ ਸ੍ਰਿਸ਼ਟੀ ਹੋ ਗਈ ਬੇਵਤਨੀ, ਵਤਨ ਆਪਣਾ ਦੇ ਵਖਾਈਆ । ਤੂੰ ਸਾਹਿਬ ਸਵਾਮੀ ਸਰਬ ਕਲਾ ਸਮਰਥਨੀ, ਸਮਰਥ ਪੁਰਖ ਤੇਰੇ ਹੱਥ ਵਡਿਆਈਆ । ਤੂੰ ਮਿਹਰਵਾਨਾ ਨੌਜਵਾਨਾ ਅਲਖ ਅਲਖਣੀ, ਅਲਖ ਅਗੋਚਰ ਅਗੰਮ ਅਥਾਹ ਨੂਰ ਨੁਰਾਨਾ ਨੂਰ ਅਲਾਹੀਆ । ਮੇਰੀ ਝੋਲੀ ਭਰ ਦੇ ਸਖਣੀ, ਸਖ਼ਾਵਤ ਵਿਚ ਵਸਤ ਦੇ ਵਰਤਾਈਆ । ਮੈਂ ਆ ਗਈ ਤੇਰੇ ਦਵਾਰੇ ਪਾਤਣ ਪਤਣੀ, ਮੰਜ਼ਲ ਕੂੜੀ ਪੰਧ ਮੁਕਾਈਆ । ਤੂੰ ਮੇਰੀ ਪਤ ਰਖਣੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੈਣੇ ਤਰਾਈਆ । ਧਰਨੀ ਕਹੇ ਪ੍ਰਭ ਤੇਰੀ ਇਕੋ ਓਟ, ਓੜਕ ਆਪ ਰਖਾਈਆ । ਜਨ ਭਗਤਾਂ ਅੰਦਰੋਂ ਕਢ ਦੇ ਖੋਟ, ਮਿਹਰ ਨਜ਼ਰ ਨਾਲ ਤਰਾਈਆ । ਕਲਜੁਗ ਉਠਾ ਲੈ ਆਲ੍ਹਣਿਉਂ ਡਿੱਗੇ ਬੋਟ, ਫੜ ਬਾਹੋਂ ਗਲੇ ਲਗਾਈਆ । ਪ੍ਰਕਾਸ਼ ਦੇ ਦੇ ਨਿਰਮਲ ਜੋਤ, ਨੂਰ ਨੁਰਾਨਾ ਨਜ਼ਰੀ ਆਈਆ । ਆਤਮ ਪਰਮਾਤਮ ਤੇਰੀ ਗੋਤ, ਗੌਤਮ ਬੁੱਧ ਗਿਆ ਸਮਝਾਈਆ । ਜਿਥੇ ਅਕਲ ਬੁੱਧੀ ਦੀ ਨਹੀਂ ਕੋਈ ਸੋਚ, ਸਮਝ ਕੰਮ ਕਿਛ ਨਾ ਆਈਆ । ਓਥੇ ਆਪਣੇ ਪਿਆਰ ਦੀ ਬਖ਼ਸ਼ ਦੇ ਲੋਚ, ਲੋਚਣ ਨੈਣ ਅੰਦਰੋਂ ਦੇ ਖੁਲਾਈਆ । ਤੇਰੇ ਦਰਸ਼ਨ ਕਰੀਏ ਰੋਜ਼, ਰੋਜ਼ੇ ਨਿਮਾਜ਼ ਦੀ ਲੋੜ ਰਹੇ ਨਾ ਰਾਈਆ ।

ਚਰਨ ਪ੍ਰੀਤੀ ਦੇ ਦੇ ਜੋਗ, ਜੁਗੀਸ਼ਰਾਂ ਡੇਰਾ ਢਾਹੀਆ । ਸੁਰਤ ਸ਼ਬਦ ਕਰਾ ਦੇ ਸੰਜੋਗ, ਸੰਜੋਗੀ ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਧਾਰ ਭੋਗ ਲੈ ਭੋਗ, ਭਸਮੜ ਆਪਣੀ ਦਇਆ ਕਮਾਈਆ । ਤੇਰਿਆਂ ਭਗਤਾਂ ਹੋਏ ਨਾ ਕਦੇ ਵਿਜੋਗ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਕਲਜੁਗ ਕੂੜ ਕੁੜਿਆਰ ਵਿਚ ਬਖ਼ਸ਼ ਆਪਣੀ ਮੌਜ, ਮਜਲਸ ਆਪਣੀ ਨਾਲ ਰਖਾਈਆ । ਤੇਰਾ ਦਰ ਦਵਾਰਾ ਏਕੰਕਾਰਾ ਇਕੋ ਬਹੁਤ, ਘਰ ਘਰ ਅਲਖ ਨਾ ਕੋਇ ਜਗਾਈਆ । ਜਨ ਭਗਤਾਂ ਆਪਣੇ ਮਿਲਣ ਦਾ ਦੇ ਦੇ ਸ਼ੌਕ, ਸ਼ੌਕੀਆ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਦੇਣਾ ਵਖਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਕਰ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਭੇਵ ਖੋਲ ਦੇ ਆਪਣਾ ਆਪ, ਘਰ ਆਪਣੇ ਦੇ ਵਡਿਆਈਆ । ਤ੍ਰੈਗੁਣ ਮਾਇਆ ਮੇਟ ਦੇ ਤਾਪ, ਤ੍ਰੈਭਵਣ ਧਨੀ ਤੇਰੀ ਸ਼ਰਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਦੇ ਜਾਪ, ਜਗ ਜੀਵਣ ਦਾਤੇ ਹੋਣਾ ਆਪ ਸਹਾਈਆ । ਤਨ ਵਜੂਦ ਰੂਹ ਬੁਤ ਆਤਮ ਪਰਮਾਤਮ ਕਰ ਦੇ ਪਾਕ, ਪਾਕੀਜ਼ਾ ਆਪਣਾ ਰੰਗ ਚੜ੍ਹਾਈਆ । ਘਰ ਮੰਦਰ ਖੋਲ ਦੇ ਤਾਕ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਤੇਰਾ ਸੁਣਨ ਸ਼ਬਦ ਅਗੰਮੀ ਨਾਦ, ਧੁਨ ਆਤਮਕ ਰਾਗ ਦੇਣਾ ਸੁਣਾਈਆ । ਤੇਰਾ ਜੋਤ ਦਾ ਜੋਤ ਹੋਵੇ ਪ੍ਰਕਾਸ਼, ਨੂਰ ਨੂਰ ਵਿਚੋਂ ਪ੍ਰਗਟਾਈਆ । ਤੂੰ ਮਾਲਕ ਪ੍ਰਿਥਮੀ ਆਕਾਸ਼, ਗਗਨ ਮੰਡਲ ਤੇਰੀ ਵੱਜੇ ਵਧਾਈਆ । ਧਰਨੀ ਕਹੇ ਮੇਰੀ ਬੇਨੰਤੀ ਸੁਣ ਲੈ ਆਜ, ਨਿਵ ਨਿਵ ਲਾਗਾਂ ਪਾਈਆ । ਤੂੰ ਮਾਲਕ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਧੁਰਦਰਗਾਹੀਆ । ਜਨ ਭਗਤਾਂ ਲੇਖੇ ਲਾ ਲਈਂ ਅੱਜ ਦੀ ਰਾਤ, ਰੈਣ ਭਿੰਨੜੀ ਆਪਣੇ ਨਾਲ ਮਿਲਾਈਆ । ਤੂੰ ਗ਼ਰੀਬ ਨਿਮਾਣਿਆਂ ਮਾਈ ਬਾਪ,
੧੧੮੯ ੨੩ ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਤੂੰ ਸਾਚਾ ਥਾਪਣ ਦੇਣਾ ਥਾਪ, ਹਰਿਜਨ ਥਪਕ ਥਪਕ ਆਪਣੀ ਗੋਦ ਟਿਕਾਈਆ । ਆਵਣ ਜਾਵਣ ੧੧੮੯ ੨੩
ਮੇਟਣੀ ਵਾਟ, ਚੁਰਾਸੀ ਗੇੜਾ ਦੇਣਾ ਚੁਕਾਈਆ । ਧਰਨੀ ਕਹੇ ਮੈਂ ਬਿਨਾ ਹੱਥਾਂ ਤੋਂ ਜੋੜਾਂ ਹਾਥ, ਨਿਵ ਨਿਵ ਲਾਗਾਂ ਪਾਈਆ । ਤੂੰ ਮੇਰਾ ਸਾਹਿਬ ਸਮਰਾਥ, ਸਮਰਥ ਪੁਰਖ ਤੇਰੀ ਸਰਨਾਈਆ । ਸਚ ਸੰਦੇਸਾ ਇਕੋ ਦੇਣਾ ਆਖ, ਬਿਨ ਅੱਖਰਾਂ ਕਰ ਪੜ੍ਹਾਈਆ । ਤੇਰੇ ਭਗਤ ਸੁਹੇਲੇ ਤੇਰਾ ਦਰਸ਼ਨ ਕਰਨ ਸਾਖਿਆਤ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਦੀਸੇ ਲੋਕਮਾਤ, ਮਾਤਲੋਕ ਓਟ ਅਵਰ ਨਾ ਕੋਇ ਤਕਾਈਆ ।

## ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਾਜੇਆਣਾ ਜ਼ਿਲਾ ਫ਼ਰੀਦਕੋਟ ਜਸਵੰਤ ਸਿੰਘ ਦ ਗ੍ਰਿਹ

ਧਰਨੀ ਕਹੇ ਪ੍ਰਭੂ ਮੈਂ ਅੰਤਮ ਗਈ ਲੁੱਟੀ, ਲੁਟੇਰੇ ਕਲਜੁਗ ਅੰਤਮ ਲੁੱਟ ਮਚਾਈਆ । ਸਚ ਧਰਮ ਦਾ ਗਾਨਾ ਰਿਹਾ ਕਿਸੇ ਨਾ ਗੁਟੀ, ਨਾਮ ਸਤਿ ਦਾ ਸਗਨ ਨਾ ਕੋਇ ਮਨਾਈਆ । ਸਭ ਦੀ ਪ੍ਰੀਤਮ ਪ੍ਰੀਤ ਤੇਰੇ ਨਾਲੋਂ ਟੁਟੀ, ਟੁਟਿਆਂ ਗੰਢ ਨਾ ਕੋਇ ਪਵਾਈਆ । ਸਚ ਦੀ ਚੋਗ ਗਈ ਨਿਖੁਟੀ, ਵਸਤ ਹਕ ਨਾ ਕੋਇ ਵਰਤਾਈਆ । ਸੁਹੰਜਣੀ ਦਿਸੇ ਕੋਇ ਨਾ ਰੁਤੀ, ਰੁਤੜੀ ਤੇਰਾ ਨਾਮ ਨਾ ਕੋਇ ਮਹਿਕਾਈਆ । ਵਿਕਾਰ ਵਧਿਆ ਕਾਇਆ ਬੁਤੀ, ਬੁਤਖ਼ਾਨੇ ਰੋਵਣ ਮਾਰਨ ਧਾਹੀਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸੁੱਤੀ, ਸੁੱਤਿਆਂ ਸਕੇ ਨਾ ਕੋਇ ਜਗਾਈਆ । ਮਨ

ਮਨਸਾ ਹੋਈ ਲੁੱਚੀ, ਕੂੜ ਕੁਕਰਮ ਨਾਲ ਹਲਕਾਈਆ। ਮੁਹੱਬਤ ਪਿਆਰ ਦੀ ਧਾਰ ਦਿਸੇ ਕੋਇ ਨਾ ਸੁੱਚੀ, ਸੰਜਮ ਸਚ ਨਾ ਕੋਇ ਸਮਝਾਈਆ। ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਤੁਠੀ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ। ਮੈਨੂੰ ਅੰਮ੍ਰਿਤ ਦੇਣਾ ਚਰਨੋਦਕ ਅਗੰਮਾ ਘੁਟੀ, ਬਿਨ ਰਸਨਾ ਰਸ ਚਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਮੇਰੇ ਹੱਥ ਟਿਕਾਈਆ। ਧਰਨੀ ਕਹੇ ਮੇਰੇ ਭਗਵਾਨਾ, ਭਗਵਨ ਤੇਰੀ ਆਸ ਰਖਾਈਆ। ਮੇਰਾ ਉਜੜਿਆ ਵੇਖ ਘਰਾਨਾ, ਨਵ ਸੱਤ ਫੇਰਾ ਪਾਈਆ। ਨਜ਼ਰ ਨਾ ਆਏ ਤੇਰਾ ਨਾਮ ਨਿਧਾਨਾ, ਗੁਣਵੰਤ ਤੇਰਾ ਢੋਲਾ ਕੋਇ ਨਾ ਗਾਈਆ। ਚਾਰੋਂ ਕੁੰਟ ਸੁੰਞ ਮਸਾਣਾ, ਸਤਿ ਧਰਮ ਰਹਿਣ ਕੋਇ ਨਾ ਪਾਈਆ। ਆਤਮ ਪਰਮਾਤਮ ਗਾਏ ਕੋਇ ਨਾ ਗਾਣਾ, ਤੂੰ ਮੇਰਾ ਮੈਂ ਤੇਰਾ ਰਾਗ ਨਾ ਕੋਇ ਸੁਣਾਈਆ। ਚਾਰੋਂ ਕੁੰਟ ਦਿਸੇ ਨਾ ਕੋਇ ਨਿਸ਼ਾਨਾ, ਨਿਸ਼ਾਨਾ ਸਚ ਨਾ ਕੋਇ ਪ੍ਰਗਟਾਈਆ। ਉਠ ਵੇਖ ਲੈ ਆਪਣੀ ਲੱਖ ਚੁਰਾਸੀ ਆਤਮ ਧਾਰ ਦਿਆ ਕਾਹਨਾ, ਰਾਮ ਰਾਮਾ ਫੇਰਾ ਪਾਈਆ। ਨਿਗਾਹ ਮਾਰ ਲੈ ਨੂਰ ਅਲਾਹੀ ਅਮਾਮਾ, ਅਮਲ ਤੱਕ ਖ਼ਲਕ ਖ਼ੁਦਾਈਆ। ਕਿਰਪਾ ਕਰ ਦੇ ਸੂਰਬੀਰ ਬਲਵਾਨਾ, ਮੇਰੇ ਗੋਬਿੰਦ ਗੋਬਿੰਦ ਮਾਹੀਆ। ਮੈਂ ਤੇਰਾ ਰਾਹ ਤਕਾਨਾ, ਬਿਨ ਨੈਣਾਂ ਨੈਣ ਉਠਾਈਆ। ਮੈਨੂੰ ਕੋਝੀ ਕਮਲੀ ਨੂੰ ਦੇ ਦੇ ਮਾਣਾ, ਨਿਮਾਣੀ ਹੋ ਕੇ ਮੰਗ ਮੰਗਾਈਆ। ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਇਕ ਅਖਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਆਸ ਰਖਾਈਆ। ਧਰਨੀ ਕਹੇ ਮੇਰੇ ਪਰਮ ਪੁਰਖ ਪਿਆਰੇ, ਪੀਆ ਰੋ ਰੋ ਦਿਆਂ ਸੁਣਾਈਆ। ਮੇਰੀ ਨਈਆ ਵੇਖ ਲੈ ਅੰਤ ਕਿਨਾਰੇ, ਨਾਮ ਮੁਹਾਣਾ ਵੰਝ ਨਾ ਕੋਇ ਲਗਾਈਆ। ਮੈਂ ਇਸ਼ਾਰੇ ਦਿਤੇ ਤੇਈ ਅਵਤਾਰੇ, ਬਿਨ ਸੈਨਤ ਸੈਨਤ ਲਗਾਈਆ। ਪੈਗ਼ੰਬਰ ਪਾਓ ਮੇਰੀ ਸਾਰੇ, ਭੱਜੇ ਵਾਹੋ ਦਾਹੀਆ। ਗੁਰ ਸਤਿਗੁਰ ਮੇਰੇ ਮੰਨੋ ਹਾੜੇ, ਰੋ ਰੋ ਰਹੀ ਸੁਣਾਈਆ। ਸਾਰੇ ਤੱਕੋ ਕਲਜੁਗ ਕੂੜਾ ਕੂੜ ਦੇ ਲਾ ਕੇ ਬੈਠਾ ਅਖਾੜੇ, ਮਾਇਆ ਮਮਤਾ ਨਾਚ ਨਚਾਈਆ। ਜੀਵਾਂ ਜੰਤਾਂ ਰਿਹਾ ਸਾੜੇ, ਅਗਨੀ ਤਤ ਤਤ ਲਗਾਈਆ। ਮੇਰੀ ਪਤ ਲੁੱਟੀ ਜਾਂਦਾ ਦਿਨ ਦਿਹਾੜੇ, ਅਗੇ ਹੋ ਨਾ ਕੋਇ ਅਟਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ। ਧਰਨੀ ਕਹੇ ਮੇਰੇ ਆਦਿ ਨਿਰੰਜਣ, ਆਦਿ ਪੁਰਖ ਤੇਰੀ ਸਰਨਾਈਆ। ਤੂੰ ਦਾਤਾ ਦਰਦ ਦੁੱਖ ਭੈ ਭੰਜਣ, ਭਵ ਸਾਗਰ ਬੇੜਾ ਪਾਰ ਦੇਣਾ ਕਰਾਈਆ। ਦਰ ਠਾਂਡੇ ਇਕੋ ਦਾਤ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ। ਕਲਜੁਗ ਕੂੜ ਕੁੜਿਆਰੇ ਚਾੜ੍ਹ ਦੇ ਰੰਗਣ, ਰੰਗਤ ਇਕੋ ਇਕ ਰਖਾਈਆ। ਤੂੰ ਸਾਹਿਬ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ। ਤੇਰੇ ਹੁਕਮ ਅੰਦਰ ਕੋਟਨ ਜੁਗ ਚੌਕੜੀ ਲੰਘਣ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ। ਤੇਰਾ ਖੇਲ ਵੇਖਾਂ ਵਿਚ ਵਰਭੰਡਣ, ਬ੍ਰਹਿਮੰਡ ਖੋਜ ਖੁਜਾਈਆ। ਤੂੰ ਨਾਮ ਨਿਧਾਨਾ ਸ੍ਰੀ ਭਗਵਾਨਾ ਇਕ ਇਕੱਲਾ ਆਵੀਂ ਵੰਡਣ, ਏਕੰਕਾਰ ਆਪਣੀ ਦਇਆ ਕਮਾਈਆ। ਕੂੜੀ ਕਿਰਿਆ ਕਰੀਂ ਖੰਡਣ, ਖੰਡਾ ਖੜਗ ਨਾਮ ਉਠਾਈਆ। ਤੇਰੀ ਸ਼ਬਦੀ ਧਾਰ ਹੋਵੇ ਚੰਡ ਪ੍ਰਚੰਡਣ, ਦੋ ਜਹਾਨਾਂ ਕਰੇ ਸਫ਼ਾਈਆ। ਮੈਂ ਚਾਹੁੰਦੀ ਤੈਨੂੰ ਇਕੋ ਸਜਦਾ ਹੋਵੇ ਬੰਦਨ, ਦੂਸਰ ਸੀਸ ਨਾ ਕੋਇ ਨਿਵਾਈਆ। ਤੂੰ ਮਾਲਕ ਖ਼ਾਲਕ ਤਨ ਵਜੂਦਾ ਤਤ ਪੰਚਮ, ਪੰਚਮ ਸ਼ਬਦ ਧੁਨ ਕਰ ਸ਼ਨਵਾਈਆ। ਚਰਨ ਧੂੜੀ ਦੇ ਦੇ ਧੁਰ ਦਾ ਮਜਨ, ਦੁਰਮਤ ਮੈਲ ਰਹੇ ਨਾ


੧੧੯੦ ੨੩

ਰਾਈਆ । ਨਾਉਂ ਨਿਰੰਕਾਰ ਪਾ ਦੇ ਅੰਜਨ, ਨੇਤਰ ਲੋਚਨ ਨੈਣ ਅੱਖ ਸਰਬ ਖੁਲਾਈਆ । ਕਲਜੁਗ ਕੂੜ ਕੁੜਿਆਰ ਦੀ ਮੇਟ ਦੇ ਹੱਦਨ, ਪਾਂਧੀ ਅਗੇ ਪੰਧ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦਿਲਾਸਾ, ਦਰ ਤੇਰੇ ਆਸ ਰਖਾਈਆ । ਤੂੰ ਸਾਹਿਬ ਪੁਰਖ ਅਬਿਨਾਸ਼ਾ, ਹਰਿ ਕਰਤਾ ਅਗੰਮ ਅਥਾਹੀਆ । ਤੇਰਾ ਹਰ ਘਟ ਅੰਦਰ ਵਾਸਾ, ਘਰ ਘਰ ਰਿਹਾ ਸਮਾਈਆ । ਮੇਰੇ ਉਤੇ ਸਾਚੀ ਪਾ ਦੇ ਰਾਸਾ, ਰਸਤਾ ਰਸਤਿਆਂ ਵਿਚੋਂ ਬਦਲਾਈਆ । ਨਾਮ ਜਪਾ ਦੇ ਸਵਾਸ ਸਵਾਸਾ, ਸਾਹ ਸਾਹ ਆਪਣਾ ਆਪ ਟਿਕਾਈਆ । ਸਭ ਦਾ ਲੇਖਾ ਪੂਰਾ ਕਰ ਦੇ ਦਸ ਦਸ ਮਾਸਾ, ਜਨਣੀ ਕੁੱਖ ਦੇ ਵਡਿਆਈਆ । ਮੇਰੀ ਮੇਟ ਅੰਧੇਰੀ ਰਾਤਾ, ਕੂੜ ਕੁੜਿਆਰਾ ਡੇਰਾ ਢਾਹੀਆ । ਤੂੰ ਸਾਹਿਬ ਸਵਾਮੀ ਪੁਰਖ ਬਿਧਾਤਾ, ਬਿਧਨਾ ਦਾ ਲੇਖਾ ਦੇ ਚੁਕਾਈਆ । ਤੂੰ ਸਭ ਦਾ ਪਿਤਾ ਮਾਤਾ, ਹਰਿਜਨ ਆਪਣੀ ਗੋਦ ਟਿਕਾਈਆ । ਤੇਰੀ ਉੱਤਮ ਹੋਵੇ ਜਾਤਾ, ਜ਼ਾਤ ਅਜ਼ਾਤੀ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਜੋੜ ਦੇ ਨਾਤਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਮੇਰੀ ਅੰਤ ਅਖ਼ੀਰ ਇਕੋ ਖ਼ਾਹਿਸ਼ਾ, ਖ਼ਾਲਸ ਆਪਣਾ ਰੂਪ ਦਰਸਾਈਆ । ਕਲਜੁਗ ਜੀਵਾਂ ਕਾਇਆ ਮਾਟੀ ਖ਼ਾਲੀ ਵੇਖ ਲੈ ਲਾਸ਼ਾ, ਤੇਰਾ ਨਾਮ ਨਿਧਾਨਾ ਨਜ਼ਰ ਕੋਇ ਨਾ ਆਈਆ । ਤੂੰ ਦੀਨ ਦੁਨੀ ਦਾ ਨਿਰਗੁਣ ਸਰਗੁਣ ਬਦਲ ਦੇਣਾ ਪਾਸਾ, ਪਾਤਸ਼ਾਹ ਤੇਰੀ ਬੇਪ੍ਰਵਾਹੀਆ । ਆਪਣਾ ਭੇਵ ਅਭੇਦ ਖੋਲ ਖ਼ੁਲਾਸਾ, ਖ਼ਾਲਕ ਖ਼ਲਕ ਦੇ ਵਡਿਆਈਆ । ਮੈਂ ਰੋ ਪੁਕਾਰਾਂ ਪ੍ਰਿਥਮੀ ਕਹੇ ਤੂੰ ਵੇਖਣਾ ਉਤੋਂ ਆਕਾਸ਼ਾ, ਆਕਾਸ਼ ਆਕਾਸ਼ਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕੂੜੀ ਖ਼ਾਕ, ਖ਼ਾਕ ਧੂੜੀ ਚਰਨਾਂ ਦੇ ਰਮਾਈਆ । ਮੇਰਾ ਬੰਦ ਕਿਵਾੜਾ ਖੋਲ ਦੇ ਤਾਕ, ਪਰਦੇ ਓਹਲੇ ਆਪ ਉਠਾਈਆ । ਅਵਤਾਰ ਪੈਗ਼ੰਬਰਾਂ ਪੂਰੇ ਕਰ ਦੇ ਵਾਕ, ਗੁਰੂ ਗੁਰਦੇਵਾ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਲੇਖਾ ਮੁਕਾ ਦੇ ਸ਼ਾਖਿਆਤ, ਮੇਰੇ ਸੱਜਣ ਧੁਰਦਰਗਾਹੀਆ । ਤੂੰ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਤੂੰ ਲੇਖਾ ਲਿਖਣਾ ਬਿਨਾ ਕਲਮ ਦਵਾਤ, ਕਾਗ਼ਜ਼ ਸਿਆਹੀ ਦੀ ਲੋੜ ਰਹੇ ਨਾ ਰਾਈਆ । ਅੰਤ ਕੰਤ ਪ੍ਰਭ ਮੇਰੀ ਪੁਛ ਵਾਤ, ਗ਼ਰੀਬ ਨਿਮਾਣੀ ਤੇਰੀ ਆਸ ਰਖਾਈਆ । ਭੇਵ ਅਭੇਦਾ ਚੁਕਾਉਣਾ ਬਾਤਨ ਬਾਤ, ਜ਼ਾਹਰ ਜ਼ਹੂਰ ਆਪਣੀ ਕਰ ਰੁਸ਼ਨਾਈਆ । ਤੁਧ ਬਿਨ ਦੇਵੇ ਕੋਇ ਨਾ ਸ਼ਾਂਤ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਵੇਖ ਵਖਾਈਆ । ਪੁਰਖ ਅਕਾਲ ਕਹੇ ਮੈਂ ਆਵਾਂਗਾ । ਤੇਰੇ ਦਰਦ ਵੰਡਾਵਾਂਗਾ । ਅੰਤਰ ਆਤਮ ਸੁਖ ਉਪਜਾਵਾਂਗਾ । ਜਨ ਭਗਤਾਂ ਉਜਲ ਕਰ ਕੇ ਮੁਖ, ਦੁਰਮਤ ਮੈਲ ਧਵਾਵਾਂਗਾ । ਲੱਖ ਚੁਰਾਸੀ ਵਿਚੋਂ ਵੇਖ ਮਨੁੱਖ, ਮਾਨਸ ਆਪਣੇ ਰੰਗ ਰੰਗਾਵਾਂਗਾ । ਤੇਰੀ ਸੁਫ਼ਲ ਕਰ ਕੇ ਕੁੱਖ, ਕੁਖੜੀ ਤੇਰੀ ਆਪ ਸੁਹਾਵਾਂਗਾ । ਜਨ ਸੰਤ ਸੁਹੇਲੇ ਗੋਦੀ ਚੁਕ, ਚਾਰੋਂ ਕੁੰਟ ਆਪਣੀ ਗੋਦ ਟਿਕਾਵਾਂਗਾ । ਕਲਜੁਗ ਕੂੜੀ ਕਿਰਿਆ ਪੈਂਡਾ ਜਾਏ ਮੁਕ, ਸਤਿਜੁਗ ਸਚ ਧਰਮ ਪ੍ਰਗਟਾਵਾਂਗਾ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣੀ ਤੁਕ, ਤੁਖ਼ਮ ਤਾਸੀਰ ਸਰਬ ਬਦਲਾਵਾਂਗਾ । ਅਗਲਾ ਲੇਖਾ ਅਵਰ ਦਾ ਅਵਰ ਕੁਛ ਦਾ ਕੁਛ, ਕਛ ਮਛ ਦਾ ਪੰਧ ਆਪ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ

ਟਿਕਾਵਾਂਗਾ । ਸਿਰ ਤੇਰੇ ਹੱਥ ਰਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਨਵ ਸੱਤ ਵੇਖ ਵਖਾਏਗਾ । ਅੱਠ ਸੱਠ ਫੋਲ ਫੁਲਾਏਗਾ । ਨੌ ਦਰ ਪਰਦਾ ਲਾਹੇਗਾ । ਦਸਵੇਂ ਜੋਤ ਜੋਤ ਡਗਮਗਾਏਗਾ । ਵਰਨ ਗੋਤ ਮੇਟ ਮਿਟਾਏਗਾ । ਜੀਵ ਜੰਤ ਵੇਖ ਕੋਟੀ ਕੋਟ, ਕੋਟਨ ਕੋਟਾਂ ਪਰਦੇ ਲਾਹੇਗਾ । ਸ਼ਬਦ ਨਗਾਰੇ ਲਗਾ ਕੇ ਚੋਟ, ਜੀਵ ਜੰਤ ਜੰਤ ਉਠਾਏਗਾ । ਕਲਜੁਗ ਆਲਣਿਉਂ ਡਿਗੇ ਬੋਟ, ਫੜ ਬਾਹੋਂ ਤੇਰੀ ਝੋਲੀ ਪਾਏਗਾ । ਇਕ ਪ੍ਰਕਾਸ਼ ਕਰ ਕੇ ਨਿਰਮਲ ਜੋਤ, ਜੋਤੀ ਜਾਤਾ ਡਗਮਗਾਏਗਾ । ਸਤਿਗੁਰ ਸ਼ਬਦ ਸ਼ਬਦ ਗੁਰ ਸਤਿਗੁਰ ਇਕੋ ਹੋਵੇ ਬਹੁਤ, ਦੂਜਾ ਇਸ਼ਟ ਨਾ ਕੋਇ ਮਨਾਏਗਾ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰਾ ਸਾਂਝਾ ਯਾਰਾ ਏਕੰਕਾਰਾ ਧਰਨੀ ਧਰਤ ਧਵਲ ਧੌਲ ਤੇਰੇ ਉਤੇ ਆਪੇ ਜਾਏ ਪਹੁੰਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਏਗਾ ।

### ✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਚੜਿਕ ਜ਼ਿਲਾ ਫ਼ਰੀਦਕੋਟ ਕਰਤਾਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਚਾਰੇ ਗੁੱਠੀ, ਵਾਸੀ ਬੈਕੁੰਠ ਧਿਆਨ ਲਗਾਈਆ । ਪਵਿਤ੍ਰ ਰਹੀ ਖ਼ਾਕ ਨਾ ਮੁੱਠੀ, ਦੁਰਮਤ ਮੈਲ ਚਾਰੋਂ ਕੁੰਟ ਨਜ਼ਰੀ ਆਈਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਤੂੰ ਤੁਠੀਂ, ਨਿਰਗੁਣ ਆਪਣਾ ਨੈਣ ਉਠਾਈਆ । ਕਲਜੁਗ ਜੀਵਾਂ ਬੁੱਧੀ ਮਤ ਨਾ ਰਹੇ ਪੁੱਠੀ, ਮਨ ਕਾ ਮਣਕਾ ਦੇਣਾ ਬਦਲਾਈਆ । ਦਰੋਹੀ ਮੇਰੀ ਧਾਰ ਅੰਤ ਨਾ ਜਾਏ ਲੁੱਟੀ, ਲੁਟੇਰੇ ਕਲਜੁਗ ਕੋਲੋਂ ਲੈਣਾ ਬਚਾਈਆ । ਧੁਰ ਸਵਾਮੀਆਂ ਤੇਰੀ ਪ੍ਰੀਤ ਪ੍ਰੀਤਮ ਜਾਂਦੀ ਟੁੱਟੀ, ਟੁੱਟੀ ਲੈਣੀ ਗੰਢ ਪਵਾਈਆ । ਸਚਖੰਡ ਦਵਾਰਿਉਂ ਸਤਿ ਦਾ ਮਾਲਕ ਹੋ ਕੇ ਉਠੀਂ, ਆਪਣਾ ਬਲ ਵਖਾਈਆ । ਧਰਮ ਦਾ ਗਾਨਾ ਸਭ ਦੇ ਬੰਨ੍ਹਣਾ ਗੁੱਟੀਂ, ਤਨ ਵਜੂਦਾਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਧਰਨੀ ਕਹੇ ਮੇਰੀ ਪਵਿਤ੍ਰ ਰਹੀ ਮੂਲ ਨਾ ਧਰਨੀ, ਧਵਲ ਦੇ ਮਾਲਕ ਦਿਆਂ ਜਣਾਈਆ । ਡੰਡਾਵਤ ਕਰਾਂ ਢਹਿ ਕੇ ਚਰਨੀ, ਧੂੜੀ ਖ਼ਾਕ ਖ਼ਾਕ ਰਮਾਈਆ । ਤੇਰੇ ਪਿਆਰ ਦੀ ਮਰੇ ਕੋਇ ਨਾ ਮਰਨੀ, ਮਰ ਜੀਵਤ ਰੂਪ ਨਾ ਕੋਇ ਬਣਾਈਆ । ਸਤਿ ਪੁਰਖ ਨਿਰੰਜਣ ਤੇਰੀ ਤੁਕ ਕਿਸੇ ਨਾ ਪੜ੍ਹਨੀ, ਗੀਤ ਸੰਗੀਤ ਸਕੇ ਨਾ ਕੋਇ ਸੁਣਾਈਆ । ਮੇਰੀ ਦਰੋਹੀ ਤੇਰੀ ਮੰਜ਼ਲ ਮਹਿਬੂਬ ਕਿਸੇ ਨਾ ਚੜ੍ਹਨੀ, ਕਦਮ ਕਦਮ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਨੂੰ ਪਾ ਦੇ ਪ੍ਰੇਮ ਦੀ ਭਿਛਿਆ, ਵਸਤ ਅਗੰਮ ਅਥਾਹ ਵਰਤਾਈਆ । ਮੇਰਾ ਸੀਨਾ ਤੇਰੇ ਚਰਨਾਂ ਹੇਠਾਂ ਵਿਛਿਆ, ਵਿਸ਼ਵ ਦੇ ਮਾਲਕ ਵੇਖਣਾ ਚਾਈਂ ਜਾਈਂਆ । ਮਿਹਰਵਾਨ ਮੇਰੇ ਉਤੇ ਕਰਨੀ ਰਛਿਆ, ਰਖਕ ਹੋ ਕੇ ਹੋਣਾ ਸਹਾਈਆ । ਤੇਰਾ ਨੂਰ ਨੁਰਾਨਾ ਨੌਜਵਾਨਾ ਸ੍ਰੀ ਭਗਵਾਨਾ ਲੋਕਮਾਤ ਕਿਸੇ ਨਾ ਦਿਸਿਆ, ਦਹਿ ਦਿਸ਼ਾ ਅੰਧੇਰਾ ਛਾਈਆ । ਕਲਜੁਗ ਕੂੜ ਕੁੜਿਆਰਾ ਵਿਚ ਜਗਤ ਜਗਿਆਸੂਆਂ ਵਿਕਿਆ, ਕੀਮਤ ਮਾਇਆ ਮਮਤਾ ਵਾਲੀ ਪਵਾਈਆ । ਮਨੂਆ ਮਨ ਕਿਸੇ ਨਾ ਟਿਕਿਆ, ਟਿੱਕੇ ਮਸਤਕ ਧੂੜੀ ਖ਼ਾਕ

ਨਾ ਕੋਇ ਰਮਾਈਆ । ਦੁਨੀਆ ਪੂਜਦੀ ਪੱਥਰ ਇੱਟਿਆ, ਪਾਹਨਾਂ ਸੀਸ ਨਿਵਾਈਆ । ਤੇਰਾ ਨੂਰ ਨੁਰਾਨਾ ਸ਼ਾਹੋ ਭੂਪ ਨਿਜ ਨੇਤਰ ਕਿਸੇ ਨਾ ਦਿਸਿਆ, ਦਹਿ ਦਿਸ਼ਾ ਨਾ ਕੋਇ ਰੁਸ਼ਨਾਈਆ । ਤੈਨੂੰ ਬਣਾਏ ਕੋਇ ਨਾ ਪਿਆਰਾ ਮਿਤਿਆ, ਮਿਤਰ ਪਿਆਰੇ ਤੇਰਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਮੇਰਾ ਪ੍ਰਭੂ ਭਰ ਭੰਡਾਰ, ਭੰਡਾਰੀ ਸੰਘਾਰੀ ਬ੍ਰਹਮਾ ਨਾਲ ਮਿਲਾਈਆ । ਤੂੰ ਦੇਵਣਹਾਰਾ ਆਦਿ ਜੁਗਾਦੀ ਦਾਤਾਰ, ਦਇਆਵਾਨ ਤੇਰੀ ਓਟ ਤਕਾਈਆ । ਮੈਂ ਰੋ ਰੋ ਕਰਾਂ ਪੁਕਾਰ, ਨਿਵ ਨਿਵ ਸੀਸ ਨਿਵਾਈਆ । ਤੂੰ ਮੇਰਾ ਮਾਲਕ ਖ਼ਾਲਕ ਬੇਐਬ ਪਰਵਰਦਿਗਾਰ, ਨੂਰ ਨੂਰ ਅਲਾਹੀਆ । ਤੇਰੀ ਚਰਨ ਕਦਮਾਂ ਧੂੜੀ ਮਸਤਕ ਲਾਵਾਂ ਛਾਰ, ਖ਼ਾਕੀ ਖ਼ਾਕ ਰਮਾਈਆ । ਤੂੰ ਲਹਿਣਾ ਦੇਣਾ ਪੂਰਬ ਕਰਜ਼ ਦੇਣਾ ਉਤਾਰ, ਲੇਖਾ ਅਵਰ ਰਹੇ ਨਾ ਰਾਈਆ । ਸਦੀ ਚੌਧਵੀਂ ਪਾਉਣੀ ਸਾਰ, ਚੌਦਾਂ ਤਬਕਾਂ ਵੇਖਣਾ ਥਾਉਂ ਥਾਈਆ । ਔਹ ਤੱਕ ਲੈ ਮੁਹੰਮਦ ਅੱਖਾਂ ਰਿਹਾ ਉਘਾੜ, ਚਾਰ ਯਾਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਤੇਰੇ ਦਰ ਜਗਾਵਾਂ ਅਲਖ, ਅਲਖਣੇ ਅਲਖ ਵੇਖ ਵਖਾਈਆ । ਪਰਮ ਪੁਰਖ ਪਰਮਾਤਮ ਹੋ ਪ੍ਰਤਖ, ਪਾਰਬ੍ਰਹਮ ਆਪਣਾ ਪਰਦਾ ਆਪ ਉਠਾਈਆ । ਮੇਰਾ ਖ਼ਾਲੀ ਭਾਂਡਾ ਭਰ ਦੇ ਸੱਖ, ਸੁਖ਼ਨ ਗੋਬਿੰਦ ਵਾਲਾ ਪੂਰ ਕਰਾਈਆ । ਜਨ ਭਗਤਾਂ ਨਿਜ ਨੇਤਰ ਲੋਚਨ ਨੈਣ ਖੋਲ ਦੇ ਅੱਖ, ਆਖ਼ਰ ਆਪਣਾ ਦਰਸ ਦੇ ਦਿਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਾਲੋਂ ਕਰ ਦੇ ਵੱਖ, ਵਖਰੇ ਗ੍ਰਿਹ ਦੇਣੀ ਵਡਿਆਈਆ । ਤੂੰ ਵਸਣਹਾਰਾ ਘਟ ਘਟ, ਘਟ ਸਵਾਮੀ ਸੋਭਾ

੧੧੯੩ ੨੩ ਪਾਈਆ । ਦੁਰਮਤ ਮੈਲ ਦੇ ਕੱਟ, ਕਟਾਕਸ਼ ਆਪਣਾ ਨਾਮ ਰਖਾਈਆ । ਦੂਈ ਦਵੈਤੀ ਮੇਟ ਦੇ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਤੇਰਾ ੧੧੯੩ ੨੩

ਨੂਰ ਉਜਾਲਾ ਹੋਵੇ ਲਟ ਲਟ, ਲਿਟਾਂ ਵਾਲੇ ਸਾਰੇ ਤੈਨੂੰ ਸੀਸ ਨਿਵਾਈਆ । ਤੂੰ ਸਰਬ ਕਲਾ ਸਮਰਥ, ਸਮਰਥ ਪੁਰਖ ਤੇਰੀ ਵਡ ਵਡਿਆਈਆ । ਤੇਰੀ ਸਿਫ਼ਤ ਸਲਾਹ ਅਕਥ, ਰਸਨਾ ਜਿਹਵਾ ਗਾ ਸਕੇ ਕੋਇ ਨਾ ਰਾਈਆ । ਮੈਂ ਸਰਨ ਸਰਨਾਈ ਤੇਰੀ ਰਹੀ ਢਠ, ਆਪ ਆਪਣਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਮਗਰੀ ਝੋਲੀ ਦੇਣੀ ਪਾਈਆ । ਧਰਨੀ ਕਹੇ ਪ੍ਰਭੂ ਆਪਣੀ ਹਾਲਤ ਦੱਸਾਂ ਸਾਹਿਬ ਸਵਾਮੀ ਕੀ, ਕਰਤੇ ਪੁਰਖ ਦ੍ਰਿੜਾਈਆ । ਤੂੰ ਆਪਣੀ ਚਾਰੇ ਖਾਣੀ ਦਾ ਤੱਕ ਲੈ ਜੰਤ ਜੀਅ, ਜੀਵ ਈਸ਼ ਪਰਦਾ ਆਪ ਉਠਾਈਆ । ਕਲਜੁਗ ਕੂੜ ਕੁੜਿਆਰੇ ਚਾਰੋਂ ਕੁੰਟ ਜੂਠ ਝੂਠ ਦਾ ਬੀਜਿਆ ਬੀ, ਕੂੜ ਕੁੜਿਆਰਾ ਫਲ ਰਿਹਾ ਲਗਾਈਆ । ਬਿਨ ਤੇਰੀ ਕਿਰਪਾ ਅੰਮ੍ਰਿਤ ਦਾ ਸੀਰ ਸਕੇ ਕੋਇ ਨਾ ਪੀ, ਮੇਘਲਾ ਨਜ਼ਰ ਕੋਇ ਨਾ ਆਈਆ । ਲੇਖਾ ਕਰ ਦੇ ਪੂਰਾ ਵੀਹ ਇਕੀਹ, ਭਾਈ ਗੁਰਦਾਸ ਬੈਠਾ ਅੱਖ ਉਠਾਈਆ । ਰਵਦਾਸ ਦਾ ਲਹਿਣਾ ਤੱਕ ਲੈ ਸਾਢੇ ਤਿੰਨ ਹੱਥ ਸੀਅ, ਨੌ ਸੱਤ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਅੰਦਰ ਪੈਗ਼ੰਬਰ ਰਹੇ ਪੁਕਾਰ, ਮਕਬਰਿਆਂ ਵਿਚ ਆਸਣ ਲਾਈਆ । ਅਮਾਮ ਸਾਡੇ ਧੁਰ ਦੇ ਯਾਰ, ਯਾਰ ਯਾਰਾ ਵੇਸ ਵਟਾਈਆ । ਅਸੀਂ ਤੇਰੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਤੂੰ ਨੂਰ ਅਲਾਹੀ ਆਪਣਾ ਨੂਰ ਕਰ ਉਜਿਆਰ, ਚੌਦਾਂ ਤਬਕ ਡਗਮਗਾਈਆ । ਸਜਦਿਆਂ ਵਿਚ ਤੇਰੀ ਕਦਮਬੋਸੀ ਲੈ ਕੇ ਧੂੜੀ ਮਸਤਕ ਲਾ ਆਪਣੇ

ਛਾਰ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਸਭ ਦਾ ਲਹਿਣਾ ਦੇਣਾ ਕਰਜ਼ਾ ਦੇ ਉਤਾਰ, ਬਾਕੀ ਰਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜੁਗ ਜੁਗ ਦੇਵਣਹਾਰ ਅਖਵਾਈਆ । ਧਰਨੀ ਕਹੇ ਸੁਣ ਧੁਰ ਦੀ ਧਾਰ ਪਿਆਰੇ ਸ਼ਬਦ, ਅਨਾਦ ਅਨਾਦੀ ਦਿਆਂ ਜਣਾਈਆ । ਪਹਿਲੋਂ ਤੇਰਾ ਕਰਾਂ ਅਦਬ, ਨਿਵ ਨਿਵ ਸੀਸ ਝੁਕਾਈਆ । ਉਠ ਵੇਖ ਲੈ ਦਰੋਹੀ ਤੇਰੇ ਉਤੇ ਹੁੰਦਾ ਗ਼ਜ਼ਬ, ਗ਼ਰਜ ਕਲਜੁਗ ਕੂੜੀ ਨਾਲ ਰਲਾਈਆ । ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਤੇਰਾ ਕਰੇ ਕੋਇ ਨਾ ਅਦਬ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਪਿਆਰ ਵਿਚ ਚੜ੍ਹੇ ਕਿਸੇ ਨਾ ਵਜਦ, ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਸਦੀ ਚੌਧਵੀਂ ਮੈਂ ਹੈਰਾਨ ਹੋਈ ਤਅੱਜੁਬ, ਹੈਰਾਨੀ ਮੇਰੇ ਅੰਤਰ ਆਈਆ । ਕੀ ਲਹਿਣਾ ਦੇਣਾ ਮੇਰਾ ਪੈਗ਼ੰਬਰਾਂ ਰਸੂਲਾਂ ਨਾਲ ਹੋਣਾ ਮਗ਼ਰਬ, ਕੀ ਸ਼ਰਕਨ ਤੇਰਾ ਹੁਕਮ ਨਜ਼ਰੀ ਆਈਆ । ਕਿਸ ਬਿਧ ਦੀਨ ਦੁਨੀ ਦਾ ਨਾਸ ਹੋਣਾ ਦਰਬ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਮੈਨੂੰ ਐਂ ਜਾਪਦਾ ਮੇਰੇ ਸਵਾਮੀਆਂ ਅੰਤਰਜਾਮੀਆਂ ਹੁਣ ਝਗੜਾ ਉਠਣ ਵਾਲਾ ਦੇਸ ਅਰਬ, ਅਰਬ ਅਰਬਾਨੀਆਂ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਰੰਗਣ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਵੇਖਾਂ ਖੇਲ ਦੂਰ ਦੁਰਾਡਾ, ਬੇਅੰਤ ਤੇਰਾ ਧਿਆਨ ਲਗਾਈਆ । ਤੇਰਾ ਹੁਕਮ ਸੰਦੇਸਾ ਇਕੋ ਆਦਿ ਜੁਗਾਦੀ ਡਾਹਢਾ, ਜੋ ਡੰਡਾਵਤ ਸਭ ਦੀ ਦਏ ਬਦਲਾਈਆ । ਤੇਰੇ ਨਾਮ ਸ਼ਬਦ ਦੀ ਇਕੋ ਅਗੰਮੀ ਰਾਡਾ, ਜਿਸ ਨੂੰ ਦੋ ਜਹਾਨ ਸੀਸ ਨਿਵਾਈਆ । ਤੈਨੂੰ ਵਾਹਿਦ ਅੱਲਾ ਸਾਰੇ ਕਹਿਣ ਪੈਗ਼ੰਬਰ ਗਾਡਾ, ਤੁਧ ਬਿਨ ਗਾਈਡ ਅਵਰ ਨਜ਼ਰ ਕੋਇ ਨਾ ਆਈਆ । ਜੋ ਇਸ਼ਾਰਾ ਦੇ ਕੇ ਆਇਆ ਨਿਰਗੁਣ ਸਰਗੁਣ ਨਾਨਕ ਵਿਚ ਬਗ਼ਦਾਦਾ, ਸੋ ਲਹਿਣਾ ਦੇਣਾ ਸਭ ਦਾ ਵੇਖਣਾ ਥਾਉਂ ਥਾਈਆ । ਉਹ ਮਾਲਕ ਖ਼ਾਲਕ ਆਪਣਾ ਪੂਰਾ ਕਰਨਾ ਵਾਇਦਾ, ਇਕਰਾਰਨਾਮਾ ਭੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਮੈਂ ਦਰ ਤੇਰੇ ਧਰਨੀ ਕਹੇ ਸੀਸ ਨਿਵਾਈਆ । ਦਰ ਤੇਰੇ ਨਿਵਾ ਕੇ ਸੀਸ, ਸਵਾਮੀ ਤੇਰੀ ਆਸ ਤਕਾਈਆ । ਤੂੰ ਮਾਲਕ ਇਕ ਜਗਦੀਸ਼, ਜਗਦੀਸ਼ਰ ਧੁਰਦਰਗਾਹੀਆ । ਤੇਰਾ ਲੇਖਾ ਬੀਸ ਇਕੀਸ, ਨਿਰਗੁਣ ਸਰਗੁਣ ਤੇਰੀ ਵਡ ਵਡਿਆਈਆ । ਸਦੀ ਚੌਧਵੀਂ ਰਹੀ ਬੀਤ, ਆਪਣਾ ਆਪ ਪੰਧ ਮੁਕਾਈਆ । ਤੂੰ ਅਗਲੀ ਦੱਸ ਦੇ ਰੀਤ, ਰੀਤੀਵਾਨ ਪਰਦਾ ਆਪ ਉਠਾਈਆ । ਕਿਸ ਬਿਧ ਝਗੜਾ ਮੇਟਣਾ ਮੰਦਰ ਮਸੀਤ, ਕਾਇਆ ਕਾਅਬਿਆਂ ਕਰੇ ਰੁਸ਼ਨਾਈਆ । ਆਤਮ ਪਰਮਾਤਮ ਗਾਵੇ ਗੀਤ, ਢੋਲਾ ਅਗੰਮ ਅਥਾਹੀਆ । ਝਗੜਾ ਰਹੇ ਨਾ ਊਚ ਨੀਚ, ਨੀਚਾਂ ਊਚਾਂ ਆਪਣਾ ਰੰਗ ਰੰਗਾਈਆ । ਤੇਰਾ ਇਕੋ ਨਾਮ ਕਲਮਾ ਹੋਏ ਹਦੀਸ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਹਰ ਘਟ ਅੰਦਰ ਵਸੇ ਚੀਤ, ਜਗਤ ਠਗੌਰੀ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲੇ ਆਪਣੀ ਦੱਸ ਹਕ ਪ੍ਰੀਤ, ਪ੍ਰੀਤਮ ਮੇਲਾ ਮੇਲੇ ਸਹਿਜ ਸੁਭਾਈਆ । ਧਰਨੀ ਕਹੇ ਮੈਂ ਚਾਹੁੰਦੀ ਮੇਰੇ ਉਤੇ ਸਭ ਦੀ ਅੰਦਰੋਂ ਬਦਲ ਦੇ ਨੀਤ, ਨੀਤੀਵਾਨ ਆਪਣੀ ਦਇਆ ਕਮਾਈਆ । ਮੈਂ ਆਦਿ ਜੁਗਾਦੀ ਨਿਮਾਣੀ ਕੋਝੀ ਕਮਲੀ ਕੀਟਨ ਕੀਟ, ਕੀਟ ਕੀਟਾ ਰੂਪ ਸਮਾਈਆ । ਤੂੰ ਮੇਰਾ ਮਾਲਕ ਇਕ ਮੀਤ, ਮਿਤਰ ਪਿਆਰਾ ਨੂਰ ਅਲਾਹੀਆ । ਮੈਨੂੰ ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਨ ਧਨੀ ਤੇਰੀ ਆਸ ਰਖਾਈਆ । ਮੇਰੀ ਅਗਨੀ ਕਰ ਦੇ ਠਾਂਡੀ ਸੀਤ, ਤਤਵ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ

੧੧੬੪
੨੩

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਸਤਿ ਦੀ ਦੇ ਪ੍ਰੀਤ, ਪ੍ਰੀਤਮ ਪੀਆ ਹੋ ਕੇ ਵਿਛੜ ਕਦੇ ਨਾ ਜਾਈਆ ।

## ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਚੜਿਕ ਜ਼ਿਲਾ ਫ਼ਿਰੋਜ਼ਪੁਰ ਮਹਿੰਦਰ ਕੌਰ ਦੇ ਗ੍ਰਹਿ ✪

ਨੇਤਰ ਰੋ ਕੇ ਕਹਿਣ ਰਵ ਸਸ, ਸੂਰੀਆ ਚੰਦ ਚੰਦ ਕੁਰਲਾਈਆ । ਪ੍ਰਭੂ ਕਲਜੁਗ ਮੇਟ ਅੰਧੇਰੀ ਮੱਸ, ਸਾਡਾ ਨੂਰ ਕੰਮ ਕਿਸੇ ਨਾ ਆਈਆ । ਸਾਚਾ ਮਾਰਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ, ਦਹਿ ਦਿਸ਼ਾ ਦੇ ਸਮਝਾਈਆ । ਮਨੂਆ ਸਤਿਗੁਰ ਆਪਣੇ ਕਰ ਵਸ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਅੰਮ੍ਰਿਤ ਆਤਮ ਦੇ ਦੇ ਰਸ, ਝਿਰਨਾ ਧੁਰ ਦਾ ਨਾਮ ਝਿਰਾਈਆ । ਸ਼ਬਦ ਅਣਿਆਲਾ ਤੀਰ ਮਾਰ ਕਸ, ਬਜਰ ਕਪਾਟੀ ਕੁੰਡਾ ਦੇ ਖੁਲਾਈਆ । ਕੂੜ ਵਿਕਾਰ ਚਰਨਾਂ ਹੇਠ ਝੱਸ, ਮਾਇਆ ਮਮਤਾ ਮੋਹ ਗਵਾਈਆ । ਅਸੀਂ ਪੰਧ ਮੁਕਾਇਆ ਜੁਗ ਚੌਕੜੀ ਤੇਰਾ ਨੱਸ ਨੱਸ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਰਵ ਸਸ ਕਹਿਣ ਪ੍ਰਭੂ ਕਲਜੁਗ ਕੂੜ ਮੇਟ ਅਗਿਆਨ, ਅਗਨੀ ਅੱਗ ਨਾ ਕੋਇ ਬੁਝਾਈਆ । ਸਾਡੀ ਬੇਨੰਤੀ ਕਰ ਪ੍ਰਵਾਨ, ਨਿਵ ਨਿਵ ਸੀਸ ਨਿਵਾਈਆ । ਸਚ ਵਸਤ ਦੇ ਦੇ ਦਾਨ, ਦਾਤ ਅਨਮੁੱਲ ਝੋਲੀ ਦੇਣੀ ਪਾਈਆ । ਤੂੰ ਆਤਮ ਧਾਰ ਪਰਮਾਤਮ ਲੱਖ ਚੁਰਾਸੀ ਦਾ ਕਾਹਨ, ਰਮਈਆ ਰਾਮ ਨਜ਼ਰੀ ਆਈਆ । ਮੇਰੇ ਨੂਰ ਅਲਾਹੀ ਅਮਾਮ, ਬੇਐਬ ਧੁਰਦਰਗਾਹੀਆ । ਮੇਰੀ ਬੇਨੰਤੀ ਤੇਰੇ ਚਰਨ ਕਵਲ ਪ੍ਰਨਾਮ, ਝੁਕ ਝੁਕ ਸੀਸ ਨਿਵਾਈਆ । ਅਸੀਂ ਜੁਗ ਚੌਕੜੀ ਤੇਰੇ ਗ਼ੁਲਾਮ, ਚਾਕਰ ਹੋ ਕੇ ਸੇਵ ਕਮਾਈਆ । ਅਸੀਂ ਵੇਖੀਏ ਨਿਗਾਹ ਨਾਲ ਧਿਆਨ, ਧਰਨੀ ਧਰਤ ਧਵਲ ਧੌਲ ਉਤੇ ਅੱਖ ਉਠਾਈਆ । ਮਾਨਵ ਜ਼ਾਤੀ ਤੇਰੀ ਹੋਈ ਬੇਈਮਾਨ, ਬੇਵਾ ਰੂਪ ਦਿਸੇ ਲੋਕਾਈਆ । ਤੂੰ ਕਿਰਪਾ ਕਰ ਸ੍ਰੀ ਭਗਵਾਨ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਰਵ ਸਸ ਕਹਿਣ ਅਸੀਂ ਦਿਵਸ ਰੈਣ ਫਿਰਦੇ, ਭੱਜੇ ਵਾਹੋ ਦਾਹੀਆ । ਤੇਰੇ ਖੇਲ ਵੇਖੀਏ ਚਿਰ ਦੇ, ਜੁਗ ਚੌਕੜੀ ਪੰਧ ਮੁਕਾਈਆ । ਕਲਜੁਗ ਅੰਤ ਪ੍ਰਭ ਕਿਸੇ ਦੇ ਸਾਫ਼ ਰਹੇ ਨਹੀਂ ਹਿਰਦੇ, ਹਿਰਦੇ ਵਿਚ ਨਾ ਕੋਈ ਤੈਨੂੰ ਵਸਾਈਆ । ਆਪਣੀ ਮੰਜ਼ਲ ਉਤੋਂ ਸਾਰੇ ਵੇਖੇ ਗਿਰਦੇ, ਗਰਦਿਸ਼ ਵਿਚ ਲੋਕਾਈਆ । ਪਿਆਰ ਰਹੇ ਨਹੀਂ ਤੇਰੇ ਪਿਰ ਦੇ, ਪੀਆ ਪ੍ਰੀਤਮ ਤੇਰਾ ਮੇਲ ਨਾ ਕੋਇ ਮਿਲਾਈਆ । ਬਿਨ ਤੇਰੀ ਕਿਰਪਾ ਸਾਰੇ ਜਾਂਦੇ ਵਿਛੜਦੇ, ਵਿਛੋੜਾ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਮਾਇਆ ਮਮਤਾ ਭਰੇ ਚਿੱਕੜ ਦੇ, ਦੁਰਮਤ ਮੈਲ ਨਾ ਕੋਇ ਧਵਾਈਆ । ਸ੍ਰੀ ਭਗਵਾਨਾ ਜਗਤ ਲੇਖੇ ਕਦੇ ਨਾ ਨਿਬੜਦੇ, ਲਹਿਣਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਰਵ ਸਸ ਕਹਿਣ ਪ੍ਰਭੂ ਅਸੀਂ ਤੱਕੀਏ ਤੇਰੀ ਚੁਰਾਸੀ, ਅੱਠੇ ਪਹਿਰ ਧਿਆਨ ਲਗਾਈਆ । ਤੂੰ ਪਰਮ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਤੇਰੀ ਮੰਡਲਾਂ ਵਾਲੀ ਰਾਸੀ, ਜੋ ਗ੍ਰਹਿ ਸਾਡੇ ਰਹੀ ਸੁਹਾਈਆ । ਸਾਡੇ ਅੰਦਰ ਆਈ ਉਦਾਸੀ,


੧੧੯੫
੨੩

ਸਤਿਗੁਰ ਸ਼ਬਦ ਸ਼ਬਦ ਸੁਣਾਈਆ । ਸਾਨੂੰ ਐਂ ਜਾਪਦਾ ਕਲਜੁਗ ਜੀਵ ਰਾਏ ਧਰਮ ਦੀ ਚੜ੍ਹਨ ਵਾਲੇ ਫਾਸੀ, ਜਮ ਕਾ ਫਾਸ ਨਾ ਕੋਇ ਕਟਾਈਆ । ਰਸਨਾ ਜਿਹਵਾ ਸਭ ਦੀ ਹੋ ਗਈ ਮਦਿਰਾ ਮਾਸੀ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼ੀ, ਦੋ ਜਹਾਨ ਵੱਜੇ ਵਧਾਈਆ । ਸਾਡੀ ਪੂਰੀ ਕਰ ਦੇ ਆਸੀ, ਆਪ ਆਪਣਾ ਰੰਗ ਰੰਗਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸੀ, ਸ਼ਾਹ ਸੁਲਤਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਅੰਦਰ ਆਦਿ ਜੁਗਾਦੀ ਵਾਸੀ, ਵਾਸਤਾ ਸਭ ਦੇ ਨਾਲ ਰਖਾਈਆ ।

### ✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਾਮੂਵਾਲਾ ਜ਼ਿਲਾ ਫ਼ਰੀਦਕੋਟ ਗੁਰਦਿਆਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਸਾਹਿਬ ਸੂਰੇ ਸਰਬੰਗਾ, ਸਚ ਸਵਾਮੀ ਹੋਣਾ ਅੰਤ ਸਹਾਈਆ । ਮੇਰੀ ਜੁਗ ਚੌਕੜੀ ਇਕੋ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਸਤਿ ਪਿਆਰ ਦਾ ਚਾੜ੍ਹ ਦੇ ਰੰਗਾ, ਮਾਨਸ ਮਾਨਵ ਆਪਣੇ ਰੰਗ ਰੰਗਾਈਆ । ਕੂੜੀ ਕਿਰਿਆ ਮੇਟ ਦੇ ਦੰਗਾ, ਸਤਿ ਧਰਮ ਦੇ ਉਪਜਾਈਆ । ਤੇਰਾ ਨਾਮ ਨਿਧਾਨਾ ਸਭ ਤੋਂ ਲੱਗੇ ਚੰਗਾ, ਚਾਰੋਂ ਕੁੰਟ ਵੱਜੇ ਵਧਾਈਆ । ਮਾਇਆ ਮੋਹ ਮਿਟਾ ਦੇ ਧੰਦਾ, ਸਾਂਤਕ ਸਤਿ ਸਤਿ ਵਰਤਾਈਆ । ਕਲਜੁਗ ਜੀਵ ਰਹੇ ਨਾ ਅੰਧਾ, ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਪ੍ਰੇਮ ਪਿਆਰ ਦਾ ਬਣਾ ਬੰਦਾ, ਬੰਦਗੀ ਵਿਚ ਸਰਬ ਸਮਾਈਆ । ਤੇਰਾ ਪ੍ਰਕਾਸ਼ ਹੋਵੇ ਨੂਰ ਅਲਾਹੀ ਚੰਦਾ, ਚੰਦ ਚਾਂਦਨੇ ਕਰ ਰੁਸ਼ਨਾਈਆ । ਲੇਖਾ ਜਾਣ ਲੈ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਆਤਮ ਪਰਮਾਤਮ ਪਾ ਦੇ ਗੰਢਾ, ਗੰਢਣਹਾਰ ਹੋਣਾ ਸਹਾਈਆ । ਮੇਰਾ ਭਾਰ ਉਠਾ ਸਕੇ ਨਾ ਕੰਧਾ, ਪਾਪਾਂ ਭਰੀ ਖ਼ਲਕ ਖ਼ੁਦਾਈਆ । ਸ੍ਰੀ ਭਗਵਾਨ ਤੇਰਾ ਖੇਲ ਤੱਕਾਂ ਅਚੰਭਾ, ਚਾਰ ਜੁਗ ਤੋਂ ਵੱਖਰਾ ਦੇਣਾ ਵਖਾਈਆ । ਵਿਛੋੜਾ ਰਹੇ ਮੂਲ ਨਾ ਲੰਬਾ, ਲਮਹ ਲਮਹ ਤੇਰੀ ਓਟ ਤਕਾਈਆ । ਮੈਂ ਭੈ ਵਿਚ ਭਗਵਾਨ ਤੇਰੇ ਕੋਲੋਂ ਕੰਬਾ, ਥਰਥਰਾਹਟ ਵਿਚ ਕੁਰਲਾਈਆ । ਝਗੜਾ ਮੇਟ ਦੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਮੈਂ ਧਰਨੀ ਪੁਕਾਰਦੀ ਸਭ ਦੀ ਅੰਮਾ, ਅੰਮੜੀ ਹੋ ਕੇ ਦਿਆਂ ਸੁਣਾਈਆ । ਮੇਰੇ ਉਤੇ ਹਰਖ ਸੋਗ ਰਹੇ ਨਾ ਗ਼ਮਾ, ਚਿੰਤਾ ਚਿਖਾ ਦੇਣੀ ਮਿਟਾਈਆ । ਸਚ ਜੋਤ ਜਗਾ ਦੇ ਸ਼ਮਅ, ਸ਼ਾਮ ਅੰਧੇਰਾ ਰਹੇ ਨਾ ਰਾਈਆ । ਮੈਂ ਤੇਰਾ ਹੁਕਮ ਮੰਨਾ ਨਿਵ ਨਿਵ ਲਾਗਾਂ ਪਾਈਆਂ । ਤੂੰ ਵੀ ਤੱਕ ਲੈ ਗੋਬਿੰਦ ਵਾਲਾ ਕੰਨਾ, ਕਾਇਨਾਤ ਖੋਜ ਖੁਜਾਈਆ । ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਮਿਹਰ ਨਾਲ ਬਦਲ ਦੇ ਸਮਾਂ, ਸਮਝ ਸਮਝ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਕਰ ਦੇ ਮਿਹਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੂੰ ਸ਼ਹਿਨਸ਼ਾਹ ਬੱਬਰ ਕੇਹਰ, ਭਬਕ ਇਕੋ ਦੇ ਸੁਣਾਈਆ । ਸਦੀ ਚੌਧਵੀਂ ਨਾ ਲਾਈਂ ਦੇਰ, ਦੂਰ ਦੁਰਾਡੇ ਹੋਣਾ ਆਪ ਸਹਾਈਆ । ਮੇਰਾ ਵਕਤ ਸੁਹਾ ਦੇ ਨੇਰਨ ਨੇਰ, ਗ੍ਰਿਹਿ ਮੇਰੇ ਵੱਜੇ ਵਧਾਈਆ । ਝਗੜਾ ਮੇਟ ਦੇ ਮੇਰ ਤੇਰ, ਤੂੰ ਮੇਰਾ ਮੈਂ ਤੇਰਾ ਸਭ ਨੂੰ ਦੇ ਸਮਝਾਈਆ । ਦਹਿ ਦਿਸ਼ਾ ਨਾ ਰਹੇ ਅੰਧੇਰ, ਚਾਰ ਕੁੰਟ ਕਰ ਰੁਸ਼ਨਾਈਆ । ਮੇਰਾ ਲੇਖਾ ਦੇ ਨਬੇੜ, ਸਿਰ

ਮੇਰੇ ਹੱਥ ਟਿਕਾਈਆ । ਮੇਰਾ ਚੌਥੇ ਜੁਗ ਦਾ ਵੇਖ ਲੈ ਗੇੜ, ਕਲਜੁਗ ਆਪਣੀ ਕਲ ਕੀ ਵਰਤਾਈਆ । ਦੀਨਾ ਮਜ਼੍ਹਬਾਂ ਰਿਹਾ ਭੇੜ, ਸ਼ਰਅ ਸ਼ਰਅ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭੂ ਸਤਿ ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਏਕ, ਇਕ ਇਕੱਲੇ ਦਿਆਂ ਜਣਾਈਆ । ਬਖ਼ਸ਼ ਦੇ ਸਾਚੀ ਟੇਕ, ਟਿੱਕੇ ਖ਼ਾਕ ਰਮਾਈਆ । ਮੇਰਾ ਅੰਤਸ਼ਕਰਨ ਕਰ ਬਿਬੇਕ, ਅਗਨੀ ਤਤ ਨਾ ਲਾਗੇ ਰਾਈਆ । ਮੈਂ ਸਤਿ ਸਰੂਪ ਤੈਨੂੰ ਲਵਾਂ ਵੇਖ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜਾਤੇ ਤੇਰਾ ਅਵੱਲੜਾ ਭੇਖ, ਭੇਖਾਧਾਰੀ ਸੋਭਾ ਪਾਈਆ । ਮੇਰੇ ਜਨਮ ਕਰਮ ਦੀ ਬਦਲ ਦੇ ਰੇਖ, ਲੇਖਾ ਆਪਣੇ ਹੱਥ ਵਖਾਈਆ । ਮੈਨੂੰ ਯਾਦ ਆਉਂਦਾ ਗੋਬਿੰਦ ਵਾਲਾ ਸੰਦੇਸ਼, ਜੋ ਸੰਧਿਆ ਸਰਘੀ ਤੋਂ ਬਾਹਰ ਸੁਣਾਈਆ । ਤੂੰ ਆਉਣਾ ਮੇਰੇ ਦੇਸ਼ ਗ੍ਰਿਹਿ ਆਪਣੇ ਹੱਥ ਟਿਕਾਈਆ । ਜਨ ਭਗਤਾਂ ਕਰਨਾ ਹੇਤ, ਪ੍ਰੀਤਮ ਹੋ ਕੇ ਪ੍ਰੇਮ ਬਣਾਈਆ । ਸਦਾ ਰੁੱਤ ਬਸੰਤੀ ਰਖਣੀ ਚੇਤ, ਚਾਤ੍ਰਕ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਸ਼ਾਹ ਸ਼ਹਾਨੇ ਨਰ ਨਰੇਸ਼, ਨਰ ਹਰਿ ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ ।



✪ ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਾਲਬ ਰਣ ਸਿੰਘ ਵਾਲਾ ਜ਼ਿਲਾ ਲੁਧਿਆਣਾ ਗੁਰਨਾਮ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਦਾ ਕਰੋ ਧੰਨਵਾਦ, ਜੋ ਮੰਦਭਾਗਿਆਂ ਭਾਗ ਦਏ ਬਣਾਈਆ । ਦੁਰਮਤ ਮੈਲ ਧੋਵੇ ਦਾਗ਼, ਕਰਮ ਕਾਂਡ ਦੀ ਕਰੇ ਸਫ਼ਾਈਆ । ਅੰਤਰ ਦੀਪਕ ਜੋਤ ਜਗਾ ਚਰਾਗ਼, ਅੰਧ ਅੰਧੇਰ ਦਏ ਮਿਟਾਈਆ । ਸ਼ਬਦੀ ਧੁਨ ਮਾਰ ਕੇ ਆਵਾਜ਼, ਸੋਈ ਸੁਰਤ ਆਪ ਉਠਾਈਆ । ਨਿਜ ਨੇਤਰ ਖੋਲ ਕੇ ਜਾਗ, ਲੋਚਨ ਪਰਦੇ ਆਪ ਉਠਾਈਆ । ਦੇਵੇ ਦਰਸ ਪਰਮ ਪੁਰਖ ਪ੍ਰਭ ਆਪ, ਆਪਣੀ ਦਇਆ ਕਮਾਈਆ । ਜਨਮ ਕਰਮ ਦਾ ਮੇਟੇ ਪਾਪ, ਦੁਖੀਆਂ ਦੁੱਖ ਗਵਾਈਆ । ਹਰਖ ਸੋਗ ਨਾ ਰਹੇ ਸੰਤਾਪ, ਦੇਵੇ ਮਾਣ ਵਡਿਆਈਆ । ਝਗੜਾ ਮੇਟ ਕੇ ਜ਼ਾਤ ਪਾਤ, ਆਤਮ ਬ੍ਰਹਮ ਦਏ ਸਮਝਾਈਆ । ਰੂਹ ਬੁਤ ਕਰੇ ਪਾਕ, ਪਤਤ ਪੁਨੀਤ ਇਕ ਅਖਵਾਈਆ । ਘਰ ਮੰਦਰ ਖੋਲ ਕੇ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਜ਼ਰੀ ਆਵੇ ਸਾਖਿਆਤ, ਸੋ ਪੁਰਖ ਨਿਰੰਜਣ ਅਗੰਮ ਅਥਾਹੀਆ । ਹਰਿ ਪੁਰਖ ਨਿਰੰਜਣ ਦੇਵੇ ਦਾਤ, ਦਇਆਵਾਨ ਦਇਆ ਕਮਾਈਆ । ਏਕੰਕਾਰਾ ਪੁਛੇ ਵਾਤ, ਭੇਵ ਅਭੇਦਾ ਆਪ ਖੁਲਾਈਆ । ਆਦਿ ਨਿਰੰਜਣ ਕਰ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਸਚ ਜੋੜ ਕੇ ਨਾਤ, ਨਾਤਾ ਆਪਣੇ ਨਾਲ ਰਖਾਈਆ । ਸ੍ਰੀ ਭਗਵਾਨ ਵਖਾਵੇ ਖੇਲ ਤਮਾਸ਼, ਤਮਾਸ਼ਬੀਨ ਆਪਣਾ ਪਰਦਾ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜੋ ਸਦ ਸਦ ਵਸੇ ਸਾਥ, ਸਗਲਾ ਸੰਗ ਬਣਾਈਆ । ਜਿਸ ਮਾਣ ਵਡਿਆਈ ਦਿਤੀ ਸਹਾਈ ਹੋਣਾ ਅਨਾਥਾਂ ਨਾਥ, ਦੀਨਨ ਗਲੇ ਲਗਾਈਆ । ਤਿਸ ਸਾਹਿਬ ਦਾ ਸਾਰੇ ਮਿਲ ਕੇ ਕਰੋ ਧੰਨਵਾਦ, ਜਿਸ ਮਾਨਸ ਜਨਮ ਜਨਮ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪੁਰਖ ਆਪਣੀ ਦਇਆ ਕਮਾਈਆ । ਧੰਨ ਭਾਗ ਕਹੋ ਪੁਰਖ ਅਕਾਲ, ਅਕਲ

ਕਲਧਾਰੀ ਇਕ ਅਖਵਾਈਆ । ਜੋ ਆਦਿ ਜੁਗਾਦੀ ਦੀਨ ਦਿਆਲ, ਦੀਨਾ ਬੰਧਪ ਬੇਪ੍ਰਵਾਹੀਆ । ਜੋ ਦਰਸ ਵਖਾਵੇ ਕਾਇਆ ਮੰਦਰ ਸੱਚੀ ਧਰਮਸਾਲ, ਗੁਰੂਦਵਾਰਾ ਇਕੋ ਇਕ ਸੁਹਾਈਆ । ਹਰਿ ਭਗਤ ਸੁਹੇਲੇ ਬਣਾਏ ਆਪਣੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਕਾਲ ਚਲੇ ਨਾ ਕੋਇ ਚਤੁਰਾਈਆ । ਚੁਰਾਸੀ ਵਿਚੋਂ ਕਰੇ ਬਹਾਲ, ਜਮ ਕੀ ਫਾਸੀ ਨਾ ਕੋਇ ਲਟਕਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਸਤਿਗੁਰ ਧੁਰਦਰਗਾਹੀਆ । ਸਭ ਦਾ ਜੀਵਣ ਹੱਲ ਕਰੇ ਸਵਾਲ, ਜਵਾਬ ਦੀ ਲੋੜ ਰਹੇ ਨਾ ਰਾਈਆ । ਜੋ ਭਗਤਾਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਇਕ ਅਖਵਾਈਆ । ਓਸੇ ਦੇ ਪਿਆਰ ਵਿਚ ਘਾਲੋ ਘਾਲ, ਜੋ ਘਾਇਲ ਆਪਣਾ ਆਪ ਕਰਾਈਆ । ਬਿਨ ਸਤਿਗੁਰ ਸ਼ਬਦ ਨਾ ਦਿਸੇ ਕੋਇ ਦਲਾਲ, ਵਿਚੋਲਾ ਨਜ਼ਰ ਕੋਇ ਨਾ ਆਈਆ । ਧੰਨਵਾਦ ਕਰੋ ਓਸ ਦਾ ਜੋ ਨਾਮ ਦਾ ਦੇਵੇ ਧਨ ਮਾਲ, ਖ਼ਜ਼ਾਨਾ ਅਤੋਟ ਅਤੁਟ ਵਰਤਾਈਆ । ਜੋ ਭਾਗ ਲਗਾਏ ਕਾਇਆ ਮਾਟੀ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਧੰਨਵਾਦ ਕਰੋ ਓਸ ਸਾਹਿਬ ਮਰਗਿੰਦ, ਜੋ ਮਹਾਬਲੀ ਅਖਵਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤਤੀਸਾ ਸੁਰਪਤ ਇੰਦ, ਗਣ ਗੰਧਰਵ ਸੀਸ ਨਿਵਾਈਆ । ਜਿਸ ਦਾ ਖੇਲ ਲੱਖ ਚੁਰਾਸੀ ਜੀਉ ਪਿੰਡ, ਇੰਡ ਬ੍ਰਹਿਮੰਡ ਖੋਜ ਖੁਜਾਈਆ । ਜੋ ਅੰਮ੍ਰਿਤ ਧਾਰਾ ਦੇਵੇ ਸਾਗਰ ਸਿੰਧ, ਗਹਿਰ ਗਵਰ ਆਪ ਵਰਤਾਈਆ । ਜਿਸ ਦੀਨ ਦੁਨੀ ਵਿਚ ਸਭ ਦੀ ਮੇਟਣੀ ਚਿੰਦ, ਚਿੰਤਾ ਚਿਖਾ ਦੂਰ ਕਰਾਈਆ । ਪੂਜਾ ਰਹਿਣ ਨਹੀਂ ਦੇਣੀ ਕਿਸੇ ਬੁਤ ਸਰੀਰ ਲਿੰਗ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਜਿਸ ਨੇ ਆਤਮ ਧਾਰ ਪ੍ਰਗਟਾਉਣੀ ਬਿੰਦ, ਬਿੰਦਰਾਬਨ ਦੇ ਕਾਹਨ ਜਿਸ ਨੂੰ ਸੀਸ ਨਿਵਾਈਆ । ਸੋ ਸਾਹਿਬ ਸਵਾਮੀ ਹੋਵੇ ਬਖ਼ਸ਼ਿੰਦ, ਬਖ਼ਸ਼ਣਹਾਰ ਅਗੰਮ ਅਥਾਹੀਆ । ਉਸ ਦਾ ਲੇਖਾ ਲਹਿਣਾ ਦੇਣਾ ਨਵ ਖੰਡ ਸੱਤ ਦੀਪ ਜੋਤ ਪ੍ਰਗਟਾਏ ਵਿਚ ਹਿੰਦ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਨਾਮ ਨਿਧਾਨ ਦੀ ਤਨ ਵਜੂਦਾਂ ਅੰਦਰ ਸਤਿ ਸੁਰੰਗੀ ਵਾਲੀ ਵੱਜਣੀ ਕਿੰਗ, ਨਾਮ ਸਿਤਾਰ ਸਤਿ ਸਤਿਗੁਰ ਨਾਨਕ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਧੁਰਦਰਗਾਹੀਆ । ਧੰਨਭਾਗ ਕਹੋ ਸਾਹਿਬ ਪੁਰਖ ਨਿਰੰਜਣ ਆਦਿ ਨਿਰੰਜਣ ਸੀਸ ਨਿਵਾਈਆ । ਜੋ ਦਾਤਾ ਦੀਨ ਦਿਆਲ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਜਿਸ ਦੇ ਕੋਲੋਂ ਜੁਗ ਚੌਕੜੀ ਸਾਰੇ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਉਹ ਸਾਹਿਬ ਸਭ ਨੂੰ ਚਾੜ੍ਹੇ ਅਗੰਮੀ ਰੰਗਣ, ਰੰਗਤ ਆਪਣੀ ਆਪ ਰੰਗਾਈਆ । ਆਤਮ ਬ੍ਰਹਮ ਦਾ ਦੇਵੇ ਅਨੰਦਨ, ਸੁਖ ਸਾਗਰ ਵਿਚ ਰਖਾਈਆ । ਸਤਿ ਸਚ ਦਾ ਦੇ ਕੇ ਪ੍ਰੇਮ ਅਨੰਦਨ, ਬਿਨਾ ਅਨੰਦ ਅਨੰਦ ਵਖਾਈਆ । ਕੂੜੀ ਕਿਰਿਆ ਕਰੇ ਖੰਡਨ, ਖੰਡਾ ਖੜਗ ਨਾਮ ਉਠਾਈਆ । ਲੇਖਾ ਜਾਣੇ ਚੰਡ ਪ੍ਰਚੰਡਣ, ਵਰਭੰਡ ਧਿਆਨ ਲਗਾਈਆ । ਜੋ ਸਭ ਦੇ ਮੇਟੇ ਬੰਧਨ, ਬੰਦਗੀ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਧੰਨ ਭਾਗ ਕਹੋ ਏਕਾ ਏਕੰਕਾਰ, ਅਕਲ ਕਲਧਾਰੀ ਜੋ ਅਖਵਾਈਆ । ਜਿਸ ਕੀਤਾ ਸਰਬ ਪਸਾਰ, ਪਸਰ ਪਸਾਰੀ ਨਾਉਂ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਲਾ ਕੇ ਸੇਵਾਦਾਰ, ਸੰਘਾਰੀ ਭੰਡਾਰੀ ਸੰਸਾਰੀ ਦਏ ਵਡਿਆਈਆ । ਖੇਲ ਕਰੇ ਜੁਗ ਚਾਰ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਸ ਦਾ ਲੇਖਾ

੧੧੯੮
੨੩

ਲਹਿਣਾ ਦੇਣਾ ਨਾਲ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਭੇਵ ਚੁਕਾਈਆ । ਜਿਸ ਦਾ ਹੁਕਮ ਸੰਦੇਸਾ ਸਤਿਗੁਰ ਦੇਵੇ ਵਿਚ ਸੰਸਾਰ, ਸੰਸਾਰੀ ਬ੍ਰਹਮੇ ਰਿਹਾ ਹਿਲਾਈਆ । ਉਠ ਕੇ ਖੇਲ ਵੇਖ ਲੈ ਓਸ ਅਗੰਮੇ ਯਾਰ, ਜਿਸ ਦਾ ਯਰਾਨਾ ਵੇਖਣ ਕੋਇ ਨਾ ਪਾਈਆ । ਜੋ ਲਹਿਣੇ ਦੇਣੇ ਦੇਵੇ ਕਰਜ਼ ਉਤਾਰ, ਲੇਖੇ ਸਭ ਦੇ ਝੋਲੀ ਪਾਈਆ । ਬ੍ਰਹਮਾ ਨਿਵ ਨਿਵ ਕਰੇ ਨਿਮਸਕਾਰ, ਸ਼ੰਕਰ ਰਿਹਾ ਜਣਾਈਆ । ਕੈਲਾਸ਼ਾ ਵਾਲੇ ਤੂੰ ਆਪਣੀ ਕਰ ਲੈ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਵਿਸ਼ਨੂੰ ਭੇਵ ਦੱਸ ਅਪਾਰ, ਅਪਰੰਪਰ ਦੇ ਸਮਝਾਈਆ । ਨਿਗਾਹ ਮਾਰ ਲੈ ਧਰਤੀ ਉਤੇ ਸੰਸਾਰ, ਚਾਰੋਂ ਕੁੰਟ ਅੱਖ ਉਠਾਈਆ । ਧਰਮ ਰਿਹਾ ਨਾ ਕਾਇਆ ਮੰਦਰ ਅੰਦਰ ਦਵਾਰ, ਤਨ ਵਜੂਦ ਨਾ ਕੋਇ ਵਡਿਆਈਆ । ਨੌਂ ਸੱਤ ਹਾਹਾਕਾਰ, ਹਸਤ ਕੀਟ ਰਹੇ ਕੁਰਲਾਈਆ । ਸ਼ਾਹ ਸੁਲਤਾਨ ਅਦਲ ਕਰੇ ਨਾ ਕੋਇ ਸਚ ਦੀ ਧਾਰ, ਇਨਸਾਫ਼ ਹੱਥ ਨਾ ਕੋਇ ਫੜਾਈਆ । ਧਰਨੀ ਰੋਵੇ ਧਾਹਾਂ ਮਾਰ, ਦਰੋਹੀ ਕਰ ਸੁਣਾਈਆ । ਸ਼ਾਸਤਰ ਸਿਮਰਤ ਰਹੇ ਉਚਾਰ, ਉਚੀ ਕੂਕ ਕੂਕ ਜਣਾਈਆ । ਕਿਰਪਾ ਕਰ ਦੇ ਸਾਂਝੇ ਯਾਰ, ਕਿਰਪਨ ਵੇਖ ਵਖਾਈਆ । ਭਾਗ ਲਗਾ ਦੇ ਜਨ ਭਗਤਾਂ ਦੇ ਘਰ ਬਾਹਰ, ਗ੍ਰਿਹਿ ਵਜਦੀ ਰਹੇ ਵਧਾਈਆ । ਤੁਧ ਬਿਨ ਅਵਰ ਨਾ ਕੋਈ ਪਾਵੇ ਸਾਰ, ਮਾਂਹਸਾਰਥੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਚਖੰਡ ਨਿਵਾਸੀ ਏਕੰਕਾਰ, ਪਰਵਰਦਿਗਾਰ ਸਾਂਝੇ ਯਾਰ ਨੂਰ ਅਲਾਹ ਬੇਪ੍ਰਵਾਹ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।



੧੧੯੯
੨੩

### ੨੫ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌਂ ਸਰਾਭਾ ਨਗਰ ਲੁਧਿਆਣਾ ਸ਼ਹਿਰ ਨਿਰੰਜਣ ਸਿੰਘ ਦੇ ਗ੍ਰਿਹਿ

ਧਰਨੀ ਕਹੇ ਸਚਖੰਡ ਤੇਰਾ ਸੋਹੇ ਦਰਬਾਰ, ਸਚ ਸਵਾਮੀ ਅੰਤਰਜਾਮੀ ਤੇਰੀ ਹੋਏ ਵਡਿਆਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਹੋਏ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਡਗਮਗਾਈਆ । ਤੇਰਾ ਸ਼ਬਦ ਅਨਾਦ ਵਿਚ ਬ੍ਰਹਿਮਾਦ ਦੇਵੇ ਧੁਨਕਾਰ, ਅਨਾਦੀ ਆਪਣਾ ਹੁਕਮ ਸੁਣਾਈਆ । ਮੈਂ ਨਿਵ ਨਿਵ ਚਰਨ ਕਵਲ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਨਿਵਾਈਆ । ਸੋ ਪੁਰਖ ਨਿਰੰਜਣ ਮੇਰੀ ਪਾਉਣੀ ਸਾਰ, ਮਹਾਸਾਰਥੀ ਤੇਰੀ ਓਟ ਤਕਾਈਆ । ਹਰਿਪੁਰਖ ਨਿਰੰਜਣ ਦਰਸ ਦੇਣਾ ਅਗੰਮ ਅਪਾਰ, ਜਗ ਨੇਤਰ ਲੋਚਨ ਨੈਣ ਨਜ਼ਰ ਕਿਸੇ ਨਾ ਆਈਆ । ਏਕੰਕਾਰ ਬਖ਼ਸ਼ਣਾ ਇਕ ਅਧਾਰ, ਅਕਲ ਕਲਧਾਰੀ ਤੇਰੀ ਓਟ ਤਕਾਈਆ । ਆਦਿ ਨਿਰੰਜਣ ਦੇਣਾ ਚਮਤਕਾਰ, ਨੂਰ ਨੁਰਾਨਾ ਡਗਮਗਾਈਆ । ਸ੍ਰੀ ਭਗਵਾਨ ਬਖ਼ਸ਼ਣੀ ਧੂੜੀ ਛਾਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਅਬਿਨਾਸ਼ੀ ਕਰਤੇ ਤੇਰੇ ਦਵਾਰੇ ਰਵ੍ਹਾਂ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਪਾਰਬ੍ਰਹਮ ਮੇਰੀ ਪਾਉਣੀ ਸਾਰ, ਸਤਿਗੁਰ ਹੋਣਾ ਆਪ ਸਹਾਈਆ । ਮੈਂ ਰੋਵਾਂ ਧਾਹਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਮੇਰਾ ਨਾਤਾ ਵੇਖ ਜਗਤ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਲੈ ਉਠਾਈਆ । ਚਾਰੋਂ ਕੁੰਟ ਹੋਇਆ ਅੰਧਿਆਰ, ਅੰਧ ਅਗਿਆਨ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਸਾਹਿਬ

ਸੁਲਤਾਨ, ਸੁੱਤਿਆਂ ਲੈ ਜਗਾਈਆ । ਮੇਰੇ ਸ਼ਾਹੋ ਭੂਪ ਨੌਜਵਾਨ, ਮਰਦ ਮਰਦਾਨ ਤੇਰੀ ਵਡਿਆਈਆ । ਮੇਰੇ ਨਿਰਗੁਣ ਨਿਰਵੈਰ ਨਿਰਾਕਾਰ ਅਗੰਮੇ ਕਾਹਨ, ਰਾਮ ਰਮਈਆ ਹੋ ਸਹਾਈਆ । ਦਰਸ਼ਨ ਦੇ ਦੇ ਧੁਰ ਦੇ ਅਮਾਮ, ਧੁਰ ਦੀ ਧਾਰ ਨਾਲ ਜਣਾਈਆ । ਮੈਨੂੰ ਕੋਝੀ ਕਮਲੀ ਨੂੰ ਬਖ਼ਸ਼ ਦੇ ਮਾਣ, ਨਿਮਾਣੀ ਹੋ ਕੇ ਆਸ ਰਖਾਈਆ । ਚਾਰੋਂ ਕੁੰਟ ਮੇਰੀ ਹਾਲਤ ਤੱਕ ਮੈਂ ਹੋਈ ਹੈਰਾਨ, ਹੈਰਾਨੀ ਵਿਚ ਦਿਆਂ ਦੁਹਾਈਆ । ਮੇਰਿਆ ਮਾਲਕਾ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਹੋਈ ਬੇਈਮਾਨ, ਬੇਵਾ ਦਿਸੇ ਲੋਕਾਈਆ । ਹਿਰਦੇ ਵਸੇ ਨਾ ਤੇਰਾ ਨਾਮ, ਨਰ ਨਿਰੰਕਾਰੇ ਤੇਰਾ ਦਰਸ ਕੋਇ ਨਾ ਪਾਈਆ । ਮਹੱਲ ਅਟੱਲ ਨਾ ਸੋਹੇ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਮੈਂ ਵੇਖਾਂ ਦੋ ਜਹਾਨ, ਭੱਜਾਂ ਵਾਹੋ ਦਾਹੀਆ । ਕਿਰਪਾ ਕਰ ਮੇਰੇ ਭਗਵਾਨ, ਭਗਵਨ ਤੇਰੀ ਓਟ ਰਖਾਈਆ । ਕਲਜੁਗ ਸ਼ਰਅ ਮੇਟ ਸ਼ੈਤਾਨ, ਛਹਿਬਰ ਆਪਣਾ ਨਾਮ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਰੋ ਰੋ ਵਹਿੰਦੇ ਅੱਥਰ, ਬਿਹਬਲ ਹੋ ਕੇ ਦਿਆਂ ਸੁਣਾਈਆ । ਵਡਿਆਈ ਰਹੀ ਨਾ ਤੇਰੇ ਨਾਮ ਕਲਮੇ ਅੱਖਰ, ਅੱਖਰਾਂ ਵਾਲੇ ਸਾਰੇ ਰਹੇ ਸੁਣਾਈਆ । ਤੂੰ ਕਿਰਪਾ ਕਰ ਦੇ ਕਿਰਪਾ ਨਿਧਾਨ ਮੈਂ ਲੱਬੀ ਤੇਰੇ ਸਬਰ, ਸਬਰ ਤੇਰਾ ਯਾਰੜਾ ਗੋਬਿੰਦ ਗਿਆ ਹੰਢਾਈਆ । ਮੈਂ ਕੋਈ ਪਾਹਨ ਨਹੀਂ ਪੂਜਣ ਵਾਲਾ ਪੱਥਰ, ਸਿਲ ਪੂਜਸ ਰੂਪ ਨਾ ਕੋਇ ਦਰਸਾਈਆ । ਧਰਨੀ ਕਹੇ ਮੈਂ ਨਿਮਾਣੀ ਕਰਦੀ ਨਹੀਂ ਕੋਈ ਮਕਰ, ਫ਼ਰੇਬਾਂ ਵਿਚ ਨਾ ਕੋਇ ਹਲਕਾਈਆ । ਨੌ ਖੰਡ ਮਾਰ ਕੇ ਤੱਕ ਲੈ ਚੱਕਰ, ਚਾਰੋਂ ਕੁੰਟ ਪਰਦਾ ਲਾਹੀਆ । ਤੇਰੇ ਨਾਮ ਦੀ ਨਾਮ ਨਾਲ ਹੁੰਦੀ ਟੱਕਰ, ਝਗੜਾ ਸਕੇ ਨਾ ਕੋਇ ਮੁਕਾਈਆ । ਪੂਰਬਲੇ ਲੇਖੇ ਤੱਕ ਲੈ ਪੇਸ਼ੀਨਗੋਈਆਂ ਵਾਲੇ ਪੱਤਰ, ਭਵਿਖਤਾਂ ਵਾਲੇ ਲੇਖ ਵਖਾਈਆ । ਜਿਹੜੇ ਲਿਖੇ ਹਰਫ਼ ਹਰੂਫ਼ਾਂ ਵਾਲੇ ਨਾਲ ਨਹੀਂ ਕਿਸੇ ਸਤਰ, ਸਿਆਹੀ ਕਲਮ ਕਾਗ਼ਜ਼ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਬੜੀ ਲੰਬੀ, ਲੰਮੀ ਪੈ ਕੇ ਧਿਆਨ ਲਗਾਈਆ । ਮੈਂ ਤੇਰੀ ਧਾਰੋਂ ਜੰਮੀ, ਜੰਮਣ ਵਾਲੀ ਕੋਇ ਨਾ ਮਾਈਆ । ਤੂੰ ਮੇਰੀ ਆਦਿ ਅੰਤ ਦੀ ਅੰਮੀ, ਅੰਮੀਜਾਨ ਕਹਿ ਕੇ ਤੈਨੂੰ ਰਹੀ ਸੁਣਾਈਆ । ਤੂੰ ਗਗਨ ਰਹਾਇਆ ਬਿਨਾ ਥੰਮੀ, ਦੋ ਜਹਾਨਾਂ ਵੇਖ ਵਖਾਈਆ । ਮੇਰਾ ਅੰਤਮ ਬੇੜਾ ਬੰਨ੍ਹੀ, ਕਲਜੁਗ ਵਹਿਣ ਨਾ ਸਕੇ ਰੁੜ੍ਹਾਈਆ । ਜਨ ਭਗਤਾਂ ਮਿਤ੍ਰ ਪਿਆਰਾ ਬਣਨਾ ਤਨੀ, ਸਚ ਮੁਹੱਬਤ ਵਿਚ ਸਮਾਈਆ । ਮਨਸਾ ਮਨ ਮੇਟਣੀ ਮਨੀ, ਮਮਤਾ ਕੂੜ ਦੇਣੀ ਚੁਕਾਈਆ । ਗੁਰਮੁਖਾਂ ਨੇਤਰ ਲੋਚਨ ਅੱਖ ਰਹਿਣ ਦੇਵੀਂ ਨਾ ਅੰਨ੍ਹੀ, ਨਿਰਗੁਣ ਨਿਰਵੈਰ ਕਰਨੀ ਆਪ ਪੜ੍ਹਾਈਆ । ਧਰਮ ਦੀ ਧਾਰ ਆਪਣੇ ਨਾਲ ਬੰਨ੍ਹੀਂ ਕੰਨੀ, ਕੰਨਾ ਗੋਬਿੰਦ ਦਾ ਦਏ ਗਵਾਹੀਆ । ਮੇਰੀ ਮੇਟਣੀ ਖ਼ੁਸ਼ੀ ਗ਼ਮੀ, ਗ਼ਮਖਾਰ ਹੋਣਾ ਆਪ ਸਹਾਈਆ । ਕੂੜ ਲਾਲਚ ਨਾ ਰਹੇ ਤਮੀ, ਤਮੰਨਾ ਸਭ ਦੀ ਦੇਣੀ ਬਦਲਾਈਆ । ਤੇਰੀ ਖੇਲ ਤੱਕਾਂ ਮੈਂ ਆਪਣੇ ਉਤੇ ਨਵੀਂ, ਨਵਾਂ ਖੰਡਾਂ ਨਵਾਂ ਦਰਾਂ ਤੋਂ ਬਾਹਰ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੇ ਹੱਥ ਵਡਿਆਈਆ । ਧਰਨੀ ਕਹੇ ਮੇਰੇ ਦੀਨ ਦਿਆਲ, ਦਿਆਲੂ ਕਿਰਪਾਲੂ ਤੇਰੀ ਸ਼ਰਨਾਈਆ । ਜਨ ਭਗਤ ਸੁਹੇਲੇ ਵੇਖ ਲੈ ਆਪਣੇ ਲਾਲ, ਲਾਲ ਗੁਲਾਲੇ ਪਰਦਾ ਲਾਹੀਆ । ਨਿਗਾਹ ਮਾਰ ਲੈ ਕਾਇਆ ਮਾਟੀ ਸੱਚੀ ਧਰਮਸਾਲ, ਸਾਢੇ ਤਿੰਨ ਹੱਥ ਖੋਜ

ਖੁਜਾਈਆ । ਜਿਥੇ ਦੀਪਕ ਜੋਤੀ ਜਗੇ ਬੇਮਿਸਾਲ, ਨੂਰ ਨੁਰਾਨਾ ਡਗਮਗਾਈਆ । ਮੇਰੇ ਸਵਾਮੀ ਤੇਰੇ ਘਰ ਲੇਖਾ ਹੋਵੇ ਨਾ ਸ਼ਾਹ ਕੰਗਾਲ, ਕੋੜ੍ਹਿਆਂ ਕਮਲਿਆਂ ਲੈਣਾ ਗਲ ਲਗਾਈਆ । ਮੈਂ ਸੁਣਾਵਾਂ ਅੱਜ ਦਾ ਹਾਲ, ਹਾਲਤ ਵੇਖ ਖ਼ਲਕ ਖ਼ੁਦਾਈਆ । ਸਤਿ ਪ੍ਰੀਤੀ ਨਿਭੇ ਕਿਸੇ ਨਾ ਨਾਲ, ਕਲਜੁਗ ਨਾਲਿਸ਼ਾ ਭਰੀ ਲੋਕਾਈਆ । ਤੂੰ ਮੇਰਾ ਮਦਨ ਮੋਹਨ ਗੋਪਾਲ, ਗੋਬਿੰਦ ਧੁਰ ਦਾ ਮਾਹੀਆ । ਸੰਬਲ ਬਹਿ ਕੇ ਸਭ ਦੀ ਸੁਰਤ ਸੰਭਾਲ, ਸੰਬਲ ਨਿਵਾਸੀ ਤੇਰੇ ਹੱਥ ਵਡਿਆਈਆ । ਮੈਂ ਨਿਮਾਣੀ ਹੋਈ ਕੰਗਾਲ, ਧਰਨੀ ਰੋ ਰੋ ਰਹੀ ਜਣਾਈਆ । ਮੈਨੂੰ ਦਿਸੇ ਨਾ ਕੋਇ ਦਲਾਲ, ਵਿਚੋਲਾ ਬਾਂਹ ਨਾ ਕੋਇ ਫੜਾਈਆ । ਫਲ ਰਿਹਾ ਨਾ ਮਾਨਸ ਡਾਲ, ਫੁੱਲ ਫਲ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰੇ ਮਹਾਰਾਜ, ਪਾਤਸ਼ਾਹ ਤੇਰੀ ਵਡਿਆਈਆ । ਤੇਰੇ ਸੀਸ ਜਗਦੀਸ਼ ਸੋਹੇ ਤਾਜ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਜਗਤ ਜਹਾਨ ਪੂਰਾ ਕਰ ਦੇ ਕਾਜ, ਕਰਤੇ ਪੁਰਖ ਆਪਣੀ ਕਰਨੀ ਨਾਲ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਜਾਏ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਹੰਸ ਬੁਧੀ ਹੋਈ ਕਾਗ, ਕਾਗੋਂ ਹੰਸ ਦੇ ਬਣਾਈਆ । ਦੁਰਮਤ ਮੈਲ ਧੋ ਦੇ ਦਾਗ਼, ਅੰਮ੍ਰਿਤ ਮੇਘ ਇਕ ਬਰਸਾਈਆ । ਘਰ ਦੀਪਕ ਜਗਾ ਚਰਾਗ਼, ਅੰਧ ਅੰਧੇਰ ਰਹੇ ਨਾ ਰਾਈਆ । ਮੇਰੀ ਤਪਸ਼ ਬੁਝਾ ਦੇ ਆਗ, ਮਿਹਰਵਾਨ ਹੋਣਾ ਆਪ ਸਹਾਈਆ । ਤੇਰੀ ਦੀਨ ਦੁਨੀ ਦਾ ਬਦਲ ਜਾਏ ਸਮਾਜ, ਸਮਗਰੀ ਨਾਮ ਦੇਣੀ ਵਰਤਾਈਆ । ਤੇਰਾ ਅੰਤਰ ਆਤਮ ਮੈਨੂੰ ਉਪਜੇ ਵੈਰਾਗ, ਵੈਰੀ ਪੰਜ ਅੰਦਰੋਂ ਬਾਹਰ ਕਢਾਈਆ । ਜਨ ਭਗਤਾਂ ਹੋਵਣ ਵਡ ਵਡਭਾਗ, ਸਿਰ ਸਿਰ ਆਪਣਾ ਹੱਥ

੧੨੦੧
੨੩

ਰਖਾਈਆ । ਤੂੰ ਆਦਿ ਜੁਗਾਦੀ ਮੋਹਣ ਮਾਧਵ ਮਾਧ, ਮਧੁਰ ਧੁਨ ਦੇਣੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਆਪਣੇ ਗ੍ਰਿਹ ਵਸਾਈਆ । ਧਰਨੀ ਕਹੇ ਪ੍ਰਭੂ ਮੋਹੇ ਦੇ ਦੇ ਚਾਓ ਘਨੇਰਾ, ਘਨਈਏ ਤੇਰੀ ਓਟ ਰਖਾਈਆ । ਭੇਵ ਖੁਲਾ ਦੇ ਤੇਰਾ ਮੇਰਾ, ਮੇਰੇ ਰਮਈਏ ਤੇਰੇ ਹੱਥ ਵਡਿਆਈਆ । ਚਾਰ ਕੁੰਟ ਨਾ ਰਹੇ ਅੰਧੇਰਾ, ਅੰਧ ਅੰਧੇਰਾ ਦੇਣਾ ਚੁਕਾਈਆ । ਆਪਣੀ ਚੌਕੜੀ ਦਾ ਪੂਰਾ ਕਰ ਲੈ ਗੇੜਾ, ਉਲਟੀ ਲੱਠ ਭਵਾਈਆ । ਲਹਿੰਦੇ ਚੜ੍ਹਦੇ ਛੇੜ ਦੇ ਛੇੜਾ, ਛੇਕੜ ਆਪਣਾ ਹੁਕਮ ਵਰਤਾਈਆ । ਦੀਨਾਂ ਮਜ਼੍ਹਬਾਂ ਭੇੜ ਦੇ ਭੇੜਾ, ਕਾਚੇ ਭਾਂਡੇ ਦੇ ਠੁਕਰਾਈਆ । ਜਨ ਭਗਤਾਂ ਘਰ ਮੰਦਰ ਵਖਾ ਦੇ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਮੁਖਾਂ ਪੰਚਮ ਪੰਚ ਚੁਕਾ ਦੇ ਝੇੜਾ, ਅੰਤਰ ਸ਼ਬਦ ਕਰ ਸ਼ਨਵਾਈਆ । ਗੁਰਮੁਖਾਂ ਵਸਦਾ ਰਹੇ ਖੇੜਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਭਰਮਾਂ ਢਾਹ ਦੇ ਡੇਰਾ, ਡੰਡਾਵਤ ਆਪਣੀ ਦੇ ਸਮਝਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਤਿਗੁਰ ਸ਼ਬਦ ਸ਼ੇਰਾ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਤੁਧ ਬਿਨ ਪਾਰ ਲੰਘਾਵੇ ਕਿਹੜਾ, ਗੁਰ ਅਵਤਾਰ ਪੈਗ਼ੰਬਰ ਤੇਰਾ ਲੇਖਾ ਰਿਹਾ ਜਣਾਈਆ । ਅੰਤਮ ਕਰ ਹਕੀਕੀ ਨਿਬੇੜਾ, ਹਕੀਕਤ ਦੇ ਮਾਲਕ ਹੋ ਸਹਾਈਆ । ਕਲਜੁਗ ਕੂੜੀ ਕਿਰਿਆ ਵਕਤ ਲੰਘਿਆ ਬਥੇਰਾ, ਅਗੇ ਅਵਰ ਨਾ ਅਵਰ ਵਧਾਈਆ । ਇਕੋ ਰੰਗ ਰੰਗਾ ਦੇ ਗੁਰੂ ਗੁਰ ਚੇਰਾ, ਚੇਲਾ ਗੁਰ ਇਕੋ ਘਰ ਵਸਾਈਆ । ਆਪਣਾ ਗ੍ਰਿਹ ਸਵਾਮੀ ਮੰਦਰ ਵਖਾ ਦੇ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਧਰਨੀ ਕਹੇ ਮੇਰੇ ਉਤੇ ਕਰ ਦੇ ਮਿਹਰਾ, ਮਿਹਰਵਾਨ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਧਰਤ ਧਵਲ ਧੌਲ ਕਹੇ ਮੇਰਾ ਖੁਲਾ ਕਰ ਦੇ ਵਿਹੜਾ, ਸਚ ਦਵਾਰਾ ਏਕੰਕਾਰਾ ਪਰਵਰਦਿਗਾਰਾ ਸਾਂਝੇ ਯਾਰਾ ਮੇਰਾ ਸੋਭਾ ਪਾਈਆ ।

### ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਲਾਡੂਵਾਲ ਜ਼ਿਲਾ ਜਲੰਧਰ ਨਾਜਰ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭ ਮੇਰੇ ਸਾਜਣ, ਸਤਿਗੁਰੂ ਤੇਰੀ ਵਡਿਆਈਆ । ਮੇਰੇ ਸ਼ਾਹੋ ਭੂਪ ਰਾਜਨ, ਸ਼ਹਿਨਸ਼ਾਹ ਅਖਵਾਈਆ । ਤੇਰੀ ਵੇਖਾਂ ਸਾਚੀ ਕਰਨੀ ਆਜਨ, ਆਜਜ਼ ਹੋ ਕੇ ਸੀਸ ਨਿਵਾਈਆ । ਪਰਮ ਪੁਰਖ ਤੂੰ ਜੁਗ ਚੌਕੜੀ ਬਣਨਾ ਮਹਾਜਨ, ਵਣਜ ਸਚ ਸਤਿ ਵਾਲੇ ਕਰਾਈਆ । ਮੇਰੇ ਸਾਹਿਬ ਸਵਾਮੀ ਤੇਰੇ ਸੀਸ ਵੇਖਣਾ ਚਾਹੁੰਦੀ ਤਾਜਨ, ਤਖਤ ਨਿਵਾਸੀ ਧਿਆਨ ਲਗਾਈਆ । ਮੇਰੀ ਕੂੜੀ ਕਿਰਿਆ ਬੁਝਾ ਦੇ ਆਗਨ, ਅਗਨੀ ਤਤ ਰਹੇ ਨਾ ਰਾਈਆ । ਤੇਰੇ ਭਗਤ ਸੁਹੇਲੇ ਸਾਚੇ ਜਾਗਣ, ਮੇਰੇ ਉਤੇ ਲੈਣ ਅੰਗੜਾਈਆ । ਮੈਂ ਹੋਵਾਂ ਵਡ ਵਡ ਭਾਗਣ, ਮੰਦ ਭਾਗ ਰਹੇ ਨਾ ਰਾਈਆ । ਤੂੰ ਸਵਾਮੀ ਬਣਨਾ ਕੰਤ ਸੁਹਾਗਣ, ਸੋਭਾਵੰਤ ਇਕ ਅਖਵਾਈਆ । ਮੇਰੇ ਅੰਤਰ ਬਖ਼ਸ਼ਣਾ ਸਦਾ ਵੈਰਾਗਣ, ਬਿਰਹੋਂ ਨਾਲ ਮਿਲਾਈਆ । ਤੂੰ ਮੋਹਣ ਮਾਧਵ ਮਾਧਨ, ਮਧੁਰ ਧੁਨ ਦੇਣੀ ਸੁਣਾਈਆ । ਤੂੰ ਕਲਜੁਗ ਆਇਓਂ ਸਾਧਨ, ਸਾਧਨ ਸਤਿਗੁਰ ਤੇਰੀ ਆਸ ਰਖਾਈਆ । ਮੇਰਾ ਧਰਮ ਦਾ ਰਚ ਦੇ ਕਾਜਨ, ਧਰਮ ਦਵਾਰ ਪ੍ਰਗਟਾਈਆ । ਮੈਂ ਤੈਨੂੰ ਮਾਰਾਂ ਆਵਾਜ਼ਨ, ਕੂਕ ਕੂਕ ਸੁਣਾਈਆ । ਤੇਰੀ ਸਰਨ ਸਰਨਾਈ ਸਾਰੇ ਲਾਗਣ, ਦੇਣੀ ਮਾਣ ਵਡਿਆਈਆ । ਮੇਰਾ ਦੁਰਮਤ ਮੈਲ ਧੋਣਾ ਦਾਗ਼ਣ, ਕਰਨੀ ਆਪ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਿਆਂ ਭਗਤਾਂ ਤੇਰੇ ਨਾਲ ਸਾਚਾ ਬਣਿਆ ਰਹੇ ਨਾਤਨ, ਆਤਮ ਪਰਮਾਤਮ ਮੇਲਾ ਲੈਣਾ ਮਿਲਾਈਆ ।
੧੨੦੨ ੨੩

### ੧ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਅੱਸੂ ਕਹੇ ਮੇਰਾ ਸ਼ਾਹੋ ਭੂਪ ਰਾਜਨ ਰਾਜਾ, ਰਾਜ ਰਾਜਾਨ ਸ਼ਾਹ ਸੁਲਤਾਨ ਮਰਦ ਮਰਦਾਨ ਸ੍ਰੀ ਭਗਵਾਨ ਅਗੰਮ ਅਥਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣੀ ਧਾਰ ਅਗੰਮੀ ਜਾਗਾ, ਜਾਗਰਤ ਜੋਤ ਬਿਨ ਵਰਨ ਗੋਤ ਜਿਸ ਦਾ ਖੇਲ ਕੋਟੀ ਕੋਟ, ਕੋਟਨ ਕੋਟ ਆਪਣਾ ਰੂਪ ਬਦਲਾਈਆ । ਨਾਮ ਨਿਧਾਨਾ ਨੌਜਵਾਨਾ ਦੱਸੇ ਹੁਕਮ ਸਚ ਤਰਾਨਾ, ਤੁਰੀਆ ਤੋਂ ਬਾਹਰ ਮਾਰ ਆਵਾਜ਼ਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਪਤਤ ਪੁਨੀਤਾ ਆਪਣਾ ਖੇਲ ਵਖਾਈਆ । ਗੁਣ ਨਿਧਾਨਾ ਵੇਖਣਹਾਰਾ ਜੀਵ ਜਹਾਨਾ, ਜੋਤੀ ਜਾਤਾ ਹੋ ਪ੍ਰਧਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅੱਸੂ ਕਹੇ ਮੇਰਾ ਸੋ ਪੁਰਖ ਨਿਰੰਜਣ ਮੀਤਾ, ਮਿਤ੍ਰ ਪਿਆਰਾ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਬਣ ਕੇ ਠਾਂਡਾ ਸੀਤਾ, ਸਤਿ ਸਤਿਵਾਦੀ ਆਪਣਾ ਭੇਵ ਚੁਕਾਈਆ । ਏਕੰਕਾਰਾ ਆਪਣੀ ਦੱਸ ਅਗੰਮੀ ਧੁਰ ਦੀ ਰੀਤਾ, ਮਾਰਗ ਪੰਥ ਮਗ ਧੁਰ ਦਾ ਇਕ ਦ੍ਰਿੜਾਈਆ । ਆਦਿ ਨਿਰੰਜਣ ਤ੍ਰੈਗੁਣ ਧਾਰ ਤੋਂ ਹੋ ਅਤੀਤਾ, ਤ੍ਰੈਭਵਣ ਧਨੀ ਸਚ ਸੰਦੇਸਾ ਨਰ ਨਰੇਸ਼ਾ ਇਕ ਸੁਣਾਈਆ । ਸ੍ਰੀ ਭਗਵਾਨ ਠਾਂਡਾ ਸੀਤਾ, ਨਾ ਮਰਿਆ ਨਾ ਜੀਤਾ, ਨਿਰਗੁਣ

ਨਿਰਵੈਰ ਨਿਰਾਕਾਰ ਆਪਣਾ ਭੇਵ ਆਪ ਖੁਲਾਈਆ । ਸ੍ਰੀ ਭਗਵਾਨ ਸਚ ਸੰਦੇਸ ਦੇ ਹਦੀਸਾ, ਏਕਾ ਛਤਰ ਝੁਲਾ ਦੇ ਸੀਸਾ, ਖੇਲੇ ਖੇਲ ਬੀਸ ਬੀਸਾ, ਅਕਲ ਕਲਧਾਰੀ ਆਪਣੀ ਕਲ ਪ੍ਰਗਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਦਾ ਖੇਲ ਨਾ ਹਾਰ ਨਾ ਜੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅੱਸੂ ਕਹੇ ਮੇਰੀਆਂ ਅੰਤਸ਼ਕਰਨ ਦੀਆਂ ਉਮੰਗਾਂ, ਬਿਨ ਜਗਤ ਵਾਸਨਾ ਤੇਰੇ ਅਗੇ ਰਖਾਈਆ । ਮੇਰੇ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਮੇਰਾ ਦੇਣਾ ਸੰਗਾ, ਸਗਲੇ ਸਾਥੀ ਆਪਣਾ ਸੰਗ ਬਣਾਈਆ । ਮੈਂ ਚਾਹੁੰਦਾ ਤੇਰਾ ਖੇਲ ਸੂਰੇ ਸਰਬੰਗਾ, ਦੋ ਜਹਾਨਾ ਸ੍ਰੀ ਭਗਵਾਨਾ ਨਜ਼ਰੀ ਆਈਆ । ਮੇਰੇ ਮਹਿਬੂਬਾ ਸਾਚੇ ਅਸਵ ਕਸ ਲੈ ਤੰਗਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਪਣਾ ਫੇਰਾ ਪਾਈਆ । ਨਿਗਾਹ ਮਾਰ ਲੈ ਵਿਚ ਵਰਭੰਡਾ, ਬ੍ਰਹਿਮੰਡਾਂ ਖੋਜ ਖੁਜਾਈਆ । ਸਤਿ ਧਰਮ ਦਾ ਸਚ ਦਾ ਵੇਖ ਲੈ ਅਨੰਦਾ, ਅਨੰਦ ਅਨੰਦ ਵਿਚੋਂ ਖੋਜ ਖੁਜਾਈਆ । ਅੱਸੂ ਕਹੇ ਮੇਰੇ ਸਤਿਗੁਰੂ ਜੋ ਹੁਕਮ ਤੇਰਾ ਚੰਗਾ, ਧੁਰ ਫ਼ਰਮਾਨਾ ਦੇਣਾ ਸਮਝਾਈਆ । ਓਹ ਤੱਕ ਲੈ ਕਲਜੁਗ ਭੱਜਾ ਆਉਂਦਾ ਪੈਰੀਂ ਨੰਗਾ, ਨੱਠੇ ਵਾਹੋ ਦਾਹੀਆ । ਤੇੜ ਨਾ ਧੋਤੀ ਨਾ ਤੰਬਾ, ਪੈਂਟ ਹੈਟ ਨਾ ਕੋਇ ਸੁਹਾਈਆ । ਹੱਥ ਵਿਚ ਨਾ ਕੋਈ ਲੱਕੜੀ ਨਾ ਕੋਈ ਡੰਡਾ, ਸ਼ਸਤਰ ਬਸਤਰ ਨਾ ਕੋਇ ਵਡਿਆਈਆ । ਨਾ ਕੋਈ ਬਣਿਆ ਵਿਦਿਆ ਵਾਲਾ ਪੰਡਾ, ਆਲਮਾਂ ਵਾਲਾ ਰੂਪ ਨਾ ਕੋਇ ਸਮਝਾਈਆ । ਨਾ ਕੋਈ ਹੱਥ ਸ਼ਸਤਰ ਨਾ ਕੋਈ ਖੰਡਾ, ਨਾ ਖੜਗਾਂ ਰਿਹਾ ਚਮਕਾਈਆ । ਜਿਸ ਦਾ ਕਦਮ ਨਾ ਛੋਟਾ ਨਾ ਲੰਬਾ, ਧਰਨੀ ਧਰਤ ਧਵਲ ਉਤੇ ਨਾ ਕੋਇ ਟਿਕਾਈਆ । ਉਹ ਮੋਢਾ ਮਾਰੇ ਨਾਲੇ ਹਿਲਾਵੇ ਸੱਜਾ ਕੰਧਾ, ਇਸ਼ਾਰਿਆਂ ਨਾਲ ਰਿਹਾ ਜਣਾਈਆ । ਮੈਂ ਬੰਦਗੀ ਵਾਲਾ ਰਹਿਣ ਦਿਤਾ ਨਹੀਂ ਕੋਈ ਬੰਦਾ, ਬੰਦਨਾ ਵਿਚ ਨਾ ਕੋਇ ਸਮਾਈਆ । ਪਵਿਤ੍ਰ ਧਾਰ ਦਿਸੇ ਕੋਈ ਨਾ ਗੰਗਾ, ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਮੇਰਾ ਦਿਲ ਕਰਦਾ ਮੈਂ ਚਾਰ ਕੁੰਟ ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰਿਆ ਸਵਾਮੀਆ ਸਭ ਦਾ ਹਾਲ ਕਰ ਦੇਵਾਂ ਮੰਦਾ, ਮੰਦ ਭਾਗਣ ਹੋਈ ਤੇਰੀ ਲੋਕਾਈਆ । ਕਿਸੇ ਨੂੰ ਸੇਜ ਬਿਸਤਰ ਸੁਹਾਉਣੀ ਹੋਏ ਕੋਇ ਨਾ ਮੰਜਾ, ਮਜਲਸ ਭਗਤਾਂ ਵਾਲੀ ਰਹਿਣ ਕੋਇ ਨਾ ਪਾਈਆ । ਮੇਰਾ ਸੀਨਾ ਫੇਰ ਹੋਵੇ ਠੰਡਾ, ਮੇਰੀ ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਕਹੇ ਮੇਰੇ ਮਾਲਕਾ ਮੈਂ ਚਾਹੁੰਦਾ ਜਗਤ ਜਹਾਨ ਸਭ ਦਾ ਆਤਮਾ ਤੇਰੇ ਕੋਲੋਂ ਵਿਛੋੜ ਕੇ ਕਰ ਦੇਵਾਂ ਰੰਡਾ, ਰੰਡੇਪੇ ਵਿਚ ਹੋਵੇ ਤੇਰੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਕਿਉਂ ਕਲਜੁਗ ਆਵੇਂ ਦੌੜਾ, ਭੱਜੇਂ ਵਾਹੋ ਦਾਹੀਆ । ਕਲਜੁਗ ਕਹੇ ਨਾਰਦ ਓਹ ਵੇਖ ਵੇਦ ਵਿਆਸਾ ਪੁਕਾਰੇ ਆਵੇ ਬ੍ਰਹਿਮਣ ਗੌੜਾ, ਪੂਤ ਸਪੂਤਾ ਨਜ਼ਰ ਕਿਸੇ ਨਾ ਆਈਆ । ਮੇਰਾ ਫਲ ਤੱਕ ਲੈ ਮਿੱਠਾ ਕੋਈ ਨਹੀਂ ਜੋ ਦਿਸੇ ਸੋ ਕੌੜਾ, ਕੁੜੱਤਣ ਸਭ ਦੇ ਅੰਦਰ ਟਿਕਾਈਆ । ਮੈਂ ਥੱਲਿਉਂ ਖਿੱਚ ਕੇ ਲੰਮਾ ਪਾ ਦਿਤਾ ਸਚਖੰਡ ਵਾਲਾ ਪੌੜਾ, ਪੌੜੀ ਪੌੜੀ ਚੜ੍ਹਨ ਕੋਇ ਨਾ ਪਾਈਆ । ਜ਼ਰਾ ਨਿਗਾਹ ਮਾਰ ਲੈ ਤੱਕ ਲੈ ਨਾਲ ਗ਼ੌਰਾ, ਗਹਿਰ ਗੰਭੀਰ ਨੇਤਰ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਤੱਕ ਲੈ ਜਿਨ੍ਹਾਂ ਦੇ ਸੀਸ ਤੇ ਝੁਲਦੇ ਚੌਰਾ, ਚਾਰੋਂ ਕੁੰਟ ਕੁੰਟ ਹਲਕਾਈਆ । ਮੈਂ ਸਭ ਨੂੰ ਮਾਇਆ ਮਮਤਾ ਵਿਚ ਕੀਤਾ ਬੌਰਾ, ਬਵਰੀ ਕੀਤੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਨਾਰਦ ਕਹੇ ਕਲਜੁਗਾ ਮੇਰਿਆ ਸਜਣਾ

੧੨੦੩
੨੩

ਜਾਵੀਂ ਰੁਕ, ਮਿਤਰਾ ਮੀਤ ਦਿਆਂ ਜਣਾਈਆ । ਕੁਛ ਖੇਲ ਤੱਕ ਲੈ ਲੁਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਓਹ ਵੇਖ ਲੈ ਤੇਰਾ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਹੰਕਾਰੀ ਰਹੇ ਝੁਕ, ਨੇਤਰ ਨੈਣ ਨੈਣ ਸ਼ਰਮਾਈਆ । ਮੂਰਖਾ ਤੇਰੇ ਪਿਛੇ ਜਿਸ ਗੋਬਿੰਦ ਨੇ ਵਾਰੇ ਸੁਤ, ਦੁਲਾਰੇ ਨੀਹਾਂ ਹੇਠ ਦਬਾਈਆ । ਉਹ ਮੇਲ ਮਿਲਾ ਕੇ ਨਾਲ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਸਭ ਨੂੰ ਰਿਹਾ ਜਗਾਈਆ । ਜਿਸ ਦਾ ਹੁਕਮ ਸੰਦੇਸਾ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵਾਲੀ ਤੁਕ, ਤੇਰਾ ਤੁਖ਼ਮ ਤਾਸੀਰ ਦਏ ਬਦਲਾਈਆ । ਉਹ ਵਕਤ ਸੁਹੰਜਣਾ ਆਦਿ ਨਿਰੰਜਣਾ ਨੇੜੇ ਰਿਹਾ ਢੁਕ, ਘੜੀ ਪਲ ਜਿਸ ਦੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਨਾਰਦਾ ਉਹ ਮੇਰੇ ਹੋ ਬਗ਼ਲਗੀਰ, ਦਸਤ ਦਸਤ ਨਾਲ ਮਿਲਾਈਆ । ਤਨ ਬਸਤਰ ਪਾ ਲੈ ਚੀਰ, ਚਿਰੀ ਵਿਛੁੰਨਿਆਂ ਤੈਨੂੰ ਦਿਆਂ ਸਮਝਾਈਆ । ਮੇਰੀ ਵੇਖ ਲੈ ਸਭ ਤੋਂ ਵੱਖਰੀ ਤਦਬੀਰ, ਤਰੀਕਾ ਹੱਥ ਕਿਸੇ ਨਾ ਆਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਕਬੀਰ, ਕਬਰਾਂ ਤੋਂ ਬਾਹਰ ਸੁਣਾਈਆ । ਮੈਂ ਉਸ ਤੋਂ ਲਈ ਬਾਦ ਅਸ਼ੀਰ, ਨਿਵ ਨਿਵ ਸੀਸ ਝੁਕਾਈਆ । ਓਸ ਬਿਨਾ ਤਹਿਰੀਰ ਤੋਂ ਦਿਤੀ ਤਕਰੀਰ, ਬਿਨਾ ਹਰਫ਼ ਹਰੂਫ਼ ਸਮਝਾਈਆ । ਨਾਰਦਾ ਮੈਨੂੰ ਵੇਖ ਲੈ ਨਾ ਮੈਂ ਸ਼ਾਹ ਤੇ ਨਾ ਮੈਂ ਅਮੀਰ, ਕੰਗਲਾ ਰੂਪ ਨਾ ਕੋਇ ਵਟਾਈਆ । ਮੇਰੀ ਮੰਜ਼ਲ ਤੱਕ ਅਖ਼ੀਰ, ਆਖ਼ਰ ਦਿਆਂ ਸਮਝਾਈਆ । ਮੈਂ ਮਾਣ ਰਹਿਣ ਦੇਣਾ ਨਹੀਂ ਕਿਸੇ ਪੈਗ਼ੰਬਰ ਪੀਰ, ਪੀਰ ਪੀਰਾਂ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਮੈਂ ਨੌਜਵਾਨ ਸੂਰਬੀਰ, ਯੋਧਾ ਇਕ ਅਖਵਾਈਆ । ਕਲਜੁਗ ਕਹੇ ਮੈਂ ਤੈਨੂੰ ਨਾਰਦਾ ਆ ਵਖਾਵਾਂ

੧੨੦੪ ੨੩
ਆਪਣੀ ਜਾਗੀਰ, ਜਿਗਰੇ ਸਭ ਦੇ ਦਿਆਂ ਦ੍ਰਿੜਾਈਆ । ਜਿਥੇ ਰਾਮ ਦੀ ਰਹਿਣ ਦਿਤੀ ਨਹੀਂ ਕੋਈ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਸਤਿਨਾਮ ਦੀ ਜਗਹ ਮੈਂ ਕਾਲੀ ਮਾਰ ਕੇ ਲਕੀਰ, ਲਾਈਨ ਨਾਲ ਲਾਈਨ ਦਿਤੀ ਬਦਲਾਈਆ । ਮੇਰੇ ਹੁਕਮ ਦੀ ਤਿੱਖੀ ਸ਼ਮਸ਼ੀਰ, ਸ਼ਰਅ ਵਾਲਿਆਂ ਨੂੰ ਮੂੰਹ ਦੇ ਭਾਰ ਸੁਟਾਈਆ । ਮੇਰੇ ਹੁਕਮ ਦੀ ਵੇਖ ਲੈ ਬੱਧੀ ਬੀੜ, ਬੇੜਾ ਆਪਣੇ ਕੰਧ ਉਠਾਈਆ । ਠੱਗਾਂ ਚੋਰਾਂ ਯਾਰਾਂ ਦੀ ਵੇਖ ਲੈ ਲੱਗੀ ਭੀੜ, ਭੀੜੀ ਗਲੀ ਧਰਮ ਰਾਏ ਵਾਲੀ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਕਲਜੁਗਾ ਓਏ ਮੈਨੂੰ ਵਖਾ ਦੇ ਘਰਾਣਾ, ਨਵ ਸੱਤ ਧਿਆਨ ਲਗਾਈਆ । ਕਲਜੁਗ ਕਹੇ ਨਾਰਦਾ ਮੇਰਾ ਤੇਰੇ ਨਾਲ ਯਰਾਨਾ, ਯਾਰਾਂ ਦਾ ਯਾਰ ਇਕ ਅਖਵਾਈਆ । ਉਠ ਸੋਹਣਿਆਂ ਨੌਜਵਾਨਾ, ਨਿਰਗੁਣ ਧਾਰ ਲੈ ਅੰਗੜਾਈਆ । ਆ ਫਿਰ ਮੇਰੇ ਨਾਲ ਫਿਰ ਵਿਚ ਮੈਦਾਨਾ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤਾਂ ਫੇਰਾ ਪਾਈਆ । ਸਮੁੰਦਰਾਂ ਲਹਿਰਾਂ ਵੇਖ ਤਰਾਨਾ, ਜਲ ਜਲ ਧਾਰ ਸਮਾਈਆ । ਉਠ ਚਲੀਏ ਹੋਈਏ ਰਵਾਨਾ, ਰਮਤਾ ਰਮਤਾ ਆਪਣਾ ਪੰਧ ਮਿਟਾਈਆ । ਨਾਲੇ ਸੰਦੇਸਾ ਦੇ ਪੈਗ਼ਾਮਾ, ਕੂਕ ਕੂਕ ਸੁਣਾਈਆ । ਨਾਲੇ ਖੇਲ ਤੱਕ ਓਸ ਰਹੀਮ ਰਹਿਮਾਨਾ, ਜੋ ਰਹਿਮਤ ਮੇਰੇ ਉਤੇ ਕਮਾਈਆ । ਮੈਂ ਦੀਨ ਦੁਨੀ ਵਿਚ ਬਦਲ ਦਿਤਾ ਜ਼ਮਾਨਾ, ਜ਼ਿਮੀਂ ਜ਼ਮਾਂ ਅਸਮਾਨ ਸਾਰੇ ਰੋਵਣ ਮਾਰਨ ਧਾਹੀਆ । ਕਿਸੇ ਦਾ ਧਰਮ ਦਾ ਧਰਮ ਰਹਿਣ ਦਿਤਾ ਨਹੀਂ ਕੋਈ ਨਿਸ਼ਾਨਾ, ਨਿਸ਼ਾਨੇ ਹੱਥ ਨਾ ਕੋਇ ਉਠਾਈਆ । ਨਾਰਦਾ ਆ ਮੈਂ ਵਖਾਵਾਂ ਮੈਂ ਸਭ ਦੇ ਅੰਦਰ ਝੂਠ ਦਾ ਬੰਨ੍ਹ ਦਿਤਾ ਗਾਨਾ, ਲਾੜੀ ਮੌਤ ਨਾਲ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਕਲਜੁਗ ਓਹ ਨਾ ਪਾ ਐਡਾ ਰੌਲਾ, ਕੂਕ ਕੂਕ ਸੁਣਾਈਆ । ਓਹ ਕਮਲਿਆ ਓਹ ਮਾਲਕ ਖ਼ਾਲਕ ਸਭ ਦਾ ਮੌਲਾ, ਜਿਸ ਨੇ ਮੁੱਲਾ ਸ਼ੇਖ਼ਾਂ ਮੁਸਾਇਕਾਂ ਦਾ ਲਹਿਣਾ ਦੇਣਾ ਦੇਣਾ ਮੁਕਾਈਆ । ਉਹਦਾ ਮੁਹੰਮਦ ਦੇ ਨਾਲ ਇਕਰਾਰ ਤੇ ਕੌਲਾ, ਵਾਅਦਾ ਵੇਖੇ ਥਾਉਂ ਥਾਈਂਆ । ਜਿਸ ਦਾ ਬਿਨਾ ਸਰੀਰ ਤੋਂ ਫਰਕੇ ਡੌਲਾ, ਤਨ ਵਜੂਦ ਤੋਂ ਬਿਨਾ ਲਏ ਅੰਗੜਾਈਆ । ਉਹ ਹਜ਼ੂਰ ਜ਼ਰੂਰ ਏਸ ਧਰਨੀ ਉਤੋਂ ਭਾਰ ਕਰਨਾ ਹੌਲਾ, ਜੋ ਹੌਲੀ ਹੌਲੀ ਸਭ ਦੇ ਲੇਖੇ ਰਿਹਾ ਮੁਕਾਈਆ । ਤੂੰ ਉਸ ਦੇ ਘਰ ਦਾ ਬਣ ਜਾ ਗੋਲਾ, ਨਿਵ ਨਿਵ ਸੀਸ ਝੁਕਾਈਆ । ਸਾਚਾ ਸ਼ਬਦ ਗਾ ਲੈ ਢੋਲਾ, ਬਿਨ ਢੋਲਕ ਛੈਣੇ ਖੜਕਾਈਆ । ਤੇਰਾ ਪਰਦਾ ਚੁੱਕ ਜਾਏ ਓਹਲਾ, ਭਰਮ ਰਹੇ ਨਾ ਰਾਈਆ । ਜਿਸ ਨੇ ਇਕ ਦਵਾਰਾ ਖੋਲਾ, ਖਾਲਕ ਖਲਕ ਨੂਰ ਅਲਾਹੀਆ । ਜਿਸ ਦਾ ਰੂਪ ਰੰਗ ਨਾ ਕਾਲਾ ਨਾ ਸੌਲਾ, ਸਤਿ ਸਫ਼ੈਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਵਰਤਾਈਆ । ਨਾਰਦ ਕਹੇ ਓ ਕਲਜੁਗ ਮੇਰੇ ਕੋਲ ਪੁਰਾਣੀਆਂ ਚਿੱਠੀਆਂ, ਬਿਨ ਅੱਖਰਾਂ ਦਿਆਂ ਵਖਾਈਆ । ਉਹਦੇ ਉਤੇ ਖ਼ਬਰਾਂ ਉਹ ਜਿਹੜੀਆਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਨੇ ਬਿਨਾ ਸਰੀਰ ਤੋਂ ਲਿਖੀਆਂ, ਬਿਨਾ ਰਸਨਾ ਤੋਂ ਢੋਲੇ ਗਾਈਆ । ਜਦੋਂ ਓਹਨਾਂ ਨੂੰ ਤੱਕੋ ਤੇ ਉਹਨਾਂ ਦੀਆਂ ਧਾਰਾਂ ਚਿੱਟੀਆਂ, ਕਾਲੇ ਵਾਲੀ ਕਾਲੀ ਸ਼ਾਹੀ ਆਪਣਾ ਰੂਪ ਨਾ ਕੋਇ ਬਦਲਾਈਆ । ਜਿਸ ਦੇ ਕੋਲ ਲੱਖ ਚੁਰਾਸੀ ਸਖ਼ੀਆਂ, ਇਕ ਸੁਖ਼ਨ ਨੂੰ ਮੰਨ ਕੇ ਓਸ ਦੇ ਸੁਖ਼ਨ ਵਿਚ ਸਮਾਈਆ । ਕਲਜੁਗ ਕਹਿੰਦਾ ਓ ਨਾਰਦਾ ਮੈਂ ਤੇ ਓਸ ਪ੍ਰਭੂ ਦੇ ਵੇਖਣ ਵਾਲੀਆਂ ਕਿਸੇ ਦੇ ਅੰਦਰ ਰਹਿਣ ਨਹੀਂ ਦਿਤੀਆਂ ਅੱਖੀਆਂ, ਨਿਜ ਨੇਤਰ



ਅੱਖ ਨਾ ਕੋਇ ਖੁਲਾਈਆ । ਸਭ ਦੀਆਂ ਨਾਮ ਦੇ ਨਾਲੋਂ ਖ਼ਾਲੀ ਕਰ ਦਿਤੀਆਂ ਕਾਇਆ ਮੱਟੀਆਂ, ਮਟਕੇ ਕਾਮ ਕਰੋਧ ਲੋਭ ਮੋਹ ਹੰਕਾਰ ਵਾਲੇ ਜਗਤ ਵੇਖ ਵਖਾਈਆ । ਕੋਟਾਂ ਵਿਚੋਂ ਵੈਰਾਗਣਾਂ ਤਿਆਗਣਾਂ ਸੁਹਾਗਣਾਂ ਪ੍ਰਭੂ ਦੇ ਪਿਆਰ ਵਿਚ ਨਹੀਂ ਕੋਈ ਫਟੀਆਂ, ਫੱਟੜ ਨਜ਼ਰ ਕੋਇ ਨਾ ਆਈਆ । ਉਹ ਵੇਖ ਜਿਧਰ ਤੱਕੇਂ ਜੂਠ ਝੂਠ ਅਪਰਾਧ ਦੀਆਂ ਹੱਟੀਆਂ, ਵਣਜਾਰੇ ਕਲਜੁਗ ਦੇ ਸਾਧ ਸੰਤ ਦਿਤੇ ਬਣਾਈਆ । ਜਿਸ ਵੇਲੇ ਕੂੜ ਕੁਕਰਮ ਦੀਆਂ ਵਾਹੁੰਦੀਆਂ ਪੱਟੀਆਂ, ਪਟਨੇ ਵਾਲਾ ਨਜ਼ਰ ਕਿਸੇ ਨਾ ਆਈਆ । ਕਲਜੁਗ ਕਹਿੰਦਾ ਮੈਂ ਸਾਰੀਆਂ ਮੂੰਹ ਦੇ ਭਾਰ ਸੁੱਟੀਆਂ, ਮੇਰਾ ਬੇਪਰਵਾਹ ਬੇਪਰਵਾਹ ਮੇਰੀ ਪੁਸ਼ਤ ਪਨਾਹ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਕਲਜੁਗ ਓ ਮੇਰੇ ਪਿਆਰੇ ਯਾਰ, ਮੁਹੱਬਤ ਬਿਨ ਤਨ ਵਜੂਦ ਰਖਾਈਆ । ਕਲਜੁਗ ਕਹੇ ਨਾਰਦਾ ਆ ਮੈਂ ਤੈਨੂੰ ਵਖਾਵਾਂ ਆਪਣੀ ਬਹਾਰ, ਬਾਹਰੋਂ ਦੀਨ ਦੁਨੀ ਵਖਾਈਆ । ਜਿਧਰ ਤੱਕੇਂ ਮਾਇਆ ਮਮਤਾ ਦੇ ਹੱਟ ਬਾਜ਼ਾਰ, ਕਾਮ ਕਰੋਧ ਲੋਭ ਮੋਹ ਹੰਕਾਰ ਵਸਤੂਆਂ ਵਿਚ ਟਿਕਾਈਆ । ਸ਼ਾਹ ਕੰਗਾਲ ਸਾਰੇ ਖ਼ਰੀਦਦਾਰ, ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਫਿਰਾਂ ਹੋ ਕੇ ਖ਼ਬਰਦਾਰ, ਬੇਖ਼ਬਰਾਂ ਹੁਕਮ ਸੁਣਾਈਆ । ਉਠੋ ਕਲਜੁਗ ਜੀਵੋ ਸਾਧੋ ਸੰਤੋ ਲੋਚਨ ਜਗਤ ਵਾਲੀ ਅੱਖ ਲਓ ਉਘਾੜ, ਨਿਜ ਲੋਚਨ ਦੀ ਲੋੜ ਰਹੀ ਨਾ ਰਾਈਆ । ਮਸਤੀ ਵਿਚ ਆਪਣੀ ਹਸਤੀ ਦਾ ਕਰੋ ਸ਼ਿੰਗਾਰ, ਤਨ ਵਜੂਦਾਂ ਸੋਭਾ ਪਾਈਆ । ਕੋਈ ਪੁਰਖ ਬਣ ਗਿਆ ਕੋਈ ਬਣ ਗਿਆ ਨਾਰ, ਨਰ ਨਰਾਇਣ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚ ਸੁੱਤੀ ਪੈਰ ਪਸਾਰ, ਅੰਤਸ਼ਕਰਨ ਵਿਚ ਲਏ ਨਾ ਕੋਇ ਅੰਗੜਾਈਆ । ਚਾਰੋਂ ਕੁੰਟ ਧੂੰਆਂਧਾਰ, ਨੂਰੀ ਚੰਦ

ਨਾ ਕੋਇ ਚਮਕਾਈਆ । ਕਲਜੁਗ ਕਹੇ ਨਾਰਦਾ ਮੈਂ ਫਿਰਾਂ ਚਾਰੋਂ ਕੁੰਟ ਵਾਰੋ ਵਾਰ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਕਲਜੁਗ ਨਾ ਕਰ ਸ਼ੈਤਾਨੀ, ਆਪਣੇ ਅੰਤਸ਼ਕਰਨ ਧਿਆਨ ਲਗਾਈਆ । ਕਲਜੁਗ ਕਹੇ ਨਾਰਦਾ ਪ੍ਰਭੂ ਨਾਲੋਂ ਭੁਲਾ ਦੇਣਾ ਤੇ ਇਹੋ ਮੇਰੀ ਮੰਜ਼ਲ ਰੁਹਾਨੀ, ਰੂਹ ਬੁੱਤ ਦਾ ਮੇਲਾ ਪ੍ਰਭੂ ਨਾਲ ਹੋਣ ਕਦੇ ਨਾ ਪਾਈਆ । ਮੇਰੀ ਜੋਬਨ ਵਾਲੀ ਜਵਾਨੀ, ਬਲ ਦਿਤਾ ਧੁਰ ਦੇ ਮਾਹੀਆ । ਮੈਂ ਸਭ ਦੇ ਅੰਦਰ ਜਗਤ ਵਾਸਨਾ ਦੀ ਪਾਈ ਗ਼ੁਲਾਮੀ, ਜ਼ੰਜੀਰ ਤੁੜਾ ਸਕੇ ਕੋਇ ਨਾ ਰਾਈਆ । ਜਿਤਨੀ ਮੇਰੀ ਕਰਨਗੇ ਬਦਨਾਮੀ, ਤੇ ਬਦੀਆਂ ਵਾਲਾ ਮੇਰਾ ਰੰਗ ਰੰਗਾਈਆ । ਇਹੋ ਮੇਰੀ ਨੇਕਨਾਮੀ, ਮੈਨੂੰ ਪ੍ਰਭੂ ਨੇ ਦਿਤੀ ਵਡਿਆਈਆ । ਮੇਰੀ ਹੋਣ ਵਾਲੀ ਅੰਧੇਰੀ ਸ਼ਾਮੀ, ਸ਼ਮਅ ਜੋਤ ਨੂਰ ਹੋਵੇ ਨਾ ਕੋਇ ਰੁਸ਼ਨਾਈਆ । ਓਏ ਨਾਰਦਾ ਮੇਰੀ ਗੱਲ ਸੁਣ ਲੈ ਏਸੇ ਪਹਿਲੀ ਅੱਸੂ ਨੂੰ ਸਾਰੀ ਦੁਨੀਆ ਹੋਣੀ ਪਰੇਸ਼ਾਨੀ, ਪਸ਼ਚਾਤਾਪ ਵਿਚ ਲੋਕਾਈਆ । ਫੇਰ ਮੈਂ ਵੇਖਾਂਗਾ ਕਿਸ ਤਰਾ ਹੁੰਦੀ ਬੇਈਮਾਨੀ, ਬੇਵਾ ਰੂਪ ਹੋਏ ਲੋਕਾਈਆ । ਮੈਂ ਕਿਸੇ ਦੀ ਰਹਿਣ ਨਹੀਂ ਦੇਣੀ ਪਵਿਤ੍ਰ ਖ਼ਾਨਦਾਨੀ, ਖ਼ਾਕ ਵਿਚ ਸਾਰੇ ਦੇਣੇ ਮਿਲਾਈਆ । ਮੇਰੇ ਹੁਕਮ ਦੀ ਚੜ੍ਹਨ ਵਾਲੀ ਤੁਗ਼ਿਆਨੀ, ਸਮੁੰਦ ਸਾਗਰ ਆਪਣੀ ਲੈਣ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਓਏ ਕਲਜੁਗਾ ਹਾਏ ਆ ਜਾ ਬਹਿ ਜਾ ਮੇਰੇ ਕੋਲ, ਨੇੜੇ ਨੇੜੇ ਆਸਣ ਲਾਈਆ । ਕੁਛ ਗੁੱਝਾ ਭੇਤ ਮੇਰੇ ਕੋਲ ਖੋਲ, ਭੇਵ ਦੇ ਸਮਝਾਈਆ । ਕਲਜੁਗ ਕਹੇ ਨਾਰਦਾ ਮੇਰਾ ਬਚਨ ਨਾ ਸਮਝੀਂ ਮਖ਼ੌਲ, ਬਿਨਾ ਮੁਖ ਤੋਂ ਦਿਆਂ ਦ੍ਰਿੜਾਈਆ । ਮੇਰਾ ਨਜ਼ਾਰਾ ਤੱਕੀਂ ਤੇ ਤੱਕੀਂ ਉਤੇ ਧੌਲ, ਮੈਂ ਧਰਮ ਦਾ ਲੇਖਾ ਦੇਣਾ ਮੁਕਾਈਆ । ਮੈਂ ਦੀਨ ਮਜ਼੍ਹਬ ਨਾਲ ਕਰਾ ਕੇ ਘੋਲ, ਰੂਸਾ ਚੀਨਾ ਚੀਨਾ ਰੂਸਾ ਅੱਧਵਿਚਕਾਰ ਖੜੇ ਦੇਣੇ ਕਰਾਈਆ । ਫੇਰ ਕੰਡਿਆਂ ਉਤੇ ਤੋਲਾਂਗਾ ਆਪਣੇ ਤੋਲ, ਤੋਲਣਹਾਰਾ ਮੇਰਾ ਇਕੋ ਬਣੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਨਾਰਦਾ ਕਲਜੁਗ ਕੀ ਕਹਿੰਦਾ, ਕਹਿ ਕੇ ਕੀ ਰਿਹਾ ਸੁਣਾਈਆ । ਨਾਰਦ ਕਹੇ ਧਰਨੀਏ ਮੇਰਾ ਅੰਤਸ਼ਕਰਨ ਜਾਂਦਾ ਢਹਿੰਦਾ, ਧੀਰਜ ਧੀਰ ਨਾ ਕੋਇ ਧਰਾਈਆ । ਕੁਛ ਦਿਸ਼ਾ ਦੱਸੇ ਕੀ ਖੇਲ ਹੋਣਾ ਲਹਿੰਦਾ, ਲਹਿਣਾ ਕੀ ਆਪਣਾ ਰਿਹਾ ਵਖਾਈਆ । ਮੁਹੰਮਦ ਚਾਰ ਯਾਰੀ ਨਾਲ ਇਕੱਠਾ ਹੋ ਹੋ ਬਹਿੰਦਾ, ਮੁਕਾਮੇ ਹਕ ਆਸਣ ਲਾਈਆ । ਚੌਦਾਂ ਤਬਕ ਨਿਗਾਹ ਮਾਰੀ ਬਿਨਾ ਰਸੂਲਾਂ ਤੋਂ ਰਸੂਲ ਮਾਲਕ ਹੋ ਕੇ ਇਕ ਦੂਜੇ ਨਾਲ ਖਹਿੰਦਾ, ਖ਼ਲਕ ਬਿਨ ਖ਼ਾਲਕ ਰਹੀ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਸੁਣਾਈਆ । ਧਰਨੀ ਕਹੇ ਕਲਜੁਗ ਤੂੰ ਬੜਾ ਪਿਆਰਾ, ਪਿਆਰਿਆ ਕੁਛ ਮੈਨੂੰ ਦੇ ਸਮਝਾਈਆ । ਤੂੰ ਉਸ ਪ੍ਰਭੂ ਦਾ ਦੁਲਾਰਾ, ਜਿਸ ਦੂਹਲੇ ਅਵਤਾਰ ਪੈਗ਼ੰਬਰ ਗੁਰੂ ਦਿਤੇ ਉਪਜਾਈਆ । ਸਚ ਦੱਸ ਤੇਰਾ ਕਦੋਂ ਹੋਣਾ ਅੰਤ ਕਿਨਾਰਾ, ਵੇਲਾ ਵਕਤ ਮਿਲੇ ਵਡਿਆਈਆ । ਕਲਜੁਗ ਕਹੇ ਧਰਨੀਏ ਮੇਰਾ ਸੁਣ ਲੈ ਅਗੰਮ ਇਸ਼ਾਰਾ, ਬਿਨਾ ਅਕਲ ਬੁੱਧੀ ਤੋਂ ਦਿਆਂ ਸੁਣਾਈਆ । ਮੇਰਾ ਮਾਲਕ ਇਕੋ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਜੋ ਤੇਰੇ ਉਤੇ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲਾਈਆ ।

੧੨੦੬
੨੩

ਕਲਜੁਗ ਕਹੇ ਧਰਨੀਏ ਸੁਣ ਮੇਰਾ ਅਗੰਮਾ ਛੰਦ, ਬਿਨ ਅੱਖਰਾਂ ਦਿਆਂ ਦ੍ਰਿੜਾਈਆ । ਕਿਸੇ ਕਲਮ ਨਹੀਂ ਕੀਤਾ ਬੰਦ, ਬੰਦਗੀ ਵਿਚ ਬੰਦਨਾ ਵਾਲਾ ਨਾ ਕੋਇ ਜਣਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦ, ਚੰਦ ਧੁਰ ਦਾ ਇਕੋ ਡਗਮਗਾਈਆ । ਉਹਦਾ ਖੇਲ ਹੋਣਾ ਵਿਚ ਵਰਭੰਡ, ਬ੍ਰਹਿਮੰਡ ਆਪਣਾ ਹੁਕਮ ਸੁਣਾਈਆ । ਤੂੰ ਸ਼ੋਰ ਪਾ ਚਾਰੋਂ ਕੁੰਟ ਸੁਣਾ ਦੇ ਡੰਡ, ਡੰਡਾਵਤ ਤੇਰੇ ਉਤੇ ਸਭ ਦੀ ਦੇਣੀ ਬਦਲਾਈਆ । ਨਿਗਾਹ ਮਾਰ ਲੈ ਨਵ ਖੰਡ, ਸੱਤਾਂ ਦੀਪਾਂ ਨੈਣ ਉਠਾਈਆ । ਉਹ ਆਇਆ ਵਿਚ ਵਰਭੰਡ, ਸੂਰਾ ਸਰਬੰਗ ਇਕ ਅਖਵਾਈਆ । ਸਦੀ ਚੌਧਵੀਂ ਜਿਸ ਦਾ ਮੁਕਣਾ ਪੰਧ, ਪਾਂਧੀ ਮੁਹੰਮਦ ਭੱਜੇ ਵਾਹੋ ਦਾਹੀਆ । ਜਿਸ ਕੂੜੀ ਕਿਰਿਆ ਮੇਟਣਾ ਭੇਖ ਪਖੰਡ, ਮਾਇਆ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਕਲਜੁਗਾ ਅੱਜ ਦਾ ਦਿਨ ਯਾਦ ਕਰ ਲੈ ਸੋਹਣਿਆ ਪਹਿਲਾ ਅੱਸੂ, ਪਰਵਿਸ਼ਟਾ ਪਰਵਿਸ਼ਟਿਆਂ ਵਿਚੋਂ ਵੇਖ ਵਖਾਈਆ । ਕੀ ਸੰਦੇਸਾ ਦਿਤਾ ਮਸੀਹ ਯਸੂਹ, ਯਕੇ ਬਾਦ ਦੀਗਰੇ ਧੁਰ ਦਾ ਹੁਕਮ ਸੁਣਾਈਆ । ਕਿਸ ਬਿਧ ਮੇਰਾ ਬਾਪ ਲੋਕਮਾਤ ਆ ਕੇ ਵਸੂ, ਵਸਲ ਯਾਰ ਦੇਵੇ ਯਾਰ ਖ਼ੁਦਾਈਆ । ਕਵਣ ਅਗੰਮੜਾ ਤੀਰ ਅਣਿਆਲਾ ਕਸੂ, ਕਸਮ ਖਾ ਕੇ ਦਏ ਚਲਾਈਆ । ਸਦੀ ਬੀਸਵੀਂ ਜਗਤ ਜਹਾਨ ਆਪਣੀ ਕੂਟੇ ਨੱਸੂ, ਭੱਜੇ ਵਾਹੋ ਦਾਹੀਆ । ਰਾਓ ਉਮਰਾਓ ਸ਼ਾਹ ਸੁਲਤਾਨ ਮਾਇਆ ਮਮਤਾ ਵਿਚ ਫਸੂ, ਬੰਧਨ ਸਕੇ ਨਾ ਕੋਇ ਤੁੜਾਈਆ । ਉਹ ਇਕੋ ਮਾਰਗ ਸਭ ਨੂੰ ਦੱਸੂ, ਦਹਿ ਦਿਸ਼ਾ ਕਰੇ ਪੜ੍ਹਾਈਆ । ਜਿਸ ਨੇ ਧਰਨੀ ਧਰਤ ਧਵਲ ਭਵਾਈ ਵਾਂਗ ਲੱਟੂ, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ



ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਧਰਨੀਏ ਮੇਰੇ ਕੋਲ ਪੁਰਾਣੀਆਂ ਕਿਤਾਬਾਂ, ਬਿਨਾ ਕੁਤਬਖ਼ਾਨਿਆਂ ਲਈਆਂ ਟਿਕਾਈਆ । ਰਖੀਆਂ ਨਹੀਂ ਜਗਤ ਵਾਲੀਆਂ ਵਿਚ ਮਹਿਰਾਬਾਂ, ਛੱਪਰ ਛੰਨਾਂ ਹੇਠ ਨਾ ਕਦੇ ਟਿਕਾਈਆ । ਉਨ੍ਹਾਂ ਨੂੰ ਸਜਦਿਆਂ ਵਾਲੀਆਂ ਹੋਈਆਂ ਨਹੀਂ ਕਦੇ ਅਦਾਬਾਂ, ਨਿਵ ਨਿਵ ਸੀਸ ਨਾ ਕੋਇ ਝੁਕਾਈਆ । ਉਹ ਹੱਥ ਆਈਆਂ ਨਹੀਂ ਮੁੱਲਾਂ ਸ਼ੇਖ਼ਾਂ ਤੇ ਸੰਤਾਂ ਸਾਧਾਂ, ਅੱਖਰਾਂ ਵਾਲੇ ਅੱਖਰ ਨਾ ਕੋਇ ਜਣਾਈਆ । ਉਨ੍ਹਾਂ ਵਿਚ ਭੇਵ ਬੋਧ ਅਗਾਧਾ, ਬੁੱਧੀ ਤੋਂ ਪਰੇ ਪੜ੍ਹਾਈਆ । ਜਿਸ ਦਾ ਇਸ਼ਾਰਾ ਕੀਤਾ ਕ੍ਰਿਸ਼ਨ ਨੇ ਰਾਧਾ, ਰਾਧਾ ਕ੍ਰਿਸ਼ਨ ਗਿਆ ਸਮਝਾਈਆ । ਸੀਤਾ ਰਾਮ ਨੂੰ ਮਾਰ ਕੇ ਆਵਾਜ਼ਾ, ਆਵਾਜ਼ ਆਵਾਜ਼ ਵਿਚੋਂ ਦ੍ਰਿੜਾਈਆ । ਪੈਗ਼ੰਬਰਾਂ ਜਿਸ ਦੇ ਪਿਛੇ ਪੜ੍ਹੀਆਂ ਨਿਮਾਜ਼ਾ, ਨਿਵ ਨਿਵ ਖ਼ਾਕੀ ਖ਼ਾਕ ਰਮਾਈਆ । ਉਹਦਾ ਖੇਲ ਤੱਕ ਲੈ ਸਭ ਤੋਂ ਵੱਖਰਾ ਅਲਾਹਿਦਾ, ਜਗਤ ਵੰਡ ਨਾ ਕੋਇ ਵੰਡਾਈਆ । ਝਟ ਨਾਰਦ ਨੇ ਪੁਸਤਕ ਕਢੀ, ਧਰਨੀਏ ਵੇਖ ਲੈ ਬਿਨਾ ਅੱਖਰਾਂ ਤੋਂ ਕੀ ਉਸ ਦਾ ਸਭ ਦੇ ਨਾਲ ਮੁਆਹਿਦਾ, ਵਕਤ ਕੀ ਜਣਾਈਆ । ਜੇ ਪਿਆਰ ਵਿਚ ਸਤਿਕਾਰ ਵਿਚ ਉਸ ਤੋਂ ਲੈ ਲਵੇਂ ਫ਼ਾਇਦਾ, ਆਪਣਾ ਆਪ ਮਿਟਾਈਆ । ਨੀ ਉਸ ਨੇ ਤੇਰੇ ਉਤੇ ਆਪਣਾ ਹੁਕਮ ਵਰਤਣਾ ਬਾਕਾਇਦਾ, ਨਾ ਕੋਈ ਸਕੇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅੱਸੂ ਕਹੇ ਕਲਜੁਗ ਜੀ ਮੈਂ ਆਸਾਵੰਦ, ਆਸ਼ਾ ਆਪਣੀ ਦਿਆਂ ਜਣਾਈਆ । ਧਰਨੀ ਧਰਤ ਧਵਲ ਤੂੰ ਸਦਾ ਪਾਬੰਦ, ਹੁਕਮੇ ਵਿਚ ਭੱਜੇਂ ਵਾਹੋ ਦਾਹੀਆ । ਨਾਰਦਾ ਤੂੰ ਜੁਗ ਜੁਗ ਮਾਰੇ ਪੰਧ, ਨਿਤ ਨਿਤ ਆਪਣੀਆਂ ਫੇਰੀਆਂ ਪਾਈਆ । ਅਵਤਾਰਾਂ ਸਦਾ ਧੁਰ ਦੇ ਨਾਮ ਦੀ ਵੰਡੀ ਵੰਡ, ਧਰਨੀ ਧਰਤ ਧਵਲ ਉਤੇ ਟਿਕਾਈਆ । ਪੈਗ਼ੰਬਰਾਂ

੧੨੦੭
੨੩

ਗਾਇਆ ਕਾਇਨਾਤ ਵਿਚ ਛੰਦ, ਢੋਲਾ ਧੁਰਦਰਗਾਹੀਆ । ਗੁਰੂਆਂ ਗੁਰਦੇਵ ਬਖ਼ਸ਼ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਨੂਰ ਦਰਸਾ ਕੇ ਅਗੰਮਾ ਚੰਦ, ਚੰਦ ਚਾਂਦਨੀ ਕੀਤੀ ਰੁਸ਼ਨਾਈਆ । ਪੁਰਖ ਅਕਾਲੇ ਕੋਲੋਂ ਮੰਗਦੇ ਰਹੇ ਮੰਗ, ਪਰਵਰਦਿਗਾਰ ਅਗੇ ਝੋਲੀਆਂ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਹਰਿ ਕਰਤੇ ਤੇਰੀ ਬੇਪਰਵਾਹੀਆ । ਜੁਗ ਚੌਕੜੀ ਪਿਛਲੇ ਗਏ ਲੰਘ, ਕੀ ਕਲਜੁਗ ਅੰਤਮ ਖੇਲ ਖਿਲਾਈਆ । ਜਿਸ ਵੇਲੇ ਸਤਿ ਸਚ ਦਾ ਰਿਹਾ ਕੋਈ ਨਾ ਸੰਗ, ਕੂੜ ਕੁੜਿਆਰ ਵੱਜੇ ਵਧਾਈਆ । ਸੀਨੇ ਪਏ ਕਿਸੇ ਨਾ ਠੰਡ, ਅਗਨੀ ਅੱਗ ਨਾ ਕੋਇ ਬੁਝਾਈਆ । ਆਤਮ ਪਰਮਾਤਮ ਪਏ ਨਾ ਗੰਢ, ਟੁੱਟੀ ਜੋੜ ਨਾ ਕੋਇ ਜੁੜਾਈਆ । ਕੀ ਖੇਲ ਹੋਵੇ ਤੇਰਾ ਵਿਚ ਵਰਭੰਡ, ਬ੍ਰਹਿਮੰਡ ਕੀ ਵਡਿਆਈਆ । ਕੀ ਨਾਮ ਨਿਧਾਨਾ ਦੇਵੇ ਵੰਡ, ਵਸਤ ਅਮੁਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਰਖਾਈਆ । ਅੱਸੂ ਕਹੇ ਪ੍ਰਭੂ ਮੇਰੀ ਆਸ਼ਾ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਮੇਰਾ ਵੇਲਾ ਵਕਤ ਪਛਾਣੀ, ਪਸ਼ਚਾਤਾਪ ਵਿਚ ਹੋਏ ਲੋਕਾਈਆ । ਤੂੰ ਲੇਖਾ ਜਾਣੇ ਆਪਣੀ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਖੋਜ ਖੁਜਾਈਆ । ਹੁਣ ਝਗੜਾ ਤੱਕ ਲੈ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਤੀਰਥ ਤੱਟਾਂ ਅੰਮ੍ਰਿਤ ਰਸ ਰਿਹਾ ਕਿਸੇ ਨਾ ਪਾਣੀ, ਪਾਹਨ ਪੱਥਰ ਰਹੇ ਕੁਰਲਾਈਆ । ਨੇਤਰ ਰੋਵਣ ਚਾਰ ਕੁੰਟ ਦਹਿ ਦਿਸ਼ਾ ਤੇਰਾ ਦਿਸੇ ਨਾ ਚਰਨ ਧਿਆਨੀ, ਕਵਲ ਮਿਲੇ ਨਾ ਕੋਇ ਸ਼ਰਨਾਈਆ । ਮੰਜ਼ਲ ਹਕ ਰਹੀ ਨਾ ਕੋਇ ਰੁਹਾਨੀ, ਰਹਿਮਤ ਸਚ ਨਾ ਕੋਇ ਕਮਾਈਆ । ਸਭ ਸ੍ਰਿਸ਼ਟੀ ਦਿਸੇ ਫ਼ਾਨੀ, ਮੇਰਾ ਲੇਖਾ ਵੇਖਣਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਭੇਵ ਖੁਲਾਈਆ । ਪੁਰਖ ਅਕਾਲ ਕਹੇ ਸੁਣ ਅੱਸੂ ਬੱਚੇ, ਛੋਟੇ ਨੰਨਿਆਂ ਦਿਆਂ ਜਣਾਈਆ । ਮੇਰੇ ਖੇਲ ਤੱਕ ਲੈ ਅਨਕ ਕਲਧਾਰੀ ਦੇ ਬਹੁਤੇ, ਕੀ ਕਲ ਅਪਣੀ ਕਲ ਵਰਤਾਈਆ । ਸਭ ਦੇ ਮੂਧੇ ਕਰਾਂ ਲੋਟੇ, ਲੁਟੀਆ ਨਜ਼ਰ ਕੋਇ ਨਾ ਆਈਆ । ਜਿਹੜੇ ਮਾਨਸ ਮਾਨਵ ਮਾਨੁਖ ਆਪਣੇ ਕਰਾਏ ਟੋਟੇ ਟੋਟੇ, ਦੀਨਾਂ ਮਜ਼੍ਹਬਾਂ ਹਿੱਸਿਆਂ ਵੰਡ ਵੰਡਾਈਆ । ਉਹਨਾਂ ਨੂੰ ਵੇਖਾਂ ਵਿਚੋਂ ਸਚਖੰਡ ਝਰੋਕੇ, ਬਿਨਾ ਖਿੜਕੀ ਕੁੰਡੀ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਸਾਚਾ ਦਿਵਸ ਦਿਹਾੜਾ ਚੜ੍ਹਿਆ, ਦੋ ਜਹਾਨ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਸਚ ਦਵਾਰੇ ਖੜ੍ਹਿਆ, ਏਕੰਕਾਰਾ ਇਕ ਇਕੱਲਾ ਵਾਹਿਦ ਸੋਭਾ ਪਾਈਆ । ਜਿਸ ਦਾ ਰੂਪ ਰੰਗ ਰੇਖ ਨਾ ਕੋਈ ਸੀਸ ਧੜਿਆ, ਤਨ ਵਜੂਦ ਹਕ ਮਹਿਬੂਬ ਵੇਖਣ ਕੋਇ ਨਾ ਪਾਈਆ । ਉਹ ਅਦਿ ਪੁਰਖ ਅਪਰੰਪਰ ਸਵਾਮੀ ਜਿਸ ਸਭ ਦਾ ਘਾੜਨ ਘੜਿਆ, ਘੜਨਹਾਰ ਬੇਪਰਵਾਹੀਆ । ਜਿਸ ਦੇ ਹੁਕਮ ਵਿਚ ਪੈਗੰਬਰ ਗੁਰ ਅਵਤਰਿਆ, ਅਵਤਰੀ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਅੱਸੂ ਤੇਰੀ ਪੂਰੀ ਹੋਵੇ ਮਨਸਾ, ਮਮਤਾ ਜਗਤ ਵਾਲੀ ਵਖਾਈਆ । ਜਨ ਭਗਤਾਂ ਬਣਾਏ ਸਤਿ ਸਰੂਪ ਰੂਪ ਹੰਸਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸਤਿ ਧਰਮ ਬਣਾ ਕੇ ਬੰਸਾ, ਗ੍ਰਿਹ ਮੰਦਰ ਇਕ ਟਿਕਾਈਆ । ਕਲਜੁਗ ਕੂੜ ਹੰਕਾਰੀ ਮੇਟੇ ਕੰਸਾ, ਕਾਹਨਾ ਧੁਰ ਦਾ ਹੁਕਮ ਜਣਾਈਆ । ਜਿਸ ਦਾ ਲੇਖਾ ਗਾ ਸਕੇ ਨਾ ਸ਼ੇਸ਼ ਰਸਨਾ ਜਿਹਵਾ ਸਹੰਸਾ, ਅੱਖਰ



੧੨੦੮
੨੩

ਅੱਖਰ ਨਾ ਕੋਇ ਵਡਿਆਈਆ । ਉਹ ਬਣਾਵਣ ਆਇਆ ਸਾਚੀ ਬਣਤਾ, ਬਾਵਨ ਦਾ ਪਿਛਲਾ ਲੇਖਾ ਪੂਰ ਕਰਾਈਆ । ਜੋ ਬਲ ਦਵਾਰੇ ਹੋਇਆ ਮੰਗਤਾ, ਕਰਮ ਢਾਈ ਆਪਣੀ ਵੰਡ ਵੰਡਾਈਆ । ਬੋਧ ਅਗਾਧਾ ਹੋ ਕੇ ਪੰਡਤਾ, ਚਾਰ ਵੇਦਾਂ ਤੋਂ ਬਾਹਰ ਕਰੇ ਸ਼ਨਵਾਈਆ । ਸੋ ਕਲਜੁਗ ਅੰਤਮ ਲੇਖਾ ਜਾਣੇ ਕੂੜੀ ਕਿਰਿਆ ਹਉਮੇ ਹੰਗਤਾ, ਹੰ ਬ੍ਰਹਮ ਖੋਜ ਖੁਜਾਈਆ । ਉਹ ਲੇਖਾ ਜਾਣੇ ਤਨ ਵਜੂਦਾ ਮਨ ਕਾ, ਮਨ ਕਾ ਮਣਕਾ ਆਪ ਭਵਾਈਆ । ਉਹ ਲਹਿਣਾ ਦੇਣਾ ਤੱਕੇ ਸਰੀਰ ਤਨ ਕਾ, ਤਿਨਕਾ ਤਿਨਕਾ ਖੋਜ ਖੁਜਾਈਆ । ਜਿਸ ਨਿਸ਼ਾਨ ਮੇਟਣਾ ਤਾਰੇ ਚੰਨ ਕਾ, ਸਦੀ ਚੌਧਵੀਂ ਅੰਤ ਕਰਾਈਆ । ਮਾਲਕ ਆਤਮ ਬ੍ਰਹਮ ਕਾ, ਪਾਰਬ੍ਰਹਮ ਭੇਵ ਅਭੇਦਾ ਦਏ ਖੁਲਾਈਆ । ਜਿਸ ਦਾ ਖੇਲ ਇਕੋ ਧਰਮ ਕਾ, ਧਰਮ ਦੀ ਧਾਰ ਇਕ ਦ੍ਰਿੜਾਈਆ । ਝਗੜਾ ਮਿਟਾ ਕੇ ਵਰਨ ਬਰਨ ਕਾ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਇਸ਼ਾਰਾ ਦੇ ਕੇ ਅਗੰਮੀ ਚਰਨ ਕਾ, ਚਰਨ ਚਰਨੋਦਕ ਜਾਮ ਪਿਆਈਆ । ਮਾਲਕ ਹੋ ਕੇ ਕਰਨੀ ਕਰਨ ਕਾ, ਕਰਤਾ ਪੁਰਖ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਹੁਣ ਜਗਤ ਵਕਤ ਹੋਵੇ ਦੁਹੇਲਾ ਲੜਨ ਕਾ, ਪਲੂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਰਹੇ ਨਾ ਰਾਈਆ । ਅੱਸੂ ਕਹੇ ਨੀ ਧਰਨੀਏ ਉਠ ਤੱਕ ਲੈ ਆਪਾ, ਆਪਾ ਧਿਆਨ ਲਗਾਈਆ । ਤੇਰੇ ਉਤੇ ਵਧ ਗਿਆ ਪਾਪਾ, ਪਾਪਾਂ ਭਰੀ ਲੋਕਾਈਆ । ਅੰਤਸ਼ਕਰਨ ਵਿਚ ਰਿਹਾ ਕਿਸੇ ਨਾ ਜਾਪਾ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਤੇਰੇ ਉਤੇ ਤ੍ਰੈਗੁਣ ਚੜ੍ਹਿਆ ਤਤਾਂ ਤਾਪਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰਾ ਅੰਤਸ਼ਕਰਨ ਕਾਂਪਾ, ਕੂਕ ਕੂਕ ਸੁਣਾਈਆ । ਕਲਜੁਗ ਖ਼ੁਸ਼ੀਆਂ ਨਾਲ ਮਾਰੇ ਥਾਪਾ, ਦੋਵੇਂ ਹੱਥ ਉਠਾਈਆ । ਮੇਰੇ ਅਗੇ ਠਹਿਰ ਨਾ ਸਕੇ ਦੇਵੀ ਵਾਲੀ ਲਾਟਾ, ਅਸ਼ਟਭੁਜ ਨਾ ਕੋਇ ਚਤੁਰਾਈਆ । ਅਵਤਾਰਾਂ ਚਤੁਰਾਈ ਚਲੇ ਨਾਮ ਨਾ ਗਾਥਾ, ਮਿਲੇ ਮਾਣ ਨਾ ਕੋਇ ਵਡਿਆਈਆ । ਪੈਗ਼ੰਬਰ ਕਲਮਾ ਦੇਵੇ ਕੋਇ ਨਾ ਸਾਥਾ, ਕਾਇਨਾਤ ਪਏ ਦੁਹਾਈਆ । ਸਤਿਨਾਮ ਮਿਲੇ ਕਿਸੇ ਨਾ ਰਸ ਸਾਚਾ, ਸਚ ਵਿਚ ਨਾ ਕੋਇ ਸਮਾਈਆ । ਮੈਂ ਵੇਖਿਆ ਕਾਇਆ ਮਾਟੀ ਕਾਚਾ, ਕੰਚਨ ਗੜ੍ਹ ਨਾ ਕੋਇ ਬਣਾਈਆ । ਮੈਂ ਘਰ ਘਰ ਅੰਦਰ ਨਾਚਾ, ਨਟੂਆ ਹੋ ਕੇ ਵੇਖ ਵਖਾਈਆ । ਮੇਰੀ ਇਕੋ ਖ਼ਬਰ ਤੇ ਇਕੋ ਬਾਤਾ, ਮੈਂ ਬਾਤਨ ਦਿਆਂ ਜਣਾਈਆ । ਮੈਂ ਚਾਰ ਕੁੰਟ ਦਾ ਬਦਲ ਦੇਣਾ ਸਾਕਾ, ਲੇਖਾ ਸਿਕਮ ਵਿਚ ਜਣਾਈਆ । ਦੱਖਣ ਦਿਸ਼ਾ ਖੁਲਾ ਕੇ ਤਾਕਾ, ਪਰਦੇ ਪਰਦੇ ਦੇਣੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਕਲਜੁਗ ਕਹੇ ਮੈਂ ਅੰਤਮ ਹੁਕਮ ਮੰਨਣਾ ਹਰੀ, ਹਰ ਹਿਰਦੇ ਡੇਰਾ ਲਾਈਆ । ਮੈਂ ਸਾਹਿਬ ਕੋਲੋਂ ਹੋਣਾ ਬਰੀ, ਬੰਧਨ ਵਿਚ ਕੋਇ ਨਾ ਪਾਈਆ । ਮੈਂ ਖੇਲ ਖਿਲਾਉਣਾ ਸ਼ਰਅ ਬਣ ਸ਼ਰਈ, ਸ਼ਰੀਅਤ ਰੰਗ ਚੜ੍ਹਾਈਆ । ਮੈਂ ਸਭ ਦਾ ਬਣ ਮੁਦੱਈ, ਮੁੱਦਾ ਇਕੋ ਇਕ ਸਮਝਾਈਆ । ਮੈਂ ਲੇਖਾ ਪੂਰਾ ਕਰਨਾ ਜੋ ਸੰਦੇਸਾ ਦਿਤਾ ਰਾਮ ਕੈਕਈ, ਅਯੁਧਿਆ ਵਾਸੀ ਅਯੁਧਿਆ ਜਦੋਂ ਤਜਾਈਆ । ਮੇਰੀ ਕਾਹਨ ਪਾਵੇ ਸਹੀ, ਜਿਸ ਯਾਦਵ ਖੇਲ ਖਿਲਾਈਆ । ਮੇਰਾ ਲਹਿਣਾ ਵੇਖੇ ਮੂਸਾ ਜੋ ਮੂੰਹ ਦੇ ਭਾਰ ਡਿੱਗਿਆ ਸਹੀ, ਸਹੀ ਸਲਾਮਤ ਇਕੋ ਨਜ਼ਰੀ ਆਈਆ । ਮੈਂ ਕੀ ਦੱਸਾਂ ਮੈਨੂੰ ਹਜ਼ਰਤ ਈਸਾ ਇਕੋ ਗੱਲ ਕਹੀ, ਜਿਸ ਵੇਲੇ ਸਲੀਵ ਗਲ ਲਟਕਾਈਆ । ਮੁਹੰਮਦ ਨੇ ਚਾਰ ਯਾਰੀ ਵਿਚ ਉਠ ਕੇ ਦੁਹਾਈ ਦਈ, ਦਰੋਹੀ ਤੇਰਾ ਨਾਮ ਖ਼ੁਦਾਈਆ । ਸਦੀ ਚੌਧਵੀਂ ਮੇਰੀ ਆਸ਼ਾ ਤੇਰੇ ਕਦਮਾਂ ਵਿਚ ਪਈ, ਕਦਮਬੋਸੀ ਕਰਕੇ ਆਪਣੀ ਖ਼ੁਸ਼ੀ ਮਨਾਈਆ ।



੧੨੦੯
੨੩

ਤੂੰ ਨੂਰ ਅਲਾਹੀ ਰਬਈ, ਰੱਬੇ ਆਲਮੀਨ ਇਕ ਅਖਵਾਈਆ । ਤੂੰ ਸਭ ਦਾ ਮਾਲਕ ਤਬਈ, ਤੋਬਾ ਤੋਬਾ ਤੇਰੀ ਦੁਹਾਈਆ । ਮੇਰੀ ਉਮਤ ਵਾਲੀ ਕੰਧ ਜਾਂਦੀ ਢਹੀ, ਫੇਰ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਅੱਸੂ ਕਹੇ ਮੁਹੰਮਦ ਨੇ ਕੀਤੀ ਦੁਆ, ਹੱਥ ਸੀਨੇ ਉਤੇ ਟਿਕਾਈਆ । ਵਲਹਿਜ਼ਾ ਮਵਵਜ਼ੇ ਜ਼ਲੂ ਨੂਰੇ ਨਿਜ਼ਾ ਅਰਸ਼ੇ ਫ਼ਿਸ਼ਾ ਮੇਰੀ ਦਵਾ ਰਹਿਮਤੇ ਅਮਾਮ ਪੈਗ਼ੰਬਰੇ ਕਲਾਮ ਦੁਵਿਸਤੇ ਦਵਿਦ ਗੋਸ਼ਾ ਕੁਨਿਦ ਸ਼ਾਹੇ ਮਬਾਂ ਰਹਿਮਤੋ ਅੱਲਾ ਨੂਰੇ ਨਵਿਜ਼ ਆਤਸ਼ੇ ਫਵਿਜ਼ ਕੋਜ਼ਿਨਤਾ ਕਵਿਸਤੀ ਅਲਮਦਹੀ ਤਖਬਸੂਹੀ ਯਦੀ ਅਸਤਫਾ ਮੇਰੇ ਗੋਫਾਨੇ ਖ਼ਫਿਸਤੇ ਹਮਦੇ ਵਜ਼ੂ ਤੇਰੀ ਰਜ਼ੂ ਨੂਰੇ ਅਲਾਹ ਬੇਪ੍ਰਵਾਹ ਤੇਰੀ ਬੇਪ੍ਰਵਾਹੀ ਵਿਚ ਸਮਾਈਆ । ਮੇਰੇ ਖ਼ੁਦਾ ਦਸਤੇ ਦੁਆ ਹਜ਼ਰਤੇ ਅਮਾ ਜਿਸਮੇ ਜ਼ਮਾ ਚਸ਼ਮੇ ਰਹਿਨੁਮਾ ਧਰਤੇ ਖ਼ਾਕੇ ਅਸਤੇ ਮਜ਼ਾਹ ਤਲੂਏ ਆਫ਼ਤਾਬ ਮਜ਼ਹੂ ਅੱਲਾ ਆਬੇ ਹਾਬ ਤੇਰੀ ਨੂਰੇ ਅਲਾਹੀ ਕਿਤਾਬ ਅਲਫ਼ ਯੇ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੈਂ ਵੀ ਆ ਗਈ ਫਿਰਦੀ ਤੁਰਦੀ, ਤੁਰਤ ਦਿਆਂ ਜਣਾਈਆ । ਪੈਗ਼ੰਬਰੋ ਇਕ ਖ਼ਬਰ ਸੁਣੋ ਮਾਲਕ ਧੁਰ ਦੀ, ਜੋ ਪੈਗ਼ਾਮਾਂ ਨਗ਼ਮਿਆਂ ਤੋਂ ਬਾਹਰ ਜਣਾਈਆ । ਉਸ ਦੀ ਕਰਨੀ ਕੁਦਰਤ ਦੇ ਕਾਦਰ ਦੀ ਕਲਮੇ ਵਾਲਿਓ ਕਦੇ ਨਾ ਮੁੜਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਰਮਜ਼ ਮਾਰੀ ਗੋਬਿੰਦ ਧਾਰ ਗੋਬਿੰਦ ਗੁਰ ਦੀ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਹੁਣ ਰੁਤ ਸੁਹੰਜਣੀ ਆ ਗਈ ਉਸ ਦੀ ਲੋੜ ਦੀ, ਲੁੜੀਂਦਾ ਸਾਜਣ ਸਭ ਨੇ ਮੰਨਣਾ ਧੁਰ ਦਾ ਮਾਹੀਆ । ਜਿਸ ਦੀ ਕਲਾ ਹੋਰ ਦੀ ਹੋਰ ਦੀ, ਅਵਰ ਦੀ ਅਵਰ ਕਾਰ ਕਮਾਈਆ । ਜਿਸ ਦੁਨੀਆ ਤੱਕਣੀ ਧਾਰ ਠੱਗ ਚੋਰ ਦੀ, ਕੂੜ ਕੁੜਿਆਰ ਵੇਖ ਵਖਾਈਆ । ਜਿਸ ਖੇਲ ਮੁਕਾਉਣੀ ਮੜ੍ਹੀ ਗੋਰ ਦੀ, ਮਕਬਰਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਅੱਸੂ ਕਹੇ ਆ ਹਜ਼ਰਤ, ਹਜ਼ੂਰੇ ਆਲਾ ਆਲੀਜਾਹ ਤੇਰੀ ਵਡਿਆਈਆ । ਹਜ਼ਰਤ ਕਹੇ ਮੇਰੀ ਉਸ ਦੇ ਨਾਲ ਸ਼ਰਤ, ਜੋ ਸ਼ਰਤੀਆ ਆਪਣਾ ਹੁਕਮ ਵਰਤਾਈਆ । ਮੇਰਾ ਮਹਿਬੂਬ ਨੁਰਾਨਾ ਨੌਜਵਾਨਾ ਸ਼ਾਹ ਸੁਲਤਾਨਾ ਪਰਵਰਦਿਗਾਰ ਸਾਂਝਾ ਯਾਰ ਅਮਾਮ ਅਮਾਮਾ ਆਇਆ ਪਰਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦੀ ਬਿਨਾ ਕਲਮਿਆਂ ਤੋਂ ਸਭ ਦੇ ਨਾਲ ਲਿਖਤ ਪੜ੍ਹਤ, ਕੀਮਤ ਜਗਤ ਨਾ ਕੋਇ ਜਣਾਈਆ । ਓਹ ਭਾਗ ਲਗਾ ਕੇ ਉਤੇ ਧਰਤ, ਧਰਨੀ ਧਵਲ ਧੌਲ ਦਏ ਵਡਿਆਈਆ । ਮੇਰਾ ਮਾਲਕ ਅਗੰਮਾ ਵਾਰਸ ਅਰਸ਼ ਫ਼ਰਸ਼, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਪਹਿਲੋਂ ਉਸ ਦਾ ਕਰਾਂ ਦਰਸ਼, ਫਿਰ ਸਜਦਿਆਂ ਸੀਸ ਝੁਕਾਈਆ । ਮੇਰੀ ਮਿਟ ਜਾਏ ਪਿਛਲੀ ਹਰਸ, ਚੌਦਾਂ ਤਬਕਾਂ ਦਿਆਂ ਸੁਣਾਈਆ । ਸਾਰੇ ਉਸ ਤੋਂ ਮੰਗੋ ਤਰਸ, ਜੇ ਰਹਿਮਤ ਦਏ ਕਮਾਈਆ । ਆਬੇ ਹਯਾਤ ਦੇਵੇ ਬਰਸ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਮੇਰੀ ਉਮਤ ਦਾ ਵੰਡੇ ਦਰਦ, ਦਰਦੀਆਂ ਹੋਏ ਸਹਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਸੁਣ ਲੈ ਹਮਦ ਉਹ ਜਿਸ ਤੇਰੀ ਸ਼ਰਅ ਨੂੰ ਬਣਾਇਆ ਛੁਰੀ ਕਰਦ, ਕਾਤਲ ਮਕਤੂਲ ਦਾ ਰੂਪ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਨਹੀਂ ਬਣੀ ਕੋਈ ਗ਼ੁਲਾਮ, ਉਮਤ ਦੀ ਸੇਵ ਕਮਾਈਆ । ਰਸੂਲਾ ਮੇਰਾ ਹੁਕਮ ਸੁਣ ਜੋ ਆਵੇ ਉਤੋਂ ਹਕ

ਮੁਕਾਮ, ਮੁਕੰਮਲ ਦਿਆਂ ਦ੍ਰਿੜਾਈਆ । ਜਿਸ ਨੇ ਸਭ ਦਾ ਕਰਨਾ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਤੇਰਾ ਵੀ ਲਏ ਇੰਤਕਾਮ, ਵੇਖਣਹਾਰਾ ਧੁਰਦਰਗਾਹੀਆ । ਉਹ ਤੇਰਾ ਚੰਦ ਛਿਪਿਆ ਤੇ ਬਿਨਾ ਸ਼ਮਅ ਤੋਂ ਹੋ ਗਈ ਸ਼ਾਮ, ਨੂਰੀ ਚੰਦ ਨਾ ਕੋਇ ਚਮਕਾਈਆ । ਉਠ ਵੇਖ ਲੈ ਉਮਤ ਤਮਾਮ, ਤਮਅ ਵਿਚ ਕੁਰਲਾਈਆ । ਜਿਸ ਨੇ ਅੱਲਾ ਹੂ ਅੱਨਾ ਹੂ ਕੀਤਾ ਬਦਨਾਮ, ਬਦੀਆਂ ਵਿਚ ਤੇਰਾ ਕਲਮਾ ਗਏ ਭੁਲਾਈਆ । ਮਿਲਿਆ ਕਿਸੇ ਨਾ ਹਕੀਕੀ ਜਾਮ, ਪਿਆਲਾ ਹੱਥ ਨਾ ਕੋਇ ਫੜਾਈਆ । ਮੈਂ ਦੱਸਾਂ ਸ਼ਰੇਆਮ, ਪਰਦਾ ਪਰਦਿਆਂ ਉਤੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੈਂ ਭੱਜੀ ਜਾਵਾਂ ਨੱਠੀ, ਆਪਣਾ ਪੰਧ ਮੁਕਾਈਆ । ਮੈਂ ਉਮਤ ਕਰਨੀ ਕੱਠੀ, ਸਭ ਨੂੰ ਦਿਆਂ ਸੁਣਾਈਆ । ਆਓ ਪੜ੍ਹੀਏ ਇਕ ਦੀ ਪੱਟੀ, ਕਲਮਾ ਇਕੋ ਇਕ ਗਾਈਆ । ਜਿਸ ਨੇ ਸਦੀ ਚੌਧਵੀਂ ਸਾਡੀ ਕਰਨੀ ਪਾਉਣੀ ਨਟੀ, ਓਹ ਨਟੂਆ ਬਣਿਆ ਧੁਰ ਦਾ ਮਾਹੀਆ । ਕਿਸੇ ਦੇ ਵੈਰਾਗ ਵਿਚ ਤਿਆਗ ਵਿਚ ਮੇਰੀ ਛਾਤੀ ਗਈ ਫਟੀ, ਪਟੀ ਪਿਆਰ ਨਾ ਕੋਇ ਬੰਧਾਈਆ । ਉਹ ਮਕਬਰਿਆਂ ਉਤੇ ਦੀਵਿਆਂ ਵਿਚ ਰਹੀ ਨਹੀਂ ਵੱਟੀ, ਤੇਲ ਬਾਤੀ ਨਾ ਕੋਇ ਰੁਸ਼ਨਾਈਆ । ਸਭ ਦੀ ਡੋਰੀ ਜ਼ਿਮੀਂ ਅਸਮਾਨ ਅੱਧ ਵਿਚੋਂ ਗਈ ਕਟੀ, ਅਗੇ ਗੰਢ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਵਕਤ ਸੁਹੰਜਣਾ ਆ ਗਿਆ ਪੱਕਾ, ਪੱਕਿਓ ਸਭ ਨੂੰ ਦਿਆਂ ਜਣਾਈਆ । ਓਹ ਪ੍ਰੇਮੀਓ ਪਿਆਰਿਓ ਮੈਨੂੰ ਇਕੋ ਮਾਰੋ ਧੱਕਾ, ਧਕੇਲੋ ਚਾਈਂ ਚਾਈਆ । ਮੈਂ ਜਾਵਾਂ ਮਦੀਨਾ ਮੱਕਾ, ਕਾਅਬਿਆਂ ਖੋਜ ਖੁਜਾਈਆ । ਫੇਰ ਉਠਾਉਣਾ ਅਗੋਂ ਬੂਰਾ ਕੱਕਾ, ਈਸਾ ਅੱਖ ਖੁਲਾਈਆ । ਓਹ ਮੂਸਿਆ ਤੂੰ ਕਿਹੜਾ ਬਣਨਾ ਸਕਾ, ਆਪਣੀ ਲੈ ਅੰਗੜਾਈਆ । ਉਠ ਮੈਂ ਤੈਨੂੰ ਖ਼ਬਰ ਦੱਸਾਂ ਤੇ ਸੁਣ ਲੈ ਹੋਰ ਮੇਰਾ ਪਤਾ, ਜੋ ਪਤਿਪਰਮੇਸ਼ਵਰ ਰਿਹਾ ਜਣਾਈਆ । ਓਏ ਮੈਨੂੰ ਐਂ ਦਿਸਦਾ ਮੁਹੰਮਦਾ ਤੇਰੀ ਉਮਤ ਦਾ ਉਮਤੀ ਧਾਰ ਵਿਚ ਹੋਣ ਵਾਲਾ ਹੱਤਾ, ਹੱਤਕ ਸਮਝਣੀ ਮੂਲ ਨਾ ਰਾਈਆ । ਇਹ ਜਦੋਂ ਖੇਲ ਸ਼ੁਰੂ ਹੋਈ ਤੇ ਹੋਵੇਗੀ ਵਿਚ ਮਹੀਨਾ ਕੱਤਾ, ਕੱਤਕ ਦਾ ਲੇਖ ਲੇਖਣੀ ਲਿਖੇ ਚਾਈਂ ਚਾਈਂਆ । ਜਿਸ ਨੇ ਭੇਵ ਚੁਕਾਉਣਾ ਜੁਗ ਛੱਤੀ ਤੇ ਛਤਾ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਮੇਰੀ ਗੱਲ ਭਾਵੇਂ ਚੂੰਕਿ ਚੁਨਾਂਚਿ ਸਮਝ ਲਓ ਅਲਬੱਤਾ, ਤੇ ਭਾਵੇਂ ਦਿਲਬਰ ਦੀ ਧਾਰ ਵਿਚ ਲਓ ਵਸਾਈਆ । ਪਰ ਸਚ ਜਾਣੋ ਈਮਾਨ ਨਾਲ ਈਮਾਨ ਦੀ ਕੀਮਤ ਰਹਿਣੀ ਨਹੀਂ ਟਕਾ, ਟਕਿਆਂ ਦੇ ਪਿਛੇ ਮਰੇ ਲੋਕਾਈਆ । ਮੇਰੇ ਰਹਿਮਾਨ ਨੇ ਮੇਰੇ ਅਹਿਮਾਨ ਨੇ ਮੇਰੇ ਕਾਹਨ ਨੇ ਮੇਰੇ ਰਾਮ ਨੇ ਮੇਰੇ ਭਗਵਾਨ ਨੇ ਸ੍ਰਿਸ਼ਟੀ ਦੀਨ ਦੁਨੀ ਜ਼ੀਰੋ ਨਾਲ ਜ਼ੀਰੋ ਕਰ ਦੇਣੀ ਬਟਾ, ਅੰਕ ਰਹਿਣ ਕੋਇ ਨਾ ਪਾਈਆ । ਕਿਉਂ ਸਭ ਦਾ ਪੂਰਾ ਹੋਣ ਵਾਲਾ ਧੁਰ ਦਰਗਾਹ ਦਾ ਲਿਖਿਆ ਹੋਇਆ ਪੱਟਾ, ਵੀਂਹਵੀ ਚੌਧਵੀਂ ਸਦੀ ਦੇ ਅਗੇ ਪੰਧ ਨਾ ਕੋਇ ਵਖਾਈਆ । ਸਦੀ ਚੌਧਵੀਂ ਕਹੇ ਉਫ਼ ਹਾਏ ਦਰੋਹੀ ਮੇਰਾ ਖ਼ੁਦਾਵੰਦ ਕਿਤੇ ਅਗਲੇ ਸਾਲ ਹੀ ਨਾ ਲਾ ਦੇਵੇ ਠੱਪਾ, ਮੋਹਰ ਧੁਰ ਦੀ ਇਕ ਬਣਾਈਆ । ਜੇ ਹੁਣ ਮੋਹਰ ਲਾਈ ਤੇ ਬਣਾਈ ਉਹਨੂੰ ਇਕੋ ਅੱਖਰ ਕਾਫ਼ੀ ਪੱਪਾ, ਜੋ ਪੂਰਨ ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਚਾਰ ਯਾਰੋ ਸ਼ਰਅ ਦੀ ਸਰਕਾਰੋ ਨੈਣ ਉਘਾੜੋ ਨਿਗਾਹ ਮਾਰੋ ਮਦੀਨਾ ਮੱਕਾ, ਮੱਕੇ ਵਾਲਿਓ ਸਕਾ ਤੁਹਾਡੇ ਵਿਚੋਂ ਨਜ਼ਰ ਕੋਇ ਨਾ ਆਈਆ । ਓਹ ਵੇਖ ਲਓ ਤੁਹਾਡੇ ਮਗਰ ਪੈਣ ਵਾਲਾ ਬੂਰਾ

੧੨੧੧
੨੩

ਕੱਕਾ, ਜਬਰਾਈਲ ਹੁਕਮ ਸੰਦਸੇ ਰਿਹਾ ਸੁਣਾਈਆ । ਸਦੀ ਚੌਧਵੀ ਕਹੇ ਮੈਨੂੰ ਚੇਤਾ ਆ ਗਿਆ ਕੀ ਕਹਿ ਕੇ ਗਿਆ ਸਾਨੂੰ ਨਾਨਕ ਤਪਾ, ਤਪਦਿਆਂ ਤਪਦਿਆਂ ਤਪਦਿਆਂ ਗਿਆ ਜਣਾਈਆ । ਓ ਰਸੂਲੋ ਜਿਸ ਵੇਲੇ ਤੁਹਾਡਾ ਅੰਤ ਤੇ ਅੰਤ ਦਾ ਹੋਣਾ ਇਕ ਮਤਾ, ਦੂਜਾ ਮਸ਼ਵਰਾ ਮਸ਼ਵਰੇ ਵਿਚ ਨਾ ਕੋਇ ਮਿਲਾਈਆ । ਪਰ ਯਾਦ ਰਖ ਲਈਂ ਮੁਹੰਮਦ ਉਸ ਤੋਂ ਪਹਿਲਾਂ ਗੋਬਿੰਦ ਦਾ ਵੱਜਣਾ ਡੰਕਾ ਫ਼ਤਹਾ, ਫ਼ਤਿਹ ਸਭ ਨੂੰ ਲਏ ਕਰਾਈਆ । ਸਦੀ ਚੌਧਵੀਂ ਮੇਰਿਆ ਖ਼ੁਦਾ ਮੈਂ ਨਿਮਾਣੀ ਕਿਤੇ ਮੈਨੂੰ ਨਾ ਹੋਵੇ ਧੌਲ ਧੱਪਾ, ਮੈਂ ਕਿਧਰ ਭੱਜਾਂ ਵਾਹੋ ਦਾਹੀਆ । ਝਟ ਸਤਿਗੁਰ ਸ਼ਬਦ ਕਿਹਾ ਸਦੀ ਚੌਧਵੀਂ ਪੁਰਖ ਅਕਾਲ ਆਦਿ ਜੁਗਾਦਿ ਸਦਾ ਸਮਰਥਾ, ਸਮਰਥ ਇਕ ਅਖਵਾਈਆ । ਜੋ ਉਸ ਦੀ ਚਰਨ ਸਰਨ ਸ਼ਰਨਾਈ ਢੱਠਾ, ਫੜ ਬਾਹੋਂ ਗਲੇ ਲਗਾਈਆ । ਉਸ ਜਿਸ ਨੇ ਹਿੰਦੂ ਮੁਸਲਿਮ ਸਿੱਖ ਈਸਾਈ ਫੇਰ ਕਰਨਾ ਇਕੱਠਾ, ਇਕੱਠੇ ਆਪਣੀ ਗੋਦ ਟਿਕਾਈਆ । ਉਸ ਦਾ ਸੂਰੀਆ ਜੋਤ ਪ੍ਰਕਾਸ਼ ਵਾਲਾ ਕਦੇ ਨਾ ਛਪਾ, ਉਗਣ ਆਥਣ ਇਕੋ ਜੋਤ ਕਰੇ ਰੁਸ਼ਨਾਈਆ । ਓਹ ਵੇਖ ਲੈ ਜਿਸ ਦੇ ਦਵਾਰੇ ਵਿਸ਼ਨ ਬ੍ਰਹਮਾ ਸ਼ਿਵ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਅਵਤਾਰ ਪੈਗ਼ੰਬਰ ਗੁਰੂ ਇਕੋ ਜੋਤ ਵਿਚ ਜਗਦੇ ਲਟ ਲਟਾ, ਜਿਸਮ ਇਸਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਮੇਰਾ ਹੋਣਾ ਆਪ ਸਹਾਈਆ । ਸਦੀ ਚੌਧਵੀਂ ਕਹੇ ਪ੍ਰਭੂ ਤੂੰ ਮੇਰਾ ਹਕ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਮੈਂ ਕਰਾਂ ਤੋਬਾ ਤੋਬਾ, ਤੋਬਾ ਤੋਬਾ ਤੇਰੀ ਤੇਰੇ ਨਾਲ ਦੁਹਾਈਆ । ਮੈਨੂੰ ਕਦੇ ਨਾ ਕਰੀਂ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਤੇਰੇ ਕਦਮਾਂ ਹੋਣਾ ਫ਼ਿਦਾ, ਫ਼ਿਤਰਤ ਤੇਰੀ ਝੋਲੀ ਪਾਈਆ । ਤੂੰ ਮੇਰਾ ਦਿਲ ਰੁਬਾ, ਨੂਰ ਨੁਰਾਨਾ ਨੂਰ ਅਲਾਹੀਆ । ਮੈਂ ਸਜਦਾ ਕਰਾਂ ਬਿਨਾ ਸੀਸ ਝੁਕਾ, ਕਦਮ ਬੋਸੀ ਵਿਚ ਸੀਸ ਨਿਵਾਈਆ । ਮੈਨੂੰ ਅਗਲਾ ਭੇਵ ਸੁਣਾ, ਮੈਂ ਸੁਣਾਂ ਚਾਈਂ ਚਾਈਆ । ਮੇਰਾ ਪਿਛਲਾ ਪੰਧ ਚੁਕਾ, ਪੈਂਡਾ ਅਵਰ ਰਹੇ ਨਾ ਰਾਈਆ । ਧੁਰ ਦੇ ਮਾਲਕ ਆਪਣੇ ਨਾਲ ਗੰਢ ਪਵਾ, ਫੇਰ ਸਕੇ ਨਾ ਕੋਇ ਤੁੜਾਈਆ । ਮੈਂ ਪੈਗ਼ੰਬਰਾਂ ਨੂੰ ਅੰਤਮ ਕਰਾਂ ਸਲਾਮ ਦੁਆ, ਸਲਾਮਾਲੇਕਮ ਕਹਿ ਕੇ ਆਪਣਾ ਪੱਲੂ ਲਵਾਂ ਛੁੜਾਈਆ । ਫਿਰ ਕਹਵਾਂ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਤੂੰ ਇਕ ਚਲਾਈਂ ਰਾਹ, ਇਕੋ ਰਹਿਬਰ ਨਜ਼ਰੀ ਆਈਆ । ਤੇਰੇ ਇਕੋ ਦੇ ਅਗੇ ਹੋਏ ਦੁਆ, ਦੋਏ ਜੋੜ ਮੰਗ ਮੰਗਾਈਆ । ਓਹ ਵੇਖ ਲੈ ਤੇਈ ਅਵਤਾਰ ਇਕੱਠੇ ਹੋ ਕੇ ਕਰਨ ਸਲਾਹ, ਇਕ ਦੂਜੇ ਨਾਲ ਅੱਖ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਤੇਰੇ ਅਗੇ ਮੇਰੀ ਹਾਲ ਦੁਹਾਈਆ । ਸਦੀ ਚੌਧਵੀਂ ਕਹੇ ਮੈਨੂੰ ਕਰੀਂ ਮੁਆਫ਼, ਸਜਦੇ ਸੀਸ ਵਿਚ ਝੁਕਾਈਆ । ਤੂੰ ਮੇਰਾ ਇਕ ਅਹਿਬਾਬ, ਮਿਤ੍ਰ ਪਿਆਰਾ ਨੂਰ ਅਲਾਹੀਆ । ਨਾ ਸਵਾਲ ਨਾ ਜਵਾਬ, ਜਵਾਬ ਤਲਬੀ ਵਿਚ ਕਦੇ ਨਾ ਆਈਆ । ਮੈਨੂੰ ਲੇਖਾ ਦੱਸ ਦੇ ਆਜ, ਪਹਿਲੀ ਅੱਸੂ ਥਿਤ ਵਾਰ ਵੰਡ ਵੰਡਾਈਆ । ਕਿਸ ਬਿਧ ਦੀਨ ਦੁਨੀ ਬਦਲਣਾ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਕਿਸ ਕਾਰਨ ਆਪਣਾ ਕਰੇ ਕਾਜ, ਕਰਤੇ ਪੁਰਖ ਦੇਣਾ ਦ੍ਰਿੜਾਈਆ । ਮੈਂ ਸੋਚਾਂ ਬਾਹਰ ਸਮਾਜ, ਸਮਗਰੀ ਹੱਥ ਨਾ ਕੁਛ ਰਖਾਈਆ । ਮੈਨੂੰ ਅਗੰਮੀ ਮਾਰ ਦੇ ਆਵਾਜ਼, ਬਿਨ ਕੰਨਾਂ ਦੇ ਦ੍ਰਿੜਾਈਆ । ਮੈਂ ਸੁਣਾ ਤੇਰਾ ਰਾਗ, ਰਾਗਣੀਆਂ ਬੈਠਣ ਮੁਖ ਸ਼ਰਮਾਈਆ । ਮੈਂ ਤੇਰੇ ਦਰ ਦੀ ਹੋਈ ਮੁਹਤਾਜ, ਖ਼ਾਲੀ ਝੋਲੀ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ

੧੨੧੨
੨੩

੧੨੧੩
੨੩

ਅਲਖ ਜਗਾਈਆ । ਪੁਰਖ ਅਕਾਲ ਕਹੇ ਸਦੀ ਚੌਧਵੀਂ ਸੁਣ ਲੈ ਧੁਰ ਸਲੋਕ, ਸੁਲਹਕੁਲ ਦਏ ਜਣਾਈਆ । ਪਰਦਾ ਰਹੇ ਨਾ ਚੌਦਾਂ ਤਬਕ ਚੌਦਾਂ ਲੋਕ, ਚੌਦਾਂ ਵਿਦਿਆ ਤੋਂ ਬਾਹਰ ਮੇਰੀ ਪੜ੍ਹਾਈਆ । ਮੇਰਾ ਖੇਲ ਤੱਕਣਾ ਵਿਚ ਪ੍ਰਲੋਕ, ਪ੍ਰਲੈਯ ਮੇਰਾ ਰਾਹ ਤਕਾਈਆ । ਧੁਰ ਦਾ ਹੁਕਮ ਸਕੇ ਕੋਇ ਨਾ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਧੁਰ ਦੇ ਹੁਕਮ ਨਾਲ ਉਮਤ ਉਮਤੀ ਦੇਵੇ ਝੋਕ, ਆਪ ਆਪਣੀ ਖੇਲ ਖਿਲਾਈਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਦ੍ਰਿੜਾਈਆ । ਇਕ ਦੋ ਤੇ ਤੀਜੇ ਸਾਲ ਤੂੰ ਵੇਖੀਂ ਮੇਰੀ ਮੌਜ, ਕਿਸ ਤਰਾ ਮੁਫ਼ਤ ਵਿਚ ਸਾਰੇ ਦਿਆਂ ਲੜਾਈਆ । ਆਪਣੇ ਹੱਥ ਖ਼ਾਲੀ ਤੇ ਦੀਨ ਦੁਨੀਆ ਬਣ ਕੇ ਫ਼ੌਜ, ਤੇ ਫ਼ੌਜਦਾਰ ਸ਼ਬਦ ਹੋ ਕੇ ਸਭ ਨੂੰ ਦੇਵਾਂ ਭਿੜਾਈਆ । ਫੇਰ ਵੇਖਿਓ ਲਹਿੰਦਾ ਚੜ੍ਹਦਾ ਦੱਖਣ ਪਹਾੜ ਕਿਸ ਤਰੀਕੇ ਨਾਲ ਹੁੰਦੀ ਖੋਜ, ਸਿਆਸਤ ਵਾਲੇ ਖੋਜਣ ਥਾਉਂ ਥਾਈਆ । ਫੇਰ ਸਤਿਗੁਰ ਸ਼ਬਦ ਕਹੇ ਮੈਂ ਸ੍ਰਿਸ਼ਟੀ ਦੋ ਧੜ ਕਰਕੇ ਆਪਣੇ ਦੱਸਾਂ ਚੋਜ, ਚੋਜੀ ਪ੍ਰੀਤਮ ਹੋ ਕੇ ਆਪਣਾ ਰੰਗ ਰੰਗਾਈਆ । ਅਮੀਰਾਂ ਗ਼ਰੀਬਾਂ ਦੇ ਉਤੇ ਲੱਦ ਕੇ ਜਗਤ ਦਾ ਬੋਝ, ਦੋਵੇਂ ਭਜਾਵਾਂ ਵਾਹੋ ਦਾਹੀਆ । ਮਾਇਆ ਰਾਣੀ ਸਾਰਿਆਂ ਦੇ ਅੰਦਰ ਵੜ ਵੜ ਕਰੇ ਕਰੋਧ, ਗ਼ੁੱਸਾ ਮਨੂਆ ਖ਼ੁਸ਼ੀਆਂ ਨਾਲ ਪ੍ਰਗਟਾਈਆ । ਕਿਉਂ ਸਤਿਗੁਰ ਸ਼ਬਦ ਆਦਿ ਜੁਗਾਦਿ ਜੁਗ ਚੌਕੜੀ ਵਡ ਜੋਧਨ ਜੋਧ, ਸੂਰਬੀਰ ਇਕ ਅਖਵਾਈਆ । ਉਸ ਨੇ ਦੀਨਾਂ ਮਜ਼੍ਹਬਾਂ ਮਾਇਆ ਮਮਤਾ ਦਾ ਸਾਰਿਆਂ ਦੇ ਅੰਦਰ ਵਧਾਉਣਾ ਲੋਭ, ਲੋਭੀ ਹੋ ਕੇ ਲੋਭ ਵਿਚ ਲੋਭ ਨਾਲ ਆਪਣਾ ਆਪ ਮਿਟਾਈਆ । ਇਹ ਖੇਲ ਪ੍ਰਭੂ ਦਾ ਗੋਝ, ਗ੍ਰੰਥ ਸ਼ਾਸਤਰ ਸਿਮਰਤ ਵੇਦ ਪੁਰਾਨ, ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਕਹੇ ਪ੍ਰਭੂ ਤੇਰਾ ਕੈਸਾ ਖੇਲ ਭਿਆਨਕ, ਭੈ ਭੰਜਣ ਦੇਣਾ ਦ੍ਰਿੜਾਈਆ । ਕੀ ਸਵਾਂਗੀ ਸਵਾਂਗ ਵਰਤੇ ਅਚਨ ਅਚਾਨਕ, ਅਚਲ ਆਪਣੀ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਸਦੀ ਚੌਧਵੀਂ ਤੂੰ ਬਾਲ ਅਣਜਾਣੀ ਅਣਜਾਣਤ, ਤੈਨੂੰ ਸਮਝ ਕਿਛ ਨਾ ਆਈਆ । ਮੇਰੇ ਹੁਕਮ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਮਿਲਣੀ ਨਿਆਮਤ, ਵਸਤ ਸਤਿ ਸਚ ਵਰਤਾਈਆ । ਮੈਂ ਮਾਲਕ ਆਦਿ ਪੁਰਖ ਅੰਤ ਸਹੀ ਸਲਾਮਤ, ਜੰਮਣ ਮਰਨ ਵਿਚ ਨਾ ਆਈਆ । ਤੈਨੂੰ ਲੇਖਾ ਦੱਸਾਂਗਾ ਕਿਸ ਬਿਧ ਆਉਣੀ ਜਗਤ ਕਿਆਮਤ, ਕਿਆਮਗਾਹ ਕਾਇਮ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਰੈਣ ਅੰਧੇਰੀ ਹੋਣੀ ਸ਼ਾਮਤ, ਸ਼ਮਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕਿਸੇ ਦੀ ਅਵਤਾਰ ਪੈਗ਼ੰਬਰ ਗੁਰ ਦੇਵੇ ਨਾ ਮਾਤ ਜ਼ਮਾਨਤ, ਜ਼ਾਮਨੀ ਵਿਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਵੱਡਾ ਵਡ ਵਡਿਆਈਆ । ਧਰਨੀ ਕਹੇ ਸੁਣ ਵੇ ਪ੍ਰਭੂ ਮੇਰੀਆਂ ਕੂਕਾਂ, ਕੂਕ ਕੂਕ ਸੁਣਾਈਆ । ਆਪਣੀਆਂ ਤੱਕ ਲੈ ਚਾਰੇ ਕੂਟਾ, ਕੂਟਾਂ ਵਾਲਿਆ ਵੇਖ ਵਖਾਈਆ । ਮੇਰਾ ਮਾਨਵ ਸੁੱਕਦਾ ਜਾਂਦਾ ਬੂਟਾ, ਬੂਟੇ ਲਾਉਣ ਵਾਲਿਆ ਰੁਤ ਬਸੰਤ ਨਾ ਕੋਇ ਲਹਿਰਾਈਆ । ਤੇਰੇ ਨਾਮ ਦਾ ਮੇਰਿਆ ਮਾਲਕਾ ਖ਼ਾਲੀ ਹੋ ਗਿਆ ਤਨ ਵਾਲਾ ਠੂਠਾ, ਸਚ ਵਸਤ ਨਾ ਕੋਇ ਟਿਕਾਈਆ । ਤੇਰਾ ਆਤਮ ਤੇਰੇ ਨਾਲੋਂ ਰੂਠਾ, ਰੁੱਠਿਆਂ ਸਕੇ ਨਾ ਕੋਇ ਮਨਾਈਆ । ਆਹ ਵੇਖ ਲੈ ਜਗਤ ਜਹਾਨ ਸਾਰਾ ਝੂਠਾ, ਸਤਿ ਵਿਚ ਸਚ ਨਾ ਕੋਇ ਮਿਲਾਈਆ । ਚਾਰੋਂ ਕੁੰਟ ਪੰਜ ਵਿਕਾਰ ਦਾ ਲੈਂਦੇ ਝੂਟਾ, ਕੂੜੀ ਸੇਜ ਰਹੇ ਹੰਢਾਈਆ । ਝਟ ਕਲਜੁਗ ਕਹੇ ਮੈਂ ਵੀ ਸ਼ੈਤਾਨ ਦਾ ਟੂਟਾ, ਟੂਟੀਆਂ ਘਰ ਘਰ ਦਿਤੀਆਂ ਲਗਾਈਆ । ਮੇਰਾ

ਆਵਾ ਅੰਤ ਜਾਵੇ ਨਾ ਐਵੇਂ ਊਤਾ, ਮੈਂ ਭੁਲਾਇਆ ਧੁਰਦਰਗਾਹੀਆ । ਮੈਂ ਵਸਿਆ ਕਾਇਆ ਵਿਚ ਪੰਜ ਭੂਤਾ, ਤਤਵ ਤਤਾਂ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਕਲਜੁਗ ਕਹੇ ਮੇਰਾ ਸੰਮਤ ਸ਼ਹਿਨਸ਼ਾਹੀ ਨੌ ਦਾ ਇਕ ਲਲਕਾਰਾ, ਲਲਕਾਰ ਕੇ ਦਿਆਂ ਜਣਾਈਆ । ਸਚਖੰਡ ਵਿਚੋਂ ਉਠੇ ਪੈਗ਼ੰਬਰ ਗੁਰੂ ਅਵਤਾਰਾ, ਸੋਇਆ ਰਹਿਣ ਕੋਇ ਨਾ ਪਾਈਆ । ਆਪਣਿਆਂ ਦੀਨਾਂ ਮਜ਼੍ਹਬਾਂ ਦਾ ਤੱਕੋ ਆਣ ਦਵਾਰਾ, ਨੌ ਦਵਾਰਿਆਂ ਖੋਜ ਖੁਜਾਈਆ । ਅੰਮ੍ਰਿਤ ਆਤਮ ਰਸ ਮਿਲੇ ਨਾ ਕਿਸੇ ਠੰਡਾ ਠਾਰਾ, ਅਗਨੀ ਤਤ ਨਾ ਕੋਇ ਬੁਝਾਈਆ । ਸ਼ਬਦ ਨਾਦ ਸੁਣੇ ਨਾ ਕੋਇ ਧੁਨਕਾਰਾ, ਨਾਦੀ ਨਾਦ ਨਾ ਕੋਇ ਸ਼ਨਵਾਈਆ । ਨਿਰਗੁਣ ਦੀਆ ਬਾਤੀ ਕਮਲਾਪਾਤੀ ਕਰੇ ਨਾ ਕੋਇ ਉਜਿਆਰਾ, ਘਰ ਦੀਪਕ ਨੂਰ ਨਾ ਡਗਮਗਾਈਆ । ਮੇਰਾ ਅੰਤਮ ਖ਼ੁਸ਼ੀਆਂ ਵਾਲਾ ਕਿਨਾਰਾ, ਮੈਂ ਝੂਠ ਦੀ ਨਈਆ ਰਿਹਾ ਚਲਾਈਆ । ਜਗਿਆਸੂਓ ਕਲਜੁਗ ਕਹੇ ਮੈਂ ਸਭ ਤੋਂ ਵੱਡਾ ਪੀਰ ਜ਼ਾਹਰਾ, ਜ਼ਾਹਰ ਜ਼ਹੂਰ ਸਭ ਦੇ ਅੰਦਰ ਡੇਰਾ ਲਾਈਆ । ਪਰ ਕਲਜੁਗ ਕਹੇ ਮੈਂ ਨਿਗਾਹ ਮਾਰੀ ਹੁਣ ਝਗੜਾ ਪੈ ਜਾਣਾ ਵਿਚ ਕਾਹਿਰਾ, ਕਾਇਮ ਮੁਕਾਮ ਰਹਿਣ ਕੋਇ ਨਾ ਪਾਈਆ । ਫੇਰ ਇਕੱਤੀ ਸੌ ਮੀਲ ਦਾ ਬਣਨਾ ਦਾਇਰਾ, ਇਹ ਸੋਹਣੀ ਵੰਡ ਵੰਡਾਈਆ । ਈਸਾ ਮੂਸਾ ਮੁਹੰਮਦ ਨੇ ਕਰਨਾ ਮੁਜ਼ਾਹਿਰਾ, ਚਾਰ ਯਾਰੀ ਤਾੜੀ ਰਹੇ ਲਗਾਈਆ । ਇਹ ਖੇਲ ਹੋਣਾ ਗੰਭੀਰ ਗਹਿਰਾ, ਗਹਿਰ ਗਵਰ ਆਪਣਾ ਹੁਕਮ ਵਰਤਾਈਆ । ਵੇਖਿਓ ਰਾਜ ਰਾਜਾਨੋ ਸ਼ਾਹ ਸੁਲਤਾਨੋ ਜਗਤ ਪ੍ਰਧਾਨੋ ਵਡ ਵਿਦਵਾਨੋ ਕੋਈ ਕੰਨਾਂ ਤੋਂ ਰਹਿ ਨਾ ਜਾਇਓ ਬਹਿਰਾ, ਬਹਰਹਾਲ ਸਭ ਕੁਛ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਭੇਵ ਆਪ ਖੁਲਾਈਆ । ਕਲਜੁਗ ਕਹੇ ਮੇਰਾ ਤੱਕਿਓ ਸੋਹਣਾ ਸ਼ਰੀਕਾ, ਓ ਸ਼ਰੀਕੇ ਵਾਲਿਓ ਸਭ ਨੂੰ ਦਿਆਂ ਜਣਾਈਆ । ਕਿਉਂ ਮੈਂ ਪ੍ਰਭ ਤੋਂ ਸਿੱਖ ਕੇ ਆਇਆ ਤਰੀਕਾ, ਜਿਸ ਦੀ ਤਰੀਕ ਤਾਰੀਖ ਤਵਾਰੀਖ ਸਮਝ ਕੋਇ ਨਾ ਪਾਈਆ । ਪਰ ਮੇਰਾ ਮਾਰਗ ਸਮੁੰਦ ਸਾਗਰਾਂ ਤੋਂ ਗਹਿਰਾ ਤੇ ਵੇਖਣ ਵਿਚ ਨੀਕਨ ਨੀਕਾ, ਨਿੱਕਿਓ ਵੱਡਿਓ ਸਭ ਨੂੰ ਦਿਆਂ ਸਮਝਾਈਆ । ਮੈਂ ਕਲਜੁਗ ਨਹੀਂ ਜੇ ਚੌਥੇ ਸਾਲ ਨੂੰ ਸਭ ਦੀਆਂ ਕਢਾ ਨਾ ਦੇਵਾਂ ਚੀਕਾ, ਚੀਕ ਚਿਹਾੜਾ ਪਾਏ ਲੋਕਾਈਆ । ਯਾਦ ਰਖਿਓ ਮੈਂ ਅੱਜ ਤੋਂ ਲੰਬਾ ਕਰ ਲੈਣਾ ਫ਼ੀਤਾ, ਪਰ ਮੇਰੀ ਫੁੱਟਾਂ ਇੰਚਾਂ ਗਜ਼ਾਂ ਵਾਲੀ ਨਹੀਂ ਲੰਬਾਈਆ । ਮੈਂ ਜ਼ਰੂਰ ਪਹਿਲੋਂ ਹਲੂਣਾ ਦੇਵਾਂਗਾ ਅਮਰੀਕਾ, ਫੇਰ ਰਸ਼ੀਆ ਦਾ ਫੋਲ ਕੇ ਖੀਸਾ, ਚੀਨਾ ਦੇ ਅੰਦਰ ਪਾ ਕੇ ਚੀਸਾ, ਈਸਾ ਵਾਲੇ ਸਾਰੇ ਦਿਆਂ ਹਿਲਾਈਆ । ਫੇਰ ਮੈਨੂੰ ਸਾਰੇ ਕਹਿਣਗੇ ਕਲਜੁਗਾ ਤੂੰ ਬੜਾ ਬੀਸ ਬੀਸਾ, ਕਿਸੇ ਦੇ ਸਿਰ ਤੇ ਓਢਣ ਰਹਿਣ ਨਹੀਂ ਦਿਤਾ ਨਾ ਕੋਈ ਛਤਰ ਝੁਲੇ ਸੀਸਾ, ਸੀਸ ਜਗਦੀਸ਼ ਇਕੋ ਸੋਭਾ ਪਾਈਆ । ਮੈਂ ਵੀ ਪੁੱਠੇ ਹੱਥਾਂ ਦੀ ਤਾੜੀ ਮਾਰ ਕੇ ਕਲਜੁਗ ਕਹੇ ਸਭ ਨੂੰ ਕਹਾਂਗਾ ਓ ਮੇਰੇ ਮਾਲਕ ਨੇ ਮੈਨੂੰ ਦਿਤੀਆਂ ਤੌਫ਼ੀਕਾ, ਓਸ ਤੌਫ਼ੀਕਾਂ ਵਿਚੋਂ ਮੈਂ ਤੋਹਫ਼ੇ ਝੂਠ ਦੇ ਘਰ ਘਰ ਦਿਤੇ ਵਰਤਾਈਆ । ਮੇਰੀ ਬਹਾਦਰੀ ਵੇਖੋ ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਨੂੰ ਭੁਲਾ ਤੇ ਮੱਥੇ ਟਿਕਾ ਦਿਤੇ ਪੱਥਰਾਂ ਇੱਟਾਂ ਤੇ ਕਰੀਰਾਂ, ਜੰਡਾਂ ਸੀਸ ਨਿਵਾਈਆ । ਪਰ ਮੈਂ ਹੈਰਾਨ ਹੋ ਗਿਆ ਬੁੱਧੀਵਾਨ ਸਤਿਗੁਰ ਨਾਨਕ ਦੇ ਸ਼ਬਦ ਦਾ ਕਰਨ ਟੀਕਾ, ਟੀਕੇ ਵਿਚ ਟੀਕਾ ਟਿਪਣੀ ਸਾਰੇ ਰਹੇ ਸੁਣਾਈਆ । ਏਸੇ ਕਰ ਕੇ ਸਾਰਿਆਂ ਦੇ ਅੰਦਰੋਂ ਰਸ ਹੋ ਗਿਆ ਫੀਕਾ, ਅੰਮ੍ਰਿਤ ਰਸ ਹੱਥ ਕਿਸੇ ਨਾ ਆਈਆ । ਕਲਜੁਗ ਕਹੇ ਮੈਂ ਛਾਤੀ ਮਾਰ ਕੇ ਹੱਥ ਚਾਰ ਕੁੰਟ ਕਹਾਂਗਾ ਬਿਨਾ ਪ੍ਰਭੂ ਦੀ ਕਿਰਪਾ ਤੋਂ ਪ੍ਰਭੂ ਦਾ ਰਹੇਗਾ ਕੋਇ ਨਾ ਮੀਤਾ, ਮਿਤਰ ਪਿਆਰਾ ਮਿਲੇ

੧੨੧੫
੨੩

ਨਾ ਗੋਬਿੰਦ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਕਲਜੁਗ ਕਹੇ ਓਏ ਜਗਿਆਸੂਓ ਮੈਨੂੰ ਤੁਹਾਡੇ ਨਾਲ ਬੜੀ ਹਮਦਰਦੀ, ਦੁਖੀਆਂ ਦੇ ਦੁੱਖ ਲਵਾਂ ਵੰਡਾਈਆ । ਇਹ ਤੇ ਖੇਲ ਤੁਹਾਡੇ ਤੇ ਮੇਰੇ ਘਰ ਦੀ, ਦੂਜਾ ਨਜ਼ਰ ਕੋਇ ਨਾ ਆਈਆ । ਤੁਹਾਡੀ ਆਸ਼ਾ ਐਵੇਂ ਅੱਖਰਾਂ ਵਾਲੇ ਢੋਲੇ ਪੜ੍ਹਦੀ, ਤੇ ਰਸਨਾ ਜਿਹਵਾ ਬੱਤੀ ਦੰਦਾਂ ਨਾਲ ਗਾਈਆ । ਵੇਖੋ ਘਰ ਘਰ ਵਿਚ ਸਭ ਦੀ ਕਾਇਆ ਸੜਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰਾ ਪਿਆਰ ਵੇਖੋ ਮੇਰੀ ਖ਼ਾਹਿਸ਼ ਤੁਹਾਡੇ ਅੰਦਰ ਵੜਦੀ, ਘਰ ਘਰਾਨਾ ਆਪਣਾ ਲਿਆ ਬਣਾਈਆ । ਤੁਹਾਨੂੰ ਸਿਖਿਆ ਦਿਤੀ ਹੰਕਾਰ ਗੜ੍ਹ ਦੀ, ਨਿਮਰਤਾ ਅੰਦਰੋਂ ਦਿਤੀ ਕਢਾਈਆ । ਓਏ ਕਮਲਿਓ ਇਹ ਤੇ ਖੇਲ ਚੋਟੀ ਜੜ ਦੀ, ਚੇਤਨ ਵਿਚ ਬੈਠਾ ਮੁਖ ਛੁਪਾਈਆ । ਮੇਰੀ ਸ਼ਕਤੀ ਭਗਤੀ ਦਾ ਰੂਪ ਹੋ ਕੇ ਤੁਹਾਡਾ ਗ੍ਰਿਹ ਮੱਲਦੀ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਯਾਦ ਰਖ ਲਓ ਜਿੰਨਾਂ ਚਿਰ ਜੂਠ ਝੂਠ ਨਹੀਂ ਮਾਰੋਗੇ ਤੁਹਾਡੀ ਪੀਹੜੀ ਨਹੀਂ ਕੋਈ ਫਲਦੀ, ਫਲੀ ਭੂਤ ਨਾ ਕੋਇ ਕਰਾਈਆ । ਐਵੇਂ ਆਸ਼ਾ ਨਾ ਰਖੋ ਨਿਹਚਲ ਧਾਮ ਅਟਲ ਦੀ, ਵੇਸਵਾ ਦੀ ਸੇਜ ਸਾਰੇ ਲਓ ਹੰਢਾਈਆ । ਪਤਾ ਨਹੀਂ ਹੁਣ ਦੁਨੀਆ ਦੀ ਖੇਲ ਘੜੀ ਕੇ ਪਲ ਦੀ, ਪਲਕਾਂ ਦੇ ਓਹਲੇ ਬੈਠਾ ਮਾਹੀ ਤੁਹਾਡਾ ਕੀ ਆਪਣਾ ਖੇਲ ਵਰਤਾਈਆ । ਜਿਸ ਦੀ ਕਰਨੀ ਜਲ ਥਲ ਦੀ, ਮਹੀਅਲ ਵਿਚ ਆਪਣਾ ਹੁਕਮ ਸੁਣਾਈਆ । ਮੈਂ ਜਾਣਦਾ ਜ਼ਰੂਰ ਤੁਹਾਡੇ ਅੰਦਰ ਓਸੇ ਦੀ ਜੋਤ ਬਲਦੀ, ਜਿਸ ਨੂੰ ਆਤਮਾ ਕਹਿ ਕੇ ਸਾਰੇ ਗਾਈਆ । ਪਰ ਯਾਦ ਰਖਿਓ ਪ੍ਰਭੂ ਬੜਾ ਸ਼ੈਤਾਨ ਉਸ ਦੀ ਖੇਲ ਸਦਾ ਅਛਲ ਛਲ ਦੀ, ਵਲ ਛਲ ਵਿਚ ਸਾਰੇ ਲਏ ਭੁਲਾਈਆ । ਮੈਨੂੰ ਯਾਦ ਆ ਗਈ ਸਤਿਜੁਗ ਵੇਲੇ ਰਾਜੇ ਬਲ ਦੀ, ਜੋ ਬਾਵਨ ਸੰਗ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਕਲਜੁਗ ਕਹੇ ਸੰਸਾਰੀਓ ਮੈਨੂੰ ਸਾਰੇ ਦਿਓ ਸ਼ਾਬਾਸ਼, ਖ਼ੁਸ਼ੀਆਂ ਨਾਲ ਸੁਣਾਈਆ । ਮੈਂ ਆਪਣੇ ਜੁਗ ਵਿਚ ਸਭ ਦੀ ਕਾਮ ਕਰੋਧ ਲੋਭ ਮੋਹ ਹੰਕਾਰ ਦੀ ਪੂਰੀ ਕੀਤੀ ਆਸ, ਨਾਮ ਵਾਲਾ ਰਸੀਆ ਰਹਿਣ ਕੋਇ ਨਾ ਪਾਈਆ । ਮਦਿ ਪੀਓ ਭਰ ਭਰ ਗਿਲਾਸ, ਸਾਕੀ ਦਾ ਜਾਮ ਹੱਥ ਨਾ ਕੋਇ ਫੜਾਈਆ । ਓ ਤੁਸੀਂ ਵੇਖੋ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਧਿਆਨ ਲਗਾਈਆ । ਜਿਧਰ ਤੱਕੋਗੇ ਕਲਜੁਗ ਕਹੇ ਮੇਰੀ ਪੈਂਦੀ ਕੂੜੀ ਕਿਰਿਆ ਦੀ ਰਾਸ, ਮਤ ਮਨ ਬੁਧ ਨੱਚਣ ਥਾਉਂ ਥਾਈਂਆ । ਕਿਸੇ ਦੇ ਹਿਰਦੇ ਜਾਪ ਰਹਿਣ ਦਿਤਾ ਨਹੀਂ ਸਵਾਸ ਸਵਾਸ, ਸਾਹ ਸਾਹ ਨਾ ਕੋਇ ਧਿਆਈਆ । ਮੈਨੂੰ ਘੂਰੀਆਂ ਵੱਟੇ ਸ਼ੰਕਰ ਉਤੋਂ ਕੈਲਾਸ਼, ਤਰਸੂਲ ਰਿਹਾ ਦਰਸਾਈਆ । ਸਤਿਜੁਗ ਜ਼ੋਰ ਜ਼ੋਰ ਦੀ ਰਿਹਾ ਆਖ, ਬੋਲੇ ਚਾਈਂ ਚਾਈਂਆ । ਕਲਜੁਗਾ ਤੇਰੀ ਅੰਤਮ ਹੋਣੀ ਰਾਖ, ਮਿੱਟੀ ਉਡਣੀ ਥਾਉਂ ਥਾਈਂਆ । ਮੈਂ ਗ਼ਰੀਬ ਨਿਮਾਣਿਆਂ ਦੇਵਾਂ ਸਾਥ, ਕੋਝਿਆਂ ਕਮਲਿਆਂ ਗਲੇ ਲਗਾਈਆ । ਦੀਨਾਂ ਮਜ਼੍ਹਬਾਂ ਝਗੜਾ ਮੇਟਣਾ ਜ਼ਾਤ ਪਾਤ, ਆਤਮ ਬ੍ਰਹਮ ਦੇਣਾ ਸਮਝਾਈਆ । ਸੰਦੇਸ਼ਾ ਸੁਣ ਲੈ ਪਹਿਲੀ ਅੱਸੂ ਦੀ ਪਹਿਲੀ ਰਾਤ, ਪ੍ਰਵਿਸ਼ਟਾ ਪਹਿਲਾ ਨਾਲ ਮਿਲਾਈਆ । ਇਕੋ ਕਿਨਾਰਾ ਹੋਣਾ ਘਾਟ, ਇਕੋ ਨਈਆ ਸੋਭਾ ਪਾਈਆ । ਤੇਰੀ ਅੰਤਮ ਮੁਕਣੀ ਵਾਟ, ਸਦੀ ਚੌਧਵੀਂ ਅੱਖ ਉਠਾਈਆ । ਆਹ ਹੁਕਮ ਸੰਦੇਸ਼ਾ ਲੈਣਾ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਪੰਜ ਸੱਤ ਬਰਸ ਕਰ ਲੈ ਨਾਚ, ਨਟੂਆ ਹੋ ਕੇ ਸਵਾਂਗ ਵਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ ।

ਕਲਜੁਗ ਕਹੇ ਮੈਂ ਸਚ ਦਾ ਮਿਤ੍ਰ ਪਿਆਰਾ ਸਾਂਝਾ, ਸਗਲਾ ਸੰਗੀ ਇਕ ਅਖਵਾਈਆ । ਮੇਰੇ ਪਿਆਰ ਤੋਂ ਰਹੇ ਕੋਈ ਨਾ ਵਾਂਝਾ, ਸਾਧਾਂ ਸੰਤਾਂ ਜੀਵਾਂ ਜੰਤਾਂ ਰਿਹਾ ਜਣਾਈਆ । ਮੇਰਾ ਖੇਲ ਤੱਕਣ ਚਾਰੋਂ ਕੁੰਟ ਕੂੜ ਕੁੜਿਆਰ ਦਾ ਵਗੇ ਝਾਂਜਾ, ਝੱਖੜ ਮੋਹ ਵਾਲਾ ਵਹਾਈਆ । ਮੈਨੂੰ ਮਾਣ ਦੇ ਕੇ ਗਿਆ ਵਾਲਾ ਬਾਜਾ, ਬਾਜ਼ੀ ਦੀਨ ਦੁਨੀ ਦੇਣੀ ਉਲਟਾਈਆ । ਜਿੰਨਾਂ ਚਿਰ ਤੇਰਾ ਸ਼ਾਹੋ ਭੂਪ ਪੁਰਖ ਅਕਾਲ ਨਾ ਆਵੇ ਰਾਜਾ, ਸ਼ਹਿਨਸ਼ਾਹ ਧੁਰਦਰਗਾਹੀਆ । ਕਿਸੇ ਦੀ ਸੁਰਤ ਸਵਾਣੀ ਮੇਲ ਹੋਣ ਦੇਣਾ ਨਹੀਂ ਕਿਸ਼ਨ ਰਾਧਾ, ਸੀਆ ਰਾਮ ਰਾਮ ਰੂਪ ਨਾ ਕੋਇ ਸਮਾਈਆ । ਦੁਰਮਤ ਮੈਲ ਧੋ ਸਕੇ ਕੋਇ ਨਾ ਦਾਗ਼ਾ, ਪਾਪਾਂ ਕਰੇ ਨਾ ਕੋਇ ਸਫ਼ਾਈਆ । ਕਲਜੁਗ ਕਹੇ ਮੈਨੂੰ ਫੇਰ ਇਸ਼ਾਰਾ ਆਉਂਦਾ ਕੁਛ ਝਗੜਾ ਉਠਣਾ ਅਗੇ ਪਿਛੇ ਵਾਘਾ, ਵਾਗਾਂ ਵਾਗਾਂ ਵਾਲਾ ਰਿਹਾ ਭਵਾਈਆ । ਮੈਂ ਖ਼ਬਰ ਸੰਦੇਸਾ ਦਿਆਂ ਵਿਚ ਪੰਜ ਆਬਾ, ਪੰਜਾਬੀਓ ਕਰਾਂ ਸ਼ਨਵਾਈਆ । ਸੱਤ ਥਾਲ ਲੈ ਕੇ ਹਾਜ਼ਰ ਹੋ ਜਾਓ ਗੁਰਮੁਖ ਵਿਚੋਂ ਦੁਆਬਾ, ਹਥੇਲੀ ਉਤੇ ਟਿਕਾਈਆ । ਇਹ ਆਸਾ ਰਖੀ ਖਿਜਰ ਖਵਾਜਾ, ਦੂਰ ਦੁਰੇਡਾ ਧਿਆਨ ਲਗਾਈਆ । ਜਿਸ ਵੇਲੇ ਮੇਰਾ ਨੂਰ ਅਲਾਹ ਬੇਪਰਵਾਹ ਵਾਲੀ ਦੋ ਜਹਾਨ ਜੋਤ ਜਗਾਏ ਦੇਸ ਮਾਝਾ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਖਾਣਾ ਪੀਣਾ ਸਭ ਦਾ ਕਰਨਾ ਸਾਂਝਾ, ਸੱਤਾਂ ਦੀਪਾਂ ਹੁਕਮ ਵਰਤਾਈਆ । ਓਥੇ ਸ਼ਰਮ ਹਯਾ ਕਾਹਦਾ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਮੁਆਹਿਦਾ, ਵਕਤ ਸੁਹੰਜਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਵੇਖੋ ਸੱਤ ਥਾਲ ਆਏ ਪਰੋਸੇ, ਸਤਿਗੁਰ ਸ਼ਬਦ ਹੁਕਮ ਜਣਾਈਆ । ਖ਼ਬਰ ਸੰਦੇਸੇ ਦੇਵੇ ਕੋਨੇ ਕੋਨੇ ਗੋਸ਼ੇ, ਚਾਰ ਕੁੰਟ ਸ਼ਨਵਾਈਆ । ਜਿਸ ਦੀ ਸੋਚ ਕੋਈ ਨਾ ਸੋਚੇ, ਸਮਝ ਵਿਚੋਂ ਸਮਝ ਨਾ ਕੋਇ ਸਮਝਾਈਆ । ਜਿਸ ਧਾਰ ਨੂੰ ਸਤਿਜੁਗ ਪਿਆ ਲੋਚੇ, ਬਿਨ ਨੈਣਾਂ ਨੈਣ ਉਠਾਈਆ । ਜਿਸ ਸ਼ਰਅ ਮੇਟਣੀ ਨਿਮਾਜ਼ਾਂ ਵਾਲੀ ਰੋਜ਼ੇ, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਜਿਸ ਨੇ ਆਪਣੇ ਵਿਚ ਛੁਪਾਣੇ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੇ ਅਹੁਦੇ, ਅਹਿਦਨਾਮਾ ਸਭ ਦਾ ਪੂਰ ਕਰਾਈਆ । ਝਗੜਾ ਮੇਟ ਦੇਣਾ ਜੰਞੂ ਬੋਦੀ ਬੋਦੇ, ਸੁੰਨਤਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਸਵਾਮੀ ਹੋਏ ਸਹਾਈਆ । ਸਤਿਜੁਗ ਕਹੇ ਮੈਂ ਪੁਰਾਣਾ ਬੁੱਢਾ ਚਾਰ ਜੁਗ ਦਾ, ਪਿਛੋਕੜ ਨਜ਼ਰੀ ਆਈਆ । ਮੈਂ ਲੱਕੋਂ ਕੁਬਾ ਤੇ ਪੈਰਾਂ ਤੋਂ ਡੁੱਡਾ, ਚੱਲ ਸਕਾਂ ਨਾ ਰਾਈਆ । ਮੈਂ ਵੇਖਣ ਆਇਆ ਕਲਜੁਗਾ, ਕੀ ਕਲਕਾਤੀ ਆਪਣੀ ਖੇਲ ਖਿਲਾਈਆ । ਮੈਨੂੰ ਸੰਦੇਸਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਸਮਝਾਈਆ । ਸਦੀ ਚੌਧਵੀਂ ਕੀ ਹਾਲ ਹੋਣਾ ਉਤੇ ਬਸੁਧਾ, ਧਰਨੀ ਕੀ ਕੁਰਲਾਈਆ । ਸਭ ਦਾ ਬੇੜਾ ਦਿਸਦਾ ਡੁੱਬਾ, ਪਾਰ ਕਿਨਾਰੇ ਨਾ ਕੋਇ ਲਗਾਈਆ । ਦੀਨ ਮਜ਼੍ਹਬ ਦੀ ਧਾਰ ਬਣ ਗਿਆ ਡੂੰਘਾ ਖੁੱਡਾ, ਦੁਨੀ ਮੂੰਹ ਦੇ ਭਾਰ ਸੁਟਾਈਆ । ਸਤਿਜੁਗ ਕਹੇ ਮੈਨੂੰ ਵੇਖ ਕੇ ਕੁਛ ਨਾ ਸੁਝਾ, ਹੈਰਾਨੀ ਵਿਚ ਰਿਹਾ ਕੁਰਲਾਈਆ । ਮੈਂ ਮੁਖ ਤੋਂ ਹੋ ਗਿਆ ਗੁੰਗਾ, ਰਸਨਾ ਜਿਹਵਾ ਨਾ ਮੂਲ ਚਲਾਈਆ । ਮੇਰੇ ਮੂੰਹ ਚੋਂ ਫੇਰ ਦੁੱਖਾਂ ਦਾ ਨਿਕਲਿਆ ਹੂੰਗਾ, ਹੂੰਗਰ ਦਿਤੀ ਥਾਉਂ ਥਾਈਂਆ । ਦੋ ਜਹਾਨ ਵੇਖਣ ਕੌਣ ਕੂੰਦਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਧਿਆਨ ਲਗਾਈਆ । ਮੈਂ ਬੁੱਢੇ ਨੇ ਹੱਸ ਕੇ ਕਿਹਾ ਦੋ ਜਹਾਨੋ ਇਹ ਖੇਲ ਸ਼ਬਦ ਸਤਿਗੁਰੂ ਦਾ, ਗੁਰਦੇਵ ਇਕ ਅਖਵਾਈਆ । ਕਲਜੁਗ ਦਾ ਅੰਤਮ

੧੨੧੯
੨੩

ਤੇ ਮੇਰਾ ਵਿਹਾਰ ਸ਼ੁਰੂ ਦਾ, ਸ਼ਰਅ ਵਾਲਿਓ ਦਿਆਂ ਸਮਝਾਈਆ । ਜਿਸ ਵੇਲੇ ਪੁਰਖ ਅਕਾਲ ਨੇ ਮੈਨੂੰ ਥਾਪੀ ਦਿਤੀ ਤੇ ਮੈਂ ਸਤਿਜੁਗ ਬੁੱਢਾ ਫੇਰ ਤੁਰੂੰਗਾ, ਭੱਜਾਂ ਚਾਈਂ ਚਾਈਆ । ਸਚ ਪੁਛੋ ਪ੍ਰਭੂ ਦਾ ਪਿਆਰ ਕਦੇ ਨਾ ਬੁੜ੍ਹੂਗਾ, ਤੋਟ ਵਿਚ ਕਦੇ ਨਾ ਆਈਆ । ਆਤਮਾ ਸਭ ਦਾ ਪਰਮਾਤਮਾ ਨਾਲ ਜੁੜੂਗਾ, ਇਹ ਮੇਰੀ ਬੇਪਰਵਾਹੀਆ । ਸਭ ਦੇ ਅੰਦਰ ਇਕੋ ਮੰਤਰ ਫੁਰੂਗਾ, ਤੂੰ ਮੇਰਾ ਮੈਂ ਤੇਰਾ ਤੇ ਵੇਲਾ ਵਕਤ ਚੁਕਣਾ ਜੁਦਾਈ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਦ੍ਰਿੜਾਈਆ । ਸਾਚਾ ਹੁਕਮ ਇਕ ਦ੍ਰਿੜਾਵੇਗਾ । ਪਰਮ ਪੁਰਖ ਦਇਆ ਕਮਾਵੇਗਾ । ਹਰਖ ਸੋਗ ਸਰਬ ਮਿਟਾਵੇਗਾ । ਧਰਮ ਯੋਗ ਇਕ ਸਮਝਾਵੇਗਾ । ਨਾਮ ਚੋਗ ਅਗੰਮ ਚੁਗਾਵੇਗਾ । ਹਉਮੇ ਹੰਗਤਾ ਰੋਗ ਮਿਟਾਵੇਗਾ । ਬੋਧ ਅਗਾਧਾ ਪੰਡਤ ਆਪ ਅਖਵਾਵੇਗਾ । ਆਤਮ ਧਾਰ ਬਣਾ ਕੇ ਸੰਗਤਾ, ਸ਼ਰਅ ਸ਼ਰੀਅਤ ਪੰਧ ਚੁਕਾਵੇਗਾ । ਲੇਖ ਮੁਕਾ ਕੇ ਭੁੱਖਾ ਨੰਗਤਾ, ਸਿਰ ਸਭ ਦੇ ਹੱਥ ਟਿਕਾਵੇਗਾ । ਨਿਸ਼ਾਨਾ ਮੇਟ ਕੇ ਤਾਰਾ ਚੰਨ ਕਾ, ਚੰਦ ਚਾਂਦਨਾ ਇਕ ਰੁਸ਼ਨਾਵੇਗਾ । ਭਰਮ ਮਿਟਾ ਕੇ ਮਨ ਮਨ ਕਾ, ਮਨ ਕਾ ਮਣਕਾ ਆਪ ਭਵਾਵੇਗਾ । ਰੰਗ ਵਖਾ ਕੇ ਸਾਚੇ ਤਨ ਕਾ, ਤਨ ਕੰਚਨ ਗੜ੍ਹ ਵਡਿਆਵੇਗਾ । ਜਗਿਆਸੂ ਰੂਪ ਬਣਾ ਕੇ ਜਨ ਕਾ, ਹਰਿ ਜਨ ਆਪਣੀ ਗੋਦ ਟਿਕਾਵੇਗਾ । ਝਗੜਾ ਮੁਕਾ ਕੇ ਛਪਰ ਛੰਨ ਕਾ, ਸਾਚਾ ਮੰਦਰ ਇਕ ਸੁਹਾਵੇਗਾ । ਲੇਖਾ ਰਹੇ ਨਾ ਕਲਜੁਗ ਕਲ ਕਾ, ਕਲਕਾਤੀ ਡੇਰਾ ਢਾਹਵੇਗਾ । ਲਹਿਣਾ ਦੇਣਾ ਪੂਰਾ ਕਰੇ ਰਾਜੇ ਬਲ ਕਾ, ਪੁਰਾਣਾ ਲੇਖਾ ਲੇਖੇ ਵਿਚ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਆਪ ਵਰਤਾਵੇਗਾ । ਸਾਚਾ ਹੁਕਮ ਇਕ ਵਰਤਾਏਗਾ । ਦੀਨ ਦਿਆਲ ਦਇਆ ਕਮਾਏਗਾ । ਪੁਰਖ ਅਕਾਲ ਖੇਲ ਖਿਲਾਏਗਾ । ਸ਼ਬਦ ਦਲਾਲ ਇਕ ਪ੍ਰਗਟਾਏਗਾ । ਕਾਲ ਮਹਾਕਾਲ ਸੀਸ ਨਿਵਾਏਗਾ । ਰਾਏ ਧਰਮ ਆਪ ਉਠਾਏਗਾ । ਚਿਤ੍ਰਗੁਪਤ ਅੱਖ ਖੁਲਾਏਗਾ । ਲਾੜੀ ਮੌਤ ਨਾਲ ਰਲਾਏਗਾ । ਜਮ ਕਾ ਸੰਗ ਸੰਗ ਬਣਾਏਗਾ । ਸੂਰਾ ਸਰਬੰਗ ਭੇਵ ਚੁਕਾਏਗਾ । ਨਾਮ ਮਰਦੰਗ ਇਕ ਸੁਣਾਏਗਾ । ਕਲਜੁਗ ਕੂੜੀ ਕਿਰਿਆ ਕੰਧ ਢਾਹੇਗਾ । ਸਤਿ ਧਰਮ ਦਾ ਸਚ ਅਨੰਦ ਵਖਾਏਗਾ । ਗੁਰਮੁਖਾਂ ਅੰਦਰ ਲੰਘ, ਬਜ਼ਰ ਕਪਾਟੀ ਕੁੰਡਾ ਲਾਹੇਗਾ । ਆਤਮ ਸੇਜ ਸੁਹਾ ਪਲੰਘ, ਸੁਖ ਆਸਣ ਸੋਭਾ ਪਾਏਗਾ । ਨਾਮ ਨਿਧਾਨ ਵਜਾ ਮਰਦੰਗ, ਸੋਈ ਸੁਰਤੀ ਆਪ ਹਿਲਾਏਗਾ । ਅੰਮ੍ਰਿਤ ਬੂੰਦ ਦੇ ਸਵਾਂਤੀ ਗੰਗ, ਜਗਤ ਤ੍ਰਿਸ਼ਨਾ ਆਪ ਬੁਝਾਏਗਾ । ਪੰਧ ਮੁਕਾ ਕੇ ਜੇਰਜ ਅੰਡ, ਉਤਭੁਜ ਸੇਤਜ ਪਾਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਸੁਣਾਏਗਾ । ਸਾਚਾ ਹੁਕਮ ਅਗੰਮ ਸੁਣਾਵੇਗਾ । ਹਰਿ ਕਾ ਭੇਵ ਕੋਇ ਨਾ ਪਾਵੇਗਾ । ਦੇਵਤ ਸੁਰ ਸੀਸ ਨਿਵਾਵੇਗਾ । ਗਣ ਗੰਧਰਬ ਕਿਨਰ ਯਸ਼ਪ ਰਾਗ ਅਲਾਵੇਗਾ । ਮਧੁਰ ਧੁਨ ਇਕ ਸੁਣਾਵੇਗਾ । ਸੁੰਨ ਮੁਨ ਆਪ ਖੁਲਾਵੇਗਾ । ਚੁਣ ਚੁਣ ਗੁਰਮੁਖ ਹਰਿਜਨ ਸੰਗ ਬਣਾਵੇਗਾ । ਲੱਖ ਚੁਰਾਸੀ ਛਾਣ ਪੁਣ, ਭਗਤ ਸੁਹੇਲੇ ਬਾਹਰ ਕਢਾਵੇਗਾ । ਲੇਖਾ ਜਾਣੇ ਦੇਵਤ ਸੁਰ ਮੁਨ, ਮੁਨੀ ਮੁਨੀਸ਼ਰ ਪਰਦਾ ਆਪ ਚੁਕਾਵੇਗਾ । ਜੋ ਮਾਲਕ ਬਣਿਆ ਕੁਲ, ਕੁਲ ਮਾਲਕ ਹੋ ਕੇ ਵੇਖ ਵਖਾਵੇਗਾ । ਇਕੋ ਆਪ ਬਣ ਅਭੁਲ, ਭੁਲ ਵਿਚ ਸਰਬ ਭੁਲਾਵੇਗਾ । ਗੁਰਮੁਖ ਵਿਰਲਾ ਨਾਮ ਕੰਡੇ ਤਰਾਜ਼ੂ ਜਾਏ ਤੁਲ, ਤੋਲਾ ਇਕੋ ਨਜ਼ਰੀ ਆਵੇਗਾ । ਜਿਸ ਦਾ ਜਾਪ ਜਪ ਸਕਣ ਨਾ ਰਸਨਾ ਬੁੱਲ, ਹਰ ਹਿਰਦੇ ਆਪਣਾ ਡੇਰਾ ਲਾਵੇਗਾ । ਓਹ ਮੌਲੇ ਫੁਲਵਾੜੀ ਨਾਲ ਫਲ

੧੨੧੭
੨੩

ਫੁੱਲ, ਮਹਿਕ ਆਪਣੀ ਵਿਚ ਟਿਕਾਵੇਗਾ । ਜੋ ਸਚ ਪ੍ਰੀਤੀ ਘੋਲੀ ਜਾਣ ਘੁਲ, ਘੋਲ ਘੁਮਾਈ ਆਪਣੇ ਲੇਖੇ ਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਖੇਲ ਖਿਲਾਵੇਗਾ । ਸਚ ਦੀ ਕਰਨੀ ਖੇਲ ਖਿਲਾਵਾਂਗਾ । ਸਤਿਗੁਰ ਸ਼ਬਦ ਸ਼ਬਦ ਡੰਕ ਵਜਾਵਾਂਗਾ । ਰਾਓ ਰੰਕ ਆਪ ਉਠਾਵਾਂਗਾ । ਦਵਾਰ ਬੰਕ ਇਕ ਸੁਹਾਵਾਂਗਾ । ਨਾਮ ਤਨਕ ਇਕ ਰਖਾਵਾਂਗਾ । ਲਹਿਣਾ ਦੇਣਾ ਪੂਰਾ ਕਰ ਕੇ ਜਨਕ, ਸੀਤਾ ਸਪੁਤਰੀ ਵੰਡ ਵੰਡਾਵਾਂਗਾ । ਕਲਜੁਗ ਕੂੜ ਕੁੜਿਆਰਾ ਧਰਮ ਦੀ ਧਾਰ ਚੁੱਕ ਕੇ ਧਨੁਖ, ਤੀਰ ਨਿਰਾਲਾ ਇਕ ਰਖਾਵਾਂਗਾ । ਜਗਤ ਜਗਿਆਸੂ ਆਪੇ ਪਰਖ, ਪਾਰਖੂ ਹੋ ਕੇ ਵੇਖ ਵਖਾਵਾਂਗਾ । ਜਨ ਭਗਤਾਂ ਦੇ ਕੇ ਦਰਸ, ਨਿਜ ਨੇਤਰ ਲੋਚਨ ਨੈਣ ਖੁਲਾਵਾਂਗਾ । ਅੰਮ੍ਰਿਤ ਮੇਘ ਅਗੰਮਾ ਬਰਸ, ਅਗਨੀ ਤਤ ਤਤ ਬੁਝਾਵਾਂਗਾ । ਪੂਰਬ ਜਨਮ ਦੀ ਪੂਰੀ ਕਰਾਂ ਸ਼ਰਤ, ਬਲ ਬਾਵਨ ਸੰਗ ਨਿਭਾਵਾਂਗਾ । ਬਣ ਵਾਲੀ ਜਗ ਜਹਾਨਾ ਉਤੇ ਅਰਸ਼, ਫ਼ਰਸ਼ ਉਤੇ ਸੋਭਾ ਪਾਈਆ । ਸ਼ਬਦੀ ਧਾਰ ਪੂਰਾ ਕਰ ਕੇ ਫ਼ਰਜ਼, ਲਹਿਣਾ ਦੇਣਾ ਹੱਥੋ ਹੱਥ ਫੜਾਵਾਂਗਾ । ਜੋਧਾ ਸੂਰ ਬਣ ਮਰਦਾਨਾ ਮਰਦ, ਮਰਦੰਗਾ ਇਕੋ ਨਾਮ ਵਜਾਵਾਂਗਾ । ਬਲ ਤੇਰੀ ਮਨਜ਼ੂਰ ਕਰ ਕੇ ਅਰਜ਼, ਆਰਜ਼ੂ ਆਪਣੇ ਨਾਲ ਰਖਾਵਾਂਗਾ । ਤੇਰੀ ਦੁਨੀਆਦਾਰੀ ਵਾਲੀ ਦੁਨੀਆ ਨਾਲ ਰਹੇ ਨਾ ਗ਼ਰਜ਼, ਗ਼ਰਜ਼ ਆਪਣੀ ਝੋਲੀ ਪਾਵਾਂਗਾ । ਤੇਰਾ ਹੋਣ ਨਾ ਦੇਵਾਂ ਹਰਜ, ਹਰਜ਼ਾਨੇ ਤੇਰੇ ਪੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਵਾਂਗਾ । ਬਲ ਕਹੇ ਸੁਣ ਮੇਰੇ ਧੁਰ ਦੇ ਬਾਵਨ, ਬਾਬਲ ਦਿਆਂ ਜਣਾਈਆ । ਤੂੰ ਸਵਾਮੀ ਪਤਤ ਪਾਵਨ, ਪਾਰਬ੍ਰਹਮ ਅਖਵਾਈਆ । ਤੂੰ ਦੁਸ਼ਟ ਸ਼ੰਘਾਰੇ ਬਣ ਕੇ ਰਾਮਾ ਰਾਮਨ, ਤੇਰੀ ਬੇਪਰਵਾਹੀਆ । ਤੂੰ ਕੰਸ ਪਕੜਿਆ ਪਛਾੜਿਆ ਜਗਤ ਦਾਮਨ, ਕਾਹਨਾ ਆਪਣੀ ਵੰਡ ਵੰਡਾਈਆ । ਤੂੰ ਸਤਿਗੁਰ ਸ਼ਬਦ ਬਣੇ ਜ਼ਾਮਨ, ਜ਼ੁੰਮੇਵਾਰ ਇਕ ਅਖਵਾਈਆ । ਜਿਸ ਨੂੰ ਨਾ ਕੋਈ ਤ੍ਰਿਸ਼ਨਾ ਨਾ ਕੋਈ ਤਾਮਨ, ਜਗਤ ਹਵਸ ਨਾ ਕੋਇ ਵਧਾਈਆ । ਜੋ ਕਹਿ ਕੇ ਗਿਆ ਸ਼ੁਕਰ ਪ੍ਰੋਹਤ ਬ੍ਰਾਹਮਣ, ਬ੍ਰਹਮ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸੁਹਾਈਆ । ਬਲ ਕਹੇ ਮੇਰੇ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਤੇਰੇ ਚਰਨ ਕਵਲ ਕੀਤਾ ਸਭ ਕੁਛ ਦਾਨ, ਪਿੱਠ ਆਪਣੀ ਜਗਤ ਵਖਾਈਆ । ਮੇਰਾ ਸਾਕ ਸੱਜਣ ਰਿਹਾ ਨਾ ਕੋਇ ਵਿਚ ਜਹਾਨ, ਪੱਲੂ ਸਾਰੇ ਗਏ ਛੁਡਾਈਆ । ਤੇਰਾ ਧਰਮ ਦਾ ਮੇਰੇ ਦਰ ਦਾ ਨਾ ਦਿਸੇ ਨਿਸ਼ਾਨ, ਮੈਂ ਕੀ ਕੀ ਕਹਿ ਸੁਣਾਈਆ । ਮੈਂ ਇਕੋ ਬੇਨੰਤੀ ਕਰਾਂ ਮੇਰੇ ਮਿਹਰਵਾਨ, ਮਿਹਰ ਨਜ਼ਰ ਲੈਣੀ ਟਿਕਾਈਆ । ਸਤਿਜੁਗ ਵਿਚ ਮੇਰਾ ਜ਼ਰੂਰ ਝੁਲੇਗਾ ਨਿਸ਼ਾਨ, ਨਾਥੇਵਾਲਾ ਸੋਭਾ ਪਾਈਆ । ਜੇ ਘਰ ਵਾਲਿਆਂ ਮੇਰੀ ਬੇਨੰਤੀ ਨਹੀਂ ਕੀਤੀ ਪ੍ਰਵਾਨ, ਜਿਥੇ ਮੇਰੀ ਭੂਮੀ ਸ਼ਮਸ਼ਾਨ, ਉਥੇ ਹੋਵੇ ਰੁਸ਼ਨਾਈਆ । ਸ਼ਹਿਨਸ਼ਾਹੀ ਸੰਮਤ ਇੱਕੀ ਵਿਚ ਜਿਸ ਵੇਲੇ ਨਵਾਂ ਬਣਿਆ ਵਿਧਾਨ, ਵਾਅਦੇ ਸਭ ਦੇ ਪੂਰ ਕਰਾਈਆ । ਸੰਮਤ ਦਸ ਤੇਰਾ ਭਗਤ ਦਵਾਰਾ ਦਿੱਲੀ ਵਿਚ ਹੋਣਾ ਮਹਾਨ, ਤੇਰੀ ਵੱਜੇ ਵਧਾਈਆ । ਮੇਰੀ ਖ਼ਾਕ ਮੇਰੀ ਰਾਖ ਜੋ ਸਿੰਘਾਸਣ ਥੱਲੇ ਰਖੀ ਮਿਹਰਵਾਨ, ਉਥੇ ਲੈ ਕੇ ਜਾਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਬਲ ਕਹੇ ਮੈਂ ਸਤਿਜੁਗ ਤੇਰੇ ਪਿਆਰ ਦਾ ਭੁੱਖਾ, ਪ੍ਰੀਤਮ ਤੇਰੇ ਵਿਚ ਸਮਾਈਆ । ਮੈਨੂੰ ਨਹੀਂ ਜਗਤ ਦਾ ਦੁੱਖਾ, ਦੁੱਖਾਂ ਵੰਡ ਨਾ ਕੋਇ ਵੰਡਾਈਆ ।

ਮੇਰਾ ਤੇਰੇ ਨਾਮ ਨਾਲ ਉਜੱਲ ਹੋਵੇ ਮੁਖਾ, ਦੁਰਮਤ ਮੈਲ ਧਵਾਈਆ । ਮੈਂ ਤੇਰਾ ਲਾਡਲਾ ਸੁਤਾ, ਸੁਤ ਦੁਲਾਰਾ ਨਜ਼ਰੀ ਆਈਆ । ਮੇਰੀ ਸੁਹੰਜਣੀ ਹੋਣੀ ਰੁੱਤਾ, ਰੁਤੜੀ ਤੇਰੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਬਲ ਕਹੇ ਮੇਰੇ ਸਤਿਗੁਰ ਦੀਨ ਦਿਆਲ, ਪਰਮ ਪੁਰਖ ਤੇਰੀ ਸਰਨਾਈਆ । ਮੈਂ ਤੇਰਾ ਬਿਨਾ ਤਤਾਂ ਤੋਂ ਲਾਲ, ਸਚਖੰਡ ਸੋਭਾ ਪਾਈਆ । ਜਗਤ ਰਿਸ਼ਤਿਆਂ ਵਿਚ ਗੁਰਦਿਆਲ, ਗੁਰ ਗੁਰ ਤੇਰੀ ਓਟ ਰਖਾਈਆ । ਮੇਰੀ ਆਸਾ ਰਖੀਂ ਸੰਭਾਲ, ਸੰਬਲ ਵਾਲਿਆ ਤੇਰੇ ਚਰਨ ਟਿਕਾਈਆ । ਜਿਸ ਵੇਲੇ ਨਾ ਕੋਈ ਸ਼ਾਹ ਰਿਹਾ ਨਾ ਕੰਗਾਲ, ਭੂਮੀ ਵਾਲਾ ਭੂਮ ਨਾ ਕੋਇ ਸੁਹਾਈਆ । ਮੇਰੀ ਸਦਾ ਬਣੀ ਰਹਿਣੀ ਧਰਮਸਾਲ, ਧਰਮ ਦਵਾਰਾ ਤੇਰੇ ਚਰਨਾਂ ਸੋਭਾ ਪਾਈਆ । ਤੂੰ ਆਪਣਾ ਗੁੱਝਾ ਖੇਲ ਕਰਨਾ ਕਮਾਲ, ਜਗਤ ਬੁੱਧੀ ਵਾਲਾ ਸਮਝੇ ਕੋਇ ਨਾ ਰਾਈਆ । ਤਿੰਨ ਅੱਸੂ ਤੂੰ ਸੁਣਨਾ ਮੇਰਾ ਹਾਲ, ਮੁਰਸ਼ਦਾ ਸੁਣਾਵਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਅੱਸੂ ਕਹੇ ਮੈਂ ਵਡ ਵਡਭਾਗਾ, ਧੁਰ ਭਾਗ ਵੱਡੇ ਹਰਿ ਪਾਇਆ । ਸੰਮਤ ਸੰਮਤੀ ਉਠ ਉਠ ਜਾਗਾ, ਆਲਸ ਨਿੰਦਰਾ ਲਾਹਿਆ । ਹੰਸ ਬਣਿਆ ਦਰ ਸਾਚੇ ਕਾਗਾ, ਹਉਮੇ ਰੋਗ ਮਿਟਾਇਆ । ਪਾਇਆ ਪਰਮ ਪੁਰਖ ਹਰਿ ਕੰਤ ਸੁਹਾਗਾ, ਨਾ ਮਰੇ ਨਾ ਜਾਇਆ । ਥਾਲ ਲਿਆਉਣ ਗੁਰਮੁਖ ਵਾਲੇ ਦੁਆਬਾ, ਦੋਹਰੀ ਵਾਰ ਸੁਣਾਇਆ । ਇਹ ਹੁਕਮ ਅਗੰਮਾ ਸਤਿਗੁਰ ਸ਼ਬਦ ਆਖਾ, ਬਿਨਾ ਅੱਖਰਾਂ ਅੱਖਰ ਪੜ੍ਹਾਇਆ । ਭੁੱਖਿਆਂ ਨੰਗਿਆਂ ਹੋਵੇ ਰਾਖਾ, ਘਰ ਘਰ ਦੇਵੇ ਰਿਜ਼ਕ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਇਆ । ਥਾਲ ਕਹਿਣ ਪ੍ਰਭ ਤੇਰੀ ਵਸਤੂ, ਥਿਰ ਘਰ ਵਾਸੀ ਦਇਆ ਕਮਾਈਆ । ਤੂੰ ਪੁਰਖ ਅਕਾਲਾ ਨੂਰ ਅਲਾਹੀ ਅਗੰਮੀ ਹਸਤੂ, ਹਸਤ ਕੀਟ ਸਮਾਈਆ । ਤੇਰਾ ਭਗਤ ਸੁਹੇਲਾ ਤੇਰੀ ਨਾਮ ਖ਼ੁਮਾਰੀ ਵਿਚ ਮਸਤੂ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਤੂੰ ਕਿਰਪਾ ਕਰ ਦੇ ਉਤੇ ਧਰਤੂ, ਧਵਲ ਹੋਣਾ ਸਹਾਈਆ । ਮਾਲਕ ਖ਼ਾਲਕ ਹੋ ਕੇ ਅਰਸ਼ੂ, ਅਰਸ਼ੀ ਪ੍ਰੀਤਮ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਥਾਲ ਕਹਿਣ ਅਸੀਂ ਪੁਰਾਣਾ ਲਾਹੁਣ ਆਏ ਉਧਾਰ, ਸਚ ਸਚ ਸੁਣਾਈਆ । ਅਸੀਂ ਬਲ ਦਵਾਰੇ ਹੁੰਦੇ ਸਾਂ ਦਰਬਾਨ, ਖ਼ੁਸ਼ੀਆਂ ਸੇਵ ਕਮਾਈਆ । ਜਿਸ ਵੇਲੇ ਬਾਵਨ ਪਹੁੰਚਿਆ ਆਣ, ਬਿਰਧ ਬ੍ਰਾਹਮਣ ਰੂਪ ਬਦਲਾਈਆ । ਚਾਰੇ ਵੇਦਾਂ ਲੱਗਾ ਗਾਣ, ਸੋਹਲੇ ਢੋਲੇ ਰਾਗ ਜਣਾਈਆ । ਬਿਨ ਨੈਣਾਂ ਲੱਗਾ ਤਕਾਣ, ਅੱਖੀਆਂ ਵਿਚੋਂ ਅੱਖ ਉਠਾਈਆ । ਬਿਨਾ ਸੁਣਦਾ ਜਾਏ ਕਾਨ, ਧੁਨ ਆਤਮ ਰਾਗ ਅਲਾਈਆ । ਫੇਰ ਨਿਗਾਹ ਮਾਰੀ ਜਿਥੇ ਬਲ ਦਾ ਸੀ ਪਕਵਾਨ, ਸੱਤਾਂ ਰੰਗਾਂ ਵੰਡ ਵੰਡਾਈਆ । ਉਹ ਸਾਰੇ ਅੰਦਰੇ ਅੰਦਰ ਹੋਏ ਹੈਰਾਨ, ਹੈਰਾਨੀ ਵਿਚ ਸੁਣਾਈਆ । ਵਾਹ ਸਾਡੇ ਭਗਵਾਨ, ਇਹ ਤੇਰੀ ਬੇਪਰਵਾਹੀਆ । ਅੱਜ ਛਤਰਧਾਰੀ ਤੇਰਾ ਅਸਮੇਧ ਜਗ ਕਰਦੇ ਤੇ ਤੈਨੂੰ ਹੋਣ ਪ੍ਰਵਾਨ, ਤੂੰ ਆਵੇਂ ਵੇਸ ਬਦਲਾਈਆ । ਉਹ ਨਿਗਾਹ ਮਾਰ ਲੈ ਕਲਜੁਗ ਕੂੜ ਕੁੜਿਆਰਾ ਦਿਸੇ ਸ਼ੈਤਾਨ, ਸ਼ਰਅ ਆਪਣੇ ਸੰਗ ਰਖਾਈਆ । ਧਰਮ ਦਾ ਧਰਮ ਨਾਲ ਬਣੇ ਨਾ ਕੋਇ ਵਿਧਾਨ, ਸਤਿ ਨਾਲ ਸਚ ਨਾ ਕੋਇ ਮਿਲਾਈਆ । ਉਸ ਵੇਲੇ ਮਾਣ ਰਹਿਣਾ ਨਹੀਂ ਸੀਤਾ ਰਾਮ, ਕਾਹਨ ਕ੍ਰਿਸ਼ਨ ਨਾ ਕੋਇ ਵਡਿਆਈਆ । ਕਲਮੇ ਵਾਲੇ ਕਰਨ ਹਰਾਮ, ਈਮਾਨ ਵਿਚ ਨਾ ਕੋਇ ਸਮਾਈਆ । ਸਤਿਨਾਮ

ਵਾਲੇ ਭੁਲਣ ਬਣ ਅੰਵਾਣ, ਬੁਧ ਬਿਬੇਕ ਨਾ ਕੋਇ ਵਖਾਈਆ । ਸਦੀ ਚੌਧਵੀਂ ਵਕਤ ਤੱਕ ਲੈ ਬਣ ਕੇ ਵਾਲੀ ਦੋ ਜਹਾਨ, ਦੋਹਰੀ ਆਪਣੀ ਖੇਲ ਖਿਲਾਈਆ । ਜਿਸ ਵੇਲੇ ਸਤਿ ਦਾ ਬਣੇ ਨਾ ਕੋਇ ਰਾਜਾਨ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਰਈਅਤ ਦੀ ਕਰੇ ਨਾ ਕੋਇ ਪਹਿਚਾਨ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਬਾਵਨ ਕਹੇ ਮੈਂ ਖੇਲ ਖਿਲਾਵਾਂਗਾ । ਆਵਣ ਜਾਵਣ ਵੇਸ ਵਟਾਵਾਂਗਾ । ਪਤਤ ਪਾਵਨ ਨਾਮ ਧਰਾਵਾਂਗਾ । ਗ਼ਰੀਬ ਨਿਮਾਣਿਆਂ ਦੇਵਾਂ ਮਾਨਣ, ਸਿਰ ਆਪਣਾ ਹੱਥ ਟਿਕਾਵਾਂਗਾ । ਬਿਨਾ ਭਗਤੀ ਤੋਂ ਭਗਤਾਂ ਨੂੰ ਦੇ ਕੇ ਬ੍ਰਹਮ ਗਿਆਨਨ, ਆਤਮ ਪਰਮਾਤਮ ਪਰਦਾ ਲਾਹਵਾਂਗਾ । ਉਨ੍ਹਾਂ ਦੇ ਸਨਮੁਖ ਹੋ ਕੇ ਦੋ ਜਹਾਨਾਂ ਬਣਾਂ ਜ਼ਾਮਨ, ਜ਼ਾਮਨੀ ਆਪਣੀ ਤੋੜ ਨਿਭਾਵਾਂਗਾ । ਨੇੜ ਨਾ ਆਵੇ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਮੇਟ ਮਿਟਾਵਾਂਗਾ । ਸਾਚਾ ਦਵਾਰਾ ਕਰ ਤਿਆਰ, ਭਗਤ ਦਵਾਰ ਇਕ ਸੁਹਾਵਾਂਗਾ । ਮੈਂ ਛਡ ਕੇ ਰਾਜਨ ਰਾਜ ਘਰ ਬਾਹਰ, ਗ਼ਰੀਬ ਨਿਮਾਣਿਆਂ ਅਗੇ ਝੋਲੀ ਡਾਹਵਾਂਗਾ । ਮੈਂ ਪਿਆਰ ਮੁਹੱਬਤ ਦਾ ਭੁੱਖਾ ਓ ਦੁਖੀਓ ਦੁੱਖਾਂ ਨਾਲ ਮੇਰਾ ਭਰ ਦਿਓ ਭੰਡਾਰ, ਇਹੋ ਮੰਗ ਮੰਗਾਵਾਂਗਾ । ਜੇ ਤੁਸੀਂ ਸਦੀ ਚੌਧਵੀਂ ਅੰਤ ਹੋਏ ਖ਼ੁਆਰ, ਖ਼ੁਆਰੀ ਸਭ ਦੀ ਮੇਟ ਮਿਟਾਵਾਂਗਾ । ਮੈਂ ਆਦਿ ਜੁਗਾਦਿ ਦਾ ਸਾਂਝਾ ਯਾਰ, ਵਿਛੜਿਆਂ ਯਾਰਾਂ ਫੇਰ ਰਲਾਵਾਂਗਾ । ਮੈਂ, ਬਲ ਦਵਾਰੇ ਸੱਤਾਂ ਰੰਗਾਂ ਵਿਚ ਭੋਜਨ ਕੀਤਾ ਤਿਆਰ, ਓਹ ਭਗਤੋ ਸੰਤੋ ਫ਼ਕੀਰੋ ਗ਼ਰੀਬੋ ਤੁਹਾਡੇ ਹੱਥਾਂ ਵਿਚ ਫੜਾਵਾਂਗਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖਤੋਂ ਦੇਣਾ ਉਤਾਰ, ਗ਼ਰੀਬ ਨਿਮਾਣਿਆਂ ਇਕੋ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਆਪਣਾ ਹੁਕਮ ਵਰਤਾਵਾਂਗਾ । ਸੱਤ ਥਾਲ ਕਹਿਣ ਸਾਡੀਆਂ ਐ ਪ੍ਰਭੂ ਬਿਨਾ ਆਸ਼ਾ ਤੋਂ ਮੰਗਾਂ, ਓਏ ਮੰਗਤਿਆ ਤੇਰੇ ਅਗੇ ਮੰਗ ਮੰਗਾਈਆ । ਤੇਰੀ ਨੂਰ ਜੋਤ ਦਾ ਪ੍ਰਕਾਸ਼ ਜਿਉਂ ਸਤਿ ਧਾਰ ਦਾ ਸਤਰੰਗਾ, ਸਤਿ ਜੋਤ ਵਾਲਿਆ ਤੇਰੀ ਸਰਬ ਹੋਵੇ ਰੁਸ਼ਨਾਈਆ । ਵਿਸ਼ਨੂੰ ਨੂੰ ਕਹਿ ਦੇ ਜੇ ਸਤਿਜੁਗ ਵਿਚ ਕਾਣੀ ਕੀਤੀ ਵੰਡਾ, ਵੰਡਣ ਵਾਲਿਆ ਤੇਰੀ ਬਦਲੀ ਦਿਆਂ ਕਰਾਈਆ । ਨਾਲੇ ਨਾਮ ਦਾ ਸਭ ਤੋਂ ਉਚਾ ਕਰਨਾ ਖੰਡਾ, ਖੰਡੇ ਖੜਗ ਖੜਕਾਉਣ ਵਾਲਿਆ ਖੰਡ ਖੰਡ ਫੇਰ ਨਾ ਕਰੀਂ ਲੋਕਾਈਆ । ਆਹ ਗੁਰਮੁਖਾਂ ਦੇ ਹੱਥ ਵਿਚ ਪਹਿਲੀ ਅੱਸੂ ਨੂੰ ਜਿਹੜਾ ਫੜਿਆ ਪ੍ਰੇਮ ਪਿਆਰ ਲੰਗਰ ਦਾ ਮੰਡਾ, ਇਹ ਮੰਡਲਾਂ ਮੰਡਪਾਂ ਦੇਣਾ ਵਰਤਾਈਆ । ਇਹ ਇਸ਼ਾਰਾ ਕਰ ਕੇ ਗਿਆ ਸੀ ਗੋਬਿੰਦ ਜਿਸ ਵੇਲੇ ਛੱਡਿਆ ਸੀ ਪੁਰੀ ਅਨੰਦਾ, ਅਨੰਦ ਵਿਚ ਗਿਆ ਸਮਾਈਆ । ਕਲਜੁਗ ਜਿਸ ਵੇਲੇ ਤੇਰਾ ਅੰਤਮ ਸਮਾਂ ਲੰਘਾ, ਆਪਣਾ ਪੰਧ ਮੁਕਾਈਆ । ਉਸ ਵੇਲੇ ਖੇਲ ਕਰੇ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸੱਤ ਥਾਲ ਕਹਿਣ ਜਨ ਭਗਤੋ ਪਹਿਲੀ ਅੱਸੂ ਤੋਂ ਸਭ ਦੀ ਕਟੀ ਭੁੱਖ, ਨਾਮ ਦਾ ਭੁੱਖਾ ਰਹਿਣ ਕੋਇ ਨਾ ਪਾਈਆ । ਤੁਸੀਂ ਰਾਤ ਨੂੰ ਖ਼ੁਸ਼ੀਆਂ ਵਿਚ ਸੌਣਾ ਤੇ ਸਤਿਗੁਰ ਤੁਹਾਡਾ ਤੁਹਾਡੇ ਘਰ ਘਰ ਜਾ ਕੇ ਕਢੇਗਾ ਦੁੱਖ, ਦੁਖੀਆਂ ਦਰਦ ਮਿਟਾਈਆ । ਪਰ ਯਾਦ ਕਰਨਾ ਪਰ ਫੇਰ ਤੁਹਾਨੂੰ ਮਾਤਾ ਦੇ ਗਰਭ ਵਿਚ ਏਸ ਨੇ ਉਲਟਾ ਹੋਣ ਨਹੀਂ ਦੇਣਾ ਰੁੱਖ, ਚੁਰਾਸੀ ਦਾ ਗੇੜ ਦੇਣਾ ਮੁਕਾਈਆ । ਕਿਤੇ ਪਿਆਰ ਨਾ ਕਰਿਓ ਜਨਨੀ ਵਾਲੀ ਕੁੱਖ, ਪੁਰਖ ਅਕਾਲ ਆਪਣੀ ਗੋਦ ਟਿਕਾਈਆ । ਉਥੇ ਤੁਸਾਂ ਤੂੰ ਮੇਰਾ ਮੈਂ ਤੇਰਾ ਪੜ੍ਹਨੀ ਤੁਕ, ਦੂਜਾ ਰਾਗ

੧੨੨੦
੨੩

ਨਾ ਕੋਇ ਅਲਾਈਆ । ਜੇ ਤੁਸੀਂ ਨਹੀਂ ਜਾਣਦੇ ਤੁਹਾਡਾ ਸਵਾਮੀ ਤੁਹਾਨੂੰ ਲਏ ਗੋਦੀ ਚੁੱਕ, ਫੜ ਬਾਹੋਂ ਗਲੇ ਲਏ ਲਗਾਈਆ । ਤੁਸੀਂ ਓਸ ਪ੍ਰਭੂ ਦੇ ਲਾਡਲੇ ਪੁੱਤ, ਜਿਹੜਾ ਸੁਤ ਅਪਰਾਧੀ ਆਪਣੇ ਰੰਗ ਰੰਗਾਈਆ । ਜਿਸ ਦਾ ਇਕ ਵਾਰ ਹਿਰਦਿਉਂ ਸੀਸ ਗਿਆ ਝੁਕ, ਉਸ ਨੂੰ ਰਾਏ ਧਰਮ ਨਾ ਦਏ ਸਜ਼ਾਈਆ । ਆਵਣ ਜਾਵਣ ਸਭ ਦਾ ਜਾਣਾ ਛੁੱਟ, ਛੁਟੀ ਲਿਵ ਫੇਰ ਦਏ ਲਗਾਈਆ । ਮਾਤਲੋਕ ਚੋਂ ਬੂਟਾ ਪੁੱਟ, ਸਚਖੰਡ ਸਾਚੇ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਥਾਲ ਕਹਿਣ ਸਤਿਗੁਰੂ ਮੇਰੇ ਨਾਲ ਕੌਲੀ ਤੇ ਗਲਾਸ, ਆਪਣਾ ਆਪਣਾ ਰੂਪ ਆਏ ਬਦਲਾਈਆ । ਕੁਛ ਉਨ੍ਹਾਂ ਨਾਲ ਕਰ ਬਚਨ ਬਿਲਾਸ, ਕੀ ਪਿਛਲਾ ਹਾਲ ਸੁਣਾਈਆ । ਇਹ ਸਾਰੇ ਕਹਿਣ ਸਾਨੂੰ ਵਰ ਦਿਤਾ ਸੀ ਰਾਮਦਾਸ, ਛੋਲੇ ਘੁੰਗਣੀਆਂ ਗ਼ਰੀਬਾਂ ਹੱਥ ਫੜਾਈਆ । ਇਕ ਦਿਨ ਯਾਦ ਵਿਚ ਹੋ ਗਿਆ ਉਦਾਸ, ਉਦਾਸੀ ਵਿਚ ਇਕ ਆਵਾਜ਼ ਲਗਾਈਆ । ਜੇ ਤੂੰ ਮੇਰਾ ਮਾਹੀ ਤੇ ਬੇਪ੍ਰਵਾਹੀ ਤੇ ਮੇਰੇ ਆ ਜਾ ਪਾਸ, ਕਿਉਂ ਬੈਠਾ ਪਿਠ ਭਵਾਈਆ । ਮੈਂ ਅੱਖਾਂ ਮੀਟੀਆਂ ਨਿਗਾਹ ਮਾਰੀ ਧਰਤੀ ਤੋਂ ਥੱਲੇ ਤੇ ਪਰੇ ਆਕਾਸ਼, ਤੇ ਆਕਾਸ਼ਾਂ ਤੋਂ ਪਰੇ ਵੇਖ ਵਖਾਈਆ । ਉਥੇ ਬਿਨਾ ਗੋਪੀ ਕਾਹਨ ਤੋਂ ਪੈਂਦੀ ਰਾਸ, ਜੋਤੀ ਨਾਲ ਜੋਤ ਤੇ ਜੋਤ ਨਾਲ ਜੋਤੀ ਮਿਲ ਕੇ ਆਪਣਾ ਰੰਗ ਰੰਗਾਈਆ । ਮੈਂ ਅਗੰਮਾ ਤੱਕਿਆ ਤਮਾਸ਼, ਕੀ ਖੇਲ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਕੌਲੀ ਗਿਲਾਸ ਕਹਿਣ ਸਾਡੇ ਨਾਲ ਚਮਚਾ ਛੋਟਾ ਨਿੱਕਾ, ਓ ਨਿੱਕਿਓ ਵੱਡਿਓ ਪ੍ਰਭੂ ਤੁਹਾਨੂੰ ਰਿਹਾ ਸੁਣਾਈਆ । ਸਾਨੂੰ ਸਚ ਦੱਸ ਦੇ ਕਲਜੁਗ ਤੋਂ ਬਾਦ ਸਤਿਜੁਗ ਕਿਸ ਤਰਾ

੧੨੨੧ ੨੩ ਬਦਲੇਗਾ ਸਿੱਕਾ, ਸਿਕਦਾਰ ਹੋ ਕੇ ਕਿਸ ਤਰਾ ਆਪਣਾ ਹੁਕਮ ਚਲਾਈਆ । ਕਿਸ ਤਰਾ ਬਣੇਗਾ ਪਿਆਰਾ ਮਿਤ੍ਰ ਮਿੱਤਾ, ਮੀਤ ਪਿਆਰੇ ਕੀ ਤੇਰੀ ਹੋਵੇ ਵਡਿਆਈਆ । ਕਲਜੁਗ ਜੀਵ ਤੈਨੂੰ ਵਸਣ ਨਹੀਂ ਦੇਂਦੇ ਅੰਦਰ ਚਿਤਾ, ਕਿਸ ਤਰਾ ਦੀ ਚਿਤ ਠਗੌਰੀ ਇਨ੍ਹਾਂ ਦੇ ਅੰਦਰੋਂ ਕਢਾਈਆ । ਤੂੰ ਤੇ ਕਹਿੰਦਾ ਮੈਂ ਤੇ ਕਰਾ ਦੇਣਾ ਆਤਮਾ ਪਰਮਾਤਮਾ ਦਾ ਹਿੱਤਾ, ਹਿਤਕਾਰੀ ਹੋ ਕੇ ਸਤਿਗੁਰ ਸ਼ਬਦ ਨਾਲ ਮਿਲਾਈਆ । ਪਰ ਸਚ ਦੱਸ ਕਲਜੁਗ ਦੀ ਚਹੁੰ ਕੂਟਾਂ ਵਿਚ ਕਿੱਥੇ ਕਿੱਥੇ ਬਣਨੀ ਚਿਤਾ, ਤੇ ਕਵਣ ਚਿਖਾ ਵਿਚ ਦੀਨ ਦੁਨੀ ਦਏ ਜਲਾਈਆ । ਤੇਰਾ ਖੇਲ ਸਦਾ ਅਨਡਿੱਠਾ, ਅਨਡਿੱਠੜੇ ਆਪਣਾ ਪਰਦਾ ਦੇਣਾ ਉਠਾਈਆ । ਬੇਸ਼ਕ ਅਵਤਾਰ ਪੈਗ਼ੰਬਰਾਂ ਗੁਰੂਆਂ ਕਿਹਾ ਤੇਰਾ ਭਾਣਾ ਮੰਨਣਾ ਮਿੱਠਾ, ਬੇਵਸ ਹੋ ਕੇ ਤੇਰੇ ਢੋਲੇ ਗਏ ਗਾਈਆ । ਪਰ ਮੇਰੇ ਕੋਲ ਤੇਰਾ ਆਹ ਵੇਖ ਉਹ ਪੁਰਾਣਾ ਚਿੱਠਾ, ਜਿਸ ਨੂੰ ਚਿੱਠੀ ਰਸੈਣ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੇਰਿਆ ਕਰਤਿਆ, ਤੈਨੂੰ ਕਰਤਾ ਪੁਰਖ ਕਹਿ ਕਹਿ ਸਾਰੇ ਗਏ ਵਡਿਆਈਆ । ਤੂੰ ਮਾਲਕ ਵੱਡਾ ਧਰਤਿਆ, ਧਰਨੀ ਧਰਤ ਧਵਲ ਧੌਲ ਉਤੇ ਡੇਰਾ ਲਾਈਆ । ਜੇ ਤੂੰ ਸਵਾਮੀ ਹੈਂ ਨਿਹਕਾਮੀ ਹੈਂ, ਅੰਤਰਜਾਮੀ ਹੈਂ ਓ ਗ਼ਰੀਬਾਂ ਵਾਸਤੇ ਹੁਣ ਪਰਤ ਆ, ਓ ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਵੇਖ ਲੈ ਕਿਸ ਤਰਾ ਦੀਨ ਦੁਨੀਆ ਦੀ ਹੁੰਦੀ ਹੱਤਿਆ, ਹੱਤਿਆਰੀ ਹੋਈ ਲੋਕਾਈਆ । ਚਾਰੋਂ ਕੁੰਟ ਨਿਗਾਹ ਮਾਰ ਲੈ ਨਾ ਕਿਤੇ ਧਰਮ ਨਾ ਕਿਤੇ ਸਤਿਆ, ਸਤਿ ਸਤਿਵਾਦੀ ਨਜ਼ਰ ਕਿਸੇ ਨਾ ਆਈਆ । ਬੇਸ਼ਕ ਤੇਰਾ ਅਨੇਕ ਮੰਦਰ ਸ਼ਿਵਦਵਾਲਾ ਮਠਿਆ, ਮਸੀਤਾਂ ਚਰਚਾਂ ਗੁਰੂਦਵਾਰਿਆਂ ਵੰਡ ਵੰਡਾਈਆ । ਚਾਰੋਂ ਕੁੰਟ ਤੱਕ ਲੈ ਅੰਗਿਆਰਾ ੧੨੨੧ ੨੩

ਤਪੇ ਭੱਠਿਆ, ਭਠਿਆਲਾ ਕਲਜੁਗ ਦੇ ਹੱਥੀਂ ਅਗਨੀ ਰਿਹਾ ਢਾਹੀਆ । ਜਿਧਰ ਤੱਕੇ ਕੂੜ ਕੁੜਿਆਰ ਦਾ ਉਡੇ ਘਟਿਆ, ਤੇਰੇ ਚਰਨਾਂ ਧੂੜੀ ਖ਼ਾਕ ਨਾ ਕੋਇ ਰਮਾਈਆ । ਹੁਣ ਤੇ ਪਿਛਲਾ ਵੇਲਾ ਜਾਂਦਾ ਟੱਪਿਆ, ਟਾਪੂਆਂ ਦਾ ਝਗੜਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਲੰਗਰ ਕਹੇ ਮੇਰਾ ਪ੍ਰੇਮ ਪਿਆਰ ਦਾ ਪ੍ਰਸ਼ਾਦਾ, ਪ੍ਰਸ਼ਾਦੀ ਸਤਿਗੁਰ ਦਇਆ ਕਮਾਈਆ । ਜਗਤ ਜਹਾਨ ਗ਼ਰੀਬ ਨਿਮਾਣਿਆਂ ਹੋਵੇ ਵਾਧਾ, ਭੁੱਖਿਆਂ ਮਿਲੇ ਮਾਣ ਵਡਿਆਈਆ । ਜਗਤ ਦਾ ਜਗਤ ਵਿਚੋਂ ਬਦਲ ਜਾਣਾ ਸਮਾਜਾ, ਸਮਗਰੀ ਸਤਿ ਵਾਲੀ ਵਰਤਾਈਆ । ਅੱਸੂ ਕਹੇ ਸ਼ਹਿਨਸ਼ਾਹੀ ਸੰਮਤ ਨੌਂ ਤੇ ਮੇਰੀ ਯਾਦ ਰਖਣੀ ਅਜ ਦੀ ਆਜਾ, ਪ੍ਰਵਿਸ਼ਟਾ ਪਹਿਲਾ ਨਾਲ ਮਿਲਾਈਆ । ਇਹ ਖੇਲ ਕਰੇ ਮੇਰਾ ਮੋਹਨ ਮਾਧਵ ਮਾਧਾ, ਮਧੁਰ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਪਹਿਲੀ ਅੱਸੂ ਕਹੇ ਜਨ ਭਗਤੋ ਪ੍ਰਭੂ ਪਿਆਰ ਦਾ ਲੈਣਾ ਪਿਆਰ, ਪਿਆਰ ਪ੍ਰੀਤਮ ਝੋਲੀ ਪਾਈਆ । ਪਿਛਲੇ ਜਨਮ ਦਾ ਨਾ ਰਹੇ ਉਧਾਰ, ਕਰਮ ਕਾਂਡ ਦਾ ਡੇਰਾ ਢਾਹੀਆ । ਆਤਮਾ ਪਰਮਾਤਮਾ ਬਣਾਉਣਾ ਮੀਤ ਮੁਰਾਰ, ਮਿਤਰ ਪਿਆਰਾ ਇਕੋ ਸੋਭਾ ਪਾਈਆ । ਜੋ ਆਦਿ ਜੁਗਾਦੀ ਯਾਰਾਂ ਦਾ ਯਾਰ, ਯਰਾਨਾ ਸਕੇ ਨਾ ਕੋਇ ਤੁੜਾਈਆ । ਜੇ ਤੁਹਾਨੂੰ ਖ਼ੁਸ਼ੀ ਨਾਲ ਕਲਜੁਗ ਵਿਚ ਬਣਾਇਆ ਆਪਣੇ ਬਰਖ਼ੁਰਦਾਰ, ਮਿਹਰ ਨਜ਼ਰ ਨਜ਼ਰ ਇਕ ਉਠਾਈਆ । ਤੁਹਾਡੇ ਜਨਮ ਕਰਮ ਦੇ ਪੂਰਬ ਲੇਖੇ ਦਏ ਨਿਵਾਰ, ਝਗੜਾ ਅਵਰ ਰਹੇ ਨਾ ਰਾਈਆ । ਦਰ ਆਇਆਂ ਸਭ ਦਾ ਮਾਣਸ ਜਨਮ ਦਏ ਸਵਾਰ, ਸਵਾਰਥ ਪਰਮਾਰਥ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਰਕਾਰੇ ਆਲਾ ਖ਼ੁਦਾ ਤੁਆਲਾ ਇਕੋ ਇਕ ਇਕ ਅਖਵਾਈਆ ।



## ✪ ੨ ਅੱਸੂ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਮੈਣੀਆਂ ਜ਼ਿਲਾ ਅੰਮ੍ਰਿਤਸਰ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਪ੍ਰਭ ਦਾਤਾ ਗੁਣੀ ਗਹੀਰਾ, ਗਹਿਰ ਗਵਰ ਅਗੰਮ ਅਥਾਹ ਇਕ ਅਖਵਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੀਰਨ ਪੀਰਾ, ਪਾਤਸ਼ਾਹ ਪਰਵਰਦਿਗਾਰ ਨੂਰ ਅਲਾਹੀਆ । ਜਿਸ ਦਾ ਸ਼ਬਦ ਦੁਲਾਰਾ ਏਕੰਕਾਰਾ ਨਾਮ ਨਿਧਾਨਾ ਸੀਸ ਬੰਧਾਏ ਚੀਰਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਉਹ ਸੰਤ ਸੁਹੇਲਾ ਇਕ ਅਕੇਲਾ ਹਰਿ ਭਗਤ ਪਛਾਣੇ ਆਪਣਾ ਹੀਰਾ, ਕੋਟਨ ਕੋਟ ਕੋਟਾਂ ਵਿਚੋਂ ਧਿਆਨ ਲਗਾਈਆ । ਅੰਤਰ ਆਤਮ ਪਰਮਾਤਮ ਹੋ ਕੇ ਦੇਵੇ ਧੀਰਾ, ਧੀਰਜ ਜਤ ਸਤਿ ਸੰਤੋਖ ਆਪਣੇ ਹੱਥ ਰਖਾਈਆ । ਜਿਸ ਲੇਖੇ ਲਾਇਆ ਰਵੀਦਾਸ ਕਬੀਰਾ, ਕੌਡੀ ਕੌਡੀ ਆਪਣਾ ਰੰਗ ਰੰਗਾਈਆ । ਉਹ ਲਹਿਣਾ ਦੇਣਾ ਕਲਜੁਗ ਅੰਤ ਜਾਣੇ ਗੁਣੀ ਗਹੀਰਾ, ਭੇਵ ਅਭੇਦਾ ਅਛਲ ਅਛੇਦਾ ਆਪਣੇ ਵਿਚ ਛੁਪਾਈਆ । ਜਿਸ ਦੀ ਜਗ ਨੇਤਰ ਨਜ਼ਰ ਨਾ ਆਏ ਕਿਸੇ ਤਸਵੀਰਾ, ਤਸੱਵਰ ਕਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਹਰਿ

ਕਰਤਾ ਇਕ ਅਗੰਮ, ਅਗੰਮੜੀ ਖੇਲ ਖਿਲਾਈਆ । ਜੋ ਲੇਖਾ ਜਾਣੇ ਪਵਣ ਸਵਾਸੀ ਦਮ, ਦਾਮਨਗੀਰ ਲੱਖ ਚੁਰਾਸੀ ਸੋਭਾ ਪਾਈਆ । ਜਿਸ
ਭੇਵ ਚੁਕਾਉਣਾ ਆਤਮ ਧਾਰ ਬ੍ਰਹਮ, ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਈਆ । ਜਿਸ ਲੇਖਾ ਤੱਕਣਾ ਹਰਖ ਸੋਗ ਗ਼ਮ, ਚਿੰਤਾ ਚਿਖਾ ਖੋਜ ਖੁਜਾਈਆ ।
ਜਿਸ ਝਗੜਾ ਮੇਟਣਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਸਭ ਦੀ ਦਏ ਬਦਲਾਈਆ । ਜਿਸ ਨੌ ਖੰਡ ਪ੍ਰਿਥਮੀ ਇਕ ਬਣਾਉਣਾ ਧਰਮ, ਦੂਜੀ
ਵੰਡ ਨਾ ਕੋਇ ਵੰਡਾਈਆ । ਇਕੋ ਸਰਨ ਸਰਨਾਈ ਹੋਵੇ ਪੁਰਖ ਅਕਾਲੇ ਚਰਨ, ਦੂਜਾ ਇਸ਼ਟ ਨਾ ਕੋਇ ਦ੍ਰਿੜਾਈਆ । ਜਨ ਭਗਤਾਂ ਖੋਲੇ ਹਰਨ
ਫਰਨ, ਨਿਜ ਲੋਚਨ ਡਗਮਗਾਈਆ । ਸਚ ਪ੍ਰੀਤੀ ਬਖ਼ਸ਼ੇ ਚਰਨ, ਚਰਨੋਦਕ ਧੁਰ ਦਾ ਜਾਮ ਪਿਆਈਆ । ਲੇਖਾ ਮੁਕਾਏ ਡਰਨ ਮਰਨ, ਚੁਰਾਸੀ
ਫਾਸੀ ਨਾ ਕੋਇ ਲਟਕਾਈਆ । ਤੂੰ ਮੇਰਾ ਮੈਂ ਤੇਰਾ ਹਰਿਜਨ ਆਤਮ ਪਰਮਾਤਮ ਢੋਲੇ ਪੜ੍ਹਨ, ਸੋਹੰ ਸ਼ਬਦ ਸ਼ਬਦ ਜਣਾਈਆ । ਸਾਚੀ ਮੰਜ਼ਲ
ਪੌੜੀ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਕਿਲਾ ਤੋੜ ਹੰਕਾਰੀ ਗੜ੍ਹਨ, ਹਉਮੇ ਹੰਗਤਾ ਮੇਟ ਮਿਟਾਈਆ । ਦਰਗਾਹ ਸਾਚੀ ਸਾਚੇ ਵੜਨ,
ਹਰਿ ਸਚ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ ।
ਸਤਿਗੁਰ ਸ਼ਬਦ ਕਹੇ ਹਰਿ ਦਾਤਾ ਜੋਧਾ ਸੂਰ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਆਦਿ ਜੁਗਾਦੀ ਆਸਾ ਮਨਸਾ ਪੂਰ, ਹਰਿ ਪੁਰਖ ਨਿਰੰਜਣ
ਅਗੰਮ ਅਥਾਹੀਆ । ਦਰਸ਼ਨ ਦੇਵੇ ਹਾਜ਼ਰ ਹਜ਼ੂਰ, ਏਕੰਕਾਰਾ ਇਕ ਇਕੱਲਾ ਆਪਣਾ ਪਰਦਾ ਲਾਹੀਆ । ਨਾਮ ਖ਼ੁਮਾਰੀ ਬਖ਼ਸ਼ ਸਰੂਰ, ਆਦਿ
ਨਿਰੰਜਣ ਜੋਤੀ ਜਾਤਾ ਡਗਮਗਾਈਆ । ਨਾਤਾ ਤੋੜ ਕੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕੂੜ, ਅਬਿਨਾਸ਼ੀ ਕਰਤਾ ਹੋਏ ਆਪ ਸਹਾਈਆ । ਜਨ ਭਗਤਾਂ
ਬਖ਼ਸ਼ ਚਰਨ ਧੂੜ, ਸ੍ਰੀ ਭਗਵਾਨਾ ਰੰਗ ਰੰਗਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲਾਈਆ । ਸਤਿਗੁਰ
ਸ਼ਬਦ ਕਹੇ ਮੇਰਾ ਆਦਿ ਅੰਤ ਦਾ ਇਕ ਦਸਤੂਰ, ਦੋ ਜਹਾਨਾਂ ਹੁਕਮ ਮਨਾਈਆ । ਮੇਰੇ ਸਾਰੇ ਹੋਵਣ ਮਸ਼ਕੂਰ, ਸ਼ੁਕਰੀਏ ਸ਼ੁਕਰਾਨੇ ਵਿਚ ਸੀਸ
ਨਿਵਾਈਆ । ਮੇਰਾ ਲਹਿਣਾ ਦੇਣਾ ਲੇਖਾ ਨੇੜੇ ਦੂਰ, ਦੂਰ ਦੁਰਾਡਾ ਆਪਣਾ ਖੇਲ ਖਿਲਾਈਆ । ਜਨ ਭਗਤਾਂ ਬਖ਼ਸ਼ ਨਾਮ ਸਰੂਰ, ਸੁਰਤੀ ਸ਼ਬਦ
ਨਾਲ ਜੁੜਾਈਆ । ਜੋ ਮੂਸਾ ਆਸਾ ਕੀਤੀ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਧਿਆਨ ਲਗਾਈਆ । ਉਹ ਬੇਨੰਤੀ ਕਰਾਂ ਮਨਜ਼ੂਰ, ਮਨਸਾ ਮਾਨਸਾਂ
ਤੋਂ ਬਾਹਰ ਦਿਆਂ ਵਡਿਆਈਆ । ਜੋ ਹਜ਼ਰਤ ਈਸਾ ਤੱਕਿਆ ਅਗੰਮਾ ਨੂਰ, ਨੂਰ ਨੁਰਾਨਾ ਡਗਮਗਾਈਆ । ਉਹਦਾ ਲਹਿਣਾ ਦੇਣਾ ਲੇਖਾ ਪੂਰਾ
ਕਰਨਾ ਜ਼ਰੂਰ, ਜ਼ਰੂਰਤ ਸਭ ਦੀ ਝੋਲੀ ਪਾਈਆ । ਜੁਗ ਬਦਲਣਾ ਪ੍ਰਭ ਦਾ ਆਦਿ ਅੰਤ ਦਾ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ
ਅੰਤਮ ਹੋਣਾ ਪੈਣਾ ਮਜਬੂਰ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਉਹ ਲੇਖਾ ਵੇਖ ਲੈ ਜਿਸ ਕਾਰਨ ਸੂਲੀ ਚੜ੍ਹਿਆ ਮਨਸੂਰ, ਸੂਲਾਂ ਸਥਰ ਯਾਰੜੇ
ਦਾ ਯਾਰ ਗਿਆ ਹੰਢਾਈਆ । ਸੋ ਸਵਾਮੀ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਜਿਸ ਨਾਤਾ ਤੋੜਨਾ ਕਲਜੁਗ ਕੂੜੋ ਕੂੜ,
ਕੂੜੀ ਕਿਰਿਆ ਡੇਰਾ ਢਾਹੀਆ । ਗ਼ਰੀਬ ਨਿਮਾਣਿਆਂ ਬਖ਼ਸ਼ੇ ਚਰਨ ਧੂੜ, ਟਿੱਕੇ ਧੁਰ ਦੇ ਨਾਮ ਰਮਾਈਆ । ਜਨਮ ਜਨਮ ਦੇ ਬਖ਼ਸ਼ ਕਸੂਰ,
ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ ।
ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਇਕ ਸੁਲਤਾਨਾ, ਸਤਿਗੁਰ ਦਾਤਾ ਬੇਪਰਵਾਹੀਆ । ਸੂਰਬੀਰ ਨੌਜਵਾਨਾ, ਨੂਰ ਨੁਰਾਨਾ ਨੂਰ ਅਲਾਹੀਆ ।

੧੨੨੩
੨੩

ਜਿਸ ਦੇ ਹੁਕਮ ਵਿਚ ਬਦਲ ਜਾਏ ਜ਼ਮਾਨਾ, ਜ਼ਿਮੀਂ ਅਸਮਾਨ ਸੀਸ ਝੁਕਾਈਆ । ਨਿਵ ਨਿਵ ਤੱਕਣ ਸੀਆ ਰਾਮਾ, ਗੋਪੀ ਕਾਹਨ ਧਿਆਨ ਲਗਾਈਆ । ਜਿਸ ਨੂੰ ਪੈਗੰਬਰਾਂ ਕਿਹਾ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਉਹ ਵਜਾਏ ਇਕ ਦਮਾਮਾ, ਜਗਤ ਜਹਾਨ ਕਰੇ ਸ਼ਨਵਾਈਆ । ਜਿਸ ਸ਼ਰਅ ਜੰਜ਼ੀਰ ਤੋੜਨੀ ਕੋਈ ਰਹੇ ਨਾ ਮਜ਼੍ਹਬ ਗ਼ੁਲਾਮਾ, ਤੰਦੀ ਤੰਦ ਨਾ ਕੋਇ ਬੰਧਾਈਆ । ਸਤਿਜੁਗ ਸਤਿ ਦਾ ਬਦਲ ਜਾਏ ਵਿਧਾਨਾ, ਵਿਦਿਆ ਤੋਂ ਬਾਹਰ ਆਪ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਮਾਲਕ ਇਕ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਲੇਖਣੀ ਲਿਖ ਸਕੇ ਨਾ ਰਾਈਆ । ਉਹ ਲੇਖਾ ਜਾਣੇ ਲੱਖ ਚੁਰਾਸੀ ਕਾਇਆ ਗੜ੍ਹ ਹੰਗਤ, ਹੰ ਬ੍ਰਹਮ ਭੇਵ ਚੁਕਾਈਆ । ਬੋਧ ਅਗਾਧਾ ਬਣ ਕੇ ਪੰਡਤ, ਵੇਦ ਕਿਤੇਬਾਂ ਵੇਖ ਵਖਾਈਆ । ਸਰਬ ਸਵਾਮੀ ਹੋ ਕੇ ਕੰਤ, ਕੰਤ ਕੰਤੂਹਲ ਵਡ ਵਡ ਵਡਿਆਈਆ । ਜਿਸ ਦੀ ਮਾਇਆ ਸਦਾ ਬੇਅੰਤ, ਬੇਐਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਪੁਰਖ ਅਕਾਲਾ ਧੁਰ ਦਾ ਮੀਤਾ, ਮਿਤ੍ਰ ਪਿਆਰਾ ਇਕ ਅਖਵਾਈਆ । ਜਿਸ ਦੀ ਧਰਮ ਧਾਰ ਦੀ ਰੀਤਾ, ਦੂਸਰ ਵੰਡ ਨਾ ਕੋਇ ਵੰਡਾਈਆ । ਰੂਪ ਜਣਾ ਕੇ ਨੀਕਣ ਨੀਕਾ, ਵਡ ਵੱਡਾ ਆਪ ਅਖਵਾਈਆ । ਜਿਸ ਜਗਤ ਮੇਟਣਾ ਸ਼ਰੀਕਾ, ਚਾਰੋਂ ਕੁੰਟ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
 ਜਨ ਭਗਤਾਂ ਅੰਤਰ ਤੇਰੀ ਇਕੋ ਰਹੇ ਪ੍ਰੇਮ ਦੀ ਪ੍ਰੀਤਾ, ਪ੍ਰੀਤਮ ਪਰਮਾਤਮ ਆਤਮ ਵਿਛੜ ਕਦੇ ਨਾ ਜਾਈਆ । ੧੨੨੪ ੨੩

### ✪ ੩ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮੈਣੀਆਂ ਜ਼ਿਲਾ ਅੰਮ੍ਰਿਤਸਰ ਗੁਰਦਿਆਲ ਸਿੰਘ ਦੇ ਘਰ ਸਵੇਰੇ ✪

ਅੱਸੂ ਤਿੰਨ ਕਹੇ ਮੈਂ ਹੋਇਆ ਖ਼ੁਸ਼ਹਾਲ, ਖ਼ੁਸ਼ੀਆਂ ਢੋਲੇ ਗਾਈਆ । ਕਿਰਪਾ ਕਰੇ ਪੁਰਖ ਅਕਾਲ, ਅਕਲ ਕਲਧਾਰੀ ਧੁਰਦਰਗਾਹੀਆ । ਮੇਰੀ ਜੁਗ ਚੌਕੜੀ ਦੀ ਵਸਤ ਰਖੀ ਸੰਭਾਲ, ਸੰਬਲ ਬਹਿ ਰਿਹਾ ਵਰਤਾਈਆ । ਮੈਂ ਬਣਿਆ ਸ਼ਾਹ ਨਾ ਰਿਹਾ ਕੰਗਾਲ, ਦਲਿਦਰਾਂ ਡੇਰਾ ਢਾਹੀਆ । ਸਵਾਮੀ ਹੋ ਕੇ ਮੇਰੇ ਨਾਲ, ਆਪਣਾ ਰੰਗ ਰੰਗਾਈਆ । ਬਣਾ ਕੇ ਸਾਚਾ ਲਾਲ, ਸਚ ਦਿਆਂ ਵਡਿਆਈਆ । ਬਲ ਕਰ ਪ੍ਰਿਤਪਾਲ, ਬਾਵਨ ਖੇਲ ਖਿਲਾਈਆ । ਦੇ ਵਡਿਆਈ ਨਾਮ ਗੁਰਦਿਆਲ, ਸਿੰਘ ਗੁਰਦਿਆਲ ਘਰ ਆਪਣਾ ਖੇਲ ਦਿਤਾ ਕਰਾਈਆ । ਇਹਨਾਂ ਦੋਹਾਂ ਦਾ ਪਿਛਲਾ ਹਾਲ, ਸੱਜਣ ਮੀਤ ਸੋਭਾ ਪਾਈਆ । ਅੱਠੀ ਦਿਨੀਂ ਇਕ ਦੂਜੇ ਦਾ ਕਰਦੇ ਸੀ ਜਮਾਲ, ਨੈਣ ਨੈਣਾਂ ਵਿਚ ਮਿਲਾਈਆ । ਸੁਰਤੀ ਵਿਚ ਸੁਰਤ ਕਰ ਖ਼ਿਆਲ, ਅੰਤਰ ਅੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅੱਸੂ ਤਿੰਨ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨੱਚਾ, ਜਨ ਭਗਤੋ ਚਾਓ ਘਨੇਰਾ ਜਣਾਈਆ । ਤੁਹਾਨੂੰ ਬਚਨ ਅਗੰਮਾ ਦੱਸਾਂ ਸੱਚਾ, ਸਚਿਓ ਦਿਆਂ ਸਮਝਾਈਆ । ਪੁਰਖ ਅਕਾਲ ਦਾ ਲੇਖਾ ਨਹੀਂ ਕੱਚਾ, ਕੰਚਨ ਗੜ੍ਹ ਹੋਏ ਸਹਾਈਆ । ਉਹਦਾ ਭੇਵ ਜਾਣੇ ਕੋਇ ਨਾ ਪਤਾ, ਪਤਿਪਰਮੇਸ਼ਵਰ ਧੁਰਦਰਗਾਹੀਆ ।

ਜਿਸ ਦੀ ਆਦਿ ਜੁਗਾਦਿ ਧਰਮ ਦੀ ਸਤ੍ਰਾ, ਸਤਿ ਸਤਿਵਾਦੀ ਨੂਰ ਅਲਾਹੀਆ । ਉਹਦਾ ਸਭ ਤੋਂ ਡੂੰਘਾ ਖਾਤਾ, ਖਾਤਾ ਸਮਝ ਕੋਇ ਨਾ ਆਈਆ । ਜੋ ਵਸੇ ਬਾਹਰ ਦੀਨਾਂ ਜ਼ਾਤਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਆਤਮ ਧਾਰ ਜਗਤ ਦਾ ਨਾਤਾ, ਪਰਮਾਤਮ ਮੇਲ ਮਿਲਾਈਆ । ਉਹ ਖੇਲੇ ਖੇਲ ਬਹੁ ਬਿਧ ਭਾਂਤਾ, ਆਪਣਾ ਭੇਵ ਚੁਕਾਈਆ । ਜਨ ਭਗਤਾਂ ਬਣ ਕੇ ਪਿਤਾ ਮਾਤਾ, ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਅੱਸੂ ਤਿੰਨ ਕਹੇ ਮੈਂ ਤੱਕਾਂ ਸੂਰੀਆਂ ਚੰਦਰ, ਅਕਾਸ਼ ਅਕਾਸ਼ਾ ਧਿਆਨ ਲਗਾਈਆ । ਨਵ ਸੱਤ ਦੇ ਤੱਕਾਂ ਮੰਦਰ, ਬ੍ਰਹਿਮੰਡਾਂ ਖੋਜ ਖੁਜਾਈਆ । ਧਰਮ ਦਾ ਸਾਚੇ ਘਰ ਵੱਜਾ ਜੰਦਰ, ਕੁੰਜੀ ਨਾਮ ਨਾ ਕੋਇ ਲਗਾਈਆ । ਇਨਸਾਨ ਹੈਵਾਨ ਹੋ ਗਏ ਪਸ਼ੂ ਡੰਗਰ, ਪੰਛੀਆਂ ਖੱਲ ਲੁਹਾਈਆ । ਮਨੂਆ ਦਹਿ ਦਿਸ਼ ਭਵੇ ਬੰਦਰ, ਬੰਦਨਾ ਵਿਚ ਨਾ ਕੋਇ ਸਮਾਈਆ । ਲੇਖਾ ਦਿਸੇ ਨਾ ਕਿਸੇ ਡੂੰਘੀ ਕੰਦਰ, ਪਰਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਤਿੰਨ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਭਗਤੋ ਦਿਆਂ ਜਣਾਈਆ । ਸਾਰੇ ਨੈਣ ਮੀਟ ਕੇ ਮੰਗ ਲਓ ਮੰਗਾ, ਅੰਤਰ ਅੰਤਰ ਧਿਆਨ ਲਗਾਈਆ । ਪੁਰਖ ਅਕਾਲੇ ਸਾਨੂੰ ਬਖ਼ਸ਼ ਦੇ ਆਪਣਾ ਅਨੰਦਾ, ਅਨੰਦ ਸਾਡੀ ਝੋਲੀ ਪਾਈਆ । ਤੇਰਾ ਭਗਤ ਰਹੇ ਕੋਇ ਨਾ ਮੰਦਾ, ਮੰਦ ਭਾਗ ਨਜ਼ਰ ਕੋਇ ਨਾ ਆਈਆ । ਸਭ ਦੇ ਮਗਰ ਲਗਾ ਦੇ ਸ਼ਬਦੀ ਡੰਡਾ, ਡੰਡਾਵਤ ਅੰਦਰੋਂ ਦੇ ਬਦਲਾਈਆ । ਸੜਦਾ ਸੀਨਾ ਸਭ ਦਾ ਹੋਵੇ ਠੰਡਾ, ਨਿਗਾਹ ਨਿਗਾਹ ਨਾਲ ਲਓ ਮਿਲਾਈਆ । ਕਲਜੁਗ ਕੂੜ ਕੁੜਿਆਰ ਦਾ ਹੋਵੇ ਅੰਤਮ ਕੰਢਾ, ਕੰਢੀ ਘਾਟ ਬੈਠਾ ਰਾਹ ਤਕਾਈਆ । ਲੇਖਾ ਲੇਖ ਵੇਖੋ ਪੂਰਬ ਸੰਦਾ, ਕੀ ਸੰਧੀ ਰਹੀ ਜਣਾਈਆ । ਜਿਸ ਦਾ ਸਫ਼ਰ ਨਹੀਂ ਕੋਈ ਲੰਮਾ, ਪਾਂਧੀ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਤਿੰਨ ਕਹੇ ਜਨ ਭਗਤੋ ਤੁਹਾਡੇ ਚਰਨ ਕਵਲ ਧਰਮਸਾਲਾ, ਚਾਰ ਜੁਗ ਦੀ ਦਿਤੀ ਬਣਾਈਆ । ਤੁਹਾਡੇ ਪ੍ਰੇਮ ਦੀ ਦੀਨ ਦੁਨੀ ਦੀ ਹੋਵੇ ਮਾਲਾ, ਮਨ ਕੇ ਮਣਕਿਆਂ ਨਾਲ ਭਵਾਈਆ । ਤੁਹਾਡਾ ਪਿਆਰ ਜਗਿਆਸੂਆਂ ਤੋੜੇ ਜਗਤ ਜੰਜਾਲਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਫਲ ਲਗਾਏ ਕਾਇਆ ਡਾਲਾ, ਪੱਤ ਟਹਿਣੀ ਨਾਲ ਮਹਿਕਾਈਆ । ਨਾਮ ਭੰਡਾਰਾ ਭਗਤੀ ਕਰੇ ਮਾਲੋ ਮਾਲਾ, ਅਤੋਟ ਅਤੁਟ ਵਰਤਾਈਆ । ਲੇਖਾ ਜਾਣੇ ਦੀਨ ਦੁਨੀ ਦਾ ਸ਼ਾਲਾ, ਸ਼ਹਿਨਸ਼ਾਹ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅੱਸੂ ਤਿੰਨ ਕਹੇ ਸੁਹੰਜਣਾ ਹੋਵੇ ਦਵਾਰਾ ਗੁਰਮੁਖ, ਭਗਤਾਂ ਨਾਲ ਵਡਿਆਈਆ । ਗ਼ਰੀਬ ਨਿਮਾਣਿਆਂ ਬਖ਼ਸ਼ੇ ਸਾਚਾ ਸੁਖ, ਘਰ ਮੰਦਰ ਕਰ ਰੁਸ਼ਨਾਈਆ । ਦੀਨਾਂ ਨਾਥਾ ਲਏ ਪੁਛ, ਸਿਰ ਸਿਰ ਹੱਥ ਟਿਕਾਈਆ । ਵੇਖੋ ਲੇਖਾ ਕੁਛ ਦਾ ਕੁਛ, ਅਵਰ ਦਾ ਅਵਰ ਦਿਆਂ ਦ੍ਰਿੜਾਈਆ । ਜਗਤ ਅਕਲ ਬੁਧੀ ਦਾ ਮਾਣ ਰਿਹਾ ਨਾ ਤੁਛ, ਚਲੇ ਨਾ ਜਗਤ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਅੱਸੂ ਤਿੰਨ ਕਹੇ ਮੇਰਾ ਭਾਗ ਸੁਹੰਦਾ, ਸੋਹਣੀ ਮਿਲੀ ਵਡਿਆਈਆ । ਮੇਰਾ ਨੈਣ ਰਿਹਾ ਨਾ ਅੰਧਾ, ਅਗਿਆਨ ਦਿਤਾ ਚੁਕਾਈਆ । ਮੈਨੂੰ ਲਾ ਕੇ ਨਾਲ ਅੰਗਾ, ਅੰਗੀਕਾਰ ਹੋਇਆ ਸਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦਾ, ਸਹਿੰਸਾ ਦਿਤਾ ਮਿਟਾਈਆ । ਸਤਿ ਸਚ ਸਮਝਾ

੧੨੨੫
੨੩

੧੨੨੯
੨੩

ਕੇ ਧੰਦਾ, ਧਰਤ ਧਵਲ ਧੌਲ ਦਿਤੀ ਵਡਿਆਈਆ । ਨਾਮ ਚਾੜ੍ਹ ਕੇ ਆਪਣਾ ਰੰਗਾ, ਰੰਗਤ ਦਿਤੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅੱਸੂ ਤਿੰਨ ਕਹੇ ਧਰਮ ਦਵਾਰਾ ਬਣਿਆ ਅੱਜ, ਧਰਮ ਦੀ ਧਾਰ ਧਾਰ ਜਣਾਈਆ । ਗੁਰਦਿਆਲ ਸਿੰਘ ਬੋਲ ਕੇ ਕਹੇ ਗੱਜ, ਹਰਿ ਸੰਗਤ ਰਿਹਾ ਜਣਾਈਆ । ਜਨ ਭਗਤੋ ਦੀਨ ਦੁਨੀ ਦਾ ਨਾਤਾ ਝੂਠਾ ਸਮਝੋ ਜਗ, ਪੁਤ ਪੋਤਰੇ ਕੰਮ ਕਿਸੇ ਨਾ ਆਈਆ । ਜੋ ਜਗਤ ਤ੍ਰਿਸ਼ਨਾ ਵਿਚ ਗਏ ਬੱਝ, ਮਾਇਆ ਮਮਤਾ ਨਾਲ ਮਿਲਾਈਆ । ਕੀ ਹੋਇਆ ਜੇ ਮੇਰਾ ਤਨ ਠੀਕਰ ਗਿਆ ਭੱਜ, ਵਜੂਦ ਨਜ਼ਰ ਕੋਇ ਨਾ ਆਈਆ । ਮੈਂ ਸਚਖੰਡ ਬੈਠਾ ਸਜ, ਪ੍ਰਭ ਚਰਨ ਮਿਲੀ ਸਰਨਾਈਆ । ਮੇਰੀ ਓਹੋ ਰਖੇ ਲੱਜ, ਜਿਸ ਮੇਰੀ ਬਣਤ ਬਣਾਈਆ । ਓਹ ਨਿਸ਼ਾਨਾ ਮੇਰਾ ਜ਼ਰੂਰ ਦਏਗਾ ਗੱਡ, ਲੋਕਮਾਤ ਮਾਤ ਝੁਲਾਈਆ । ਤੁਹਾਨੂੰ ਇਹ ਸਿਖਿਆ ਮਿਲੀ ਪ੍ਰਵਾਰ ਦੇ ਪਿਆਰ ਤੋਂ ਹੋ ਜਾਣਾ ਅੱਡ, ਬਿਨਾ ਸਤਿਗੁਰੂ ਤੋਂ ਮਿਲੇ ਨਾ ਕੋਇ ਵਡਿਆਈਆ । ਨਾ ਕਿਸੇ ਦੀ ਕੁਲ ਤੇ ਨਾ ਕਿਸੇ ਦੀ ਕੋਈ ਯੱਦ, ਬੰਸ ਸਰਬੰਸ ਰਹਿਣ ਕੋਇ ਨਾ ਪਾਈਆ । ਦੀਨ ਦੁਨੀਆ ਬਗਾ ਬਪੜਾ ਬੱਗ, ਜਗਤ ਵਾਸ਼ਨਾ ਨਾਲ ਮਿਲਾਈਆ । ਜਿਨ੍ਹਾਂ ਅੰਦਰ ਕਰੋਧ ਦੀ ਅੱਗ, ਤਤਵ ਤਤ ਤਤ ਜਲਾਈਆ । ਸਤਿਗੁਰ ਸ਼ਬਦ ਪੂਰਾ ਸਦਾ ਸਰਬਗ, ਮਿਹਰਵਾਨ ਮਿਹਰਵਾਨ ਮਿਹਰਵਾਨ ਬੇਪਰਵਾਹੀਆ । ਜਿਸ ਗੁਰਦਿਆਲ ਸਿੰਘ ਦਾ ਗੁਰਦਿਆਲ ਦਵਾਰਾ ਲਿਆ ਲੱਭ, ਅੱਸੂ ਤਿੰਨ ਤਿੰਨ ਦਿਤੀ ਵਡਿਆਈਆ । ਇਹ ਮੇਰਾ ਮਿਤ੍ਰ ਸਤਿਜੁਗ ਵਿਚ ਸੀ ਜਿਸ ਵਟਾਈ ਪੱਗ, ਵਟਾਂਦਰੇ ਦਾ ਲੇਖਾ ਦਿਤਾ ਮੁਕਾਈਆ । ਜਨ ਭਗਤੋ ਬਿਨਾ ਨਾਤਿਆਂ ਤੋਂ ਪਿਆਰ ਦੇ ਰਿਸ਼ਤੇ ਵਿਚ ਜਾਣਾ ਬੱਝ, ਜੋ ਆਦਿ ਜੁਗਾਦਿ ਨਾ ਕੋਇ ਤੁੜਾਈਆ । ਏਸੇ ਕਰ ਕੇ ਮਾਝਾ ਮਾਲਵਾ ਦੁਆਬਾ ਇਕੱਠਾ ਕੀਤਾ ਲਾਉਣ ਦਿਤਾ ਕਿਸੇ ਨਹੀਂ ਪੱਜ, ਬਿਧ ਆਪਣੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰਦਿਆਲ ਸਿੰਘ ਕਹੇ ਮੈਂ ਚਮਕੌਰ ਵਾਲੀ ਗੜ੍ਹੀ, ਗੋਬਿੰਦ ਦਾ ਨਿਸ਼ਾਨਾ ਵੇਖ ਵਖਾਈਆ । ਜਿਥੇ ਖੇਲ ਅਗੰਮੀ ਹੋਈ ਬੜੀ, ਵੱਡਾ ਛੋਟਾ ਸਮਝ ਕੋਇ ਨਾ ਪਾਈਆ । ਮੈਂ ਵੀ ਚਾਹੁੰਦਾ ਮੇਰਾ ਧਰਮ ਦਵਾਰਾ ਗੁਰਮੁਖ ਘਰ ਬਾਹਰਾ ਮੇਰੇ ਪਿਆਰ ਵਿਚ ਓਥੇ ਬਣੇ ਜਿਥੇ ਹੋਵੇ ਮੇਰੀ ਮੜ੍ਹੀ, ਮਸਾਨਾਂ ਵਿਚ ਸ੍ਰੀ ਭਗਵਾਨਾ ਆਸਣ ਦਏ ਸੁਹਾਈਆ । ਜਿਸ ਦੇ ਨਾਲ ਸਤਿਜੁਗ ਦੀ ਸਚ ਦੀ ਚਲੇ ਲੜੀ, ਭਗਤੋ ਲੜ ਛੁਟ ਜਾਏ ਕੂੜ ਲੋਕਾਈਆ । ਇਹ ਤੁਕ ਬਾਵਨ ਨੇ ਉਸ ਵੇਲੇ ਸੀ ਪੜ੍ਹੀ, ਜਿਸ ਵੇਲੇ ਦੋ ਕਰਮਾਂ ਵਿਚ ਧਰਤੀ ਨਾਪ ਨਪਾਈਆ । ਬਾਵਨ ਨੇ ਮਗਰਾਂ ਉਤੇ ਆਪਣਾ ਚਰਨ ਕਵਲ ਧਰੀ, ਅੱਧੀ ਕਰਮ ਦਾ ਹਿੱਸਾ ਪਾਈਆ । ਫੇਰ ਜਗਤ ਜਹਾਨ ਚੋਂ ਕਰ ਕੇ ਬਰੀ, ਬਰੇ ਆਜ਼ਮਾਂ ਦਾ ਡੇਰਾ ਢਾਹੀਆ । ਉਸ ਵੇਲੇ ਹੁਕਮ ਦੱਸਿਆ ਬਾਵਨ ਹਰੀ, ਹਿਰਦੇ ਹਿਰਦੇ ਵਿਚ ਸੁਣਾਈਆ । ਚਕਰਵਰਤੀਆ ਵੇਖ ਲੈ ਤੇਰੇ ਕੋਲ ਧਰਨੀ ਨਹੀਂ ਜਰੀ, ਧਨ ਦੌਲਤ ਹੱਥ ਕਿਛ ਨਾ ਆਈਆ । ਤੇਰੇ ਪਿਆਰ ਵਾਲੇ ਵੜ ਗਏ ਆਪਣੇ ਘਰੀ, ਬਲ ਬਲਦਾਨ ਨਾ ਕੋਇ ਕਰਾਈਆ । ਤੈਨੂੰ ਖ਼ਬਰ ਸੁਣਾਵਾਂ ਖਰੀ, ਖੈਰ ਖਾਹੀ ਨਾਲ ਜਣਾਈਆ । ਤੂੰ ਮੇਰਾ ਭਾਣਾ ਕਲਜੁਗ ਅੰਤਮ ਫੇਰ ਜਰੀਂ, ਨਿਵ ਨਿਵ ਸੀਸ ਨਿਵਾਈਆ । ਤੇਰਾ ਸਿਰ ਰਹਿਣਾ ਨਾ ਧੜੀ, ਤਨ ਵਜੂਦ ਖ਼ਾਕ ਮਿਲਾਈਆ । ਤੂੰ ਇਕੋ ਦਵਾਰਾ ਵੇਖਣਾ ਇਕੋ ਵੇਖਣੀ ਗਲੀ, ਕੂਚਾ ਇਕੋ ਸੋਭਾ ਪਾਈਆ । ਤੇਰਾ ਖੇਲ ਫੇਰ ਕਰਨਾ ਬਣ ਕੇ ਵਲ ਛਲੀ, ਅਛਲ ਛਲ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਬਾਵਨ ਕਿਹਾ ਬਲ ਖੋਲ ਲੈ ਆਪਣੀ ਅੱਖ, ਕਲਜੁਗ ਧਿਆਨ ਲਗਾਈਆ । ਕੀ ਖੇਲ ਕਰੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਿਸ ਤੇਰਾ ਲਹਿਣਾ ਦੇਣਾ ਪੂਰਾ ਕਰਨਾ ਸਾਢੇ ਤਿੰਨ ਹੱਥ, ਇਸ ਤੋਂ ਵੱਧ ਨਾ ਕੋਇ ਵਡਿਆਈਆ । ਇਹ ਲੇਖਾ ਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਤੇਰਾ ਦੀਨ ਦੁਨੀ ਤੋਂ ਵੱਖਰਾ ਹੋਣਾ ਰਥ, ਰਥਵਾਹੀ ਬੇਪ੍ਰਵਾਹੀਆ । ਤੇਰਾ ਤੇਰੇ ਦਵਾਰੇ ਵਿਛਾਏ ਸਥ, ਸਥਰ ਯਾਰੜਾ ਤੇਰਾ ਆਪ ਹੰਢਾਈਆ । ਜਗਤ ਦੇ ਮੰਦਰ ਜਾਣੇ ਢੱਠ, ਤੇਰਾ ਦਵਾਰਾ ਢਹਿਣ ਵਿਚ ਨਾ ਆਈਆ । ਜੁਗ ਜੁਗ ਹੁੰਦਾ ਰਹੇ ਇਕੱਠ, ਵਜਦੀ ਰਹੇ ਵਧਾਈਆ । ਪੁਰਖ ਅਕਾਲਾ ਲਏ ਰਖ, ਪਤਿਪਰਮੇਸ਼ਵਰ ਹੋਏ ਸਹਾਈਆ । ਜਗਤ ਸਨਬੰਧੀ ਤੇਰੇ ਕੋਲੋਂ ਸਾਰੇ ਜਾਣ ਨੱਸ, ਸੰਗੀ ਸੰਗ ਨਾ ਕੌਇ ਰਖਾਈਆ । ਤੂੰ ਵੇਖਣਾ ਉਤੋਂ ਆਕਾਸ਼, ਆਕਾਸ਼ ਆਕਾਸ਼ਾ ਬਾਹਰ ਧਿਆਨ ਲਗਾਈਆ । ਬਿਨਾ ਸਾਢੇ ਤਿੰਨ ਹੱਥ ਤੋਂ ਤੇਰਾ ਹੋਣਾ ਕਿਤੇ ਨਹੀਂ ਵਾਸ, ਵਾਸਤਾ ਅਵਰ ਨਾ ਕੋਇ ਬਣਾਈਆ । ਉਹ ਬਚਨ ਯਾਦ ਕਰਾਉਣਾ ਖ਼ਾਸ, ਜੋ ਸਹਿਜ ਨਾਲ ਦਿਤਾ ਬੇਨੰਤੀ ਵਿਚ ਦ੍ਰਿੜਾਈਆ । ਜਿਸ ਵੇਲੇ ਸਰ ਅੰਮ੍ਰਿਤ ਹਸਪਤਾਲ ਵਿਚ ਤੇਰਾ ਦਿਲ ਹੋਇਆ ਉਦਾਸ, ਨੇਤਰ ਨੈਣਾਂ ਨੀਰ ਵਹਾਈਆ । ਸਿੰਘ ਨਾਜਰ ਤੈਨੂੰ ਬੋਲਿਆ ਹੋ ਗੁਸਤਾਖ਼, ਅੱਖੀਆਂ ਕਢ ਡਰਾਈਆ । ਤੂੰ ਫੇਰ ਚਰਨ ਫੜ ਕੇ ਆਪ, ਤਲੀਆਂ ਥੱਲੇ ਹੱਥ ਟਿਕਾਈਆ । ਤੂੰ ਮੇਰਾ ਪਿਤਾ ਤੂੰ ਹੀ ਮੇਰਾ ਬਾਪ, ਸੱਜਣ ਸੈਣ ਨਾ ਕੋਇ ਰਖਾਈਆ । ਆਪਣਿਆਂ ਚਰਨਾਂ ਦੀ ਦੇਵੀਂ ਦਾਤ, ਦੂਜੀ ਓਟ ਨਾ ਕੋਇ ਵਖਾਈਆ । ਮੇਰਾ ਨਾਤਾ ਨਹੀਂ ਕਿਸੇ ਨਾਲ ਮਾਤ, ਮੈਂ ਮਿਤ੍ਰਾਂ ਪੁੱਤਰਾਂ ਦਿਤਾ ਤਜਾਈਆ । ਨਾਲੇ ਤਿੰਨ ਵਾਰ ਵੇਖਿਆ ਝਾਕ, ਦੋਏ ਹੱਥ ਮਥੇ ਉਤੇ ਟਿਕਾਈਆ । ਓਸ ਵੇਲੇ ਤੇਰਾ ਪ੍ਰੇਮ ਨਾਲ ਮੁਖ ਚੁੰਮਿਆ ਸੀ ਆਪ, ਬੁੱਲ ਹੇਠਲਾ ਮੁਖ ਵਿਚ ਪਾਈਆ । ਤੇਰਾ ਲੇਖਾ ਦੋ ਜਹਾਨਾਂ ਨਾਲ ਰਖਾਂਗਾ ਆਪਣੇ ਸਾਥ, ਦੂਸਰ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਗੁਰਦਿਆਲ ਸਿੰਘ ਕਹੇ ਪ੍ਰਭੂ ਤੂੰ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਮੇਰੀ ਆਸ਼ਾ ਮਨਸਾ ਪੂਰੀ ਦਿਤੀ ਕਰਾ, ਕਰਮ ਕਾਂਡ ਦਾ ਡੇਰਾ ਢਾਹੀਆ । ਆਪਣੀ ਬਿਧ ਨਾਲ ਸਾਰਾ ਖੇਲ ਦਿਤਾ ਖਿਲਾ, ਅਕਲ ਬੁੱਧੀ ਦੀ ਚਲੀ ਨਾ ਕੋਇ ਚਤੁਰਾਈਆ । ਤੂੰ ਦਾਤਾ ਅਗੰਮ ਅਥਾਹ, ਅਭੁਲ ਇਕ ਅਖਵਾਈਆ । ਮੈਨੂੰ ਸਚ ਦਵਾਰ ਦਿਤੀ ਸਰਨਾ, ਸਰਨੀ ਆਪਣੀ ਲਿਆ ਲਗਾਈਆ । ਮੇਰਾ ਗੁਰਮੁਖ ਦਵਾਰਾ ਗੁਰਮੁਖ ਦੀ ਧਾਰ ਦੇਣਾ ਬਣਾ, ਗੁਰਮੁਖ ਰੰਗ ਰੰਗਾਈਆ । ਜਿਸ ਵੇਲੇ ਸਤਿਜੁਗ ਲੱਗਾ ਤੇ ਮੇਰਾ ਨਿਸ਼ਾਨਾ ਦਈਂ ਟਿਕਾ, ਬਿਨਾ ਸਤਿਜੁਗ ਤੋਂ ਕਲਜੁਗ ਵਿਚ ਨਾਮ ਮੇਰਾ ਨਾ ਕੋਇ ਵਡਿਆਈਆ । ਮੇਰੇ ਪੂਰਬਲੇ ਰਹੇ ਨਾ ਕੋਇ ਗੁਨਾਹ, ਅਗੇ ਤੇਰੀ ਜੋਤ ਰੁਸ਼ਨਾਈਆ । ਮੇਰੇ ਮਿਤ੍ਰ ਪਿਆਰੇ ਦੀ ਪਕੜੀ ਬਾਂਹ, ਜਿਸ ਗ੍ਰਿਹ ਮੇਰਾ ਖੇਲ ਦਿਤਾ ਵਖਾਈਆ । ਜਨ ਭਗਤਾਂ ਦੇ ਸਿਰ ਤੇ ਠੰਡੀ ਰਖੀਂ ਛਾਂ, ਅਗਨੀ ਤਤ ਨਾ ਲਾਗੇ ਰਾਈਆ । ਸਭ ਦਾ ਬਣ ਕੇ ਪਿਤਾ ਮਾਂ, ਮੇਰੇ ਵਾਂਗ ਸਭ ਨੂੰ ਗੋਦ ਉਠਾਈਆ । ਜਨ ਭਗਤੋ ਮੈਂ ਸੰਦੇਸਾ ਦੇਵਾਂ ਨਾਲ ਚਾਅ, ਚਵ੍ਹੀਆਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਨਿਥਾਵਿਆਂ ਥਾਂ, ਥਾਨ ਥਨੰਤਰ ਇਕੋ ਇਕ ਸੁਹਾਈਆ ।

੧੨੨੭
੨੩

## ✪ ੩ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਮੈਣੀਆਂ ਤੋਂ ਹਰਿ ਭਗਤ ਦਵਾਰ ਜੇਠੂਵਾਲ ਵਿਖੇ ਪੁੱਜ ਕੇ ਵਿਹਾਰ ਹੋਇਆ ✪

ਅੱਸੂ ਤਿੰਨ ਕਹੇ ਮੈਂ ਰਿਹਾ ਹੱਸ, ਹਸਤੀ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਮਿਲਾਈਆ । ਸਤਿਗੁਰ ਸ਼ਬਦ ਇਸ਼ਾਰਿਆਂ ਨਾਲ ਰਿਹਾ ਦੱਸ, ਹੁਕਮ ਹੁਕਮ ਵਿਚੋਂ ਸੁਣਾਈਆ । ਪੁਰਖ ਅਕਾਲਾ ਸਭ ਦੀ ਪੂਰੀ ਕਰੇ ਆਸ, ਆਸਾ ਮਨਸਾ ਆਪਣੇ ਨਾਲ ਰਲਾਈਆ । ਗੁਰਦਿਆਲ ਸਿੰਘ ਹੋ ਕੇ ਬੇਵਸ, ਸ਼ਬਦ ਧਾਰ ਧਾਰ ਨਾਲ ਰਲਾਈਆ । ਜਨ ਭਗਤੋ ਕੀ ਤੁਸੀਂ ਵੀ ਮੇਰੇ ਪਿਆਰ ਵਿਚੋਂ ਜਾਓਗੇ ਨੱਸ, ਆਪਣਾ ਪੱਲੂ ਛੁਡਾਈਆ । ਮੇਰੀ ਸ਼ਹਾਦਤ ਦੇਣਗੇ ਰਵ ਸਸ, ਜੋ ਵੇਖਣ ਥਾਉਂ ਥਾਈਂਆ । ਕਲਜੁਗ ਰੈਣ ਨਹੀਂ ਰਹਿਣੀ ਅੰਧੇਰੀ ਮੱਸ, ਮੱਸਿਆ ਅੰਧੇਰ ਆਪਣਾ ਮੁਖ ਛੁਪਾਈਆ । ਮੈਂ ਸਦਾ ਓਸ ਪ੍ਰਭੂ ਦਾ ਗਾਉਂਦਾ ਜਸ, ਜੋ ਸਿਫ਼ਤਾਂ ਦਾ ਮਾਲਕ ਸਿਫ਼ਤ ਸਾਲਾਹੀਆ । ਜਿਸ ਨੂੰ ਮੰਨਿਆ ਅਲਖਣਾ ਅਲਖ, ਅਗੋਚਰ ਅਗੰਮ ਅਥਾਹੀਆ । ਉਹ ਮੇਰੀ ਪੈਜ ਰਿਹਾ ਰਖ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਤਿੰਨ ਅੱਸੂ ਕਹੇ ਜਨ ਭਗਤੋ ਹਾਜ਼ਰ ਰਹਿਣਾ ਇਕ ਸੌ ਇਕ ਜ਼ਰੂਰ, ਹੁਕਮ ਸਤਿਗੁਰ ਸ਼ਬਦ ਵਡਿਆਈਆ । ਭਗਤ ਬੇਨੰਤੀ ਹੋਵੇ ਮਨਜ਼ੂਰ, ਮਨਜ਼ੂਰੀ ਦੇਣੀ ਧੁਰਦਰਗਾਹੀਆ । ਸੋ ਸਵਾਮੀ ਹਾਜ਼ਰ ਹਜ਼ੂਰ, ਹਰ ਘਟ ਦਾ ਮਾਲਕ ਸੋਭਾ ਪਾਈਆ । ਜਿਸ ਦਾ ਸਚ ਦਾ ਸਚ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸਦਾ ਲੇਖਾ ਨਹੀਂ ਨਾਲ ਹੰਕਾਰ ਗੜ੍ਹ ਗ਼ਰੂਰ, ਗ਼ੁਰਬਤ ਤੋਂ ਬਾਹਰ ਡੇਰਾ ਲਾਈਆ । ਸੋ ਸਵਾਮੀ ਭਗਤਾਂ ਦਾ ਮਜ਼ਦੂਰ, ਜੁਗ ਜੁਗ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰਦਿਆਲ ਸਿੰਘ ਕਹੇ ਗੁਰਮੁਖ ਦਵਾਰੇ ਦੀ ਰਖਣੀ ਤਿੰਨ ਅੱਸੂ ਮੁਨਿਆਦ, ਨੀਂਹ ਸ਼ਬਦ ਧਾਰ ਖ਼ੁਦਾਈਆ । ਜਿਸ ਦੀ ਸਦਾ ਰਹੇ ਯਾਦ, ਰਵਦਾਸ ਦਏ ਗਵਾਹੀਆ । ਵਜਦਾ ਰਹੇ ਸਚ ਦਾ ਨਾਦ, ਧੁਨ ਅਕਾਸ਼ਾਂ ਵਿਚ ਸ਼ਨਵਾਈਆ । ਮੇਟਦਾ ਰਹੇ ਵਿਵਾਦ, ਵਿਖ ਰਹਿਣ ਕੋਇ ਨਾ ਪਾਈਆ । ਸੇਵਾ ਕਰਨੀ ਸਭ ਨੇ ਬਣ ਕੇ ਸੰਤ ਸਾਧ, ਸਾਜਣ ਨਾਲ ਮਿਲਾਈਆ । ਜਿਸ ਦਾ ਮੰਦਰ ਸੁਹੰਜਣਾ ਹੋਣਾ ਕਲਜੁਗ ਤੋਂ ਬਾਦ, ਬਦੀ ਦਾ ਲੇਖਾ ਰਹੇ ਨਾ ਰਾਈਆ । ਜਿਸ ਹਿੱਸਾ ਪਵਾਉਣਾ ਮਾਝਾ ਮਾਲਵਾ ਦੁਆਬ, ਜੰਮੂ ਜੰਮ ਕੇ ਸੇਵ ਕਰਾਈਆ । ਪਿਆਰ ਦੀ ਨੀਂਹ ਵਿਚ ਤੁਹਾਡਾ ਪਿਆਰ ਦੱਬਿਆ ਜਾਏ ਫੁੱਲ ਗੁਲਾਬ, ਜਿਸ ਦੀ ਮਹਿਕ ਦੋ ਜਹਾਨਾਂ ਤੋਂ ਬਾਹਰ ਮਹਿਕਾਈਆ । ਸੰਮਤ ਸੋਲਾਂ ਦੀ ਮੇਰੀ ਪੁਰਾਣੀ ਯਾਦ, ਲੋਹ ਚੁਰ ਜਿਸ ਨੂੰ ਕਹਿ ਕੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਗੁਰਦਿਆਲ ਸਿੰਘ ਕਹੇ ਮੇਰੇ ਧਰਮ ਦਾ ਬਣੇ ਧਰਮ ਦਵਾਰਾ, ਦੋ ਜਹਾਨ ਵੱਜੇ ਵਧਾਈਆ । ਸਤਿ ਸਚ ਦਾ ਮਹਿਲ ਜਾਏ ਉਸਾਰਾ, ਸਤਿ ਸਤਿਵਾਦ ਨਾਲ ਮਿਲਾਈਆ । ਮੇਰੇ ਲਹੂ ਮਿਝ ਦਾ ਬਣਾਇਓ ਬਿਨਾ ਇੱਟਾਂ ਤੋਂ ਗਾਰਾ, ਮਾਟੀ ਖ਼ਾਕ ਵਾਲੀ ਮਿਲਾਈਆ । ਮੇਰੀਆਂ ਹੱਡੀਆਂ ਛੱਤ ਦਾ ਦੇਣ ਸਹਾਰਾ, ਦੂਜੀ ਵਸਤ ਨਾ ਕੋਇ ਰਖਾਈਆ । ਮੈਂ ਉਹੋ ਰੀਤੀ ਜਗਤ ਦੱਸਣੀ ਦੁਬਾਰਾ, ਜੋ ਬਲ ਬਾਵਨ ਧਾਰ ਵਖਾਈਆ । ਨੌ ਖੰਡ ਪ੍ਰਿਥਮੀ ਦਾ ਬਣ ਸਿਕਦਾਰਾ, ਚਕਰਵਰਤੀ ਹੋ ਕੇ ਹੁਕਮ ਵਰਤਾਈਆ । ਅੰਤਮ ਕਿਰਪਾ ਕਰੀ ਆਪ ਨਿਰੰਕਾਰਾ, ਨਿਰਵੈਰ ਦਇਆ ਕਮਾਈਆ । ਢਾਈ ਕਦਮਾਂ ਮੰਗ ਮੇਰਾ ਤੋੜਿਆ ਮਾਣ ਹੰਕਾਰਾ, ਜਗਤ ਕੁਟੀਆ ਨਾ ਕੋਇ ਸੁਹਾਈਆ ।



੧੨੨੮
੨੩

ਬਿਨਾ ਸ਼ਰੀਰ ਤੋਂ ਧਰਨੀ ਮਿਲਿਆ ਕੋਇ ਨਾ ਦਾਇਰਾ, ਦਾਅਵਾ ਨਜ਼ਰ ਕੋਇ ਨਾ ਆਈਆ । ਅੰਤ ਸਤਿ ਸਚ ਵਿਚ ਮੈਂ ਹਾਰਾ, ਆਪਾ ਆਪ ਮੂੰਹ ਦੇ ਭਾਰ ਸੁਟਾਈਆ । ਅੰਤ ਹੱਸ ਕੇ ਕਿਹਾ ਚਰਨ ਰਖ ਦੇ ਮੇਰੀ ਸਰਕਾਰਾ, ਨੀਂਹ ਮੇਰੇ ਉਤੇ ਟਿਕਾਈਆ । ਬਾਵਨ ਕਿਹਾ ਇਹੋ ਖੇਲ ਫੇਰ ਕਰਾਂ ਦੁਬਾਰਾ, ਦੋਹਰੀ ਕਲ ਵਰਤਾਈਆ । ਮੈਂ ਬਿਨਾ ਸਰੀਰ ਤੋਂ ਹੋਵਾਂ ਜ਼ਾਹਰਾ, ਸਾਢੇ ਤਿੰਨ ਹੱਥ ਦਾ ਲੇਖਾ ਤੇਰੇ ਨਾਲ ਰਖਾਈਆ । ਜੋਤੀ ਨੂਰ ਹੋ ਉਜਿਆਰਾ, ਬਿਨ ਛੱਪਰ ਛੰਨ ਸੋਭਾ ਪਾਈਆ । ਸੰਬਲ ਰਹਿ ਕੇ ਧਾਮ ਨਿਆਰਾ, ਅਪਰੰਪਰ ਹੋ ਕੇ ਇਹ ਲਹਿਣਾ ਦੇਣਾ ਦਿਆਂ ਚੁਕਾਈਆ । ਹੁਣ ਤੂੰ ਰਾਜਾ ਫੇਰ ਬਣੀਂ ਜਗਤ ਦਾ ਭਿਖਾਰਾ, ਤੈਨੂੰ ਮੁੱਠੀ ਖ਼ਾਕ ਭਿਛਿਆ ਕੋਇ ਨਾ ਪਾਈਆ । ਤੇਰਾ ਸਾਕ ਸਨਬੰਧ ਰਹੇ ਨਾ ਕੋਇ ਪਿਆਰਾ, ਮੁਹੱਬਤ ਮੁਹੱਬਤ ਨਾ ਕੋਇ ਬਣਾਈਆ । ਬਿਨਾ ਭਗਤਾਂ ਤੋਂ ਭਗਤਾਂ ਦਏ ਨਾ ਕੋਇ ਅਧਾਰਾ, ਸਗਲਾ ਸੰਗ ਨਾ ਕੋਇ ਰਖਾਈਆ । ਬਲ ਕੀਤੀ ਨਿਵ ਨਿਵ ਨਿਮਸਕਾਰਾ, ਇਹ ਤੇਰੀ ਬੇਪਰਵਾਹੀਆ । ਮੈਂ ਤੇਰੇ ਚਰਨਾਂ ਦੀ ਧੂੜ ਲਾਵਾਂ ਛਾਰਾ, ਦੂਸਰ ਲੋੜ ਰਹੇ ਨਾ ਰਾਈਆ । ਨਾ ਥੇਹ ਵਾਲਾ ਤੇਰਾ ਦਵਾਰਾ, ਸਚਖੰਡ ਸਾਚਾ ਸੋਭਾ ਪਾਈਆ । ਲੋਕਮਾਤ ਮਾਤਰ ਭੂਮੀ ਇਸ਼ਾਰਾ, ਸ਼ਾਮ ਸ਼ਾਮਾ ਤੇਰੇ ਹੱਥ ਵਡਿਆਈਆ । ਮੈਂ ਜਨ ਭਗਤਾਂ ਦਾ ਸ਼ੁਕਰ ਗੁਜ਼ਾਰਾਂ, ਧੰਨ ਧੰਨ ਕਹਿ ਕੇ ਦਿਆਂ ਵਧਾਈਆ । ਜਿਨ੍ਹਾਂ ਤਿੰਨ ਅੱਸੂ ਦਾ ਸੁਹਾਇਆ ਦਿਹਾੜਾ, ਸੰਮਤ ਸ਼ਹਿਨਸ਼ਾਹੀ ਨੌਂ ਨਾਲ ਮਿਲਾਈਆ । ਮੇਰਾ ਲੱਗਾ ਭਗਤਾਂ ਵਿਚ ਭਗਤ ਪ੍ਰੇਮ ਦਾ ਅਖਾੜਾ, ਭੱਜਾ ਵਾਹੋ ਦਾਹੀਆ । ਨਾਲੇ ਸੰਦੇਸਾ ਦੇਵਾਂ ਬੋਲ ਜੈਕਾਰਾ, ਸਚ ਸਚ ਸੁਣਾਈਆ । ਜਨ ਭਗਤੋ ਸਚਖੰਡ ਵਿਚ ਵੀ ਭਗਤਾਂ ਨੂੰ ਬਿਨਾ ਪ੍ਰਭੂ ਦਰ ਕੋਈ ਨਹੀਂ ਪਿਆਰਾ, ਮਾਤਾ ਪਿਤਾ ਭੈਣ ਭਰਾਤਾ ਨਾਰ ਕੰਤ ਏਥੇ ਨਜ਼ਰ ਕੋਇ ਨਾ ਆਈਆ । ਜਗਤ ਮਿਥਿਆ ਖੇਲ ਸੰਸਾਰਾ, ਸਤਿ ਸਚ ਦਿਆਂ ਸੁਣਾਈਆ । ਮੇਰੀ ਡੰਡਾਵਤ ਬੰਦਨਾ ਨਮੋ ਨਮੋ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਮੀਤ ਮੁਰਾਰਾ, ਮਿਤ੍ਰੋ ਮਿਤ੍ਰ ਪਿਆਰਾ ਦਿਆਂ ਸਮਝਾਈਆ ।

### ✪ ੩ ਅੱਸੂ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਹਰਿ ਮੰਦਰ ਅਥਾਹ, ਹਰਿ ਹਰਿ ਆਪ ਉਪਾਈਆ । ਵਡ ਦਾਤਾ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਦਾ ਲਹਿਣਾ ਦੇਣਾ ਥਲ ਅਸਗਾਹ, ਮਹੀਅਲ ਰਿਹਾ ਸਮਾਈਆ । ਉਹ ਵਾਹਿਦ ਅਲਾਹੀ ਨੂਰ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਸ਼ਾਸਤਰਾਂ ਵਾਲੇ ਗਵਾਹ, ਸ਼ਹਾਦਤ ਰਹੇ ਭੁਗਤਾਈਆ । ਉਹ ਲੇਖਾ ਜਾਣੇ ਦੋ ਜਹਾਂ, ਦੋਹਰੀ ਆਪਣੀ ਕਲ ਵਰਤਾਈਆ । ਉਹਦਾ ਨਗਰ ਖੇੜਾ ਵਸਦਾ ਰਹੇ ਗਰਾਂ, ਗ੍ਰਿਹਿ ਗ੍ਰਿਹਿ ਸੋਭਾ ਪਾਈਆ । ਜੋ ਭਗਤ ਸੁਹੇਲਾ ਭਗਤਾਂ ਪਕੜੇ ਬਾਂਹ, ਬਹੀਆ ਆਪਣੇ ਹੱਥ ਰਖਾਈਆ । ਓਸੇ ਦਾ ਸਦਾ ਸਦ ਰਹਿੰਦਾ ਨਾਂ, ਨਾਓਂ ਨਿਰੰਕਾਰ ਵਡ ਵਡਿਆਈਆ । ਤਿਸ ਦੇ ਚਰਨ ਕਵਲ ਬਲ ਬਲ ਜਾਂ, ਬਲਿਹਾਰੀ ਆਪਣਾ ਆਪ ਘੋਲ ਘੁਮਾਈਆ । ਸੋ ਨਿਥਾਵਿਆਂ ਦੇਵਣਹਾਰਾ ਥਾਂ, ਧਨੰਤਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ,

ਹਰਿ ਵੱਡਾ ਵਡ ਵਡਿਆਈਆ । ਹਰਿ ਮੰਦਰ ਅਪਾਰ, ਭਗਤ ਦਵਾਰਿਆ । ਹਰਿ ਭਗਤ ਅਪਾਰ, ਮਹੱਲ ਉਸਾਰਿਆ । ਹਰਿ ਮੰਦਰ ਅਪਾਰ, ਜੋਤ ਜਗਾ ਰਿਹਾ । ਹਰਿ ਮੰਦਰ ਅਪਾਰ, ਨਾਦ ਵਜਾ ਰਿਹਾ । ਹਰਿ ਮੰਦਰ ਅਪਾਰ, ਬੂੰਦ ਸਵਾਂਤ ਪਿਆ ਰਿਹਾ । ਹਰਿ ਮੰਦਰ ਅਪਾਰ, ਸੋਈ ਸੁਰਤ ਸੁਰਤ ਉਠਾ ਰਿਹਾ । ਹਰਿ ਮੰਦਰ ਅਪਾਰ, ਅਕਾਲ ਮੂਰਤ ਨਜ਼ਰੀ ਆ ਰਿਹਾ । ਹਰਿ ਮੰਦਰ ਅਪਾਰ, ਸਾਚੀ ਮੂਰਤ ਤੂਰਤ ਤੁਰੀਆ ਆਪ ਸੁਣਾ ਰਿਹਾ । ਹਰਿ ਮੰਦਰ ਅਪਾਰ, ਆਸਾ ਮਨਸਾ ਪੂਰਤ, ਪੂਰਨ ਪੁਰਖ ਅਕਾਲਾ ਰੰਗ ਰੰਗਾ ਰਿਹਾ । ਹਰਿ ਮੰਦਰ ਅਪਾਰ, ਨਾਤਾ ਤੋੜੇ ਕੂੜੋ ਕੂੜਤ, ਸਤਿ ਸਚ ਨਾਲ ਬੰਨ੍ਹਾ ਰਿਹਾ । ਹਰਿ ਮੰਦਰ ਅਪਾਰ, ਸੁਘੜ ਬਣਾਏ ਮੂਰਖ ਮੂੜਤ, ਮੁਗਧਾਂ ਰੰਗ ਰੰਗਾ ਰਿਹਾ । ਹਰਿ ਮੰਦਰ ਅਪਾਰ, ਹਰਿਜਨ ਬਖ਼ਸ਼ੇ ਚਰਨ ਧੂੜਤ, ਦੁਰਮਤ ਮੈਲ ਧਵਾ ਰਿਹਾ । ਹਰਿ ਮੰਦਰ ਅਪਾਰ, ਇਕੋ ਨਜ਼ਰੀ ਆਏ ਨੂਰ ਨੂਰਤ, ਜੋ ਉਜਾਲਾ ਜਗ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆ ਰਿਹਾ । ਹਰਿ ਮੰਦਰ ਅਨਡਿੱਠ, ਨੇਤਰ ਨਜ਼ਰ ਨਾ ਆਇਆ । ਹਰਿ ਮੰਦਰ ਜਿਥੇ ਕਿਸੇ ਮਿਲੇ ਨਾ ਪਿੱਠ, ਸਨਮੁਖ ਸੋਭਾ ਪਾਇਆ । ਹਰਿ ਮੰਦਰ ਅਪਾਰ, ਨਾਮ ਭੰਡਾਰਾ ਦੇਵੇ ਮਿਠ, ਬਿਨ ਰਸਨਾ ਰਸ ਚਖਾਇਆ । ਹਰਿ ਮੰਦਰ ਅਪਾਰ, ਜਨਮ ਕਰਮ ਦਾ ਲੇਖਾ ਲਏ ਨਜਿੱਠ, ਆਵਣ ਜਾਵਣ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਇਆ । ਹਰਿ ਮੰਦਰ ਅਪਾਰ, ਭਗਤ ਵਡਿਆਈਆ । ਹਰਿ ਮੰਦਰ ਅਪਾਰ, ਸੰਗ ਜਣਾਈਆ । ਹਰਿ ਮੰਦਰ ਅਪਾਰ, ਗੁਰਮੁਖ ਕੁੜਮਾਈਆ । ਹਰਿ ਮੰਦਰ ਅਪਾਰ, ਗੁਰਸਿਖ ਵਧਾਈਆ । ਹਰਿ ਮੰਦਰ ਅਪਾਰ, ਮਿਲੇ ਮੇਲ ਧੁਰ ਦੇ ਮਾਹੀਆ । ਹਰਿ ਮੰਦਰ ਅਪਾਰ, ਜੋਤੀ ਜਾਤਾ ਨਜ਼ਰੀ ਆਈਆ । ਹਰਿ ਮੰਦਰ ਅਪਾਰ, ਵਰਨ ਗੋਤੀ ਡੇਰਾ ਢਾਹੀਆ । ਹਰਿ ਮੰਦਰ ਅਪਾਰ, ਸੋਈ ਸੁਰਤੀ ਆਪ ਉਠਾਈਆ । ਹਰਿ ਮੰਦਰ ਅਪਾਰ, ਧੁਰ ਦੀ ਖੇਲ ਦਏ ਵਖਾਈਆ । ਹਰਿ ਮੰਦਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਹਰਿ ਮੰਦਰ ਅਪਾਰ, ਸਹਿਜ ਸੁਖਦਾਇਆ । ਹਰਿ ਮੰਦਰ ਅਪਾਰ, ਜਗਤ ਦਲਿਦ੍ਰੀ ਦੁੱਖ ਮਿਟਾਇਆ । ਹਰਿ ਮੰਦਰ ਅਪਾਰ, ਅੰਤਰ ਨਿਰੰਤਰ ਦੇਵੇ ਸੁਖ, ਸੁਖ ਸਾਗਰ ਵਿਚ ਸਮਾਇਆ । ਹਰਿ ਮੰਦਰ ਅਪਾਰ, ਜਿਥੇ ਲੇਖਾ ਨਹੀਂ ਕਾਇਆ ਬੁਤ, ਬੁਤਖ਼ਾਨੇ ਵੰਡ ਨਾ ਕੋਇ ਵੰਡਾਇਆ । ਹਰਿ ਮੰਦਰ ਅਪਾਰ, ਜਿਥੇ ਇਕੋ ਸੁਹੰਜਣੀ ਰੁਤ, ਖ਼ਿਜ਼ਾਂ ਨਾ ਕੋਇ ਵਖਾਇਆ । ਹਰਿ ਮੰਦਰ ਅਪਾਰ, ਮਿਲੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਦਰ ਦਿਖਾਇਆ । ਹਰਿ ਮੰਦਰ ਅਪਾਰ, ਲੇਖੇ ਲੱਗਣ ਸੰਤ ਸੁਹੇਲੇ ਸੁਤ, ਅਪਰਾਧੀ ਨਜ਼ਰ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਇਆ । ਹਰਿ ਮੰਦਰ ਅਪਾਰ, ਜਨ ਭਗਤ ਸੁਹੇਲਿਆ । ਹਰਿ ਮੰਦਰ ਅਪਾਰ, ਮਿਲਣਾ ਗੁਰਸਿਖ ਗੁਰਮੁਖ ਧੁਰ ਦੇ ਚੇਲਿਆ । ਹਰਿ ਮੰਦਰ ਅਪਾਰ, ਧਰਮ ਰਾਏ ਦੀ ਕਟੇ ਜੇਲਿਆ । ਹਰਿ ਮੰਦਰ ਅਪਾਰ, ਜਿਥੇ ਪਾਰਬ੍ਰਹਮ ਪ੍ਰਭ ਆਪਣਾ ਖੇਲ ਖੇਲਿਆ । ਹਰਿ ਮੰਦਰ ਅਪਾਰ, ਨਰ ਹਰਿ ਦਿਸੇ ਇਕ ਨਵੇਲਿਆ । ਹਰਿ ਮੰਦਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸੱਜਣ ਸੁਹੇਲਿਆ । ਹਰਿ ਮੰਦਰ ਅਪਾਰ ਡੂੰਘਾ ਸਾਗਰ, ਸਗਲੀ ਖੇਲ ਵਖਾਈਆ । ਹਰਿ ਮੰਦਰ ਅਪਾਰ ਡੂੰਘੀ ਕਾਇਆ ਗਾਗਰ, ਗਗਰੀਆ

੧੨੩੦ ੨੩

ਵੱਜੇ ਵਧਾਈਆ । ਹਰਿ ਮੰਦਰ ਅਪਾਰ, ਜਿਥੇ ਮਿਲਦਾ ਧੁਰ ਦਾ ਆਦਰ, ਅਦਲ ਇਨਸਾਫ਼ ਇਕ ਕਮਾਈਆ । ਹਰਿ ਮੰਦਰ ਅਪਾਰ, ਜਿਥੇ ਪ੍ਰੇਮ ਦੀ ਚਿੱਟੀ ਚਾਦਰ, ਓਢਣ ਨਜ਼ਰ ਕੋਇ ਨਾ ਆਈਆ । ਹਰਿ ਮੰਦਰ ਅਪਾਰ, ਸੁਹਾਵੇ ਕਰੀਮ ਕਾਦਰ, ਕਰਤਾ ਪੁਰਖ ਧੁਰਦਰਗਾਹੀਆ । ਹਰਿ ਮੰਦਰ ਅਪਾਰ, ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਹਰਿ ਮੰਦਰ ਅਪਾਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸ਼ਰਨਾਈਆ । ਹਰਿ ਮੰਦਰ ਅਪਾਰ, ਭਗਤ ਉਪੰਨਿਆ । ਹਰਿ ਮੰਦਰ ਅਪਾਰ, ਲੇਖਾ ਰਹੇ ਨਾ ਦੀਨ ਮਜ਼੍ਹਬ ਬੰਨਿਆ । ਹਰਿ ਮੰਦਰ ਅਪਾਰ, ਜਿਥੇ ਇਕੋ ਨੂਰ ਜੋ ਚੜ੍ਹੇ ਚੰਨਿਆ । ਹਰਿ ਮੰਦਰ ਅਪਾਰ, ਮਿਲੇ ਨਾਮ ਭੰਡਾਰਾ ਸਾਚਾ ਧੰਨਿਆ । ਹਰਿ ਮੰਦਰ ਅਪਾਰ, ਸੁਣੇ ਨਾਦ ਬਿਨਾ ਕੰਨਿਆ । ਹਰਿ ਮੰਦਰ ਅਪਾਰ, ਪ੍ਰਭ ਸੁਹਾਇਆ ਬਿਨਾ ਛੱਪਰ ਛੰਨਿਆ । ਹਰਿ ਮੰਦਰ ਅਪਾਰ, ਵਖਾਏ ਜਨ ਭਗਤਾਂ ਜਿਨ੍ਹਾਂ ਨੇ ਭਾਣਾ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਆਪਣਾ ਖੇਲ ਖਲੰਨਿਆ । ਹਰਿ ਮੰਦਰ ਅਪਾਰ, ਗੁਰੂ ਗੁਰਦਿਆਲ ਹੈ । ਹਰਿ ਮੰਦਰ ਅਪਾਰ, ਸਤਿਗੁਰ ਸੱਚੀ ਧਰਮਸਾਲ ਹੈ । ਹਰਿ ਮੰਦਰ ਅਪਾਰ, ਜਿਥੇ ਪੋਹ ਨਾ ਸਕੇ ਕਾਲ ਹੈ । ਹਰਿ ਮੰਦਰ ਅਪਾਰ, ਜਿਥੇ ਨਾਮ ਵਸਤ ਮਿਲੇ ਸਚਾ ਧਨ ਮਾਲ ਹੈ । ਹਰਿ ਮੰਦਰ ਅਪਾਰ, ਜਿਥੇ ਨਾ ਕੋਈ ਸ਼ਾਹ ਨਾ ਕੰਗਾਲ ਹੈ । ਹਰਿ ਮੰਦਰ ਅਪਾਰ, ਜਿਥੇ ਇਕੋ ਜੋਤ ਨੂਰ ਅਕਾਲ ਹੈ । ਹਰਿ ਮੰਦਰ ਅਪਾਰ, ਜਿਥੇ ਦੀਪਕ ਤੇਲ ਬਾਤੀ ਸਕੇ ਕੋਈ ਨਾ ਬਾਲ ਹੈ । ਹਰਿ ਮੰਦਰ ਅਪਾਰ, ਜਿਥੇ ਤ੍ਰੈ ਵਸਤੂ ਰੱਖਿਆ ਇਕੋ ਥਾਲ ਹੈ । ਹਰਿ ਮੰਦਰ ਅਪਾਰ, ਜਿਥੇ ਸਾਹਿਬ ਸਵਾਮੀ ਚਲੇ ਨਾਲ ਨਾਲ ਹੈ । ਹਰਿ ਮੰਦਰ ਅਪਾਰ, ਜਿਥੇ ਸੋਂਹਦੇ ਬੁਢੇ ਬਿਰਧ ਬਾਲ ਨੌਜਵਾਨ ਹੈ । ਹਰਿ ਮੰਦਰ ਅਪਾਰ, ਜਿਥੇ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਮਿਲਦਾ ਮਾਣ ਹੈ । ਹਰਿ ਮੰਦਰ ਅਪਾਰ, ਜਿਥੇ ਵਸਦਾ ਜੋਤੀ ਜਾਤਾ ਸ੍ਰੀ ਭਗਵਾਨ ਹੈ । ਹਰਿ ਮੰਦਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰਾ ਦਾਨ ਹੈ । ਹਰਿ ਮੰਦਰ ਅਪਾਰ, ਜਗਤ ਨਿਰਾਲਿਆ । ਹਰਿ ਮੰਦਰ ਅਪਾਰ, ਗੁਰਮੁਖ ਵਿਰਲੇ ਮਾਤ ਵਖਾਲਿਆ । ਹਰਿ ਮੰਦਰ ਅਪਾਰ, ਜਨ ਭਗਤਾਂ ਆਪ ਸੁਹਾ ਲਿਆ । ਹਰਿ ਮੰਦਰ ਅਪਾਰ, ਜਿਥੇ ਇਕੋ ਨੂਰ ਜੋਤ ਉਜਾਲਿਆ । ਹਰਿ ਮੰਦਰ ਅਪਾਰ, ਜਿਥੇ ਸ਼ਾਹੋ ਭੂਪ ਬੈਠਾ ਸ਼ਾਹ ਦਲਾਲਿਆ । ਹਰਿ ਮੰਦਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾ ਲਿਆ । ਅੱਸੂ ਕਹੇ ਭਗਤੋ ਮੇਰਾ ਦਿਵਸ ਦਿਹਾੜਾ ਤੀਜਾ, ਤੀਜੇ ਨੈਣ ਵਾਲਿਓ ਦਿਆਂ ਜਣਾਈਆ । ਜਿਨ੍ਹਾਂ ਨੇ ਪੂਰਬਲੇ ਜਨਮ ਦਾ ਨਾਮ ਨਿਧਾਨ ਬੀਜ ਬੀਜਾ, ਫਲ ਖ਼ੁਸ਼ੀਆਂ ਨਾਲ ਲੈਣਾ ਖਾਈਆ । ਤੁਹਾਡੀਆਂ ਸਚ ਦਵਾਰੇ ਸਤਿਗੁਰੂ ਆਪ ਕਰੇ ਰੀਝਾਂ, ਰੀਝਾਂ ਵਾਲਿਓ ਰੀਝ ਕੇ ਤੁਹਾਡੇ ਉਤੇ ਆਪਣਾ ਪ੍ਰੇਮ ਬਣਾਈਆ । ਤੁਹਾਡੀਆਂ ਆਸ਼ਾ ਪੂਰੀਆਂ ਕਰੇ ਮਨਸਾ ਵਾਲੀਆਂ ਉਮੀਦਾਂ, ਹੰਸਾਂ ਦੇ ਰੂਪ ਹੰਸ ਦਏ ਵਖਾਈਆ । ਸਾਚਾ ਮਾਰਗ ਇਕੋ ਦੱਸ ਕੇ ਸੀਧਾ, ਸਿੱਧੇ ਰਾਹੇ ਦਿਤੇ ਪਾਈਆ । ਨਾ ਕੋਈ ਰੋਜ਼ੇ ਨਿਮਾਜ਼ਾਂ ਨਾ ਵੇਖਣੀਆਂ ਪੈਣ ਈਦਾਂ, ਈਦਗਾਹ ਦਾ ਮਾਲਕ ਮੁਲਕ ਇਕੋ ਦਏ ਵਖਾਈਆ । ਸਾਰਿਆਂ ਦੀਆਂ ਕਲਜੁਗ ਦੀ ਗ਼ਫ਼ਲਤ ਵਿਚੋਂ ਖੋਲ ਕੇ ਨੀਂਦਾਂ, ਨਫ਼ਰਤ ਦੇਵੇ ਮਿਟਾਈਆ । ਤੁਹਾਡੇ ਅੰਦਰ ਸੁਰਤ ਸ਼ਬਦ ਦੀ ਧਾਰ ਪਾ ਕੇ ਪੀਘਾ, ਹੁਲਾਰਾ ਦੇਵੇ ਚਾਈਂ ਚਾਈਆ । ਹਰਿਜਨ ਜਨ ਭਗਤ ਜੁਗ ਚੌਕੜੀ ਸਦਾ ਜੀਂਦਾ, ਲੋਕਮਾਤ ਮਰਨ

ਵਿਚ ਕਦੇ ਨਾ ਆਈਆ । ਜੋ ਨਾਮ ਨਿਧਾਨ ਅੰਮ੍ਰਿਤ ਰਸ ਪੀਂਦਾ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਸਿੰਘ ਗੁਰਦਿਆਲ ਇਸ਼ਾਰਾ ਦੇਵੇ ਅੰਤ ਮਾਲਕ ਹੋਣਾ ਸਾਢੇ ਤਿੰਨ ਹੱਥ ਸੀਂ ਦਾ, ਜਗਤ ਜਗੀਰ ਕੰਮ ਕਿਸੇ ਨਾ ਆਈਆ । ਭਰੋਸਾ ਨਹੀਂ ਕਿਸੇ ਪੁਤਰ ਧੀ ਦਾ, ਜਗਤ ਜੀਅ ਨਾਤੇ ਜਾਣ ਤੁੜਾਈਆ । ਇਹ ਇਸ਼ਾਰਾ ਤੱਕ ਲਓ ਗੁਰਦਾਸ ਨੇ ਜੋ ਲਹਿਣਾ ਲਿਖਿਆ ਵੀਹ ਇਕੀਹ ਦਾ, ਜਿਸ ਦਾ ਭੇਵ ਕਿਸੇ ਨਾ ਆਈਆ । ਇਹ ਫਲ ਬੂਟਾ ਉਸ ਅਗੰਮੇ ਬੀ ਦਾ, ਜਿਸ ਦਾ ਬੀਜ ਲੋਕਮਾਤ ਨਜ਼ਰ ਕਿਤੇ ਨਾ ਆਈਆ । ਇਹ ਇਸ਼ਾਰਾ ਉਸ ਮਸੀਹ ਦਾ, ਜੋ ਫਾਸੀ ਉਤੇ ਗਿਆ ਲਟਕਾਈਆ । ਇਹ ਖੇਲ ਮੁਹੰਮਦ ਵਾਲੀ ਤਰਜੀਹ ਦਾ, ਸ਼ਹਾਦਤ ਉਮਤ ਵਾਲੀ ਭੁਗਤਾਈਆ । ਇਹ ਲਹਿਣਾ ਦੇਣਾ ਲੇਖਾ ਨਾਨਕ ਨਿਰਗੁਣ ਸਰਗੁਣ ਧਾਰ ਜੰਤ ਜੀਅ ਦਾ, ਜੋਤੀ ਜੋਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਜਾਣੇ ਆਪਣੇ ਹੁਕਮ ਵਸੀਹ ਕਾ, ਜਿਸ ਦੀ ਵਸੀਅਤ ਹੱਥ ਨਾ ਕਿਸੇ ਫੜਾਈਆ ।

### ✪ ੬ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਦਲੀਪ ਸਿੰਘ ਦੇ ਗ੍ਰਹਿ ✪



ਕਲਜੁਗ ਕਹੇ ਨਾਰਦ ਅਗੰਮ ਵਖਾ ਦੇ ਕਾਪੀਆਂ, ਜਿਸ ਦੀ ਕਾਪੀ ਜਗਤ ਜਹਾਨ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਦੀਆਂ ਪੜ੍ਹਾ ਦੇ ਪਾਤੀਆਂ, ਬਿਨਾ ਅੱਖਰਾਂ ਨਿਸ਼ਅੱਖਰ ਧਾਰ ਜਣਾਈਆ । ਜਿਸ ਸਾਹਿਬ ਮੇਰੀਆਂ ਮੇਟਣੀਆਂ ਰਾਤੀਆਂ, ਰੁਤੜੀ ਰੁੱਤ ਵਿਚੋਂ ਬਦਲਾਈਆ । ਜਿਸ ਕਿਰਪਾ ਕਰਨੀ ਉਤੇ ਪਾਪੀਆਂ, ਪਤਤ ਪੁਨੀਤ ਬਣਾਈਆ । ਧੁਰਦਰਗਾਹੀ ਬਣ ਕੇ ਸਾਕੀਆ, ਜਾਮ ਅਗੰਮਾ ਦਏ ਪਿਆਈਆ । ਘਰ ਮੰਦਰ ਖੋਲ ਕੇ ਤਾਕੀਆਂ, ਤ੍ਰੈਗੁਣ ਅਤੀਤਾ ਕਰੇ ਰੁਸ਼ਨਾਈਆ । ਜਿਸ ਨੇ ਸਾਰੀਆਂ ਉੱਤਮ ਕਰਨੀਆਂ ਜ਼ਾਤੀਆਂ, ਜੋਤੀ ਜਾਤਾ ਇਕ ਅਖਵਾਈਆ । ਉਹਦਾ ਲੇਖਾ ਤੱਕ ਲੈ ਲੋਕਮਾਤੀਆਂ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਜਿਸ ਲਹਿਣੇ ਦੇਣੇ ਮੁਕਾਉਣੇ ਵੰਗਾਂ ਕਾਚੀਆਂ, ਜਨ ਭਗਤਾਂ ਕੰਚਨ ਗੜ੍ਹ ਸੁਹਾਈਆ । ਜਿਸ ਦੇ ਹੁਕਮ ਵਿਚ ਲੱਖ ਚੁਰਾਸੀ ਰਹੀ ਨਾਚੀਆ । ਟੱਪਣ ਕੁੱਦਣ ਥਾਉਂ ਥਾਈਆ । ਉਸ ਦੀਆਂ ਖ਼ਬਰਾਂ ਅਗੰਮੀ ਬਾਤੀਆਂ, ਬਾਤਨ ਪਰਦੇ ਦਏ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਕਲਜੁਗਾ ਉਸ ਸਾਹਿਬ ਦਾ ਅਵੱਲੜਾ ਲੇਖ, ਕਾਤਬ ਸਮਝ ਕਿਸੇ ਨਾ ਆਈਆ । ਜੋ ਜੋਤੀ ਜਾਤਾ ਪੁਰਖ ਬਿਧਾਤਾ ਧਰੇ ਅਵੱਲੜਾ ਭੇਖ, ਰੂਪ ਅਨੂਪ ਸਤਿ ਸਰੂਪ ਆਪ ਪ੍ਰਗਟਾਈਆ । ਉਸ ਦਾ ਫ਼ਰਮਾਨਾ ਸੁਣ ਲੈ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਜੋ ਮਾਲਕ ਖ਼ਾਲਕ ਦੋ ਜਹਾਨਾਂ ਨਰ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਉਹ ਭੇਵ ਅਭੇਦਾ ਖੇਲ ਅਗੰਮੜਾ ਭੇਤ, ਜਿਸ ਦੀ ਸਾਰ ਕੋਇ ਨਾ ਪਾਈਆ । ਆਤਮ ਪਰਮਾਤਮ ਦੀ ਧਾਰ ਕਰੇ ਹੇਤ, ਨਿਜ ਨੇਤਰ ਲੋਚਨ ਨੈਣ ਨੈਣ ਖੁਲਾਈਆ । ਸਾਚੀ ਰੁਤ ਬਸੰਤੀ ਰਖੇ ਚੇਤ, ਚੇਤਨ ਸਭ ਨੂੰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ ।

੧੨੩੨
੨੩

ਕਲਜੁਗ ਕਹੇ ਨਾਰਦ ਮੇਰੀ ਡੂੰਘੀ ਤਕ ਲੈ ਆਸ਼ਾ, ਆਸ਼ਾਵੰਦ ਹੋ ਕੇ ਦਿਆਂ ਜਣਾਈਆ । ਜਿਸ ਸਾਹਿਬ ਨੇ ਨਿਰਗੁਣ ਸਰਗੁਣ ਧਾਰ ਪਾਈਆਂ ਰਾਸਾ, ਗੋਪੀ ਕਾਹਨ ਖੇਲ ਖਿਲਾਈਆ । ਜਨ ਭਗਤਾਂ ਨਾਮ ਦ੍ਰਿੜਾ ਕੇ ਸਵਾਸ ਸਵਾਸਾ, ਸਾਹ ਸਾਹ ਵਿਚ ਸਮਾਈਆ । ਖੇਲ ਖਿਲਾ ਕੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਵੇਖ ਵਖਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਵੇਖਣ ਆਇਆ ਜਗਤ ਤਮਾਸ਼ਾ, ਦੋ ਜਹਾਨਾਂ ਮਰਦ ਮਰਦਾਨਾ ਧਿਆਨ ਲਗਾਈਆ । ਉਸ ਦਾ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਵੇਖ ਵਖਾਈਆ । ਜੋ ਆਦਿ ਅੰਤ ਨਾ ਕਦੇ ਵਿਨਾਸਾ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜੋ ਭੇਵ ਅਭੇਦਾ ਖੋਲੇ ਆਪਣਾ ਖੁਲਾਸਾ, ਖ਼ਸੂਸੀਅਤ ਵਿਚ ਜਣਾਈਆ । ਉਹ ਸਚ ਸਵਾਮੀ ਅੰਤਰਜਾਮੀ ਸਚਖੰਡ ਦਵਾਰੇ ਪਾਵੇ ਅਗੰਮੀ ਰਾਸਾ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਕਹੇ ਨਾਰਦ ਜੀ ਮੇਰੀ ਸੁਣੋ ਬੇਨੰਤੀ, ਅਰਜ਼ ਆਰਜ਼ੂ ਦਿਆਂ ਜਣਾਈਆ । ਮੇਰਾ ਭੇਵ ਹੱਥ ਨਾ ਆਵੇ ਪੰਡਤ ਪੰਡਤੀ, ਮੁੱਲਾ ਸ਼ੇਖ਼ ਨਾ ਕੋਇ ਸਮਝਾਈਆ । ਮੇਰੀ ਕਰਨੀ ਦੀ ਜਾਣੇ ਕੋਇ ਨਾ ਪੰਗਤੀ, ਅੱਖਰਾਂ ਚਲੇ ਨਾ ਕੋਇ ਵਡਿਆਈਆ । ਮੈਂ ਖੇਲ ਖਿਲਾਉਣੀ ਹੰਗਤੀ, ਹੰ ਬ੍ਰਹਮ ਦਿਤਾ ਭੁਲਾਈਆ । ਵਡਿਆਈ ਕਰ ਕੇ ਤਨ ਵਿਚ ਮਨ ਦੀ, ਮਨਸਾ ਕੂੜ ਨਾਲ ਮਿਲਾਈਆ । ਅਗੇ ਖੇਲ ਵੇਖਣੀ ਇਕੋ ਗੋਬਿੰਦ ਚੰਨ ਦੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹਦੀ ਧਾਰ ਅਨੋਖੀ ਪਾਰਬ੍ਰਹਮ ਦੀ, ਬ੍ਰਹਮ ਧਾਰ ਹੋਏ ਸਹਾਈਆ । ਤ੍ਰਿਸ਼ਨਾ ਮੁਕੀ ਕਾਇਆ ਮਾਟੀ ਮਾਸ ਨਾੜੀ ਹੱਡ ਚੰਮ ਦੀ, ਚੰਮ ਦ੍ਰਿਸ਼ਟੀ ਜਗਤ ਬਦਲਾਈਆ । ਖੇਲ ਰਹੀ ਨਾ ਤ੍ਰਿਸ਼ਨਾ ਗ਼ਮ ਦੀ, ਚਿੰਤਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਕਲਜੁਗਾ ਤੇਰੀਆਂ ਅੰਤਸ਼ਕਰਨ ਦੀਆਂ ਮੰਗਾਂ, ਮੰਗਤਿਆਂ ਦਿਆਂ ਜਣਾਈਆ । ਜ਼ਰਾ ਨਿਗਾਹ ਮਾਰ ਲੈ ਅੱਠ ਸੱਠ ਤੀਰਥ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਚਾਰ ਯਾਰੀ ਦਾ ਸੀਸ ਵੇਖ ਲੈ ਨੰਗਾ, ਓਢਣ ਉਪਰ ਨਾ ਕੋਇ ਟਿਕਾਈਆ । ਪਿਆਰ ਰਿਹਾ ਨਾ ਵਿਚ ਪੰਜਾ, ਪੰਜ ਪਿਆਰੇ ਦੇਣ ਗਵਾਹੀਆ । ਸਦੀ ਚੌਧਵੀਂ ਖੇਲ ਤੱਕ ਲੈ ਅਚੰਭਾ, ਹੈਰਾਨੀ ਵਿਚ ਦ੍ਰਿੜਾਈਆ । ਆਤਮ ਰਸ ਦਾ ਰਿਹਾ ਨਾ ਕੋਇ ਅਨੰਦਾ, ਸੁਖ ਸਾਗਰ ਵਿਚ ਨਾ ਕੋਇ ਸਮਾਈਆ । ਆਤਮ ਪਰਮਾਤਮ ਪਾਏ ਨਾ ਕੋਇ ਨਿਜਾ ਨੰਦਾ, ਰਸ ਸਚ ਨਾ ਕੋਇ ਚਖਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਛੰਦਾ, ਸੋਹੰ ਵਜੇ ਨਾ ਕੋਇ ਵਧਾਈਆ । ਤੇਰਾ ਸਫ਼ਰ ਮੂਲ ਰਹੇ ਨਾ ਲੰਬਾ, ਔਧ ਅਵਰ ਨਾ ਕੋਇ ਵਧਾਈਆ । ਉਹ ਤੱਕ ਲੈ ਸਾਹਿਬ ਸੂਰਾ ਸਰਬੰਗਾ, ਹਰਿ ਕਰਤਾ ਇਕ ਅਖਵਾਈਆ । ਜੋ ਜਨ ਭਗਤਾਂ ਅੰਤਸ਼ਕਰਨ ਵਿਚ ਦੇਵੇ ਅਨੰਦਾ, ਸੁਖ ਸਾਗਰ ਵਿਚ ਰਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਆਪਣਾ ਬੇੜਾ ਚਲਾਏ ਬਿਨਾ ਮੁਹਾਣਿਆ ਵੰਝਾ, ਖੇਵਟ ਖੇਟਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੁਲਤਾਨਾ ਸੂਰਾ ਸਰਬੰਗਾ, ਸੂਰਬੀਰ ਬੇਨਜ਼ੀਰ ਇਕੋ ਇਕ ਅਖਵਾਈਆ ।


੧੨੩੩
੨੩

## ✪ ੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਦਲੀਪ ਸਿੰਘ ਦੀ ਬੰਬੀ ਤੇ ✪

ਧਰਨੀ ਕਹੇ ਮੇਰੇ ਭਾਗ ਉਦੇ, ਮਿਲੇ ਚਰਨ ਕਵਲ ਸ਼ਰਨਾਈਆ । ਮੈਂ ਖ਼ੁਸ਼ੀ ਹੋਵਾਂ ਮਿੱਟੀ ਖ਼ਾਕ ਬਸੁਧੇ, ਸੁਧ ਆਪਣੀ ਆਪ ਬਦਲਾਈਆ । ਮੇਰਾ ਸਾਹਿਬ ਸਵਾਮੀ ਭੇਵ ਖੁਲਾਏ ਗੁਝੇ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਨ ਭਗਤ ਸੁਹੇਲੇ ਨਾਮ ਧਾਰ ਵਿਚ ਰੁਝੇ, ਰੁਚੀ ਅੰਦਰੇ ਅੰਦਰ ਦਿਤੀ ਲਗਾਈਆ । ਜੀਵਣ ਜਨਮ ਦੇ ਸਮਝ ਗਏ ਮੁੱਦੇ, ਮੁੱਦਤਾਂ ਦੇ ਵਿਛੜੇ ਲਏ ਮਿਲਾਈਆ । ਹਰਿਜਨ ਖ਼ੁਸ਼ੀਆਂ ਵਿਚ ਟੱਪੇ ਕੁੱਦੇ, ਨੱਚੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਮੈਂ ਭਾਗਾਂ ਭਰੀ, ਭਾਰਤ ਖੰਡ ਮਿਲੀ ਵਡਿਆਈਆ । ਕਿਰਪਾ ਕਰੀ ਆਪ ਨਰ ਹਰੀ, ਨਰ ਨਰਾਇਣ ਹੋਇਆ ਸਹਾਈਆ । ਜਿਸ ਦੀ ਖ਼ੁਸ਼ੀਆਂ ਵਿਚ ਸਰਨ ਸਰਨਾਈ ਪਰੀ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਧਿਆਨ ਲਗਾਈਆ । ਜਿਸ ਕਿਰਪਾਲ ਕਿਰਪਾ ਕਰੀ, ਕਰਤਾ ਪੁਰਖ ਹੋਏ ਸਹਾਈਆ । ਉਸ ਦੇ ਭੈ ਵਿਚ ਆਦਿ ਜੁਗਾਦੀ ਰਹੀ ਡਰੀ, ਜੁਗ ਚੌਕੜੀ ਸੀਸ ਨਿਵਾਈਆ । ਜਿਸ ਗੁਰਸਿਖ ਹਰਿਜਨ ਹਰਿ ਭਗਤ ਚੁਰਾਸੀ ਵਿਚੋਂ ਕੀਤੇ ਬਰੀ, ਬਰੇ ਆਜ਼ਮ ਆਪਣਾ ਇਕੋ ਇਕ ਵਖਾਈਆ । ਜਿਥੇ ਮਜ਼੍ਹਬ ਨਾ ਕੋਇ ਸ਼ਰਈ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਇਕੋ ਆਪਣੇ ਨਾਮ ਦੀ ਪਾ ਕੇ ਸਹੀ, ਸਹੀ ਸਲਾਮਤ ਆਪਣੇ ਘਰ ਟਿਕਾਈਆ । ਰਾਏ ਧਰਮ ਲੇਖਾ ਮੰਗੇ ਨਾ ਕਢ ਕੇ ਵਹੀ, ਚਿਤ੍ਰਗੁਪਤ ਗਣਤ ਨਾ ਕੋਇ ਗਿਣਾਈਆ । ਜਿਸ ਦੀ ਹੁਕਮ ਦੀ ਧਾਰ ਅਗੰਮੀ ਨਈ, ਨਵ ਨੌ ਚਾਰ ਰਿਹਾ ਵਖਾਈਆ । ਉਹਦਾ ਲਹਿਣਾ ਦੇਣਾ ਪੂਰਾ ਗੋਬਿੰਦ ਵਾਲਾ ਢਈ, ਢਈਆ ਆਪਣਾ ਪੰਧ ਮੁਕਾਈਆ । ਮੈਂ ਉਸ ਦੀ ਸਰਨ ਸਰਨਾਈ ਪਈ, ਧੂੜੀ ਖ਼ਾਕ ਰਮਾਈਆ । ਜਿਸ ਨੇ ਕਲਜੁਗ ਅੰਤ ਜਨ ਭਗਤਾਂ ਸਾਰ ਲਈ, ਸਰਸੇ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੀ ਵਡਿਆਈ ਉਦੇ ਅਸਤ, ਸ਼ਾਹ ਸਵਾਰਾ ਹੋਏ ਸਹਾਈਆ । ਮੈਂ ਖ਼ੁਸ਼ੀਆਂ ਵਿਚ ਹੋਣਾ ਮਸਤ, ਦੀਵਾਨੀ ਹੋ ਕੇ ਸੀਸ ਨਿਵਾਈਆ । ਜਿਸ ਭੇਵ ਚੁਕਾਇਆ ਕੀਟ ਹਸਤ, ਗ੍ਰਿਹਿ ਇਕੋ ਵੱਜੇ ਵਧਾਈਆ । ਉਹ ਮਾਲਕ ਵਾਲੀ ਅਰਸ਼, ਫ਼ਰਸ਼ ਸੋਭਾ ਪਾਈਆ । ਮੇਰੇ ਉਤੇ ਕੀਤਾ ਤਰਸ, ਰਹਿਮਤ ਸਚ ਕਰਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਜਲਧਾਰਾ ਰੰਗ ਰੰਗਾਈਆ । ਮੇਰੀ ਨਵ ਨਵ ਚਾਰ ਦੀ ਮੇਟ ਕੇ ਹਰਸ, ਹਵਸ ਦਿਤੀ ਬੁਝਾਈਆ । ਜਨ ਭਗਤਾਂ ਦੇ ਕੇ ਦਰਸ, ਦਰਸ਼ਨ ਭਗਤਾਂ ਆਪੇ ਪਾਈਆ । ਮੇਰਾ ਸੁਹੰਜਣਾ ਖ਼ੁਸ਼ੀਆਂ ਵਾਲਾ ਬਰਸ, ਸ਼ਹਿਨਸ਼ਾਹੀ ਨੌ ਨਾਲ ਚਤੁਰਾਈਆ । ਧਰਨੀ ਕਹੇ ਮੇਰਾ ਸਵਾਮੀ ਆਇਆ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਮੈਂ ਭਾਗਾਂ ਭਰੀ ਧਰਤ, ਭਗਵਨ ਹੋਇਆ ਆਪ ਸਹਾਈਆ । ਜੋ ਸਭ ਦੀ ਪੂਰੀ ਕਰੇ ਸ਼ਰਤ, ਅਵਤਾਰ ਪੈਗ਼ੰਬਰਾਂ ਗੁਰੂਆਂ ਲੇਖੇ ਪੂਰ ਕਰਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਸਿਰ ਮੇਰੇ ਹੱਥ ਟਿਕਾਈਆ । ਜਨ ਭਗਤਾਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਸ਼ਰਅ ਛੁਰੀ ਰਹਿਣ ਨਾ ਦੇਵੇ ਕਰਦ, ਨਾਮ ਸਤਿ ਸਤਿ ਸਮਝਾਈਆ । ਮੇਰੇ ਸਾਹਿਬ ਦਾ ਖੇਲ ਅਸਚਰਜ, ਚਰਨ ਕਵਲ ਦਏ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਬਲਾ ਲੇਖੇ ਦਾ ਲਾਹਵੇ ਕਰਜ਼, ਲਹਿਣੇ ਦੇਣੇ ਘਰ ਘਰ ਝੋਲੀ ਪਾਈਆ ।

## ੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਸਰੈਣ ਸਿੰਘ ਦੇ ਗ੍ਰਿਹਿ

ਧਰਨੀ ਕਹੇ ਸੁਹੰਜਣੀ ਹੋਈ ਰੁਤੀ, ਰਤਨ ਅਮੋਲਕ ਮੇਰੀ ਮਿੱਟੀ ਖ਼ਾਕ ਨਜ਼ਰੀ ਆਈਆ । ਜਿਥੇ ਨਾਮ ਦੇਵ ਦੀ ਪੁਰਾਣੀ ਵਿਭੂਤੀ, ਨਾਮ ਨਾਮਾ ਸਾਰ ਬਣਾਈਆ । ਸਚ ਪ੍ਰੇਮ ਦੀ ਦੇਂਦਾ ਗਿਆ ਅਹੂਤੀ, ਸਮਗਰੀ ਬਿਰਹੋਂ ਵਾਲੀ ਪਾਈਆ । ਸ਼ਬਦ ਸੁਣਦਾ ਰਿਹਾ ਅਗੰਮੀ ਦੂਤੀ, ਜੋ ਦੁਤੀਆ ਭੇਵ ਤੋਂ ਬਾਹਰ ਸੁਣਾਈਆ । ਸੁਰਤੀ ਰਹੇ ਕਦੇ ਨਾ ਸੁੱਤੀ, ਸੁੱਤਿਆਂ ਲਏ ਜਗਾਈਆ । ਪ੍ਰਭ ਖੇਲ ਖਿਲਾਉਣਾ ਕਾਇਆ ਪੰਜ ਤਤ ਬੁਤੀ, ਬੁਤਖ਼ਾਨਿਆਂ ਫੋਲ ਫੁਲਾਈਆ । ਜਿਸ ਵੇਲੇ ਜਾਪ ਹੋਣਾ ਬੁੱਲਾਂ ਬੁਟੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਅੰਦਰੋਂ ਪ੍ਰੀਤ ਹੋਣੀ ਟੁੱਟੀ, ਬਾਹਰੋਂ ਜਗਤ ਜਗਤ ਵਡਿਆਈਆ । ਦੀਨ ਦੁਨੀਆ ਜਾਣੀ ਲੁੱਟੀ, ਸਚ ਵਸਤ ਰਹਿਣ ਕੋਇ ਨਾ ਪਾਈਆ । ਨਾਮ ਦੀ ਚੋਗ ਜਾਣੀ ਨਿਖੁੱਟੀ, ਖ਼ਾਲੀ ਭਾਂਡੇ ਨਾ ਕੋਇ ਭਰਾਈਆ । ਕਿਸੇ ਦੀ ਰਹਿਣੀ ਨਹੀਂ ਪ੍ਰੇਮ ਦੀ ਰੁਚੀ, ਰਚਨਾ ਸਚ ਨਾ ਕੋਇ ਸਮਾਈਆ । ਖੇਲ ਤਕਣੀ ਅਧਮੁਚੀ, ਦੀਰਘ ਰੋਗ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਲੇਖਾ ਆਪ ਸੁਣਾਈਆ । ਧਰਨੀ ਕਹੇ ਮੇਰਾ ਮਾਲਕ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਭਗਤਾਂ ਦੀ ਲੇਖੇ ਲਾਈ ਸਵਾਹ, ਨਾਮਦੇਵ ਦੇਵ ਹੋਏ ਸਹਾਈਆ । ਅੰਤਰ ਦੇ ਕੇ ਅਗੰਮੀ ਨਾਂ, ਨਰ ਨਿਰੰਕਾਰ ਦਏ ਸਮਝਾਈਆ । ਮੇਰੀ ਬੁੱਧੀ ਰਹੇ ਨਾ ਕਾਂ, ਹੰਸ ਰੂਪ ਵਟਾਈਆ । ਮੇਰੇ ਉਤੇ ਝਗੜਾ ਮੇਟੇ ਸੂਰ ਗਾਂ, ਲੀਕ ਨਾਮਦੇਵ ਗਿਆ ਪਾਈਆ । ਜਿਸ ਮੋਈ ਲਈ ਜਵਾ, ਨਿਗਾਹ ਪ੍ਰਭ ਚਰਨ ਚਰਨ ਟਿਕਾਈਆ । ਉਹ ਸ਼ਬਦੀ ਧਾਰ ਗਿਆ ਸੁਣਾ, ਢੋਲਾ ਅਣਸੁਣਤ ਸੁਣਾਈਆ । ਨੂਰ ਨੁਰਾਨਾ ਹਕ ਖ਼ੁਦਾ, ਖ਼ੁਦ ਮਾਲਕ ਬੇਪ੍ਰਵਾਹੀਆ । ਜਿਸ ਮਾਨਵ ਮਾਨਸ ਕੀਤੇ ਜੁਦਾ, ਜੁਜ਼ ਮਜ਼੍ਹਬ ਵੰਡ ਵੰਡਾਈਆ । ਅੰਤ ਕਲਜੁਗ ਜਾਵੇ ਆ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਪੂਰਬ ਲੇਖੇ ਦਏ ਮੁਕਾ, ਅਗੇ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਏ ਸਮਝਾ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਰੰਗ ਰੰਗਾ, ਰੰਗਤ ਇਕੋ ਇਕ ਵਖਾਈਆ । ਧਰਨੀ ਧਰਤ ਧਵਲ ਧੌਲ ਤੇਰਾ ਇਕੋ ਸੁਹਾਏ ਥਾਂ, ਥਾਨ ਥਨੰਤਰ ਵੱਜੇ ਵਧਾਈਆ । ਜਿਸ ਦੀ ਧਾਰ ਬਹੱਤਰ ਵਾਰ ਹੋਈ ਰੁਸ਼ਨਾ, ਨਾਮੇ ਦਿਤੀ ਵਡਿਆਈਆ । ਭਗਤ ਦਵਾਰਾ ਦਏ ਬਣਾ, ਛੱਤੀ ਧਾਰ ਦਾ ਪੰਧ ਮੁਕਾਈਆ । ਸੋ ਭਗਤਾਂ ਹੋਏ ਸਹਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਓਹ ਮੇਰਾ ਵਾਹਿਦ ਅੱਲਾ ਖ਼ੁਦਾ, ਲਾਸ਼ਰੀਕ ਨੂਰ ਅਲਾਹੀਆ । ਮੇਰਾ ਰਾਮ ਰਾਮਾ ਮਿਹਬਾਂ, ਕਾਹਨ ਕਾਹਨਾ ਨਜ਼ਰੀ ਆਈਆ । ਜਿਸ ਨੂੰ ਬੀਠਲੋ ਕਹਿ ਕੇ ਦੇਵਾਂ ਗਾ, ਖ਼ੁਸ਼ੀਆਂ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਧਰਮ ਗਰਾਂ, ਗ੍ਰਿਹਿ ਗ੍ਰਿਹਿ ਫੋਲ ਫੁਲਾਈਆ ।



## ੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਸਵਰਨ ਸਿੰਘ ਦੇ ਗ੍ਰਿਹਿ

ਧਰਨੀ ਕਹੇ ਮੇਰੇ ਉਤੇ ਫਿਰ ਕੇ ਗਏ ਅਗਣਤ ਉਦਾਸੀ, ਉਦਾਸੀ ਅੰਤਸ਼ਕਰਨ ਨਜ਼ਰ ਕਿਸੇ ਨਾ ਆਈਆ । ਗ੍ਰਿਹਿ ਛਡ ਬਣਦੇ ਰਹੇ ਬਨਬਾਸੀ,

ਚਾਰੋਂ ਕੁੰਟ ਚਲੇ ਵਾਹੋ ਦਾਹੀਆ । ਤੀਰਥ ਤਟ ਤੱਕੇ ਪਰਾਗ ਕਾਸ਼ੀ, ਤ੍ਰਬੈਣੀ ਨੈਣੀ ਵੇਖ ਵਖਾਈਆ । ਅੰਤਰ ਆਤਮ ਹੋਈ ਕਿਸੇ ਨਾ ਰਾਸੀ, ਰਸਤਾ ਮਿਲਿਆ ਨਾ ਧੁਰਦਰਗਾਹੀਆ । ਰਸਨਾ ਜਿਹਵਾ ਬਣੀ ਨਾ ਸਵਾਸ ਸਵਾਸੀ, ਸਾਹ ਸਾਹ ਨਾ ਪ੍ਰਭੁ ਧਿਆਈਆ । ਤ੍ਰਿਸ਼ਨਾ ਰਖੀ ਹੱਡ ਨਾੜੀ ਮਾਸ ਮਾਸੀ, ਮਮਤਾ ਮੋਹ ਅੰਤਰ ਅੰਤਰ ਜਣਾਈਆ । ਰਾਹ ਤੱਕਦੇ ਗਏ ਸ਼ੰਕਰ ਕੈਲਾਸ਼ੀ, ਤ੍ਰੈਸੂਲਾਂ ਨੈਣ ਉਠਾਈਆ । ਕਿਸੇ ਹੋਈ ਨਾ ਬੰਦ ਖਲਾਸੀ, ਬੰਧਨ ਸਕਿਆ ਨਾ ਕੋਇ ਤੁੜਾਈਆ । ਮੈਂ ਵੇਖ ਵੇਖ ਕਰਦੀ ਰਹੀ ਹਾਸੀ, ਬਿਨ ਹੱਥਾਂ ਤਾੜੀ ਲਾਈਆ । ਸਚ ਦੀ ਬਣੇ ਕੋਇ ਨਾ ਦਾਸੀ, ਸੇਵਕ ਸੇਵ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਬਿਨ ਸ਼ਬਦ ਤੋਂ ਤੇਰੀ ਸਮਝੇ ਉਦਾਸੀ ਨਾ ਕੋਇ, ਦੋ ਜਹਾਨ ਰਹੇ ਬਿਲਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਤੇਰੀ ਪਾਏ ਕੋਇ ਨਾ ਸੋਏ, ਸੋ ਪੁਰਖ ਨਿਰੰਜਣ ਤੇਰਾ ਭੇਵ ਕਿਸੇ ਨਾ ਆਈਆ । ਜਗਤ ਜਗਿਆਸੂ ਰੂਪ ਧਰਦੇ ਰਹੇ ਦੋਏ, ਤਨ ਵਜੂਦਾਂ ਨਾਲ ਵਡਿਆਈਆ । ਦੀਨ ਦੁਨੀ ਨਾਲੋਂ ਹੁੰਦੇ ਰਹੇ ਨਿਰਮੋਹੇ, ਮੋਹ ਮਨਸਾ ਮਮਤਾ ਵਾਲੀ ਅੰਦਰ ਰਖਾਈਆ । ਗ਼ਫ਼ਲਤ ਗੂੜ੍ਹੀ ਨੀਂਦ ਰਹੇ ਸੋਏ, ਸ਼ਬਦੀ ਧਾਰ ਸੁੱਤੇ ਨਾ ਕੋਇ ਉਠਾਈਆ । ਕੋਟਨ ਕੋਟ ਉਦਾਸੀ ਹੋ ਕੇ ਜਗਤ ਮੋਏ, ਮਰਿਆ ਜੀਵਤ ਰੂਪ ਨਾ ਕੋਇ ਵਟਾਈਆ । ਬਿਨ ਤੇਰੀ ਕਿਰਪਾ ਆਪਾ ਆਪ ਗਏ ਖੋਏ, ਲੋਕਮਾਤ ਨਾ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੈਂ ਉਦਾਸੀ ਉਹ ਸਮਝਦੀ ਚੰਗਾ, ਚੰਗੀ ਤਰਾ ਧਿਆਨ ਲਗਾਈਆ । ਜਿਸ ਨੂੰ ਤ੍ਰਿਸ਼ਨਾ ਰਹੇ ਨਾ ਨੁਹਾਉਣਾ ਗੰਗਾ, ਜਮਨਾ ਸੁਰਸਤੀ ਨਾ ਰਾਹ ਤਕਾਈਆ । ਮੰਦਰ ਮਸਜਦਾਂ ਸ਼ਿਵਦਵਾਲੇ ਮੱਠਾਂ ਕਰੇ ਕੋਇ ਨਾ ਸੰਗਾ, ਗੁਰਦਵਾਰ ਨਾ ਪੰਧ ਮੁਕਾਈਆ । ਇਕੋ ਅੰਤਰ ਤੇਰੇ ਪ੍ਰੇਮ ਦਾ ਲਏ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਗਾਏ ਛੰਦਾ, ਦੂਸਰ ਵੇਸ ਨਾ ਕੋਇ ਵਖਾਈਆ । ਕਿਸੇ ਕੰਮ ਨਾ ਆਵੇ ਬਦਨ ਰੱਖਿਆ ਨੰਗਾ, ਓਢਣ ਸੀਸ ਨਾ ਕੋਇ ਟਿਕਾਈਆ । ਲਹਿਣਾ ਮੁਕੇ ਨਾ ਪੰਧ ਮਾਰਿਆ ਟੰਗਾ, ਫਿਰ ਫਿਰ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਇਕ ਰਖਾਈਆ । ਧਰਨੀ ਕਹੇ ਪ੍ਰਭੂ ਤੇਰਾ ਵੈਰਾਗੀ ਉਦਾਸੀ ਓਹ, ਜਿਸ ਦੀ ਉਸਤਤ ਨਿੰਦਿਆ ਕਰੇ ਲੋਕਾਈਆ । ਜੋ ਜਗਤ ਜਹਾਨ ਦਾ ਛਡੇ ਮੋਹ, ਮੁਹੱਬਤ ਤੇਰੇ ਵਿਚ ਰਖਾਈਆ । ਇਕੋ ਨਾਮ ਜਾਣ ਕੇ ਸੋ, ਸੋ ਪੁਰਖ ਨਿਰੰਜਣ ਤੇਰੀ ਓਟ ਰਖਾਈਆ । ਹੰ ਬ੍ਰਹਮ ਆਪੇ ਹੋ, ਹੋਕਾ ਦੇਵੇ ਥਾਉਂ ਥਾਈਂਆ । ਘਰ ਤੇਰੇ ਨਾਮ ਦੀ ਹੋਵੇ ਲੋ, ਲੋਚਨ ਨੈਣ ਹੋਵੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਦੇਵੇ ਖੋਹ, ਖ਼ਾਲਸ ਤੇਰੇ ਵਿਚ ਸਮਾਈਆ । ਦੁਰਮਤ ਮੈਲ ਲਵੇ ਧੋ, ਪਾਪਾਂ ਕਰੇ ਸਫ਼ਾਈਆ । ਆਤਮ ਧਾਰ ਪਰਮਾਤਮ ਤੇਰੇ ਨਾਲ ਜਾਵੇ ਛੋਹ, ਰੰਗ ਰੰਗਾਵੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਖਣਹਾਰ ਤੇਰੀ ਵਡਿਆਈਆ । ਧਰਨੀ ਕਹੇ ਮੈਂ ਤਿਆਗੀ ਵੇਖੇ ਤੇਰੇ ਭਗਤ, ਜੁਗ ਜੁਗ ਧਿਆਨ ਲਗਾਈਆ । ਜਿਨ੍ਹਾਂ ਨਾਤਾ ਤੋੜਿਆ ਦੀਨ ਦੁਨੀ ਜਗਤ, ਮਜ਼੍ਹਬਾਂ ਦਾ ਪੰਧ ਮੁਕਾਈਆ । ਇਕੋ ਓਟ ਰਖੀ ਸਾਹਿਬ ਸੁਲਤਾਨਾ ਤੇਰੀ ਫ਼ਕਤ, ਫ਼ਿਕਰਾ ਤੇਰਾ ਢੋਲਾ ਗਾਈਆ । ਤੂੰ ਆਤਮ ਧਾਰ ਦੇਣੀ ਸ਼ਕਤ, ਸ਼ਕਤੀਸ਼ਾਲੀ ਤੇਰੇ ਹੱਥ ਵਡਿਆਈਆ । ਉਨ੍ਹਾਂ ਲੇਖੇ ਲਾਉਣੀ ਬੂੰਦ ਰਕਤ, ਜੋ ਤਨ


੧੨੩੬
੨੩

ਵਜੂਦ ਤੇਰੀ ਸੇਵ ਕਮਾਈਆ । ਝਗੜਾ ਮੇਟਣਾ ਕੀਟ ਹਸਤ, ਊਚ ਨੀਚ ਇਕੋ ਘਰ ਬਹਾਈਆ । ਤੇਰੀ ਨਾਮ ਖ਼ੁਮਾਰੀ ਵਿਚ ਰਹਿਣ ਮਸਤ, ਮਸਤਾਨੇ ਧੁਰ ਦੇ ਦੇਣੇ ਬਣਾਈਆ । ਸਚ ਉਦਾਸੀ ਦੀ ਦੇਣੀ ਵਸਤ, ਜਗਤ ਉਦਾਸੀਆਂ ਵਿਚੋਂ ਆਪਣਾ ਆਪ ਲੈਣ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਤਿਆਗੀ ਤੱਕੇ ਤੇਰੇ ਭਗਤ ਜਨ, ਧਨ ਜਣੇਂਦੀ ਮਾਈਆ । ਜਿਨ੍ਹਾਂ ਦਾ ਇਸ਼ਟ ਇਕੋ ਸਵਾਮੀ ਬਿਨਾ ਤਨ, ਵਜੂਦ ਨਜ਼ਰ ਕੋਇ ਨਾ ਆਈਆ । ਉਹ ਅੰਦਰੋਂ ਭਾਂਡਾ ਭਰਮ ਬੈਠੇ ਭੰਨ, ਭੈ ਭਾਓ ਅਵਰ ਰਿਹਾ ਨਾ ਰਾਈਆ । ਤੇਰੀ ਪ੍ਰੀਤ ਵਿਚ ਕਹਿੰਦੇ ਧੰਨ ਧੰਨ, ਧੰਨ ਤੇਰੀ ਵਡਿਆਈਆ । ਓਹ ਰੂਪ ਅਨੂਪ ਸਮਝ ਕੇ ਬ੍ਰਹਮ, ਪਾਰਬ੍ਰਹਮ ਬ੍ਰਹਮ ਤੇਰੀ ਝੋਲੀ ਪਾਈਆ । ਜੋਤੀ ਜਾਤੇ ਪੁਰਖ ਬਿਧਾਤੇ ਉਹ ਹਰਿਜਨ ਤੇਰੇ ਜਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਲੋਕਮਾਤ ਚਾੜ੍ਹ ਦੇ ਚੰਨ, ਚੰਦ ਸਿਤਾਰ ਜਿਸ ਨੂੰ ਸੀਸ ਝੁਕਾਈਆ । ਉਨ੍ਹਾਂ ਅੰਤਰ ਰਹੇ ਚਿੰਤਾ ਕੋਇ ਨਾ ਗ਼ਮ, ਗ਼ਮਖ਼ਾਰ ਦੇਣੀ ਵਡਿਆਈਆ । ਭਗਤ ਉਧਾਰਨਾ ਤੇਰਾ ਧਰਮ, ਧਰਨੀ ਧਰਤ ਧਵਲ ਧੌਲ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤਾਂ ਉਦਾਸੀ ਵਿਚ ਛਡੇ ਸਾਕ ਸੈਣ, ਸੱਜਣਾਂ ਗਏ ਤਜਾਈਆ । ਤੇਰਾ ਦਰਸ਼ਨ ਕਰ ਕੇ ਆਪਣੇ ਨੈਣ, ਨੈਣ ਨੈਣਾਂ ਵਿਚ ਮਿਲਾਈਆ । ਤੂੰ ਮਿਹਰਵਾਨ ਨਾ ਰਹੀਂ ਤ੍ਰਫ਼ੈਣ, ਤਰਫ਼ਦਾਰੀ ਇਕੋ ਇਕ ਸਮਝਾਈਆ । ਤੇਰਾ ਨੂਰ ਨੁਰਾਨਾ ਨਜ਼ਰੀ ਆਵੇ ਐਨ ਦਾ ਐਨ, ਨੁਕਤਾ ਗ਼ੈਨ ਵਾਲਾ ਮਿਟਾਈਆ । ਮੈਂ ਮਾਲਕ ਖ਼ਾਲਕ ਦਰ ਤੇਰੇ ਆਈ ਕਹਿਣ, ਕਹਿ ਕਹਿ ਦਿਆਂ ਸੁਣਾਈਆ । ਹਰਿ ਸੰਤ ਸੁਹੇਲੇ ਤੇਰੇ ਪਿਆਰ ਮੁਹੱਬਤ ਦੇ ਵਹਿੰਦੇ ਵਿਚ ਵਹਿਣ, ਸਮੁੰਦ ਸਾਗਰਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰਿ ਭਗਤ ਤੇਰਾ ਉਦਾਸੀਆਂ ਵਾਲਾ ਉਹ ਮਹੈਣ, ਜਿਸ ਦੀ ਮਹਿੰਮਾ ਚਾਰ ਜੁਗ ਦੇ ਸ਼ਾਸਤਰ ਗਾਈਆ ।

### ੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਸੰਤੋਖ ਸਿੰਘ ਦੇ ਗ੍ਰਿਹ

ਧਰਨੀ ਕਹੇ ਪ੍ਰਭੂ ਸਤਿਗੁਰ ਸ਼ਬਦ ਵੈਰਾਗੀ ਖ਼ਾਸ, ਜੁਗ ਜੁਗ ਇਕ ਅਖਵਾਈਆ । ਜੋ ਦੀਨ ਦੁਨੀ ਵੇਖੇ ਖੇਲ ਤਮਾਸ਼, ਸਤਿਜੁਗ ਤਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਕੋਟਨ ਕੋਟ ਜੀਵਾਂ ਜੰਤਾਂ ਕਰ ਕੇ ਨਾਸ, ਸਦ ਖ਼ੁਸ਼ੀਆਂ ਵਿਚ ਸਮਾਈਆ । ਚਿੰਤਾ ਗ਼ਮ ਵਿਚ ਕਦੇ ਨਾ ਹੋਇਆ ਨਾਸ, ਹਰਖ ਸੋਗ ਨਾ ਕੋਇ ਜਣਾਈਆ । ਸਦ ਖ਼ੁਸ਼ੀਆਂ ਵਾਲੀ ਪਾਉਂਦਾ ਰਹੇ ਰਾਸ, ਮੰਡਲ ਮੰਡਪਾਂ ਡੇਰਾ ਲਾਈਆ । ਹਰ ਘਟ ਕਰਦਾ ਰਹੇ ਵਾਸ, ਘਰ ਘਰ ਆਸਣ ਸੋਭਾ ਪਾਈਆ । ਤੇਰੇ ਸ਼ਬਦੀ ਧਾਰ ਦੀ ਧਾਰ ਵਿਚੋਂ ਖੇਲ ਕਰੇ ਦਿਨ ਰਾਤ, ਜੁਗ ਚੌਕੜੀ ਹੁਕਮ ਵਰਤਾਈਆ । ਜਨ ਭਗਤਾਂ ਦੇਂਦਾ ਰਹੇ ਦਾਤ, ਨਾਮ ਸਤਿ ਸਤਿ ਵਰਤਾਈਆ । ਸੁਹੇਲਾ ਹੋ ਕੇ ਪੁਛੇ ਵਾਤ, ਸਾਜਣ ਹੋ ਕੇ ਮੇਲ ਮਿਲਾਈਆ । ਝਗੜਾ ਰਹਿਣ ਨਾ ਦੇਵੇ ਜ਼ਾਤ ਪਾਤ, ਭੇਵ ਅਭੇਦਾ ਆਪ ਖੁਲਾਈਆ । ਤੇਰਾ ਮੇਲ ਮਿਲਾਏ ਕਮਲਾਪਾਤ, ਪਤਿਪਰਮੇਸ਼ਵਰ ਤੇਰੇ ਰੰਗ ਰੰਗਾਈਆ । ਤੇਰੇ ਨਾਮ

੧੨੩੭
੨੩

ਦੀ ਦੇਵੇ ਬੂੰਦ ਸਵਾਂਤ, ਅੰਮ੍ਰਿਤ ਰਸ ਚਖਾਈਆ । ਆਪ ਸਭ ਤੋਂ ਹੋ ਇਕਾਂਤ, ਇਕ ਇਕੱਲਾ ਡੇਰਾ ਲਾਈਆ । ਆਦਿ ਜੁਗਾਦੀ ਧਰਮ ਉਦਾਸੀ ਇਕੋ ਲੋਕਮਾਤ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਸਚ ਉਦਾਸੀ ਵਿਚ ਤੇਰਾ ਸੁਤ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ਜਿਸ ਦੀ ਸਦਾ ਇਕੋ ਜਿਹੀ ਰੁਤ, ਖ਼ਿਜ਼ਾਂ ਬਸੰਤ ਨਾ ਰੂਪ ਬਦਲਾਈਆ । ਤੇਰੇ ਪਿਆਰ ਵਿਚ ਮਸਤ ਰਹੇ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਤੇਰਾ ਧਿਆਨ ਜਣਾਈਆ । ਨਾ ਤ੍ਰਿਸ਼ਨਾ ਨਾ ਕੋਇ ਭੁੱਖ, ਲੋਭ ਵਿਚ ਕਦੇ ਨਾ ਆਈਆ । ਹਰਖ ਸੋਗ ਨਾ ਕੋਇ ਦੁੱਖ, ਚਿੰਤਾ ਗ਼ਮ ਨਾ ਕੋਇ ਸਤਾਈਆ । ਜਨਣੀ ਜਣੇ ਕੋਇ ਨਾ ਕੁੱਖ, ਗਰਭਵਾਸ ਨਾ ਅਗਨ ਤਪਾਈਆ । ਉਹ ਤੂੰ ਮੇਰਾ ਮੈਂ ਤੇਰਾ ਪੜ੍ਹੇ ਤੁਕ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਅੰਤ ਤੇਰਾ ਰੂਪ ਅਨੂਪ ਸਤਿ ਸਰੂਪ ਨਿਰਗੁਣ ਧਾਰ ਜੋਤ, ਜੋਤੀ ਜਾਤੇ ਤੇਰੇ ਵਿਚ ਸਮਾਈਆ । ਜੋ ਵਸੇ ਸਚਖੰਡ ਸਾਚੇ ਕੋਟ, ਕਿਲਾ ਬੰਕ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੂਪ ਸ਼ਬਦ ਉਦਾਸੀ ਇਕੋ ਬਹੁਤ, ਦੂਸਰ ਉਦਾਸੀ ਵਿਚ ਕੋਇ ਨਾ ਆਈਆ ।

### ✪ ੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਤੇਜਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਂ ਦੁਨੀਆ ਨਾਲੋਂ ਕਰਨਾ ਚਾਹੁੰਦੀ ਤਿਆਗ, ਤਿਆਗਣ ਹੋ ਕੇ ਪੱਲੂ ਲਵਾਂ ਛੁਡਾਈਆ । ਮੇਰਾ ਦੁਰਮਤ ਮੈਲ ਧੋ ਦਾਗ਼, ਪਾਪਾਂ ਹੋਏ ਸਫ਼ਾਈਆ । ਮੈਂ ਤੇਰੀ ਸ੍ਰਿਸ਼ਟੀ ਛਡਣਾ ਚਾਹੁੰਦੀ ਜੋ ਹੋਈ ਕਾਗ, ਹੰਸ ਰੂਪ ਨਜ਼ਰ ਕੋਇ ਨਾ ਆਈਆ । ਮੇਰੇ ਸਵਾਮੀ ਅੰਤਰਜਾਮੀ ਮੇਰੀ ਖੁਲ੍ਹੀ ਜਾਗ, ਸਦੀ ਚੌਧਵੀਂ ਨੈਣ ਉਠਾਈਆ । ਤੂੰ ਮਾਹੀ ਮਹਿਬੂਬ ਦਿਸੇਂ ਨਾ ਕਿਸੇ ਕੰਤ ਸੁਹਾਗ, ਕੰਤੂਹਲ ਤੇਰੀ ਸੇਜ ਨਾ ਕੋਇ ਹੰਢਾਈਆ । ਚਾਰ ਕੁੰਟ ਮੈਂ ਵੇਖੇ ਦੀਨ ਮਜ਼੍ਹਬ ਸਮਾਜ, ਜਾਤਾਂ ਪਾਤਾਂ ਧਿਆਨ ਲਗਾਈਆ । ਤੇਰਾ ਲੇਖਾ ਕੋਇ ਨਾ ਜਾਣੇ ਪੁਰਖ ਅਕਾਲੇ ਆਦਿ, ਆਦਿ ਨਿਰੰਜਣ ਕੀ ਤੇਰੀ ਬੇਪਰਵਾਹੀਆ । ਤੇਰਾ ਨਾਮ ਕਲਮਾ ਭੁਲ ਗਏ ਜੁਗ ਜੁਗਾਦਿ, ਚੌਕੜੀ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮਿਲੇ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਛਡਣਾ ਚਾਹੁੰਦੀ ਜਗ, ਜਗ ਜੀਵਣ ਦਾਤੇ ਤੇਰੀ ਆਸ ਰਖਾਈਆ । ਮੈਂ ਸੜ ਗਈ ਤ੍ਰੈਗੁਣ ਅਗਨੀ ਨਾਲ ਅੱਗ, ਤਤਾਂ ਤਤ ਰਹੇ ਜਲਾਈਆ । ਤੇਰੇ ਨਾਮ ਦਾ ਸੁਣੇ ਕੋਇ ਨਾ ਨਾਦ, ਅਨਹਦ ਨਾਦੀ ਧੁਨ ਨਾ ਕੋਇ ਸੁਣਾਈਆ । ਮੈਂ ਤੇਰਾ ਖੇਲ ਤੱਕਾਂ ਬ੍ਰਹਿਮਾਦ, ਬ੍ਰਹਿਮੰਡ ਧਿਆਨ ਲਗਾਈਆ । ਪਵਿਤ੍ਰ ਰਹੀ ਕੋਇ ਨਾ ਯੱਦ, ਕੁਲ ਮਾਲਕ ਕੁਲਵੰਤੇ ਤੇਰੀ ਕੁਲ ਤੇਰੇ ਵਿਚ ਨਾ ਕੋਇ ਸਮਾਈਆ । ਕੂੜੀ ਕਿਰਿਆ ਅੰਤ ਹੋ ਗਈ ਹੱਦ, ਚਾਰ ਕੁੰਟ ਰਹੀ ਕੁਰਲਾਈਆ । ਮੈਨੂੰ ਆਪਣੇ ਚਰਨ ਕਵਲਾਂ ਵਿਚ ਲੈ ਸੱਦ, ਤਿਆਗਣ ਹੋ ਕੇ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡੇ ਤੇਰੀ ਵਡ ਵਡਿਆਈਆ । ਧਰਨੀ ਕਹੇ ਪ੍ਰਭੂ ਮੈਨੂੰ ਤਿਆਗਣ ਕਰ ਦੇ, ਸਿਰ ਮੇਰੇ ਹੱਥ ਟਿਕਾਈਆ । ਭੇਵ ਖੁਲ੍ਹਾ ਦੇ

੧੨੩੮
੨੩

ਆਪਣੇ ਘਰ ਦੇ, ਗ੍ਰਿਹਿ ਮੰਦਰ ਇਕ ਦਰਸਾਈਆ । ਜਿਥੇ ਭਗਤ ਸੁਹੇਲੇ ਵੜਦੇ, ਗੁਰ ਅਵਤਾਰ ਪੈਗ਼ੰਬਰ ਡੇਰੇ ਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਧਾਰ ਇਕੋ ਢੋਲਾ ਪੜ੍ਹਦੇ, ਦੂਜਾ ਕਲਮਾ ਨਾ ਕੋਇ ਸ਼ਨਵਾਈਆ । ਇਕੋ ਤੇਰੀ ਮੰਜ਼ਲ ਹਕੀਕੀ ਚੜ੍ਹਦੇ, ਅਗੇ ਹੋ ਨਾ ਕੋਇ ਅਟਕਾਈਆ । ਦੀਨਾਂ ਮਜ਼੍ਹਬਾਂ ਵਾਲੇ ਝਗੜੇ ਛਡਦੇ, ਸਚਖੰਡ ਦਵਾਰੇ ਸੋਭਾ ਪਾਈਆ । ਮੇਰਾ ਲਹਿਣਾ ਦੇਣਾ ਮੁਕਾ ਦੇ ਝਬ ਦੇ, ਝਲਕ ਆਪਣੀ ਨਾਲ ਦੇ ਵਡਿਆਈਆ । ਮੈਂ ਨਾਤੇ ਤੋੜਾਂ ਦੀਨ ਦੁਨੀ ਸਭ ਦੇ, ਸਾਹਿਬ ਸਵਾਮੀ ਤੇਰੀ ਆਸ ਰਖਾਈਆ । ਮੈਨੂੰ ਵਾਸ ਦੇ ਦੇ ਅਲੱਗ ਦੇ, ਵੱਖਰੀ ਰਹਿ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੇਰਾ ਤਿਆਗ ਕਰੀਂ ਮਨਜ਼ੂਰ, ਬੇਨੰਤੀ ਤੇਰੇ ਅਗੇ ਸੁਣਾਈਆ । ਤੂੰ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਮੇਰਾ ਸ਼ਹਿਨਸ਼ਾਹ ਗ਼ਫੂਰ, ਗ਼ਫ਼ਲਤਾਂ ਤੋਂ ਬਾਹਰ ਸੋਭਾ ਪਾਈਆ । ਮੇਰਾ ਪੈਂਡਾ ਅਗੇ ਰਹੇ ਨਾ ਦੂਰ, ਨੇਰਨ ਨੇਰਾ ਦੇਣਾ ਵਖਾਈਆ । ਮੈਂ ਸਚ ਤਿਆਗ ਦੀ ਆਸਾ ਰਖੀ ਜ਼ਰੂਰ, ਜ਼ਰੂਰਤ ਤੇਰੇ ਅਗੇ ਟਿਕਾਈਆ । ਕਲਜੁਗ ਜੀਵਾਂ ਤੱਕ ਲੈ ਮੇਰੇ ਉਤੇ ਕਿਸੇ ਗਾਂ ਖਾਧੀ ਕਿਸੇ ਖਾਧਾ ਸੂਰ, ਧਰਮ ਵਿਚ ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਚਾਹੁੰਦੀ ਸਭ ਦਾ ਵਿਛੋੜਾ ਮੇਰੇ ਨਾਲੋਂ ਕਰ ਦੇ ਪਹਿਲੇ ਪੂਰ, ਪੂਰਨ ਸਤਿਗੁਰ ਤੇਰੀ ਓਟ ਤਕਾਈਆ । ਓਹ ਤੱਕ ਲੈ ਇਸ਼ਾਰਾ ਦੇਂਦਾ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਰਿਹਾ ਸੁਣਾਈਆ । ਈਸਾ ਤੱਕ ਲੈ ਅਗੰਮੀ ਨੂਰ, ਜੋ ਨੂਰ ਨੁਰਾਨੇ ਤੇਰੇ ਅਗੇ ਮੰਗ ਮੰਗਾਈਆ । ਮੁਹੰਮਦ ਕਹੇ ਮੇਰੀ ਆਸਾ ਮਨਸਾ ਪੂਰ, ਸਦੀ ਚੌਧਵੀਂ ਲੇਖਾ ਤੇਰੇ ਹੱਥ ਰਖਾਈਆ । ਨਾਨਕ ਧਾਰ ਕਹੇ ਤੂੰ ਸਰਬ
੧੨੩੯ ੨੩ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਂਈਆ । ਗੋਬਿੰਦ ਕਹੇ ਮੈਂ ਤੇਰਾ ਸਤਿਗੁਰ ਸ਼ਬਦ ਮਜ਼ਦੂਰ, ਦੋ ਜਹਾਨਾਂ ਸੇਵ ਕਮਾਈਆ । ਜੋਤੀ ਜੋਤ ੧੨੩੯ ੨੩
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਪੂਰਬਲਾ ਬਖ਼ਸ਼ ਦਈਂ ਕਸੂਰ, ਕਸਮ ਤੇਰਾ ਨਾਮ ਖ਼ੁਦਾਈਆ ।

✪ ੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਗੁਲਜਾਰ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਂ ਉਦਾਸੀ ਵਿਚ ਦੇਵਾਂ ਹੋਕਾ, ਹੁਕਮ ਤੇਰਾ ਇਕ ਸੁਣਾਈਆ । ਸਵਾਧਾਨ ਕਰਾਵਾਂ ਚੌਦਾਂ ਲੋਕਾ, ਚੌਦਾਂ ਤਬਕਾਂ ਨਾਲ ਮਿਲਾਈਆ । ਆਪਣਾ ਸੰਭਾਲ ਲਓ ਮੌਕਾ, ਸੰਬਲ ਬੈਠਾ ਬੇਪਰਵਾਹੀਆ । ਅਗੇ ਵਕਤ ਲੰਘਣਾ ਔਖਾ, ਔਖੀ ਘੜੀ ਦਿਆਂ ਦ੍ਰਿੜਾਈਆ । ਕਿਸੇ ਦਾ ਮਾਰਗ ਪੰਧ ਨਹੀਂ ਸੌਖਾ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਕਲਜੁਗ ਘਰ ਘਰ ਕਰਦਾ ਧੋਖਾ, ਜਗਤ ਜਗਿਆਸੂਆਂ ਰਿਹਾ ਭੁਲਾਈਆ । ਕਿਸੇ ਦੀ ਚਲੇ ਕੋਇ ਨਾ ਸੋਚਾ, ਬੁੱਧੀ ਵਿਚ ਨਾ ਕੋਇ ਵਡਿਆਈਆ । ਦੁਨੀਆਦਾਰੋ ਮੇਰੀ ਅੰਤਮ ਇਕੋ ਖ਼ਾਹਿਸ਼ ਤੇ ਇਕੋ ਲੋਚਾ, ਲੋਚਨਾਂ ਵਾਲਿਓ ਦਿਆਂ ਜਣਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਜਾਤੀ ਜੋਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਮਾਨਸ ਮਾਨਵ ਰਹੇ ਕੋਇ ਨਾ ਸੋਤਾ, ਸੁੱਤਿਆਂ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।

ਧਰਨੀ ਕਹੇ ਮੈਂ ਉਦਾਸੀ ਵਿਚ ਦੇਵਾਂ ਸਲਾਹ, ਮਸ਼ਵਰੇ ਰਹੀ ਜਣਾਈਆ । ਇਕੋ ਮੰਨੋ ਬੇਪਰਵਾਹ, ਜੋ ਬੇਪਰਵਾਹੀ ਆਪਣੇ ਨਾਲ ਰਖਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਅਵਤਾਰ ਅਵਤਰੀ ਦਾ ਢੋਲਾ ਗਾਈਆ । ਗੁਰੂ ਗੁਰਦੇਵ ਸੀਸ ਗਏ ਨਿਵਾ, ਜਗਦੀਸ਼ਰ ਅਗੰਮ ਅਥਾਹੀਆ । ਜਿਸ ਦੀ ਸਿਫ਼ਤ ਕੀਤੀ ਵਡਿਆਈ ਵਾਹ ਵਾਹ, ਵਾਹਵਾ ਵੱਜਦੀ ਰਹੇ ਵਧਾਈਆ । ਉਹ ਮੇਰੇ ਉਤੇ ਲੇਖਾ ਜਾਣੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੈਂ ਉਦਾਸੀ ਵਿਚ ਕੁਰਲਾਵਾਂ ਮਾਤਲੋਕ, ਦਰੋਹੀ ਤੇਰਾ ਨਾਮ ਖ਼ੁਦਾਈਆ । ਮੇਰੇ ਸੁਆਮੀਆਂ ਆਪਣੇ ਪ੍ਰੇਮ ਦਾ ਸੁਣਾ ਦੇ ਇਕ ਸਲੋਕ, ਢੋਲਾ ਧੁਰਦਰਗਾਹੀਆ । ਮੇਰੇ ਸਹਿੰਸੇ ਮਿਟਾ ਦੇ ਰੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਮੈਨੂੰ ਸਤਿ ਧਰਮ ਦਾ ਦੇ ਦੇ ਜੋਗ, ਜੁਗਤੀ ਜਗਤ ਵਾਲੀ ਬਣਾਈਆ । ਜਗਤ ਤ੍ਰਿਸ਼ਨਾ ਕੂੜਾ ਮਿਟਾ ਦੇ ਭੋਗ, ਭਸਮੜਾ ਆਪਣਾ ਰੰਗ ਵਟਾਈਆ । ਮੈਂ ਤੇਰੇ ਚਰਨ ਕਵਲ ਮਾਣਾ ਮੌਜ, ਮਜਲਸ ਛਡਾਂ ਕੂੜ ਲੋਕਾਈਆ । ਦਰ ਘਰ ਠਾਂਡੇ ਜਾਵਾਂ ਪਹੁੰਚ, ਦੂਰ ਦੁਰਾਡਾ ਪੰਧ ਮੁਕਾਈਆ । ਮੈਨੂੰ ਤੇਰੇ ਚਰਨ ਕਵਲ ਰਹਿਣ ਦਾ ਸ਼ੌਕ, ਦੂਸਰ ਅਵਰ ਨਾ ਕੋਇ ਚਤੁਰਾਈਆ । ਤੂੰ ਮੇਰਾ ਮਾਲਕ ਖ਼ਾਲਕ ਅਗੰਮਾ ਖੌਂਤ, ਖ਼ਸਮ ਖ਼ਸਮਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਪ੍ਰੇਮ ਏਕੰਕਾਰ ਇਕੋ ਬਹੁਤ, ਬਹੁ ਦੁਨੀਆ ਸ੍ਰਿਸ਼ਟੀ ਕਾਇਨਾਤ ਮੇਰੇ ਕੰਮ ਕਿਸੇ ਨਾ ਆਈਆ ।



## ੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਹਰੀ ਸਿੰਘ ਦੇ ਸਰੀਰ ਛੁੱਟਣ ਨਮਿਤ

ਹਰੀ ਸਿੰਘ ਕਹੇ ਕਿਰਪਾ ਕਰੀ ਆਪ ਪ੍ਰਭ ਹਰੀ, ਹਰਿ ਮੰਦਰ ਦਿਤੀ ਮਾਣ ਵਡਿਆਈਆ । ਸਚ ਸਵਾਮੀ ਮੇਰੀ ਆਤਮਾ ਵਰੀ, ਪਰਮਾਤਮ ਹੋ ਕੇ ਜੋੜ ਜੁੜਾਈਆ । ਕਿਰਪਾ ਨਿਧਾਨ ਕਿਰਪਾ ਕਰੀ, ਕਰਤਾ ਪੁਰਖ ਰੰਗ ਰੰਗਾਈਆ । ਮੇਰਾ ਭੈ ਭਉ ਰਿਹਾ ਨਾ ਡਰੀ, ਭਿਆਨਕ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਵਿਚੋਂ ਕਰ ਕੇ ਬਰੀ, ਜੂਨ ਅਜੂਨੀ ਪੰਧ ਮੁਕਾਈਆ । ਸਚਖੰਡ ਦਵਾਰਾ ਵਖਾ ਕੇ ਘਰੀ, ਗ੍ਰਿਹ ਆਪਣਾ ਇਕ ਦਰਸਾਈਆ । ਮੇਰੀ ਆਤਮਾ ਸਤਿ ਸਰੂਪੀ ਤਰੀ, ਬੈਤਰਨੀ ਰਾਹ ਵਿਚ ਸੀਸ ਨਿਵਾਈਆ । ਮੈਂ ਖ਼ਬਰ ਸੁਣਾਵਾਂ ਖਰੀ, ਸਤਿ ਸਚ ਸਮਝਾਈਆ । ਮੇਰੀਆਂ ਖ਼ੁਸ਼ੀਆਂ ਵਾਲੀ ਅੰਤ ਅਖ਼ੀਰੀ ਓਹ ਘੜੀ, ਜਿਸ ਘੜੀ ਪ੍ਰਭ ਮਿਲਿਆ ਬੇਪਰਵਾਹੀਆ । ਮੇਰੀ ਧਾਰ ਸਚਖੰਡ ਦਵਾਰੇ ਚੜ੍ਹੀ, ਚਾਰੇ ਕੁੰਟ ਵੇਖ ਵਖਾਈਆ । ਮੈਨੂੰ ਨਜ਼ਰ ਆਏ ਗੁਰਮੁਖ ਪਿਆਰੇ ਜੋ ਸ਼ਹੀਦ ਹੋਏ ਚਮਕੌਰ ਵਾਲੀ ਗੜ੍ਹੀ, ਗੋਬਿੰਦ ਚਰਨਾਂ ਡੇਰਾ ਲਾਈਆ । ਉਹਨਾਂ ਮੇਰੇ ਨਾਲ ਪ੍ਰੀਤ ਕੀਤੀ ਬੜੀ, ਪਿਛਲਾ ਵੇਲਾ ਵਕਤ ਵੇਖ ਵਖਾਈਆ । ਸਾਡੀ ਇਕੋ ਪ੍ਰੇਮ ਦੀ ਹੁੰਦੀ ਸੀ ਲੜੀ, ਡੋਰੀ ਸਤਿਗੁਰ ਸ਼ਬਦ ਬੰਨ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਦਇਆ ਆਪ ਕਮਾਈਆ । ਹਰੀ ਸਿੰਘ ਕਹੇ ਮੇਰਾ ਮਿਲਿਆ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਨਾਤਾ ਰਿਹਾ ਨਾ ਤ੍ਰੈਗੁਣ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਮੇਰਾ

ਪੂਰਾ ਹੋ ਗਿਆ ਜਾਪ, ਰਸਨਾ ਜਿਹਵਾ ਮਿਲੀ ਵਡਿਆਈਆ । ਰੂਹ ਬੁਤ ਕਰਕੇ ਪਾਕ, ਪਤਤ ਪੁਨੀਤ ਹੋਇਆ ਸਹਾਈਆ । ਮੈਨੂੰ ਦਰਸ਼ਨ ਦਿਤਾ ਸਾਖਿਆਤ, ਸਨਮੁਖ ਸੋਭਾ ਪਾਈਆ । ਇਕ ਸਹਿਜ ਨਾਲ ਕੀਤੀ ਬਾਤ, ਬਾਤਨ ਦਿਤਾ ਦ੍ਰਿੜਾਈਆ । ਉਠ ਤੱਕ ਲੈ ਆਪਣਾ ਨਾਤ, ਰਿਸ਼ਤਾ ਰਿਸ਼ਤਿਆਂ ਵਿਚੋਂ ਸਮਝਾਈਆ । ਨਾਲੇ ਖੋਲ ਅਗੰਮਾ ਤਾਕ, ਪਰਦਾ ਦਿਤਾ ਉਠਾਈਆ । ਫੇਰ ਸੁਣਾ ਕੇ ਸ਼ਬਦ ਦਾ ਵਾਕ, ਸੰਦੇਸਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਹਰਿ ਭਗਤ ਕਹੇ ਮੈਂ ਮਿਤ੍ਰ ਪੁਰਾਣਾ ਏਕ, ਇਕ ਇਕੱਲਾ ਵੇਖ ਵਖਾਈਆ । ਜਿਸ ਦੇ ਚਰਨ ਕਵਲ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਬੁਝਾਈਆ । ਉਹ ਮੇਰੇ ਜਨਮ ਕਰਮ ਦੀ ਬਦਲ ਕੇ ਰੇਖ, ਰਿਖੀਆਂ ਮੁਨੀਆਂ ਤੋਂ ਬਾਹਰ ਦਏ ਵਡਿਆਈਆ । ਪਰਮਾਤਮ ਹੋ ਕੇ ਕਰੇ ਹੇਤ, ਆਤਮ ਆਪਣੇ ਵਿਚ ਸਮਾਈਆ । ਮੇਰਾ ਪੂਰਬਲਾ ਲੇਖਾ ਜੋ ਸਰੀਰ ਹੋਇਆ ਸੀ ਖੇਤ, ਧੜ ਸੀਸ ਵੰਡ ਵੰਡਾਈਆ । ਗੋਬਿੰਦ ਨੇ ਖ਼ੁਸ਼ੀਆਂ ਨਾਲ ਲਿਆ ਵੇਖ, ਗੜ੍ਹੀ ਚਮਕੌਰ ਦਏ ਗਵਾਹੀਆ । ਨਾਲੇ ਧਰਮ ਦਾ ਧਰਮ ਦਿਤਾ ਸੰਦੇਸ, ਸੁਨੇਹੁੜਾ ਇਕ ਜਣਾਈਆ । ਮੇਰਾ ਰੂਪ ਤਤਾਂ ਵਾਲਾ ਦਸ ਦਸਮੇਸ਼, ਦਹਿ ਦਿਸ਼ਾ ਦਿਤਾ ਜਣਾਈਆ । ਅੰਤਮ ਸਤਿਗੁਰ ਸ਼ਬਦ ਹੋਵੇ ਨਰੇਸ਼, ਨਰ ਨਰਾਇਣ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਕਿਹਾ ਮੇਰਾ ਸਿੱਖ ਪਿਆਰਾ ਮੀਤ, ਮਿਤ੍ਰ ਪਿਆਰਾ ਇਕ ਅਖਵਾਈਆ । ਜੋ ਭਗਤਾਂ ਨਾਲ ਭਗਤੀ ਚਲਾਏ ਰੀਤ, ਨਵਿਤ ਆਪਣਾ ਫੇਰਾ ਪਾਈਆ । ਮਿਹਰ ਕਰੇ ਹਰਿ ਜਗਦੀਸ਼, ਜਗਦੀਸ਼ਰ ਦੇਵੇ ਮਾਣ ਵਡਿਆਈਆ । ਜਿਸ ਦੀ ਸਿਫ਼ਤ ਕਰ ਸਕਣ ਨਾ ਦੰਦ ਬਤੀਸ, ਜਿਹਵਾ ਚਲੇ ਨਾ ਕੋਇ ਚਤੁਰਾਈਆ । ਉਹ ਬਖ਼ਸ਼ਣਹਾਰਾ ਚਰਨ ਪ੍ਰੀਤ, ਪ੍ਰੀਤਮ ਧੁਰਦਰਗਾਹੀਆ । ਜੋ ਲੇਖਾ ਜਾਣੇ ਹਸਤ ਕੀਟ, ਊਚਾਂ ਨੀਚਾਂ ਵੇਖ ਵਖਾਈਆ । ਜਿਸ ਦੇ ਹੁਕਮ ਨਾਲ ਸਾਲ ਬਰਸ ਰਹੇ ਬੀਤ, ਸਦੀਆਂ ਆਪਣਾ ਪੰਧ ਮੁਕਾਈਆ । ਉਸ ਦੀ ਅਗੰਮੀ ਅਵੱਲੜੀ ਰੀਤ, ਕਲਜੁਗ ਅੰਤਮ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਬੇਪਰਵਾਹੀਆ । ਹਰੀ ਸਿੰਘ ਕਹੇ ਮੇਰਾ ਧਰਮ ਧਾਰ ਦਾ ਪਿਆਰ, ਧਰਮ ਨਾਲ ਜਣਾਈਆ । ਮੇਰਾ ਸ਼ਹਿਨਸ਼ਾਹ ਸਿਕਦਾਰ, ਪਾਤਸ਼ਾਹ ਅਗੰਮ ਅਥਾਹੀਆ । ਜਿਸ ਦਾ ਇਕੋ ਨੂਰ ਨੂਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਸਚਖੰਡ ਸੋਹੇ ਸਚ ਘਰਬਾਰ, ਗ੍ਰਿਹਿ ਮੰਦਰ ਵੱਜੇ ਵਧਾਈਆ । ਜਿਥੇ ਇਕੋ ਨੂਰ ਜੋਤ ਉਜਿਆਰ, ਬਿਨ ਤੇਲ ਬਾਤੀ ਹੋਵੇ ਰੁਸ਼ਨਾਈਆ । ਅਗੰਮੀ ਸ਼ਬਦ ਦੀ ਧੁਨਕਾਰ, ਧੁਨ ਧੁਨ ਵਿਚੋਂ ਪ੍ਰਗਟਾਈਆ । ਅੰਮ੍ਰਿਤ ਅਗੰਮਾ ਵਰਖੇ ਵਰਖਣਹਾਰ, ਮੇਘਲਾ ਰੂਪ ਨਾ ਕੋਇ ਵਰਖਾਈਆ । ਮੈਂ ਕਰ ਕੇ ਦਰਸ ਦੀਦਾਰ, ਮੈਂ ਖ਼ੁਸ਼ੀਆਂ ਵਿਚ ਆਪਣੀ ਖ਼ੁਸ਼ੀ ਬਣਾਈਆ । ਫੇਰ ਵੇਖੇ ਪੈਗ਼ੰਬਰ ਗੁਰੂ ਅਵਤਾਰ, ਭਗਤ ਸੁਹੇਲੇ ਸੋਭਾ ਪਾਈਆ । ਸੂਫ਼ੀਆਂ ਤੱਕਿਆ ਨੂਰ ਉਜਿਆਰ, ਜੋਤੀ ਜਾਤੇ ਵਿਚ ਸਮਾਈਆ । ਫੇਰ ਵੇਖੇ ਕੌਲ ਇਕਰਾਰ, ਵਾਅਦੇ ਵਾਅਦਿਆਂ ਵਾਲੇ ਫੋਲ ਫੁਲਾਈਆ । ਕਲਜੁਗ ਅੰਤਮ ਜਿਸ ਦਾ ਖੇਲ ਅਪਾਰ, ਅਪਰੰਪਰ ਸਵਾਮੀ ਨਜ਼ਰੀ ਆਈਆ । ਜਿਸ ਦਾ ਲੇਖਾ ਜਾਣੇ ਨਾ ਕੋਇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਉਹ ਸ਼ਬਦੀ ਦਏ ਇਸ਼ਾਰ, ਇਸ਼ਾਰਿਆਂ ਨਾਲ ਦਏ ਦ੍ਰਿੜਾਈਆ । ਉਠ ਵੇਖ ਲੈ ਆਪਣੇ

੧੨੪੧
੨੩

ਮੀਤ ਮੁਰਾਰ, ਮਿਤ੍ਰ ਮਿਤ੍ਰਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੰਦਰ ਇਕ ਸੁਹਾਈਆ । ਸਾਚੇ ਮੰਦਰ ਤੱਕ ਲੈ ਲਾਲ, ਹਰਿ ਲਾਲਨ ਰਿਹਾ ਜਣਾਈਆ । ਜਿਥੇ ਸੁਹੰਦੇ ਭਗਤ ਸੁਹੇਲੇ ਸਿੰਘ ਸੰਗ ਪਾਲ, ਬਿਨਾ ਪਾਲਕੀ ਡੇਰਾ ਲਾਈਆ । ਜਗਦੀਸ਼ ਮਨਜੀਤ ਹੋ ਨਿਹਾਲ, ਨਿਰਗੁਣ ਜੋਤ ਵਿਚ ਸਮਾਈਆ । ਗੁਰਮੁਖਾਂ ਵਜਾਉਣਾ ਤਾਲ, ਗੁਰਦਿਆਲ ਤਾਲੀ ਰਿਹਾ ਜਣਾਈਆ । ਇਹ ਖੇਲ ਅਗੰਮੜਾ ਅਗੰਮੜਾ ਅਵੱਲੜੀ ਤੱਕ ਲੈ ਚਾਲ, ਨਿਰਾਲੀ ਇਕ ਵਖਾਈਆ । ਜਨ ਭਗਤਾਂ ਪੋਹ ਨਾ ਸਕੇ ਕਾਲ, ਮਹਾਕਾਲ ਸੀਸ ਝੁਕਾਈਆ । ਧਰਮ ਰਾਏ ਲੇਖ ਨਾ ਸਕੇ ਵਖਾਲ, ਚਿਤ੍ਰਗੁਪਤ ਨਾ ਦਏ ਗਵਾਹੀਆ । ਸੰਬਲ ਬੈਠਾ ਸਭ ਦੀ ਕਰੇ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਹਰੀ ਸਿੰਘ ਕਹੇ ਮੈਂ ਹਾਰਦਿਕ ਖ਼ਬਰ ਦੱਸਾਂ, ਖ਼ੁਸ਼ੀਆਂ ਨਾਲ ਜਣਾਈਆ । ਬਿਨਾ ਤਨ ਵਜੂਦ ਸਰੀਰ ਤੋਂ ਹੱਸਾਂ, ਹਸਤੀ ਤੱਕ ਬੇਪਰਵਾਹੀਆ । ਬਿਨਾ ਚਰਨ ਕਵਲਾਂ ਚਾਰੋਂ ਕੁੰਟ ਨੱਸਾਂ, ਭੱਜਾਂ ਵਾਹੋ ਦਾਹੀਆ । ਧਰਨੀ ਧਰਤ ਧਵਲ ਬਿਨਾ ਨੈਣਾਂ ਤੋਂ ਵੇਖਾਂ ਅੱਖਾਂ, ਅੱਖਰਾਂ ਤੋਂ ਬਾਹਰ ਪੜ੍ਹਾਈਆ । ਜਨ ਭਗਤੋ ਪ੍ਰਭੂ ਤੋਂ ਬਿਨਾ ਕੋਈ ਨਹੀਂ ਜੇ ਸਖਾ, ਸਾਜਣ ਨਜ਼ਰ ਕੋਇ ਨਾ ਆਈਆ । ਤਨ ਵਜੂਦ ਮਾਟੀ ਖ਼ਾਕ ਸਾੜ ਦਿੰਦੇ ਨਾਲ ਕੱਖਾਂ, ਅਗਨੀ ਅੱਗ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਨ ਭਗਤ ਕਹੇ ਸੁਣੋ ਮੇਰਾ ਪ੍ਰਵਾਰ, ਜਗਤ ਧਾਰ ਜਣਾਈਆ । ਹੋਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਮੇਰਾ ਵੇਖੋ ਮਹੱਲ ਮੁਨਾਰ, ਅਚਲ ਸੋਭਾ ਪਾਈਆ । ਜਿਥੇ ਇਕੋ ਦੀਪ ਜੋਤ ਉਜਿਆਰ, ਨੂਰ ਨੁਰਾਨਾ ਨਜ਼ਰੀ ਆਈਆ । ਲੇਖਾ ਰਹੇ ਨਾ ਅੰਧ ਅੰਧਿਆਰ, ਅੰਧ ਅੰਧੇਰ ਨਾ ਕੋਇ ਪ੍ਰਗਟਾਈਆ । ਮੈਂ ਸੁਣਾਵਾਂ ਇਕੋ ਇਕ ਜੈਕਾਰ, ਜੈਕਾਰਾ ਬੇਪਰਵਾਹੀਆ । ਜੋ ਤੱਕਿਆ ਸੋ ਕਹਿਣ ਤੋਂ ਬਾਹਰ, ਕਥਨੀ ਕਥ ਸਕੇ ਨਾ ਰਾਈਆ । ਚਾਰੋਂ ਕੁੰਟ ਮੇਰਾ ਇਕੋ ਮੀਤ ਮੁਰਾਰ, ਦਿਵਸ ਰੈਣ ਨਜ਼ਰੀ ਆਈਆ । ਮੈਂ ਦਰਸ ਕਰ ਕਰ ਜਾਣਾ ਬਲਿਹਾਰ, ਬਲਿਹਾਰੀ ਆਪਣਾ ਆਪ ਘੋਲ ਘੁਮਾਈਆ । ਜਨ ਭਗਤੋ ਇਕ ਬੇਨੰਤੀ ਦਿਆਂ ਗੁਜ਼ਾਰ, ਖ਼ੁਸ਼ੀਆਂ ਵਿਚ ਸੁਣਾਈਆ । ਇਕੋ ਪੁਰਖ ਅਕਾਲ ਦਾ ਕਰਾਂ ਪਿਆਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਭ ਨੇ ਖ਼ੁਸ਼ੀਆਂ ਨਾਲ ਮੇਰੇ ਕੋਲ ਆਉਣ ਨੂੰ ਰਹਿਣਾ ਤਿਆਰ, ਤ੍ਰੈਗੁਣ ਦਾ ਡੇਰਾ ਢਾਹੀਆ । ਏਥੇ ਨਾ ਕੋਈ ਪੁਰਖ ਨਾ ਕੋਈ ਨਾਰ, ਜੋਤ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਹਰੀ ਸਿੰਘ ਕਹੇ ਜਨ ਭਗਤੋ ਮੇਰੀ ਵੇਖ ਲਓ ਚਿੱਟੀ ਨੀਲੀ ਪੱਗ, ਦੋਵੇਂ ਰੂਪ ਬਦਲਾਈਆ । ਪਹਿਲੋਂ ਗੋਬਿੰਦ ਮਿਲਿਆ ਤੇ ਫੇਰ ਪੁਰਖ ਅਕਾਲ ਮਿਲਿਆ ਸਦ, ਫ਼ਰਕ ਰਿਹਾ ਨਾ ਰਾਈਆ । ਜਿਸ ਦਾ ਦੀਪਕ ਰਿਹਾ ਜਗ, ਇਕੋ ਨੂਰ ਨੂਰ ਰੁਸ਼ਨਾਈਆ । ਉਸ ਸਵਾਮੀ ਦੀ ਸਾਰੇ ਬਣਿਉਂ ਯੱਦ, ਦੂਸਰ ਵੰਡ ਨਾ ਕੋਇ ਵੰਡਾਈਆ । ਨੌ ਸੌ ਚੁਰਾਨਮੇਂ ਚੌਕੜੀ ਜੁਗ ਪਿਛੋਂ ਮੇਲਾ ਹੋਇਆ ਨਾਲ ਸਬੱਬ, ਮਿਲਿਆ ਵਿਛੜ ਕਦੇ ਨਾ ਜਾਈਆ । ਮੈਂ ਹੁਕਮ ਦੇਵਾਂ ਹੋਰ ਛੇਤੀ ਝੱਬ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਮੰਗ ਮੰਗਾਈਆ । ਜਨ ਭਗਤ ਕਹੇ ਮੈਨੂੰ ਗੁਰ ਅਵਤਾਰ ਪੈਗੰਬਰ ਰਹੇ ਪੁਛ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਸਾਨੂੰ ਦੱਸ ਲੋਕਮਾਤ ਦਾ ਹਾਲ ਕੁਛ, ਕੱਛ ਮੱਛ ਤਾਰੀਆਂ


੧੨੪੨
੨੩

ਰਹੇ ਲਾਈਆ । ਮੈਂ ਹੱਸ ਕੇ ਕਿਹਾ ਜਗਤ ਦੁਨੀ ਦੀਨ ਦੇ ਮਾਰਗ ਗਈ ਘੁਸ, ਰਸਤਾ ਧਰਮ ਵਾਲਾ ਭੁਲਾਈਆ । ਸਿੱਖ ਮੁਰੀਦ ਤੁਹਾਡੇ ਨਾਲੋਂ ਗਏ ਰੁਸ, ਰੁਸਿਆਂ ਲਓ ਮਨਾਈਆ । ਸਭ ਦਾ ਭਾਰ ਆਪਣੇ ਕੰਧੀਂ ਲਓ ਚੁੱਕ, ਆਪਣਾ ਬਲ ਪ੍ਰਗਟਾਈਆ । ਪ੍ਰਭ ਦਾ ਭਾਣਾ ਵੇਖੋ ਕਦੀ ਨਾ ਜਾਵੇ ਰੁਕ, ਅਗੇ ਹੋ ਨਾ ਕਦੇ ਅਟਕਾਈਆ । ਸਭ ਨੂੰ ਦੱਸੋ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝੀ ਤੁਕ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਘਰ ਸਵਾਮੀ ਦੇਵੇ ਸੁਖ, ਬਾਹਰ ਖੋਜਣ ਕੋਇ ਨਾ ਜਾਈਆ । ਝਗੜਾ ਰਹੇ ਨਾ ਕਿਸੇ ਦੁੱਖ, ਦਰਦੀਆਂ ਦਰਦ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਜਨ ਭਗਤ ਕਹੇ ਵਰ ਪਾਇਆ ਸਹਿਜ ਸੁਭਾਗ, ਵੱਜੀ ਨਾਮ ਵਧਾਈਆ । ਜਿਸ ਮੇਰਾ ਪਰਦਾ ਲਿਆ ਕਾਜ, ਓਢਣ ਨਾਮ ਸੀਸ ਟਿਕਾਈਆ । ਚਰਨ ਕਵਲ ਦਾ ਬਖ਼ਸ਼ ਕੇ ਰਾਜ, ਸਚ ਦਵਾਰ ਇਕ ਸੁਹਾਈਆ । ਮੇਰੀ ਚੁਰਾਸੀ ਵਿਚੋਂ ਖੋਲ ਕੇ ਜਾਗ, ਅੱਖ ਆਪਣੇ ਨਾਲ ਮਿਲਾਈਆ । ਮੇਰੇ ਹੋਏ ਵਡ ਵਡ ਭਾਗ, ਭਗਵਨ ਦਿਤੀ ਮਾਣ ਵਡਿਆਈਆ । ਮੇਰਾ ਲਹਿਣਾ ਦੇਣਾ ਮੁਕਿਆ ਆਜ, ਅੱਸੂ ਸੱਤ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਚ ਹੁਕਮ ਦੀ ਸਾਚੀ ਕਾਰ, ਹਰਿ ਕਰਤਾ ਆਪ ਕਰਾਈਆ । ਵੇਖੇ ਵਿਗਸੇ ਪਾਏ ਸਾਰ, ਵੇਖਣਹਾਰ ਬੇਪਰਵਾਹੀਆ । ਜਿਸ ਭਗਤਾਂ ਬਖ਼ਸ਼ਿਆ ਸਚ ਦਵਾਰ, ਦਰਗਾਹ ਸਾਚੀ ਦਏ ਵਡਿਆਈਆ । ਜਨਮ ਮਰਨ ਦੀ ਪੈਜ ਦਏ ਸਵਾਰ, ਮਾਨਸ ਜਨਮ ਆਪਣੇ ਲੇਖੇ ਲਾਈਆ । ਜਨ ਭਗਤੋ ਜਿਸ ਹਿਰਦਿਉਂ ਇਕ ਵਾਰ ਕਰ ਲਈ ਨਿਮਸਕਾਰ, ਤਿਸ ਨੂੰ ਰਾਏ ਧਰਮ ਨਾ ਦਏ ਸਜ਼ਾਈਆ । ਏਥੇ ਗੁਰਮੁਖਾਂ ਜਨ ਭਗਤਾਂ ਦਾ ਪ੍ਰੇਮ ਦਾ ਭਰਿਆ ਭੰਡਾਰ, ਵਸਤ ਅਤੁਟ ਵਰਤਾਈਆ । ਸਾਰੇ ਦਿਸਦੇ ਮਿਤ੍ਰ ਪਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਹੁਕਮ ਮਿਲਿਆ ਅੱਠੇ ਪਹਿਰ ਰਹਿਣਾ ਤਿਆਰ, ਇਕੋ ਰੰਗ ਵਿਚ ਸਮਾਈਆ । ਜੋ ਭਗਤ ਸੁਹੇਲੇ ਆਉਣ ਸਚ ਦਵਾਰ, ਤਿਨ੍ਹਾਂ ਮਿਲਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਖ਼ਸ਼ੇ ਆਪਣਾ ਸਚ ਦਵਾਰ, ਜਿਥੇ ਦਵਾਰਕਾ ਵਾਸੀ ਕਾਹਨ ਬੈਠੇ ਸੀਸ ਨਿਵਾਈਆ ।



### ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸਵਰਨ ਸਿੰਘ ਦੇ ਗ੍ਰਹਿ

ਧਰਨੀ ਕਹੇ ਮੇਰੇ ਉਤੇ ਪ੍ਰਗਟਾ ਸਤਿ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਦਲ ਦੇ ਮਤ, ਗੁਰਮਤ ਇਕ ਸਮਝਾਈਆ । ਅਗਨੀ ਤਪੇ ਕੋਇ ਨਾ ਤਤ, ਤਤਵ ਤਤ ਭੇਵ ਖੁਲਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਸ਼ਾਂਤਕ ਸਤਿ ਦੇਣਾ ਵਰਤਾਈਆ । ਆਤਮ ਪਰਮਾਤਮ ਜੋੜ ਦੇ ਨਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਨਾਮ ਬੀਜ ਦੇ ਕਾਇਆ ਵੱਤ, ਕੂੜੀ ਕਿਰਿਆ ਜੜ ਉਖੜਾਈਆ । ਤੂੰ ਸਾਹਿਬ ਸਵਾਮੀ ਸਰਬ ਕਲਾ ਸਮਰਥ, ਪੁਰਖ ਅਕਾਲ ਅਗੰਮ ਅਥਾਹੀਆ । ਆਦਿ ਜੁਗਾਦੀ ਸਭ ਕੁਛ ਤੇਰੇ ਹੱਥ, ਜੁਗ ਚੌਕੜੀ ਤੇਰੀ ਵਡ

੧੨੪੪
੨੩

ਵਡਿਆਈਆ । ਮੈਂ ਨਿਰਗੁਣ ਧਾਰ ਸਵਾਮੀ ਜੋੜਦੀ ਹੱਥ, ਬਿਨ ਹੱਥਾਂ ਹੱਥ ਮਿਲਾਈਆ । ਆਪਣੀ ਮਹਿੰਮਾ ਦੱਸ ਅਕਥ, ਜਿਸ ਨੂੰ ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਚਲਾ ਦੇ ਸਚ ਦਾ ਰਥ, ਰਥ ਰਥਵਾਹੀ ਆਪ ਹੋ ਆਈਆ । ਕੂੜ ਕੁੜਿਆਰ ਦੇ ਮਥ, ਮਥਨ ਕਰ ਖ਼ਲਕ ਖ਼ੁਦਾਈਆ । ਮੇਰਾ ਲੇਖਾ ਪੂਰਾ ਕਰ ਦੇ ਜੋ ਗੋਬਿੰਦ ਸਥਰ ਗਿਆ ਲਥ, ਸੂਲਾਂ ਸੇਜ ਦਏ ਗਵਾਹੀਆ । ਮੇਰੇ ਨੇਤਰ ਹੰਝੂ ਵਹਿੰਦੇ ਅੱਥ, ਛਹਿਬਰ ਰਹੇ ਲਗਾਈਆ । ਮੈਂ ਸਰਨ ਸਰਨਾਈ ਜਾਵਾਂ ਢਠ, ਨਿਵ ਨਿਵ ਲਾਗਾਂ ਪਾਈਆ । ਮੇਰੇ ਮਹਿਬੂਬਾ ਚਾਰ ਵਰਨਾਂ ਅਠਾਰਾਂ ਬਰਨਾਂ ਦੀਨਾਂ ਮਜ਼੍ਹਬਾਂ ਕਰ ਇਕੱਠ, ਦਵੈਤੀ ਸ਼ਰਅ ਰਹਿਣ ਕੋਇ ਨਾ ਪਾਈਆ । ਲੇਖਾ ਪੂਰਾ ਕਰ ਦੇ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਆਸ਼ਾ ਵੇਖ ਲੈ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦਵਾਰ ਕਾਅਬਿਆਂ ਫੋਲ ਫੁਲਾਈਆ । ਨਿਗਾਹ ਮਾਰ ਲੈ ਉਤੇ ਲੋਕਮਾਤੀ, ਮਿਹਰਵਾਨ ਆਪਣੀ ਦਇਆ ਕਮਾਈਆ । ਚਾਰੋਂ ਕੁੰਟ ਤੱਕ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਦਰੋਹੀ ਤੇਰਾ ਭਗਤ ਬਿਨ ਤੇਰੀ ਕਿਰਪਾ ਦਿਸੇ ਕੋਇ ਨਾ ਮੇਰੀ ਉਤੇ ਛਾਤੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਆਈ ਕਰਾਂਤੀ, ਮੇਰਾ ਕੁਰਹ ਰਿਹਾ ਸੁਣਾਈਆ । ਮੇਰੀ ਸੁਣ ਅਗੰਮੀ ਬਾਤੀ, ਬਾਤਨ ਦਿਆਂ ਜਣਾਈਆ । ਤੂੰ ਸਵਾਮੀ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਸਭ ਦੀ ਇਕੋ ਬਣਾ ਦੇ ਜ਼ਾਤੀ, ਆਤਮ ਬ੍ਰਹਮ ਪਰਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਮੇਟ ਦੇ ਦੁੱਖੜੇ, ਹਉਮੇ ਰੋਗ ਰਹੇ ਨਾ ਰਾਈਆ । ਜਨ ਭਗਤਾਂ ਉਜਲ ਕਰ ਦੇ ਮੁਖੜੇ, ਦੁਰਮਤ ਮੈਲ ਧਵਾਈਆ । ਮਾਤ ਗਰਭ ਉਲਟੇ ਫੇਰ ਨਾ ਹੋਵਣ ਰੁੱਖੜੇ, ਨਵ ਅਠਾਰਾਂ ਅਗਨ ਨਾ ਕੋਇ ਤਪਾਈਆ । ਤੇਰੀ ਗੋਦੀ ਰਹਿਣ ਸੁਤੜੇ, ਦਰ ਘਰ ਸਾਚੇ ਸੋਭਾ ਪਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਅਬਿਨਾਸ਼ੀ ਅਚੁਤੜੇ, ਪਾਰਬ੍ਰਹਮ ਤੇਰੇ ਹੱਥ ਵਡਿਆਈਆ । ਕਿਸੇ ਦੇ ਭਾਗ ਨਾ ਹੋਣ ਨਿਖੁਟੜੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋ ਤੇਰੇ ਦਰਸ ਪਿਆਸੇ ਭੁੱਖੜੇ, ਤਿਨ੍ਹਾਂ ਮਿਲਣਾ ਚਾਈਂ ਚਾਈਂਆ । ਹਰਿਜਨ ਲੁਕਿਆ ਰਹੇ ਨਾ ਕੋਇ ਕਿਸੇ ਗੁਠੜੇ, ਕੋਨੇ ਗੋਸ਼ੇ ਫੋਲ ਫੁਲਾਈਆ । ਸਭ ਦੀ ਸੁਹੰਜਣੀ ਕਰਦੇ ਰੁਤੜੇ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਜਨ ਭਗਤਾਂ ਬਖ਼ਸ਼ ਅਗੰਮ ਪ੍ਰੀਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਤਿ ਪੁਰਖ ਨਿਰੰਜਣ ਆਤਮ ਧਾਰ ਜਣਾ ਦੇ ਸਾਚੀ ਰੀਤ, ਰੀਤੀਵਾਨ ਦਇਆ ਕਮਾਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਧਨੀ ਹੋਣਾ ਸਹਾਈਆ । ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸੁਹਾਈਆ । ਜਿਥੇ ਵਸੇ ਆਪ ਅਤੀਤ, ਤ੍ਰੈਭਵਣ ਧਨੀ ਡੇਰਾ ਲਾਈਆ । ਤੇਰੀ ਮੈਂ ਸਦਾ ਸਦ ਰਖਾਂ ਉਡੀਕ, ਆਸ਼ਾਵੰਦ ਹੋ ਕੇ ਵੇਖ ਵਖਾਈਆ । ਕਲਜੁਗ ਵੇਖ ਅੰਧੇਰਾ ਤਾਰੀਕ, ਚਾਰੋਂ ਕੁੰਟ ਚੰਦ ਨਾ ਕੋਇ ਰੁਸ਼ਨਾਈਆ । ਝਗੜਾ ਤੱਕ ਲੈ ਊਚ ਨੀਚ, ਜ਼ਾਤ ਪਾਤ ਰਹੀ ਕੁਰਲਾਈਆ । ਤੂੰ ਸਵਾਮੀ ਸਭ ਦੇ ਬੀਚ, ਘਟ ਘਟ ਸੋਭਾ ਪਾਈਆ । ਮੇਰੀ ਵੇਖ ਕੇ ਦੁੱਖਾਂ ਨਾਲ ਨਿਕਲੇ ਚੀਕ, ਕੂਕ ਕੂਕ ਸੁਣਾਈਆ । ਤੂੰ ਕਲਜੁਗ ਦੇ ਲੇਖੇ ਉਤੇ ਮਾਰ ਦੇ ਲੀਕ, ਸਤਿਜੁਗ ਸਚ ਦੇ ਪ੍ਰਗਟਾਈਆ । ਤੇਰੇ ਵਿਚ ਹਕ ਤੌਫ਼ੀਕ, ਪੈਗੰਬਰ ਸੰਦੇਸਿਆਂ ਵਿਚ ਗਏ ਸੁਣਾਈਆ । ਮੈਨੂੰ ਤੇਰੇ ਉਤੇ ਉਮੀਦ,

ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਜੋ ਭਗਤ ਸੁਹੇਲੇ ਤੇਰਾ ਨਾਮ ਗਾਉਣ, ਮੇਰੇ ਉਤੇ ਖ਼ੁਸ਼ੀ ਮਨਾਈਆ । ਉਹ ਦਰਸ ਤੇਰਾ ਤੇਰੇ ਦਰ ਤੇ ਪਾਉਣ, ਅਗੇ ਹੋ ਨਾ ਕੋਇ ਅਟਕਾਈਆ । ਸਚ ਸੁਹੰਜਣੀ ਤੇਰੀ ਸੇਜਾ ਸੌਣ, ਦੋ ਜਹਾਨ ਨਾ ਕੋਇ ਉਠਾਈਆ । ਉਨ੍ਹਾਂ ਲੇਖਾ ਮੁਕ ਜਾਏ ਪਾਣੀ ਪੌਣ, ਪਵਣ ਪਾਣੀ ਨਾ ਕੋਇ ਵਡਿਆਈਆ । ਨਾਤਾ ਰਹੇ ਨਾ ਅਵਣ ਗੌਣ, ਚੁਰਾਸੀ ਪੰਧ ਮੁਕਾਈਆ । ਤੇਰੇ ਚਰਨ ਕਵਲ ਸਾਚੇ ਅੰਮ੍ਰਿਤ ਨਹਾਉਣ, ਸਰੋਵਰ ਇਕੋ ਇਕ ਸੁਹਾਈਆ । ਇਕੋ ਇਸ਼ਟ ਦੇਵ ਤੇਰਾ ਮਨਾਉਣ, ਦੂਸਰ ਸੀਸ ਨਾ ਕੋਇ ਝੁਕਾਈਆ । ਮਨ ਹੰਕਾਰ ਮਾਰਨ ਰੌਣ, ਰਾਮ ਰਾਮਾ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਮਿਲੇ ਵਡਿਆਈਆ । ਧਰਨੀ ਕਹੇ ਪ੍ਰਭ ਤੇਰਾ ਭਗਤ ਵੇਖ ਲੈ ਜਗ, ਜਗ ਜੀਵਣ ਦਾਤੇ ਤੇਰੀ ਇਕ ਸਰਨਾਈਆ । ਤੂੰ ਉਹਨਾਂ ਮਿਲਣਾ ਉਪਰ ਸ਼ਾਹ ਰਗ, ਨਵ ਦਵਾਰ ਦਾ ਡੇਰਾ ਢਾਹੀਆ । ਕਲਜੁਗ ਕੂੜੀ ਮੇਟਣੀ ਅੱਗ, ਅੰਮ੍ਰਿਤ ਮੇਘ ਬਰਸਾਈਆ । ਸ਼ਬਦ ਸੁਣਾਉਣਾ ਅਗੰਮੀ ਨਦ, ਧੁਨ ਆਤਮਕ ਰਾਗ ਜਣਾਈਆ । ਕੂੜ ਕਿਰਿਆ ਮੇਟਣੀ ਹੱਦ, ਗ੍ਰਿਹਿ ਇਕੋ ਦੇਣਾ ਵਖਾਈਆ । ਦਰਗਾਹ ਸਾਚੀ ਲੈਣਾ ਸੱਦ, ਸਚਖੰਡ ਸਾਚੇ ਮਿਲੇ ਵਡਿਆਈਆ । ਤੂੰ ਨਿਰਗੁਣ ਧਾਰ ਲੈਣਾ ਲੱਭ, ਖੋਜਣਾ ਚਾਈਂ ਚਾਈਂਆ । ਤੇਰਾ ਮੇਲਾ ਹੁੰਦਾ ਨਾਲ ਸਬਬ, ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਤੂੰ ਨੂਰ ਅਲਾਹੀ ਰੱਬ, ਯਾਮਬੀਨ ਤੇਰੀ ਬੇਪਰਵਾਹੀਆ । ਸੂਫ਼ੀ ਸੰਤ ਰਹਿਣ ਨਾ ਦੇਵੀਂ ਅਲੱਗ, ਭਗਤ ਭਗਵੰਤ ਜੋੜ ਜੁੜਾਈਆ । ਮੇਰੀ ਬੇਨੰਤੀ ਸੁਣ ਲੈ ਅੱਜ, ਨਿਵ
੧੨੪੫ ੨੩ ਨਿਵ ਸੀਸ ਝੁਕਾਈਆ । ਜਿਸ ਬਿਧ ਤੇਰੇ ਭਗਤ ਸੁਹੇਲੇ ਤੇਰੇ ਚਰਨਾਂ ਸਚਖੰਡ ਰਹੇ ਸਜ, ਦਰ ਠਾਂਡੇ ਸੋਭਾ ਪਾਈਆ । ਹਰੀ ਸਿੰਘ ਹਰਿ ਤੇਰਾ ੧੨੪੫ ੨੩
ਸੰਦੇਸ਼ਾ ਦੇਵੇ ਗੱਜ, ਬਿਨ ਅੱਖਰਾਂ ਸ਼ਬਦ ਦ੍ਰਿੜਾਈਆ । ਮੇਰਾ ਗ੍ਰਿਹਿ ਮੰਦਰ ਸੋਹਣਾ ਸੁਹੰਜਣਾ ਜਿਥੇ ਇਕੋ ਦੀਪਕ ਰਿਹਾ ਜਗ, ਅੰਧ ਅੰਧੇਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਕਰਨਹਾਰ ਕਰਤਾ ਸਮਰਥ, ਅਕਥ ਆਪਣਾ ਹੁਕਮ ਵਰਤਾਈਆ ।

### ✪ ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਂ ਰੋਵਾਂ ਮਾਰ ਕੇ ਭੁੱਬੀ, ਭਾਂਬੜ ਮੇਰੇ ਉਤੇ ਕਲਜੁਗ ਅਗਨ ਮਚਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਜੁਗ ਜੁਗੀ, ਚੌਕੜੀ ਤੇਰੀ ਦਏ ਗਵਾਹੀਆ । ਕਿਰਪਾ ਕਰ ਮੈਂ ਮਿੰਨਤਾਂ ਕਰਾਂ ਬਸੁਧੀ, ਬਸੁਧਾ ਹੋ ਕੇ ਸੀਸ ਨਿਵਾਈਆ । ਮਾਨਸ ਮਾਨੁਖਾਂ ਪਵਿਤ੍ਰ ਕਰ ਦੇ ਬੁਧੀ, ਦੁਰਮਤ ਮੈਲ ਧਵਾਈਆ । ਆਪਣੇ ਨਾਮ ਦੀ ਧਾਰ ਕਰ ਦੇ ਉਘੀ, ਉਗਣ ਆਥਣ ਵੱਜੇ ਵਧਾਈਆ । ਮੇਰੇ ਉਤੇ ਝਗੜਾ ਹੋਵੇ ਨਾ ਯੁਧੀ, ਕਲ ਕਲੇਸ਼ ਦੇਣਾ ਗਵਾਈਆ । ਮੈਂ ਨੌ ਸੌ ਚੁਰਾਨਵੇਂ ਚੌਕੜੀ ਜੁਗ ਦੀ ਬੁੱਢੀ, ਬੁਢੇਪਾ ਮੇਰੇ ਉਤੇ ਆਈਆ । ਮੈਂ ਲੱਤਾਂ ਪੈਰਾਂ ਤੋਂ ਹੋ ਗਈ ਡੁੱਡੀ, ਭੱਜ ਸਕਾਂ ਨਾ ਵਾਹੋ ਦਾਹੀਆ । ਕੂੜੀ ਕਿਰਿਆ ਦੇ ਵਿਚ ਖੁੱਭੀ, ਤੁਧ ਬਿਨ ਬਾਹਰ ਨਾ ਕੋਇ ਕਢਾਈਆ । ਮੈਂ ਡਿੱਗੀ

ਮੂੰਹ ਦੇ ਭਾਰ ਉਧੀ, ਨੈਣ ਮੂਸਾ ਵਾਲੇ ਬਿਗਸਾਈਆ । ਮੈਨੂੰ ਆਵਾਜ਼ ਆਏ ਤੇਰੀ ਤੂੰ ਹੀ ਤੂੰ ਦੀ, ਤੂੰ ਮੇਰਾ ਮੈਂ ਤੇਰਾ ਦੂਜਾ ਨਾ ਕੋਇ ਗੁਸਾਈਆ । ਮੇਰੇ ਉਤੇ ਖੇਲ ਵਖਾ ਦੇ ਆਪਣੇ ਸਤਿਗੁਰ ਸ਼ਬਦ ਦੁਲਾਰੇ ਗੁਰੂ ਦੀ, ਗੁਰਦੇਵ ਸਵਾਮੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਰੋ ਰੋ ਦੱਸਾਂ ਕੀ, ਸਾਹਿਬ ਤੇਰੇ ਹੱਥ ਵਡਿਆਈਆ । ਆਪਣੇ ਤੱਕ ਲੈ ਜੰਤ ਜੀਅ, ਜੁਗਾਂ ਦਾ ਭੇਵ ਖੁਲਾਈਆ । ਜਿਨ੍ਹਾਂ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਰਖੀ ਨੀਂਹ, ਮਜ਼੍ਹਬਾਂ ਦੀਨਾਂ ਬਣਤ ਬਣਾਈਆ । ਉਹ ਗੁਰਦਾਸ ਦਾ ਲੇਖਾ ਭੁਲ ਗਏ ਵੀਹ ਇਕੀਹ, ਅਕਲ ਕਲਧਾਰੀ ਤੇਰੀ ਸਾਰ ਕਿਸੇ ਨਾ ਆਈਆ । ਰਵਦਾਸ ਦਾ ਲਹਿਣਾ ਤੱਕ ਲੈ ਸਾਢੇ ਤਿੰਨ ਹੱਥ ਸੀਂ, ਸ਼ਾਹ ਸੁਲਤਾਨਾਂ ਦੇ ਜਹਾਨਾਂ ਦੇਣਾ ਦ੍ਰਿੜਾਈਆ । ਕਿਸੇ ਦਾ ਨਾਤਾ ਪਿਆਰਾ ਨਹੀਂ ਪੁੱਤਰ ਧੀ, ਸਾਕ ਸੱਜਣ ਸੈਣ ਸੰਗ ਨਾ ਕੋਇ ਨਿਭਾਈਆ । ਤੂੰ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਥੀਅ, ਮੇਰਾ ਥਾਨ ਥਨੰਤਰ ਦੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੱਕ ਲੈ ਆਪਣੀ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਨੈਣ ਉਠਾਈਆ । ਅੰਤਸ਼ਕਰਨ ਪਵਿਤ੍ਰ ਹੋਏ ਨਾ ਕਿਸੇ ਦ੍ਰਿਸ਼ਟੀ, ਦ੍ਰਿਸ਼ਟੀ ਕੋਨ ਵਿਚ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਮਨ ਮਮਤਾ ਵਿਚ ਗਏ ਭਰਿਸ਼ਟੀ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਹਲਕਾਈਆ । ਆਤਮ ਪਰਮਾਤਮ ਤੇਰੀ ਧਾਰ ਬਣੇ ਨਾ ਕੋਇ ਗ੍ਰਿਹਸਤੀ, ਜਗਤ ਸੇਜਾ ਜਗਤ ਹੰਢਾਈਆ । ਤੇਰਾ ਖੇਲ ਆਦਿ ਪੁਰਖ ਅਪਰੰਪਰ ਸਵਾਮੀ ਏਕੰਕਾਰ ਇਕੋ ਇਸ਼ਟੀ, ਇਸ਼ਟ ਦੇਵ ਗੁਰ ਸਤਿਗੁਰ ਇਕ ਅਖਵਾਈਆ । ਤੇਰਾ ਲੇਖਾ ਦੋਜ਼ਖ਼ ਬਹਿਸ਼ਤੀ, ਸਵਰਗ ਸਵਰਗਾਂ ਹੁਕਮ ਵਰਤਾਈਆ । ਮੈਂ ਕਥਾ ਕਹਾਣੀ ਦੱਸਾਂ ਕੀ, ਕਿਸ ਕਿਸ ਦੀ, ਕੀ ਕੀ ਹਾਲ ਜਣਾਈਆ । ਮੁਹੱਬਤ ਟੁੱਟ ਗਈ ਪ੍ਰਭੂ ਤੇਰੀ ਧੁਰ ਦੇ ਪਿਤ ਦੀ, ਪਤਿਪਰਮੇਸ਼ਵਰ ਤੈਨੂੰ ਮਿਲਣ ਕੋਇ ਨਾ ਪਾਈਆ । ਕਾਇਆ ਵਣਜਾਰੀ ਹੋ ਗਈ ਚੰਮੜੀ ਹਿਤ ਦੀ, ਚੰਮ ਦ੍ਰਿਸ਼ਟੀ ਵਿਚ ਹਲਕਾਈਆ । ਮੁਹੱਬਤ ਰਹੀ ਨਾ ਤੇਰੇ ਪਿਆਰ ਵਾਲੀ ਸਿਕ ਦੀ, ਸਿਖਿਆ ਵਿਚ ਸਿੱਖ ਨਾ ਕੋਇ ਸਮਾਈਆ । ਸੁਰਤੀ ਸ਼ਬਦ ਨਾਲ ਨਾ ਟਿਕਦੀ, ਮਸਤਕ ਟਿੱਕੇ ਲਾਉਣ ਵਾਲੇ ਸਾਰੇ ਰਹੇ ਕੁਰਲਾਈਆ । ਜਗਤ ਪੂਜਾ ਰਹਿ ਗਈ ਪੱਥਰ ਇੱਟ ਦੀ, ਪੁਰਖ ਅਕਾਲੇ ਦੀਨ ਦਿਆਲੇ ਤੈਨੂੰ ਸੀਸ ਨਾ ਕੋਇ ਨਿਵਾਈਆ । ਮੈਂ ਮਾਰ ਦੁਹੱਥੜ ਪਿਟਦੀ, ਰੋ ਰੋ ਰਹੀ ਸੁਣਾਈਆ । ਕਿਉਂ ਠਗੌਰੀ ਵਧ ਗਈ ਚਿਤ ਦੀ, ਚੇਤਨ ਸਤ੍ਹਾ ਸਤਿ ਵਿਚ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਅੰਤਮ ਗ੍ਰਿਹਿ, ਸਚਖੰਡ ਨਿਵਾਸੀ ਧਿਆਨ ਲਗਾਈਆ । ਕਲਜੁਗ ਕੂੜ ਕੁੜਿਆਰਾ ਵਹਿਣ ਵਹਿ, ਸ਼ੌਹ ਦਰਿਆ ਰੂਪ ਬਣਾਈਆ । ਮਿਲਾਈ ਨਾਲ ਮਾਇਆ ਤ੍ਰੈਗੁਣ ਤ੍ਰੈ, ਤ੍ਰੈਭਵਣ ਧਨੀ ਤੇਰੀ ਸਾਰ ਕੋਇ ਨਾ ਪਾਈਆ । ਜਿਧਰ ਤੱਕਾਂ ਹੰਕਾਰੀ ਗੜ੍ਹ ਹਉਮੇ ਹੈ, ਹੰ ਬ੍ਰਹਮ ਨਜ਼ਰ ਕਿਸੇ ਨਾ ਆਈਆ । ਤੇਰੇ ਨਾਮ ਕਲਮੇ ਇਕ ਦੂਜੇ ਨਾਲ ਰਹੇ ਖੈਹ, ਖ਼ੈਬਰ ਤੋਂ ਪਰੇ ਤੇਰਾ ਲੇਖਾ ਵੇਖਾਂ ਚਾਈਂ ਚਾਈਆ । ਲਖਣ ਦੀਪ ਹੋਣੀ ਦਵੈਤ ਦਵੈ, ਕੁਸ਼ਾ ਵੰਡ ਵੰਡਾਈਆ । ਕਰੋਚ ਚੁੱਪ ਕਰ ਨਾ ਰਹੈ, ਪੁਸ਼ਕਰ ਆਪਣਾ ਵੇਸ ਵਟਾਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਤੇਰਾ ਸਭ ਨੂੰ ਭੁੱਲਿਆ ਭੈ, ਭਉ ਸਿਰ ਨਾ ਕੋਇ ਰਖਾਈਆ । ਮੈਂ

੧੨੪੬
੨੩

ਨਿਮਾਣੀ ਧਵਲ ਰਹੀ ਕਹਿ, ਕਹਿ ਕਹਿ ਰਹੀ ਸੁਣਾਈਆ । ਕਲਜੁਗ ਨੇ ਚਾਰ ਕੁੰਟ ਝੂਠ ਦੇ ਡੰਕੇ ਕਰਾਈ ਜੈ, ਵਿਜੈ ਸਤਿ ਧਰਮ ਉਤੇ ਪਾਈਆ । ਸਚ ਮੁਨਾਰਾ ਗਿਆ ਢਹਿ, ਚਾਰੋਂ ਕੁੰਟ ਖ਼ਾਕ ਉਡਾਈਆ । ਧਰਨੀ ਕਹੇ ਮੇਰੇ ਮਿਹਰਵਾਨਾ ਸਤਿ ਵਸਤ ਦੀਨ ਦੁਨੀਆ ਨੂੰ ਆਪ ਦਏ, ਦੇਵਣਹਾਰ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਤੇਰੀ ਸ਼ਕਤੀ ਸ਼ਵੈ, ਸ਼ਿਵ ਸ਼ਿਵਾ ਤੇਰੀ ਆਸ ਰਖਾਈਆ ।

### ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸਰਮੁਖ ਸਿੰਘ ਦੇ ਗ੍ਰਿਹ

ਧਰਨੀ ਕਹੇ ਪੁਰਖ ਅਕਾਲ ਮੇਰੀ ਮੰਨੀਂ, ਇਕ ਮਨਸਾ ਸਾਹਿਬ ਤੇਰੇ ਚਰਨ ਟਿਕਾਈਆ । ਤੂੰ ਸਵਾਮੀ ਮਾਲਕ ਮੇਰਾ ਤਨੀ, ਸਾਜਣ ਮੀਤ ਬੇਪ੍ਰਵਾਹੀਆ । ਮੇਰੀ ਡੋਰ ਬੰਧਾਵੀਂ ਆਪਣੀ ਕੰਨੀ, ਲੜੀ ਲੜ ਨਾਲ ਰਖਾਈਆ । ਮੈਂ ਤੇਰੀ ਨੰਨ੍ਹੀ ਨਿੱਕੀ ਜਿਹੀ ਚੰਨੀ, ਚੰਦ ਚਾਂਦਨੇ ਧੁਰਦਰਗਾਹੀਆ । ਦਰੋਹੀ ਤੇਰੀ ਸ੍ਰਿਸ਼ਟੀ ਨਿਜ ਨੇਤਰ ਹੋ ਗਈ ਅੰਨ੍ਹੀ, ਲੋਚਨ ਦਿਬ ਨਾ ਕੋਇ ਖੁਲਾਈਆ । ਮੈਂ ਵੈਰਾਗਣ ਹੋ ਕੇ ਫਿਰਾਂ ਭੰਨੀ, ਭੱਜਾਂ ਵਾਹੋ ਦਾਹੀਆ । ਮੇਰਾ ਮਿਤ੍ਰ ਪਿਆਰਾ ਤੂੰ ਸਾਹਿਬ ਸਵਾਮੀ ਇਕੋ ਤਨੀ, ਤ੍ਰੈਗੁਣ ਅਤੀਤਾ ਨਜ਼ਰੀ ਆਈਆ । ਤੇਰਾ ਖੇਲ ਵੇਖਣਾ ਜਲੀ ਥਲੀ, ਮਹੀਅਲ ਖੋਜ ਖੁਜਾਈਆ । ਤੇਰੀ ਜੋਤ ਅਗੰਮੀ ਇਕੋ ਬਲੀ, ਬਲ ਬਾਵਨ ਧਾਰ ਪ੍ਰਗਟਾਈਆ । ਕੀ ਇਸ਼ਾਰਾ ਦਿਤਾ ਹਜ਼ਰਤ ਨਾਲ ਮਿਲ ਕੇ ਅਲੀ, ਮੁਹੰਮਦ ਸੰਗ ਬਣਾਈਆ ।
੧੨੪੭ ੨੩ ਕੀ ਪਿਆਰ ਦੱਸਿਆ ਗੋਬਿੰਦ ਸੀਸ ਧਰਨਾ ਤਲੀ, ਤਲਬ ਨਜ਼ਰ ਕੋਇ ਨਾ ਆਈਆ । ਮੈਂ ਫਿਰਨਾਂ ਗਲੀਓ ਗਲੀ, ਬ੍ਰਹਿਮੰਡਾਂ ਖੰਡਾਂ ਭੱਜਾਂ ਵਾਹੋ ੧੨੪੭ ੨੩
ਦਾਹੀਆ । ਤੂੰ ਮਾਲਕ ਖ਼ਾਲਕ ਬਣ ਕੇ ਵਲ ਛਲੀ, ਅਛਲ ਛਲ ਆਪਣਾ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੈਂ ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਬਿਨ ਨੈਣਾਂ, ਜੋਤਾਂ ਵਾਲਿਆ ਜੋਤੀ ਜਾਤੇ ਵੇਖ ਵਖਾਈਆ । ਤੇਰਾ ਦਿਸੇ ਨਾ ਕੋਇ ਮੇਰੇ ਉਤੇ ਸਾਕ ਸੱਜਣ ਸੈਣਾ, ਮੀਤ ਮੁਰਾਰ ਹਰਿ ਨਿਰੰਕਾਰ ਪਰਵਰਦਿਗਾਰ ਨਜ਼ਰ ਕੋਇ ਨਾ ਆਈਆ । ਤੇਰੀ ਆਤਮਾ ਮੇਰੇ ਪਰਮਾਤਮਾ ਹੋਇਆ ਤ੍ਰਫ਼ੈਣਾ, ਸਗਲਾ ਸੰਗੀ ਬਹੁਰੰਗੀ ਸੂਰੇ ਸਰਬੰਗੀ ਸੰਗ ਨਾ ਕੋਇ ਨਿਭਾਈਆ । ਕਲਜੁਗ ਕੂੜੀ ਕਿਰਿਆ ਵਹਿੰਦਾ ਵਹਿਣਾ, ਨਵ ਸੱਤ ਰਹੀ ਰੁੜ੍ਹਾਈਆ । ਨਾਤਾ ਟੁਟ ਗਿਆ ਭਾਈ ਭੈਣਾਂ, ਪਿਤਾ ਪੂਤ ਨਾ ਕੋਇ ਵਡਿਆਈਆ । ਤੇਰਾ ਭਾਣਾ ਪੁਰਖ ਅਕਾਲ ਸਭ ਨੇ ਸਿਰ ਤੇ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਮੇਰਾ ਪੂਰਬਲਾ ਦੇ ਦੇ ਦੇਣਾ, ਦੇਵਣਹਾਰ ਤੇਰੀ ਆਸ ਰਖਾਈਆ । ਧਰਨੀ ਕਹੇ ਮੈਨੂੰ ਇਉਂ ਜਾਪਦਾ ਮੇਰੇ ਉਤੇ ਦੀਨਾਂ ਮਜ਼੍ਹਬਾਂ ਦਾ ਬੁਰਜ ਢਹਿਣਾ, ਉਮਤ ਉਮਤੀ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰਾ ਦਰ ਇਕ ਤਕਾਈਆ । ਧਰਨੀ ਕਹੇ ਮੈਨੂੰ ਵਕਤ ਦਿਸਦਾ ਦੁਹੇਲਾ, ਪਰਮ ਪੁਰਖ ਦਿਆਂ ਦ੍ਰਿੜ੍ਹਾਈਆ । ਤੂੰ ਦੇਵਣਹਾਰ ਇਕ ਅਕੇਲਾ, ਏਕੰਕਾਰ ਤੇਰੀ ਸ਼ਰਨਾਈਆ । ਤੂੰ ਵਸਿਓਂ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਈਆ । ਮੇਰੇ ਉਤੇ ਖੇਲ ਕਰੇ ਗੋਬਿੰਦ ਧੁਰ ਦਾ ਚੇਲਾ, ਚੇਲਾ ਗੁਰ ਆਪਣਾ ਰੂਪ ਦਰਸਾਈਆ । ਨਵਾਂ ਖੰਡਾਂ ਵਿਚ ਫਿਰੇ

ਅਲਬੇਲਾ, ਜੋਵਨਵੰਤਾ ਸੋਭਾ ਪਾਈਆ । ਜਿਸ ਭਗਤਾਂ ਨਾਲ ਕਰਾਇਆ ਮੇਲਾ, ਮਿਲਣੀ ਜਗਦੀਸ਼ ਤੇਰੇ ਨਾਲ ਕਰਾਈਆ । ਉਸ ਦਾ ਖੇਲ ਤੱਕਾਂ ਤੇ ਆਪਣਾ ਵਕਤ ਵੇਲਾ, ਵੇਲਾ ਥਿਤ ਵਾਰ ਖੋਜ ਖੁਜਾਈਆ । ਤੇਰਾ ਲੇਖਾ ਜਿਸ ਪੂਰਾ ਕਰਨਾ ਚਾਰ ਜੁਗ ਦਾ ਪਹਿਲਾ, ਅਵਤਾਰ ਪੈਗ਼ੰਬਰ ਗੁਰੂਆਂ ਭਵਿਖਤਾਂ ਭਵਿਸ਼ਾਂ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਹੁਕਮ ਆਦਿ ਅੰਤ ਸ੍ਰੀ ਭਗਵੰਤ ਸੈਲਾ, ਸਹਿਜ ਸੁਖਦਾਇਕ ਧੁਰ ਦੇ ਨਾਇਕ ਤੇਰੇ ਹੱਥ ਵਡਿਆਈਆ ।

## ✪ ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕੁੰਦਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਨੂੰ ਸਾਰੇ ਕਹਿੰਦੇ ਮੰਮੀ ਮਦਰ, ਖ਼ੁਸ਼ੀ ਖ਼ੁਸ਼ੀ ਨਾਲ ਜਣਾਈਆ । ਮੇਰਾ ਲੇਖਾ ਨਹੀਂ ਨਾਲ ਕਿਸੇ ਅਦਰ, ਅਦਲ ਦੇ ਮਾਲਕ ਦਿਆਂ ਜਣਾਈਆ । ਮੇਰੇ ਉਤੇ ਹੋਣ ਵਾਲਾ ਗ਼ਦਰ, ਗਦਾਗਰ ਦਿਸੇ ਲੋਕਾਈਆ । ਮੇਰੀ ਪੂਰੀ ਕਰਨੀ ਸਧਰ, ਸਦਮਾ ਦੇਣਾ ਮਿਟਾਈਆ । ਹਕ ਇਨਸਾਫ਼ ਕਰੀਂ ਅਦਲ, ਅਦਾਲਤ ਇਕ ਜਣਾਈਆ । ਦੀਨਾਂ ਮਜ਼੍ਹਬਾਂ ਦਾ ਮੈਂ ਕਿਸ ਬਿਧ ਵੇਖਾਂ ਕਤਲ, ਕਾਤਲ ਮਕਤੂਲ ਧਿਆਨ ਲਗਾਈਆ । ਮੇਰਾ ਕਲਜੁਗ ਦਾ ਕੰਢਾ ਵੇਖ ਲੈ ਪਤਣ, ਘਾਟਾਂ ਫੋਲ ਫੁਲਾਈਆ । ਕਿਸੇ ਦਾ ਚਲਣਾ ਨਹੀਂ ਕੋਈ ਯਤਨ, ਯਥਾਰਥ ਅਵਤਾਰ ਪੈਗ਼ੰਬਰ ਗੁਰੂ
੧੨੪੮ ੨੩ ਗਏ ਸੁਣਾਈਆ । ਕੋਟਾਂ ਵਿਚੋਂ ਤੇਰੇ ਗੁਰਮੁਖ ਹੀਰੇ ਰਤਨ, ਅਮੋਲਕ ਸੋਭਾ ਪਾਈਆ । ਜਿਨ੍ਹਾਂ ਉਪਜੀ ਤੇਰੀ ਮਤਨ, ਮਨ ਮਤ ਦਾ ਡੇਰਾ ਢਾਹੀਆ । ੧੨੪੮ ੨੩
ਉਹ ਢੋਲੇ ਗਾਉਂਦੇ ਰਸਨ, ਸੋਹੰ ਸ਼ਬਦ ਅਗੰਮ ਅਥਾਹੀਆ । ਖ਼ੁਸ਼ੀਆਂ ਵਿਚ ਟੱਪਣ, ਨੱਚਣ ਭੱਜਣ ਵਾਹੋ ਦਾਹੀਆ । ਮੈਂ ਸੰਦੇਸ਼ਾ ਦੇਵਾਂ ਇਕੋ ਬਚਨ, ਬੱਚੀ ਹੋ ਕੇ ਸੀਸ ਨਿਵਾਈਆ । ਤੂੰ ਮੇਰਾ ਪੁਰਖ ਆਦਿ ਨਿਰੰਜਣ, ਆਦਿ ਪੁਰਖ ਤੇਰੀ ਸ਼ਰਨਾਈਆ । ਮੈਂ ਚਾਹੁੰਦੀ ਮੇਰੇ ਉਤੇ ਸਭ ਦਾ ਇਕੋ ਹੋਵੇ ਭਜਨ, ਬੰਦਗੀ ਇਕੋ ਦੇਣੀ ਸਮਝਾਈਆ । ਤੇਰੀ ਜੋਤ ਦੇ ਦੀਪਕ ਜਗਣ, ਗੁਰਮੁਖ ਸਾਚੇ ਸੋਭਾ ਪਾਈਆ । ਤੇਰੇ ਨਾਮ ਦੇ ਨਗਾਰੇ ਵੱਜਣ, ਇਕੋ ਤਾਲ ਦੇਣਾ ਦਰਸਾਈਆ । ਤੇਰੇ ਚਰਨ ਧੂੜ ਹੋਵੇ ਮਜਨ, ਸਚ ਸਰੋਵਰ ਇਕ ਵਖਾਈਆ । ਕਲਜੁਗ ਜੀਵਾਂ ਪਵਿਤ੍ਰ ਕਰਨਾ ਬਦਨ, ਦੁਰਮਤ ਮੈਲ ਦੇਣੀ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਕੂੜੀ ਕਿਰਿਆ ਬੁਝਾਉਣੀ ਅਗਨ, ਸਤਿ ਸਚ ਦਾ ਮਾਰਗ ਇਕ ਲਗਾਈਆ ।

## ✪ ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸੁਖਦੇਵ ਸਿੰਘ ਸੁੰਦਰ ਲਾਲ ਦੇ ਨਵਿਤ ✪

ਧਰਨੀ ਕਹੇ ਮੇਰੇ ਸਤਿਗੁਰ ਪੁਰਖ ਮਹਾਨੀ, ਸ਼ਬਦੀ ਸ਼ਬਦ ਧਾਰ ਤੇਰੀ ਸਰਨਾਈਆ । ਮੇਰੇ ਮਾਲਕ ਮਹਿਬੂਬ ਅਸਮਾਨੀ, ਇਸਮ ਇਸਮਾਨੇ ਨੂਰ ਅਲਾਹੀਆ । ਤੇਰਾ ਜਿਸਮ ਨਹੀਂ ਜਗਤ ਜਿਸਮਾਨੀ, ਜਮੀਰ ਵੇਖਣ ਕੋਇ ਨਾ ਪਾਈਆ । ਤੂੰ ਮਾਲਕ ਮੰਜ਼ਲ ਹਕ ਰੁਹਾਨੀ, ਜੋਤੀ ਜਾਤਾ ਇਕ ਅਖਵਾਈਆ । ਤੇਰਾ ਨਾਮ ਸਤਿਗੁਰ ਸ਼ਬਦ ਬ੍ਰਹਮ ਗਿਆਨੀ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੀ ਰਚਨਾ ਬ੍ਰਹਿਮੰਡ ਖੰਡ ਆਕਾਸ਼

ਪਾਤਾਲ ਨਿਸ਼ਾਨੀ, ਗਗਨ ਗਗਨੰਤਰ ਜ਼ਿਮੀਂ ਜ਼ਮਾਂ ਸੋਭਾ ਪਾਈਆ । ਤੂੰ ਕਿਰਪਾ ਕਰੀ ਸਾਹਿਬ ਮਿਹਰਵਾਨੀ, ਭਗਵਨ ਆਪਣੀ ਦਇਆ ਕਮਾਈਆ । ਮੇਰੇ ਰੋਮ ਰੋਮ ਰੋਮ ਰਚ ਕੇ ਅੰਮ੍ਰਿਤ ਠੰਡਾ ਪਾਣੀ, ਮਿੱਟੀ ਖ਼ਾਕ ਦਿਤੀ ਵਡਿਆਈਆ । ਮੈਂ ਜੀਵਤ ਰਖਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੇਵ ਕਮਾਈਆ । ਤੂੰ ਮੈਨੂੰ ਬਖ਼ਸ਼ਣਾ ਇਕੋ ਚਰਨ ਧਿਆਨੀ, ਕਵਲ ਦੇਣੀ ਵਡਿਆਈਆ । ਮੈਂ ਸਚ ਦੱਸਾਂ ਮੇਰੇ ਉਤੇ ਚਾਰੋਂ ਕੁੰਟ ਵਧ ਗਈ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਪੰਜ ਵਿਕਾਰ ਚੜ੍ਹੀ ਤੁਗ਼ਿਆਨੀ, ਕਾਮ ਕਰੋਧ ਲੋਭ ਮੋਹ ਹੰਕਾਰ ਹੜ੍ਹ ਰਿਹਾ ਚਲਾਈਆ । ਜਿਧਰ ਤੱਕਾਂ ਕੂੜ ਕਿਰਿਆ ਫਿਰੇ ਜਗਤ ਮੈਦਾਨੀ, ਭੱਜੇ ਵਾਹੋ ਦਾਹੀਆ । ਮੇਰੇ ਅੰਤਸ਼ਕਰਨ ਆਈ ਹੈਰਾਨੀ, ਹੈਰਤ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਪ੍ਰਭੂ ਮੇਰੇ ਅੰਦਰ ਉਠਦੇ ਬੇਅੰਤ ਤੁਫਾਨ, ਝੱਖੜ ਝਾਂਜੇ ਨਜ਼ਰੀ ਆਈਆ । ਮੈਂ ਡੁਬਦੇ ਵੇਖੇ ਜਗਤ ਜਹਾਨ, ਜੁਗ ਚੌਕੜੀ ਰਹਿਣ ਕੋਇ ਨਾ ਪਾਈਆ । ਮੈਨੂੰ ਲੇਖੇ ਮੁਕਦੇ ਦਿਸਦੇ ਅੰਜੀਲ ਕੁਰਾਨ, ਬਾਈਬਲ ਤੁਰੈਤਾਂ ਵੰਡ ਨਾ ਕੋਇ ਵੰਡਾਈਆ । ਛੁਪਦੇ ਨਜ਼ਰ ਆਉਣ ਵੇਦ ਪੁਰਾਨ, ਸਿਮਰਤੀਆਂ ਸੰਗ ਨਾ ਕੋਇ ਬਣਾਈਆ । ਗੀਤਾ ਕਹੇ ਮੇਰਾ ਦਿਸੇ ਨਾ ਕੋਇ ਨਿਸ਼ਾਨ, ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਗੁਰੂ ਗ੍ਰੰਥ ਕਹੇ ਮੇਰੇ ਉਤੇ ਰਹੇ ਨਾ ਕਿਸੇ ਮਾਣ, ਅਭਿਮਾਨ ਵਿਚ ਜਗਤ ਲੋਕਾਈਆ । ਸਾਰੇ ਕੂਕ ਕੂਕ ਸੁਣਾਉਣ, ਤੇਰਾ ਨਾਮ ਦੁਹਾਈਆ । ਸਾਚਾ ਲਹਿਣਾ ਪੂਰਾ ਕਰ ਆਣ, ਆਪ ਆਪਣਾ ਰੰਗ ਰੰਗਾਈਆ । ਅਸੀਂ ਤੇਰੇ ਨਾਮ ਦਾ ਗਾਉਂਦੇ ਗਾਣ, ਢੋਲੇ ਸਿਫ਼ਤਾਂ ਸਿਫ਼ਤ ਸਲਾਹੀਆ । ਧਰਨੀ ਕਹੇ ਮੈਂ ਵੀ ਮੰਗਾਂ ਦਾਨ, ਖ਼ਾਲੀ ਝੋਲੀ ਅਗੇ ਡਾਹੀਆ । ਪ੍ਰਭੂ ਕਲਜੁਗ ਕੂੜੀ ਸ਼ਰਅ ਮੇਟ ਸ਼ੈਤਾਨ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਸਭ ਦੇ ਅੰਤਸ਼ਕਰਨ ਆਪਣਾ ਨੂਰ ਜੋਤ ਦੇ ਮਹਾਨ, ਅੰਧ ਅੰਧੇਰ ਮਿਟਾਈਆ । ਜਨ ਭਗਤਾਂ ਕਰ ਕਲਿਆਣ, ਕਲਮਾ ਨਾਮ ਇਕ ਸਮਝਾਈਆ । ਤੇਰੇ ਚਰਨ ਕਵਲ ਰਹੇ ਧਿਆਨ, ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੇਰੇ ਪ੍ਰਭੂ ਨੈਣ ਸ਼ਰਮਾਣ, ਨੇਤਰ ਅੱਖ ਨਾ ਸਕਾਂ ਉਠਾਈਆ । ਮੇਰੇ ਉਤੇ ਵਧੇ ਬੇਈਮਾਨ, ਬੇਵਾ ਤੇਰੀ ਸ੍ਰਿਸ਼ਟੀ ਨਜ਼ਰੀ ਆਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਤੇਰਾ ਸਹਾਰਾ ਏਕੰਕਾਰਾ ਇਕ ਰਖਾਈਆ ।

### ✪ ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੀਆਂ ਅਗੰਮੀ ਮਾਂਗਾਂ, ਮੰਗਤੀ ਹੋ ਕੇ ਝੋਲੀ ਡਾਹੀਆ । ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਰਖੀਆਂ ਤਾਂਘਾਂ, ਬਿਨ ਨੈਣਾਂ ਨੈਣ ਉਠਾਈਆ । ਮੇਰੇ ਸਵਾਮੀਆ ਤੇਰਾ ਵੇਸ ਅਵੱਲੜਾ ਤੱਕਾਂ ਸਵਾਂਗਾਂ, ਸਵਾਂਗੀ ਆਪਣੀ ਕਲ ਦੇਣੀ ਵਰਤਾਈਆ । ਉਠ ਸੁਣ ਲੈ ਕਲਮਿਆਂ ਤੋਂ ਬਾਹਰ ਅਜ਼ਾਂ ਬਾਂਗਾਂ, ਰਸਨਾ ਜਿਹਵਾ ਕੀ ਜਣਾਈਆ । ਜਿਧਰ ਤੱਕੇ ਸ਼ਰਅ ਦੀਆਂ ਚੜ੍ਹੀਆਂ ਕਾਂਗਾਂ, ਸ਼ਰੀਅਤ ਸਭ ਨੂੰ ਰਹੀ ਰੁੜ੍ਹਾਈਆ ।

੧੨੫੦
੨੩

ਕਲਜੁਗ ਕੂੜ ਕੁਟੰਬ ਦੀਆਂ ਪਈਆਂ ਤਾਂਘਾਂ, ਭੈ ਆਪਣਾ ਰਿਹਾ ਵਖਾਈਆ । ਜਿਹੜਾ ਲੜਦਾ ਬਿਨਾ ਸ਼ਸਤਰਾਂ ਡਾਗਾਂ, ਘਰ ਘਰ ਅੰਦਰ ਮਨੂਆ ਦਿਤਾ ਬਦਲਾਈਆ । ਉਹਦੇ ਅਧੀਨ ਹੋਇਆ ਪੰਜ ਤਤ ਤਨਾ, ਸਰੀਰ ਬੇਨਜ਼ੀਰ ਚਲੇ ਨਾ ਕੋਇ ਚਤੁਰਾਈਆ । ਤੇਰਾ ਖੇਲ ਨਾ ਕਿਸੇ ਪਹਿਚਾਨਾ, ਬੇਪਹਿਚਾਨ ਹੋਈ ਲੋਕਾਈਆ । ਉਠ ਵੇਖ ਸਦੀ ਚੌਧਵੀਂ ਸਭ ਨੂੰ ਬੰਨ੍ਹਦੀ ਫਿਰੇ ਗਾਨਾ, ਮੌਲੀ ਤੰਦ ਸਗਨ ਮਨਾਈਆ । ਨਾਲ ਵਖਾਏ ਤਾਰਾ ਚੰਦ ਨਿਸ਼ਾਨਾ, ਨਿਸ਼ਾਨ ਨਿਸ਼ਾਨਿਆਂ ਵਿਚੋਂ ਪ੍ਰਗਟਾਈਆ । ਨਾਲੇ ਨਿਵ ਨਿਵ ਕਰਨ ਸਲਾਮਾ, ਸਜਦਿਆਂ ਵਿਚ ਸੀਸ ਨਿਵਾਈਆ । ਮੇਰਾ ਆ ਗਿਆ ਨੂਰ ਅਲਾਹੀ ਅੱਲਾ ਅਮਾਮਾ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਦਾ ਮੁਹੰਮਦ ਦਿਤਾ ਪੈਗ਼ਾਮਾ, ਸੰਦੇਸ਼ਾ ਇਕ ਜਣਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣੀ ਸ਼ਾਮਾ, ਸ਼ਮਾ ਨੂਰ ਜੋਤ ਕਰੇ ਰੁਸ਼ਨਾਈਆ । ਏਸੇ ਦੀ ਆਸ਼ਾ ਰਖ ਕੇ ਗਿਆ ਰਾਮਾ, ਰਾਮ ਰਾਮਾ ਧਿਆਨ ਲਗਾਈਆ । ਏਸੇ ਦਾ ਫ਼ਰਮਾਨ ਦੱਸਿਆ ਅਰਜਨ ਕਾਹਨਾ, ਕੀ ਕਾਹਨ ਕਾਹਨਾ ਖੇਲ ਖਿਲਾਈਆ । ਪੈਗ਼ੰਬਰਾਂ ਏਸੇ ਦਾ ਚਲਾਇਆ ਇਸਲਾਮਾ, ਇਸਮ ਇਕੋ ਇਕ ਪ੍ਰਗਟਾਈਆ । ਨਾਨਕ ਨਿਰਗੁਣ ਧਾਰ ਗਾਇਆ ਸਤਿਨਾਮਾ, ਸਤਿ ਸਤਿ ਵਿਚ ਸਮਾਈਆ । ਗੋਬਿੰਦ ਫ਼ਤਿਹ ਡੰਕਾ ਵਜਾਇਆ ਦਮਾਮਾ, ਧੌਂਸਾ ਨਾਮ ਨਾਲ ਸੁਣਾਈਆ । ਉਹ ਪ੍ਰਗਟ ਹੋ ਕੇ ਖੇਲ ਕਰੇ ਦੋ ਜਹਾਨਾਂ, ਦੋਹਰੀ ਆਪਣੀ ਕਲ ਵਖਾਈਆ । ਧਰਨੀ ਕਹੇ ਮੈਂ ਬਲ ਬਲ ਜਾਵਾਂ, ਬਲਿਹਾਰੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਗਤ ਰਹੇ ਨਾ ਕੋਇ ਨਿਥਾਵਾਂ, ਚਰਨ ਕਵਲ ਦੇਣੀ ਅਗੰਮ ਸਰਨਾਈਆ ।

### ✪ ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਗੁਰਬਖ਼ਸ਼ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਨਿਰੰਕਾਰਾ, ਨਰ ਨਿਰੰਕਾਰ ਤੇਰੀ ਵਡਿਆਈਆ । ਆਓ ਤੱਕੋ ਮੈਨੂੰ ਸਤਿਜੁਗ ਦਏ ਇਸ਼ਾਰਾ, ਸਹਿਜ ਸਹਿਜ ਸਹਿਜ ਰਿਹਾ ਦ੍ਰਿੜਾਈਆ । ਕਲਜੁਗ ਅੰਤਮ ਆਏ ਕਿਨਾਰਾ, ਨਈਆ ਨੌਕਾ ਆਪਣਾ ਪੰਧ ਮੁਕਾਈਆ । ਕਿਰਪਾ ਕਰੇ ਪਰਵਰਦਿਗਾਰਾ, ਸਾਂਝਾ ਯਾਰ ਨੂਰ ਅਲਾਹੀਆ । ਅਮਾਮ ਅਮਾਮਾ ਹੋ ਕੇ ਜ਼ਾਹਰਾ, ਜ਼ਾਹਰ ਜ਼ਹੂਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਸਤਿਜੁਗ ਕਹੇ ਧਰਨੀ ਮੈਨੂੰ ਦੇ ਸਚ ਸਲਾਹ, ਸਚ ਨਾਲ ਸੁਣਾਈਆ । ਮੈਂ ਕਿਸ ਬਿਧ ਜਾਵਾਂ ਤੇਰੇ ਉਤੇ ਆ, ਆਪਣਾ ਬਲ ਪ੍ਰਗਟਾਈਆ । ਧਰਨੀ ਕਹੇ ਮੇਰਾ ਮਾਲਕ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਉਹਦਾ ਲੇਖਾ ਅਗੰਮ ਅਥਾਹ, ਜਗਤ ਜਹਾਨ ਨਾ ਕੋਇ ਜਣਾਈਆ । ਜਿਸ ਵੇਲੇ ਚਾਹੇ ਬਣੇ ਜਗਤ ਮਲਾਹ, ਖੇਵਟ ਖੇਟਾ ਇਕ ਅਖਵਾਈਆ । ਸਤਿ ਧਰਮ ਦਾ ਬੇੜਾ ਦਏ ਚਲਾ, ਚੱਪੂ ਨਾਮ ਵਾਲਾ ਲਗਾਈਆ । ਕਲਜੁਗ ਕੂੜੀ ਕਿਰਿਆ ਦਏ ਰੁੜ੍ਹਾ, ਵਹਿੰਦੇ ਵਹਿਣ ਵਹਾਈਆ । ਧਰਮ ਦਾ ਪੱਲੂ ਦਏ ਫੜਾ, ਆਪਣੀ ਗੰਢ ਪਵਾਈਆ । ਸਚ ਦਵਾਰ ਦਏ ਸੁਹਾ, ਸੋਹਣਾ ਬੰਕ ਵਖਾਈਆ । ਜਿਥੇ ਇਕੋ ਦੀਪ ਰੁਸ਼ਨਾ, ਦੂਜੀ ਧਾਰ ਨਾ ਕੋਇ ਬਣਾਈਆ । ਉਹ ਤੇਰਾ ਲੇਖਾ ਤੇਰੇ ਹੱਥ ਦਏ ਫੜਾ, ਫੜ ਬਾਹੋਂ ਆਪ ਉਠਾਈਆ । ਕਲਜੁਗ ਕੂੜੀ ਕਿਰਿਆ ਦਏ ਮਿਟਾ, ਮਿੱਟੀ ਖ਼ਾਕ ਵਿਚ ਸਮਾਈਆ ।

ਤੂੰ ਕਰਨਾ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਜਾਣੇ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਈਆ ।

### ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕਰਮ ਸਿੰਘ ਦੇ ਗ੍ਰਿਹ

ਧਰਨੀ ਕਹੇ ਸਤਿਜੁਗ ਤੇਰੀ ਆਸ਼ਾ ਰਖੀ, ਰਖਕ ਹੋਵੇ ਧੁਰਦਰਗਾਹੀਆ । ਜੋ ਧਰਮ ਦਵਾਰਾ ਤੇਰਾ ਵੇਖੇ ਅੱਖੀ, ਲੋਚਨ ਨੈਣ ਉਠਾਈਆ । ਜਨ ਭਗਤ ਬਣਾਵੇ ਧੁਰ ਦੀ ਸਖ਼ੀ, ਸਖ਼ਾਵਤ ਨਾਮ ਝੋਲੀ ਪਾਈਆ । ਸਭ ਦੇ ਸਿਰ ਤੇ ਆਪਣਾ ਹੱਥ ਰਿਹਾ ਰਖੀ, ਮਿਹਰਵਾਨ ਦਇਆ ਕਮਾਈਆ । ਜਿਹੜੀ ਕਲਜੁਗ ਨੇ ਮੇਰੀ ਕੀਮਤ ਪਾਈ ਕੱਖੀ, ਹੱਟੋ ਹੱਟ ਵਿਕਾਈਆ । ਮੈਂ ਸਾਰੀ ਕਥਾ ਕਹਾਣੀ ਦੱਸੀ, ਪ੍ਰਭੂ ਅਗੇ ਵਾਸਤਾ ਪਾਈਆ । ਚਾਰ ਕੁੰਟ ਤੱਕ ਲੈ ਰੈਣ ਅੰਧੇਰੀ ਮੱਸੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੀ ਵਡਿਆਈ ਰਹੀ ਨਾ ਜਸੀ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਮੈਂ ਚਾਰ ਕੁੰਟ ਨੌ ਖੰਡ ਪ੍ਰਿਥਮੀ ਨੱਸੀ, ਭੱਜੀ ਵਾਹੋ ਦਾਹੀਆ । ਪ੍ਰਭੂ ਇਹ ਤੱਕ ਲੈ ਤੇਰੀ ਸ੍ਰਿਸ਼ਟੀ ਮਾਇਆ ਮਮਤਾ ਮੋਹ ਵਿਚ ਫਸੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਮੈਨੂੰ ਇਉਂ ਜਾਪਦਾ ਦੀਨਾਂ ਮਜ਼੍ਹਬਾਂ ਨੂੰ ਪੈਣ ਵਾਲੀ ਗ਼ਸ਼ੀ, ਹੋਸ਼ ਵਿਚ ਹੋਸ਼ ਨਾ ਕੋਇ ਰਖਾਈਆ । ਓਨ੍ਹਾਂ ਦਾ ਲਹਿਣਾ ਮੁਕਣਾ ਜਿਨ੍ਹਾਂ ਖਾਧੀ ਡੱਡੀ ਮੱਛੀ, ਮਸ਼ਵਰਾ ਸਤਿਗੁਰ ਸ਼ਬਦ ਪ੍ਰਭ ਦੇ ਨਾਲ ਬਣਾਈਆ । ਦੁਹਾਈ ਦੇਂਦੇ ਪੰਖ ਪੰਖੇਰੂਆਂ ਵਾਲੇ ਪੰਛੀ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਜਗਤ ਵਿਚ ਸਤਿ ਧਰਮ ਦੀ ਲੱਗੇ ਅੱਛੀ, ਕਲਜੁਗ ਕੂੜ ਕੁਟੰਬ ਦੇਣਾ ਮੁਕਾਈਆ ।

### ੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸਰਦਾਰਾ ਸਿੰਘ ਦੇ ਗ੍ਰਿਹ

ਸਤਿਜੁਗ ਕਹੇ ਧਰਨੀ ਮੇਰੇ ਅੰਤਰ ਚਾਓ ਘਨੇਰਾ, ਖ਼ੁਸ਼ੀਆਂ ਦੇ ਢੋਲੇ ਗਾਈਆ । ਮੇਰਾ ਸਾਹਿਬ ਮੇਰੇ ਉਤੇ ਕਰੇ ਮਿਹਰਾ, ਮਿਹਰ ਨਜ਼ਰ ਉਠਾਈਆ । ਮੇਰਾ ਵਕਤ ਸੁਹੰਜਣਾ ਹੋਏ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮੈਂ ਕਲਜੁਗ ਮੇਟਾਂ ਝੂਠ ਅੰਧੇਰਾ, ਅੰਧ ਅਗਿਆਨ ਚੁਕਾਈਆ । ਤੇਰੇ ਉਤੇ ਕਰਾਂ ਸੰਝ ਸਵੇਰਾ, ਇਕੋ ਜੋਤ ਨੂਰ ਰੁਸ਼ਨਾਈਆ । ਨਾਮ ਜਪਾ ਕੇ ਤੂੰ ਮੇਰਾ ਮੈਂ ਤੇਰਾ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਸਤਿਗੁਰ ਸ਼ਬਦ ਬਣਾ ਕੇ ਧੁਰ ਦਾ ਸ਼ੇਰਾ, ਭੱਬਕ ਇਕੋ ਇਕ ਸੁਣਾਈਆ । ਨੌ ਖੰਡ ਪ੍ਰਿਥਮੀ ਪਾ ਕੇ ਘੇਰਾ, ਸ਼ਬਦੀ ਡੋਰੀ ਨਾਲ ਬੰਧਾਈਆ । ਇਕੋ ਗ੍ਰਿਹ ਵਖਾ ਕੇ ਗੁਰੂ ਗੁਰ ਚੇਰਾ, ਸਤਿਗੁਰ ਸ਼ਬਦ ਕਰਾਂ ਕੁੜਮਾਈਆ । ਸਦੀ ਚੌਧਵੀਂ ਲੇਖਾ ਵੇਖ ਕਰਾ ਨਿਬੇੜਾ, ਹਕ ਹਕ ਸਮਝਾਈਆ । ਸਤਿ ਧਰਮ ਦਾ ਸਚ ਚਲਾਵਾਂ ਬੇੜਾ, ਬੇੜੀ ਇਕੋ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸਤਿਜੁਗ ਕਹੇ ਇਕੋ ਸੁਹੰਜਣਾ ਹੋਏ ਵਿਹੜਾ, ਸੋਹਨ ਇਕੋ ਇਕ ਸੁਹਾਈਆ ।

## ੮ ੱਅੱਸੂ ਸ਼ਹਿਨਸ਼ਾਹੀ ਸੰਮਤ ਨੌਂ ਤਰਨਤਾਰਨ ਸ਼ਹਿਰ ਵਿਚ ਸਵਰਨ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭੂ ਮੇਰੀ ਲੇਖੇ ਲਾ ਲੈ ਸੇਵਾ, ਨੌ ਸੌ ਚੁਰਾਨਮੇ ਚੌਕੜੀ ਜੁਗ ਤੇਰੀ ਚਰਨ ਸਰਨ ਸਰਨਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਜ ਅਲਖ ਅਭੇਵਾ, ਅਗੋਚਰ ਅਗੰਮ ਅਥਾਹੀਆ । ਸਦ ਵਸੇ ਨਿਹਚਲ ਧਾਮ ਨਿਹਕੇਵਾ, ਦਰਗਾਹ ਸਾਚੀ ਸੋਭਾ ਪਾਈਆ । ਧੁਰ ਦੇ ਸਵਾਮੀ ਅੰਤਰਜਾਮੀ ਆਪਣਾ ਨਾਮ ਦੇ ਦੇ ਰਸ ਮੇਵਾ, ਬਿਨ ਰਸਨਾ ਰਸ ਚਖਾਈਆ । ਤੂੰ ਪਤਿਪਰਮੇਸ਼ਵਰ ਅਪਰੰਪਰ ਦੇਵੀ ਦੇਵਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੂਰ ਅਲਾਹੀਆ । ਮੇਰੇ ਮਸਤਕ ਲਾ ਦੇ ਬਿਨਾ ਕੌਸਤਕ ਮਨੀਆ ਦੇ ਥੇਵਾ, ਥਿਰ ਘਰ ਵਾਸੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਸੇਵਾ ਕਰ ਪ੍ਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਕੋੜੀ ਕਮਲੀ ਨੂੰ ਬਖ਼ਸ਼ ਦੇ ਮਾਣ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਮੇਰਾ ਸਾਹਿਬ ਸ੍ਰੀ ਭਗਵਾਨ, ਭਗਵਨ ਤੇਰੀ ਬੇਪਰਵਾਹੀਆ । ਭਿੱਖਕ ਦੀ ਝੋਲੀ ਪਾ ਦੇ ਦਾਨ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਕਾਹਨ ਰਾਮ ਤੇਰਾ ਲੇਖਾ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਵੱਜਦੀ ਰਹੇ ਵਧਾਈਆ । ਤੂੰ ਸ਼ਹਿਨਸ਼ਾਹ ਨੂਰ ਅਲਾਹੀ ਅਮਾਮ, ਅਮਲਾਂ ਤੋਂ ਰਹਿਤ ਇਕ ਅਖਵਾਈਆ । ਮੈਂ ਤੇਰੇ ਦਰ ਦੀ ਚਾਕਰ ਹੋਈ ਗ਼ੁਲਾਮ, ਗ਼ਰੀਬ ਨਿਮਾਣੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੀ ਸੇਵਾ ਕਰ ਮਨਜ਼ੂਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰੇ ਪੂਰਬਲੇ ਬਖ਼ਸ਼ ਕਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਤੂੰ ਦਾਤਾ ਸਰਬ ਕਲਾ ਭਰਪੂਰ, ਬੇਪਰਵਾਹ ਅਖਵਾਈਆ । ਮੈਂ ਤੇਰਾ ਜਲਵਾ ਤੱਕਾਂ ਨੂਰਾਨਾ ਨੂਰ, ਨੂਰ ਨੁਰਾਨੇ ਨਜ਼ਰੀ ਆਈਆ । ਮੈਂ ਚਾਰ ਜੁਗ ਕੋਟਨ ਚੌਕੜੀ ਤੇਰੀ ਰਹੀ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਈਆ । ਮੇਰਾ ਤਨ ਵਜੂਦ ਤਪੇ ਨਾ ਅਗਨੀ ਵਾਂਗ ਤੰਦੂਰ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਮੇਰੇ ਉਤੇ ਕਲਜੁਗ ਕੂੜਾ ਪਾਵੇ ਫ਼ਤੂਰ, ਫ਼ਤਵੇ ਸਭ ਦੇ ਉਤੇ ਲਗਾਈਆ । ਜਿਸ ਗੜ੍ਹ ਬਣਾਇਆ ਗ਼ਰੂਰ, ਹੰਗਤਾ ਨਾਲ ਮਿਲਾਈਆ । ਡੰਕਾ ਵਜਾ ਕੇ ਕੂੜ, ਕੁੜਿਆਰਾ ਦਿਤਾ ਉਠਾਈਆ । ਤੇਰੇ ਚਰਨਾਂ ਦੀ ਮਿਲੇ ਕਿਸੇ ਨਾ ਧੂੜ, ਧੂੜੀ ਖ਼ਾਕ ਨਾ ਕੋਇ ਰਮਾਈਆ । ਚਤੁਰ ਸੁਘੜ ਸਿਆਣੇ ਹੋਏ ਮੂਰਖ ਮੂੜ੍ਹ, ਬੁੱਧੀ ਬਿਬੇਕ ਨਾ ਕੋਇ ਬਣਾਈਆ । ਤੇਰੇ ਨਾਮ ਦੀ ਧੁਨ ਸੁਣੇ ਕੋਇ ਨਾ ਤੂਰ, ਤੁਰੀਆ ਦਾ ਭੇਵ ਨਾ ਕੋਇ ਚੁਕਾਈਆ । ਮੈਂ ਅੰਤ ਹੋਈ ਮਜਬੂਰ, ਮਜਬੂਰੀ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਧਰਨੀ ਕਹੇ ਪ੍ਰਭੂ ਤੇਰੀ ਸੇਵਾ ਕੀਤੀ ਜੁਗ ਜੁਗ, ਨਿਤ ਨਿਤ ਸੇਵ ਕਮਾਈਆ । ਅੰਤ ਮੇਰਾ ਲਹਿਣਾ ਦੇਣਾ ਲੇਖਾ ਰਿਹਾ ਪੁੱਗ, ਪੂਜਣ ਯੋਗ ਤੇਰੀ ਓਟ ਤਕਾਈਆ । ਮੇਰੀ ਬਸੁਧਾ ਦੀ ਲੈ ਸੁਧ, ਬੇਸੁਧ ਹੋ ਕੇ ਦਿਆਂ ਸੁਣਾਈਆ । ਮੇਰੇ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਮੇਰੇ ਕੋਲੋਂ ਵੇਖਿਆ ਨਹੀਂ ਜਾਣਾ ਅੰਤਮ ਕਲਜੁਗ ਵਾਲਾ ਯੁੱਧ, ਜਿਸ ਦਾ ਲੇਖਾ ਕਾਹਨ ਯੁਧਿਸ਼ਟਰ ਗਿਆ ਸੁਣਾਈਆ । ਕੌਰਵ ਪਾਂਡਵ ਜਿਸ ਦੀ ਧਾਰ ਕੋਲ ਸਕਣ ਨਾ ਪੁੱਜ, ਉਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ

ਕਹੇ ਪ੍ਰਭੂ ਮੇਰੀ ਸੇਵਾ ਕਰੀਂ ਕਬੂਲ, ਕਿਬਲੇ ਅਜ਼ ਧਿਆਨ ਲਗਾਈਆ । ਤੇਰਾ ਹੁਕਮ ਮੰਨਾਂ ਮਾਕੂਲ, ਨਿਵ ਨਿਵ ਸੀਸ ਝੁਕਾਈਆ । ਤੇਰਾ ਅੰਤ ਤੱਕਾਂ ਅਸੂਲ, ਅਸਲ ਦਾ ਪਰਦਾ ਦੇਣਾ ਉਠਾਈਆ । ਮੇਰੇ ਉਤੇ ਤੇਰੀ ਸ੍ਰਿਸ਼ਟੀ ਤੈਨੂੰ ਗਈ ਭੁਲ, ਭੁਲਿਆਂ ਮਾਰਗ ਨਾ ਕੋਇ ਵਖਾਈਆ । ਤੂੰ ਕੰਤ ਭਗਵੰਤ ਇਕ ਕੰਤੂਹਲ, ਤੇਰੀ ਹਰਿ ਸ਼ਰਨਾਈਆ । ਸਚ ਪ੍ਰੀਤੀ ਬਖ਼ਸ਼ ਦੇ ਸਭ ਨੂੰ ਆਪਣੀ ਧੂਲ, ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਪ੍ਰਭੂ ਮੈਂ ਸੇਵਾ ਕੀਤੀ ਪੈਗ਼ੰਬਰ ਗੁਰ ਅਵਤਾਰਾ, ਜੁਗ ਜੁਗ ਧਿਆਨ ਲਗਾਈਆ । ਸਚ ਮੁਹੱਬਤ ਵਿਚ ਕੀਤਾ ਪਿਆਰਾ, ਪ੍ਰੇਮੀ ਪ੍ਰੀਤਮ ਤੇਰਾ ਪ੍ਰੇਮ ਬਣਾਈਆ । ਚਾਰੋਂ ਕੁੰਟ ਵਖਾਇਆ ਅਖਾੜਾ, ਸੀਨਾ ਆਪਣਾ ਅਗੇ ਡਾਹੀਆ । ਤੇਰਾ ਹੁਕਮ ਤੱਕਿਆ ਕਰਾਰਾ, ਇਕਰਾਰਾਂ ਵਾਲਿਆ ਤੇਰੀ ਬੇਪਰਵਾਹੀਆ । ਤੂੰ ਪੈਗ਼ੰਬਰਾਂ ਦਿਤਾ ਇਸ਼ਾਰਾ, ਰਸੂਲਾਂ ਨਬੀਆਂ ਕੀਤੀ ਪੜ੍ਹਾਈਆ । ਗੁਰੂਆਂ ਦਿਤਾ ਅਧਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਫਿਰ ਬਖ਼ਸ਼ ਕੇ ਸ਼ਬਦ ਲਿਖਾਰਾ, ਬੋਧ ਅਗਾਧ ਦਿਤਾ ਸਮਝਾਈਆ । ਕਲਜੁਗ ਆਵੇ ਕਲ ਕਲਕੀ ਅਵਤਾਰਾ, ਨਿਹਕਲੰਕਾ ਰੂਪ ਬਦਲਾਈਆ । ਅਮਾਮ ਅਮਾਮਾ ਹੋਏ ਜ਼ਾਹਰਾ, ਜਲਵਾਗਰ ਅਗੰਮ ਅਥਾਹੀਆ । ਜੋ ਵੇਖੇ ਵਿਗਸੇ ਪਾਵੇ ਸਾਰਾ, ਵੇਖਣਹਾਰ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸੋਇਆ ਰਹਿਣ ਕੋਇ ਨਾ ਪਾਈਆ । ਧਰਨੀ ਧਰਤ ਧਵਲ ਧੌਲ ਤੈਨੂੰ ਬਖ਼ਸ਼ੇ ਇਕ ਅਧਾਰਾ, ਸਿਰ ਤੇਰੇ ਹੱਥ ਟਿਕਾਈਆ । ਤੂੰ ਕਰਨੀ ਬਿਨਾ ਸੀਸ ਨਿਮਸਕਾਰਾ, ਡੰਡਾਵਤ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਪ੍ਰਭੂ ਮੈਂ ਜੁਗ ਜੁਗ ਸੇਵਾ ਕਰਦੀ, ਕਰਤੇ ਪੁਰਖ ਤੇਰੀ ਸਰਨਾਈਆ । ਤੂੰ ਸਾਰ ਪਾਉਣੀ ਮੇਰੇ ਘਰ ਦੀ, ਨਵਾਂ ਖੰਡਾਂ ਵੇਖ ਵਖਾਈਆ । ਸੱਤਾਂ ਦੀਪਾਂ ਦੀਨ ਦੁਨੀਆ ਵੇਖਣੀ ਲੜਦੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਧਾਰ ਤੱਕਣੀ ਚੋਟੀ ਜੜ ਦੀ, ਚੇਤਨ ਹੋ ਕੇ ਪਰਦੇ ਆਪ ਉਠਾਈਆ । ਤੇਰੀ ਧਾਰ ਨਿਰਅੱਖਰ ਕੋਇ ਨਾ ਪੜ੍ਹਦੀ, ਰਸਨਾ ਢੋਲੇ ਸਾਰੇ ਗਾਈਆ । ਤੇਰੀ ਮੰਜ਼ਲ ਕੋਇ ਨਾ ਚੜ੍ਹਦੀ, ਆਤਮ ਪਰਮਾਤਮ ਮਿਲ ਕੇ ਵੱਜੇ ਨਾ ਕੋਇ ਵਧਾਈਆ । ਧਰਨੀ ਕਹੇ ਮੈਂ ਏਸੇ ਗੱਲੋਂ ਡਰਦੀ, ਸਿਰ ਸਕਾਂ ਨਾ ਆਪ ਉਠਾਈਆ । ਅੰਤਮ ਖੇਲ ਨਰਾਇਣ ਨਰ ਦੀ, ਗੁਰ ਅਵਤਾਰ ਪੈਗ਼ੰਬਰਾਂ ਲਹਿਣੇ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਮੈਂ ਸੇਵਾ ਕਰ ਕਰ ਥਕਦੀ, ਥਕਾਵਟ ਵਿਚ ਕੁਰਲਾਈਆ । ਤੂੰ ਖੇਲ ਵੇਖ ਲੈ ਪੰਜ ਤਤ ਦੀ, ਤਤਵ ਤਤਾਂ ਖੋਜ ਖੁਜਾਈਆ । ਵਡਿਆਈ ਰਹੀ ਨਾ ਗੁਰਮਤ ਦੀ, ਮਨਮਤ ਹੋਈ ਹਲਕਾਈਆ । ਦੁਨੀਆ ਹੋਈ ਪਿਆਸੀ ਇਕ ਦੂਜੇ ਦੇ ਰੱਤ ਦੀ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਤੇਰੀ ਖੇਲ ਪੁਰਖ ਸਮਰਥ ਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਤੇਰੇ ਅਗੇ ਵਾਸਤਾ ਘਤਦੀ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਆਪਣੀ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਸੇਵਾ ਮੇਰੀ ਯਾਚਕ ਦੀ, ਮੇਰੇ ਮੇਰਿਆ ਮੇਰੀ ਲੈਣੀ ਅਪਣਾਈਆ । ਮੇਰੀ ਧਾਰ ਸੰਦੇਸ਼ੇ ਵਾਲੀ ਪਤ੍ਰਕਾ ਨਹੀਂ ਵਾਸ਼ਨਾ ਵਾਚਕ ਦੀ, ਅੱਖਰਾਂ ਨਾਲ ਅੱਖਰ ਨਾ ਕੋਇ ਜੁੜਾਈਆ । ਤੇਰੀ ਮਿਹਰ ਮੰਗਦੀ ਸਾਂਤਕ ਸਤਿ ਦੀ, ਸਤਿ

ਦੇ ਮਾਲਕ ਹੋਣਾ ਆਪ ਸਹਾਈਆ । ਧੀਰ ਰਹੀ ਨਾ ਕਿਸੇ ਦੇ ਜਤ ਦੀ, ਜਗਿਆਸੂ ਸਾਰੇ ਰਹੇ ਕੁਰਲਾਈਆ । ਮੇਰੇ ਉਤੇ ਕਲਜੁਗ ਦੀ ਭੱਠੀ ਤਪਦੀ, ਭਠਿਆਲਾ ਅਗਨੀ ਰਿਹਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਧਰਨੀ ਤੇਰੇ ਲੇਖੇ ਲੇਖੇ ਲਾਵਾਂਗਾ । ਭਰਮ ਭੁਲੇਖੇ ਸਰਬ ਕਢਾਵਾਂਗਾ । ਕੂੜ ਕੁੜਿਆਰ ਵੇਸ ਅਨੇਕੇ ਸਰਬ ਮਿਟਾਵਾਂਗਾ । ਦੇਸ ਪ੍ਰਦੇਸੇ ਫੋਲ ਫੁਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਗਣੇਸ਼, ਆਪ ਉਠਾਵਾਂਗਾ । ਹਲੂਣਾ ਦੇ ਕੇ ਬਾਸ਼ਕ ਸ਼ੇਸ਼, ਸੇਜ ਸੁਹੰਜਣੀ ਆਪ ਹਿਲਾਵਾਂਗਾ । ਤੇਰੇ ਖੁਲ੍ਹੜੇ ਵੇਖ ਕੇ ਕੇਸ, ਤੇਰੀ ਮੇਂਢੀ ਸੀਸ ਗੁੰਦਾਵਾਂਗਾ । ਸੰਦੇਸਾ ਦੇ ਕੇ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਦਾ ਪਰਦਾ ਲਾਹਵਾਂਗਾ । ਤੂੰ ਨੇਤਰ ਲਵੀਂ ਪੇਖ, ਲੋਚਨ ਤੇਰਾ ਇਕ ਖੁਲਾਵਾਂਗਾ । ਕਲਜੁਗ ਕੂੜ ਮਿਟਾ ਕੇ ਰੇਖ, ਸਤਿਜੁਗ ਸਚ ਮਾਤ ਪ੍ਰਗਟਾਵਾਂਗਾ । ਤੂੰ ਮੇਰਾ ਮੈਂ ਤੇਰਾ ਦੇ ਸੰਦੇਸ਼, ਆਤਮ ਪਰਮਾਤਮ ਗੰਢ ਰਖਾਵਾਂਗਾ । ਸਦੀ ਚੌਧਵੀਂ ਮੇਟ ਕੇ ਅੰਤ ਕਲੇਸ਼, ਕਲਧਾਰੀ ਹੋ ਕੇ ਆਪਣੀ ਕਲ ਪ੍ਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਸਚ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਧਰਨੀ ਧਰਤ ਧਵਲ ਧੌਲ ਤੇਰੀ ਸੇਵਾ ਵੇਖ ਵਖਾਏਗਾ । ਜੋ ਪੂਰਬਲਾ ਕੀਤਾ ਕੌਲ, ਇਕਰਾਰ ਤੋੜ ਨਿਭਾਏਗਾ । ਕਮਲੀਏ ਨਾ ਜਾਵੀਂ ਡੋਲ, ਅਡੁਲ ਤੇਰੇ ਸਿਰ ਹੱਥ ਟਿਕਾਏਗਾ । ਮੇਰਾ ਅੰਤਸ਼ਕਰਨ ਲਏ ਫੋਲ, ਪਰਦਾ ਪਰਦਿਆਂ ਵਿਚੋਂ ਚੁਕਾਏਗਾ । ਤੂੰ ਇਕ ਸੁਣਾਉਣਾ ਬੋਲ, ਜੋ ਅਨਬੋਲਤ ਆਪ ਜਣਾਏਗਾ । ਸਚ ਪ੍ਰੀਤੀ ਆਪਾ ਲੈਣਾ ਘੋਲ, ਘੋਲ ਘੁੰਮਾਈ ਵੇਖ



੧੨੫੪
੨੩

ਵਖਾਏਗਾ । ਜਿਸ ਦਾ ਸਤਿ ਸਚ ਦਾ ਤੋਲਣਾ ਤੋਲ, ਕੰਡਾ ਧਰਮ ਹੱਥ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਗੰਢ ਆਪ ਪਵਾਏਗਾ । ਧਰਨੀ ਕਹੇ ਪ੍ਰਭੂ ਮੇਰੇ ਹੋਵਣ ਧੰਨ ਭਾਗ, ਭਾਗ ਹੀਣ ਮਿਲੇ ਵਡਿਆਈਆ । ਮੈਂ ਖ਼ੁਸ਼ੀਆਂ ਦੇ ਜਗਾਵਾਂ ਚਰਾਗ਼, ਬਿਨ ਤੇਲ ਬਾਤੀ ਤੇਰਾ ਨੂਰ ਚਮਕਾਈਆ । ਤੂੰ ਮੇਰੀ ਬੁਝਾਉਣੀ ਆਗ, ਅਗਨੀ ਤਤ ਰਹੇ ਨਾ ਰਾਈਆ । ਤੂੰ ਆਇਉਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਬਾਦ, ਬੇਪ੍ਰਵਾਹ ਆਪਣੀ ਦਇਆ ਕਮਾਈਆ । ਮੈਨੂੰ ਕਥਾ ਕਹਾਣੀ ਪੁਰਾਣੀ ਯਾਦ, ਜੁਗ ਚੌਕੜੀ ਰਹੀ ਸੁਣਾਈਆ । ਮੈਂ ਸੁਣ ਕੇ ਤੇਰਾ ਨਾਦੀ ਨਾਦ, ਆਪਣਾ ਆਪ ਗਈ ਭੁਲਾਈਆ । ਤੇਰੇ ਪਿਆਰ ਵਿਚ ਹੋਈ ਵਿਸਮਾਦ, ਬਿਸਮਿਲ ਹੋ ਕੇ ਆਪਣਾ ਆਪ ਮਿਟਾਈਆ । ਤੂੰ ਮੇਰੀ ਸੁਣੀ ਫ਼ਰਿਆਦ, ਸਿਰ ਸਿਰ ਮੇਰੇ ਹੱਥ ਰਖਾਈਆ । ਮੇਰੀ ਅੰਦਰੋਂ ਖੁਲ੍ਹ ਗਈ ਜਾਗ, ਆਲਸ ਨਿੰਦਰਾ ਦਿਤੀ ਮਿਟਾਈਆ । ਮੈਂ ਤੈਨੂੰ ਅੱਲਾ ਕਹਾਂ ਕਿ ਕਹਾਂ ਗਾਡ, ਕਿ ਰਾਮ ਰਾਮਾ ਕਹਿ ਕੇ ਸੀਸ ਨਿਵਾਈਆ । ਮੇਰੀ ਦੁਰਮਤ ਮੈਲ ਧੋਵੀਂ ਦਾਗ਼, ਪਾਪਾਂ ਕਰੀਂ ਸਫ਼ਾਈਆ । ਮੇਰਾ ਪੂਰਾ ਹੋਵੇ ਕਾਜ, ਤੇਰੀ ਰਚਨਾ ਵੇਖਾਂ ਚਾਈਂ ਚਾਈਆ । ਸਚ ਧਰਮ ਚਲਾ ਦੇ ਮੇਰੇ ਉਤੇ ਜਹਾਜ਼, ਕਲਜੁਗ ਕੂੜਾ ਬੇੜਾ ਸ਼ੌਹ ਦਰਿਆ ਰੁੜ੍ਹਾਈਆ । ਆਤਮਾ ਪਰਮਾਤਮਾ ਸ੍ਰਿਸ਼ਟੀ ਦਾ ਹੋਵੇ ਇਕ ਸਮਾਜ, ਸਮਿਗਰੀ ਇਕੋ ਨਾਮ ਦੇਣੀ ਵਰਤਾਈਆ । ਤੇਰੇ ਇਸ਼ਟ ਦੀ ਦੀਨ ਦੁਨੀ ਹੋਵੇ ਮੁਹਤਾਜ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਦੀ ਚੌਧਵੀਂ ਪੈਗ਼ੰਬਰਾਂ ਦੇ ਦੇਵੀਂ ਜਵਾਬ, ਹੁਕਮ ਇਕੋ ਇਕ ਸੁਣਾਈਆ । ਅੰਤ ਅਖ਼ੀਰ ਕਰ ਲਓ ਅਦਾਬ, ਸਜਦਿਆਂ ਵਿਚ ਸੀਸ ਝੁਕਾਈਆ । ਦਰਗਾਹ ਸਾਚੀ ਵੇਖੋ ਆਪਣਾ ਮਹਿਰਾਬ, ਮੁਕਾਮੇ ਹਕ ਬੰਕ ਸੁਹਾਈਆ ।

ਤੁਹਾਡੀ ਲੇਖੇ ਲੱਗੀ ਨਿਮਾਜ਼, ਰੋਜ਼ੇ ਬਾਂਗਾਂ ਪੰਧ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੈਨੂੰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲਏ ਅਰਾਧ, ਅੰਤਸ਼ਕਰਨ ਵਿਚ ਆਤਸ਼ ਅਗਨ ਦੇਣੀ ਬੁਝਾਈਆ ।

## ✪ ੯ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਦਾਰਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰੇ ਉਤੋਂ ਹੰਕਾਰ ਮਿਟਾ ਦੇ ਖ਼ੁਦੀ, ਖ਼ੁਦ ਮਾਲਕ ਦਇਆ ਕਮਾਈਆ । ਮੇਰੇ ਸਵਾਮੀ ਮੇਰੀ ਪਵਿਤ੍ਰ ਕਰ ਦੇ ਬੁੱਧੀ, ਦੀਨ ਦੁਨੀ ਮੇਰੇ ਨਾਲ ਰਲਾਈਆ । ਮੈਂ ਝਗੜਾ ਨਹੀਂ ਚਾਹੁੰਦੀ ਯੁੱਧੀ, ਧਰਮ ਦੀ ਧਾਰ ਦੇ ਸਮਝਾਈਆ । ਆਪਣੀ ਧਾਰ ਕਰ ਦੇ ਉਘੀ, ਚਾਰ ਕੁੰਟ ਵੱਜੇ ਵਧਾਈਆ । ਮੇਰੀ ਨੌ ਖੰਡ ਪ੍ਰਿਥਮੀ ਵਸਦੀ ਰਹੇ ਝੁੱਗੀ, ਸ਼ਰਅ ਸ਼ਰੀਅਤ ਪੰਧ ਮੁਕਾਈਆ । ਤੂੰ ਮਾਲਕ ਜੁਗ ਜੁਗੀ, ਕਲਜੁਗ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦਵੈਤ, ਦੁਤੀਆ ਭਾਓ ਚੁਕਾਈਆ । ਸਭ ਨੂੰ ਆਤਮ ਧਾਰ ਕਰ ਹਦਾਇਤ, ਹਦੀਸ ਇਕ ਸਮਝਾਈਆ । ਤੇਰੀ ਸਿਫ਼ਤ ਦੀ ਨਾਮ ਕਲਮੇ ਵਾਲੀ ਇਕੋ ਦਿਸੇ ਆਇਤ, ਇਕੋ ਦੇਣੀ ਸਮਝਾਈਆ । ਸਚ ਮੁਹੱਬਤ ਕਰ ਅਨਾਇਤ, ਮਿਹਰਵਾਨ ਮਿਹਰ ਨਜ਼ਰ ਨਾਲ ਝੋਲੀ
੧੨੫੫ ੨੩
ਦੇ ਭਰਾਈਆ । ਤੂੰ ਮਾਲਕ ਸਵਾਮੀ ਵਾਹਿਦ, ਸ਼ਹਿਨਸ਼ਾਹ ਧੁਰਦਰਗਾਹੀਆ । ਮੇਰਾ ਅੰਤਮ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਤੱਕ ਲੈ ਅਹਿਦ, ਅਹਿਦਨਾਮੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਚਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਧਾਰ ਨਾ ਹੋਵੇ ਮਿਥਿਆ, ਹੋਣਾ ਆਪ ਸਹਾਈਆ । ਸਚ ਦੀ ਦੇ ਦੇ ਸਿਖਿਆ, ਸਤਿ ਸਚ ਸਮਝਾਈਆ । ਕੂੜ ਕੁਕਰਮ ਮਿਟਾ ਦੇ ਲੇਖਾ ਲਿਖਿਆ, ਧਰਮ ਦੀ ਧਾਰ ਨਾਲ ਵਡਿਆਈਆ । ਅੰਮ੍ਰਿਤ ਬਖ਼ਸ਼ ਦੇ ਛਿਟਿਆ, ਕਲਜੁਗ ਕੂੜ ਵਿਖ ਮਿਟਾਈਆ । ਤੇਰਾ ਰੂਪ ਸਤਿ ਸਰੂਪ ਨਜ਼ਰੀ ਆਵੇ ਅਨਡਿਠਿਆ, ਸਨਮੁਖ ਤੇਰਾ ਦਰਸ਼ਨ ਪਾਈਆ । ਮੇਰਾ ਕਾਲਾ ਲੇਖ ਕਰ ਦੇ ਚਿੱਟਿਆ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਦੀਨ ਦੁਨੀ ਦੇ ਰਹਿਣ ਨਾ ਦੇਵੀਂ ਹਿੱਸਿਆ, ਸਤਿਗੁਰ ਇਕੋ ਰੰਗ ਦੇਣਾ ਰੰਗਾਈਆ ।

## ✪ ੯ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਮੱਸਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਸਭ ਦੇ ਹਿਰਦੇ ਕਰ ਪਵਿਤ੍ਰ, ਪਤਤ ਪੁਨੀਤ ਦੇ ਬਣਾਈਆ । ਤੇਰਾ ਨਜ਼ਰੀ ਆਵੇ ਆਤਮ ਧਾਰ ਚਿਤ੍ਰ, ਚਾਤ੍ਰਕ ਆਪਣੇ ਲੈ ਬਣਾਈਆ । ਦੀਨ ਦੁਨੀ ਸਾਕ ਸੈਣ ਸਖ਼ਾ ਮਿਤਰ, ਬੰਧੂ ਬੰਧਪ ਇਕ ਅਖਵਾਈਆ । ਤੇਰਾ ਨੂਰ ਨੁਰਾਨਾ ਹਰ ਘਟ ਅੰਦਰ ਆਵੇ ਨਿਕਲ, ਬਜਰ

ਕਪਾਟੀ ਪਰਦਾ ਦੇ ਉਠਾਈਆ । ਅੰਮ੍ਰਿਤ ਧਾਰ ਬਖ਼ਸ਼ ਦੇ ਸੀਤਲ, ਸੁੱਤਿਆਂ ਲੈ ਉਠਾਈਆ । ਤਨ ਵਜੂਦ ਕਾਇਆ ਮਾਟੀ ਰਹੇ ਨਾ ਪੀਤਲ, ਕੰਚਨ ਗੜ੍ਹ ਦੇ ਵਡਿਆਈਆ । ਤੂੰ ਸਭ ਦਾ ਮਾਲਕ ਸਵਾਮੀ ਬੀਠਲ, ਜਨ ਭਗਤ ਸਵਾਮੀ ਗਏ ਜਸ ਗਾਈਆ । ਕਲਜੁਗ ਕੂੜੀ ਕਿਰਿਆ ਮੇਰੇ ਅੰਦਰੋਂ ਕਢ ਦੇ ਰੀਠਲ, ਰਸ ਅੰਮ੍ਰਿਤ ਨਾਮ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਉਡੇ ਨਾ ਮਿੱਟੀ ਖ਼ਾਕ, ਸਿਰ ਸਿਰ ਮੇਰੇ ਹੱਥ ਟਿਕਾਈਆ । ਮੈਂ ਤੇਰੇ ਦਰ ਦੀ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਮੇਰੀ ਲੱਜਿਆ ਰਖੀਂ ਯਾਦ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਤੂੰ ਆਦਿ ਜੁਗਾਦੀ ਪਿਤ ਮਾਤ, ਮੈਂ ਬਾਲਕ ਗੋਦ ਉਠਾਈਆ । ਮੇਰੇ ਉਤੋਂ ਤ੍ਰੈਗੁਣ ਮਾਇਆ ਮੇਟ ਦੇ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਤੂੰ ਮੇਰਾ ਮੈਂ ਤੇਰਾ ਸਾਰੀ ਸ੍ਰਿਸ਼ਟੀ ਜਪੇ ਜਾਪ, ਸੋਹੰ ਢੋਲਾ ਅਗੰਮ ਅਥਾਹੀਆ । ਕੂੜੀ ਰਹੇ ਨਾ ਅੰਧੇਰੀ ਰਾਤ, ਸਚ ਚੰਦ ਚਮਕਾਈਆ । ਧੁਰ ਸਵਾਮੀ ਬਖ਼ਸ਼ ਦੇ ਆਪਣੀ ਦਾਤ, ਦਾਨੀ ਹੋ ਕੇ ਝੋਲੀ ਦੇ ਭਰਾਈਆ । ਮੈਂ ਸੀਸ ਨਿਵਾਵਾਂ ਲੋਕਮਾਤ, ਨਿਵ ਨਿਵ ਲਾਗਾਂ ਪਾਈਆ । ਜਗਤ ਲੇਖਾ ਨਾ ਰਹੇ ਜ਼ਾਤ ਪਾਤ, ਦੀਨ ਦੁਨੀ ਦੇ ਸਮਝਾਈਆ । ਆਤਮ ਪਰਮਾਤਮ ਤੇਰੀ ਇਕੋ ਹੋਵੇ ਗਾਥ, ਦੀਨ ਦੁਨੀ ਦੇ ਪੜ੍ਹਾਈਆ । ਸਤਿਜੁਗ ਸਚ ਧਰਮ ਚਲਾ ਦੇ ਰਾਥ, ਰਖਵਾਹੀ ਹੋ ਕੇ ਆਪਣਾ ਹੁਕਮ ਵਰਤਾਈਆ । ਨਾਥ ਅਨਾਥਾਂ ਦੇਣਾ ਸਾਥ, ਨਿਵ ਨਿਵ ਲਾਗਾਂ ਪਾਈਆ । ਤੂੰ ਸਾਹਿਬ ਸਰਬ ਕਲਾ ਸਮਰਾਥ, ਹਰਿ ਵੱਡਾ ਵਡ ਵਡਿਆਈਆ । ਮੇਰੇ ਸਗਲ ਵਸੂਰੇ ਜਾਣ ਲਾਥ, ਕਿਰਪਾ ਕਰ ਮੇਰੇ ਧੁਰਦਰਗਾਹੀਆ । ਮੇਰਾ ਭਾਗ ਬਦਲ ਦੇ ਮਸਤਕ ਮਾਥ, ਤੇਰੇ ਚਰਨਾਂ ਧੂੜੀ ਖ਼ਾਕ ਰਮਾਈਆ । ਕਲਜੁਗ ਕੂੜਾ ਪੰਧ ਮੁਕਾ ਦੇ ਵਾਟ, ਅਗੇ ਅਵਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਤੇਰੇ ਜੋੜਾਂ ਹਾਥ, ਬਿਨ ਹੱਥਾਂ ਹੱਥ ਮਿਲਾਈਆ ।

੧੨੫੬
੨੩

### ✪ ੯ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਮੱਖਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਸਾਹਿਬ ਦੀਨ ਦਿਆਲ ਬਖ਼ਸ਼ੰਦੀ, ਬਖ਼ਸ਼ਿਸ਼ ਰਹਿਮਤ ਦੇ ਵਰਤਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼ ਕਰ ਧੁਰ ਦਾ ਚੰਦੀ, ਚੰਦ ਚਾਂਦਨੇ ਡਗਮਗਾਈਆ । ਮੇਰੇ ਉਤੋਂ ਸ਼ਰਅ ਦੀ ਮੇਟ ਪਾਬੰਦੀ, ਮਾਨਸ ਮਾਨਵ ਇਕੋ ਰੰਗ ਵਖਾਈਆ । ਨੇਤਰ ਲੋਚਨ ਨੈਣ ਅੱਖ ਰਹੇ ਕਿਸੇ ਨਾ ਅੰਧੀ, ਅੰਧ ਅਗਿਆਨ ਦੇਣਾ ਗਵਾਈਆ । ਤੂੰ ਸਭ ਨੂੰ ਦੱਸ ਦੇ ਛੰਦੀ, ਆਤਮ ਪਰਮਾਤਮ ਢੋਲਾ ਗਾਈਆ । ਦੀਨ ਦੁਨੀਆ ਆਪਣੇ ਨਾਲ ਟੁੱਟੀ ਗੰਢੀਂ, ਵਿਛੋੜੇ ਵਿਚ ਵਿਛੜ ਕੋਇ ਨਾ ਜਾਈਆ । ਮੇਰੇ ਸੀਨੇ ਪਾਵੀਂ ਠੰਡੀ, ਅੰਮ੍ਰਿਤ ਮੇਘ ਬਰਸਾਈਆ । ਮੇਰੇ ਸਵਾਮੀ ਅੰਤਰਜਾਮੀ ਮੇਰੇ ਉਤੇ ਖੜਕਣ ਵਾਲੀ ਚੰਡੀ, ਚਾਰੋਂ ਕੁੰਟ ਆਪਣੀ ਚਮਕ ਰਹੀ ਵਖਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਹੋਈ ਪਾਖੰਡੀ, ਡੰਬੀ ਆਪਣਾ ਰੂਪ ਬਣਾਈਆ । ਬਿਨ ਸਤਿਗੁਰ ਸ਼ਬਦ ਮੈਂ ਨਿਮਾਣੀ ਹੋਈ ਰੰਡੀ, ਕੰਤ ਸੁਹਾਗ ਨਜ਼ਰ ਕੋਇ ਨਾ ਆਈਆ । ਰਾਹ ਤੱਕ ਲੈ ਦੀਨਾਂ ਮਜ਼੍ਹਬਾਂ ਵਾਲੀ ਡੰਡੀ, ਡੰਡਾਵਤ ਵੇਖਣੀ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਸਿਰ ਮੇਰੇ

ਹੱਥ ਟਿਕਾਈਆ । ਧਰਨੀ ਕਹੇ ਪ੍ਰਭੂ ਮੇਰਾ ਪੂਰਾ ਕਰ ਦੇ ਕਾਜ, ਹਰਿ ਕਰਤੇ ਤੇਰੇ ਹੱਥ ਵਡਿਆਈਆ । ਸਤਿ ਧਰਮ ਬਖ਼ਸ਼ ਦੇ ਰਾਜ, ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਇਕੋ ਸੀਸ ਸੁਹੰਦਾ ਹੋਵੇ ਤਾਜ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਲੇਖਾ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਦ, ਬਾਦੇ ਸਹਰ ਤੇਰਾ ਧਿਆਨ ਲਗਾਈਆ । ਮਾਨਵ ਜ਼ਾਤੀ ਕਰ ਆਜ਼ਾਦ, ਸ਼ਰਅ ਜ਼ੰਜੀਰ ਦੇ ਕਟਾਈਆ । ਤੇਰਾ ਨਾਮ ਨਿਧਾਨਾ ਇਕੋ ਵੱਜੇ ਨਾਦ, ਦੋ ਜਹਾਨਾਂ ਕਰ ਸ਼ਨਵਾਈਆ । ਸੋਈ ਸੁਰਤੀ ਸਭ ਦੀ ਜਾਏ ਜਾਗ, ਆਲਸ ਨਿੰਦਰਾ ਦੇ ਮਿਟਾਈਆ । ਮੇਰੇ ਹੋਵਣ ਵਡ ਵਡ ਭਾਗ, ਭਾਗਾਂ ਭਰੀ ਲੋਕਾਈਆ । ਤ੍ਰੈਗੁਣ ਮਾਇਆ ਬੁਝਾ ਦੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਤੇਰੇ ਨੂਰ ਦਾ ਇਕੋ ਹੋਵੇ ਚਰਾਗ਼, ਜੋਤੀ ਜਾਤੇ ਡਗਮਗਾਈਆ । ਕਲਜੁਗ ਜੀਵ ਹੰਸ ਬਣਾ ਦੇ ਕਾਗ, ਦੁਰਮਤ ਮੈਲ ਧਵਾਈਆ । ਸਭ ਦੇ ਅੰਤਰ ਤੇਰੇ ਪਿਆਰ ਦਾ ਹੋਵੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਤੂੰ ਆਤਮ ਪਰਮਾਤਮ ਨਜ਼ਰੀ ਆਵੇ ਸੱਜਣ ਸਾਕ, ਸੁਹੇਲਾ ਇਕ ਅਖਵਾਈਆ । ਮੇਰੇ ਘਰ ਦਾ ਖੋਲ ਦੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪੂਰੇ ਕਰ ਦੇ ਅਵਤਾਰ ਪੈਗ਼ੰਬਰਾਂ ਗੁਰੂਆਂ ਭਵਿਖਤ ਵਾਕ, ਪੇਸ਼ੀਨਗੋਈਆਂ ਤੇਰੇ ਚਰਨ ਟਿਕਾਈਆ । ਕਲਜੁਗ ਕੂੜ ਮੇਟ ਅੰਧੇਰੀ ਰਾਤ, ਸ਼ਮਾ ਜੋਤ ਨੂਰ ਕਰ ਰੁਸ਼ਨਾਈਆ । ਨਾਮ ਵਸਤ ਸੁਹੰਜਣੀ ਦੇ ਦਾਤ, ਚਾਰ ਕੁੰਟ ਕੁੰਟ ਵਰਤਾਈਆ । ਤੂੰ ਸਾਹਿਬ ਸਵਾਮੀ ਇਕ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਮੈਂ ਕਰਾਂ ਬੇਨੰਤੀ ਤੇਰੇ ਪਾਸ, ਆਰਜ਼ੂ ਤੇਰੇ ਚਰਨ ਟਿਕਾਈਆ । ਮੇਰੀ ਪੂਰੀ ਕਰਨੀ ਆਸ, ਆਸ਼ਾਵੰਦ ਹੋ ਕੇ ਸੀਸ ਝੁਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰੇ ਧਰਮ ਦੀ ਹੋਵੇ ਰਾਸ, ਆਤਮ ਪਰਮਾਤਮ ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਦੀਸੇ ਕੋਈ ਸਾਥ, ਸਗਲਾ ਸੰਗੀ ਬਹੁਰੰਗੀ ਨਜ਼ਰ ਕੋਇ ਨਾ ਆਈਆ ।

### ✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਲੀਮਪੁਰ ਜ਼ਿਲਾ ਹੁਸ਼ਿਆ ਪੁਰ ਅਰਜਨ ਸਿੰਘ ਦੇ ਗ੍ਰਿਹ ਪੁਜਦਿਆਂ ਹੀ ✪

ਸਤਿਗੁਰ ਸੱਚਾ ਪਾਤਸ਼ਾਹ ਆਦਿ ਜੁਗਾਦੀ ਏਕ । ਜੋ ਨਿਰਗੁਣ ਨਿਰਗੁਣ ਦੱਸੇ ਰਾਹ, ਬਖ਼ਸ਼ ਅਗੰਮੀ ਟੇਕ । ਨੂਰੀ ਜੋਤ ਕਰੇ ਰੁਸ਼ਨਾ, ਸ਼ਬਦੀ ਦੇਵੇ ਸਚ ਸੰਦੇਸ਼ । ਅੰਤਰ ਪਰਦਾ ਦਏ ਖੁਲ੍ਹਾ, ਬੁੱਧੀ ਕਰੇ ਬਿਬੇਕ । ਮਨ ਕਲਪਣਾ ਦਏ ਮਿਟਾ, ਤ੍ਰੈਗੁਣ ਨਾ ਲਾਏ ਸੇਕ । ਘਰ ਘਰ ਵਿਚ ਦਏ ਵਖਾ, ਮਿਹਰਵਾਨ ਕਿਰਪਾ ਕਰ ਕੇ ਆਪ ਅਨੇਕ । ਅੰਮ੍ਰਿਤ ਨਿਝਰ ਝਿਰਨਾ ਦਏ ਝਿਰਾ, ਬੂੰਦ ਸਵਾਂਤੀ ਦੇਵੇ ਨੇਤਨ ਨੇਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਵਸੇਖ । ਸਤਿਗੁਰ ਸੱਚਾ ਪਾਤਸ਼ਾਹ ਪੁਰਖ ਅਕਾਲਾ, ਅਕਲ ਕਲਧਾਰੀ ਆਪ ਅਖਵਾਈਆ । ਸੋ ਪੁਰਖ ਨਿਰੰਜਣ ਦੀਨ ਦਿਆਲਾ, ਦਇਆ ਨਿਧ ਵਡ ਵਡਿਆਈਆ । ਅੰਤਰ ਆਤਮ ਦੇਵੇ ਨਾਮ ਸੁਖਾਲਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਭਾਗ ਲਗਾਏ ਕਾਇਆ ਮਾਟੀ ਸਾਚੀ ਧਰਮਸਾਲਾ, ਗ੍ਰਿਹ ਮੰਦਰ ਵੱਜੇ ਵਧਾਈਆ । ਤ੍ਰੈਗੁਣ ਮਾਇਆ ਤੋੜ ਕੇ ਤਾਲਾ, ਅਨਭਵ ਪਰਦਾ ਦਏ ਖੁਲਾਈਆ । ਸਤਿ ਸਰੂਪੀ ਨਜ਼ਰੀ ਆਏ ਸ਼ਾਲਾ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦੀ ਅਵਤਾਰ

੧੨੫੭
੨੩

੧੨੫੮
੨੩

ਪੈਗ਼ੰਬਰ ਗੁਰੂ ਘਾਲਦੇ ਘਾਲਾ, ਘਾਲਕ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸੱਚਾ ਪਾਤਸ਼ਾਹ ਦੀਨ ਨਿਮਾਣਾ ਨਹੀਂ ਮਨੁੱਖ, ਤਤਾਂ ਰੰਗ ਨਾ ਕੋਇ ਰੰਗਾਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਭੁੱਖ, ਚਿੰਤਾ ਗ਼ਮ ਨਾ ਕੋਇ ਸਤਾਈਆ । ਨਾ ਕੋਈ ਸੋਗ ਰੋਗ ਦਿਸੇ ਦੁੱਖ, ਅਗਨੀ ਅੱਗ ਨਾ ਕੋਇ ਵਖਾਈਆ । ਨਾ ਜਨਣੀ ਆਵੇ ਕਦੀ ਕੁੱਖ, ਜਨਮੇ ਕੋਇ ਨਾ ਮਾਈਆ । ਉਹ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਅਚੁਤ, ਪਰਵਰਦਿਗਾਰ ਨੂਰ ਅਲਾਹੀਆ । ਜੋ ਸਭ ਨੂੰ ਦੇਵਣਹਾਰਾ ਸੁਖ, ਘਰ ਘਰ ਵਿਚ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਗੁਰ ਸੱਚਾ ਪਾਤਸ਼ਾਹ ਏਕਾ ਏਕ ਸਮਰਥ, ਸਰਬ ਕਲਾ ਵਡਿਆਈਆ । ਜਿਸ ਦੇ ਡਿੱਠਿਆਂ ਦੁੱਖ ਦਲਿਦ੍ਰ ਜਾਣ ਨੱਠ, ਵਸੂਰਾ ਨਜ਼ਰ ਕੋਇ ਨਾ ਆਈਆ । ਪੰਚ ਵਿਕਾਰਾ ਜਾਏ ਮਥ, ਮਾਇਆ ਮਮਤਾ ਮੋਹ ਮਿਟਾਈਆ । ਘਰ ਸ਼ਬਦ ਅਨਾਦੀ ਧੁਨ ਸੁਣਾਏ ਅਕਥ, ਜਿਸ ਨੂੰ ਰਸਨਾ ਕਥ ਸਕੇ ਨਾ ਰਾਈਆ । ਵਸਤ ਅਨਮੁਲੀ ਨਾਮ ਨਿਧਾਨ ਦੇਵੇ ਵਥ, ਸਚ ਸਮਗਰੀ ਆਪ ਵਰਤਾਈਆ । ਆਵਣ ਜਾਵਣ ਲੇਖਾ ਮੁਕੇ ਸੀਆਂ ਸਾਢੇ ਤਿੰਨ ਹੱਥ, ਚੁਰਾਸੀ ਗੇੜਾ ਦਏ ਚੁਕਾਈਆ । ਤਿਸ ਸਾਹਿਬ ਸੁਲਤਾਨ ਸ੍ਰੀ ਭਗਵਾਨ ਬਿਨ ਚਰਨ ਤੋਂ ਚਰਨ ਜਾਈਏ ਢਠ, ਸੀਸ ਜਗਦੀਸ਼ ਝੁਕਾਈਆ । ਤਿਸ ਦੇ ਦਰਸ਼ਨ ਨਾਲ ਕੋਟ ਜਨਮ ਦੇ ਦੁੱਖੜੇ ਜਾਣ ਨੱਠ, ਤਨ ਵਜੂਦ ਵਿਚ ਰਹਿਣ ਕੋਇ ਨਾ ਪਾਈਆ । ਫੇਰ ਲੋਭ ਰਹੇ ਨਾ ਤੀਰਥ ਅੱਠ ਸੱਠ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਪੰਧ ਨਾ ਕੋਇ ਪਾਈਆ । ਘਰ ਸ਼ਬਦ ਅਨਾਦੀ ਧੁਨ ਵੱਜੇ ਅਨਹਦ, ਆਤਮਕ ਰਾਗ ਸੁਣਾਈਆ । ਜੋਤ ਪ੍ਰਕਾਸ਼ ਹੋਵੇ ਲਟ ਲਟ, ਨੂਰ ਨੁਰਾਨਾ ਡਗਮਗਾਈਆ । ਤਿਸ ਸਾਹਿਬ ਸਵਾਮੀ ਅੰਤਰਜਾਮੀ ਦੇ ਜੋ ਉਤਰੇ ਪਾਰ ਕਿਨਾਰੇ ਘਾਟ, ਆਪਣਾ ਪੰਧ ਮੁਕਾਈਆ । ਤਿਸ ਦਾ ਦਰਸ਼ਨ ਕੀਤਿਆਂ ਵਸੂਰਾ ਰਹੇ ਨਾ ਕੋਇ ਤਨ ਮਾਟੀ ਖ਼ਾਕ, ਵਜੂਦਾਂ ਪਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਗੁਰ ਸੱਚਾ ਪਾਤਸ਼ਾਹ ਪਰਵਰਦਿਗਾਰ ਅਗੰਮ, ਅਗੰਮ ਅਗੰਮਾ ਖੇਲ ਖਿਲਾਈਆ । ਨਾ ਮਰੇ ਨਾ ਪਏ ਜੰਮ, ਨਾ ਦਿਸੇ ਜਣੇਂਦੀ ਮਾਈਆ । ਨਾ ਕੋਈ ਪਵਣ ਸਵਾਸੀ ਲਏ ਦਮ, ਸਾਹ ਸਾਹ ਸਵਾਸ ਨਾ ਕੋਇ ਚਲਾਈਆ । ਨਾ ਕੋਈ ਹਰਖ ਸੋਗ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਤਪਾਈਆ । ਜਿਸ ਕਿਰਪਾ ਕਰੇ ਜਣਾਏ ਆਤਮ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ ।

## ਰਾਤ ਨੂੰ ਕਿਰਪਾ ਕੀਤੀ ਅਰਜਨ ਸਿੰਘ ਤੇ ਰਣਜੀਤ ਸਿੰਘ ਦੇ ਨਵਿਤ

ਧਰਨੀ ਕਹੇ ਮੇਰੀ ਨਿਮਸਕਾਰਾ, ਆਦਿ ਪੁਰਖ ਅਬਿਨਾਸ਼ੀ ਸੀਸ ਨਿਵਾਈਆ । ਤੇਰਾ ਜੁਗ ਜੁਗ ਵੇਸ ਸ਼ਾਹੋ ਭੂਪ ਅਪਾਰਾ, ਅਪਰੰਪਰ ਸਵਾਮੀ ਦਿਆਂ ਸੁਣਾਈਆ । ਤੂੰ ਖੇਲ ਖਿਲਾਇਆ ਸਨਕ ਸਨੰਦਨ ਸਨਾਤਨ ਸੰਤ ਕੁਮਾਰਾ, ਦਿਤੀ ਮਾਣ ਵਡਿਆਈਆ । ਬ੍ਰਹਾ ਦੇ ਕੇ ਆਪ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਯਗੇ ਪੁਰਸ਼ ਖੇਲ ਨਿਆਰਾ, ਧੁਰ ਮਾਲਕ ਤੇਰੀ ਵਡ ਵਡਿਆਈਆ । ਹਾਵਗਰੀਵ ਰੂਪ ਨਿਆਰਾ, ਤ੍ਰੈਗੁਣ

ਅਤੀਤੇ ਸੋਭਾ ਪਾਈਆ । ਨਰ ਨਰਾਇਣ ਹੋ ਕੇ ਜ਼ਾਹਰਾ, ਜ਼ਾਹਰ ਜ਼ਹੂਰ ਕੀਤੀ ਰੁਸ਼ਨਾਈਆ । ਕਪਲ ਮੁਨ ਸਚ ਸੰਦੇਸਾ ਦੇ ਵਿਚ ਸੰਸਾਰਾ, ਸਾਂਖ ਯੋਗ ਗਿਆ ਦ੍ਰਿੜਾਈਆ । ਦੱਤਾ ਤ੍ਰੈ ਅਗੰਮੀ ਧਾਰਾ, ਧਰਨੀ ਕਹੇ ਮੈਂ ਵੇਖ ਵੇਖ ਬਿਘਸਾਈਆ । ਰਿਖਵ ਰੂਪ ਹੋ ਕੇ ਜ਼ਾਹਰਾ, ਮੁੰਨ ਸੁੰਨ ਪਰਦਾ ਲਾਹੀਆ । ਪ੍ਰਿਥੁ ਤੇਰਾ ਤੱਕ ਨਜ਼ਾਰਾ, ਅੰਨ ਮਥ ਕੇ ਦਿਤਾ ਵਖਾਈਆ । ਮਤਸਯ ਤੇਰਾ ਖੇਲ ਅਗੰਮ ਅਪਾਰਾ, ਤੇਰੀ ਤੇਰੇ ਹੱਥ ਵਡਿਆਈਆ । ਕਛਪ ਨੂਰ ਕਰ ਉਜਿਆਰਾ, ਸਮੁੰਦ ਸਾਗਰਾਂ ਰਤਨਾਂ ਬਾਹਰ ਕਢਾਈਆ । ਧਨੰਤਰ ਤੇਰਾ ਰੰਗ ਰੰਗਿਆ ਆਪ ਕਰਤਾਰਾ, ਔਖਦ ਤੇਰਾ ਨਾਮ ਵਧਾਈਆ । ਹੰਸਾ ਰੂਪ ਧਰ ਕੇ ਤਤਾਂ ਦਾ ਜ਼ਾਹਰਾ, ਤਤਵ ਤਤ ਤਤ ਸਮਝਾਈਆ । ਬਾਵਨ ਕਲ ਵਰਤ ਕੇ ਸੁਹਾਏ ਬੰਕ ਦਵਾਰਾ, ਦੇਵੇ ਮਾਣ ਵਡਿਆਈਆ । ਜਰ ਲਹਿਣਾ ਦੇਣਾ ਦੇ ਉਧਾਰਾ, ਹਰੀ ਹਰਿ ਆਪਣਾ ਪਰਦਾ ਲਾਹੀਆ । ਨਰ ਨਰਾਇਣ ਤੈਨੂੰ ਨਿਮਸਕਾਰਾ, ਧਰੂ ਦਿਤੀ ਬਾਲ ਵਡਿਆਈਆ । ਨਰ ਸਿੰਘ ਤੇਰਾ ਅੰਤ ਨਾ ਪਾਰਾਵਾਰਾ, ਜਨ ਭਗਤਾਂ ਹੋਇਆ ਆਪ ਸਹਾਈਆ । ਧਰਨੀ ਕਹੇ ਮੇਰੀ ਨਮੋ ਨਮੋ ਨਿਮਸਕਾਰਾ, ਨਿਵ ਨਿਵ ਸੀਸ ਨਿਵਾਈਆ । ਸਤਿ ਸਤਿਵਾਦੀ ਤੇਰਾ ਰੂਪ ਅਨੂਪਾ ਸ਼ਾਹੋ ਭੂਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਧਰਨੀ ਕਹੇ ਮੇਰੇ ਧੁਰ ਦੇ ਰਾਮਾ, ਰਾਮ ਰਮਈਆ ਤੇਰੀ ਬੇਪ੍ਰਵਾਹੀਆ । ਪਰਸ ਰਾਮ ਤੇਰਾ ਨਿਸ਼ਾਨਾ, ਤਰੇਤੇ ਦਿਤੀ ਮਾਣ ਵਡਿਆਈਆ । ਦੁਆਪਰ ਤੇਰਾ ਨੂਰ ਜੋਤ ਮਹਾਨਾ, ਵੇਦ ਵਿਆਸਾ ਗਿਆ ਸਮਝਾਈਆ । ਪੁਰਾਨ ਅਠਾਰਾਂ ਦੇ ਬਿਆਨਾ, ਚਾਰ ਲਖ ਸਤਾਰਾਂ ਹਜ਼ਾਰ ਸਲੋਕ ਜਣਾਈਆ । ਤੇਰਾ ਸਤਿ ਸਰੂਪ ਸ਼ਾਹੋ ਭੂਪ ਕ੍ਰਿਸ਼ਨਾ ਕਾਹਨਾ, ਘਨਈਆ ਤੇਰਾ ਰੰਗ ਤੇਰੇ ਵਿਚ ਸਮਾਈਆ । ਤੂੰ ਸਚ ਸੰਦੇਸਾ ਨਰ ਨਰੇਸ਼ਾ ਦਿਤਾ ਜਗਤ ਜਹਾਨਾ, ਬੋਧ ਅਗਾਧ ਸੁਣਾਈਆ । ਬੁਧੀ ਤੋਂ ਪਰੇ ਤੇਰੀ ਮੰਜ਼ਲ ਤੂੰ ਜੋਤੀ ਜਾਤਾ ਨੂਰ ਨੁਰਾਨਾ, ਬੁੱਧ ਧਾਰ ਧਾਰ ਪਰਗਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਇਕ ਨਿਸ਼ਾਨਾ, ਆਦਿ ਜੁਗਾਦਿ ਜੁਗ ਚੌਕੜੀ ਖੇਲ ਖਿਲਾਈਆ । ਮੈਂ ਨਿਵ ਨਿਵ ਡੰਡਾਵਤ ਬੰਦਨਾ ਕਰਾਂ ਮੇਰੇ ਭਗਵਾਨਾ, ਭਗਵਨ ਤੇਰੀ ਓਟ ਤਕਾਈਆ । ਤੂੰ ਪੈਗ਼ੰਬਰਾਂ ਦੇ ਕੇ ਸਚ ਸੰਦੇਸ਼ਾ ਬਖ਼ਸ਼ ਕੇ ਧੁਰ ਕਲਾਮਾ, ਕਾਇਨਾਤ ਪੜ੍ਹਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਸੰਦੇਸ਼ਾ ਦੇ ਅਗੰਮ ਪੈਗਾਮਾ, ਸਚ ਅਮਾਮ ਦਿਤਾ ਦ੍ਰਿੜਾਈਆ । ਤੇਰਾ ਨੂਰ ਜ਼ਹੂਰ ਦਿਸੇ ਇਕੋ ਇਕ ਨਿਸ਼ਾਨਾ, ਜੋਬਨਵੰਤਾ ਸੋਭਾ ਪਾਈਆ । ਤੂੰ ਸ਼ਹਿਨਸ਼ਾਹ ਸੁਲਤਾਨ ਸ੍ਰੀ ਭਗਵਾਨਾ, ਤੇਰਾ ਮੰਤਰ ਨਾਮ ਸਤਿਨਾਮਾ, ਸਤਿ ਸਤਿ ਸਚ ਸਮਝਾਈਆ । ਨਾਨਕ ਧਾਰ ਗੋਬਿੰਦ ਪਹਿਰ ਕੇ ਜਾਮਾ, ਫ਼ਤਿਹ ਡੰਕ ਡੰਕ ਵਜਾਈਆ । ਤੇਰਾ ਲਹਿਣਾ ਦੇਣਾ ਵੱਖਰਾ ਜਗਤ ਜਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਨੀ ਕਹੇ ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਤੂੰ ਆਇਓਂ ਵਾਰ ਅਨਕ, ਅਨਕ ਕਲਧਾਰੀ ਦਇਆ ਕਮਾਈਆ । ਮੇਰਾ ਸੁਹਾਉਂਦਾ ਰਿਹਾ ਬੰਕ, ਗ੍ਰਿਹਿ ਵੱਜਦੀ ਰਹੀ ਵਧਾਈਆ । ਜੋਤੀ ਧਾਰ ਸ਼ਬਦ ਦੀ ਲਾਉਂਦਾ ਰਿਹਾ ਤਨਕ, ਸੋਈ ਸੁਰਤੀ ਸੁਰਤ ਉਠਾਈਆ । ਤੇਰਾ ਨੂਰ ਜ਼ਹੂਰ ਅਗੰਮਾ ਤੱਕਾਂ ਪੁਰੀ ਘਨਕ, ਜਿਥੇ ਘਨਈਆ ਇਸ਼ਾਰਾ ਗਿਆ ਕਰਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਦੋ ਜਹਾਨਾਂ ਹੋਵੇ ਮੰਤ, ਮੰਤਰ ਇਕੋ ਦੇਣਾ ਦ੍ਰਿੜਾਈਆ । ਮੇਰਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਕਲਜੁਗ ਅੰਤ, ਅੰਤਸ਼ਕਰਨ ਤੇਰੇ ਅੰਗ ਰਖਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਰੰਗ ਰੰਗਾ ਦੇ ਧਰਮ

੧੨੫੯
੨੩

ਦੀ ਪੰਗਤ, ਦੂਜੀ ਵੰਡ ਨਾ ਕੋਇ ਵੰਡਾਈਆ । ਲੇਖਾ ਰਹੇ ਨਾ ਦੋਜ਼ਖ਼ ਬਹਿਸ਼ਤ ਜੰਨਤ, ਸਵਰਗ ਸਵਰਗਾਂ ਆਪਣਾ ਗ੍ਰਹਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਸਾਹਿਬ ਸਰਬੰਗ, ਸੂਰਬੀਰ ਤੇਰੀ ਸਰਨਾਈਆ । ਮੇਰੇ ਉਤੇ ਚਾੜ੍ਹ ਦੇ ਰੰਗ, ਨਾਮ ਨਿਧਾਨਾ ਇਕੋ ਦੇ ਵਖਾਈਆ । ਮੈਂ ਮਾਂਗਤ ਹੋ ਕੇ ਮੰਗਾਂ ਮੰਗ, ਖ਼ਾਲੀ ਝੋਲੀ ਦੇਣੀ ਭਰਾਈਆ । ਤੇਰਾ ਲੇਖਾ ਤੱਕਣਾ ਖੇਲ ਅੰਤਮ ਤਾਰਾ ਚੰਦ, ਚੰਦ ਚਾਂਦਨੇ ਤੇਰਾ ਨੂਰ ਜੋਤ ਰੁਸ਼ਨਾਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਇਕ ਅਖਵਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੈਨੂੰ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੇਰਾ ਭਾਗ ਨਾ ਹੋਵੇ ਮੰਦ, ਅੰਤਸ਼ਕਰਨ ਦੀਨ ਦੁਨੀ ਬਦਲਾਈਆ । ਧਰਨੀ ਕਹੇ ਮੇਰੇ ਸੀਨੇ ਪਾ ਦੇ ਠੰਡ, ਪੁਰਖ ਅਕਾਲੇ ਹੋ ਸਹਾਈਆ । ਜੁਗ ਜਨਮ ਦੀ ਵਿਛੜੀ ਆਤਮਾ ਜਨ ਭਗਤਾਂ ਆਪਣੇ ਨਾਲ ਗੰਢ, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਸਾਚੇ ਭਗਤਾਂ ਕਰ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਘਟ ਘਟ ਨਜ਼ਰੀ ਆ ਆਪ, ਆਪਣਾ ਪਰਦਾ ਦੇ ਚੁਕਾਈਆ । ਤ੍ਰੈਗੁਣ ਮਾਇਆ ਮੇਟ ਦੇ ਤਾਪ, ਤ੍ਰੈਗੁਣ ਅਤੀਤੇ ਹੋ ਸਹਾਈਆ । ਹਰਿਜਨ ਪਵਿਤ੍ਰ ਕਰ ਪਾਕ, ਪਤਤ ਪੁਨੀਤ ਆਪ ਬਣਾਈਆ । ਘਰ ਠਾਕਰ ਖੋਲ ਦੇ ਤਾਕ, ਪਰਦਾ ਓਹਲਾ ਰਹੇ ਨਾ ਰਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਆਪਣੀ ਧਾਰ ਦੱਸ ਦੇ ਜ਼ਾਤ, ਆਤਮ ਪਰਮਾਤਮ ਮੇਲ ਮਿਲਾਈਆ । ਸਚ ਦਵਾਰੇ ਜੋੜ ਦੇ ਨਾਤ, ਘਰ ਘਰ ਆਪਣਾ ਖੇਲ ਖਿਲਾਈਆ । ਧਰਨੀ ਕਹੇ ਮੈਂ ਨਿਮਾਣੀ ਧਵਲ ਮਿੰਨਤਾਂ ਕਰਾਂ ਲੋਕਮਾਤ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਦੇਣੀ ਉਠਾਈਆ । ਜਨ ਭਗਤਾਂ ਆਤਮ ਦੇ ਦੇ ਬੂੰਦ ਸਵਾਂਤ, ਨਿਝਰ ਝਿਰਨਾ ਕਵਲ ਨਾਭੀ ਆਪ ਉਲਟਾਈਆ । ਤੇਰਾ ਦਰਸ਼ਨ ਕਰਨ ਇਕ ਇਕਾਂਤ, ਬਾਹਰ ਜਾਣ ਦੀ ਲੋੜ ਰਹੇ ਨਾ ਰਾਈਆ । ਕਾਇਆ ਕਾਅਬੇ ਹਕੀਕੀ ਮੰਦਰ ਸਾਚੇ ਮਠ ਗੁਰੂਦਵਾਰ ਦੇ ਦੇ ਦਾਤ, ਸਾਢੇ ਤਿੰਨ ਹੱਥ ਅੰਦਰ ਦਇਆ ਕਮਾਈਆ । ਮੇਰੇ ਮਾਲਕਾ ਖ਼ਲਕ ਦੇ ਖ਼ਾਲਕਾ ਮੇਰੀ ਆਪੇ ਪੁਛ ਲੈ ਵਾਤ, ਵਾਤਾਵਰਨ ਕਾਇਨਾਤ ਮਾਰ ਝਾਤ, ਆਪਣਾ ਨੈਣ ਉਠਾਈਆ । ਧਰਨੀ ਕਹੇ ਮੈਂ ਬਾਤਨ ਕਰਾਂ ਬਾਤ, ਤੂੰ ਮੇਰਾ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਪਰਵਰਦਿਗਾਰ ਨੂਰ ਅਲਾਹੀਆ । ਜਿਧਰ ਤੱਕਾਂ ਉਧਰ ਹੋਵੇ ਸਾਥ, ਸਗਲਾ ਸੰਗ ਬਣਾਈਆ । ਤੂੰ ਸਰਬ ਕਲਾ ਸਮਰਾਥ, ਪਰਮ ਪੁਰਖ ਪਰਮਾਤਮ ਤੇਰੇ ਹੱਥ ਵਡਿਆਈਆ । ਤੇਰੀ ਸਰਨ ਸਰਨਾਈ ਜਾਵਾਂ ਢਾਠ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਦਰ ਬਖ਼ਸ਼ ਦੇ ਸੋਝੀ, ਸਮਝ ਸਮਝ ਵਿਚੋਂ ਸਮਝਾਈਆ । ਤੇਰੀ ਚਰਨ ਪ੍ਰੀਤੀ ਦਾ ਹੋਵੇ ਜੋਗੀ, ਕਪੜਿਆਂ ਰੰਗ ਨਾ ਕੋਇ ਰੰਗਾਈਆ । ਤੇਰੀ ਸਚ ਦੀ ਖੇਲੇ ਗੋਦੀ, ਮਾਤ ਪਿਤ ਤੂੰ ਇਕ ਅਖਵਾਈਆ । ਤੇਰਾ ਲੇਖਾ ਸਭ ਦੇ ਹਿਰਦੇ ਜਾਵੀਂ ਸੋਧੀ, ਮੈਂ ਬਸੁਧਾ ਹੋ ਕੇ ਦਿਆਂ ਸੁਣਾਈਆ । ਤੇਰਾ ਭਗਤ ਸੁਹੇਲਾ ਮੇਰੇ ਉਤੇ ਰਹੇ ਕੋਇ ਨਾ ਲੋਭੀ, ਮਮਤਾ ਵਿਚ ਨਾ ਕੋਇ ਹਲਕਾਈਆ । ਮੈਂ ਸੋਚਾਂ ਸੋਚਦੀ ਉਂਗਲ ਰਖ ਕੇ ਉਤੇ ਠੋਡੀ, ਦੂਰ ਦੁਰਾਡਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ

੧੨੯੦
੨੩

ਵਰ, ਹਰਿਜਨ ਸਾਚੇ ਮਾਤ ਪ੍ਰਗਟਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰੇ ਹੋਣ ਭਗਤ ਸੁਹੇਲੇ, ਸੱਜਣ ਮੀਤ ਨਜ਼ਰੀ ਆਈਆ । ਇਕੋ ਰੰਗ ਰੰਗੇ ਹੋਣ ਗੁਰ ਚੇਲੇ, ਚੇਲੇ ਗੁਰ ਵਿਚ ਸਮਾਈਆ । ਤੇਰੇ ਵੇਖਣ ਧਾਮ ਨਵੇਲੇ, ਦਰਗਾਹ ਸਾਚੀ ਫੋਲ ਫੁਲਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਕਿਰਪਾ ਕਰਨੀ ਇਕ ਇਕੇਲੇ, ਏਕੰਕਾਰ ਤੇਰੇ ਹੱਥ ਵਡਿਆਈਆ । ਲੱਖ ਚੁਰਾਸੀ ਨਾਲੋਂ ਕਰ ਦੇ ਵਿਹਲੇ, ਜੂਨੀ ਜੂਨ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿਜਨ ਸਾਚੇ ਮਾਤ ਪ੍ਰਗਟਾਈਆ । ਧਰਨੀ ਕਹੇ ਮੇਰਾ ਭਗਤਾਂ ਨਾਲ ਬਣਾ ਦੇ ਭਾਈ ਚਾਰਾ, ਸੰਗੀ ਨਜ਼ਰ ਕੋਇ ਨਾ ਆਈਆ । ਵੇਰਵਾ ਹੋਏ ਨਾ ਪੁਰਖ ਨਾਰਾ, ਬਿਰਧ ਬਾਲਾ ਇਕੋ ਰੰਗ ਰੰਗਾਈਆ । ਤੇਰੇ ਪ੍ਰੇਮ ਦੀਆਂ ਹੋਵਣ ਧਾਰਾ, ਧਰਨੀ ਧਰਤ ਧਵਲ ਧੌਲ ਕਹੇ ਮੇਰੀ ਆਸ਼ਾ ਪੂਰ ਦੇਣੀ ਕਰਾਈਆ । ਮੈਂ ਤੈਨੂੰ ਤੱਕਾਂ ਸਭ ਤੋਂ ਜ਼ਾਹਰਾ, ਜ਼ਾਹਰ ਜ਼ਹੂਰ ਤੇਰੀ ਹੋਵੇ ਰੁਸ਼ਨਾਈਆ । ਬਹੁੜੀ ਮੈਂ ਕੀ ਦੱਸਾਂ ਕੁਛ ਲੇਖਾ ਹੋਣ ਵਾਲਾ ਵਿਚ ਕਾਹਿਰਾ, ਕੀ ਕਹਿਰ ਮੇਰੇ ਉਤੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਸਾਚੀ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਨਾਲ ਭਗਤ ਸੁਹੇਲੇ ਬਣਾ ਕੇ ਮੀਤ, ਮਿਤ੍ਰਾ ਦੇ ਜਣਾਈਆ । ਤੇਰੀ ਸਚ ਧਰਮ ਦੀ ਚਲੇ ਰੀਤ, ਸਤਿਜੁਗ ਸਾਚਾ ਲਏ ਅੰਗੜਾਈਆ । ਪਿਆਰ ਬਖ਼ਸ਼ ਦੇਣਾ ਜਿਵੇਂ ਸਿੰਘ ਅਰਜਨ ਨਾਲ ਸਿੰਘ ਰਣਜੀਤ, ਦੂਸਰ ਓਟ ਨਾ ਕੋਇ ਤਕਾਈਆ । ਸਭ ਦੀ ਕਾਇਆ ਕਰਨੀ ਠਾਂਡੀ ਸੀਤ, ਕਲਜੁਗ ਅਗਨੀ ਨਾ ਕੋਇ ਤਪਾਈਆ । ਝਗੜਾ ਮਿਟਾਉਣਾ ਊਚ ਨੀਚ, ਨੀਚ ਊਚ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਮੇਰੀ ਖ਼ਾਲੀ ਭਰ ਦੇ ਝੋਲੀ, ਝੂਲੇ ਲੈਣ ਵਾਲਿਆ ਤੇਰੀ ਬੇਪਰਵਾਹੀਆ । ਤੇਰੀ ਸਮਝ ਸਕੇ ਨਾ ਕੋਇ ਅਗੰਮੀ ਬੋਲੀ, ਅਨਬੋਲਤ ਤੇਰਾ ਰਾਗ ਦੇਣਾ ਜਣਾਈਆ । ਸਤਿਗੁਰ ਸ਼ਬਦ ਬਣਾ ਕੇ ਢੋਲੀ, ਦੋ ਜਹਾਨ ਕਰੇ ਰੁਸ਼ਨਾਈਆ । ਮੇਰੇ ਉਤੇ ਧਰਮ ਦਵਾਰ ਏਕੰਕਾਰ ਇਕੋ ਖੋਲੀਂ, ਖ਼ਾਲਕ ਖ਼ਲਕ ਹੋਣਾ ਸਹਾਈਆ । ਮੇਰਾ ਲੇਖਾ ਕੋਈ ਨਾ ਜਾਣੇ ਪੰਡਤ ਪਾਂਧਾ ਰੌਲੀ, ਗ੍ਰਹਿ ਨਛੱਤਰਾਂ ਵੰਡ ਨਾ ਕੋਇ ਵੰਡਾਈਆ । ਮੇਰੇ ਉਤੇ ਸਗਨ ਬੰਨ੍ਹ ਕੇ ਗਿਆ ਤੰਦ ਮੌਲੀ, ਮੁਹੰਮਦ ਆਪਣੀ ਕਸਮ ਖਾਈਆ । ਓਹ ਵੇਖ ਲੈ ਸਦੀ ਚੌਧਵੀਂ ਚੁੱਕੀ ਫਿਰਦੀ ਡੋਲੀ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਕੀ ਖੇਲ ਕਰਨਾ ਉਸ ਦੀ ਗੋਲੀ, ਜੋ ਸਦੀ ਚੌਧਵੀਂ ਇਸ਼ਾਰਿਆਂ ਨਾਲ ਸਮਝਾਈਆ । ਪਹਿਲੀ ਕੱਤਕ ਨੂੰ ਆਪਣੀ ਕੰਨੀ ਬੰਨ੍ਹ ਕੇ ਇਕ ਪਉਲੀ, ਚਾਰੇ ਕੂਟਾਂ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਦੇਣੀ ਵਰਤਾਈਆ । ਧਰਨੀ ਕਹੇ ਪ੍ਰਭੂ ਮੈਨੂੰ ਪਿਆਰ ਦਾ ਦੇ ਦੇ ਹੂਟਾ, ਹਲੂਣਾ ਇਕੋ ਇਕ ਲਗਾਈਆ । ਮੈਂ ਧਰਮ ਦਾ ਲੈ ਲਵਾਂ ਝੂਟਾ, ਸਚ ਦਿਆਂ ਸੁਣਾਈਆ । ਉਹ ਵੇਖ ਲੈ ਮੇਰੇ ਉਤੇ ਦੁਹਾਈ ਫਿਰਨੀ ਚਾਰੇ ਕੂਟਾਂ, ਬਚਿਆ ਰਹਿਣ ਕੋਇ ਨਾ ਪਾਈਆ । ਧਰਮ ਦਾ ਨਜ਼ਰ ਆਏ ਕੋਇ ਨਾ ਬੂਟਾ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਸਭ ਦਾ ਕਾਇਆ ਭਰਿਆ ਜੂਠਾ ਠੂਠਾ, ਲੋਭ ਮੋਹ ਹੰਕਾਰ ਵਿਚ ਟਿਕਾਈਆ । ਤੂੰ ਸਵਾਮੀ ਅੰਤਰਜਾਮੀ ਆਪੇ ਤੁਠਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਫੜ ਉਠਾ ਲੈ ਧਰਮ ਦੇ ਗੁਟਾ, ਬਾਜੂ ਬਾਂਹ ਦੀ ਲੋੜ ਰਹੇ ਨਾ ਰਾਈਆ । ਸ਼ਬਦੀ ਧਾਰ ਬਣਾ ਲੈ ਆਪਣੇ ਸੁਤਾ, ਸੁਤ ਆਪਣੇ ਲੈ ਉਠਾਈਆ । ਤੇਰੀ ਸੁਹੰਜਣੀ ਹੋਵੇ ਰੁਤਾ,

ਰੁਤੜੀ ਭਗਤਾਂ ਨਾਲ ਮਹਿਕਾਈਆ । ਧਰਨੀ ਕਹੇ ਮੇਰਾ ਲਹਿਣਾ ਦੇਣਾ ਵੇਖ ਲੈ ਅਬਿਨਾਸ਼ੀ ਅਚੁਤਾ, ਚੇਤਨ ਧਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੁਰਖ ਅਕਾਲ ਕਹੇ ਧਰਨੀ ਧਵਲੇ ਦਇਆ ਕਮਾਵਾਂਗਾ । ਨੂਰ ਅਲਾਹੀ ਬਣ ਕੇ ਅਵਲੇ, ਜੋਤੀ ਜਾਤਾ ਡਗਮਗਾਵਾਂਗਾ । ਜੋ ਕੀਤੇ ਕਵਲੇ, ਇਕਰਾਰ ਸਾਰੇ ਤੋੜ ਨਿਭਾਵਾਂਗਾ । ਮੇਰਾ ਸਤਿਗੁਰ ਸ਼ਬਦ ਹਰ ਘਟ ਅੰਦਰ ਮਵਲੇ, ਮੌਲਾ ਹੋ ਕੇ ਖੇਲ ਖਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੇ ਰੰਗ ਰੰਗਾਵਾਂਗਾ । ਸਾਚਾ ਰੰਗ ਰੰਗਾਵਾਂਗਾ । ਜਨ ਭਗਤਾਂ ਸੰਗ ਨਿਭਾਵਾਂਗਾ । ਨਾਮ ਮਰਦੰਗ ਇਕ ਵਜਾਵਾਂਗਾ । ਨੌ ਦਵਾਰੇ ਅਗੇ ਲੰਘ, ਸੁਖਮਨ ਟੇਢੀ ਬੰਕ ਦਾ ਡੇਰਾ ਢਾਹਵਾਂਗਾ । ਸ਼ਬਦ ਨਾਦੀ ਵਜਾ ਮਰਦੰਗ, ਅਨਰਾਗੀ ਰਾਗ ਅਲਾਵਾਂਗਾ । ਨੂਰੀ ਜੋਤ ਚਾੜ੍ਹ ਕੇ ਰੰਗ, ਜੋਤੀ ਜਾਤਾ ਡਗਮਗਾਵਾਂਗਾ । ਆਤਮ ਪਰਮਾਤਮ ਪਰਮਾਤਮ ਆਤਮ ਸੇਜ ਸੁਹਾ ਅਗੰਮੀ ਪਲੰਘ, ਬਿਨ ਪਾਵਾ ਚੂਲ ਵਡਿਆਵਾਂਗਾ । ਸਤਿ ਦਾ ਸਤਿ ਦੇ ਅਨੰਦ, ਅਨੰਦ ਅਨੰਦ ਵਿਚੋਂ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵਾਂਗਾ । ਸਚ ਦੀ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਧਰਮਸਾਲ ਇਕ ਸੁਹਾਏਗਾ । ਦੀਪਕ ਬਾਲ ਜੋਤ ਜਗਾਏਗਾ । ਸਚ ਵਸਤ ਨਾਮ ਧਨ ਮਾਲ ਇਕ ਰਖਾਏਗਾ । ਜਨ ਭਗਤਾਂ ਹੋ ਕ੍ਰਿਪਾਲ, ਖ਼ਾਲੀ ਝੋਲੀ ਆਪ ਭਰਾਏਗਾ । ਹਰਿਜਨ ਵੇਖ ਕੇ ਆਪਣੇ ਲਾਲ, ਗੋਦੀ ਧੁਰ ਦੀ ਆਪ ਬਹਾਏਗਾ । ਜਗਤ ਦੱਸ ਅਵੱਲੜੀ ਚਾਲ, ਅਨੋਖੀ ਆਪ ਚਲਾਏਗਾ । ਜਿਸ ਨੂੰ ਕੋਈ ਨਾ ਸਕੇ



ਭਾਲ, ਸੋ ਆਪਣੀ ਕਲ ਪ੍ਰਗਟਾਏਗਾ । ਜਨ ਭਗਤ ਸੁਹੇਲੇ ਵੇਖ ਕੇ ਲਾਲ, ਲਾਲਨ ਆਪ ਪ੍ਰਗਟਾਏਗਾ । ਜਿਨ੍ਹਾਂ ਦੇ ਨੇੜ ਨਾ ਆਵੇ ਕਾਲ, ਮਹਾਕਾਲ ਸੀਸ ਨਿਵਾਏਗਾ । ਚਿਤ੍ਰਗੁਪਤ ਨਾ ਲੇਖ ਦ੍ਰਿੜਾਏਗਾ । ਫਲ ਲਗਾ ਕੇ ਭਗਤੀ ਡਾਲ, ਹਰਿਜਨ ਆਪਣੇ ਘਰ ਸੁਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਏਗਾ । ਆਤਮ ਪਰਦਾ ਆਪੇ ਲਾਹਵਾਂਗਾ । ਭਗਤ ਸੁਹੇਲਾ ਮਾਲਕ ਬਣਾ ਕੇ ਸਾਚੇ ਘਰ ਦਾ, ਗ੍ਰਿਹਿ ਮੰਦਰ ਆਪ ਵਸਾਵਾਂਗਾ । ਭੇਵ ਚੁਕਾ ਚੁਰਾਸੀ ਡਰ ਦਾ, ਫਾਸੀ ਜਮ ਦੀ ਆਪ ਕਟਾਵਾਂਗਾ । ਲੇਖਾ ਰਹਿਣ ਨਾ ਦੇਵਾਂ ਚੋਟੀ ਜੜ ਦਾ, ਚੇਤਨ ਚੇਤਨ ਵਿਚ ਸਮਾਵਾਂਗਾ । ਵੇਸ ਵਟਾ ਨਰਾਇਣ ਨਰ ਦਾ, ਨਰ ਹਰਿ ਆਪਣਾ ਦਰ ਸਮਝਾਵਾਂਗਾ । ਕਲਜੁਗ ਸਾਚੀ ਕਰਨੀ ਕਰਦਾ, ਸਤਿਜੁਗ ਸਚ ਸਚ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਅਲਾਵਾਂਗਾ । ਸਚ ਸੰਦੇਸਾ ਇਕ ਅਲਾਵਾਂਗਾ । ਢੋਲਾ ਗੀਤ ਸ਼ਬਦ ਅਗੰਮ ਪਰਦਾ ਲਾਹਵਾਂਗਾ । ਝਗੜਾ ਮਿਟਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਸਰਬ ਬਦਲਾਵਾਂਗਾ । ਇਕੋ ਭੇਵ ਖੁਲਾ ਕੇ ਬ੍ਰਹਮ, ਪਾਰਬ੍ਰਹਮ ਹੋ ਕੇ ਨਜ਼ਰੀ ਆਵਾਂਗਾ । ਦੀਨ ਦੁਨੀ ਦਾ ਇਕੋ ਹੋਵੇ ਧਰਮ, ਧਰਮ ਦੀ ਧਾਰ ਇਕ ਸਮਝਾਵਾਂਗਾ । ਲੇਖਾ ਰਹੇ ਨਾ ਕੋਇ ਕਰਮ, ਕਰਮ ਕਾਂਡ ਦਾ ਪੰਧ ਮੁਕਾਵਾਂਗਾ । ਅੰਦਰੋਂ ਭਾਂਡਾ ਭੰਨ ਕੇ ਭਰਮ, ਗੜ੍ਹ ਹੰਕਾਰੀ ਤੋੜ ਤੁੜਾਵਾਂਗਾ । ਲੇਖੇ ਲਾ ਕੇ ਭਗਤਾਂ ਦਾ ਜਰਮ, ਜਨਮ ਆਪਣੀ ਝੋਲੀ ਪਾਵਾਂਗਾ । ਜੋ ਹਰਿਜਨ ਆਏ ਸਰਨ, ਸਰਨਗਤ ਇਕ ਦਰਸਾਵਾਂਗਾ । ਨੇਤਰ ਖੋਲ ਕੇ ਹਰਨ ਫਰਨ, ਲੋਚਣ ਨੈਣ ਚਮਕਾਵਾਂਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹਨ,

ਸਾਚੀ ਵਿਦਿਆ ਵਿਦਿਆ ਵਿਚੋਂ ਪ੍ਰਗਟਾਵਾਂਗਾ । ਸੰਤ ਸੁਹੇਲੇ ਧੁਰ ਦੀ ਮੰਜ਼ਲ ਚੜ੍ਹਨ, ਅਗੇ ਹੋ ਕੇ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਚਰਨੀ ਪੜਨ, ਦੂਜਾ ਘਰ ਨਾ ਕੋਇ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਹੱਲ ਇਕ ਸੁਹਾਵਾਂਗਾ । ਸਚ ਮਹੱਲ ਇਕ ਸੁਹਾਏਗਾ । ਅਟਲ ਇਕੋ ਇਕ ਰਖਾਏਗਾ । ਜਿਥੇ ਦੀਪਕ ਜੋਤੀ ਰਿਹਾ ਬਲ, ਆਦਿ ਅੰਤ ਨਾ ਕੋਇ ਬੁਝਾਏਗਾ । ਲਹਿਣਾ ਦੇਣਾ ਨਹੀਂ ਕੋਈ ਜਲ ਥਲ, ਮਹੀਅਲ ਰੂਪ ਨਾ ਕੋਇ ਦਰਸਾਏਗਾ । ਨਾ ਕੋਈ ਵਲ ਨਾ ਕੋਈ ਛਲ, ਅਛਲ ਛਲ ਆਪਣਾ ਪਰਦਾ ਲਾਹੇਗਾ । ਜਨ ਭਗਤ ਸੁਹੇਲੇ ਅੰਤ ਜੋਤੀ ਜੋਤ ਜਾਣ ਰਲ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਏਗਾ । ਸਚ ਦਵਾਰ ਲੈਣਾ ਮੱਲ, ਸਾਚਾ ਗ੍ਰਿਹ ਇਕ ਸੁਹਾਏਗਾ । ਜਨ ਭਗਤਾਂ ਵਿਛੋੜਾ ਹੋਏ ਨਾ ਘੜੀ ਪਲ, ਪਲਕਾਂ ਦੀ ਝਲਕ ਵਿਚ ਵਿਛੜ ਕਦੇ ਨਾ ਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੂਈ ਦਵੈਤੀ ਮੇਟ ਕੇ ਸੱਲ, ਸਤਿਗੁਰ ਸ਼ਬਦ ਸ਼ਬਦ ਸਤਿਗੁਰ ਨਾਲ ਮਿਲਾਏਗਾ ।

### ✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਰਵਾਲ ਜ਼ਿਲਾ ਹੁਸ਼ਿਆਰ ਪੁਰ ਮੱਲਾ ਰਾਮ ਦੇ ਗ੍ਰਿਹ ਭੱਠੇ ਤੇ ✪



ਰੋੜਾ ਇੱਟ ਕਹੇ ਸਾਡਾ ਸਿੰਘਾਸਣ ਚੰਗਾ, ਚੰਗੀ ਮਿਲੀ ਵਡਿਆਈਆ । ਸਾਡਾ ਗ੍ਰਿਹ ਧਾਮ ਪਵਿਤ੍ਰ ਨਾਲੋਂ ਗੰਗਾ, ਗੋਦਾਵਰੀ ਜਮਨਾ ਸੁਰਸਤੀ ਵੇਖੇ ਨੈਣ ਉਠਾਈਆ । ਸਾਡੀ ਰਵੀਦਾਸ ਚਮਾਰ ਸਮੇਂ ਦੀ ਪੁਰਾਤਨ ਮੰਗਾ, ਰਵੀ ਆਪਣਾ ਭੇਵ ਚੁਕਾਈਆ । ਕਵਣ ਵੇਲਾ ਪ੍ਰਭ ਦੇਵੇ ਸਚ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਬਾਹਰੋਂ ਤਨ ਵਜੂਦ ਦਿਸੇ ਬੰਦਾ, ਅੰਤਰ ਨਿਰਗੁਣ ਨੂਰ ਨੂਰ ਅਗੰਮ ਅਥਾਹੀਆ । ਪ੍ਰਗਟ ਹੋ ਮਿਹਰਵਾਨ ਸੂਰਾ ਸਰਬੰਗਾ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਸੀਸ ਰਹਿਣ ਨਾ ਦੇਵੇ ਨੰਗਾ, ਸਿਰ ਆਪਣਾ ਹੱਥ ਰਖਾਈਆ । ਪਾਵਾ ਚੂਲ ਸੁਹਾਏ ਜਗਤ ਮੰਜਾ, ਮੰਝਧਾਰ ਵਿਚੋਂ ਪਾਰ ਕਰਾਈਆ । ਸਤਿਗੁਰ ਦਾ ਖੇਲ ਸਦਾ ਅਚੰਭਾ, ਅਚਰਜ ਆਪਣੀ ਕਲ ਵਰਤਾਈਆ । ਨਾਮ ਸ਼ਬਦ ਵਜਾ ਅੰਤਰ ਮਰਦੰਗਾ, ਧੁਨ ਆਤਮਕ ਰਾਗ ਦਏ ਸੁਣਾਈਆ । ਹਰਿਜਨ ਜਗਤ ਜਹਾਨ ਮੰਜ਼ਲ ਜਾਏ ਲੰਘਾ, ਪੌੜੀ ਡੰਡੇ ਆਪ ਚੜ੍ਹਾਈਆ । ਗ੍ਰਿਹ ਵੇਖੇ ਜਿਥੇ ਨਾ ਸੂਰੀਆ ਕੋਇ ਚੰਦਾ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਇਕੋ ਸਾਹਿਬ ਸਵਾਮੀ ਪੁਰਖ ਅਕਾਲ ਦਿਸੇ ਬਖ਼ਸ਼ੰਦਾ, ਬਖ਼ਸ਼ਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਰੋੜਾ ਪੱਥਰ ਕਹੇ ਸਾਡੇ ਉਤੇ ਸਿੰਘਾਸਣ ਲਿਆ ਮੱਲ, ਮੱਲਾ ਰਾਮ ਦਇਆ ਕਮਾਈਆ । ਸਾਡਾ ਮੇਟੇ ਕਲੇਸ਼ ਕਲਜੁਗ ਕਲ, ਕਲ ਕਲਕੀ ਬੇਪਰਵਾਹੀਆ । ਜੋ ਵਸੇ ਨਿਹਚਲ ਧਾਮ ਅਟਲ, ਸਚਖੰਡ ਸਾਚੇ ਸੋਭਾ ਪਾਈਆ । ਸੋ ਸਵਾਮੀ ਗ੍ਰਿਹ ਭਗਤਾਂ ਆਏ ਚਲ, ਜੋਤੀ ਜਾਤਾ ਧੁਰਦਰਗਾਹੀਆ । ਆਤਮ ਪਰਮਾਤਮ ਧਾਰ ਜਾਵੇ ਰਲ, ਨੂਰ ਨੂਰ ਵਿਚ ਸਮਾਈਆ । ਲੇਖਾ ਜਾਣੇ ਜਲ ਥਲ, ਮਹੀਅਲ ਪਰਦਾ ਦਏ ਉਠਾਈਆ । ਸਚ ਭਗਤੀ ਦਾ ਸਤਿ ਦੇ ਕੇ ਜਾਏ ਫਲ, ਨਾਮ ਨਾਮਾ ਰੰਗ ਰੰਗਾਈਆ । ਧਰਨੀ ਕਹੇ ਮੈਂ ਜਾਵਾਂ ਬਲ ਬਲ, ਬਲ ਏਸੇ ਰਸਤੇ ਗਿਆ ਵਾਹੋ ਦਾਹੀਆ । ਜੋਤੀ

੧੨੬੩ ੨੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਰੋੜਾ ਪੱਥਰ ਕਹੇ ਸਾਡੇ ਭਾਗ ਮਥੋਰ, ਸਤਿ ਸਚ ਦਈਏ ਜਣਾਈਆ । ਅਸੀਂ ਤੱਕਿਆ ਕਲਜੁਗ ਅੰਧੇਰਾ ਘੋਰ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਠਗ ਚੋਰ, ਜਗਤ ਕਲਪਣਾ ਵਾਸਨਾ ਵਿਚ ਹਲਕਾਈਆ । ਕੋਈ ਲੇਖਾ ਮੇਟੇ ਨਾ ਮੋਰ ਤੋਰ, ਤੁਰੀਆ ਤੋਂ ਪਰੇ ਮੇਲ ਨਾ ਕੋਇ ਮਿਲਾਈਆ । ਜਨ ਭਗਤਾਂ ਪ੍ਰਭ ਆਪਣੇ ਹੱਥ ਰਖੀ ਡੋਰ, ਡੋਰੀ ਨਾਮ ਤੰਦ ਬੰਧਾਈਆ । ਆਪਣੇ ਨਾਲ ਅੰਦਰ ਬਾਹਰ ਗੁਪਤ ਜ਼ਾਹਰ ਲਏ ਤੋਰ, ਜਗਤ ਜਹਾਨਾ ਸ੍ਰੀ ਭਗਵਾਨਾ ਸਗਲਾ ਸੰਗ ਬਣਾਈਆ । ਗੁਰਮੁਖਾਂ ਮਨੂਆ ਮਨ ਨਾ ਪਾਵੇ ਸ਼ੋਰ, ਸ਼ੌਹਰ ਬਾਂਕਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਸਤਿਗੁਰ ਧਾਰ ਜਾਏ ਬਹੁੜ, ਸ਼ਬਦ ਸ਼ਬਦੀ ਮੇਲ ਮਿਲਾਈਆ ।

## ✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ਊਧਮ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਅੰਤਰ ਸਲਾਹ ਦੇਵੇ ਨਿਰਾਕਾਰ ਪਾਣੀ, ਪਵਣ ਨਜ਼ਰ ਕੋਇ ਨਾ ਆਈਆ । ਉਹ ਸੁਣ ਅਗੰਮੀ ਬਾਣੀ, ਕੀ ਅਣਿਆਲਾ ਤੀਰ ਲਗਾਈਆ । ਆਪਣੇ ਉਤੇ ਝਟ ਤੱਕ ਲੈ ਚਾਰੇ ਖਾਣੀ, ਚਾਰੋਂ ਕੁੰਟਾਂ ਅੱਖ ਉਠਾਈਆ । ਸਤਿ ਧਰਮ ਦਾ ਰਿਹਾ ਕੋਇ ਨਾ ਮਾਣੀ, ਅਭਿਮਾਨ ਵਿਚ ਲੋਕਾਈਆ । ਪ੍ਰਭੂ ਪ੍ਰੇਮ ਦੀ ਦਿਸੇ ਕੋਇ ਨਾ ਰਾਣੀ, ਨਾਮ ਸ਼ਿੰਗਾਰ ਨਾ ਕੋਇ ਜਣਾਈਆ । ਸਤਿ ਸਰੂਪੀ ਮਿਲੇ ਕੋਇ ਨਾ ਹਾਣੀ, ਸੁਰਤੀ ਸ਼ਬਦੀ ਜੋੜ ਨਾ ਕੋਇ ਜੁੜਾਈਆ । ਤੇਰਾ ਭਾਣਾ ਰਿਹਾ ਨਾ ਕੋਇ ਦਿਸੇ ਨਿਤਾਣੀ, ਨਿਮਾਣਾ ਆਪਣਾ ਰੂਪ ਬਦਲਾਈਆ । ਜੀਵਾਂ ਜੰਤਾਂ ਕਰੇ ਨਾ ਕੋਇ ਕਲਿਆਣੀ, ਕਲਮੇ ਵਾਲੇ ਤੇਰੇ ਉਤੇ ਕਲਮੇ ਗਏ ਭਵਾਈਆ । ਖੇਲ ਵੇਖ ਲੈ ਈਸ਼ ਜੀਵ ਪ੍ਰਾਣੀ, ਪ੍ਰਾਣ ਅਧਾਰੀ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਰੰਗ ਵਖਾਈਆ । ਧਰਨੀ ਕਹੇ ਮੈਨੂੰ ਰੋਮ ਰੋਮ ਵਿਚੋਂ ਪਾਣੀ ਦਏ ਇਸ਼ਾਰੇ, ਅਸੰਖ ਅਸੰਖਾ ਧਿਆਨ ਲਗਾਈਆ । ਓਹ ਵੇਖ ਖੇਲ ਸੱਚੀ ਸਰਕਾਰੇ, ਕੀ ਕਰਤਾ ਕਲ ਵਰਤਾਈਆ । ਤੇਰੇ ਉਤੇ ਪ੍ਰਗਟ ਹੋ ਨਿਹਕਲੰਕ ਅਵਤਾਰੇ, ਅਵਤਰੀ ਆਪਣਾ ਹੁਕਮ ਸੁਣਾਈਆ । ਚਾਰੋਂ ਕੁੰਟ ਤੱਕ ਲੈ ਦੀਨ ਦੁਨੀ ਕੁੜਿਆਰੇ, ਸਤਿ ਵਿਚ ਨਾ ਕੋਇ ਸਮਾਈਆ । ਆਤਮ ਬ੍ਰਹਮ ਨਾ ਕੋਇ ਵਿਚਾਰੇ, ਮਨਮਤ ਹੋਈ ਹਲਕਾਈਆ । ਸਤਿ ਧਰਮ ਪਾਵੇ ਕੋਈ ਨਾ ਸਾਰੇ, ਮਹਾਸਾਰਥੀ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜ ਕੂੜਾ ਲਲਕਾਰੇ, ਉਚੀ ਬੋਲ ਬੋਲ ਸੁਣਾਈਆ । ਜਿਧਰ ਤੱਕਾਂ ਧੂਆਂਧਾਰੇ, ਨੂਰ ਚੰਦ ਨਾ ਕੋਇ ਚਮਕਾਈਆ । ਧਰਨੀਏ ਸਚ ਦੱਸ ਤੇਰੀ ਨਈਆ ਲਾਵੇ ਕੌਣ ਕਿਨਾਰੇ, ਨੌਕਾ ਆਪਣੇ ਕੰਧ ਉਠਾਈਆ । ਮੇਰੀ ਨਮੋ ਨਮੋ ਨਮੋ ਨਿਮਸਕਾਰੇ, ਤਿਸ ਸਾਹਿਬ ਸੀਸ ਝੁਕਾਈਆ । ਜੋ ਦੇਵੇ ਅੰਤ ਸਹਾਰੇ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰੇ ਅੰਦਰ ਪਾਣੀ ਬਿਨ ਪਵਣ ਰਿਹਾ ਪੁਕਾਰ, ਸਵਾਸ ਸਾਹ ਨਜ਼ਰ ਕੋਇ ਨਾ ਆਈਆ ।

ਉਠ ਖੇਲ ਤੱਕ ਨਿਰੰਕਾਰ, ਕੀ ਕਰਤਾ ਕਾਰ ਕਮਾਈਆ । ਜੋ ਸੰਦੇਸ਼ਾ ਦੇਵੇ ਆਪਣੀ ਧਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਚਾਰੋਂ ਕੁੰਟ ਉਡਣੀ ਧੂੜੀ ਛਾਰ, ਖ਼ਾਕੀ ਖ਼ਾਕ ਰੂਪ ਵਟਾਈਆ । ਦੀਨ ਦੁਨੀ ਹੋਵੇ ਖ਼ੁਆਰ, ਖ਼ਾਲਕ ਰੰਗ ਨਾ ਕੋਇ ਸਮਾਈਆ । ਜਨ ਭਗਤਾਂ ਕੋਟਾਂ ਵਿਚੋਂ ਮਿਲੇ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਜਿਨ੍ਹਾਂ ਦਾ ਤੂੰ ਮੇਰਾ ਮੈਂ ਤੇਰਾ ਹੋਵੇ ਜੈਕਾਰ, ਢੋਲਾ ਇਕੋ ਰਾਗ ਸੁਣਾਈਆ । ਧਰਨੀ ਕਹੇ ਮੈਂ ਉਨ੍ਹਾਂ ਦਾ ਸਦਾ ਸਦਾ ਸਦ ਕਰਾਂ ਪਿਆਰ, ਜੋ ਪੀਆ ਪ੍ਰੀਤਮ ਪਿਆਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਾਣੇ ਆਪਣੀ ਕਾਰ, ਕਰਤਾ ਪੁਰਖ ਕਰਨੀ ਆਪਣੇ ਵਿਚ ਰਖਾਈਆ ।

### ✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ ਉੱਤਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਅੰਤਸ਼ਕਰਨ ਸੰਦਸ਼ਾ ਦੇਵੇ ਜਲ, ਸਮੁੰਦ ਸਾਗਰਾਂ ਪਾਰ ਧਿਆਨ ਲਗਾਈਆ । ਮੇਰੇ ਲਹਿਣੇ ਦੇਣੇ ਜਾਣੇ ਮਾਰੂਥਲ, ਅਸਗਾਹਾਂ ਵੇਖ ਵਖਾਈਆ । ਧੁਰ ਫ਼ਰਮਾਨ ਅਗੰਮਾ ਰਿਹਾ ਘਲ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਓਹ ਵੇਖ ਖੇਲ ਅਛਲ ਅਛੱਲ, ਅਛਲ ਛਲ ਧਾਰੀ ਕੀ ਆਪਣੀ ਖੇਲ ਖਿਲਾਈਆ । ਕੀ ਲਹਿਣਾ ਦੇਣਾ ਤੇਰਾ ਹੋਣਾ ਕਲਜੁਗ ਕਲ, ਕਲ ਕਾਤੀ ਕੀ ਆਪਣੀ ਕਾਰ ਭੁਗਤਾਈਆ । ਕੂੜ
੧੨੬੫ ੨੩ ਕੁੜਿਆਰ ਨਵ ਖੰਡ ਤੇਰੇ ਉਤੇ ਦਲ, ਸਤਿ ਦੀ ਮਾਇਆ ਮਮਤਾ ਮੋਹ ਹਲਕਾਈਆ । ਪਵਿਤ੍ਰ ਰਿਹਾ ਕੋਈ ਨਾ ਜਲ, ਅੰਮ੍ਰਿਤ ਰੂਪ ਨਾ ਕੋਇ ੧੨੬੫ ੨੩
ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਧਰਨੀ ਕਹੇ ਮੇਰੇ ਅੰਤਸ਼ਕਰਨ ਪੈਂਦੀਆਂ ਆਵਾਜ਼ਾਂ, ਬਿਨ ਸਰਵਣਾਂ ਸੁਣ ਸੁਣ ਖ਼ੁਸ਼ੀ ਬਣਾਈਆ । ਉਠ ਵੇਖ ਲੈ ਸਦੀ ਚੌਧਵੀਂ ਅੰਤ ਨਿਮਾਜ਼ਾ, ਸਜਦੇ ਜਗਤ ਧਿਆਨ ਰਖਾਈਆ । ਪਰਵਰਦਿਗਾਰ ਸਾਂਝੇ ਯਾਰ ਕੀ ਅਗੰਮਾ ਸਾਜਣ ਸਾਜਾ, ਚੌਦਾਂ ਤਬਕ ਅੱਖ ਉਠਾਈਆ । ਕੀ ਆਸ਼ਾ ਰਖ ਕੇ ਬੈਠਾ ਖਿਜ਼ਰ ਖਵਾਜਾ, ਇੰਦ ਇੰਦਰਾਸਣਾ ਧਿਆਨ ਲਗਾਈਆ । ਕੀ ਲਹਿਣਾ ਦੇਣਾ ਚੁਕਾਏ ਗ਼ਰੀਬ ਨਿਵਾਜਾ, ਪਰਮ ਪੁਰਖ ਪਰਮਾਤਮ ਆਪਣਾ ਹੁਕਮ ਵਰਤਾਈਆ । ਧਰਨੀਏ ਜਿਸ ਨੇ ਤੇਰਾ ਸਾਜਨ ਸਾਜਾ, ਸੋ ਪੁਰਖ ਨਿਰੰਜਣ ਭੇਵ ਅਭੇਦਾ ਕੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਮੇਰਾ ਮਾਲਕ ਸਾਹਿਬ ਸੁਲਤਾਨ, ਹਰਿ ਕਰਤਾ ਵਡ ਵਡਿਆਈਆ । ਕਿਰਪਾ ਕਰੇ ਗੁਣ ਨਿਧਾਨ, ਗੁਣਵੰਤਾ ਨੂਰ ਅਲਾਹੀਆ । ਸੋ ਪੁਰਖ ਨਿਰੰਜਣ ਹੋ ਪ੍ਰਧਾਨ, ਹਰਿ ਪੁਰਖ ਨਿਰੰਜਣ ਆਪਣਾ ਹੁਕਮ ਵਰਤਾਈਆ । ਏਕੰਕਾਰਾ ਨੌਜਵਾਨ, ਆਦਿ ਨਿਰੰਜਣ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦੇਵੇ ਦਾਨ, ਸ੍ਰੀ ਭਗਵਾਨ ਮੇਰੀ ਝੋਲੀ ਦਏ ਭਰਾਈਆ । ਪਾਰਬ੍ਰਹਮ ਹੋਏ ਚਤੁਰ ਸੁਘੜ ਸਿਆਣ, ਸਤਿ ਸਤਿਵਾਦੀ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਰ ਬਲਵਾਨ, ਨੌਜਵਾਨ ਇਕ ਉਠਾਈਆ । ਜੋ ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਮੇਰੇ ਆਣ, ਚਾਰ ਕੁੰਟ ਦਹਿ ਦਿਸ਼ਾ ਅੱਖ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਤ ਨਿਸ਼ਾਨ, ਮਾਇਆ

ਮਮਤਾ ਮੋਹ ਚੁਕਾਈਆ । ਸਤਿ ਧਰਮ ਕਰ ਪ੍ਰਧਾਨ, ਆਤਮ ਪਰਮਾਤਮ ਦੇ ਕੇ ਬ੍ਰਹਮ ਗਿਆਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਮੰਦਰ ਮਕਾਨ, ਕਾਇਆ ਕਾਅਬਾ ਇਕ ਸੁਹਾਈਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਨਿਝਰ ਝਿਰਨਾ ਰਸ ਚੁਆਈਆ । ਸ਼ਬਦ ਅਨਾਦੀ ਦਏ ਧੁਨਕਾਨ, ਅਨਹਦ ਨਾਦ ਸੁਣਾਈਆ । ਦੀਪਕ ਜੋਤ ਜਗਾਏ ਮਹਾਨ, ਜੋਤੀ ਜਾਤਾ ਡਗਮਗਾਈਆ । ਜਨ ਭਗਤ ਕਰੇ ਪ੍ਰਵਾਨ, ਪਰਮ ਪੁਰਖ ਪ੍ਰਭ ਆਪਣੇ ਰੰਗ ਰੰਗਾਈਆ । ਘਰ ਸਵਾਮੀ ਮਿਲੇ ਆਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਚਖੰਡ ਦਵਾਰ ਏਕੰਕਾਰ ਦੇਵੇ ਮਾਣ, ਅਕਲ ਕਲ ਧਾਰੀ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਮੇਲ ਮਿਲਾਈਆ । ਧਰਨੀ ਕਹੇ ਪ੍ਰਭ ਕਿਰਪਾ ਕਰ ਆਪ, ਪੁਰਖ ਅਕਾਲ ਦਇਆ ਕਮਾਈਆ । ਆਤਮ ਪਰਮਾਤਮ ਦੱਸਕੇ ਜਾਪ, ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਮੇਟ ਮਿਟਾਏ ਤੀਨੋਂ ਤਾਪ, ਤ੍ਰੈਗੁਣ ਅਗਨ ਨਾ ਕੋਇ ਜਲਾਈਆ । ਲੇਖਾ ਰਹੇ ਨਾ ਅੰਧੇਰੀ ਰਾਤ, ਜੋਤੀ ਨੂਰ ਚੰਦ ਚਮਕਾਈਆ । ਸਦਾ ਸੁਹੇਲਾ ਪੁਛੇ ਬਾਤ, ਬਾਤਨ ਆਪਣਾ ਪਰਦਾ ਲਾਹੀਆ । ਆਤਮ ਪਰਮਾਤਮ ਜੋੜ ਕੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਕਿਰਪਾ ਕਰੇ ਆਦਿ ਨਿਰੰਜਣਾ, ਆਦਿ ਪੁਰਖ ਬੇਪ੍ਰਵਾਹੀਆ । ਮੇਰਾ ਸਵਾਮੀ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਬੇੜਾ ਪਾਰ ਕਰਾਈਆ । ਜਨ ਭਗਤਾਂ ਨੇਤਰ ਨਾਮ ਪਾ ਕੇ ਅੰਜਣਾ, ਲੋਚਨ ਇਕੋ ਇਕ ਖੁਲਾਈਆ । ਘਰ ਠਾਕਰ ਦਿਸੇ ਸਵਾਮੀ ਸੱਜਣਾ, ਮੀਤ ਪਿਆਰਾ ਧੁਰਦਰਗਾਹੀਆ । ਜਿਸ ਦੀ ਇਕੋ ਧਾਰ ਬੰਦਨਾ, ਬਿਨ ਸੀਸ ਸੀਸ ਜਗਦੀਸ਼ ਝੁਕਾਈਆ । ਉਹ ਬਖ਼ਸ਼ੇ ਸਚ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਿਸ ਨੇ ਖੇਲ ਕਰਨਾ ਵਿਚ ਬ੍ਰਹਿਮੰਡਨਾ, ਵਰਭੰਡੀ ਆਪਣਾ ਹੁਕਮ ਵਰਤਾਈਆ । ਉਹਦਾ ਨਾਮ ਤਿੱਖੀ ਧਾਰ ਪ੍ਰਚੰਡਣਾ, ਦੋ ਜਹਾਨਾਂ ਕਰੇ ਸਫ਼ਾਈਆ । ਜਿਸ ਭਗਤਾਂ ਕਾਇਆ ਮੰਦਰ ਅੰਦਰ ਲੰਘਣਾ, ਨੌ ਦਵਾਰੇ ਡੇਰਾ ਢਾਹੀਆ । ਸੋ ਸਾਹਿਬ ਸੁਲਤਾਨਾ ਸੂਰਾ ਸਰਬੰਗਣਾ, ਪੁਰਖ ਅਕਾਲਾ ਇਕ ਅਖਵਾਈਆ । ਜਿਸ ਨੇ ਨਾ ਮਰਨਾ ਤੇ ਨਾ ਕਦੇ ਜੰਮਣਾ, ਜਨਮ ਮਰਨ ਵਿਚ ਕਦੇ ਨਾ ਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਹਰਿਜਨ ਚਾੜ੍ਹਨਾ ਆਪਣੀ ਰੰਗਣਾ, ਰੰਗਤ ਇਕੋ ਇਕ ਰਖਾਈਆ । ਜਿਸ ਵੇਸ ਵਟਾਉਣਾ ਦੇਸ ਸੁਹਾਉਣਾ ਵਿਚ ਵਰਭੰਡਣਾ, ਸੰਬਲ ਆਪਣਾ ਗ੍ਰਿਹਿ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨੂਰ ਜੋਤ ਜਗਾਏ ਅਗੰਮੀ ਚੰਦਨਾ, ਚੰਦ ਸਿਤਾਰ ਕੋਟਨ ਕੋਟ ਜਿਸ ਨੂੰ ਸੀਸ ਨਿਵਾਈਆ ।

### ✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ ਸੋਹਣ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰਾ ਵਕਤ ਸੁਹੰਜਣਾ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਹਰਿ ਕਰਤਾ ਧੁਰਦਰਗਾਹੀਆ । ਚਰਨ ਧੂੜ ਕਰਾਏ ਮਜਨਾ, ਏਕੰਕਾਰ ਹੋਏ ਸਹਾਈਆ । ਘਰ ਸਵਾਮੀ ਮਿਲੇ ਸੱਜਣਾ, ਆਦਿ ਨਿਰੰਜਣ ਨੂਰ ਅਲਾਹੀਆ । ਜਿਸ ਦਾ ਦੀਪਕ

੧੨੬੬
੨੩

ਇਕੋ ਜਗਣਾ, ਸ੍ਰੀ ਭਗਵਾਨ ਵਡ ਵਡਿਆਈਆ । ਜਿਸ ਨੇ ਸਚ ਦਵਾਰੇ ਸਭ ਨੂੰ ਸੱਦਣਾ, ਅਬਿਨਾਸ਼ੀ ਕਰਤਾ ਅਗੰਮ ਅਥਾਹੀਆ । ਜਿਸ ਨੇ ਪ੍ਰੇਮ ਪਿਆਰ ਮੁਹੱਬਤ ਦੀ ਚਾੜ੍ਹਨੀ ਰੰਗਣਾ, ਪਾਰਬ੍ਰਹਮ ਪ੍ਰਭ ਇਕੋ ਰੰਗ ਰੰਗਾਈਆ । ਧਰਨੀ ਕਹੇ ਮੈਂ ਉਸ ਦਾ ਦਵਾਰਾ ਮੰਗਣਾ, ਦਰ ਠਾਂਡੇ ਅਲਖ ਜਗਾਈਆ । ਜਿਸ ਲੇਖੇ ਲਾਇਆ ਰਵੀਦਾਸ ਵਾਲਾ ਕੰਗਣਾ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਉਸ ਦਾ ਇਕੋ ਡੰਕਾ ਵੱਜਣਾ, ਦੋ ਜਹਾਨ ਕਰੇ ਸ਼ਨਵਾਈਆ । ਜਿਸ ਦੀ ਧਰਮ ਧਾਰ ਦੀ ਹੋਏ ਬੰਦਨਾ, ਬੰਦਗੀ ਇਕੋ ਇਕ ਦ੍ਰਿੜਾਈਆ । ਆਤਮ ਪਰਮਾਤਮ ਦੇਵੇ ਅਨੰਦਨਾ, ਅਨੰਦ ਅਨੰਦ ਵਿਚੋਂ ਵਖਾਈਆ । ਉਹ ਲਹਿਣਾ ਦੇਣਾ ਮੂਲ ਚੁਕਾਏ ਖੰਡ ਬ੍ਰਹਿਮੰਡਣਾ, ਵਰਭੰਡ ਧਿਆਨ ਲਗਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦਨਾ, ਸਦੀ ਚੌਧਵੀਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰਾ ਸਾਹਿਬ ਇੱਕੋ, ਏਕੰਕਾਰ ਨਜ਼ਰੀ ਆਈਆ । ਜਿਸ ਦੇ ਮਿਲਣ ਦੀ ਸਾਚੀ ਸਿਕੋ, ਸਿਕ ਇਕੋ ਇਕ ਦਰਸਾਈਆ । ਉਸ ਦਾ ਲੇਖਾ ਸ਼ਬਦੀ ਧਾਰ ਲਿਖੇ, ਅੱਖਰ ਅੱਖਰਾਂ ਨਾਲ ਜੁੜਾਈਆ । ਦੋ ਜਹਾਨ ਅਗੰਮੀ ਸਿਖਿਆ ਸਿਖੇ, ਕਰੇ ਖੇਲ ਅਗੰਮਾ ਧੁਰ ਦਾ ਮਾਹੀਆ । ਦੋ ਜਹਾਨ ਆਪਣਾ ਲਹਿਣਾ ਦੇਣਾ ਨਜਿੱਠੇ, ਬਚਿਆ ਰਹਿਣ ਕੋਇ ਨਾ ਪਾਈਆ । ਉਸ ਦਾ ਭਾਣਾ ਮੰਨਣਾ ਸਭ ਨੇ ਕਰ ਕੇ ਮਿੱਠੇ, ਸਿਰ ਸਕੇ ਨਾ ਕੋਇ ਉਠਾਈਆ । ਉਸ ਦਾ ਜਲਵਾ ਨੂਰ ਨੁਰਾਨਾ ਤੱਕੋ ਅਨਡਿੱਠੇ, ਅਨੁਭਵ ਦ੍ਰਿਸ਼ਟੀ ਵੇਖ ਵਖਾਈਆ । ਮੇਰੇ ਸੱਜਣ ਪਿਆਰੇ ਮਿੱਤੇ, ਮਿਤ੍ਰਾ ਦਿਆਂ ਜਣਾਈਆ । ਪੁਰਖ ਅਕਾਲ ਦੀਨ ਦਿਆਲ ਦਾ ਕਰੋ ਹਿੱਤੇ, ਹਿਤਕਾਰੀ ਹੋ ਕੇ ਖੋਜ ਖੁਜਾਈਆ । ਝੂਠੀ ਕਿਰਿਆ ਕਢੋ ਚਿੱਤੇ, ਚਿਤ

੧੨੬੭
੨੩

ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਸਾਹਿਬ ਸੂਰਾ ਸਰਬਗ, ਹਰਿ ਕਰਤਾ ਇਕ ਅਖਵਾਈਆ । ਜੋ ਕਲਜੁਗ ਕੂੜੀ ਕਿਰਿਆ ਮੇਟੇ ਅੱਗ, ਅਗਨੀ ਅੱਗ ਨਾ ਕੋਇ ਤਪਾਈਆ । ਵੇਖਣਹਾਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਤਸ਼ਕਰਨ ਜਗ, ਜਾਗਰਤ ਜੋਤ ਇਕ ਡਗਮਗਾਈਆ । ਮਾਨਸ ਮਾਨਵ ਮਾਨੁਖ ਵੇਖੇ ਕੱਗ, ਚੁਰਾਸੀ ਵਿਚੋਂ ਫੋਲ ਫੁਲਾਈਆ । ਜਨ ਭਗਤਾਂ ਦਰਸ਼ਨ ਦੇਵੇ ਉਪਰ ਸ਼ਾਹ ਰਗ, ਨਵ ਦਵਾਰ ਦਾ ਡੇਰਾ ਢਾਹੀਆ । ਅੰਮ੍ਰਿਤ ਧਾਰ ਪਿਆ ਕੇ ਮਦਿ, ਮਧੁਰ ਧੁਨ ਦਏ ਸੁਣਾਈਆ । ਸੁਰਤ ਸ਼ਬਦ ਨਾ ਰਹੇ ਅਲੱਗ, ਮੇਲ ਮਿਲਾਏ ਸਹਿਜ ਸੁਭਾਈਆ । ਘਰ ਕਾਇਆ ਕਾਅਬੇ ਕਰਾਏ ਹੱਜ, ਹੁਜਰਾ ਇਕੋ ਇਕ ਵਖਾਈਆ । ਜਿਥੇ ਨੂਰ ਨੁਰਾਨਾ ਦੀਪਕ ਰਿਹਾ ਜਗ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਧਰਨੀ ਕਹੇ ਮੈਂ ਦੱਸਣਾ ਹਕ ਸਵਾਮੀ, ਸਾਹਿਬ ਸਤਿਗੁਰ ਦੇਣਾ ਸੁਣਾਈਆ । ਮੇਰੇ ਆਦਿ ਪੁਰਖ ਅੰਤਰਜਾਮੀ, ਘਟ ਘਟ ਵਾਸੀ ਤੇਰੀ ਬੇਪ੍ਰਵਾਹੀਆ । ਕਲਜੁਗ ਕੂੜੀ ਕਿਰਿਆ ਮੇਟ ਦੇ ਸ਼ਾਮੀ, ਰੈਣ ਅੰਧੇਰੀ ਰਹਿਣ ਕੋਇ ਨਾ ਪਾਈਆ । ਸ਼ਰਅ ਦੀ ਰਹੇ ਨਾ ਕੋਇ ਗ਼ੁਲਾਮੀ, ਜ਼ੰਜੀਰ ਬੇਨਜ਼ੀਰ ਦੇਣੇ ਕਟਾਈਆ । ਤੇਰਾ ਪਿਆਰ ਦਾ ਨਾਤਾ ਮੁਹੱਬਤ ਵਿਚ ਹੋਵੇ ਅਵਾਮੀ, ਆਮ ਦਾ ਲਹਿਣਾ ਦੇਣਾ ਝੋਲੀ ਦੇਣਾ ਪਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੁਲਤਾਨੀ, ਪਾਤਸ਼ਾਹ ਇਕ ਅਖਵਾਈਆ । ਤੇਰੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਕਰਨੀ ਅੰਤਸ਼ਕਰਨ ਸਫ਼ਾਈਆ । ਤੇਰੇ ਪਿਆਰ ਵਿਚ ਸਤਿਕਾਰ ਵਿਚ ਕਰਤਾਰ ਦੇਣੀ ਪਏ ਨਾ ਕੋਇ ਕੁਰਬਾਨੀ,

੧੨੬੭
੨੩

ਕਰਬਲਿਆਂ ਵਾਲਾ ਰੂਪ ਨਾ ਕੋਇ ਵਟਾਈਆ । ਸਚ ਸੰਦੇਸਾ ਨਰ ਨਰੇਸ਼ਾ ਦੇ ਦੇ ਆਪਣਾ ਬਿਨਾ ਜ਼ਬਾਨੀ, ਧੁਰ ਹੁਕਮ ਨਾਲ ਸਮਝਾਈਆ । ਉਹ ਤੱਕ ਲੈ ਲੇਖਾ ਆਪਣਾ ਅੰਜੀਲ ਕੁਰਾਨੀ, ਕਾਇਆ ਕੁਰਹੇ ਧਿਆਨ ਲਗਾਈਆ । ਜਿਧਰ ਵੇਖੇ ਉਧਰ ਨਜ਼ਰ ਆਏ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਹਰ ਹਿਰਦੇ ਅੰਦਰ ਤੱਕ ਲੈ ਸਤਿਗੁਰ ਸ਼ਬਦ ਪ੍ਰੇਸ਼ਾਨੀ, ਸਾਂਤਕ ਸਤਿ ਸਤਿ ਵਿਚ ਨਾ ਕੋਇ ਸਮਾਈਆ । ਨੌ ਖੰਡ ਪ੍ਰਿਥਮੀ ਉਤੇ ਦਿਸੇ ਨਾ ਕੋਇ ਬ੍ਰਹਮ ਗਿਆਨੀ, ਬ੍ਰਹਮ ਵਿਦਿਆ ਸਮਝ ਕੋਇ ਨਾ ਪਾਈਆ । ਧਰਨੀ ਕਹੇ ਮੇਰੇ ਮਹਿਬੂਬਾ ਆਪਣੀ ਮਿਹਰਵਾਨ ਕਰ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਮੇਰੇ ਖ਼ਾਲਕੇ ਖ਼ਲਕ ਖ਼ੁਦਾ, ਮਖ਼ਲੂਕੇ ਆਲਮ ਤੇਰਾ ਰਾਹ ਤਕਾਈਆ । ਮੇਰੇ ਆਲੀਯਾ ਸ਼ਹਿਨਸ਼ਾਹ ਦਿਲ ਰੁਬਾ, ਪਾਤਸ਼ਾਹ ਤੇਰੀ ਬੇਪ੍ਰਵਾਹੀਆ । ਮੇਰੀ ਤੇਰੇ ਅਗੇ ਬਿਨ ਸਜਦਿਆਂ ਦੁਆ, ਦੌਲਤਵੰਦ ਕੀ ਤੇਰੀ ਵਡ ਵਡਿਆਈਆ । ਮੇਰਾ ਲਹਿਣਾ ਤੱਕ ਲੈ ਮੈਂ ਭਰੀ ਪਾਪਾਂ ਨਾਲ ਗੁਨਾਹ, ਪਤਤ ਪੁਨੀਤ ਨਾ ਕੋਇ ਕਰਾਈਆ । ਤੂੰ ਜਲਵਾਗਰ ਨੂਰ ਅਲਾਹ, ਆਲਮੀਨ ਇਕ ਅਖਵਾਈਆ । ਮੇਰੀ ਬੰਦਨਾ ਸਜਦਿਆਂ ਵਿਚ ਤੇਰੇ ਅਗੇ ਦੁਆ, ਦੋ ਹਰਫ਼ੀ ਸਿਹਰਫ਼ੀ ਚੌਹਰਫ਼ੀ ਖੇਲ ਦੇਣੀ ਮੁਕਾਈਆ । ਨਵ ਸੱਤ ਫੇਰਾ ਆ ਕੇ ਪਾ, ਪਾਰਬ੍ਰਹਮ ਪ੍ਰਭ ਆਪਣਾ ਪੰਧ ਮੁਕਾਈਆ । ਲਖਣ ਕਰੌਚ ਪੁਸ਼ਕਰ ਦੀਪ ਆਪ ਉਠਾ, ਜੰਬੂ ਸੋਇਆ ਰਹਿਣ ਕੋਇ ਨਾ ਪਾਈਆ । ਤੂੰ ਸ੍ਰਿਸ਼ਟੀ ਦ੍ਰਿਸ਼ਟੀ ਦਾ ਬਣ ਰਹਿਨੁਮਾ, ਚਾਰ ਕੁੰਟ ਤੇਰੀ ਵੱਜੇ ਵਧਾਈਆ । ਮੈਂ ਸੰਦੇਸ਼ਾ ਦੇਵਾਂ ਨਾਲ ਇਮਾਂ, ਅਮਾਮ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਤੂੰ ਵਾਲੀ ਦੋ ਜਹਾਂ, ਦੋਹਰੀ ਤੇਰੀ ਖੇਲ ਵਖਾਈਆ ।
੧੨੬੮ ੨੩

### ✪ ੧੭ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਤਾਰਾ ਸਿੰਘ ਗਗੋਬੂਆ ਦੇ ਨਵਿਤ ✪

ਧਰਨੀ ਕਹੇ ਮੇਰੇ ਉਤੇ ਪਵੇ ਡੰਡ, ਡੰਡਾਵਤ ਵਿਚ ਪ੍ਰਭ ਨੂੰ ਸੀਸ ਨਾ ਕੋਇ ਨਿਵਾਈਆ । ਨੇਤਰ ਰੋਵਣ ਨਵ ਖੰਡ, ਨਵ ਦਵਾਰ ਵਾਸਨਾ ਜਗਤ ਹਲਕਾਈਆ । ਫਿਰੀ ਦਰੋਹੀ ਵਿਚ ਵਰਭੰਡ, ਚਾਰ ਕੁੰਟ ਧੀਰਜ ਧੀਰ ਨਾ ਕੋਇ ਰਖਾਈਆ । ਸਤਿ ਮਿਲੇ ਨਾ ਜੇਰਜ ਅੰਡ, ਉਤਭੁਜ ਸੇਤਜ ਰੰਗ ਨਾ ਕੋਇ ਰੰਗਾਈਆ । ਜਿਧਰ ਤੱਕਾਂ ਦਿਸੇ ਭੇਖ ਪਖੰਡ, ਕੂੜੀ ਕਿਰਿਆ ਦੀਨ ਦੁਨੀ ਹਲਕਾਈਆ । ਆਤਮ ਪਰਮਾਤਮ ਪਾਏ ਕੋਇ ਨਾ ਗੰਢ, ਟੁੱਟਿਆਂ ਸਕੇ ਨਾ ਕੋਇ ਮਿਲਾਈਆ । ਮੇਰੇ ਸੀਨੇ ਅੰਤਰ ਪਾਏ ਕੋਇ ਨਾ ਠੰਡ, ਅਗਨੀ ਤਤ ਨਾ ਕੋਇ ਬੁਝਾਈਆ । ਆਤਮ ਪਰਮਾਤਮ ਧਾਰ ਹੋਈ ਰੰਡ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਕਰਾਈਆ । ਧਰਨੀ ਕਹੇ ਮੇਰਾ ਪਿਆਰ ਦਾ ਰਿਹਾ ਨਾ ਕੋਇ ਅਨੰਦ, ਅਨੰਦ ਵਿਚ ਨਾ ਕੋਇ ਸਮਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਛੰਦ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਮਿਲਾਈਆ । ਨੂਰੀ ਜੋਤ ਦਿਸੇ ਕਿਸੇ ਨਾ ਚੰਦ, ਚੰਦ ਚਾਂਦਨਾ ਡਗ ਨਾ ਕੋਇ ਮਗਾਈਆ ।

ਦੀਨ ਦੁਨੀ ਹੋਈ ਭਾਗ ਮੰਦ, ਮੰਦ ਭਾਗਣ ਦਿਸੇ ਲੋਕਾਈਆ । ਜਗਤ ਜਗਿਆਸੂ ਢੋਲੇ ਗਾਉਂਦੇ ਬੱਤੀ ਦੰਦ, ਹਿਰਦੇ ਹਰਿ ਨਾ ਕੋਇ ਵਸਾਈਆ । ਭਰਮਾਂ ਢਾਹੇ ਕੋਈ ਨਾ ਕੰਧ, ਦਵੈਤੀ ਸ਼ਰਅ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਧਰਨੀ ਕਹੇ ਮੇਰਾ ਅੰਤਸ਼ਕਰਨ ਸੜਦਾ, ਦੁਖੀ ਹੋ ਕੇ ਦਿਆਂ ਜਣਾਈਆ । ਹਰਿਜਨ ਸਾਚੀ ਮੰਜ਼ਲ ਪ੍ਰਭੂ ਪਿਆਰ ਕੋਈ ਨਾ ਚੜ੍ਹਦਾ, ਅਧਵਾਟੇ ਦਿਸੇ ਲੋਕਾਈਆ । ਸਚ ਦਵਾਰ ਕੋਈ ਨਾ ਖੜ੍ਹਦਾ, ਸਚਖੰਡ ਨਾ ਕੋਇ ਵਡਿਆਈਆ । ਤਨ ਵਜੂਦ ਕਿਲਾ ਬਣਿਆ ਹੰਕਾਰੀ ਗੜ੍ਹ ਦਾ, ਹਉਮੈ ਹੰਗਤਾ ਨਾ ਕੋਇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਕੋਈ ਨਾ ਪੜ੍ਹਦਾ, ਸੋਹੰ ਸ਼ਬਦ ਨਾ ਸਚ ਸ਼ਨਵਾਈਆ । ਭੇਵ ਖੁਲ੍ਹੇ ਨਾ ਚੋਟੀ ਜੜ ਦਾ, ਚੇਤਨ ਸਤਿ ਨਾ ਕੋਇ ਸਮਝਾਈਆ । ਜਿਧਰ ਤੱਕਾਂ ਦੀਨ ਮਜ਼੍ਹਬ ਲੜਦਾ, ਨਾਮ ਕਲਮਿਆਂ ਵਾਲੀ ਦੁਹਾਈਆ । ਨਵ ਸੱਤ ਗੜ੍ਹ ਬਣਿਆ ਹੰਕਾਰੀ ਗੜ੍ਹ ਦਾ, ਸਤਿ ਸਚ ਵਿਚ ਨਾ ਕੋਇ ਸਮਾਈਆ । ਮੈਂ ਨਿਗਾਹ ਮਾਰੀ ਲਹਿੰਦਾ ਚੜ੍ਹਦਾ, ਦੱਖਣ ਪਹਾੜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਮੈਂ ਦੁਖੀਆਂ ਵਿਚੋਂ ਜਨ ਭਗਤਾਂ ਕੀਤੀ ਭਾਲ, ਖੋਜਤ ਖੋਜਤ ਧਿਆਨ ਲਗਾਈਆ । ਕੋਟਾਂ ਵਿਚੋਂ ਲੱਭੇ ਗੁਰਮੁਖ ਲਾਲ, ਜਿਨ੍ਹਾਂ ਦਿਤੀ ਪ੍ਰਭੂ ਸਰਨਾਈਆ । ਉਹ ਨਾਤਾ ਤੋੜ ਗਏ ਸ਼ਾਹ ਕੰਗਾਲ, ਇਕੋ ਰੰਗ ਆਪਣੇ ਅੰਗ ਲਗਾਈਆ । ਸਤਿਗੁਰ ਸ਼ਾਹ ਬਣਾ ਦਲਾਲ, ਵਿਚੋਲਾ ਇਕੋ ਇਕ ਜਣਾਈਆ । ਫਲ ਲਗਾ ਕਾਇਆ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਜਲਵਾ ਤੱਕ ਨੂਰ ਜਲਾਲ, ਜ਼ਾਹਰ ਜ਼ਹੂਰ ਨਜ਼ਰੀ ਆਈਆ ।

੧੨੬੯ ੨੩ ਕਿਰਪਾ ਕਰੇ ਪੁਰਖ ਅਕਾਲ, ਹਰਿ ਕਰਤਾ ਧੁਰਦਰਗਾਹੀਆ । ਸਚ ਵਸਤ ਧੁਰ ਦੀ ਦੇਵੇ ਨਾਲ, ਦੋ ਜਹਾਨਾਂ ਸੰਗ ਬਣਾਈਆ । ਨੇੜ ਨਾ ਆਏ ਕਾਲ ਮਹਾਕਾਲ, ਭੈ ਭਿਆਨਕ ਵੇਖ ਵਖਾਈਆ । ਸਚਖੰਡ ਦਵਾਰ ਬਿਠਾਏ ਸੱਚੀ ਧਰਮਸਾਲ, ਦਰਗਾਹ ਸਾਚੀ ਆਪ ਸੁਹਾਈਆ । ਨਾਤਾ ਰਹੇ ਨਾ ਤ੍ਰੈਗੁਣ ਮਾਇਆ ਜਗਤ ਜੰਜਾਲ, ਜਾਗਰਤ ਜੋਤ ਵਿਚ ਮਿਲਾਈਆ । ਨਾਮ ਪਦਾਰਥ ਕਰੇ ਮਾਲੋ ਮਾਲ, ਅਤੋਟ ਅਤੁਟ ਵਰਤਾਈਆ । ਜੋਤੀ ਜਾਤਾ ਪੁਰਖ ਬਿਧਾਤਾ ਸਤਿਗੁਰ ਸ਼ਬਦ ਸੁਹੇਲਾ ਹੋਵੇ ਨਾਲ, ਦੋ ਜਹਾਨਾਂ ਵਿਛੜ ਕਦੇ ਨਾ ਜਾਈਆ । ਧਰਨੀ ਕਹੇ ਮੈਂ ਵੇਖਾਂ ਮੁਰੀਦਾਂ ਹਾਲ, ਜਿਨ੍ਹਾਂ ਉਤੇ ਮੁਰਸ਼ਦ ਦਇਆ ਕਮਾਈਆ । ਮੇਰੀ ਲੇਖੇ ਲਾਏ ਘਾਲ, ਘਾਇਲ ਕੀਤੀ ਜੋ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਪ ਸੰਭਾਲ, ਸੰਬਲ ਬਹਿ ਕੇ ਵੇਖੇ ਥਾਉਂ ਥਾਈਂਆ ।

## ੨੨ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਫ਼ਿਰੋਜ਼ਪੁਰ ਛਾਉਣੀ ਗਵਾਲ ਟੋਲੀ ਨਰਿੰਦਰ ਕੌਰ ਦੇ ਨਵਿਤ

ਅੱਸੂ ਕਹੇ ਮੇਰਾ ਪ੍ਰਵਿਸ਼ਟਾ ਬਾਈ, ਬਾਈਬਲ ਵਿਚ ਬਾਈਬਲ ਧਾਰ ਯਸੂਹ ਗਿਆ ਸਮਝਾਈਆ । ਜਿਸ ਸਲੀਵ ਲੈ ਕੇ ਦਿਤੀ ਦੁਹਾਈ, ਦੋ ਜਹਾਨ ਕੀਤੀ ਸ਼ਨਵਾਈਆ । ਮੇਰਾ ਪਿਤਾ ਅੱਬਾ ਨੂਰ ਖ਼ੁਦਾਈ, ਖ਼ਾਲਕ ਖ਼ਲਕ ਮਖ਼ਲੂਕ ਧਾਰ ਸਮਝਾਈਆ । ਜੋ ਲੇਖਾ ਲਹਿਣਾ ਦੇਣਾ ਪੂਰਾ ਕਰੇ

ਵਾਹੋ ਦਾਹੀ, ਨੂਰ ਨੁਰਾਨਾ ਆਪਣਾ ਪੰਧ ਮੁਕਾਈਆ । ਮੁਹੰਮਦ ਲੇਖਾ ਲਿਖਿਆ ਨਾਲ ਸ਼ਾਹੀ, ਕਲਮ ਨਾਲ ਕਾਇਨਾਤ ਸਮਝਾਈਆ । ਮੇਰਾ ਅਮਾਮ ਅਮਾਮਾ ਧੁਰਦਰਗਾਹੀ, ਮੁਕਾਮੇ ਹਕ ਖੇਲ ਖਿਲਾਈਆ । ਜਿਸ ਦਾ ਲੇਖਾ ਧਰਨੀ ਧਰਤ ਧਵਲ ਚੌਦਾਂ ਤਬਕ ਹਰ ਘਟ ਥਾਈਂ, ਦੀਨ ਦੁਨੀ ਧਿਆਨ ਲਗਾਈਆ । ਮਿਹਰਵਾਨ ਮਹਿਬੂਬ ਬਣ ਗੁਸਾਈਂ, ਗੋਸ਼ੇ ਕੋਨੇ ਫੋਲ ਫੁਲਾਈਆ । ਨੂਰੀ ਅੱਲਾ ਆਲਮੀਨ ਬਣ ਕੇ ਰਾਹੀ, ਰਹਿਮਤ ਰਹਿਮ ਨਾਲ ਕਮਾਈਆ । ਚਾਰ ਯਾਰ ਦੇਣ ਗਵਾਹੀ, ਸ਼ਹਾਦਤ ਕਲਮੇ ਵਾਲੀ ਭੁਗਤਾਈਆ । ਨਾਨਕ ਨਿਰਗੁਣ ਧਾਰ ਸਰਗੁਣ ਗਿਆ ਸਮਝਾਈ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਪੁਰਖ ਅਕਾਲਾ ਦੀਨ ਦਿਆਲਾ ਅਗੰਮ ਅਥਾਹੀ, ਅਲਖ ਅਗੋਚਰ ਵਡ ਵਡਿਆਈਆ । ਜਿਸ ਨੂਰ ਜੋਤ ਨਰਾਇਣ ਕੀਤੀ ਰੁਸ਼ਨਾਈ, ਨਿਰਵੈਰ ਆਪਣਾ ਖੇਲ ਖਿਲਾਈਆ । ਜੋ ਸਵਾਮੀ ਅੰਤਰਜਾਮੀ ਵੇਖਣਹਾਰਾ ਥਾਉਂ ਥਾਈਂ, ਧਰਨੀ ਧਰਤ ਧਵਲ ਧੌਲ ਭੇਵ ਰਹੇ ਨਾ ਰਾਈਆ । ਜਿਸ ਖੇਲ ਖਿਲਾਉਣਾ ਗੋਬਿੰਦ ਗੋਬਿੰਦ ਗੋਬਿੰਦ ਧਾਰ ਮਾਹੀ, ਮਹਿਬੂਬ ਨੂਰ ਨੁਰਾਨਾ ਨਜ਼ਰੀ ਆਈਆ । ਗੋਬਿੰਦ ਸੰਦੇਸ਼ਾ ਦੇਵੇ ਮੇਰਾ ਲਹਿਣਾ ਦੇਣਾ ਲੇਖਾ ਵੇਖੇ ਸਾਲ ਢਾਈ, ਢੌਂਕੇ ਵਿਚ ਆਪਣਾ ਪੰਧ ਮੁਕਾਈਆ । ਜਿਸ ਕਾਰਨ ਬੂਟਾ ਪੁਟਿਆ ਕਾਹੀ, ਕਾਇਨਾਤ ਕਲੂ ਕਲ ਜੜ ਉਖੜਾਈਆ । ਜਿਸ ਸਥਰ ਯਾਰੜੇ ਸੇਜ ਵਿਛਾਈ, ਮਾਛੂਵਾੜੇ ਖ਼ੁਸ਼ੀ ਬਣਾਈਆ । ਸ਼ਬਦ ਸ਼ਬਦੀ ਸ਼ਬਦ ਡੰਕ ਗਿਆ ਵਜਾਈ, ਜ਼ਿਮੀਂ ਅਸਮਾਨਾਂ ਦੋ ਜਹਾਨਾਂ ਕਰ ਸ਼ਨਵਾਈਆ । ਜਿਸ ਨੇ ਸਭ ਦਾ ਫ਼ਾਤਿਆ ਪੜ੍ਹ ਕੇ ਫ਼ਤਿਹ ਗਜਾਈ, ਫ਼ੈਸਲਾ ਹਕ ਹਕ ਸੁਣਾਈਆ । ਸੋ ਲੇਖਾ ਜਾਣੇ ਮਾਲਕ ਧੁਰਦਰਗਾਹੀ, ਦਰਗਾਹ ਸਾਚੀ ਮੁਕਾਮੇ ਹਕ ਸਚਖੰਡ ਨੂਰ ਰੁਸ਼ਨਾਈਆ । ਉਹ ਜੁਗ ਜੁਗ ਲਹਿਣਾ ਦੇਣਾ ਦੇਵੇ ਚਾਈਂ ਚਾਈਂ, ਚਾਓ ਘਨੇਰਾ ਭਗਤਾਂ ਨਾਲ ਰਖਾਈਆ । ਆਤਮ ਧਾਰ ਪਰਮਾਤਮ ਬਣ ਕੇ ਪਿਤਾ ਮਾਈ, ਪਾਰਬ੍ਰਹਮ ਬ੍ਰਹਮ ਆਪਣੀ ਗੋਦ ਰਖਾਈਆ । ਅੰਮ੍ਰਿਤ ਆਤਮ ਰਸ ਨਿਝਰ ਝਿਰਨਿਊਂ ਦਏ ਝਿਰਾਈ, ਬੂੰਦ ਸਵਾਂਤੀ ਕਮਲਾਪਾਤੀ ਆਪ ਟਪਕਾਈਆ । ਅਨਹਦ ਸ਼ਬਦ ਅਨਾਦੀ ਧੁਨ ਦਏ ਵਜਾਈ, ਅਨਾਹਦ ਅਨਾਹਤ ਆਪਣਾ ਰਾਗ ਦ੍ਰਿੜਾਈਆ । ਦੀਆ ਬਾਤੀ ਕਮਲਾਪਾਤੀ ਨੂਰੀ ਜੋਤ ਕਰੇ ਰੁਸ਼ਨਾਈ, ਅੰਧ ਅਗਿਆਨ ਦਏ ਚੁਕਾਈਆ । ਜੋ ਪੁਰਖ ਅਕਾਲਾ ਦੀਨ ਦਿਆਲਾ ਹਰਿਜਨ ਪਕੜ ਉਠਾਏ ਫੜ ਕੇ ਬਾਹੀਂ, ਸੁਰਤੀ ਵਿਚ ਸੋਇਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅੱਸੂ ਕਹੇ ਮੇਰਾ ਪ੍ਰਵਿਸ਼ਟਾ ਬੀਸ ਦੋ ਦੀ ਧਾਰ, ਬਾਈ ਅੰਕ ਨਾਲ ਵਡਿਆਈਆ । ਕੀ ਖੇਲ ਕਰੇ ਕਰਤਾ ਧੁਰ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਸੋ ਪੁਰਖ ਨਿਰੰਜਣ ਹੋਵੇ ਆਪ ਸਹਾਰ, ਹਰਿ ਪੁਰਖ ਨਿਰੰਜਣ ਸਿਰ ਆਪਣਾ ਹੱਥ ਟਿਕਾਈਆ । ਏਕੰਕਾਰ ਦੇ ਅਧਾਰ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰ, ਸ੍ਰੀ ਭਗਵਾਨ ਵੇਖੇ ਚਾਈਂ ਚਾਈਆ । ਪਾਰਬ੍ਰਹਮ ਬ੍ਰਹਮ ਹੋ ਤਿਆਰ, ਤ੍ਰੈਗੁਣ ਦਾ ਲਹਿਣਾ ਦੇਣਾ ਦਏ ਮੁਕਾਈਆ । ਸਾਚੇ ਭਗਤਾਂ ਬਖ਼ਸ਼ ਚਰਨ ਪਿਆਰ, ਮੇਲ ਮਿਲਾਵਾ ਸਹਿਜ ਸੁਖਦਾਈਆ । ਘਰ ਸਵਾਮੀ ਮਿਲੇ ਠਾਕਰ ਯਾਰ, ਠੋਕਰ ਜਗਤ ਨਾ ਕੋਇ ਵਖਾਈਆ । ਜਿਸ ਦੀ ਸਿਫ਼ਤ ਕਾਗਦ ਕਲਮ ਸ਼ਾਹੀ ਨਾ ਲਿਖਣਹਾਰ, ਅੰਤ ਕਹਿਣ ਕਿਛ ਨਾ ਪਾਈਆ । ਸੋ ਗੁਰਮੁਖ ਸੰਤ ਸੁਹੇਲੇ ਵੇਖੇ ਵਿਗਸੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੋਂ ਬਾਹਰ ਧਿਆਨ ਲਗਾਈਆ । ਜੋ ਹਿਰਦੇ ਅੰਦਰ ਕਾਇਆ ਮੰਦਰ ਦੀਪਕ ਨੂਰ ਹੋਏ ਉਜਿਆਰ, ਜੋਤੀ ਜਾਤੇ ਡਗਮਗਾਈਆ ।

੧੨੭੦
੨੩

ਤਿਨ੍ਹਾਂ ਦੀ ਪਾਵਣਹਾਰਾ ਸਾਰ, ਮਹਾਸਾਰਥੀ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਕਹੇ ਮੇਰਾ ਬਾਈਸਵਾਂ ਪ੍ਰਵਿਸ਼ਟਾ, ਦਿਵਸ ਰਾਤੀ ਧਿਆਨ ਲਗਾਈਆ । ਕੀ ਖੇਲ ਪ੍ਰਭੂ ਕਰੇ ਵਿਚ ਸ੍ਰਿਸ਼ਟਾ, ਸ੍ਰਿਸ਼ਟੀ ਦ੍ਰਿਸ਼ਟੀ ਪਰਦਾ ਆਪ ਚੁਕਾਈਆ । ਚਾਰੋਂ ਕੁੰਟ ਸਤਿ ਧਰਮ ਦਾ ਵੇਖੇ ਇਸ਼ਟਾ, ਇਸ਼ਟ ਦੇਵ ਸਵਾਮੀ ਪਰਦਾ ਆਪ ਚੁਕਾਈਆ । ਜਨ ਭਗਤਾਂ ਧਰਮ ਦਾ ਬਖ਼ਸ਼ ਦੇ ਇਕ ਨਿਸਚਾ, ਨਿਸਚਿਤ ਆਪਣੇ ਰੰਗ ਰੰਗਾਈਆ । ਇਕੋ ਇਕਾਈ ਦਾ ਦੱਸ ਕੇ ਹਿੰਦਸਾ, ਜ਼ੀਰੋ ਸਿਫ਼ਰ ਦੇ ਲਹਿਣੇ ਦੇਣੇ ਦਏ ਮੁਕਾਈਆ । ਝਗੜਾ ਰਹੇ ਨਾ ਜੀਉ ਪਿੰਡ ਕਾ, ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਈਆ । ਖੇਲ ਵਖਾ ਕੇ ਗੁਣੀ ਗਹਿੰਦ ਕਾ, ਗਹਿਰ ਗੰਭੀਰ ਬੇਨਜ਼ੀਰ ਆਪਣੇ ਰੰਗ ਰੰਗਾਈਆ । ਝਗੜਾ ਮੇਟ ਕੇ ਕੂੜੀ ਕਿਰਿਆ ਚਿੰਦ ਕਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਨਾਮ ਭੰਡਾਰਾ ਅੰਮ੍ਰਿਤ ਬਖ਼ਸ਼ ਕੇ ਸਾਗਰ ਸਿੰਧ ਕਾ, ਗਹਿਰ ਗੰਭੀਰ ਗਵਰ ਆਪ ਵਰਤਾਈਆ । ਜੋ ਮਾਲਕ ਜਗਤ ਜਹਾਨਾ ਸ੍ਰੀ ਭਗਵਾਨਾ ਨੌ ਖੰਡ ਪ੍ਰਿਥਮੀ ਸੱਤ ਦੀਪ ਲੇਖਾ ਜਾਣੇ ਹਿੰਦ ਕਾ, ਹਿੰਦ ਹਿੰਦਵੈਣ ਧਿਆਨ ਲਗਾਈਆ । ਉਹ ਵਕਤ ਸੁਹੰਜਣਾ ਕਰੇ ਕੂੜ ਕੁੜਿਆਰੀ ਨਿੰਦ ਕਾ, ਚੁਗ਼ਲੀ ਨਿੰਦਿਆ ਖੋਜ ਖੁਜਾਈਆ । ਉਹ ਸਹਾਰਾ ਬਖ਼ਸ਼ੇ ਜਨ ਭਗਤਾਂ ਜੋਤੀ ਧਾਰ ਬਿੰਦ ਕਾ, ਬਿੰਦਰਾਬਨ ਦਾ ਕਾਹਨ ਗਿਆ ਸਮਝਾਈਆ । ਉਹ ਲੇਖਾ ਪੂਰਾ ਕਰੇ ਸੁਰਪਤ ਰਾਜੇ ਇੰਦ ਕਾ, ਪੀਰ ਖਵਾਜਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਅੱਸੂ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਚੰਗੀ ਤਰਾ ਜਣਾਈਆ । ਜਨ ਭਗਤਾਂ ਪੂਰੀਆਂ ਹੋਵਣ ਮੰਗਾਂ, ਮਾਂਗਤਾਂ ਝੋਲੀ ਦੇ ਭਰਾਈਆ । ਸਚ ਪਿਆਰ ਦਾ ਬਖ਼ਸ਼ ਕੇ ਅਨੰਦਾ, ਅਨੰਦ ਅਨੰਦ ਵਿਚੋਂ ਸਮਝਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦਾ, ਸਦੀ ਚੌਧਵੀਂ ਖੋਜ ਖੁਜਾਈਆ । ਜਿਸ ਲੇਖਾ ਪੂਰਾ ਕਰਨਾ ਭੁੱਖਾ ਨੰਗਾ, ਗ਼ਰੀਬ ਨਿਮਾਣਿਆਂ ਦੇਵੇ ਮਾਣ ਵਡਿਆਈਆ । ਜਿਸ ਦਾ ਸ਼ਬਦੀ ਧਾਰ ਅਗੰਮੀ ਪੰਜਾ, ਪੰਜ ਆਬ ਦੀ ਧਾਰ ਫੇਲ ਫੁਲਾਈਆ । ਉਸ ਲਹਿਣਾ ਦੇਣਾ ਪੂਰਾ ਕਰਨਾ ਗੋਬਿੰਦ ਧਾਰ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਨ ਭਗਤਾਂ ਮੀਤ ਸੁਹੇਲਾ ਹੋਏ ਬਖ਼ਸ਼ਿੰਦਾ, ਰਹਿਮਤ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਅੱਸੂ ਕਹੇ ਮੈਂ ਦੱਸਾਂ ਨਾਲ ਧਰਮ, ਮਾਨਸ ਮਾਨਵ ਮਾਨੁਖ ਜ਼ਾਤੀ ਆਪ ਦ੍ਰਿੜਾਈਆ । ਪ੍ਰਭੂ ਪਿਆਰ ਅੰਤਸ਼ਕਰਨ ਦਾ ਉਚਾ ਕਰਮ, ਨਿਹਕਰਮੀ ਦੇਵੇ ਮਾਣ ਵਡਿਆਈਆ । ਝਗੜਾ ਮੇਟਣਾ ਜ਼ਾਤ ਪਾਤ ਵਰਨ ਬਰਨ, ਭੇਵ ਅਭੇਦਾ ਦਏ ਖੁਲਾਈਆ । ਸਚ ਪ੍ਰੀਤੀ ਦੇ ਕੇ ਸਰਨ, ਸਰਨਗਤ ਇਕ ਦ੍ਰਿੜਾਈਆ । ਜਨ ਭਗਤਾਂ ਨੇਤਰ ਖੋਲ ਕੇ ਹਰਨ ਫਰਨ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਮਰਨ ਡਰਨ, ਚੁਰਾਸੀ ਵਿਚੋਂ ਬਾਹਰ ਕਢਾਈਆ । ਜਮ ਕਾ ਦੂਤ ਨਾ ਆਏ ਫੜਨ, ਸਤਿਗੁਰ ਸ਼ਬਦ ਹੋਏ ਸਹਾਈਆ । ਹਰਿਜਨ ਬੰਨ੍ਹ ਕੇ ਆਪਣੇ ਲੜਨ, ਪੱਲੂ ਆਪਣੇ ਗੰਢ ਬੰਧਾਈਆ । ਜਗਤ ਮੁਕਾ ਕੇ ਭੈ ਭਓ ਡਰਨ, ਭਿਆਨਕ ਹੋਵੇ ਆਪ ਸਹਾਈਆ । ਜੋ ਸੰਤ ਸੁਹੇਲੇ ਪ੍ਰਭ ਸਰਨਾਈ ਲਾਗਣ ਸਰਨ, ਚਰਨ ਧੂੜ ਖ਼ਾਕ ਰਮਾਈਆ । ਝਗੜਾ ਮੇਟ ਕੇ ਜਨਮ ਮਰਨ, ਮਰ ਜੀਵਤ ਰੂਪ ਸਮਝਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਮੰਜ਼ਲ ਹਕੀਕੀ ਚੜ੍ਹਨ, ਭੱਜਣ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਆਤਮ

੧੨੭੧
੨੩

ਪਰਮਾਤਮ ਢੋਲਾ ਪੜ੍ਹਨ, ਸਤਿਗੁਰ ਸ਼ਬਦ ਵਜਦੀ ਰਹੇ ਵਧਾਈਆ । ਸੋ ਸਵਾਮੀ ਸਭ ਦਾ ਜਾਣੇ ਘਾੜਨ ਘੜਨ, ਘੜਨ ਭੰਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਅੱਸੂ ਕਹੇ ਜਨ ਭਗਤਾਂ ਭਾਗ ਮਥਣ, ਮੇਰਾ ਸਾਹਿਬ ਸਤਿਗੁਰ ਦਏ ਵਡਿਆਈਆ । ਜਿਸ ਦਾ ਪ੍ਰਕਾਸ਼ ਨੂਰ ਅਗੰਮੀ ਚੰਨ, ਚੰਨ ਚਾਨਣੇ ਬੈਠੇ ਨੈਣ ਸ਼ਰਮਾਈਆ । ਸੋ ਭਗਤ ਸੁਹੇਲਾ ਬੇੜਾ ਦੇਵੇ ਬੰਨ੍ਹ, ਸਿਰ ਆਪਣਾ ਹੱਥ ਟਿਕਾਈਆ । ਧੁਰ ਦਾ ਗੀਤ ਸੁਣਾਏ ਕੰਨ, ਅਗੰਮੀ ਰਾਗ ਜਣਾਈਆ । ਮਾਣ ਦੇ ਕੇ ਤਨ ਵਜੂਦ ਮਾਟੀ ਖ਼ਾਕ ਬੁਧ ਮਤ ਮਨ, ਮਨਸਾ ਸਭ ਦੀ ਖੋਜ ਖੁਜਾਈਆ । ਭੇਵ ਜਣਾ ਕੇ ਆਤਮ ਧਾਰ ਬ੍ਰਹਮ, ਪਾਰਬ੍ਰਹਮ ਪ੍ਰਭ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚਖੰਡ ਨਿਰਗੁਣ ਪੁਰਖ ਅਬਿਨਾਸ਼ੀ ਹੋਏ ਆਪ ਸਹਾਈਆ । ਅੱਸੂ ਕਹੇ ਜਨ ਭਗਤੋ ਮੇਰੀ ਡੰਡਾਵਤ ਇਕੋ ਬੰਦਨਾ, ਬੰਦਗੀਆਂ ਵਾਲਿਓ ਸੀਸ ਨਿਵਾਈਆ । ਜੋ ਸਵਾਮੀ ਦੇਵੇ ਨਿਜ ਘਰ ਅਨੰਦਨਾ, ਨਿਜ ਆਤਮ ਮੇਲ ਮਿਲਾਈਆ । ਤਿਸ ਦਾ ਦਵਾਰਾ ਜ਼ਰੂਰ ਲੰਘਣਾ, ਹਜ਼ੂਰ ਨੂੰ ਮਿਲਣਾ ਚਾਈਂ ਚਾਈਂਆ । ਜੋ ਸਤਿ ਸਰੂਪੀ ਚਾੜ੍ਹੇ ਰੰਗਣਾ, ਕੂੜ ਕੁੜਿਆਰ ਦਾ ਡੇਰਾ ਢਾਹੀਆ । ਉਹਦਾ ਲੇਖਾ ਨਾ ਹੋਵੇ ਮੰਦਨਾ, ਮੰਦ ਹੀਣ ਨਾ ਕੋਇ ਅਖਵਾਈਆ । ਭੇਵ ਚੁਕਾਏ ਖੰਡ ਬ੍ਰਹਿਮੰਡ ਬ੍ਰਹਿਮੰਡਣਾ, ਬ੍ਰਹਿਮਾਂਡ ਦਾ ਡੇਰਾ ਢਾਹੀਆ । ਜਨ ਭਗਤਾਂ ਦੇਵੇ ਸੁਖ ਅਨੰਦਨਾ, ਅਨੰਦ ਅਨੰਦ ਵਿਚੋਂ ਜਣਾਈਆ । ਹਰਿਜਨ ਚਾੜ੍ਹੇ ਸਚ ਦੀ ਰੰਗਣਾ, ਰੰਗਤ ਇਕੋ ਨਾਮ ਰਖਾਈਆ । ਬਾਈ ਅੱਸੂ ਕਹੇ ਮੇਰਾ ਧੰਨਭਾਗ ਦਿਹਾੜਾ ਦਿਵਸ ਜਿਸ ਵਿਚ ਜਨ ਭਗਤਾਂ ਦਾ ਹੋਵੇ ਜੰਮਣਾ, ਜਨਮ ਜਨਮ ਦਾ ਲੇਖਾ ਪੂਰ ਕਰਾਈਆ । ਕੂੜੀ ਤ੍ਰਿਸ਼ਨਾ ਤ੍ਰਿਖਾ ਰਹੇ ਨਾ ਤਮੱਨਾ, ਤਾਮਸ ਰੂਪ ਨਾ ਕੋਇ ਬਦਲਾਈਆ । ਹਰਖ ਸੋਗ ਨਾ ਕੋਈ ਹੋਵੇ ਗ਼ਮਨਾ, ਖ਼ੁਸ਼ੀਆਂ ਵੰਡ ਨਾ ਕੋਇ ਵੰਡਾਈਆ । ਪ੍ਰਭੂ ਪਿਆਰ ਵਿਚ ਆਪਣਾ ਅੰਤਸ਼ਕਰਨ ਬੰਨ੍ਹਣਾ, ਦੂਸਰ ਓਟ ਨਾ ਕੋਇ ਵਖਾਈਆ । ਘਰ ਘਰ ਵਿਚ ਪਾਉਣਾ ਅਨੰਦਨਾ, ਨਿਜਾ ਨੰਦ ਵਿਚ ਅਨੰਦ ਦਏ ਵਖਾਈਆ । ਜਨ ਭਗਤੋ ਪ੍ਰਭ ਚਰਨ ਧੂੜ ਸਭ ਤੋਂ ਉੱਤਮ ਸ੍ਰੇਸ਼ਟ ਮਜਨਾ, ਦੁਰਮਤ ਮੈਲ ਧਵਾਈਆ । ਬਿਨ ਹਰਿ ਕਿਰਪਾ ਮਿਲੇ ਨਾ ਗੋਪਾਲ ਮੋਹਨ ਮਦਨਾ, ਮਾਧਵ ਨਜ਼ਰ ਕਿਸੇ ਨਾ ਆਈਆ । ਜਿਸ ਸਵਾਮੀ ਜਗਤ ਇਸ਼ਾਰੇ ਨਾਲ ਕਿਸੇ ਨਹੀਂ ਸੱਦਣਾ, ਸੋ ਸਤਿਗੁਰ ਹੋਵੇ ਆਪ ਸਹਾਈਆ । ਜੋ ਲੇਖਾ ਜਾਣੇ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਉਸ ਦਾ ਡੰਕਾ ਰਾਓ ਰੰਕਾਂ ਵਿਚ ਇਕੋ ਵੱਜਣਾ, ਵਾਹਿਦ ਕਲਮਾ ਕਾਇਨਾਤ ਕਰੇ ਸ਼ਨਵਾਈਆ । ਦੀਪਕ ਜੋਤ ਨੂਰ ਨੁਰਾਨਾ ਇਕੋ ਜਗਣਾ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਭਗਤ ਵਛਲ ਗਿਰਵਰ ਗਿਰਧਾਰਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਨੂਰ ਅਲਾਹ ਬੇਪ੍ਰਵਾਹ ਜਨ ਭਗਤਾਂ ਲੇਖੇ ਲਾਵੇ ਮਾਤਲੋਕ ਵਿਚ ਜੰਮਣਾ, ਅਗੇ ਜਨਮ ਕਰਮ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅੱਸੂ ਕਹੇ ਮੇਰਾ ਸਵਾਮੀ ਖ਼ਾਲਕ ਖ਼ਲਕ, ਨੂਰ ਨੁਰਾਨਾ ਨੌਜਵਾਨਾ ਇਕ ਅਖਵਾਈਆ । ਜੋ ਵਸੇ ਗ੍ਰਿਹ ਮੰਦਰ ਹਰ ਘਟ ਅੰਤਰ ਪਿਛੇ ਪਲਕ, ਪਲਕਾਂ ਓਹਲੇ ਡੇਰਾ ਲਾਈਆ । ਉਹ ਵੇਖਣਹਾਰਾ ਪ੍ਰਕਾਸ਼ ਅਕਾਸ਼ ਫ਼ਲਕ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਜਿਸ ਦੀ ਜਨ ਸੰਤਾਂ ਅੰਦਰ ਇਕੋ ਜੋਤ ਦੀ ਝਲਕ, ਝਾਕੀਆਂ ਸਾਰੀਆਂ ਬੰਦ

੧੨੭੨
੨੩

ਕਰਾਈਆ । ਚਰਨ ਧੂੜ ਦਾ ਲਾ ਕੇ ਤਿਲਕ, ਜਗਤ ਦੀ ਤਿਲਕਣ ਬਾਜ਼ੀ ਵਿਚੋਂ ਬਾਹਰ ਕਢਾਈਆ । ਮਨ ਦੀ ਮਨਸਾ ਮੇਟ ਕੇ ਕੁੜਿਆਰ ਧਾਰ ਨਿੰਦਤ, ਸਤਿ ਸਚ ਦਏ ਸਮਝਾਈਆ । ਓਹ ਲੇਖਾ ਜਾਣੇ ਚੜ੍ਹਦਾ ਲਹਿੰਦਾ ਦੱਖਣ ਪਹਾੜ ਵਾਲੀ ਸਿੰਮਤ, ਦਹਿ ਦਿਸ਼ਾ ਆਪਣਾ ਭੇਵ ਚੁਕਾਈਆ । ਗੁਰਮੁਖ ਗੁਰਸਿਖ ਪਿਆਰਿਆਂ ਸਤਿਗੁਰ ਸ਼ਬਦ ਬਖ਼ਸ਼ ਕੇ ਹਿੰਮਤ, ਨਾਮ ਹੌਸਲੇ ਦਏ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਖੇਲ ਕਹੇ ਮੇਰਾ ਸਵਾਮੀ ਜੁਗ ਜੁਗ ਖੇਲਦਾ, ਖੇਲਣਹਾਰ ਕਰਤਾਰ । ਜੁਗ ਜਨਮ ਦੇ ਵਿਛੜੇ ਸ਼ਬਦੀ ਧਾਰ ਮੇਲਦਾ, ਸੁਰਤੀ ਸੁਰਤ ਦੇ ਅਧਾਰ । ਜੋਤ ਪ੍ਰਕਾਸ਼ ਦੀਪਕ ਲੇਖਾ ਬਿਨ ਬਾਤੀ ਤੇਲ ਦਾ, ਨੂਰ ਨੁਰਾਨਾ ਪਾਵੇ ਸਾਰ । ਝਗੜਾ ਮੁਕਾਵੇ ਲੱਖ ਚੁਰਾਸੀ ਧਰਮ ਰਾਏ ਦੀ ਜੇਲ ਦਾ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਗ੍ਰਿਹਿ ਮੰਦਰ ਸੁਹਾ ਨਵੇਲ ਦਾ, ਦਰਗਾਹ ਸਾਚੀ ਦੇਵੇ ਗ੍ਰਿਹਿ ਨਿਆਰ । ਜਿਥੇ ਲਹਿਣਾ ਦੇਣਾ ਵਾਹਿਦ ਏਕੰਕਾਰ ਅਕੇਲ ਦਾ, ਯਕੇ ਬਾਦ ਦੀਗਰੇ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਹਰਿਜਨ ਸਾਚੇ ਸੱਜਣ ਸੁਹੇਲ ਦਾ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ ।



## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੇਠੂਵਾਲ ਹਰਿ ਭਗਤ ਦਵਾਰ ਦਲਜੀਤ ਸਿੰਘ ਦੇ ਨਵਿਤ ✪

੧੨੭੩
੨੩

ਧਰਨੀ ਕਹੇ ਮੈਂ ਭਗਤ ਪਿਆਰ ਭੁੱਖੀ, ਜੁਗ ਜੁਗ ਭਗਤਾਂ ਰਾਹ ਤਕਾਈਆ । ਭਾਗ ਲਗਾਵਣ ਮੇਰੀ ਕੁੱਖੀ, ਮੈਨੂੰ ਮਿਲੇ ਮਾਣ ਵਡਿਆਈਆ । ਮੇਰਾ ਅੰਤਸ਼ਕਰਨ ਰਹੇ ਨਾ ਦੁਖੀ, ਦੁੱਖ ਦਲਿਦਰ ਡੇਰਾ ਢਾਹੀਆ । ਮੇਰਾ ਉਜਲ ਹੋਵੇ ਮੁਖੀ, ਹਰਿਜਨ ਵੇਖਾਂ ਚਾਈਂ ਚਾਈਂਆ । ਜਿਨ੍ਹਾਂ ਦਾ ਲਹਿਣਾ ਮੁਕੇ ਉਲਟੀ ਕੁੱਖੀ, ਅਗਨੀ ਤਤ ਨਾ ਕੋਇ ਤਪਾਈਆ । ਮੈਂ ਸਦ ਸੁੱਖਣਾ ਰਹੀ ਸੁੱਖੀ, ਪ੍ਰਭ ਚਰਨ ਸੀਸ ਝੁਕਾਈਆ । ਮੇਰੇ ਸਾਹਿਬ ਆਪਣਿਆਂ ਭਗਤਾਂ ਮੰਜ਼ਲ ਕਰਨੀ ਉਚੀ, ਉਚ ਅਗੰਮ ਦੇਣੀ ਵਡਿਆਈਆ । ਮੇਰੀ ਮਾਟੀ ਖ਼ਾਕ ਹੋਵੇ ਸੁੱਚੀ, ਸਚ ਸੰਜਮ ਨਾਲ ਮਿਲਾਈਆ । ਮੇਰੀ ਗੰਢ ਪਵੇ ਜਨ ਭਗਤਾਂ ਤੇਰਿਆਂ ਪੁਤੀਂ, ਜੁਗ ਜੁਗ ਜਿਨ੍ਹਾਂ ਦੇ ਨਾਮ ਦੀ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭ ਮੇਰੇ ਗਹਿਰ ਗੰਭੀਰਾ, ਸਤਿਗੁਰੂ ਤੇਰੀ ਸ਼ਰਨਾਈਆ । ਮੇਰੇ ਸਵਾਮੀ ਧੁਰ ਦੇ ਪੀਰਾ, ਪੀਰਨ ਪੀਰ ਤੇਰੀ ਵਡਿਆਈਆ । ਤੇਰਾ ਭਗਤ ਸੁਹੇਲਾ ਮੈਂ ਵੇਖਾਂ ਜਗਤ ਹੀਰਾ, ਹਰਿਜਨ ਸਾਚਾ ਸੋਭਾ ਪਾਈਆ । ਜਿਸ ਨੂੰ ਅੰਮ੍ਰਿਤ ਤੇਰਾ ਮਿਲਿਆ ਰਸ ਨੀਰਾ, ਅੰਮਿਉਂ ਰਸ ਦਿਤਾ ਚੁਆਈਆ । ਮੈਨੂੰ ਸੰਦੇਸਾ ਦੇ ਕੇ ਗਿਆ ਕਬੀਰਾ, ਸ਼ਬਦੀ ਸ਼ਬਦ ਦ੍ਰਿੜਾਈਆ । ਧਰਨੀਏ ਧਵਲੇ ਰਖੀਂ ਧੀਰਾ, ਸੰਤੋਖ ਨਾਲ ਜਣਾਈਆ । ਤੱਕੀਂ ਨਾਲ ਆਪਣੀ ਨਜ਼ੀਰਾ, ਬੇਨਜ਼ੀਰ ਵਖਾਈਆ । ਜਿਸ ਨੇ ਤੇਰੀ ਬਦਲਣੀ ਤਕਦੀਰਾ, ਕਲਜੁਗ ਕੂੜੀ ਕਿਰਿਆ ਮੇਟ ਮਿਟਾਈਆ । ਨਾਮ ਖੰਡਾ ਫੜ ਸ਼ਮਸ਼ੀਰਾ, ਸ਼ਰਅ ਦੇ ਲੇਖੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਮੇਰੇ ਸਵਾਮੀ ਤੇਰੇ ਭਗਤਾਂ ਤੱਕਾਂ ਰਾਹ, ਬਿਨ

ਨੈਣਾਂ ਨੈਣ ਉਠਾਈਆ । ਮੈਂ ਵੇਖਾਂ ਬਲ ਅਸਗਾਹ, ਸਮੁੰਦ ਸਾਗਰਾਂ ਖੋਜ ਖੁਜਾਈਆ । ਕਵਣ ਵੇਲਾ ਹਰਿਜਨ ਤੇਰਾ ਜਾਏ ਆ, ਲੋਕਮਾਤ ਲਏ ਅੰਗੜਾਈਆ । ਮੇਰੇ ਸੀਨੇ ਚਰਨ ਦਏ ਟਿਕਾ, ਕਦਮ ਕਦਮ ਨਾਲ ਬਿਗਸਾਈਆ । ਮੈਂ ਖ਼ੁਸ਼ੀਆਂ ਵਿਚ ਫਿਰਾਂ ਨਾਲ ਚਾਅ, ਚਾਓ ਘਨੇਰਾ ਇਕ ਦਰਸਾਈਆ । ਧੰਨਭਾਗ ਮੇਰੇ ਉਤੇ ਤੇਰੇ ਲੈਣਗੇ ਤੇਰਾ ਨਾਂ, ਨਾਉਂ ਨਿਰੰਕਾਰਾ ਤੇਰਾ ਗਾਈਆ । ਜਿਨ੍ਹਾਂ ਝਗੜਾ ਨਹੀਂ ਸੂਰ ਤੇ ਗਾਂ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੇਰਾ ਧਰਮ ਨਿਸ਼ਾਨਾ ਦੇਣ ਝੁਲਾ, ਚਾਰੇ ਕੁੰਟ ਕੁੰਟ ਵਖਾਈਆ । ਮੇਰਾ ਆਦਿ ਪੁਰਖ ਇਹੋ ਦੁਆ, ਪਰਵਰਦਿਗਾਰ ਤੇਰੀ ਸਰਨਾਈਆ । ਤੂੰ ਭਗਤਾਂ ਪਿਛੇ ਮੇਰੇ ਉਤੇ ਜਾਵੇਂ ਆ, ਨਿਰਗੁਣ ਸਰਗੁਣ ਰੂਪ ਪ੍ਰਗਟਾਈਆ । ਮੇਰਾ ਅੰਤਮ ਲਹਿਣਾ ਦੇਣਾ ਦਏਂ ਮੁਕਾ, ਕਲਜੁਗ ਕਿਰਿਆ ਕੂੜ ਰਹੇ ਨਾ ਰਾਈਆ । ਤੂੰ ਸਵਾਮੀ ਮਾਲਕ ਇਕ ਖ਼ੁਦਾ, ਪਾਤਸ਼ਾਹ ਅਗੰਮ ਅਥਾਹੀਆ । ਤੇਰੇ ਨਾਲੋਂ ਨਾ ਹੋਵਾਂ ਜੁਦਾ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਮੇਰੇ ਸਵਾਮੀ ਰਹਿਨੁਮਾ, ਰਹਿਮਤ ਆਪਣੀ ਦੇਣੀ ਕਮਾਈਆ । ਤੇਰੇ ਚਰਨ ਕਵਲ ਮੈਂ ਸੀਸ ਦੇਵਾਂ ਨਿਵਾ, ਝੁਕ ਝੁਕ ਲਾਗਾਂ ਪਾਈਂਆ । ਤੂੰ ਭਗਤਾਂ ਹੋਣਾ ਆਪ ਸਹਾ, ਸਹਾਇਕ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੋ ਬਖ਼ਸ਼ਣੀ ਸਚ ਸਰਨਾ, ਸਰਨਗਤ ਇਕੋ ਇਕ ਰਖਾਈਆ ।



## ੨੯ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਦਲੀਪ ਸਿੰਘ ਗਗੋਬੂਆ ਦੇ ਨਵਿਤ

੧੨੭੪
੨੩

ਧਰਨੀ ਕਹੇ ਮੇਰੇ ਨਿਰੰਕਾਰ, ਸਿਰਜਣਹਾਰ ਤੇਰੀ ਸਰਨਾਈਆ । ਚਰਨ ਕਵਲ ਜਾਵਾਂ ਬਲਿਹਾਰ, ਬਲਿਹਾਰੀ ਬਲ ਆਪਣਾ ਆਪ ਰਖਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਰਜਣਹਾਰ, ਸਿਰ ਸਿਰ ਰਿਜ਼ਕ ਸਬਾਈਆ । ਜੁਗ ਚੌਕੜੀ ਖੇਲ ਅਪਾਰ, ਅਪਰੰਪਰ ਤੇਰੇ ਹੱਥ ਵਡਿਆਈਆ । ਜਨ ਭਗਤਾਂ ਕਰੇ ਪਿਆਰ, ਭਗਤ ਸੁਹੇਲਾ ਇਕ ਅਖਵਾਈਆ । ਜੋ ਤੇਰੇ ਨਾਮ ਦਾ ਕਰਨ ਜੈਕਾਰ, ਦੀਨ ਦੁਨੀ ਜਗਤ ਦ੍ਰਿੜਾਈਆ । ਤੇਰੀ ਧੂੜੀ ਲਾਵਣ ਛਾਰ, ਚਰਨਾਂ ਖ਼ਾਕ ਰਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਨਾਤਾ ਜੋੜਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਵਖਾਈਆ । ਕੁਦਰਤ ਦੇ ਕਾਦਰ ਸਾਂਝੇ ਯਾਰ, ਮੌਲਾ ਮੇਰੇ ਅਗੰਮ ਅਥਾਹੀਆ । ਮੇਰੀ ਕੋਝੀ ਕਮਲੀ ਦੀ ਸੁਣ ਪੁਕਾਰ, ਰੋ ਰੋ ਦਿਆਂ ਸੁਣਾਈਆ । ਨਵ ਸੱਤ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਬਿਨ ਤੇਰੇ ਭਗਤਾਂ ਤੇਰਾ ਨਾਮ ਸਕੇ ਨਾ ਕੋਇ ਉਚਾਰ, ਹਿਰਦੇ ਸਕੇ ਨਾ ਕੋਇ ਵਸਾਈਆ । ਮੈਂ ਹੋਈ ਬੜੀ ਦੁਖਿਆਰ, ਦੁੱਖਾਂ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਚੜ੍ਹਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਰੰਗ ਚਾੜ੍ਹ ਦੇ ਗੂੜ੍ਹਾ, ਗੋਬਿੰਦ ਤੇਰੀ ਇਕ ਸਰਨਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧੁਰ ਦਾ ਜਲਵਾ ਦੇ ਦੇ ਨੂਰਾ, ਅੰਧ ਅੰਧੇਰਾ ਰਹੇ ਨਾ ਰਾਈਆ । ਜਨ ਭਗਤਾਂ ਆਪਣਾ ਪ੍ਰੇਮ ਬਖ਼ਸ਼ ਦੇ ਪੂਰਾ, ਪੂਰਨ ਸਤਿਗੁਰ ਹੋ ਸਹਾਈਆ । ਜੋ ਤੇਰਾ ਨਾਮ ਕਰਨ ਮਸ਼ਹੂਰਾ, ਚਾਰੋਂ ਕੁੰਟ ਡੰਕ ਸੁਣਾਈਆ । ਤੂੰ ਲੇਖਾ ਤੱਕ ਲੈ ਮੂਸਾ

ਨਾਲ ਕੋਹਤੂਰਾ, ਤੁਰੀਆ ਦੇ ਮਾਲਕ ਆਪਣਾ ਪਰਦਾ ਲਾਹੀਆ । ਸਤਿ ਸਵਾਮੀ ਹੋ ਕੇ ਹਾਜਰ ਹਜੂਰਾ, ਹਜ਼ਰਤਾਂ ਦੇ ਹਜ਼ਰਤ ਸਿਰ ਮੇਰੇ ਹੱਥ ਰਖਾਈਆ । ਮੈਂ ਤੇਰੀ ਦਾਸੀ ਸਦ ਮਜ਼ਦੂਰਾ, ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਦਰ ਬਖ਼ਸ਼ ਦੇ ਸਾਂਤ, ਅਗਨੀ ਤਤ ਨਾ ਕੋਇ ਤਪਾਈਆ । ਇਹ ਸਾਢੇ ਤਿੰਨ ਹੱਥ ਤੇਰਾ ਪ੍ਰਾਂਤ, ਹਿੱਸਾ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਜੋੜ ਦੇ ਨਾਤ, ਛੁਟਕੀ ਲਿਵ ਦੇ ਲਗਾਈਆ । ਅੰਦਰੋਂ ਮੇਟ ਅੰਧੇਰੀ ਰਾਤ, ਨੂਰੀ ਚੰਦ ਕਰ ਰੁਸ਼ਨਾਈਆ । ਸਤਿ ਸਚ ਸੁਣਾ ਦੇ ਗਾਥ, ਢੋਲਾ ਧੁਰਦਰਗਾਹੀਆ । ਤੂੰ ਮਿਹਰਵਾਨ ਪੁਰਖ ਸਮਰਾਥ, ਪਰਮ ਪੁਰਖ ਇਕ ਅਖਵਾਈਆ । ਮੈਂ ਨਿਮਾਣੀ ਨਾਥ ਅਨਾਥ, ਦੀਨਨ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਝੋਲੀ ਦੇ ਭਰਾਈਆ । ਧਰਨੀ ਕਹੇ ਮੇਰੇ ਗਹਿਰ ਗੰਭੀਰ ਸਾਗਰ ਸਿੰਧ, ਤੇਰੀ ਧਾਰ ਬੇਪ੍ਰਵਾਹੀਆ । ਅੰਮ੍ਰਿਤ ਬਖ਼ਸ਼ ਅਗੰਮੀ ਬੂੰਦ ਨੇਤਰ ਵਗੇ ਕੋਇ ਨਾ ਹਿੰਝ, ਹੰਝੂਆਂ ਹਾਰ ਨਾ ਕੋਇ ਬਣਾਈਆ । ਹਰਿਜਨ ਬਣਾ ਆਪਣੀ ਬਿੰਦ, ਬਿੰਦੂ ਆਪਣੀ ਲੈ ਪ੍ਰਗਟਾਈਆ । ਜਨ ਭਗਤਾਂ ਮੇਟ ਦੇ ਚਿੰਦ, ਚਿੰਤਾ ਚਿਖਾ ਦੇਣੀ ਗਵਾਈਆ । ਤੂੰ ਦਾਤਾ ਗੁਣੀ ਗਹਿੰਦ, ਗਹਿਰ ਗਵਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਤੇਰਾ ਆਦਿ ਜੁਗਾਦੀ ਸਾਕ, ਸੱਜਣ ਇਕ ਅਖਵਾਈਆ । ਤਨ ਵਜੂਦ ਕਰ ਦੇ ਪਾਕ, ਪਤਤ ਪੁਨੀਤ ਦੇ ਬਣਾਈਆ । ਦਰਸ਼ਨ ਦੇ ਕੇ ਆਪ, ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਹੋਵੇ ਜਾਪ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਗਤ ਮੇਟ ਕੇ ਤੀਨੋ ਤਾਪ, ਤ੍ਰੈਗੁਣ ਦਾ ਡੇਰਾ ਢਾਹੀਆ । ਸਾਚੀ ਵਸਤ ਦੇ ਕੇ ਆਪਣੇ ਹਾਟ, ਤਨ ਖ਼ਜ਼ਾਨਾ ਦੇਣਾ ਭਰਾਈਆ । ਜੋ ਸੰਤ ਸੁਹੇਲੇ ਭਗਤ ਤੇਰੇ ਦਰ ਪੁੱਜੇ ਮਾਰ ਕੇ ਵਾਟ, ਆਪਣਾ ਪੰਧ ਮੁਕਾਈਆ । ਜਨਮ ਕਰਮ ਦੀ ਪੂਰੀ ਕਰਨੀ ਘਾਟ, ਸਿਰ ਆਪਣਾ ਹੱਥ ਟਿਕਾਈਆ । ਸਿੰਘ ਦਲੀਪ ਬਖ਼ਸ਼ਣੀ ਸ਼ਾਂਤ, ਅੰਮ੍ਰਿਤ ਆਤਮ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਸ਼ਨ ਹੋਵੇ ਇਕ ਇਕਾਂਤ, ਘਰ ਸਵਾਮੀ ਗ੍ਰਿਹ ਮੰਦਰ ਅੰਦਰ ਨਜ਼ਰੀ ਆਈਆ ।

### ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਅਜੀਤ ਸਿੰਘ ਬਟਾਲਾ ਦੇ ਨਵਿਤ ✪

ਸੂਰੀਯਾ ਕਹੇ ਸੁਣ ਚੰਨਾ, ਚੰਨ ਚੰਨਾ ਦਿਆਂ ਜਣਾਈਆ । ਓਹ ਤੱਕ ਗੋਬਿੰਦ ਵਾਲਾ ਕੰਨਾ, ਕਾਇਨਾਤ ਵਿਚ ਸਮਝਾਈਆ । ਜਿਸ ਤੇਰਾ ਤੱਕਿਆ ਬੰਨਾ, ਹੱਦ ਹਦੂਦਾਂ ਫੋਲ ਫੁਲਾਈਆ । ਉਹ ਲੇਖਾ ਜਾਣੇ ਵਜੂਦ ਤਨਾ, ਮਾਟੀ ਭਾਂਡਿਆਂ ਭੇਵ ਨਾ ਰਾਈਆ । ਜਗਤ ਜਹਾਨ ਤੱਕ ਲੈ ਅੰਨ੍ਹਾ, ਨਿਜ ਨੇਤਰ ਲੋਚਨ ਨੈਣ ਨਾ ਕੋਇ ਖੁਲਾਈਆ । ਪ੍ਰਭ ਦੇਵਣਹਾਰਾ ਸਭ ਨੂੰ ਡੰਨਾ, ਡੰਡਾ ਸ਼ਬਦ ਨਾਦ ਉਠਾਈਆ । ਜਿਸ ਨਵ ਖੰਡ

ਕਰਨਾ ਖੰਨ ਖੰਨਾ, ਖ਼ਾਲਕ ਖ਼ਲਕ ਅਗੰਮ ਅਥਾਹੀਆ । ਓਹ ਫਿਰੇ ਤੇਰੇ ਮੇਰੇ ਵਿਚ ਸੰਨਾ ਸੰਨਾ, ਸਹਿਜ ਸਹਿਜ ਆਪਣਾ ਹੁਕਮ ਵਰਤਾਈਆ । ਮੇਰੇ ਭਾਗ ਵੱਡੇ ਧੰਨ ਧੰਨਾ, ਧੰਨ ਮਿਲੇ ਵਡਿਆਈਆ । ਮੈਂ ਉਸ ਸਾਹਿਬ ਦਾ ਹੁਕਮ ਮੰਨਾਂ, ਜੋ ਮਾਨਸ ਲੇਖਾ ਜਾਣੇ ਥਾਉਂ ਥਾਈਆ । ਕੁਛ ਧਾਰ ਤੱਕ ਲੈ ਨੌਂ ਸੌ ਇਕੀਸੀਵਾਂ ਪੰਨਾਂ, ਲਾਈਨ ਪੰਜ ਸੱਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਚੰਨ ਕਹੇ ਸੁਣ ਸੱਜਣ ਸੂਰੀਆ ਸੂਰ, ਸੂਰਮਿਆ ਦਿਆਂ ਜਣਾਈਆ । ਮੇਰਾ ਮਾਲਕ ਹਜ਼ੂਰ, ਹਜ਼ਰਤਾਂ ਦਾ ਮਾਲਕ ਅਗੰਮ ਅਥਾਹੀਆ । ਜੋ ਪ੍ਰਕਾਸ਼ ਦੇਣ ਵਾਲਾ ਮੂਸਾ ਉਤੇ ਕੋਹਤੂਰ, ਸੋ ਕੋਹਕਾਫ਼ਾਂ ਦਾ ਲੇਖਾ ਵੇਖ ਵਖਾਈਆ । ਜਿਸ ਦਾ ਈਸਾ ਇਸ਼ਾਰਾ ਕੀਤਾ ਜ਼ਰੂਰ, ਬਿਨ ਸੈਨਤ ਗਿਆ ਦ੍ਰਿੜਾਈਆ । ਮੁਹੰਮਦ ਨੇ ਫ਼ਤਵਾ ਦੇ ਕੇ ਪਾਉਣਾ ਦੱਸਿਆ ਫ਼ਤੂਰ, ਫ਼ਾਤਿਆ ਦਾ ਲੇਖਾ ਆਪਣੇ ਵਿਚ ਛੁਪਾਈਆ । ਉਹ ਮਾਹੀ ਮਹਿਬੂਬ ਮੇਰਾ ਲਹਿਣਾ ਜਾਣੇ ਜ਼ਰੂਰ, ਜ਼ਰੂਰੀ ਲੇਖਾ ਵੇਖ ਵਖਾਈਆ । ਚੰਨ ਕਹੇ ਮੈਂ ਓਸੇ ਦਾ ਨੂਰ, ਨੂਰ ਨੁਰਾਨਾ ਡਗਮਗਾਈਆ । ਜਿਸ ਦੇ ਹੁਕਮ ਨਾਲ ਹੁਕਮ ਦਾ ਬਣਿਆ ਦਸਤੂਰ, ਹੁਕਮ ਹੁਕਮ ਨਾਲ ਚਲਾਈਆ । ਉਸ ਦਾ ਪੰਧ ਨਾ ਨੇੜੇ ਨਾ ਦੂਰ, ਦੂਰ ਦੁਰਾਡਾ ਆਪਣਾ ਹੁਕਮ ਵਰਤਾਈਆ । ਮੈਨੂੰ ਮਸਤੀ ਵਿਚ ਚੜ੍ਹਿਆ ਸਰੂਰ, ਸਿਰ ਸਰ ਦਿਆਂ ਝੁਕਾਈਆ । ਮੈਂ ਓਸ ਦਾ ਹੋਵਾਂ ਮਸ਼ਕੂਰ, ਸ਼ੁਕਰਾਨੇ ਵਿਚ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪ੍ਰਵਾਹੀਆ । ਸੂਰੀਆ ਕਹੇ ਚੰਨ ਜੀ ਉਹ ਤੱਕ ਸਦੀ ਚੌਧਵੀਂ ਚੰਦਾ, ਬਿਨ ਚਾਂਦਨੇ ਅੱਖ ਉਠਾਈਆ । ਨਾਲੇ ਹਲੂਣਿਆ ਜ਼ੋਰ ਦੀ ਕੰਧਾ, ਧੱਕਾ ਦਿਤਾ ਲਗਾਈਆ । ਉਠ ਵੇਖ ਲੈ ਮਾਨਸ ਜ਼ਾਤੀ ਬੰਦਾ, ਬੰਦਗੀ ਵਾਲੇ ਖੋਜ ਖੁਜਾਈਆ । ਦੱਸ ਤੈਨੂੰ ਕਿਹੜਾ ਲਗਦਾ ਚੰਗਾ, ਕੀ ਉਮਤ ਦੀ ਦਏ ਗਵਾਹੀਆ । ਕਿਥੋਂ ਮਿਲੇ ਪਿਆਰ ਅਨੰਦਾ, ਅਨੰਦ ਅਨੰਦ ਵਿਚੋਂ ਨਜ਼ਰੀ ਆਈਆ । ਆਪਣਾ ਅਖ਼ੀਰੀ ਵੇਖ ਲੈ ਕੰਢਾ, ਮਾਤਲੋਕ ਨੈਣ ਤਕਾਈਆ । ਗੋਬਿੰਦ ਦੀ ਧਾਰ ਜਾਣ ਲੈ ਖੰਡਾ, ਖੜਗਾਂ ਤੋਂ ਪਰੇ ਖੜਕਾਈਆ । ਜਿਸ ਦਾ ਲੇਖ ਵਿਚ ਬ੍ਰਹਿਮੰਡਾ, ਜੇਰਜ ਅੰਡਾ ਰਿਹਾ ਹਿਲਾਈਆ । ਤੂੰ ਕਿਸ ਦਾ ਦੇਣਾ ਸੰਗਾ, ਸਾਥੀ ਕਵਣ ਵਡਿਆਈਆ । ਕਿਸ ਨਾਲ ਪਿਆਰ ਧਾਰ ਮਿਲਾਉਣਾ ਪੰਜਾ, ਪੰਚਮ ਕੀ ਵਡਿਆਈਆ । ਕੀ ਲਹਿਣਾ ਦੇਣਾ ਤੇਰਾ ਨਾਲ ਦੇਸ ਬਵੰਜਾ, ਜਾਂ ਕੀ ਬਾਵਨ ਗਿਆ ਦ੍ਰਿੜਾਈਆ । ਕੀ ਉਦਾਸੀ ਵਿਚ ਹੋਵੇ ਰੰਜਾ, ਰੰਜਸ਼ ਵਿਚ ਆਪਣਾ ਆਪ ਬਦਲਾਈਆ । ਕੀ ਢੋਲਾ ਗਾਏ ਛੰਦਾ, ਸਿਫ਼ਤਾਂ ਸਿਫ਼ਤ ਸਲਾਹੀਆ । ਕੀ ਖੇਲ ਵੇਖੇ ਅਚੰਭਾ, ਮੈਨੂੰ ਦੇ ਸਮਝਾਈਆ । ਕੀ ਇਸ਼ਾਰਾ ਦਿਤਾ ਪਰੀ ਅਰੰਬਾ, ਚੌਦਾਂ ਰਤਨਾਂ ਵਿਚੋਂ ਆਪਣੀ ਆਸ ਪ੍ਰਗਟਾਈਆ । ਕੀ ਐਰਾਪਤ ਹਾਥੀ ਸੁੰਡ ਕਰ ਕੇ ਲੰਬਾ, ਲੰਮਾ ਪੈ ਕੇ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸਮਝਾਈਆ । ਚੰਨ ਕਹੇ ਸੁਣ ਸੂਰੀਆ ਸੂਰਬੀਰ, ਬੀਰ ਬੀਰਾ ਦਿਆਂ ਜਣਾਈਆ । ਮੇਰੇ ਨੇਤਰ ਵਗੇ ਨੀਰ, ਬਿਨ ਹੰਝੂਆਂ ਹਾਰ ਬਣਾਈਆ । ਮੇਰੀਆਂ ਅੱਖਾਂ ਅਗੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੀ ਤਸਵੀਰ, ਜਿਸ ਨੂੰ ਤਸੱਵਰ ਕਰ ਸਕੇ ਨਾ ਕੋਇ ਸਮਝਾਈਆ । ਮੇਰੇ ਸਾਹਮਣੇ ਅਵਤਾਰ ਪੈਗ਼ੰਬਰ ਪੀਰ, ਗੁਰ ਗੁਰਦੇਵ ਨਜ਼ਰੀ ਆਈਆ । ਮੇਰੇ ਸਾਹਮਣੇ ਲੱਖ ਚੁਰਾਸੀ ਦੀ ਤਕਦੀਰ, ਤਕੱਬਰ ਨਾਲ ਆਪਣੀ ਆਪ ਲਏ ਅੰਗੜਾਈਆ । ਮੇਰੇ ਅਗੇ ਬੋਧ ਅਗਾਧੀ ਤਦਬੀਰ, ਤਰੀਕਾ ਸਮਝ

੧੨੭੬
੨੩

੧੨੭੭
੨੩

ਕੋਇ ਨਾ ਪਾਈਆ । ਮੇਰੇ ਸਾਹਮਣੇ ਸ਼ਰਅ ਦੀ ਸ਼ਮਸ਼ੀਰ, ਸ਼ਹਿਨਸ਼ਾਹ ਰਿਹਾ ਵਖਾਈਆ । ਮੇਰੇ ਕੋਲ ਦੀਨ ਦੁਨੀ ਦਿਲਗੀਰ, ਚਾਰੋਂ ਕੁੰਟ ਬੈਠੀ ਢੇਰੀਆਂ ਢਾਹੀਆ । ਮੇਰੇ ਕੋਲ ਪਾਤਸ਼ਾਹ ਵਜ਼ੀਰ ਅਮੀਰ ਫ਼ਕੀਰ, ਕੰਗਲੇ ਬੈਠੇ ਅੱਖ ਉਠਾਈਆ । ਮੇਰੇ ਕੋਲ ਲੇਖਾ ਉਹ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਨੂੰ ਇਕ ਡਰ ਲਗਦਾ ਜਿਸ ਵੇਲੇ ਸ਼ਬਦ ਦਾ ਅਣਿਆਲਾ ਵੇਖਾਂ ਤੀਰ, ਬਿਨਾ ਮੁਖੀ ਤੋਂ ਮੁਖ ਸਭ ਦੇ ਦਏ ਭਵਾਈਆ । ਮੈਨੂੰ ਇਉਂ ਲਗਦਾ ਓਸ ਪੰਜ ਪੋਹ ਨੂੰ ਇਸ਼ਾਰਾ ਦੇ ਦੇਣਾ ਮੈਂ ਪੀਰਾਂ ਦਾ ਪੀਰ, ਦੀਨ ਦੁਨੀ ਨਾਲੋਂ ਨਾਤਾ ਜਾਣਾ ਤੁੜਾਈਆ । ਗਲ ਵਿਚ ਅਲਫ਼ੀ ਸ਼ਾਹ ਬਣੇ ਫ਼ਕੀਰ, ਫ਼ਿਕਰਾ ਇਕੋ ਢੋਲਾ ਗਾਈਆ । ਚੰਨ ਕਹੇ ਸੂਰੀਆ ਮੈਨੂੰ ਆਵੇ ਮੂਲ ਨਾ ਧੀਰ, ਧੀਰਜ ਸਕੇ ਨਾ ਕੋਇ ਧਰਾਈਆ । ਓਸ ਚੜ੍ਹਦੀ ਦਿਸ਼ਾ ਨੂੰ ਜਾਣਾ ਫੇਰ ਸਤਾਰਿਆਂ ਦੀ ਸੜ੍ਹਾ ਉਤੇ ਬਣਨੀ ਭੀੜ, ਭੱਜਣ ਸਾਰੇ ਵਾਹੋ ਦਾਹੀਆ । ਇਕਵੰਜਾ ਧਾਰ ਅੰਦਰ ਪੈਣੀ ਪੀੜ, ਦੁੱਖ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੂਰੀਆ ਕਹੇ ਮੇਰੇ ਚਾਂਦਨੀ ਚੰਦ ਪਿਆਰੇ, ਪ੍ਰੇਮੀਆਂ ਪ੍ਰੇਮ ਵਿਚ ਜਣਾਈਆ । ਕਿਉਂ ਤੇਰੇ ਨਾਲ ਮੇਲ ਹੋਇਆ ਸਿਤਾਰੇ, ਚੰਦ ਸਿਤਾਰ ਮਿਲੀ ਵਡਿਆਈਆ । ਕਿਉਂ ਪਰਵਰਦਿਗਾਰ ਦੇ ਬਣੇ ਦੁਲਾਰੇ, ਦੂਲ੍ਹੇ ਆਪਣਾ ਰੂਪ ਬਦਲਾਈਆ । ਕਿਉਂ ਉਮਤ ਹੋਈ ਬੇਸਹਾਰੇ, ਕੀ ਤੁਹਾਡੇ ਵਿਚ ਵਡਿਆਈਆ । ਕੀ ਮੁਹੰਮਦ ਦਏ ਇਸ਼ਾਰੇ, ਸਦੀ ਚੌਧਵੀਂ ਗਿਆ ਸੁਣਾਈਆ । ਕਿਉਂ ਸਲਾਮ ਕਰਦੇ ਰਹੇ ਚਾਰ ਯਾਰੇ, ਸਜਦਿਆਂ ਵਿਚ ਸੀਸ ਝੁਕਾਈਆ । ਚੰਨ ਕਹੇ ਅਸੀਂ ਸਾਰੇ ਉਸ ਦੇ ਬਰਖ਼ੁਰਦਾਰੇ, ਬਾਲ ਨੰਨ੍ਹੇ ਸੋਭਾ ਪਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਗੁਜ਼ਾਰੇ, ਚੌਦਸ ਉਸੇ ਦਾ ਰੰਗ ਰੰਗਾਈਆ । ਧਰਨੀ ਧਰਤ ਧਵਲ ਧੌਲ ਉਤੇ ਖੇਲ ਤੱਕੇ ਅਪਾਰੇ, ਅਪਰੰਪਰ ਸਵਾਮੀ ਦਿਤੇ ਵਖਾਈਆ । ਸਾਡੇ ਨਿਸ਼ਾਨ ਪਿਛੇ ਅਣਗਿਣਤ ਗ਼ਰੀਬ ਗਏ ਮਾਰੇ, ਨਿਰਦੋਸ਼ਿਆਂ ਖੱਲ ਲੁਹਾਈਆ । ਉਹ ਸਾਰੇ ਦੇ ਸਾਰੇ ਰਹੇ ਪੁਕਾਰੇ, ਪ੍ਰਭ ਅਗੇ ਸੀਸ ਨਿਵਾਈਆ । ਨਾਲੇ ਚਾਰੋਂ ਕੁੰਟ ਤੱਕਣ ਵਾਰੋ ਵਾਰੇ, ਬਿਨ ਨੈਣਾਂ ਨੈਣ ਉਠਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਨੂੰ ਕਹਿਣ ਤੁਸੀਂ ਸਾਰੇ ਬੋਲੋ ਇਕ ਵਾਰੇ, ਇਕ ਆਵਾਜ਼ ਲਗਾਈਆ । ਹੁਣ ਪ੍ਰਗਟ ਹੋ ਜਾ ਨਿਹਕਲੰਕ ਕਲ ਕਲਕੀ ਅਵਤਾਰੇ, ਓਹਲੇ ਵਿਚ ਓਹਲਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਚੰਨ ਕਹੇ ਸੂਰੀਆ ਮੇਰੀ ਨਿੱਕੀ ਗੱਲ, ਸਮਝ ਸਚ ਦਿਆਂ ਸਮਝਾਈਆ । ਮੇਰੇ ਸਾਹਿਬ ਦੀ ਵੇਖ ਰਮਜ਼, ਕੀ ਰਮਜ਼ਾਨ ਮਹੀਨੇ ਵਿਚ ਖੇਲ ਖਿਲਾਈਆ । ਜੋ ਇਸ਼ਾਰਾ ਦਿਤਾ ਨਿਰਗੁਣ ਸਰਗੁਣ ਧਾਰ ਗੌਂਸ ਹਮਜ਼, ਜਗਤ ਜਹਾਨ ਸਮਝਾਈਆ । ਜੋ ਭੇਵ ਖੁਲਾਇਆ ਸ਼ਮਸ, ਤਬਰੇਜ਼ ਨੈਣ ਉਠਾਈਆ । ਸੋ ਵਕਤ ਵੇਖਣਾ ਕਿਸ ਬਿਧ ਸਭ ਨੇ ਹੋਣਾ ਭਸਮ, ਭੇਵ ਭੇਵ ਵਿਚੋਂ ਜਣਾਈਆ । ਮੈਂ ਸੁਗੰਦ ਖਾਵਾਂ ਕਸਮ, ਈਮਾਨ ਨਾਲ ਦ੍ਰਿੜਾਈਆ । ਜਿਸ ਨੂੰ ਮੁਹੰਮਦ ਮੰਨਿਆ ਇਸਮ, ਆਜ਼ਮ ਬੇਪਰਵਾਹੀਆ । ਉਹ ਮੇਰਾ ਲਹਿਣਾ ਵੇਖੇ ਚਸ਼ਮ, ਚਸ਼ਮੇ ਦੀਦ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਜੁਗ ਆਪਣੀ ਆਪੇ ਜਾਣੇ ਰਸਮ, ਰਿਵਾਜ ਜਗਤ ਨਾ ਕੋਇ ਰਖਾਈਆ ।

## ੨੮ ਅੱਸੂ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਅਮੀਰ ਸਿੰਘ ਗੁਲਾਟੀ ਦੇ ਨਵਿਤ



ਚੰਦ ਕਹੇ ਸੁਣ ਸਿਤਾਰੇ, ਤਾਰ ਸਿਤਾਰ ਦਿਆਂ ਜਣਾਈਆ । ਸਵਾਧਾਨ ਹੋ ਮਿਤ੍ਰ ਪਿਆਰੇ, ਦੋਸਤਾ ਲੈ ਅੰਗੜਾਈਆ । ਪੈਗ਼ੰਬਰਾਂ ਤੱਕ ਇਸ਼ਾਰੇ, ਕੀ ਬਿਨ ਸੈਨਤ ਰਹੇ ਸਮਝਾਈਆ । ਨਿਗਾਹ ਮਾਰ ਧਰਤੀ ਉਤੇ ਵਿਚ ਸੰਸਾਰੇ, ਚਾਰੋਂ ਕੁੰਟ ਅੱਖ ਖੁਲਾਈਆ । ਸਦੀ ਚੌਧਵੀਂ ਕੀ ਪੁਕਾਰੇ, ਕੂਕ ਕੂਕ ਸੁਣਾਈਆ । ਕੀ ਲਹਿਣਾ ਦੇਣਾ ਦੇਵੇ ਪਰਵਰਦਿਗਾਰੇ, ਸਾਂਝਾ ਯਾਰ ਅਗੰਮ ਅਥਾਹੀਆ । ਜਿਸ ਦੇ ਜੁਗ ਚੌਕੜੀ ਸਭ ਨੇ ਲਏ ਸਹਾਰੇ, ਸੀਸ ਚਰਨ ਕਵਲ ਟਿਕਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਧੁਰਦਰਗਾਹੀ ਮੀਤ ਮੁਰਾਰੇ, ਕੀ ਆਪਣੀ ਕਲ ਵਰਤਾਈਆ । ਉਹ ਨੂਰ ਨੁਰਾਨਾ ਨੌਜਵਾਨਾ ਸ੍ਰੀ ਭਗਵਾਨਾ ਹੋਵੇ ਜ਼ਾਹਰੇ, ਜ਼ਾਹਰ ਜ਼ਹੂਰ ਆਪਣੀ ਕਲ ਵਰਤਾਈਆ । ਜਿਸ ਦਾ ਲੇਖਾ ਕਦੀਮ ਦਾ ਵਿਚ ਕਾਹਿਰੇ, ਕਹਿਕਹਾ ਲਗਾ ਕੇ ਦਿਆਂ ਸੁਣਾਈਆ । ਉਸ ਦਾ ਭੇਵ ਨਾ ਕੋਈ ਜਾਣੇ ਜੀਵ ਗਵਾਰੇ, ਬੁੱਧੀ ਵਿਚ ਸਮਝ ਨਾ ਕੋਇ ਜਣਾਈਆ । ਉਹ ਲਹਿਣਾ ਦੇਣਾ ਸਭ ਤੋਂ ਦੇਵੇ ਬਾਹਿਰੇ, ਬਾਹਿਰਹਾਲ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਬੇਪ੍ਰਵਾਹੀਆ । ਸਿਤਾਰ ਕਹੇ ਚੰਦ ਨੂਰ ਨੁਰਾਨੇ ਨੂਰੀ, ਸਤਿ ਦਿਆਂ ਜਣਾਈਆ । ਉਹ ਮਾਲਕ ਸਾਹਿਬ ਹਜ਼ੂਰੀ, ਹਜ਼ਰਤ ਬੇਪ੍ਰਵਾਹੀਆ । ਜੋ ਆਦਿ ਜੁਗਾਦਿ ਸਦਾ ਦਸਤੂਰੀ, ਸਭ ਕੁਛ ਆਪਣੇ ਦਸਤ ਰਖਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰ ਕਰਨ ਮਜ਼ਦੂਰੀ, ਭਗਤ ਸੁਹੇਲੇ ਸੇਵ ਕਮਾਈਆ । ਉਹ ਸ੍ਰਿਸ਼ਟੀ ਜੁਗ ਚੌਕੜੀ ਲੇਖਾ ਜਾਣੇ ਕੂੜੀ, ਕੂੜ ਕੁਟੰਬ ਖੋਜ ਖੁਜਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜੀ, ਟਿੱਕੇ ਨਾਮ ਖ਼ਾਕ ਰਮਾਈਆ । ਸੋ ਕਲਜੁਗ ਅੰਤਮ ਪਾਏ ਫ਼ਤੂਰੀ, ਫ਼ਤਵਾ ਸਭ ਦੇ ਉਤੇ ਲਗਾਈਆ । ਆਪਣਾ ਹੁਕਮ ਵਰਤੇ ਜ਼ਰੂਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਚੰਦ ਕਹੇ ਸੁਣ ਸਿਤਾਰ ਮੀਤ, ਦਿਲਦਾਰ ਦਿਆਂ ਜਣਾਈਆ । ਵੇਖ ਉਸ ਖ਼ੁਦਾ ਦੀ ਰੀਤ, ਜਿਸ ਨੇ ਮੰਦਰ ਮਸੀਤ ਦਿਤੇ ਸੁਹਾਈਆ । ਜੋ ਸਭ ਘਟ ਵਸੇ ਭੀਤ, ਭੀਤਰ ਡੇਰਾ ਲਾਈਆ । ਜੋ ਹਰ ਘਟ ਵਸੇ ਚੀਤ, ਚੇਤਨ ਹੋ ਕੇ ਖੇਲ ਖਿਲਾਈਆ । ਉਹ ਲੱਖ ਚੁਰਾਸੀ ਪਰਖਣਹਾਰਾ ਨੀਤ, ਨੇਤਨ ਨੇਤ ਧੁਰਦਰਗਾਹੀਆ । ਜਿਸ ਦੇ ਹੁਕਮ ਵਿਚ ਸਦੀ ਚੌਧਵੀਂ ਰਹੀ ਬੀਤ, ਕਲਜੁਗ ਆਪਣਾ ਪੰਧ ਮੁਕਾਈਆ । ਉਹ ਲੇਖਾ ਜਾਣੇ ਜੀਵ ਜੰਤ ਕੌੜੇ ਰੀਠ, ਰਸ ਮਿੱਠਤ ਫੋਲ ਫੁਲਾਈਆ । ਜਨ ਭਗਤਾਂ ਹੱਥ ਰਖੇ ਉਤੇ ਪੀਠ, ਪੁਸ਼ਤ ਪਨਾਹ ਦਏ ਟਿਕਾਈਆ । ਧੁਰ ਦਾ ਮਾਰਗ ਲਾਈਟ ਦੱਸ ਕੇ ਇਕੋ ਬੀਟ, ਬਿਟਵੀਨ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਚੰਦ ਕਹੇ ਸਿਤਾਰਿਆ ਸੁਣ ਲੈ ਸਤਿ, ਸਤਿ ਦਿਆਂ ਜਣਾਈਆ । ਕੀ ਸੰਦੇਸ਼ਾ ਦੇਵੇ ਪਰਮੇਸ਼ਵਰ ਪਤ, ਬਿਨਾ ਪਤਰਕਾ ਰਿਹਾ ਦ੍ਰਿੜਾਈਆ । ਜਿਸ ਦਾ ਖੇਲ ਸੁਹਾਵਾ ਵਤ, ਵਤਨਾਂ ਦਾ ਮਾਲਕ ਵੇਖ ਵਖਾਈਆ । ਉਹ ਨੂਰ ਨੁਰਾਨਾ ਹੋ ਪ੍ਰਗਟ, ਪਰਗਣੇ ਵੇਖੇ ਥਾਉਂ ਥਾਈਂਆ । ਉਸ ਦਾ ਲੇਖਾ ਸ਼ਬਦੀ ਧਾਰ ਦੇਵਾਂ ਦੱਸ, ਕਲਮਾ ਕਲਮੇ ਨਾਲ ਜਣਾਈਆ । ਜਿਸ ਕਿਸੇ ਦਾ ਚਲਣ ਨਹੀਂ ਦੇਣਾ ਕੋਈ ਵਸ, ਵਸਲ ਆਪਣਾ ਇਕ ਵਖਾਈਆ । ਖੇਲ ਕਰੇ ਹੱਸ ਹੱਸ, ਹਸਤੀ ਦਾ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਿਤਾਰ ਕਹੇ ਚੰਦ ਮੈਨੂੰ ਅੰਤਰ ਆਵੇ ਨਜ਼ਰ, ਬਿਨ ਨੈਣਾਂ ਦਿਆਂ ਜਣਾਈਆ । ਸੁਣਾ ਧੁਨ ਮਧੁਰ, ਸ਼ਬਦ ਅਗੰਮੀ ਹੋਵੇ ਸ਼ਨਵਾਈਆ । ਮੇਰਾ ਮਹਿਬੂਬ ਕਰੇ ਫ਼ਜ਼ਲ, ਰਹਿਮਤ ਹਕ ਕਮਾਈਆ । ਮੈਂ ਉਸ ਦੀ ਸੁਣਾਂ ਗ਼ਜ਼ਲ, ਜੋ ਬਿਨਾ ਨਗ਼ਮਿਆਂ ਰਿਹਾ ਦ੍ਰਿੜਾਈਆ । ਜਿਸ ਨੇ ਇਨਸਾਫ਼ ਕਰਨਾ ਅਦਲ, ਦੀਨ ਦੁਨੀ ਲੇਖਾ ਜਾਣੇ ਥਾਉਂ ਥਾਈਂਆ । ਜਿਸ ਆਪਣਾ ਰੂਪ ਲੈਣਾ ਬਦਲ, ਵੇਸ ਅਵੇਸਾ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਚੰਨ ਕਹੇ ਸੁਣ ਸਿਤਾਰੇ ਨੁਰਾਨੀ, ਨਵ ਨਵ ਦਿਆਂ ਜਣਾਈਆ । ਮੇਰਾ ਮਹਿਬੂਬ ਕਰੇ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਜਾਣਾ ਭਾਰਤ ਵਿਚੋਂ ਜੂਹ ਬੇਗਾਨੀ, ਜੂਹਾਂ ਜੰਗਲਾਂ ਖੋਜ ਖੁਜਾਈਆ । ਉਸ ਲੇਖੇ ਲਾਉਣੀ ਬੱਧਕ ਦੀ ਕਥਾ ਕਹਾਣੀ ਪੁਰਾਣੀ, ਪੂਰਬ ਦਾ ਲੇਖਾ ਸੰਗ ਮਿਲਾਈਆ । ਰਵੀਦਾਸ ਦੀ ਕੌਡੀ ਕਸੀਰਾ ਸੰਗ ਰਖੇ ਪੁਰਾਨੀ, ਪੁਰਖ ਪੁਰਖੋਤਮ ਆਪਣਾ ਹੁਕਮ ਵਰਤਾਈਆ । ਇੱਕੀ ਮਾਘ ਦਿਵਸ ਹੋਵੇ ਰੁਹਾਨੀ, ਨੌਜਵਾਨੇ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਿਤਾਰ ਕਹੇ ਸੁਣ ਧੁਰ ਦੇ ਚਾਂਦੂ, ਸਚ ਦਿਆਂ ਜਣਾਈਆ । ਹਕ ਮਹਿਬੂਬ ਬਣੇ ਪਾਂਧੂ, ਭੱਜੇ ਵਾਹੋ ਦਾਹੀਆ । ਨਿਰਗੁਣ ਧਾਰ ਬਦਲੇ ਸਵਾਂਗੂ, ਸਵਾਂਗੀ ਆਪਣਾ ਸਵਾਂਗ ਰਚਾਈਆ । ਜਿਸ ਲੇਖਾ ਦੱਸਣਾ ਹਾਂਗ ਕਾਂਗੂ,
੧੨੭੯ ੨੩ ਕਾਗ ਹੱਥ ਨਾਲ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ੧੨੭੯ ੨੩
ਚੰਦ ਕਹੇ ਸੁਣ ਸਿਤਾਰ ਧੁਰ ਦੁਲਾਰੇ, ਧਰਮ ਧਾਰ ਜਣਾਈਆ । ਇਹ ਖੇਲ ਸੱਚੀ ਸਰਕਾਰੇ, ਹਰਿ ਕਰਤਾ ਆਪਣੇ ਹੁਕਮ ਵਿਚ ਕਰਾਈਆ । ਜਿਸ ਨੇ ਇੱਕ ਦੀ ਧਾਰ ਦੋ ਨਾਲ ਰਖਣੇ ਲਿਖਾਰੇ, ਲੇਖ ਲੇਖਣੀ ਪਿਛਲੀ ਦਏ ਗਵਾਹੀਆ । ਪੰਜ ਪੋਹ ਭੇਵ ਖੋਲ ਕੇ ਸਾਰੇ, ਪਰਦੇ ਪਰਦਿਆਂ ਵਿਚੋਂ ਚੁਕਾਈਆ । ਗਲ ਅਲਫ਼ੀ ਪਾ ਬੋਲੇ ਵੱਖਰੀ ਜ਼ਬਾਂ ਜੈਕਾਰੇ, ਜੈ ਜੈ ਕਾਰ ਸੁਣਾਈਆ । ਸਮੁੰਦ ਸਾਗਰ ਤੱਕਣ ਨੈਣ ਉਘਾੜੇ, ਅੱਖ ਅੱਖ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਸੰਗ ਆਪ ਬਣਾਈਆ । ਸਿਤਾਰ ਕਹੇ ਚੰਦ ਸਚ ਦੱਸ ਦੇ ਯਾਰ, ਕੀ ਕਰਤਾ ਖੇਲ ਖਿਲਾਈਆ । ਜ਼ਰਾ ਨਿਗਾਹ ਮਾਰ, ਅਗੇ ਲੈ ਅੰਗੜਾਈਆ । ਕੀ ਤੇਗ਼ ਬਹਾਦਰ ਦਾ ਉਧਾਰ, ਕੀ ਨਾਨਕ ਲਹਿਣਾ ਝੋਲੀ ਪਾਈਆ । ਕੀ ਗੋਬਿੰਦ ਗਿਆ ਉਚਾਰ, ਸ਼ਬਦ ਸ਼ਬਦੀ ਨਾਦ ਸੁਣਾਈਆ । ਕੀ ਲੇਖਾ ਕਲਕੀ ਅਵਤਾਰ, ਨਿਹਕਲੰਕ ਕੀ ਵਡਿਆਈਆ । ਅਮਾਮ ਅਮਾਮਾ ਕਿਸ ਬਿਧ ਪਾਵੇ ਸਾਰ, ਨੂਰ ਨੁਰਾਨਾ ਧੁਰਦਰਗਾਹੀਆ । ਕੀ ਚਾਰ ਜੁਗ ਦੇ ਸ਼ਾਸਤਰ ਰਹੇ ਪੁਕਾਰ, ਕੂਕ ਕੂਕ ਸੁਣਾਈਆ । ਕੀ ਸਦੀ ਚੌਧਵੀਂ ਰੋ ਰੋ ਕਰੇ ਇਜ਼ਹਾਰ, ਨੈਣਾਂ ਛਹਿਬਰ ਲਾਈਆ । ਢਾਕਾ ਕਹੇ ਮੇਰੇ ਉਦਰ ਵਿਚ ਮੇਰੇ ਪੇਟ ਵਿਚ ਮੇਰੇ ਜਿਸਮ ਵਿਚ ਮੇਰੇ ਇਸਮ ਵਿਚ ਉਹ ਪਿਆਰ, ਜਿਸ ਪਿਆਰ ਦੀ ਧਾਰ ਮੁਹੰਮਦ ਨੈਣ ਉਠਾਈਆ । ਕਿਸੇ ਨਾਲ ਨਹੀਂ ਕੋਈ ਤਕਰਾਰ, ਝਗੜਾ ਝਗੜੇ ਵਿਚ ਨਾ ਕੋਇ ਜਣਾਈਆ । ਮੈਂ ਨਿਗਾਹ ਮਾਰਦਾ ਕੀ ਖੇਲ ਹੋਇਆ ਕਿਸ ਬਿਧ ਹੋਇਆ ਵਿਵਹਾਰ, ਦਜਲਾ ਫ਼ਰਾਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਿਤਾਰ ਕਹੇ ਚੰਦ ਸੁਣ

ਕਲਮਿਆਂ ਤੋਂ ਬਾਹਰ ਅਗੰਮੀ ਬੋਲੀ, ਕੀ ਅਨਬੋਲਤ ਰਿਹਾ ਜਣਾਈਆ । ਜਿਸ ਦੀ ਸਮਝ ਨਾ ਆਏ ਕਿਸੇ ਚੋਲੀ, ਚੋਲਾ ਨਜ਼ਰ ਕਿਸੇ ਨਾ ਆਈਆ । ਜਿਸ ਦਾ ਸ਼ਬਦ ਅਗੰਮਾ ਢੋਲੀ, ਢੋਲਕ ਛੈਣੇ ਰਿਹਾ ਖੜਕਾਈਆ । ਮੈਂ ਤੈਨੂੰ ਸਹਿਜ ਨਾਲ ਦੱਸਾਂ ਹੌਲੀ ਹੌਲੀ, ਕੀ ਸਦੀ ਚੌਧਵੀਂ ਮੈਨੂੰ ਰਹੀ ਸਮਝਾਈਆ । ਵੇ ਤਾਰਿਆ ਵੇ ਚੰਦਾ ਵੇ ਚੰਦਾ ਵੇ ਤਾਰਿਆ ਉਹ ਨਿਗਾਹ ਮਾਰ ਲੈ ਤੰਦ ਤੱਕ ਲੈ ਮੌਲੀ, ਜੋ ਮੌਲਾ ਆਪਣਾ ਹੁਕਮ ਸੁਣਾਈਆ । ਤਿੰਨ ਰੰਗ ਦੇ ਬਸਤਰ ਪਹਿਨ ਕੇ ਢਾਕੇ ਵਿਚ ਜਾਏਗੀ ਸਦੀ ਚੌਧਵੀਂ ਦੀ ਗੋਲੀ, ਗੋਲਕ ਸ਼ਰਅ ਵਾਲੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਨੂਰ ਇਕ ਚਮਕਾਈਆ । ਸਦੀ ਚੌਧਵੀਂ ਕਹੇ ਤਾਰਾ ਚੰਦ ਆਪਣੀਆਂ ਕਰੋ ਨਾ ਕੋਇ ਦਲੀਲਾ, ਦਲੀਲਾਂ ਵਾਲਿਆਂ ਦਿਆਂ ਜਣਾਈਆ । ਸੰਮਤ ਸ਼ਹਿਨਸ਼ਾਹੀ ਅੱਠ ਦੀਆਂ ਦਰਗਾਹ ਵਿਚ ਮਨਜ਼ੂਰ ਨਾ ਹੋਣ ਅਪੀਲਾ, ਦਾਅਵੇਦਾਰ ਰਹਿਣ ਕੋਇ ਨਾ ਪਾਈਆ । ਸ਼ਰਅ ਦੇ ਬਸਤਰ ਰੰਗ ਚੜ੍ਹੇ ਨਾ ਕੋਇ ਨੀਲਾ, ਨੀਲੀ ਧਾਰ ਦਾ ਮਾਲਕ ਨੀਲੇ ਵਾਲੇ ਨਾਲ ਆਪਣਾ ਹੁਕਮ ਬਣਾਈਆ । ਜਿਸ ਦੀਆਂ ਦੀਨ ਮਜ਼੍ਹਬ ਛੋਟੀਆਂ ਛੋਟੀਆਂ ਤਹਿਸੀਲਾਂ, ਦੋ ਜਹਾਨ ਦਾ ਮਾਲਕ ਕੀ ਆਪਣੀ ਕਾਰ ਭੁਗਤਾਈਆ । ਜ਼ਰਾ ਖੇਲ ਵੇਖਣਾ ਕਿਹੜਾ ਖ਼ੁਸ਼ੀਆਂ ਵਾਲਾ ਹੋਏ ਮਹੀਨਾ, ਮਿਹਰਵਾਨ ਕੀ ਆਪਣੀ ਕਲ ਵਰਤਾਈਆ । ਜੋ ਲੇਖ ਲਿਖਿਆ ਬਗ਼ਦਾਦੀ ਮੱਕਾ ਮਦੀਨਾ, ਮਕਬਰਿਆਂ ਦੇ ਲੇਖੇ ਦਏ ਚੁਕਾਈਆ । ਜਿਸ ਵਿਚ ਕੋਈ ਕਰ ਨਾ ਸਕੇ ਤਰਮੀਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਫੇਰਾ ਮਾਰ ਕੇ ਫਿਰ ਆਵਾਂਗੀ ਪਹਿਲੀ ਮੱਘਰ, ਮਗਰਲਾ ਲੇਖਾ ਸਾਰਾ ਦਿਆਂ ਸਮਝਾਈਆ । ਕਿਉਂ ਸ਼ਹਿਨਸ਼ਾਹੀ ਸੰਮਤ ਅੱਠ ਭਗਤਾਂ ਦਾ ਭਗਤਾਂ ਨਾਲ ਹੋਇਆ ਗ਼ਦਰ, ਝਗੜੇ ਦਾ ਝਗੜਾ ਕਵਣ ਬਣਾਈਆ । ਜਿਸ ਸ਼ਰਅ ਸ਼ਰੀਅਤ ਦਾ ਉਮਤ ਉਮਤੀ ਦਾ ਲਹਿਣਾ ਦੇਣਾ ਦੇਣਾ ਬਦਲ, ਬਦਲੀ ਕਰੇ ਥਾਉਂ ਥਾਈਂਆ । ਜਿਸ ਆਪਣੀ ਕੂੜ ਧਾਰ ਨੂੰ ਕਰ ਕੇ ਕਤਲ, ਕਾਤਲ ਮਕਤੂਲ ਦਾ ਲੇਖਾ ਦੇਣਾ ਮੁਕਾਈਆ । ਨਵੀਂ ਧਾਰ ਦਾ ਨਵਾਂ ਵਸਾ ਕੇ ਵਤਨ, ਬੇਵਤਨਾਂ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਕਹੇ ਵੇ ਤਾਰਾ ਚੰਦ ਕੀ ਕਹਿੰਦੀ ਕ੍ਰਿਸ਼ਨ ਦੀ ਰਾਧਾ ਗੋਪੀ, ਗੋਪਾਲ ਕੀ ਜਣਾਈਆ । ਜਿਸ ਦੇ ਤੇੜ ਨਾ ਸਾੜ੍ਹੀ ਨਾ ਧੋਤੀ, ਅੰਗੀ ਅੰਗ ਨਾਲ ਨਾ ਕੋਇ ਛੁਹਾਈਆ । ਨਾ ਹੱਸਦੀ ਨਾ ਰੋਂਦੀ, ਮੁਸਕਰਾਹਟ ਵਿਚ ਬੁੱਲ ਨਾ ਕੋਇ ਹਿਲਾਈਆ । ਜਾਂ ਮੈਂ ਨਿਗਾਹ ਮਾਰੀ ਇਕੋ ਨੂਰ ਨੁਰਾਨੀ ਜੋਤੀ, ਜੋ ਜੋਤ ਜੋਤ ਵਿਚੋਂ ਨਜ਼ਰੀ ਆਈਆ । ਉਹ ਸੰਦੇਸ਼ਾ ਦੇਵੇ ਇਕ ਇਕਲੋਤੀ, ਇਕ ਇਕੱਲੀ ਰਹੀ ਜਣਾਈਆ । ਚੜ੍ਹਦੀ ਦਿਸ਼ਾ ਜਾਣ ਲੱਗਿਆਂ ਸਾਹਿਬ ਦੇ ਕੋਲ ਹੋਵੇਗੀ ਰੂਮੀ ਟੋਪੀ, ਚਾਰੋਂ ਕੁੰਟ ਇਕੋ ਜਿਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਨਾਲ ਇਸ਼ਾਰਾ, ਸਚ ਸਚ ਸਮਝਾਈਆ । ਜਿਧਰ ਜਾਵੇਗਾ ਮੇਰਾ ਪੀਰ ਜ਼ਾਹਰਾ, ਜ਼ਾਹਰ ਜ਼ਹੂਰ ਆਪਣੀ ਖੇਲ ਖਿਲਾਈਆ । ਸੰਮਤ ਨਾਵੇਂ ਦਾ ਨਵਾਂ ਹੋਵੇ ਨਜ਼ਾਰਾ, ਨਵ ਨਵ ਆਪਣਾ ਰੰਗ ਰੰਗਾਈਆ । ਜਿਸ ਦੇ ਸੰਗ ਭਗਤਾਂ ਹੋਵੇ ਸਹਾਰਾ, ਸੂਫ਼ੀਆਂ ਸੋਭਾ ਪਾਈਆ । ਉਹਦੇ ਕੋਲ ਹੋਵੇਗਾ ਇਕ ਨਗਾਰਾ, ਜੋ ਧੌਂਸਾ ਦੱਸੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰੇ ਮਹਿਬੂਬ ਦੇ ਕੋਲ ਲਿਖਿਆ ਹੋਵੇ ਇਕ ਵਾਕ, ਅਲਫ਼ ਬੇ ਅਲਫ਼ ਬੇ ਅਲਫ਼ ਦੋਵੇਂ ਸੰਗ ਬਣਾਈਆ । ਨਾਲ ਚੰਦ ਇਸ਼ਾਰਾ ਕਰੇ ਚੌਧਵੀਂ ਰਾਤ, ਚੌਦਸ ਨੂਰ ਨੂਰ ਕਰੇ ਰੁਸ਼ਨਾਈਆ । ਚੰਦ ਸਿਤਾਰ ਰੂਪ ਪ੍ਰਗਟਾ ਕੇ ਆਪ, ਆਪਣੀ ਲਏ ਅੰਗੜਾਈਆ । ਨਾਲ ਲੇਖਾ ਹੋਵੇ ਤੂੰ ਮੇਰਾ ਮੈਂ ਤੇਰਾ ਜਾਪ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਇਕ ਸ਼ਰਅ ਦਾ ਹੋਵੇ ਘਾਟ, ਕਿਨਾਰੇ ਜਗਤ ਵਾਲੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਸਦੀ ਚੌਧਵੀਂ ਕਹੇ ਮੇਰਾ ਸੋਹਣਾ ਹੋਣਾ ਲਿਬਾਸ, ਲਬ ਪ੍ਰੇਮ ਨਾਲ ਰੰਗਾਈਆ । ਸ਼ੰਕਰ ਫਿਰੇ ਆ ਉਤੋਂ ਅਕਾਸ਼, ਕਲਮਾ ਮੁਹੰਮਦ ਨਾਲ ਗਾਈਆ । ਚਾਰ ਯਾਰੀ ਅਗੇ ਪਿਛੇ ਕਰੇ ਤਲਾਸ਼, ਖ਼ੁਸ਼ੀਆਂ ਵਿਚ ਭੱਜੇ ਵਾਹੋ ਦਾਹੀਆ । ਮੇਰਾ ਪਰਵਰਦਿਗਾਰ ਦਏ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਮੇਰੀ ਪੁਰਾਤਨ ਪੂਰੀ ਹੋਵੇ ਆਸ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਨੂਰ ਮੇਰਾ ਨੀਲੀ ਧਾਰ ਅਸਮਾਨੀ, ਇਸਮ ਧੁਰ ਦੇ ਨਾਲ ਜਣਾਈਆ । ਮੈਂ ਸੁਗੰਦ ਖਾਵਾਂ ਮਜੀਦ ਕੁਰਾਨੀ, ਆਇਤ ਸ਼ਰਾਇਤ ਨਾਲ ਮਿਲਾਈਆ । ਨਾਲ ਜੋੜ ਮੁਹੰਮਦ ਵਾਲੀ ਕੁਰਬਾਨੀ, ਕਰਬਲੇ ਦਾ ਲੇਖਾ ਨਾਲ ਰਲਾਈਆ । ਮੇਰਾ ਲਹਿਣਾ ਦੇਣਾ ਦੋ ਜਹਾਨੀ, ਦੋਹਰਾ ਸੰਦੇਸਾ ਦੇਵਾਂ ਥਾਉਂ ਥਾਈਂਆ । ਮੇਰਾ ਪੀਰ ਪੀਰਾਂ ਦਾ ਸ਼ਹਿਨਸ਼ਾਹ ਸੁਲਤਾਨੀ, ਪੈਗ਼ੰਬਰ ਅਗੰਮ ਅਥਾਹੀਆ । ਜਿਸ ਦਾ ਇਕੋ ਪਦ ਨਿਰਬਾਣੀ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਤਾਰਾ ਚੰਦ ਕਹੇ ਸਦੀ ਚੌਧਵੀਂ ਕੀ ਖੇਲ ਕਰੇ ਅਲਾਹ, ਅਲੈਹਦਾ ਸਭ ਤੋਂ ਦਏ ਸਮਝਾਈਆ । ਜਿਸ ਨੇ ਸਭ ਦਾ ਬਣਨਾ ਮਲਾਹ, ਬੇੜੇ ਆਪਣੇ ਕੰਧ ਉਠਾਈਆ । ਉਸ ਨੂੰ ਵਲੀਆ ਕਹਿਣਾ ਖ਼ੁਦਾ, ਤੇ ਅਲੀਆ ਆਪਣਾ ਆਪ ਭੇਟ ਕਰਾਈਆ । ਨਜਫ਼ ਦਾ ਲਹਿਣਾ ਦੇਣਾ ਦਏ ਚੁਕਾ, ਕੂਫ਼ਾ ਆਪਣਾ ਸੰਗ ਬਣਾਈਆ । ਜਿਨ੍ਹਾਂ ਦੀ ਲੇਖੇ ਲਾ ਕੇ ਦੁਆ, ਸੰਮਤ ਸ਼ਹਿਨਸ਼ਾਹੀ ਨੌ ਦਏ ਵਡਿਆਈਆ । ਲਹਿੰਦਿਉਂ ਚੜ੍ਹਦੇ ਹੋਏ ਰਵਾਂ, ਰਵਾਨਗੀ ਆਪਣੇ ਹੱਥ ਫੜਾਈਆ । ਕੀ ਉਸ ਦੀ ਸਿਫ਼ਤ ਕਰਾਂ, ਜੋ ਸਿਫ਼ਤਾਂ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਗੋਲੀ ਦੀ ਪੋਸ਼ਾਕ ਤੇ ਹਿੰਦਸਾ ਲਿਖਿਆ ਹੋਵੇ ਸੱਤ ਸੌ ਛਿਆਸੀ, ਸਤਿ ਸਤਿ ਨਾਲ ਵਡਿਆਈਆ । ਸੱਤ ਅੱਠ ਪੰਦਰਾਂ ਤੇ ਛੇ ਇੱਕੀਆਂ ਦੀ ਰਾਸੀ, ਮੁਹੰਮਦ ਦਾ ਲਹਿਣਾ ਗੋਬਿੰਦ ਨਾਲ ਪੂਰ ਕਰਾਈਆ । ਇਹ ਅਚਰਜ ਖੇਲ ਅਗੰਮ ਤਮਾਸ਼ੀ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਮੈਂ ਦੂਰ ਦੁਰਾਡੀ ਆਪਣੀ ਰਖੀ ਆਸੀ, ਨਿਸਚੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਸੱਤ ਸੌ ਛਿਆਸੀਆਂ ਦੀ ਇਕੋ ਬਣੇ ਪੋਸ਼ਾਕ, ਨਵ ਨਵ ਸੱਤ ਸੱਤ ਇਕੋ ਰੰਗ ਰੰਗਾਈਆ । ਇਕੋ ਮਹਿਬੂਬ ਹੋਵੇ ਇਕੋ ਹੋਵੇ ਚਾਕ, ਇਕੋ ਢੋਲਾ ਗੀਤ ਸ਼ਨਵਾਈਆ । ਇਕੋ ਕਾਅਬਾ ਹੋਵੇ ਤੇ ਇਕੋ ਨਜ਼ਰੀ ਆਏ ਤਾਕ, ਇਕੋ ਗੋਬਿੰਦ ਨਾਲ ਵਡਿਆਈਆ । ਇਕੋ ਤੱਕੜ ਹੋਵੇ ਇਕੋ ਵੱਟਾ ਹੋਵੇ ਸੇਰ ਛਟਾਂਕ, ਦੂਜੀ ਵੰਡ ਨਾ ਕੋਇ ਰਖਾਈਆ । ਇਕੋ ਨਾਮ

ਹੋਵੇ ਨਾ ਜਿਸਤ ਹੋਵੇ ਨਾ ਟਾਂਕ, ਬਹੁਤੀ ਗਣਤ ਨਾ ਕੋਇ ਗਿਣਾਈਆ । ਇਕੋ ਅਸਵ ਹੋਵੇ ਰਾਕ, ਇਕੋ ਗੋਬਿੰਦ ਸੋਭਾ ਪਾਈਆ । ਇਕੋ ਹਰੂਫ਼ ਨਜ਼ਰੀ ਆਵੇ ਪਾਕ, ਸਾਫ਼ ਸੁਥਰਾ ਲਿਖ ਕੇ ਦੇਣਾ ਸਜਾਈਆ । ਨਾਲ ਅੱਲਾ ਹੂ ਦੀ ਹੱਥ ਵਿਚ ਹੋਵੇ ਛਾਪ, ਛੱਲਾ ਅਵਰ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰੇ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਤਾਰਾ ਚੰਦ ਕਹੇ ਅੱਜ ਵਕਤ ਸੁਹੇਲਾ, ਮਹਿਬਾਨ ਬੀਦੋ ਦਿਤੀ ਵਡਿਆਈਆ । ਜੋ ਆਪਣੇ ਖੇਲ ਅਗੰਮੀ ਰਿਹਾ ਖੇਲਾ, ਖ਼ਾਲਕ ਖ਼ਲਕ ਵਿਚ ਸਮਾਈਆ । ਓਸ ਦਾ ਰੂਪ ਅਨੂਪਾ ਸਭ ਤੋਂ ਨਵੇਲਾ, ਰੰਗ ਵਿਚ ਆਪਣਾ ਰੰਗ ਛੁਪਾਈਆ । ਜਨ ਭਗਤਾਂ ਵਕਤ ਹੋਣ ਨਾ ਦਏ ਦੁਹੇਲਾ, ਦੋ ਜਹਾਨਾਂ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤਾਰਾ ਚੰਦ ਕਹੇ ਸਾਡਾ ਵਕਤ ਸੁਹਾਵਾ ਮਾਤ, ਮਤਾ ਇਕੇ ਘਰ ਪਕਾਈਆ । ਸਾਹਿਬ ਸੁਲਤਾਨਾ ਅੰਤਮ ਸਾਡੀ ਪੁਛੇ ਬਾਤ, ਮਾਲਕ ਖ਼ਾਲਕ ਹੋਏ ਸਹਾਈਆ । ਉਮਤ ਉਮਤੀ ਤੋੜ ਕੇ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਲੇਖਾ ਦੱਸ ਕੇ ਸਾਚੋ ਸਾਚ, ਸਤਿ ਸਚ ਵਿਚੋਂ ਪ੍ਰਗਟਾਈਆ । ਪੂਰਾ ਕਰ ਭਵਿਖਤ ਵਾਕ, ਗੁਰ ਅਵਤਾਰ ਪੈਗ਼ੰਬਰਾਂ ਦਏ ਵਖਾਈਆ । ਲੇਖਾ ਜਾਣੇ ਦੋ ਜਹਾਨਾਂ ਸ੍ਰੀ ਭਗਵਾਨਾ ਆਪ, ਆਪ ਆਪਣਾ ਰੰਗ ਵਖਾਈਆ । ਸਚ ਸੰਦੇਸਾ ਦੱਸੇ ਕਾਇਨਾਤ, ਸੁਨੇਹੁੜਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰੇ ਕੋਲ ਪੁਰਾਣੀ ਚਿੱਠੀ, ਨਬੀਓ ਪੈਗ਼ੰਬਰੋ ਰਸੂਲੋ ਦਿਆਂ ਵਖਾਈਆ । ਜਿਸ ਦੀ ਸਮਝ ਆਏ ਨਾ ਕਿਸੇ ਵਿਚ ਲਿਪੀ, ਅੱਖਰਾਂ ਨਾਲ ਅੱਖਰ ਨਾ ਕੋਇ ਮਿਲਾਈਆ । ਜਿਹੜੀ ਬਿਨਾ ਮਹੀਨਿਆਂ ਬਰਸਾਂ ਤੋਂ ਬਾਹਰ ਮਿਤੀ, ਮਿਤ੍ਰ ਪਿਆਰੇ ਦਿਤੀ ਬਣਾਈਆ । ਇਹ ਭਗਤਾਂ ਨਾਲ ਸਦਾ ਪ੍ਰੇਮ ਰਸ ਵਿਚ ਮਿੱਠੀ, ਅਨਡਿੱਠੀ ਕਾਰ ਕਮਾਈਆ । ਇਹਦੇ ਵਿਚ ਲੇਖ ਚੜ੍ਹਦੀ ਦਿਸ਼ਾ ਗੁਰਮੁਖ ਸਿੰਘ ਨੇ ਸਿਰ ਤੇ ਪੱਗ ਰੱਖਣੀ ਕਾਲੀ ਚਿੱਟੀ, ਦੋਵੇਂ ਧਾਰ ਸੁਹਾਈਆ । ਮਸਤਕ ਲਾਉਣੀ ਹਾਹੇ ਵਾਲੀ ਟਿੱਪੀ, ਸੁਨਹਿਰੀ ਰੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਖੇਲੇ ਜੋ ਆਪਣੇ ਆਪ ਆਪ ਮਿਥੀ, ਜਿਸ ਨੂੰ ਮਿਥਿਆ ਕਰ ਸਕੇ ਕੋਇ ਨਾ ਰਾਈਆ ।


੧੨੮੨
੨੩

✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਰਾਤ ਨੂੰ ਸਾਢੇ ਗਿਆਰਾਂ ਵਜੇ ਜਸਬੀਰ ਕੌਰ ਇਟਾਰਸੀ ਦੇ ਨਵਿਤ ✪

ਲਾੜ੍ਹੀ ਮੌਤ ਦੱਸ ਕੀ ਆਈ ਕਹਿਣ, ਕੀ ਰਾਏ ਧਰਮ ਹੁਕਮ ਸੁਣਾਈਆ । ਕਿਉਂ ਪੁੱਠੇ ਕੀਤੇ ਨੈਣ, ਉਲਟੀ ਅੱਖ ਬਣਾਈਆ । ਲਾੜ੍ਹੀ ਮੌਤ ਕਹੇ ਮੇਰੇ ਪ੍ਰਭੂ ਸਾਕ ਸੱਜਣ ਸੈਣ, ਸਵਾਮੀ ਤੇਰੇ ਚਰਨਾਂ ਸੀਸ ਨਿਵਾਈਆ । ਮੈਂ ਕੋਈ ਭਗਤਾਂ ਨੂੰ ਖਾਣ ਵਾਲੀ ਨਹੀਂ ਡੈਣ, ਜੁਗ ਜੁਗ ਸਾਚੀ ਸੇਵ ਕਮਾਈਆ । ਮੇਰੇ ਵਾਸਤੇ ਲੱਖ ਚੁਰਾਸੀ ਵਹਿੰਦਾ ਵਹਿਣ, ਅਣਗਿਣਤ ਜੀਵ ਜੰਤ ਮੇਰੀ ਝੋਲੀ ਵਿਚ ਭਰਾਈਆ । ਮੈਂ ਤੇਰੇ ਚਰਨ ਕਵਲ ਸਚ ਸਰਨਾਈ ਆਈ ਬਹਿਣ, ਸਤਿ ਸਚ ਦਿਆਂ ਸੁਣਾਈਆ । ਓਹ ਤੱਕ ਜਮਦੂਤ ਇਕ ਦੂਜੇ ਨਾਲ ਖਹਿਣ, ਜ਼ੋਰ ਵਾਹੇ ਦਾਹੀ ਲਗਾਈਆ ।

ਨਾਲੇ ਇਸ਼ਾਰਾ ਕਰਨ ਕੀ ਰਾਮ ਨੇ ਲੇਖਾ ਲਿਖਿਆ ਵਿਚ ਰਮਾਇਣ, ਸੀਤਾ ਸਤਿ ਦ੍ਰਿੜਾਈਆ । ਕੀ ਭਰਿੰਗੂ ਇਸ਼ਾਰਾ ਕੀਤਾ ਉਤੇ ਤ੍ਰਿਬੈਣ, ਕੁੰਡਲੀਆਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸ਼ਰਨਾਈਆ । ਲਾੜੀ ਮੌਤ ਕਹੇ ਪ੍ਰਭੂ ਮੇਰੇ ਕੋਲ ਹੁਕਮ ਦਸਤੀ, ਰਾਏ ਧਰਮ ਦਿਤਾ ਜਣਾਈਆ । ਜਮਦੂਤਾਂ ਚੜ੍ਹੀ ਮਸਤੀ, ਖ਼ੁਸ਼ੀਆਂ ਢੋਲੇ ਗਾਈਆ । ਸਭ ਦੀ ਆਸ਼ਾ ਫਿਰੇ ਨੱਸਦੀ, ਭੱਜੇ ਵਾਹੋ ਦਾਹੀਆ । ਮੈਂ ਵਣਜਾਰਨ ਤੇਰੇ ਜਸ ਦੀ, ਸਿਫ਼ਤਾਂ ਨਾਲ ਸਲਾਹੀਆ । ਖੇਲ ਮੁਕਣੀ ਸੀ ਤਤ ਅੱਠ ਦੀ, ਅੱਠ ਕੱਤਕ ਦਏ ਦੁਹਾਈਆ । ਤ੍ਰਿਪਤ ਦੀ ਭੈਣ ਉਜੜਨੀ ਸੀ ਵਸਦੀ, ਜਸਬੀਰ ਕੌਰ ਲੇਖਾ ਤੇਰੇ ਚਰਨ ਟਿਕਾਈਆ । ਉਸ ਦੀ ਲਜਿਆ ਰਖ ਲੈ ਸੰਮਤ ਇੱਕੀ, ਜੋ ਨੌ ਰੰਗੇ ਹਾਰ ਗਲ ਤੇਰੇ ਵਿਚ ਪਾਈਆ । ਜੇ ਆਯੂ ਜਗਤ ਜਹਾਨ ਵਿਚ ਉਹਦੀ ਘਟਦੀ, ਘਾਟੇ ਪਿਛਲੇ ਪੂਰ ਕਰਾਈਆ । ਜੁਗਿੰਦਰ ਦੀ ਆਯੂ ਉਹਦੇ ਲੇਖੇ ਵਿਚ ਵੀਹ ਸਾਲ ਸੱਟ ਦੇ, ਨੌ ਸਾਲ ਤ੍ਰਿਪਤ ਦੀ ਨਾਲ ਮਿਲਾਈਆ । ਧੁਰ ਦੇ ਮਾਲਕ ਧੁਰ ਦੀ ਵਸਤ ਅੱਜ ਦੇ, ਬੱਧਕ ਦਾ ਦਰਦ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਸਾਹਿਬ ਹੱਥ ਰਖਾਈਆ । ਲਾੜੀ ਮੌਤ ਕਹੇ ਮੈਨੂੰ ਦਿਸਦੀ ਉਹਦੀ ਖ਼ੁਸ਼ੀਆਂ ਵਾਲੀ ਬਾਂਹ, ਜੋ ਤੇਰੇ ਸੀਸ ਉਤੇ ਘੁੰਮਾਈਆ । ਨਾਲ ਦਿਸਦੀ ਬਿਸ਼ਨ ਕੌਰ ਬੁੱਢੀ ਮਾਂ, ਜਿਸ ਨੂੰ ਦਾਦੀ ਕਹੇ ਲੋਕਾਈਆ । ਉਸ ਮੈਨੂੰ ਸੁਨੇਹੁੜਾ ਦਿਤਾ ਹੁਕਮ ਸੁਣਾਇਆ ਨਾਲ ਚਾ, ਚਾਓ ਘਨੇਰਾ ਇਕ ਸੁਣਾਈਆ । ਪਹਿਲੋਂ ਪ੍ਰਭ ਦੇ ਚਰਨ ਲੈਣਾ ਥਾਂ, ਬੰਦਨਾ ਕਰ ਕੇ ਸੀਸ ਨਿਵਾਈਆ । ਗਲ ਪੱਲੂ ਲੈਣਾ ਪਾ, ਨੇਤਰ ਨੈਣ ਸ਼ਰਮਾਈਆ । ਆਪਣੀ ਕੀਤੀ ਉਸ ਦੀ ਕਰਨੀ ਦੋਹਾਂ

੧੨੮੩
੨੩

ਦਾ ਲਹਿਣਾ ਦੇਣਾ ਚਰਨ ਟਿਕਾ, ਦਰ ਠਾਂਡੇ ਆਪ ਟਿਕਾਈਆ । ਫੇਰ ਹੁਕਮ ਸੁਣਨਾ ਬੇਪ੍ਰਵਾਹ, ਕੀ ਸੁਨੇਹੁੜਾ ਦੇਵੇ ਅਗੰਮ ਅਥਾਹੀਆ । ਜਿਸ ਨੇ ਆਪਣੀ ਬੱਚੀ ਲਈ ਬਣਾ, ਸੰਮਤ ਸ਼ਹਿਨਸ਼ਾਹੀ ਅੱਠ ਦਏ ਗਵਾਹੀਆ । ਉਹ ਲਾੜੀ ਮੌਤ ਜ਼ਰੂਰ ਤੇਰੇ ਕੋਲੋਂ ਲਏ ਛੁਡਾ, ਰਾਏ ਧਰਮ ਦਾ ਹੁਕਮ ਨਾ ਚਲੇ ਰਾਈਆ । ਆਪੇ ਬਣੇ ਪਿਤਾ ਮਾਂ, ਹੋਏ ਸਾਹਿਬ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਲਾੜੀ ਮੌਤ ਕਹੇ ਪ੍ਰਭੂ ਤੇਰੇ ਹੱਥ ਸਭ ਦੀ ਤਕਦੀਰ, ਤੇਰੀ ਬੇਪ੍ਰਵਾਹੀਆ । ਮੈਂ ਫਿਰਾਂ ਤੇਰੀ ਸ਼ਰਅ ਦੀ ਨਾਲ ਤਦਬੀਰ, ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਮੈਂ ਰਹਿਣ ਦਿਤਾ ਨਹੀਂ ਕੋਈ ਪੀਰ ਫ਼ਕੀਰ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਨੈਣੀ ਵਹਾ ਦਿਤੇ ਨੀਰ, ਸ਼ੀਰਖ੍ਵਾਰ ਬੱਚੇ ਨੀਹਾਂ ਹੇਠ ਦਬਾਈਆ । ਮੇਰੀ ਇਹ ਬੇਨੰਤੀ ਮੰਨੀਂ ਅਖ਼ੀਰ, ਤੇਰੀ ਚਰਨ ਸਰਨ ਸਰਨਾਈਆ । ਅੱਠ ਕੱਤਕ ਤੋਂ ਪਹਿਲੇ ਜਸਬੀਰ ਦੀ ਹਰਿ ਭਗਤ ਦਵਾਰੇ ਵਿਚ ਜ਼ਰੂਰ ਆਵੇ ਤਸਵੀਰ, ਸਚ ਸਿੰਘਾਸਣ ਉਤੇ ਦੇਣੀ ਟਿਕਾਈਆ । ਉਹਨੂੰ ਬੰਨ੍ਹਣਾ ਪੀਲੇ ਰੰਗ ਦੀ ਨਾਲ ਲੀਰ, ਸਵਾ ਗ਼ਜ ਨਾਲ ਦੁਸ਼ਾਲਾ ਦੇਣਾ ਸੁਹਾਈਆ । ਸਵਾ ਪੰਜ ਰੁਪੈ ਦਾ ਪ੍ਰਸ਼ਾਦ ਕਰਾਏ ਓਹਦਾ ਵੀਰ, ਰਣਜੀਤ ਆਪਣੀ ਹੱਥੀਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਹੋਣਾ ਆਪ ਸਹਾਈਆ । ਲਾੜੀ ਮੌਤ ਕਹੇ ਮੈਨੂੰ ਨੌ ਸਾਲ ਦਾ ਚੇਤਾ, ਮਾਤਾ ਪਿਤਾ ਭੈਣ ਭਾਈ ਜਸਬੀਰ ਦਾ ਸਮਝ ਸਕਿਆ ਕੋਇ ਨਾ ਰਾਈਆ । ਤੂੰ ਯਾਦ ਕਰ ਲੈ ਜਿਹੜਾ ਬਚਨ ਕੀਤਾ ਵਿਚ ਖੇਤਾ, ਪਿਠ ਉਹਦੀ ਉਂਗਲੀ ਉਤੇ ਛੁਹਾਈਆ । ਨਾਲੇ ਹੱਸ ਕੇ ਕਿਹਾ ਸੀ ਤੇਰੀ ਜ਼ਿੰਦਗੀ ਦਾ ਮੇਰੇ

ਕੋਲ ਠੇਕਾ, ਬਾਕੀਆਂ ਨਾਲੋਂ ਨਾਤਾ ਦਿਤਾ ਤੁੜਾਈਆ । ਇਹੋ ਸੌਹਰਾ ਤੇ ਇਹੋ ਪੇਕਾ, ਮਾਤਾ ਪਿਤਾ ਇਹੋ ਅਖਵਾਈਆ । ਨਾਲੇ ਫੜ ਕੇ ਪੁੱਠਾ
ਹੱਥ ਸੀ ਵੇਖਾ, ਚਾਰੇ ਉਂਗਲੀਆਂ ਉਂਗਲੀਆਂ ਨਾਲ ਦਬਾਈਆ । ਫੇਰ ਖ਼ੁਸ਼ੀਆਂ ਵਿਚ ਕਿਹਾ ਖ਼ੁਸ਼ੀ ਦੀ ਲਉਂਗਾ ਭੇਟਾ, ਫੇਰ ਜ਼ਿੰਦਗੀ ਜ਼ਿੰਦਗੀ
ਤੇਰੀ ਝੋਲੀ ਪਾਈਆ । ਤੂੰ ਹੀ ਧੀ ਤੇ ਤੂੰ ਹੀ ਮੇਰਾ ਬੇਟਾ, ਏਸੇ ਕਰ ਕੇ ਦੇਣੀ ਮਾਣ ਵਡਿਆਈਆ । ਲਾੜੀ ਮੌਤ ਕਹੇ ਪ੍ਰਭੂ ਮੈਂ ਉਨ੍ਹਾਂ ਵੱਲ
ਕਦੀ ਨਾ ਵੇਖਾਂ, ਜਿਨ੍ਹਾਂ ਤੇਰੀ ਓਟ ਤਕਾਈਆ । ਮੈਂ ਤੇ ਨਿਮਾਣੀ ਤੇਰੇ ਕੋਲੋਂ ਪਿਛਲਾ ਲੈਣ ਆਈ ਲੇਖਾ, ਮੇਰੀ ਝੋਲੀ ਦੇਣੀ ਭਰਾਈਆ । ਪਰ
ਯਾਦ ਕਰ ਲੈ ਤੂੰ ਉਸ ਦਿਨ ਪੱਗੜੀ ਵਿਚੋਂ ਬਾਹਰ ਰਖੇ ਸੀ ਥੋੜੇ ਕੇਸਾ, ਜਿਸ ਵੇਲੇ ਇੱਕੀ ਇੱਕੀ ਚੱਕਰ ਰਹੇ ਲਗਾਈਆ । ਮੈਨੂੰ ਖ਼ੁਸ਼ੀਆਂ ਵਿਚ
ਕਹਿਣ ਲੱਗੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਹਮੇਸ਼ਾ ਲਈ ਸੁਣਾਈਆ । ਲਾੜੀ ਮੌਤ ਕਹੇ ਨਾਲੇ ਸਤਿਗੁਰ ਸ਼ਬਦ ਜੋਤੀ ਧਾਰ ਪੁਰਖ ਅਕਾਲ ਨਾਲੇ
ਦਸ ਦਸਮੇਸਾ, ਕਿਹੜਾ ਵੇਸ ਵਟਾਈਆ । ਕਿਸੇ ਨੂੰ ਪਤਾ ਨਹੀਂ ਕਿਉਂ ਕਵਾਰ ਕੰਨਿਆ ਨੂੰ ਆਪਣੇ ਸੀਸ ਦੇ ਉਤੇ ਦਿਤਾ ਠੇਕਾ, ਠਾਕਰ ਹੋ ਕੇ
ਆਪਣੇ ਤੋਂ ਉਚੀ ਦਿਤੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ
ਸਹਾਈਆ । ਅਗੋਂ ਰੋ ਕੇ ਕਹਿਣ ਯਮਰਾਜ, ਨਿਵ ਨਿਵ ਸੀਸ ਨਿਵਾਈਆ । ਤੇਰੇ ਭਗਤ ਪਿਛੇ ਤੇਰੇ ਦਰਸ਼ਨ ਹੋਏ ਆਜ, ਇਹ ਤੇਰੀ ਬੇਪ੍ਰਵਾਹੀਆ ।
ਸਾਨੂੰ ਦੂਰੋਂ ਮਾਰੀ ਲਾੜੀ ਮੌਤ ਆਵਾਜ਼, ਬਿਨ ਕੰਨਾਂ ਦਿਤੀ ਸੁਣਾਈਆ । ਆਓ ਦਰਸ਼ਨ ਕਰੋ ਜਿਸ ਦੇ ਸੀਸ ਤੇ ਸੋਹੇ ਤਾਜ, ਜਿਸ ਨੂੰ ਤਾਜਾਂ ਵਾਲੇ
ਸਾਰੇ ਨਿਵ ਨਿਵ ਲਾਗਣ ਪਾਈਆਂ । ਅਸੀਂ ਆ ਕੇ ਹੋਏ ਵਿਸਮਾਦ, ਬਿਸਮਿਲ ਹੋ ਕੇ ਸੀਸ ਨਿਵਾਈਆ । ਜਿਹੜੀ ਆਯੂ ਤੂੰ ਬਖ਼ਸ਼ੀ ਉਹ ਤੂੰ
੧੨੮੪ ੨੩ ਦਿਤੀ ਅਗੰਮੀ ਦਾਤ, ਅਤੋਟ ਅਤੁਟ ਝੋਲੀ ਦਿਤੀ ਭਰਾਈਆ । ਅੱਜ ਦਾ ਵਕਤ ਸੁਹੇਲਾ ਜੁਗ ਚੌਕੜੀ ਸਭ ਨੇ ਰਖਣਾ ਯਾਦ, ਭੁਲ ਵਿਚ ਭੁਲ ੧੨੮੪ ੨੩
ਕੋਇ ਨਾ ਜਾਈਆ । ਬਿਨਾ ਬੇਨੰਤੀ ਤੋਂ ਭਗਤਾਂ ਦੀ ਆਪ ਸੁਣੀ ਆਵਾਜ਼, ਭਗਵਨ ਹੋ ਕੇ ਵੇਖ ਵਖਾਈਆ । ਇਹ ਕਲਮ ਸਿਆਹੀ ਦੀ ਇਮਦਾਦ,
ਜੋ ਲੇਖੇ ਲੇਖੇ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਘਰ ਆਪ ਸੁਹਾਈਆ ।
ਜਸਬੀਰ ਦੀ ਕਹੇ ਮਨਸਾ, ਸੁਰਤੀ ਅੰਦਰੇ ਅੰਦਰ ਸੁਣਾਈਆ । ਪ੍ਰਭੂ ਮੈਂ ਵੀ ਤੇਰਾ ਪਿਆਰ ਵਾਲਾ ਬੰਸਾ, ਜਿਸ ਬੰਸ ਵਿਚੋਂ ਸਰਬੰਸੀ ਤੇਰੀ ਸੇਵ
ਕਮਾਈਆ । ਤੂੰ ਕਾਗੋਂ ਬਣਾਏਂ ਹੰਸਾ, ਮਾਣਕ ਮੋਤੀ ਚੋਗ ਚੁਗਾਈਆ । ਤੂੰ ਮਾਲਕ ਮਨ ਤਨ ਕਾ, ਆਤਮ ਤੇਰੇ ਰੰਗ ਰੰਗਾਈਆ । ਜਦੋਂ
ਚਾਹੇਂ ਓਦੋਂ ਭਗਤਾਂ ਦੇ ਬੇੜੇ ਬੰਨ੍ਹਦਾ, ਫੜ ਬਾਹੋਂ ਸ਼ੌਹ ਦਰਿਆ ਪਾਰ ਕਰਾਈਆ । ਤੇਰੇ ਹੁਕਮ ਬਿਨਾ ਨਾ ਭਗਤ ਜਨਮਦਾ ਨਾ ਮਰਦਾ, ਜੰਮਣ
ਮਰਨ ਵਿਚ ਕਦੇ ਨਾ ਆਈਆ । ਧਰਮ ਰਾਏ ਦੇ ਹੁਕਮ ਨਾਲ ਯਮਰਾਜ ਭਗਤਾਂ ਨੂੰ ਕਦੇ ਨਹੀਂ ਫੜਦਾ, ਲਾੜੀ ਮੌਤ ਪੋਹ ਨਾ ਸਕੇ ਰਾਈਆ ।
ਤੂੰ ਮਾਲਕ ਚੋਟੀ ਜੜ ਦਾ, ਚੇਤਨ ਆਪਣੇ ਵਿਚ ਟਿਕਾਈਆ । ਭਗਤ ਆਤਮਾ ਕਹੇ ਜੋ ਤੇਰੀ ਮੰਜ਼ਲ ਚੜ੍ਹਦਾ, ਲਹਿੰਦਾ ਚੜ੍ਹਦਾ ਦੱਖਣ ਪਹਾੜ
ਸ਼ਿੰਮਤ ਵੰਡ ਨਾ ਕੋਇ ਵੰਡਾਈਆ । ਉਹ ਇਕੋ ਮਾਲਕ ਤੇਰੇ ਸਾਚੇ ਘਰ ਦਾ, ਜਿਸ ਘਰ ਬਹਿ ਕੇ ਭਗਤਾਂ ਜੋਤੀ ਮੇਲ ਮਿਲਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰੇ ਹੱਥ ਲੇਖਾ ਸੀਸ ਧੜ ਦਾ, ਤਨ ਵਜੂਦ ਆਤਮ ਪਰਮਾਤਮ ਨਜ਼ਰੀ ਆਈਆ ।

## ੩੦ ਅੱਸੂ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਦੁਪਹਿਰ ਜਰਨੈਲ ਸਿੰਘ ਸ਼ਾਹ ਵਾਲੇ ਦੇ ਦਰਬਾਰ ਪੁੱਜਣ ਤੇ

ਜਰਨੈਲ ਸ਼ਬਦੀ ਧਾਰ ਜਗਤ ਨਹੀਂ ਵਿਛੋੜਾ, ਦਿਵਸ ਤਿੰਨ ਆਪਣਿਆਂ ਬੱਚਿਆਂ ਪਿਛੇ ਦੁੱਖਾਂ ਵਿਚ ਲੰਘਾਈਆ । ਸਤਿਗੁਰ ਸ਼ਬਦ ਸ਼ਬਦ ਦਾ ਪਾ ਕੇ ਮੋੜਾ, ਦੋਹਰੀ ਆਪਣੀ ਖੇਲ ਖਿਲਾਈਆ । ਜਸਬੀਰ ਜੁਗਿੰਦਰ ਦਾ ਵਿਛੜਨ ਵਾਲਾ ਸੀ ਜੋੜਾ, ਇਟਾਰਸੀ ਮਚਣੀ ਸੀ ਹਾਲ ਦੁਹਾਈਆ । ਬੱਧਕ ਦਾ ਦਿਲ ਬੜਾ ਸੀ ਥੋੜਾ, ਰਾਮ ਸਿੰਘ ਰੋਣਾ ਸੀ ਮਾਰ ਕੇ ਧਾਹੀਆ । ਸਾਹਿਬ ਦਾ ਪਿਆਰ ਫਿਰਦਾ ਸਭ ਦੇ ਅੰਦਰ ਵਾਂਗ ਚੋਰਾ, ਚੋਰੀ ਚੋਰੀ ਆਪਣਾ ਖੇਲ ਖਿਲਾਈਆ । ਇਹ ਲੇਖਾ ਬਦਲ ਦਿਤਾ ਹੋਰ ਦਾ ਹੋਰਾ, ਹੋਰ ਦੀ ਹੋਰ ਕਲ ਵਰਤਾਈਆ । ਟੁੱਟੀ ਨੂੰ ਫੇਰ ਗੰਢਿਆ ਆਪਣੀ ਨਾਲ ਡੋਰਾ, ਡੋਰੀ ਤੇਰੇ ਸੰਗ ਬਣਾਈਆ । ਜਿਸ ਦਾ ਵਕਤ ਰਹਿ ਗਿਆ ਸੀ ਥੋੜਾ, ਅੱਠ ਕੱਤਕ ਦਾ ਲੇਖਾ ਲੇਖਾ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪਣੇ ਹੱਥ ਰਖਾਈਆ । ਜਰਨੈਲ ਸਿੰਘ ਤੇਰਾ ਰਾਮ ਸਿੰਘ ਨਾਲ ਯਰਾਨਾ, ਪਿਆਰ ਭਗਤਾਂ ਵਾਲਾ ਰਖਾਈਆ । ਤਿੰਨਾਂ ਦਿਨਾਂ ਵਿਚ ਯਾਦ ਕਰ ਕੇ ਸੱਦ ਲਿਆ ਨਾਲ ਬਹਾਨਾ, ਦਰਸ਼ਨ ਸਨਮੁਖ ਦਿਤਾ ਚਾਈਂ ਚਾਈਂਆ । ਤੇਰੇ ਪਿਆਰ ਨਾਲ ਜ਼ਿੰਦਗੀ ਦਾ ਦਿਤਾ ਦਾਨਾ, ਜ਼ਿੰਦਗੀ ਸਚ ਦੀ ਝੋਲੀ ਪਾਈਆ । ਜਿਸ ਜਸਬੀਰ ਦੀ ਤਸਵੀਰ ਦਾ ਰੂਪ ਅਨੂਪ ਹੋਣਾ ਮਹਾਨਾ, ਮਹਿੰਮਾ ਸਮਝ ਕਿਸੇ ਨਾ ਪਾਈਆ । ਓਸ ਨੂੰ ਜ਼ਰੂਰ ਭਗਤ ਦਵਾਰ ਪਵੇਗਾ ਆਣਾ, ਸ਼ਹਾਦਤ ਤੇਰੀ ਦੇਣੀ ਭੁਗਤਾਈਆ । ਬੇਸ਼ਕ ਅੰਦਰੋਂ ਬਦਲ ਗਿਆ ਸਾਰਾ ਜ਼ਮਾਨਾ, ਤੇਰੇ ਹਿਰਦੇ ਵਿਚ ਪਿਆਰ ਪਿਆਰ ਡੇਰਾ ਲਾਈਆ । ਭਗਤ ਭਗਤ ਨਾਲੋਂ ਹੋਏ ਨਾ ਕਦੇ ਬੇਗਾਨਾ,

ਵੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜਰਨੈਲ ਸਿੰਘ ਏਸ ਸ਼ਬਦ ਤੇ ਲਗਾਉਣਾ ਪਏ ਅੰਗੂਠਾ, ਹੁਕਮ ਧੁਰ ਦਾ ਇਕ ਸਮਝਾਈਆ । ਫੇਰ ਬਖ਼ਸ਼ਿਆ ਜਾਏ ਪੰਜ ਤਤ ਦਾ ਠੂਠਾ, ਸਿਰ ਸਿਰ ਦੇਵੇ ਮਾਣ ਵਡਿਆਈਆ । ਮਿਤ੍ਰਾ ਮਿਤ੍ਰ ਦੇ ਘਰ ਦਾ ਫੇਰ ਲਗਾ ਦੇ ਬੂਟਾ, ਜੜ ਉਖੜੀ ਫੇਰ ਦਬਾਈਆ । ਇਹਦਾ ਲੇਖਾ ਮਿਲਣਾ ਨਹੀਂ ਵਿਚੋਂ ਕਿਸੇ ਚਾਰੇ ਕੂਟਾ, ਦਹਿ ਦਿਸ਼ਾ ਹੱਥ ਕਿਸੇ ਨਾ ਆਈਆ । ਇਹ ਸਰੀਰ ਬੇਸ਼ਕ ਪੰਜ ਭੂਤਾ, ਪ੍ਰਭ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤੇਰੇ ਬਾਪੂ ਦਾ ਜੋ ਛੁਟਿਆ ਵਖਾਇਆ ਸਰੀਰ, ਤੈਨੂੰ ਜਗਤ ਨਾਲੋਂ ਵਖਾਈ ਜੁਦਾਈਆ । ਇਹ ਗੋਬਿੰਦ ਦਾ ਅਣਿਆਲਾ ਸੀ ਤੀਰ, ਜੋ ਬਿਨਾ ਰਸਨ ਤੋਂ ਗਿਆ ਚਲਾਈਆ । ਜਿਸ ਵੇਲੇ ਬਣਿਆ ਸੀ ਉਚ ਦਾ ਪੀਰ, ਤੁਸਾਂ ਕੰਧੀਂ ਚੁਕਿਆ ਥਾਉਂ ਥਾਈਂਆ । ਬੇਸ਼ਕ ਤੇਰੇ ਪਿਆਰ ਵਾਲੇ ਤੇਰੇ ਵੀਰ, ਗੋਬਿੰਦ ਦੀ ਨਿਗਾਹ ਗੋਬਿੰਦ ਗੁਰਸਿੱਖ ਵਿਚ ਰਖਾਈਆ । ਤੁਹਾਡੇ ਬਾਪੂ ਉਸ ਵੇਲੇ ਗੋਬਿੰਦ ਦੀ ਹੱਥ ਨਾਲ ਫੜ ਕੇ ਸ਼ਮਸ਼ੀਰ, ਆਪਣੇ ਪੱਟਾਂ ਉਤੇ ਘਸਾਈਆ । ਨਾਲੇ ਕਿਹਾ ਮੇਰੀ ਬਦਲ ਦੇਵੀਂ ਤਕਦੀਰ, ਪੀਰਾ ਤੇਰੀ ਬੇਪਰਵਾਹੀਆ । ਗੋਬਿੰਦ ਨੇ ਆਪਣੀ ਹੱਥੀਂ ਫੜ ਜ਼ੰਜੀਰ, ਸਹਿਜ ਨਾਲ ਛਣਕਾਈਆ । ਇਹ ਲੇਖਾ ਦੇਵੇ ਮੇਰਾ ਦਾਤਾ ਗੁਣੀ ਗਹੀਰ, ਮਾਲਕ ਧੁਰਦਰਗਾਹੀਆ । ਜਿਸ ਵੇਲੇ ਉਨ ਆਪਣਿਆਂ ਭਗਤਾਂ ਦੀ ਸਿੰਘਾਸਣ ਉਤੇ ਰਖਣੀ ਤਸਵੀਰ, ਭਗਤ ਭਗਵਾਨ ਦੇ ਭੇਵ ਦੇਣੇ ਮਿਟਾਈਆ । ਇਕੋ ਰੰਗ ਕਰ ਕੇ ਸ਼ਾਹ ਹਕੀਰ, ਸ਼ਾਹ ਸੁਲਤਾਨਾਂ ਖ਼ਾਕ ਵਿਚ ਰਲਾਈਆ । ਜਰਨੈਲ ਸਿੰਘ ਓਸ

ਵੇਲੇ ਤੇਰੇ ਨੇਤਰਾਂ ਵਿਚੋਂ ਵਗਿਆ ਸੀ ਨੀਰ, ਹੰਝੂ ਅੱਖੀਆਂ ਵਿਚੋਂ ਗਿਰਾਈਆ । ਗੋਬਿੰਦ ਨੇ ਤੇਰੀ ਪਿੱਠ ਤੇ ਮਾਰ ਕੇ ਲਕੀਰ, ਲਾਈਨ ਦਿਤੀ ਸਮਝਾਈਆ । ਜਿਸ ਵੇਲੇ ਵਕਤ ਆਇਆ ਕਲਜੁਗ ਅਖ਼ੀਰ, ਆਖ਼ਰ ਮੇਲਾ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਅੱਠ ਕੱਤਕ ਨੂੰ ਜਰਨੈਲ ਸਿੰਘ ਤੂੰ ਜ਼ਰੂਰ ਆਉਣਾ, ਸਵਾ ਪਾ ਕੂਜ਼ਾ ਮਿਸ਼ਰੀ ਨਾਲ ਰਲਾਈਆ । ਰਣਜੀਤ ਸਿੰਘ ਪ੍ਰਸ਼ਾਦ ਕਰਾਉਣਾ, ਮਿੱਠਾ ਇਹੋ ਵਿਚ ਟਿਕਾਈਆ । ਜੁਗਿੰਦਰ ਸਿੰਘ ਢਾਈ ਗਜ਼ ਕੱਪੜਾ ਹੱਥ ਉਠਾਉਣਾ, ਜਿਸ ਨੂੰ ਕੱਫ਼ਣ ਕਹੇ ਲੋਕਾਈਆ । ਜਸਬੀਰ ਕੌਰ ਖੁੱਲ੍ਹੀ ਮੇਂਢੀ ਸੀਸ ਸੁਹਾਉਣਾ, ਪਰਾਂਦੀ ਗੁੱਤ ਨਾ ਕੋਇ ਲਟਕਾਈਆ । ਬੁੱਲਾਂ ਉਤੇ ਘਿਰਤ ਘੀ ਲਗਾਉਣਾ, ਨੈਣ ਨੀਰ ਨਾ ਕੋਇ ਵਹਾਈਆ । ਪੀਲਾ ਬਸਤਰ ਤਨ ਛੁਹਾਉਣਾ, ਸਿਰ ਪੈਰ ਤਾਈਂ ਵਡਿਆਈਆ । ਚੜ੍ਹਦੇ ਲਹਿੰਦੇ ਆਸਣ ਲਾਉਣਾ, ਸਿੰਘਾਸਣ ਅਗੇ ਸੋਭਾ ਪਾਈਆ । ਪੁੱਠੇ ਹੱਥ ਮਸਤਕ ਉਤੇ ਟਿਕਾਉਣਾ, ਅੱਖੀਆਂ ਅਖੀਆਂ ਵਿਚੋਂ ਬਦਲਾਈਆ । ਭੈਣ ਭਰਾਵਾਂ ਇਰਦ ਗਿਰਦ ਡੇਰਾ ਲਾਉਣਾ, ਹੱਥ ਮੱਥੇ ਉਤੇ ਲਗਾਈਆ । ਸਾਢੇ ਤਿੰਨ ਘੰਟੇ ਕਿਸੇ ਨਹੀਂ ਸੌਣਾ, ਨੌਂ ਤੋਂ ਸਾਢੇ ਬਾਰਾਂ ਵੰਡ ਵੰਡਾਈਆ । ਫੇਰ ਚਿੱਟਾ ਬਸਤਰ ਪਾਉਣਾ, ਬਿਨਾ ਇਸ਼ਨਾਨ ਦੇਣਾ ਸਜਾਈਆ । ਨੇਤਰ ਕੱਜਲ ਧਾਰ ਸੁਹਾਉਣਾ, ਸੁਨਿਹਰੀ ਬਿੰਦੀ ਮਸਤਕ ਵਿਚ ਲਟਕਾਈਆ । ਨੌ ਵਾਰ ਸਤਿਗੁਰ ਚਰਨ ਚਰਨ ਛੁਹਾਉਣਾ, ਸੀਸ ਚਰਨਾਂ ਉਤੇ ਟਿਕਾਈਆ । ਨੌਂ ਰੰਗ ਦਾ ਹਾਰ ਬਿਸਤਰ ਫੁਲਾਂ ਸੇਜ ਵਿਛਾਉਣਾ, ਸੋਹਣੀ ਬਣਤ ਬਣਾਈਆ । ਇਕੀ ਮਿੰਟ ਸਤਿਗੁਰ ਸ਼ਬਦ ਗਾਉਣਾ, ਇੱਕੀ ਸਿਖਾਂ ਨਾਲ ਸੋਭਾ ਪਾਈਆ । ਫੇਰ ਆਪਣਾ ਸੱਜਾ ਅੰਗੂਠਾ ਮੁਖ ਵਿਚ ਪਾਉਣਾ, ਚੂਸਣਾ ਚਾਈਂ ਚਾਈਆ । ਅਗਲਾ ਲੇਖ ਪਰਮ ਪੁਰਖ ਫੇਰ ਸਮਝਾਉਣਾ, ਧੁਰ ਦਾ ਪਰਦਾ ਆਪ ਉਠਾਈਆ । ਜਰਨੈਲ ਸਿੰਘ ਇਹ ਵਕਤ ਨਹੀਂ ਕਦੇ ਭੁਲਾਉਣਾ, ਤਿੰਨ ਦਿਨ ਦਾ ਲੇਖਾ ਤੇਰੀ ਯਾਦ ਵਿਚ ਲੰਘਾਈਆ । ਅੱਧਾ ਦਿਵਸ ਹਰਿ ਸੰਗਤ ਪੇਟੇ ਪਾਉਣਾ, ਦੂਸਰ ਹੱਥ ਨਾ ਕਿਸੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਆਪਣੇ ਹੁਕਮ ਵਿਚ ਖੇਲ ਖਿਲਾਈਆ ।

### ੧ ਕੱਤਕ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ, ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਕੱਤਕ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਆਇਆ, ਆਪਣੀ ਖ਼ੁਸ਼ੀ ਬਣਾਈਆ । ਕਿਰਪਾ ਕਰੇ ਬੇਪਰਵਾਹਿਆ, ਜੋ ਬੇਪਰਵਾਹੀ ਵਿਚ ਸਮਾਈਆ । ਜਿਸ ਆਦਿ ਜੁਗਾਦੀ ਖੇਲ ਰਚਾਇਆ, ਜੁਗ ਜੁਗ ਵੇਖ ਵਖਾਈਆ । ਸਭ ਦਾ ਬਣ ਕੇ ਦਾਈ ਦਾਇਆ, ਧੁਰ ਦਾ ਹੁਕਮ ਵਰਤਾਈਆ । ਜਿਸ ਦੀ ਅਚਰਜ ਵਰਤੇ ਮਾਇਆ, ਮਮਤਾ ਨਾਲ ਰਖਾਈਆ । ਮੈਂ ਓਸ ਨੂੰ ਰਿਹਾ ਸੁਣਾਇਆ, ਜੋ ਸੁਣੇ ਥਾਉਂ ਥਾਈਆ । ਖ਼ਾਲੀ ਝੋਲੀ ਰਿਹਾ ਡਾਹਿਆ, ਡੰਡਾਵਤ ਵਿਚ ਸੀਸ ਨਿਵਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੇ ਸੰਮਤ ਸ਼ਹਿਨਸ਼ਾਹੀ ਅੱਠ ਦਾ ਦੇ ਬਕਾਇਆ, ਪਿਛਲਾ ਪਿਛੋਕੜ ਝੋਲੀ ਪਾਈਆ । ਜਿਸ ਦਾ ਦਿਵਸ ਨਾ ਕੋਇ ਮਨਾਇਆ, ਖ਼ੁਸ਼ੀਆਂ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰਨਹਾਰ ਤੇਰੀ ਵਡਿਆਈਆ । ਕੱਤਕ ਕਹੇ ਮੈਂ ਆ ਗਿਆ ਮੰਗਤਾ, ਦਰਵੇਸ਼ ਅਲਖ ਜਗਾਈਆ । ਤੂੰ ਮਾਲਕ ਚੋਲੀ ਰੰਗਦਾ, ਰੰਗਤ ਇਕ ਚੜ੍ਹਾਈਆ । ਮੇਰਾ ਲੇਖਾ ਵੇਖ ਲੈ ਭੁੱਖ ਨੰਗ ਦਾ, ਬਿਨ ਓਢਣ ਦਿਆਂ ਸੁਣਾਈਆ । ਮੇਰਾ ਤਪ ਤੱਕ ਲੈ ਇਕ ਟੰਗ ਦਾ, ਸਦ ਤੇਰੀ ਓਟ ਰਖਾਈਆ । ਤੂੰ ਜੁਗ ਜੁਗ ਦਾਤਾਂ ਵੰਡਦਾ, ਦੇਵਣਹਾਰ ਗੁਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਕੱਤਕ ਕਹੇ ਮੈਂ ਆ ਗਿਆ ਤੇਰਾ ਭਿਖਾਰੀ, ਭੱਜਿਆ ਵਾਹੋ ਦਾਹੀਆ । ਤੂੰ ਨਿਰਗੁਣ ਨੂਰ ਜੋਤ ਨਿਰੰਕਾਰੀ, ਅੱਲਾ ਅਲਾਹ ਤੇਰੀ ਬਪਰਵਾਹੀਆ । ਮੈਂ ਤੇਰੀ ਤੱਕੀ ਸਿਕਦਾਰੀ, ਦੋ ਜਹਾਨਾਂ ਸੋਭਾ ਪਾਈਆ । ਮੈਨੂੰ ਸੰਦੇਸੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰੀ, ਅਵਤਰ ਤੇਰਾ ਹੁਕਮ ਜਣਾਈਆ । ਤੂੰ ਖੇਲੇ ਖੇਲ ਅਲਖ ਅਗੋਚਰ ਅਗੰਮ ਅਪਾਰੀ, ਅਪਰੰਪਰ ਆਪਣਾ ਭੇਵ ਚੁਕਾਈਆ । ਕੱਤਕ ਕਹੇ ਮੈਂ ਚਰਨ ਕਵਲ ਕਰਾਂ ਨਿਮਸਕਾਰੀ, ਧੂੜੀ ਖ਼ਾਕ ਰਮਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਜੋ ਵਾਇਦਾ ਨਾਲ ਚਾਰ ਯਾਰੀ, ਯਰਾਨੇ ਵਾਲਿਆਂ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਬੇਪ੍ਰਵਾਹੀਆ । ਕੱਤਕ ਕਹੇ ਮੇਰਾ ਪਿਛਲਾ ਲੇਖਾ ਡੂੰਘਾ, ਹਾਥ ਕਿਸੇ ਨਾ ਆਈਆ । ਬਿਨਾ ਸਤਿਗੁਰ ਸ਼ਬਦ ਤੋਂ ਬਣੇ ਕੋਇ ਨਾ ਸੂੰਘਾ, ਭੇਵ ਸਕਿਆ ਨਾ ਕੋਇ ਖੁਲਾਈਆ । ਬਿਨਾ ਰਸਨਾ ਜਿਹਵਾ ਮੈਂ ਕੂੰਦਾ, ਸ਼ਬਦੀ ਢੋਲੇ ਗਾਈਆ । ਤੇਰਾ ਇਸ਼ਾਰਾ ਨਹੀਂ ਸੀ ਕੋਈ ਮੂੰਹ ਦਾ, ਬੱਤੀ ਦੰਦ ਨਾ ਕੋਇ ਚਤੁਰਾਈਆ । ਤੂੰ ਓਸ ਵੇਲੇ ਸੰਦੇਸਾ ਦਿਤਾ ਸਤਿਗੁਰ ਸ਼ਬਦ ਗੁਰੂ ਦਾ, ਗੁਰਦੇਵ ਦਿਤਾ ਦ੍ਰਿੜਾਈਆ । ਜਿਸ ਵੇਲੇ ਖੇਲ ਸਦੀ ਚੌਧਵੀਂ ਹੋਣਾ ਸ਼ੁਰੂ ਦਾ, ਸ਼ਰਅ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਕੱਤਕ ਕਹੇ ਮੇਰੀ ਪੂਰੀ ਕਰ ਦੇ ਲਿਖਤ, ਲੇਖੇ ਵਾਲਿਆ ਦਇਆ ਕਮਾਈਆ । ਮੇਰਾ ਪਿਛਲੇ ਸਾਲ ਦਾ ਭਵਿਖਤ, ਕਾਰਜ ਸਕੇ ਨਾ ਕੋਇ ਸਮਝਾਈਆ । ਮੇਰਾ ਇਕੋ ਤੇਰਾ ਇਸ਼ਟ, ਦੂਜਾ ਨਜ਼ਰ ਕੋਇ ਨਾ ਆਈਆ । ਕੀ ਲਹਿਣਾ ਦੇਣਾ ਦੀਨ ਦੁਨੀ ਸ੍ਰਿਸ਼ਟ, ਚਾਰ ਕੁੰਟ ਦ੍ਰਿੜਾਈਆ । ਮੈਨੂੰ ਇਸ਼ਾਰਾ ਦਿਤਾ ਜੁਗ ਤਰੇਤਾ ਵਿਚ ਵਸ਼ਿਸ਼ਟ, ਮੁਨੀ ਮੁਨੀਸ਼ਰ ਗਿਆ ਸਮਝਾਈਆ । ਫੇਰ ਸੰਤ ਮਨੀ ਸਿੰਘ ਲਿਆ ਰਿਸਕ, ਬੋਝਾ ਆਪਣੇ ਉਤੇ ਉਠਾਈਆ । ਸੰਮਤ ਸ਼ਹਿਨਸ਼ਾਹੀ ਅੱਠ ਅੱਠਾਂ ਤਤਾਂ ਵਾਲੇ ਸਾਰੇ ਗੁਰਮੁਖ ਗੁਰਸਿਖ ਭਗਤ ਜਾਣਗੇ ਖ਼ਿਸਕ, ਸੰਗੀ ਨਜ਼ਰ ਕੋਇ ਨਾ ਆਈਆ । ਬਿਨਾ ਪੈਰਾਂ ਤੋਂ ਜਾਣਗੇ ਤਿਲਕ, ਸੰਭਲ ਸਕੇ ਕੋਇ ਨਾ ਰਾਈਆ । ਮਨੂਆ ਮਨ ਕਰੇਗਾ ਇਲਤ, ਆਪਣੀ ਕਲ ਪ੍ਰਗਟਾਈਆ । ਕਿਸੇ ਦੀ ਰਹੇ ਕੋਇ ਨਾ ਹਿੰਮਤ, ਤਾਕਤ ਚਲੇ ਨਾ ਕੋਇ ਚਤੁਰਾਈਆ । ਸਤਿਗੁਰ ਧਾਰ ਧਾਰ ਕਰੇਗਾ ਮਿੰਨਤ, ਨਿਵ ਨਿਵ ਸੀਸ ਨਿਵਾਈਆ । ਨਾਲੇ ਜ਼ੋਰ ਦੀ ਮਾਰੀ ਕਿਲਕ, ਕਲ ਕਲਕੀ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਕੱਤਕ ਕਹੇ ਮੇਰਾ ਪਿਛਲਾ ਪੂਰਾ ਕਰ ਹਿਸਾਬ, ਰਿਸ਼ੀਆਂ ਲਹਿਣਾ ਪੂਰ ਕਰਾਈਆ । ਤੂੰ ਮਿਤਰ ਪਿਆਰਾ ਅਹਿਬਾਬ, ਦੋਸਤ ਧੁਰਦਰਗਾਹੀਆ । ਜ਼ਰਾ ਬਿਨਾ ਅੱਖਰਾਂ ਤੋਂ ਖੋਲ ਕੇ ਵੇਖ ਕਿਤਾਬ, ਜੋ ਆਪਣੇ ਗ੍ਰਿਹ ਟਿਕਾਈਆ । ਜਿਸ ਕਾਰਨ ਨਾਨਕ ਵਜਾਈ ਰਬਾਬ, ਸਿਤਾਰ ਦਿੱਤੀ ਹਿਲਾਈਆ । ਮੈਨੂੰ ਕ੍ਰਿਸ਼ਨ ਕੀ ਕਥਾ ਕਹਾਣੀ ਯਾਦ, ਜੋ ਅਰਜਨ ਰਿਹਾ ਸੁਣਾਈਆ । ਜਿਸ ਵੇਲੇ ਮੁਹੰਮਦ ਨੇ ਅੱਲਾ ਨੂੰ ਕਿਹਾ ਵਾਹਿਦ, ਵਾਇਦਿਆਂ ਵਿਚ


੧੨੮੭
੨੩

ਸੀਸ ਨਿਵਾਈਆ । ਜੋ ਪੈਗ਼ੰਬਰਾਂ ਗੁਰੂਆਂ ਅਵਤਾਰਾਂ ਤੋਂ ਆਵੇ ਬਾਦ, ਅਮਾਮ ਅਮਾਮਾ ਇਕ ਅਖਵਾਈਆ । ਜਿਸ ਸਭ ਦੀ ਸੁਣਨੀ ਫ਼ਰਿਆਦ, ਫ਼ੈਸਲਾ ਹਕ ਸੁਣਾਈਆ । ਉਸ ਦੀ ਬਿਨਾ ਉਮਤ ਦੇ ਨਬੀਆਂ ਤੋਂ ਕਿਸੇ ਨੇ ਸੁਣੀ ਨਹੀਂ ਅਵਾਜ਼, ਹੁਕਮ ਸਮਝ ਕੋਇ ਨਾ ਪਾਈਆ । ਸੰਗੀ ਸਾਥੀ ਕੋਈ ਨਾ ਦੇਵੇਗਾ ਦਾਦ, ਨਾਤਾ ਜਾਣ ਤੁੜਾਈਆ । ਉਹ ਆਪਣੀ ਧਾਰ ਵਿਚ ਹੋ ਵਿਸਮਾਦ, ਆਪਣਾ ਖੇਲ ਵਖਾਈਆ । ਏਸੇ ਕਰ ਕੇ ਕੱਤਕ ਕਹੇ ਐਸੇ ਕੱਤਕ ਸ਼ਹਿਨਸ਼ਾਹੀ ਨੌ ਵਿਚ ਦੇਦੇ ਦਾਦ, ਆਪਣੀ ਦਇਆ ਕਮਾਈਆ । ਤੂੰ ਮੇਰਾ ਸਵਾਮੀ ਪੁਰਖ ਅਕਾਲ ਮਹਾਰਾਜ, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਜਿਸ ਆਪਣੇ ਸੀਸ ਤੇ ਪਹਿਨਿਆ ਨਹੀਂ ਸੀ ਤਾਜ, ਤਾਜਾਂ ਵਾਲੇ ਦੇਣੇ ਹਿਲਾਈਆ । ਮੇਰੀ ਕਰ ਇਮਦਾਦ, ਸਿਰ ਸਾਚੇ ਹੱਥ ਟਿਕਾਈਆ । ਮੈਂ ਤੇਰਾ ਸੁਣਾਂ ਅਗੰਮੀ ਨਾਦ, ਸ਼ਬਦ ਕਰੀ ਸ਼ਨਵਾਈਆ । ਮੇਰੀ ਫੇਰ ਖੁੱਲ੍ਹ ਗਈ ਜਾਗ, ਆਲਸ ਨਿੰਦਰਾ ਲਈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਕੱਤਕ ਕਹੇ ਮੇਰਾ ਸੰਮਤ ਸ਼ਹਿਨਸ਼ਾਹੀ ਨਵ ਦਾ ਮਹੀਨਾ, ਅੱਠ ਦਾ ਅੱਠਾਂ ਤਤਾਂ ਵਾਲਿਆ ਪੂਰ ਕਰਾਈਆ । ਲੇਖਾ ਪੂਰਾ ਕਰ ਦੇ ਉਤੇ ਜ਼ਮੀਨਾ, ਜ਼ਿਮੀਂ ਜ਼ਮਾਂ ਦੇ ਮਾਲਕ ਤੇਰੀ ਬੇਪ੍ਰਵਾਹੀਆ । ਮੈਂ ਸਜਦਿਆਂ ਵਿਚ ਤੈਨੂੰ ਕਹਾਂ ਆਮੀਨਾ, ਆਮਦ ਤੇਰੀ ਵਿਚ ਸੀਸ ਝੁਕਾਈਆ । ਤੂੰ ਨੂਰ ਅਲਾਹੀ ਵੱਖਰਾ ਤ੍ਰੈਗੁਣ ਤੀਨਾ, ਤ੍ਰੈਭਵਣ ਧਨੀ ਤੇਰੀ ਬੇਪਰਵਾਹੀਆ । ਮੇਰਾ ਸਾਂਤਕ ਸਤਿ ਕਰਾ ਦੇ ਸੀਨਾ, ਸੀਨ ਦੇ ਤਿੰਨੇ ਡੰਡੇ ਦੇਣ ਗਵਾਹੀਆ । ਮੈਂ ਚਾਹੁੰਦਾ ਨਬੀਆਂ ਰਸੂਲਾਂ ਪੈਗ਼ੰਬਰਾਂ ਤੇਰੇ ਭੈ ਵਿਚ ਵਹੇ ਪਸੀਨਾ, ਸਾਰੇ ਭੱਜਣ ਥਾਉਂ ਥਾਈਆ । ਇਸ਼ਾਰਾ ਕਰ ਕੇ ਨਰ ਮਦੀਨਾ, ਮਦੀਨੇ ਵਿਚ ਮਕਬਰਾ
੧੨੮੮ ੨੩ ਮੁਹੰਮਦ ਦਾ ਆਸ ਰਖਾਈਆ । ਤੂੰ ਰਹਿਮਤ ਰਹਿਮਾਨ ਰਹੀਮਾ, ਮਿਹਰਵਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੨੮੮ ੨੩
ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਕੱਤਕ ਕਹੇ ਮੇਰਾ ਲੇਖਾ ਬਣਾ ਦੇ ਦੋਹਰਾ, ਦੋਹਰਾ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਮਿਲਾ ਦੇ ਬਾਂਕਾ ਛੋਹਰਾ, ਸ਼ੌਹਰ ਮਾਲਕ ਹੋ ਸਹਾਈਆ । ਆਪਣੇ ਪਿਆਰ ਦਾ ਦੇ ਦੇ ਜੋਰਾ, ਜੋਰੂ ਜ਼ਰ ਨਜ਼ਰ ਕੋਇ ਨਾ ਆਈਆ । ਇਹ ਹੁਕਮ ਸੰਦੇਸ਼ਾ ਦੱਸ ਦੇ ਕੋਰਾ, ਜੋ ਕੌਰਵਾਂ ਪਾਡਵਾਂ ਅੰਤ ਦੇਣਾ ਕਰਾਈਆ । ਹੱਸ ਕੇ ਕਿਹਾ ਕਲਜੁਗ ਅੰਤ ਜੀਵ ਜਹਾਨ ਰੂਪ ਬਣਨਾ ਢੋਰਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਮਨ ਮਨੂਆ ਹੋਣਾ ਬੌਰਾ, ਬਵਰੀ ਹੋਏ ਲੋਕਾਈਆ । ਕੋਈ ਸਮਝੇ ਨਾ ਪਈਆ ਸੌਹਰਾ, ਘਰ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕੱਤਕ ਕਹੇ ਪ੍ਰਭ ਮੈਨੂੰ ਦੇ ਦੇ ਖ਼ੁਮਾਰੀ ਮਦਹੋਸ਼, ਆਪਣੀ ਦਇਆ ਕਮਾਈਆ । ਮੇਰੀ ਜਗਤ ਵਾਲੀ ਰਹੇ ਨਾ ਸੋਚ, ਸਮਝ ਦੇਣੀ ਬਦਲਾਈਆ । ਇਕੋ ਆਸਾ ਹੋਵੇ ਲੋਚ, ਲੋਚਨ ਦੇਣਾ ਖੁਲਾਈਆ । ਮੈਂ ਨਜ਼ਾਰਾ ਤੇਰਾ ਤੱਕਾਂ ਦੀਪ ਕਰੌਚ, ਕੁਸ਼ਾ ਦੇ ਮਾਲਕ ਦੇਣੀ ਮਾਣ ਵਡਿਆਈਆ । ਪੰਜ ਕੱਤਕ ਨੂੰ ਓਥੇ ਜਾਣਾ ਪਹੁੰਚ, ਜਿਥੇ ਲੱਖਣ ਅੱਖ ਉਠਾਈਆ । ਕਿਸੇ ਨੂੰ ਦੇਣਾ ਨਹੀਂ ਕੋਈ ਦੋਸ਼, ਕਰਮਾਂ ਦਾ ਲੇਖਾ ਸਭ ਦਾ ਦੇਣਾ ਭੁਗਤਾਈਆ । ਗੁਰ ਅਵਤਾਰ ਪੈਗ਼ੰਬਰਾਂ ਹੋਏ ਕੋਇ ਨਾ ਰੋਸ, ਗਿਲੇ ਵਿਚ ਗਿਲਾ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਕੱਤਕ ਕਹੇ ਪ੍ਰਭੂ ਮੇਰੀਆਂ ਪੁਰਾਣੀਆਂ ਸੁੱਖਾਂ, ਸੁੱਖ

ਸੁੱਖ ਜੁਗ ਚੌਕੜੀ ਦਿਤੇ ਲੰਘਾਈਆ । ਗੁਰ ਅਵਤਾਰ ਪੈਗ਼ੰਬਰਾਂ ਤੱਕਦਾ ਰਿਹਾ ਮਨੁੱਖਾ, ਸ਼ਰੀਰ ਸ਼ਰੀਰਾਂ ਖੋਜ ਖੁਜਾਈਆ । ਜੋ ਆਉਂਦੇ ਰਹੇ ਹੋ ਕੇ ਉਲਟਾ ਰੁਖ਼ਾ, ਮਾਤਾ ਗਰਭ ਤਨ ਵਡਿਆਈਆ । ਪੰਜਾਂ ਤਤਾਂ ਵਾਲਾ ਬਣ ਕੇ ਬੁੱਤਾ, ਵਜੂਦਾਂ ਗਏ ਹੰਢਾਈਆ । ਤੇਰੇ ਨਾਮ ਦੀ ਸੁਹੰਜਣੀ ਹੁੰਦੀ ਰਹੀ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਮਾਣ ਵਡਿਆਈ ਦੇ ਕੇ ਕਿਹਾ ਪੁੱਤਾ, ਸੁਤ ਦੁਲਾਰੇ ਰੰਗ ਰੰਗਾਈਆ । ਤੇਰਾ ਨਿਸ਼ਾਨਾ ਨਿਸ਼ਾਨੇ ਵਾਲਿਆ ਕਦੇ ਨਾ ਉਕਾ, ਜੁਗ ਜੁਗ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਕੱਤਕ ਕਹੇ ਪ੍ਰਭੂ ਮੇਰਾ ਲਹਿਣਾ ਦੋ ਸਾਲ ਦਾ ਇਕੱਠਾ, ਇਕੋ ਵਾਰ ਮੁਕਾਈਆ । ਕੀ ਇਸ਼ਾਰਾ ਦੇਂਦਾ ਅੱਖਰ ਠੱਠਾ, ਠੋਕਰਾਂ ਰਿਹਾ ਲਗਾਈਆ । ਸਤਿਗੁਰ ਸ਼ਬਦ ਚਾਰੋਂ ਕੁੰਟ ਫਿਰਦਾ ਨੱਠਾ, ਭੱਜੇ ਵਾਹੋ ਦਾਹੀਆ । ਜਿਸ ਖੇਲ ਖਿਲਾਉਣਾ ਘਟ ਘਟਾ, ਘਟ ਘਟ ਅੰਦਰ ਫੋਲ ਫੁਲਾਈਆ । ਉਹ ਵੇਖਣਹਾਰਾ ਕਾਇਆ ਮੱਟਾ, ਤਤਵ ਤਤ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਕੱਤਕ ਕਹੇ ਮੇਰੇ ਬਖ਼ਸ਼ਿੰਦਾ, ਬਖ਼ਸ਼ਣਹਾਰ ਤੇਰੀ ਸਰਨਾਈਆ । ਪੰਚ ਪ੍ਰਵਿਸ਼ਟਾ ਕੀ ਸੰਦੇਸਾ ਦੇਂਦਾ, ਬਿਨ ਰਸਨਾ ਕੀ ਦ੍ਰਿੜਾਈਆ । ਚਾਰੋਂ ਕੁੰਟ ਉਪਜਣੀ ਚਿੰਦਾ, ਚਿਖਾ ਰੂਪ ਬਦਲਾਈਆ । ਸਮੁੰਦ ਸਾਗਰਾਂ ਤੱਕੇ ਸੁਰਪਤ ਇੰਦਾ, ਖਵਾਜਾ ਖਿਜਰ ਨਾਲ ਰਖਾਈਆ । ਕੁਛ ਇਸ਼ਾਰਾ ਮਿਲੇ ਗੁਣੀ ਗਹਿੰਦਾ, ਗਹਿਰ ਗਵਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਕੱਤਕ ਕਹੇ ਪ੍ਰਭੂ ਆਪਣਾ ਕਰਮ ਕਮਾਉਣਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਸਿਰ ਹੱਥ ਟਿਕਾਉਣਾ, ਹੋਣਾ ਆਪ ਸਹਾਈਆ । ਮੇਰਾ ਲਹਿਣਾ ਦੇਣਾ ਝੋਲੀ ਪਾਉਣਾ, ਖ਼ਾਲੀ ਦੇਣੀ ਭਰਾਈਆ । ਮੈਨੂੰ ਰੁੱਸੇ ਨੂੰ ਫੇਰ ਮਨਾਉਣਾ, ਮਿਹਰ ਨਜ਼ਰ ਟਿਕਾਈਆ । ਪ੍ਰੇਮ ਪਿਆਰ ਨਾਲ ਪ੍ਰਚਾਉਣਾ, ਪਰਚਾ ਹੁਕਮ ਵਾਲਾ ਸੁਣਾਈਆ । ਮੈਂ ਕੁਛ ਅਗਲਾ ਭੇਵ ਖੁਲਾਉਣਾ, ਖੋਲ ਕੇ ਦਿਆਂ ਸੁਣਾਈਆ । ਪੰਜ ਕੱਤਕ ਤੋਂ ਬਾਦ ਸਿੰਘ ਪੂਰਨ ਰਸਨਾ ਅੰਨ ਮੂਲ ਨਹੀਂ ਲਾਉਣਾ, ਅੱਠ ਕੱਤਕ ਅੰਤ ਵੰਡ ਵੰਡਾਈਆ । ਚਾਵਲ ਦਾਣਾ ਨਹੀਂ ਮੁਖ ਛੁਹਾਉਣਾ, ਇਹ ਧੁਰ ਦੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕੱਤਕ ਕਹੇ ਜਨ ਭਗਤੋ ਮੇਰਾ ਅਦਾਬ ਨਾਲ ਅਦਾਬੀ, ਅਦਬ ਨਾਲ ਜਣਾਈਆ । ਸਤਿਗੁਰ ਸ਼ਬਦ ਕਹੇ ਨਾ ਸਮਝੋ ਪੰਜਾਬੀ, ਪੰਜੇ ਵਿਚ ਕਿਸੇ ਨਾ ਆਈਆ । ਨਾ ਇਹ ਵਸੇ ਕਾਇਆ ਵਾਲੀ ਮਹਿਰਾਬੀ, ਗੁੰਬਦਾਂ ਬੰਦ ਨਾ ਕੋਇ ਕਰਾਈਆ । ਨਾ ਕੁਫ਼ਲਾਂ ਨਾਲ ਕੋਈ ਰਖੇ ਲਾ ਕੇ ਚਾਬੀ, ਮਹੱਲ ਅੰਦਰ ਡੇਰਾ ਲਾਈਆ । ਨਾ ਇਹਦਾ ਪਿਆਰ ਹਕੀਕੀ ਤੇ ਨਾ ਮਜਾਜ਼ੀ, ਆਸ਼ਕਾਂ ਮਾਸ਼ੂਕਾਂ ਤੋਂ ਬਾਹਰ ਖੇਲ ਖਿਲਾਈਆ । ਨਾ ਇਹ ਤੰਦ ਸਿਤਾਰ ਨਾ ਵੱਜੇ ਬਣ ਰਬਾਬੀ, ਤਾਲ ਤਲਵਾੜਾ ਨਾ ਵਡ ਵਡਿਆਈਆ । ਜਦੋਂ ਤੱਕੋ ਇਹ ਸਤਿ ਸਰੂਪ ਸਭ ਦਾ ਸਦਾ ਇਮਦਾਦੀ, ਸ਼ਾਹੋ ਭੂਪ ਅਖਵਾਈਆ । ਨਾ ਇਹ ਗਵੱਈਆ ਨਾ ਇਹ ਰਾਗੀ, ਨਾ ਸਵੱਈਆ ਭੱਟ ਸਮਝਾਈਆ । ਜਦ ਵੇਖੋ ਤੇ ਸਭ ਦੇ ਵਿਚ ਵਿਸਮਾਦੀ, ਬਿਸਮਿਲ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਕੱਤਕ ਕਹੇ ਪ੍ਰਭੂ ਭਗਤ ਭਗਵਾਨ ਦਾ ਇਕੋ ਕਰ ਦੇ ਦਰਜਾ, ਮੇਰੀ ਦੋ ਸਾਲਾਂ


੧੨੮੯ ੨੩

ਦੀ ਆਸਾ ਪੂਰ ਦੇ ਕਰਾਈਆ । ਇਕੋ ਰੂਪ ਬਣਾ ਦੇ ਰਾਜਾ ਤੇ ਇਕੋ ਰੂਪ ਹੋ ਜਾਏ ਪਰਜਾ, ਵੱਡਾ ਛੋਟਾ ਰਹਿਣ ਕੋਇ ਨਾ ਪਾਈਆ । ਇਕੋ ਪਿਆਰ ਹੋਵੇ ਸਭ ਨੂੰ ਇਕੋ ਘਰ ਦਾ, ਦੂਜਾ ਹਿੱਸ ਨਾ ਕੋਇ ਰਖਾਈਆ । ਤੇਰਾ ਖੇਲ ਹੋਵੇ ਨਰਾਇਣ ਨਰ ਦਾ, ਨਰ ਹਰਿ ਤੇਰੀ ਬੇਪ੍ਰਵਾਹੀਆ । ਤੂੰ ਭਗਤਾਂ ਤੋਂ ਹੋਵੇਂ ਡਰਦਾ, ਭਗਤ ਤੇਰੇ ਅਗੇ ਸੀਸ ਨਿਵਾਈਆ । ਤੂੰ ਉਨ੍ਹਾਂ ਦਾ ਨਾਮ ਹੋਵੇਂ ਪੜ੍ਹਦਾ, ਉਹ ਤੇਰਾ ਢੋਲਾ ਗਾਈਆ । ਤੇਰਾ ਵਕਤ ਸੁਹੰਜਣਾ ਆ ਗਿਆ ਤੂੰ ਜਾਣਾ ਦਿਸ਼ਾ ਚੜ੍ਹਦਾ, ਚੜ੍ਹਦੀ ਆਪਣੀ ਕਲਾ ਵਖਾਈਆ । ਬੇਸ਼ਕ ਤੇਰੇ ਪਿਛੇ ਲਹਿੰਦਾ ਹੋਵੇ ਲੜਦਾ, ਲਹਿੰਦੇ ਵਿਚੋਂ ਆਉਣ ਵਾਲਿਆ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਸੰਗ ਆਪ ਬਣਾਈਆ । ਕੱਤਕ ਕਹੇ ਮੈਨੂੰ ਸਾਰੇ ਕਹਿੰਦੇ ਕੁਨੈਤ, ਬੁਰਿਆਂ ਲੱਛਣਾਂ ਵਾਲਾ ਰਹੇ ਗਾਈਆ । ਮੇਰਾ ਗੋਬਿੰਦ ਨੇ ਪਾਇਆ ਭੇਤ, ਨੈਣਾਂ ਦੇਵੀ ਦਿਤਾ ਸਮਝਾਈਆ । ਮੈਂ ਸਾਰਾ ਭੇਤ ਖੋਲਾਗਾ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਦਸ ਦਾ ਚੜ੍ਹਿਆ ਚੇਤ, ਚੇਤੇ ਚਾਰ ਜੁਗ ਦੇ ਦਿਆਂ ਕਰਾਈਆ । ਕਿਸ ਤਰਾ ਸ਼ਾਹ ਸੁਲਤਾਨਾਂ ਰਣ ਭੂਮੀ ਹੋਣਾ ਖੇਤ, ਖ਼ਤਰੇ ਵਿਚ ਪਤ੍ਰਕਾ ਸਕੇ ਨਾ ਕੋਇ ਬਦਲਾਈਆ । ਨਾਲੇ ਪ੍ਰਭੂ ਨੂੰ ਦੱਸਾਂਗਾ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਜਿਸ ਨੂੰ ਝੁਕਦੇ ਰਵ ਸਸ ਕੇਤਨ ਕੇਤ, ਕੋਟਨ ਕੋਟੀ ਮੰਡਲ ਮੰਡਪ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕੱਤਕ ਕਹੇ ਮੇਰਾ ਦੋ ਸਾਲ ਦਾ ਬਲ, ਬਲਧਾਰੀ ਦੇਣੀ ਵਡਿਆਈਆ । ਤੇਰਾ ਖੇਲ ਵੇਖਾਂ ਥਲ ਜਲ, ਦੋਵੇਂ ਦੇਣੇ ਹਿਲਾਈਆ । ਕਲਜੁਗ ਆਪਣੀ ਵਰਤੇ ਕਲ, ਕਲਾ ਸਭ ਦੀ ਦੇਣੀ ਭਵਾਈਆ । ਜਨ ਭਗਤਾਂ ਸਿੰਘਾਸਣ ਅੰਤਰ ਲੈਣਾ ਮੱਲ, ਆਪ ਆਪਣਾ ਰੰਗ ਰੰਗਾਈਆ । ਜਨਮ ਜਨਮ ਦਾ ਲਹਿਣਾ ਕਰਨਾ ਹੱਲ, ਮੁਸ਼ਕਲ ਅਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਭੇਵ ਚੁਕਾਈਆ । ਕੱਤਕ ਕਹੇ ਮੈਂ ਆ ਗਿਆ ਤੇਰਿਆਂ ਵਿਚ ਕਦਮਾਂ, ਕਦੀਮ ਦੇ ਮਾਲਕ ਫੇਰਾ ਪਾਈਆ । ਤੂੰ ਮਾਲਕ ਖ਼ਾਲਕ ਅਰਬਾਂ ਖਰਬਾਂ ਪਦਮਾਂ, ਪਦ ਦੇਣ ਵਾਲਿਆ ਤੇਰੀ ਬੇਪ੍ਰਵਾਹੀਆ । ਮੈਂ ਚਾਹੁੰਦਾ ਤੇਰਿਆਂ ਭਗਤਾਂ ਨੂੰ ਕੋਈ ਨਾ ਹੋਵੇ ਸਦਮਾ, ਦੁੱਖ ਦਰਦ ਨਾ ਲਾਗੇ ਰਾਈਆ । ਪਿਆਰ ਬਖ਼ਸ਼ਣਾ ਆਅਲਾ ਅਦਨਾ, ਊਚਾਂ ਨੀਚਾਂ ਦੇਣੀ ਵਡਿਆਈਆ । ਤੂੰ ਗੋਪਾਲ ਮੂਰਤ ਮੋਹਣ ਮਧਨਾ, ਮਧੁਰ ਧੁਨ ਦੇਣੀ ਸੁਣਾਈਆ । ਤੈਨੂੰ ਕਿਧਰੋਂ ਪਏ ਨਾ ਲਭਣਾ, ਘਰ ਘਰ ਦਰਸ਼ਨ ਦੇਣਾ ਚਾਈਂ ਚਾਈਂਆ । ਹਰਿਜਨ ਸਾਰੇ ਆਪਣੀ ਰੰਗਣ ਰੰਗਣਾ, ਦੂਸਰ ਰੰਗ ਨਾ ਕੋਇ ਵਖਾਈਆ । ਤੇਰੇ ਪਿਆਰ ਵਿਚ ਸਭ ਦੀ ਹੋਵੇ ਬੰਦਨਾ, ਸੀਸ ਅਵਰ ਨਾ ਕੋਇ ਝੁਕਾਈਆ । ਚਰਨ ਧੂੜ ਕਰਾਉਣਾ ਮਜਨਾ, ਦੁਰਮਤ ਮੈਲ ਧਵਾਈਆ । ਸਾਂਝੇ ਯਾਰ ਬਣਨਾ ਸੱਜਣਾ, ਸਾਜਣ ਮੀਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਕੱਤਕ ਕਹੇ ਪ੍ਰਭੂ ਤੂੰ ਸਰਬ ਕਲਾ ਸਮਰਥ, ਸਹਿਬ ਤੇਰੀ ਵਡਿਆਈਆ । ਤੇਰੀ ਮਹਿੰਮਾ ਜਗਤ ਅਕਥ, ਜੁਗ ਜੁਗ ਤੇਰੀ ਸਿਫ਼ਤ ਸਲਾਹੀਆ । ਤੂੰ ਸਤਿਜੁਗ ਤਰੇਤਾ ਦੁਆਪਰ ਚਲਾਇਆ ਰਥ, ਕਲਜੁਗ ਆਪਣਾ ਹੁਕਮ ਵਰਤਾਈਆ । ਜਿਉਂ ਭਾਵੇ ਤਿਉਂ ਲੈਣਾ ਰਖ, ਗ਼ਰੀਬ ਨਿਮਾਣਿਆਂ ਹੋਣਾ ਸਹਾਈਆ । ਉਹ ਵੇਲਾ ਭੱਜਾ ਆਉਂਦਾ ਕੱਤਕ ਅੱਠ, ਭੱਜੇ ਵਾਹੋ ਦਾਹੀਆ । ਨਾਲ ਤੀਰਥ ਫਿਰਦੇ ਅੱਠ ਸੱਠ, ਗੰਗਾ

੧੨੯੦
੨੩

ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਇਸ਼ਾਰੇ ਦਿੰਦੇ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰਦਵਾਰ ਰਹੇ ਦ੍ਰਿੜਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਨਜ਼ਰੀ ਆਏ ਲਟ ਲਟ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਤੂੰ ਵਸੇਂ ਘਟ ਘਟ, ਘਰ ਘਰ ਅੰਦਰ ਸੋਭਾ ਪਾਈਆ । ਜਿਸ ਭਗਤ ਦਾ ਬੁਰਜ ਜਾਣਾ ਸੀ ਢਠ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਕੱਤਕ ਕਹੇ ਭਗਤ ਭਗਵਾਨ ਤੇਰਾ ਇਕੋ ਹੋਵੇ ਸਿੰਘਾਸਣ, ਗੁਰਮੁਖ ਆਪਣੇ ਰੰਗ ਰੰਗਾਈਆ । ਪਿਆਰ ਬਖ਼ਸ਼ਣਾ ਪੁਰਖ ਅਬਿਨਾਸ਼ਣ, ਮੁਹੱਬਤ ਆਪਣੀ ਵਿਚ ਸਮਾਈਆ । ਘਰ ਸਚ ਪਾਉਣੀ ਰਾਸਣ, ਖ਼ੁਸ਼ੀਆਂ ਨਾਚ ਨਚਾਈਆ । ਵਿਸ਼ਨ ਬ੍ਰਹਮਾ ਸ਼ਿਵ ਆਖਣ, ਪ੍ਰਭ ਤੇਰੀ ਬੇਪ੍ਰਵਾਹੀਆ । ਮਾਣ ਵਡਿਆਈ ਬਖ਼ਸ਼ ਦੇ ਭਗਤਾਂ ਮਾਤਨ, ਮਾਤਲੋਕ ਹੋ ਸਹਾਈਆ । ਕੂੜ ਕੁਕਰਮ ਮੇਟ ਕੇ ਵਾਟਨ, ਵਟਣਾ ਆਪਣਾ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਧਰਮ ਇਕ ਵਖਾਈਆ । ਕੱਤਕ ਕਹੇ ਮੇਰੇ ਸਾਹਿਬ ਸਤਿਗੁਰ ਰਾਜੇ, ਸ਼ਹਿਨਸ਼ਾਹ ਦਿਆਂ ਸੁਣਾਈਆ । ਜਨ ਭਗਤਾਂ ਸਵਾਰੀ ਆਪੇ ਕਾਜੇ, ਹਰਿਜਨਾਂ ਦੇ ਵਡਿਆਈਆ । ਜੇ ਆ ਗਿਉਂ ਦੇਸ਼ ਮਾਝੇ, ਨੂਰ ਨੁਰਾਨਾ ਵੇਸ ਵਟਾਈਆ । ਬਿਨਾ ਬੇਨੰਤੀਆਂ ਸਭ ਦੇ ਪੂਰਨ ਕਰਨੇ ਕਾਜੇ, ਹੋਣਾ ਆਪ ਸਹਾਈਆ । ਤੂੰ ਮੋਹਣ ਮਾਧਵ ਮਾਧੇ, ਮਧੁਰ ਧੁਨ ਦੇਣੀ ਸੁਣਾਈਆ । ਜਨ ਭਗਤਾਂ ਫਿਰਨਾ ਪਿਛੇ ਆਗੇ, ਭੱਜਣਾ ਵਾਹੋ ਦਾਹੀਆ । ਤੇਰੇ ਭਗਤ ਸੁੱਤੇ ਹੋਣ ਤੂੰ ਸਵਾਮੀ ਉਨ੍ਹਾਂ ਪਿਛੇ ਜਾਗੇਂ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਆਪ ਖੁਲਾਈਆ । ਕੱਤਕ ਕਹੇ ਮੇਰਾ ਦਿਵਸ ਦਿਹਾੜਾ ਹੋਵੇ ਅੱਠ, ਚੰਗੀ ਤਰਾ ਜਣਾਈਆ । ਪ੍ਰਭੂ ਉਲਟੀ ਗੇੜਨੀ ਲੱਠ, ਜਗਤ ਦੀ ਧਾਰ ਦੇਣੀ ਬਦਲਾਈਆ । ਭਗਤ ਭਗਵਾਨ ਦਾ ਹੋਵੇ ਇਕੱਠ, ਸਚ ਸਿੰਘਾਸਣ ਸੋਭਾ ਪਾਈਆ । ਧਰਮ ਦੀ ਧਾਰ ਰਹੇ ਨਾ ਵੱਟ, ਪਰਦਾ ਅੰਦਰੋਂ ਦੇਣਾ ਉਠਾਈਆ । ਕੂੜੀ ਕਿਰਿਆ ਦੇਣੀ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਕੱਤਕ ਕਹੇ ਸਾਹਿਬ ਜੋ ਤੈਨੂੰ ਮਨਜ਼ੂਰ, ਮੈਂ ਵੀ ਸੀਸ ਝੁਕਾਈਆ । ਮੂਸਾ ਕਹਿ ਰਿਹਾ ਉਤੋਂ ਕੋਹਤੂਰ, ਜਿਥੇ ਤੂਰਤ ਦੀ ਆਵਾਜ਼ ਨਜ਼ਰ ਕੋਇ ਨਾ ਆਈਆ । ਨਾ ਕੋਈ ਤਤਾਂ ਵਾਲਾ ਦਿਸੇ ਹਜ਼ੂਰ, ਹਜ਼ਰਤਾਂ ਤੋਂ ਬਾਹਰ ਨੂਰ ਅਲਾਹੀਆ । ਕੀ ਤੇਰਾ ਸੱਚਾ ਦਸਤੂਰ, ਹੁਕਮ ਦੇ ਸਮਝਾਈਆ । ਮੈਂ ਤੈਨੂੰ ਕਰਾਂ ਮਸ਼ਹੂਰ, ਮਸ਼ਵਰਾ ਈਸਾ ਨਾਲ ਪਕਾਈਆ । ਮੁਹੰਮਦ ਕਹੇ ਰਹੇ ਨਾ ਕਿਸੇ ਗ਼ਰੂਰ, ਗ਼ੁਰਬਤ ਵਿਚ ਨਜ਼ਰ ਕੋਇ ਨਾ ਆਈਆ । ਮੈਂ ਭੱਜਾਂ ਨੱਠਾਂ ਦੂਰ ਦੂਰ, ਪਾਂਧੀ ਹੋ ਕੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਕੱਤਕ ਕਹੇ ਜਨ ਭਗਤੋ ਕਰੋ ਸੁਧਾਰ, ਸੁਦੀ ਵਦੀ ਨਾ ਵੰਡ ਵੰਡਾਈਆ । ਕੂੜਾ ਅੰਦਰੋਂ ਛਡੋ ਹੰਕਾਰ, ਹਉਮੇ ਰੋਗ ਮਿਟਾਈਆ । ਮਮਤਾ ਮੋਹ ਨਾ ਕਰੋ ਪਿਆਰ, ਮੁਹੱਬਤ ਇਕੋ ਵੇਖ ਵਖਾਈਆ । ਰਾਹ ਤੱਕੋ ਪਰਵਰਦਿਗਾਰ, ਜੋ ਸਾਂਝਾ ਯਾਰ ਅਗੰਮ ਅਥਾਹੀਆ । ਜਿਸ ਨੂੰ ਕਹਿੰਦੇ ਸਤਿ ਕਰਤਾਰ, ਕੁਦਰਤ ਦਾ ਕਾਦਰ ਇਕ ਅਖਵਾਈਆ । ਜਿਸ ਨੂੰ ਝੁਕਦੇ ਪੈਗੰਬਰ ਗੁਰ ਅਵਤਾਰ, ਨਿਵ ਨਿਵ ਲਾਗਣ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ


੧੨੯੧
੨੩

ਸਭ ਦਾ ਮੀਤ ਮੁਰਾਰ, ਮਿਤ੍ਰ ਪਿਆਰਾ ਇਕ ਅਖਵਾਈਆ । ਤਿਸ ਸਾਹਿਬ ਸਵਾਮੀ ਸਤਿ ਨਾਲ ਕਰੋ ਇਕ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਫੇਰ ਬੋਲੋ ਪੰਜ ਜੈਕਾਰ, ਖ਼ੁਸ਼ੀਆਂ ਢੋਲੇ ਗਾਈਆ । ਤੇਰਾ ਇਕੋ ਦਰਸ ਦੀਦਾਰ, ਇਕੋ ਨੈਣ ਨੈਣ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਬਣਾਈਆ । ਧਰਨੀ ਕਹੇ ਕੱਤਕ ਮੇਰੀਆਂ ਕੁਛ ਮੰਗਾਂ, ਮਿਤ੍ਰਾ ਦਿਆਂ ਜਣਾਈਆ । ਕੁਛ ਲਹਿਣਾ ਦੇਣਾ ਲਿਖਾਰੀਆਂ ਪੰਜਾਂ, ਪੰਜ ਪੋਹ ਸਮਝਾਈਆ । ਭੇਵ ਖੁਲਾਉਣਾ ਕਵੀਆਂ ਬਵੰਜਾ, ਪਰਦਾ ਆਪ ਚੁਕਾਈਆ । ਦਿੱਲੀ ਦਰਬਾਰ ਦਾ ਬਦਲ ਪਲੰਘਾ, ਸਿੰਮਤ ਦੇਣੀ ਬਦਲਾਈਆ । ਸ਼ਬਦੀ ਧਾਰ ਹੁਕਮ ਹੋਣਾ ਜੋ ਸੰਦੇਸਾ ਦਿਤਾ ਗੋਬਿੰਦ ਪੁਰੀ ਅਨੰਦਾ, ਅਨੰਦ ਨਾਲ ਸੁਣਾਈਆ । ਜੋ ਇਸ਼ਾਰਾ ਕੀਤਾ ਸ਼ਿਵਜੀ ਗੰਗਾ, ਗੰਗੋਤਰੀ ਗਿਆ ਦ੍ਰਿੜਾਈਆ । ਜੋ ਇਸ਼ਾਰਾ ਦੱਸਿਆ ਪਰੀ ਅਰੰਬਾ, ਭੇਵ ਅਭੇਦ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕੱਤਕ ਕਹੇ ਮੇਰੀ ਖ਼ਾਹਿਸ਼ ਨਿਆਰੀ, ਸਚ ਦਿਆਂ ਸੁਣਾਈਆ । ਪੰਚਮ ਪੋਹ ਸੱਚੀ ਥਿਤ ਵਾਰੀ, ਨਛੱਤਰ ਗ੍ਰਹਿ ਵੰਡ ਨਾ ਕੋਇ ਵੰਡਾਈਆ । ਭਾਗ ਲਗਾਉਣੀ ਦਿੱਲੀ ਦਰਬਾਰੀ, ਸੰਤ ਮਨੀ ਸਿੰਘ ਅੱਖ ਉਠਾਈਆ । ਹਾਜ਼ਰ ਹੋਣਗੇ ਪੰਜ ਲਿਖਾਰੀ, ਕਲਮਾਂ ਪੰਜ ਪੰਜ ਉਠਾਈਆ । ਗੁਰਮੁਖ ਸਿੰਘ ਇਕ ਪਾਸਿਉਂ ਬੰਨ੍ਹ ਕੇ ਦਾਹੜੀ, ਗੰਢਾਂ ਤਿੰਨ ਤਿੰਨ ਬੰਧਾਈਆ । ਸਤਿਗੁਰ ਰੂਪ ਬਣ ਕੇ ਸੋਹਣੀ ਲਾੜੀ, ਮਸਤਕ ਬਿੰਦੀਆਂ ਨਾਲ ਵਡਿਆਈਆ । ਸ਼ਬਦ ਢੋਲੇ ਗਾਵੇ ਅਗੰਮ ਪਹਾੜੀ, ਸ਼ੰਕਰ ਸੁਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕੱਤਕ ਕਹੇ ਪ੍ਰਭ ਚਾੜ੍ਹਨਾ ਰੰਗ ਗੂਹੜਾ, ਆਪਣੀ ਦਇਆ ਕਮਾਈਆ । ਆਪਣੀ ਹੱਥੀਂ ਪਹਿਰ ਕੇ ਲਾਲ ਚੂੜਾ, ਸੁਹਾਗਣ ਸੁਹਾਗ ਦਏ ਲੁਟਾਈਆ । ਕਲਜੁਗ ਕੁਕਰਮ ਮੇਟ ਕੇ ਕੂੜਾ, ਹਰਿਜਨ ਸਾਚੇ ਪਾਰ ਕਰਾਈਆ । ਨੌ ਵਾਰ ਦਿੱਲੀ ਦਰਬਾਰ ਵਿਚ ਬਖ਼ਸ਼ੇ ਚਰਨ ਧੂੜਾ, ਧੂੜੀ ਧੂੜੀ ਵਿਚੋਂ ਪ੍ਰਗਟਾਈਆ । ਆਪ ਹੋ ਕੇ ਹਾਜ਼ਰ ਹਜ਼ੂਰਾ, ਹਜ਼ਰਤਾਂ ਲਏ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਇਕ ਅਖਵਾਈਆ । ਕੱਤਕ ਕਹੇ ਦੋ ਪੋਹ ਨੂੰ ਹੋਣਾ ਰਵਾਨਾ, ਰਵਾਨਗੀ ਸਤਿਗੁਰ ਸ਼ਬਦ ਬਣਾਈਆ । ਦੁਆਬੇ ਵਾਲਿਆਂ ਹੱਥੀਂ ਬੰਨ੍ਹ ਕੇ ਮਿਲਣਾ ਗਾਨਾ, ਰੈਣ ਸੁਹੰਜਣੀ ਸੋਭਾ ਪਾਈਆ । ਤਿੰਨ ਪੋਹ ਨੂੰ ਖੇਲ ਮਹਾਨਾ, ਮਹਿੰਮਾ ਕਥ ਕਥ ਦ੍ਰਿੜਾਈਆ । ਮਾਲਵੇ ਵਾਲਿਆਂ ਫੜ ਕੇ ਹੱਥ ਵਿਚ ਕਾਨਾ, ਸਾਢੇ ਤਿਨ ਹੱਥ ਦੇਣਾ ਵਖਾਈਆ । ਚਾਰ ਪੋਹ ਨੂੰ ਹੱਥ ਫੜ ਨਿਸ਼ਾਨਾ, ਕਰਨਾਲ ਵਾਲੇ ਦੇਣ ਝੁਲਾਈਆ । ਪੰਜ ਪੋਹ ਨੂੰ ਨਾ ਕੋਈ ਵੈਰੀ ਰਹੇ ਬੇਗਾਨਾ, ਦੁਸ਼ਮਣ ਨਜ਼ਰ ਕੋਇ ਨਾ ਆਈਆ । ਹਰਿ ਭਗਤ ਦਵਾਰ ਸਭ ਨੇ ਤੂੰ ਮੇਰਾ ਮੈਂ ਤੇਰਾ ਗਾਉਣਾ ਗਾਣਾ, ਸੋਹੰ ਢੋਲਾ ਚਾਈਂ ਚਾਈਂਆ । ਓਥੇ ਲੇਖ ਦਸਣਾ ਜੋ ਮਨੀ ਸਿੰਘ ਦਾ ਪੁਰਾਣਾ, ਕੀ ਜੇਲ ਵਿਚ ਮੇਲ ਆਪਣਾ ਗਿਆ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਭਾਗ ਸਭ ਦੇ ਵੇਖ ਵਖਾਈਆ ।

ਨਾਮ ਦੀ ਦਾਤ ਗੁਰਮੁਖਾਂ ਦੇ ਅੰਦਰ ਜਾਏ ਰਖੀ, ਰਖਕ ਹੋ ਕੇ ਹੋਏ ਸਹਾਈਆ । ਗੁਰਮੁਖ ਰਸ ਵਿਚ ਬਿਨਾ ਰਸਨਾ ਬੋਲਿਆਂ ਬਣ ਜਾਏ ਓਹ ਸਖ਼ੀ, ਜਿਸ ਦਾ ਸੁਖ਼ਨ ਸਕੇ ਨਾ ਕੋਇ ਬਦਲਾਈਆ । ਬਿਨਾ ਯਾਦ ਕੀਤਿਆਂ ਤੋਂ ਦਰਸ਼ਨ ਦਿਆਂ ਕਰਾਂਗਾ ਅੱਖੀ, ਸਨਮੁਖ ਹੋ ਕੇ ਜਨ ਭਗਤਾਂ ਦਰਸ਼ਨ ਆਪ ਪਾਈਆ । ਆਪੇ ਨਾਰ ਬਣੇਗਾ ਤੇ ਆਪੇ ਹੋਵੇਗਾ ਪਤੀ, ਪਤਿਪਰਮੇਸ਼ਵਰ ਆਪਣੀ ਖੇਲ ਖਿਲਾਈਆ । ਤੁਹਾਡੇ ਅੰਦਰ ਤੁਹਾਡੀ ਜੋਤ ਜਗਾ ਕੇ ਬੱਤੀ, ਬਿਨਾ ਬੱਤੀ ਦੰਦਾਂ ਤੋਂ ਬੋਲਿਆਂ ਦਿਆਂ ਵਖਾਈਆ । ਹੁਕਮ ਤੁਹਾਡੇ ਨਾਲ ਮੇਰਾ ਸਾਂਝਾ ਹੋ ਜਾਏ ਹਿੱਸਾ ਪੱਤੀ, ਪਤਰੇ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤੀ, ਰਤੀਆਂ ਤੋਂ ਤੋਲੇ ਦੇਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਵੇ ਨਾਮ ਵਰ, ਜਿਸ ਨਾਮ ਦੀ ਮਹਿੰਮਾ ਚਾਰ ਜੁਗ ਦੇ ਸ਼ਾਸਤਰ ਗਏ ਗਾਈਆ । ਦੇਵੇ ਨਾਮ ਬਿਨ ਰਸਨਾ ਰਸ, ਰਸਤਾ ਅੰਦਰੇ ਅੰਦਰ ਵਖਾਈਆ । ਮਨੂਆ ਮਨ ਕਰ ਕੇ ਵਸ, ਵਸਲ ਯਾਰ ਦਏ ਕਰਾਈਆ । ਪ੍ਰਕਾਸ਼ ਪਰੇ ਹੋਵੇ ਰਵ ਸਸ, ਜੋਤੀ ਜਾਤਾ ਡਗਮਗਾਈਆ । ਮੇਲ ਮਿਲਾਵਾ ਆਪਣਾ ਆਪੇ ਕਰੇ ਹੱਸ, ਹਸਤੀ ਹਸਤੀ ਨਾਲ ਮਿਲਾਈਆ । ਗੁਰਮੁਖੋ ਤੁਹਾਡਾ ਗੁਰਮੁਖ ਦਵਾਰਾ ਸਤਿਗੁਰ ਦੀ ਕਿਰਪਾ ਨਾਲ ਜਾਏ ਵਸ, ਤੁਹਾਡੀ ਵਸਤ ਤੁਹਾਡੇ ਵਿਚੋਂ ਤੁਹਾਡੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਜਿਸ ਨਾਮ ਰਸਨਾ ਬੋਲਣ ਦੀ ਲੋੜ ਰਹੇ ਨਾ ਰਾਈਆ ।



## ✪ ੨ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ✪

੧੨੯੩
੨੩

ਸਦੀ ਚੌਧਵੀਂ ਕਹੇ ਮੇਰਾ ਅੰਤ ਆਇਆ ਬੁਢੇਪਾ, ਵਦੀ ਸੁਦੀ ਭੇਵ ਕੋਇ ਨਾ ਪਾਈਆ । ਤਨ ਵਜੂਦ ਰਿਹਾ ਕੋਇ ਨਾ ਪਾਕਾ, ਪਤਤ ਪੁਨੀਤ ਨਾ ਕੋਇ ਕਰਾਈਆ । ਮੈਂ ਕੂਕ ਪੁਕਾਰਾਂ ਅਗੇ ਆਕਾ, ਧੁਰਦਰਗਾਹ ਆਵਾਂ ਸੁਣਾਈਆ । ਮੁਕਾਮੇ ਹਕ ਦਾ ਖੋਲ ਤਾਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰਿਆ ਮਹਿਬੂਬਾ ਚਾਰੋਂ ਕੁੰਟ ਤੱਕ ਲੈ ਅੰਧੇਰੀ ਰਾਤਾ, ਨੂਰੀ ਚੰਦ ਨਾ ਕੋਇ ਚਮਕਾਈਆ । ਨੇਤਰ ਰੋਵੇ ਧਰਨੀ ਮਾਤਾ, ਕੂਕ ਕੂਕ ਸੁਣਾਈਆ । ਨਾਲੇ ਪੈਗ਼ੰਬਰਾਂ ਦਾ ਵੇਖੇ ਖੇਲ ਕੇ ਸਾਕਾ, ਕੀ ਸਗਲਾ ਸੰਗ ਤੇਰਾ ਨਜ਼ਰੀ ਆਈਆ । ਮੇਰੀ ਅੰਤਮ ਮੁਕਦੀ ਜਾਏ ਵਾਟਾ, ਪੰਧ ਰਹਿਣ ਕੋਇ ਨਾ ਪਾਈਆ । ਮੇਰਾ ਧਰਮ ਦਾ ਚੀਥੜ ਹੋ ਗਿਆ ਪਾਟਾ, ਸਤਿ ਰੰਗ ਨਾ ਕੋਇ ਚੜ੍ਹਾਈਆ । ਖੇਲ ਵੇਖ ਲੈ ਤਤ ਆਠਾ, ਤਤਵ ਤਤ ਧਿਆਨ ਲਗਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲ ਸਮਰਾਥਾ, ਸਾਹਿਬ ਤੇਰੀ ਸਰਨਾਈਆ । ਨਵ ਸੱਤ ਪਾਰਬ੍ਰਹਮ ਬ੍ਰਹਮ ਦੀ ਪਾਏ ਕੋਈ ਨਾ ਰਾਸਾ, ਆਤਮ ਪਰਮਾਤਮ ਗੋਪੀ ਕਾਹਨ ਨਾ ਕੋਇ ਨਚਾਈਆ । ਸਤਿ ਸਚ ਦਾ ਦਿਸੇ ਕੋਇ ਨਾ ਰਾਖਾ, ਰਖਕ ਸਿਰ ਹੱਥ ਨਾ ਕੋਇ ਟਿਕਾਈਆ । ਮੇਰਾ ਬੁਢਾਪਾ ਅੰਤਮ ਹੋਇਆ ਉਦਾਸਾ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਪ੍ਰਭੂ ਵੇਖ ਲੈ ਕੱਤਕ ਪ੍ਰਵਿਸ਼ਟਾ ਦੋ, ਦੋ ਜਹਾਨਾਂ ਵਾਲੀ ਧਿਆਨ ਲਗਾਈਆ । ਤੇਰਾ ਸ਼ਬਦ ਸੰਦੇਸ਼ਾ ਸੁਣੇ ਕੋਈ ਨਾ ਸੋ, ਸੋਈ ਸੁਰਤ ਅਕਾਲ ਮੂਰਤ ਨਾ ਕੋਇ ਉਠਾਈਆ । ਹੰ ਬ੍ਰਹਮ ਨਾ ਜਾਣੇ ਕੋ,

ਕਲਕਾਤੀ ਬਣਿਆ ਰੂਪ ਕਸਾਈਆ । ਦੁਰਮਤ ਮੈਲ ਸਕੇ ਕੋਈ ਨਾ ਧੋ, ਧ੍ਰੂ ਪ੍ਰਹਿਲਾਦ ਰਹੇ ਕੁਰਲਾਈਆ । ਚਾਰੋਂ ਕੁੰਟ ਪੰਚ ਵਿਕਾਰ ਗਰੋਹ, ਘਰ ਘਰ ਸੋਭਾ ਪਾਈਆ । ਸੁਰਤ ਸ਼ਬਦ ਸਕੇ ਕੋਇ ਨਾ ਛੋਹ, ਪ੍ਰੀਤਮ ਪ੍ਰੀਤੀ ਤੋੜ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਪੁਰਾਣਾ ਹੋਇਆ ਪ੍ਰਭੂ ਹੱਡ, ਨਾੜੀ ਨਾੜੀ ਰਹੀ ਕੁਰਲਾਈਆ । ਮੈਂ ਦੀਨਾਂ ਮਜ਼੍ਹਬਾਂ ਜਾਣਾ ਛਡ, ਕੌਮਾਂ ਵੰਡ ਨਾ ਕੋਇ ਵੰਡਾਈਆ । ਮੈਂ ਕਲਮਿਆਂ ਵਾਲਿਆਂ ਨਾਲੋਂ ਹੋਣਾ ਅੱਡ, ਮੁਹੰਮਦ ਦਾ ਲੇਖਾ ਝੋਲੀ ਪਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰੀ ਸਦੀ ਚੌਧਵੀਂ ਬੁਝਾ ਦੇ ਅੱਗ, ਅੰਮ੍ਰਿਤ ਮੇਘ ਬਰਸਾਈਆ । ਦਰਸ਼ਨ ਦੇਣਾ ਉਪਰ ਸ਼ਾਹ ਰਗ, ਨਵ ਦਵਾਰ ਦਾ ਡੇਰਾ ਢਾਹੀਆ । ਬਿਨ ਕਾਅਬਿਉਂ ਕਰਾਉਣਾ ਹੱਜ, ਹੁਜਰਾ ਇਕ ਸੁਹਾਈਆ । ਤੇਰੇ ਨਾਮ ਕਲਮੇ ਦਾ ਨਗਾਰਾ ਜਾਏ ਵੱਜ, ਧੁਨ ਆਤਮਕ ਰਾਗ ਦ੍ਰਿੜਾਈਆ । ਸਚ ਪਿਆਰ ਪਿਆ ਦੇ ਮਦਿ, ਆਬੇ ਹਯਾਤ ਮੁਖ ਚੁਆਈਆ । ਮੇਰੀ ਉਲਟੀ ਹੋ ਜਾਏ ਕਵਲ ਨਭ, ਨਾਭੀ ਆਪਣਾ ਰੰਗ ਰੰਗਾਈਆ । ਮੇਰੀ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਵੇਖ ਲੈ ਹੱਦ, ਹਦੂਦ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਪ੍ਰਭੂ ਮੇਰਾ ਪੁਰਾਣਾ ਤੱਕ ਖ਼ਿਆਲ, ਅੰਦੇਸ਼ਿਆਂ ਬਾਹਰ ਜਣਾਈਆ । ਤੂੰ ਦੀਨਾਂ ਬੰਧਪ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਤੂੰ ਵਸੇਂ ਸਚਖੰਡ ਸੱਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜਾਤਾ ਪੁਰਖ ਬਿਧਾਤਾ



ਨੂਰ ਨੁਰਾਨਾ ਲਾਲ, ਲਾਲਨ ਆਪਣਾ ਹੁਕਮ ਵਰਤਾਈਆ । ਮੇਰੀ ਪੂਰਬ ਵੇਖ ਲੈ ਖਾਂ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਫਲ ਦਿਸੇ ਨਾ ਕਿਸੇ ਡਾਲ, ਮੇਰੇ ਪੱਤ ਟਹਿਣੀ ਗਏ ਕੁਮਲਾਈਆ । ਸੰਬਲ ਬੈਠ ਕੇ ਮੇਰੀ ਕਰ ਸੰਭਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੇਰੀ ਬੁੱਢੜੀ ਦੀ ਤੱਕ ਲੈ ਖਾਲ, ਚੰਮੜੀ ਚੰਮ ਦ੍ਰਿਸ਼ਟੀ ਦ੍ਰਿਸ਼ਟ ਬਦਲਾਈਆ । ਮੇਰਾ ਤੋੜ ਦੇ ਜਗਤ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਪ੍ਰਭੂ ਸੁਣ ਲੈ ਮੁਰੀਦਾਂ ਹਾਲ, ਮੁਰਸ਼ਦ ਤੇਰੇ ਹੱਥ ਵਡਿਆਈਆ । ਮੈਨੂੰ ਪੋਹ ਨਾ ਸਕੇ ਕਾਲ, ਮਹਾਕਾਲ ਨੇੜ ਨਾ ਆਈਆ । ਤੇਰੇ ਧਰਮ ਦਵਾਰੇ ਮੇਰਾ ਵੱਜੇ ਇਕੋ ਤਾਲ, ਦੂਜੀ ਚੋਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਸਦੀ ਚੌਧਵੀਂ ਕਹੇ ਮੈਂ ਰੋਵਾਂ ਸਾਹ ਉਭਾ, ਹੌਕਿਆਂ ਵਿਚ ਜਣਾਈਆ । ਮੇਰਾ ਹੋ ਗਿਆ ਲੱਕ ਕੁੱਬਾ, ਆਪ ਆਪਣਾ ਗਿਆ ਬਦਲਾਈਆ । ਮੈਂ ਕੀ ਵੇਖਾਂ ਹਾਲ ਉਤੇ ਬਸੁਧਾ, ਚਾਰੋਂ ਕੁੰਟ ਨੈਣ ਉਠਾਈਆ । ਕੀ ਕੂਕ ਪੁਕਾਰੇ ਬੁੱਧਾ, ਬੁੱਧੀ ਤੋਂ ਪਰੇ ਜਣਾਈਆ । ਸਦੀ ਚੌਧਵੀਂ ਤੇਰੇ ਉਤੇ ਹੋਣ ਲੱਗਾ ਯੁੱਧਾ, ਯੁਧਿਸ਼ਟਰ ਦਾ ਲੇਖਾ ਲੇਖੇ ਵਿਚ ਰਖਾਈਆ । ਸਤਿ ਧਰਮ ਦਾ ਦੀਪਕ ਵੇਖ ਲੈ ਬੁੱਝਾ, ਨੂਰੀ ਜੋਤ ਨਾ ਕੋਇ ਰੁਸ਼ਨਾਈਆ । ਪ੍ਰਭੂ ਆਪਣਾ ਭੇਵ ਖੁਲਾਏ ਗੁਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰੀ ਆਸ਼ਾ ਬੜੀ ਉਚੀ, ਉਚ ਅਗੰਮ ਅਥਾਹ ਦਿਆਂ ਜਣਾਈਆ । ਮੇਰੀ ਇਕੋ ਤੇਰੇ ਨਾਲ ਰੁਚੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਮੇਰੀ ਧਾਰ ਕਰ ਦੇ ਸੁੱਚੀ, ਸੰਜਮ ਆਪਣਾ ਇਕ ਦ੍ਰਿੜਾਈਆ ।

੧੨੯੪
੨੩

ਮੈਂ ਤੇਰੇ ਪਿਆਰ ਦੀ ਭੁੱਖੀ, ਚੌਦਾਂ ਸੌ ਸਾਲ ਧਿਆਨ ਲਗਾਈਆ । ਮੈਨੂੰ ਅੰਤਮ ਕਰਨਾ ਸੁਖੀ, ਸੁਖ ਸਾਗਰਾਂ ਵਿਚ ਰਖਾਈਆ । ਮੈਨੂੰ ਇਓ ਜਾਪਦਾ ਮੁਹੰਮਦ ਦੀ ਧਾਰ ਰਹੀ ਰੁੱਸੀ, ਕਲਮਾ ਕਾਇਨਾਤ ਨਾ ਕੋਇ ਮਨਾਈਆ । ਉਹਦੀ ਵਿਰਾਸਤ ਜਾਂਦੀ ਖ਼ੁਸੀ, ਫੜ ਹੱਥ ਨਾ ਕੋਇ ਮਿਲਾਈਆ । ਜਿਸ ਕਾਰਨ ਲਬਾਂ ਕਟਾਈਆਂ ਵੇਸ ਵਟਾਇਆ ਮੁੱਛੀ, ਮੁਸ਼ਕਲ ਉਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਪ੍ਰਭੂ ਮੈਂ ਪੈਗ਼ੰਬਰਾਂ ਨੂੰ ਅੰਤ ਦੇਣ ਲੱਗੀ ਸੱਦਾ, ਹੋਕਾ ਹਕ ਹਕ ਜਣਾਈਆ । ਆਓ ਮੈਂ ਮਹਿਬੂਬ ਤੁਹਾਡਾ ਲੱਧਾ, ਮੁਹੱਬਤ ਵਾਲਿਓ ਦਿਆਂ ਜਣਾਈਆ । ਜਿਸ ਦੇ ਹੁਕਮ ਵਿਚ ਕਲਮਾ ਤੁਹਾਡਾ ਬੱਧਾ, ਕਾਇਨਾਤ ਸੀਸ ਨਾ ਕੋਇ ਝੁਕਾਈਆ । ਉਹ ਮੇਰਾ ਸਾਹਿਬ ਸੂਰਬੀਰ ਸਰਬਗਾ, ਸੁਲਤਾਨ ਨੌਜਵਾਨ ਇਕ ਅਖਵਾਈਆ । ਜਿਸ ਖੇਲ ਕਰਨਾ ਦੀਨ ਦੁਨੀ ਵਿਚ ਜਗਹ, ਧਰਨੀ ਧਰਤ ਧਵਲ ਧੌਲ ਆਪਣਾ ਹੁਕਮ ਵਰਤਾਈਆ । ਉਠੋ ਵੇਖੋ ਤੁਹਾਡੇ ਘਰ ਵਿਚ ਲੱਗੀ ਅੱਗਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਉਮਤ ਉਮਤੀ ਦੇਣ ਲੱਗੇ ਦਗ਼ਾ, ਸਚ ਰੰਗ ਨਾ ਕੋਇ ਚੜ੍ਹਾਈਆ । ਸਭ ਦੀ ਬੁੱਧੀ ਹੋਈ ਕੱਗਾ, ਹੰਸ ਰੂਪ ਨਾ ਕੋਇ ਵਖਾਈਆ । ਕਲਜੁਗ ਚਾਰੋਂ ਕੁੰਟ ਫਿਰੇ ਭੱਜਾ, ਨੱਠਾ ਵਾਹੋ ਦਾਹੀਆ । ਹੱਥ ਪਿਆਲਾ ਫੜਿਆ ਕੂੜ ਮਧਾ, ਵਰਨ ਬਰਨ ਪਿਆਈਆ । ਨਾਲੇ ਹਉਮੇ ਦਾ ਰਖੇ ਦੱਬਾ, ਹੰਗਤਾ ਨਾਲ ਡਰਾਈਆ । ਝੂਠ ਵਿਕਾਰ ਬਣਾ ਕੇ ਅੱਡਾ, ਜਗਤ ਜਗਿਆਸੂਆਂ ਰਿਹਾ ਬਿਠਾਈਆ । ਬਚਿਆ ਰਿਹਾ ਨਾ ਕੋਇ ਬੁੱਢਾ ਨੱਢਾ, ਨੌਜਵਾਨਾ ਖੋਜ ਖੁਜਾਈਆ । ਰੂਪ ਬਣਾ ਕੇ ਆਪਣਾ ਠੱਗਾ, ਠਗੌਰੀ ਕਰੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਮੰਗ ਆਪ ਮੰਗਾਈਆ । ਸਦੀ ਚੌਧਵੀਂ ਕਹੇ ਪ੍ਰਭੂ ਮੈਂ ਤੇਰਾ ਵੇਖਾਂ ਸੁਹੰਜਣਾ ਵਕਤ, ਵਿਅਕਤੀ ਦੀਨ ਦੁਨੀ ਰਾਹ ਤਕਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਵੇਖਾ ਜਗਤ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਮੈਨੂੰ ਆਪਣਾ ਭੇਵ ਦੱਸ ਦੇ ਫ਼ਕਤ, ਫ਼ਿਰਕਾ ਇਕੋ ਇਕ ਸਮਝਾਈਆ । ਕਿਸ ਬਿਧ ਝਗੜਾ ਪੈਣਾ ਬੂੰਦ ਰਕਤ, ਤਨ ਵਜੂਦਾਂ ਖੇਲ ਖਿਲਾਈਆ । ਕਵਣ ਵਕਤ ਸੁਹੰਜਣਾ ਦੇਵੇ ਵਡਿਆਈ ਹਰਿਜਨ ਸਾਚੇ ਭਗਤ, ਭਗਵਨ ਮਿਹਰ ਨਜ਼ਰ ਉਠਾਈਆ । ਤੂੰ ਸੂਰਬੀਰ ਮਰਦਾਨਾ ਮਰਦ, ਨੌਜਵਾਨਾ ਧੁਰਦਰਗਾਹੀਆ । ਚਾਰ ਜੁਗ ਦੀ ਸ਼ਰਅ ਮੇਟ ਦੇ ਕਰਦ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਮੇਰੀ ਮੰਨਣੀ ਇਕੋ ਅਰਜ਼, ਆਰਜ਼ੂ ਤੇਰੇ ਅਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਲੈਣਾ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਤੱਕਾਂ ਤੇਰੇ ਸੂਫ਼ੀ ਸੰਤ ਫ਼ਕੀਰ, ਜੋ ਫ਼ਿਕਰਾ ਢੋਲਾ ਇਕੋ ਗਾਈਆ । ਮੈਂ ਵੇਖਾਂ ਸ਼ਾਹ ਹਕੀਰ, ਹਕੀਰ ਹਕੀਰਾ ਨੈਣ ਉਠਾਈਆ । ਮੈਂ ਸਭ ਦੀ ਤੱਕਾਂ ਅੰਦਰੋਂ ਜਮੀਰ, ਜ਼ਿਮੀਂ ਜ਼ਮਾਂ ਫੋਲ ਫੁਲਾਈਆ । ਮੈਨੂੰ ਸਮਝਾ ਦੇ ਕੀ ਕਲਜੁਗ ਅੰਤ ਤੇਰੀ ਤਸਵੀਰ, ਰੂਪ ਰੰਗ ਰੇਖ ਕਵਣ ਵਡਿਆਈਆ । ਕੀ ਇਸ਼ਾਰਾ ਦੇ ਕੇ ਗਿਆ ਕਬੀਰ, ਕਾਅਬਿਆਂ ਪਰੇ ਪੜ੍ਹਾਈਆ । ਉਹ ਮਾਲਕ ਖ਼ਾਲਕ ਆਵੇ ਬੇਨਜ਼ੀਰ, ਨਜ਼ਰੀਏ ਵਿਚ ਨਜ਼ਰ ਨਾ ਕੋਇ ਟਿਕਾਈਆ । ਉਹ ਪੁਰਾਣਾ ਹੋਵੇ ਪੀਰਾਂ ਦਾ ਪੀਰ, ਪੈਗ਼ੰਬਰ ਅਮਾਮ ਨੂਰ ਅਲਾਹੀਆ । ਜਿਸ ਸ਼ਰਅ ਦੀ ਤੋੜਨੀ ਜ਼ੰਜੀਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਸੋ ਸਵਾਮੀ ਮੇਰੀ ਬਦਲ ਦਏ ਤਕਦੀਰ, ਸਦੀ ਚੌਧਵੀਂ ਨਿਵ ਨਿਵ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਸਦੀ ਚੌਧਵੀਂ ਕਹੇ ਮੇਰੀ ਵੇਖ ਲੈ ਅੰਤ ਅਖ਼ੀਰ ਹਾਲਤ, ਹਾਲ ਦੁਹਾਈ ਦੇ ਕੇ ਦਿਆਂ ਸੁਣਾਈਆ । ਤੇਰੀ ਦੀਨ ਦੁਨੀਆ ਵਿਚ ਆਈ ਜਹਾਲਤ, ਚਾਰੋਂ ਕੁੰਟ ਕੂੜ ਹਲਕਾਈਆ । ਬਿਨ ਤੇਰੀ ਕਿਰਪਾ ਰਹੇ ਕੋਈ ਨਾ ਸਹੀ ਸਲਾਮਤ, ਸਤਿਗੁਰ ਰੂਪ ਨਾ ਕੋਇ ਬਦਲਾਈਆ । ਮੁਹੰਮਦ ਦੀ ਅੰਤਮ ਝੋਲੀ ਪਾ ਦੇ ਅਮਾਨਤ, ਮੇਰਾ ਲੇਖਾ ਪੂਰ ਕਰਾਈਆ । ਚਾਰੋਂ ਕੁੰਟ ਵੇਖ ਅੰਧੇਰੀ ਸ਼ਾਮਤ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਮੇਰੇ ਨੂਰ ਅਲਾਹ ਬੇਪ੍ਰਵਾਹ ਸਚ ਦੱਸ ਕਿਸ ਬਿਧ ਮੇਰੇ ਅੰਤ ਆਵੇ ਕਿਆਮਤ, ਕਿਆਮਗਾਹ ਕਾਇਮ ਰਹਿਣ ਕੋਇ ਨਾ ਪਾਈਆ । ਮੈਂ ਬਾਲ ਅੰਞਾਣੀ ਅਣਜਾਣਤ, ਚੌਦਾਂ ਸੌ ਸਾਲ ਸਦ ਸਾਚੀ ਸੇਵ ਕਮਾਈਆ । ਜਨ ਭਗਤਾਂ ਕਰ ਸਖ਼ਾਵਤ, ਨਾਮ ਨਿਧਾਨਾ ਦੇ ਵਰਤਾਈਆ । ਕੂੜ ਕੁੜਿਆਰ ਕਰੇ ਨਾ ਕੋਇ ਬਗ਼ਾਵਤ, ਬਗ਼ਲਗੀਰ ਆਪੇ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੂਪ ਅਨੂਪ ਸ਼ਾਹੋ ਭੂਪ ਆਦਿ ਜੁਗਾਦੀ ਸਹੀ ਸਲਾਮਤ, ਸਤਿ ਦੇ ਮਾਲਕ ਸਤਿ ਸਤਿ ਵਿਚ ਸਮਾਈਆ ।



### ✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ਕਰਨੈਲ ਸਿੰਘ ਦੇ ਗ੍ਰਹਿ ✪

ਸਤਿਗੁਰ ਸਾਚਾ ਸਤਿ ਹੈ, ਸਤਿ ਸਤਿਵਾਦ ਸਮਾਏ । ਅੰਦਰ ਦੇਵੇ ਬ੍ਰਹਮ ਮਤ ਹੈ, ਪਾਰਬ੍ਰਹਮ ਪ੍ਰਭ ਭੇਵ ਖੁਲਾਏ । ਆਤਮ ਜੋੜੇ ਧੁਰ ਦਾ ਨਤ ਹੈ, ਜਗਤ ਵਿਛੋੜਾ ਦਏ ਕਟਾਏ । ਨਾੜੀ ਨਾੜ ਨਾ ਉਬਲੇ ਰਤ ਹੈ, ਅੰਮ੍ਰਿਤ ਮੇਘ ਨਾਮ ਬਰਸਾਏ । ਨਾਮ ਬੀਜੇ ਸਾਚੇ ਵਤ ਹੈ, ਫਲ ਫੁੱਲ ਆਪ ਮਹਿਕਾਏ । ਚਰਨ ਪ੍ਰੀਤੀ ਜੋੜੇ ਨਤ ਹੈ, ਸਗਲਾ ਸੰਗ ਬਣਾਏ । ਸਰਬ ਕਲਾ ਬਣ ਸਮਰਥ ਹੈ, ਜੁਗ ਜੁਗ ਵੇਖ ਵਖਾਏ । ਭੇਵ ਅਭੇਦਾ ਦੱਸੇ ਅਕਥ ਹੈ, ਬੋਧ ਅਗਾਧਾ ਪਰਦਾ ਲਾਹੇ । ਨਿਰਗੁਣ ਧਾਰ ਸਰਗੁਣ ਚਲਾ ਰਥ ਹੈ, ਰਥ ਰਥਵਾਹੀ ਬੇਪ੍ਰਵਾਹੇ । ਕੂੜੀ ਕਿਰਿਆ ਦੇਵੇ ਮਥ ਹੈ, ਜਨ ਭਗਤਾਂ ਹੋਏ ਸਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੇ । ਸਤਿਗੁਰ ਪੂਰਾ ਸਾਖਿਆਤ, ਗਹਿਰ ਗੰਭੀਰ ਅਗੰਮ । ਹਰਿਜਨ ਬਣਾਏ ਪਾਰਜਾਤ, ਭੇਵ ਖੁਲਾਏ ਆਪ ਬ੍ਰਹਮ । ਮੇਟ ਮਿਟਾਏ ਅੰਧੇਰੀ ਰਾਤ, ਨੂਰੀ ਨੂਰ ਚਮਕਾਏ ਚੰਨ । ਦੋ ਜਹਾਨਾਂ ਪੁਛੇ ਬਾਤ, ਕਰੇ ਕਰਾਏ ਆਪਣਾ ਕਰਮ । ਦੇਵੇ ਵਡਿਆਈ ਵਿਚ ਮਾਤ, ਪਾਤਸ਼ਾਹ ਸ੍ਰੀ ਭਗਵਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨ । ਸਤਿਗੁਰ ਸਚਾ ਏਕ ਹੈ, ਆਦਿ ਪੁਰਖ ਅਪਾਰ । ਜਨ ਭਗਤਾਂ ਬਖ਼ਸ਼ੇ ਟੇਕ ਹੈ, ਇਕ ਇਕੱਲਾ ਏਕੰਕਾਰ । ਬੁੱਧੀ ਕਰੇ ਬਿਬੇਕ ਹੈ, ਬਖ਼ਸ਼ੇ ਸ਼ਬਦ ਅਧਾਰ । ਤ੍ਰੈਗੁਣ ਨਾ ਲਾਏ ਸੇਕ ਹੈ, ਅੰਮ੍ਰਿਤ ਦੇਵੇ ਠੰਡਾ ਠਾਰ । ਨਜ਼ਰੀ ਆਵੇ ਨੇਤਨ ਨੇਤ ਹੈ, ਘਰ ਸਵਾਮੀ ਸਿਰਜਣਹਾਰ । ਵਸੇ ਸਾਚੇ ਦੇਸ ਹੈ, ਸਾਢੇ ਤਿੰਨ ਹੱਥ ਮੰਦਰ ਮਨਾਰ । ਜੁਗ ਜੁਗ ਧਾਰੇ ਵੇਸ ਹੈ, ਸਚਖੰਡ ਨਿਵਾਸੀ ਸੱਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਪਰਵਰਦਿਗਾਰ । ਸਤਿਗੁਰ ਸੱਚਾ ਇਕੋ ਮੌਲਾ, ਮਵਲ ਰਿਹਾ ਸਰਬ ਠਾਈਆ । ਕਰੇ ਖੇਲ ਉਪਰ ਧਵਲਾ, ਜੁਗ

ਜੁਗ ਵੇਸ ਵਟਾਈਆ । ਨਿਤ ਨਵਿਤ ਦੇ ਜਾਣੇ ਕੌਲਾ, ਕਵਲ ਇਕਰਾਰ ਫੋਲ ਫੁਲਾਈਆ । ਸ਼ਬਦੀ ਨਾਦ ਧੁਨ ਦੀ ਧਾਰ ਬੋਲੇ ਬੋਲਾ, ਅਨਬੋਲਤ ਰਾਗ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਦੱਸਦਾ ਆਇਆ ਢੋਲਾ, ਬਿਨ ਢੋਲਕ ਛੈਣੇ ਖੜਕਾਈਆ । ਅਵਤਾਰ ਪੈਗ਼ੰਬਰ ਗੁਰ ਬਣਾ ਵਿਚੋਲਾ, ਵਿਚਲਾ ਪਰਦਾ ਆਪ ਉਠਾਈਆ । ਜਨ ਭਗਤਾਂ ਭਾਰ ਕਰਦਾ ਆਇਆ ਹੌਲਾ, ਸਿਰ ਸਿਰ ਆਪਣਾ ਹੱਥ ਰਖਾਈਆ । ਕਲਜੁਗ ਅੰਤਮ ਵੇਖੇ ਰੌਲਾ, ਚਾਰੋਂ ਕੁੰਟ ਨੈਣ ਉਠਾਈਆ । ਜਿਸ ਨੂੰ ਦੀਨ ਦੁਨੀ ਕਰੇ ਮਖ਼ੌਲਾ, ਮਖ਼ਮਲ ਵਿਛੌਣੇ ਸਭ ਦੇ ਦਏ ਉਲਟਾਈਆ । ਜਿਸ ਦਾ ਸ਼ਬਦ ਅਗੰਮੀ ਸਭ ਦੇ ਸਿਰ ਵਿਚ ਮਾਰੇ ਪੌਲਾ, ਰਵਦਾਸ ਚਮਾਰ ਦੀ ਪਾਹਨੀ ਦਏ ਗਵਾਹੀਆ । ਜਿਸ ਨੇ ਸਚ ਦਵਾਰਾ ਖੋਲਾ, ਖ਼ਾਲਕ ਖ਼ਲਕ ਅਗੰਮ ਅਥਾਹੀਆ । ਉਸ ਦੇ ਹੁਕਮ ਦਾ ਇਕੋ ਉਠੇ ਵਿਰੋਲਾ, ਰੋਲ ਦੇਵੇ ਖ਼ਲਕ ਖ਼ੁਦਾਈਆ । ਦੋ ਜਹਾਨਾਂ ਦਏ ਝਕੋਲਾ, ਹਲੂਣਿਆਂ ਵਿਚ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸੱਚਾ ਸ਼ਬਦ ਸਵਾਮੀ ਆਪ, ਆਪਣਾ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਦੱਸ ਕੇ ਜਾਪ, ਜਗ ਜੀਵਣ ਦਾਤਾ ਹੁਕਮ ਵਰਤਾਇੰਦਾ । ਬੰਦ ਕਿਵਾੜੀ ਖੋਲ ਕੇ ਤਾਕ, ਓਹਲਾ ਪਰਦਾ ਨਾ ਕੋਇ ਜਣਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਵਾਕ, ਵਾਕਫ਼ਕਾਰ ਆਤਮ ਪਰਮਾਤਮ ਵਖਾਇੰਦਾ । ਪਾਰਬ੍ਰਹਮ ਬ੍ਰਹਮ ਜਣਾ ਕੇ ਸਾਕ, ਸੱਜਣ ਮੀਤ ਮੇਲ ਮਿਲਾਇੰਦਾ । ਜਨ ਭਗਤਾਂ ਦੇ ਕੇ ਸਾਚੀ ਦਾਤ, ਵਸਤ ਅਗੰਮ ਝੋਲੀ ਪਾਇੰਦਾ । ਬਿਨ ਰਸਨਾ ਜਿਹਵਾ ਕਰਕੇ ਬਾਤ, ਬਾਤਨ ਪਰਦੇ ਆਪ ਖੁਲ੍ਹਾਇੰਦਾ । ਦੇ ਵਡਿਆਈ ਲੋਕਮਾਤ, ਸ਼ਬਦੀ ਰੰਗਣ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਅਗੰਮਾ ਦੇ ਆਬੇ ਹਯਾਤ, ਹਯਾਤੀ ਵਿਚ ਸਫਾਤੀ ਭੇਵ ਖੁਲ੍ਹਾਇੰਦਾ ।

੧੨੯੭ ੨੩

### ✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ਸਵਰਨ ਸਿੰਘ ਦੇ ਗ੍ਰਹਿ ✪

ਸਤਿਗੁਰ ਸੱਚਾ ਸ੍ਰੀ ਭਗਵੰਤ ਹੈ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨ । ਆਦਿ ਜੁਗਾਦੀ ਧੁਰ ਦਾ ਕੰਤ ਹੈ, ਨੌਜਵਾਨ ਮਰਦ ਮਰਦਾਨ । ਦੇਵਣਹਾਰਾ ਨਾਮ ਮੰਤ ਹੈ, ਅੰਤਰ ਬਖ਼ਸ਼ੇ ਅਗੰਮ ਗਿਆਨ । ਲੇਖਾ ਜਾਣੇ ਵਿਚ ਜੀਵ ਜੰਤ ਹੈ, ਭਗਤ ਸੁਹੇਲੇ ਲਏ ਪਛਾਣ । ਗੜ੍ਹ ਤੋੜੇ ਹਉਮੇ ਹੰਗਤ ਹੈ, ਚਰਨ ਪ੍ਰੀਤੀ ਬਖ਼ਸ਼ੇ ਦਾਨ । ਮੇਲ ਮਿਲਾਏ ਸਾਚੀ ਸੰਗਤ ਹੈ, ਦਰਗਾਹ ਸਾਚੀ ਕਰੇ ਪ੍ਰਵਾਨ । ਜਿਸ ਦੀ ਮਹਿੰਮਾ ਸਦਾ ਅਗਣਤ ਹੈ, ਗੁਰ ਅਵਤਾਰ ਪੈਗ਼ੰਬਰ ਗਾਣ । ਜਿਸ ਨੂੰ ਸਿਮਰਦੇ ਦੇਵ ਦੰਤ ਹੈ, ਵਿਸ਼ਨ ਬ੍ਰਹਮਾ ਸੀਸ ਝੁਕਾਉਣ , ਸੋ ਸਵਾਮੀ ਸਰਬ ਗੁਣਵੰਤ ਹੈ, ਗੁਣਵੰਤਾ ਇਕ ਮਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਲਏ ਪਛਾਣ । ਉਹ ਸਤਿਗੁਰ ਸੱਚਾ ਪਰਵਰਦਿਗਾਰ ਹੈ, ਨੂਰ ਨੁਰਾਨਾ ਨੂਰ ਅਲਾਹ । ਆਦਿ ਜੁਗਾਦੀ ਧੁਰ ਦਾ ਯਾਰ ਹੈ, ਮੁਹੱਬਤ ਦਾ ਮਾਲਕ ਬੇਪ੍ਰਵਾਹ । ਸੂਫ਼ੀਆਂ ਦੇਵੇ ਸਤਿ ਦੀਦਾਰ ਹੈ, ਨਿਜ ਲੋਚਨ ਕਰ ਰੁਸ਼ਨਾ । ਬਿਨ ਰਸਨਾ ਜਿਹਵਾ ਕਰੇ ਗੁਫ਼ਤਾਰ ਹੈ, ਗੁਫ਼ਤ ਸ਼ਨੀਦ ਭੇਵ ਖੁਲਾ । ਜਿਸ ਦੀ ਸਮਝੇ ਨਾ

ਕੋਇ ਰਫ਼ਤਾਰ ਹੈ, ਜੁਗ ਜੁਗ ਆਵੇ ਵਾਹੋ ਦਾਹ । ਨਾਮ ਕਲਮਾ ਜਿਸ ਦੀ ਧਾਰ ਹੈ, ਸਤਿ ਸਤਿਵਾਦੀ ਦਏ ਸਮਝਾ । ਸੋ ਪੁਰਖ ਅਕਾਲਾ ਏਕੰਕਾਰ ਹੈ, ਅਕਲ ਕਲ ਰਿਹਾ ਅਖਵਾ । ਕਲਜੁਗ ਅੰਤਮ ਲਏ ਅਵਤਾਰ ਹੈ, ਜੋਤੀ ਜਾਮਾ ਵੇਸ ਵਟਾ । ਸੰਬਲ ਵਸੇ ਧਾਮ ਨਿਆਰ ਹੈ, ਸਾਢੇ ਤਿੰਨ ਹੱਥ ਬਣਤ ਬਣਾ । ਸ਼ਬਦ ਅਨਾਦੀ ਦੇ ਧੁਨਕਾਰ ਹੈ, ਬੋਧ ਅਗਾਧ ਰਿਹਾ ਚਲਾ । ਜੋਤੀ ਨੂਰ ਕਰ ਉਜਿਆਰ ਹੈ, ਅੰਧ ਅੰਧੇਰਾ ਦਿਤਾ ਮਿਟਾ । ਜਨ ਭਗਤਾਂ ਕਰੇ ਪਿਆਰ ਹੈ, ਘਰ ਘਰ ਫੇਰਾ ਪਾ । ਤਿਸ ਸਾਹਿਬ ਸਦਾ ਨਿਮਸਕਾਰ ਹੈ, ਜੋ ਸ਼ਹਿਨਸ਼ਾਹ ਪਾਤਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਲੇਖਾ ਜਾਨਣਹਾਰ ਹੈ, ਥਲ ਅਸਗਾਹ ।

### ✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ਚੰਦਨ ਸਿੰਘ ਦੇ ਗ੍ਰਹਿ ✪

ਸਤਿਗੁਰ ਸਾਚਾ ਆਦੀ ਮਾਲਕ, ਆਦਿ ਪੁਰਖ ਅਖਵਾਈਆ । ਲੇਖਾ ਜਾਣੇ ਦੋ ਜਹਾਨਾਂ ਖ਼ਾਲਕ, ਖ਼ਲਕ ਮਖ਼ਲੂਕ ਧਿਆਨ ਲਗਾਈਆ । ਸਦਾ ਸੁਹੇਲਾ ਬਣੇ ਪਾਲਕ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜਨ ਭਗਤ ਸੁਹੇਲੇ ਪ੍ਰਗਟਾ ਆਪਣੇ ਬਾਲਕ, ਬਾਲ ਬਿਰਧ ਜਵਾਨ ਅਵਸਥਾ ਆਪਣੀ ਲੇਖੇ ਪਾਈਆ । ਸ਼ਬਦੀ ਧਾਰ ਬਣ ਕੇ ਸਾਲਸ, ਸਤਿਗੁਰ ਲੇਖਾ ਆਪ ਚੁਕਾਈਆ । ਆਤਮ ਪਿਆਰ ਮੇਲ ਕੇ ਖ਼ਾਲਸ, ਖ਼ਾਲਸ ਆਪਣਾ
੧੨੯੮ ੨੩ ਘਰ ਵਖਾਈਆ । ਕੂੜੀ ਤ੍ਰਿਸ਼ਨਾ ਮੇਟ ਕੇ ਲਾਲਚ, ਤਮਅ ਮੋਹ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ੧੨੯੮ ੨੩
ਸਾਚਾ ਵਰ, ਸਚ ਦਾ ਮਾਲਕ ਸੰਗ ਨਿਭਾਈਆ । ਸਤਿਗੁਰ ਸੱਚਾ ਅਨੁਭਵ ਦ੍ਰਿਸ਼ਟ, ਅਮਿਤ ਬੇਪ੍ਰਵਾਹੀਆ । ਖੇਲੇ ਖੇਲ ਵਿਚ ਸ੍ਰਿਸ਼ਟ, ਸ੍ਰੇਸ਼ਟ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਭੇਵ ਚੁਕਾ ਕੇ ਅੰਤਰ ਦ੍ਰਿਸ਼ਟ, ਪਰਦਾ ਦਏ ਉਠਾਈਆ ।ਗ੍ਰਹਿ ਮੰਦਰ ਬਾਹਰ ਵਖਾਏ ਸਵਰਗ ਬਹਿਸ਼ਤ, ਦਰ ਦਵਾਰ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਕਰਾਈਆ । ਸਤਿਗੁਰ ਸਾਚਾ ਡੂੰਘਾ ਸਾਗਰ, ਗੁਰਮੁਖ ਮਛਲੀ ਹਾਥ ਕਿਛ ਨਾ ਆਈਆ । ਜੋ ਵਸਣਹਾਰਾ ਕਾਇਆ ਗਾਗਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੁਗ ਜੁਗ ਨਾਮ ਬਣਾਏ ਵਣਜ ਸੌਦਾਗਰ, ਸਚ ਸਚ ਵਖਾਈਆ । ਜਿਹੜਾ ਜੋਧਾ ਸੂਰਬੀਰ ਬਣੇ ਬਹਾਦਰ, ਬਲਧਾਰੀ ਬੇਪ੍ਰਵਾਹੀਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਆਦਰ, ਅਦਲ ਇਨਸਾਫ਼ ਇਕ ਆਪਣੇ ਹੱਥ ਰਖਾਈਆ । ਮਿਹਰਵਾਨ ਹੋਵੇ ਕਰੀਮ ਕਾਦਰ, ਕਰਤਾ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰਿਉਂ ਦੇਵੇ ਅਗੰਮੀ ਦਾਦਨ, ਵਸਤ ਅਨਮੁੱਲੜੀ ਆਪ ਵਰਤਾਈਆ ।

✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ਮਹਿੰਦਰ ਸਿੰਘ ਦੇ ਗ੍ਰਿਹਿ ✪

ਸਤਿਗੁਰ ਸੱਚਾ ਮਿਹਰਵਾਨ, ਕਟੇ ਜਨਮ ਜਨਮ ਦੇ ਰੋਗ । ਦੇਵਣਹਾਰਾ ਨਾਮ ਦਾਨ, ਮੇਲ ਮਿਲਾਏ ਧੁਰ ਸੰਜੋਗ । ਆਦਿ ਜੁਗਾਦੀ ਬਣ ਕੇ ਕਾਹਨ, ਦੇਵੇ ਦਰਸ ਸਦਾ ਅਮੋਘ । ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਚਰਨ ਪ੍ਰੀਤੀ ਦੇਵੇ ਜੋਗ । ਸ਼ਰਅ ਕੂੜੀ ਮੇਟ ਸ਼ੈਤਾਨ, ਸਚ ਸੁਣਾਏ ਹਕ ਸਲੋਕ । ਲੋਕਮਾਤ ਕਰੇ ਪ੍ਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬਖ਼ਸ਼ੇ ਇਕੋ ਮੋਖ । ਸਤਿਗੁਰ ਸਚਾ ਸਾਹਿਬ ਅਨਡਿਠ, ਜੁਗ ਜੁਗ ਦਇਆ ਕਮਾਇੰਦਾ । ਨਾਮ ਨਿਧਾਨਾ ਦੇ ਕੇ ਮਿਠ, ਅਨ ਰਸ ਆਪ ਭਰਾਇੰਦਾ । ਜਨ ਭਗਤਾਂ ਲੇਖਾ ਮੁਕਾ ਕੇ ਸਵਾ ਗਿਠ, ਘਰ ਦਵਾਰਾ ਇਕ ਸਮਝਾਇੰਦਾ । ਜਿਥੇ ਕਦੇ ਨਾ ਬਦਲੇ ਪਿਠ, ਕਰਵਟ ਵਿਚ ਨਾ ਕਦੇ ਮੁਖ ਭਵਾਇੰਦਾ । ਦਰਸ਼ਨ ਦੇਵੇ ਨਿਤ, ਨੂਰ ਨੁਰਾਨਾ ਡਗਮਗਾਇੰਦਾ । ਆਤਮ ਪਿਆਰਾ ਕਰੇ ਹਿਤ, ਸਾਜਣ ਮੀਤ ਪਿਆਰਾ ਹੋ ਕੇ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪਰਦਾ ਆਪ ਚੁਕਾਇੰਦਾ । ਸਤਿਗੁਰ ਸੱਚਾ ਗਹਿਰ ਗੰਭੀਰ, ਸ਼ਬਦ ਸ਼ਬਦ ਵਡਿਆਈਆ । ਲੇਖਾ ਜਾਣੇ ਤਨ ਸਰੀਰ, ਵਜੂਦਾ ਫੋਲ ਫੁਲਾਈਆ । ਭੂਪਤ ਭੂਪ ਬਣਕੇ ਪੀਰਨ ਪੀਰ, ਪਰਾ ਪਸੰਤੀ ਮਧਮ ਬੈਖਰੀ ਬਾਹਰ ਸਮਝਾਈਆ । ਨਾਮ ਨਿਧਾਨ ਦੀ ਦੱਸ ਤਦਬੀਰ, ਤਰੀਕਾ ਨੀਕਨ ਨੀਕਾ ਆਪ ਦ੍ਰਿੜਾਈਆ । ਬਿਨਾ ਮੁਸੱਵਰ ਵਖਾ ਕੇ ਆਪਣੀ ਤਸਵੀਰ, ਨੂਰ ਨੁਰਾਨਾ ਡਗਮਗਾਈਆ । ਜੋ ਕਰਮ ਕਾਂਡ ਤੇ ਮਾਰੇ ਹੁਕਮ ਲਕੀਰ, ਲਾਈਨ ਦੀ ਲਾਈਨ ਦਏ ਬਣਾਈਆ । ਬਿਨਾ ਸ਼ਰਅ ਤੋਂ ਬਣਾ ਫ਼ਕੀਰ, ਫ਼ਿਕਰਾ ਇਕੋ ਦਏ ਸਮਝਾਈਆ । ਬਿਨਾ ਭਗਤੀਉਂ ਬਦਲ ਤਕਦੀਰ, ਸਿਰ ਆਪਣਾ ਹੱਥ ਟਿਕਾਈਆ । ਦਰਸ਼ਨ ਦੇ ਬੇਨਜ਼ੀਰ, ਨਜ਼ਰ ਨਜ਼ਰ ਵਿਚੋਂ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਭਗਤਾਂ ਦਇਆ ਕਮਾਈਆ । ਸਤਿਗੁਰ ਪੂਰਾ ਸਹੀ ਸਲਾਮਤ, ਜਨਮ ਮਰਨ ਵਿਚ ਨਾ ਆਈਆ । ਜਿਸ ਨੂੰ ਪੋਹ ਸਕੇ ਨਾ ਕਿਆਮਤ, ਜੁਗ ਚੌਕੜੀ ਅੰਤ ਨਾ ਕੋਇ ਵਖਾਈਆ । ਜਿਸ ਦਾ ਨਾਮ ਨਿਧਾਨਾ ਅਗੰਮ ਨਿਆਮਤ, ਦੋ ਜਹਾਨਾਂ ਦਏ ਵਰਤਾਈਆ । ਸੋ ਕਲਜੁਗ ਅੰਤ ਮੇਟੇ ਅੰਧੇਰੀ ਸ਼ਾਮਤ, ਸ਼ਮਾ ਨੂਰ ਜੋਤ ਕਰ ਰੁਸ਼ਨਾਈਆ । ਜਿਨ ਭਵਿਖਤਾਂ ਵਾਲੀ ਗੁਰ ਅਵਤਾਰ ਪੈਗ਼ੰਬਰਾਂ ਵਾਲੀ ਸਾਂਭ ਕੇ ਰਖੀ ਅਮਾਨਤ, ਸਦੀ ਚੌਧਵੀਂ ਝੋਲੀ ਦਏ ਭਰਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਨਾ ਕੋਇ ਖ਼ਿਆਨਤ, ਖ਼ੈਰਖ਼ਾਹੀ ਵਿਚ ਬੇਪਰਵਾਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਦਏ ਉਠਾਈਆ । ਸਤਿਗੁਰ ਸੱਚਾ ਸੱਚਾ ਸਤਿਗੁਰ ਸਮਾਜ, ਸ਼ਬਦ ਸ਼ਬਦ ਵਖਾਈਆ । ਜਿਸ ਦਾ ਆਦਿ ਜੁਗਾਦੀ ਰਾਜ, ਜੁਗ ਚੌਕੜੀ ਹੁਕਮ ਬਦਲਾਈਆ । ਤਖ਼ਤ ਨਿਵਾਸੀ ਤਖ਼ਤ ਸੁਹਾ ਕੇ ਤਾਜ, ਤਖ਼ਤਾ ਜ਼ਿਮੀਂ ਅਸਮਾਨ ਉਲਟਾਈਆ । ਇਕੋ ਧੁਰ ਦੀ ਮਾਰ ਆਵਾਜ਼, ਸੰਦੇਸੇ ਦੇਵੇ ਥਾਉਂ ਥਾਈਂਆ । ਜੋ ਲੱਖ ਚੁਰਾਸੀ ਬੇੜਾ ਚਲਾਏ ਜਹਾਜ਼, ਬਿਨ ਕੰਧਿਆਂ ਕੰਧ ਉਠਾਈਆ । ਸੋ ਬਦਲ ਦੇਵੇ ਰਿਵਾਜ, ਨਿਤ ਨਿਤ ਭੇਵ ਚੁਕਾਈਆ । ਜਿਸ ਦੀ ਦੀਨ ਦੁਨੀ ਹੋਵੇ ਮੁਹਤਾਜ, ਲੋੜਵੰਦ ਗੁਰ ਅਵਤਾਰ ਪੈਗ਼ੰਬਰ ਲਏ ਬਣਾਈਆ । ਉਹ ਨਿਤ ਨਿਤ ਆਪਣਾ ਸਾਜਣ ਸਾਜ, ਨਵਿਤ ਆਪਣਾ ਖੇਲ ਖਿਲਾਈਆ । ਸੋ ਭਗਤ ਸੁਹੇਲੇ ਇਕ ਅਕੇਲੇ ਪੁਰਖ ਅਕਾਲ ਗੁਰੂ ਮਹਾਰਾਜ, ਸਚ

ਸਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸ਼ਬਦ ਵਜਾਏ ਨਾਦ, ਦੋ ਜਹਾਨ ਜਹਾਂ ਤਹਾਂ ਕਰੇ ਸ਼ਨਵਾਈਆ ।

✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ਕਰਮ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਨਾ ਬੁੱਢਾ ਨਾ ਨੱਢਾ, ਆਯੂ ਵੰਡ ਨਾ ਕੋਇ ਵੰਡਾਈਆ । ਨਾ ਸਮੁੰਦ ਸਾਗਰ ਨਾ ਡੂੰਘਾ ਖੱਡਾ, ਟਿੱਲਾ ਪਰਬਤ ਰੂਪ ਨਾ ਕੋਇ ਦਰਸਾਈਆ । ਨਾ ਕੋਈ ਜਗਤ ਜਹਾਨ ਦਿਸੇ ਗੁੱਡਾ, ਪਵਣ ਪਵਣਾਂ ਨਾਲ ਹਿਲਾਈਆ । ਨਾ ਕੋਈ ਉਚਾ ਲੰਮਾ ਨਾ ਕੋਈ ਦਿਸੇ ਅੱਧਾ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਹੁਕਮ ਆਦਿ ਜੁਗਾਦੀ ਵਰਤੇ ਸਦਾ, ਸੋ ਸਤਿਗੁਰ ਅਗੰਮ ਅਥਾਹੀਆ । ਉਸ ਦੇ ਹੁਕਮ ਵਿਚ ਦੋ ਜਹਾਨ ਬੱਧਾ, ਬੰਦਗੀ ਵਿਚ ਅਵਤਾਰ ਪੈਗ਼ੰਬਰ ਗੁਰੂ ਸੀਸ ਨਿਵਾਈਆ । ਉਹ ਭਗਤਾਂ ਨਾਲ ਕਰੇ ਕਦੇ ਨਾ ਦਗ਼ਾ, ਦਗ਼ੇਬਾਜ਼ੀ ਵੇਖੇ ਖ਼ਲਕ ਖ਼ੁਦਾਈਆ । ਜੁਗ ਜੁਗ ਬੁਝਾਉਣ ਆਏ ਅੱਗਾ, ਅੰਮ੍ਰਿਤ ਮੇਘ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਸਤਿਗੁਰੂ ਕਿਉਂ ਕਹਿੰਦੇ, ਸਿਫ਼ਤਾਂ ਵਾਲੇ ਢੋਲੇ ਗਾਈਆ । ਮੇਰਾ ਨਾਮ ਜੁਗ ਚੌਕੜੀ ਕਿਉਂ ਲੈਂਦੇ, ਅੱਖਰਾਂ ਨਾਲ ਵਡਿਆਈਆ । ਮੇਰੇ ਧਿਆਨ ਵਿਚ ਕਿਉਂ ਬਹਿੰਦੇ, ਨੇਤਰ ਜਗਤ ਵਰੋਲਣ      । ਮੇਰਾ ਭਾਣਾ ਕਿਉਂ ਸਹਿੰਦੇ, ਦੁੱਖਾਂ ਸੀਸ ਉਠਾਈਆ । ਮੈਨੂੰ ਬੇਪਰਵਾਹ ਗੁਰ ਅਵਤਾਰ ਪੈਗ਼ੰਬਰ ਕਿਉਂ ਕਹਿੰਦੇ, ਕਹਿ ਕਹਿ ਗਏ ਸੁਣਾਈਆ । ਮੈਂ ਸਤਿਗੁਰ ਸ਼ਬਦ ਜਿਸ ਖੇਲ ਵੇਖਣੀ ਦਿਸ਼ਾ ਲਹਿੰਦੇ, ਲਹਿਰ ਲਹਿਰ ਨਾਲ ਮਿਲਾਈਆ । ਜਿਸ ਦੇ ਹੁਕਮ ਵਿਚ ਬੁਰਜ ਮੁਨਾਰੇ ਢਹਿੰਦੇ, ਮਿੱਟੀ ਖ਼ਾਕ ਖ਼ਾਕ ਉਡਾਈਆ । ਜਿਸ ਦੇ ਪੈਰ ਸਰਾਹਣੇ ਕੋਈ ਸਮਝ ਨਾ ਸਕੇ ਕਿਹੜੀ ਪੈਂਦੇ, ਹਿਸਾ ਵੰਡ ਨਾ ਕੋਇ ਵੰਡਾਈਆ । ਮੇਰੇ ਵਹਿਣ ਅਗੰਮੀ ਨੈਂ ਦੇ, ਨੀਰ ਸਾਗਰ ਸਾਰ ਕੋਇ ਨਾ ਪਾਈਆ । ਮੇਰੇ ਖੇਲ ਸਦਾ ਨਿਰਭੈ ਦੇ, ਭੈ ਵਿਚ ਨਾ ਕੋਇ ਡਰਾਈਆ । ਮੇਰੇ ਹੁਕਮਨਾਮੇ ਆਦਿ ਜੁਗਾਦਿ ਜੁਗ ਚੌਕੜੀ ਬੈਅ ਦੇ, ਗੁਰ ਅਵਤਾਰ ਪੈਗ਼ੰਬਰ ਖ਼ਰੀਦਦਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਹਿਬ ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਨੂੰ ਸਾਰੇ ਕਹਿੰਦੇ ਬਲੀ, ਬਲੀਆਂ ਦੇ ਦੇ ਝਟ ਲੰਘਾਈਆ । ਮੈਨੂੰ ਸਾਰੇ ਕਹਿੰਦੇ ਵਲੀ, ਵਲੀ ਅੱਲਾ ਸੀਸ ਨਿਵਾਈਆ । ਮੈਂ ਫਿਰਨਾ ਦੋ ਜਹਾਨ ਗਲੀ ਗਲੀ, ਕੂਚੇ ਕੂਚੇ ਭੱਜਾਂ ਵਾਹੋ ਦਾਹੀਆ । ਨਿਰਗੁਣ ਧਾਰ ਬਣ ਕੇ ਛਲੀ, ਅਛਲ ਛਲ ਹੋ ਕੇ ਵੇਖ ਵਖਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਦਲੀ, ਲੱਖ ਚੁਰਾਸੀ ਹੁਕਮ ਵਰਤਾਈਆ । ਮੇਰੀ ਧਾਰ ਦੀ ਧਾਰ ਆਦਿ ਜੁਗਾਦਿ ਕਿਸੇ ਨਾ ਮੱਲੀ, ਦੂਸਰ ਨਜ਼ਰ ਕੋਇ ਨਾ ਆਈਆ । ਜਦੋਂ ਚਾਹਵਾਂ ਆਪਣੇ ਨਾਮ ਦੀ ਗੁਰ ਅਵਤਾਰ ਪੈਗ਼ੰਬਰਾਂ ਅੰਦਰ ਵਜਾ ਕੇ ਨਿੱਕੀ ਜਿਹੀ ਟੱਲੀ, ਟਾਲ ਮਟੋਲ ਕਰ ਕੇ ਆਪਣਾ ਨਾਮ ਵਰਤਾਈਆ । ਅੰਤ ਖੋਰ ਦੇਵਾਂ ਵਾਂਗ ਲੂਣ ਦੀ ਡਲੀ, ਲੋਕਮਾਤ ਰਹਿਣ ਨਾ ਪਾਈਆ । ਜਿਸ ਮੇਰਾ ਪ੍ਰੇਮ ਨਿਭਾਇਆ ਤਿਸ ਸੀਸ ਰਖਾਇਆ ਤਲੀ, ਤਲਬਾਂ ਦੀ ਮੰਗ ਨਾ ਕੋਇ ਮੰਗਾਈਆ । ਗੋਬਿੰਦ ਆਸ਼ਾ

ਇਕ ਇਕੱਲੀ, ਅਕਲ ਕਲਧਾਰੀ ਤੱਕ ਕੇ ਮੇਰਾ ਸੰਗ ਬਣਾਈਆ । ਏਸੇ ਕਾਰਨ ਲੋਕਮਾਤ ਫਲੀ, ਫਲੀ ਭੂਤ ਦਿਤੀ ਕਰਾਈਆ । ਸੰਬਲ ਧਾਰ ਸੰਬਲ ਨਗਰੀ ਸਚ ਦੀ ਬਿਨਾ ਦੀਵਾਰਾਂ ਤੋਂ ਗਲੀ, ਬਿਨਾ ਕੂਚਿਆਂ ਤੋਂ ਕੂਚਾ ਸੋਭਾ ਪਾਈਆ । ਜਿਥੇ ਜੋਤ ਸ਼ਬਦ ਦੀ ਧਾਰ ਬਿਨਾ ਜਿਸਮ ਜਮੀਰ ਦੇ ਰਲੀ, ਤਤਵ ਤਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਹੁਕਮ ਭਲੀਓਂ ਭਲੀ, ਭਾਲ ਭਾਲ ਕੇ ਗੁਰਮੁਖ ਆਪਣੇ ਰੰਗ ਰੰਗਾਈਆ ।

### ✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ਜੀਤ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਕਹੇ ਮੇਰੀ ਅਚਰਜ ਲੀਲਾ, ਅਸਚਰਜ ਖੇਲ ਖਿਲਾਈਆ । ਜਨ ਭਗਤ ਬਣਾ ਆਪਣਾ ਕਬੀਲਾ, ਜੁਗ ਜੁਗ ਦੇਵਾਂ ਮਾਣ ਵਡਿਆਈਆ । ਲੋਕਮਾਤ ਜਣਾ ਕੇ ਵਸੀਲਾ, ਖੇਲਾਂ ਖੇਲ ਥਾਉਂ ਥਾਈਂਆ । ਫੇਰ ਘਰ ਵਖਾਵਾਂ ਉਪਰ ਅੰਬਰ ਨੀਲਾ, ਨੀਲੀ ਧਾਰੋਂ ਪਾਰ ਕਰਾਈਆ । ਜਿਥੇ ਕਿਸੇ ਦਾ ਚਲੇ ਕੋਇ ਨਾ ਹੀਲਾ, ਆਪਣੀ ਅਕਲ ਬੁੱਧੀ ਨਾ ਕੋਇ ਵਖਾਈਆ । ਉਹ ਮੇਰਾ ਗ੍ਰਿਹ ਨਵੀਨਾ, ਨਵ ਨੌ ਤੋਂ ਬਾਹਰ ਨਜ਼ਰੀ ਆਈਆ । ਜਿਥੇ ਨਾ ਮਰਨਾ ਨਾ ਜੀਣਾ, ਇਕੋ ਰੰਗ ਸਮਾਈਆ । ਨਾ ਲੇਖਾ ਹੋਵੇ ਤ੍ਰੈਗੁਣ ਮਾਇਆ ਤੀਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਸਵਾਮੀ ਇਕ, ਅੰਤਰਜਾਮੀ ਦਿਤੀ ਵਡਿਆਈਆ । ਜੁਗ ਜੁਗ ਪ੍ਰਭ ਦੇ ਹੁਕਮ ਸੰਦੇਸੇ ਦੇਵਾਂ ਲਿਖ, ਅੱਖਰ ਅੱਖਰਾਂ ਨਾਲ ਮਿਲਾਈਆ । ਦੱਸਦਾ ਆਇਆ ਭਵਿਖ, ਭਵਿਖਤਾਂ ਵਿਚ ਸਮਝਾਈਆ । ਬਣਾ ਕੇ ਮੁਰੀਦ ਸਿੱਖ, ਮੁਰਸ਼ਦਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਦਏ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਅਵਤਾਰਾਂ ਦਿਤੀ ਥਾਪੀ, ਥਪਕ ਪੁਸ਼ਤ ਪਨਾਹ ਲਗਾਈਆ । ਮੈਂ ਪੈਗ਼ੰਬਰਾਂ ਦਿਤੀ ਨਾਮ ਦੀ ਕਾਪੀ, ਸਤਿ ਸਚ ਭੇਵ ਕਿਸੇ ਨਾ ਆਈਆ । ਗੁਰੂਆਂ ਜੋੜ ਕੇ ਨਾਤੀ, ਨਾਤਾ ਲਿਆ ਬੰਧਾਈਆ । ਲੇਖਾ ਜਣਾ ਕੇ ਕਲਮ ਦਵਾਤੀ, ਅੱਖਰਾਂ ਕੀਤੀ ਪੜ੍ਹਾਈਆ । ਇਕ ਖ਼ਬਰ ਅਗੰਮੀ ਆਖੀ, ਹੁਕਮੇ ਵਿਚ ਸੁਣਾਈਆ । ਕਲਜੁਗ ਅੰਤ ਲੇਖਾ ਜਾਣੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਜੋ ਮੰਡਲ ਪਾਵੇ ਰਾਸੀ, ਬ੍ਰਹਿਮੰਡਾਂ ਖੋਜ ਖੁਜਾਈਆ । ਜਨ ਭਗਤਾਂ ਹੋਵੇ ਦਾਸਨ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਲਹਿਣਾ ਦੇਣਾ ਮੁਕਾ ਕੇ ਪ੍ਰਿਥਮੀ ਆਕਾਸ਼ੀ, ਦਰਗਾਹ ਸਾਚੀ ਦਏ ਵਡਿਆਈਆ । ਜਿਸ ਨੂੰ ਦੀਨ ਦੁਨੀ ਕਰੇ ਹਾਸੀ, ਹਸਤੀ ਸਮਝ ਕੋਇ ਨਾ ਪਾਈਆ । ਉਹਦੀ ਸ਼ਬਦੀ ਧਾਰ ਹੋਵੇ ਬਦਮਾਸ਼ੀ, ਬਦੀਆਂ ਦੇ ਲੇਖੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਸ਼ਰਅ ਦਾ ਸ਼ੈਤਾਨ, ਛਤਰ ਸੀਸ ਕਿਸੇ ਰਹਿਣ ਨਾ ਪਾਈਆ । ਮੈਂ ਜੁਗ ਜੁਗ ਹੁਕਮਰਾਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਹੁਕਮ ਵਰਤਾਈਆ । ਨਾਮ ਕਲਮੇ ਕਰ ਪ੍ਰਧਾਨ, ਅੱਖਰਾਂ ਦਿਤੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਬਣਾ ਬਲਵਾਨ, ਹੁਕਮ ਹੁਕਮ ਵਿਚੋਂ ਸੁਣਾਈਆ । ਖੰਡੇ ਖਿੱਚ ਵਿਚੋਂ ਮਿਆਨ, ਖੜਗ ਖੜਗ

ਨਾਲ ਖੜਕਾਈਆ । ਨਿਸ਼ਾਨੇ ਦੱਸ ਤੀਰ ਕਮਾਨ, ਗੋਸ਼ੇ ਕੋਨੇ ਦਿਤੇ ਖਿਚਾਈਆ । ਇਨਸਾਨਾਂ ਨਾਲ ਲੜਾ ਕੇ ਇਨਸਾਨ, ਹਿੰਸਾ ਘਰ ਘਰ ਦਿਤੀ ਵਖਾਈਆ । ਆਪ ਸਭ ਦਾ ਬਣ ਕੇ ਕਾਹਨ, ਕਾਹਨੀਆਂ ਦੇ ਕੰਧਿਆਂ ਉਤੇ ਦੀਨਾਂ ਮਜ਼੍ਹਬਾਂ ਦਾ ਭਾਰ ਦਿਤਾ ਉਠਾਈਆ । ਨਾਲੇ ਕਹਿੰਦਾ ਰਿਹਾ ਮੈਂ ਬੜਾ ਮਿਹਰਵਾਨ, ਮਿਹਰਵਾਨੀ ਤੁਹਾਡੇ ਉਤੇ ਕਮਾਈਆ । ਜੋ ਮੇਰੇ ਹੁਕਮ ਵਿਚ ਹੁੰਦੇ ਗਏ ਕੁਰਬਾਨ, ਕਰਬਲਾ ਸ਼ਹਾਦਤ ਰਿਹਾ ਭੁਗਤਾਈਆ । ਜਗਤ ਸ਼ਰਅ ਦਾ ਦੇ ਈਮਾਨ, ਅਮਲ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਦੋਹਰੀ ਆਪਣੀ ਕਲਾ ਵਖਾਈਆ ।

### ✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਲਪੁਰੀਆ ਜ਼ਿਲਾ ਅੰਮ੍ਰਿਤਸਰ ਉਮਰਾਓ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਮੇਰਾ ਕੋਈ ਨਾ ਜਾਣੇ ਦਿਵਸ ਜਨਮ, ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਕਿਸੇ ਸਮਝ ਨਾ ਆਵੇ ਮੇਰਾ ਕਰਮ, ਕੀ ਕਰਨੀ ਕਾਰ ਕਮਾਈਆ । ਕੋਈ ਜਾਣ ਨਾ ਸਕੇ ਮੇਰਾ ਧਰਮ, ਧਰਮ ਦੀ ਧਾਰ ਨਾ ਕੋਇ ਜਣਾਈਆ । ਮੇਰਾ ਕੋਈ ਵੇਖ ਨਾ ਸਕੇ ਵਰਨ, ਜ਼ਾਤ ਅਜ਼ਾਤੀ ਪਰਦਾ ਨਾ ਕੋਇ ਉਠਾਈਆ । ਮੇਰਾ ਲੱਭੇ ਨਾ ਕਿਸੇ ਚਰਨ, ਚਰਨ ਚਰਨੋਦਕ ਹੱਥ ਕਿਸੇ ਨਾ ਆਈਆ । ਮੈਂ ਸਭ ਨੂੰ ਦੇਵਣਹਾਰਾ
੧੩੦੨ ੨੩ ਸਰਨ, ਸਰਨਗਤ ਇਕ ਰਖਾਈਆ । ਗੁਰ ਅਵਤਾਰ ਪੈਗ਼ੰਬਰ ਮੇਰੀ ਵਿਦਿਆ ਪੜ੍ਹਨ, ਬਿਨ ਅੱਖਰਾਂ ਦਿਆਂ ਸਮਝਾਈਆ । ਸਚਖੰਡ ਦਵਾਰ ੧੩੦੨ ੨੩
ਸਾਚੀ ਮੰਜ਼ਲ ਚੜ੍ਹਨ, ਅਗਾ ਪਿਛਾ ਨਜ਼ਰ ਕੋਇ ਨਾ ਆਈਆ । ਨਿਰਗੁਣ ਸਰਗੁਣ ਧਾਰ ਮੇਰਾ ਦਰਸ਼ਨ ਕਰਨ, ਬਿਨ ਨੈਣਾਂ ਨੈਣਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੇਰੀ ਦਿਸੇ ਕਿਸੇ ਨਾ ਮਾਂ, ਪਿਤਾ ਨਜ਼ਰ ਕੋਇ ਨਾ ਆਈਆ । ਮੇਰਾ ਜਾਣੇ ਕੋਇ ਨਾ ਥਾਂ, ਥਨੰਤਰ ਵੇਖਣ ਕੋਇ ਨਾ ਪਾਈਆ । ਮੇਰਾ ਆਦਿ ਦਾ ਸਮਝੇ ਕੋਇ ਨਾ ਨਾਂ, ਕੀ ਮੇਰੀ ਸਿਫ਼ਤ ਸਲਾਹੀਆ । ਮੇਰਾ ਸਭ ਤੋਂ ਵੱਖਰਾ ਇਕ ਗਰਾਂ, ਛੱਪਰ ਛੰਨ ਨਾ ਕੋਇ ਸੁਹਾਈਆ । ਜਿਥੇ ਸੂਰਜ ਚੰਨ ਨਾ ਕੋਈ ਰੁਸ਼ਨਾ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕੋ ਇਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੇ ਆਪਣੀ ਧਾਰੋਂ ਦਿਤਾ ਪ੍ਰਗਟਾ, ਆਪ ਆਪਣਾ ਰੂਪ ਸਮਝਾਈਆ । ਸਿਰ ਮੇਰੇ ਹੱਥ ਟਿਕਾ, ਟਿੱਕਾ ਮਸਤਕ ਦਿਤਾ ਲਗਾਈਆ । ਸ਼ਹਿਨਸ਼ਾਹ ਦਿਤਾ ਬਣਾ, ਪਾਤਸ਼ਾਹ ਆਪਣਾ ਹੁਕਮ ਸੁਣਾਈਆ । ਮੈਂ ਖੇਲ ਖੇਲਿਆ ਇਕ ਅਥਾਹ, ਅਗੰਮ ਆਪਣੀ ਕਾਰ ਕਮਾਈਆ । ਦੋ ਜਹਾਨ ਦਿਤੇ ਰਚਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣਾ ਰੰਗ ਦਿਤਾ ਰੰਗਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਿਆ ਮਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਕੋਈ ਨਾ ਜਾਣੇ ਆਦਿ, ਆਦਿ ਪੁਰਖ ਦਿਤੀ ਵਡਿਆਈਆ । ਮੇਰਾ ਲੇਖਾ ਵਿਚ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਈਆ । ਮੇਰਾ ਧੁਰ ਦਾ ਇਕੋ ਨਾਦ, ਅਨਾਦੀ ਦਿਆਂ ਸੁਣਾਈਆ । ਸਭ ਨੂੰ ਦੇਵਾਂ ਆਪਣੀ ਯਾਦ, ਯਾਦਦਾਸ਼ਤ ਆਪਣੇ ਨਾਲ ਰਖਾਈਆ । ਲੱਖ ਚੁਰਾਸੀ

ਕਰ ਆਬਾਦ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਨਿਰਗੁਣ ਸਰਗੁਣ ਦੇ ਦੇ ਦਾਦ, ਆਤਮਾ ਆਪਣਾ ਖੇਲ ਖਿਲਾਈਆ । ਤਤਾਂ ਨਾਲ ਪਾ ਕੇ ਸਾਂਝ, ਤਤਵ ਤਤ ਦਿਆਂ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਆਦਿ ਜੁਗਾਦਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਕੋਈ ਨਾ ਜਾਣੇ ਖੇਲ ਸ਼ੁਰੂ, ਸ਼ਰਅ ਸਮਝ ਕਿਸੇ ਨਾ ਆਈਆ । ਮੈਂ ਬਿਨਾ ਤਤਾਂ ਤੋਂ ਸਭ ਦਾ ਗੁਰੂ, ਗੁਰ ਅਵਤਾਰ ਇਕ ਅਖਵਾਈਆ । ਜਿਸ ਦਾ ਹੁਕਮ ਦੋ ਜਹਾਨ ਕਦੇ ਨਾ ਮੁੜੂ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਇਕੋ ਮੰਤਰ ਫੁਰੂ, ਫੁਰਨੇ ਸਭ ਦੇ ਬੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਆਦਿ ਪੁਰਾਣਾ, ਪਰਮ ਪੁਰਖ ਦਿਤੀ ਵਡਿਆਈਆ । ਮੇਰਾ ਨਜ਼ਰ ਆਏ ਕਿਸੇ ਨਾ ਬਾਣਾ, ਰੂਪ ਰੰਗ ਰੇਖ ਨਾ ਕਿਸੇ ਸਮਝਾਈਆ । ਮੇਰਾ ਹੁਕਮ ਦੋ ਜਹਾਨਾਂ, ਜੁਗ ਜੁਗ ਵਰਤੇ ਥਾਉਂ ਥਾਈਂਆ । ਮੇਰਾ ਨੂਰ ਜ਼ਹੂਰ ਨੁਰਾਨਾ, ਪੁਰਖ ਅਕਾਲ ਦਿਤੀ ਵਡਿਆਈਆ । ਮੇਰਾ ਰਸਨਾ ਤੋਂ ਬਾਹਰ ਤਰਾਨਾ, ਸੁਰ ਤਾਲ ਆਪਣੇ ਵਿਚ ਪ੍ਰਗਟਾਈਆ । ਮੇਰਾ ਬਿਨ ਅੱਖਰਾਂ ਤੋਂ ਗਾਣਾ, ਨਿਰ ਅੱਖਰ ਧਾਰ ਸਮਝਾਈਆ । ਮੇਰਾ ਖੇਲ ਸਦਾ ਮਹਾਨਾ, ਸਮਝ ਸਕੇ ਕੋਇ ਨਾ ਰਾਈਆ । ਮੇਰਾ ਅਪਰੰਪਰ ਇਕ ਫ਼ਰਮਾਨਾ, ਧਰਮ ਧਾਰ ਸਮਝਾਈਆ । ਮੈਂ ਜੁਗ ਜੁਗ ਭਗਤਾਂ ਦੇਵਾਂ ਦਾਨਾ, ਧੁਰ ਦੀ ਵਸਤ ਨਾਮ ਵਰਤਾਈਆ । ਪ੍ਰੀਤ ਬਖ਼ਸ਼ ਸ੍ਰੀ ਭਗਵਾਨਾ, ਮੇਲ ਮਿਲਾਵਾ ਥਾਉਂ ਥਾਈਂਆ । ਜੋਧਾ ਸੂਰਬੀਰ ਬਣ ਬਲਵਾਨਾ, ਬਲਧਾਰੀ ਇਕ

ਦਿਆਂ ਸਮਝਾਈਆ । ਨਵ ਕਲ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਮੇਰਾ ਇਕੋ ਇਕ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਸ਼ਾਹੋ ਇਕ ਅਖਵਾਈਆ । ੧੩੦੩ ੨੩

## ੩ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਲਪੁਰੀਆ ਜ਼ਿਲਾ ਅੰਮ੍ਰਿਤਸਰ ਮੱਸਾ ਸਿੰਘ ਦੇ ਗ੍ਰਿਹਿ

ਸਤਿਗੁਰ ਸਾਚਾ ਇਕੋ ਸ਼ਾਹੋ ਹੈ, ਸੋ ਪੁਰਖ ਨਿਰੰਜਣ ਅਗੰਮ ਅਪਾਰ । ਆਦਿ ਜੁਗਾਦੀ ਬੇਪਰਵਾਹੋ ਹੈ, ਹਰਿ ਪੁਰਖ ਨਿਰੰਜਣ ਇਕ ਏਕੰਕਾਰ । ਲੇਖਾ ਜਾਣੇ ਅਗੰਮ ਅਥਾਹੋ ਹੈ, ਜੋਤੀ ਜਾਤਾ ਹੋ ਉਜਿਆਰ । ਵੇਖਣਹਾਰਾ ਥਾਉਂ ਥਾਉਂ ਹੈ, ਅਬਿਨਾਸ਼ੀ ਕਰਤਾ ਸਾਂਝਾ ਯਾਰ । ਜੁਗ ਜੁਗ ਚਲਾਏ ਰਾਹੋ ਹੈ, ਸ੍ਰੀ ਭਗਵਾਨ ਭੇਵ ਅਪਾਰ । ਆਦਿ ਅੰਤ ਕਰੇ ਨਿਆਉਂ ਹੈ, ਪਾਰਬ੍ਰਹਮ ਪ੍ਰਭ ਖੋਲ ਕਿਵਾੜ । ਸਤਿਗੁਰ ਸਚਾ ਸ਼ਬਦ ਬੇਪ੍ਰਵਾਹੋ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਜੰਮਿਆ ਕਦੇ ਕਿਸੇ ਨਹੀਂ ਕੁੱਖ, ਜਨਣੀ ਨਜ਼ਰ ਕੋਇ ਨਾ ਆਈਆ । ਮੇਰੇ ਹਸਤ ਕਵਲ ਨਹੀਂ ਕੋਈ ਮੁਖ, ਤਨ ਵਜੂਦ ਨਾ ਕੋਇ ਵਡਿਆਈਆ । ਚਿੰਤਾ ਰੋਗ ਨਹੀਂ ਕੋਈ ਦੁੱਖ, ਗ਼ਮੀ ਗ਼ਮ ਨਾ ਕੋਇ ਰਖਾਈਆ । ਉਲਟਾ ਹੋਇਆ ਨਹੀਂ ਕਦੀ ਰੁੱਖ, ਨਵ ਅਠਾਰਾਂ ਅਗਨ ਨਾ ਕੋਇ ਤਪਾਈਆ ।

ਮੇਰਾ ਤਤ ਦਿਸੇ ਕਿਸੇ ਨਾ ਬੁਤ, ਬੁਤਖ਼ਾਨੇ ਸਮਝ ਕੋਇ ਨਾ ਆਈਆ । ਮੇਰੇ ਉਤੇ ਕਿਰਪਾ ਕਰੀ ਅਬਿਨਾਸ਼ੀ ਅਚੁਤ, ਪਰਮ ਪੁਰਖ ਦਿਤੀ ਵਡਿਆਈਆ । ਜੋਤੀ ਧਾਰ ਏਕੰਕਾਰ ਬਣਾ ਕੇ ਧੁਰ ਦਾ ਸੁਤ, ਸਤਿ ਪੁਰਖ ਨਿਰੰਜਣ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਕਦੇ ਨਾ ਜੰਮਦਾ, ਮਰਨ ਵਿਚ ਕਦੇ ਨਾ ਆਈਆ । ਮੇਰਾ ਖੇਲ ਲੱਖ ਚੁਰਾਸੀ ਆਤਮ ਧਾਰ ਬ੍ਰਹਮ ਦਾ, ਪਾਰਬ੍ਰਹਮ ਦਿਤਾ ਦ੍ਰਿੜਾਈਆ । ਮੇਰਾ ਲੇਖਾ ਜੁਗ ਚੌਕੜੀ ਸਤਿ ਧਰਮ ਦਾ, ਧਰਮ ਦੀ ਧਾਰ ਇਕ ਸਮਝਾਈਆ । ਮੇਰਾ ਲਹਿਣਾ ਦੇਣਾ ਜਗਤ ਕਰਮ ਦਾ, ਕਾਂਡਾਂ ਖੋਜ ਖੁਜਾਈਆ । ਮੈਂ ਜੁਗ ਜੁਗ ਭਾਂਡਾ ਭੰਨਾਂ ਭਰਮ ਦਾ, ਭੈ ਭਾਓ ਇਕ ਰਖਾਈਆ । ਮੈਂ ਝਗੜਾ ਮੇਟਾਂ ਵਰਨ ਬਰਨ ਦਾ, ਜ਼ਾਤ ਪਾਤੀ ਰੰਗ ਨਾ ਕੋਇ ਰੰਗਾਈਆ । ਮੈਂ ਲੇਖਾ ਮੁਕਾਉਣਾ ਕਾਇਆ ਮਾਟੀ ਚਰਮ ਦਾ, ਚੰਮ ਦ੍ਰਿਸ਼ਟੀ ਦਿਆਂ ਬਦਲਾਈਆ । ਮੈਂ ਨੇਤਰ ਖੋਲਾਂ ਹਰਨ ਫਰਨ ਦਾ, ਨਿਜ ਲੋਚਨ ਕਰਾਂ ਰੁਸ਼ਨਾਈਆ । ਮੈਂ ਮਾਰਗ ਦੱਸਾਂ ਸਚਖੰਡ ਚੜ੍ਹਨ ਦਾ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਮੰਤਰ ਦੱਸਾਂ ਤੂੰ ਮੇਰਾ ਮੈਂ ਤੇਰਾ ਨਾਮ ਪੜ੍ਹਨ ਦਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਨਹੀਂ ਤਨ ਵਜੂਦ, ਮਾਟੀ ਖ਼ਾਕ ਨਾ ਕੋਇ ਵਡਿਆਈਆ । ਮੇਰਾ ਮਾਲਕ ਇਕ ਮਹਿਬੂਬ, ਪਰਵਰਦਿਗਾਰ ਨੂਰ ਅਲਾਹੀਆ । ਜਿਸ ਦਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਤੋਂ ਬਾਹਰ ਡੇਰਾ ਲਾਈਆ । ਜਿਸ ਦੀ ਸ਼ਰਅ ਨਹੀਂ ਹਦੂਦ, ਹੱਦਾਂ ਵੰਡ ਨਾ ਕੋਇ ਵੰਡਾਈਆ । ਜਿਧਰ ਤੱਕਾਂ ਮੌਜੂਦ, ਘਟ ਘਟ ਰਿਹਾ ਸਮਾਈਆ । ਸਾਚੀ ਮੰਜ਼ਲ ਦੇਵੇ ਮਕਸੂਦ, ਪਰਦਾ ਪਰਦਿਆਂ ਵਿਚੋਂ ਉਠਾਈਆ । ਕੂੜੀ ਕਿਰਿਆ ਕਰੇ ਨੇਸਤੋ ਨਾਬੂਦ, ਸਤਿ ਧਰਮ ਦਾ ਬੂਟਾ ਆਪ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਮੈਂ ਮਿਲਿਆ ਕਿਸੇ ਨਾ ਹੱਟ, ਖੋਜਿਆਂ ਖੋਜ ਨਾ ਕੋਇ ਖੁਜਾਈਆ । ਮੇਰਾ ਆਸਣ ਨਹੀਂ ਕਿਸੇ ਕਿਨਾਰੇ ਤੱਟ, ਤੀਰਥ ਵੇਖਣ ਥਾਉਂ ਥਾਈਂਆ । ਮੇਰਾ ਰੂਪ ਅਨੂਪਾ ਵਾਂਗ ਨਟੂਆ ਨਟ, ਸਵਾਂਗੀ ਹੋ ਕੇ ਆਪਣਾ ਖੇਲ ਖਿਲਾਈਆ । ਮੈਂ ਵਸਾਂ ਘਟ ਘਟ, ਘਟ ਘਟ ਡੇਰਾ ਲਾਈਆ । ਮੈਂ ਤੀਰ ਅਣਿਆਲਾ ਜਨ ਭਗਤਾਂ ਮਾਰਾਂ ਫੱਟ, ਦੋ ਮੁਖੀ ਤੋਂ ਦੋ ਤੁਕੀ ਧਾਰ ਸਮਝਾਈਆ । ਜੋਤ ਜਗਾ ਕੇ ਲਟ ਲਟ, ਨੂਰ ਨੁਰਾਨਾ ਕਰ ਰੁਸ਼ਨਾਈਆ । ਸ਼ਬਦ ਸੁਣਾ ਕੇ ਅਨਹਦ, ਅਨਾਦੀ ਧਾਰ ਸ਼ਨਵਾਈਆ । ਸਚ ਦਵਾਰੇ ਬਹਵਾਂ ਸਜ, ਸਿੰਘਾਸਣ ਆਸਣ ਡੇਰਾ ਲਾਈਆ । ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰੂਆਂ ਨਾਮ ਨਿਧਾਨਾਂ ਸੁਣਾਵਾਂ ਗੱਜ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਉਹਨਾਂ ਦੇ ਅੰਦਰ ਮੇਰਾ ਤਲਵਾੜਾ ਜਾਏ ਵੱਜ, ਵਜਹ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਜਾਣੇ ਕੋਈ ਰੂਪ ਨਾ ਰੰਗ, ਚੱਕਰ ਚਿਹਨ ਨਜ਼ਰ ਕਿਸੇ ਨਾ ਆਈਆ । ਮੈਂ ਸੋਹਵਾਂ ਓਸ ਅਗੰਮੀ ਸੇਜ ਪਲੰਘ, ਜਿਸ ਦੀ ਪਾਵਾ ਚੂਲ ਨਾ ਕੋਇ ਬਣਾਈਆ । ਮੇਰਾ ਮਾਲਕ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬੰਗ, ਜੋ ਧੁਰ ਦੀ ਧਾਰ ਪੁਰਖ ਅਕਾਲਾ ਬੇਪ੍ਰਵਾਹੀਆ । ਜਿਸ ਕਲਜੁਗ ਅੰਤਮ ਨਿਸ਼ਾਨਾ ਮੇਟਣਾ ਤਾਰਾ ਚੰਦ, ਸਦੀ ਚੌਧਵੀਂ ਹੋਏ ਸਹਾਈਆ । ਜਨ

੧੩੦੪
੨੩

੧੩੦੫
੨੩

ਭਗਤਾਂ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਵਿਚੋਂ ਬੰਦਗੀ ਆਪ ਸਮਝਾਈਆ । ਹਰਿਜਨ ਹੋਣ ਨਾ ਦੇਵੇ ਭਾਗਾਂ ਮੰਦ, ਭਾਗਹੀਣ ਨਾ ਕੋਇ ਅਖਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਆਤਮ ਪਰਮਾਤਮ ਪਰਮਾਤਮ ਆਤਮ ਸੋਹੰ ਢੋਲਾ ਦੱਸਾਂ ਸਚ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਪਾ ਕੇ ਗੰਢ, ਟੁੱਟਿਆਂ ਲਵਾਂ ਜੁੜਾਈਆ । ਮੇਰਾ ਖੇਲ ਵਿਚ ਬ੍ਰਹਿਮੰਡ, ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਈਆ । ਮੇਰਾ ਸਾਹਿਬ ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਬਖ਼ਸ਼ਿਸ਼ ਰਹਿਮਤ ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਨਾਮ ਅਨਮੁੱਲੀ ਆਪ ਵੰਡ, ਜਨ ਭਗਤਾਂ ਝੋਲੀ ਆਪ ਭਰਾਈਆ ।

## ✪ ੪ ਕੱਤਕ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਫੁੰਮਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਟੱਪਦੀ, ਬਿਨ ਲੱਤਾਂ ਬਾਹਵਾਂ ਭੱਜਾਂ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਨਾਮ ਇਕ ਜਪਦੀ, ਜਗ ਜੀਵਣ ਦਾਤੇ ਤੇਰਾ ਧਿਆਨ ਲਗਾਈਆ । ਮੇਰੇ ਉਤੋਂ ਸਫ਼ਾ ਮੇਟ ਦੇ ਪੱਪ ਦੀ, ਪਤਤ ਪਾਪੀ ਰਹਿਣ ਕੋਇ ਨਾ ਪਾਈਆ । ਮੇਰੇ ਅੰਤਸ਼ਕਰਨ ਵਿਚ ਛਾਤੀ ਤਪਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਆਸ਼ਾ ਡਸਣੀ ਰੂਪ ਬਣ ਗਈ ਸੱਪ ਦੀ, ਚਾਰੋਂ ਕੁੰਟ ਵੇਖ ਵਖਾਈਆ । ਵਡਿਆਈ ਰਹੀ ਨਾ ਧਰਮ ਦਵਾਰੇ ਹੱਟ ਦੀ, ਸਚ ਵਣਜ ਨਾ ਕੋਇ ਕਰਾਈਆ । ਦੁਹਾਈ ਸੁਣ ਲੈ ਤੀਰਥ ਅੱਠ ਸੱਠ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਆਸ਼ਾ ਤੱਕ ਲੈ ਜੀਵ ਜੰਤ ਘਟ ਘਟ ਦੀ, ਘਟ ਨਿਵਾਸੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰਾ ਭਾਗ ਹੋਏ ਉਦੇ, ਚਾਰੋਂ ਕੁੰਟ ਮਿਲੇ ਵਡਿਆਈਆ । ਮੈਂ ਖ਼ੁਸ਼ੀ ਕਰਾਂ ਬਸੁੱਧੇ, ਸੁਦੀ ਵਦੀ ਦਾ ਪੰਧ ਮੁਕਾਈਆ । ਜਨ ਭਗਤ ਸੁਹੇਲੇ ਹੋਣ ਉਘੇ, ਉਗਣ ਆਥਣ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਦੀਪਕ ਬੁਝੇ, ਸਤਿ ਸਚ ਕਰੇ ਰੁਸ਼ਨਾਈਆ । ਮੇਰਾ ਲੇਖਾ ਅੰਤਮ ਮੁਕੇ ਵਿਚ ਯੁੱਧੇ, ਯੋਧਾ ਇਕੋ ਖੇਲ ਖਿਲਾਈਆ । ਨਵ ਨੌ ਵਿਚ ਕੁੱਦੇ, ਸੱਤ ਸਤਿ ਗੰਢ ਪਵਾਈਆ । ਸਭ ਦਾ ਵਕਤ ਅਖ਼ੀਰੀ ਪੁੱਜੇ, ਅਵਤਾਰ ਪੈਗ਼ੰਬਰ ਗੁਰ ਨੈਣ ਉਠਾਈਆ । ਲਹਿਣਾ ਪੂਰਾ ਹੋਵੇ ਕਲਜੁਗੇ, ਕਲ ਕਲਕੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਹੋਵੇ ਉਚਾ ਭਾਗ, ਭਗਵਨ ਦਏ ਵਡਿਆਈਆ । ਦੁਰਮਤ ਮੈਲ ਧੋਵੇ ਦਾਗ਼, ਪਾਪਾਂ ਕਰੇ ਸਫ਼ਾਈਆ । ਜੋਤ ਜਗਾ ਚਰਾਗ਼, ਬਿਨ ਤੇਲ ਬਾਤੀ ਡਗਮਗਾਈਆ । ਤ੍ਰੈਗੁਣ ਬੁਝਾਏ ਆਗ, ਅਗਨੀ ਤਤ ਗਵਾਈਆ । ਗੁਰਮੁਖ ਹੰਸ ਬਣਾਏ ਕਾਗ, ਕਾਗੋਂ ਹੰਸ ਉਡਾਈਆ । ਨਿਜ ਆਤਮ ਬਖ਼ਸ਼ ਵੈਰਾਗ, ਵੈਰੀ ਅੰਦਰੋਂ ਦਏ ਭਜਾਈਆ । ਮੇਰਾ ਬਣ ਕੇ ਮੋਹਨ ਮਾਧਵ ਮਾਧ, ਮਧੁਰ ਧੁਨ ਦਏ ਸੁਣਾਈਆ । ਜਿਸ ਸਾਹਿਬ ਨੂੰ ਰਹੀ ਅਰਾਧ, ਬਿਨ ਰਸਨਾ ਢੋਲੇ ਗਾਈਆ । ਉਹ ਮੇਰੀ ਸੋਈ ਦੀ ਖੋਲੇ ਜਾਗ, ਜੁਗਤ ਆਪਣੀ ਇਕ ਸਮਝਾਈਆ । ਨਵ ਸੱਤ ਮਾਰ ਆਵਾਜ਼, ਸ਼ਬਦੀ ਸ਼ਬਦ ਨਾਲ ਉਠਾਈਆ । ਮੇਰੇ ਅੰਤਰ ਬਖ਼ਸ਼ ਵੈਰਾਗ, ਬ੍ਰਿਹੋਂ ਚੋਟ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੀ ਖ਼ੁਸ਼ੀਆਂ ਵਿਚ ਹੱਸੇ ਮਿੱਟੀ ਖ਼ਾਕ, ਧੂੜੀ ਖ਼ੁਸ਼ੀ ਮਨਾਈਆ । ਮੈਂ ਹੋਈ ਪਵਿਤ੍ਰ ਪਾਕ, ਪ੍ਰਭ ਚਰਨ ਮਿਲੀ ਸਰਨਾਈਆ । ਮੇਰਾ ਖੁਲ੍ਹ ਗਿਆ ਅੰਦਰੋਂ ਤਾਕ, ਪਰਦਾ ਰਿਹਾ ਨਾ ਰਾਈਆ । ਮੈਨੂੰ ਦਿਸਿਆ ਭਵਿਖਤ ਵਾਕ, ਜੋ ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਮੇਰਾ ਸਵਾਮੀ ਚੜ੍ਹ ਕੇ ਆ ਗਿਆ ਰਾਕ, ਚਿੱਟੇ ਅਸਵ ਸੋਭਾ ਪਾਈਆ । ਸਚ ਪ੍ਰੀਤੀ ਦੇਵੇ ਨਾਤ, ਸਿਰ ਮੇਰੇ ਹੱਥ ਟਿਕਾਈਆ । ਚਰਨ ਛੁਹਾਵੇ ਲੋਕਮਾਤ, ਮਾਤਰ ਭੂਮੀ ਖ਼ੁਸ਼ੀ ਬਣਾਈਆ । ਮੇਰੀ ਸੁਹੰਜਣੀ ਹੋਵੇ ਰਾਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਮੈਂ ਜਨ ਭਗਤਾਂ ਨਾਲ ਕਰਾਂ ਬਾਤ, ਬਾਤਨ ਪਰਦਾ ਇਕ ਖੁਲਾਈਆ । ਤੁਸੀਂ ਓਸ ਪ੍ਰਭੂ ਦੇ ਸਾਕ, ਜੋ ਸੱਜਣ ਨੂਰ ਅਲਾਹੀਆ । ਮੈਂ ਸਜਦਾ ਕਰਾਂ ਓਸ ਅਬਿਨਾਸ਼, ਜੋ ਕਰਤਾ ਧੁਰਦਰਗਾਹੀਆ । ਜਿਸ ਭਗਤਾਂ ਵਸਣਾ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੀਸ ਨਿਵਾਈਆ । ਉਹ ਮੇਰੀ ਪੂਰੀ ਕਰੇ ਆਸ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਂਆ । ਮੇਰੀ ਸ਼ਹਾਦਤ ਦੇਵੇ ਸ਼ੰਕਰ ਉਤੋਂ ਕੈਲਾਸ਼, ਬ੍ਰਹਮਾ ਬ੍ਰਹਮ ਲੋਕ ਵਿਚੋਂ ਸੁਣਾਈਆ । ਵਿਸ਼ਨੂੰ ਵਿਸ਼ਵ ਦੀ ਧਾਰਾ ਦਏ ਆਖ, ਵਿਸ਼ੇਸ਼ਤਾ ਨਾਲ ਦਏ ਵਡਿਆਈਆ । ਮੈਂ ਪ੍ਰਭੂ ਦੇ ਦਰਸ਼ਨ ਕਰਾਂ ਸਾਖਿਆਤ, ਚਰਨ ਧੂੜੀ ਮਸਤਕ ਖ਼ਾਕ ਰਮਾਈਆ । ਉਸ ਦਾ ਆਉਣਾ ਹੋਇਆ ਨਾਲ ਇਤਫ਼ਾਕ, ਇਤਫ਼ਾਕੀਆ ਗਿਆ ਆਈਆ । ਜਿਸ ਦੀ ਸਮਝੇ ਨਾ ਕੋਇ ਬਾਤ, ਭੇਵ ਸਕੇ ਨਾ ਕੋਇ ਸਮਝਾਈਆ । ਉਸ ਦੀ ਸਾਚੀ ਤੱਕਣੀ ਰਾਸ, ਜੋ ਰਸਤਾ ਦੀਨ ਦੁਨੀ ਬਦਲਾਈਆ । ਮੇਰੀ ਪੂਰੀ ਕਰੇ ਖ਼ਾਹਿਸ਼, ਤਮੰਨਾ ਕੂੜੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੇ ਮੀਤ ਮੁਰਾਰ, ਹਰਿ ਸਾਹਿਬ ਤੇਰੀ ਸਰਨਾਈਆ । ਮੈਂ ਤੱਕਾਂ ਤੇਰਾ ਦਰਸ ਦੀਦਾਰ, ਬਿਨਾ ਲੋਚਨ ਨੈਣ ਨੈਣ ਰੁਸ਼ਨਾਈਆ । ਤੂੰ ਸੁਹੰਜਣਾ ਕਰ ਮੇਰਾ ਘਰ ਬਾਰ, ਗ੍ਰਿਹ ਮੰਦਰ ਦੇ ਵਡਿਆਈਆ । ਤੂੰ ਕਰਨਹਾਰ ਕਰਤਾਰ, ਕੁਦਰਤ ਦਾ ਮਾਲਕ ਅਗੰਮ ਅਥਾਹੀਆ । ਤੇਰੇ ਚਰਨ ਜਾਵਾਂ ਬਲਿਹਾਰ, ਕਵਲ ਸੀਸ ਝੁਕਾਈਆ । ਜਨ ਭਗਤਾਂ ਦੇ ਅਧਾਰ, ਆਦਰਸ਼ ਆਪਣਾ ਇਕ ਸਮਝਾਈਆ । ਤੂੰ ਕੁਦਰਤ ਦਾ ਕਾਦਰ ਪਰਵਰਦਿਗਾਰ, ਨੂਰ ਨੁਰਾਨਾ ਅਗੰਮ ਅਥਾਹੀਆ । ਮੈਂ ਤੇਰੇ ਚਰਨ ਕਵਲ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜੋ ਤੇਰਾ ਭਗਤ ਤਨ ਵਜੂਦ ਰਿਹਾ ਸੇਵਾਦਾਰ, ਤਤਾਂ ਸੇਵ ਕਮਾਈਆ । ਮਿਤ੍ਰਾਂ ਦਾ ਮਿਤ੍ਰ ਯਾਰਾਂ ਦਾ ਯਾਰ, ਸੱਜਣਾਂ ਦਾ ਸੱਜਣ ਸੰਗ ਨਿਭਾਈਆ । ਮਾਰਦਾ ਰਿਹਾ ਲਲਕਾਰ, ਝਗੜਿਆਂ ਵਿਚ ਵਡਿਆਈਆ । ਓਸ ਦੀ ਅੰਤ ਪੈਜ ਸਵਾਰ, ਧਰਨੀ ਕਹੇ ਮੇਰੀ ਹਾਲ ਦੁਹਾਈਆ । ਤੇਜਾ ਸਿੰਘ ਦੇ ਸੀਸ ਬਖ਼ਸ਼ ਦਸਤਾਰ, ਸਿਰ ਸਰ ਆਪ ਬੰਧਾਈਆ । ਮਨੀ ਸਿੰਘ ਦੇ ਕੋਲ ਲਏ ਬਹਾਲ, ਆਸਣ ਸਿੰਘਾਸਣ ਸੋਹਣਾ ਦਏ ਸਜਾਈਆ । ਓਸ ਥਾਂ ਕਰਨਾ ਸਸਕਾਰ, ਜਿਥੇ ਸਿਸਕੀਆਂ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੈਂ ਤੇਰੇ ਚਰਨ ਕਵਲ ਜਾਵਾਂ ਬਲਿਹਾਰ, ਬਲਿਹਾਰੀ ਬਲ ਬਲ ਆਪਣਾ ਆਪ ਕਰਾਈਆ ।

### ✪ ਭਾਈਏ ਤੇਜਾ ਸਿੰਘ ਨੂੰ ਗਲ ਵਕੜੀ ਪਾ ਕੇ ਸ਼ਬਦ ਉਚਾਰਿਆ ਰਾਤ ਹੀ ✪

ਸਤਿਗੁਰ ਪੂਰਾ ਕਦੇ ਨਾ ਭੁਲਦਾ, ਭੁਲਣ ਵਿਚ ਕਦੇ ਨਾ ਆਈਆ । ਉਹ ਮਾਲਕ ਬਣੇ ਭਗਤਾਂ ਦੀ ਕੁਲ ਦਾ, ਕੁੱਲ ਮਾਲਕ ਆਪ ਅਖਵਾਈਆ । ਜੋ ਗੁਰਸਿੱਖ ਸਤਿਗੁਰੂ ਦੇ ਨਾਮ ਕੰਡੇ ਤੁਲਦਾ, ਤਰਾਜ਼ੂ ਆਪਣੇ ਵਿਚ ਰਖਾਈਆ । ਓਸ ਵਾਸਤੇ ਸਦਾ ਸਚਖੰਡ ਦਵਾਰਾ ਖੁਲ੍ਹਦਾ, ਅਗੇ ਹੋ ਨਾ ਕੋਇ ਅਟਕਾਈਆ । ਜਿਥੇ ਇਕੋ ਸ਼ਬਦ ਨਿਸ਼ਾਨਾ ਝੂਲਦਾ, ਸਤਿਗੁਰ ਸ਼ਬਦ ਆਪ ਵਖਾਈਆ । ਜਿਥੇ ਜਾਪ ਰਹਿੰਦਾ ਨਹੀਂ ਰਸਨਾ ਬੁੱਲ ਦਾ, ਮੁਖ ਦੰਦ ਨਾ ਕੋਇ ਵਡਿਆਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਜੋਤੀ ਜੋਤ ਵਿਚ ਘੁਲਦਾ, ਘੋਲ ਕਰੇ ਗੁਰਸਿਖ ਸਤਿਗੁਰ ਨੂੰ ਢਾਹੀਆ । ਮੈਂ ਤੇਰੀ ਛਾਤੀ ਉਤੇ ਫਲਦਾ ਫੁਲਦਾ, ਸਚਖੰਡ ਜਾਵਾਂ ਚਾਈਂ ਚਾਈਂਆ । ਚੁਰਾਸੀ ਵਿਚ ਫੇਰ ਕਦੇ ਨਾ ਰੁਲਦਾ, ਜਨਮ ਮਰਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਗੁਰ ਸਾਚਾ ਜਾਣੀ ਜਾਣਾ, ਜਾਨਣਹਾਰ ਅਖਵਾਈਆ । ਸਭ ਤੋਂ ਪਹਿਲੋਂ ਤੈਨੂੰ ਮਿਲਾਵਾਂਗਾ ਸਿੰਘ ਮਾਹਣਾ, ਮਾਤਾ ਤੇਰੀ ਦਾ ਲੇਖਾ ਅਵਰ ਰਹੇ ਨਾ ਰਾਈਆ । ਸਭ ਦਾ ਇਕੋ ਘਰ ਹੋਵੇਗਾ ਟਿਕਾਣਾ, ਦੂਜਾ ਗ੍ਰਿਹ ਨਜ਼ਰ ਕੋਇ ਨਾ ਆਈਆ । ਸਭ ਦਾ ਬਖ਼ਸ਼ ਦਿਤਾ ਪੀਣਾ ਖਾਣਾ, ਜਿਨ੍ਹਾਂ ਇਕ ਵਾਰ ਮਹਾਰਾਜ ਸ਼ੇਰ ਸਿੰਘ ਦੀ ਸੇਵ ਕਮਾਈਆ । ਸਚਖੰਡ ਸਿੰਘਾਸਣ ਸੁਖ ਆਸਣ ਇਕ ਸੁਹਾਉਣਾ, ਜਿਥੇ ਬਿਨ ਦੀਵੇ ਬਾਤੀ ਹੋਵੇ ਰੁਸ਼ਨਾਈਆ । ਦੋ ਮਾਂਵਾਂ ਨਹੀਂ ਸਾਰਿਆਂ ਭੈਣ ਭਰਾਵਾਂ ਨੂੰ ਲੋਕਮਾਤ ਤਰਾਵਾਂ, ਇਹ ਮੇਰੀ ਬੇਪ੍ਰਵਾਹੀਆ । ਛੱਤੀ ਜੁਗ ਅਗਲੇ ਤੈਨੂੰ ਕੋਈ ਨਾ ਕਹੇ ਨਿਥਾਵਾਂ, ਲੋਕਮਾਤ ਤੇਰੇ ਨਾਮ ਦੀ ਵੱਜਦੀ ਰਹੇ ਵਧਾਈਆ । ਕਿਉਂ ਤੂੰ ਸਤਿਗੁਰ ਪਿਆਰ ਵਿਚ ਬਾਹਵਾਂ ਵਿਚ ਪਾਈਆਂ ਬਾਹਵਾਂ, ਗਲਵਕੜੀ ਪਾ ਕੇ ਗਲਵਕੜੀ ਵਿਚ ਰਖਾਈਆ । ਤੇਰੀ ਸੇਵਾ ਤੋਂ ਬਲ ਬਲ ਜਾਵਾਂ, ਜਿਸ ਤਨ ਮਨ ਮਨ ਤਨ ਸੇਵ ਕਮਾਈਆ । ਮਾਣ ਮਿਲੇਗਾ ਉਨ੍ਹਾਂ ਗਰਾਵਾਂ, ਜਿਸ ਗਰਾਂ ਵਿਚ ਜਨਮ ਦਿਤਾ ਤੇਰੀ ਮਾਈਆ । ਸੀਸ ਤੇਰੇ ਦਸਤਾਰ ਓਹ ਟਿਕਾਵਾਂ, ਸੀਸ ਸਤਿਗੁਰ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਪਿਆਰ ਜਨ ਭਗਤ ਨਾਲ ਰਖੇ ਸਾਂਵਾਂ, ਊਣਤਾ ਵਿਚ ਕਦੇ ਨਾ ਆਈਆ ।



### ✪ ੫ ਕੱਤਕ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਦਲਬੀਰ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਮੇਰਾ ਖੇਲ ਬਹੁ ਬਿਧ ਭਾਂਤੀ, ਜੁਗ ਜੁਗ ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਪਰਮ ਪੁਰਖ ਕਮਲਾਪਾਤੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਸੇਵ ਕਮਾਈਆ । ਤੂੰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖੇਲੇ ਲੋਕਮਾਤੀ, ਧਰਨੀ ਧਰਤ ਧਵਲ ਧੌਲ ਤੇਰੀ ਵਡ ਵਡਿਆਈਆ । ਕਲਜੁਗ ਅੰਤ ਲੇਖਾ ਮੁਕਾਵਾਂ ਅੰਧੇਰੀ ਰਾਤੀ, ਕੂੜੀ ਕਿਰਿਆ ਡੇਰਾ ਢਾਹੀਆ । ਆਤਮ ਪਰਮਾਤਮ ਪਰਮਾਤਮ ਆਤਮ ਜੋੜਾਂ ਸਾਚਾ ਨਾਤੀ, ਪਾਰਬ੍ਰਹਮ ਬ੍ਰਹਮ ਮੇਲਾ ਦਿਆਂ ਮਿਲਾਈਆ । ਮੇਰਾ ਹਿਰਦਾ ਤੱਕ ਲੈ ਗਹਿਰ ਗੰਭੀਰ ਵੇਖ ਲੈ ਛਾਤੀ, ਛਤਰਧਾਰੀ ਤੇਰਾ ਇਕੋ ਨਜ਼ਰੀ ਆਈਆ । ਜਿਸ ਦਾ ਵਰਨ ਨਹੀਂ ਕੋਈ ਜ਼ਾਤੀ, ਦੀਨਾਂ ਮਜ੍ਹਬਾਂ ਵੰਡ ਨਾ ਕੋਇ ਵੰਡਾਈਆ । ਜੋ ਆਦਿ

ਜੁਗਾਦਿ ਜੁਗ ਚੌਕੜੀ ਖੇਲੇ ਖੇਲ ਤਮਾਸ਼ੀ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਜੋ ਰੂਪ ਅਨੂਪ ਸਤਿ ਸਰੂਪ ਵਟਾਏ ਬਹੁਭਾਂਤੀ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਓਟ ਤਕਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਖੇਲ ਕਰਦਾ, ਕਰਤੇ ਪੁਰਖ ਦਿਤੀ ਵਡਿਆਈਆ । ਲਹਿਣਾ ਦੇਣਾ ਜਾਣਾ ਲੱਖ ਚੁਰਾਸੀ ਘਰ ਦਾ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਮੇਰਾ ਲੇਖਾ ਧੁਰ ਦੇ ਵਰ ਦਾ, ਪੁਰਖ ਅਕਾਲ ਮਿਹਰਵਾਨ ਦਏ ਵਡਿਆਈਆ । ਮੈਂ ਵੀ ਅੰਤਰ ਨਿਰੰਤਰ ਖੇਲ ਵੇਖਾਂ ਸਾਚੇ ਘਰ ਦਾ, ਸਰੋਵਰਾਂ ਤੋਂ ਪਰੇ ਧਿਆਨ ਲਗਾਈਆ । ਕੀ ਲਹਿਣਾ ਦੇਣਾ ਕਲਜੁਗ ਕਲ ਦਾ, ਕਲਕਾਤੀ ਕੀ ਖੇਲ ਵਖਾਈਆ । ਮੈਂ ਮੁੱਲ ਪਾਉਣਾ ਨਾਨਕ ਵਾਲੀ ਇਕ ਗੱਲ ਦਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਮੈਂ ਝਗੜਾ ਮਿਟਾਉਣਾ ਕਪਟ ਛਲ ਦਾ, ਅਛਲ ਛਲਧਾਰੀ ਹੋ ਕੇ ਵੇਖ ਵਖਾਈਆ । ਲਹਿਣਾ ਪੂਰਾ ਕਰਨਾ ਥਲ ਜਲ ਦਾ, ਮਹੀਅਲ ਅਸਗਾਹ ਖੋਜ ਖੁਜਾਈਆ । ਮੈਂ ਭੇਵ ਚੁਕਾਉਣਾ ਨਿਹਚਲ ਧਾਮ ਅਟਲ ਦਾ, ਜਨ ਭਗਤਾਂ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਕੂੜ ਕੁੜਿਆਰ ਮਲੇਛਾਂ ਵੇਖਣੀ ਸਭਾ, ਸਭਾਪਤੀ ਮਨੂਆ ਨਾਲ ਮਿਲਾਈਆ । ਜਗਤ ਜਹਾਨ ਦੀ ਅੰਦਰੋਂ ਤੱਕਣੀ ਤਬ੍ਹਾ, ਤਬੀਅਤ ਖੋਜਾਂ ਥਾਉਂ ਥਾਈਂਆ । ਅੰਤਸ਼ਕਰਨ ਦਾ ਲੇਖਾ ਜਾਣਾ ਹਭਾ, ਹਮ ਸਾਜਣ ਹੋ ਕੇ ਖੋਜ ਖੁਜਾਈਆ । ਮੁਹੰਮਦ ਦਾ ਲੇਖਾ ਵੇਖਾਂ ਕਟਾਈਆਂ ਲਬਾਂ, ਸ਼ਬੇ ਰੋਜ ਧਿਆਨ ਲਗਾਈਆ । ਜਗਤ ਜਹਾਨ ਖ਼ੁਮਾਰੀ ਤੱਕਾਂ ਮਧਾ, ਜੋ ਵਿਕਾਰ ਹੰਕਾਰ ਨਾਲ ਮਿਲਾਈਆ । ਚਾਰੋਂ ਕੁੰਟ ਫਿਰਾਂ ਭੱਜਾਂ, ਦਿਵਸ ਰੈਣ ਵਾਹੋ ਦਾਹੀਆ । ਖ਼ਾਲੀ ਛਡਾਂ ਕੋਈ ਨਾ ਜਗਹ, ਨਵ ਸੱਤ ਪੰਧ ਮੁਕਾਈਆ । ਫੇਰ ਅੱਖਰ ਤੱਕਾਂ ਗੱਗਾ, ਜੋ ਗੋਬਿੰਦ ਨਾਓ ਸੁਹਾਈਆ । ਫੇਰ ਅਸਵ ਤੱਕਾਂ ਬੱਗਾ, ਜੋ ਬੱਬੇ ਦਏ ਵਡਿਆਈਆ । ਫੇਰ ਸਭ ਤੇ ਪਾਵਾਂ ਦੱਬਾ, ਦੌਲਤਮੰਦ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਆਤਮ ਰਸ ਦੇ ਕੇ ਮਜ਼ਾ, ਨਿਝਰ ਰਸ ਦਿਤਾ ਵਖਾਈਆ । ਜਗਤ ਜਹਾਨ ਸੀਸ ਕੂਕਦੀ ਕਜ਼ਾ, ਚਾਰੋਂ ਕੁੰਟ ਨੈਣ ਉਠਾਈਆ । ਮੇਰੇ ਹੁਕਮ ਦੀ ਸਮਝ ਕੋਇ ਨਾ ਵਜਹ, ਵਜੂਹਾਤ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਪਿਆਰਾ ਇਕ ਵੈਰਾਗ ਦਾ, ਵੈਰੀ ਅੰਦਰੋਂ ਬਾਹਰ ਕਢਾਈਆ । ਮੈਂ ਆਦਿ ਜੁਗਾਦਿ ਜਾਗਦਾ, ਆਲਸ ਨਿੰਦਰਾ ਨਾ ਕੋਇ ਰਖਾਈਆ । ਮੈਂ ਰੂਪ ਬਣਾ ਕੰਤ ਸੁਹਾਗ ਦਾ, ਲੱਖ ਚੁਰਾਸੀ ਲਵਾਂ ਪ੍ਰਨਾਈਆ । ਮੈਂ ਮਾਲਕ ਬਣਾਂ ਜੀਵ ਜੰਤ ਆਬਾਦ ਦਾ, ਚਾਰੇ ਖਾਣੀ ਸੋਭਾ ਪਾਈਆ । ਮੈਂ ਸੁਤ ਦੁਲਾਰਾ ਓਸ ਮਹਾਰਾਜ ਦਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੈਂ ਸਿਕਦਾਰਾ ਅਗੰਮੀ ਤਾਜ ਦਾ, ਤਖ਼ਤ ਨਿਵਾਸੀ ਇਕ ਅਖਵਾਈਆ । ਮੈਂ ਲੇਖਾ ਮੁਕਾਉਣਾ ਕੂੜ ਸਮਾਜ ਦਾ, ਸਮਗਰੀ ਸਚ ਵਰਤਾਈਆ । ਸਤਿਜੁਗ ਸਾਚਾ ਮੇਰਾ ਸੰਦੇਸ਼ਾ ਸੁਣੇ ਅਗੰਮੀ ਆਵਾਜ਼ ਦਾ, ਬਿਨ ਸਰਵਣਾਂ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਜੁਗ ਬਦਲਾਂ ਰੀਤੀ, ਰੀਤੀਵਾਨ ਇਕ ਅਖਵਾਈਆ । ਮੇਰੀ ਕੋਈ ਨਾ ਮੇਟੇ ਕੀਤੀ, ਕਰਤਾ ਪੁਰਖ ਦਏ ਵਡਿਆਈਆ । ਮੈਂ ਦੀਨ ਦੁਨੀ ਦੀ ਬਦਲਾਂ ਨੀਤੀ, ਨੀਤੀਵਾਨ ਇਕ ਅਖਵਾਈਆ । ਤੂੰ ਮੇਰਾ

੧੩੦੮
੨੩

ਮੈਂ ਤੇਰਾ ਦੱਸ ਕੇ ਰੀਤੀ, ਗੋਬਿੰਦ ਦਾ ਲਹਿਣਾ ਦਿਤਾ ਚੁਕਾਈਆ । ਲੇਖਾ ਰਹਿਣ ਦੇਣਾ ਨਹੀਂ ਮੰਦਰ ਮਸੀਤੀ, ਕਾਅਬਾ ਇਕੋ ਇਕ ਸਮਝਾਈਆ । ਪੁਰਖ ਅਕਾਲ ਇਕੋ ਚਰਨ ਪ੍ਰੀਤੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਨ ਭਗਤਾਂ ਕਾਇਆ ਕਰਾਂ ਠਾਂਡੀ ਸੀਤੀ, ਅਗਨੀ ਤਤ ਤਤ ਬੁਝਾਈਆ । ਝਗੜਾ ਮੇਟਾਂ ਊਚੀ ਨੀਚੀ, ਰਾਓ ਰੰਕਾਂ ਇਕੋ ਰੰਗ ਰੰਗਾਈਆ । ਲੱਖ ਚੁਰਾਸੀ ਮੇਰੀ ਛੋਟੀ ਜਿਹੀ ਬਗ਼ੀਚੀ, ਬਾਗ਼ਬਾਨ ਹੋ ਕੇ ਵੇਖ ਵਖਾਈਆ । ਜਨ ਭਗਤਾਂ ਲੇਖਾ ਮੁਕਾ ਤ੍ਰੈਗੁਣ ਅਤੀਤੀ, ਤ੍ਰੈਭਵਣ ਧਨੀ ਹੋਵਾਂ ਸਹਾਈਆ । ਅੰਮ੍ਰਿਤ ਮੇਘ ਬਖ਼ਸ਼ ਦੇ ਬੂੰਦ ਸਵਾਂਤ ਸੀਤੀ, ਸੀਤਲ ਸਤਿ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਨ ਭਗਤਾਂ ਸਦਾ ਕਰੇ ਬਖ਼ਸ਼ੀਸ਼ੀ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।

### ✪ ੫ ਕੱਤਕ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਰਣਜੀਤ ਸਿੰਘ ਸੇਵਾ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਕਹੇ ਮੇਰੀਆਂ ਬੇਪ੍ਰਵਾਹੀਆਂ, ਬੇਪ੍ਰਵਾਹ ਦਿਤੀ ਵਡਿਆਈਆ । ਮੈਂ ਜੁਗ ਚੌਕੜੀ ਅਨੰਤ ਹੁਕਮ ਵਿਚ ਚਲਾਈਆਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਗਏ ਪੰਧ ਮੁਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੀਤੀਆਂ ਸ਼ਨਵਾਈਆਂ, ਨਾਮ ਸ਼ਬਦ ਢੋਲੇ ਕਲਮੇ ਜਗਤ ਸਮਝਾਈਆ । ਸਰਗੁਣ ਧਾਰ ਅੱਖਰਾਂ ਨਾਲ ਕੀਤੀਆਂ ਲਿਖਾਈਆਂ, ਕਾਗ਼ਜ਼ ਕਲਮ ਸ਼ਾਹੀ ਜੋੜ ਜੁੜਾਈਆ । ਰੀਤੀਆਂ ਨੀਤੀਆਂ ਧਰਮ ਧਾਰ ਬਦਲਾਈਆਂ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਕਥਾ ਕਹਾਣੀਆਂ ਨਾਮ ਸੁਣਾਈਆਂ, ਸਿਫ਼ਤੀ ਸਿਫ਼ਤਾਂ ਨਾਲ ਸਲਾਹੀਆ । ਸ਼ਹਿਨਸ਼ਾਹੀਆਂ ਲੋਕਮਾਤ ਉਲਟਾਈਆਂ, ਥਿਰ ਰਹਿਣ ਕੋਇ ਨਾ ਪਾਈਆ । ਧਰਨੀ ਧਰਤ ਧਵਲ ਧੌਲ ਮੇਰੀਆਂ ਦਏ ਗਵਾਹੀਆਂ, ਸ਼ਹਾਦਤ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਸਾਚੀ ਸੇਵ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਅਦਲੀ, ਇਨਸਾਫ਼ ਇਕ ਕਰਾਈਆ । ਜੁਗ ਚੌਕੜੀ ਕਰਾਂ ਬਦਲੀ, ਬਦਲਾ ਦੇਵਾਂ ਥਾਉਂ ਥਾਈਂਆ । ਮੇਰੀ ਖੇਲ ਪੁਰਾਣੀ ਕੋਈ ਨਹੀਂ ਅੱਜ ਲਈ, ਅਜ਼ਲ ਦਾ ਮਾਲਕ ਹੋ ਕੇ ਹੁਕਮ ਸੁਣਾਈਆ । ਜਦ ਆਵਾਂ ਤੇ ਆਵਾਂ ਦੀਨ ਦੁਨੀ ਜਗ ਲਈ, ਜਗਤ ਜੁਗਤ ਫੇਲ ਫੁਲਾਈਆ । ਮੇਘ ਬਰਸਾਵਾਂ ਸ੍ਰਿਸ਼ਟੀ ਦ੍ਰਿਸ਼ਟੀ ਅੱਗ ਲਈ, ਅਗਨੀ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਚੌਕੜੀ ਕਰਤਾ, ਕਰਨਹਾਰ ਅਖਵਾਈਆ । ਭੈ ਵਿਚ ਕਦੇ ਨਾ ਡਰਦਾ, ਭਓ ਸਿਰ ਨਾ ਕੋਇ ਟਿਕਾਈਆ । ਜੀਵਾਂ ਜੰਤਾਂ ਘਾੜਨ ਘੜਦਾ, ਸਾਧਾਂ ਸੰਤਾਂ ਬਣਤ ਬਣਾਈਆ । ਨਿਰ ਅੱਖਰ ਧਾਰ ਹੋ ਕੇ ਪੜ੍ਹਦਾ, ਧੁਰ ਦਾ ਢੋਲਾ ਸਿਫ਼ਤ ਸਲਾਹੀਆ । ਜਨ ਭਗਤਾਂ ਅੰਦਰ ਵੜਦਾ, ਸਾਢੇ ਤਿੰਨ ਹੱਥ ਡੇਰਾ ਲਾਈਆ । ਮੰਜ਼ਲ ਪੌੜੀ ਅਗੰਮੀ ਚੜ੍ਹਦਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਭੇਵ ਖੁਲਾ ਕੇ ਸਾਚੇ ਘਰ ਦਾ, ਘਰ ਘਰ ਕਰਾਂ ਰੁਸ਼ਨਾਈਆ । ਰੂਪ ਜਣਾ ਕੇ ਨਰਾਇਣ ਨਰ ਦਾ, ਭਰਮ ਭੁਲੇਖਾ ਦਿਆਂ ਮਿਟਾਈਆ । ਇਸ਼ਨਾਨ ਕਰਾ ਕੇ ਧੁਰ ਦੇ ਸਰ ਦਾ, ਦੁਰਮਤ ਮੈਲ ਧਵਾਈਆ । ਜਨ ਭਗਤ ਸੁਹੇਲੇ ਫੜਦਾ, ਫੜ ਬਾਹੋਂ ਗਲੇ

ਲਗਾਈਆ । ਲੇਖਾ ਮੁਕਾ ਕੇ ਸੀਸ ਧੜ ਦਾ, ਲਹਿਣਾ ਦੇਣਾ ਦਿਤਾ ਚੁਕਾਈਆ । ਝਗੜਾ ਰਹੇ ਨਾ ਚੋਟੀ ਜੜ ਦਾ, ਚੇਤਨ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਸਤਿਗੁਰ ਸ਼ਬਦ ਕਹੇ ਮੈਂ ਕਰਨ ਕਰਾਵਣ ਯੋਗ, ਯੁਗਤੀ ਪ੍ਰਭ ਦਿਤੀ ਸਮਝਾਈਆ । ਜਨ ਭਗਤਾਂ ਬਖ਼ਸ਼ਣਾਂ ਧੁਰ ਸੰਜੋਗ, ਆਤਮ ਪਰਮਾਤਮ ਮੇਲ ਮਿਲਾਈਆ । ਧਰਮ ਪ੍ਰੀਤੀ ਦੱਸਾਂ ਭੋਗ, ਅਨਰਸ ਆਪਣਾ ਇਕ ਚਖਾਈਆ । ਜਨਮ ਕਰਮ ਦਾ ਕਟ ਵਿਜੋਗ, ਚਿਰੀ ਵਿਛੁੰਨੇ ਲਵਾਂ ਮਿਲਾਈਆ । ਸਚਖੰਡ ਦਵਾਰਾ ਕਰਾ ਸੰਜੋਗ, ਮੇਲ ਮਿਲਾਵਾਂ ਚਾਈਂ ਚਾਈਆ । ਭੇਵ ਖੁਲ੍ਹਾ ਕੇ ਅਗਾਧ ਬੋਧ, ਬੁੱਧੀ ਤੋਂ ਪਰੇ ਕਰਾਂ ਪੜ੍ਹਾਈਆ । ਗੁਰਮੁਖਾਂ ਹਿਰਦੇ ਦੇਵਾਂ ਸੋਧ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਦਰ ਦਵਾਰੇ ਦੇਵਾਂ ਦਰਸ ਅਮੋਘ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਚਰਨ ਪ੍ਰੀਤੀ ਬਖ਼ਸ਼ਣਹਾਰਾ ਜੋਗ, ਜਾਗਰਤ ਜੋਤ ਬਿਨ ਵਰਨ ਗੋਤ ਆਪ ਦਰਸਾਈਆ ।

### ✪ ੫ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਮੋਤਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੀ ਲੇਖੇ ਲਾ ਲੈ ਸੇਵਾ, ਹਰੀ ਹਰਿ ਆਪਣੀ ਦਇਆ ਕਮਾਈਆ । ਤੂੰ ਮਾਲਕ ਖ਼ਾਲਕ ਅਲਖ ਅਭੇਵਾ, ਪਾਰਬ੍ਰਹਮ ਬੇਪ੍ਰਵਾਹੀਆ । ਇਸ਼ਟ ਸਵਾਮੀ ਵਡ ਦੇਵੀ ਦੇਵਾ, ਦੇਵਤ ਸੁਰ ਸਰਬ ਸੀਸ ਝੁਕਾਈਆ । ਤੂੰ ਵਸਣਹਾਰਾ ਨਿਹਚਲ ਧਾਮ ਨਿਹਕੇਵਾ, ਅਟਲ ਆਪਣਾ ਆਸਣ ਲਾਈਆ । ਮੇਰੇ ਮਸਤਕ ਧੂੜੀ ਲਾ ਦੇ ਥੇਵਾ, ਮਣੀਆਂ ਕੌਸਤਕ ਰੰਗ ਰੰਗਾਈਆ । ਮੈਂ ਤੇਰਾ ਢੋਲਾ ਗਾਵਾਂ ਬਿਨਾ ਰਸਨਾ ਜਿਹਵਾ, ਸਿਫ਼ਤ ਸਿਫ਼ਤਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਵੇਖ ਲੈ ਮਨਸਾ, ਮਾਨਸਾਂ ਤੋਂ ਬਾਹਰ ਦਿਆਂ ਜਣਾਈਆ । ਆਪਣੀ ਧਾਰ ਤੱਕ ਲੈ ਬੰਸਾ, ਸਰਬੰਸ ਖੋਜ ਖੁਜਾਈਆ । ਸਾਚੇ ਪਿਆਰੇ ਬਣਾ ਲੈ ਬੰਸਾ, ਗੁਰਮੁਖ ਰੰਗ ਰੰਗਾਈਆ । ਕਲਜੁਗ ਕੂੜ ਮੇਟ ਦੇ ਕੰਸਾ, ਹੰਕਾਰ ਰਹੇ ਨਾ ਰਾਈਆ । ਦੇ ਵਡਿਆਈ ਵਿਚ ਸਹੰਸਾ, ਸਹੰਸਰ ਮੁਖ ਸ਼ੇਸ਼ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰਾ ਧਾਮ ਕਰ ਪੁਨੀਤ, ਪਤਤ ਰਹਿਣ ਕੋਇ ਨਾ ਪਾਈਆ । ਮੇਰਾ ਦੁੱਖਾਂ ਵਾਲਾ ਵੇਲਾ ਜਾਏ ਬੀਤ, ਸੁਖ ਸਾਗਰ ਵਿਚ ਸਮਾਈਆ । ਕਲਜੁਗ ਧਾਰ ਬਦਲਣੀ ਰੀਤ, ਰੀਤੀਵਾਨ ਦੇਣੀ ਵਡਿਆਈਆ । ਭਗਤਾਂ ਬਖ਼ਸ਼ਣੀ ਚਰਨ ਪ੍ਰੀਤ, ਪ੍ਰੀਤਮ ਹੋ ਕੇ ਅੰਗ ਲਗਾਈਆ । ਸਭ ਦੀ ਪਵਿਤ੍ਰ ਕਰ ਦੇ ਨੀਤ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਮੈਂ ਤੇਰਾ ਢੋਲਾ ਗਾਵਾਂ ਗੀਤ, ਸੋ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਮਾਣ ਦੇ ਦੇ ਹਸਤ ਕੀਟ, ਹਸਤੀ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਅੰਦਰ ਵਸਣਾ ਚੀਤ, ਚੇਤਨ ਸਭ ਨੂੰ ਦੇਣਾ ਕਰਾਈਆ ।

### ੮ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਰਾਤ ਜਸਬੀਰ ਕੌਰ ਇਟਾਰਸੀ ਦੇ ਨਵਿਤ

ਅੱਠ ਕੱਤਕ ਕਹੇ ਜਨ ਭਗਤੋ ਵਕਤ ਸੁਹੰਜਣਾ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਧੁਰ ਸਵਾਮੀ ਅੰਤਰਜਾਮੀ ਰਚਿਆ ਕਾਜ, ਕਰਤਾ ਪੁਰਖ ਬਿਨ ਸੋਗ ਹਰਖ ਖ਼ੁਸ਼ੀ ਬਣਾਈਆ । ਜਿਸ ਦੇ ਹੁਕਮ ਵਿਚ ਜਰਨੈਲ ਸਿੰਘ ਆਇਆ ਭਾਜ, ਦੁੱਖਾਂ ਦਰਦਾਂ ਨਾਲ ਆਪਣਾ ਪੰਧ ਮੁਕਾਈਆ । ਹੱਸ ਕੇ ਕਹੇ ਸੁਣ ਮਿਤਰਾ ਧਰਮ ਰਾਜ, ਰਾਏ ਧਰਮ ਤੈਨੂੰ ਦਿਆਂ ਜਣਾਈਆ । ਸਾਡੇ ਭਗਤਾਂ ਦੇ ਪ੍ਰਭੂ ਸਵਾਰਨੇ ਕਾਜ, ਸਾਨੂੰ ਲੋੜ ਰਹੀ ਨਾ ਰਾਈਆ । ਆਪਣਾ ਨੇਤਰ ਖੋਲ ਲੈ ਵਿਚੋਂ ਜਾਗ, ਆਲਸ ਨਿੰਦਰਾ ਦੇਣੀ ਤਜਾਈਆ । ਮੇਰਾ ਪੁਰਖ ਅਕਾਲ ਆ ਗਿਆ ਵਿਚ ਦੇਸ ਮਾਝ, ਸੰਬਲ ਆਪਣਾ ਤਖ਼ਤ ਸੁਹਾਈਆ । ਜਿਸ ਦੇ ਪਿਆਰ ਦਾ ਭਗਤਾਂ ਅੰਦਰ ਵੈਰਾਗ, ਦਿਵਸ ਰੈਣ ਧਿਆਨ ਲਗਾਈਆ । ਸੋ ਸਵਾਮੀ ਪਕੜੇ ਅੰਦਰ ਵਾਗ, ਡੋਰੀ ਆਪਣੇ ਹੱਥ ਰਖਾਈਆ । ਸੋਹਣਿਆਂ ਬਿਨਾ ਹੁਕਮ ਤੋਂ ਬੁਝ ਨਹੀਂ ਸਕਦਾ ਚਰਾਗ਼, ਤੇਰੀ ਚਲੇ ਨਾ ਕੋਇ ਚਤਰਾਈਆ । ਅਸੀਂ ਕੋਈ ਜਗਤ ਵਾਸਨਾ ਵਾਲੇ ਨਹੀਂ ਸਾਧ, ਕਲਪਣਾ ਵਾਲਾ ਸੰਤ ਨਾ ਕੋਇ ਅਖਵਾਈਆ । ਅਸੀਂ ਉਹ ਭਗਤ ਜਿਨ੍ਹਾਂ ਨੂੰ ਭਗਤੀ ਦਾ ਧੁਰੋਂ ਮਿਲ ਗਿਆ ਦਾਜ, ਆਪਣੀ ਹੱਥੀਂ ਕਾਰ ਨਾ ਕੋਇ ਕਮਾਈਆ । ਮਿਤ੍ਰਾ ਸਾਡਾ ਸਭ ਤੋਂ ਵੱਖਰਾ ਜਹਾਜ਼, ਬੇੜਾ ਸਤਿਗੁਰ ਕੰਧ ਉਠਾਈਆ । ਸਾਡਾ ਦੀਨਾਂ ਮਜ਼੍ਹਬਾਂ ਵਾਲਾ ਨਹੀਂ ਸਮਾਜ, ਬਿਨਾ ਪੁਰਖ ਅਕਾਲ ਸੀਸ ਨਾ ਕਦੇ ਨਿਵਾਈਆ । ਅਸੀਂ ਤੇਰੇ ਸਾਹਮਣੇ ਫਿਰਨਾ ਨਾਲ ਮਜਾਜ, ਆਕੜ ਨਾਲ ਚਲਣਾ ਚਾਈਂ ਚਾਈਂਆ । ਕਿਤੇ ਸਮਝ ਨਾ ਲਈ ਸਾਡਾ ਵਿਗੜਿਆ ਦਿਮਾਗ, ਹੁਕਮ ਧੁਰ ਦਾ ਦਿਆਂ ਸੁਣਾਈਆ । ਜਿਸ ਨੂੰ ਅਸੀਂ ਗਾਉਂਦੇ ਉਹ ਸਾਨੂੰ ਰਿਹਾ ਅਰਾਧ, ਇਹ ਉਸੇ ਦੀ ਬੇਪ੍ਰਵਾਹੀਆ । ਧੁਰ ਖ਼ਬਰ ਸੁਣ ਲੈ ਨਾਦ, ਸ਼ਬਦ ਨਾਲ ਸ਼ਨਵਾਈਆ । ਸੰਦੇਸਾ ਦੇ ਵਿਚ ਬ੍ਰਹਿਮਾਦ, ਬ੍ਰਹਿਮੰਡ ਦੇ ਦ੍ਰਿੜਾਈਆ । ਜੇ ਹੰਸ ਬਣਾਏ ਫੜ ਫੜ ਕਾਗ, ਕਾਗੋਂ ਹੰਸ ਉਡਾਈਆ । ਕਲਜੁਗ ਬੁਝਾਏ ਤ੍ਰਿਸ਼ਨਾ ਆਗ, ਤ੍ਰੈਗੁਣ ਅਗਨ ਨਾ ਕੋਇ ਤਪਾਈਆ । ਸਾਨੂੰ ਭਗਤਾਂ ਨੂੰ ਬਣਾ ਕੇ ਸ਼ਾਹ ਨਵਾਬ, ਸਿਰ ਆਪਣਾ ਹੱਥ ਟਿਕਾਈਆ । ਅਸੀਂ ਕੋਈ ਲੂਲ੍ਹੇ ਲੰਗੜੇ ਨਹੀਂ ਅਪਾਹਜ, ਹਰਿਜਨ ਸਾਚੇ ਸੋਭਾ ਪਾਈਆ । ਸਾਡੇ ਅੰਦਰ ਸੱਜਣਾ ਉਹਦੇ ਪ੍ਰੇਮ ਦੀ ਵਜਦੀ ਰਹੇ ਰਬਾਬ, ਜਿਸ ਦੀ ਤਾਰ ਸਿਤਾਰ ਨਜ਼ਰ ਕੋਇ ਨਾ ਆਈਆ । ਅਸੀਂ ਕਿਸੇ ਕੋਲੋਂ ਮੰਗਣੀ ਨਹੀਂ ਇਮਦਾਦ, ਝੋਲੀ ਅਗੇ ਕਿਸੇ ਨਾ ਡਾਹੀਆ । ਸਾਡਾ ਮਾਲਕ ਇਕੋ ਆਦਿ, ਅੰਤ ਇਕ ਅਖਵਾਈਆ । ਜਿਸ ਦਾ ਹੁਕਮ ਬੋਧ ਅਗਾਧ, ਬੁਧੀ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੀ ਕਾਰ ਕਮਾਈਆ । ਅੱਠ ਕੱਤਕ ਕਹੇ ਸੁਣ ਮਿਤ੍ਰਾ ਰਾਏ ਧਰਮਾ, ਧਰਮ ਨਾਲ ਜਣਾਈਆ । ਉਠ ਵੇਖ ਲੈ ਭੱਜਾ ਫਿਰਦਾ ਬ੍ਰਹਮਾ, ਬ੍ਰਹਮ ਖੋਜ ਖੁਜਾਈਆ । ਸ਼ੰਕਰ ਲੈਂਦਾ ਤੱਕ ਲੈ ਪ੍ਰਕਰਮਾ, ਚਾਰੋਂ ਕੁੰਟ ਵਾਹੋ ਦਾਹੀਆ । ਧੂੜੀ ਖ਼ਾਕ ਰਮਾਏ ਸਰਨਾ, ਨਿਵ ਨਿਵ ਲਾਗੇ ਪਾਈਆ । ਤੇਰੇ ਹੱਥ ਜੀਣਾ ਮਰਨਾ, ਤੇਰੀ ਬੇਪ੍ਰਵਾਹੀਆ । ਸਾਰਿਆਂ ਸਭ ਤੇਰੇ ਹੁਕਮ ਵਿਚ ਕਾਰਜ ਕੰਮ ਕਰਨਾ, ਕਰਤੇ ਪੁਰਖ ਤੇਰੀ ਵਡਿਆਈਆ । ਧਰਮ ਰਾਏ ਨੇ ਸ਼ੰਕਰ ਦਾ ਲੇਖਾ ਪੜ੍ਹਨਾ, ਮਹਾਕਾਲ ਸੰਦੇਸ ਸੁਣਾਈਆ । ਕਾਲ ਓਸ ਦਵਾਰੇ ਖੜਨਾ, ਲਾੜੀ ਮੌਤ ਲਏ ਅੰਗੜਾਈਆ । ਯਮਰਾਜ ਦੂਰ ਦੁਰਾਡੇ ਤੱਕਣ ਤੇਰੀ ਸਰਨਾ, ਸਰਨਗਤ ਤੇਰੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਆਪ ਖੁਲਾਈਆ ।

ਅੱਠ ਕੱਤਕ ਕਹੇ ਕੀ ਕਹਿੰਦਾ ਗੁਪਤਚਿਤ੍ਰ, ਚਿਤ੍ਰਗੁਪਤ ਕੀ ਸੁਣਾਈਆ । ਰਾਏ ਧਰਮ ਮੈਂ ਤੇਰਾ ਆਦਿ ਆਦਿ ਦਾ ਮਿਤ੍ਰ, ਜੁਗ ਚੌਕੜੀ ਨਾ ਕੋਇ ਬਦਲਾਈਆ । ਮੈਂ ਪੁਰਖ ਅਕਾਲ ਦੀ ਧਾਰੋਂ ਆਇਆ ਨਿਕਲ, ਮੈਨੂੰ ਜਨਮੇ ਕੋਇ ਨਾ ਮਾਈਆ । ਮੈਂ ਵੇਖਿਆ ਨਹੀਂ ਕੋਈ ਸ਼ਿਕਮ, ਗਰਭ ਡੇਰਾ ਨਾ ਕੋਇ ਜਮਾਈਆ । ਮੇਰਾ ਲੇਖਾ ਸਕੇ ਕੋਈ ਨਾ ਲਿਖਣ, ਲੇਖੇ ਵਿਚ ਨਾ ਕੋਇ ਸਮਝਾਈਆ । ਮੈਂ ਸ੍ਰਿਸ਼ਟੀ ਦੱਸਾਂ ਮਿਥਣ, ਥਿਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਸੁਣੀਆਂ ਸਭ ਦੀ ਬਾਤਾਂ, ਬਾਤਨ ਦਿਆਂ ਜਣਾਈਆ । ਮੈਂ ਪੁਛਣਹਾਰਾ ਸਭ ਦੀਆਂ ਬਾਤਾਂ, ਵਾਤਾਵਰਨ ਤੱਕਾਂ ਖ਼ਲਕ ਖ਼ੁਦਾਈਆ । ਮੇਰਾ ਆਦਿ ਅੰਤ ਦਾ ਇਕੋ ਨਾਤਾ, ਨਾਤਾ ਸਭ ਦੇ ਨਾਲ ਜੁੜਾਈਆ । ਪੁਰਖ ਅਕਾਲ ਦੱਸ ਕੇ ਪਿਤਾ ਮਾਤਾ, ਗ੍ਰਿਹ ਇਕੋ ਇਕ ਸਮਝਾਈਆ । ਹੋਏ ਸਹਾਈ ਨਾਥ ਅਨਾਥਾ, ਦੀਨਾਂ ਦਇਆ ਕਮਾਈਆ ਜੋ ਇਕੋ ਗਾਵਣ ਗਾਥਾ, ਤਿਨ੍ਹਾਂ ਲੇਖਾ ਦਿਆਂ ਚੁਕਾਈਆ । ਲਹਿਣਾ ਦੇਣਾ ਪੂਰਾ ਕਰ ਕੇ ਮਸਤਕ ਮਾਥਾ, ਤਿਲਕ ਲਲਾਟੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਚਿਤ੍ਰਗੁਪਤ ਕਹੇ ਸੁਣ ਧਰਮ ਰਾਏ ਮੇਰੇ ਸ਼ਾਹ, ਸਚ ਦਿਆਂ ਸੁਣਾਈਆ । ਮੇਰਾ ਉਥੇ ਜ਼ੋਰ ਚਲੇ ਕੋਈ ਨਾ, ਤਾਕਤ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦਾ ਮਾਲਕ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਮੈਂ ਸਦਾ ਸਦਾ ਸੰਦੇਸੇ ਰਿਹਾ ਪੁਚਾ, ਦਰ ਤੇਰੇ ਕੋਲ ਟਿਕਾਈਆ । ਉਠ ਨਿਗਾਹ ਮਾਰ ਕੇ ਤੱਕ ਖੇਲ ਅਗੰਮ ਅਥਾਹ, ਕੀ ਆਪਣਾ ਹੁਕਮ ਵਰਤਾਈਆ । ਜਿਸ ਦਾ ਲੇਖਾ ਤੂੰ ਦੇਣਾ ਸੀ ਅੱਜ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਲਾੜੀ ਮੌਤ ਨੂੰ ਚੜ੍ਹਨਾ ਸੀ ਚਾਅ, ਜਮਾਂ ਦੀ ਧਾਰ ਖ਼ੁਸ਼ੀ ਬਣਾਈਆ । ਧਰਮ ਆਤਮਾ ਆਉਣੀ ਸੀ ਤੇਰੇ ਥਾਂ, ਗ੍ਰਿਹ ਮੰਦਰ ਸੋਭਾ ਪਾਈਆ । ਉਹਦਾ ਲੇਖਾ ਤੱਕ ਲੈ ਮਿਹਰਵਾਂ, ਕੀ ਮਿਹਰਵਾਨ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਾਏ ਧਰਮ ਕਹੇ ਸੁਣ ਚਿਤ੍ਰਗੁਪਤ ਮਿਤ੍ਰਾ ਮੀਤਾ, ਸੱਜਣਾ ਦਿਆਂ ਜਣਾਈਆ । ਜਿਸ ਸਾਹਿਬ ਨੇ ਸਾਡੀ ਚਲਾਈ ਰੀਤਾ, ਹੁਕਮ ਵਿਚ ਬੱਧੇ ਥਾਉਂ ਥਾਈਂਆ । ਉਸ ਆਪਣਿਆਂ ਭਗਤਾਂ ਨੂੰ ਹੁਕਮ ਕੀਤਾ, ਸ਼ਬਦੀ ਸ਼ਬਦ ਨਾਲ ਸ਼ਨਵਾਈਆ । ਪਿਛਲੀਆਂ ਲੇਖੇ ਲਾ ਪ੍ਰੀਤਾ, ਪ੍ਰੀਤਮ ਦੇਵੇ ਮਾਣ ਵਡਿਆਈਆ । ਤਤ ਕਰ ਕੇ ਠਾਂਡਾ ਸੀਤਾ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਲਾੜੀ ਮੌਤ ਕਹੇ ਧਰਮ ਰਾਜ ਮੈਂ ਕੀ ਆਖਾਂ, ਅੱਖਰਾਂ ਤੋਂ ਬਾਹਰ ਸੁਣਾਈਆ । ਮੈਂ ਸਾਹਿਬ ਤੱਕਿਆ ਸਾਖਾ, ਸਾਖਿਆਤ ਸੋਭਾ ਪਾਈਆ । ਜਨ ਭਗਤਾਂ ਬਣਿਆ ਰਿਹਾ ਰਾਖਾ, ਸਿਰ ਸਿਰ ਆਪਣਾ ਹੱਥ ਰਖਾਈਆ । ਚਰਨ ਧੂੜ ਬਖ਼ਸ਼ ਕੇ ਮਾਥਾ, ਮਸਤਕ ਟਿੱਕੇ ਖ਼ਾਕ ਰਮਾਈਆ । ਸਰਬ ਗੁਣ ਹੋ ਸਮਰਾਥਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਲਾੜੀ ਮੌਤ ਕਹੇ ਜਿਸ ਭਗਤ ਦਾ ਹੋਣਾ ਸੀ ਅੱਜ ਅਖ਼ੀਰ, ਸਾਢੇ ਬਾਰਾਂ ਵਕਤ ਸੁਹਾਈਆ । ਉਸ ਤੇ ਕਿਰਪਾ ਕੀਤੀ ਬੇਨਜ਼ੀਰ, ਨਜ਼ਰ ਨਜ਼ਰ ਉਠਾਈਆ । ਸਚ ਸਿੰਘਾਸਣ ਟਿਕਾ ਉਸ ਦੀ ਤਸਵੀਰ, ਜਸਬੀਰ ਲਈ ਬਚਾਈਆ । ਲੇਖਾ ਰਿਹਾ ਨਾ ਸ਼ਾਹ

ਹਕੀਰ, ਸ਼ਹਿਨਸ਼ਾਹ ਦਿਤੀ ਵਡਿਆਈਆ । ਮੇਰੇ ਨੇਤਰ ਵਗ ਗਿਆ ਨੀਰ, ਹੰਝੂਆਂ ਹਾਰ ਬਣਾਈਆ । ਮੇਰੇ ਸਿਰ ਤੋਂ ਲਹਿ ਗਿਆ ਚੀਰ, ਚਿੰਰੀ ਵਿਛੁੰਨਾ ਕੀ ਖੇਲ ਖਿਲਾਈਆ । ਜਿਹੜੀ ਕੀਤੀ ਨਹੀਂ ਕਿਸੇ ਪੈਗ਼ੰਬਰ ਪੀਰ, ਗੁਰ ਅਵਤਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਲਾੜੀ ਮੌਤ ਕਹੇ ਰਾਏ ਧਰਮ ਉਸ ਜੁਗ ਜੁਗ ਦੀਆਂ ਪ੍ਰਵਾਨ ਕੀਤੀਆਂ ਅਰਜ਼ਾਂ, ਆਯੂ ਭਗਤਾਂ ਵੇਖ ਵਖਾਈਆ । ਜਿਸ ਨੂੰ ਨਿਤ ਨਿਤ ਉਨ੍ਹਾਂ ਦੀਆਂ ਗ਼ਰਜ਼ਾਂ, ਨਵਿਤ ਭਗਤਾਂ ਆਵੇ ਚਾਈਂ ਚਾਈਂਆ । ਉਨ੍ਹਾਂ ਗ਼ਰੀਬ ਨਿਮਾਣਿਆਂ ਅੱਠ ਕੱਤਕ ਸਭ ਨੂੰ ਇਕੋ ਜਿਹਾ ਦਿਤਾ ਦਰਜਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਜਿਸ ਭਗਤ ਸੁਹੇਲਾ ਬਚਾਇਆ ਮਰਦਾ ਮਰਦਾ, ਜੀਵਣ ਦਾਤ ਝੋਲੀ ਵਿਚ ਪਾਈਆ । ਉਹ ਓਸੇ ਦੀ ਤਸਵੀਰ ਦਾ ਉਸ ਦੇ ਉਤੋਂ ਲਾਹ ਕੇ ਪਰਦਾ, ਆਪਣਿਆਂ ਚਰਨਾਂ ਹੇਠ ਰਖਾਈਆ । ਨਾਲੇ ਜਨ ਭਗਤਾਂ ਵਰ ਦੇਵੇ ਸਾਚੇ ਘਰ ਦਾ, ਸਚਖੰਡ ਮਾਣ ਵਡਿਆਈਆ । ਗੁਰਮੁਖੋ ਤੁਹਾਡੇ ਕੋਲੋਂ ਰਾਏ ਧਰਮ ਰਹੇ ਡਰਦਾ, ਚਿਤ੍ਰਗੁਪਤ ਖ਼ੁਸ਼ੀਆਂ ਨਾਲ ਸੰਦੇਸ਼ ਸੁਣਾਈਆ । ਤੁਹਾਡਾ ਨਾਂ ਅਗੇ ਜ਼ਰੂਰ ਦੱਸੇ ਓਹ ਸੰਤ ਸੁਹੇਲਾ ਤੂੰ ਮੇਰਾ ਮੈਂ ਤੇਰਾ ਪੜ੍ਹਦਾ, ਨਾਮ ਅਗੰਮ ਅਥਾਹੀਆ । ਜਿਥੇ ਸਤਿਗੁਰੂ ਸਤਿਗੁਰ ਹੋ ਕੇ ਅਗੇ ਖੜਦਾ, ਸਚ ਸਵਾਮੀ ਸੋਭਾ ਪਾਈਆ । ਓਥੇ ਯਮਰਾਜ ਕਦੇ ਨਾ ਵੜਦਾ, ਲਾੜੀ ਮੌਤ ਨਾ ਕਦੇ ਪ੍ਰਨਾਈਆ । ਜਨ ਭਗਤਾਂ ਪ੍ਰਭੂ ਆਪਣਾ ਘਾੜਨ ਘੜਦਾ, ਘੜਨਹਾਰ ਇਕ ਅਖਵਾਈਆ । ਲੇਖ ਮੁਕਾ ਕੇ ਸੀਸ ਧੜ ਦਾ, ਧੜੇ ਬਾਜ਼ੀ ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡਾ ਪੱਕਾ ਹੋ ਗਿਆ ਯਰਾਨਾ, ਸਚਖੰਡ ਏਸੇ ਤਰਾ ਸੋਭਾ ਪਾਈਆ । ਚਰਨਾਂ ਵਿਚ ਜਸਬੀਰ ਦਾ ਤੱਕੋ ਨਿਸ਼ਾਨਾ, ਸਰੀਰ ਨਜ਼ਰੀ ਆਈਆ । ਅੱਜ ਤੋਂ ਸਭ ਦਾ ਨਾਮ ਧਰਮ ਦਾ ਬੱਝ ਗਿਆ ਗਾਨਾ, ਸਗਨ ਭਗਤ ਦਵਾਰ ਮਨਾਈਆ । ਜੋ ਲੇਖਾ ਲਿਖਿਆ ਵਿਚ ਗਰੜ ਪੁਰਾਣਾ, ਸਕੰਦ ਧਿਆਏ ਰਹੇ ਸੁਣਾਈਆ । ਓਸ ਨੂੰ ਪੂਰਾ ਕਰ ਵਿਸ਼ਨੂੰ ਭਗਵਾਨਾ, ਭਗਵਨ ਆਪਣਾ ਹੁਕਮ ਵਰਤਾਈਆ । ਹਰਿਜਨ ਰਹੇ ਨਾ ਕੋਇ ਬੇਗਾਨਾ, ਬੇਘਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡੀ ਮੰਜ਼ਲ ਬਣ ਗਈ ਹਕੀਕੀ, ਹੁਕਮ ਨਾਲ ਪ੍ਰਭ ਨੇ ਦਿਤੀ ਵਡਿਆਈਆ । ਸਤਿਜੁਗ ਸਚ ਚਲਾ ਕੇ ਰੀਤੀ, ਜਗਤ ਰੀਤੀਆਂ ਵਿਚੋਂ ਬਾਹਰ ਕਢਾਈਆ । ਇਕੋ ਰੰਗ ਰੰਗਾ ਕੇ ਹਸਤ ਕੀਟੀ, ਕੀਟ ਹਸਤਾਂ ਵੇਖ ਵਖਾਈਆ । ਆਪਣੀ ਧਾਰ ਦੱਸ ਕੇ ਮੀਠੀ, ਮਿਠਤ ਬਿਨ ਰਸਨਾ ਰਿਹਾ ਚਖਾਈਆ । ਪਿਛਲੀ ਕਥਾ ਕਹਾਣੀ ਮੁਕਣੀ ਬੀਤੀ, ਅਗੇ ਆਪਣਾ ਹੁਕਮ ਵਰਤਾਈਆ । ਸਚਖੰਡ ਨਿਵਾਸੀ ਬਖ਼ਸ਼ ਕੇ ਸਚ ਪ੍ਰੀਤੀ, ਪ੍ਰੀਤਮ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸੁਣ ਲਓ ਹੁਕਮ ਅਗੰਮੀ ਅਨੋਖਾ, ਬਿਨ ਅੱਖਰਾਂ ਦਿਆਂ ਸਮਝਾਈਆ । ਨਵ ਨਵ ਧਾਰ ਦਾ ਮਿਲਿਆ ਮੌਕਾ, ਮੁਕੰਮਲ ਦਿਆਂ ਸਮਝਾਈਆ । ਜਨ ਭਗਤੋ ਤੁਹਾਨੂੰ ਸ਼ਬਦ ਦੀ ਚੜ੍ਹਾ ਕੇ ਨੌਕਾ, ਨੌਵਾਂ ਦਵਾਰਿਆਂ ਬਾਹਰ ਕਢਾਈਆ । ਸੰਦੇਸ਼ਾ ਦੇ ਕੇ ਆਪਣੇ ਭਾਓ ਕਾ, ਭੈ ਭੰਜਨ ਵੇਖ ਵਖਾਈਆ । ਤੁਹਾਡਾ ਪਿਆਰ ਬਣਿਆ ਇਕੋ ਸ਼ਾਹੋ ਕਾ, ਜੋ ਸ਼ਹਿਨਸ਼ਾਹ ਨੂਰ

ਅਲਾਹੀਆ । ਉਸ ਦਾ ਖੇਲ ਅਗੰਮ ਅਥਾਹੋ ਕਾ, ਜਿਸ ਦਾ ਭੇਵ ਕੋਇ ਨਾ ਪਾਈਆ । ਉਹ ਲਹਿਣਾ ਜਾਣੇ ਵਾਹੋ ਵਾਹੋ ਕਾ, ਵਾਹਵਾ ਤੇਰੀ ਬੇਪ੍ਰਵਾਹੀਆ । ਓਹ ਨਾਤਾ ਤੁੜਾ ਕੇ ਪਿਤਾ ਮਾਉਂ ਕਾ, ਭੈਣ ਭਈਆ ਪੱਲੂ ਸਰਬ ਛੁਡਾਈਆ । ਹੁਕਮ ਸੰਦੇਸ਼ਾ ਦੇ ਕੇ ਆਪਣੇ ਹੁਕਮ ਨਿਆਉਂ ਕਾ, ਅਦਲ ਇਨਸਾਫ਼ ਇਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਆਤਮਾ ਕਹੇ ਮੈਂ ਬੜੀ ਸੋਹਣੀ ਸੁਚੱਜੀ, ਕੂੜ ਕੁੜਿਆਰਿਆਂ ਦਿਆਂ ਜਣਾਈਆ । ਮੈਂ ਜੋਤ ਅਗੰਮੀ ਉਹ ਜਗੀ, ਜਿਸ ਨੂੰ ਬੁਝਾ ਸਕੇ ਕੋਇ ਨਾ ਰਾਈਆ । ਮੈਂ ਓਸ ਦੇ ਪਿਆਰ ਵਿਚ ਬੱਝੀ, ਜੋ ਬੰਨ੍ਹਣਹਾਰਾ ਖ਼ਲਕ ਖ਼ੁਦਾਈਆ । ਮੈਨੂੰ ਵਸਤ ਅਮੋਲਕ ਇਕੋ ਲੱਭੀ, ਲਬਾਂ ਤੋਂ ਅੰਦਰ ਦਿਆਂ ਸੁਣਾਈਆ । ਕਿਰਪਾ ਕੀਤੀ ਆਪ ਸਬਬੀ, ਮਿਹਰ ਨਜ਼ਰ ਉਠਾਈਆ । ਮੇਰੀ ਖ਼ਾਹਿਸ਼ ਆਪਣੇ ਚਰਨਾਂ ਸੱਦੀ, ਸਦਕੇ ਵਾਰੀ ਘੋਲ ਘੁਮਾਈਆ । ਮੈਨੂੰ ਭੈ ਆਇਆ ਨਹੀਂ ਕੋਈ ਤ੍ਰਿਬੈਣੀ ਨਦੀ, ਵਹਿਣਾ ਧਾਰ ਨਾ ਕੋਇ ਡਰਾਈਆ । ਮੈਂ ਖ਼ੁਸ਼ੀਆਂ ਨਾਲ ਦੱਸਾਂ ਜਿਸ ਬਿਧ ਮੈਨੂੰ ਲਿਆ ਸੱਦੀ, ਸੋਚ ਸਮਝ ਸਕੇ ਕੋਇ ਨਾ ਰਾਈਆ । ਮੈਂ ਖ਼ੁਸ਼ੀਆਂ ਵਿਚ ਹੋਈ ਮਘੀ, ਮਗਨ ਹੋ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਆਤਮਾ ਕਹੇ ਮੈਂ ਓਸ ਦੀ ਚੇਰੀ, ਜੋ ਚਿੰਰੀ ਵਿਛੁੰਨੇ ਲਏ ਮਿਲਾਈਆ । ਮੇਰੇ ਅੰਤਸ਼ਕਰਨ ਖ਼ੁਸ਼ੀ ਘਨੇਰੀ, ਘਨਈਆ ਸ਼ਾਮ ਨਾਲ ਰਲਾਈਆ । ਮੈਂ ਗੋਬਿੰਦ ਪਿਆਰ ਦੀ ਚੇਰੀ, ਜੋ ਸੇਵਕ ਸੇਵ ਕਮਾਈਆ । ਮੈਂ ਖੇਲ ਵੇਖ ਲਈ ਬਥੇਰੀ, ਲੋਕਮਾਤ ਧਿਆਨ ਲਗਾਈਆ । ਮੈਨੂੰ ਪਤਾ ਨਹੀਂ ਮੇਰੇ ਤੇ ਕਿਰਪਾ ਕੀਤੀ ਕਿਹੜੀ, ਕਿਉਂ ਦਿਤੀ ਵਡਿਆਈਆ । ਜਿਸ ਦੇ ਤਨ ਦੀ ਖ਼ਾਕ ਹੋਣੀ ਸੀ ਢੇਰੀ, ਲੋਕਮਾਤ ਹੋਣੀ ਜੁਦਾਈਆ । ਉਸ ਦੀ ਬੰਨ੍ਹ ਕੇ ਬੇੜੀ, ਬੇੜਾ ਭਗਤਾਂ ਦਿਤਾ ਚਲਾਈਆ । ਹੋ ਕੇ ਦੂਰ ਨੇੜੀ, ਪੰਧ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਭਗਤ ਆਤਮਾ ਕਹੇ ਜਨ ਭਗਤ ਮੇਰੇ ਪਿਆਰਿਓ, ਪ੍ਰੇਮੀਓ ਦਿਆਂ ਜਣਾਈਆ । ਤੁਸਾਂ ਪ੍ਰਭੂ ਦੀ ਧਾਰ ਬਾਹਰ ਹੋਣਾ ਨਹੀਂ ਵਿਚੋਂ ਦਾਇਰਿਓ, ਦਾਅਵੇ ਨਾਲ ਸੁਣਾਈਆ । ਮੈਂ ਖ਼ੁਸ਼ੀਆਂ ਨਾਲ ਦੱਸਾਂ ਪ੍ਰੇਮੀ ਸਾਰਿਓ, ਸਹਿਜ ਨਾਲ ਸੁਣਾਈਆ । ਮਾਣ ਵਿਚ ਨਾ ਕਦੇ ਹੰਕਾਰਿਓ, ਆਪਣਾ ਬਲ ਵਧਾਈਆ । ਸਦਾ ਸਾਹਿਬ ਸੀਸ ਨਿਵਾਰਿਓ, ਨਿਵ ਨਿਵ ਖ਼ਾਕ ਰਮਾਈਆ । ਫਿਰ ਆਪਣਾ ਕਾਜ ਸਵਾਰਿਓ, ਜਨਮ ਮਰਨ ਰਹੇ ਨਾ ਰਾਈਆ । ਖ਼ੁਸ਼ੀਆਂ ਨਾਲ ਲਾੜੀ ਮੌਤ ਵੰਗਾਰਿਓ, ਕਹਿ ਕਹਿ ਦੇਣਾ ਦ੍ਰਿੜਾਈਆ । ਭੈ ਖਾਣਾ ਨਹੀਂ ਧਰਮ ਦਵਾਰਿਓ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਤੱਕਣਾ ਨੈਣ ਉਘਾੜਿਓ, ਨੇਤਰ ਲੋਚਨ ਅੱਖ ਖੁਲਾਈਆ । ਆਪਣਾ ਕੂੜ ਕਰਮ ਦਾ ਲੇਖਾ ਸਤਿਗੁਰ ਚਰਨਾਂ ਦੇ ਵਿਚ ਪਾੜਿਓ, ਅਗੇ ਕੁਕਰਮ ਦੀ ਲੋੜ ਰਹੇ ਨਾ ਰਾਈਆ । ਤੁਹਾਨੂੰ ਕੱਢਿਆ ਲੱਖ ਚੁਰਾਸੀ ਵਿਚੋਂ ਅਖਾੜਿਓ, ਚਾਰੇ ਖਾਣੀ ਘੋਲ ਨਾ ਕੋਇ ਕਰਾਈਆ । ਤੁਸੀਂ ਸੋਹਣੇ ਸੁਨੱਖੇ ਬਣਨਾ ਸਚਖੰਡ ਦੇ ਲਾੜਿਓ, ਲਾੜੀ ਮੌਤ ਲੈਣੀ ਪ੍ਰਨਾਈਆ । ਕਰਮਹੀਣ ਨਾ ਬਣਿਓ ਮਾੜਿਓ, ਕਰਮਾਂ ਡੇਰਾ ਢਾਹੀਆ । ਕਾਲ ਚਬਾਏ ਕੋਇ ਨਾ ਦਾੜ੍ਹਿਓ, ਦਾੜ੍ਹਾਂ ਹੇਠ ਨਾ ਕੋਇ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਗਤ ਆਤਮਾ ਕਹੇ ਪ੍ਰਭੂ ਸਾਡੇ ਨਾਲ ਕਰ ਲੈ ਕੌਲ, ਇਕਰਾਰ ਇਕ ਬਣਾਈਆ । ਸਾਡਾ ਲੇਖਾ ਧੌਲ ਦਾ ਰਹਿ

ਜਾਏ ਉਤੇ ਧੌਲ, ਅਗੇ ਸੰਗ ਨਾ ਕੋਇ ਬਣਾਈਆ । ਤੂੰ ਹਰ ਹਿਰਦੇ ਅੰਦਰ ਜਾਣਾ ਮੌਲ, ਮੌਲਾ ਹੋ ਕੇ ਮੇਲ ਮਿਲਾਈਆ । ਅੱਜ ਇਕੇ ਤਰਾਜੂ ਉਤੇ ਤੋਲ ਲੈ ਸਭ ਦੇ ਤੋਲ, ਊਣਤਾ ਰਹਿਣ ਕੋਇ ਨਾ ਪਾਈਆ । ਸਚਖੰਡ ਦਵਾਰਾ ਆਪਣਾ ਖੋਲ, ਖ਼ਾਲਕ ਖ਼ਲਕ ਪਰਦਾ ਦੇਣਾ ਉਠਾਈਆ । ਮੈਂ ਤੇਰੇ ਚਰਨ ਕਵਲਾਂ ਦੇ ਕੋਲ, ਕੁੱਲ ਮਾਲਕ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਆਪ ਮਿਲਾਈਆ । ਅੱਠ ਕੱਤਕ ਕਹੇ ਹਾਏ ਵੇ ਮੇਰਿਆ ਕਰਤਿਆ, ਬਹੁੜੀ ਤੇਰੀ ਦੁਹਾਈਆ । ਤੇਰੀ ਕਿਹੋ ਜਿਹੀ ਸ਼ਰਤਿਆ, ਸ਼ਰਤੀਆ ਦੇ ਸਮਝਾਈਆ । ਕਿਉਂ ਭਗਤਾਂ ਖ਼ਾਤਰ ਨਿਰਗੁਣ ਹੋ ਕੇ ਪਰਤਿਆ, ਪਤਿਪਰਮੇਸ਼ਵਰ ਰੂਪ ਬਦਲਾਈਆ । ਆਸਣ ਸਿੰਘਾਸਣ ਸੁਹਾ ਕੇ ਉਤੇ ਧਰਤਿਆ, ਦਿਤੀ ਮਾਣ ਵਡਿਆਈਆ । ਮਾਲਕ ਹੋ ਕੇ ਅਰਸ਼ਿਆ, ਫ਼ਰਸ਼ੀ ਸੋਭਾ ਪਾਈਆ । ਕੀ ਭਗਤਾਂ ਅਗੇ ਆਪਣੇ ਨਾਮ ਦਾ ਪਾਵੇ ਪਰਚਿਆ, ਕਿ ਪ੍ਰਾਚੀਨ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਅੱਠ ਕੱਤਕ ਕਹੇ ਮੇਰਾ ਲੇਖਾ ਜੁਗ ਚਾਰ, ਚਾਰ ਹੋਰ ਨਾਲ ਮਿਲਾਈਆ । ਮੇਰਾ ਜਗਤ ਨਹੀਂ ਉਧਾਰ, ਉਦਰ ਵਾਲਿਆਂ ਦਿਆਂ ਸੁਣਾਈਆ । ਵੇਖੇ ਖੇਲ ਵਿਚ ਸੰਸਾਰ, ਸੰਸਾਰੀ ਕੀ ਵਖਾਈਆ । ਚਾਰੋਂ ਕੁੰਟ ਤੱਕੋ ਧੂਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਸਭ ਨੂੰ ਕਰਾਂ ਖ਼ਬਰਦਾਰ, ਬੇਖ਼ਬਰਾਂ ਦਿਆਂ ਸੁਣਾਈਆ । ਬਿਨਾ ਪ੍ਰਭੂ ਤੋਂ ਕੋਈ ਨਹੀਂ ਜੇ ਯਾਰ, ਮਿਤਰੋ ਮਿਤਰ ਨਜ਼ਰ ਕੋਇ ਨਾ ਆਈਆ । ਨਾਤਾ ਟੁਟ ਜਾਂਦਾ ਪੁਰਖ ਤੇ ਨਾਰ, ਨਾਰ ਕੰਤ ਸੰਗ ਨਾ ਕੋਇ ਬਣਾਈਆ । ਭੈਣ ਭਈਆ ਜਗਤ ਵਿਹਾਰ, ਮਾਤ ਪਿਤਾ ਨਾਤਾ ਦੀਨ ਦੁਨੀ ਅਖਵਾਈਆ । ਕਿਸੇ ਕੰਮ ਨਹੀਂ

੧੩੧੫ ੨੩ ਆਉਂਦਾ ਘਰ ਬਾਰ, ਮੰਦਰ ਮਹੱਲ ਨਾ ਕੋਇ ਵਡਿਆਈਆ । ਬਿਨਾ ਸਤਿਗੁਰ ਪਾਵੇ ਕੋਈ ਨਾ ਸਾਰ, ਸਿਰ ਹੱਥ ਨਾ ਕੋਇ ਟਿਕਾਈਆ । ਜਨ ਭਗਤਾਂ ਦਏ ਅਧਾਰ, ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਾਰ ਆਪ ਭੁਗਤਾਈਆ । ਅੱਠ ਕੱਤਕ ਕਹੇ ਮੇਰਾ ਮਾਣ ਰਹੇ ਜੁਗ ਛੱਤੀ, ਛਾਤੀ ਠੋਕ ਕੇ ਦਿਆਂ ਸੁਣਾਈਆ । ਮੇਰੀ ਲੱਜਿਆ ਰਖੇ ਕਮਲਾਪਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੇ ਹੁਕਮ ਵਿਚ ਲੱਖ ਚੁਰਾਸੀ ਰਹੀ ਤਪੀ, ਕਲਜੁਗ ਅਗਨੀ ਨਾਲ ਤਪਾਈਆ । ਉਹ ਮੈਨੂੰ ਕਰਦਾ ਪੱਕੀ, ਧੁਰ ਦਾ ਹੁਕਮ ਸੁਣਾਈਆ । ਤੂੰ ਖੇਲ ਵੇਖਣਾ ਅੱਖੀਂ, ਤੈਨੂੰ ਦਿਆਂ ਜਣਾਈਆ । ਭਗਤ ਭਗਵਾਨ ਦੀ ਉਹ ਸਖ਼ੀ, ਜੋ ਆਤਮ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਨਿਰਾਲਾ, ਨਿਰਧਨ ਸਰਧਨ ਦਿਆਂ ਜਣਾਈਆ । ਮੈਂ ਸ਼ਹਿਨਸ਼ਾਹ ਗੋਪਾਲਾ, ਭੂਪਤ ਵਡ ਵਡਿਆਈਆ । ਜਨ ਭਗਤਾਂ ਮਾਰਗ ਦੱਸਾਂ ਸੁਖਾਲਾ, ਪਰਦਾ ਆਪ ਉਠਾਈਆ । ਕਲਜੁਗ ਕੂੜ ਕੁੜਿਆਰ ਤਜਣਾ ਕਾਲਾ, ਕਾਲਖ ਟਿੱਕਾ ਲੈਣਾ ਧਵਾਈਆ । ਬਿਨਾ ਮਣਕਿਆਂ ਤੂੰ ਮੇਰਾ ਮੈਂ ਤੇਰਾ ਜਪਣੀ ਮਾਲਾ, ਮਾਲਕ ਮਿਲੇ ਧੁਰਦਰਗਾਹੀਆ । ਜੋ ਸਭ ਦੀ ਲੇਖੇ ਪਾਵੇ ਘਾਲਾ, ਮੁਸ਼ੱਕਤ ਗੁਰਮੁਖਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਦੁਰਮਤ ਮੈਲ ਜਾਏ ਧੋਤੀ, ਪਤਤ ਪੁਨੀਤ ਬਣਾਈਆ । ਸੁਰਤ ਰਹੇ ਕਿਸੇ ਨਾ ਸੋਤੀ, ਸੁੱਤਿਆਂ ਲਏ ਜਗਾਈਆ । ਆਤਮ ਧਾਰ ਮੇਲ ਕੇ ਜੋਤੀ, ੧੩੧੫ ੨੩

੧੩੧੯
੨੩

ਜੋਤੀ ਜਾਤਾ ਡਗਮਗਾਈਆ । ਤੁਸੀਂ ਇਕ ਦੇ ਬਣ ਗਏ ਗੋਤੀ, ਜ਼ਾਤ ਪਾਤ ਦਾ ਪੰਧ ਮੁਕਾਈਆ । ਹੀਰੇ ਬਣ ਗਏ ਮਾਣਕ ਮੋਤੀ, ਰੂਪ ਅਨੂਪ ਸਮਝਾਈਆ । ਅੰਤਰ ਵਾਸ਼ਨਾ ਰਹੇ ਨਾ ਖੋਟੀ, ਖਰੇ ਦਿਤੇ ਬਣਾਈਆ । ਸਭ ਨੂੰ ਚਾੜ੍ਹੇ ਮੰਜ਼ਲ ਚੋਟੀ, ਦਰ ਠਾਂਡਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਝਟ ਨਾਰਦ ਆ ਕੇ ਮਾਰੇ ਥਾਪੀਆਂ, ਦੋਵੇਂ ਹੱਥ ਉਠਾਈਆ । ਨਾਲੇ ਪਿਛਲੇ ਲਹਿਣੇ ਦੀਆਂ ਕਢ ਕੇ ਕਾਪੀਆਂ, ਬਿਨ ਹਰਫ਼ਾਂ ਰਿਹਾ ਵਖਾਈਆ । ਕਿਉਂ ਭਗਤ ਬਣਾਏ ਫੜ ਫੜ ਪਾਪੀਆਂ, ਪਤਤ ਪੁਨੀਤ ਕਰਾਈਆ । ਕਿਉਂ ਛਡੀ ਜਾਏ ਰਸਨਾ ਵਾਲੇ ਜਾਪੀਆਂ, ਜੋ ਨਾਮ ਦੇ ਢੋਲੇ ਗਾਈਆ । ਕਿਉਂ ਜਾਮ ਪਿਲਾਏ ਗ਼ਰੀਬ ਨਿਮਾਣੇ ਸਾਕੀਆ, ਆਪਣੇ ਹੱਥ ਉਠਾਈਆ । ਕਿਉਂ ਖੋਲੀ ਜਾਏ ਤਾਕੀਆ, ਗ੍ਰਿਹਿ ਮੰਦਰ ਕਰ ਰੁਸ਼ਨਾਈਆ । ਕਿਸ ਬਿਧ ਲਹਿਣੇ ਦੇਵੇਂ ਬਾਕੀਆ, ਲੇਖੇ ਝੋਲੀ ਪਾਈਆ । ਮੈਂ ਵੇਖਾਂ ਤੇਰੀਆਂ ਅੰਧੇਰੀ ਰਾਤੀਆਂ, ਚਾਰੋਂ ਕੁੰਟ ਖੋਜ ਖੁਜਾਈਆ । ਜੇ ਤੂੰ ਭਗਤਾਂ ਪਿਛੇ ਮਾਰ ਕੇ ਆਇਆ ਵਾਟੀਆਂ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਤੂੰ ਸਾਡੀਆਂ ਮੰਨ ਲੈ ਆਖੀ ਆ, ਆਖਰ ਦਈਏ ਜਣਾਈਆ । ਜਨ ਭਗਤਾਂ ਹਰ ਥਾਂ ਕਰੀਂ ਰਾਖੀ ਆ, ਰਖਕ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਹੁਕਮ ਇਕ ਸੁਣਾਈਆ । ਕੱਤਕ ਕਹੇ ਮੇਰਾ ਅੱਠਵਾਂ ਦਿਵਸ ਦਿਹਾੜਾ, ਦਿਉਹਾੜੀ ਦਿਆਂ ਜਣਾਈਆ । ਮੇਰਾ ਖ਼ੁਸ਼ੀਆਂ ਵਾਲਾ ਵਿਹਾਰਾ, ਵਿਵਹਾਰੀ ਹੋ ਕੇ ਦਿਆਂ ਸਮਝਾਈਆ । ਮੇਰਾ ਮਾਲਕ ਇਕੋ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਲਹਿਣਾ ਦੇਣਾ ਜਾਣੇ ਨਾ ਕੋਇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਲਾੜੀ ਮੌਤ ਕਹੇ ਮੇਰੀ ਭਗਤੋ ਕਦੇ ਵੱਜ ਨਾ ਸਕੇ ਠੱਗੀ, ਠਗੌਰੀ ਤੁਹਾਡੇ ਨਾਲ ਨਾ ਕੋਇ ਰਖਾਈਆ । ਮੈਨੂੰ ਇਕੋ ਧਾਰ ਨਜ਼ਰ ਆਉਂਦੀ ਬੱਗੀ, ਜੋ ਬਗ ਬਪੜੇ ਦਏ ਤਰਾਈਆ । ਮੇਰੀ ਅੰਦਰੋਂ ਬੁਝਾਵੇ ਅੱਗੀ, ਅਗਨੀ ਤਤ ਨਾ ਕੋਇ ਜਲਾਈਆ । ਮੇਰੀ ਉਹ ਸੁਹੇਲੀ ਸੱਕੀ, ਜੋ ਸਾਕ ਸੱਜਣ ਕੂੜੇ ਦਏ ਤਜਾਈਆ । ਪ੍ਰਭੂ ਦੇ ਨਾਲ ਪ੍ਰੀਤ ਲਗਾਵੇ ਪੱਕੀ, ਕੱਚਾ ਓਢਣ ਸੀਸ ਨਾ ਕੋਇ ਟਿਕਾਈਆ । ਮੈਂ ਖੇਲ ਵੇਖਾਂ ਫੇਰ ਅੱਖੀਂ, ਅੱਖਾਂ ਵਾਲਿਆਂ ਦਿਆਂ ਜਣਾਈਆ । ਅੰਮ੍ਰਿਤ ਦੀ ਧਾਰ ਰਸ ਲੈਣਾ ਚੱਖੀ, ਬਿਨ ਰਸਨਾ ਜਿਹਵਾ ਰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵਡਾ ਵਡ ਵਡਿਆਈਆ । ਰਾਏ ਧਰਮ ਕਹੇ ਲਾੜੀ ਮੌਤ ਵਕਤ ਜਾਂਦਾ ਪੁਜਦਾ, ਸਚ ਸਚ ਸੁਣਾਈਆ । ਵੇਖ ਲੈ ਰਿਵਾਜ ਸਤਿਜੁਗ ਦਾ, ਕਲਜੁਗ ਵਿਚ ਦਿਤਾ ਬਦਲਾਈਆ । ਜਨ ਭਗਤਾਂ ਭੇਵ ਖੁਲਾ ਕੇ ਗੁਝ ਦਾ, ਪਰਦਾ ਦਿਤਾ ਉਠਾਈਆ । ਭੇਤ ਰਹਿਣ ਨਹੀਂ ਦਿਤਾ ਮੁਝ ਦਾ, ਰਾਏ ਧਰਮ ਰਿਹਾ ਸੁਣਾਈਆ । ਮੈਨੂੰ ਕੁਛ ਨਹੀਂ ਹੁਣ ਸੁਝਦਾ, ਸੰਝ ਸਵੇਰਾ ਦੋਵੇਂ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਏ ਧਰਮ ਕਹੇ ਸਾਹਿਬ ਤਕੀਏ ਇਕ ਹਜ਼ੂਰੀ, ਹਜ਼ਰਤ ਬੇਪਰਵਾਹੀਆ । ਜਲਵਾਗਰ ਨੂਰੀ, ਨੂਰ ਨੁਰਾਨਾ ਸੋਭਾ ਪਾਈਆ । ਜਨ ਭਗਤਾਂ ਝੋਲੀ ਪਾਏ ਮਜ਼ਦੂਰੀ, ਜੁਗ ਜੁਗ ਸੇਵ ਕਮਾਈਆ । ਮਮਤਾ ਮੇਟ ਕੇ ਕੂੜੀ, ਕੂੜੀ ਕਿਰਿਆ ਬਾਹਰ ਸੁਟਾਈਆ । ਸਾਚੀ ਬਖ਼ਸ਼ ਅਗੰਮੀ ਧੂੜੀ, ਧੂਲੀ ਟਿੱਕੇ ਖ਼ਾਕ ਰਮਾਈਆ ।

ਲੇਖ ਲਿਖਾ ਕੇ ਮੂਰਖ ਮੂੜ੍ਹੀ, ਮੁਗਧਾਂ ਹੋਏ ਸਹਾਈਆ । ਜਨ ਭਗਤਾਂ ਮਨਸਾ ਕਰ ਕੇ ਪੂਰੀ, ਮਾਨਸਾਂ ਵਿਚੋਂ ਦਏ ਵਡਿਆਈਆ । ਹਰਿਜਨ ਤਾਰੇ ਸਦਾ ਜ਼ਰੂਰੀ, ਜ਼ਰੂਰ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲ ਮਿਲਾਈਆ । ਲਾੜੀ ਮੌਤ ਕਹੇ ਮੈਂ ਚੰਗੀ ਤਰਾ ਰਾਏ ਧਰਮ ਤੇਰਾ ਹੁਕਮ ਪੜ੍ਹਨਾ, ਪੜ੍ਹ ਕੇ ਦਿਆਂ ਸੁਣਾਈਆ । ਸਚ ਦੱਸ ਕਵਣ ਆਤਮਾ ਖੜਨਾ, ਆਪਣਾ ਹੁਕਮ ਵਰਤਾਈਆ । ਕਿਸ ਨੂੰ ਪੈਣਾ ਮਰਨਾ, ਜੀਵਤ ਜੀਅ ਭੇਟ ਕਰਾਈਆ । ਜਿਸ ਨੇ ਆਉਣਾ ਵਿਚ ਚਰਨਾਂ, ਚਰਨੋਦਕ ਮੁਖ ਚੁਆਈਆ । ਰਾਏ ਧਰਮ ਕਹੇ ਲਾੜੀ ਮੌਤ ਮੈਂ ਉਸ ਕੋਲੋਂ ਡਰਨਾ, ਜਿਸ ਮੇਰੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਰਾਏ ਧਰਮ ਕਹੇ ਸੁਣ ਮੌਤ ਲੈ ਲੈ ਚਿੱਠੀਆਂ, ਖ਼ੁਸ਼ੀਆਂ ਨਾਲ ਸੁਣਾਈਆ । ਜਨ ਭਗਤਾਂ ਸੁਣ ਲੈਂ ਗੱਲਾਂ ਮਿਠੀਆਂ, ਜੋ ਪ੍ਰੇਮ ਵਿਚ ਜਣਾਈਆ । ਖੇਲਾਂ ਖੇਲ ਅਨਡਿਠੀਆਂ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਹਾਹੇ ਉਤੇ ਤੱਕ ਲੈ ਟਿਪੀਆਂ, ਸੋਹਣੀ ਬਣਤ ਬਣਾਈਆ । ਨੀ ਤੇਰਾ ਇਲਮ ਨਹੀਂ ਲਿਖਿਆ ਵਿਚ ਕਿਸੇ ਲਿਪੀਆਂ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਇਸ਼ਾਰਾ ਦੱਸਣ ਕੋਇ ਨਾ ਮਿਤੀਆਂ, ਬਰਸਾਂ ਗੰਢ ਨਾ ਕੋਇ ਪਵਾਈਆ । ਭੇਵ ਖੋਲਣ ਮੂਲ ਨਾ ਥਿਤੀਆਂ, ਵਾਰ ਗ੍ਰਹਿ ਨਾ ਕੋਇ ਜਣਾਈਆ । ਵੇ ਕਿਉਂ ਖੇਲ ਖਿਲਾਉਣਾ ਭਗਤਾਂ ਇੱਕੀਆਂ, ਕੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਲਾੜੀ ਮੌਤ ਕਹੇ ਚਿੱਠੀ ਦਾ ਹੋਰ ਲਿਖਿਆ ਨਾਲ ਮਜ਼ਮੂਨ, ਮੈਂ ਵੇਖਾਂ

੧੩੧੭ ੨੩ ਚਾਈਂ ਚਾਈਂਆ । ਇਸ ਵਿਚ ਕਾਇਦਾ ਕੀ ਕਾਨੂੰਨ, ਹੁਕਮ ਕੀ ਵਰਤਾਈਆ । ਜਾਂ ਨਿਗਾਹ ਮਾਰੀ ਤੇ ਨੁਕਤਾ ਨਜ਼ਰ ਆਇਆ ਨੂਨ, ਨੈਣ ੧੩੧੭ ੨੩

ਨੈਣ ਸ਼ਰਮਾਈਆ । ਮੈਂ ਕੀ ਜਾਣਾ ਮਾਸੂਮ, ਚਲੇ ਨਾ ਕੋਇ ਚਤੁਰਾਈਆ । ਮੈਂ ਚਾਰੋਂ ਕੁੰਟ ਆਵਾਂ ਘੁੰਮ, ਭੱਜਾਂ ਵਾਹੋ ਦਾਹੀਆ । ਸ਼ਾਸਤਰਾਂ ਦਾ ਤੱਕਾਂ ਨਜੂਮ, ਪਰਦਾ ਕੀ ਉਠਾਈਆ । ਭਗਤਾਂ ਵੇਖਾਂ ਹਜੂਮ, ਬੈਠੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਚਿੱਠੀ ਕਹੇ ਰਾਏ ਧਰਮ ਮੈਨੂੰ ਏਸ ਨੇ ਕੀਤਾ ਕਾਇਲ, ਕਲਮਿਆਂ ਤੋਂ ਬਾਹਰ ਦਿਆਂ ਸੁਣਾਈਆ । ਮੈਂ ਧਰਮ ਦਵਾਰੇ ਦਾ ਤੇਰਾ ਤੱਕਿਆ ਮਹਿਲ, ਜਿਸ ਮਹੱਲ ਮਿਲੀ ਵਡਿਆਈਆ । ਮੈਂ ਖ਼ੁਸ਼ੀਆਂ ਨਾਲ ਲਵਾਂ ਟਹਿਲ, ਭੱਜਾਂ ਵਾਹੋ ਦਾਹੀਆ । ਮੈਂ ਫੇਰ ਜਾਣਾ ਸੀ ਤੇਰੇ ਭਗਤਾਂ ਦੀ ਗੈਲ, ਆਪਣੀ ਖ਼ੁਸ਼ੀ ਮਨਾਈਆ । ਇੱਕੀ ਕੱਤਕ ਨੂੰ ਲੇਖਾ ਮੁਕਣਾ ਸੀ ਸਿੰਘ ਜਰਨੈਲ, ਤਨ ਵਜੂਦ ਦਾ ਡੇਰਾ ਢਾਹੀਆ । ਦੁੱਖਾਂ ਵਿਚ ਸਾਰੇ ਹੋਣੇ ਸੀ ਘਾਇਲ, ਧੀਰਜ ਧੀਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਲਾੜੀ ਮੌਤ ਕਹੇ ਜੋ ਇੱਕੀ ਇੱਕੀ ਮਿੰਟ ਸ਼ਬਦ ਦਾ ਗਾਉਣਾ, ਸੋਹਣਾ ਰਾਗ ਬਣਾਈਆ । ਇੱਕੀ ਸਿੱਖਾਂ ਸੰਗ ਰਖਾਉਣਾ, ਇਕੇ ਗੰਢ ਪਵਾਈਆ । ਇੰਨੇ ਵਕਤ ਨੇ ਜਰਨੈਲ ਸਿੰਘ ਨੂੰ ਬਚਾਉਣਾ, ਏਸੇ ਕਾਰਨ ਲਿਆ ਮੰਗਵਾਈਆ । ਰਾਏ ਧਰਮ ਕਹੇ ਮੇਰੇ ਦਵਾਰੇ ਦਾ ਉਸ ਬਣਨਾ ਨਹੀਂ ਪ੍ਰਾਹੁਣਾ, ਦਰ ਨਾ ਡੇਰਾ ਲਾਈਆ । ਉਸ ਦਾ ਮਾਲਕ ਜਿਸ ਉਸ ਨੂੰ ਬਖ਼ਸ਼ਾਉਣਾ, ਬਖ਼ਸ਼ਣਹਾਰ ਆਪ ਅਖਵਾਈਆ । ਜਿਸ ਗੂੜ੍ਹੀ ਨੀਂਦ ਨਹੀਂ ਸੌਣਾ, ਜਗਤ ਸਿੰਘਾਸਣ ਨਾ ਕੋਇ ਤਜਾਈਆ । ਉਸ

ਦਾ ਕਰਮ ਫੇਰ ਬਣਾਉਣਾ, ਨਿਹਕਰਮੀ ਦਇਆ ਕਮਾਈਆ । ਜਨਮ ਵਿਚੋਂ ਜਨਮ ਫੇਰ ਦਵਾਉਣਾ, ਬਿਨਾ ਜਨਮ ਤੋਂ ਜਨਮੇ ਮਾਈਆ । ਆਤਮ ਆਪਣੇ ਰੰਗ ਰੰਗਾਉਣਾ, ਸੋਹਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਇਕ ਵਡਿਆਉਣਾ, ਜਿਥੇ ਵੱਡਾ ਹਰਿ ਵੱਡੀ ਵਡਿਆਈਆ ।

### ✪ ਸਿੰਘਾਸਣ ਦੇ ਅਗੇ ਜਸਬੀਰ ਕੌਰ ਨੂੰ ਲੰਮਾ ਪਾ ਕੇ ਉਪਰ ਜੁਗਿੰਦਰ ਸਿੰਘ ਤੋਂ ਢਾਈ ਗਜ਼ ਲਾਲ ਕੱਪੜਾ ਦਵਾ ਕੇ ਫਿਰ ਕਿਰਪਾ ਕੀਤੀ ✪

ਸਤਿਗੁਰ ਸ਼ਬਦ ਕਹੇ ਮੈਂ ਬਣ ਕੇ ਧੁਰ ਦਾ ਸਖਾ, ਸਖ਼ੀਓ ਸਚ ਦਿਆਂ ਸੁਣਾਈਆ । ਸਾਰੇ ਵੇਖ ਲਓ ਆਪਣੀਆਂ ਅੱਖਾਂ, ਅੱਖੀਆਂ ਵਾਲਿਓ ਧਿਆਨ ਲਗਾਈਆ । ਜਿਹੜੀ ਦੇਹ ਸੜਨੀ ਸੀ ਵਿਚ ਕੱਖਾਂ, ਅਗਨੀ ਅੱਗ ਜਲਾਈਆ । ਭਸਮ ਉਡਣੀ ਸੀ ਵਾਂਗ ਭੱਖਾ, ਚਾਰੋਂ ਕੁੰਟ ਵਾਹੋ ਦਾਹੀਆ । ਉਸ ਦਾ ਸਤਿਗੁਰ ਸਵਾਮੀ ਬਣ ਕੇ ਸਖਾ, ਸਿਰ ਆਪਣਾ ਹੱਥ ਰਖਾਈਆ । ਰਹਿਮਤ ਦੀਆਂ ਬਖ਼ਸ਼ ਕੇ ਰਖਾਂ, ਰੱਖਿਆ ਕਰੇ ਥਾਉਂ ਥਾਈਂਆ । ਜਿਸ ਦੀ ਕੀਮਤ ਚੁਕਾ ਸਕੇ ਨਾ ਕੋਈ ਕਰੋੜੀ ਲੱਖਾਂ, ਅਸੰਖ ਅਸੰਖਾਂ ਗਣਤ ਨਾ ਕੋਇ ਗਿਣਾਈਆ । ਉਹ ਆਪਣਾ ਵਿਹਾਰ ਕਰੇ ਆਪਣਿਆਂ ਹੱਥਾਂ, ਦੂਸਰ ਸੰਗ ਨਾ ਕੋਇ ਰਖਾਈਆ । ਸਵਾਮੀ ਬਣ ਸਰਬ ਕਲਾ ਸਮਰਥਾ, ਦੇਵੇ ਮਾਣ ਵਡਿਆਈਆ । ਜੋ ਯਾਰੜੇ ਦੇ ਸਥਰ
੧੩੧੮ ੨੩
ਲਥਾ, ਸਥਰ ਲਥਿਆਂ ਗੁਰਮੁਖਾਂ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ੧੩੧੮ ੨੩
ਅੱਠ ਕੱਤਕ ਕਹੇ ਜਨ ਭਗਤੋ ਤੁਸੀਂ ਮਰੇ ਜੀਉਂਦੇ ਜੀਉਂਦੇ ਮਰੇ, ਮਰ ਜੀਵਤ ਰੂਪ ਵਟਾਈਆ । ਕਿਰਪਾ ਕਰੇ ਆਪ ਪ੍ਰਭ ਹਰੇ, ਹਰੀ ਹਰਿ ਹੋਵੇ ਆਪ ਸਹਾਈਆ । ਜਗਤ ਜਹਾਨ ਜਾਓ ਤਰੇ, ਬੈਤਰਨੀਆਂ ਪਾਰ ਆਪ ਕਰਾਈਆ । ਭੈ ਰਿਹਾ ਕੋਈ ਨਾ ਡਰੇ, ਰਾਏ ਧਰਮ ਨਾ ਦਏ ਸਜ਼ਾਈਆ । ਤੁਹਾਡਾ ਨਵਾਂ ਘਾੜਨ ਘੜੇ, ਘੜਨ ਭੰਨਣਹਾਰ ਦਇਆ ਕਮਾਈਆ । ਤੁਸੀਂ ਓਸ ਸਰਨ ਸਰਨਾਈ ਪੜੇ, ਜਿਥੇ ਪੜ੍ਹਨ ਲਿਖਣ ਦੀ ਲੋੜ ਰਹੇ ਨਾ ਰਾਈਆ । ਤੁਹਾਨੂੰ ਪ੍ਰੀਤਮ ਹੋ ਕੇ ਫੜੇ, ਪਰਮ ਪੁਰਖ ਆਪਣੀ ਗੰਢ ਪਵਾਈਆ । ਲੇਖੇ ਲਾ ਕੇ ਸੀਸ ਧੜੇ, ਤਤਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਜਨ ਭਗਤੋ ਤੁਹਾਡਾ ਕਦੇ ਨਾ ਹੋਣਾ ਮਰਨਾ, ਮਰਨ ਵਿਚ ਕਦੇ ਨਾ ਆਈਆ । ਤੁਸਾਂ ਹਾਜ਼ਰ ਰਹਿਣਾ ਪ੍ਰਭ ਦਿਆਂ ਚਰਨਾਂ, ਸਭ ਨੂੰ ਦਰਸ਼ਨ ਦੇਵੇ ਥਾਉਂ ਥਾਈਂਆ । ਤੁਸਾਂ ਇਕੋ ਪ੍ਰੇਮ ਦਾ ਪੱਲੂ ਫੜਨਾ, ਦੂਜੀ ਗੰਢ ਨਾ ਕੋਇ ਪਵਾਈਆ । ਤੁਹਾਡਾ ਸਾਚਾ ਘਾੜਨ ਘੜਨਾ, ਘਾੜਤ ਆਪਣੇ ਹੱਥ ਰਖਾਈਆ । ਤਨ ਵਜੂਦ ਅਗਨੀ ਨਾਲ ਸੜਨਾ, ਆਤਮਾ ਆਪਣੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਿਉਂ ਕੀਤਾ ਜਗਤ ਵਿਹਾਰ, ਵਿਵਹਾਰੀ ਹੋ ਕੇ ਦਿਆਂ ਜਣਾਈਆ । ਜਨ ਭਗਤਾਂ ਰੀਤੀ ਚਲਾਈ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਖ਼ੁਸ਼ੀ ਬਣਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਅਗੰਮ ਅਪਾਰ, ਅਲਖ

ਅਗੋਚਰ ਕੀ ਆਪਣੀ ਕਾਰ ਕਮਾਈਆ । ਇਕ ਬਖ਼ਸ਼ਿਸ਼ ਕਰਾਂ ਜਿਹੜੀ, ਚਾਰ ਜੁਗ ਕੀਤੀ ਨਹੀਂ ਕਿਸੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਆਪਣੀ ਦਇਆ ਕਮਾਈਆ । ਜਨ ਭਗਤੋ ਤੁਹਾਡੀ ਆਤਮਾ ਨੂੰ ਤੁਹਾਡੇ ਸਰੀਰ ਦਾ ਅੰਤਮ ਸਨਮੁਖ ਹੋ ਕੇ ਵਖਾ ਦਿਆਂ ਕਰਾਂਗਾ ਸਸਕਾਰ, ਫੇਰ ਸਚਖੰਡ ਲੈ ਕੇ ਜਾਈਆ । ਅੱਠ ਘੰਟੇ ਸਵਾਸ ਛਡਣ ਤੋਂ ਬਾਦ ਰਖਾਂਗਾ ਉਸੇ ਵਿਚ ਘਰ ਬਾਰ, ਆਪਣੀ ਜੋਤ ਜੋਤ ਨਾਲ ਰਲਾਈਆ । ਇਹ ਖੇਲ ਹੋਣਾ ਅਪਰ ਅਪਾਰ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਿਸ ਵੇਲੇ ਸਤਿਜੁਗ ਸਾਚਾ ਕਰ ਗਿਆ ਪਸਾਰ, ਚਾਰੋਂ ਕੁੰਟ ਨਜ਼ਰੀ ਆਈਆ । ਫੇਰ ਬਿਨਾ ਮੁਖ ਤੋਂ ਜਨ ਭਗਤਾਂ ਦੀ ਲਾਸ਼ ਕੋਲੋਂ ਸੋਹੰ ਸ਼ਬਦ ਦੀ ਆਵੇਗੀ ਜੈਕਾਰ, ਬਿਨ ਰਸਨਾ ਢੋਲਾ ਗਾਈਆ । ਫੇਰ ਬਿਨਾ ਸਰੀਰ ਤੋਂ ਬੇਨਜ਼ੀਰ ਨੂੰ ਸਾਰੇ ਕਰਨਗੇ ਨਿਮਸਕਾਰ, ਕਲ ਕਲਕੀ ਸੀਸ ਝੁਕਾਈਆ । ਇਹ ਚੌਬੀਸਾ ਹਰਿ ਜਗਦੀਸ਼ਾ ਨੂਰ ਅਲਾਹੀ ਬੇਪ੍ਰਵਾਹੀ ਅਮਾਮ ਅਮਾਮਾ ਸਭ ਦਾ ਸਾਂਝਾ ਯਾਰ, ਯਾਰੜਾ ਇਕ ਅਖਵਾਈਆ । ਜਿਸ ਦੀ ਗੁਫ਼ਤ ਸ਼ਨੀਦ ਗੁਫ਼ਤਾਰ, ਬਿਨ ਰਸਨਾ ਜ਼ਬਾਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕੀ ਭਗਤਾਂ ਲਾਸ਼ਾ ਤੱਕੇ, ਆਪਣੀ ਦਇਆ ਕਮਾਈਆ । ਕਿ ਪਰਦਿਆਂ ਵਿਚ ਢਕੇ, ਪਰਦਾ ਮੁਖ ਛੁਪਾਈਆ । ਕੀ ਤੇਰੇ ਕੌਲ ਇਕਰਾਰ ਪੱਕੇ, ਪਾਰਬ੍ਰਹਮ ਦੇਣਾ ਸਮਝਾਈਆ । ਕਿਸ ਪ੍ਰੀਤੀ ਦੇ ਵਿਚ ਰਤੇ, ਰਤਨ ਅਮੋਲਕ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋ ਸਹਾਈਆ । ਪੁਰਖ ਅਕਾਲ ਕਹੇ ਮੇਰਾ ਭਗਤ ਤਨ ਵਜੂਦ ਆਪਣਾ ਰੰਗਦਾ, ਲਾਲੀ ਪ੍ਰੇਮ ਵਾਲੀ ਚੜ੍ਹਾਈਆ । ਸਦ ਇਕੋ ਵਸਤ ਮੰਗਦਾ, ਚਰਨ ਧੂੜ ਸਰਨਾਈਆ । ਜਗਤ ਜਹਾਨ ਦੀ ਮੰਜ਼ਲ ਲੰਘਦਾ, ਨਾਤਾ ਦੀਨ ਦੁਨੀ ਤੁੜਾਈਆ । ਓਹ ਪਿਆਰਾ ਨਹੀਂ ਤਤ ਪੰਜ ਦਾ, ਆਤਮ ਪਰਮਾਤਮ ਵਿਚ ਸਮਾਈਆ । ਉਹ ਭੁੱਖਾ ਨਹੀਂ ਮਾਇਆ ਗੰਜ ਦਾ, ਮਮਤਾ ਮੋਹ ਵਧਾਈਆ । ਉਹ ਦਰਸ ਪਿਆਸਾ ਨੂਰੀ ਚੰਦ ਦਾ, ਨੂਰ ਨੁਰਾਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਲਾਸ਼ ਕਹੇ ਪ੍ਰਭੂ ਮੈਂ ਮਿੱਟੀ ਖ਼ਾਕ ਢੇਰੀ, ਅੰਤਮ ਨਜ਼ਰ ਕਿਛ ਨਾ ਆਈਆ । ਮੈਂ ਤੇਰੀ ਜਗਤ ਮਾਤ ਦੀ ਚੇਰੀ, ਚਰਨ ਦਾਸੀ ਸੇਵ ਕਮਾਈਆ । ਤੂੰ ਕਿਰਪਾ ਕਰੀਂ ਘਨੇਰੀ, ਘਰ ਸਾਜਣ ਹੋਣਾ ਸਹਾਈਆ । ਮੈਂ ਚੁਰਾਸੀ ਵਿਚ ਆਯੂ ਭੋਗ ਲਈ ਬਥੇਰੀ, ਜੁਗ ਜੁਗ ਫੇਰਾ ਪਾਈਆ । ਹੁਣ ਲੇਖਾ ਅੰਤ ਨਬੇੜੀਂ, ਮਾਤਾ ਕੁੱਖ ਵਿਚੋਂ ਬਾਹਰ ਕਢਾਈਆ । ਮੇਰੀ ਬੰਨੇ ਲਾ ਲਈਂ ਬੇੜੀ, ਸ਼ੌਹ ਦਰਿਆ ਨਾ ਮੂਲ ਰੁੜ੍ਹਾਈਆ । ਜਿਥੇ ਮੇਰਾ ਆਤਮਾ ਮੇਰੀ ਖ਼ਾਕ ਉਸੇ ਵਸੇ ਖੇੜੀ, ਖੇੜਾ ਘਰ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਲਾਸ਼ ਕਹੇ ਪ੍ਰਭੂ ਜੇ ਮੈਂ ਨਾ ਹੁੰਦੀ, ਤੂੰ ਹੋਂਦ ਵਿਚ ਕਦੇ ਨਾ ਆਇੰਦਾ । ਤੇਰੀ ਜੋਤ ਸ਼ਬਦ ਧਾਰ ਕਦੇ ਨਾ ਕੂੰਦੀ, ਧੁਰ ਦੇ ਰਾਗ ਨਾ ਕੋਇ ਦ੍ਰਿੜਾਇੰਦਾ । ਤੇਰੀ ਸੂਰਤ ਹੁੰਦੀ ਨਾ ਪੈਗ਼ੰਬਰ ਗੁਰ ਦੀ, ਢੋਲਾ ਨਾ ਕੋਇ ਸੁਣਾਇੰਦਾ । ਤੇਰੀ ਵਡਿਆਈ ਨਾ ਹੁੰਦੀ ਸ਼ੁਰੂ ਦੀ, ਸ਼ਰਅ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਇੰਦਾ । ਲਾਸ਼ ਕਹੇ ਮੇਰਿਆ ਮਹਿਬੂਬਾ, ਮਿਹਰਵਾਨ ਤੇਰੀ ਸਰਨਾਈਆ । ਤੇਰਾ ਖੇਲ ਅਜੀਬਾ, ਅਜਬ ਤੇਰੀ ਚਤੁਰਾਈਆ । ਜੇ

੧੩੧੯
੨੩

ਮੇਰਾ ਤਨ ਨਾ ਹੁੰਦਾ ਵਜੂਦਾ, ਤੇਰੀ ਵਜਹ ਨਾ ਕੋਈ ਸਮਝਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਬਣਦੀ ਨਾ ਕੋਇ ਹਦੂਦਾ, ਨਾਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਦੇ ਖੁਲਾਈਆ । ਲਾਸ਼ ਕਹੇ ਮੇਰੇ ਪੀਰਨ ਪੀਰਨੇ, ਪਾਤਸ਼ਾਹ ਵਲੀ ਅਲਾਹ । ਮੇਰੇ ਵਿਛੜਨ ਨਾਲ ਸਾਰੇ ਪਾਉਂਦੇ ਕੀਰਨੇ, ਰੋਂਦੇ ਭੈਣ ਭਰਾ । ਕੀ ਤੇਰਾ ਖੇਲ ਅਖ਼ੀਰਨੇ, ਖੈਰ ਖਾਹ ਦੇਣਾ ਸਮਝਾ । ਕਿਸ ਬਿਧ ਤਤਾਂ ਤਤ ਪੀੜਨੇ, ਨਾਮ ਨਿਸ਼ਾਨ ਦੇਣਾ ਮਿਟਾ । ਕਿਸੇ ਸਮਝ ਨਾ ਆਈ ਪੀਰ ਫ਼ਕੀਰਨੇ, ਭੇਵ ਸਕਿਆ ਨਾ ਕੋਇ ਖੁਲਾ । ਇਕ ਮਾਰਗ ਬਣਾਉਣੇ ਭਗਤ ਤਸਵੀਰ ਨੇ, ਤਸੱਵਰ ਦੇ ਕਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾ । ਲਾਸ਼ ਕਹੇ ਪ੍ਰਭੂ ਮੇਰਾ ਰਿਸ਼ਤਾ ਵੇਖ ਲੈ ਜਗ, ਜਗ ਜੀਵਣ ਦਾਤੇ ਧਿਆਨ ਲਗਾਈਆ । ਅੰਤ ਸਾੜਦੇ ਲਾ ਕੇ ਅੱਗ, ਮੁਹੱਬਤ ਤੋੜ ਨਾ ਕੋਇ ਨਿਭਾਈਆ । ਮੈਂ ਝੂਠੇ ਪਿਆਰ ਵਿਚ ਗਈ ਬੱਝ, ਮਮਤਾ ਵਿਚ ਹਲਕਾਈਆ । ਅੰਤ ਸਾਰੇ ਗਏ ਛਡ, ਸੰਗੀ ਸਾਥੀ ਨਜ਼ਰ ਕੋਇ ਨਾ ਆਈਆ । ਮੈਨੂੰ ਸ਼ਮਸ਼ਾਨ ਭੂਮੀਆਂ ਮਕਬਰਿਆਂ ਵਿਚ ਕੀਤਾ ਅੱਡ, ਕਬਰਾਂ ਵਿਚ ਦਫ਼ਨਾਈਆ । ਨਾਰ ਕੰਤ ਪਿਤਾ ਪੂਤ ਪਿਆਰ ਕਰੇ ਨਾ ਕੋਈ ਵਿਚੋਂ ਸੰਗ, ਸਗਲਾ ਸੰਗੀ ਨਜ਼ਰ ਕੋਇ ਨਾ ਆਈਆ । ਆਖ਼ਰ ਕਦਮਾਂ ਵਾਲੀ ਮਾਰ ਕੇ ਹੱਦ, ਹਦੂਦਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਲਾਸ਼ ਕਹੇ ਮੇਰਾ ਕੋਈ ਨਾ ਸੱਜਣ ਮੀਤਾ, ਮਿਤ੍ਰੋ ਦਿਆਂ ਜਣਾਈਆ । ਪਿਆਰ ਕਰੇ ਕੋਇ ਨਾ ਚੀਤਾ, ਰਸਨਾ ਰਸ ਨਾ ਕੋਇ ਵਡਿਆਈਆ । ਜਿਹੜੇ ਬਹੁਤੇ ਸਕੇ ਤੇ ਮੇਰਾ ਤਿਆਰ ਕਰਨ ਅੰਗੀਠਾ, ਪਿਤਾ ਪੂਤ ਪੂਤ ਪਿਤਾ ਨੂੰ ਹੱਥੀਂ ਅਗਨੀ ਦੇਣ ਲਗਾਈਆ । ਇਹੋ ਜਿਹਾ ਮੈਂ ਕੂੜ ਜਹਾਨ ਡਿਠਾ, ਇਕੱਲਿਆਂ ਛਡ ਕੇ ਭੱਜਣ ਵਾਹੋ ਦਾਹੀਆ । ਮੈਨੂੰ ਸੜਦੀ ਨੂੰ ਵੇਖ ਕੇ ਦੇ ਜਾਣ ਪਿੱਠਾ, ਮੁਖ ਘਰਾਂ ਵੱਲ ਭਵਾਈਆ । ਨਾਲੇ ਆਪਣੇ ਉਤੇ ਮਾਰਦੇ ਪਾਣੀ ਦੀਆਂ ਛਿੱਟਾਂ, ਪਵਿਤ੍ਰ ਲੈਣ ਬਣਾਈਆ । ਲਾਸ਼ ਕਹੇ ਭਗਤੋ ਅਗਲੀ ਰੀਤੀ ਹੋਰ ਗੁਰਮੁਖਾਂ ਦੇ ਮਸਤਕ ਲਾਇਆ ਜਾਏਗਾ ਟਿੱਕਾ, ਸੁਨਹਿਰੀ ਰੰਗ ਸੁਹਾਈਆ । ਜੋ ਸਾਹਿਬ ਦਵਾਰੇ ਵਿਕਾ, ਕੀਮਤ ਹਰ ਘਟ ਪਾਈਆ । ਜਿਥੇ ਲੇਖਾ ਨਹੀਂ ਵੱਡਾ ਨਿੱਕਾ, ਬਿਰਧ ਬਾਲ ਨਾ ਕੋਇ ਅਖਵਾਈਆ । ਜੋ ਆਦਿ ਜੁਗਾਦੀ ਸਭ ਦਾ ਪਿਤਾ, ਪੁਰਖ ਅਕਾਲ ਅਗੰਮ ਅਥਾਹੀਆ । ਸੋ ਭਗਤਾਂ ਕਰੇ ਹਿਤਾ, ਹਿਤਕਾਰੀ ਧੁਰਦਰਗਾਹੀਆ । ਜਿਸ ਗੁਰਮੁਖ ਚੜ੍ਹਨ ਨਹੀਂ ਦਿਤਾ ਉਪਰ ਚਿਤਾ, ਬਿਨਾ ਚਿਖਾ ਤੋਂ ਲਿਆ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਲਾਸ਼ ਕਹੇ ਮੇਰੇ ਭਗਵਾਨ, ਭਗਵਨ ਤੇਰੀ ਸਰਨਾਈਆ । ਮੇਰਿਆਂ ਤਤਾਂ ਵਿਚ ਆਤਮਾ ਦੇ ਦੇ ਦਾਨ, ਖ਼ਾਲੀ ਝੋਲੀ ਦੇ ਭਰਾਈਆ । ਮੇਰੇ ਵਜੂਦ ਦੀ ਕਰ ਕਲਿਆਣ, ਕਲਮਾ ਇਕ ਸਮਝਾਈਆ । ਤਿੰਨ ਲੋਕ ਤੇਰੇ ਦਰ ਕਰਨ ਧਿਆਨ, ਬੈਠੇ ਅੱਖ ਉਠਾਈਆ । ਭਗਤਾਂ ਪਿਛੇ ਤੂੰ ਖਾਧਾ ਨਹੀਂ ਪਕਵਾਨ, ਇਹ ਤੇਰੀ ਬੇਪ੍ਰਵਾਹੀਆ । ਅਗੇ ਵਾਸਤੇ ਸਭ ਨੂੰ ਦੇਣਾ ਮਾਣ, ਸਿਰ ਸਿਰ ਹੱਥ ਟਿਕਾਈਆ । ਦੁੱਖ ਭੁੱਖ ਦਾ ਮੇਟ ਨਿਸ਼ਾਨ, ਸੁਖ ਦੇਣਾ ਫਿਰਾਈਆ । ਮੇਰੇ ਆਦਿ ਜੁਗਾਦੀ ਰਾਮ, ਧੁਰ ਦੇ ਕਾਹਨ ਬੇਪਰਵਾਹੀਆ । ਤੂੰ ਨੂਰ ਅਲਾਹੀ ਵਡ ਅਮਾਮ, ਮਿਹਰ ਨਜ਼ਰ ਉਠਾਈਆ । ਮੇਰਾ ਸਜਦਾ ਕਰੀਂ ਪ੍ਰਵਾਨ, ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਿਰ ਆਪਣਾ ਹੱਥ ਰਖਾਈਆ । ਲਾਸ਼ ਕਹੇ ਪ੍ਰਭੂ ਮੇਰਾ ਖ਼ੁਸ਼ੀਆਂ ਵਾਲਾ ਹਿੱਸਾ, ਹੱਸ ਕੇ ਦਿਆਂ ਸੁਣਾਈਆ । ਤੂੰ ਭੋਜਨ ਖਾਣਾ ਰੁੱਖਾ ਮਿੱਸਾ, ਰਸਨਾ ਰਸ ਨਾ ਕੋਇ ਵਡਿਆਈਆ । ਸਵਾ ਪਾ ਪ੍ਰਸ਼ਾਦ ਵਿਚੋਂ ਉਸ ਦੇ ਵਿਚ ਪਾਣ ਮਿੱਠਾ, ਤੋਲੇ ਢਾਈ ਵੰਡ ਵੰਡਾਈਆ । ਇਹ ਤੇਰਾ ਖੇਲ ਨੀਕਨ ਨਿੱਕਾ, ਵਡ ਵੱਡਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਲਾਸ਼ ਕਹੇ ਮੇਰੇ ਪੰਜਾਂ ਤਤਾਂ ਦੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਜੋ ਤੂੰ ਖ਼ੁਸ਼ੀਆਂ ਨਾਲ ਖਾਣਾ ਅਹਾਰ, ਹਰਿ ਆਪਣੀ ਦਇਆ ਕਮਾਈਆ । ਉਸ ਨੂੰ ਪੰਜ ਗੁਰਮੁਖ ਕਰਨ ਤਿਆਰ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਚੌਕੇ ਉਤੇ ਕਢ ਕੇ ਪੰਜ ਲਕਾਰ, ਫੇਰ ਸੇਵਾ ਲੈਣ ਕਮਾਈਆ । ਮਸਤਕ ਉਤੇ ਕਰ ਨਿਮਸਕਾਰ, ਹੱਥ ਹੱਥਾਂ ਨਾਲ ਬਦਲਾਈਆ । ਤੂੰ ਕਿਰਪਾ ਕਰੀਂ ਅਪਾਰ, ਕਿਰਪਾਲ ਹੋਣਾ ਸਹਾਈਆ । ਜਨ ਭਗਤਾਂ ਭੁੱਖਿਆਂ ਭਰੀਂ ਭੰਡਾਰ, ਅਤੋਟ ਅਤੁਟ ਵਰਤਾਈਆ । ਨਾਲੇ ਮੁਰਦੇ ਦਈਂ ਜਵਾਲ, ਜਗ ਜੀਵਣ ਦਾਤੇ ਹੋਣਾ ਆਪ ਸਹਾਈਆ । ਤੇਰਾ ਪ੍ਰਸ਼ਾਦਾ ਹੋਵੇ ਬਿਨਾ ਦਾਲ, ਦਲਿਦ੍ਰੀਆਂ ਦਲਿਦ੍ਰ ਜਗਤ ਦੇਣਾ ਚੁਕਾਈਆ । ਫੇਰ ਸੁਣੀ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਆਪਣੇ ਵਕਤ ਨੂੰ ਲੈਣਾ ਸੰਭਾਲ, ਸੰਬਲ ਦੇ ਮਾਲਕ ਅਗੰਮ ਅਥਾਹੀਆ । ਜਨ ਭਗਤਾਂ ਲੈਣਾ ਉਠਾਲ, ਫੜ ਬਾਹੋਂ ਗਲੇ ਲਗਾਈਆ । ਤੂੰ ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਤੇਰੀ ਸਰਨਾਈਆ । ਭੋਗ ਲਗਾਉਣਾ ਦੋਹਾਂ ਨੂੰ ਇਕੱਠੇ ਰਖਣ ਪ੍ਰਸ਼ਾਦ ਦੇ ਥਾਲ, ਥਲਾਂ ਜਲਾਂ ਹੋਣਾ ਸਹਾਈਆ । ਜਨ ਭਗਤਾਂ ਪੋਹ ਨਾ ਸਕੇ ਕਾਲ, ਤੇਰੇ ਚਰਨ ਮਿਲੇ ਸਰਨਾਈਆ । ਅੱਠ ਕੱਤਕ ਕਹੇ ਮੈਂ ਹੋਇਆ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਸੁਣਾਈਆ । ਜਨ ਭਗਤੋ ਤੁਸੀਂ ਪ੍ਰਭੂ ਦੇ ਲਾਲ, ਅਨਮੁੱਲੇ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨਾਂ ਖੇਲਣਾ ਗੋਦੀ ਵਿਚ ਬਾਲ, ਬਾਲ ਅੰਞਾਣੇ ਲਏ ਉਠਾਈਆ । ਸਭ ਦੀ ਲੇਖੇ ਲਾਏ ਘਾਲ, ਜੋ ਚਲ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਕਰਨਹਾਰ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ ।

## ✪ ਰਾਤ ਨੂੰ ਹੀ ਇੱਕੀ ਸਿੱਖਾਂ ਦੇ ਇੱਕੀ ਮਿੰਟ ਸ਼ਬਦ ਪੜ੍ਹਨ ਤੋਂ ਬਾਦ ਕਿਰਪਾ ਕੀਤੀ ✪

ਨੌਂ ਰੰਗ ਕਹਿਣ ਸਾਡਾ ਫੁਲਨ ਬਣਿਆ ਵਿਛੌਣਾ, ਜਗਤ ਵਿਸ਼ਿਆਂ ਤੋਂ ਬਾਹਰ ਵਡਿਆਈਆ । ਅਸਾਂ ਇਕੋ ਪੁਰਖ ਮਨਾਉਣਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਸਦਾ ਉਸੇ ਦਾ ਢੋਲਾ ਗਾਉਣਾ, ਜੋ ਮਾਲਕ ਧੁਰਦਰਗਾਹੀਆ । ਉਸੇ ਦੀ ਸੇਜੇ ਸੌਣਾ, ਜੋ ਵਿਛੜ ਕਦੇ ਨਾ ਜਾਈਆ । ਉਸੇ ਦਾ ਦਰਸ਼ਨ ਪਾਉਣਾ, ਜੋ ਦੁਖੜੇ ਦਏ ਮਿਟਾਈਆ । ਉਸ ਦਾ ਰੰਗ ਰੰਗਾਉਣਾ, ਜਿਸ ਦੀ ਰੰਗਤ ਅਗੰਮ ਅਥਾਹੀਆ । ਆਪ ਆਪਾ ਭੇਟ ਚੜ੍ਹਾਉਣਾ, ਜਗਤ ਛਡਣੀ ਮਾਣ ਵਡਿਆਈਆ । ਜਨ ਭਗਤਾਂ ਹੁਕਮ ਸੁਣਾਉਣਾ, ਖ਼ੁਸ਼ੀਆਂ ਵਿਚ ਸੁਣਾਈਆ । ਆਤਮ ਧਾਰ ਪਰਮਾਤਮ ਇਕੋ ਕੰਤ ਹੰਢਾਉਣਾ, ਦੂਸਰ ਖੌਤ ਖ਼ਸਮ ਨਾ ਕੋਇ ਬਣਾਈਆ । ਜਿਸ ਲੱਖ ਚੁਰਾਸੀ ਵਿਚੋਂ ਬਚਾਉਣਾ, ਆਵਣ ਜਾਵਣ ਗੇੜ ਕਟਾਈਆ । ਸਚਖੰਡ

੧੩੨੧
੨੩

ਦਵਾਰ ਟਿਕਾਉਣਾ, ਦਰਗਾਹ ਸਾਚੀ ਸਚ ਸੁਹਾਈਆ । ਥਿਰ ਘਰ ਮੇਲਾ ਮੇਲ ਮਿਲਾਉਣਾ, ਮਿਲਣੀ ਹਰਿ ਜਗਦੀਸ਼ ਕਰਾਈਆ । ਸਚਖੰਡ ਦਵਾਰ ਟਿਕਾਉਣਾ, ਟਿੱਕੇ ਮਸਤਕ ਨਾਮ ਰਮਾਈਆ । ਓਸ ਪ੍ਰਭੂ ਦੇ ਢੋਲੇ ਗਾਉਣਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਘਰ ਠਾਕਰ ਇਕ ਮਨਾਉਣਾ, ਨਿਵ ਨਿਵ ਸੀਸ ਝੁਕਾਈਆ । ਜਨ ਭਗਤੋ ਜਿਸ ਬਿਨ ਭਗਤੀਉਂ ਪਾਰ ਕਰਾਉਣਾ, ਕਰਮ ਕਾਂਡ ਦਾ ਲੇਖਾ ਦਏ ਮਿਟਾਈਆ । ਤਿਸ ਦੀ ਧੂੜੀ ਖ਼ਾਕ ਰਮਾਉਣਾ, ਜੋ ਅੰਦਰੋਂ ਤਾਕ ਖੁਲਾਈਆ । ਜਿਸ ਦਾ ਸੁਹੰਜਣਾ ਹੋਇਆ ਵਿਛਾਉਣਾ, ਪ੍ਰੇਮ ਭਗਤੀ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦ ਆਪਣੇ ਸੰਗ ਰਖਾਉਣਾ, ਸਗਲਾ ਸੰਗੀ ਹੋ ਕੇ ਸਦ ਆਪਣੀ ਦਇਆ ਕਮਾਈਆ ।

### ✪ ੧੪ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਹੌਣ ਜ਼ਿਲਾ ਲੁਧਿਆਣਾ ਜਰਨੈਲ ਸਿੰਘ ਦੇ ਗ੍ਰਹਿ ✪

ਚੌਦਾਂ ਕੱਤਕ ਕਹੇ ਮੇਰਾ ਦਿਵਸ ਸੁਹੰਜਣਾ ਚੜ੍ਹਿਆ, ਚੜ੍ਹਦਾ ਲਹਿੰਦਾ ਦੱਖਣ ਪਹਾੜ ਵੇਖ ਵਖਾਈਆ । ਮੈਂ ਨਿਰਗੁਣ ਨਿਰਾਕਾਰ ਨਿਰੰਕਾਰ ਨਿਰਵੈਰ ਦਾ ਨਿਸ਼ਅੱਖਰ ਪੜ੍ਹਿਆ, ਜਿਸ ਦਾ ਨਿਸ਼ਾਨ ਲੋਕਮਾਤ ਨਜ਼ਰ ਕੋਇ ਨਾ ਆਈਆ । ਜੋਤੀ ਜਾਤੇ ਪੁਰਖ ਬਿਧਾਤੇ ਅਗੰਮੀ ਘਾੜਨ ਘੜਿਆ, ਘੜਨ ਭੰਨਣਹਾਰ ਦਿਤੀ ਆਪ ਵਡਿਆਈਆ । ਮਿਹਰਵਾਨ ਮਹਿਬੂਬ ਮੇਰੇ ਸਾਹਮਣੇ ਬਿਨਾ ਅੱਖਾਂ ਤੋਂ ਧਰਿਆ, ਧਰਨੀ ਧਰਤ ਧਵਲ ਧੌਲ ਵੇਖਣ ਕੋਇ ਨਾ ਪਾਈਆ । ਖੇਲ ਅਗੰਮਾ ਸ੍ਰੀ ਭਗਵਾਨ ਨਿਰਗੁਣ ਹੋ ਕੇ ਕਰਿਆ, ਕਰਤਾ ਪੁਰਖ ਰਿਹਾ ਜਣਾਈਆ । ਮੇਰਾ ਭੈ ਭਓ ਚੁਕਾ ਕੇ ਡਰਿਆ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਠ ਵੇਖ ਲੈ ਚੌਦਾਂ ਤਬਕ ਦਾ ਘਰਿਆ, ਚੌਦਾਂ ਲੋਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਚੌਦਾਂ ਤਬਕ ਕਹਿਣ ਸਾਡੀ ਜਾਣੇ ਕੋਇ ਨਾ ਤਬਾ, ਤਬੀਅਤ ਸਮਝ ਕਿਸੇ ਨਾ ਆਈਆ । ਸਾਡਾ ਮਾਲਕ ਨੂਰ ਅਲਾਹੀ ਰੱਬਾ, ਰੱਬੇ ਆਲਮੀਨ ਜਿਸ ਨੂੰ ਸਾਰੇ ਕਹਿ ਕੇ ਰਹੇ ਸੁਣਾਈਆ । ਜੋ ਆਦਿ ਜੁਗਾਦੀ ਦੋ ਜਹਾਨ ਅੱਬਾ, ਅੰਮੀਜਾਨ ਇਕ ਅਖਵਾਈਆ । ਜਿਸ ਜਗਤ ਜਹਾਨ ਵੇਖਣੀ ਕੂੜ ਦੀ ਸਭਾ, ਸੁਬਹ ਸ਼ਾਮ ਸ਼ਬੇ ਰੋਜ਼ ਧਿਆਨ ਲਗਾਈਆ । ਓਹ ਪਰਵਰਦਿਗਾਰਾ ਸਾਂਝਾ ਯਾਰਾ ਏਕਾ ਨਾਮ ਸੁਣਾਏ ਨਾਦਾ, ਅਨਹਦ ਨਾਦੀ ਧੁਨ ਕਰੇ ਸ਼ਨਵਾਈਆ । ਜਿਸ ਨੇ ਗ੍ਰਹਿ ਅੰਦਰ ਵੇਖਣੀ ਸਾਡੀ ਜਗਹ, ਥਾਨ ਥਨੰਤਰ ਫੋਲ ਫੁਲਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਭ ਨੂੰ ਦੇਵਣ ਵਾਲਾ ਸਜ਼ਾ, ਲਹਿਣੇ ਦੇਣੇ ਸਭ ਦੇ ਫੋਲ ਫੁਲਾਈਆ । ਦਰੋਹੀ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਾਜੀ ਮੁੱਲਾ ਸ਼ੇਖ਼ ਮੁਸਾਇਕ ਰੋਵਣ ਮਾਰਨ ਧਾਹੀਂਆ । ਸੂਫ਼ੀ ਦਿਸੇ ਨਾ ਕੋਇ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੌਦਾਂ ਕੱਤਕ ਕਹੇ ਅਵਤਾਰ ਪੈਗ਼ੰਬਰ ਨਿਗਾਹ ਮਾਰੋ ਗੁਰੂ ਗੁਰਦੇਵਾ, ਦੇਵ ਆਤਮਾ ਧਿਆਨ ਲਗਾਈਆ । ਖੇਲ ਤੱਕੋ ਪਾਰਬ੍ਰਹਮ ਪਤਿਪਰਮੇਸ਼ਵਰ ਅਲਖ ਅਭੇਵਾ, ਕੀ ਅਗੋਚਰ ਆਪਣੀ ਕਾਰ ਕਮਾਈਆ । ਅੰਤਰ ਆਤਮ ਪਰਮਾਤਮ ਰਸ ਚੱਖੇ ਮੇਵਾ, ਕੂੜ


੧੩੨੨
੨੩

ਰਸ ਜਗਤ ਜਹਾਨ ਤਜਾਈਆ । ਨਿਹਚਲ ਧਾਮ ਉਠੋ ਵੇਖੇ ਕੀ ਖੇਲ ਕਰੇ ਵਡ ਦੇਵੀ ਦੇਵਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਉਠਾਈਆ । ਜਿਸ ਦਾ ਨਾਮ ਦ੍ਰਿੜਾਇਆ ਰਸਨਾ ਜਿਹਵਾ, ਬੱਤੀ ਦੰਦਾਂ ਸਿਫ਼ਤ ਸਲਾਹੀਆ । ਸੋ ਪੁਰਖ ਨਿਰੰਜਣ ਖੇਲ ਖੇਲੇ ਅਲਖ ਅਭੇਵਾ, ਅਗੰਮ ਅਥਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵੱਡਾ ਵਡ ਵਡਿਆਈਆ । ਚੌਦਾਂ ਕੱਤਕ ਕਹੇ ਮੈਨੂੰ ਦਿਸੇ ਨਾ ਚੌਦਸ ਚੰਦ, ਚੌਦਾਂ ਤਬਕ ਸਚ ਸਬਕ ਨਾ ਕੋਇ ਜਣਾਈਆ । ਮੇਰੀ ਮਨਸਾ ਪੂਰੀ ਹੋਵੇ ਨਾ ਮਨ, ਮਮਤਾ ਮੋਹ ਨਾ ਕੋਇ ਮਿਟਾਈਆ । ਮੈਂ ਸੰਦੇਸਾ ਸੁਣਾਂ ਬਿਨ ਸਰਵਣ ਕੰਨ, ਬਿਨ ਰਸਨਾ ਦੇਣਾ ਜਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਭਾਂਡਾ ਭਰਮ ਦੇਵੇ ਕੋਇ ਨਾ ਭੰਨ, ਭਰਮ ਗੜ੍ਹ ਨਾ ਕੋਇ ਤੁੜਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਨਜ਼ਰ ਨਾ ਆਏ ਬ੍ਰਹਮ, ਪਾਰਬ੍ਰਹਮ ਮਿਲਣ ਕੋਇ ਨਾ ਆਈਆ । ਮੈਂ ਜੀਵਾਂ ਜੰਤਾਂ ਸਾਧਾਂ ਸੰਤਾਂ ਪਵਣ ਸਵਾਮੀ ਤੱਕਿਆ ਦਮ, ਦਾਮਨਗੀਰ ਪੱਲੂ ਨਾ ਕੋਇ ਫੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਹੋਇਆ ਗ਼ਮ, ਖ਼ੁਸ਼ੀ ਵਿਚ ਖ਼ੁਸ਼ਹਾਲ ਨਜ਼ਰ ਕੋਇ ਨਾ ਆਈਆ । ਚੌਦਾਂ ਲੋਕ ਕਹਿਣ ਸਤਿ ਰਿਹਾ ਨਾ ਕਿਸੇ ਦਾ ਧਰਮ, ਧਰਮ ਦੀ ਧਾਰ ਨਾ ਕੋਇ ਵਖਾਈਆ । ਕਲਜੁਗ ਕੂੜ ਕੁੜਿਆਰਾ ਵਧਿਆ ਕਰਮ, ਕੁਕਰਮ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਚੌਦਾਂ ਕੱਤਕ ਕਹੇ ਮੇਰਾ ਦਿਵਸ ਮਹਾਨਾ, ਜਨ ਭਗਤੇ ਦਿਆਂ ਜਣਾਈਆ । ਅੰਤਰ ਆਤਮ ਤੱਕੇ ਸ੍ਰੀ ਭਗਵਾਨਾ, ਬਾਹਰ ਵੇਖਣ ਕੋਇ ਨਾ ਪਾਈਆ । ਨਿਰਗੁਣ ਨੂਰ ਜੋਤ ਤੱਕੋ ਬਿਨਾ ਜ਼ਿਮੀਂ ਅਸਮਾਨਾ, ਗ੍ਰਹਿ ਮੰਦਰ ਖੋਜ ਖੁਜਾਈਆ । ਸ਼ਬਦ ਨਾਦ ਸੁਣੇ ਧੁਨਕਾਨਾ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਰਸ ਨਿਝਰ ਝਿਰਨਿਉਂ ਮਿਲੇ ਪੀਣਾ ਖਾਣਾ, ਬੂੰਦ ਸਵਾਂਤੀ ਨਾਭੀ ਕਵਲ ਆਪ ਟਪਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਓ ਗਾਣਾ, ਗਹਿਰ ਗੰਭੀਰ ਬੇਨਜ਼ੀਰ ਦਰਸ਼ਨ ਦੇਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਚੌਦਾਂ ਕੱਤਕ ਕਹੇ ਸਤਿਗੁਰ ਸ਼ਬਦ ਤੇਰਾ ਕੀ ਇਸ਼ਾਰਾ, ਬਿਨ ਨੈਣਾਂ ਦੇ ਦ੍ਰਿੜਾਈਆ । ਕੀ ਸੰਦੇਸਾ ਦੇਣ ਤੇਈ ਅਵਤਾਰਾ, ਵੇਦ ਵਿਆਸ ਕੀ ਸਮਝਾਈਆ । ਪੈਗ਼ੰਬਰਾਂ ਦੱਸ ਕਿਹੜਾ ਅੰਤ ਕਿਨਾਰਾ, ਨਈਆ ਨੌਕਾ ਕਵਣ ਘਾਟ ਲਗਾਈਆ । ਗੁਰੂ ਗੁਰਦੇਵ ਸਵਾਮੀ ਸਤਿ ਦਾ ਦੇ ਸਹਾਰਾ, ਸਹਾਇਕ ਨਾਇਕ ਆਪਣੀ ਦਇਆ ਕਮਾਈਆ । ਜਿਧਰ ਤੱਕੀਏ ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਚੌਦਾਂ ਤਬਕ ਰੋਵਣ ਜ਼ਾਰੋ ਜ਼ਾਰਾ, ਚੌਦਾਂ ਲੋਕ ਨੀਰ ਵਹਾਈਆ । ਚੌਦਾਂ ਵਿਦਿਆ ਕਰੇ ਪੁਕਾਰਾ, ਕੂਕ ਕੂਕ ਸੁਣਾਈਆ । ਚੌਦਸ ਚੰਦ ਨਾ ਕੋਇ ਚਮਤਕਾਰਾ, ਅੰਧ ਅੰਧੇਰ ਨਾ ਕੋਇ ਮਿਟਾਈਆ । ਤੂੰ ਸਾਹਿਬ ਸਵਾਮੀ ਸਭ ਦਾ ਸਾਜਣ ਮੀਤ ਮੁਰਾਰਾ, ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ । ਹੁਕਮ ਸੰਦੇਸਾ ਦੇ ਦੇ ਏਕੰਕਾਰਾ, ਅਕਲ ਕਲਧਾਰੀ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਪੁਰਖ ਅਕਾਲ ਕਹੇ ਸੁਣ ਲਾਡਲੇ ਚੌਦਾਂ ਕੱਤਕ, ਕਾਰਤਕ ਦਿਆਂ ਜਣਾਈਆ । ਤੂੰ ਐਵੇਂ ਨਾ ਭਟਕ, ਤੇਰੀ ਭਟਕਣਾ ਦਿਆਂ ਮਿਟਾਈਆ । ਧੁਰ ਦੇ ਸ਼ਬਦ ਦਾ ਚੜ੍ਹਨ ਵਾਲਾ ਕਟਕ, ਅਟਕ ਤੋਂ ਪਰੇ ਦਿਆਂ ਉਠਾਈਆ । ਤੂੰ ਫਿਰਨਾ ਨਾਲ ਮਟਕ, ਜਗਤ ਜਹਾਨ ਵੇਖ

ਵਖਾਈਆ । ਮੇਰਾ ਹੁਕਮ ਵਰਤਣਾ ਸਖ਼ਤ, ਅਗੇ ਹੋ ਨਾ ਕੋਇ ਅਟਕਾਈਆ । ਮੇਰਾ ਸ਼ਬਦ ਦੁਲਾਰਾ ਜਿਗਰੇ ਲਖ਼ਤ, ਸੁਤ ਦੁਲਾਰਾ ਇਕ ਅਖਵਾਈਆ । ਜਿਸ ਨੌ ਖੰਡ ਪ੍ਰਿਥਮੀ ਪਾਉਣਾ ਬਖ਼ਤ, ਸੁਰਤ ਸੰਭਲੇ ਕੋਇ ਨਾ ਰਾਈਆ । ਜਗਤ ਸੁਹੰਜਣਾ ਧੁਰ ਧਰਮ ਦਾ ਹੋਣਾ ਵਕਤ, ਵਿਅਕਤੀ ਆਪਣੇ ਰੰਗ ਰੰਗਾਈਆ । ਮੈਂ ਕੋਟਾਂ ਵਿਚੋਂ ਸੁਹੇਲੇ ਤਾਰਨੇ ਧੁਰ ਦੇ ਭਗਤ, ਭਗਵਨ ਹੋ ਕੇ ਰੰਗ ਰੰਗਾਈਆ । ਆਤਮ ਧਾਰ ਬਖ਼ਸ਼ ਕੇ ਸ਼ਕਤ, ਸ਼ਖ਼ਸੀਅਤ ਦੇਣੀ ਸਮਝਾਈਆ । ਜਨਮ ਕਰਮ ਦਾ ਲਹਿਣਾ ਦੇਣਾ ਪੂਰਾ ਕਰਕੇ ਕਰਜ਼, ਮਕਰੂਜ਼ ਹੋ ਕੇ ਝੋਲੀ ਦਿਆਂ ਭਰਾਈਆ । ਲੇਖੇ ਲਾ ਕੇ ਹਰਿਜਨ ਅਰਜ਼, ਆਰਜ਼ੂ ਸਭ ਦੀ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੁਰਖ ਅਕਾਲ ਕਹੇ ਚੌਦਾਂ ਕੱਤਕ ਤੇਰਾ ਇਕੋ ਅਗੰਮੀ ਮੀਤਾ, ਮਿਤ੍ਰ ਪਿਆਰਾ ਇਕ ਅਖਵਾਈਆ । ਜੋ ਜੁਗ ਚੌਕੜੀ ਬਦਲੇ ਰੀਤਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਜਿਸ ਨੂੰ ਸਾਰੇ ਕਹਿਣ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਅਗੰਮ ਅਥਾਹੀਆ । ਓਹ ਤੇਰਾ ਸੀਨਾ ਕਰੇ ਠਾਂਡਾ ਸੀਤਾ, ਅਗਨੀ ਅੱਗ ਬੁਝਾਈਆ । ਜਿਸ ਝਗੜਾ ਮੇਟਣਾ ਮੰਦਰ ਮਸੀਤਾ, ਸ਼ਿਵਦਵਾਲੇ ਮੱਠਾਂ ਚਰਚਾਂ ਕਾਅਬਿਆਂ ਕਰੇ ਰੁਸ਼ਨਾਈਆ । ਉਹ ਲੱਖ ਚੁਰਾਸੀ ਘਟ ਨਿਵਾਸੀ ਵੇਖਣਹਾਰਾ ਨੀਤਾ, ਨੀਤੀਵਾਨ ਧੁਰ ਦਾ ਮਾਹੀਆ । ਸੋ ਪੁਰਖ ਨਿਰੰਜਣ ਆਦਿ ਜੁਗਾਦੀ ਠਾਂਡਾ ਸੀਤਾ, ਅਗਨੀ ਤਤ ਦਏ ਬੁਝਾਈਆ । ਜਿਸ ਦਾ ਭਾਣਾ ਸਭ ਨੂੰ ਲਾਗੇ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜ ਕੁੜਿਆਰਾ ਭੰਨੇ ਕੌੜਾ ਰੀਠਾ, ਵਿਖ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਚੋਲੀ ਚਾੜ੍ਹੇ ਰੰਗ ਬਸੀਠਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਪੁਰਖ ਅਕਾਲ ਕਹੇ ਕੱਤਕ ਤੇਰਾ ਲਹਿਣਾ ਦੇਣਾ ਪੂਰਾ ਕਰਾਂ ਕਾਰਤਕ, ਕੁਦਰਤ ਦਾ ਕਾਦਰ ਹੋ ਕੇ ਵੇਖ ਵਖਾਈਆ । ਦੀਨ ਦੁਨੀ ਤੱਕਾਂ ਆਸਤਕ, ਅਸਲ ਅਸਲ ਦਾ ਪਰਦਾ ਆਪ ਚੁਕਾਈਆ । ਲਹਿਣੇ ਦੇਣੇ ਜਾਣਾ ਨਾਸਤਕ, ਚਾਰੋਂ ਕੁੰਟ ਫੋਲ ਫੁਲਾਈਆ । ਮੇਰਾ ਹੁਕਮ ਅਗੰਮਾ ਵਰਤੇ ਵਾਸਤਕ, ਦੂਸਰਾ ਸੰਗ ਨਾ ਕੋਇ ਰਖਾਈਆ । ਉਠ ਵੇਖ ਅੰਗੜਾਈ ਲਏ ਵਿਸ਼ਨੂੰ ਸੇਜਾ ਉਤੇ ਬਾਸ਼ਕ, ਤਸ਼ਕਾ ਗਲ ਲਟਕਾਈਆ । ਕੀ ਖੇਲ ਖਿਲਾਉਣਾ ਪੁਰਖ ਅਕਾਲੇ ਦੀਨ ਦਿਆਲੇ ਖ਼ਾਲਸ, ਧੁਰ ਦਾ ਹੁਕਮ ਕੀ ਜਣਾਈਆ । ਜਿਸ ਨੂੰ ਦੀਨ ਮਜ਼੍ਹਬ ਜ਼ਾਤ ਪਾਤ ਦਾ ਨਹੀਂ ਕੋਈ ਲਾਲਚ, ਲੋਭ ਮੋਹ ਵਿਕਾਰ ਹੰਕਾਰ ਸੰਗ ਨਾ ਕੋਇ ਰਖਾਈਆ । ਸੋ ਸਾਹਿਬ ਸਤਿਗੁਰ ਵੇਖਣਹਾਰਾ ਆਪਣੇ ਭਗਤ ਸੁਹੇਲੇ ਬਾਲਕ, ਬਾਲੀ ਬੁਧ ਧਿਆਨ ਲਗਾਈਆ । ਲੇਖਾ ਜਾਣੇ ਦੀਨ ਦੁਨੀ ਖ਼ਲਕ ਖ਼ਾਲਕ ਨਵ ਸੱਤ ਧਿਆਨ ਲਗਾਈਆ । ਹਰਿਜਨ ਸਚ ਹੋਵੇ ਪ੍ਰਿਤਪਾਲਕ, ਸਿਰ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ ਸੁਣ ਵੇਖ ਮੇਰੀ ਦਰਦ, ਦਰਦੀਆਂ ਦਰਦ ਵੰਡਾਈਆ । ਸ਼ਰਅ ਛੁਰੀ ਤੱਕ ਲੈ ਕਰਦ, ਕਾਤਲ ਮਕਤੂਲ ਰੂਪ ਬਦਲਾਈਆ । ਮੇਰੀ ਚਰਨ ਬੇਨੰਤੀ ਸੁਣ ਲੈ ਅਰਜ, ਆਰਜ਼ੂ ਤੇਰੇ ਕਦਮਾ ਵਿਚ ਰਖਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਭਗਵਨ ਰੂਪ ਅਗੰਮ ਅਥਾਹੀਆ । ਮੇਰੇ ਸਵਾਮੀਆਂ ਅੰਤਰਜਾਮੀਆਂ ਨੌ ਖੰਡ ਪ੍ਰਿਥਮੀ ਸੱਤ ਦੀਪ ਹੋਈ ਮੈਂ ਨਪੜਦ, ਓਢਣ ਸੀਸ ਨਜ਼ਰ ਕੋਇ ਨਾ ਆਈਆ ।



੧੩੨੪
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਆਦਿ ਜੁਗਾਦੀ ਮੰਗਤੀ, ਤੂੰ ਦੇਵਣਹਾਰ ਦਾਤਾਰ । ਮੇਰੀ ਖੇਲ ਜੁਗ ਜੁਗ ਭੁੱਖ ਨੰਗ ਦੀ, ਤੂੰ ਖ਼ਾਲੀ ਭਰੇ ਭੰਡਾਰ । ਮੈਂ ਆਸ਼ਾ ਰਖੀ ਤੇਰੀ ਅੰਗੀਕਾਰ ਅੰਗ ਦੀ, ਤੂੰ ਲੈਣਾ ਗੋਦ ਉਠਾਲ । ਮੈਨੂੰ ਵਸਤ ਦੇ ਦੇ ਇਕ ਅਨੰਦ ਦੀ, ਅਨੰਦ ਤੇਰੇ ਵਿਚੋਂ ਲਵਾਂ ਭਾਲ । ਮੈਨੂੰ ਸੂਰਤ ਵਖਾ ਦੇ ਉਸ ਅਗੰਮੀ ਚੰਨ ਦੀ, ਜਿਸ ਦਾ ਜਲਵਾ ਨੂਰ ਜੋਤ ਜਮਾਲ । ਜਿਸ ਖੇਲ ਖਿਲਾਉਣੀ ਖੰਡ ਬ੍ਰਹਿਮੰਡ ਦੀ, ਪੁਰੀਆਂ ਲੋਆਂ ਲਏ ਸੁਰਤ ਸੰਭਾਲ । ਜਿਸ ਆਸ਼ਾ ਪੂਰ ਕਰਾਉਣੀ ਜੇਰਜ ਅੰਡ ਦੀ, ਉਤਭੁਜ ਸੇਤਜ ਰਖੇ ਨਾਲ । ਜਿਸ ਭਾਵਣੀ ਵੇਖਣੀ ਨਵ ਨਵ ਖੰਡ ਦੀ, ਸੱਤਾਂ ਦੀਪਾਂ ਹਲ ਕਰੇ ਸਵਾਲ । ਜਿਸ ਸ਼ਰਅ ਦਵੈਤੀ ਢਾਹੁਣੀ ਕੰਧ ਦੀ, ਮੁਰੀਦਾਂ ਮੁਰਸ਼ਦ ਹੋ ਕੇ ਵੇਖੇ ਹਾਲ । ਜਿਸ ਧਾਰ ਚਲਾਉਣੀ ਇਕੋ ਪੰਜ ਦੀ, ਪੰਚਮ ਮੀਤਾ ਖੇਲ ਕਰੇ ਬੇਮਿਸਾਲ । ਉਸ ਦੀ ਹਾਥ ਨਹੀਂ ਮੁਹਾਣੇ ਵੰਝ ਦੀ, ਡੂੰਘੇ ਸਾਗਰ ਜਾਣੇ ਕੋਇ ਨਾ ਤਾਲ । ਤੇਰੀ ਖੇਲ ਵੇਖਣੀ ਸੂਰੇ ਸਰਬੰਗ ਦੀ, ਮੇਰੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਮਿਹਰਵਾਨ । ਧਰਨੀ ਕਹੇ ਮੇਰੇ ਉਤੇ ਸਦੀ ਚੌਧਵੀਂ ਜਾਵੇ ਲੰਘਦੀ, ਆਪ ਆਪਣਾ ਕਦਮ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰਾ ਹਲ ਕਰੀਂ ਸਵਾਲ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਮਿੱਟੀ ਖ਼ਾਕ, ਚਾਰੋਂ ਕੁੰਟ ਦੁਹਾਈਆ । ਰੂਹ ਬੁਤ ਰਿਹਾ ਕੋਇ ਨਾ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਅੰਤਰ ਖੁਲ੍ਹੇ ਨਾ ਕਿਸੇ ਤਾਕ, ਪਰਦਾ ਸਕੇ ਨਾ ਕੋਇ ਉਠਾਈਆ । ਤੂੰ ਆਪਣਾ ਪੂਰਾ ਕਰਦੇ ਭਵਿਖਤ ਵਾਕ, ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਦ੍ਰਿੜਾਈਆ । ਸ਼ਬਦ ਅਸਵ ਚੜ੍ਹ ਕੇ ਆਪ ਅਗੰਮੇ ਰਾਕ, ਦੋ ਜਹਾਨਾਂ ਆਪਣਾ ਫੇਰਾ ਪਾਈਆ । ਕੂੜ ਕੁੜਿਆਰ ਦੀ ਮੇਟ ਕੇ ਰਾਤ, ਰੁਤ ਸੁਹੰਜਣੀ ਦੇ ਵਖਾਈਆ । ਸਚ ਸੰਦੇਸਾ ਦੇ ਦੇ ਇਕੋ ਦੱਸ ਅਗੰਮੀ ਬਾਤ, ਮੇਰਾ ਪਰਦਾ ਦੇ ਉਠਾਈਆ । ਕਿਸ ਬਿਧ ਜਨ ਭਗਤਾਂ ਅੰਤਰ ਆਤਮ ਬਖ਼ਸ਼ੇ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹਰਿਜਨ ਸਾਚਿਆਂ ਪੁਛੇ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਮਿਹਰਵਾਨਾ ਸ੍ਰੀ ਭਗਵਾਨਾ ਆਤਮ ਪਰਮਾਤਮ ਗੁਰਮੁਖਾਂ ਜੋੜੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਆਪ ਮਿਲਾਈਆ । ਸੁਰਤ ਸ਼ਬਦ ਬਣਾ ਕੇ ਸੱਜਣ ਸਾਕ, ਸੈਣ ਇਕੋ ਇਕ ਅਖਵਾਈਆ । ਚੁਰਾਸੀ ਵਿਚੋਂ ਦੇ ਨਜਾਤ, ਨਿਜ ਘਰ ਆਪਣੇ ਲਏ ਬੈਠਾਈਆ । ਜਿਥੇ ਨਾ ਕੋਈ ਦਿਵਸ ਨਾ ਕੋਈ ਰਾਤ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਇਕੋ ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕ ਅਬਿਨਾਸ਼, ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਈਆ । ਜਨ ਭਗਤ ਸੁਹੇਲੇ ਜਗਤ ਇਕੇਲੇ ਜਿਨ੍ਹਾਂ ਦੀ ਅੰਤਮ ਪੁਛਣੀ ਵਾਤ, ਘਰ ਘਰ ਹੋਣਾ ਸਹਾਈਆ । ਧਰਨੀ ਕਹੇ ਮੇਰੀ ਲੇਖੇ ਲਾਉਣੀ ਚੌਦਾਂ ਕੱਤਕ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਹਰਿਜਨ ਮਸਤਕ ਧੂੜ ਬਖ਼ਸ਼ਣੀ ਖ਼ਾਕ, ਤਿਲਕ ਲਲਾਟੀ ਇਕ ਪ੍ਰਗਟਾਈਆ । ਮੈਂ ਬਿਨਾ ਹੱਥਾਂ ਤੋਂ ਜੋੜਾਂ ਹਾਥ, ਨਮਸਤੇ ਕਹਿ ਕੇ ਸੀਸ ਨਿਵਾਈਆ । ਗੁਰਮੁਖ ਗੁਰਸਿਖ ਹਰਿਜਨ ਤੇਰੀ ਗਾਵਣ ਗਾਥ, ਗਹਿਰ ਗੰਭੀਰ ਦੇਣੀ ਵਡਿਆਈਆ । ਤੂੰ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਪੁਰਖ ਬਿਧਾਤੇ ਸਰਬ ਕਲਾ ਸਮਰਾਥ, ਸਮਰਥ ਅਕਥ ਤੇਰੀ ਬੇਪਰਵਾਹੀਆ ।

## ੧੫ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਹੌਣ ਜ਼ਿਲਾ ਲੁਧਿਆਣਾ ਚੈਂਚਲ ਸਿੰਘ ਦੇ ਗ੍ਰਿਹਿ

ਸਚਖੰਡ ਦਵਾਰ ਵੱਜਣ ਤਾੜੀਆਂ, ਬਿਨ ਹਥੇਲੀਆਂ ਹੱਥ ਉਠਾਈਆ । ਅਵਤਾਰ ਪੈਗ਼ੰਬਰ ਗੁਰ ਬਣ ਕੇ ਧੁਰ ਦੀਆਂ ਲਾੜੀਆਂ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕੰਤ ਵੇਖਣ ਚਾਈਂ ਚਾਈਂਆ । ਜੋ ਸਤਿ ਸਰੂਪੀ ਸ਼ਾਹੋ ਭੂਪ ਦੋ ਜਹਾਨਾਂ ਟੱਪਣ ਵਾਲਾ ਖਾੜੀਆਂ, ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਜੋ ਲੇਖਾ ਜਾਣੇ ਲੱਖ ਚੁਰਾਸੀ ਬਹੱਤਰ ਨਾੜੀਆਂ, ਹਾਡੀ ਹਾਡੀ ਫੋਲ ਫੁਲਾਈਆ । ਤਿਸ ਸਾਹਿਬ ਦੀ ਨਾ ਮੁੱਛ ਨਾ ਕੋਈ ਦਾਹੜੀਆ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਸਖ਼ੀਆਂ ਹੋ ਕੇ ਫਿਰਨ ਪਿਛੇ ਅਗਾੜੀਆ, ਭੱਜਣ ਵਾਹੋ ਦਾਹੀਆ । ਜਿਸ ਲਹਿਣਾ ਦੇਣਾ ਮੁਕਾਉਣਾ ਜੰਗਲ ਜੂਹ ਉਜਾੜ ਪਹਾੜੀਆ, ਟਿੱਲੇ ਪਰਬਤ ਸਮੁੰਦ ਸਾਗਰਾਂ ਖੋਜ ਖੁਜਾਈਆ । ਜਿਸ ਦੀਨਾਂ ਮਜ਼੍ਹਬਾਂ ਵਾਲੀਆਂ ਤਕਣੀਆਂ ਵਾੜੀਆਂ, ਵਾਹਵਾ ਵਾਹਿਗੁਰੂ ਹੋ ਕੇ ਆਪਣਾ ਭੇਵ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਚ ਕਹੇ ਮੈਂ ਦੱਸਾਂ ਸ਼ਬਦ ਸੰਦੇਸ਼, ਸਤਿ ਨਾਲ ਸੁਣਾਈਆ । ਮੇਰਾ ਸਾਹਿਬ ਨਰ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਜੋ ਆਦਿ ਜੁਗਾਦੀ ਕਰੇ ਅਗੰਮੜਾ ਵੇਸ, ਅਨੇਕਾ ਆਪਣਾ ਰੂਪ ਬਦਲਾਈਆ । ਏਥੇ ਓਥੇ ਦੋ ਜਹਾਨਾਂ ਰਹੇ ਹਮੇਸ਼, ਹਮ ਸਾਜਣ ਬੇਪਰਵਾਹੀਆ । ਸੋ ਪਰਮ ਪੁਰਖ ਪਰਮਾਤਮ ਵਸੇ ਸੰਬਲ ਦੇਸ, ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਸ ਦੀਨ ਦੁਨੀ ਦੀ ਬਦਲਣੀ ਰੇਖ, ਰਿਖੀਆਂ ਮੁਨੀਆਂ ਲੇਖਾ ਦਏ ਮੁਕਾਈਆ । ਜਿਸ ਸ਼ਰਅ ਮਿਟਾਉਣੀ ਮੁੱਲਾ ਸ਼ੇਖ਼, ਮੁਸਾਇਕਾਂ ਹੋਏ ਸਹਾਈਆ । ਸੋ ਭੇਵ ਅਭੇਦਾ ਖੋਲੇ ਆਪਣਾ ਭੇਤ, ਪਰਦਾ ਪਰਵਰਦਿਗਾਰ ਆਪ ਉਠਾਈਆ । ਜਨ ਭਗਤਾਂ ਦਰਸ ਦਿਖਾਏ ਨੇਤਨ ਨੇਤ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਆਤਮ ਪਰਮਾਤਮ ਹੋ ਕੇ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਰੁੱਤ ਸੁਹੰਜਣੀ ਕਰੇ ਬਸੰਤੀ ਚੇਤ, ਚੇਤਨ ਆਪਣੀ ਸੁਰਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਕਥਾ ਕਹਾਣੀ, ਬਿਨ ਕਹਾਵਤ ਦਿਆਂ ਦ੍ਰਿੜਾਈਆ । ਜਿਸ ਨੂੰ ਸਮਝੇ ਕੋਇ ਨਾ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਜਿਸ ਦਾ ਲੇਖਾ ਚਾਰੇ ਖਾਣੀ , ਚਾਰੇ ਕੁੰਟਾਂ ਖੋਜ ਖੁਜਾਈਆ । ਉਹ ਸ਼ਹਿਨਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਵਡ ਵਡਿਆਈਆ । ਕਲਜੁਗ ਅੰਤਮ ਕਰੇ ਮਿਹਰਵਾਨੀ, ਮਿਹਰ ਨਜ਼ਰ ਨਜ਼ਰ ਉਠਾਈਆ । ਜਨ ਭਗਤਾਂ ਦੇਵੇ ਨਾਮ ਦਾਨੀ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਕਲਜੁਗ ਕੂੜੀ ਤੋੜੇ ਕਿਰਿਆ ਗੜ੍ਹ ਅਭਿਮਾਨੀ, ਹਉਮੇ ਹੰਗਤਾ ਦਏ ਮਿਟਾਈਆ । ਸ਼ਰਅ ਦੀ ਕਰੇ ਨਾ ਕੋਈ ਸ਼ੈਤਾਨੀ, ਸ਼ਰੀਅਤ ਦਾ ਪੰਧ ਮੁਕਾਈਆ । ਇਨਸਾਨ ਰੂਪ ਬਣੇ ਨਾ ਹੈਵਾਨੀ, ਹੈਵਾਨ ਇਨਸਾਨ ਦਏ ਬਣਾਈਆ । ਆਤਮ ਬ੍ਰਹਮ ਜਨ ਭਗਤਾਂ ਦੱਸ ਗਿਆਨੀ, ਬੋਧ ਅਗਾਧ ਕਰੇ ਪੜ੍ਹਾਈਆ । ਲੇਖੇ ਲਾਏ ਜੀਵ ਪ੍ਰਾਣੀ, ਪੂਰਨ ਬ੍ਰਹਮ ਇਕ ਸਮਝਾਈਆ । ਸਚ ਪ੍ਰੀਤੀ ਬਖ਼ਸ਼ ਕੇ ਚਰਨ ਧਿਆਨੀ, ਨੇਤਰ ਲੋਚਨ ਨੈਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਭ ਦੇ ਨਾਲ ਪਿਛਲਾ ਹਿਸਾਬ, ਬਿਨ ਲਹਿਣਉਂ ਲਹਿਣਾ ਦਿਆਂ ਜਣਾਈਆ । ਅਵਤਾਰੋ ਖੋਲ ਕੇ ਵੇਖੋ ਆਪਣੀ ਕਿਤਾਬ, ਬਿਨਾ ਕੁਤਬਖ਼ਾਨਿਉਂ ਹੱਥ ਉਠਾਈਆ । ਪੈਗ਼ੰਬਰੋ ਪਹਿਲਾ ਵੇਖੋ ਬਾਬ, ਕੀ ਬਾਬਲ ਰਿਹਾ

ਸਮਝਾਈਆ । ਗੁਰੂ ਗੁਰਦੇਵ ਕਰੋ ਹਿਸਾਬ, ਅੰਕੜਿਆਂ ਫੋਲ ਫੁਲਾਈਆ । ਜਿਸ ਪੁਰਖ ਅਕਾਲ ਨੂੰ ਕਰੋ ਅਦਾਬ, ਨਿਵ ਨਿਵ ਸੀਸ ਝੁਕਾਈਆ । ਜਿਸ ਨੂੰ ਕਹੋ ਪਰਮ ਪੁਰਖ ਮਹਾਰਾਜ, ਪਰਵਰਦਿਗਾਰ ਨੂਰ ਅਲਾਹੀਆ । ਉਹ ਦੀਨ ਦੁਨੀ ਦਾ ਤੁਹਾਡਾ ਬਦਲਣ ਵਾਲਾ ਸਮਾਜ, ਸਮਗਰੀ ਇਕੋ ਨਾਮ ਵਰਤਾਈਆ । ਜਿਸ ਦਾ ਸ਼ਬਦੀ ਗੋਬਿੰਦ ਉਡਾਇਆ ਬਾਜ, ਬਾਜ਼ੀ ਦੀਨ ਦੁਨੀ ਉਲਟਾਈਆ । ਬਿਨਾ ਨੇਤਰ ਲੋਚਨ ਨੈਣਾਂ ਦਰਗਾਹ ਸਾਚੀ ਜਾਓ ਜਾਗ, ਬਿਨ ਅੱਖੀਆਂ ਅੱਖ ਖੁਲਾਈਆ । ਸਤਿਗੁਰ ਸ਼ਬਦ ਦੀ ਸੁਣੋ ਆਵਾਜ਼, ਬਿਨ ਸਰਵਣਾਂ ਦਏ ਦ੍ਰਿੜਾਈਆ । ਕੀ ਖੇਲ ਕਰੇ ਨੂਰ ਅਲਾਹੀ ਵਾਹਿਦ, ਵਾਹਵਾ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਤੁਸੀਂ ਦੂਲ੍ਹੇ ਮੇਰੇ ਚਾਰ ਜੁਗ, ਸਤਿਜੁਗ ਤਰੇਤਾ ਦੁਆਪਰ ਕਲਜੁਗ ਰੰਗ ਰੰਗਾਈਆ । ਤੁਸਾਂ ਧਰਮ ਦੀ ਧਾਰ ਕੀਤੇ ਯੁੱਧ, ਯੁਧਿਸ਼ਟਰ ਦੇਵਣਹਾਰ ਗਵਾਹੀਆ । ਤੁਸਾਂ ਸਾਧਾਂ ਸੰਤਾਂ ਜੀਵਾਂ ਜੰਤਾਂ ਨਿਰਮਲ ਕੀਤੀ ਬੁੱਧ, ਬੁਧ ਬਿਬੇਕ ਬਣਾਈਆ । ਤੁਸੀਂ ਦੀਨਾਂ ਮਜ਼੍ਹਬਾਂ ਦੇ ਅਸਵਾਰ ਉਤੇ ਬੈਠੇ ਕੁੱਦ, ਵਾਗਾਂ ਆਪਣੇ ਹੱਥ ਰਖਾਈਆ । ਧੁਰ ਸੰਦੇਸਾ ਦਿਤਾ ਸ਼ੁੱਧ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਅੰਤ ਸਭ ਦੀ ਔਧ ਗਈ ਪੁੱਗ, ਅਗੇ ਪਾਂਧੀ ਪੰਧ ਨਾ ਕੋਇ ਮੁਕਾਈਆ । ਅਵਤਾਰੋ ਨਿਗਾਹ ਮਾਰੋ ਉਤੇ ਬਸੁਧ, ਕੀ ਬਸੁਧਾ ਰਹੀ ਜਣਾਈਆ । ਪੈਗ਼ੰਬਰੋ ਚਰਾਗਾਹਾਂ ਵਿਚੋਂ ਤੁਹਾਡੇ ਚਰਾਗ਼ ਰਹੇ ਬੁਝ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਗੁਰੂ ਗੁਰਦੇਵ ਸਵਾਮੀ ਸਾਡੀ ਰਹੀ ਕਿਸੇ ਨਾ ਸੁੱਧ, ਸਤਿ ਸਰੂਪ ਮਿਲਣ ਕੋਇ ਨਾ ਪਾਈਆ । ਲਹਿਣਾ ਦੇਣਾ ਵੇਖੋ ਜੁਗ ਚੌਕੜੀ ਆਪਣਾ ਖ਼ੁਦ, ਬਖ਼ੁਦ ਆਪਣਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਆਪਣਾ ਵੇਖੋ ਲਹਿਣਾ ਦੇਣਾ ਬਾਕੀ, ਸਦੀ ਸਦੀਵੀ ਧਿਆਨ ਲਗਾਈਆ । ਕਿਉਂ ਚਾਰੋਂ ਕੁੰਟ ਹੋਈ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਧਾਰ ਨਜ਼ਰ ਆਏ ਨਾ ਕੋਇ ਪ੍ਰਭਾਤੀ, ਪਾਰਬ੍ਰਹਮ ਬ੍ਰਹਮ ਪਰਦਾ ਨਾ ਕੋਇ ਉਠਾਈਆ । ਕਿਉਂ ਤੁਹਾਡੀ ਭੁਲੀ ਗ੍ਰੰਥਾਂ ਸ਼ਾਸਤਰਾਂ ਵਾਲੀ ਗਾਥੀ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਤੁਸੀਂ ਹੁਕਮ ਸੰਦੇਸਾ ਸੁਣੋ ਪੁਰਖ ਸਮਰਾਥੀ, ਕੀ ਕਰਤਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਇਕ ਵਰਤਾਵਾਂਗਾ । ਜੋਤੀ ਜੋਤ ਜੋਤ ਪ੍ਰਗਟਾਵਾਂਗਾ । ਸ਼ਬਦੀ ਸ਼ਬਦ ਨਾਦ ਵਜਾਵਾਂਗਾ । ਬ੍ਰਹਮ ਵੇਤਾ ਪਕੜ ਉਠਾਵਾਂਗਾ । ਸ਼ੰਕਰ ਲੋਚਨ ਨੈਣ ਨੈਣ ਖੁਲਾਵਾਂਗਾ । ਵਿਸ਼ਨੂੰ ਵਿਸ਼ਵ ਦਾ ਸੰਗ ਬਣਾਵਾਂਗਾ । ਤ੍ਰੈਗੁਣ ਲਹਿਣ ਦੇਣ ਮੁਕਾਵਾਂਗਾ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਵਾਂਗਾ । ਮਨ ਮਤ ਬੁਧ ਦਾ ਪਰਦਾ ਲਾਹਵਾਂਗਾ । ਤੇਈ ਅਵਤਾਰਾਂ ਨਾਲ ਮਿਲਾਵਾਂਗਾ । ਈਸਾ ਮੂਸਾ ਮੁਹੰਮਦ ਜਾਗ ਖੁਲਾਵਾਂਗਾ । ਨਾਨਕ ਗੋਬਿੰਦ ਡੰਕ ਵਜਾਵਾਂਗਾ । ਰਾਓ ਰੰਕ ਆਪ ਹਿਲਾਵਾਂਗਾ । ਦਵਾਰ ਬੰਕ ਇਕ ਸੁਹਾਵਾਂਗਾ । ਜਨ ਭਗਤਾਂ ਲਾ ਕੇ ਤਨਕ, ਸੋਈ ਸੁਰਤੀ ਮਾਤ ਉਠਾਵਾਂਗਾ । ਲੇਖਾ ਪੂਰਾ ਕਰਕੇ ਜਨਕ, ਸਪੁਤਰੀ ਸੀਤਾ ਸੰਗ ਮਿਲਾਵਾਂਗਾ । ਭੇਵ ਚੁਕਾ ਕੇ ਪੁਰੀ ਘਨਕ, ਘਨਈਆ ਆਪਣਾ ਖੇਲ ਖਿਲਾਵਾਂਗਾ । ਵੇਸ ਰੂਪ ਬਦਲ ਕੇ ਅਨਕ, ਅਕਲ ਕਲਧਾਰੀ ਆਪ ਅਖਵਾਵਾਂਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਵਾਂਗਾ । ਬੋਧ ਅਗਾਧਾ ਬਣ ਕੇ


੧੩੨੭
੨੩

ਪੰਡਤ, ਭਾਂਡਾ ਭਰਮ ਭਰਮ ਭੰਨਾਵਾਂਗਾ । ਨੌ ਖੰਡ ਪ੍ਰਿਥਮੀ ਬਣਾ ਕੇ ਸੰਗਤ, ਸਗਲਾ ਸੰਗ ਜਣਾਵਾਂਗਾ । ਆਤਮ ਧਾਰ ਚਾੜ੍ਹ ਕੇ ਰੰਗਤ, ਦੁਰਮਤ ਮੈਲ ਧਵਾਵਾਂਗਾ । ਸਚ ਸਵਾਮੀ ਹੋ ਕੇ ਕੰਤ, ਕੰਤ ਕੰਤੂਹਲ ਇਕ ਅਖਵਾਵਾਂਗਾ । ਗੁਰਮੁਖ ਸੰਤ ਸੁਹੇਲੇ ਉਪਜਾ ਅਗੰਮੇ ਭਗਤ, ਭਗਵਨ ਹੋ ਕੇ ਆਪਣੀ ਗੋਦ ਟਿਕਾਵਾਂਗਾ । ਲੇਖਾ ਰਿਹਾ ਕੋਇ ਨਾ ਵਿਚ ਜਗਤ, ਜੁਗਤੀ ਆਪਣੀ ਇਕ ਸਮਝਾਵਾਂਗਾ । ਸਭ ਦੀ ਪੂਰੀ ਕਰਾ ਸ਼ਰਤ, ਸ਼ਰਅ ਦਾ ਡੇਰਾ ਢਾਹਵਾਂਗਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣ ਕੇ ਮਰਦਾਨਾ ਮਰਦ, ਜੋਧਾ ਸੂਰ ਇਕ ਅਖਵਾਵਾਂਗਾ । ਦੀਨ ਦੁਨੀ ਕਰਾ ਖੇਲ ਅਸਚਰਜ, ਅਚਰਜ ਲੀਲਾ ਆਪ ਵਰਤਾਵਾਂਗਾ । ਬਿਨਾ ਅੱਖਰਾਂ ਤੋਂ ਵੇਖ ਕੇ ਨਿਰਅੱਖਰ ਧਾਰ ਫ਼ਰਦ, ਫ਼ੈਸਲਾ ਇਕੋ ਹਕ ਸੁਣਾਵਾਂਗਾ । ਨਵ ਸੱਤ ਰਹੇ ਨਾ ਅੰਧੇਰਾ ਗਰਦ, ਗਰਦਸ਼ ਤੇਰੀ ਧਰਤੀ ਆਪਣੇ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਵਾਂਗਾ । ਸਾਚਾ ਹੁਕਮ ਇਕ ਸੁਣਾਏਗਾ । ਸੋ ਪੁਰਖ ਨਿਰੰਜਣ ਜੋਤ ਰੁਸ਼ਨਾਏਗਾ । ਸ੍ਰੀ ਭਗਵਾਨ ਡਗਮਗਾਏਗਾ । ਅਬਿਨਾਸ਼ੀ ਕਰਤਾ ਪਰਦਾ ਲਾਹੇਗਾ । ਪਾਰਬ੍ਰਹਮ ਰੂਪ ਦਰਸਾਏਗਾ । ਬ੍ਰਹਮਾ ਆਪਣਾ ਨੂਰ ਚਮਕਾਏਗਾ । ਝਗੜਾ ਮੇਟ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਸਰਬ ਆਪ ਬਦਲਾਏਗਾ । ਨਾਤਾ ਤੋੜ ਕੇ ਹਰਖ ਸੋਗ ਗ਼ਮ, ਚਿੰਤਾ ਚਿਖਾ ਚੋਂ ਬਾਹਰ ਕਢਾਏਗਾ । ਨਵ ਸੱਤ ਦਾ ਇਕੋ ਬਣਾ ਕੇ ਧਰਮ, ਦੀਨ ਮਜ਼ਬ ਨਾ ਵੰਡ ਵੰਡਾਏਗਾ । ਆਤਮ ਪਰਮਾਤਮ ਦੱਸ ਕੇ ਕਰਮ, ਕਰਮ ਕਾਂਡ ਦਾ ਡੇਰਾ ਢਾਹੇਗਾ । ਜਨ ਭਗਤਾਂ ਲੇਖੇ ਲਾਏ ਜਰਮ, ਜਿਨ੍ਹਾਂ ਆਪਣੀ ਗੋਦ ਉਠਾਏਗਾ । ਏਥੇ ਓਥੇ ਦੋ ਜਹਾਨਾਂ ਦੇ ਕੇ ਸਰਨ, ਸਰਨ ਸਰਨਾਈ ਇਕ ਸਮਝਾਏਗਾ ।

੧੩੨੮ ੨੩ ਮਰਨ ਤੋਂ ਬਾਦ ਫੇਰ ਹੋਏ ਕਦੇ ਨਾ ਜਨਮ, ਲੱਖ ਚੁਰਾਸੀ ਪੰਧ ਕਟਾਏਗਾ । ਸੰਤ ਸੁਹੇਲੇ ਸਾਚੀ ਮੰਜ਼ਲ ਚੜ੍ਹਨ, ਦਰਗਾਹ ਸਾਚੀ ਘਰ ਵਸਾਏਗਾ । ੧੩੨੮ ੨੩

ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ, ਇਕੋ ਨਾਮ ਸਮਝਾਏਗਾ । ਨੇਤਰ ਖੋਲ ਕੇ ਹਰਨ ਫਰਨ, ਲੋਚਨ ਨੈਣ ਇਕ ਚਮਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਰਨਾਈ ਆਪ ਰਖਾਏਗਾ । ਸਾਚੀ ਸਰਨ ਆਪ ਰਖਾਵਾਂਗਾ । ਮਰਨ ਡਰਨ ਦਾ ਭੈ ਮਿਟਾਵਾਂਗਾ । ਸਾਚੇ ਪੌੜੇ ਚੜ੍ਹਨ ਦਾ ਰਾਹ ਸਮਝਾਵਾਂਗਾ । ਸਚਖੰਡ ਦਵਾਰੇ ਖੜਨ ਦਾ ਮਾਰਗ ਪੰਧ ਪ੍ਰਗਟਾਵਾਂਗਾ । ਨਾਤਾ ਜੋੜ ਕੇ ਇਕੋ ਚਰਨ, ਚਰਨ ਚਰਨੋਦਕ ਜਾਮ ਪਿਆਵਾਂਗਾ । ਸਵਾਮੀ ਹੋ ਕੇ ਤਾਰਨ ਤਰਨ, ਸਿਰ ਭਗਤਾਂ ਹੱਥ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਤਿ ਧਰਮ ਦਾ ਘਾੜਨ ਘੜਨ, ਕਲਜੁਗ ਕੂੜੀ ਕਿਰਿਆ ਲੇਖਾ ਅੰਤ ਮੁਕਾਵਾਂਗਾ ।

✪ ੧੫ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਬਾਠ ਜ਼ਿਲਾ ਲੁਧਿਆਣਾ ਦਰਬਾਰਾ ਸਿੰਘ ਦੇ ਗ੍ਰਿਹਿ ✪

ਕੱਤਕ ਕਹੇ ਮੇਰਾ ਦਿਵਸ ਦਿਹਾੜਾ ਪੰਦਰਾਂ, ਪੰਜ ਦਸ ਮਿਲ ਕੇ ਵੱਜੇ ਵਧਾਈਆ । ਮੈਂ ਵੇਖਾਂ ਸ਼ਿਵਦਵਾਲੇ ਮੱਠਾਂ ਮੰਦਰਾਂ, ਮਸਜਿਦਾਂ ਚਰਚਾਂ ਖੋਜ ਖੁਜਾਈਆ । ਮੈਂ ਜੀਵਾਂ ਜੰਤਾਂ ਵੇਖਾਂ ਡੂੰਘੀ ਕੰਦਰਾਂ, ਕਾਇਆ ਅੰਤਮ ਫੋਲ ਫੁਲਾਈਆ । ਮੈਂ ਜਾਣਾ ਸੂਰੀਆ ਚੰਦਰਾ, ਚੰਦ ਚਾਂਦਨੇ ਭੇਵ ਰਹੇ ਨਾ ਰਾਈਆ । ਮੇਰਾ ਖੇਲ ਸਮਝੇ ਕੋਇ ਨਾ ਗੋਰਖ ਮਛੰਦਰਾ, ਭੇਵ ਸਕੇ ਕੋਇ ਨਾ ਪਾਈਆ । ਮੇਰੀ ਇਕੋ ਅਰਦਾਸ ਇਕੋ ਬੰਦਨਾ, ਪੁਰਖ

ਅਕਾਲ ਦੇਵਾਂ ਸੁਣਾਈਆ । ਕਲਜੁਗ ਅੰਤਮ ਲੋਕਮਾਤ ਚੋਂ ਵੰਞਣਾ, ਧਰਨੀ ਧਰਤ ਧਵਲ ਧੌਲ ਰਹਿਣ ਕੋਇ ਨਾ ਪਾਈਆ । ਤੂੰ ਦੀਨ ਦਿਆਲ ਹੋਣਾ ਬਖ਼ਸ਼ੰਦਨਾ, ਬਖ਼ਸ਼ਿਸ਼ ਰਹਿਮਤ ਸਚ ਕਮਾਈਆ । ਧੁਰ ਪ੍ਰੇਮ ਦਾ ਦੇਣਾ ਅਨੰਦਣਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਦੱਸਣਾ ਛੰਦਨਾ, ਸੋਹੰ ਢੋਲਾ ਦੇਣਾ ਸਮਝਾਈਆ । ਕਾਇਆ ਮਾਟੀ ਚੜ੍ਹਾਉਣੀ ਰੰਗਣਾ, ਤਨ ਵਜੂਦਾਂ ਕਰਨੀ ਸਫ਼ਾਈਆ । ਇਕੋ ਦਵਾਰਾ ਤੇਰਾ ਮੰਗਣਾ, ਦੂਸਰ ਓਟ ਨਾ ਕੋਇ ਤਕਾਈਆ । ਸਤਿਜੁਗ ਪੁਰਖ ਅਕਾਲੇ ਤੇਰੀ ਧਾਰੋਂ ਜੰਮਣਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਧਰਮ ਧਰਾਉਣਾ ਵਿਚ ਵਰਭੰਡਣਾ, ਦੀਨ ਦੁਨੀ ਵੇਖ ਵਖਾਈਆ । ਸਤਿ ਵਰਤਾਵੇ ਵਿਚ ਨਵ ਖੰਡਣਾ, ਨਵ ਨਵ ਦਾ ਪੰਧ ਮੁਕਾਈਆ । ਲੇਖਾ ਜਾਣੇ ਜੇਰਜ ਅੰਡਣਾ, ਉਤਭੁਜ ਸੇਤਜ ਭੇਵ ਮਿਟਾਈਆ । ਹੁਕਮ ਵਰਤੇ ਤੇਰਾ ਵਿਚ ਵਰਭੰਡਣਾ, ਦੋ ਜਹਾਨ ਵੱਜੇ ਵਧਾਈਆ । ਕਲਜੁਗ ਕੂੜ ਕੁੜਿਆਰੀ ਢਾਉਣੀ ਕੰਧਨਾ, ਦੂਈ ਦਵੈਤੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਦਰਾਂ ਕੱਤਕ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਪ੍ਰਭ ਚੰਗੀ ਦਿਤੀ ਵਡਿਆਈਆ । ਬ੍ਰਹਮੇ ਏਸੇ ਦਿਵਸ ਮੰਗੀ ਮੰਗਾ, ਧੁਰ ਝੋਲੀ ਆਪਣੀ ਡਾਹੀਆ । ਵਿਸ਼ਨੂੰ ਕਿਹਾ ਮੇਰਾ ਹੋਣਾ ਕਾਰ ਅੰਗਾ, ਅੰਗੀਕਾਰ ਇਕ ਅਖਵਾਈਆ । ਸ਼ੰਕਰ ਕਿਹਾ ਤੂੰ ਗਹਿਰ ਗੰਭੀਰ ਸੂਰਾ ਸਰਬੰਗਾ, ਦੇਵਣਹਾਰ ਤੇਰੀ ਵਡਿਆਈਆ । ਤੂੰ ਤ੍ਰੈਗੁਣ ਮਾਇਆ ਤਤਾਂ ਵਸਤ ਬਣਾਈ ਪੰਜਾ, ਪੰਚਮ ਆਪਣਾ ਰੰਗ ਰੰਗਾਈਆ । ਤੂੰ ਸ਼ਬਦੀ ਧਾਰ ਖੇਲ ਖੇਲਿਆ ਬਵੰਜਾ, ਬਾਵਨ ਤੇਰੀ ਤੇਰੇ ਹੱਥ ਵਡਿਆਈਆ । ਤੂੰ ਅਵਤਾਰਾਂ ਰੂਪ ਧਰਿਆ ਨਿਰਗੁਣ ਸਰਗੁਣ ਗੁਣੀ ਗਹਿੰਦਾ,
੧੩੨੯ ੨੩ ਗਹਿਰ ਗਵਰ ਤੇਰੀ ਬੇਪ੍ਰਵਾਹੀਆ । ਤੂੰ ਪੈਗ਼ੰਬਰਾਂ ਹੋਇਆ ਬਖ਼ਸ਼ੰਦਾ, ਈਸਾ ਮੂਸਾ ਮੁਹੰਮਦ ਸੀਸ ਨਿਵਾਈਆ । ਤੂੰ ਨਿਰਗੁਣ ਸਰਗੁਣ ਨਾਨਕ ੧੩੨੯ ੨੩
ਸੁਣਾਇਆ ਛੰਦਾ, ਮੇਰੇ ਦਿਵਸ ਮਿਲੀ ਵਡਿਆਈਆ । ਤੂੰ ਗੋਬਿੰਦ ਹੱਥ ਫੜਾਇਆ ਖੰਡਾ, ਖੜਗਾਂ ਦਾ ਡੇਰਾ ਢਾਹੀਆ । ਤੂੰ ਭਗਤਾਂ ਮੰਜ਼ਲ ਪੌੜਾ ਦੱਸਿਆ ਆਪਣਾ ਡੰਡਾ, ਡੰਡਾਵਤ ਸਭ ਦੀ ਦਿਤੀ ਬਦਲਾਈਆ । ਤੂੰ ਸਤਿ ਸਰੂਪੀ ਸ਼ਾਹੋ ਭੂਪੀ ਬਣ ਕੇ ਪੰਡਾ, ਵਿਦਿਆ ਧਰਮ ਧਾਰ ਪੜ੍ਹਾਈਆ । ਤੂੰ ਮੇਰੇ ਦਿਵਸ ਬਾਵਨ ਰੂਪ ਬਣਾਇਆ ਲੰਬਾ, ਬਲ ਦਵਾਰੇ ਸੋਭਾ ਪਾਈਆ । ਤੂੰ ਸਮੁੰਦ ਸਾਗਰਾਂ ਵਿਚੋਂ ਰਿੜਕ ਕੇ ਕਢੀ ਪਰੀ ਅਰੰਬਾ, ਚੌਦਾਂ ਰਤਨਾ ਵੰਡ ਵੰਡਾਈਆ । ਤੂੰ ਭੇਵ ਖੁਲਾਇਆ ਪੈਗ਼ੰਬਰਾਂ ਯਕ ਸ਼ੰਭਾ, ਯਦੀ ਆਪਣਾ ਹੁਕਮ ਵਰਤਾਈਆ । ਤੂੰ ਮੇਰੇ ਦਿਵਸ ਮੁਹੰਮਦ ਤਨ ਪਵਾਇਆ ਤੰਬਾ, ਅਲਫ਼ੀ ਗਲ ਸੁਹਾਈਆ । ਤੂੰ ਭੇਵ ਅਭੇਦਾ ਖੋਲ ਕੇ ਦੱਸਿਆ ਕਲਜੁਗ ਅੰਤਮ ਆਵੇ ਕੰਢਾ, ਕੰਢੀ ਘਾਟ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਮੋਹ ਵਿਕਾਰ ਮਿਟੇ ਪਖੰਡਾ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਮੇਰੇ ਸਵਾਮੀ ਅੰਤਰਜਾਮੀ ਪੁਰਖ ਅਕਾਲੇ ਦੀਨ ਦਿਆਲੇ ਮੇਰਾ ਸੀਨਾ ਕਰਨਾ ਠੰਡਾ, ਅਗਨੀ ਤਨ ਨਾ ਕੋਇ ਤਪਾਈਆ । ਜਨ ਭਗਤਾਂ ਆਤਮ ਪਰਮਾਤਮ ਪਰਮਾਤਮ ਆਤਮ ਪਾਉਣੀਆਂ ਗੰਢਾਂ, ਡੋਰੀ ਸਕੇ ਨਾ ਕੋਇ ਖੁਲਾਈਆ । ਤੂੰ ਪਰਵਰਦਿਗਾਰ ਸਾਂਝਾ ਯਾਰ ਸਦਾ ਬਖ਼ਸ਼ੰਦਾ, ਰਹਿਮਤ ਰਹਿਮਾਨ ਦੇਣੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਦੀ ਧਾਰ ਦੇ ਪਰਮਾਨੰਦਾ, ਪਰਮ ਪੁਰਖ ਪ੍ਰਭ ਆਪਣਾ ਨਾਮ ਰਸ ਅੰਮ੍ਰਿਤ ਨਿਝਰ ਮੁਖ ਚੁਆਈਆ ।

## ੧੫ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਧਨੌਰੀ ਤੋਂ ਬਾਹਰ ਸੜਕ ਤੇ ਜਲੂਸ ਦੇ ਚਲਣ ਤੋਂ ਪਹਿਲਾਂ ਜ਼ਿਲਾ ਰੋਪੜ

੧੩੩੦ ੨੩

ਪੰਦਰਾਂ ਕੱਤਕ ਕਹੇ ਮੇਰੀਆਂ ਉਡੀਕਾਂ, ਸੰਮਤ ਸ਼ਹਿਨਸ਼ਾਹੀ ਨਵ ਧਿਆਨ ਲਗਾਈਆ । ਨੌ ਸੌ ਚੁਰਾਨਮੇਂ ਚੌਕੜੀ ਜੁਗ ਦੀਆਂ ਲੱਗੀਆਂ ਪ੍ਰੀਤਾਂ, ਪ੍ਰੀਤਮ ਪਿਆਰੇ ਤੇਰੀ ਵਡ ਵਡਿਆਈਆ । ਮਿਹਰਵਾਨਾ ਸ੍ਰੀ ਭਗਵਾਨਾ ਤੂੰ ਬਦਲ ਦੇਣੀ ਤਵਾਰੀਖਾ, ਤਾਰੀਖਾਂ ਜਗਤ ਫੋਲ ਫੁਲਾਈਆ । ਦੀਨ ਦੁਨੀ ਜਗਤ ਜਹਾਨ ਵੇਖਣੀਆਂ ਨਵ ਸੱਤ ਦੀਆਂ ਰੀਤਾਂ, ਧਰਨੀ ਧਰਤ ਧਵਲ ਧੌਲ ਅੱਖ ਉਠਾਈਆ । ਚਾਰ ਵਰਨ ਚਾਰ ਜੁਗ ਦੇ ਸ਼ਾਸਤਰਾਂ ਤਕਣੀਆਂ ਹਦੀਸਾਂ, ਹਜ਼ਰਤਾਂ ਦੇ ਮਾਲਕ ਆਪਣੀ ਅੱਖ ਖੁਲਾਈਆ । ਨੌ ਖੰਡ ਵਿਚ ਬ੍ਰਹਿਮੰਡ ਜੇਰਜ ਅੰਡ ਮਾਣ ਦੇਣਾ ਉਚਾਂ ਨੀਚਾਂ, ਰਾਓ ਰੰਕਾ ਦਵਾਰ ਬੰਕਾ ਇਕੋ ਇਕ ਸੁਹਾਈਆ । ਜਨ ਭਗਤਾਂ ਸਾਧਾਂ ਸੰਤਾਂ ਸੂਫ਼ੀਆਂ ਤਨ ਵਜੂਦ ਕਰਨਾ ਠਾਂਡਾ ਸੀਤਾ, ਮਮਤਾ ਮੋਹ ਅਗਨੀ ਤਤ ਬੁਝਾਈਆ । ਏਕੰਕਾਰ ਹਰਿ ਦਾਤਾਰ ਆਤਮ ਧਾਰ ਬਣਨਾ ਮੀਤਾ, ਮਿਤ੍ਰ ਪਿਆਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਚੁਕਾਈਆ । ਪੰਦਰਾਂ ਕੱਤਕ ਕਹੇ ਮੇਰੇ ਮਿਹਰਵਾਨ, ਪਰਮ ਪੁਰਖ ਪਰਮਾਤਮ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨੌਜਵਾਨ, ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਜੁਗ ਚੌਕੜੀ ਤੇਰਾ ਹੁਕਮ ਸੰਦੇਸਾ ਸੁਣਦਾ ਰਿਹਾ ਫ਼ਰਮਾਨ, ਅਵਤਾਰ ਪੈਗ਼ੰਬਰ ਗੁਰ ਰਾਗਾਂ ਨਾਦਾਂ ਢੋਲਿਆਂ ਕਲਮਿਆਂ ਵਿਚ ਗਏ ਜਣਾਈਆ । ਮੇਰੀ ਆਸਾ ਮਨਸਾ ਨਿਰਗੁਣ ਧਾਰ ਕਰੀਂ ਪ੍ਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਮੇਟ ਵਿਚੋਂ ਜਹਾਨ, ਜਹਾਲਤ ਰਹਿਣ ਕੋਇ ਨਾ ਪਾਈਆ । ਸਤਿ ਧਰਮ ਦਾ ਸਤਿ ਸਤਿਵਾਦ ਝੁਲਾ ਨਿਸ਼ਾਨ, ਨਿਸ਼ਾਨਾ ਤੇਰਾ ਦਏ ਗਵਾਹੀਆ । ਇਕੋ ਹੁਕਮ ਸਤਿਗੁਰ ਸ਼ਬਦ ਹੋਵੇ ਪ੍ਰਧਾਨ, ਦੋ ਜਹਾਨਾਂ ਸਿਰ ਸਕੇ ਨਾ ਕੋਇ ਉਠਾਈਆ । ਮੈਂ ਭਿਖਾਰੀ ਹੋ ਕੇ ਮੰਗਾਂ ਦਾਨ, ਦਰ ਦਰਵੇਸ਼ ਹੋ ਕੇ ਝੋਲੀ ਡਾਹੀਆ । ਤੂੰ ਸ਼ਾਹੋ ਭੂਪ ਸੁਲਤਾਨ, ਸਚਖੰਡ ਨਿਵਾਸੀ ਇਕ ਅਖਵਾਈਆ । ਮੇਰਾ ਪ੍ਰਵਿਸ਼ਟਾ ਪੰਦਰਾਂ ਕੱਤਕ ਕਰੀਂ ਪ੍ਰਵਾਨ, ਪਰਵਾਨੇ ਗੁਰਮੁਖ ਆਪਣੇ ਨਾਲ ਮਿਲਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਬੁੱਧੀ ਤੋਂ ਪਰੇ ਦੇਣਾ ਗਿਆਨ, ਅਨੁਭਵ ਦ੍ਰਿਸ਼ਟੀ ਦੇਣੀ ਖੁਲਾਈਆ । ਜੋਤ ਜਗਾਉਣੀ ਕਾਇਆ ਮੰਦਰ ਅੰਦਰ ਸਚ ਮਕਾਨ, ਸਾਢੇ ਤਿੰਨ ਹੱਥ ਕਰ ਰੁਸ਼ਨਾਈਆ । ਕੋੜ੍ਹਿਆਂ ਕਮਲਿਆਂ ਗ਼ਰੀਬ ਨਿਮਾਣਿਆਂ ਸਾਰਿਆਂ ਬਖ਼ਸ਼ਣਵਾਲਾ ਇਕੋ ਜਿਹਾ ਮਾਣ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਮੇਰੀ ਬੇਨੰਤੀ ਸ੍ਰੀ ਭਗਵਾਨ, ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝੇ ਯਾਰ ਏਕੰਕਾਰ ਅਕਲ ਕਲਧਾਰੀ ਲੋਕਮਾਤ ਤੇਰੀ ਓਟ ਤਕਾਈਆ । ਪੰਦਰਾਂ ਕੱਤਕ ਕਹੇ ਕਿਰਪਾ ਕਰ ਮੇਰੇ ਮਿਹਰਵਾਨਾ, ਮਿਹਰ ਨਜ਼ਰ ਨਜ਼ਰ ਉਠਾਈਆ । ਜਨ ਭਗਤਾਂ ਬਖ਼ਸ਼ ਪ੍ਰੀਤੀ ਦਾਨਾ, ਨਾਮ ਨਿਧਾਨ ਆਤਮ ਝੋਲੀ ਪਾਈਆ । ਗੁਰਮੁਖ ਹਰਿਜਨ ਸੂਫ਼ੀ ਸੰਤ ਫ਼ਕੀਰ ਤੇਰੇ ਪਿਆਰ ਮੁਹੱਬਤ ਵਿਚ ਹੋਣੇ ਰਵਾਨਾ, ਰਫ਼ਤਾ ਰਫ਼ਤਾ ਆਪਣਾ ਕਦਮ ਉਠਾਈਆ । ਧਰਮ ਦੀ ਧਾਰ ਸਤਿਜੁਗ ਦਾ ਝੁਲਦਾ ਜਾਏ ਨਿਸ਼ਾਨਾ, ਸੱਤ ਜ਼ਿਮੀਂ ਸੱਤ ਅਸਮਾਨ ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਤੋਂ ਬਾਹਰ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਤੂੰ ਮੇਰਾ ਮੈਂ ਤੇਰਾ ਖ਼ੁਸ਼ੀਆਂ ਵਿਚ ਸਾਰੇ ਗਾਵਣ ਗਾਣਾ, ਸਚਖੰਡ ਦਵਾਰ

੧੩੩੦ ੨੩

ਦਰਗਾਹ ਸਾਚੀ ਮੁਕਾਮੇ ਹਕ ਤੇਰਾ ਇਕੋ ਢੋਲਾ ਗਾਈਆ । ਤੂੰ ਨੂਰ ਨੁਰਾਨਾ ਸ਼ਾਹ ਸੁਲਤਾਨਾ, ਬੇਐਬ ਪਰਵਰਦਿਗਾਰ ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਰ ਤੇਰੇ ਠਾਂਡੇ ਮੰਗ ਮੰਗਾਈਆ ।

## ✪ ੧੫ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਧਨੌਰੀ ਜ਼ਿਲਾ ਰੋਪੜ ਰਾਤ ਸਰਬ ਮਾਲਵਾ ਸੰਗਤ ਦੇ ਇਕੱਠ ਨਵਿਤ ✪

ਪੰਦਰਾਂ ਕੱਤਕ ਕਹੇ ਸ੍ਰੀ ਭਗਵਾਨ ਨੂੰ ਇਕੋ ਬੰਦਨਾ, ਜਨ ਭਗਤੋ ਬੰਦਗੀ ਵਿਚ ਸੀਸ ਨਿਵਾਈਆ । ਜੋ ਸ਼ਾਹੋ ਭੂਪ ਸੁਲਤਾਨ ਸੂਰਾ ਸਰਬੰਗਣਾ, ਦੋ ਜਹਾਨ ਨੌਜਵਾਨ ਬੇਪ੍ਰਵਾਹੀਆ । ਜਿਸ ਦੇ ਦਰ ਤੋਂ ਆਦਿ ਜੁਗਾਦਿ ਸਭ ਨੇ ਮੰਗਣਾ, ਜੁਗ ਚੌਕੜੀ ਝੋਲੀਆਂ ਦਏ ਭਰਾਈਆ । ਉਹ ਬਖ਼ਸ਼ਣਹਾਰਾ ਆਤਮ ਪਰਮਾਤਮ ਸਚ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਕਾਇਆ ਚੋਲੀ ਚਾੜ੍ਹੇ ਰੰਗਣਾ, ਦੁਰਮਤ ਮੈਲ ਦਏ ਧਵਾਈਆ । ਖੇਲੇ ਖੇਲ ਵਿਚ ਵਰਭੰਡਣਾ, ਬ੍ਰਹਿਮੰਡ ਵੇਖ ਵਖਾਈਆ । ਜਿਸ ਦਾ ਨਾਮ ਖੰਡਾ ਚੰਡ ਪ੍ਰਚੰਡਣਾ, ਦੋ ਜਹਾਨਾਂ ਨਜ਼ਰੀ ਆਈਆ । ਜਿਸ ਦਾ ਇਕੋ ਸੰਦੇਸ ਛੰਦਨਾ, ਸਤਿ ਸਚ ਸਮਝਾਈਆ । ਜਿਸ ਨਾਮ ਨਿਧਾਨਾ ਵੰਡਣਾ, ਸਤਿਜੁਗ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੰਦਰਾਂ ਕੱਤਕ ਕਹੇ ਮੇਰੀ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੱਜੇ ਵਧਾਈਆ । ਭਗਤਾਂ ਸੰਤਾਂ ਪਾਵੇ ਸਾਰ, ਮਹਾਸਾਰਥੀ ਨੂਰ ਅਲਾਹੀਆ । ਜੋ ਆਪਣੇ ਰੰਗ ਰਵੇ ਕਰਤਾਰ, ਕਰਤਾ ਪੁਰਖ ਧੁਰਦਰਗਾਹੀਆ । ਸੋ ਸਵਾਮੀ ਕਰਨੇਹਾਰ, ਕਰਨੀ ਦਾ ਕਰਤਾ ਇਕ ਅਖਵਾਈਆ । ਜਿਸ ਦਾ ਲੇਖਾ ਜਾਣੇ ਨਾ ਕੋਈ ਵਿਚ ਸੰਸਾਰ, ਸੰਸਾਰੀ ਭੰਡਾਰੀ ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਰੰਗ ਰੰਗਾਈਆ । ਪੰਦਰਾਂ ਕੱਤਕ ਕਹੇ ਮੇਰਾ ਵਕਤ ਸੁਹੰਜਣਾ, ਸੋਹਣੀ ਮਿਲੇ ਵਡਿਆਈਆ । ਕਿਰਪਾ ਕਰੇ ਦਰਦ ਦੁੱਖ ਭੈ ਭੰਜਣਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚਾ ਨਾਮ ਦਾ ਪਾਏ ਅੰਜਨਾ, ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਜਨ ਭਗਤਾਂ ਲਗਾਏ ਆਪਣੇ ਅੰਗਣਾ, ਅੰਗੀਕਾਰ ਇਕ ਅਖਵਾਈਆ । ਜਿਸ ਦਾ ਡੰਕਾ ਵੱਜੇ ਨਾਮ ਮਰਦੰਗਣਾ, ਜਗਤ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਪੰਦਰਾਂ ਕੱਤਕ ਕਹੇ ਮੇਰੀ ਪ੍ਰਨਾਮ, ਨਿਵ ਨਿਵ ਸੀਸ ਝੁਕਾਈਆ । ਮੇਰਾ ਮਾਲਕ ਨੌਜਵਾਨ, ਹਰਿ ਵੱਡਾ ਵਡ ਵਡਿਆਈਆ । ਜੋ ਧਰਨੀ ਧਰਤ ਧਵਲ ਧੌਲ ਜੁਗ ਜੁਗ ਦੇਵੇ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਜੋ ਲੇਖਾ ਜਾਣੇ ਸੀਆ ਰਾਮ, ਘਨਈਆ ਕਾਹਨ ਰੰਗ ਰੰਗਾਈਆ । ਜਿਸ ਪੈਗ਼ੰਬਰਾਂ ਭੇਵ ਖੁਲਾਇਆ ਆਪਣਾ ਆਪ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀ ਨਜ਼ਰੀ ਆਈਆ । ਜਿਸ ਮੰਤਰ ਸੁਣਾਇਆ ਸਤਿਨਾਮ, ਸਤਿ ਸਤਿ ਵੱਜੀ ਵਧਾਈਆ । ਉਹ ਲੇਖਾ ਜਾਣੇ ਜ਼ਿਮੀਂ ਅਸਮਾਨ, ਦੋ ਜਹਾਨਾਂ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

੧੩੩੧
੨੩

ਸਚ ਸਵਾਮੀ ਅਗੰਮ ਅਥਾਹੀਆ । ਪੰਦਰਾਂ ਕੱਤਕ ਕਹੇ ਧਰਨੀਏ ਮੇਰਾ ਅਗੰਮ ਇਸ਼ਾਰਾ, ਬਿਨ ਸੈਨਤ ਦਿਆਂ ਸਮਝਾਈਆ । ਆਪਣਾ ਵੇਖ ਲੈ ਅੰਤ ਕਿਨਾਰਾ, ਚਾਰੋਂ ਕੁੰਟ ਨੈਣ ਉਠਾਈਆ । ਪੈਗ਼ੰਬਰਾਂ ਤੱਕ ਲੈ ਉਧਾਰਾ, ਲੇਖੇ ਲੇਖਿਆਂ ਵਿਚੋਂ ਗਿਣਾਈਆ । ਉਹ ਨੂਰ ਤੱਕ ਲੈ ਬਿਨਾ ਤਤ ਹੋਏ ਉਜਿਆਰਾ, ਦੋ ਜਹਾਨਾਂ ਡਗਮਗਾਈਆ । ਜਿਸ ਨੂੰ ਚੌਦਾਂ ਤਬਕ ਸਜਦਿਆਂ ਵਿਚ ਕਰਨ ਨਿਮਸਕਾਰਾ, ਨਿਵ ਨਿਵ ਲਾਗਣ ਪਾਈਆ । ਉਹ ਖੇਲੇ ਖੇਲ ਪਰਵਰਦਿਗਾਰਾ, ਸਾਂਝਾ ਯਾਰ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਾ ਮਾਲਕ ਗੁਣੀ ਗਹਿੰਦ, ਗਹਿਰ ਗਵਰ ਅਖਵਾਈਆ । ਆਦਿ ਜੁਗਾਦਿ ਸਦ ਬਖ਼ਸ਼ਿੰਦ, ਰਹਿਮਤ ਰਹੀਮ ਰਹਿਮਾਨ ਆਪਣੇ ਹੱਥ ਰਖਾਈਆ । ਤਿਸ ਦੀ ਕਰ ਸਕੇ ਕੋਇ ਨਾ ਨਿੰਦ, ਨਿੰਦਿਆ ਵਿਚ ਕਦੇ ਨਾ ਆਈਆ । ਉਹ ਮੇਰੀ ਮੇਟੇ ਸਗਲੀ ਚਿੰਦ, ਚਿੰਤਾ ਦਏ ਗਵਾਈਆ । ਪ੍ਰਗਟ ਹੋ ਕੇ ਵਿਚ ਹਿੰਦ, ਜੋਤੀ ਜਾਤਾ ਡਗਮਗਾਈਆ । ਜੋ ਇਸ਼ਾਰਾ ਦੇ ਕੇ ਗਿਆ ਸਤਿਗੁਰ ਗੁਰ ਗੋਬਿੰਦ, ਸਿੰਘ ਆਪਣਾ ਹੁਕਮ ਸੁਣਾਈਆ । ਉਹ ਲਹਿਣੇ ਦੇਣੇ ਜਾਣੇ ਜੀਓ ਪਿੰਡ, ਬ੍ਰਹਿਮੰਡ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਮੇਰਾ ਥਾਨ ਸੁਹਾਵਾ, ਮਿੱਟੀ ਖ਼ਾਕ ਮਿਲੇ ਵਡਿਆਈਆ । ਮੈਂ ਨਿਤ ਨਿਤ ਉਸੇ ਦਾ ਰਾਹ ਤਕਾਵਾਂ, ਜੋ ਗੋਬਿੰਦ ਗੋਬਿੰਦ ਗੋਬਿੰਦ ਧੁਰ ਦਾ ਮਾਹੀਆ । ਓਸੇ ਦੇ ਢੋਲੇ ਗਾਵਾਂ, ਤੂੰ ਮੇਰਾ ਮੈਂ ਤੇਰਾ ਸਿਫ਼ਤ ਸਾਲਾਹੀਆ । ਓਸੇ ਦੀ ਸੇਜ ਹੰਢਾਵਾਂ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਸੇ ਨੂੰ ਸੀਸ ਝੁਕਾਵਾਂ, ਜਿਸ ਦਾ ਚਰਨ ਜਗ ਨੇਤਰ ਨਜ਼ਰ ਕੋਇ ਨਾ ਆਈਆ । ਉਸੇ ਦਾ ਬੰਕ ਦਵਾਰ ਆਪਣਾ ਘਰ ਬਣਾਵਾਂ, ਗ੍ਰਹਿ ਮੰਦਰ ਵੱਜੇ ਵਧਾਈਆ । ਖ਼ੁਸ਼ੀ ਖ਼ੁਸ਼ੀਆਂ ਨਾਲ ਜਾਵਾਂ ਚਾਵਾਂ, ਚਾਓ ਘਨੇਰਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਮੈਂ ਦੱਸਾਂ ਅਗੰਮੀ ਖ਼ਬਰ, ਬੇਖ਼ਬਰਾਂ ਦਿਆਂ ਜਣਾਈਆ । ਸਤਿਗੁਰ ਸ਼ਬਦ ਦੀ ਸੁਣ ਕੇ ਧੁਨ ਮਧੁਰ, ਬਿਨ ਸਰਵਣਾਂ ਸਰਵਣ ਕੀਤੀ ਚਾਈਂ ਚਾਈਂਆ । ਉਸ ਦੇ ਗੁਣ ਜਾਣੇ ਕਵਣ, ਮਹਿੰਮਾ ਸਮਝ ਸਕੇ ਕੋਇ ਨਾ ਰਾਈਆ । ਜਿਸ ਸੇਵਾ ਲਾਈ ਉਨੰਜਾ ਪਵਣ, ਪਵਣ ਪਵਣਾਂ ਖੇਲ ਖਿਲਾਈਆ । ਉਹ ਲੇਖਾ ਜਾਣੇ ਅਵਣ ਗਵਣ, ਲੱਖ ਚੁਰਾਸੀ ਪਰਦਾ ਆਪ ਉਠਾਈਆ । ਉਹ ਮੇਰਾ ਗ੍ਰਹਿ ਤੱਕੇ ਭਵਨ, ਭਾਵਨੀ ਮੇਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੈਂ ਪਿਛਲੀ ਦੱਸਾਂ ਬਾਤ, ਬਾਤਨ ਦਿਆਂ ਜਣਾਈਆ । ਜਿਸ ਦਾ ਲੇਖਾ ਨਹੀਂ ਉਤੇ ਕਾਗ਼ਜ਼ਾਤ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਜਿਸ ਦਾ ਦੀਨ ਦੁਨੀ ਦਾ ਨਹੀਂ ਕੋਈ ਨਾਤ, ਰਿਸ਼ਤਾ ਫ਼ਰਿਸ਼ਤਾ ਸਕੇ ਨਾ ਕੋਇ ਸਮਝਾਈਆ । ਜੋ ਖੇਲੇ ਖੇਲ ਜੁਗ ਚੌਕੜੀ ਵਿਚ ਮਾਤ, ਮਤਾ ਆਪਣੇ ਨਾਲ ਪਕਾਈਆ । ਨਿਰਗੁਣ ਹੋ ਕੇ ਸਰਗੁਣ ਦੇਵੇ ਦਾਤ, ਨਾਮ ਵਸਤ ਅਨਮੁੱਲ ਆਪ ਵਰਤਾਈਆ । ਖੇਲੇ ਖੇਲ ਬਹੁ ਬਿਧ ਭਾਂਤ, ਅਛਲ ਅਛੱਲ ਆਪਣੀ ਕਾਰ ਕਮਾਈਆ । ਜਨ ਭਗਤਾਂ ਪੁਛੇ ਵਾਤ, ਗ੍ਰਹਿ ਗ੍ਰਹਿ ਮੰਦਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸ਼ਰਨਾਈਆ । ਧਰਨੀ ਕਹੇ ਮੈਂ ਕੋਝੀ ਕਮਲੀ ਮੰਗਤੀ, ਤੂੰ ਦੇਵਣਹਾਰ ਦਇਆ ਨਿਧ ।

੧੩੩੨
੨੩

ਮੇਰਾ ਲੇਖਾ ਵੇਖ ਲੈ ਆਪਣੀ ਵਿਚੋਂ ਪੰਗਤੀ, ਭੇਵ ਅਭੇਦਾ ਜਾਣ ਲੈ ਆਪਣੀ ਬਿਧ । ਮੇਰੇ ਉਤੇ ਖੇਲ ਤੱਕ ਲੈ ਭੁੱਖ ਨੰਗ ਦੀ, ਤੇਰਾ ਕਾਰਜ ਤੁਧ ਬਿਨ ਕਰੇ ਕੋਇ ਨਾ ਸਿੱਧ । ਅੰਮ੍ਰਿਤ ਦਿਸੇ ਨਾ ਧਾਰਾ ਗੰਗ ਦੀ, ਚਾਰੋਂ ਕੁੰਟ ਵਹਿਣ ਵਹੇ ਲਹੂ ਮਿਝ । ਤੇਰੇ ਪਿਆਰ ਨਾਲ ਕਾਇਆ ਚੋਲੀ ਕੋਈ ਨਾ ਰੰਗਦੀ, ਵਿਛੋੜੇ ਵਿਚ ਨੇਤਰ ਨੀਰ ਵਗੇ ਨਾ ਹਿੰਝ । ਸ਼ਿਵ ਸੁਰਪਤ ਰਾਜੇ ਇੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਸਵਾਮੀਆਂ, ਕਰਤੇ ਪੁਰਖ ਪੁਰਖ ਕਰਤਾਰ । ਆਦਿ ਜੁਗਾਦੀ ਅੰਤਰਜਾਮੀਆਂ, ਘਟ ਘਟ ਵੇਖਣਹਾਰ । ਮੈਂ ਸੁਣਦੀ ਤੇਰੇ ਨਾਮ ਕਲਮੇ ਬਾਣੀਆਂ, ਸ਼ਬਦ ਨਾਦ ਧੁਨਕਾਰ । ਤੇਰਾ ਖੇਲ ਜੁਗ ਜੁਗ ਮਹਾਨੀਆਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਸ ਵਟਾਏ ਪੈਗ਼ੰਬਰ ਗੁਰ ਅਵਤਾਰ । ਵਿਸ਼ਨ ਬ੍ਰਹਮਾ ਸ਼ਿਵ ਤੇਰੀਆਂ ਕਥਣ ਕਹਾਣੀਆਂ, ਸੁਣਾਉਣ ਵਿਚ ਸੰਸਾਰ । ਮੈਂ ਤੱਕਾਂ ਤੇਰੀਆਂ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਕਰਾਂ ਵਿਚਾਰ । ਤੇਰਾ ਖੇਲ ਤੱਕਾਂ ਪੰਜ ਤਤ ਭੂਤ ਪ੍ਰਾਣੀਆਂ, ਪਵਣ ਸਵਾਸੀ ਲੇਖਾ ਅਗੰਮ ਅਪਾਰ । ਕਲਜੁਗ ਕੂੜ ਕੁੜਿਆਰ ਤੇਰੀਆਂ ਧਰਮ ਦੀਆਂ ਮੇਟੀਆਂ ਨਿਸ਼ਾਨੀਆਂ, ਚਾਰੋਂ ਕੁੰਟ ਹੋਇਆ ਅੰਧਿਆਰ । ਕਿਰਪਾ ਕਰ ਮੇਰੇ ਉਤੇ ਮਿਹਰਵਾਨੀਆਂ, ਮਿਹਰ ਨਜ਼ਰ ਇਕ ਉਠਾਲ । ਅੰਮ੍ਰਿਤ ਰਸ ਬੂੰਦ ਸਵਾਂਤੀ ਨਿਝਰ ਝਿਰਨਾ ਬਖ਼ਸ਼ ਦੇ ਠੰਡਾ ਪਾਣੀਆਂ, ਅੰਮ੍ਰਿਤ ਮੇਘ ਬਰਸ ਆਪਣੀ ਕਿਰਪਾ ਧਾਰ । ਆਤਮ ਪਰਮਾਤਮ ਮੇਲ ਮਿਲਾ ਦੇ ਧੁਰ ਦੇ ਹਾਣੀਆਂ, ਵਿਛੋੜਾ ਹੋਏ ਨਾ ਵਿਚ ਸੰਸਾਰ । ਸਚ ਵਸਤ ਧਰਮ ਦੀ ਦੇ ਦੇ ਧੁਰ ਦੇ ਦਾਨੀਆਂ, ਤੂੰ ਦੇਵਣਹਾਰ ਨਿਰੰਕਾਰ । ਮੈਂ ਤੇਰੇ ਚਰਨ ਧੂੜ ਮਸਤਕ ਲਾਨੀਆਂ, ਖ਼ਾਦਮ ਹੋ ਕੇ ਹੋਵਾਂ ਖ਼ਿਦਮਤਗਾਰ । ਮਸਤੀ ਵਿਚ ਰਹਾਂ ਮਸਤਾਨੀਆਂ, ਮਸਤ ਖ਼ੁਮਾਰੀ ਇਕੋ ਚਾੜ੍ਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਦੇ ਮਾਤਲੋਕ, ਮਿਤ੍ਰ ਪਿਆਰੇ ਦਇਆ ਕਮਾਈਆ । ਮੈਂ ਸੁਣਾਂ ਤੇਰਾ ਇਕ ਸਲੋਕ, ਸੋਹਲਾ ਢੋਲਾ ਦੇਣਾ ਜਣਾਈਆ । ਜਿਸ ਨੂੰ ਨਵ ਸੱਤ ਸਕੇ ਕੋਈ ਨਾ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਜੋ ਵੇਖੇ ਵਿਗਸੇ ਬੰਕ ਦਵਾਰੇ ਕੋਟ, ਤਨ ਮੰਦਰ ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਤੇਰੇ ਹੁਕਮ ਦੀ ਤਨ ਵਜੂਦਾਂ ਅੰਦਰ ਲਾਵੇ ਚੋਟ, ਚੋਟਾ ਮਨ ਲਏ ਨਿਵਾਈਆ । ਕੂੜ ਕਿਰਿਆ ਦਾ ਅੰਦਰੋਂ ਕਢੇ ਖੋਟ, ਮਾਇਆ ਮਮਤਾ ਮੋਹ ਗਵਾਈਆ । ਸਚ ਪ੍ਰਕਾਸ਼ ਆਪਣਾ ਦੇਣਾ ਨਿਰਮਲ ਜੋਤ, ਜੋਤੀ ਜਾਤੇ ਕਰਨੀ ਆਪ ਰੁਸ਼ਨਾਈਆ । ਤੂੰ ਪਰਮਾਤਮਾ ਆਤਮਾ ਤੇਰੀ ਗੋਤ, ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰੀ ਰਹੇ ਕੋਈ ਨਾ ਸੋਚ, ਸਮਝ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਤੱਕ ਪੰਦਰਾਂ ਕੱਤਕ ਪ੍ਰਵਿਸ਼ਟਾ, ਘੜੀ ਪਲ ਧਿਆਨ ਲਗਾਈਆ । ਨਿਗਾਹ ਮਾਰ ਲੈ ਆਪਣੀ ਵਿਚ ਸ੍ਰਿਸ਼ਟਾ, ਅੰਤਰ ਨਿਰੰਤਰ ਫੋਲ ਫੁਲਾਈਆ । ਸਤਿ ਸਚ ਦਾ ਵੇਖ ਲੈ ਇਸ਼ਟਾ, ਗੁਰਦੇਵ ਕਵਣ ਮਨਾਈਆ । ਕੀ ਤੇਰੇ ਨਾਲ ਦੀਨ ਦੁਨੀ ਦਾ ਰਹੇ ਰਿਸ਼ਤਾ, ਨਾਤਾ ਕੀ ਸਮਝਾਈਆ । ਜੋ ਸੰਦੇਸਾ ਦੇ ਕੇ ਗਿਆ ਜਬਰਾਈਲ ਫ਼ਰਿਸ਼ਤਾ, ਮੁਹੰਮਦ ਨਾਜ਼ਲ ਹੋ ਕੇ ਵਹੀ ਸਮਝਾਈਆ । ਉਹ ਲੇਖਾ ਪੂਰਾ ਕਰ ਦੇ ਆਹਿਸਤਾ ਆਹਿਸਤਾ, ਸਦੀ ਚੌਧਵੀਂ ਗੰਢ ਪਵਾਈਆ । ਮੇਰਾ ਆਦਿ ਦਾ ਤੇਰੇ ਉਤੇ ਨਿਸਚਾ, ਦੂਸਰ ਓਟ ਨਾ ਕੋਇ ਰਖਾਈਆ ।


੧੩੩੩
੨੩

ਕਲਜੁਗ ਕੂੜ ਕੁੜਿਆਰਾ ਮੇਟ ਦੇ ਭਰਿਆ ਵਿਖ ਦਾ, ਅੰਮ੍ਰਿਤ ਮੇਘ ਸਤਿ ਧਰਮ ਬਰਸਾਈਆ । ਮਾਨਸ ਮਾਨਵ ਮਨੁਖ ਰੂਪ ਬਣ ਜਾਏ ਸ਼ਬਦ ਗੋਬਿੰਦ ਸਾਚੇ ਸਿੱਖ ਦਾ, ਜੋ ਸਿਖਿਆ ਸਚ ਦ੍ਰਿੜਾਈਆ । ਝਗੜਾ ਮੁਕ ਜਾਏ ਜ਼ਾਤ ਪਾਤੀ ਨਿਤ ਦਾ, ਨਵਿਤ ਹੋਣਾ ਆਪ ਸਹਾਈਆ । ਤੇਰਾ ਰੂਪ ਅਗੰਮਾ ਪਿਤ ਦਾ, ਪਤਿ ਪਰਮੇਸ਼ਵਰ ਤੇਰੇ ਹੱਥ ਵਡਿਆਈਆ । ਝਗੜਾ ਮੇਟ ਦੇ ਪੱਥਰ ਇੱਟ ਦਾ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਤੇਰੇ ਉਤੇ ਸਦੀ ਚੌਧਵੀਂ ਮਨੂਆ ਕਿਸੇ ਨਾ ਟਿਕਦਾ, ਟਿੱਕੇ ਮਸਤਕ ਲਾਉਣ ਵਾਲੇ ਸਾਰੇ ਬੈਠੇ ਮੁਖ ਭਵਾਈਆ । ਤੂੰ ਲਹਿਣਾ ਤੱਕ ਲੈ ਆਪਣੀ ਇਕੋ ਚਿਟ ਦਾ, ਜਿਸ ਚਿਟ ਉਤੇ ਗੋਬਿੰਦ ਕੰਨ੍ਹਾ ਗਿਆ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਜਨ ਭਗਤੋ ਮੈਨੂੰ ਸਾਰੇ ਕਹਿੰਦੇ ਧਰਤ, ਧਵਲ ਧੌਲ ਕਹਿ ਕੇ ਰਹੇ ਗਾਈਆ । ਸਚ ਦੱਸਾਂ ਮੇਰੀ ਗੋਬਿੰਦ ਨਾਲ ਸ਼ਰਤ, ਜੋ ਮਾਹੀ ਬੇਪ੍ਰਵਾਹੀਆ । ਜਿਸ ਨੂੰ ਤੱਕਾਂ ਉਤੇ ਅਰਸ਼, ਫ਼ਰਸ਼ਾਂ ਵੇਖ ਖ਼ੁਸ਼ੀ ਬਣਾਈਆ । ਜੋ ਮੇਰੇ ਉਤੇ ਕਰੇ ਤਰਸ, ਰਹਿਮਤ ਆਪ ਕਮਾਈਆ । ਮੇਰਾ ਸੁਹੰਜਣਾ ਕਰੇ ਬਰਸ, ਸ਼ਹਿਨਸ਼ਾਹੀ ਨੌਂ ਮਿਲੇ ਵਡਿਆਈਆ । ਜੋਤੀ ਜਾਤਾ ਹੋ ਕੇ ਆਏ ਪਰਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਮੇਰਾ ਪਿਛਲਾ ਲਾਹੇ ਕਰਜ਼, ਮਕਰੂਜ਼ ਦਏ ਚੁਕਾਈਆ । ਅਗੇ ਸਭ ਦੀ ਆਸਾ ਵੇਖੇ ਗ਼ਰਜ਼, ਕੀ ਦੀਨ ਦੁਨੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰੇ ਪ੍ਰਭੂ ਮਿਹਰਵਾਨਾ, ਮਿਹਰਵਾਨ ਤੇਰੀ ਵਡਿਆਈਆ । ਆਪਣਾ ਪਿਛਲਾ ਖੇਲ ਤੱਕ ਮਹਾਨਾ, ਤਰੇਤਾ ਦੁਆਪਰ ਨਾਲ ਮਿਲਾਈਆ । ਸਤਿਜੁਗ ਬਲ ਦਾ ਵੇਖ ਨਿਸ਼ਾਨਾ, ਜੋ ਬਾਵਨ ਗਿਆ ਸਮਝਾਈਆ । ਫੇਰ ਤੱਕ ਲੈ ਆਪਣਾ ਨੂਰ ਨੁਰਾਨਾ, ਜੋਤੀ ਜਾਤੇ ਵੇਖ ਵਖਾਈਆ । ਕੀ ਇਸ਼ਾਰਾ ਦਿਤਾ ਅਰਜਨ ਕ੍ਰਿਸ਼ਨ ਕਾਹਨਾ, ਘਨਈਆ ਕੀ ਸਮਝਾਈਆ । ਕੀ ਕਬੀਰ ਨੇ ਗਾਇਆ ਤਰਾਨਾ, ਜਗਤ ਸੁਰਤੀ ਤੋਂ ਬਾਹਰ ਸੁਣਾਈਆ । ਕੀ ਸੰਦੇਸ਼ਾ ਸਤਿਗੁਰ ਨਾਨਕ ਹੁਕਮ ਦਿਤਾ ਮਰਦਾਨਾ, ਕੀ ਗਿਆ ਸਮਝਾਈਆ । ਕੀ ਗੋਬਿੰਦ ਨੇ ਤੀਰ ਦਾ ਮਾਰ ਨਿਸ਼ਾਨਾ, ਨਿਸ਼ਾਨਾ ਮੇਰਾ ਦਿਤਾ ਬਦਲਾਈਆ । ਕੀ ਤੇਰਾ ਮੇਰੇ ਉਤੇ ਵਰਤੇ ਭਾਣਾ, ਭਾਵੀ ਵਿਚ ਖੇਲ ਖਿਲਾਈਆ । ਧਰਨੀ ਕਹੇ ਪ੍ਰਭੂ ਉਹ ਤੱਕ ਲੈ ਚੌਦਾਂ ਤਬਕ ਜ਼ਿਮੀਂ ਅਸਮਾਨਾ, ਚੌਦਾਂ ਲੋਕ ਅੱਖ ਉਠਾਈਆ । ਤੇਰਾ ਹੋਏ ਨਾ ਕੋਇ ਬੇਗਾਨਾ, ਵੈਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਪੁਰਾਣੀ ਖ਼ਾਹਿਸ਼, ਆਸ਼ਾ ਤੇਰੇ ਚਰਨ ਕਵਲ ਟਿਕਾਈਆ । ਮੇਰੀ ਜਗਤ ਪੁਰਾਣੀ ਤੱਕ ਲੈ ਲਾਸ਼, ਮਾਟੀ ਖ਼ਾਕ ਨਜ਼ਰੀ ਆਈਆ । ਮੈਨੂੰ ਮਾਰ ਸਕਿਆ ਨਾ ਸ਼ੰਕਰ ਉਤੋਂ ਕੈਲਾਸ਼, ਕਲਾਧਾਰੀ ਤੇਰੀ ਬੇਪ੍ਰਵਾਹੀਆ । ਮੇਰੇ ਉਤੇ ਜੁਗ ਚੌਕੜੀ ਕੇਤੇ ਹੋ ਗਏ ਨਾਸ਼, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਕੇਤੇ ਤੇਰੇ ਰੂਪ ਵੇਖੇ ਅਬਿਨਾਸ਼, ਅਬਿਨਾਸ਼ੀ ਕਰਤੇ ਧਿਆਨ ਲਗਾਈਆ । ਕੇਤੇ ਪਾ ਕੇ ਗਏ ਰਾਸ, ਗੋਪੀ ਕਾਹਨ ਨਾਚ ਨਚਾਈਆ । ਕੇਤੇ ਬ੍ਰਹਮਾ ਬ੍ਰਹਮ ਕਰਦੇ ਰਹੇ ਪ੍ਰਕਾਸ਼, ਲੱਖ ਚੁਰਾਸੀ ਰੰਗ ਰੰਗਾਈਆ । ਕੇਤੇ ਵਿਸ਼ਨੂੰ ਵਿਸ਼ਨੂੰ ਵਿਸ਼ਵ ਦਾ ਦੇਂਦੇ ਰਹੇ ਸਾਥ, ਸਗਲੇ ਸੰਗੀ ਆਪ ਬਣ ਜਾਈਆ । ਧਰਨੀ ਕਹੇ ਮੇਰੇ ਪੁਰਖ ਸਮਰਾਥ, ਤੇਰੇ ਹੱਥ ਵਡਿਆਈਆ । ਤੂੰ ਸਹਾਇਤਾ ਕਰਨੀ ਅਨਾਥਾਂ ਨਾਥ, ਦੀਨਾਂ ਗਲੇ ਲਗਾਈਆ । ਮੈਂ ਤੇਰੇ ਚਰਨ ਕਵਲ

ਧਵਲ ਹੋ ਕੇ ਟੇਕਾਂ ਮਾਥ, ਮਸਤਕ ਧੂੜੀ ਖ਼ਾਕ ਰਮਾਈਆ । ਮੇਰੀ ਆਸਾ ਪੂਰੀ ਕਰ ਦੇ ਜੋ ਸਤਿਗੁਰ ਗੋਬਿੰਦ ਗਿਆ ਆਖ, ਬਿਨ ਅੱਖਰਾਂ ਅੱਖਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਨੂੰ ਗੋਬਿੰਦ ਮਾਰਿਆ ਸਹਿਜ ਨਾਲ ਧੱਕਾ, ਚਰਨਾਂ ਨਾਲ ਦਬਾਈਆ । ਇਕ ਫ਼ਰਮਾਨਾ ਸ਼ਬਦ ਦਾ ਦਿਤਾ ਸੱਚਾ, ਸਚ ਗਿਆ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਜਿਸ ਦਾ ਆਦਿ ਜੁਗਾਦੀ ਰਿਸ਼ਤਾ ਪੱਕਾ, ਦੋ ਜਹਾਨ ਸਕੇ ਨਾ ਕੋਇ ਤੁੜਾਈਆ । ਧਰਨੀਏ ਉਹ ਦਿਸੇ ਕਦੇ ਨਾ ਜਗਤ ਵਾਲੀਆਂ ਅੱਖਾਂ, ਅੱਖਰਾਂ ਵਿਚ ਬੰਦ ਨਾ ਕੋਇ ਕਰਾਈਆ । ਜਦ ਹੋਵੇ ਹੋਵੇ ਭਗਤਾਂ ਦਾ ਸਖਾ, ਸਖਾ ਸੁਹੇਲਾ ਬੇਪ੍ਰਵਾਹੀਆ । ਮੈਂ ਉਸ ਦਾ ਭੇਵ ਦੱਸਾਂ, ਦਹਿ ਦਿਸ਼ਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਗੋਬਿੰਦ ਕਿਹਾ ਧਰਨੀਏ ਤੇਰਾ ਭਗਵੰਤ, ਭਗਵਨ ਧੁਰਦਰਗਾਹੀਆ । ਆਦਿ ਜੁਗਾਦੀ ਕੰਤ, ਹਰਿ ਕਰਤਾ ਇਕ ਅਖਵਾਈਆ । ਤੈਨੂੰ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਤੇਰੇ ਉਤੋਂ ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜਿਸ ਕਲਜੁਗ ਕਰਨਾ ਅੰਤ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਧਰਨੀ ਕਹੇ ਮੇਰੇ ਸਤਿਗੁਰ ਗੋਬਿੰਦ ਮੈਂ ਤੇਰੇ ਚਰਨ ਚੁੰਮਾਂ, ਧੂੜੀ ਮਸਤਕ ਖ਼ਾਕ ਰਮਾਈਆ । ਦਿਵਸ ਰੈਣ ਘੁੰਮਾਂ, ਭੱਜਾਂ ਵਾਹੋ ਦਾਹੀਆ । ਉਸ ਪ੍ਰਭੂ ਦਾ ਨੂਰ ਨੁਰਾਨਾ ਵੇਖਾਂ ਖੇਲ ਜੋ ਵਡ ਗੁਣ ਗੁਣਾ, ਗਹਿਰ ਗੰਭੀਰ ਆਪ ਕਰਾਈਆ । ਜਿਸ



ਦੀ ਨਾਦ ਅਨਾਦੀ ਦੋ ਜਹਾਨਾਂ ਇਕੋ ਹੋਵੇ ਧੁਨਾ, ਧੁਨ ਆਤਮਕ ਰਾਗ ਸੁਣਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਮਾਲਕ ਕੁਨਾ, ਵਾਹਿਦ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੇਰੀਆਂ ਆਸਾ ਮਨਸਾ ਉਸ ਦੇ ਚਰਨ, ਜੋ ਚਰਨੋਦਕ ਦਏ ਪਿਆਈਆ । ਮੇਰਾ ਨੇਤਰ ਖੋਲ ਕੇ ਹਰਨ ਫਰਨ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਜਿਸ ਦਾ ਨਾਮ ਨਿਧਾਨਾ ਇਕੋ ਜੀਵ ਜੰਤ ਮੇਰੇ ਉਤੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਆਤਮ ਧਾਰ ਪਰਮਾਤਮ ਦੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸੋ ਕਰਤਾ ਪੁਰਖ ਆਦਿ ਜੁਗਾਦੀ ਕਰਨੀ ਕਰਨ, ਕਰਨੀ ਦਾ ਕਰਤਾ ਨੂਰ ਅਲਾਹੀਆ । ਜੋ ਝਗੜਾ ਮੇਟੇ ਚੋਟੀ ਜੜਨ, ਚੇਤਨ ਵੇਖੇ ਥਾਉਂ ਥਾਈਆ । ਮੈਂ ਉਸ ਦਾ ਪੱਲੂ ਫੜਾਂ ਲੜਨ, ਬਿਨ ਕੰਨੀ ਗੰਢ ਪਵਾਈਆ । ਜਿਸ ਝਗੜਾ ਮਿਟਾਉਣਾ ਵਰਨ ਬਰਨ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਗੋਬਿੰਦ ਮੇਰੇ ਉਤੇ ਚਰਨ ਦਿਤਾ ਦੱਬ, ਪੰਜਾ ਸਹਿਜ ਨਾਲ ਟਿਕਾਈਆ । ਝਟ ਸ਼ਬਦ ਸੰਦੇਸ਼ਾ ਮੈਨੂੰ ਦਿਤਾ ਝੱਬ, ਪ੍ਰੇਮ ਨਾਲ ਦ੍ਰਿੜਾਈਆ । ਓਹ ਵੇਖ ਲੈ ਨੂਰ ਅਲਾਹੀ ਰੱਬ, ਨੂਰ ਨੁਰਾਨਾ ਸੋਭਾ ਪਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗਏ ਸੱਦ, ਸੱਦਿਆਂ ਵਿਚ ਹੋਕੇ ਜਗਤ ਜਣਾਈਆ । ਉਹ ਆਵੇ ਆਪਣੇ ਨਾਲ ਸਬਬ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜਿਸ ਕਲਜੁਗ ਅੰਤਮ ਕੂੜ ਕੁੜਿਆਰੀ ਮੇਟਣੀ ਹੱਦ, ਹਦੂਦਾਂ ਵੇਖੇ ਥਾਉਂ ਥਾਈਆ । ਨਵ ਜ਼ਾਤੀ ਇਕ ਬਣਾਏ ਯੱਦ, ਯਦੀ ਯਦਪ ਆਪਣਾ ਹੁਕਮ ਵਰਤਾਈਆ । ਜਨ

੧੩੩੫ ੨੩

੧੩੩੬
੨੩

ਭਗਤਾਂ ਲਡਾਏ ਲਡ, ਗੋਦੀ ਧੁਰ ਦੀ ਆਪ ਉਠਾਈਆ । ਨਾਮ ਪਿਆਲਾ ਦੇਵੇ ਮਦਿ, ਸਾਕੀ ਹੋ ਕੇ ਜਾਮ ਫੜਾਈਆ । ਰਿੰਦ ਪੀ ਕੇ ਜਾਵੇ ਰੱਜ, ਰੰਜਸ਼ ਅੰਦਰ ਰਹੇ ਨਾ ਰਾਈਆ । ਸਚ ਦਵਾਰੇ ਜਾਏ ਸਜ, ਸਾਜਣ ਮਿਲੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੈਂ ਵੇਖਾਂ ਚਾਰ ਕੁੰਟ ਨਾਲ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਕੀ ਖੇਲ ਸ੍ਰੀ ਭਗਵਾਨ, ਹਰਿ ਕਰਤਾ ਕਾਰ ਕਮਾਈਆ । ਜੋ ਲਹਿਣਾ ਜਾਣੇ ਦੋ ਜਹਾਨ, ਲੋਕਾਂ ਪ੍ਰਲੋਕਾਂ ਖੋਜ ਖੁਜਾਈਆ । ਜੋ ਲੇਖਾ ਵੇਖੇ ਜ਼ਿਮੀਂ ਅਸਮਾਨ, ਇਸਮ ਆਜ਼ਮ ਇਕ ਦ੍ਰਿੜਾਈਆ । ਮੈਂ ਓਸ ਨੂੰ ਕਰਾਂ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਨੂੰ ਮੁਹੰਮਦ ਕਿਹਾ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਸ਼ਰਅ ਵਿਚ ਰਹਿਣ ਦੇਣਾ ਨਹੀਂ ਕੋਈ ਗ਼ੁਲਾਮ, ਜ਼ਜੀਰ ਬੇਨਜ਼ੀਰ ਦਏ ਕਟਾਈਆ । ਓਹ ਸੰਦੇਸ਼ਾ ਦੇਵੇ ਵਿਚ ਅਵਾਮ, ਆਮ ਰਿਹਾ ਸਮਝਾਈਆ । ਜਿਸ ਸ਼ਰਅ ਦਾ ਲੇਖਾ ਵੇਖਣਾ ਵਿਚ ਸ਼ਾਮ, ਜਿਸ ਦੀ ਸ਼ਾਮ ਘਨਈਆ ਦਏ ਗਵਾਹੀਆ । ਹਲੂਣਾ ਦੇ ਕੇ ਹੁਕਮ ਈਰਾਨ, ਦੁਰਾਨੀਆਂ ਨਾਲ ਮਿਲਾਈਆ । ਚਾਰ ਯਾਰੀ ਦੀ ਹੱਥ ਵਿਚ ਲਏ ਕਮਾਨ, ਹੁਕਮ ਹੁਕਮ ਵਿਚ ਸੁਣਾਈਆ । ਮੱਕੇ ਕਾਅਬੇ ਵੇਖੇ ਮੁਕਾਮ, ਮਦੀਨਿਆਂ ਪੰਧ ਮੁਕਾਈਆ । ਸਦੀ ਚੌਧਵੀਂ ਤੱਕੋ ਨਿਸ਼ਾਨ, ਜੋ ਨਿਸ਼ਾਨੇ ਸਭ ਦੇ ਰਿਹਾ ਬਦਲਾਈਆ । ਤਾਰਾ ਚੰਦ ਦਏ ਪੈਗ਼ਾਮ, ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਆਦਿ ਜੁਗਾਦੀ ਇਕੋ ਕੰਤ ਸੁਹਾਗਾ, ਸਾਹਿਬ ਸਤਿਗੁਰ ਇਕ ਅਖਵਾਈਆ । ਜਿਸ ਦਾ ਦੀਪਕ ਜੋਤ ਜਗੇ ਚਰਾਗ਼ਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਜਿਸ ਦਾ ਲੇਖਾ ਵੇਖਣਾ ਆਰ ਪਾਰ ਵਾਘਾ, ਵਾਗਾਂ ਆਪਣੇ ਹੱਥ ਉਠਾਈਆ । ਜੋ ਇਸ਼ਾਰਾ ਦੇ ਕੇ ਗਿਆ ਵਾਲਾ ਬਾਜਾਂ, ਬਾਜ਼ੀ ਸਭ ਦੀ ਦਏ ਉਲਟਾਈਆ । ਜਿਸ ਨੂੰ ਹਜ਼ਰਤ ਮੁਹੰਮਦ ਮਾਰੇ ਅਵਾਜ਼ਾ, ਕੂਕ ਕੂਕ ਦਏ ਦੁਹਾਈਆ । ਮੇਰੇ ਅਮਾਮ ਅਲਾਹੀ ਨੂਰ ਆ ਜਾ, ਮਜ਼ੀਉਲ ਤੇਰੀ ਓਟ ਤਕਾਈਆ । ਮੇਰੇ ਯਕਮਸਤਲੂ ਨਵਿਜ਼ ਚੋਸ਼ੇ ਮਜ਼ਾ ਗੋਸ਼ੇ ਕਮਾ ਖੁਰਜਾਨੇ ਅਵਾਂ ਜਬਤੀ ਜਵੂ ਅਰਸ਼ੇ ਮਵਰੂ ਨੂਰੇ ਅਲਾਹ ਬੇਪਰਵਾਹ ਤੇਰੀ ਓਟ ਤਕਾਈਆ । ਦਸਤੇ ਬਜ਼ੀ ਅਰਸ਼ੇ ਮਜ਼ੀ ਕਵਿਜ਼ੇ ਕੁਲਾਹ ਮੇਰੇ ਅਲਾਹ ਚੋਸ਼ੇ ਜ਼ਬੀ ਨੂਰੇ ਰਬੀ, ਆਲਮੀਨ ਉਲਮਾ ਤੇਰਾ ਭੇਵ ਕੋਇ ਨਾ ਪਾਈਆ । ਮੇਰੇ ਮਹਿਬੂਬਾ ਮੇਰੀ ਅੰਤ ਵੇਖ ਲੈ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪੰਦਰਾਂ ਕੱਤਕ ਤੇਰਾ ਸਾਲ ਬਸਾਲਾ ਖੇਲ ਹੋਣਾ ਵਿਚ ਜਗਤ, ਜਗ ਜੀਵਣ ਦਾਤਾ ਦਏ ਵਡਿਆਈਆ । ਤੇਰਾ ਝਗੜਾ ਹੋਣਾ ਬੂੰਦ ਰਕਤ, ਪੰਜਾਂ ਤਤਾਂ ਸੰਗ ਬਣਾਈਆ । ਦੀਨ ਦੁਨੀ ਦਾ ਅਖਾੜਾ ਬਣਨਾ ਫ਼ਕਤ, ਫ਼ਿਕਰਾ ਇਕੋ ਇਕ ਸਮਝਾਈਆ । ਤੇਰੇ ਦਿਵਸ ਦਾ ਇਸ਼ਾਰਾ ਦੇ ਕੇ ਗਈ ਦੁਰਗਾ ਆਦਿ ਸ਼ਕਤ, ਸੁੰਭ ਨਿਸੁੰਭ ਦੀ ਆਸਾ ਨਾਲ ਮਿਲਾਈਆ । ਬਾਵਨ ਨੇ ਸੰਦੇਸ਼ਾ ਦਿਤਾ ਏਸੇ ਧਰਤ, ਧਵਲ ਰਹੀ ਦ੍ਰਿੜਾਈਆ । ਰਾਮ ਵਸ਼ਿਸ਼ਟ ਦੀ ਲੱਗੀ ਸ਼ਰਤ, ਧਨੁਖ ਬਾਣ ਹੱਥੋਂ ਦਿਤਾ ਸੁਟਾਈਆ । ਕ੍ਰਿਸ਼ਨ ਅਰਜਨ ਨੂੰ ਕਿਹਾ ਜੋਰ ਨਾਲ ਗਰਜ, ਸ਼ਬਦ ਸ਼ਬਦ ਸ਼ਬਦ ਦ੍ਰਿੜਾਈਆ । ਐਸ ਧਰਤੀ ਤੇ ਗੋਬਿੰਦ ਸਿੰਘ ਜੋਧਾ ਆਵੇ ਸੂਰਬੀਰ ਮਰਦਾਨਾ ਮਰਦ, ਮਦਦ ਪੁਰਖ ਅਕਾਲ ਨਾਲ ਰਖਾਈਆ । ਜਿਸ ਦਾ ਡੰਕਾ ਫ਼ਤਹਿ ਵੱਜੇ ਅਸਚਰਜ, ਨਗਾਰਾ ਨਾਮ

੧੩੩੭
੨੩

ਵਾਲਾ ਰਖਾਈਆ । ਕੂੜੀ ਕਿਰਿਆ ਸ਼ਰਅ ਕਸਾਈ ਰਹਿਣ ਨਾ ਦੇਵੇ ਕਰਦ, ਕਾਤਲ ਮਕਤੂਲ ਦਾ ਡੇਰਾ ਢਾਹੀਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਧਰਤੀਏ ਤੇਰੀ ਲੇਖੇ ਲਾਵੇ ਅਰਜ, ਬੇਨੰਤੀ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹੱਸੀ, ਆਪਣੀ ਖ਼ੁਸ਼ੀ ਬਣਾਈਆ । ਚੜ੍ਹਦਾ ਲਹਿੰਦਾ ਦੱਖਣ ਪਹਾੜ ਨੱਸੀ, ਭੱਜੀ ਵਾਹੋ ਦਾਹੀਆ । ਮੇਰਾ ਮਾਲਕ ਆਵੇ ਜੋ ਵੇਖੇ ਲੱਖ ਚਾਰ ਅੱਸੀ, ਚੁਰਾਸੀ ਫੋਲ ਫੁਲਾਈਆ । ਜਨ ਭਗਤਾਂ ਸੰਤਾਂ ਸੂਫ਼ੀਆਂ ਗੁਰਮੁਖਾਂ ਕੱਟੇ ਰੱਸੀ, ਜਮ ਫਾਸ ਨਾ ਕੋਇ ਲਟਕਾਈਆ । ਕਲਜੁਗ ਵੇਖੇ ਰੈਣ ਅੰਧੇਰੀ ਮੱਸੀ, ਬਿਨ ਅੱਖਾਂ ਅੱਖ ਉਠਾਈਆ । ਮੇਰਾ ਲਹਿਣਾ ਦੇਣਾ ਦੇਵੇ ਹੱਥੋ ਹੱਥੀ, ਪੂਰਬ ਲੇਖਾ ਝੋਲੀ ਪਾਈਆ । ਉਹ ਮਾਲਕ ਖ਼ਾਲਕ ਹੋਵੇ ਪੁਰਖ ਸਮਰਥੀ, ਸਮਰਥ ਪੁਰਖ ਇਕ ਅਖਵਾਈਆ । ਜੋ ਸਾਰ ਪਾਵੇ ਤਤ ਅੱਠੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਭੇਵ ਰਹੇ ਨਾ ਰਾਈਆ । ਉਹ ਵੇਖਣਹਾਰਾ ਤੀਰਥ ਅੱਠ ਸੱਠੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੇਖਾ ਦਏ ਚੁਕਾਈਆ । ਜਿਸ ਝਗੜਾ ਮੇਟਣਾ ਮੰਦਰ ਮਸਜਿਦ ਸ਼ਿਵਦਵਾਲੇ ਮੱਠੀ, ਕਾਇਆ ਕਾਅਬਾ ਇਕ ਦਰਸਾਈਆ । ਜਿਸ ਦੀ ਜੋਤ ਜਗੇ ਲਟ ਲਟੀ, ਚਾਰ ਕੁੰਟ ਕਰੇ ਰੁਸ਼ਨਾਈਆ । ਉਹਦੀ ਨਾਮ ਦੀ ਹੋਵੇ ਇਕੋ ਪੱਟੀ, ਪਟਨੇ ਵਾਲਾ ਰਿਹਾ ਸਮਝਾਈਆ । ਉਹ ਸਤਿ ਸਰੂਪਾ ਸ਼ਾਹੋ ਭੂਪਾ ਹੱਥ ਆਵੇ ਕਿਸੇ ਨਾ ਹੱਟੀ, ਕੀਮਤ ਸਕੇ ਨਾ ਕੋਇ ਚੁਕਾਈਆ । ਜਿਸ ਕਲਜੁਗ ਅੰਤ ਦੀਨ ਦੁਨੀ ਦੀ ਅਗਨੀ ਕਰਨੀ ਮੱਠੀ, ਅੰਮ੍ਰਿਤ ਨਾਮ ਮੇਘ ਬਰਸਾਈਆ । ਧਰਨੀ ਕਹੇ ਜਨ ਭਗਤੋ ਮੈਂ ਉਸ ਦੇ ਚਰਨ ਕਵਲ ਢੱਠੀ, ਨਿਵ ਨਿਵ ਸੀਸ ਨਿਵਾਈਆ । ਜਿਸ ਆਤਮ ਧਾਰ ਸ੍ਰਿਸ਼ਟੀ ਕਰਨੀ ਇਕੱਠੀ, ਪਰਮਾਤਮ ਹੋ ਕੇ ਮੇਲ ਮਿਲਾਈਆ । ਜੋਤੀ ਜਾਤਾ ਸਭ ਦਾ ਬਣ ਕੇ ਕਮਲਾਪਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਉਸ ਦੀ ਚਰਨ ਧੂੜੀ ਮਸਤਕ ਲਾਵਾਂ ਰਤੀ, ਰਤਨ ਅਮੋਲਕ ਆਪਣਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਪਤ ਰਿਹਾ ਰਖੀ, ਸਿਰ ਆਪਣਾ ਹੱਥ ਟਿਕਾਈਆ ।

### ✪ ੧੬ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਧਨੌਰੀ ਜ਼ਿਲਾ ਰੋਪੜ ਲਛਮਣ ਸਿੰਘ ਦੇ ਨਵਿਤ ਵਿਹਾਰ ਹੋਇਆ ✪

ਸਤਿਗੁਰ ਸ਼ਬਦ ਕਹੇ ਮੇਰਾ ਪੂਰਬ ਉਧਾਰ, ਲਹਿਣੇ ਵਾਲਿਆਂ ਲਹਿਣੇ ਰਿਹਾ ਚੁਕਾਈਆ । ਮੈਂ ਬਿਨਾ ਸੀਸ ਤੋਂ ਚੁੱਕੀ ਫਿਰਾਂ ਭਾਰ, ਜੁਗ ਚੌਕੜੀ ਆਪਣੇ ਕੰਧ ਉਠਾਈਆ । ਮੈਂ ਦੱਸਾਂ ਸਭ ਨੂੰ ਨਾਲ ਪਿਆਰ, ਪ੍ਰੀਤੀ ਵਿਚ ਜਣਾਈਆ । ਮੇਰਾ ਸਵਾਮੀ ਸਿਰਜਣਹਾਰ, ਪਾਤਸ਼ਾਹ ਧੁਰਦਰਗਾਹੀਆ । ਜਿਸ ਨੂੰ ਸਾਰੇ ਕਹਿੰਦੇ ਰਾਮ ਰਾਮ ਅਵਤਾਰ, ਅਵਤਰ ਆਪਣੀ ਖੇਲ ਖਿਲਾਈਆ । ਉਹ ਸੰਦੇਸ਼ਾ ਦੇ ਕੇ ਗਿਆ ਸਰਗੁਣ ਧਾਰ, ਨਿਰਗੁਣ ਓਟ ਤਕਾਈਆ । ਤੂੰ ਪਿਨਹਾਂ ਮੇਰਾ ਮੀਤਾ ਮਿਤ੍ਰ ਪਿਆਰਾ ਯਾਰ, ਸੱਜਣ ਸੰਗ ਰਖਾਈਆ । ਤੇਰਾ ਲੇਖਾ ਵਿਚ ਸੰਸਾਰ, ਸੋਹਣਿਆ ਦਿਆਂ ਸਮਝਾਈਆ । ਤੇਰਾ ਭਗਤਾਂ ਸੰਗ ਹੋਵੇ ਜਗਤ ਵਿਹਾਰ, ਵਿਵਹਾਰੀ ਆਪਣਾ ਰੰਗ ਰੰਗਾਈਆ । ਤੈਨੂੰ ਆਉਣਾ ਪੈਣਾ ਦੂਜੀ ਤੀਜੀ ਵਾਰ, ਤਿੰਨ ਜਨਮ ਦਾ ਲੇਖਾ

੧੩੩੮ ੨੩

ਦਿਆਂ ਸਮਝਾਈਆ । ਤੇਰੇ ਅੰਤਰ ਨਿਰੰਤਰ ਬਖ਼ਸ਼ਾਂ ਇਕ ਸਿਤਾਰ, ਧੁਨ ਅਨਾਦੀ ਨਾਦ ਵਜਾਈਆ । ਬੇਖ਼ਬਰਾਂ ਕਰਾਂ ਖ਼ਬਰਦਾਰ, ਸੁੱਤਿਆਂ ਲਵਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸੁਣ ਖੇਲ ਧੁਰ ਦਰਬਾਰੀ, ਬਿਨ ਨੈਣਾਂ ਦਿਆਂ ਵਖਾਈਆ । ਤੂੰ ਲੋਈ ਦਾ ਬਣਨਾ ਫੇਰ ਵਪਾਰੀ, ਹਟਵਾਣਾ ਹੋ ਕੇ ਕੀਮਤ ਦੇਣੀ ਚੁਕਾਈਆ । ਲੇਖਾ ਤੱਕਣਾ ਓਸ ਦਾਤਾਰੀ, ਜੋ ਦੇਵਣਹਾਰ ਅਖਵਾਈਆ । ਕਬੀਰ ਨੇ ਰੋਣਾ ਜ਼ਾਰੋ ਜ਼ਾਰੀ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਖ਼ਾਲੀ ਭਰੀਂ ਭੰਡਾਰੀ, ਭੁੱਖਿਆਂ ਦੇਣਾ ਰਜਾਈਆ । ਘਰ ਆਵੇ ਅੰਤ ਲਾਚਾਰੀ, ਸੁਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਤੇਰਾ ਕੌਡੀਆਂ ਵਾਲਾ ਹੱਟ, ਜਗਤ ਜਗਤ ਵਡਿਆਈਆ । ਭਗਤਾਂ ਦਾ ਭਗਤੀ ਵਾਲਾ ਤਟ, ਕਿਨਾਰਾ ਇਕੋ ਸੋਭਾ ਪਾਈਆ । ਤੂੰ ਤਨ ਵਜੂਦ ਦੇ ਦਮੜੇ ਲਏ ਵਟ, ਆਪਣੇ ਹੱਥ ਉਠਾਈਆ । ਕਬੀਰ ਨੇ ਖ਼ਾਲੀ ਕਰ ਕੇ ਹੱਥ, ਪ੍ਰਭ ਅਗੇ ਵਾਸਤਾ ਪਾਈਆ । ਜਿਉਂ ਭਾਵੇ ਤਿਉਂ ਤੂੰ ਮੇਰੀ ਲੈਣੀ ਰਖ, ਸਿਰ ਆਪਣਾ ਹੱਥ ਉਠਾਈਆ । ਤੂੰ ਤਾੜੀ ਮਾਰ ਕੇ ਪੈਣਾ ਹੱਸ, ਖ਼ੁਸ਼ੀਆਂ ਢੋਲੇ ਗਾਈਆ । ਵੇਖੋ ਭੁੱਖਾ ਨੰਗਾ ਕਿੱਡਾ ਹੋਇਆ ਬੇਵਸ, ਘਰ ਭੋਜਨ ਨਜ਼ਰ ਕੋਇ ਨਾ ਆਈਆ । ਭੁੱਖੇ ਸਾਧੂ ਇਹਦੇ ਦਰ ਤੋਂ ਜਾਣਗੇ ਨੱਠ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਮੇਰੇ ਅਠਤਾਲੀਆਂ ਘੰਟਿਆਂ ਦਾ ਸਮਾਂ ਜਾਏਗਾ ਟੱਪ, ਲੇਖਾ ਸਕੇ ਨਾ ਮੂਲ ਚੁਕਾਈਆ । ਲੋਈ ਰਹੇਗੀ ਮੇਰੇ ਵਸ, ਘਰ ਆਪਣੇ ਲਵਾਂ ਰਖਾਈਆ । ਭਗਤਾਂ ਦਾ ਫੇਰ ਵੇਖਾਂਗਾ ਹੱਠ, ਕਿਸ ਬਿਧ ਮੈਥੋਂ ਲਏ ਛੁਡਾਈਆ । ਮੇਰਾ ਇਰਾਦਾ ਹੋ ਗਿਆ ਪੱਕ, ਪੱਕੀ ਆਪਣੇ ਨਾਲ ਪਕਾਈਆ । ਮੇਰਾ ਪੂਰਾ ਹੋਣਾ ਹਕ, ਹਕੀਕਤ ਇਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਕਰਤਾ ਪੁਰਖ ਅਛਲ ਅਛੱਲ, ਵਲ ਛਲ ਆਪਣੀ ਖੇਲ ਕਰਾਈਆ । ਜੋ ਲੇਖਾ ਜਾਣੇ ਘੜੀ ਘੜੀ ਪਲ ਪਲ, ਪਲਕਾਂ ਦੇ ਪਿਛੇ ਬੈਠਾ ਵੇਖ ਵਖਾਈਆ । ਜਿਸ ਦੇ ਕੋਲ ਭੰਡਾਰਾ ਲੱਖ ਚੁਰਾਸੀ ਅੰਨ ਜਲ, ਜਲ ਥਲ ਮਹੀਅਲ ਰਿਹਾ ਪਹੁੰਚਾਈਆ । ਉਹ ਸਚ ਸਿੰਘਾਸਣ ਬੈਠਾ ਮੱਲ, ਸਚ ਦਵਾਰੇ ਡੇਰਾ ਲਾਈਆ । ਉਸ ਨੂੰ ਜਦੋਂ ਤੱਕੋ ਉਹ ਹੋ ਕੇ ਭਗਤਾਂ ਦੇ ਵੱਲ, ਨਾਤਾ ਕੂੜ ਜਗਤ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕੀਤੀ ਆਪ ਨਿਰੰਕਾਰ, ਨਿਰਵੈਰ ਦਇਆ ਕਮਾਈਆ । ਕਬੀਰ ਦੇ ਖ਼ਾਲੀ ਭਰ ਭੰਡਾਰ, ਅਤੋਟ ਅਤੁਟ ਦਿਤੇ ਵਰਤਾਈਆ । ਸਾਧਾਂ ਸੰਤਾਂ ਖ਼ੁਸ਼ੀਆਂ ਨਾਲ ਖਾਧਾ ਆਹਾਰ, ਹਿਰਦੇ ਵਿਚ ਤੂੰ ਹੀ ਤੂੰ ਹੀ ਗਾਈਆ । ਤੇਰਾ ਮੇਲਾ ਨਾਲ ਸੱਚੀ ਸਰਕਾਰ, ਜੋ ਸ਼ਹਿਨਸ਼ਾਹ ਧੁਰਦਰਗਾਹੀਆ । ਤੇਰਾ ਸਿਦਕ ਭਰੋਸਾ ਕਮਾਲ, ਪਤਨੀ ਵੇਚ ਕੇ ਖ਼ੁਸ਼ੀ ਬਣਾਈਆ । ਗਿਰਵੀ ਰਖ ਕੇ ਕਮਾਲਾ ਬਾਲ, ਸੇਵਾ ਖ਼ੁਸ਼ੀਆਂ ਨਾਲ ਕਮਾਈਆ । ਫਲ ਵੇਖਿਆ ਤੇਰੇ ਡਾਲ, ਪੱਤ ਟਹਿਣੀ ਰਹੀ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਬੀਰ ਵੇਖੇ ਪਿਛੇ ਅਗੇ ਅਗਾ ਪਿਛਾ ਸਮਝ ਕਿਛ ਨਾ ਆਈਆ । ਭੱਜਿਆ ਫਿਰੇ ਨੰਗੇ ਪਗੇ, ਕਦਮ ਕਦਮ ਨਾਲ ਬਦਲਾਈਆ । ਕੀ ਖੇਲ

ਕੀਤਾ ਤੇ ਕਿਹੜੀ ਬਣਾਈ ਵਜ੍ਹੇ, ਵਜਹ ਸਮਝ ਕੋਇ ਨਾ ਪਾਈਆ । ਮੈਂ ਜਿਧਰ ਤੱਕਾਂ ਉਧਰ ਲੋਹ ਲੰਗਰ ਪਏ ਤਪੇ, ਤਪਦਿਆਂ ਹਿਰਦਿਆਂ ਸ਼ਾਂਤ ਕਰਾਈਆ । ਨਾਲੇ ਖ਼ੁਸ਼ੀਆਂ ਦੇ ਵਿਚ ਰੋਵੇ ਨਾਲੇ ਹੱਸੇ, ਦੋਵੇਂ ਖੇਲ ਵਖਾਈਆ । ਨਾਲੇ ਪਾਟੀ ਧੋਤੀ ਗੰਢਾਂ ਨਾਲ ਫੜ ਫੜ ਕਸੇ, ਓਢਣ ਨਜ਼ਰ ਕੋਇ ਨਾ ਆਈਆ । ਨਾਲੇ ਇਕੋ ਵਾਰ ਆਪਣੇ ਆਪ ਨੂੰ ਜ਼ੀਰੋ ਸਮਝ ਕੇ ਜ਼ੀਰੋ ਨਾਲ ਕੀਤਾ ਬਟੇ, ਆਪਣਾ ਮੂਲ ਨਾ ਕੋਇ ਰਖਾਈਆ । ਨਿਵ ਨਿਵ ਪੁਰਖ ਅਕਾਲ ਦੇ ਚਰਨੀ ਢੱਠੇ, ਸੀਸ ਸੀਸ ਜਗਦੀਸ਼ ਝੁਕਾਈਆ । ਮੇਰੇ ਸਵਾਮੀਆਂ ਪਹਿਲੋਂ ਮੈਨੂੰ ਲੋਕਾਂ ਕਰਨੇ ਸੀ ਠੱਠੇ, ਹੁਣ ਤੇਰੀਆਂ ਤਾੜੀਆਂ ਦੇਣ ਵਜਾਈਆ । ਕਿਉਂ ਤੂੰ ਭਗਤਾਂ ਦੀ ਉਲਟੀ ਗੇੜੇਂ ਲੱਠੇ, ਇਹ ਤੇਰੀ ਬੇਪ੍ਰਵਾਹੀਆ । ਜੋ ਸੰਤ ਸਾਧੂ ਕੀਤੇ ਇਕੱਠੇ, ਮੇਰੇ ਭੁੱਖੇ ਦਵਾਰਿਉਂ ਦਿਤੇ ਰਜਾਈਆ । ਇਹ ਸਾਰੇ ਤੇਰੇ ਬੱਚੇ, ਮੈਂ ਸਚ ਦਿਆਂ ਸਮਝਾਈਆ । ਕੁਛ ਪੱਕੇ ਤੇ ਕੁਝ ਕੱਚੇ, ਕੰਚਨ ਗੜ੍ਹ ਤੇਰਾ ਸੋਭਾ ਪਾਈਆ । ਜਿਨ੍ਹਾਂ ਦੇ ਅੰਦਰ ਮਨੂਆ ਨੱਚੇ, ਦਹਿ ਦਿਸ਼ਾ ਉਠ ਉਠ ਧਾਹੀਆ । ਕੁਛ ਸੰਤ ਸੁਹੇਲੇ ਤੇਰੇ ਪ੍ਰੇਮ ਰੱਤੇ, ਰਤਨ ਅਮੋਲਕ ਸੋਭਾ ਪਾਈਆ । ਮੇਰੇ ਦੋਵੇਂ ਖ਼ਾਲੀ ਹੱਥੇ, ਤੇਰੇ ਅਗੇ ਦਿਆਂ ਟਿਕਾਈਆ । ਤੂੰ ਸਚ ਦੱਸ ਕਦੋਂ ਇਨ੍ਹਾਂ ਦੇ ਲੇਖ ਮਸਤਕ ਬਣਾਏਂ ਮੱਥੇ, ਧੂੜੀ ਖ਼ਾਕ ਰਮਾਈਆ । ਮੇਰੇ ਮਿਹਰਵਾਨ ਪੁਰਖ ਸਮਰਥੇ, ਭੇਵ ਅਭੇਦਾ ਦੇਣਾ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰੀਆਂ ਮਿਹਰਵਾਨੀਆਂ, ਮਿਹਰ ਮਿਹਰ ਨਾਲ ਜਣਾਈਆ । ਖੇਲਾਂ ਖੇਲ ਦੋ ਜਹਾਨੀਆਂ, ਦੋਹਰੀ ਆਪਣੀ ਕਲ ਵਰਤਾਈਆ । ਜਨ ਭਗਤਾਂ ਮਾਰ ਤੀਰ ਨਿਸ਼ਾਨੇ ਕਾਨੀਆਂ, ਕਲਮਿਆਂ ਤੋਂ ਬਾਹਰ ਲਵਾਂ ਜਗਾਈਆ । ਜਿਨ੍ਹਾਂ ਦੇ ਗ੍ਰਿਹ ਖਾਵਾਂ ਮਹਿਮਾਨੀਆਂ, ਹਰਿਜਨ ਸਾਚੇ ਨਾਲ ਮਿਲਾਈਆ । ਸੰਦੇਸੇ ਵਿਚ ਦੇ ਨਿਸ਼ਾਨੀਆਂ, ਹੁਕਮ ਨਾਲ ਦ੍ਰਿੜਾਈਆ । ਜੋ ਦੇਵਣਹਾਰਾ ਠੰਢਾ ਪਾਣੀਆਂ, ਅੰਮ੍ਰਿਤ ਰਸ ਚਖਾਈਆ । ਇਹ ਖ਼ਬਰਾਂ ਸੁਣੀਆਂ ਉਸ ਸੱਜਣ ਬਾਣੀਆਂ, ਜੋ ਟਕਿਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਜਿਸ ਲੋਈ ਦੀ ਪਾਈ ਕੀਮਤ, ਟਕਿਆਂ ਵੰਡ ਵੰਡਾਈਆ । ਓਹ ਸਮਝ ਕੇ ਵਕਤ ਗ਼ਨੀਮਤ, ਆਪਣੀ ਖ਼ੁਸ਼ੀ ਬਣਾਈਆ । ਕਬੀਰ ਤ੍ਰੀਆ ਨੂੰ ਸਮਝ ਤ੍ਰੀਮਤ, ਤ੍ਰੈਗੁਣ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਚਾਰੋਂ ਕੁੰਟ ਪੈ ਗਿਆ ਸ਼ੋਰ, ਵੱਡੇ ਛੋਟੇ ਰੌਲਾ ਪਾਈਆ । ਬਚਨ ਸੁਣਦੇ ਨਾਲ ਗ਼ੌਰ, ਕੰਨਾਂ ਨਾਲ ਕੰਨ ਲਗਾਈਆ । ਕਬੀਰ ਨੂੰ ਕਿਹੜਾ ਗਿਆ ਬਹੁੜ, ਜੋ ਭੁੱਖਿਆਂ ਰਿਹਾ ਰਜਾਈਆ । ਵੇਖੀਏ ਦੌੜ ਦੌੜ, ਕਿਹੜਾ ਸੱਚਾ ਮਾਹੀਆ । ਜਿਸ ਨੇ ਸਭ ਦੇ ਬਦਲ ਦਿਤੇ ਤੌਰ, ਤਬੀਅਤ ਦਿਤੀ ਬਦਲਾਈਆ । ਉਹ ਬਾਂਕਾ ਛੈਲ ਛਬੀਲਾ ਵੇਖੀਏ ਛੌਹਰ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦੇ ਮਿਲਣ ਨਾਲ ਕਾਰਜ ਗਏ ਸੌਰ, ਭਗਤ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸਾਧ ਸੰਤ ਖ਼ੁਸ਼ੀਆਂ ਨਾਲ ਗਾਂਦੇ, ਧੰਨ ਕਬੀਰ ਤੇਰੀ ਵਡਿਆਈਆ । ਪ੍ਰੇਮ ਰਸ ਅੰਮ੍ਰਿਤ ਪੀਂਦੇ ਖਾਂਦੇ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਇਕ ਦੂਜੇ ਵੱਲ ਤਕਾਂਦੇ, ਕਵਣ ਭੰਡਾਰਾ ਰਿਹਾ ਵਰਤਾਈਆ । ਸਾਨੂੰ ਇਉਂ ਜਾਪਦਾ ਭੋਜਨ ਪੱਕੇ ਇਕੋ ਮਾਂ ਦੇ, ਦੂਜਾ ਹੱਥ ਨਾ ਕੋਇ ਲਗਾਈਆ ।

੧੩੩੯
੨੩

ਅਸੀਂ ਹੰਸ ਰੂਪ ਬਣ ਗਏ ਕਾਂ ਦੇ, ਦੁਰਮਤ ਮੈਲ ਧਵਾਈਆ । ਮੁਖੋਂ ਬਚਨ ਨਿਕਲਦੇ ਵਾਹ ਵਾਹ ਦੇ, ਵਾਹਵਾ ਤੇਰੀ ਬੇਪਰਵਾਹੀਆ । ਤੇਰੇ ਖੇਲ ਥਲ ਅਸਗਾਹ ਦੇ, ਜਲਾਂ ਥਲਾਂ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਕਬੀਰ ਨੇ ਕੀਤਾ ਸ਼ੁਕਰ, ਸ਼ੁਕਰੀਏ ਵਿਚ ਸੀਸ ਨਿਵਾਈਆ । ਮੇਰਾ ਵਕਤ ਸੁਹੰਜਣਾ ਗਿਆ ਗੁਜ਼ਰ, ਗੁਜ਼ਾਰਿਸ਼ ਵਿਚ ਸੀਸ ਝੁਕਾਈਆ । ਮੈਂ ਬਣੀਆਂ ਦਾ ਉਧਾਰ ਨਾ ਜਾਵਾਂ ਮੁਕਰ, ਲਹਿਣਾ ਦਿਆਂ ਚੁਕਾਈਆ । ਜਿਸ ਦਾ ਗ੍ਰਿਹ ਸੀ ਦਿਸ਼ਾ ਉੱਤਰ, ਪੱਛਮ ਕਬੀਰ ਡੇਰਾ ਲਾਈਆ । ਓਹ ਅੰਦਰੋਂ ਭਾਵ ਕਢ ਕੇ ਦੁਤਰ, ਭੱਜਿਆ ਵਾਹੋ ਦਾਹੀਆ । ਨਾਲੇ ਵੇਖੇ ਕਮਾਲਾ ਪੁੱਤਰ, ਪਤਨੀ ਆਪਣਾ ਨੈਣ ਉਠਾਈਆ । ਓਧਰੋਂ ਬਣੀਏ ਨੂੰ ਪਤਾ ਲਗ ਗਿਆ ਓਥੇ ਅਨੰਤ ਵਰਤਿਆ ਟੁੱਕਰ, ਭੰਡਾਰਾ ਅਗੰਮ ਅਥਾਹੀਆ । ਮੈਂ ਕਿਉਂ ਕਸਾਈ ਬਣਿਆ ਬੁੱਚੜ, ਲੋਈ ਦੀ ਕੀਮਤ ਦਿਤੀ ਪਾਈਆ । ਮੇਰੀ ਕਿਉਂ ਆਸ਼ਾ ਹੋਈ ਭੁੱਖੜ, ਨੀਤੀ ਜਗਤ ਨਾ ਕੋਇ ਵਡਿਆਈਆ । ਜਿਨ੍ਹਾਂ ਨੂੰ ਪ੍ਰਭ ਨੇ ਚੁੱਕਿਆ ਕੁੱਛੜ, ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਬਣੀਏ ਅੰਤਰ ਹੋਇਆ ਪਸ਼ਚਾਤਾਪ, ਬਿਰਹੋਂ ਵਿਚ ਕੁਰਲਾਈਆ । ਮੈਥੋਂ ਹੋਇਆ ਵੱਡਾ ਪਾਪ, ਕਿਸ ਬਿਧ ਲਵਾਂ ਬਖ਼ਸ਼ਾਈਆ । ਮੈਂ ਕਬੀਰ ਕੋਲ ਜਾਵਾਂ ਆਪ, ਨਿਵ ਨਿਵ ਸੀਸ ਝੁਕਾਈਆ । ਮੈਨੂੰ ਦੱਸ ਦੇ ਆਪਣਾ ਬਾਪ, ਜਿਸ ਤੇਰਾ ਭੰਡਾਰਾ ਦਿਤਾ ਭਰਾਈਆ । ਇਹ ਅੰਤਰ ਰਖ ਕੇ ਆਸ, ਭੱਜਿਆ ਵਾਹੋ ਦਾਹੀਆ । ਝਟ ਪੁੱਜਾ ਭਗਤ ਦੇ ਪਾਸ, ਆਪਣਾ ਪੰਧ ਮੁਕਾਈਆ । ਕਬੀਰ ਦੀ ਧੂੜੀ ਲਾ ਕੇ ਖ਼ਾਕ, ਰੋ ਰੋ ਰਿਹਾ ਸੁਣਾਈਆ । ਮੈਨੂੰ ਕਰ ਮੁਆਫ਼, ਭੁਲ ਦੇ ਬਖ਼ਸ਼ਾਈਆ । ਕਬੀਰ ਕਿਹਾ ਤੂੰ ਮੇਰਾ ਮੈਂ ਤੇਰਾ ਕਰ ਜਾਪ, ਉਹ ਮਾਲਕ ਧੁਰਦਰਗਾਹੀਆ । ਝਟ ਇਸ਼ਾਰਾ ਕੀਤਾ ਆਪ, ਜੋਤ ਸਰੂਪੀ ਦਰਸ਼ਨ ਕਰ ਲੈ ਸਾਖਿਆਤ, ਜੋ ਮੇਰੇ ਗ੍ਰਿਹ ਭੱਜੇ ਵਾਹੋ ਦਾਹੀਆ । ਤੇਰਾ ਤਨ ਵਜੂਦ ਕਰੇ ਪਾਕ, ਪਤਤ ਪੁਨੀਤ ਬਣਾਈਆ । ਝਟ ਬਣੀਏਂ ਦੋਵੇਂ ਜੋੜ ਕੇ ਹਾਥ, ਸੀਸ ਦਿਤਾ ਝੁਕਾਈਆ । ਤੂੰ ਸਭ ਦਾ ਪੁਰਖ ਸਮਰਾਥ, ਮੈਂ ਤੇਰੀ ਓਟ ਤਕਾਈਆ । ਮੈਨੂੰ ਵੀ ਲਗਾਉਣਾ ਭਗਤਾਂ ਵਾਲੇ ਘਾਟ, ਪਿਛਲਾ ਘਾਟਾ ਪੂਰ ਕਰਾਈਆ । ਏਸੇ ਤਰਾ ਵਸਤ ਅਗੰਮੀ ਦੇਣੀ ਦਾਤ, ਅਤੋਟ ਅਤੁਟ ਵਰਤਾਈਆ । ਪੁਰਖ ਅਕਾਲੇ ਸ਼ਬਦੀ ਧਾਰ ਦਿਤਾ ਆਖ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਕਿਹਾ ਦਇਆ ਕਮਾਵਾਂਗਾ । ਤੇਰੇ ਜਨਮ ਵਿਚ ਜਨਮ ਬਦਲਾਵਾਂਗਾ । ਜੋਤ ਸਰੂਪੀ ਜੋਤ ਹੋ ਕੇ ਲੋਕਮਾਤ ਆਵਾਂਗਾ । ਵਰਨ ਗੋਤ ਦੀਨ ਦਾ ਡੇਰਾ ਢਾਹਵਾਂਗਾ । ਸਚ ਸੁਣਾ ਕੇ ਇਕ ਸਲੋਕ, ਸੋਹਲਾ ਧੁਰ ਦਾ ਇਕ ਸਮਝਾਵਾਂਗਾ । ਸੰਦੇਸਾ ਦੇ ਕੇ ਲੋਕ ਪ੍ਰਲੋਕ, ਦੋ ਜਹਾਨਾਂ ਆਪ ਉਠਾਵਾਂਗਾ । ਮੇਰੇ ਹੁਕਮ ਨੂੰ ਸਕੇ ਕੋਈ ਨਾ ਰੋਕ, ਲੋਕਮਾਤ ਆਪ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਵਾਂਗਾ । ਬਣੀਏਂ ਕਿਹਾ ਮੇਰੇ ਨਿਰੰਕਾਰ, ਮੇਰੀ ਇਕ ਦੁਹਾਈਆ । ਜੇ ਮੈਂ ਆਉਣਾ ਦੂਜੀ ਵਾਰ, ਤੇਰੇ ਚਰਨ ਮਿਲੇ ਸ਼ਰਨਾਈਆ । ਮੇਰੇ ਖ਼ਾਲੀ ਭਰੀਂ ਭੰਡਾਰ, ਨਾਲ ਕਬੀਰੇ ਦੇਣਾ ਰਲਾਈਆ । ਮੇਰੀ ਇਕੋ ਵਾਰ ਨਿਮਸਕਾਰ, ਬੇਨੰਤੀ ਇਕੋ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਨੇ ਪ੍ਰੇਮ ਦੀ ਥਪਕੀ ਦਿਤੀ ਮਾਰ, ਪੁਸ਼ਤ ਪਨਾਹ ਹੱਥ ਟਿਕਾਈਆ । ਜੇ ਤੂੰ ਮੇਰਾ

ਬਣਿਉਂ ਯਾਰ, ਯਰਾਨਾ ਤੇਰਾ ਤੋੜ ਨਿਭਾਈਆ । ਮੈਂ ਆਵਾਂ ਕਲ ਕਲਕੀ ਅਵਤਾਰ, ਨੂਰ ਨੁਰਾਨਾ ਡਗਮਗਾਈਆ । ਤੇਰਾ ਕਬੀਰ ਤੋਂ ਵੱਧ ਕਰਾਂ ਵਿਹਾਰ, ਇਹ ਮੇਰੀ ਬੇਪਰਵਾਹੀਆ । ਤੇਰਿਆਂ ਭਗਤਾਂ ਨਾਲ ਤੇਰਾ ਦਰ ਦੇਵਾਂ ਸ਼ਿੰਗਾਰ, ਗੁਰਮੁਖ ਗੁਰਮੁਖਾਂ ਸੰਗ ਬਣਾਈਆ । ਤੈਨੂੰ ਕਢ ਕੇ ਘਰੋਂ ਬਾਹਰ, ਨਵੀਂ ਰੀਤੀ ਦਿਆਂ ਚਲਾਈਆ । ਜਿਸ ਨੂੰ ਯਾਦ ਕਰੇ ਸੰਸਾਰ, ਵਿਸ਼ਨ ਭੰਡਾਰੀ ਹੋ ਕੇ ਸੀਸ ਨਿਵਾਈਆ । ਤੇਰੇ ਪ੍ਰੇਮ ਦੀ ਵੱਜਦੀ ਰਹੇ ਸਿਤਾਰ, ਸੁਰਤੀ ਪ੍ਰੇਮ ਵਿਚ ਲਗਾਈਆ । ਇਹ ਮੇਰਾ ਖੇਲ ਅਕਲ ਬੁੱਧੀ ਤੋਂ ਹੋਣਾ ਬਾਹਰ, ਸਮਝ ਸਕੇ ਕੋਇ ਨਾ ਰਾਈਆ । ਅਗੇ ਵਾਸਤੇ ਭੁੱਖਿਆਂ ਨੰਗਿਆਂ ਦਾ ਬਣਾਂ ਸਹਾਰ, ਘਰ ਘਰ ਦੇਵਾਂ ਰਿਜ਼ਕ ਸਬਾਈਆ । ਜਿਸ ਨਾਉਂ ਤੂੰ ਮੇਰਾ ਮੈਂ ਤੇਰਾ ਲਿਆ ਉਚਾਰ, ਤਿਸ ਦਾ ਹੋਵਾਂ ਆਪ ਸਹਾਈਆ । ਸਚ ਦਵਾਰ ਬਖ਼ਸ਼ ਕੇ ਸੱਚਾ ਘਰ ਬਾਰ, ਗ੍ਰਹਿ ਮੰਦਰ ਦਿਆਂ ਵਡਿਆਈਆ । ਤੇਰਾ ਵਿਛੋੜਾ ਜੋ ਹੋਣਾ ਸੀ ਪੁਰਖ ਵਾਲਾ ਨਾਲ ਨਾਰ, ਏਸ ਵਿਛੋੜੇ ਵਿਚ ਤੇਰਾ ਅਗਲਾ ਲੇਖਾ ਦਿਤਾ ਮੁਕਾਈਆ । ਹੁਣ ਖ਼ੁਸ਼ੀਆਂ ਨਾਲ ਜੀਉਣਾ ਤੇ ਖ਼ੁਸ਼ੀਆਂ ਵਾਲੀ ਹੋਣੀ ਬਹਾਰ, ਬੰਸ ਸਰਬੰਸ ਮਿਲੇ ਵਡਿਆਈਆ । ਤੈਨੂੰ ਦਰਸ਼ਨ ਦੇਵਾਂਗਾ ਵਕਤ ਚਾਰ, ਆਪਣਾ ਪੰਧ ਮੁਕਾਈਆ । ਤੇਰੇ ਨੇਤਰ ਨੈਣਾਂ ਵਾਲਾ ਪਿਆਰ, ਹੰਝੂ ਦੇਣ ਗਵਾਹੀਆ । ਇਹ ਭਗਤ ਸੁਹੇਲੇ ਤੱਕ ਲੈ ਜਿਨ੍ਹਾਂ ਦਾ ਪੂਰਬ ਦਾ ਉਧਾਰ, ਲਹਿਣੇ ਸਭ ਦੇ ਝੋਲੀ ਪਾਈਆ । ਤੂੰ ਲਛਮਣ ਸਿੰਘ ਲਛਾ ਉਸ ਪਟ ਦੀ ਧਾਰ, ਜਿਸ ਨੂੰ ਪਟਨੇ ਵਾਲਾ ਆਪਣੀ ਗੋਦ ਟਿਕਾਈਆ । ਪੰਦਰਾਂ ਕੱਤਕ ਉਡੀਕਦਾ ਰਿਹਾ ਸੀ ਆਪਣੀ ਵਾਰ, ਵਾਰੀ ਵਾਰੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਇਹ ਵਿਹਾਰ ਦਾ ਨਹੀਂ ਵਿਛੋੜਾ, ਗੁਰਮੁਖ ਵਿਛੜ ਕਦੇ ਨਾ ਜਾਈਆ । ਤੁਹਾਡਾ ਜ਼ਿੰਦਗੀ ਬਿਨਾ ਫੇਰ ਇਕੱਠਾ ਕੀਤਾ ਜੋੜਾ, ਜ਼ਿੰਦਗੀ ਦੋਹਾਂ ਦੀ ਝੋਲੀ ਪਾਈਆ । ਮੈਂ ਰੱਖਿਆ ਕਰਾਂਗਾ ਚੜ੍ਹ ਕੇ ਉਪਰ ਘੋੜਾ, ਅਸਵ ਦੋ ਜਹਾਨ ਦੌੜਾਈਆ । ਤੁਹਾਨੂੰ ਮੰਜ਼ਲ ਚੜ੍ਹਾ ਕੇ ਉਪਰ ਪੌੜਾ, ਪੌੜੀ ਡੰਡਿਆਂ ਦਾ ਲੇਖਾ ਦਿਤਾ ਮੁਕਾਈਆ । ਤੁਹਾਡਾ ਸੁਹਾਗ ਬਣਾ ਕੇ ਪਈਆ ਸੌਹਰਾ, ਇਕੋ ਘਰ ਦਿਤਾ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸੰਗਤ ਹਰਿਜਨ ਸਾਚੇ ਮੀਤ, ਮਿਤਰ ਪਿਆਰੇ ਸੋਭਾ ਪਾਈਆ । ਜਿਨ੍ਹਾਂ ਵੱਖਰੀ ਵਖਾਈ ਰੀਤ, ਬਿਨਾ ਘਰ ਦਿਆਂ ਤੋਂ ਘਰ ਦਿਤਾ ਵਸਾਈਆ । ਇਹ ਖੇਲ ਸਦਾ ਅਨਡੀਠ, ਪ੍ਰਭ ਅਨਡਿਠੜੀ ਕਾਰ ਕਮਾਈਆ । ਰੰਗ ਰੰਗਾ ਕੇ ਹਸਤ ਕੀਟ, ਸ਼ਾਹ ਸੁਲਤਾਨਾਂ ਤੋਂ ਉਤੋਂ ਦਿਤੀ ਵਡਿਆਈਆ । ਜਿਨ੍ਹਾਂ ਭਾਣਾ ਮੰਨਿਆ ਮੀਠ, ਖ਼ੁਸ਼ੀਆਂ ਵਿਚ ਫਿਰਨ ਚਾਈਂ ਚਾਈਂਆ । ਸਭ ਦੀ ਕਾਇਆ ਦਿਸੇ ਠਾਂਡੀ ਸੀਤ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਗੁਰਮੁਖੋ ਤੁਹਾਨੂੰ ਪਤਾ ਨਹੀਂ ਕੀ ਤੁਹਾਡਾ ਲਹਿਣਾ ਤੇ ਕੀ ਤੁਹਾਡੀ ਬਾਕੀ, ਕੀ ਸਤਿਗੁਰ ਝੋਲੀ ਪਾਈਆ । ਕੀ ਤੁਹਾਡਾ ਰੂਪ ਕੀ ਤੁਹਾਡਾ ਰੰਗ ਕੀ ਤੁਹਾਡੀ ਜ਼ਾਤੀ, ਕਿਉਂ ਤੁਹਾਡੀ ਬਣਤ ਦਿਤੀ ਬਣਾਈਆ । ਕਵਣ ਤੁਹਾਡਾ ਪਿਤਾ ਤੇ ਕਵਣ ਤੁਹਾਡੀ ਮਾਤੀ, ਕਵਣ ਆਪਣੀ ਗੋਦ ਟਿਕਾਈਆ । ਤੁਸੀਂ ਬੱਚਿਓ ਸੁੱਤੇ ਰਹਿਣਾ ਸਦਾ ਰਾਤ ਨੂੰ ਰਾਤੀ, ਰੁਤੜੀ ਖ਼ੁਸ਼ੀਆਂ ਵਾਲੀ ਬਣਾਈਆ । ਮੈਂ ਘਰ ਘਰ ਅੰਦਰ ਜਾ ਕੇ ਮਾਰਾਂਗਾ ਝਾਤੀ, ਬਿਨਾ ਝਰੋਖਿਆਂ ਵੇਖ ਵਖਾਈਆ ।


੧੩੪੧
੨੩

ਗੁਰਮੁਖੋ ਤੁਹਾਨੂੰ ਲਿਟਾਵਾਂਗਾ ਉਪਰ ਛਾਤੀ, ਛਤਰਧਾਰੀ ਖ਼ਾਕ ਵਿਚ ਮਿਲਾਈਆ । ਤੁਸੀਂ ਕਲ ਕਲਜੁਗ ਪੰਦਰਾਂ ਕੱਤਕ ਸਤਿ ਸਚ ਧਰਮ ਦੇ ਬਣੇ ਬਰਾਤੀ, ਇਸਤਰੀ ਪੁਰਸ਼ ਮਿਲ ਕੇ ਚਲੇ ਚਾਈਂ ਚਾਈਆ । ਕਿਸੇ ਦੀ ਗ਼ਲਤੀ ਤੇ ਕਿਸੇ ਦੀ ਰਹੀ ਨਹੀਂ ਗੁਸਤਾਖ਼ੀ, ਸਭ ਨੂੰ ਮੁਆਫ਼ ਦਿਤਾ ਕਰਾਈਆ । ਲਛਮਣ ਸਿੰਘ ਦੀ ਪਤ੍ਰਕਾ ਨਹੀਂ ਇਹ ਪ੍ਰੇਮ ਵਾਲੀ ਪਾਤੀ, ਜੋ ਪਤਣਾਂ ਤੋਂ ਸੰਦੇਸ਼ੇ ਲੈ ਕੇ ਆਈਆ । ਏਸੇ ਵਿਛੋੜੇ ਵਿਚ ਜ਼ਿੰਦਗੀ ਨਾਲ ਜ਼ਿੰਦਗੀ ਨਵੀਂ ਮਿਲ ਗਈ ਹਯਾਤੀ, ਹਯਾਤੇ ਆਬ ਦਿਤਾ ਪਿਆਈਆ । ਇਹ ਖੇਲ ਅਗੰਮਾ ਅਗੰਮੀ ਸੀ ਰਾਸੀ, ਜੋ ਭਗਤਾਂ ਨਾਲ ਮਿਲ ਕੇ ਗੋਪੀ ਕਾਹਨ ਦਾ ਰੂਪ ਸੁਹਾਈਆ । ਦੂਰ ਨੇੜੇ ਇਕੋ ਜਿਹੀ ਪੂਰੀ ਕਰੇ ਆਸੀ, ਬੇਹਾਜ਼ਰਾਂ ਨੂੰ ਹਾਜਰ ਕਰ ਕੇ ਆਪਣੇ ਰੰਗ ਰੰਗਾਈਆ । ਗੁਰਸਿੱਖੋ ਕਿਸੇ ਦੇ ਅੰਦਰ ਆਉਣੀ ਨਹੀਂ ਉਦਾਸੀ, ਚਿੰਤਾ ਗ਼ਮ ਅੰਦਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਚੜ੍ਹਾਏ ਆਪਣੀ ਮੰਜ਼ਲ ਅਗੰਮੀ ਘਾਟੀ, ਘਾਟੇ ਪਿਛਲੇ ਪੂਰ ਕਰਾਈਆ ।

## ✪ ੧੬ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਧਨੌਰੀ ਜ਼ਿਲਾ ਰੋਪੜ ਮਾਲਵਾ ਸੰਗਤ ਦੇ ਨਮਿਤ ✪



ਧਰਨੀ ਕਹੇ ਪ੍ਰਭ ਮੇਰੀ ਲਾਜ ਰਖੀਂ, ਰਖਕ ਹੋ ਕੇ ਦਇਆ ਕਮਾਈਆ । ਮੈਂ ਤੇਰੀ ਆਦਿ ਆਦਿ ਦੀ ਸਖੀ, ਸੁਖ਼ਨ ਸਚ ਦਿਆਂ ਸੁਣਾਈਆ । ਤੇਰਾ ਦਰਸ਼ਨ ਕਰਨਾ ਚਾਹੁੰਦੀ ਅੱਖੀਂ, ਅੱਖੀਆਂ ਵਾਲਿਆਂ ਦੇਣੀ ਵਡਿਆਈਆ । ਤੂੰ ਭਗਤਾਂ ਹੋਣਾ ਪੱਖੀ, ਵੇਖਣਾ ਚਾਈਂ ਚਾਈਆ । ਲਹਿਣਾ ਦੇਣਾ ਚੁਕਾਈ ਹੱਥੋ ਹੱਥੀ, ਲੇਖਾ ਹਥੇਲੀ ਉਤੇ ਟਿਕਾਈਆ । ਪੁਰਖ ਅਕਾਲ ਬਣ ਸਮਰਥੀ, ਸਾਹਿਬ ਦੇਣੀ ਵਡਿਆਈਆ । ਹਰਿ ਸੰਗਤ ਕਰ ਇਕੱਠੀ, ਹੋਣਾ ਆਪ ਸਹਾਈਆ । ਅਗਨੀ ਤਤ ਰਹੇ ਨਾ ਅੱਠੀ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਸਚ ਦਵਾਰ ਦੱਸ ਕੇ ਹੱਟੀ, ਬੰਕ ਇਕੋ ਇਕ ਵਖਾਈਆ । ਜਿਥੇ ਨਾਮ ਤੇਰੇ ਦੀ ਮਿਲਦੀ ਖੱਟੀ, ਖਟਕਾ ਅਵਰ ਰਹੇ ਨਾ ਰਾਈਆ । ਪ੍ਰਭੂ ਗੁਰਮੁਖਾਂ ਭਗਤਾਂ ਦੇ ਅੰਦਰ ਨਵ ਦਵਾਰੇ ਟੱਪੀਂ, ਦਸਵੇਂ ਕੁੰਡਾ ਆਪੇ ਲਾਹੀਆ । ਜੋਤ ਜਗਾਈਂ ਲਟ ਲਟੀ, ਅੰਧ ਅੰਧੇਰ ਗਵਾਈਆ । ਪ੍ਰਕਾਸ਼ ਹੋਏ ਕਾਇਆ ਮੱਟੀ, ਮਟਕ ਨਾਲ ਚਲਣਾ ਚਾਈਂ ਚਾਈਆ । ਜਨ ਭਗਤਾਂ ਦਾ ਪੂਰਬ ਲੇਖਾ ਠੱਪੀਂ, ਠੱਪਾ ਮੋਹਰ ਆਪਣਾ ਨਾਮ ਲਗਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਾਵਾਂ ਪੱਟੀ, ਪਾਟਲ ਤੇਰੇ ਹੱਥ ਵਡਿਆਈਆ । ਕਿਸੇ ਦਾ ਜੀਵਣ ਜਨਮ ਪਏ ਨਾ ਨੱਟੀ, ਨਟੂਏ ਚੁਰਾਸੀ ਵਿਚੋਂ ਬਾਹਰ ਦੇਣਾ ਕਢਾਈਆ । ਆਵਣ ਜਾਵਣ ਚੁਰਾਸੀ ਵਾਲੀ ਡੋਰ ਕੱਟੀਂ, ਕਟਾਕਸ਼ ਇਕੋ ਨਾਮ ਰਖਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਮੇਰੇ ਪ੍ਰਭੂ ਫਿਰਾਂ ਨੱਠੀ, ਭੱਜਾਂ ਵਾਹੋ ਦਾਹੀਆ । ਹਰਿਜਨ ਦਵਾਰਾ ਬਣਾਉਣਾ ਤੀਰਥ ਅੱਠ ਸੱਠੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਸ ਨੂੰ ਸੀਸ ਨਿਵਾਈਆ । ਲਹਿਣਾ ਰਹੇ ਨਾ ਮੰਦਰ ਮੱਠੀਂ, ਸ਼ਿਵਦਵਾਲੇ ਮਸੀਤਾਂ ਚਰਚਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਤੂੰ ਦੇਵਣਹਾਰਾ ਏਕ, ਇਕ ਇਕੱਲੇ ਤੇਰੀ ਵਡਿਆਈਆ । ਮੈਂ ਤੇਰੀ ਰਖਾਂ ਟੇਕ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਭ

੧੩੪੨
੨੩

ਕੁਛ ਤੇਰੇ ਕਰਾਂ ਭੇਟ, ਅਰਪਨ ਆਪਣਾ ਆਪ ਕਰਾਈਆ । ਤੇਰੇ ਚਰਨ ਕਵਲਾਂ ਜਾਵਾਂ ਲੇਟ, ਲਿਟਾਂ ਖੋਲ ਕੇ ਦਿਆਂ ਦੁਹਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਮੇਰਾ ਬਣਨਾ ਖੇਵਟ ਖੇਟ, ਬੇੜਾ ਤੇਰੇ ਕੰਧ ਟਿਕਾਈਆ । ਤੂੰ ਨਿਰਗੁਣ ਧਾਰ ਸਭ ਨੂੰ ਰਿਹਾ ਵੇਖ, ਵੇਖਣਹਾਰ ਤੇਰੀ ਬੇਪਰਵਾਹੀਆ । ਮੈਂ ਚਾਹੁੰਦੀ ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਬਦਲ ਦੇ ਰੇਖ, ਰਿਖੀ ਰਿਖੀਸ਼ਰ ਤਪੀਸ਼ਰ ਜੁਗੀਸ਼ਰਾਂ ਪਰਦਾ ਦੇ ਉਠਾਈਆ । ਮੇਰਾ ਸੁਹੰਜਣਾ ਨਿਰੰਜਣਾ ਦਰਦ ਦੁੱਖ ਭੈ ਭੰਜਣਾ ਸੁਹਾ ਦੇ ਦੇਸ, ਦੇਸ ਦੇਸਾਂਤਰਾਂ ਦੇ ਵਡਿਆਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਏਕੰਕਾਰਾ ਗੋਬਿੰਦ ਗੋਬਿੰਦ ਗੋਬਿੰਦ ਤੇਰਾ ਵੇਸ, ਅਵੱਲੜਾ ਇਕ ਅਖਵਾਈਆ । ਸ਼ਾਹੋ ਭੂਪ ਸੁਲਤਾਨ ਨਰ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਮੈਂ ਨਿਮਾਣੀ ਤੇਰੇ ਚਰਨ ਕਵਲ ਹੋਈ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਪੁਰਖ ਅਕਾਲੇ ਦੀਨ ਦਿਆਲੇ ਖੋਲ ਅਗੰਮੜਾ ਭੇਦ, ਭੇਵ ਦੇ ਸਮਝਾਈਆ । ਕੀ ਕੂਕ ਪੁਕਾਰਨ ਚਾਰੇ ਵੇਦ, ਪੁਰਾਨ ਅਠਾਰਾਂ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਕਟ ਦੇ ਕੂੜ ਕਿਰਿਆ ਦਾ ਰੋਗ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਪ੍ਰੀਤੀ ਚਰਨ ਬਖ਼ਸ਼ ਦੇ ਜੋਗ, ਜੁਗਤੀ ਆਪਣੀ ਇਕ ਦ੍ਰਿੜਾਈਆ । ਆਤਮ ਰਸ ਦਾ ਬਖ਼ਸ਼ ਦੇ ਭੋਗ, ਭਸਮੜ ਤੇਰੇ ਹੱਥ ਵਡਿਆਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਦਰਸ ਤੱਕਾਂ ਅਮੋਘ, ਬਿਨ ਲੋਚਨ ਨੈਣਾਂ ਦਰਸ਼ਨ ਪਾਈਆ । ਅਪਰੰਪਰ ਸਵਾਮੀ ਸਤਿ ਦਾ ਸਚ ਨਾਲ ਕਰ ਸੰਜੋਗ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਮੈਂ ਚਾਹੁੰਦੀ ਧਰਮ ਦੀ ਧਾਰ ਭਗਤਾਂ ਤੇਰੇ ਨਾਲ ਹੋਵੇ ਮੌਜ, ਮਜਲਸ ਇਕੋ ਇਕ ਵੇਖ ਵਖਾਈਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਮ ਕੱਜ ਲੈ ਪਰਦਾ, ਨਪੜਦ ਹੋ ਕੇ ਰਹੀ ਸੁਣਾਈਆ । ਆਪਣਾ ਜਗਤ ਜਹਾਨ ਵੇਖ ਲੈ ਸੜਦਾ, ਅਗਨੀ ਅੱਗ ਨਾ ਕੋਇ ਬੁਝਾਈਆ । ਤੇਰਾ ਅੰਤਰ ਨਿਰੰਤਰ ਨਾਮ ਕੋਈ ਨਾ ਪੜ੍ਹਦਾ, ਰਸਨਾ ਢੋਲੇ ਸਾਰੇ ਗਾਈਆ । ਸਚਖੰਡ ਦਵਾਰ ਕੋਈ ਨਾ ਖੜਦਾ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਤੇਰਾ ਨਾਮ ਪੱਲੂ ਪੁਰਖ ਅਕਾਲ ਕੋਈ ਨਾ ਫੜਦਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਜਿਧਰ ਤੱਕਾਂ ਮੇਰੇ ਉਤੇ ਹੰਕਾਰ ਬਣਿਆ ਗੜ੍ਹ ਦਾ, ਗੜ੍ਹ ਹੰਕਾਰ ਨਾ ਕੋਇ ਤੁੜਾਈਆ । ਤੂੰ ਲੇਖਾ ਮੁਕਾ ਦੇ ਚੋਟੀ ਜੜ ਦਾ, ਚੇਤਨ ਸਭ ਨੂੰ ਦੇ ਕਰਾਈਆ । ਤੇਰਾ ਰਾਹ ਉਡੀਕੇ ਦਿਸ਼ਾ ਵਾਲੀ ਧਾਰ ਚੜ੍ਹਦਾ, ਚੜ੍ਹਦੀ ਆਪਣੀ ਕਲ ਵਖਾਈਆ । ਤੇਰਾ ਰੂਪ ਅਨੂਪਾ ਦਿਸੇਂ ਅਗੰਮੀ ਨਰ ਦਾ, ਨਰ ਨਰਾਇਣ ਤੇਰੀ ਬੇਪਰਵਾਹੀਆ । ਤੂੰ ਖੇਲ ਤੱਕਣਾ ਮੇਰੇ ਘਰ ਦਾ, ਗ੍ਰਿਹਿ ਗ੍ਰਿਹਿ ਫੋਲ ਫੁਲਾਈਆ । ਧਰਨੀ ਕਹੇ ਮੇਰਾ ਅੰਤਸ਼ਕਰਨ ਡਰਦਾ, ਭੈ ਭਓ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਸਚ ਰਖਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਦੇ ਮੇਰੇ ਉਤੇ ਫ਼ਕਤ, ਫ਼ਿਕਰਾ ਇਕੋ ਨਾਮ ਸੁਣਾਈਆ । ਦਲੀਲ ਬਦਲ ਦੇ ਦੀਨ ਦੁਨੀ ਜਗਤ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰਾ ਸੁਹੰਜਣਾ ਕਰ ਵਕਤ, ਵੇਲਾ ਘੜੀ ਵੱਜੇ ਵਧਾਈਆ । ਮੇਲ ਮਿਲਾ ਲੈ ਸਾਚੇ ਭਗਤ, ਭਗਵਨ ਆਪਣਾ ਰੰਗ ਰੰਗਾਈਆ । ਜੋ ਇਸ਼ਾਰਾ ਦੇ ਕੇ ਗਈ ਆਦਿ ਸ਼ਕਤ, ਅਸ਼ਟਭੁਜ ਰਸਨਾ ਜਿਹਵਾ ਨਾਲ ਦ੍ਰਿੜਾਈਆ । ਸੋ ਸਭ ਦੀ ਲੇਖੇ ਲਾ ਲੈ ਬੂੰਦ ਰਕਤ, ਤਨ ਮਾਟੀ ਆਪਣੇ ਸੰਗ ਵਖਾਈਆ । ਤੂੰ ਮਾਲਕ ਖ਼ਾਲਕ ਵਾਲੀ

੧੩੪੩ ੨੩

ਅਰਸ਼, ਫ਼ਰਸ਼ ਹੋਣਾ ਆਪ ਸਹਾਈਆ । ਗੁਰਮੁਖਾਂ ਨੂੰ ਦੇਣਾ ਖ਼ੁਸ਼ੀਆਂ ਨਾਲ ਦਰਸ, ਨਜ਼ਰੀ ਆਉਣਾ ਥਾਉਂ ਥਾਈਆ । ਮਿਹਰਵਾਨਾ ਕਰਨਾ ਤਰਸ, ਰਹਿਮਤ ਸਚ ਸਚ ਕਮਾਈਆ । ਜੇ ਆਪਣੀ ਧਾਰੋਂ ਆਇਆ ਪਰਤ, ਪਤਿਪਰਮੇਸ਼ਵਰ ਰੂਪ ਬਦਲਾਈਆ । ਸੂਰਬੀਰ ਮਰਦਾਨੇ ਮਰਦ, ਦਰ ਤੇਰੀ ਓਟ ਰਖਾਈਆ । ਮੇਰੀ ਮਨਜ਼ੂਰ ਕਰੀਂ ਅਰਜ਼, ਆਰਜ਼ੂ ਚਰਨਾਂ ਵਿਚ ਟਿਕਾਈਆ । ਸ਼ਰਅ ਛੁਰੀ ਰਹੇ ਨਾ ਕਰਦ, ਸ਼ਰੀਅਤ ਲੇਖਾ ਦੇਣਾ ਮੁਕਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰਨਾ ਤੇਰਾ ਫ਼ਰਜ਼, ਫ਼ਾਜ਼ਲ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਅਗੰਮ ਅਥਾਹੀਆ । ਧਰਨੀ ਕਹੇ ਮੇਰੇ ਦੇਵਣਹਾਰ ਸਵਾਮੀ, ਸਾਹਿਬ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਨਿਹਕਾਮੀ, ਮੈਂ ਨਿਹਕਰਮਣ ਦਿਆਂ ਦੁਹਾਈਆ । ਤੂੰ ਵੇਖਣਹਾਰਾ ਅੰਤਰਜਾਮੀ, ਘਟ ਘਟ ਰਿਹਾ ਸਮਾਈਆ । ਮੈਂ ਚਾਹੁੰਦੀ ਮੇਰੇ ਉਤੇ ਨਾਤਾ ਜੋੜ ਦੇ ਬਾਹਮੀ, ਵਿਛੋੜਾ ਨਜ਼ਰ ਕੋਇ ਨਾ ਆਈਆ । ਕਲਜੁਗ ਰੈਣ ਅੰਧੇਰੀ ਮੇਟ ਦੇ ਸ਼ਾਮੀ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਜੀਵ ਜੰਤਾਂ ਸ਼ਰਅ ਜ਼ੰਜੀਰ ਕੱਟ ਤੋੜ ਗ਼ੁਲਾਮੀ, ਬੰਧਨ ਰਹਿਣ ਕੋਇ ਨਾ ਪਾਈਆ । ਆਪਣਾ ਨਾਮ ਸੰਦੇਸਾ ਦੇ ਦੇ ਪੈਗ਼ਾਮੀ ਭੇਵ ਅਭੇਦਾ ਆਪ ਖੁਲਾਈਆ । ਤੂੰ ਸ਼ਹਿਨਸ਼ਾਹ ਨੂਰ ਅਲਾਹ ਅਮਾਮੀ, ਲੋਕ ਪ੍ਰਲੋਕ ਤੈਨੂੰ ਸੀਸ ਨਿਵਾਈਆ । ਮੈਂ ਪੰਦਰਾਂ ਕੱਤਕ ਤੈਨੂੰ ਆਪਣੀ ਪਹਿਲੀ ਦਿਤੀ ਸਲਾਮੀ, ਸਲਾਮਾਲੇਕਮ ਦੱਸਣ ਵਾਲਿਆ ਤੇਰੇ ਕਦਮਾਂ ਸੀਸ ਟਿਕਾਈਆ । ਮੈਂ ਚਾਹੁੰਦੀ ਸਤਿ ਧਰਮ ਦੀ ਬਖ਼ਸ਼ ਦੇ ਇਕ ਨਿਸ਼ਾਨੀ, ਨਿਸ਼ਾਨੇ ਕੂੜ ਦੇ ਮਿਟਾਈਆ । ਮੇਰੀ ਜੂਹ ਦਿਸੇ ਨਾ ਕੋਇ ਬੇਗਾਨੀ, ਚਾਰੋਂ ਕੁੰਟ ਇਕੋ ਰੰਗ ਵਖਾਈਆ । ਇਕ ਬੇਨੰਤੀ ਮੇਰੀ ਮਾਨੀਂ, ਹੋਣਾ ਆਪ ਸਹਾਈਆ । ਓਹ ਤੱਕ ਲੈ ਕੀ ਇਸ਼ਾਰਾ ਦੇਂਦੀ ਬਾਲਮੀਕ ਵਾਲੀ ਕਾਨੀ, ਕਲਮ ਕਾਨਾ ਰੂਪ ਬਦਲਾਈਆ । ਲੇਖਾ ਕੀ ਰਵੀਦਾਸ ਵਾਲੀ ਕਹਾਣੀ, ਚਮਿਆਰਾ ਕੀ ਦ੍ਰਿੜਾਈਆ । ਜਿਸ ਨੂੰ ਬਖ਼ਸ਼ਿਆ ਪਦ ਨਿਰਬਾਨੀ, ਸਚਖੰਡ ਦਵਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਆਪਣੇ ਭਗਤ ਸੁਹੇਲੇ ਤੱਕ ਲੈ ਸੱਜਣ, ਸੱਜਣੂਆ ਧਿਆਨ ਲਗਾਈਆ । ਜਿਹੜਾ ਤੂੰ ਮੇਰਾ ਮੈਂ ਤੇਰਾ ਕਰਕੇ ਭਜਨ, ਬੰਦਗੀ ਤੇਰੀ ਵਿਚ ਸਮਾਈਆ । ਉਹਦਾ ਨਾਮ ਕੰਡੇ ਤਰਾਜੂ ਕਰ ਲੈ ਵਜ਼ਨ, ਜਗਤ ਵੱਟਾ ਨਾ ਕੋਇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਉਨ੍ਹਾਂ ਆਪਣੀ ਚਾੜ੍ਹ ਦੇ ਰੰਗਣ, ਰੰਗਤ ਇਕੋ ਨਾਮ ਰੰਗਾਈਆ । ਜਿਹੜੇ ਤੈਥੋਂ ਆਪ ਕੁਛ ਨਾ ਮੰਗਣ, ਉਹਨਾਂ ਦੀਆਂ ਝੋਲੀਆਂ ਦੇ ਭਰਾਈਆ । ਧੂੜੀ ਟਿੱਕੇ ਰਮਾ ਕੇ ਚੰਦਨ, ਮਸਤਕ ਕਰ ਰੁਸ਼ਨਾਈਆ । ਲੇਖੇ ਲਾ ਲੈ ਬੰਦਨ, ਜੋ ਚਰਨ ਕਵਲ ਸੀਸ ਝੁਕਾਈਆ । ਦੇ ਵਡਿਆਈ ਵਿਚ ਵਰਭੰਡਣ, ਬ੍ਰਹਿਮੰਡ ਵੱਜੇ ਵਧਾਈਆ । ਸੀਸ ਰਹੇ ਕਿਸੇ ਨਾ ਨਗਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਹਨਾਂ ਦਾ ਲੇਖਾ ਪਾਰ ਕਰ ਦੇ ਗਗਨ, ਗਗਨ ਗਗਨੰਤਰਾਂ ਡੇਰਾ ਢਾਹੀਆ । ਤੇਰੀ ਜੋਤ ਵਿਚ ਹੋਵਨ ਮਗਨ, ਅੰਤ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਵੇਖ ਲੈ ਭਗਤ ਸੁਹੇਲੇ, ਸਨਮੁਖ ਨਜ਼ਰੀ ਆਈਆ । ਸ਼ਬਦੀ ਧਾਰ ਧਾਰ ਦੇ ਚੇਲੇ, ਦੂਸਰ ਇਸ਼ਟ ਨਾ ਕੋਇ ਮਨਾਈਆ । ਜੋ ਤੇਰੇ ਪ੍ਰੇਮ ਵਿਚ ਖੇਲ ਰਹੇ ਖੇਲੇ, ਖ਼ਾਲਕ ਖ਼ਲਕ ਹੋਣਾ ਸਹਾਈਆ । ਜਿਨ੍ਹਾਂ ਦੇ ਮੇਰੇ ਉਤੇ ਪੰਦਰਾਂ ਕੱਤਕ ਕਹੇ ਹੋ ਗਏ ਮੇਲੇ, ਮਿਲਣੀ ਹਰਿ ਜਗਦੀਸ਼

੧੩੪੪
੨੩

ਆਪ ਕਰਾਈਆ । ਉਹ ਵਸਣ ਤੇਰੇ ਧਾਮ ਨਵੇਲੇ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਾ ਵਕਤ ਸੁਹਾਵਾ, ਪ੍ਰਭ ਮਿਲੀ ਮਾਣ ਵਡਿਆਈਆ । ਗਲ ਪੱਲੂ ਵਾਸਤਾ ਪਾਵਾਂ, ਰੋ ਰੋ ਦਿਆਂ ਸੁਣਾਈਆ । ਜੋ ਹਰਿਜਨ ਇਕੱਠੇ ਹੋਏ ਨਾਲ ਚਾਵਾਂ, ਖ਼ੁਸ਼ੀਆਂ ਪੰਧ ਮੁਕਾਈਆ । ਉਹਨਾਂ ਦੀਆਂ ਲੇਖੇ ਲਾਉਣੀਆਂ ਮਾਂਵਾਂ, ਜੋ ਭਗਤ ਜੰਮਣ ਜਗਤ ਜਗਤ ਵਿਚ ਮਾਈਆ । ਉਹਨਾਂ ਦਾ ਤਨ ਵਜੂਦ ਸੁਹਾਉਣਾ ਗਰਾਵਾਂ, ਖੇੜਾ ਇਕ ਵਡਿਆਈਆ । ਮੇਲ ਮਿਲਾਉਣਾ ਸਤਿਗੁਰ ਸ਼ਬਦ ਧਾਰ ਭਰਾਵਾਂ, ਜਗਤ ਵੰਡ ਨਾ ਕੋਇ ਵੰਡਾਈਆ । ਆਪਣੇ ਨਾਲ ਉਹਨਾਂ ਦਾ ਤਰਾਜੂ ਕਰ ਲੈ ਸਾਂਵਾਂ, ਊਣਤਾ ਰਹਿਣ ਕੋਇ ਨਾ ਪਾਈਆ । ਜੋ ਤੇਰੇ ਢੋਲੇ ਗਾਉਂਦੇ ਵਿਚ ਰਾਹਵਾਂ, ਭੱਜਣ ਚਾਈਂ ਚਾਈਂਆ । ਮੈਂ ਉਹਨਾਂ ਦਾ ਸ਼ੁਕਰ ਮਨਾਵਾਂ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਉਚੀ ਕੂਕ ਕੂਕ ਸੁਣਾਵਾਂ, ਬਿਨ ਰਸਨਾ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਧਰਨੀ ਕਹੇ ਤੇਰੇ ਭਗਤ ਸੁਹੇਲੇ ਆਦਿ ਜੁਗਾਦੀ ਸਿਖ, ਸਦ ਸਿਖਿਆ ਵਿਚ ਸਮਾਈਆ । ਇਹਨਾਂ ਦਾ ਲਹਿਣਾ ਦੇਣਾ ਲਿਖ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਧੁਰ ਦੀ ਵਸਤ ਪਾ ਦੇ ਭਿਖ, ਭਿਛਿਆ ਇਕ ਵਰਤਾਈਆ । ਤੇਰਾ ਦਰਸ਼ਨ ਹੋਵੇ ਨਿਤ, ਵਿਛੋੜਾ ਰਹਿਣ ਕੋਇ ਨਾ ਪਾਈਆ । ਸਭ ਦੇ ਹਿਰਦੇ ਵਸਣਾ ਚਿਤ, ਠਗੌਰੀ ਮਨ ਰਹੇ ਨਾ ਰਾਈਆ । ਪੁਰਖ ਅਕਾਲੇ ਮੰਨਣਾ ਮਿਤ, ਪਤਿਪਰਮੇਸ਼ਵਰ ਲੈਣਾ ਗੋਦ ਉਠਾਈਆ । ਮੇਰੇ ਉਤੇ ਕਰੀਂ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰੀ ਪੂਰੀ ਹੋਵੇ ਆਸਾ, ਮਨਸਾ ਤੇਰੇ ਅਗੇ ਰਖਾਈਆ । ਜਨ ਭਗਤਾਂ ਬਖ਼ਸ਼ ਭਰਵਾਸਾ, ਭਾਂਡਾ ਭਰਮ ਭਰਮ ਭੰਨਾਈਆ । ਖ਼ਾਲੀ ਭਰ ਦੇ ਕਾਇਆ ਕਾਸਾ, ਕਸਮ ਨਾਲ ਰਹੀ ਸੁਣਾਈਆ । ਤੂੰ ਮਾਲਕ ਪ੍ਰਿਥਮੀ ਅਕਾਸਾ, ਗਗਨ ਮੰਡਲ ਤੇਰੀ ਵਡਿਆਈਆ । ਮੈਂ ਤੇਰੀ ਦਾਸਨ ਦਾਸਾ, ਦਾਸੀ ਹੋ ਕੇ ਰਹੀ ਸੁਣਾਈਆ । ਤੂੰ ਮਿਹਰਵਾਨ ਅਬਿਨਾਸ਼ਾ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਤੇਰਾ ਖੇਲ ਅਲਖਣਾ ਅਲਾਖਾ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਤੂੰ ਆਦਿ ਜੁਗਾਦੀ ਪਿਤਾ ਮਾਤਾ, ਮਾਤ ਪਿਤ ਇਕ ਅਖਵਾਈਆ । ਜਨ ਭਗਤਾਂ ਲੇਖੇ ਲਾਵੀਂ ਪੰਦਰਾਂ ਸੋਲਾਂ ਕੱਤਕ ਦੀਆਂ ਰਾਤਾਂ, ਰੁਤੜੀ ਆਪਣੇ ਨਾਲ ਮਹਿਕਾਈਆ । ਭੇਵ ਮਿਟਾਈਂ ਜਾਤਾ ਪਾਤਾ, ਬੰਧਨ ਕੂੜ ਰਹੇ ਨਾ ਰਾਈਆ । ਸਚ ਪ੍ਰੀਤੀ ਜੋੜੀਂ ਨਾਤਾ, ਜਗਤ ਜਹਾਨ ਨਾ ਕੋਇ ਤੁੜਾਈਆ । ਜੋ ਗੁਰਮੁਖ ਹਰਿਜਨ ਭਗਤ ਦੁਲਾਰਾ ਤੇਰਾ ਆਇਆ ਮਾਰ ਕੇ ਵਾਟਾ, ਸਿੰਘ ਲਛਮਣ ਪੰਧ ਮੁਕਾਈਆ । ਇਹਦਾ ਲੇਖਾ ਮੁਕਾਉਣਾ ਵਿਚੋਂ ਆਣ ਬਾਟਾ, ਨੌ ਅਠਾਰਾਂ ਮਾਤ ਗਰਭ ਨਾ ਅਗਨ ਤਪਾਈਆ । ਵਿਛੋੜੇ ਵਿਚ ਮਨਜੀਤ ਦਾ ਖੁਲਾ ਨਾ ਹੋਵੇ ਝਾਟਾ, ਕੰਤ ਸੁਹਾਗ ਦੇਣਾ ਬਣਾਈਆ । ਜਨਮ ਜਨਮ ਦਾ ਪੂਰਾ ਕਰ ਕੇ ਘਾਟਾ, ਕਬੀਰ ਦਾ ਲੇਖਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਨੀ ਕਹੇ ਜਨ ਭਗਤੋ ਕਦੇ ਨਾ ਹੁੰਦਾ ਵਿਛੋੜਾ, ਪ੍ਰਭ ਵਿਛੜਿਆਂ ਮੇਲ ਮਿਲਾਈਆ । ਦੋ ਦਿਨਾਂ ਵਿਚ ਕਾਰਜ ਕਰ ਦੇ ਦੋਹਰਾ, ਦੋਹਰੀ ਖੇਲ ਖਿਲਾਈਆ । ਗੁਰਮੁਖ ਬਣਾ ਕੇ ਬਾਂਕਾ ਛੋਹਰਾ, ਆਪਣੀ ਗੋਦ ਟਿਕਾਈਆ । ਹਰਿ

੧੩੪੫
੨੩

੧੩੪੬ ੨੩

ਸੰਗਤ ਨਾਤਾ ਜੋੜਿਆ ਜਗਤ ਜਹਾਨ ਜਵਾਬ ਦਿਤਾ ਕੋਰਾ, ਕੌਰਵ ਪਾਂਡਵ ਦੀ ਆਸਾ ਪੂਰ ਕਰਾਈਆ । ਗੁਰਮੁਖੋ ਤੁਹਾਡਾ ਹੋਵੇ ਭਾਗ ਮਥੇਰਾ, ਮਿਥਿਆ ਦਿਸੇ ਲੋਕਾਈਆ । ਤੁਹਾਨੂੰ ਬੰਨ੍ਹਿਆ ਨਾਲ ਸ਼ਬਦ ਦੀ ਡੋਰਾ, ਡੋਰੀ ਆਪਣੇ ਹੱਥ ਉਠਾਈਆ । ਅਗੇ ਵੇਖਿਓ ਕੀ ਜਗਤ ਹੋਣਾ ਅੰਧ ਘੋਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਸਭ ਨੂੰ ਭੁਲਣਾ ਪੇਕਾ ਸੌਹਰਾ, ਕੰਤ ਸੁਹਾਗ* ਸੰਗ ਨਾ ਕੋਇ ਨਿਭਾਈਆ । ਸਾਧਾਂ ਸੰਤਾਂ ਨਜ਼ਰ ਨਹੀਂ ਆਉਣਾ ਮਠ ਕੋਈ ਦਿਉਹਰਾ, ਭੱਜਣ ਵਾਹੋ ਦਾਹੀਆ । ਧਰਨੀ ਕਹੇ ਮੈਂ ਮਸਖ਼ਰੀਆਂ ਵਿਚ ਸਭ ਨੂੰ ਮਾਰਾਂਗੀ ਹਨੌਰਾ, ਆਪਣੇ ਨੈਣ ਬਦਲਾਈਆ । ਉਠੋ ਵੇਖੋ ਖੇਲ ਉਸ ਪ੍ਰਭੂ ਦਾ ਜਿਸ ਦੀ ਸਭ ਨੂੰ ਪੈਣੀ ਲੋੜਾ, ਲੁੜੀਂਦਾ ਸੱਜਣ ਇਕ ਅਖਵਾਈਆ । ਜਿਸ ਆਤਮ ਪਰਮਾਤਮ ਪਰਮਾਤਮ ਆਤਮ ਭਗਤ ਭਗਵਾਨ ਬਣਾਇਆ ਜੋੜਾ, ਜੋੜੀ ਆਪਣੇ ਨਾਲ ਰਖਾਈਆ । ਕੀ ਹੋ ਗਿਆ ਜੇ ਲਛਮਣ ਦੀ ਜ਼ਿੰਦਗੀ ਦਾ ਵਕਤ ਰਹਿ ਗਿਆ ਸੀ ਥੋੜਾ, ਥੋੜੇ ਤੋਂ ਬਹੁਤਾ ਦਿਤਾ ਬਣਾਈਆ । ਰਸ ਮਿੱਠਾ ਹੋਣ ਨਹੀਂ ਦਿਤਾ ਕੌੜਾ, ਅੰਮਿਉਂ ਰਸ ਆਪਣਾ ਦਿਤਾ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਧਰਨੀ ਕਹੇ ਗੁਰਮੁਖੋ ਮੈਂ ਮੂਲ ਨਾ ਸੰਗਦੀ, ਹਰਿ ਸੰਗਤ ਦਿਆਂ ਜਣਾਈਆ । ਵੇਖੋ ਸਦੀ ਚੌਧਵੀਂ ਜਾਂਦੀ ਲੰਘਦੀ, ਭੱਜੇ ਵਾਹੋ ਦਾਹੀਆ । ਕਿਸੇ ਦੀ ਸੇਜ ਸੁਹੰਜਣੀ ਰਹਿਣੀ ਨਹੀਂ ਪਲੰਘ ਦੀ, ਤਖ਼ਤ ਤਾਜ ਨਾ ਕੋਇ ਵਡਿਆਈਆ । ਸਾਲ ਬਸਾਲਾ ਖੇਲ ਹੋਣੀ ਨਵ ਖੰਡ ਪ੍ਰਿਥਮੀ ਜੰਗ ਦੀ, ਜਗਹ ਜਗਹ ਪਏ ਦੁਹਾਈਆ । ਪਰਵਰਦਿਗਾਰ ਸਾਂਝੇ ਯਾਰ ਆਸ਼ਾ ਪੂਰੀ ਕਰਨੀ ਤਾਰਾ ਚੰਦ ਦੀ, ਜੋ ਉਮਤ ਨਾਲ ਰੰਗ ਰੰਗਾਈਆ । ਕੀ ਹਾਲਤ ਹੋਣੀ ਵਰਭੰਡ ਦੀ, ਇਹ ਜਾਣੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਨ ਭਗਤੋ ਤੁਹਾਡਾ ਖ਼ੁਸ਼ੀਆਂ ਵਾਲਾ ਦਿਹਾੜਾ, ਦਿਉਹੜੀ ਖ਼ੁਸ਼ੀ ਮਨਾਈਆ । ਮੈਂ ਮੰਗਣ ਆਈ ਵਾੜਾ, ਦਰ ਠਾਂਡੇ ਅਲਖ ਜਗਾਈਆ । ਨਾਲੇ ਦੱਸਣ ਆਈ ਇਕੋ ਤੱਕੋ ਅਗੰਮੀ ਲਾੜਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਨੇ ਮੇਰੇ ਉਤੇ ਬਣਾਉਣਾ ਅਖਾੜਾ, ਦੀਨ ਦੁਨੀ ਲਏ ਉਠਾਈਆ । ਦਿਨੇ ਜਾਗਦਿਆਂ ਰਾਤੀ ਸੁਤਿਆਂ ਸਭ ਨੂੰ ਮਾਰੇ ਧਾੜਾ, ਧਾੜਵੀ ਹੋ ਕੇ ਭੱਜੇ ਵਾਹੋ ਦਾਹੀਆ । ਅੱਗ ਲਗਾਏ ਬਹੱਤਰ ਨਾੜਾ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪਣਾ ਆਪ ਜਣਾਈਆ । ਧਰਨੀ ਕਹੇ ਮੇਰਾ ਸਾਹਿਬ ਸਵਾਮੀ ਬੋਲਦਾ, ਹਰਿ ਕਰਤਾ ਬੇਪ੍ਰਵਾਹ । ਜੋ ਸਚ ਦਵਾਰਾ ਖੋਲਦਾ, ਪਰਦਾ ਪਰਦਿਆਂ ਵਿਚੋਂ ਚੁਕਾ । ਜੋ ਲੱਖ ਚੁਰਾਸੀ ਤੋਲਦਾ, ਨਾਮ ਕੰਡਾ ਹੱਥ ਉਠਾ । ਜੋ ਰੂਪ ਅਗੰਮਾ ਧਾਰੇ ਮਾਹੀ ਢੋਲ ਦਾ, ਜੋਤੀ ਜੋਤ ਕਰ ਰੁਸ਼ਨਾ । ਉਹ ਭੇਵ ਖੁਲਾਏ ਆਪਣੇ ਕੋਲ ਦਾ, ਕੁਲ ਮਾਲਕ ਨੂਰ ਅਲਾਹ । ਹਰ ਘਰ ਅੰਦਰ ਜੋ ਨਿਰਗੁਣ ਹੋ ਕੇ ਮੌਲਦਾ, ਮੌਲਾ ਰੂਪ ਨੂਰ ਖ਼ੁਦਾ । ਉਹ ਭਾਰ ਹੌਲਾ ਕਰੇ ਮੇਰਾ ਧੌਲ ਦਾ, ਧੌਲ ਧੱਪਾ ਜਗਤ ਵਿਚ ਲਗਾ । ਉਹ ਵੇਖੇ ਜਗਤ ਜਹਾਨ ਸਾਰਾ ਡੋਲਦਾ, ਧੀਰਜ ਸਕੇ ਨਾ ਕੋਇ ਧਰਾ । ਮੇਰਾ ਪੁਰਖ ਅਕਾਲਾ ਜਨ ਭਗਤੋ ਤੁਹਾਨੂੰ ਫਿਰੇ ਟੋਲਦਾ, ਦੀਨ ਦੁਨੀ ਵਿਚੋਂ ਲਏ ਉਠਾ । ਇਕ ਸੰਦੇਸਾ ਦੇ ਕੇ ਆਪਣੇ ਬੋਲ ਦਾ, ਅਨਬੋਲਤ ਦਏ ਸਮਝਾ । ਤੁਹਾਡਾ ਵਕਤ ਜਗਤ ਮਖ਼ੌਲ ਦਾ, ਮਸਖ਼ਰੀਆਂ ਕਰੇ ਜਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾ । ਧਰਨੀ ਕਹੇ ਆਓ ਜਨ

ਭਗਤੋ ਮਿਲ ਕੇ ਝੁਕਾਈਏ ਸੀਸ, ਧੂੜੀ ਖ਼ਾਕ ਰਮਾਈਆ । ਮੰਨੀਏ ਇਕ ਜਗਦੀਸ਼, ਜੋ ਜਗਦੀਸ਼ਰ ਧੁਰਦਰਗਾਹੀਆ । ਜਿਸ ਦਾ ਲੇਖਾ ਗਾ ਨਾ ਸਕੇ ਦੰਦ ਬਤੀਸ, ਜਿਹਵਾ ਸਿਫ਼ਤ ਨਾ ਕੋਇ ਸਲਾਹੀਆ । ਜਿਸ ਦਾ ਲਹਿਣਾ ਦੇਣਾ ਬੀਸ ਇਕੀਸ, ਏਕੰਕਾਰਾ ਇਕ ਅਖਵਾਈਆ । ਉਸ ਦੇ ਛਤਰ ਝੁਲਣਾ ਸੀਸ, ਦੋ ਜਹਾਨ ਵੇਖ ਵਖਾਈਆ । ਜਨ ਭਗਤਾਂ ਦੇਵੇ ਸਚ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਧਰਮ ਦੀ ਧਾਰ ਬਦਲ ਕੇ ਰੀਤ, ਰੀਤੀਵਾਨ ਇਕ ਅਖਵਾਈਆ । ਇਕੋ ਰੰਗ ਰੰਗਾ ਕੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਕਰਵਟ ਵਿਚ ਬਦਲ ਕੇ ਪੀਠ, ਪਾਸਾ ਦੀਨ ਦੁਨੀ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਸੁਹਾਈਆ । ਧਰਨੀ ਕਹੇ ਜਨ ਭਗਤੋ ਅੱਜ ਦਾ ਵਕਤ ਸੁਹੰਜਣਾ, ਮਿਲੇ ਮਾਣ ਵਡਿਆਈਆ । ਕਿਰਪਾ ਕਰੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਨੇਤਰ ਪਿਆਰ ਦਾ ਪਾ ਕੇ ਅੰਜਣਾ, ਲੋਚਣ ਕਰੇ ਰੁਸ਼ਨਾਈਆ । ਜਿਸ ਦਾ ਇਕੋ ਦੀਪਕ ਜਗਣਾ, ਚਾਰੋਂ ਕੁੰਟ ਡਗਮਗਾਈਆ । ਓਹ ਲੇਖੇ ਲਾਵੇ ਤੁਹਾਡਾ ਆਉਣਾ ਜਾਣਾ ਸਾਚਾ ਸੱਜਣਾ, ਸਤਿਗੁਰ ਸ਼ਬਦ ਬੇਪ੍ਰਵਾਹੀਆ । ਇਹ ਵਕਤ ਫੇਰ ਨਹੀਂ ਲੱਭਣਾ, ਜੁਗ ਚੌਕੜੀ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਧਰਨੀ ਕਹੇ ਮੇਰਾ ਗ੍ਰਿਹਿ ਜਿਸ ਨੂੰ ਕਹਾਂ ਧੰਨ ਵਰੀ, ਧਨੌਰੀ ਜਗਤ ਕਹੇ ਲੋਕਾਈਆ । ਏਥੇ ਇਸ਼ਾਰਾ ਕੀਤਾ ਸੀ ਗਜ ਨੂੰ ਹਰੀ, ਜਿਸ ਵੇਲੇ ਤੰਦਵੇ ਤੰਦ ਕਟਾਈਆ । ਨੈਣ ਵਖਾਇਆ ਸੀ ਅਰੰਬਾ ਪਰੀ, ਚੌਦਾਂ ਰਤਨਾਂ ਵਿਚੋਂ ਸਮਝਾਈਆ । ਪ੍ਰਹਿਲਾਦ ਇਸ਼ਾਰਾ ਦਿਤਾ ਸੀ ਸਿੰਘ ਨਰ ਆਪਣੀ ਵਰੀ, ਮਿਹਰਵਾਨ ਹੋ ਕੇ ਗਿਆ ਸੁਣਾਈਆ । ਬਾਵਨ ਨੇ ਬਲ ਦੀ ਆਸ਼ਾ ਏਥੇ ਧਰੀ, ਭੇਵ ਅਭੇਦ ਖੁਲਾਈਆ । ਰਾਮ ਨੇ ਸੀਤਾ ਨੂੰ ਹੁਕਮ ਸੁਣਾਇਆ ਢਾਈ ਘੜੀ, ਪੰਚ ਬਟੀ ਦਏ ਗਵਾਹੀਆ । ਕ੍ਰਿਸ਼ਨ ਨੇ ਅਰਜਨ ਨਾਲ ਆਪਣੀ ਸਾਂਝੀ ਕਰ ਕੇ ਕੜੀ, ਹਿੱਸਾ ਹਿੱਸੇ ਨਾਲ ਬੰਧਾਈਆ । ਮੂਸੇ ਕੋਹਤੂਰ ਤੇ ਕਿਹਾ ਉਹ ਸੁਹੰਜਣਾ ਹੋਵੇ ਦਰੀ, ਦਰਵਾਜ਼ਾ ਇਕ ਅਖਵਾਈਆ । ਈਸਾ ਹੁਕਮ ਸੁਣਾਇਆ ਗੱਲ ਦੱਸੀ ਖਰੀ, ਖ਼ੈਰ ਖ਼ਾਹੀ ਵਿਚ ਸਮਝਾਈਆ । ਮੁਹੰਮਦ ਕਿਹਾ ਜਿਸ ਵੇਲੇ ਮੇਰੀ ਸਦੀ ਚੌਧਵੀਂ ਅੰਤਮ ਬੀਤੀ ਲੜੀ, ਪੱਲੂ ਗੰਢ ਨਾ ਕੋਇ ਪਵਾਈਆ । ਨਾਨਕ ਉਂਗਲ ਕੀਤੀ ਖੜੀ, ਇਸ਼ਾਰੇ ਨਾਲ ਸਮਝਾਈਆ । ਗੋਬਿੰਦ ਜਿਸ ਵੇਲੇ ਆਇਆ ਚਮਕੌਰ ਦੀ ਗੜ੍ਹੀ, ਖੰਡਾ ਖੜਗ ਲਏ ਭਵਾਈਆ । ਫੇਰ ਹੱਥਾਂ ਦੀ ਮਾਰ ਕੇ ਤੜੀ, ਤਾਲੀ ਦਿਤੀ ਵਜਾਈਆ । ਜਿਸ ਵੇਲੇ ਸਤਿ ਧਰਮ ਰਿਹਾ ਨਾ ਸੇਰ ਧੜੀ, ਜਗਤ ਤੋਲ ਨਾ ਕੋਇ ਤੁਲਾਈਆ । ਚੁਰਾਸੀ ਵਿਚੋਂ ਹੋਏ ਕੋਇ ਨਾ ਬਰੀ, ਫਾਂਸੀ ਫੰਦ ਨਾ ਕੋਇ ਕਟਾਈਆ । ਆਤਮ ਨਾਰ ਪਰਮਾਤਮ ਕੰਤ ਲਏ ਨਾ ਵਰੀ, ਪਾਰਬ੍ਰਹਮ ਬ੍ਰਹਮ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਏ ਸ਼ਰਅਈ, ਸ਼ਰੀਅਤ ਵਿਚ ਦੁਹਾਈਆ । ਸੁਖ ਮਿਲੇ ਨਾ ਕਿਸੇ ਨੂੰ ਘੜੀ, ਪਲਕਾਂ ਪਿਛੇ ਮਿਲੇ ਨਾ ਮਾਹੀਆ । ਮੁਖ ਸਭ ਦੇ ਦਿਸੇ ਹੁੱਕਾ ਨੜੀ, ਨਾੜੀ ਨਾੜੀ ਦਏ ਦੁਹਾਈਆ । ਮੇਰੀ ਢਈਏ ਦੀ ਔਧ ਬੀਤਣੀ ਬੜੀ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੇਰਾ ਧਰਮ ਧਾਰ ਦਾ ਕਾਅਬਾ, ਕਿਬਲੇ ਅਜ਼ ਦ੍ਰਿੜਾਈਆ । ਜਿਥੇ ਇਕੱਠਾ ਹੋਇਆ ਮਾਝਾ ਮਾਲਵਾ ਦੁਆਬਾ, ਤ੍ਰੈਗੁਣ ਦਾ ਡੇਰਾ ਢਾਹੀਆ । ਸਤਿਗੁਰ ਸ਼ਬਦ ਦਾ ਸੁਣਿਆ ਨਾਦਾ, ਧੁਨੀ ਨਾਦ ਸ਼ਨਵਾਈਆ ।


੧੩੪੭
੨੩

ਸਭ ਦਾ ਪਿਆਰ ਹੋ ਗਿਆ ਸਾਂਝਾ, ਵਿਛੋੜਾ ਰਹਿਣ ਕੋਇ ਨਾ ਪਾਈਆ । ਹਰਿਜਨ ਰਹੇ ਕੋਇ ਨਾ ਵਾਂਝਾ, ਸਤਿਗੁਰ ਆਪਣੇ ਰੰਗ ਰੰਗਾਈਆ । ਹਰਿ ਸੰਗਤ ਬੱਚਾ ਬਣਿਆ ਇਕੋ ਮਾਂ ਦਾ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਜਿਥੇ ਝਗੜਾ ਨਹੀਂ ਸੂਰ ਗਾਂ ਦਾ, ਪਸ਼ੂ ਪੰਛੀਆਂ ਵੰਡ ਨਾ ਕੋਇ ਵੰਡਾਈਆ । ਇਕੋ ਪਿਆਰ ਦੱਸਿਆ ਆਪਣੇ ਨਾਂ ਦਾ, ਪਾਰਬ੍ਰਹਮ ਬ੍ਰਹਮ ਨਾਲ ਮਿਲਾਈਆ । ਹਰਿਜਨ ਰੂਪ ਨਾ ਰਹੇ ਕਾਂ ਦਾ, ਹੰਸ ਗੁਰਮੁਖ ਲਏ ਪ੍ਰਗਟਾਈਆ । ਧਰਨੀ ਕਹੇ ਚਾਰ ਜੁਗ ਮਾਣ ਰਹੇਗਾ ਏਸ ਥਾਂ ਦਾ, ਜਿਥੇ ਹਰਿ ਸੰਗਤ ਸੋਭਾ ਪਾਈਆ । ਲਛਮਣ ਸਿੰਘ ਤੇਰਾ ਪਿਆਰ ਵਾਹ ਵਾਹ ਦਾ, ਵਾਹਵਾ ਮਿਲੇ ਮਾਣ ਵਡਿਆਈਆ । ਹਰਿ ਸੰਗਤ ਰੂਪ ਬਣਿਆ ਰਹੇ ਭੈਣ ਭਰਾ ਦਾ, ਨਿਗਾਹ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜਨ ਭਗਤ ਜਗਤ ਜਹਾਂ ਦਾ, ਜਹਾਂ ਤਹਾਂ ਹੋਏ ਆਪ ਸਹਾਈਆ ।

### ੧੭ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਸਵਰਨ ਸਿੰਘ ਦੀਨਾ ਨਗਰ ਵਾਲੇ ਦੇ ਨਵਿਤ

ਨਾਰਦ ਕਹੇ ਵਾਹ ਓਏ ਵੇਦ ਵਿਆਸਾ, ਵਿਆਕਰਨ ਤੇਰਾ ਭੇਵ ਕੋਇ ਨਾ ਪਾਈਆ । ਪੁਰਾਨ ਅਧਾਰੀਆ ਤੇਰੀ ਵੇਖੀ ਅਗੰਮੀ ਭਾਸ਼ਾ, ਭਾਸ਼ਨ ਤੇਰਾ ਸਮਝ ਕੋਇ ਨਾ ਪਾਈਆ । ਜੁਆਰੀਆ ਤੇਰਾ ਤੱਕਿਆ ਖੇਲ ਤਮਾਸ਼ਾ, ਬਿਨ ਅੱਖੀਆਂ ਨਜ਼ਰੀ ਆਈਆ । ਵਿਵਹਾਰੀਆ ਕਿਸ ਬਿਧ ਪਲਟੇ



ਦੀਨ ਦੁਨੀ ਦਾ ਪਾਸਾ, ਆਪਣਾ ਖੇਲ ਵਖਾਈਆ । ਨਿਰੰਕਾਰੀਆ ਤੇਰਾ ਨੂਰ ਜੋਤ ਪ੍ਰਕਾਸ਼ਾ, ਪ੍ਰਕਾਸ਼ਤ ਹਰ ਘਟ ਥਾਈਆ । ਸਚ ਦੱਸ ਕਿਉਂ ਤੇਰਾ ਭਗਤ ਰਹੇ ਉਦਾਸਾ, ਉਦਾਸੀਆਂ ਵਿਚ ਆਪਣਾ ਝਟ ਲੰਘਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸ਼ਾਬਾਸ਼ਾ, ਰਾਜ ਰਾਜਾਨ ਵਡ ਵਡਿਆਈਆ । ਕਵਣ ਗ੍ਰਿਹਿ ਤੇਰਾ ਹੋਵੇ ਵਾਸਾ, ਵਸਲ ਵਾਲਿਆ ਦੇਣਾ ਸਮਝਾਈਆ । ਤੇਰੀ ਕਰਨੀ ਸਮਝੇ ਕੋਇ ਨਾ ਸਾਰ ਪਾਸ਼ਾ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਤੇਰਾ ਵਿਵਹਾਰ ਕਵਣ ਧਾਰ ਸ੍ਰਿਸ਼ਟੀ ਵਾਲਾ ਨਾਤਾ, ਨਾਤਵਾਂ ਦੇਣਾ ਸਮਝਾਈਆ । ਤੇਰੀ ਕਿਹੜੀ ਜਨਣੀ ਤੇਰੀ ਕਿਹੜੀ ਮਾਤਾ, ਕਵਣ ਗੋਦੀ ਗੋਦ ਸੁਹਾਈਆ । ਕਿਸ ਸੀਰ ਰਸ ਅੰਮ੍ਰਿਤ ਮੁਖ ਚਵਾਤਾ, ਦੁੱਧੀ ਧਾਰ ਵਹਾਈਆ । ਕਿਸ ਬਿਧ ਤੂੰ ਆਪਣਾ ਡੂੰਘਾ ਰੱਖਿਆ ਖਾਤਾ, ਭੇਵ ਦੇਣਾ ਖੁਲਾਈਆ । ਕੀ ਲੇਖਾ ਲਿਖਿਆ ਵਾਸਤੇ ਕਲਜੁਗ ਅੰਤ ਨਾਲ ਕਲਮ ਦਵਾਤਾ, ਦੀਨ ਦੁਨੀ ਸਮਝਾਈਆ । ਕੀ ਸ਼ਬਦ ਸੰਦੇਸ਼ਾ ਧੁਰ ਦਾ ਅਗੰਮੀ ਆਖਾ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਕੀ ਤੇਰਾ ਭੇਦ ਜਾਣੇ ਜਗਤ ਜਗਿਆਸੂ, ਯੋਗ ਕਰਮ ਸਮਝ ਕਿਸੇ ਨਾ ਆਈਆ । ਕੀ ਤੇਰੀ ਸਿਫ਼ਤ ਕਰੇ ਪਵਣ ਸਵਾਸੂ, ਸਾਹ ਸਾਹ ਢੋਲੇ ਗੀਤ ਸੁਣਾਈਆ । ਕੀ ਤੇਰਾ ਵੈਰਾਗ ਕਰੇ ਹੰਝੂਆਂ ਵਾਲਾ ਆਂਸੂ, ਨੇਤਰ ਨੈਣਾਂ ਨੀਰ ਵਹਾਈਆ । ਕੀ ਤੇਰੀ ਮਹਿੰਮਾ ਵਡਿਆਈ ਦੱਸੇ ਸ਼ੰਕਰ ਉਤੇ ਕੈਲਾਸ਼ੂ, ਸਮਝ ਕਿਸੇ ਨਾ ਆਈਆ । ਓਹ ਮੇਰਿਆ ਮਿਹਰਵਾਨਿਆ ਤੂੰ ਜੁਗ ਜੁਗ ਦਾ ਬੜਾ ਅਫ਼ਲਾਤੂ, ਫ਼ਤਵੇ ਸਭ ਦੇ ਉਤੇ ਲਗਾਈਆ । ਤੇਰੇ ਨਾਮ ਦੀ ਧਾਰ ਸਮਝ ਨਾ ਆਵੇ ਬਣਿਆ ਕਿਸ ਧਾਤੂ, ਧਰਨੀ ਧਰਤ ਧਵਲ ਧੌਲ ਕਿਸ ਬਿਧ ਦਿਤਾ ਟਿਕਾਈਆ । ਕੀ

ਵੇਸ ਅਨੇਕਾ ਕਰੇ ਲੋਕਮਾਤੂ, ਮਤਾ ਆਪਣੇ ਨਾਲ ਪਕਾਈਆ । ਤੇਰੀ ਸਮਝ ਨਾ ਆਵੇ ਅਵੱਲੜੀ ਬਾਤੂ, ਬਾਤਨ ਭੇਵ ਕੋਇ ਨਾ ਆਈਆ । ਤੇਰੀ ਨੌ ਖੰਡ ਪ੍ਰਿਥਮੀ ਸੱਤ ਦੀਪ ਦਿਸੇ ਪ੍ਰਾਂਤੂ, ਹਿੱਸੇ ਸ੍ਰਿਸ਼ਟੀ ਦ੍ਰਿਸ਼ਟੀ ਵਾਲੇ ਵੰਡਾਈਆ । ਤੇਰਾ ਨੂਰ ਨੁਰਾਨਾ ਸ੍ਰੀ ਭਗਵਾਨਾ ਦਿਸੇ ਇਕ ਇਕਾਂਤੂ, ਇਕ ਇਕੱਲੇ ਕੀ ਤੇਰੀ ਬੇਪਰਵਾਹੀਆ । ਉਠ ਨਿਗਾਹ ਮਾਰ ਲੈ ਤੇਰੇ ਲੇਖ ਵਿਚ ਕੀ ਲੇਖਾ ਕਲਜੁਗ ਅੰਧੇਰੀ ਰਾਤੂ, ਘੜੀ ਪਲ ਸੰਦੇਸ਼ ਕੀ ਸੁਣਾਈਆ । ਤੇਰੇ ਹੁਕਮ ਫ਼ਰਮਾਨ ਨੂੰ ਅਵਤਾਰ ਪੈਗ਼ੰਬਰ ਗੁਰ ਕਿਸ ਬਿਧ ਵਾਚੂ, ਵਾਚਕ ਨਜ਼ਰ ਕੋਇ ਨਾ ਆਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਕਿਸ ਧਾਰ ਵਿਚ ਲੂੰ ਲੂੰ ਅੰਦਰ ਰਾਚੂ, ਰਚਨਾ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਵੇਦ ਵਿਆਸੇ ਕਿਉਂ ਤੇਰੇ ਕੇਸ ਖੁਲ੍ਹੇ, ਮੇਂਢੀ ਨਜ਼ਰ ਕੋਇ ਨਾ ਆਈਆ । ਕੋਈ ਜਾਪ ਨਹੀਂ ਦਿਸਦਾ ਰਸਨਾ ਜਿਹਵਾ ਬੁੱਲੇ, ਆਵਾਜ ਰਾਜ਼ ਨਾ ਕੋਇ ਖੁਲਾਈਆ । ਤੇਰੇ ਤਰਾਜੂ ਕਵਣ ਲੋਕਮਾਤ ਤੁਲੇ, ਕੰਢਾ ਆਪਣਾ ਦੇ ਵਖਾਈਆ । ਪੁਰਾਨ ਅਠਾਰਾਂ ਕਿਉਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਭੁਲੇ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਚਲੇ ਨਾ ਕੋਇ ਚਤੁਰਾਈਆ । ਕਿਉਂ ਮਾਨਵ ਬੂਟੇ ਨਵ ਖੰਡ ਪ੍ਰਿਥਮੀ ਹੁੱਲੇ, ਸੱਤ ਦੀਪ ਸਤਿ ਵਿਚ ਨਾ ਕੋਇ ਸਮਾਈਆ । ਤੇਰੇ ਪਿਆਰ ਮੁਹੱਬਤ ਦੇ ਲਏ ਕੋਇ ਨਾ ਝੂਲੇ, ਝੂਲਾ ਨਜ਼ਰ ਕੋਇ ਨਾ ਆਈਆ । ਕਿਸੇ ਨੂੰ ਮਸਤਕ ਲੱਗੇ ਨਾ ਧੁਰ ਦੀ ਧੂਲੇ, ਧੂੜੀ ਖ਼ਾਕ ਨਾ ਕੋਇ ਰਮਾਈਆ । ਕਿਸੇ ਦੇ ਕੋਲ ਵਸਤ ਨਹੀਂ ਰਹੀ ਆਪਣੀ ਮੂਲੇ, ਅਸਲ ਦਾ ਅਸਲ ਗਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ੳ ਵੇਦ ਵਿਆਸਾ ਕਿਉਂ ਗਲ ਅਲਫ਼ੀ ਪਾਈ ਗਿਲਤੀ, ਆਪਣਾ ਵੇਸ ਬਦਲਾਈਆ । ਮੈਨੂੰ ਇਉਂ ਜਾਪਦਾ ਤੂੰ ਬਣ ਜਾਣਾ ਇਲਤੀ, ਆਲਮਾਂ ਦੇ ਇਲਮ ਦੇਣੇ ਭੁਲਾਈਆ । ਖੇਲ ਮਿਟਾਉਣੀ ਪੱਥਰ ਸਿਲ ਦੀ, ਪਾਹਨ ਰੋਵਣ ਮਾਰਨ ਧਾਹੀਆ । ਤੂੰ ਇਕ ਖੇਲ ਦੱਸਣੀ ਆਪਣੇ ਅਗੰਮੀ ਤਿਲ ਦੀ, ਜਿਥੇ ਤਿਲਕਣਬਾਜ਼ੀ ਨਜ਼ਰ ਕੋਇ ਨਾ ਆਈਆ । ਸਚ ਦੱਸ ਕਿਉਂ ਨਹੀਂ ਨਾਭੀ ਕਵਲ ਕਿਸੇ ਦੀ ਖਿਲਦੀ, ਪੰਖੜੀਆਂ ਰੂਪ ਨਾ ਕੋਇ ਬਦਲਾਈਆ । ਆਤਮਾ ਪਰਮਾਤਮਾ ਮੂਲ ਨਾ ਮਿਲਦੀ, ਮਿਲਣੀ ਜਗਦੀਸ਼ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਵੇਦ ਵਿਆਸ ਕਹੇ ਮੈਂ ਬੜਾ ਖਚਰਾ, ਖੋਚਰੀ ਹੋ ਕੇ ਦਿਆਂ ਜਣਾਈਆ । ਮੈਂ ਦੋ ਜਹਾਨਾਂ ਸਦਾ ਲਾਵਾਂ ਚੱਕਰਾ, ਚੱਕਰਵਰਤੀ ਹੋ ਕੇ ਭੱਜਾਂ ਵਾਹੋ ਦਾਹੀਆ । ਮੈਂ ਰੂਪ ਬਣਾਇਆ ਵਾਂਗ ਫ਼ੱਕਰਾ, ਫ਼ਿਕਰੇ ਵਿਚ ਫ਼ਾਕਿਆਂ ਵਿਚ ਰਖਣੀ ਸਰਬ ਲੋਕਾਈਆ । ਜਿਸ ਦਾ ਘਰ ਘਰ ਹੋਣਾ ਜਿਕਰਾ, ਜਿਕਰੀਏ ਕੀ ਸ਼ਹਾਦਤ ਦਏ ਗਵਾਹੀਆ । ਚੋਟੀ ਮੰਜ਼ਲ ਚਾੜ੍ਹੇ ਕੋਈ ਨਾ ਸਿਖ਼ਰਾ, ਦਰਗਾਹ ਸਾਚੀ ਖੰਡ ਸਚ ਸੋਭਾ ਕੋਇ ਨਾ ਪਾਈਆ । ਮੈਂ ਸਚ ਦੱਸਾਂ ਆਪਣੇ ਪਿਆਰਿਆਂ ਮਿਤ੍ਰਾ, ਮਿਤ੍ਰਾਂ ਦਿਆਂ ਜਣਾਈਆ । ਜੋਤੀ ਧਾਰ ਵਿਚੋਂ ਨਿਰੰਕਾਰ ਹੋ ਕੇ ਨਿਤਰਾ, ਨਿਰਵੈਰ ਹੋ ਕੇ ਆਪਣੀ ਖੇਲ ਖਿਲਾਈਆ । ਦੋ ਜਹਾਨ ਚਰਨਾ ਹੇਠ ਲੱਤੜਾ, ਸਿਰ ਸਕੇ ਨਾ ਕੋਇ ਉਠਾਈਆ । ਗੁਰਮੁਖਾਂ ਸਖ਼ੀਆਂ ਸਹੇਲੀਆਂ ਨਾਲੋਂ ਕਦੇ ਨਾ ਵਿਛੜਾ, ਵਿਛੋੜੇ ਦਾ ਪੈਂਡਾ ਦਿਆਂ ਮਿਟਾਈਆ । ਮੈਂ ਅੰਗੀਕਾਰ ਕਰਾਂ ਜੋ ਭਰਿਆ ਨਾਲ ਚਿਕੜਾ, ਦੁਰਮਤ ਮੈਲ ਦਿਆਂ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ ।


੧੩੪੯
੨੩

ਵਿਆਸ ਕਹੇ ਮੇਰੀ ਕਰੇ ਨਾ ਕੋਇ ਵਿਆਖਿਆ, ਵਿਚਰ ਕੇ ਸਕੇ ਨਾ ਕੋਇ ਸਮਝਾਈਆ । ਮੈਂ ਬਚਨ ਅਗੰਮਾ ਅਗੰਮੀ ਧਾਰ ਵਿਚੋਂ ਆਖਿਆ, ਬਿਨਾ ਅੱਖਰਾਂ ਤੋਂ ਕੀਤੀ ਪੜ੍ਹਾਈਆ । ਕਲਜੁਗ ਦਾ ਖੇਲ ਵੇਖਾਂ ਤਮਾਸ਼ਿਆ, ਚਾਰੋਂ ਕੁੰਟ ਭੱਜਾ ਵਾਹੋ ਦਾਹੀਆ । ਲੇਖਾ ਲਹਿਣਾ ਤੱਕਾਂ ਪੁਰਖ ਅਬਿਨਾਸ਼ਿਆ, ਜੋ ਕਰਤਾ ਧੁਰਦਰਗਾਹੀਆ । ਜਿਸ ਘਟ ਘਟ ਅੰਦਰ ਰਖਣਾ ਆਪਣਾ ਵਾਸਿਆ, ਵਾਸਤਕ ਆਪਣਾ ਮੇਲਾ ਭਗਤਾਂ ਨਾਲ ਰਖਾਈਆ । ਉਹ ਬ੍ਰਹਿਮਣ ਗੌੜਾ ਜਿਸ ਦਾ ਲੇਖਾ ਕੋਈ ਨਾ ਜਾਣੇ ਲੰਮਾ ਚੌੜਾ, ਨਿਰਗੁਣ ਨੂਰ ਜੋਤ ਜੋਤ ਪ੍ਰਕਾਸ਼ਿਆ, ਪ੍ਰਕਾਸ਼ਤ ਇਕੋ ਇਕ ਅਖਵਾਈਆ । ਜਿਸ ਦਾ ਖੇਲ ਹੋਣਾ ਪ੍ਰਿਥਮੀ ਆਕਾਸ਼ਿਆ, ਗਗਨ ਮੰਡਲਾਂ ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀਆਂ ਸ਼ਾਖ਼ਿਆ, ਸ਼ਨਾਖ਼ਤ ਆਪਣੀ ਆਪਣੇ ਵਿਚੋਂ ਪ੍ਰਗਟਾਈਆ । ਉਹ ਦੀਨ ਦੁਨੀ ਦਾ ਵੇਖੇ ਖੇਲ ਤਮਾਸ਼ਿਆ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਨਿਰਗੁਣ ਧਾਰ ਹੋ ਕੇ ਪਾਵੇ ਰਾਸਿਆ, ਰਸਤਾ ਸਭ ਦਾ ਦਏ ਬਦਲਾਈਆ । ਉਹਦੀ ਸਭ ਤੋਂ ਵੱਖਰੀ ਹੋਵੇ ਭਾਸ਼ਿਆ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਵਿਆਸ ਜੀ ਨਾ ਪਾਓ ਐਡਾ ਸ਼ੋਰ, ਜ਼ੋਰ ਜ਼ੋਰ ਸੁਣਾਈਆ । ਤੁਹਾਡਾ ਕਿਸੇ ਦਾ ਚਲਣਾ ਨਹੀਂ ਜੋਰ, ਜੋਰੂ ਜ਼ਰ ਲੇਖਾ ਤੱਕੇ ਖ਼ਲਕ ਖ਼ੁਦਾਈਆ । ਤੁਹਾਡੇ ਹੁੰਦਿਆਂ ਹੋਇਆ ਅੰਧੇਰਾ ਘੋਰ, ਤੇਈ ਅਵਤਾਰ ਅੱਖਾਂ ਲਓ ਖੁਲਾਈਆ । ਮਨੂਆ ਘਰ ਘਰ ਬਣਿਆ ਚੋਰ, ਠੱਗੀ ਤਨ ਵਜੂਦਾਂ ਨਾਲ ਕਮਾਈਆ । ਤੁਹਾਡਾ ਗ੍ਰੰਥ ਸ਼ਾਸਤਰ ਏਸ ਵੇਲੇ ਸਕੇ ਕੋਈ ਨਾ ਮੋੜ, ਅੱਗੇ ਹੋ ਨਾ ਕੋਇ ਅਟਕਾਈਆ । ਕਿਉਂ ਆਤਮ ਪਰਮਾਤਮ ਪ੍ਰੀਤੀ ਗਏ ਤੋੜ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਕਿਉਂ ਸਾਚਿਆਂ ਸੰਤਾਂ ਭਗਤਾਂ ਦਾ ਸੰਗ ਗਏ ਛੋੜ, ਪੱਲੂ ਲੋਕਮਾਤ ਛੁਡਾਈਆ । ਜਰਾ ਚੜ੍ਹ ਕੇ ਵੇਖੋ ਅਗੰਮੀ ਘੋੜ, ਦੋ ਜਹਾਨਾਂ ਪੰਧ ਮੁਕਾਈਆ । ਜਿਧਰ ਤੱਕੋ ਮਾਨਸ ਮਾਨਵ ਮਾਨੁਖ ਤਨ ਵਜੂਦ ਰੀਠਾ ਹੋਇਆ ਕੌੜ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਤੁਸਾਂ ਏਸੇ ਕਰ ਕੇ ਬੇਵਸ ਹੋ ਕੇ ਲਿਖਿਆ ਕਲਜੁਗ ਅੰਤਮ ਆਵੇ ਬ੍ਰਹਿਮਣ ਗੌੜ, ਆਪ ਆਪਣਾ ਫੇਰਾ ਪਾਈਆ । ਸਭ ਦਾ ਮਾਲਕ ਹੋ ਕੇ ਪਏ ਬਹੁੜ, ਬਹੁੜੀ ਬਹੁੜੀ ਬਹੁੜੀ ਕਰਦਿਆਂ ਦੀਨ ਦੁਨੀ ਲਏ ਬਚਾਈਆ । ਉਠੋ ਵੇਖੋ ਨਾਲ ਗੌਰ, ਓਹ ਵੇਖੋ ਮਾਈ ਗੋਰਜਾਂ ਰੋਵੇ ਮਾਰੇ ਧਾਹੀਂਆ । ਬ੍ਰਹਮਾ ਦੀ ਸੁਰਸਤੀ ਪਾਵੇ ਸ਼ੋਰ, ਵਿਸ਼ਨੂੰ ਦੀ ਲਕਸ਼ਮੀ ਨੈਣ ਰਹੀ ਸ਼ਰਮਾਈਆ । ਸ਼ੰਕਰ ਦੀ ਪਾਰਬਤੀ ਰਹੀ ਦੌੜ, ਮੁਖ ਅਗੇ ਪਿਛੇ ਬਣਾਈਆ । ਨਾਰਦ ਕਹੇ ਮੈਂ ਸਚ ਆਖਾਂ ਕੋਈ ਝੂਠ ਨਹੀਂ ਮਾਰਿਆ ਫੌੜ, ਧੋਖੇ ਵਾਲੀ ਗੱਲ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਵਿਆਸ ਕਹੇ ਮੈਂ ਲੇਖਾ ਲਿਖਿਆ ਜ਼ਰੂਰ, ਜ਼ਾਹਰ ਜ਼ਹੂਰ ਦਾ ਭੇਵ ਖੁਲਾਈਆ । ਉਹ ਆਵੇ ਕਲਜੁਗ ਅੰਤ ਜ਼ਰੂਰ, ਹਜ਼ੂਰ ਹੋ ਕੇ ਬੇਪਰਵਾਹੀਆ । ਜੋ ਚਾਰ ਜੁਗ ਦੀ ਆਸ਼ਾ ਕਰੇ ਮਨਜ਼ੂਰ, ਮਨਸਾ ਸਭ ਦੀ ਵੇਖ ਵਖਾਈਆ । ਪੰਧ ਮੁਕਾ ਕੇ ਨੇੜਾ ਦੂਰ, ਦੋ ਜਹਾਨ ਚਰਨਾਂ ਹੇਠ ਰਖਾਈਆ । ਦੀਨ ਦੁਨੀ ਦਾ ਤੱਕੇ ਕਸੂਰ, ਲੱਖ ਚੁਰਾਸੀ ਫੋਲ ਫੁਲਾਈਆ । ਉਸ ਵੇਲੇ ਕਲਜੁਗ ਕੂੜੀ ਕਿਰਿਆ ਪਾਵੇ ਫ਼ਤੂਰ, ਸਾਂਤਕ ਸਤਿ ਨਾ ਕੋਇ ਕਰਾਈਆ । ਨਿਰਗੁਣ ਜੋਤ ਦਿਸੇ ਕਿਸੇ ਨਾ ਨੂਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ

ਕਹੇ ਕਿਉਂ ਵਿਆਸਾ ਖੁਲ੍ਹੇ ਵਾਲ, ਭੇਵ ਦੇਣਾ ਖੁਲਾਈਆ । ਤੂੰ ਕੋਈ ਅੰਞਾਣਾ ਨਹੀਂ ਬਾਲ, ਪਰਦਾ ਦੇਣਾ ਉਠਾਈਆ । ਬਚਨ ਦੱਸਣਾ ਸੁਰਤ ਸੰਭਾਲ, ਆਪਣੀ ਲੈ ਅੰਗੜਾਈਆ । ਵੇਦ ਵਿਆਸ ਹੱਸ ਕੇ ਕਹੇ ਤੂੰ ਕਰੇਂ ਕਮਾਲ, ਕੀ ਬਾਹਮਣਾ ਮੈਨੂੰ ਰਿਹਾ ਜਣਾਈਆ । ਮੇਰੇ ਸਾਹਿਬ ਦੀ ਸਭ ਤੋਂ ਵਖਰੀ ਹੋਣੀ ਚਾਲ, ਚਾਲ ਨਿਰਾਲੀ ਇਕ ਜਣਾਈਆ । ਜਿਸ ਫਲ ਰਹਿਣ ਨਹੀਂ ਦੇਣਾ ਧਰਮ ਦਾ ਕਿਸੇ ਡਾਲ, ਪੱਤ ਟਹਿਣੀ ਆਪ ਹਿਲਾਈਆ । ਉਹ ਵੇਖੇ ਆਪ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਧੁਰਦਰਗਾਹੀਆ । ਸੰਬਲ ਬਹਿ ਕੇ ਸਭ ਦੀ ਸੁਰਤ ਲਏ ਆਪ ਸੰਭਾਲ, ਮੇਰੀ ਆਸ਼ਾ ਪੂਰ ਕਰਾਈਆ । ਜਿਸ ਦੇ ਹੁਕਮ ਅੰਦਰ ਕਾਲ ਮਹਾਕਾਲ, ਰਾਏ ਧਰਮ ਚਿਤ੍ਰਗੁਪਤ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਵਿਆਸ ਕਹੇ ਮੇਰੇ ਵਾਲ ਖੁਲ੍ਹੇ ਹੋਈ ਵੈਰਾਗਣ, ਬਿਨਾ ਤਤਾਂ ਭੱਜਾਂ ਵਾਹੋ ਦਾਹੀਆ । ਮੇਰਾ ਸਵਾਮੀ ਮਿਲੇ ਮੈਨੂੰ ਸਾਜਣ, ਸਜਣੂਆ ਧੁਰਦਰਗਾਹੀਆ । ਸ਼ਾਹੋ ਭੂਪ ਅਗੰਮਾ ਰਾਜਨ, ਸ਼ਹਿਨਸ਼ਾਹ ਨੂਰ ਅਲਾਹੀਆ । ਜੋ ਚਾਰ ਜੁਗ ਦਾ ਬੜਾ ਪੁਰਾਣਾ ਮਹਾਜਨ, ਲੇਖੇ ਸਭ ਦੇ ਆਪਣੇ ਅੰਦਰ ਰਖਾਈਆ । ਸੋ ਇਕੋ ਸ਼ਬਦ ਅਗੰਮੀ ਮਾਰੇ ਆਵਾਜ਼ਣ, ਸੰਦੇਸਾ ਇਕ ਸੁਣਾਈਆ । ਚਾਰੋਂ ਕੁੰਟ ਉਠਾਵੇ ਪ੍ਰਧਾਨ ਰਾਜਨ, ਹੁਕਮਰਾਨ ਹਿਲਾਈਆ । ਧੁਰ ਦੇ ਭੈ ਵਿਚ ਸਾਰੇ ਜਾਗਣ, ਆਲਸ ਨਿੰਦਰਾ ਦੂਰ ਕਰਾਈਆ । ਫੇਰ ਸ਼ਬਦ ਸੰਦੇਸੇ ਦੱਸੇ ਸ੍ਰਿਸ਼ਟੀ ਰਹਿਣੀ ਨਹੀਂ ਮੂਲ ਸੁਹਾਗਣ, ਕੰਤ ਸੁਹਾਗ ਨਾ ਕੋਇ ਹੰਢਾਈਆ । ਰਾਤੀ ਸੁੱਤਿਆਂ ਸਾਰੇ ਉਠ ਉਠ ਭਾਗਣ, ਦਿਨੇ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ ।



ਨਾਰਦ ਕਹੇ ਸੁਣ ਵਿਆਸਾ, ਵੇਦਾਂ ਤੋਂ ਬਾਹਰ ਦਿਆਂ ਜਣਾਈਆ । ਆਪਣੀ ਪਿਛਲੀ ਤੋਂ ਪਿਛਲੀ ਤੱਕ ਲੈ ਆਸਾ, ਪੂਰਬ ਦਾ ਲੇਖਾ ਵੇਖ ਵਖਾਈਆ । ਕਿਸ ਬਿਧ ਤੈਨੂੰ ਦਿਆਂ ਭਰਵਾਸਾ, ਕਵਾਰ ਕੰਨਿਆ ਦਿਤੀ ਵਡਿਆਈਆ । ਸਤਿ ਸਚ ਬਖ਼ਸ਼ ਕੇ ਦਾਤਾ, ਦਾਤ ਦਿਤੀ ਵਰਤਾਈਆ । ਚਰਨ ਪ੍ਰੀਤੀ ਜੋੜ ਕੇ ਨਾਤਾ, ਪਰਦਾ ਦਿਤਾ ਖੁਲਾਈਆ । ਆਪੇ ਪੁਛਦਾ ਰਿਹਾ ਤੇਰੀਆਂ ਵਾਤਾਂ, ਅੰਤਰ ਹੋ ਕੇ ਵੇਖ ਵਖਾਈਆ । ਨਾਲੇ ਦੱਸੀਆਂ ਅਗੰਮੀ ਬਾਤਾਂ, ਭਵਿਖਤਾਂ ਸੰਗ ਬਣਾਈਆ । ਇਸ਼ਾਰਾ ਦਿਤਾ ਕਲਜੁਗ ਅੰਧੇਰੀ ਰਾਤਾ, ਰੁਤੜੀ ਜਗਤ ਨਾ ਕੋਇ ਮਹਿਕਾਈਆ । ਓਸ ਵੇਲੇ ਦੇਵੇ ਕੋਈ ਨਾ ਸਾਥਾ, ਸਗਲਾ ਸੰਗ ਨਾ ਕੋਇ ਬਣਾਈਆ । ਪ੍ਰਗਟ ਹੋਵੇ ਪੁਰਖ ਸਮਰਾਥਾ, ਜੋਤੀ ਜਾਤਾ ਵੇਸ ਵਟਾਈਆ । ਜਿਸ ਦੀ ਤੂੰ ਮੇਰਾ ਮੈਂ ਤੇਰਾ ਸੋਹੰ ਹੋਵੇ ਗਾਥਾ, ਸੋ ਸੱਜਣ ਕਰੇ ਪੜ੍ਹਾਈਆ । ਓਸ ਵੇਲੇ ਦੀਨ ਦੁਨੀ ਦਾ ਧਰਮ ਦਾ ਚੀਥੜ ਹੋਵੇ ਪਾਟਾ, ਓਢਣ ਸੀਸ ਨਾ ਕੋਇ ਰਖਾਈਆ । ਸਭ ਦੀਆਂ ਪੂਰੀਆਂ ਕਰੇ ਅੰਤਮ ਵਾਟਾ, ਪਾਂਧੀਆਂ ਪੰਧ ਦਏ ਚੁਕਾਈਆ । ਸਤਿ ਸਚ ਦਾ ਖੋਲ ਕੇ ਹਾਟਾ, ਨਾਮ ਵਣਜ ਇਕ ਵਖਾਈਆ । ਜਨ ਭਗਤਾਂ ਬਣ ਕੇ ਪਿਤਾ ਮਾਤਾ, ਹਰਿਜਨ ਆਪਣੀ ਗੋਦ ਸੁਹਾਈਆ । ਸੋ ਵਕਤ ਸੁਹੰਜਣਾ ਹੋਇਆ ਆਜਾ, ਭਿੰਨੜੀ ਰੈਣ ਨੱਚੇ ਟੱਪੇ ਚਾਈਂ ਚਾਈਂਆ । ਜੋ ਕਿਰਪਾ ਕਰੇ ਹਰਿਜਨ ਉਧਾਰੇ ਲੰਗੜੇ ਲੂਲੇ ਅਪਾਹਜਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਮੀਤ ਮੁਰਾਰਿਆਂ ਰਖੇ ਲਾਜਾ, ਲਾਜਵੰਤ ਆਪ ਅਖਵਾਈਆ ।

੧੩੫੧ ੨੩

✪ ੧੮ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਹਰਜੀਤ ਸਿੰਘ ਜੇਠੂਵਾਲ ਵਾਲੇ ਦੇ ਨਵਿਤ ✪

ਧਰਨੀ ਕਹੇ ਪ੍ਰਭੂ ਮੇਰੀ ਚਾਰੋਂ ਕੁੰਟ ਉਡਦੀ ਖੇਹ, ਮਾਟੀ ਖ਼ਾਕ ਤੇਰੇ ਚਰਨ ਨਾ ਕੋਇ ਰਮਾਈਆ । ਆਤਮ ਪਰਮਾਤਮ ਦਿਸੇ ਕੋਈ ਨਾ ਲੱਗਾ ਨੇਂਹ, ਨਰ ਨਿਰੰਕਾਰ ਤੇਰੀ ਓਟ ਨਾ ਕੋਇ ਰਖਾਈਆ । ਪੰਜ ਤਤ ਪਵਿਤ੍ਰ ਕਰੇ ਕੋਈ ਨਾ ਦੇਹ, ਦਿਉਹਰੇ ਮੰਦਰ ਮਸੀਤ ਰਹੇ ਕੁਰਲਾਈਆ । ਨਿਝਰ ਧਾਰੋਂ ਅੰਮ੍ਰਿਤ ਬਰਸੇ ਕੋਈ ਨਾ ਮੇਂਹ, ਅਗਨੀ ਤਤ ਨਾ ਕੋਇ ਬੁਝਾਈਆ । ਨਵ ਸੱਤ ਮੇਰੇ ਉਤੇ ਧਰਮ ਦੀ ਧਾਰ ਹੋਇਆ ਥੇਹ, ਥਨੰਤਰ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਤੱਕ ਲੈ ਨਵ ਖੰਡ ਦੀ ਮਿੱਟੀ, ਖ਼ਾਕੀ ਖ਼ਾਕ ਵੇਖ ਵਖਾਈਆ । ਤੇਰੇ ਵਿਚ ਸੁਰਤ ਰਹੀ ਕਿਸੇ ਨਾ ਟਿਕੀ, ਟਿੱਕੇ ਮਸਤਕ ਧੂੜੀ ਧੂੜ ਨਾ ਕੋਇ ਰਮਾਈਆ । ਕੂੜੀ ਕਿਰਿਆ ਵਿਚ ਦੀਨ ਦੁਨੀ ਵਿਕੀ, ਮਮਤਾ ਮੋਹ ਵਿਕਾਰ ਰਖਾਈਆ । ਸਤਿ ਸਚ ਦੀ ਦਿਸੇ ਕੋਈ ਨਾ ਸਿੱਖੀ, ਸਿਖਿਆ ਵਿਚ ਨਜ਼ਰ ਕੋਇ ਨਾ ਆਈਆ । ਤੇਰੀ ਖੇਲ ਬਿਨ ਅੱਖਰਾਂ ਤੋਂ ਸਦਾ ਲਿਖੀ, ਲੇਖਕ ਭੇਵ ਕੋਇ ਨਾ ਪਾਈਆ । ਤੈਨੂੰ ਗਾਉਂਦੇ ਗਏ ਕੋਟਨ ਕੋਟ ਮੁਨੀ ਰਿਖੀ, ਰਿਖੀਸ਼ਰ ਧਿਆਨ ਲਗਾਈਆ । ਤੇਰੀ ਧਾਰ ਨਿਰੰਕਾਰ ਲੋਕਮਾਤ ਕਿਸੇ ਨਾ ਦਿਸੀ, ਨੇਤਰ ਲੋਚਨ ਨੈਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਉਡਦੀ ਧੂਲ, ਧਰਤ ਧਵਲ ਹੋ ਕੇ ਦਿਆਂ ਸੁਣਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਕਿਸੇ ਅੰਤਰ ਰਿਹਾ ਨਾ ਮੂਲ, ਮੁੱਲਾ ਸ਼ੇਖ਼ ਮੁਸਾਇਕ ਪਾਂਧੇ ਪੰਡਤ ਰੋਵਣ ਮਾਰਨ ਧਾਹੀਆ । ਕਿਰਪਾ ਕਰ ਮੇਰੇ ਕੰਤ ਕੰਤੂਹਲ, ਹਰਿ ਕਰਤੇ ਦਇਆ ਕਮਾਈਆ । ਕੀ ਹੋਇਆ ਜੇ ਸ੍ਰਿਸ਼ਟੀ ਗਈ ਭੂਲ, ਦ੍ਰਿਸ਼ਟੀ ਵਿਚ ਤੇਰਾ ਧਿਆਨ ਲਗਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਮਿਹਰਵਾਨ ਹੋ ਕੇ ਸਭ ਦਾ ਬਦਲ ਦੇ ਅਸੂਲ, ਅਸਲੀਅਤ ਆਪਣੀ ਇਕ ਸਮਝਾਈਆ । ਲੇਖਾ ਰਹੇ ਅਰਜ਼ ਨਾ ਤੂਲ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਤੇਰੀ ਲਾਏ ਕੋਇ ਨਾ ਚਰਨ ਧੂੜੀ, ਦੁਰਮਤ ਮੈਲ ਨਾ ਕੋਇ ਧਵਾਈਆ । ਕਲਜੁਗ ਜੀਵਾਂ ਮਨ ਮਨਸਾ ਹੋ ਗਈ ਮੂੜ੍ਹੀ, ਮੂਰਖ ਮੁਗਧ ਅੰਜਾਣ ਸਮਝ ਕੋਇ ਨਾ ਪਾਈਆ । ਕਲਜੁਗ ਨੀਂਦ ਸੌਂ ਗਏ ਗੂੜ੍ਹੀ, ਅੰਦਰ ਵੜ ਨਾ ਕੋਇ ਜਗਾਈਆ । ਰਿਸ਼ਤਾ ਹੋਇਆ ਕੂੜ ਕੂੜੀ, ਮਾਇਆ ਮਮਤਾ ਮੋਹ ਲੋਭ ਹੰਕਾਰ ਕਾਮ ਵਾਸ਼ਨਾ ਆਪਣੇ ਨਾਲ ਰਖਾਈਆ । ਸਾਚਾ ਰੰਗ ਚਾੜ੍ਹੇ ਕੋਇ ਨਾ ਗੂੜ੍ਹੀ, ਦੁਰਮਤ ਮੈਲ ਨਾ ਕੋਇ ਧਵਾਈਆ । ਚਾਰੋਂ ਕੁੰਟ ਨਾਤਾ ਦਿਸੇ ਕੂੜੀ, ਜਗਤ ਕੁਟੰਬ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਤੇਰੇ ਛੋਹੇ ਕੋਈ ਨਾ ਚਰਨ, ਚਰਨੋਦਕ ਜਾਮ ਨਾ ਕੋਇ ਪਿਆਈਆ । ਨਿਜ ਘਰ ਖੁਲ੍ਹੇ ਕਿਸੇ ਨਾ ਹਰਨ ਫਰਨ, ਪਰਦਾ ਸਕੇ ਨਾ ਕੋਇ ਉਠਾਈਆ । ਭਉ ਮਿਟੇ ਨਾ ਮਰਨ ਡਰਨ, ਚੁਰਾਸੀ ਪੰਧ ਨਾ ਕੋਇ ਮੁਕਾਈਆ । ਕਲਜੁਗ ਜੀਵ ਤੇਰੀ ਮੰਜ਼ਲ ਮੂਲ ਨਾ ਚੜ੍ਹਨ, ਦਰ ਘਰ ਸਾਚੇ ਹੋਏ ਨਾ ਕੋਇ ਸਹਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਘਾੜਨ ਘੜਨ, ਵੇਖਣਹਾਰਾ ਥਾਉਂ ਥਾਈਆ ।

ਲਹਿਣਾ ਦੇਣਾ ਲੇਖਾ ਜਾਣੇ ਚੋਟੀ ਜੜਨ, ਚੇਤਨ ਆਪੇ ਵੇਖ ਵਖਾਈਆ । ਕੋਟਾਂ ਵਿਚੋਂ ਗੁਰਮੁਖ ਸੰਤ ਸੁਹੇਲੇ ਭਗਤ ਇਕ ਤੇਰਾ ਨਾਮ ਪੜ੍ਹਨ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰਾ ਜੁਗ ਚੌਕੜੀ ਵੇਖ ਲੈ ਘੱਟਾ, ਉਡ ਉਡ ਚਾਰੋਂ ਕੁੰਟ ਧਾਹੀਆ । ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਦਾ ਵੇਖ ਲੈ ਪਟਾ, ਜੋ ਪਟੇਦਾਰੀ ਮਜ਼੍ਹਬਾਂ ਵਾਲੀ ਵਖਾਈਆ । ਤੇਰੇ ਨਾਮ ਦੀ ਕੀਮਤ ਪੈ ਗਈ ਪੈਸਾ ਟੱਕਾ, ਸ਼ਾਸਤਰ ਹੱਟਾਂ ਵਿਚ ਟਿਕਾਈਆ । ਮੇਰਾ ਵੇਖ ਲੈ ਸੀਨਾ ਜਾਂਦਾ ਫਟਾ, ਪੱਟੀ ਪ੍ਰੇਮ ਨਾ ਕੋਇ ਬੰਧਾਈਆ । ਉਹ ਉਧਰੋਂ ਸਦੀ ਚੌਧਵੀਂ ਵਕਤ ਜਾਂਦਾ ਟੱਪਾ, ਟਾਪੂਆਂ ਵਾਲੇ ਵੇਖਣ ਨੈਣ ਉਠਾਈਆ । ਸਦੀ ਚੌਧਵੀਂ ਮੇਰਾ ਚੀਥੜ ਵੇਖ ਲੈ ਫਟਾ, ਲਹਿੰਗਾ ਨਜ਼ਰ ਕੋਇ ਨਾ ਆਈਆ । ਮੈਨੂੰ ਐਂ ਜਾਪਦਾ ਦੀਨਾ ਮਜ਼੍ਹਬਾਂ ਦਾ ਪੈਣਾ ਰੱਟਾ, ਝਗੜਾ ਸਕੇ ਨਾ ਕੋਇ ਮੁਕਾਈਆ । ਫੇਰ ਤੇਰਾ ਖੇਲ ਵੇਖਣਾ ਸਭ ਨੇ ਨਠ ਨੱਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਅੰਦਰੇ ਅੰਦਰ ਆਸਾ, ਬਿਨ ਰਸਨਾ ਜਿਹਵਾ ਦਿਆਂ ਜਣਾਈਆ । ਸਭ ਨੂੰ ਆਪਣਾ ਦੇ ਭਰਵਾਸਾ, ਇਸ਼ਟ ਦੇਵ ਕੀ ਸਮਝਾਈਆ । ਵਸਤ ਵਖਾ ਕੇ ਕਾਇਆ ਬਾਟਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਲੇਖਾ ਤੱਕ ਲੈ ਤਤ ਆਠਾ, ਨਵ ਦਰ ਖੋਜ ਖੁਜਾਈਆ । ਸਭ ਦਾ ਮਨਜ਼ੂਰ ਕਰ ਲੈ ਅੰਤਰ ਆਤਮ ਦਾ ਪੂਜਾ ਪਾਠਾ, ਢੋਲੇ ਸੋਹਲੇ ਆਪਣੀ ਝੋਲੀ ਪਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਵਾਟਾ, ਅੰਤਮ ਕਲਜੁਗ ਨਜ਼ਰ ਕੋਇ ਨਾ ਆਈਆ । ਮੈਨੂੰ ਅੰਮ੍ਰਿਤ ਜਾਮ ਪਿਆ ਦੇ ਗੋਬਿੰਦ ਵਾਲਾ ਬਾਟਾ, ਅੰਮਿਉਂ ਰਸ ਅੰਮ੍ਰਿਤ ਦੇਣਾ ਚੁਆਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਚਰਨ ਕਵਲ ਟੇਕਾਂ ਮਾਥਾ, ਮਸਤਕ ਧੂੜੀ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਸਾਚਾ ਮਿਲੇ ਕੋਇ ਨਾ ਸਾਥਾ, ਆਦਿ ਜੁਗਾਦੀ ਸੰਗੀ ਸੰਗ ਨਾ ਕੋਇ ਨਿਭਾਈਆ ।



## ੨੬ ਕੱਤਕ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ

ਛੱਬੀ ਕੱਤਕ ਕਹੇ ਮੈਂ ਸੰਦੇਸ਼ਾ ਦੇਵਾਂ ਪੋਹ ਛੱਬੀ, ਵਦੀ ਸੁਦੀ ਸੰਗ ਨਾ ਕੋਇ ਰਖਾਈਆ । ਚੁਰਾਸੀ ਗੁਰਮੁਖ ਆਵਣ ਹੱਥ ਬੱਧੀ, ਬੰਦਨਾ ਵਿਚ ਸੀਸ ਨਿਵਾਈਆ । ਚੁਰਾਸੀਆਂ ਦੇ ਹੱਥ ਵਿਚ ਹੋਵੇ ਲਿਖੀ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਚੁਰਾਸੀਆਂ ਕੋਲ ਹੋਵੇ ਨੂਹ ਨੂਹ ਨਦੀ, ਲੇਖਾ ਉਰਦੂ ਵਿਚ ਸਮਝਾਈਆ । ਚੁਰਾਸੀਆਂ ਇਕ ਦੂਜੇ ਨਾਲ ਹੋਵੇ ਗਰਦ ਬੱਧੀ, ਸੋਹਣਾ ਜੋੜ ਜੁੜਾਈਆ । ਚੁਰਾਸੀਆਂ ਲੰਮੀ ਬਾਂਹ ਹੋਵੇ ਕਢੀ, ਖ਼ੁਸ਼ੀਆਂ ਢੋਲੇ ਢੋਲ ਗਾਈਆ । ਚੁਰਾਸੀਆਂ ਲੋਕਮਾਤ ਬਣ ਕੇ ਲਬੀ, ਲਬਾਂ ਲਾਲ ਰੰਗ ਰੰਗਾਈਆ । ਚੁਰਾਸੀਆਂ ਤੁਰਨਾ ਭਾਰ ਪੱਬੀ, ਕਦਮ ਕਦਮ ਨਾਲ ਬਦਲਾਈਆ । ਚੁਰਾਸੀਆਂ ਹੱਥ ਜੋਤ ਹੋਵੇ ਜਗੀ, ਜਗਿਆਸੂਆਂ ਦੇਣ ਸਮਝਾਈਆ । ਚੁਰਾਸੀਆਂ ਲਾਉਂਦੇ ਆਉਣਾ ਅੱਗੀ, ਅਗਨੀ ਤਤ ਤਪਾਈਆ । ਚੁਰਾਸੀਆਂ ਸੀਸ ਹੋਵੇ ਸੱਗੀ, ਸੁਹਾਗੀ ਕੰਤ ਕੰਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਕੱਤਕ ਕਹੇ ਮੈਂ ਸੰਦੇਸ਼ਾ ਦੇਵਾਂ ਪੋਹ ਛੱਬੀ, ਛਹਿਬਰ ਪ੍ਰੇਮ ਵਾਲੀ ਲਗਾਈਆ । ਚੁਰਾਸੀਆਂ ਪੱਗੜੀ ਚਿੱਟੀ ਹੋਵੇ ਬੱਧੀ, ਮੱਥੇ ਤਿਲਕ ਸੰਧੂਰ ਸੁਹਾਈਆ । ਕਰੇ ਖੇਲ ਸੂਰਾ ਸਰਬਗੀ, ਹਰਿ ਕਰਤਾ ਧੁਰਦਰਗਾਹੀਆ । ਜੋ ਭਗਤਾਂ ਸੰਤਾਂ ਲੇਖਾ ਜਾਣੇ ਉਪਰ ਸ਼ਾਹ ਰਗੀ, ਰਘੁਪਤ ਦਾ ਲਹਿਣਾ ਦਏ ਚੁਕਾਈਆ । ਕੂੜੀ ਕਿਰਿਆ ਪੰਧ ਮੁਕਾ ਕੇ ਹੱਦੀ, ਹਦੂਦ ਆਪਣੀ ਦਏ ਵਖਾਈਆ । ਜਿਥੇ ਮੇਲ ਹੁੰਦਾ ਸਬੱਬੀ, ਸਹਿਜ ਨਾਲ ਆਪ ਮਿਲਾਈਆ । ਧੁਰ ਦਾ ਮਿਲਦਾ ਇਕੋ ਪਦੀ, ਪਦ ਯਾਤਰਾ ਦੀ ਲੋੜ ਰਹੇ ਨਾ ਰਾਈਆ । ਅੰਮ੍ਰਿਤ ਜਾਮ ਖ਼ੁਮਾਰੀ ਦੇਵੇ ਮਧੀ, ਰਸ ਇਕੋ ਇਕ ਵਖਾਈਆ । ਦੀਨ ਦੁਨੀ ਵਿਚੋਂ ਬਾਹਰ ਕਢੀ, ਮਾਰਗ ਦੇਵੇ ਸਹਿਜ ਸੁਖਦਾਈਆ । ਚੁਰਾਸੀ ਪੱਗੜੀ ਬੱਧੀ ਹੋਵੇ ਡੱਬੀ, ਚਿੱਟਾ ਲਾਲ ਰੰਗ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਚ ਤੇਰੀ ਵਡਿਆਈਆ । ਛੱਬੀ ਪੋਹ ਕਹੇ ਮੇਰਾ ਦਿਵਸ ਦਿਹਾੜਾ ਆਉਣਾ ਮਾਤ, ਲੋਕ ਪ੍ਰਲੋਕ ਸੁਣਾਈਆ । ਜਗਤ ਸੁਹੰਜਣੀ ਹੋਣੀ ਰਾਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਭਗਤਾਂ ਹੋਣੀ ਸਚ ਜਮਾਤ, ਧੁਰ ਦਾ ਰੰਗ ਵਖਾਈਆ । ਚੁਰਾਸੀਆਂ ਹੱਥ ਵਿਚ ਆਪਣੇ ਕਰਮ ਦੇ ਫੜੇ ਹੋਣ ਕਾਗ਼ਜ਼ਾਤ, ਚੁਰਾਸੀਆਂ ਕੋਲ ਲਿਖਿਆ ਹੋਵੇ ਕਾਇਨਾਤ, ਕਾਇਨਾਤ ਦਾ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਮੈਨੂੰ ਖ਼ੁਸ਼ੀਆਂ ਵਿਚ ਆਉਂਦੀ ਹਾਸੀ, ਹੱਸ ਹੱਸ ਦਿਆਂ ਜਣਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਮੰਡਲ ਮੰਡਪ ਰਾਸੀ, ਦੋ ਜਹਾਨਾਂ ਖੇਲ ਖਿਲਾਈਆ । ਉਹ ਸ਼ਹਿਨਸ਼ਾਹ

ਸ਼ਾਹੋ ਸ਼ਾਬਾਸ਼ੀ, ਨੂਰ ਨੁਰਾਨਾ ਨੂਰ ਅਲਾਹੀਆ । ਜਨ ਭਗਤਾਂ ਕਟੇ ਗਲੋਂ ਜਮ ਕੀ ਫਾਸੀ, ਲੇਖ ਫਾਸੀ ਚੁਰਾਸੀਆਂ ਹੱਥ ਫੜਾਈਆ । ਚੁਰਾਸੀ ਹੋਣ ਰਸਨ ਸਵਾਸੀ, ਅੰਤਰ ਨਿਰੰਤਰ ਢੋਲੇ ਗਾਈਆ । ਚੁਰਾਸੀਆਂ ਹੱਥ ਵਿਚ ਫੜਿਆ ਹੋਵੇ ਲੇਖਾ ਸ਼ੰਕਰ ਕੈਲਾਸ਼ੀ, ਕਲਾਧਾਰ ਕਲ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਵੱਡਾ ਵਡ ਵਡਿਆਈਆ । ਛੱਬੀ ਪੋਹ ਕਹੇ ਮੇਰੀਆਂ ਖ਼ੁਸ਼ੀਆਂ ਵਾਲੀਆਂ ਬਹਾਰਾਂ, ਜਗਤ ਜਹਾਨ ਦਿਆਂ ਜਣਾਈਆ । ਚੁਰਾਸੀਆਂ ਗੁਰਮੁਖਾਂ ਹੋਣ ਨੰਗੀਆਂ ਤਲਵਾਰਾਂ, ਤਿਖੀਆਂ ਧਾਰਾਂ ਨਾਲ ਸੁਹਾਈਆ । ਚੁਰਾਸੀ ਹੋਣ ਨਵਜਵਾਨ ਮੁਟਿਆਰਾਂ, ਹੱਥ ਤੀਰ ਕਮਾਨ ਸੁਹਾਈਆ । ਚੁਰਾਸੀ ਲਾਵਣ ਤੂੰ ਮੇਰਾ ਮੈਂ ਤੇਰਾ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੈਂ ਦੇਵਾਂ ਸ਼ੁਭ ਅਸੀਸ, ਆਸ਼ਿਆਂ ਵਿਚ ਸੁਣਾਈਆ । ਕਿਰਪਾ ਕਰੇ ਮੇਰਾ ਜਗਦੀਸ਼, ਜਗਦੀਸ਼ਰ ਦਇਆ ਕਮਾਈਆ । ਛੱਤਰ ਹੋਵੇ ਜਿਸ ਦੇ ਸੀਸ, ਸੋਹਣੀ ਖ਼ੁਸ਼ੀ ਬਣਾਈਆ । ਪੰਜ ਪਿਆਰੇ ਇਕ ਦੂਜੇ ਦੀ ਕਰਨ ਰੀਸ, ਬਸਤਰ ਪੀਲੇ ਤਨ ਵਡਿਆਈਆ । ਪੰਜ ਲਿਖਾਰੀ ਮਸਤਕ ਲਾ ਕੇ ਲੀਕ, ਲਾਲ ਲਾਈਨ ਲੈਣ ਵਖਾਈਆ । ਪੰਜ ਦਰਬਾਰੀ ਹੱਥ ਵਿਚ ਫੜ ਕੇ ਹਸਤ ਕੀਟ, ਲੇਖਾ ਸਭ ਨੂੰ ਦੇਣਾ ਸਮਝਾਈਆ । ਸਦੀ ਚੌਧਵੀਂ ਦੀ ਗੋਲੀ ਨੀਲਾ ਨਿਸ਼ਾਨ ਬੰਨ੍ਹ ਕੇ ਪੀਠ, ਉਲਟਾ ਤਾਰਾ ਚੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਛੱਬੀ ਕੱਤਕ ਕਹੇ ਜਨ ਭਗਤੋ ਤੁਹਾਡਾ ਘਰ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਪ੍ਰਕਾਸ਼ ਕਰੇ ਆਦਿ ਨਿਰੰਜਣਾ,

ਜੋਤੀ ਜਾਤਾ ਡਗਮਗਾਈਆ । ਦੀਨਾਂ ਨਾਥਾ ਹੋ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਸਾਚੇ ਨਾਮ ਦੀ ਚਾੜ੍ਹ ਕੇ ਰੰਗਣਾ, ਦੁਰਮਤ ਮੈਲ ਧਵਾਈਆ । ਸਭ ਦੀ ਲੇਖੇ ਲਾਵੇ ਬੰਦਨਾ, ਜੋ ਨਿਵ ਨਿਵ ਸੀਸ ਝੁਕਾਈਆ । ਸਤਿਗੁਰ ਸ਼ਬਦ ਅੰਗੀਕਾਰ ਕਰੇ ਅੰਗਣਾ, ਗੋਦੀ ਗੋਦ ਟਿਕਾਈਆ । ਧੂੜੀ ਖ਼ਾਕ ਬਖ਼ਸ਼ ਕੇ ਮਜਣਾ, ਦੁਰਮਤ ਮੈਲ ਧਵਾਈਆ । ਜਿਸ ਦਾ ਨਾਮ ਨਗਾਰਾ ਵੱਜਣਾ, ਜਗਤ ਜਹਾਨ ਕਰੇ ਸ਼ਨਵਾਈਆ । ਸੋ ਸਵਾਮੀ ਸਚ ਦਵਾਰੇ ਸੱਜਣਾ, ਸੋਭਾਵੰਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੁੱਖ ਦਲਿਦ੍ਰ ਖੰਡਣਾ, ਖੰਡਾ ਖੜਗ ਨਾਮ ਚਮਕਾਈਆ ।

✪ ੨੯ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਸੁਰਜੀਤ ਸਿੰਘ ਜੇਠੂਵਾਲ ਵਾਲੇ ਦੇ ਛੋਟੇ ਕਾਕੇ ਦੇ ਨਵਿਤ ✪

ਕੱਤਕ ਕਹੇ ਮੇਰਾ ਪ੍ਰਵਿਸ਼ਟਾ ਉਨੱਤੀ, ਉਨਤੀ ਨਾਲ ਜਣਾਈਆ । ਮੈਂ ਸੰਦੇਸ਼ਾ ਦੇਵਾਂ ਦੰਦ ਬੱਤੀ, ਬਤੀਸਾ ਧਾਰ ਨਾਲ ਸਮਝਾਈਆ । ਸਭ ਦਾ ਮਾਲਕ ਕਮਲਾਪਤੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜਿਸ ਦਾ ਹੁਕਮ ਚਲੇ ਸਦਾ ਜੁਗ ਛੱਤੀ, ਨਾਨਕ ਨਿਰਗੁਣ ਸਰਗੁਣ ਧਾਰ ਦਏ ਗਵਾਹੀਆ । ਹੁਕਮ ਵਿਚ ਫ਼ਰਕ ਰਹੇ ਨਾ ਰਤੀ, ਵਾਧ ਘਾਟ ਨਾ ਕੋਇ ਜਣਾਈਆ । ਕਲਪਣਾ ਦਿਸੇ ਨਾ ਕੋਇ ਮਨ ਮਤੀ, ਮਤ ਮਤਾਂਤਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ ।
੧੩੫੫ ੨੩ ਕੱਤਕ ਕਹੇ ਮੇਰਾ ਅੰਤਸ਼ ਪੁਰਖ ਅਕਾਲ ਇਕ ਅਰਾਧੂ, ਦੂਸਰ ਇਸ਼ਟ ਨਾ ਕੋਇ ਮਨਾਈਆ । ਸਤਿ ਧਰਮ ਦਾ ਜੋ ਆਦਿ ਜੁਗਾਦਿ ਸਾਧੂ, ਸਦ ਸਾਧਨਾ ਵਿਚ ਸਮਾਈਆ । ਜਿਸ ਦਾ ਲੇਖਾ ਨਾਲ ਮੋਹਨ ਮਾਧਵ ਮਾਧੂ, ਮਧੁਰ ਧੁਨ ਨਾਲ ਸ਼ਨਵਾਈਆ । ਜਿਸ ਖੇਲ ਖਿਲਾਇਆ ਗੋਬਿੰਦ ਧਾਰ ਨਾਲ ਦਾਦੂ, ਜਗਤ ਜਹਾਨ ਖੁਸ਼ੀ ਬਣਾਈਆ । ਸ਼ਬਦ ਅਗੰਮੀ ਮਾਰ ਕੇ ਆਵਾਜ਼ੂ, ਭੇਵ ਅਭੇਦ ਦਿਤਾ ਖੁਲਾਈਆ । ਨਾਮ ਕੰਡੇ ਤੋਲ ਤਰਾਜ਼ੂ, ਵਜ਼ਨ ਸਚ ਦਿਤਾ ਸਮਝਾਈਆ । ਨਾਲ ਉਠਾ ਕੇ ਸੱਜਾ ਬਾਜ਼ੂ, ਬਾਜ਼ਾਂ ਵਾਲੇ ਭੇਵ ਦਿਤਾ ਖੁਲਾਈਆ । ਉਠ ਵੇਖ ਲੈ ਧਰਮ ਧਾਰ ਸਮਾਜੂ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੇਰੀ ਅੰਤ ਸ੍ਰੀ ਭਗਵੰਤ ਰਖੇ ਲਾਜੂ, ਸਿਰ ਆਪਣਾ ਹੱਥ ਟਿਕਾਈਆ । ਜਿਸ ਵੇਲੇ ਪ੍ਰਗਟ ਹੋਇਆ ਦੇਸ਼ ਮਾਝੂ, ਮਜਲਸ ਭਗਤਾਂ ਨਾਲ ਬਣਾਈਆ । ਤੇਰਾ ਲੇਖਾ ਪੂਰਬ ਵੇਖੇ ਨਾਨਕ ਧਾਰ ਬਗ਼ਦਾਦੂ, ਬਹਿਲੋਲ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਕਰਾਈਆ । ਕੱਤਕ ਕਹੇ ਪਿਛਲਾ ਲੇਖਾ ਨਾਨਕ ਧਾਰ ਬਗ਼ਦਾਦ, ਬਗ਼ਲਗੀਰ ਹੋ ਕੇ ਦਿਆਂ ਜਣਾਈਆ । ਦੀਨ ਦੁਨੀ ਵਿਚੋਂ ਜਾਗ, ਆਲਸ ਨਿੰਦਰਾ ਦੂਰ ਕਰਾਈਆ । ਜਿਹੜਾ ਬਹਿਲੋਲ ਦੇ ਮਕਬਰੇ ਉਤੇ ਜਗਾਉਂਦਾ ਸੀ ਚਰਾਗ਼, ਤੇਲ ਬਾਤੀ ਨਾਲ ਵਡਿਆਈਆ । ਉਹ ਅੰਤਰ ਨਿਰੰਤਰ ਇਕੋ ਇਕ ਨੂੰ ਰਿਹਾ ਅਰਾਧ, ਅੱਲਾ ਕਹਿ ਕੇ ਸੀਸ ਨਿਵਾਈਆ । ਉਸ ਨਾਨਕ ਨਾਲ ਕੀਤਾ ਵਾਦ, ਖ਼ੁਸ਼ੀਆਂ ਢੋਲੇ ਗਾਈਆ । ਜਿਸ ਦਾ ਨਾਮ ਸੀ ਸੁਰਾਜ, ਸੁਰਾਜੁਲਦੌਲਾ ਕਹਿ ਕੇ ਸਾਰੇ ਗਾਈਆ । ਉਹ ਬਿਸਮਿਲ ਹੋ ਕੇ ਸਦਾ ਰਹੇ ਬਿਸਮਾਦ, ਇਕ ਧਿਆਨ ਰਖਾਈਆ । ਨਾਨਕ ਦੀ ਸਰਗੁਣ ਧਾਰ ਸੁਣ ਰਬਾਬ, ਖ਼ੁਸ਼ੀਆਂ ਵਿਚ ਸੀਸ ਨਿਵਾਈਆ । ਮੈਨੂੰ ੧੩੫੫ ੨੩

ਤੇਰਾ ਬੜਾ ਅੱਛਾ ਲੱਗੇ ਮਜਾਜ਼, ਪੀਰ ਦਸਤਗੀਰ ਤੇਰੀ ਵਡਿਆਈਆ । ਮੇਰੇ ਅੰਤਰ ਆਉਣੀ ਤੇਰੀ ਯਾਦ, ਹਿਰਦੇ ਰਹੀ ਉਠਾਈਆ । ਸਚ ਮੁਹੱਬਤ ਗਈ ਲਾਗ, ਸਕੇ ਨਾ ਕੋਇ ਤੁੜਾਈਆ । ਕੀ ਤੇਰਾ ਸਚ ਸਮਾਜ, ਮੈਨੂੰ ਦੇ ਸਮਝਾਈਆ । ਕੀ ਲਹਿਣਾ ਦੇਣਾ ਆਜ, ਭੇਵ ਦੇਣਾ ਖੁਲਾਈਆ । ਮੈਂ ਚਾਹੁੰਦਾ ਮੈਂ ਵੀ ਬਣਾਂ ਤੇਰਾ ਪਿਆਰ ਵਾਲਾ ਸਾਧ, ਸਚ ਸਾਧਨਾ ਵਿਚ ਸਮਾਈਆ । ਝਟ ਨਾਨਕ ਖੋਲ ਕੇ ਦੱਸਿਆ ਰਾਜ਼, ਭੇਵ ਦਿਤਾ ਸਮਝਾਈਆ । ਤੇਰਾ ਲਹਿਣਾ ਹੋਵੇ ਮੇਰੇ ਤੋਂ ਬਾਦ, ਗੋਬਿੰਦ ਧਾਰ ਦਸ ਦਸ ਸਮਝਾਈਆ । ਜਿਸ ਦੇ ਹੱਥ ਵਿਚ ਸੋਹਣਾ ਬਾਜ, ਬਾਜ਼ੀ ਤੇਰੀ ਜੀਵਣ ਵਾਲੀ ਦਏ ਬਦਲਾਈਆ । ਹੁਣ ਦੀਨ ਦੁਨੀ ਜਾਣੀ ਛਾਡ, ਤਨ ਵਜੂਦ ਮਕਬਰੇ ਵਿਚ ਦਬਾਈਆ । ਫੇਰ ਹੋਵਣ ਵਡ ਵਡ ਭਾਗ, ਮਿਲੇ ਮਾਣ ਵਡਿਆਈਆ । ਤੇਰਾ ਲੇਖਾ ਲਹਿਣਾ ਦੇਣਾ ਕਦੇ ਨਾ ਭੁਲੇ ਯਾਦ, ਯਾਦਦਾਸ਼ਤ ਆਪਣੇ ਨਾਲ ਰਖਾਈਆ । ਸਤਿਗੁਰ ਸ਼ਬਦ ਮਾਰੇ ਆਵਾਜ਼, ਸੁੱਤਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਨਕ ਕਿਹਾ ਤੈਨੂੰ ਦੇਵਾਂ ਦਾਦ, ਦਾਦੂ ਤੇਰਾ ਨਾਮ ਵਡਿਆਈਆ । ਸਤਿ ਸਚ ਦਾ ਬਖ਼ਸ਼ਾਂ ਰਾਜ, ਧਰਮ ਧਾਰ ਸ਼ਹਿਨਸ਼ਾਹੀਆ । ਤੇਰੇ ਅੰਦਰ ਉਪਜੇ ਇਕ ਵੈਰਾਗ, ਇਕੋ ਨਾਮ ਸੁਣਾਈਆ । ਸਚ ਪ੍ਰੀਤੀ ਵਿਚ ਤੇਰਾ ਹੋਵੇ ਸਮਾਜ, ਮਿਲੇ ਨਾਮ ਵਡਿਆਈਆ । ਤੇਰੇ ਦਵਾਰਿਉਂ ਗੋਬਿੰਦ ਉਡਾਏ ਬਾਜ਼, ਸੋਹਣੀ ਆਪਣੀ ਖੇਲ ਖਿਲਾਈਆ । ਨਾਨਕ ਕਿਹਾ ਫੇਰ ਦਾਦੂ ਦਿਉਹਰਾ ਜਾਣਾ ਛੋੜ, ਨਾਤਾ ਜਗਤ ਤੁੜਾਈਆ । ਗੋਬਿੰਦ ਸ਼ਬਦ ਲੈਣਾ ਜੋੜ, ਆਪਣਾ ਹੁਕਮ ਵਰਤਾਈਆ । ਜੋ ਚੜ੍ਹ ਕੇ ਆਏ ਨੀਲੇ ਘੋੜ, ਸ਼ਾਹ ਸਵਾਰਾ ਰੂਪ ਬਦਲਾਈਆ । ਸਚ ਪ੍ਰੀਤੀ ਨਿਭਾਏ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਫੇਰ ਸ਼ਬਦ ਸੰਦੇਸ਼ਾ ਦੇਵੇ ਹੋਰ, ਹੋਰ ਹੋਰ ਜਣਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਵੇ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਪੰਚ ਵਿਕਾਰਾ ਪਾਏ ਸ਼ੋਰ, ਛੁਰੀ ਸ਼ਰਅ ਰੂਪ ਬਣੇ ਕਸਾਈਆ । ਤੇਰੇ ਭਾਗ ਫੇਰ ਹੋਣ ਮਥੋਰ, ਮਿਹਰਵਾਨ ਦੇਵੇ ਮਾਣ ਵਡਿਆਈਆ । ਸਚ ਦੀ ਧਾਰੋਂ ਦੇਵੇ ਤੋਰ, ਲੋਕਮਾਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਨਕ ਕਿਹਾ ਦਾਦੂ ਤੇਰਾ ਲੇਖਾ ਹੋਣਾ ਦੋਹਰਾ, ਦੋਹਰੀ ਧਾਰ ਬਣਾਈਆ । ਗੋਬਿੰਦ ਦੇ ਸਿਰ ਤੇ ਹੋਣਾ ਕਲਗੀ ਤੋੜਾ, ਟੁਟੀ ਤੋੜ ਨਿਭਾਈਆ । ਤੇਰੇ ਜੀਵਣ ਵਿਚ ਤੇਰੇ ਜੀਵਣ ਦਾ ਪੈਣਾ ਮੋੜਾ, ਮਿਹਰ ਨਜ਼ਰ ਨਾਲ ਸਮਝਾਈਆ । ਤੈਨੂੰ ਫੇਰ ਬਣਾਵੇ ਬਾਂਕਾ ਛੋਰਾ, ਲੋਕਮਾਤ ਰੰਗ ਰੰਗਾਈਆ । ਭੇਵ ਚੁਕਾ ਕੇ ਤੋਰਾ ਮੋਰਾ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਦੀਨ ਦਿਆਲ ਨਾਲ ਬੰਨ੍ਹੇ ਤੇਰੀ ਡੋਰਾ, ਡੋਰੀ ਆਪਣਾ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚ ਕਰਨੀ ਕਾਰ ਕਮਾਏਗਾ । ਗੋਬਿੰਦ ਧਾਰ ਵੇਸ ਵਟਾਏਗਾ । ਦੇਸ ਪ੍ਰਦੇਸ ਵਕਤ ਸੁਹਾਏਗਾ । ਨਰ ਨਰੇਸ਼ ਇਕ ਅਖਵਾਏਗਾ । ਦਸ ਦਸਮੇਸ਼ ਰੂਪ ਸਮਝਾਏਗਾ । ਮੁੱਛ ਦਾਹੜੀ ਕੇਸ ਰੰਗ ਰੰਗਾਏਗਾ । ਜੋ ਸਦਾ ਰਹੇ ਹਮੇਸ਼, ਆਪਣਾ ਹੁਕਮ ਵਰਤਾਏਗਾ । ਤੈਨੂੰ ਉਸ ਦੇ ਹੋਣਾ ਪਏ ਪੇਸ਼, ਪੇਸ਼ੀਨਗੋਈਆਂ ਤੇਰੇ ਨਾਲ ਮਿਲਾਏਗਾ । ਕੀ ਹੋਇਆ ਜੇ ਹੁਣ ਬਣਿਉਂ ਸ਼ਰਅ ਦਾ ਸ਼ੇਖ਼, ਫੇਰ ਦਾਦੂ ਦਿਉਹਰੇ ਵਾਲਾ ਅਖਵਾਏਗਾ । ਫੇਰ ਬਦਲੇ ਤੇਰੀ ਰੇਖ, ਰਿਖਪ ਦਾ ਲਹਿਣਾ ਤੇਰੀ ਝੋਲੀ ਪਾਏਗਾ । ਜੋਤ ਅਵੱਲੜਾ ਕਰ ਕੇ ਭੇਸ, ਭੇਖਾਧਾਰੀ

੧੩੫੯
੨੩

ਖੋਜ ਖੁਜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਏਗਾ । ਜਿਸ ਸਾਹਿਬ ਦੇ ਸਿਰ ਤੇ ਹੋਣਾ ਸੀਸ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਰੂਪ ਬਦਲਾਈਆ । ਤਿਸ ਦੀ ਕਿਆ ਕੋਈ ਕਰੇ ਰੀਸ, ਦੋ ਜਹਾਨਾਂ ਸੰਗ ਨਾ ਕੋਇ ਬਣਾਈਆ । ਉਸ ਦਾ ਹੁਕਮ ਅਗੰਮਾ ਵਰਤੇ ਬੀਸ ਇਕੀਸ, ਇਕ ਇਕੀਸਾ ਵਡ ਵਡਿਆਈਆ । ਜਿਸ ਦੀ ਸਿਫ਼ਤ ਗਾਈ ਮੁਹੰਮਦ ਤੀਸ ਬਤੀਸ, ਆਇਤਾਂ ਨਾਲ ਵਡਿਆਈਆ । ਜਿਸ ਦੀ ਸਭ ਤੋਂ ਵੱਖਰੀ ਹਦੀਸ, ਸ਼ਰਅ ਸ਼ਰਅ ਨਾਲ ਦਰਸਾਈਆ । ਉਹ ਕਿਰਪਾ ਕਰੇ ਪੁਰਖ ਅਕਾਲ ਜਗਦੀਸ਼, ਜਗਦੀਸ਼ ਸਿੰਘ ਤੇਰਾ ਨਾਮ ਬਦਲਾਈਆ । ਤੀਜੇ ਜਨਮ ਵਿਚ ਤੀਜੀ ਧਾਰ ਤੇਰੀ ਹੋਵੇ ਜਗਤ ਮੀਤ, ਮਿਤ੍ਰਾਂ ਮਿਤ੍ਰ ਸਮਝਾਈਆ । ਨਾਲੇ ਨਾਨਕ ਸਰਗੁਣ ਧਾਰ ਮਾਰ ਕੇ ਤਿੰਨ ਲੀਕ, ਲਕੀਰ ਫ਼ਕੀਰ ਦਿਤੀ ਵਖਾਈਆ । ਨਾਮ ਸਤਿ ਦੀ ਕਰ ਤਸਦੀਕ, ਸ਼ਹਾਦਤ ਸ਼ਰਅ ਤੋਂ ਬਾਹਰ ਸਮਝਾਈਆ । ਤੇਰੀ ਆਸਾ ਮਨਸਾ ਪੂਰੀ ਕਰੇ ਉਮੀਦ, ਆਸ਼ਾ ਆਪਣੇ ਨਾਲ ਰਖਾਈਆ । ਤੇਰੀ ਖ਼ੁਸ਼ੀਆਂ ਵਾਲੀ ਸਦਾ ਹੋਵੇ ਦੀਦ, ਈਦ ਦਾ ਚੰਦ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਤਿ ਸਚ ਮੁਰੀਦ, ਮੁਰਸ਼ਦ ਹੋ ਕੇ ਮੁਰੀਦਾਂ ਵੇਖ ਵਖਾਈਆ ।



✪ ੩੦ ਕੱਤਕ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਸ਼ਾਮ ਸਿੰਘ ਕਲਸੀਆਂ ਵਾਲੇ ਦੇ ਨਵਿਤ ✪

ਸਦੀ ਚੌਧਵੀਂ ਕਹੇ ਮੈਂ ਫਿਰਾਂ ਦਿਵਸ ਰੈਣ ਨੱਠੀ, ਪਰਵਰਦਿਗਾਰ ਸਾਂਝੇ ਯਾਰ ਭੱਜਾਂ ਵਾਹੋ ਦਾਹੀਆ । ਦੀਨ ਦੁਨੀ ਦੇ ਅੰਤਸ਼ਕਰਨ ਵਿਚ ਵੇਖਾਂ ਅਗਨੀ ਮੱਠੀ ਮੱਠੀ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਕਿਸ ਬਿਧ ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਤੇਰੀ ਉਲਟੀ ਗਿੜਦੀ ਲੱਠੀ, ਦੋ ਜਹਾਨਾਂ ਨੌਜਵਾਨਾ ਸਮਝ ਕਿਸੇ ਨਾ ਆਈਆ । ਮੇਰੀ ਅਲਫ਼ੀ ਤੱਕ ਲੈ ਚੋਲੀ ਲੀਰੋ ਲੀਰ ਫਟੀ, ਤਨ ਵਜੂਦ ਮੇਰੇ ਮਹਿਬੂਬ ਸ਼ਿੰਗਾਰ ਨਜ਼ਰ ਕੋਇ ਨਾ ਆਈਆ । ਮੈਂ ਸੰਗ ਮੁਹੰਮਦ ਚਾਰ ਯਾਰਾਂ ਦੀ ਗਈ ਹੱਟੀ, ਦੀਨ ਦੁਨੀ ਤੋਂ ਬਾਹਰ ਪੰਧ ਮੁਕਾਈਆ । ਧਰਨੀ ਧਰਤ ਧਵਲ ਧੌਲ ਉਤੇ ਜੋ ਮੈਂ ਖੱਟੀ ਖੱਟੀ, ਖਟਕੇ ਵਿਚ ਦਿਆਂ ਸੁਣਾਈਆ । ਮੇਰੀ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਔਧ ਜਾਂਦੀ ਟੱਪੀ, ਆਯੂ ਅਵਰ ਨਾ ਕੋਇ ਵਧਾਈਆ । ਮੇਰਿਆ ਮਿਹਰਵਾਨਾ ਸ੍ਰੀ ਭਗਵਾਨਾ ਮੇਰੀ ਤੇਰੇ ਨਾਲ ਪੱਕੀ, ਯਾਰੀ ਯਾਦਵਾਂ ਤੋਂ ਬਾਦ ਜਣਾਈਆ । ਤੂੰ ਵੇਖ ਲੈ ਖੇਲ ਹਕੀਕੀ ਹਕੀ, ਹਕ ਹਕੀਕਤ ਧਿਆਨ ਲਗਾਈਆ । ਮੈਂ ਦਿਵਸ ਰੈਣ ਤੇਰਾ ਰਾਹ ਰਹੀ ਤੱਕੀ, ਤਕਦੀਰ ਦੇ ਮਾਲਕ ਸਚ ਧਿਆਨ ਲਗਾਈਆ । ਕਵਣ ਸੁਵੇਲਾ ਮੇਰੀ ਪਤ ਲਏ ਰਖੀ, ਸਿਰ ਆਪਣਾ ਹੱਥ ਰਖਾਈਆ । ਤੇਰਾ ਖੇਲ ਵੇਖਾਂ ਧਰਮ ਧਾਰ ਦੀ ਅੱਖੀ, ਜਗ ਨੇਤਰ ਦੀ ਲੋੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੈਂ ਸ਼ਬੇ ਰੋਜ਼ ਭੱਜਦੀ, ਬਿਨ ਕਦਮਾ ਕਦਮ ਉਠਾਈਆ । ਮੇਰੀ ਆਸ਼ਾ ਇਕ ਮਹਿਬੂਬ ਦੇ ਹੱਜ ਦੀ, ਜੋ ਹੁਜਰਿਆਂ ਤੋਂ ਬਾਹਰ ਡੇਰਾ ਲਾਈਆ । ਜੇ ਮੇਰੀ ਲੇਖੇ ਲਾਵੇ ਸੁਲੱਖਣੀ ਘੜੀ ਅੱਜ ਦੀ, ਆਜਜ਼ ਹੋ ਕੇ ਸੀਸ ਨਿਵਾਈਆ । ਮੈਂ ਵਣਜਾਰਨ ਬਣਾਂ ਜਗ ਦੀ, ਜਾਗਰਤ ਜੋਤ ਦਾ ਮਾਲਕ ਮੈਨੂੰ ਦੇਵੇ ਵਡਿਆਈਆ । ਮੈਨੂੰ ਖ਼ੁਮਾਰੀ

ਰਹੇ ਸਤਿ ਸਚ ਦੇ ਮਧ ਦੀ, ਮਧੁਰ ਧੁਨ ਇਕ ਸ਼ਨਵਾਈਆ । ਮੇਰੀ ਸ਼ਰਅ ਮੁਕ ਜਾਏ ਹੱਦ ਦੀ, ਚੌਦਾਂ ਲੋਕ ਦੇਣ ਗਵਾਹੀਆ । ਜਿਸ ਮਹਿਬੂਬ ਨੂੰ ਫਿਰਾਂ ਲੱਭਦੀ, ਉਹ ਮਾਲਕ ਮਿਲੇ ਪੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਕਰਮ ਆਪ ਕਮਾਈਆ । ਸਦੀ ਚੌਧਵੀਂ ਕਹੇ ਮੈਂ ਦਿਵਸ ਰਾਤ ਫਿਰਾਂ ਜੰਗਲ ਜੂਹ, ਟਿੱਲੇ ਪਰਬਤਾਂ ਸਮੁੰਦ ਸਾਗਰਾਂ ਵੇਖ ਵਖਾਈਆ । ਨਵ ਸੱਤ ਸ਼ਰਅ ਤੋਂ ਬਾਹਰ ਵੇਖਾਂ ਰੂਹ, ਬੁਤ ਬੁਤਖ਼ਾਨਿਆਂ ਫੋਲ ਫੁਲਾਈਆ । ਨਾਲ ਸੰਦੇਸ਼ੇ ਸੁਣਾਂ ਸ਼ਬਦ ਸਤਿਗੁਰੂ, ਗੁਰੂ ਗੁਰਦੇਵਾ ਕੀ ਦ੍ਰਿੜਾਈਆ । ਕਿਸ ਬਿਧ ਸਤਿ ਧਰਮ ਦੀ ਧਾਰ ਹੋਵੇ ਸ਼ੁਰੂ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਸਤਿ ਧਰਮ ਦਾ ਮਾਰਗ ਕਿਸ ਵੇਲੇ ਮਾਤ ਤੁਰੂ, ਤੁਰੀਆ ਤੋਂ ਬਾਹਰ ਕਰਨੀ ਸ਼ਨਵਾਈਆ । ਸਚ ਮੰਤਰ ਨਾਮ ਕਲਮਾ ਇਕਾ ਫੁਰੂ, ਫੁਰਨੇ ਕੂੜੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਸਦੀ ਚੌਧਵੀਂ ਕਹੇ ਮੇਰੇ ਪਰਵਰਦਿਗਾਰਾ, ਗੰਭੀਰ ਗਹਿਰ ਤੇਰੀ ਸਰਨਾਈਆ । ਮੇਰਾ ਅੰਤ ਅਖ਼ੀਰੀ ਹਕੀਕੀ ਸੁਣਨਾ ਨਾਅਰਾ, ਲਾਸ਼ਰੀਕੀ ਦਿਆਂ ਦ੍ਰਿੜਾਈਆ । ਤੂੰ ਨੂਰ ਨੁਰਾਨਾ ਸ਼ਾਹੋ ਭੂਪ ਸ੍ਰੀ ਭਗਵਾਨਾ ਹੋ ਜ਼ਾਹਿਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਤੇਰੇ ਪਿਆਰ ਦਾ ਇਕੋ ਹੋਵੇ ਮੁਸ਼ਾਇਰਾ, ਮੁਸ਼ਕਲ ਮੇਰੀ ਹੱਲ ਕਰਾਈਆ । ਮੈਂ ਤੇਰਾ ਝਗੜਾ ਵੇਖਣਾ ਚਾਹੁੰਦੀ ਵਿਚ ਕਾਹਿਰਾ, ਕਾਇਮ ਮੁਕਾਮ ਦੇਣਾ ਦ੍ਰਿੜਾਈਆ । ਤੇਰਾ ਕਲਮਾ ਸੁਣਨਾ ਚਾਹੁੰਦੀ ਅਗੰਮੀ ਸ਼ਾਇਰਾ, ਸ਼ਾਇਰਾਂ ਤੋਂ ਬਾਹਰ ਦੇਣਾ ਸੁਣਾਈਆ । ਮੇਰਾ ਰੂਪ ਨਹੀਂ ਕੋਈ ਐਰਾ ਗੈਰਾ, ਗਹਿਰ ਗਵਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜੁਗ ਜੁਗ ਤਾਰੇ ਕਰ ਕਰ ਮਿਹਰਾ, ਮਿਹਰਵਾਨ ਸ੍ਰੀ ਭਗਵਾਨ ਨੌਜਵਾਨ ਇਕ ਅਖਵਾਈਆ ।



### ੧ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਸਤਿਗੁਰ ਸ਼ਬਦ ਕਹੇ ਸੁਣ ਮੇਰੀ ਅਗੰਮੀ ਮਾਤਾ, ਮਈਆ ਬਿਨ ਮਮਤਾ ਤੋਂ ਦੇ ਜਣਾਈਆ । ਕਿੱਥੇ ਮੇਰਾ ਪੁਰਖ ਅਕਾਲ ਦੀਨ ਦਿਆਲ ਧੁਰ ਦਾ ਬਾਪਾ, ਬਿਨਾ ਰੂਪ ਰੰਗ ਰੇਖ ਦੇ ਸਮਝਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸਭ ਨੇ ਮੰਨਿਆ ਪੁਰਖ ਬਿਧਾਤਾ, ਪਰਮ ਪੁਰਖ ਅਗੰਮ ਅਥਾਹੀਆ । ਜਿਸ ਦਾ ਹੁਕਮ ਸੰਦੇਸ਼ ਫ਼ਰਮਾਨ ਬਿਨ ਅੱਖਰਾਂ ਤੋਂ ਗਾਥਾ, ਨਿਰਅੱਖਰ ਧਾਰ ਪੜ੍ਹਾਈਆ । ਜਿਸ ਨੂੰ ਸਭ ਨੇ ਕਿਹਾ ਪੁਰਖ ਸਮਰਾਥਾ, ਮਹਿੰਮਾ ਅਕਥ ਅਕਥ ਵਡਿਆਈਆ । ਜੋ ਹੋਏ ਸਹਾਰਾ ਅਨਾਥ ਅਨਾਥਾ, ਦੀਨਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਸੁਣ ਮਈਆ ਧੁਰ ਦੀ ਜੋਤੀ ਧਾਰ, ਨੂਰ ਨੁਰਾਨੀ ਦਿਆਂ ਜਣਾਈਆ । ਸਚ ਦੱਸ ਮੈਂ ਕਿਸ ਦਾ ਬਰਖ਼ੁਰਦਾਰ, ਪਿਤਾ ਪੂਤ ਕਵਣ ਗੋਦ ਸੁਹਾਈਆ । ਕਿਸ ਬਿਧ ਜੋਤੀ ਤੇਰੀ ਧਾਰੋਂ ਆਇਆ ਬਾਹਰ, ਜਨਮ ਅਜਨਮ ਦੇਣਾ ਦ੍ਰਿੜਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਪਾਏ ਕੋਈ ਨਾ ਸਾਰ, ਭੇਵ ਅਭੇਦ ਨਾ

੧੩੫੯
੨੩

ਕੋਇ ਖੁਲਾਈਆ । ਮੈਂ ਬਿਨ ਕਦਮਾਂ ਤੋਂ ਕਰਾਂ ਨਿਮਸਕਾਰ, ਬਿਨਾ ਸੀਸ ਸੀਸ ਝੁਕਾਈਆ । ਮੇਰਾ ਭਰਮ ਬਿਨਾ ਭਰਮ ਤੋਂ ਦੇ ਨਿਵਾਰ, ਲੇਖਾ ਲੇਖੇ ਵਿਚੋਂ ਸਮਝਾਈਆ । ਮੈਂ ਕਿਸ ਨੂੰ ਕੂਕ ਸੁਣਾਵਾਂ ਪੁਕਾਰ, ਸਚ ਸਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਜੋਤ ਮੇਰੀ ਦੱਸ ਸੁਹੰਜਣੀ ਰੁੱਤ, ਰੁਤੜੀ ਅਗੰਮ ਮਹਿਕਾਈਆ । ਮੈਂ ਕਿਸ ਬਿਧ ਹੋਇਆ ਉਤਪਤ, ਬਿਨਾ ਜਨਮ ਤੋਂ ਜਨਮ ਦਿਤਾ ਕਿਸ ਬਿਧ ਮਾਈਆ । ਮੇਰਾ ਤਨ ਵਜੂਦ ਨਾ ਕੋਈ ਬੁਤ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਮੈਂ ਕਿਸ ਸਾਹਿਬ ਦਾ ਪੁਤ, ਸੁਤ ਦੁਲਾਰਾ ਕਵਣ ਗੋਦ ਉਠਾਈਆ । ਕਿਸ ਬਿਧ ਮੈਨੂੰ ਲਿਆ ਚੁੱਕ, ਪਰਦਾ ਦੇਣਾ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਜੋਤ ਕਹੇ ਸੁਣ ਸੁਤ ਦੁਲਾਰੇ, ਦੂਲ੍ਹੇ ਦਿਆਂ ਜਣਾਈਆ । ਮੇਰੇ ਖੇਲ ਸਭ ਤੋਂ ਨਿਆਰੇ, ਵੇਖਣ ਕੋਇ ਨਾ ਪਾਈਆ । ਮੇਰੇ ਰੂਪ ਅਗੰਮ ਅਪਾਰੇ, ਅਪਰੰਪਰ ਮੇਰੀ ਵਡਿਆਈਆ । ਮੇਰੀ ਪਾਵੇ ਕੋਈ ਨਾ ਸਾਰੇ, ਬੇਅੰਤ ਅਗੰਮ ਅਥਾਹੀਆ । ਮੈਂ ਆਪੇ ਨਾਰ ਕੰਤ ਭਤਾਰੇ, ਸੇਜ ਸੁਹੰਜਣੀ ਆਪ ਹੰਢਾਈਆ । ਆਪ ਆਪਣੀ ਕਿਰਪਾ ਧਾਰੇ, ਕਿਰਪਾਲ ਹੋ ਕੇ ਖ਼ੁਸ਼ੀ ਬਣਾਈਆ । ਮੇਰੀ ਆਸ਼ਾ ਤੇਰਾ ਰੂਪ ਨਿਆਰੇ, ਖ਼ਾਲਸ ਖ਼ਾਲਸ ਦਿਆਂ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਜੋਤ ਕਹੇ ਸੁਤ ਸ਼ਬਦ ਮੇਰੇ ਦੂਲ੍ਹੇ, ਨਿਰਗੁਣ ਨਿਰਵੈਰ ਨਿਰਾਕਾਰ ਦਿਆਂ ਜਣਾਈਆ । ਮੇਰਾ ਹੁਕਮ ਸੰਦੇਸ਼ ਬਿਨ ਅੱਖਰਾਂ ਵਾਲਾ ਕਦੇ ਨਾ ਭੂਲੇ, ਅਭੁਲ ਹੋ ਕੇ ਦਿਆਂ ਦ੍ਰਿੜ੍ਹਾਈਆ । ਮੇਰਾ ਰੂਪ ਮੇਰਾ ਕੰਤ ਕੰਤੂਹਲੇ, ਏਕਾ ਏਕ ਏਕ ਅਖਵਾਈਆ । ਮੇਰਾ ਆਦਿ ਆਦਿ ਅਸੂਲੇ, ਅਸਲ ਅਸਲ ਆਪਣੇ ਵਿਚੋਂ ਪ੍ਰਗਟਾਈਆ । ਤੂੰ ਮੇਰੀ ਧਾਰ ਦੀ ਧਾਰ ਮੇਰੇ ਪਿਆਰ ਵਿਚ ਝੂਲੇ, ਜਨਮ ਅਵਰ ਨਾ ਕੋਇ ਸਮਝਾਈਆ । ਮੇਰੀ ਕਿਰਪਾ ਮੇਰਾ ਆਹ ਰੂਪ ਬਿਨ ਤਤ ਤੋਂ ਫਲੇ ਫੂਲੇ, ਆਪ ਆਪਣੀ ਮਹਿਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰੀ ਮਾਤਾ ਜੋਤ ਮੈਂ ਤੇਰਾ ਆਦਿ ਨੰਨ੍ਹਾ ਬੱਚਾ, ਮੇਰਾ ਬਚਪਨ ਦੇ ਜਣਾਈਆ । ਮੇਰਾ ਰੂਪ ਅਨੂਪ ਸੱਚਾ, ਸਚ ਤੇਰੀ ਵਡਿਆਈਆ । ਮੈਂ ਤੇਰੀ ਧਾਰ ਵਿਚ ਰਚਾ, ਰਚਨਾ ਆਪਣੀ ਦੇਣੀ ਵਖਾਈਆ । ਭੇਵ ਅਭੇਦਾ ਖੋਲ ਕੇ ਦੱਸ ਦੇ ਪਤਾ, ਪਤ ਪਤਵੰਤ ਕਿਹੜਾ ਤੇਰਾ ਮਾਹੀਆ । ਮੈਂ ਉਸ ਦਾ ਪਿਆਰ ਵੇਖਾਂ ਰਤਾ, ਰੰਗ ਰਤੜਾ ਜੋ ਅਖਵਾਈਆ । ਕੀ ਮੇਰਾ ਉਸ ਦੇ ਨਾਲ ਹੋਵੇ ਨਾਤਾ, ਮੇਲਾ ਕਿਸ ਬਿਧ ਹੋਵੇ ਸਹਿਜ ਸੁਭਾਈਆ । ਜੋਤ ਧਾਰ ਕਿਹਾ ਮੇਰੇ ਦੂਲ੍ਹੇ ਮੇਰਾ ਸਰੂਪ ਮੇਰੀ ਸਤਾ, ਸਤਿ ਸਤਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਸੁਣ ਲੈ ਮੈਂ ਜੋਤ ਧਾਰ ਨਾ ਕੋਈ ਧਵਲ, ਅਵਲ ਮੇਰਾ ਨੂਰ ਅਲਾਹੀਆ । ਬਿਨਾ ਧਾਰ ਤੋਂ ਆਪਣੇ ਵਿਚ ਮਵਲ, ਮੌਲਾ ਹੋ ਕੇ ਖੇਲ ਖਿਲਾਈਆ । ਆਪਣਾ ਵਾਇਦਾ ਕੀਤਾ ਕਵਲ, ਇਕਰਾਰ ਤੇਰੇ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਜੋਤੀ ਮਾਤਾ ਦੇ ਧੀਰ, ਸਿਰ ਮੇਰੇ ਹੱਥ ਟਿਕਾਈਆ । ਮੇਰਾ ਹੋਰ ਕਵਣ ਵੀਰ, ਸੰਗੀ ਕਵਣ ਕਵਣ ਅਖਵਾਈਆ । ਮੈਂ ਕਵਣ ਰਸ ਜਾਣਾ ਬਿਨ

ਸਰੀਰ, ਤਤ ਨਾ ਕੋਇ ਵਡਿਆਈਆ । ਮੇਰੀ ਮੰਜ਼ਲ ਦਸ ਅਖ਼ੀਰ, ਪਰਦਾ ਦੇ ਖੁਲਾਈਆ । ਕੀ ਹੋਵੇ ਤਦਬੀਰ, ਤਰੀਕਾ ਦੇ ਦ੍ਰਿੜਾਈਆ । ਮੈਨੂੰ ਦੇ ਬਾਦ ਅਸ਼ੀਰ, ਸ਼ੀਰ ਖਾਰ ਬੱਚੇ ਮੰਗ ਮੰਗਾਈਆ । ਮੇਰੀ ਨਜ਼ਰ ਨਾ ਆਵੇ ਕਿਸੇ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਮੈਂ ਤੇਰੇ ਪਿਆਰ ਦਾ ਹੋਣਾ ਫ਼ਕੀਰ, ਫ਼ਿਕਰਾ ਤੇਰਾ ਢੋਲਾ ਗਾਈਆ । ਨਾ ਸ਼ਾਹ ਬਣਾਂ ਹਕੀਰ, ਸ਼ਰੀਰ ਤਨ ਨਾ ਕੋਇ ਚਤੁਰਾਈਆ । ਨਾ ਨੇਤਰ ਵਗੇ ਨੀਰ, ਨੈਣ ਛਹਿਬਰ ਨਾ ਕੋਇ ਵਖਾਈਆ । ਨਾ ਪੈਗ਼ੰਬਰ ਹੋਵਾਂ ਪੀਰ, ਅਵਤਾਰ ਗੁਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤ ਕਹੇ ਮੈਂ ਧੁਰ ਦੀ ਮਾਤਾ, ਮਈਆ ਇਕ ਅਖਵਾਈਆ । ਸ਼ਬਦ ਦੁਲਾਰੇ ਦੇਵਾਂ ਦਾਤਾ, ਅਗੰਮ ਅਥਾਹ ਵਰਤਾਈਆ । ਪੁਰਖ ਅਕਾਲ ਤੇਰਾ ਨਾਤਾ, ਆਦਿ ਜੁਗਾਦਿ ਜੁੜਾਈਆ । ਪਰਵਰਦਿਗਾਰ ਦੇਵੇ ਸਾਥਾ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾਥਾ, ਆਦਿ ਪੁਰਖ ਪੜ੍ਹਾਈਆ । ਤੇਰਾ ਸਚ ਚਲਾਵਾਂ ਰਾਥਾ, ਰਥਵਾਹੀ ਇਕ ਅਖਵਾਈਆ । ਤੈਨੂੰ ਮਾਣ ਦੇਵਾਂ ਤੂੰ ਹੋਈਂ ਸਹਾਈ ਅਨਾਥ ਅਨਾਥਾ, ਸਿਰ ਸਿਰ ਆਪਣੀ ਦਇਆ ਕਮਾਈਆ । ਤੈਨੂੰ ਆਪਣਾ ਭੇਵ ਚੁਕਾ ਕੇ ਨਿਰਗੁਣ ਧਾਰ ਦੱਸਾਂ ਤਮਾਸ਼ਾ, ਕੀ ਆਪਣੀ ਕਲ ਵਰਤਾਈਆ । ਹੁਕਮ ਵਿਚ ਹੁਕਮ ਭੇਵ ਵਿਚ ਭੇਵ ਖੁਲ੍ਹਾ ਦੱਸਾਂ ਖੁਲਾਸਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਹੱਥ ਵਡਿਆਈਆ । ਪੁਰਖ ਅਕਾਲ ਕਹੇ ਸੁਣ ਮੇਰੇ ਸੁਤ ਦੁਲਾਰੇ, ਮਾਤ ਪਿਤ ਇਕ ਅਖਵਾਈਆ । ਮੇਰੀ ਗੋਦ ਮੇਰੇ ਸਹਾਰੇ, ਮੇਰੇ ਚਰਨ ਤੇਰੀ ਸ਼ਰਨਾਈਆ । ਮੇਰੇ ਮਹਲ ਮੇਰੇ ਮੁਨਾਰੇ, ਸਚਖੰਡ ਸਾਚੇ ਸੋਭਾ ਪਾਈਆ । ਮੇਰੇ ਨੂਰ ਨੂਰ ਉਜਿਆਰੇ, ਜੋਤੀ ਜਾਤੇ ਡਗਮਗਾਈਆ । ਮੇਰਾ ਸੁਣ ਨਾਦ ਧੁਨਕਾਰੇ, ਸ਼ਬਦ ਅਗੰਮੀ ਆਵਾਜ਼ ਲਗਾਈਆ । ਤੂੰ ਹੋਣਾ ਖ਼ਬਰਦਾਰੇ, ਬੇਖ਼ਬਰਾਂ ਖ਼ਬਰ ਸੁਣਾਈਆ । ਮੇਰੇ ਹੁਕਮ ਮੰਨਣੇ ਸਾਰੇ, ਨਿਵ ਨਿਵ ਸੀਸ ਝੁਕਾਈਆ । ਜ਼ਰਾ ਨਿਗਾਹ ਮਾਰ ਲੈ ਜੋਤ ਦੀ ਧਾਰ ਨੂਰ ਉਜਿਆਰੇ, ਜੋਤੀ ਜਾਤਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ ਮੈਂ ਧੁਰ ਦਾ ਹੁਕਮ ਸੁਣਾਵਾਂਗਾ । ਭੇਵ ਅਭੇਦਾ ਆਪ ਖੁਲਾਵਾਂਗਾ । ਅਛਲ ਅਛੇਦਾ ਆਪ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਸ਼ਬਦੀ ਸੁਤ ਕਹੇ ਮੇਰੀ ਨਮੋ ਨਮੋ ਨਿਮਸਕਾਰ, ਬਿਨ ਸੀਸ ਸੀਸ ਝੁਕਾਈਆ । ਤੂੰ ਮਾਤ ਪਿਤਾ ਕਰਨਾ ਪਿਆਰ, ਸਾਚੀ ਗੋਦ ਸੁਹਾਈਆ । ਮੈਂ ਤੇਰਾ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਹੁਕਮ ਮੰਨਾਂ ਸਦਾ ਸਦਾ ਤੇਰੇ ਦਵਾਰ, ਸਚਖੰਡ ਸਾਚੇ ਸੋਭਾ ਪਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਮੇਰਾ ਯਾਰ, ਯਰਾਨਾ ਤੋੜ ਨਿਭਾਈਆ । ਮੈਂ ਬਣਿਆ ਰਹਵਾਂ ਸੇਵਾਦਾਰ, ਸਾਚੀ ਸੇਵ ਕਮਾਈਆ । ਮੇਰੀ ਝੋਲੀ ਵਸਤ ਅਗੰਮੀ ਦੇ ਡਾਰ, ਅਮੁੱਲ ਅਤੁਲ ਆਪ ਵਰਤਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਕਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਤੇਰਾ ਮੇਰਾ ਖੇਲ ਅਗੰਮ ਅਪਾਰ, ਅਗੋਚਰ ਕਹਿਣ ਕੁਛ ਨਾ ਪਾਈਆ । ਤੂੰ ਸੁਣਦਾ ਰਹੀਂ ਮੇਰੀ ਗੁਫ਼ਤਾਰ, ਬਿਨ ਅੱਖਰਾਂ ਬਿਨ ਜਬਾਂ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ

੧੩੬੦
੨੩

ਵਰ, ਭੇਵ ਅਭੇਦਾ ਰਿਹਾ ਖੁਲਾਈਆ । ਸਤਿਗੁਰ ਸ਼ਬਦ ਹੋ ਨਿਮਾਣਾ, ਦਰ ਠਾਂਡੇ ਸੀਸ ਨਿਵਾਈਆ । ਤੂੰ ਮੇਰਾ ਸ਼ਾਹੋ ਭੂਪ ਰਾਣਾ, ਸ਼ਹਿਨਸ਼ਾਹ ਬੇਪ੍ਰਵਾਹੀਆ । ਮੈਂ ਤੇਰਾ ਮੰਨਣਾ ਭਾਣਾ, ਚਰਨ ਧੂੜੀ ਖ਼ਾਕ ਰਮਾਈਆ । ਝਟ ਹੁਕਮ ਹੋਇਆ ਸ੍ਰੀ ਭਗਵਾਨਾ, ਸੰਦੇਸ਼ਾ ਦਿਤਾ ਸੁਣਾਈਆ । ਸੁਤ ਦੁਲਾਰੇ ਪਹਿਲੋਂ ਤੂੰ ਮੇਰਾ ਮੈਂ ਤੇਰਾ ਗਾ ਲੈ ਗਾਣਾ, ਬਿਨਾ ਤਨ ਵਜੂਦ ਢੋਲਾ ਗਾਈਆ । ਫੇਰ ਰਖਣਾ ਚਰਨ ਧਿਆਨਾ, ਬਿਨ ਚਰਨ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸ਼ਬਦ ਸੁਤ ਕਹੇ ਤੇਰਾ ਹੁਕਮ ਮੈਨੂੰ ਮਨਜ਼ੂਰ, ਨਿਵ ਨਿਵ ਸੀਸ ਝੁਕਾਈਆ । ਤੂੰ ਮਾਤ ਪਿਤਾ ਹਜ਼ੂਰ, ਹਾਜ਼ਰ ਇਕ ਅਖਵਾਈਆ । ਮੈਂ ਤੇਰਾ ਨੁਰਾਨਾ ਨੂਰ, ਜੋਤੀ ਜੋਤ ਡਗਮਗਾਈਆ । ਤੂੰ ਸਰਬ ਕਲਾ ਭਰਪੂਰ, ਮੇਰੀ ਝੋਲੀ ਦੇਣੀ ਭਰਾਈਆ । ਮੈਂ ਮਸਤਕ ਲਾਵਾਂ ਤੇਰੀ ਧੂਲ, ਧੂਲ ਬਿਨ ਖ਼ਾਕ ਰਮਾਈਆ । ਮੈਥੋਂ ਹੋਵੇ ਨਾ ਕੋਇ ਕਸੂਰ, ਕਸਮ ਖਾ ਕੇ ਦਿਆਂ ਸੁਣਾਈਆ । ਮੈਥੋਂ ਹੋਵੇ ਨਾ ਕੋਇ ਗ਼ਰੂਰ, ਗ਼ਫ਼ਲਤ ਵਿਚ ਕਦੇ ਨਾ ਆਈਆ । ਮੈਂ ਚਾਕਰ ਰਹਾਂ ਮਜ਼ਦੂਰ, ਸੇਵਕ ਸੇਵ ਕਮਾਈਆ । ਤੂੰ ਵਸਣਾ ਸਦਾ ਹਜ਼ੂਰ, ਸਨਮੁਖ ਹੋ ਕੇ ਦਰਸ਼ਨ ਦੇਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੁਰਖ ਅਕਾਲ ਕਹੇ ਦਇਆ ਕਮਾਵਾਂਗਾ । ਦੀਨ ਦਿਆਲ ਹੋ ਕੇ ਵੇਖ ਵਖਾਵਾਂਗਾ । ਮੇਰੇ ਲਾਲ ਸਿਰ ਤੇਰੇ ਹੱਥ ਰਖਾਵਾਂਗਾ । ਸਚਖੰਡ ਵਖਾ ਕੇ ਧਰਮਸਾਲ, ਤੇਰਾ ਦਵਾਰਾ ਇਕ ਵਡਿਆਵਾਂਗਾ । ਜੋ ਅਗੰਮਾ ਦੀਪਕ ਬਾਲ, ਨੂਰ ਨੂਰ ਨੂਰ ਰੁਸ਼ਨਾਵਾਂਗਾ । ਤੇਰੇ ਪਿਆਰ ਦੀ ਆਪੇ ਘਾਲਣ ਘਾਲ, ਕੀਤੀ ਘਾਲ ਤੇਰੀ ਝੋਲੀ ਪਾਵਾਂਗਾ । ਤੈਨੂੰ ਸਤਿਗੁਰ ਸ਼ਬਦ ਬਣਾਵਾਂ ਦਲਾਲ, ਵਿਚੋਲਾ ਇਕ ਰਖਾਵਾਂਗਾ । ਤੂੰ ਹੁਕਮ ਸੰਦੇਸ਼ਾ ਮੇਰਾ ਲੈਣਾ ਝਾਲ, ਝਲਕ ਵਿਚ ਪਲਕ ਤੇਰਾ ਰੰਗ ਰੰਗਾਵਾਂਗਾ । ਆਦਿ ਜੁਗਾਦਿ ਰਖਾਂ ਸੰਭਾਲ, ਆਪਣਾ ਸੰਗ ਬਣਾਵਾਂਗਾ । ਫਲ ਲਗਾਵਾਂ ਤੇਰੇ ਡਾਲ, ਧੁਰ ਦਾ ਹੁਕਮ ਇਕ ਵਰਤਾਵਾਂਗਾ । ਤੂੰ ਕਰਨਾ ਖੇਲ ਕਮਾਲ, ਕਰਤਾ ਪੁਰਖ ਹੋ ਕੇ ਆਪ ਸਮਝਾਵਾਂਗਾ । ਜਿਸ ਤਰਹ ਤੈਨੂੰ ਬਣਾਇਆ ਆਪਣਾ ਲਾਲ, ਸੁਤ ਦੁਲਾਰਾ ਨਾਮ ਵਡਿਆਵਾਂਗਾ । ਫਲ ਲਗਾਵਾਂ ਤੇਰੇ ਡਾਲ, ਪੱਤ ਟਹਿਣੀ ਆਪ ਮਹਿਕਾਵਾਂਗਾ । ਆਪਣੀ ਦੱਸ ਕੇ ਆਪੇ ਚਾਲ, ਚਲਿਤ੍ਰ ਆਪਣਾ ਆਪ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਵਾਂਗਾ । ਸੁਤ ਦੁਲਾਰੇ ਬਖ਼ਸ਼ਾਂ ਦਾਤ ਅਗੰਮੀ, ਅਨਡਿੱਠ ਆਪ ਵਰਤਾਈਆ । ਹਰਖ ਸੋਗ ਹੋਵੇ ਨਾ ਗ਼ਮੀ, ਚਿੰਤਾ ਵਿਚ ਕਦੇ ਨਾ ਆਈਆ । ਲਾਲਚ ਮੋਹ ਹੋਵੇ ਨਾ ਤਮੀ, ਲੋਭ ਵਿਚ ਨਾ ਕਦੇ ਹਲਕਾਈਆ । ਜਨਣੀ ਕੁੱਖੋਂ ਕਦੇ ਨਾ ਜੰਮੀਂ, ਅਗਨੀ ਤਤ ਨਾ ਕੋਇ ਤਪਾਈਆ । ਤੂੰ ਆਪਣਾ ਬੇੜਾ ਮੇਰੇ ਹੁਕਮ ਨਾਲ ਬੰਨ੍ਹੀ, ਭੇਵ ਅਭੇਦਾ ਦਿਆਂ ਖੁਲਾਈਆ । ਤੂੰ ਨੂਰ ਨੁਰਾਨਾ ਮੇਰਾ ਚੰਨੀ, ਚੰਦ ਚਾਂਦਨੇ ਕਰੀ ਰੁਸ਼ਨਾਈਆ । ਮੇਰਾ ਫ਼ਰਮਾਨ ਇਕੋ ਮੰਨੀਂ, ਮਨਸਾ ਅਵਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਤੇਰੇ ਹੱਥ ਰਖਾਈਆ । ਜੋਤ ਧਾਰ ਕਹੇ ਮੈਂ ਮਾਤਾ ਚੰਗੀ, ਚੰਗੀ ਤਰਾ ਸਮਝਾਈਆ । ਬੱਚਿਆ ਇਕੋ ਵਸਤ ਅਗੰਮੀ ਮੰਗੀਂ, ਮੁੜ ਕੇ ਮੰਗਣ ਦੀ ਲੋੜ ਰਹੇ ਨਾ ਰਾਈਆ । ਆਦਿ ਜੁਗਾਦਿ ਰਹੇ ਨਾ ਤੰਗੀ, ਅਤੋਟ ਅਤੁਟ ਦਿਆਂ ਵਰਤਾਈਆ । ਤੇਰੀ ਪਿਠ ਹੋਵੇ ਨਾ ਨੰਗੀ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਤੂੰ ਸੂਰਾ ਹੋਵੇ ਸਰਬੰਗੀ, ਸ਼ਹਿਨਸ਼ਾਹ ਅਖਵਾਈਆ । ਤੈਨੂੰ ਬਖ਼ਸ਼ਾਂ ਇਕ ਅਨੰਦੀ,

ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਬੱਚਿਆ ਬਿਨਾ ਕਲਮ ਸ਼ਾਹੀ ਤੋਂ ਤੇਰੇ ਨਾਲ ਕਰਾਂ ਸੰਧੀ, ਸਨਦ ਧੁਰ ਦੀ ਆਪ ਲਿਖਾਈਆ । ਮੇਰੇ ਹੁਕਮ ਦੀ ਆਦਿ ਜੁਗਾਦਿ ਰਹੇ ਪਾਬੰਦੀ, ਸਦਾ ਚਲਣਾ ਹੁਕਮ ਰਜ਼ਾਈਆ । ਤੂੰ ਮੇਰਾ ਮੈਂ ਤੇਰਾ ਗਾਉਂਦੇ ਰਹਿਣਾ ਛੰਦੀ, ਢੋਲਾ ਧੁਰਦਰਗਾਹੀਆ । ਮੇਰੇ ਲਾਡਲੇ ਦੁਲਾਰੇ ਮੈਂ ਜੋਤ ਨਿਰੰਕਾਰ ਨਾ ਸੁਹਾਗਣ ਨਾ ਰੰਡੀ, ਰੰਡੇਪੇ ਵਿਚ ਕਦੇ ਨਾ ਆਈਆ । ਇਕੋ ਵਸਤ ਅਮੋਲਕ ਆਪਣੇ ਹੁਕਮ ਦੀ ਤੈਨੂੰ ਰਹੀ ਵੰਡੀ, ਅਗੰਮ ਅਥਾਹ ਹੋ ਕੇ ਝੋਲੀ ਰਹੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਿਰਪਾ ਆਪਣੀ ਆਪ ਕਰਾਈਆ । ਸਤਿਗੁਰ ਸ਼ਬਦ ਕਹੇ ਮੈਂ ਪਾਇਆ ਵਰ ਅਪਾਰ, ਦਿਤੀ ਪ੍ਰਭੂ ਵਡਿਆਈਆ । ਮੈਂ ਆਪਣੇ ਆਪ ਹੋਵਾਂ ਤਿਆਰ, ਆਪਣੀ ਲੈ ਅੰਗੜਾਈਆ । ਆਪਣੀ ਨਿਗਾਹ ਲਵਾਂ ਮਾਰ, ਬਿਨ ਨੈਣਾਂ ਨੈਣ ਉਠਾਈਆ । ਆਪਣਾ ਵੇਖਣਾ ਮਹੱਲ ਮੁਨਾਰ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਇਕੋ ਨੂਰ ਜੋਤ ਉਜਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਸੰਦੇਸਾ ਦੇਵੇ ਹਰਿ ਕਰਤਾਰ, ਕਰਤਾ ਪੁਰਖ ਧੁਰਦਰਗਾਹੀਆ । ਸ਼ਬਦ ਦੁਲਾਰੇ ਹੋਣਾ ਹੁਸ਼ਿਆਰ, ਭੇਵ ਅਭੇਦ ਖੁਲਾਈਆ । ਤੂੰ ਵਿਸ਼ਨ ਬ੍ਰਹਮਾ ਸ਼ਿਵ ਆਪਣੀ ਧਾਰੋਂ ਲੈ ਉਤਾਰ, ਅਵਤਰ ਆਪਣੀ ਧਾਰ ਸਮਝਾਈਆ । ਇਹ ਖੇਲ ਮੇਰਾ ਅਪਰ ਅਪਾਰ, ਅਪਰੰਪਰ ਹੋ ਕੇ ਦਿਆਂ ਦ੍ਰਿੜਾਈਆ । ਤੂੰ ਸੰਦੇਸ਼ਾ ਸੁਣਨਾ ਆਪਣੀ ਵਾਰ, ਵਾਰਸ ਹੋ ਕੇ ਦਿਆਂ ਸੁਣਾਈਆ । ਤ੍ਰੈਗੁਣ ਮਾਇਆ ਤੇਰੇ ਨਾਲ ਅਧਾਰ, ਸੋਹਣੀ ਵੰਡ ਵੰਡਾਈਆ । ਪੰਜ ਤਤ ਤੇਰੀ ਝੋਲੀ ਦੇਵਾਂ ਡਾਰ, ਅਨਮੁੱਲੀ ਵਸਤ ਤੇਰੇ ਹੱਥ ਫੜਾਈਆ । ਤੂੰ ਲੱਖ ਚੁਰਾਸੀ ਕਰਨੀ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਦੇਣੇ ਲਗਾਈਆ । ਫਿਰ ਹੁਕਮ ਸੁਣਾਉਣਾ ਜਿਸ ਦੀ ਪਾਵੇ ਕੋਇ ਨਾ ਸਾਰ, ਵਿਸ਼ਵ ਦੀ ਆਪਣੀ ਕਾਰ ਕਮਾਈਆ । ਬ੍ਰਹਮਾ ਵੇਤਾ ਕਰ ਕੇ ਖ਼ਬਰਦਾਰ, ਭੇਵ ਅਭੇਦਾ ਦੇਣਾ ਦ੍ਰਿੜਾਈਆ । ਸ਼ੰਕਰ ਸੰਦੇਸ਼ਾ ਦੇਣਾ ਨਾ ਕਰਨੀ ਕੋਈ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਪੁਰਖ ਅਕਾਲ ਕਹੇ ਸ਼ਬਦ ਦੁਲਾਰੇ ਹੁਕਮ ਸੁਣਾਉਣਾ ਏ । ਆਦਿ ਆਦਿ ਭੇਵ ਖੁਲਾਉਣਾ ਏ । ਬ੍ਰਹਮ ਬ੍ਰਹਿਮਾਦ ਪਰਦਾ ਲਾਹੁਣਾ ਏ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਧਾਰ ਪ੍ਰਗਟਾਉਣਾ ਏ । ਰਜੋ ਤਮੋ ਸਤੋ ਤੇਰਾ ਰੰਗ ਰੰਗਾਉਣਾ ਏ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰਾ ਵੰਡ ਵੰਡਾਉਣਾ ਏ । ਤਨ ਵਜੂਦ ਸੋਭਾ ਪਾਉਣਾ ਏ । ਬੂੰਦ ਰਕਤ ਸੰਗ ਮਿਲਾਉਣਾ ਏ । ਪ੍ਰਕਿਰਤੀਆਂ ਆਪਣਾ ਖੇਲ ਖਿਲਾਉਣਾ ਏ । ਪੰਜ ਪੰਝੀ ਜੋੜ ਜੁੜਾਉਣਾ ਏ । ਨਵ ਦਸ ਦੀ ਵੰਡ ਵੰਡਾਉਣਾ ਏ । ਪ੍ਰੇਮ ਪਿਆਰ ਦੀ ਧਾਰ ਸਮਝਾਉਣਾ ਏ । ਨੂਰ ਨੁਰਾਨਾ ਜੋਤ ਚਮਕਾਉਣਾ ਏ । ਜੋਤੀ ਜਾਤਾ ਇਕ ਅਖਵਾਉਣਾ ਏ । ਤੇਰਾ ਮਸਤਕ ਚਰਨਾਂ ਉਤੇ ਟਿਕਾਉਣਾ ਏ । ਬਿਨ ਚਰਨ ਤੋਂ ਚਰਨ ਰਗੜ ਕੇ, ਧੂੜੀ ਧੂੜ ਉਪਜਾਉਣਾ ਏ । ਧੂੜੀ ਖ਼ਾਕ ਬਿਨਾ ਖ਼ਾਕ ਤੋਂ ਸਮਝ ਕੇ, ਧਰਨੀ ਧਰਤ ਧਵਲ ਵਖਾਉਣਾ ਏ । ਮੇਰੀ ਸੁਣ ਅਗੰਮੀ ਰਮਜ, ਹਿੱਸੇ ਵੰਡ ਤੇਰੀ ਝੋਲੀ ਪਾਉਣਾ ਏ । ਲੇਖਾ ਜਾਨਣਾ ਜੇਰਜ ਅੰਡਜ, ਉਤਭੁਜ ਸੇਤਜ ਖੇਲ ਖਿਲਾਉਣਾ ਏ । ਲੱਖ ਚੁਰਾਸੀ ਦੇ ਅਨੰਦ, ਅਨੰਦ ਤੇਰੇ ਨਾਲ ਸਮਝਾਉਣਾ ਏ । ਤੂੰ ਹੋਰ ਕੀ ਮੰਗਣੀ ਮੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਉਣਾ ਏ । ਸਚ ਕਰਨੀ ਕਾਰ ਕਮਾਵਾਂਗਾ । ਸਤਿਗੁਰ ਸ਼ਬਦ ਤੈਨੂੰ ਵਡਿਆਵਾਂਗਾ । ਦੂਲ੍ਹਾ ਦੋ ਜਹਾਨ ਬਣਾਵਾਂਗਾ । ਪੁਰੀਆਂ ਲੋਆਂ ਰਚਨ ਰਚਾਵਾਂਗਾ । ਬ੍ਰਹਿਮੰਡਾਂ ਖੰਡਾਂ ਵੰਡ ਵੰਡਾਵਾਂਗਾ ।

੧੩੬੩
੨੩

ਗਗਨ ਪਾਤਾਲਾਂ ਸੋਭਾ ਪਾਵਾਂਗਾ । ਸੂਰੀਆ ਚੰਦ ਨੂਰ ਰੁਸ਼ਨਾਵਾਂਗਾ । ਜੋਤੀ ਜਾਤਾ ਡਗਮਗਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸਮਝਾਵਾਂਗਾ । ਸੰਸਾਰੀ
ਭੰਡਾਰੀ ਸੰਘਾਰੀ ਤੇਰੇ ਕੋਲੋਂ ਨਾਉਂ ਧਰਾਵਾਂਗਾ । ਤੂੰ ਬਣਨਾ ਵਣਜ ਵਪਾਰੀ, ਸੌਦਾ ਤੇਰੇ ਹੱਟ ਵਿਕਾਵਾਂਗਾ । ਤੂੰ ਲੱਖ ਚੁਰਾਸੀ ਕਰ ਤਿਆਰੀ, ਤ੍ਰੈਗੁਣ
ਤੇਰਾ ਸੰਗ ਬਣਾਵਾਂਗਾ । ਪੰਜਾਂ ਤਤਾਂ ਖੇਲ ਨਿਆਰੀ, ਨਿਰਗੁਣ ਹੋ ਕੇ ਆਪ ਖਿਲਾਵਾਂਗਾ । ਸ਼ਬਦ ਨਾਦ ਦੇ ਧੁਨਕਾਰੀ, ਘਰ ਘਰ ਆਪਣਾ
ਨਾਦ ਵਜਾਵਾਂਗਾ । ਆਤਮ ਜੋਤ ਕਰ ਉਜਿਆਰੀ, ਬ੍ਰਹਮ ਰੂਪ ਆਪ ਦਰਸਾਵਾਂਗਾ । ਧੁਰ ਦਾ ਹੁਕਮ ਸੰਦੇਸਾ ਦੇਵਾਂ ਆਪਣੀ ਧਾਰੀ, ਧਰਮ
ਦੀ ਧਾਰ ਆਪ ਬਣਾਵਾਂਗਾ । ਸਤਿਗੁਰ ਸ਼ਬਦ ਤੂੰ ਬਣਨਾ ਵਪਾਰੀ, ਵਸਤ ਤੇਰੇ ਹੱਟ ਵਿਕਾਵਾਂਗਾ । ਖੇਲ ਖੇਲਣੀ ਵਿਚ ਸੰਸਾਰੀ, ਸਹਿੰਸਾ ਭਰਮ
ਨਾ ਕੋਇ ਰਖਾਵਾਂਗਾ । ਜੁਗ ਚੌਕੜੀ ਤੇਰੀ ਬਹਾਰੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੰਡ ਵੰਡਾਵਾਂਗਾ । ਤੇਰੇ ਨਾਮ ਦੀ ਚੜ੍ਹੀ ਰਹੇ ਖ਼ੁਮਾਰੀ,
ਜਗਤ ਜਹਾਨ ਖੇਲ ਖਲਾਵਾਂਗਾ । ਆਪ ਬਣ ਕੇ ਧੁਰ ਅਵਤਾਰੀ, ਜੋਤੀ ਜਾਤਾ ਡਗਮਗਾਵਾਂਗਾ । ਸਾਚੇ ਨਾਮ ਦਾ ਬਣ ਲਿਖਾਰੀ, ਅੱਖਰ ਆਪਣੇ
ਵਿਚੋਂ ਪ੍ਰਗਟਾਵਾਂਗਾ । ਬ੍ਰਹਮੇ ਬ੍ਰਹਮ ਦੇ ਸੁਧਾਰੀ, ਸਾਚੀ ਸਾਧਨਾ ਆਪ ਸਮਝਾਵਾਂਗਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਕਰਾਂ ਖੇਲ ਅਪਾਰੀ,
ਨੂਰ ਨੁਰਾਨਾ ਡਗਮਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਵਾਂਗਾ ।
ਪੁਰਖ ਅਕਾਲ ਕਹੇ ਮੇਰੇ ਸਤਿਗੁਰ ਸ਼ਬਦ ਜੁਗ ਚੌਕੜੀ ਜਾਣੇ ਬੀਤ, ਨਵ ਨਵ ਚਾਰ ਪੰਧ ਮੁਕਾਈਆ । ਮੈਂ ਆਪਣੀ ਦੱਸਦਾ ਰਹਵਾਂ ਰੀਤ, ਭੇਵ
ਅਭੇਦੇ ਵਿਚੋਂ ਸਮਝਾਈਆ । ਮੈਂ ਖੇਲ ਖਿਲਾਉਣਾ ਤੇਰੇ ਕੋਲੋਂ ਮੰਦਰ ਮਸੀਤ, ਚਰਚਾਂ ਕਾਅਬਿਆਂ ਮਿਲੇ ਵਡਿਆਈਆ । ਗੁਰੂਦਵਾਰਿਆਂ ਬਖ਼ਸ਼
ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਲੱਖ ਚੁਰਾਸੀ ਪਰਖਾਂ ਨੀਤ, ਤੇਰਾ ਲੇਖਾ ਤੇਰੇ ਵਿਚੋਂ ਦ੍ਰਿੜਾਈਆ । ਤੂੰ ਵੇਖਣੀ ਲਾ ਕੇ ਨੀਝ, ਬਿਨ
ਨੈਣਾਂ ਨੈਣ ਤਕਾਈਆ । ਤੂੰ ਸੁਣਨਾ ਸੁਣਾਉਣਾ ਮੇਰਾ ਗੀਤ, ਢੋਲਾ ਧੁਰਦਰਗਾਹੀਆ । ਮੈਂ ਰਹਿਣਾ ਸਦਾ ਅਤੀਤ, ਤ੍ਰੈਭਵਨ ਧਨੀ ਇਕ ਅਖਵਾਈਆ ।
ਸ਼ਬਦ ਸਤਿਗੁਰ ਤੈਨੂੰ ਵਸਣਾ ਪੈਣਾ ਤਨ ਵਜੂਦਾਂ ਬੀਚ, ਤਤਾਂ ਅੰਦਰ ਡੇਰਾ ਲਾਈਆ । ਤੇਰਾ ਖੇਲ ਹੋਣਾ ਹਸਤ ਕੀਟ, ਊਚ ਨੀਚਾਂ ਵੇਖ ਵਖਾਈਆ ।
ਮੈਂ ਵਾਦ ਵਿਵਾਦ ਮਾਧਵ ਮਾਧ ਮੋਹਨ ਰਹਿਣਾ ਬੀਠਲਾ ਬੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪਰਦਾ ਓਹਲਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸੂਰੇ ਸਰਬੰਗ, ਪਿਤਾ ਪੁਰਖ
ਅਕਾਲ ਤੇਰੀ ਸ਼ਰਨਾਈਆ । ਮੈਂ ਤੇਰਾ ਮਾਣਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੇਰਾ ਗਾਵਾਂ ਧੁਰ ਦਾ ਛੰਦ, ਸੋਹਲਾ ਅਗੰਮ
ਅਥਾਹੀਆ । ਸਚ ਦੱਸ ਜਿਸ ਵੇਲੇ ਜੁਗ ਚੌਕੜੀ ਗਏ ਲੰਘ, ਆਪਣਾ ਪੰਧ ਮੁਕਾਈਆ । ਤੂੰ ਕਿਹੜੀ ਸੇਜਾ ਸੌਣਾ ਪਲੰਘ, ਸੁਖ ਆਸਣ ਕਵਣ
ਵਖਾਈਆ । ਕਿਹੜਾ ਰੂਪ ਹੋਵੇ ਤੇਰਾ ਰੰਗ, ਚਕਰ ਚੇਹਨ ਦੇਣਾ ਸਮਝਾਈਆ । ਮੇਰੇ ਦੀਨ ਦਿਆਲ ਸਦਾ ਬਖ਼ਸ਼ੰਦ, ਮੇਰੀ ਝੋਲੀ ਦੇਣੀ ਭਰਾਈਆ ।
ਮੈਂ ਇਹੋ ਮੰਗਾਂ ਮੰਗ, ਦਰ ਠਾਂਡੇ ਅਲਖ ਜਗਾਈਆ । ਮੇਰੀ ਭਰਮਾਂ ਢਾਉਣੀ ਕੰਧ, ਭਰਾਂਤ ਰਹੇ ਨਾ ਰਾਈਆ । ਮੈਂ ਤੇਰਾ ਨੂਰ ਨੁਰਾਨਾ ਚੰਦ,
ਲਾਡਲਾ ਇਕ ਅਖਵਾਈਆ । ਤੂੰ ਸਦਾ ਰਹਿਣਾ ਮੇਰੇ ਸੰਗ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਕਹੇ ਮੈਂ ਦਇਆ ਕਮਾਵਾਂਗਾ । ਜੋਤੀ ਜਾਤਾ ਹੋ ਕੇ ਵੇਖ ਵਖਾਵਾਂਗਾ ।

ਨੌ ਸੌ ਚੁਰਾਨਮੇਂ ਚੌਕੜੀ ਤੇਰਾ ਪੰਧ ਮੁਕਾਵਾਂਗਾ । ਅਵਤਾਰ ਪੈਗ਼ੰਬਰ ਗੁਰੂ ਮਾਤਲੋਕ ਵਡਿਆਵਾਂਗਾ । ਆਦਿ ਦਾ ਖੇਲ ਕਰ ਕੇ ਸ਼ੁਰੂ, ਸ਼ਰਅ ਜਗਤ ਜਹਾਨ ਵਖਾਵਾਂਗਾ । ਤੈਨੂੰ ਸ਼ਬਦ ਬਣਾ ਕੇ ਗੁਰੂ, ਸਤਿਗੁਰ ਨਾਮ ਵਡਿਆਵਾਂਗਾ । ਮੇਰਾ ਮਾਰਗ ਵੱਖਰਾ ਵੱਖਰਾ ਤੁਰੂ, ਤੁਰਤ ਆਪਣਾ ਭੇਸ ਬਦਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਵਾਂਗਾ । ਸਦ ਆਪਣਾ ਖੇਲ ਖਿਲਾਵਾਂਗਾ । ਤੇਈ ਅਵਤਾਰ ਰੂਪ ਦਰਸਾਵਾਂਗਾ । ਹਜ਼ਰਤ ਈਸਾ ਮੂਸਾ ਮੁਹੰਮਦ ਨੂਰ ਜੋਤ ਰੁਸ਼ਨਾਵਾਂਗਾ । ਨਾਨਕ ਗੋਬਿੰਦ ਡੰਕ ਵਜਾਵਾਂਗਾ । ਸੂਫ਼ੀ ਸੰਤ ਫ਼ਕੀਰ, ਜਨ ਭਗਤ ਆਪ ਵਡਿਆਵਾਂਗਾ । ਲੇਖਾ ਜਾਣ ਸ਼ਾਹ ਹਕੀਰ, ਲੱਖ ਚੁਰਾਸੀ ਵਿਚ ਸਮਾਵਾਂਗਾ । ਸਤਿਜੁਗ ਤਰੇਤਾ ਦੁਆਪਰ ਬਦਲ ਕੇ ਤਕਦੀਰ, ਤਦਬੀਰ ਆਪਣੇ ਹੱਥ ਰਖਾਵਾਂਗਾ । ਮੇਰੇ ਸ਼ਬਦ ਦੁਲਾਰੇ ਦੂਲ੍ਹੇ ਕਲਜੁਗ ਅੰਤਮ ਆਵਾਂ ਘੱਤ ਵਹੀਰ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਵਾਂਗਾ । ਦੋ ਜਹਾਨਾਂ ਪੈਂਡਾ ਚੀਰ, ਬਿਨਾ ਕਦਮ ਤੋਂ ਕਦਮ ਟਿਕਾਵਾਂਗਾ । ਕਵਣ ਵੇਲਾ ਅੰਤ ਕਰ ਅਖ਼ੀਰ, ਆਖ਼ਰ ਆਪਣਾ ਨੂਰ ਰੁਸ਼ਨਾਵਾਂਗਾ । ਸਤਿ ਧਰਮ ਦੀ ਫੜ ਸ਼ਮਸ਼ੀਰ, ਕੂੜੀ ਕਿਰਿਆ ਮੇਟ ਮਿਟਾਵਾਂਗਾ । ਕੋਈ ਰਹਿਣ ਨਾ ਦੇਵਾਂ ਦਿਲਗੀਰ, ਦਿਲਬਰ ਹੋ ਕੇ ਮੇਲ ਮਿਲਾਵਾਂਗਾ । ਜੁਗ ਚੌਕੜੀ ਸ਼ਰਅ ਦੇ ਕਟ ਜ਼ੰਜੀਰ, ਲਾਸ਼ਰੀਕ ਇਕ ਅਖਵਾਵਾਂਗਾ । ਝਗੜਾ ਮੇਟ ਕੇ ਪੰਜ ਤਤ ਸ਼ਰੀਰ, ਆਤਮ ਬ੍ਰਹਮ ਇਕ ਦ੍ਰਿੜ੍ਹਾਵਾਂਗਾ । ਪਿਛਲੇ ਕਰਮ ਕਾਂਡ ਤੇ ਫੇਰ ਕੇ ਲਕੀਰ, ਲੇਖੇ ਕੂੜ ਮੇਟ ਮਿਟਾਵਾਂਗਾ । ਜਿਸ ਗੋਬਿੰਦ ਇਕੱਠੇ ਕੀਤੇ ਛੀਂਬੇ ਝੀਰ, ਪਾਣੀ ਉਹਨਾਂ ਦਾ ਆਪ ਭਰਾਵਾਂਗਾ । ਜੋ ਆਸ਼ਾ ਰਖ ਕੇ ਜਾਏ ਕਬੀਰ, ਤਿਸ ਦੀ ਮਨਸਾ ਵੇਖ ਵਖਾਵਾਂਗਾ । ਜੋ ਸੰਦੇਸ਼ਾ ਦੇਵੇ ਰਵੀਦਾਸ ਵਾਲਾ ਕਸੀਰ, ਕਸੀਰਾ ਆਪਣੇ ਰੰਗ ਰੰਗਾਵਾਂਗਾ । ਜੋ ਬਿਜਵਾੜਾ ਰਖ ਕੇ ਗਿਆ ਧੀਰ, ਧੀਰਜ ਧੀਰ ਬਾਲਮੀਕ ਸਮਝਾਵਾਂਗਾ । ਖੇਲ ਕਰਾਂ ਬਿਨਾ ਸ਼ਰੀਰ, ਜੋਤੀ ਜਾਤਾ ਡਗਮਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਵਾਂਗਾ । ਸਤਿਗੁਰ ਸ਼ਬਦ ਕਹੇ ਮੈਂ ਕਰਾਂ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਮੇਰੇ ਮਹਿਬੂਬਾ ਤੇਰਾ ਕਰਾਂ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਜਿਸ ਵੇਲੇ ਬੀਤੇ ਜੁਗ ਚੌਕੜੀ ਵਿਚ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਨਾਲ ਰਲਾਵਾਂ ਪੈਗ਼ੰਬਰ ਗੁਰੂ ਅਵਤਾਰ, ਸਵਾਧਾਨ ਦੇਵਾਂ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕੇ ਖ਼ਬਰਦਾਰ, ਹਲੂਣੇ ਦਿਆਂ ਥਾਉਂ ਥਾਈਆ । ਦੇਵਤ ਸੁਰ ਨੇਤਰ ਨੈਣ ਲਓ ਉਘਾੜ, ਆਲਸ ਨਿੰਦਰਾ ਰਹੇ ਨਾ ਰਾਈਆ । ਮੈਂ ਵੇਖਾਂ ਜੰਗਲ ਜੂਹ ਪਹਾੜ, ਟਿੱਲੇ ਪਰਬਤ ਖੋਜ ਖੁਜਾਈਆ । ਸਮੁੰਦ ਸਾਗਰਾਂ ਤੱਕਾਂ ਧਾਰ, ਡੂੰਘੇ ਵਹਿਣ ਅੱਖ ਉਠਾਈਆ । ਨਾਲੇ ਲੇਖੇ ਵੇਖਾਂ ਕੀ ਹੁਕਮ ਮਿਲੇ ਜੁਗ ਚਾਰ, ਧੁਰ ਫ਼ੁਰਮਾਨਿਆਂ ਵਿਚ ਸਮਾਈਆ । ਕਿਸੇ ਨੇ ਕਿਹਾ ਆਵੇ ਕਲਕੀ ਅਵਤਾਰ, ਨਿਹਕਲੰਕਾ ਰੂਪ ਬਦਲਾਈਆ । ਕਿਸੇ ਅਮਾਮ ਅਮਾਮਾ ਮੰਗੀ ਧਾਰ, ਨੂਰ ਨੁਰਾਨਾ ਡਗਮਗਾਈਆ । ਮੈਂ ਵੇਖਾਂ ਨੈਣ ਉਠਾਲ, ਚਾਰੋਂ ਕੁੰਟ ਰਾਹ ਤਕਾਈਆ । ਕਵਣ ਵੇਲਾ ਮੇਰਾ ਆਵੇ ਮਦਨ ਮੋਹਨ ਗੋਪਾਲ, ਹਰਿ ਕਰਤਾ ਧੁਰਦਰਗਾਹੀਆ । ਜੋ ਲੇਖਾ ਜਾਣੇ ਸ਼ਾਹ ਕੰਗਾਲ, ਲੱਖ ਚੁਰਾਸੀ ਖੋਜ ਖੁਜਾਈਆ । ਉਹ ਸੰਬਲ ਵਿਚ ਆਪਣਾ ਆਪ ਰਖੇ ਸੰਭਾਲ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੇ ਹੁਕਮ ਵਿਚ ਕਾਲ ਮਹਾਕਾਲ, ਬੈਠਣ ਸੀਸ ਨਿਵਾਈਆ । ਰਾਏ ਧਰਮ ਲੇਖੇ ਦਏ ਵਖਾਲ, ਚਿਤ੍ਰਗੁਪਤ ਹਿਸਾਬ ਜਣਾਈਆ । ਲਾੜੀ ਮੌਤ ਨੈਣਾਂ ਨੀਰ ਲਏ ਉਛਾਲ, ਛਹਿਬਰ ਇਕ ਲਗਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਖ਼ੁਸ਼ੀਆਂ ਢੋਲੇ ਗਾਵਾਂਗਾ । ਬਿਨ ਰਸਨਾ ਜਿਹਵਾ ਪੁਰਖ ਅਕਾਲੇ ਤੇਰੇ ਸੋਹਲੇ ਦੋ ਜਹਾਨ ਸੁਣਾਵਾਂਗਾ । ਤੂੰ ਵਸੀਂ ਮੇਰੇ ਕੋਲ, ਕੁਲ ਮਾਲਕ ਤੇਰੀ ਮਹਿੰਮਾ ਸਿਫ਼ਤ ਵਡਿਆਵਾਂਗਾ । ਤੂੰ ਆਉਣਾ ਉਪਰ ਧੌਲ, ਧਵਲ ਧੌਲ ਤੇਰੇ ਰੰਗ ਵਿਚ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਵਾਂਗਾ । ਸਤਿਗੁਰ ਸ਼ਬਦ ਕਹੇ ਪ੍ਰਭੂ ਮੇਰੀ ਪੂਰੀ ਕਰਨੀ ਸਧਰ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਪੁਰਖ ਅਕਾਲ ਮੇਰੇ ਦੂਲ੍ਹੇ ਦੁਲਾਰੇ ਮੈਂ ਆਵਾਂ ਤੇਰੇ ਮਗਰ, ਬਿਨ ਕਦਮਾਂ ਕਦਮ ਉਠਾਈਆ । ਤੇਰੀ ਰੁੱਤ ਸੁਹਾਵਾਂ ਸੰਮਤ ਸ਼ਹਿਨਸ਼ਾਹੀ ਨੌਂ ਤੇ ਪਹਿਲੀ ਮੱਘਰ, ਪਿਛਲਾ ਪੰਧ ਮੁਕਾਈਆ । ਫਿਰ ਵੇਖ ਲੈਣਾ ਚਾਰੋਂ ਕੁੰਟ ਪੈਣਾ ਗਦਰ, ਗਦਾਗਰ ਹੋਵੇ ਲੋਕਾਈਆ । ਚਾਰੋਂ ਕੁੰਟ ਕਰੇ ਕੋਇ ਨਾ ਅਦਲ, ਇਨਸਾਫ਼ ਸਚ ਨਾ ਕੋਇ ਵਖਾਈਆ । ਦੀਨਾਂ ਮਜ਼੍ਹਬਾਂ ਰੂਪ ਬਣਨਾ ਮਕਤੂਲ ਕਾਤਲ, ਕਤਲਗਾਹ ਦਿਸੇ ਖ਼ਲਕ ਖ਼ੁਦਾਈਆ । ਲਹਿਣਾ ਦਿਤਾ ਪਿਛਲਾ ਜਾਣ ਲੈ ਵਿਤਲ ਸਿਤਲ, ਅਤਲ ਕੀ ਸਮਝਾਈਆ । ਭੂੰ ਲੋਕ ਕਹਿਣਾ ਵਤਨ, ਦੂਹ ਲੋਕ ਦੇਣਾ ਦ੍ਰਿੜਾਈਆ । ਕਿਸੇ ਸਮਝ ਨਾ ਆਵੇ ਆਪਣਾ ਪਤਣ, ਨਈਆ ਨੌਕਾ ਜਗਤ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਕੀ ਹੁਕਮ ਮੇਰਾ ਵਰਤੇ ਪੁਰਖ ਅਕਾਲੇ, ਅਕਲ ਕਲਧਾਰੀ ਦੇ ਜਣਾਈਆ । ਮੈਂ ਸਦਾ ਸਦ ਤੇਰੀ ਘਾਲਣਾ ਰਿਹਾ ਘਾਲੇ, ਜੁਗ ਜੁਗ ਸੇਵ ਕਮਾਈਆ । ਅਵਤਾਰ ਪੈਗ਼ੰਬਰ ਗੁਰੂ ਲੋਕਮਾਤ ਪਾਲੇ, ਸਿਰ ਸਿਰ ਹੱਥ ਰਖਾਈਆ । ਨਾਮ ਕਲਮੇ ਦਿਤੇ ਸੁਖਾਲੇ, ਸ਼ਰਅ ਵੰਡ ਵੰਡਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਬਣਾਏ ਧਰਮਸਾਲੇ, ਸੋਹਣਾ ਰੰਗ ਰੰਗਾਈਆ । ਦਰੋਹੀ ਅੰਤ ਫਲ ਰਿਹਾ ਕਿਸੇ ਨਾ ਡਾਲੇ, ਪੱਤ ਟਹਿਣੀ ਰਹੇ ਕੁਮਲਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਅਵਤਾਰ ਪੈਗ਼ੰਬਰ ਗੁਰੂ ਨਾ ਕੋਇ ਸੰਭਾਲੇ, ਸੰਬਲ ਦੇ ਮਾਲਕ ਹੋਣਾ ਆਪ ਸਹਾਈਆ । ਓਹ ਵੇਖ ਲੈ ਦੀਨ ਦੁਨੀ ਹਾਲਤ ਹਾਲੇ, ਤੇਰਾ ਮਸਲਾ ਹੱਲ ਨਾ ਕੋਇ ਕਰਾਈਆ । ਬਹੁੜੀ ਜੀਵਾਂ ਜੰਤਾਂ ਸੁਰਤ ਨਾ ਕੋਇ ਸੰਭਾਲੇ, ਬੁਧ ਬਿਬੇਕ ਨਾ ਕੋਇ ਕਰਾਈਆ । ਬਜਰ ਕਪਾਟੀ ਟੁੱਟਣ ਨਾ ਤਾਲੇ, ਸ਼ਬਦ ਨਾਦ ਧੁਨ ਨਾ ਕੋਇ ਸ਼ਨਵਾਈਆ । ਜੋਤ ਹੋਏ ਨਾ ਕੋਇ ਉਜਿਆਲੇ, ਘਰ ਮੰਦਰ ਨਾ ਕੋਇ ਰੁਸ਼ਨਾਈਆ । ਭਾਗ ਲੱਗੇ ਨਾ ਕਾਇਆ ਮਾਟੀ ਖਾਲੇ, ਖ਼ਾਲਕ ਖ਼ਲਕਤ ਤੇਰੀ ਦਏ ਦੁਹਾਈਆ । ਤੂੰ ਆ ਜਾ ਦੀਨ ਦਿਆਲੇ, ਦੀਨਾਂ ਅਨਾਥਾਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰਾ ਇਕ ਅਨੰਦਾ, ਅਨੰਦ ਅਨੰਦ ਵਿਚੋਂ ਜਣਾਈਆ । ਪਿਛਲਾ ਵਕਤ ਪਿਛੇ ਲੰਘਾ, ਪੰਧ ਰਿਹਾ ਨਾ ਰਾਈਆ । ਅਗੇ ਮੰਗ ਅਗੰਮੀ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਉਂ ਦੀਨ ਦੁਨੀ ਵਧਿਆ ਪਖੰਡਾ, ਕੂੜੀ ਕਿਰਿਆ ਵਿਚ ਸ੍ਰਿਸ਼ਟੀ ਹੋਈ ਹਲਕਾਈਆ । ਕਿਉਂ ਫਿਰੀ ਦਰੋਹੀ ਵਿਚ ਵਰਭੰਡਾ, ਬ੍ਰਹਿਮੰਡ ਰਹੇ ਕੁਰਲਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਸੱਤ ਰੰਗ ਦਾ ਫੜ ਲੈ ਡੰਡਾ, ਡੰਡਾਵਤ ਸਭ ਦੀ ਦੇ ਬਦਲਾਈਆ । ਇਕ ਦੋ ਤਿੰਨ ਚਾਰ ਸਾਲ ਦਾ ਅਧਵਿਚਕਾਰੇ ਕੰਢਾ, ਤੋਲੇ ਤੋਲ ਤਰਾਜ਼ੂ ਆਪਣੇ ਹੱਥ ਰਖਾਈਆ । ਤੇਰੇ ਨਾਮ ਦਾ ਗੋਬਿੰਦ ਦੀ ਧਾਰ ਹੋਵੇ ਖੰਡਾ,

੧੩੬੫
੨੩

ਲੁਹਾਰ ਤਰਖਾਣ ਜਿਸ ਨੂੰ ਸਕੇ ਨਾ ਕੋਇ ਘੜਾਈਆ । ਜਿਸ ਨੂੰ ਡੰਡਾਵਤ ਪ੍ਰਨਾਮ ਕਰੇ ਅਸ਼ਟਭੁਜ ਪ੍ਰਚੰਡਾ, ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਾਹਵਾ ਤੇਰੇ ਨਾਮ ਦੀ ਵੱਜੇ ਵਧਾਈਆ । ਸਤਿਗੁਰ ਸ਼ਬਦ ਕਹੇ ਮੇਰੇ ਦਾਤੇ ਗੁਣੀ ਗਹਿੰਦਾ, ਗਹਿਰ ਗਵਰ ਤੇਰੀ ਸਰਨਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਮੇਰੀ ਮੇਟ ਦੇ ਚਿੰਦਾ, ਚਿੰਤਾ ਦੇਣੀ ਗਵਾਈਆ । ਮੈਨੂੰ ਇਉਂ ਦਿਸਦਾ ਦੀਨ ਦੁਨੀਆ ਤੇਰੀ ਕਰਦੀ ਨਿੰਦਾ, ਨਿੰਦਕ ਹੋਈ ਲੋਕਾਈਆ । ਕੋਟਾਂ ਵਿਚੋਂ ਤੇਰਾ ਭਗਤ ਪਿਆਰਾ ਤੇਰੀ ਬਿੰਦਾ, ਸੁਤ ਦੁਲਾਰਾ ਨਜ਼ਰੀ ਆਈਆ । ਜੋ ਸਭ ਤੋਂ ਉੱਤਮ ਸ੍ਰੇਸ਼ਟ ਲੱਖ ਚੁਰਾਸੀ ਨਾਲੋਂ ਛਿੰਦਾ, ਮੁਹੱਬਤ ਵਿਚ ਟਿਕਾਈਆ । ਓਹਦੇ ਭਾਗ ਲਗਾਉਣਾ ਜੀਓ ਪਿੰਡਾ, ਇੰਡ ਬ੍ਰਹਿਮੰਡ ਦੇਣੀ ਵਡਿਆਈਆ । ਜੇ ਤੇਰਾ ਪ੍ਰਕਾਸ਼ ਹੋਇਆ ਵਿਚ ਹਿੰਦਾ, ਭਾਰਤ ਨੂਰ ਕੀਤਾ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਖ਼ਾਲੀ ਝੋਲੀ ਦੇਣੀ ਭਰਾਈਆ । ਮੱਘਰ ਕਹੇ ਸਤਿਗੁਰ ਸ਼ਬਦ ਕੁਝ ਮੇਰੀਆਂ ਵੇਖ ਲੈ ਆਸ਼ਾ, ਆਸ਼ਾਵੰਦ ਹੋ ਕੇ ਦਿਆਂ ਜਣਾਈਆ । ਮੈਨੂੰ ਰਾਮ ਨੇ ਦਿਤਾ ਭਰਵਾਸਾ, ਬਨਬਾਸੀ ਹੋ ਕੇ ਗਿਆ ਸੁਣਾਈਆ । ਕ੍ਰਿਸ਼ਨ ਨੇ ਕੀਤਾ ਹਾਸਾ, ਸਖ਼ੀਆਂ ਸੰਗ ਵਡਿਆਈਆ । ਮੂਸੇ ਨੇ ਮੇਰੇ ਦਿਵਸ ਵਿਚ ਤੱਕੀਆਂ ਲਾਸ਼ਾਂ, ਲਸ਼ਕਰ ਹੋਣ ਤਬਾਹੀਆ । ਈਸਾ ਕਿਹਾ ਸਚ ਰਹਿਣਾ ਨਹੀਂ ਕਿਸੇ ਵਿਚ ਸਵਾਸਾ, ਸਾਹ ਸਾਹ ਨਾ ਕੋਇ ਸਮਾਈਆ । ਮੁਹੰਮਦ ਆਖਿਆ ਚਾਰ ਯਾਰੀ ਆਬੇ ਹਯਾਤ ਮਿਲੇ ਕਿਸੇ ਨਾ ਕਾਸਾ, ਜ਼ਿੰਦਗੀ ਵਿਚੋਂ ਜ਼ਿੰਦਗੀ ਨਾ ਕੋਇ ਬਦਲਾਈਆ । ਨਾਨਕ ਨਿਰਗੁਣ ਕਿਹਾ ਸਰਗੁਣ ਰਹੇ ਕੋਈ ਨਾ ਪਾਕਾ, ਪਤਤ ਪੁਨੀਤ ਨਾ ਕੋਇ ਬਣਾਈਆ । ਗੋਬਿੰਦ ਕਿਹਾ ਦੀਨ ਦੁਨੀ ਦਾ ਬਦਲ ਜਾਣਾ ਖ਼ਾਕਾ, ਖ਼ਾਲਸ ਰੂਪ ਨਾ ਕੋਇ ਦਰਸਾਈਆ । ਫਿਰ ਧਰਨੀ ਕਿਹਾ ਮੇਰਾ ਸਾਹਿਬ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਮੇਰੇ ਉਤੇ ਅੰਤਮ ਆਪਣੀ ਪਾਵੇ ਰਾਸਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਜੋ ਜੁਗ ਚੌਕੜੀ ਵੇਖਣਹਾਰਾ ਤਮਾਸ਼ਾ, ਤਮਾਸ਼ਬੀਨ ਇਕ ਅਖਵਾਈਆ । ਉਸ ਨੇ ਸ਼ੰਕਰ ਉਠਾਉਣਾ ਉਤੋਂ ਕੈਲਾਸ਼ਾ, ਹੁਕਮੇ ਨਾਲ ਜਗਾਈਆ । ਬ੍ਰਹਮੇ ਸੰਦੇਸ਼ਾ ਦੇਣਾ ਤੂੰ ਆਪਣੇ ਬ੍ਰਹਮ ਧਾਰ ਦੀ ਵੇਖ ਲੈ ਜਾਤਾ, ਬਿਨ ਨੈਣਾਂ ਨੈਣ ਉਠਾਈਆ । ਵਿਸ਼ਨੂੰ ਤੇਰਾ ਕਿਸ ਬਿਧ ਲੇਖਾ ਪੰਧ ਮੁਕੇ ਵਾਟਾ, ਭੇਵ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਤੇਰੀ ਸਰਨਾਈਆ । ਮੱਘਰ ਕਹੇ ਮੈਂ ਜੁਗ ਚੌਕੜੀ ਰਖੀਆਂ ਉਡੀਕਾਂ, ਬਿਨ ਨੈਣਾਂ ਧਿਆਨ ਲਗਾਈਆ । ਮੈਨੂੰ ਖ਼ੁਸ਼ੀ ਹੋਈ ਮੇਰੀਆਂ ਪੁਜ ਗਈਆਂ ਤਰੀਕਾਂ, ਜੋ ਤਵਾਰੀਖਾਂ ਦਏ ਬਦਲਾਈਆ । ਜਿਸ ਨੇ ਪਿਛਲੀ ਕਰਨੀ ਉਤੇ ਮਾਰਨੀਆਂ ਲੀਕਾਂ, ਲਾਈਨ ਐਨ ਅਗਲੀ ਦਏ ਵਖਾਈਆ । ਦੀਨਾਂ ਮਜ਼੍ਹਬਾਂ ਦਾ ਮੇਟਣਾ ਸ਼ਰੀਕਾ, ਸ਼ਿਰਕਤ ਅੰਦਰੋਂ ਦਏ ਕਢਾਈਆ । ਉਸ ਦੇ ਵਿਚ ਹਕ ਤੌਫ਼ੀਕਾ, ਮਵਾਜ਼ੇ ਅਜ਼ੂ ਨੂਰੇ ਚਸ਼ਤ ਅਰਸ਼ਾ ਖਵਿਸ਼ ਜ਼ਮਿਸਤਾ ਦਵੂ ਜੀਨਾ ਖੁਲ੍ਹ ਆਰਜ਼ੂ ਮੁਹੰਮਦੇ ਦੁਆ ਗੋਸ਼ੇ ਕੁਮਸਲਾ ਨੂਰੇ ਵਿਜ਼ਲਾ ਤਾਮੀਜ਼ਾ ਯੈਸੂਹ ਫਿਸਤੇ ਮਸੀਹ ਕੋਲਾ ਵਲਹਮ ਵਿਸਤਮ ਦਾਮਿਲ ਉਜ਼ੂ ਜਵੀਜ਼ੇ ਕਲਮਾ ਸੋਨੂੰ ਸਿਫ਼ਤੇ ਖ਼ੁਦਾ ਨੂਰੀ ਅੱਲਾ ਬੇਪ੍ਰਵਾਹ ਨਮੋ ਸਤਿ ਨਾਨਕੋ ਤਪ ਗੋਬਿੰਦੇ ਰੱਤ ਪੁਕਾਰੇ ਧਰਤ, ਧਰਨੀ ਧਵਲ ਧੌਲ ਧਿਆਨ ਲਗਾਈਆ । ਕਵਣ ਵੇਲਾ ਮੇਰੀ ਰਖੇ ਪਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਮੱਘਰ ਕਹੇ ਮੈਂ ਖ਼ਾਲੀ ਕਰਕੇ ਹੱਥ, ਬਿਨ ਹੱਥਾਂ ਹੱਥ ਵਖਾਈਆ । ਤੂੰ ਅਕਾਲ ਪੁਰਖ ਸਮਰਥ, ਤੇਰੀ ਓਟ ਤਕਾਈਆ । ਜਿਹੜਾ ਯਾਰੜੇ ਤੇਰੇ ਲੱਭਾ ਸਥ, ਸਥਰ ਯਾਰੜੇ ਵਾਲਾ ਹੰਢਾਈਆ ।

੧੩੯੯
੨੩

ਉਸ ਦੀ ਪੈਜ ਲੈ ਰਖ, ਰੱਖਿਆ ਕਰਨੀ ਥਾਉਂ ਥਾਈਆ । ਤੇਰੇ ਨਾਲੋਂ ਹੋਏ ਕਦੇ ਨਾ ਵੱਖ, ਸ਼ਬਦੀ ਰੂਪ ਗੋਬਿੰਦ ਤੇਰਾ ਮਾਹੀਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਸਮਰਥ, ਦੇਵਣਹਾਰ ਤੇਰੀ ਵਡਿਆਈਆ । ਉਹ ਵੇਖ ਲੈ ਜੁਗ ਚੌਕੜੀ ਗਏ ਨੱਠ, ਪਾਂਧੀ ਆਪਣਾ ਪੰਧ ਮੁਕਾਈਆ । ਕਲਜੁਗ ਅੰਤਮ ਆਪਣੀ ਗੇੜ ਦੇ ਲੱਠ, ਚਾਰੋਂ ਕੁੰਟ ਦੇ ਉਲਟਾਈਆ । ਕੂੜ ਕਿਰਿਆ ਹੰਕਾਰੀ ਬੁਰਜ ਜਾਏ ਢੱਠ, ਹਉਮੇ ਹੰਗਤਾ ਗੜ੍ਹ ਤੁੜਾਈਆ । ਝਗੜਾ ਰਹੇ ਨਾ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਦੇ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਤੂੰ ਪਰਮੇਸ਼ਵਰ ਸਵਾਮੀ ਪਤ, ਮਿਹਰਵਾਨ ਤੇਰੀ ਇਕ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਵਸਤ ਦੇਣੀ ਵਰਤਾਈਆ । ਧੁਰ ਦੀ ਵਸਤ ਦੇ ਅਪਰੰਪਰ ਸਵਾਮੀ, ਅਨਡਿੱਠੜੀ ਝੋਲੀ ਪਾਈਆ । ਤੂੰ ਆਦਿ ਜੁਗਾਦਿ ਅੰਤਰਜਾਮੀ, ਵੇਖਣਹਾਰਾ ਥਾਉਂ ਥਾਈਆ । ਤੇਰਾ ਨਾਮ ਨਿਧਾਨਾ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਆਪਣੀ ਵੇਖ ਲੈ ਚਾਰੇ ਖਾਣੀ, ਚਾਰੇ ਕੂਟਾਂ ਖੋਜ ਖੁਜਾਈਆ । ਆਤਮ ਪਰਮਾਤਮ ਮੇਲ ਮਿਲਿਆ ਕਿਸੇ ਨਾ ਹਾਣੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਪੀਏ ਕੋਇ ਨਾ ਪਾਣੀ, ਆਬੇ ਹਯਾਤ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਅਗੰਮ ਦੇਣੀ ਵਰਤਾਈਆ । ਮੱਘਰ ਕਹੇ ਸੁਣ ਸੱਤ ਰੰਗੇ ਮੇਰੇ ਸਾਥੀਆ, ਸੱਜਣਾ ਤੈਨੂੰ ਦਿਆਂ ਸੁਣਾਈਆ । ਤੂੰ ਜੁਗ ਜੁਗ ਮੰਨੀਆਂ ਪ੍ਰਭ ਦੀਆਂ ਆਖੀਆਂ, ਬਿਨਾ ਅੱਖਰਾਂ ਤੋਂ ਵਿਦਿਆ ਦਿਤੀ ਬਦਲਾਈਆ । ਤੇਰੇ ਹੁਕਮ ਨਾਲ ਗੁਰ ਅਵਤਾਰ ਪੈਗ਼ੰਬਰਾਂ ਗੁਣ ਨਿਧਾਨ ਦੀਆਂ ਗਾਈਆਂ ਸਾਖੀਆਂ, ਸਿਫ਼ਤ ਸਿਫ਼ਤਾਂ ਨਾਲ ਵਡਿਆਈਆ । ਤੂੰ ਦੀਨਾਂ ਮਜ਼੍ਹਬਾਂ ਕੀਤੀਆਂ ਰਾਖੀਆਂ, ਖੰਡੇ ਖੜਗਾਂ ਰੂਪ ਉਲਟਾਈਆ । ਬ੍ਰਹਿਮੰਡਾਂ ਖੰਡਾਂ ਕੀਤੀਆਂ ਹਾਸੀਆਂ, ਲੋਆਂ ਪੁਰੀਆਂ ਵੇਖ ਵਖਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼ੀਆਂ, ਆਕਾਸ਼ ਅਕਾਸ਼ਾਂ ਤੇਰੀ ਵੱਜਦੀ ਰਹੇ ਵਧਾਈਆ । ਤੂੰ ਤੱਕੀਆਂ ਗੋਪੀ ਕਾਹਨ ਦੀਆਂ ਰਾਸੀਆਂ, ਸੀਤਾ ਰਾਮ ਦੀ ਤੱਕੀ ਦੁਹਾਈਆ । ਤੂੰ ਨੂਰ ਵੇਖਿਆ ਪੁਰਖ ਅਬਿਨਾਸ਼ੀਆ, ਜੋ ਨੂਰ ਨੁਰਾਨਾ ਡਗਮਗਾਈਆ । ਅੰਤਮ ਨਿਗਾਹ ਮਾਰ ਲੈ ਕਲਜੁਗ ਹੋਈ ਅੰਧੇਰੀ ਰਾਤੀਆ, ਸਾਚਾ ਚੰਦ ਨਾ ਕੋਇ ਚਮਕਾਈਆ । ਸੋਹਣਿਆ ਤੇਰਾ ਦਿਸੇ ਨਾ ਕੋਇ ਜਮਾਤੀਆ, ਸੰਗੀ ਸੰਗ ਨਾ ਕੋਇ ਬਣਾਈਆ । ਤੇਰੀ ਮੰਜ਼ਲ ਚੜ੍ਹੇ ਕੋਇ ਨਾ ਘਾਟੀਆ, ਘਾਟੇ ਵਿਚ ਦਿਸੇ ਲੋਕਾਈਆ । ਸਭ ਦਾ ਬਸਤਰ ਤਨ ਵਜੂਦਾਂ ਵਾਲਾ ਪਾਟਿਆ, ਓਢਣ ਸੀਸ ਨਾ ਕੋਇ ਰਖਾਈਆ । ਕਲਜੁਗ ਖੇਲ ਖੇਲਿਆ ਬਾਜ਼ੀਗਰ ਨਾਟਿਆ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਧਰਨੀ ਉਤੇ ਧਰਮ ਦਾ ਰਿਹਾ ਕੋਇ ਨਾ ਹਾਟਿਆ, ਸਾਚਾ ਵਣਜ ਨਾ ਸਕੇ ਕੋਈ ਵਖਾਈਆ । ਮੇਰੇ ਕੋਲ ਉਹ ਪੁਰਾਣੀ ਪਾਤੀਆ, ਪਤ੍ਰਕਾ ਧੁਰਦਰਗਾਹੀਆ । ਜਿਹੜੀ ਬਿਨਾ ਅੱਖਰਾਂ ਤੋਂ ਗੋਬਿੰਦ ਨੇ ਮਾਛੂਵਾੜੇ ਵਾਚੀਆ, ਰਸਨਾ ਦਾ ਵਾਚਕ ਨਜ਼ਰ ਕੋਇ ਨਾ ਆਈਆ । ਤੇਰਾ ਮੇਰਾ ਮੇਲ ਹੋਣਾ ਬਿਨਾ ਕਾਇਆ ਗਾਗਰ ਕਾਚੀਆ, ਕੰਚਨ ਗੜ੍ਹ ਵਡਿਆਈਆ । ਤੇਰੇ ਮੇਰੇ ਮੰਦਰ ਮਨੂਆ ਕਦੇ ਨਾ ਨਾਚਿਆ, ਮਤ ਬੁਧ ਨਾ ਕੋਇ ਚਤੁਰਾਈਆ । ਨਾ ਕੋਈ ਰਸਨਾ ਵਾਲਾ ਜਾਪਿਆ, ਨਾ ਅੱਖਰਾਂ ਵਾਲੀ ਪੜ੍ਹਾਈਆ । ਨਾ ਕੋਈ ਰੋਗ ਸੋਗ ਤਾਪਿਆ, ਤ੍ਰੈਗੁਣ ਅਗਨ ਨਾ ਕੋਇ ਤਪਾਈਆ । ਜਦ ਵੇਖਾਂ ਤੇ ਆਪਾ ਆਪਿਆ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਇਕੋ ਮਾਈ ਤੇ ਇਕੋ

ਬਾਪਿਆ, ਇਕੋ ਤੇਰੀ ਗੋਦ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਤੇਰੇ ਹੁਕਮ ਵਿਚ ਖੇਲਾਂ ਖੇਲ ਤਮਾਸ਼ਿਆ, ਜੁਗ ਜੁਗ ਹੁਕਮ ਵਰਤਾਈਆ । ਤੂੰ ਅੰਤ ਕੰਤ ਭਗਵੰਤ ਮੇਰੀ ਪੂਰੀ ਕਰਨੀ ਆਸਿਆ, ਆਸ਼ਾ ਤੇਰੇ ਚਰਨ ਕਵਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਮੱਘਰ ਕਹੇ ਜਨ ਭਗਤੋ ਮੈਂ ਬਿਨ ਅੱਖਰਾਂ ਤੋਂ ਅੱਖਰ ਪੜ੍ਹਦਾ, ਬਿਨਾ ਹਰਫ਼ ਹਰੂਫ਼ ਜਣਾਈਆ । ਹੁਣ ਖੇਲ ਵੇਖਿਓ ਲਹਿੰਦਾ ਤੇ ਚੜ੍ਹਦਾ, ਦੋਹਾਂ ਸਿੰਮਤਾਂ ਭੇੜ ਭਿੜਾਈਆ । ਇਹ ਖੇਲ ਬਣਨਾ ਖ਼ੁਸ਼ੀ ਵਾਲੇ ਗੜ੍ਹ ਦਾ, ਗੜ੍ਹ ਹੰਕਾਰੀ ਸਾਰੇ ਵਿਚ ਫਸਾਈਆ । ਸਤਿਗੁਰ ਸ਼ਬਦ ਹੋ ਕੇ ਕਾਇਆ ਮੰਦਰ ਵਿਚ ਲੜਦਾ, ਮਨ ਮਤ ਬੁਧ ਦਏ ਹਿਲਾਈਆ । ਨਵੀਂ ਜੁਗ ਨਾਲੋਂ ਜਗਤ ਵਿਚ ਆਪਣੀ ਘਾੜਨ ਘੜਦਾ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਈਬਲ ਤੁਰੈਤ ਗ੍ਰੰਥ ਪੰਥ ਸਮਝ ਕੋਇ ਨਾ ਪਾਈਆ । ਆਪਣੀ ਕਰਨੀ ਦੂਜਿਆਂ ਦੇ ਸਿਰ ਮੜ੍ਹਦਾ, ਇਹ ਪ੍ਰਭੂ ਦੀ ਬੇਪ੍ਰਵਾਹੀਆ । ਜਿਥੋਂ ਚਾਹੇ ਜਗਤ ਜਹਾਨ ਜੀਵ ਫੜਦਾ, ਫੜ ਬਾਹੋਂ ਦਏ ਉਠਾਈਆ । ਉਸ ਦਾ ਖੇਲ ਜੋ ਮਾਲਕ ਨੌਂ ਖੰਡ ਪ੍ਰਿਥਮੀ ਆਪਣੇ ਘਰ ਦਾ, ਸੱਤ ਦੀਪ ਆਪਣਾ ਗ੍ਰਿਹ ਸਮਝਾਈਆ । ਜੋ ਜਲਾਂ ਸਾਗਰਾਂ ਵਿਚ ਉਛਲਦਾ, ਥਲ ਅਸਗਾਹਾਂ ਵੇਖ ਵਖਾਈਆ । ਕਿਸੇ ਨੂੰ ਪਤਾ ਨਹੀਂ ਕੀ ਖੇਲ ਹੋਣਾ ਘੜੀ ਪਲ ਦਾ, ਪਲਕਾਂ ਦੇ ਪਿਛੇ ਬੈਠਾ ਕੀ ਆਪਣਾ ਹੁਕਮ ਵਰਤਾਈਆ । ਜਰਾ ਨਜਾਰਾ ਤੱਕਿਓ ਚੀਨ ਵਾਲੇ ਦਲ ਦਾ, ਦਲਿਦ੍ਰੀਆਂ ਦਲਿਦ੍ਰ ਦਏ ਮੁਕਾਈਆ । ਰੂਸਾ ਇਸ਼ਾਰਾ ਕਰੇ ਆਪਣੇ ਬਲ ਦਾ, ਲੇਖਾ ਪਿਛਲਾ ਸਮਝ ਕਿਸੇ ਨਾ ਆਈਆ । ਇਹ ਹੁਕਮ ਅਮਰੀਕਾ ਉਤੋਂ ਮੂਲ ਨਾ ਟਲਦਾ, ਯੂਰਪ ਵਿਚ ਯੇਰੋਸ਼ਲਮ ਵਿਚ ਮੂਸਾ ਗਿਆ ਈਸਾ ਨਾਲ ਸਮਝਾਈਆ ।

੧੩੬੮ ੨੩

ਦਰੋਹੀ ਖ਼ੁਦਾ ਦੀ ਖ਼ੁਦਾ ਦੇ ਨਬੀ ਦੀ ਉਹ ਮਿਹਰਵਾਨ ਮਹਿਬੂਬ ਮਹਿਬਾਨ ਬੀਦੋ ਜਨਣੀ ਦੀ ਕੁੱਖੋਂ ਕਦੇ ਨਹੀਂ ਜੰਮਦਾ, ਉਹ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਨੂੰ ਅੱਨਾ ਹੂ ਅੱਲਾ ਹੂ ਕਹਿ ਕੇ ਸਾਰੇ ਖੇਲ ਵੇਖਣ ਪਾਰਬ੍ਰਹਮ ਬ੍ਰਹਮ ਦਾ, ਪਰਮਾਤਮ ਆਤਮ ਉਸੇ ਦਾ ਨੂਰ ਜਣਾਈਆ । ਉਹਦਾ ਨਿਸ਼ਾਨਾ ਇਕੋ ਹੋਣਾ ਧਰਮ ਦਾ, ਧਰਨੀ ਉਤੇ ਦਏ ਵਖਾਈਆ । ਝਗੜਾ ਮੇਟਣਾ ਵਰਨ ਬਰਨ ਦਾ, ਜ਼ਾਤ ਪਾਤੀ ਡੇਰਾ ਢਾਹੀਆ । ਜਿਸ ਇਸ਼ਾਰਾ ਦੇਣਾ ਇਕੋ ਸਰਨ ਦਾ, ਸਰਨਗਤ ਇਕ ਸਮਝਾਈਆ । ਮਾਰਗ ਦੇਣਾ ਮੰਜ਼ਲ ਚੜ੍ਹਨ ਦਾ, ਦਰਗਾਹ ਸਾਚੀ ਮੁਕਾਮੇ ਹਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸੱਤ ਰੰਗਾ ਕਹੇ ਮੇਰਾ ਸਾਹਿਬ ਬਹੁ ਬਹੁਰੰਗੀ, ਅਨਕ ਕਲ ਵਡੀ ਵਡਿਆਈਆ । ਅਗਲੇ ਸਾਲ ਉਠਾਵੇ ਫ਼ਰੰਗੀ, ਫ਼ਾਰਸ ਤੋਂ ਪਰੇ ਹੁਕਮ ਵਰਤਾਈਆ । ਚਿੱਟੇ ਅਸਵ ਕਸ ਕੇ ਤੰਗੀ, ਇਸ਼ਾਰਾ ਦਿਤਾ ਦ੍ਰਿੜਾਈਆ । ਜੋ ਹਰਿ ਗੋਬਿੰਦ ਨੇ ਖ਼ਾਹਿਸ਼ ਰਖ ਕੇ ਖ਼ੁਸ਼ੀਆਂ ਵਿਚ ਮੰਗ ਮੰਗੀ, ਪੁਰਖ ਅਕਾਲ ਅਕਾਲ ਦਿਤੀ ਜਣਾਈਆ । ਸਦੀ ਚੌਧਵੀਂ ਜਿਸ ਵੇਲੇ ਸਭ ਦੀ ਪਿਠ ਹੋਈ ਨੰਗੀ, ਹੱਥ ਪੁਸ਼ਤ ਨਾ ਕੋਇ ਰਖਾਈਆ । ਫਿਰੇ ਦਰੋਹੀ ਵਿਚ ਵਰਭੰਡੀ, ਚਾਰੋਂ ਕੁੰਟ ਦੀਨ ਦੁਨੀ ਹਲਕਾਈਆ । ਮੇਰੀ ਮੀਰੀ ਪੀਰੀ ਬਿਨ ਤੇਰੇ ਤੋਂ ਹੋਰ ਕਿਸੇ ਜਾਏ ਨਾ ਵੰਡੀ, ਮੀਰੀ ਪੀਰੀ ਦਾ ਮਾਲਕ ਇਕੋ ਪੁਰਖ ਅਕਾਲ ਅਖਵਾਈਆ । ਇਹ ਆਸ਼ਾ ਰਖੀ ਸੀ ਦੁਰਗਾ ਜਿਸ ਵੇਲੇ ਅਸ਼ਟਭੁਜ ਨੇ ਫੜੀ ਸੀ ਚੰਡੀ, ਸੁੰਭ ਨਿਸੁੰਭ ਦੈਤਾਂ ਦਿਤਾ ਘਾਈਆ । ਇਹ ਖੇਲ ਸੀਤਾ ਨੂੰ ਰਾਮ ਨੇ ਖ਼ੁਸ਼ੀਆਂ ਨਾਲ ਦੱਸੀ ਵੇਲੇ ਸੰਝੀ, ਪ੍ਰੇਮ ਵਿਚ ਦ੍ਰਿੜਾਈਆ । ਪਹਿਲੀ ਮੱਘਰ ਕ੍ਰਿਸ਼ਨ ਲੰਮਾ ਪੈ ਕੇ ਉਤੇ ਮੰਜੀ, ਬਿਸਤਰ ਮਾਟੀ ਖ਼ਾਕ ਉਤੇ ਰਖਾਈਆ । ਜਿਸ ਵੇਲੇ ਕਲਜੁਗ ਅੰਤ ਹੋ

ਗਿਆ ਡੰਬੀ, ਪਖੰਡੀ ਖ਼ਲਕ ਖ਼ੁਦਾਈਆ । ਓਸ ਵੇਲੇ ਸਤਿਗੁਰ ਸ਼ਬਦ ਆਵੇ ਧੁਰ ਦਾ ਜੰਗੀ, ਸ਼ਸਤਰ ਨਾਮ ਹੱਥ ਉਠਾਈਆ । ਨਿਸ਼ਾਨ ਮੇਟੇ ਤਾਰਾ ਚੰਦੀ, ਸਦੀ ਚੌਧਵੀਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲੇ ਉਹ ਕੀ ਸ਼ਬਦ ਦੀਆਂ ਮਾਰੇ ਹਾਕਾ, ਹੁਕਮ ਹੁਕਮ ਵਿਚੋਂ ਬਦਲਾਈਆ । ਮੈਂ ਆਦਿ ਅੰਤ ਦਾ ਤੇਰਾ ਕਾਕਾ, ਬਿਰਧ ਬਾਲ ਜਵਾਨ ਨਾ ਰੂਪ ਬਦਲਾਈਆ । ਆਪਣੇ ਸਚਖੰਡ ਦਾ ਖੋਲ ਕੇ ਤਾਕਾ, ਮੇਰਾ ਪਰਦਾ ਦਿਤਾ ਉਠਾਈਆ । ਮੈਂ ਤੈਨੂੰ ਆਦਿ ਜੁਗਾਦਿ ਜੁਗ ਚੌਕੜੀ ਇਕੋ ਮੰਨਿਆ ਆਕਾ, ਅਕਲ ਬੁੱਧੀ ਵਾਲਾ ਸਮਝ ਕੋਇ ਨਾ ਪਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਕਲਜੁਗ ਅੰਤ ਸਦੀ ਚੌਧਵੀਂ ਅਮਾਮ ਅਮਾਮੇ ਬਦਲ ਦੇ ਸਾਕਾ, ਸਾਕੀ ਤੇਰੇ ਹੱਥ ਵਡਿਆਈਆ । ਸੱਤਾਂ ਦੀਪਾਂ ਵਿਚ ਸੱਤਾਂ ਸਾਲਾਂ ਦਾ ਉਲੀਕ ਦੇ ਖ਼ਾਕਾ, ਬਿਨਾ ਲਾਈਨ ਤੋਂ ਲਾਈਨ ਲਗਾਈਆ । ਉਹ ਲੇਖਾ ਪੂਰਾ ਕਰ ਦੇ ਜੋ ਤੇਗ਼ ਬਹਾਦਰ ਇਸ਼ਾਰਾ ਦੇ ਕੇ ਗਿਆ ਵਿਚ ਢਾਕਾ, ਹੁਕਮ ਹੁਕਮ ਵਿਚੋਂ ਵਰਤਾਈਆ । ਜੋ ਸੰਦੇਸ਼ਾ ਨਾਨਕ ਦਜਲਾ ਉਤੇ ਆਖਾ, ਬਿਨ ਰਸਨਾ ਜਿਹਵਾ ਗਾਈਆ । ਜੋ ਗੋਬਿੰਦ ਸੰਦੇਸਾ ਦਿਤਾ ਪੁਰੀ ਅਨੰਦ ਵਾਲੀ ਅਖ਼ੀਰੀ ਰਾਤਾ, ਸ਼ਬਦੀ ਸ਼ਬਦ ਸ਼ਬਦ ਨਾਲ ਜਣਾਈਆ । ਨਾਲੇ ਗੁਜਰੀ ਨੂੰ ਕਿਹਾ ਤੂੰ ਮੇਰੀ ਤਤਾਂ ਵਾਲੀ ਮਾਤਾ, ਆਦਿ ਦੀ ਇਕੋ ਮੇਰੀ ਮਾਤਾ ਤੇ ਇਕੋ ਮੇਰਾ ਪਿਤਾ ਇਕ ਦੀ ਗੋਦ ਡੇਰਾ ਲਾਈਆ । ਜਿਸ ਕਲਜੁਗ ਅੰਤ ਮੇਰਾ ਪੂਰਾ ਕਰਨਾ ਖਾਤਾ, ਲਹਿਣੇ ਝੋਲੀ ਮੇਰੀ ਪਾਈਆ । ਝਗੜਾ ਮੇਟ ਕੇ ਜ਼ਾਤਾ ਪਾਤਾ, ਊਚਾਂ ਨੀਚਾਂ ਇਕੋ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥਾ, ਆਤਮ ਪਰਮਾਤਮ ਨਾਤਾ ਜੋੜੇ ਸਹਿਜ ਸੁਭਾਈਆ । ਉਸ ਦਾ ਸੰਬਲ ਹੋਣਾ ਵਾਸਾ, ਸਾਢੇ ਤਿੰਨ ਹੱਥ ਦਏ ਵਡਿਆਈਆ । ਜਿਸ ਨੂੰ ਸ਼ੰਕਰ ਝੁਕੇ ਉਤੋਂ ਕੈਲਾਸ਼ਾ, ਬ੍ਰਹਮਾ ਪੁਰੀ ਬ੍ਰਹਮ ਸੀਸ ਨਿਵਾਈਆ । ਵਿਸ਼ਨੂੰ ਹੋਵੇ ਦਾਸੀ ਦਾਸਾ, ਨਿਵ ਨਿਵ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਆਦਿ ਜੁਗਾਦੀ ਮਿਤ੍ਰ, ਸੱਜਣੂਆਂ ਦਿਆਂ ਜਣਾਈਆ । ਕਲ ਕੂੜੀ ਕਿਰਿਆ ਵੇਖ ਲੈ ਚੋਟੀ ਚੜ੍ਹ ਗਈ ਸ਼ਿਖ਼ਰ, ਆਪਣਾ ਪੰਧ ਮੁਕਾਈਆ । ਹੁਣ ਮੇਰਾ ਕਰ ਲੈ ਫ਼ਿਕਰ, ਫ਼ਿਕਰਾ ਇਕੋ ਦਿਆਂ ਸੁਣਾਈਆ । ਸਾਧੂ ਸੰਤ ਰਿਹਾ ਕੋਈ ਨਾ ਮਿਤ੍ਰ, ਮੀਤੜਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਭਰੀ ਨਾਲ ਚਿੱਕੜ, ਦੁਰਮਤ ਮੈਲ ਨਾ ਕੋਇ ਧਵਾਈਆ । ਤਨ ਵਜੂਦਾਂ ਹੋਈ ਭਿੱਟੜ, ਅੰਤਰ ਕਰੇ ਨਾ ਕੋਇ ਸਫ਼ਾਈਆ । ਆਪਣੇ ਸਾਹਿਬ ਨਾਲੋਂ ਆਤਮ ਧਾਰ ਹੋ ਕੇ ਗਈ ਵਿਛੜ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਮੈਂ ਦੁਹੱਥੜਾਂ ਨਾਲ ਲੱਗੀ ਪਿੱਟਣ, ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਕਲਜੁਗ ਕੂੜਾ ਨਾ ਦੇਵੇ ਟਿਕਣ, ਕੂੜੀ ਕਿਰਿਆ ਮਸਤਕ ਤਿਲਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਮੇਰਾ ਵੇਖ ਵਖਾਈਆ । ਮੇਰੇ ਵੇਖ ਲੈ ਨੌ ਦਰ, ਨਵ ਖੰਡ ਧਿਆਨ ਲਗਾਈਆ । ਚਾਰੋਂ ਕੁੰਟ ਆਵੇ ਡਰ, ਭੈ ਭਉ ਵਿਚ ਦੁਹਾਈਆ । ਸਾਚੀ ਕਰਨੀ ਰਿਹਾ ਕੋਈ ਨਾ ਕਰ, ਕਰਤੇ ਪੁਰਖ ਤੇਰੀ ਓਟ ਨਾ ਕੋਇ ਰਖਾਈਆ । ਦੀਨ ਦੁਨੀ ਰਹੀ ਲੜ, ਸ਼ਰਅ ਸ਼ਰਅ ਨਾਲ ਟਕਰਾਈਆ । ਤੇਰਾ ਮਜ਼੍ਹਬ ਬਣਿਆ ਹੰਕਾਰੀ ਗੜ੍ਹ, ਸ਼ਰਅ ਕਿਲਾ ਕੋਟ ਅਖਵਾਈਆ । ਸੂਫ਼ੀ ਸੰਤ ਫ਼ਕੀਰ ਭਗਤ ਜਨ ਮੰਜ਼ਲ ਸਕੇ ਕੋਈ ਨਾ ਚੜ੍ਹ, ਗੁਰਮੁਖ ਗੁਰਸਿਖ ਸਿਖਿਆ ਵਿਚ ਨਾ

੧੩੬੯
੨੩

ਕੋਇ ਸਮਾਈਆ । ਲੇਖਾ ਤੱਕ ਲੈ ਸੀਸ ਧੜ, ਤਨ ਵਜੂਦਾਂ ਫੋਲ ਫੁਲਾਈਆ । ਕੀ ਹੋਇਆ ਜੇ ਤੇਰੀ ਦੁਨੀਆ ਤੈਨੂੰ ਅੱਖਰਾਂ ਨਾਲ ਰਹੀ ਪੜ੍ਹ, ਹਿਰਦੇ ਸਕੇ ਨਾ ਕੋਇ ਵਸਾਈਆ । ਤ੍ਰੈਗੁਣ ਮਾਇਆ ਨਾਲ ਰਹੀ ਸੜ, ਅਗਨੀ ਤਤ ਨਾ ਕੋਇ ਬੁਝਾਈਆ । ਕਿਸੇ ਨੂੰ ਪਤਾ ਨਹੀਂ ਅਸਥੂਲ ਕਿ ਚੇਤਨ ਜੜ, ਪਰਦਾ ਸਕੇ ਨਾ ਕੋਇ ਉਠਾਈਆ । ਮੇਰੇ ਸਾਹਿਬ ਸੁਲਤਾਨਾ ਨੌਜਵਾਨਾ ਧਰਨੀ ਕਹੇ ਸਤਿਜੁਗ ਦਾ ਸਾਚਾ ਘਾੜਨ ਘੜ, ਕਲਜੁਗ ਦੀ ਕੂੜੀ ਕਿਰਿਆ ਦੇ ਮਿਟਾਈਆ । ਜਨ ਭਗਤ ਸੁਹੇਲੇ ਆਪਣੇ ਲਾ ਲੈ ਲੜ, ਅੰਗੀਕਾਰ ਆਪ ਅਖਵਾਈਆ । ਜੋ ਤੇਰਾ ਦਰਸ਼ਨ ਇਕ ਵਾਰ ਲਏ ਕਰ, ਕਰਤੇ ਪੁਰਖ ਦੇਣੀ ਵਡਿਆਈਆ । ਓਹ ਫੇਰ ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਵਿਚ ਕਦੇ ਨਾ ਆਈਆ । ਜੇ ਤੂੰ ਆਇਓਂ ਭਗਤ ਦਵਾਰੇ ਭਗਤਾਂ ਦੇ ਘਰ, ਜਨ ਭਗਤਾਂ ਆਪਣੇ ਘਰ ਸਚਖੰਡ ਦੇਣਾ ਪਹੁੰਚਾਈਆ । ਰਾਏ ਧਰਮ ਦਾ ਰਹੇ ਕੋਈ ਨਾ ਡਰ, ਚਿਤ੍ਰਗੁਪਤ ਦਾ ਲੇਖਾ ਦੇਣਾ ਮੁਕਾਈਆ । ਯਮਦੂਤ ਸਕੇ ਕੋਈ ਨਾ ਫੜ, ਲਾੜੀ ਮੌਤ ਨਿਵ ਨਿਵ ਲਾਗੇ ਪਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਜੋਤੀ ਜਾਤੇ ਜਨ ਭਗਤਾਂ ਨੂੰ ਦਰਸ਼ਨ ਦੇਣਾ ਘਰ ਘਰ, ਕਾਇਆ ਮੰਦਰ ਆਪਣਾ ਘਰ ਬਣਾਈਆ । ਨਾਮ ਭੰਡਾਰੇ ਦੇਣੇ ਭਰ, ਅਤੋਟ ਅਤੁਟ ਵਰਤਾਈਆ । ਸ਼ਬਦ ਸਰੂਪੀ ਚਿੱਟੇ ਅਸਵ ਜਾਣਾ ਚੜ੍ਹ, ਜੋ ਪਹਿਲੀ ਮੱਘਰ ਤੇਰੇ ਦਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਅਸਵ ਕਹੇ ਮੈਂ ਕਰਮ ਕਾਂਡ ਦਾ ਬੱਗਾ, ਮਾਲਵੇ ਵਾਲਿਆਂ ਦਿਤੀ ਵਡਿਆਈਆ । ਮੈਂ ਹੰਸ ਬਣ ਗਿਆ ਕੱਗਾ, ਸਤਿਗੁਰ ਮੇਰੇ ਉਤੇ ਆਸਣ ਲਾਈਆ । ਮੈਂ ਵੇਖਣ ਚਲਿਆ ਦੀਨ ਦੁਨੀ ਦਾ ਅਗਾ, ਭੱਜਿਆ ਵਾਹੋ ਦਾਹੀਆ । ਉਧਰੋਂ ਮੁਹੰਮਦ ਕਹੇ ਉਫ਼ ਹਾਏ ਮੇਰਿਆ ਰੱਬਾ, ਦਰੋਹੀ ਯਾਰ ਚਾਰ ਸੁਣਾਈਆ । ਉਧਰੋਂ ਗੋਬਿੰਦ ਫਿਰੇ ਭਾਰ ਪੱਬਾ, ਆਪਣਾ ਚਰਨ ਉਠਾਈਆ । ਮੈਂ ਆਪਣੇ ਗੁਰਮੁਖ ਗੁਰਸਿੱਖ ਭਗਤ ਸੁਹੇਲੇ ਨੌ ਖੰਡ ਪ੍ਰਿਥਮੀ ਵਿਚੋਂ ਲੱਭਾਂ, ਬਚਿਆ ਰਹਿਣ ਕੋਇ ਨਾ ਪਾਈਆ । ਜਗਤ ਜਹਾਨ ਤੋੜ ਕੇ ਹੱਦਾ, ਹਦੂਦਾਂ ਵਿਚੋਂ ਬਾਹਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਮੱਘਰ ਕਹੇ ਜਨ ਭਗਤੋ ਮੇਰਾ ਅਦਾਬ, ਅਦਬ ਨਾਲ ਸੀਸ ਝੁਕਾਈਆ । ਮੈਂ ਸਚ ਦੱਸਾਂ ਅਗਲਾ ਸਮਾਂ ਬੜਾ ਖ਼ਰਾਬ, ਅਰਬ ਖਰਬ ਦੇਣ ਦੁਹਾਈਆ । ਕਲਜੁਗ ਸਭ ਨੂੰ ਕੂੜ ਪਿਆਉਣ ਵਾਲਾ ਸ਼ਰਾਬ, ਸ਼ਰਅ ਨਾਲ ਸ਼ਰਅ ਦਏ ਟਕਰਾਈਆ । ਕੁਛ ਹਿੱਸਾ ਲੈਣਾ ਪਊ ਹਿੱਸੇਦਾਰੋ ਤੁਹਾਨੂੰ ਵੀ ਵਿਚ ਪੰਜਾਬ, ਪੰਜ ਆਬ ਦੀਆਂ ਧਾਰਾਂ ਦੇਣ ਗਵਾਹੀਆ । ਜਿਸ ਸ਼ਬਦ ਘੋੜੇ ਚਰਨ ਰਖਣਾ ਅਗੰਮੀ ਰਕਾਬ, ਜ਼ੀਨ ਪਾਖਰ ਨਜ਼ਰ ਕੋਇ ਨਾ ਆਈਆ । ਜਿਸ ਤਕਣੇ ਮੱਕਾ ਮਦੀਨਾ ਮਹਿਰਾਬ, ਕਾਅਬਿਆਂ ਖੋਜ ਖੁਜਾਈਆ । ਜਿਸ ਨੂਰ ਤੱਕਣਾ ਆਫਤਾਬ, ਰਵ ਸਸ ਵੇਖ ਵਖਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਦਰਗਾਹ ਸਾਚੀ ਕਹਿਣਾ ਹਕ ਜਨਾਬ, ਹਕੀਕਤ ਦਾ ਮਾਲਕ ਇਕ ਅਖਵਾਈਆ । ਉਹ ਲੇਖਾ ਮੁਕਾਏ ਸਭ ਦਾ ਸ਼ਤਾਬ, ਜਲਦੀ ਜਲਦੀ ਆਪਣਾ ਹੁਕਮ ਵਰਤਾਈਆ । ਕਿਸੇ ਦੇ ਕੋਲੋਂ ਮੰਗੇ ਨਾ ਕੋਇ ਇਮਦਾਦ, ਹੁਕਮ ਹੁਕਮ ਵਿਚੋਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਭੇਵ ਅਭੇਦਾ ਖੋਲਣਹਾਰਾ, ਹਰਿ ਕਰਤਾ ਧੁਰਦਰਗਾਹ । ਸ਼ਬਦ ਅਗੰਮੀ ਬੋਲਣਹਾਰਾ, ਨੂਰ ਨੁਰਾਨਾ ਨੂਰ ਅਲਾਹ । ਸਚ ਸੰਦੇਸ਼ ਸੁਣਾਉਣਹਾਰਾ, ਵਾਹਿਦ ਇਕ ਖ਼ੁਦਾ । ਆਪਣਾ ਹੁਕਮ ਵਰਤਾਵਣਹਾਰਾ,

ਦੋ ਜਹਾਨ ਵੇਖੇ ਥਾਉਂ ਥਾਂ । ਜਨ ਭਗਤਾਂ ਸਾਰ ਪਾਵਣਹਾਰਾ, ਪਰਮ ਪੁਰਖ ਪ੍ਰਭ ਬੇਪਰਵਾਹ । ਸੂਫ਼ੀਆਂ ਰੰਗ ਰੰਗਾਵਣਹਾਰਾ, ਲੇਖਾ ਜਾਣੇ ਮੁਕਾਮੇ ਹਕ ਨੂਰ ਨੁਰਾਨਾ ਨੂਰ ਚਮਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਰਿਹਾ ਖਿਲਾ । ਸਦ ਆਪਣਾ ਖੇਲ ਖਿਲਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਹਰਿਜਨ ਸਾਚੇ ਲਾਲ ਆਪ ਉਠਾਵੇਗਾ । ਦੇ ਕੇ ਨਾਮ ਸਚ ਧਨ ਮਾਲ, ਵਸਤ ਅਨਮੁੱਲ ਵਰਤਾਵੇਗਾ । ਫਲ ਲਗਾ ਕੇ ਕਾਇਆ ਡਾਲ, ਤਤਵ ਤਤ ਆਪ ਸਮਝਾਵੇਗਾ । ਨਾਤਾ ਤੋੜ ਜਗਤ ਜੰਜਾਲ, ਜਾਗਰਤ ਜੋਤ ਰੁਸ਼ਨਾਵੇਗਾ । ਭਾਗ ਲਗਾ ਕੇ ਕਾਇਆ ਧਰਮਸਾਲ, ਜੋਤੀ ਨੂਰ ਨੂਰ ਰੁਸ਼ਨਾਵੇਗਾ । ਅੰਮ੍ਰਿਤ ਆਤਮ ਸੁਹਾ ਕੇ ਤਾਲ, ਝਿਰਨਾ ਨਿਝਰ ਰਸ ਚੁਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਕਰਾਵੇਗਾ । ਹਰਿਜਨ ਸਾਚੇ ਪਾਰ ਕਰਾਏਗਾ । ਦਰ ਆਏ ਲੇਖੇ ਲਾਏਗਾ । ਕਰਮ ਕਰਮ ਦਾ ਰੋਗ ਮਿਟਾਏਗਾ । ਜਨਮ ਜਨਮ ਦਾ ਪੰਧ ਮੁਕਾਏਗਾ । ਭਰਮ ਭਰਮ ਦਾ ਡੇਰਾ ਢਾਹੇਗਾ । ਸਾਚੀ ਸਰਨ ਇਕ ਰਖਾਏਗਾ । ਤਰਨੀ ਤਰਨਹਾਰ ਦਇਆ ਕਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਏਗਾ । ਸਦ ਆਪਣੇ ਰੰਗ ਰੰਗਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਜਨ ਭਗਤਾਂ ਮੇਲ ਮਿਲਾਵੇਗਾ । ਸਾਚੇ ਸੰਤਾਂ ਸੰਗ ਨਿਭਾਵੇਗਾ । ਗੁਰਮੁਖਾਂ ਗੋਦ ਉਠਾਵੇਗਾ । ਗੁਰਸਿਖਾਂ ਜੋਗ ਸਮਝਾਵੇਗਾ । ਅੰਦਰੋਂ ਕੱਟ ਕੇ ਹਉਮੇ ਰੋਗ, ਹੰ ਬ੍ਰਹਮ ਇਕ ਦ੍ਰਿੜਾਵੇਗਾ । ਆਤਮ ਰਸ ਭੋਗ ਕੇ ਭੋਗ, ਭਸਮੜ ਆਪਣਾ ਖੇਲ ਖਿਲਾਵੇਗਾ । ਸਚ ਦਵਾਰੇ ਮੇਲਾ ਕਰ ਕੇ ਧੁਰ ਸੰਜੋਗ, ਪੂਰਬ ਜਨਮ ਵਿਛੋੜਾ ਆਪ ਕਟਾਵੇਗਾ । ਜਨ ਭਗਤੋ ਅਗੇ ਵੇਖਣੀ ਪ੍ਰਭ ਦੀ ਮੌਜ, ਜੋ ਮਜਲਸ ਭਗਤਾਂ ਨਾਲ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵੇਗਾ । ਮੱਘਰ ਕਹੇ ਜਨ ਭਗਤੋ ਮੇਰੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਇਕੋ ਮੰਨੋ ਜੋ ਸਭ ਦਾ ਸਾਂਝਾ ਯਾਰ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਨੂਰ ਨੁਰਾਨਾ ਨੂਰ ਇਕ ਉਜਿਆਰ, ਜ਼ਹੂਰ ਜ਼ਾਹਿਰ ਕਰੇ ਰੁਸ਼ਨਾਈਆ । ਜੋ ਜੁਗ ਜੁਗ ਖੇਲ ਕਰੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਹੁਕਮ ਵਰਤਾਈਆ । ਸੋ ਕਲਜੁਗ ਅੰਤ ਕਲ ਕਲਕੀ ਲਏ ਅਵਤਾਰ, ਅਵਤਰ ਆਪਣਾ ਫੇਰਾ ਪਾਈਆ । ਅਮਾਮ ਅਮਾਮਾ ਹੋ ਸਿਕਦਾਰ, ਰਸੂਲਾਂ ਨਬੀਆਂ ਲਹਿਣੇ ਦੇਣੇ ਦਏ ਚੁਕਾਈਆ । ਗੁਰੂ ਗੁਰਦੇਵ ਸ਼ਬਦ ਦੀ ਧਾਰ, ਸਤਿਗੁਰ ਸ਼ਬਦ ਇਕ ਅਖਵਾਈਆ । ਜੋ ਕਲਜੁਗ ਕੂੜੀ ਕਿਰਿਆ ਦਏ ਨਿਵਾਰ, ਸਤਿ ਸਚ ਦਏ ਪ੍ਰਗਟਾਈਆ । ਓਸ ਸਾਹਿਬ ਦੇ ਚਰਨ ਕਵਲ ਜਾਓ ਬਲਿਹਾਰ, ਜੋ ਬਲ ਬਲ ਆਪਣਾ ਆਪ ਕਰਾਈਆ । ਮੇਰਾ ਇਕ ਸੰਦੇਸ਼ਾ ਦੱਸਾਂ ਨਾਲ ਪਿਆਰ, ਪ੍ਰੇਮੀਓ ਦਿਆਂ ਜਣਾਈਆ । ਹਉਮੇ ਹੰਗਤਾ ਕੂੜੀ ਕਿਰਿਆ ਅੰਦਰੋਂ ਦਿਓ ਨਿਵਾਰ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਇਕੋ ਦਵਾਰੇ ਹੋਵੋ ਸਾਰੇ ਤਲਬਗਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਚਰਨ ਕਵਲ ਉਪਰ ਧਵਲ ਬਖ਼ਸ਼ਣਾ ਇਕ ਪਿਆਰ, ਪ੍ਰੇਮੀ ਪਿਆਰੇ ਪ੍ਰੀਤਮ ਇਕੋ ਲੈਣਾ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕਾ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ ।


੧੩੭੧
੨੩

## ✪ ੨ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਨਿਵਾਸੀ ਸੁਲਖਣ ਸਿੰਘ ਜਰਨੈਲ ਸਿੰਘ ਪ੍ਰੀਤਮ ਸਿੰਘ ਕਸ਼ਮੀਰ ਸਿੰਘ ਦਲੀਪ ਸਿੰਘ ਰਤਨ ਸਿੰਘ ਦੇ ਨਵਿਤ ✪

ਸਪਤਸ ਰਿਖੀ ਕਹਿਣ ਨਾਰਦ ਕੁਛ ਪਿਛਲੀ ਦੱਸ ਕਥਾ, ਅਕਥ ਕਥ ਜਣਾਈਆ । ਭੇਵ ਖੁਲਾ ਦੇ ਯਥਾਰਥ ਯਥਾ, ਯਦਪ ਯਦੀ ਦੇ ਦ੍ਰਿੜਾਈਆ । ਪ੍ਰਭੂ ਕੀ ਲਹਿਣਾ ਦੇਣਾ ਦੇਵੇ ਹੱਥੋ ਹੱਥਾ, ਜੁਗ ਜੁਗ ਦਇਆ ਕਮਾਈਆ । ਕੀ ਪੂਰਬ ਧਾਰ ਜਾਣੇ ਮਸਤਕ ਮੱਥਾ, ਬਿਧਨਾ ਧਾਰ ਫੋਲ ਫੁਲਾਈਆ । ਕੀ ਮਿਹਰਵਾਨ ਵਸਤ ਦੇਵੇ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜੋ ਜੁਗ ਚੌਕੜੀ ਚਲਾਏ ਰਥਾ, ਰਥਵਾਹੀ ਇਕ ਅਖਵਾਈਆ । ਜਿਸ ਦੇ ਗੋਬਿੰਦ ਸਥਰ ਲੱਥਾ, ਯਾਰੜਾ ਨੂਰ ਅਲਾਹੀਆ । ਜੋ ਨਿਰਗੁਣ ਧਾਰ ਪਰਮੇਸ਼ਵਰ ਪਤਾ, ਪਤ ਪਤਵੰਤਾ ਇਕ ਅਖਵਾਈਆ । ਜਿਸ ਦਾ ਇਕੋ ਨਾਮ ਨਿਧਾਨ ਮਤਾ, ਲੱਖ ਚੁਰਾਸੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਤਾ ਵਡ ਵਡਿਆਈਆ । ਸਪਤਸ ਰਿਖ ਕਹਿਣ ਨਾਰਦ ਤੇਰੇ ਕੋਲ ਪਿਛਲਾ ਲੇਖਾ, ਧੁਰ ਦੇ ਪੰਡਤਾ ਦੇ ਜਣਾਈਆ । ਸਾਡਾ ਮਿਟਾ ਭਰਾਂਤ ਭੁਲੇਖਾ, ਭਰਮ ਰਹੇ ਨਾ ਰਾਈਆ । ਅਸੀਂ ਤੱਕੀਏ ਦੇਸ ਪ੍ਰਦੇਸਾ, ਜਗਤ ਜਹਾਨ ਧਿਆਨ ਲਗਾਈਆ । ਫਿਰੀਏ ਕਰ ਅਗੰਮੀ ਵੇਸਾ, ਭੱਜੀਏ ਵਾਹੋ ਦਾਹੀਆ । ਸਚ ਪਿਆਰ ਮਿਲੇ ਨਾ ਹੇਤਾ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਨਾਰਦ ਕਹੇ ਸਪਤਸ ਰਿਖੀਓ ਮੈਨੂੰ ਆ ਗਿਆ ਚੇਤਾ, ਚੇਤਨ ਧਾਰ ਦਿਆਂ ਸਮਝਾਈਆ । ਲਹਿਣਾ ਯਾਦ ਕਰ ਲਓ ਸੁਰਸਤੀ ਦਾ ਕੰਢਾ ਧਰਤੀ ਉਤੇ ਖੇਤਾ, ਬਿਨ ਖ਼ਤਰੇ ਦਿਆਂ ਜਣਾਈਆ । ਤੁਸੀਂ ਲੇਟੇ ਸੀ ਉਤੇ ਰੇਤਾ, ਖ਼ੁਸ਼ੀਆਂ ਆਸਣ ਲਾਈਆ । ਮੈਂ ਵੀ ਆ ਗਿਆ ਵੇਦ ਦਾ ਵੇਤਾ, ਵਿਤਕਰਾ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਕਰਨੀ ਕਾਰ ਕਮਾਈਆ । ਨਾਰਦ ਕਹੇ ਸਪਤਸ ਰਿਖੀਓ ਸੁਣੋ ਹਮਾਰੀ ਬਾਤ, ਬਾਤਨ ਦਿਆਂ ਜਣਾਈਆ । ਜਿਸ ਵੇਲੇ ਹੋਇਆ ਖੇਲ ਤਮਾਸ਼, ਪਿਛਲਾ ਦਿਆਂ ਸਮਝਾਈਆ । ਛੇ ਅਲਮਸਤ ਖ਼ੁਸ਼ੀਆਂ ਵਿਚ ਪਾਉਂਦੇ ਸੀ ਰਾਸ, ਰਸਤੇ ਵਿਚ ਮੈਨੂੰ ਹਾਸੀ ਰਹੇ ਕਰਾਈਆ । ਮੈਂ ਕਿਹਾ ਸ਼ਾਬਾਸ਼, ਤੁਹਾਡੀ ਵਡ ਵਡਿਆਈਆ । ਤੁਸੀਂ ਰਾਹੀਆਂ ਕਰੋ ਹਾਸ, ਮਸਖ਼ਰੇ ਰੂਪ ਬਣਾਈਆ । ਉਹ ਹੋ ਕੇ ਬੋਲੇ ਗੁਸਤਾਖ਼, ਗ਼ੁੱਸੇ ਵਿਚ ਸੁਣਾਈਆ । ਤੂੰ ਕੀ ਸਾਨੂੰ ਕਰਨਾ ਨਾਸ, ਭੈ ਭਉ ਨਾ ਕੋਇ ਜਣਾਈਆ । ਅਸੀਂ ਮੌਜ ਮਾਣਦੇ ਨਾਲ ਪੁਰਖ ਅਬਿਨਾਸ਼, ਅੰਦਰੇ ਅੰਦਰ ਖ਼ੁਸ਼ੀ ਬਣਾਈਆ । ਨਾਰਦ ਕਹੇ ਮੈਨੂੰ ਆਇਆ ਕਿਆਸ, ਆਪਣੇ ਅੰਦਰ ਲਈ ਅੰਗੜਾਈਆ । ਨਾਲੇ ਪਾਣੀ ਦਾ ਆਪਣੀ ਬਗ਼ਲੀ ਵਿਚੋਂ ਕਢ ਗਿਲਾਸ, ਥੋੜਾ ਥੋੜਾ ਸਭ ਨੂੰ ਦਿਤਾ ਪਿਆਈਆ । ਇਹ ਮੈਂ ਲੈ ਕੇ ਆਇਆ ਵਿਚੋਂ ਗੰਗਾ ਮਾਤ, ਅੰਮ੍ਰਿਤ ਰਸ ਭਰਾਈਆ । ਉਹ ਸਾਰੇ ਖ਼ੁਸ਼ੀਆਂ ਵਿਚ ਪਏ ਨਾਚ, ਨੱਚਣ ਟੱਪਣ ਚਾਈਂ ਚਾਈਂਆ । ਇਕ ਦੂਜੇ ਦੇ ਫੜ ਕੇ ਹਾਥ, ਢੋਲੇ ਗਾਵਣ ਧੁਰਦਰਗਾਹੀਆ । ਨਾਰਦ ਕਹੇ ਮੈਂ ਵੀ ਹੋ ਗਿਆ ਸਾਥ, ਆਪਣੀ ਬੋਦੀ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਰਿਖੀਓ ਇਹ ਮੇਰੇ ਨਾਲ ਕਰਨ ਲੱਗੇ ਪਿਆਰ, ਮੈਂ ਵੀ ਪਿਆਰਾ ਹੋ ਕੇ ਖ਼ੁਸ਼ੀ ਬਣਾਈਆ । ਮੈਂ ਚਲਿਆ ਤੇਜ਼ ਰਫ਼ਤਾਰ, ਤੁਰਿਆ ਵਾਹੋ ਦਾਹੀਆ । ਇਹ ਹੋ ਗਏ ਤਿਆਰ,

੧੩੭੨
੨੩

ਮੇਰੇ ਨਾਲ ਭੱਜੇ ਵਾਹੋ ਦਾਹੀਆ । ਨਾਲੇ ਮੈਨੂੰ ਕਹਿਣ ਯਾਰ, ਯਰਾਨਾ ਤੇਰੇ ਨਾਲ ਰਖਾਈਆ । ਸਚ ਦੱਸ ਕਿੱਥੇ ਤੇਰਾ ਨਿਰੰਕਾਰ, ਨਿਰਵੈਰ ਡੇਰਾ ਲਾਈਆ । ਮੈਂ ਹੱਸ ਕੇ ਕਿਹਾ ਚਲੋ ਸੁਰਸਤੀ ਦਿਆਂ ਵਖਾਲ, ਜੋ ਜਮਨਾ ਗੰਗਾ ਵਿਚ ਸਮਾਈਆ । ਓਥੇ ਮਿਲੇ ਦੀਨ ਦਿਆਲ, ਦਇਆਨਿਧ ਬੇਪ੍ਰਵਾਹੀਆ । ਅਸੀਂ ਚਲੇ ਆਪਣੀ ਚਾਲ, ਭੱਜੇ ਵਾਹੋ ਦਾਹੀਆ । ਆ ਕੇ ਵੇਖਿਆ ਤੁਹਾਡਾ ਹਾਲ, ਤੁਸੀਂ ਕੰਢੇ ਡੇਰੇ ਰਹੇ ਲਗਾਈਆ । ਖੇਤਾਂ ਵਿਚੋਂ ਤੁਹਾਨੂੰ ਲਿਆ ਭਾਲ, ਸੋਹਣਾ ਜੋੜ ਜੁੜਾਈਆ । ਸਪਤਸ ਰਿਖ ਕਹਿਣ ਇਕ ਪੰਡਤਾ ਸਾਡਾ ਸਵਾਲ, ਸਚ ਦੇਈਏ ਸੁਣਾਈਆ । ਕੀ ਅਸੀਂ ਵੀ ਚਲੀਏ ਤੇਰੇ ਨਾਲ, ਜੇ ਮਿਲਾਵੇਂ ਧੁਰ ਦਾ ਮਾਹੀਆ । ਛੇਆਂ ਹੱਸ ਕੇ ਤਾੜੀ ਦਾ ਵਜਾਇਆ ਤਾਲ, ਦੋ ਹੱਥਾਂ ਨਾਲ ਸੁਣਾਈਆ । ਨਾਰਦ ਵੇਖ ਕੇ ਹੋਇਆ ਬੇਹਾਲ, ਆਪਣਾ ਆਪ ਭੁਲਾਈਆ । ਮੈਂ ਪ੍ਰਭੂ ਇਹਨਾਂ ਨੂੰ ਕਿਥੋਂ ਦਿਆਂ ਵਖਾਲ, ਸੁਰਸਤੀ ਕੰਢੇ ਸਪਤਸ ਰਿਖ ਬੈਠੇ ਡੇਰੇ ਲਾਈਆ । ਮੇਰੀ ਕਿਹੜੀ ਪੁਰਾਣੀ ਘਾਲ, ਜੋ ਘਾਇਲ ਹੋ ਕੇ ਸੇਵ ਕਮਾਈਆ । ਜਗਤ ਬਣਾ ਦਲਾਲ, ਵਿਚੋਲਾ ਇਕ ਅਖਵਾਈਆ । ਫੇਰ ਆਪਣਾ ਆਪ ਸੰਭਾਲ, ਪ੍ਰਭ ਅਗੇ ਸੀਸ ਨਿਵਾਈਆ । ਕਿਰਪਾ ਕਰ ਮੇਰੇ ਸ਼ਹਿਨਸ਼ਾਹ ਸ਼ਾਹ ਕੰਗਾਲ, ਹੋਣਾ ਆਪ ਸਹਾਈਆ । ਮੈਂ ਤੇਰਾ ਜੁਗ ਚੌਕੜੀ ਦਾ ਲਾਲ, ਨੰਨ੍ਹਾ ਬੱਚਾ ਇਕ ਅਖਵਾਈਆ । ਤੂੰ ਸਦਾ ਕਰੇਂ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਹੋਏਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਸਪਤਸ ਰਿਖੀਓ ਤੁਸੀਂ ਕਿਹੜੇ ਕਿਰਸਾਨ, ਧਰਨੀ ਬੈਠੇ ਡੇਰਾ ਲਾਈਆ ਵੇਖੋ ਖੇਲ ਸ੍ਰੀ ਭਗਵਾਨ, ਕੀ ਕਰਤਾ ਰਿਹਾ ਜਣਾਈਆ । ਮੈਨੂੰ ਸੰਦੇਸਾ ਆਵੇ ਬਿਨ ਜ਼ਬਾਨ, ਬਿਨਾ ਰਸਨਾ ਰਿਹਾ ਜਣਾਈਆ । ਨਾਰਦਾ ਨਿਗਾਹ ਮਾਰ ਲੈ ਜ਼ਿਮੀਂ ਅਸਮਾਨ, ਦੋ ਜਹਾਨਾਂ ਖੋਜ ਖੁਜਾਈਆ । ਮੇਰਾ ਖੇਲ ਹੋਵੇ ਮਹਾਨ, ਮਹਿੰਮਾ ਕਥ ਕਥ ਸਮਝਾਈਆ । ਜੇ ਤੂੰ ਇਹਨਾਂ ਨੂੰ ਆਇਉਂ ਦਰਸ ਕਰਾਣ, ਛੇਆਂ ਆਪਣੇ ਸੰਗ ਬਣਾਈਆ । ਆਪਣੇ ਦਰ ਕਰਾਂ ਪ੍ਰਵਾਨ, ਲੇਖਾ ਲੇਖੇ ਨਾਲ ਜਣਾਈਆ । ਜਿਸ ਵੇਲੇ ਕਲਜੁਗ ਕੂੜਾ ਫਿਰੇ ਵਿਚ ਜਹਾਨ, ਭੱਜੇ ਵਾਹੋ ਦਾਹੀਆ । ਚਾਰੋਂ ਕੁੰਟ ਹੋਏ ਸ਼ੈਤਾਨ, ਸ਼ਰਅ ਹੋਏ ਹਲਕਾਈਆ । ਜੀਵ ਜੰਤ ਹੋਣ ਬੇਈਮਾਨ, ਸਤਿ ਵਿਚ ਨਾ ਕੋਇ ਸਮਾਈਆ । ਇਹਨਾਂ ਫੇਰ ਦੇਵਾਂ ਦਾਨ, ਮਾਨਸ ਜਨਮ ਜਨਮ ਰਖਾਈਆ । ਆਪ ਬਣ ਕੇ ਧੁਰ ਦਾ ਕਾਹਨ, ਆਵਾਂ ਚਾਈਂ ਚਾਈਆ । ਧਰਮ ਝੁਲਾਵਾਂ ਨਿਸ਼ਾਨ, ਵਖਾਵਾਂ ਥਾਉਂ ਥਾਈਆ । ਸੰਦੇਸ਼ਾ ਦੇ ਫ਼ਰਮਾਨ, ਦ੍ਰਿੜਾਵਾਂ ਅਗੰਮ ਅਥਾਹੀਆ । ਨਾਰਦ ਕਹੇ ਵਾਹ ਮੇਰੇ ਭਗਵਾਨ, ਇਹ ਤੇਰੀ ਬੇਪ੍ਰਵਾਹੀਆ । ਕਿਸ ਬਿਧ ਕਲਜੁਗ ਅੰਤ ਹੋਵੇਂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਿਸ ਬਿਧ ਇਹਨਾਂ ਕਰੇਂ ਪਹਿਚਾਨ, ਆਪਣਾ ਭੇਵ ਖੁਲਾਈਆ । ਪੁਰਖ ਅਕਾਲ ਕਿਹਾ ਮੈਂ ਸਤਿਗੁਰ ਸ਼ਬਦ ਬਲਵਾਨ, ਆਦਿ ਜੁਗਾਦਿ ਮੇਰੀ ਵਡਿਆਈਆ । ਮੈਂ ਸਭ ਨੂੰ ਦੇਵਾਂ ਦਾਨ, ਦਾਤ ਅਨਮੁੱਲੀ ਝੋਲੀ ਪਾਈਆ । ਲੇਖਾ ਜਾਣਾ ਬਣ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਇਹਨਾਂ ਧਰਮ ਦੀ ਧਾਰ ਬਣਾਵਾਂ ਕਿਰਸਾਨ, ਸੋਹਣਾ ਆਪਣਾ ਹੁਕਮ ਵਰਤਾਈਆ । ਅੰਤਰ ਆਤਮ ਦੇ ਕੇ ਗਿਆਨ, ਭੇਵ ਅਭੇਦਾ ਦਿਆਂ ਖੁਲਾਈਆ । ਇਹਨਾਂ ਦੇ ਪ੍ਰਗਟ ਕਰਾਂ ਨਾਮ, ਸਿਰ ਸਿਰ ਆਪਣਾ ਹੱਥ ਟਿਕਾਈਆ । ਸੁਲਖਣ ਸਿੰਘ ਦਾ ਬਣਾ ਨਿਸ਼ਾਨ, ਜਰਨੈਲ ਸਿੰਘ ਨਾਲ ਝੁਲਾਈਆ । ਪ੍ਰੀਤਮ ਪ੍ਰੀਤ ਦਾ ਦੇ ਕੇ ਦਾਨ, ਕਸ਼ਮੀਰ ਸਿੰਘ ਕੱਛ ਮੱਛ ਦਾ ਲੇਖ ਮੁਕਾਈਆ । ਦਲੀਪ ਸਿੰਘ ਚਰਨ ਧੂੜ ਦਾ ਕਰਾ ਇਸ਼ਨਾਨ, ਰਤਨ ਸਿੰਘ ਰਤਨ

ਅਮੋਲਕ ਹੀਰਾ ਨਾਲ ਮਿਲਾਈਆ । ਨਾਰਦਾ ਤੂੰ ਵੀ ਵੇਖੀਂ ਆਣ, ਦਰ ਠਾਂਡੇ ਫੇਰਾ ਪਾਈਆ । ਜਿਥੇ ਮੇਲਾ ਹੋਵੇ ਭਗਤ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਦੀ ਸੇਵਾ ਕਰ ਪ੍ਰਵਾਨ, ਪਰਮ ਪੁਰਖ ਹੋ ਕੇ ਦੇਵਾਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਚੁਕਾਈਆ । ਨਾਰਦ ਕਹੇ ਮੇਰੇ ਨਿਰੰਕਾਰ, ਤੇਰੀ ਵਡ ਵਡਿਆਈਆ । ਤੂੰ ਲਹਿਣਾ ਦੇਣਾ ਚੁਕਾਇਆ ਉਧਾਰ, ਪਿਛਲਾ ਲੇਖਾ ਰਿਹਾ ਨਾ ਰਾਈਆ । ਅਗੇ ਪੈਜ ਦੇਣੀ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੈਂ ਨਿਵ ਨਿਵ ਕਰਾਂ ਨਿਮਸਕਾਰ, ਚਰਨਾਂ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਸਦਾ ਦਾਤਾਰ, ਸਦਾ ਸਦ ਆਪਣੀ ਦਇਆ ਕਮਾਈਆ ।

### ✪ ੩ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਲੰਗਰ ਬਣਾਉਣ ਦੀ ਸੇਵਾ ਕਰਨ ਵਾਲੀ ਸੰਗਤ ਨਵਿਤ ਰਾਤ ਨੂੰ ✪

ਤ੍ਰੈ ਮੱਘਰ ਕਹੇ ਜਨ ਭਗਤੋ ਮੂਲ ਨਾ ਥੱਕਿਓ, ਥਕਾਵਟ ਵਿਚ ਕਦੇ ਨਾ ਆਈਆ । ਜੁਗ ਚੌਕੜੀ ਧਰਮ ਦੇ ਪੱਕਿਓ, ਪੱਕੀ ਸਤਿਗੁਰ ਸ਼ਬਦ ਨਾਲ ਪਕਾਈਆ । ਸਾਹਿਬ ਸਵਾਮੀ ਦਾ ਖੇਲ ਅਗਲਾ ਤੱਕਿਓ, ਨੇਤਰ ਨੈਣਾਂ ਅੱਖ ਉਠਾਈਆ । ਸਦਾ ਖ਼ੁਸ਼ੀਆਂ ਦੇ ਵਿਚ ਹੱਸਿਓ, ਹਸਤੀ
੧੩੭੪ ੨੩ ਤੱਕ ਬੇਪ੍ਰਵਾਹੀਆ । ਜਿਸ ਵੇਲੇ ਤੁਸੀਂ ਫਿਰਦੇ ਸੋ ਉਪਰ ਛੱਤਿਓ, ਛੱਤੀ ਜੁਗ ਦਾ ਪੰਧ ਮੁਕਾਈਆ । ਤੁਹਾਡਾ ਸਵਾਮੀ ਫਿਰ ਕੇ ਆਇਆ ਮਦੀਨੇ ੧੩੭੪ ੨੩
ਮੱਕਿਓ, ਆਸਣ ਮੰਜੀ ਉਤੇ ਲਗਾਈਆ । ਜਨ ਭਗਤੋ ਸਦਾ ਖ਼ੁਸ਼ੀਆਂ ਦੇ ਵਿਚ ਰਤਿਓ, ਰਤਨ ਅਮੋਲਕ ਹੀਰੇ ਨਜ਼ਰੀ ਆਈਆ । ਕਲਜੁਗ ਕੂੜ ਕੁੜਿਆਰੇ ਕੋਲੋਂ ਬਚਿਓ, ਬੱਚਿਓ ਸਭ ਨੂੰ ਦਿਆਂ ਸਮਝਾਈਆ । ਵਿਛੋੜੇ ਵਿਚ ਕਦੇ ਨਾ ਤਪਿਓ, ਹਿਰਦੇ ਹਰਿ ਵਸਾਉਣਾ ਚਾਈਂ ਚਾਈਂਆ । ਸਦਾ ਸਦਾ ਖ਼ੁਸ਼ੀਆਂ ਦੇ ਵਿਚ ਨੱਚਿਓ, ਕੁੱਦਣਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਤਿੰਨ ਮੱਘਰ ਕਹੇ ਕਿਉਂ ਲੋਹਾਂ ਬਣਾਈਆਂ ਤਿੰਨ, ਚੌਥੀ ਸੰਗ ਨਾ ਕੋਇ ਰਖਾਈਆ । ਤਿੰਨ ਲੋਕਾਂ ਲਿਆ ਮਿਣ, ਤ੍ਰੈ ਲੋਆਂ ਸੰਗ ਰਖਾਈਆ । ਤ੍ਰੈਗੁਣ ਲੇਖਾ ਮੰਗੇ ਗਿਣ ਗਿਣ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦਾ ਖੇਲ ਹੋਣਾ ਛਿੰਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਸ੍ਰਿਸ਼ਟੀ ਅੰਤ ਲੇਖਾ ਮੁਕਾਉਣਾ ਵਿਚ ਤਿੰਨ ਦਿਨ, ਤ੍ਰੈਭਵਨ ਧਨੀ ਆਪਣੀ ਖੇਲ ਖਿਲਾਈਆ । ਜਿਸ ਨਿਸ਼ਾਨ ਮਿਟਾਉਣਾ ਤਾਰਾ ਚੰਨ ਚਿੰਨ੍ਹ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਲੋਹਾਂ ਕਹਿਣ ਸਾਡਾ ਰੂਪ ਹੋਇਆ ਲੋਹਾ ਲਾਖਾ, ਲਾਲ ਕਾਲੇ ਨਾਲ ਮਿਲਾਈਆ । ਬਿਨਾ ਪ੍ਰਭੂ ਤੋਂ ਦਿਸੇ ਕੋਈ ਨਾ ਰਾਖਾ, ਸਿਰ ਹੱਥ ਨਾ ਕੋਇ ਟਿਕਾਈਆ । ਸਾਡਾ ਰੂਪ ਬਣਨਾ ਸਰਬ ਭਾਖਾ, ਸ੍ਰਿਸ਼ਟੀ ਆਪਣੇ ਵਿਚ ਜਲਾਈਆ । ਸਾਡੀ ਅਗਨੀ ਕਰੇ ਹਾਸਾ, ਧੂੰਆਂ ਅਸਮਾਨਾਂ ਦਏ ਜਣਾਈਆ । ਇਕ ਇਕ ਸ਼ੋਹਲਾ ਵੇਖੇ ਤਮਾਸ਼ਾ, ਚਾਰੋਂ ਕੁੰਟ ਨੈਣ ਉਠਾਈਆ । ਕੀ ਖੇਲ ਕਰੇ ਪੁਰਖ

ਅਬਿਨਾਸ਼ਾ, ਅਬਿਨਾਸ਼ੀ ਕਰਤਾ ਬੇਪ੍ਰਵਾਹੀਆ । ਜੋ ਭਗਤਾਂ ਅੰਦਰ ਕਰੇ ਵਾਸਾ, ਵਸਲ ਦੇਵੇ ਮਹਿਬੂਬ ਨੂਰ ਅਲਾਹੀਆ । ਜਿਸ ਦੇ ਪਿਆਰ ਵਿਚ ਹਰਿਜਨ ਖ਼ੁਸ਼ੀ ਦੀ ਪਾਵਣ ਰਾਸਾ, ਗੋਪੀ ਕਾਹਨ ਆਤਮ ਪਰਮਾਤਮ ਧਾਰ ਬਣਾਈਆ । ਤਿਨ੍ਹਾਂ ਦੀ ਸੁਹੰਜਣੀ ਹੋਵੇ ਤਿੰਨ ਮੱਘਰ ਦੀ ਰਾਤਾ, ਜੋ ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਲੋਹਾਂ ਕਹਿਣ ਜਿਨ੍ਹਾਂ ਨੇ ਸਾਡੇ ਸਿਰ ਦੇ ਉਤੇ ਪਾਈ ਛਾਤਾ, ਛਤਰਧਾਰੀ ਤਿਨ੍ਹਾਂ ਨੂੰ ਦੇਵੇ ਮਾਣ ਵਡਿਆਈਆ । ਆਪੇ ਹੋਏ ਪਿਤਾ ਮਾਤਾ, ਆਪਣੀ ਗੋਦ ਟਿਕਾਈਆ । ਸਚ ਪ੍ਰੀਤੀ ਜੋੜ ਕੇ ਨਾਤਾ, ਜਗਤ ਜਹਾਨ ਮੇਲ ਮਿਲਾਈਆ । ਅੰਤਮ ਸਭ ਦੀਆਂ ਪੁਛੇ ਬਾਤਾਂ, ਅਭੁਲ ਭੁਲ ਕਦੇ ਨਾ ਜਾਈਆ । ਤਿਸ ਸਾਹਿਬ ਨੂੰ ਜਨ ਭਗਤੋ ਨਮੋ ਨਮੋ ਨਿਮਸਕਾਰ ਵਿਚ ਟੇਕੋ ਮਾਥਾ, ਮਸਤਕ ਖ਼ਾਕ ਰਮਾਈਆ । ਜੋ ਸਭ ਦਾ ਲਹਿਣਾ ਦੇਣਾ ਦੇਵੇ ਹਾਥੋ ਹਾਥਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਸੇਵਾ ਕਰਦਿਆਂ ਪਿਛੇ ਪਏ ਕੋਇ ਨਾ ਘਾਟਾ, ਘਾਟੇ ਪਿਛਲੇ ਪੂਰ ਕਰਾਈਆ । ਹਰਿ ਸੰਗਤ ਸਵੇਰੇ ਦਸ ਵਜੇ ਪ੍ਰੇਮ ਨਾਲ ਗੁੰਨ ਕੇ ਆਟਾ, ਸਵਾ ਪੰਜ ਸੇਰ ਅੰਦਰ ਲੈਣਾ ਪਕਾਈਆ । ਫੇਰ ਸਤਿਗੁਰ ਆਪਣੀਂ ਹੱਥੀਂ ਸਭ ਨੂੰ ਦੇਵੇ ਬਾਂਟਾ, ਖ਼ੁਸ਼ੀਆਂ ਨਾਲ ਖਵਾਈਆ । ਸਭ ਨੇ ਘਰ ਨੂੰ ਜਾਣਾ ਕਰਦਿਆਂ ਹਾਸਾ, ਭੱਜਣਾ ਚਾਈਂ ਚਾਈਂਆ । ਸਤਿਗੁਰ ਸ਼ਬਦ ਜ਼ਰੂਰ ਹੋਵੇਗਾ ਸਾਥਾ, ਸਾਚਾ ਸੰਗੀ ਸਾਚਾ ਸੰਗ ਬਣਾਈਆ । ਜੇ ਤੁਸਾਂ ਸਤਿਗੁਰ ਦਾ ਮੰਨਿਆ ਆਖਾ, ਉਹ ਵੀ ਆਖ਼ਰ ਤੱਕ ਤੁਹਾਡੇ ਨਾਲ ਤੋੜ ਨਿਭਾਈਆ । ਜੀਵਣ ਵਿਚ ਕਦੇ ਬਦਲੇ ਨਾ ਪਾਸਾ, ਕਰਵਟ ਵਿਚ ਨਾ ਮੁਖ ਭਵਾਈਆ । ਤੁਹਾਡਾ ਮਾਨਸ ਜਨਮ ਕਰੇ ਰਾਸਾ, ਰਸਤੇ ਵਿਚ ਜਾਂਦਿਆਂ ਨੂੰ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਤਿੰਨ ਮੱਘਰ ਕਹੇ ਜਨ ਭਗਤੋ ਤੁਹਾਡੀ ਧਾਰ ਪਿਆਰੀ, ਪਿਆਰਿਓ ਪਿਆਰ ਨਾਲ ਜਣਾਈਆ । ਮੈਂ ਖੇਲ ਦੱਸਾਂ ਨਿਆਰੀ, ਕੀ ਨਿਰਗੁਣ ਰਿਹਾ ਜਣਾਈਆ । ਨੌ ਨੌ ਸਿੱਖ ਮਾਝਾ ਮਾਲਵਾ ਦੁਆਬਾ ਜੰਮੂ ਕਰ ਲੈਣ ਤਿਆਰੀ, ਤ੍ਰੈਗੁਣ ਅਤੀਤਾ ਆਪ ਜਣਾਈਆ । ਇੱਕੀ ਪੋਹ ਨੂੰ ਆਵਣ ਪੰਧ ਮਾਰੀ, ਹਰਿ ਭਗਤ ਦਵਾਰ ਖ਼ੁਸ਼ੀ ਬਣਾਈਆ । ਛੱਤੀ ਗੁਰਮੁਖ ਛੱਤੀਵੇਂ ਜੁਗ ਦੀ ਪਾਵਣ ਸਾਰੀ, ਨਾਨਕ ਦੀ ਆਸਾ ਨਾਲ ਮਿਲਾਈਆ । ਲੋਹ ਲੰਗਰ ਦੀ ਕਢਣਗੇ ਚਾਰ ਦਿਵਾਰੀ, ਚਾਰੇ ਕੂਟਾਂ ਪਹਿਰੇ ਸ਼ਸਤਰਾਂ ਵਾਲੇ ਲਗਾਈਆ । ਇਹ ਖੇਲ ਹੁਕਮ ਧੁਰ ਦਰਬਾਰੀ, ਨਾ ਕੋਈ ਮੇਟੇ ਮੇਟ ਮਿਟਾਈਆ । ਛੱਬੀ ਪੋਹ ਨੂੰ ਸਤਿਗੁਰ ਆਪ ਕਰੇ ਚੋਬਦਾਰੀ, ਪਹਿਰੇਦਾਰ ਅਖਵਾਈਆ । ਸੇਵਕ ਹੋ ਕੇ ਸਭ ਨੂੰ ਕਰੇ ਖ਼ਬਰਦਾਰੀ, ਖ਼ੁਸ਼ੀਆਂ ਖ਼ਬਰ ਜਣਾਈਆ । ਮੈਂ ਚਾਕਰ ਤੁਹਾਡਾ ਮੈਨੂੰ ਮਜ਼ਦੂਰੀ ਛੱਤੀ ਜੁਗਾਂ ਦੀ ਦੇਣੀ ਇਕ ਵਾਰੀ, ਮੇਰੇ ਚਰਨਾਂ ਵਿਚ ਟਿਕਾਈਆ । ਸਵਾ ਸਵਾ ਰੁਪਿਆ ਸਾਰੇ ਕਰਨਗੇ ਨਿਮਸਕਾਰੀ, ਖ਼ਾਲੀ ਰਹਿਣ ਕੋਇ ਨਾ ਪਾਈਆ । ਪਹਿਲੋਂ ਪੰਜ ਪਿਆਰੇ ਲੰਘਣਗੇ ਵਾਰੋ ਵਾਰੀ, ਪੰਜ ਲਿਖਾਰੀ ਲੇਖਾ ਲਿਖਣ ਚਾਈਂ ਚਾਈਂਆ । ਪੰਜ ਦਰਬਾਰੀ ਫਿਰਨ ਪਿਛੇ ਅਗਾੜੀ, ਆਪਣੀ ਸੇਵ ਕਮਾਈਆ । ਸਤਿਗੁਰ ਪੂਰਨ ਦੀ ਖੁਲ੍ਹੀ ਹੋਵੇਗੀ ਦਾਹੜੀ, ਕੇਸ ਗਰਦਨ ਪਿਛੇ ਸੁਟਾਈਆ । ਹੱਥ ਫੜੀ ਹੋਵੇ ਤੇਜ ਕਟਾਰੀ, ਸੱਜੇ ਕੰਧੇ ਉਤੇ ਟਿਕਾਈਆ । ਦੂਜੀ ਖੰਡੇ ਧਾਰ ਹੋਵੇ ਪਿਆਰੀ, ਖੱਬੇ ਹੱਥ ਵਡਿਆਈਆ । ਕਮਰ ਹੋਵੇ ਸ਼ਿੰਗਾਰੀ, ਸੋਹਣਾ ਰੰਗ ਰੰਗਾਈਆ । ਚਰਨ ਜੋੜਾ ਹੋਵੇ ਤਿੱਲੇਧਾਰੀ, ਗੋਬਿੰਦ ਧਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਦੀਵਾਰ ਕਹੇ ਮੈਂ ਹੋ ਜਾਣਾ ਦੀਵਾਨੀ, ਮਸਤੀ ਵਿਚ ਜਣਾਈਆ ।

੧੩੭੫
੨੩

ਮੈਂ ਪਿਛਲੀ ਦੱਸਾਂ ਕਹਾਣੀ, ਕਹਿ ਕੇ ਦਿਆਂ ਸੁਣਾਈਆ । ਜਿਸ ਵੇਲੇ ਗੋਬਿੰਦ ਗੜ੍ਹੀ ਚਮਕੌਰ ਦਿਤੀ ਕੁਰਬਾਨੀ, ਸ਼ਹਾਦਤ ਸਿੱਖਾਂ ਸੁਤਾਂ ਵਾਲੀ ਭੁਗਤਾਈਆ । ਨਾਲੇ ਖੰਡੇ ਦੀ ਧਾਰ ਖਿੱਚ ਨਿਸ਼ਾਨੀ, ਇਸ਼ਾਰਾ ਇਸ਼ਾਰੇ ਵਿਚੋਂ ਪ੍ਰਗਟਾਈਆ । ਮੇਰੇ ਪੁਰਖ ਅਕਾਲ ਕਰੀਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਆਵੇ ਮਾਲਕ ਦੋ ਜਹਾਨੀ, ਨਿਰਗੁਣ ਆਪਣਾ ਵੇਸ ਵਟਾਈਆ । ਤੇਰਾ ਸੰਬਲ ਹੋਵੇ ਅਸਥਾਨੀ, ਅਸਥਲ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੀਵਾਰ ਕਹੇ ਮੈਂ ਮੁਖੋਂ ਬੋਲਾਂ ਪੀ ਕੇ ਗ਼ਮਾਂ ਵਾਲੇ ਘੁਟ, ਨੇਤਰ ਨੈਣਾਂ ਨੀਰ ਵਹਾਈਆ । ਬਹੁੜੀ ਦੀਨ ਦੁਨੀ ਤੇ ਪੈਣੀ ਲੁੱਟ, ਚਾਰ ਕੁੰਟ ਹਲਕਾਈਆ । ਦੀਨ ਦੁਨੀ ਦਾ ਖਾਣਾ ਪੀਣਾ ਜਾਣਾ ਨਿਖੁੱਟ, ਧੀਰਜ ਧੀਰ ਨਾ ਕੋਇ ਧਰਾਈਆ । ਜਨ ਭਗਤੋ ਤੁਹਾਡਾ ਭੰਡਾਰਾ ਚਲਣਾ ਅਤੁਟ, ਹਰਿ ਕਰਤਾ ਆਪ ਚਲਾਈਆ । ਮੈਨੂੰ ਉਚੀ ਕਰਿਆ ਚਾਰ ਚਾਰ ਫੁਟ, ਚੌਥੇ ਜੁਗ ਚਾਰੇ ਸਾਹਿਬਜ਼ਾਦੇ ਦੇਣ ਗਵਾਹੀਆ । ਮੇਰੀਆਂ ਨੀਹਾਂ ਭਰਿਆ ਕੁੱਟ ਕੁੱਟ, ਕੁਟਲਤਾ ਹੇਠਾਂ ਦੇਣੀ ਦਬਾਈਆ । ਚਾਰੇ ਕੁੰਟ ਹੇਠਾਂ ਰਖ ਕੇ ਸੁੱਕੇ ਟੁਕ, ਮੇਰਾ ਸਗਨ ਦੇਣਾ ਮਨਾਈਆ । ਫਿਰ ਪੂਰਨ ਸਿੰਘ ਦਾ ਖ਼ੂਨ ਕਢ ਕੇ ਵਿਚੋਂ ਸੱਜੇ ਗੁਟ, ਮੇਰੇ ਨਾਲ ਦੇਣਾ ਛੁਹਾਈਆ । ਜਿਸ ਦੀ ਪ੍ਰੀਤ ਭਗਤਾਂ ਨਾਲੋਂ ਜਾਏ ਨਾ ਟੁੱਟ, ਟੁੱਟਿਆਂ ਲਏ ਜੁੜਾਈਆ । ਮੈਂ ਫੇਰ ਹੋਵਾਂਗੀ ਖ਼ੁਸ਼, ਜਦੋਂ ਭਗਤ ਸੁਹੇਲੇ ਆਪਣੇ ਅੰਦਰ ਲਵਾਂ ਟਿਕਾਈਆ । ਹੱਸ ਕੇ ਕਹਾਂਗੀ ਤੁਸੀਂ ਇਕੋ ਪਿਤਾ ਦੇ ਪੁਤ, ਇਕੱਠੇ ਮਿਲ ਕੇ ਖਾਣਾ ਚਾਈਂ ਚਾਈਆਂ । ਗ਼ੁੱਸੇ ਵਿਚ ਕਦੇ ਜਾਣਾ ਨਹੀਂ ਰੁੱਸ, ਇਹ ਰੁੱਸਿਆਂ ਲਏ ਮਨਾਈਆ । ਨਾਲੇ ਫੇਰ ਆਪਣੇ ਦੱਸਾਂਗੀ ਦੁੱਖ, ਭੇਵ ਅਭੇਦ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਚਾਰ ਦੀਵਾਰ ਕਹੇ ਮੇਰੇ ਉਤੇ ਦੀਪਕ ਜਗੇ ਦੀਵਾਲੀ, ਖ਼ੁਸ਼ੀਆਂ ਰੰਗ ਰੰਗਾਈਆ । ਮੈਨੂੰ ਮਸਤੀ ਆਵੇਗੀ ਬਾਹਲੀ, ਬਹੁ ਰੂਪਾਂ ਵਿਚ ਜਣਾਈਆ । ਜਨ ਭਗਤੋ ਤੁਹਾਨੂੰ ਚੜ੍ਹੀ ਰਹੇ ਲਾਲੀ, ਲਾਲ ਰੰਗ ਰੰਗਾਈਆ । ਤੁਹਾਡੀ ਸਦਾ ਰਹੇ ਖ਼ੁਸ਼ਹਾਲੀ, ਖ਼ੁਸ਼ੀਆਂ ਵੇਖ ਵਖਾਈਆ । ਤੁਹਾਡਾ ਲਹਿਣਾ ਬੇਮਿਸਾਲੀ, ਮਿਸਲ ਵਿਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਚਾਰ ਦੀਵਾਰ ਕਹੇ ਜਨ ਭਗਤੋ ਮੇਰੀ ਛੱਤੀ ਜੁਗ ਦੀ ਆਵਾਜ਼, ਨਾਨਕ ਹਲ ਵਾਹ ਕੇ ਗਿਆ ਸਮਝਾਈਆ । ਤੁਸਾਂ ਉਸ ਧਰਤੀ ਤੇ ਉਗਾਇਆ ਅਨਾਜ, ਆਪ ਆਪਣਾ ਬਲ ਧਰਾਈਆ । ਹੁਣ ਮੇਰਾ ਖ਼ੁਸ਼ੀਆਂ ਵਾਲਾ ਹੋਣਾ ਕਾਜ, ਸਚ ਦਿਆਂ ਸੁਣਾਈਆ । ਤੁਸਾਂ ਬਹੁਤਾ ਬਹੁਤਾ ਮੇਰੇ ਲਈ ਲਿਆਉਣਾ ਦਾਜ, ਆਪਣੇ ਹੱਥ ਛੁਹਾਈਆ । ਮੈਂ ਫੇਰ ਦੱਸਾਂਗੀ ਕਿਸ ਬਿਧ ਬਦਲ ਜਾਣਾ ਰਾਜ, ਦੀਨ ਦੁਨੀ ਉਲਟਾਈਆ । ਤੁਸੀਂ ਪਕਵਾਨ ਦਾ ਖਾਇਓ ਖਾਜ, ਆਪਣੀ ਖ਼ੁਸ਼ੀ ਬਣਾਈਆ । ਮੈਨੂੰ ਚਾਰੋਂ ਕੁੰਟ ਇਕੋ ਆਵੇ ਆਵਾਜ਼, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮਾਝਾ ਮਾਲਵਾ ਦੁਆਬਾ ਜੰਮੂ ਇਕ ਇਕ ਕੁੰਟ ਤੇ ਆਪਣਾ ਆਪਣਾ ਮਾਰ ਕੇ ਬੰਨ੍ਹੇਗਾ ਕਾਗ, ਨਵ ਫੁਟ ਜ਼ਿਮੀਂ ਤੋਂ ਉਚਾ ਗਡਾਈਆ । ਫੇਰ ਮੈਂ ਸਮਝਾਂਗੀ ਮੇਰੇ ਹੋਏ ਵਡ ਵਡ ਭਾਗ, ਭਾਗਾਂ ਭਰੀ ਅਖਵਾਈਆ । ਨਾਲ ਪੰਜ ਪੰਜ ਜਗਾਉਣੇ ਚਰਾਗ਼, ਪੰਚਮ ਮੁਖ ਮੁਖ ਬਣਾਈਆ । ਲਹਿੰਦੀ ਦਿਸ਼ਾ ਇਕ ਰਖੀ ਹੋਵੇ ਕਿਤਾਬ, ਉਰਦੂ ਫ਼ਾਰਸੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪ ਕਮਾਈਆ । ਦੀਵਾਰ ਕਹੇ ਮੈਂ ਹੋਵਾਂ ਦੀਵਾਨੀ,

੧੩੭੯
੨੩

ਦੀਆ ਬਾਤੀ ਵੇਖ ਵਖਾਈਆ । ਮੇਰੀ ਆਸ਼ਾ ਹੋਵੇ ਮਸਤਾਨੀ, ਮਸਤੀ ਵਿਚ ਨੱਚਾਂ ਚਾਈਂ ਚਾਈਆ । ਜਨ ਭਗਤਾਂ ਨੂੰ ਕਹਾਂ ਗੁਰਮੁਖੋ ਤੁਹਾਨੂੰ ਦੇਣੀ ਨਾ ਪਏ ਕੁਰਬਾਨੀ, ਗੜ੍ਹੀ ਚਮਕੌਰ ਦਾ ਲੇਖਾ ਤੁਹਾਡੀ ਝੋਲੀ ਪਾਈਆ । ਗੋਬਿੰਦ ਦਾ ਨਵਾਂ ਰੂਪ ਤੇ ਨਵੀਂ ਜਵਾਨੀ, ਨਵੀਂ ਖੇਲ ਖਿਲਾਈਆ । ਗ਼ਰੀਬ ਨਿਮਾਣਿਆਂ ਦੇ ਕੇ ਪਦ ਨਿਰਬਾਣੀ, ਸਚਖੰਡ ਦੇਵੇ ਵਡਿਆਈਆ । ਆਤਮ ਪਰਮਾਤਮ ਮੇਲ ਮੇਲ ਕੇ ਹਾਣੀ ਹਾਣੀ, ਆਪ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ ।

### ✪ ੪ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸਵੇਰੇ ਲੰਗਰ ਸੱਚੇ ਪਾਤਸ਼ਾਹ ਜੀ ਦੇ ਵਰਤਾਉਣ ਤੇ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੀ ਛਾਤੀ ਫੁਟਿਆ ਸੀਰ, ਰਸ ਅੰਮ੍ਰਿਤ ਪ੍ਰਭੂ ਦਿਤਾ ਚੁਆਈਆ । ਮੇਰੇ ਅੰਤਰ ਨਿਰੰਤਰ ਆਈ ਧੀਰ, ਧੀਰਜ ਧੀਰ ਦਿਤੀ ਬੰਧਾਈਆ । ਮੈਂ ਖ਼ੁਸ਼ੀ ਵਿਚ ਤੱਕਾਂ ਪ੍ਰਭ ਦੇ ਬੱਚੇ ਖਾਰ ਸ਼ੀਰ, ਇਕ ਦੂਜੇ ਦੇ ਵੀਰ ਮੁਹੱਬਤ ਵਿਚ ਸਮਾਈਆ । ਭੇਵ ਰਿਹਾ ਨਾ ਸ਼ਾਹ ਹਕੀਰ, ਹਰਿ ਸੰਗਤ ਬਣ ਕੇ ਖ਼ੁਸ਼ੀ ਬਣਾਈਆ । ਮੇਰਾ ਵੈਰਾਗ ਵਿਚ ਬਿਨਾ ਅੱਖੀਆਂ ਤੋਂ ਵਗਿਆ ਨੀਰ, ਹੰਝੂ ਦਿਤੇ ਵਹਾਈਆ । ਖੇਲ ਤੱਕਿਆ ਕੀ

੧੩੨੨ ੨੩ ਕਰੇ ਪੀਰਾਂ ਦਾ ਪੀਰ, ਪੀਰਾਂ ਕੀ ਹੁਕਮ ਵਰਤਾਈਆ । ਜਿਸ ਨੇ ਸਤਿਜੁਗ ਸਤਿ ਧਰਮ ਦੀ ਦਿਤੀ ਵਾਦ ਅਸ਼ੀਰ, ਸਿਰ ਸਿਰ ਆਪਣਾ ਹੱਥ ਟਿਕਾਈਆ । ੧੩੨੨ ੨੩

ਧਰਤੀ ਕਹੇ ਮੇਰੀ ਧੂੜੀ ਨੂੰ ਚੁੰਮ ਕੇ ਇਹ ਕਹਿ ਕੇ ਗਿਆ ਕਬੀਰ, ਅਰਸ਼ ਕੁਰਸ਼ ਧਿਆਨ ਲਗਾਈਆ । ਜਿਸ ਵੇਲੇ ਮੇਰਾ ਸ਼ਹਿਨਸ਼ਾਹ ਆਇਆ ਗੁਣੀ ਗਹੀਰ, ਗਹਿਰ ਗਵਰ ਵੇਸ ਵਟਾਈਆ । ਧਰਨੀਏ ਮੈਨੂੰ ਪਾਣੀ ਵਿਚ ਸੁੱਟਿਆ ਬੰਨ੍ਹ ਜ਼ੰਜੀਰ, ਗੰਗਾ ਦਏ ਗਵਾਹੀਆ । ਉਹ ਜਨ ਭਗਤਾਂ ਬਦਲ ਦੇਵੇ ਤਕਦੀਰ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਗਾਉਣਾ, ਢੋਲਾ ਬੇਪਰਵਾਹੀਆ । ਜਿਸ ਨੇ ਸਭ ਦਾ ਲਹਿਣਾ ਦੇਣ ਚੁਕਾਉਣਾ, ਪੂਰਬ ਵੇਖ ਵਖਾਈਆ । ਭੁੱਲਿਆਂ ਭਟਕਿਆਂ ਮਾਰਗ ਪਾਉਣਾ, ਰਾਹ ਇਕੋ ਇਕ ਦਰਸਾਈਆ । ਕੋੜ੍ਹਿਆਂ ਕਮਲਿਆਂ ਗਲੇ ਲਗਾਉਣਾ, ਫੜ ਬਾਹੋਂ ਲਏ ਉਠਾਈਆ । ਸਭ ਦਾ ਸੰਗੀ ਸਾਥੀ ਆਪ ਅਖਵਾਉਣਾ, ਸਗਲਾ ਸੰਗ ਬਣਾਈਆ । ਨਾਮ ਭੰਡਾਰਾ ਜਿਸ ਖ਼ੁਸ਼ੀਆਂ ਵਿਚ ਵਰਤਾਉਣਾ, ਵਰਤਾਵਾ ਹੋ ਕੇ ਭੁੱਖਿਆਂ ਦਏ ਰਜਾਈਆ । ਮੈਂ ਲੱਖ ਲੱਖ ਸ਼ੁਕਰ ਮਨਾਉਣਾ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਗਾਵਾਂ, ਢੋਲਾ ਬੇਪਰਵਾਹੀਆ । ਜੋ ਮਾਣ ਦੇਵੇ ਥਾਂ ਨਿਥਾਵਾਂ, ਨਿਮਾਣਿਆਂ ਹੋਏ ਸਹਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਹਵਾਂ, ਫੜ ਫੜ ਆਪ ਉਠਾਈਆ । ਮੈਂ ਫਿਰਾਂ ਨਾਲ ਚਾਵਾਂ, ਚਾਓ ਘਨੇਰਾ ਇਕ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਬਣਿਆ ਆਪ ਵਰਤਾਵਾ, ਵਾਰਤਾ ਪਿਛਲੀ ਸਮਝ ਕੋਇ ਨਾ ਪਾਈਆ ।

ਜਿਸ ਦਾ ਭਗਤਾਂ ਨੂੰ ਦੇਂਦੇ ਰਹੇ ਸਾਰੇ ਡਰਾਵਾ, ਉਹ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਉਹ ਜਨ ਭਗਤਾਂ ਪਿਆਰ ਕਰੇ ਜਿਉਂ ਪੁੱਤਰਾਂ ਮਾਵਾਂ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਅੰਤਸ਼ਕਰਨ ਹੋ ਗਿਆ ਠੰਡਾ, ਸਾਂਤਕ ਸਤਿ ਦਿਤਾ ਵਰਤਾਈਆ । ਮੈਂ ਜਨ ਭਗਤਾਂ ਸਚ ਪ੍ਰੇਮ ਦੀਆਂ ਦੇਵਾਂ ਗੰਢਾਂ, ਧੁਰ ਦਾ ਸਗਨ ਮਨਾਈਆ । ਤੁਹਾਡਾ ਵਕਤ ਸੁਹੰਜਣਾ ਗ੍ਰਿਹ ਜਾ ਕੇ ਕਰੇ ਚੰਗਾ, ਵੱਜਦੀ ਰਹੇ ਵਧਾਈਆ । ਤੁਹਾਡੇ ਚਰਨਾਂ ਦੀ ਧੂੜ ਲੱਭਦੀ ਫਿਰੇ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਤੁਹਾਡੇ ਪ੍ਰੇਮ ਪਿਆਰ ਦਾ ਮੇਰੇ ਉਤੇ ਲੱਗ ਗਿਆ ਪੰਜਾ, ਪੰਜ ਆਬ ਵੇਖੇ ਚਾਈਂ ਚਾਈਂਆ । ਇਹ ਇਸ਼ਾਰਾ ਕੀਤਾ ਸੀ ਗੋਬਿੰਦ ਕਵੀ ਬਵੰਜਾ, ਬਾਵਨ ਧਾਰ ਦ੍ਰਿੜਾਈਆ । ਜਿਸ ਵੇਲੇ ਕਲਜੁਗ ਹਾਥ ਨਾ ਆਏ ਮੁਹਾਣਿਆਂ ਵੰਝਾ, ਕੂੜ ਸਾਗਰ । ਓਸ ਵੇਲੇ ਬਿਨਾ ਪੁਰਖ ਅਕਾਲ ਤੋਂ ਦੇਵੇ ਨਾ ਕੋਇ ਅਨੰਦਾ, ਅਨੰਦ ਵਿਚ ਨਾ ਕੋਇ ਰਖਾਈਆ । ਸੋ ਖੇਲ ਕਰੇ ਸੂਰਾ ਸਰਬੰਗਾ, ਮੇਰੇ ਉਤੇ ਦਇਆ ਕਮਾਈਆ । ਜਿਸ ਦਾ ਸਫ਼ਰ ਅਗੇ ਰਹੇ ਨਾ ਲੰਮਾ, ਪਾਂਧੀ ਪੰਧ ਰਿਹਾ ਮੁਕਾਈਆ । ਜਨ ਭਗਤੋ ਤੁਹਾਡਾ ਪ੍ਰਵਾਨ ਹੋਇਆ ਤੂੰ ਮੇਰਾ ਮੈਂ ਤੇਰਾ ਗਾਇਆ ਛੰਦਾ, ਝੋਲੀ ਆਪਣੀ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖ਼ਸ਼ੰਦਾ ।

੧੩੭੮ ੨੩ ਥਾਲ ਕਹੇ ਸੁਣ ਮੇਰੇ ਨਿਰੰਕਾਰ, ਦਰ ਤੇਰੇ ਸੀਸ ਨਿਵਾਈਆ । ਮੈਨੂੰ ਰਾਮ ਸਿੰਘ ਲਿਆਂਦਾ ਨਾਲ ਪਿਆਰ, ਕਿਉਂ ਅੰਦਰ ਦਿਤਾ ਟਿਕਾਈਆ । ੧੩੭੮ ੨੩
ਉਸ ਵਿਚ ਆਪਣੇ ਚਰਨਾਂ ਦਾ ਅੰਮ੍ਰਿਤ ਭਗਤਾਂ ਨੂੰ ਪਿਆਲ, ਮੁਖ ਲਬਾਂ ਨਾਲ ਸੁਹਾਈਆ । ਸੱਚੇ ਪਾਤਸ਼ਾਹ ਤੇਰਾ ਪਾਤਰ ਰਹੇ ਨਾ ਕੋਇ ਕੰਗਾਲ, ਪੱਤੀ ਹਿੱਸਾ ਤੇਰੇ ਨਾਲ ਰਖਾਈਆ । ਜਗਤ ਗ਼ਰੀਬੀ ਵਿਚੋਂ ਕਰ ਬਹਾਲ, ਇਹ ਮੇਰੀ ਆਸ਼ਾ ਮੰਗ ਮੰਗਾਈਆ । ਤੂੰ ਦੇਵਣਹਾਰ ਗੋਪਾਲ, ਗੋਬਿੰਦ ਤੇਰੀ ਬੇਪ੍ਰਵਾਹੀਆ । ਚਾਰ ਮੱਘਰ ਤੱਕ ਲੈ ਮੁਰੀਦਾਂ ਵਾਲਾ ਹਾਲ, ਮੁਰਸ਼ਦ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਥਾਲ ਕਹੇ ਪ੍ਰਭੂ ਤੇਰੀ ਚਰਨ ਧੂੜੀ ਨਾਲ ਜਾਵਾਂ ਪਰੋਸਾ, ਪਰਸ ਰਾਮ ਦਾ ਲੇਖਾ ਦੇ ਚੁਕਾਈਆ । ਜਿਸ ਪੰਧ ਮਾਰਿਆ ਤੇਰੇ ਪਿਛੇ ਚੌਦਾਂ ਹਜ਼ਾਰ ਕੋਸਾ, ਕਦਮ ਕਦਮ ਨਾਲ ਬਦਲਾਈਆ । ਫੇਰ ਕਰ ਕੇ ਬਹਿ ਗਿਆ ਰੋਸਾ, ਆਪਣਾ ਮੁਖ ਬਦਲਾਈਆ । ਮੈਂ ਤੇਰੀ ਕਦੇ ਨਾ ਦੇਵਾਂ ਮੋਖਾ, ਮੁਫ਼ਤ ਵਿਚ ਤੇਰਾ ਖੇਲ ਵੇਖ ਵਖਾਈਆ । ਮੇਰੇ ਪ੍ਰਭੂ ਭਗਤਾਂ ਨਾਲ ਕਦੀ ਕਰੀਂ ਨਾ ਧੋਖਾ, ਅਵਤਾਰ ਪੈਗ਼ੰਬਰ ਗੁਰੂ ਹੁਕਮੇ ਵਿਚ ਭਵਾਈਆ । ਉਨ੍ਹਾਂ ਤੇਰੇ ਨਾਮ ਦਾ ਇਕੋ ਪੜ੍ਹਨਾ ਪੋਥਾ, ਪੁਸਤਕ ਬਗ਼ਲ ਨਾ ਕੋਇ ਉਠਾਈਆ । ਤੂੰ ਸਦਾ ਸਦ ਬਖ਼ਸ਼ਣੀ ਮੋਖਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਥਾਲ ਕਹੇ ਮੈਂ ਵੇਖਾਂ ਜਲ ਥਲ ਅਸਗਾਹ, ਫਿਰਾਂ ਵਾਹੋ ਦਾਹੀਆ । ਨਵ ਸੱਤ ਭੱਜਾਂ ਵਾਹੋ ਦਾਹ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਅਗੇ ਸੀਸ ਦੇਵਾਂ ਨਿਵਾ, ਨਿਵ ਨਿਵ ਲਾਗਾਂ ਪਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਅਗੇ

ਕਰਾਂ ਦੁਆ, ਦੋਏ ਜੋੜ ਵਾਸਤਾ ਪਾਈਆ । ਗ੍ਰੰਥ ਸ਼ਾਸਤਰ ਵੇਦ ਪੁਰਾਨਾ ਦਿਤਾ ਸੁਣਾ, ਅੰਜੀਲ ਕੁਰਾਨਾ ਰਿਹਾ ਜਣਾਈਆ । ਮੇਰੇ ਖਾਲੀ ਵਿਚ ਕੋਈ ਸਚ ਭੰਡਾਰਾ ਦਿਓ ਪਾ, ਵਸਤ ਅਗੰਮ ਵਰਤਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਕਹਾਂ ਮਾਂ, ਮਈਆ ਹੋਣਾ ਆਪ ਸਹਾਈਆ । ਬਹੁੜੀ ਸਦੀ ਚੌਧਵੀਂ ਸਾਰੇ ਕਰ ਗਏ ਨਾਂਹ, ਵਸਤ ਹੱਥ ਨਾ ਕੋਇ ਫੜਾਈਆ । ਕਿਸੇ ਨੇ ਕਸਮ ਖਾਧੀ ਸੂਰ ਕਿਸੇ ਨੇ ਖਾਧੀ ਗਾਂ, ਸੁਗੰਦ ਚੁੱਕ ਕੇ ਸਾਰੇ ਰਹੇ ਜਣਾਈਆ । ਬਿਨਾ ਪ੍ਰਭੂ ਤੋਂ ਮਿਲੇ ਕੋਈ ਨਾ ਥਾਂ, ਥਨੰਤਰ ਦੇਵੇ ਨਾ ਕੋਇ ਵਡਿਆਈਆ । ਉਹ ਤੈਨੂੰ ਖ਼ਾਲੀ ਨੂੰ ਦਏ ਭਰਾ, ਭੰਡਾਰਾ ਭਗਤਾਂ ਵਾਲਾ ਬਣਾਈਆ । ਓਹੋ ਰਾਮ ਅੱਲਾ ਵਾਹਿਗੁਰੂ ਕਾਹਨ ਹਕ ਖ਼ੁਦਾ, ਖ਼ੁਦ ਮਾਲਕ ਆਪ ਅਖਵਾਈਆ । ਉਹਦੇ ਚਰਨਾਂ ਦੀ ਧੂੜ ਪਹਿਲੇ ਆਪਣੇ ਵਿਚ ਪਾ, ਅੰਮ੍ਰਿਤ ਜਲ ਰਸ ਨਾਲ ਰਖਾਈਆ । ਫੇਰ ਭਗਤਾਂ ਦੇ ਮੁਖ ਸਗਨ ਲਗਾ, ਖ਼ੁਸ਼ੀਆਂ ਢੋਲੇ ਗਾਈਆ । ਫੇਰ ਸਤਿਜੁਗ ਸਤਿ ਧਰਮ ਤੇਰੀ ਕਰੇ ਵਾਹ ਵਾਹ, ਵਾਹਵਾ ਤੇਰੀ ਵੱਜੀ ਵਧਾਈਆ । ਏਸੇ ਕਾਰਨ ਤੈਨੂੰ ਲਿਆ ਮੰਗਵਾ, ਸ਼ਬਦ ਸ਼ਬਦੀ ਹੁਕਮ ਸੁਣਾਈਆ । ਏਸੇ ਕਾਰਨ ਹਰਿ ਸੰਗਤ ਨੂੰ ਲਿਆ ਰਖਾ, ਭੇਵ ਸਮਝੇ ਕੋਇ ਨਾ ਰਾਈਆ । ਤੇਰੀ ਲੋਹ ਲੰਗਰ ਦਾ ਭੰਡਾਰਾ ਆਪ ਵਰਤਾ, ਆਪਣੀ ਖ਼ੁਸ਼ੀ ਬਣਾਈਆ । ਅੰਤ ਤੇਰੇ ਵਿਚ ਚਰਨ ਦਏ ਟਿਕਾ, ਤੇਰਾ ਲੇਖਾ ਪੂਰ ਕਰਾਈਆ । ਤੋਟ ਰਹੇ ਨਾ ਰਾਅ, ਭੁੱਖਿਆਂ ਭੁੱਖ ਮਿਟਾਈਆ । ਥਾਲ ਕਹੇ ਮੈਂ ਲਵਾਂ ਸ਼ੁਕਰ ਮਨਾ, ਨਿਵ ਨਿਵ ਸੀਸ ਝੁਕਾਈਆ । ਜਿਸ ਰਾਮ ਸਿੰਘ ਨੇ ਰਾਮ ਨਾਲ ਦਿਤਾ ਮਿਲਾ, ਤਿਸ ਦਾ ਰੂਪ ਰਾਮ ਵਿਚ ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਲੇਖੇ ਲਹਿਣੇ ਪੂਰੇ ਰਿਹਾ ਕਰਾ, ਕਰਤਾ ਪੁਰਖ ਦਇਆ ਕਮਾਈਆ ।



### ✪ ੬ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਅਜੈਬ ਸਿੰਘ ਗਗੋਬੂਆ ਦੇ ਨਵਿਤ ✪

ਧਰਨੀ ਕਹੇ ਮੇਰੇ ਉਤੇ ਵਕਤ ਭਉ ਕਾ, ਭੈ ਵਿਚ ਜਗਤ ਲੋਕਾਈਆ । ਛੱਬੀ ਪੋਹ ਭਗਤ ਦਵਾਰੇ ਅੰਦਰ ਟੰਗਣੀ ਇਕ ਨੌਕਾ, ਨਈਆ ਨਾਮ ਰੰਗਾਈਆ । ਉਤੇ ਲੇਖ ਲਿਖਣਾ ਵਾਹ ਵਾਹੋ ਕਾ, ਵਾਹਵਾ ਤੇਰੀ ਬੇਪ੍ਰਵਾਹੀਆ । ਇਹ ਖੇਲ ਸ਼ਹਿਨਸ਼ਾਹ ਸ਼ਾਹੋ ਕਾ, ਪਾਤਸ਼ਾਹ ਆਪ ਕਰਾਈਆ । ਜਿਸ ਲਹਿਣਾ ਦੇਣਾ ਮੁਕਾਉਣਾ ਥਲ ਅਸਗਾਹੋ ਕਾ, ਮਹੀਅਲ ਵੇਖ ਵਖਾਈਆ । ਜਨ ਭਗਤਾਂ ਨਾਤਾ ਜੋੜਨਾ ਪਿਤਾ ਮਾਉਂ ਕਾ, ਗੋਦੀ ਗੋਦ ਆਪ ਸੁਹਾਈਆ । ਕਲਜੁਗ ਕੂੜ ਰੂਪ ਹੋਣਾ ਕਾਉਂ ਕਾ, ਕਲਪਣਾ ਵਿਚ ਸਰਬ ਕੁਰਲਾਈਆ । ਪੰਚ ਵਿਕਾਰਾ ਵਹਿਣ ਵਹਿਣਾ ਦਰਿਆਓ ਕਾ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਆਪ ਕਮਾਈਆ । ਧਰਨੀ ਕਹੇ ਪ੍ਰਭੂ ਤੂੰ ਸੁਹਾਉਣੀ ਮੇਰੀ ਧਰਤ, ਧਵਲ ਦੇਣੀ ਵਡਿਆਈਆ । ਤੇਰਾ ਨਿਰਗੁਣ ਧਾਰ ਖੇਲ ਵੇਖਾਂ ਪਰਤ, ਪਤਿਪਰਮੇਸ਼ਵਰ ਖੋਜ ਖੁਜਾਈਆ । ਤੂੰ ਮਾਲਕ ਵਾਲੀ ਅਰਸ਼, ਫ਼ਰਸ਼ਾਂ ਹੋਣਾ ਸਹਾਈਆ । ਅੰਮ੍ਰਿਤ ਮੇਘ ਦੇਣਾ ਬਰਸ, ਬੂੰਦ ਸਵਾਂਤੀ ਆਪ ਟਪਕਾਈਆ । ਜਨ ਭਗਤਾਂ ਉਤੇ ਕਰਨਾ

ਤਰਸ, ਰਹਿਮਤ ਆਪ ਕਮਾਈਆ । ਮਾਨਸ ਜਨਮ ਦੀ ਪੂਰੀ ਕਰਨੀ ਹਰਸ, ਹਵਸ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਜਨ ਭਗਤ ਤੇਰੇ ਸੱਚੇ, ਸਚ ਤੇਰੀ ਸਰਨਾਈਆ । ਕਿਰਪਾ ਕਰ ਦੇ ਕਾਇਆ ਮਾਟੀ ਕੱਚੇ, ਤਨ ਕੰਚਨ ਗੜ੍ਹ ਸੁਹਾਈਆ । ਗੋਦ ਸੁਹਾ ਦੇ ਆਪਣੇ ਬੱਚੇ, ਬਚਪਨ ਦੇ ਵਡਿਆਈਆ । ਜਗਤ ਤ੍ਰਿਸ਼ਨਾ ਵਿਚ ਨਾ ਤਪੇ, ਤ੍ਰਿਖਾ ਦੇਣੀ ਦੂਰ ਕਰਾਈਆ । ਤੇਰੇ ਨਾਮ ਵਿਚ ਰਹਿਣ ਰਤੇ, ਰਤਨ ਅਮੋਲਕ ਲੈਣੇ ਬਣਾਈਆ । ਸਚ ਪ੍ਰੀਤੀ ਜੋੜ ਦੇ ਨਤੇ, ਨਾਤਾ ਆਪਣੇ ਨਾਲ ਵਖਾਈਆ । ਤੇਰੀ ਕਿਆ ਕੋਈ ਜਾਣੇ ਮਿਤ ਗਤੇ, ਤੂੰ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧੁਰ ਮਾਲਕ ਬਖ਼ਸ਼ ਦੇ ਦਾਤ, ਵਡ ਦਾਤੇ ਦਇਆ ਕਮਾਈਆ । ਜਗਤ ਨਾਤਾ ਜੋੜ ਦੇ ਨਾਤ, ਦੋਹਰਾ ਰੰਗ ਰੰਗਾਈਆ । ਕਿਰਪਾ ਕਰ ਪ੍ਰਭੂ ਪ੍ਰਭ ਆਪ, ਮਿਹਰ ਨਜ਼ਰ ਉਠਾਈਆ । ਹਰਿਜਨ ਪੁਛ ਵਾਤ, ਹੋਣਾ ਆਪ ਸਹਾਈਆ । ਸਚ ਵਸਤ ਝੋਲੀ ਪਾ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤਾਂ ਹੋਵੇ ਵਾਧਾ, ਜੁਗ ਜੁਗ ਮਿਲੇ ਵਡਿਆਈਆ । ਤੂੰ ਸਭ ਦਾ ਪਿਤਾ ਪੂਤ ਦਾਦਾ, ਦਇਆਵਾਨ ਤੇਰੀ ਸਰਨਾਈਆ । ਮੈਂ ਦਿਵਸ ਰੈਣ ਅਰਾਧਾ, ਬਿਨ ਰਸਨਾ ਢੋਲੇ ਗਾਈਆ । ਤੂੰ ਮੋਹਣ ਮਾਧਵ ਮਾਧਾ, ਮਿਹਰਵਾਨ ਅਖਵਾਈਆ । ਹਰਿਜਨ ਜਨ ਹਰਿ ਗ੍ਰਿਹਿ ਕਰਨਾ ਵਾਧਾ, ਸਿਰ ਸਿਰ ਹੱਥ ਟਿਕਾਈਆ । ਤੂੰ ਭਗਤ ਸੁਹੇਲਾ

੧੩੮੦
੨੩

ਗੁਰੂ ਗੁਰ ਚੇਲਾ ਵਾਲਾ ਬਾਜ਼ਾ, ਬਾਜ਼ੀ ਦੀਨ ਦੁਨੀ ਵੇਖ ਵਖਾਈਆ । ਸ਼ਹਿਨਸ਼ਾਹ ਭੂਪ ਵਡ ਰਾਜਨ ਰਾਜਾ, ਸਚਖੰਡ ਨਿਵਾਸੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਪੋਹ ਛੱਬੀ ਆਉਂਦਾ ਨੱਸਾ, ਆਪਣਾ ਪੰਧ ਮੁਕਾਈਆ । ਕੁਛ ਲੇਖਾ ਦੱਸ ਦੇ ਸਿੰਘ ਮੱਸਾ, ਮੱਸਿਆ ਰੈਣ ਅੰਧੇਰੀ ਕਲਜੁਗ ਵੇਖ ਵਖਾਈਆ । ਜਿਸ ਦੇ ਗਲ ਵਿਚ ਸਾਢੇ ਤਿੰਨ ਹੱਥ ਦਾ ਹੋਵੇ ਰੱਸਾ, ਦੁਹਰਾ ਰੰਗ ਰੰਗਾਈਆ । ਬਖ਼ਸ਼ੀਸ਼ ਸਿੰਘ ਦੇ ਸਿਰ ਤੇ ਹੋਵੇ ਸੱਸਾ, ਸਵਾ ਫੁਟ ਲੰਬਾਈ ਚੌੜਾਈਆ । ਗਿਰਧਾਰਾ ਸਿੰਘ ਬਣਾ ਕੇ ਲਾਈਆਂ ਹੋਵਣ ਅੱਖਾਂ, ਪੰਜ ਚਾਰ ਸੋਭਾ ਪਾਈਆ । ਕਾਸ਼ੀ ਰਾਮ ਪੱਗੜੀ ਸਵਾਰੀ ਹੋਵੇ ਨਾਲ ਕੱਖਾਂ, ਸੁੱਕਾ ਘਾਸ ਨਜ਼ਰੀ ਆਈਆ । ਮਹਿੰਦੀ ਲਾਈ ਹੋਵੇ ਹੱਥਾਂ, ਧਰਮ ਦਾ ਰੰਗ ਬਣਾਈਆ । ਪੰਜਾਂ ਬੀਬੀਆਂ ਨੱਕ ਵਿਚ ਪਾਈਆਂ ਹੋਵਣ ਨੱਥਾਂ, ਲੜੀ ਮੋਤੀਆਂ ਨਾਲ ਸੁਹਾਈਆ । ਵਾਲ ਖੁਲ੍ਹੇ ਕੀਤੇ ਹੋਣ ਅੱਠਾਂ, ਅੱਠਾਂ ਤਤਾਂ ਸੋਭਾ ਪਾਈਆ । ਪੰਜਾਂ ਗੁਰਮੁਖਾਂ ਰੂਪ ਧਰਿਆ ਹੋਵੇ ਭੱਟਾਂ, ਸੁਰ ਤਾਲ ਨਾਲ ਗਾਵਣ ਚਾਈਂ ਚਾਈਆ । ਪੰਜ ਕਾਲਾ ਨਿਸ਼ਾਨ ਲਾਉਣਾ ਪੱਟਾਂ, ਢਾਈ ਇੰਚ ਲੰਬਾਈ ਚੌੜਾਈਆ । ਪੰਜਾਂ ਖਰਕਾਂ ਉਤੇ ਪਾਈਆਂ ਹੋਵਣ ਛੱਟਾਂ, ਛਿਟੀਆਂ ਹੱਥ ਵਿਚ ਉਠਾਈਆ । ਇੱਕੀ ਇਕ ਦੂਜੇ ਨੂੰ ਕਰਦੇ ਆਉਣ ਠੱਠਾ, ਮਸਖ਼ਰਿਆਂ ਵਾਲਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਸਮਰਥਾ, ਸਮਰਥ ਤੇਰੀ ਬੇਪ੍ਰਵਾਹੀਆ ।

## ✪ ੧੨ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਤਰਲੋਕ ਸਿੰਘ ਹਰੀ ਪੁਰ ਜ਼ਿਲਾ ਜਲੰਧਰ ਦੇ ਨਵਿਤ ✪

ਸਤਿਗੁਰ ਦਿਆਲ ਸਰਬ ਸੁਖ ਦਾਤਾ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦੀ ਜੋੜੇ ਨਾਤਾ, ਜੁਗ ਜੁਗ ਮੇਲ ਮਿਲਾਈਆ । ਨਾਮ ਨਿਧਾਨਾ ਦਏ ਸੌਗਾਤਾ, ਵਸਤ ਅਮੋਲਕ ਅਮੁੱਲ ਵਰਤਾਈਆ । ਅੰਧ ਅੰਧੇਰ ਮੇਟ ਕੇ ਰਾਤਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਰਬ ਜੀਆਂ ਬਣ ਪਿਤਾ ਮਾਤਾ, ਹਰਿਜਨ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਹਰਿ, ਮਿਹਰ ਨਜ਼ਰ ਨਾਲ ਤਰਾਈਆ । ਸਤਿਗੁਰ ਸਾਚਾ ਸ਼ਾਹੋ ਸ਼ਾਬਾਸ, ਹਰਿ ਕਰਤਾ ਇਕ ਅਖਵਾਈਆ । ਜਨ ਭਗਤਾਂ ਪੂਰੀ ਕਰੇ ਆਸ, ਜਗਤ ਤ੍ਰਿਸ਼ਨਾ ਵੇਖ ਵਖਾਈਆ । ਜਗਤ ਦੁੱਖੜਾ ਕਰੇ ਨਾਸ, ਹਉਮੇ ਹੰਗਤਾ ਗੜ੍ਹ ਤੁੜਾਈਆ । ਸਦਾ ਸੁਹੇਲਾ ਹੋ ਕੇ ਵਸੇ ਪਾਸ, ਅੰਤਰ ਨਿਰੰਤਰ ਵੇਖ ਵਖਾਈਆ । ਨਾਮ ਚਲਾ ਸਵਾਸ ਸਵਾਸ, ਰਸ ਰਸਨਾ ਰਸ ਵਖਾਈਆ । ਲੇਖਾ ਵੇਖ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸਾਚਾ ਮੀਤੜਾ, ਪਾਰਬ੍ਰਹਮ ਕਰਤਾਰ । ਜਨ ਭਗਤਾਂ ਲੇਖਾ ਜਾਣੇ ਅਨਡੀਠੜਾ, ਜਗ ਨੇਤਰ ਪਾਵੇ ਕੋਇ ਨਾ ਸਾਰ । ਆਦਿ ਜੁਗਾਦੀ ਠਾਂਡਾ ਸੀਤੜਾ, ਇਕ ਇਕੱਲਾ ਏਕੰਕਾਰ । ਹਰਿਜਨ ਕਾਇਆ ਚੋਲੀ ਰੰਗੇ ਚੀਥੜਾ, ਨਾਮ ਮਜੀਠੀ ਅਗੰਮ ਅਪਾਰ । ਜੁਗ ਜੁਗ ਚਲਾਵਣਹਾਰਾ ਰੀਤੜਾ, ਖੇਲੇ ਖੇਲ ਵਿਚ ਸੰਸਾਰ ।
੧੩੮੧ ੨੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ । ਸਤਿਗੁਰ ਸਾਚਾ ਦੀਨ ਦਿਆਲ, ਦਇਆਨਿਧ ਅਖਵਾਈਆ । ਭਗਤ ਵਛਲ ਹਰਿ ਕਿਰਪਾਲ, ਗੋਬਿੰਦ ਧੁਰ ਦਾ ਮਾਹੀਆ । ਹਰਿਜਨ ਸਦਾ ਹੋਵੇ ਰਖਵਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਲੇਖੇ ਲਾਏ ਅੰਜਾਣੇ ਬਾਲ, ਬਾਲੀ ਬੁਧ ਹੋਏ ਸਹਾਈਆ । ਜਨਮ ਜਨਮ ਦੀ ਪੂਰੀ ਕਰੇ ਘਾਲ, ਲੇਖਾ ਜਾਣੇ ਥਾਉਂ ਥਾਈਆ । ਜੀਵਣ ਜ਼ਿੰਦਗੀ ਆਪਣੇ ਹੱਥ ਰਖੇ ਸਵਾਲ, ਦੂਸਰ ਸਮਝ ਕੋਇ ਨਾ ਪਾਈਆ । ਹਰਿਜਨ ਫਲ ਲਗਾਏ ਕਾਇਆ ਡਾਲ, ਤਨ ਮਾਟੀ ਆਪ ਮਹਿਕਾਈਆ । ਆਪੇ ਵੇਖੇ ਮੁਰੀਦਾਂ ਹਾਲ, ਹਰਿ ਮੁਰਸ਼ਦ ਬੇਪ੍ਰਵਾਹੀਆ । ਹਰਿਜਨ ਸਾਚੇ ਲਏ ਸੰਭਾਲ, ਸੰਬਲ ਬਹਿ ਕੇ ਦਇਆ ਕਮਾਈਆ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਏਥੇ ਓਥੇ ਹੋਏ ਸਹਾਈਆ । ਹਰਿਜਨ ਪੋਹ ਨਾ ਸਕੇ ਕਾਲ, ਮਹਾਕਾਲ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸਾਚਾ ਸੱਚਾ ਸੰਗ, ਸੰਗੀ ਇਕ ਅਖਵਾਇੰਦਾ । ਨਾਮ ਨਿਧਾਨਾ ਚਾੜ੍ਹੇ ਰੰਗ, ਦੁਰਮਤ ਮੈਲ ਧਵਾਇੰਦਾ । ਅੰਮ੍ਰਿਤ ਧਾਰ ਵਹਾਏ ਗੰਗ, ਸਰ ਸਰੋਵਰ ਗ੍ਰਹਿ ਵਖਾਇੰਦਾ । ਨਿਰਗੁਣ ਨੂਰ ਚਾੜ੍ਹ ਕੇ ਚੰਦ, ਅੰਧ ਅਗਿਆਨ ਮਿਟਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਧਨ ਕੂੜੇ ਮਾਤ ਕਟਾਇੰਦਾ । ਆਤਮ ਪਰਮਾਤਮ ਬਖ਼ਸ਼ ਕੇ ਅਨੰਦ, ਸੁਖ ਸਾਗਰ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇੰਦਾ । ਸਤਿਗੁਰ ਸੱਚਾ ਏਕ ਹੈ, ਏਕਾ ਏਕੰਕਾਰ । ਸ਼ਬਦ ਸਰੂਪੀ ਸਾਚੀ ਟੇਕ ਹੈ, ਲੇਖਾ ਜਾਣੇ ਸਰਬ ਸੰਸਾਰ । ਜਨ ਭਗਤਾਂ ਕਰੇ ਬੁਧ ਬਿਬੇਕ ਹੈ, ਦੁਰਮਤ ਮੈਲ ਦਏ ਉਤਾਰ । ਤ੍ਰੈਗੁਣ ਮਾਇਆ ਨਾ ਲਾਏ ਸੇਕ ਹੈ, ਅੰਮ੍ਰਿਤ ਬਖ਼ਸ਼ੇ ਠੰਡਾ ਠਾਰ । ਚਰਨ ਪ੍ਰੀਤੀ ਦੱਸੇ ਟੇਕ

੧੩੮੧ ੨੩

ਹੈ, ਦੂਸਰ ਅਵਰ ਨਾ ਕੋਇ ਸਹਾਰ । ਪਤਤ ਪਾਪੀਆਂ ਕਰੇ ਨੇਕ ਹੈ, ਕਾਗ ਹੰਸ ਰਲਾਏ ਹੰਸਾ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਸਾਚਾ ਬਖ਼ਸ਼ ਆਪ ਪਿਆਰ ।

✪ ੧੪ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦੀ ਨਿਵਾਸੀ ਸਤਵੰਤ ਕੌਰ ਦੇ ਨਵਿਤ ✪

ਨਾਰਦ ਕਹੇ ਸੁਣ ਲੈ ਸੱਜਣ ਮੱਘਰਾ, ਚੌਧਵੀਂ ਦਿਆ ਚੰਨਾ, ਚੌਧਵੇਂ ਦਿਨ ਦਿਆਂ ਜਣਾਈਆ । ਸਚ ਪਿਆਰ ਮੁਹੱਬਤ ਵਾਲਾ ਨੂਰ ਮੇਰਾ ਪੰਗਰਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਓਹ ਤੱਕ ਜੋਤੀ ਧਾਰ ਨਿਰਗੁਣ ਸਵਾਰ ਕੇ ਆਪਣਾ ਘੱਗਰਾ, ਬੈਠੀ ਰੂਪ ਬਦਲਾਈਆ । ਜਿਸ ਦਾ ਕੱਦ ਨਾ ਲੰਮਾ ਨਾ ਮਧਰਾ, ਵੇਖਣ ਵਿਚ ਕਿਛ ਨਾ ਆਈਆ । ਉਹ ਜਨ ਭਗਤਾਂ ਪੂਰੀਆਂ ਕਰੇ ਸਧਰਾ, ਸਦਾ ਸਦ ਆਪਣੀ ਖੇਲ ਖਿਲਾਈਆ । ਨਿਰਵੈਰ ਹੋ ਕੇ ਕਰੇ ਅਦਲਾ, ਇਨਸਾਫ਼ ਇਕ ਸਮਝਾਈਆ । ਜਿਸ ਕਾਰਨ ਚਰਨ ਛੁਹਾਇਆ ਦਜਲਾ, ਦੋ ਜਹਾਨਾਂ ਵੇਖ ਵਖਾਈਆ । ਜੋ ਰਹਿਮਤ ਕਰੇ ਫ਼ਜ਼ਲਾ, ਮਿਹਰ ਨਜ਼ਰ ਉਠਾਈਆ । ਜਿਸ ਦੇ ਪਿਆਰ ਵਿਚ ਪ੍ਰੇਮ ਸਾਰੇ ਪਾਉਂਦੇ ਕਜਲਾ, ਨੇਤਰ ਲੋਚਨ ਨੈਣ ਅੱਖ ਮਟਕਾਈਆ । ਉਹ ਸੁਣਾਵੇ ਆਪਣੀ ਅਗੰਮੀ ਗ਼ਜ਼ਲਾ, ਗਰਜ ਸਮਝ ਕੋਇ ਨਾ ਪਾਈਆ । ਤੂੰ ਦੀਨ ਦੁਨੀ ਵਿਚ ਪੰਧ ਮਾਰ ਕੇ ਭੱਜ ਲਾ, ਭੱਜਣਾ ਵਾਹੋ ਦਾਹੀਆ । ਪ੍ਰਭ ਦਰਸ਼ਨ ਕਰ ਕੇ ਰੱਜ ਲਾ, ਲੋਚਨ ਨੈਣ ਬਿਗਸਾਈਆ । ਆਪਣਾ ਪਰਦਾ ਕੱਜ ਲਾ, ਓਢਣ ਸੀਸ ਛੁਹਾਈਆ । ਸਚ ਦਵਾਰ ਵਿਚ ਪਿਆ ਸਜ ਲਾ, ਬੰਕ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਮੱਘਰ ਕਹੇ ਮੇਰਾ ਖ਼ੁਸ਼ੀਆਂ ਵਿਚ ਝੁਕਦਾ ਸੀਸ, ਸਿਰ ਸਰ ਨਿਵਾਈਆ । ਮੈਂ ਵੇਖਾਂ ਇਕ ਜਗਦੀਸ਼, ਜੋ ਜਗਦੀਸ਼ਰ ਧੁਰਦਰਗਾਹੀਆ । ਜਿਸ ਦੇ ਹੁਕਮ ਵਿਚ ਆਦਿ ਜੁਗਾਦਿ ਪੀਸਣ ਰਿਹਾ ਪੀਸ, ਜੁਗ ਚੌਕੜੀ ਚੱਕੀ ਚਲੇ ਵਾਹੋ ਦਾਹੀਆ । ਤਿਸ ਦੀ ਕਰੇ ਕੋਈ ਨਾ ਰੀਸ, ਸਨਮੁਖ ਰਹਿਣ ਕੋਇ ਨਾ ਪਾਈਆ । ਉਹ ਸਵਾਮੀ ਕਰ ਕੇ ਅਚਰਜ ਰੀਤ, ਰੀਤੀਵਾਨ ਵੇਖ ਵਖਾਈਆ । ਜਿਸ ਭੇਵ ਚੁਕਾਉਣੇ ਮੰਦਰ ਮਸੀਤ, ਕਾਅਬਿਆਂ ਕਰੇ ਰੁਸ਼ਨਾਈਆ । ਉਹਦੀ ਸਚ ਦੀ ਸਚ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਸਦੀ ਬਰਸ ਨਾ ਜਾਵਣ ਬੀਤ, ਦਿਵਸ ਦਿਹਾੜੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਤੇਰੀ ਵਡਿਆਈਆ । ਨਾਰਦ ਕਹੇ ਵੇਖ ਖੇਲ ਸ੍ਰੀ ਭਗਵੰਨਿਆ, ਭਗਵਨ ਦਇਆ ਕਮਾਈਆ । ਜਿਸ ਸਭ ਦਾ ਬੇੜਾ ਬੰਨ੍ਹਿਆ, ਦੋ ਜਹਾਨ ਦਏ ਵਡਿਆਈਆ । ਉਹ ਮਾਲਕ ਧਨੀ ਧਨ ਧੰਨਿਆ, ਧੰਨ ਸਤਿਗੁਰ ਇਕ ਅਖਵਾਈਆ । ਜਿਸ ਦਾ ਰੂਪ ਅਗੰਮਾ ਚੰਨਿਆ, ਚੰਦ ਚਾਂਦਨੇ ਦਏ ਵਡਿਆਈਆ । ਸੋ ਸਵਾਮੀ ਲੇਖਾ ਜਾਣੇ ਵਜੂਦ ਤਨਿਆ, ਤਤਵ ਤਤਾਂ ਵੇਖ ਵਖਾਈਆ । ਜਿਸ ਆਤਮ ਧਾਰ ਭੇਜੀ ਕੰਨਿਆ, ਕਾਇਨਾਤ ਰੰਗ ਰੰਗਾਈਆ । ਜਨ ਜਨਣੀ ਹੋ ਕੇ ਆਪੇ ਜਨਿਆ, ਧੁਰ ਦੀ ਬਣੀ ਜਣੇਂਦੀ ਮਾਈਆ । ਲੇਖੇ ਰਖੇ ਪਵਣ ਸਵਾਮੀ ਦਮਿਆ, ਦਾਮਨਗੀਰ ਬੇਪਰਵਾਹੀਆ । ਇਹਦਾ ਲਹਿਣਾ ਦੇਣਾ ਲੇਖਾ ਨਾਲ ਗੰਗੂ ਪੰਮਿਆ, ਭਤੀਜੀ

ਓਸੇ ਦੀ ਨਜ਼ਰੀ ਆਈਆ । ਜਿਸ ਗੁਜਰੀ ਹਾਲ ਵੇਖ ਕੇ ਨੈਣਾਂ ਨੀਰ ਵਹੰਨਿਆ, ਰੋ ਰੋ ਦਿਤੀ ਦੁਹਾਈਆ । ਕਿਉਂ ਨਿਮਕ ਹਰਾਮੀ ਹੋਇਆ ਅੰਨ੍ਹਿਆ, ਚਾਚੇ ਦਿਤਾ ਦ੍ਰਿੜਾਈਆ । ਉਸ ਇਕ ਸੁਣੀ ਨਾ ਕੰਨਿਆ, ਬਹਿਰਾ ਹੋ ਕੇ ਝਟ ਲੰਘਾਈਆ । ਉਹ ਆਹ ਵਿਚ ਮੇਰਾ ਸਤਿਗੁਰ ਆਵੇ ਭੰਨਿਆ, ਗੋਬਿੰਦ ਧੁਰ ਦਾ ਮਾਹੀਆ । ਜਿਸ ਮੇਟਣਾ ਹੱਦ ਬੰਨਿਆ, ਦੀਨਾਂ ਮਜ਼੍ਹਬਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਗਤ ਕਰਮਿਆ, ਕਰਮ ਕਾਂਡ ਦਾ ਮਾਲਕ ਇਕ ਅਖਵਾਈਆ ।

### ✪ ੧੯ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਜੰਮੂ ਸ਼ਹਿਰ ਵਿਚ ਵਜ਼ਾਰਤ ਰੋਡ ਚੇਲਾ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਮੈਂ ਆਦਿ ਦੀ ਸਿਖਿਆ ਸਿਖੀ, ਪੁਰਖ ਅਕਾਲ ਦੀਨ ਦਿਆਲ ਦਿਤੀ ਦ੍ਰਿੜਾਈਆ । ਜਿਸ ਦੀ ਧਾਰ ਕਿਸੇ ਨਾ ਲਿਖੀ, ਲੇਖ ਲੇਖਣੀ ਵਿਚ ਬੰਦ ਨਾ ਕੋਇ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਏ ਕੋਇ ਨਾ ਹਿੱਸੀ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਅਵਤਾਰ ਪੈਗ਼ੰਬਰ ਗੁਰ ਵੇਖ ਸਕੇ ਕੋਈ ਨਾ ਮੁਨੀ ਰਿਖੀ, ਜਗਤ ਨੇਤਰ ਲੋਚਣ ਨੈਣ ਨਾ ਕੋਇ ਜਣਾਈਆ । ਅਕਲ ਬੁਧੀ ਸਮਝ ਸਕੇ ਕੋਇ ਨਾ ਲਿਪੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਰੂਪ ਮੁਕਤਾ ਸਿਹਾਰੀ ਔਂਕੜ ਦਿਸੇ ਕੋਇ ਨਾ ਟਿੱਪੀ, ਲਾਂਵ ਦੁਲਾਂਵ ਨਾ ਕੋਇ ਚਤੁਰਾਈਆ । ਉਸ ੧੩੮੩ ੨੩
ਦੀ ਖੇਲ ਸਦਾ ਨਿਤੀ, ਨਿਤ ਨਵਿਤ ਆਪਣਾ ਰੂਪ ਬਦਲਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਬਣ ਕੇ ਹਿਤੀ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਦੀ ਆਦਿ ਜੁਗਾਦਿ ਸਮਝੇ ਕੋਇ ਨਾ ਮਿਤੀ, ਮਿਤ੍ਰ ਪਿਆਰਾ ਧੁਰਦਰਗਾਹੀਆ । ਜੋ ਲੱਖ ਚੁਰਾਸੀ ਵੇਖਣਹਾਰਾ ਚਿਤੀ, ਚਿਤ ਵਿਤ ਠਗੌਰੀ ਨਜ਼ਰ ਕੋਇ ਨਾ ਆਈਆ । ਜਿਸ ਦੀ ਧਾਰ ਕੋਇ ਨਾ ਜਿੱਤੀ, ਹਾਰ ਵਿਚ ਖ਼ਲਕ ਖ਼ੁਦਾਈਆ । ਉਹ ਪਰਮਾਤਮ ਧਾਰ ਸਭ ਦਾ ਪਿਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਜਿਸ ਨੇ ਜੁਗ ਚੌਕੜੀ ਆਪਣੀ ਹੁਕਮੀ ਖੇਲ ਮਿਥੀ, ਮਿਥਿਆ ਦੱਸੇ ਸਰਬ ਲੋਕਾਈਆ । ਉਸ ਦੀ ਜਾਣੇ ਕੋਇ ਨਾ ਸਥਿਤੀ, ਥਿਤ ਵਾਰ ਭੇਵ ਕੋਇ ਨਾ ਆਈਆ । ਜਿਸ ਦੇ ਚਰਨਾਂ ਵਿਚ ਤ੍ਰੈਗੁਣ ਮਾਇਆ ਟਿਕੀ, ਪੰਚਮ ਤਤ ਤਤ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਬੇਪਰਵਾਹ ਕਹੇ ਮੇਰੀ ਬੇਪਰਵਾਹੀ, ਸਮਝ ਸਮਝ ਤੋਂ ਬਾਹਰ ਰਖਾਈਆ । ਮੈਂ ਨਿਰਗੁਣ ਧਾਰ ਆਦਿ ਜੁਗਾਦਿ ਰਾਹੀ, ਰਹਿਬਰ ਹੋ ਕੇ ਵੇਖ ਵਖਾਈਆ । ਦੋ ਜਹਾਨ ਅਗੰਮੜੀ ਮੇਰੀ ਸ਼ਾਹੀ, ਸ਼ਹਿਨਸ਼ਾਹ ਹੋ ਕੇ ਹੁਕਮ ਵਰਤਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਰਹੇ ਸੀਸ ਨਿਵਾਈ, ਧਰਨੀ ਧਵਲ ਨਿਉਂ ਨਿਉਂ ਲਾਗੇ ਪਾਈਆ । ਮੇਰਾ ਲਹਿਣਾ ਦੇਣਾ ਲੇਖਾ ਬਲ ਅਸਗਾਹੀ, ਸਮੁੰਦ ਸਾਗਰਾਂ ਖੋਜ ਖੁਜਾਈਆ । ਉਚੇ ਟਿੱਲੇ ਪਰਬਤ ਵੇਖ ਨੈਣ ਅੱਖ ਉਠਾਈ, ਲੋਚਣ ਨੈਣ ਨਾਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਸੰਦੇਸ਼ਾ ਦੇਵਾਂ ਬਣ ਕੇ ਧੁਰਦਰਗਾਹੀ, ਗ੍ਰਿਹਿ ਗ੍ਰਿਹਿ ਆਪਣਾ ਹੁਕਮ ਵਰਤਾਈਆ । ਤਤ ਵਜੂਦਾਂ ਦੇ ਵਡਿਆਈ, ਆਤਮ ਧਾਰ ਜੋਤ ਕਰ ਰੁਸ਼ਨਾਈਆ । ਸਤਿਗੁਰ ਸ਼ਬਦ ਭੁਗਤਾ ਗਵਾਹੀ, ਸ਼ਹਾਦਤ ਇਕੋ ਇਕ ਰਖਾਈਆ । ਆਦਿ ਅੰਤ

ਦਾ ਬਣ ਕੇ ਮਾਹੀ, ਮਹਿਬੂਬ ਹੋ ਕੇ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਵੰਡ ਵੰਡਾਈ, ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾਈਆ । ਜੁਗ ਚੌਕੜੀ ਰੀਤ ਚਲਾਈ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪਰਦਾ ਕਹੇ ਮੈਨੂੰ ਪੁਰਖ ਅਕਾਲਾ ਚੁਕਦਾ, ਬਿਨ ਹੱਥਾਂ ਹੱਥ ਛੁਹਾਈਆ । ਜਿਸ ਦਾ ਰੂਪ ਨਹੀਂ ਕਿਸੇ ਮਨੁਖ ਦਾ, ਤਤਾਂ ਵੰਡ ਨਾ ਕੋਇ ਵੰਡਾਈਆ । ਉਹ ਮਾਲਕ ਖ਼ਾਲਕ ਪਰਮਾਤਮ ਧਾਰ ਉਚ ਦਾ, ਅਗੰਮ ਅਥਾਹ ਬੇਪ੍ਰਵਾਹੀਆ । ਜੋ ਆਦਿ ਅੰਤ ਕਦੇ ਨਾ ਲੁਕਦਾ, ਪਰਦਿਆਂ ਵਿਚ ਨਾ ਕੋਇ ਛੁਪਾਈਆ । ਉਸ ਦਾ ਨਾਤਾ ਸਤਿਗੁਰ ਸ਼ਬਦ ਪਿਤਾ ਪੁਤ ਦਾ, ਬਿਧਾਤਾ ਆਪਣਾ ਜੋੜ ਜੁੜਾਈਆ । ਜਿਸ ਦਾ ਖੇਲ ਨਾ ਕਦੇ ਨਿਖੁਟ ਦਾ, ਜਗਤ ਚੋਗ ਨਾ ਕੋਇ ਚੁਗਾਈਆ । ਸਤਿ ਸਚ ਨਾਤਾ ਕਦੇ ਨਾ ਤੁੱਟਦਾ, ਟੁੱਟਿਆਂ ਲਏ ਮਿਲਾਈਆ । ਉਹਦਾ ਲੇਖਾ ਆਦਿ ਜੁਗਾਦੀ ਏਕਾ ਤੁਕ ਦਾ, ਤੂੰ ਮੇਰਾ ਮੈਂ ਤੇਰਾ ਦਏ ਸਮਝਾਈਆ । ਜਿਸ ਦੇ ਪਿਆਰ ਵਿਚ ਪੈਂਡਾ ਮੁਕਦਾ, ਆਵਣ ਜਾਵਣ ਰਹੇ ਨਾ ਰਾਈਆ । ਉਹ ਖੇਲ ਕਰੇ ਅਬਿਨਾਸ਼ੀ ਅਚੁਤ ਦਾ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਲੇਖਾ ਵੇਖੇ ਕਲਜੁਗ ਵਾਲੀ ਸੁਹੰਜਣੀ ਰੁਤ ਦਾ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪਰਦਾ ਕਹੇ ਮੈਂ ਪਾਵਾਂ ਪਰਦਾ, ਸਮਝ ਕਿਸੇ ਨਾ ਆਈਆ । ਮੈਂ ਇਕ ਪ੍ਰਭੂ ਦਾ ਬਰਦਾ, ਜੋ ਆਦਿ ਜੁਗਾਦੀ ਧੁਰ ਦਾ ਮਾਹੀਆ । ਮੈਂ ਸੇਵਕ ਸਾਚੇ ਘਰ ਦਾ, ਗ੍ਰਿਹ ਬੈਠਾ
੧੩੮੪ ੨੩ ਸੀਸ ਨਿਵਾਈਆ । ਮੈਂ ਇਕ ਅਕਾਲ ਤੋਂ ਡਰਦਾ, ਜੋ ਸਭ ਦਾ ਪਿਤਾ ਮਾਈਆ । ਜੋ ਸਭ ਦਾ ਘਾੜਨ ਘੜਦਾ, ਵਿਸ਼ਨ ਬ੍ਰਹਮਾ ਸ਼ਿਵ ਦਏ ੧੩੮੪ ੨੩
ਵਡਿਆਈਆ । ਜਿਸ ਦਾ ਹੁਕਮ ਸੰਦੇਸ਼ਾ ਨਿਰਅੱਖਰ ਧਾਰ ਅਵਤਾਰ ਪੈਗ਼ੰਬਰ ਗੁਰੂ ਪੜ੍ਹਦਾ, ਬਿਨ ਸਰਵਣਾਂ ਕਰੇ ਸ਼ਨਵਾਈਆ । ਉਹ ਲੇਖਾ ਜਾਣੇ ਚੋਟੀ ਜੜ ਦਾ, ਚੇਤਨ ਹੋ ਕੇ ਖੋਜ ਖੁਜਾਈਆ । ਉਸ ਦਾ ਲਹਿਣਾ ਦੇਣਾ ਲਹਿੰਦਿਉਂ ਹੋਣਾ ਚੜ੍ਹਦਾ, ਚੜ੍ਹਦੀ ਕਲ ਵਖਾਈਆ । ਜਿਸ ਜਗਤ ਕਿਲਾ ਬਣਾਉਣਾ ਹੰਕਾਰੀ ਗੜ੍ਹ ਦਾ, ਹਉਮੇ ਨਾਲ ਵਡਿਆਈਆ । ਓਹ ਸਚਖੰਡ ਦਵਾਰੇ ਖੜ੍ਹਦਾ, ਖੰਡਾ ਖੜਗ ਨਾਮ ਚਮਕਾਈਆ । ਜਿਸ ਲੇਖਾ ਵੇਖਣਾ ਸੀਸ ਧੜ ਦਾ, ਧਾੜਵੀ ਬਣੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਹੁਕਮ ਕਹੇ ਮੈਂ ਵਰਤਾਂ ਲੋਕਮਾਤ, ਪ੍ਰਭ ਦੇਵੇ ਮਾਣ ਵਡਿਆਈਆ । ਇਕ ਸੰਦੇਸ਼ਾ ਦੇਵਾਂ ਬਾਤ, ਬਾਤਨ ਦਿਆਂ ਜਣਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਤਿ ਧਰਮ ਦਿਸੇ ਨਾ ਕੋਇ ਪ੍ਰਭਾਤ, ਪ੍ਰਭਾਤੀ ਰੰਗ ਨਾ ਕੋਇ ਰੰਗਾਈਆ । ਆਤਮ ਪਰਮਾਤਮ ਦਿਸੇ ਕੋਇ ਨਾ ਨਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਦੁਨੀ ਰਹੀ ਕੁਰਲਾਈਆ । ਅੰਤ ਸਭ ਦੀ ਹੋਣੀ ਵਫ਼ਾਤ, ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਸੰਦੇਸ਼ਾ ਦੇਵਾਂ ਬਿਨਾ ਪਾਤ, ਪਤਰਕਾ ਨਾਲ ਨਾ ਕੋਇ ਰਖਾਈਆ । ਕਿਰਪਾ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਦਾ ਲੇਖਾ ਚੜ੍ਹਦੀ ਦਿਸ਼ਾ ਖ਼ਾਸ, ਖ਼ਾਲਸ ਆਪਣਾ ਹੁਕਮ ਵਰਤਾਈਆ । ਕੂੜ ਕੁੜਿਆਰਾ ਕੁਟੰਬ ਕਰਨਾ ਨਾਸ, ਨਾਸਤਕਾਂ ਹਲੂਣੇ ਦੇ ਜਗਾਈਆ । ਸ਼ੰਕਰ ਡੌਰੂ ਵਾਹੇ ਉਤੇ ਕੈਲਾਸ਼, ਆਪਣੀ

ਖ਼ੁਸ਼ੀ ਬਣਾਈਆ । ਰਾਏ ਧਰਮ ਚਿਤ੍ਰਗੁਪਤ ਦੇ ਲੇਖੇ ਕਰੇ ਤਲਾਸ਼, ਅੱਖਰ ਅੱਖਰ ਫੋਲ ਫੁਲਾਈਆ । ਲਾੜੀ ਮੌਤ ਕਹੇ ਮੈਂ ਘਰ ਘਰ ਵੇਖਣੀ ਲਾਸ਼, ਭੱਜਾਂ ਵਾਹੋ ਦਾਹੀਆ । ਕਾਲ ਕਹੇ ਮੈਂ ਸਭ ਨੂੰ ਦੇਵਾਂ ਸ਼ਾਬਾਸ਼, ਮਹਾਕਾਲ ਨਾਲ ਮਿਲਾਈਆ । ਧਰਨੀ ਕਹੇ ਮੇਰਾ ਖੁਲਾ ਹੋਣਾ ਝਾਟ, ਮੇਢੀ ਸੀਸ ਨਾ ਕੋਇ ਗੁੰਦਾਈਆ । ਸਦੀ ਚੌਧਵੀਂ ਕਹੇ ਮੇਰਾ ਪੰਧ ਮੁਕੇ ਵਾਟ, ਪੈਂਡਾ ਪੰਧ ਰਹੇ ਨਾ ਰਾਈਆ । ਹਜ਼ਰਤ ਈਸਾ ਕਹੇ ਮੈਂ ਨਿਰਗੁਣ ਸਰਗੁਣ ਧਾਰ ਕਰਾਂ ਟਾਕ, ਬੋਲਾਂ ਸਹਿਜ ਸੁਭਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡਾ ਪੂਰਾ ਹੋਵੇ ਭਵਿਖਤ ਵਾਕ, ਪੇਸ਼ੀਨਗੋਈਆਂ ਨਾਲ ਮਿਲਾਈਆ । ਚਾਰੋਂ ਕੁੰਟ ਦਿਸੇ ਉਦਾਸ, ਹੈਰਤ ਵਿਚ ਹੈਰਾਨੀ ਨਜ਼ਰੀ ਆਈਆ । ਸਭ ਨੂੰ ਭੁਲੇ ਗੋਪੀ ਕਾਹਨਾ ਵਾਲੀ ਰਾਸ, ਖ਼ੁਸ਼ੀਆਂ ਰੰਗ ਨਾ ਕੋਇ ਚੜ੍ਹਾਈਆ । ਕਲਜੁਗ ਕਹੇ ਮੇਰੀ ਪੂਰੀ ਹੋਵੇ ਖ਼ਾਹਿਸ਼, ਤਮੰਨਾ ਅਵਰ ਨਾ ਨਾਲ ਮਿਲਾਈਆ । ਮੈਂ ਕੂੜ ਕੁੜਿਆਰ ਦੀ ਪਹਿਨ ਪੋਸ਼ਾਕ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਫੇਰ ਹਜ਼ਰਤ ਈਸਾ ਦਾ ਵੇਖ ਕਲਾਕ, ਵਕਤ ਵਕਤ ਵਿਚੋਂ ਦ੍ਰਿੜਾਈਆ । ਚੌਦਾਂ ਤਬਕਾਂ ਮੁਹੰਮਦ ਖੋਲ ਕੇ ਵੇਖੇ ਤਾਕ, ਬਿਨ ਨੈਣਾਂ ਨੈਣ ਉਠਾਈਆ । ਮੂਸੇ ਨਜ਼ਰੀ ਆਵੇ ਇਕੋ ਹਾਟ, ਜਿਥੇ ਹਟਵਾਣਾ ਬੈਠਾ ਨੂਰ ਅਲਾਹੀਆ । ਨਾਨਕ ਜਾਣ ਅਗੰਮੀ ਗਾਥ, ਅੱਖਰ ਅੱਖਰਾਂ ਵਿਚੋਂ ਸਮਝਾਈਆ । ਜਿਸ ਵਿਚ ਲੇਖਾ ਹੋਵੇ ਘਨਈਏ ਵਾਲੇ ਰਾਥ, ਸੰਦੇਸ਼ਾ ਅਰਜਨ ਨਾਲ ਜਣਾਈਆ । ਗੋਬਿੰਦ ਧਾਰ ਉਡਾ ਕੇ ਬਾਜ, ਬਾਜ਼ੀ ਦੀਨ ਦੁਨੀ ਉਲਟਾਈਆ । ਨਵ ਸੱਤ ਦਾ ਤੱਕ ਕੇ ਰਾਜ, ਰਈਅਤ ਵੇਖੇ ਥਾਉਂ ਥਾਈਂਆ । ਕਿਸ ਬਿਧ ਬਦਲਣਾ ਦੀਨ ਦੁਨੀ ਸਮਾਜ, ਸਮਿਗਰੀ ਸਤਿ ਸਚ ਵਰਤਾਈਆ । ਇਕੋ ਸੀਸ ਸੁਹਾ ਕੇ ਤਾਜ, ਤਖ਼ਤ ਦੀਨ ਦੁਨੀ ਉਲਟਾਈਆ । ਕੀ ਲੇਖਾ ਹੋਵੇ ਸਤਿਗੁਰ ਸ਼ਬਦ ਗੁਰੂ ਗੁਰ ਮਹਾਰਾਜ, ਮਹਿੰਮਾ ਕਥ ਕੀ ਦ੍ਰਿੜਾਈਆ । ਕਿਸ ਬਿਧ ਸਭ ਦੀ ਖੋਲੇ ਜਾਗ, ਬਿਨ ਨੈਣਾਂ ਨੈਣ ਖੁਲਾਈਆ । ਨਿਰਗੁਣ ਧਾਰ ਰਚ ਕੇ ਕਾਜ, ਸਰਗੁਣ ਸਚ ਦਏ ਵਖਾਈਆ । ਭੇਵ ਖੁਲਾ ਕੇ ਦੇਸ ਮਾਝ, ਮੌਜੂਦਾ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਭੇਵ ਕਹੇ ਮੈਂ ਆਦਿ ਜੁਗਾਦੀ ਗੁਝਾ, ਮੇਰੀ ਸਮਝ ਕਿਸੇ ਨਾ ਆਈਆ । ਮੇਰਾ ਰਾਜ਼ ਕਿਸੇ ਨਾ ਬੁੱਝਾ, ਬਿਨ ਸਤਿਗੁਰ ਸ਼ਬਦ ਨਾ ਕੋਇ ਪੜ੍ਹਾਈਆ । ਮੈਂ ਭੇਵ ਚੁਕਾਉਣਾ ਦੂਜਾ, ਦੁਤੀਆ ਰਹੇ ਨਾ ਰਾਈਆ । ਇਕੋ ਪੁਰਖ ਅਕਾਲਾ ਕਰਨਾ ਉਘਾ, ਉਗਣ ਆਥਣ ਵੱਜੇ ਵਧਾਈਆ । ਖੇਲ ਵੇਖਣਾ ਉਪਰ ਬਸੁਧਾ, ਧਰਨੀ ਧਰਤ ਧਵਲ ਧੌਲ ਮਿਲੇ ਵਡਿਆਈਆ । ਜਿਸ ਦੇ ਉਤੇ ਨੌ ਖੰਡ ਪ੍ਰਿਥਮੀ ਹੋਣਾ ਯੁੱਧਾ, ਯੁਧਿਸ਼ਟਰ ਦੀ ਆਸ਼ਾ ਪੂਰ ਕਰਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੁਰ ਅਰਜਨ ਬਾਬੇ ਬੁੱਢਾ, ਬਿਨਾ ਬੁਢੇਪੇ ਆਪ ਦ੍ਰਿੜਾਈਆ । ਹਰਿਗੋਬਿੰਦ ਜਿਸ ਧਾਰ ਨੂੰ ਮਾਰਿਆ ਠੁੱਡਾ, ਠੋਕਰ ਨਾਲ ਹਿਲਾਈਆ । ਰਾਮ ਨੇ ਮੁੱਠੀ ਭਰ ਕੇ ਰੁੱਗਾ, ਖ਼ਾਕ ਚਾਰੋਂ ਤਰਫ਼ ਉਡਾਈਆ । ਉਸ ਦਾ ਵਕਤ ਸੁਹੰਜਣਾ ਪੁੱਗਾ, ਥਿਤ ਵਾਰ ਨਾਲ ਮਿਲਾਈਆ । ਸੋ ਸਵਾਮੀ ਅੰਤਰਜਾਮੀ ਅੰਤਮ ਆਪਣਾ ਸੰਬਲ ਵੇਖਣ ਆਇਆ ਝੁੱਗਾ, ਗ੍ਰਿਹ ਮੰਦਰ ਡੇਰਾ ਲਾਈਆ । ਜਿਥੇ ਇਕੋ ਦੀਪਕ ਹੋਵੇ ਉਦਾ, ਨੂਰ ਨੁਰਾਨਾ ਡਗਮਗਾਈਆ । ਜੋ ਆਦਿ ਜੁਗਾਦੀ ਕਦੇ ਨਾ ਬੁਝਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਕਰਨੇਹਾਰੀ, ਜੁਗ ਜੁਗ ਸੇਵ ਕਮਾਈਆ । ਮੈਂ ਵੇਖੇ ਖੇਲ ਪੈਗ਼ੰਬਰ ਗੁਰ ਅਵਤਾਰੀ,


੧੩੮੫
੨੩

ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਜੁਗ ਚੌਕੜੀ ਤੱਕਦੀ ਰਹੀ ਖੇਲ ਨਿਆਰੀ, ਕੀ ਨਿਰਗੁਣ ਆਪਣਾ ਹੁਕਮ ਵਰਤਾਈਆ । ਸ਼ਬਦ ਅਗੰਮੇ ਸੁਣਦੀ ਰਹੀ ਧੁਨਕਾਰੀ, ਕੀ ਨਾਦੀ ਨਾਦ ਕਰੇ ਸ਼ਨਵਾਈਆ । ਅੱਖਰਾਂ ਵਾਲੇ ਵੇਖਦੀ ਰਹੀ ਲਿਖਾਰੀ, ਕੀ ਲਿਖ ਲਿਖ ਲੇਖ ਬਣਾਈਆ । ਰਸਨਾ ਜਿਹਵਾ ਵਾਲੇ ਤੱਕਦੀ ਰਹੀ ਪੁਜਾਰੀ, ਕੀ ਢੋਲੇ ਸੋਹਲੇ ਗਾਈਆ । ਅੰਤਰ ਆਤਮ ਤੱਕਦੀ ਰਹੀ ਖ਼ੁਮਾਰੀ, ਨਿਰੰਤਰ ਹੋ ਕੇ ਪਰਦੇ ਲਾਹੀਆ । ਜੁਗ ਚੌਕੜੀ ਭੱਜੀ ਵਾਰੋ ਵਾਰੀ, ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਸਭ ਦੀ ਖ਼ਾਹਿਸ਼ ਰਹੀ ਵਿਚਾਰੀ, ਵਿਚਰਕੇ ਦਿਆਂ ਸੁਣਾਈਆ । ਅੰਤ ਕੰਤ ਭਗਵੰਤ ਕਲ ਕਲਕੀ ਆਏ ਅਵਤਾਰੀ, ਅਮਾਮ ਅਮਾਮਾ ਨੂਰ ਅਲਾਹੀਆ । ਜੋ ਸਭ ਦੀ ਪਾਏ ਸਾਰੀ, ਸਰਸੇ ਦੇ ਕੰਢੇ ਗੋਬਿੰਦ ਗਿਆ ਜਣਾਈਆ । ਜੋ ਆਤਮ ਪਰਮਾਤਮ ਬੰਨ੍ਹੇ ਧਾਰੀ, ਧਰਨੀ ਧਰਤ ਧਵਲ ਧੌਲ ਦਏ ਵਡਿਆਈਆ । ਏਕਾ ਮਾਰਗ ਦੱਸ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਏਕੰਕਾਰੀ, ਵਾਹਿਦ ਆਪਣਾ ਖੇਲ ਖਿਲਾਈਆ । ਜਿਸ ਦੀ ਭਗਤਾਂ ਨਾਲ ਹੋਵੇ ਯਾਰੀ, ਯਰਾਨੇ ਪਿਛਲੇ ਤੋੜ ਨਿਭਾਈਆ । ਸੰਮਤ ਸ਼ਹਿਨਸ਼ਾਹੀ ਨੌਂ ਦੀ ਪਾਵੇ ਸਾਰੀ, ਨਵ ਨੌਂ ਦਾ ਪੰਧ ਮੁਕਾਈਆ । ਹਰਿਜਨ ਸਾਚੇ ਕਰ ਪਿਆਰੀ, ਪ੍ਰੇਮ ਮੁਹੱਬਤ ਵਿਚ ਰਖਾਈਆ । ਉਹਦਾ ਲੇਖਾ ਲੇਖ ਲਿਖਣ ਤੋਂ ਬਾਹਰੀ, ਬਹਰਹਾਲ ਸਕੇ ਨਾ ਕੋਇ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਲੋਕਮਾਤ ਹੋਵੇ ਜ਼ਾਹਰੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦੀ ਜੁਗ ਚੌਕੜੀ ਭਵਿਖਤਾਂ ਵਾਲੀ ਸਭ ਨੇ ਲਿਖੀ ਡਾਇਰੀ, ਅੱਖਰਾਂ ਵਿਚ ਸ਼ਨਵਾਈਆ । ਸੋ ਕਲ ਕਲਕੀ ਨਿਹਕਲੰਕਾ ਇਕ ਅਵਤਾਰੀ, ਅਵਤਰ ਬੇਪਰਵਾਹੀਆ । ਸ਼ਾਹੋ ਭੂਪ ਬਣ ਸਿਕਦਾਰੀ, ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਬਖ਼ਸ਼ ਚਰਨ ਪਿਆਰੀ, ਚਰਨੋਦਕ ਨਾਮ ਪਿਆਈਆ । ਜਨਮ ਜਨਮ ਦੀ ਕੱਟ ਬੀਮਾਰੀ, ਚੁਰਾਸੀ ਫੰਦ ਕਟਾਈਆ । ਸਚਖੰਡ ਬਖ਼ਸ਼ ਦਵਾਰੀ, ਦਵਾਰਕਾ ਵਾਸੀ ਦਾ ਲੇਖਾ ਨਾਲ ਮਿਲਾਈਆ । ਬਾਵਨ ਤੇਰੀ ਬੰਨ੍ਹੇ ਧਾਰੀ, ਧਰਮ ਦੀ ਧਾਰ ਵਡਿਆਈਆ । ਰਿਸ਼ੀਆਂ ਦੀ ਰਖੀਸ਼ਰਾਂ ਤੋਂ ਬਾਹਰ ਪਾਵੇ ਸਾਰੀ, ਮਹਾਸਾਰਥੀ ਇਕ ਅਖਵਾਈਆ । ਤੇਰਾਂ ਸੌ ਸਤਾਸੀ ਰੰਗ ਚਾੜ੍ਹ ਅਪਾਰੀ, ਅਪਰੰਪਰ ਦਏ ਵਡਿਆਈਆ । ਜਿਸ ਸਾਹਿਬ ਨੂੰ ਨਮੋ ਨਮੋ ਨਮੋ ਕਹਿ ਕੇ ਸਾਰੇ ਕਰਨ ਨਿਮਸਕਾਰੀ, ਨਿਵ ਨਿਵ ਲਾਗਣ ਪਾਈਆ । ਓਹ ਸਭ ਦਾ ਲਹਿਣਾ ਦੇਣਾ ਚੁਕਾਉਣ ਆਇਆ ਉਧਾਰੀ, ਪੂਰਬ ਲੇਖਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚਾ ਸਿਕਦਾਰੀ, ਸਿਰ ਸਿਰ ਆਪਣਾ ਹੱਥ ਰਖਾਈਆ ।

### ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਜੰਮੂ ਸ਼ਹਿਰ ਵਜ਼ਾਰਤ ਰੋਡ ਤੇ ਅਜੀਤ ਸਿੰਘ ਦੇ ਗ੍ਰਿਹ ✪

ਮਾਇਆ ਕਹੇ ਮੇਰੀ ਜਗਤ ਪਿਆਰੀ ਮਮਤਾ, ਮੋਹ ਵਿਚ ਸਾਰੇ ਲਵਾਂ ਭਰਮਾਈਆ । ਮਾਣ ਰਹਿਣ ਦੇਵਾਂ ਨਾ ਵਿਦਿਆ ਵਾਲੇ ਪੰਡਤਾ, ਅਕਲ ਬੁਧੀ ਚਲੇ ਨਾ ਕੋਇ ਚਤੁਰਾਈਆ । ਗੁਰੂ ਗੁਰਦੇਵਾ ਰਹਿਣ ਨਾ ਦੇਵਾਂ ਮੰਨਤਾ, ਮਨਸਾ ਕਲਪਣਾ ਵਿਚ ਹਲਕਾਈਆ । ਪਿਆਰ ਰਹਿਣ ਨਾ ਦੇਵਾਂ ਧਰਮ ਧਾਰ ਦੀ ਸੰਗਤਾ, ਸਤਿ ਸਚ ਦਿਆਂ ਭੁਲਾਈਆ । ਜਗਤ ਧਾਰ ਬਣਾ ਕੇ ਹੰਗਤਾ, ਆਪਣਾ ਖੇਲ ਖਿਲਾਈਆ । ਰਾਜ ਰਾਜਾਨ ਸ਼ਾਹ

ਸੁਲਤਾਨ ਮੇਰਾ ਹੋਵੇ ਮੰਗਤਾ, ਭਿਖਾਰੀ ਹੋ ਕੇ ਝੋਲੀ ਡਾਹੀਆ । ਮੇਰਾ ਰੂਪ ਨਹੀਂ ਕਿਸੇ ਵਜੂਦ ਤਨ ਕਾ, ਤਤਵ ਤਤ ਨਜ਼ਰ ਕੋਇ ਨਾ ਆਈਆ । ਮੇਰਾ ਨਾਤਾ ਸੱਚਾ ਮਨ ਕਾ, ਮਨ ਕਾ ਮਣਕਾ ਦਿਆਂ ਭਵਾਈਆ । ਮੇਰਾ ਵਿਰੋਧ ਸਦਾ ਬ੍ਰਹਮ ਕਾ, ਪਾਰਬ੍ਰਹਮ ਦਿਤੀ ਵਡਿਆਈਆ । ਮੇਰਾ ਲੇਖਾ ਕੋਈ ਨਾ ਜਾਣੇ ਜਨਮ ਕਾ, ਜੁਗ ਜੁਗ ਮੇਰੀ ਬੇਪਰਵਾਹੀਆ । ਮੇਰਾ ਲੇਖਾ ਨਹੀਂ ਕਿਸੇ ਹਯਾ ਸ਼ਰਮ ਕਾ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਮੇਰਾ ਨਾਤਾ ਨਹੀਂ ਵਰਨ ਬਰਨ ਕਾ, ਮਜ਼੍ਹਬਾਂ ਸੰਗ ਨਾ ਕੋਇ ਬਣਾਈਆ । ਮੇਰਾ ਖੇਲ ਮਮਤਾ ਵਾਲੇ ਭਰਮ ਕਾ, ਲੋਭ ਵਿਚ ਤ੍ਰਿਸ਼ਨਾ ਕਰਾਂ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਸਰਾ ਦੇਵੇ ਆਪਣੀ ਸ਼ਰਨ ਕਾ, ਸਰਨਾਗਤ ਹੋ ਕੇ ਸੀਸ ਨਿਵਾਈਆ ।

### ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਗੁਰਚਰਨ ਸਿੰਘ ਜੰਮੂ ਸ਼ਹਿਰ ਵਜ਼ਾਰਤ ਰੋਡ ਤੇ ✪

ਮਾਇਆ ਕਹੇ ਮੈਂ ਜਗਤ ਜੁਗ ਪਿਆਰੀ, ਪ੍ਰੇਮਿਕਾ ਰੂਪ ਬਣਾਈਆ । ਮੇਰੇ ਮਿਤ੍ਰ ਨਰ ਨਾਰੀ, ਸੱਜਣ ਸਖਾ ਸਰਬ ਅਖਵਾਈਆ । ਮੈਂ ਫਿਰਾਂ ਸਦਾ ਜੁਗ ਚਾਰੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜਾਂ ਵਾਹੋ ਦਾਹੀਆ । ਮੇਰੀ ਸਾਰੇ ਕਰਦੇ ਦਾਰੀ, ਪ੍ਰੀਤੀ ਵਿਚ ਆਪਣਾ ਬੰਧਨ ਪਾਈਆ । ਮੇਰੇ ਵਿਚ ਬੜੀ ਹੁਸ਼ਿਆਰੀ, ਸਵਾਧਾਨ ਹੋ ਕੇ ਦਿਆਂ ਸਮਝਾਈਆ । ਮੈਂ ਸ਼ਾਹ ਸੁਲਤਾਨਾਂ ਕਰਾਂ ਖ਼ੁਆਰੀ, ਪਾਤਸ਼ਾਹ ਖ਼ਾਕ ਵਿਚ ਰੁਲਾਈਆ । ਮੈਂ ਜਗਤ ਜਗਿਆਸੂਆਂ ਬਣਾਵਾਂ ਦੁਰਾਚਾਰੀ, ਲੋਭ ਵਿਕਾਰ ਵਿਚ ਹਲਕਾਈਆ । ਮੈਂ ਪਿਤਾ ਪੁਤਰਾਂ ਕੋਲੋਂ ਕਰਾਵਾਂ ਗ਼ਦਾਰੀ, ਪੱਲਾ ਪੱਲੂ ਨਾਲੋਂ ਛੁਡਾਈਆ । ਮੇਰਾ ਖੇਲ ਸਦਾ ਦਿਉਹਾੜੀ, ਦਿਵਸ ਰੈਣ ਖੇਲ ਖਿਲਾਈਆ । ਮੈਂ ਲਜਪਤ ਰਹਿਣ ਦੇਵਾਂ ਨਾ ਕਿਸੇ ਦਾਹੜੀ, ਇਹ ਮੇਰੀ ਬੇਪਰਵਾਹੀਆ । ਮੇਰੀ ਸਭ ਤੋਂ ਡੂੰਘੀ ਖਾਰੀ, ਜਗਤ ਜਹਾਨ ਵਿਚ ਸੁਟਾਈਆ । ਮੈਂ ਸਭ ਤੋਂ ਉੱਤਮ ਸ੍ਰੇਸ਼ਟ ਲਾੜੀ, ਮੈਨੂੰ ਸ਼ਾਹ ਸੁਲਤਾਨ ਗ਼ਰੀਬ ਨਿਮਾਣੇ ਸਾਰੇ ਲੈਣ ਪ੍ਰਨਾਈਆ । ਮੈਂ ਆਪਣੀ ਮੰਜ਼ਲ ਚੜ੍ਹ ਕੇ ਵੇਖਾਂ ਖਾਰੀ, ਜੁਗ ਜੁਗ ਸਗਨ ਮਨਾਈਆ । ਕਾਇਨਾਤ ਸ੍ਰਿਸ਼ਟੀ ਕਰ ਵਿਭਚਾਰੀ, ਕੂੜ ਕੁਕਰਮ ਰੰਗ ਰੰਗਾਈਆ । ਮੈਂ ਫਿਰਾਂ ਵਿਚ ਦਰਬਾਰੀ, ਦਰੇ ਦਰਬਾਰ ਸੋਭਾ ਪਾਈਆ । ਮੈਨੂੰ ਸਾਰੇ ਕਰਨ ਨਿਮਸਕਾਰੀ, ਪੂਜਾ ਵਿਚ ਸੀਸ ਝੁਕਾਈਆ । ਮੈਂ ਫਿਰਾਂ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੀ, ਆਪਣੀ ਲੈ ਅੰਗੜਾਈਆ । ਸਾਬਤ ਰਹਿਣ ਦੇਵਾਂ ਨਾ ਕਿਸੇ ਈਮਾਨਦਾਰੀ, ਈਮਾਨ ਵਿਚ ਬਚਿਆ ਰਹਿਣ ਕੋਇ ਨਾ ਪਾਈਆ । ਮੇਰੀ ਠੱਗ ਚੋਰਾਂ ਨਾਲ ਯਾਰੀ, ਯਰਾਨੇ ਮੇਰੇ ਨਾਲ ਰਖਾਈਆ । ਮੇਰਾ ਖੇਲ ਜਗਤ ਸਮਝ ਤੋਂ ਬਾਹਰੀ, ਚਾਰ ਜੁਗ ਸਮਝ ਕਿਸੇ ਨਾ ਆਈਆ । ਮੈਨੂੰ ਇਸ਼ਾਰਾ ਦੇ ਕੇ ਗਏ ਗੁਰ ਅਵਤਾਰੀ, ਪੈਗ਼ੰਬਰ ਸੰਦੇਸਿਆਂ ਵਿਚ ਸੁਣਾਈਆ । ਨੀ ਤੂੰ ਨਵਜੋਬਨ ਮੁਟਿਆਰੀ, ਜੁਗ ਚੌਕੜੀ ਤੈਨੂੰ ਸਕੇ ਨਾ ਕੋਇ ਪ੍ਰਨਾਈਆ । ਮੈਂ ਹੱਸ ਕੇ ਖ਼ੁਸ਼ੀਆਂ ਨਾਲ ਸੱਜੀ ਬਾਂਹ ਉਲਾਰੀ, ਆਪਣੀ ਕਰਵਟ ਲਈ ਬਦਲਾਈਆ । ਬਿਨਾ ਤਨ ਵਜੂਦ ਤੋਂ ਕਰ ਸ਼ਿੰਗਾਰੀ, ਬਿਨਾ ਨੈਣ ਤੋਂ ਨੈਣ ਮਟਕਾਈਆ । ਬਿਨਾ ਅੱਖੀਆਂ ਤੋਂ ਨਿਗਾਹ ਮਾਰੀ, ਚਾਰੋਂ ਕੁੰਟ ਖੋਜ ਖੁਜਾਈਆ । ਮੇਰੀ ਕਵਣ ਪਾਏ ਸਾਰੀ, ਸਿਰ ਮੇਰੇ ਹੱਥ ਰਖਾਈਆ । ਸਤਿਜੁਗ ਤਰੇਤਾ ਦੁਆਪਰ ਲੰਘਿਆ ਆਪਣੀ

ਵਾਰੀ, ਜਗਤ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਪ ਨਿਰੰਕਾਰੀ, ਨਿਰਵੈਰ ਆਪਣੀ ਖੇਲ ਖਿਲਾਈਆ ।

### ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਫੁੱਮਣ ਸਿੰਘ ਜੰਮੂ ਸ਼ਹਿਰ ਵਜ਼ਾਰਤ ਰੋਡ ਤੇ ✪

ਮਾਇਆ ਕਹੇ ਮੈਂ ਆਦਿ ਦੀ ਜੋਬਨਵੰਤੀ, ਮੇਰਾ ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਮੇਰਾ ਲਹਿਣਾ ਦੇਣਾ ਲੇਖਾ ਨਾਲ ਸ੍ਰੀ ਭਗਵੰਤੀ, ਜਿਸ ਭਗਵਤੀ ਭਗੌਤੀ ਭਗਵਨ ਦਿਤੀ ਵਡਿਆਈਆ । ਮੇਰਾ ਨੂਰ ਨੁਰਾਨਾ ਰੂਪ ਬਸੰਤੀ, ਬਸੰਤ ਰੁਤ ਦਏ ਵਡਿਆਈਆ । ਮੇਰੇ ਖੇਲ ਦੀ ਲਿਖੀ ਗਈ ਇਕ ਨਹੀਂ ਪੰਗਤੀ, ਭੇਵ ਅਭੇਦ ਨਾ ਕੋਇ ਜਣਾਈਆ । ਮੈਂ ਕੋਈ ਭਿਖਾਰਨ ਦਰਵੇਸ਼ਣ ਨਹੀਂ ਮੰਗਤੀ, ਦਰ ਦਰ ਅਲਖ ਜਗਾਈਆ । ਮੇਰੀ ਧਾਰ ਨਹੀਂ ਪੰਜ ਤਤ ਦੀ, ਤਤਵ ਤਤ ਨਾ ਕੋਇ ਵਡਿਆਈਆ । ਮੇਰੀ ਸਿਖਿਆ ਨਹੀਂ ਕੋਈ ਮਤ ਦੀ, ਬੁੱਧੀ ਰੰਗ ਨਾ ਕੋਇ ਰੰਗਾਈਆ । ਮੈਂ ਵਣਜਾਰਨ ਇਕੋ ਕਮਲਾਪਤ ਦੀ, ਜੋ ਪਤਿਪਰਮੇਸ਼ਵਰ ਧੁਰਦਰਗਾਹੀਆ । ਉਸੇ ਦਾ ਸਥਰ ਘਤ ਦੀ, ਜਿਸ ਦੀ ਗੋਬਿੰਦ ਯਾਰੜਾ ਸੇਜ ਗਿਆ ਹੰਢਾਈਆ । ਮੈਂ ਬਣੀ ਨਹੀਂ ਕਿਸੇ ਰੱਤ ਦੀ, ਬੂੰਦ ਰਕਤ ਨਾ ਸੰਗ ਬਣਾਈਆ । ਮੇਰੀ ਖੇਲ ਨਹੀਂ ਕਿਸੇ ਹੱਥ ਦੀ, ਹੱਥ ਨਾਲ ਹੱਥ ਨਾ ਕੋਇ ਮਿਲਾਈਆ । ਮੈਂ ਕਥਾ ਕਹਾਣੀ ਦੱਸਦੀ, ਸਚ ਦਿਆਂ ਸੁਣਾਈਆ । ਮੈਂ ਮਨ ਦੇ ਸਨਮੁਖ ਹੋ ਕੇ ਵਸਦੀ, ਗ੍ਰਿਹ ਇਕੋ ਡੇਰਾ ਲਾਈਆ । ਮੇਰੀ ਸ਼ਕਲ ਸਦਾ ਪ੍ਰਤੱਖ ਦੀ, ਅਕਲ ਦਿਆਂ ਭੁਲਾਈਆ । ਜੇ ਸਚ ਪੁਛੇ ਮੇਰੀ ਕੀਮਤ ਨਹੀਂ ਕੋਈ ਕੱਖ ਦੀ, ਕੱਖੋਂ ਲੱਖ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਆਸ ਰਖੀ ਇਕ ਸਮਰਥ ਦੀ, ਜੋ ਆਸਾ ਪੂਰ ਕਰਾਈਆ ।

### ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਰਾਮ ਕੌਰ ਜੰਮੂ ਸ਼ਹਿਰ ਵਜ਼ਾਰਤ ਰੋਡ ਤੇ ✪

ਮਾਇਆ ਕਹੇ ਮੈਂ ਆਦਿ ਜੁਗਾਦਿ ਜੁਗ ਚੌਕੜੀ ਬੜੀ ਚਲਾਕ, ਮੇਰੀ ਚਲਾਕੀ ਸਮਝ ਕਿਸੇ ਨਾ ਆਈਆ । ਮੋਹ ਮਮਤਾ ਦਾ ਖੋਲ ਕੇ ਤਾਕ, ਪਰਦੇ ਪਰਦਿਆਂ ਵਿਚੋਂ ਉਠਾਈਆ । ਪਵਣ ਪਵਣ ਭਜਾ ਕੇ ਰਾਕ, ਭੱਜਾਂ ਵਾਹੋ ਦਾਹੀਆ । ਸ਼ਾਹ ਸੁਲਤਾਨ ਬਣਾ ਕੇ ਸਾਕ, ਸੱਜਣ ਆਪਣੇ ਰੰਗ ਰੰਗਾਈਆ । ਅੰਤ ਸਭ ਦੀ ਬਣਾ ਕੇ ਖ਼ਾਕ, ਮਿੱਟੀ ਖੇਹ ਦਿਆਂ ਉਡਾਈਆ । ਮੇਰਾ ਜੁਗ ਚੌਕੜੀ ਸਭ ਨੇ ਕੀਤਾ ਭਵਿਖਤ ਵਾਕ, ਅਵਤਾਰ ਪੈਗ਼ੰਬਰ ਗੁਰੂ ਗਏ ਸੁਣਾਈਆ । ਸਦੀ ਚੌਧਵੀਂ ਤੂੰ ਘਰ ਘਰ ਕਰਨਾ ਨਾਚ, ਮੁਖ ਘੁੰਗਟ ਲੈਣਾ ਉਠਾਈਆ । ਕੂੜ ਵਿਕਾਰ ਦੀ ਕਰਨੀ ਬਾਤ, ਬਾਤਨ ਆਪਣਾ ਡੇਰਾ ਲਾਈਆ । ਤੇਰੀ ਵੇਸਵਾ ਵਾਲੀ ਹੋਵੇ ਰਾਤ, ਜਗਤ ਜਗਿਆਸੂਆਂ ਸੰਗ ਬਣਾਈਆ । ਕਿਸੇ ਦੀ ਰਹਿਣ ਨਾ ਦੇਵੀਂ ਪਾਤ, ਪਤੀਬ੍ਰਤ ਨਜ਼ਰ ਕੋਇ ਨਾ ਆਈਆ । ਤੂੰ ਵੇਖੀਂ ਬਿਨ ਨੈਣਾਂ ਮਾਰ ਝਾਤ, ਝਾਕੀ ਆਪਣੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਬਦੀ ਧਾਰ ਤੇਰਾ ਸਾਕ, ਸੱਜਣ ਇਕੋ ਇਕ ਅਖਵਾਈਆ ।

### ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਅਮਰੋ ਦੇਵੀ ਜੰਮੂ ਸ਼ਹਿਰ ਨਹਿਰ ਤੇ

ਮਾਇਆ ਕਹੇ ਮੇਰਾ ਸੋਹਣਾ ਸੁਚੱਜਾ ਰੰਗ, ਰੰਗਤ ਦੀਨ ਦੁਨੀ ਚੜ੍ਹਾਈਆ । ਮੇਰਾ ਸਭ ਦੇ ਨਾਲ ਸੰਗ, ਘਰ ਘਰ ਆਪਣਾ ਆਸਣ ਲਾਈਆ । ਮੇਰਾ ਪਿਆਰ ਨਾ ਹੋਵੇ ਭੰਗ, ਜਗਤ ਵਿਚੋਂ ਨਾ ਕੋਇ ਕਢਾਈਆ । ਮੈਂ ਡੌਰੂ ਡੰਕ ਵਜਾਵਾਂ ਮਰਦੰਗ, ਨਾਅਰੇ ਢੋਲੇ ਸੋਹਲੇ ਗੀਤ ਸੁਣਾਈਆ । ਮੇਰੇ ਹੁਕਮੇ ਅੰਦਰ ਵਿਕਾਰ ਪੰਜ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਮੇਰੇ ਭਰੇ ਖ਼ਜ਼ਾਨੇ ਗੰਜ, ਜੁਗ ਜੁਗ ਸਕੇ ਨਾ ਕੋਇ ਮੁਕਾਈਆ । ਮੈਨੂੰ ਕਦੇ ਨਾ ਆਏ ਰੰਜ, ਰੰਜਸ਼ ਵਿਚ ਕਦੇ ਨਾ ਆਈਆ । ਮੈਂ ਸਦਾ ਰਹਵਾਂ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਮੇਰੀ ਖ਼ੁਸ਼ੀ ਬੰਦ ਬੰਦ, ਬੰਦਨਾ ਵਿਚ ਸਭ ਨੂੰ ਸੀਸ ਝੁਕਾਈਆ । ਮੇਰੇ ਜੁਗ ਚੌਕੜੀ ਕੇਤੇ ਗਏ ਲੰਘ, ਆਪਣਾ ਪੰਧ ਮੁਕਾਈਆ । ਮੈਂ ਸਦਾ ਸੁੱਤੀ ਮੋਹ ਮਮਤਾ ਵਾਲੇ ਪਲੰਘ, ਜਿਸ ਦੀ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਮੈਂ ਜੁਗ ਚੌਕੜੀ ਪਾਵਾਂ ਵੰਡ, ਸੋਹਣੀ ਖੇਲ ਖਿਲਾਈਆ । ਮੈਂ ਸਭ ਦੀ ਵੱਢਾਂ ਕੰਡ, ਸੀਸ ਧੜ ਅੱਡ ਕਰਾਈਆ । ਮੇਰਾ ਸਭ ਤੋਂ ਵੱਖਰਾ ਪਖੰਡ, ਭੇਖ ਸਮਝੇ ਕੋਇ ਨਾ ਰਾਈਆ । ਮੈਂ ਉਚੀ ਕੂਕ ਕੇ
੧੩੮੯ ੨੩ ਪਾਵਾਂ ਡੰਡ, ਖੇਖਨ ਆਪਣਾ ਦਿਆਂ ਜਣਾਈਆ । ਮੈਂ ਸ਼ਾਹ ਸੁਲਤਾਨਾਂ ਫੜਾ ਕੇ ਹੱਥ ਚੰਡ ਪ੍ਰਚੰਡ, ਰਾਜ ਰਾਜਾਨਾਂ ਦਿਆਂ ਲੜਾਈਆ । ਮੈਂ ਪਿਓ ੧੩੮੯ ੨੩
ਪੁਤਰਾਂ ਕਰਾ ਕੇ ਵੰਡ, ਭੈਣ ਭਰਾਵਾਂ ਨਾਤਾ ਦਿਆਂ ਤੁੜਾਈਆ । ਮੈਂ ਧਰਮ ਦਵਾਰਿਆਂ ਅੰਦਰ ਲੰਘ, ਧਰਮ ਦੀ ਧਾਰ ਦਿਆਂ ਭੁਲਾਈਆ । ਮੇਰਾ ਸਭ ਤੋਂ ਨੂਰ ਨੁਰਾਨਾ ਚਮਕੇ ਚੰਦ, ਜਿਸ ਘਰ ਆਪਣਾ ਡੇਰਾ ਲਾਈਆ । ਮੇਰਾ ਸਾਰੇ ਗਾਉਂਦੇ ਛੰਦ, ਰਸਨਾ ਜਿਹਵਾ ਸਿਫ਼ਤ ਸਲਾਹੀਆ । ਮੇਰਾ ਬਿਨਾ ਵਜੂਦ ਤੋਂ ਸਭ ਨੂੰ ਪਿਆਰਾ ਲੱਗੇ ਚੰਮ, ਚੰਮ ਦ੍ਰਿਸ਼ਟੀ ਵਾਲੇ ਸਾਰੇ ਦਿਆਂ ਭੁਲਾਈਆ । ਨਾ ਹਰਖ਼ ਸੋਗ ਨਾ ਕੋਈ ਗ਼ਮ, ਚਿੰਤਾ ਵਿਚ ਕਦੇ ਨਾ ਆਈਆ । ਮੈਂ ਨਿਤ ਨਿਤ ਕਰਾਂ ਆਪਣਾ ਕੰਮ, ਕਾਮਨੀ ਹੋ ਕੇ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਬੇੜਾ ਦੇਵੇ ਬੰਨ੍ਹ, ਬੰਨ੍ਹਣਹਾਰ ਏਕੰਕਾਰ ਦਇਆ ਕਮਾਈਆ ।

### ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਈਸ਼ਰ ਸਿੰਘ ਪਿੰਡ ਦੜ ਜ਼ਿਲਾ ਜੰਮੂ

ਮਾਇਆ ਕਹੇ ਮੈਂ ਨਜ਼ਰ ਆਈ ਕਿਸੇ ਨਾ ਨੇਤਰ, ਅੱਖੀਆਂ ਵਾਲੇ ਸਾਰੇ ਲਵਾਂ ਭਰਮਾਈਆ । ਮੇਰਾ ਸਮਝੇ ਕੋਈ ਨਾ ਖੇਤਰ, ਚਾਰ ਕੁੰਟ ਵੰਡ ਨਾ ਕੋਇ ਵੰਡਾਈਆ । ਮੇਰੇ ਹੁਕਮ ਦਾ ਪੜ੍ਹੇ ਕੋਈ ਨਾ ਪੇਪਰ, ਭੇਵ ਅਭੇਦ ਨਾ ਕੋਇ ਖੁਲਾਈਆ । ਮੈਨੂੰ ਜਾਏ ਕੋਈ ਨਾ ਵੇਚਣ, ਖ਼ਰੀਦਦਾਰ

ਸਾਰੀ ਦੀਨ ਦੁਨੀ ਸਮਝਾਈਆ । ਮੇਰਾ ਸਭ ਤੋਂ ਵੱਖਰਾ ਪੇਚਨ, ਪੇਚਾ ਆਪਣਾ ਦੇਣਾ ਲਗਾਈਆ । ਮੇਰਾ ਮਾਇਆ ਵਿਚ ਹੇਤਨ, ਮਾਇਆ ਮਮਤਾ ਸੰਗ ਬਣਾਈਆ । ਮਾਇਆ ਮਾਇਆ ਕਹਿ ਕੇ ਮੈਨੂੰ ਸਾਰੇ ਮੱਥਾ ਟੇਕਣ, ਬਿਨ ਮਾਇਆ ਤੋਂ ਅਵਤਾਰ ਪੈਗ਼ੰਬਰ ਗੁਰ ਖ਼ੁਸ਼ੀ ਨਾ ਕੋਇ ਬਣਾਈਆ । ਮੇਰਾ ਧਰਮ ਦਵਾਰਿਆਂ ਉਤੇ ਠੇਕਣ, ਠੇਕੇਦਾਰੀ ਇਕ ਰਖਾਈਆ । ਮੇਰੇ ਚਰਨਾਂ ਵਿਚ ਸ਼ਾਹ ਸੁਲਤਾਨ ਲੇਟਣ, ਮੈਂ ਆਪਣੇ ਤਖ਼ਤ ਬੈਠੀ ਸੋਭਾ ਪਾਈਆ । ਮੈਨੂੰ ਦੁਸ਼ਾਲਿਆਂ ਦੇ ਵਿਚ ਲਪੇਟਣ, ਸਾਂਭ ਕੇ ਰਖਣ ਥਾਉਂ ਥਾਈਂਆ । ਮੇਰੀ ਪੂਜਾ ਕਰਦੇ ਕੇਤਨ ਕੇਤਨ, ਕੇਤੀ ਧਿਆਨ ਲਗਾਈਆ । ਮੈਂ ਅਨਕ ਅਨੇਕ ਕੀਤੇ ਚੇਤਨ, ਰਾਤੀਂ ਸੁੱਤਿਆਂ ਨੀਂਦ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਜਗਤ ਬਣਾਏ ਰੇਖਨ, ਰੇਖਾ ਸਭ ਦੀ ਵੇਖ ਵਖਾਈਆ ।

## ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੂਰਤ ਸਿੰਘ ਪਿੰਡ ਗੁਰਵਾਲੀ ਜ਼ਿਲਾ ਜੰਮੂ

ਮਾਇਆ ਕਹੇ ਮੇਰਾ ਮਮਤਾ ਵਾਲਾ ਭੰਡਾਰ, ਮੋਹ ਵਿਚ ਰਖਾਈਆ । ਮੈਥੋਂ ਮੰਗਦੇ ਕੋਟਨ ਕੋਟ ਵਿਚ ਸੰਸਾਰ, ਦਿਵਸ ਰੈਣ ਧਿਆਨ ਲਗਾਈਆ । ਮੇਰੀ ਪੂਜਾ ਕਰਦੇ ਨਰ ਨਾਰ, ਨਿਵ ਨਿਵ ਸੀਸ ਝੁਕਾਈਆ । ਧੂਪ ਦੀਪ ਕਰਨ ਘਿਰਤ ਡਾਰ, ਸੁਗੰਧੀਆਂ ਨਾਲ ਮਹਿਕਾਈਆ । ਵਿਚੋਲਾ ਬਣਾਉਣ ਵਿਚ ਨਰ ਨਿਰੰਕਾਰ, ਪ੍ਰਭੂ ਸਾਡਾ ਹੋ ਸਹਾਈਆ । ਸਾਡੇ ਘਰ ਮਾਇਆ ਆਵੇ ਸਾਡੇ ਦੁਖੜੇ ਦਏ ਨਿਵਾਰ, ਆਸ਼ਾ ਤ੍ਰਿਸ਼ਨਾ ਪੂਰ ਕਰਾਈਆ । ਮੈਂ ਹੱਸ ਹੱਸ ਵੇਖਾਂ ਕੀ ਖੇਲ ਕਰੇ ਸੰਸਾਰ, ਦੀਨ ਦੁਨੀ ਧਿਆਨ ਲਗਾਈਆ । ਮੈਂ ਮਸਤ ਜਵਾਨੀ ਵਿਚ ਫਿਰਾਂ ਚਾਰੋਂ ਕੁੰਟ ਵਾਰੋ ਵਾਰ, ਭੱਜਾਂ ਵਾਹੋ ਦਾਹੀਆ । ਜਿਸ ਨੂੰ ਇਕ ਵੇਰ ਘੁੰਡ ਚੁੱਕ ਕੇ ਦਿਆਂ ਦੀਦਾਰ, ਨੈਣ ਨੈਣਾਂ ਨਾਲ ਮਿਲਾਈਆ । ਉਹ ਸਭ ਕੁਝ ਮੇਰੇ ਉਤੋਂ ਦੇਵੇ ਵਾਰ, ਨਾਤਾ ਜਗਤ ਵਾਲਾ ਤੁੜਾਈਆ । ਮੇਰਾ ਪਿਆਰ ਓਹਦੇ ਦਿਲ ਦਾ ਹੋਵੇ ਦਿਲਦਾਰ, ਦਿਲਬਰ ਹੋ ਕੇ ਸੇਵ ਕਮਾਈਆ । ਮੇਰੀ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਦਿਆਂ ਜਣਾਈਆ । ਮੈਂ ਜਿਸ ਦੇ ਅੰਦਰ ਅੱਜ ਵੜੀ ਤੇ ਕਲ੍ਹ ਨੂੰ ਹੋ ਜਾਵਾਂ ਬਾਹਰ, ਪ੍ਰੀਤੀ ਸਦਾ ਨਾ ਕੋਇ ਰਖਾਈਆ । ਸ਼ਾਹ ਸੁਲਤਾਨਾਂ ਸਿਰ ਪਵਾਵਾਂ ਛਾਰ, ਖ਼ਾਕ ਵਿਚ ਮਿਲਾਈਆ । ਮੇਰਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਦਿਤੀ ਵਡਿਆਈਆ । ਮੈਂ ਜੁਗ ਚੌਕੜੀ ਕਿਸੇ ਦੀ ਸੁਲੱਖਣੀ ਬਣੀ ਨਹੀਂ ਨਾਰ, ਇਕ ਘਰ ਰਹਿ ਕੇ ਸੇਵ ਨਾ ਸਕਾਂ ਕਮਾਈਆ । ਚਾਰ ਜੁਗ ਦੇ ਸ਼ਾਸਤਰ ਮੈਨੂੰ ਕਰ ਨਾ ਸਕੇ ਗ੍ਰਿਫ਼ਤਾਰ, ਬੰਧਨ ਵਿਚ ਬੰਧ ਨਾ ਕੋਇ ਬੰਧਾਈਆ । ਮੈਂ ਆਦਿ ਜੁਗਾਦਿ ਦੀ ਜੋਬਨਵੰਤੀ ਮੁਟਿਆਰ, ਨਵ ਜੋਬਨ ਇਕ ਅਖਵਾਈਆ । ਮੇਰਾ ਸਮਝੇ ਨਾ ਕੋਇ ਸ਼ਿੰਗਾਰ, ਬਸਤਰ ਭੂਸ਼ਨ ਨਜ਼ਰ ਕੋਇ ਨਾ ਆਈਆ । ਮੇਰਾ ਲਹਿੰਗਾ ਸਕੇ ਨਾ ਕੋਇ ਸਵਾਰ, ਅੰਗੀ ਹੱਥ ਨਾ ਕੋਇ ਰਖਾਈਆ । ਮੇਰਾ ਲੇਖਾ ਕਾਗਦ ਕਲਮ ਨਾ ਲਿਖਣਹਾਰ, ਸ਼ਿਆਹੀ ਚਲੇ ਨਾ ਕੋਇ ਚਤੁਰਾਈਆ । ਮੈਂ ਬੰਦ ਹੋਈ ਨਹੀਂ ਕਦੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ, ਹੁਕਮੇ ਅੰਦਰ ਹੁਕਮ ਨਾ ਕੋਇ ਮਨਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਸ਼ਹਿਨਸ਼ਾਹ ਇਕ ਸਿਕਦਾਰ, ਸਤਿਗੁਰ ਸ਼ਬਦ ਸ਼ਬਦ

ਅਖਵਾਈਆ । ਜਿਸ ਦੇ ਚਰਨ ਕਵਲ ਜਾਵਾਂ ਬਲਿਹਾਰ, ਬਲ ਬਲ ਸੀਸ ਨਿਵਾਈਆ । ਮੈਂ ਆਸ਼ਾ ਰਖੀ ਜੁਗ ਚੌਕੜੀ ਚਾਰ, ਚਾਰੋਂ ਕੁੰਟ ਧਿਆਨ ਲਗਾਈਆ । ਕਵਣ ਵੇਲਾ ਮੇਰਾ ਮਾਹੀ ਮਿਲੇ ਮੈਨੂੰ ਬਖ਼ਸ਼ੇ ਚਰਨ ਪਿਆਰ, ਚਰਨੋਦਕ ਆਪਣਾ ਜਾਮ ਪਿਆਈਆ । ਜੋ ਰੂਪ ਰੰਗ ਰੇਖ ਤੋਂ ਹੋਵੇ ਬਾਹਰ, ਨਿਹਕਲੰਕ ਨਰਾਇਣ ਨਰ ਵਡਿਆਈਆ । ਮੈਂ ਓਸ ਦੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਧੂੜੀ ਮਸਤਕ ਲਾਵਾਂ ਛਾਰ, ਕਦਮ ਬੋਸੀ ਵਿਚ ਆਪਣਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚੀ ਸਰਕਾਰ, ਸਰਕਾਰੇ ਆਅਲਾ ਖ਼ੁਦਾ ਤੁਆਲਾ ਇਕੋ ਇਕ ਅਖਵਾਈਆ ।

## ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੁਰਜੀਤ ਕੌਰ ਜੰਮੂ ਸ਼ਹਿਰ ਵਜ਼ਾਰਤ ਰੋਡ

ਮਾਇਆ ਕਹੇ ਮੈਂ ਸਦਾ ਸਦ ਅਕੇਲੀ, ਅਕਲ ਕਲਧਾਰੀ ਦਿਤੀ ਵਡਿਆਈਆ । ਮੈਂ ਵਸਾਂ ਗ੍ਰਿਹ ਨਵੇਲੀ, ਮੰਦਰ ਨਜ਼ਰ ਕਿਸੇ ਨਾ ਆਈਆ । ਮੈਂ ਲੋਕਮਾਤ ਬਣੀ ਨਹੀਂ ਕਿਸੇ ਦੀ ਚੇਲੀ, ਜਗਤ ਸੀਸ ਨਾ ਕਿਸੇ ਨਿਵਾਈਆ । ਸੱਜਣ ਪਿਆਰਾ ਬਣਿਆ ਨਹੀਂ ਕੋਈ ਬੇਲੀ, ਬੇਲਿਆਂ ਜੰਗਲਾਂ ਵਿਚ ਭੱਜਾਂ ਵਾਹੋ ਦਾਹੀਆ । ਮੈਂ ਆਪਣੀ ਖੇਲ ਅਨੋਖੀ ਖੇਲੀ, ਖ਼ਾਲਕ ਖ਼ਲਕ ਦਿਤੀ ਵਡਿਆਈਆ । ਮੈਂ ਅੰਤਰ ਨਿਰੰਤਰ ਸਭ ਨੂੰ ਆਪਣੇ ਨਾਲ ਰਹੀ ਮੇਲੀ, ਮਿਲਣੀ ਮੋਹ ਵਾਲੀ ਰਖਾਈਆ । ਮੇਰਾ ਬੰਧਨ ਸਭ ਤੋਂ ਵੱਖਰਾ ਜੇਲੀ, ਜਿਸ ਦੀ ਮੁਨਿਆਦ ਨਾ ਕੋਇ ਸਮਝਾਈਆ । ਮੈਂ ਸਭ ਤੋਂ ਹੋ ਕੇ ਵੇਹਲੀ, ਆਪਣਾ ਪੱਲੂ ਲਵਾਂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਬਣਨ ਨਾ ਦੇਵੇ ਕਿਸੇ ਦੀ ਸਹੇਲੀ, ਸਚ ਸੰਗ ਨਾ ਕੋਇ ਰਖਾਈਆ ।



## ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਕਿਸ਼ਨ ਲਾਲ ਜੰਮੂ ਸ਼ਹਿਰ

ਮਾਇਆ ਕਹੇ ਮੈਂ ਸਭ ਦੇ ਵਸਾਂ ਨਜ਼ਦੀਕ, ਗ੍ਰਿਹ ਗ੍ਰਿਹ ਅੰਦਰ ਡੇਰਾ ਲਾਈਆ । ਮੇਰਾ ਮੰਦਰ ਅੰਧੇਰਾ ਤਾਰੀਕ, ਜਿਥੇ ਨੂਰ ਨਾ ਕੋਇ ਰੁਸ਼ਨਾਈਆ । ਮੈਨੂੰ ਵੰਡਣ ਵਾਲਾ ਨਹੀਂ ਕੋਈ ਸ਼ਰੀਕ, ਲਾਸ਼ਰੀਕ ਦਿਤੀ ਵਡਿਆਈਆ । ਮੇਰੇ ਵਿਚ ਸਚ ਤੌਫ਼ੀਕ, ਦੇਵਣਹਾਰ ਇਕ ਗੁਸਾਈਆ । ਮੈਂ ਕੋਈ ਪਿਆਰਾ ਰੱਖਿਆ ਨਹੀਂ ਰਫ਼ੀਕ, ਫ਼ਰੀਕਾਂ ਵੰਡ ਨਾ ਕੋਇ ਵੰਡਾਈਆ । ਮੇਰੀ ਕਰੇ ਨਾ ਕੋਇ ਤਸਦੀਕ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਮੈਂ ਜੁਗ ਚੌਕੜੀ ਬਦਲੀ ਲੀਕ, ਲਾਈਨ ਨੈਣ ਨਜ਼ਰ ਕਿਸੇ ਨਾ ਆਈਆ । ਮੈਂ ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਬਦਲ ਦੇਵਾਂ ਨੀਤ, ਨੀਤੀਵਾਨ ਰਹਿਣ ਕੋਇ ਨਾ ਪਾਈਆ । ਮੈਂ ਕੂੜ ਕੁੜਿਆਰ ਬੰਧਾ ਪ੍ਰੀਤ, ਬੰਧਨ ਬੰਧਾਂ ਚਾਈਂ ਚਾਈਂਆ । ਕਾਇਆ ਰਹਿਣ ਨਾ ਦੇਵਾਂ ਠਾਂਡੀ ਸੀਤ, ਅਗਨੀ ਤਤ ਜਲਾਈਆ । ਝਗੜੇ ਪੁਆ ਕੇ ਮੰਦਰ ਮਸੀਤ, ਮੱਠਾਂ ਕਰਾਂ ਸ਼ਨਵਾਈਆ । ਸਤਿ ਰਹਿਣ ਨਾ ਦੇਵਾਂ ਕਿਸੇ ਚੀਤ, ਠਗੌਰੀ ਘਰ ਘਰ ਦਿਤੀ ਵਖਾਈਆ । ਮੇਰੀ ਸਭ ਤੋਂ ਵਖਰੀ ਬਖ਼ਸ਼ੀਸ਼, ਬਖ਼ਸ਼ਿਸ਼ ਹੋ ਕੇ ਰਹਿਮਤ ਰੂਪ ਬਣਾਈਆ । ਮੇਰੀ ਕੋਈ ਨਾ ਕਰੇ ਰੀਸ, ਮੇਰਾ ਰੂਪ ਨਾ ਕੋਇ

ਵਖਾਈਆ । ਮੈਂ ਖੇਲ ਖੇਲਣਾ ਬੀਸ ਬੀਸ, ਬੀਸ ਬੀਸਾ ਦਏ ਵਡਿਆਈਆ । ਮੈਂ ਵੇਖਾਂ ਇਕੋ ਛਤਰ ਝੁਲੇ ਇਕ ਸਾਹਿਬ ਦੇ ਸੀਸ, ਜੋ ਜਗਦੀਸ਼ਰ ਧੁਰਦਰਗਾਹੀਆ । ਜਿਸ ਦੇ ਹੁਕਮੇ ਅੰਦਰ ਪੀਸਣ ਰਹੀ ਪੀਸ, ਮਾਇਆ ਮਮਤਾ ਚੱਕੀ ਜਗਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਜਾਣੇ ਨੀਕਨ ਨੀਕ, ਊਚੋ ਊਚ ਅਗੰਮ ਅਥਾਹੀਆ ।

### ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੰਸਾਰ ਸਿੰਘ ਦੇ ਗ੍ਰਹਿ ਜੰਮੂ ਸ਼ਹਿਰ ਵਿਚ ✪

ਮਾਇਆ ਕਹੇ ਮੈਂ ਜੋਬਨਵੰਤੀ ਹਸੀਨ, ਮੇਰੀ ਸੂਰਤ ਮੂਰਤ ਜਗ ਨੇਤਰ ਨਜ਼ਰ ਕੋਇ ਨਾ ਆਈਆ । ਮੇਰਾ ਲਹਿਣਾ ਦੇਣਾ ਲੇਖਾ ਜੁਗ ਚੌਕੜੀ ਪ੍ਰਾਚੀਨ, ਚਾਰ ਜੁਗ ਦੇ ਸ਼ਾਸਤਰ ਮੇਰੀ ਸਿਫ਼ਤ ਸਲਾਹੀਆ । ਮੈਂ ਨਿਤ ਨਿਤ ਹੋਈ ਨਾ ਕਿਸੇ ਅਧੀਨ, ਜਗਤ ਨਵਿਤ ਆਪਣਾ ਖੇਲ ਖਿਲਾਈਆ । ਵਿਦਿਆ ਵਿਚ ਮੈਨੂੰ ਸਕਿਆ ਕੋਈ ਨਾ ਚੀਨ, ਅੰਤਸ਼ਕਰਨ ਵਿਚ ਅੰਤ ਕਹਿਣ ਕੁਛ ਨਾ ਪਾਈਆ । ਮੇਰਾ ਮਾਰਗ ਬੜਾ ਮਹੀਨ, ਗ੍ਰੰਥ ਸ਼ਾਸਤਰ ਢੋਲੇ ਗਾਈਆ । ਮੇਰਾ ਲਹਿਣਾ ਦੇਣਾ ਲੇਖਾ ਨਾਲ ਲੋਕ ਤੀਨ, ਤ੍ਰੈਗੁਣ ਆਪਣਾ ਰੰਗ ਰੰਗਾਈਆ । ਮੈਂ ਕਦੇ ਨਹੀਂ ਹੋਈ ਮਸਕੀਨ, ਨਿਰਮਾਣਤਾ ਰੂਪ ਨਾ ਕੋਇ ਦਰਸਾਈਆ । ਮੈਂ ਸਤਿ ਧਰਮ ਜੁਗ ਜੁਗ ਲਵਾਂ ਛੀਨ, ਇਹ ਮੇਰੀ ਬੇਪ੍ਰਵਾਹੀਆ । ਸ਼ਹਿਨਸ਼ਾਹ ਬਣਾਵਾਂ ਕਮੀਨ, ਦਰ ਦਰ ਦੇਵਾਂ ਫਿਰਾਈਆ । ਸਦਾ ਸਦਾ ਕਰਦੀ ਰਵ੍ਹਾਂ ਤਰਮੀਮ, ਹਿੱਸੇ ਹਿੱਸਿਆਂ ਵੰਡ ਵੰਡਾਈਆ । ਮੇਰਾ ਲੇਖਾ ਜਾਣੇ ਮੇਰਾ ਮਾਲਕ ਕਰੀਮ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਬੰਧਾਇਆ ਮੇਰਾ ਯਕੀਨ, ਧਰਵਾਸ ਇਕੋ ਇਕ ਰਖਾਈਆ ।

### ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸਵਰਣ ਕੌਰ ਦੇ ਗ੍ਰਹਿ ਜੰਮੂ ਸ਼ਹਿਰ ਵਿਚ ✪

ਮਾਇਆ ਕਹੇ ਮੈਂ ਆਦਿ ਜੁਗਾਦਿ ਨੌਜਵਾਨ, ਜੋਬਨਵੰਤੀ ਸੋਭਾ ਪਾਈਆ । ਮੈਨੂੰ ਸਤਿਗੁਰ ਸ਼ਬਦ ਦਿਤਾ ਦਾਨ, ਪਰਮ ਪੁਰਖ ਦਿਤੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕੀਤਾ ਪ੍ਰਵਾਨ, ਮਿਹਰ ਨਜ਼ਰ ਨਜ਼ਰ ਉਠਾਈਆ । ਮੈਂ ਤ੍ਰੈਗੁਣ ਹੋ ਬਲਵਾਨ, ਰਜੋ ਤਮੋ ਸਤੋ ਰੂਪ ਵਖਾਈਆ । ਪੰਜ ਤਤ ਕਰ ਪ੍ਰਧਾਨ, ਦਿਤੀ ਮਾਣ ਵਡਿਆਈਆ । ਮੋਹ ਮਮਤਾ ਬਣਾ ਨਿਸ਼ਾਨ, ਜਗਤ ਦਿਆਂ ਝੁਲਾਈਆ । ਲਾਲਚ ਵਿਚ ਫਸਾ ਕੇ ਰਾਜ ਰਾਜਾਨ, ਸ਼ਾਹ ਸੁਲਤਾਨ ਦਿਆਂ ਹਿਲਾਈਆ । ਮੈਨੂੰ ਵਸ ਕਰ ਸਕੇ ਕੋਈ ਨਾ ਕਾਹਨ, ਚਰਨ ਕਵਲ ਲਵਾਂ ਨਾ ਕੋਇ ਸਰਨਾਈਆ । ਮੈਂ ਨਿਤ ਨਵਿਤ ਖੇਲ ਕਰਾਂ ਮਹਾਨ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਮੈਂ ਯੁੱਧ ਕਰਾਵਾਂ ਘਮਸਾਨ, ਰਾਮ ਰਾਵਣ ਖੇਲ ਖਿਲਾਈਆ । ਮੇਰਾ ਧਰਮ ਦੀ ਧਾਰ ਨਾਲ ਧਰਮ ਦਾ ਇਕ ਬਿਆਨ, ਕੌਰਵ ਪਾਂਡਵ ਦੇਣ ਗਵਾਹੀਆ । ਮੈਂ ਪੈਗ਼ੰਬਰਾਂ ਦੇ ਪਹਿਚਾਨ, ਸਾਚੀ ਖੇਲ ਖਿਲਾਈਆ ।

੧੩੯੨
੨੩

ਨਾਮ ਇਸ਼ਟ ਬਖ਼ਸ਼ ਕਲਾਮ, ਕਲਮਾ ਕਾਇਨਾਤ ਰੰਗ ਰੰਗਾਈਆ । ਮੈਂ ਸ਼ਰਅ ਦੀ ਬਣ ਸ਼ੈਤਾਨ, ਛੁਰੀ ਸ਼ਰੀਅਤ ਰੰਗ ਰੰਗਾਈਆ । ਮੇਰਾ ਲੇਖਾ ਸਮਝੇ ਨਾ ਕੋਈ ਵਿਚ ਜਹਾਨ, ਜੀਵ ਜੰਤ ਚਲੇ ਨਾ ਕੋਇ ਚਤੁਰਾਈਆ । ਮਾਇਆ ਕਹੇ ਮੈਂ ਸਭ ਨੂੰ ਕਰਾਂ ਬੇਈਮਾਨ, ਪਿਤਾ ਪੂਤ ਦਿਆਂ ਲੜਾਈਆ । ਧਰਨੀ ਉਤੇ ਸਾਰੇ ਖ਼ਾਕ ਰਹੇ ਛਾਣ, ਮਾਟੀ ਖੇਹ ਮਾਤ ਉਡਾਈਆ । ਮੈਂ ਹੱਥ ਨਾ ਆਈ ਕਿਸੇ ਬਲਵਾਨ, ਯੋਧੇ ਸੂਰੇ ਦਿਤੇ ਘਾਈਆ । ਮੈਂ ਲੜਾਂ ਵਿਚ ਮੈਦਾਨ, ਚੰਡੀ ਹੋ ਕੇ ਚਮਕਾਂ ਥਾਉਂ ਥਾਈਆ । ਮੇਰਾ ਰੂਪ ਬੇਪਹਿਚਾਨ, ਨੇਤਰ ਨਜ਼ਰ ਕਿਸੇ ਨਾ ਆਈਆ । ਮੇਰੇ ਢੋਲੇ ਸਾਰੇ ਗਾਣ, ਖ਼ੁਸ਼ੀਆਂ ਗੀਤ ਸੁਣਾਈਆ । ਮੈਂ ਸਭ ਨੂੰ ਕਰਾਂ ਨਾਦਾਨ, ਅਕਲ ਬੁੱਧੀ ਚਲੇ ਨਾ ਕਿਸੇ ਚਤੁਰਾਈਆ । ਮਾਇਆ ਕਹੇ ਮੈਂ ਮਮਤਾ ਵਾਲੀ ਮੇਰਾ ਨਾ ਸਵਾਸ ਨਾ ਕੋਈ ਪ੍ਰਾਣ, ਤਨ ਵਜੂਦ ਨਾ ਕੋਇ ਵਡਿਆਈਆ । ਮੈਂ ਜਿਧਰ ਜਾਵਾਂ ਉਧਰ ਮੈਨੂੰ ਕਰਨ ਪ੍ਰਨਾਮ, ਰਾਜ ਰਾਜਾਨ ਸੀਸ ਝੁਕਾਈਆ । ਮੈਂ ਕਲਜੁਗ ਅੰਤ ਆਪਣਾ ਝੁਲਾਉਣਾ ਚਾਹੁੰਦੀ ਨਿਸ਼ਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਉਠਾਈਆ । ਸੰਦੇਸ਼ਾ ਦੇਵਾਂ ਜਗਿਆਸੂਓ ਉਠੋ ਨੌਜਵਾਨ, ਆਪਣਾ ਬਲ ਲਓ ਪ੍ਰਗਟਾਈਆ । ਅਮੀਰੀ ਗ਼ਰੀਬੀ ਮੇਰਾ ਯੁੱਧ ਹੋਵੇ ਘਮਸਾਨ, ਘੁੰਮਣ ਘੇਰੀ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਮੇ ਤੋਂ ਬਾਹਰ ਮੇਰੀ ਕਰੇ ਕਲਿਆਣ, ਕਾਇਨਾਤ ਦਾ ਲੇਖਾ ਮੇਰੇ ਸੰਗ ਬਣਾਈਆ ।


੧੩੯੩
੨੩

## ✪ ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਜੰਮੂ ਸ਼ਹਿਰ ਅੰਗ੍ਰੇਜ਼ ਸਿੰਘ ਦੇ ਗ੍ਰਹਿ ✪

ਮਾਇਆ ਕਹੇ ਮੈਂ ਜੋਬਨਵੰਤੀ ਅਗੰਮੀ ਸੁਨੱਖੀ, ਜਗ ਨੇਤਰ ਲੋਚਨ ਨੈਣ ਨਜ਼ਰ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੈਨੂੰ ਵੇਖੇ ਕੋਈ ਨਾ ਅੱਖੀਂ, ਅੱਖਰਾਂ ਵਿਚ ਮੇਰੇ ਢੋਲੇ ਗਾਈਆ । ਸਿਫ਼ਤ ਸਲਾਹ ਮੇਰੇ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣੇ ਹੁਕਮ ਵਿਚ ਰਖੀ, ਜੁਗ ਚੌਕੜੀ ਧਰਨੀ ਧਰਤ ਧਵਲ ਧੌਲ ਉਤੇ ਸੇਵ ਕਮਾਈਆ । ਬੋਧ ਅਗਾਧ ਸ਼ਬਦ ਅਨਾਦੀ ਨਾਲ ਮੈਨੂੰ ਸਿਖਿਆ ਅਗੰਮ ਦੱਸੀ, ਦਹਿ ਦਿਸ਼ਾ ਤੋਂ ਬਾਹਰ ਕੀਤੀ ਪੜ੍ਹਾਈਆ । ਮੈਂ ਗ੍ਰਿਹ ਗ੍ਰਿਹ ਮੰਦਰ ਘਰ ਘਰ ਜਗਤ ਜਗਿਆਸੂਆਂ ਵਸੀ, ਤਨ ਮੰਦਰ ਅੰਦਰ ਡੇਰਾ ਲਾਈਆ । ਮੈਂ ਖ਼ੁਸ਼ੀ ਗ਼ਮੀ ਤੋਂ ਬਾਹਰ ਸਦਾ ਖਿੜ ਖਿੜ ਹੱਸੀ, ਹਸਤੀ ਤੱਕ ਕੇ ਬੇਪ੍ਰਵਾਹੀਆ । ਮੇਰੀ ਧਾਰ ਕਿਸੇ ਕੋਲੋਂ ਜਾਏ ਨਾ ਮਥੀ, ਮਥਨ ਕਰ ਨਾ ਕੋਈ ਵਖਾਈਆ । ਮੈਂ ਇਕੋ ਸਾਹਿਬ ਦੇ ਸਥਰ ਲੱਥੀ, ਸ਼ਾਹ ਸੁਲਤਾਨਾ ਜੋ ਅਖਵਾਈਆ । ਮੈਂ ਉਸ ਦੇ ਚਰਨੀ ਢੱਠੀ, ਜਿਥੇ ਮਿਲੇ ਮਾਣ ਵਡਿਆਈਆ । ਮੈਨੂੰ ਕੋਟਨ ਕੋਟ ਕਰ ਕੇ ਗਏ ਇਕੱਠੀ, ਅੰਤ ਖ਼ਾਲੀ ਹੱਥ ਵਖਾਈਆ । ਮੈਂ ਦਿਵਸ ਰੈਣ ਫਿਰਾਂ ਨੱਠੀ, ਸ਼ਾਹ ਸੁਲਤਾਨਾਂ ਵੇਖ ਵਖਾਈਆ । ਦਰੋਹੀ ਮੇਰੀ ਅੰਤਮ ਮੰਜ਼ਲ ਟੱਪੀ, ਸਦੀ ਚੌਧਵੀਂ ਦਏ ਗਵਾਹੀਆ । ਮੈਂ ਅਵਤਾਰ ਪੈਗ਼ੰਬਰਾਂ ਵਾਲੀ ਪੜ੍ਹੀ ਪੱਟੀ, ਹਰਫ਼ ਹਰੂਫ਼ਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅਗੰਮ ਅਥਾਹੀਆ । ਮਾਇਆ ਕਹੇ ਮੈਂ ਸਭ ਤੋਂ ਦਿਸਾਂ ਸੁਚੱਜੀ, ਗੁਣਵੰਤ ਅਖਵਾਈਆ । ਮੇਰੀ ਤ੍ਰਿਸ਼ਨਾ ਕਦੇ ਨਾ ਰੱਜੀ, ਸਾਂਤਕ ਸਤਿ ਨਾ ਕੋਇ ਕਰਾਈਆ । ਮੇਰੀ ਜੁਗ ਜੁਗ ਜੋਤ ਜਗੀ, ਚਾਰੋਂ

ਕੁੰਟ ਡਗਮਗਾਈਆ । ਮੇਰੀ ਧਾਰ ਵੇਖ ਲਓ ਬੱਗੀ, ਦੂਸਰ ਰੰਗ ਨਾ ਕੋਇ ਰੰਗਾਈਆ । ਮੇਰੀ ਅਗਨੀ ਘਰ ਘਰ ਲੱਗੀ, ਦੀਨ ਦੁਨੀ ਨਾ ਕੋਇ ਬੁਝਾਈਆ । ਮੈਂ ਆਪਣੀ ਖ਼ੁਮਾਰੀ ਵਿਚ ਮਧੀ, ਮਸਤ ਮਸਤਾਨੀ ਰੂਪ ਬਣਾਈਆ । ਮੈਂ ਨਾਚ ਵੇਖਣਾ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਦੀਨ ਦੁਨੀ ਮਨ ਕਲਪਣਾ ਕਰਨੀ ਲਬੀ, ਲੋਭ ਮੋਹ ਹੰਕਾਰ ਵਿਚ ਫਸਾਈਆ । ਮੈਂ ਸਭ ਦੇ ਲੂੰ ਲੂੰ ਰਚਣਾ ਹੱਡੀ, ਬਾਹਰ ਸਕੇ ਨਾ ਕੋਇ ਕਢਾਈਆ । ਸ਼ਾਹ ਸੁਲਤਾਨਾਂ ਲੱਗਣ ਨਹੀਂ ਦੇਣੀ ਅੱਡੀ, ਚੋਟੀਆਂ ਸਭ ਦੀਆਂ ਦਿਆਂ ਮੁੰਨਾਈਆ । ਕਿਰਪਾ ਕਰੇ ਮੇਰਾ ਸੂਰਾ ਸਰਬਗੀ, ਮੈਨੂੰ ਦੇਵੇ ਮਾਣ ਵਡਿਆਈਆ । ਮੈਂ ਕਿਸੇ ਨੂੰ ਦਰਸ਼ਨ ਕਰਨ ਦੇਣਾ ਨਹੀਂ ਉਪਰ ਸ਼ਾਹ ਰਗੀ, ਪੁਰਖ ਅਕਾਲ ਮਿਲਣ ਕੋਇ ਨਾ ਪਾਈਆ । ਚਾਰੋਂ ਕੁੰਟ ਮੇਰੀ ਅੰਧੇਰੀ ਵਗੀ, ਹੁਲਾਰਾ ਦੋ ਜਹਾਨ ਰਖਾਈਆ । ਮੇਰਾ ਮਾਲਕ ਨੂਰ ਅਲਾਹੀ ਰੱਬੀ, ਯਾਮਬੀਨ ਓਟ ਤਕਾਈਆ । ਮੈਂ ਸਭ ਦੀ ਵੇਖਣੀ ਅੰਤਮ ਹੱਦੀ, ਹਦੂਦਾਂ ਫੋਲ ਫੁਲਾਈਆ । ਮੈਂ ਕੂੜ ਕੁੜਿਆਰੇ ਭਾਰ ਨਾਲ ਲੱਦੀ, ਬੋਝਲ ਹੋ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਮਾਇਆ ਕਹੇ ਮੈਂ ਆਦਿ ਜੁਗਾਦੀ ਏਕ ਰੂਪ, ਦੁਤੀਆ ਰੰਗ ਨਾ ਕੋਇ ਬਦਲਾਈਆ । ਮੇਰਾ ਮਾਲਕ ਸ਼ਾਹੋ ਭੂਪ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਮੈਨੂੰ ਦਿਤੀ ਸੂਝ, ਸਮਝ ਦਿਤੀ ਸਮਝਾਈਆ । ਮੈਂ ਉਸ ਦੇ ਚਰਨਾਂ ਜਾਵਾਂ ਝੂਜ, ਜੋ ਸਚਖੰਡ ਨਿਵਾਸੀ ਇਕ ਅਖਵਾਈਆ । ਜਿਸ ਦੀ ਮੰਜ਼ਲ ਹਕ ਮਕਸੂਦ, ਰਹਿਬਰ ਨੂਰ ਅਲਾਹੀਆ । ਜੋ ਹਰ ਥਾਂ ਦਿਸੇ ਮੌਜੂਦ, ਬੈਠਾ ਸੋਭਾ ਪਾਈਆ । ਉਸ ਮੈਨੂੰ ਮਾਣ ਦਿਤਾ ਕਾਇਆ ਪੰਜ ਭੂਤ, ਤਤਾਂ ਵਿਚ ਆਪਣਾ ਤਤ ਮਿਲਾਈਆ । ਮੈਂ ਵਸਾਂ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਮੇਰਾ ਨਾਤਾ ਨਾਲ ਜੂਠ ਝੂਠ, ਕਲਜੁਗ ਜੀਵਾਂ ਰੰਗ ਰੰਗਾਈਆ । ਮੈਂ ਮੋਹ ਵਿਕਾਰੇ ਝੂਟਾ ਰਹੀ ਝੂਟ, ਮਮਤਾ ਨਾਲ ਹਲਕਾਈਆ । ਮੇਰਾ ਇਕੋ ਤਾਣਾ ਪੇਟਾ ਸੂਤ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਂ ਸਤਿ ਧਰਮ ਨੂੰ ਸਭ ਦੇ ਹਿਰਦਿਉਂ ਕਰ ਦਿਆਂ ਕੂਚ, ਕੂਚਾ ਗਲੀ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰਾ ਮੇਰਾ ਸਾਥੀ ਅਵਧੂਤ, ਸਗਲਾ ਸੰਗੀ ਸੋਭਾ ਪਾਈਆ । ਸਭ ਦੇ ਭਾਂਡੇ ਖ਼ਾਲੀ ਕਰ ਕੇ ਠੂਠ, ਸਾਢੇ ਤਿੰਨ ਹੱਥ ਦਿਤੇ ਵਖਾਈਆ । ਆਤਮ ਪਰਮਾਤਮ ਨਾਤਾ ਗਿਆ ਟੁਟ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਗੁਰ ਚੇਲਿਆਂ ਰਹਿਣ ਨਹੀਂ ਦਿਤਾ ਸਲੂਕ, ਪਿਤਾ ਪੂਤ ਦਿਤੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਮਾਇਆ ਕਹੇ ਮੇਰੀ ਜੋਬਨਵੰਤੀ ਜਵਾਨੀ, ਆਯੂ ਸਮਝ ਕਿਸੇ ਨਾ ਆਈਆ । ਮੇਰੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਤੋਂ ਬਾਹਰ ਜਣਾਈਆ । ਮੇਰਾ ਖੇਲ ਅਗੰਮ ਮਹਾਨੀ, ਖ਼ਲਕ ਸਮਝੇ ਮੂਲ ਨਾ ਰਾਈਆ । ਮੈਂ ਆਪਣੇ ਗ੍ਰਿਹਿ ਦੀ ਰਾਣੀ, ਰਈਅਤ ਦੀਨ ਦੁਨੀ ਵੇਖ ਵਖਾਈਆ । ਮੇਰਾ ਸੰਗੀ ਮਨੂਆ ਸਭ ਦਾ ਬਾਨੀ, ਮੇਰੇ ਅਣਿਆਲੇ ਤੀਰ ਚਲਾਈਆ । ਮੈਂ ਝਗੜਾ ਵੇਖਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਮੈਂ ਚਾਰ ਜੁਗ ਦੇ ਸ਼ਾਸਤਰਾਂ ਤੱਕੀ ਬਾਣੀ, ਭੇਵ ਅਭੇਦਾ ਆਪਣਾ ਆਪ ਚੁਕਾਈਆ । ਮੈਂ ਕਦੇ ਨਾ ਬਣਾਂ ਨਿਮਾਣੀ, ਨਿਮਰਤਾ ਰੂਪ ਨਾ ਕੋਇ ਬਣਾਈਆ । ਮੈਂ ਹੁਕਮ ਦੀ ਹੁਕਮਰਾਨੀ, ਜੁਗ ਜੁਗ ਖੇਲ ਖਿਲਾਈਆ । ਮੈਂ ਝਗੜੇ ਪਾਵਾਂ ਜੀਵ ਪ੍ਰਾਣੀ, ਆਪ ਆਪਣਾ ਰੰਗ ਰੰਗਾਈਆ । ਮੇਰੇ ਪਿਆਰ ਵਿਚ ਸਾਧ ਸੰਤ ਸੁਰਤ ਹੋਵੇ ਮਸਤਾਨੀ, ਨਾਮ ਖ਼ੁਮਾਰੀ ਰਹਿਣ

੧੩੯੪
੨੩

ਕੋਇ ਨਾ ਪਾਈਆ । ਮੈਂ ਧਰਮ ਦਵਾਰਿਆਂ ਜੂਹ ਦੱਸਾਂ ਬੇਗਾਨੀ, ਸਚ ਗ੍ਰਿਹਿ ਨਜ਼ਰ ਕੋਇ ਨਾ ਆਈਆ । ਮੇਰਾ ਵਕਤ ਜਗਤ ਬੜਾ ਤੂਫ਼ਾਨੀ, ਸ਼ੌਹ ਦਰਿਆ ਦਏ ਰੁੜ੍ਹਾਈਆ । ਸਦੀ ਚੌਧਵੀਂ ਮੈਂ ਹਰ ਹਿਰਦੇ ਵਸਾਈ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਪਵਿਤ੍ਰ ਰਿਹਾ ਨਾ ਕੋਈ ਜਿਸਮ ਜਿਸਮਾਨੀ, ਜ਼ਮੀਰ ਅਮੀਰ ਗ਼ਰੀਬ ਗਏ ਬਦਲਾਈਆ । ਚਤੁਰ ਬੁੱਧੀ ਦੀ ਰਹੀ ਨਾ ਕੋਈ ਬਿਦਮਾਨੀ, ਬੁਧ ਬਿਬੇਕ ਨਾ ਕੋਇ ਰਖਾਈਆ । ਮੈਂ ਨੌ ਖੰਡ ਪ੍ਰਿਥਮੀ ਸੱਤ ਦੀਪ ਧਰਤੀ ਉਤੇ ਕੀਤੀ ਪਰੇਸ਼ਾਨੀ, ਪੇਸ਼ਾਨੀ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਆਪਣਾ ਹੁਕਮ ਹੁਕਮ ਹੁਕਮ ਵਿਚੋਂ ਵਰਤਾਈਆ ।

### ੨੦ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਤੇਜਭਾਨ ਦੇ ਗ੍ਰਿਹਿ

ਮਾਇਆ ਕਹੇ ਮੈਂ ਸਤਿ ਸਤਿਵਾਦੀ ਹੋਈ ਤਿਆਰ, ਤ੍ਰੈਗੁਣ ਅਤੀਤੇ ਦਿਤੀ ਵਡਿਆਈਆ । ਮੇਰਾ ਵਿਸ਼ਨ ਬ੍ਰਹਮਾ ਸ਼ਿਵ ਨਾਲ ਪਿਆਰ, ਬਿਨ ਨੇਤਰ ਨੈਣਾਂ ਵੇਖਾਂ ਚਾਈਂ ਚਾਈਆ । ਹੁਕਮ ਸੰਦੇਸੇ ਸੁਣਾ ਅਗੰਮੀ ਧਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਮੈਨੂੰ ਕੀਤਾ ਖ਼ਬਰਦਾਰ, ਬਿਨ ਲੋਚਨ ਅੱਖ ਖੁਲਾਈਆ । ਮੈਂ ਨਿਵ ਨਿਵ ਕਰਾਂ ਨਿਮਸਕਾਰ, ਬਿਨਾ ਡੰਡਾਵਤ ਸੀਸ ਝੁਕਾਈਆ । ਮੈਂ ਬੇਨੰਤੀ ਕੀਤੀ ਅਰਜ਼ ਗੁਜ਼ਾਰ, ਸਤਿ ਸਚ

੧੩੯੫
੨੩
ਸੁਣਾਈਆ । ਕੀ ਹੁਕਮ ਮੇਰੀ ਸਰਕਾਰ, ਸਹਿਜ ਦੇਣਾ ਸੁਣਾਈਆ । ਸੰਦੇਸ਼ਾ ਮਿਲਿਆ ਨਾਲ ਪਿਆਰ, ਮੁਹੱਬਤ ਵਿਚ ਸੁਣਾਈਆ । ਤੇਰਾ ਸਮਝੇ ਨਾ ਕੋਇ ਵਿਸਥਾਰ, ਉਚਾ ਲੰਮਾ ਚੌੜਾ ਕੱਦ ਨਜ਼ਰ ਕਿਸੇ ਨਾ ਆਈਆ । ਤੂੰ ਫਿਰਨਾ ਵਿਚ ਸੰਸਾਰ, ਭੱਜਣਾ ਵਾਹੋ ਦਾਹੀਆ । ਤੇਰਾ ਤਤਾਂ ਨਾਲ ਉਧਾਰ, ਪੰਚਮ ਮਿਲੇ ਵਡਿਆਈਆ । ਤੂੰ ਲੱਖ ਚੁਰਾਸੀ ਪਾਉਣੀ ਸਾਰ, ਸਗਲਾ ਸੰਗ ਬਣਾਈਆ । ਤੂੰ ਸਦਾ ਰਹੀਂ ਜੁਗ ਚਾਰ, ਆਪਣਾ ਰੂਪ ਅਨੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਖੇਲ ਖਿਲਾਈਆ । ਮਾਇਆ ਕਹੇ ਮੈਂ ਨਾ ਵੱਡੀ ਨਾ ਛੋਟੀ, ਪ੍ਰਭੂ ਦਿਤੀ ਮਾਣ ਵਡਿਆਈਆ । ਮੇਰੀ ਸਮਝੇ ਜੜ ਨਾ ਕੋਈ ਚੋਟੀ, ਚੋਟੀ ਹੋ ਕੇ ਆਪਣਾ ਰੰਗ ਰੰਗਾਈਆ । ਮੈਂ ਵੇਸ ਵਟਾਵਾਂ ਕੋਟਨ ਕੋਟੀ, ਅਣਗਿਣਤ ਰੂਪ ਬਦਲਾਈਆ । ਮੇਰਾ ਬਸਤਰ ਨਾ ਲਹਿੰਗਾ ਨਾ ਧੋਤੀ, ਕੱਪੜ ਨਜ਼ਰ ਕੋਇ ਨਾ ਆਈਆ । ਮੈਂ ਨਿਰਗੁਣ ਧਾਰ ਪ੍ਰਗਟ ਹੋਈ ਵਿਚੋਂ ਜੋਤੀ, ਜੋਤੀ ਜਾਤੇ ਦਿਤੀ ਵਡਿਆਈਆ । ਮੈਂ ਆਦਿ ਪੁਰਖ ਦੀ ਬੇਟੀ ਇਕ ਇਕਲੋਤੀ, ਅਕਲ ਕਲਧਾਰੀ ਮੇਰਾ ਰੂਪ ਦਰਸਾਈਆ । ਮੈਂ ਆਲਸ ਨਿੰਦਰਾ ਵਿਚ ਕਦੇ ਨਾ ਸੋਤੀ, ਗ਼ਫ਼ਲਤ ਰੂਪ ਨਾ ਕੋਇ ਦ੍ਰਿੜ੍ਹਾਈਆ । ਮੈਂ ਹਾਰ ਸ਼ਿੰਗਾਰ ਕਰਾਂ ਨਾ ਨਾਲ ਮੋਤੀ, ਕੰਚਨ ਗੜ੍ਹ ਨਾ ਕੋਇ ਪਵਾਈਆ । ਹੱਥ ਫੜਾਂ ਕੋਈ ਨਾ ਸੋਟੀ, ਸੂਟ ਬੂਟ ਨਾ ਕੋਇ ਸਜਾਈਆ । ਮੇਰੇ ਸੀਸ ਦਿਸੇ ਕੋਈ ਨਾ ਟੋਪੀ, ਬੰਧਨ ਬੰਧ ਨਾ ਕੋਇ ਜਣਾਈਆ । ਹੱਥ ਫੜਾਂ ਕੋਈ ਨਾ ਲੋਟੀ, ਲੁਟੀਆ ਸੰਗ ਨਾ ਕੋਇ ਰਖਾਈਆ । ਮੇਰਾ ਹਿੱਸਾ ਨਹੀਂ ਕੋਈ ਕਾਇਆ ਬੋਟੀ, ਰਕਤ ਬੂੰਦ ਨਾ ਕੋਇ ਜਣਾਈਆ । ਮੇਰਾ ਦੀਨ ਮਜ਼੍ਹਬ ਜ਼ਾਤ ਨਹੀਂ ਕੋਈ ਗੋਤੀ, ਵਰਨਾਂ ਵਿਚ ਕਦੇ ਨਾ ਆਈਆ । ਮੇਰੀ ਮਤ ਨਹੀਂ ਕੋਈ ਹੋਛੀ,

ਹੋਛਾ ਰੂਪ ਨਾ ਕੋਇ ਦਰਸਾਈਆ । ਮੇਰੀ ਕਰਨੀ ਮੈਨੂੰ ਦਿਸੇ ਮੂਲ ਨਾ ਦੋਸ਼ੀ, ਦੋਸ਼ ਸਕੇ ਨਾ ਕੋਇ ਲਗਾਈਆ । ਮੈਂ ਇਕੋ ਗੱਲ ਸੋਚੀ, ਬਿਨਾ ਸਮਝ ਤੋਂ ਸਮਝ ਬਣਾਈਆ । ਮੈਨੂੰ ਇਕ ਇਸ਼ਾਰਾ ਦਿਤਾ ਰਵੀਦਾਸ ਚਮਾਰੇ ਮੋਚੀ, ਸਹਿਜ ਨਾਲ ਦ੍ਰਿੜਾਈਆ । ਨੀ ਮਾਇਆ ਤੂੰ ਭਗਤ ਦਵਾਰੇ ਹੋਵੇਂ ਖੋਟੀ, ਤੇਰੀ ਕੀਮਤ ਨਾ ਕੋਇ ਰਖਾਈਆ । ਫੇਰ ਮੈਂ ਹੱਥ ਰਖ ਲਿਆ ਉਤੇ ਠੋਡੀ, ਸੋਚਾਂ ਵਿਚ ਆਪਣਾ ਆਪ ਡੁਬਾਈਆ । ਜਿਸ ਨਾਲ ਬਣਾਏ ਕਸੀਰੇ ਵਿਚੋਂ ਕੌਡੀ, ਕੰਗਣਾ ਰੰਗ ਰੰਗਾਈਆ । ਜਿਸ ਇਸ਼ਾਰਾ ਦਿਤਾ ਵੇਦੀ ਸੋਢੀ, ਮੇਰੀ ਸਮਝ ਦਿਤੀ ਬਦਲਾਈਆ ਮੈਂ ਉਠੀ ਹੱਥ ਰਖ ਕੇ ਉਤੇ ਗੋਡੀ, ਬਲਹੀਣ ਲਈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਬੇਪਰਵਾਹੀਆ । ਮਾਇਆ ਕਹੇ ਮੈਂ ਆਦਿ ਦੀ ਜੋਬਨਵੰਤ, ਨੂਰ ਜ਼ਹੂਰ ਇਕ ਚਮਕਾਈਆ । ਜੁਗ ਚੌਕੜੀ ਮੈਨੂੰ ਮਿਲਿਆ ਕੋਈ ਨਾ ਕੰਤ, ਸੇਜ ਸੁਹੰਜਣੀ ਨਾ ਕੋਇ ਵਡਿਆਈਆ । ਮੈਨੂੰ ਵਿਦਿਆ ਦਿਤੀ ਕਿਸੇ ਨਾ ਪੰਡਤ, ਅੱਖਰੀਂ ਅੱਖਰ ਨਾ ਕੋਇ ਪੜ੍ਹਾਈਆ । ਮੈਂ ਵੇਖੇ ਜੇਰਜ ਅੰਡਜ, ਉਤਭੁਜ ਸੇਤਜ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਚੁਕਾਈਆ । ਮਾਇਆ ਕਹੇ ਮੇਰੇ ਪ੍ਰਭ ਨੇ ਮੇਰੀ ਬਣਾਈ ਬਣਤ, ਘੜਨ ਭੰਨਣਹਾਰ ਦਿਤੀ ਵਡਿਆਈਆ । ਮੇਰਾ ਲੇਖਾ ਕੋਈ ਨਾ ਜਾਣੇ ਅੰਤ, ਅੰਤਸ਼ਕਰਨ ਵਿਚ ਕਿਸੇ ਨਾ ਆਈਆ । ਮੇਰਾ ਸਮਝੇ ਕੋਈ ਨਾ ਮੰਤ, ਮੰਤਵ ਹੱਲ ਨਾ ਕੋਇ ਕਰਾਈਆ । ਮੈਂ ਖੇਲ ਖੇਲਾਂ ਵਿਚ ਜੀਵ ਜੰਤ, ਜੁਗ ਜੁਗ ਆਪਣੀ ਖੇਲ ਵਖਾਈਆ । ਮੇਰਾ ਰੂਪ ਅਨੂਪਾ ਅਨੰਤ, ਗਿਣਤੀ ਗਿਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਿਰ ਮੇਰੇ ਹੱਥ ਟਿਕਾਈਆ । ਮਾਇਆ ਕਹੇ ਮੈਂ ਆਦਿ ਆਦਿ ਦੀ ਕਵਾਰੀ, ਬਣ ਕੰਨਿਆ ਕਾਇਨਾਤ ਖੇਲ ਖਿਲਾਈਆ । ਮੇਰੀ ਸਭ ਦੇ ਨਾਲ ਯਾਰੀ, ਯਾਰਾਨਾ ਸਕੇ ਨਾ ਕੋਇ ਤੁੜਾਈਆ । ਮੈਥੋਂ ਬਚ ਸਕਿਆ ਕੋਇ ਨਾ ਬਲਕਾਰੀ, ਯੋਧਾ ਨਜ਼ਰ ਕੋਇ ਨਾ ਆਈਆ । ਮੈਂ ਸੰਗ ਰਖਾਇਆ ਨਾਲ ਪੈਗ਼ੰਬਰ ਗੁਰ ਅਵਤਾਰੀ, ਤਰਾ ਤਰਾ ਦਾ ਆਪਣਾ ਰੂਪ ਬਦਲਾਈਆ । ਮੈਨੂੰ ਹੁਕਮ ਮਿਲਦਾ ਰਿਹਾ ਸੱਚਾ ਸਰਕਾਰੀ, ਸ਼ਹਿਨਸ਼ਾਹ ਦਿਤੀ ਵਡਿਆਈਆ । ਸਤਿਗੁਰ ਸ਼ਬਦ ਦੀ ਕਰਦੀ ਰਹੀ ਤਾਬਿਆਦਾਰੀ, ਨਿਵ ਨਿਵ ਸੀਸ ਨਿਵਾਈਆ । ਸ਼ਾਹ ਸੁਲਤਾਨਾਂ ਮਾਰਦੀ ਰਹੀ ਮਾਰੀ, ਮਰ ਜੀਵਤ ਰੂਪ ਨਾ ਕੋਇ ਬਦਲਾਈਆ । ਮੈਥੋਂ ਬਚਿਆ ਰਿਹਾ ਨਾ ਕੋਈ ਨਰ ਨਾਰੀ, ਨਰ ਨਰਾਇਣ ਮੈਨੂੰ ਦਿਤੀ ਵਡਿਆਈਆ । ਮੈਨੂੰ ਸ਼ਾਹ ਕੰਗਾਲ ਕਰਦੇ ਰਹੇ ਪਿਆਰੀ, ਮੁਹੱਬਤ ਵਿਚ ਮੇਰੇ ਅਗੇ ਝੋਲੀ ਡਾਹੀਆ । ਘਰ ਦੀਪਕ ਜਗਾ ਫੇਰਦੇ ਰਹੇ ਬਹਾਰੀ, ਸੋਹਣਾ ਸਾਫ਼ ਸੁਥਰਾ ਥਾਨ ਸੁਹਾਈਆ । ਮੈਂ ਹੱਸਦੀ ਰਹੀ ਮਾਰ ਕੇ ਤਾੜੀ, ਬਿਨ ਹੱਥਾਂ ਤਾਲ ਬਣਾਈਆ । ਜਗਿਆਸੂਓ ਮੈਂ ਬਣੀ ਨਹੀਂ ਜੁਗ ਚੌਕੜੀ ਕਿਸੇ ਦੀ ਲਾੜੀ, ਲਾੜਾ ਕੰਤ ਨਾ ਕੋਇ ਬਣਾਈਆ । ਮੈਂ ਖੇਲ ਖਿਲਾਉਂਦੀ ਰਹੀ ਜੰਗਲ ਜੂਹ ਉਜਾੜ ਪਹਾੜੀ, ਟਿੱਲਿਆਂ ਪਰਬਤਾਂ ਵੇਖ ਵਖਾਈਆ । ਮੈਂ ਅੱਗ ਲਗਾਉਂਦੀ ਰਹੀ ਨਾੜ ਨਾੜੀ, ਤ੍ਰਿਸ਼ਨਾ ਕਲਪਣਾ ਕਰ ਹਲਕਾਈਆ । ਮੈਂ ਸ਼ਹਿਨਸ਼ਾਹ ਜਗਤ ਦੀ ਆਪੇ ਫਿਰਾਂ ਪਿਛੇ ਅਗਾੜੀ, ਰਾਜ ਰਾਜਾਨਾਂ ਇਸ਼ਾਰਿਆਂ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਮਾਇਆ ਕਹੇ ਮੇਰਾ ਬਿਨ ਤਤਾਂ ਤੋਂ ਸੁਹੰਜਣਾ ਬੁੱਤ, ਬੁਤਖ਼ਾਨਿਆਂ ਵਿਚ ਨਜ਼ਰ ਕਿਸੇ



੧੩੯੬
੨੩

ਨਾ ਆਈਆ । ਮੇਰੀ ਸਭ ਤੋਂ ਉੱਤਮ ਸ੍ਰੇਸ਼ਟ ਮੌਲੇ ਰੁਤ, ਰੁਤੜੀ ਆਪਣੀ ਆਪ ਮਹਿਕਾਈਆ । ਮੈਨੂੰ ਵਡਿਆਈ ਦਿਤੀ ਅਬਿਨਾਸ਼ੀ ਅਚੁਤ, ਚੇਤਨ ਦਿਤੀ ਕਰਾਈਆ । ਮੇਰਾ ਪਰਦਾ ਓਹਲਾ ਨਹੀਂ ਕੋਈ ਲੁਕ, ਸਨਮੁਖ ਸਭ ਨੂੰ ਨਜ਼ਰੀ ਆਈਆ । ਮੈਂ ਮਰੀ ਨਹੀਂ ਤੇ ਜੰਮੀ ਨਹੀਂ ਕਿਸੇ ਦੀ ਕੁੱਖ, ਜਨਣੀ ਗੋਦ ਨਾ ਕੋਇ ਟਿਕਾਈਆ । ਹਰਖ ਸੋਗ ਨਹੀਂ ਕੋਈ ਦੁੱਖ, ਨਾਤਾ ਦੀਨ ਦੁਨੀ ਨਾ ਕੋਇ ਬਣਾਈਆ । ਮੈਂ ਆਪਣਾ ਆਸਣ ਜਿਧਰ ਚਾਹਵਾਂ ਉਧਰ ਲਵਾਂ ਚੁੱਕ, ਚਾਰੋਂ ਕੁੰਟ ਡੇਰਾ ਲਾਈਆ । ਕਿਸੇ ਨੂੰ ਸ਼ਾਹ ਬਣਾਵਾਂ ਕਿਸੇ ਦੇ ਘਰ ਵਖਾਵਾਂ ਭੁੱਖ, ਇਹ ਮੇਰੀ ਬੇਪ੍ਰਵਾਹੀਆ । ਮੇਰੇ ਚਾਕਰ ਜੁਗ ਚੌਕੜੀ ਬਣਦੇ ਰਹੇ ਮਨੁੱਖ, ਨਿਵ ਨਿਵ ਲਾਗਣ ਪਾਈਆ । ਮੈਨੂੰ ਫੜਿਆ ਕਿਸੇ ਨਹੀਂ ਹੱਥੀਂ ਗੁੱਟ, ਸਗਲਾ ਸੰਗ ਨਾ ਕੋਇ ਅਟਕਾਈਆ । ਮੈਂ ਜਗਤ ਜਹਾਨ ਪਾ ਕੇ ਲੁੱਟ, ਲੁਟੇਰੇ ਸ਼ਾਹ ਸੁਲਤਾਨਾਂ ਦਿਆਂ ਵਖਾਈਆ । ਮੈਂ ਰਾਜ ਰਾਜਾਨਾਂ ਖ਼ਾਲੀ ਕਰਾ ਕੇ ਠੁੱਠ, ਘਰ ਘਰ ਭਿਖਿਆ ਦਿਆਂ ਮੰਗਾਈਆ । ਮਾਇਆ ਕਹੇ ਜਨ ਭਗਤੋ ਮੇਰੇ ਪਿਆਰ ਵਿਚ ਕੋਈ ਪ੍ਰਭੂ ਨਾਲੋਂ ਜਾਇਓ ਨਾ ਰੁੱਸ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਮੈਨੂੰ ਮਾਣ ਦਿਤਾ ਉਸ, ਜਿਸ ਦੀ ਉਸਤਤ ਵਿਚ ਸਾਰੇ ਢੋਲੇ ਗਾਈਆ । ਤੁਸੀਂ ਸਦਾ ਉਸ ਦੀ ਯਾਦ ਵਿਚ ਰਹਿਣਾ ਖ਼ੁਸ਼, ਖ਼ੁਸ਼ੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਕੁਛ ਦਾ ਕੁਛ, ਅਵਰ ਦਾ ਅਵਰ ਆਪਣਾ ਹੁਕਮ ਵਰਤਾਈਆ ।


੧੩੯੭
੨੩

✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਹਰਦੇਵ ਸਿੰਘ ਦੇ ਸਰੀਰ ਛਡਣ ਨਵਿਤ ✪

ਮਾਇਆ ਕਹੇ ਮੇਰੇ ਉਤੇ ਕਿਰਪਾ ਕੀਤੀ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਦਿਤੀ ਵਡਿਆਈਆ । ਮਾਣ ਤਾਣ ਬਖ਼ਸ਼ਿਆ ਬਿਨਾ ਸਰੀਰ ਲਾਸ਼, ਜੰਮਣ ਮਰਨ ਤੋਂ ਬਾਹਰ ਦਿਤੀ ਵਡਿਆਈਆ । ਮੈਂ ਖੇਲ ਖੇਲਿਆ ਸ਼ੰਕਰ ਨਾਲ ਕੈਲਾਸ਼, ਪਾਰਬਤੀ ਪਰਮ ਰੂਪ ਦਰਸਾਈਆ । ਗਣੇਸ਼ ਬਾਲਾ ਦੇ ਵਿਸ਼ਵਾਸ਼, ਵਿਸ਼ਵ ਦੀ ਕਾਰ ਕਮਾਈਆ । ਮੈਂ ਬ੍ਰਹਮਾ ਕਰ ਉਦਾਸ, ਸੁਰਸਤੀ ਉਤੇ ਅੱਖ ਦਿਤੀ ਬਦਲਾਈਆ । ਮੈਂ ਦੱਸ ਕੇ ਖੇਲ ਤਮਾਸ਼, ਵਿਸ਼ਨੂੰ ਲਕਸ਼ਮੀ ਸੋਹਣੀ ਵੰਡ ਵੰਡਾਈਆ । ਮੈਨੂੰ ਸਾਰੇ ਕਰਦੇ ਰਹੇ ਤਲਾਸ਼, ਮੈਂ ਹੱਥ ਕਿਸੇ ਨਾ ਆਈਆ । ਮੈਂ ਫਿਰੀ ਅਸ਼ਟਭੁਜਾ ਦੇ ਪਾਸ, ਸੋਹਣਾ ਰੂਪ ਬਣਾਈਆ । ਸਿੰਘ ਨਾਉਂ ਮੇਰਾ ਖ਼ਾਸ, ਬਲਧਾਰੀ ਵਡ ਵਡਿਆਈਆ । ਸ਼ਾਹ ਸੁਲਤਾਨਾਂ ਕੀਤਾ ਨਾਸ, ਖ਼ਾਕੀ ਖ਼ਾਕ ਮਿਲਾਈਆ । ਮੈਂ ਰਾਮ ਰਮਈਆ ਸਈਆ ਸੀਆ ਫਿਰਾਇਆ ਵਿਚ ਬਨਵਾਸ, ਇਹ ਮੇਰੀ ਬੇਪਰਵਾਹੀਆ । ਮੈਂ ਰਾਵਣ ਕਰ ਉਦਾਸ, ਲੰਕਾਪਤੀ ਦਿਤਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਮਾਇਆ ਕਹੇ ਮੇਰੀਆਂ ਪੱਟੀਆਂ ਕਿਸੇ ਨਾ ਲਿਖੀਆਂ, ਲੇਖਾ ਅੰਤ ਨਾ ਕੋਇ ਜਣਾਈਆ । ਮੈਂ ਰਸਨਾ ਬਦਲਾ ਦਿਤੀ ਸਪਤਸ ਰਿਖੀਆਂ, ਭਾਰਦਵਾਜ ਦਏ ਗਵਾਹੀਆ । ਮੈਂ ਜਗਤ ਜਹਾਨ ਦਿਆਂ ਬਦਲ ਦਿਤੀਆਂ ਥਿਤੀਆਂ, ਥਿਤ ਵਾਰ ਨਾ ਕੋਇ ਵਡਿਆਈਆ । ਮੈਂ ਸੁਹਾਗਣਾਂ ਦੁਹਾਗਣਾਂ ਕੀਤੀਆਂ ਬਿਨਾ ਪਤੀਆਂ, ਕੰਤ ਨਜ਼ਰ ਕੋਇ ਨਾ ਆਈਆ । ਮੈਂ ਧਰਮ ਦੀ ਧਾਰ ਵੇਖੀਆਂ ਸਤੀਆਂ, ਸਤਿ ਸਤਿਵਾਦ ਵੰਡ ਵੰਡਾਈਆ । ਮੈਂ ਅਵਤਾਰਾਂ ਨੈਣ ਮਟਕਾਏ ਅੱਖੀਆਂ, ਲੋਚਨ

ਨਾਲ ਮਿਲਾਈਆ । ਮੈਂ ਕਾਹਨਾਂ ਨਾਲ ਨਚਾਈਆਂ ਸਖ਼ੀਆਂ, ਘੁੰਗਟ ਮੁਖ ਨਾ ਕੋਇ ਜਣਾਈਆ । ਮੈਂ ਬੁੱਧੀਵਾਨਾਂ ਉਲਟੀਆਂ ਕੀਤੀਆਂ ਮੱਤੀਆਂ, ਕੌਰਵ ਪਾਂਡਵ ਚਲੀ ਨਾ ਕੋਇ ਚਤੁਰਾਈਆ । ਮੈਂ ਕੰਨੀਂ ਸੁਹਾਗ ਦੀਆਂ ਪਾ ਕੇ ਨੱਤੀਆਂ, ਬੁੰਦੇ ਖ਼ੁਸ਼ੀਆਂ ਵਾਲੇ ਲਮਕਾਈਆ । ਮੈਂ ਸੀਸ ਦੀਆਂ ਵਾਹ ਕੇ ਛੱਤੀਆਂ, ਪੱਟੀਆਂ ਲਈਆਂ ਬਦਲਾਈਆ । ਮੈਂ ਆਪਣੇ ਜੋਬਨ ਦੇ ਵਿਚ ਰੱਤੀਆਂ, ਜਵਾਨੀ ਆਪਣੀ ਆਪ ਹੰਢਾਈਆ । ਮੈਂ ਵੇਖੀਆਂ ਜਗਤ ਜਹਾਨ ਦੀਆਂ ਹੱਟੀਆਂ, ਚਾਰੋਂ ਕੁੰਟ ਫੋਲ ਫੁਲਾਈਆ । ਮੇਰਾ ਖੇਲ ਬਾਜ਼ੀਗਰ ਨੱਟੀਆਂ, ਨੱਟਣੀ ਹੋ ਕੇ ਭੱਜਾਂ ਵਾਹੋ ਦਾਹੀਆ । ਮੈਂ ਰਾਜ ਰਾਜਾਨਾਂ ਭਰਾਵਾਂ ਚੱਟੀਆਂ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਆਸ਼ਕਾਂ ਮਾਸ਼ੂਕਾਂ ਦੀਆਂ ਰੂਹਾਂ ਫੱਟੀਆਂ, ਫੱਟੜ ਕੀਤੇ ਵਿਚ ਲੋਕਾਈਆ । ਮੈਂ ਪੈਗ਼ੰਬਰਾਂ ਦੀਆਂ ਜੂਹਾਂ ਟੱਪੀਆਂ, ਲਾਲਚ ਮਜ਼੍ਹਬਾਂ ਵਾਲੇ ਪਾਈਆ । ਮੈਂ ਸੁਹਾਗਣਾਂ ਦੁਹਾਗਣਾਂ ਕਰ ਕੇ ਇਕੱਠੀਆਂ, ਇਕੋ ਗ੍ਰਿਹ ਵੇਖ ਵਖਾਈਆ । ਮੇਰਾ ਰੂਪ ਨਾ ਸੋਹਣਾ ਨਾ ਘਟੀਆ, ਘਾਟਾ ਵਾਧਾ ਨਜ਼ਰ ਕੋਇ ਨਾ ਆਈਆ । ਮੈਂ ਗੁਰੂਆਂ ਬਹਾਇਆ ਉਤੇ ਲੋਹਾਂ ਤਤੀਆਂ, ਅਗਨੀ ਤਤ ਤਪਾਈਆ । ਮੈਂ ਦੁਰਾਚਾਰਾਂ ਦੇ ਕੇ ਮਤੀਆਂ, ਮਤ ਮਤਵਾਲੀ ਦਿਤੀ ਕਰਾਈਆ । ਮੈਂ ਬਾਲਿਆਂ ਦੀਆਂ ਲਾਸ਼ਾਂ ਨੀਹਾਂ ਹੇਠਾਂ ਰਖੀਆਂ, ਅਗੇ ਹੋ ਨਾ ਕੋਇ ਬਚਾਈਆ । ਮੈਂ ਕਥਾ ਕਹਾਣੀਆਂ ਦੱਸਾਂ ਸੱਚੀਆਂ, ਸਚ ਸਚ ਦ੍ਰਿੜਾਈਆ । ਮੈਂ ਜਗਤ ਜਹਾਨ ਫਿਰਾਂ ਨੱਸੀਆਂ, ਭੱਜਾਂ ਵਾਹੋ ਦਾਹੀਆ । ਮੈਂ ਸਭ ਦੇ ਗਲ ਵਿਚ ਪਾਈਆਂ ਰੱਸੀਆਂ, ਫਾਸੀ ਸਕੇ ਨਾ ਕੋਇ ਕਟਾਈਆ । ਮੈਂ ਦੁੱਧੋਂ ਛਾਛ ਵਿਰੋਲੀ ਲੱਸੀਆਂ, ਸਚ ਰਹਿਣ ਕੋਇ ਨਾ ਪਾਈਆ । ਮੇਰੇ ਵਿਛੋੜੇ ਵਿਚ ਅਮੀਰਾਂ ਪੈਂਦੀਆਂ ਗ਼ਸੀਆਂ, ਭੁੱਖੇ ਰੋਵਣ ਮਾਰਨ ਧਾਹੀਆ । ਮੇਰੇ ਵੈਰਾਗ ਵਿਚ ਸੁੱਕ ਕੇ ਹੋ ਗਏ ਪੱਛੀਆਂ, ਪਛਚਾਤਾਪ ਵਿਚ ਲੋਕਾਈਆ । ਮੈਂ ਸਚ ਗੱਲਾਂ ਕਿਸੇ ਨਾ ਦੱਸੀਆਂ, ਜੁਗ ਚੌਕੜੀ ਨਾ ਕੋਇ ਸਮਝਾਈਆ । ਮੇਰੀਆਂ ਖੇਲਾਂ ਸਭ ਨੂੰ ਲਗਦੀਆਂ ਅੱਛੀਆਂ, ਪੰਚ ਵਿਕਾਰੇ ਨਾਲ ਮੇਰੀ ਵੱਜਦੀ ਰਹੇ ਵਧਾਈਆ । ਜਗਤ ਜਗਿਆਸੂ ਮੇਰੇ ਵਿਛੋੜੇ ਵਿਚ ਤੜਫਣ ਵਾਂਗ ਮੱਛੀਆਂ, ਅੰਮ੍ਰਿਤ ਜਲ ਤਾਲ ਨਾ ਕੋਇ ਭਰਾਈਆ । ਮੈਂ ਦੀਨ ਦੁਨੀ ਨੂੰ ਵੇਖ ਕੇ ਸਦਾ ਖਿੜ ਖਿੜ ਹੱਸੀ ਆਂ, ਬਿਨਾ ਬੁੱਲਾਂ ਦੰਦਾਂ ਤੋਂ ਆਪਣੀ ਖ਼ੁਸ਼ੀ ਬਣਾਈਆ । ਸਚ ਪੁਛੋ ਇਕ ਪ੍ਰਭੂ ਦੇ ਹੁਕਮ ਵਿਚ ਵਸੀ ਆਂ, ਦੂਸਰਾ ਵਸਲ ਯਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸ਼ਬਦ ਧਾਰ ਦੀਆਂ ਮਤੀਆਂ, ਜਿਥੇ ਮੇਰੀ ਮਤ ਦੀ ਚਲੇ ਨਾ ਕੋਇ ਚਤੁਰਾਈਆ ।

### ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਸ਼ਿਵ ਸਿੰਘ ਦੇ ਗ੍ਰਿਹ

ਮਾਇਆ ਕਹੇ ਮੈਂ ਆਦਿ ਦੀ ਪਤੀ-ਬਰਤ, ਪਤਿਪਰਮੇਸ਼ਵਰ ਇਕ ਹੰਢਾਈਆ । ਮੈਂ ਜੁਗ ਚੌਕੜੀ ਖੇਲ ਖੇਲੇ ਉਤੇ ਧਰਤ, ਧਰਨੀ ਧਵਲ ਧੌਲ ਖ਼ੁਸ਼ੀ ਬਣਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਆਉਂਦੀ ਰਹੀ ਪਰਤ, ਪ੍ਰਤੀਨਿਧ ਅਵਤਾਰ ਪੈਗ਼ੰਬਰ ਗੁਰੂ ਨਾਲ ਰਖਾਈਆ । ਮੇਰੀ ਸਭ ਦੇ ਨਾਲ ਸ਼ਰਤ, ਸ਼ਰਅ ਸ਼ਰੀਅਤ ਰੰਗ ਰੰਗਾਈਆ । ਨਿਗਾਹ ਮਾਰੇ ਫ਼ਰਸ਼ ਅਰਸ਼, ਦੋ ਜਹਾਨ ਧਿਆਨ ਲਗਾਈਆ । ਮੇਰਾ ਸਭ

੧੩੯੮
੨੩

੧੩੯੯
੨੩

ਦੇ ਜ਼ੁੰਮੇ ਕਰਜ਼, ਮਕਰੂਜ਼ ਦਿਆਂ ਵਖਾਈਆ । ਮੇਰੀ ਸਭ ਨੂੰ ਦਿੰਦੇ ਗ਼ਰਜ਼, ਗਰਜ਼ੇਕਿ ਮੈਂ ਆਪਣੀ ਗ਼ਰਜ਼ ਨਾ ਕੋਇ ਰਖਾਈਆ । ਮੇਰੇ ਬਿਨਾ ਸਭ ਦਾ ਹੋਵੇ ਹਰਜ, ਹਰਜਾਨੇ ਪੂਰ ਨਾ ਕੋਇ ਕਰਾਈਆ । ਮੈਂ ਸਭ ਦੀ ਵੰਡਾਂ ਦਰਦ, ਦੁਖੀਆਂ ਹੋਵਾਂ ਸਹਾਈਆ । ਮੇਰੇ ਅਗੇ ਸਾਰੇ ਕਰਦੇ ਅਰਜ਼, ਆਰਜ਼ੂ ਬੇਨੰਤੀਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਖੇਲ ਖਿਲਾਈਆ । ਮਾਇਆ ਕਹੇ ਮੈਂ ਆਦਿ ਜੁਗਾਦਿ ਅਗੰਮੀ ਪਤਨੀ, ਨਿਰਗੁਣ ਸਰਗੁਣ ਵੰਡ ਨਾ ਕੋਇ ਵੰਡਾਈਆ । ਮੈਂ ਜੜਾਉ ਨਹੀਂ ਕੋਈ ਰਤਨੀ, ਹੀਰਿਆਂ ਸੰਗ ਨਾ ਕੋਇ ਬਣਾਈਆ । ਮੈਂ ਹੋਈ ਨਹੀਂ ਕਦੇ ਬੇਵਤਨੀ, ਵਤਨ ਆਪਣਾ ਇਕ ਸੁਹਾਈਆ । ਮੇਰੀ ਗੋਦ ਹੋਈ ਕਦੇ ਨਹੀਂ ਸਖਣੀ, ਜੁਗ ਜੁਗ ਅਤੁਟ ਭੰਡਾਰ ਰਖਾਈਆ । ਮੇਰੀ ਜਗਤ ਜਹਾਨ ਲੱਗਦੀ ਰਹੀ ਅਗਨੀ, ਤਤਵ ਤਤ ਤਪਾਈਆ । ਮੈਂ ਚਾੜ੍ਹਦੀ ਰਹੀ ਰੰਗਣੀ, ਰੰਗਤ ਰੰਗ ਰੰਗਾਈਆ । ਮੇਰੀ ਕਿਸੇ ਦੇ ਨਾਲ ਹੋਈ ਨਹੀਂ ਮੰਗਣੀ, ਮਾਂਗਤ ਹੋ ਨਾ ਝੋਲੀ ਪਾਈਆ । ਮੈਂ ਤੀਰਥ ਤੱਟਾਂ ਕੀਤਾ ਨਹੀਂ ਕੋਈ ਮਜਨੀ, ਸਰੋਵਰਾਂ ਵਿਚ ਤਾਰੀਆਂ ਕੋਇ ਨਾ ਲਾਈਆ । ਨੇਤਰ ਪਾਇਆ ਨਹੀਂ ਕੋਈ ਅੰਜਨੀ, ਕੱਜਲ ਧਾਰ ਨਾ ਕੋਇ ਵਖਾਈਆ । ਮੇਰਾ ਮੇਲਾ ਨਾਲ ਜੋਤ ਨਿਰੰਜਣੀ, ਨਿਰਵੈਰ ਪੁਰਖ ਜੋ ਅਖਵਾਈਆ । ਜਿਸ ਦਾ ਖੇਲ ਸਦਾ ਦੁੱਖ ਭੰਜਣੀ, ਭੈ ਭੰਜਣ ਬੇਪਰਵਾਹੀਆ । ਮੈਂ ਸੁਖ ਸਾਗਰਾਂ ਵਾਲੀ ਅਨੰਦਨੀ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਮੈਨੂੰ ਝੁਕਦੇ ਸੂਰੀਆ ਚੰਦਨੀ, ਮੰਡਲ ਮੰਡਪ ਸੀਸ ਝੁਕਾਈਆ । ਮੈਨੂੰ ਕਿਸੇ ਨਾ ਲਾਇਆ ਅੰਗਣੀ, ਅੰਗੀਕਾਰ ਨਾ ਕੋਇ ਅਖਵਾਈਆ । ਮੇਰਾ ਸਮਝੇ ਖੇਲ ਕੋਇ ਨਾ ਬਦਨੀ, ਤਨ ਵਜੂਦਾਂ ਵੇਖਣ ਕੋਇ ਨਾ ਪਾਈਆ । ਮੈਂ ਨਾ ਆਅਲਾ ਨਾ ਅਦਨੀ, ਸਦ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਮਾਇਆ ਕਹੇ ਮੈਂ ਇਕੋ ਨਾਲ ਜੋੜਿਆ ਨਾਤਾ, ਜੋ ਨਾਤਵਾਂ ਰੂਪ ਨਾ ਕਦੇ ਬਣਾਈਆ । ਇਕੋ ਦੀ ਗਾਵਾਂ ਗਾਥਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਦਾ ਮੰਗਾਂ ਸਾਥਾ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਇਕੋ ਦੇ ਚੜ੍ਹਾ ਰਾਥਾ, ਜੋ ਦੋ ਜਹਾਨ ਫਿਰਾਈਆ । ਇਕੋ ਨੂੰ ਟੇਕਾਂ ਮਾਥਾ, ਜਿਸ ਦੀ ਧੂੜ ਖ਼ਾਕ ਰਮਾਈਆ । ਇਕੋ ਦਾ ਮੰਗਾਂ ਹਾਟਾ, ਜੋ ਅਤੋਟ ਅਤੁਟ ਦਏ ਵਰਤਾਈਆ । ਇਕੋ ਦਾ ਪ੍ਰੇਮ ਪਿਆਲਾ ਪੀਵਾਂ ਬਾਟਾ, ਤ੍ਰਿਸ਼ਨਾ ਅਵਰ ਨਾ ਕੋਇ ਵਧਾਈਆ । ਇਕੋ ਦੀ ਸੇਜਾ ਸੋਵਾਂ ਇਕੇ ਦੀ ਖਾਟਾ, ਖਟੀਆ ਅਵਰ ਨਾ ਕੋਇ ਵਖਾਈਆ । ਇਕੇ ਦੀ ਜੋਤ ਇਕੇ ਦੀ ਧਾਰ ਵੇਖਾਂ ਲਾਟਾ, ਇਕੋ ਨੂਰ ਜ਼ਹੂਰ ਡਗਮਗਾਈਆ । ਇਕੇ ਦਾ ਰਾਹ ਵੇਖਾਂ ਇਕੇ ਦੀ ਤੱਕਾਂ ਵਾਟਾ, ਕਵਣ ਵੇਲਾ ਮੇਰਾ ਮਿਲੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਮਾਇਆ ਕਹੇ ਮੇਰਾ ਇਕੋ ਕੰਤ ਸੁਹਾਗੀ, ਸਾਹਿਬ ਸੁਲਤਾਨ ਸੋਭਾ ਪਾਈਆ । ਜਿਸ ਦੇ ਪਿਆਰ ਕੀਤਾ ਵੈਰਾਗੀ, ਜੁਗ ਜੁਗ ਭੱਜਾਂ ਵਾਹੋ ਦਾਹੀਆ । ਮੈਂ ਸ੍ਰਿਸ਼ਟ ਸਬਾਈ ਤਿਆਗੀ, ਤ੍ਰੈਗੁਣ ਅਤੀਤੇ ਨਾਲ ਮਿਲ ਕੇ ਵੱਜੇ ਵਧਾਈਆ । ਮੈਂ ਸਦਾ ਸੋਈ ਨਾ ਸਦਾ ਜਾਗੀ, ਜਾਗਰਤ ਸੋਵਤ ਰੰਗ ਨਾ ਕੋਇ ਰੰਗਾਈਆ । ਮੇਰੇ ਹੋਵਣ ਵਡ ਵਡ ਭਾਗੀ, ਘਰ ਮਿਲੇ ਧੁਰ ਦਾ ਮਾਹੀਆ । ਮੈਂ ਦੀਪਕ ਜਗਾਵਾਂ ਚਰਾਗ਼ੀ, ਚਰਾਗਾਹਾਂ ਕਰਾਂ ਰੁਸ਼ਨਾਈਆ । ਮੈਨੂੰ ਸ਼ਰਮ ਹਯਾ ਕਾਹਦੀ, ਨੇਤਰ ਲੋਚਨ ਨੈਣ ਲਵਾਂ ਉਠਾਈਆ । ਮੈਂ ਚਾਰ ਕੁੰਟ ਕਲਜੁਗ ਅੰਤਮ ਵਧੀ ਵੇਖਾਂ ਆਬਾਦੀ,

ਨਵ ਸੱਤ ਧਿਆਨ ਲਗਾਈਆ । ਮੇਰਾ ਦਿਲ ਕਰਦਾ ਲਾੜੀ ਮੌਤ ਨਾਲ ਸਭ ਦੀ ਕਰਾ ਦੇਵਾਂ ਸ਼ਾਦੀ, ਸ਼ਾਦਿਆਨੇ ਘਰ ਘਰ ਦੇਵਾਂ ਵਜਾਈਆ । ਕਲਜੁਗ ਕੂੜਾ ਨਾਲ ਰਲਾਵਾਂ ਢਾਡੀ, ਪੰਜ ਵਿਕਾਰਾ ਤਾਲ ਦਏ ਵਜਾਈਆ । ਕਾਲ ਸਭ ਦਾ ਹੋਵੇ ਗਾਡੀ, ਮਾਰਗ ਅਗਲਾ ਦਏ ਵਖਾਈਆ । ਮਹਾਕਾਲ ਆਸ਼ਾ ਪੂਰੀ ਕਰੇ ਸਾਡੀ, ਮੈਂ ਸਚ ਦਿਆਂ ਜਣਾਈਆ । ਜੋ ਆਸ਼ਾ ਰਖੀ ਕ੍ਰਿਸ਼ਨ ਰਾਧੀ, ਸੋ ਪੂਰਨ ਦਿਆਂ ਵਖਾਈਆ । ਜੋ ਸੀਤਾ ਰਾਮ ਸਹਿਜ ਸੁਭਾ ਗਾਈ ਰਾਗੀ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਜੋ ਵੇਦ ਵਿਆਸੇ ਧਿਆਨ ਕੀਤਾ ਵਿਚ ਸਮਾਧੀ, ਬਿਨ ਨੈਣਾਂ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਮਾਲਕ ਅਗੰਮ ਅਥਾਹੀਆ । ਮਾਇਆ ਕਹੇ ਮੈਂ ਆਦਿ ਜੁਗਾਦੀ ਏਕਾ ਕੰਤ ਹੰਢਾਉਣਾ, ਦੂਸਰ ਸੰਗ ਨਾ ਕੋਇ ਬਣਾਈਆ । ਸੌਹਰਾ ਪੇਈਆ ਇਕੋ ਘਰ ਵਸਾਉਣਾ, ਦੂਜਾ ਦਰ ਨਾ ਕੋਇ ਵਖਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਇਕੋ ਰੰਗ ਰੰਗਾਉਣਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਪੁਰਖ ਅਕਾਲਾ ਦੀਨ ਦਿਆਲਾ ਸਤਿਗੁਰ ਇਕ ਮਨਾਉਣਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਦੇ ਹੁਕਮ ਅੰਦਰ ਕਲਜੁਗ ਕੂੜਾ ਕੂੜ ਮੁਕਾਉਣਾ, ਮੁਕੰਮਲ ਕਰਾਂ ਸਫ਼ਾਈਆ । ਉਸ ਸਵਾਮੀ ਅੰਤਰਜਾਮੀ ਮੇਰਾ ਸੰਗ ਰਖਾਉਣਾ, ਰੱਖਿਆ ਕਰੇ ਥਾਉਂ ਥਾਈਂਆ । ਮੈਂ ਉਸੇ ਦਾ ਢੋਲਾ ਗਾਉਣਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਧਰਨੀ ਧਰਤ ਧਵਲ ਸੁਹਾਉਣਾ, ਨੂਰ ਨੁਰਾਨਾ ਡਗਮਗਾਈਆ । ਸੰਬਲ ਆਪਣਾ ਆਸਣ ਲਾਉਣਾ, ਮੈਂ ਸੰਭਲ ਕੇ ਸੀਸ ਨਿਵਾਈਆ । ਜਿਸ ਨੇ ਖੇਲ ਕਰਨਾ ਮਨ ਭਾਉਣਾ, ਮਨ ਦੀ ਕਲਪਣਾ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਆਦਿ ਅੰਤ ਜੁਗ ਜੁਗਾਦਿ ਆਪਣਾ ਹੁਕਮ ਵਰਤਾਉਣਾ, ਦੂਸਰ ਨਜ਼ਰ ਕੋਇ ਨਾ ਆਈਆ ।



੧੪੦੦ ੨੩

### ✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਜ਼ਿਲਾ ਜੰਮੂ ਗੁੜ੍ਹਾ ਰਾਮ ਦੇ ਗ੍ਰਿਹ ✪

ਮਾਇਆ ਕਹੇ ਮੇਰੀ ਖੇਲ ਸ਼ੁਰੂ ਅਖ਼ੀਰ, ਚੋਟੀ ਜੜ ਧਿਆਨ ਲਗਾਈਆ । ਮੈਂ ਜੁਗ ਚੌਕੜੀ ਘਤਦੀ ਰਹੀ ਵਹੀਰ, ਵਹਿਣਾਂ ਵਿਚ ਭੱਜੀ ਵਾਹੋ ਦਾਹੀਆ । ਮੇਰੇ ਅਣਿਆਲੇ ਵੱਜਦੇ ਰਹੇ ਤੀਰ, ਬਿਨਾ ਕਮਾਨ ਤਰਕਸ਼ਾਂ ਧਾਰ ਬਣਾਈਆ । ਮੈਂ ਬਾਲਾਂ ਮੁਖ ਛੁਡਾਉਂਦੀ ਰਹੀ ਸੀਰ, ਬਣੀ ਦੁੱਧੀ ਧਾਰ ਵਹਾਈਆ । ਮੇਰਾ ਦੁੱਖ ਵਿਚ ਕਦੇ ਨਹੀਂ ਵਗਿਆ ਨੀਰ, ਹੰਝੂ ਨੈਣ ਨਾ ਕੋਇ ਵਖਾਈਆ । ਮੇਰੀ ਆਸ਼ਾ ਨਹੀਂ ਹੋਈ ਦਿਲਗੀਰ, ਪਸ਼ਚਾਤਾਪ ਕਰਾਂ ਨਾ ਵਿਚ ਲੋਕਾਈਆ । ਮੈਨੂੰ ਯਾਦ ਆ ਗਿਆ ਲੇਖਾ ਵਾਲਾ ਕਬੀਰ, ਮੈਂ ਸਚ ਦਿਆਂ ਸੁਣਾਈਆ । ਜਿਸ ਮੇਰੇ ਉਤੋਂ ਬਸਤਰ ਲਾਹੇ ਚੀਰ, ਕੁਟੀਆ ਵਾਹੋ ਦਾਹੀਆ । ਮੇਰੀ ਹੱਡੀ ਪਸਲੀ ਕਰੇ ਪੀੜ, ਅੰਗ ਅੰਗ ਦਏ ਦੁਹਾਈਆ । ਮੇਰੀ ਟੁੱਟੀ ਨਾ ਹੱਡੀ ਰੀੜ, ਮੈਂ ਫੇਰ ਲਈ ਅੰਗੜਾਈਆ । ਓਸ ਨੇ ਮੇਰੇ ਸੀਨੇ ਉਤੇ ਮਾਰੀ ਲਕੀਰ, ਦੋ ਧਾਰ ਦਿਤੀ ਵਖਾਈਆ । ਉਠ ਨਿਗਾਹ ਮਾਰ ਲੈ ਸਦੀ ਚੌਧਵੀਂ ਸਤਿ ਦਾ ਰਹਿਣਾ ਨਹੀਂ ਕੋਈ ਫ਼ਕੀਰ, ਫ਼ਿਕਰਾ ਹਕ ਨਾ ਕੋਇ ਸੁਣਾਈਆ । ਤੂੰ ਸਭ ਦਾ ਲੇਖਾ ਵੇਖਣਾ ਸਦੀ ਚੌਧਵੀਂ ਭੀੜ, ਭੀੜੀ ਗਲੀ ਪਾਰ ਨਾ ਕੋਇ

ਲੰਘਾਈਆ । ਮਾਣ ਰਹਿਣਾ ਨਹੀਂ ਕਿਸੇ ਬੀੜ, ਗ੍ਰੰਥ ਵੇਖਣੇ ਥਾਉਂ ਥਾਈਆ । ਝਗੜਾ ਪੈਣਾ ਹਸਤ ਕੀੜ, ਕੀਟ ਕੀਟਾਂ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਹੁਕਮ ਵਰਤਾਈਆ । ਮਾਇਆ ਕਹੇ ਮੇਰਾ ਰੂਪ ਅਨੂਪ ਸੁਚੱਜਾ, ਸਤਿ ਸਚ ਬਣਾਈਆ । ਮੇਰੀ ਸਮਝੇ ਕੋਈ ਨਾ ਵਜਹ, ਕੀ ਲੋਕਮਾਤ ਖੇਲ ਖਿਲਾਈਆ । ਮੈਂ ਚਲਦੀ ਵਿਚ ਪ੍ਰਭੂ ਦੀ ਰਜ਼ਾ, ਜੋ ਹੁਕਮ ਦੇਵੇ ਧੁਰ ਦਾ ਮਾਹੀਆ । ਮੈਨੂੰ ਜਗਤ ਜਹਾਨ ਲੜਾ ਕੇ ਆਵੇ ਮਜ਼ਾ, ਮਜ਼ਾਕ ਤੱਕਾਂ ਖ਼ਲਕ ਖ਼ੁਦਾਈਆ । ਮੇਰੇ ਨਾਲ ਸਲਾਹ ਕਰੇ ਖ਼ੁਸ਼ੀ ਨਾਲ ਕਜ਼ਾ, ਆਪਣਾ ਹਾਲ ਸੁਣਾਈਆ । ਨੀ ਮਾਇਆ ਤੇਰੇ ਪਿਛੇ ਲਗ ਕੇ ਜਿਹੜੇ ਪ੍ਰਭੂ ਨੂੰ ਦੇਂਦੇ ਦਗ਼ਾ, ਭੁਲਣ ਧੁਰ ਦਾ ਬੇਪਰਵਾਹੀਆ । ਮੈਂ ਵੱਧਣ ਨਹੀਂ ਦੇਣਾ ਉਨ੍ਹਾਂ ਦਾ ਅਗਾ, ਜਗਤ ਵੱਜੇ ਨਾ ਕੋਇ ਸ਼ਨਵਾਈਆ । ਮੇਰੇ ਕੋਲ ਵੇਖ ਲੈ ਗੋਬਿੰਦ ਅੱਖਰ ਵਾਲਾ ਗੱਗਾ, ਜਿਸ ਦੀ ਸਮਝ ਕੋਇ ਨਾ ਪਾਈਆ । ਮੈਂ ਸਭ ਤੇ ਪਾਉਣਾ ਦੱਬਾ, ਜਗਤ ਜਗਿਆਸੂ ਦਬਾਉਣੇ ਥਾਉਂ ਥਾਈਆ । ਸ਼ਾਹ ਸੁਲਤਾਨਾਂ ਮੂਲ ਨਾ ਛਡਾਂ, ਰਾਓ ਰੰਕਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਸੰਬਲ ਜਗਤ ਦਵਾਰ ਤੋਂ ਬਾਹਰ ਅੱਡਾ, ਸਚ ਸਿੰਘਾਸਣ ਆਪਣਾ ਡੇਰਾ ਲਾਈਆ ।



## ✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਜ਼ਿਲਾ ਜੰਮੂ ਚਰਨ ਦਾਸ ਦੇ ਗ੍ਰਿਹ ✪

ਮਾਇਆ ਕਹੇ ਮੈਂ ਪੂਜਾ ਕਰਾ ਦਿਤੀ ਪੱਥਰ, ਸਿਲਾਂ ਪਾਹਨਾਂ ਜਗਤ ਸੀਸ ਨਿਵਾਈਆ । ਮੈਂ ਗੋਬਿੰਦ ਸਵਾ ਦਿਤਾ ਸਥਰ, ਯਾਰੜਾ ਰੰਗ ਰੰਗਾਈਆ । ਮੇਰੇ ਨੇਤਰ ਵਗਿਆ ਨਾ ਅੱਥਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਮੈਂ ਆਪਣੀ ਦੱਸਾਂ ਗਥਨ, ਗਾਥਾ ਦਿਆਂ ਜਣਾਈਆ । ਮੈਂ ਕਲਜੁਗ ਸ੍ਰਿਸ਼ਟੀ ਆਵਾਂ ਮਥਨ, ਮਥ ਕੇ ਦਿਆਂ ਸੁਣਾਈਆ । ਜਨ ਭਗਤ ਵਿਰੋਲਾਂ ਮੱਖਣ, ਚੁਰਾਸੀ ਵਿਚੋਂ ਬਾਹਰ ਕਢਾਈਆ । ਪ੍ਰਭੂ ਦਾ ਖੇਲ ਵਖਾਵਾਂ ਅੱਖਣ, ਅੱਖੀਆਂ ਵਾਲਿਆਂ ਦਿਆਂ ਜਣਾਈਆ । ਹਰਿਜਨ ਸਚ ਪਿਆਰ ਵਿਚੋਂ ਝੋਲੀ ਰਹੇ ਕੋਈ ਨਾ ਸੱਖਣ, ਵਸਤ ਅਨਮੁੱਲ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਮਾਇਆ ਕਹੇ ਮੈਂ ਹੁਕਮ ਮੰਨਾਂ ਸ਼ਾਹੋ ਸ਼ਾਬਾਸੀ, ਸਤਿ ਸਚ ਮੰਨ ਕੇ ਖ਼ੁਸ਼ੀ ਬਣਾਈਆ । ਜਿਸ ਦਾ ਇਕੋ ਨੂਰ ਜੋਤ ਪ੍ਰਕਾਸ਼ੀ, ਦੋ ਜਹਾਨਾਂ ਡਗਮਗਾਈਆ । ਸੋ ਮੇਰੀ ਪੂਰੀ ਕਰੇ ਆਸੀ, ਆਹਿਸਤਾ ਆਹਿਸਤਾ ਆਪਣਾ ਖੇਲ ਵਖਾਈਆ । ਮੈਂ ਉਸ ਦੀ ਮੰਡਲ ਵੇਖਾਂ ਰਾਸੀ, ਬ੍ਰਹਿਮੰਡ ਧਿਆਨ ਲਗਾਈਆ । ਉਹ ਸ਼ਹਿਨਸ਼ਾਹ ਸ਼ਾਹੋ ਸ਼ਾਬਾਸੀ, ਜੋਤੀ ਜਾਤਾ ਅਗੰਮ ਅਥਾਹੀਆ । ਸ਼ਬਦੀ ਧਾਰ ਸੰਬਲ ਦਾ ਵਾਸੀ, ਵਾਸਤਾ ਆਪਣੇ ਨਾਲ ਰਖਾਈਆ । ਮੈਂ ਸੰਦੇਸ਼ਾ ਦੇਣਾ ਸ਼ੰਕਰ ਕੈਲਾਸ਼ੀ, ਕਲਾਧਾਰੀ ਤੱਕ ਲੈ ਧੁਰ ਦਾ ਮਾਹੀਆ । ਵਿਸ਼ਨੂੰ ਨਾਲ ਕਰਨੀ ਹਾਸੀ, ਹੱਸ ਕੇ ਦਿਆਂ ਵਖਾਈਆ । ਬ੍ਰਹਮਾ ਤੂੰ ਕਿਸ ਦੀ ਕਰਨੀ ਤਲਾਸ਼ੀ, ਪਾਰਬ੍ਰਹਮ ਮਿਲਣਾ ਚਾਈਂ ਚਾਈਂਆ । ਜਿਸ ਦੀ ਸਭ ਤੋਂ ਵੱਖਰੀ ਪੋਸ਼ਾਕੀ, ਪੋਸ਼ੀਦਾ ਆਪਣਾ ਖੇਲ ਖਿਲਾਈਆ । ਬਸਤਰ ਸੁਹਾ ਕੇ ਤਨ ਖ਼ਾਕੀ, ਖ਼ਾਲਸ ਆਪਣਾ ਰੰਗ ਰੰਗਾਈਆ । ਖੇਲ ਖੇਲ ਬਾਜ਼ੀਗਰ ਨਾਟੀ, ਨਟੂਆ ਆਪਣਾ ਸਵਾਂਗ ਵਰਤਾਈਆ । ਸਤਿ

ਧਰਮ ਦੀ ਖੋਲ ਕੇ ਹਾਟੀ, ਇਕੋ ਨਾਮ ਰਿਹਾ ਵਰਤਾਈਆ । ਮੈਂ ਉਸ ਦੀ ਮੰਨਾਂ ਆਖੀ, ਜੋ ਆਖ਼ਰ ਆਪਣਾ ਹੁਕਮ ਵਰਤਾਈਆ । ਜਿਸ ਦੇ ਅਗੇ ਕਰਾਂ ਨਾ ਕੋਇ ਗੁਸਤਾਖ਼ੀ, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਅੰਤ ਚਰਨ ਕਵਲ ਮੰਗਾਂ ਮੁਆਫ਼ੀ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਦਾ ਵਡ ਸਰਾਫ਼ੀ, ਪਰਖਣਹਾਰਾ ਇਕ ਅਖਵਾਈਆ ।

### ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਗਿਆਨ ਚੰਦ ਦੇ ਗ੍ਰਿਹ

ਮਾਇਆ ਕਹੇ ਮੈਂ ਫਿਰਾਂ ਨੱਚਦੀ ਟੱਪਦੀ, ਭੱਜਾਂ ਵਾਹੋ ਦਾਹੀਆ । ਮੈਂ ਵਿਖ ਰਖਾਵਾਂ ਸੱਪਣੀ ਸੱਪ ਦੀ, ਡੱਸਾਂ ਕਲਜੁਗ ਲੋਕਾਈਆ । ਮੈਂ ਚਾਰੋਂ ਕੁੰਟ ਅਗਨੀ ਹੋ ਕੇ ਤਪਦੀ, ਜਗਿਆਸੂਆਂ ਦਿਆਂ ਜਲਾਈਆ । ਮੈਨੂੰ ਸੁਗੰਦ ਪਰਮੇਸ਼ਵਰ ਪਤਿ ਦੀ, ਜੋ ਪਾਰਬ੍ਰਹਮ ਬੇਪ੍ਰਵਾਹੀਆ । ਮੈਂ ਪਿਆਸੀ ਨਹੀਂ ਕਿਸੇ ਜਪ ਦੀ, ਨਾਮ ਰੰਗ ਨਾ ਕੋਇ ਰੰਗਾਈਆ । ਮੈਂ ਪਿਛਲੇ ਕੀਤੇ ਜੁਗ ਜੁਗ ਠੱਪਦੀ, ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਈਆ । ਮੇਰੀ ਕਲਾ ਕਦੇ ਨਾ ਛਪਦੀ, ਉਗਣ ਆਥਣ ਹੋਵੇ ਰੁਸ਼ਨਾਈਆ । ਮੇਰੀ ਕਥਾ ਕਹਾਣੀ ਨਹੀਂ ਕੋਈ ਗੱਪ ਦੀ, ਜੋ ਕਹਾਂ ਸੋ ਕਰ ਵਖਾਈਆ । ਮੇਰੀ ਧਾਰ ਅਗੰਮੀ ਪੱਟ ਦੀ, ਪਟਨੇ ਵਾਲੇ ਡੋਰੀ ਆਪਣੇ ਨਾਲ ਬੰਧਾਈਆ । ਮੈਂ ਦੀਨ ਦੁਨੀਆ ਫਿਰਾਂ ਫੱਟਦੀ, ਫੱਟੜ ਕਰਾਂ ਥਾਉਂ ਥਾਈਆ ।

੧੪੦੨ ੨੩ ਮੈਂ ਪਿਆਰੀ ਨਹੀਂ ਕਿਸੇ ਮਾਇਆ ਮੱਟ ਦੀ, ਮਟਕੇ ਖ਼ਾਲੀ ਦਿਆਂ ਕਰਾਈਆ । ਮੈਂ ਮਸਤਾਨੀ ਨਹੀਂ ਪਿਆਲੇ ਗੱਟ ਗੱਟ ਦੀ, ਮਧ ਰੰਗ ਨਾ ਕੋਇ ਰੰਗਾਈਆ । ਮੈਂ ਬੱਚੀ ਨਹੀਂ ਕਿਸੇ ਨੱਟ ਦੀ, ਸਵਾਂਗਣ ਹੋ ਕੇ ਆਪਣਾ ਸਵਾਂਗ ਵਰਤਾਈਆ । ਮੈਂ ਵਣਜਾਰਨ ਨਹੀਂ ਕਿਸੇ ਹੱਟ ਦੀ, ਵਸਤ ਲੈਣ ਕੋਇ ਨਾ ਜਾਈਆ । ਮੇਰੀ ਮੁਹੱਬਤ ਨਹੀਂ ਤਤ ਅੱਠ ਦੀ, ਨਵਾਂ ਦਰਾਂ ਨਾ ਕੋਇ ਚਤੁਰਾਈਆ । ਮੈਂ ਪਿਆਸੀ ਨਹੀਂ ਅੱਠ ਸੱਠ ਦੀ, ਤੀਰਥ ਤੱਟਾਂ ਫੇਰਾ ਪਾਈਆ । ਮੈਨੂੰ ਆਸ਼ਾ ਨਹੀਂ ਕਿਸੇ ਮੰਦਰ ਮਸਜਿਦ ਮੱਠ ਦੀ, ਗੁਰੂਦਵਾਰੇ ਵੰਡ ਨਾ ਕੋਇ ਵੰਡਾਈਆ । ਮੈਂ ਸਭ ਕੁਝ ਇਕ ਪ੍ਰਭੂ ਦੇ ਚਰਨਾਂ ਸੱਟਦੀ, ਆਪਣਾ ਆਪ ਨਾ ਕੋਇ ਰਖਾਈਆ । ਆਦਿ ਜੁਗਾਦਿ ਜੁਗ ਚੌਕੜੀ ਤੂੰ ਮੇਰਾ ਮੈਂ ਤੇਰਾ ਢੋਲਾ ਰੱਟਦੀ, ਰੱਟੇ ਪਾਵਾਂ ਥਾਉਂ ਥਾਈਆ । ਮੇਰੀ ਖੇਲ ਉਲਟੀ ਲੱਠ ਦੀ, ਗੇੜਾ ਚੌਥੇ ਜੁਗ ਦਵਾਈਆ । ਮੰਦਰ ਮਾੜੀ ਵੇਖਾਂ ਢੱਠਦੀ, ਮਹੱਲ ਅਟਲ ਨਾ ਕੋਇ ਸੁਹਾਈਆ । ਸ਼ਰਅ ਵੇਖ ਕੂੜ ਕੁੜਿਆਰ ਇਕੱਠ ਦੀ, ਚਾਰੋਂ ਕੁੰਟ ਧਿਆਨ ਲਗਾਈਆ । ਅੰਤਮ ਖੇਲ ਕਰਨੀ ਧਰਤੀ ਵਾਲੇ ਖੇੜੇ ਭੱਠ ਦੀ, ਭਠਿਆਲਾ ਕਲਜੁਗ ਅਗਨੀ ਨਾਲ ਡਾਹੀਆ । ਮੈਂ ਦਰਵੇਸ਼ਣ ਓਸ ਪੁਰਖ ਸਮਰਥ ਦੀ, ਜੋ ਸਰਬ ਕਲਾ ਅਖਵਾਈਆ । ਓਸੇ ਦੇ ਚਰਨਾਂ ਢਠਦੀ, ਨਿਵ ਨਿਵ ਲਾਗਾ ਪਾਈਆ । ਜਿਸ ਦੀ ਧਾਰ ਸਦੀ ਚੌਧਵੀਂ ਅੰਤਮ ਜੱਟ ਦੀ, ਜਟਾ ਜੂਟਾਂ ਕਰੇ ਸਫ਼ਾਈਆ । ਜਿਸ ਦੇ ਅੰਦਰ ਜੋਤ ਅਗੰਮੀ ਲਟ ਲਟ ਦੀ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਸ ਸਦਾ ਸਦਾ ਸਦ ਰਖਦੀ, ਰਖਕ ਦਿਸੇ ਇਕੋ ਧੁਰ ਦਾ ਮਾਹੀਆ ।

✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਜ਼ਿਲਾ ਜੰਮੂ ਫ਼ਕੀਰ ਸਿੰਘ ਦੇ ਗ੍ਰਹਿ ✪

ਮਾਇਆ ਕਹੇ ਮੈਂ ਜਗਤ ਧਾਰ ਪਖੰਡਣ, ਭੇਖਣ ਹੋ ਕੇ ਭੇਖ ਵਟਾਈਆ । ਮੋਹ ਮਮਤਾ ਆਵਾਂ ਵੰਡਣ, ਗ੍ਰਹਿ ਗ੍ਰਹਿ ਆਪ ਵਰਤਾਈਆ । ਜਗਤ ਜੀਵਾਂ ਆਵਾਂ ਦੰਡਣ, ਡੰਡਾਵਤ ਦਿਆਂ ਭੁਲਾਈਆ । ਸਤਿ ਸਚ ਕਰਾਵਾਂ ਖੰਡਣ, ਖੰਡਾ ਆਪਣਾ ਹੱਥ ਉਠਾਈਆ । ਸੁਰਤ ਦੁਹਾਗਣ ਕਰ ਕੇ ਰੰਡਣ, ਵਿਛੋੜਾ ਦਿਆਂ ਵਖਾਈਆ । ਦੂਈ ਦਵੈਤ ਬਣਾ ਕੇ ਕੰਧਨ, ਭਰਮਾਂ ਵਿਚ ਭੁਲਾਈਆ । ਕਿਸੇ ਦਾ ਮਸਤਕ ਸੁਹਾਉਣ ਨਾ ਦੇਵਾਂ ਚੰਦਨ, ਟਿੱਕੇ ਕੂੜੇ ਦਿਆਂ ਲਗਾਈਆ । ਮੈਂ ਜਿਸ ਨੂੰ ਲਾਇਆ ਅੰਗਣ, ਉਹਦਾ ਲੇਖਾ ਦੀਨ ਦੁਨੀ ਨਾਲੋਂ ਤੁੜਾਈਆ । ਮੈਂ ਸਦਾ ਫਿਰਾਂ ਵਿਚ ਵਰਭੰਡਣ, ਭੱਜਾਂ ਵਾਹੋ ਦਾਹੀਆ । ਜੁਗ ਜੁਗ ਚਮਕਾਵਾਂ ਚੰਡਣ, ਪ੍ਰਚੰਡ ਰੂਪ ਦਰਸਾਈਆ । ਜਗਤ ਜਹਾਨ ਦੀ ਮੰਜ਼ਲ ਆਵਾਂ ਲੰਘਣ, ਬਿਨ ਕਦਮਾਂ ਕਦਮ ਟਿਕਾਈਆ । ਕੂੜ ਸੇਜ ਸੁਹਾ ਪਲੰਘਣ, ਪੰਚ ਵਿਕਾਰੀ ਕਰਾਂ ਹਲਕਾਈਆ । ਸ਼ਾਹ ਸੁਲਤਾਨ ਫਸਾ ਕੇ ਆਪਣੇ ਫੰਦਨ, ਫਾਸੀ ਗਲ ਦਿਆਂ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਮੇਰਾ ਹੋਏ ਸਹਾਈਆ । ਮਾਇਆ ਕਹੇ ਮੈਂ ਸਚ ਦਾ ਗਾਵਾਂ ਛੰਦੂ, ਇਕੋ ਨਾਮ ਧਿਆਈਆ । ਮੇਰਾ ਮਾਲਕ ਦੀਨਾ ਬੰਧੂ, ਬੰਧਨ ਤੋੜੇ ਥਾਈਂ ਥਾਈਂਆ । ਜੋ ਜੁਗ ਜੁਗ ਮੈਥੋਂ ਅਗਨ ਲਗਾਏ ਲੰਬੂ, ਚਾਰੋਂ ਕੁੰਟ ਕੁੰਟ ਤਪਾਈਆ । ਜਿਸ ਨੂੰ ਮੰਨਦੇ ਸ਼ਿਵ ਸ਼ੰਭੂ, ਸ਼ੰਕਰ ਧੂੜੀ ਖ਼ਾਕ ਰਮਾਈਆ । ਉਹ ਸਵਾਮੀ ਸਾਗਰ ਸਿੰਧੂ, ਗਹਿਰ ਗੰਭੀਰ ਇਕ ਅਖਵਾਈਆ । ਜਿਸ ਦੀ ਲੱਖ ਚੁਰਾਸੀ ਬਿੰਦੂ, ਬਿੰਦਰਾਬਨ ਦਾ ਕਾਹਨ ਦਏ ਗਵਾਹੀਆ । ਉਸ ਦੀ ਕਰਨੀ ਕੋਈ ਨਾ ਨਿੰਦੂ, ਨਿੰਦਕ ਨਜ਼ਰ ਕੋਇ ਨਾ ਆਈਆ । ਜਿਸ ਕਿਰਪਾ ਕਰ ਕੇ ਭਗਤ ਸੁਹੇਲਾ ਤਾਰਿਆ ਨੰਦੂ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਲੇਖਾ ਮੁਕਾ ਕੇ ਜੇਰਜ ਅੰਡੂ, ਉਤਭੁਜ ਸੇਤਜ ਪੰਧ ਰਿਹਾ ਨਾ ਰਾਈਆ । ਰਾਏ ਧਰਮ ਮੂਲ ਨਾ ਦੰਡੂ, ਡੰਡਾਵਤ ਆਪਣੀ ਵਿਚ ਰਖਾਈਆ । ਦਵਾਰਾ ਦੇ ਕੇ ਸਚਖੰਡੂ, ਸਤਿ ਸਰਨ ਦਿਤੀ ਸਰਨਾਈਆ । ਜਿਸ ਦਾ ਭਾਗ ਹੋਏ ਨਾ ਮੰਦੂ, ਭਾਗਹੀਣ ਨਾ ਕੋਇ ਅਖਵਾਈਆ । ਜਿਸ ਨੂੰ ਗ੍ਰਹਿ ਘਰ ਆਇਆ ਪਸੰਦੂ, ਪਿਛਲਾ ਗਿਆ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬੇੜਾ ਘਰ ਘਰ ਬੰਨ੍ਹੂ, ਬੰਨ੍ਹਣਹਾਰ ਇਕ ਅਖਵਾਈਆ ।



✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਜ਼ਿਲਾ ਜੰਮੂ ਪੀਰੂ ਰਾਮ ਦੇ ਗ੍ਰਹਿ ✪

ਮਾਇਆ ਕਹੇ ਮੈਂ ਜਗਤ ਜਹਾਨ ਇਕੱਲੀ, ਏਕੰਕਾਰ ਦਿਤਾ ਬਣਾਈਆ । ਮੈਂ ਜਗਤ ਜਹਾਨ ਫਿਰਾਂ ਗਲੀਓ ਗਲੀ, ਮਹੱਲੇ ਕੂਚੇ ਧਿਆਨ ਲਗਾਈਆ । ਮੈਂ ਸਭ ਦੀ ਵੇਖਾਂ ਜੋ ਜਗਤ ਜਹਾਨ ਦਿਤੀ ਬਲੀ, ਬਲ ਬਾਵਨ ਧਿਆਨ ਲਗਾਈਆ । ਮੈਨੂੰ ਸੀਸ ਕੱਟਿਆ ਦਿਸਦਾ ਐਲੀ, ਵਲੀ ਅੱਲਾ ਕੀ ਵਡਿਆਈਆ । ਮੇਰਾ ਖੇਲ ਜੁਗ ਜੁਗ ਪਲੀਓ ਪਲੀ, ਬਹੁਰੰਗਾ ਰੂਪ ਬਣਾਈਆ । ਮੈਂ ਫਿਰਾਂ ਅਸਗਾਹ ਥਲੀ, ਆਪਣਾ ਪੰਧ ਮੁਕਾਈਆ । ਮੈਂ ਸਮੁੰਦ ਸਾਗਰ ਤੱਕਾਂ ਜਲੀ, ਡੂੰਘੀ ਭਵਰੀ ਨੈਣ ਉਠਾਈਆ । ਮੈਂ ਦੋ ਜਹਾਨ ਮਹਿਕਦੀ ਕਲੀ, ਕਲਧਾਰੀ ਮੇਰਾ ਰੰਗ ਰੰਗਾਈਆ ।

ਮੈਂ ਸੀਸ ਰਖ ਕੇ ਤਲੀ, ਭੱਜਾਂ ਥਾਉਂ ਥਾਈਂਆ । ਮੈਂ ਵੇਖਣਾ ਕਲਜੁਗ ਵਾਲਿਆਂ ਦਲੀ, ਦਲਿਦ੍ਰੀਆਂ ਦੇਣਾ ਉਠਾਈਆ । ਮੈਂ ਖੁਰਨ ਵਾਲੀ ਨਹੀਂ ਲੂਣ ਦੀ ਡਲੀ, ਆਪਣਾ ਰੂਪ ਨਾ ਕਦੇ ਮੁਕਾਈਆ । ਮੈਂ ਸਭ ਨੂੰ ਲੈਣਾ ਛਲੀ, ਅਛਲ ਛਲ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਛਤਰ ਛਾਇਆ ਹੇਠ ਪਲੀ, ਵਿਛੋੜਾ ਪਲਕ ਨਜ਼ਰ ਕੋਇ ਨਾ ਆਈਆ ।

✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਨਾਨਕ ਚੰਦ ਦੇ ਗ੍ਰਿਹ ✪

ਮਾਇਆ ਕਹੇ ਮੇਰੀ ਖੇਲ ਸਦਾ ਬਹੁਰੰਗੀ, ਰੰਗਤ ਜੁਗ ਜੁਗ ਆਪਣੀ ਆਪ ਰੰਗਾਈਆ । ਮੈਂ ਆਪਣੇ ਸੀਸ ਜਗਤ ਕਰਮ ਦੀ ਵਾਹਵਾਂ ਕੰਘੀ, ਕੇਸ ਕੇਸਾਂ ਕਰਾਂ ਸਫ਼ਾਈਆ । ਸਦਾ ਆਪਣੀ ਚੋਟੀ ਰਖਾਂ ਨੰਗੀ, ਓਢਣ ਸੀਸ ਨਾ ਕੋਇ ਟਿਕਾਈਆ । ਮੈਂ ਕਲਜੁਗ ਅੰਤਮ ਪ੍ਰਭ ਕੋਲੋਂ ਇਕੋ ਮੰਗ ਰਹੀ ਮੰਗੀ, ਖ਼ਾਲੀ ਝੋਲੀ ਅਗੇ ਡਾਹੀਆ । ਮੈਨੂੰ ਸਦੀ ਚੌਧਵੀਂ ਲੱਗੇ ਚੰਗੀ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਤੇਰੇ ਅਵਤਾਰ ਪੈਗ਼ੰਬਰ ਗੁਰੂ ਵੇਖਣੇ ਚਾਹੁੰਦੀ ਸੂਰਮੇ ਜੰਗੀ, ਚਾਰੋਂ ਕੁੰਟ ਨੈਣ ਉਠਾਈਆ । ਮੈਂ ਮੁਹੰਮਦਾਂ ਨਾਲ ਟਕਰਾਉਣੇ ਚਾਹੁੰਦੀ ਫ਼ਰੰਗੀ, ਫ਼ਾਰਗ਼ ਆਪਣਾ ਆਪ ਕਰਾਈਆ । ਮੈਂ ਖੇਲ ਤੱਕਣਾ ਚਾਹੁੰਦੀ ਹੱਡ ਮਾਸ ਕੁਰੰਗੀ, ਨਵ ਸੱਤ ਧਿਆਨ ਲਗਾਈਆ । ਮੈਂ ਦੀਨ ਦੁਨੀਆ ਕਰਨੀ ਚਾਹੁੰਦੀ ਅੰਧੀ,
੧੪੦੪ ੨੩ ਚਾਰੋਂ ਕੁੰਟ ਅੰਧੇਰਾ ਛਾਈਆ । ਸਭ ਦੀ ਹਾਲਤ ਹੋਏ ਮੰਦੀ, ਮੰਦਹੀਣ ਹੋਏ ਲੋਕਾਈਆ । ਸਾਧ ਸੰਤ ਰਹਿਣ ਪਾਵੇ ਕੋਈ ਨਾ ਡੰਬੀ, ਬਿਨਾ ੧੪੦੪ ੨੩
ਸਤਿਗੁਰ ਸ਼ਬਦ ਨਾ ਕੋਇ ਸ਼ਨਵਾਈਆ । ਮੈਂ ਮੇਟਣੇ ਚਾਹੁੰਦੀ ਪਖੰਡੀ, ਦਹਿ ਦਿਸ਼ਾ ਅੱਖ ਉਠਾਈਆ । ਮੈਂ ਘਰ ਘਰ ਨਾਰ ਦੁਹਾਗਣ ਵੇਖਣਾ ਚਾਹੁੰਦੀ ਰੰਡੀ, ਕੰਤ ਸੁਹਾਗ ਨਾ ਕੋਇ ਹੰਢਾਈਆ । ਮੈਂ ਕੋਈ ਭਾਰ ਨਹੀਂ ਬੰਨ੍ਹਣਾ ਪੰਡੀ, ਮਿੱਟੀ ਖ਼ਾਕ ਵਿਚ ਸਾਰੇ ਦਿਆਂ ਰੁਲਾਈਆ । ਤੂੰ ਦੇਣਾ ਸੁਖ ਇਕ ਅਨੰਦੀ, ਮਿਹਰਵਾਨ ਹੋਣਾ ਸਹਾਈਆ । ਮੇਰੀ ਸਭ ਦੇ ਨਾਲ ਸੰਧੀ, ਗੁਰ ਅਵਤਾਰ ਪੈਗੰਬਰਾਂ ਗੰਢ ਪਵਾਈਆ । ਮੈਂ ਦੀਨਾਂ ਮਜ਼੍ਹਬਾਂ ਤੋੜਾਂ ਪਾਬੰਦੀ, ਸ਼ਰਅ ਰਹਿਣ ਕੋਇ ਨਾ ਪਾਈਆ । ਕਲਜੁਗ ਆਯੂ ਅਗੇ ਹੋਵੇ ਨਾ ਲੰਬੀ, ਲੰਮੀ ਪੈ ਕੇ ਸੀਸ ਝੁਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਬੇਨੰਤੀ ਇਕੋ ਮੰਨੀਂ, ਮਾਨਸਾਂ ਨੂੰ ਮਾਨਸ ਖਾਵਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮੇਰਾ ਸਵਾਮੀ ਮਾਲਕ ਇਕੋ ਤਨੀ, ਦਰ ਤੇਰੇ ਅਲਖ ਜਗਾਈਆ ।

✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਸਰਦਾਰਾ ਸਿੰਘ ਦੇ ਗ੍ਰਿਹ ✪

ਮਾਇਆ ਕਹੇ ਮੇਰਾ ਮਾਲਕ ਦੀਨ ਦਿਆਲ, ਦਇਆਨਿਧ ਇਕ ਅਖਵਾਈਆ । ਜੋ ਸਚਖੰਡ ਬੈਠਾ ਧਰਮਸਾਲ, ਧਰਮ ਦਵਾਰੇ ਡੇਰਾ ਲਾਈਆ ।

ਮੇਰੀ ਨਿਤ ਨਿਤ ਕਰੇ ਸੰਭਾਲ, ਸੰਬਲ ਦਾ ਮਾਲਕ ਸਚ ਗੁਸਾਈਆ । ਜੁਗ ਚੌਕੜੀ ਮੇਰਾ ਵਜਾਏ ਤਾਲ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਮੈਨੂੰ ਧੁਰ ਦੀ ਸਿਖਿਆ ਦਏ ਸਿਖਾਲ, ਬਿਨ ਵਿਦਿਆ ਕਰ ਪੜ੍ਹਾਈਆ । ਮੈਂ ਤ੍ਰੈਭਵਣ ਦਾ ਪਾਵਾਂ ਜਾਲ, ਧਨੀ ਧਨਾਢਾਂ ਬੰਨ੍ਹ ਵਖਾਈਆ । ਮੈਂ ਵੇਖਾਂ ਸ਼ਾਹ ਕੰਗਾਲ, ਅਮੀਰ ਗ਼ਰੀਬਾਂ ਧਿਆਨ ਲਗਾਈਆ । ਮੇਰੇ ਹੱਥ ਵਿਚ ਉਹ ਅਗੰਮਾ ਥਾਲ, ਜਿਸ ਦੀ ਵਸਤੂ ਨਜ਼ਰ ਕੋਇ ਨਾ ਆਈਆ । ਜਿਸ ਦੀ ਚਾਹਾਂ ਝੋਲੀ ਦੇਵਾਂ ਡਾਲ, ਖ਼ਜ਼ਾਨੇ ਦਿਆਂ ਭਰਾਈਆ । ਜਿਸ ਨੂੰ ਚਾਹਵਾਂ ਕਰਾਂ ਬੇਹਾਲ, ਬਿਹਬਲ ਹੋ ਕੇ ਦੇਣ ਦੁਹਾਈਆ । ਜਿਸ ਨੂੰ ਚਾਹਾਂ ਰਖਾਂ ਨਾਲ, ਆਪਣਾ ਸੰਗ ਬਣਾਈਆ । ਮੇਰਾ ਫਲ ਸਭ ਤੋਂ ਵੱਖਰਾ ਲੱਗੇ ਮਾਨਸ ਡਾਲ, ਪੱਤ ਟਹਿਣੀ ਦਿਆਂ ਮਹਿਕਾਈਆ । ਮੇਰੀ ਸਾਰੇ ਘਾਲਦੇ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਮੈਂ ਸਭ ਦਾ ਤੱਕਾਂ ਹਾਲ, ਹਾਲਤ ਤੱਕਾਂ ਥਾਉਂ ਥਾਈਆ । ਮੇਰਾ ਜਗਤ ਜਹਾਨ ਤੋਂ ਵੱਖਰਾ ਜੰਜਾਲ, ਤੰਦ ਡੋਰ ਨਜ਼ਰ ਕਿਸੇ ਨਾ ਆਈਆ । ਮੈਂ ਸਦਾ ਸਦੀਵੀ ਮਾਲੋ ਮਾਲ, ਭੰਡਾਰ ਅਤੋਟ ਅਤੁਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਸਗਲੀ ਆਸਾ ਪੂਰ ਕਰਾਈਆ । ਮਾਇਆ ਕਹੇ ਮੈਂ ਵਸਾਂ ਆਪਣੇ ਗ੍ਰਿਹ ਮੰਦਰ, ਸੋਹਣਾ ਥਾਨ ਸੁਹਾਈਆ । ਜਿਥੇ ਲੱਗਾ ਤ੍ਰੈਧਾਤੂ ਜੰਦਰ, ਕੁਫ਼ਲ ਸਕੇ ਨਾ ਕੋਇ ਖੁਲਾਈਆ । ਮੇਰੀ ਨਜ਼ਰ ਨਾ ਆਏ ਡੂੰਘੀ ਕੰਦਰ, ਅੰਦਰ ਵੜ ਆਸਣ ਕੋਇ ਨਾ ਲਾਈਆ । ਮੇਰੀ ਸਮਝੇ ਕੋਈ ਨਾ ਬੰਦਨ, ਬੰਦਗੀ ਵਾਲੇ ਦਿਆਂ ਭੁਲਾਈਆ । ਮੇਰਾ ਵੇਖੇ ਕੋਈ ਨਾ ਚੰਦਨ, ਤਿਲਕ ਲਲਾਟੀ ਕੀ ਰੁਸ਼ਨਾਈਆ । ਮੇਰਾ ਨਜ਼ਰ ਨਾ ਆਏ ਅਨੰਦਨ, ਅਨੰਦ ਅਨੰਦ ਵਿਚੋਂ ਸਕੇ ਨਾ ਕੋਇ ਸਮਝਾਈਆ । ਮੇਰਾ ਇਕੋ ਢੋਲਾ ਗੀਤ ਛੰਦਨ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਮੇਰੇ ਘਰ ਘਰ ਦੀਪਕ ਜਗਣ, ਚਾਰ ਕੁੰਟ ਹੋਵੇ ਰੁਸ਼ਨਾਈਆ । ਮੈਂ ਮਸਤੀ ਵਿਚ ਹੋਵਾਂ ਮਗਨ, ਅਲਮਸਤ ਰੂਪ ਬਣਾਈਆ । ਮੇਰਾ ਇਕੋ ਆਦਿ ਜੁਗਾਦੀ ਭਜਨ, ਬਿਨ ਰਸਨਾ ਜਿਹਵਾ ਗਾਈਆ । ਮੇਰਾ ਕੋਈ ਨਾ ਮਿਤ੍ਰ ਸੱਜਣ, ਸਾਕ ਸੈਣ ਦਿਆਂ ਤਜਾਈਆ । ਮੇਰੀ ਸਮਝੇ ਕੋਈ ਨਾ ਹੱਦਨ, ਹਦੂਦਾਂ ਵਿਚ ਬੰਦ ਨਾ ਕੋਇ ਕਰਾਈਆ । ਕੇਤੇ ਸ਼ਾਹ ਸੁਲਤਾਨ ਮੇਰੀ ਯਾਦ ਵਿਚ ਭਾਰ ਲੱਦਣ, ਕੇਤੇ ਬੈਠੇ ਪੰਧ ਮੁਕਾਈਆ । ਕੇਤੇ ਇਕ ਦੂਜੇ ਨੂੰ ਵੱਢਣ, ਸੀਸ ਧੜ ਅੱਡ ਕਰਾਈਆ । ਕੇਤੇ ਘਰ ਬਾਰ ਛਡਣ, ਭੱਜਣ ਵਾਹੋ ਦਾਹੀਆ । ਕੇਤੇ ਠੱਗ ਚੋਰ ਮੈਨੂੰ ਲੱਭਣ, ਧਾੜਵੀ ਆਪਣਾ ਰੂਪ ਬਦਲਾਈਆ । ਕੇਤੇ ਸਾਧ ਸੰਤ ਮੇਰੇ ਪਿਆਰ ਵਿਚ ਹੋਵਣ ਮਗਨ, ਬੈਠੇ ਤਾੜੀਆਂ ਲਾਈਆ । ਕੇਤੇ ਧੂਣੀਆਂ ਤਾਉਂਦੇ ਅਗਨ, ਤਤਾਂ ਖੱਲ ਜਲਾਈਆ । ਕੇਤੇ ਮੇਰੇ ਮਨਾਉਂਦੇ ਸ਼ਗਨ, ਪੰਡਤ ਪਾਂਧੇ ਵੰਡ ਵੰਡਾਈਆ । ਮੈਂ ਸਭ ਦੇ ਭਾਗ ਕੀਤੇ ਮੰਦਨ, ਮੰਦਰ ਕਾਇਆ ਨਾ ਕੋਇ ਰੁਸ਼ਨਾਈਆ । ਮੈਂ ਸਭ ਦੀ ਕਰਨੀ ਕਰਾਂ ਖੰਡਨ, ਖੰਡਾਂ ਵਾਲੇ ਖ਼ਾਕ ਮਿਲਾਈਆ । ਮੈਂ ਫਿਰਾਂ ਦਰੋਹੀ ਜੇਰਜ ਅੰਡਨ, ਉਤਭੁਜ ਸੇਤਜ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਵਡ ਵਡਿਆਈਆ । ਮਾਇਆ ਕਹੇ ਮੈਂ ਮੋਹ ਮੁਹੱਬਤ ਦੀ ਭੁੱਖੀ, ਪਿਆਸੀ ਜਗਤ ਵਿਚ ਸਮਝਾਈਆ । ਮੈਂ ਰੋਟੀ ਖਾਵਾਂ ਸੁੱਕੀ ਰੁੱਖੀ, ਲਬ ਵਿਚ ਲਾਲਾਂ ਨਾ ਕਦੇ ਟਪਕਾਈਆ । ਮੇਰਾ ਅੰਤਸ਼ਕਰਨ ਕਦੇ ਨਾ ਹੋਇਆ ਦੁਖੀ, ਦੁੱਖਾਂ ਸੰਗ ਨਾ ਕਦੇ ਵਖਾਈਆ । ਮੈਂ ਜਦ ਝਗੜਾ ਪਾਵਾਂ ਪੰਜ ਤਤ ਮਨੁੱਖੀ, ਮਾਨਸ ਮਾਨਸ ਨਾਲ ਟਕਰਾਈਆ । ਸਭ ਦੀ ਪਤ ਜਾਵਾਂ ਲੁੱਟੀ, ਲੁਟੇਰਾ ਕਲਜੁਗ ਨਾਲ ਰਖਾਈਆ ।


੧੪੦੫
੨੩

ਮੈਂ ਗਾਨੇ ਬੰਨ੍ਹਾਂ ਗੁੱਟੀਂ, ਘਰ ਘਰ ਮਹਿੰਦੀ ਤੰਦ ਸੁਹਾਈਆ । ਮੈਂ ਆਪਣੇ ਵਕਤ ਵੇਲੇ ਨਾਲ ਉਠੀ, ਸੁਬਹ ਸ਼ਾਮ ਨਾ ਵੰਡ ਵੰਡਾਈਆ । ਮੈਂ ਵੇਖਾਂ ਚਾਰੇ ਗੁੱਠੀ, ਪੂਰਬ ਪੱਛਮ ਦੱਖਣ ਪਹਾੜ ਫੋਲ ਫੁਲਾਈਆ । ਮੇਰੇ ਰੰਗ ਚੜ੍ਹ ਗਿਆ ਬੁਲ੍ਹਾਂ ਬੁਟੀਂ, ਮੇਰੇ ਨੈਣ ਰਹੇ ਮੁਸਕਾਈਆ । ਮੈਂ ਇਕੋ ਮਾਰਨੀ ਝੁੱਟੀ, ਝੂਟਾ ਸਭ ਨੂੰ ਦੇਣਾ ਥਾਉਂ ਥਾਈਂਆ । ਮੇਰੀ ਪੌਹ ਬਿਨਾ ਸੂਰੀਆ ਫੁੱਟੀ, ਫੁਟਕਲ ਵੇਖਾਂ ਖ਼ਲਕ ਖ਼ੁਦਾਈਆ । ਮੈਂ ਆਪਣੀ ਸੁਹੰਜਣੀ ਸੁਹਾਉਣੀ ਰੁਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਂ ਜਗਤ ਜਗਿਆਸੂਆਂ ਕਲਾ ਜਗਾਉਣੀ ਸੁੱਤੀ, ਸੁੱਤਿਆਂ ਲਵਾਂ ਜਗਾਈਆ । ਕਿਸੇ ਪੈਰੀਂ ਪਾਉਣ ਨਹੀਂ ਦੇਣੀ ਜੁੱਤੀ, ਜੋਤਰਾ ਲਾ ਹਲ ਵਾਹ ਘਰ ਕੋਇ ਨਾ ਆਈਆ । ਸਭ ਦੀ ਮਤ ਕਰਨੀ ਪੁੱਠੀ, ਪੁੱਠੀ ਖੱਲ ਦੇਣੀ ਲੁਹਾਈਆ । ਜਗਤ ਜਹਾਨੋਂ ਕਲਜੁਗ ਕੂੜ ਕੁੜਿਆਰੇ ਜੜ ਜਾਣੀ ਪੁੱਟੀ, ਉਖੜੀ ਫੇਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਮਾਇਆ ਕਹੇ ਮੈਂ ਨਾਅਰਾ ਲਾਉਣਾ ਹਕ, ਹਕੀਕਤ ਵੇਖ ਵਖਾਈਆ । ਜਗਤ ਜਹਾਨ ਲੈਣਾ ਤੱਕ, ਤਕਵਾ ਰਖਣਾ ਧੁਰਦਰਗਾਹੀਆ । ਮੈਨੂੰ ਪਹਿਲੋਂ ਲਹਿੰਦੀ ਚੜ੍ਹਦੀ ਦਿਸ਼ਾ ਪੈਣਾ ਸ਼ੱਕ, ਸ਼ਿਕਵੇ ਸਭ ਦੇ ਵੇਖ ਵਖਾਈਆ । ਮੈਂ ਜਗਤ ਵਿਕਾਰ ਦੀ ਸਭ ਦੇ ਨੱਥ ਪਾਉਣੀ ਨੱਕ, ਖਿੱਚਾਂ ਵਾਹੋ ਦਾਹੀਆ । ਫੜ ਉਠਾਵਾਂ ਬੂਰੇ ਕੱਕ, ਕਾਕੇ ਆਪਣੇ ਲਵਾਂ ਜਗਾਈਆ । ਮੁਹੰਮਦ ਨਾਲ ਮੇਰਾ ਵਾਇਦਾ ਪੱਕ, ਪੱਕੀ ਪਿਛੇ ਲਈ ਪਕਾਈਆ । ਹੁਣ ਖੇਲ ਵੇਖਾਂ ਯਕ, ਯਕ ਦਾ ਹੁਕਮ ਮੰਨਾਂ ਚਾਈਂ ਚਾਈਂਆ । ਇਕ ਦੂਜੇ ਵੱਲ ਦੋਹਾਂ ਨੂੰ ਦੇਵਾਂ ਧੱਕ, ਧੱਕਾ ਲਾਵਾਂ ਥਾਉਂ ਥਾਈਂਆ । ਜਿਨ੍ਹਾਂ ਦਾ ਪਰਦਾ ਸਕੇ ਕੋਈ ਨਾ ਢੱਕ, ਓਢਣ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਨਾਮ ਨਿਧਾਨਾ ਇਕੋ ਰਹੀ ਰਟ, ਰੱਟਾ ਪਾਵੇ ਥਾਉਂ ਥਾਈਂਆ ।


੧੪੦੬
੨੩

## ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਰਵੇਲਾ ਰਾਮ ਦੇ ਗ੍ਰਹਿ

ਮਾਇਆ ਕਹੇ ਮੈਂ ਬੋਲ ਕੇ ਦੱਸਾਂ ਸਚ, ਸਤਿ ਸਤਿ ਦਿਆਂ ਜਣਾਈਆ । ਮੇਰੇ ਸਾਹਿਬ ਨੇ ਰਚਨਾ ਲਈ ਰਚ, ਰਚ ਰਚ ਆਪਣੀ ਖੇਲ ਖਿਲਾਈਆ । ਲੱਖ ਚੁਰਾਸੀ ਭਾਂਡੇ ਬਣਾ ਕੇ ਕੱਚ, ਗ੍ਰਹਿ ਗ੍ਰਹਿ ਆਪਣਾ ਰੰਗ ਰੰਗਾਈਆ । ਮੈਂ ਦੋ ਜਹਾਨਾਂ ਰਹੀ ਰਚ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਭੱਜਾਂ ਵਾਹੋ ਦਾਹੀਆ । ਮੈਂ ਤ੍ਰੈਗੁਣ ਰੂਪ ਹੋ ਕੇ ਰਹੀ ਮੱਚ, ਅਗਨੀ ਅਗਨੀ ਅਗਨੀ ਤਪਾਈਆ । ਮੈਥੋਂ ਸਕੇ ਕੋਈ ਨਾ ਬੱਚ, ਸਿਰ ਸਿਰ ਆਪਣਾ ਹੁਕਮ ਵਰਤਾਈਆ । ਮੇਰੀ ਸਭ ਤੋਂ ਵੱਖਰੀ ਰੱਤ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਂ ਜੁਗ ਜੁਗ ਉਲਟੀ ਕਰਾਂ ਮਤ, ਮਾਇਆ ਮਮਤਾ ਵਿਚ ਸ੍ਰਿਸ਼ਟ ਸਬਾਈਆ । ਮੈਂ ਰਹਿਣ ਨਾ ਦੇਵਾਂ ਕਿਸੇ ਪਤ, ਸੀਸ ਤਾਜ ਨਾ ਕੋਇ ਸੁਹਾਈਆ । ਮੈਂ ਜੁਗ ਚੌਕੜੀ ਚੁੱਕਾਂ ਅੱਤ, ਚਾਰੋਂ ਕੁੰਟ ਵੇਖਾਂ ਚਾਈਂ ਚਾਈਂਆ । ਕਿਸੇ ਦਾ ਧੀਰਜ ਰਹਿਣ ਦੇਵਾਂ ਨਾ ਯਤ, ਸਤਿ ਸੰਤੋਖ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਰੰਗ ਰੰਗਾਈਆ । ਮਾਇਆ ਕਹੇ ਮੇਰਾ ਖੇਲ ਅਨੋਖਾ, ਜੁਗ ਜੁਗ ਵੱਖਰੀ

ਕਾਰ ਕਮਾਈਆ । ਮੈਂ ਨਿਤ ਨਵਿਤ ਸਭ ਦੇ ਨਾਲ ਕਰਦੀ ਧੋਖਾ, ਭੇਵ ਅਭੇਦ ਨਾ ਕਿਸੇ ਸਮਝਾਈਆ । ਮੇਰਾ ਸ਼ਾਸਤਰਾਂ ਤੋਂ ਬਾਹਰ ਪੋਥਾ, ਅੱਖਰਾਂ ਵਿਚ ਨਾ ਕੋਇ ਲਿਖਾਈਆ । ਮੇਰਾ ਆਦਿ ਜੁਗਾਦਿ ਆਪਣਾ ਮੌਕਾ, ਜਿਸ ਵਿਚ ਮੁਕੰਮਲ ਆਪਣਾ ਖੇਲ ਖਿਲਾਈਆ । ਮੈਨੂੰ ਯਾਦ ਆਉਂਦਾ ਕਲਜੁਗ ਅੰਤਮ ਗੋਬਿੰਦ ਵਾਲਾ ਚੌਂਕਾ, ਢਈਆ ਢਾਈ ਕਰਮਾਂ ਬਾਵਨ ਦਏ ਮਿਣਾਈਆ । ਮੇਰੇ ਅੰਦਰੋਂ ਕਦੇ ਨਾ ਨਿਕਲੇ ਹੌਕਾ, ਹਾਏ ਉਫ਼ ਨਾ ਕਦੇ ਸੁਣਾਈਆ । ਮੇਰੀ ਜੁਗ ਜੁਗ ਚਲਦੀ ਨੌਕਾ, ਨਈਆ ਜਗਤ ਜਹਾਨ ਫਿਰਾਈਆ । ਮੇਰਾ ਗੀਤ ਸਾਰੇ ਗਾਉਣ ਵਾਹੋ ਵਾਹੋ ਕਾ, ਵਾਹਵਾ ਮੇਰੀ ਬੇਪਰਵਾਹੀਆ । ਮੈਂ ਪੁਤਰਾਂ ਨਾਤਾ ਤੁੜਾਵਾਂ ਪਿਤਾ ਮਾਉਂ ਕਾ, ਸਾਚਾ ਸੰਗ ਨਾ ਕੋਇ ਰਖਾਈਆ । ਮੇਰਾ ਲਹਿਣਾ ਦੇਣਾ ਜੁਗ ਜੁਗ ਦਾਓ ਕਾ, ਦਾਹਵੇਦਾਰ ਨਜ਼ਰ ਕੋਇ ਨਾ ਆਈਆ । ਮੇਰਾ ਲੇਖਾ ਅਛਲ ਛਲ ਵਾਲੇ ਦਾਓ ਕਾ, ਵਲ ਛਲ ਆਪਣੀ ਖੇਲ ਖਿਲਾਈਆ । ਮੇਰਾ ਲਹਿਣਾ ਦੇਣਾ ਅੰਤਰ ਸ਼ੌਹ ਦਰਿਆਓ ਕਾ, ਸ਼ਾਹ ਸੁਲਤਾਨਾਂ ਦਿਆਂ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਹਰ ਘਟ ਥਾਉਂ ਕਾ, ਥਾਨ ਥਨੰਤਰ ਵੇਖ ਵਖਾਈਆ ।

## ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਜ਼ਿਲਾ ਜੰਮੂ ਝੰਡੂ ਰਾਮ ਦੇ ਗ੍ਰਹਿ



ਮਾਇਆ ਕਹੇ ਮੈਂ ਆਦਿ ਜੁਗਾਦੀ ਅਗੰਮ ਅਪਾਰੀ, ਅਪਰੰਪਰ ਦਿਤੀ ਵਡਿਆਈਆ । ਮੇਰੀ ਪੁਰਖ ਅਕਾਲੇ ਪੈਜ ਸਵਾਰੀ, ਸਵਾਰਥ ਪਰਮਾਰਥ ਆਪਣੇ ਹੱਥ ਰਖਾਈਆ । ਮੇਰਾ ਜੁਗ ਜੁਗ ਸਤਿਗੁਰ ਸ਼ਬਦ ਸਲਾਹਕਾਰੀ, ਮਸ਼ਵਰਾ ਇਕੋ ਨਾਲ ਰਖਾਈਆ । ਜੋ ਮੇਰੀ ਬੰਨ੍ਹੇ ਧਾਰੀ, ਧਰਨੀ ਧਰਤ ਧਵਲ ਧੌਲ ਉਤੇ ਆਪਣਾ ਖੇਲ ਵਖਾਈਆ । ਮੈਂ ਚਾਰੋਂ ਕੁੰਟ ਫੇਰਾਂ ਬਹਾਰੀ, ਇਹ ਮੇਰੀ ਬੇਪਰਵਾਹੀਆ । ਮੈਂ ਕੋਈ ਤਤਾਂ ਵਾਲੀ ਨਹੀਂ ਨਾਰੀ, ਜਗਤ ਰੂਪ ਨਾ ਕੋਇ ਦਰਸਾਈਆ । ਮੈਂ ਕਿਸੇ ਦੇ ਦਰ ਬਣਾਂ ਨਾ ਕਦੇ ਪਨਿਹਾਰੀ, ਦਰ ਦਰ ਸੇਵ ਨਾ ਕੋਇ ਕਮਾਈਆ । ਮੈਂ ਸਦਾ ਚਲਦੀ ਫਿਰਦੀ ਦਿਉਹਾੜੀ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਮੈਂ ਲਜਪਤ ਰਹਿਣ ਦੇਵਾਂ ਨਾ ਕਿਸੇ ਦਾਹੜੀ, ਤਾਜਾਂ ਵਾਲੇ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸਵਾਮੀ ਵਡ ਵਡਿਆਈਆ । ਮਾਇਆ ਕਹੇ ਮੇਰਾ ਜਗਤ ਨਹੀਂ ਕੋਈ ਖ਼ਾਵੰਦ, ਖ਼ਸਮ ਨਜ਼ਰ ਕੋਈ ਨਾ ਆਈਆ । ਮੈਂ ਕਿਸੇ ਦੇ ਹੁਕਮ ਵਿਚ ਨਹੀਂ ਪਾਬੰਦ, ਬੰਧਨ ਵਿਚ ਨਾ ਕੋਇ ਬੰਧਾਈਆ । ਮੇਰੀ ਰਚਨਾ ਸੂਰੀਆ ਚੰਦ, ਮੰਡਲ ਮੰਡਪ ਸੋਭਾ ਪਾਈਆ । ਮੇਰਾ ਖੇਲ ਕੋਟ ਬ੍ਰਹਿਮੰਡ, ਆਕਾਸ਼ ਪਾਤਾਲਾਂ ਰੰਗ ਰੰਗਾਈਆ । ਮੇਰਾ ਲੇਖਾ ਜੇਰਜ ਅੰਡ, ਉਤਭੁਜ ਸੇਤਜ ਕਰਾਂ ਕੁੜਮਾਈਆ । ਮੇਰਾ ਲੇਖਾ ਕਿਸੇ ਨਾ ਕੀਤਾ ਬੰਦ, ਬੰਦਗੀ ਵਾਲੇ ਮੇਰਾ ਲੇਖ ਨਾ ਕੋਇ ਜਣਾਈਆ । ਮੈਂ ਸਭ ਦੇ ਦਵਾਰੇ ਜਾਵਾਂ ਲੰਘ, ਘਰ ਘਰ ਡੇਰਾ ਲਾਈਆ । ਮੇਰਾ ਕਾਇਆ ਮੰਦਰ ਅੰਦਰ ਇਕ ਪਲੰਘ, ਜਿਸ ਦਾ ਪਾਵਾ ਚੂਲ ਨਜ਼ਰ ਕਿਸੇ ਨਾ ਆਈਆ । ਜਿਸ ਦੇ ਉਤੇ ਮੈਂ ਆਪਣੀ ਆਸ਼ਾ ਦਿਤੀ ਟੰਗ, ਸਹਿਜ ਨਾਲ ਟਿਕਾਈਆ । ਮੇਰੇ ਕੋਲ ਅਨੋਖਾ ਢੰਗ, ਵੱਖਰੀ ਆਪਣੀ ਖੇਲ ਖਿਲਾਈਆ । ਕਿਸੇ ਦੇ ਅੰਦਰ ਪੈਣ ਨਾ ਦੇਵਾਂ ਠੰਡ, ਇਹ ਮੇਰੀ ਬੇਪ੍ਰਵਾਹੀਆ । ਸਾਰੇ ਮੋਹ ਮਮਤਾ ਵਿਚ ਮੇਰੀ ਮੰਗਣ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ

੧੪੦੭ ੨੩

ਇਸ਼ਾਰਾ ਦੇਵਾਂ ਵਿਕਾਰੇ ਪੰਜ, ਪੰਚਮ ਪੰਚਾਂ ਨਾਲ ਉਠਾਈਆ । ਮੈਂ ਹੱਥ ਨਾ ਆਈ ਕਾਰੂ ਗੰਜ, ਖ਼ਾਲੀ ਹੱਥ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਹਿਬ ਸੂਰਾ ਸਰਬੰਗ, ਆਪ ਲਗਾਏ ਆਪਣੇ ਅੰਗ, ਅੰਗੀਕਾਰ ਇਕ ਅਖਵਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਚੰਨ ਪ੍ਰਕਾਸ਼ ਦੇ ਗ੍ਰਹਿ ✪

ਮਾਇਆ ਕਹੇ ਮੈਨੂੰ ਆਉਂਦੀ ਖ਼ੁਸ਼ੀਆਂ ਵਾਲੀ ਹਾਸੀ, ਹੰਸਮੁਖ ਹੋ ਕੇ ਦਿਆਂ ਵਖਾਈਆ । ਮੈਂ ਮੂਸਾ ਚਾੜ੍ਹਿਆ ਫਾਸੀ, ਬਿਨ ਰੱਸੀਆਂ ਰੱਸੇ ਗਲ ਛੁਹਾਈਆ । ਮੈਂ ਈਸਾ ਸਲੀਵ ਦੀ ਦਿਤੀ ਦਾਸੀ, ਸੱਤ ਰੰਗਾਂ ਰੰਗ ਰੰਗਾਈਆ । ਮੁਹੰਮਦ ਨੂੰ ਹਿੰਦਸਾ ਦੱਸ ਕੇ ਸੱਤ ਸੌ ਛਿਆਸੀ, ਸੱਤ ਅੱਠ ਛੇ ਇੱਕੀਆਂ ਰੰਗ ਰੰਗਾਈਆ । ਫੇਰ ਮਿਲੀ ਸ਼ੰਕਰ ਜਾ ਕੈਲਾਸ਼ੀ, ਕਲਾ ਆਪਣੀ ਦਿਤੀ ਵਖਾਈਆ । ਫੇਰ ਸਦੀ ਚੌਧਵੀਂ ਦੱਸੀ ਰਾਸੀ, ਆਪਣਾ ਰਸਤਾ ਗਈ ਬਦਲਾਈਆ । ਦੀਨ ਦੁਨੀ ਵਖਾਈ ਉਦਾਸੀ, ਸੁਖ ਵਿਚ ਨਾ ਕੋਇ ਸਮਾਈਆ । ਫੇਰ ਮੈਨੂੰ ਆ ਗਈ ਖਾਂਸੀ, ਜ਼ੋਰ ਜ਼ੋਰ ਨਾਲ ਆਪਣੀ ਆਵਾਜ਼ ਉਠਾਈਆ । ਓਹ ਵੇਖ ਖੇਲ ਪੁਰਖ ਅਬਿਨਾਸ਼ੀ, ਕੀ ਆਪਣੀ ਕਾਰ ਕਮਾਈਆ । ਜਿਸ ਕਲਜੁਗ ਅੰਤਮ ਮੇਟਣੇ ਮਦਿਰਾ ਮਾਸੀ, ਮਸਲੇ ਸਭ ਦੇ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਵਜੂਦਾਂ ਬਦਲ ਦੇਵੇ ਪੋਸ਼ਾਕੀ, ਬਸਤਰ ਜਗ ਨੇਤਰ ਨਜ਼ਰ ਕਿਸੇ ਨਾ ਆਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਬੇਲੂ ਰਾਮ ਦੇ ਗ੍ਰਹਿ ✪

ਮਾਇਆ ਕਹੇ ਮੈਂ ਵੱਡੀ ਚੌਧਰਾਨੀ, ਚੌਦਾਂ ਲੋਕਾਂ ਚੌਦਾਂ ਤਬਕਾਂ ਵੇਖ ਵਖਾਈਆ । ਮੈਂ ਚਾਰ ਕੁੰਟ ਦੀ ਸੁਘੜ ਸੁਚੱਜੀ ਸਵਾਣੀ, ਬੁਧ ਮਤ ਤੋਂ ਪਰੇ ਮੇਰੀ ਪੜ੍ਹਾਈਆ । ਮੈਂ ਵੇਖਾਂ ਨਵ ਸੱਤ ਚਾਰੇ ਖਾਣੀ, ਚਾਰੇ ਕੁੰਟਾਂ ਧਿਆਨ ਲਗਾਈਆ । ਮੈਂ ਸ਼ਬਦ ਸੰਦੇਸ਼ੇ ਸੁਣਾਂ ਚਾਰੇ ਬਾਣੀ, ਢੋਲਿਆਂ ਸੋਹਲਿਆਂ ਕਰ ਸ਼ਨਵਾਈਆ । ਮੈਂ ਸਮੁੰਦ ਸਾਗਰਾਂ ਤੱਕਾਂ ਪਾਣੀ, ਨੀਰ ਨੀਰਾਂ ਵੇਖ ਵਖਾਈਆ । ਮੈਂ ਆਤਮ ਪਰਮਾਤਮ ਜਾਣਾ ਹਾਣੀ ਹਾਣੀ, ਘਰ ਘਰ ਆਪਣਾ ਧਿਆਨ ਲਗਾਈਆ । ਮੈਂ ਲੱਖ ਚੁਰਾਸੀ ਤੱਕਾਂ ਜੀਵ ਪ੍ਰਾਣੀ, ਪਰਮ ਪੁਰਖ ਦਿਤੀ ਮਾਣ ਵਡਿਆਈਆ । ਮੈਂ ਜੁਗ ਜੁਗ ਸਤਿ ਧਰਮ ਦੀ ਤੱਕਾਂ ਨਿਸ਼ਾਨੀ, ਨਿਸ਼ਾਨੇ ਵੇਖਾਂ ਚਾਈਂ ਚਾਈਆ । ਮੈਂ ਸਭ ਦੀ ਵੇਖਣਹਾਰ ਵੈਰਾਨੀ, ਵੈਰੀ ਘਰ ਘਰ ਖੋਜ ਖੁਜਾਈਆ । ਮੈਂ ਸਭ ਨੂੰ ਦੱਸਾਂ ਜੂਹ ਬੇਗਾਨੀ, ਮਾਲਕ ਨਜ਼ਰ ਕੋਇ ਨਾ ਆਈਆ । ਮੇਰੀ ਖੇਲ ਸਭ ਤੋਂ ਵੱਖਰੀ ਸ਼ਰਅ ਸ਼ੈਤਾਨੀ, ਸ਼ਾਇਰੀ ਵਿਚ ਕੋਇ ਨਾ ਗਾਈਆ । ਮੇਰਾ ਖੇਲ ਖ਼ਸਮ ਖ਼ਸਮਾਨੀ, ਖੇਲ ਖਿਲਾਵਾਂ ਹਰ ਘਟ ਥਾਈਆ । ਮੇਰੀ ਬੁੱਧੀ ਨਾ ਹੋਈ ਨਾਦਾਨੀ, ਮੂਰਖ ਮਤ ਨਾ ਕੋਇ ਰਖਾਈਆ । ਮੈਂ ਜੁਗ ਜੁਗ ਸਭ ਨੂੰ ਕਰਾਂ ਪ੍ਰੇਸ਼ਾਨੀ, ਪਸ਼ਚਾਤਾਪ ਦਿਆਂ ਜਣਾਈਆ । ਮੈਂ ਜੀਵਾਂ ਜੰਤਾਂ ਰਿੜਕਾਂ ਨਾਲ ਮਧਾਣੀ, ਨੇਤਰਾ ਆਪਣੇ ਹੱਥ ਉਠਾਈਆ ।

ਮੈਂ ਛਾਛ ਵਿਰੋਲਾਂ ਵਿਚੋਂ ਪਾਣੀ, ਪਾਰਬ੍ਰਹਮ ਦਿਤੀ ਵਡਿਆਈਆ । ਮੇਰਾ ਇਕੋ ਇਸ਼ਟ ਇਕੋ ਧਿਆਨੀ, ਇਕੋ ਦੇਵ ਮੂਰਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਮੰਜ਼ਲ ਕਰੇ ਆਸਾਨੀ, ਅਗੇ ਹੋ ਨਾ ਕੋਇ ਅਟਕਾਈਆ ।

✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਪ੍ਰੇਮ ਚੰਦ ਦੇ ਗ੍ਰਹਿ ✪

ਮਾਇਆ ਕਹੇ ਮੇਰਾ ਬੜਾ ਮਜਾਜ, ਮਜਾਜਣ ਹੋ ਕੇ ਫਿਰਾਂ ਚਾਈਂ ਚਾਈਆ । ਮੇਰਾ ਸਭ ਤੋਂ ਵੱਡਾ ਰਾਜ, ਰਈਅਤ ਆਪਣਾ ਹੁਕਮ ਵਰਤਾਈਆ । ਮੇਰਾ ਸਭ ਤੋਂ ਵੱਖਰਾ ਤਾਜ, ਤਖ਼ਤ ਨਿਵਾਸੀ ਸੀਸ ਨਾ ਕੋਇ ਟਿਕਾਈਆ । ਮੇਰਾ ਜੁਗ ਚੌਕੜੀ ਚਲਦਾ ਰਹੇ ਜਹਾਜ਼, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਮੇਰਾ ਸਭ ਤੋਂ ਵੱਖਰਾ ਸਮਾਜ, ਜਿਸ ਦੀ ਸ਼ਰਅ ਨਜ਼ਰ ਕੋਇ ਨਾ ਆਈਆ । ਮੈਂ ਸਦਾ ਸਦਾ ਸਦ ਆਪਣੀ ਸਾਜਣਾ ਲਵਾਂ ਸਾਜ, ਸਚ ਸਮਗ੍ਰੀ ਨਾਲ ਰਖਾਈਆ । ਮੇਰੇ ਉਤੇ ਕਿਰਪਾ ਕਰੀ ਗੁਰੂ ਮਹਾਰਾਜ, ਮਿਹਰਵਾਨ ਦਿਤੀ ਮਾਣ ਵਡਿਆਈਆ । ਸਦਾ ਸ਼ਬਦ ਅਗੰਮੀ ਮਾਰੇ ਆਵਾਜ਼, ਬਿਨਾ ਰਸਨਾ ਦਏ ਸੁਣਾਈਆ । ਕਲਜੁਗ ਅੰਤ ਜਿਸ ਨੇ ਰਚਣਾ ਤੇਰਾ ਕਾਜ, ਕਰਤਾ ਪੁਰਖ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਮਾਇਆ ਕਹੇ ਮੈਂ ਬੜੀ ਗੰਭੀਰ, ਗਹਿਰ ਗਵਰ ਦਿਤੀ ਵਡਿਆਈਆ । ਮੇਰਾ ਸਭ ਤੋਂ ਵੱਖਰਾ ਬਸਤਰ ਚੀਰ, ਭੂਸ਼ਨ ਵੇਖਣ ਕੋਇ ਨਾ ਆਈਆ । ਮੇਰੀ ਆਅਲਾ ਅਦਨਿਆਂ ਤੋਂ ਬਾਹਰ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਮੇਰਾ ਸਭ ਤੋਂ ਵੱਖਰਾ ਜ਼ੰਜੀਰ, ਜੁਗ ਜੁਗ ਸ਼ਰਅ ਵਾਲਿਆਂ ਬੰਧਨ ਪਾਈਆ । ਮੇਰੀ ਸਭ ਤੋਂ ਅਨੋਖੀ ਸ਼ਮਸ਼ੀਰ, ਤਿੱਖੀ ਧਾਰ ਨਾਲ ਵਡਿਆਈਆ । ਮੇਰੀ ਸਭ ਤੋਂ ਵੱਖਰੀ ਲਕੀਰ, ਜਿਸ ਦੀ ਹੱਦ ਪਾਰ ਨਾ ਕੋਇ ਕਰਾਈਆ । ਮੈਨੂੰ ਝੁਕਦੇ ਪੀਰ ਫ਼ਕੀਰ, ਜੋ ਫ਼ਿਕਰੇ ਢੋਲੇ ਗਾਈਆ । ਮੈਂ ਸਭ ਦੀ ਬਦਲ ਦੇਵਾਂ ਜ਼ਮੀਰ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਮੈਂ ਖੇਲ ਜਾਣਾ ਬੱਚੇ ਖ਼ਾਰ ਸ਼ੀਰ, ਦੋਧੀ ਦੰਦੀ ਧਿਆਨ ਲਗਾਈਆ । ਮੇਰੀ ਸਦਾ ਸਦ ਵੱਖਰੀ ਤਦਬੀਰ, ਤਰੀਕਾ ਹੱਥ ਕਿਸੇ ਨਾ ਆਈਆ । ਮੈਂ ਲੇਖਾ ਜਾਣਾ ਗ਼ਰੀਬ ਅਮੀਰ, ਰਾਓ ਰੰਕਾਂ ਧਿਆਨ ਲਗਾਈਆ । ਮੇਰਾ ਮਾਲਕ ਖ਼ਾਲਕ ਗੁਣੀ ਗਹੀਰ, ਹਰਿ ਕਰਤਾ ਦਏ ਵਡਿਆਈਆ । ਮੈਂ ਸਦਾ ਸਦਾ ਸਦ ਦੀਨ ਦੁਨੀ ਬਦਲ ਦੇਵਾਂ ਤਕਦੀਰ, ਤਕੱਬਰ ਆਪਣਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਦੇਵਣਹਾਰਾ ਧੀਰ, ਧੀਰਜ ਧਰਮ ਧਾਰ ਜਣਾਈਆ ।



✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਗਿਆਨ ਚੰਦ ਦੇ ਗ੍ਰਹਿ ✪

ਮਾਇਆ ਕਹੇ ਮੇਰਾ ਜਗਤ ਪਸਾਰਾ, ਪਸਰ ਪਸਾਰੀ ਦਿਤੀ ਵਡਿਆਈਆ । ਮੈਂ ਮੰਨ ਕੇ ਉਸ ਦਾ ਇਸ਼ਾਰਾ, ਸੇਵਾ ਕਰਾਂ ਚਾਈਂ ਚਾਈਆ ।

ਇਕੋ ਇਕ ਤੱਕ ਸਹਾਰਾ, ਸੀਸ ਕਦਮਾਂ ਕਦਮ ਝੁਕਾਈਆ । ਨਿਵ ਨਿਵ ਕਰਾਂ ਨਿਮਸਕਾਰਾ, ਡੰਡਾਵਤ ਵਿਚ ਆਪਣਾ ਆਪ ਮਿਟਾਈਆ । ਜੋ ਆਦਿ ਪੁਰਖ ਏਕੰਕਾਰਾ, ਅਕਲ ਕਲਧਾਰੀ ਬੇਪਰਵਾਹੀਆ । ਜਿਸ ਨੇ ਸ਼ੁਰੂ ਵਿਚ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੁਣਾਇਆ ਜੈਕਾਰਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਓਸ ਵੇਲੇ ਨਾ ਕੋਈ ਗੁਰੂ ਨਾ ਕੋਈ ਅਵਤਾਰਾ, ਪੈਗੰਬਰ ਨਜ਼ਰ ਕੋਇ ਨਾ ਆਈਆ । ਨਾ ਲੱਖ ਚੁਰਾਸੀ ਕੋਈ ਪਸਾਰਾ, ਖ਼ਾਲੀ ਵੰਡ ਨਾ ਕੋਇ ਰਖਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਕਾਰਾ, ਅੱਖਰ ਅੱਖਰਾਂ ਜੋੜ ਨਾ ਕੋਇ ਜੁੜਾਈਆ । ਨਾ ਕੋਈ ਸਮੁੰਦ ਸਾਗਰਾ ਨਾ ਉਜਾੜ ਪਹਾੜਾ, ਟਿੱਲਾ ਨਜ਼ਰ ਕੋਇ ਨਾ ਆਈਆ । ਨਾ ਕੋਈ ਨੌ ਖੰਡ ਸੱਤ ਦੀਪ ਅਖਾੜਾ, ਨਾ ਕੋਈ ਹਿੱਸਿਆਂ ਵੰਡ ਵੰਡਾਈਆ । ਨਾ ਕੋਈ ਲਾੜੀ ਨਾ ਕੋਈ ਲਾੜਾ, ਜਗਤ ਨਾਤਾ ਨਾ ਕੋਇ ਜੁੜਾਈਆ । ਕਿਰਪਾ ਕੀਤੀ ਮੇਰੇ ਨਿਰੰਕਾਰਾ, ਨਿਰਵੈਰ ਦਿਤੀ ਵਡਿਆਈਆ । ਮੈਨੂੰ ਬਖ਼ਸ਼ ਕੇ ਚਰਨ ਸਹਾਰਾ, ਚਰਨੋਦਕ ਜਾਮ ਪਿਆਈਆ । ਹੁਕਮ ਸੰਦੇਸ਼ਾ ਸੁਣਾਇਆ ਅਗੰਮ ਅਪਾਰਾ, ਅਲਖ ਅਗੋਚਰ ਦਿਤਾ ਜਣਾਈਆ । ਜੁਗ ਚੌਕੜੀ ਤੇਰਾ ਖੇਲ ਹੋਵੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਤੂੰ ਵੇਖਣਹਾਰਾ ਰੰਗ ਮੇਰਾ ਨਿਰੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਬੀਸਾ ਜਗਦੀਸਾ ਹਰਿ ਕਲ ਕਲਕੀ ਅਵਤਾਰਾ, ਜਨ ਭਗਤਾਂ ਦਏ ਸਹਾਰਾ, ਜਨਮ ਜਨਮ ਦੇ ਵਿਛੜੇ ਮੇਲ ਮਿਲਾਏ ਸਹਿਜ ਸੁਭਾਈਆ ।



## ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਜ਼ਿਲਾ ਜੰਮੂ ਹਰਬੰਸ ਸਿੰਘ ਦਫ਼ ਦੇ ਨਵਿਤ

੧੪੭੦ ੨੩

ਮਾਇਆ ਕਹੇ ਮੈਂ ਬੜੀ ਪਾਕ ਪਵਿਤ, ਪਤਤ ਉਧਾਰਨ ਦਿਤੀ ਵਡਿਆਈਆ । ਮੈਂ ਖੇਲ ਖੇਲਾਂ ਨਿਤ ਨਵਿਤ, ਨਿਤ ਨਿਤ ਆਪਣਾ ਵੇਸ ਵਟਾਈਆ । ਮੈਂ ਵਸਾਂ ਹਰ ਘਟ ਚਿਤ, ਗ੍ਰਿਹ ਗ੍ਰਿਹ ਡੇਰਾ ਲਾਈਆ । ਮੇਰਾ ਲੱਖ ਚੁਰਾਸੀ ਮਿਤ, ਸੱਜਣ ਸਰਬ ਅਖਵਾਈਆ । ਮੈਂ ਲੋਭੀਆਂ ਲਾਲਚੀਆਂ ਕਰਾਂ ਹਿੱਤ, ਕਾਮੀਆਂ ਆਪਣੀ ਕਾਮਨਾ ਵਿਚ ਫਸਾਈਆ । ਮੇਰਾ ਲੇਖਾ ਕੋਈ ਨਾ ਸਕੇ ਲਿਖ, ਲਿਖਣ ਤੋਂ ਬਾਹਰ ਮੇਰੀ ਵਡਿਆਈਆ । ਮੇਰੀ ਸਿਖਿਆ ਸਾਰੇ ਲੈਣ ਸਿੱਖ, ਜਿਨ੍ਹਾਂ ਨੂੰ ਲੋਭ ਲਾਲਚ ਦੀ ਪੱਟੀ ਦਿਆਂ ਪੜ੍ਹਾਈਆ । ਮੈਂ ਅੰਦਰ ਵੜ ਕੇ ਮਾਰਾਂ ਖਿੱਚ, ਹਲੂਣਾ ਦੇਣਾ ਚਾਈਂ ਚਾਈਂਆ । ਮੇਰਾ ਵਸੇਰਾ ਅਮੀਰਾਂ ਗ਼ਰੀਬਾਂ ਵਿਚ, ਵਿਚਲਾ ਭੇਵ ਦਿਆਂ ਖੁਲਾਈਆ । ਮੈਂ ਜੁਗ ਜੁਗ ਸਭ ਨੂੰ ਲਵਾਂ ਜਿੱਤ, ਹਾਰ ਵਿਚ ਕਦੇ ਨਾ ਆਈਆ । ਵਡਿਆਈ ਦੇਵੇ ਮੇਰਾ ਪਰਮੇਸ਼ਵਰ ਪਿਤ, ਪਾਰਬ੍ਰਹਮ ਪ੍ਰਭ ਹੋਏ ਸਹਾਈਆ । ਮੇਰੀ ਗੁਰ ਅਵਤਾਰ ਪੈਗ਼ੰਬਰਾਂ ਹੋਵੇ ਸੁਹੰਜਣੀ ਥਿਤ, ਵਾਰ ਘੜੀ ਪਲ ਵੱਜਦੀ ਰਹੇ ਵਧਾਈਆ । ਮੈਂ ਖੇਲ ਖਿਲਾਇਆ ਸਿਲ ਪਾਹਨ ਪੱਥਰ ਇੱਟ, ਪੂਜਾ ਜਗਤ ਵਾਲੀ ਬਣਾਈਆ । ਕਿਸੇ ਦਾ ਮਨੂਆ ਜਾਏ ਨਾ ਟਿਕ, ਇਹ ਮੇਰੀ ਬੇਪ੍ਰਵਾਹੀਆ । ਘਰ ਘਰ ਉਬਲੇ ਰਿੱਤ, ਸਾਂਤਕ ਸਤਿ ਨਾ ਕੋਇ ਕਰਾਈਆ । ਪੁਰਖ ਅਕਾਲਾ ਵਸੇ ਕਿਸੇ ਨਾ ਚਿਤ, ਚਿਤ ਠਗੋਰੀ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਪੂਰਨ ਕਰੇ ਇਛ, ਨਿਰਇਛਤ ਆਪਣੀ ਦਇਆ ਕਮਾਈਆ ।

### ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਰਾਮ ਚੰਦ ਦੇ ਗ੍ਰਿਹਿ

ਮਾਇਆ ਕਹੇ ਮੇਰਾ ਖੇਲ ਅਛਲ ਅਛੱਲਾ, ਵਲ ਛਲਧਾਰੀ ਦਿਆਂ ਸਮਝਾਈਆ । ਮੇਰਾ ਰੂਪ ਸਰੂਪ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਮੇਰਾ ਜਗਤ ਜਹਾਨ ਮਹੱਲਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਮੇਰਾ ਜ਼ਿਮੀਂ ਅਸਮਾਨਾਂ ਹੇਠ ਕੋਈ ਨਾ ਥੱਲਾ, ਜਲ ਥਲ ਮਹੀਅਲ ਆਪਣਾ ਖੇਲ ਖਿਲਾਈਆ । ਮੈਂ ਜੁਗ ਚੌਕੜੀ ਫੜਾਇਆ ਕਿਸੇ ਨਾ ਪੱਲਾ, ਪਲਕ ਵਿਚ ਆਪਣਾ ਹੁਕਮ ਵਰਤਾਈਆ । ਮੇਰਾ ਸਦਾ ਸਦ ਹੁੰਦਾ ਰਿਹਾ ਹੱਲਾ, ਚਾਰੋਂ ਕੁੰਟ ਧਿਆਨ ਲਗਾਈਆ । ਨਿਤ ਨਵਿਤ ਮੇਰਾ ਦੀਪਕ ਧਰਨੀ ਧਰਤ ਧਵਲ ਧੌਲ ਉਤੇ ਬਲਾ, ਚਾਰੋਂ ਕੁੰਟ ਕੁੰਟ ਰੁਸ਼ਨਾਈਆ । ਮੈਨੂੰ ਰਹਿਮਤ ਕੀਤੀ ਨੂਰ ਅਲਾਹੀ ਅੱਲਾ, ਆਲਮੀਨ ਦਿਤੀ ਵਡਿਆਈਆ । ਡਰ ਭਾਓ ਦਿਸੇ ਕੋਈ ਨਾ ਮੇਰੀ ਖੱਲਾ, ਖ਼ਾਲਕ ਖ਼ਲਕ ਰਿਹਾ ਜਣਾਈਆ । ਮੇਰਾ ਨਵ ਸੱਤ ਪਿਆਰ ਦਾ ਚੜ੍ਹਨ ਵਾਲਾ ਦਲਾ, ਚਾਰੋਂ ਕੁੰਟ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਮਾਇਆ ਕਹੇ ਮੇਰਾ ਅਗੰਮ ਅਗੰਮੜਾ ਭੇਖਾ, ਭੇਖਾਧਾਰੀ ਦੇਵੇ ਮਾਣ ਵਡਿਆਈਆ । ਮੇਰੀ ਸਮਝੇ ਕੋਈ ਨਾ ਰੇਖਾ, ਰਿਖੀ ਮੁਨੀ ਬੈਠਣ ਸੀਸ ਨਿਵਾਈਆ । ਮੇਰਾ ਜੁਗ ਜੁਗ ਵੱਖਰਾ ਲੇਖਾ, ਲੇਖਕ ਲਿਖ ਨਾ ਕੋਇ ਸਮਝਾਈਆ । ਮੈਂ ਸਭ ਨੂੰ ਦੇਵਾਂ ਸੰਦੇਸ਼ਾ, ਸਚ ਸਚ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਵੇ ਨਰ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਜੋ ਸਦਾ ਰਹੇ ਹਮੇਸ਼ਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਓਸ ਦਾ ਖੇਲ ਦੇਸ ਬਦੇਸਾ, ਦੋ ਜਹਾਨਾਂ ਡਗਮਗਾਈਆ । ਓਸ ਦੀ ਨਾ ਦਾਹੜੀ ਮੁੱਛ ਨਾ ਦਿਸੇ ਕੇਸਾ, ਨੂਰ ਨੁਰਾਨਾ ਡਗਮਗਾਈਆ । ਓਹ ਵੇਖੇ ਟਿੱਲੇ ਥਲ ਅਸਗਾਹ ਰੇਤਾ, ਜੰਗਲ ਜੂਹਾਂ ਖੋਜ ਖੁਜਾਈਆ । ਸਮੁੰਦ ਸਾਗਰਾਂ ਪਾਵੇ ਭੇਤਾ, ਜਲ ਜਲ ਆਪਣਾ ਪਰਦਾ ਲਾਹੀਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂਆਂ ਮੰਨਿਆ ਨੇਤਾ, ਨਿਰਗੁਣ ਨਿਰਵੈਰ ਆਪਣਾ ਰੂਪ ਬਦਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਰਖੇ ਚੇਤਾ, ਚੇਤਨ ਹੋ ਕੇ ਵੇਖ ਵਖਾਈਆ । ਜਨ ਭਗਤਾਂ ਕਰੇ ਹੇਤਾ, ਹਿਤਕਾਰੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਨਰ ਨਰੇਸ਼ਾ, ਨਰ ਹਰਿ ਇਕ ਅਖਵਾਈਆ ।

### ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕੈਂਪ ਜ਼ਿਲਾ ਜੰਮੂ ਚੰਨੋ ਦੇਵੀ ਦੇ ਗ੍ਰਿਹਿ

ਮਾਇਆ ਕਹੇ ਮੈਂ ਬਹੁ ਬਿਧ ਰੂਪੀ, ਰੂਪ ਅਨੂਪ ਮੇਰੀ ਵਡਿਆਈਆ । ਮੇਰਾ ਲੇਖਾ ਸਤਿ ਸਰੂਪੀ, ਸਤਿ ਸਤਿਵਾਦੀ ਵੰਡ ਵੰਡਾਈਆ । ਮੇਰਾ ਸ਼ਹਿਨਸ਼ਾਹ ਸ਼ਾਹੋ ਭੂਪੀ, ਸੁਲਤਾਨ ਧੁਰਦਰਗਾਹੀਆ । ਮੇਰਾ ਲੇਖਾ ਚਾਰੇ ਕੂਟੀ, ਭੱਜਾਂ ਵਾਹੋ ਦਾਹੀਆ । ਮੈਂ ਦੋ ਜਹਾਨ ਪੰਘੂੜਾ ਰਹੀ ਝੂਟੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਹੁਲਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਬੇਪ੍ਰਵਾਹੀਆ । ਮਾਇਆ ਕਹੇ ਮੈਂ ਸਦਾ ਰਹਿੰਦੀ ਚੁਪ, ਮੁਖ ਬਚਨ ਨਾ ਕੋਇ ਸੁਣਾਈਆ । ਕਲਜੁਗ ਅੰਤ ਵੇਖਾਂ ਅੰਧੇਰਾ ਘੁਪ, ਨਵ ਸੱਤ ਨੈਣ ਉਠਾਈਆ ।

ਸਤਿ ਧਰਮ ਦਾ ਦਿਸੇ ਕੋਈ ਨਾ ਸੁਤ, ਅਪਰਾਧੀ ਹੋਏ ਲੋਕਾਈਆ । ਲੇਖਾ ਜਾਣਾ ਅਬਿਨਾਸ਼ੀ ਅਚੁਤ, ਕੀ ਚੇਤਨ ਆਪਣਾ ਹੁਕਮ ਵਰਤਾਈਆ । ਕਿਸ ਬਿਧ ਕੂੜ ਕੁੜਿਆਰੀ ਮੌਲੇ ਰੁਤ, ਫਲ ਫੁੱਲ ਜੂਠ ਝੂਠ ਨਾਲ ਮਿਲਾਈਆ । ਮੈਂ ਵੇਖ ਕੇ ਹੋਵਾਂ ਖ਼ੁਸ਼, ਖ਼ੁਸ਼ੀਆਂ ਦੇ ਢੋਲੇ ਗਾਈਆ । ਧਰਨੀ ਧਰਤ ਧਵਲ ਧੌਲ ਆਪਣਾ ਰੋਵੇ ਦੁੱਖ, ਦੁਖੀ ਹੋ ਕੇ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਮਾਇਆ ਕਹੇ ਮੈਂ ਮੁਖੋਂ ਕਦੇ ਨਾ ਬੋਲੀ, ਅਨਬੋਲਤ ਦਿਤੀ ਵਡਿਆਈਆ । ਮੇਰੀ ਆਸ਼ਾ ਮੇਰੀ ਢੋਲੀ, ਜਗਤ ਜਹਾਨ ਕਰੇ ਰੁਸ਼ਨਾਈਆ । ਮੇਰੀ ਤ੍ਰਿਸ਼ਨਾ ਮੇਰੀ ਗੋਲੀ, ਜੁਗ ਜੁਗ ਸੇਵ ਕਮਾਈਆ । ਮੇਰੀ ਮਨਸਾ ਮੇਰੀ ਹੋਲੀ, ਲਾਲ ਰੰਗ ਦਏ ਚੜ੍ਹਾਈਆ । ਮੇਰੀ ਖ਼ਾਹਿਸ਼ ਬਣੇ ਤੋਲੀ, ਲੱਖ ਚੁਰਾਸੀ ਤੋਲ ਤੁਲਾਈਆ । ਮੇਰੀ ਕਲਪਣਾ ਹੋਵੇ ਡੋਲੀ, ਜੀਵਾਂ ਜੰਤਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਮਾਂਗਤ ਮੰਗ ਮੰਗਾਈਆ । ਮਾਇਆ ਕਹੇ ਮੈਂ ਮੁਖੋਂ ਕੁਛ ਨਾ ਕਹਿੰਦੀ, ਕਹਿਣ ਨਾ ਕਿਛ ਜਣਾਈਆ । ਮੈਂ ਮੰਦਰ ਕਿਸੇ ਨਾ ਬਹਿੰਦੀ, ਆਸਣ ਜਗਤ ਨਾ ਕੋਇ ਵਿਛਾਈਆ । ਮੇਰੀ ਕਲਾ ਹੋਵੇ ਨਾ ਢਹਿੰਦੀ, ਚਾਰੋਂ ਕੁੰਟ ਲਵਾਂ ਅੰਗੜਾਈਆ । ਮੈਂ ਖੇਲ ਖੇਲਣਾ ਸਦੀ ਚੌਧਵੀਂ ਦਿਸ਼ਾ ਲਹਿੰਦੀ, ਲਹਿਣੇ ਦੇਣੇ ਮੁਹੰਮਦ ਪੂਰ ਕਰਾਈਆ । ਆਪਣੀ ਹੱਥੀਂ ਲਾ ਕੇ ਮਹਿੰਦੀ, ਸਗਨ ਜਗਤ ਧਾਰ ਰਖਾਈਆ । ਕਿਆਮਤ ਦੀ ਧਾਰ ਵੇਖਾਂ ਵਹਿੰਦੀ, ਸ਼ਾਮਤ ਦੀਨ ਦੁਨੀ ਸਮਝਾਈਆ । ਉਮਤ ਇਕ ਦੂਜੇ ਨਾਲ ਖਹਿੰਦੀ, ਖ਼ਾਹਮਖ਼ਾਹ ਦਿਆਂ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਭਾਣਾ ਆਦਿ ਜੁਗਾਦਿ ਜੁਗ ਚੌਕੜੀ ਸਹਿੰਦੀ, ਭਾਣੇ ਅੰਦਰ ਭਾਵੀ ਜਗਤ ਜੁਗਤ ਵਰਤਾਈਆ ।



੧੪੧੨ ੨੩

### ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕਲਾਂ ਸੋਭਾ ਸਿੰਘ ਦੇ ਗ੍ਰਿਹ ਜ਼ਿਲਾ ਜੰਮੂ

ਮਾਇਆ ਕਹੇ ਮੈਂ ਸ਼ਬਦ ਗੁਰੂ ਦੀ ਚੇਲੀ, ਜੋ ਚਿੱਲਾ ਤੀਰ ਕਮਾਨ ਇਕ ਰਖਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਚਾ ਬੇਲੀ, ਬੇਲੇ ਜੰਗਲਾਂ ਜੂਹਾਂ ਉਜਾੜ ਪਹਾੜਾਂ ਹੋਏ ਸਹਾਈਆ । ਜੋ ਸਤਿਜੁਗ ਤਰੇਤਾ ਦੁਆਪਰ ਕਲਜੁਗ ਮੇਲ ਰਿਹਾ ਮੇਲੀ, ਮਿਲ ਮਿਲ ਆਪਣਾ ਰੰਗ ਰੰਗਾਈਆ । ਮੈਨੂੰ ਕਦੇ ਹੋਣ ਨਾ ਦੇਵੇ ਵੇਹਲੀ, ਸੇਵਾ ਵਿਚੋਂ ਸੇਵਾ ਦਏ ਸਮਝਾਈਆ । ਜਿਸ ਮੇਰੀ ਬਣਨ ਨਹੀਂ ਦਿਤੀ ਅਵਰ ਕੋਈ ਸਹੇਲੀ, ਸਾਜਣ ਰੰਗ ਨਾ ਕੋਇ ਵਖਾਈਆ । ਮੈਂ ਵਸਾਂ ਧਾਮ ਨਵੇਲੀ, ਬਿਨ ਛੱਪਰ ਛੰਨ ਡੇਰਾ ਲਾਈਆ । ਮੈਂ ਸਦਾ ਰਹਾਂ ਅਕੇਲੀ, ਅਕਲ ਕਲਧਾਰੀ ਓਟ ਤਕਾਈਆ । ਮੈਂ ਜੋਬਨਵੰਤੀ ਅਲਬੇਲੀ, ਸੋਹਣਾ ਰੂਪ ਰਖਾਈਆ । ਮੇਰੀ ਖੇਲ ਵਿਸ਼ਨ ਬ੍ਰਹਮਾ ਸ਼ਿਵ ਖੇਲੀ, ਅਵਤਾਰ ਪੈਗ਼ੰਬਰ ਗੁਰ ਆਪਣੀ ਖ਼ੁਸ਼ੀ ਬਣਾਈਆ । ਮੈਂ ਸ਼ਾਹ ਸੁਲਤਾਨਾਂ ਘੱਲਾਂ ਜੇਲੀ, ਲੱਖ ਚੁਰਾਸੀ ਰਾਏ ਧਰਮ ਹੱਥ ਫੜਾਈਆ । ਕਿਸੇ ਦੀ ਕੀਮਤ ਰਹਿਣ ਨਾ ਦੇਵਾਂ ਪੈਸਾ ਧੇਲੀ, ਬਿਨ ਟਕਿਆਂ ਦਿਆਂ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਮੇਰਾ ਰੰਗ ਵਖਾਈਆ । ਮਾਇਆ ਕਹੇ ਮੇਰਾ ਵਸੇ ਇਕ ਮਹੱਲਾ, ਮਹਿਫ਼ਲ ਅਵਰ ਨਾ ਕੋਇ ਲਗਾਈਆ । ਮੇਰਾ ਸਤਿ ਸਰੂਪ ਇਕੱਲਾ, ਬੈਠਾ ਸੋਭਾ ਪਾਈਆ । ਜਿਸ ਦਾ ਨਾ ਉਪਰ

ਨਾ ਥੱਲਾ, ਮਧ ਨਜ਼ਰ ਕਿਸੇ ਨਾ ਆਈਆ । ਜਿਥੇ ਵਕਤ ਨਾ ਘੜੀ ਨਾ ਪਲਾ, ਦਿਵਸ ਰੈਣ ਗਣਤ ਨਾ ਕੋਇ ਗਿਣਾਈਆ । ਮੇਰਾ ਧਾਮ ਸਦਾ ਅਟੱਲਾ, ਅਚਲ ਸੋਭਾ ਪਾਈਆ । ਜੋ ਬਾਹਰ ਜਲਾ ਥਲਾ, ਅਸਗਾਹਾਂ ਨਜ਼ਰ ਕੋਇ ਨਾ ਆਈਆ । ਮੈਂ ਸਚ ਸੰਦੇਸ਼ਾ ਜੁਗ ਜੁਗ ਸਭ ਨੂੰ ਘੱਲਾ, ਸੁਨੇਹੁੜਾ ਦੇਵਾਂ ਥਾਉਂ ਥਾਈਂਆ । ਸਦੀ ਚੌਧਵੀਂ ਅੰਤਮ ਮੇਰਾ ਲੇਖਾ ਨਾਲ ਰਾਣੀ ਅੱਲਾ, ਅੱਲਾ ਬੇਪ੍ਰਵਾਹ ਦਏ ਵਡਿਆਈਆ । ਮੈਂ ਅਮਾਮ ਅਮਾਮਾ ਸ਼ਾਹ ਸੁਲਤਾਨ ਦਾ ਦਰ ਮੱਲਾ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਉਠਾਈਆ । ਮਾਇਆ ਕਹੇ ਮੈਂ ਕਦੀ ਨਾ ਪਵਾਂ ਸੋਚੀ, ਸੋਚ ਵਿਚ ਕਦੇ ਨਾ ਆਈਆ । ਮੈਂ ਜਗਤ ਤ੍ਰਿਸ਼ਨਾ ਕਦੇ ਨਾ ਲੋਚੀ, ਲੋਚਣ ਨੈਣ ਨਾ ਕੋਇ ਖੁਲਾਈਆ । ਮੈਨੂੰ ਇਕ ਗੱਲ ਯਾਦ ਆਉਂਦੀ ਰਵਦਾਸ ਚਮਾਰੇ ਵਾਲੀ ਮੋਚੀ, ਜੋ ਬਿਨ ਅੱਖਰਾਂ ਗਿਆ ਸਮਝਾਈਆ । ਕਲਜੁਗ ਅੰਤ ਤੂੰ ਸੁਣਨਾ ਇਕ ਸਲੋਕੀ, ਸੋਹਲਾ ਧੁਰਦਰਗਾਹੀਆ । ਜਿਸ ਨੂੰ ਵਾਚਣ ਚੌਦਾਂ ਲੋਕੀ, ਚੌਦਾਂ ਤਬਕ ਅੱਖ ਉਠਾਈਆ । ਉਸ ਨੂੰ ਸਕੇ ਕੋਈ ਨਾ ਰੋਕੀ, ਰੁਕਾਵਟ ਵਿਚ ਕਦੇ ਨਾ ਆਈਆ । ਜਿਸ ਨੂੰ ਲੱਭਦੇ ਕੋਟਨ ਕੋਟੀ, ਉਹ ਦਾਤਾ ਬੇਪ੍ਰਵਾਹੀਆ । ਉਸ ਦੀ ਖੇਲ ਅਗੰਮੀ ਛੋਟੀ, ਲੱਖ ਚੁਰਾਸੀ ਨਾਲ ਖਿਲਾਈਆ । ਦੀਨ ਦੁਨੀਆ ਹੋਵੇ ਬੋਟੀ ਬੋਟੀ, ਧਰਮ ਦਾ ਰੰਗ ਨਾ ਕੋਇ ਰੰਗਾਈਆ । ਸਭ ਦੀ ਖ਼ਾਲੀ ਕਰੇ ਲੁਟੀਆ ਲੋਟੀ, ਅੰਮ੍ਰਿਤ ਜਲ ਨਾ ਕੋਇ ਭਰਾਈਆ । ਸ਼ਾਹ ਸੁਲਤਾਨਾਂ ਮਤ ਹੋਵੇ ਹੋਛੀ, ਧੀਰਜ ਧੀਰ ਨਾ ਕੋਇ ਧਰਾਈਆ । ਕੂੜ ਕੁੜਿਆਰ ਨਾਲ ਸਭ ਨੂੰ ਕਰਾਂ ਦੋਸ਼ੀ, ਨਿਰਦੋਸ਼ੀ ਆਪਣਾ ਹੁਕਮ ਵਰਤਾਈਆ । ਮੈਂ ਖੇਲ ਵੇਖਾਂ ਬਣ ਖ਼ਾਮੋਸ਼ੀ, ਮੁਖ ਬਚਨ ਨਾ ਕੋਇ ਸੁਣਾਈਆ । ਚਾਰੋਂ ਕੁੰਟ ਇਕੋ ਪੁਰਖ ਅਕਾਲ ਦੀ ਜਗੇ ਜੋਤੀ, ਜੋਤੀ ਜਾਤਾ ਨਜ਼ਰੀ ਆਈਆ । ਆਤਮ ਧਾਰ ਜਿਸ ਦਾ ਗੋਤੀ, ਪਰਮਾਤਮ ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਦ੍ਰਿਸ਼ਟ ਉਠਾਏ ਸੋਤੀ, ਆਲਸ ਨਿੰਦਰਾ ਵਿਚ ਸੋਇਆ ਰਹਿਣ ਕੋਇ ਨਾ ਪਾਈਆ ।

## ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕਲਾਂ ਈਸ਼ਰ ਦਾਸ ਦੇ ਗ੍ਰਿਹਿ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਸਦਾ ਸਦਾ ਬੜੀ ਚਟਕ, ਚੇਟਕ ਵਿਚ ਰਖਾਂ ਲੋਕਾਈਆ । ਸ੍ਰਿਸ਼ਟੀ ਤ੍ਰਿਸ਼ਨਾ ਵਿਚ ਰਹੀ ਭਟਕ, ਭਟਕਣਾ ਵਿਚ ਭਟਕਾਈਆ । ਮੇਰਾ ਖੇਲ ਪਾਰ ਅਟਕ, ਅਟਕ ਅਟਕ ਕੇ ਦਿਆਂ ਜਣਾਈਆ । ਧੁਰ ਦੇ ਹੁਕਮ ਦਾ ਚੜ੍ਹਨਾ ਕਟਕ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਹਲੂਣਾ ਦੇਣਾ ਅਫ਼ਰੀਦੀ ਖਟਕ, ਸੁੱਤਿਆਂ ਲਵਾਂ ਉਠਾਈਆ । ਲਹਿਣਾ ਪੂਰਾ ਕਰਨਾ ਬਲ ਵਾਲਾ ਬਲਖ, ਆਪਣੀ ਕਾਰ ਭੁਗਤਾਈਆ । ਸ਼ਾਹ ਅਫ਼ਗਾਨਾ ਹੋਵੇ ਤਲਖ, ਤਲਖੀ ਵਿਚ ਦੁਹਾਈਆ । ਫੇਰ ਅਗੇ ਜਗਾਵਾਂ ਅਲਖ, ਅਰਬੀਆਂ ਲਵਾਂ ਉਠਾਈਆ । ਫੇਰ ਮਾਤਲੋਕ ਹੋ ਪ੍ਰਤੱਖ, ਮੂਸਾ ਈਸਾ ਦਿਆਂ ਜਗਾਈਆ । ਫੇਰ ਖੇਲ ਕਰ ਕੇ ਵੱਖ ਵੱਖ, ਦੋ ਧੜ ਦਿਆਂ ਕਰਾਈਆ । ਫੇਰ ਸਭ ਦੇ ਸਾੜ ਕੇ ਕੱਖ, ਅਗਨੀ ਅੱਗ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਹੋਏ ਆਪ ਸਹਾਈਆ । ਮਾਇਆ ਕਹੇ ਮੈਂ ਆਦਿ ਜੁਗਾਦਿ

੧੪੧੩
੨੩

ਸ਼ੌਕੀਨ, ਆਪਣਾ ਰੂਪ ਆਪ ਪ੍ਰਗਟਾਈਆ । ਮੇਰਾ ਇਕ ਦੇ ਉਤੇ ਯਕੀਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਮੇਰਾ ਮਾਰਗ ਜਗਤ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਜੁਗ ਜੁਗ ਕਰਾਂ ਤਰਮੀਮ, ਅਦਲੀ ਬਦਲੀ ਵੇਖਾਂ ਖ਼ਲਕ ਖ਼ੁਦਾਈਆ । ਮੇਰੀ ਹੋਣ ਵਾਲੀ ਤਕਸੀਮ, ਸੋਹਣੀ ਵੰਡ ਵੰਡਾਈਆ । ਮੈਂ ਲੇਖੇ ਲਾਉਣਾ ਡੰਡਾ ਮੀਮ, ਨੁਕਤਾ ਨੂਨ ਨਾਲ ਮਿਲਾਈਆ । ਮੈਂ ਹੋਣਾ ਨਹੀਂ ਕਿਸੇ ਅਧੀਨ, ਸੀਸ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਜਾਣੇ ਜੁਗ ਜੁਗਾ ਪ੍ਰਾਚੀਨ, ਪੁਰਾਤਨ ਲਹਿਣਾ ਆਪਣੇ ਨਾਲ ਰਖਾਈਆ ।

## ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕਲਾਂ ਜ਼ਿਲਾ ਜੰਮੂ ਲਛਮਣ ਸਿੰਘ ਦੇ ਗ੍ਰਿਹ ਬਾਹਰ ਵਿਹੜੇ ਵਿਚ ✪

ਮਾਇਆ ਕਹੇ ਜਨ ਭਗਤੋ ਪੈਂਦੀਆਂ ਰਾਸਾਂ, ਰਸਤੇ ਦੋ ਜਹਾਨ ਸੋਭਾ ਪਾਈਆ । ਸਭ ਦੀਆਂ ਪੂਰੀਆਂ ਹੋਵਣ ਆਸਾਂ, ਤ੍ਰਿਸ਼ਨਾ ਨਾਲ ਮਿਲਾਈਆ । ਧਰਨੀ ਉਤੇ ਮੈਨੂੰ ਦਿਸਦੀਆਂ ਲਾਸ਼ਾਂ, ਲਛਮੀ ਚਰਨਾਂ ਨਾਲ ਠੁਕਰਾਈਆ । ਕੀ ਮੈਂ ਖੋਲ ਕੇ ਦੱਸਾਂ ਖੁਲਾਸਾ, ਖੁਲ੍ਹੀ ਮੇਂਢੀ ਸੀਸ ਦੁਹਾਈਆ । ਨਵ ਸੱਤ ਦਿਸੇ ਉਦਾਸਾ, ਚਾਰ ਕੁੰਟ ਧੀਰ ਨਾ ਕੋਇ ਧਰਾਈਆ । ਮੇਰਾ ਮਹਿਬੂਬ ਬਦਲਣ ਵਾਲਾ ਪਾਸਾ, ਸਾਰ ਪਾਸ਼ਾ ਆਪਣੀ ਖੇਲ ਖਿਲਾਈਆ । ਮੈਨੂੰ ਵੇਖ ਵੇਖ ਖ਼ੁਸ਼ੀਆਂ ਦਾ ਆਵੇ ਹਾਸਾ, ਹੱਸ ਹੱਸ ਖ਼ੁਸ਼ੀ ਬਣਾਈਆ । ਮੈਂ ਖੇਲ ਤੱਕਾਂ ਓਸ ਪੁਰਖ ਅਬਿਨਾਸ਼ਾ, ਜੋ ਕਰਤਾ ਧੁਰਦਰਗਾਹੀਆ ।

ਜੋ ਜਨ ਭਗਤਾਂ ਦੇਵਣ ਆਇਆ ਭਰਵਾਸਾ, ਭਾਂਡਾ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਾਇਆ ਕਹੇ ਮੈਂ ਹਰਿਜਨ ਵੇਖੇ ਨੱਚਦੇ, ਸਚਖੰਡ ਸਾਚੇ ਨਜ਼ਰੀ ਆਈਆ । ਕੀ ਹੋਇਆ ਜੇ ਜਗਤ ਕਾਇਆ ਮਾਟੀ ਭਾਂਡੇ ਕੱਚ ਦੇ, ਤਤਵ ਤਤ ਨਾਲ ਵਡਿਆਈਆ । ਉਹ ਆਤਮ ਪਰਮਾਤਮ ਰੂਪ ਪ੍ਰਭੂ ਸਚ ਦੇ, ਸਚ ਸਚ ਨਾਲ ਮਿਲਾਈਆ । ਉਹ ਉਸ ਘਰਾਣੇ ਵਸਦੇ, ਜਿਥੇ ਵਸੇ ਬੇਪਰਵਾਹੀਆ । ਜਿਥੇ ਇਸ਼ਾਰੇ ਨਹੀਂ ਕਿਸੇ ਅੱਖ ਦੇ, ਸੈਨਤ ਜਗਤ ਨਾ ਕੋਇ ਸਮਝਾਈਆ । ਸਦ ਦਰਸ਼ਨ ਹੋਣ ਪ੍ਰਤੱਖ ਦੇ, ਸਨਮੁਖ ਸੋਭਾ ਪਾਈਆ । ਜਿਸ ਦੇ ਡੇਰੇ ਨਹੀਂ ਕੋਈ ਵੱਖ ਦੇ, ਵੱਖਰੀ ਵੰਡ ਨਾ ਕੋਇ ਵੰਡਾਈਆ । ਜਦੋਂ ਚਾਹੇ ਜਨ ਭਗਤਾਂ ਸਿਰ ਉਤੇ ਹੱਥ ਰਖ ਦਏ, ਰਖਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਾਇਆ ਕਹੇ ਮੈਂ ਵੇਖੇ ਹਰਿਜਨ ਤਰਦੇ, ਹਰਿ ਕਰਤਾ ਆਪ ਤਰਾਈਆ । ਜੋ ਇਕ ਵਾਰ ਬਣ ਗਏ ਇਸ ਦੇ ਬਰਦੇ, ਬੰਦੀਖ਼ਾਨਿਉਂ ਦਏ ਕਢਾਈਆ । ਜਿਨ੍ਹਾਂ ਲਹਿੰਦਿਉਂ ਜਾਣਾ ਚੜ੍ਹਦੇ, ਚੜ੍ਹਦੀ ਦਿਸ਼ਾ ਵੰਡ ਨਾ ਕੋਇ ਵੰਡਾਈਆ । ਗੜ੍ਹ ਤੋੜ ਹੰਕਾਰੀ ਮੜ੍ਹ ਦੇ, ਮੜ੍ਹੀ ਗੋਰਾਂ ਫੋਲ ਫੁਲਾਈਆ । ਰਸਨਾ ਜਿਹਵਾ ਜੀਵਾਂ ਜੰਤਾਂ ਢੋਲੇ ਵੇਖੇ ਪੜ੍ਹਦੇ, ਕੀ ਅੱਖਰਾਂ ਨਾਲ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਰਖਾਈਆ । ਮਾਇਆ ਕਹੇ ਜਨ ਭਗਤੋ ਤੁਹਾਡੀ ਆਸਾ ਪੁੰਨੀ, ਪੂਰਨ ਸਤਿਗੁਰ ਦਏ ਦ੍ਰਿੜਾਈਆ । ਤੁਹਾਡਾ ਮਾਲਕ ਕੁਨ ਕੁਨੀ, ਕਾਇਨਾਤ ਦਾ ਰਹਿਬਰ ਇਕ ਅਖਵਾਈਆ । ਜਿਸ ਨੇ ਲੱਖ ਚੁਰਾਸੀ ਕੱਟਣੀ ਜੂਨੀ, ਰਾਏ ਧਰਮ ਦਾ ਫੰਦ ਕਟਾਈਆ ।

ਉਹ ਸਭ ਤੋਂ ਵੱਡਾ ਕਾਨੂੰਨੀ, ਕਾਇਦਾ ਆਪਣੇ ਹੱਥ ਰਖਾਈਆ । ਤੁਹਾਡਾ ਮੇਟ ਕੇ ਪਿਆਰ ਬੇਰੂਨੀ, ਅੰਤਰ ਆਪਣੀ ਲਿਵ ਲਗਾਈਆ । ਤੁਸੀਂ ਬੱਚੇ ਜਗਤ ਮਾਸੂਮੀ, ਬਾਲੇ ਨੰਨ੍ਹੇ ਗੋਦ ਉਠਾਈਆ । ਏਥੇ ਓਥੇ ਦੋ ਜਹਾਨਾਂ ਤੁਹਾਡੇ ਮਸਤਕ ਰਿਹਾ ਚੁੰਮੀ, ਚਰਨ ਕਵਲ ਧੂੜ ਮਸਤਕ ਦਏ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਲਹਿਣੇ ਦੇਣੇ ਆਪੇ ਰਿਹਾ ਵਸੂਲੀ, ਦੂਸਰ ਸੰਗ ਨਾ ਕੋਇ ਰਖਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਨੌਂ ਸੇਈ ਕਲਾਂ ਜ਼ਿਲਾ ਜੰਮੂ ਲਛਮਣ ਸਿੰਘ ਦੇ ਗ੍ਰਿਹਿ ਰਾਤ ਨੂੰ ✪

ਮਾਇਆ ਕਹੇ ਮੈਂ ਦੀਨ ਦੁਨੀਆ ਕੀਤੀ ਲੋਭੀ, ਲੋਭ ਲਾਲਚ ਵਿਚ ਹਲਕਾਈਆ । ਦੁਰਮਤ ਮੈਲ ਧੋਏ ਕੋਈ ਨਾ ਧੋਬੀ, ਪਾਪਾਂ ਦਾਗ਼ ਨਾ ਕੋਇ ਮਿਟਾਈਆ । ਹਉਮੇ ਮੇਟੇ ਕੋਈ ਨਾ ਰੋਗੀ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਪ੍ਰਭੂ ਦਾ ਮੇਲ ਨਾ ਹੋਏ ਸੰਜੋਗੀ, ਵਿਛੜਿਆਂ ਸੰਗ ਨਾ ਕੋਇ ਰਲਾਈਆ । ਧਰਮ ਦਾ ਰਹਿਣ ਦਿਤਾ ਨਹੀਂ ਕੋਈ ਜੋਗੀ, ਜੁਗੀਸ਼ਰਾਂ ਚਲੇ ਨਾ ਕੋਇ ਚਤੁਰਾਈਆ । ਸਭ ਦੀ ਬੁੱਧੀ ਹੋਈ ਕੋੜੀ, ਬਿਬੇਕੀ ਨਜ਼ਰ ਕੋਇ ਨਾ ਆਈਆ । ਜਗਤ ਵਾਸ਼ਨਾ ਸ੍ਰਿਸ਼ਟੀ ਹੋਈ ਭੋਗੀ, ਭਸਮੜ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਰੰਗ ਆਪ ਰੰਗਾਈਆ । ਮਾਇਆ ਕਹੇ ਮੈਂ ਘਰ ਘਰ ਪਾਈਆਂ ਵੰਡਾਂ, ਵੰਡੀ ਖ਼ਲਕ ਖ਼ੁਦਾਈਆ । ਮੈਂ ਮਮਤਾ ਦੀਆਂ ਬੱਧੀਆਂ ਪੰਡਾਂ, ਜਗਤ ਜਹਾਨ ਸੀਸ ਟਿਕਾਈਆ । ਕੂੜ ਕੁੜਿਆਰ ਦੀਆਂ ਵਖਾਈਆਂ ਗੰਢਾਂ, ਚਾਰੋਂ ਕੁੰਟ ਨੈਣ ਤਕਾਈਆ । ਨਾਲੇ ਖੇਲ ਦੱਸਿਆ ਕਲਜੁਗ ਅੰਤਮ ਕੰਢਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਮਾਇਆ ਕਹੇ ਮੇਰਾ ਖੇਲ ਇਕ ਅਪਾਰਾ, ਅਪਰ ਅਪਾਰ ਦਿਆਂ ਜਣਾਈਆ । ਮੇਰਾ ਦੀਨ ਦੁਨੀ ਲਲਕਾਰਾ, ਕੂਕ ਕੂਕ ਸੁਣਾਈਆ । ਸਭ ਦਾ ਦਿਸੇ ਅੰਤ ਕਿਨਾਰਾ, ਜਗਤ ਜਹਾਨ ਪੰਧ ਮੁਕਾਈਆ । ਜੋ ਸਭ ਨੂੰ ਦੇਂਦਾ ਗਿਆ ਲਾਰਾ, ਇਸ਼ਾਰੇ ਸੈਨਤਾਂ ਨਾਲ ਦ੍ਰਿੜਾਈਆ । ਓਹ ਆ ਗਿਆ ਚੌਬੀਸਾ ਅਵਤਾਰਾ, ਅਵਤਰੀ ਆਪਣਾ ਰੂਪ ਬਦਲਾਈਆ । ਰੂਪ ਰੰਗ ਰੇਖ ਨਾ ਦਿਸੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਆਪਣੀ ਧਾਰੋਂ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਹੁਕਮ ਸੰਦੇਸਾ ਮਿਲਣਾ ਫੇਰ ਦੁਬਾਰਾ, ਦੋਹਰੀ ਧਾਰ ਪ੍ਰਗਟਾਈਆ । ਝਗੜਾ ਛੇੜੇ ਵਿਚੋਂ ਕਾਹਿਰਾ, ਕਹਿਰ ਗ਼ਾਜ਼ੀਆਂ ਲਏ ਉਠਾਈਆ । ਮਾਇਆ ਕਹੇ ਕੋਈ ਰਹੇ ਨਾ ਦੁਨੀਆਦਾਰ ਬਾਹਿਰਾ, ਸਭ ਨੂੰ ਦਿਆਂ ਸੁਣਾਈਆ । ਮੇਰਾ ਖ਼ੁਸ਼ੀਆਂ ਵਾਲਾ ਮੁਸ਼ਾਇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਆਪ ਦ੍ਰਿੜਾਈਆ । ਮਾਇਆ ਕਹੇ ਮੈਂ ਨਿਗਾਹ ਮਾਰਾਂ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਕੀ ਖੇਲ ਕਰੇ ਮੇਰਾ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਸਾਰੇ ਮੰਗਦੇ ਬੂੰਦ ਸਵਾਂਤੀ, ਅੰਮ੍ਰਿਤ ਰਸ ਧਿਆਨ ਲਗਾਈਆ । ਉਹ ਕਿਸ ਬਿਧ ਮੇਟੇ ਕਲਜੁਗ ਅੰਧੇਰੀ ਰਾਤੀ, ਰੁਤੜੀ ਆਪਣੇ ਹੁਕਮ ਵਰਤਾਈਆ । ਮੈਨੂੰ


੧੪੧੫ ੨੩

ਸਦੀ ਚੌਧਵੀਂ ਮੁਸ਼ਕਲ ਦਿਸਦੀ ਘਾਟੀ, ਮੰਜ਼ਲ ਪੰਧ ਆਪਣੀ ਬੈਠੀ ਡੇਰਾ ਲਾਈਆ । ਚਾਰ ਯਾਰੀ ਹੱਥ ਮਾਰਦੀ ਉਤੇ ਛਾਤੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਸਾਰੇ ਵੇਖਣ ਆਪੋ ਆਪਣੀ ਜ਼ਾਤੀ, ਪੈਗ਼ੰਬਰ ਅਵਤਾਰ ਅੱਖ ਉਠਾਈਆ । ਅਸੀਂ ਸਦੀ ਚੌਧਵੀਂ ਵੀਹਵੀਂ ਸਦੀ ਦੇ ਸਾਰੇ ਅਲਾਟੀ, ਢਈਏ ਦਾ ਪੰਧ ਸਮਝੇ ਕੋਇ ਨਾ ਰਾਈਆ । ਵੇਦ ਵਿਆਸ ਵੇਖੇ ਬਹਿ ਕੇ ਉਤੇ ਖਟੀਆ ਖਾਟੀ, ਬ੍ਰਹਿਮਣ ਗੌੜੇ ਵੱਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਇਕ ਪ੍ਰਗਟਾਈਆ । ਮਾਇਆ ਕਹੇ ਮੈਂ ਜੁਗ ਜੁਗ ਵਿਛੁੰਨੀ, ਵਿਛੜੀ ਨਜ਼ਰ ਕੋਇ ਨਾ ਆਈਆ । ਮੈਂ ਓਸ ਪ੍ਰਭੂ ਦੀ ਲਾਡਲੀ ਮੁੰਨੀ, ਜੋ ਮੁੰਨ ਸੁੰਨ ਤੋਂ ਬਾਹਰ ਡੇਰਾ ਲਾਈਆ । ਮੇਰੇ ਸੀਸ ਓਢਣ ਦਿਸੇ ਕੋਇ ਨਾ ਚੁੰਨੀ, ਪਰਦਾ ਸਕੇ ਨਾ ਕੋਇ ਵਖਾਈਆ । ਮੇਰਾ ਲੇਖਾ ਜਾਣੇ ਨਾ ਕੋਇ ਗੁੰਨ ਗੁੰਨੀ, ਵਿਦਿਆ ਵਿਚ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਮਾਇਆ ਕਹੇ ਮੈਨੂੰ ਆਇਆ ਹੁਕਮ ਨਿਰੰਕਾਰੀ, ਨਿਰਵੈਰ ਦਿਆਂ ਸੁਣਾਈਆ । ਤੂੰ ਹੋ ਜਾ ਖ਼ਬਰਦਾਰੀ, ਆਪਣੀ ਲੈ ਅੰਗੜਾਈਆ । ਤੇਰੀ ਵੇਖਣੀ ਹੁਸ਼ਿਆਰੀ, ਹੋਸ਼ ਸੰਭਲ ਕੇ ਸੰਭਲ ਵਾਲੇ ਸੀਸ ਨਿਵਾਈਆ । ਤੂੰ ਫਿਰਨਾ ਜਗਤ ਵੰਡ ਤੋਂ ਬਾਹਰੀ, ਭੱਜਣਾ ਵਾਹੋ ਦਾਹੀਆ । ਸੱਤਾਂ ਦੀਪਾਂ ਦੇਣਾ ਹੁਲਾਰੀ, ਹਲੂਣਿਆਂ ਨਾਲ ਉਠਾਈਆ । ਅਗਲੇ ਸਾਲ ਤੇਰੀ ਖੇਲ ਹੋਣੀ ਨਿਆਰੀ, ਨਿਰਗੁਣ ਨਿਰਵੈਰ ਰਿਹਾ ਜਣਾਈਆ । ਰੂਸਾ ਚੀਨਾ ਹਲੂਣੇ ਦਾਹੜੀ, ਹੁਲਾਰਿਆਂ ਨਾਲ ਉਠਾਈਆ । ਸਭ ਦੇ ਫਿਰਨਾ ਪਿਛੇ ਅਗਾੜੀ, ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਤੇਰੀ ਸ਼ਰਨਾਈਆ । ਮਾਇਆ ਕਹੇ ਪ੍ਰਭੂ ਮੈਨੂੰ ਸਚ ਦਾ ਦੱਸ ਤਰੀਕਾ, ਸਤਿ ਸਚ ਦ੍ਰਿੜਾਈਆ । ਤੇਰਾ ਖੇਲ ਨੀਕਨ ਨੀਕਾ, ਨਿਰਵੈਰ ਤੇਰੀ ਵਡ ਵਡਿਆਈਆ । ਮੈਂ ਵੇਖਾਂ ਜਗਤ ਸ਼ਰੀਕਾ, ਸ਼ਰਅ ਵਾਲੇ ਦਿਆਂ ਉਠਾਈਆ । ਮੇਰਾ ਦਿਲ ਕਰਦਾ ਸਭ ਤੋਂ ਪਹਿਲੋਂ ਹਲੂਣਾ ਦੇਵਾਂ ਅਮਰੀਕਾ, ਅਮਰ ਤੇਰਾ ਹੁਕਮ ਵਰਤਾਈਆ । ਤੂੰ ਮਾਲਕ ਜੀਵ ਜੀਅ ਕਾ, ਤੇਰਾ ਲੇਖਾ ਖ਼ਲਕ ਖ਼ੁਦਾਈਆ । ਤੂੰ ਸਵਾਮੀ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਮਾਇਆ ਕਹੇ ਮੈਂ ਖੁਲ੍ਹੜੇ ਕਰ ਲਾਂ ਕੇਸ, ਆਪਣਾ ਵੇਸ ਵਟਾਈਆ । ਜਾਵਾਂ ਮਸੀਹ ਵਾਲੇ ਦੇਸ, ਮਸਲਾ ਆਪਣਾ ਹੱਲ ਕਰਾਈਆ । ਜੋ ਇਸ਼ਾਰਾ ਦੇ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਦਿਆਂ ਦ੍ਰਿੜਾਈਆ । ਚਾਰੋਂ ਕੁੰਟ ਹੋਣਾ ਕਲੇਸ਼, ਕਲਕਾਤੀ ਆਪ ਕਰਾਈਆ । ਜੋ ਸੰਦੇਸ਼ਾ ਦੇਵੇ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਲੇਖਾ ਆਪ ਲਿਖਾਈਆ । ਮਾਇਆ ਕਹੇ ਮੇਰਾ ਰੂਪ ਬਗ ਬੱਪੜਾ, ਜਗਤ ਲਵਾਂ ਭਰਮਾਈਆ । ਮੇਰਾ ਇਰਾਦਾ ਆਦਿ ਜੁਗਾਦਿ ਪੱਕੜਾ, ਨਾ ਸਕੇ ਕੋਇ ਬਦਲਾਈਆ । ਮੈਂ ਫਿਰਾਂ ਜੰਗਲ ਜੂਹਾਂ ਵਿਚ ਰੱਕੜਾ, ਟਿੱਲੇ ਪਰਬਤਾਂ ਪੰਧ ਮੁਕਾਈਆ । ਹੱਥ ਵਿਚ ਫੜ ਕੇ ਕੂੜ ਕੁੜਿਆਰ ਦਾ ਤੱਕੜਾ, ਦੋ ਧੜ ਤੋਲਾਂ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਖੇਲ ਖਿਲਾਈਆ । ਮਾਇਆ ਕਹੇ ਮੈਂ ਖੇਲ ਕਰਾਂ ਸ਼ਤਾਬੀ, ਸਤਿ ਸਚ ਸੁਣਾਈਆ । ਮੇਰਾ ਮਿਤ੍ਰ ਪਿਆਰਾ ਅਹਿਬਾਬੀ, ਨੂਰ ਨੁਰਾਨਾ ਨੂਰ ਅਲਾਹੀਆ ।


੧੪੧੬
੨੩

ਜਿਥੇ ਨਾ ਸਵਾਲ ਨਾ ਕੋਇ ਜਵਾਬੀ, ਹੁਕਮ ਹੁਕਮ ਵਿਚੋਂ ਦ੍ਰਿੜਾਈਆ । ਮੈਂ ਉਸ ਨੂੰ ਕਰਨਾ ਰਾਜੀ, ਜੋ ਰਾਜਕ ਰਿਜ਼ਕ ਰਹੀਮ ਨੂਰ ਅਲਾਹੀਆ । ਜਿਸ ਦਾ ਅਸਵ ਅਗੰਮਾ ਤਾਜੀ, ਦੋ ਜਹਾਨ ਰਿਹਾ ਦੌੜਾਈਆ । ਉਹ ਮੈਨੂੰ ਮਾਰੇ ਆਵਾਜ਼ੀ, ਸੁੱਤੀ ਰਿਹਾ ਉਠਾਈਆ । ਚਾਰੋਂ ਕੁੰਟ ਕਰੀ ਖਰਾਬੀ, ਖੋਟੇ ਖਰੇ ਵੇਖ ਵਖਾਈਆ । ਨਾਲ ਸਿਤਾਰ ਜਣਾਏ ਰਬਾਬੀ, ਜੋ ਅਗਲੀ ਰਿਹਾ ਸੁਣਾਈਆ । ਲਹਿਣਾ ਪੂਰਾ ਕਰਨਾ ਨਾਨਕ ਵਾਲਾ ਬਗ਼ਦਾਦੀ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਦੀ ਵੇਖਣੀ ਸਰਬ ਆਬਾਦੀ, ਤਿੰਨ ਅਰਬ ਸਠ ਕਰੋੜ ਹਜ਼ਾਰਾਂ ਵਾਲੀ ਗਿਣਤੀ ਨਾਲ ਮਿਲਾਈਆ । ਨੀ ਤੂੰ ਬਣੀਂ ਨਾ ਕਿਤੇ ਕਮਲੀਏ ਪੰਜਾਬੀ, ਪੰਜਾਂ ਦਰਿਆਵਾਂ ਵਿਚ ਬਹਿ ਕੇ ਆਪਣਾ ਝਟ ਲੰਘਾਈਆ । ਤੂੰ ਫਿਰਨਾਂ ਨਾਲ ਮਜਾਜੀ, ਨੌ ਖੰਡ ਪ੍ਰਿਥਮੀ ਭੱਜਣਾ ਵਾਹੋ ਦਾਹੀਆ । ਕਿਤੇ ਲਾ ਨਾ ਬਹੀਂ ਸਮਾਧੀ, ਸੁੰਨ ਵਿਚ ਨਾ ਰੂਪ ਜਣਾਈਆ । ਦਿਵਸ ਰੈਣ ਰਹਿਣਾ ਜਾਗੀ, ਆਲਸ ਨਿੰਦਰਾ ਦੂਰ ਕਰਾਈਆ । ਤੂੰ ਕਲਜੁਗ ਜੀਵ ਵੇਖਣੇ ਕਾਗੀ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਮਾਇਆ ਕਹੇ ਮੈਨੂੰ ਹੁਕਮ ਆਇਆ ਬੇਖ਼ਬਰੀ, ਖ਼ਬਰ ਦਿਆਂ ਜਣਾਈਆ । ਮੇਰੇ ਅੰਦਰ ਆਈ ਬੇਸਬਰੀ, ਸਬੂਰੀ ਰਹਿਣ ਕੋਇ ਨਾ ਪਾਈਆ । ਮੇਰੇ ਪ੍ਰਭੂ ਦਾ ਹੁਕਮ ਵਰਤਣਾ ਜਬਰੀ, ਜਾਬਰਾਂ ਡੇਰਾ ਢਾਹੀਆ । ਜਿਹੜੀ ਉਸ ਦੀ ਹੋਈ ਬੇਕਦਰੀ, ਕਦਰ ਆਪਣਾ ਲਏ ਕਰਾਈਆ । ਜਿਸ ਦੀਨ ਦੁਨੀ ਕਰਨੀ ਪੱਧਰੀ, ਵੇਖਣਹਾਰਾ ਥਾਉਂ ਥਾਈਂਆ । ਉਹ ਖੇਲ ਖਿਲਾਵਣ ਵਾਲਾ ਗ਼ਦਰੀ, ਗਦਾਗਰ ਕਰੇ ਲੋਕਾਈਆ । ਮੈਂ ਰਹਿਣਾ ਨਹੀਂ ਅੱਡਰੀ, ਉਸੇ ਨੂੰ ਸੀਸ ਝੁਕਾਈਆ । ਜੋ ਮਿਹਰ ਕਰੇ ਨਦਰ ਨਦਰੀ, ਨਜ਼ਰ ਨਿਹਾਲ ਕਰਾਈਆ । ਮੇਰੀ ਆਸ਼ਾ ਮਨਸਾ ਪੂਰੀ ਕਰੇ ਸਧਰੀ, ਤ੍ਰਿਸ਼ਨਾ ਲੇਖੇ ਵਿਚ ਰਖਾਈਆ । ਅੰਤ ਅਖ਼ੀਰ ਬਣੇ ਅਦਲੀ, ਇਨਸਾਫ਼ ਇਕ ਦ੍ਰਿੜਾਈਆ । ਕੂੜ ਸਚ ਦੀ ਕਰੇ ਬਦਲੀ, ਬਦਲਾ ਦਏ ਚੁਕਾਈਆ । ਆਪਣੀ ਰੁਤ ਵਖਾਵੇ ਰੰਗਲੀ, ਰੰਗਤ ਇਕ ਚੜ੍ਹਾਈਆ । ਮੈਂ ਓਸੇ ਦੀ ਭਿਖਾਰਨ ਵਣਜਾਰਨ ਕੋਝੀ ਕਮਲੀ, ਜੋ ਕਵਲ ਨੈਣ ਅਖਵਾਈਆ । ਜਿਸ ਨੇ ਹੁਕਮ ਦਿਤਾ ਤਿਆਰੀ ਜੰਗ ਲਈ, ਜੰਗਲ ਜੂਹਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸੇਵਾ ਲਾਈ ਵਰਭੰਡ ਲਈ, ਵਰਭੰਡੀ ਭੰਡੀ ਪਾਵਾਂ ਚਾਈਂ ਚਾਈਂਆ ।



### ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕਲਾਂ ਜ਼ਿਲਾ ਜੰਮੂ ਕੁਲਵੰਤ ਸਿੰਘ ਦੇ ਗ੍ਰਿਹ ✪

ਮਾਇਆ ਕਹੇ ਮੇਰੀ ਖ਼ੁਸ਼ੀ ਧਾਮ ਧੂਮ ਦੀ, ਧਰਨੀ ਧਵਲ ਉਤੇ ਵਡਿਆਈਆ । ਮੈਂ ਸਦਾ ਮਸਤੀਆਂ ਦੇ ਵਿਚ ਝੂੰਮਦੀ, ਹੁਲਾਰੇ ਜਗਤ ਜਹਾਨ ਰਖਾਈਆ । ਮੈਂ ਪਿਆਰੀ ਬਣੀ ਨਹੀਂ ਕਿਸੇ ਸੂਮ ਦੀ, ਸ਼ਾਹਾਂ ਸੰਗ ਨਾ ਕਦੇ ਨਿਭਾਈਆ । ਮੈਂ ਲੁਟੇਰੀ ਨਹੀਂ ਕਿਸੇ ਹਜੂਮ ਦੀ, ਝਗੜਿਆਂ ਵਿਚ ਕਦੇ ਨਾ ਆਈਆ । ਮੇਰੀ ਖੇਲ ਨਾਮਾਲੂਮ ਦੀ, ਭੇਵ ਸਕੇ ਕੋਇ ਨਾ ਪਾਈਆ । ਮੇਰੀ ਕਰਨੀ ਦਿਸਦੀ ਨਾਲ ਸ਼ਾਹ ਰੂਮ ਦੀ, ਰੂਮਾਂ ਦਏ ਹਿਲਾਈਆ । ਮੈਂ ਵਣਜਾਰਨ ਇਲਾਹ ਵਰਤ ਭੂਮ ਦੀ, ਭੂਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਖੇਲ ਖਿਲਾਏ ਇਕ ਅਸੂਲ ਦੀ, ਅਸਲ ਆਪਣੀ ਕਾਰ ਭੁਗਤਾਈਆ ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕਲਾਂ ਜ਼ਿਲਾ ਜੰਮੂ ਸੁਰਜੀਤ ਸਿੰਘ ਦੇ ਗ੍ਰਿਹਿ ✪

ਮਾਇਆ ਕਹੇ ਮੈਂ ਚਾਰੋਂ ਕੁੰਟ ਪਾਵਾਂ ਧਮਾਲ, ਨੱਚਾਂ ਟੱਪਾਂ ਚਾਈਂ ਚਾਈਂਆ । ਮੇਰਾ ਲੇਖਾ ਖੰਡ ਕੇਤਮਾਲ, ਹਰਨ ਰਮਯ ਨਾਲ ਰਲਾਈਆ । ਕਿੰ ਪੁਰਖ ਦੀ ਕਰਾਂ ਭਾਲ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੇਰੀ ਸਮਝੇ ਕੋਇ ਨਾ ਚਾਲ, ਚਾਲ ਨਿਰਾਲੀ ਆਪਣੀ ਆਪ ਪ੍ਰਗਟਾਈਆ । ਮੇਰੀ ਝਲੇ ਕੋਇ ਨਾ ਝਾਲ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਮੈਂ ਘਰ ਘਰ ਅਗਨੀ ਦੇਣੀ ਬਾਲ, ਬਾਲੂ ਰੇਤ ਦੇਣੀ ਤਪਾਈਆ । ਕਿਸੇ ਦੀ ਕਰੇ ਨਾ ਕੋਈ ਸੰਭਾਲ, ਸੰਬਲ ਦਾ ਮਾਲਕ ਹੁਕਮ ਸੁਣਾਈਆ । ਮੈਂ ਝਗੜੇ ਤਕਣੇ ਸ਼ਾਹ ਕੰਗਾਲ, ਰਾਓ ਰੰਕਾਂ ਵੇਖ ਵਖਾਈਆ । ਮੈਂ ਧਰਮ ਦਾ ਰਹਿਣ ਦੇਣਾ ਨਹੀਂ ਕੋਈ ਦਲਾਲ, ਵਿਚੋਲਾ ਨਜ਼ਰ ਕੋਇ ਨਾ ਆਈਆ । ਮੇਰਾ ਲੇਖਾ ਹੋਵੇ ਬੇਮਿਸਾਲ, ਮਿਸਲ ਪਿਛਲੀ ਸਾਰੇ ਜਾਣ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਲ ਲਗਾਵੇ ਮੇਰੇ ਡਾਲ, ਫੁੱਲ ਖ਼ੁਸ਼ੀਆਂ ਵਾਲੇ ਮਹਿਕਾਈਆ ।



✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਸੇਈ ਕਲਾਂ ਜ਼ਿਲਾ ਜੰਮੂ ਵਜ਼ੀਰੋ ਦੇ ਗ੍ਰਿਹਿ ✪

ਮਾਇਆ ਕਹੇ ਮੈਂ ਧਰਮ ਨਾਲ ਧਰਮ ਲਗਾਵਾਂ ਟੱਕਰ, ਧਰਮ ਧਰਮ ਨਾਲ ਜਣਾਈਆ । ਮੈਂ ਸ਼ਰੀਣੀਆਂ ਵੰਡਾਂ ਗੁੜ ਸ਼ੱਕਰ, ਸ਼ਰਅ ਮੁਹੰਮਦ ਵਾਲੀ ਨਾਲ ਮਿਲਾਈਆ । ਮੈਂ ਚਾਰੋਂ ਕੁੰਟ ਮਾਰਨਾ ਚੱਕਰ, ਚੱਕਰਵਰਤੀ ਹੋ ਕੇ ਭੱਜਾਂ ਵਾਹੋ ਦਾਹੀਆ । ਮੈਂ ਜਗਤ ਉਠਾਉਣੇ ਫ਼ੱਕਰ, ਫ਼ਿਕਰੇ ਅੰਦਰੋਂ ਦੇਣੇ ਬਦਲਾਈਆ । ਸਾਰੇ ਕੂੜ ਦੇ ਤੋਲਣੇ ਤੱਕੜ, ਡੰਡੀ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਲੈਣੇ ਜਕੜ, ਗੰਢ ਸਕੇ ਨਾ ਕੋਇ ਖੁਲਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਮਕਰ, ਫ਼ਰੇਬੀਆਂ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਵੇਖੇ ਆਪਣੇ ਵਿਚੋਂ ਪੱਤਰ, ਜਿਸ ਪਤ੍ਰਕਾ ਦਾ ਲੇਖ ਨਜ਼ਰ ਕਿਸੇ ਨਾ ਆਈਆ ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗੋਕਲੇ ਚੱਕ ਜ਼ਿਲਾ ਜੰਮੂ ਸੰਤ ਰਾਮ ਦੇ ਗ੍ਰਿਹਿ ✪

ਮਾਇਆ ਕਹੇ ਮੈਂ ਕਰਨ ਵਾਲੀ ਸ਼ਤਾਬੀ, ਜਲਦੀ ਜਲਦੀ ਖੇਲ ਖਿਲਾਈਆ । ਮੇਰਾ ਹੁੰਦਾ ਅੰਤ ਹਿਸਾਬੀ, ਅੰਕੜੇ ਅੱਖਰਾਂ ਬਿਨਾ ਲਗਾਈਆ ।

੧੪੧੯
੨੩

ਹਿੰਦਸਿਆਂ ਵਾਲੀ ਨਹੀਂ ਕਿਤਾਬੀ, ਕੁਤਬਖਾਨਿਆਂ ਵਿਚ ਨਾ ਕਦੇ ਟਿਕਾਈਆ । ਮੈਂ ਆਪਣੇ ਸਾਹਿਬ ਨੂੰ ਕਰਾਂ ਰਾਜੀ, ਜੋ ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਮੈਂ ਸ਼ਰਅ ਦੇ ਮੇਟਣੇ ਕਾਜ਼ੀ, ਅਜ਼ਲ ਨੂੰ ਹੁਕਮ ਦੇਣਾ ਸੁਣਾਈਆ । ਹਉਮੇ ਦਾ ਰਹੇ ਕੋਇ ਨਾ ਗਾਜ਼ੀ, ਗਜ਼ਲ ਜਣਾਵਾਂ ਚਾਈਂ ਚਾਈਂਆ । ਮੈਨੂੰ ਪਿਛਲਾ ਲੇਖਾ ਯਾਦ ਮਾਜੀ, ਜੁਗ ਚੌਕੜੀ ਧਿਆਨ ਲਗਾਈਆ । ਧਰਨੀ ਉਤੇ ਕਾਇਮ ਨਹੀਂ ਰਹਿਣ ਦਿਤੀ ਕਿਸੇ ਦੀ ਅਰਾਜ਼ੀ, ਮਲਕੀਅਤ ਹਕ ਨਾ ਕੋਇ ਰਖਾਈਆ । ਸਦਾ ਰਹੇ ਕੋਇ ਨਾ ਮਾਜੀ, ਡੰਡਾਵਤਾਂ ਵਾਲਾ ਨਜ਼ਰ ਕੋਇ ਨਾ ਆਈਆ । ਮਜ਼੍ਹਬਾਂ ਦਾ ਰਹੇ ਕੋਇ ਨਾ ਵਾਅਜ਼ੀ, ਵਾਜ਼ਿਆ ਕਰ ਕੇ ਦਿਆਂ ਸੁਣਾਈਆ । ਮੇਰਾ ਸਾਹਿਬ ਉਲਟਾਵਣ ਵਾਲਾ ਬਾਜ਼ੀ, ਬਾਜਾਂ ਵਾਲਾ ਆਪਣੇ ਸੰਗ ਰਖਾਈਆ । ਕਲਜੁਗ ਕੂੜਾ ਰਹਿਣਾ ਨਹੀਂ ਪਾਜੀ, ਜੋ ਪਜ਼ਲ ਕਰੇ ਲੋਕਾਈਆ । ਮੇਰੀ ਇਕ ਆਵਾਜ਼ ਸੁਣ ਕੇ ਸਾਰੇ ਹੋਣ ਰਾਜੀ, ਸਚ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਮਾਇਆ ਕਹੇ ਮੈਂ ਮਮਤਾ ਦੇ ਵਿਚ ਭੱਜਾਂ, ਨੱਠਾਂ ਵਾਹੋ ਦਾਹੀਆ । ਘਰ ਘਰ ਦੇ ਵਿਚ ਸਜਾਂ, ਗ੍ਰਿਹ ਗ੍ਰਿਹ ਡੇਰਾ ਲਾਈਆ । ਜਗਤ ਜਗਿਆਸੂਆਂ ਖ਼ੂਨ ਪੀ ਪੀ ਰੱਜਾਂ, ਇਹ ਮੇਰੀ ਬੇਪਰਵਾਹੀਆ । ਕਿਸੇ ਲਾਉਣ ਨਾ ਦੇਵਾਂ ਪੱਜਾ, ਫ਼ਰੇਬ ਵੇਖਾਂ ਥਾਉਂ ਥਾਈਂਆ । ਮੇਰੇ ਪਿਆਰ ਵਿਚ ਸ਼ਾਹ ਗ਼ਰੀਬ ਹੋਵੇ ਬੱਝਾ, ਪੱਲੂ ਸਕੇ ਨਾ ਕੋਇ ਛੁਡਾਈਆ । ਮੇਰਾ ਡੌਲਾ ਫਰਕੇ ਸੱਜਾ, ਸੱਜੀ ਬਾਂਹ ਰਹੀ ਉਠਾਈਆ । ਮੈਂ ਨੌ ਖੰਡ ਪ੍ਰਿਥਮੀ ਵੇਖਣੀ ਜਗਹ, ਸੱਤਾਂ ਦੀਪਾਂ ਧਿਆਨ ਲਗਾਈਆ । ਮੈਨੂੰ ਪ੍ਰਭੂ ਦਾ ਨਜ਼ਰ ਆਵੇ ਅਸਵ ਬੱਗਾ, ਜੋ ਦੋ ਜਹਾਨਾਂ ਬਿਨ ਕਦਮਾਂ ਕਦਮ ਟਿਕਾਈਆ । ਮੈਂ ਸਭ ਦੀਆਂ ਵੇਖਣੀਆਂ ਕੱਟੀਆਂ ਲਬਾਂ, ਲਬਰੇਜ਼ ਹੋਏ ਲੋਕਾਈਆ । ਮੈਂ ਫਿਰਨਾ ਭਾਰ ਪੱਬਾ, ਅੱਡੀ ਜ਼ਿਮੀਂ ਨਾ ਕੋਇ ਛੁਹਾਈਆ । ਚਾਰੋਂ ਕੁੰਟ ਉਫ਼ ਹਾਏ ਸਭ ਨੇ ਕਹਿਣਾ ਰੱਬਾ, ਬਹੁੜੀ ਤੇਰਾ ਨਾਮ ਦੁਹਾਈਆ । ਕਿਸੇ ਨੂੰ ਪੀਣੀ ਪਏ ਨਾ ਮਧਾ, ਰਸਨਾ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਹਿਨਸ਼ਾਹ ਸੂਰਾ ਸਰਬਗਾ, ਸਰਬਗ ਆਪਣਾ ਹੁਕਮ ਵਰਤਾਈਆ ।

### ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਪ੍ਰੇਮੀ ਦੇਵੀ ਦੇ ਗ੍ਰਿਹ ਸੇਈ ਕਲਾਂ ਜੰਮੂ ✪

ਮਾਇਆ ਕਹੇ ਮੇਰਾ ਸਭ ਤੋਂ ਉੱਤਮ ਕਰਮ, ਪਰਮ ਪੁਰਖ ਦਿਤੀ ਮਾਣ ਵਡਿਆਈਆ । ਮੇਰਾ ਜਾਣੇ ਕੋਈ ਨਾ ਜਰਮ, ਜੰਮਣ ਵਾਲੀ ਦਿਸੇ ਕੋਇ ਨਾ ਮਾਈਆ । ਮੇਰਾ ਵੇਖੇ ਕੋਈ ਨਾ ਬ੍ਰਹਮ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਮੇਰਾ ਜਗਿਆਸੂਆਂ ਵਾਲਾ ਨਹੀਂ ਕੋਈ ਭਰਮ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਮੈਂ ਪੂਜਾਂ ਕਿਸੇ ਨਾ ਚਰਨ, ਚਰਨੋਦਕ ਮੁਖ ਨਾ ਕੋਇ ਲਗਾਈਆ । ਮੇਰੀ ਸਾਰੇ ਲੈਂਦੇ ਸਰਨ, ਜਗਤ ਜਗਿਆਸੂ ਸੀਸ ਨਿਵਾਈਆ । ਮੈਂ ਸਾਬਤ ਰਹਿਣ ਦੇਣਾ ਨਹੀਂ ਕੋਈ ਧਰਮ, ਧੀਰਜ ਧੀਰ ਨਾ ਕੋਇ ਬੰਧਾਈਆ । ਮੈਂ ਝਗੜੇ ਪਾਵਾਂ ਮਾਟੀ ਚਰਮ, ਚੰਮ ਦ੍ਰਿਸ਼ਟੀ ਸਭ ਦੀ ਦੇਵਾਂ ਬਦਲਾਈਆ । ਮੇਰਾ ਅੰਦਰ ਬਾਹਰ ਸਭ ਨੂੰ ਹੋਵੇ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਮੇਰੇ ਪਿਆਰੇ ਸ਼ਾਹ ਸੁਲਤਾਨ ਲੜਨ, ਗ਼ਰੀਬ ਨਿਮਾਣੇ ਰੋਵਣ ਮਾਰਨ ਧਾਹੀਆ । ਮੇਰੇ ਕਾਰਨ ਗ੍ਰੰਥੀ ਪੰਥੀ ਪੰਡਤ ਪਾਂਧੇ ਪੜ੍ਹਨ, ਮੁੱਲਾ ਸ਼ੇਖ਼ ਤਸਬੀਆਂ

ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਮੇਰਾ ਰੰਗ ਰੰਗਾਈਆ । ਮਾਇਆ ਕਹੇ ਮੈਂ ਸਭ ਨੂੰ ਲੱਗਾਂ ਪਿਆਰੀ, ਪ੍ਰੀਤਮ ਸਕਾਂ ਨਾ ਕਿਸੇ ਬਣਾਈਆ । ਮੈਂ ਵੇਖਾਂ ਚਾਰ ਕੁੰਟ ਦੀ ਯਾਰੀ, ਨਵ ਸੱਤ ਧਿਆਨ ਲਗਾਈਆ । ਮੇਰੇ ਦਰ ਦੇ ਦਰਵੇਸ਼ ਦੀਨ ਦੁਨੀ ਦਰਬਾਰੀ, ਸ਼ਾਹ ਸੁਲਤਾਨ ਸੀਸ ਨਿਵਾਈਆ । ਮੇਰਾ ਲੇਖਾ ਲੇਖ ਲਿਖਣ ਤੋਂ ਬਾਹਰੀ, ਕਲਮ ਸ਼ਾਹੀ ਨਾ ਕੋਇ ਸਮਝਾਈਆ । ਮੈਂ ਖੰਡੇ ਖੜਕਾਵਾਂ ਕਟਾਰੀ, ਖੜਗਾਂ ਨਾਲ ਮਿਲਾਈਆ । ਮੈਂ ਵਿਭਚਾਰ ਕਰਾਂ ਦੁਰਾਚਾਰੀ, ਦੋਹਰੀ ਆਪਣੀ ਕਲ ਵਰਤਾਈਆ । ਬੰਦ ਹੋਵਾਂ ਨਾ ਕਿਸੇ ਭੰਡਾਰੀ, ਵਰਭੰਡੀ ਵੇਖ ਵਖਾਈਆ । ਮੇਰੀ ਸਭ ਤੋਂ ਵੱਖਰੀ ਹੁਸ਼ਿਆਰੀ, ਹੋਸ਼ ਸਮਝ ਸਭ ਦੀ ਦਿਆਂ ਭੁਲਾਈਆ । ਮੈਂ ਲੇਖਾ ਜਾਣਾ ਨਰ ਨਾਰੀ, ਨਰ ਨਰਾਇਣ ਦਿਤੀ ਵਡਿਆਈਆ । ਮੈਂ ਕਲਜੁਗ ਅੰਤਮ ਪਾਵਾਂ ਸਾਰੀ, ਸਦੀ ਚੌਧਵੀਂ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕਰਾਵਾਂ ਹਾਹਾਕਾਰੀ, ਹਉਮੇ ਹੰਗਤਾ ਨਾਲ ਮਿਲਾਈਆ । ਚਾਰੋਂ ਕੁੰਟ ਹੋਵੇ ਅੰਧੇਰ ਗੁਬਾਰੀ, ਸੂਰੀਆ ਸਤਿ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਸਿਕਦਾਰੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ ।

### ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਜਲੰਧਰ ਸਿੰਘ ਦੇ ਗ੍ਰਿਹ ਸੇਈ ਕਲਾਂ ਜੰਮੂ

੧੪੨੦
੨੩

ਮਾਇਆ ਕਹੇ ਮੈਂ ਸਦਾ ਚਕਰਵਰਤੀ, ਵਰਤਮਾਨ ਦਾ ਲੇਖਾ ਦਿਆਂ ਸਮਝਾਈਆ । ਮੈਂ ਫਿਰਦੀ ਰਹਿੰਦੀ ਉਤੇ ਧਰਤੀ, ਧਰਨੀ ਉਤੇ ਫੇਰੀਆਂ ਪਾਈਆ । ਮੇਰਾ ਜੁਗ ਚੌਕੜੀ ਖੇਲ ਹੁੰਦਾ ਸ਼ਰਤੀ, ਸ਼ਰਤੀਆ ਪੂਰਾ ਦਿਆਂ ਕਰਾਈਆ । ਮੈਂ ਹੁਕਮ ਮੰਨਾਂ ਮਾਲਕ ਅਰਸ਼ੀ, ਅਰਸ਼ੀ ਪ੍ਰੀਤਮ ਜੋ ਸੁਣਾਈਆ । ਮੈਂ ਖੇਲ ਖਿਲਾਵਾਂ ਉਤੇ ਫ਼ਰਸ਼ੀ, ਮਿੱਟੀ ਖ਼ਾਕੀ ਰੰਗ ਰੰਗਾਈਆ । ਮੇਰੀ ਆਉਂਦੀ ਜਾਂਦੀ ਖ਼ੁਸ਼ੀਆਂ ਵਾਲੀ ਬਰਸੀ, ਆਪ ਆਪਣਾ ਪੰਧ ਮੁਕਾਈਆ । ਪ੍ਰਭੂ ਮੇਰੀ ਪੂਰੀ ਕਰਨੀ ਹਰਸੀ, ਹਵਸ ਮੇਰੀ ਵੇਖ ਵਖਾਈਆ । ਮੇਰੇ ਉਤੇ ਕਰੇ ਤਰਸੀ, ਰਹਿਮਤ ਸਚ ਕਮਾਈਆ । ਨਿਰਗੁਣ ਧਾਰ ਦੇਵੇ ਦਰਸੀ, ਨੂਰ ਜੋਤ ਕਰ ਰੁਸ਼ਨਾਈਆ । ਫੇਰ ਕਰਾਂ ਮੈਂ ਆਪਣੀ ਮਰਜ਼ੀ, ਮਰੀਜ ਤੱਕਾਂ ਜਗਤ ਲੋਕਾਈਆ । ਮੈਂ ਵੇਖਾਂ ਚਾਰ ਜੁਗ ਦੇ ਕਰਜ਼ੀ, ਥਾਉਂ ਥਾਈਂ ਧਿਆਨ, ਲਗਾਈਆ । ਮੇਰਾ ਖੇਲ ਹੋਵੇ ਅਸਚਰਜੀ, ਅਚਰਜ ਆਪਣੀ ਖੇਲ ਬਣਾਈਆ । ਮੈਂ ਮਾਲਕ ਹੋਵਾਂ ਘਰ ਘਰ ਦੀ, ਗ੍ਰਿਹ ਗ੍ਰਿਹ ਆਪਣਾ ਆਸਣ ਲਾਈਆ । ਮੈਂ ਧਾਰ ਤੱਕਾਂ ਚੋਟੀ ਜੜ ਦੀ, ਜੜ ਚੇਤਨ ਨਾਲ ਮਿਲਾਈਆ । ਮੈਂ ਨਵ ਸੱਤ ਇਕੋ ਢੋਲਾ ਫਿਰਾਂ ਪੜ੍ਹਦੀ, ਬਿਨ ਪੁਸਤਕਾਂ ਰਾਗ ਅਲਾਈਆ । ਨਾਲੇ ਸ੍ਰਿਸ਼ਟੀ ਵੇਖਾਂ ਸੜਦੀ, ਅਗਨੀ ਤਤ ਤਪਾਈਆ । ਮੈਂ ਵੇਖਾਂ ਦਿਸ਼ਾ ਲਹਿੰਦੀ ਚੜ੍ਹਦੀ, ਚੜ੍ਹਦਾ ਲਹਿੰਦਾ ਅੱਖ ਉਠਾਈਆ । ਮੈਂ ਵਣਜਾਰਨ ਨਰਾਇਣ ਨਰ ਦੀ, ਨਰ ਹਰਿ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪੁਰਖ ਦਾ ਇਕੋ ਲੜ ਫੜਦੀ, ਦੂਸਰ ਓਟ ਰਹੇ ਨਾ ਰਾਈਆ ।

## ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਪੁੰਨੂੰ ਰਾਮ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਮੇਰੀਆਂ ਘਰ ਘਰ ਜਗਣ ਜੋਤਾਂ, ਦੀਪਕ ਘਿਰਤ ਨਾਲ ਸੁਹਾਈਆ । ਮੇਰੇ ਬਿਸਤਰ ਸੁਹੰਜਣੇ ਸੋਹਵਣ ਹੋਵਣ ਸੇਤਾਂ, ਆਸਣ ਜਗਤ ਵਡਿਆਈਆ । ਮੈਂ ਬਿਨਾ ਬੁੱਧੀ ਤੋਂ ਸੋਚਾਂ, ਕੀ ਮੇਰੇ ਵਿਚ ਚਤੁਰਾਈਆ । ਸਾਰੇ ਕਹਿੰਦੇ ਸਾਡੀਆਂ ਪੂਰੀਆਂ ਕਰ ਦੇ ਲੋਚਾਂ, ਤ੍ਰਿਸ਼ਨਾ ਤੇਰੇ ਨਾਲ ਮਿਲਾਈਆ । ਤੇਰੇ ਨਾਲ ਮਾਣੀਏ ਮੌਜਾਂ, ਖ਼ੁਸ਼ੀਆਂ ਰੰਗ ਰੰਗਾਈਆ । ਮੈਂ ਕਿਸ ਬਿਧ ਘਰ ਘਰ ਜਾ ਪਹੁੰਚਾਂ, ਆਪਣਾ ਪੰਧ ਮੁਕਾਈਆ । ਸਭ ਦੇ ਪੂਰੇ ਕਰਾਂ ਸ਼ੌਕਾ, ਸ਼ੌਕੀਨ ਕਰਾਂ ਲੋਕਾਈਆ । ਮੈਂ ਵੇਖਾਂ ਚੌਦਾਂ ਲੋਕਾਂ ਚੌਦਾਂ ਤਬਕਾਂ ਚੌਦਾਂ ਤੌਕਾਂ, ਚੌਦਾਂ ਵਿਦਿਆ ਧਿਆਨ ਲਗਾਈਆ । ਫੇਰ ਨਿਗਾਹ ਮਾਰਾਂ ਗੋਬਿੰਦ ਵਾਲੇ ਢੌਂਕਾ, ਢਈਆ ਵੇਖ ਵਖਾਈਆ । ਫੇਰ ਕਲਜੁਗ ਜੀਵ ਰੂਪ ਵੇਖਾਂ ਕਾਉਂ ਕਾ, ਕਾਗ ਵਾਂਗ ਕੁਰਲਾਈਆ । ਫੇਰ ਹੁਕਮ ਸੰਦੇਸ਼ਾ ਸੁਣਾਂ ਬੇਪਰਵਾਹੋ ਕਾ, ਜੋ ਬੇਪਰਵਾਹੀ ਵਿਚ ਸਮਾਈਆ । ਫੇਰ ਡਰ ਰਖਾਂ ਅਗੰਮੇ ਭਾਉ ਕਾ, ਜੋ ਭੈ ਇਕ ਸਮਝਾਈਆ । ਫੇਰ ਲੇਖਾ ਤੱਕਾਂ ਸ਼ੌਹ ਦਰਿਆਓ ਕਾ, ਜੋ ਕਲਜੁਗ ਵਹਿਣਾ ਵਹਿਣ ਵਹਾਈਆ । ਫੇਰ ਲਹਿਣਾ ਵੇਖਾਂ ਧੁਰ ਕੀ ਨਾਓ ਕਾ, ਜੋ ਨਈਆ ਨਾਮ ਨਿਧਾਨ ਨਜ਼ਰੀ ਆਈਆ । ਫੇਰ ਰਾਹ ਤੱਕਾਂ ਥਲ ਅਸਗਾਹੋ ਕਾ, ਜਲ ਥਲ ਮਹੀਅਲ ਭੱਜਾਂ ਵਾਹੋ ਦਾਹੀਆ । ਫੇਰ ਲਹਿਣਾ ਦੇਣਾ ਤੱਕਾਂ ਧੁਰ ਦੇ ਸ਼ਾਹੋ ਕਾ, ਕੀ ਲੇਖਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਜਾਣੇ ਆਪਣੇ ਸੁਆਓ ਕਾ, ਸੋ ਪੁਰਖ ਨਿਰੰਜਣ ਦਇਆ ਕਮਾਈਆ ।



## ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਰੋਸ਼ਨ ਲਾਲ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਤਕਦੀ ਚਾਰ ਜੁਗ ਦੇ ਰਾਹੀਆਂ, ਰਹਿਬਰ ਵੱਲ ਅੱਖ ਉਠਾਈਆ । ਇਸ਼ਾਰੇ ਦੇਵੇ ਕਰ ਉਚੀਆਂ ਬਾਹੀਂਆਂ, ਹਥੇਲੀ ਹੱਥਾਂ ਵਾਲੀ ਬਦਲਾਈਆ । ਆਓ ਤੱਕੋ ਆਪਣੀਆਂ ਦੀਨਾਂ ਮਜ਼੍ਹਬਾਂ ਵਾਲੀਆਂ ਵਹੀਆਂ, ਵਾਅਦਿਆਂ ਵਾਲਿਓ ਧਿਆਨ ਲਗਾਈਆ । ਕੁੜੀਆਂ ਸਭ ਦੇ ਮਸਤਕ ਵੇਖੋ ਸ਼ਾਹੀਆਂ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਸਚ ਦਵਾਰ ਦੇਵੇ ਗਵਾਹੀਆਂ, ਸ਼ਹਾਦਤ ਦਿਉ ਭੁਗਤਾਈਆ । ਨਾਤਾ ਤੁੱਟ ਗਿਆ ਭੈਣਾਂ ਭਾਈਆਂ, ਪਿਤਾ ਪੂਤ ਨਾ ਗੋਦ ਸੁਹਾਈਆ । ਪਿਆਰ ਰਿਹਾ ਨਾ ਛੀਂਬਿਆਂ ਝੀਵਰ ਨਾਈਆਂ, ਜੱਟਾਂ ਸੰਗ ਨਾ ਕੋਇ ਬਣਾਈਆ । ਜਗਤ ਜਹਾਨ ਤੱਕੋ ਬੇਲੇ ਰੱਕੜ ਕਾਹੀਆਂ, ਪੱਥਰ ਪਾਹਨ ਵੇਖ ਵਖਾਈਆ । ਨਿਗਾਹ ਮਾਰੋ ਥਲ ਅਸਗਾਹੀਆਂ, ਚਾਰੋਂ ਕੁੰਟ ਧਿਆਨ ਲਗਾਈਆ । ਕਿਸੇ ਨਾ ਮਿਲਿਆ ਧੁਰ ਦਾ ਮਾਹੀਆ, ਮਹਿਬੂਬ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਸੂਰੀਆ ਚੰਦ ਨਾ ਕੋਇ ਚਮਕਾਈਆ । ਮਾਇਆ ਕਹੇ ਮੈਂ ਮਾਇਆ ਪਰਦਾ ਪਾਇਆ, ਮੁਖ ਘੁੰਗਟ ਨਾ ਕੋਇ ਚੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਕਿਸੇ ਨਾ ਗਾਇਆ, ਸਤਿ ਵਿਚ ਨਾ ਕੋਇ ਸਮਾਈਆ । ਸਤਿਗੁਰ ਸ਼ਬਦ ਦਾ ਦਿਸੇ ਕੋਇ ਨਾ ਜਾਇਆ, ਜਨਣੀ ਕੁੱਖ ਸਾਰੇ ਰਹੇ ਹੰਢਾਈਆ । ਪੁਰਖ ਅਕਾਲੇ ਦਰਸ ਕਿਸੇ ਨਾ ਪਾਇਆ, ਸਨਮੁਖ ਨਜ਼ਰ ਕਿਸੇ ਨਾ ਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਖੇਲ ਰਚਾਇਆ, ਰਚਨਾ ਆਪਣੀ ਦਿਤੀ ਵਡਿਆਈਆ ।

ਜੋਤੀ ਜਾਤੇ ਭੇਸ ਵਟਾਇਆ, ਨਰ ਨਰੇਸ਼ਾ ਰੂਪ ਬਦਲਾਈਆ । ਜਨ ਭਗਤ ਸੁਹੇਲਾ ਹਰਿਜਨ ਸਾਚੇ ਮੇਲ ਮਿਲਾਇਆ, ਮਿਲਣੀ ਜਗਦੀਸ਼ ਆਪ ਕਰਾਈਆ । ਗ਼ਰੀਬ ਨਿਮਾਣਿਆਂ ਗਲੇ ਲਗਾਇਆ, ਫੜ ਬਾਹੋਂ ਗੋਦ ਟਿਕਾਈਆ । ਜਨਮ ਜਨਮ ਦਾ ਲਹਿਣਾ ਪੂਰ ਕਰਾਇਆ, ਪੂਰਨ ਸਤਿਗੁਰ ਬੂਝ ਬੁਝਾਈਆ । ਮੈਂ ਖ਼ੁਸ਼ੀਆਂ ਦਾ ਮੰਗਲ ਗਾਇਆ, ਗਾ ਗਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਸਦਾ ਸਬਾਇਆ, ਸਦ ਆਪਣਾ ਹੁਕਮ ਵਰਤਾਈਆ ।

## ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਬਿਸ਼ਨ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਆਪਣੀ ਖ਼ੁਸ਼ੀ ਬਣਾਵਾਂਗੀ । ਪ੍ਰਭੂ ਦੇ ਚਰਨ ਚੁੰਮ ਕੇ ਮਸਤੀ ਸਚ ਦ੍ਰਿੜਾਵਾਂਗੀ । ਸੀਸ ਜਗਦੀਸ਼ ਇਕ ਨਿਵਾਵਾਂਗੀ । ਪੱਟੀ ਸੋਹਣੀ ਸਚ ਗੁੰਦਾਵਾਂਗੀ । ਫੁੱਲ ਸੱਗੀ ਸੀਸ ਟਿਕਾਵਾਂਗੀ । ਪਰਾਂਦਾ ਲਾਲ ਗੁੱਤ ਰੰਗ ਰੰਗਾਵਾਂਗੀ । ਮਸਤਕ ਬਿੰਦੀ ਧੂੜ ਵਖਾਵਾਂਗੀ । ਨੇਤਰ ਕੱਜਲ ਧਾਰ ਚਮਕਾਵਾਂਗੀ । ਰੁਖ਼ਸਾਰ ਮਸਤੀ ਵਿਚ ਮਸਤਾਵਾਂਗੀ । ਦੰਦਾਂ ਦੰਦਾਸਾ ਇਕ ਵਖਾਵਾਂਗੀ । ਬੁੱਲਾਂ ਰੂਪ ਅਗੰਮ ਚੜ੍ਹਾਵਾਂਗੀ ।
੧੪੨੨ ੨੩ ਮੁਖ ਧੂੜ ਖ਼ਾਕ ਰਖਾਵਾਂਗੀ । ਗਰਦਨ ਉਚੀ ਕਰ ਵਖਾਵਾਂਗੀ । ਦੋ ਤੁਕੀ ਰਾਗ ਅਲਾਵਾਂਗੀ । ਜਨ ਭਗਤੋ ਰਹਿਣਾ ਸੁਖੀ, ਸਚ ਸੰਦੇਸ਼ੇ ਆਪ ਸੁਣਾਵਾਂਗੀ । ਦੀਨ ਦੁਨੀ ਨੇ ਹੋਣਾ ਦੁਖੀ, ਇਹ ਆਪਣਾ ਭੇਵ ਖੁਲਾਵਾਂਗੀ । ਸ਼ਾਹ ਸੁਲਤਾਨਾਂ ਕੋਲੋਂ ਮੈਂ ਮਾਇਆ ਨੇ ਜਾਣਾ ਲੁੱਟੀ, ਲੁਟੇਰਾ ਕਲਜੁਗ ਨਾਲ ਉਠਾਵਾਂਗੀ । ਮੈਂ ਭਾਗ ਲੱਗਾ ਰਹਿਣ ਨਹੀਂ ਦੇਣਾ ਕਿਸੇ ਪੁੱਤੀਂ, ਪੁਤ ਪੋਤਰਿਆਂ ਨਾਤਾ ਮਾਤ ਤੁੜਾਵਾਂਗੀ । ਮੈਂ ਕਲਾ ਜਗਾਵਾਂ ਸੁੱਤੀ, ਸੁੱਤਿਆਂ ਆਪ ਉਠਾਵਾਂਗੀ । ਚਰਨ ਛੁਹਾ ਕੇ ਚੰਮੜੀ ਵਾਲੀ ਜੁੱਤੀ, ਜੁਤੇ ਕੂੜ ਕੁੜਿਆਰੇ ਸਿਰ ਲਗਾਵਾਂਗੀ । ਮੈਂ ਇਕ ਸਾਹਿਬ ਦੀ ਕਰਾਂ ਬੁੱਤੀ, ਬੁਤਖ਼ਾਨਿਆਂ ਵੇਖ ਵਖਾਵਾਂਗੀ । ਮੈਨੂੰ ਸਾਰਿਆਂ ਕਹਿਣਾ ਲੁੱਚੀ, ਲੁੱਚੇ ਲੰਡੇ ਜਗਤ ਵਿਚੋਂ ਮੁਕਾਵਾਂਗੀ । ਜਨ ਭਗਤਾਂ ਇਕੋ ਪਿਆਰ ਦੀ ਬੰਨ੍ਹ ਕੇ ਰੁਚੀ, ਰਚਨਾ ਪ੍ਰਭ ਦੀ ਆਪ ਸਮਝਾਵਾਂਗੀ । ਜਿਨ੍ਹਾਂ ਮੈਨੂੰ ਸਾਂਭ ਕੇ ਰੱਖਿਆ ਵਿਚ ਗੁੱਥੀ, ਉਨ੍ਹਾਂ ਦੇ ਹੱਥ ਪੈਰ ਵਢਾਵਾਂਗੀ । ਜਿਨ੍ਹਾਂ ਮੇਰੇ ਪਿਛੇ ਝੂਠ ਮਾਰਿਆ ਬੁਥੀ, ਨੱਕ ਕੰਨ ਉਨ੍ਹਾਂ ਦੇ ਖ਼ਾਕ ਵਿਚ ਰਲਾਵਾਂਗੀ । ਮੈਂ ਸਦੀ ਚੌਧਵੀਂ ਆਪਣੀ ਪਹਿਨ ਕੇ ਕਾਲੀ ਸੂਸੀ, ਸੋ ਪੁਰਖ ਨਿਰੰਜਣ ਇਕ ਧਿਆਵਾਂਗੀ । ਚੌਥੇ ਸਾਲ ਨੂੰ ਬਾਣਾ ਪਹਿਨ ਕੇ ਰੂਸੀ, ਰੂਸਾ ਚੀਨਾ ਫੇਰਾ ਪਾਵਾਂਗੀ । ਮੇਰਾ ਪੁਰਖ ਅਕਾਲਾ ਮੇਰੇ ਨਾਲ ਕਰੇ ਜਾਸੂਸੀ, ਗੁਝਾ ਉਸ ਨੂੰ ਭੇਵ ਸਮਝਾਵਾਂਗੀ । ਇਹ ਮੇਰੀ ਵਡ ਖ਼ੁਸੂਸੀ, ਖ਼ੁਸੂਸੀਅਤ ਆਪਣੀ ਇਕ ਪਰਗਟਾਵਾਂਗੀ । ਮਾਲਕ ਰਹੇ ਨਾ ਕੋਈ ਮਾਰੂਸੀ, ਸਭ ਦੇ ਲੇਖੇ ਪੂਰ ਕਰਾਵਾਂਗੀ । ਦੀਨ ਦੁਨੀ ਹੋਏ ਮਾਯੂਸੀ, ਮਾਸੂਮ ਸਾਰੇ ਆਪ ਵਖਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਦੀ ਧਾਰ ਵੇਖੇ ਲੂਸੀ, ਚਾਰੋਂ ਕੁੰਟ ਰਾਹ ਤਕਾਵਾਂਗੀ । ੧੪੨੨ ੨੩

੧੪੨੩
੨੩

### ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਚੂਹੜਾ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ

ਮਾਇਆ ਕਹੇ ਮੇਰਾ ਲੇਖਾ ਕੁਲਾ ਖੰਡ, ਕੁਲ ਮਾਲਕ ਰਿਹਾ ਦ੍ਰਿੜਾਈਆ । ਮੈਂ ਧਰਮ ਦੀਆਂ ਵੰਡਾਂ ਰਹੀ ਵੰਡ, ਸਤਿ ਸਚ ਸਮਝਾਈਆ । ਜਿਥੇ ਜੀਵਾਂ ਜੰਤਾਂ ਪਾਉਣੀ ਡੰਡ, ਡੰਡਾਵਤ ਸਮਝ ਕਿਸੇ ਨਾ ਆਈਆ । ਮੈਂ ਕੱਚੇ ਭੰਨਣੇ ਅੰਡ, ਅੰਡਜ ਜੇਰਜ ਵੇਖ ਵਖਾਈਆ । ਮੈਂ ਸਭ ਦੀ ਵੱਢਣੀ ਕੰਡ, ਕੰਡਾ ਖਾਰ ਦੇਣਾ ਚੁਭਾਈਆ । ਮੈਂ ਕਰਨਾ ਅਨੋਖਾ ਪਾਖੰਡ, ਭੇਖ ਲੈਣਾ ਬਦਲਾਈਆ । ਧੂਹ ਮਿਆਨੋ ਚੰਡ, ਪਰਚੰਡ ਦੇਣੀ ਚਮਕਾਈਆ । ਕਿਸੇ ਸੀਨੇ ਰਹਿਣ ਨਾ ਦੇਵਾਂ ਠੰਡ, ਅਗਨੀ ਤਤ ਦਿਆਂ ਤਪਾਈਆ । ਸਭ ਦੀ ਧਰਮ ਵਾਲੀ ਕਟਾਂ ਗੰਢ, ਖ਼ਾਲੀ ਹੱਥ ਦਿਆਂ ਵਖਾਈਆ । ਮੈਂ ਸ਼ੁਰੂ ਕਰਾਉਣਾ ਸ਼ਰਅ ਵਾਲਾ ਜੰਗ, ਜਗਤ ਜਹਾਨ ਦਿਆਂ ਜਣਾਈਆ । ਕਿਸੇ ਨੂੰ ਲੈਣ ਨਹੀਂ ਦੇਣਾ ਅਨੰਦ, ਅਨੰਦ ਪੁਰੀ ਵਾਲੇ ਵੱਜੇ ਵਧਾਈਆ । ਅਗੋਂ ਦੱਸਦੀ ਦੇ ਮੇਰੇ ਜੁੜਦੇ ਦੰਦ, ਕੀ ਹਾਲਤ ਹੋਵੇ ਲੋਕਾਈਆ । ਮੇਰੇ ਅੰਦਰ ਆਵੇ ਰੰਜ, ਰੰਜਸ਼ ਵਿਚ ਸੁਣਾਈਆ । ਨੇਤਰ ਰੋਵੇ ਸੂਰੀਆ ਸਿਤਾਰਾ ਚੰਦ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਰਖੇ ਬਿਨਾ ਮੁਹਾਣਿਆਂ ਵੰਝ, ਵੰਝੀ ਹਾਥ ਕਿਸੇ ਨਾ ਆਈਆ ।

### ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਬਚਨ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ

ਮਾਇਆ ਕਹੇ ਮੈਂ ਆਪਣੀ ਲਾਹੀ ਅੰਗੀ, ਬਸਤਰ ਤਨ ਨਾ ਕੋਇ ਰਖਾਈਆ । ਮੈਨੂੰ ਮੇਰੀ ਭਾਵਨਾ ਲੱਗੀ ਚੰਗੀ, ਭਾਵੀ ਬੈਠੀ ਰਾਹ ਤਕਾਈਆ । ਕਲਜੁਗ ਬਾਣਾ ਪਹਿਨ ਕੇ ਜੰਗੀ, ਮੇਰੇ ਪਿਛੇ ਅਗੇ ਫਿਰੇ ਵਾਹੋ ਦਾਹੀਆ । ਮੈਂ ਬਿਨਾ ਓਢਣ ਤੋਂ ਨੰਗੀ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਮੈਂ ਬੇਪੜਦ ਨੇ ਵਾਹੀ ਕੰਘੀ, ਆਪਣਾ ਸੀਸ ਸੁਹਾਈਆ । ਫੇਰ ਹੱਸ ਕੇ ਆਪਣੀ ਦੰਦੀ, ਦਹਿ ਦਿਸ਼ਾ ਮੁਖ ਭਵਾਈਆ । ਇਸ਼ਾਰਾ ਕੀਤਾ ਵੱਲ ਫ਼ਰੰਗੀ, ਸੈਨਤ ਨਾਲ ਸਮਝਾਈਆ । ਜਿਸ ਦੇ ਸਾਥੀ ਦੇਸ਼ ਹੋਣਗੇ ਪੰਝੀ, ਪੰਜਾਂ ਪੰਜਾਂ ਵੰਡ ਵੰਡਾਈਆ । ਇਹ ਕਲਾ ਵਰਤਣੀ ਬਵੰਜੀ, ਬਾਵਨ ਦਾ ਲੇਖਾ ਨਾਲ ਮਿਲਾਈਆ । ਮੈਂ ਸਿਰੋਂ ਹੋ ਕੇ ਗੰਜੀ, ਚੋਟੀਆਂ ਸਭ ਦੀਆਂ ਦੇਣੀਆਂ ਮੁੰਨਾਈਆ । ਮੈਂ ਫਿਰਾਂ ਇਕ ਟੰਗੀ, ਲੰਗੜੀ ਲੂਲੀ ਨਜ਼ਰੀ ਆਈਆ । ਕਿਸੇ ਦੀ ਛਾਤੀ ਰਹਿਣ ਨਹੀਂ ਦੇਣੀ ਠੰਡੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੈਨੂੰ ਯਾਦ ਆਉਣੀ ਗੋਬਿੰਦ ਵਾਲੀ ਝੰਗੀ, ਮਾਛੂਵਾੜਾ ਸੋਭਾ ਪਾਈਆ । ਜਿਸ ਨੇ ਕਲਜੁਗ ਆਯੂ ਮੇਟੀ ਲੰਬੀ, ਲੰਮਾ ਪੈ ਕੇ ਸੂਲਾਂ ਸਥਰ ਸੇਜ ਹੰਢਾਈਆ । ਮੇਰਾ ਸੀਨਾ ਛਿੱਲੇ ਰਵੀਦਾਸ ਵਾਲੀ ਰੰਬੀ, ਤਿੱਖੀ ਧਾਰ ਨਜ਼ਰੀ ਆਈਆ । ਮੈਂ ਖੇਲ ਵੇਖਾਂ ਲੱਗ ਲੱਗ ਨਾਲ ਕੰਧੀ, ਆਪ ਆਪਣਾ ਜਗਤ ਛੁਪਾਈਆ । ਕਿਸੇ ਨੂੰ ਸਮਝ ਨਾ ਆਵੇ ਸਵੇਰ ਸੰਝੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਮੈਂ ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਅੰਧੀ, ਨਿਜ ਲੋਚਨ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਸੰਧੀ, ਲਿਖਿਆ ਲੇਖ ਨਾ ਕੋਇ ਬਦਲਾਈਆ ।

## ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਫ਼ਰੰਗੀ ਰਾਮ ਦੇ ਗ੍ਰਿਹ ਪਿੰਡ ਤਰੇਵਾ ਜ਼ਿਲਾ ਜੰਮੂ ✪

ਮਾਇਆ ਕਹੇ ਮੇਰਾ ਖੇਲ ਅਗੰਮਾ ਵਿਚ ਖ਼ਲਕ, ਖ਼ਾਲਕ ਦਿਤੀ ਮਾਣ ਵਡਿਆਈਆ । ਮੈਂ ਰਾਓ ਰੰਕਾਂ ਦੇਵਾਂ ਝਲਕ, ਝੱਲੀ ਦੀਨ ਦੁਨੀ ਬਣਾਈਆ । ਮੇਰਾ ਨਾਤਾ ਸੱਚਾ ਕਿਸੇ ਨਾਲ ਨਹੀਂ ਤੁਅਲਕ, ਤਅਲਕੇਦਾਰ ਸਰਬ ਬਣਾਈਆ । ਮੇਰਾ ਵਿਛੋੜਾ ਕੋਈ ਝਲ ਨਾ ਸਕੇ ਪਲਕ, ਪਲਕਾਂ ਦੇ ਓਹਲੇ ਨਜ਼ਰ ਕਿਸੇ ਨਾ ਆਈਆ । ਮੈਂ ਨੌ ਖੰਡ ਪ੍ਰਿਥਮੀ ਫਿਰਨਾ ਨਾਲ ਡਲਕ, ਜੋਬਨਵੰਤੀ ਭੱਜਾਂ ਵਾਹੋ ਦਾਹੀਆ । ਸਦੀ ਚੌਧਵੀਂ ਕੂਕ ਕੇ ਮਾਰਾਂ ਕਿਲਕ, ਕਲ ਆਪਣੀ ਦਿਆਂ ਵਖਾਈਆ । ਸ਼ਾਹ ਸੁਲਤਾਨ ਜਾਣ ਤਿਲਕ, ਰਾਜ ਰਾਜਾਨਾਂ ਪਾਸਾ ਦਿਆਂ ਬਦਲਾਈਆ । ਮੈਂ ਦੀਨਾਂ ਮਜ਼੍ਹਬਾਂ ਵਿਚ ਕਰਨੀ ਇੱਲਤ, ਆਲਮਾਂ ਇਲਮ ਦੇਣਾ ਭੁਲਾਈਆ । ਮੈਂ ਕੂੜ ਪਹਿਨਾਉਣਾ ਸਭ ਨੂੰ ਖ਼ਿੱਲਤ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਚਾਰੋਂ ਕੁੰਟ ਖ਼ੁਆਰੀ ਕਰਨੀ ਜ਼ਿੱਲਤ, ਜ਼ਲੀਲ ਹੋਵੇ ਲੋਕਾਈਆ । ਸਚ ਪਿਆਰ ਦੀ ਰਹਿਣ ਨਹੀਂ ਦੇਣੀ ਮਿੱਲਤ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਮੈਂ ਫਿਰਨਾ ਚੜ੍ਹਦੀ ਲਹਿੰਦੀ ਸਿੰਮਤ, ਸੀਮਾ ਆਪਣੀ ਵੰਡ ਵੰਡਾਈਆ । ਮੇਰੀ ਸਦੀ ਚੌਧਵੀਂ ਨਾਲੋਂ ਬਹੁਤੀ ਹਿੰਮਤ, ਹੌਸਲਾ ਆਪਣਾ ਆਪ ਪਰਗਟਾਈਆ । ਕਲਮੇ ਦੀ ਕਾਇਨਾਤ ਹੋਣੀ ਕਿੱਲਤ, ਕਾਇਮ ਮੁਕਾਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਸਾਚਾ ਖੇਲ ਖਿਲਾਈਆ । ਮਾਇਆ ਕਹੇ ਮੇਰੀਆਂ ਪੂਰੀਆਂ ਹੋਣ ਉਮੀਦਾਂ, ਆਸ਼ਾ ਆਸ਼ਾ ਨਾਲ ਮਿਲਾਈਆ । ਮੇਰੇ ਕੋਲ ਜੁਗ ਚੌਕੜੀ ਦੀਆਂ ਰਸੀਦਾਂ, ਖਾਤੇ ਸਭ ਦੇ ਵੇਖੇ ਥਾਉਂ ਥਾਈਂਆ । ਮੈਂ ਦੀਨ ਦੁਨੀ ਖੋਲਣੀਆਂ ਨੀਂਦਾਂ, ਗ਼ਫ਼ਲਤ

੧੪੨੪ ੨੩ ਵਿਚ ਸੋਇਆ ਰਹਿਣ ਕੋਇ ਨਾ ਪਾਈਆ । ਮੇਰਾ ਲੇਖਾ ਕੂੜ ਕੁੜਿਆਰੇ ਵੇਖਣਾ ਝੱਖੜ ਮੀਂਹ ਦਾ, ਚਾਰੋਂ ਕੁੰਟ ਤੁਫ਼ਾਨ ਚੜ੍ਹਾਈਆ । ਨਾਤਾ ਰਹਿਣ ੧੪੨੪ ੨੩

ਨਹੀਂ ਦੇਣਾ ਮਾਂ ਧੀ ਦਾ, ਧਰਨੀ ਧਰਤ ਧਵਲ ਦੇਣਾ ਵਖਾਈਆ । ਖੇਲ ਵੇਖਣਾ ਜੀਵ ਜੀਅ ਦਾ, ਜੰਤੂ ਰੋਵਣ ਮਾਰਨ ਧਾਹੀਆ । ਲੇਖਾ ਪੂਰਾ ਹੋਣਾ ਵੀਹ ਵੀਹ ਦਾ, ਬੀਸ ਬੀਸਾ ਆਪਣਾ ਰੰਗ ਵਖਾਈਆ । ਲਹਿਣਾ ਚੁੱਕਣਾ ਸਾਢੇ ਤਿੰਨ ਹੱਥ ਸੀਂਅ ਦਾ, ਰਵੀਦਾਸ ਚਮਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਹੋਏ ਸਹਾਈਆ । ਮਾਇਆ ਕਹੇ ਮੈਂ ਵੇਖਾਂ ਚਾਰ ਚੁਫੇਰ, ਚੌਹ ਵੰਨੀ ਧਿਆਨ ਲਗਾਈਆ । ਮੇਰਾ ਸਵਾਮੀ ਕਰੇ ਮਿਹਰ, ਅੰਤਰਜਾਮੀ ਹੋਏ ਸਹਾਈਆ । ਜੋ ਕਲਜੁਗ ਲਹਿਣੇ ਦੇਣੇ ਰਿਹਾ ਨਬੇੜ, ਲੇਖੇ ਸਭ ਦੇ ਝੋਲੀ ਪਾਈਆ । ਉਹਦਾ ਸਦੀ ਚੌਧਵੀਂ ਉਲਟਾ ਗੇੜ, ਚਕਰਵਰਤੀ ਚੱਕਰਾਂ ਵਿਚ ਰਖਾਈਆ । ਸੰਮਤ ਸ਼ਹਿਨਸ਼ਾਹੀ ਦਸ ਬਵੰਜਾ ਦੇਸ਼ਾਂ ਛੇੜੇ ਛੇੜ, ਛੇਕੜ ਆਪਣਾ ਹੁਕਮ ਵਰਤਾਈਆ । ਮੁਹੰਮਦੀ ਮੁਹੰਮਦੀਆਂ ਦੇਵੇ ਭੇੜ, ਈਸਾ ਮੂਸਾ ਗੰਢ ਰਖਾਈਆ । ਜੋ ਇਸ਼ਾਰਾ ਗੋਬਿੰਦ ਦਿਤਾ ਨੰਦੇੜ, ਗੋਦਾਵਰੀ ਕੰਢਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਲੇਖਾ ਜਾਣੇ ਨੇਰਨ ਨੇਰ, ਦੂਰ ਦੁਰਾਡਾ ਦੋ ਜਹਾਨਾਂ ਪੰਧ ਵੇਖੇ ਚਾਈਂ ਚਾਈਂਆ ।

੧੪੨੫
੨੩

### ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਾਂਈ ਦਾਸ ਦੇ ਗ੍ਰਹਿ ਪਿੰਡ ਤਰੇਵਾ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਜਗਤ ਦੀ ਵੇਖਾਂ ਬੁੱਧੀ, ਮਤ ਮਤਾਂਤਰਾਂ ਧਿਆਨ ਲਗਾਈਆ । ਸਾਚੀ ਆਵੇ ਕਿਸੇ ਨਾ ਸੁੱਧੀ, ਸੁਧ ਸਾਰੇ ਬੈਠੇ ਗਵਾਈਆ । ਕੂੜ ਕੁੜਿਆਰ ਵਿਚ ਸ੍ਰਿਸ਼ਟੀ ਖੁੱਭੀ, ਬਾਹਰ ਸਕੇ ਨਾ ਕੋਇ ਕਢਾਈਆ । ਧਰਨੀ ਰੋਵੇ ਸਾਹ ਉਭੀ, ਹੌਕੇ ਰਹੀ ਸੁਣਾਈਆ । ਕੀ ਮੇਰੇ ਉਤੇ ਲੇਖਾ ਹੋਣਾ ਯੁੱਧੀ, ਚਾਰ ਕੁੰਟ ਹਲਕਾਈਆ । ਮੈਨੂੰ ਰਮਜ਼ ਦੱਸ ਜਾ ਗੁੱਝੀ, ਭੇਵ ਦੇ ਖੁਲਾਈਆ । ਮੈਨੂੰ ਖ਼ਬਰ ਅਗੰਮੀ ਸੁੱਝੀ, ਸਹਿਜ ਨਾਲ ਸੁਣਾਈਆ । ਤੇਰੀ ਧੂੜ ਖ਼ਾਕ ਵੇਖ ਲੈ ਉਡੀ, ਮਿੱਟੀ ਧੂੰਆਂਧਾਰ ਬਣਾਈਆ । ਕਲਜੁਗ ਅਸਮਾਨੇ ਚਾੜ੍ਹ ਕੇ ਗੁੱਡੀ, ਗਾਡ ਸਭ ਨੂੰ ਦਿਤਾ ਭੁਲਾਈਆ । ਤੂੰ ਹੋ ਗਈ ਲੰਗੜੀ ਲੂਲੀ ਡੁੱਡੀ, ਬਲਹੀਣ ਨਜ਼ਰੀ ਆਈਆ । ਤੈਨੂੰ ਪਤਾ ਨਹੀਂ ਪਿਛਲੇ ਜੁਗੀ, ਕੀ ਪ੍ਰਭ ਨੇ ਕਲ ਵਰਤਾਈਆ । ਅੰਤਮ ਕਲਜੁਗ ਔਧ ਪੁਗੀ, ਪੈਂਡਾ ਰਿਹਾ ਮੁਕਾਈਆ । ਨੀ ਓਹ ਵੜ ਕੇ ਸੰਬਲ ਝੁੱਗੀ, ਝੁੱਗੇ ਸਭ ਦੇ ਦੇਵੇ ਢਾਹੀਆ । ਲੁਕਿਆ ਰਹੇ ਕੋਈ ਨਾ ਖੁੱਡੀ, ਫੜ ਬਾਹੋਂ ਬਾਹਰ ਕਢਾਈਆ । ਤੂੰ ਬੜੀ ਪੁਰਾਣੀ ਬੁੱਢੀ, ਬੁਢੇਪਾ ਤੇਰੇ ਉਤੇ ਨਜ਼ਰੀ ਆਈਆ । ਤੂੰ ਮੇਰੀ ਖੇਲ ਵੇਖਣੀ ਉਘੀ, ਉਗਣ ਆਥਣ ਦਿਆਂ ਵਖਾਈਆ । ਕਿਤੇ ਚੁੱਪ ਬਣ ਰਹੀਂ ਨਾ ਗੂੰਗੀ, ਰਸਨਾ ਜਿਹਵਾ ਦੇਣਾ ਸੁਣਾਈਆ । ਤੂੰ ਧਾਰ ਤੱਕਣੀ ਨੈਣ ਮੂੰਧੀ, ਕੀ ਕਵਲ ਨੈਣ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਖੇਲ ਸਤਿਗੁਰ ਸ਼ਬਦ ਗੁਰੂ ਦੀ, ਗੁਰਦੇਵ ਦੇਵਾ ਬੇਪਰਵਾਹੀਆ ।

### ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਅਨੰਤ ਰਾਮ ਦੇ ਗ੍ਰਹਿ ਤਰੇਵਾ ਜ਼ਿਲਾ ਜੰਮੂ ✪

ਮਾਇਆ ਕਹੇ ਮੇਰੀ ਮਮਤਾ ਦਾ ਵੱਜੇ ਡੰਕਾ, ਡੌਰੂ ਚਾਰ ਕੁੰਟ ਸ਼ਨਵਾਈਆ । ਖ਼ਬਰਦਾਰ ਕਰਾਂ ਰਾਓ ਰੰਕਾਂ, ਰਾਜ ਰਾਜਾਨਾਂ ਦਿਆਂ ਉਠਾਈਆ । ਗ਼ਰੀਬ ਨਿਮਾਣਿਆਂ ਲਾਵਾਂ ਤਨਕਾ, ਹਲੂਣਿਆਂ ਨਾਲ ਜਗਾਈਆ । ਵੇਖੋ ਨਿਸ਼ਾਨ ਮਿਟਦਾ ਤਾਰੇ ਚੰਨ ਕਾ, ਆਪਣਾ ਪੰਧ ਮੁਕਾਈਆ । ਕਿਸ ਬਿਧ ਨਾਸ ਹੋਣਾ ਕੂੜੇ ਧਨ ਕਾ, ਧਨਵਾਨ ਰਹਿਣ ਕੋਇ ਨਾ ਪਾਈਆ । ਸ਼ਿੰਗਾਰ ਰਹਿਣਾ ਨਹੀਂ ਕਿਸੇ ਕੰਨ ਕਾ, ਕਨਕ ਕਾਮਨੀ ਰੋਵੇ ਮਾਰੇ ਧਾਹੀਆ । ਹੰਕਾਰ ਰਹਿਣਾ ਨਹੀਂ ਮਨ ਕਾ, ਮਨ ਕਾ ਮਣਕਾ ਦਏ ਭਵਾਈਆ । ਕੀ ਲੇਖਾ ਹੋਣਾ ਭਗਤ ਸੁਹੇਲੇ ਜਨ ਕਾ, ਜਨਮ ਵਿਚ ਮਿਲੇ ਵਡਿਆਈਆ । ਕੀ ਖੇਲ ਹੋਣਾ ਪੰਜ ਤਤ ਤਨ ਕਾ, ਤਤਵ ਖੋਜ ਖੁਜਾਈਆ । ਕੀ ਲੇਖਾ ਅੰਤਮ ਬ੍ਰਹਮ ਕਾ, ਪਾਰਬ੍ਰਹਮ ਹੋਏ ਸਹਾਈਆ । ਮੈਂ ਝਗੜਾ ਮੇਟਣਾ ਭਰਮ ਕਾ, ਭਾਂਡਾ ਭਰਮ ਭੰਨਾਈਆ । ਨਿਸ਼ਾਨ ਤੱਕਣਾ ਧਰਮ ਕਾ, ਧਰਮ ਦਵਾਰੇ ਸੋਭਾ ਪਾਈਆ । ਮੈਂ ਸਹਾਰਾ ਵੇਖਣਾ ਇਕੋ ਚਰਨ ਕਾ, ਚਰਨਗਤ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕਤ ਸੁਹੰਜਣਾ ਦੱਸੇ ਲੜ ਫੜਨ ਕਾ, ਪੱਲੂ ਪੱਲੂ ਨਾਲ ਬੰਧਾਈਆ ।

ਮਾਇਆ ਕਹੇ ਮੇਰਾ ਮਾਲਕ ਬੇਪਰਵਾਹੋ, ਬੇਪਰਵਾਹੀ ਵਿਚ ਸਮਾਈਆ । ਜਿਸ ਦਾ ਲੇਖਾ ਅਗੰਮ ਅਥਾਹੋ, ਅਲਖ ਅਗੋਚਰ ਅਗੰਮ ਅਥਾਹੀਆ । ਮੈਂ ਉਸ ਦੇ ਨਿਵ ਨਿਵ ਲਾਗਾਂ ਪਾਉਂ, ਚਰਨ ਕਵਲ ਸੀਸ ਝੁਕਾਈਆ । ਜਿਸ ਮੈਨੂੰ ਫੜ ਉਠਾਇਆ ਬਾਹੋਂ, ਹਲੂਣਾ ਦਿਤਾ ਲਗਾਈਆ । ਅਗਲਾ ਹੁਕਮ ਸੁਣਾਇਆ ਚਾਓ, ਚਾਓ ਘਨੇਰਾ ਇਕ ਜਣਾਈਆ । ਉਠ ਨਿਗਹ ਮਾਰ ਥਾਈਂ ਥਾਉਂ, ਥਨੰਤਰਾਂ ਫੋਲ ਫੁਲਾਈਆ । ਮੇਰਾ ਨੂਰ ਭੁੱਲਿਆ ਸਭ ਨੂੰ ਪਿਤਾ ਮਾਉਂ, ਪਤਿਪਰਮੇਸ਼ਵਰ ਮੰਨਣ ਕੋਇ ਨਾ ਆਈਆ । ਤੂੰ ਚਾਰੋਂ ਕੁੰਟ ਕੂੜ ਕੁੜਿਆਰ ਦਾ ਕੀਤਾ ਵਾਹੋ ਵਾਹੋ, ਵਾਹਵਾ ਤੇਰੀ ਬੇਪਰਵਾਹੀਆ । ਕਲਜੁਗ ਜੀਵ ਤੱਕ ਲੈ ਕਾਉਂ, ਕਾਗ ਵਾਂਗ ਕੁਰਲਾਈਆ । ਸਚ ਦੀ ਦਿਸੇ ਕੋਇ ਨਾ ਨਾਓ, ਨਈਆ ਨਾਮ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਮਾਇਆ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਟੱਪਦੀ, ਬਿਨ ਕਦਮਾਂ ਕਦਮ ਉਠਾਈਆ । ਇਕੋ ਸਾਹਿਬ ਦਾ ਨਾਮ ਜਪਦੀ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਮੈਂ ਵਣਜਾਰਨ ਹੋ ਗਈ ਓਸ ਪਤ ਦੀ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਸੀਸ ਝੁਕਾਈਆ । ਮੈਂ ਦਾਸੀ ਓਸ ਸਮਰਥ ਦੀ, ਜੋ ਪੁਰਖ ਅਗੰਮੜਾ ਅਗੰਮ ਅਥਾਹੀਆ । ਮੇਰੀ ਖੇਲ ਹੋਣੀ ਹੱਥੋ ਹੱਥ ਦੀ, ਜਗਤ ਜਹਾਨ ਦਿਤਾ ਜਣਾਈਆ । ਮੈਂ ਕਲਾ ਮੁਕਾਉਣੀ ਤਤ ਅੱਠ ਦੀ, ਨਵ ਦਰ ਖੋਜ ਖੁਜਾਈਆ । ਮੈਂ ਥਿਤ ਵੇਖਣੀ ਅੱਠ ਸੱਠ ਦੀ, ਤੀਰਥ ਤੱਟਾਂ ਧਿਆਨ ਲਗਾਈਆ । ਮੈਂ ਨਿਸ਼ਾਨੀ ਤੱਕਣੀ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੀ, ਗੁਰੂਦਵਾਰਿਆਂ ਫੋਲ ਫੁਲਾਈਆ । ਮੈਂ ਕਲਾ ਜਾਨਣੀ ਕਾਇਆ ਮੱਟ ਦੀ, ਤਨ ਵਜੂਦਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਮੇਰਾ ਰਿਹਾ ਜਣਾਈਆ । ਮਾਇਆ ਕਹੇ ਮੈਂ ਚਾਰ ਕੁੰਟ ਵਜਾਵਾਂ ਡੰਕਾ, ਡੌਰੂ ਹੱਥ ਉਠਾਈਆ । ਨਾਲ ਰਲਾਵਾਂ ਕਲਜੁਗ ਰੂਪ ਕਾਂਉ ਕਾ, ਕਾਇਨਾਤ ਦਿਆਂ ਸਮਝਾਈਆ । ਮੇਰਾ ਵਕਤ ਸੁਹੰਜਣਾ ਆਇਆ ਦਾਓ ਕਾ, ਦਾਓ ਦੀਨ ਦੁਨੀ ਲਗਾਈਆ । ਵੇਖਣਾ ਖੇਲ ਆਪਣੇ ਪਸਾਓ ਕਾ, ਪਸਰ ਪਸਾਰੀ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਮਾਇਆ ਕਹੇ ਮੇਰਾ ਵਕਤ ਸੁਹਾਵਾ, ਪਰਮ ਪੁਰਖ ਦਿਤੀ ਵਡਿਆਈਆ । ਮੈਂ ਇਕੋ ਢੋਲਾ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਇਕੋ ਧੌਂਤ ਕੰਤ ਹੰਢਾਵਾਂ, ਇਕੋ ਸੇਜ ਸੁਹਾਈਆ । ਇਕੋ ਹੁਕਮ ਸੰਦੇਸ਼ਾ ਸੁਣਾਂ ਨਾਲ ਚਾਵਾਂ, ਚਾਓ ਘਨੇਰਾ ਆਪ ਪਰਗਟਾਈਆ । ਫੇਰ ਸਵਾਰਾਂ ਆਪਣੀਆਂ ਭੁਜਾਂ ਬਾਹਵਾਂ, ਬਾਹੂ ਬਲ ਪਰਗਟਾਈਆ । ਕਿਸ ਬਿਧ ਲੱਖ ਚੁਰਾਸੀ ਖਾਵਾਂ, ਫੜ ਫੜ ਅੰਤਰ ਲਵਾਂ ਟਿਕਾਈਆ । ਕਲਜੁਗ ਕੂੜ ਨਿਸ਼ਾਨ ਮਿਟਾਵਾਂ, ਰੂਪ ਰੇਖ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਮਾਇਆ ਕਹੇ ਮੈਂ ਵੇਖਣਾ ਖੇਲ ਅਲਖਣ, ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਕੀ ਆਪਣਾ ਹੁਕਮ ਵਰਤਾਵੇ ਮੇਰਾ ਭਾਂਡਾ ਵੇਖਣਾ ਸੱਖਣ, ਸਚ ਸਵਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਮਿਹਰ ਨਜ਼ਰ ਉਠਾਈਆ । ਏਕੰਕਾਰਾ ਹਰਿ ਨਿਰੰਕਾਰਾ ਮੇਰੀ ਪੈਜ ਆਵੇ ਰਖਣ, ਪਤ ਪਤਵੰਤ ਸ੍ਰੀ ਭਗਵੰਤ ਆਦਿਨ ਅੰਤਾ ਜੁਗਾ ਜੁਗੰਤਾ ਆਪਣਾ ਖੇਲ ਖਿਲਾਈਆ ।

ਕਿਸ ਬਿਧ ਮੇਰਾ ਲੇਖਾ ਜਾਣੇ ਦਿਸ਼ਾ ਦੱਖਣ, ਲੱਖ ਚੁਰਾਸੀ ਵਿਰੋਲੇ ਮੱਖਣ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਧਰਨੀ ਧਰਤ ਧਵਲ ਧੌਲ ਦੇ ਪੜਦੇ ਆਵੇ ਢੱਕਣ, ਆਦਿ ਨਿਰੰਜਣ ਧੁਰ ਦਾ ਕਰਤਾ ਆਪਣੀ ਖੇਲ ਖਿਲਾਈਆ । ਕਲਜੁਗ ਵਿਚੋਂ ਸਤਿਜੁਗ ਕਿਸ ਬਿਧ ਆਵੇ ਕਢਣ, ਲੋਕਮਾਤ ਮਾਰ ਝਾਤ ਕਮਲਾਪਾਤ ਆਪਣਾ ਪਰਦਾ ਲਾਹੀਆ । ਜਿਸ ਦਾ ਰੂਪ ਰੰਗ ਰੇਖ ਵੇਖੇ ਕੋਈ ਨਾ ਬਦਨ, ਤਨ ਵਜੂਦ ਹਕ ਮਹਿਬੂਬ ਜਗਤ ਧਾਰ ਨਾ ਕੋਈ ਵਖਾਈਆ । ਉਹ ਸਾਹਿਬ ਸੁਲਤਾਨਾ ਨੌਜਵਾਨਾ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬੇਪਰਵਾਹੀਆ । ਜੋ ਚਾਰ ਕੁੰਟ ਦਹਿ ਦਿਸ਼ਾ ਕੂੜੀ ਵੇਖੇ ਲੱਗੀ ਅਗਨ, ਤਤਵ ਤਤ ਦਾ ਮਾਲਕ ਖੋਜ ਖੁਜਾਈਆ । ਮੈਂ ਓਸ ਸਵਾਮੀ ਸਾਹਿਬ ਸਤਿਗੁਰ ਨੂੰ ਸਦੀ ਚੌਧਵੀਂ ਅੰਤਮ ਲੱਗੀ ਸੱਦਣ, ਹੋਕੇ ਦੇਵਾਂ ਚਾਈਂ ਚਾਈਂਆ । ਆ ਮੇਰੇ ਮਾਲਕ ਖ਼ਾਲਕ ਅਗੰਮੜੇ ਸੱਜਣ, ਸੱਜਣੂਆ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਮਾਇਆ ਕਹੇ ਮੈਂ ਰਖਾਂ ਅਗੰਮੀ ਉਡੀਕਾ, ਬਿਨ ਨੈਣਾਂ ਨੈਣ ਉਠਾਈਆ । ਮੇਰਾ ਮਾਲਕ ਆਵੇ ਜਿਸ ਵਿਚ ਹਕ ਤੌਫ਼ੀਕਾ, ਧੁਰ ਦਾ ਸਵਾਮੀ ਨੂਰ ਅਲਾਹੀਆ । ਮੇਰੀਆਂ ਪੂਰੀਆਂ ਕਰੇ ਰੀਝਾਂ, ਹੋਏ ਆਪ ਸਹਾਈਆ । ਧਰਨੀ ਧਰਤ ਧਵਲ ਧੌਲ ਦੀਆਂ ਲੰਘੇ ਦਹਿਲੀਜਾਂ, ਬਿਨ ਕਦਮਾਂ ਕਦਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਮਾਇਆ ਕਹੇ ਮੈਂ ਪਰਮ ਪੁਰਖ ਧਿਆਵਾਂਗੀ । ਸੋ ਪੁਰਖ ਨਿਰੰਜਣ ਇਕ ਮਨਾਵਾਂਗੀ । ਹਰਿ ਪੁਰਖ ਨਿਰੰਜਣ ਸੀਸ ਨਿਵਾਵਾਂਗੀ । ਏਕੰਕਾਰਾ ਵੇਖ ਵਖਾਵਾਂਗੀ । ਆਦਿ ਨਿਰੰਜਣ ਓਟ ਤਕਾਵਾਂਗੀ । ਅਬਿਨਾਸ਼ੀ ਕਰਤੇ ਗੰਢ ਪੁਆਵਾਂਗੀ ।

ੴ੪੨੭ ੨੩ ਸ੍ਰੀ ਭਗਵਾਨ ਦਾ ਰੰਗ ਚੜ੍ਹਾਵਾਂਗੀ । ਪਾਰਬ੍ਰਹਮ ਆਪਣੇ ਸੰਗ ਰਖਾਵਾਂਗੀ । ਜਗਤ ਨਾਮ ਮਰਦੰਗ ਵਜਾਵਾਂਗੀ । ਨਵ ਖੰਡ ਦਾ ਮਾਰ ਕੇ ਪੰਧ, ਚਾਰੋਂ ਕੁੰਟ ਹੁਕਮ ਦ੍ਰਿੜਾਵਾਂਗੀ । ਕੀ ਖੇਲ ਹੋਏ ਵਿਚ ਵਰਭੰਡ, ਬ੍ਰਹਿਮੰਡ ਆਖ ਸੁਣਾਵਾਂਗੀ । ਸਵਾਧਾਨ ਕਰ ਕੇ ਜੇਰਜ ਅੰਡ, ਉਤਭੁਜ ਸੇਤਜ ਆਪ ਉਠਾਵਾਂਗੀ । ਵੇਖੋ ਖੇਲ ਸੂਰੇ ਸਰਬੰਗ, ਪਰਦੇ ਪਰਦਿਆਂ ਵਿਚੋਂ ਚੁਕਾਵਾਂਗੀ । ਕਿਸੇ ਅੰਤਰ ਰਹੇ ਨਾ ਰੰਜ਼, ਰੰਜ਼ਸ਼ ਸਭ ਦੀ ਦੂਰ ਕਰਾਵਾਂਗੀ । ਨਵ ਸੱਤ ਦਾ ਹੋਣਾ ਜੰਗ, ਜੰਗਜੂ ਇਕੋ ਇਕ ਦ੍ਰਿੜਾਵਾਂਗੀ । ਜਿਸ ਨੇ ਸ੍ਰਿਸ਼ਟੀ ਕਰਨੀ ਖੰਡ ਖੰਡ, ਖੰਡਾ ਖੜਗ ਉਸ ਦਾ ਚਮਕਾਵਾਂਗੀ । ਜਿਸ ਨੇ ਮੇਟਣਾ ਭੇਖ ਪਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਵਾਂਗੀ । ਮਾਇਆ ਕਹੇ ਮੈਂ ਨਿਤ ਨਿਤ ਸੇਵ ਕਮਾਉਂਦੀ ਹਾਂ । ਜੁਗ ਜੁਗ ਵੇਸ ਅਨੇਕ ਵਟਾਉਂਦੀ ਹਾਂ । ਝੁਕ ਝੁਕ ਬਿਨਾ ਸੀਸ ਤੋਂ ਸੀਸ ਝੁਕਾਉਂਦੀ ਹਾਂ । ਲੁਕ ਲੁਕ ਦੀਨ ਦੁਨੀ ਵੇਖ ਵਖਾਉਂਦੀ ਹਾਂ । ਕਲਜੁਗ ਅੰਤਮ ਪੈਂਡਾ ਰਿਹਾ ਮੁਕ, ਮੁਕੰਮਲ ਧੁਰ ਦਾ ਹਾਲ ਦ੍ਰਿੜਾਉਂਦੀ ਹਾਂ । ਕੀ ਖੇਲ ਕਰੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਆਪ ਕਰਾਉਂਦੀ ਹਾਂ । ਜੋ ਹੁਕਮ ਸੰਦੇਸ਼ੇ ਦੇਵੇ ਸ਼ਬਦੀ ਦੁਲਾਰੇ ਸੁਤ, ਸ਼ਬਦ ਨਾਲ ਵਡਿਆਉਂਦੀ ਹਾਂ । ਜਿਸ ਜਗਤ ਜਹਾਨਾਂ ਪਾਉਣੀ ਲੁੱਟ, ਤਿਸ ਲੁਟੇਰੇ ਦਾ ਭੇਵ ਖੁਲਾਉਂਦੀ ਹਾਂ । ਸ੍ਰਿਸ਼ਟੀ ਦ੍ਰਿਸ਼ਟੀ ਪ੍ਰੀਤੀ ਜਾਣੀ ਟੁੱਟ, ਟੁਟਿਆਂ ਆਪ ਸਮਝਾਉਂਦੀ ਹਾਂ । ਇਕੋ ਪੁਰਖ ਅਕਾਲ ਦੀ ਰਖੇ ਓਟ, ਦੂਜਾ ਇਸ਼ਟ ਨਾ ਕੋਇ ਮਨਾਉਂਦੀ ਹਾਂ । ਜਿਸ ਦਾ ਵੇਸ ਅਨੇਕ ਕੋਟੀ ਕੋਟ, ਕੋਟਨ ਕੋਟ ਜੀਵਾਂ ਆਪ ਜਣਾਉਂਦੀ ਹਾਂ । ਜਿਸ ਦਾ ਹੁਕਮ ਵਰਤਣਾ ਲੋਕ ਪਰਲੋਕ, ਸੋਹਲੇ ਉਸ ਦੇ ਰਾਗ ਅਲਾਉਂਦੀ ਹਾਂ । ਜਿਸ ਦਾ ਨੂਰ ਨਿਰਮਲ

੧੪੨੭ ੨੩

ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਇਕ ਸਮਝਾਉਂਦੀ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸੋਚ ਸਕੇ ਕੋਈ ਨਾ ਸੋਚ, ਸੋਚ ਸਮਝ ਤੋਂ ਬਾਹਰ ਤੇਰਾ ਹੁਕਮ ਸੁਣਾਉਂਦੀ ਹਾਂ ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੯ ਵਕੀਲ ਸਿੰਘ ਦੇ ਗ੍ਰਹਿ ਪਿੰਡ ਹੰਸਾ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਤੂੰ ਬੜੀ ਮਸਤਾਨੀ, ਮਾਇਆ ਰਾਣੀਏ ਤੈਨੂੰ ਦਿਆਂ ਜਣਾਈਆ । ਪਿਛਲੇ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੀ ਵੇਖ ਲੈ ਕਥਾ ਕਹਾਣੀ, ਕਹਾਣੀਆਂ ਵਾਲੀਏ ਤੈਨੂੰ ਦਿਆਂ ਜਣਾਈਆ । ਚਾਰ ਜੁਗ ਦੇ ਸ਼ਾਸਤਰਾਂ ਦੀ ਤੱਕ ਲੈ ਬਾਣੀ, ਅੱਖਰ ਅੱਖਰਾਂ ਫੋਲ ਫੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੀ ਧਾਰ ਤੱਕ ਲੈ ਨਿਮਾਣੀ, ਨਿਵ ਨਿਵ ਨੈਣ ਉਠਾਈਆ । ਨਿਗਾਹ ਮਾਰ ਲੈ ਚਾਰੇ ਖਾਣੀ, ਭੁਲ ਰਹੇ ਨਾ ਰਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤੱਕ ਲੈ ਨਿਸ਼ਾਨੀ, ਨਿਸ਼ਾਨੇ ਨਿਸ਼ਾਨਿਆਂ ਵਿਚੋਂ ਉਠਾਈਆ । ਧੁਰ ਦਾ ਲੇਖਾ ਤੱਕ ਲੈ ਆਪਣੀ ਮੰਜ਼ਲ ਨਾਲ ਰੁਹਾਨੀ, ਰੂਹ ਬੁਤ ਤੋਂ ਪਰੇ ਧਿਆਨ ਲਗਾਈਆ । ਜੁਗਾਂ ਜੁਗਾਂ ਦੀ ਸੁਘੜ ਸੁਚੱਜੀ ਸਵਾਣੀ, ਤੈਨੂੰ ਪ੍ਰਭ ਨੇ ਦਿਤੀ ਮਾਣ ਵਡਿਆਈਆ । ਤੇਰੀ ਸਦਾ ਇਕੋ ਜਿਹੀ ਤਰਲ ਜਵਾਨੀ, ਬੁਢੇਪਾ ਬਾਲ ਰੂਪ ਨਾ ਕੋਇ ਵਖਾਈਆ । ਤੇਰੀ ਬਿਨਾ ਸ਼ਰਅ ਤੋਂ ਕਲਾਮੀ, ਨਾਮ ਕਲਮਾ ਵੰਡ ਨਾ ਕੋਇ ਵੰਡਾਈਆ ।
੧੪੨੮ ੨੩ ਤੂੰ ਆਪਣਾ ਮੂਲ ਆਪ ਪਛਾਣੀ, ਬਿਨ ਨੈਣਾਂ ਨੈਣ ਉਠਾਈਆ । ਆਪਣੀ ਧਾਰ ਵੇਖ ਲੈ ਬਿਨਾ ਜਿਸਮ ਜਿਸਮਾਨੀ, ਜ਼ਮੀਰ ਨਜ਼ਰ ਕੋਇ ਨਾ ਆਈਆ । ੧੪੨੮ ੨੩
ਤੇਰਾ ਖੇਲ ਜਗਤ ਜਹਾਨੀ, ਸਤਿਗੁਰ ਸ਼ਬਦ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮਾਇਆ ਤੇਰੀ ਮਮਤਾ ਵੇਖੀ ਜਗ, ਜਾਗਰਤ ਜੋਤ ਦਿਤੀ ਵਖਾਈਆ । ਤੂੰ ਜੁਗ ਜੁਗ ਹੰਸ ਬਣਾਏ ਕੱਗ, ਇਹ ਤੇਰੀ ਬੇਪਰਵਾਹੀਆ । ਤੂੰ ਧਰਨੀ ਧਰਤ ਧਵਲ ਧੌਲ ਤੇ ਲਾਏਂ ਅੱਗ, ਅਗਨੀ ਤਤ ਤਪਾਈਆ । ਤੂੰ ਕੂੜ ਪਿਆਲੇ ਪਿਆਏਂ ਮਦਿ, ਰਸਨਾ ਰਸ ਚਖਾਈਆ । ਤੇਰੀ ਜਗਤ ਤੋਂ ਵੱਖਰੀ ਹੱਦ, ਹਦੂਦ ਨਵ ਦਵਾਰੇ ਤੇਰਾ ਗ੍ਰਹਿ ਨਜ਼ਰੀ ਆਈਆ । ਤੂੰ ਸਭ ਨੂੰ ਕਰੇਂ ਅੱਡ, ਵੱਖਰੇ ਵੱਖਰੇ ਘਰ ਵਸਾਈਆ । ਕਲਜੁਗ ਅੰਤ ਮਮਤਾ ਮੋਹ ਵਿਕਾਰ ਦਾ ਨਿਸ਼ਾਨਾ ਬੈਠੀਉਂ ਗੱਡ, ਗਾਡ ਸਭ ਨੂੰ ਦਿਤਾ ਭੁਲਾਈਆ । ਸਭ ਦੀ ਪਿੱਠ ਦਿਤੀ ਵੱਢ, ਸ਼ਾਹ ਸੁਲਤਾਨ ਮੂੰਹ ਦੇ ਭਾਰ ਸੁਟਾਈਆ । ਸਭ ਦੀ ਕਰਨੀ ਕੀਤੀ ਰੱਦ, ਤੇਰੇ ਪਿਛੇ ਅਵਤਾਰ ਪੈਗ਼ੰਬਰ ਗੁਰੂਆਂ ਦੀ ਸਿਖਿਆ ਗਏ ਭੁਲਾਈਆ । ਕਿਸੇ ਨੂੰ ਚੜ੍ਹਨ ਨਾ ਦੇਵੇਂ ਉਪਰ ਸ਼ਾਹ ਰਗ, ਸਾਧ ਸੰਤ ਜੀਵ ਜੰਤ ਰੋਵਣ ਮਾਰਨ ਧਾਹੀਆ । ਤੂੰ ਆਸਣ ਲਾਇਆ ਵਿਚ ਅੱਧ, ਅਧਵਿਚਕਾਰ ਬੈਠੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੂਰਾ ਸਰਬਗ, ਸੂਰਬੀਰ ਇਕ ਅਖਵਾਈਆ ।

### ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਵਰਨ ਕੌਰ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ

ਮਾਇਆ ਕਹੇ ਮੈਂ ਖ਼ੁਸ਼ੀਆਂ ਵਿਚ ਮੁਸਕਰਾਉਂਦੀ ਹਾਂ । ਨੇਤਰ ਲੋਚਨ ਨੈਣਾਂ ਨਾਲ ਮਟਕਾਉਂਦੀ ਹਾਂ । ਚਿੱਟੀਆਂ ਦੰਦੀਆਂ ਕਢ ਕੇ, ਦੋ ਜਹਾਨ ਵਖਾਉਂਦੀ ਹਾਂ । ਜਗਤ ਜਹਾਨ ਛਡ ਕੇ, ਇਕੋ ਪ੍ਰਭੂ ਇਸ਼ਟ ਮਨਾਉਂਦੀ ਹਾਂ । ਸਾਚਾ ਹੁਕਮ ਸੰਦੇਸ਼ਾ ਦੱਸ ਕੇ, ਜੀਵਾਂ ਜੰਤਾਂ ਸਮਝਾਉਂਦੀ ਹਾਂ । ਜੋ ਧੁਰਦਰਗਾਹੀ ਆਇਆ ਨੱਸ ਕੇ, ਤਿਸ ਦਾ ਭੇਵ ਖੁਲਾਉਂਦੀ ਹਾਂ । ਨਵ ਨਵ ਦੀ ਧਾਰ ਵਿਚੋਂ ਬਚ ਕੇ, ਬਚਪਨ ਉਸੇ ਦੀ ਝੋਲੀ ਪਾਉਂਦੀ ਹਾਂ । ਜੋ ਲੂੰ ਲੂੰ ਅੰਦਰ ਰਚ ਕੇ, ਰਚਨਾ ਦਾ ਮਾਲਕ ਵੇਖ ਵਖਾਉਂਦੀ ਹਾਂ । ਜਿਸ ਭਾਂਡੇ ਭੰਨਣੇ ਕਾਇਆ ਮਾਟੀ ਕੱਚ ਦੇ, ਤਿਸ ਦਾ ਕੰਚਨ ਗੜ੍ਹ ਸੁਹਾਉਂਦੀ ਹਾਂ । ਜਿਸ ਦੇ ਦਵਾਰੇ ਤੇ ਵਿਸ਼ਨ ਬ੍ਰਹਮਾ ਸ਼ਿਵ ਨੱਚਦੇ, ਤਿਨ੍ਹਾਂ ਦਾ ਹਾਲ ਵੇਖ ਵਖਾਉਂਦੀ ਹਾਂ । ਜਿਸ ਦਾ ਮਾਰਗ ਅਵਤਾਰ ਪੈਗ਼ੰਬਰ ਗੁਰੂ ਲਖਦੇ, ਤਿਸ ਅਲਖਣੇ ਦਾ ਲੇਖ ਦ੍ਰਿੜਾਉਂਦੀ ਹਾਂ । ਜੋ ਖੇਲ ਕਰੇ ਪੁਰਖ ਸਮਰਥ ਦੇ, ਸਮਰਥ ਦੇ ਪਰਦੇ ਆਪ ਚੁਕਾਉਂਦੀ ਹਾਂ । ਜਿਸ ਦੇ ਲੇਖੇ ਕਲਜੁਗ ਮਥ ਦੇ, ਮਥਨ ਮਧਾਣੇ ਸੰਗ ਰਖਾਉਂਦੀ ਹਾਂ । ਉਹਦੇ ਗੇੜੇ ਉਲਟੀ ਲੱਠ ਦੇ, ਜਗਤ ਜਹਾਨ ਆਪ ਜਣਾਉਂਦੀ ਹਾਂ । ਜਿਸ ਝਗੜੇ ਮੇਟਣੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਦੇ, ਤਿਸ ਅਗੇ ਸੀਸ ਨਿਵਾਉਂਦੀ ਹਾਂ । ਜਿਸ ਦੇ ਰੂਪ ਅਨੂਪ ਸਤਿ ਸਰੂਪੀ ਜੱਟ ਦੇ, ਜਗਹ ਜਗਹ ਉਸੇ ਦੇ ਢੋਲੇ ਗਾਉਂਦੀ ਹਾਂ । ਮੇਰੇ ਜੁਗ ਚੌਕੜੀ ਪਿਛਲੇ ਟੱਪ ਗਏ, ਪਿਛਲਾ ਪੰਧ ਮੁਕਾਉਂਦੀ ਹਾਂ । ਕਲਜੁਗ ਅੰਤਮ ਜਿਉਂ ਭਾਵੇਂ ਤਿਉਂ
੧੪੨੯ ਰਖ ਲੈ, ਉਸੇ ਤੇ ਓਟ ਤਕਾਉਂਦੀ ਹਾਂ । ਮੇਰੀ ਕੋਝੀ ਕਮਲੀ ਦਾ ਪਰਦਾ ਢੱਕ ਲੈ, ਦਰ ਠਾਂਡੇ ਸੀਸ ਝੁਕਾਉਂਦੀ ਹਾਂ । ਜੋਤੀ ਜੋਤ ਸਰੂਪ ਹਰਿ, ੧੪੨੯
੨੩ ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਇਕੋ ੨੩
ਦੱਸ ਦੇ, ਦਹਿ ਦਿਸ਼ਾ ਆਖ ਸੁਣਾਉਂਦੀ ਹਾਂ ।

### ੨੪ ਮੱਘਰ ਸ਼ਹਿਨਸ਼ਾਹੀ ੯ ਸ਼ਾਂਤੀ ਦੇਵੀ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ

ਮਾਇਆ ਕਹੇ ਮੈਨੂੰ ਹੁਕਮ ਦੀ ਹੋਵੇ ਸਖ਼ਤੀ, ਸੁਖ਼ਨ ਸਚ ਦਿਆਂ ਸੁਣਾਈਆ । ਜਿਸ ਦਾ ਲੇਖਾ ਜਗਤ ਨਹੀਂ ਕੋਈ ਲਖਤੀ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਜਿਸ ਦੀ ਇੱਟਾਂ ਪੱਥਰਾਂ ਵਾਲੀ ਨਹੀਂ ਬਸਤੀ, ਛੱਪਰ ਛੰਨ ਨਾ ਕੋਇ ਛੁਹਾਈਆ । ਜੋ ਨਾਮ ਖ਼ੁਮਾਰੀ ਦੇਵੇ ਮਸਤੀ, ਮਸਤ ਅਲਮਸਤ ਬਣਾਈਆ । ਉਹਦੀ ਨਜ਼ਰ ਆਵੇ ਹਸਤੀ, ਜੋ ਹਸਤ ਕੀਟਾਂ ਵੇਖ ਵਖਾਈਆ । ਜਿਸ ਦੀ ਰਹਿਮਤ ਬੜੀ ਸਸਤੀ, ਬਿਨ ਕੀਮਤ ਝੋਲੀ ਪਾਈਆ । ਮੈਂ ਉਸੇ ਦੇ ਹੁਕਮ ਵਿਚ ਫਿਰਾਂ ਨੱਸਦੀ, ਭੱਜਾਂ ਵਾਹੋ ਦਾਹੀਆ । ਨਵਾਂ ਨਵਾਂ ਸੰਦੇਸ਼ਾ ਦੱਸਦੀ, ਦਹਿ ਦਿਸ਼ਾ ਦਿਸ਼ਾ ਦ੍ਰਿੜਾਈਆ । ਦੁਨੀਆਦਾਰੋ ਉਸੇ ਦੇ ਹੁਕਮ ਦੀ ਧਾਰ ਸਭ ਦੀ ਲਿਆਏ ਕਮਬਖ਼ਤੀ, ਬਖ਼ਤਾਵਰ ਰਹਿਣ ਕੋਇ ਨਾ ਪਾਈਆ । ਮੇਰੀ ਆਸ਼ਾ ਨਹੀਂ ਕਿਸੇ ਪੱਖ ਦੀ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਖੇਲ ਤੱਕਾਂ ਧਰਤੀ ਵਾਲੇ ਭੱਖ ਦੀ, ਚਾਰੋਂ ਕੁੰਟ ਅਗਨ ਤਪਾਈਆ । ਇਹ ਖੇਲ ਉਸ ਦੀ ਪੱਕ ਦੀ, ਜੋ ਪੱਕੀ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਬਣਾਈਆ । ਮੈਂ ਹਕੀਕਤ ਦੱਸਾਂ ਹਕ ਦੀ, ਸਚ ਦਿਆਂ ਸੁਣਾਈਆ । ਮੇਰੀ ਆਸ਼ਾ

ਅੰਦਰੋਂ ਘਟਦੀ, ਘਟ ਘਟ ਰਹੀ ਦ੍ਰਿੜਾਈਆ । ਵਡਿਆਈ ਰਹਿਣੀ ਨਹੀਂ ਕਿਸੇ ਕਾਇਆ ਮੱਟ ਦੀ, ਮਟਕੇ ਖ਼ਾਲੀ ਵੇਖ ਵਖਾਈਆ । ਉਹਦੀ ਖੇਲ ਹੋਣੀ ਦੋ ਫੱਟ ਦੀ, ਫੱਟੜ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਾ ਵਰਤਣੀ ਪੁਰਖ ਸਮਰਥ ਦੀ, ਸਮਰਥ ਆਪਣਾ ਹੁਕਮ ਵਰਤਾਈਆ ।

### ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਦੇਵਾ ਸਿੰਘ ਦੇ ਗ੍ਰਿਹਿ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਜਨ ਭਗਤੋ ਮੇਰੇ ਨਾਲ ਮਿਲਾਓ ਹੱਥ, ਹਥੇਲੀ ਹਥੇਲੀ ਨਾਲ ਜੁੜਾਈਆ । ਸਾਡਾ ਦੋਹਾਂ ਦਾ ਇਕੋ ਪੁਰਖ ਸਮਰਥ, ਪਿਤਾ ਅਕਾਲ ਦਿਆਲ ਸੋਭਾ ਪਾਈਆ । ਜਿਸ ਦੀ ਸਤਿ ਸਚ ਦੀ ਅੰਤਰ ਪਾਈ ਨੱਥ, ਨਾਤਾ ਬਿਧਾਤਾ ਹੋ ਕੇ ਲਿਆ ਜੁੜਾਈਆ । ਆਪਣੀ ਮਹਿੰਮਾ ਦੱਸ ਅਕਥ, ਦੀਨ ਦੁਨੀ ਤੋਂ ਬਾਹਰ ਸਮਝਾਈਆ । ਜਗਤ ਜਹਾਨ ਚਲਾ ਕੇ ਧੁਰ ਦਾ ਰਥ, ਰਥਵਾਹੀ ਬਣਿਆ ਧੁਰ ਦਾ ਮਾਹੀਆ । ਜਿਸ ਕੂੜ ਕੁੜਿਆਰਾ ਦੇਣਾ ਮਥ, ਮਥਨ ਕਰੇ ਲੋਕਾਈਆ । ਉਸੇ ਦੇ ਸਰਨ ਜਾਈਏ ਢੱਠ, ਨਿਵ ਨਿਵ ਲਾਗੀਏ ਪਾਈਆ । ਜੋ ਝਗੜਾ ਮੁਕਾਏ ਤਤ ਅੱਠ, ਅਠੋਤਰੀ ਮਾਲਾ ਦੀ ਲੋੜ ਨਾ ਕੋਇ ਰਖਾਈਆ । ਸਾਡੇ ਹਿਰਦੇ ਜਾਵੇ ਵਸ, ਸਾਚਾ ਘਰ ਸੁਹਾਈਆ । ਅੰਮ੍ਰਿਤ ਦੇਵੇ ਰਸ, ਝਿਰਨਾ ਨਿਝਰ ਝਿਰਾਈਆ । ਤੀਰ ਮਾਰੇ ਕਸ, ਅਣਿਆਲਾ ਆਪ ਚਲਾਈਆ । ਜਨ ਭਗਤੋ ਤੁਹਾਡਾ ਕਰੇ ਜਸ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਮਾਇਆ ਕਹੇ ਜਨ ਭਗਤੋ ਮੇਰੇ ਨਾਲ ਹੋਵੋ ਬਗ਼ਲਗੀਰ, ਬਗ਼ਲੀ ਜਗਤ ਕੂੜ ਤਜਾਈਆ । ਤੁਹਾਡਾ ਮੇਰਾ ਇਕੋ ਅਗੰਮਾ ਪੀਰ, ਜੋ ਪਰਾ ਪਸੰਤੀ ਮਧਮ ਬੈਖਰੀ ਬਾਹਰ ਡੇਰਾ ਲਾਈਆ । ਜਿਸ ਦਾ ਸ਼ਰਅ ਵਾਲਾ ਨਹੀਂ ਕੋਈ ਜ਼ੰਜੀਰ, ਸ਼ਰੀਅਤਾਂ ਡੇਰਾ ਢਾਹੀਆ । ਚਰਨ ਕਵਲ ਦੇ ਕੇ ਧੀਰ, ਧੀਰਜ ਰਿਹਾ ਧਰਾਈਆ । ਅੰਮ੍ਰਿਤ ਬਖ਼ਸ਼ ਕੇ ਸੀਰ, ਰਸ ਆਪਣਾ ਆਪ ਚਖਾਈਆ । ਤੁਸੀਂ ਮੇਰੇ ਲਾਡਲੇ ਬਣੋ ਵੀਰ, ਵੀਰਨੋਂ ਦਿਆਂ ਜਣਾਈਆ । ਮੈਂ ਤੁਹਾਡੇ ਨਾਲ ਉਸ ਦੀ ਸਿਫ਼ਤ ਕਰਾਂ ਤਕਰੀਰ, ਤਹਿਰੀਰ ਨਾਲ ਚਤੁਰਾਈਆ । ਜਿਸ ਸ਼ਾਹ ਬਣਾਉਣਾ ਹਕੀਰ, ਹਕੀਰ ਹਕੀਰਾਂ ਵੇਖ ਵਖਾਈਆ । ਸਭ ਦੇ ਵੇਖੇ ਬਸਤਰ ਚੀਰ , ਚਿਰੀ ਵਿਛੁੰਨਿਆਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਮਾਇਆ ਕਹੇ ਜਨ ਭਗਤੋ ਤੁਹਾਡਾ ਮੇਰੇ ਨਾਲ ਹੋਵੇ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਮੇਰਾ ਆਦਿ ਤੋਂ ਸੋਹੰ ਜਾਪ, ਤੁਸਾਂ ਕਲਜੁਗ ਅੰਤਮ ਕਰੀ ਪੜ੍ਹਾਈਆ । ਸਾਡਾ ਦੋਹਾਂ ਦਾ ਇਕੋ ਤਾਕ, ਦਰ ਦਰਵਾਜ਼ਾ ਇਕੋ ਨਜ਼ਰੀ ਆਈਆ । ਇਕੋ ਸਾਂਝਾ ਬਾਪ, ਇਕੋ ਜੰਮਣ ਵਾਲੀ ਮਾਈਆ । ਜੋ ਪਤ ਸਾਡੀ ਲਏ ਰਾਖ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਸ ਦਾ ਦਰਸ਼ਨ ਕਰ ਲਓ ਸਾਖਿਆਤ, ਸਨਮੁਖ ਬੈਠਾ ਧੁਰ ਦਾ ਮਾਹੀਆ । ਜਿਸ ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਨੌਂ ਖੰਡ ਪ੍ਰਿਥਮੀ ਕਰਨੀ ਇਕ ਜਮਾਤ, ਏਕਾ ਅੱਖਰ ਦਏ ਪੜ੍ਹਾਈਆ । ਉਹ ਤੁਹਾਡੀ ਪੁਛਣ ਆਇਆ ਵਾਤ, ਜੁਗ ਜਨਮ ਦੇ ਵਿਛੜਿਓ ਤੁਹਾਨੂੰ ਲਏ ਮਿਲਾਈਆ । ਤੁਹਾਡੀ ਅਗਲੀ ਕਟ ਕੇ ਵਾਟ, ਪੈਂਡਾ ਪੰਧ ਰਿਹਾ


੧੪੩੦
੨੩

ਮੁਕਾਈਆ । ਤੁਸਾਂ ਸਚਖੰਡ ਦੀ ਸੌਣਾ ਸਾਚੀ ਖਾਟ, ਖਟੀਆ ਕੂੜ ਜਗਤ ਤਜਾਈਆ । ਉਹ ਘਰ ਘਰ ਗ੍ਰਿਹ ਗ੍ਰਿਹ ਦਰ ਦਰ ਗ਼ਰੀਬ ਨਿਮਾਣਿਆਂ ਪੁਛੇ ਵਾਤ, ਆਪ ਆਪਣਾ ਪੰਧ ਮੁਕਾਈਆ । ਜਿਸ ਦੀ ਯਾਦ ਵਿਚ ਤੁਸੀਂ ਗਾਉਂਦੇ ਗਾਥ, ਉਹ ਤੁਹਾਡਾ ਲੇਖਾ ਆਪਣੇ ਹੱਥ ਰਖਾਈਆ । ਤੁਹਾਡੇ ਲਹਿਣੇ ਦੇਣੇ ਵੇਖਣਹਾਰ ਪੁਰਖ ਸਮਰਾਥ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਚੜ੍ਹਾਏ ਰਾਥ, ਰਥਵਾਹੀ ਆਪਣਾ ਰਥ ਚਲਾਈਆ ।

✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਚਰਨਜੀਤ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਜਨ ਭਗਤੋ ਮੇਰੇ ਨਾਲ ਮਿਲਾਓ ਪੰਜਾ, ਪੰਜਾਂ ਤਤਾਂ ਮਿਲੇ ਵਡਿਆਈਆ । ਹਰਖ ਸੋਗ ਰਹੇ ਨਾ ਰੰਜਾ, ਰੰਜਸ਼ ਅੰਦਰੋਂ ਦਏ ਗਵਾਈਆ । ਜੋ ਗੋਬਿੰਦ ਇਸ਼ਾਰਾ ਕੀਤਾ ਕਵੀ ਬਵਿੰਜਾ, ਬਾਵਨ ਧਾਰ ਸਭ ਨੂੰ ਦਏ ਵਡਿਆਈਆ । ਜੋ ਲੇਖ ਲਿਖਾਇਆ ਧਾਰ ਸਮਝਾਇਆ ਵਿਚ ਛਪੰਜਾ, ਇਕ ਸਤ ਨਾਲ ਵਡਿਆਈਆ । ਉਹਦਾ ਲੇਖਾ ਨਹੀਂ ਨਾਲ ਕਾਰੂ ਗੰਜਾ, ਜਗਤ ਮਮਤਾ ਨਾ ਕੋਇ ਵਡਿਆਈਆ । ਤੁਹਾਡਾ ਸ਼ਰਅ ਦਾ ਲਏ ਕੋਈ ਨਾ ਚੰਦਾ, ਚੰਦ ਚਾਂਦਨੇ ਚੰਦ ਦਿਤੇ ਚਮਕਾਈਆ । ਤੁਹਾਡਾ ਅੰਦਰੋਂ ਖੋਲ ਕੇ ਜੰਦਾ, ਤ੍ਰੈਕੁਟੀ ਦਾ ਲੇਖਾ ਦਿਤਾ ਮੁਕਾਈਆ ।
੧੪੩੧ ੨੩ ਤਨ ਵਜੂਦ ਰਿਹਾ ਨਾ ਅੰਧਾ, ਅੰਧ ਅੰਧੇਰ ਦਿਤਾ ਮੁਕਾਈਆ । ਤੂੰ ਮੇਰਾ ਮੈਂ ਤੇਰਾ ਜਪਾ ਕੇ ਛੰਦਾ, ਦੋਹਰੀ ਆਪਣੀ ਖੇਲ ਖਿਲਾਈਆ । ਝਗੜਾ ਮੁਕਾ ਕੇ ਜੇਰਜ ਅੰਡਾ, ਉਤਭੁਜ ਸੇਤਜ ਲੇਖਾ ਰਿਹਾ ਨਾ ਰਾਈਆ । ਤੁਹਾਨੂੰ ਇਕੋ ਪ੍ਰੇਮ ਫੜਾ ਡੰਡਾ, ਡੰਡਾਵਤ ਦਿਤੀ ਬਦਲਾਈਆ । ਝਗੜਾ ਮੁਕਾ ਕੇ ਵਿਚ ਵਰਭੰਡਾ, ਬ੍ਰਹਿਮੰਡਾਂ ਪੰਧ ਮੁਕਾਈਆ । ਨਿਜ ਆਤਮ ਦੇ ਅਨੰਦਾ, ਅਨੰਦ ਅਨੰਦ ਵਿਚੋਂ ਵਖਾਈਆ । ਦਰਸ਼ਨ ਦੇਵੇ ਗੁਣੀ ਗਹਿੰਦਾ, ਅੰਦਰ ਵੜ ਕੇ ਸੁੱਤਿਆਂ ਲਏ ਜਗਾਈਆ । ਇਹ ਦਸਮ ਦਵਾਰੀ ਦਾ ਖੇਲ ਬਿਨਾ ਮੰਜਾ, ਆਸਣ ਨਜ਼ਰ ਕਿਸੇ ਨਾ ਆਈਆ । ਸਾਧ ਸੰਤ ਏਸੇ ਕਾਰਨ ਖੜ੍ਹਦੇ ਇਕ ਇਕ ਟੰਗਾ, ਇਕ ਟੰਗਿਆ ਹੱਥ ਕਿਛ ਨਾ ਆਈਆ । ਸਿਰ ਵਿਚ ਪਾਣੀ ਪਾਉਂਦੇ ਠੰਢਾ, ਜਲਧਾਰਾ ਵਿਚ ਰੋਵਣ ਮਾਰਨ ਧਾਹੀਆ । ਅਗਨੀ ਨਾਲ ਸਾੜਦੇ ਪਿੰਡਾ, ਧੂਣੀਆਂ ਜਗਤ ਤਪਾਈਆ । ਘਰਬਾਹਰ ਛਡ ਕੇ ਦੁੱਖ ਦੇਵਣ ਜੀਉ ਪਿੰਡਾ, ਤਤਵ ਤਤ ਤਤ ਤਪਾਈਆ । ਬਿਨਾ ਕਿਰਪਾ ਤੋਂ ਮਿਲੇ ਕਿਸੇ ਨਾ ਗੁਣੀ ਗਹਿੰਦਾ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਈਆ । ਜਨ ਭਗਤੋ ਬਿਨਾ ਭਗਤੀਉਂ ਤੁਹਾਨੂੰ ਕੀਤਾ ਛਿੰਦਾ, ਪਿਆਰੇ ਬੱਚੇ ਗੋਦੀ ਵਿਚ ਉਠਾਈਆ । ਜੀਉਂਦਿਆਂ ਮਰਨ ਦੀ ਮੇਟੀ ਚਿੰਦਾ, ਮਰ ਕੇ ਜੀਵਤ ਰੂਪ ਪ੍ਰਭ ਦੇ ਵਿਚ ਦਰਸਾਈਆ । ਅੰਮ੍ਰਿਤ ਰਸ ਦੇ ਕੇ ਸਾਗਰ ਸਿੰਧਾ, ਜਗਤ ਤ੍ਰਿਸ਼ਨਾ ਦਿਤੀ ਬੁਝਾਈਆ । ਤੁਹਾਡਾ ਰਾਹ ਤੱਕਦਾ ਸੁਰਪਤ ਇੰਦਾ, ਕਰੋੜ ਤੇਤੀਸਾ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਭਗਤ ਸੁਹੇਲਾ ਬਿੰਦਾ, ਬਿੰਦਰਾਬਨ ਦਾ ਕਾਹਨ ਅੱਖ ਉਠਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਉਹ ਪ੍ਰਭੂ ਸਾਹਿਬ ਸਦਾ ਬਖ਼ਸ਼ਿੰਦਾ, ਬਖ਼ਸ਼ਣਹਾਰ ਅਖਵਾਈਆ । ਜੋ ਪਰਗਟ ਹੋਇਆ ਵਿਚ ਹਿੰਦਾ, ਪੇਸ਼ੀਨਗੋਈਆਂ ਸਾਡੀਆਂ ਲੇਖੇ ਪਾਈਆ । ਉਸ ਦੀ ਪੰਜ ਸਾਲ ਅਜੇ ਹੋਏਗੀ ਨਿੰਦਾ, ਫੇਰ ਸਾਰੇ ਲੱਭਣ ਥਾਉਂ ਥਾਈਂਆ । ਜਿਸ ਦਾ ਮਾਰਗ ਹੁਣ ਉਸ ਨੂੰ ਦਿਸਦਾ ਡਿੰਗਾ, ਸਿੱਧਾ ਰਾਹ ਸਰਬ ਦਏ ਸਮਝਾਈਆ । ੧੪੩੧ ੨੩

ਹੁਣ ਗੁਰਮੁਖ ਵਿਰਲੇ ਵਿਰਲੇ ਭਗਤ ਸੁਹੇਲੇ ਜਿਸ ਨੂੰ ਜਗਤ ਕਹੇ ਟਿੰਗਾ, ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਾਇਆ ਕਹੇ ਜਨ ਭਗਤੋ ਇਕ ਦੂਜੇ ਦੀ ਲੱਗੀਏ ਨਾਲ ਛਾਤੀ, ਛਤਰਧਾਰੀ ਦਇਆ ਕਮਾਈਆ । ਸਭ ਦਾ ਮਾਲਕ ਇਕੋ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਦਰਸ਼ਨ ਦੇਵੇ ਸੁੱਤਿਆਂ ਰਾਤੀਂ, ਦਿਨੇ ਜਾਗਦਿਆਂ ਨਜ਼ਰੀ ਆਈਆ । ਉਸ ਦੀ ਜਗਤ ਵਾਲੀ ਨਹੀਂ ਕੋਈ ਜ਼ਾਤੀ, ਦੀਨਾਂ ਵੰਡ ਨਾ ਕੋਇ ਵੰਡਾਈਆ । ਉਹ ਆਇਆ ਲੋਕਮਾਤੀ, ਮਤਾ ਆਪਣੇ ਨਾਲ ਪਕਾਈਆ । ਤੁਹਾਡੀ ਅੰਤਮ ਪੁਛੇ ਵਾਤੀ, ਵਾਤਾਵਰਨ ਤੱਕੇ ਖ਼ਲਕ ਖ਼ੁਦਾਈਆ । ਮਾਇਆ ਕਹੇ ਮੈਂ ਉਸੇ ਦੇ ਪਿਆਰ ਵਿਚ ਧੋਤੀ ਨਹਾਤੀ, ਆਪਣੀ ਆਪ ਲਈ ਅੰਗੜਾਈਆ । ਜਿਸ ਝਗੜਾ ਮੇਟਣਾ ਕਾਗ਼ਜ਼ਾਤੀ, ਕਲਮ ਸ਼ਾਹੀ ਦੇ ਲੇਖੇ ਦਏ ਮੁਕਾਈਆ । ਜਿਸ ਦਾ ਲਹਿਣਾ ਦੇਣਾ ਨਬਾਤਾਤੀ, ਵੇਖਣਹਾਰਾ ਥਾਉਂ ਥਾਈਂਆ । ਉਹ ਜਨ ਭਗਤੋ ਤੁਹਾਡਾ ਬਣ ਗਿਆ ਸਾਥੀ, ਸਗਲਾ ਸੰਗ ਬਣਾਈਆ । ਜਿਸ ਦੇ ਚਰਨ ਚੁੰਮੇ ਐਰਾਪਤ ਹਾਥੀ, ਦੱਖਣ ਦਿਸ਼ਾ ਰਾਹ ਤਕਾਈਆ । ਉਹ ਪੰਧ ਮਾਰ ਕੇ ਵਾਟੀ, ਭੱਜਿਆ ਧੁਰਦਰਗਾਹੀਆ । ਭਾਗ ਲਗਾ ਕੇ ਕਾਇਆ ਮਾਟੀ, ਤਤਾਂ ਵਾਲਿਆਂ ਦਏ ਵਡਿਆਈਆ । ਤੁਸਾਂ ਅੰਮ੍ਰਿਤ ਰਸ ਲੈਣਾ ਚਾਟੀ, ਚੇਟਕ ਅਵਰ ਨਾ ਕੋਇ ਰਖਾਈਆ । ਜਿਸ ਦਾ ਖੇਲ ਬਾਜ਼ੀਗਰ ਨਾਟੀ, ਨਟੂਆ ਆਪਣਾ ਸਵਾਂਗ ਵਰਤਾਈਆ । ਜਨ ਭਗਤੋ ਤੁਹਾਡੀ ਮਨਜ਼ੂਰ ਕਰ ਕੇ ਬਾਡੀਆਂ ਵਾਲੀ ਖਾਟੀ, ਬੈਠਾ ਸੋਭਾ ਪਾਈਆ । ਰੁੱਖੀ ਸੁੱਖੀ ਖਾ ਚਪਾਤੀ, ਚਾਰ ਜੁਗ ਦਾ ਲੇਖ ਮੁਕਾਈਆ । ਪਾਣੀ ਪੀ ਕੇ ਠੰਡਾ ਵਿਚ ਬਾਟੀ, ਆਨ ਬਾਟ ਦਾ ਝਗੜਾ ਰਿਹਾ ਮੁਕਾਈਆ । ਤੁਹਾਡੇ ਨਾਲ ਫਿਰਦਾ ਜਿਉਂ ਲਾਗੀ ਫਿਰਨ ਵਿਚ ਬਰਾਤੀ, ਗੁਰਮੁਖ ਲਾੜੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਮਾਇਆ ਕਹੇ ਜਨ ਭਗਤੋ ਭੇਵ ਸਮਝੋ ਇਕ ਤੁਕ ਦੇ, ਜੋ ਤੁਹਾਨੂੰ ਦਿਤੀ ਸਮਝਾਈਆ । ਜੇ ਤੁਸੀਂ ਉਸ ਪ੍ਰਭੂ ਨੂੰ ਨਹੀਂ ਝੁਕਦੇ, ਓਹ ਤੁਹਾਨੂੰ ਝੁਕ ਝੁਕ ਸੀਸ ਨਿਵਾਈਆ । ਜੇ ਤੁਹਾਡੇ ਪੈਂਡੇ ਨਹੀਂ ਸੀ ਮੁਕਦੇ, ਫੜ ਬਾਹੋਂ ਪਾਰ ਕਰਾਈਆ । ਤੁਸੀਂ ਹੁਣ ਲੁਕਿਆਂ ਨਹੀਂ ਜੇ ਲੁਕਦੇ, ਓਹਲੇ ਪਰਦੇ ਦਏ ਉਠਾਈਆ । ਤੁਸਾਂ ਮਾਣ ਲੈ ਲਏ ਲਾਡਲੇ ਪੁੱਤ ਦੇ, ਪਿਤਾ ਪੂਤ ਗੋਦ ਉਠਾਈਆ । ਇਹ ਖੇਲ ਅਬਿਨਾਸ਼ੀ ਅਚੁਤ ਦੇ, ਚੇਤਨ ਸਭ ਨੂੰ ਰਿਹਾ ਕਰਾਈਆ । ਵਕਤ ਰਹਿਣੇ ਨਹੀਂ ਕਲਜੁਗ ਵਾਲੇ ਦੁੱਖ ਦੇ, ਦੁਖੀਆਂ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣੇ ਮੇਟੇ ਆਵਣ ਜਾਵਣ ਉਲਟੇ ਰੁਖ਼ ਦੇ, ਅਗਨੀ ਤਤ ਨਾ ਕੋਇ ਤਪਾਈਆ ।

### ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਇੰਦਰ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਜਨ ਭਗਤੋ ਪ੍ਰਭ ਚਰਨ ਲਾਓ ਧੂੜ, ਮਸਤਕ ਟਿੱਕੇ ਧੂੜੀ ਖ਼ਾਕ ਰਮਾਈਆ । ਜੋ ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਮਾਇਆ ਮਮਤਾ ਮੋਹ ਦਏ ਗਵਾਈਆ । ਨਾਤਾ ਤੁੜਾਏ ਕੂੜੋ ਕੂੜ, ਆਤਮ ਪਰਮਾਤਮ ਮੇਲ ਮਿਲਾਏ ਸਹਿਜ ਸੁਬਾਈਆ । ਜੋਤੀ ਧਾਰ ਬਖ਼ਸ਼ ਕੇ ਨੂਰ,

ਨੂਰ ਨੁਰਾਨਾ ਡਗਮਗਾਈਆ । ਸ਼ਬਦ ਅਨਾਦੀ ਦੇਵੇ ਤੂਰ, ਧੁਨ ਆਤਮਕ ਰਾਗ ਸੁਣਾਈਆ । ਹਉਮੇ ਹੰਗਤਾ ਗੜ ਤੋੜੇ ਗ਼ਰੂਰ, ਨਿਵਣ ਸੁ ਅੱਖਰ ਇਕ ਸਮਝਾਈਆ । ਮਨੂਆ ਮਨ ਨਾ ਪਾਏ ਫ਼ਤੂਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਨਿਰਗੁਣ ਨਿਰਵੈਰ ਦੇਵੇ ਦਰਸ ਜ਼ਰੂਰ, ਘਰ ਮੰਦਰ ਅੰਦਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਵ ਆਪ ਖੁਲਾਈਆ । ਮਾਇਆ ਕਹੇ ਜਨ ਭਗਤੋ ਪ੍ਰਭ ਦੇ ਪਰਸੋ ਚਰਨ, ਮਿਲੇ ਕਵਲ ਕਵਲ ਸਰਨਾਈਆ । ਨੇਤਰ ਖੁਲ੍ਹੇ ਹਰਨ ਫਰਨ, ਨਿਜ ਲੋਚਨ ਕਰੇ ਰੁਸ਼ਨਾਈਆ । ਝਗੜਾ ਮੁਕਾਏ ਮਰਨ ਡਰਨ, ਆਵਣ ਜਾਵਣ ਰਹੇ ਨਾ ਰਾਈਆ । ਸਾਚੀ ਮੰਜ਼ਲ ਦੱਸੇ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਗੜ੍ਹ ਤੋੜ ਹੰਕਾਰੀ ਗੜ੍ਹਨ, ਹਉਮੇ ਹੰਗਤਾ ਦਏ ਮਿਟਾਈਆ । ਤੂੰ ਮੇਰਾ ਮੈਂ ਤੇਰਾ ਜਿਸ ਦੀ ਧਾਰ ਸਾਰੇ ਪੜ੍ਹਨ, ਨਾਮ ਨਿਧਾਨਾ ਦਏ ਸਮਝਾਈਆ । ਸਚ ਸਵਾਮੀ ਮਿਲੇ ਘਰਨ, ਤਨ ਮੰਦਰ ਅੰਦਰ ਦਏ ਵਖਾਈਆ । ਝਗੜਾ ਮੇਟੇ ਮਰਨ ਡਰਨ, ਜ਼ਾਤ ਪਾਤੀ ਪੰਧ ਰਹੇ ਨਾ ਰਾਈਆ । ਸਚ ਸਵਾਮੀ ਅੰਤਰਜਾਮੀ ਧੁਰ ਦੀ ਬਖ਼ਸ਼ੇ ਇਕੋ ਸਰਨ, ਸਰਨਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਮਾਇਆ ਕਹੇ ਜਨ ਭਗਤੋ ਇਕੋ ਇਸ਼ਟ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਅੰਧ ਅੰਧੇਰ ਮੇਟੇ ਅੰਧੇਰੀ ਰਾਤੀ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸ਼ਬਦ ਨਿਧਾਨਾ ਦੇਵੇ ਦਾਤੀ, ਦਇਆਵਾਨ ਆਪ ਵਰਤਾਈਆ । ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤੀ, ਕਵਲ ਨਾਭੀ ਝਿਰਨਾ ਆਪ ਝਿਰਾਈਆ । ਮਾਨਸ ਜਨਮ ਪੁਛੇ ਵਾਤੀ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਦਰਸ਼ਨ



ਦੇਵੇ ਇਕ ਇਕਾਂਤੀ, ਏਕੰਕਾਰਾ ਪਰਦਾ ਲਾਹੀਆ । ਆਤਮ ਪਰਮਾਤਮ ਖੋਲ ਕੇ ਤਾਕੀ, ਭੇਵ ਅਭੇਦਾ ਦਏ ਖੁਲਾਈਆ । ਜੋਤੀ ਧਾਰ ਬਣ ਕੇ ਸਾਥੀ, ਸਗਲਾ ਸੰਗ ਵਖਾਈਆ । ਰਾਏ ਧਰਮ ਦੀ ਕਟੇ ਫਾਸੀ, ਚੁਰਾਸੀ ਮਿਲੇ ਨਾ ਕੋਈ ਸਜ਼ਾਈਆ । ਮੇਲ ਮਿਲਾਏ ਸਚਖੰਡ ਨਿਵਾਸੀ, ਦਰਗਾਹ ਸਾਚੀ ਦਏ ਵਡਿਆਈਆ । ਜਿਥੇ ਇਕੋ ਨੂਰ ਜੋਤ ਪਰਕਾਸ਼ੀ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲਾ ਦੀਨ ਦਿਆਲਾ ਲੇਖਾ ਜਾਣੇ ਲੋਕਮਾਤੀ, ਧਰਨੀ ਧਰਤ ਧਵਲ ਧੌਲ ਵੇਖਣਹਾਰਾ ਥਾਉਂ ਥਾਈਂਆ ।

## ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਜੀਤ ਸਿੰਘ ਦੇ ਗ੍ਰਿਹਿ ਸੇਈ ਕਲਾਂ ਜ਼ਿਲਾ ਜੰਮੂ

ਮਾਇਆ ਕਹੇ ਮੇਰਾ ਮਾਲਕ ਅਲਖ ਅਭੇਵਾ, ਅਗੋਚਰ ਅਗੰਮ ਅਥਾਹ ਬੇਪਰਵਾਹੀਆ । ਜੋ ਵਸਣਹਾਰਾ ਨਿਹਚਲ ਧਾਮ ਸਦਾ ਨਿਹਕੇਵਾ, ਦਰਗਾਹ ਸਾਚੀ ਸਚਖੰਡ ਸੋਭਾ ਪਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਕਰਾਂ ਸੇਵਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਾਂ ਵਾਹੋ ਦਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਦੇਵਣਹਾਰਾ ਅੰਮ੍ਰਿਤ ਰਸ ਮੇਵਾ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਜਿਸ ਦੀ ਸਿਫ਼ਤ ਕਰ ਸਕੇ ਨਾ ਕੋਈ ਰਸਨਾ ਜਿਹਵਾ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਓਹ ਜਨ ਭਗਤੋ ਮਸਤਕ ਕੌਸਤਕ ਮਨੀਆਂ ਲਾਵੇ ਥੇਵਾ,

ਥਿਰ ਘਰ ਵਾਸੀ ਹੋਏ ਸਹਾਈਆ । ਜੋ ਆਦਿ ਪੁਰਖ ਅਪਰੰਪਰ ਸਵਾਮੀ ਸਭ ਦਾ ਦੇਵੀ ਦੇਵਾ, ਦੇਵ ਆਤਮਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਮਾਇਆ ਕਹੇ ਜਨ ਭਗਤੋ ਮੇਰਾ ਸਾਹਿਬ ਸਵਾਮੀ ਰੰਗਲਾ, ਹਰਿ ਕਰਤਾ ਮੀਤ ਮੁਰਾਰ । ਜਿਸ ਦਾ ਅਗੰਮ ਅਗੋਚਰ ਬੰਗਲਾ, ਸਚਖੰਡ ਦਵਾਰ ਧੁਰ ਦਰਬਾਰ । ਜਿਥੇ ਸ਼ਬਦੀ ਧਾਰ ਚਾਰ ਮੰਗਲਾ, ਸਰੋਤੇ ਬਣੇ ਪੈਗ਼ੰਬਰ ਗੁਰ ਅਵਤਾਰ । ਮੈਂ ਉਸ ਨੂੰ ਕਰਾਂ ਬੰਦਨਾ, ਨਿਵ ਨਿਵ ਨਿਮਸਕਾਰ । ਜਿਸ ਕਲਜੁਗ ਅੰਤਮ ਸਭ ਦੇ ਕੱਟਣੇ ਫੰਦਨਾ, ਦੂਈ ਦਵੈਤੀ ਦਏ ਨਿਵਾਰ । ਜਿਸ ਨੇ ਨੌ ਖੰਡ ਦਾ ਦਵਾਰ ਲੰਘਣਾ, ਧਰਨੀ ਧਰਤ ਧਵਲ ਧੌਲ ਪਾਵੇ ਸਾਰ । ਗੁਰਮੁਖਾਂ ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਦਏ ਉਤਾਰ । ਹਰਿਜਨ ਸਾਚੇ ਬਣ ਕੇ ਸੱਜਣਾ, ਲੇਖਾ ਜਾਣੇ ਵਿਚ ਸੰਸਾਰ । ਜਿਸ ਗ਼ਰੀਬ ਨਿਮਾਣਿਆਂ ਪਰਦਾ ਕੱਜਣਾ, ਵੇਖੇ ਵੇਖਣਹਾਰ ਨਰ ਨਿਰੰਕਾਰ । ਉਹ ਮੂਰਤ ਗੋਪਾਲ ਮੋਹਨ ਮਧਨਾ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਜਿਸ ਦਾ ਇਕੋ ਫ਼ਤਿਹ ਡੰਕਾ ਵੱਜਣਾ, ਦੋ ਜਹਾਨਾਂ ਕਰੇ ਖ਼ਬਰਦਾਰ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਉਠ ਉਠ ਭੱਜਣਾ, ਰਾਏ ਧਰਮ ਚਿਤ੍ਰਗੁਪਤ ਲਾਏ ਹੁਲਾਰ । ਉਹ ਸਾਹਿਬ ਸਵਾਮੀ ਸੂਰਾ ਸਰਬੰਗਣਾ, ਕਲ ਕਲਕੀ ਹੋਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ ਏਕੰਕਾਰ ਸ੍ਰੀ ਭਗਵੰਤਾ ਬੇਪਰਵਾਹੀਆ ।



## ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਮੁਖ ਸਿੰਘ ਦੇ ਗ੍ਰਹਿ ਸੋਈ ਕਲਾਂ ਜ਼ਿਲਾ ਜੰਮੂ

੧੪੩੪
੨੩

ਜਨ ਭਗਤ ਕਹਿਣ ਪ੍ਰਭ ਕਿਰਪਾ ਕੀਤੀ ਮਹਾਨ, ਮਾਇਆ ਮਮਤੀਏ ਤੈਨੂੰ ਦਈਏ ਜਣਾਈਆ । ਸਚ ਪ੍ਰੀਤੀ ਦੇ ਕੇ ਦਾਨ, ਦਾਤੇ ਦਾਨੀ ਦਿਤੀ ਵਡਿਆਈਆ । ਸਾਨੂੰ ਧਰਮ ਦੇ ਬਣਾ ਕੇ ਕਾਹਨ, ਸਿਰ ਆਪਣਾ ਹੱਥ ਟਿਕਾਈਆ । ਅੰਦਰੋਂ ਗੜ੍ਹ ਤੋੜ ਅਭਿਮਾਨ, ਹੰਗਤਾ ਦਿਤੀ ਚੁਕਾਈਆ । ਸਚ ਸਰੋਵਰ ਕਰਾ ਇਸ਼ਨਾਨ, ਦੁਰਮਤ ਮੈਲ ਧਵਾਈਆ । ਧੁਰ ਦੇ ਨਾਮ ਦੀ ਬਖ਼ਸ਼ ਧੁਨਕਾਨ, ਆਤਮਕ ਰਾਗ ਸਮਝਾਈਆ । ਸਚ ਧਰਮ ਵਖਾਲ ਨਿਸ਼ਾਨ, ਕੂੜ ਕੁੜਿਆਰ ਦਾ ਡੇਰਾ ਢਾਹੀਆ । ਅੰਮ੍ਰਿਤ ਰਸ ਦੇ ਕੇ ਪੀਣ ਖਾਣ, ਜਗਤ ਤ੍ਰਿਸ਼ਨਾ ਦੂਰ ਕਰਾਈਆ । ਦੀਪਕ ਜੋਤ ਜਗਾ ਮਹਾਨ, ਘਰ ਮੰਦਰ ਕੀਤੀ ਰੁਸ਼ਨਾਈਆ । ਕੋੜ੍ਹਿਆਂ ਕਮਲਿਆਂ ਦੇ ਕੇ ਮਾਣ, ਨਿਮਾਣਿਆਂ ਹੋਏ ਸਹਾਈਆ । ਆਵਣ ਜਾਵਣ ਕੱਟ ਕੇ ਕਾਣ, ਕਰਮ ਕਾਂਡ ਦਾ ਲੇਖਾ ਦਿਤਾ ਮੁਕਾਈਆ । ਵਸੇਰਾ ਰਹੇ ਨਾ ਮੜ੍ਹੀ ਮਸਾਣ, ਗੋਰਾਂ ਮਕਬਰਿਆਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਡਾ ਹੋਇਆ ਆਪ ਸਹਾਈਆ । ਜਨ ਭਗਤ ਕਹਿਣ ਸਾਨੂੰ ਮਿਲਿਆ ਪ੍ਰਭੂ ਭਗਵੰਤ, ਭਗਵਨ ਬੇਪਰਵਾਹੀਆ । ਜਿਸ ਦਾ ਇਕੋ ਨਾਮ ਇਕੋ ਮੰਤ, ਮੰਤਰ ਇਕੋ ਇਕ ਸਮਝਾਈਆ । ਜੋ ਬੋਧ ਅਗਾਧਾ ਬਣਿਆ ਪੰਡਤ, ਬੁੱਧੀ ਤੋਂ ਪਰੇ ਕੀਤੀ ਪੜ੍ਹਾਈਆ । ਚਾਰ ਵਰਨ ਬਣਾ ਕੇ ਸੰਗਤ, ਸਗਲਾ ਸੰਗ ਰਖਾਈਆ । ਜਿਸ ਦੀ ਮਹਿੰਮਾ ਸਦਾ ਅਨੰਤ, ਅੰਤ ਕਹਿਣ ਕੋਇ ਨਾ ਪਾਈਆ । ਕੋੜ੍ਹਿਆਂ ਕਮਲਿਆਂ ਬਣਾ ਕੇ ਸੰਤ, ਸਤਿਗੁਰ ਦਿਤੀ ਮਾਣ ਵਡਿਆਈਆ । ਲੇਖਾ ਮੁਕਾ ਕੇ ਵਿਚੋਂ ਜੀਵ ਜੰਤ, ਜਾਗਰਤ ਜੋਤ ਨਾਲ

ਮਿਲਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਤ, ਆਤਮ ਪਰਮਾਤਮ ਕੀਤੀ ਪੜ੍ਹਾਈਆ । ਸਦੀ ਚੌਧਵੀਂ ਬਣਾ ਕੇ ਬਣਤ, ਘੜਨ ਭੰਨਣਹਾਰ ਹੋਇਆ ਸਹਾਈਆ । ਸਚਖੰਡ ਦਵਾਰ ਦੀ ਦੱਸ ਕੇ ਸਿੰਮਤ, ਮਾਰਗ ਇਕੋ ਇਕ ਰਖਾਈਆ । ਸਾਡੇ ਅੰਦਰ ਬਖ਼ਸ਼ ਕੇ ਹਿੰਮਤ, ਜਗਤ ਸਮਾਜ ਦਾ ਲੇਖਾ ਦਿਤਾ ਮੁਕਾਈਆ । ਸਾਨੂੰ ਕਿਸੇ ਦੀ ਕਰਨੀ ਪਏ ਨਾ ਮਿੰਨਤ, ਬਿਨਾ ਜਗਦੀਸ ਸੀਸ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੀ ਮੇਟ ਕੇ ਚਿੰਨਤ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ ।

### ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਖੇਮ ਕੌਰ ਦੇ ਗ੍ਰਹਿ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਜਨ ਭਗਤੋ ਸ਼ਬਦ ਤੁਹਾਡਾ ਮੀਤਾ, ਮਿਤ੍ਰ ਪਿਆਰਾ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਰੀਤਾ, ਨਿਤ ਨਵਿਤ ਆਪਣਾ ਖੇਲ ਖਿਲਾਈਆ । ਜੋ ਸਦਾ ਰਹੇ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਵਿਚ ਸਮਾਈਆ । ਜੋ ਨਾ ਮਰਿਆ ਨਾ ਜੀਤਾ, ਆਦਿ ਜੁਗਾਦਿ ਆਪਣਾ ਹੁਕਮ ਵਰਤਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਦਲਦਾ ਆਇਆ ਰੀਤਾ, ਰੀਤੀਵਾਨ ਇਕ ਅਖਵਾਈਆ । ਜਿਸ ਨੇ ਬਣਾਏ ਮੰਦਰ ਮਸੀਤਾ, ਕਾਅਬਿਆਂ ਕਰ ਸ਼ਨਵਾਈਆ । ਉਹ ਦੇਵਣਹਾਰਾ ਸਚ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਉਹਦਾ ਕਲਜੁਗ ਅੰਤਮ ਲੇਖਾ ਜਾਣੇ ਬੀਸ ਬੀਸਾ, ਸਰਗੁਣ ਜ਼ੀਰੋ ਰੂਪ ਸਮਝਾਈਆ । ਜਿਸ ਦੀ ਮਹਿੰਮਾ ਗਾਏ ਰਾਗ ਛਤੀਸਾ, ਸਿਫ਼ਤਾਂ ਵਿਚ ਸਾਲਾਹੀਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਇਕੀਸਾ, ਏਕੰਕਾਰ ਵਡ ਵਡਿਆਈਆ । ਜਿਸ ਨੇ ਲੇਖਾ ਪੂਰਾ ਕਰਨਾ ਮੁਹੰਮਦ ਧਾਰ ਤੀਸ ਬਤੀਸਾ, ਅੰਤ ਆਪਣਾ ਹੁਕਮ ਵਰਤਾਈਆ । ਸੋ ਸਵਾਮੀ ਅੰਤਰਜਾਮੀ ਵਸਣਹਾਰਾ ਹਰ ਘਟ ਚੀਤਾ, ਤਤਵ ਤਤਾਂ ਖੋਜ ਖੁਜਾਈਆ । ਉਹਦਾ ਭਾਣਾ ਸਭ ਨੇ ਮੰਨਣਾ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਕਲਜੁਗ ਜੀਵ ਵੇਖਣਾ ਕੌੜਾ ਰੀਠਾ, ਨਵ ਸੱਤ ਧਿਆਨ ਲਗਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਗੋਬਿੰਦ ਵਾਲੇ ਅੰਗੀਠਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਭੇਵ ਸਦਾ ਪੇਚੀਦਾ, ਪੋਸ਼ੀਦਾ ਆਪਣਾ ਰਾਜ਼ ਰਖਾਈਆ ।

### ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਪੂਰਨ ਸਿੰਘ ਦੇ ਗ੍ਰਹਿ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਜਨ ਭਗਤੋ ਪ੍ਰਭ ਨੂੰ ਕਰੀਏ ਡੰਡਾਵਤ, ਬੰਦਾ ਬੰਦਗੀ ਵਿਚ ਸੀਸ ਨਿਵਾਈਆ । ਜੋ ਮਿਹਰਵਾਨ ਮਹਿਬੂਬ ਸਾਡੇ ਉਤੇ ਕਰੇ ਸਖ਼ਾਵਤ, ਨਰ ਨਰਾਇਣ ਆਪਣਾ ਨੈਣ ਉਠਾਈਆ । ਧਰਨੀ ਉਤੇ ਸ਼ਰਅ ਦੀ ਮੇਟੇ ਅਦਾਵਤ, ਅਦਲ ਇਨਸਾਫ਼ ਇਕ ਕਮਾਈਆ । ਕਲਜੁਗ

ਕੂੜ ਨਾ ਕਰੇ ਬਗ਼ਾਵਤ, ਬਗ਼ਲਗੀਰ ਕਰੇ ਲੋਕਾਈਆ । ਸਤਿ ਧਰਮ ਦੀ ਸਭ ਦੀ ਝੋਲੀ ਪਾਏ ਅਮਾਨਤ, ਵਸਤ ਅਨਮੁੱਲ ਅਤੁਲ ਵਰਤਾਈਆ । ਨਾਮ ਨਿਧਾਨਾ ਦੇਵੇ ਨਿਆਮਤ, ਅੰਮ੍ਰਿਤ ਰਸ ਚਖਾਈਆ । ਜੋ ਕਿਰਪਾ ਕਰੇ ਸਦੀ ਚੌਧਵੀਂ ਦੀ ਵਖਾਵੇ ਅੰਤ ਕਿਆਮਤ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਕਲਜੁਗ ਮੇਟੇ ਅੰਧੇਰੀ ਸ਼ਾਮਤ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦੇ ਅਗੇ ਕਿਸੇ ਦੀ ਚਲੇ ਨਾ ਕੋਇ ਲਿਆਕਤ, ਬੁੱਧੀਵਾਨ ਸਮਝ ਕੋਇ ਨਾ ਪਾਈਆ । ਉਹ ਨੌ ਖੰਡ ਪ੍ਰਿਥਮੀ ਕਰੇ ਰਫ਼ਾਕਤ, ਮੇਲ ਮਿਲਾਏ ਸਹਿਜ ਸੁਭਾਈਆ । ਸਭ ਨੂੰ ਦੱਸੇ ਸਚ ਸਦਾਕਤ, ਸਚ ਸਚ ਨਾਲ ਵਡਿਆਈਆ । ਮੈਂ ਉਸ ਦਾ ਤੁਹਾਨੂੰ ਕਰਾਉਣ ਆਈ ਤੁਆਰਫ਼, ਤਰਫ਼ਦਾਰੀ ਨਾ ਕੋਇ ਰਖਾਈਆ । ਜਿਸ ਦਰ ਉਤੇ ਕਰੇ ਨਾ ਕੋਇ ਸਫ਼ਾਰਸ਼, ਲਹਿਣੇ ਸਭ ਦੇ ਵੇਖ ਵਖਾਈਆ । ਜਿਸ ਦੀ ਜੁਗ ਚੌਕੜੀ ਗ੍ਰੰਥ ਸ਼ਾਸਤਰਾਂ ਲਿਖੀ ਅਬਾਰਤ, ਹਰਫ਼ ਹਰੂਫ਼ਾਂ ਨਾਲ ਵਡਿਆਈਆ । ਨਾਮ ਕਲਮਿਆਂ ਨਾਲ ਹੁੰਦੀ ਰਹੀ ਤਜਾਰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੱਟ ਚਲਾਈਆ । ਸੋ ਅੰਤ ਕੰਤ ਭਗਵੰਤ ਕਲਜੁਗ ਕੂੜੀ ਕਿਰਿਆ ਬਦਲੇ ਵਜ਼ਾਰਤ, ਮਾਇਆ ਮਮਤਾ ਦਾ ਵੁਜਰਾ ਰਹਿਣ ਕੋਇ ਨਾ ਪਾਈਆ । ਮਨੂਏ ਮਨ ਦੀ ਮੇਟੇ ਸ਼ਰਾਰਤ, ਸ਼ਰਅ ਸ਼ਰੀਅਤ ਪੰਧ ਚੁਕਾਈਆ । ਸਭ ਨੂੰ ਇਕੋ ਨਿਰਗੁਣ ਜੋਤ ਦੀ ਦੱਸੇ ਜ਼ਿਆਰਤ, ਨੂਰ ਨੁਰਾਨਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਮੇਟਣਹਾਰਾ ਦੁਬਿਧਾ ਵਾਲੀ ਸਾਜ਼ਸ਼, ਆਤਸ਼ ਕਲਜੁਗ ਵਖਾਈਆ ।


੧੪੩੯
੨੩

### ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਰਾਜਾ ਸਿੰਘ ਦੇ ਗ੍ਰਹਿ ਸੋਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਜਨ ਭਗਤੋ ਮੇਰਾ ਉਸ ਪ੍ਰਭੂ ਨੂੰ ਸਜਦਾ, ਧੂੜੀ ਖ਼ਾਕ ਖ਼ਾਕ ਰਮਾਈਆ । ਜਿਹੜਾ ਮਾਲਕ ਧੁਰ ਦੇ ਘਰ ਦਾ, ਦਰਗਾਹ ਸਾਚੀ ਸੋਭਾ ਪਾਈਆ । ਜੋ ਨੂਰ ਅਲਾਹੀ ਦੀਪਕ ਹੋ ਕੇ ਬਲਦਾ, ਜੋਤੀ ਜਾਤਾ ਡਗਮਗਾਈਆ । ਜੋ ਹੁਕਮ ਸੰਦੇਸ਼ੇ ਘਲਦਾ, ਪੈਗ਼ਾਮਾਂ ਕਰੇ ਸ਼ਨਵਾਈਆ । ਜੋ ਮਾਲਕ ਜਲ ਥਲ ਦਾ, ਮਹੀਅਲ ਰਿਹਾ ਸਮਾਈਆ । ਜਿਸ ਦਾ ਲੇਖਾ ਧਾਮ ਅਟੱਲ ਦਾ, ਨਿਹਚਲ ਦਏ ਵਡਿਆਈਆ । ਓਹਦਾ ਖੇਲ ਵੇਖੋ ਕਲਜੁਗ ਡੂੰਘੀ ਡਲ ਦਾ, ਸਮੁੰਦ ਸਾਗਰਾਂ ਫੋਲ ਫੁਲਾਈਆ । ਜਿਸ ਦਾ ਭੇਵ ਜਾਣੇ ਕੋਈ ਨਾ ਪਲ ਦਾ, ਪਲਕਾਂ ਦੇ ਪਿਛੇ ਬਹਿ ਕੇ ਆਪਣੀ ਕਾਰ ਕਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਚ ਸਿੰਘਾਸਣ ਇਕੋ ਮੱਲਦਾ, ਸੰਬਲ ਆਪਣਾ ਡੇਰਾ ਲਾਈਆ । ਜਿਸ ਦਾ ਭਾਣਾ ਕਦੇ ਨਾ ਟਲਦਾ, ਅਗੇ ਹੋ ਨਾ ਕੋਇ ਅਟਕਾਈਆ । ਉਹਦਾ ਲਹਿਣਾ ਦੇਣਾ ਕੂੜ ਵਿਕਾਰੇ ਦਲ ਦਾ, ਪੰਚਾਂ ਵੇਖੇ ਚਾਈਂ ਚਾਈਂਆ । ਜਿਸ ਦਾ ਖੇਲ ਅਨੋਖਾ ਵਲ ਛਲ ਦਾ, ਅਛਲ ਛਲਧਾਰੀ ਆਪਣੀ ਕਾਰ ਭੁਗਤਾਈਆ । ਜੋ ਵਕਤ ਸੁਹੰਜਣਾ ਕਰੇ ਰਾਜੇ ਬਲ ਦਾ, ਬਾਵਨ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜਲ ਥਲ ਦਾ, ਅਸਗਾਹਾਂ ਆਪਣਾ ਹੁਕਮ ਵਰਤਾਈਆ ।

## 24 ਮੱਘਰ ਸ਼ਹਿਨਸ਼ਾਹੀ ਸੰਮਤ ੯ ਭਗਵਾਨ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ

ਮਾਇਆ ਕਹੇ ਜਨ ਭਗਤੋ ਮੇਰੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸੀਸ ਨਿਵਾਈਆ । ਮੇਰਾ ਮਾਲਕ ਖ਼ਾਲਕ ਪਰਵਰਦਿਗਾਰ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜਿਸ ਨੂੰ ਭਗਤ ਵਛਲ ਕਹਿਣ ਗਿਰਵਰ ਗਿਰਧਾਰ, ਗਹਿਰ ਗੰਭੀਰ ਇਕ ਅਖਵਾਈਆ । ਉਹ ਸ਼ਾਹੋ ਭੂਪ ਬਣ ਸਿਕਦਾਰ, ਦੋ ਜਹਾਨ ਹੁਕਮ ਵਰਤਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕੀਤਾ ਪਾਰ, ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਧਾਰ ਪਾਵੇ ਸਾਰ, ਜੋਤੀ ਜਾਤਾ ਪੁਰਖ ਬਿਧਾਤਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਰ ਤਿਆਰ, ਤ੍ਰੈਗੁਣ ਅਤੀਤਾ ਹੁਕਮ ਸੁਣਾਈਆ । ਵੇਖਣਹਾਰਾ ਵੇਖੇ ਵਿਗਸੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜੁਗ ਚੌਕੜੀ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਮਕਰੂਜ਼ ਆਪਣਾ ਹੁਕਮ ਆਪ ਵਰਤਾਈਆ । ਮਾਇਆ ਕਹੇ ਮੈਂ ਉਸ ਦੇ ਦਰ ਤੇ ਕਰਾਂ ਗਿਰਿਆਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਸਵਾਮੀ ਅੰਤਰਜਾਮੀ ਤੁਧ ਬਿਨ ਅਵਰ ਨਾ ਕੋਈ ਸਹਾਰ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਵੇਖ ਲੈ ਧੂੰਆਂਧਾਰ, ਸਚ ਚੰਦ ਨਾ ਕੋਇ ਚਮਕਾਈਆ । ਮੁਹੰਮਦ ਨੇਤਰ ਰਿਹਾ ਉਘਾੜ, ਬਿਨ ਨੈਣਾਂ ਨੈਣ ਉਠਾਈਆ । ਚਾਰੋਂ ਕੁੰਟ ਅਗਨੀ ਤਪਣੀ ਤਤੀ ਹਾੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਿਰੇ ਦਰੋਹੀ ਨਾੜ ਨਾੜ, ਜੰਗਲ ਪਹਾੜ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚੀ ਸਰਕਾਰ, ਸਰਕਾਰੇ ਆਅਲਾ ਖ਼ੁਦਾ ਤੁਆਲਾ ਤਾਲਬ ਤੇਰੇ ਅਵਤਾਰ ਪੈਗ਼ੰਬਰ ਗੁਰੂ ਧਿਆਨ ਲਗਾਈਆ ।



## 24 ਮੱਘਰ ਸ਼ਹਿਨਸ਼ਾਹੀ ਸੰਮਤ ੯ ਦੇਵਾ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ

ਜਨ ਭਗਤ ਕਹਿਣ ਸਾਡਾ ਇਸ਼ਟ ਅਗੰਮਾ ਇੱਕ, ਏਕੰਕਾਰ ਅਗੰਮ ਅਥਾਹੀਆ । ਜਿਸ ਦੀ ਸਭ ਨੇ ਰੱਖੀ ਸਿੱਕ, ਆਸ਼ਾ ਵਿਚ ਧਿਆਨ ਲਗਾਈਆ । ਉਹ ਮੇਟਣਹਾਰਾ ਤ੍ਰਿਸ਼ਨਾ ਤ੍ਰਿਖ, ਸਾਂਤਕ ਸਤਿ ਸਤਿ ਕਰਾਈਆ । ਜਨਮ ਕਰਮ ਦਾ ਲੇਖਾ ਦਏ ਲਿਖ, ਮਿਹਰਵਾਨ ਹੋਏ ਸਹਾਈਆ । ਕਿਰਪਾ ਕਰੇ ਗ਼ਰੀਬ ਨਿਮਾਣਿਆਂ ਬਣਾ ਲਏ ਆਪਣੇ ਸਿੱਖ, ਸਾਚੀ ਸਿਖਿਆ ਇਕ ਦ੍ਰਿੜਾਈਆ । ਮਾਨਸ ਜਨਮ ਸਵਾਰੇ ਭਵਿਖ, ਭਵਿਸ਼ ਆਪਣੇ ਰੰਗ ਰੰਗਾਈਆ । ਸਤਿਗੁਰ ਸ਼ਬਦ ਹੋ ਕੇ ਵਸੇ ਕਾਇਆ ਵਿਚ, ਤਨ ਵਜੂਦ ਦਏ ਵਡਿਆਈਆ । ਆਤਮ ਧਾਰ ਬਣੇ ਮਿਤ, ਪਰਮਾਤਮ ਖ਼ੁਸ਼ੀ ਬਣਾਈਆ । ਜੋ ਲਹਿਣਾ ਦੇਣਾ ਜਾਣੇ ਨਿਤ ਨਵਿਤ, ਜੁਗ ਜੁਗ ਆਪਣਾ ਵੇਸ ਵਟਾਈਆ । ਉਹ ਜਾਣੇ ਧਰਮ ਧਾਰ ਦੀ ਸਾਚੀ ਥਿਤ, ਘੜੀ ਪਲ ਆਪਣੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜਨ ਭਗਤ ਕਹਿਣ ਸਾਡਾ ਇਕੋ ਇਕ ਸਵਾਮੀ, ਜੋ ਆਦਿ ਅੰਤ ਅਖਵਾਈਆ । ਹਰ ਘਟ ਹੋਵੇ ਅੰਤਰਜਾਮੀ, ਵੇਖਣਹਾਰਾ ਥਾਉਂ ਥਾਈਆ । ਜਿਸ ਦੀ ਸ਼ਬਦ ਅਨਾਦੀ ਬਾਣੀ, ਜੁਗ ਜੁਗ ਲੋਕਮਾਤ ਸੋਭਾ ਪਾਈਆ । ਉਹ ਬਖ਼ਸ਼ਣਹਾਰਾ ਨਾਮ ਨਿਧਾਨੀ, ਵਸਤ ਅਤੋਟ ਅਤੁਟ

ਝੋਲੀ ਦਏ ਭਰਾਈਆ । ਉਹ ਲੇਖਾ ਜਾਣੇ ਚਾਰੇ ਖਾਣੀ, ਆਪ ਆਪਣਾ ਪਰਦਾ ਆਪ ਉਠਾਈਆ । ਉਹਦੀ ਮੰਜ਼ਲ ਇਕ ਰੁਹਾਨੀ, ਰੂਹ ਬੁੱਤ ਮਿਲ ਦੇ ਵੱਜੇ ਵਧਾਈਆ । ਉਹ ਲੇਖਾ ਜਾਣੇ ਜਿਸਮ ਜਿਸਮਾਨੀ, ਜ਼ਮੀਰ ਅਮੀਰ ਗ਼ਰੀਬਾਂ ਦਏ ਬਦਲਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧਿਆਨੀ, ਨਾਮ ਚਰਨੋਦਕ ਦਏ ਪਿਆਈਆ । ਲੇਖਾ ਵੇਖ ਕੇ ਜੀਵ ਪ੍ਰਾਣੀ, ਪ੍ਰਾਣ ਅਧਾਰੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜ਼ਿਮੀਂ ਅਸਮਾਨੀ, ਜ਼ਿਮੀਂ ਜਮਾਂ ਦੋ ਜਹਾਂ ਵੇਖੇ ਥਾਉਂ ਥਾਈਂਆ ।

### ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਵਕੀਲ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਮਾਇਆ ਤੂੰ ਖੋਲ ਲੈ ਆਪਣੀ ਸੁਰਤ, ਸੋਹਣੀਏ ਮਨਮੋਹਣੀਏ ਅਨਹੋਣੀਏ ਆਪਣੀ ਲੈ ਅੰਗੜਾਈਆ । ਮੈਨੂੰ ਭੇਜਿਆ ਅਕਾਲ ਮੂਰਤ, ਅਕਾਲ ਹੋਇਆ ਆਪ ਸਹਾਈਆ । ਤੂੰ ਸੁਣ ਲੈ ਅਗੰਮੀ ਤੂਰਤ, ਤੁਰੀਆ ਤੋਂ ਬਾਹਰ ਦਿਆਂ ਦ੍ਰਿੜਾਈਆ । ਕਿਤੇ ਬਣੀ ਰਹੀਂ ਨਾ ਮੂਰਖ ਮੂੜ੍ਹਤ, ਬੁਧਹੀਣ ਅਖਵਾਈਆ । ਸਾਚੇ ਸਾਹਿਬ ਦੀ ਲਾ ਲੈ ਚਰਨ ਧੂੜਤ, ਟਿੱਕੇ ਖ਼ਾਕ ਰਮਾਈਆ । ਤੇਰੀ ਹੋਣ ਵਾਲੀ ਮਹੂਰਤ, ਸਮਾਂ ਆਪਣਾ ਰੰਗ ਬਦਲਾਈਆ । ਸਭ ਦੀ ਆਸਾ ਹੋਣੀ ਪੂਰਤ, ਤ੍ਰਿਸ਼ਨਾ ਸੰਗ ਨਿਭਾਈਆ । ਵਕਤ ਰਿਹਾ ਨਾ ਦੂਰਤ, ਬੈਠਾ ਪੰਧ ਮੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਮੈਂ ਲੈ ਕੇ ਆਇਆ ਖ਼ਬਰ, ਬੇਖ਼ਬਰੇ ਦਿਆਂ ਜਣਾਈਆ । ਮੇਰਾ ਸਵਾਮੀ ਜਾਬਰ ਜਬਰ, ਜਿਸ ਦੀ ਜਬਰਾਈਲ ਦਏ ਗਵਾਹੀਆ । ਜੋ ਸਭ ਦੀ ਪੂਰੀ ਕਰੇ ਸਧਰ, ਸਦਮੇ ਜੁਗ ਜੁਗ ਵੇਖ ਵਖਾਈਆ । ਉਹ ਨੌ ਖੰਡ ਪ੍ਰਿਥਮੀ ਪਾਵਣ ਵਾਲਾ ਗਦਰ, ਗ਼ਦਾਰ ਕਰੇ ਲੋਕਾਈਆ । ਦੀਨ ਦੁਨੀ ਦੀ ਧਾਰ ਦੇਵੇ ਬਦਲ, ਬਦਲੀ ਵੇਖੇ ਚਾਈਂ ਚਾਈਂਆ । ਸ਼ਰਅ ਸ਼ਰਅ ਨੂੰ ਕਰੇ ਕਤਲ, ਕਾਤਲ ਮਕਤੂਲ ਦਾ ਰੂਪ ਵਟਾਈਆ । ਤੂੰ ਦੱਸ ਵਸਣਾ ਕਿਹੜੇ ਵਤਨ, ਬੇਵਤਨੇ ਦੇ ਸਮਝਾਈਆ । ਤੇਰਾ ਕਿਹੜਾ ਹੋਵੇ ਪਤਣ, ਕਵਣ ਘਾਟ ਡੇਰਾ ਲਾਈਆ । ਓਹ ਤੱਕ ਲੈ ਧਰਨੀ ਧਰਤ ਧਵਲ ਤੇ ਦਿਸਦਾ ਰੱਟਨ, ਰੱਟਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮੇਲਾ ਲਏ ਮਿਲਾਈਆ । ਨਾਰਦ ਕਹੇ ਮੈਂ ਹੁਕਮ ਸੰਦੇਸ਼ਾ ਲੈ ਕੇ ਆਇਆ ਤੁਰਤ, ਸਹਿਜ ਨਾਲ ਸੁਣਾਈਆ । ਉਹ ਨਿਗਹ ਮਾਰ ਲੈ ਉਠਣ ਵਾਲਾ ਤੁਰਕ, ਆਪਣੀ ਲਏ ਅੰਗੜਾਈਆ । ਮੇਰੀ ਬੋਦੀ ਦੇ ਥੱਲੇ ਹੁੰਦੀ ਖੁਰਕ, ਮੈਂ ਦੋਵੇਂ ਹੱਥ ਹਿਲਾਈਆ । ਤੂੰ ਖ਼ੁਸ਼ੀਆਂ ਨਾਲ ਭੁੜਕ, ਨੱਚ ਟੱਪ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਨਾਰਦ ਕਹੇ ਮਾਇਆ ਮੈਂ ਆਇਆ ਛੇਤੀ ਭੱਜ, ਆਪਣਾ ਪੰਧ ਮੁਕਾਈਆ । ਤੂੰ ਨਿਗਾਹ ਮਾਰ ਲੈ ਵਿਚ ਜੱਗ, ਚਾਰੋਂ ਕੁੰਟ ਅੱਖ ਉਠਾਈਆ । ਸਾਚਾ ਕਰੇ ਕੋਈ ਨਾ ਹੱਜ, ਹੁਜਰਾ ਹਕ ਨਾ ਕੋਇ ਸੁਣਾਈਆ । ਈਮਾਨ ਸਾਰੇ ਗਏ ਤਜ, ਸਤਿ ਸੰਗ ਨਾ ਕੋਇ ਬਣਾਈਆ । ਮੈਂ ਤੈਨੂੰ ਲੇਖਾ ਦੱਸਾਂ ਅੱਜ,

ਕੀ ਖੇਲ ਕਰੇ ਧੁਰਦਰਗਾਹੀਆ । ਜਿਸ ਨੇ ਸੀਸ ਤੇ ਰਹਿਣ ਦੇਣੀ ਨਹੀਂ ਕਿਸੇ ਦੀ ਪੱਗ, ਪਗੜੀ ਪੱਬਾਂ ਵਿਚ ਰੁਲਾਈਆ । ਉਹ ਮੇਰਾ ਸਾਹਿਬ ਸੂਰਾ ਸਰਬਗ, ਸ਼ਾਹ ਸੁਲਤਾਨਾਂ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਵੇਖਣਹਾਰਾ ਹੱਦ, ਹਦੂਦ ਹੱਦਾਂ ਵਿਚੋਂ ਫੋਲ ਫੁਲਾਈਆ ।

✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਰਮੇਸ਼ ਸਿੰਘ ਦੇ ਗ੍ਰਿਹ ਸੇਈ ਕਲਾਂ ਜ਼ਿਲਾ ਜੰਮੂ ✪

ਮਾਇਆ ਕਹੇ ਕਲਜੁਗ ਤੂੰ ਮੈਨੂੰ ਰਿਹਾ ਆਖ, ਅੱਖਰਾਂ ਨਾਲ ਸਮਝਾਈਆ । ਮੈਂ ਓਸ ਪ੍ਰਭੂ ਦੀ ਸ਼ਾਖ਼, ਜੋ ਮੇਰਾ ਧੁਰ ਦਾ ਮਾਹੀਆ । ਜੋ ਜੁਗ ਚੌਕੜੀ ਮੇਰੀ ਪਤ ਲਏ ਰਾਖ, ਸਿਰ ਮੇਰੇ ਹੱਥ ਟਿਕਾਈਆ । ਸੋ ਅੰਤਮ ਪੁਛੇ ਵਾਤ, ਮੇਰਾ ਹੋਏ ਸਹਾਈਆ । ਜਿਸ ਚਰਨ ਪ੍ਰੀਤੀ ਜੁੜਾਇਆ ਆਪਣਾ ਨਾਤ, ਧੂੜੀ ਮਸਤਕ ਖ਼ਾਕ ਰਮਾਈਆ । ਉਹ ਸਵਾਮੀ ਮੇਰਾ ਸਗਲਾ ਸਾਥ, ਸੰਗੀ ਇਕ ਅਖਵਾਈਆ । ਮੈਂ ਬਿਨਾ ਹੱਥਾਂ ਤੋਂ ਜੋੜਾਂ ਹਾਥ, ਬਿਨਾ ਸੀਸ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਮਾਇਆ ਕਹੇ ਨਾਰਦ ਨਾ ਮੈਨੂੰ ਤੂੰ ਡਰਾ, ਡਰਪੋਕ ਰੂਪ ਨਾ ਕਦੇ ਬਦਲਾਈਆ । ਮੇਰਾ ਵਾਹਿਦ ਇਕ ਖ਼ੁਦਾ, ਨੂਰੀ ਅੱਲਾ ਨੂਰ ਅਲਾਹੀਆ । ਜਿਸ ਤੋਂ ਹੋਵਾਂ ਨਾ ਕਦੇ ਜੁਦਾ, ਜ਼ੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਅਰਸ਼ ਫ਼ਰਸ਼ ਮੇਰਾ ਰਹਿਨੁਮਾ, ਰਹਿਮਤ ਮੇਰੇ ਉਤੇ

ਕਮਾਈਆ । ਮੈਂ ਸਜਦਿਆਂ ਵਿਚ ਸੀਸ ਦੇਵਾਂ ਝੁਕਾ, ਕਦਮਬੋਸੀ ਕਰ ਕੇ ਖ਼ੁਸ਼ੀ ਬਣਾਈਆ । ਉਹ ਵਾਹਿਦ ਨੂਰ ਅਲਾਹ, ਆਲਮੀਨ ਵਡ ਵਡਿਆਈਆ । ਮੇਰਾ ਲੇਖਾ ਜਾਣੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਅਮਾਮ ਅਮਾਮਾਂ ਆਏ ਵੇਸ ਵਟਾ, ਭੇਖ ਅਵੱਲੜਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਮਾਇਆ ਕਹੇ ਨਾਰਦ ਮੇਰਾ ਮਾਲਕ ਅਲਗਵਿਜ਼ ਨੁਜ਼ੇ ਵਜ਼ਾ ਯੁਮਕਸ਼ੇ ਜਨਾ ਫ਼ਰਸ਼ੇ ਅਰਸ਼ਾ ਨੂਰੇ ਰੁਸ਼ਨਾ ਕੁਹੀਜ਼ਾ ਮਬੂਅ ਨਜ਼ਿਸ਼ਤੇ ਰਜ਼ੂ ਮੁਹੰਮਦੇ ਵਦੂ ਵਜ਼ੀਉਲ ਮਹਾ ਬੇਐਬੇ ਖ਼ੁਦਾ ਮੇਰੀ ਦਸਤੇ ਦੁਆ ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਨਾਲੋਂ ਕਦੇ ਨਾ ਹੋਵਾਂ ਜੁਦਾ, ਜ਼ੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ ।

✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਦੌਲਤ ਰਾਮ ਦੇ ਗ੍ਰਿਹ ਪਿੰਡ ਕੋਟਲੀ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਧੁਰ ਦਾ ਵੱਜੇ ਇਕ ਮਰਦੰਗ, ਨਾਦ ਅਨਾਦੀ ਕਰੇ ਸ਼ਨਵਾਈਆ । ਜਨ ਭਗਤਾਂ ਪੂਰੀ ਕਰੇ ਮੰਗ, ਜੁਗ ਜਨਮ ਦੀ ਤ੍ਰਿਸ਼ਨਾ ਪੂਰ ਕਰਾਈਆ । ਅੰਤਰ ਨਿਰੰਤਰ ਚਾੜ੍ਹੇ ਰੰਗ, ਦੁਰਮਤ ਮੈਲ ਧਵਾਈਆ । ਆਤਮ ਸੇਜ ਸੁਹਾਏ ਪਲੰਘ, ਸਚ ਸਿੰਘਾਸਣ ਦਏ ਵਡਿਆਈਆ । ਕਰੇ ਪਰਕਾਸ਼ ਬਿਨਾ ਸੂਰੀਆ ਚੰਦ, ਨੂਰ ਨੁਰਾਨਾ ਨਜ਼ਰੀ ਆਈਆ । ਆਤਮ ਬਖ਼ਸ਼ ਕੇ ਪਰਮਾਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਭੇਵ

ਖੁਲਾ ਕੇ ਤੂੰ ਮੇਰਾ ਮੈਂ ਤੇਰਾ ਛੰਦ, ਸੋ ਪੁਰਖ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹ ਮੰਦਰ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਮੈਂ ਸੁਹਾਵਾਂ ਸਾਚਾ ਮੰਦਰ, ਤਨ ਵਜੂਦ ਦਿਆਂ ਵਡਿਆਈਆ । ਖੇਲ ਖਿਲਾਵਾਂ ਲੰਘ ਕੇ ਅੰਦਰ, ਨੌਂ ਦਵਾਰੇ ਪੰਧ ਚੁਕਾਈਆ । ਮਾਇਆ ਮਮਤਾ ਤੋੜ ਕੇ ਜੰਦਰ, ਹਉਮੇ ਹੰਗਤਾ ਗੜ੍ਹ ਤੁੜਾਈਆ । ਭਾਗ ਲਗਾ ਕੇ ਡੂੰਘੇ ਖੰਡਰ, ਆਪਣਾ ਪਰਦਾ ਦਿਆਂ ਉਠਾਈਆ । ਮਨੂਆ ਮਨ ਭਵੇ ਨਾ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਸ਼ਰਅ ਜ਼ੰਜੀਰ ਤੋੜ ਕੇ ਸੰਗਲ, ਇਕੋ ਇਕ ਬ੍ਰਹਮ ਸਮਝਾਈਆ । ਲੇਖਾ ਰਹੇ ਨਾ ਪਰਭਾਸ ਜੰਗਲ, ਟਿੱਲਿਆਂ ਪਰਬਤਾਂ ਪੰਧ ਮੁਕਾਈਆ । ਹਰਿਜਨ ਲਾ ਕੇ ਆਪਣੇ ਅੰਗਣ, ਗੋਦੀ ਗੋਦ ਸੁਹਾਈਆ । ਦੂਜੇ ਦਰ ਜਾਣ ਨਾ ਮੰਗਣ, ਭਿਖਿਆ ਜਗਤ ਨਾ ਕੋਇ ਵਡਿਆਈਆ । ਮੇਲ ਮਿਲਾਏ ਸੂਰੇ ਸਰਬੰਗਣ, ਘਰ ਘਰ ਵਿਚ ਦਿਆਂ ਵਡਿਆਈਆ । ਲੇਖਾ ਰਹੇ ਨਾ ਵਿਚ ਵਰਭੰਡਣ, ਬ੍ਰਹਿਮੰਡ ਦਾ ਪੰਧ ਚੁਕਾਈਆ । ਧਰਮ ਦਵਾਰ ਵਖਾ ਕੇ ਸਚਖੰਡਣ, ਦਰਗਾਹ ਸਾਚੀ ਇਕ ਸੁਹਾਈਆ । ਸੰਤ ਸੁਹੇਲੇ ਖ਼ੁਸ਼ੀਆਂ ਨਾਲ ਲੰਘਣ, ਬਿਨ ਤਨ ਵਜੂਦ ਡੇਰਾ ਲਾਈਆ । ਇਕੋ ਸੀਸ ਜਗਦੀਸ ਹੋਵੇ ਬੰਦਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਆਪ ਸੁਹਾਈਆ । ਘਰ ਮੰਦਰ ਹੋਏ ਸੁਹੰਜਣਾ, ਮਿਲੇ ਪਰਮ ਪੁਰਖ ਕਰਤਾਰ । ਕਿਰਪਾ ਕਰੇ ਆਦਿ ਨਿਰੰਜਣਾ, ਜੋਤੀ ਜਾਤਾ ਹਰਿ ਨਿਰੰਕਾਰ । ਦੀਨਾਂ ਬੰਧੂ ਦਰਦ ਦੁੱਖ ਭੈ ਭੰਜਣਾ, ਹਰਿਜਨ ਸਾਚੀ ਪਾਵੇ ਸਾਰ । ਨੇਤਰ ਨਾਮ ਨਿਧਾਨਾ ਪਾ ਕੇ ਅੰਜਣਾ, ਨਿਜ ਲੋਚਨ ਦਏ ਉਘਾੜ । ਆਤਮ ਬਣ ਕੇ ਧੁਰ ਦਾ ਸੱਜਣਾ, ਪਰਮ ਪੁਰਖ ਹੋਵੇ ਮੀਤ ਮੁਰਾਰ । ਧੁਰ ਪ੍ਰੇਮ ਦੀ ਚਾੜ੍ਹ ਕੇ ਰੰਗਣਾ, ਦੁਰਮਤ ਮੈਲ ਦਏ ਉਤਾਰ । ਭਰਮਾਂ ਢਾਹ ਕੇ ਕੰਧਨਾ, ਸਾਚੀ ਬਖ਼ਸ਼ੇ ਸ਼ਬਦ ਧੁਨਕਾਰ । ਗੁਰਮੁਖ ਅੰਮ੍ਰਿਤ ਰਸ ਨਿਝਰ ਪੀ ਪੀ ਰੱਜਣਾ, ਬੂੰਦ ਸਵਾਂਤੀ ਬਖ਼ਸ਼ੇ ਠੰਡੀ ਠਾਰ । ਮਿਲੇ ਮੂਰਤ ਗੋਪਾਲ ਮਧਨਾ, ਮੋਹਨ ਮਾਧਵ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਜਨ ਭਗਤਾਂ ਪਾਵੇ ਸਾਰ । ਸਤਿਗੁਰ ਸ਼ਬਦ ਹਰਿਜਨ ਸੁਹਾਏ ਇਕੋ ਬੰਕ, ਬੰਕ ਦਵਾਰੀ ਦਏ ਵਡਿਆਈਆ । ਜਿਥੇ ਨਾ ਕੋਈ ਰਾਓ ਨਾ ਕੋਈ ਰੰਕ, ਸ਼ਾਹ ਪਾਤਸ਼ਾਹ ਨਾ ਕੋਇ ਚਤੁਰਾਈਆ । ਜਿਸ ਦੀ ਸ਼ਹਾਦਤ ਦੇਵੇ ਰਾਜਾ ਜਨਕ, ਭੇਵ ਅਭੇਦਾ ਆਪ ਖੁਲਾਈਆ । ਸੋ ਪੁਰਖ ਨਿਰੰਜਣ ਜਿਨ੍ਹਾਂ ਲਾਏ ਜੋਤੀ ਧਾਰ ਤਨਕ, ਤਨ ਮਨ ਦਾ ਲੇਖਾ ਦਏ ਮੁਕਾਈਆ । ਹਉਮੇ ਰੋਗ ਰਹੇ ਨਾ ਸ਼ੰਕ, ਸਹਿੰਸਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਗ੍ਰਿਹ ਇਕ ਵਖਾਈਆ । ਸਚ ਗ੍ਰਿਹ ਵਖਾਏ ਏਕ, ਏਕੰਕਾਰ ਦਇਆ ਕਮਾਈਆ । ਜਿਥੇ ਇਕੋ ਇਸ਼ਟ ਦੀ ਟੇਕ, ਦੂਜਾ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਬੁਧ ਕਰੇ ਬਿਬੇਕ, ਦੁਰਮਤ ਮੈਲ ਧਵਾਈਆ । ਕੂੜੀ ਕਿਰਿਆ ਰਹੇ ਨਾ ਭੇਖ, ਭਾਂਡਾ ਭਰਮ ਭਉ ਭੰਨਾਈਆ । ਸਚ ਦਵਾਰ ਵਖਾਏ ਆਪਣਾ ਦੇਸ, ਦੇਸ ਦੇਸ਼ੰਤਰਾਂ ਪੰਧ ਮੁਕਾਈਆ । ਜਿਥੇ ਵਸੇ ਨਰ ਨਰੇਸ਼, ਨਰ ਨਰਾਇਣ ਡੇਰਾ ਲਾਈਆ । ਜਿਸ ਦੀ ਮੁੱਛ ਦਾਹੜੀ ਨਾ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਵਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਵੇਖਣਹਾਰਾ ਰੇਖ, ਜੁਗ ਚੌਕੜੀ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ


੧੪੪੦ ੨੩

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਸੰਗੀ, ਸਗਲਾ ਸੰਗ ਨਿਭਾਈਆ । ਅਵਤਾਰ ਪੈਗ਼ੰਬਰ ਮੈਥੋਂ ਮੰਗਾਂ ਰਹੇ ਮੰਗੀ, ਜੁਗ ਜੁਗ ਝੋਲੀਆਂ ਆਪਣੀਆਂ ਡਾਹੀਆ । ਮੈਂ ਸਭ ਦੀ ਕੱਟਣਹਾਰਾ ਤੰਗੀ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਮੈਨੂੰ ਨਾ ਕੋਇ ਗ਼ਮ ਨਾ ਕੋਈ ਰੰਜੀ, ਰੰਜਸ਼ ਵਿਚ ਕਦੇ ਨਾ ਆਈਆ । ਮੈਂ ਬਾਣਾ ਪਹਿਨਿਆ ਨਹੀਂ ਕਦੀ ਜੰਗੀ, ਸ਼ਸਤਰ ਹੱਥ ਨਾ ਕੋਇ ਉਠਾਈਆ । ਮੈਂ ਜੁਗ ਜੁਗ ਨਾਮ ਕਲਮਿਆਂ ਵੰਡਾਂ ਗਿਆ ਵੰਡੀ, ਹਿੱਸੇ ਧਰਨੀ ਧਰਤ ਧਵਲ ਵਖਾਈਆ । ਜਨ ਭਗਤ ਸੁਹੇਲੇ ਪੁਰਖ ਅਕਾਲ ਨਾਲ ਗਿਆ ਗੰਢੀ, ਧੁਰ ਦੀ ਗੰਢ ਆਪ ਪਵਾਈਆ । ਮੇਰਾ ਖੇਲ ਸਦਾ ਬਹੁਰੰਗੀ, ਬੁੱਧੀ ਵਿਚ ਨਾ ਕੋਇ ਸਮਝਾਈਆ । ਮੈਂ ਕਲਜੁਗ ਖੇਲ ਖੇਲਾਂ ਵਿਚ ਵਰਭੰਡੀ, ਚਾਰੋਂ ਕੁੰਟ ਅੱਖ ਉਠਾਈਆ । ਸਦੀ ਚੌਧਵੀਂ ਚਾਰੋਂ ਕੁੰਟ ਚਮਕਾਏ ਚੰਡੀ, ਪਰਚੰਡ ਰੂਪ ਬਦਲਾਈਆ । ਕਿਸੇ ਪਵਣ ਮਿਲੇ ਨਾ ਠੰਢੀ, ਕਲਜੁਗ ਅਗਨੀ ਤਤ ਤਪਾਈਆ । ਮਾਣ ਰਹੇ ਨਾ ਚੰਦ ਨੌਚੰਦੀ, ਚੌਦਸ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਾਹਿਬ ਸੂਰਾ ਸਰਬੰਗੀ, ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਤੱਕੇ ਚਾਈਂ ਚਾਈਂਆ ।

### ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਦੇਵੀ ਸਿੰਘ ਦੇ ਗ੍ਰਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ

ਮਾਇਆ ਕਹੇ ਮੇਰਾ ਅੰਤਸ਼ਕਰਨ ਕੀ ਕਹਿੰਦਾ, ਬਿਨ ਰਸਨਾ ਜਿਹਵਾ ਬੱਤੀ ਦੰਦਾਂ ਰਿਹਾ ਦ੍ਰਿੜਾਈਆ । ਜੋ ਖੇਲ ਸਮਝਾਵੇ ਚੜ੍ਹਦਾ ਲਹਿੰਦਾ, ਦੱਖਣ ਪਹਾੜ ਨਾਲ ਮਿਲਾਈਆ । ਸ਼ਰਅ ਦਾ ਉਚ ਮੁਨਾਰਾ ਜਾਂਦਾ ਢਹਿੰਦਾ, ਮਹਿਰਾਬਾ ਰੂਪ ਨਾ ਕੋਇ ਚਮਕਾਈਆ । ਪ੍ਰਭ ਦਾ ਭਾਣਾ ਅਵਤਾਰ ਪੈਗ਼ੰਬਰ ਗੁਰ ਵੇਖਿਆ ਸਹਿੰਦਾ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਵੀ ਸਾਂਭ ਸੂਤ ਕੇ ਬੈਠੀ ਆਪਣਾ ਲਹਿੰਗਾ, ਅੰਗੀ ਆਪਣੇ ਤਨ ਸੁਹਾਈਆ । ਦੁਨੀਆਦਾਰਾਂ ਨੂੰ ਦੱਸਾਂ ਅਗਲਾ ਵਕਤ ਪੈਣਾ ਮਹਿੰਗਾ, ਚਾਰੋਂ ਕੁੰਟ ਧਿਆਨ ਲਗਾਈਆ । ਕੋਟਾਂ ਵਿਚੋਂ ਕੋਈ ਗੁਰਮੁਖ ਪ੍ਰਭੂ ਦਾ ਭਾਣਾ ਹੋਵੇ ਸਹਿੰਦਾ, ਹਿਰਦੇ ਹਰਿ ਹਰਿ ਇਕ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਾਇਆ ਕਹੇ ਮੈਂ ਸੂਰਤਾਂ ਤੱਕੀਆਂ ਓਹ, ਜੋ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਨੂੰ ਮਿਲਿਆ ਤੇਈ ਅਵਤਾਰਾਂ ਦਾ ਗਰੋਹ, ਇਕੱਠੇ ਹੋ ਕੇ ਰਹੇ ਸੁਣਾਈਆ । ਪੈਗ਼ੰਬਰ ਜੋਤੀ ਧਾਰ ਦੀ ਲੈ ਕੇ ਲੋ, ਬਿਨ ਲੋਚਨ ਨੈਣ ਨੈਣ ਰਹੇ ਖੁਲਾਈਆ । ਗੁਰੂ ਗੁਰਦੇਵ ਕਹਿਣ ਸੋ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜਿਹੜਾ ਆਦਿ ਦਾ ਇਕ ਤੇ ਸ੍ਰਿਸ਼ਟ ਧਾਰ ਵਿਚ ਦੋ, ਦੂਆ ਏਕਾ ਏਕਾ ਗੰਢ ਪਵਾਈਆ । ਜੋ ਨਿਰਵੈਰ ਨਿਰਾਕਾਰ ਪੁਰਖ ਅਕਾਲ ਅਗੰਮਾ ਹੋ, ਹੋਕਾ ਦੇਵੇ ਥਾਉਂ ਥਾਈਂਆ । ਜਿਸ ਨੇ ਸਭ ਕਿਛ ਅਵਤਾਰ ਪੈਗ਼ੰਬਰਾਂ ਕੋਲੋਂ ਲੈਣਾ ਖੋਹ, ਹੁਕਮ ਹੁਕਮ ਨਾਲ ਬਦਲਾਈਆ । ਸਚ ਮਾਰਗ ਦਾ ਢੋਆ ਦੇਵੇ ਢੋਅ, ਦੋ ਜਹਾਨਾਂ ਆਪ ਵਰਤਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਪਰਦਾ ਸਕੇ ਨਾ ਕੋਇ ਉਠਾਈਆ । ਜੋ ਆਤਮ ਪਰਮਾਤਮ ਜਾਵੇ ਛੋਹ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਸਤਿ ਧਰਮ ਦਾ ਬੀਜ ਦੇਵੇ ਬੋ, ਜੋਤੀ ਜੋਤ ਸਰੂਪ

੧੪੪੧
੨੩

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਝਟ ਨਾਰਦ ਕਹੇ ਮਾਇਆ ਨਾ ਪਾ ਵੱਡਾ ਰੌਲਾ, ਕੂਕ ਕੂਕ ਸੁਣਾਈਆ । ਆਹ ਵੇਖ ਪੂਰਬ ਇਕਰਾਰ ਕੌਲਾ, ਤੈਨੂੰ ਦਿਆਂ ਜਣਾਈਆ । ਉਹ ਮਾਲਕ ਖ਼ਾਲਕ ਧੁਰ ਦਾ ਮੌਲਾ, ਮੌਲਿਆ ਹਰ ਘਟ ਥਾਈਂਆ । ਜਿਸ ਦਾ ਇਕੋ ਨਾਮ ਕਲਮਾ ਸ਼ਬਦ ਅਗੰਮੀ ਸੋਹਲਾ, ਸੋ ਸਵਾਮੀ ਰਿਹਾ ਸਮਝਾਈਆ । ਜਿਸ ਨੇ ਭੇਵ ਚੁਕਾਉਣਾ ਪਰਦਾ ਓਹਲਾ, ਭਾਵਨਾ ਆਪਣੀ ਦਏ ਦ੍ਰਿੜਾਈਆ । ਜੁਗ ਚੌਕੜੀ ਜਿਸ ਦਾ ਗੋਲਾ, ਅਵਤਾਰ ਪੈਗ਼ੰਬਰ ਗੁਰੂ ਸੇਵ ਕਮਾਈਆ । ਉਹ ਕਲਜੁਗ ਅੰਤਮ ਬਣ ਕੇ ਤੋਲਾ, ਨਾਮ ਤਰਾਜ਼ੂ ਹੱਥ ਉਠਾਈਆ । ਤੂੰ ਓਸ ਦਾ ਸੁਣ ਲੈ ਅਗੰਮੀ ਬੋਲਾ, ਜੋ ਅਨਬੋਲਤ ਰਿਹਾ ਜਣਾਈਆ । ਜਿਸ ਪਿਛਲਾ ਰਹਿਣ ਦੇਣਾ ਨਹੀਂ ਕੋਈ ਵਿਚੋਲਾ, ਵਿਚਲਾ ਭੇਵ ਚੁਕਾਈਆ । ਜਿਸ ਰਹਿਣ ਦੇਣਾ ਨਹੀਂ ਕੋਈ ਖੋਲਾ, ਖ਼ਾਲਕ ਖ਼ਲਕ ਦਏ ਦ੍ਰਿੜਾਈਆ । ਵਕਤ ਸੁਹੰਜਣਾ ਕਰੇ ਉਤੇ ਧੌਲਾ, ਧਰਨੀ ਧਰਤ ਧਵਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਨਾ ਮਾਰ ਵਡੀਆਂ ਸ਼ੇਖ਼ੀਆਂ, ਕੀ ਆਪਣਾ ਬਲ ਜਣਾਈਆ । ਤੇਰੀਆਂ ਜੁਗ ਜੁਗ ਖੇਲਾਂ ਵੇਖੀਆਂ, ਸਤਿਜੁਗ ਤ੍ਰੇਤਾ ਦੁਆਪਰ ਧਿਆਨ ਲਗਾਈਆ । ਤੇਰੀਆਂ ਭੁਲ ਨਹੀਂ ਜਾਂਦੀਆਂ ਨੇਕੀਆਂ, ਅਵਤਾਰ ਪੈਗ਼ੰਬਰ ਗੁਰੂਆਂ ਦਿਤੀਆਂ ਸਜ਼ਾਈਆ । ਤੇਰੀਆਂ ਆਸ਼ਾ ਕਮਲੀਏ ਧਰਤੀ ਉਤੇ ਲੇਟੀਆਂ, ਚਾਰੋਂ ਕੁੰਟ ਕਰਵਟ ਰਹੀਆਂ ਬਦਲਾਈਆ । ਮੈਂ ਆਦਿ ਜੁਗਾਦੀ ਭੇਤੀ ਆਂ, ਭਾਂਡਾ ਭਰਮ ਤੇਰਾ ਦਿਆਂ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲਾਈਆ । ਮਾਇਆ ਕਹੇ ਨਾਰਦਾ ਮੈਂ ਬੜੀ ਸੁਚੱਜੀ, ਆਦਿ ਜੁਗਾਦੀ ਨਜ਼ਰੀ ਆਈਆ । ਮੈਂ ਦਿਵਸ ਰੈਣ ਫਿਰਾਂ ਭੱਜੀ, ਪ੍ਰਭ ਸਾਚੀ ਸੇਵ ਕਮਾਈਆ । ਮੈਂ ਮੋਹ ਪਿਆਰ ਨਾਲ ਕਦੇ ਨਾ ਰੱਜੀ, ਮੁਹੱਬਤ ਸਭ ਦੇ ਨਾਲ ਰਖਾਈਆ । ਮੇਰੀ ਖੇਲ ਨੇਕੀ ਬਦੀ, ਦੋਵੇਂ ਆਪਣੇ ਘਰ ਵਸਾਈਆ । ਮੈਂ ਵੇਖਣ ਆਈ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਓਹ ਵੇਖ ਮੁਹੰਮਦ ਜਾਂਦਾ ਭਾਰ ਲੱਦੀ , ਚਾਰ ਯਾਰੀ ਗੰਢ ਪਵਾਈਆ । ਮੈਂ ਸਭ ਦੀ ਖੋਲ ਕੇ ਵੇਖਣੀ ਡੱਗੀ, ਡੌਰੂ ਡੰਕ ਸੁਣਾਈਆ । ਮੇਰੀ ਉਚੀ ਹੋ ਗਈ ਅੱਡੀ, ਪੱਬਾਂ ਭਾਰ ਭੱਜਾਂ ਵਾਹੋ ਦਾਹੀਆ । ਮੈਂ ਸਾਰੇ ਵੇਖਣੇ ਲਬੀ, ਦੀਨਾਂ ਮਜ਼੍ਹਬਾਂ ਵਾਲੇ ਫੋਲ ਫੁਲਾਈਆ । ਕਿਉਂ ਹਜ਼ਰਤ ਮੁਹੰਮਦ ਈਸਾ ਮੂਸਾ ਜਾਂਦੇ ਗੱਦੀ ਛਡੀ, ਸੁਖ ਆਸਣ ਰਹੇ ਤਜਾਈਆ । ਕਿਉਂ ਅਵਤਾਰੋ ਆਪਣੀ ਅੰਤਮ ਕਰਦੇ ਹਦੀ, ਹਦੂਦਾਂ ਵੇਖ ਵਖਾਈਆ । ਗੁਰੂ ਗੁਰਦੇਵਾਂ ਕਹਾਂ ਮੈਨੂੰ ਹਥੇਲੀ ਵਖਾਓ ਸੱਜੀ, ਸਾਜਣ ਹੋ ਕੇ ਮੰਗ ਮੰਗਾਈਆ । ਕੀ ਖੇਲ ਕਰਾਏ ਪੁਰਖ ਅਕਾਲਾ ਯਦੀ, ਯਦਪ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਮੇਲਾ ਹੁੰਦਾ ਨਵ ਨੌ ਚਾਰ ਜੁਗ ਚੌਕੜੀ ਸਬੱਬੀ, ਸਬੱਬ ਨਾਲ ਆਪਣਾ ਮੇਲ ਮਿਲਾਈਆ ।

੧੪੪੨
੨੩

## ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੯ ਸ਼ਾਹਣੀ ਦੇਵੀ ਦੇ ਗ੍ਰਿਹ ਪਿੰਡ ਮਾਜਰਾ ਜ਼ਿਲਾ ਜੰਮੂ ✪

ਨਾਰਦ ਕਹੇ ਮਾਇਆ ਨਾ ਮਾਰ ਦਾਬੇ, ਕੂਕ ਕੂਕ ਸੁਣਾਈਆ । ਮੂਰਖੇ ਨਿਗਾਹ ਮਾਰ ਲੈ ਵਿਚ ਕਾਅਬੇ, ਕੀ ਕਰਬਲਾ ਦਏ ਦੁਹਾਈਆ । ਇਸ਼ਾਰੇ ਤੱਕ ਲੈ ਜੋ ਦਿਤੇ ਨਾਨਕ ਬਾਬੇ, ਬਗ਼ਦਾਦ ਵਿਚ ਕੀ ਦ੍ਰਿੜਾਈਆ । ਸ਼ਾਹ ਸੁਲਤਾਨ ਮਿਟਣੇ ਰਾਜੇ, ਭੂਪ ਨਜ਼ਰ ਕੋਇ ਨਾ ਆਈਆ । ਕਿਸੇ ਗ੍ਰਿਹ ਨਹੀਂ ਵੱਜਣੇ ਵਾਜੇ, ਸ਼ਾਦਿਆਨੇ ਸੁਣਨ ਕੋਇ ਨਾ ਪਾਈਆ । ਦੀਨ ਦੁਨੀ ਵਿਚ ਕੋਈ ਨਾ ਜਾਗੇ, ਨੇਤਰ ਅੱਖ ਨਾ ਕੋਇ ਖੁਲਾਈਆ । ਹੰਸ ਬੁੱਧੀ ਜੀਵ ਹੋਣੇ ਕਾਗੇ, ਕਾਗ ਵਾਂਗ ਕੁਰਲਾਈਆ । ਕੀ ਓਸ ਵੇਲੇ ਵੇਸ ਵਟਾਏ ਵਾਲਾ ਬਾਜੇ, ਆਪ ਆਪਣਾ ਫੇਰਾ ਪਾਈਆ । ਕੀ ਨਵੀਂ ਸਾਜਣਾ ਸਾਜੇ, ਸਚ ਦੇ ਸਮਝਾਈਆ । ਮਾਇਆ ਕਹੇ ਨਾਰਦਾ ਓਹ ਮਾਲਕ ਗ਼ਰੀਬ ਨਿਵਾਜੇ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਨੂੰ ਸਾਰੇ ਰਹੇ ਅਰਾਧੇ, ਰਸਨਾ ਜਿਹਵਾ ਢੋਲੇ ਗਾਈਆ । ਜਿਸ ਦੇ ਜੁਗ ਚੌਕੜੀ ਸਮਾਜੇ, ਦੀਨ ਮਜ਼੍ਹਬ ਵਡਿਆਈਆ । ਉਹ ਮਾਰੇ ਸ਼ਬਦ ਅਗੰਮੀ ਆਵਾਜ਼ੇ, ਬੇਖ਼ਬਰਾਂ ਖ਼ਬਰ ਸੁਣਾਈਆ । ਕਲਜੁਗ ਅੰਤ ਸਵਾਰੇ ਕਾਜੇ, ਕਰਨੀ ਦਾ ਕਰਤਾ ਇਕ ਅਖਵਾਈਆ । ਜਿਸ ਦਾ ਹੁਕਮ ਬੋਧ ਅਗਾਧੇ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਉਹ ਕਿਸੇ ਹੱਥ ਨਾ ਆਵੇ ਲਾਧੇ, ਖੋਜੀਆਂ ਖੋਜ ਨਾ ਕੋਇ ਖੁਜਾਈਆ । ਮਾਇਆ ਕਹੇ ਮੈਨੂੰ ਸਤਿਗੁਰ ਸ਼ਬਦ ਮਾਰਦਾ ਆਵਾਜ਼ੇ, ਅਣਸੁਣਤ ਕਰੇ ਸ਼ਨਵਾਈਆ । ਕੋਝੀਏ ਕਮਲੀਏ ਮਾਇਆ ਰਾਣੀਏ ਜਗਤ ਸਵਾਣੀਏ ਪੁਰਖ ਅਕਾਲਾ ਦੀਨ ਦਿਆਲਾ ਆਇਆ ਤੇ ਆਵੇ ਦੇਸ਼ ਮਾਝੇ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਰਾਗ ਜਣਾਏ ਅਨੁਰਾਗੇ, ਰਾਗ ਨਾਦ ਜਿਸ ਦੀ ਸਿਫ਼ਤਾਂ ਵਿਚ ਸਿਫ਼ਤ ਰਹੇ ਜਗ ਗਾਈਆ ।



੧੪੪੩ ੨੩

## ✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਜੀਵਣ ਸਿੰਘ ਦੇ ਗ੍ਰਿਹ ਪਿੰਡ ਝਮਾਂ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਜਗਤ ਸੁਹਾਉਣਾ ਹੁਜਰਾ, ਹੁਜਤ ਕਰਾਂ ਜਗਤ ਲੋਕਾਈਆ । ਮੇਰਾ ਘਰ ਘਰ ਹੋਣਾ ਮੁਜਰਾ, ਮੁਜਰਮ ਦੀਨ ਦੁਨੀ ਬਣਾਈਆ । ਸਭ ਨੂੰ ਯਾਦ ਆਉਣਾ ਪਿਛਲਾ ਸਮਾਂ ਗੁਜ਼ਰਾ, ਗੁਜਰੀ ਚੰਦ ਦਏ ਸਮਝਾਈਆ । ਮਾਨਸ ਜਨਮ ਦਿਸੇ ਕਿਸੇ ਨਾ ਸੁਧਰਾ, ਸੁਦੀ ਵਦੀ ਨਜ਼ਰ ਕਿਸੇ ਨਾ ਆਈਆ । ਭਾਗ ਲੱਗੇ ਨਾ ਜਨਣੀ ਉਦਰਾ, ਨਵ ਨਵ ਅਗਨ ਨਾ ਕੋਇ ਬੁਝਾਈਆ । ਜਗਤ ਡੌਰੂ ਵਾਹਵੇ ਬਣ ਕੇ ਖੁਸਰਾ, ਭੱਜੇ ਵਾਹੋ ਦਾਹੀਆ । ਕਿਸੇ ਸਮਝ ਨਾ ਆਵੇ ਪਈਆ ਸੁਸਰਾ, ਨਾਤਾ ਧਰਮ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਵਡ ਵਡਿਆਈਆ । ਮਾਇਆ ਕਹੇ ਮੇਰੇ ਘਰ ਹੋਣੀ ਖ਼ੁਸ਼ਹਾਲੀ, ਜਗਤ ਵਾਸਨਾ ਨਾਲ ਮਹਿਕਾਈਆ । ਫਲ ਲਗਾਉਣਾ ਕੂੜ ਦੀ ਡਾਲੀ, ਪੱਤ ਟਹਿਣੀ ਵੱਜੇ ਵਧਾਈਆ । ਖਾਣਾ ਪੀਣਾ ਸਭ ਦਾ ਕਰਨਾ ਜਾਅਲੀ, ਸਚ ਵਸਤ ਹੱਥ ਕਿਸੇ ਨਾ ਆਈਆ । ਲਾਲਚ ਲੋਭ ਮੇਰੀ ਕਰੇ ਦਲਾਲੀ, ਵਿਚੋਲਾ ਵਿਕਾਰਾ ਰੂਪ ਬਣਾਈਆ । ਧਰਮ ਭੰਡਾਰੇ ਹੋਣੇ ਖ਼ਾਲੀ, ਵਸਤ ਸਚ

ਨਾ ਕੋਇ ਵਖਾਈਆ । ਮੇਰਾ ਖੇਲ ਤੱਕਣਾ ਜਗਤ ਹਲਾਲੀ, ਹਲਾਲ ਕਰਾਂ ਖ਼ਲਕ ਖ਼ੁਦਾਈਆ । ਚਾਰ ਕੁੰਟ ਦਾ ਰਹਿਣ ਦੇਵਾਂ ਕੋਈ ਨਾ ਮਾਲੀ, ਮਾਲਕ ਨਜ਼ਰ ਕੋਇ ਨਾ ਆਈਆ । ਬਿਨਾ ਪੁਰਖ ਅਕਾਲ ਤੋਂ ਦਿਸੇ ਕੋਈ ਨਾ ਪਾਲੀ, ਪ੍ਰਿਤਪਾਲਕ ਇਕੋ ਹੋਵੇ ਧੁਰ ਦਾ ਮਾਹੀਆ । ਜਿਸ ਦਾ ਇਕੋ ਹੁਕਮ ਮੰਨਾਂ ਸ਼ਾਲੀ, ਸ਼ਾਲਾ ਉਸੇ ਨੂੰ ਸੀਸ ਨਿਵਾਈਆ । ਜਿਸ ਮੇਰੀ ਕੱਟਣੀ ਕੰਗਾਲੀ, ਭੁੱਖੀ ਨੂੰ ਦਏ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵ ਸੱਤ ਬਣਾਏ ਇਕ ਧਰਮਸਾਲੀ, ਧਰਮ ਦਵਾਰਾ ਆਪਣਾ ਆਪ ਜਣਾਈਆ ।

ਸਪਤ ਰਿਖੀ ਕਢਦੇ ਰਹੇ ਲੀਕਾਂ, ਨੱਕ ਲੀਹ ਉਤੇ ਘਸਾਈਆ । ਆਤਮਾ ਦੀਆਂ ਕਰਦੇ ਰਹੇ ਤਸਦੀਕਾਂ, ਸ਼ਹਾਦਤ ਯਾਦ ਵਾਲੀ ਰਖਾਈਆ । ਮਨਸਾ ਦੀਆਂ ਤੱਕਦੇ ਰਹੇ ਉਮੀਦਾਂ, ਆਪਣਾ ਨੈਣ ਉਠਾਈਆ । ਇਕ ਦੂਜੇ ਨੂੰ ਕਰਦੇ ਰਹੇ ਤਾਕੀਦਾਂ, ਹੁਕਮ ਨਾਲ ਸੁਣਾਈਆ । ਸਾਰੇ ਵੇਖੇ ਲਾ ਕੇ ਨੀਝਾਂ, ਬਿਨ ਨੈਣਾਂ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਪਤਸ ਰਿਖ ਕਹਿਣ ਸਾਡੀ ਪੁਰਾਣੀ ਬਸਤੀ, ਪਿਛਲਾ ਲੇਖਾ ਦਏ ਗਵਾਹੀਆ । ਜਿਥੇ ਲੱਭਦੇ ਰਹੇ ਪ੍ਰਭੂ ਦੀ ਹਸਤੀ, ਹਸਤ ਕਵਲਾਂ ਸੇਵ ਕਮਾਈਆ । ਉਹ ਲੇਖਾ ਦੇਵਣਹਾਰਾ ਦਸਤੀ, ਲਹਿਣੇ ਸਭ ਦੇ ਝੋਲੀ ਪਾਈਆ । ਮਾਲਕ ਹੋ ਕੇ ਅਰਸ਼ੀ, ਫ਼ਰਸ਼ ਦਏ ਵਡਿਆਈਆ । ਸਤਿਗੁਰ ਸ਼ਬਦ ਨੇ ਸਾਨੂੰ ਦੱਸੀ ਸੀ ਬਰਸੀ, ਸੰਮਤ ਸ਼ਹਿਨਸ਼ਾਹੀ ਨੌਂ ਨਾਲ ਮਿਲਾਈਆ । ਪਰਮ ਪੁਰਖ ਕਰੇਗਾ ਤਰਸੀ, ਰਹਿਮਤ ਆਪ ਕਮਾਈਆ । ਖੇਲ ਬਣਾਏ ਆਪਣੇ ਘਰ ਦੀ, ਗ੍ਰਿਹ ਮੰਦਰ ਦਏ ਵਡਿਆਈਆ । ਤੁਹਾਡੀ ਆਸ਼ਾ ਪੂਰੀ ਕਰੇ ਵਰ ਦੀ, ਵਰ ਦੇਵਣਹਾਰ ਗੁਸਾਂਈਆ । ਤੁਸਾਂ ਖੇਲ ਵੇਖਣੀ ਕਲਜੁਗ ਕਲ ਦੀ, ਕੀ ਕਲਕੀ ਆਪਣੀ ਕਾਰ ਭੁਗਤਾਈਆ । ਕਿਸੇ ਨੂੰ ਸਮਝ ਨਹੀਂ ਆਉਣੀ ਪਲ ਦੀ, ਪਲਕਾਂ ਦੇ ਓਹਲੇ ਕੀ ਆਪਣਾ ਹੁਕਮ ਵਰਤਾਈਆ । ਉਹਦੀ ਧਾਰ ਹੋਣੀ ਅਛਲ ਅਛੱਲ ਦੀ, ਵਲ ਛਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਜਿਥੇ ਚਵ੍ਹੀ ਮੱਘਰ ਖ਼ੁਸ਼ੀਆਂ ਨਾਲ ਅੰਦਰ ਮਾਰੀ ਝਾਕੀ, ਸੱਜਾ ਖੱਬਾ ਵੇਖ ਵਖਾਈਆ । ਓਥੇ ਸਪਤਸ ਰਿਖੀਆਂ ਦਾ ਲਹਿਣਾ ਦੇਣਾ ਬਾਕੀ, ਜੋ ਆਸ਼ਾ ਗਏ ਰਖਾਈਆ । ਤਿਨ੍ਹਾਂ ਦਾ ਲੇਖ ਚੁਕਾਇਆ ਹਾਥੋ ਹਾਥੀ, ਉਧਾਰ ਰਹਿਣ ਕੋਇ ਨਾ ਪਾਈਆ । ਜਨ ਭਗਤ ਬਣਾ ਕੇ ਸਾਥੀ, ਲੇਖਾ ਸਭ ਦਾ ਪੂਰ ਕਰਾਈਆ । ਇਹ ਖੇਲ ਪੁਰਖ ਅਬਿਨਾਸ਼ੀ, ਹਰਿ ਕਰਤਾ ਆਪਣੇ ਵਿਚ ਛੁਪਾਈਆ । ਨਾਲੇ ਕਰਦਾ ਫਿਰੇ ਖ਼ੁਸ਼ੀਆਂ ਦੇ ਵਿਚ ਹਾਸੀ, ਨਾਲੇ ਵੇਖੇ ਲੇਖੇ ਧੁਰਦਰਗਾਹੀਆ । ਨਾਲੇ ਬਖ਼ਸ਼ਦਾ ਜਾਏ ਦਾਤੀ, ਭੰਡਾਰੇ ਖ਼ਾਲੀ ਆਪ ਭਰਾਈਆ । ਨਾਲੇ ਪੁਛਦਾ ਜਾਏ ਬਾਤੀ, ਜਨਮ ਜਨਮ ਦੇ ਲੇਖੇ ਝੋਲੀ ਪਾਈਆ । ਨਾਲੇ ਲਾਉਂਦਾ ਜਾਏ ਨਾਲ ਛਾਤੀ, ਗੋਦ ਸੁਹੰਜਣੀ ਆਪ ਟਿਕਾਈਆ । ਨਾਲੇ ਫਿਰੇ ਨੰਗੀ ਪੈਰੀਂ ਰਾਤੀ, ਜਨ ਭਗਤਾਂ ਸੇਵ ਕਮਾਈਆ । ਨਾਲੇ ਬਖ਼ਸ਼ਣਹਾਰਾ ਹਯਾਤੀ, ਜ਼ਿੰਦਗੀ ਜ਼ਿੰਦਗੀ ਵਿਚ ਬਦਲਾਈਆ । ਨਾਲੇ ਸੰਦੇਸ਼ੇ ਦੇਵੇ ਪਾਤੀ, ਹੁਕਮ ਹੁਕਮ ਵਿਚੋਂ ਸਮਝਾਈਆ । ਨਾਲੇ ਉੱਤਮ ਕਰੇ ਜ਼ਾਤੀ, ਅਜ਼ਾਤੀ ਡੇਰਾ ਢਾਹੀਆ ।



੧੪੪੪
੨੩

ਨਾਲੇ ਲੇਖਾ ਲਿਖੇ ਕਾਗ਼ਜ਼ਾਤੀ, ਜੁਗ ਜਨਮ ਦਾ ਪੰਧ ਮੁਕਾਈਆ । ਨਾਲੇ ਮੰਜ਼ਲ ਦੱਸੇ ਸਫ਼ਾਤੀ, ਆਪ ਆਪਣਾ ਹੁਕਮ ਵਰਤਾਈਆ । ਨਾਲੇ ਮਦਦਗਾਰ ਬਣੇ ਇਮਦਾਦੀ, ਸਿਰ ਸਿਰ ਆਪਣਾ ਹੱਥ ਰਖਾਈਆ । ਇਹ ਲੇਖਾ ਜਾਣੇ ਧੁਰ ਦਾ ਆਦੀ, ਆਦਿ ਪੁਰਖ ਬੇਪਰਵਾਹੀਆ । ਜਿਸ ਦਾ ਸ਼ਬਦ ਸਦਾ ਅਨਾਦੀ, ਜਗਤ ਜਹਾਨ ਕਰੇ ਸ਼ਨਵਾਈਆ । ਜਿਸ ਦੀ ਕਿਰਪਾ ਨਾਲ ਰਿਸ਼ੀਆਂ ਦੀ ਕਿਸਮਤ ਜਾਗੀ, ਪੂਰਬ ਲੇਖ ਚੁਕਾਈਆ । ਹਰਿ ਸੰਗਤ ਜੰਮੂ ਹੋਵੇ ਵਡ ਵਡਭਾਗੀ, ਭਾਗ ਹਿੱਸਾ ਸਭ ਦੀ ਝੋਲੀ ਪਾਈਆ । ਭਗਤ ਭਗਵਾਨ ਇਕ ਦੂਜੇ ਦੇ ਬਣਾ ਕੇ ਵੈਰਾਗੀ, ਵੈਰਾਗ ਵਿਚ ਆਪਣਾ ਨੀਰ ਵਹਾਈਆ । ਇਹ ਇਸ਼ਕ ਨਾ ਹਕੀਕੀ ਨਾ ਮਜਾਜ਼ੀ, ਦੋਹਾਂ ਤੋਂ ਬਾਹਰ ਆਪਣੀ ਖੇਲ ਖਿਲਾਈਆ । ਜਨ ਭਗਤੋ ਗੁਰਮੁਖੋ ਤੁਹਾਨੂੰ ਘਰ ਘਰ ਰਖੇਗਾ ਰਾਜ਼ੀ, ਦੁਖੀਆਂ ਦੁੱਖਾਂ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਦਰ ਦਰ ਘਰ ਘਰ ਬਣਿਆ ਰਹੇਗਾ ਲਾਗੀ, ਸੇਵਕ ਹੋ ਕੇ ਸੇਵ ਕਮਾਈਆ ।

## ✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਮਾਇਆ ਦੇਵੀ ਦੇ ਗ੍ਰਿਹ ਪਿੰਡ ਮਘੋਵਾਲੀ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਸਦਾ ਗਿਆਤਾ, ਗਿਆਨ ਧਿਆਨ ਦੀ ਲੋੜ ਨਾ ਕੋਇ ਰਖਾਈਆ । ਆਦਿ ਜੁਗਾਦੀ ਜੋਤੀ ਜਾਤਾ, ਜਾਗਰਤ ਜੋਤ ਖੇਲ 
ਖਿਲਾਈਆ । ਹਰਿਜਨ ਬੰਨ੍ਹਣਹਾਰਾ ਨਾਤਾ, ਗੁਰਮੁਖ ਗੁਰ ਗੁਰ ਮੇਲ ਮਿਲਾਈਆ । ਸਤਿ ਧਰਮ ਦੀਆਂ ਦੇਵਣਹਾਰਾ ਦਾਤਾ, ਵਸਤ ਅਮੋਲਕ ਆਪ ਵਰਤਾਈਆ । ਨਾਮ ਨਿਧਾਨਾ ਜਣਾ ਕੇ ਗਾਥਾ, ਕਰੇ ਅਗੰਮ ਪੜ੍ਹਾਈਆ । ਸਤਿ ਸਚ ਚੜ੍ਹਾ ਕੇ ਰਾਥਾ, ਕੂੜੀ ਕਿਰਿਆ ਨਈਆ ਨੌਕਾ ਡੇਰਾ ਢਾਹੀਆ । ਲੇਖ ਬਣਾ ਕੇ ਮਸਤਕ ਮਾਥਾ, ਪੂਰਬ ਜਨਮਾਂ ਲੇਖੇ ਪਾਈਆ । ਕਿਰਪਾ ਕਰੇ ਪੁਰਖ ਸਮਰਾਥਾ, ਹਰਿ ਵੱਡਾ ਵਡ ਵਡਿਆਈਆ । ਹੋਏ ਸਹਾਈ ਨਾਥ ਅਨਾਥਾ, ਦੀਨਨ ਆਪਣੇ ਰੰਗ ਰੰਗਾਈਆ । ਸਤਿ ਸਚ ਸੁਣਾਏ ਧੁਰ ਦੀ ਬਾਤਾ, ਬਾਤਨ ਪਰਦਾ ਆਪ ਖੁਲਾਈਆ । ਆਪੇ ਬਣ ਕੇ ਪਿਤਾ ਮਾਤਾ, ਪੂਤ ਸਪੂਤੇ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਸਤਿਗੁਰ ਸ਼ਬਦ ਕਹੇ ਗੁਰਦੇਵਾ ਏਕ, ਆਦਿ ਪੁਰਖ ਅਖਵਾਈਆ । ਜੋ ਭਗਤਾਂ ਜੁਗ ਜੁਗ ਬਖ਼ਸ਼ੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮਨ ਮਤ ਬੁਧ ਕਰੇ ਬਿਬੇਕ ਤ੍ਰੈਗੁਣ ਦਾ ਲੇਖ ਚੁਕਾਈਆ । ਸਚ ਦਵਾਰ ਰਖਾਏ ਆਪਣਾ ਦੇਸ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਥੇ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਗਣੇਸ਼ ਸੀਸ ਝੁਕਾਈਆ । ਆਪ ਬਣ ਕੇ ਮਾਲਕ ਨਰ ਨਰੇਸ਼, ਨਰ ਨਰਾਇਣ ਸੋਭਾ ਪਾਈਆ । ਕਲਜੁਗ ਅੰਤਮ ਵੇਖਣਹਾਰ ਕਲ ਕਲੇਸ਼, ਕਲ ਕਾਤੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਕਰਤਾ, ਕਰਤੇ ਪੁਰਖ ਦਿਤੀ ਵਡਿਆਈਆ । ਨਾ ਜੰਮਦਾ ਨਾ ਕਦੇ ਮਰਦਾ, ਮਰ ਜੀਵਤ ਰੂਪ ਨਾ ਕਦੇ ਬਦਲਾਈਆ । ਲੇਖਾ ਜਾਣਾ ਧਰਨੀ ਧੌਲ ਵਾਲੇ ਘਰ ਦਾ,

ਨਵ ਸੱਤ ਫੋਲ ਫੁਲਾਈਆ । ਨਿਰਭਉ ਹੋ ਕਦੇ ਨਾ ਡਰਦਾ, ਦੋ ਜਹਾਨਾਂ ਭੱਜਾਂ ਵਾਹੋ ਦਾਹੀਆ । ਨਿਤ ਨਵਿਤ ਅਗੰਮੇ ਘਾੜਨ ਘੜਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਹੋ ਕੇ ਲੜਦਾ, ਇਹ ਧੁਰ ਦੀ ਬੇਪਰਵਾਹੀਆ । ਨਾਮ ਨਿਧਾਨ ਨੌਜਵਾਨ ਹੋ ਕੇ ਉਚਰਦਾ, ਕਲਮੇ ਕਾਇਨਾਤ ਸਮਝਾਈਆ । ਲੇਖਾ ਪੂਰਾ ਕਰਾਂ ਵਕਤ ਸੁਹਾਵਾ ਸਾਚੇ ਪੁਤਰ ਦਾ, ਜਿਸ ਪਰਮੇਸ਼ਵਰ ਦਿਤੀ ਮਾਣ ਵਡਿਆਈਆ । ਮੈਂ ਜੁਗ ਚੌਕੜੀ ਸਚਖੰਡ ਦਵਾਰਿਉਂ ਅਵਤਾਰ ਪੈਗ਼ੰਬਰ ਗੁਰੂਆਂ ਅੰਦਰ ਉਤਰਦਾ, ਉੱਤਰ ਪੂਰਬ ਪੱਛਮ ਦੱਖਣ ਵੇਖਿਆਂ ਨਜ਼ਰ ਕਿਸੇ ਨਾ ਆਈਆ । ਮੇਰਾ ਲਹਿਣਾ ਦੇਣਾ ਸਭ ਦੇ ਨਾਲ ਸ਼ੁਕਰ ਦਾ, ਸ਼ੁਕਰੀਆ ਕਹਿ ਦੇ ਸਾਰੇ ਸੀਸ ਨਿਵਾਈਆ । ਮੇਰੇ ਹੁਕਮ ਵਿਚੋਂ ਹੁਕਮ ਸੁਣ ਕੋਈ ਨਾ ਮੁਕਰਦਾ, ਪਾਸਾ ਸਕੇ ਨਾ ਕੋਇ ਬਦਲਾਈਆ । ਮੈਂ ਪਿਆਸਾ ਭੁੱਖਾ ਨਹੀਂ ਕਿਸੇ ਟੁੱਕਰ ਦਾ, ਜਨ ਭਗਤਾਂ ਸੁੱਕੇ ਟੁਕੜੇ ਲੇਖੇ ਲਾਈਆ । ਮੈਂ ਵਣਜਾਰਾ ਨਹੀਂ ਕਿਸੇ ਮਾਤ ਜਨਣੀ ਕੁੱਛੜ ਦਾ, ਗੋਦੀ ਵਿਚ ਨਾ ਕੋਇ ਵਡਿਆਈਆ । ਮੈਂ ਪ੍ਰੇਮੀ ਨਹੀਂ ਕਿਸੇ ਬੁੱਕਲ ਦਾ, ਅੰਦਰ ਵੜ ਕੇ ਝਟ ਲੰਘਾਈਆ । ਮੈਂ ਆਦਿ ਜੁਗਾਦੀ ਜਨ ਭਗਤੋ ਹੱਲ ਕਰਾਂ ਸਭ ਦੀ ਮੁਸ਼ਕਲ ਦਾ, ਮੁਸ਼ਕਲਾਂ ਸਭ ਦੀਆਂ ਹੱਲ ਕਰਾਈਆ । ਮੈਂ ਵਣਜਾਰਾ ਨਹੀਂ ਕਿਸੇ ਦੀ ਅਕਲ ਦਾ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਮੈਂ ਪਿਆਰਾ ਨਹੀਂ ਕਿਸੇ ਮੋਹਣੀ ਰੂਪ ਸ਼ਕਲ ਦਾ, ਸਤਿ ਸਚ ਨਾਲ ਸਦਾ ਮੇਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੁਗ ਜੁਗ ਜਨ ਭਗਤਾਂ ਪੈਜ ਰਖਣ ਦਾ, ਰਖਕ ਹੋ ਕੇ ਆਪਣੀ ਦਇਆ ਕਮਾਈਆ ।



੧੪੪੬
੨੩

### ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਪਰਕਾਸ਼ ਸਿੰਘ ਦੇ ਗ੍ਰਿਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ

ਮਾਇਆ ਕਹੇ ਸੁਣੋ ਵੇ ਸੱਤ ਦੀਪ, ਦੀਪਕੋ ਤੁਹਾਨੂੰ ਦਿਆਂ ਜਣਾਈਆ । ਆਪਣਾ ਆਪਣਾ ਲੇਖਾ ਕਰੋ ਠਾਂਡਾ ਸੀਤ, ਕਲਜੁਗ ਅਗਨੀ ਅੱਗ ਬੁਝਾਈਆ । ਦੀਨਾਂ ਮਜ਼੍ਹਬਾਂ ਦੀ ਆਪਣੇ ਉਤੇ ਵੇਖੋ ਰੀਤ, ਕੀ ਖੇਲ ਖੇਲਣ ਖ਼ਲਕ ਖ਼ੁਦਾਈਆ । ਕਿਉਂ ਨਹੀਂ ਹਰਿ ਜੂ ਵਸਿਆ ਚੀਤ, ਚੇਤਨ ਸੁਰਤ ਨਾ ਕੋਇ ਕਰਾਈਆ । ਕਿਉਂ ਨਹੀਂ ਆਤਮ ਪਰਮਾਤਮ ਗਾਉਂਦੇ ਗੀਤ, ਸੰਦੇਸ਼ਾ ਧੁਰਦਰਗਾਹੀਆ । ਆਪਣੀ ਅੰਤ ਅਖ਼ੀਰੀ ਵੇਖੋ ਲੀਕ, ਲੈਨ ਐਨ ਧਿਆਨ ਲਗਾਈਆ । ਤੁਹਾਡਾ ਸਮਾਂ ਆਇਆ ਨਜ਼ਦੀਕ, ਵੇਲਾ ਵਕਤ ਦਏ ਗਵਾਹੀਆ । ਤੁਹਾਡੀ ਨਿਕਲਣ ਵਾਲੀ ਚੀਕ, ਸਾਰੇ ਰੋਵੋ ਮਾਰੋ ਧਾਹੀਆ । ਨਿਸ਼ਾਨੇ ਮਿਟਣ ਮੰਦਰ ਮਸੀਤ, ਕਾਅਬਿਆਂ ਪਏ ਦੁਹਾਈਆ । ਤੁਸੀਂ ਲੇਖਾ ਤੱਕੋ ਠੀਕ, ਜੋ ਠਾਕਰ ਰਿਹਾ ਸਮਝਾਈਆ । ਓਸ ਸਾਹਿਬ ਦੀ ਕਰੋ ਉਡੀਕ, ਜੋ ਆਵੇ ਵਾਹੋ ਦਾਹੀਆ । ਜਿਸ ਸਾਚੀ ਪਾਉਣੀ ਭੀਖ, ਭਿਛਿਆ ਨਾਮ ਵਰਤਾਈਆ । ਧਰਮ ਦੀ ਦਏ ਨਸੀਹਤ, ਸਚ ਸਚ ਸਮਝਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੀ ਤੱਕੋ ਵਸੀਯਤ, ਜੋ ਲਿਖ ਕੇ ਗਏ ਸਮਝਾਈਆ । ਜਿਸ ਭੇਵ ਖੁਲਾਉਣਾ ਅਸਲੀਅਤ, ਅਸਲ ਦਏ ਦ੍ਰਿੜਾਈਆ । ਸਭ ਦੀ ਬਦਲ ਦੇਣੀ ਵਦਲੀਅਤ, ਵਲਦ ਵਾਲਦਾ ਇਕੋ ਨਜ਼ਰੀ ਆਈਆ । ਉਹ ਦੇਵਣਹਾਰਾ ਸਚ ਸ਼ਖ਼ਸ਼ੀਅਤ, ਹੁਕਮ ਧੁਰ ਦਾ ਇਕ ਵਰਤਾਈਆ । ਬਦਲ ਦੇਵੇ ਦੀਨ ਦੁਨੀ ਤਬੀਅਤ, ਤਬਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਧੁਰ ਦੇ ਨਾਮ ਨੂੰ ਦੇਵੇ ਅਹਿਮੀਯਤ, ਆਪ ਆਪਣਾ ਹੁਕਮ ਵਰਤਾਈਆ ।

## ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਸੁੰਦਰ ਸਿੰਘ ਦੇ ਗ੍ਰਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ

ਮਾਇਆ ਕਹੇ ਸੁਣੋ ਨਵ ਨਵ ਖੰਡ, ਖੰਡਾਂ ਖੜਗਾਂ ਵਾਲਿਓ ਦਿਆਂ ਜਣਾਈਆ । ਤੁਹਾਡੀ ਪੈਣ ਵਾਲੀ ਵੰਡ, ਹਿੱਸੇ ਪ੍ਰਭੂ ਰਿਹਾ ਬਣਾਈਆ । ਤੁਸੀਂ ਉਠ ਕੇ ਪਾਓ ਡੰਡ, ਰੋ ਰੋ ਦਿਓ ਜਣਾਈਆ । ਤੁਹਾਡੀ ਵੱਢੀ ਨਾ ਜਾਏ ਕੰਡ, ਆਪਣਾ ਪੱਲੂ ਲਓ ਛੁਡਾਈਆ । ਟੁੱਟੀ ਲਓ ਗੰਢ, ਨਾਤਾ ਧਰਮ ਜੁੜਾਈਆ । ਤੁਹਾਡੇ ਉਤੇ ਹੋਣ ਵਾਲਾ ਜੰਗ, ਚਾਰੋਂ ਕੁੰਟ ਨਜ਼ਰੀ ਆਈਆ । ਨਿਸ਼ਾਨ ਮਿਟਣਾ ਤਾਰਾ ਚੰਦ, ਚੰਦ ਚਾਂਦਨੀ ਇਕ ਚਮਕਾਈਆ । ਤੁਹਾਡੇ ਕਟੇ ਜਾਣੇ ਬੰਦ ਬੰਦ, ਅੰਗ ਅੰਗ ਦਏ ਗਵਾਹੀਆ । ਤੁਹਾਡੀ ਹੱਦ ਨਹੀਂ ਰਹਿਣੀ ਕੰਧ, ਹਿੱਸਾ ਨਜ਼ਰ ਕੋਇ ਨਾ ਆਈਆ । ਤੁਸੀਂ ਪ੍ਰਭੂ ਦੀ ਮੰਜ਼ਲ ਵੇਖੋ ਲੰਘ, ਕੀ ਕਰਤਾ ਖੇਲ ਖਿਲਾਈਆ । ਤੁਹਾਡੀ ਸੇਜ ਸੁਹੰਜਣੀ ਨਹੀਂ ਰਹਿਣੀ ਪਲੰਘ, ਸੁਖ ਆਸਣ ਨਾ ਕੋਇ ਸੁਹਾਈਆ । ਡੋਰ ਕਟੀ ਜਾਣੀ ਪਤੰਗ, ਗੁੱਡੀਆ ਮੂੰਹ ਦੇ ਭਾਰ ਸੁਟਾਈਆ । ਜਿਸ ਮੇਟਣਾ ਭੇਖ ਪਖੰਡ, ਕਲਜੁਗ ਕੂੜੀ ਕਿਰਿਆ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਮਾਇਆ ਕਹੇ ਸੁਣ ਲਓ ਚਾਰੇ ਕੂਟ, ਕੁੰਟ ਕੁੰਟ ਦਿਆਂ ਜਣਾਈਆ । ਆਪਣੇ ਗ੍ਰਹਿ ਦਾ ਵੇਖੋ ਲੇਖਾ ਝੂਠ, ਦਰ ਦਰ ਫੋਲ ਫੁਲਾਈਆ । ਧਰਮ ਦਵਾਰਿਆਂ ਹੋਈ ਜੂਠ, ਸਚ ਸਚ ਨਾ ਕੋਈ ਸਮਾਈਆ । ਕਾਇਆ ਤੱਕੋ ਪੰਜ ਭੂਤ, ਤਨ ਵਜੂਦਾਂ ਧਿਆਨ ਲਗਾਈਆ । ਧਰਮ ਦੀ ਰਹੀ ਕਿਸੇ ਨਾ ਸੂਝ, ਸਮਝ ਵਿਚ ਨਾ ਕੋਇ ਸਮਝਾਈਆ । ਦੀਨ ਦੁਨੀਆ ਕਰਨ ਵਾਲੀ ਕੂਚ, ਕੂਚਾ ਗਲੀ ਰੋਵੇ ਮਾਰੇ ਧਾਹੀਆ । ਸਭ ਦਾ ਨਾਤਾ ਜਾਣਾ ਟੁਟ, ਟੁਟਿਆਂ ਸਕੇ ਨਾ ਕੋਇ ਬੰਧਾਈਆ । ਤੁਹਾਡਾ ਪਿਆਰ ਮੁਹੱਬਤ ਜਾਣਾ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਮਾਇਆ ਕਹੇ ਸੁਣੋ ਸੰਦੇਸ਼ਾ ਚਾਰੇ ਸਿੰਮਤ, ਦਹਿ ਦਿਸ਼ਾ ਦਿਆਂ ਜਣਾਈਆ । ਆਪਣੇ ਆਪਣੇ ਵੇਖੋ ਨਿੰਦਕ, ਘਰ ਘਰ ਖੋਜ ਖੁਜਾਈਆ । ਫੇਰ ਕਰਨੀ ਪਵੇ ਨਾ ਮਿੰਨਤ, ਪ੍ਰਭ ਅਗੇ ਸੀਸ ਝੁਕਾਈਆ । ਸਦੀ ਚੌਧਵੀਂ ਰਹਿਣੀ ਨਹੀਂ ਕਿਸੇ ਵਿਚ ਹਿੰਮਤ, ਹੌਸਲੇ ਸਾਰੇ ਦੇਣੇ ਢਾਹੀਆ । ਕਿਸੇ ਕਰਾਉਣੀ ਪਏ ਨਾ ਸੁੰਨਤ, ਸੁੰਨੀਆਂ ਲੇਖੇ ਦਏ ਚੁਕਾਈਆ । ਧਰਮ ਦੀ ਧਾਰ ਕਰਕੇ ਉਨਤ, ਉਨੀਸਾ ਆਪਣਾ ਖੇਲ ਖਿਲਾਈਆ । ਕੋਈ ਦਿਸੇ ਨਾ ਮੂੰਡ ਮੂੰਡਤ, ਪਰਦਾ ਖੋਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖਿਲਾਏ ਜਗਤ ਅਨਮੁਲਤ, ਕੀਮਤ ਕਰਤਾ ਨਾ ਕੋਇ ਰਖਾਈਆ ।

## ✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਪਰਕਾਸ਼ੋ ਦੇਵੀ ਦੇ ਗ੍ਰਿਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਫਿਰਾਂ ਘੱਤੀ ਵਹੀਰ, ਬਿਨ ਵੰਝਾਂ ਵਹਿਣ ਵਹਾਈਆ । ਮੇਰਾ ਚਲੇ ਅਣਿਆਲਾ ਤੀਰ, ਤੁਰੀਆ ਹੋ ਕੇ ਸਭ ਨੂੰ ਘਾਇਲ ਦਿਆਂ ਕਰਾਈਆ । ਮੈਂ ਵਿਰੋਲਾਂ ਸਮੁੰਦ ਸਾਗਰਾਂ ਨੀਰ, ਥਲਾਂ ਵੇਖ ਵਖਾਈਆ । ਮੇਰੀ ਵੱਖਰੀ ਹੋਣੀ ਤਦਬੀਰ, ਤਰੀਕਾ ਸਮਝ ਕੋਇ ਨਾ ਪਾਈਆ । ਮੈਂ ਦੀਨ ਦੁਨੀ ਬਣਾਈ ਖੰਜ਼ੀਰ, ਖੰਜਰਾਂ ਨਾਲ ਝਟਕਾਈਆ । ਸਭ ਦੇ ਉਤੇ ਪਾਉਣੀ ਭੀੜ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਸ੍ਰਿਸ਼ਟੀ ਨਾਤਾ ਵੇਖਣਾ ਭੈਣਾਂ ਵੀਰ, ਮਾਇਆ ਮਮਤਾ ਕਹੇ ਮੈਂ ਆਪਣਾ ਖੇਲ ਦੇਣਾ ਖਿਲਾਈਆ । ਮੇਰੀ ਸਮਝੇ ਨਾ ਕੋਇ ਅਕਸੀਰ, ਅਕਸਰ ਇਕੋ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਕੱਟਣਹਾਰਾ ਭੀੜ, ਸਿਰ ਮੇਰੇ ਹੱਥ ਰਖਾਈਆ ।

## ✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਜਗਜੀਤ ਸਿੰਘ ਦੇ ਗ੍ਰਿਹਿ ਪਿੰਡ ਕੀਰ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਇਕੋ ਇਸ਼ਟ ਪੁਰਖ ਅਕਾਲਾ, ਦੂਜਾ ਦੋ ਜਹਾਨਾਂ ਨਜ਼ਰ ਕੋਇ ਨਾ ਆਈਆ । ਇਕੋ ਸਤਿ ਸਤਿਵਾਦੀ ਸਤਿ ਪੁਰਖ ਦੀ ਧਰਮਸਾਲਾ, ਸਚਖੰਡ ਦਵਾਰਾ ਏਕੰਕਾਰਾ ਆਪ ਸੁਹਾਈਆ । ਇਕੋ ਨੂਰ ਨੁਰਾਨਾ ਸ਼ਾਹ ਸੁਲਤਾਨਾ ਦੀਪਕ ਜੋਤੀ ਦੇਵੇ ਬਾਲਾ, ਬਿਨ ਤੇਲ



ਬਾਤੀ ਪਤਿਪਰਮੇਸ਼ਵਰ ਜੋਤ ਕਰੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਲੇਖਾ ਜਾਣੇ ਆਦਿ ਜੁਗਾਦਿ ਦੋ ਜਹਾਨਾਂ, ਨਿਰਗੁਣ ਨਿਰਵੈਰ ਨਿਰੰਕਾਰ ਆਪਣੀ ਕਲ ਵਰਤਾਈਆ । ਜੋ ਨਿਤ ਨਵਿਤ ਖੇਲੇ ਖੇਲ ਸਤਿ ਸਰੂਪੀ ਹੋ ਪਰਧਾਨਾ, ਬ੍ਰਹਿਮੰਡ ਖੰਡ ਪੁਰੀ ਲੋਅ ਵੇਖਣਹਾਰਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਇਕੋ ਪੁਰਖ ਅਕਾਲਾ ਮੀਤ, ਦੂਜਾ ਨਜ਼ਰ ਕੋਇ ਨਾ ਆਈਆ । ਜਿਹਦੀ ਜੁਗ ਜੁਗ ਅਵੱਲੜੀ ਰੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਦੇਣ ਗਵਾਹੀਆ । ਜੋ ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਨਿਵਾਸੀ ਪੁਰਖ ਅਬਿਨਾਸ਼ੀ ਵੇਖਣਹਾਰਾ ਥਾਉਂ ਥਾਈਂਆ । ਸੋ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਧੁਰ ਦੀ ਦੇਵਣਹਾਰ ਹਦੀਸ, ਕਲਮਾ ਕਾਇਨਾਤ ਤੋਂ ਬਾਹਰ ਸਮਝਾਈਆ । ਜਿਸ ਦੀ ਅਵਤਾਰ ਪੈਗੰਬਰ ਕਰਨ ਤਸਦੀਕ, ਸ਼ਹਾਦਤ ਸਤਿਗੁਰ ਸ਼ਬਦ ਸ਼ਬਦ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਏਕੋ ਸਾਹਿਬ ਸਾਹਿਬ ਸਵਾਮੀ, ਹਰਿ ਕਰਤਾ ਇਕ ਅਖਵਾਈਆ । ਜੋ ਆਦਿ ਜੁਗਾਦੀ ਅੰਤਰਜਾਮੀ, ਵੇਖਣਹਾਰਾ ਘਟ ਘਟ ਅੰਤਰ ਧਿਆਨ ਲਗਾਈਆ । ਜਿਸ ਦੀ ਜਗਤ ਵਿਦਿਆ ਤੋਂ ਬਾਹਰ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਜੋ ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਜੋ ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵਣਹਾਰਾ ਪਾਣੀ, ਕਵਲ ਨਾਭੀ ਨਾਭ ਕਵਲ ਆਪ ਉਲਟਾਈਆ । ਉਸ ਦੀ ਸਿਫ਼ਤ ਸਲਾਹ ਅਕਥ ਕਹਾਣੀ, ਰਸਨਾ ਜਿਹਵਾ ਬੱਤੀ ਦੰਦ ਕਹਿਣ ਕਿਛ ਨਾ ਪਾਈਆ ।

ਉਹ ਪਰਮ ਪੁਰਖ ਪਰਮਾਤਮ ਆਤਮ ਪਾਰਬ੍ਰਹਮ ਲੇਖਾ ਜਾਣੇ ਜੀਵ ਜਹਾਨੀ, ਜਾਗਰਤ ਜੋਤ ਬਿਨ ਵਰਨ ਗੋਤ ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ, ਹਰਿ ਕਰਤਾ ਇਕ ਅਖਵਾਈਆ ।

✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਸੇਵਾ ਸਿੰਘ ਦੇ ਗ੍ਰਹਿ ਕੀਰ ਪਿੰਡ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਹਰਿ ਦਾਤਾ ਗਹਿਰ ਗੰਭੀਰ, ਗਵਰ ਨਜ਼ਰ ਕਿਸੇ ਨਾ ਆਈਆ । ਜਿਸ ਦੀ ਖਿੱਚ ਸਕੇ ਨਾ ਕੋਇ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਉਹ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਨ ਭਗਤਾਂ ਦੇਵੇ ਧੀਰ, ਧੀਰਜ ਨਾਮ ਨਿਧਾਨ ਝੋਲੀ ਪਾਈਆ । ਹਉਮੇ ਹੰਗਤਾ ਕੂੜ ਕੁੜਿਆਰੀ ਕਢ ਕੇ ਪੀੜ, ਹੰ ਬ੍ਰਹਮ ਦਏ ਸਮਝਾਈਆ । ਅੰਮ੍ਰਿਤ ਰਸ ਨਿਝਰ ਝਿਰਨੇ ਦੇ ਕੇ ਸੀਰ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ, ਇਕੋ ਸੱਜਣ ਮੀਤ ਮੁਰਾਰ । ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਦਏ ਉਤਾਰ । ਗੜ੍ਹ ਹੰਕਾਰੀ ਦਰ ਤੇ ਭੱਜਣ, ਹਉਮੇ ਹੰਗਤਾ ਕਰੇ ਖ਼ੁਆਰ । ਆਤਮ ਧਾਰ ਚੜ੍ਹਾਏ ਰੰਗਣ, ਦੁਰਮਤ ਮੈਲ ਉਤਾਰ । ਸ਼ਬਦ ਅਨਾਦੀ ਢੋਲੇ ਵੱਜਣ, ਗੀਤ ਸੁਣਾਏ ਸੱਚੀ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਏਕੰਕਾਰ । ਸਤਿਗੁਰ ਸ਼ਬਦ ਕਹੇ ਮੇਰੀ ਨਮੋ ਨਮੋ ਪੁਰਖ ਅਕਾਲੇ ਨਿਮਸਕਾਰ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਝੁਕਾਈਆ । ਜਿਸ ਦਾ ਆਦਿ ਜੁਗਾਦੀ ਜੁਗ ਚੌਕੜੀ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਾਚੀ ਸੇਵ ਕਮਾਈਆ । ਉਹ ਵੇਖੇ ਵਿਗਸੇ ਪਾਵਣਹਾਰਾ ਸਾਰ, ਮਹਾਸਾਰਥੀ ਆਪਣੀ ਕਾਰ ਭੁਗਤਾਈਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਉਹ ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਮੀਤ ਮੁਰਾਰ, ਮਿਤ੍ਰ ਪਿਆਰਾ ਸਖਾ ਸਖਾਈ ਇਕੋ ਨਜ਼ਰੀ ਆਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣੀ ਧੁੰਆਂਧਾਰ, ਨੌ ਖੰਡ ਸੱਤ ਦੀਪ ਚਾਰੋਂ ਕੁੰਟ ਫੋਲ ਫੁਲਾਈਆ । ਨਾਮ ਭੰਡਾਰਾ ਦੀਨ ਦੁਨੀ ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਲੇਖਾ ਜਾਣੇ ਜਾਨਣਹਾਰ, ਦੂਜਾ ਨਜ਼ਰ ਕੋਇ ਨਾ ਆਈਆ ।

✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਭਗਤ ਸਿੰਘ ਦੇ ਗ੍ਰਹਿ ਕੀਰ ਪਿੰਡ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਸਰਬ ਗੁਣਵੰਤਾ, ਗੁਣ ਭਰਪੂਰ ਇਕ ਅਖਵਾਈਆ । ਜੁਗ ਜੁਗ ਸਚ ਬਣਾਏ ਬਣਤਾ, ਘਣਨ ਭੰਨਣਹਾਰ ਵਡ ਵਡਿਆਈਆ ।

ਭੇਵ ਖੁਲਾਏ ਸਾਚੇ ਸੰਤਾ, ਪਰਦਾ ਓਹਲਾ ਆਪ ਉਠਾਈਆ । ਗੜ੍ਹ ਤੋੜੇ ਹਉਮੈ ਹੰਗਤਾ, ਹੰ ਬ੍ਰਹਮ ਇਕ ਸਮਝਾਈਆ । ਲੇਖਾ ਵੇਖੇ ਜਗਤ ਮਨ ਕਾ, ਮਨ ਕਾ ਮਣਕਾ ਆਪ ਭਵਾਈਆ । ਲਹਿਣਾ ਦੇਣਾ ਪੂਰਾ ਕਰੇ ਤਤਵ ਤਨ ਕਾ, ਕਾਇਆ ਮਾਟੀ ਭਾਂਡੇ ਫੋਲ ਫੁਲਾਈਆ । ਪ੍ਰਕਾਸ਼ ਵਖਾਏ ਅਗੰਮੀ ਚੰਨ ਕਾ, ਜੋਤ ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਵਸਣਹਾਰਾ ਘਟ ਘਟ, ਗ੍ਰਹਿ ਗ੍ਰਹਿ ਡੇਰਾ ਲਾਈਆ । ਅਗੰਮੀ ਮਾਰਨ ਵਾਲਾ ਸੱਟ, ਸੋਈ ਸੁਰਤੀ ਆਪ ਉਠਾਈਆ । ਦੂਈ ਦਵੈਤੀ ਮੇਟ ਕੇ ਵੱਟ, ਭਾਂਡਾ ਭਰਮ ਭਉ ਭੰਨਾਈਆ । ਤ੍ਰੈਗੁਣ ਮਾਇਆ ਡੋਰੀ ਕੱਟ, ਆਤਮ ਬ੍ਰਹਮ ਦਿਆਂ ਸਮਝਾਈਆ । ਘਰ ਮੰਦਰ ਗ੍ਰਹਿ ਵਖਾਵਾਂ ਸਾਚਾ ਹੱਟ, ਨਾਮ ਵਸਤ ਵਿਚ ਸਮਝਾਈਆ । ਦਰ ਮਿਲੇ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਸੇਜ ਸੁਹਾਵਾਂ ਸੁਹੰਜਣੀ ਪਲੰਘ, ਬਿਨ ਪਾਵਾ ਚੂਲ ਦਿਆਂ ਦ੍ਰਿੜਾਈਆ । ਧੁਰ ਦਾ ਨਾਮ ਵੱਜਣਾ ਮਰਦੰਗ, ਡੋਰੂ ਡੰਕਾ ਨਜ਼ਰ ਕਿਸੇ ਨਾ ਆਈਆ । ਨਿਜ ਆਤਮ ਦੇਣਾ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਸੁਣਾਵਾਂ ਛੰਦ, ਸੋ ਪੁਰਖ ਨਿਰੰਜਣ ਮੇਲਾ ਮੇਲੇ ਸਹਿਜ ਸੁਭਾਈਆ । ਹਰਿਜਨ ਸਾਚੇ ਲਾਵਾਂ ਆਪਣੇ ਅੰਗ, ਅੰਗੀਕਾਰ ਇਕ ਅਖਵਾਈਆ । ਖ਼ੁਸ਼ੀ ਕਰਾ ਕੇ ਬੰਦ ਬੰਦ, ਬੰਦੀਖ਼ਾਨਾ ਦਿਆਂ ਤੁੜਾਈਆ । ਮਨੂਆ ਮਨ ਨਾ ਪਾਵੇ ਡੰਡ, ਮਨਸਾ ਕੂੜ ਦਿਆਂ ਚੁਕਾਈਆ । ਝਗੜਾ ਮੁਕਾ ਕੇ ਜੇਰਜ ਅੰਡ, ਉਤਭੁਜ ਸੇਤਜ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਜੁਗਾ ਜੁਗੰਤਰ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰਾ ਚਲਦਾ ਰਿਹਾ ਮੰਤਰ, ਕਲਮਾ ਦੀਨ ਦੁਨੀ ਦ੍ਰਿੜਾਈਆ । ਮੇਰਾ ਲਹਿਣਾ ਦੇਣਾ ਲੇਖਾ ਤਨ ਵਜੂਦ ਅੰਤਰ, ਨਿਰੰਤਰ ਵੇਖਾਂ ਚਾਈਂ ਚਾਈਆ । ਕਲਜੁਗ ਧਰਮ ਦੀ ਧਾਰ ਨਵੀਂ ਬਣਾਵਾਂ ਬਣਤਰ, ਇਹ ਮੇਰੀ ਬੇਪਰਵਾਹੀਆ । ਭੇਵ ਖੁਲਾਵਾਂ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਪਰਦੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਇਕੋ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਤੇਰਾ ਕੂੜ, ਕੂੜੀ ਕਿਰਿਆ ਰਹੇ ਨਾ ਰਾਈਆ । ਚਤੁਰ ਸੁਘੜ ਬਣਾਵਾਂ ਮੂਰਖ ਮੂੜ੍ਹ, ਮਨ ਮਤ ਦਿਆਂ ਬਦਲਾਈਆ । ਸਤਿ ਧਰਮ ਦੀ ਬਖ਼ਸ਼ ਕੇ ਚਰਨ ਧੂੜ, ਟਿੱਕੇ ਬਿਨਾ ਖ਼ਾਕ ਰਮਾਈਆ । ਹਉਮੇ ਹੰਗਤਾ ਗੜ੍ਹ ਤੋੜ ਗ਼ਰੂਰ, ਨਿਵਣ ਸੁ ਅੱਖਰ ਇਕ ਸਮਝਾਈਆ । ਤ੍ਰੈਗੁਣ ਮਾਇਆ ਤਪੇ ਨਾ ਵਾਂਗ ਤੰਦੂਰ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਜਨ ਭਗਤਾਂ ਦਰਸ ਦੇਵੇ ਵਾਂਗ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਪਰੇ ਆਪਣਾ ਪਰਦਾ ਲਾਹੀਆ । ਨਜ਼ਰੀ ਆਵਾਂ ਇਕੋ ਨੂਰ ਨੁਰਾਨਾ ਨੂਰ, ਜੋਤੀ ਜਾਤਾ ਡਗਮਗਾਈਆ । ਨਾਮ ਖ਼ੁਮਾਰੀ ਬਖ਼ਸ਼ ਕੇ ਸਚ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਜਨ ਭਗਤਾਂ ਆਸਾ ਮਨਸਾ ਪੂਰ, ਪੂਰਨ ਬ੍ਰਹਮ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਤੇਰੀ ਅੰਧੇਰੀ ਰਾਤ, ਰੁਤੜੀ ਧਰਮ

੧੪੫੦
੨੩

ਧਾਰ ਮਹਿਕਾਈਆ । ਉੱਤਮ ਸਭ ਦੀ ਦੱਸਾਂ ਜਾਤ, ਅਜ਼ਾਤੀ ਲੇਖਾ ਦਿਆਂ ਮੁਕਾਈਆ । ਚਰਨ ਕਵਲ ਪ੍ਰਭ ਜੋੜਾਂ ਨਾਤ, ਦੂਜਾ ਨਜ਼ਰ ਕੋਇ ਨਾ ਆਈਆ । ਪਰਦਾ ਲਾਹ ਕੇ ਸ੍ਰਿਸ਼ਟੀ ਆਕਾਸ਼, ਗਗਨ ਗਗਨੰਤਰਾਂ ਵੇਖ ਵਖਾਈਆ । ਪੈਗੰਬਰਾਂ ਵੇਖਾਂ ਰਾਸ, ਗੋਪੀ ਕਾਹਨ ਧਿਆਨ ਲਗਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਪੂਰੀ ਕਰਾਂ ਆਸ, ਤ੍ਰਿਸ਼ਨਾ ਲੋਕਮਾਤ ਰਹੇ ਨਾ ਰਾਈਆ । ਸਦੀ ਚੌਧਵੀਂ ਵੇਖਾਂ ਮਾਰ ਝਾਤ, ਚੌਦਾਂ ਤਬਕਾਂ ਫੋਲ ਫੁਲਾਈਆ । ਲੇਖਾ ਜਾਣਾ ਦੀਨ ਦੁਨੀ ਤਮਾਸ਼, ਨਵ ਸੱਤ ਭੱਜਾਂ ਵਾਹੋ ਦਾਹੀਆ । ਸ਼ੰਕਰ ਹਲੂਣਾ ਦੇਵਾਂ ਉਤੋਂ ਕੈਲਾਸ਼, ਬ੍ਰਹਮਾ ਬ੍ਰਹਮ ਵੇਤਾ ਨਾਲ ਜੁੜਾਈਆ । ਵਿਸ਼ਨੂੰ ਉਠ ਉਠ ਆਵੇ ਪਾਸ, ਦੀਨ ਦੁਨੀ ਦਾ ਪੰਧ ਮੁਕਾਈਆ । ਦੀਨ ਦਿਆਲਾ ਪੁਰਖ ਅਕਾਲਾ ਸਭ ਦੀ ਪੁਛਣਹਾਰਾ ਵਾਤ, ਪਰਵਰਦਿਗਾਰ ਸਾਂਝਾ ਯਾਰ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਬਾਤਨ ਕਰਾਂ ਬਾਤ, ਮੇਰਾ ਲੇਖਾ ਲਿਖੇ ਨਾ ਕੋਇ ਕਲਮ ਦਵਾਤ, ਕਾਗ਼ਜ਼ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਹੋਵੇ ਸਾਥ, ਸਗਲਾ ਸੰਗੀ ਬਹੁਰੰਗੀ ਆਪਣੀ ਖੇਲ ਖਿਲਾਈਆ ।

### ✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਜਸਵੰਤ ਕੌਰ ਦੇ ਗ੍ਰਿਹ ਪਿੰਡ ਕੋਠੇ ਨਿਹਾਲ ਪੁਰ ਜ਼ਿਲਾ ਜੰਮੂ ✪



ਧਰਨੀ ਕਹੇ ਮੈਨੂੰ ਖ਼ੁਸ਼ੀ ਹੋਈ ਅੱਜ, ਆਜਜ਼ ਨੂੰ ਮਿਲੀ ਮਾਣ ਵਡਿਆਈਆ । ਮੈਂ ਨਿਗਾਹ ਮਾਰਾਂ ਵਿਚ ਜਗ, ਦੀਨ ਦੁਨੀ ਨਵ ਸੱਤ ਵੇਖ ਵਖਾਈਆ । ਕਿਸੇ ਮਿਲੇ ਨਾ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਦਰਸ ਦਿਖਾਏ ਉਪਰ ਸ਼ਾਹ ਰਗ, ਨਵ ਦਵਾਰੇ ਪੰਧ ਮੁਕਾਈਆ । ਅੰਮ੍ਰਿਤ ਜਾਮ ਪਿਆਏ ਸਾਚੀ ਮਦਿ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਨਾਮ ਨਿਧਾਨ ਜਣਾਏ ਨਦ, ਅਨਹਦ ਨਾਦੀ ਧੁਨ ਕਰੇ ਸ਼ਨਵਾਈਆ । ਜਗਤ ਤ੍ਰਿਸ਼ਨਾ ਬੁਝਾਏ ਅੱਗ, ਵਿਕਾਰ ਹੰਕਾਰ ਡੇਰਾ ਢਾਹੀਆ । ਜਨ ਭਗਤ ਸੁਹੇਲੇ ਸਚ ਦਵਾਰੇ ਸੱਦ, ਦੇਵੇ ਮਾਣ ਵਡਿਆਈਆ । ਗ੍ਰਿਹ ਦੀਪਕ ਜੋਤ ਜਾਏ ਜਗ, ਅੰਧ ਅੰਧੇਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਮੇਰੇ ਭਾਗ ਹੋਏ ਉਦੈ, ਉਦੇ ਅਸਤ ਵੱਜੇ ਵਧਾਈਆ । ਪ੍ਰਭ ਕਿਰਪਾ ਕਰੀ ਉਤੇ ਬਸੁੱਧੇ, ਮੇਰੀ ਸੁੱਧ ਦਿਤੀ ਬਦਲਾਈਆ । ਜੋ ਲੇਖ ਲਿਖਾਏ ਬੁੱਧੇ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਉਹ ਵੇਖਣਹਾਰਾ ਨਵ ਸੱਤ ਦੇ ਯੁੱਧੇ, ਯੋਧਾ ਬੀਰ ਬੇਪਰਵਾਹੀਆ । ਜਿਸ ਦਾ ਸ਼ਬਦੀ ਅਗੰਮੀ ਬਾਜ ਉਡੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹ ਭਾਓ ਚੁਕਾਏ ਦੂਜੇ, ਦੁਤੀਆ ਲੇਖ ਰਹੇ ਨਾ ਰਾਈਆ । ਪਰਦੇ ਖੋਲ ਕੇ ਗੁੱਝੇ, ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਖੇਲ ਆਪ ਖਿਲਾਈਆ । ਧਰਨੀ ਕਹੇ ਕਿਰਪਾ ਕਰੀ ਆਪ ਨਿਰੰਕਾਰ, ਨਿਰਵੈਰ ਹੋਇਆ ਸਹਾਈਆ । ਜਿਸ ਕਲਜੁਗ ਮੇਟਣਾ ਕੁੜਿਆਰ, ਕੂੜ ਕੁੜਿਆਰੇ ਡੇਰਾ ਢਾਹੀਆ । ਸਤਿ ਧਰਮ ਕਰਾਏ ਜੈਕਾਰ, ਸਚ ਸਤਿ ਸਮਝਾਈਆ । ਮੇਰੇ ਉਤੇ ਪਾਪ ਦਾ ਲਾਹਵੇ ਭਾਰ, ਅਪਰਾਧੀਆਂ ਲਏ ਸਮਝਾਈਆ । ਕੋਈ ਰਹਿਣ ਨਾ ਦੇਵੇ ਦੁਸ਼ਟ ਦੁਰਾਚਾਰ, ਵਿਭਚਾਰਾਂ ਕਰੇ ਸਫ਼ਾਈਆ । ਦੀਨਾਂ ਮਜ਼੍ਹਬਾਂ ਪਾਵੇ ਸਾਰ, ਵਰਨਾਂ ਬਰਨਾਂ ਖੋਜ

ਖੁਜਾਈਆ । ਨਵਾਂ ਖੰਡਾਂ ਦਏ ਅਧਾਰ, ਸੱਤਾਂ ਦੀਪਾਂ ਸੋਭਾ ਪਾਈਆ । ਇਕੋ ਬਖ਼ਸ਼ ਕੇ ਸਚ ਪਿਆਰ, ਪ੍ਰੀਤਮ ਮੇਲਾ ਮੇਲੇ ਸਹਿਜ ਸੁਭਾਈਆ । ਇਕੋ ਨਾਮ ਦਾ ਦੱਸ ਜੈਕਾਰ, ਆਤਮ ਪਰਮਾਤਮ ਭੇਵ ਖੁਲਾਈਆ । ਇਕੋ ਮੰਦਰ ਸੁਹਾਏ ਦਵਾਰ, ਧਰਮਸਾਲ ਇਕ ਵਡਿਆਈਆ । ਇਕੋ ਪਾਵਣਹਾਰਾ ਸਾਰ, ਵੇਖੇ ਵਿਗਸੇ ਚਾਈਂ ਚਾਈਂਆ । ਮੈਂ ਉਸ ਨੂੰ ਕਰਾਂ ਨਿਮਸਕਾਰ, ਧਰਨੀ ਕਹੇ ਤਿਸ ਨੂੰ ਨਿਵ ਨਿਵ ਲਾਗਾਂ ਪਾਈਆ । ਜਿਸ ਦਾ ਪੈਗ਼ੰਬਰਾਂ ਕੀਤਾ ਦੀਦਾਰ, ਜਲਵਾਗਰ ਨੂਰ ਅਲਾਹੀਆ । ਜਿਸ ਦਾ ਅਵਤਾਰ ਕਰਨ ਜੈਕਾਰ, ਢੋਲੇ ਧੁਰ ਦੇ ਰਹੇ ਗਾਈਆ । ਜਿਸ ਨੂੰ ਗੁਰੂ ਗੁਰਦੇਵ ਕਹਿਣ ਬਖ਼ਸ਼ਣਹਾਰ, ਕਰਤਾ ਧੁਰਦਰਗਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਵੇਖੇ ਵਿਗਸੇ ਪਾਵੇ ਸਾਰ, ਬਿਨ ਨੈਣਾਂ ਨੈਣ ਉਠਾਈਆ । ਮੇਰੀ ਦੁਰਮਤ ਮੈਲ ਦਏ ਉਤਾਰ, ਪਾਪਾਂ ਕਰੇ ਸਫ਼ਾਈਆ । ਸਤਿ ਧਰਮ ਦਾ ਕਰ ਪਸਾਰ, ਸਤਿਜੁਗ ਸਚ ਦਏ ਵਡਿਆਈਆ । ਕਲ ਕਲਕੀ ਹੋ ਅਵਤਾਰ, ਨਿਹਕਲੰਕ ਡੰਕ ਵਜਾਈਆ । ਅਮਾਮ ਅਮਾਮਾ ਬੇਐਬ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਸਭ ਦੇ ਲਹਿਣੇ ਦੇਣੇ ਪੂਰੇ ਕਰੇ ਇਕਰਾਰ, ਪੇਸ਼ੀਨਗੋਈਆਂ ਵੇਖ ਵਖਾਈਆ । ਧਰਨੀ ਕਹੇ ਮੈਂ ਉਸ ਦੇ ਚਰਨਾਂ ਦੀ ਧੂੜੀ ਲਾਵਾਂ ਛਾਰ, ਮਸਤਕ ਟਿੱਕੇ ਸਚ ਰਮਾਈਆ । ਜੋ ਮੇਰਾ ਦੁੱਖ ਦਲਿਦ੍ਰ ਦਏ ਨਿਵਾਰ, ਦਰਦੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਦੋ ਜਹਾਨਾਂ ਵੇਖਣਹਾਰਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ, ਜ਼ਿਮੀਂ ਅਸਮਾਨਾਂ ਸ੍ਰੀ ਭਗਵਾਨਾ ਆਪਣਾ ਹੁਕਮ ਵਰਤਾਈਆ ।



### ੨੫ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ

ਨਾਰਦ ਕਹੇ ਮੈਂ ਕਲਜੁਗ ਨੂੰ ਕੀਤਾ ਠੱਠਾ, ਅੱਜ ਹੱਸ ਕੇ ਦਿਤਾ ਸੁਣਾਈਆ । ਤੂੰ ਕਿਸ ਸਾਹਿਬ ਦਾ ਪੱਠਾ, ਆਪਣਾ ਮਾਲਕ ਦੇ ਵਖਾਈਆ । ਝਟ ਕਲਜੁਗ ਥਾਪੀ ਮਾਰ ਕੇ ਉਤੇ ਪੱਟਾ, ਆਪਣੀ ਲਏ ਅੰਗੜਾਈਆ । ਪਹਿਲੋਂ ਜਗਤ ਜਹਾਨ ਟੱਪਾ, ਨਵ ਸੱਤ ਦਾ ਪੰਧ ਮੁਕਾਈਆ । ਸਤਿ ਧਰਮ ਦੀ ਕੀਤੀ ਉਤੇ ਲਾਵਾਂ ਠੱਪਾ, ਮੋਹਰ ਕੂੜ ਵਾਲੀ ਵਖਾਈਆ । ਮੇਰਾ ਇਕੋ ਇਰਾਦਾ ਪੱਕਾ, ਪੱਕੀ ਤਰਾ ਦਿਆਂ ਜਣਾਈਆ । ਮੈਂ ਦੀਨ ਦੁਨੀ ਨੂੰ ਮਾਰਨਾ ਧੱਕਾ, ਮੂੰਹ ਦੇ ਭਾਰ ਦਿਆਂ ਸੁਟਾਈਆ । ਫੇਰ ਫਿਰਾਂ ਮਦੀਨਾ ਮੱਕਾ, ਕਾਅਬਿਆਂ ਫੇਰਾ ਪਾਈਆ । ਹਲੂਣ ਕੇ ਬੂਰਾ ਕੱਕਾ, ਨੈਣ ਦਿਆਂ ਖੁਲਾਈਆ । ਹੁਕਮ ਮੰਨਾਂ ਇਕੋ ਵਾਹਿਦ ਯਕਾ, ਜੋ ਮਾਲਕ ਮੈਨੂੰ ਦਏ ਸੁਣਾਈਆ । ਮੈਂ ਬਿਨਾ ਨੈਣਾਂ ਤੋਂ ਉਠ ਉਠ ਤੱਕਾ, ਚਾਰੋਂ ਕੁੰਟ ਵੇਖ ਵਖਾਈਆ । ਮੈਨੂੰ ਯਾਦ ਆਉਂਦਾ ਜੋ ਸੰਦੇਸ਼ਾ ਦੇ ਕੇ ਗਿਆ ਨਾਨਕ ਤਪਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਜਿਸ ਕਾਰਨ ਗੋਬਿੰਦ ਡੰਕ ਵਜਾਇਆ ਫ਼ੜ੍ਹਾ, ਫ਼ਾਤਿਆ ਪੜ੍ਹਾ ਜਗਤ ਲੋਕਾਈਆ । ਮੇਰੀ ਸਭ ਤੋਂ ਵੱਖਰੀ ਹੋਵੇ ਮੱਤਾ, ਜਗਤ ਬੁੱਧੀ ਨਾ ਕੋਇ ਚਤੁਰਾਈਆ । ਮੇਰਾ ਸਭ ਨੇ ਤੱਕਣਾ ਨੱਤਾ, ਨਾਤਾ ਬਿਧਾਤਾ ਰਿਹਾ ਜੁੜਾਈਆ । ਮੇਰਾ ਹੁਕਮ ਵਰਤਣਾ ਜਦੋਂ ਵਰਤੇ ਤੇ ਵਰਤੇ ਵਿਚ ਮਹੀਨਾ ਕੱਤਾ, ਕੱਤਕ ਦਏ ਗਵਾਹੀਆ । ਕਿਸੇ ਦੇ ਸੀਸ ਤੇ ਬੋਦਾ ਰਹਿਣ ਨਹੀ ਦੇਣਾ ਛੱਤਾ, ਛਤਰਧਾਰੀ ਦਿਆਂ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਰਿਹਾ ਵਰਤਾਈਆ । ਕਲਜੁਗ ਕਹੇ ਨਾਰਦਾ ਮੈਨੂੰ ਖ਼ੁਸ਼ੀਆਂ ਦਾ ਚੜ੍ਹਿਆ ਗ਼ਰੂਰ, ਗ਼ਰਬ ਤੋਂ ਗ਼ੁਰਬਤ ਵਿਚ ਦਿਆਂ ਜਣਾਈਆ । ਮੇਰਾ ਮਾਲਕ ਇਕ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨੂਰ ਅਲਾਹੀਆ । ਜਿਸ ਦਾ ਆਦਿ ਜੁਗਾਦਿ ਸੱਚਾ ਦਸਤੂਰ, ਦਸਤ ਬਦਸਤ ਓਸੇ ਨੂੰ ਸੀਸ ਨਿਵਾਈਆ । ਜਿਸ ਦੀ ਕਰਨੀ ਮੈਨੂੰ ਮਨਜ਼ੂਰ, ਮਜ਼ਦੂਰ ਹੋ ਕੇ ਸੇਵ ਕਮਾਈਆ । ਨਵ ਸੱਤ ਦੀਨ ਦੁਨੀ ਵਿਚ ਪਾਉਣਾ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਆਪਣੇ ਝੂਠ ਦੀ ਆਵਾਜ਼ ਦੇਣੀ ਤੂਰ, ਤੁਰੀਆ ਵਾਲੇ ਸਾਰੇ ਦੇਣੇ ਭੁਲਾਈਆ । ਮੈਂ ਹੋ ਜਾਵਾਂ ਮਫ਼ਰੂਰ, ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਨਾਰਦ ਕਹੇ ਕਲਜੁਗ ਕੀ ਤੇਰੀ ਇਕ ਸਚ ਸਲਾਹ, ਸਹਿਜ ਨਾਲ ਸਮਝਾਈਆ । ਕੀ ਹੁਕਮ ਦੇਵੇ ਅਲਾਹ, ਆਲਮੀਨ ਬੇਪਰਵਾਹੀਆ । ਕੀ ਖ਼ਬਰ ਦਏ ਖ਼ੁਦਾ, ਖ਼ੁਦ ਮਾਲਕ ਕੀ ਦ੍ਰਿੜਾਈਆ । ਕਲਜੁਗ ਕਹੇ ਨਾਰਦਾ ਮੈਂ ਓਸ ਤੋਂ ਹੋਣ ਵਾਲਾ ਫ਼ਿਦਾ, ਆਪ ਆਪਣਾ ਆਪ ਮਿਟਾਈਆ । ਮੈਂ ਦੀਨ ਦੁਨੀਆ ਨੂੰ ਕਹਿਣ ਵਾਲਾ ਅਲਵਿਦਾ, ਪੱਲੂ ਆਪਣਾ ਲਵਾਂ ਛੁਡਾਈਆ । ਮੇਰੀ ਸਮਝੇ ਕੋਈ ਨਾ ਵਜਹ, ਵਜ਼ੂਹਾਤ ਸਮਝ ਕਿਸੇ ਨਾ ਆਈਆ । ਮੈਂ ਚਲਣਾ ਪੁਰਖ ਅਕਾਲ ਦੀ ਵਿਚ ਰਜ਼ਾ, ਜੋ ਰਾਜ਼ਕ ਰਿਜ਼ਕ ਰਹੀਮ ਅਗੰਮ ਅਥਾਹੀਆ । ਮੈਂ ਉਸ ਦੇ ਪਿਆਰ ਦਾ ਲੈਣਾ ਮਜ਼ਾ, ਮਜ਼ਾਕ ਦੀਨ ਦੁਨੀ ਰਖਾਈਆ । ਓਹ ਤੱਕ ਲੈ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਾਜ਼ੀ ਮੁੱਲਾ ਸ਼ੇਖ਼ ਮੁਸਾਇਕ ਰੋਵਣ ਮਾਰਨ ਧਾਹੀਆ । ਮੈਂ ਵੇਖਣੀ ਧਰਨੀ ਧਰਤ ਧਵਲ ਧੌਲ ਦੀ ਥਾਂ ਥਾਂ ਜਗਹ, ਖ਼ਾਲੀ ਰਹਿਣ ਕੋਇ ਨਾ ਪਾਈਆ । ਸਭ ਨੂੰ ਸੰਦੇਸ਼ਾ ਦੇਵਾਂ ਸੱਦਾ, ਹੌਕਿਆਂ ਨਾਲ ਜਣਾਈਆ । ਜਗਤ ਜਗਿਆਸੂਓ ਸ਼ਾਹ ਸੁਲਤਾਨੋ ਰਾਜ ਰਾਜਾਨੋ ਨੌਜਵਾਨੋ ਮੈਂ ਸਭ ਦੇ ਨਾਲ ਕਰ ਜਾਣਾ ਦਗ਼ਾ, ਫ਼ਰੇਬੀਓ ਫ਼ਰੇਬਾਂ ਆਪਣਿਆਂ ਵਿਚ ਫਸਾਈਆ । ਮੇਰੇ ਕੂੜ ਕੁੜਿਆਰ ਦੀ ਚਲਣ ਵਾਲੀ ਗਦਾ, ਗਦਾਗਰ ਕਰੇ ਖ਼ਲਕ ਖ਼ੁਦਾਈਆ । ਕਿਉਂ ਮੇਰੇ ਸਾਹਿਬ ਸੁਲਤਾਨ ਨੌਜਵਾਨ ਸ੍ਰੀ ਭਗਵਾਨ ਨੂੰ ਜੁਗ ਬਦਲਣ ਦੀ ਅਦਾ, ਅਦਾਲਤ ਸੱਚੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਵਕਤ ਆਪ ਸੁਹਾਈਆ । ਨਾਰਦ ਕਹੇ ਕਲਜੁਗ ਮੈਨੂੰ ਦੱਸ ਦੇ ਅਗੰਮ ਇਸ਼ਾਰੇ, ਮਿਤ੍ਰਾ ਮਾਤ ਜਣਾਈਆ । ਕਿਸ ਬਿਧ ਖੇਲ ਕਰੇਂ ਵਿਚ ਸੰਸਾਰੇ, ਚਾਰੇ ਕੁੰਟ ਵੇਖੇ ਥਾਉਂ ਥਾਈਆ । ਕਲਜੁਗ ਕਹੇ ਨਾਰਦਾ ਪਹਿਲੋਂ ਓਸ ਪ੍ਰਭੂ ਨੂੰ ਕਰਾਂ ਨਿਮਸਕਾਰੇ, ਨਿਵ ਨਿਵ ਲਾਗਾਂ ਪਾਈਆ । ਫੇਰ ਬਣ ਕੇ ਦਰ ਭਿਖਾਰੇ, ਖ਼ਾਲੀ ਝੋਲੀ ਦੇਵਾਂ ਡਾਹੀਆ । ਫੇਰ ਸੰਦੇਸ਼ਾ ਦੇ ਕੇ ਤੇਈ ਅਵਤਾਰੇ, ਸਭ ਨੂੰ ਦਿਆਂ ਸੁਣਾਈਆ । ਫੇਰ ਪੈਗ਼ੰਬਰਾਂ ਨੈਣ ਉਘਾੜੇ, ਲੋਚਨ ਨੈਣਾਂ ਦਿਆਂ ਵਖਾਈਆ । ਫੇਰ ਗੁਰੂ ਗੁਰਦੇਵਾਂ ਦੱਸਾਂ ਆਪਣੇ ਕਾਰੇ, ਕੀ ਕਰਨੀ ਕਾਰ ਕਮਾਈਆ । ਸਾਰੇ ਉਠੋ ਵੇਖੋ ਲੋਕਮਾਤ ਕਰੋ ਵਿਚਾਰੇ, ਵਿਚਰ ਕੇ ਦਿਆਂ ਜਣਾਈਆ । ਜੀਵ ਜੰਤ ਜਗਿਆਸੂ ਤੁਹਾਨੂੰ ਗਏ ਵਿਸਾਰੇ, ਹਿਰਦੇ ਵਿਚ ਹਰਿ ਨਾ ਕੋਇ ਵਸਾਈਆ । ਚਾਰੋਂ ਕੁੰਟ ਧੂੰਆਂਧਾਰੇ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਸਭ ਨੂੰ ਲੁੱਟੀ ਜਾਵਾਂ ਦਿਨ ਦਿਹਾੜੇ, ਅਗੇ ਹੋ ਨਾ ਕੋਇ ਅਟਕਾਈਆ । ਆਪਣੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖੋ ਗੁਰੂਦਵਾਰੇ, ਗੁਰ ਗੁਰ ਆਪਣੀ ਖੇਲ ਖਿਲਾਈਆ । ਕਿਉਂ ਦਰ ਦਰ ਅੰਦਰ ਹੁੰਦਾ ਵਿਭਚਾਰੇ, ਕੁਕਰਮ ਕਰੇ ਲੋਕਾਈਆ । ਮਾਇਆ ਰਾਣੀ ਬੈਠੀ ਪੈਰ ਪਸਾਰੇ, ਬਾਹਰ ਸਕੇ ਨਾ ਕੋਇ ਕਢਾਈਆ । ਮੇਰਾ

ਲੇਖਾ ਲਹਿਣਾ ਦੇਣਾ ਵਕਤ ਵਿਚਾਰੇ, ਘੜੀ ਪਲ ਥਿਤ ਵਾਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਕਲਜੁਗ ਕਹੇ ਨਾਰਦ ਮੇਰਾ ਵਕਤ ਸੁਹੇਲਾ ਜਗ, ਸਤਿ ਸਚ ਦਿਆਂ ਦ੍ਰਿੜਾਈਆ । ਚਾਰੋਂ ਕੁੰਟ ਵੇਖ ਲੈ ਅੱਗ, ਅਗਨੀ ਅੱਗ ਨਾ ਕੋਇ ਬੁਝਾਈਆ । ਮਿਲੇ ਮੇਲ ਨਾ ਕਿਸੇ ਸੂਰੇ ਸਰਬਗ, ਹਰਿ ਕਰਤਾ ਸੰਗ ਨਾ ਕੋਇ ਰਖਾਈਆ । ਆਪਣਾ ਆਪਣਾ ਭਾਰ ਸਾਰੇ ਰਹੇ ਲੱਦ, ਬੋਝਲ ਹੋਈ ਲੋਕਾਈਆ । ਨਵ ਸੱਤ ਪਾਰ ਕਰੇ ਕੋਈ ਨਾ ਹੱਦ, ਹਦੂਦਾਂ ਵੇਖਣ ਥਾਉਂ ਥਾਈਂਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵਾ ਨਿਰਗੁਣ ਧਾਰ ਸਾਰੇ ਰਹੇ ਸੱਦ, ਸੱਦੇ ਦੇਵਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸੂਰਾ ਸਰਬਗ, ਸ਼ਾਹ ਸ਼ਹਾਨਾ ਸ੍ਰੀ ਭਗਵਾਨਾ ਨੌਜਵਾਨਾ ਆਪਣਾ ਹੁਕਮ ਵਰਤਾਈਆ ।

ਚਰਨ ਪ੍ਰੀਤੀ ਰਹੀ ਜੁੜੀ, ਦੋ ਜਹਾਨ ਵੱਜਦੀ ਰਹੀ ਵਧਾਈਆ । ਵਸਤ ਅਨਮੁੱਲ ਕਦੇ ਨਾ ਥੁੜੀ, ਅਤੋਟ ਅਤੁਟ ਵਰਤਾਈਆ । ਗੁਰਮੁਖ ਆਤਮਾ ਕਦੇ ਨਾ ਹੋਵੇ ਨਿਗੁਰੀ, ਸਤਿਗੁਰ ਸਾਚਾ ਹੋਏ ਸਹਾਈਆ । ਮਿਲਣੀ ਮੰਜ਼ਲ ਸਾਚੀ ਜਾਏ ਤੁਰੀ, ਤੁਰੀਆ ਦਾ ਮਾਰਗ ਦੱਸੇ ਚਾਈਂ ਚਾਈਂਆ । ਕਰਨੀ ਰਾਹ ਵਿਚ ਕਦੇ ਨਾ ਖੁਰੀ, ਖਰਾ ਆਪਣਾ ਆਪ ਬਣਾਈਆ । ਜਿਸ ਦੇ ਅੰਤਰ ਇਕੋ ਵਾਸ਼ਨਾ ਫੁਰੀ, ਫੁਰਨੇ ਕੂੜੇ ਬੰਦ ਕਰਾਈਆ ।
੧੪੫੪ ੨੩ ਉਹ ਸ਼ੌਹ ਦਰਿਆ ਜਗਤ ਨਾ ਰੁੜ੍ਹੀ, ਫੜ ਬਾਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਲਏ ਬਣਾਈਆ । ਚਰਨ ਪ੍ਰੀਤੀ ਜਿਸ ਜਨ ਲੱਗੀ, ਲਗ ਮਾਤਰ ਡੇਰਾ ਢਾਹੀਆ । ਆਤਮ ਬਾਤੀ ਜੋਤ ਜਗੀ, ਘਰ ਪਰਭਾਤੀ ਹੋਈ ਰੁਸ਼ਨਾਈਆ । ਜਗਤ ਜਹਾਨ ਬੁਝੀ ਅੱਗੀ, ਅੰਮ੍ਰਿਤ ਮੇਘ ਬਰਸਾਈਆ । ਪਿਛਲੀ ਕੀਤੀ ਪਿਛੇ ਹੋਵੇ ਰੱਦੀ, ਅਗੇ ਪ੍ਰਭ ਦੇ ਨਾਲ ਵਡਿਆਈਆ । ਸਚ ਮੁਹੱਬਤ ਰਹੇ ਬੱਝੀ, ਬੰਧਨ ਸਕੇ ਨਾ ਕੋਇ ਕਟਾਈਆ । ਗੁਰਮੁਖ ਆਤਮਾ ਬਣੇ ਸੁਚੱਜੀ, ਘਰ ਸਾਚੇ ਸੋਭਾ ਪਾਈਆ । ਪੀਆ ਪ੍ਰੀਤਮ ਪਿਆਰ ਵਿਚ ਫਿਰੇ ਭੱਜੀ, ਨੱਚੇ ਟੱਪੇ ਕੁੱਦੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਚ ਪ੍ਰੀਤ ਜਿਨ੍ਹਾਂ ਸੰਗ ਜੋੜੀ, ਜੋੜੀ ਆਪਣੇ ਨਾਲ ਬਣਾਈਆ । ਸਤਿਗੁਰ ਸ਼ਬਦ ਚਾੜ੍ਹ ਕੇ ਘੋੜੀ, ਲੇਖਾ ਜਗਤ ਜਹਾਨ ਪਾਰ ਕਰਾਈਆ । ਪ੍ਰੇਮ ਦੀ ਵਸਤ ਕਦੇ ਨਾ ਭਗਤਾਂ ਦੇਵੇ ਥੋੜ੍ਹੀ, ਬਹੁਮੁੱਲੀ ਆਪ ਵਰਤਾਈਆ । ਆਪ ਆਪਣੀ ਬੰਨ੍ਹ ਕੇ ਨਾਲ ਡੋਰੀ, ਨਾਤਾ ਬਿਧਾਤਾ ਲਏ ਜੁੜਾਈਆ । ਗੁਰਮੁਖਾਂ ਭਾਗ ਕਰੇ ਮਥੋਰੀ, ਮਿਥਿਆ ਹੋਏ ਲੋਕਾਈਆ । ਜਨ ਭਗਤਾਂ ਦਰਸ਼ਨ ਦੇਵੇ ਚੋਰੀ ਚੋਰੀ, ਜਗਤ ਜਹਾਨ ਨਜ਼ਰ ਕਿਸੇ ਨਾ ਆਈਆ । ਆਤਮ ਘਰ ਦਾ ਬਣ ਕੇ ਘੋਰੀ, ਘੋਰ ਅੰਧੇਰੇ ਵਿਚੋਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਹਰਿਜਨ ਸਾਚੇ ਜਾਵੇ ਤੋੜੀ, ਤੋੜਨਹਾਰਾ ਆਪਣੀ ਦਇਆ ਕਮਾਈਆ ।

## ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ ਲਛਮੀ ਦੇਵੀ ਦੇ ਗ੍ਰਿਹਿ ਪਿੰਡ ਸੀੜ ਜ਼ਿਲਾ ਜੰਮੂ

ਮਾਇਆ ਕਹੇ ਮੈਂ ਜਗਤ ਜਹਾਨ ਦੀਆਂ ਤੱਕਾਂ ਵੀਣੀਆਂ, ਬਾਹੋਂ ਫੜ ਫੜ ਰਹੀ ਹਿਲਾਈਆ । ਅੱਖਾਂ ਰਹਿਣ ਨਾ ਕਿਸੇ ਨਾਬੀਨੀਆਂ, ਨਾਮ ਨਿਧਾਨਾ ਰਹੀ ਜਣਾਈਆ । ਮੈਂ ਘਰ ਘਰ ਵੰਡਾਂ ਸ਼ਰੀਣੀਆਂ, ਸ਼ਰਅ ਵਾਲਿਆਂ ਦਿਆਂ ਸਮਝਾਈਆ । ਕਲਜੁਗ ਬਦਲਣ ਵਾਲੀਆਂ ਸਭ ਦੀਆਂ ਖੀਣੀਆਂ, ਜਾਤਾਂ ਵੰਡ ਨਾ ਕੋਇ ਵੰਡਾਈਆ । ਮਧਾਂ ਮਿਲਣ ਕਿਸੇ ਨਾ ਪੀਣੀਆਂ, ਰਸਨਾ ਰਸ ਨਾ ਕੋਇ ਵਡਿਆਈਆ । ਮੁਸ਼ਕਲ ਹੋਣੀਆਂ ਜ਼ਿੰਦਗੀਆਂ ਜੀਣੀਆਂ, ਜੀਵਣ ਭੁਲੇ ਸਭ ਨੂੰ ਥਾਉਂ ਥਾਈਂਆ । ਧਰਮ ਰਾਏ ਦੀਆਂ ਚੱਕੀਆਂ ਸਭ ਨੂੰ ਪੈਣੀਆਂ ਪੀਹਣੀਆਂ, ਹੱਥੇ ਹੱਥੇ ਹੱਥ ਫੜਾਈਆ । ਕੁਕਰਮਾਂ ਦੀਆਂ ਸਜ਼ਾਵਾਂ ਮਿਲਣੀਆਂ ਦੂਣੀਆਂ ਤੀਣੀਆਂ, ਤ੍ਰੈਗੁਣ ਖ਼ੁਸ਼ੀਆਂ ਨਾਲ ਜਣਾਈਆ । ਮਨ ਦੀਆਂ ਮਨਸਾ ਰਹਿਣੀਆਂ ਨਹੀਂ ਛੀਣੀਆਂ, ਭੈ ਵਿਚ ਸਾਰੇ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਚੜ੍ਹਾਈਆ । ਮਾਇਆ ਕਹੇ ਮੈਂ ਸਭ ਨੂੰ ਦੇਵਾਂ ਝਲਕ, ਝੱਲਿਆਂ ਦਿਆਂ ਜਣਾਈਆ । ਮੈਂ ਵੇਖਾਂ ਦੀਨ ਦੁਨੀ ਦੀ ਖ਼ਲਕ, ਮਖ਼ਲੂਕ ਫੋਲ ਫੁਲਾਈਆ । ਮੇਰਾ ਸਮਝੇ ਕੋਇ ਨਾ ਪਲਕ, ਪਲਕਾਂ ਦੇ ਓਹਲੇ ਪਰਦਾ ਨਾ ਕੋਇ ਉਠਾਈਆ । ਮੇਰਾ ਸਭ ਤੋਂ ਵੱਖਰਾ ਹੋਵੇ ਫ਼ਲਕੇ ਭਲਕ, ਕਲਾ ਆਪਣੀ ਦਿਆਂ ਵਰਤਾਈਆ । ਮੇਰੀ ਧਾਰ ਮੇਰੇ ਵਿਚੋਂ ਰਹੀ ਛਲਕ, ਉਛਾਲਾ ਦੇਵੇ ਥਾਉਂ ਥਾਈਂਆ । ਮੈਨੂੰ ਇਸ਼ਾਰੇ ਮਿਲਦੇ ਉਤੇ ਫ਼ਲਕ, ਅਸਮਾਨਾਂ ਪਰੇ ਰਿਹਾ ਦ੍ਰਿੜਾਈਆ । ਮੈਨੂੰ ਨਿਮਸਕਾਰਾ ਕਰੇ ਮਲਕਲ, ਮੌਤ ਨਿਵ ਨਿਵ ਸੀਸ ਝੁਕਾਈਆ । ਮੇਰਾ ਦੀਨ ਦੁਨੀ ਨਾਲ ਬਣਾ ਕੇ ਤੁਅਲਕ, ਇਕੋ ਗੰਢ
੧੪੫੫ ੨੩ ਪਵਾਈਆ । ਮੈਂ ਆਪਣੀ ਵਖਾਵਾਂ ਡਲਕ, ਜੋਬਨ ਦਿਆਂ ਦ੍ਰਿੜਾਈਆ । ਉਚੀ ਕੂਕ ਪੁਕਾਰਾਂ ਮਾਰ ਕੇ ਕਲਕ, ਕਿਲਕ ਦਿਆਂ ਸੁਣਾਈਆ । ੧੪੫੫ ੨੩
ਸਭ ਨੇ ਆਪਣੀ ਮੰਜ਼ਲ ਤੋਂ ਜਾਣਾ ਤਿਲਕ, ਕਾਇਮ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਮੈਂ ਕਰਨ ਵਾਲੀ ਇੱਲਤ, ਆਲਮਾਂ ਦਿਆਂ ਭੁਲਾਈਆ । ਪਵਿਤ੍ਰ ਰਹੇ ਕਿਸੇ ਨਾ ਖ਼ਿੱਲਤ, ਪਾਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਵਿਚ ਬਖ਼ਸ਼ਣ ਵਾਲਾ ਸਾਚੀ ਹਿੰਮਤ, ਹੌਸਲਾ ਹਰਿ ਹਰਿ ਆਪ ਬੰਧਾਈਆ ।

## ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਨਾਮ ਦੇ ਗ੍ਰਿਹਿ ਪਿੰਡ ਸੀੜ ਜ਼ਿਲਾ ਜੰਮੂ

ਗੁਰ ਅਵਤਾਰ ਪੈਗ਼ੰਬਰੋ ਛੇਤੀ ਜਾਓ ਉਠ, ਸਤਿਗੁਰ ਸ਼ਬਦ ਰਿਹਾ ਜਣਾਈਆ । ਵਿਚੋਂ ਨਿਕਲੋ ਸਚਖੰਡ ਦੀ ਅਗੰਮੀ ਗੁੱਠ, ਆਪਣਾ ਆਪ ਬਾਹਰ ਕਢਾਈਆ । ਸਾਰੇ ਹੋ ਜਾਓ ਇਕ ਮੁੱਠ, ਵੱਖਰਾ ਰਹਿਣ ਕੋਇ ਨਾ ਪਾਈਆ । ਇਕ ਦੂਜੇ ਨਾਲ ਜਾਇਓ ਕੋਈ ਨਾ ਰੁਠ, ਹਿੱਸਾ ਵੰਡ ਨਾ ਕੋਇ ਵੰਡਾਈਆ । ਪਿਆਰ ਵਿਚ ਮੇਰੇ ਸਾਹਮਣੇ ਫੜੋ ਗੁੱਟ, ਹਥੇਲੀ ਹਥੇਲੀ ਨਾਲ ਬਦਲਾਈਆ । ਬਿਨਾ ਮੁਖ ਤੋਂ ਬੋਲੋ ਫੁੱਟ, ਸੋਹਣੀ ਆਵਾਜ਼ ਲਗਾਈਆ । ਤੂੰ ਮੇਰਾ ਮੈਂ ਤੇਰਾ ਪ੍ਰੀਤੀ ਜਾਏ ਕਦੇ ਨਾ ਟੁੱਟ, ਵਿਛੋੜਾ ਨਜ਼ਰ ਕੋਇ ਨਾ ਆਈਆ । ਸਾਡੀ ਸੁਹੰਜਣੀ ਹੋਵੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਸਤਿਗੁਰ ਸ਼ਬਦ ਕਹੇ ਸਾਰੇ ਕਹੋ ਪ੍ਰਭੂ ਅਸੀਂ ਲਾਡਲੇ ਤੇਰੇ ਸੁਤ, ਦੁਲਾਰੇ ਧੁਰ ਦੇ ਨਜ਼ਰੀ ਆਈਆ । ਗੋਦੀ ਚੁੱਕ ਲੈ ਆਪਣੇ

ਪੁਤ, ਪਿਤਾ ਪੂਤ ਦੇ ਵਡਿਆਈਆ । ਅਸੀਂ ਹੁਣ ਰਹਿਣਾ ਨਹੀਂ ਚੁੱਪ, ਸਚ ਸਚ ਦਈਏ ਸੁਣਾਈਆ । ਸਾਡਾ ਪ੍ਰਕਾਸ਼ ਗਿਆ ਛੁਪ, ਚਾਰੋਂ ਕੁੰਟ ਵੇਖ ਵਖਾਈਆ । ਧਰਨੀ ਉਤੇ ਹੋਇਆ ਅੰਧੇਰ ਘੁਪ, ਨੂਰ ਨੁਰਾਨਾ ਨੂਰ ਡਗ ਨਾ ਕੋਇ ਮਗਾਈਆ । ਤੈਨੂੰ ਦੱਸੀਏ ਕੀ ਕੁਛ, ਕਸ਼ਮਕਸ਼ ਵਿਚ ਲੋਕਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲੇ ਮੈਂ ਮਿੰਨਤ ਵਿਚ ਤੈਨੂੰ ਲਵਾਂ ਪੁਛ, ਪਹਿਲੋਂ ਨਿਵ ਨਿਵ ਸੀਸ ਨਿਵਾਈਆ । ਕਿਉਂ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਤੇਰੇ ਨਾਲ ਗਈ ਰੁੱਸ, ਰੁਸਿਆਂ ਸਕੇ ਨਾ ਕੋਇ ਮਨਾਈਆ । ਕੀ ਭਗਵਾਨ ਹੋ ਕੇ ਮਿਹਰਵਾਨ ਹੋ ਕੇ ਦਇਆਵਾਨ ਹੋ ਕੇ ਰਿਹੋਂ ਗ਼ੁੱਸ, ਗ਼ੁੱਸਾ ਆਪਣੇ ਵਿਚ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗੰਬਰ ਕਰੋ ਜਲਦੀ, ਛੇਤੀ ਛੇਤੀ ਮਿਲੋ ਚਾਈਂ ਚਾਈਂਆ । ਉਠੋ ਕਲਾ ਵੇਖੋ ਕਲਜੁਗ ਕਲ ਦੀ, ਕੀ ਕਲਕਾਤੀ ਖੇਲ ਖਿਲਾਈਆ । ਧਾਰ ਵੇਖੋ ਪੰਚ ਵਿਕਾਰੇ ਦਲ ਦੀ, ਤ੍ਰੈਗੁਣ ਮੇਲਾ ਬੈਠਾ ਮਿਲਾਈਆ । ਚਾਰ ਕੁੰਟ ਨਵ ਸੱਤ ਅਗਨੀ ਵੇਖੋ ਬਲਦੀ, ਜਲ ਥਲ ਰਹੀ ਤਪਾਈਆ । ਫਿਰੀ ਦਰੋਹੀ ਵਿਛੋੜੇ ਵਾਲੇ ਸੱਲ ਦੀ, ਸਤਿ ਦਾ ਮੇਲ ਨਾ ਕੋਇ ਕਰਾਈਆ । ਕੀਮਤ ਰਹੀ ਨਾ ਨਾਨਕ ਵਾਲੀ ਇਕ ਗੱਲ ਦੀ, ਭਰਮੇ ਭੁਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੀ ਆਪਣੀ ਖੇਲ ਖਿਲਾਈਆ । ਅਵਤਾਰ ਪੈਗ਼ੰਬਰ ਕਹਿਣ ਸਤਿਗੁਰ ਸ਼ਬਦ ਸਵਾਮੀਆਂ, ਤੇਰੀ ਬੇਪਰਵਾਹੀਆ । ਸਚਖੰਡ ਦੇ ਸਾਚੇ ਅਨਾਮੀਆਂ, ਤੇਰੀ ਵਡ ਵਡਿਆਈਆ । ਆਦਿ ਜੁਗਾਦੀ ਨਿਹਕਾਮੀਆਂ, ਨਿਰਗੁਣ ਤੇਰੀ ਸ਼ਹਿਨਸ਼ਾਹੀਆ । ਅਸੀਂ ਸਾਰੇ ਤੇਰੀਆਂ ਅਸਾਮੀਆਂ, ਤੂੰ ਬੇਅੰਤ ਅਗੰਮ ਅਥਾਹੀਆ । ਅਸੀਂ ਸਿਫ਼ਤਾਂ ਨਾਲ ਗਾਈਆਂ ਤੇਰੀਆਂ ਬਾਣੀਆਂ, ਤੂੰ ਨਿਰਅੱਖਰ ਧਾਰ ਇਕ ਅਖਵਾਈਆ । ਅਸੀਂ ਧਰਮ ਧਾਰ ਤੇਰੀਆਂ ਸਵਾਣੀਆਂ, ਤੂੰ ਕੰਤ ਕੰਤੂਹਲ ਇਕ ਅਖਵਾਈਆ । ਅਸੀਂ ਸਚਖੰਡ ਦੀਆਂ ਰਾਣੀਆਂ, ਤੂੰ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਉਠ ਮੀਤ ਪਿਆਰੇ ਹਾਣੀਆ, ਕੁਛ ਸਾਨੂੰ ਦੇ ਸਮਝਾਈਆ । ਕੀ ਖੇਲ ਤੇਰਾ ਜਗਤ ਜਹਾਨੀਆਂ, ਜੁਗ ਚੌਕੜੀ ਕੀ ਵਡਿਆਈਆ । ਕਲਜੁਗ ਕੂੜ ਵੇਖ ਨਿਸ਼ਾਨੀਆਂ, ਪਰਦਾ ਆਪਣਾ ਆਪੇ ਲਾਹੀਆ । ਪਵਿਤ੍ਰ ਰਿਹਾ ਨਾ ਅੱਠ ਸੱਠ ਤੀਰਥ ਪਾਣੀਆ, ਨੀਰ ਰੋਵਣ ਮਾਰਨ ਧਾਹੀਆ । ਨਿਗਾਹ ਮਾਰ ਲੈ ਦੋ ਜਹਾਨਾਂ ਸ੍ਰੀ ਭਗਵਾਨਾ ਤਾਣ ਨਿਤਾਣੀਆਂ, ਦਰ ਤੇਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵਡ ਤੇਰੀਆਂ ਮਿਹਰਵਾਨੀਆਂ । ਗੁਰ ਅਵਤਾਰ ਪੈਗੰਬਰ ਕਹਿਣ ਸਤਿਗੁਰ ਸ਼ਬਦ ਸੁਹੇਲੇ, ਸੱਜਣਾ ਦਈਏ ਜਣਾਈਆ । ਚਾਰ ਜੁਗ ਤੇਰੇ ਕਰਦੇ ਰਹੇ ਮੇਲੇ, ਜੁਗ ਜੁਗ ਵੇਖ ਵਖਾਈਆ । ਧਰਮ ਦੀ ਧਾਰ ਬਣਦੇ ਰਹੇ ਚੇਲੇ, ਨਿਵ ਨਿਵ ਸੀਸ ਝੁਕਾਈਆ । ਤੂੰ ਬੋਧ ਅਗਾਧ ਖੇਲ ਖੇਲੇ, ਖ਼ਲਕ ਵਿਚ ਦਿਤੀ ਵਡਿਆਈਆ । ਤੇਰੇ ਵੇਖੇ ਰੰਗ ਨਵੇਲੇ, ਵਾਹ ਵਾਹ ਤੇਰੀ ਬੇਪਰਵਾਹੀਆ । ਹੁਣ ਸਚਖੰਡ ਵਿਚ ਅਸੀਂ ਸਾਰੇ ਬੈਠੇ ਵਿਹਲੇ, ਕੰਮ ਕਾਜ ਕੋਈ ਦੇ ਸਮਝਾਈਆ । ਅਸੀਂ ਵਣਜਾਰੇ ਬਣਨਾ ਨਹੀਂ ਪੈਸੇ ਧੇਲੇ, ਮਾਇਆ ਰੰਗ ਨਾ ਕੋਇ ਰੰਗਾਈਆ । ਸਤਿਗੁਰ ਸ਼ਬਦ ਕਹੇ ਤੁਸੀਂ ਨਿਗਾਹ ਮਾਰੋ ਐਸ ਵੇਲੇ, ਸਭ ਨੂੰ ਵਕਤ ਨਾਲ ਜਣਾਈਆ । ਪਹਿਲੋਂ ਤਾਰਾਂਗਾ ਭਗਤ ਭਗਤੀ ਦੇ ਸੁਹੇਲੇ, ਸੁਹੰਜਣੀ ਰੁੱਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ

ਸ਼ਬਦ ਕਹੇ ਗੁਰ ਅਵਤਾਰ ਪੈਗੰਬਰੋ ਜਨ ਭਗਤਾਂ ਧਾਰ ਕਰਾਂ ਉਘੀ, ਉਗਣ ਆਥਣ ਦਿਆਂ ਵਡਿਆਈਆ । ਖੇਲ ਖਿਲਾ ਕੇ ਗ਼ਰੀਬ ਨਿਮਾਣਿਆਂ ਝੁੱਗੀ, ਲੋਕਮਾਤ ਕਰਾਂ ਰੁਸ਼ਨਾਈਆ । ਮੈਨੂੰ ਸਮਝ ਸਕੇ ਕੋਈ ਨਾ ਬੁੱਧੀ, ਬੁਧੀਵਾਨ ਨਾ ਕੋਇ ਵਡਿਆਈਆ । ਮੇਰਾ ਲੇਖਾ ਜਾਣੇ ਕੋਈ ਨਾ ਵਦੀ ਸੁਦੀ, ਕਿਸ਼ਨਾ ਸ਼ੁਕਲਾ ਪੱਖ ਨਜ਼ਰ ਕਿਸੇ ਨਾ ਆਈਆ । ਮੇਰਾ ਵੇਸ ਅਵੱਲੜਾ ਜੁਗ ਜੁਗੀ, ਚੌਕੜੀ ਆਪਣੀ ਕਾਰ ਭੁਗਤਾਈਆ । ਜਨ ਭਗਤਾਂ ਆਪਣੇ ਨਾਲ ਮਿਲਾ ਕੇ ਰੁਚੀ, ਰਚਨਾ ਆਪਣੀ ਦਿਆਂ ਵਖਾਈਆ । ਅੰਮ੍ਰਿਤ ਧਾਰ ਬਖ਼ਸ਼ ਕੇ ਸੁੱਚੀ, ਰਸ ਧੁਰ ਦਾ ਮੁਖ ਚੁਆਈਆ । ਆਪਣੀ ਮੰਜਲ ਬਖ਼ਸ਼ ਕੇ ਉਚੀ, ਦਰਗਾਹ ਸਾਚੀ ਇਕ ਵਖਾਈਆ । ਜਿਥੇ ਸੁਹੰਜਣੀ ਹੋਵੇ ਰੁੱਤੀ, ਰੁਤ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਦੇਵਾਂ ਤਾਰ, ਪ੍ਰਭ ਦਿਤੀ ਮਾਣ ਵਡਿਆਈਆ । ਖੇਲਾਂ ਖੇਲ ਸੱਚੀ ਸਰਕਾਰ, ਹੁਕਮ ਹੁਕਮ ਨਾਲ ਰਖਾਈਆ । ਲੇਖਾ ਜਾਣਾ ਅਧਵਿਚਕਾਰ, ਦੋ ਜਹਾਨਾਂ ਪੰਧ ਮੁਕਾਈਆ । ਅੱਧੀ ਰਸਦ ਕਰ ਤਿਆਰ, ਅਧਵਾਟੇ ਤੱਕਾਂ ਖ਼ਲਕ ਖ਼ੁਦਾਈਆ । ਜਨ ਭਗਤ ਸੁਹੇਲੇ ਇਸ ਤੋਂ ਕਰਕੇ ਪਾਰ, ਅਗਲਾ ਪੰਧ ਮੁਕਾਈਆ । ਰੂਪ ਧਰ ਨਰਾਇਣ ਨਰ ਨਿਰੰਕਾਰ, ਨਿਰਵੈਰ ਹੋ ਕੇ ਵੇਖ ਵਖਾਈਆ । ਅੰਮ੍ਰਿਤ ਬਖ਼ਸ਼ਾਂ ਠਾਂਡਾ ਠਾਰ, ਬੂੰਦ ਬੂੰਦ ਵਿਚੋਂ ਟਪਕਾਈਆ । ਮੇਰਾ ਖੇਲ ਸਦਾ ਜੁਗ ਚਾਰ, ਹਰਿਜਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕੰਲਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਵਣਹਾਰਾ ਸਾਚੀ ਸਾਰ, ਲੇਖਾ ਜਾਣੇ ਚੇਤ ਰੁੱਤ ਬੰਸਤ ਬਹਾਰ, ਫਲ ਫੁੱਲ ਫੁਲਵਾੜੀ ਆਪ ਮਹਿਕਾਈਆ ।



੧੪੫੭
੨੩

## ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ

ਸਤਿਗੁਰ ਸ਼ਬਦ ਕਹੇ ਅਵਤਾਰ ਪੈਗੰਬਰ ਗੁਰੂ ਖੁਸ਼ੀਆਂ ਦੇ ਨਾਲ ਹੱਸੋ, ਬਿਨ ਹੱਥਾਂ ਤਾਲੀਆਂ ਦਿਓ ਵਜਾਈਆ । ਪੁਰਖ ਅਕਾਲ ਨੂੰ ਸਭ ਕਿਛ ਦੱਸੋ, ਬਿਨ ਰਸਨਾ ਜਿਹਵਾ ਢੋਲੇ ਦਿਓ ਦ੍ਰਿੜਾਈਆ । ਜੋ ਵੇਖਿਆ ਬਿਨਾ ਅੱਖੋਂ, ਭੇਵ ਅਭੇਦਾ ਦਿਓ ਖੁਲਾਈਆ । ਚਰਨ ਵਿਚ ਸਰਨ ਵਿਚ ਆਪਣੀ ਆਸ਼ਾ ਰਖੋ, ਖ਼ਾਲੀ ਹੱਥ ਦਿਓ ਸਮਝਾਈਆ । ਅਸੀਂ ਸਦੀ ਚੌਧਵੀਂ ਜਗਤ ਪਿਆਰ ਤੋਂ ਹੋ ਗਏ ਸੱਖੇ, ਚਾਰੋਂ ਕੁੰਟ ਇਸ਼ਾਰ ਕਰਾਈਆ । ਸਾਡੇ ਸਾਹਿਬ ਸਵਾਮੀ ਸਮਰਥੋ, ਇਹ ਤੇਰੀ ਬੇਪਰਵਾਹੀਆ । ਜਿਉਂ ਭਾਵੇ ਤਿਉਂ ਸ੍ਰਿਸ਼ਟੀ ਮੱਥੋ, ਨਾਮ ਮਧਾਣਾ ਇਕ ਰਖਾਈਆ । ਜਨ ਭਗਤਾਂ ਪੈਜ ਰਖੋ, ਹੋਣਾ ਆਪ ਸਹਾਈਆ । ਨਾਮ ਕਰੋੜੀ ਬਣਾ ਦੇ ਲੱਖੋ, ਕੱਖੋਂ ਦੇ ਵਡਿਆਈਆ । ਭਾਗ ਲਗਾ ਦੇ ਕਾਇਆ ਮੱਟੋ, ਵਜੂਦਾਂ ਵੱਜੇ ਵਧਾਈਆ । ਆਪਣੇ ਤੀਰ ਅਣਿਆਲੇ ਨਾਲ ਫੱਟੋ, ਬਿਰਹੋਂ ਨਾਲ ਉਠਾਈਆ । ਕੂੜ ਕੁੜਿਆਰੀ ਡੋਰੀ ਕਟੋ, ਅਣਿਆਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਸਚਖੰਡ ਦਵਾਰ ਸੱਟੋ, ਦੂਸਰ ਧਾਮ ਨਜ਼ਰ ਕੋਇ ਨਾ ਆਈਆ ।

## ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ

ਅਵਤਾਰ ਪੈਗੰਬਰ ਗੁਰ ਕਹਿਣ ਸਤਿਗੁਰ ਸ਼ਬਦ ਸ਼ਬਦ ਤੇਰੀ ਸਾਇਆ, ਸਹਿਜ ਨਾਲ ਸਮਝਾਈਆ । ਜੋ ਸਭ ਦਾ ਦਾਈ ਦਾਇਆ, ਘੜਣ ਭੰਨਣਹਾਰ ਵਡ ਵਡਿਆਈਆ । ਉਸ ਤ੍ਰੈਗੁਣ ਸਾਚਾ ਸੰਗ ਬਣਾਇਆ, ਸੋਹਣਾ ਜੋੜ ਜੁੜਾਈਆ । ਓਹ ਤੱਕ ਲੈ ਚਰਨਾਂ ਵਿਚ ਖੜੀ ਅਗੰਮੀ ਮਾਇਆ, ਮਮਤਾ ਆਪਣੀ ਨਾਲ ਲਿਆਈਆ । ਜਿਸ ਤੂੰ ਮੇਰਾ ਮੈਂ ਤੇਰਾ ਢੋਲਾ ਗਾਇਆ, ਸਚ ਸਚ ਦਿਆਂ ਸੁਣਾਈਆ । ਤਨ ਸੋਹਣਾ ਸ਼ਿੰਗਾਰ ਕਰਾਇਆ, ਸੀਸ ਆਈ ਗੁੰਦਾਈਆ । ਮਸਤਕ ਤਿਲਕ ਲਗਾਇਆ, ਵਿਸ਼ਨ ਬ੍ਰਹਮਾ ਸ਼ਿਵ ਰਹੀ ਭਰਮਾਈਆ । ਨੇਤਰ ਨੈਣ ਰਹੀ ਮਟਕਾਇਆ, ਆਪਣੀ ਅੱਖ ਬਦਲਾਈਆ । ਰੰਗ ਚਲੂਲਾ ਇਕ ਚੜ੍ਹਾਇਆ, ਲੋਕਮਾਤ ਨਜ਼ਰ ਕਿਸੇ ਨਾ ਆਈਆ । ਸਿਰ ਸਾਲੂ ਇਕ ਟਿਕਾਇਆ, ਓਢਣ ਧੁਰਦਰਗਾਹੀਆ । ਦੰਦੀਂ ਦੰਦਾਸਾ ਇਕ ਮਲਾਇਆ, ਰੂਪ ਅਨੂਪਾ ਆਪ ਦਰਸਾਈਆ । ਮੁਖ ਘੁੰਗਟ ਕਢ ਕੇ ਰਹੀ ਵਖਾਇਆ, ਪਰਦਾ ਪਰਦਿਆਂ ਵਿਚੋਂ ਰਹੀ ਪਾਈਆ । ਨਾਲੇ ਝੁਕ ਝੁਕ ਸੀਸ ਨਿਵਾਇਆ, ਨਿਵ ਨਿਵ ਲਾਗੇ ਪਾਈਆ । ਨਾਲੇ ਚਾਰੋਂ ਕੁੰਟ ਵੇਖ ਵਖਾਇਆ, ਵੇਖੇ ਵਿਗਸੇ ਚਾਈਂ ਚਾਈਂਆ । ਤਨ ਸ਼ਿੰਗਾਰ ਅਜੀਬ ਕਰਾਇਆ, ਅਜਬ ਆਪਣਾ ਰੂਪ ਦਰਸਾਈਆ । ਪੈਰ ਪੈਰਾਂ ਨਾਲ ਬਦਲਾਇਆ, ਬਦਲੀ ਕਰੇ ਚਾਈਂ ਚਾਈਂਆ । ਜਗਤ ਜਹਾਨਾਂ ਨਾਚ ਰਹੀ ਵਖਾਇਆ, ਨੱਚੇ ਟੱਪੇ ਥਾਉਂ ਥਾਈਂਆ । ਸ਼ਾਹ ਸੁਲਤਾਨਾਂ ਰਹੀ ਭਰਮਾਇਆ, ਭਰਮ ਵਿਚ ਰਖੇ ਲੋਕਾਈਆ । ਆਪਣਾ ਸੱਜਾ ਬਾਜ਼ੂ ਉਠਾਇਆ, ਆਪੇ ਰਹੀ ਭਵਾਈਆ । ਮੇਰਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਹੋਵੇ ਰੁਸ਼ਨਾਇਆ, ਦੀਪ ਜਗਾਵਾਂ ਥਾਉਂ ਥਾਈਆ । ਮੈਂ ਸ਼ਾਹ ਸੁਲਤਾਨਾਂ ਦੇਣਾ ਖ਼ਾਕ ਮਿਲਾਇਆ, ਸਿਰ ਸਕੇ ਨਾ ਕੋਇ ਉਠਾਈਆ । ਮੈਨੂੰ ਰੋਕੇ ਕੋਈ ਨਾ ਮਾਂ ਦਾ ਜਾਇਆ, ਜਨਣੀ ਜਣ ਕੇ ਸੂਰਮਾ ਮੇਰੇ ਨਾਲ ਨਾ ਕੋਈ ਲੜਾਈਆ । ਮੈਂ ਆਪਣਾ ਬਿਸਤਰ ਆਪ ਵਿਛਾਇਆ, ਸਿੰਘਾਸਣ ਦਿਤੀ ਵਡਿਆਈਆ । ਉਤੇ ਬੈਠ ਕੇ ਪੁਰਖ ਅਕਾਲ ਧਿਆਇਆ, ਇਕੋ ਓਟ ਤਕਾਈਆ । ਵਾਹਵਾ ਤੇਰੀ ਬੇਪ੍ਰਵਾਹਿਆ, ਬੇਪ੍ਰਵਾਹੀ ਵਿਚ ਸਮਾਈਆ । ਮੈਂ ਆਦਿ ਆਦਿ ਦੀ ਤੇਰੀ ਮਾਇਆ, ਮਾਇਆ ਹੋ ਕੇ ਖੇਲ ਖਿਲਾਈਆ । ਸਦੀ ਚੌਧਵੀਂ ਕਰਾਂ ਸਫ਼ਾਇਆ, ਸਫਾ ਹਸਤੀ ਦਿਆਂ ਮਿਟਾਈਆ । ਮੇਰਾ ਖੇਲ ਤੈਨੂੰ ਹੋਵੇ ਭਾਇਆ, ਭਾਵੀ ਭਾਣਾ ਮੇਰੇ ਨਾਲ ਮਿਲਾਈਆ । ਤੂੰ ਰਾਣਾ ਸ਼ਾਹ ਇਕ ਅਖਵਾਇਆ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਜਿਸ ਸਤਿਜੁਗ ਤਰੇਤਾ ਦੁਆਪਰ ਪੰਧ ਮੁਕਾਇਆ, ਕਲਜੁਗ ਹੋਣਾ ਆਪ ਸਹਾਈਆ । ਅਵਤਾਰ ਪੈਗੰਬਰ ਗੁਰ ਸਾਰੇ ਸ਼ਹਾਦਤ ਦੇਣ ਭੁਗਤਾਇਆ, ਨਿਰਅੱਖਰ ਧਾਰ ਬੋਲਣ ਚਾਈਂ ਚਾਈਂਆ । ਤੂੰ ਪਿਛਲਾ ਪੈਂਡਾ ਪੰਧ ਦੇਣਾ ਮੁਕਾਇਆ, ਮੁਕੰਮਲ ਆਪਣੀ ਖੇਲ ਖਿਲਾਈਆ । ਮੈਂ ਇਕੋ ਆਸ ਰਖਾਇਆ, ਓਟ ਇਕੋ ਇਕ ਤਕਾਈਆ । ਇਕੋ ਇਸ਼ਟ ਮਨਾਇਆ, ਦੂਸਰ ਸੀਸ ਨਾ ਕਦੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸ੍ਰੀ ਭਗਵੰਤ ਤੇਰਾ ਭੇਵ ਕਿਸੇ ਨਾ ਪਾਇਆ, ਬੇਅੰਤ ਤੇਰੇ ਹੱਥ ਵਡਿਆਈਆ ।



੧੪੫੮
੨੩

✪ ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ ਰਣੀਆ ਰਾਮ ਦੇ ਗ੍ਰਿਹ ਪਿੰਡ ਕਲੋਏ ਜ਼ਿਲਾ ਜੰਮੂ ✪

ਅਵਤਾਰ ਪੈਗੰਬਰ ਗੁਰ ਕਹਿਣ ਅਗੰਮੀ ਪੁਰਖ ਅਕਾਲ, ਅਕਲ ਕਲ ਧਾਰੀ ਤੇਰੀ ਬੇਪ੍ਰਵਾਹੀਆ । ਸਚਖੰਡ ਦਵਾਰ ਏਕੰਕਾਰ ਤੇਰੀ ਸੱਚੀ ਧਰਮਸਾਲ, ਏਕੰਕਾਰੇ ਇਕ ਇਕੱਲੇ ਤੇਰਾ ਜੋਤ ਨੂਰ ਰੁਸ਼ਨਾਈਆ । ਜੋਤੀ ਜਾਤੇ ਪੁਰਖ ਬਿਧਾਤੇ ਪਾਰਬ੍ਰਹਮ ਪਤਪਰਮੇਸ਼ਵਰ ਤੇਰੇ ਦਰ ਕਰੀਏ ਪੁਕਾਰ, ਆਦਿ ਨਿਰੰਜਣ ਨੂਰ ਨੁਰਾਨੇ ਸ਼ਾਹ ਸੁਲਤਾਨੇ ਦਰ ਠਾਂਡੇ ਮੰਗ ਮੰਗਾਈਆ । ਤੂੰ ਦੇਵਣਹਾਰਾ ਦਾਤਾ ਦਾਨੀ ਸਭ ਦੇ ਖ਼ਾਲੀ ਭਰੇਂ ਭੰਡਾਰ, ਪਰਮ ਪੁਰਖ ਪਰਮਾਤਮ ਤੇਰੀ ਓਟ ਤਕਾਈਆ । ਸਚ ਸਵਾਮੀ ਅੰਤਰਜਾਮੀ ਸਭ ਦੀ ਪਾਉਣੀ ਸਾਰ, ਮਹਾਸਾਰਥੀ ਹੋ ਕੇ ਹੋਣਾ ਸਹਾਈਆ । ਜੁਗ ਚੌਕੜੀ ਤੇਰਾ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰਾ ਹੁਕਮ ਸੰਦੇਸਾ ਦੇਂਦੇ ਆਏ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਨਵ ਸੱਤ ਤੇਰਾ ਕਰਦੇ ਆਏ ਜੈਕਾਰ, ਢੋਲੇ ਗੀਤ ਕਲਮਾ ਨਾਮ ਸੁਣਾਈਆ । ਡੰਡਾਵਤ ਬੰਦਨਾ ਸਜਦਿਆਂ ਵਿਚ ਨਿਤ ਨਿਤ ਕੀਤੀ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਲਿਖਤਾਂ ਵਿਚ ਦ੍ਰਿਸ਼ਟਾਂ ਵਿਚ ਭਵਿਖਤਾਂ ਵਿਚ ਤੇਰਾ ਭਵਿਖ ਆਏ ਉਚਾਰ, ਸ਼ਬਦ ਸੰਦੇਸਿਆਂ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਤੇਰਾ ਸਚ ਸਹਾਰ, ਸਹਾਇਕ ਨਾਇਕ ਦੂਜਾ ਨਜ਼ਰ ਕੋਇ ਨਾ ਆਈਆ ।



੧੪੫੯
੨੩

✪ ੨੬ ਮੱਘਰ ਸ਼ਹਿਨਸ਼ਾਹੀ ਸੰਮਤ ੯ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਕਲੋਏ ਜ਼ਿਲਾ ਜੰਮੂ ✪

ਪੁਰਖ ਅਕਾਲ ਕਹੇ ਸੁਣ ਸ਼ਬਦ ਅਗੰਮੀ ਧਾਰ, ਬਿਨਾ ਅੱਖਰਾਂ ਦਿਆਂ ਦ੍ਰਿੜਾਈਆ । ਬਿਨਾ ਅੱਖਰਾਂ ਲੈਣੀ ਵਿਚਾਰ, ਤਨ ਵਜੂਦਾਂ ਬਾਹਰ ਪੜ੍ਹਾਈਆ । ਜਿਸ ਦਾ ਲੇਖ ਲਿਖਣ ਤੋਂ ਬਾਹਰ, ਕਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਸੋ ਭੇਵ ਅਭੇਦਾ ਖੋਲਾਂ ਅਗੰਮ ਅਪਾਰ, ਅਲਖ ਅਗੋਚਰ ਹੋ ਕੇ ਪਰਦਾ ਦਿਆਂ ਉਠਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਸਭ ਦਾ ਸਾਂਝਾ ਬਣ ਕੇ ਪਰਵਰਦਿਗਾਰ, ਪਰਮ ਪੁਰਖ ਪਰਮਾਤਮ ਹੋ ਕੇ ਆਪਣਾ ਰੰਗ ਰੰਗਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖੇਲਾਂ ਵਿਚ ਸੰਸਾਰ, ਦੀਨ ਦੁਨੀ ਦਾ ਲੇਖਾ ਤੱਕਾਂ ਥਾਈਂ ਥਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧਰਨੀ ਧਰਤ ਧਵਲ ਧੌਲ ਵੇਖਾਂ ਪਾਵਾਂ ਸਾਰ, ਮਹਾਸਾਰਥੀ ਹੋ ਕੇ ਭੱਜਾਂ ਵਾਹੋ ਦਾਹੀਆ । ਲਖ ਚੁਰਾਸੀ ਜੀਵ ਜੰਤ ਲਹਿਣਾ ਦੇਣਾ ਸਭ ਦਾ ਦੇਣਾ ਉਤਾਰ, ਪੂਰਬ ਲੇਖੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤਾ ਸ੍ਰੀ ਭਗਵੰਤਾ ਵੇਖਣਹਾਰਾ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ ।

## ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਸੇਵਾ ਰਾਮ ਦੇ ਗ੍ਰਿਹ ਪਿੰਡ ਕਲੋਏ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਮੈਂ ਦੋਹਾਂ ਬਣਾਂ ਵਿਚੋਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਈਆ । ਬਿਨਾ ਤਰਾਜ਼ੂ ਤੋਂ ਬਣ ਕੇ ਤੋਲਾ, ਦੋ ਜਹਾਨਾਂ ਤੋਲਾਂ ਚਾਈਂ ਚਾਈਂਆ । ਸਾਚਾ ਦਵਾਰਾ ਏਕਾ ਖੋਲਾ, ਭੇਵ ਅਭੇਦਾ ਆਪ ਉਠਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਤਿ ਸਚ ਦਾ ਦੱਸ ਕੇ ਬੋਲਾ, ਅਨਬੋਲਤ ਰਾਗ ਦਿਆਂ ਦ੍ਰਿੜਾਈਆ । ਦੀਨ ਦੁਨੀ ਦਾ ਅੰਤਸ਼ਕਰਨ ਵਿਚ ਵੇਖਾਂ ਰੌਲਾ, ਮਨ ਦੀ ਮਨਸਾ ਘਰ ਘਰ ਵੇਖ ਵਖਾਈਆ । ਧਰਨੀ ਧਰਤ ਧਵਲ ਦਾ ਭਾਰ ਕਰਾਂ ਹੌਲਾ, ਕੂੜ ਕੁੜਿਆਰਾ ਡੇਰਾ ਢਾਹੀਆ । ਰੂਪ ਅਨੂਪਾ ਸਤਿ ਸਰੂਪਾ ਹੋ ਕੇ ਮੌਲਾ, ਮੌਲਾ ਹੋ ਕੇ ਆਪਣਾ ਹੁਕਮ ਵਰਤਾਈਆ । ਸਭ ਦਾ ਵਾਇਦਾ ਪੂਰਾ ਕਰਾਂ ਇਕਰਾਰ ਕੌਲਾ, ਲੇਖਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਲ ਕਰਾਂ ਅਨੋਖੀ, ਦੀਨ ਦੁਨੀ ਵਡਿਆਈਆ । ਮੰਜ਼ਲ ਦੱਸਾਂ ਸੌਖੀ, ਅਗੰਮ ਅਥਾਹ ਮੇਰੀ ਪੜ੍ਹਾਈਆ । ਮੇਰੀ ਬਿਨਾ ਪੁਸਤਕਾਂ ਤੋਂ ਪੋਥੀ, ਅੱਖਰਾਂ ਵਿਚ ਨਾ ਕੋਇ ਲਿਖਾਈਆ । ਜਿਸ ਦੀ ਧਾਰ ਨਾ ਹੱਸਦੀ ਨਾ ਰੋਤੀ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਿਸ ਦਾ ਨੂਰ ਜ਼ਹੂਰ ਇਕੋ ਅਗੰਮੀ ਜੋਤੀ, ਜੋਤੀ ਜਾਤਾ ਹੋ ਕੇ ਡਗਮਗਾਈਆ । ਜਿਸ ਦਾ ਖੇਲ ਕੋਟਨ ਕੋਟੀ, ਅਣਗਿਣਤ ਰੂਪ ਸਮਝਾਈਆ । ਜੋ ਲੇਖਾ ਜਾਣੇ ਚੌਦਾਂ ਲੋਕੀ, ਚੌਦਾਂ ਤਬਕਾਂ ਫੋਲ ਫੁਲਾਈਆ । ਸਚ ਸੰਦੇਸਾ ਸੁਣਾਏ ਸਲੋਕੀ, ਸੋਹਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਸਭ ਦੀ ਲੋਚੀ, ਆਸ਼ਾ ਮਨਸ਼ਾ ਮਨਸ਼ਾ ਵਿਚੋਂ ਫੋਲ ਫਲਾਈਆ ।



੧੪੯੦ ੨੩

## ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਪਿਆਰੇ ਲਾਲ ਦੇ ਗ੍ਰਿਹ ਪਿੰਡ ਕਲੋਏ ਜ਼ਿਲਾ ਜੰਮੂ ✪

ਪੁਰਖ ਅਕਾਲ ਕਹੇ ਭੇਵ ਅਭੇਦ ਖੁਲਾਵਾਂਗਾ । ਸਤਿਗੁਰ ਸ਼ਬਦ ਸ਼ਬਦ ਵਡਿਆਵਾਂਗਾ । ਅਵਤਾਰ ਪੈਗੰਬਰ ਗੁਰੂ ਗੁਰਦੇਵਾ ਆਸਾ ਪੂਰ ਕਰਾਵਾਂਗਾ । ਸਤਿ ਧਰਮ ਦਾ ਮੇਰਾ ਖੇਲ ਹੋਵੇ ਸ਼ੁਰੂ, ਸ਼ਰ੍ਹਾ ਸ਼ਰੀਅਤ ਮੇਟ ਮਿਟਾਵਾਂਗਾ । ਧਰਮ ਦਾ ਮਾਰਗ ਇਕੋ ਤੁਰੂ, ਤੁਰੀਆ ਤੋਂ ਪਰੇ ਆਪਣਾ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹਵਾਂਗਾ । ਸਚ ਆਪਣਾ ਪਰਦਾ ਲਾਹੇਗਾ । ਸੋ ਪੁਰਖ ਨਿਰੰਜਣ ਦਇਆ ਕਮਾਏਗਾ । ਹਰਿ ਪੁਰਖ ਨਿਰੰਜਣ ਭੇਵ ਖੁਲਾਏਗਾ । ਏਕੰਕਾਰ ਹੁਕਮ ਵਰਤਾਏਗਾ । ਆਦਿ ਨਿਰੰਜਣ ਡਗਮਗਾਏਗਾ । ਅਬਿਨਾਸ਼ੀ ਕਰਤਾ ਵੇਖ ਵਖਾਏਗਾ । ਸ੍ਰੀ ਭਗਵਾਨ ਸੰਗ ਨਿਭਾਏਗਾ । ਪਾਰਬ੍ਰਹਮ ਵੇਸ ਵਟਾਏਗਾ । ਬ੍ਰਹਮ ਆਪਣਾ ਨੂਰ ਚਮਕਾਏਗਾ । ਜੋਤੀ ਜਾਤਾ ਡਗਮਗਾਏਗਾ । ਵਿਸ਼ਨ ਬ੍ਰਹਮਾ ਸ਼ਿਵ ਹਿਲਾਏਗਾ । ਕਰੋੜ ਤਤੀਸਾ ਨਾਲ ਮਿਲਾਏਗਾ । ਗੁਰ ਅਵਤਾਰ ਪੈਗੰਬਰ ਭੇਵ ਚੁਕਾਏਗਾ । ਤ੍ਰੈਗੁਣ ਮਾਇਆ ਆਪ ਉਠਾਏਗਾ । ਪੰਜ ਤਤ ਫੋਲ ਫੁਲਾਏਗਾ । ਨਵ ਸੱਤ ਵੇਖ ਵਖਾਏਗਾ । ਧਰਨੀ ਧਰਤ ਧਵਲ ਧੌਲ

੧੪੬੧
੨੩

ਉਠਾਏਗਾ । ਪਿਛਲੇ ਕੀਤੇ ਕੌਲ ਪੂਰ ਕਰਾਏਗਾ । ਹਰਿ ਹਿਰਦੇ ਅੰਦਰ ਮਵਲ, ਆਪਣਾ ਮੇਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਰੰਗ ਰੰਗਾਏਗਾ । ਪ੍ਰਭ ਸਾਚਾ ਰੰਗ ਰੰਗਾਵੇਗਾ । ਅਛਲ ਅਛੇਦਾ ਖੇਲ ਖਿਲਾਵੇਗਾ । ਭੇਵ ਅਭੇਦਾ ਆਪ ਸਮਝਾਵੇਗਾ । ਚਾਰੇ ਵੇਦਾਂ ਪਰਦਾ ਲਾਹਵੇਗਾ । ਪੁਰਾਨ ਅਠਾਰਾਂ ਗੰਢ ਪਵਾਵੇਗਾ । ਛੇ ਸਾਸ਼ਤਰਾਂ ਸੰਗ ਰਖਾਵੇਗਾ । ਗੀਤਾ ਗਿਆਨ ਹੱਥ ਉਠਾਵੇਗਾ । ਅੰਜੀਲ ਕੁਰਾਨਾਂ ਸੋਭਾ ਪਾਵੇਗਾ । ਤੁਰੀਆ ਤੋਂ ਪਰੇ ਦਰਸ ਦਿਖਾਵੇਗਾ । ਖਾਣੀ ਬਾਣੀ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਵੰਡ ਵੰਡਾਵੇਗਾ । ਹਰਿ ਕਰਤਾ ਵੰਡ ਵੰਡਾਏਗਾ । ਬ੍ਰਹਿਮੰਡ ਖੰਡ ਵੇਖ ਵਖਾਵੇਗਾ । ਪੁਰੀਆਂ ਲੋਆਂ ਚਰਨਾਂ ਹੇਠ ਦਬਾਏਗਾ । ਆਕਾਸ਼ ਪਾਤਾਲਾਂ ਜ਼ਿਮੀਂ ਅਸਮਾਨਾਂ ਫੋਲ ਫੁਲਾਏਗਾ । ਦੋ ਜਹਾਨਾਂ ਹੁਕਮ ਵਰਤਾਏਗਾ । ਸ਼ਾਹ ਸ਼ਹਾਨਾ ਆਪਣਾ ਤਖ਼ਤ ਸੁਹਾਏਗਾ । ਰਾਜ ਰਜਾਨਾ ਹੋ ਕੇ ਹੁਕਮ ਵਰਤਾਏਗਾ । ਲੋਕਮਾਤ ਵੇਖੇ ਮਾਰ ਧਿਆਨਾ, ਪਰਦਾ ਓਹਲਾ ਆਪ ਉਠਾਏਗਾ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨਾ, ਮਾਇਆ ਮਮਤਾ ਮੋਹ ਮਿਟਾਏਗਾ । ਸਤਿ ਸਚ ਧਰਮ ਕਰ ਪ੍ਰਧਾਨਾ, ਪਰਮ ਪੁਰਖ ਆਪਣਾ ਰੰਗ ਰੰਗਾਏਗਾ । ਏਕੋ ਰੰਗ ਰੰਗਾਏ ਸੀਤਾ ਰਾਮਾ, ਗੋਪੀ ਕਾਹਨ ਅੰਗ ਲਗਾਏਗਾ । ਪੈਗੰਬਰਾਂ ਦੇ ਪੈਗ਼ਾਮਾ, ਹੋਕਾ ਹਕ ਹਕ ਸੁਣਾਏਗਾ । ਏਕੋ ਮੰਤਰ ਦੱਸ ਸਤਿਨਾਮਾ, ਸਤਿ ਸਚ ਦੀ ਭਿਛਿਆ ਪਾਏਗਾ । ਆਤਮ ਬ੍ਰਹਮ ਬਖ਼ਸ਼ ਧਿਆਨਾ, ਪਰਮਾਤਮ ਆਪਣਾ ਜੋੜ ਜੁੜਾਏਗਾ । ਨੌ ਖੰਡ ਪ੍ਰਿਥਮੀ ਸੱਤ ਦੀਪ ਤੂੰ ਮੇਰਾ ਮੈਂ ਤੇਰਾ ਹੋਵੇ ਗਾਣਾ, ਦੂਜਾ ਅੱਖਰ ਨਾ ਕੋਇ ਸਮਝਾਏਗਾ । ਘਰ ਠਾਕਰ ਸਵਾਮੀ ਮਿਲੇ ਸ੍ਰੀ ਭਗਵਾਨਾ, ਬਾਹਰ ਖੋਜਣ ਕੋਈ ਨਾ ਜਾਏਗਾ । ਨਾਮ ਨਿਧਾਨ ਅਨਾਦ ਦਏ ਤਰਾਨਾ, ਧੁਨ ਅਨਾਦੀ ਆਪ ਸੁਣਾਏਗਾ । ਅੰਮ੍ਰਿਤ ਰਸ ਦੇ ਕੇ ਪੀਣਾ ਖਾਣਾ, ਨਿਝਰ ਝਿਰਨਾ ਆਪ ਝਿਰਾਏਗਾ । ਚਾਰ ਵਰਨ ਅਠਾਰਾਂ ਬਰਨ ਬਖ਼ਸ਼ੇ ਚਰਨ ਧਿਆਨਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਏਗਾ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਇਕੋ ਇਸ਼ਟ ਸਰਬ ਮਨਾਣਾ, ਦੇਵ ਦੇਵਾ ਦੇਵ ਆਤਮਾ ਆਪਣੇ ਰੰਗ ਰੰਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕੰਲਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਅਲਖ ਅਭੇਵਾ ਭੇਦ ਅਭੇਦਾ ਆਪਣਾ ਆਪ ਖੁਲਾਵੇਗਾ ।

✪ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਦਿਤ ਸਿੰਘ ਦੇ ਟੈਂਟ ਤੋਂ ਬਾਹਰ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ✪

ਅਵਤਾਰ ਪੈਗੰਬਰ ਗੁਰ ਕਹਿਣ ਸਾਡਾ ਖੇਲ ਸ਼ਬਦ ਦੀ ਧਾਰ, ਧਰਨੀ ਉਤੇ ਵੇਖੀਏ ਚਾਈਂ ਚਾਈਆ । ਚਾਰ ਜੁਗ ਦਾ ਤੱਕੀਏ ਕੌਲ ਇਕਰਾਰ, ਵਾਅਦੇ ਪਿਛਲੇ ਵੇਖ ਵਖਾਈਆ । ਨਵ ਖੰਡ ਪ੍ਰਿਥਮੀ ਪਾਈਏ ਸਾਰ, ਸਤਿਜੁਗ ਵੇਖ ਵਖਾਈਆ । ਕੀ ਖੇਲ ਕਰੇ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦਿ ਏਕੰਕਾਰ, ਅਕਲ ਕਲਧਾਰੀ ਬੇਪਰਵਾਹੀਆ । ਜੋਤੀ ਜਾਮਾ ਵੇਸ ਨਿਆਰ, ਨੂਰ ਨੁਰਾਨਾ ਡਗਮਗਾਈਆ । ਭਗਤ ਸੁਹੇਲੇ ਪਾਵੇ ਸਾਰ, ਗੁਰ ਚੇਲੇ ਮੇਲ ਮਿਲਾਈਆ । ਅੰਤਰ ਆਤਮ ਦੇ ਅਧਾਰ, ਅੰਤਸ਼ਕਰਨ ਦਏ ਵਡਿਆਈਆ । ਦੂਈ ਦਵੈਤੀ ਪੜਦਾ

ਉਤਾਰ, ਭੇਵ ਅਭੇਦਾ ਆਪ ਖੁਲਾਈਆ । ਸ਼ਬਦ ਨਾਦ ਦੇ ਧੁਨਕਾਰ, ਅਨਰਾਗੀ ਰਾਗ ਸੁਣਾਈਆ । ਜੋਤੀ ਧਾਰ ਬਖ਼ਸ਼ ਉਜਿਆਰ, ਦੀਆ ਬਾਤੀ ਕਰੇ ਰੁਸ਼ਨਾਈਆ । ਘਰ ਸਵਾਮੀ ਪਾਵੇ ਸਾਰ, ਹਰਿ ਕਰਤਾ ਧੁਰਦਰਗਾਹੀਆ । ਹਰਿਜਨ ਵੇਖੇ ਬਰਖ਼ੁਰਦਾਰ, ਪਰਮ ਪੁਰਖ ਧਿਆਨ ਲਗਾਈਆ । ਬਿਰਧ ਬਾਲਾਂ ਜਾਏ ਤਾਰ, ਤਰਲ ਜਵਾਨੀ ਦਏ ਵਡਿਆਈਆ । ਦਰ ਆਏ ਜਾਏ ਪੈਜ ਸਵਾਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਆਦਿ ਜੁਗਾਦੀ ਅਗੰਮ ਅਪਾਰ, ਅਲਖ ਅਲਖਣਾ ਆਪਣੀ ਦਇਆ ਕਮਾਈਆ ।

### ✪ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੯ ਗੁਰਦਿਤ ਸਿੰਘ ਦੇ ਟੈਂਟ ਵਿਚ ਕਿਸ਼ਨ ਪੁਰ ਕੈਂਪ ਜਿਲਾ ਜੰਮੂ ✪

ਧਰਨੀ ਕਹੇ ਮੈਂ ਉਚੀ ਕੂਕ ਪੁਕਾਰਾਂ, ਦਰੋਹੀ ਤੇਰਾ ਨਾਮ ਦੁਹਾਈਆ । ਪੁਰਖ ਅਕਾਲੇ ਦੀਨ ਦਿਆਲੇ ਪਾ ਸਾਰਾ, ਪਾਰਬ੍ਰਹਮ ਪਤਪਰਮੇਸ਼ਵਰ ਆਪਣੀ ਦਇਆ ਕਮਾਈਆ । ਮਿਹਰਵਾਨ ਮਿਹਰ ਕਰ ਦੇ ਪਰਵਰਦਿਗਾਰਾ, ਸਾਂਝੇ ਯਾਰ ਦਰਗਾਹ ਸਾਚੀ ਤੇਰੀ ਓਟ ਰਖਾਈਆ । ਸਤਿ ਸਵਾਮੀ ਅੰਤਰਜਾਮੀ ਮੇਰਾ ਲਹਿਣਾ ਦੇਣਾ ਦੇ ਨਿਵਾਰਾ, ਨਵਾਜ਼ਸ਼ ਵਿਚ ਸੀਸ ਨਿਵਾਈਆ । ਮਿਹਰਵਾਨ ਮਹਿਬੂਬ ਚਾਰੇ ਕੁੰਟ ਮੇਰੇ ਉਤੇ ਧੂੰਆਂਧਾਰਾ, ਸਚ ਚੰਦ ਨੂਰ ਨਾ ਕੋਇ ਰੁਸ਼ਨਾਈਆ । ਮੈਂ ਦਿਵਸ ਰੈਣ ਰੋਵਾਂ ਜ਼ਾਰੋ ਜ਼ਾਰਾ, ਜ਼ਾਹਰ ਜ਼ਹੂਰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੀ ਬੇਪ੍ਰਵਾਹੀਆ । ਧਰਤੀ ਕਹੇ ਮੇਰਾ ਇਕੋ ਇਕ ਸਹਾਰਾ, ਸਾਹਿਬ ਚਰਨ ਤੇਰੀ ਸ਼ਰਨਾਈਆ । ਤੂੰ ਲਹਿਣਾ ਦੇਣਾ ਦੇਵੇਂ ਸਦਾ ਜੁਗ ਚਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਆਸ ਰਖਾਈਆ । ਨਿਰਵੈਰ ਨਿਰਾਕਾਰ ਮੇਰੇ ਉਤੇ ਹੋ ਜ਼ਾਹਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਅਵਤਾਰ ਪੈਗੰਬਰ ਗੁਰ ਤੇਰਾ ਕਰਕੇ ਗਏ ਮੁਜ਼ਾਹਰਾ, ਸ਼ਬਦ ਢੋਲੇ ਨਾਦ ਕਲਮੇ ਕਾਇਨਾਤ ਸੁਣਾਈਆ । ਨਵ ਸੱਤ ਮੇਰਾ ਨਿਮਾਣੀ ਦਾ ਵੇਖ ਦਾਇਰਾ, ਦਹਿ ਦਿਸ਼ਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਮਾਲਕ ਬੇਪਰਵਾਹ, ਮੇਰੀ ਇਕ ਅਰਜ਼ੋਈਆ । ਤੂੰ ਵਾਹਿਦ ਇਕ ਖ਼ੁਦਾ, ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਨੂਰ ਅਲਾਹੀਆ । ਦਸਤੇ ਦਸਤ ਤੇਰੇ ਅਗੇ ਦੁਆ, ਦੋ ਜਹਾਨਾ ਸ੍ਰੀ ਭਗਵਾਨਾ ਤੇਰੀ ਓਟ ਤਕਾਈਆ । ਮੇਰਾ ਲਹਿਣਾ ਦੇਣਾ ਲੇਖਾ ਵੇਖ ਥਾਉਂ ਥਾਂ, ਥਾਨ ਥਨੰਤਰ ਸੋਭਾ ਪਾਈਆ । ਮੇਰੀ ਨਿਮਾਣੀ ਕੋਝੀ ਕਮਲੀ ਦੀ ਫੜ ਲੈ ਬਾਂਹ, ਫੜ ਬਾਹੋਂ ਲੈ ਉਠਾਈਆ । ਮੈਂ ਬਿਨ ਨੇਤਰਾਂ ਰੋਵਾਂ ਮਾਰਾਂ ਧਾਹ, ਉਚੀ ਕੂਕ ਕੂਕ ਸੁਣਾਈਆ । ਦੀਨ ਦੁਨੀ ਦੇ ਮਾਲਕ ਆਪਣੀ ਖ਼ਲਕ ਲੈ ਸਮਝਾ, ਖ਼ਾਲਕ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੇ ਹਿਰਦੇ ਬਖ਼ਸ਼ ਦੇ ਸ਼ਾਂਤ, ਅਗਨੀ ਤਤ ਬੁਝਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿ ਸਤਿ ਚੰਦ ਚਮਕਾਈਆ । ਚਰਨ ਪ੍ਰੀਤੀ ਜੋੜ ਲੈ ਨਾਤ, ਬਿਧਾਤੇ ਆਪਣਾ ਮੇਲ ਮਿਲਾਈਆ । ਆਤਮ ਧਾਰ ਤੇਰੀ ਜ਼ਾਤ, ਪਰਮਾਤਮ ਪਰਦਾ ਦੇਣਾ ਚੁਕਾਈਆ । ਮੈਂ ਬੋਲ ਸੁਣਾਵਾਂ ਸਾਚ,

੧੪੬੨
੨੩

੧੪੬੩
੨੩

ਸਚ ਦਿਆਂ ਸੁਣਾਈਆ । ਜਗਤ ਵਾਸਨਾ ਦੀਨ ਦੁਨੀ ਰਹੀ ਨਾਚ, ਟੱਪੇ ਕੁੱਦੇ ਥਾਉਂ ਥਾਈਆ । ਸਭ ਦੇ ਅੰਦਰ ਲੱਗੀ ਆਂਚ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰਾ ਹੁਕਮ ਸੰਦੇਸ਼ਾ ਸਕੇ ਕੋਈ ਨਾ ਵਾਚ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਮੇਰੀ ਬਾਤਨ ਇਕੋ ਬਾਤ, ਜ਼ਾਹਰ ਜ਼ਹੂਰ ਦਿਆਂ ਸੁਣਾਈਆ । ਇਕ ਵਾਰੀ ਮੇਰੇ ਉਤੇ ਮਾਰ ਝਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਅੰਤ ਕਿਨਾਰਾ ਕਲਜੁਗ ਤੱਕ ਲੈ ਘਾਟ, ਕੰਢੀ ਬੈਠਾ ਡੇਰਾ ਲਾਈਆ । ਸਦੀ ਚੌਧਵੀਂ ਵੇਖ ਲੈ ਵਾਟ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਕੀ ਕਰਨਾ ਖੇਲ ਤਮਾਸ਼, ਕਲ ਕਲਕੀ ਦੇ ਸਮਝਾਈਆ । ਅਮਾਮ ਅਮਾਮਾ ਮੈਨੂੰ ਤੇਰੇ ਉਤੇ ਵਿਸ਼ਵਾਸ, ਵਿਸ਼ਵ ਦਾ ਭੇਵ ਦੇਣਾ ਖੁਲਾਈਆ । ਮੇਰੀ ਨਵ ਨਵ ਚਾਰ ਦੀ ਆਸ, ਪ੍ਰਿਥਮੀ ਪ੍ਰਿਥਮ ਰਹੀ ਦ੍ਰਿੜਾਈਆ । ਰਾਹ ਤੱਕਣ ਤੇਰਾ ਆਕਾਸ਼, ਆਕਾਸ਼ ਆਕਾਸ਼ਾ ਧਿਆਨ ਲਗਾਈਆ । ਚੌਦਾਂ ਲੋਕ ਵੇਖਣ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੇਰੀ ਉਡੇ ਨਾ ਮਿੱਟੀ ਖ਼ਾਕ, ਚਾਰੋਂ ਕੁੰਟ ਕੂਕ ਸੁਣਾਈਆ । ਮੇਰਾ ਪਰਦਾ ਖੋਲ ਦੇ ਰਾਜ਼, ਭੇਵ ਅਭੇਦ ਮਿਟਾਈਆ । ਮੈਂ ਬੇਨੰਤੀ ਕਰਾਂ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਮੇਰਾ ਕਿਸ ਬਿਧ ਰਚੇਂ ਕਾਜ, ਕਰਨੀ ਦੇ ਕਰਤੇ ਦੇਣਾ ਸਮਝਾਈਆ । ਕਿਸ ਬਿਧ ਦੀਨ ਦੁਨੀ ਬਦਲੇ ਸਮਾਜ, ਸਮਗਰੀ ਕੀ ਵਰਤਾਈਆ । ਕੀ ਤੇਰਾ ਲਹਿਣਾ ਦੇਣਾ ਲੇਖਾ ਰੋਜ਼ਾ ਨਿਮਾਜ਼, ਸਜਦਿਆਂ ਕੀ ਵਡਿਆਈਆ । ਕੀ ਨਾਮ ਨਿਧਾਨਾ ਵੇਖੇ ਸਾਜਣ ਸਾਜ, ਹਰਿ ਕਰਤੇ ਧਿਆਨ ਲਗਾਈਆ । ਮੇਰੀ ਅੰਤਸ਼ਕਰਨ ਖੋਲ ਦੇ ਜਾਗ, ਨਿੰਦਰਾ ਆਲਸ ਰਹੇ ਨਾ ਰਾਈਆ । ਹੰਸ ਬੁੱਧੀ ਬਣਾ ਦੇ ਕਾਗ, ਕਾਗ ਹੰਸ ਰੂਪ ਵਟਾਈਆ । ਮੇਰੇ ਉਤੇ ਬੁਝਾ ਦੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਤੇਰਾ ਸਚ ਦਾ ਜਗੇ ਚਰਾਗ਼, ਸ਼ਮਅ ਘਰ ਘਰ ਕਰੇ ਰੁਸ਼ਨਾਈਆ । ਹਰ ਹਿਰਦੇ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਤ੍ਰੈਗੁਣ ਮਾਇਆ ਡੱਸਣੀ ਨਾ ਡੱਸੇ ਨਾਗ, ਵਿਖ ਅੰਮ੍ਰਿਤ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਪੁਰਖ ਅਕਾਲ ਕਹੇ ਧਰਨੀ ਧਰਮ ਕਮਾਵਾਂਗਾ । ਨਿਹਕਰਮੀ ਹੋ ਕੇ ਕਰਮ ਕਾਂਡ ਦਾ ਡੇਰਾ ਢਾਹਵਾਂਗਾ । ਚਰਮ ਦ੍ਰਿਸ਼ਟੀ ਭਰਮ ਮਿਟਾਵਾਂਗਾ । ਸ੍ਰਿਸ਼ਟੀ ਦ੍ਰਿਸ਼ਟ ਉਪਜਾਵਾਂਗਾ । ਦੋਜ਼ਖ਼ ਬਹਿਸ਼ਤੀ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਵਾਂਗਾ । ਸਚ ਆਪਣਾ ਖੇਲ ਖਿਲਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਅਵਤਾਰ ਪੈਗੰਬਰ ਗੁਰੂ ਗੁਰਦੇਵ ਨਾਲ ਮਿਲਾਵਾਂਗਾ । ਦੀਨਾਂ ਮਜ਼੍ਹਬਾਂ ਪਰਦਾ ਉਠਾਵਾਂਗਾ । ਚੋਟੀ ਜੜ ਦਾ ਭੇਵ ਚੁਕਾਵਾਂਗਾ । ਜੀਵ ਜਹਾਨ ਸੜਦਾ, ਅੰਤ ਸ਼ਾਂਤ ਕਰਾਵਾਂਗਾ । ਲੇਖਾ ਮੁਕਾ ਕੇ ਗੋਰ ਮੜ੍ਹ ਦਾ, ਆਤਮ ਬ੍ਰਹਮ ਇਕ ਸਮਝਾਵਾਂਗਾ । ਲਹਿਣਾ ਦੇਣਾ ਮੁਕਾ ਕੇ ਲਹਿੰਦਾ ਚੜ੍ਹਦਾ, ਦੱਖਣ ਪਹਾੜ ਖੋਜ ਖੁਜਾਵਾਂਗਾ । ਲਹਿਣਾ ਦੇਣਾ ਵੇਖਾਂ ਕਾਇਆ ਮਾਟੀ ਘਰ ਦਾ, ਤਨ ਵਜੂਦਾਂ ਫੋਲ ਫੁਲਾਵਾਂਗਾ । ਜੋ ਆਤਮ ਧਾਰ ਪਰਮਾਤਮ ਹੋਵੇ ਬਰਦਾ, ਬੰਦੀਖ਼ਾਨਿਆਂ ਵਿਚੋਂ ਬਾਹਰ ਕਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਲੇਖਾ ਜਾਣੇ ਜਲ ਥਲ ਦਾ, ਮਹੀਅਲ ਆਪਣਾ ਰੰਗ ਰੰਗਾਵਾਂਗਾ ।

## ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਇੰਦਰੋ ਦੇਵੀ ਦੇ ਗ੍ਰਿਹ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਬਣ ਕੇ ਜਗਤ ਦੀ ਰਾਣੀ ਆਂ, ਰਈਅਤ ਮਮਤਾ ਵੇਖਾਂ ਥਾਉਂ ਥਾਈਆ । ਮੈਂ ਵਿਰੋਲਾਂ ਅੱਠ ਸੱਠ ਪਾਣੀਆਂ, ਭੱਜਾਂ ਵਾਹੋ ਦਾਹੀਆ । ਮੈਂ ਤੱਕਾਂ ਜੀਵ ਪ੍ਰਾਣੀਆਂ, ਹਰ ਹਿਰਦੇ ਧਿਆਨ ਲਗਾਈਆ । ਮੈਂ ਵੇਖਾਂ ਚਾਰੇ ਖਾਣੀਆਂ, ਚਾਰੋਂ ਕੁੰਟ ਪਰਦਾ ਆਪ ਚੁਕਾਈਆ । ਮੈਂ ਤੱਕਾਂ ਜਗਤ ਜਗਿਆਸੂ ਹਾਣੀਆਂ, ਨਵ ਜੋਬਨਾਂ ਸੰਗ ਰਲਾਈਆ । ਮੇਰੀ ਖੇਲ ਜਗਤ ਮਹਾਨੀਆਂ, ਮਹਿੰਮਾ ਕਥ ਕਥ ਸਮਝਾਈਆ । ਮੈਂ ਸਭ ਦਾ ਮੁਕਾਉਣਾ ਅੰਨ ਦਾਣਿਆਂ, ਮੋਹਰ ਧੁਰ ਦੀ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰਿਹਾ ਸਮਝਾਈਆ । ਮਾਇਆ ਕਹੇ ਮੈਂ ਜੋਬਨ ਜੋਬਨ ਧਾਰ ਜੋਬਨਵੰਤੀ, ਜੁਵਾ ਅਵਸਥਾ ਇਕ ਅਖਵਾਈਆ । ਮੈਂ ਪਹਿਨ ਕੇ ਰੰਗ ਬਸੰਤੀ, ਬਿਨ ਭੂਸ਼ਨਾਂ ਆਪਣਾ ਆਪ ਲੈਣਾ ਰੰਗਾਈਆ । ਮੈਂ ਖੇਲ ਕਰਨੀ ਦੀਨ ਦੁਨੀ ਵਾਲੇ ਮਨ ਦੀ, ਮਨਸਾ ਆਪਣੇ ਨਾਲ ਰਖਾਈਆ । ਮੈਂ ਖੇਲ ਤੱਕਣੀ ਜੋਤੀ ਧਾਰ ਗੋਬਿੰਦ ਚੰਨ ਦੀ, ਜੋ ਚੰਦ ਚਾਂਦਨਾ ਕਰੇ ਰੁਸ਼ਨਾਈਆ । ਮੈਂ ਦੀਨ ਦੁਨੀ ਵਣਜਾਰੀ ਬਣਾਉਂਦੀ ਕੰਨ ਦੀ, ਚੁਗ਼ਲੀ ਨਿੰਦਿਆ ਵਿਚ ਭਵਾਈਆ । ਮੈਂ ਨਵ ਸੱਤ ਕੂੜ ਦਾ ਬੇੜਾ ਫਿਰਾਂ ਬੰਨ੍ਹਦੀ, ਨੌਕਾ ਇਕੋ ਇਕ ਵਖਾਈਆ । ਮੈਂ ਖੇਲ ਮੁਕਾਉਣ ਵਾਲੀ ਛੱਪਰ ਛੰਨ ਦੀ, ਸ਼ਹਿਨਸ਼ਾਹ ਖ਼ਾਕ ਮਿਲਾਈਆ । ਮੈਂ ਲਾਜ ਰਖਣੀ ਓਸ ਪ੍ਰਭੂ ਦੇ ਜਨ ਦੀ, ਜਿਸ ਜਨ ਆਪਣੀ ਦਇਆ ਕਮਾਈਆ । ਮੈਂ ਵਣਜਾਰਨ ਨਹੀਂ ਕਿਸੇ ਤਨ ਦੀ, ਵਜੂਦਾਂ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਆਸ਼ਾ ਰਖੀ ਓਸੇ ਭਗਵਨ ਦੀ, ਜੋ ਭਾਗਵਾਨ ਮੈਨੂੰ ਰਿਹਾ ਬਣਾਈਆ ।



## ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਸ਼ਾਹਣੀ ਦੇਵੀ ਦੇ ਗ੍ਰਿਹ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਸਭ ਦੀ ਮੇਟਣੀ ਖ਼ੁਦੀ, ਖ਼ੁਦ ਮਾਲਕ ਮੈਨੂੰ ਦਏ ਵਡਿਆਈਆ । ਧਾਰ ਰਹਿਣ ਨਹੀਂ ਦੇਣੀ ਦੁੱਧੀ, ਜਗਤ ਜਹਾਨ ਵੇਖ ਵਖਾਈਆ । ਪਵਿਤ੍ਰ ਰਹੇ ਕਿਸੇ ਨਾ ਬੁਧੀ, ਮਨ ਮਤ ਜਗਤ ਹਲਕਾਈਆ । ਮੈਂ ਖੇਲ ਖੇਲਣਾ ਉਤੇ ਬਸੁਧੀ, ਬਸੁਧਾ ਬੈਠੀ ਨੈਣ ਉਠਾਈਆ । ਮੇਰਾ ਲਹਿਣਾ ਦੇਣਾ ਦੀਨ ਦੁਨੀ ਯੁਧੀ, ਯੋਧਿਆਂ ਲਵਾਂ ਜਗਾਈਆ । ਮੈਂ ਆਉਂਦੀ ਕਦੀ ਕਦੀ ਜੁਗ ਜੁਗੀ, ਜੋਬਨਵੰਤੀ ਹੋ ਕੇ ਆਪਣਾ ਫੇਰਾ ਪਾਈਆ । ਮੈਂ ਕਦੇ ਨਾ ਹੋਵਾਂ ਬੁੱਢੀ, ਬੁਢੇਪੇ ਵਿਚ ਕਦੇ ਨਾ ਆਈਆ । ਮੈਂ ਕਲਜੁਗ ਅੰਤ ਪ੍ਰਭੂ ਦੇ ਹੁਕਮ ਨਾਲ ਫਿਰਦੀ ਉਡੀ, ਨਵ ਸੱਤ ਵੇਖਾਂ ਚਾਈਂ ਚਾਈਂਆ । ਮੇਰਾ ਲੇਖਾ ਸਮਝੇ ਕੋਈ ਨਾ ਵਦੀ ਸੁਦੀ, ਸੁਧ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਮੇਰਾ ਹੋਏ ਸਹਾਈਆ । ਮਾਇਆ ਕਹੇ ਮੈਂ ਆਉਂਦੀ ਕਦੀ ਕਦੀ, ਕਦੀਮ ਦੀ ਰੀਤੀ ਚਲੀ ਆਈਆ । ਦੀਨ ਦੁਨੀ ਦੀ ਵੇਖਾਂ ਬੁੱਧੀ, ਬਦਲੀ ਕਰਾਂ ਥਾਉਂ ਥਾਈਆ । ਸਤਿਜੁਗ ਤ੍ਰੇਤਾ ਦੁਆਪਰ ਰਹਿਣ ਨਹੀਂ ਦਿਤੀ ਗੱਦੀ, ਕਲਜੁਗ ਅੰਤਮ ਕਰਾਂ ਸਫ਼ਾਈਆ । ਪ੍ਰਭ ਦੇ ਹੁਕਮ ਵਾਲੀ ਵਹਿਣ ਵਾਲੀ ਨੂਹ ਨਦੀ, ਨੌਕਾ ਹੱਥ ਕਿਸੇ ਨਾ ਆਈਆ । ਮੁਕਣ ਵਾਲੀ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ ।

ਮੇਰੀ ਅਗਨੀ ਘਰ ਘਰ ਲੱਗੀ, ਜੀਵ ਜੰਤ ਸਕੇ ਨਾ ਕੋਇ ਬੁਝਾਈਆ । ਮੈਂ ਦਿਵਸ ਰੈਣ ਫਿਰਾਂ ਭੱਜੀ, ਭਜਨ ਬੰਦਗੀ ਵਾਲਿਆਂ ਰਹੀ ਹਿਲਾਈਆ । ਮੈਂ ਸਚ ਦਵਾਰਿਆਂ ਉਤੇ ਸਜੀ, ਦਰ ਦਰ ਘਰ ਘਰ ਆਪਣਾ ਡੇਰਾ ਲਾਈਆ । ਮੇਰੀ ਮੋਹ ਦੀ ਜੋਤ ਜਗੀ, ਮਮਤਾ ਵਿਚ ਸਾਰੇ ਲਏ ਫਸਾਈਆ । ਮੈਂ ਫਿਰਦੀ ਪੈਰ ਦੱਬੀ, ਮੇਰੀ ਆਹਟ ਸੁਣਨ ਕੋਇ ਨਾ ਪਾਈਆ । ਮੈਂ ਪਿਛਲੀ ਰੀਤੀ ਛਡੀ, ਅਗਲਾ ਆਪਣਾ ਖੇਲ ਖਿਲਾਈਆ । ਮੈਂ ਵੇਖਾਂ ਦੀਨ ਦੁਨੀਆ ਦੀ ਨਾੜੀ ਹੱਡੀ, ਰਕਤ ਬੂੰਦ ਧਿਆਨ ਲਗਾਈਆ । ਮੈਨੂੰ ਦੇ ਸਕਦਾ ਨਹੀਂ ਕੋਈ ਵੱਢੀ, ਰਿਸ਼ਵਤ ਵਿਚ ਨਾ ਕੋਇ ਭਰਮਾਈਆ । ਮੈਂ ਆਪਣਾ ਲੇਖਾ ਬੈਠੀ ਕਢੀ, ਚੌਥੇ ਜੁਗ ਵੇਖ ਵਖਾਈਆ । ਮੈਨੂੰ ਹੁਕਮ ਦੇਵੇ ਮਾਲਕ ਰੱਬੀ, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਹਿਨਸ਼ਾਹ ਸੂਰਾ ਸਰਬਗੀ, ਬਗ ਬਪੜੇ ਵੇਖੇ ਖ਼ਲਕ ਖ਼ੁਦਾਈਆ ।

✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਸ਼ੰਕਰ ਸਿੰਘ ਦੇ ਗ੍ਰਹਿ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ✪

ਮਾਇਆ ਕਹੇ ਮੈਨੂੰ ਰਸਤੇ ਵਿਚ ਆਉਂਦੀ ਨੂੰ ਵੱਜੀ ਹਾਕ, ਧੁਰ ਮਾਲਕ ਦਿਤੀ ਸੁਣਾਈਆ । ਤੂੰ ਖੋਲ ਲੈ ਆਪਣਾ ਤਾਕ, ਕੁੰਡੀ ਖਿੜਕੀ ਬੰਦ ਨਾ ਕੋਇ ਰਖਾਈਆ । ਸਚ ਦਾ ਵੇਖ ਲੈ ਭਵਿਖਤ ਵਾਕ, ਜੋ ਭਵਿਸ਼ਾਂ ਵਿਚ ਸਮਝਾਈਆ । ਦੀਨ ਦੁਨੀ ਤੱਕ ਲੈ ਆਪਣੇ ਸੱਜਣ ਸਾਕ, ਜੀਵਾਂ ਜੰਤਾਂ ਧਿਆਨ ਲਗਾਈਆ । ਨਿਗਾਹ ਮਾਰ ਲੈ ਮੇਰੇ ਅਸਵ ਘੋੜੇ ਰਾਕ, ਜੋ ਆਪਣੀ ਲਏ ਅੰਗੜਾਈਆ । ਜਿਹੜਾ ਚਲਣ ਨੂੰ ਬੜਾ ਚਲਾਕ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਦੇ ਪੌੜਾਂ ਨਾਲ ਉਡਣੀ ਖ਼ਾਕ, ਧਰਨੀ ਧਵਲ ਹਿਲਾਈਆ । ਓਹ ਵਕਤ ਸੁਹੰਜਣਾ ਵੇਖਾਂ ਈਸਾ ਵਾਲਾ ਕਲਾਕ, ਕਲਧਾਰੀ ਨਾਲ ਮਿਲਾਈਆ । ਮਾਇਆ ਤੈਨੂੰ ਮਿਲਣ ਦਾ ਮਿਲੇ ਇਤਫ਼ਾਕ, ਇਤਫ਼ਾਕੀਆ ਤੇਰਾ ਮੇਲ ਮਿਲਾਈਆ । ਤੂੰ ਉਸ ਦੀ ਬਣਨਾ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਤੇਰੀ ਵਡਿਆਈ ਰਹਿ ਜਾਏ ਨਾਕ, ਸੀਸ ਮੇਂਢੀ ਦਏ ਸੁਹਾਈਆ । ਤੂੰ ਪਿਆਰ ਵਿਚ ਹੋਣਾ ਮੁਸ਼ਤਾਕ, ਮੁਹੱਬਤ ਵਿਚ ਸਮਾਈਆ । ਦੀਨ ਦੁਨੀ ਕਰੇ ਪਸ਼ਚਾਤਾਪ, ਹੈਰਾਨੀ ਘਰ ਘਰ ਵੇਖ ਵਖਾਈਆ । ਧਰਮ ਰਹੇ ਕਿਸੇ ਨਾ ਨਾਤ, ਪ੍ਰੀਤੀ ਸਚ ਨਾ ਕੋਇ ਨਿਭਾਈਆ । ਸੁਣ ਲੈ ਮੇਰੀ ਬਾਤ, ਬਾਤਨ ਦਿਆਂ ਦ੍ਰਿੜਾਈਆ । ਧਰਨੀ ਧਵਲ ਵਿਗੜਨ ਵਾਲਾ ਹਾਲਾਤ, ਹਾਲਾਂਕਿ ਸੱਜਣੂਆ ਰਿਹਾ ਸਮਝਾਈਆ । ਸਹਾਰਾ ਰਹਿਣਾ ਨਹੀਂ ਕਿਸੇ ਛਾਤ, ਮੰਦਰ ਬੰਕ ਨਾ ਕੋਇ ਸਹਾਈਆ । ਖ਼ੁਸ਼ੀ ਰਹੇ ਨਾ ਕਿਸੇ ਪ੍ਰਭਾਤ, ਸੰਧਿਆ ਸੰਖ ਨਾ ਕੋਇ ਵਜਾਈਆ । ਰੂਹ ਰਹੇ ਕੋਈ ਨਾ ਪਾਕ, ਬੁਤਖ਼ਾਨੇ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਮੇਟੇ ਕੂੜ ਅੰਧੇਰੀ ਰਾਤ, ਰਾਤੀ ਰੁਤੀ ਥਿਤ ਥਿਤੀ ਆਪਣੇ ਰੰਗ ਰੰਗਾਈਆ ।



੧੪੬੫
੨੩

## ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਰਸਾਲ ਸਿੰਘ ਦੇ ਟੈਂਟ ਵਿਚ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ✪

ਮਾਇਆ ਕਹੇ ਮੈਨੂੰ ਅਗੰਮੀ ਆਇਆ ਭਵਿਖ, ਭਵਿਸ਼ ਵਿਚ ਪ੍ਰਭੂ ਦਿਤਾ ਸਮਝਾਈਆ । ਸਤਿ ਸਚ ਰਿਹਾ ਕਿਤੇ ਨਾ ਦਿਸ, ਕੁੰਟ ਚਾਰ ਨਜ਼ਰ ਕੋਇ ਨਾ ਆਈਆ । ਜੋ ਅਵਤਾਰ ਪੈਗੰਬਰ ਗੁਰ ਲੇਖ ਗਏ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਸਦੀ ਚੌਧਵੀਂ ਧਰਮ ਈਮਾਨ ਦਾ ਮੁਰੀਦ ਦਿਸੇ ਕੋਈ ਨਾ ਸਿੱਖ, ਸਿਖਿਆ ਵਿਚ ਨਾ ਕੋਇ ਸਮਾਈਆ । ਮੈਂ ਵੇਖਾਂ ਕਿਸ ਕਿਸ, ਕਿਸਮਤਹੀਣ ਹੋਈ ਲੋਕਾਈਆ । ਸਤਿ ਮਾਰਗ ਤੋਂ ਸਾਰੇ ਗਏ ਰਿਸ, ਰਸਨਾ ਜਿਹਵਾ ਹੋਈ ਹਲਕਾਈਆ । ਮੈਂ ਆਖ ਸੁਣਾਵਾਂ ਜਿਸ, ਮੇਰੀ ਸੁਣਨ ਕੋਇ ਨਾ ਪਾਈਆ । ਮੈਂ ਉਭੇ ਸਾਹ ਰੋਵਾਂ ਫਿਸ, ਹੌਕਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਮਾਇਆ ਕਹੇ ਮੈਂ ਕੀ ਦੱਸਾਂ ਖੇਲ ਪ੍ਰਭੂ ਪ੍ਰਭ ਏਕ, ਏਕੰਕਾਰਾ ਕੀ ਸੁਣਾਈਆ । ਤੂੰ ਜੁਗ ਚੌਕੜੀ ਵੇਖੇ ਕੇਤਨ ਕੇਤ, ਕੇਤਨ ਕੇਤੀ ਧਿਆਨ ਲਗਾਈਆ । ਤੇਰੀ ਨਜ਼ਰੀ ਆਵਣ ਨੇਤਨ ਨੇਤ, ਨੇਰਨ ਨੇਰਾ ਸੋਭਾ ਪਾਈਆ । ਮੇਰਾ ਪਾਇਆ ਕਿਸੇ ਨਾ ਭੇਤ, ਭੇਵ ਕਹਿਣ ਕਿਛ ਨਾ ਪਾਈਆ । ਮੈਂ ਵਸਾਂ ਅਗੰਮੜੇ ਦੇਸ, ਸਚਖੰਡ ਸਾਚੇ ਸੋਭਾ ਪਾਈਆ । ਮਾਲਕ ਬਣ ਨਰੇਸ਼, ਨਰ ਨਰਾਇਣ ਨਾਉਂ ਧਰਾਈਆ । ਅਵਤਾਰ ਪੈਗੰਬਰ ਗੁਰੂ ਦੇ ਸੰਦੇਸ਼, ਸ਼ਬਦੀ ਕਲਮੇ ਨਾਮ ਸਮਝਾਈਆ । ਅੰਤ ਬਦਲੇ ਅਗੰਮਾ ਵੇਸ, ਅਵੱਲੜੀ ਕਾਰ ਕਮਾਈਆ । ਜਿਸ ਦੇ ਸਾਹਮਣੇ ਹੋਣਾ ਪੇਸ਼, ਪੇਸ਼ੀਨਗੋਈਆਂ ਤੈਨੂੰ ਦਏ ਵਖਾਈਆ । ਜਿਸ ਵਿਚ ਚਾਰ ਕੁੰਟ ਹੋਣਾ ਦਰਵੇਸ਼, ਬਿਨ ਅਲਫ਼ੀਆਂ ਅਲਖ ਜਗਾਈਆ । ਧਰਨੀ ਹੋਵੇ ਕਲੇਸ਼, ਕਲਕਾਤੀ ਰੋਵਣ ਮਾਰਨ ਧਾਈਆ । ਲੇਖਾ ਜਾਣੇ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਫੋਲ ਫੁਲਾਈਆ । ਜਿਸ ਝਗੜਾ ਮੇਟਣਾ ਮਲੇਛ, ਕੂੜ ਕੁੜਿਆਰਾ ਡੇਰਾ ਢਾਹੀਆ । ਉਹ ਦੇਵੇ ਅਗੰਮੜਾ ਸੰਦੇਸ਼, ਬਿਨ ਸਰਵਣਾਂ ਦਏ ਸੁਣਾਈਆ । ਜੋ ਪੁਰਖ ਅਕਾਲਾ ਰਹੇ ਹਮੇਸ਼, ਹਮ ਸਾਜਣ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਤ ਨਵਿਤ ਆਪਣਾ ਬਦਲੇ ਅਗੰਮਾ ਵੇਸ, ਭੇਖ ਭੇਖਾਧਾਰੀ ਆਪ ਬਦਲਾਈਆ ।



੧੪੬੬
੨੩

## ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਹੰਸ ਰਾਜ ਦੇ ਟੈਂਟ ਵਿਖੇ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ✪

ਮਾਇਆ ਕਹੇ ਪ੍ਰਭੂ ਮੇਰੇ ਕਰਤਿਆ, ਕਰਤਾਰ ਕੁਦਰਤ ਦੇ ਮਾਲਕ ਤੇਰੀ ਵਡਿਆਈਆ । ਤੂੰ ਨਿਰਗੁਣ ਧਾਰ ਆਇਆ ਪਰਤਿਆ, ਪਤਿਪਰਮੇਸ਼ਵਰ ਵੇਸ ਵਟਾਈਆ । ਭਾਗ ਲਗਾਇਆ ਉਪਰ ਧਰਤਿਆ, ਧਵਲ ਦਿਤੀ ਸੁਹਾਈਆ । ਤੇਰਾ ਖੇਲ ਹੋਵੇ ਸ਼ਰਤਿਆ, ਸ਼ਰਅ ਦੇਣੀ ਬਦਲਾਈਆ । ਮੇਰੇ ਸਵਾਮੀ ਸਾਚੇ ਅਰਸ਼ਿਆ, ਅਰਸ਼ੀ ਪ੍ਰੀਤਮ ਤੇਰੇ ਹੱਥ ਵਡਿਆਈਆ । ਮੇਰੇ ਮਾਲਕ ਖ਼ਾਲਕ ਫ਼ਰਸ਼ਿਆ, ਫ਼ਰਸ਼ ਵੇਖਣਾ ਚਾਈਂ ਚਾਈਆ । ਮੇਰੀ ਪੂਰੀ ਕਰ ਦੇਣੀ ਹਰਸਿਆ, ਹਵਸ ਦੇਣੀ ਗਵਾਈਆ । ਤੂੰ ਦੇਵਣ ਵਾਲਾ ਦਰਸਿਆ, ਦੀਦ ਦੇਣੀ ਚਮਕਾਈਆ । ਮੈਂ ਤੇਰੇ ਹੁਕਮ ਵਿਚ ਰਹਵਾਂ ਪਰਚਿਆ, ਪ੍ਰਾਚੀਨ ਦਾ ਲੇਖਾ ਝੋਲੀ ਪਾਈਆ । ਵਸਣਹਾਰੇ ਮੰਦਰ ਮਸਜਿਦ ਸ਼ਿਵਦੁਆਲੇ ਮਠ ਚਰਚਿਆ, ਚਰਾਗਾਹਾਂ ਤੇਰੀ ਸ਼ਰਨਾਈਆ ।

ਮੈਂ ਬਿਰਹੋਂ ਵਿਛੋੜੇ ਵਿਚ ਮਰਦੀ ਆਂ, ਮਰਦ ਮਰਦਾਨੇ ਹੋਣਾ ਆਪ ਸਹਾਈਆ । ਮੇਰਾ ਬਣਨਾ ਦਰਦੀਆ, ਦਰਦ ਲੈਣਾ ਵੰਡਾਈਆ । ਮੇਰੀਆਂ ਪਿਛਲੀਆਂ ਵੇਖ ਲੈ ਅਰਜ਼ੀਆਂ, ਜੁਗ ਚੌਕੜੀ ਤੇਰੇ ਅਗੇ ਰਖਾਈਆ । ਤੂੰ ਸਦਾ ਆਪਣੀਆਂ ਕਰੇਂ ਮਰਜੀਆਂ, ਮਾਲਕ ਹੋ ਕੇ ਹੁਕਮ ਵਰਤਾਈਆ । ਮੈਂ ਭਿਖਾਰਨ ਹੋਈ ਗ਼ਰਜ਼ੀਆ, ਗ਼ਰਜ਼ ਤੇਰੇ ਅਗੇ ਰਖਾਈਆ । ਤੇਰਾ ਖੇਲ ਹੋਵੇ ਅਸਚਰਜੀਆ, ਅਸਚਰਜ ਤੇਰੀ ਤੇਰੇ ਹੱਥ ਵਡਿਆਈਆ । ਸਭ ਦੀਆਂ ਪੁੱਠੀਆਂ ਕਰਨੀਆਂ ਨਰਦੀਆਂ, ਨਰ ਨਰੇਸ਼ਾਂ ਦੇਣਾ ਢਾਹੀਆ । ਸ਼ਰਅ ਦੀਆਂ ਵੇਖਣੀਆਂ ਕਰਦੀਆਂ, ਛੁਰੀ ਜਗਤ ਫੋਲ ਫੁਲਾਈਆ । ਮੈਂ ਮਿੰਨਤਾਂ ਹਾੜੇ ਕਰਦੀਆਂ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਤੇਰਾ ਢੋਲਾ ਪੜ੍ਹਦੀਆਂ, ਦੂਸਰ ਅਵਰ ਨਾ ਕੋਇ ਪੜ੍ਹਾਈਆ ।

## ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਪਰਕਾਸ਼ੋ ਦੇਵੀ ਦੇ ਗ੍ਰਿਹ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ



ਮਾਇਆ ਕਹੇ ਮੈਂ ਫਿਰਾਂ ਤੌਲੀ ਤੌਲੀ, ਤਲਬਾ ਸਾਰਿਆਂ ਮੰਗ ਮੰਗਾਈਆ । ਨਾਲ ਸੰਦੇਸ਼ਾ ਦੇਵਾਂ ਧਰਨੀ ਧਰਤ ਧੌਲੀ, ਧਵਲ ਦਿਆਂ ਜਣਾਈਆ । ਮੇਰੀ ਰੁਤ ਸੁਹੰਜਣੀ ਮੌਲੀ, ਪ੍ਰਭੂ ਦਿਤੀ ਮਾਣ ਵਡਿਆਈਆ । ਅਵਤਾਰ ਪੈਗੰਬਰ ਗੁਰੂਆਂ ਵੇਖਾਂ ਕਵਲੀ, ਕੌਲ ਇਕਰਾਰ ਨਾਲ ਮਿਲਾਈਆ । ਦੂਨੀ ਦੂਨੀ ਵੇਖਾਂ ਬਬਲੀ, ਦੀਨ ਦੀਨਾਂ ਫੋਲ ਫੁਲਾਈਆ । ਆਪ ਬਣ ਕੇ ਵੈਰਾਗਣ ਕਮਲੀ, ਭੱਜਾਂ ਵਾਹੋ ਦਾਹੀਆ । ਜਗਿਆਸੂਆਂ ਬੁੱਧੀ ਕਰਾਂ ਯਮਲੀ, ਯਾਦ ਪ੍ਰਭ ਦੀ ਦਿਆਂ ਭੁਲਾਈਆ । ਮੇਰੀ ਖੇਲ ਜਾਣੇ ਕਾਹਨਾ ਸਵਲੀ, ਕ੍ਰਿਸ਼ਨ ਰੰਗ ਰੰਗਾਈਆ । ਮੈਂ ਬਾਹੂ ਬਲ ਵੇਖਾਂ ਡੌਲੀਂ, ਸੂਰਬੀਰਾਂ ਦਿਆਂ ਹਿਲਾਈਆ । ਮੇਰੀ ਖੇਲ ਜਾਣੇ ਕੋਈ ਨਾ ਗਭਲੀ, ਕੀ ਭੀਤਰ ਹੁਕਮ ਵਰਤਾਈਆ । ਮੈਂ ਭੱਜੀ ਫਿਰਦੀ ਕੂੜ ਕੁੜਿਆਰੀ ਮਧ ਲਈ, ਰਸ ਦੀਨ ਦੂਨੀ ਪਿਆਈਆ । ਮੈਨੂੰ ਪੁਰਖ ਅਕਾਲੇ ਚਰਨਾਂ ਵਿਚ ਸੱਦ ਲਈ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਪਿਆਰ ਵਿਚ ਬੱਝ ਗਈ, ਬੰਧਨ ਸਕੇ ਨਾ ਕੋਇ ਤੁੜਾਈਆ । ਮੈਂ ਚਾਰੋਂ ਕੁੰਟ ਭੱਜ ਲਈ, ਨੱਸੀ ਵਾਹੋ ਦਾਹੀਆ । ਮੈਂ ਜਗਤ ਜਹਾਨ ਵੇਖ ਹੱਦ ਲਈ, ਦੀਨਾਂ ਮਜ਼ਬਾਂ ਫੋਲ ਫੁਲਾਈਆ । ਮੈਂ ਨਿਰਗੁਣ ਜੋਤ ਲੱਭ ਲਈ, ਲਬਾਂ ਤੋਂ ਹੱਸ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਮਾਇਆ ਕਹੇ ਮੈਂ ਆਪਾ ਰਹੀ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਕੀ ਖੇਲ ਕਰੇ ਮੇਰਾ ਕਰਤਾਰ, ਕੁਦਰਤ ਦਾ ਕਾਦਰ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਾਹੋ ਦਾਹੀਆ । ਉਹ ਲਹਿਣੇ ਦੇਣੇ ਰਿਹਾ ਨਿਵਾਰ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਮੈਂ ਉਸ ਦਾ ਕਰਾਂ ਦੀਦਾਰ, ਸਨਮੁਖ ਹੋ ਕੇ ਦਰਸ਼ਨ ਪਾਈਆ । ਨਿਵ ਨਿਵ ਕਰਾਂ ਨਿਮਸਕਾਰ, ਧੂੜੀ ਖ਼ਾਕ ਰਮਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਤੇਰੀ ਬੇਪਰਵਾਹੀਆ । ਚਾਰੋਂ ਕੁੰਟ ਵੇਖ ਲੈ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਭਰਮੇ ਭੁਲਿਆ ਨਾਰੀ ਨਾਰ, ਨਰ ਨਰਾਇਣ ਤੇਰਾ ਦਰਸ ਕੋਇ ਨਾ ਪਾਈਆ । ਕੂੜ ਕੁੜਿਆਰ ਬਣਿਆ ਆਹਾਰ, ਵਿਭਚਾਰ ਕਰੇ ਲੋਕਾਈਆ । ਤਨ ਮਮਤਾ ਪਹਿਣ ਸ਼ਿੰਗਾਰ, ਹਉਮੇ ਹੰਗਤਾ ਗੜ੍ਹ

ਸੁਹਾਈਆ । ਮਾਇਆ ਕਹੇ ਮੈਂ ਵੇਖਾਂ ਵਿਗਸਾਂ ਪਾਵਾਂ ਸਾਰ, ਬਿਨ ਨੈਣਾਂ ਨੈਣ ਉਠਾਈਆ । ਮੈਨੂੰ ਇਉਂ ਜਾਪਦਾ ਇਹ ਖੇਲ ਦਿਹਾੜੀ ਦੋ ਕਿ ਚਾਰ, ਚਾਰੋਂ ਕੁੰਟ ਨਜ਼ਰੀ ਆਈਆ । ਉਧਰ ਇਸ਼ਾਰਾ ਦੇਵੇ ਮੁਹੰਮਦ ਚਾਰ ਯਾਰ, ਉਮਤ ਉਮਤੀ ਨਾਲ ਮਿਲਾਈਆ । ਉਧਰ ਸਤਿਗੁਰ ਸ਼ਬਦ ਹੋਵੇ ਤਿਆਰ, ਤ੍ਰੈਗੁਣ ਅਤੀਤਾ ਲਏ ਅੰਗੜਾਈਆ । ਉਧਰ ਅਵਤਾਰ ਪੈਗ਼ੰਬਰ ਗੁਰੂ ਰਹੇ ਪੁਕਾਰ, ਕੂਕ ਕੂਕ ਸੁਣਾਈਆ । ਉਧਰ ਧਰਨੀ ਕਹੇ ਪ੍ਰਭੂ ਮੇਰਾ ਹੌਲਾ ਕਰਦੇ ਭਾਰ, ਪਤਤ ਪਾਪੀਆਂ ਕਰ ਸਫ਼ਾਈਆ । ਉਧਰ ਕਲਜੁਗ ਕਹੇ ਮੇਰਾ ਮੇਟ ਦੇ ਅੰਧ ਅੰਧਿਆਰ, ਅਗਿਆਨ ਅੰਧੇਰਾ ਦੇ ਚੁਕਾਈਆ । ਉਧਰ ਸਤਿਜੁਗ ਕਹੇ ਮੇਰਾ ਮਾਤਲੋਕ ਕਰ ਉਜਿਆਰ, ਚਾਰ ਕੁੰਟ ਕਰਾਂ ਰੁਸ਼ਨਾਈਆ । ਉਧਰੋਂ ਧਰਮ ਕਹੇ ਮੇਰੀ ਸਤਿ ਦੀ ਕਰ ਬਹਾਰ, ਪੱਤ ਟਹਿਣੀ ਆਪ ਮਹਿਕਾਈਆ । ਮਾਇਆ ਕਹੇ ਮੈਂ ਨਿਵ ਨਿਵ ਕਰਾਂ ਨਿਮਸਕਾਰ, ਧੂੜੀ ਚਰਨਾਂ ਖ਼ਾਕ ਰਮਾਈਆ । ਕਿਰਪਾ ਕਰ ਮੇਰੇ ਗਿਰਵਰ ਗਿਰਧਾਰ, ਗਹਿਰ ਗੰਭੀਰ ਤੇਰੇ ਹੱਥ ਵਡਿਆਈਆ । ਮੇਰੀ ਆਸਾ ਮਨਸਾ ਪੂਰੀ ਕਰ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਮੈਂ ਖ਼ੁਸ਼ੀਆਂ ਵਿਚ ਬਣਾਂ ਨਾਚਾਰ, ਦਰ ਠਾਂਡੇ ਨੱਚਾਂ ਕੁੱਦਾਂ ਚਾਈਂ ਚਾਈਂਆ । ਤੂੰ ਬਖ਼ਸ਼ਣਹਾਰ ਮੇਰਾ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਖ਼ੁਸ਼ੀਆਂ ਵਾਲੀ ਹੋਏ ਬਹਾਰ, ਬਿਹਬਲ ਹੋ ਕੇ ਤੇਰੇ ਅਗੇ ਰਹੀ ਸੁਣਾਈਆ ।

੧੪੬੮ ੨੩ ## ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਗਿਆਨ ਚੰਦ ਦੇ ਗ੍ਰਿਹ ਮਨਵਾਲ ਕੈਂਪ ਜ਼ਿਲਾ ਜੰਮੂ ੧੪੬੮ ੨੩

ਮਾਇਆ ਕਹੇ ਮੈਥੋਂ ਸਾਰੇ ਮੰਗਦੇ ਮੰਗਾ, ਮਾਂਗਤ ਹੋ ਕੇ ਧਿਆਨ ਲਗਾਈਆ । ਮੈਂ ਹੁਕਮ ਚਾਹੁੰਦੀ ਸੂਰੇ ਸਰਬੰਗਾ, ਕੀ ਕਰਤਾ ਦਏ ਦ੍ਰਿੜਾਈਆ । ਫੇਰ ਘਰ ਘਰ ਚਾੜ੍ਹਾਂਗੀ ਰੰਗਾ, ਨਵ ਸੱਤ ਵੇਖ ਵਖਾਈਆ । ਜਗਤ ਵਜਾਵਾਂ ਅਗੰਮ ਮਰਦੰਗਾ, ਤਾਲ ਆਪਣਾ ਦਿਆਂ ਸੁਣਾਈਆ । ਫੜ ਉਠਾਵਾਂ ਭੁੱਖਾ ਨੰਗਾ, ਸ਼ਾਹ ਸ਼ਹਾਨਾ ਨਾਲ ਮਿਲਾਈਆ । ਮੇਰਾ ਖੇਲ ਸਭ ਨੂੰ ਲੱਗੇ ਚੰਗਾ, ਚੰਗੀ ਤਰਾ ਜਣਾਈਆ । ਨੈਣ ਉਠਾਵੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਅੱਠ ਸੱਠ ਨਾਲ ਮਿਲਾਈਆ । ਲਹਿਣਾ ਦੇਣਾ ਤੱਕਾਂ ਤਤ ਪੰਜਾ, ਪੰਚਾਂ ਸ਼ਬਦਾਂ ਸ਼ਬਦ ਸ਼ਨਵਾਈਆ । ਵੇਖ ਖੇਲ ਅੱਖਰ ਬਵਿੰਜਾ, ਬਾਵਨ ਧਾਰ ਭੇਵ ਚੁਕਾਈਆ । ਮੇਰਾ ਲਹਿਣਾ ਦੇਣਾ ਦੀਨ ਦੁਨੀ ਨਾਲ ਸੰਦਾ, ਸਨਦ ਪਿਛਲੀ ਦਿਆਂ ਵਖਾਈਆ । ਕਲਜੁਗ ਅੰਤਮ ਤੱਕਾਂ ਕੰਢਾ, ਕੰਢੀ ਬੈਠੀ ਧਿਆਨ ਲਗਾਈਆ । ਨਿਰਗੁਣ ਧਾਰ ਵੇਖਾਂ ਖੰਡਾ, ਖੜਗਾਂ ਬਾਹਰ ਅੱਖ ਉਠਾਈਆ । ਜਗਤ ਵਿਦਿਆ ਤੱਕਾਂ ਪੰਡਾ, ਮੁੱਲਾ ਸ਼ੇਖ਼ਾਂ ਫੋਲ ਫੁਲਾਈਆ । ਦੀਨ ਦੁਨੀ ਦਾ ਅੰਤਸ਼ਕਰਨ ਤੱਕਾਂ ਰੰਡਾ, ਬੇਵਾ ਦਿਸੇ ਲੋਕਾਈਆ । ਮੇਰਾ ਸਫ਼ਰ ਨਹੀਂ ਕੋਈ ਲੰਬਾ, ਲੰਮਹ ਲੰਮਹ ਵੇਖ ਵਖਾਈਆ । ਪ੍ਰਭੂ ਦੇ ਹੁਕਮ ਵਿਚ ਮੈਂ ਕੰਬਾ, ਥਰਥਰਾਹਟ ਵਿਚ ਦੁਹਾਈਆ । ਮੈਂ ਸਾਹਿਬ ਦੇ ਨਾਮ ਦਾ ਕਿਸੇ ਨੂੰ ਲੈਣ ਨਹੀਂ ਦੇਣਾ ਚੰਦਾ, ਚੰਦ ਚਾਂਦਨੀ ਵੇਖਾਂ ਚਾਈਂ ਚਾਈਂਆ । ਮਾਨਸ ਮਾਨਵ ਮਾਨੁਖ ਧਰਨੀ ਉਤੇ ਰਹਿਣ ਦੇਣਾ ਨਹੀਂ ਕੋਈ ਗੰਦਾ, ਕੂੜ ਕੁੜਿਆਰਾ ਡੇਰਾ ਢਾਹੀਆ । ਚੁਰਾਸੀ ਵਿਚੋਂ ਬੰਦਗੀ ਵਾਲਾ ਵੇਖਾਂ ਬੰਦਾ, ਹਰਿਜਨ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਮਾਇਆ ਕਹੇ ਮੈਂ ਜਗਤ ਤੱਕਦੀ ਧਾਰਾ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਪਾਵਾਂ ਸਾਰਾ, ਪ੍ਰਿਥਮ ਇਕੋ ਪੁਰਖ ਅਕਾਲ ਧਿਆਈਆ । ਦੂਜਾ ਸਤਿਗੁਰ ਸ਼ਬਦ ਕਰ ਪਿਆਰਾ, ਪ੍ਰੇਮ ਪ੍ਰੀਤੀ ਵਿਚ ਸੀਸ ਨਿਵਾਈਆ । ਨੈਣੀਂ ਤੱਕ ਕੇ ਸਚਖੰਡ ਦਵਾਰਾ, ਬੰਕ ਦਵਾਰੀ ਵੇਖਾਂ ਚਾਈਂ ਚਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਇਸ਼ਾਰਾ, ਬਿਨ ਅੱਖ ਸੈਨਤ ਦਿਆਂ ਲਗਾਈਆ । ਸੰਦੇਸ਼ਾ ਦੇ ਪੈਗ਼ੰਬਰ ਗੁਰ ਅਵਤਾਰਾ, ਆਪਣੀ ਕਾਰ ਕਮਾਈਆ । ਆਓ ਵੇਖੋ ਦੀਨ ਦੁਨੀ ਚਾਰੋਂ ਕੁੰਟ ਨੈਣ ਉਘਾੜਾ, ਉੱਤਰ ਪੂਰਬ ਪੱਛਮ ਦੱਖਣ ਪਰਦਾ ਜਗਤ ਉਠਾਈਆ । ਧਰਨੀ ਵਖਾਵਾਂ ਰੋਂਦੀ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਸਤਿ ਸਚ ਦਾ ਰਹੇ ਨਾ ਕੋਈ ਦਵਾਰਾ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਚਾਰ ਕੁੰਟ ਲੋਭ ਮੋਹ ਹੰਕਾਰ ਵਿਕਾਰਾ, ਮਾਇਆ ਮਮਤਾ ਹੋਈ ਹਲਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰੇ ਨਾ ਕੋਇ ਪਿਆਰਾ, ਪ੍ਰੀਤਮ ਮਿਲ ਕੇ ਵੱਜੇ ਨਾ ਕੋਇ ਵਧਾਈਆ । ਨਾਦ ਸ਼ਬਦ ਸੁਣੇ ਨਾ ਕੋਇ ਧੁਨਕਾਰਾ, ਆਤਮਕ ਰਾਗ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਮਿਲੇ ਨਾ ਕੋਈ ਠੰਡਾ ਠਾਰਾ, ਬੂੰਦ ਸਵਾਂਤੀ ਕਵਲ ਨਾਭ ਨਾ ਕੋਇ ਉਲਟਾਈਆ । ਸਾਜਣ ਮੀਤ ਪ੍ਰਭੂ ਮਿਲੇ ਨਾ ਪ੍ਰੀਤਮ ਪਿਆਰਾ, ਪਾਰਬ੍ਰਹਮ ਦਰਸ ਕੋਇ ਨਾ ਪਾਈਆ । ਆਪਣਿਆਂ ਸਿੱਖਾਂ ਮੁਰੀਦਾਂ ਮੁਰਸ਼ਦੋ ਦਿਓ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਾਚਾ ਰੰਗ ਰੰਗਾਈਆ । ਮਾਇਆ ਕਹੇ ਮੈਂ ਰੰਗਾਵਾਂ ਰੰਗ ਚਲੂਲ, ਅਨਦ੍ਰਿਸ਼ਟ ਦਿਆਂ ਸਮਝਾਈਆ । ਧਰਮ ਦੀ ਧਾਰ ਦੱਸਾਂ ਅਸੂਲ, ਅਸਲ ਅਸਲ ਵਿਚੋਂ ਪਰਗਟਾਈਆ । ਧੁਰ ਦਾ ਹੁਕਮ ਜਾਏ ਕੋਈ ਨਾ ਭੂਲ, ਭੁੱਲਿਆਂ ਦਿਆਂ ਦ੍ਰਿੜਾਈਆ । ਖ਼ੁਦ ਖ਼ੁਦਾ ਦਾ ਹੁਕਮ ਵਰਤਣਾ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਖੇਲ ਕਰੇ ਮਾਲਕ ਸਵਾਮੀ ਕੰਤ ਕੰਤੂਹਲ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਸਚ ਪੰਘੂੜਾ ਮੈਂ ਦੋ ਜਹਾਨਾਂ ਰਹੀ ਝੂਲ, ਝੂਲੇ ਦੇਵੇ ਥਾਉਂ ਥਾਈਆ । ਓਸ ਦੇ ਚਰਨਾਂ ਮਸਤਕ ਲਾਵਾਂ ਧੂਲ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਹ ਲੇਖੇ ਲਹਿਣੇ ਜਾਣੇ ਸ਼ੰਕਰ ਵਾਲੀ ਤ੍ਰਿਸੂਲ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਧੁਰ ਦਾ ਹੁਕਮ ਹੁਕਮ ਵਿਚੋਂ ਵਰਤਾਈਆ ।



੧੪੬੯
੨੩

### ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਖੋਜੂ ਰਾਮ ਦੇ ਟੈਂਟ ਵਿਚ ਮਨਵਾਲ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਬਖ਼ਸ਼ੇ ਸਚ ਧਰਵਾਸ, ਸ਼ਬਦ ਧਾਰ ਸਰਨਾਈਆ । ਅੰਤਰ ਨਿਰੰਤਰ ਦੇ ਵਿਸ਼ਵਾਸ, ਵਿਸ਼ਵ ਦਾ ਭੇਵ ਚੁਕਾਈਆ । ਲੇਖੇ ਲਾ ਸਵਾਸ ਸਵਾਸ, ਪਵਣ ਪਵਣਾਂ ਨਾਲ ਮਿਲਾਈਆ । ਮਾਨਸ ਜਨਮ ਕਰੇ ਰਾਸ, ਸਿਰ ਆਪਣਾ ਹੱਥ ਟਿਕਾਈਆ । ਪੰਧ ਮੁਕਾ ਕੇ ਜ਼ਿਮੀਂ ਆਕਾਸ਼, ਗਗਨ ਗਗਨੰਤਰਾਂ ਲੇਖਾ ਦਏ ਚੁਕਾਈਆ । ਹਰਿਜਨ ਰੱਖੇ ਦਾਸ, ਸੇਵਕ ਸੇਵਾ ਰੂਪ ਵਟਾਈਆ । ਕਾਇਆ ਘਰ ਮੰਡਲ ਪਾਵੇ ਰਾਸ, ਆਤਮ ਪਰਮਾਤਮ ਗੋਪੀ ਕਾਹਨ ਨਚਾਈਆ । ਸਦਾ ਸੁਹੇਲਾ ਰੱਖੇ ਪਾਸ, ਵਿਛੜ ਕਦੇ ਨਾ ਜਾਈਆ । ਸਚ ਦਵਾਰਾ ਏਕੰਕਾਰਾ ਸਚਖੰਡ ਬਖ਼ਸ਼ ਨਿਵਾਸ,

ਜੋਤੀ ਜਾਤਾ ਪੁਰਖ ਬਿਧਾਤਾ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਿਹਿ ਸਾਚਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰੀ ਧਰਮ ਧਾਰ ਦੀ ਮੇਖ, ਮੁਕਤੀ ਚਰਨਾਂ ਹੇਠ ਦਬਾਈਆ । ਜਨ ਭਗਤਾਂ ਦੇਵਣਹਾਰ ਸੰਤੋਖ, ਸਤਿ ਸਤਿ ਵਿਚ ਸਮਾਈਆ । ਨਾ ਹਰਖ ਨਾ ਸੋਗ, ਚਿੰਤਾ ਗ਼ਮ ਨਾ ਕੋਇ ਜਣਾਈਆ । ਮਾਨਵ ਮਾਨਸ ਮਾਨੁਖ ਧਰਨੀ ਧਰਤ ਧਵਲ ਧੌਲ ਚੁਗਦੇ ਚੋਗ, ਰਸਨਾ ਜਿਹਵਾ ਰਸ ਚਖਾਈਆ । ਆਪਣੀ ਆਪਣੀ ਆਯੂ ਸਾਰੇ ਭੋਗ, ਚਲਣ ਵਾਹੋ ਦਾਹੀਆ । ਕੋਟਾਂ ਵਿਚੋਂ ਜਨ ਭਗਤ ਸੁਹੇਲਿਆਂ ਹੁੰਦਾ ਸੰਯੋਗ, ਪੁਰਖ ਬਿਧਾਤਾ ਆਪਣਾ ਮੇਲ ਮਿਲਾਈਆ । ਆਵਣ ਜਾਵਣ ਕੱਟੇ ਰੋਗ, ਚੁਰਾਸੀ ਲੇਖਾ ਦਏ ਚੁਕਾਈਆ । ਸਚ ਦਵਾਰ ਬਖ਼ਸ਼ ਕੇ ਮੌਜ, ਚਰਨ ਕਵਲ ਦਏ ਸਰਨਾਈਆ । ਦੂਜੀ ਕਰਨੀ ਪਏ ਨਾ ਖੋਜ, ਖੋਜੂ ਕਰਮ ਕਾਂਡ ਦਾ ਡੇਰਾ ਢਾਹੀਆ । ਸਤਿ ਸਚ ਦਾ ਬਖ਼ਸ਼ ਕੇ ਜੋਗ, ਜੁਗਤੀ ਇਕੋ ਇਕ ਵਖਾਈਆ । ਦੇਂਦਾ ਰਹੇ ਦਰਸ ਅਮੋਘ, ਵੱਡਿਆਂ ਛੋਟਿਆਂ ਹੋਏ ਸਹਾਈਆ । ਆਪਣੇ ਕੰਧ ਉਠਾਏ ਤੁਹਾਡਾ ਬੋਝ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਤੁਹਾਡੇ ਅੰਤਸ਼ਕਰਨ ਵਿਚੋਂ ਕੱਢ ਕੇ ਸੋਚ, ਸਮਝ ਸਮਝ ਨਾਲ ਬਦਲਾਈਆ । ਤੁਹਾਡੀ ਆਸ਼ਾ ਮਨਸਾ ਪੂਰੀ ਕਰ ਕੇ ਲੋਚ, ਲੋਚਨ ਨੈਣ ਦਏ ਵਖਾਈਆ । ਆਤਮ ਪਰਮਾਤਮ ਮੇਲ ਮਿਲਾਏ ਅਗੰਮੀ ਗੋਤ, ਦਰ ਠਾਂਡੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾ ਕੇ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਏਕਾ ਘਰ ਦਏ ਵਡਿਆਈਆ ।


੧੪੭੦
੨੩

✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਬਲਵਿੰਦਰ ਸਿੰਘ ਦੇ ਟੈਂਟ ਵਿਚ ਮਨਵਾਲ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਮੇਰੇ ਨਿਰੰਕਾਰ, ਨਿਰਵੈਰ ਨਿਰਾਕਾਰ ਤੇਰੀ ਓਟ ਤਕਾਈਆ । ਮੈਂ ਨਿਮਾਣੀ ਸੁਣ ਪੁਕਾਰ, ਕੋਝੀ ਕਮਲੀ ਕੂਕ ਕੂਕ ਸੁਣਾਈਆ । ਪੁਰਖ ਬਿਧਾਤੇ ਪਾ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਸਚਖੰਡ ਤੇਰੇ ਅਲਖ ਜਗਾਈਆ । ਮੇਰੇ ਉਤੇ ਹੋਇਆ ਧੁੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਸਤਿ ਸਚ ਨਾ ਕੋਇ ਉਜਿਆਰ, ਧਰਮ ਬੈਠਾ ਮੁਖ ਛੁਪਾਈਆ । ਤੇਰੀ ਸ੍ਰਿਸ਼ਟੀ ਕਰੇ ਵਿਭਚਾਰ, ਕੁਕਰਮਾਂ ਵਿਚ ਲੋਕਾਈਆ । ਸ਼ਬਦ ਸੁਣੇ ਨਾ ਕੋਈ ਤੇਰੀ ਧੁਨਕਾਰ, ਅਨਹਦ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਮਿਲੇ ਨਾ ਠੰਡਾ ਠਾਰ, ਬੂੰਦ ਸਵਾਂਤੀ ਨਾ ਕੋਇ ਟਪਕਾਈਆ । ਜੋਤੀ ਜਾਤੇ ਤੇਰਾ ਨੂਰ ਹੋਏ ਕੋਈ ਨਾ ਜ਼ਾਹਰ, ਜ਼ਾਹਰ ਜ਼ਹੂਰ ਤੇਰਾ ਦਰਸ ਕੋਇ ਨਾ ਪਾਈਆ । ਮੇਰੀ ਕਲਜੁਗ ਸੁਣ ਪੁਕਾਰ, ਕੂਕ ਕੂਕ ਦਿਆਂ ਸੁਣਾਈਆ । ਮੇਰੇ ਉਤੋਂ ਲਾਹ ਦੇ ਭਾਰ, ਪਾਪਾਂ ਕਰ ਸਫ਼ਾਈਆ । ਜਗਤ ਜਗਿਆਸੂਆਂ ਦੁਰਮਤ ਮੈਲ ਉਤਾਰ, ਨਿਰੰਤਰ ਅੰਤਰ ਦੇ ਵਡਿਆਈਆ । ਆਪਣਾ ਮਾਰਗ ਬਖ਼ਸ਼ ਸੁਖਾਲ, ਰਹਿਬਰ ਹੋ ਕੇ ਵੇਖ ਵਖਾਈਆ । ਮੇਰੇ ਮਾਲਕ ਖ਼ਾਲਕ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਮੈਂ ਸਦੀ ਚੌਧਵੀਂ ਹੋਈ ਬੇਹਾਲ, ਬੀਸ ਬੀਸੇ ਤੇਰੀ ਓਟ ਤਕਾਈਆ । ਤੂੰ ਯੋਧਾ ਸੂਰਬੀਰ ਆਦਿ ਜੁਗਾਦੀ ਨੌਜਵਾਨ, ਨੂਰ ਨੁਰਾਨਾ ਇਕ ਅਖਵਾਈਆ । ਕਿਰਪਾ ਕਰ ਮੇਰੇ ਭਗਵਾਨ, ਭਗਵਨ ਤੇਰਾ ਰਾਹ ਤਕਾਈਆ ।

ਕੂੜ ਕੁਕਰਮ ਮੇਟ ਨਿਸ਼ਾਨ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਆਤਮ ਬ੍ਰਹਮ ਦੇ ਗਿਆਨ, ਸ੍ਰਿਸ਼ਟੀ ਦ੍ਰਿਸ਼ਟੀ ਦੇ ਸਮਝਾਈਆ । ਤੂੰ ਸਭ ਦਾ ਨਜ਼ਰੀ ਆਏਂ ਰਾਮ, ਕਾਹਨ ਕਾਹਨਾ ਇਕੋ ਰੂਪ ਦਰਸਾਈਆ । ਤੂੰ ਪੀਰਾਂ ਦਾ ਪੀਰ ਅਗੰਮ ਅਮਾਮ, ਨਬੀਆਂ ਰਸੂਲਾਂ ਪੜਦਾ ਆਪ ਚੁਕਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਵਡ ਵਡਿਆਈਆ । ਤੂੰ ਦੋ ਜਹਾਨਾਂ ਰਾਜ ਰਾਜਾਨ, ਪੁਰੀ ਲੋਅ ਬ੍ਰਹਿਮੰਡ ਖੰਡ ਤੇਰੀ ਚਲਣ ਹੁਕਮ ਰਜ਼ਾਈਆ । ਧਰਨੀ ਕਹੇ ਧਰਤ ਧਵਲ ਮੈਂ ਨਿਮਾਣੀ ਧੌਲ ਤੂੰ ਪ੍ਰਭੂ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨ, ਛੁਰੀ ਵੇਖ ਜਗਤ ਕਸਾਈਆ । ਕਲਜੁਗ ਜੀਵਾਂ ਤੋੜ ਮਾਣ ਅਭਿਮਾਣ, ਹੰਗਤਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਢੋਲਾ ਗਾਣ, ਪਾਰਬ੍ਰਹਮ ਬ੍ਰਹਮ ਮਿਲ ਮਿਲ ਕੇ ਵੱਜੇ ਵਧਾਈਆ । ਤੇਰਾ ਇਸ਼ਟ ਗੁਰਦੇਵ ਸਵਾਮੀ ਇਕ ਮਨਾਣ , ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਪ੍ਰੀਤਮ ਦੇ ਦੇ ਆਪਣਾ ਦਾਨ, ਦਇਆਵਾਨ ਮੇਰੀ ਖ਼ਾਲੀ ਝੋਲੀ ਦੇਣੀ ਭਰਾਈਆ ।

### ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਗਿਆਨ ਸਿੰਘ ਦੇ ਟੈਂਟ ਵਿਖੇ ਮਨਵਾਲ ਕੈਂਪ ਜ਼ਿਲਾ ਜੰਮੂ ✪

ਕਲਜੁਗ ਕਹੇ ਧਰਨੀਏ ਪ੍ਰਭ ਅਗੇ ਨਾ ਕਰ ਪੁਕਾਰ, ਬਿਹਬਲ ਹੋ ਨਾ ਦੇ ਦੁਹਾਈਆ । ਮੇਰਾ ਵਕਤ ਸੁਹੰਜਣਾ ਵਿਚ ਸੰਸਾਰ, ਚਾਰੋਂ ਕੁੰਟ ਵੇਖ ਧਿਆਨ ਲਗਾਈਆ । ਮੈਂ ਸੰਦੇਸ਼ਾ ਦੇਵਾਂ ਵਾਰੋ ਵਾਰ, ਗ੍ਰਿਹਿ ਗ੍ਰਿਹਿ ਰਿਹਾ ਸੁਣਾਈਆ । ਕਲਜੁਗ ਜੀਵਾਂ ਕਰਕੇ ਖ਼ਬਰਦਾਰ, ਸੁੱਤਿਆਂ ਲਿਆ ਉਠਾਈਆ । ਕੂੜ ਕੁੜਿਆਰਾ ਚਾੜ੍ਹ ਖ਼ੁਮਾਰ, ਮਸਤੀ ਦਿਤੀ ਵਖਾਈਆ । ਕਾਮ ਕਰੋਧ ਲੋਭ ਮੋਹ ਬਖ਼ਸ਼ ਹੰਕਾਰ, ਹੰਗਤਾ ਸੰਗ ਰਲਾਈਆ । ਸਤਿ ਧਰਮ ਦਾ ਰਹਿਣ ਨਹੀਂ ਦਿਤਾ ਵਿਚਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਣ ਰਿਹਾ ਨਾ ਕਿਸੇ ਧਰਮ ਦਵਾਰ, ਸਾਰੇ ਦੇਣ ਦੁਹਾਈਆ । ਅੱਠ ਸੱਠ ਰੋਵਣ ਧਾਹਾਂ ਮਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਇਹ ਖੇਲ ਮੇਰਾ ਤੱਕ ਅਪਰ ਅਪਾਰ, ਅਪਰੰਪਰ ਸਵਾਮੀ ਦਿਤੀ ਵਡਿਆਈਆ । ਮੈਂ ਲਹਿਣਾ ਦੇਣਾ ਜਾਣਾ ਜਗਤ ਜੀਵਾਂ ਪਾਵਾਂ ਸਾਰ, ਮਹਾਂਸਾਰਥੀ ਹੋ ਕੇ ਵੇਖ ਵਖਾਈਆ । ਮੇਰੀ ਚਾਰੋਂ ਤਰਫ਼ ਖਿਲੀ ਗੁਲਜ਼ਾਰ, ਮਹਿਕ ਮਮਤਾ ਵਾਲੀ ਮਹਿਕਾਈਆ । ਵਿਭਚਾਰੀ ਕਰਕੇ ਪੁਰਖ ਨਾਰ, ਵੇਖਾਂ ਚਾਈਂ ਚਾਈਂਆ । ਕਿਸੇ ਨਜ਼ਰ ਨਾ ਆਏ ਹਰਿ ਕਰਤਾਰ, ਕਰਤਾ ਪੁਰਖ ਮਿਲਣ ਕੋਇ ਨਾ ਪਾਈਆ । ਮੈਂ ਭੇਵ ਚੁਕਾਇਆ ਤੇਈ ਅਵਤਾਰ, ਹਜ਼ਰਤ ਈਸਾ ਮੂਸਾ ਮੁਹੰਮਦ ਖੇਲ ਖਿਲਾਈਆ । ਗੁਰੂਆਂ ਦੱਸ ਆਪਣੀ ਤਕਰਾਰ, ਬਹਿਰਹਾਲ ਆਪਣਾ ਭੇਵ ਖੁਲਾਈਆ । ਮੈਂ ਨੌਂ ਖੰਡ ਪ੍ਰਿਥਮੀ ਸਭ ਦਾ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਕੋਈ ਨਾ ਮੇਰੇ ਹੁਕਮ ਤੋਂ ਚਲੇ ਬਾਹਰ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਸਭ ਦਾ ਪੀਰ ਜ਼ਾਹਰ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਮੇਰੀ ਸਭ ਤੋਂ ਵੱਖਰੀ ਗੁਫ਼ਤਾਰ, ਗੁਫ਼ਤ ਸ਼ਨੀਦ ਕਰਾਂ ਪੜ੍ਹਾਈਆ । ਮੇਰੀ ਖ਼ਾਹਿਸ਼ ਦੇ ਤਲਬਗਾਰ, ਦੀਨ ਦੁਨੀ ਵਾਲੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਸਾਚਾ ਸੰਗ ਨਿਭਾਈਆ । ਕਲਜੁਗ ਕਹੇ ਧਰਨੀਏ ਨਾ ਮਾਰ ਪ੍ਰਭੂ ਨੂੰ

ਕੂਕਾਂ, ਕੂਕ ਕੂਕ ਸੁਣਾਈਆ । ਮੈਂ ਖ਼ੁਸ਼ੀਆਂ ਵਿਚ ਤੇਰੀ ਸਤਿ ਧਰਮ ਦੀ ਧਾਰ ਨੂੰ ਫੂਕਾਂ, ਅਗਨੀ ਤਤ ਲਗਾਈਆ । ਮੇਰਾ ਖੇਲ ਵੇਖ ਲੈ ਵਿਚ ਪੰਜ ਭੂਤਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਧਿਆਨ ਲਗਾਈਆ । ਮੈਂ ਖ਼ਾਲੀ ਰਹਿਣ ਦਿਤਾ ਨਹੀਂ ਕੋਈ ਕੂਚਾ, ਗਲੀ ਗਲੀ ਭੱਜਾਂ ਵਾਹੋ ਦਾਹੀਆ । ਜਗਿਆਸੂ ਦਿਸੇ ਕੋਈ ਨਾ ਸੁਚਾ, ਕੂੜ ਕੁੜਿਆਰਾ ਰੰਗ ਰੰਗਾਈਆ । ਪਿਆਰ ਮੁਹੱਬਤ ਨਾਤਾ ਰਹਿਣ ਦਿਤਾ ਨਹੀਂ ਕਿਸੇ ਗੁਰੂ ਦਾ, ਸੇਵਕ ਵਿਚ ਸੇਵਾ ਭਾਵਨਾ ਨਜ਼ਰ ਕੋਇ ਨਾ ਆਈਆ । ਹੁਣ ਮੇਰਾ ਖੇਲ ਤੱਕਣਾ ਸ਼ੁਰੂ ਦਾ, ਸ਼ਰਅ ਵਾਲਿਆਂ ਦਿਆਂ ਟਕਰਾਈਆ । ਧੁਰ ਦਾ ਹੁਕਮ ਕਦੇ ਨਾ ਮੁੜੂਗਾ, ਨਾ ਕੋਈ ਮੇਟੇ ਮੇਟ ਮਿਟਾਈਆ । ਕੂੜ ਕੁੜਿਆਰਾ ਬੇੜਾ ਸ਼ੌਹ ਦਰਿਆ ਰੁੜ੍ਹੂਗਾ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਨਾਦ ਅਨਾਦੀ ਮੰਤਰ ਏਕ ਫੁਰੂਗਾ, ਫੁਰਨੇ ਤੇਰੇ ਮੇਰੇ ਰਹਿਣ ਕੋਇ ਨਾ ਪਾਈਆ ।



✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਲਾਲ ਸਿੰਘ ਦੇ ਟੈਂਟ ਵਿਚ ਮਨਵਾਲ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਸ਼ਹਿਨਸ਼ਾਹ ਸੁਲਤਾਨਾ, ਸੋ ਪੁਰਖ ਨਿਰੰਜਣ ਤੇਰੀ ਸ਼ਰਨਾਈਆ । ਹਰਿ ਪੁਰਖ ਨਿਰੰਜਣ ਮੇਰੇ ਮਿਹਰਵਾਨਾ, ਏਕੰਕਾਰ ਤੇਰੀ ਵਡਿਆਈਆ । ਆਦਿ ਨਿਰੰਜਣ ਨੌਜਵਾਨਾ, ਅਬਿਨਾਸ਼ੀ ਕਰਤੇ ਹੋਣਾ ਸਹਾਈਆ । ਸ੍ਰੀ ਭਗਵਾਨ ਬਣ ਮਰਦ ਮਰਦਾਨਾ, ਪਾਰਬ੍ਰਹਮ ਮੇਰੀ ਦੇਣੀ ਪੈਜ ਰਖਾਈਆ । ਸ਼ਬਦ ਸਤਿਗੁਰ ਨੌਜਵਾਨਾ, ਤੇਰੀ ਧੂੜੀ ਖ਼ਾਕ ਰਮਾਈਆ । ਨਿਗਾਹ ਮਾਰ ਲੈ ਵਿਚ ਜਹਾਨਾ, ਚਾਰੇਂ ਕੁੰਟ ਅੱਖ ਉਠਾਈਆ । ਮੇਰਾ ਧਰਮ ਦਾ ਧਰਮ ਨਾ ਰਿਹਾ ਨਿਸ਼ਾਨਾ, ਸਚ ਬੈਠਾ ਮੁਖ ਛੁਪਾਈਆ । ਮੈਂ ਸੰਦੇਸ਼ੇ ਦਿਤੇ ਸੀਤਾ ਰਾਮਾ, ਕ੍ਰਿਸ਼ਨਾ ਕਾਹਨਾ ਆਖ ਜਣਾਈਆ । ਪੈਗ਼ੰਬਰਾਂ ਦਿਤੇ ਪੈਗ਼ਾਮਾ, ਸੰਦੇਸ਼ਿਆਂ ਵਿਚ ਜਣਾਈਆ । ਗੁਰੂ ਗੁਰਦੇਵਾ ਦੱਸਿਆ ਲੋਕਨਾਮਾ, ਭੇਵ ਅਭੇਦ ਖੁਲਾਈਆ । ਆਪਣੇ ਦੀਨਾਂ ਮਜ਼੍ਹਬਾਂ ਵੇਖੋ ਬੈਠੇ ਉਤੇ ਅਸਮਾਨਾ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ ਵੇਖ ਲੈ ਜਗਤ, ਜਗ ਜੀਵਣ ਦਾਤੇ ਧਿਆਨ ਲਗਾਈਆ । ਚਾਰੋਂ ਕੁੰਟ ਤੱਕ ਲੈ ਅਗੰਮੀ ਸ਼ਕਤ, ਨਿਰਭੈ ਪਰਦਾ ਆਪ ਚੁਕਾਈਆ । ਵਕਤ ਦੁਹੇਲਾ ਵੇਖ ਲੈ ਬੂੰਦ ਰਕਤ, ਸਚ ਵਿਚ ਨਾ ਕੋਇ ਸਮਾਈਆ । ਮੈਂ ਬੇਨੰਤੀ ਕਰਦੀ ਫ਼ਕਤ, ਫ਼ਿਕਰੇ ਢੋਲੇ ਰਹੀ ਸੁਣਾਈਆ । ਤੇਰਾ ਰਿਹਾ ਕੋਈ ਨਾ ਜਿਗਰੇ ਲਖਤ, ਪੂਤ ਸਪੂਤਾ ਨਜ਼ਰ ਕੋਇ ਨਾ ਆਈਆ । ਜਿਧਰ ਤੱਕਾਂ ਦੀਨਾਂ ਮਜ਼੍ਹਬਾਂ ਦਿਸੇ ਹਸਦ, ਮੁਹੱਬਤ ਵਿਚ ਨਾ ਕੋਇ ਸਮਾਈਆ । ਤੂੰ ਚੜ੍ਹ ਕੇ ਆ ਅਗੰਮੀ ਅਸਵ, ਸ਼ਾਹ ਸਵਾਰਾ ਫੇਰਾ ਪਾਈਆ । ਦੀਨ ਦੁਨੀ ਦਾ ਮੇਟ ਮੁਤੱਸਬ, ਮੁਤਲਾ ਕਰ ਕੇ ਸਭ ਨੂੰ ਦੇ ਸਮਝਾਈਆ । ਮੇਰੇ ਉਤੇ ਹੋਣ ਵਾਲਾ ਗ਼ਜ਼ਬ, ਮੈਂ ਹੈਰਾਨੀ ਵਿਚ ਰਹੀ ਸਮਝਾਈਆ । ਝਗੜਾ ਪੈਣਾ ਦੀਨ ਮਜ਼੍ਹਬ, ਚਾਰੋਂ ਕੁੰਟ ਲਏ ਅੰਗੜਾਈਆ । ਮੇਰੀ ਮਿਹਰਵਾਨਾ ਕਰ ਦੇ ਮਦਦ, ਸਿਰ ਮੇਰੇ ਹੱਥ ਟਿਕਾਈਆ । ਸਦੀ ਚੌਧਵੀਂ ਨਿਰਗੁਣ ਧਾਰ ਤੱਕਾਂ ਤਸ਼ੱਦਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਮੇਰੇ ਹੱਥ ਰਖਾਈਆ ।

✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਸਵਰਨ ਕੌਰ ਦੇ ਗ੍ਰਿਹ ਮਨਵਾਲ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਮੇਰੀ ਇਕ ਅਰਦਾਸ, ਬੇਨੰਤੀ ਵਿਚ ਜਣਾਈਆ । ਤੂੰ ਮੇਰਾ ਸ਼ਹਿਨਸ਼ਾਹੋ ਸ਼ਾਬਾਸ਼, ਪਾਤਸ਼ਾਹ ਬੇਪਰਵਾਹੀਆ । ਤੇਰਾ ਸਚਖੰਡ ਦਵਾਰ ਨਿਵਾਸ, ਥਿਰ ਘਰ ਤੇਰੇ ਚਰਨ ਕਵਲ ਸ਼ਰਨਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਤੇਰੀ ਰਾਸ, ਮੰਡਲ ਮੰਡਪ ਵੇਖਾਂ ਚਾਈਂ ਚਾਈਂਆ । ਤੂੰ ਸ਼ਾਹੋ ਭੂਪ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਮੇਰੀ ਇਕੋ ਬੇਨੰਤੀ ਅੰਤਮ ਪੂਰੀ ਕਰਨੀ ਖ਼ਾਹਿਸ਼, ਖ਼ਾਲਸ ਦਿਆਂ ਦ੍ਰਿੜਾਈਆ । ਸਦ ਵਸੀਂ ਭਗਤਾਂ ਪਾਸ, ਭਗਤ ਸੁਹੇਲੇ ਆਪਣੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਪੂਰੀ ਕਰੀਂ ਆਸ, ਤ੍ਰਿਸ਼ਨਾ ਤ੍ਰਿਖਾ ਪੂਰ ਕਰਾਈਆ । ਦੀਨਾਂ ਅਨਾਥਾਂ ਦੁਖੜੇ ਕਰੀਂ ਨਾਸ, ਤਨ ਵਜੂਦਾਂ ਕਰੀਂ ਸਫ਼ਾਈਆ । ਆਤਮ ਜੋਤ ਬਖ਼ਸ਼ ਪਰਕਾਸ਼, ਅੰਧ ਅੰਧੇਰਾ ਦੇਣਾ ਮਿਟਾਈਆ । ਚਰਨ ਪ੍ਰੀਤੀ ਦੇ ਵਿਸ਼ਵਾਸ, ਵਿਸ਼ਿਆਂ ਚੋਂ ਬਾਹਰ ਕਢਾਈਆ । ਤੂੰ ਦਾਤਾ ਸਰਬ ਗੁਣਤਾਸ, ਗੁਣਵੰਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਵੇਖੀਂ ਆਪਣੇ ਭਗਤ ਜਨ, ਬਣੀਂ ਜਣੇਂਦੀ ਮਾਈਆ । ਭਾਗ ਲਗਾਵੀਂ ਕਾਇਆ ਮਾਟੀ ਤਨ, ਪੰਚਮ ਪੰਚ ਦੇ ਵਡਿਆਈਆ । ਅੰਦਰੋਂ ਫੇਰ ਕੇ ਮਣਕਾ ਮਨ, ਮਮਤਾ ਮੋਹ ਦੇਈਂ ਮਿਟਾਈਆ । ਇਕ ਸਮਝਾ ਆਪਣਾ ਬ੍ਰਹਮ, ਪਾਰਬ੍ਰਹਮ ਪਰਦਾ ਦੇਣਾ ਉਠਾਈਆ । ਚਰਨ ਪ੍ਰੀਤ ਬਖ਼ਸ਼ ਕੇ ਧਰਮ, ਧਰਮ ਦੀ ਧਾਰ ਦੇਣੀ ਸਮਝਾਈਆ । ਝਗੜਾ ਮੇਟ ਕੇ ਵਰਨ ਬਰਨ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਦਾ ਪੰਧ ਮੁਕਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਢੋਲਾ ਪੜ੍ਹਨ,

ਆਤਮ ਪਰਮਾਤਮ ਮਿਲ ਕੇ ਵਜਦੀ ਰਹੇ ਵਧਾਈਆ । ਸਾਚੀ ਮੰਜ਼ਲ ਦੱਸੀਂ ਚੜ੍ਹਨ, ਰਸਤਾ ਇਕੋ ਇਕ ਵਖਾਈਆ । ਸਚਖੰਡ ਦਵਾਰੀ ਦੱਸੀਂ ਵੜਨ, ਅਗੇ ਹੋ ਨਾ ਕੋਇ ਅਟਕਾਈਆ । ਮੇਰੇ ਸਵਾਮੀਆਂ ਅੰਤਰਜਾਮੀਆਂ ਜਨ ਭਗਤਾਂ ਫੜੀਂ ਲੜਨ, ਪੱਲੂ ਆਪਣੇ ਗੰਢ ਪਵਾਈਆ । ਮੇਰੇ ਨਾਲ ਤੇਰੀ ਚਰਨ ਧੂੜ ਦਾ ਹੋਵੇ ਪਰਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦੇਣਾ ਸਮਝਾਈਆ । ਤੂੰ ਸਤਿਗੁਰ ਦਾਤਾ ਤਾਰਨ ਤਰਨ, ਤਾਰਨਹਾਰ ਇਕ ਅਖਵਾਈਆ । ਜੋ ਹਰਿਜਨ ਗੁਰਮੁਖ ਗੁਰਸਿਖ ਭਗਤ ਸੁਹੇਲੇ ਸੂਫ਼ੀ ਸੰਤ ਫ਼ਕੀਰ ਤੇਰੀ ਆਏ ਸਰਨ, ਸਰਨਗਤ ਦੇਣੀ ਵਡਿਆਈਆ । ਤੂੰ ਸਭ ਕਿਛ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਫੜਾਈਂ ਲੜਨ, ਪੱਲੂ ਪਲਕਾਂ ਦੇ ਪਿਛੇ ਲੈਣਾ ਬੰਧਾਈਆ ।

✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੯ ਭਾਗ ਸਿੰਘ ਦੇ ਟੈਂਟ ਵਿਖੇ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ✪

ਮਾਇਆ ਕਹੇ ਮੈਂ ਰਚਣਾ ਕਾਜ ਅਗੰਮਾ, ਅਗੰਮ ਮੇਰੀ ਵਡਿਆਈਆ । ਭੇਦਾਂ ਭਰਿਆ ਹੋਵੇ ਮੇਰਾ ਸਮਾਂ, ਸਮਝ ਬੁਧੀ ਤੋਂ ਬਾਹਰ ਮੇਰੀ ਪੜ੍ਹਾਈਆ । ਮੈਂ ਲੇਖਾ ਜਾਣਾ ਚਾਰ ਜੁਗ ਤੋਂ ਨਵਾਂ, ਨਵ ਨੌ ਚਾਰ ਦੀ ਧਾਰ ਨਾਲ ਵਡਿਆਈਆ । ਮੈਂ ਸਚ ਸੰਦੇਸ਼ਾ ਖ਼ੁਸ਼ੀਆਂ ਦੇ ਨਾਲ ਕਹਵਾਂ, ਕਹਿ ਕਹਿ ਦੀਨ ਦੁਨੀ ਸੁਣਾਈਆ । ਮੇਰੇ ਸੱਜਣੋ ਮਿਤ੍ਰੋ ਮੇਰਾ ਵਕਤ ਸੁਹੰਜਣਾ ਹੋਣਾ ਰਵਾਂ, ਰਵੀ ਦਾ ਲੇਖਾ ਸੋਭਾ ਪਾਈਆ । ਜਗਿਆਸੂਓ

੧੪੭੪
੨੩

ਤੁਹਾਡੀ ਮਨ ਦੀ ਸੇਜਾ ਸਵਾਂ, ਆਸਣ ਸਿੰਘਾਸਣ ਇਕ ਵਡਿਆਈਆ । ਤੁਹਾਡੇ ਅੰਤਸ਼ਕਰਨ ਵਿਚ ਪਾ ਕੇ ਮੋਹ ਦੀ ਤਮਅ, ਨਾਤਾ ਕੂੜ ਨਾਲ ਜੁੜਾਈਆ । ਘਰ ਘਰ ਮਮਤਾ ਜਗਾ ਕੇ ਸ਼ਮਅ, ਹੰਗਤਾ ਕਰਾਂ ਸ਼ਨਵਾਈਆ । ਵੇਖ ਵਖਾਣਾ ਕਾਇਆ ਮਾਟੀ ਚੰਮਾਂ, ਚੰਮ ਦ੍ਰਿਸ਼ਟੀ ਧਿਆਨ ਲਗਾਈਆ । ਪਵਣ ਸਵਾਸੀ ਤੱਕਾਂ ਦਮਾਂ, ਦਾਮਨਗੀਰ ਹੋ ਕੇ ਖੋਜ ਖੁਜਾਈਆ । ਮੇਰਾ ਲਹਿਣਾ ਦੇਣਾ ਸਭ ਦੇ ਨਾਲ ਵਿਚ ਗ਼ਮਾਂ, ਗ਼ਮਖਾਰ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਮਾਇਆ ਕਹੇ ਮੈਂ ਸਭ ਦੇ ਨਾਲ ਜੋੜਨਾ ਰਿਸ਼ਤਾ, ਜਗਤ ਸਨਬੰਧੀਆਂ ਦਿਆਂ ਜਣਾਈਆ । ਪ੍ਰਭੂ ਉਤੇ ਕਿਸੇ ਦਾ ਰਹਿਣ ਨਹੀਂ ਦੇਣਾ ਨਿਸਚਾ, ਨਿਸਚੇ ਨਾਲ ਦਿਆਂ ਬਦਲਾਈਆ । ਨੇਤਰ ਲੋਚਨ ਨੈਣ ਪੁਰਖ ਅਕਾਲ ਹੋਵੇ ਨਾ ਦਿਸਦਾ, ਚਾਰੋਂ ਕੁੰਟ ਅੰਧੇਰਾ ਛਾਈਆ । ਪਿਆਰ ਰਹਿਣ ਦੇਣਾ ਨਹੀਂ ਕਿਸੇ ਮਿਤ੍ਰ ਪਿਆਰੇ ਮਿਤ ਦਾ, ਮਿਤ੍ਰੋ ਦਿਆਂ ਸਮਝਾਈਆ । ਖੇਲ ਤੱਕਣਾ ਮਨ ਠਗੌਰੀ ਚਿਤ ਦਾ, ਚੇਤਨ ਸੁਰਤੀ ਨਾ ਕੋਇ ਕਰਾਈਆ । ਮੇਰੇ ਪਿਆਰ ਵਿਚ ਸ਼ਾਹ ਸੁਲਤਾਨ ਵੇਖਿਓ ਵਿਕਦਾ, ਆਪਣੀ ਕੀਮਤ ਜਗਤ ਪਵਾਈਆ । ਸਾਧਾਂ ਸੰਤਾਂ ਮਨ ਹੋਣਾ ਨਹੀਂ ਟਿਕਦਾ, ਟਿੱਕੇ ਧੂੜੀ ਖ਼ਾਕ ਨਾ ਕੋਇ ਰਮਾਈਆ । ਮੈਂ ਹੁਕਮ ਮੰਨਣਾ ਓਸ ਅਬਿਨਾਸ਼ੀ ਅਚੁਤ ਦਾ, ਜੋ ਚਤੁਰਭੁਜ ਬੇਪਰਵਾਹੀਆ । ਵਕਤ ਸੁਹੰਜਣਾ ਹੋਣਾ ਮੇਰੀ ਰੁਤ ਦਾ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਮੈਂ ਭਾਣਾ ਮੰਨਣਾ ਸ਼ਬਦ ਦੁਲਾਰੇ ਸੁਤ ਦਾ, ਜੋ ਜੁਗ ਜੁਗ ਆਪਣਾ ਹੁਕਮ ਵਰਤਾਈਆ । ਮੇਰਾ ਨਿਸ਼ਾਨਾ ਹੋਣਾ ਅਦਭੁਤ ਦਾ, ਪੰਜ ਭੂਤਕ ਸਮਝ ਕੋਇ ਨਾ ਪਾਈਆ । ਵਕਤ ਸੁਹੰਜਣਾ ਹੋਵੇ ਮੇਰੀ ਰੁੱਤ ਦਾ, ਰੁਤੜੀ ਕਲਜੁਗ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਸਮਝਾਈਆ । ਮਾਇਆ ਕਹੇ ਮੈਂ ਮਸਤੀਆਂ ਵਿਚ ਫਿਰਾਂ ਦੀਵਾਨੀ, ਦੀਵਾ ਬਾਤੀ ਘਰ ਘਰ ਵੇਖ ਵਖਾਈਆ । ਮੇਰੀ ਜੋਬਨ ਵਾਲੀ ਹੋਵੇ ਜਵਾਨੀ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਮੇਰੇ ਸੰਗ ਕੂੜ ਦੀ ਹੋਵੇ ਨਿਸ਼ਾਨੀ, ਨਿਸ਼ਾਨੇ ਨਵ ਸੱਤ ਵਖਾਈਆ । ਮੇਰੇ ਕੋਲ ਮੋਹ ਦੀ ਹੋਵੇ ਅਭਿਮਾਨੀ, ਮਮਤਾ ਕੂੜੀ ਨਾਲ ਰਲਾਈਆ । ਮੇਰਾ ਲੇਖਾ ਸੁਹੰਜਣਾ ਹੋਵੇ ਨਾਲ ਚਾਰੇ ਖਾਣੀ, ਚਾਰੇ ਬਾਣੀ ਮੇਰੀ ਵਜਦੀ ਰਹੇ ਵਧਾਈਆ । ਮੇਰਾ ਖੇਲ ਜਗਤ ਜੁਗਤ ਤੋਂ ਬਾਹਰ ਲਾਸਾਨੀ, ਨਿਰਗੁਣ ਆਪਣਾ ਹੁਕਮ ਵਰਤਾਈਆ । ਮੈਂ ਲੇਖਾ ਤੱਕਾਂ ਜੀਵ ਪ੍ਰਾਣੀ, ਪੁਨਹ ਪੁਨਹ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਬਖ਼ਸ਼ੇ ਚਰਨ ਸਰਨਾਈਆ । ਮਾਇਆ ਕਹੇ ਮੇਰਾ ਖੇਲ ਅਗੰਮੜਾ, ਅਨੋਖੀ ਵੱਖਰੀ ਧਾਰ ਚਲਾਈਆ । ਮੇਰਾ ਰੂਪ ਸਮਝੇ ਨਾ ਕੋਈ ਪੈਸਾ ਧੇਲਾ ਦਮੜਾ, ਟਕਿਆ ਵੰਡ ਨਾ ਕੋਇ ਵੰਡਾਈਆ । ਤਨ ਵਜੂਦ ਮਾਟੀ ਖ਼ਾਕ ਨਾ ਦਿਸੇ ਚੰਮੜਾ, ਪੰਜ ਤਤ ਨਾ ਵੇਸ ਵਟਾਈਆ । ਮੇਰਾ ਪਵਣ ਸਵਾਸ ਨਾ ਕੋਈ ਅੰਮੀ ਅੰਮੜਾ, ਗੋਦੀ ਗੋਦ ਨਾ ਕੋਇ ਵਖਾਈਆ । ਮੇਰਾ ਨੇਤਰ ਲੋਚਣ ਨੈਣ ਕਦੇ ਨਾ ਹੋਵੇ ਅੰਧੜਾ, ਨੇਤਰਹੀਣ ਨਾ ਕਦੇ ਅਖਵਾਈਆ । ਮੇਰਾ ਭਾਗ ਦਿਸੇ ਨਾ ਮੰਦੜਾ, ਮੰਦਭਾਗਾਂ ਤੱਕਾਂ ਲੋਕਾਈਆ । ਹਰਖ਼ ਸੋਗ ਨਾ ਹੋਵੇ ਗ਼ਮੜਾ, ਚਿੰਤਾ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਖੇਲ ਖਿਲਾਈਆ । ਮਾਇਆ ਕਹੇ ਮੈਂ ਖੇਲ ਖੇਲਾਂ ਵਿਚ ਜਗਤ, ਜਗ ਜੀਵਣ ਦਾਤਾ ਦਏ ਵਡਿਆਈਆ । ਮੇਰਾ ਸੁਹੰਜਣਾ ਹੋਵੇ ਵਕਤ, ਘੜੀ ਪਲ ਖ਼ੁਸ਼ੀ ਬਣਾਈਆ । ਮੇਰੀ ਪੂਰੀ

ਹੋਵੇ ਸ਼ਰਤ, ਸ਼ਰਅ ਦੇ ਡੇਰੇ ਢਾਹੀਆ । ਮੇਰਾ ਸਵਾਮੀ ਮਿਲੇ ਮਾਲਕ ਅਰਸ਼, ਅਰਸ਼ੀ ਪ੍ਰੀਤਮ ਧੁਰਦਰਗਾਹੀਆ । ਮੈਂ ਖੇਲ ਖੇਲਾਂ ਉਤੇ ਫ਼ਰਸ਼, ਧਰਨੀ ਧਰਤ ਧਵਲ ਵੱਜੇ ਵਧਾਈਆ । ਮੇਰਾ ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਕਰੇ ਤਰਸ, ਰਹਿਮਤ ਰਹੀਮ ਆਪ ਕਮਾਈਆ । ਧੁਰ ਦਾ ਮੇਘ ਦੇਵੇ ਬਰਸ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਮੈਂ ਸਚ ਦਵਾਰੇ ਕਰਾਂ ਦਰਸ, ਦਰ ਠਾਂਡੇ ਨਿਵ ਨਿਵ ਲਾਗਾਂ ਪਾਈਆ । ਮੇਰੀ ਕਲਪਣਾ ਵਿਚ ਰਹੇ ਕੋਈ ਨਾ ਹਰਸ, ਹਵਸ ਦੇਵੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਮਾਇਆ ਕਹੇ ਜਨ ਭਗਤੋ ਮੇਰਾ ਜਗਤ ਵਾਲਾ ਨਹੀਂ ਮੋਹ, ਸਤਿ ਸਚ ਦਿਆਂ ਸਮਝਾਈਆ । ਤੁਹਾਡੇ ਅੰਤਰ ਨਿਰੰਤਰ ਓਸ ਪ੍ਰਭੂ ਦੀ ਲੋ, ਜੋ ਲੋਇਣ ਲੋਚਨ ਨੈਣ ਸਰਬ ਰਿਹਾ ਖੁਲਾਈਆ । ਤੁਸੀਂ ਆਤਮ ਪਰਮਾਤਮ ਧਾਰ ਇਕ ਤੇ ਦੋ, ਦੂਆ ਏਕਾ ਮਿਲ ਦੇ ਵੱਜੇ ਵਧਾਈਆ । ਸਚ ਪਿਆਰ ਵਿਚ ਜਾਣਾ ਛੋਹ, ਛੋਹਰ ਬਾਂਕਾ ਬਣ ਕੇ ਲੈਣੀ ਅੰਗੜਾਈਆ । ਤੁਹਾਡੇ ਨਾਲ ਕਦੇ ਨਾ ਕਰਾਂ ਧਰੋਹ, ਧਰੂ ਪ੍ਰਹਿਲਾਦ ਰਿਹਾ ਸਮਝਾਈਆ । ਸਤਿ ਸਚ ਦਾ ਢੋਆ ਦੇਵਾਂ ਢੋ, ਵਸਤ ਅਗੰਮ ਅਗੰਮ ਵਖਾਈਆ । ਤੁਹਾਡੇ ਅੰਤਰ ਨਿਰੰਤਰ ਏਕਾ ਸ਼ਬਦ ਸਵਾਮੀ ਸੋ, ਹੰ ਬ੍ਰਹਮ ਮਿਲ ਕੇ ਵੱਜੇ ਵਧਾਈਆ । ਮੇਰਾ ਲਹਿਣਾ ਦੇਣਾ ਲੇਖਾ ਅਵਰ ਰਹੇ ਨਾ ਕੋ, ਕੋਇਲ ਵਾਂਗ ਕੂਕ ਕੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਵਡ ਵਡਿਆਈਆ । ਮਾਇਆ ਕਹੇ ਜਨ ਭਗਤੋ ਤੁਸੀਂ ਕਰਿਓ ਕੋਈ ਨਾ ਫ਼ਿਕਰ, ਫ਼ਿਕਰਾ ਦਿਆਂ ਜਣਾਈਆ । ਤੁਹਾਡਾ ਇਕੋ ਪ੍ਰੇਮੀ ਪਿਆਰਾ ਮਿਤ੍ਰ, ਮਿਤ੍ਰੋ ਧੁਰਦਰਗਾਹੀਆ । ਜਿਸ ਦੀ ਧਾਰ ਵਿਚੋਂ ਮੈਂ ਆਈ ਨਿਕਲ, ਮੈਨੂੰ ਜਨਮੇ ਕੋਇ ਨਾ ਮਾਈਆ । ਮੈਂ ਜਾਣਾ ਦੇਸ਼ ਇਤਲ, ਵਿਤਲ ਆਪਣਾ ਫੇਰਾ ਪਾਈਆ । ਦੀਨ ਦੁਨੀ ਧਾਰ ਤੱਕਣੀ ਪਿੱਤਲ, ਕੰਚਨ ਗੜ੍ਹ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਝਟ ਨਾਰਦ ਕਹੇ ਮਾਇਆ ਤੂੰ ਬੜੀਆਂ ਕੀਤੀਆਂ ਬਾਤਾਂ, ਆਪਣੇ ਵਤਨ ਦਾ ਹਾਲ ਸੁਣਾਈਆ । ਉਠ ਤੱਕ ਲੈ ਅੰਧੇਰੀਆਂ ਰਾਤਾਂ, ਬਿਨ ਨੈਣਾਂ ਨੈਣ ਖੁਲਾਈਆ । ਚਾਰ ਜੁਗ ਦੀਆਂ ਵੇਖ ਲੈ ਗਾਥਾਂ, ਅੱਖਰ ਅੱਖਰਾਂ ਫੋਲ ਫੁਲਾਈਆ । ਦੁਨੀ ਵਿਚ ਤੱਕ ਲੈ ਅਨਾਥ ਅਨਾਥਾਂ, ਦੀਨ ਦੀਨਾਂ ਪਰਦਾ ਆਪ ਉਠਾਈਆ । ਆਪਣਾ ਮਸਤਕ ਤੱਕ ਲੈ ਮਾਥਾ, ਕੀ ਤੇਰਾ ਲੇਖ ਰਿਹਾ ਜਣਾਈਆ । ਆਪਣਾ ਲਹਿਣਾ ਵੇਖ ਲੈ ਹਾਥੋ ਹਾਥਾ, ਹਥੇਲੀਆਂ ਦੋਵੇਂ ਲੈ ਉਠਾਈਆ । ਕੀ ਖੇਲ ਕਰੇ ਤੇਰਾ ਪੁਰਖ ਸਮਰਾਥਾ, ਹਰਿ ਕਰਤਾ ਧੁਰਦਰਗਾਹੀਆ । ਜਿਥੇ ਇਕ ਖੁਲਾਇਆ ਹਾਟਾ, ਹਟਵਾਣਾ ਬਣਿਆ ਬੇਪਰਵਾਹੀਆ । ਨੀ ਤੇਰਾ ਚੀਥੜ ਪੁਰਾਣਾ ਪਾਟਾ, ਜੁਗ ਚੌਕੜੀ ਪਿਛਲਾ ਨਜ਼ਰੀ ਆਈਆ । ਆਪਣੇ ਖਾਤੇ ਵਿਚੋਂ ਵੇਖ ਲੈ ਆਪਣਾ ਘਾਟਾ, ਬਿਨ ਅੰਕੜਿਆਂ ਹਿਸਾਬ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਮਾਇਆ ਕਹੇ ਮੈਂ ਆਦਿ ਆਦਿ ਵਣਜਾਰਨ, ਵਣਜ ਸਤਿ ਸਚ ਕਰਾਈਆ । ਪ੍ਰਭ ਦਰ ਭਿਖਾਰਨ, ਜੁਗ ਜੁਗ ਝੋਲੀ ਡਾਹੀਆ । ਕਲਜੁਗ ਅੰਤ ਆਈ ਪੁਕਾਰਨ, ਕੂਕ ਕੂਕ ਸੁਣਾਈਆ । ਖੇਲ ਤੱਕ ਸੱਚੀ ਸਰਕਾਰਨ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਧਰਮ ਰਿਹਾ ਨਾ ਕਿਸੇ ਨਾਰੀ ਨਾਰਨ, ਨਰ ਨਰਾਇਣ ਤੇਰੇ ਵਿਚ ਨਾ ਕੋਇ ਸਮਾਈਆ । ਭੇਵ ਅਭੇਦਾ ਅਛਲ ਅਛੇਦਾ ਮੇਰਾ ਦੱਸ ਦੇ ਕਾਰਨ, ਕਿਸ ਬਿਧ ਆਪਣਾ ਖੇਲ ਖਿਲਾਈਆ ।

ਮੈਂ ਘਰ ਘਰ ਦਰ ਦਰ ਮੰਦਰਾਂ ਅੰਦਰ ਹੋਵਾਂ ਭੰਡਾਰਨ, ਵਸਤ ਜਗਤ ਵਾਲੀ ਵਰਤਾਈਆ । ਤੂੰ ਸ਼ਾਹੋ ਭੂਪ ਬਿਨ ਰੰਗ ਰੂਪ ਮੇਰਾ ਰਾਜ ਰਾਜਨ, ਦਰ ਤੇਰੇ ਸੀਸ ਝੁਕਾਈਆ । ਹਕ ਹਕੀਕਤ ਕਿਸ ਬਿਧ ਸਵਾਰੇਂ ਕਾਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਮਾਇਆ ਕਹੇ ਮੈਂ ਫਿਰਾਂ ਨਾਲ ਚਾਓ, ਚਾਓ ਘਨੇਰਾ ਇਕ ਰਖਾਈਆ । ਗੀਤ ਗਾਵਾਂ ਵਾਹੋ ਵਾਹੇ, ਵਾਹਵਾ ਤੇਰੀ ਬੇਪਰਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਤੱਕਾਂ ਵਾਂਗ ਕਾਉਂ, ਗ੍ਰਿਹਿ ਗ੍ਰਿਹਿ ਫੋਲ ਫੋਲਾਈਆ । ਬਿਨਾ ਭਗਤਾਂ ਹਿਰਦੇ ਵਸੇ ਕਿਸੇ ਨਾ ਨਾਉਂ, ਨਿਰੰਕਾਰ ਮਿਲਣ ਕੋਇ ਨਾ ਪਾਈਆ । ਮੈਂ ਫਿਰਦੀ ਗਾਉਂ ਗਾਉਂ, ਆਪ ਆਪਣਾ ਪੰਧ ਮੁਕਾਈਆ । ਮੈਂ ਕੂਕ ਸੁਣਾਵਾਂ ਖੜੀ ਕਰ ਕੇ ਬਾਹੋਂ, ਬਾਹੂ ਬਲ ਨਾਲ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਸ਼ਹਿਨਸ਼ਾਹੋ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜਿਸ ਸ੍ਰਿਸ਼ਟੀ ਦੁਨੀ ਕਾਇਨਾਤ ਲਾ ਜਾਣਾ ਸਭ ਨੂੰ ਦਾਓ, ਭੇਤ ਅਭੇਦ ਸਮਝੇ ਕੋਈ ਨਾ ਰਾਈਆ । ਜਿਸ ਦਾ ਲਹਿਣਾ ਦੇਣਾ ਅੰਤਮ ਸ਼ੌਹ ਦਰਿਆਓ, ਕਲਜੁਗ ਕੂੜੇ ਬੇੜੇ ਦਏ ਰੁੜ੍ਹਾਈਆ । ਜਿਸ ਨੇ ਆਦਿ ਕੀਤਾ ਪਸਾਓ, ਅੰਤਮ ਵੇਖੇ ਥਾਈਂ ਥਾਈਆ । ਉਸ ਸਵਾਮੀ ਅੰਤਰਜਾਮੀ ਸਦਾ ਬਲ ਬਲ ਜਾਓ, ਬਲਹਾਰੀ ਬਲਹਾਰ ਆਪਣਾ ਆਪ ਕਰਾਈਆ । ਜੋ ਆਦਿ ਅੰਤ ਜੁਗਾ ਜੁਗੰਤ ਸ੍ਰੀ ਭਗਵੰਤ ਸਭ ਦਾ ਪਿਤਾ ਮਾਂਓ, ਜੋ ਪਰਵਰਦਿਗਾਰਾ ਸਾਂਝਾ ਯਾਰਾ ਏਕੰਕਾਰਾ ਏਕਾ ਏਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਅਗੰਮ ਅਥਾਹੋ, ਅਗੋਚਰ ਆਪਣਾ ਭੇਵ ਚੁਕਾਈਆ ।

## ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਬਚਨੋ ਦੇਵੀ ਦੇ ਗ੍ਰਿਹਿ ਕਿਸ਼ਨ ਪੁਰ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਕਿਰਪਾ ਕਰੇ ਪਤਤ ਪਾਵਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਲੇਖਾ ਜਾਣੇ ਬਲ ਬਾਵਨ, ਬਾਵਨ ਧਾਰ ਅਗੰਮ ਅਥਾਹੀਆ । ਜਿਸ ਖੇਲ ਖਿਲਾਇਆ ਰਾਮ ਰਾਵਣ, ਰਾਮ ਰਾਮਾ ਵਡ ਵਡਿਆਈਆ । ਜਿਸ ਕੰਸ ਮਿਟਾਇਆ ਬਣ ਕੇ ਸ਼ਾਮਨ, ਸ਼ਾਮ ਘਨਈਆ ਰੂਪ ਦਰਸਾਈਆ । ਸੋ ਅੰਤਮ ਬਣ ਕੇ ਮੇਰਾ ਜ਼ਾਮਨ, ਕਲਜੁਗ ਕੂੜ ਕੁੜਿਆਰ ਵੇਖ ਵਖਾਈਆ । ਜਿਸ ਝਗੜਾ ਮੇਟਣਾ ਸ਼ਤਰੀ ਸ਼ੂਦਰ ਵੈਸ਼ ਬ੍ਰਾਹਮਣ, ਬ੍ਰਹਮ ਇਕੋ ਇਕ ਦਰਸਾਈਆ । ਉਹ ਮੇਰੀ ਵੇਖੇ ਤ੍ਰਿਸ਼ਨਾ ਤਾਮਨ, ਖ਼ਾਹਿਸ਼ਾਂ ਧਿਆਨ ਲਗਾਈਆ । ਮੈਂ ਉਸ ਦੇ ਕਰਾਂ ਚਰਨ ਧਿਆਨਨ, ਨਿਵ ਨਿਵ ਸੀਸ ਝੁਕਾਈਆ । ਪਲੂ ਫੜਿਆ ਦਾਮਨ, ਆਪਣੀ ਗੰਢ ਬੰਧਾਈਆ । ਸੋ ਕਿਰਪਾ ਕਰੇ ਸ੍ਰੀ ਭਗਵਾਨਨ, ਭਗਵਨ ਰੰਗ ਰੰਗਾਈਆ । ਮੇਰੇ ਨੇਤਰ ਦੇਵੇ ਚਾਨਣ, ਬਿਨ ਅੱਖੀਆਂ ਅੱਖ ਉਠਾਈਆ । ਜਿਸ ਦੇ ਭਗਤ ਸੁਹੇਲੇ ਖ਼ੁਸ਼ੀਆਂ ਰੰਗ ਮਾਨਣ, ਮਨਸਾ ਪ੍ਰਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲਹਿਣਾ ਰਿਹਾ ਚੁਕਾਈਆ । ਧਰਨੀ ਕਹੇ ਮੇਰੀ ਮਿੱਟੀ ਖ਼ਾਕ ਮਾਰੇ ਛਾਲਾਂ, ਬਿਨ ਕਦਮਾਂ ਕਦਮ ਉਠਾਈਆ । ਮੈਨੂੰ ਚਾਓ ਘਨੇਰਾ ਬਾਹਲਾ, ਬਹੁਭਾਂਤੀ ਦਿਆਂ ਸਮਝਾਈਆ । ਮੇਰਾ ਅੰਤਸ਼ਕਰਨ ਹੋਇਆ ਕਾਹਲਾ, ਛੇਤੀ ਛੇਤੀ ਰਿਹਾ ਕੁਰਲਾਈਆ । ਪੁਰਖ ਅਕਾਲਾ ਦੀਨ ਦਿਆਲਾ, ਦੇਵਣਵਾਲਾ ਜਗਤ ਵਡਿਆਈਆ । ਜਨ ਭਗਤਾਂ ਬਣ ਰਖਵਾਲਾ, ਹੋਏ

ਆਪ ਸਹਾਈਆ । ਪ੍ਰੇਮ ਪਿਆਰ ਦੀ ਤਨ ਅੰਤਰ ਪਹਿਨਾ ਕੇ ਮਾਲਾ, ਮਨ ਕਾ ਮਣਕਾ ਰਿਹਾ ਭਵਾਈਆ । ਸਾਢੇ ਤਿੰਨ ਹੱਥ ਸੁਹਾ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਵਖਾਈਆ । ਮਾਰਗ ਦੱਸ ਅਗੰਮ ਸੁਖਾਲਾ, ਭੇਵ ਅਭੇਦਾ ਆਪ ਚੁਕਾਈਆ । ਹਰਿਜਨ ਤੂੰ ਮੇਰਾ ਮੈਂ ਤੇਰਾ ਗਾ ਲਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤੇਰੀ ਲੇਖੇ ਲਾਵੇ ਘਾਲਾ, ਜਨਮ ਜਨਮ ਲਹਿਣਾ ਦਏ ਚੁਕਾਈਆ । ਦਾਗ਼ ਰਹੇ ਮੂਲ ਨਾ ਕਾਲਾ, ਕਲ ਕਲਕੀ ਹੋਏ ਸਹਾਈਆ । ਅਗੇ ਮੰਗੇ ਕੋਈ ਨਾ ਹਾਲਾ, ਰਾਏ ਧਰਮ ਨਾ ਦਏ ਸਜ਼ਾਈਆ । ਨਾਮ ਪਿਆ ਲੈ ਜਾਮ ਪਿਆਲਾ, ਸਾਕੀ ਬਣੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਹੱਲ ਕਰੇ ਸਵਾਲਾ, ਇਛਿਆ ਆਸਾ ਤਮੰਨਾ ਪੂਰ ਕਰਾਈਆ ।

### ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਬਲਵੰਤ ਕੌਰ ਦੇ ਗ੍ਰਹਿ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਜਨ ਭਗਤੋ ਮੈਂ ਤੁਹਾਨੂੰ ਦਿਆਂ ਵਧਾਈ, ਵਾਹਵਾ ਖ਼ੁਸ਼ੀਆਂ ਗੀਤ ਸੁਣਾਈਆ । ਜਿਨ੍ਹਾਂ ਦਾ ਪ੍ਰੀਤਮ ਪਿਆਰਾ ਇਕੋ ਮਾਹੀ, ਸਦ ਮੁਹੱਬਤ ਵਿਚ ਸਮਾਈਆ । ਜੋ ਤੁਹਾਡੇ ਪਿਛੇ ਬਣਿਆ ਪਾਂਧੀ ਰਾਹੀ, ਮਿਲੇ ਥਾਉਂ ਥਾਈਂਆ । ਇਕ ਸੰਦੇਸ਼ਾ ਰਿਹਾ ਸੁਣਾਈ, ਧੁਰ ਫ਼ਰਮਾਨ ਜਣਾਈਆ । ਤੂੰ ਮੇਰਾ ਮੈਂ ਤੇਰਾ ਲੈਣਾ ਗਾਈ, ਸਚ ਨਾਮ ਸ਼ਨਵਾਈਆ । ਤੁਹਾਡਾ ਲਹਿਣਾ ਦੇਣਾ ਪੂਰ ਕਰਾਈ, ਆਸ਼ਾ ਤ੍ਰਿਸ਼ਨਾ ਜਗਤ ਮਿਟਾਈਆ । ਗੋਬਿੰਦ
੧੪੭੭ ੨੩
ਦਾ ਲੇਖੇ ਲਾ ਕੇ ਬਰਸ ਦੋ ਸੌ ਢਾਈ, ਢਈਆ ਆਪਣਾ ਰੰਗ ਰੰਗਾਈਆ । ਲੇਖਾ ਜਾਣੇ ਥਲ ਅਸਗਾਹੀ, ਟਿੱਲੇ ਪਰਬਤ ਵੇਖ ਵਖਾਈਆ । ੧੪੭੭ ੨੩
ਦੀਨਾਂ ਮਜ਼੍ਹਬਾਂ ਲੇਖਾ ਰਿਹਾ ਚੁਕਾਈ, ਜ਼ਾਤ ਪਾਤ ਨਾ ਵੰਡ ਵੰਡਾਈਆ । ਸਰਬ ਬਣਾ ਕੇ ਭੈਣਾਂ ਭਾਈ, ਪਿਤਾ ਪੂਤ ਲਏ ਗਲ ਲਾਈਆ । ਤੁਸਾਂ ਵਸਣਾ ਚਾਈਂ ਚਾਈਂ, ਚਾਓ ਘਨੇਰਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਜਨ ਭਗਤੋ ਤੁਸੀਂ ਸਦਾ ਰਹਿਣਾ ਵਸਦੇ, ਘਰ ਸਚ ਮਿਲੇ ਵਡਿਆਈਆ । ਅੰਤਰ ਆਤਮ ਰਹਿਣਾ ਹੱਸਦੇ, ਮਨ ਮਮਤਾ ਦੂਰ ਕਰਾਈਆ । ਢੋਲੇ ਗਾਉਣੇ ਪ੍ਰਭੂ ਦੇ ਜਸ ਦੇ, ਆਦਿ ਅਨਾਦੀ ਸਿਫ਼ਤ ਸਲਾਹੀਆ । ਨਜ਼ਾਰੇ ਲੈਣੇ ਪ੍ਰੇਮ ਦੀ ਅੱਖ ਦੇ, ਦਰਸ਼ਨ ਲੋਚਨ ਨਾਲ ਪਾਈਆ । ਝਗੜੇ ਮੁਕਣ ਪੰਜ ਤਤ ਦੇ, ਤਤਵ ਤਤ ਨਾ ਕੋਇ ਤਪਾਈਆ । ਵਣਜਾਰੇ ਬਣਨਾ ਬ੍ਰਹਮ ਮਤ ਦੇ, ਪਾਰਬ੍ਰਹਮ ਦਏ ਸਮਝਾਈਆ । ਲੇਖੇ ਰਹਿਣ ਨਾ ਬੂੰਦ ਰੱਤ ਦੇ, ਰਕਤ ਦਾ ਝਗੜਾ ਦਏ ਮੁਕਾਈਆ । ਖੇਲ ਤੱਕਣੇ ਪਰਮੇਸ਼ਵਰ ਪਤ ਦੇ, ਜੋ ਪਤ ਪਤਵੰਤਾ ਦਏ ਵਖਾਈਆ । ਨਵ ਸੱਤ ਜਗਤ ਅਗਿਆਸੂ ਤੱਕਣੇ ਤਪਦੇ, ਹਿਰਦੇ ਸ਼ਾਂਤ ਨਾ ਕੋਇ ਕਰਾਈਆ । ਮਾਇਆ ਰੂਪ ਧਰੇ ਡੱਸਣੀ ਸੱਪ ਦੇ, ਸ਼ਾਹ ਸੁਲਤਾਨਾਂ ਡੰਗ ਲਗਾਈਆ । ਰਾਓ ਰੰਕ ਚਾਰੋਂ ਕੁੰਟ ਨੱਠਦੇ, ਭੱਜਣ ਵਾਹੋ ਦਾਹੀਆ । ਪੁਰਖ ਅਕਾਲੇ ਦੀਨ ਦਿਆਲੇ ਸੱਦ ਦੇ, ਨੇਤਰ ਰੋਵਣ ਮਾਰਨ ਧਾਹੀਆ । ਸਾਡੇ ਮੇਲੇ ਕਰ ਸਬੱਬ ਦੇ , ਚਿਰੀ ਵਿਛੁੰਨਿਆਂ ਲੈਣਾ ਮਿਲਾਈਆ । ਹਿਸਾਬ ਵੇਖ ਲੈ ਆਪਣੇ ਜਗ ਦੇ, ਜਾਗਰਤ ਜੋਤ ਕਰ ਰੁਸ਼ਨਾਈਆ । ਚਾਰੋਂ ਕੁੰਟ ਅੰਗਿਆਰੇ ਅੱਗ ਦੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪਿਆਲੇ ਮੂਧੇ ਹੋ ਗਏ ਮਦਿ ਦੇ, ਮਧੁਰ ਧੁਨ

ਸੁਣਨ ਕੋਇ ਨਾ ਪਾਈਆ । ਹਾਏ ਉਫ਼ ਤੋਬਾ ਕੀ ਹੁਕਮ ਵਰਤੇ ਰੱਬ ਦੇ, ਰੱਬੁਲਆਲਮੀਨ ਕੀ ਖੇਲ ਖਿਲਾਈਆ । ਰਾਹ ਲੱਭਣ ਕਿਸੇ ਨਾ ਹੱਜ਼ ਦੇ, ਹੁਜਰੇ ਹਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਲੇਖੇ ਮੁਕਾ ਦੇ ਝੱਬ ਦੇ, ਯਦੀ ਆਪਣਾ ਹੁਕਮ ਵਰਤਾਈਆ ।

## ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਪੂਰਨ ਸਿੰਘ ਦੇ ਗ੍ਰਹਿ ਕਿਸ਼ਨ ਪੁਰਾ ਜ਼ਿਲਾ ਜੰਮੂ ✪

ਧਰਨੀ ਕਹੇ ਮੇਰੇ ਤੇ ਜੁਗ ਚੌਕੜੀ ਜਾਂਦੇ ਬੀਤ, ਨਿਤ ਨਿਤ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਚਲਦੀ ਰਹਿੰਦੀ ਰੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਜਦੀ ਰਹੇ ਵਧਾਈਆ । ਸ਼ਬਦ ਸ਼ਹਾਨਾ ਨੌਜਵਾਨਾ ਵੇਖਦੀ ਰਹੀ ਮੀਤ, ਮਿਤ੍ਰ ਪਿਆਰਾ ਧਿਆਨ ਲਗਾਈਆ । ਦੀਨ ਮਜ਼੍ਹਬ ਦੀ ਤੱਕਦੀ ਰਹੀ ਰੀਤ, ਨਾਮ ਕਲਮਿਆਂ ਸੋਭਾ ਪਾਈਆ । ਜਗਤ ਜਗਿਆਸੂਆਂ ਵੇਖਦੀ ਰਹੀ ਚੀਤ, ਚੇਤਨ ਹੋ ਕੇ ਖੋਜ ਖੁਜਾਈਆ । ਮੈਂ ਹੈਰਾਨ ਹੋਵਾਂ ਬਿਨਾ ਭਗਤਾਂ ਤੋਂ ਮਿਲੇ ਨਾ ਕਿਸੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਮਿਲਣ ਕਿਸੇ ਨਾ ਆਈਆ । ਜਿਸ ਦਾ ਲੇਖਾ ਬਾਹਰ ਮੰਦਰ ਮਸੀਤ, ਧਰਮ ਦੀ ਧਾਰ ਇਕ ਵਖਾਈਆ । ਹਰਿਜਨ ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਕਰ ਕੇ ਪਤਤ ਪੁਨੀਤ, ਪਾਵਨ ਦਇਆ ਕਮਾਈਆ । ਕਰਮ ਕਾਂਡ ਤੇ ਮਾਰ ਕੇ ਲੀਕ, ਪਿਛਲਾ ਲੇਖਾ ਦਿਤਾ ਮੁਕਾਈਆ । ਹਰਿਜਨ ਸਾਚੇ ਕਰ ਆਪ ਤਸਦੀਕ, ਸ਼ਹਾਦਤ

੧੪੭੮ ੨੩ ਨਾਮ ਵਾਲੀ ਭੁਗਤਾਈਆ । ਅੰਦਰੋਂ ਮੇਟ ਕੇ ਅੰਧੇਰਾ ਤਾਰੀਕ, ਨੂਰ ਨੁਰਾਨਾ ਦਏ ਚਮਕਾਈਆ । ਮਾਣ ਦੇਵੇ ਹਸਤ ਕੀਟ, ਹਰਿਜਨ ਇਕੋ ਰੰਗ ੧੪੭੮ ੨੩

ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਧਰਨੀ ਕਹੇ ਜਨ ਭਗਤੋ ਮੇਰਾ ਇਸ਼ਾਰਾ ਇਕ, ਇਕੋ ਵਾਰ ਜਣਾਈਆ । ਇਕ ਇਸ਼ਟ ਤੇ ਜਾਣਾ ਟਿਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮੈਂ ਜਿਸ ਦੀ ਨੌ ਸੌ ਚੁਰਾਨਮੇਂ ਜੁਗ ਚੌਕੜੀ ਰੱਖੀ ਸਿਕ, ਆਸ਼ਾ ਵਿਚ ਬੈਠੀ ਅੱਖ ਖੁਲਾਈਆ । ਸੋ ਆ ਗਿਆ ਮੇਰਾ ਮਿਤ, ਮਾਲਕ ਖ਼ਾਲਕ ਧੁਰਦਰਗਾਹੀਆ । ਜੋ ਤੁਹਾਡੇ ਵਸੇ ਚਿਤ, ਠਗੌਰੀ ਮਨ ਦੀ ਦੂਰ ਕਰਾਈਆ । ਬਣ ਪਰਮੇਸ਼ਵਰ ਪਿਤ, ਆਪਣੀ ਗੋਦ ਟਿਕਾਈਆ । ਦਰਸ਼ਨ ਦੇਵੇ ਨਿਤ, ਹੋਏ ਆਪ ਸਹਾਈਆ । ਤੁਸਾਂ ਮਾਨਸ ਜਨਮ ਲਿਆ ਜਿੱਤ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਮੇਰੀਆਂ ਖ਼ੁਸ਼ੀਆਂ ਹੋਈਆਂ ਨਵੀਆਂ, ਨਵ ਨਵ ਦਿਆਂ ਜਣਾਈਆ । ਮੈਂ ਖੇਲ ਵੇਖਣਾ ਅਵਤਾਰ ਚਵ੍ਹੀਆਂ, ਚਾਰ ਬੀਸ ਨਾਲ ਵਡਿਆਈਆ । ਮੈਂ ਉਸ ਪ੍ਰਭੂ ਦੇ ਪਿਆਰ ਵਿਚ ਰਵੀ ਆਂ, ਜੋ ਰਵੀਦਾਸ ਦਾ ਲੇਖਾ ਪੂਰ ਕਰਾਈਆ । ਜਿਸ ਲਹਿਣਾ ਪੂਰਾ ਕਰਨਾ ਬਵੰਜਾ ਕਵੀਆਂ, ਕਾਇਨਾਤ ਵੇਖ ਵਖਾਈਆ । ਮੈਂ ਉਸ ਦੀ ਸਰਨ ਸਰਨਾਈ ਪਈਆਂ, ਸਿਰ ਸਿਰ ਸੀਸ ਨਿਵਾਈਆ । ਜਿਸ ਨੇ ਧਰਮ ਰਾਏ ਦੀਆਂ ਪਾੜੀਆਂ ਵਹੀਆਂ, ਲੇਖੇ ਭਗਤਾਂ ਆਪਣੇ ਹੱਥ ਰਖਾਈਆ । ਮੈਂ ਗੁਰਮੁਖਾਂ ਘਰ ਘਰ ਵੇਖਾਂ ਚਾਈਂ ਚਈਆਂ, ਚਾਰੋਂ ਕੁੰਟ ਨੈਣ ਉਠਾਈਆ । ਕੀ ਖੇਲ ਕਰੇ ਧੁਰ ਦਾ ਸਈਆ, ਸਾਜਣ ਬੇਪਰਵਾਹੀਆ । ਕੀ ਦੀਨ ਦੁਨੀ ਬਦਲੇ ਰਵੱਈਆ,

ਰਵਾਦਾਰ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਲੋਕਮਾਤ ਉਜੜੇ ਫੇਰ ਵਸਈਆ, ਵਸੀਅਤ ਗੁਰ ਅਵਤਾਰ ਪੈਗ਼ੰਬਰਾਂ ਨਾਲ ਰਖਾਈਆ ।

✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੯ ਭਗਵਾਨ ਸਿੰਘ ਦੇ ਗ੍ਰਹਿ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਜਨ ਭਗਤੋ ਤੁਸੀਂ ਮੇਰੇ ਉਤੇ ਫਿਰਦੇ, ਚਰਨ ਚਰਨ ਨਾਲ ਬਦਲਾਈਆ । ਮੇਰੇ ਤਪਦੀ ਦੇ ਸ਼ਾਂਤ ਆਈ ਹਿਰਦੇ, ਹਰਿ ਜੂ ਦਿਤੀ ਮਾਣ ਵਡਿਆਈਆ । ਤੁਸੀਂ ਵਿਛੁੰਨੇ ਮੀਤ ਪਿਆਰੇ ਚਿਰ ਦੇ, ਮੇਲਾ ਹੋਇਆ ਸਹਿਜ ਸੁਭਾਈਆ । ਰਲ ਮਿਲ ਗੀਤ ਗਾਈਏ ਓਸ ਪਿਰ ਦੇ, ਜੋ ਪੀਆ ਪ੍ਰੀਤਮ ਧੁਰਦਰਗਾਹੀਆ । ਜਿਸ ਲੇਖੇ ਪੂਰੇ ਕਰਨੇ ਮਨਸਾ ਵਾਲੇ ਦਿਲ ਦੇ, ਦਲਿਦ੍ਰ ਦਾ ਡੇਰਾ ਢਾਹੀਆ । ਤੁਸੀਂ ਸਾਰੇ ਉਸੇ ਗੁੰਚੇ ਦੇ ਫੁੱਲ ਖਿਲਦੇ, ਖ਼ਲਕਤ ਵਿਚੋਂ ਦਏ ਵਡਿਆਈਆ । ਤੁਹਾਡੇ ਨਜ਼ਾਰੇ ਅਗੰਮੀ ਤਿਲ ਦੇ, ਤਿਲਕਣ ਬਾਜ਼ੀ ਤੋਂ ਬਾਹਰ ਕਢਾਈਆ । ਪੈਂਡੇ ਮੁਕ ਗਏ ਬਜਰ ਕਪਾਟੀ ਸਿੱਲ ਦੇ, ਸਿੱਲ ਪਾਹਨ ਰਹਿਣ ਕੋਇ ਨਾ ਪਾਈਆ । ਤੁਹਾਡੇ ਬੇੜੇ ਸ਼ੌਹ ਦਰਿਆ ਕਦੇ ਨਾ ਠਿਲ੍ਹਦੇ, ਵਹਿਣਾਂ ਵਹਿਣ ਨਾ ਕੋਈ ਵਹਾਈਆ । ਹੁਣ ਵਕਤ ਵਕਤ ਰਹੇ ਨਹੀਂ ਢਿੱਲ ਦੇ, ਸਮਾਂ ਸਮਾਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਖੇਲ ਵਖਾਈਆ । ਧਰਨੀ ਕਹੇ ਜਨ ਭਗਤੋ ਤੁਹਾਡਾ ਮੇਰੇ ਉਤੇ ਵਸੇਰਾ, ਵਸਣ ਵਾਲਿਓ ਦਿਆਂ ਜਣਾਈਆ । ਮੈਂ ਨਿਤ ਨਿਤ ਖੇਲ ਵੇਖਿਆ ਬਥੇਰਾ, ਜੁਗ ਚੌਕੜੀ ਧਿਆਨ ਲਗਾਈਆ । ਮੇਰੇ ਉਤੇ ਕੋਈ ਗੁਰੂ ਰਿਹਾ ਨਾ ਚੇਰਾ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਸਭ ਤੋਂ ਵੱਖਰਾ ਖੇਲ ਕਰੇ ਪ੍ਰਭੂ ਪ੍ਰਭ ਸ਼ੇਰ ਸ਼ੇਰਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਰੂਪ ਬਦਲਾਈਆ । ਜੋ ਕਲਜੁਗ ਮੇਟੇ ਅੰਧੇਰਾ, ਅੰਧ ਅਗਿਆਨ ਦਏ ਚੁਕਾਈਆ । ਜਨ ਭਗਤਾਂ ਉਤੇ ਕਰੇ ਮਿਹਰਾ, ਮਿਹਰ ਨਜ਼ਰ ਉਠਾਈਆ । ਮੇਰੇ ਉਤੇ ਮਾਰਿਆ ਫੇਰਾ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਜਿਸ ਦਾ ਵਕਤ ਸੁਹੰਜਣਾ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮੇਰਾ ਪੂਰਾ ਕਰਨ ਵਾਲਾ ਗੇੜਾ, ਗੇੜਾ ਗੇੜੇ ਵਿਚੋਂ ਬਦਲਾਈਆ । ਚੁਕਾਵਣ ਵਾਲਾ ਝੇੜਾ, ਝਗੜਾ ਤੱਕੇ ਖ਼ਲਕ ਖ਼ੁਦਾਈਆ । ਤੁਹਾਡਾ ਇਕੋ ਵਾਰ ਬੰਨ੍ਹ ਕੇ ਬੇੜਾ, ਆਪ ਆਪਣੇ ਕੰਧ ਉਠਾਈਆ । ਤੁਹਾਡਾ ਵਸਦਾ ਰਹੇ ਖੇੜਾ, ਘਰ ਵਜਦੀ ਰਹੇ ਵਧਾਈਆ । ਦਰਸ ਕਰ ਗਿਆ ਜਿਹੜਾ ਜਿਹੜਾ, ਚੁਰਾਸੀ ਵਿਚੋਂ ਪਾਰ ਲੰਘਾਈਆ । ਅੰਤਮ ਕਰਕੇ ਹਕ ਨਿਬੇੜਾ, ਲਹਿਣੇ ਸਭ ਦੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡਾ ਅੱਜ ਖ਼ੁਸ਼ੀਆਂ ਵਾਲਾ ਲਿਆਏ ਸਵੇਰਾ, ਸੁਬਹ ਅਲਲ ਸੁਬਹ ਆਪਣੀ ਦਇਆ ਕਮਾਈਆ ।

## ✪ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ਨੌਂ ਸ਼ਾਮ ਨੂੰ ਦੁਆਬਾ ਸੰਗਤ ਦੇ ਬਿਸਤਰਿਆਂ ਦੀ ਸੇਵਾ ਲਿਆਉਣ ਸਮੇਂ ਹਰਿ ਭਗਤ ਦਵਾਰ ਜੇਠੂਵਾਲ ਵਿਖੇ ✪



ਬਿਆਸ ਕਹੇ ਮੇਰਾ ਖੇਲ ਅਪਾਰ, ਅਪਰੰਪਰ ਸਵਾਮੀ ਦਿਤੀ ਵਡਿਆਈਆ । ਸਤਿਜੁਗ ਕਹੇ ਮੈਂ ਸਤਿ ਧਰਮ ਦੀ ਧਾਰ, ਸਤਿ ਸਚ ਦਿਆਂ ਜਣਾਈਆ । ਬਿਆਸ ਕਹੇ ਮੇਰਾ ਸਤਿਗੁਰ ਨਾਨਕ ਮੀਤ ਮੁਰਾਰ, ਨਿਰਗੁਣ ਸਰਗੁਣ ਬੇਪ੍ਰਵਾਹੀਆ । ਸਤਿਲੁਜ ਕਹੇ ਮੈਂ ਗੋਬਿੰਦ ਦਾ ਕੀਤਾ ਦਰਸ ਦੀਦਾਰ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਧਰਨੀ ਕਹੇ ਮੈਂ ਦੋਹਾਂ ਦੇ ਵਿਚ ਜਾਵਾਂ ਬਲਿਹਾਰ, ਬਲਿਹਾਰੀ ਆਪਣਾ ਆਪ ਕਰਾਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਰਾਮ ਅਵਤਾਰ, ਬਿਨ ਰਸਨਾਂ ਜਿਹਵਾ ਢੋਲੇ ਗਾਈਆ । ਸਪਤਸ ਰਿਖੀਆਂ ਮਾਰ ਕੇ ਲਕਾਰ, ਲੀਕ ਅਗਲੀ ਦਿਤੀ ਵਖਾਈਆ । ਜਿਸ ਵੇਲੇ ਕਲਜੁਗ ਹੋਇਆ ਅੰਧ ਅੰਧਿਆਰ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਣ ਰਿਹਾ ਨਾ ਕਿਸੇ ਪੈਗ਼ੰਬਰ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਚਤੁਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਖ਼ੁਆਰ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਉਸ ਵੇਲੇ ਪੁਰਖ ਅਕਾਲਾ ਪਾਵੇ ਸਾਰ, ਮਹਾਸਾਰਥੀ ਆਪਣੀ ਦਇਆ ਕਮਾਈਆ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਵੇਸ ਵਟਾਈਆ । ਕਲ ਕਲਕੀ ਲਏ ਅਵਤਾਰ, ਨਿਹਕਲੰਕ ਏਕਾ ਡੰਕ ਸ਼ਨਵਾਈਆ । ਰਾਓ ਰੰਕ ਕਰ ਪਿਆਰ, ਬੰਕ ਦਵਾਰ ਇਕ ਵਖਾਈਆ । ਜਨ ਭਗਤ ਸੁਹੇਲੇ ਲਏ ਉਬਾਰ, ਅੰਤਰ ਨਿਰੰਤਰ ਆਪਣਾ ਰੰਗ ਰੰਗਾਈਆ । ਸਤਿ ਸਚ ਦੀ ਬਖ਼ਸ਼ ਕੇ ਕਾਰ, ਕਰਨੀ ਦਾ ਕਰਤਾ ਆਪ ਹੋਏ ਸਹਾਈਆ । ਗ਼ਰੀਬ ਨਿਮਾਣਿਆਂ ਦੁੱਖ ਦਰਦ ਦਏ ਨਿਵਾਰ, ਮਿਹਰ ਨਜ਼ਰ ਇਕ ਉਠਾਈਆ । ਧੁਰ ਸੰਦੇਸਾ ਦੇ ਕੇ ਏਕੰਕਾਰ, ਇਕ ਇਕੱਲਾ ਆਪ ਦ੍ਰਿੜਾਈਆ । ਸਚ ਸਿੰਘਾਸਣ ਵਿਚ ਸੰਸਾਰ, ਰਜੋ ਤਮੋ ਸਤੋ ਤੋਂ ਬਾਹਰ ਇਕ ਵਿਛਾਈਆ । ਭਗਤਾਂ ਦੇ ਭਗਤ ਬਣਾ ਕੇ ਸੇਵਾਦਾਰ, ਭਗਵਨ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬਿਆਸ ਕਹੇ ਵੇਖ ਸਤਲੁਜ ਅਗੰਮੀ ਕਾਰ, ਕੀ ਅਗੰਮਾ ਰਿਹਾ ਕਰਾਈਆ । ਜਨ ਭਗਤਾਂ ਬਖ਼ਸ਼ ਪਿਆਰ, ਪ੍ਰੇਮ ਪ੍ਰੀਤੀ ਵਿਚ ਰਖਾਈਆ । ਅੰਤਰ ਨਿਰੰਤਰ ਦੇ ਅਧਾਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਆਪ ਬਣਾ ਕੇ ਬਰਖ਼ੁਰਦਾਰ, ਹਰਿਜਨ ਆਪਣੇ ਰੰਗ ਰੰਗਾਈਆ । ਸਤਿ ਸਚ ਦੇ ਬਣਾ ਕੇ ਸੇਵਾਦਾਰ, ਸੇਵਕ ਸੇਵਾ ਵਿਚ ਰਖਾਈਆ । ਬਿਸਤਰ ਵਿਛਾਉਣੇ ਕਰ ਤਿਆਰ, ਲੈ ਕੇ ਆਏ ਚਾਈਂ ਚਾਈਆ । ਭਗਤ ਦਵਾਰ ਰੱਖ ਦਰੇ ਦਰਬਾਰ, ਦਰ ਠਾਂਡੇ ਸੀਸ ਝੁਕਾਈਆ । ਇਹ ਖ਼ੁਸ਼ੀਆਂ ਦਾ ਵਿਵਹਾਰ, ਜਨ ਭਗਤ ਭਗਤ ਮਿਲੇ ਵਡਿਆਈਆ । ਗ਼ਰੀਬ ਨਿਮਾਣਿਆਂ ਦੇ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਅਗਲਾ ਲੇਖ ਦੀਨ ਦੁਨੀ ਤੋਂ ਬਾਹਰ, ਮਿਹਰਵਾਨ ਵੇਖਣਹਾਰਾ ਚਾਈਂ ਚਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਹੋਵੇ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮੰਗਣਾ ਬਣ ਭਿਖਾਰ, ਭਿਖ ਕੋਇ ਨਾ ਪਾਈਆ । ਜਨ ਭਗਤੋ ਤੁਹਾਡੇ ਬਿਸਤਰ ਸੁਹੰਜਣੇ ਘਰ ਘਰ ਸਦਾ ਰਹਿਣ ਤਿਆਰ, ਅਤੋਟ ਅਤੁਟ ਆਪ ਰਖਾਈਆ । ਪਹਿਲੀ ਪੋਹ ਕਹੇ ਮੈਂ ਸਭ ਨੂੰ ਕਰਾਂ ਪਿਆਰ, ਪ੍ਰੇਮੀ ਪਿਆਰਿਓ ਦਿਆਂ ਜਣਾਈਆ । ਲੇਫ਼ ਤਲਾਈ ਦੋਵੇਂ ਏਥੇ ਓਥੇ ਦੋਹਾਂ ਦਾ ਲੇਖਾ ਦੇਣ ਨਿਵਾਰ, ਤਨ ਬਸਤਰ ਚਾਦਰ ਸਾਫ਼ ਕਰਾਈਆ । ਸਰਹਾਣਾ ਕਹੇ ਮੈਂ

੧੪੮੦ ੨੩

ਸਭ ਤੋਂ ਵੱਖਰਾ ਚੁਕਾਂ ਭਾਰ, ਜਿਸ ਸੀਸ ਵਿਚ ਮੇਰਾ ਜਗਦੀਸ਼ ਰਹਿ ਕੇ ਆਪਣਾ ਆਸਣ ਲਾਈਆ । ਦਰੀ ਕਹੇ ਮੈਂ ਵੀ ਦੋਹਾਂ ਦਰਿਆਵਾਂ ਦੇ ਫਿਰੀ ਵਿਚਕਾਰ, ਭੱਜੀ ਵਾਹੋ ਦਾਹੀਆ । ਨਾਨਕ ਨੇ ਬਖ਼ਸ਼ਿਸ਼ ਕੀਤੀ ਅਪਾਰ, ਸ਼ਬਦ ਸੰਦੇਸਾ ਗਿਆ ਸੁਣਾਈਆ । ਦੁਆਬੇ ਵਾਲਿਓ ਤੁਹਾਡਾ ਲੇਖਾ ਲੇਖੇ ਲੱਗੇ ਲਾਏ ਆਪ ਨਿਰੰਕਾਰ, ਨਿਰਵੈਰ ਹੋਏ ਸਹਾਈਆ । ਮਾਝਾ ਮਾਲਵਾ ਜੰਮੂ ਇਕੋ ਬੰਨ੍ਹ ਆਪਣੀ ਪ੍ਰੇਮ ਦੀ ਤਾਰ, ਤਾਰਨਹਾਰ ਵੇਖ ਵਖਾਈਆ । ਇਹ ਬਿਸਤਰ ਨਹੀਂ ਇਹ ਨਵਾਂ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਦਏ ਵਖਾਈਆ । ਤੁਹਾਡਾ ਭਗਤ ਦਵਾਰਾ ਵਸਦਾ ਰਹੇ ਸਦਾ ਜੁਗ ਚਾਰ, ਜੁਗ ਚੌਕੜੀ ਥਾਨ ਨਾ ਕੋਇ ਬਦਲਾਈਆ । ਤੁਹਾਡੇ ਜਨਮ ਜਨਮ ਦੇ ਪੂਰਬਲੇ ਲਹਿਣੇ ਦਏ ਨਿਵਾਰ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਪਾਰਬ੍ਰਹਮ ਪਤਿਪਰਮੇਸ਼ਵਰ ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ ।

### ✪ ੧ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਪੋਹ ਕਹੇ ਜਨ ਭਗਤੋ ਮੈਂ ਬੜਾ ਠੰਡਾ, ਠੰਡਕ ਹਰਿ ਹਿਰਦੇ ਦਿਆਂ ਵਖਾਈਆ । ਪ੍ਰਭੂ ਨਾਲ ਸਚ ਪ੍ਰੀਤੀ ਸਭ ਦੀ ਗੰਢਾਂ, ਟੁੱਟੀਆਂ ਜੋੜ ਜੁੜਾਈਆ । ਕਲਜੁਗ ਅੰਤਮ ਵੇਖ ਕੇ ਕੰਢਾ, ਕੂਕ ਕੂਕ ਦਿਆਂ ਸੁਣਾਈਆ । ਫਿਰੀ ਦਰੋਹੀ ਵਿਚ ਵਰਭੰਡਾ, ਨਵ ਸੱਤ ਰਹੇ ਕੁਰਲਾਈਆ ।

੧੪੮੧ ੨੩ ਮੇਰਾ ਵਕਤ ਜੁਗ ਚੌਕੜੀ ਪਿਛੇ ਹੰਢਾ, ਆਪਣਾ ਪੰਧ ਮੁਕਾਈਆ । ਹੁਣ ਤੱਕਾਂ ਸ਼ਬਦੀ ਧਾਰ ਅਗੰਮੀ ਚੰਡਾ, ਬਿਨ ਨੈਣਾਂ ਨੈਣ ਉਠਾਈਆ । ਜੋਤੀ ੧੪੮੧ ੨੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਪੋਹ ਕਹੇ ਮੈਂ ਦਿਸਦਾ ਸੀਤਲ ਧਾਰ, ਠੰਡਕ ਸਤਿ ਵਰਤਾਈਆ । ਮੇਰੀ ਸਭ ਤੋਂ ਵੱਖਰੀ ਬਹਾਰ, ਆਪਣਾ ਰੰਗ ਬਦਲਾਈਆ । ਮੇਰਾ ਖੇਲ ਵਿਚ ਸੰਸਾਰ, ਸੰਸਾਰੀਆਂ ਦਿਆਂ ਜਣਾਈਆ । ਉਠੋ ਵੇਖੋ ਨੈਣ ਉਘਾੜ, ਲੋਚਨ ਨਾਲ ਮਿਲਾਈਆ । ਅੰਦਰ ਸਭ ਦੇ ਅਗਨੀ ਰਹੀ ਸਾੜ, ਮੇਰੀ ਠੰਡਕ ਬਾਹਰੋਂ ਕੰਮ ਕਿਸੇ ਨਾ ਆਈਆ । ਕੂਕ ਪੁਕਾਰੇ ਤਨ ਵਜੂਦ ਨਾੜ ਨਾੜ, ਹਾਡੀ ਹਾਡੀ ਦਏ ਗਵਾਹੀਆ । ਕਿਸੇ ਨਾ ਦਿਸੇ ਪਿਛਾ ਅਗਾੜ, ਪਾਧੀ ਪੰਧ ਨਾ ਕੋਇ ਮੁਕਾਈਆ । ਘਰ ਲੁੱਟੀ ਜਾਏ ਪੰਚਮ ਧਾੜ, ਅਗੇ ਹੋ ਨਾ ਕੋਇ ਅਟਕਾਈਆ । ਕੂੜ ਵਿਕਾਰ ਬਣਿਆ ਅਖਾੜ, ਮਮਤਾ ਮੋਹ ਨੱਚੇ ਥਾਉਂ ਥਾਈਆ । ਸਚ ਦਾ ਦਿਸੇ ਕੋਈ ਨਾ ਲਾੜ, ਲਾੜੀ ਮੌਤ ਸਭ ਨੂੰ ਰਹੀ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਪੋਹ ਕਹੇ ਮੇਰੀ ਠੰਡਕ ਅਗੰਮ ਅਪਾਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਬ੍ਰਹਮਾ ਸ਼ਿਵ ਵਿਸ਼ਨ ਕਰਾਂ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਸੁਣਾਈਆ । ਤੇਈ ਅਵਤਾਰ ਹੋਵੇ ਹੁਸ਼ਿਆਰੀ, ਆਲਸ ਨਿੰਦਰਾ ਨਜ਼ਰ ਕੋਇ ਨਾ ਆਈਆ । ਗੁਰੂ ਗੁਰਦੇਵ ਪਾਵੇ ਸਾਰੀ, ਭੇਵ ਅਭੇਦਾ ਆਪ ਖੁਲਾਈਆ । ਦੀਨ ਦੁਨੀ ਤੱਕੇ ਵਿਚ ਸੰਸਾਰੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਿਉਂ ਕਾਇਆ ਮੰਦਰ ਅੰਦਰ ਹੋਇਆ ਧੂੰਆਂਧਾਰੀ, ਅੰਧ ਅਗਿਆਨ ਨਾ ਕੋਇ ਮਿਟਾਈਆ । ਸ਼ਬਦ ਨਾਦ ਸੁਣੇ ਨਾ ਕੋਇ ਧੁਨਕਾਰੀ, ਨਾਦੀ ਨਾਦ ਨਾ

ਕੋਇ ਵਜਾਈਆ । ਜੋਤੀ ਜੋਤ ਨਾ ਦਿਸੇ ਉਜਿਆਰੀ, ਨੂਰ ਨੁਰਾਨਾ ਨੂਰ ਨਾ ਡਗਮਗਾਈਆ । ਕਲਜੁਗ ਅਗਨੀ ਸਭ ਨੂੰ ਰਹੀ ਸਾੜੀ, ਤਤਵ ਤਤ ਨਾ ਕੋਇ ਤਪਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੁਸੀਂ ਵੇਖੇ ਨਾੜੀ ਨਾੜੀ, ਬਿਨ ਨੈਣਾਂ ਨੈਣ ਉਠਾਈਆ । ਪੋਹ ਕਹੇ ਮੇਰੀ ਸੁਹੰਜਣੀ ਪਹਿਲੇ ਪ੍ਰਵਿਸ਼ਟੇ ਵਾਲੀ ਦਿਹਾੜੀ, ਸਤਿ ਸਚ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸੁਣ ਮਿਤਰ ਪਿਆਰੇ ਪੋਹ, ਕੀ ਪਰਮ ਪੁਰਖ ਜਣਾਈਆ । ਆਤਮ ਧਾਰ ਰਿਹਾ ਕਿਸੇ ਨਾ ਮੋਹ, ਮੁਹੱਬਤ ਵਿਚ ਨਾ ਕੋਇ ਸਮਾਈਆ । ਨੂਰ ਉਜਾਲਾ ਜੋਤੀ ਦਿਸੇ ਕੋਈ ਨਾ ਲੋ, ਨਿਜ ਲੋਚਨ ਨੈਣ ਨਾ ਕੋਇ ਖੁਲਾਈਆ । ਦੁਰਮਤ ਮੈਲ ਸਕੇ ਕੋਈ ਨਾ ਧੋ, ਪਾਪਾਂ ਭਰੀ ਲੋਕਾਈਆ । ਪਾਰਬ੍ਰਹਮ ਬ੍ਰਹਮ ਜਾਣੇ ਕੋਈ ਨਾ ਛੋਹ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸੁਣ ਪੋਹ ਪਿਆਰੇ ਮੀਤ, ਮਿਤ੍ਰਾ ਦਈਏ ਜਣਾਈਆ । ਤੂੰ ਜੁਗ ਜੁਗ ਵੇਖੀ ਧੁਰ ਦੀ ਰੀਤ, ਕੀ ਪੁਰਖ ਅਕਾਲ ਸਮਝਾਈਆ । ਢੋਲੇ ਸੁਣੇ ਗੀਤ, ਅੱਖਰਾਂ ਨਾਲ ਵਡਿਆਈਆ । ਪਿਛਲਾ ਲੇਖਾ ਪਿਛੇ ਗਿਆ ਬੀਤ, ਅਗੇ ਦਈਏ ਜਣਾਈਆ । ਤਨ ਵਜੂਦ ਹੋਏ ਕਿਸੇ ਨਾ ਸੀਤ, ਅਗਨੀ ਅੱਗ ਨਾ ਕੋਇ ਬੁਝਾਈਆ । ਝਗੜਾ ਵੇਖ ਲੈ ਹਸਤ ਕੀਟ, ਊਚ ਨੀਚ ਰੋਵਣ ਮਾਰਨ ਧਾਹੀਆ । ਅੰਤਰ ਨਿਰੰਤਰ ਦਿਸੇ ਕੋਈ ਨਾ ਮੀਤ, ਸਾਜਣ ਸੰਗ ਨਾ ਕੋਇ ਰਖਾਈਆ । ਸ਼ਰਅ ਦੀ ਸ਼ਰੀਅਤ ਵਾਲੀ ਲੀਕ, ਲਾਸ਼ਰੀਕ ਵੇਖਣ ਕੋਇ ਨਾ ਪਾਈਆ । ਅੱਖਰਾਂ ਵਾਲੀ ਸਭ ਦੀ ਤੱਕ ਤਬਲੀਕ, ਕੀ ਤਰਾ ਤਰਾ ਦ੍ਰਿੜਾਈਆ । ਉਠ ਵੇਖ ਸੁਹੰਜਣਾ ਵਕਤ ਤੇਰਾ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪੋਹ ਕਹੇ ਮੈਂ ਦੱਸਾਂ ਕਥਾ ਅਗੰਮ, ਬਿਨ ਅੱਖਰਾਂ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਵੇਖਣਹਾਰਾ ਪਾਰਬ੍ਰਹਮ, ਪਾਰਬ੍ਰਹਮ ਪ੍ਰਭ ਪਰਦਾ ਆਪ ਚੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਜਾਣਣਹਾਰਾ ਧਰਮ, ਧਰਮ ਦੀ ਧਾਰ ਖੋਜ ਖੁਜਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖੇ ਕਰਮ, ਕਰਮ ਕਾਂਡ ਦਾ ਪਰਦਾ ਆਪ ਉਠਾਈਆ । ਦੀਨ ਦੁਨੀ ਜ਼ਾਤ ਪਾਤ ਮਜ਼੍ਹਬ ਵੇਖੇ ਵਰਨ ਬਰਨ, ਚਾਰੋਂ ਕੁੰਟ ਖੋਜ ਖੁਜਾਈਆ । ਹਰਿ ਭਗਤ ਸੁਹੇਲੇ ਹਰਿਜਨ ਤੱਕੇ ਜਿਨ੍ਹਾਂ ਇਕੋ ਓਟ ਸਰਨ, ਸਰਨਾਗਤ ਇਕ ਰਖਾਈਆ । ਜੋ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਹਕ ਹਕੀਕੀ ਮੰਜ਼ਲ ਚੜ੍ਹਨ, ਬਿਨ ਕਦਮਾ ਕਦਮ ਟਿਕਾਈਆ । ਸਚ ਦਵਾਰੇ ਵੜਨ, ਜਿਥੇ ਮਿਲੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾਤਾ ਇਕ ਅਖਵਾਈਆ । ਪੋਹ ਕਹੇ ਮੇਰੇ ਸਾਹਿਬ ਦਾ ਖੇਲ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹ ਕੱਟਣਹਾਰਾ ਜ਼ੰਜੀਰ, ਸ਼ਰਅ ਛੁਰੀ ਦਾ ਡੇਰਾ ਢਾਹੀਆ । ਉਸ ਦੀ ਅਗੰਮ ਅਗੰਮੜੀ ਤਦਬੀਰ, ਤਰੀਕਾ ਆਪਣੇ ਵਿਚ ਛੁਪਾਈਆ । ਜੋ ਨਿਤ ਨਵਿਤ ਦੋ ਜਹਾਨਾਂ ਪੈਂਡਾ ਆਵੇ ਚੀਰ, ਨਿਰਗੁਣ ਸਰਗੁਣ ਆਪਣਾ ਖੇਲ ਖਿਲਾਈਆ । ਉਹ ਦਾਤਾ ਦਾਨੀ ਗਵਰ ਗੁਣੀ ਗਹੀਰ, ਧੁਰ ਦਾ ਮਾਲਕ ਇਕ ਅਖਵਾਈਆ । ਜਿਸ ਦੀਨ ਦੁਨੀ ਬਦਲਣੀ ਤਕਦੀਰ, ਮੁਕੱਦਰ ਸਭ ਦਾ ਵੇਖ ਵਖਾਈਆ । ਉਹਦਾ ਲੇਖਾ ਨਾਲ ਸ਼ਾਹ ਹਕੀਰ,


੧੪੮੨
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੋਹ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰਾ ਵੇਖ ਲਓ ਅਨੋਖਾ ਪ੍ਰਵਿਸ਼ਟਾ, ਪੁਰਖ ਪੁਰਖੋਤਮ ਪੁਰਸ਼ੋਤਮ ਦਿਤੀ ਮਾਣ ਵਡਿਆਈਆ । ਮਿਹਰਵਾਨੋ ਨੌਜਵਾਨੋ ਧਰਨੀ ਧਰਤ ਧਵਲ ਧੌਲ ਤੱਕ ਲਓ ਆਪਣਾ ਇਸ਼ਟਾ, ਇਸ਼ਟ ਦੇਵ ਸਵਾਮੀ ਬਣ ਕੇ ਧਿਆਨ ਲਗਾਈਆ । ਅੰਤਰ ਨਿਰੰਤਰ ਖ਼ੁਸ਼ੀ ਦਿਸੇ ਨਾ ਕਿਸੇ ਦ੍ਰਿਸ਼ਟਾ, ਪਰਦਾ ਪਰਦਿਆਂ ਵਿਚੋਂ ਨਾ ਕੋਇ ਉਠਾਈਆ । ਸਚ ਪ੍ਰੀਤੀ ਵਿਚ ਭਗਤ ਸੁਹੇਲਾ ਕੋਈ ਨਾ ਦਿਸਦਾ, ਦਹਿ ਦਿਸ਼ਾ ਧਿਆਨ ਲਗਾਈਆ । ਰੂਪ ਮਿਲੇ ਨਾ ਮੁਰਸ਼ਦੋ ਮੁਰੀਦ ਦਾ, ਸਿੱਖ ਸਿਖਿਆ ਵਿਚ ਨਜ਼ਰ ਕੋਇ ਨਾ ਆਈਆ । ਦਰਸ ਕਰੇ ਨਾ ਕੋਈ ਪਰਮਾਤਮ ਪਿਤ ਦਾ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਤੁਸੀਂ ਝਗੜਾ ਤੱਕ ਲਓ ਬੂੰਦ ਰਿਤ ਦਾ, ਕੀ ਲੇਖਾ ਦੱਸੇ ਧੁਰਦਰਗਾਹੀਆ । ਮਾਲਕ ਰਿਹਾ ਨਾ ਕੋਇ ਠਗੌਰੀ ਚਿਤ ਦਾ, ਧੀਰਜ ਧੀਰ ਨਾ ਕੋਇ ਧਰਾਈਆ । ਨਾਤਾ ਤੁਟਿਆ ਪਿਆਰ ਮੁਹੱਬਤ ਹਿਤ ਦਾ, ਹਿਤਕਾਰੀ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੋਹ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਮੈਂ ਦੱਸਾਂ ਕੀ ਅਖ਼ੀਰ, ਆਖ਼ਰ ਕੀ ਜਣਾਈਆ । ਸਭ ਦੇ ਬਸਤਰ ਤਨ ਲੱਥੇ ਵੇਖੇ ਚੀਰ, ਓਢਣ ਸੀਸ ਨਾ ਕੋਇ ਟਿਕਾਈਆ । ਕੂੜ ਕਲਪਨਾ ਦੀਨ ਦੁਨੀ ਕੀਤੀ ਦਿਲਗੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਨੇਤਰ ਸਭ ਦੇ ਵਗੇ ਨੀਰ, ਨੈਣ ਨੈਣ ਰਹੇ ਸ਼ਰਮਾਈਆ । ਝਗੜਾ ਤੱਕੋ ਗ਼ਰੀਬ ਅਮੀਰ, ਅਮਰਾਪਦ ਨਜ਼ਰ ਕਿਸੇ ਨਾ ਆਈਆ । ਤੁਹਾਡੀ ਸ਼ਰਅ ਹੋਈ ਸ਼ਮਸ਼ੀਰ, ਤਿੱਖੀ ਧਾਰ ਧਾਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਕਹੇ ਪੋਹ ਨਾ ਕਰ ਚਲਾਕੀਆਂ, ਮੈਂ ਸਚ ਦਿਆਂ ਜਣਾਈਆ । ਮੈਂ ਵੇਖਣੇ ਬੰਦੇ ਖ਼ਾਕੀਆ, ਤਨ ਵਜੂਦਾਂ ਫੋਲ ਫੁਲਾਈਆ । ਮੈਂ ਚੜ੍ਹਿਆ ਕੂੜ ਦੇ ਰਾਕੀਆ, ਅਸਵ ਇਕ ਦੁੜਾਈਆ । ਚਾਰੇ ਕੁੰਟਾਂ ਖੋਲ ਕੇ ਤਾਕੀਆ, ਉੱਤਰ ਪੂਰਬ ਪੱਛਮ ਦੱਖਣ ਭੱਜਾਂ ਵਾਹੋ ਦਾਹੀਆ । ਮੋਹ ਵਿਕਾਰ ਦਾ ਜਾਮ ਪਿਆਵਾਂ ਬਣ ਬਣ ਸਾਕੀਆ, ਕਾਮ ਕਰੋਧ ਨਾਲ ਮਿਲਾਈਆ । ਨੌ ਖੰਡ ਪ੍ਰਿਥਮੀ ਜੂਠ ਝੂਠ ਦੀ ਖੋਲ ਕੇ ਹਾਟੀਆ, ਆਸਾ ਤ੍ਰਿਸ਼ਨਾ ਵਿਚ ਟਿਕਾਈਆ । ਮੈਂ ਅਵਤਾਰ ਪੈਗ਼ੰਬਰ ਗੁਰੂ ਵੇਖਣੇ ਲੋਕਮਾਤ ਅਲਾਟੀਆ, ਵੀਹਵੀਂ ਚੌਧਵੀਂ ਸਦੀ ਨਾਲ ਮਿਲਾਈਆ । ਮੇਰੀ ਮੰਜ਼ਲ ਅਖ਼ੀਰੀ ਵਾਟੀਆ, ਸਚ ਸੰਦੇਸਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਮੇਰੀ ਤੱਕ ਲੈ ਖ਼ੁਸ਼ੀਆਂ ਵਾਲੀ ਰੈਣ ਅੰਧੇਰੀ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਸਭ ਨੂੰ ਰਿਹਾ ਘੇਰੀ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਮੇਰੀ ਧਰਮ ਦੀ ਧਾਰ ਤੱਕ ਲੈ ਦਲੇਰੀ, ਸੂਰਬੀਰ ਇਕ ਅਖਵਾਈਆ । ਜੋ ਉਲਟੇ ਦੇ ਰਿਹਾ ਗੇੜੀ, ਗੇੜੇ ਵਿਚ ਲੋਕਾਈਆ । ਮੈਂ ਸਚ ਦੱਸਾਂ ਮੈਂ ਹਜ਼ਰਤ ਮੁਹੰਮਦ ਮੂਸਾ ਈਸਾ ਨਾਲ ਛੇੜਾਂ ਰਿਹਾ ਛੇੜੀ, ਛੇਕੜ ਸਭ ਨੂੰ ਦਿਆਂ ਲੜਾਈਆ । ਅੰਤਮ ਜੜਾਂ ਦੇਵਾਂ ਉਖੇੜੀ, ਲੋਕਮਾਤ ਫੇਰ ਨਾ ਕੋਇ ਲਗਾਈਆ । ਹੁਣ ਕਰਨੀ ਨਹੀਂ ਕੋਈ ਡੇਰੀ, ਡੇਰੇ ਸਭ ਦੇ ਫੋਲ ਫੁਲਾਈਆ । ਮੇਰੀ ਪਾਪ ਅਪਰਾਧ ਕੂੜ ਕੁਕਰਮ ਦੀ ਭਰਦੀ ਜਾਂਦੀ ਬੇੜੀ, ਬੇੜਾ ਸ਼ੌਹ ਦਰਿਆ ਰੁੜ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰੀ ਨਿੱਕੀ ਜਿਹੀ ਖੇੜੀ, ਚਾਰੋਂ ਕੁੰਟ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



੧੪੮੩
੨੩

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰਾ ਸਾਚਾ ਵਕਤ ਸੁਹਾਈਆ । ਕਲਜੁਗ ਕਹੇ ਮੇਰਾ ਵਕਤ ਹੋਇਆ ਸੁਹੰਜਣਾ, ਮੇਰੇ ਸਾਚੇ ਮੀਤ ਮੁਰਾਰ । ਮੇਰਾ ਮਾਲਕ ਦਰਦ ਦੁੱਖ ਭੈ ਭੰਜਨਾ, ਹਰਿ ਕਰਤਾ ਏਕੰਕਾਰ, ਨੂਰ ਅਲਾਹੀ ਧੁਰ ਦਾ ਸੱਜਣਾ, ਮੇਰਾ ਸਾਹਿਬ ਪਰਵਰਦਿਗਾਰ । ਜਿਸ ਮੇਰੇ ਦਰ ਤੇ ਸਜਣਾ, ਜੋਤੀ ਜਾਤਾ ਪੁਰਖ ਬਿਧਾਤਾ ਲੈ ਅਵਤਾਰ । ਜਿਹਦਾ ਨੂਰ ਨੁਰਾਨਾ ਦੋ ਜਹਾਨਾਂ ਮਘਣਾ, ਖੇਲੇ ਖੇਲ ਅਗੰਮ ਅਪਾਰ । ਸੋ ਪੁਰਖ ਅਕਾਲਾ ਦੀਨ ਦਿਆਲਾ ਲੱਭਿਆਂ ਕਿਸੇ ਨਾ ਲੱਭਣਾ, ਨਜ਼ਰ ਆਏ ਕਿਸੇ ਨਾ ਵਿਚ ਸੰਸਾਰ । ਜਿਸ ਦਾ ਇਕੋ ਡੰਕਾ ਵੱਜਣਾ, ਦੋ ਜਹਾਨਾਂ ਕਰੇ ਖ਼ਬਰਦਾਰ । ਕਲਜੁਗ ਕਹੇ ਮੈਂ ਉਸ ਦੇ ਦਰ ਬਹਿ ਬਹਿ ਮੰਗਣਾ, ਮਾਂਗਤ ਹੋ ਕੇ ਝੋਲੀ ਅਗੇ ਦੇਵਾਂ ਡਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰੇ ਅਗੰਮੀ ਕਾਰ । ਪੋਹ ਕਹੇ ਕਲਜੁਗ ਨਾ ਕਰ ਕੂੜੀਆਂ ਬਾਤਾਂ, ਬਾਤਨ ਭੇਵ ਖੁਲਾਈਆ । ਤੇਰੀਆਂ ਰਹਿਣੀਆਂ ਨਹੀਂ ਅੰਧੇਰੀਆਂ ਰਾਤਾਂ, ਚਾਰ ਕੁੰਟ ਅੰਧੇਰਾ ਛਾਈਆ । ਉਹ ਸੁਣ ਅਗੰਮੀ ਗਾਥਾ, ਕੀ ਪੁਰਖ ਅਕਾਲ ਸੁਣਾਈਆ । ਕੀ ਲੇਖਾ ਜਾਣੇ ਸਾਹਿਬ ਪੁਰਖ ਸਮਰਾਥਾ, ਕਰਤਾ ਧੁਰਦਰਗਾਹੀਆ । ਜਿਸ ਦੀ ਸਿਫ਼ਤ ਸਲਾਹ ਅਕਥਨਾ ਅਕਾਥਾ, ਕਥਨੀ ਕਥ ਸਕੇ ਨਾ ਰਾਈਆ । ਉਹ ਲਹਿਣਾ ਦੇਣਾ ਸਭ ਦਾ ਵੇਖੇ ਮਸਤਕ ਮਾਥਾ, ਪੂਰਬ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪੋਹ ਕਹੇ ਕਲਜੁਗ ਮੇਰਾ ਸਾਹਿਬ ਸੂਰਾ ਸਰਬੰਗਾ, ਸਤਿਗੁਰ ਧੁਰਦਰਗਾਹੀਆ । ਜਿਹਦਾ ਨੂਰ ਅਲਾਹੀ ਚੰਦਾ, ਨੂਰ ਨੁਰਾਨਾ ਡਗਮਗਾਈਆ । ਜੋ ਫਿਰੇ ਵਿਚ ਬ੍ਰਹਿਮੰਡਾ, ਪੁਰੀਆਂ ਲੋਆਂ ਚਰਨਾਂ ਹੇਠ ਦਬਾਈਆ । ਉਹਦਾ ਲਹਿਣਾ ਦੇਣਾ ਜੇਰਜ ਅੰਡਾ, ਉਤਭੁਜ ਸੇਤਜ ਆਪਣਾ ਹੁਕਮ ਵਰਤਾਈਆ । ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਕਰੇ ਥਾਉਂ ਕਾਈਆ । ਮੇਰਾ ਸਵਾਮੀ ਗੁਣੀ ਗਹਿੰਦਾ, ਗਹਿਰ ਗਵਰ ਗਵਰ ਵਡਿਆਈਆ । ਜਿਸ ਦੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰਦੀ ਨਿੰਦਾ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਇਕ ਅਖਵਾਈਆ । ਹਰਿ ਕਰਤਾ ਇਕ ਅਖਵਾਉਂਦਾ ਏ । ਸੋ ਪੁਰਖ ਨਿਰੰਜਣ ਵੇਸ ਵਟਾਉਂਦਾ ਏ । ਹਰਿ ਪੁਰਖ ਨਿਰੰਜਣ ਨਾਉਂ ਧਰਾਉਂਦਾ ਏ । ਏਕੰਕਾਰਾ ਆਪਣੀ ਕਲ ਵਰਤਾਉਂਦਾ ਏ । ਆਦਿ ਨਿਰੰਜਣ ਡਗਮਗਾਉਂਦਾ ਏ । ਅਬਿਨਾਸ਼ੀ ਕਰਤਾ ਰੂਪ ਧਰਾਉਂਦਾ ਏ । ਸ੍ਰੀ ਭਗਵਾਨ ਭਾਂਡਾ ਭਰਮ ਭੰਨਾਉਂਦਾ ਏ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਰੰਗ ਸਮਾਉਂਦਾ ਏ । ਲੇਖਾ ਜਾਣੇ ਆਪਣੇ ਧਰਮ, ਧਰਮ ਦੀ ਧਾਰ ਨਾਲ ਵਡਿਆਉਂਦਾ ਏ । ਜਿਸ ਦਾ ਕਦੇ ਨਹੀਂ ਹੋਇਆ ਜਨਮ, ਗੋਦੀ ਗੋਦ ਨਾ ਕੋਇ ਸੁਹਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਉਂਦਾ ਏ । ਸਦ ਆਪਣਾ ਖੇਲ ਖਿਲਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਕਲਜੁਗ ਤੇਰਾ ਕੂੜਾ ਪੰਧ ਮੁਕਾਵੇਗਾ । ਸਦੀ ਚੌਧਵੀਂ ਤਾਰਾ ਚੰਦ ਨਿਸ਼ਾਨ ਮਿਟਾਵੇਗਾ । ਤੇਰਾ ਰੂਪ ਰਹੇ ਨਾ ਅੰਧ, ਅੰਧ ਅੰਧੇਰਾ ਦੂਰ ਕਰਾਵੇਗਾ । ਜਗਤ ਧਾਰ ਦੀ ਮੰਜ਼ਲ ਲੰਘ, ਆਪਣਾ ਪਰਦਾ ਆਪ ਚੁਕਾਵੇਗਾ । ਪੰਚ ਵਿਕਾਰਾ ਮੇਟ ਕੇ ਜੰਗ, ਸਾਂਤਕ ਸਤਿ ਸਤਿ ਕਰਾਵੇਗਾ । ਹਰਿਜਨ ਲਾ ਕੇ ਆਪਣੇ ਅੰਗ, ਅੰਗੀਕਾਰ ਇਕ ਅਖਵਾਵੇਗਾ । ਜਿਸ ਦਾ ਸੰਮਤ ਸ਼ਹਿਨਸ਼ਾਹੀ ਨੌਂ ਛੱਬੀ ਪੋਹ ਨੂੰ ਵੱਜਣਾ ਮਰਦੰਗ, ਮਰਦੰਗਾ ਇਕੋ ਨਾਮ ਦ੍ਰਿੜਾਵੇਗਾ । ਦੀਨ ਦੁਨੀ ਦੀ ਪਾ ਕੇ ਵੰਡ, ਹਿੱਸੇ ਸਭ ਦੇ ਆਪ


੧੪੮੪
੨੩

੧੪੮੫
੨੩

ਰਖਾਵੇਗਾ । ਜਿਸ ਕੂੜ ਕਿਰਿਆ ਮੇਟਣਾ ਪਖੰਡ, ਮਾਇਆ ਮਮਤਾ ਮੋਹ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਵੇਗਾ । ਕਲਜੁਗ ਕਹੇ ਮੈਂ ਵੀ ਓਸੇ ਦਾ ਹੁਕਮ ਮੰਨਦਾ, ਜੋ ਕਰਨੀ ਦਾ ਕਰਤਾ ਪੁਰਖ ਅਕਾਲ । ਜੋ ਮੇਰਾ ਬੇੜਾ ਬੰਨ੍ਹਦਾ, ਮੇਰਾ ਸਾਹਿਬ ਦੀਨ ਦਿਆਲ । ਜਿਸ ਨਿਸ਼ਾਨ ਮੇਟਣਾ ਤਾਰੇ ਚੰਨ ਦਾ, ਮੇਰੀ ਸੁਰਤ ਰਿਹਾ ਸੰਭਾਲ । ਮੈਂ ਵਣਜਾਰਾ ਨਹੀਂ ਕਿਸੇ ਕੰਨ ਦਾ, ਸ਼ਬਦ ਅਗੰਮੀ ਸੁਣਾਂ ਧੁਨਕਾਨ । ਮੈਂ ਮਣਕਾ ਨਹੀਂ ਕੋਈ ਮਨ ਕਾ, ਮਨਸਾ ਆਪਣੀ ਨਾ ਰਖਾਂ ਨਾਲ । ਮੈਂ ਵਣਜਾਰਾ ਨਹੀਂ ਕੋਈ ਧਨ ਦਾ, ਨਾ ਹੋਵਾਂ ਸ਼ਾਹ ਕੰਗਾਲ । ਮੇਰਾ ਵੇਸ ਨਹੀਂ ਕੋਈ ਬ੍ਰਹਮ ਦਾ, ਪਾਰਬ੍ਰਹਮ ਮੇਰੀ ਕਰੇ ਪ੍ਰਿਤਪਾਲ । ਮੈਂ ਜਦੋਂ ਉਪਜਾਂ ਤੇ ਪ੍ਰਭ ਦੀ ਧਾਰੋਂ ਜੰਮਦਾ, ਜਨਣੀ ਸਕੇ ਨਾ ਕੋਇ ਸੰਭਾਲ । ਮੇਰਾ ਲੇਖਾ ਨਹੀਂ ਕੋਈ ਗ਼ਮ ਦਾ, ਖ਼ੁਸ਼ੀਆਂ ਵਿਚ ਚਲਾਂ ਆਪਣੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਕਰੇ ਕਮਾਲ । ਕਲਜੁਗ ਕਹੇ ਪੋਹ ਜੀ ਮੈਂ ਕੀ ਦੱਸਾਂ, ਮੇਰਾ ਨੇਤਰ ਨੈਣ ਸ਼ਰਮਾਈਆ । ਨਾਲੇ ਮੁਸਕਰਾਵਾਂ ਨਾਲੇ ਹੱਸਾਂ, ਹੱਸ ਹੱਸ ਕੇ ਦਿਆਂ ਸੁਣਾਈਆ । ਮੈਂ ਦਿਵਸ ਰੈਣ ਨੱਸਾਂ, ਭੱਜਾਂ ਵਾਹੋ ਦਾਹੀਆ । ਮੈਂ ਵੇਖਾਂ ਬਿਨਾ ਅੱਖਾਂ, ਆਖਰ ਤੱਕਾਂ ਲੋਕਾਈਆ । ਕੋਟਨ ਕੋਟ ਗਣਤੀ ਗਣਤ ਨਾ ਜਾਣਾ ਲੱਖਾਂ, ਅਲਖ ਅਲੱਖਣੇ ਖੇਲ ਦਿਤਾ ਸਮਝਾਈਆ । ਮੇਰੇ ਪਿਆਰ ਦੀ ਚਾਰੋਂ ਕੁੰਟ ਰੈਣ ਅੰਧੇਰੀ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਹੁਣ ਲਹਿੰਦੀ ਦਿਸ਼ਾ ਨੱਸਾਂ, ਭੱਜਾਂ ਜਾਵਾਂ ਵਾਹੋ ਦਾਹੀਆ । ਮੈਨੂੰ ਨਜ਼ਰ ਆਉਂਦਾ ਈਸਾ ਦੇ ਗਲ ਵਿਚ ਪਿਆ ਫਾਸੀ ਵਾਲਾ ਰੱਸਾ, ਰਸਤੇ ਸਭ ਦੇ ਦਿਆਂ ਬਦਲਾਈਆ । ਮੈਨੂੰ ਇਸ਼ਾਰਾ ਦਿੰਦਾ ਹੋੜੇ ਵਾਲਾ ਸੱਸਾ, ਜੋ ਸਤਿਗੁਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਕਹੇ ਪੋਹ ਜੀ ਮੇਰੀ ਪੁਸ਼ਤ ਪਨਾਹ ਤੇ ਵਜਦੀ ਥਾਪੀ, ਪਿਠ ਠਕੋਰੇ ਧੁਰ ਦਾ ਮਾਹੀਆ । ਦੀਨ ਦੁਨੀ ਕਰ ਦੇ ਪਾਪੀ, ਪੁਨੀਤ ਰਹਿਣ ਕੋਇ ਨਾ ਪਾਈਆ । ਖੇਲ ਵਖਾ ਦੇ ਚਾਰੋਂ ਕੁੰਟ ਲੋਕਮਾਤੀ, ਮਤਾ ਆਪਣੇ ਨਾਲ ਰਖਾਈਆ । ਨਾਤਾ ਜੋੜ ਤੋੜ ਦੇ ਕਿਸੇ ਮਿਲੇ ਨਾ ਬੂੰਦ ਸਵਾਂਤੀ, ਨਾਭੀ ਕਵਲ ਨਾ ਕੋਇ ਉਲਟਾਈਆ । ਅੰਮ੍ਰਿਤ ਰਸ ਦਿਸੇ ਕਿਸੇ ਨਾ ਬਾਟੀ, ਸਾਂਤਕ ਸਤਿ ਨਾ ਕੋਇ ਕਰਾਈਆ । ਮੇਰੀ ਨੇੜੇ ਹੁੰਦੀ ਵਾਟੀ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਧੁਰਦਰਗਾਹੀਆ । ਝਟ ਨਾਰਦ ਆ ਗਿਆ ਕਹੇ ਮੈਂ ਨਿਰਅੱਖਰ ਧਾਰ ਪੜ੍ਹਿਆ, ਬਿਨ ਅੱਖਾਂ ਅੱਖ ਉਠਾਈਆ । ਮੈਨੂੰ ਇਉਂ ਦਿਸਿਆ ਜਿਵੇਂ ਪੋਹ ਮਹੀਨਾ ਚੜ੍ਹਿਆ, ਚੜ੍ਹਦੇ ਲਹਿੰਦੇ ਵੇਖਾਂ ਚਾਈਂ ਚਾਈਂਆ । ਜਿਧਰ ਤੱਕਾਂ ਹੰਕਾਰੀ ਗੜ੍ਹਿਆ, ਗੜ੍ਹ ਸਕੇ ਨਾ ਕੋਇ ਤੁੜਾਈਆ । ਜਾਂ ਨਿਗਾਹ ਮਾਰੀ ਕਲਜੁਗ ਸਭ ਦੇ ਅਗੇ ਖੜ੍ਹਿਆ, ਸਨਮੁਖ ਸਭ ਨੂੰ ਨਜ਼ਰੀ ਆਈਆ । ਜਿਸ ਸ੍ਰਿਸ਼ਟੀ ਕਰਾਉਣੀ ਦੋ ਧੜਿਆ, ਹਿੱਸੇ ਵੰਡਾਂ ਥਾਉਂ ਥਾਈਂਆ । ਮੈਂ ਬਚਨ ਸੁਣਾਵਾਂ ਖਰਿਆ, ਸਤਿ ਸਤਿ ਨਾਲ ਸਮਝਾਈਆ । ਨਵ ਸੱਤ ਦਾ ਵੇਖਾਂ ਘਰਿਆ, ਗ੍ਰਿਹਿ ਗ੍ਰਿਹਿ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਨਾਰਦ ਕਹੇ ਮੈਂ ਫਿਰ ਕੇ ਆਇਆ ਵਿਚ ਬ੍ਰਹਿਮੰਡਾ, ਬ੍ਰਹਿਮਾਂਡ ਦਾ ਭੇਵ ਖੁਲਾਈਆ । ਮੈਨੂੰ ਰਸਤੇ ਵਿਚ ਮਿਲ ਗਿਆ ਤਾਰਾ ਚੰਦਾ, ਆਪਣਾ ਹਾਲ ਸੁਣਾਈਆ । ਤੂੰ ਪੰਡਤਾ ਬੜਾ ਪੁਰਾਣਾ ਪੰਡਾ, ਜੁਗ ਚੌਕੜੀ ਚਲਿਆ ਆਈਆ ।

ਸਾਨੂੰ ਸਚ ਦੱਸ ਸਤਿਗੁਰ ਸ਼ਬਦ ਦਾ ਕਿਹੋ ਜਿਹਾ ਖੰਡਾ, ਜੋ ਖੜਗਾਂ ਕਰੇ ਸਫ਼ਾਈਆ । ਜਿਸ ਦੀਨ ਦੁਨੀ ਆਤਮ ਧਾਰ ਕਰਨਾ ਰੰਡਾ, ਵਿਛੋੜਾ ਹੋਵੇ ਧੁਰ ਦੇ ਮਾਹੀਆ । ਨਾਰਦ ਕਹੇ ਮੈਂ ਹੱਸ ਕੇ ਕਿਹਾ ਜੋ ਚੌਦਾਂ ਤਬਕਾਂ ਲੰਘਾ, ਦੋ ਜਹਾਨਾਂ ਪੰਧ ਮੁਕਾਈਆ । ਉਹ ਸਾਹਿਬ ਸੂਰਾ ਸਰਬੰਗਾ, ਅਮਾਮ ਅਮਾਮਾ ਨੂਰ ਅਲਾਹੀਆ । ਜੋ ਹਜ਼ਰਤ ਮੁਹੰਮਦ ਦੀਆਂ ਪੂਰੀਆਂ ਕਰੇ ਮੰਗਾ, ਆਸਾ ਆਸ਼ਾ ਵਿਚੋਂ ਵੇਖ ਵਖਾਈਆ । ਓਸ ਦੇ ਕੋਲ ਸਤਰੰਗ ਦਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਜਿਸ ਦਾ ਧਰਮ ਨਿਸ਼ਾਨਾ ਸੱਤ ਰੰਗ ਦਾ ਝੰਡਾ, ਦੋ ਜਹਾਨਾਂ ਦਏ ਝੁਲਾਈਆ । ਤੁਹਾਡੀਆਂ ਪੂਰੀਆਂ ਕਰੇ ਉਮੰਗਾ, ਤ੍ਰਿਸ਼ਨਾ ਲੇਖੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲਾਈਆ । ਤਾਰਾ ਚੰਦ ਕਹਿਣ ਨਾਰਦ ਜੀ ਕੋਈ ਦੱਸੋ ਪੁਰਾਣੀ ਕਥਾ, ਬਿਨ ਕਥਨੀ ਦੇਣੀ ਸੁਣਾਈਆ । ਨਾਰਦ ਕਹੇ ਮੇਰੇ ਸਾਹਿਬ ਦਾ ਖੇਲ ਯਥਾਰਥ ਯਥਾ, ਯਦੀ ਦਿਆਂ ਸਮਝਾਈਆ । ਉਹ ਸਾਰਿਆਂ ਦੇ ਲੇਖੇ ਬਦਲਣ ਵਾਲਾ ਵਿਚੋਂ ਮੱਥਾ, ਬਿਧਨਾ ਰੋਵੇ ਮਾਰੇ ਧਾਹੀਆ । ਲਹਿਣਾ ਦੇਣਾ ਚੁਕਾਵਣ ਵਾਲਾ ਹੱਥੋ ਹੱਥਾ, ਦਸਤ ਬਦਸਤ ਝੋਲੀਆਂ ਸਭ ਦੀਆਂ ਦਏ ਭਰਾਈਆ । ਤੁਹਾਡਾ ਵਕਤ ਸੁਹੰਜਣਾ ਕਰੇ ਅੱਛਾ, ਅੱਛੀ ਤਰਾ ਦ੍ਰਿੜਾਈਆ । ਜਿਸ ਨੇ ਲੇਖਾ ਪੂਰਾ ਕਰਨਾ ਮੱਛ ਕੱਛਾ, ਸਮੁੰਦ ਸਾਗਰਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਤਾਰਾ ਚੰਦ ਕਹੇ ਨਾਰਦੇ ਅਲਜ਼ਵਿਕ ਜ਼ਮਨੀਜ਼ਾ ਚੁੰਅਸਤੇ ਵਿਜ਼ੀ ਗੁਲਲਜ਼ੀ ਨੁਰਵਾ ਨੁਜ਼ਰੇਹਮ ਤਾਨਨਾਸਹੂ ਐਸ਼ੇਮਮ ਤਾਵਲਜ਼ੂ ਤਖਮਹੂ ਮਖ਼ਤਮਮ ਮਾਜ਼ੀ ਜ਼ਾਹਫ਼ਤਾ ਮਲਫ਼ੀ ਬੇਰੂਅਲਜ਼ਊ ਨੌਅਸਤਮ ਚਸ਼ਮੇਨੂੰ ਜ਼ਾਵਿਸਤ ਵਲ ਜ਼ਬੀ ਜ਼ਮਦਬੂ ਮੋਹਫਤਾ ਮੇਰਾ ਉਲਜ਼ਵਾ ਜ਼ਹੂਰੇ ਖ਼ੁਦਾ ਰਹਿਨੁਮਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਇਕ ਅਖਵਾਈਆ । ਤਾਰਾ ਚੰਦ ਕਹੇ ਉਹ ਸੱਤ ਰੰਗ ਕਿਹੜਾ, ਸੱਤ ਜਿਮੀਂ ਅਸਮਾਨਾਂ ਦਏ ਹਿਲਾਈਆ । ਚੌਦਾਂ ਤਬਕਾਂ ਬੰਨ੍ਹੇ ਬੇੜਾ, ਬੇੜੀ ਦੋ ਜਹਾਨ ਚਲਾਈਆ । ਉਮਤ ਦਾ ਵੇਖੇ ਖੇੜਾ, ਪਰਵਰਦਿਗਾਰ ਨੂਰ ਅਲਾਹੀਆ । ਸਦੀ ਚੌਧਵੀਂ ਦੇਵੇ ਗੇੜਾ, ਚਾਰੋਂ ਕੁੰਟ ਆਪ ਭਵਾਈਆ । ਜਿਸ ਘਰ ਘਰ ਛੇੜਨੀਆਂ ਛੇੜਾ, ਛੇਕੜ ਆਪਣਾ ਹੁਕਮ ਵਰਤਾਈਆ । ਉਹ ਸੰਬਲ ਲਾ ਕੇ ਡੇਰਾ, ਬੈਠਾ ਧੁਰ ਦਾ ਮਾਹੀਆ । ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਭੇਵ ਚੁਕਾਏ ਤੇਰਾ ਮੇਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤਾਰਾ ਚੰਦ ਕਹੇ ਕੀ ਨਾਰਦ ਦਏ ਗਿਆਨ, ਬਿਨ ਅੱਖਰਾਂ ਕਰ ਪੜ੍ਹਾਈਆ । ਕੀ ਸਾਡਾ ਮਿਟੇ ਨਿਸ਼ਾਨ, ਸਚ ਦੇ ਸਮਝਾਈਆ । ਅਸੀਂ ਸੱਤ ਅੱਠ ਸਾਲ ਹੋਰ ਮਹਿਮਾਨ, ਲੋਕਮਾਤ ਨਜ਼ਰੀ ਆਈਆ । ਫਿਰ ਹੋਈਏ ਬੇਪਹਿਚਾਨ, ਰੂਪ ਰੰਗ ਨਾ ਕੋਇ ਵਖਾਈਆ । ਸਾਡਾ ਲਹਿਣਾ ਨਾਲ ਸਦੀ ਚੌਧਵੀਂ ਨਾਲ ਈਮਾਨ, ਅਮਲ ਵਿਚ ਸੁਣਾਈਆ । ਸਾਨੂੰ ਯਾਦ ਆਉਂਦੇ ਹਜ਼ਰਤ ਵਾਲੇ ਬਿਆਨ, ਜੋ ਮੁਹੰਮਦ ਗਿਆ ਜਣਾਈਆ । ਚਾਰੋਂ ਕੁੰਟ ਉਠਣਾ ਤੂਫ਼ਾਨ, ਨੂਹ ਨਦੀ ਦਏ ਗਵਾਹੀਆ । ਕਿਆਮਤ ਵਿਚ ਦਿਸੇ ਨਾ ਕੋਇ ਇਨਸਾਨ, ਵਜੂਦਾਂ ਕਰੇ ਸਫ਼ਾਈਆ । ਖੇਲ ਕਰੇ ਮੇਰਾ ਬੀ ਪੇਹਰਬਾਂ ਮਹਿਬਾਨ ਬੀਦੋ ਧੁਰ ਦਾ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦੀ ਸਭ ਤੋਂ ਵੱਖਰੀ ਕਾਇਨਾਤ ਵਿਚ ਹੋਏ ਕਲਾਮ, ਅੱਲਾ ਹੂ ਅੱਨਾ ਹੂ ਭੇਵ ਦਏ ਖੁਲਾਈਆ । ਉਸ ਨੂੰ ਸਾਰੇ ਕਰਨ

ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਦਾ ਪੇਸ਼ੀਨਗੋਈਆਂ ਵਿਚ ਦਿਆਂ ਪੈਗ਼ਾਮ, ਓਹ ਪੈਗ਼ੰਬਰਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਇਕ ਇਕੱਲਾ ਆਪ ਸੁਣਾਈਆ । ਸਚ ਸੰਦੇਸਾ ਇਕ ਸੁਣਾਏਗਾ । ਦੀਨ ਦਿਆਲ ਦਇਆ ਕਮਾਏਗਾ । ਭੇਵ ਅਭੇਦਾ ਭੇਵ ਖੁਲਾਏਗਾ । ਅਛਲ ਅਛੇਦਾ ਹੁਕਮ ਵਰਤਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਏਗਾ । ਸਚ ਕਰਨੀ ਕਾਰ ਕਮਾਵਾਂਗਾ । ਪਰਦਾ ਓਹਲਾ ਸਰ ਚੁਕਾਵਾਂਗਾ । ਨਵ ਸੱਤ ਵੇਖ ਵਖਾਵਾਂਗਾ । ਤਤਵ ਤਤ ਫੋਲ ਫੁਲਾਵਾਂਗਾ । ਧੀਰਜ ਜਤ ਇਕ ਜਣਾਵਾਂਗਾ । ਬ੍ਰਹਮ ਮਤ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਇਕ ਅਖਵਾਵਾਂਗਾ । ਪੋਹ ਕਹੇ ਜਨ ਭਗਤੋ ਕਰੀਏ ਅਗਲੀ ਸਲਾਹ, ਮਤਾ ਪ੍ਰਭ ਦੇ ਨਾਲ ਪਕਾਈਆ । ਭਗਤ ਭਗਵਾਨ ਵਿਚ ਬਿਨਾ ਸ਼ਬਦ ਤੋਂ ਹੋਏ ਨਾ ਕੋਇ ਗਵਾਹ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਭਗਤਾਂ ਦਾ ਭਗਵਾਨ ਭਗਵਾਨ ਦੇ ਭਗਤ ਬਣਨ ਮਲਾਹ, ਦੋਹਾਂ ਦਾ ਬੇੜਾ ਚਲੇ ਚਾਈਂ ਚਾਈਂਆ । ਤੂੰ ਮੇਰਾ ਮੈਂ ਤੇਰਾ ਸਾਂਝਾ ਹੋਵੇ ਨਾਂ, ਨਰ ਨਿਰੰਕਾਰ ਦਏ ਵਡਿਆਈਆ । ਧਰਨੀ ਧਰਤ ਧਵਲ ਧੌਲ ਉਤੇ ਸੁਹੰਜਣਾ ਕਰਨਾਂ ਥਾਂ, ਥਨੰਤਰ ਦੇਣੀ ਮਾਣ ਵਡਿਆਈਆ । ਹੰਸ ਬੁਧੀ ਹੋਣੀ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖ਼ੁਸ਼ੀ ਬਣਾਈਆ । ਜਨ ਭਗਤੋ ਪ੍ਰਭ ਦੇ ਨਾਲ ਕਰੀਏ ਅਗੰਮ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਭੇਵ ਦੱਸ ਸੱਚੀ ਸਰਕਾਰ, ਪਰਦਾ ਓਹਲਾ ਮਾਤ ਉਠਾਈਆ । ਕੀ ਹੋਣਾ ਤੇਰਾ ਹੁਕਮ ਵਿਚ ਸੰਸਾਰ, ਸਹਿਜ ਨਾਲ ਦੇ ਸਮਝਾਈਆ । ਚਾਰੋਂ ਕੁੰਟ ਦਿਸੇ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਓਹ ਤੱਕ ਤਾਰਾ ਚੰਦ ਦੋਵੇਂ ਸ਼ਰਮਸਾਰ, ਨੇਤਰ ਨੈਣ ਨੈਣ ਸ਼ਰਮਾਈਆ । ਉਚੀ ਕੂਕਣ ਕਰਨ ਪੁਕਾਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਕਿਉਂ ਸਾਨੂੰ ਆਈ ਅੰਤਮ ਹਾਰ, ਹਰਿਜੂ ਪਰਦਾ ਦੇ ਚੁਕਾਈਆ । ਅਸੀਂ ਚੌਦਾਂ ਤਬਕਾਂ ਕੀਤੀ ਪੁਕਾਰ, ਕੂਕ ਕੂਕ ਸੁਣਾਈਆ । ਇਸ਼ਾਰਾ ਕੀਤਾ ਚਾਰ ਯਾਰ, ਯਰਾਨਿਆਂ ਨਾਲ ਦ੍ਰਿੜਾਈਆ । ਮੁਹੰਮਦ ਸੰਦੇਸਾ ਦਿਤਾ ਆਪਣੀ ਧਾਰ, ਜਬਰਾਈਲ ਨਾਲ ਮਿਲਾਈਆ । ਉਠ ਵੇਖ ਲੈ ਸਦੀ ਚੌਧਵੀਂ ਹਾਲ, ਹਾਲਤ ਵਿਗੜੀ ਖ਼ਲਕ ਖ਼ੁਦਾਈਆ । ਸਭ ਦੇ ਸਿਰ ਤੇ ਕੂਕਦਾ ਕਾਲ, ਕਾਲ ਨਗਾਰਾ ਡੰਕ ਵਜਾਈਆ । ਪਰਵਰਦਿਗਾਰ ਦੀ ਅਵੱਲੜੀ ਚਾਲ, ਚਾਲ ਆਪਣੀ ਇਕ ਰਖਾਈਆ । ਕਿਸੇ ਹੱਥ ਨਾ ਆਵੇ ਮੰਦਰ ਮਸਜਿਦ ਸ਼ਿਵਦਵਾਲ, ਮਠ ਚਰਚ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਦਰ ਤੇ ਮੰਗ ਮੰਗਾਈਆ । ਪੋਹ ਕਹੇ ਜਨ ਭਗਤੋ ਪ੍ਰਭ ਦੇ ਅਗੇ ਕਰੋ ਬੇਨੰਤੀ, ਸੀਸ ਜਗਦੀਸ਼ ਝੁਕਾਈਆ । ਜਿਸ ਦੀ ਸਭ ਤੋਂ ਵੱਖਰੀ ਪੰਗਤੀ, ਪੰਕਜ ਦੇਵੇ ਮਾਣ ਵਡਿਆਈਆ । ਜਿਸ ਖੇਲ ਤੱਕਣੀ ਮਨ ਕੀ, ਮਨ ਮਨਸਾ ਫੋਲ ਫੁਲਾਈਆ । ਜਿਸ ਧਾਰ ਵੇਖਣੀ ਤਨ ਕੀ, ਤਿਨਕਾ ਤਿਨਕਾ ਖੋਜ ਖੁਜਾਈਆ । ਜਿਸ ਨਿਸ਼ਾਨੀ ਮੇਟਣੀ ਤਾਰਾ ਚੰਨ ਦੀ, ਚੰਦ ਚਾਂਦਨਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੋਹ ਕਹੇ ਮੈਂ ਆਇਆ ਮਾਤ, ਆਪਣੀ ਖ਼ੁਸ਼ੀ ਬਣਾਈਆ । ਜਨ ਭਗਤੋ ਸੰਦੇਸ਼ਾ ਦੇਵਾਂ ਸੁਹੰਜਣੀ ਰਾਤ, ਭਿੰਨੜੀ

ਨਾਲ ਮਿਲਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਪੁਛੇ ਵਾਤ, ਵੇਖਣਹਾਰਾ ਥਾਉਂ ਥਾਈਆ । ਜਨ ਭਗਤਾਂ ਬਖ਼ਸ਼ੇ ਚਰਨ ਪ੍ਰੀਤੀ ਨਾਤ, ਚਰਨੋਦਕ ਬਖ਼ਸ਼ੇ ਚਾਈਂ ਚਾਈਆ । ਜਿਸ ਦਾ ਖੇਲ ਸਦਾ ਬਹੁ ਭਾਂਤ, ਅਨਕ ਕਲ ਆਪ ਕਰਾਈਆ । ਗੁਰਮੁਖਾਂ ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤ, ਨਾਭੀ ਕਵਲ ਆਪ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੋਹ ਕਹੇ ਪ੍ਰਭ ਚਾੜ੍ਹੇ ਰੰਗ ਅਪਾਰ, ਅਪਰੰਪਰ ਆਪ ਰੰਗਾਈਆ । ਖੇਲੇ ਖੇਲ ਖੇਲਣਹਾਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਖ਼ੁਸ਼ੀਆਂ ਵਾਲੀ ਬਹਾਰ, ਪੱਤ ਟਹਿਣੀ ਆਪ ਮਹਿਕਾਈਆ । ਉਹਦਾ ਲੇਖ ਲਿਖਣ ਤੋਂ ਬਾਹਰ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਜਿਸ ਪੂਰਬ ਲਹਿਣਾ ਦੇਣਾ ਕਰਜ਼ ਉਤਾਰ, ਮਕਰੂਜ਼ ਲੇਖਾ ਦਏ ਚੁਕਾਈਆ । ਸਤਿ ਧਰਮ ਦੀ ਬੰਨ੍ਹੇ ਧਾਰ, ਕੂੜ ਕੁੜਿਆਰ ਦਾ ਡੇਰਾ ਢਾਹੀਆ । ਜਨ ਭਗਤੋ ਰਹਿਣਾ ਖ਼ਬਰਦਾਰ, ਸੁੱਤਿਆਂ ਲਏ ਉਠਾਈਆ । ਵੇਖੇ ਵਿਗਸੇ ਪਾਵੇ ਸਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਖੇਜ ਖੁਜਾਈਆ । ਰੁੱਤ ਸੁਹੰਜਣੀ ਕਰੇ ਆਪੇ ਜਾਣੇ ਆਪਣੀ ਕਾਰ, ਦੂਜਾ ਸੰਗ ਨਾ ਕੋਇ ਰਖਾਈਆ । ਦੋ ਪੋਹ ਰਹਿਣਾ ਹੁਸ਼ਿਆਰ, ਆਲਸ ਨਿੰਦਰਾ ਦੂਰ ਕਰਾਈਆ । ਦੁਆਬੇ ਵਾਲਿਓ ਨੌ ਹਾਰ ਰੱਖਣੇ ਤਿਆਰ, ਨੌਵਾਂ ਖੰਡਾਂ ਦਾ ਭੇਵ ਖੁਲਾਈਆ । ਕਰਨਾਲ ਵਾਲਿਓ ਸਿੰਘਾਸਣ ਵਿਛਾਉਣਾ ਦਿਸ਼ਾ ਦੱਖਣ ਨਾਲ ਹੋਵੇ ਪਹਾੜ, ਮੁਖ ਚੜ੍ਹਦੇ ਵੱਲ ਵਡਿਆਈਆ । ਮਾਲਵੇ ਵਾਲਿਓ ਸਿੰਘਾਸਣ ਤੇ ਨੰਗੀ ਰੱਖਣੀ ਤਲਵਾਰ, ਮੁਖ ਚੜ੍ਹਦੇ ਵੱਲ ਟਿਕਾਈਆ । ਪੰਜ ਪੋਹ ਪ੍ਰਭ ਖੇਲ ਕਰੇ ਅਪਾਰ, ਪਰਦਾ ਓਹਲਾ ਉਹਲਿਆਂ ਵਿਚੋਂ ਉਠਾਈਆ । ਮਨੀ ਸਿੰਘ ਦਾ ਕਰਜ਼ਾ ਦਏ ਉਤਾਰ, ਲਹਿਣਾ ਲਹਿਣਿਆਂ ਵਿਚੋਂ ਫੋਲ ਫੁਲਾਈਆ । ਕੀ ਲੇਖ ਦੱਸੇ ਦਿੱਲੀ ਦਰਬਾਰ, ਭੇਵ ਅਭੇਦਾ ਆਪ ਚੁਕਾਈਆ । ਰੂਪ ਧਰ ਕੇ ਜਗਤ ਵਾਲੀ ਨਾਰ, ਨਰ ਨਰਾਇਣ ਖੇਲ ਖਿਲਾਈਆ । ਗਲ ਅਲਫ਼ੀ ਤੇੜ ਹੋਏ ਸਲਵਾਰ, ਕਾਲਾ ਸੂਸਾ ਰੰਗ ਰੰਗਾਈਆ । ਖੁੱਲ੍ਹੀ ਮੇਢੀ ਖੇਲ ਕਰੇ ਕਰਤਾਰ, ਚੋਟੀ ਸੀਸ ਨਾ ਕੋਇ ਗੁੰਦਾਈਆ । ਪੁੱਠੇ ਹੱਥ ਮਸਤਕ ਤੇ ਰੱਖ ਕੇ ਹਰਿ ਸੰਗਤ ਕਰੇਗੀ ਨਿਮਸਕਾਰ, ਨਮੋ ਨਮੋ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਖੇਲ ਕਹੇ ਮੈਂ ਖੇਲਾਂ ਵਿਚ ਜਗ, ਜਾਗਰਤ ਜੋਤ ਦਏ ਵਡਿਆਈਆ । ਜਨ ਭਗਤਾਂ ਮਿਲਾਂ ਉਪਰ ਸ਼ਾਹ ਰਗ, ਨਵ ਨਵ ਦਾ ਪੰਧ ਮੁਕਾਈਆ । ਦੀਨ ਦੁਨੀ ਸੜੇ ਕਰੋਧ ਵਾਲੀ ਅੱਗ, ਅਗਨੀ ਬੰਦ ਨਾ ਕੋਇ ਕਰਾਈਆ । ਮਾਇਆ ਮੋਹ ਦਿਸੇ ਲਬ, ਚਾਰੋਂ ਕੁੰਟ ਕੁੰਟ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਹਰਿ ਭੇਵ ਅਭੇਦ ਖੁਲਾਵੇਗਾ । ਚਾਰੇ ਵੇਦਾਂ ਵੇਖ ਵਖਾਵੇਗਾ । ਛੇ ਅਠਾਰਾਂ ਫੋਲ ਫੁਲਾਵੇਗਾ । ਪਰਦਾ ਪਰਦਿਆਂ ਵਿਚੋਂ ਹਟਾਵੇਗਾ । ਅਲਿਫ਼ ਯੇ ਆਪਣਾ ਰੰਗ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵੇਗਾ । ਪੋਹ ਕਹੇ ਮੇਰਾ ਦਿਵਸ ਸੁਹੰਜਣਾ ਚੜ੍ਹਿਆ ਸੁਹੰਜਣਾ ਹੋਵੇ ਮਾਸ, ਮਸਤਕ ਧੂੜੀ ਖ਼ਾਕ ਰਮਾਈਆ । ਮੇਰੀ ਪੂਰੀ ਹੋਵੇ ਆਸ, ਜੋ ਤ੍ਰਿਸ਼ਨਾ ਜਗਤ ਰਖਾਈਆ । ਪ੍ਰਭੂ ਖੇਲ ਤੇਰਾ ਵੇਖਾਂ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਫੋਲ ਫੁਲਾਈਆ । ਬਿਨ ਗੋਪੀ ਕਾਹਨ ਵੇਖਾਂ ਰਾਸ, ਆਤਮ ਪਰਮਾਤਮ ਧਾਰ ਤੱਕਾਂ ਚਾਈਂ ਚਾਈਆ । ਸਦ ਭਗਤਾਂ ਵਸਣਾ ਪਾਸ, ਵਿਛੋੜੇ ਵਿਚ ਕਦੇ ਨਾ ਆਈਆ । ਤੇਰੇ

੧੪੮੮
੨੩

ਨਾਮ ਦਾ ਹੋਵੇ ਹਾਸ ਬਿਲਾਸ, ਖ਼ੁਸ਼ੀਆਂ ਰੰਗ ਰੰਗਾਈਆ । ਸ਼ੰਕਰ ਵੇਖੇ ਉਤੋਂ ਕੈਲਾਸ਼, ਭੋਲੇ ਨਾਥ ਨੈਣ ਉਠਾਈਆ । ਬ੍ਰਹਮੇ ਬ੍ਰਹਮ ਦਾ ਹੋਏ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਵਿਸ਼ਨੂੰ ਲੇਖਾ ਜਾਣੇ ਖ਼ਾਸ, ਪਰਦਾ ਰਹੇ ਨਾ ਰਾਈਆ । ਮੇਰੀ ਪੂਰੀ ਹੋਵੇ ਆਸ, ਲੋਕਮਾਤ ਮਿਲੇ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਭਗਤ ਨਾ ਹੋਏ ਕਦੇ ਉਦਾਸ, ਚਿੰਤਾ ਵਿਚ ਕਦੇ ਨਾ ਆਈਆ । ਲੇਖਾ ਮੁਕਾਉਣਾ ਜਮ ਕੀ ਫਾਸ, ਦਹਿ ਦਹਿ ਮਾਸ ਨਾ ਅਗਨ ਤਪਾਈਆ । ਪਵਣ ਸਵਾਸੀ ਲੇਖੇ ਲਾਉਣੇ ਸਵਾਸ, ਜੋ ਸਾਹ ਸਾਹ ਧਿਆਈਆ । ਪੋਹ ਕਹੇ ਜੋ ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਅੰਤਰ ਰੱਖ ਕੇ ਬੈਠੇ ਆਸ, ਆਸ਼ਾ ਸਭ ਦੀਆਂ ਪੂਰ ਕਰਾਈਆ । ਦੁੱਖਾਂ ਦਰਦਾਂ ਕਰਨਾ ਨਾਸ, ਚਿੰਤਾ ਗ਼ਮ ਦਾ ਡੇਰਾ ਢਾਹੀਆ । ਸਭ ਦੀ ਲੇਖੇ ਲਾਉਣੀ ਅੱਜ ਦੀ ਰਾਤ, ਜੋ ਚਲ ਆਏ ਸ਼ਰਨਾਈਆ । ਫੇਰ ਜਨਮ ਹੋਏ ਨਾ ਵਿਚ ਮਾਤ, ਰਾਏ ਧਰਮ ਨਾ ਦਏ ਸਜ਼ਾਈਆ । ਸਾਚੇ ਨਾਮ ਦੀ ਦੇਣੀ ਦਾਤ, ਅਮੁੱਲ ਅਤੁੱਲ ਆਪ ਵਰਤਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਏਕਾ ਰੰਗ ਦੇਣਾ ਰੰਗਾਈਆ । ਸਚ ਪ੍ਰੀਤੀ ਬਖ਼ਸ਼ਣਾ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਚਲਾਉਣਾ ਰਾਥ, ਰਥ ਰਥਵਾਹੀ ਧੁਰ ਦੇ ਮਾਹੀ ਆਪਣੀ ਦਇਆ ਕਮਾਈਆ ।



## ✪ ੨ ਪੋਹ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਫਰਾਲਾ ਜ਼ਿਲਾ ਜਲੰਧਰ ਦੁਆਬਾ ਸੰਗਤ ਦੇ ਨਵਿਤ ✪

੧੪੮੯
੨੩

ਦੋ ਪੋਹ ਕਹੇ ਮੇਰਾ ਲੇਖਾ ਨਾਲ ਦੁਆਪਰ, ਦੁਆਰਕਾ ਵਾਸੀ ਗਿਆ ਜਣਾਈਆ । ਮੇਰੀ ਸੁਹੰਜਣੀ ਬਣੇ ਰਾਤਰ, ਰੁਤੜੀ ਪ੍ਰਭ ਰੰਗ ਰੰਗਾਈਆ । ਜਿਸ ਵਿਚ ਫ਼ਰਕ ਰਹੇ ਨਾ ਮਾਤਰ, ਭੇਵ ਨਾ ਕੋਇ ਜਣਾਈਆ । ਜਗਤ ਵਡਿਆਈ ਦਿਸੇ ਨਾ ਚਾਤਰ, ਚਾਤ੍ਰਕ ਵਾਂਗ ਬਿਲਲਾਈਆ । ਜਿਸ ਸੁਦਾਮੇ ਦਿਤਾ ਪਾਤਰ, ਬਿਦਰ ਗਿਆ ਦ੍ਰਿੜਾਈਆ । ਜਨ ਭਗਤੋ ਕਲਜੁਗ ਅੰਤ ਭਗਵਨ ਆਏ ਭਗਤਾਂ ਖ਼ਾਤਰ, ਖ਼ਤਰਾ ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਦੋ ਪੋਹ ਕਹੇ ਮੈਂ ਸੁਣਾਵਾਂ ਕਥਾ ਪੁਰਾਣੀ, ਪਰਮ ਪੁਰਖ ਸਮਝਾਈਆ । ਸੁਣੇ ਅਕਥ ਕਹਾਣੀ, ਬੋਧ ਅਗਾਧ ਦ੍ਰਿੜਾਈਆ । ਭਗਵਨ ਖੇਲ ਮਹਾਨੀ, ਨਿਰਗੁਣ ਨਿਰਵੈਰ ਅਗੰਮ ਅਥਾਹੀਆ । ਜਿਸ ਦੀ ਸਤਿ ਸਚ ਨਿਸ਼ਾਨੀ, ਨਿਸ਼ਾਨਾ ਸਤਿ ਧਰਮ ਝੁਲਾਈਆ । ਨਾਮ ਨਿਧਾਨ ਦਾ ਬਣ ਕੇ ਦਾਨੀ, ਵਸਤ ਅਨਮੁੱਲ ਦਏ ਵਰਤਾਈਆ । ਜਨ ਭਗਤਾਂ ਲੇਖਾ ਜਾਣੇ ਬਖ਼ਸ਼ੇ ਚਰਨ ਧਿਆਨੀ, ਧੂੜੀ ਖ਼ਾਕ ਰਮਾਈਆ । ਮਿਹਰਵਾਨ ਹੋ ਕੇ ਕਰੇ ਮਿਹਰਵਾਨੀ, ਮਿਹਰ ਨਜ਼ਰ ਨਾਲ ਤਰਾਈਆ । ਆਤਮ ਬ੍ਰਹਮ ਦਾ ਬਣ ਕੇ ਜਾਨ ਜਾਨੀ, ਜਾਨਣਹਾਰ ਇਕ ਹੋ ਆਈਆ । ਝਗੜਾ ਮੁਕਾਏ ਚਾਰੇ ਖਾਣੀ, ਲਹਿਣਾ ਦੇਵੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੇਰਾ ਖੇਲ ਪੁਰਾਣਾ, ਜੁਗ ਚੌਕੜੀ ਨਜ਼ਰੀ ਆਈਆ । ਮੇਰੇ ਸਾਹਿਬ ਦਾ ਅਗੰਮੀ ਬਾਣਾ, ਨਿਤ ਨਵਿਤ ਵੇਸ ਵਟਾਈਆ । ਸ਼ਾਹੋ ਭੂਪ ਬਣ

ਕੇ ਰਾਣਾ, ਪਾਤਸ਼ਾਹ ਹੋ ਕੇ ਵੇਖੇ ਚਾਈਂ ਚਾਈਂਆ । ਸਾਚਾ ਤਖ਼ਤ ਸੁਹਾਏ ਸ੍ਰੀ ਭਗਵਾਨਾ, ਹਰਿ ਭਗਵਨ ਵਡ ਵਡਿਆਈਆ । ਜਨ ਭਗਤਾਂ ਲੋਕਮਾਤ ਦੇਵੇ ਮਾਣਾ, ਅਭਿਮਾਨੀਆਂ ਮਾਣ ਮਿਟਾਈਆ । ਏਕੰਕਾਰਾ ਏਕਾ ਬ੍ਰਹਮ ਸਮਝਾਉਣਾ, ਆਤਮ ਪਰਮਾਤਮ ਭੇਵ ਚੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਣਾ, ਸ਼ਬਦੀ ਸ਼ਬਦ ਡੰਕ ਕਰੇ ਸ਼ਨਵਾਈਆ । ਤਨ ਮੰਦਰ ਪੰਜ ਤਤ ਸੁਹਾਉਣਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਅੰਮ੍ਰਿਤ ਰਸ ਬਖ਼ਸ਼ੇ ਪੀਣਾ ਖਾਣਾ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਨਾਦ ਦਏ ਧੁਨਕਾਨਾ, ਨਾਦੀ ਧੁਨ ਕਰੇ ਸ਼ਨਵਾਈਆ । ਜੋਤੀ ਨੂਰ ਬਖ਼ਸ਼ ਮਹਾਨਾ, ਅੰਧ ਅੰਧੇਰਾ ਦਏ ਮਿਟਾਈਆ । ਸਾਚਾ ਬਖ਼ਸ਼ ਪਦ ਨਿਰਬਾਣਾ, ਦਰਗਾਹ ਸਾਚੀ ਆਪ ਸੁਹਾਈਆ । ਜਿਥੇ ਮੇਲ ਸ੍ਰੀ ਭਗਵਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਝੁਲਾਉਣਾ ਧਰਮ ਨਿਸ਼ਾਨਾ, ਨਿਸ਼ਾਨ ਇਕੋ ਇਕ ਪ੍ਰਗਟਾਈਆ । ਦੋ ਪੋਹ ਕਹੇ ਕ੍ਰਿਸ਼ਨ ਨੇ ਮਾਰੀ ਆਪਣੀ ਮਸਤਕ ਉਤੇ ਲੀਕ, ਲਾਈਨ ਸਤਿ ਰੂਪ ਬਦਲਾਈਆ । ਨਾਲ ਢੋਲਾ ਗਾਇਆ ਗੀਤ, ਖ਼ੁਸ਼ੀਆਂ ਰਾਗ ਸੁਣਾਈਆ । ਕਾਹਨ ਦੇ ਕਾਹਨ ਤੂੰ ਮੇਰਾ ਆਦਿ ਆਦਿ ਦਾ ਮੀਤ, ਮਿਤ੍ਰ ਪਿਆਰਾ ਬੇਪ੍ਰਵਾਹੀਆ । ਮੈਨੂੰ ਦੱਸ ਆਪਣੀ ਰੀਤ, ਕੀ ਅਗਲਾ ਖੇਲ ਖਿਲਾਈਆ । ਕਿਸ ਬਿਧ ਜਨ ਭਗਤਾਂ ਕਾਇਆ ਕਰੇਂ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਕਿਸ ਬਿਧ ਵਸੇਂ ਚੀਤ, ਠਗੌਰੀ ਮਨ ਰਹੇ ਨਾ ਰਾਈਆ । ਕਿਸ ਬਿਧ ਕਰੇਂ ਪਤਤ ਪੁਨੀਤ, ਪਤਤ ਪਾਵਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਾਹਨ ਕਿਹਾ ਮੇਰੇ ਸ਼ਹਿਨਸ਼ਾਹ ਨਵਾਬਾ, ਮਾਲਕ ਬੇਪ੍ਰਵਾਹੀਆ । ਮੈਂ ਤੀਨ ਲੋਕ ਦਾ ਰਾਜਾ, ਹੁਕਮੇ ਹੁਕਮ ਸੁਣਾਈਆ । ਤੇਰੀ ਧਾਰ ਵਿਚੋਂ ਜਾਗਾ, ਜਾਗਰਤ ਜੋਤ ਡਗਮਗਾਈਆ । ਤੇਰੇ ਹੁਕਮ ਦਾ ਸੁਣ ਕੇ ਵਾਜਾ, ਨਾਦ ਅਨਾਦ ਕਰਾਂ ਸ਼ਨਵਾਈਆ । ਜਨ ਭਗਤਾਂ ਪਿਛੇ ਫਿਰਾਂ ਭਾਗਾ, ਭੱਜਾਂ ਵਾਹੋ ਦਾਹੀਆ । ਮੈਂ ਬਿਪਰ ਸੁਦਾਮਾ ਲਾਧਾ, ਗ਼ਰੀਬ ਨਿਮਾਣਾ ਗਲੇ ਲਗਾਈਆ । ਅਲੂਣਾ ਸਾਗ ਬਿਦਰ ਦਾ ਖਾਧਾ, ਆਹਾਰ ਰਾਜਨ ਹੱਥ ਨਾ ਲਾਈਆ । ਭੇਵ ਦੱਸ ਮੇਰੇ ਮਾਧਵ ਮਾਧਾ, ਮੋਹਨ ਦੇ ਮੋਹਨ ਪਰਦਾ ਦੇਣਾ ਉਠਾਈਆ । ਝਟ ਸ਼ਬਦ ਸੁਣਿਆ ਆਈ ਅਗੰਮੀ ਆਵਾਜ਼ਾ, ਸੰਦੇਸ਼ ਦਿਤਾ ਸੁਣਾਈਆ । ਮੇਰੀ ਧੁਰ ਦੀ ਵੱਜੇ ਰਬਾਬਾ, ਬਿਨ ਤੰਦ ਸਿਤਾਰ ਹਿਲਾਈਆ । ਮੇਰਾ ਅਨੋਖਾ ਹੋਵੇਗਾ ਰਾਗਾ, ਨਿਰਅੱਖਰ ਧਾਰ ਪੜ੍ਹਾਈਆ । ਜਿਥੇ ਨਾ ਕੋਈ ਸਵਾਲ ਨਾ ਹੋਏ ਜਵਾਬਾ, ਭੇਵ ਸਮਝੇ ਕੋਇ ਨਾ ਰਾਈਆ । ਤੇਰਾ ਜਮਨਾ ਤੱਟ ਸੁਭਾਗਾ, ਗੋਕਲ ਮਥਰਾ ਮਿਲੇ ਵਡਿਆਈਆ । ਮੈਂ ਅੰਤਮ ਆਵਾਂ ਵਿਚ ਪੰਜਾਬਾ, ਪੰਚਮ ਰੰਗ ਰੰਗਾਈਆ । ਸਭ ਤੋਂ ਵੱਖਰਾ ਵਸਾਵਾਂ ਮਾਝਾ, ਆਪਣਾ ਗ੍ਰਿਹ ਸੁਹਾਈਆ । ਧਾਮ ਨਵੇਲਾ ਹੋਵੇ ਬਾਕਾਇਦਾ, ਭੇਵ ਕੋਇ ਨਾ ਪਾਈਆ । ਮੇਰਾ ਲਏ ਕੋਈ ਨਾ ਜਾਇਜ਼ਾ, ਪਰਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਈਆ । ਕਾਹਨ ਕਹੇ ਮੇਰੇ ਪ੍ਰਭੂ ਮੈਂ ਭਗਤ ਸੁਹੇਲੇ ਤਾਰੇ, ਤੇਰਾ ਦਰ ਵਖਾਈਆ । ਭੀਲਣੀ ਕੀਤਾ ਪਿਆਰੇ, ਪ੍ਰੇਮ ਵਿਚ ਵਡਿਆਈਆ । ਹਨੁਵੰਤ ਦੇ ਸਹਾਰੇ, ਆਪਣਾ ਰੂਪ ਦਰਸਾਈਆ । ਕ੍ਰਿਸ਼ਨ ਕਹੇ ਮੈਂ ਰਾਮ ਦੇ ਪਹਿਲੇ ਪੂਰੇ ਕੀਤੇ ਇਸ਼ਾਰੇ, ਆਪਣਾ ਪਰਦਾ ਲਾਹੀਆ । ਤੂੰ ਆਪਣਾ ਭੇਵ ਦੱਸ ਸੱਚੀ ਸਰਕਾਰੇ, ਕੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਸੁਣ ਮੇਰੇ ਕਾਹਨ ਮੁਰਾਰੇ, ਕ੍ਰਿਸ਼ਨ ਦਿਆਂ ਦ੍ਰਿੜਾਈਆ । ਜਿਸ ਵੇਲੇ ਕਲਜੁਗ


੧੪੯੦
੨੩

ਹੋਇਆ ਅੰਧ ਅੰਧਿਆਰੇ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਕਰਾਂ ਖੇਲ ਵਿਚ ਸੰਸਾਰੇ, ਲੋਕਮਾਤ ਧਿਆਨ ਲਗਾਈਆ । ਕਲ ਕਲਕੀ ਲਏ ਅਵਤਾਰੇ, ਨਿਹਕਲੰਕਾ ਨਾਉਂ ਪ੍ਰਗਟਾਈਆ । ਸੰਬਲ ਵਸ ਕੇ ਧਾਮ ਨਿਆਰੇ, ਨੂਰੀ ਜੋਤ ਕਰਾਂ ਰੁਸ਼ਨਾਈਆ । ਸ਼ਬਦ ਮੇਰਾ ਹੋਵੇ ਜੈਕਾਰੇ, ਜੈ ਜੈਕਾਰ ਕਰਾਈਆ । ਤੂੰ ਕ੍ਰਿਸ਼ਨਾ ਰਾਮਾ ਧਾਰ ਭਗਤ ਦੋ ਦੋ ਚਾਰ ਤਾਰੇ, ਚਾਰੋਂ ਕੁੰਟ ਵਡਿਆਈਆ । ਮੇਰਾ ਖੇਲ ਹੋਵੇ ਸਭ ਤੋਂ ਬਾਹਰੇ, ਸਤਿ ਨਾਲ ਸਮਝਾਈਆ । ਗ਼ਰੀਬ ਨਿਮਾਣਿਆਂ ਲਾਵਾਂ ਪਾਰ ਕਿਨਾਰੇ, ਜਿਨ੍ਹਾਂ ਬਖ਼ਸ਼ਾਂ ਇਕ ਸ਼ਰਨਾਈਆ । ਜੋ ਇਕ ਵਾਰ ਹਿਰਦਿਉਂ ਕਰ ਲੈਣ ਨਿਮਸਕਾਰੇ, ਤਿਨ੍ਹਾਂ ਦੇਵਾਂ ਮਾਣ ਵਡਿਆਈਆ । ਉਹ ਭਗਤ ਰੂਪ ਬਣਨ ਵਿਚ ਸੰਸਾਰੇ, ਸ਼ਬਦੀ ਧਾਰ ਸ਼ਬਦ ਸਮਝਾਈਆ । ਚਾਰ ਜੁਗ ਦੇ ਰਾਹੀ ਪਾਂਧੀ ਲਾਵਾਂ ਪਾਰ ਕਿਨਾਰੇ, ਅਗੇ ਹੋ ਨਾ ਕੋਇ ਅਟਕਾਈਆ । ਉਹ ਤੱਕ ਲੈ ਪੰਜ ਆਬ ਵਿਚ ਸਤਿਲੁਜ ਬਿਆਸ ਆਵਾਜ਼ਾਂ ਮਾਰੇ, ਨੇਤਰ ਨੈਣ ਰਿਹਾ ਉਠਾਈਆ । ਨੇਤਰ ਰੋਵੇ ਕੂਕ ਕੂਕ ਕਰੇ ਪੁਕਾਰੇ, ਬਹੁੜੀ ਬਹੁੜੀ ਕਰ ਸੁਣਾਈਆ । ਤੂੰ ਚਰਨ ਛੁਹਾਉਣਾ ਸਾਡੇ ਵਿਚਕਾਰੇ, ਆਪਣੀ ਦਇਆ ਕਮਾਈਆ । ਉਥੇ ਭਗਤ ਸੁਹੇਲੇ ਤਾਰਨੇ ਆਪਣੇ ਪਿਆਰੇ, ਪ੍ਰੀਤਮ ਹੋ ਕੇ ਦਇਆ ਕਮਾਈਆ । ਤੂੰ ਆਉਣਾ ਪ੍ਰਭੂ ਦਵਾਰੇ, ਦੋ ਆਬੇ ਵਾਲੇ ਵੇਖ ਵਖਾਈਆ । ਤੇਰੀ ਨਿਸ਼ਾਨੀ ਮੇਰੀ ਮਿਹਰਵਾਨੀ ਦੇਵਾਂ ਸਚ ਇਸ਼ਾਰੇ, ਸ਼ਬਦੀ ਸੈਨਤ ਨਾਲ ਸਮਝਾਈਆ । ਤੇਰੀ ਭੇਟਾ ਉਹ ਕਰਨਗੇ ਨੌਂ ਹਾਰੇ, ਨਵ ਦਵਾਰ ਦਾ ਪੰਧ ਦੇਣਾ ਮੁਕਾਈਆ । ਲੋਕਮਾਤ ਮੇਰੇ ਚਮਕਣਗੇ ਸਿਤਾਰੇ, ਸਤਹ ਬੁਲੰਦੀ ਨਜ਼ਰੀ ਆਈਆ । ਮੈਂ ਖੇਲ ਕਰਾਂਗਾ ਦੋਹਾਂ ਦੇ ਵਿਚਕਾਰੇ, ਧਰਨੀ ਧਰਤ ਧਵਲ ਧੌਲ ਦਿਆਂ ਵਡਿਆਈਆ । ਸਭ ਦਾ ਬੇੜਾ ਖ਼ੁਸ਼ੀਆਂ ਨਾਲ ਬੰਨ੍ਹਾਂ ਤੇ ਲਾਵਾਂ ਪਾਰ ਕਿਨਾਰੇ, ਅਧਵਿਚਕਾਰ ਨਾ ਕੋਇ ਰਖਾਈਆ । ਕ੍ਰਿਸ਼ਨਾ ਕਾਹਨਾ ਤੇਰਾ ਨਾਲ ਸਖੀਆਂ ਦੇ ਮੰਗਲ ਚਾਰੇ, ਨੱਚੇ ਟੱਪੇ ਕੁੱਦੇ ਚਾਈਂ ਚਾਈਂਆ । ਮੇਰਾ ਅੰਤਰ ਆਤਮ ਹੋਵੇ ਪਿਆਰੇ, ਪਰਮਾਤਮ ਹੋ ਕੇ ਵੇਖ ਵਖਾਈਆ । ਰਾਤੀਂ ਸੁੱਤਿਆਂ ਦੇਵਾਂ ਦੀਦਾਰੇ, ਦਿਨੇ ਆਪਣਾ ਰੰਗ ਰੰਗਾਈਆ । ਜਾ ਕੇ ਵੜਾਂ ਕਾਇਆ ਮਹੱਲ ਮੁਨਾਰੇ, ਆਤਮ ਸੇਜਾ ਸੋਭਾ ਪਾਈਆ । ਪ੍ਰੇਮ ਰਸ ਦੇ ਨਜ਼ਾਰੇ, ਨਜ਼ਰੀਆ ਅੰਦਰੋਂ ਦਿਆਂ ਬਦਲਾਈਆ । ਆਪ ਆਪਣੇ ਕਰ ਸਹਾਰੇ, ਸਿਰ ਆਪਣਾ ਹੱਥ ਟਿਕਾਈਆ । ਭਗਤ ਸੁਹੇਲੇ ਬਣਾ ਜਾਵਾਂ ਤਾਰੇ, ਇਹ ਮੇਰੀ ਬੇਪਰਵਾਹੀਆ । ਉਹ ਜਨਮੇ ਫੇਰ ਨਾ ਵਿਚ ਸੰਸਾਰੇ, ਜੋ ਆਏ ਚਲ ਸਰਨਾਈਆ । ਅੰਮ੍ਰਿਤ ਬੂੰਦ ਝਿਰਨਾ ਝਿਰੇ ਅਪਰ ਅਪਾਰੇ, ਅਪਰੰਪਰ ਸਵਾਮੀ ਦਏ ਵਡਿਆਈਆ । ਇੰਦਰ ਦੇਵਤਾ ਜਾਏ ਬਲਿਹਾਰੇ, ਆਪ ਆਪਣੀ ਖ਼ੁਸ਼ੀ ਬਣਾਈਆ । ਕਰੋੜ ਤਤੀਸਾ ਨੇਤਰ ਰੋਵੇ ਜ਼ਾਰੋ ਜ਼ਾਰੇ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਮੇਘਲਾ ਬਰਸੇ ਆਪਣੀ ਧਾਰੇ, ਘਨਘੋਰ ਘਟਾ ਖ਼ੁਸ਼ੀ ਬਣਾਈਆ । ਤੇਰਾ ਜਮਨਾ ਕੰਢਾ ਘਾਟ ਗੋਕਲ ਵਾਲਾ ਵੇਖ ਵਖਾਈਆ । ਮੇਰਾ ਖੇਲ ਅਗੰਮ ਅਪਾਰੇ, ਬਿਨ ਨੈਣਾਂ ਦਿਆਂ ਦਰਸਾਈਆ । ਓਥੇ ਵੇਖਣ ਆਏ ਵਿਸ਼ਨ ਬ੍ਰਹਮਾ, ਸ਼ਿਵ ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰੂ ਛਡ ਆਪਣਾ ਕੰਮਾ, ਭੱਜਣ ਵਾਹੋ ਦਾਹੀਆ । ਜਿਸ ਦੀ ਸਿਫ਼ਤ ਸਲਾਹ ਲਿਖੀ ਚੌਦਾਂ ਸੌ ਤੀਹ ਅੰਕ ਦਾ ਪੰਨਾ, ਸੋ ਪਾਰਬ੍ਰਹਮ ਆਪਣੀ ਦਇਆ ਕਮਾਈਆ । ਜਿਸ ਹੱਦ ਰਹਿਣ ਦੇਣੀ ਨਹੀਂ ਬੰਨਾ, ਹਦੂਦਾਂ ਆਪਣਾ ਪੰਧ ਮਿਟਾਈਆ । ਉਹ ਗੁਰਮੁਖ ਪ੍ਰਗਟਾ ਆਪਣੇ ਚੰਨਾ, ਚੰਦ ਚਾਂਦਨੇ ਲਏ ਚਮਕਾਈਆ । ਕਲਜੁਗ ਰੈਣ ਅੰਧੇਰੀ ਵਿਚ ਜਗਾ ਕੇ ਸ਼ਮਅ, ਸ਼ਬੋਰੋਜ਼ ਕਰੇ ਰੁਸ਼ਨਾਈਆ । ਸਾਚਾ ਖੇਲ ਹੋਵੇਗਾ ਨਵਾਂ, ਨਵਾਂ ਖੰਡਾਂ ਦਏ ਦ੍ਰਿੜਾਈਆ । ਫੇਰ ਬਦਲ ਜਾਣਾ ਸਮਾਂ, ਸਮਾਪਤ ਹੋਵੇ ਕੂੜ ਲੋਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਾਹਨ ਕਹੇ ਮੇਰਾ ਕਾਹਨ ਪੁਛੇ ਕੋਲੋਂ ਸਭ, ਸਬੱਬ ਨਾਲ ਜਣਾਈਆ । ਸਚ ਦੱਸੋ ਝਬ, ਵਿਸ਼ਨ ਬ੍ਰਹਮਾ ਸ਼ਿਵ ਲਓ ਅੰਗੜਾਈਆ । ਕਰੋੜ ਤਤੀਸਾ ਬੋਲੋ ਅਬ, ਸੁਰਪਤ ਇੰਦ ਦੇ ਸਮਝਾਈਆ । ਜਿਸ ਵੇਲੇ ਜੋਤੀ ਧਾਰ ਸ੍ਰੀ ਭਗਵਾਨ ਆਏ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਜਿਸ ਸਮੇਂ ਸਮੇਂ ਦੀ ਧਾਰ ਗਈ ਬੱਝ, ਘੜੀ ਪਲ ਆਪਣਾ ਹੁਕਮ ਵਰਤਾਈਆ । ਕੀ ਤੁਸੀਂ ਸਾਰੇ ਮਾਤ ਜਾਓਗੇ ਭੱਜ, ਆਪਣਾ ਪੰਧ ਮੁਕਾਈਆ । ਕੀ ਤੁਹਾਨੂੰ ਸ਼ਬਦ ਧਾਰ ਲਏਗਾ ਸੱਦ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਾਰੇ ਖ਼ੁਸ਼ੀਆਂ ਨਾਲ ਉਚੀ ਬੋਲ ਕੇ ਰਹੇ ਗੱਜ, ਜ਼ੋਰ ਨਾਲ ਸੁਣਾਈਆ । ਜਿਸ ਵੇਲੇ ਕਿਰਪਾ ਕਰੀ ਸੂਰੇ ਸਰਬਗ, ਲੋਕਮਾਤ ਲਏ ਅੰਗੜਾਈਆ । ਧੁਰ ਸੰਦੇਸੇ ਸਾਨੂੰ ਲਏ ਸੱਦ, ਅਸੀਂ ਜਾਣਾ ਚਾਈਂ ਚਾਈਆ । ਦੀਨ ਦੁਨੀ ਵਿਚ ਨੂਰ ਅਲਾਹੀ ਤੱਕੀਏ ਰੱਬ, ਆਲਮੀਨ ਬੇਪਰਵਾਹੀਆ । ਜਿਸ ਕਲਜੁਗ ਬੁਝਾਉਣੀ ਅੱਗ, ਚਾਰੋਂ ਕੁੰਟ ਵੇਖ ਵਖਾਈਆ । ਜਨ ਭਗਤਾਂ ਅੰਮ੍ਰਿਤ ਪਿਆਉਣਾ ਰੱਜ, ਮਿਹਰ ਨਜ਼ਰ ਉਠਾਈਆ । ਮੇਘ ਕਹੇ ਮੈਂ ਖ਼ੁਸ਼ੀਆਂ ਦੀਆਂ ਧਾਰਾਂ ਵਿਚ ਜਾਵਾਂਗਾ ਵਗ, ਆਪਣਾ ਵਹਿਣ ਵਹਾਈਆ । ਇੰਦਰ ਕਹੇ ਮੈਂ ਖ਼ੁਸ਼ੀਆਂ ਗਾਵਾਂ ਸੱਦ, ਢੋਲਾ ਤੇਰਾ ਬੇਪਰਵਾਹੀਆ । ਦੋ ਪੋਹ ਦਾ ਦਿਵਸ ਹੋਵੇ ਸੰਮਤ ਨੌ ਸ਼ਹਿਨਸ਼ਾਹੀ ਨਾਲ ਜਾਏ ਸਜ, ਸਾਜਣ ਹੋ ਕੇ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਕ੍ਰਿਸ਼ਨ ਜੀ ਅਸੀਂ ਜ਼ਰੂਰ ਜਾਵਾਂਗੇ ਉਸ ਦੀ ਹੱਦ, ਆਪਣਾ ਪੰਧ ਮੁਕਾਈਆ । ਜਿਸ ਦੀ ਆਦਿ ਪੁਰਾਣੀ ਯਦ, ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੈਂ ਬੱਧੀ ਵਿਚ ਦੋ ਦਰਿਆਵਾਂ, ਖ਼ੁਸ਼ੀਆਂ ਗੀਤ ਸੁਣਾਈਆ । ਪ੍ਰਭੂ ਪਿਆਰ ਤੱਕਿਆ ਜਨ ਭਗਤਾਂ ਵੱਧ ਨਾਲੋਂ ਮਾਵਾਂ, ਹਰਿਜਨ ਸਾਚੇ ਗੋਦ ਉਠਾਈਆ । ਤੁਹਾਨੂੰ ਪ੍ਰੀਤੀ ਬਖ਼ਸ਼ੀ ਉੱਤਮ ਨਾਲੋਂ ਭੈਣ ਭਰਾਵਾਂ, ਦਰ ਠਾਂਡੇ ਮਿਲੀ ਮਾਣ ਵਡਿਆਈਆ । ਤੁਹਾਨੂੰ ਇਕੱਠੇ ਕਰਾ ਕੇ ਵਿਚੋਂ ਗਰਾਵਾਂ, ਪਿੰਡ ਨਗਰਾਂ ਵਿਚੋਂ ਲਿਆ ਮਿਲਾਈਆ । ਤੁਹਾਡੇ ਉਤੇ ਮੇਘ ਦੀ ਕਰ ਕੇ ਛਾਵਾਂ, ਪਵਣ ਪਾਣੀ ਦੋਵੇਂ ਸੇਵ ਕਮਾਈਆ । ਧਰਨੀ ਕਹੇ ਜਨ ਭਗਤੋ ਮੈਂ ਤੁਹਾਡੇ ਚਰਨ ਚੁੰਮੇ ਜੋ ਚਲ ਕੇ ਆਏ ਰਾਹਵਾਂ, ਆਪਣਾ ਪੰਧ ਮੁਕਾਈਆ । ਮੈਂ ਖ਼ੁਸ਼ੀਆਂ ਦੇ ਢੋਲੇ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਦੋ ਪੋਹ ਨੂੰ ਆਖ ਸੁਣਾਵਾਂ, ਸੁਣ ਸੱਜਣ ਧੁਰਦਰਗਾਹੀਆ । ਪੋਹ ਕਹੇ ਧਰਨੀਏ ਮੈਂ ਫਿਰਾਂ ਨਾਲ ਚਾਵਾਂ, ਆਪਣੀ ਲੈ ਅੰਗੜਾਈਆ । ਨਾਲੇ ਪ੍ਰਭੂ ਨੂੰ ਆਖਾਂ ਤੇਰਾ ਭਗਤ ਰਹੇ ਨਾ ਕੋਇ ਨਿਥਾਵਾਂ, ਨਿਥਾਵਿਆਂ ਹੋਣਾ ਆਪ ਸਹਾਈਆ । ਜਨ ਭਗਤੋ ਤੁਹਾਨੂੰ ਇਕ ਬਚਨ ਸੁਣਾਵਾਂ, ਦੋ ਪੋਹ ਕਹੇ ਪਿਆਰ ਨਾਲ ਦ੍ਰਿੜਾਈਆ । ਜੇ ਤੁਸੀਂ ਪਿਛੇ ਰੁੱਸੇ ਤੇ ਅੱਜ ਤੁਹਾਨੂੰ ਮਨਾਵਾਂ, ਰੋਸਾ ਰਹਿਣ ਕੋਇ ਨਾ ਪਾਈਆ । ਤੁਹਾਡਾ ਹਿੱਸਾ ਤੁਹਾਡੇ ਸਾਹਿਬ ਕੋਲੋਂ ਦਵਾਵਾਂ, ਜੋ ਦੇਵਣਹਾਰ ਅਖਵਾਈਆ । ਨਵਾਂ ਫੁੱਲਾਂ ਦੇ ਹਾਰ ਪੱਤੀ ਪੱਤੀ ਤੁਹਾਡੇ ਉਤੇ ਬਰਸਾਵਾਂ, ਗੁਰਮੁਖੋ ਫੂਲਨ ਬਰਖਾ ਦਿਓ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫੁੱਲ ਕਹਿਣ ਜਨ ਭਗਤੋ ਅਸੀਂ ਤੁਹਾਡੇ ਉਤੇ ਵਰਖਦੇ, ਵਰਖਾ ਮੇਘ ਵਾਲੀ ਨਾਲ ਮਿਲਾਈਆ । ਤੁਹਾਡੇ ਹਿਰਦੇ ਰਹਿਣ ਨਾ ਭਰੇ ਹਰਖ ਦੇ, ਗ਼ੁੱਸੇ ਦੇਣੇ ਮੁਕਾਈਆ । ਤੁਹਾਡੇ ਪਿਆਰ ਇਕ ਦੂਜੇ ਨੂੰ ਰਹਿਣ ਤਰਸਦੇ, ਸਦਾ ਮਿਲਣਾ ਚਾਈਂ ਚਾਈਆ । ਮੁਹੱਬਤ ਵਿਚ ਰਹਿਣਾ ਭਟਕਦੇ, ਭੱਜਣਾ

੧੪੯੨
੨੩

ਵਾਹੋ ਦਾਹੀਆ । ਭਗਤ ਸੁਹੇਲੇ ਕਦੇ ਨਾ ਅਟਕਦੇ, ਅਗੇ ਹੋ ਨਾ ਕੋਇ ਅਟਕਾਈਆ । ਹੁਣ ਝਗੜੇ ਵੇਖਣੇ ਪਾਰ ਅਟਕ ਦੇ, ਕੀ ਆਪਣੀ ਖੇਲ ਖਿਲਾਈਆ । ਸ਼ਾਹ ਸੁਲਤਾਨ ਤੱਕਣੇ ਝਟਕਦੇ, ਝਟਕੇ ਹਲਾਲੀ ਵਾਲੇ ਰੋਵਣ ਮਾਰਨ ਧਾਹੀਆ । ਕੁਕਰਮ ਦੀਨ ਦੁਨੀ ਨੂੰ ਪਟਕਦੇ, ਪਟਨੇ ਵਾਲਾ ਖ਼ੁਸ਼ੀ ਬਣਾਈਆ । ਤੁਸੀਂ ਫਿਰਨਾ ਨਾਲ ਮਟਕ ਦੇ, ਚਲਣਾ ਚਾਈਂ ਚਾਈਂਆ । ਤੁਸੀਂ ਹੁਣ ਬੱਚੇ ਬਣੇ ਸ਼ਬਦ ਧਾਰ ਬੂੰਦ ਰਕਤ ਦੇ, ਨਾਤਾ ਜਗਤ ਵਾਲਾ ਤੁੜਾਈਆ । ਤੁਹਾਡੇ ਲੇਖੇ ਲਹਿਣੇ ਅਗੰਮੀ ਸ਼ਕਤ ਦੇ, ਜੋ ਸ਼ਹਿਨਸ਼ਾਹ ਅਗੰਮ ਅਥਾਹੀਆ । ਤੁਸਾਂ ਲਾਭ ਉਠਾਉਣਾ ਅੱਜ ਦੇ ਵਕਤ ਦੇ, ਦੋ ਪੋਹ ਤੁਹਾਡੀ ਦਏ ਗਵਾਹੀਆ । ਜੋ ਚਰਨੀ ਛੋਹ ਗਏ ਫੇਰ ਸਚਖੰਡ ਵਿਚੋਂ ਕਦੇ ਨਾ ਪਰਤਦੇ, ਜੋਤੀ ਜੋਤ ਵਿਚ ਮਿਲਾਈਆ । ਅੱਜ ਦਿਨ ਦਿਹਾੜੇ ਸੋਹਣੇ ਸਰਦ ਦੇ, ਤੁਹਾਡੀ ਗਰਮੀ ਅੰਦਰੋਂ ਬਾਹਰ ਦਏ ਚੁਕਾਈਆ । ਤੁਸੀਂ ਆਏ ਪਿਆਸੇ ਇਕ ਮਰਦਾਨੇ ਮਰਦ ਦੇ, ਜੋ ਮਦਦ ਕਰੇ ਥਾਉਂ ਥਾਈਂਆ । ਤੁਹਾਡੇ ਲੇਖੇ ਪੂਰੇ ਕੀਤੇ ਜੁਗ ਜਨਮ ਦੀ ਅਰਜ਼ ਦੇ, ਆਰਜ਼ੂ ਸਭ ਦੀ ਵੇਖ ਵਖਾਈਆ । ਤੁਸੀਂ ਲਹਿਣੇ ਦੇਣੇਹਾਰ ਤੋਂ ਲੈਣੇ ਆਪਣੇ ਪਿਛਲੇ ਕਰਜ਼ ਦੇ, ਮਕਰੂਜ਼ ਦੇਵਣਹਾਰ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ । ਦੋ ਪੋਹ ਕਹੇ ਪ੍ਰਭੂ ਤੱਕ ਲੈ ਆਪਣੇ ਭਗਤ, ਛੋਟੇ ਵੱਡੇ ਧਿਆਨ ਲਗਾਈਆ । ਫ਼ਰਕ ਰੱਖੀਂ ਨਾ ਵਿਚ ਜਗਤ, ਦੀਨ ਮਜ਼੍ਹਬ ਜ਼ਾਤ ਪਾਤ ਨਾ ਵੰਡ ਵੰਡਾਈਆ । ਤੇਰੀ ਇਹਨਾਂ ਨਾਲ ਪੱਕੀ ਹੋਵੇ ਸ਼ਰਤ, ਸ਼ਰਅ ਤੋਂ ਬਾਹਰ ਦੇਣੇ ਕਢਾਈਆ । ਮਿਹਰਵਾਨ ਹੋ ਕੇ ਕਰੀਂ ਤਰਸ, ਰਹਿਮਤ ਸਚ ਕਮਾਈਆ । ਤੇਰੇ ਹੁਕਮ ਵਿਚ ਮੇਘਲਾ ਰਿਹਾ ਬਰਸ, ਕਰੋੜ ਛਿਆਨਵੇਂ ਸੇਵ ਕਮਾਈਆ । ਹੁਣ ਪਵਿਤ੍ਰ ਹੋਇਆ ਅਰਸ਼, ਫ਼ਰਸ਼ ਖ਼ੁਸ਼ੀ ਬਣਾਈਆ । ਤੇਰੀ ਸਿਫ਼ਤ ਵਿਚ ਕਿਹੜੇ ਲਿਖਾਂ ਹਰਫ਼, ਹਰੂਫ਼ਾਂ ਕੀ ਦ੍ਰਿੜਾਈਆ । ਮੇਰੇ ਸਵਾਮੀਆਂ ਤੂੰ ਹੋਣਾ ਭਗਤਾਂ ਦੀ ਤਰਫ਼, ਤਰਫ਼ਦਾਰੀ ਅਵਰ ਨਾ ਕੋਇ ਰਖਾਈਆ । ਇਹਨਾਂ ਸਾਰਿਆਂ ਦਾ ਆਪਣਿਆਂ ਚਰਨਾਂ ਨਾਲ ਕਰਨਾ ਸ਼ਰਫ਼, ਸ਼ਹਿਨਸ਼ਾਹ ਦੇਣੀ ਵਡਿਆਈਆ । ਜਨਮ ਦੀ ਕਰਮ ਦੀ ਭਰਮ ਦੀ ਕਿਸੇ ਦੇ ਅੰਦਰ ਰਹਿਣ ਨਹੀਂ ਦੇਣੀ ਹਰਸ, ਹਵਸ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਦੋ ਪੋਹ ਕਹੇ ਜਨ ਭਗਤੋ ਭਾਉ ਰਹੇ ਨਾ ਦੂਜਾ, ਭਾਵਨੀ ਇਕ ਸਮਝਾਈਆ । ਜਿਸ ਨੇ ਤੁਹਾਡਾ ਲੇਖਾ ਤੁਹਾਡੇ ਵਿਚੋਂ ਬੂਝਾ, ਬੁਝੀ ਦੀਪਕ ਰਿਹਾ ਜਗਾਈਆ । ਉਸ ਦਾ ਭੇਵ ਰਹੇ ਨਾ ਗੁੱਝਾ, ਗੋਝ ਗਿਆਨ ਦਏ ਸਮਝਾਈਆ । ਉਹ ਖੇਲ ਕਰੇ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਤੁਸੀਂ ਉਸ ਦਾ ਅੰਮ੍ਰਿਤ ਰਸ ਬਿਨਾ ਰਸਨਾ ਚੱਖਣਾ ਦੁੱਧਾ, ਅੰਮ੍ਰਿਤ ਆਪ ਵਹਾਈਆ । ਤੁਹਾਡੀ ਨਿਰਮਲ ਰਹੇ ਬੁਧਾ, ਬਿਬੇਕ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਦੋ ਪੋਹ ਕਹੇ ਤੁਸੀਂ ਪ੍ਰੇਮੀ ਪਿਆਰੇ ਸੰਗਤ ਰੂਪ ਦੁਆਬਾ, ਦੋਹਰੀ ਮਿਲੇ ਵਡਿਆਈਆ । ਤੁਹਾਡੇ ਜਨਮ ਕਰਮ ਦਾ ਇਸ਼ਾਰਾ ਦੇ ਕੇ ਗਿਆ ਸਤਿਗੁਰ ਨਾਨਕ ਬਾਬਾ, ਚੱਕੀ ਬਾਬਲ ਵਾਲੀ ਚਲਾਈਆ । ਨਾਲੇ ਗਾਇਆ ਸਤਿਨਾਮ ਦਾ ਰਾਗਾ, ਰਾਗ ਰਾਗਣੀਆਂ ਜਿਸ ਨੂੰ ਸੀਸ ਨਿਵਾਈਆ । ਪ੍ਰੇਮ ਪਿਆਰ ਦਾ ਵਜਾਇਆ ਵਾਜਾ, ਬਿਨ ਤੰਦ ਸਿਤਾਰ ਹਿਲਾਈਆ । ਮੇਰਾ ਰੂਪ ਹੋਣਾ ਗੋਬਿੰਦ ਵਾਲਾ ਬਾਜ਼ਾ, ਬਾਜ਼ੀ ਆਪਣੀ ਜਗਤ ਲਗਾਈਆ । ਦੀਨ ਦੁਨੀ ਦਾ ਛਡ ਕੇ ਤਾਜਾ, ਯਾਰੜਾ

੧੪੯੩
੨੩

ਸਥਰ ਇਕ ਹੰਢਾਈਆ । ਫੇਰ ਸਚਖੰਡ ਜਾਵੇ ਭਾਜਾ, ਆਪ ਆਪਣਾ ਪੰਧ ਮੁਕਾਈਆ । ਫੇਰ ਖੇਲ ਖਿਲਾਇਆ ਦੇਸ ਮਾਝਾ, ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਫਿਰ ਲੇਖਾ ਜਾਣੇ ਸ਼ਾਹੋ ਭੂਪ ਬਣ ਰਾਜਾ, ਦੋ ਜਹਾਨਾਂ ਵੇਖ ਵਖਾਈਆ । ਫੇਰ ਨਿਗਾਹ ਮਾਰੇ ਅੰਦਰ ਧਾਰ ਦੋ ਆਬਾ, ਸਤਲੁਜ ਬਿਆਸ ਦਏ ਗਵਾਹੀਆ । ਜਿਥੇ ਭਗਤਾਂ ਦੀ ਫੁਲਵਾੜੀ ਗੁਰਮੁਖਾਂ ਦਾ ਟਹਿਕਿਆ ਹੋਵੇ ਬਾਗ਼ਾ, ਗੁਰਸਿੱਖਾਂ ਸਚ ਮਹਿਕ ਮਹਿਕਾਈਆ । ਉਹ ਲੇਖਾ ਵੇਖੇ ਮਾਧਵ ਮਾਧਾ, ਮਿਹਰਵਾਨ ਬੇਪਰਵਾਹੀਆ । ਸਭ ਦਾ ਪੂਰਾ ਕਰੇ ਇਰਾਦਾ, ਅੰਤਸ਼ਕਰਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡਾ ਆਦਿ ਜੁਗਾਦੀ ਜਿਸ ਸਾਜਣ ਸਾਜਾ, ਸੋ ਸਾਜਣ ਸੱਜਣੋ ਮਿਲਿਆ ਚਾਈਂ ਚਾਈਆ ।

ਗਾਨਾ ਕਹੇ ਮੈਂ ਬੱਝਾ ਉਤੇ ਗੁਟ, ਦੋਹਰੀ ਧਾਰ ਸਗਨ ਮਨਾਈਆ । ਭਗਤ ਭਗਵਾਨ ਨਾਤਾ ਜਾਏ ਕਦੇ ਨਾ ਟੁੱਟ, ਟੁੱਟਿਆਂ ਗੰਢ ਪਵਾਈਆ । ਗੁਰਮੁਖਾਂ ਅੰਦਰ ਰਹੇ ਨਾ ਫੁੱਟ, ਫੁਟਕਲ ਵੇਖਾਂ ਜਗਤ ਲੋਕਾਈਆ । ਲੋਕਮਾਤ ਦੇ ਬੂਟੇ ਪੁੱਟ, ਸਚਖੰਡ ਸਾਚੇ ਦਿਆਂ ਲਗਾਈਆ । ਆਤਮਾ ਪਰਮਾਤਮਾ ਦਾ ਹੋਵੇ ਜੁੱਟ, ਵਿਛੋੜਾ ਮਨ ਨਾ ਕੋਇ ਰਖਾਈਆ । ਖ਼ੁਸ਼ੀਆਂ ਵਾਲੀ ਪ੍ਰਭੂ ਬਖ਼ਸ਼ ਦੇ ਲੁੱਟ, ਜਗਤ ਲੁੱਟਣ ਵਾਲਿਆਂ ਭਗਤਾਂ ਅੰਦਰ ਦੇ ਭਰਾਈਆ । ਲੇਖੇ ਲਾ ਲੈ ਸਭ ਦਾ ਪਕਵਾਨ ਪ੍ਰੇਮ ਵਾਲਾ ਟੁਕ, ਟੁਕੜੇ ਟੁਕੜੇ ਕਰਨ ਵਾਲੇ ਖ਼ਲਕ ਖ਼ੁਦਾਈਆ । ਤੇਰਾ ਵਕਤ ਸੁਹੰਜਣਾ ਰਿਹਾ
੧੪੯੪ ੨੩ ਢੁਕ, ਆਪ ਆਪਣਾ ਪੰਧ ਮੁਕਾਈਆ । ਗਾਨਾ ਕਹੇ ਜਿਸ ਤੂੰ ਮੇਰਾ ਮੈਂ ਤੇਰਾ ਗਾਈ ਤੁਕ, ਤਿਨ੍ਹਾਂ ਦਾ ਲੇਖਾ ਜਗਤ ਰਹੇ ਨਾ ਰਾਈਆ । ਖ਼ੁਸ਼ੀਆਂ ੧੪੯੪ ੨੩
ਨੀਂਦ ਹਰਿਜਨ ਸਾਰੇ ਸੌਣ ਨਾਲ ਸੁਖ, ਆਸਾ ਪੂਰਬ ਸਭ ਦੀ ਪੂਰ ਕਰਾਈਆ । ਹਰਿਜਨ ਹੱਥ ਫੇਰੇ ਉਤੇ ਮੁਖ, ਮੁਖੋਂ ਕਹੋ ਪ੍ਰਭੂ ਸਾਡਾ ਪਿਤਾ ਮਾਈਆ । ਜਨ ਭਗਤਾਂ ਅੰਦਰੋਂ ਮੇਟੇ ਤ੍ਰਿਸ਼ਨਾ ਭੁੱਖ, ਗ਼ਰੀਬਾਂ ਅੰਦਰੋਂ ਗ਼ਰੀਬੀ ਕਢਾਈਆ । ਕੂੜ ਕੁੜਿਆਰ ਵਲੋਂ ਸਭ ਦਾ ਮੋੜੇ ਮੁਖ, ਮੁਖੜਾ ਆਪਣਿਆਂ ਚਰਨਾਂ ਵੱਲ ਰਖਾਈਆ । ਲੇਖੇ ਲਾਵੇ ਮਾਤ ਗਰਭ ਦਾ ਉਲਟਾ ਰੁੱਖ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਦੋ ਪੋਹ ਨੂੰ ਭਗਤੋ ਨਾ ਛਾਂ ਰਹੀ ਨਾ ਧੁੱਪ, ਸੂਰੀਆ ਚੰਦ ਨਜ਼ਰ ਕੋਇ ਨਾ ਆਈਆ । ਸਾਰੇ ਪ੍ਰਭੂ ਦੇ ਪਿਆਰ ਵਿਚ ਹੋ ਗਏ ਚੁਪ, ਵੈਰਾਗ ਵਿਚ ਨੈਣਾਂ ਨੀਰ ਵਹਾਈਆ । ਇਕ ਦੂਜੇ ਨੂੰ ਜੱਫੀ ਪਾਵਣ ਘੁੱਟ, ਗਲਵਕੜੀ ਗਲ ਵਿਚ ਪਾਈਆ । ਮੰਡਲ ਮੰਡਪ ਸਾਰੇ ਕਰਨ ਠੁਕ, ਇਕੱਤਰ ਹੋ ਕੇ ਆਪਣੀ ਖ਼ੁਸ਼ੀ ਬਣਾਈਆ । ਬ੍ਰਹਿਮੰਡ ਖੰਡ ਕਹਿਣ ਉਸ ਦਾ ਭਾਣਾ ਕਦੇ ਨਾ ਜਾਏ ਰੁਕ, ਪੁਰੀ ਲੋਅ ਨਾ ਕੋਇ ਅਟਕਾਈਆ । ਜਿਸ ਨੇ ਕੋਝੇ ਕਮਲੇ ਗ਼ਰੀਬ ਨਿਮਾਣੇ ਬਣਾਏ ਆਪਣੇ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਉਹ ਸੀਤ ਪ੍ਰਸ਼ਾਦ ਸਭ ਦੇ ਪਾਏ ਮੁਖ, ਮੁਖੀਏ ਲੋਕਮਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਗਾਨੇ ਬੱਧੇ ਵੇਖੇ ਉਤੇ ਗੁੱਟ, ਤੰਦ ਤੰਦ ਤੱਕੇ ਚਾਈਂ ਚਾਈਆ ।

## ✪ ੩ ਪੋਹ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਫਰਾਲਾ ਜ਼ਿਲਾ ਜਲੰਧਰ ਮੁਣਸ਼ਾ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ,ਹਰੀ ਓਮ ਹਰੀ ਓਮ ਹਰੀ, ਹਰੀ ਹਰਿ ਤੇਰੀ ਬੇਪਰਵਾਹੀਆ । ਮੇਰੇ ਸਾਹਿਬ ਸਵਾਮੀ ਤੂੰ ਆਪਣੀ ਕਿਰਪਾ ਕਰੀਂ, ਕਰਨਹਾਰ ਤੇਰੀ ਬੇਪਰਵਾਹੀਆ । ਮਾਇਆ ਕਹੇ ਮੈਂ ਸੁਣ ਕੇ ਸ਼ਬਦ ਡਰੀ, ਉਠ ਉਠ ਵੇਖਾਂ ਥਾਉਂ ਥਾਈਂਆ । ਕੀ ਸੰਦੇਸ਼ਾ ਪ੍ਰਭ ਦਾ ਹੋਵੇ ਘਰੀ ਘਰੀ, ਗ੍ਰਿਹਿ ਗ੍ਰਿਹਿ ਕੀ ਸੁਣਾਈਆ । ਨਾਰਦ ਕਹੇ ਤੂੰ ਬਣੀ ਨਾ ਫੇਰ ਸ਼ਰਅਈ, ਸ਼ਰੀਅਤ ਵੰਡ ਵੰਡਾਈਆ । ਮੇਰਾ ਸਾਹਿਬ ਸਭ ਨੂੰ ਕਰੇ ਬਰੀ, ਬੰਦੀਖ਼ਾਨੇ ਤੋੜ ਤੁੜਾਈਆ । ਮਾਇਆ ਕਹੇ ਨਾਰਦ ਮੈਂ ਓਸ ਦੀ ਸਰਨੀ ਪਰੀ, ਜੋ ਪਰਮ ਪੁਰਖ ਅਖਵਾਈਆ । ਜਿਸ ਦੇ ਹੁਕਮ ਨਾਲ ਸਰਦੀ ਵਿਚ ਠਰੀ, ਠੰਡਕ ਆਪਣਾ ਰੂਪ ਬਦਲਾਈਆ । ਤੂੰ ਮੇਰੀ ਵੇਖ ਲੈ ਘੜੀ, ਪਲ ਪਲਕਾਂ ਦੇ ਪਿਛੇ ਧਿਆਨ ਲਗਾਈਆ । ਸਚ ਪ੍ਰੇਮ ਦੀ ਤੱਕ ਲੈ ਝੜੀ, ਕੀ ਛਹਿਬਰ ਰੂਪ ਬਦਲਾਈਆ । ਮੈਂ ਦਰਵੇਸ਼ਣ ਹੋ ਕੇ ਖੜੀ, ਦਰ ਭਿਖਾਰਨ ਨਜ਼ਰੀ ਆਈਆ । ਮੈਨੂੰ ਯਾਦ ਪੁਰਾਣੀ ਜੁਗ ਚੌਕੜੀ ਲੜੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਮੇਰੀ ਔਧ ਲੰਬੀ ਬੜੀ, ਚਿਰਾਂ ਦੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਮਾਇਆ ਤੂੰ ਕਦੇ ਨਹੀਂ ਹੋਈ ਡਰਪੋਕ, ਭੈ ਜਗਤ ਨਾ ਕੋਇ ਰਖਾਈਆ । ਮੇਰੀ ਸਮਝ ਰਹੇ ਨਾ ਸੋਚ, ਚਲੇ ਨਾ ਕੋਇ ਚਤੁਰਾਈਆ । ਮੈਂ ਦਰਸ਼ਨ ਕਰਾਂ ਲੋਚ, ਲੋਚਨ ਨੈਣ ਉਠਾਈਆ । ਖ਼ੁਮਾਰੀ ਵਿਚ ਹੋਵਾਂ ਮਦਹੋਸ਼, ਸੁਰਤ ਰਹੇ ਨਾ ਰਾਈਆ । ਦੀਨ ਦੁਨੀਆ ਤੋਂ ਹੋ ਕੇ ਰੂਪੋਸ਼, ਆਪਣਾ ਮੁਖ ਛੁਪਾਈਆ । ਰਸਨਾ ਮੁਖ ਤੋਂ ਹੋ ਖ਼ਾਮੋਸ਼,
੧੪੯੫ ੨੩ ਬਚਨ ਦੱਸਾਂ ਨਾ ਕੋਇ ਅਗੰਮ ਅਥਾਹੀਆ । ਮੇਰਾ ਸਭ ਤੋਂ ਵੱਖਰਾ ਜੋਗ, ਜੁਗੀਸ਼ਰ ਸਮਝ ਕੋਇ ਨਾ ਪਾਈਆ । ਮੇਰਾ ਸਭ ਤੋਂ ਵੱਖਰਾ ਭੋਗ, ੧੪੯੫ ੨੩
ਹਰਿ ਹਿਰਦੇ ਸੇਜ ਹੰਢਾਈਆ । ਮੇਰਾ ਸਭ ਤੋਂ ਵੱਖਰਾ ਵਿਜੋਗ, ਵਿਛੋੜੇ ਵਿਚ ਦਿਆਂ ਰੁਆਈਆ । ਮੇਰਾ ਸਭ ਤੋਂ ਵੱਖਰਾ ਸੰਜੋਗ, ਗਊ ਗ਼ਰੀਬ ਨਿਮਾਣਿਆਂ ਸ਼ਾਹ ਸੁਲਤਾਨਾਂ ਕਰਾਂ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਮਾਇਆ ਕਹੇ ਮੈਂ ਜੁਗ ਜੁਗ ਨਿਸ਼ਾਨੇ ਗੱਡਦੀ, ਦੀਨ ਦੁਨੀ ਵਖਾਈਆ । ਜਨ ਭਗਤਾਂ ਗ੍ਰਿਹਿ ਛਡਦੀ, ਇਹ ਪ੍ਰਭੂ ਸਿਖਿਆ ਦਿਤੀ ਸਮਝਾਈਆ । ਮੇਰੀ ਕਥਾ ਕਹਾਣੀ ਸਭ ਤੋਂ ਅੱਡ ਦੀ, ਅੱਡਰੀ ਹੋ ਕੇ ਵੇਖ ਵਖਾਈਆ । ਮੈਂ ਵਣਜਾਰਨ ਨਹੀਂ ਮਾਸ ਨਾੜੀ ਹੱਡ ਦੀ, ਤਤਾਂ ਸੰਗ ਨਾ ਕੋਇ ਰਖਾਈਆ । ਮੈਂ ਪਿਆਸੀ ਨਹੀਂ ਪਿਆਲੇ ਮਦਿ ਦੀ, ਰਸਨਾ ਮੁਖ ਨਾ ਕੋਇ ਛੁਹਾਈਆ । ਮੈਂ ਪਿਆਰੀ ਨਹੀਂ ਉਚੀ ਯਦ ਦੀ, ਮਾਣ ਤਾਣ ਨਾ ਕੋਇ ਰਖਾਈਆ । ਮੈਂ ਪਿਆਸੀ ਨਹੀਂ ਕਿਸੇ ਲਬ ਦੀ, ਲਾਲਚ ਲੋਭ ਵਿਚ ਨਾ ਕਦੇ ਹਲਕਾਈਆ । ਮੈਂ ਕਿਸੇ ਨੂੰ ਆਪਣੇ ਗ੍ਰਿਹਿ ਮੂਲ ਨਾ ਸੱਦ ਦੀ, ਹੋਕਾ ਦੇ ਨਾ ਕੋਇ ਉਠਾਈਆ । ਫੇਰ ਵੀ ਮੇਰੀ ਮਮਤਾ ਦੀਨ ਦੁਨੀਆ ਜਾਏ ਵੱਧਦੀ, ਚਾਰੋਂ ਕੁੰਟ ਨਜ਼ਰੀ ਆਈਆ । ਮੈਂ ਸਚ ਦੱਸਾਂ ਮਾਇਆ ਕਹੇ ਮੈਂ ਆਪਣੀ ਸ਼ਕਲ ਬਣਾਉਣੀ ਅੱਗ ਦੀ, ਅਗਨੀ ਅੱਗ ਲਗਾਈਆ । ਧੀਰਜ ਰਹਿਣ ਨਹੀ ਦੇਣੀ ਜਗ ਦੀ, ਜਗ੍ਹਾ ਜਗ੍ਹਾ ਵੇਖ ਵਖਾਈਆ । ਵਡਿਆਈ ਰਹਿਣੀ ਨਹੀ ਕਿਸੇ ਪੱਗ ਦੀ, ਪੱਬਾਂ ਵਿਚ ਰੁਲਾਈਆ । ਮੇਰੀ ਖੇਲ ਬਪੜੇ ਬਗ ਦੀ, ਚਾਰੋਂ ਕੁੰਟ ਖਿਲਾਈਆ । ਕਥਾ ਕਹਾਣੀ ਸੁਣ ਲੈ ਅੱਜ ਦੀ, ਖ਼ੁਸ਼ੀਆਂ ਨਾਲ ਸੁਣਾਈਆ । ਮੈਨੂੰ ਸੁਗੰਧੀ ਉਸੇ ਰੱਬ ਦੀ, ਜਿਸ ਨੂੰ ਮੁਹੰਮਦ ਸੀਸ ਝੁਕਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਸਚ ਦਵਾਰੇ ਸੱਦ ਲਈ, ਸਦਕੇ ਵਾਰੀ ਬਿਨ ਸਦਮਿਆਂ ਘੋਲ ਘੁਮਾਈਆ ।

✪ ੩ ਪੋਹ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਫਰਾਲਾ ਜ਼ਿਲਾ ਜਲੰਧਰ ਚਰਨ ਕੌਰ ਦੇ ਗ੍ਰਿਹਿ ✪

ਮਾਇਆ ਕਹੇ ਮੇਰਾ ਸੁਣੋ ਅਗੰਮਾ ਸੰਦੇਸ਼, ਸੰਧਿਆ ਸਰਘੀ ਤੋਂ ਬਾਹਰ ਸੁਣਾਈਆ । ਕਿਰਪਾ ਕਰੇ ਸਵਾਮੀ ਨਰ ਨਰੇਸ਼, ਨਰ ਨਰਾਇਣ ਰਿਹਾ ਦ੍ਰਿੜਾਈਆ । ਕਲਜੁਗ ਕਰਨਾ ਅਵੱਲੜਾ ਵੇਸ, ਆਪਣਾ ਰੂਪ ਬਦਲਾਈਆ । ਪਹਿਲੋਂ ਮੇਰਾ ਤੱਕਣਾ ਭੇਸ, ਕੀ ਆਪਣੀ ਕਲ ਵਖਾਈਆ । ਵਸ ਕੇ ਸੰਬਲ ਦੇਸ, ਬੈਠਾ ਆਸਣ ਲਾਈਆ । ਨਾ ਮੁੱਛ ਦਾਹੜੀ ਨਾ ਕੇਸ, ਮੂੰਡ ਮੁੰਡਾਇਆ ਨਾ ਵੇਸ ਧਰਾਈਆ । ਸ਼ਬਦੀ ਧਾਰ ਦਸ ਦਸਮੇਸ਼, ਗੋਬਿੰਦ ਮੇਲਾ ਸਹਿਜ ਸੁਭਾਈਆ । ਰਸਨਾ ਸਿਫ਼ਤ ਵਡਿਆਈ ਰਹਿਣੀ ਨਹੀਂ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਰਲਾਈਆ । ਸੀਸ ਨਿਵਾਵਣ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗਣਪਤ ਗਣੇਸ਼ ਧੂੜੀ ਖ਼ਾਕ ਰਮਾਈਆ । ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰੂ ਹੋਏ ਪੇਸ਼, ਦਰ ਠਾਂਡੇ ਆਸਣ ਲਾਈਆ । ਬਿਨ ਨੈਣਾਂ ਸਾਰੇ ਰਹੇ ਵੇਖ, ਅੱਖੀਆਂ ਅੱਖੀਆਂ ਵਿਚੋਂ ਬਦਲਾਈਆ । ਮਾਇਆ ਕਹੇ ਮੈਂ ਉਸ ਪ੍ਰਭ ਦੀ ਦਰਵੇਸ਼, ਜੋ ਮਾਲਕ ਧੁਰਦਰਗਾਹੀਆ । ਮੈਂ ਘਰ ਘਰ ਪਵਾਉਣਾ ਕਲੇਸ਼, ਕਲਮਿਆਂ ਵਾਲੇ ਦੇਣੇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਮਾਇਆ ਕਹੇ ਮੈਨੂੰ ਪੁਸ਼ਤ ਪਨਾਹ ਤੇ ਵੱਜਦੀ ਥਾਪੀ, ਸਤਿਗੁਰ ਸ਼ਬਦ ਰਿਹਾ ਜਣਾਈਆ । ਤ੍ਰੈਲੋਕਾਂ ਖੋਲ ਕੇ ਵੇਖ ਕੇ ਤਾਕੀ, ਤ੍ਰੈਗੁਣ ਪਰਦਾ ਆਪ ਚੁਕਾਈਆ । ਮਾਤਲੋਕ ਮਾਰ ਲੈ ਝਾਕੀ, ਚਾਰੋਂ ਕੁੰਟ ਵੇਖ ਵਖਾਈਆ । ਮਾਨਵ ਤੱਕ ਲੈ ਬੰਦੇ ਖ਼ਾਕੀ, ਤਨ ਵਜੂਦਾਂ ਫੋਲ ਫੁਲਾਈਆ । ਮਨੂਆ ਸਭ ਦਾ ਵੇਖ ਲੈ ਆਕੀ, ਹੰਗਤਾ ਵਿਚ ਬੈਠਾ ਰੂਪ ਬਦਲਾਈਆ । ਅੰਤਰ ਰਿਹਾ ਨਾ ਕਿਸੇ ਪਾਕੀ, ਪਵਿੱਤ ਰੂਪ ਨਾ ਕੋਇ ਦਰਸਾਈਆ । ਬੂੰਦ ਮਿਲੇ ਨਾ ਕਿਸੇ ਸਵਾਂਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਪਾਰਬ੍ਰਹਮ ਬ੍ਰਹਮ ਬਣੇ ਨਾ ਕੋਇ ਜਮਾਤੀ, ਜੁਮਲਾ ਅੱਖਰ ਨਾ ਕੋਇ ਸਮਝਾਈਆ । ਪ੍ਰਕਾਸ਼ ਰਿਹਾ ਨਾ ਆਫ਼ਤਾਬੀ, ਸੂਰੀਆ ਚੰਦ ਰੋਵਣ ਮਾਰਨ ਧਾਹੀਆ । ਅਵਤਾਰ ਪੈਗ਼ੰਬਰ ਗੁਰ ਦਿਸੇ ਨਾ ਕੋਇ ਇਮਦਾਦੀ, ਸਿਰ ਸਕੇ ਨਾ ਕੋਇ ਉਠਾਈਆ । ਮਾਣ ਰਿਹਾ ਨਾ ਇਸ਼ਕ ਹਕੀਕੀ ਤੇ ਮਜਾਜ਼ੀ, ਮਜ਼ਾਕ ਕਰੇ ਲੋਕਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸ਼ਬਦ ਸੰਦੇਸੇ ਮਾਰੇ ਵਾਜੀ, ਮੈਨੂੰ ਸੁੱਤੀ ਨੂੰ ਰਿਹਾ ਉਠਾਈਆ । ਤੂੰ ਖੇਲ ਕਰਨਾ ਜੋ ਨਾਨਕ ਇਸ਼ਾਰਾ ਕੀਤਾ ਵਿਚ ਬਗ਼ਦਾਦੀ, ਬਗ਼ਲੀਆਂ ਵੇਖਣੀਆਂ ਥਾਉਂ ਥਾਈਂਆ । ਮੁਹੰਮਦ ਦਾ ਮਹੀਨਾ ਹੋਵੇ ਅਲਜਮਾਦੀ, ਸੋਹਣਾ ਖੇਲ ਖਿਲਾਈਆ । ਸ਼ਰਅ ਦੀ ਸ਼ਰਅ ਨਾਲ ਕਰਨੀ ਬਰਬਾਦੀ, ਦੀਨ ਦੀਨ ਨਾਲ ਟਕਰਾਈਆ । ਬਿਨਾ ਭਗਤਾਂ ਤੋਂ ਪ੍ਰੇਮ ਦੀ ਰਹੇ ਨਾ ਕੋਇ ਆਬਾਦੀ, ਧਰਨੀ ਧਰਤ ਧਵਲ ਧੌਲ ਆਸਾ ਪੂਰ ਦੇਣੀ ਕਰਾਈਆ । ਸਤਿਜੁਗ ਦਾ ਸਚ ਸਤਿ ਬਣੇ ਸਮਾਜੀ, ਦੂਸਰ ਰੂਪ ਨਾ ਕੋਇ ਦਰਸਾਈਆ । ਅੱਖਰਾਂ ਦਾ ਰਹੇ ਨਾ ਕੋਇ ਨਿਮਾਜ਼ੀ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਤੇਰੀ ਚਾਰੋਂ ਕੁੰਟ ਮਾਇਆ

ਲੱਗੇ ਅਗੰਮ ਸਮਾਧੀ, ਨੇਤਰ ਲੋਚਨ ਨੈਣ ਸਕੇ ਨਾ ਕੋਇ ਖੁਲਾਈਆ । ਤੇਰਾ ਸਤਿਗੁਰ ਸ਼ਬਦ ਹੋਵੇ ਅਮਦਾਦੀ, ਸਗਲਾ ਸੰਗ ਬਣਾਈਆ । ਸੰਮਤ ਸ਼ਹਿਨਸ਼ਾਹੀ ਨੌ ਤੂੰ ਘਰ ਘਰ ਪਹਿਲੋਂ ਦੇ ਕੇ ਆਉਣੀ ਭਾਜੀ, ਭਜਨ ਬੰਦਗੀ ਵਾਲਿਆਂ ਆਉਣਾ ਸਮਝਾਈਆ । ਤੁਹਾਨੂੰ ਭੁਲਾਉਣ ਵਿਚ ਮੇਰਾ ਸਾਹਿਬ ਸਤਿਗੁਰ ਰਾਜ਼ੀ, ਪੁਰਖ ਅਕਾਲ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਹੁਕਮ ਸੰਦੇਸਾ ਦੇਵੇ ਇਕ ਅਹਿਲਾਦੀ, ਅਹਿਲ ਆਪਣਾ ਹੁਕਮ ਸੁਣਾਈਆ ।

### ✪ ੩ ਪੋਹ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ ਨਛੱਤਰ ਸਿੰਘ ਦੇ ਘਰ ਮਾਲਵਾ ਸੰਗਤ ਨਵਿਤ ✪

ਤਿੰਨ ਪੋਹ ਕਹੇ ਮੇਰਾ ਪ੍ਰਵਿਸ਼ਟਾ ਤੀਜਾ, ਤੀਜੇ ਲੋਇਣ ਵਾਲਿਓ ਵੇਖਣਾ ਚਾਈਂ ਚਾਈਆ । ਹਰਿ ਹਿਰਦੇ ਅੰਦਰ ਪ੍ਰਭੂ ਪਿਆਰ ਦੀਆਂ ਦਿਸਣ ਰੀਝਾਂ, ਮੁਹੱਬਤ ਵਿਚ ਭਗਤ ਸਮਾਈਆ । ਮੇਰੀਆਂ ਆਸਾਂ ਪੂਰੀਆਂ ਹੋਵਣ ਉਮੀਦਾਂ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਮੇਰੇ ਕੋਲ ਪੁਰਾਣੀਆਂ ਰਸੀਦਾਂ, ਬਿਨ ਅੱਖਰਾਂ ਦਿਆਂ ਵਖਾਈਆ । ਜਿਸ ਵਿਚ ਸਭ ਨੂੰ ਹੋਈਆਂ ਤਾਕੀਦਾਂ, ਹੁਕਮ ਹੁਕਮ ਨਾਲ ਜਣਾਈਆ । ਬਿਨਾ ਪਰਮ ਪੁਰਖ ਪਰਮਾਤਮ ਖ਼ੁਸ਼ੀਆਂ ਮਿਲਣ ਨਾ ਪੈਗ਼ੰਬਰਾਂ ਈਦਾਂ, ਮਿਹਰਵਾਨ ਮਿਹਰ ਨਜ਼ਰ ਨਾ ਕੋਇ ਉਠਾਈਆ । ਖੇਲ ਕਰੇ ਮੇਰਾ ਮਿਹਰਵਾਨ ਮਹਿਬਾਨ ਬੀਦੋ ਬੀਦਾ, ਅਲਾਹ
੧੪੯੭ ੨੩ ਬੇਪਰਵਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ੧੪੯੭ ੨੩
ਤਿੰਨ ਪੋਹ ਕਹੇ ਮੇਰਾ ਦਿਵਸ ਮਹਾਨਾ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਜੋਤੀ ਧਾਰ ਪਹਿਨ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਸ਼ਬਦ ਸੰਦੇਸ਼ਾ ਦੇਵੇ ਧੁਰ ਫ਼ਰਮਾਨਾ, ਅਗੰਮ ਅਗੰਮੜਾ ਹੁਕਮ ਚਲਾਈਆ । ਨਵ ਸੱਤ ਹੋ ਪ੍ਰਧਾਨਾ, ਜਗਤ ਜਹਾਨਾ ਵੇਖ ਵਖਾਈਆ । ਭਗਤਾਂ ਦੇਵਣਹਾਰਾ ਬ੍ਰਹਮ ਗਿਆਨਾ, ਅੰਤਰ ਦ੍ਰਿਸ਼ਟੀ ਪਰਦਾ ਆਪ ਚੁਕਾਈਆ । ਸ਼ਬਦ ਅਨਾਦੀ ਦੇ ਧੁਨਕਾਨਾ, ਧੁਨ ਆਤਮਕ ਰਾਗ ਦ੍ਰਿੜਾਈਆ । ਜੋਤੀ ਦੀਪ ਜਗਾ ਮਹਾਨਾ, ਨੂਰ ਨੁਰਾਨਾ ਡਗਮਗਾਈਆ । ਲੇਖਾ ਜਾਣੇ ਜੀਵ ਜਹਾਨਾ, ਚਾਰੇ ਖਾਣੀ ਵੇਖ ਵਖਾਈਆ । ਭੇਵ ਖੁਲਾਏ ਜ਼ਿਮੀਂ ਅਸਮਾਨਾ, ਪੁਰੀ ਲੋਅ ਬ੍ਰਹਿਮੰਡ ਖੰਡ ਲੇਖਾ ਜਾਣੇ ਥਾਉਂ ਥਾਈਆ । ਸਤਿ ਸਰੂਪੀ ਸ਼ਾਹੋ ਭੂਪੀ ਬਣ ਕੇ ਰਾਣਾ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤਿੰਨ ਪੋਹ ਕਹੇ ਮੇਰੇ ਸਾਹਿਬ ਦਾ ਲੇਖਾ ਕਾਇਨਾਤ, ਦੀਨ ਦੁਨੀ ਵੇਖ ਵਖਾਈਆ । ਜਿਸ ਦੀ ਸ਼ਬਦ ਅਗੰਮੀ ਬਾਤ, ਬਾਤਨ ਕਰੇ ਪੜ੍ਹਾਈਆ । ਵੇਖਣਹਾਰ ਅੰਧੇਰੀ ਰਾਤ, ਚਾਰੋਂ ਕੁੰਟ ਫੋਲ ਫੁਲਾਈਆ । ਭਗਤ ਸੁਹੇਲਾ ਬਣ ਕੇ ਪਿਤ ਮਾਤ, ਪੂਤ ਸਪੂਤ ਗੋਦੀ ਲਏ ਉਠਾਈਆ । ਚਾਰ ਵਰਨ ਅਠਾਰਾਂ ਬਰਨ ਮੇਟਣਹਾਰ ਅੰਧੇਰੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਖੇਲ ਖਿਲਾਏ ਬਹੁ ਬਿਧ ਭਾਂਤ, ਭੇਵ ਅਭੇਦਾ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਤਿੰਨ ਪੋਹ ਕਹੇ ਮੇਰਾ ਆਖ਼ਰੀ ਬਿਨਾ ਅੱਖਰਾਂ ਤੋਂ ਨਿਸ਼ਾਨਾ, ਨਿਸ਼ਅੱਖਰ ਧਾਰ ਜਣਾਈਆ । ਮੇਰਾ ਗੁਰੂਆਂ ਤੋਂ ਬਾਹਰ ਬਿਆਨਾ, ਸਿਫ਼ਤਾਂ ਵਾਲੀ ਸਿਫ਼ਤ ਨਾ ਕੋਇ ਸਲਾਹੀਆ । ਮੇਰਾ ਪਾਤਸ਼ਾਹ ਸ਼ਹਿਨਸ਼ਾਹ

ਸ੍ਰੀ ਭਗਵਾਨਾ, ਭਗਵਨ ਅਗੰਮ ਅਥਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਖੇਲੇ ਖੇਲ ਮਹਾਨਾ, ਖ਼ਾਲਕ ਖ਼ਲਕ ਵਡ ਵਡਿਆਈਆ । ਓਸ ਲੇਖੇ ਲਾਉਣਾ ਰਵੀਦਾਸ ਦਾ ਸਾਢੇ ਤਿੰਨ ਹੱਥ ਦਾ ਕਾਨਾ, ਕਰਮ ਕਾਂਡ ਦਾ ਭੇਵ ਚੁਕਾਈਆ । ਜਿਸ ਦੇ ਹੁਕਮ ਨਾਲ ਦੀਨ ਦੁਨੀ ਬਦਲ ਜਾਣਾ ਜਮਾਨਾ, ਜ਼ਿਮੀਂ ਅਸਮਾਨ ਵੇਖਣ ਚਾਈਂ ਚਾਈਂਆ । ਨੈਣ ਉਠਾਵਣ ਅਵਤਾਰ ਪੈਗ਼ੰਬਰ ਗੁਰ ਕਰਨ ਧਿਆਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਾਨਾ ਕਹੇ ਮੇਰੀ ਸਾਢੇ ਤਿੰਨ ਹੱਥ ਦੀ ਧਾਰ, ਧਰਮੀਓ ਧਰਮ ਨਾਲ ਜਣਾਈਆ । ਮੇਰੇ ਨਾਲ ਲੇਖਾ ਲਿਖ ਕੇ ਗਿਆ ਰਵੀਦਾਸ ਚਮਾਰ, ਚੰਮ ਦ੍ਰਿਸ਼ਟੀ ਤੋਂ ਬਾਹਰ ਸਮਝਾਈਆ । ਭੇਵ ਅਭੇਦਾ ਖੋਲ ਦੱਸਿਆ ਸੰਸਾਰ, ਸਤਿ ਸਤਿਵਾਦੀ ਇਕ ਸਮਝਾਈਆ । ਬਿਨਾ ਪਰਮ ਪੁਰਖ ਤੋਂ ਬਣੇ ਨਾ ਕੋਇ ਸਹਾਰ, ਸਿਰ ਹੱਥ ਨਾ ਕੋਇ ਟਿਕਾਈਆ । ਜੋ ਆਦਿ ਜੁਗਾਦੀ ਇਕ ਇਕੱਲਾ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਸੋ ਸਵਾਮੀ ਅੰਤਰਜਾਮੀ ਪਾਵਣਹਾਰਾ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਸਭ ਨੇ ਕਰਨੀ ਇੰਤਜ਼ਾਰ, ਚਾਰੋਂ ਕੁੰਟ ਨੈਣ ਉਠਾਈਆ । ਓਹ ਵੇਸ ਅਵੱਲੜਾ ਕਰੇ ਜੋਤੀ ਜਾਤਾ ਏਕੰਕਾਰ, ਅਕਲ ਕਲ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਰੰਗ ਰੰਗਾਈਆ । ਕਾਨਾ ਕਹੇ ਮੇਰੀ ਪੁਰਾਣੀ ਕਥਾ, ਕਥਨੀ ਵਾਲਿਓ ਦਿਆਂ ਜਣਾਈਆ । ਪਹਿਲੋਂ ਸਤਿਗੁਰ ਸ਼ਬਦ ਨੂੰ ਟੇਕ ਕੇ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਫੇਰ ਹੁਕਮ ਸੁਣ ਕੇ ਯਥਾਰਥ ਯਥਾ, ਯਦਪ ਯਦੀ ਦਿਆਂ ਦ੍ਰਿੜਾਈਆ । ਜਿਸ ਦਾ ਹੁਕਮ ਦੋ ਜਹਾਨ ਵਰਤਣਾ ਇਕੱਠਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੂੰ ਦੀਨ ਦੁਨੀ ਕਰਦੀ ਠੱਠਾ, ਮਖ਼ੌਲ ਰਹੀ ਉਡਾਈਆ । ਉਹ ਸਭ ਦਾ ਪਾਉਣ ਵਾਲਾ ਰੱਟਾ, ਰਾਈਟ ਆਪਣਾ ਹੁਕਮ ਦ੍ਰਿੜਾਈਆ । ਪੈਗ਼ੰਬਰਾਂ ਵੇਖਣ ਵਾਲਾ ਪੱਟਾ, ਪਟਨੇ ਵਾਲਾ ਸੰਗ ਮਿਲਾਈਆ । ਜੋ ਖੇਲ ਖਿਲਾਏ ਬਾਜ਼ੀਗਰ ਨੱਟਾ, ਸਵਾਂਗੀ ਆਪਣਾ ਸਵਾਂਗ ਰਚਾਈਆ । ਕਲਜੁਗ ਭੱਜੇ ਚਾਰੋਂ ਕੁੰਟ ਫਿਰੇ ਨੱਠਾ, ਪਾਂਧੀ ਹੋ ਕੇ ਪੰਧ ਮੁਕਾਈਆ । ਜਿਸ ਦੀਆਂ ਖੁਲ੍ਹੀਆਂ ਦਿਸਣ ਲਿਟਾਂ, ਚੁੰਡੀ ਸੀਸ ਨਾ ਕੋਇ ਬੰਧਾਈਆ । ਮਸਤਕ ਕੂੜ ਦਾ ਲਾ ਕੇ ਟਿੱਕਾ, ਦੀਨ ਦੁਨੀ ਰਿਹਾ ਵਖਾਈਆ । ਦਰੋਹੀ ਬਿਨਾ ਪ੍ਰਭੂ ਤੋਂ ਦਿਸੇ ਕੋਈ ਨਾ ਮਿਤਾ, ਮਿਤ੍ਰ ਪਿਆਰਾ ਨਜ਼ਰ ਕੋਇ ਨਾ ਆਈਆ । ਜਗਿਆਸੂਓ ਰਿਹੋ ਕੋਈ ਨਾ ਦੁਚਿੱਤਾ, ਦੁਤੀਆ ਭਾਉ ਨਾ ਕੋਇ ਰਖਾਈਆ । ਸਦੀ ਚੌਧਵੀਂ ਅੰਤਮ ਨਿਕਲਣ ਵਾਲਾ ਸਿੱਟਾ, ਸਿੱਟੇਬਾਜ਼ੀ ਦਿਸੇ ਖ਼ਲਕ ਖ਼ੁਦਾਈਆ । ਸਭ ਨੇ ਭਾਣਾ ਮੰਨਣਾ ਕਰ ਕੇ ਮਿੱਠਾ, ਸਿਰ ਸਕੇ ਨਾ ਕੋਇ ਉਠਾਈਆ । ਮੇਰਾ ਸਾਹਿਬ ਸੁਲਤਾਨ ਖੇਲ ਕਰੇ ਅਨਡਿੱਠਾ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਕਾਨਾ ਕਹੇ ਮੇਰੀ ਕਲਮ ਕਾਲਾ ਨਿਸ਼ਾਨ ਲਾਵੇ ਉਤੇ ਚਿੱਟਾ, ਚਿੱਟੀ ਧਾਰ ਦਏ ਬਦਲਾਈਆ । ਮੇਰਾ ਲੇਖਾ ਕਦੇ ਨਾ ਮਿਟਾ, ਮਿੱਟੀ ਖ਼ਾਕ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕਾਨਾ ਕਹੇ ਮੇਰੀ ਕਲਮ ਨੇ ਦਿਤੇ ਬਿਆਨ, ਜੁਗ ਜੁਗ ਹੁਕਮ ਸੁਣਾਈਆ । ਖੇਲ ਤੱਕਣਾ ਸ੍ਰੀ ਭਗਵਾਨ, ਜੋ ਕਰਤਾ ਧੁਰਦਰਗਾਹੀਆ । ਜਿਸ ਕੋਲੋਂ ਅਵਤਾਰ ਪੈਗ਼ੰਬਰ ਗੁਰੂ ਮੰਗਦੇ ਦਾਨ, ਦਾਤਾ ਦਾਨੀ ਇਕ ਅਖਵਾਈਆ । ਸੋ ਸਤਿ ਸਰੂਪੀ ਸ਼ਾਹੋ ਭੂਪੀ ਨੌਜਵਾਨ, ਮਰਦ ਮਰਦਾਨਾ ਸ੍ਰੀ ਭਗਵਾਨਾ ਵਡ ਵਡਿਆਈਆ । ਓਹ ਲੇਖਾ ਜਾਣੇ ਜੀਵ ਜਹਾਨ, ਅੰਤਰ ਦ੍ਰਿਸ਼ਟੀ ਸ੍ਰਿਸ਼ਟੀ ਫੋਲੇ ਚਾਈਂ ਚਾਈਆ । ਜਿਸ ਦਾ ਨਜ਼ਰ ਨਾ ਆਏ ਕੋਈ ਮਕਾਨ,

੧੪੯੯
੨੩

ਬੇਮੁਕਾਮ ਆਪਣੀ ਖੇਲ ਖਿਲਾਈਆ । ਜਿਸ ਨੂੰ ਲੱਭਦੇ ਫਿਰਨ ਤਮਾਮ, ਤਮਅ ਦੇ ਲਾਲਚ ਵਿਚ ਹੋਵੇ ਦੀਨ ਦੁਨੀ ਹਲਕਾਈਆ । ਉਹ ਆਵੇ ਧੁਰ ਦਾ ਅਮਾਮ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਸ਼ਰਅ ਮੇਟਣੀ ਅੰਧੇਰੀ ਸ਼ਾਮ, ਨੂਰੀ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਾਨਾ ਕਹੇ ਮੇਰਾ ਮਲਵਈਆਂ ਨਾਲ ਪਿਆਰ, ਮਲਕੁਲ ਮੌਤ ਦਾ ਭੇਵ ਖੁਲਾਈਆ । ਮੈਨੂੰ ਬ੍ਰਹਮੇ ਨੇ ਕਰ ਤਿਆਰ, ਬ੍ਰਹਮ ਨਾਲ ਲਿਆ ਮਿਲਾਈਆ । ਬਾਲਮੀਕ ਹੋ ਹੁਸ਼ਿਆਰ, ਦਿਤੀ ਮਾਣ ਵਡਿਆਈਆ । ਵੇਦ ਵਿਆਸਾ ਬਣ ਕੇ ਯਾਰ, ਯਰਾਨਾ ਗਿਆ ਜਣਾਈਆ । ਅਰਜਨ ਲੇਖਾ ਲਿਖਿਆ ਨਾਲ ਪਿਆਰ, ਅਪਰੰਪਰ ਦਿਤੀ ਵਡਿਆਈਆ । ਮੈਂ ਕਲਜੁਗ ਹੋ ਤਿਆਰ, ਤ੍ਰੈਭਵਣ ਧਨੀ ਨਾਲ ਆਪਣਾ ਸੰਗ ਬਣਾਈਆ । ਮੂਸਾ ਈਸਾ ਮੁਹੰਮਦ ਬਣ ਲਿਖਾਰ, ਕਾਤਬਾਂ ਦਿਤੀ ਮਾਣ ਵਡਿਆਈਆ । ਮੇਰਾ ਮੇਲ ਮਿਲਿਆ ਨਾਨਕ ਨਿਰਗੁਣ ਸਰਗੁਣ ਧਾਰ, ਧਰਨੀ ਧਰਤ ਧਵਲ ਧੌਲ ਵੱਜੀ ਵਧਾਈਆ । ਗੁਰਦਾਸ ਦਿਤਾ ਅਧਾਰ, ਉਦਰ ਤੋਂ ਬਾਹਰ ਸਮਝਾਈਆ । ਕਾਨਾ ਕਹੇ ਮੇਰੀ ਕਲਮ ਦਾ ਨਹੀਂ ਸ਼ੁਮਾਰ, ਬੇਸ਼ੁਮਾਰ ਸਿਰ ਮੇਰੇ ਹੱਥ ਟਿਕਾਈਆ । ਮੈਂ ਸੰਦੇਸ਼ਾ ਦੇਵਾਂ ਵਿਚ ਸੰਸਾਰ, ਸਚ ਸਚ ਸੁਣਾਈਆ । ਚਾਰ ਜੁਗ ਦੇ ਲੇਖ ਜੋ ਲਿਖਦੇ ਗਏ ਲਿਖਾਰ, ਭਵਿਸ਼ਾਂ ਵਿਚ ਸਮਝਾਈਆ । ਪੇਸ਼ੀਨਗੋਈਆਂ ਰਹੀਆਂ ਪੁਕਾਰ, ਭੇਵ ਅਭੇਦ ਖੁਲਾਈਆ । ਮੇਰਾ ਲਹਿਣਾ ਦੇਣਾ ਅਪਰ ਅਪਾਰ, ਅਪਰੰਪਰ ਆਪਣੇ ਹੱਥ ਰਖਾਈਆ । ਮੇਰੀ ਕਲਮ ਦੀ ਧਾਰ ਸੰਦੇਸ਼ਾ ਦਏ ਵਿਚ ਸੰਸਾਰ, ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਤੁਹਾਡਾ ਇਕੋ ਮੀਤ ਮੁਰਾਰ, ਜਿਸ ਦਾ ਰੂਪ ਰੰਗ ਰੇਖ ਨਜ਼ਰ ਨਾ ਆਵੇ ਕੋਈ ਧਾਰ, ਧਰਨੀ ਧਰਤ ਧਵਲ ਵੇਖਣ ਕੋਇ ਨਾ ਪਾਈਆ । ਜਿਸ ਦਾ ਲਹਿਣਾ ਕਲਜੁਗ ਅੰਤ ਕਲ ਕਲਕੀ ਹੋਏ ਅਵਤਾਰ, ਕਲ ਕਲੇਸ਼ ਵੇਖ ਵਖਾਈਆ । ਨਿਹਕਲੰਕਾ ਪਰਵਰਦਿਗਾਰ, ਸਾਂਝਾ ਯਾਰ ਨੂਰ ਅਲਾਹੀਆ । ਅਮਾਮ ਅਮਾਮਾ ਹੋ ਸਿਕਦਾਰ, ਵੇਖਣਹਾਰਾ ਥਾਉਂ ਥਾਈਆ । ਚੌਦਾਂ ਤਬਕ ਜਿਸ ਦਾ ਕਰਨ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਚੌਦਾਂ ਲੋਕ ਰਹੇ ਪੁਕਾਰ, ਕੂਕ ਕੂਕ ਸੁਣਾਈਆ । ਕਵਣ ਵੇਲਾ ਧਰਨੀ ਦੀ ਸੁਣੇ ਪੁਕਾਰ, ਧਵਲ ਦਾ ਹੌਲਾ ਭਾਰ ਕਰਾਈਆ । ਕਲ ਆਵੇ ਕਲਕੀ ਅਵਤਾਰ, ਨੌਜਵਾਨਾ ਮਰਦ ਮਰਦਾਨਾ ਫੇਰਾ ਪਾਈਆ । ਜਿਸ ਦਾ ਸ਼ਬਦ ਖੰਡਾ ਹੋਵੇ ਦੋ ਧਾਰ, ਜਗਤ ਖੜਗਾਂ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਲੇਖਾ ਗੋਬਿੰਦ ਦੱਸ ਕੇ ਗਿਆ ਸਰਸੇ ਵਾਲੀ ਧਾਰ, ਧਰਮ ਧਰਮ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਖੜਗ ਕਹੇ ਮੈਂ ਜਗਤ ਵਾਲੀ ਤਲਵਾਰ, ਲੁਹਾਰ ਤਰਖਾਣ ਦਿਤਾ ਘੜਾਈਆ । ਮੇਰਾ ਜਗਿਆਸੂਆਂ ਨਾਲ ਪਿਆਰ, ਸ਼ਤਰੂ ਸ਼ਤਰੂਆਂ ਨਾਲ ਲੜਾਈਆ । ਮੇਰਾ ਧਰਮ ਦਾ ਧਰਮ ਨਾਲ ਜੈਕਾਰ, ਧਰਮ ਦਵਾਰਿਆਂ ਵੇਖਾਂ ਚਾਈਂ ਚਾਈਂਆ । ਮੇਰੀ ਸ਼ਰਅ ਦੀ ਸ਼ਰਅ ਨੂੰ ਸਦਾ ਲਲਕਾਰ, ਵੰਗਾਰ ਕੇ ਦਿਆਂ ਸੁਣਾਈਆ । ਮੇਰਾ ਪ੍ਰਭੂ ਦੇ ਨਾਮ ਕਲਮਿਆਂ ਨਾਲ ਤਕਰਾਰ, ਅਵਤਾਰ ਪੈਗ਼ੰਬਰ ਮਿਲ ਕੇ ਸਾਚੀ ਖੇਲ ਖਿਲਾਈਆ । ਮੈਂ ਸਿਰ ਧੜਾਂ ਦੇ ਕਰਾਂ ਸਦਾ ਵਪਾਰ, ਵਣਜਾਰਨ ਹੋ ਕੇ ਵੇਖ ਵਖਾਈਆ । ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਮੇਰੀ ਪੜ੍ਹਾਈਆ । ਮੇਰਾ ਲੇਖਾ ਜੁਗ ਜੁਗ ਹੋਵੇ ਜ਼ਾਹਰ, ਜ਼ਾਹਰ ਜ਼ਹੂਰ ਕਰਾਂ ਰੁਸ਼ਨਾਈਆ । ਮੈਂ ਤਿੰਨ ਪੋਹ ਨੂੰ ਆਈ ਭਗਤੇ ਮਿਆਨੋ ਬਾਹਰ, ਬਾਹਰਲੇ ਦੇਸ਼ਾਂ ਵਿਚ ਫਿਰਾਂ ਚਾਈਂ ਚਾਈਂਆ । ਖ਼ਬਰ ਸੰਦੇਸੇ ਦੇਵਾਂ

ਵਾਰੋ ਵਾਰ, ਵਾਰਤਾ ਪਿਛਲੀ ਦਿਆਂ ਦੁਹਰਾਈਆ । ਖ਼ਬਰਦਾਰ ਹੋਵੇ ਨਾਰੀ ਨਾਰ, ਨਰ ਨਰਾਇਣ ਹੁਕਮ ਸੁਣਾਈਆ । ਲੇਖਾ ਜ਼ਰੂਰ ਮੁਕਣਾ ਮੁਹੰਮਦ ਉਮਤ ਤੇ ਲਹਿਣਾ ਚਾਰ ਯਾਰ, ਸਦੀ ਚੌਧਵੀਂ ਗੰਢ ਪਵਾਈਆ । ਮੇਰਾ ਕਦੇ ਨਾ ਬਾਕੀ ਰਹੇ ਉਧਾਰ, ਲੇਖੇ ਸਭ ਦੇ ਝੋਲੀ ਪਾਈਆ । ਮੈਂ ਬਣੀ ਨਹੀਂ ਕਦੇ ਗ਼ਦਾਰ, ਮੁਖ ਪਿਠ ਨਾ ਕਦੇ ਬਦਲਾਈਆ । ਮੈਨੂੰ ਗੋਬਿੰਦ ਗਿਆ ਸ਼ਿੰਗਾਰ, ਸੋਹਣਾ ਰੰਗ ਚੜ੍ਹਾਈਆ । ਤਨ ਬਸਤਰ ਸਜਾ ਕੇ ਦੇਂਦਾ ਰਿਹਾ ਅਧਾਰ, ਸਿਰ ਮੇਰੇ ਹੱਥ ਟਿਕਾਈਆ । ਕਰ ਕੇ ਗਿਆ ਖ਼ਬਰਦਾਰ, ਬਾਤਨ ਲੇਖਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਤਲਵਾਰ ਕਹੇ ਮੈਂ ਮਿਆਨ ਵਿਚੋਂ ਨਿਕਲੀ, ਆਪਣੀ ਲੈ ਅੰਗੜਾਈਆ । ਮੈਂ ਮਾਇਆ ਨਾਲ ਮਿਲ ਕੇ ਪਾਵਾ ਕਿੱਕਲੀ, ਖ਼ੁਸ਼ੀਆਂ ਨਾਚ ਨਚਾਈਆ । ਮੈਨੂੰ ਘੜਿਆ ਕਿਸੇ ਨਹੀਂ ਸਿਕਲੀ, ਜਗਤ ਵੰਡ ਨਾ ਕੋਇ ਵੰਡਾਈਆ । ਮੇਰਾ ਖੇਲ ਨਿਤ ਨਵਿਤ ਲਈ, ਜੁਗ ਜੁਗ ਫੇਰੀਆਂ ਪਾਈਆ । ਮੇਰੇ ਸਾਹਿਬ ਨੇ ਲੋਕਮਾਤ ਥਿਤ ਮਿਥ ਲਈ, ਮਿਤੀ ਆਪਣਾ ਹੁਕਮ ਜਣਾਈਆ । ਮੈਂ ਉਸੇ ਦੇ ਪਿਆਰ ਵਿਚ ਵਿਕ ਗਈ, ਆਪਣੀ ਕੀਮਤ ਨਾ ਕੋਇ ਰਖਾਈਆ । ਉਸੇ ਦੇ ਹੁਕਮ ਵਿਚ ਟਿਕ ਗਈ, ਆਪਣਾ ਆਸਣ ਲਾਈਆ । ਮੈਂ ਵਣਜਾਰਨ ਇਕ ਚਿਟ ਲਈ, ਜੋ ਬਿਨ ਅੱਖਰਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤਲਵਾਰ ਕਹੇ ਮੈਂ ਛਡ ਕੇ ਆ ਗਈ ਗਾਤਰਾ, ਗਾਇਤਰੀ ਮੰਤਰ ਨਾ ਕੋਇ ਰਖਾਈਆ । ਮੈਂ ਦੀਨ ਦੁਨੀ ਦੀ ਕਰਨ ਚਲੀ ਯਾਤਰਾ, ਭੱਜਾਂ ਵਾਹੋ ਦਾਹੀਆ । ਮੈਂ ਸਾਰੀਆਂ ਵੇਖਾਂ ਲਗਾਂ ਮਾਤਰਾ, ਮਾਤਰ ਭੂਮੀ
੧੫੦੦ ੨੩ ਖੋਜ ਖੁਜਾਈਆ । ਮੇਰੇ ਕੋਲ ਪੁਰਾਣੀਆਂ ਪਾਤਰਾ, ਪਤਰਕਾ ਆਪਣੇ ਵਿਚ ਰਖਾਈਆ । ਮੇਰੀਆਂ ਸਾਰੇ ਕਰਦੇ ਖ਼ਾਤਰਾ, ਖ਼ਤਰੇ ਵਿਚ ਸੀਸ ਨਿਵਾਈਆ । ੧੫੦੦ ੨੩
ਮੈਂ ਵੇਖਣੀ ਕਲਜੁਗ ਅੰਧੇਰੀ ਰਾਤਰਾ, ਚਾਰੋਂ ਕੁੰਟ ਧਿਆਨ ਲਗਾਈਆ । ਕੀ ਸੰਦੇਸਾ ਦੇਵਣ ਚਾਰ ਵੇਦ ਛੇ ਸ਼ਾਸਤਰਾ, ਸਿਮਰਤੀਆਂ ਨਾਲ ਮਿਲਾਈਆ । ਵੇਦਾਂ ਤੱਕਿਆ ਪੁਰਾਣਾਂ ਨਾਲ ਕੀ ਆਸਰਾ, ਗੀਤਾ ਗਿਆਨ ਕੀ ਸਮਝਾਈਆ । ਅੰਜੀਲ ਕੁਰਾਨ ਬਾਈਬਲ ਕੀ ਮੇਰਾ ਲੇਖ ਦੱਸਣ ਨਾਲ ਆਕੜਾ, ਕਹਿ ਕਹਿ ਜਗਤ ਸੁਣਾਈਆ । ਖੜਗ ਕਹੇ ਮੈਂ ਚੰਡੀ ਪ੍ਰਚੰਡ ਦਾ ਹੋਵੇ ਟਾਕਰਾ, ਖੰਡੇ ਖੜਗਾਂ ਨਾਲ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਤਲਵਾਰ ਕਹੇ ਮੈਨੂੰ ਜਗਤ ਕਹੇ ਕਿਰਪਾਨ, ਕਿਰਪਾਨਿਧ ਦਿਤੀ ਵਡਿਆਈਆ । ਮੈਂ ਨਿਕਲੀ ਵਿਚੋਂ ਮਿਆਨ, ਮੀਆਂ ਬੀਬੀ ਦਾ ਲੇਖਾ ਵੇਖਾਂ ਥਾਉਂ ਥਾਈਆ । ਚੌਦਾਂ ਤਬਕਾਂ ਵੇਖਾਂ ਮਾਰ ਧਿਆਨ, ਚੌਦਾਂ ਲੋਕਾਂ ਖੋਜ ਖੁਜਾਈਆ । ਮੇਰਾ ਰਾਹ ਤੱਕਣ ਜ਼ਿਮੀਂ ਅਸਮਾਨ, ਸੂਰੀਆ ਚੰਦ ਮੰਡਲ ਮੰਡਪ ਵੇਖਣ ਨੈਣ ਉਠਾਈਆ । ਮੈਂ ਇਕ ਪ੍ਰਭੂ ਦਾ ਸੁਣਨ ਵਾਲੀ ਫ਼ਰਮਾਨ, ਜੋ ਜਗਤ ਫੁਰਨਿਆਂ ਤੋਂ ਬਾਹਰ ਦਏ ਸੁਣਾਈਆ । ਮੈਂ ਉਸ ਨੂੰ ਕਰਾਂ ਪ੍ਰਵਾਨ, ਪ੍ਰਵਾਨੇ ਸਭ ਨੂੰ ਦਿਆਂ ਪਹੁੰਚਾਈਆ । ਉਠੋ ਜਾਗੋ ਜੀਵੋ ਜੰਤੋ ਸੁੱਤੇ ਨਾ ਰਹੋ ਨਾਦਾਨ, ਨੇਤਰ ਲੋਚਨ ਨੈਣ ਲਓ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਾਨਾ ਕਹੇ ਨੀ ਸੁਣ ਤਲਵਾਰੇ, ਸਚ ਦਿਆਂ ਸੁਣਾਈਆ । ਤੂੰ ਕਮਲੀਏ ਮੇਰੇ ਸਹਾਰੇ, ਮੇਰਾ ਲੇਖਾ ਲਿਖਿਆ ਤੈਨੂੰ ਦਏ ਵਡਿਆਈਆ । ਮੇਰਾ ਖੇਲ ਸਦਾ ਜੁਗ ਚਾਰੇ, ਜੁਗ ਚੌਕੜੀ ਰੀਤੀ ਚਲੀ ਆਈਆ । ਮੈਨੂੰ ਪਿਆਰ ਕਰਦੇ ਗਏ

ਪੈਗ਼ੰਬਰ ਗੁਰ ਅਵਤਾਰੇ, ਜੋ ਕਲਮੇ ਕਾਇਨਾਤ ਲਿਖ ਲਿਖ ਦੀਨ ਦੁਨੀ ਗਏ ਸਮਝਾਈਆ । ਮੇਰੇ ਲੇਖ ਨੂੰ ਪੜ੍ਹ ਪੜ੍ਹ ਕੇ ਜਗਤ ਜਹਾਨ ਖੇਲ ਵੇਖੇ ਕਾਇਆ ਮਹੱਲ ਮੁਨਾਰੇ, ਜੀਵਣ ਜੀਵਣ ਵਿਚੋਂ ਬਦਲਾਈਆ । ਨੀ ਤੇਰੇ ਖੇਲ ਸਦਾ ਸਦਾ ਮਾੜੇ, ਕੋਝੀਏ ਕਮਲੀਏ ਦਿਆਂ ਸਮਝਾਈਆ । ਤੂੰ ਸ਼ਾਹ ਸੁਲਤਾਨ ਬਣਾ ਕੇ ਲਾੜੇ, ਰਣਭੂਮੀਆਂ ਵਿਚ ਫਿਰਾਈਆ । ਤੂੰ ਜਗ ਵਸਦੇ ਜੁਗਾਂ ਪ੍ਰਮਾਨ ਫੇਰ ਉਜਾੜੇ, ਸੀਸ ਧੜ ਵੱਖ ਵੱਖ ਕਰਾਈਆ । ਜਿਧਰ ਤੱਕਾਂ ਤੇਰੇ ਭੈ ਵਾਲੇ ਅਖਾੜੇ, ਪ੍ਰੇਮ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਤਲਵਾਰ ਕਹੇ ਸੁਣ ਨੀ ਕਲਮ ਨਿੱਕੀ, ਨਿੱਕੀਏ ਤੈਨੂੰ ਦਿਆਂ ਜਣਾਈਆ । ਮੇਰਾ ਖੇਲ ਜਿਸ ਦੀ ਸਭ ਨੂੰ ਸਿਕੀ, ਆਸਾਵੰਦ ਆਸਾ ਰਹੇ ਰਖਾਈਆ । ਨੀ ਤੇਰਾ ਲੇਖ ਲਿਖਿਆ ਬਾਂਦਰਾਂ ਨੇ ਪੱਥਰ ਇੱਟੀ, ਤ੍ਰਿਸ਼ਨਾ ਵਿਚ ਆਪਣਾ ਆਪ ਛੁਪਾਈਆ । ਮੈਂ ਜਦੋਂ ਆਵਾਂ ਬਿਨਾ ਸੀਸ ਤੋਂ ਹੋਰ ਕਿਸੇ ਜਗਹ ਨਾ ਟਿਕੀ, ਆਸਣ ਆਪਣਾ ਇਕ ਰਖਾਈਆ । ਮੈਂ ਪਿਆਰ ਵਿਚ ਕਦੇ ਨਾ ਵਿਕੀ, ਮੁਹੱਬਤ ਵਿਚ ਨਾ ਕੋਇ ਫਸਾਈਆ । ਮੇਰੀ ਧਾਰ ਉਦੋਂ ਦੀ ਹੋ ਗਈ ਤਿੱਖੀ, ਜਿਸ ਦਾ ਮੁਖ ਨਾ ਕੋਇ ਬਦਲਾਈਆ । ਜਿਸ ਵੇਲੇ ਗੋਬਿੰਦ ਗੋਬਿੰਦ ਧਾਰ ਬਣਾਈ ਸਿੱਖੀ, ਸਿੰਘ ਸਤਿਗੁਰ ਸ਼ਬਦ ਰੂਪ ਦਰਸਾਈਆ । ਮੇਰਾ ਲਹਿਣਾ ਦੇਣਾ ਬੀਸ ਬੀਸਾ ਲੇਖਾ ਜਾਣੇ ਏਕੰਕਾਰ ਇੱਕੀ, ਇਕੀਹ ਵੀਹ ਗੁਰਦਾਸ ਦਏ ਗਵਾਹੀਆ । ਮੈਂ ਇਕੋ ਸੱਸੇ ਉਤੇ ਹੋੜਾ ਤੱਕਣਾ ਹਾਹੇ ਉਤੇ ਟਿੱਪੀ, ਤਨ ਵਜੂਦਾਂ ਮੁਹੱਬਤ ਨਾ ਕੋਇ ਰਖਾਈਆ । ਮੇਰੀ ਖੇਲ ਸਭ ਨੂੰ ਲੱਗਣੀ ਮਿਠੀ, ਦੀਨਾਂ ਮਜ਼੍ਹਬਾਂ ਵਾਲੇ ਵੇਖਣ ਚਾਈਂ ਚਾਈਂਆ । ਮੈਂ ਸ਼ਰਅ ਦੀ ਸ਼ਰਅ ਨਾਲ ਵੱਢਣੀ ਪਿੱਠੀ, ਆਪਣੀ ਧਾਰ ਵਖਾਈਆ । ਮੇਰੇ ਕੋਲ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਚਿੱਠੀ, ਜਿਸ ਨੂੰ ਚਿੱਠੀ ਰਸੈਣ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਤਲਵਾਰ ਕਹੇ ਮੈਂ ਆਈ ਸਿੰਘਾਸਣ ਉਤੇ ਪਲੰਘਾ, ਸਤਿਗੁਰ ਸ਼ਬਦ ਦਏ ਵਡਿਆਈਆ । ਮੈਂ ਚਾਰੋਂ ਕੁੰਟ ਕਰਾਵਾਂ ਦੰਗਾ, ਦਾਹਵੇਦਾਰ ਇਕ ਵਖਾਈਆ । ਪ੍ਰਭ ਦੇ ਕੋਲੋਂ ਇਕ ਵਸਤ ਅਗੰਮੀ ਮੰਗਾਂ, ਖ਼ਾਲੀ ਝੋਲੀ ਅਗੇ ਡਾਹੀਆ । ਮੈਂ ਸ਼ਾਹੋ ਭੂਪ ਇਕ ਸਰਬੰਗਾ, ਸ਼ਹਿਨਸ਼ਾਹ ਇਕ ਅਖਵਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀਆਂ ਪੂਰੀਆਂ ਕਰ ਦੇ ਮੰਗਾਂ, ਤ੍ਰਿਸ਼ਨਾ ਤੇਰੀ ਝੋਲੀ ਪਾਈਆ । ਸਦੀ ਚੌਧਵੀਂ ਜਗਤ ਵਕਤ ਜਾਂਦਾ ਲੰਘਾ, ਆਪਣਾ ਪੰਧ ਮੁਕਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗੋਬਿੰਦ ਹੋਣਾ ਆਪ ਸਹਾਈਆ । ਤੇਰਾ ਧਰਮ ਦੀ ਧਾਰ ਖੜਕੇ ਖੰਡਾ, ਨਵਖੰਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਇਕ ਸਰਨਾਈਆ । ਤਲਵਾਰ ਕਹੇ ਮੇਰੀ ਧਾਰ ਬਣਾ ਦੇ ਦੋਹਰੀ, ਮਿਹਰ ਨਜ਼ਰ ਨਾਲ ਤਰਾਈਆ । ਮੈਂ ਦੋ ਜਹਾਨਾਂ ਫਿਰਾਂ ਚੋਰੀ ਚੋਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਵੇਖਾਂ ਰੈਣ ਅੰਧੇਰ ਘੋਰੀ, ਨਵ ਸੱਤ ਫੇਰਾ ਪਾਈਆ । ਤੂੰ ਮੇਰਾ ਭਾਗ ਬਣਾਉਣਾ ਮਥੋਰੀ, ਮਿਥਿਆ ਦਸਣੀ ਖ਼ਲਕ ਖ਼ੁਦਾਈਆ । ਮੈਂ ਵਸਤ ਮੰਗਾਂ ਆਪਣੀ ਲੋੜੀ, ਲੋੜੀਂਦੇ ਸਾਜਣ ਝੋਲੀ ਡਾਹੀਆ । ਮੇਰੀ ਗੋਬਿੰਦ ਖੰਡੇ ਨਾਲ ਜੋੜ ਦੇ ਜੋੜੀ, ਧੁਰ ਦਾ ਸੰਗ ਬਣਾਈਆ । ਸਦੀ ਚੌਧਵੀਂ ਆਯੂ ਰਹਿ ਗਈ ਥੋੜੀ, ਬੈਠੀ ਪੰਧ ਮੁਕਾਈਆ । ਤਲਵਾਰ ਕਹੇ ਮੈਨੂੰ ਵੇਖ ਕੇ ਉਮਤ ਕਰੇ ਬਹੁੜੀ ਬਹੁੜੀ, ਦਰੋਹੀ ਦਰੋਹੀ ਤੇਰਾ ਨਾਮ ਦੁਹਾਈਆ । ਮੈਨੂੰ ਅਗਲੇ ਸਾਲ ਵਿਚ ਪਹਿਲੀ ਚਾੜ੍ਹ ਦੇ ਪੌੜੀ, ਮੰਜ਼ਲ ਇਕ ਵਖਾਈਆ । ਮੈਂ ਅਗੇ

੧੫੦੨
੨੩

ਜਾਵਾਂ ਦੌੜੀ, ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਂਆ । ਦੀਨ ਦੁਨੀ ਵੇਖਾਂ ਵੇਲ ਕੌੜੀ, ਘਰ ਘਰ ਫੋਲ ਫੁਲਾਈਆ । ਜਿਨ੍ਹਾਂ ਨੂੰ ਪ੍ਰਭੂ ਤੇਰੀ ਭੁੱਲ ਗਈ ਗਲੀ ਭੀੜੀ ਸੌੜੀ, ਸੁਖਮਨ ਟੇਢੀ ਬੰਕ ਪਾਰ ਨਾ ਕੋਇ ਕਰਾਈਆ । ਉਨ੍ਹਾਂ ਦੀਆਂ ਖੇਲਾਂ ਤੱਕਾਂ ਵਾਂਗ ਪਸ਼ੂ ਢੋਰੀ, ਧਰਨੀ ਧਰਤ ਧਵਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਦਇਆ ਕਮਾਵਾਂਗਾ । ਪੋਹ ਤਿੰਨ ਦਾ ਵਕਤ ਸੁਹਾਵਾਂਗਾ । ਸੰਮਤ ਸ਼ਹਿਨਸ਼ਾਹੀ ਨੌਂ ਨਾਲ ਮਿਲਾਵਾਂਗਾ । ਤੂੰ ਨਵ ਸੱਤ ਆਉਣਾ ਭੌਂ, ਭਾਂਡਾ ਭਰਮ ਭਉ ਭੰਨਾਵਾਂਗਾ । ਤੇਰਾ ਲਹਿਣਾ ਦੇਣਾ ਰੱਖਾਂ ਨਗਰ ਗਰਾਉਂ, ਖੇੜੇ ਦੀਨ ਦੁਨੀ ਦੇ ਵੇਖ ਵਖਾਵਾਂਗਾ । ਨਵ ਸੱਤ ਵਖਾਵਾਂ ਫੜ ਕੇ ਬਾਹੋਂ, ਬਾਜ਼ੂ ਬਲ ਆਪ ਪ੍ਰਗਟਾਵਾਂਗਾ । ਤੂੰ ਫਿਰਨਾ ਨਾਲ ਚਾਓ, ਚਾਓ ਘਨੇਰਾ ਇਕ ਦਰਸਾਵਾਂਗਾ । ਤੇਰਾ ਲੇਖਾ ਥਲ ਅਸਗਾਹੇ, ਜਲ ਥਲ ਮਹੀਅਲ ਵੰਡ ਵੰਡਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਤਲਵਾਰ ਕਹੇ ਪ੍ਰਭੂ ਮੇਰੀ ਨਮੋ ਨਮੋ ਨਿਮਸਕਾਰ, ਨਿਵ ਨਿਵ ਲਾਗਾਂ ਪਾਈਂਆ । ਮੇਰੀ ਖ਼ੁਸ਼ੀਆਂ ਵਾਲੀ ਕਰਨੀ ਬਹਾਰ, ਬਿਹਬਲ ਹੋ ਕੇ ਰਹੀ ਸੁਣਾਈਆ । ਮੇਰੀ ਦੁਆਪਰ ਦੀ ਵਿਛੜੀ ਦੀ ਕਲਜੁਗ ਤ੍ਰਿਖਾ ਦਈਂ ਨਿਵਾਰ, ਤ੍ਰਿਸ਼ਨਾ ਪੂਰ ਕਰਾਈਆ । ਮੈਂ ਲੇਖੇ ਲਹਿਣੇ ਪੂਰੇ ਕਰਨੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਤੇਰੇ ਅਗੇ ਸੀਸ ਨਿਵਾਈਆ । ਦੀਨਾਂ ਮਜ਼੍ਹਬਾਂ ਮੇਟਣੀ ਖਾਰ, ਖ਼ਾਲਸ ਇਕੋ ਰੰਗ ਦਰਸਾਈਆ । ਇਕੋ ਚਰਨ ਕਵਲ ਪੁਰਖ ਅਕਾਲੇ ਦੱਸਣੀ ਨਿਮਸਕਾਰ, ਦੂਸਰ ਸੀਸ ਨਾ ਕੋਇ ਨਿਵਾਈਆ । ਇਕੋ ਤੇਰਾ ਨਾਮ ਹੋਵੇ ਜੈਕਾਰ, ਜੈ ਜੈਕਾਰ ਕਰੇ ਖ਼ਲਕ ਖ਼ੁਦਾਈਆ । ਤੂੰ ਸਭ ਦਾ ਸਾਂਝਾ ਹੋਵੇਂ ਯਾਰ, ਯਰਾਨਾ ਆਤਮ ਪਰਮਾਤਮ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਖੜਗ ਕਹੇ ਪ੍ਰਭੂ ਮੈਂ ਆਦਿ ਜੁਗਾਦੀ ਮੰਗਤੀ, ਤੂੰ ਦੇਵਣਹਾਰ ਕਰਤਾਰ । ਮੈਂ ਆਸ਼ਾ ਰੱਖੀ ਵਿਚ ਸੰਗਤੀ, ਤਿੰਨ ਪੋਹ ਦਾ ਦਿਵਸ ਵਿਚਾਰ । ਮੇਰੀ ਸਮਝ ਆਏ ਨਾ ਕਿਸੇ ਪੰਡਤੀ, ਵਿਦਿਆ ਵਾਲੇ ਰੋਵਣ ਜ਼ਾਰੋ ਜ਼ਾਰ । ਮੈਂ ਸਾਬਣ ਹਾਂ ਬ੍ਰਹਮ ਦੀ, ਮੇਰਾ ਪਾਰਬ੍ਰਹਮ ਨਾਲ ਪਿਆਰ । ਮੈਂ ਨਾ ਮਰਦੀ ਨਾ ਜੰਮਦੀ, ਮੇਰਾ ਰੂਪ ਵੇਖਣ ਤੋਂ ਬਾਹਰ । ਮੈਂ ਕਲਪਣਾ ਮੇਟਾਂ ਸਦਾ ਮਨ ਦੀ, ਆਪ ਆਪਣਾ ਕਰ ਕੇ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਹਿਬ ਸੱਚੀ ਸਰਕਾਰ । ਮੇਰੇ ਸਾਹਿਬ ਸਾਚੀ ਸਰਕਾਰ ਆਲਾ, ਮੈਨੂੰ ਅਦਨੀ ਨੂੰ ਦੇ ਵਡਿਆਈਆ । ਮੇਰੇ ਮਹਿਬੂਬ ਖ਼ੁਦਾ ਤੁਆਲਾ, ਤਾਲਬ ਹੋ ਕੇ ਮੰਗ ਮੰਗਾਈਆ । ਮੇਰਾ ਜਿਸਮ ਜ਼ਮੀਰ ਬੇਨਜ਼ੀਰ ਅੰਦਰੋਂ ਪੈਂਦਾ ਕਾਹਲਾ, ਉਠ ਉਠ ਭੱਜੇ ਵਾਹੋ ਦਾਹੀਆ । ਤੂੰ ਸਦੀ ਚੌਧਵੀਂ ਚੌਦਾਂ ਤਬਕਾਂ ਖੋਲ ਦੇ ਤਾਲਾ, ਕੁੰਡਾ ਆਪਣੀ ਹੱਥੀਂ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਚ ਦਾ ਹੁਕਮ ਸੁਣਾ ਦੇ ਅੱਜ, ਅਜ਼ਲ ਨੂੰ ਮੇਰੇ ਨਾਲ ਮਿਲਾਈਆ । ਮੈਂ ਖ਼ੁਸ਼ੀਆਂ ਵਿਚ ਜਾਵਾਂ ਭੱਜ, ਭੱਜਾਂ ਵਾਹੋ ਦਾਹੀਆ । ਫਿਰਾਂ ਵਿਚ ਸਾਰੇ ਜਗ, ਨਵ ਸੱਤ ਵੇਖਾਂ ਥਾਉਂ ਥਾਈਂਆ । ਬਿਨਾ ਅਗਨੀ ਤੋਂ ਲੱਗੀ ਵੇਖਾਂ ਅੱਗ, ਤਤਵ ਤਤਾਂ ਖੋਜ ਖੁਜਾਈਆ । ਦੀਨਾਂ ਮਜ਼੍ਹਬਾਂ ਤੱਕਾਂ ਹੱਦ, ਚਾਰੋਂ ਕੁੰਟ ਧਿਆਨ ਲਗਾਈਆ । ਦੀਨ ਦੁਨੀ ਦਾ ਤੱਕਾਂ ਲਬ, ਮੋਹ ਮਮਤਾ ਮਾਇਆ ਵਿਚ ਹਲਕਾਈਆ । ਤੇਰੇ ਹੁਕਮ ਦਾ ਸੁਣਾਂ ਅਨਹਦ, ਨਾਦੀ

ਦੇਣਾ ਸੁਣਾਈਆ । ਮੈਂ ਭਗਤ ਸੁਹੇਲੇ ਲਵਾਂ ਲੱਭ, ਵੇਖਾਂ ਚਾਈਂ ਚਾਈਆ । ਜਿਨ੍ਹਾਂ ਦਾ ਮੇਲਾ ਤੇਰੇ ਨਾਲ ਉਪਰ ਸ਼ਾਹ ਰਗ, ਨਵ ਦਰ ਦਾ ਡੇਰਾ ਢਾਹੀਆ । ਮੈਂ ਉਨ੍ਹਾਂ ਦੇ ਪਰਸਾਂ ਪਗ, ਧੂੜੀ ਖ਼ਾਕ ਰਮਾਈਆ । ਤੂੰ ਕਿਰਪਾ ਕਰ ਸੂਰੇ ਸਰਬਗ, ਦਰ ਠਾਂਡੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਖੜਗ ਕਹੇ ਮੈਂ ਨਵ ਨਵ ਉਠ ਉਠ ਜਾਵਾਂਗੀ । ਪ੍ਰਭ ਤੇਰੇ ਢੋਲੇ ਗੀਤ ਗਾਵਾਂਗੀ । ਮੰਦਰ ਮਸੀਤ ਚਰਚਾਂ ਆਖ ਜਣਾਵਾਂਗੀ । ਸਾਰੇ ਵੇਖੋ ਆਪਣੀ ਰੀਤ, ਰੀਤੀਵਾਨ ਭੇਵ ਚੁਕਾਵਾਂਗੀ । ਪੈਗ਼ੰਬਰੋ ਵੀਹਵੀਂ ਸਦੀ ਰਹੀ ਬੀਤ, ਚੌਧਵੀਂ ਲੇਖਾ ਨਾਲ ਮਿਲਾਵਾਂਗੀ । ਉਚੀ ਮਾਰ ਕੇ ਚੀਕ, ਚੀਕ ਚਿਹਾੜਾ ਇਕੋ ਪਾਵਾਂਗੀ । ਮੈਂ ਕੂੜ ਦੀ ਮੇਟਣੀ ਲੀਕ, ਲਾਈਨ ਇਕੋ ਇਕ ਵੇਖ ਵਖਾਵਾਂਗੀ । ਮੇਰੇ ਸਾਹਿਬ ਦਿਤੀ ਤੌਫ਼ੀਕ, ਤੋਬਾ ਤੋਬਾ ਸਭ ਦਾ ਲੇਖਾ ਜਗਤ ਚੁਕਾਵਾਂਗੀ । ਜੋ ਮੇਰਾ ਬਣਿਆ ਰਫ਼ੀਕ, ਤਿਸ ਦਾ ਸਗਲਾ ਸੰਗ ਰਖਾਵਾਂਗੀ । ਜਿਸ ਦੀ ਪੈਗ਼ੰਬਰਾਂ ਰੱਖੀ ਉਮੀਦ, ਆਸਾ ਵਿਚ ਉਸੇ ਦੀ ਓਟ ਰਖਾਵਾਂਗੀ । ਜਨ ਭਗਤੋ ਜਿਹੜੇ ਸਮੇਂ ਨੂੰ ਰਹੇ ਉਡੀਕ, ਉਹ ਸਮਾਂ ਸਰਬ ਦਰਸਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕੋ ਸੀਸ ਨਿਵਾਵਾਂਗੀ । ਤਲਵਾਰ ਕਹੇ ਮੈਂ ਭਗਤੋ ਆਈ ਉਤੇ ਸਿੰਘਾਸਣ, ਸਿੰਘ ਦਿਤੀ ਵਡਿਆਈਆ । ਮੇਰਾ ਲਹਿਣਾ ਨਾਲ ਪੁਰਖ ਅਬਿਨਾਸ਼ਣ, ਜੋ ਅਬਿਨਾਸ਼ੀ ਕਰਤਾ ਨੂਰ ਅਲਾਹੀਆ । ਉਹ ਮੇਰੀ ਕਰੇ ਰਾਖਣ, ਸਿਰ ਮੇਰੇ ਹੱਥ ਟਿਕਾਈਆ । ਮੈਂ ਝਗੜਾ ਮੇਟਣਾ ਜ਼ਾਤ ਪਾਤਨ, ਦੀਨਾਂ ਮਜ਼੍ਹਬਾਂ ਕਰਾਂ ਸਫ਼ਾਈਆ । ਮੈਂ ਤਿੰਨ ਪੋਹ ਨੂੰ ਸਭ ਨੂੰ ਆਈ ਆਖਣ, ਕਹਿ ਕਹਿ ਦਿਆਂ ਸੁਣਾਈਆ । ਕੂੜ ਦਾ ਪੰਧ ਮੁਕਿਆ ਵਾਟਣ, ਅਗੇ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਤਲਵਾਰ ਕਹੇ ਮੈਂ ਭਗਤੋ ਆਈ ਪ੍ਰਭੂ ਦੀ ਚਰਨੀ, ਚਰਨੋਦਕ ਦਏ ਪਿਆਈਆ । ਮੈਂ ਇਕ ਦੀ ਲੱਗੀ ਸਰਨੀ, ਸਰਨਗਤ ਇਕ ਸਮਝਾਈਆ । ਮੈਂ ਇਕੋ ਤੁਕ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੈਂ ਲੱਖ ਚੁਰਾਸੀ ਛੜਨੀ, ਖੰਡੇ ਖੜਗਾਂ ਨਾਲ ਮਿਲਾਈਆ । ਮੈਂ ਜਗਤ ਦੀ ਘਾੜਨ ਘੜਨੀ, ਘੜਨ ਭੰਨਣਹਾਰ ਦਏ ਵਡਿਆਈਆ । ਮੈਂ ਗ੍ਰਹਿ ਗ੍ਰਹਿ ਮੰਜ਼ਲ ਚੜ੍ਹਨੀ, ਲਹਿੰਦਾ ਚੜ੍ਹਦਾ ਵੇਖ ਵਖਾਈਆ । ਮੈਂ ਆਪਣੇ ਸਮੇਂ ਦੀ ਕਰਨੀ ਕਰਨੀ, ਕਰਤਾ ਪੁਰਖ ਹੁਕਮ ਵਰਤਾਈਆ । ਮੈਂ ਵੰਡ ਰਹਿਣ ਨਹੀਂ ਦੇਣੀ ਵਰਨੀ ਬਰਨੀ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਤਲਵਾਰ ਕਹੇ ਮੈਂ ਕੋਈ ਲੋਹਾ ਨਹੀਂ ਧਾਤ, ਜਗਤ ਨਾ ਕੋਇ ਵਡਿਆਈਆ । ਮੈਂ ਸੰਦੇਸ਼ਾ ਦੇਵਾਂ ਪਾਤ, ਜੋ ਪਤਿਪਰਮੇਸ਼ਵਰ ਰਿਹਾ ਦ੍ਰਿੜਾਈਆ । ਜਨ ਭਗਤੋ ਖ਼ਬਰਦਾਰ ਹੋਣਾ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਅੰਤ ਮਿਟਣੀ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਕਰੇ ਰੁਸ਼ਨਾਈਆ । ਜੋ ਲੇਖ ਲਿਖਿਆ ਕਾਨਿਆ ਤੇਰੀ ਕਲਮ ਨੇ ਨਾਲ ਦਵਾਤ, ਸ਼ਾਹੀ ਕਾਗ਼ਜ਼ ਸੰਗ ਬਣਾਈਆ । ਮੈਂ ਓਸੇ ਦੇ ਲੇਖ ਨੂੰ ਰਹੀ ਵਾਚ, ਵਾਚਕ ਹੋ ਕੇ ਧਿਆਨ ਲਗਾਈਆ । ਜੇ ਸਚ ਪੁਛੇਂ ਅਸੀਂ ਦੋਵੇਂ ਓਸ ਪ੍ਰਭੂ ਦੀ ਜ਼ਾਤ, ਜੋ ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਮੇਰੀ ਲਿਖਣ ਦੀ ਤੇਰੀ ਕੱਟਣ ਦੀ ਜਗਤ ਖੇਲ ਦਿਵਸ ਰਾਤ, ਰੈਣ ਭਿੰਨੜੀ ਦਏ ਗਵਾਹੀਆ । ਆ ਜਾ ਦੋਵੇਂ ਚਰਨ ਪਰਸੀਏ ਓਸ ਕਮਲਾਪਾਤ, ਜੋ ਪਤਿਪਰਮੇਸ਼ਵਰ ਇਕ ਅਖਵਾਈਆ । ਜਨ ਭਗਤਾਂ ਦਰ

ਮੰਗੀਏ ਦਾਤ, ਦਰ ਠਾਂਡੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾਤਾ ਇਕ ਅਖਵਾਈਆ । ਕਲਮ ਕਹੇ ਤਲਵਾਰ ਅਸੀਂ ਆਦਿ ਦੀਆਂ ਦੋਵੇਂ ਭੈਣਾਂ, ਭਿੰਨੜੀ ਰੈਣ ਦਏ ਗਵਾਹੀਆ । ਉਠ ਦਰਸ਼ਨ ਕਰੀਏ ਨੈਣਾਂ, ਨੈਣਾਂ ਦੇਵੀ ਦਏ ਗਵਾਹੀਆ । ਸਾਡਾ ਇਕੋ ਦਾ ਸਾਕ ਸੱਜਣ ਸੈਣਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਸਭ ਦਾ ਚੁਕਾਉਣਾ ਲਹਿਣਾ ਦੇਣਾ, ਲੇਖੇ ਸਭ ਦੇ ਪੂਰ ਕਰਾਈਆ । ਉਹ ਖੇਲ ਖਿਲਾਏ ਵਿਚ ਹਿੰਦਵਾਇਣਾ, ਹਿੰਦੀ ਬਿੰਦੀ ਇਕ ਸਮਝਾਈਆ । ਨੀ ਮੇਰੇ ਲੇਖ ਨੇ ਕਮਲੀਏ ਅਗੇ ਉਠਾ ਦੇਣਾ ਚਾਇਨਾ, ਚੀਨ ਚੈਨ ਨਾਲ ਰਹਿਣ ਕੋਇ ਨਾ ਪਾਈਆ । ਫੇਰ ਲੇਖਾ ਤੱਕ ਲੈ ਕੀ ਬਾਲਮੀਕ ਲਿਖਿਆ ਵਿਚ ਰਮਾਇਣਾ, ਰਾਮਾ ਰਾਮਾ ਦਏ ਗਵਾਹੀਆ । ਕੀ ਕ੍ਰਿਸ਼ਨ ਨੇ ਅਰਜਨ ਨੂੰ ਦੱਸਿਆ ਬਿਨਾ ਜ਼ਬਾਨ ਤੋਂ ਕਹਿਣਾ, ਸ਼ਬਦ ਅਨਾਦੀ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਖੁਲਾਈਆ । ਤਲਵਾਰ ਕਹੇ ਸੁਣ ਕਲਮ ਪਿਆਰੀ ਸਖ਼ੀ, ਸੁਖ਼ਨ ਦਿਆਂ ਜਣਾਈਆ । ਉਠ ਸਾਹਿਬ ਨੂੰ ਤੱਕੀਏ ਅੱਖੀਂ, ਅੱਖਰਾਂ ਵਾਲੀ ਮੁਕੇ ਪੜ੍ਹਾਈਆ । ਕੁਛ ਸੇਵਾ ਕਰ ਲੈ ਹੱਥੀਂ, ਨਿਵ ਨਿਵ ਸੀਸ ਝੁਕਾਈਆ । ਓਹ ਮਾਲਕ ਅਗੰਮ ਸਮਰਥੀ, ਦਾਤਾ ਧੁਰਦਰਗਾਹੀਆ । ਤਲਵਾਰ ਕਹੇ ਨੀ ਕਲਮੇ ਮੈਂ ਓਸੇ ਦੇ ਸਥਰ ਲੱਥੀ, ਜੋ ਗੋਬਿੰਦ ਯਾਰੜਾ ਇਕ ਹੰਢਾਈਆ । ਓਸੇ ਦੇ ਕਦਮਾਂ ਢੱਠੀ, ਜੋ ਢੱਠਿਆਂ ਲਏ ਉਠਾਈਆ । ਓਸੇ ਦੇ ਹੁਕਮ ਵਿਚ ਫਿਰਾਂ ਨੱਠੀ, ਭੱਜਾਂ ਵਾਹੋ ਦਾਹੀਆ । ਜਿਸ ਲੇਖ ਮੁਕਾਉਣਾ ਤਤ ਅੱਠੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਦਾ ਪਰਦਾ ਦਏ ਚੁਕਾਈਆ । ਹੁਣ ਦੋਵੇਂ ਸਲਾਹ ਕਰੀਏ ਇਕੱਠੀ, ਮਤਾ ਇਕ ਪਕਾਈਆ । ਸਦੀ ਚੌਧਵੀਂ ਜਾਂਦੀ ਟੱਪੀ, ਭੱਜੇ ਵਾਹੋ ਦਾਹੀਆ । ਅਗੇ ਕਿਹੜੀ ਲਿਖਣੀ ਪੱਟੀ, ਪਟਨੇ ਵਾਲਾ ਕੀ ਸਮਝਾਈਆ । ਤਲਵਾਰ ਕਹੇ ਮੈਂ ਸਭ ਨੂੰ ਜਾਵਾਂ ਫਟੀ, ਫੱਟੜ ਕਰਾਂ ਲੋਕਾਈਆ । ਦੋਹਾਂ ਨੇ ਕਿਹੜੀ ਖਟੀ ਖਟੀ, ਸਚ ਦੇ ਸਮਝਾਈਆ । ਕਲਮ ਕਹੇ ਮੈਂ ਪ੍ਰਭੂ ਦੇ ਪਿਆਰ ਵਿਚ ਰਚੀ, ਮਸਤੀ ਵਿਚ ਹਸਤੀ ਤੱਕਾਂ ਬੇਪ੍ਰਵਾਹੀਆ । ਮੇਰਾ ਲੇਖਾ ਨਾਨਕ ਧਾਰ ਜਾਣੇ ਜੁਗ ਛੱਤੀ, ਛਤੀਸਾ ਬਤੀਸਾ ਦੇਵੇ ਮਾਣ ਵਡਿਆਈਆ । ਜੋ ਸਭ ਦਾ ਮਾਲਕ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਤਲਵਾਰ ਕਹੇ ਮੇਰਾ ਗੋਬਿੰਦ ਡੰਕ ਵਜਾਇਆ ਫੜ੍ਹੀ, ਫ਼ਾਤਿਆ ਸਭ ਦਾ ਜਗਤ ਪੜ੍ਹਾਈਆ । ਜਿਸ ਵਿਚ ਫ਼ਰਕ ਰਹੇ ਨਾ ਰਤੀ, ਰਤਨ ਅਮੋਲਕ ਹੀਰੇ ਗੁਰਮੁਖ ਦਿਆਂ ਸਮਝਾਈਆ । ਅੱਜ ਦੀ ਕਥਾ ਕਹਾਣੀ ਯਾਦ ਰੱਖੀਂ, ਸੰਦੇਸਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸੂਰਾ ਸਮਰਥੀ, ਜਿਸ ਦੀ ਮਹਿੰਮਾ ਅਕਥਨਾ ਅਕਥੀ, ਕਥਨਾ ਕਥ ਨਾ ਕੋਇ ਸਮਝਾਈਆ ।

### ✪ ੪ ਪੋਹ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ ਗੱਜਣ ਸਿੰਘ ਦੇ ਗ੍ਰਿਹਿ ✪

ਜੈ ਜੈ ਕਾਰ ਕਰਨ ਤ੍ਰੈ ਲੋਅ, ਤ੍ਰੈਗਣ ਮਾਇਆ ਖ਼ੁਸ਼ੀਆਂ ਢੋਲੇ ਗਾਈਆ । ਸ਼ਬਦ ਅਗੰਮੜਾ ਸੁਣ ਕੇ ਸੋ, ਹੰ ਬ੍ਰਹਮ ਖ਼ੁਸ਼ੀ ਬਣਾਈਆ । ਤ੍ਰੈਗੁਣ ਧਾਰ ਜੋਤੀ ਹੋਈ ਲੋ, ਬ੍ਰਹਿਮੰਡ ਖੰਡ ਰੁਸ਼ਨਾਈਆ । ਸ਼ਬਦੀ ਸ਼ਬਦ ਨਿਰਗੁਣ ਨਿਰਗੁਣ ਇਕ ਦੇ ਦੋ, ਦੋ ਦਾ ਰੂਪ ਇਕ ਵਟਾਈਆ ।

ਜਿਸ ਦਾ ਭੇਵ ਨਾ ਜਾਣੇ ਕੋ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਸਚ ਸਵਾਮੀ ਮਾਲਕ ਅਗੰਮਾ ਪ੍ਰਗਟ ਹੋ, ਹੋਕਾ ਦੇਵੇ ਚਾਈਂ ਚਾਈਆ । ਜਿਸ ਸਭ ਦਾ ਸਭ ਕੁਛ ਲੈਣਾ ਖੋਹ, ਅਵਤਾਰ ਪੈਗ਼ੰਬਰ ਗੁਰ ਭੱਜਣ ਵਾਹੋ ਦਾਹੀਆ । ਜਿਸ ਦੇ ਚਰਨ ਕਵਲ ਹਰਿਜਨ ਸਾਚਾ ਜਾਏ ਛੋਹ, ਛੋਹਰ ਬਾਂਕੇ ਦਏ ਵਡਿਆਈਆ । ਕੂੜ ਕੁੜਿਆਰਾ ਮੇਟ ਕੇ ਮੋਹ, ਮੁਹੱਬਤ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਇਕ ਅਖਵਾਈਆ । ਜੈ ਜੈਕਾਰ ਕਰਨ ਬ੍ਰਹਿਮੰਡ, ਬ੍ਰਹਿਮਾਂਡ ਖ਼ੁਸ਼ੀ ਬਣਾਈਆ । ਜਿਸ ਦਾ ਖੇਲ ਜੇਰਜ ਅੰਡ, ਸੋ ਸਵਾਮੀ ਵੇਖ ਵਖਾਈਆ । ਜਿਸ ਸ੍ਰਿਸ਼ਟੀ ਕਰਨੀ ਖੰਡ ਖੰਡ, ਨਵ ਨਵ ਆਪਣਾ ਪੰਧ ਮੁਕਾਈਆ । ਜਗਤ ਦੁਹਾਗਣ ਨਾਰ ਤੱਕਣੀ ਰੰਡ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਨ ਭਗਤਾਂ ਜਿਸ ਨਾਮ ਨਿਧਾਨਾ ਦੇਣਾ ਵੰਡ, ਵਸਤ ਅਮੁਲ ਅਤੁਲ ਵਰਤਾਈਆ । ਸਚ ਪ੍ਰਕਾਸ਼ ਨੂਰੀ ਚਾੜ੍ਹੇ ਚੰਦ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਜਨਮ ਕਰਮ ਦਾ ਕੱਟੇ ਫੰਦ, ਫਾਸੀ ਰਾਏ ਧਰਮ ਨਾ ਕੋਇ ਲਟਕਾਈਆ । ਅੰਗੀਕਾਰ ਕਰੇ ਆਪਣੇ ਅੰਗ, ਜਿਉਂ ਨਾਨਕ ਅੰਗਦ ਅੰਗ ਸਮਾਈਆ । ਜਿਸ ਦੀ ਸਿਫ਼ਤ ਵਡਿਆਈ ਹੋਵੇ ਨਾ ਬੱਤੀ ਦੰਦ, ਸੋ ਦਇਆਵਾਨ ਗੁਸਾਈਆ । ਹਰਿਜਨ ਰਹਿਣ ਨਾ ਦੇਵੇ ਭਾਗਾਂ ਮੰਦ, ਭਾਗ ਸਭ ਦਾ ਝੋਲੀ ਪਾਈਆ । ਦੂਈ ਦਵੈਤੀ ਭਰਮਾਂ ਢਾਹ ਕੇ ਕੰਧ, ਆਤਮ ਬ੍ਰਹਮ ਦਏ ਸਮਝਾਈਆ । ਸਾਚੇ ਮੰਦਰ ਅੰਦਰ ਲੰਘ, ਪਲੰਘ ਰੰਗੀਲਾ ਸੇਜ ਸੁਹਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਇਕੋ ਛੰਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਜੈ ਜੈ ਜੈਕਾਰ ਕਰਨ ਤ੍ਰੈਲੋਕ, ਤ੍ਰੈਭਵਣ ਧਨੀ ਦਿਤੀ ਵਡਿਆਈਆ । ਜਿਸ ਦਾ ਇਕ ਨਾਮ ਨਿਧਾਨਾ ਸਚ ਸਲੋਕ, ਸੋਹਲਾ ਧੁਰ ਦਾ ਦਏ ਸੁਣਾਈਆ । ਜਿਸ ਵਿਚ ਹੁਕਮ ਅਗੰਮਾ ਕੋਈ ਨਾ ਸਕੇ ਰੋਕ, ਰੁਕਮਣੀ ਰਾਧਾ ਕ੍ਰਿਸ਼ਨ ਗਿਆ ਸਮਝਾਈਆ । ਪਰਮ ਪੁਰਖ ਦੀ ਧਾਰ ਅਗੰਮੀ ਜੋਤ, ਵਰਨ ਗੋਤ ਤੋਂ ਬਾਹਰ ਡੇਰਾ ਲਾਈਆ । ਜਿਸ ਦੀ ਕਲਜੁਗ ਅੰਤਮ ਸਭ ਨੇ ਰੱਖਣੀ ਓਟ, ਓੜਕ ਇਕੋ ਹੋਵੇ ਧੁਰ ਦਾ ਮਾਹੀਆ । ਜਿਸ ਜੀਵ ਜੰਤ ਤੱਕਣੇ ਕੋਟੀ ਕੋਟ, ਅਣਗਿਣਤ ਗਿਣਤੀ ਆਪਣੇ ਹੱਥ ਰਖਾਈਆ । ਉਹ ਸ਼ਬਦ ਨਗਾਰੇ ਲਾ ਕੇ ਚੋਟ, ਚੋਟੀ ਚੜ੍ਹ ਕੇ ਭਗਤਾਂ ਵੇਖੇ ਚਾਈਂ ਚਾਈਂਆ । ਜਿਸ ਨੂੰ ਸਮਝ ਸਕੇ ਕੋਈ ਨਾ ਸੋਚ, ਸੋਚ ਸਮਝ ਵਿਚ ਕਦੇ ਨਾ ਆਈਆ । ਉਹ ਸਭ ਦੀ ਆਸ਼ਾ ਮਨਸਾ ਪੂਰੀ ਕਰੇ ਲੋਚ, ਲੋਚਣ ਨੈਣ ਭਗਤਾਂ ਆਪ ਖੁਲਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਹੋਵੇ ਬਹੁਤ, ਨੌ ਖੰਡ ਪ੍ਰਿਥਮੀ ਸੱਤ ਦੀਪ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜੈ ਜੈਕਾਰ ਕਰਨ ਪੈਗ਼ੰਬਰ ਗੁਰ ਅਵਤਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਪੁਕਾਰ, ਕੂਕ ਕੂਕ ਰਹੇ ਸੁਣਾਈਆ । ਦੇਵਤ ਸੁਰ ਗਣ ਗੰਧਰਵ ਬਿਨ ਰਸਨਾ ਰਹੇ ਉਚਾਰ, ਕਿੰਨਰ ਯਸ਼ਪ ਆਪਣਾ ਰਾਗ ਅਲਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਖ਼ੁਸ਼ੀ ਬਣਾਵਣ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਲੱਖ ਚੁਰਾਸੀ ਹੋਏ ਹੁਸ਼ਿਆਰ, ਚਾਰੇ ਖਾਣੀ ਨੈਣ ਉਠਾਈਆ । ਚਾਰੇ ਬਾਣੀ ਕਰੇ ਵਿਚਾਰ, ਪਰਾ ਪਸੰਤੀ ਮਧਮ ਬੈਖਰੀ ਆਪਣਾ ਰਾਗ ਦ੍ਰਿੜਾਈਆ । ਜਲ ਥਲ ਮਹੀਅਲ ਟਿੱਲੇ ਪਰਬਤ ਸਮੁੰਦ ਸਾਗਰ ਬਿਨ ਕਦਮਾ ਬਣੇ ਨਚਾਰ, ਭੱਜਣ ਵਾਹੋ ਦਾਹੀਆ । ਸਤਿਜੁਗ ਤ੍ਰੇਤਾ ਦੁਆਪਰ ਵੇਖਣ ਨੈਣ ਉਘਾੜ, ਬਿਨ

੧੫੦੫
੨੩

ਨੈਣਾਂ ਨੈਣ ਤਕਾਈਆ । ਕਲਜੁਗ ਕੂੜਾ ਚਾਰੋਂ ਕੁੰਟ ਮਾਰੇ ਧਾੜ, ਧਾੜਵੀ ਹੋ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਜੈ ਜੈਕਾਰ ਕਰਨ ਜੀਵ ਜੰਤ, ਰਸਨਾ ਜਿਹਵਾ ਢੋਲੇ ਗਾਈਆ । ਜੈ ਜੈਕਾਰ ਕਰਨ ਸਾਧ ਸੰਤ, ਸੂਫ਼ੀ ਫ਼ਕੀਰ ਰਹੇ ਸੁਣਾਈਆ । ਜੈ ਜੈਕਾਰ ਕਰੇ ਮਨੂਆ ਮੰਤ, ਮਨ ਮਨਸਾ ਨਾਲ ਮਿਲਾਈਆ । ਜੈ ਜੈਕਾਰ ਕਰੇ ਸ਼ਬਦ ਅਨਾਦੀ ਪੰਡਤ, ਬੋਧ ਅਗਾਧੇ ਢੋਲੇ ਗਾਈਆ । ਜੈ ਜੈਕਾਰ ਕਰਨ ਦੇਵ ਦੰਤ, ਦੇਵ ਦੇਵਾ ਰਸਨਾ ਬਿਨ ਰਹੇ ਸੁਣਾਈਆ । ਜੈ ਜੈਕਾਰ ਕਰਨ ਜੁਗਾ ਜੁਗੰਤ, ਆਦਿ ਅੰਤ ਵੱਜਦੀ ਰਹੇ ਵਧਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸ੍ਰੀ ਭਗਵੰਤ, ਭਗਵਨ ਹੋ ਕੇ ਖੇਲ ਖਿਲਾਈਆ । ਨਾਮ ਨਿਧਾਨਾ ਨੌਜਵਾਨਾ ਦੇਵੇ ਅਗੰਮਾ ਮੰਤ, ਮੰਤਵ ਸਭ ਦਾ ਹੱਲ ਕਰਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜਨ ਭਗਤਾਂ ਮੇਟ ਕੇ ਅੰਤਸ਼ਕਰਨ ਵਿਚੋਂ ਚਿੰਨਤ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਸਚ ਪਿਆਰ ਦੀ ਬਖ਼ਸ਼ ਕੇ ਹਿੰਮਤ, ਹੌਸਲੇ ਦੀਨ ਦੁਨੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਜਾਣੇ ਧਰਮ ਧਾਰ ਦੀ ਅਨਡਿੱਠੜੀ ਸਿੰਮਤ, ਜਿਸ ਦੀ ਦਿਸ਼ਾ ਸਮਝ ਕਿਸੇ ਨਾ ਆਈਆ ।

### ੪ ਪੋਹ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ ਭਾਗ ਸਿੰਘ ਦੇ ਗ੍ਰਿਹ

ਜੈ ਜੈਕਾਰ ਕਰਨ ਪ੍ਰਿਥਮੀ ਆਕਾਸ਼, ਪ੍ਰਿਥਮ ਪ੍ਰਭ ਦਾ ਨਾਮ ਧਿਆਈਆ । ਮੰਡਲ ਮੰਡਪ ਖ਼ੁਸ਼ੀਆਂ ਵਾਲੀ ਪਾਵਣ ਰਾਸ, ਨੱਚਣ ਟੱਪਣ ਕੁੱਦਣ ਚਾਈਂ ਚਾਈਂਆ । ਕੀ ਖੇਲ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਨਿਰਗੁਣ ਨੂਰ ਜੋਤ ਪ੍ਰਕਾਸ਼, ਦੋ ਜਹਾਨਾਂ ਡਗਮਗਾਈਆ । ਜਨ ਭਗਤਾਂ ਪੂਰੀ ਕਰੇ ਆਸ, ਤ੍ਰਿਸ਼ਨਾ ਵੇਖੇ ਥਾਉਂ ਥਾਈਂਆ । ਜਿਸ ਨੂੰ ਸੀਸ ਝੁਕਾਉਂਦੇ ਸ਼ੰਕਰ ਉਤੋਂ ਕੈਲਾਸ਼, ਕਲਧਾਰੀ ਆਪਣੀ ਕਲ ਵਰਤਾਈਆ । ਉਹ ਵੇਖਣਹਾਰਾ ਖੇਲ ਤਮਾਸ਼, ਜੁਗ ਜੁਗ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਗਲਾ ਸੰਗ ਬਣਾਈਆ । ਜੈ ਜੈਕਾਰ ਕਰਨ ਵਿਸ਼ਨ ਬ੍ਰਹਮਾ ਸ਼ਿਵ ਇੰਦ, ਇੰਦਰਾਸਣ ਨਿਵ ਨਿਵ ਲਾਗਣ ਪਾਈਆ । ਕੀ ਖੇਲ ਕਰੇ ਗੁਣੀ ਗਹਿੰਦ, ਗਹਿਰ ਗਵਰ ਆਪਣੀ ਦਇਆ ਕਮਾਈਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਜੋਤ ਪ੍ਰਗਟਾ ਕੇ ਵਿਚ ਹਿੰਦ, ਭਾਰਤ ਭਾਰਦਵਾਜ ਦੀ ਆਸਾ ਪੂਰ ਕਰਾਈਆ । ਦੀਨ ਦਿਆਲ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਆਪ ਕਰਾਈਆ । ਜਿਸ ਪੂਜਾ ਮਿਟਾਉਣੀ ਪਾਹਨ ਲਿੰਗ, ਪਾਥਰ ਸੀਸ ਨਾ ਕੋਇ ਝੁਕਾਈਆ । ਉਹ ਦਾਤਾ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਗਵਰਾ ਇਕ ਅਖਵਾਈਆ । ਜੋ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਜੀਉ ਪਿੰਡ, ਤਨ ਵਜੂਦਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਜੈ ਜੈਕਾਰ ਕਰਨ ਗਗਨ ਗਗਨੰਤਰ, ਮੰਡਲ ਮੰਡਪ ਸੀਸ ਝੁਕਾਈਆ । ਜਿਸ ਸਾਹਿਬ ਦਾ ਇਕੋ ਮੰਤਰ, ਫ਼ੁਰਨੇ ਸਭ ਦੇ ਵੇਖ ਵਖਾਈਆ । ਜੋ ਸਤਿਜੁਗ ਧਾਰ ਬਣਾਏ ਬਣਤਰ, ਕਲਜੁਗ ਕੂੜ ਕੁੜਿਆਰ ਮਿਟਾਈਆ ।

੧੫੦੬
੨੩

ਤ੍ਰੈਗੁਣ ਮਾਇਆ ਬੁਝਾਏ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਈਆ । ਜਨ ਭਗਤਾਂ ਪਰਦਾ ਖੋਲੇ ਨਿਰੰਤਰ, ਨਿਜ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਜੈ ਜੈਕਾਰ ਕਰਨ ਜੀਵ ਜੰਤ ਜਗਿਆਸੂ, ਤ੍ਰੈਭਵਣ ਧਨੀ ਦੇਵੇ ਵਡਿਆਈਆ । ਨੌਂ ਖੰਡ ਪ੍ਰਿਥਮੀ ਸਾਚੇ ਮੰਡਲ ਪਾਵੇ ਰਾਸੂ, ਰਸਤਾ ਰਹਿਬਰ ਇਕ ਸਮਝਾਈਆ । ਦੀਨ ਦੁਨੀ ਦੁੱਖਾਂ ਰੋਗਾਂ ਪੂੰਝ ਕੇ ਆਂਸੂ, ਸਤਿ ਧਰਮ ਦਏ ਸਮਝਾਈਆ । ਲੇਖੇ ਲਾਏ ਪਵਣ ਸਵਾਸੂ, ਸਾਹ ਸਾਹ ਆਪਣਾ ਨਾਮ ਜਪਾਈਆ । ਲਹਿਣਾ ਤੱਕੇ ਸ਼ੰਕਰ ਕੈਲਾਸ਼ੂ, ਕਲਾਧਾਰੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖਿਲਾਏ ਲੋਕਮਾਤੂ, ਮਾਤਲੋਕ ਆਪਣਾ ਹੁਕਮ ਵਰਤਾਈਆ ।

## ੪ ਪੋਹ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ ਗੁਰਨਾਮ ਕੌਰ ਦੇ ਗ੍ਰਹਿ

ਜੈ ਜੈਕਾਰ ਕਰਨ ਦੇਵੀ ਦੇਵਾ, ਦੇਵ ਆਤਮਾ ਵੱਜੇ ਵਧਾਈਆ । ਕਿਰਪਾ ਕਰੇ ਅਬਿਨਾਸ਼ੀ ਕਰਤਾ ਵਸਣਹਾਰਾ ਧਾਮ ਨਿਹਕੇਵਾ, ਨਿਹਚਲ ਧਾਮ ਵਡਿਆਈਆ । ਜਨ ਭਗਤਾਂ ਪਵਿਤ੍ਰ ਕਰੇ ਰਸਨਾ ਜਿਹਵਾ, ਨਾਮ ਨਿਧਾਨਾ ਰਸ ਚਖਾਈਆ । ਭੇਵ ਖੁਲਾ ਕੇ ਅਲਖ ਅਭੇਵਾ, ਬੋਧ ਅਗਾਧ ਕਰੇ ਪੜ੍ਹਾਈਆ । ਸਚ ਪਿਆਰ ਦਾ ਦੇ ਕੇ ਮੇਵਾ, ਅੰਮ੍ਰਿਤ ਰਸ ਦਏ ਚਖਾਈਆ । ਲੇਖੇ ਲਗਾਵੇ ਜਨਮ ਕਰਮ ਦੀ ਸੇਵਾ, ਸੇਵਕ ਹੋ ਕੇ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਜੈ ਜੈਕਾਰ ਕਰਨ ਦੇਵਤ ਸੁਰ, ਦਰ ਠਾਂਡੇ ਸੀਸ ਨਿਵਾਈਆ । ਰਾਹ ਤੱਕਣ ਅਨੰਦ ਅਨੰਦ ਪੁਰ, ਜਿਸ ਅਨੰਦ ਵਿਚੋਂ ਅਨੰਦ ਸਭ ਨੂੰ ਦਏ ਵਰਤਾਈਆ । ਉਹ ਗ੍ਰਹਿ ਸੁਹੰਜਣਾ ਧੁਰ, ਸਚਖੰਡ ਸਾਚਾ ਸੋਭਾ ਪਾਈਆ । ਜਿਸ ਧਾਰੋਂ ਅਵਤਾਰ ਪੈਗ਼ੰਬਰ ਗੁਰ ਆਵਣ ਤੁਰ, ਤੁਰੀਆ ਤੋਂ ਪਰੇ ਨਾਦ ਧੁਨ ਕਰਨ ਸ਼ਨਵਾਈਆ । ਜੋ ਕਲਜੁਗ ਮੇਟੇ ਅੰਧੇਰਾ ਘੋਰ, ਘੋਰੀ ਹੋ ਕੇ ਵੇਖ ਵਖਾਈਆ । ਲਹਿਣਾ ਦੇਣਾ ਵੇਖੇ ਠੱਗ ਚੋਰ, ਚਾਰੋਂ ਕੁੰਟ ਪਰਦਾ ਦਏ ਚੁਕਾਈਆ । ਮਨੂਆ ਮਨ ਤੱਕੇ ਸ਼ੋਰ, ਸ਼ੌਹਰ ਬਾਂਕਾ ਵੇਖ ਵਖਾਈਆ । ਜਿਸ ਦਾ ਖੇਲ ਅਵਰ ਦਾ ਔਰ, ਅਵਰ ਆਪਣਾ ਹੁਕਮ ਸੁਣਾਈਆ । ਤਿਸ ਸਵਾਮੀ ਅਗੇ ਕਿਸੇ ਦਾ ਨਹੀਂ ਜ਼ੋਰ, ਜੋਰੂ ਜ਼ਰ ਸਾਰੇ ਸੀਸ ਨਿਵਾਈਆ । ਉਹ ਲੱਖ ਚੁਰਾਸੀ ਪਕੜਨ ਵਾਲਾ ਡੋਰ, ਡੋਰੀ ਤੰਦ ਸ਼ਬਦੀ ਗੰਢ ਪਵਾਈਆ । ਤਿਸ ਸਵਾਮੀ ਅੰਤਰਜਾਮੀ ਦੀ ਸਭ ਨੂੰ ਲੋੜ, ਲੁੜੀਂਦਾ ਸਾਜਣ ਜੋ ਅਖਵਾਈਆ । ਸੋ ਸ੍ਰੀ ਭਗਵੰਤਾ ਆਦਿਨ ਅੰਤਾ ਜੁਗਾ ਜੁਗੰਤਾ ਲੋਕਮਾਤ ਆਇਆ ਦੌੜ, ਭੱਜਿਆ ਵਾਹੋ ਦਾਹੀਆ । ਜਿਸ ਮਾਨਵ ਰਸ ਵੇਖਣਾ ਮਿੱਠਾ ਕੌੜ, ਚੁਰਾਸੀ ਵਿਚੋਂ ਧਿਆਨ ਲਗਾਈਆ । ਜਿਸ ਦੀ ਯਾਦ ਵਿਚ ਯਾਦ ਹੋਵੇ ਬ੍ਰਹਿਮਣ ਗੌੜ, ਪਾਰਬ੍ਰਹਮ ਪ੍ਰਭ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਜਗਤ ਰਸ ਮਿੱਠਾ ਕੌੜ, ਕੂੜ ਕੁੜੱਤਣ ਤਕੇ ਬੇਪਰਵਾਹੀਆ ।


੧੫੦੭
੨੩

## ੪ ਪੋਹ ਸ਼ਹਿਨਸ਼ਾਹੀ ਸੰਮਤ ਨੌ ਸਰਹੰਦ ਸ਼ਹਿਰ ਗੋਬਿੰਦ ਭਵਨ ਗੁਰਦਰਸ਼ਨ ਸਿੰਘ ਦੇ ਗ੍ਰਿਹਿ

ਜੈ ਜੈ ਕਾਰ ਧਰਨੀ ਧਵਲ ਧੌਲ ਧਰਤ, ਸਤਿ ਸਚ ਸੀਸ ਨਿਵਾਈਆ । ਪਤਿਪਰਮੇਸ਼ਵਰ ਤੇਰੇ ਉਤੇ ਆਉਣਾ ਪਰਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰੀ ਕਰਨੀ ਸ਼ਰਤ, ਜੋ ਪੇਸ਼ੀਨਗੋਈਆਂ ਵਿਚ ਦ੍ਰਿੜਾਈਆ । ਤੂੰ ਮਾਲਕ ਖ਼ਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਤੇਰੀ ਓਟ ਤਕਾਈਆ । ਮੈਂ ਨਿਮਾਣੀ ਕੋਝੀ ਕਮਲੀ ਦੇ ਦਰਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਚੌਥੇ ਜੁਗ ਮੇਰੀ ਕੂੜੀ ਕਿਰਿਆ ਮੇਟ ਦੇ ਹਰਸ, ਕਲਜੁਗ ਤ੍ਰਿਸ਼ਨਾ ਰਹੇ ਨਾ ਰਾਈਆ । ਸਚ ਨਾਮ ਦਾ ਅੰਮ੍ਰਿਤ ਮੇਘ ਬਰਸ, ਦੋ ਜਹਾਨਾਂ ਸ੍ਰੀ ਭਗਵਾਨਾ ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਧਰਨੀ ਕਹੇ ਮੇਰੇ ਸਵਾਮੀ ਸਤਿਗੁਰ ਮੀਤ, ਦਰ ਤੇਰੇ ਸੀਸ ਨਿਵਾਈਆ । ਤੂੰ ਵਸਣ ਵਾਲਾ ਹਰ ਘਟ ਚੀਤ, ਲੱਖ ਚੁਰਾਸੀ ਰਿਹਾ ਸਮਾਈਆ । ਦੀਨ ਦੁਨੀ ਦੀ ਆ ਕੇ ਤੱਕ ਲੈ ਨੀਤ, ਨੀਤੀਵਾਨ ਪਰਦੇ ਮਾਤ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਗੀਤ, ਸ਼ਬਦ ਅਨਾਦੀ ਧੁਨ ਨਾ ਕੋਇ ਸ਼ਨਵਾਈਆ । ਕਾਇਆ ਹੋਏ ਨਾ ਕਿਸੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਝਗੜਾ ਪਿਆ ਮੰਦਰ ਮਸੀਤ, ਚਾਰੋਂ ਕੁੰਟ ਕੁੰਟ ਹਲਕਾਈਆ । ਓਹ ਤੱਕ ਸਦੀ ਚੌਧਵੀਂ ਰਹੀ ਬੀਤ, ਚਾਰ ਯਾਰੀ ਸੰਗ ਮੁਹੰਮਦ ਨੈਣ ਉਠਾਈਆ । ਹਜ਼ਰਤ ਈਸਾ ਦਾ ਲੇਖਾ ਤੱਕ ਲੈ ਬੀਸ, ਬੀਸ ਬੀਸੇ ਹਰਿ ਜਗਦੀਸੇ ਤੇਰੇ ਹੱਥ ਵਡਿਆਈਆ । ਜੋ ਨਾਨਕ ਨਿਰਗੁਣ ਕਰ ਕੇ ਗਿਆ ਹਦੀਸ, ਹਜ਼ਰਤਾਂ ਤੋਂ ਬਾਹਰ ਸਮਝਾਈਆ ।
ਜੋ ਗੋਬਿੰਦ ਖੰਡੇ ਧਾਰ ਦਿਤੀ ਉਲੀਕ, ਲਾਈਨ ਦੀਨ ਦੁਨੀ ਸਮਝਾਈਆ । ਜਿਸ ਦੀ ਸਤਿਗੁਰ ਸ਼ਬਦ ਕਰੇ ਤਸਦੀਕ, ਸ਼ਹਾਦਤ ਦੋ ਜਹਾਨ ਭੁਗਤਾਈਆ । ਸੋ ਮੇਰੀ ਆਸ਼ਾ ਮਨਸਾ ਪੂਰੀ ਕਰ ਦੇ ਉਮੀਦ, ਤ੍ਰਿਸ਼ਨਾ ਤ੍ਰਿਖਾ ਦੇ ਬੁਝਾਈਆ । ਤੇਰੇ ਵਿਚ ਹਕ ਤੌਫ਼ੀਕ, ਵਰ ਦਾਤੇ ਦਰ ਤੇਰੇ ਮੰਗ ਮੰਗਾਈਆ । ਮੈਂ ਚਾਹੁੰਦੀ ਇਕੋ ਛਤਰ ਝੁੱਲੇ ਤੇਰੇ ਸੀਸ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਵਿਚੋਂ ਸਤਿਜੁਗ ਦੀ ਬਦਲ ਕੇ ਰੀਤ, ਸਤਿਜੁਗ ਸਚ ਸਚ ਸਮਝਾਈਆ । ਇਕੋ ਮਾਣ ਬਖ਼ਸ਼ ਦੇ ਹਸਤ ਕੀਟ, ਊਚਾਂ ਨੀਚਾਂ ਇਕੋ ਰੰਗ ਰੰਗਾਈਆ । ਨਾਮ ਨਿਧਾਨਾ ਬਖ਼ਸ਼ ਰਸ ਮੀਠ, ਜਗਤ ਰਸ ਨਾ ਕੋਇ ਹਲਕਾਈਆ । ਆਪਣਾ ਗ੍ਰਿਹਿ ਵਖਾ ਅਨਡੀਠ, ਕਾਇਆ ਮੰਦਰ ਅੰਦਰ ਪਰਦਾ ਦੇ ਚੁਕਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਤੂੰ ਮੇਰੇ ਮੈਂ ਤੇਰਾ ਆਤਮ ਪਰਮਾਤਮ ਜਣਾ ਕੇ ਗੀਤ, ਬਿਨ ਰਾਗ ਰਾਗਣੀਆਂ ਹੋਏ ਸਦਾ ਸ਼ਨਵਾਈਆ । ਮੇਰੀ ਆਸ਼ਾ ਕਰ ਦੇ ਠੰਡੀ ਸੀਤ, ਧਰਨੀ ਕਹੇ ਮੈਂ ਰੋ ਰੋ ਦਿਆਂ ਦੁਹਾਈਆ । ਤੂੰ ਪ੍ਰੀਤਮ ਸਵਾਮੀ ਚਾਰ ਵਰਨ ਅਠਾਰਾਂ ਬਰਨ ਬਖ਼ਸ਼ ਦੇ ਪ੍ਰੀਤ, ਦੀਨਾਂ ਮਜ਼੍ਹਬਾਂ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਠਾਂਡੇ ਦਰ ਮੰਗਦੀ, ਕਲਜੁਗ ਅੰਤਮ ਧਿਆਨ ਲਗਾਈਆ । ਮੇਰੀ ਤ੍ਰਿਸ਼ਨਾ ਬੁਝਾ ਦੇ ਭੁੱਖ ਨੰਗ ਦੀ, ਓਢਣ ਸੀਸ ਦੇਣਾ ਚਾਈਂ ਚਾਈਂਆ । ਸਦੀ ਚੌਧਵੀਂ ਜਾਂਦੀ ਲੰਘਦੀ, ਬਿਨ ਕਦਮਾਂ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰ ਤੇਰੀ ਖੇਲ ਤੱਕਣ ਸੂਰੇ ਸਰਬੰਗ ਦੀ, ਸ਼ਾਹ ਪਾਤਸ਼ਾਹ ਧਿਆਨ ਲਗਾਈਆ । ਮੇਰੀ ਦਰੋਹੀ ਮੇਰੇ ਉਤੇ ਤਿਆਰੀ ਹੋਵੇ ਚਾਰੋਂ ਕੁੰਟ ਜੰਗ ਦੀ, ਨਵ ਸੱਤ ਲਏ ਅੰਗੜਾਈਆ । ਦੀਨ ਦੁਨੀ ਖ਼ੁਆਰੀ ਹੋਣੀ ਵਰਭੰਡ ਦੀ, ਭੰਡੀ

ਕਲਜੁਗ ਪਾਵੇ ਚਾਈਂ ਚਾਈਂਆ । ਸ਼ਰਅ ਧਾਰ ਤੱਕ ਲੈ ਤੇਜ਼ ਪ੍ਰਚੰਡ ਦੀ, ਚੰਡਕਾ ਰੂਪ ਬਦਲਾਈਆ । ਮੈਂ ਨਿਮਾਣੀ ਕੋਝੀ ਕਮਲੀ ਦਰ ਦਰਵੇਸ਼ਣ ਹੋ ਕੇ ਮੰਗਦੀ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਜੁਗ ਚੌਕੜੀ ਰੱਖੀਆਂ ਆਸ਼ਾਂ, ਨੌਂ ਸੌ ਚੁਰਾਨਮੇਂ ਚੌਕੜੀ ਜੁਗ ਧਿਆਨ ਲਗਾਈਆ । ਮੈਨੂੰ ਤੇਈ ਅਵਤਾਰਾਂ ਦਿਤਾ ਭਰਵਾਸਾ, ਵਿਸ਼ਨ ਬ੍ਰਹਮਾ ਸ਼ਿਵ ਸੰਦੇਸਿਆਂ ਵਿਚ ਸੁਣਾਈਆ । ਪੈਗ਼ੰਬਰਾਂ ਤੇਰਾ ਪੈਗ਼ਾਮ ਅਗੰਮੀ ਆਖਾ, ਕਾਇਨਾਤ ਵਿਚ ਦ੍ਰਿੜਾਈਆ । ਗੁਰੂਆਂ ਭੇਵ ਖੁਲਾਇਆ ਸਾਚਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਵੇਲੇ ਕਲਜੁਗ ਚਾਰੋਂ ਕੁੰਟ ਘਰ ਘਰ ਅੰਦਰ ਨਾਚਾ, ਨਵ ਖੰਡ ਆਪਣਾ ਫੇਰਾ ਪਾਈਆ ।ਪਿਆਰ ਰਿਹਾ ਨਾ ਪੁਤਰਾਂ ਮਾਤਾ, ਪਿਤਾ ਪੂਤ ਨਾ ਗੋਦ ਸੁਹਾਈਆ । ਭੈਣਾਂ ਭਈਆ ਟੁੱਟੇ ਨਾਤਾ, ਪ੍ਰੇਮ ਗੰਢ ਨਾ ਕੋਇ ਰਖਾਈਆ । ਨਾਰ ਕੰਤ ਨਾ ਪੁਛੇ ਵਾਤਾ, ਵਿਭਚਾਰ ਹੋਏ ਲੋਕਾਈਆ । ਝਗੜਾ ਪੈਣਾ ਜ਼ਾਤਾ ਪਾਤਾ, ਦੀਨ ਮਜ਼੍ਹਬਾਂ ਚਾਰੋਂ ਕੁੰਟ ਦੁਹਾਈਆ । ਦਹਿ ਦਿਸ਼ਾ ਹੋਏ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਗਾਏ ਕੋਈ ਨਾ ਗਾਥਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤੂੰ ਠਾਕਰ ਸਵਾਮੀ ਪੁਰਖ ਅਕਾਲ ਸਰਬ ਕਲਾ ਸਮਰਾਥਾ, ਪਰਵਰਦਿਗਾਰ ਸਾਂਝੇ ਯਾਰ ਨੂਰ ਅਲਾਹ ਤੇਰੀ ਓਟ ਰਖਾਈਆ । ਤੇਰਾ ਆਦਿ ਜੁਗਾਦਿ ਨਿਤ ਨਵਿਤ ਨਿਰਗੁਣ ਸਰਗੁਣ ਮੇਲਾ ਹੋਵੇ ਸਾਥਾ, ਸਗਲਾ ਸੰਗੀ ਇਕ ਅਖਵਾਈਆ । ਹੋਣਾ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਮੇਰਾ ਲਹਿਣਾ ਦੇਣਾ ਚੁਕਾਉਣਾ ਹਾਥੋ ਹਾਥਾ, ਜੁਗ ਚੌਕੜੀ ਲੇਖਾ ਪੂਰਾ ਦੇਣਾ ਕਰਾਈਆ । ਤੇਰੀ ਚਰਨ ਧੂੜੀ ਲਾਵਾਂ ਮਸਤਕ ਮਾਥਾ, ਸਚ ਖ਼ਾਕੀ ਖ਼ਾਕ ਰਮਾਈਆ । ਧਰਨੀ ਕਹੇ ਮੈਂ ਚਾਹੁੰਦੀ ਮੇਰੇ ਉਤੇ ਧਰਮ ਦਾ ਚਲੇ ਰਾਥਾ, ਸਤਿਜੁਗ ਸਚ ਦੇ ਵਡਿਆਈਆ । ਕਲਜੁਗ ਪੰਧ ਮੁਕਾ ਦੇ ਵਾਟਾ, ਅਗੇ ਪੰਧ ਰਹੇ ਨਾ ਰਾਈਆ । ਤੇਰਾ ਖੇਲ ਦੀਨ ਦੁਨੀ ਬਾਜ਼ੀਗਰ ਦਿਸੇ ਨਾਟਾ, ਸਵਾਂਗੀ ਆਪ ਸਵਾਂਗ ਵਰਤਾਈਆ । ਫਿਰੀ ਦਰੋਹੀ ਮੰਦਰ ਮਾਠਾ, ਅੱਠ ਸੱਠ ਰੋਵਣ ਨੈਣਾਂ ਨੀਰ ਵਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਭੂਸ਼ਨ ਓਢਣ ਵੇਖ ਲੈ ਪਾਟਾ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਮਾਣ ਰਿਹਾ ਨਾ ਅਸ਼ਟਭੁਜ ਦੇਵੀ ਵਾਲੀ ਲਾਟਾ, ਦੇਵ ਦੇਵਾ ਤੇਰਾ ਭੇਵ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰਾਂ ਭੁੱਲੀ ਸਭ ਨੂੰ ਗਾਥਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਬਾਈਬਲ ਤੁਰੈਤ ਗੁਰੂ ਗ੍ਰੰਥ ਅੱਖਰ ਅੱਖਰ ਰਹੇ ਸੁਣਾਈਆ । ਸਤਿ ਧਰਮ ਕਹੇ ਮੇਰਾ ਕਿਸੇ ਤਨ ਵਜੂਦ ਨਹੀਂ ਵਾਸਾ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਲਜੁਗ ਨੌਂ ਖੰਡ ਪ੍ਰਿਥਮੀ ਹਰ ਹਿਰਦੇ ਬਹਿ ਕੇ ਕਰੇ ਹਾਸਾ, ਹੱਸ ਹੱਸ ਰਿਹਾ ਵਖਾਈਆ । ਮੈਂ ਮਾਨਸ ਮਾਨਵ ਮਾਨੁਖ ਰਸਨ ਲਵਾਇਆ ਮਦਿਰਾ ਮਾਸਾ, ਮਾਸਾ ਰਤੀ ਪ੍ਰਭ ਦਾ ਨਾਮ ਅੰਤਰ ਰਹਿਣ ਕੋਇ ਨਾ ਪਾਈਆ । ਸਤਿ ਸਚ ਦੀ ਦਿਸੇ ਕੋਈ ਨਾ ਰਾਸਾ, ਗੋਪੀ ਕਾਹਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਕਵਲ ਚਰਨ ਸਰਨ ਸਰਨਾਈ ਇਕ ਭਰਵਾਸਾ, ਮਿਹਰਵਾਨ ਸ੍ਰੀ ਭਗਵਾਨ ਹੋਣਾ ਅੰਤ ਸਹਾਈਆ ।


੧੫੦੯
੨੩

✪ ੪ ਪੋਹ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਨਾਨਕ ਸਰ ਜ਼ਿਲਾ ਕੁਰਕਸ਼ੇਤਰ ਠਾਕਰ ਸਿੰਘ ਦੇ ਗ੍ਰਿਹ ਕਰਨਾਲ ਸੰਗਤ ਨਵਿਤ ✪

ਪੋਹ ਕਹੇ ਮੇਰਾ ਦਿਵਸ ਸੁਹੰਜਣਾ ਚਾਰ, ਚਾਰੋਂ ਕੁੰਟ ਵੇਖ ਵਖਾਈਆ । ਬ੍ਰਹਮਾ ਚਾਰੇ ਮੁਖ ਰਿਹਾ ਉਘਾੜ, ਚਾਰੇ ਵੇਦਾਂ ਸੰਗ ਮਿਲਾਈਆ । ਚਾਰੇ ਦਿਸ਼ਾ ਕਰਨ ਪੁਕਾਰ, ਚਾਰੇ ਬਾਣੀ ਨਾਲ ਜਣਾਈਆ । ਚਾਰੇ ਖਾਣੀ ਹੋਵੇ ਖ਼ਬਰਦਾਰ, ਚਾਰੇ ਜੁਗ ਦੇਣ ਗਵਾਹੀਆ । ਮੇਰੀ ਚੌਥੀ ਮੰਜ਼ਲ ਸਭ ਤੋਂ ਦਿਸੇ ਬਾਹਰ, ਪੋਹ ਕਹੇ ਮੈਂ ਸਚ ਦਿਆਂ ਸੁਣਾਈਆ । ਮੈਂ ਪੂਰਬ ਲਹਿਣੇ ਵੇਖਾਂ ਉਧਾਰ, ਨਿਤ ਨਵਿਤ ਧਿਆਨ ਲਗਾਈਆ । ਕੀ ਲੇਖਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਰਲਾਈਆ । ਕੀ ਤ੍ਰੈਗੁਣ ਮਾਇਆ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਕੀ ਪੰਜਾਂ ਤਤਾਂ ਖੇਲ ਹੋਵੇ ਅਪਾਰ, ਅਪਰੰਪਰ ਆਪ ਕਰਾਈਆ । ਮਨ ਮਤ ਕੀ ਆਸ਼ਾ ਰੱਖੀ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਉਤੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਚਾਰ ਪੋਹ ਕਹੇ ਮੇਰਾ ਦਿਵਸ ਸੁਹੰਜਣਾ ਏਕ, ਏਕੰਕਾਰ ਦਏ ਵਡਿਆਈਆ । ਮੈਂ ਪੁਰਖ ਅਕਾਲੇ ਰੱਖੀ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਮੇਰੀ ਰੁੱਤ ਸੁਹੰਜਣੀ ਕਰੇ ਬਿਬੇਕ, ਪਤਤ ਪੁਨੀਤ ਆਪ ਬਣਾਈਆ । ਰਜੋ ਤਮੋ ਸਤੋ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਬੁਝਾਈਆ । ਮੈਂ ਦਰਸ਼ਨ ਕਰਾਂ ਨਿਜ ਨੇਤਰ (ਨੇਤ), ਲੋਚਣ ਨੈਣ ਦਏ ਖੁਲਾਈਆ । ਮੇਰੀ ਰੁੱਤ ਸੁਹੰਜਣੀ ਹੋਵੇ ਬਸੰਤੀ ਚੇਤ, ਪੱਤ ਟਹਿਣੀ ਟਹਿਣੀ ਆਪ ਮਹਿਕਾਈਆ । ਮੈਂ ਸਭ ਕੁਛ ਲੋਚਣ ਨੇਤਰ ਲਵਾਂ ਵੇਖ, ਬਿਨ ਅੱਖੀਆਂ ਅੱਖ ਦਏ ਉਠਾਈਆ । ਮੇਰਾ ਸਵਾਮੀ ਅੰਤਰਜਾਮੀ ਜੋਤੀ ਜਾਤਾ ਪੁਰਖ ਬਿਧਾਤਾ ਅਵੱਲੜਾ ਕਰੇ ਭੇਖ, ਭੇਖਾਧਾਰੀ ਆਪਣਾ ਰੂਪ ਬਦਲਾਈਆ । ਜੋ ਵਸਣਹਾਰਾ ਸੰਬਲ ਦੇਸ, ਦੇਸ ਦੇਸੰਤਰਾਂ ਪਰਦਾ ਦਏ ਉਠਾਈਆ । ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਬਣ ਕੇ ਨਰ ਨਰੇਸ਼, ਨਰ ਨਰਾਇਣ ਹੁਕਮ ਇਕ ਵਰਤਾਈਆ । ਜੋ ਹੁਕਮ ਸੰਦੇਸ਼ਾ ਦੇ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਵੇਖੇ ਚਾਈਂ ਚਾਈਂਆ । ਜਿਸ ਕਾਰਨ ਸਤਿਗੁਰ ਅਰਜਨ ਸੀਸ ਪਵਾਈ ਤਤੀ ਰੇਤ, ਰਾਵੀ ਕੰਢਾ ਬ੍ਰਹਿਮੰਡਾਂ ਰਿਹਾ ਦ੍ਰਿੜਾਈਆ । ਜਿਸ ਸਾਹਿਬ ਸਤਿਗੁਰ ਚੌਥੇ ਜੁਗ ਬਾਲੇ ਕੀਤੇ ਭੇਟ, ਨੀਹਾਂ ਹੇਠ ਦਬਾਈਆ । ਉਹ ਸਤਿਗੁਰ ਸ਼ਬਦ ਖੇਵਟ ਖੇਟ, ਬੇੜਾ ਦੋ ਜਹਾਨ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਚਾਰ ਪੋਹ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਪ੍ਰਭ ਚੰਗੀ ਦਏ ਵਡਿਆਈਆ । ਧੁਰ ਨਾਮ ਸ਼ਬਦ ਵਜਾਏ ਮਰਦੰਗਾ, ਡੰਕਾ ਇਕੋ ਇਕ ਇਕ ਸੁਣਾਈਆ । ਮੇਰੀਆਂ ਪੂਰੀਆਂ ਕਰੇ ਉਮੰਗਾ, ਤ੍ਰਿਸ਼ਨਾ ਆਪਣੇ ਵਿਚ ਸਮਾਈਆ । ਮੇਰਾ ਸਾਕ ਸੱਜਣ ਹੋਵੇ ਸਤਰੰਗਾ, ਸਤਿ ਸਤਿਵਾਦੀ ਆਪਣਾ ਭੇਵ ਚੁਕਾਈਆ । ਜਿਸ ਨਿਸ਼ਾਨ ਮਿਟਾਉਣਾ ਤਾਰਾ ਚੰਨਾ, ਚੰਦ ਸਿਤਾਰ ਵੇਖਣ ਚਾਈਂ ਚਾਈਂਆ । ਦੀਨ ਦੁਨੀ ਤੱਕਣਾ ਹੱਦ ਬੰਨਾ, ਬੰਦਗੀ ਵਾਲੇ ਖੋਜ ਖੁਜਾਈਆ । ਸੋ ਸਾਹਿਬ ਸੂਰਾ ਸ੍ਰੀ ਭਗਵੰਨਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੱਤ ਰੰਗ ਕਹਿਣ ਸੁਣ ਲੈ ਚਾਰ ਪੋਹ, ਵਦੀ ਸੁਦੀ ਤੋਂ ਬਾਹਰ ਧਿਆਨ ਲਗਾਈਆ । ਸ਼ਬਦ ਸੁਨੇਹੁੜਾ ਦੇਵਾਂ ਸੋ, ਸੋ ਪੁਰਖ ਨਿਰੰਜਣ ਰਿਹਾ ਸੁਣਾਈਆ । ਹਰਿ ਪੁਰਖ ਨਿਰੰਜਣ ਆਪੇ ਹੋ, ਏਕੰਕਾਰ ਭੇਵ ਚੁਕਾਈਆ । ਆਦਿ ਨਿਰੰਜਣ ਕਰ ਕੇ ਲੋ, ਬਿਨ ਨੈਣਾਂ

ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਢੋਆ ਢੋਅ, ਦੇਵਣਹਾਰ ਵਡੀ ਵਡਿਆਈਆ । ਸ੍ਰੀ ਭਗਵਾਨ ਹੋ ਨਿਰਮੋਹ, ਮੁਹੱਬਤ ਇਕੋ ਇਕ ਵਖਾਈਆ । ਪਾਰਬ੍ਰਹਮ ਅੰਮ੍ਰਿਤ ਅਗੰਮਾ ਚੋ, ਸਾਂਤਕ ਸਤਿ ਕਰਾਈਆ । ਸੱਤ ਰੰਗ ਕਹਿਣ ਸਾਡਾ ਧਰਮ ਦਾ ਇਕ ਗ੍ਰੇਹ, ਵਿਛੋੜੇ ਵਿਚ ਕਦੇ ਨਾ ਆਈਆ । ਸਾਡਾ ਭੇਦ ਨਾ ਜਾਣੇ ਕੋ, ਪਰਦਾ ਸਕੇ ਨਾ ਕੋਇ ਉਠਾਈਆ । ਸਾਡੀ ਵਸਤ ਸਕੇ ਕੋਈ ਨਾ ਖੋਹ, ਖ਼ਾਲੀ ਹੱਥ ਨਾ ਕਦੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸੱਤ ਰੰਗ ਕਹਿਣ ਸਾਡੀ ਆਦਿ ਆਦਿ ਦੀ ਧਾਰ, ਧਰਮ ਧਰਮ ਨਾਲ ਜਣਾਈਆ । ਨੂਰ ਨੂਰ ਜੋਤ ਸਾਡਾ ਰੂਪ ਅਪਾਰ, ਅਪਰੰਪਰ ਸਵਾਮੀ ਲਿਆ ਪ੍ਰਗਟਾਈਆ । ਸਾਡਾ ਲਹਿਣਾ ਦੇਣਾ ਲੇਖਾ ਨਾਲ ਸੱਚੀ ਸਰਕਾਰ, ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦਾ ਸਚਖੰਡ ਦਵਾਰ ਸੱਚਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਏਕਾ ਦੀਪਕ ਜੋਤ ਹੋਵੇ ਉਜਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਭੂਪ ਹੋਵੇ ਸਿਕਦਾਰ, ਸਚ ਸਿੰਘਾਸਣ ਸੋਭਾ ਪਾਈਆ । ਇਕੋ ਹੋਵੇ ਫ਼ਰਮਾਂਬਰਦਾਰ, ਸ਼ਬਦ ਦੁਲਾਰਾ ਸੀਸ ਝੁਕਾਈਆ । ਇਕੋ ਦੇਵਣਹਾਰ ਦਾਤਾਰ, ਵਸਤ ਅਤੋਟ ਅਤੁਟ ਵਰਤਾਈਆ । ਇਕੋ ਖ਼ੁਸ਼ੀਆਂ ਕਰੇ ਇਜ਼ਹਾਰ, ਖ਼ੁਸ਼ੀਆਂ ਢੋਲੇ ਗਾਈਆ । ਇਕੋ ਕਰਨੀ ਦਾ ਕਰਤਾ ਕਰਤਾਰ, ਕੁਦਰਤ ਦਾ ਮਾਲਕ ਧੁਰਦਰਗਾਹੀਆ । ਸੱਤ ਰੰਗ ਕਹਿਣ ਜਿਸ ਸਾਨੂੰ ਕੀਤਾ ਤਿਆਰ, ਤ੍ਰੈਗੁਣ ਅਤੀਤੇ ਦਿਤੀ ਵਡਿਆਈਆ । ਸਾਡਾ ਉਸ ਦੇ ਨਾਲ ਪਿਆਰ, ਜੋ ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਆਪਣਾ ਹੁਕਮ ਸੁਣਾਈਆ । ਸਾਡਾ ਨੂਰ ਨੁਰਾਨਾ ਪਰਵਰਦਿਗਾਰ, ਸਾਂਝਾ ਯਾਰ ਇਕ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਖ ਵਖਾਈਆ । ਸਾਨੂੰ ਖ਼ੁਸ਼ੀਆਂ ਨਾਲ ਕਰ ਤਿਆਰ, ਤ੍ਰੈਗੁਣ ਅਤੀਤੇ ਦਿਤੀ ਵਡਿਆਈਆ । ਸਤਿਜੁਗ ਤਰੇਤਾ ਦੁਆਪਰ ਅਸੀਂ ਮੰਗਦੇ ਭਿਖਾਰ, ਭਿੱਖਕ ਹੋ ਕੇ ਝੋਲੀਆਂ ਡਾਹੀਆ । ਸਾਡਾ ਨਾਤਾ ਜੁੜਿਆ ਰਿਹਾ ਨਾਲ ਤੇਈ ਅਵਤਾਰ, ਪੈਗ਼ੰਬਰਾਂ ਨਾਲ ਮਿਲ ਕੇ ਵਜਦੀ ਰਹੀ ਵਧਾਈਆ । ਗੁਰੂਆਂ ਬਖ਼ਸ਼ਿਸ਼ ਵਿਚ ਸਾਨੂੰ ਦਿਤਾ ਪਿਆਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਦੇ ਕੇ ਅਗੰਮ ਇਸ਼ਾਰ, ਬਿਨ ਸੈਨਤ ਗਿਆ ਸਮਝਾਈਆ । ਤੁਹਾਡਾ ਲਹਿਣਾ ਦੇਣਾ ਕਲਜੁਗ ਅੰਤਮ ਵਾਰ, ਕਲਕਾਤੀ ਲੇਖਾ ਦੇਣਾ ਮੁਕਾਈਆ । ਸਤਿ ਧਰਮ ਦਾ ਧਰਮ ਹੋਵੇ ਜੈਕਾਰ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਸੱਤ ਰੰਗ ਤੁਸਾਂ ਹੋਣਾ ਮਾਤ ਤਿਆਰ, ਤ੍ਰੈਭਵਨ ਧਨੀ ਦਏ ਵਡਿਆਈਆ । ਤੁਹਾਡਾ ਮੀਤਾ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਜੋ ਮਰੇ ਨਾ ਜਨਮੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੇ ਲਾਗਣ ਪਾਈਆ । ਉਹ ਵੇਖੇ ਵਿਗਸੇ ਪਾਵੇ ਸਾਰ, ਪਾਰਬ੍ਰਹਮ ਬ੍ਰਹਮ ਪਰਦਾ ਆਪ ਉਠਾਈਆ । ਤੁਹਾਨੂੰ ਦੇਵੇ ਮਾਣ ਅਪਰ ਅਪਾਰ, ਅਪਰੰਪਰ ਹੋ ਕੇ ਵੇਖ ਵਖਾਈਆ । ਤੁਹਾਡਾ ਧਰਮ ਨਿਸ਼ਾਨ ਦਏ ਝੁਲਾਰ, ਤੁਸਾਂ ਝੁਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਦਏ ਰੰਗਾਈਆ । ਚਾਰ ਪੋਹ ਕਹੇ ਸੱਤ ਰੰਗ ਵੇਖੋ ਆਪਣੀ ਮਸਤੀ, ਮਸਤਾਨਿਆਂ ਦਿਆਂ ਜਣਾਈਆ । ਪੁਰਖ ਅਕਾਲ ਦੀ ਤੱਕੋ ਹਸਤੀ, ਜੋ ਹਸਤ ਕੀਟਾਂ ਵਿਚ ਸਮਾਈਆ । ਦੋ ਜਹਾਨ ਓਸ ਦੀ ਵੇਖੋ ਬਸਤੀ, ਜੋ ਨਗਰ ਖੇੜੇ ਰਿਹਾ ਵਸਾਈਆ । ਜਿਸ ਲਹਿਣਾ ਦੇਣਾ ਮੁਕਾਉਣਾ ਦਸਤੀ, ਲੇਖਾ ਹੱਥੋ ਹੱਥ ਚੁਕਾਈਆ । ਉਹ ਮਾਲਕ ਬਣ ਕੇ ਪ੍ਰੀਤਮ ਅਰਸ਼ੀ, ਪ੍ਰੀਤਮ ਹੋਵੇ ਬੇਪਰਵਾਹੀਆ । ਖੇਲ ਕਰੇ ਉਤੇ ਫ਼ਰਸ਼ੀ, ਆਪਣਾ


੧੫੧੧
੨੩

ਰੂਪ ਬਦਲਾਈਆ । ਲਹਿਣਾ ਦੇਣਾ ਚੁਕਾਵੇ ਧਰਤੀ, ਧਵਲ ਦਏ ਵਡਿਆਈਆ । ਇਹ ਖੇਲ ਓਸ ਦੇ ਘਰ ਦੀ, ਘਰ ਚੌਥੇ ਹੋਏ ਸਹਾਈਆ । ਚਾਰ ਪੋਹ ਕਹੇ ਮੇਰੀ ਪ੍ਰੀਤੀ ਨਰਾਇਣ ਨਰ ਦੀ, ਨਰ ਹਰਿ ਦੇਵੇ ਮਾਣ ਵਡਿਆਈਆ । ਜਿਸ ਦੀ ਕਲਾ ਹੋਣੀ ਚੜ੍ਹਦੀ, ਚੜ੍ਹਦੀ ਦਿਸ਼ਾ ਵੇਖੇ ਚਾਈਂ ਚਾਈਂਆ । ਲਹਿੰਦੇ ਦੀਨ ਦੁਨੀ ਹੋਣੀ ਸੜਦੀ, ਅਗਨੀ ਤਤ ਮਚਾਈਆ । ਧਾਰ ਤੱਕਣੀ ਹੰਕਾਰ ਗੜ੍ਹ ਦੀ, ਨਵ ਸੱਤ ਫੋਲ ਫੁਲਾਈਆ । ਆਸ਼ਾ ਵੇਖਣੀ ਗੋਰ ਮੜ੍ਹ ਦੀ, ਮਨਸਾ ਸਭ ਦੀ ਪੂਰ ਕਰਾਈਆ । ਜਨ ਭਗਤਾਂ ਆਤਮਾ ਤੱਕਣੀ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦੀ, ਲਖ ਚੁਰਾਸੀ ਵਿਚੋਂ ਖੋਜ ਖੁਜਾਈਆ । ਜਿਸ ਕਲਾ ਮੇਟਣੀ ਸੀਸ ਧੜ ਦੀ, ਧਾੜਵੀ ਬਣੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰ ਪੋਹ ਕਹੇ ਮੇਰਾ ਦਿਵਸ ਸੁਹੰਦਣਾ, ਰੁਤੜੀ ਪ੍ਰਭੂ ਦਿਤੀ ਮਹਿਕਾਈਆ । ਸੱਤ ਰੰਗ ਕਹਿਣ ਜਨ ਭਗਤਾਂ ਚਾੜ੍ਹਨੀ ਰੰਗਣਾ, ਰੰਗਤ ਇਕ ਰੰਗਾਈਆ । ਕਿਰਪਾ ਕਰੇ ਆਦਿ ਨਿਰੰਜਣਾ, ਸਤਿ ਪੁਰਖ ਹੋਏ ਸਹਾਈਆ । ਮਾਲਕ ਬਣੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਜਿਸ ਚਰਨ ਧੂੜ ਕਰਾਉਣਾ ਮਜਨਾ, ਦੁਰਮਤ ਮੈਲ ਧਵਾਈਆ । ਜਿਸ ਦਾ ਇਕੋ ਡੰਕਾ ਵੱਜਣਾ, ਚਾਰੋਂ ਕੁੰਟ ਕਰੇ ਸ਼ਨਵਾਈਆ । ਗੁਰਮੁਖਾਂ ਨੇਤਰ ਨਾਮ ਪਾ ਕੇ ਅੰਜਣਾ, ਭੇਵ ਅਭੇਦਾ ਦਏ ਖੁਲਾਈਆ । ਰੂਪ ਅਨੂਪ ਦੱਸ ਮੋਹਨ ਮਾਧਵ ਮਦਨਾ, ਮੂਰਤ ਅਕਾਲ ਬੂਝ ਬੁਝਾਈਆ । ਜਿਸ ਦਾ ਇਕੋ ਦੀਪਕ ਜਗਣਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸੱਤ ਰੰਗ ਕਹਿਣ ਸਾਡਾ ਸਾਹਿਬ ਦੀਨ ਦਿਆਲ, ਦਇਆਨਿਧ ਇਕ ਅਖਵਾਈਆ । ਜਿਸ ਦਾ ਖੇਲ ਸਦਾ ਕਮਾਲ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਜਨ ਭਗਤ ਸੁਹੇਲੇ ਲਏ ਭਾਲ, ਭਾਂਡਾ ਭਰਮ ਭਉ ਭੰਨਾਈਆ । ਲੇਖਾ ਮੁਕਾ ਕੇ ਕਾਲ ਮਹਾਕਾਲ, ਰਾਏ ਧਰਮ ਦਾ ਪੰਧ ਚੁਕਾਈਆ । ਚਿਤ੍ਰਗੁਪਤ ਲੇਖ ਨਾ ਸਕੇ ਵਖਾਲ, ਲਹਿਣਾ ਸਭ ਦਾ ਆਪਣੇ ਹੱਥ ਟਿਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਲੇਖੇ ਲਾਉਣਾ ਸ਼ਾਹ ਕੰਗਾਲ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਉਹ ਸੰਬਲ ਬੈਠ ਕੇ ਕਰੇ ਸੰਭਾਲ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ । ਜਿਸ ਫਲ ਲਗਾਉਣਾ ਕਾਇਆ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਸੋ ਸਤਿਗੁਰ ਸ਼ਬਦ ਜਨ ਭਗਤਾਂ ਬਣੇ ਦਲਾਲ, ਵਿਚੋਲਾ ਇਕ ਅਖਵਾਈਆ । ਸਚਖੰਡ ਵਖਾ ਸੱਚੀ ਧਰਮਸਾਲ, ਦਰ ਦਵਾਰਾ ਇਕ ਜਣਾਈਆ । ਜਿਥੇ ਦੀਪਕ ਜੋਤ ਜਗੇ ਬੇਮਿਸਾਲ, ਮਿਸਲ ਜਿਸ ਦੀ ਨਜ਼ਰ ਕੋਇ ਨਾ ਆਈਆ । ਉਹ ਹਰਿਜਨ ਭਗਤ ਸੁਹੇਲੇ ਵਿਚ ਕਰਨਾਲ, ਕਰਨੀ ਦਾ ਕਰਤਾ ਵੇਖੇ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੇ ਵਖਾਲ, ਬਿਨ ਨੈਣਾਂ ਨੈਣ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਚਾਰ ਪੋਹ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਦਰ ਠਾਂਡੇ ਬਣ ਭਿਖਾਰ, ਮਾਂਗਤ ਹੋ ਕੇ ਮੰਗ ਮੰਗਾਈਆ । ਕਿਰਪਾ ਕਰ ਮੇਰੇ ਕਰਤਾਰ, ਕੁਦਰਤ ਦੇ ਕਾਦਰ ਹੋ ਸਹਾਈਆ । ਭਗਤ ਸੁਹੇਲੇ ਲੈ ਉਭਾਰ, ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਗ਼ਰੀਬ ਨਿਮਾਣਿਆਂ ਦੇਣਾ ਤਾਰ, ਤਾਰਨਹਾਰ ਤੇਰੀ ਸਰਨਾਈਆ । ਚੌਥੇ ਜੁਗ ਪਾਉਣੀ ਸਾਰ, ਮਹਾਸਾਰਥੀ ਆਪਣਾ ਪੰਧ ਮੁਕਾਈਆ । ਤੇਰਾ ਧਰਮ ਦਾ ਧਰਮ ਹੋਵੇ ਜੈਕਾਰ, ਦੋ ਜਹਾਨ ਵੱਜੇ

ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ । ਸੱਤ ਰੰਗ ਕਹਿਣ ਖ਼ੁਸ਼ੀਆਂ ਦੇ ਗਾਈਏ ਗੀਤ, ਗੋਬਿੰਦ ਗੋਬਿੰਦ ਗੋਬਿੰਦ ਤੇਰੀ ਬੇਪਰਵਾਹੀਆ । ਕਲਜੁਗ ਵਿਚੋਂ ਸਤਿਜੁਗ ਬਦਲ ਦੇ ਰੀਤ, ਰੀਤੀਵਾਨ ਤੇਰੇ ਹੱਥ ਵਡਿਆਈਆ । ਝਗੜਾ ਮੇਟ ਦੇ ਮੰਦਰ ਮਸੀਤ, ਕਾਇਆ ਕਾਅਬਿਆਂ ਕਰ ਰੁਸ਼ਨਾਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਧਨੀ ਦੇ ਵਡਿਆਈਆ । ਆਤਮ ਪਰਮਾਤਮ ਬਣ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਦੀਨ ਦੁਨੀ ਦੇ ਵਸਣਾ ਚੀਤ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਮਾਈਆ । ਇਕੋ ਮਾਣ ਦੇ ਦੇ ਹਸਤ ਕੀਟ, ਕੀਟ ਕੀਟਾਂ ਆਪਣੇ ਰੰਗ ਰੰਗਾਈਆ । ਤੂੰ ਮੇਰਾ ਮਾਧੋ ਮਾਧਵ ਬੀਠਲੋ ਬੀਠ, ਪ੍ਰਭ ਤੇਰੀ ਬੇਪਰਵਾਹੀਆ । ਕਲਜੁਗ ਜੀਵ ਮੀਠਾ ਰਸ ਭਰ ਦੇ ਕੌੜਾ ਰੀਠ, ਅੰਮ੍ਰਿਤ ਰਸ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਸੱਤ ਰੰਗ ਕਹਿਣ ਸਾਡਾ ਸੀਸ ਜਾਵੇ ਝੁਕ, ਪ੍ਰਭ ਦੇਣੀ ਸਰਨ ਸਰਨਾਈਆ । ਕਲਜੁਗ ਕੂੜਾ ਪੈਂਡਾ ਜਾਏ ਮੁਕ, ਮੁਕੰਮਲ ਆਪਣਾ ਹੁਕਮ ਵਰਤਾਈਆ । ਆਤਮ ਪਰਮਾਤਮ ਸਭ ਦੀ ਸਾਂਝੀ ਹੋਵੇ ਤੁਕ, ਤੁਖਮ ਤਾਸੀਰ ਦੇਣੀ ਬਦਲਾਈਆ । ਕੂੜ ਕੁਕਰਮ ਦਾ ਬੂਟਾ ਪੁੱਟ, ਸ਼ੌਹ ਦਰਿਆ ਦੇਣਾ ਰੁੜ੍ਹਾਈਆ । ਆਤਮ ਜਾਮ ਪਿਆ ਕੇ ਘੁੱਟ, ਮਣਕਾ ਮਨ ਕਾ ਦੇ ਭਵਾਈਆ । ਤੇਰਾ ਪਿਆਰ ਭਗਤਾਂ ਨਾਲੋਂ ਜਾਏ ਨਾ ਟੁੱਟ, ਟੁਟਿਆਂ ਲੈਣਾ ਮਿਲਾਈਆ । ਆਤਮ ਪਰਮਾਤਮ ਨਾਤਾ ਜਾਏ ਨਾ ਛੁਟ, ਛੁਟਕੀ ਲਿਵ ਲੈਣੀ ਲਗਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਲੈਣਾ ਕਰਾਈਆ । ਝਗੜਾ ਮੁਕਾ ਦੇ ਪੰਜ ਭੂਤ, ਪੰਜਾਂ ਤਤਾਂ ਕਰ ਸਫ਼ਾਈਆ । ਤੇਰੀ ਸੁਹੰਜਣੀ ਹੋਵੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਹਰਿਜਨ ਸੰਤ ਸੁਹੇਲੇ ਸ਼ਬਦੀ ਧਾਰ ਗੋਦੀ ਚੁੱਕ, ਸਤਿਗੁਰ ਆਪਣੀ ਦਇਆ ਕਮਾਈਆ । ਗੁਰਮੁਖਾਂ ਭਾਗ ਨਾ ਜਾਏ ਨਿਖੁਟ, ਲੋਕਮਾਤ ਦੇਣੀ ਵਡਿਆਈਆ । ਜੋ ਸੀਸ ਜਗਦੀਸ਼ ਜਾਏ ਝੁਕ, ਜਿਸ ਦਾ ਲਹਿਣਾ ਦੇਣਾ ਚੁਕਾਈਆ । ਫਿਰ ਆਏ ਨਾ ਜਨਣੀ ਕੁੱਖ, ਲੱਖ ਚੁਰਾਸੀ ਦਾ ਪੰਧ ਮੁਕਾਈਆ । ਆਵਣ ਜਾਵਣ ਮੇਟਣਾ ਦੁੱਖ, ਦੁਖੀਆਂ ਹੋਣਾ ਆਪ ਸਹਾਈਆ । ਮਾਤ ਗਰਭ ਨਾ ਹੋਵੇ ਉਲਟਾ ਰੁੱਖ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਬਣਾ ਲੈ ਆਪਣੇ ਸੁਤ, ਦੁਲਾਰੇ ਆਪਣੀ ਗੋਦ ਟਿਕਾਈਆ ।



## ✪ ੫ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਧੀਰਪੁਰ ਦਿੱਲੀ-੯ ਵਿਖੇ ਰਾਤ ਨੂੰ ✪

ਪੰਚਮ ਪੋਹ ਕਹੇ ਮੇਰਾ ਇਕੋ ਦਾਤਾ, ਦਇਆਵਾਨ ਦੀਨ ਅਖਵਾਈਆ । ਜੋ ਆਦਿ ਜੁਗਾਦੀ ਪਿਤ ਮਾਤਾ, ਪੁਰਖ ਅਕਾਲ ਬੇਪਰਵਾਹੀਆ । ਜਿਸ ਖ਼ੁਸ਼ੀਆਂ ਵਿਚ ਮੈਨੂੰ ਦਿਤੀ ਦਾਤਾ, ਅਗੰਮ ਅਥਾਹ ਵਰਤਾਈਆ । ਕਲਜੁਗ ਵੇਖ ਅੰਧੇਰੀ ਰਾਤਾ, ਦਹਿ ਦਿਸ਼ਾ ਧਿਆਨ ਲਗਾਈਆ । ਜਨ ਭਗਤਾਂ ਨਾਲ ਜੋੜ ਕੇ ਨਾਤਾ, ਪਿਆਰ ਮੁਹੱਬਤ ਵਿਚ ਬੰਧਾਈਆ । ਸਤਿਜੁਗ ਸਤਿ ਕਰਮ ਉਪਜਾ ਕੇ ਸਾਤਾ, ਸਤਿ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਪੋਹ ਕਹੇ ਮੇਰੇ ਉਤੇ ਕਿਰਪਾ

ਕੀਤੀ ਨਿਰੰਕਾਰ, ਨਿਰਵੈਰ ਹੋਇਆ ਸਹਾਈਆ । ਨਿਗਾਹ ਮਾਰ ਏਕੰਕਾਰ, ਅਕਲ ਕਲਧਾਰੀ ਵੇਖ ਵਖਾਈਆ । ਭਗਤ ਸੁਹੇਲੇ ਦੇ ਅਧਾਰ, ਮਿਹਰ ਨਜ਼ਰ ਉਠਾਈਆ । ਲੋਕਮਾਤ ਪਾ ਸਾਰ, ਹੋਇਆ ਆਪ ਸਹਾਈਆ । ਨੀਂਹ ਰੱਖ ਹਰਿ ਭਗਤ ਦਵਾਰ, ਬੀਸ ਯਾਰਾਂ ਦਿਤੀ ਵਡਿਆਈਆ । ਮੈਂ ਨਿਵ ਨਿਵ ਕਰਾਂ ਨਿਮਸਕਾਰ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਚਮ ਪੋਹ ਕਹੇ ਮੇਰਾ ਲੇਖਾ ਨਾਲ ਸ੍ਰੀ ਭਗਵਾਨ, ਭਗਵਨ ਦਏ ਵਡਿਆਈਆ । ਮੈਂ ਖ਼ੁਸ਼ੀਆਂ ਗਾਵਾਂ ਗਾਣ, ਢੋਲੇ ਬੇਪਰਵਾਹੀਆ । ਤੂੰ ਮਾਲਕ ਨੌਜਵਾਨ, ਦਾਤਾ ਇਕ ਅਖਵਾਈਆ । ਧੰਨ ਭਾਗ ਮੋਹੇ ਦਿਤਾ ਦਾਨ, ਵਸਤ ਅਨਮੁੱਲ ਵਰਤਾਈਆ । ਹਰਿ ਭਗਤ ਦਵਾਰ ਕਰ ਪ੍ਰਵਾਨ, ਮਿਹਰ ਨਜ਼ਰ ਨਾਲ ਤਕਾਈਆ । ਜਗਤ ਦਾ ਬਣਾ ਨਿਸ਼ਾਨ, ਚਾਰ ਵਰਨ ਸਮਝਾਈਆ । ਸਤਿਜੁਗ ਕਰ ਪ੍ਰਧਾਨ, ਸਤਿ ਸਤਿਵਾਦੀ ਹੋਇਆ ਸਹਾਈਆ । ਮੈਂ ਵੇਖਿਆ ਧੁਰ ਦਾ ਕਾਹਨ, ਰਾਮਾ ਅਗੰਮ ਅਥਾਹੀਆ । ਨੂਰ ਨੁਰਾਨਾ ਮਿਹਰਵਾਨ, ਮਹਿਬੂਬ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੋਹ ਕਹੇ ਮੈਂ ਦੱਸਾਂ ਨਾਲ ਪਿਆਰ, ਪੰਚਮ ਰੰਗ ਰੰਗਾਈਆ । ਮੇਰਾ ਲੇਖਾ ਲਹਿਣਾ ਨਾਲ ਸੱਚੀ ਸਰਕਾਰ, ਜੋ ਸ਼ਹਿਨਸ਼ਾਹ ਧੁਰਦਰਗਾਹੀਆ । ਜੋ ਨਿਤ ਲਏ ਅਵਤਾਰ, ਨਵਿਤ ਆਪਣਾ ਫੇਰਾ ਪਾਈਆ । ਸਤਿਜੁਗ ਤਰੇਤਾ ਦੁਆਪਰ ਕਰ ਪਾਰ, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਚਰਨ ਛੁਹਾ ਦਿੱਲੀ ਦਰਬਾਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਖ਼ੁਸ਼ੀਆਂ ਵਿਚ ਜਾਵਾਂ ਬਲਿਹਾਰ, ਨਿਵ ਨਿਵ ਲਾਗਾਂ ਪਾਈਂਆ । ਜਿਸ ਖੇਲ ਕੀਤੀ ਅਪਾਰ, ਅਪਰੰਪਰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੋਹ ਕਹੇ ਮੈਂ ਪੰਚਮ ਮੀਤਾ, ਸਚ ਦਿਆਂ ਸੁਣਾਈਆ । ਪੁਰਖ ਅਬਿਨਾਸ਼ੀ ਜਗਤ ਜਗ ਦੀ ਬਦਲੇ ਰੀਤਾ, ਰੀਤੀਵਾਨ ਇਕ ਅਖਵਾਈਆ । ਲੇਖਾ ਜਾਣ ਹਸਤ ਕੀਟਾ, ਊਚਾਂ ਨੀਚਾਂ ਭੇਵ ਚੁਕਾਈਆ । ਖੇਲ ਕਰੇ ਅਨਡੀਠਾ, ਅਨਡਿਠੜੀ ਕਾਰ ਕਮਾਈਆ , ਜਿਸ ਦਾ ਭਾਣਾ ਲੱਗੇ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੋਹ ਕਹੇ ਮੈਂ ਖ਼ੁਸ਼ੀਆਂ ਗਾਵਾਂ ਛੰਦ, ਢੋਲੇ ਰਾਗ ਦ੍ਰਿੜਾਈਆ । ਮੇਰੇ ਅੰਤਰ ਆਇਆ ਅਨੰਦ, ਅਨੰਦ ਵਿਚ ਸਮਾਈਆ । ਮੇਰਾ ਸਾਹਿਬ ਸਦਾ ਬਖ਼ਸ਼ੰਦ, ਮਿਹਰਵਾਨ ਬੇਪਰਵਾਹੀਆ । ਜਿਸ ਆਪਣੀ ਧਾਰ ਦੀ ਧਾਰ ਬਦਲ ਦਿਤਾ ਪਲੰਘ, ਦਿਸ਼ਾ ਦਿਸ਼ਾ ਨਾਲ ਵਟਾਈਆ । ਲਹਿੰਦਿਉਂ ਚੜ੍ਹਦੇ ਜਾਏ ਲੰਘ, ਆਪਣਾ ਪੰਧ ਮੁਕਾਈਆ । ਜਗਤ ਜਹਾਨ ਦੀ ਵੇਖੇ ਕੰਧ, ਚਾਰ ਦੀਵਾਰੀ ਖੋਜ ਖੁਜਾਈਆ । ਨਿਗਾਹ ਮਾਰੇ ਵਿਚ ਵਰਭੰਡ, ਬ੍ਰਹਿਮੰਡ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਪਲੰਘ ਕਹੇ ਮੇਰਾ ਬਦਲ ਗਿਆ ਪਾਸਾ, ਪਾਸਾ ਦੀਨ ਦੁਨੀ ਉਲਟਾਈਆ । ਮੈਨੂੰ ਖ਼ੁਸ਼ੀਆਂ ਵਿਚ ਆਵੇ ਹਾਸਾ, ਹੱਸ ਹੱਸ ਦਿਆਂ ਵਖਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਜਗਤ ਧਾਰ ਪੈਣੀ ਰਾਸਾ, ਮੰਡਲ ਮੰਡਪ ਕਰੇ ਰੁਸ਼ਨਾਈਆ । ਸੰਬਲ ਕਰ ਕੇ ਵਾਸਾ, ਖੇਲ ਖੇਲੇ ਧੁਰਦਰਗਾਹੀਆ । ਲਹਿਣਾ ਜਾਣੇ ਪ੍ਰਿਥਮੀ ਆਕਾਸ਼ਾ, ਮੰਡਲ ਮੰਡਪਾਂ ਪਰਦਾ ਲਾਹੀਆ । ਮੈਨੂੰ ਦੇਣ ਆਇਆ ਭਰਵਾਸਾ, ਸਿਰ ਮੇਰੇ ਹੱਥ ਰਖਾਈਆ । ਸ਼ੰਕਰ ਹਿਲਾਉਣ

੧੫੧੪
੨੩

੧੫੧੫
੨੩

ਆਇਆ ਉਤੋਂ ਕੈਲਾਸ਼ਾ, ਕਲ ਕਲਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਿੰਘਾਸਣ ਕਹੇ ਮੈਂ ਬਦਲ ਗਿਆ ਲੋਕਮਾਤ, ਮੇਰੀ ਸਮਝ ਕਿਸੇ ਨਾ ਆਈਆ । ਮੇਰਾ ਲਹਿਣਾ ਦੇਣਾ ਬਾਤਨ ਬਾਤ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਮੈਨੂੰ ਮਾਣ ਵਡਿਆਈ ਮਿਲੀ ਪੰਚਮ ਪੋਹ ਦੀ ਰਾਤ, ਸੰਮਤ ਸ਼ਹਿਨਸ਼ਾਹੀ ਨੌ ਨਾਲ ਮਿਲਾਈਆ । ਮੈਂ ਲੇਖੇ ਵੇਖਣੇ ਜ਼ਾਤ ਪਾਤ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਮੈਂ ਹਲੂਣਾ ਦੇਣਾ ਕਾਇਨਾਤ, ਨਵ ਸੱਤ ਦਿਆਂ ਹਿਲਾਈਆ । ਮੈਂ ਦੱਖਣ ਪਹਾੜ ਮਾਰਨੀ ਝਾਤ, ਲਹਿੰਦਾ ਚੜ੍ਹਦਾ ਅੱਖ ਉਠਾਈਆ । ਸ਼ਬਦ ਸੰਦੇਸ਼ਾ ਦੇਣਾ ਪਾਤ, ਬਿਨ ਪਤ੍ਰਕਾ ਦੇਣਾ ਸਮਝਾਈਆ । ਕਲਜੁਗ ਕੂੜਾ ਟੁਟਣਾ ਨਾਤ, ਸਾਜਣ ਰਹਿਣ ਕੋਇ ਨਾ ਪਾਈਆ । ਮੇਰਾ ਲੇਖਾ ਵੇਖਣਾ ਲੋਕਮਾਤ, ਪ੍ਰਲੋਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪਲੰਘ ਕਹੇ ਮੈਂ ਦੱਸਾਂ ਖ਼ੁਸ਼ੀਆਂ ਵਾਲਾ ਖੇਲ, ਖ਼ੁਸ਼ਖ਼ਬਰੀ ਦਿਆਂ ਜਣਾਈਆ । ਜਿਸ ਵੇਲੇ ਗੋਬਿੰਦ ਆਪੇ ਗੁਰੂ ਬਣਿਆ ਆਪੇ ਚੇਲ, ਆਪ ਆਪਣਾ ਰੂਪ ਬਦਲਾਈਆ । ਜੋਤ ਧਾਰ ਸ਼ਬਦੀ ਹੋਇਆ ਮੇਲ, ਮੇਲ ਮਿਲਾਵਾ ਹੋਇਆ ਚਾਈਂ ਚਾਈਂਆ । ਸੁਹੰਜਣਾ ਧਾਮ ਸੁਹਾ ਨਿਵੇਲ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਿੰਘਾਸਣ ਕਹੇ ਗੋਬਿੰਦ ਮੈਨੂੰ ਬਦਲ ਕੇ ਖੇਲ ਕੀਤੀ ਨਵੀਂ, ਨੌ ਖੰਡ ਧਿਆਨ ਲਗਾਈਆ । ਕੋਲ ਸੱਦ ਬਵੰਜਾ ਕਵੀ, ਸੰਦੇਸ਼ਾ ਦਿਤਾ ਸੁਣਾਈਆ । ਪ੍ਰੇਮੀਓ ਮੈਨੂੰ ਭੇਵ ਗਾ ਕੇ ਦੱਸੋ ਕੁਛ ਅਵਤਾਰ ਚਵ੍ਹੀ, ਚਵਗੁਣ ਧਿਆਨ ਲਗਾਈਆ । ਅੱਖਰਾਂ ਵਾਲੀ ਅੱਖਰਾਂ ਨਾਲ ਪਾਵੋ ਸਹੀ, ਸਹਿਜ ਸਹਿਜ ਸਹਿਜ ਸੁਣਾਈਆ । ਨਾਲੇ ਭੇਵ ਖੋਲੋ ਕਿਉਂ ਸਤਿਗੁਰ ਅਰਜਨ ਬੈਠਾ ਉਤੇ ਤਤੀ ਤਵੀ, ਤਤਾਂ ਤਤ ਜਲਾਈਆ । ਮਿਹਰਵਾਨ ਦੀ ਤੁਕ ਅਗੰਮੀ ਕਿਸੇ ਨਾ ਗਵੀ, ਗਾਇਨ ਕਰ ਨਾ ਕੋਇ ਸੁਣਾਈਆ । ਫੇਰ ਗੋਬਿੰਦ ਨੇ ਅੱਖਰ ਹਿੰਦਸਾ ਲਿਖ ਕੇ ਢਈ, ਢਈਆ ਦਿਤਾ ਵਖਾਈਆ । ਇਸ ਦੇ ਵਾਸਤੇ ਕੁਛ ਦੇਣਾ ਕਹੀ, ਕਹਿ ਕੇ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਖੇਲ ਬਣਾਈਆ । ਸਿੰਘਾਸਣ ਕਹੇ ਗੋਬਿੰਦ ਨੇ ਕੀਤਾ ਇਸ਼ਾਰਾ ਬਵੰਜਾ, ਬਾਵਨ ਧਾਰ ਸਮਝਾਈਆ । ਨਾਲੇ ਸੱਜੇ ਹੱਥ ਦਾ ਵਖਾ ਕੇ ਪੰਜਾ, ਪੰਜਾ ਇਕੋ ਮੁੱਠ ਬਣਾਈਆ । ਫੇਰ ਹਲੂਣ ਕੇ ਆਪਣਾ ਮੰਜਾ, ਹੁਲਾਰਾ ਦਿਤਾ ਲਗਾਈਆ । ਫੇਰ ਵਕਤ ਸੁਹੰਜਣਾ ਤੱਕ ਕੇ ਚੰਗਾ, ਚੰਗੀ ਤਰਾ ਜਣਾਈਆ । ਇਸ਼ਾਰਾ ਦਿਤਾ ਸ਼ਿਵ ਜੀ ਆਪਣੀ ਧਾਰ ਲੈ ਕੇ ਆ ਜਾ ਗੰਗਾ, ਗੰਗੋਤਰੀ ਨਾਲ ਮਿਲਾਈਆ । ਤੇਰੀ ਜਟਾ ਜੂਟ ਦੀ ਖੇਲ ਵੇਖਾਂ ਨਿਸ਼ੰਗਾ, ਨਿਸ਼ਾਨ ਧੁਰ ਦਾ ਨਾਲ ਮਿਲਾਈਆ । ਫੇਰ ਮੁਖੋਂ ਕਿਹਾ ਬਵੰਜਾ ਤੁਸੀਂ ਗਾਵੋ ਛੰਦਾ, ਇਕੋ ਰਾਗ ਸੁਣਾਈਆ । ਪੁਰਖ ਅਕਾਲ ਦੀ ਵਡਿਆਈ ਕਰਨੀ ਨਾਲ ਬੱਤੀ ਦੰਦਾ, ਦੂਸਰ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੋਬਿੰਦ ਕਿਹਾ ਬਵੰਜਾ ਕਵੀ ਮੇਰੇ ਲਿਖਾਰੀ, ਲਿਖਣਹਾਰ ਵਡਿਆਈਆ । ਫੜ ਕਲਮਾਂ ਸਾਰੇ ਕਰੋ ਤਿਆਰੀ, ਪ੍ਰੇਮ ਨਾਲ ਸਮਝਾਈਆ । ਤੁਸੀਂ ਲੇਖਾ ਲਿਖੋ ਓਸ ਦਾ ਜਿਹੜਾ ਨਿਹਕਲੰਕ ਅਵਤਾਰੀ, ਅਵਤਰ ਬੇਪਰਵਾਹੀਆ । ਜੋ ਕਲ ਕਲਕੀ ਹੋਵੇ ਭੇਵ ਪਾਏ ਨਾ ਕੋਇ ਨਰ ਨਾਰੀ, ਨਰ ਹਰਿ ਆਪਣੀ ਖੇਲ ਖਿਲਾਈਆ । ਅਮਾਮ ਅਮਾਮਾਂ ਬਣ ਸਿਕਦਾਰੀ, ਹੁਕਮ ਧੁਰ ਦਾ ਇਕ ਸੁਣਾਈਆ । ਤੁਸੀਂ

ਅਕਲ ਬੁਧੀ ਵਿਚ ਓਸ ਦੀ ਮਹਿਮਾ ਲਿਖੋ ਨਾਲ ਪਿਆਰੀ, ਪ੍ਰੇਮ ਨਾਲ ਸੁਣਾਈਆ । ਨਾਲੇ ਦੋ ਹੱਥਾਂ ਦੀ ਮਾਰ ਕੇ ਤਾੜੀ, ਤੜੀ ਨਾਲ ਜਣਾਈਆ । ਆਪਣੀ ਆਸ਼ਾ ਤੱਕੋ ਨਾੜੀ, ਅੰਤਰ ਅੰਤਰ ਧਿਆਨ ਲਗਾਈਆ । ਭੇਵ ਖੋਲੋ ਜੋਤ ਨਿਰੰਕਾਰੀ, ਜੋ ਨਿਰਵੈਰ ਇਕ ਅਖਵਾਈਆ । ਜੋ ਸਭ ਦਾ ਪਰਵਰਦਿਗਾਰੀ, ਪਾਰਬ੍ਰਹਮ ਧੁਰਦਰਗਾਹੀਆ । ਉਸ ਦਾ ਇਕੋ ਨਾਮ ਲਿਖੋ ਲਿਖੋ ਨਾਲ ਹੁਸ਼ਿਆਰੀ, ਹੋਸ਼ ਆਪਣੀ ਆਪ ਬਣਾਈਆ । ਜਿਸ ਦੇ ਵਿਚ ਚਾਰ ਜੁਗ ਦੀ ਵਿਦਿਆ ਆ ਜਾਏ ਸਾਰੀ, ਲੇਖਾ ਅਵਰ ਰਹੇ ਨਾ ਰਾਈਆ । ਉਹਦਾ ਭੇਵ ਦੱਸੋ ਵਸੇ ਕਿਹੜੀ ਦਵਾਰੀ, ਆਸਣ ਕਵਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਬਵੰਜਾ ਕਵੀਆਂ ਕਲਮਾਂ ਹੱਥ ਫੜੀਆਂ, ਦਸਤ ਦਸਤ ਉਠਾਈਆ । ਮਨ ਦੀਆਂ ਆਸ਼ਾ ਬੁਧੀ ਦੇ ਵਿਚ ਵੜੀਆਂ, ਭੱਜੀਆਂ ਵਾਹੋ ਦਾਹੀਆ । ਮੰਜ਼ਲ ਮੰਜ਼ਲ ਦੀ ਪੌੜੀ ਚੜ੍ਹੀਆਂ, ਅਕਲ ਦਾ ਪੰਧ ਮੁਕਾਈਆ । ਨਵਾਂ ਦਵਾਰਿਆਂ ਦੇ ਕੰਢੇ ਖੜੀਆਂ, ਵੇਖਣ ਨੈਣ ਉਠਾਈਆ । ਅਗੇ ਕਵਿਤਾ ਲਿਖੀਆਂ ਬੜੀਆਂ, ਸਿਫ਼ਤਾਂ ਵਿਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਕਲਮਾਂ ਕਹਿਣ ਸੁਣੋ ਕਵੀ ਬਵੰਜਾ ਧਾਰ, ਧਰਮੀਓ ਦਿਆਂ ਸੁਣਾਈਆ । ਤੁਸੀਂ ਕਾਤਬ ਬੜੇ ਲਿਖਾਰ, ਲਿਖਣਹਾਰ ਇਕ ਅਖਵਾਈਆ । ਤੁਸੀਂ ਬੈਠੇ ਗੋਬਿੰਦ ਦੇ ਦਰਬਾਰ, ਸਚਖੰਡ ਡੇਰਾ ਲਾਈਆ । ਉਹ ਯੋਧਾ ਬੜਾ ਬਲਕਾਰ, ਸੂਰਬੀਰ ਇਕ ਅਖਵਾਈਆ । ਤੁਹਾਡਾ ਤੋੜਨ ਲੱਗਾ ਹੰਕਾਰ, ਬਿਧ ਆਪਣੀ ਆਪ ਬਣਾਈਆ । ਤੁਹਾਨੂੰ ਪਤਾ ਨਹੀਂ ਓਹ ਕੌਣ ਕਲ ਕਲਕੀ ਅਵਤਾਰ, ਕੀ ਆਪਣੀ ਕਲ ਵਰਤਾਈਆ । ਜੋ ਰੂਪ ਰੰਗ ਰੇਖ ਤੋਂ ਬਾਹਰ, ਜਿਸ ਨੂੰ ਵੇਖਣ ਕੋਇ ਨਾ ਪਾਈਆ । ਉਹ ਨੂਰ ਨੁਰਾਨਾ ਜੋਤ ਉਜਿਆਰ, ਸ਼ਾਹ ਸੁਲਤਾਨਾ ਧੁਰਦਰਗਾਹੀਆ । ਉਸ ਦੀ ਪਾਵੇ ਕੋਇ ਨਾ ਸਾਰ, ਭੇਵ ਅਭੇਦ ਨਾ ਕੋਇ ਖੁਲਾਈਆ । ਤੁਸੀਂ ਕੀ ਲਿਖੋ ਉਸ ਦਾ ਵਿਸਥਾਰ, ਕਿਸ ਬਿਧ ਦਿਓ ਜਣਾਈਆ । ਤੁਹਾਡੀ ਬੁੱਧੀ ਤੁਹਾਡੀ ਆਸ਼ਾ ਲਿਖਣਹਾਰ, ਅਨੁਭਵ ਭੇਵ ਨਾ ਕੋਇ ਖੁਲਾਈਆ । ਨਾਲੇ ਰੋ ਕੇ ਕੀਤੀ ਪੁਕਾਰ, ਕਲਮਾ ਰਹੀਆਂ ਸੁਣਾਈਆ । ਬਾਵਨ ਦਾ ਲਹਿਣਾ ਲਓ ਵਿਚਾਰ, ਵਿਚਰ ਕੇ ਦਿਆਂ ਦ੍ਰਿੜਾਈਆ । ਬਾਵਨ ਅੱਖਰੀ ਪਾਓ ਸਾਰ, ਅੱਖਰ ਅੱਖਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਫੇਰ ਕਹੇ ਮੇਰੇ ਕਵੀ ਉਹ ਲਿਖੋ ਨਿਰਾਲਾ ਅੱਖਰ, ਕਲਮ ਸ਼ਾਹੀ ਨਾਲ ਰਲਾਈਆ । ਸਭ ਦੇ ਹੰਝੂ ਡਿੱਗੇ ਅੱਥਰ, ਨੈਣਾਂ ਨੀਰ ਵਹਾਈਆ । ਸਾਡੇ ਹਿਰਦੇ ਹੋ ਗਏ ਪੱਥਰ, ਸਮਝ ਕਿਛ ਨਾ ਆਈਆ । ਗੋਬਿੰਦ ਨੇ ਕਿਹਾ ਜੇ ਤੁਸੀਂ ਨਹੀਂ ਲਿਖਦੇ ਮੈਂ ਅੰਤਮ ਲੱਥਾਂਗਾ ਉਸ ਦੇ ਸਥਰ, ਯਾਰੜਾ ਸੇਜ ਹੰਢਾਈਆ । ਵਸੇਰਾ ਫੇਰ ਹੋਏ ਨਾ ਵੱਖਰ, ਇਕੋ ਘਰ ਬਣਾਈਆ । ਇਹ ਮੇਰਾ ਅਖ਼ੀਰੀ ਸੰਦੇਸ਼ਾ ਤੇ ਹੁਕਮ ਵਾਲਾ ਪੱਤਰ, ਪਤ੍ਰਕਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਉਹ ਤੀਜੀ ਵੇਰ ਲਿਖਾਰੀਓ ਲਿਖ ਦਿਓ ਲੇਖ, ਬਵੰਜਾ ਆਪਣੀ ਖ਼ੁਸ਼ੀ ਬਣਾਈਆ । ਲੇਖਾ ਦੱਸੋ ਉਹ ਕਿਹੜਾ ਧਰੇ ਭੇਸ, ਏਸੇ ਉਤੇ ਖ਼ੁਸ਼ੀ ਬਣਾਈਆ । ਕਿਸ ਬਿਧ ਕਲਜੁਗ ਬਦਲੇ ਰੇਖ, ਰਿਖੀਆਂ ਮੁਨੀਆਂ ਵੇਖ ਵਖਾਈਆ । ਜੇ ਤੁਸੀਂ ਮੇਰੇ ਕਵੀ ਤੇ ਤੁਸੀਂ ਦੱਸੋ ਕਿਸ ਤਰਾ ਸੰਗ ਹੋਵੇਗਾ ਦਸ ਦਸਮੇਸ਼, ਆਪਣਾ ਸਾਥ ਬਣਾਈਆ । ਕਿਸ ਬਿਧ ਇਕੱਠਾ ਰਹੇ ਹਮੇਸ਼, ਹਮ ਸਾਜਣ

ਰੂਪ ਬਣਾਈਆ । ਕਲਜੁਗ ਕੂੜ ਮੇਟੇ ਕਲੇਸ਼, ਕਲ ਕਲਕੀ ਵੇਸ ਵਟਾਈਆ । ਨਾਲੇ ਲੇਖਾ ਦੱਸੋ ਸੰਬਲ ਦੇਸ, ਕੀ ਉਸ ਦੀ ਗਣਤ ਗਣਾਈਆ । ਕਿਸ ਬਿਧ ਲਹਿਣਾ ਦੇਣਾ ਚੁਕਾਏ ਮੁੱਲਾ ਸ਼ੇਖ਼, ਸਦੀ ਚੌਧਵੀਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਝਟ ਬਵੰਜਾ ਕਵੀਆਂ ਅੱਖਾਂ ਮੀਟੀਆਂ, ਅੰਤਰ ਧਿਆਨ ਲਗਾਈਆ । ਗਿਣਨ ਲੱਗੇ ਗੀਟੀਆਂ, ਮਨ ਮਨਸਾ ਨਾਲ ਵਡਿਆਈਆ । ਤੱਕਣ ਲੱਗੇ ਹਸਤ ਕੀਟੀਆ, ਕੀਟ ਕੀਟਾਂ ਖੋਜ ਖੁਜਾਈਆ । ਬੋਲਣ ਲੱਗੇ ਪਿਆਰ ਦੀ ਗੀਤੀਆਂ, ਬਿਨ ਰਸਨਾ ਜਿਹਵਾ ਹਿਲਾਈਆ । ਅੰਦਰੋਂ ਸਮਝ ਨਾ ਆਵੇ ਕੀ ਉਸ ਦੀਆਂ ਹੋਵਣ ਕੀਤੀਆਂ, ਕੀ ਆਪਣੀ ਕਲ ਵਰਤਾਈਆ । ਪਿਆਰ ਵਿਚ ਵੱਟਣ ਕਚੀਚੀਆਂ, ਗ਼ੁੱਸਾ ਨੇੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਖੇਲ ਆਪ ਖਿਲਾਈਆ । ਬਵੰਜਾ ਕਵੀ ਇਕ ਦੂਜੇ ਨੂੰ ਕਰਨ ਇਸ਼ਾਰੇ, ਅੱਖ ਵਿੰਗੀ ਟੇਢੀ ਕਰਾਈਆ । ਕਿਸ ਬਿਧ ਪ੍ਰਗਟ ਹੋਵੇ ਨਿਹਕਲੰਕ ਅਵਤਾਰੇ, ਆਪਣਾ ਵੇਸ ਵਟਾਈਆ । ਕੀ ਸ਼ਬਦ ਦੇਵੇ ਹੁਲਾਰੇ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਸਾਰੇ ਉਤੋਂ ਸਿਰ ਰਹੇ ਮਾਰੇ, ਸੱਜੇ ਖੱਬੇ ਹਿਲਾਈਆ । ਬਿਨਾ ਗੋਬਿੰਦ ਤੋਂ ਉਸ ਦੀ ਪਾਏ ਕੋਈ ਨਾ ਸਾਰੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਸਾਡੀ ਕਲਮ ਸਾਨੂੰ ਕਹਿ ਕਹਿ ਪੁਕਾਰੇ, ਕੂਕ ਕੂਕ ਸੁਣਾਈਆ । ਤੁਸੀਂ ਇਕੋ ਵਾਰ ਕਹਿ ਦਿਓ ਗੋਬਿੰਦ ਤੇਰਾ ਅੰਤ ਨਾ ਪਾਰਾਵਾਰੇ, ਬੇਅੰਤ ਤੇਰੀ (ਵਡਿਆਈਆ) । ਜਿਉਂ ਭਾਵੇ ਤਿਉਂ ਸਾਨੂੰ ਲਾਉਣਾ ਕਿਨਾਰੇ, ਆਪਣੀ ਦਇਆ ਕਮਾਈਆ । ਅਸੀਂ ਲਿਖਣ ਤੋਂ ਲੇਖ ਤੇਰੇ ਚਰਨਾਂ ਵਿਚ ਹਾਰੇ, ਹਿਰਦਿਉਂ ਦਈਏ ਸੁਣਾਈਆ । ਗੋਬਿੰਦ ਨੇ ਫੇਰ ਦਿਤੇ ਇਸ਼ਾਰੇ, ਪੰਜਾ ਆਪਣਾ ਆਪ ਉਠਾਈਆ । ਨਾਲੇ ਸੀਨੇ ਤੋਂ ਬਸਤਰ ਫਾੜੇ, ਜੋਸ਼ ਨਾਲ ਲਈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਬਵੰਜਾ ਕਵੀ ਉਠ ਕੇ ਕਰਨ ਅਰਦਾਸ, ਨਿਵ ਨਿਵ ਸੀਸ ਝੁਕਾਈਆ । ਸਾਡੀ ਬੇਨੰਤੀ ਸਤਿਗੁਰ ਤੇਰੇ ਪਾਸ, ਚਰਨ ਕਵਲ ਸਰਨਾਈਆ । ਸਾਨੂੰ ਭੇਵ ਖੋਲ ਦੇ ਖ਼ਾਸ, ਖ਼ਾਲਸ ਮੰਗ ਮੰਗਾਈਆ । ਕਵਣ ਦਵਾਰੇ ਕਲਕੀ ਕਰੇ ਨਿਵਾਸ, ਪਰਦਾ ਦੇ ਚੁਕਾਈਆ । ਕਿਸ ਬਿਧ ਨੂਰ ਹੋਵੇ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਮੇਰੇ ਕਵੀ ਬਵੰਜਾ ਪਿਆਰੇ, ਪਿਆਰਿਓ ਦਿਆਂ ਜਣਾਈਆ । ਉਹਦੇ ਖੇਲ ਜਗਤ ਤੋਂ ਨਿਆਰੇ, ਨਿਰਾਕਾਰ ਨਿਰੰਕਾਰ ਆਪ ਕਰਾਈਆ । ਉਹ ਪ੍ਰਗਟ ਹੋਵੇ ਵਿਚ ਸੰਸਾਰੇ, ਸੰਬਲ ਆਪਣਾ ਆਸਣ ਲਾਈਆ । ਉਹਦੇ ਲੇਖੇ ਲਹਿਣੇ ਚਾਰ ਜੁਗ ਤੋਂ ਬਾਹਰੇ, ਚਾਰ ਜੁਗ ਦੇ ਸ਼ਾਸਤਰਾਂ ਤੋਂ ਬਾਹਰ ਪੜ੍ਹਾਈਆ । ਉਹ ਵੇਖੇ ਵਿਗਸੇ ਸਭ ਦੀ ਪਾਵੇ ਸਾਰੇ, ਜ਼ਿਮੀਂ ਅਸਮਾਨ ਦੋ ਜਹਾਨ ਵੇਖ ਵਖਾਈਆ । ਉਸ ਦਾ ਲੇਖਾ ਲਿਖਣ ਤੋਂ ਬਾਹਰੇ, ਬਾਹਿਰਹਾਲ ਸੁਣਨ ਕੋਇ ਨਾ ਪਾਈਆ । ਜੋ ਭੇਵ ਅਭੇਦਾ ਖੋਲੇ ਅਗੰਮ ਅਪਾਰੇ, ਬੋਧ ਅਗਾਧ ਦ੍ਰਿੜਾਈਆ । ਉਸ ਦੇ ਹੁਕਮ ਵਰਤਣੇ ਸਾਰੇ, ਨਾ ਕੋਈ ਮੇਟੇ ਮੇਟ ਮਿਟਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੇ ਸਹਾਰੇ, ਸਹਾਇਕ ਨਾਇਕ ਇਕ ਅਖਵਾਈਆ । ਉਸ ਨੂੰ ਡੰਡਾਵਤ ਬੰਦਨਾ ਸਜਦੇ ਕਰਨ ਨਿਮਸਕਾਰੇ, ਨਿਵ ਨਿਵ ਸੀਸ ਨਿਵਾਈਆ । ਉਹ ਪ੍ਰਗਟ ਹੋਵੇ ਆਪਣੀ ਧਾਰੇ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸੰਬਲ ਵਸ ਆਪਣੇ ਚੁਬਾਰੇ, ਸਾਢੇ ਤਿੰਨ ਹੱਥ ਦਏ

ਵਡਿਆਈਆ । ਮੇਰਾ ਖੇਲ ਹੋਵੇ ਅਪਾਰੇ, ਤਨ ਵਜੂਦਾਂ ਨਾਲ ਸੁਹਾਈਆ । ਸ਼ਬਦ ਗੁਰੂ ਬਣ ਮਾਰਾਂ ਲਲਕਾਰੇ, ਦੋ ਜਹਾਨ ਸੁਣਾਈਆ । ਜੋ ਪੰਜੇ ਦਿਤੇ ਇਸ਼ਾਰੇ, ਪੰਜਾਂ ਫੇਰ ਲਵਾਂ ਉਠਾਈਆ । ਉਹ ਮੇਰੇ ਪੰਜ ਬਣਨਗੇ ਲਿਖਾਰੇ, ਪੰਜੇ ਉਂਗਲਾਂ ਪੰਜਾਂ ਕਲਮਾਂ ਨਾਲ ਵਡਿਆਈਆ । ਬਵੰਜਾ ਕਵੀਓ ਇਹ ਮੇਰੀ ਕਿਰਪਾ ਉਹ ਸੋਹਣਗੇ ਪੁਰਖ ਅਕਾਲ ਦੇ ਚਰਨ ਦਵਾਰੇ, ਦੂਸਰੀ ਓਟ ਨਾ ਕੋਇ ਰਖਾਈਆ । ਕੁਛ ਵਿਆਹੇ ਤੇ ਕੁਛ ਹੋਣਗੇ ਕਵਾਰੇ, ਗੋਬਿੰਦ ਨੇ ਲੇਖਾ ਦਿਤਾ ਸੁਣਾਈਆ । ਮੈਂ ਆਵਾਂਗਾ ਫੇਰ ਜ਼ਰੂਰ ਦੁਬਾਰੇ, ਦੋਹਰੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਿਹਾ ਕਵੀਓ ਇਹ ਹੋਣੇ ਭਗਤ ਲਿਖਾਰ, ਲੇਖਾ ਪੁਰਖ ਅਕਾਲ ਲਿਖਾਈਆ । ਜਿਸ ਦਾ ਸਤਿ ਸਚ ਹੋਵੇ ਦਰਬਾਰ, ਦਰ ਦਵਾਰਾ ਇਕ ਵਡਿਆਈਆ । ਉਹਦਾ ਲੇਖਾ ਦੀਨ ਦੁਨੀ ਤੋਂ ਹੋਵੇ ਬਾਹਰ, ਮਜ਼੍ਹਬਾਂ ਰੰਗ ਨਾ ਕੋਇ ਰੰਗਾਈਆ । ਇਕੋ ਨਾਮ ਕਲਮਾ ਸ਼ਬਦ ਹੋਵੇ ਜੈਕਾਰ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਮਹੱਲ ਅਟੱਲ ਹੋਵੇ ਮੁਨਾਰ, ਆਸਣ ਸਿੰਘਾਸਣ ਇਕ ਵਖਾਈਆ । ਇਕੋ ਲੇਖ ਹੋਵੇ ਦਾਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਇਕੋ ਵੇਖਣਹਾਰ ਹੋਏ ਕਰਤਾਰ, ਕੁਦਰਤ ਦਾ ਕਾਦਰ ਧੁਰਦਰਗਾਹੀਆ । ਉਸ ਦਿਵਸ ਸੁਹਾਉਣਾ ਸੀ ਪੰਜ ਪੋਹ ਵਿਚ ਸੰਸਾਰ, ਸੋਹਣੀ ਖ਼ਿਲਤ ਖਿਲਾਈਆ । ਕਵੀਓ ਮੇਰਾ ਫੇਰ ਲੱਗੇਗਾ ਦਿੱਲੀ ਵਿਚ ਦਰਬਾਰ, ਦਿਲਬਰ ਹੋ ਕੇ ਵੇਖ ਵਖਾਈਆ । ਉਨ੍ਹਾਂ ਪੰਜਾਂ ਦੇ ਗਲ ਵਿਚ ਪਾ ਦੇਵਾਂਗਾ ਆਪਣੀ ਹੱਥੀਂ ਇਕ ਇਕ ਹਾਰ, ਹਿਰਦਿਆਂ ਦੀ ਅੰਦਰੋਂ ਕਰਾਂ ਸਫ਼ਾਈਆ । ਫਿਰ ਜਿਧਰ ਜਾਵਾਂਗਾ ਗੁਰਮੁਖਾਂ ਨੂੰ ਲਾਉਂਦਾ ਜਾਵਾਂਗਾ ਪਾਰ, ਫੜ ਫੜ ਬਾਹੋਂ ਗਲੇ ਲਗਾਈਆ । ਦੀਨ ਦੁਨੀ ਨੂੰ ਦੇਂਦਾ ਜਾਵਾਂਗਾ ਹੁਲਾਰ, ਹਲੂਣਿਆਂ ਨਾਲ ਉਠਾਈਆ । ਗੁਰਸਿੱਖਾਂ ਵਖਾਉਂਦਾ ਜਾਵਾਂਗਾ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਆਪਣਾ ਵੇਸ ਕਰਾਂ ਅਪਾਰ, ਸਮਝ ਸਕੇ ਕੋਇ ਨਾ ਰਾਈਆ । ਅਸ਼ਟਭੁਜ ਦਾ ਕਰਜ਼ਾ ਦਿਆਂ ਉਤਾਰ, ਚੂੜਾ ਲਾਲ ਰੰਗ ਛੁਹਾਈਆ । ਲਕਸ਼ਮੀ ਪਾਰਬਤੀ ਸੁਰਸਤੀ ਦੀ ਇਛਿਆ ਪੂਰੀ ਕਰਾਂ ਵਿਚ ਸੰਸਾਰ, ਆਪ ਆਪਣਾ ਵੇਸ ਵਟਾਈਆ । ਅਲਫ਼ੀ ਪਾ ਕੇ ਦਰਵੇਸ਼ ਹੋਵਾਂ ਹੋਵਾਂ ਪਰਵਰਦਿਗਾਰ, ਸਾਂਝਾ ਯਾਰ ਅਖਵਾਈਆ । ਮੇਰਾ ਵੇਸ ਅਵੱਲੜਾ ਨਾ ਪੁਰਖ ਨਾ ਨਾਰ, ਚੱਕਰ ਚਿਹਨ ਨਜ਼ਰ ਕੋਇ ਨਾ ਆਈਆ । ਜਗਤ ਧਾਰ ਦੀ ਤੇੜ ਪਹਿਨ ਸਲਵਾਰ, ਰੂਪ ਅਨੋਖਾ ਦਿਆਂ ਵਖਾਈਆ । ਫੇਰ ਤੱਕਾਂ ਸ਼ੰਕਰ ਵਾਲੀ ਧਾਰ, ਗੰਗਾ ਸੀਸ ਜਗਦੀਸ਼ ਟਿਕਾਈਆ । ਪਰੀ ਅਰੰਬਾ ਦਿਆਂ ਹੁਲਾਰ, ਸੁੱਤੀ ਆਪ ਹਿਲਾਈਆ । ਚੌਦਾਂ ਲੋਕ ਪਾਵਾਂ ਸਾਰ, ਚੌਦਾਂ ਰਤਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪਲੰਘ ਕਹੇ ਮੈਂ ਆਪਣੇ ਟਿਕਾਣਿਉਂ ਗਿਆ ਬਦਲ, ਬਦਲੀ ਪ੍ਰਭ ਨੇ ਦਿਤੀ ਕਰਾਈਆ । ਜਿਸ ਇਨਸਾਫ਼ ਕਰਨਾ ਅਦਲ, ਅਦਾਲਤ ਇਕ ਲਗਾਈਆ । ਮੇਰੀ ਪੂਰੀ ਕਰੇ ਮਜ਼ਲ, ਮੰਜ਼ਲ ਪੰਧ ਮੁਕਾਈਆ । ਫੇਰ ਸਭ ਨੂੰ ਵਖਾਵੇ ਅਜ਼ਲ, ਜੋ ਕੂਕੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਬਵੰਜਾ ਕਵੀਆਂ ਕਿਹਾ ਗੋਬਿੰਦ ਤੇਰੀ ਅਨਦ੍ਰਿਸ਼ਟੀ, ਦ੍ਰਿਸ਼ਟ ਵਿਚ ਨਾ ਆਈਆ । ਤੂੰ ਲੇਖਾ ਜਾਣੇ ਸਰਬ ਸ੍ਰਿਸ਼ਟੀ, ਸ੍ਰੇਸ਼ਟ ਤੇਰੀ ਵਡਿਆਈਆ । ਤੇਰੀ ਜੋਤ ਧਾਰ ਨਿਰੰਤਰ ਕਿਸੇ ਨਾ ਦਿਸਦੀ, ਵੇਖਣ ਕੋਇ ਨਾ ਪਾਈਆ । ਤੇਰੀ ਓਟ ਅਕਾਲ ਇਕ ਦੀ, ਏਕੰਕਾਰ ਸਹਾਈਆ । ਅਸੀਂ ਧਾਰ

੧੫੧੮ ੨੩

ਬਣੇ ਤੇਰੀ ਸਿੱਖ ਦੀ, ਸਿਖਿਆ ਵਿਚ ਸਮਾਈਆ । ਸਾਡੀ ਕਲਮ ਲੇਖ ਨਹੀਂ ਲਿਖਦੀ, ਕਿਸ ਬਿਧ ਆਵੇ ਧੁਰ ਦਾ ਮਾਹੀਆ । ਇਹ ਕਾਗ਼ਜ਼ ਉਤੇ ਨਹੀਂ ਟਿਕਦੀ, ਸ਼ਾਹੀ ਸੰਗ ਨਾ ਕੋਇ ਰਖਾਈਆ । ਅਗੋਂ ਰੋ ਰੋ ਕੇ ਪਿਟਦੀ, ਪਟਨੇ ਵਾਲਿਆ ਤੈਨੂੰ ਰਹੀ ਸੁਣਾਈਆ । ਮੈਂ ਵਣਜਾਰੀ ਇਕ ਚਿਟ ਦੀ, ਆਪਣੀ ਹੱਥੀਂ ਲਿਖ ਕੇ ਦੇ ਫੜਾਈਆ । ਨਾਲੇ ਸਿਰ ਕਦਮਾਂ ਦੇ ਵਿਚ ਸਿੱਟਦੀ, ਨਿਵ ਨਿਵ ਸੀਸ ਝੁਕਾਈਆ । ਮੈਂ ਵਣਜਾਰੀ ਰਹਿਣਾ ਨਹੀਂ ਪੱਥਰ ਇੱਟ ਦੀ, ਜੰਗਲ ਜੂਹਾਂ ਆਸਣ ਮੂਲ ਨਾ ਲਾਈਆ । ਮੈਂ ਖੇਲ ਤੱਕਣੀ ਨਿਤ ਨਿਤ ਦੀ, ਨਵਿਤ ਆਪਣਾ ਨੈਣ ਉਠਾਈਆ । ਮੈਂ ਸੇਵਾ ਜ਼ਰੂਰ ਕਰਾਂਗੀ ਓਸ ਪਰਮੇਸ਼ਵਰ ਪਿਤ ਦੀ, ਜੋ ਮਾਲਕ ਧੁਰਦਰਗਾਹੀਆ । ਮੈਂ ਵਣਜਾਰਨ ਬਣਾਂਗੀ ਮਨੀ ਸਿੰਘ ਦੇ ਚਿਤ ਦੀ, ਚੇਤਨ ਹੋ ਕੇ ਸੰਗ ਬਣਾਈਆ । ਨਾਲੇ ਗੋਬਿੰਦ ਦੇ ਚਰਨਾਂ ਵਿਚ ਲਿਟਦੀ, ਧੂੜੀ ਖ਼ਾਕ ਰਮਾਈਆ । ਆਪਣੀ ਵਾਰ ਥਿਤ ਆਪੇ ਮਿਥ ਦੀ, ਮਿਥਿਆ ਸਮਝ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਕਲਮ ਕਹੇ ਮੈਂ ਮਨੀ ਸਿੰਘ ਨੂੰ ਆਖਿਆ, ਬਿਨ ਰਸਨਾ ਬੋਲ ਜਣਾਈਆ । ਮੇਰੀ ਸੇਵਾ ਲਾਈ ਪੁਰਖ ਅਬਿਨਾਸ਼ਿਆ, ਹੁਕਮ ਦਿਤਾ ਦ੍ਰਿੜਾਈਆ । ਜੋ ਖੇਲ ਕਰੇ ਸਾਖਿਆਤ ਸਾਖਿਆ, ਸਖ਼ਾ ਸੁਹੇਲਾ ਧੁਰਦਰਗਾਹੀਆ । ਨਾਲੇ ਖ਼ੁਸ਼ੀਆਂ ਵਿਚ ਨਿਕਲਿਆ ਹਾਸਿਆ, ਹੱਸ ਕੇ ਦਿਤਾ ਵਖਾਈਆ । ਓਸ ਦੇ ਮੰਡਲ ਦੀ ਤੱਕ ਲੈ ਰਾਸਿਆ, ਜੋ ਬਿਨ ਗੋਪੀ ਕਾਹਨ ਨਾਚ ਨਚਾਈਆ । ਜਿਸ ਦਾ ਤੇਰੇ ਅੰਦਰ ਪਿਆਰ ਦਾ ਵਾਸਿਆ, ਵਸਲ ਦੇਵੇ ਯਾਰ ਖ਼ੁਦਾਈਆ । ਜਿਸ ਦਾ ਪਿਆਰ ਕਿਸੇ ਨਹੀਂ ਨਾਪਿਆ, ਪੈਮਾਨਿਆਂ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਮਨੀ ਸਿੰਘ ਕਹੇ ਮੈਂ ਕੀ ਦੱਸਾਂ ਮੇਰੇ ਅੰਦਰ ਵੱਜੀਆਂ ਹੁੱਜਾਂ, ਹਲੂਣਿਆਂ ਨਾਲ ਜਣਾਈਆ । ਭੇਵ ਦੱਸ ਕੇ ਗੁੱਝਾ, ਮੇਰਾ ਪਰਦਾ ਦਿਤਾ ਉਠਾਈਆ । ਆਪਣੇ ਆਉਣ ਦਾ ਸਮਝਾ ਕੇ ਮੁੱਦਾ, ਮੁੱਦਤ ਦੇ ਵਿਛੜਿਆਂ ਲਿਆ ਮਿਲਾਈਆ । ਮੇਰੇ ਅੰਦਰ ਪ੍ਰਕਾਸ਼ ਹੋਇਆ ਉਦਾ, ਜੋਤ ਜੋਤ ਨਾਲ ਮਿਲਾਈਆ । ਮੈਂ ਵੇਖਿਆ ਉਤੇ ਬਸੁਧਾ, ਚਾਰੋਂ ਕੁੰਟ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਮਨੀ ਸਿੰਘ ਕਹੇ ਮੈਨੂੰ ਸਤਿਗੁਰ ਸ਼ਬਦ ਨੇ ਦਿਤਾ ਹੁਲਾਰਾ, ਭੇਵ ਦਿਤਾ ਚੁਕਾਈਆ । ਤੂੰ ਹੋਣਾ ਖ਼ਬਰਦਾਰਾ, ਬੇਖ਼ਬਰਾਂ ਖ਼ਬਰ ਸੁਣਾਈਆ । ਪੁਰਖ ਅਕਾਲ ਤਤਾਂ ਦਾ ਬਣ ਵਣਜਾਰਾ, ਆਪਣਾ ਪਰਦਾ ਬੈਠਾ ਪਾਈਆ । ਤੂੰ ਲਿਖਣਾ ਲੇਖ ਨਿਆਰਾ, ਤੈਨੂੰ ਰਿਹਾ ਸੁਣਾਈਆ । ਤੇਰਾ ਕਲਮ ਦਾ ਕਲਮ ਨਾਲ ਪਿਆਰਾ, ਮੁਹੱਬਤ ਮੁਹੱਬਤ ਵਿਚੋਂ ਪ੍ਰਗਟਾਈਆ । ਤੁਸੀਂ ਉਸ ਨੂੰ ਕਰਨਾ ਜ਼ਾਹਰਾ, ਜੋ ਜ਼ਾਹਰ ਜ਼ਹੂਰ ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪਰਦਾ ਆਪ ਚੁਕਾਈਆ । ਮਨੀ ਸਿੰਘ ਕਹੇ ਮੈਂ ਕੀ ਦੱਸਾਂ ਬਾਤ, ਬਾਤ ਦੀ ਬਤੰਗੜ ਦਿਆਂ ਬਣਾਈਆ । ਮੈਨੂੰ ਫੜ ਕੇ ਹਲੂਣਿਆਂ ਆਪਣੀ ਰਾਤ, ਦੂਜੀ ਰਾਤ ਨਾ ਕੋਇ ਵਖਾਈਆ । ਫੇਰ ਦੱਸ ਕੇ ਆਪਣੀ ਜ਼ਾਤ, ਪਰਦਾ ਦਿਤਾ ਚੁਕਾਈਆ । ਫੇਰ ਦਰਸ਼ਨ ਦੇ ਕੇ ਸਾਖਿਆਤ, ਬਾਲ ਬਾਲਾ ਰੂਪ ਵਟਾਈਆ । ਘਨਕਪੁਰ ਕਹਿ ਕੇ ਮੇਰੀ ਮੁਕਾਈ ਵਾਟ, ਤਤਾਂ ਅੰਦਰ ਨਜ਼ਰੀ ਆਈਆ । ਮੇਰਾ ਨਾ ਦਿਵਸ ਰਿਹਾ ਨਾ ਪ੍ਰਭਾਤ, ਸੰਧਿਆ ਰੂਪ ਨਾ ਕੋਇ ਦਰਸਾਈਆ । ਮੈਂ ਜਿਧਰ ਵੇਖਾਂ ਮੈਨੂੰ ਨਜ਼ਰ ਆਵੇ ਕਲਮ ਤੇ ਦਵਾਤ, ਕਾਗ਼ਜ਼ ਖ਼ਾਲੀ ਸੋਭਾ ਪਾਈਆ । ਜੇ ਸਵਾਂ ਤੇ ਮੇਰਾ ਖੁਲ੍ਹ

੧੫੧੯
੨੩

ਜਾਏ ਕਪਾਟ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਜੇ ਮੈਂ ਚੱਲਾਂ ਤੇ ਮੇਰੀ ਹੋਰ ਅਗੇ ਵੱਧ ਜਾਏ ਵਾਟ, ਪੈਂਡਾ ਮੁਕਣ ਵਿਚ ਨਾ ਆਈਆ । ਜਾਂ ਨਿਗਾਹ ਮਾਰੀ ਤੇ ਮੈਨੂੰ ਪੁਰਖ ਅਕਾਲ ਦਾ ਦਿਸੇ ਹਾਟ, ਸੋਹਣਾ ਸੋਭਾ ਪਾਈਆ । ਜੇ ਗ਼ੌਰ ਨਾਲ ਤੱਕਾਂ ਜੋਤ ਦਾ ਪਰਕਾਸ਼, ਨੂਰ ਨੁਰਾਨਾ ਨੂਰ ਅਲਾਹੀਆ । ਜੇ ਫੇਰ ਵੇਖਾਂ ਤੇ ਗੋਬਿੰਦ ਹੋਵੇ ਸਾਥ, ਸੋਹਣਾ ਰੰਗ ਬਣਾਈਆ । ਪਰ ਮੈਨੂੰ ਸਮਝ ਨਾ ਆਵੇ ਇਹ ਕੀ ਖੇਲ ਤਮਾਸ਼, ਕਵਣ ਰਿਹਾ ਕਰਾਈਆ । ਜੇ ਮੈਂ ਸਵਾਸ ਲਵਾਂ ਅੰਦਰੋਂ ਤੂੰ ਮੇਰਾ ਮੈਂ ਤੇਰਾ ਨਿਕਲੇ ਆਵਾਜ਼, ਅਗੇ ਅਵਰ ਨਾ ਕੁਛ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਮੈਨੂੰ ਸ਼ਬਦ ਨੇ ਦਿਤੀ ਘਨਘੋਰ, ਹਲੂਣ ਹਲੂਣ ਹਿਲਾਈਆ । ਮੈਨੂੰ ਫੜ ਕੇ ਰਾਹੇ ਦਿਤਾ ਤੋਰ, ਤੁਰੀਆ ਦੇ ਨਾਲ ਤੁਰਤ ਦਿਤਾ ਮਿਲਾਈਆ । ਮੇਰੇ ਅੰਤਰ ਫੁਰਨਾ ਫੁਰੇ ਪ੍ਰਕਾਸ਼ ਹੋਵੇ ਅੰਧ ਘੋਰ, ਨੂਰ ਨੁਰਾਨਾ ਡਗਮਗਾਈਆ । ਜਾਂ ਵੇਖਾਂ ਤੇ ਵਸੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਅਨਾਦ ਦਾ ਨਾਦੀ ਵੱਜੇ ਢੋਲ, ਬਿਨ ਢੋਲਕ ਛੈਣੇ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਮੈਂ ਲਿਖ ਲਿਖ ਥੱਕਾ, ਭੇਵ ਕੁਛ ਨਾ ਪਾਈਆ । ਮੈਨੂੰ ਯਾਦ ਰਹੇ ਕੋਈ ਨਾ ਟੱਪਾ, ਨਾ ਅੱਖਰ ਕੋਈ ਸਮਝਾਈਆ । ਮੈਂ ਇਰਾਦਿਉਂ ਹੋ ਗਿਆ ਪੱਕਾ, ਪੱਕੀ ਲਈ ਬਣਾਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਕੁਛ ਅਗਲਾ ਦੱਸ ਦੇ ਪਤਾ, ਪਤਿਪਰਮੇਸ਼ਵਰ ਦਇਆ ਕਮਾਈਆ । ਝਟ ਆਵਾਜ਼ ਆਈ ਖ਼ਬਰ ਸੁਣਾਈ ਯਕਾ, ਵਾਹਿਦ ਦਿਤਾ ਦ੍ਰਿੜਾਈਆ । ਮਨੀ ਸਿੰਘਾ ਤੈਨੂੰ ਜਗਾਵਣ ਦੀ ਦਿਤੀ ਸਤਾ, ਸੁੱਤਿਆਂ ਦੇਣਾ ਉਠਾਈਆ । ਅਗੇ ਹੋਰ ਵੇਖ ਲੈ ਤੈਨੂੰ ਸਮਝਾਵਾਂ ਰਤਾ, ਰਤੀ ਰਤੀ ਵਿਚੋਂ ਦ੍ਰਿੜਾਈਆ । ਓਹ ਤੱਕ ਲੈ ਮੇਰਾ ਪਿਆਰ ਦਾ ਅੱਖਰ ਇਕੋ ਪੱਪਾ, ਪੱਪੇ ਦਾ ਪੂਰਨ ਹੋਵੇ ਬੇਪਰਵਾਹੀਆ । ਜਿਸ ਨੂੰ ਇੱਕੀ ਵਾਰ ਉਂਗਲ ਨਾਲ ਲਿਖ ਗਿਆ ਸੀ ਨਾਨਕ ਤਪਾ, ਤਪੀਸ਼ਰਾਂ ਤੋਂ ਬਾਹਰ ਲਿਖਾਈਆ । ਓਸ ਦਾ ਮੇਰੇ ਨਾਲ ਮਿਲ ਕੇ ਚੱਲਣਾ ਰਥਾ, ਜਗਤ ਜਹਾਨ ਫਿਰੇ ਚਾਈਂ ਚਾਈਂਆ । ਇਹ ਖੇਲ ਕਰੇ ਪੁਰਖ ਸਮਰਥਾ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਨਾਲੇ ਇਸ਼ਾਰਾ ਕੀਤਾ ਮਨੀ ਸਿੰਘ ਖੋਲ ਲੈ ਅੱਖਾਂ, ਬਿਨ ਅੱਖੀਆਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਮਨੀ ਸਿੰਘ ਕਹੇ ਮੈਂ ਖੋਲੀਆਂ ਅੱਖੀਆਂ, ਨੈਣ ਨੈਣ ਵਿਚੋਂ ਬਦਲਾਈਆ । ਜਿਧਰ ਤੱਕਾਂ ਭਗਤ ਪਿਆਰੀਆਂ ਦਿਸਣ ਸਖ਼ੀਆਂ, ਸਾਜਣ ਰੂਪ ਨਜ਼ਰੀ ਆਈਆ । ਕਦੇ ਰੋਂਦੀਆਂ ਤੇ ਕਦੇ ਹੱਸੀਆਂ, ਖ਼ੁਸ਼ੀ ਗ਼ਮੀ ਦੋਵੇਂ ਰੰਗ ਬਣਾਈਆ । ਫੇਰ ਤੱਕਿਆ ਤੇ ਉਨ੍ਹਾਂ ਦੇ ਗਲ ਪ੍ਰੇਮ ਦੀਆਂ ਰੱਸੀਆਂ, ਗੰਢਾਂ ਸਕੇ ਨਾ ਕੋਇ ਖੁਲਾਈਆ । ਜੋ ਪ੍ਰਭੂ ਦੇ ਸਬਰ ਲਬੀਆਂ, ਸੇਜ ਸੁਹੰਜਣੀ ਸੋਭਾ ਪਾਈਆ । ਚਾਰੋਂ ਕੁੰਟ ਫਿਰਨ ਨੱਸੀਆਂ, ਭੱਜਣ ਵਾਹੋ ਦਾਹੀਆ । ਜਿਨ੍ਹਾਂ ਵਡਿਆਈ ਮਿਲੇ ਲੱਖ ਲੱਖੀਆਂ, ਕਰੋੜ ਕਰੋੜੀ ਵੇਖ ਵਖਾਈਆ । ਉਹ ਪੜ੍ਹ ਗਈਆਂ ਇਕੋ ਪੱਟੀਆਂ, ਪਰਮ ਪੁਰਖ ਕੀਤੀ ਪੜ੍ਹਾਈਆ । ਪਵਿਤ੍ਰ ਕਰ ਕੇ ਕਾਇਆ ਮੱਟੀਆਂ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮਨੀ ਸਿੰਘ ਕਹੇ ਮੈਂ ਤੱਕਿਆ ਨਾਲ ਧਿਆਨ, ਨਿਜ ਨੇਤਰ ਧਿਆਨ ਲਗਾਈਆ । ਮੈਨੂੰ ਉਪਜਿਆ ਇਕ ਗਿਆਨ, ਬੁੱਧੀ ਤੋਂ ਪਰੇ ਦਿਤਾ ਸਮਝਾਈਆ ।

ਤੇਰਾ ਲੇਖ ਜਗਤ ਮਹਾਨ, ਲਿਖ ਲਿਖ ਦਿਤਾ ਟਿਕਾਈਆ । ਤੈਨੂੰ ਫੜਨਗੇ ਰਾਜ ਰਾਜਾਨ, ਜੇਲਾਂ ਵਿਚ ਮਿਲੇ ਸਜ਼ਾਈਆ । ਫੇਰ ਮਿਲਾਂਗਾ ਆਣ, ਆਪਣਾ ਪਰਦਾ ਪਾਈਆ । ਤੂੰ ਗਾਉਂਦਾ ਰਹਿਣਾ ਮੇਰਾ ਗਾਣ, ਆਪਣੀ ਖ਼ੁਸ਼ੀ ਬਣਾਈਆ । ਤੇਰਾ ਅੱਖਰ ਅੱਖਰ ਕਰਾਂ ਪ੍ਰਵਾਨ, ਲੇਖੇ ਵਿਚ ਰਖਾਈਆ । ਫੇਰ ਨਵਾਂ ਬਣਾਵਾਂ ਵਿਧਾਨ, ਨਵਿਆਂ ਰੰਗ ਰੰਗਾਈਆ । ਸ੍ਰਿਸ਼ਟੀ ਵਿਚ ਹੋ ਪ੍ਰਧਾਨ, ਆਪਣਾ ਆਪ ਪ੍ਰਗਟਾਈਆ । ਜਿਹੜਾ ਸ਼ਬਦ ਤੈਨੂੰ ਸੰਦੇਸ਼ੇ ਦੇਵੇ ਆਣ, ਚੋਰੀ ਚੋਰੀ ਹੁਕਮ ਸੁਣਾਈਆ । ਓਸ ਨੂੰ ਲੋਕਮਾਤ ਕਰਾਂ ਪ੍ਰਵਾਨ, ਆਪਣੀ ਗੰਢ ਪਵਾਈਆ । ਔਹ ਤੱਕ ਲੈ ਬੀਸਵੀਂ ਸਦੀ ਦਾ ਨਿਸ਼ਾਨ, ਬੀਸ ਬੀਸਾ ਹੋ ਕੇ ਰਿਹਾ ਦ੍ਰਿੜਾਈਆ । ਪੂਰਨ ਵਿਚ ਮੇਰੀ ਪੂਰਨ ਜੋਤ ਜਗੇ ਮਹਾਨ, ਬਿਨਾ ਪੂਰਨ ਤੋਂ ਪੂਰਨ ਨਜ਼ਰ ਕੋਇ ਨਾ ਆਈਆ । ਆਪੇ ਗੋਪੀ ਬਣਾਂਗਾ ਆਪੇ ਬਣਾਂਗਾ ਕਾਹਨ, ਆਪੇ ਸੀਤਾ ਰਾਮ ਰੂਪ ਦਰਸਾਈਆ । ਆਪ ਰਸੂਲ ਬਣਾਂਗਾ ਆਪ ਬਣਾਂ ਅਮਾਮ, ਇਹ ਮੇਰੀ ਬੇਪ੍ਰਵਾਹੀਆ । ਆਪੇ ਮੰਤਰ ਹੋਵਾਂ ਸਤਿਨਾਮ, ਆਪੇ ਸਤਿਗੁਰ ਸ਼ਬਦ ਵਡਿਆਈਆ । ਪਰਦਾ ਲਾਹ ਕੇ ਡੰਕ ਵਜਾਵਾਂ ਜਗਤ ਜਹਾਨ, ਓਹਲਾ ਰਹਿਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮਨੀ ਸਿੰਘ ਕਿਹਾ ਮੇਰੇ ਸਤਿਗੁਰ ਤੂੰ ਬੜਾ ਸ਼ਰਾਰਤੀ, ਮੈਂ ਸ਼ਰਅ ਨਾਲ ਜਣਾਈਆ । ਮੈਂ ਲੇਖ ਲਿਖਣ ਵਾਲਾ ਅਬਾਰਤੀ, ਸਿਫ਼ਤਾਂ ਨਾਲ ਵਡਿਆਈਆ । ਤੂੰ ਜੁਗ ਜੁਗ ਲੋਕਮਾਤ ਬਣੇਂ ਤਜਾਰਤੀ, ਸੌਦੇ ਮਜ਼੍ਹਬਾਂ ਵਾਲੇ ਕਰਾਈਆ । ਤੇਰੀ ਖੇਲ ਪਤਾ ਨਹੀਂ ਪੁਰਖ ਨਾਰ ਦੀ, ਨਰ ਨਰਾਇਣ ਤੇਰੀ ਬੇਪ੍ਰਵਾਹੀਆ । ਮੈਨੂੰ ਇਕੋ ਗੱਲ ਯਾਦ ਓਹ ਗੋਬਿੰਦ ਵਾਲੇ ਯਾਰ ਦੀ, ਜੋ ਤੇਰਾ ਸਥਰ ਗਿਆ ਹੰਢਾਈਆ । ਪਰ
੧੫੨੧ ੨੩ ਮੈਂ ਝਗੜਾ ਨਹੀਂ ਕਰਦਾ ਮੈਂ ਫੇਰ ਖੇਲ ਵੇਖਣੀ ਨਹੀਂ ਚਾਹੁੰਦਾ ਤੇਰੀ ਤਲਵਾਰ ਦੀ, ਪੁਰਖ ਅਕਾਲ ਹੋ ਕੇ ਖੰਡੇ ਹੱਥਾਂ ਵਿਚ ਫੜ ਆਈਆ । ਮੈਂ ੧੫੨੧ ੨੩
ਇਕ ਮੰਗ ਮੰਗਦਾ ਤੇਰੀ ਖੇਲ ਹੋਵੇ ਹੁਕਮ ਸੱਚੀ ਸਰਕਾਰ ਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰੀ ਹੁਕਮ ਹਕੂਮਤ ਹੋਵੇ ਸ਼ਾਹੋ ਭੂਪ ਨਿਰੰਕਾਰ ਦੀ, ਸ਼ਹਿਨਸ਼ਾਹ ਦੋ ਜਹਾਨ ਸੀਸ ਨਿਵਾਈਆ । ਮੇਰੀ ਕਲਮ ਨੇ ਲੇਖ ਲਿਖਿਆ ਆਸ਼ਾ ਪੂਰੀ ਕਰਨੀ ਦਿੱਲੀ ਦਰਬਾਰ ਦੀ, ਸਚ ਨਾਲ ਜਣਾਈਆ । ਜਿਸ ਵੇਲੇ ਸਦੀ ਚੌਧਵੀਂ ਸਭ ਨੂੰ ਵਾਜਾਂ ਹੋਵੇ ਮਾਰਦੀ, ਮਰਦੀ ਮਰਦੀ ਕਰੇ ਹਾਲ ਦੁਹਾਈਆ । ਦੁਹਾਈ ਸੁਣ ਲੈ ਵੇ ਮੇਰਿਆ ਮਾਲਕਾ ਚਾਰ ਯਾਰ ਦੀ, ਹਜ਼ਰਤ ਆਪਣੇ ਨਾਲ ਮਿਲਾਈਆ । ਓਸ ਵੇਲੇ ਘੜੀ ਹੋਵੇ ਨਾ ਕੋਇ ਤਕਰਾਰ ਦੀ, ਝਗੜਾ ਰਹਿਣ ਕੋਇ ਨਾ ਪਾਈਆ । ਤੂੰ ਆਪਣੀ ਸਨਦ ਵੇਖਣੀ ਇਕਰਾਰ ਦੀ, ਵਾਇਦੇ ਕੌਲ ਤਕਣੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮਨੀ ਸਿੰਘ ਜੇਲਖ਼ਾਨੇ ਵਿਚ ਬਿਰਾਜਿਆ, ਆਪਣਾ ਆਸਣ ਦੋ ਵੇਰਾਂ ਇਕ ਰਾਤ ਬਦਲਾਈਆ । ਕਦੇ ਸੌਂਵੇ ਤੇ ਕਦੇ ਜਾਗਿਆ, ਕਦੇ ਪਾਸਾ ਲਏ ਬਦਲਾਈਆ । ਕਦੇ ਰੋਵੇ ਨਾਲ ਵੈਰਾਗਿਆ, ਨੇਤਰ ਨੈਣਾਂ ਨੀਰ ਵਹਾਈਆ । ਕਦੇ ਉਠ ਉਠ ਫਿਰੇ ਭਾਗਿਆ, ਅੰਦਰੇ ਅੰਦਰ ਕਦਮ ਟਿਕਾਈਆ । ਕਦੇ ਉਚੀ ਉਚੀ ਮਾਰੇ ਆਵਾਜਿਆ, ਆ ਜਾ ਮੇਰੇ ਸਾਚੇ ਮਾਹੀਆ । ਨਾਲੇ ਗਾਇਣ ਗਾਵੇ ਮੇਰੇ ਸ਼ਾਹੋ ਭੂਪ ਰਾਜਿਆ, ਸ਼ਹਿਨਸ਼ਾਹ ਧੁਰਦਰਗਾਹੀਆ । ਜੇ ਆ ਗਿਉਂ ਦੇਸ ਮਾਝਿਆ, ਕਿਉਂ ਬੈਠਾ ਮੁਖ ਛੁਪਾਈਆ । ਕਿਉਂ ਮੇਰੀ ਨਹੀਂ ਰੱਖਦਾ ਲਾਜਿਆ, ਸਿਰ ਮੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਉਣਾ ਭਾਗਿਆ ।

ਸੰਤ ਮਨੀ ਸਿੰਘ ਉਠ ਉਠ ਵੇਖੇ, ਦਹਿ ਦਿਸ਼ਾ ਅੱਖ ਉਠਾਈਆ । ਮੈਂ ਜਿਸ ਦਾ ਲਿਖਦਾ ਲੇਖੇ, ਉਹ ਕਿਥੇ ਮੇਰਾ ਮਾਹੀਆ । ਓਹ ਮੈਨੂੰ ਮਿਲ ਜਾ ਭੁੱਲ ਭੁਲੇਖੇ, ਆਪਣਾ ਫੇਰਾ ਪਾਈਆ । ਮੇਰਾ ਹਿਰਦਾ ਤੈਨੂੰ ਚੇਤੇ, ਚੇਤਨ ਹੋ ਕੇ ਰਿਹਾ ਸੁਣਾਈਆ । ਤੂੰ ਸਾਹਿਬ ਨੇਤਨ ਨੇਤੇ, ਨੇਰਨ ਨੇਰ ਅਖਵਾਈਆ । ਮੇਰਿਆ ਪ੍ਰੀਤਮਾ ਮੇਰੇ ਤੇਰੇ ਨਾਲ ਸੌਹਰੇ ਪੇਕੇ, ਦੂਜਾ ਘਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਝਟ ਸ਼ਬਦ ਆਇਆ ਧੁਰ ਦਾ, ਸਹਿਜ ਨਾਲ ਸੁਣਾਈਆ । ਸੰਤਾ ਉਠ ਵੇਖ ਹਾਲ ਅਨੰਦਪੁਰ ਦਾ, ਪੁਤਰਾ ਦਿਆਂ ਸਮਝਾਈਆ । ਹੌਂਸਲਾ ਵੇਖ ਲੈ ਗੋਬਿੰਦ ਗੁਰ ਦਾ, ਜੋ ਸਭ ਕੁਛ ਰਿਹਾ ਤਜਾਈਆ । ਅਗੇ ਜਾਂਦਾ ਮੂਲ ਨਾ ਮੁੜਦਾ, ਹੁਕਮ ਮੰਨੇ ਚਾਈਂ ਚਾਈਂਆ । ਸਰਸੇ ਵਿਚ ਵੇਖ ਲੈ ਰੁੜ੍ਹਦਾ, ਧਨ ਦੌਲਤ ਬੇਪ੍ਰਵਾਹੀਆ । ਸਾਰੇ ਕਹਿਣ ਵਕਤ ਆ ਗਿਆ ਥੁੜ ਦਾ, ਖ਼ਾਲੀ ਹੱਥ ਵਖਾਈਆ । ਉਸ ਵੇਲੇ ਗੋਬਿੰਦ ਨੇ ਪ੍ਰਸ਼ਾਦ ਵੰਡਿਆ ਸੀ ਗੁੜ ਦਾ, ਗੁਰਸਿਖ ਗੁੜ ਲਿਆਉਣ ਵਾਲਿਆ ਚਰਨਾਂ ਵਿਚ ਦੇਣਾ ਟਿਕਾਈਆ । ਨਾਲੇ ਹੱਸ ਕੇ ਕਿਹਾ ਮੇਰਾ ਬੇੜਾ ਨਹੀਂ ਕੋਈ ਰੁੜ੍ਹਦਾ, ਜੋ ਰੁੜ੍ਹਿਆ ਸੋ ਸਚਖੰਡ ਵਿਚ ਜਾਈਆ । ਮੇਰਾ ਮੇਲਾ ਸਦਾ ਧੁਰ ਦਾ, ਅਧਵਿਚਕਾਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਮਨੀ ਸਿੰਘ ਵੇਖ ਲੈ ਸਰਸੇ ਦਾ ਕੰਢਾ, ਸਰ ਸਰ ਧਿਆਨ ਲਗਾਈਆ । ਪਾਣੀ ਵੇਖ ਲੈ ਠੰਡਾ, ਪਵਣ ਹੁਲਾਰੇ ਰਹੀ ਖਾਈਆ । ਖ਼ਾਲੀ ਦਿਸਦਾ ਪੁਰੀ ਅਨੰਦਾ, ਚਾਰ ਦੀਵਾਰੀਆਂ ਰੋਵਣ ਮਾਰਨ ਧਾਹੀਂਆ । ਵਿਛੜਦਾ ਜਾਏ ਬੰਦੇ ਨਾਲ ਬੰਦਾ, ਗੁਰਸਿੱਖ ਗੁਰਸਿੱਖਾਂ ਨਾਲੋਂ ਪੱਲੂ ਛੁਡਾਈਆ ।
ਚਾਰੋਂ ਕੁੰਟ ਅੰਧੇਰਾ ਅੰਧਾ, ਬਾਦਲ ਘਨਘੋਰ ਸ਼ਨਵਾਈਆ । ਗੋਬਿੰਦ ਖ਼ੁਸ਼ੀਆਂ ਵਿਚ ਭੁਆਵੇ ਖੰਡਾ, ਚਾਰੋਂ ਕੁੰਟ ਘੁੰਮਾਈਆ । ਇਹ ਭਾਣਾ ਪੁਰਖ ਅਕਾਲ ਸੰਧਾ, ਜਿਸ ਸੰਧਿਆ ਵੇਲੇ ਘਰ ਦਿਤਾ ਛੁਡਾਈਆ । ਫੇਰ ਪੈਰਾਂ ਤੋਂ ਹੋ ਕੇ ਨੰਗਾ, ਨੱਚਿਆ ਟੱਪਿਆ ਚਾਈਂ ਚਾਈਂਆ । ਫੇਰ ਲੇਖ ਵੇਖਿਆ ਕੀ ਧੁਰ ਦਾ ਲਿਖਿਆ ਸੰਦਾ, ਸੰਨਦ ਕੀ ਰਖਾਈਆ । ਗੋਬਿੰਦ ਤੇਰੇ ਬਿਨਾ ਕਲਜੁਗ ਦਾ ਪੈਂਡਾ ਨਹੀਂ ਮੁਕਣਾ ਲੰਮਾ, ਲੰਮੀ ਗੱਲ ਨਾ ਕੋਇ ਸਮਝਾਈਆ । ਨਾਲੇ ਹਲੂਣ ਕੇ ਸੱਜਾ ਕੰਧਾ, ਪੁਰਖ ਅਕਾਲ ਦਿਤਾ ਹਿਲਾਈਆ । ਗੋਬਿੰਦ ਜਿਹੜਾ ਲੇਖ ਲਿਖਿਆ ਇਸ਼ਾਰਿਆਂ ਵਾਲਾ ਕਵੀ ਬਵੰਜਾ, ਬਾਵਨ ਧਾਰ ਸੁਣਾਈਆ । ਉਹਦੇ ਉਤੇ ਲਾ ਕੇ ਆਪਣਾ ਪੰਜਾ, ਸਰਸੇ ਵਿਚ ਦੇਣਾ ਟਿਕਾਈਆ । ਫੇਰ ਨੇਤਰ ਨੀਰ ਵਹਾ ਕੇ ਰੋ ਪਈ ਸ਼ੰਕਰ ਵਾਲੀ ਗੰਗਾ, ਬਹੁੜੀ ਬਹੁੜੀ ਤੇਰੀ ਦੁਹਾਈਆ । ਨਾਚ ਨੱਚ ਕੇ ਵਖਾਇਆ ਪਰੀ ਅਰੰਬਾ, ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸ਼ਬਦ ਕਿਹਾ ਮਨੀ ਸਿੰਘਾ ਘਬਰਾਵੀਂ ਨਾ । ਤਨ ਮਿਹਣੇ ਹੋਰ ਸੁਣਾਵੀਂ ਨਾ । ਸ਼ੇਰ ਸਿੰਘ ਨੂੰ ਆਪ ਸ਼ੇਰ ਬਣ ਡਰਾਵੀਂ ਨਾ । ਤੇਰੇ ਉਤੇ ਕੀਤੀ ਮਿਹਰ, ਤੂੰ ਬਾਹਰ ਕਢਾਵੀਂ ਨਾ । ਤੇਰੇ ਵਾਸਤੇ ਹੋਈ ਦੇਰ, ਤੂੰ ਆਪਣੀ ਆਸਾ ਮੂਲ ਚੁਕਾਵੀਂ ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਿੰਮਤ ਹੌਸਲਾ ਮੂਲ ਢਾਹਵੀਂ ਨਾ । ਮਨੀ ਸਿੰਘ ਸੁਣ ਲੈ ਮੰਨਿਆ, ਮਮਤਾ ਦੇਣੀ ਤਜਾਈਆ । ਲਾਡਲੇ ਮੇਰੇ ਚੰਨਿਆ, ਚੰਦ ਦੇਵਾਂ ਸਮਝਾਈਆ । ਤੂੰ ਮਾਤਲੋਕ ਵਿਚੋਂ ਜਾਣਾ ਭੰਨਿਆ, ਭੱਜਣਾ ਵਾਹੋ ਦਾਹੀਆ । ਜਿਸ ਗਗਨ ਰਹਾਇਆ ਬਿਨਾ ਥੰਮ੍ਹਿਆ, ਤੇਰਾ ਹੋਏ ਆਪ ਸਹਾਈਆ । ਤੂੰ ਸੁਣਨਾ

ਸ਼ਬਦ ਬਿਨ ਕੰਨਿਆ, ਕਾਇਨਾਤ ਵਿਚ ਦ੍ਰਿੜਾਈਆ । ਮੇਰਾ ਖੇਲ ਅਗੰਮ ਅਗੰਮਿਆ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਮਨੀ ਸਿੰਘ ਪੰਜ ਪੋਹ ਦੀ ਰਾਤ ਤੇਰੀ ਲੰਘਣੀ ਦਿਸਦੀ ਔਖੀ, ਸੰਮਤ ਉਨੀ ਸੌ ਅਠਾਰਾਂ ਈਸਵੀ ਦਏ ਗਵਾਹੀਆ । ਮਨੀ ਸਿੰਘ ਕਿਹਾ ਤੇਰੇ ਹੁਕਮ ਦੀ ਧਾਰ ਸੌਖੀ, ਸਹਿਜ ਨਾਲ ਦੇਣੀ ਸਮਝਾਈਆ । ਮੈਂ ਕੋਈ ਪੜ੍ਹਿਆ ਨਹੀਂ ਪੋਥੀ, ਪੁਸਤਕਾਂ ਹੱਥ ਉਠਾਈਆ । ਮੇਰੀ ਬੁਧ ਹੋਣ ਨਾ ਦੇਵੀਂ ਥੋਥੀ, ਨਿਰਮਲ ਲੈਣੀ ਆਪ ਕਰਾਈਆ । ਮੈਨੂੰ ਆਪਣੇ ਪਿਆਰ ਵਿਚੋਂ ਕਦੇ ਨਾ ਰੋਕੀਂ, ਅਗੇ ਹੋ ਨਾ ਕਦੇ ਅਟਕਾਈਆ । ਮੈਨੂੰ ਦੱਸਦੇ ਸਚ ਸਲੋਕੀ, ਸੋਹਲਾ ਦੇ ਸਮਝਾਈਆ । ਕਿਸ ਬਿਧ ਤੇਰੀ ਪ੍ਰਗਟ ਹੋਵੇ ਜੋਤ ਜੋਤੀ, ਜੋਤੀ ਜਾਤੇ ਦੇਣਾ ਸਮਝਾਈਆ । ਝਟ ਸ਼ਬਦ ਨੇ ਪਿਠ ਤੇ ਮਾਰੀ ਸੋਟੀ, ਜੋਰ ਨਾਲ ਲਗਾਈਆ । ਫੇਰ ਠੁਕਰਾ ਕੇ ਚੋਟੀ, ਹੁਲਾਰਿਆਂ ਵਿਚ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸ਼ਬਦ ਸਤਿਗੁਰ ਕਿਹਾ ਮਨੀ ਸਿੰਘ ਵੇਖ ਲੈ ਧੁਰ ਦੀ ਜੋਤ ਪ੍ਰਕਾਸ਼, ਪ੍ਰਕਾਸ਼ ਦਿਆਂ ਵਖਾਈਆ । ਵਕਤ ਸੁਹੰਜਣਾ ਤੱਕ ਲੈ ਖ਼ਾਸ, ਦਿਵਸ ਰੈਣ ਰੰਗ ਰੰਗਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਸੰਬਲ ਕਰੇ ਸਚ ਨਿਵਾਸ, ਆਸਣ ਸਿੰਘਾਸਣ ਇਕ ਲਗਾਈਆ । ਧੁਰ ਸੰਦੇਸਾ ਦੇਵੇ ਬਿਨ ਰਸਨ ਸਵਾਸ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਮਨੀ ਸਿੰਘ ਕਿਹਾ ਮੈਂ ਨਹੀਂ ਜਾਣਦਾ ਕੀ ਹੋਵੇ ਤੇਰਾ ਵੇਸ, ਕੀ ਅਵੱਲੜੀ ਖੇਲ ਖਿਲਾਈਆ । ਮੈਨੂੰ ਦੱਸ ਦੇ ਆਪਣਾ ਦੇਸ, ਗ੍ਰਹਿ ਮੰਦਰ ਦੇ ਵਖਾਈਆ । ਜਿਥੇ ਵਸੇ ਨਰ ਨਰੇਸ਼, ਆਪਣਾ ਡੇਰਾ ਲਾਈਆ । ਸਦਾ ਰਹੇ ਹਮੇਸ, ਸਚ ਸਿੰਘਾਸਣ ਸੋਭਾ ਪਾਈਆ । ਜੋ ਮੈਂ ਪਿਆਰ ਵਿਚ ਲਿਖਿਆ ਲੇਖ, ਓਹਦਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਝਟ ਮਨੀ ਸਿੰਘ ਉਠ ਕੇ ਚਾਰੋਂ ਕੁੰਟ ਗਿਆ ਭੌਂ, ਭਾਵਨੀ ਅੰਦਰੇ ਅੰਦਰ ਰਖਾਈਆ । ਬਿਨਾ ਸੁਤਿਆਂ ਗਿਆ ਸੌਂ, ਨੈਣ ਨੈਣਾਂ ਵਿਚ ਛੁਪਾਈਆ । ਨਾਲੇ ਬੇਨੰਤੀ ਕਰੇ ਮੈਨੂੰ ਤੇਰੇ ਨਾਲ ਗੌਂ, ਓਟ ਤੇਰੀ ਇਕ ਰਖਾਈਆ । ਸਚ ਦੱਸ ਦੇ ਕੀ ਖੇਲ ਕਰੇਂਗਾ ਸੰਮਤ ਸ਼ਹਿਨਸ਼ਾਹੀ ਵਿਚ ਨੌਂ, ਨਿਰੰਕਾਰ ਦੇਣਾ ਦ੍ਰਿੜਾਈਆ । ਕੀ ਭਾਗ ਲਗਾਏਂ ਜਮਨਾ ਕਿਨਾਰਾ ਥਾਉਂ, ਜਿਥੇ ਨਿਸ਼ਾਨ ਆਇਆ ਲਗਾਈਆ । ਕੀ ਭਗਤਾਂ ਪਕੜੇ ਬਾਹੋਂ, ਆਪਣੀ ਦਇਆ ਕਮਾਈਆ । ਕੀ ਗੁਰਮੁਖਾਂ ਹੋਏ ਪਿਤਾ ਮਾਉਂ, ਪੁਰਖ ਅਕਾਲ ਗੋਦ ਟਿਕਾਈਆ । ਕੀ ਗ਼ਰੀਬ ਨਿਮਾਣਿਆਂ ਦੇਵੇਂ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਸਚ ਦੱਸ ਕਿਸ ਬਿਧ ਦੀਨ ਦੁਨੀ ਨੂੰ ਲਾਏਂ ਦਾਓ, ਆਪਣਾ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਿਹਾ, ਮੈਂ ਖੇਲ ਖਿਲਾਵਾਂਗਾ । ਜੋਤੀ ਜਾਤਾ ਵੇਸ ਵਟਾਵਾਂਗਾ । ਸੰਬਲ ਦੇਸ ਇਕ ਸੁਹਾਵਾਂਗਾ । ਨਰ ਨਰੇਸ਼ ਆਪ ਅਖਵਾਵਾਂਗਾ । ਕਲਜੁਗ ਕਲ ਕਲੇਸ਼ ਮਿਟਾਵਾਂਗਾ । ਮੁੱਲਾ ਸ਼ੇਖ਼ ਵੇਖ ਵਖਾਵਾਂਗਾ । ਦੇਸ ਪ੍ਰਦੇਸ ਰੰਗ ਰੰਗਾਵਾਂਗਾ । ਵਿਸ਼ਨ ਮਹੇਸ਼ ਆਪ ਉਠਾਵਾਂਗਾ । ਲੇਖਾ ਜਾਣ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ

ਨਾਲ ਰਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਵਾਂਗਾ । ਦੀਨ ਦਿਆਲ ਇਕ ਅਖਵਾਵਾਂਗਾ । ਗੁਰਮੁਖ ਲਾਲ ਆਪ ਉਠਾਵਾਂਗਾ । ਸੰਮਤ ਸ਼ਹਿਨਸ਼ਾਹੀ ਨੌ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹਵਾਂਗਾ । ਸਾਚਾ ਪਰਦਾ ਆਪਣਾ ਲਾਹਵਾਂਗਾ । ਮਨੀ ਸਿੰਘ ਤੇਰੀ ਆਸਾ ਪੂਰ ਕਰਾਵਾਂਗਾ । ਦਿੱਲੀ ਦਰਬਾਰ ਚਰਨ ਛੁਹਾਵਾਂਗਾ । ਜਗਤ ਸਿੰਘਾਸਣ ਆਪ ਬਦਲਾਵਾਂਗਾ । ਜ਼ਿਮੀਂ ਅਸਮਾਨਾਂ ਹਾਹਾਕਾਰ ਕਰਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਗੁਣ ਨਿਧਾਨਾਂ ਨਾਉਂ ਧਰਾਵਾਂਗਾ । ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਪੂਰਨ ਬ੍ਰਹਮ ਇਕ ਸਮਝਾਵਾਂਗਾ । ਪੰਚਮ ਪੋਹ ਵਡ ਵਡਿਆਵਾਂਗਾ । ਭਗਤ ਸੁਹੇਲੇ ਗੋਦ ਟਿਕਾਵਾਂਗਾ । ਗੁਰ ਚੇਲੇ ਜੋੜ ਜੁੜਾਵਾਂਗਾ । ਜੁਗ ਜਨਮ ਦੇ ਵਿਛੜੇ ਮੋੜ ਲਿਆਵਾਂਗਾ । ਜੋ ਪਿਛੇ ਰਹਿ ਗਈ ਥੋੜ, ਅਗੇ ਪੂਰ ਕਰਾਵਾਂਗਾ । ਮੇਰੇ ਬਿਨ ਕੋਇ ਹੋਏ ਨਾ ਬ੍ਰਾਹਮਣ ਗੌੜ, ਪੂਤ ਸਪੂਤਾ ਨਾ ਕੋਇ ਅਖਵਾਵਾਂਗਾ । ਕਲ ਕਲਕੀ ਹੋ ਕੇ ਜਾਵਾਂ ਬਹੁੜ, ਨਿਹਕਲੰਕਾ ਰੂਪ ਦਰਸਾਵਾਂਗਾ । ਅਮਾਮ ਅਮਾਮ ਦੀ ਪੂਰੀ ਕਰਾਂ ਲੋੜ, ਆਸਾ ਸਭ ਦੀ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਪੰਚਮ ਪੋਹ ਕਹੇ ਜਨ ਭਗਤੋ ਮੈਂ ਖ਼ੁਸ਼ੀਆਂ ਵਾਲਾ ਚੜ੍ਹਿਆ, ਚੜ੍ਹਦੇ ਲਹਿੰਦੇ ਧਿਆਨ ਲਗਾਈਆ । ਮੈਂ ਤੁਹਾਡਾ ਕਰਮ ਦਾ ਨਿਰਅੱਖਰ ਪੜ੍ਹਿਆ, ਅੱਖਰਾਂ ਦਿਤਾ ਤਜਾਈਆ । ਜੋ ਸਚ ਪ੍ਰੀਤੀ ਵਿਚ ਜੜਿਆ, ਪ੍ਰੀਤਮ ਆਪਣੇ ਰੰਗ ਰੰਗਾਈਆ । ਜੋ ਤੁਹਾਡੇ ਗ੍ਰਿਹ ਦਵਾਰੇ ਖੜ੍ਹਿਆ, ਸਨਮੁਖ ਸੋਭਾ ਪਾਈਆ । ਜੋ ਵਸਿਆ ਭਗਤ ਦਵਰਿਆ,
੧੫੨੪ ੨੩ ਇਕੋ ਘਰ ਸੁਹਾਈਆ । ਓਸ ਦਾ ਸ਼ਬਦ ਸੁਣ ਲਓ ਖਰਿਆ, ਖਰੇ ਖੋਟਿਆਂ ਦਏ ਸੁਣਾਈਆ । ਜੋ ਚਰਨ ਲੱਗਿਆ ਸੋ ਤਰਿਆ, ਤਾਰਨਹਾਰ ੧੫੨੪ ੨੩
ਦਇਆ ਕਮਾਈਆ । ਗੁਰਮੁਖ ਕਦੇ ਨਾ ਮਰਿਆ, ਮਰ ਜੀਵਤ ਰੂਪ ਬਦਲਾਈਆ । ਤੁਹਾਡਾ ਮਾਨਸ ਬੂਟਾ ਪਿਆਰ ਨਾਲ ਕੀਤਾ ਹਰਿਆ, ਅੰਤ ਸੁਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਪੰਜ ਪੋਹ ਕਹੇ ਔਹ ਕੂਕਦੇ ਹਾਰਾਂ ਵਾਲੇ ਫੁੱਲ, ਫੁੱਲ ਫੁਲ ਕੇ ਆਪਣਾ ਆਪ ਵਖਾਈਆ । ਜਨ ਭਗਤੋ ਸਾਡੇ ਬੋਲਣ ਵਾਲੇ ਨਹੀਂ ਬੁੱਲ੍ਹ, ਰਸਨਾ ਨਜ਼ਰ ਕੋਇ ਨਾ ਆਈਆ । ਅਸੀਂ ਤੁਹਾਡੇ ਨਾਲ ਮਿਲ ਕੇ ਹੋ ਗਏ ਤੁਹਾਡੇ ਤੁਲ, ਇਕੋ ਤਰਾਜੂ ਪ੍ਰਭ ਨੇ ਦਿਤਾ ਟਿਕਾਈਆ । ਅਸੀਂ ਸਚ ਦੱਸੀਏ ਤੁਸੀਂ ਕਦੇ ਨਹੀਂ ਜਾਣਾ ਭੁੱਲ, ਭੁੱਲ ਵਿਚ ਕਦੇ ਨਾ ਆਈਆ । ਬਿਨਾ ਪੁਰਖ ਅਕਾਲ ਤੋਂ ਏਸ ਜ਼ਿੰਦਗੀ ਦਾ ਨਹੀਂ ਕੋਈ ਮੁੱਲ, ਕੀਮਤ ਜਗਤ ਨਾ ਕੋਇ ਰਖਾਈਆ । ਜਨ ਭਗਤੋ ਤੁਹਾਡਾ ਦੀਪਕ ਕਦੇ ਨਹੀਂ ਹੋਣਾ ਗੁਲ, ਰੋਸ਼ਨੀ ਕਰੇ ਥਾਉਂ ਥਾਈਆ । ਤੁਹਾਡਾ ਬੂਟਾ ਕਦੇ ਨਹੀਂ ਜਾਣਾ ਹੁੱਲ, ਸਤਿਗੁਰ ਫਲ ਨਾਮ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਪੰਜ ਪੋਹ ਕਹੇ ਗੰਗਾ ਨੇਤਰ ਰੋਵੇ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਮੈਂ ਜਟਾ ਜੂਟ ਦੀ ਧਾਰ, ਧਰਨੀ ਧਰਤ ਧਵਲ ਧੌਲ ਭੱਜਾਂ ਵਾਹੋ ਦਾਹੀਆ । ਮੈਂ ਨਿਤ ਨਵਿਤ ਰਾਹ ਤੱਕਾਂ ਓਸ ਮੁਰਾਰ, ਜੋ ਮੁਰਾਰੀਆਂ ਦਏ ਵਡਿਆਈਆ । ਜਿਸ ਦੀ ਚਰਨ ਛੋਹ ਨਾਲ ਸਭ ਦਾ ਬੇੜਾ ਹੋ ਜਾਏ ਪਾਰ, ਦੂਸਰ ਓਟ ਨਾ ਕੋਇ ਰਖਾਈਆ । ਮੈਂ ਉਸ ਦੇ ਹਾਜ਼ਰ ਹੋ ਦਰਬਾਰ, ਨਿਵ ਨਿਵ ਲਾਗਾਂ ਪਾਈਆ । ਜਿਥੇ ਭਗਤ ਸੁਹੇਲੇ ਦਿਤੇ ਤਾਰ, ਮੇਰਾ ਲਹਿਣਾ ਓਹਨਾਂ ਨਾਲ ਮਿਲਾਈਆ ।

ਮੈਂ ਜੁਗ ਜੁਗ ਖ਼ਿਦਮਤਗਾਰ, ਖ਼ਾਦਮ ਹੋ ਕੇ ਤੇਰੀ ਸੇਵ ਕਮਾਈਆ । ਪਰੀ ਅਰੰਬਾ ਕਹੇ ਮੈਂ ਬਿਨਾ ਕਦਮ ਤੋਂ ਨਚਾਰ, ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਆ । ਤੂੰ ਸ਼ਬਦ ਧਾਰ ਗੋਬਿੰਦ ਸੱਚੀ ਸਰਕਾਰ, ਸ਼ਹਿਨਸ਼ਾਹੀ ਇਕ ਅਖਵਾਈਆ । ਬਵੰਜਾ ਕਵੀ ਆਸ਼ਾ ਵਿਚੋਂ ਆਪਣੀ ਖ਼ਾਹਿਸ਼ ਰਹੇ ਉਚਾਰ, ਬਿਨ ਰਸਨਾ ਰਸ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਏਕੰਕਾਰ, ਇਕ ਇਕੱਲੇ ਤੇਰੀ ਵਡਿਆਈਆ । ਜੇ ਤੂੰ ਪੰਜਾਂ ਤਨ ਪਵਾਏ ਹਾਰ, ਹਿਰਦੇ ਅੰਤਰ ਕਰੀ ਸਫ਼ਾਈਆ । ਜਨਮ ਮਰਨ ਤੋਂ ਕੱਢ ਕੇ ਬਾਹਰ, ਆਪਣੇ ਰੰਗ ਰੰਗਾਈਆ । ਤੇਰੇ ਦਰ ਤੇ ਫ਼ਰਕ ਨਹੀਂ ਕੋਈ ਪੁਰਖ ਨਾਰ, ਤਤਾਂ ਵੰਡ ਨਾ ਕੋਇ ਵੰਡਾਈਆ । ਤੇਰਾ ਆਤਮ ਇਕ ਅਧਾਰ, ਅੰਤਰ ਆਤਮ ਵੇਖ ਵਖਾਈਆ । ਜਨ ਭਗਤਾਂ ਪਾਉਣੀ ਸਾਰ, ਸੰਤਾ ਹੋਣਾ ਸਹਾਈਆ । ਗੁਰਮੁਖਾਂ ਦੇਣਾ ਤਾਰ, ਗੁਰਸਿੱਖਾਂ ਗੋਦ ਉਠਾਈਆ । ਮੰਗ ਮੰਗੀ ਦਿੱਲੀ ਦਰਬਾਰ, ਦਰ ਦਰਵਾਜ਼ੇ ਸੀਸ ਝੁਕਾਈਆ । ਜਿਥੇ ਸ਼ਾਹ ਸੁਲਤਾਨਾਂ ਹੋਣਾ ਭਿਖਾਰ, ਭਿਖਿਆ ਮੰਗਣ ਵਾਹੋ ਦਾਹੀਆ । ਰਾਜ ਰਾਜਾਨ ਤੱਕਣ ਆਣ ਦੀਦਾਰ, ਨੇਤਰ ਲੋਚਨ ਦਰਸ਼ਨ ਪਾਈਆ । ਤੇਰਾ ਵਕਤ ਸੁਹੰਜਣਾ ਹੋਣਾ ਵਿਚ ਸੰਸਾਰ, ਸੁਹੰਜਣੀ ਰੁਤ ਸੋਭਾ ਪਾਈਆ । ਤੀਜੇ ਤੀਜੇ ਤੀਜੇ ਦਿਨ ਤੇਰਾ ਮੇਲਾ ਹੋਇਆ ਕਰੇਗਾ ਮਿਲਣ ਵਾਲਿਆਂ ਅਪਰ ਅਪਾਰ, ਪਹਿਲੋਂ ਮਿਲਣ ਕੋਇ ਨਾ ਪਾਈਆ । ਨੌਂ ਨੌਂ ਵਾਰ ਧੂੜ ਲਾਇਆ ਕਰਨਗੇ ਮਸਤਕ ਛਾਰ, ਭਗਤ ਦਵਾਰ ਦਏ ਗਵਾਹੀਆ । ਅਲਫ਼ੀ ਵਾਲਿਆ ਫੇਰ ਤੂੰ ਅਲਿਫ਼ ਯੇ ਦੇ ਹਰਫ਼ਾਂ ਤੋਂ ਹੋਵੇਂਗਾ ਬਾਹਰ, ਤੇਰੀ ਸਿਫ਼ਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਨਾਰਦ ਕਹੇ ਭਗਤੋ ਸੋਹਣਿਓ ਮੈਂ ਬੜੀਆਂ ਸੁਣੀਆਂ ਖ਼ਬਰਾਂ, ਤੁਹਾਡੇ ਸੱਜੇ ਖੱਬੇ ਅਗੇ ਪਿਛੇ ਬਹਿ ਕੇ ਧਿਆਨ ਲਗਾਈਆ । ਮੈਂ ਆਵਾਜ਼ਾਂ ਸੁਣੀਆਂ ਸ਼ੇਰ ਬੱਬਰਾਂ, ਜੋ ਭਬਕਾਂ ਵਿਚੋਂ ਭਬਕ ਰਹੇ ਲਗਾਈਆ । ਮੈਂ ਖ਼ੁਸ਼ੀਆਂ ਵੇਖੀਆਂ ਜਗਤ ਟੱਬਰਾਂ, ਘਰਾਣੇ ਕੁਨਬੇ ਫੋਲ ਫੁਲਾਈਆ । ਸਚ ਪੁਛੋ ਇਹ ਕਿਸੇ ਕਿਸੇ ਦੀਆਂ ਆਸਾਂ ਪੂਰੀਆਂ ਕਰਦਾ ਸਧਰਾਂ, ਸਿਰ ਆਪਣਾ ਹੱਥ ਟਿਕਾਈਆ । ਬਾਕੀ ਸ੍ਰਿਸ਼ਟੀ ਵੇਖੋ ਫਿਰੇ ਵਾਂਗ ਡੰਗਰਾਂ, ਪਸ਼ੂ ਢੋਰ ਭੱਜਣ ਵਾਹੋ ਦਾਹੀਆ । ਇਹ ਹੱਥ ਕਦੇ ਨਹੀਂ ਆਉਂਦਾ ਮਸੀਤਾਂ ਮੰਦਰਾਂ, ਮੱਠਾਂ ਡੇਰਾ ਕਦੇ ਨਾ ਲਾਈਆ । ਇਹ ਜਦੋਂ ਮਿਲਿਆ, ਮਿਲਿਆ ਭਗਤਾਂ ਦੇ ਅੰਦਰਾਂ, ਅੰਦਰ ਬਹਿ ਕੇ ਆਪਣਾ ਦਰਸ ਦਿਖਾਈਆ । ਜਦੋਂ ਕਿਰਪਾ ਕਰੇ ਤੇ ਓਦੋਂ ਤੋੜੇ ਜੰਦਰਾ, ਬਿਨਾ ਕੁੰਜੀ ਤੋਂ ਕੁੰਜੀ ਲਏ ਲਗਾਈਆ । ਨਾਰਦ ਕਹੇ ਮੈਂ ਗੱਲ ਨਹੀਂ ਆਖਣੀ ਇਹ ਪ੍ਰਭੂ ਬੜਾ ਚੰਦਰਾ, ਜਦੋਂ ਜੀ ਚਾਹੇ ਚੰਡਾਲਾਂ ਨੂੰ ਦਏ ਤਰਾਈਆ । ਕਈ ਵਿਚਾਰੇ ਮਰ ਜਾਂਦੇ ਵਿਚ ਕੁੰਦਰਾਂ ਤੇ ਖੰਡਰਾਂ, ਪਹਾੜਾਂ ਉਤੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਜਨ ਭਗਤੋ ਪ੍ਰਭੂ ਬੜਾ ਕਰਦਾ ਲੱਲਾ ਪੋਪਾ, ਲੱਲੀਆਂ ਵਾਲੇ ਪਾਲ ਸਿੰਘ ਦਾ ਕੁਛ ਲੇਖਾ ਨਜ਼ਰੀ ਆਈਆ । ਜਿਸ ਦਾ ਹਿਸਾਬ ਕੀਤਾ ਉਂਗਲਾਂ ਉਤੇ ਪੋਟਾ ਪੋਟਾ, ਬਿਨ ਲੇਖਿਆਂ ਲੇਖਾ ਗਣਤ ਗਣਾਈਆ । ਮੈਂ ਸਚ ਦੱਸਾਂ ਉਹਦਾ ਵਿਛੜਨ ਵਾਲਾ ਸੀ ਇਕ ਪੋਤਾ, ਛੋਟਾ ਕਾਕਾ ਦਰਸ਼ਨ ਸਿੰਘ ਦਾ ਨਜ਼ਰੀ ਆਈਆ । ਓਸ ਦੇ ਪਿਛੇ ਪੰਜ ਪੋਹ ਨੂੰ ਆਪ ਆ ਗਿਆ ਦੇ ਕੇ ਹੋਕਾ, ਹਰਿਜਨ ਆਪਣੇ ਨਾਲ ਰਖਾਈਆ । ਨਾਲੇ ਵਿਹਾਰ ਕੀਤਾ ਤੇ ਨਾਲੇ ਭਗਤ ਦਾ ਸੁਆਰ ਦਿਤਾ ਮੌਕਾ, ਮਿਹਰ ਨਜ਼ਰ ਇਕ ਉਠਾਈਆ । ਓਸੇ ਦੇ ਪਿਆਰ ਵਿਚ ਲਾਲ ਰੰਗ ਦਾ ਚੂੜਾ ਪਾਇਆ ਤੇ ਕੀਤਾ ਆਪਣਾ ਸ਼ੌਕਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ

੧੫੨੫
੨੩

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਤੁਸੀਂ ਖ਼ੁਸ਼ੀਆਂ ਵਿਚ ਇਕ ਮਾਰ ਦਿਓ ਤਾਲੀ, ਹਥੇਲੀ ਹਥੇਲੀ ਨਾਲ ਮਿਲਾਈਆ । ਤੁਹਾਨੂੰ ਤੁਹਾਡਾ ਸਤਿਗੁਰੂ ਖ਼ੁਸ਼ੀ ਦੇ ਦੇਵੇ ਬਾਹਲੀ, ਬਹੁਤੀ ਆਪਣੀ ਦਇਆ ਕਮਾਈਆ । ਪਰ ਯਾਦ ਰਖਿਓ ਜਿਨ੍ਹਾਂ ਦੇ ਬੱਚੇ ਏਸ ਸਾਲ ਵਿਛੜੇ ਓਹ ਕਰਿਓ ਨਾ ਕਾਹਲੀ, ਅਗੇ ਵਾਸਤੇ ਭਗਤਾਂ ਦੇ ਘਰ ਭਗਤ ਫੇਰ ਦੇਵੇ ਪ੍ਰਗਟਾਈਆ । ਹੋਰ ਫਲ ਲਗਾਏ ਪਾਲ ਸਿੰਘ ਦੇ ਨਾਲ ਦੂਜੇ ਪਾਲ ਸਿੰਘ ਦੀ ਡਾਲੀ, ਮੈਹਿਲ ਸਿੰਘ ਦੇ ਨਾਲ ਮਹਿਲ ਫੇਰ ਦਏ ਵਸਾਈਆ । ਇਹ ਖੇਲ ਅਵੱਲੜੀ ਜਿਸ ਦੀ ਘਾਲ ਗੁਰਮੁਖਾਂ ਨੇ ਘਾਲੀ, ਜਗਤ ਸਮਝ ਕਿਸੇ ਨਾ ਆਈਆ । ਬਚਨ ਸਿੰਘ ਦੀਪਕ ਰਖ ਕੇ ਵਿਚ ਥਾਲੀ, ਥਲਾਂ ਤੋਂ ਬਾਹਰ ਧਿਆਨ ਲਗਾਈਆ । ਜਿਸ ਦੀ ਲਛਮਣ ਸਿੰਘ ਨੂੰ ਲਾਲੀ, ਲਾਲੀ ਵਿਚੋਂ ਲਾਲ ਆਪਣੇ ਲੇਖੇ ਲਾਈਆ । ਬਿਰਧ ਅਵਸਥਾ ਉਸ ਦੀ ਸੁਰਤ ਆਪੇ ਲਏ ਸੰਭਾਲੀ, ਸੰਬਲ ਦਾ ਮਾਲਕ ਹੋ ਕੇ ਦਇਆ ਕਮਾਈਆ । ਜਨ ਭਗਤੋ ਤੁਹਾਡਾ ਫਲ ਸੋਹਣਾ ਲੱਗਾ ਕਾਇਆ ਡਾਲੀ, ਟਹਿਣੀ ਟਹਿਣੀ ਆਪ ਮਹਿਕਾਈਆ । ਤੁਸਾਂ ਪ੍ਰਭ ਦੇ ਬਣਨਾ ਕੀ ਸਵਾਲੀ, ਬਿਨਾ ਸਵਾਲ ਤੋਂ ਤੁਹਾਡੀ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਪੋਹ ਕਹੇ ਜਨ ਭਗਤੋ ਮੇਰੇ ਨਾਲ ਮਿਲਾਓ ਨੈਣ, ਅੱਖੀਆਂ ਵਾਲੇ ਆਪਣੀਆਂ ਅੱਖਾਂ ਨਾਲ ਰਲਾਈਆ । ਤੁਹਾਡਾ ਸਭ ਦਾ ਇਕੋ ਸਾਕ ਇਕੋ ਸੱਜਣ ਇਕੋ ਸੈਣ, ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਨਾਰ ਕੰਤ ਤੋਂ ਬਾਕੀ ਸਾਰੇ ਭਾਈ ਭੈਣ, ਨੇਤਰ ਅੱਖ ਨਾ ਕੋਇ ਬਦਲਾਈਆ । ਧਰਮ ਦੀ ਧਾਰ ਸਚ ਦਾ ਵਹਿਣ, ਤੁਸਾਂ ਜਗਤ ਦੇਣਾ ਵਹਾਈਆ । ਉਂਗਲਾਂ ਕਰ ਕਰ ਸਾਰੇ ਤੁਹਾਨੂੰ ਕਹਿਣ, ਇਨ੍ਹਾਂ ਦਾ ਇਕੋ ਪਿਤਾ ਇਕੋ ਮਾਈਆ । ਜਿਹੜਾ ਪਿਛਲੇ ਲੇਖੇ ਆਇਆ ਦੇਣ, ਦੇਵਣਹਾਰ ਬਣ ਗੁਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੰਜ ਪੋਹ ਕਹੇ ਜਨ ਭਗਤੋ ਪ੍ਰਭ ਨੂੰ ਹਿਰਦਿਉਂ ਜਾਓ ਝੁਕ, ਹਾਰਦਿਕ ਮਿਲੇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਪੜ੍ਹੋ ਤੁਕ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦੇਣੀ ਸੁਣਾਈਆ । ਅਗਲਾ ਪੈਂਡਾ ਸਭ ਦਾ ਜਾਏ ਮੁਕ, ਪਾਂਧੀ ਰਹਿਣ ਕੋਇ ਨਾ ਪਾਈਆ । ਖ਼ੁਸ਼ੀ ਦਾ ਵਕਤ ਸੁਹੰਜਣਾ ਤੁਹਾਡੇ ਪਵਿਤ੍ਰ ਹੋਏ ਮੁਖ, ਰਸਨਾ ਜਿਹਵਾ ਮਿਲੀ ਵਡਿਆਈਆ । ਜਨ ਭਗਤੋ ਤੁਹਾਡੇ ਅੰਤਰ ਸਦਾ ਰਹੇ ਸੁਖ, ਦੁੱਖ ਦਰਦ ਦਾ ਡੇਰਾ ਢਾਹੀਆ । ਜਗਤ ਤ੍ਰਿਸ਼ਨਾ ਮੇਟੇ ਭੁੱਖ, ਤਾਮਸ਼ ਦਏ ਮਿਟਾਈਆ । ਪੰਜ ਪੋਹ ਕਹੇ ਮੈਂ ਖ਼ੁਸ਼ੀਆਂ ਵਿਚ ਕਹਾਂ ਉਠ, ਸਭ ਨੂੰ ਦਿਆਂ ਸੁਣਾਈਆ । ਭਗਤ ਭਗਵਾਨ ਭਗਵਾਨ ਭਗਤ ਦੀ ਇਕੋ ਬੱਝੀ ਰਹੇ ਮੁੱਠ, ਪੰਜਾ ਸਕੇ ਨਾ ਕੋਇ ਖੁਲਾਈਆ । ਤੁਹਾਡੀ ਸੋਹੰਵਣੀ ਹੋਵੇ ਰੁੱਤ, ਰੁਤੜੀ ਇਕੋ ਘਰ ਮਹਿਕਾਈਆ । ਤੁਸੀਂ ਇਕ ਸਾਹਿਬ ਦੇ ਲਾਡਲੇ ਪੁੱਤ, ਜੋ ਪਿਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਇਕ ਵਖਾਈਆ । ਪੰਜ ਪੋਹ ਕਹੇ ਜਨ ਭਗਤੋ ਮੇਰੀ ਮਨਜ਼ੂਰ ਕਰੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਤੁਸੀਂ ਆਏ ਦਿੱਲੀ ਦਰਬਾਰ, ਦਰਗਾਹ ਸਾਚੀ ਦਾ ਪੰਧ ਮੁਕਾਈਆ । ਸਤਿਗੁਰ ਸ਼ਬਦ ਦੀ ਅਗੰਮੀ ਚੱਲੀ ਧਾਰ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਸਭ ਦਾ ਮੇਲਾ ਨਾਲ ਇਕ ਕਰਤਾਰ, ਕੁਦਰਤ ਦਾ ਕਾਦਰ ਦਏ ਵਡਿਆਈਆ । ਦਰ ਆਇਆਂ ਨੂੰ ਦੋਹਾਂ ਹੱਥਾਂ ਦਾ ਸੀਸ ਤੇ ਦੇਵੇ ਪਿਆਰ, ਪਿਆਰ

੧੫੨੬
੨੩

ਨਾਲ ਆਪਣੀ ਗੋਦ ਟਿਕਾਈਆ । ਚਰਨ ਧੂੜ ਬਖ਼ਸ਼ ਕੇ ਛਾਰ, ਮਸਤਕ ਟਿੱਕੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਕਰੇ ਅਪਰ ਅਪਾਰ, ਅਪਰੰਪਰ ਆਪਣੇ ਵਿਚੋਂ ਪ੍ਰਗਟਾਈਆ ।

## ✪ ੬ ਪੋਹ ਸ਼ਹਿਨਸ਼ਾਹੀ ਸੰਮਤ ਨੌਂ ਨਜ਼ੀਬਾਬਾਦ ਸ਼ਹਿਰ ਵਿਖੇ ✪

ਸਤਿਗੁਰ ਸ਼ਬਦ ਸਦਾ ਇਕਬਾਲ, ਸਿੰਘ ਇਕਬਾਲ ਦਏ ਵਡਿਆਈਆ । ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਬੇਪਰਵਾਹੀਆ । ਜੋ ਵਸੇ ਸਚਖੰਡ ਸੱਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੇ ਭਗਤ ਸੁਹੇਲੇ ਗੁਰਮੁਖ ਸੱਜਣ ਮੀਤ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਭਾਲ, ਮੇਲ ਮਲਾਏ ਸਹਿਜ ਸੁਭਾਈਆ । ਆਪੇ ਮੁਰੀਦਾਂ ਪੁਛਣਹਾਰਾ ਹਾਲ, ਹਰਿ ਮੁਰਸ਼ਦ ਧੁਰਦਰਗਾਹੀਆ । ਨਾਮ ਨਿਧਾਨ ਦੇ ਸੱਚਾ ਧਨ ਮਾਲ, ਅਤੋਟ ਅਤੁਟ ਆਪ ਵਰਤਾਈਆ । ਜਨਮ ਕਰਮ ਦੀ ਪੂਰੀ ਕਰੇ ਘਾਲ, ਲੇਖਾ ਵੇਖੇ ਥਾਉਂ ਥਾਈਂਆ । ਹਰਿਜਨ ਸਾਚਿਆਂ ਆਪ ਕਰੇ ਸੰਭਾਲ, ਸਤਿਗੁਰ ਪੂਰਾ ਦਇਆ ਕਮਾਈਆ । ਜਿਸ ਦੇ ਹੁਕਮ ਵਿਚ ਕਾਲ ਮਾਂਹਕਾਲ, ਰਾਏ ਧਰਮ ਸੀਸ ਨਿਵਾਈਆ । ਚਿਤ੍ਰਗੁਪਤ ਲੇਖੇ ਰਿਹਾ ਵਖਾਲ, ਰਾਏ ਧਰਮ ਧੂੜੀ ਖ਼ਾਕ ਰਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਫਲ ਲਗਾਏ ਗੁਰਮੁਖਾਂ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਅਵੱਲੜੀ ਚਾਲ, ਚਾਲ ਨਿਰਾਲੀ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਮੈਂ ਦਾਤਾ ਗੁਣੀ ਗਹਿੰਦ, ਗਹਿਰ ਗਵਰ ਇਕ ਅਖਵਾਈਆ । ਲੇਖਾ ਜਾਣਾ ਜੀਓ ਪਿੰਡ, ਵੇਖਣਹਾਰਾ ਥਾਉਂ ਥਾਈਂਆ । ਜਨ ਭਗਤ ਅੰਮ੍ਰਿਤ ਧਾਰ ਵਹਾਵਾਂ ਸਾਗਰ ਸਿੰਧ, ਬੂੰਦ ਸਵਾਂਤੀ ਕਵਲ ਨਾਭੀ ਆਪ ਟਪਕਾਈਆ । ਮਨ ਮਨਸਾ ਕੂੜੀ ਮੇਟ ਕੇ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਮੀਤ, ਮਿਤ੍ਰ ਪਿਆਰਾ ਇਕ ਅਖਵਾਈਆ । ਮੇਰਾ ਨਾਮ ਨਿਧਾਨਾ ਅਗੰਮੀ ਗੀਤ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਕਾਇਆ ਕਾਅਬਾ ਸੁਹਾ ਕੇ ਮੰਦਰ ਮਸੀਤ, ਗੁਰੂਦਵਾਰ ਇਕ ਦ੍ਰਿੜਾਈਆ । ਨਿਰਗੁਣ ਧਾਰ ਵਸ ਕੇ ਚੀਤ, ਚੇਤਨ ਸੁਰਤੀ ਦਿਆਂ ਕਰਾਈਆ । ਮਨ ਮਨਸਾ ਕਰ ਕੇ ਪਤਤ ਪੁਨੀਤ, ਪਤਤ ਪਾਵਨ ਹੋ ਕੇ ਵੇਖ ਵਖਾਈਆ । ਕੂੜ ਕੁਕਰਮ ਦੀ ਮੇਟ ਕੇ ਲੀਕ, ਮਾਰਗ ਇਕੋ ਇਕ ਸਮਝਾਈਆ । ਸਤਿ ਸਤਿਵਾਦੀ ਹੋ ਕੇ ਕਰਾਂ ਤਸਦੀਕ, ਸ਼ਹਾਦਤ ਨਾਮ ਨਿਧਾਨਾ ਨਾਲ ਭੁਗਤਾਈਆ ਗੁਰਮੁਖ ਹਰਿਜਨ ਬਣਾ ਧਰਮ ਧਾਰ ਅਜ਼ੀਜ਼, ਮਿਹਰ ਨਜ਼ਰ ਨਾਲ ਤਰਾਈਆ । ਸਚ ਦਵਾਰ ਬਖ਼ਸ਼ ਤਮੀਜ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਆਦਿ ਜੁਗਾਦਿ, ਜੁਗ ਚੌਕੜੀ

ਵੇਖ ਵਖਾਈਆ । ਮੇਰਾ ਲਹਿਣਾ ਦੇਣਾ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਪਰਦਾ ਦਿਆਂ ਚੁਕਾਈਆ । ਮੇਰਾ ਨਾਮ ਨਿਧਾਨਾ ਅਗੰਮੀ ਨਾਦ, ਧੁਨ ਆਤਮ ਰਾਗ ਜਣਾਈਆ । ਜਨ ਭਗਤਾਂ ਅੰਦਰ ਹੋ ਵਿਸਮਾਦ, ਬਿਸਮਿਲ ਹੋ ਕੇ ਆਪਣਾ ਭੇਵ ਚੁਕਾਈਆ । ਨੂਰ ਨੁਰਾਨਾ ਭੇਵ ਖੁਲਾਵਾਂ ਵਾਹਿਦ, ਯਕ ਆਪਣੀ ਕਾਰ ਕਮਾਈਆ । ਸਤਿ ਵਸਤ ਦੇ ਕੇ ਦਾਦ, ਦੌਲਤ ਧਰਮ ਧਾਰ ਜਣਾਈਆ । ਤ੍ਰੈਗੁਣ ਮਾਇਆ ਬੁਝਾ ਕੇ ਆਗ, ਤ੍ਰਿਸ਼ਨਾ ਕੂੜ ਮਿਟਾਈਆ । ਅੰਤਰ ਆਤਮ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਸੋਈ ਸੁਰਤੀ ਜਾਵੇ ਜਾਗ, ਸ਼ਬਦ ਹਲੂਣੇ ਆਪ ਉਠਾਈਆ । ਮਨਸਾ ਮਨ ਰਹੇ ਨਾ ਕਾਗ, ਦੁਰਮਤ ਮੈਲ ਧਵਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਮਾਰੇ ਆਵਾਜ਼, ਸਤਿਗੁਰ ਸ਼ਬਦ ਹੱਥ ਵਡਿਆਈਆ । ਏਥੇ ਓਥੇ ਦੋ ਜਹਾਨਾਂ ਰੱਖੇ ਲਾਜ, ਪਾਰਬ੍ਰਹਮ ਬ੍ਰਹਮ ਮੇਲ ਮਿਲਾਏ ਚਾਈਂ ਚਾਈਂਆ । ਆਤਮ ਪਰਮਾਤਮ ਸਾਚਾ ਕਰੇ ਕਾਜ, ਕਰਨੀ ਕਰਤਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਣਹਾਰ ਬੰਸ ਸਰਬੰਸ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਹਰਿਜਨ ਗੁਰਮੁਖ ਵੇਖਾਂ ਹੰਸ, ਕਾਗ ਰੂਪ ਨਜ਼ਰ ਕੋਇ ਨਾ ਆਈਆ । ਮਿਲੇ ਵਡਿਆਈ ਵਿਚੋਂ ਸਹੰਸ, ਸਹੰਸਰ ਮੁਖ ਸ਼ੇਸ਼ ਦਏ ਗਵਾਹੀਆ । ਮਨੂਆ ਮਾਣ ਰਹੇ ਨਾ ਕੰਸ, ਹੰਕਾਰ ਵਿਕਾਰ ਦਏ ਚੁਕਾਈਆ । ਏਕਾ ਨਾਮ ਜਣਾ ਕੇ ਮੰਤ, ਮੰਤਵ ਸਭ ਦਾ ਹੱਲ ਕਰਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਪਰਦਾ ਲਾਹੀਆ । ਬੋਧ ਅਗਾਧਾ ਬਣ ਕੇ ਪੰਡਤ, ਬੁਧੀ ਤੋਂ ਪਰੇ ਕਰੇ ਪੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਗੁਰਮੁਖਾਂ ਰਹੇ ਕੋਈ ਨਾ ਚਿੰਤ, ਆਲਸ ਨਿੰਦਰਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਅੱਜ ਦਿਵਸ ਦਿਹਾੜਾ ਛੇ ਪੋਹ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਪਰਮ ਪੁਰਖ ਆਤਮ ਧਾਰ ਬਖ਼ਸ਼ੇ ਮੋਹ, ਮੁਹੱਬਤ ਕੂੜੀ ਦੀਨ ਦੁਨੀ ਗਵਾਈਆ । ਘਰ ਸਵਾਮੀ ਨਿਜ ਨੇਤਰ ਲੋਚਨ ਬਖ਼ਸ਼ੇ ਲੋ, ਲੋਇਣ ਆਪਣਾ ਇਕ ਖੁਲਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਦੇਵੇ ਚੋ, ਕਵਲ ਨਾਭੀ ਆਪ ਉਲਟਾਈਆ । ਪੰਚ ਵਿਕਾਰੀ ਭੈ ਵਿਚ ਰੱਖੇ ਗ੍ਰੋਹ, ਸਿਰ ਸਕੇ ਨਾ ਕੋਇ ਉਠਾਈਆ । ਦੁਰਮਤ ਮੈਲ ਮਨ ਮਤ ਸਾਫ਼ ਕਰੇ ਧੋ, ਉਜਲ ਆਪ ਕਰਾਈਆ । ਹਉਮੇ ਹੰਗਤਾ ਲਏ ਖੋਹ, ਨਿਵਣ ਸੁ ਅੱਖਰ ਇਕ ਸਮਝਾਈਆ । ਅੰਦਰੋਂ ਭੇਵ ਚੁਕਾਏ ਦੋ, ਦੁਤੀਆ ਰਹਿਣ ਕੋਇ ਨਾ ਪਾਈਆ । ਪਰਦਾ ਲਾਹ ਕੇ ਰੂਪ ਦਰਸਾਏ ਸੋ, ਸੋ ਪੁਰਖ ਨਿਰੰਜਣ ਨਜ਼ਰੀ ਆਈਆ । ਹਰਿ ਪੁਰਖ ਨਿਰੰਜਣ ਆਪੇ ਹੋ, ਏਕੰਕਾਰ ਹੋਏ ਸਹਾਈਆ । ਆਦਿ ਨਿਰੰਜਣ ਕਰਕੇ ਲੋ, ਅਬਿਨਾਸ਼ੀ ਕਰਤਾ ਪਰਦਾ ਦਏ ਚੁਕਾਈਆ । ਸ੍ਰੀ ਭਗਵਾਨ ਸਤਿ ਸਰੂਪੀ ਜਾਏ ਛੋਹ, ਪਾਰਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਧਰਮ ਪਿਆਰ ਦਾ, ਜੁਗ ਜੁਗ ਰੀਤੀ ਚਲੀ ਆਈਆ । ਮੇਰਾ ਖੇਲ ਤੇਈ ਅਵਤਾਰ ਦਾ, ਹਜ਼ਰਤ ਮੂਸਾ ਈਸਾ ਮੁਹੰਮਦ ਰੂਪ ਬਦਲਾਈਆ । ਮੇਰਾ ਖੇਲ ਨਾਨਕ ਨਿਰਗੁਣ ਸਰਗੁਣ ਧਾਰ ਦਾ, ਜੋਤੀ ਜਾਤਾ ਡਗਮਗਾਈਆ । ਮੇਰਾ ਵੇਸ ਗੋਬਿੰਦ ਸਿੰਘ ਸੂਰਬੀਰ ਸਾਂਝੇ ਯਾਰ ਦਾ, ਯਾਰੜਾ ਸਥਰ ਇਕ ਹੰਢਾਈਆ । ਮੇਰਾ ਲੇਖਾ ਭਗਤ ਸੁਹੇਲੇ ਗੁਰਮੁਖ ਨਿਤ ਨਵਿਤ ਤਾਰਦਾ, ਤਾਰਨਹਾਰ


੧੫੨੮
੨੩

੧੫੨੯
੨੩

ਦਿਤੀ ਵਡਿਆਈਆ । ਕਲਜੁਗ ਖੇਲ ਤੱਕਣਾ ਅੰਧ ਅੰਧਿਆਰ ਦਾ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਭੇਵ ਦੱਸਾਂ ਬੇਸ਼ੁਮਾਰ ਦਾ, ਜਿਸ ਦੀ ਗਣਤ ਨਾ ਕਇ ਗਿਣਾਈਆ । ਗਰੀਬ ਨਿਮਾਣੇ ਕੋਝੇ ਕਮਲੇ ਸਤਿਜੁਗ ਤਰੇਤਾ ਦੁਆਪਰ ਆਇਆ ਤਾਰਦਾ, ਕਲਜੁਗ ਅੰਤ ਹੋ ਸਹਾਈਆ । ਘਾਟਾ ਪੂਰਾ ਕਰਨਾ ਸਤਿਗੁਰ ਸ਼ਬਦ ਇਕਬਾਲ ਸਿੰਘ ਪਰਿਵਾਰ ਦਾ, ਇਕਬਾਲ ਆਪਣੇ ਨਾਲ ਮਿਲਾਈਆ । ਉਹ ਵਣਜਾਰਾ ਹੋਵੇ ਤੇਰੇ ਸਚਖੰਡ ਦਰਬਾਰ ਦਾ, ਦੂਜੀ ਓਟ ਨਾ ਕੋਇ ਤਕਾਈਆ । ਤੇਰਾ ਰੂਪ ਅਨੂਪਾ ਸ਼ਾਹੋ ਭੂਪ ਨਜ਼ਰ ਆਵੇ ਨਰ ਨਿਰੰਕਾਰ ਦਾ, ਜੋਤੀ ਜਾਤਾ ਡਗਮਗਾਈਆ । ਤੇਰਾ ਖੇਲ ਅਵੱਲਾ ਦਿਸੇ ਪਰਵਰਦਿਗਾਰ ਦਾ, ਸਾਂਝੇ ਯਾਰ ਤੇਰੀ ਵਡਿਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਭਗਤਾਂ ਘਰ ਬਾਰ ਦਾ, ਅੰਦਰ ਬਾਹਰ ਤੇਰੀ ਸਰਨਾਈਆ । ਤੂੰ ਡੁੱਬਦੇ ਪੱਥਰ ਪਾਹਨ ਤਾਰਦਾ, ਜੁਗ ਜੁਗ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੂੰ ਆਦਿ ਜੁਗਾਦਿ ਬੇਅੰਤ, ਬੇਅੰਤ ਤੇਰੀ ਬੇਪਰਵਾਹੀਆ । ਤੂੰ ਸਵਾਮੀ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਵੇਖ ਵਖਾਈਆ । ਤੇਰਾ ਆਦਿ ਜੁਗਾਦਿ ਨਾਮ ਅਗੰਮਾ ਮੰਤ, ਮੰਤਵ ਸਭ ਦੇ ਹੱਲ ਕਰਾਈਆ । ਮੈਂ ਦਰ ਠਾਂਡੇ ਤੇਰੇ ਹੋਇਆ ਮੰਗਤ, ਭਿਖਾਰੀ ਹੋ ਕੇ ਝੋਲੀ ਡਾਹੀਆ । ਸਚ ਪ੍ਰੀਤੀ ਚਾੜ੍ਹ ਦੇ ਆਪਣੀ ਰੰਗਤ, ਰੰਗ ਚਲੂਲ ਇਕ ਰੰਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੇ ਲੇਖੇ ਪਾਉਣੀ ਸਾਰੀ ਸੰਗਤ, ਜੋ ਬੈਠੇ ਸੋਭਾ ਪਾਈਆ । ਸਭ ਦੀ ਇਕੋ ਖ਼ਾਹਿਸ਼ ਤੇ ਇਕੋ ਮਿੰਨਤ, ਇਕੋ ਵਾਰ ਸੀਸ ਨਿਵਾਈਆ । ਚੁਰਾਸੀ ਰਹੇ ਕਿਸੇ ਨਾ ਚਿੰਤ, ਯਮ ਕੀ ਫਾਸ ਨਾ ਕੋਇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰ ਦੇ ਪ੍ਰਭ, ਪਰਮ ਪੁਰਖ ਤੇਰੀ ਸਰਨਾਈਆ । ਭਗਤ ਸੁਹੇਲੇ ਤਾਰਦੇ ਸਰਬ, ਸਰਬ ਵਿਆਪੀ ਵੇਖ ਵਖਾਈਆ । ਜਨਮ ਲੈਣਾ ਪਏ ਨਾ ਫੇਰ ਕਿਸੇ ਗਰਭ, ਨਵ ਅਠਾਰਾਂ ਨਾ ਅਗਨ ਤਪਾਈਆ । ਸਭ ਦੀ ਆਤਮ ਕਰਨੀ ਸਰਦ, ਅੰਮ੍ਰਿਤ ਰਸ ਚੁਆਈਆ । ਕਲਜੁਗ ਕੂੜ ਕੁੜਿਆਰੀ ਵੱਜੇ ਕਿਸੇ ਨਾ ਕਰਦ, ਕਾਤਲ ਮਕਤੂਲ ਨਾ ਰੂਪ ਦਰਸਾਈਆ । ਵੱਡਿਆਂ ਛੋਟਿਆਂ ਵੰਡਣਾ ਦਰਦ, ਦੁਖੀਆਂ ਆਪਣੇ ਗਲੇ ਲਗਾਈਆ । ਮਾਸੂਮ ਬੱਚਿਆਂ ਦਾ ਹੋਣ ਨਾ ਦੇਵੀਂ ਹਰਜ, ਸਿਰ ਵਿਧਵਾ ਹੱਥ ਟਿਕਾਈਆ । ਗ਼ਰੀਬਾਂ ਪਾਲਣਾ ਤੇਰਾ ਫ਼ਰਜ਼, ਆਪ ਹੋਣਾ ਮਾਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰੇ ਗੁਰਸਿਖ ਨੰਨ੍ਹੇ ਨਿੱਕੇ ਬੱਚੇ, ਬਚਪਨ ਸਭ ਦਾ ਵੇਖ ਵਖਾਈਆ । ਤਨ ਮਾਟੀ ਭਾਂਡੇ ਤੱਕ ਲੈ ਕੱਚੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਸਚ ਪ੍ਰੀਤ ਜੋੜ ਲੈ ਨੱਤੇ, ਨਾਤਾ ਆਤਮ ਪਰਮਾਤਮ ਬਣਾਈਆ । ਤੇਰੇ ਪ੍ਰੇਮ ਵਿਚ ਸਾਰੇ ਰਹਿਣ ਰੱਤੇ, ਰਤਨ ਅਮੋਲਕ ਹੀਰੇ ਦੇ ਸਮਝਾਈਆ । ਤੇਰੇ ਨਾਮ ਦਾ ਜੈਕਾਰਾ ਬੋਲ ਕੇ ਫ਼ਤਿਹ, ਫ਼ਾਤਿਆ ਪੜ੍ਹਨ ਕੂੜ ਕਿਰਿਆ ਹਲਕਾਈਆ । ਸਭ ਦੇ ਲੇਖੇ ਪਾਉਣੇ ਆਪਣੇ ਖਤੇ, ਖ਼ਾਤਮਾ ਕੂੜੀ ਕਿਰਿਆ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਛੇ ਪੋਹ ਕਹੇ ਮੈਂ ਆਇਆ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਪੁਰਖ ਅਕਾਲੇ ਦੇਣੀ ਦਾਤ, ਦੀਨ ਦਿਆਲ ਦਇਆ ਕਮਾਈਆ । ਜਨ

ਭਗਤਾਂ ਚਰਨ ਪ੍ਰੀਤ ਬਖ਼ਸ਼ਣਾ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਪਿਆਰ ਮੁਹੱਬਤ ਧੂੜੀ ਬਖ਼ਸ਼ਣੀ ਖ਼ਾਕ, ਮਸਤਕ ਨਾਮ ਰਮਾਈਆ । ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਸਭ ਦਾ ਲਹਿਣਾ ਦੇਣਾ ਪੂਰਬ ਜਨਮ ਤੱਕਣਾ ਮਾਥ, ਲੇਖਾ ਅਵਰ ਰਹੇ ਨਾ ਰਾਈਆ । ਤੂੰ ਸਰਬ ਕਲਾ ਸਮਰਾਥ, ਦੇਵਣਹਾਰ ਇਕ ਗੁਸਾਈਂਆ । ਸਗਲ ਵਸੂਰੇ ਜਾਇਣ ਲਾਥ, ਜੋ ਦਰਸ਼ਨ ਤੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੇ ਅਗੇ ਮੰਗ ਮੰਗਾਈਆ । ਛੇ ਪੋਹ ਕਹੇ ਪ੍ਰਭੂ ਮੈਂ ਮੰਗਾਂ ਅਗੰਮੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਕਟ ਭੁੱਖ ਨੰਗ, ਆਤਮ ਅੰਤਰ ਦੇ ਭਰਾਈਆ । ਸਚ ਸਵਾਮੀ ਬਖ਼ਸ਼ ਅਨੰਦ, ਅੰਤਰਜਾਮੀ ਵੇਖ ਵਖਾਈਆ । ਧੁਨ ਨਾਦ ਅਗੰਮੀ ਵਜਾ ਮਰਦੰਗ, ਅਨੁਰਾਗੀ ਰਾਗ ਦ੍ਰਿੜਾਈਆ । ਦਰਸ਼ਨ ਦੇਣਾ ਕਾਇਆ ਮੰਦਰ ਅੰਦਰ (ਲੰਘ), ਨਵ ਦਵਾਰ ਦਾ ਪੰਧ ਚੁਕਾਈਆ । ਆਤਮ ਸੇਜ ਸੁਹਾਉਣੀ ਪਲੰਘ, ਜਿਸ ਦੀ ਪਾਵਾ ਚੂਲ ਬਣਤ ਨਾ ਕੋਇ ਬਣਾਈਆ । ਜਿਸ ਦਾ ਨਾਮ ਨਿਧਾਨਾ ਸ੍ਰੀ ਭਗਵਾਨਾ ਵੱਜੇ ਇਕੋ ਮਰਦੰਗ, ਮਰਦ ਮਰਦਾਨੇ ਦੇਣਾ ਵਜਾਈਆ । ਤੇਰਾ ਪ੍ਰਕਾਸ਼ ਹੋਵੇ ਬਿਨਾ ਸੂਰੀਆ ਚੰਦ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਨੂਰ ਕਰਨਾ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਛੇ ਪੋਹ ਕਹੇ ਪ੍ਰਭੂ ਜਨ ਭਗਤਾਂ ਅੰਤਰ ਵੇਖ ਖ਼ਾਹਿਸ਼, ਅੰਤਸ਼ਕਰਨ ਫੋਲ ਫੁਲਾਈਆ । ਸਤਿ ਸਚ ਦੀ ਕਰਨੀ ਦੱਸ ਤਲਾਸ਼, ਤਨ ਖੋਜਣ ਚਾਈਂ ਚਾਈਂਆ । ਆਤਮ ਪਰਮਾਤਮ ਤੇਰੀ ਤੱਕਣ ਰਾਸ, ਬਿਨ ਗੋਪੀ ਕਾਹਨ ਖ਼ੁਸ਼ੀ ਬਣਾਈਆ । ਰਸਨਾ ਗਾਇਣ ਸਵਾਸ ਸਵਾਸ, ਸਾਹ ਸਾਹ ਵਿਚ ਸਮਾਈਆ । ਹਉਮੇ ਦੁਖੜਾ ਕਰਨਾ ਨਾਸ, ਹੰਗਤਾ ਦੇਣੀ ਮਿਟਾਈਆ । ਨਿਰਗੁਣ ਧਾਰ ਵਸਣਾ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਹੋਵੇ ਪ੍ਰਕਾਸ਼, ਅੰਧ ਅੰਧੇਰ ਰਹੇ ਨਾ ਰਾਈਆ । ਹਰਿਜਨ ਬਣਾ ਕੇ ਆਪਣੇ ਦਾਸ, ਵਾਸਤਾ ਧਰਮ ਧਾਰ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਸਚ ਰੰਗ ਰੰਗ ਸਵਾਮੀ, ਹਰਿ ਕਰਤੇ ਬੇਪ੍ਰਵਾਹ । ਮਾਲਕ ਖ਼ਾਲਕ ਅੰਤਰਜਾਮੀ, ਅਲਖ ਅਗੋਚਰ ਅਗੰਮ ਅਥਾਹ । ਆਦਿ ਜੁਗਾਦਿ ਸਦਾ ਨਿਹਕਾਮੀ, ਸਤਿ ਪੁਰਖ ਨਿਰੰਜਣ ਬੇਪ੍ਰਵਾਹ । ਸਚ ਬੇਨੰਤੀ ਏਕਾ ਮਾਨੀ, ਦਰ ਠਾਂਡੇ ਸੀਸ ਦਿਤਾ ਨਿਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿਜਨ ਹੋਣਾ ਆਪ ਸਹਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਧੁਰ ਦਾ ਸੱਜਣ, ਸੱਜਣ ਗੁਰਮੁਖ ਆਪ ਬਣਾਈਆ । ਚਰਨ ਧੂੜ ਕਰਾ ਕੇ ਮਜਨ, ਦੁਰਮਤ ਮੈਲ ਧਵਾਈਆ । ਜੁਗ ਜੁਗ ਹਰਿਜਨ ਪ੍ਰੇਮੀ ਆਏ ਲੱਭਣ, ਭੱਜੇ ਵਾਹੋ ਦਾਹੀਆ । ਵੇਸ ਵਟਾਏ ਗੋਪਾਲ ਮਦਨ, ਮਧ ਸੂਧਨ ਧੁਰਦਰਗਾਹੀਆ । ਜਿਸ ਦੇ ਡੰਕ ਦਮਾਮੇ ਵੱਜਣ, ਦੋ ਜਹਾਨ ਕਰੇ ਰੁਸ਼ਨਾਈਆ । ਓਹ ਗੁਰਮੁਖਾਂ ਨੇਤਰ ਪਾ ਕੇ ਅੰਜਨ, ਨਿਜ ਨੈਣ ਕਰੇ ਰੁਸ਼ਨਾਈਆ । ਲੋਕਮਾਤ ਆਏ ਪਰਦੇ ਕੱਜਣ, ਨਾਮ ਦੁਸ਼ਾਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਖ਼ੁਸ਼ੀਆਂ ਵਾਲਾ ਤਿਵਹਾਰ, ਦਿਓਹਾਰੀ ਖ਼ੁਸ਼ੀ ਮਨਾਈਆ । ਛੇ ਪੋਹ ਕਰੇ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਪ੍ਰਭ ਦਰ ਮੰਗੇ ਬਣ ਭਿਖਾਰ, ਖ਼ਾਲੀ ਝੋਲੀ ਅਗੇ ਡਾਹੀਆ । ਕਿਰਪਾ ਕਰ ਮੇਰੇ ਨਿਰੰਕਾਰ,

੧੫੩੦
੨੩

ਨਿਰਵੈਰ ਤੇਰੀ ਸਰਨਾਈਆ । ਇਕੋ ਰੰਗ ਰੰਗਾ ਦੇ ਵੱਡਾ ਛੋਟਾ ਵਿਚ ਪਰਿਵਾਰ, ਪਰਮ ਪੁਰਖ ਆਪਣੀ ਦਇਆ ਕਮਾਈਆ । ਮੂਰਖ ਬੁੱਧੀ ਰਹੇ ਨਾ ਕੋਇ ਗਵਾਰ, ਸਵੱਛ ਸਰੂਪ ਦੇਣਾ ਸਮਝਾਈਆ । ਮੇਲ ਮਿਲਾਉਣਾ ਗੋਬਿੰਦ ਮੀਤਾ ਸਤਿਗੁਰ ਗੋਬਿੰਦ ਚਰਨ ਦਵਾਰ, ਸਿੰਘ ਸਿੰਘ ਤੇਰੀ ਸਰਨਾਈਆ । ਤੁਧ ਬਿਨ ਦੂਜਾ ਨਜ਼ਰ ਕੋਈ ਨਾ ਆਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਤੂੰ ਭਗਤ ਸੁਹੇਲਾ ਇਕ ਇਕੇਲਾ ਏਕੰਕਾਰ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਤਿ ਸਤਿਵਾਦੀ ਪਰਵਰਦਿਗਾਰ ਸਾਂਝੇ ਯਾਰ ਨੂਰ ਅਲਾਹ ਬੇਪਰਵਾਹ ਏਕੰਕਾਰ, ਇਕ ਇਕੱਲੇ ਤੇਰੇ ਹੱਥ ਵਡਿਆਈਆ ।

### ✪ ੨੧ ਪੋਹ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰੇ ਲੰਗਰ ਦੀ ਚਾਰ ਦੀਵਾਰੀ ਦੀ ਨੀਂਹ ਰੱਖਣ ਤੋਂ ਪਹਿਲਾਂ ✪

ਇੱਕੀ ਪੋਹ ਕਹੇ ਮੈਂ ਆਇਆ ਪੋਹ ਇਕੀਸਾ, ਦੋ ਇਕ ਜਿਸ ਦਾ ਧਿਆਨ ਲਗਾਈਆ । ਮੈਨੂੰ ਸੰਦੇਸਾ ਦਿਤਾ ਬੀਸ ਬੀਸਾ, ਸਰਗੁਣ ਜ਼ੀਰੋ ਰੂਪ ਸਮਝਾਈਆ । ਮੈਨੂੰ ਇਸ਼ਾਰਾ ਕੀਤਾ ਇਕ ਨੌਂ ਉਨੀਸਾ, ਬਿਨ ਸੈਨਤ ਦਿਤਾ ਦ੍ਰਿੜਾਈਆ । ਇਕ ਅੱਠ ਅਠਾਰਾਂ ਖ਼ਾਲੀ ਵਖਾ ਕੇ ਖੀਸਾ, ਹਥੇਲੀ ਹਥੇਲੀ ਨਾਲ ਬਦਲਾਈਆ । ਇਕ ਸੱਤ ਸਤਾਰਾਂ ਦੱਸ ਕੇ ਆਪਣਾ ਪੀਸਣ ਪੀਸਾ, ਕੂਕ ਕੂਕ ਸੁਣਾਈਆ । ਇਕ ਛੇ ਸੋਲਾਂ ਕਹੇ ਮੈਂ ਤੇਰੀਆਂ ਬਦਲਦੀਆਂ ਵੇਖੀਆਂ ਰੀਤਾਂ, ਜੁਗ ਜੁਗ ਧਿਆਨ ਲਗਾਈਆ । ਇਕ ਪੰਜ ਪੰਦਰਾਂ ਕਹੇ ਮੇਰੇ ਅੰਦਰੋਂ ਨਿਕਲੀਆਂ ਚੀਕਾਂ, ਕੂਕ ਕੂਕ ਸੁਣਾਈਆ । ਇਕ ਚਾਰ ਚੌਦਾਂ ਕਹੇ ਤੂੰ ਜਨ ਭਗਤਾਂ ਇੱਕੀਆਂ ਇੱਕੀਆਂ ਘਰਾਂ ਕੀਤੀਆਂ ਤਸਦੀਕਾਂ, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਇਕ ਤਿੰਨ ਤੇਰਾਂ ਕਹੇ ਮੈਨੂੰ ਤੇਰੀਆਂ ਉਡੀਕਾਂ, ਜਿਸ ਘਰ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਿਤਾ ਭੁਲਾਈਆ । ਇਕ ਦੋ ਬਾਰਾਂ ਕਹੇ ਮੇਰੀਆਂ ਪੂਰੀਆਂ ਕਰਨੀਆਂ ਰੀਝਾਂ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਇਕ ਇਕ ਯਾਰਾਂ ਕਹੇ ਮੈਂ ਤੇਰੇ ਹੁਕਮ ਦੀਆਂ ਸੁਣਦਾ ਰਿਹਾ ਤਰੀਕਾਂ, ਜੋ ਜੁਗ ਚੌਕੜੀ ਅਵਤਾਰ ਪੈਗ਼ੰਬਰਾਂ ਗੁਰੂਆਂ ਗਿਆ ਸੁਣਾਈਆ । ਇਕ ਜ਼ੀਰੋ ਦਸ ਕਹੇ ਮੇਰੇ ਭਗਵਾਨਾ ਨੌਜਵਾਨਾ ਆਪਣਾ ਮਾਰਗ ਦੱਸ ਦੇ ਸੀਧਾ, ਸਿਧ ਸਾਦਕਾਂ ਤੋਂ ਬਾਹਰ ਦੇਣਾ ਸਮਝਾਈਆ । ਸ਼ਹਿਨਸ਼ਾਹੀ ਸੰਮਤ ਨੌਂ ਵੀਹ ਸੌ ਧਾਰ ਤੇਰੀ ਤੀਹ ਅਗਲੀਆਂ ਪਿਛਲੀਆਂ ਮੇਟ ਦੇ ਲੀਕਾਂ, ਲਾਈਨ ਐਨ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਇੱਕੀ ਪੋਹ ਕਹੇ ਮੇਰੀ ਇਕੋ ਆਸ਼ਾ ਅਪਾਰ, ਸੰਮਤ ਸ਼ਹਿਨਸ਼ਾਹੀ ਨੌਂ ਨਾਲ ਮਿਲਾਈਆ । ਨਾਲ ਦੱਸਾਂ ਪਿਆਰ, ਪ੍ਰੀਤੀ ਪ੍ਰੇਮ ਵਿਚ ਸਮਝਾਈਆ । ਅਗਲਾ ਅਲਖ ਦਾ ਵਿਵਹਾਰ, ਵਿਵਹਾਰੀ ਆਪ ਜਣਾਈਆ । ਜੋ ਧਰਮ ਦਾ ਹੋਵੇ ਲਿਖਾਰ, ਲਿਖਾਰੀਆਂ ਲੇਖੇ ਵਿਚ ਰਖਾਈਆ । ਖੇਲ ਸੱਚੀ ਸਰਕਾਰ, ਦੋ ਇਕ ਨਾਲ ਵਡਿਆਈਆ । ਵੇਖੇ ਵਿਗਸੇ ਪਾਵੇ ਸਾਰ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਇੱਕੀ ਪੋਹ ਕਹੇ ਮੇਰੀ ਗੋਬਿੰਦ ਨੇ ਰੱਖੀ ਧਾਰ, ਧਰਮ ਨਾਲ ਜਣਾਈਆ । ਬਵੰਜਾ ਕਵੀਆਂ ਦਾ ਉਧਾਰ, ਬਾਵਨ ਦਾ ਲੇਖਾ ਨਾਲ ਮਿਲਾਈਆ । ਪੰਜਾਂ ਦਾ ਲਹਿਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਲੇਖ ਲੇਖਣੀ ਕਰੇ ਪੁਕਾਰ, ਕਲਮ ਕਲਮਾਂ ਤੋਂ ਬਾਹਰ ਸੀਸ ਨਿਵਾਈਆ । ਕਿਰਪਾ ਕਰੀਂ ਮੇਰੇ ਨਿਰੰਕਾਰ, ਤੇਰੇ ਹੰਥ ਵਡਿਆਈਆ । ਤੇਰਾ ਬਦਲਦਾ ਜਾਂਦਾ ਸਮਾਂ ਬਦਲ ਜਾਣਾ ਵਿਵਹਾਰ, ਬਦਲੀ ਹੋਵੇ ਥਾਉਂ ਥਾਈਂਆ । ਮੈਂ ਕੂਕ ਕੇ ਕਰਾਂ ਪੁਕਾਰ, ਜ਼ੋਰ ਜ਼ੋਰ ਨਾਲ ਸੁਣਾਈਆ । ਭਗਤ ਭਗਵਾਨ ਦੀ ਧਾਰ ਹੋਵੇ ਦੀਵਾਰ, ਧਰਨੀ ਉਤੇ ਸੋਭਾ ਪਾਈਆ । ਕੂੜੀ ਕਿਰਿਆ ਜਨ ਭਗਤਾਂ ਅੰਦਰੋਂ ਕੱਢਣੀ ਬਾਹਰ, ਤਨ ਵਜੂਦ ਰਹਿਣ ਨਾ ਪਾਈਆ । ਸਤਿ ਸਚ ਦਾ ਬਖ਼ਸ਼ ਪਿਆਰ, ਦੇਣੀ ਮਾਣ ਵਡਿਆਈਆ । ਮੈਂ ਅਗੇ ਰਹਿਵਾਂ ਜੁਗ ਚਾਰ, ਸਿਰ ਮੇਰੇ ਹੱਥ ਟਿਕਾਈਆ । ਸਤਿਜੁਗ ਵਿਚ ਮੈਨੂੰ ਇੱਕੀ ਫੁਟ ਕਰੇਗੀ ਸਾਰੀ ਸ੍ਰਿਸ਼ਟੀ ਦੀ ਸਰਕਾਰ, ਇੱਕੀ ਇੱਕੀ ਇੱਕੀ ਇੱਕੀ ਸੌ ਫੁਟ ਆਪਣਾ ਚੌਗਿਰਦ ਲਵਾਂ ਬਣਾਈਆ । ਮੇਰੇ ਨੌ ਭਗਤ ਦਵਾਰੇ ਏਸ ਭਗਤ ਦਵਾਰੇ ਦੇ ਹੋਣਗੇ ਬਾਹਰ, ਧਰਤੀ ਏਸੇ ਉਤੇ ਸੋਭਾ ਪਾਈਆ । ਜਿਨ੍ਹਾਂ ਦੀਆਂ ਚੋਟੀਆਂ ਉਤੇ ਪੂਰਨ ਸਿੰਘ ਦੀ ਭਸਮ ਚੜ੍ਹੇਗੀ ਖਾਰ, ਇਕ ਇਕ ਹੱਡੀ ਉਤੇ ਦੇਣੀ ਟਿਕਾਈਆ । ਇਹ ਵਸਤੂਆਂ ਸਾਂਭ ਕੇ ਰੱਖਣੀਆਂ ਪਿਛੋਂ ਸਸਕਾਰ, ਜਲ ਭੇਟ ਨਾ ਕੋਇ ਕਰਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਏਸੇ ਦੀ ਹੋਵੇ ਯਾਦਗ਼ਾਰ, ਯਾਦ ਯਾਦ ਵਿਚੋਂ ਸਮਝਾਈਆ । ਇਹ ਤਤਾਂ ਵਾਲਾ ਸ਼ਰੀਰ ਸਦਾ ਰਹਿਣਾ ਨਹੀਂ ਸੰਸਾਰ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਜਨ ਭਗਤ ਸੱਜਣ ਮੀਤ ਸੋਹਣੇ ਨਾਲ ਯਾਰ, ਯਰਾਨੇ ਧਰਮ ਧਾਰ ਰਖਾਈਆ । ਇਹ ਖੇਲ ਅਗੰਮ ਅਪਾਰ, ਹਰਿ ਕਰਤਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਇੱਕੀ ਪੋਹ ਕਹੇ ਜਨ ਭਗਤੋ ਮੈਂ ਇਕੋ ਮੰਗ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਜੇ ਤੁਸੀਂ ਆਗਿਆ ਦੇਵੋ ਪੂਰਨ ਸਿੰਘ ਦਾ ਸੌਣਾ ਛੁਡਾ ਦੇਵਾਂ ਉਤੋਂ ਪਲੰਘ ਦਾ, ਸਦਾ ਭਗਤਾਂ ਦੇ ਚਰਨਾਂ ਵਿਚ ਲੇਟ ਕੇ ਆਪਣਾ ਝਟ ਲੰਘਾਈਆ । ਲੰਗਰ ਕਹੇ ਮੈਂ ਵੀ ਪਿਆਸਾ ਇਸ ਦੁਨੀਆ ਵਿਚ ਵਰਭੰਡ ਦਾ, ਭੰਡੀ ਪਾ ਕੇ ਦਿਆਂ ਸੁਣਾਈਆ । ਜਨ ਭਗਤੋ ਤੁਹਾਡੇ ਪਿਆਰ ਵਿਚ ਅੱਜ ਤੋਂ ਪੂਰਨ ਸਿੰਘ ਦਾ ਖਾਣਾ ਹੋ ਜਾਏਗਾ ਇਕ ਡੰਗ ਦਾ, ਦਸੂਰੀ ਵਾਰ ਅੰਨ ਮੁਖ ਨਾ ਕਦੇ ਲਗਾਈਆ । ਇੱਕੀ ਮਾਘ ਤੱਕ ਇਹ ਖੇਲ ਹੋਣਾ ਨਿਸ਼ੰਗ ਦਾ, ਨਿਸਚੇ ਨਾਲ ਜਣਾਈਆ । ਗਲ ਬਸਤਰ ਫਟਾ ਪੁਰਾਣਾ ਪਹਿਨੇਗਾ ਵੇਸ ਕਰੇ ਭੁੱਖ ਨੰਗ ਦਾ, ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਇੱਕੀ ਪੋਹ ਕਹੇ ਇਹ ਗੋਬਿੰਦ ਦਿਤਾ ਸੰਦੇਸ਼ਾ, ਸ਼ਬਦ ਧਾਰ ਜਣਾਈਆ । ਮੇਰਾ ਸਾਹਿਬ ਨਰ ਨਰੇਸ਼ਾ, ਵਡ ਦਾਤਾ ਧੁਰਦਰਗਾਹੀਆ । ਜਿਸ ਵਸਣਾ ਸੰਬਲ ਦੇਸਾ, ਆਪਣੀ ਖ਼ੁਸ਼ੀ ਬਣਾਈਆ । ਅਗੇ ਸਦਾ ਰਹੇ ਹਮੇਸ਼ਾ, ਪਿਛੇ ਜਨਮ ਮਰਨ ਵਿਚ ਨਾ ਆਈਆ । ਉਹਦਾ ਭਗਤਾਂ ਨਾਲ ਠੇਕਾ, ਭਗਵਨ ਹੋਏ ਆਪ ਸਹਾਈਆ । ਸਚ ਪ੍ਰੀਤ ਦੀ ਬਖ਼ਸ਼ੇ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਇੱਕੀ ਪੋਹ ਕਹੇ ਜਨ ਭਗਤੋ ਤੁਹਾਡੀਆਂ ਚੜ੍ਹਦੀਆਂ ਹੋਵਨ ਕਲਾ, ਇਕੱਲੇ ਇਕੱਲੇ ਮਿਲੇ ਵਡਿਆਈਆ । ਤੁਹਾਡਾ ਵਸਦਾ ਰਹੇ ਮਹੱਲਾ, ਸਦ ਸਤਿਗੁਰ

ਸੰਗ ਬਣਾਈਆ । ਤੁਹਾਡਾ ਲੇਖਾ ਬਾਹਰ ਜਲਾ ਥਲਾ, ਮਹੀਅਲ ਸੰਗ ਨਾ ਕੋਇ ਜਣਾਈਆ । ਤੁਹਾਡਾ ਨਿਹਚਲ ਧਾਮ ਅਟੱਲਾ, ਅਟਲ ਪਦਵੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਇੱਕੀ ਪੋਹ ਕਹੇ ਭਗਤੋ ਅੰਦਰ ਮਾਰ ਲਓ ਝਾਤੀ, ਨੇਤਰ ਨੈਣਾਂ ਨੈਣ ਵੇਖ ਵਖਾਈਆ । ਸੀਨਾ ਤੱਕ ਲਓ ਆਪਣੀ ਛਾਤੀ, ਹੱਥ ਛਾਤੀ ਉਤੇ ਟਿਕਾਈਆ । ਤੁਹਾਡਾ ਪ੍ਰੇਮੀ ਪੁਰਖ ਅਕਾਲ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਪੂਰਨ ਬਣਿਆ ਸਾਕੀ, ਜਾਮ ਪਿਆਲੇ ਜਗਤ ਪਿਆਈਆ । ਬੇਸ਼ਕ ਤਨ ਮਾਟੀ ਵਾਲਾ ਖ਼ਾਕੀ, ਤਨ ਹੱਡ ਮਾਸ ਨਾੜੀ ਸੋਭਾ ਪਾਈਆ । ਅੱਜ ਤੋਂ ਗੁਰਮੁਖੋ ਤੁਹਾਡੇ ਨਾਲ ਪਿਛਲੀ ਹੇਰਾ ਫੇਰੀ ਦੀ ਛਡ ਦੇਵੇ ਚਲਾਕੀ, ਅਗੇ ਸਚ ਦਾ ਸਚ ਹੁਕਮ ਰਖਾਈਆ । ਇਹ ਵਕਤ ਸੁਹੰਜਣਾ ਜਗਤ ਆਇਆ ਭਗਤ ਦਵਾਰ ਚ ਤੁਹਾਡੀ ਹੋਈ ਗਲ ਬਾਤੀ, ਬਾਤਨ ਦਿਆਂ ਜਣਾਈਆ । ਪੂਰਬ ਲੇਖੇ ਸਭ ਦੇ ਦੇਵਾਂ ਬਾਕੀ, ਬਾਕਾਇਦਾ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਇੱਕੀ ਪੋਹ ਕਹੇ ਜਨ ਭਗਤੋ ਚਾਰ ਦੀਵਾਰੀ ਦੇ ਚਲੋ ਕੋਲ, ਭਗਤ ਦਵਾਰਿਉਂ ਚਾਈਂ ਚਾਈਂਆ । ਲਿਖਾਰੀਆਂ ਇੱਕੀ ਜੈਕਾਰੇ ਦੇਣੇ ਬੋਲ, ਖ਼ੁਸ਼ੀਆਂ ਢੋਲੇ ਗਾਈਆ । ਸੁੱਕਾ ਟੁਕਰ ਰੱਖਣਾ ਕੋਲ, ਕਲਮ ਦੀ ਨੋਕ ਦੇਣੀ ਛੁਹਾਈਆ । ਸ਼ਸਤਰਾਂ ਅੱਧ ਵਿਚੋਂ ਫੜ ਕੇ ਤੋਲਣਾ ਤੋਲ, ਹਿੱਸਾ ਇਕੋ ਵੰਡ ਵੰਡਾਈਆ । ਸਵਾ ਪਾ ਆਟਾ ਲੈਣਾ ਘੋਲ, ਇੱਟਾਂ ਚਾਰ ਨਾਲ ਵਖਾਈਆ । ਦਾਇਰਾ ਬੰਨ੍ਹ ਕੇ ਨੌ ਫੁਟ ਦਾ ਗੋਲ, ਗੋਲੀ ਨੇ ਮੁਖ ਤੇ ਘੁੰਗਟ ਲੈਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਚਾਰ ਦੀਵਾਰ ਕਹੇ ਮੈਂ ਚੌਹਵੰਨੀ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਗੋਬਿੰਦ ਦੇ ਚਰਨਾਂ ਦੀ ਧੂੜ ਬੱਧੀ ਕੰਨੀ, ਚਮਕੌਰ ਦਏ ਗਵਾਹੀਆ । ਮੇਰੀਆਂ ਨੀਹਾਂ ਹੇਠ ਰੋਟੀ ਰੱਖਣੀ ਥੰਨੀ ਥੰਨੀ, ਚਾਰੇ ਵੰਡ ਵੰਡਾਈਆ । ਮੈਂ ਭਗਤਾਂ ਭਗਤੀ ਵਿਚ ਬਣਾਉਣਾ ਧਨੀ, ਧਨਾਢ ਦੇਣੇ ਵਖਾਈਆ । ਮੇਰੀ ਆਯੂ ਹੋਣੀ ਲੰਮੀ, ਲੰਮੇ ਪੈ ਕੇ ਲਿਖਾਰੀ ਕਰਨ ਲਿਖਾਈਆ । ਮੈਂ ਅੱਜ ਤੋਂ ਪ੍ਰਭੂ ਦੇ ਘਰ ਵਿਚ ਜੰਮੀ, ਮੈਨੂੰ ਮਿਲੇ ਮਾਣ ਵਡਿਆਈਆ । ਗੁਰਮੁਖੋ ਨਾ ਕੋਈ ਹਰਖ ਰਹੇ ਨਾ ਗ਼ਮੀ, ਚਿੰਤਾ ਅੰਦਰੋਂ ਦੇਣੀ ਕਢਾਈਆ । ਤੁਹਾਡੇ ਸਤਿਕਾਰ ਵਿਚ ਮੇਰੀ ਰੀਤੀ ਚਲਣੀ ਨਵੀਂ, ਨਵੇਂ ਯੁਗ ਦਾ ਧਿਆਨ ਲਗਾਈਆ । ਤੁਹਾਡਾ ਪ੍ਰੇਮ ਮੇਰੀ ਪੂਰੀ ਕਰ ਦੇਵੇ ਕਮੀ, ਘਾਟੇ ਪਿਛਲੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਬੇਨੰਤੀ ਅਗੰਮੜੇ ਇਕ ਮੰਨੀ, ਮਨਸਾ ਪੂਰਬ ਨਾਲ ਮਿਲਾਈਆ ।



### ✪ ੨੧ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਲੰਗਰ ਦੀ ਚਾਰ ਦੀਵਾਰੀ ਦੀ ਨੀਂਹ ਰੱਖਣ ਸਮੇਂ ✪

### ✪ ਸ਼ਹਿਨਸ਼ਾਹ ਜੀ ਨੇ ਗੁਟ ਵਿਚੋਂ ਖ਼ੂਨ ਕੱਢ ਕੇ ਵਿਹਾਰ ਕੀਤਾ ✪

ਵਿਸ਼ਨੂੰ ਕਹੇ ਵਾਹ ਮੇਰੇ ਭਗਵਾਨ, ਕੀ ਭਗਵਨ ਤੇਰੀ ਬੇਪ੍ਰਵਾਹੀਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਮੈਨੂੰ ਬਖ਼ਸ਼ਿਆ ਦਾਨ, ਜੁਗ ਜੁਗ

ਤੇਰੀ ਸੇਵ ਕਮਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇਂਦਾ ਰਿਹਾ ਮਾਣ, ਨਿਤ ਨਿਤ ਆਪਣਾ ਫੇਰਾ ਪਾਈਆ । ਕਲਜੁਗ ਅੰਤ ਮੈਂ ਹੋ ਗਿਆ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਮੈਂ ਚਾਰੋਂ ਕੁੰਟ ਮਾਰਾਂ ਧਿਆਨ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਬਲ ਦਾ ਲੇਖਾ ਭੁੱਲਿਆ ਨਹੀਂ ਵਿਚ ਜਹਾਨ, ਸਤਿ ਸਚ ਨਾਲ ਸੁਣਾਈਆ । ਜਿਸ ਦਾ ਅਸਵਮੇਧ ਯਗ ਦਾ ਲੇਖਾ ਸੰਮਤ ਸ਼ਹਿਨਸ਼ਾਹੀ ਅੱਠ ਵਿਚ ਭਗਤਾਂ ਕੋਲੋਂ ਕਰਾਇਆ ਆਣ, ਆਪ ਆਪਣੀ ਦਇਆ ਕਮਾਈਆ । ਇੱਕੀ ਪੋਹ ਨੂੰ ਕਿਉਂ ਜ਼ਿਮੀਂ ਵਿਚ ਦੱਬਿਆ ਮੇਰਾ ਅੰਨ ਅੰਨ ਅੰਨ ਜਗਤ ਵਾਲਾ ਪਕਵਾਨ, ਭੇਵ ਅਭੇਦਾ ਦੇ ਖੁਲਾਈਆ । ਮੇਰੇ ਨੇਤਰ ਨੈਣ ਸ਼ਰਮਾਣ, ਅੱਖੀਆਂ ਰੋਵਣ ਮਾਰਨ ਧਾਹੀਆ । ਮੈਂ ਸੰਦੇਸ਼ਾ ਦੇਵਾਂ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਜ਼ਿਮੀਂ ਅਸਮਾਨਾਂ ਦਿਆਂ ਦ੍ਰਿੜਾਈਆ । ਬ੍ਰਹਮੇ ਨੂੰ ਕਹਾਂ ਆਹ ਵੇਖ ਮੇਰਾ ਨਿਸ਼ਾਨ, ਸ਼ੰਕਰਾ ਭੱਜਣਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਵਿਸ਼ਨੂੰ ਕਹੇ ਲਿਖਾਰੀਓ ਕਿਉਂ ਛੁਹਾਈ ਆਪਣੀ ਨੋਕ, ਕਲਮ ਦਾ ਲਿਖਿਆ ਨਾ ਕੋਇ ਮਿਟਾਈਆ । ਮੈਨੂੰ ਗੋਬਿੰਦ ਦਾ ਯਾਦ ਇਕ ਸਲੋਕ, ਜੋ ਸੋਹਲਾ ਮਾਛੂਵਾੜੇ ਗਿਆ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਆਪਣੀ ਨਹੀਂ ਸੋਚ, ਤੇਰੀ ਸੋਚ ਵਿਚ ਆਪਣਾ ਬੰਸ ਦਿਤਾ ਲੁਟਾਈਆ । ਆਹ ਵੇਖ ਲੈ ਗੋਬਿੰਦ ਸੁੱਤਾ ਮਾਣਦਾ ਮੌਜ, ਸੇਜ ਸੂਲਾਂ ਵਾਲੀ ਹੰਢਾਈਆ । ਪਰ ਯਾਦ ਰੱਖੀਂ ਮੇਰੇ ਬਿਨਾ ਤੇਰੀ ਕਿਸੇ ਨਹੀਂ ਕਰਨੀ ਖੋਜ, ਤੈਨੂੰ ਵੇਖਣ ਵਾਲਾ ਲੋਕਮਾਤ ਨਜ਼ਰ ਕੋਇ ਨਾ ਆਈਆ । ਮੈਂ ਤੇਰਾ ਸ਼ਬਦ ਗੁਰੂ ਦੋਹਾਂ ਦਾ ਸਾਂਝਾ ਹੋਵੇਗਾ ਚੋਜ, ਚੋਜੀ ਪ੍ਰੀਤਮ ਇਕੋ ਰੰਗ ਲੈਣਾ ਰੰਗਾਈਆ । ਮੈਂ ਵਿਸ਼ਨੂੰ ਦੇ ਸਿਰ ਤੋਂ ਓਹਲਾ ਲਾਹ ਕੇ ਬੋਝ,
੧੫੩੪ ੨੩ ਲੋਕਮਾਤ ਜਨ ਭਗਤਾਂ ਦਿਆਂ ਵਡਿਆਈਆ । ਮੇਰਾ ਆਉਣਾ ਨਹੀਂ ਕੋਈ ਰੋਜ਼ ਰੋਜ਼, ਨੌ ਸੌ ਚੁਰਾਨਮੇਂ ਚੌਕੜੀ ਜੁਗ ਦਾ ਗੋਬਿੰਦ ਦਾ ਨਾਮ ਨਜ਼ਰ ੧੫੩੪ ੨੩
ਕੋਇ ਨਾ ਆਈਆ । ਮੇਰਾ ਬੁੱਧੀ ਵਾਲਾ ਨਹੀਂ ਬੋਧ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਜਗਿਆਸੂਆਂ ਵਾਲਾ ਨਹੀਂ ਕੋਈ ਜੋਗ, ਜੁਗਤੀ ਜੁਗਤ ਨਾ ਕੋਇ ਰਖਾਈਆ । ਸੰਸਾਰੀਆਂ ਵਾਲਾ ਨਹੀਂ ਕੋਈ ਭੋਗ, ਰਸਨਾ ਰਸ ਨਾ ਕੋਇ ਚਖਾਈਆ । ਤੈਨੂੰ ਮੇਰੀ ਮੈਨੂੰ ਤੇਰੀ ਦੋਹਾਂ ਨੂੰ ਇਕੋ ਜਿਹੀ ਓਟ, ਏਸੇ ਕਰ ਕੇ ਮੈਂ ਆਪਣੀ ਓਟ ਸਿੱਖਾਂ ਉਤੇ ਰਖਾਈਆ । ਚਾਰ ਜੁਗ ਦੇ ਆਲ੍ਹਣਿਉਂ ਡਿਗੇ ਬੋਟ, ਦੀਨਾਂ ਮਜ਼੍ਹਬਾਂ ਵਿਚੋਂ ਫੜ ਕੇ ਬਾਹਰ ਕਢਾਈਆ । ਬਵੰਜਾ ਲਿਖਾਰੀਆਂ ਦੀ ਕਵੀਆਂ ਦੀ ਪੰਜਾਂ ਦੀ ਧਾਰ ਲਾਵੇ ਚੋਟ, ਚੋਟੀ ਜੜ ਦਾ ਲੇਖਾ ਦਏ ਮੁਕਾਈਆ । ਗੜ੍ਹੀ ਚਮਕੌਰ ਦੀ ਥਾਂ ਜਨ ਭਗਤੋ ਇਹ ਧਰਮ ਦਾ ਉਸਰਨਾ ਕੋਟ, ਜਿਥੇ ਅਧਰਮੀ ਰਹਿਣ ਕੋਇ ਨਾ ਪਾਈਆ । ਹਿੰਦੂ ਮੁਸਲਮ ਸਿੱਖ ਈਸਾਈ ਵਰਨ ਬਰਨ ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਜ਼ਾਤ ਅਜ਼ਾਤੀ ਏਥੇ ਸਾਰੇ ਚੁਗਣਗੇ ਚੋਗ, ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਗ੍ਰਹਿ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਤਲਵਾਰਾਂ ਕਹਿਣ ਜਨ ਭਗਤੋ ਅਸੀਂ ਸਤਿਗੁਰ ਗੋਬਿੰਦ ਦੀ ਧਾਰ, ਧਰਮ ਦੀ ਰੱਖਿਆ ਦਈਏ ਸਮਝਾਈਆ । ਸਾਡੇ ਪਿਆਰ ਵਿਚ ਝੂਜੇ ਉਹ ਚਾਰ, ਚੌਥਾ ਜੁਗ ਕਲਜੁਗ ਜਿਨ੍ਹਾਂ ਦੀ ਦਏ ਗਵਾਹੀਆ । ਉਹ ਭੁੱਖੇ ਭੁੱਖਿਆਂ ਦੀ ਭੁੱਖ ਗਏ ਨਿਵਾਰ, ਦੁੱਖੀਆਂ ਦਾ ਦੁੱਖ ਆਪਣੀ ਝੋਲੀ ਪਾਈਆ । ਉਨ੍ਹਾਂ ਦੀ ਯਾਦ ਵਿਚ ਇਹ ਹੋਵੇਗੀ ਚਾਰ ਦੀਵਾਰ, ਚਾਰ ਕੁੰਟ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਨਿਭਾਈਆ ।

ਵਿਸ਼ਨੂੰ ਕਹੇ ਮੇਰੀਆਂ ਮਿੰਨਤਾਂ, ਪੁਰਖ ਅਕਾਲੇ ਮੰਨ । ਤੇਰੇ ਵਿਚ ਤੋਫ਼ੀਕਾਂ ਹਿੰਮਤਾਂ, ਸਾਹਿਬ ਸਵਾਮੀ ਮੇਰਾ ਬੇੜਾ ਬੰਨ੍ਹ, ਮੈਂ ਵੇਖਾਂ ਚਾਰੇ ਸਿੰਮਤਾਂ, ਬਹੁੜੀ ਕਿਸੇ ਹੱਥ ਨਹੀਂ ਆਉਣਾ ਅੰਨ । ਫਿਰਨੀ ਦਰੋਹੀ ਵਿਚ ਨਿੰਦਕਾਂ, ਜਨ ਭਗਤਾਂ ਤੈਨੂੰ ਕਹਿਣਾ ਧੰਨ ਧੰਨ, ਮੈਂ ਤੇਰੇ ਚਰਨ ਕਵਲਾਂ ਵਿਚ ਚਿਮਟਾਂ, ਮੇਰਾ ਸੰਦੇਸ਼ਾ ਸੁਣਨਾ ਬਿਨਾ ਕੰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਰਿਹਾ ਹੱਥ ਬੰਨ੍ਹ । ਵਿਸ਼ਨੂੰ ਕਹੇ ਮੇਰੀ ਨਮੋ ਨਮੋ ਨਮਸਤੇ , ਡੰਡਾਵਤ ਬੰਦਨਾ ਸਜਦਿਆਂ ਤੋਂ ਬਾਹਰ ਸੀਸ ਝੁਕਾਈਆ । ਮੈਂ ਜੁਗ ਚੌਕੜੀ ਤੇਰੇ ਵੇਖੇ ਰਸਤੇ, ਜੋ ਨਿਰਗੁਣ ਸਰਗੁਣ ਦਿਤੇ ਵਖਾਈਆ । ਮੈਂ ਨਾਮ ਕਲਮੇ ਤੱਕੇ ਸਸਤੇ, ਜੋ ਅਵਤਾਰ ਪੈਗ਼ੰਬਰਾਂ ਖ਼ੁਮਾਰੀਆਂ ਨਾਲ ਜਣਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਵੇਖੇ ਨੱਸਦੇ, ਭੱਜੇ ਵਾਹੋ ਦਾਹੀਆ । ਗ੍ਰੰਥ ਸ਼ਾਸਤਰ ਪੁਰਾਨ ਮਾਰਗ ਵੇਖੇ ਦੱਸਦੇ, ਅੱਖਰ ਅੱਖਰਾਂ ਨਾਲ ਸਮਝਾਈਆ । ਸੂਰਬੀਰ ਬਹਾਦਰ ਯੋਧੇ ਤੱਕੇ ਰੰਗੇ ਨਾਲ ਰੱਤ ਦੇ, ਰਤੀ ਰਤ ਜਗਤ ਹੱਥ ਕਿਸੇ ਨਾ ਆਈਆ । ਮੈਂ ਜਗਿਆਸੂ ਭਰੇ ਵੇਖੇ ਵਿਚਾਰਾਂ ਮਨ ਮਤ ਦੇ, ਸਤਿਗੁਰ ਸ਼ਬਦ ਮਤ ਨਜ਼ਰ ਕਿਸੇ ਨਾ ਆਈਆ । ਇਹ ਭੇਵ ਅਨੋਖਾ ਪੁਰਖ ਅਕਾਲੇ ਦੱਸ ਦੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕੀ ਤੇਰੇ ਖੇਲ ਹੋਣੇ ਘਟ ਘਟ ਦੇ, ਘਟ ਨਿਵਾਸੀ ਦੇਣਾ ਸਮਝਾਈਆ । ਉਠ ਵੇਖ ਅਵਤਾਰ ਪੈਗ਼ੰਬਰ ਸਚਖੰਡ ਦਵਾਰਿਉਂ ਸਾਰੇ ਤੱਕਦੇ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਤੇਰਾ ਪੁਰਖ ਅਕਾਲੇ ਵੱਖਰਾ ਕਾਨੂਨ, ਕਾਇਦਾ ਸਮਝ ਕੋਇ ਨਾ ਆਈਆ । ਤੇਰਾ ਸਭ ਤੋਂ ਨਿਰਾਲਾ ਮਜ਼ਮੂਨ, ਅੱਖਰਾਂ ਵਿਚ ਨਾ ਕੋਇ ਪੜ੍ਹਾਈਆ । ਤੇਰਾ ਜਗਤ ਜਹਾਨ ਤੋਂ ਨਿਰਾਲਾ ਜਨੂਨ, ਜਲਵਾਗਰ ਕੀ ਤੇਰੀ ਬੇਪ੍ਰਵਾਹੀਆ । ਮੈਂ ਤੇਰਾ ਦਾਸ ਸੇਵਕ ਮਮਨੂਨ, ਚਾਕਰ ਹੋ ਕੇ ਸੀਸ ਨਿਵਾਈਆ । ਸਚ ਦੱਸ ਕਿਉਂ ਪੂਰਨ ਸਿੰਘ ਦੇ ਸੱਜੇ ਗੁਟ ਦਾ ਕੱਢਣਾ ਖੂਨ, ਇੱਟਾਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਦੇਣਾ ਸਮਝਾਈਆ । ਪੁਰਖ ਅਕਾਲ ਕਿਹਾ ਸੁਣ ਵਿਸ਼ਨੂੰ ਸੇਵਾਦਾਰ, ਤੇਰੀ ਸੇਵਾ ਮਾਤ ਵਡਿਆਈਆ । ਤੂੰ ਲੱਖ ਚੁਰਾਸੀ ਦਏਂ ਆਹਾਰ, ਘਰ ਘਰ ਰਿਜ਼ਕ ਪਹੁੰਚਾਈਆ । ਪੂਰਨ ਜੋਤ ਪੂਰਨ ਮੇਰੀ ਧਾਰ, ਪੂਰਨ ਪੂਰਨ ਵਿਚ ਸਮਾਈਆ । ਜਿਸ ਦੇ ਪਿਆਰ ਵਿਚ ਸਤਿਕਾਰ ਵਿਚ ਕਲਜੁਗ ਕੂੜਾ ਦੇਣਾ ਨਿਵਾਰ, ਕਲਕਾਤੀ ਦੇਣੇ ਖਪਾਈਆ । ਸਤਿਜੁਗ ਦਾ ਸਤਿ ਧਰਮ ਚਲਾ ਵਿਵਹਾਰ, ਆਪਣਾ ਰਾਹ ਸਮਝਾਈਆ । ਏਸ ਖ਼ੂਨ ਬਦਲੇ ਜਨ ਭਗਤਾਂ ਫੜਨੀ ਪਏ ਨਾ ਕਦੇ ਯੁੱਧ ਵਿਚ ਤਲਵਾਰ, ਖੰਡੇ ਖੜਗ ਨਾ ਕੋਇ ਉਠਾਈਆ । ਖਾਂਦਿਆਂ ਪੀਂਦਿਆਂ ਖ਼ੁਸ਼ੀਆਂ ਵਿਚ ਦੋ ਜਹਾਨਾਂ ਕਰ ਜਾਏ ਪਾਰ, ਲੱਖ ਚੁਰਾਸੀ ਗੇੜਾ ਦਏ ਕਟਾਈਆ । ਜੋ ਇਕ ਵਾਰ ਭੋਜਨ ਛੱਕ ਕੇ ਜਾਇਆ ਕਰੇਗਾ ਵਿਚੋਂ ਏਸ ਚਾਰ ਦੀਵਾਰ, ਉਸ ਦਾ ਜਨਮ ਮਰਨ ਦਾ ਲੇਖਾ ਰਹੇ ਨਾ ਰਾਈਆ । ਕਾਲ ਮਹਾਕਾਲ ਰਾਏ ਧਰਮ ਚਿਤ੍ਰਗੁਪਤ ਲਾੜੀ ਮੌਤ ਸਾਰੇ ਰਹਿਣਗੇ ਏਸ ਚਾਰ ਦੀਵਾਰ ਤੋਂ ਬਾਹਰ, ਛੱਬੀ ਪੋਹ ਨੂੰ ਲੇਖਾ ਸਾਰਾ ਦਏ ਸਮਝਾਈਆ । ਇਹ ਖੇਲ ਧੁਰ ਦਾ ਤੇ ਕਰੇ ਦੀਨ ਦਿਆਲ, ਬਿਨਾ ਪੁਰਖ ਅਕਾਲ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਹੁਕਮ ਵਰਤਾਈਆ । ਖ਼ੂਨ ਕਹੇ ਮੈਨੂੰ ਛੇਤੀ ਲਓ ਕੱਢ, ਇੱਟਾਂ ਚਾਰਾਂ ਨਾਲ ਛੁਹਾਈਆ । ਮੇਰਾ ਨਿਸ਼ਾਨਾ ਸਵਾ ਸਵਾ ਫੁਟ ਥੱਲੇ ਦੇਣਾ ਗੱਡ, ਗਾਡ

੧੫੩੫
੨੩

ਨੂੰ ਸੰਦੇਸ਼ਾ ਦੇਣਾ ਚਾਈਂ ਚਾਈਆ । ਮੇਰਾ ਪ੍ਰੇਮ ਵਾਲਾ ਲਡਾਉਣਾ ਲਡ, ਖੁਸ਼ੀਆਂ ਢੋਲੇ ਗਾਈਆ । ਜਿਸ ਕਾਰਨ ਤੁਹਾਨੂੰ ਭਗਤੋ ਲਿਆ ਸੱਦ, ਭਗਤ ਦਵਾਰੇ ਵੱਜੀ ਵਧਾਈਆ । ਇੱਕੀ ਪੋਹ ਦੀ ਯਾਦ ਰਹੇਗੀ ਵਿਚ ਜਗ, ਸੰਮਤ ਸ਼ਹਿਨਸ਼ਾਹੀ ਨੌ ਨਾਲ ਵਡਿਆਈਆ । ਬੇਸ਼ਕ ਇਹ ਪੂਰਨ ਸਿੰਘ ਦੇ ਸ਼ਰੀਰ ਦਾ ਠੂਠਾ ਜਾਣਾ ਭੱਜ, ਲਿਖਿਆ ਲੇਖ ਨਾ ਕੋਇ ਮਿਟਾਈਆ । ਏਥੇ ਸਦਾ ਧਰਮ ਦਾ ਵੱਜਦਾ ਰਹੇਗਾ ਨੱਦ, ਅਨਾਦੀ ਕਾਲ ਤੋਂ ਆਦੀ ਰੀਤੀ ਚਲੀ ਆਈਆ । ਭਗਤ ਭਗਵਾਨ ਦੀ ਕਦੇ ਖ਼ਤਮ ਨਹੀਂ ਹੁੰਦੀ ਯਦ, ਜੁਗ ਜੁਗ ਦੋਵੇਂ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਸੋ ਵਕਤ ਸੁਹੰਜਣਾ ਸੁਹਾਵਾ ਸਭ ਦਾ ਹੋਇਆ ਅੱਜ, ਲੋਕਮਾਤ ਮਿਲੇ ਵਡਿਆਈਆ । ਲਿਖਾਰੀਓ ਮੂਧੇ ਹੋ ਕੇ ਸਾਰਿਆਂ ਦੀ ਕੁਟਲਤਾ ਕਲਮ ਦੀ ਨੋਕ ਨਾਲ ਦਿਓ ਦੱਬ, ਹਿੱਸਾ ਆਪਣਾ ਨਾਲ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ । ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਸ਼ਰਅ ਦੀ ਮੇਟ ਕੇ ਹੱਦ, ਮਾਨਸ ਮਾਨਵ ਮਾਨੁਖ ਇਕੋ ਜ਼ਾਤੀ ਆਤਮ ਧਾਰ ਇਕੋ ਰੰਗ ਰੰਗਾਈਆ ।

## ✪ ੨੧ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਇੰਦਰ ਸਿੰਘ ਦੇ ਨਵਿਤ ✪

ਵਿਸ਼ਨੂੰ ਕਹੇ ਇੱਕੀ ਪੋਹ ਨੂੰ ਮੇਰੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਸਾਹਿਬ ਸੂਰੇ ਸਰਬੰਗ, ਹਰਿ ਕਰਤੇ ਤੇਰੀ ਬੇਪ੍ਰਵਾਹੀਆ । ਮੈਂ ਖ਼ੁਸ਼ੀਆਂ ਵਿਚ ਵੇਖਣ ਆਇਆ ਤੇਰਾ ਰੰਗ, ਰੰਗ ਰੰਗੀਲੇ ਧੁਰ ਦੇ ਮਾਹੀਆ । ਤੇਰੇ ਪ੍ਰੇਮ ਪਿਆਰ ਦਾ ਵਹਿਣ ਵੇਖਾਂ ਗੰਗ, ਗੋਬਿੰਦ ਤੇਰਾ ਖੇਲ ਨਜ਼ਰੀ ਆਈਆ । ਜੇ ਤੂੰ ਖਾਣਾ ਖਾਣਾ ਇਕ ਇਕ ਡੰਗ, ਮੇਰੀ ਤੇਰੇ ਅਗੇ ਦੁਹਾਈਆ । ਮੇਰੀ ਆਸ਼ਾ ਪੂਰੀ ਫੇਰ ਹੋਵੇ ਜੇ ਤੇਰੇ ਲਿਖਾਰੀ ਉਠ ਕੇ ਲਿਖਣ ਬਿਨਾ ਟੰਗ, ਦੋਵੇਂ ਟੰਗਾਂ ਜ਼ਮੀਨ ਉਤੇ ਨਾ ਕੋਇ ਛੁਹਾਈਆ । ਨਹੀਂ ਤੇ ਅਗੇ ਤੋਂ ਲਿਖਤ ਕਰ ਦੇ ਬੰਦ, ਦਰ ਤੇਰੇ ਵਾਸਤਾ ਪਾਈਆ । ਵਿਸ਼ਨੂੰ ਕਹੇ ਲਿਖਾਰੀਓ ਛੇਤੀ ਲਿਖਿਓ ਛੰਦ, ਕਲਮ ਕਲਮ ਨਾਲ ਫਿਰਾਈਆ । ਵਿਸ਼ਨੂੰ ਕਹੇ ਪ੍ਰਭੂ ਤੇਰੇ ਭਗਤਾਂ ਕੋਲ ਅਨੋਖਾ ਢੰਗ, ਢੰਗੀ ਸੋਹਣੇ ਨਜ਼ਰੀ ਆਈਆ । ਮੈਂ ਖ਼ੁਸ਼ੀਆਂ ਨਾਲ ਇਨ੍ਹਾਂ ਨੂੰ ਦੱਸਾਂ ਨਿਸੰਗ, ਸੰਗ ਨਜ਼ਰ ਕੋਇ ਨਾ ਆਈਆ । ਝਟ ਨਾਰਦ ਪੁੱਜ ਗਿਆ ਖ਼ਾਲੀ ਵਖਾਉਂਦਾ ਆਪਣਾ ਸਿਰ ਦਾ ਗੰਜ, ਸੋਹਣਾ ਰਿਹਾ ਚਮਕਾਈਆ । ਜਨ ਭਗਤੋ ਕਰਿਓ ਮੂਲ ਨਾ ਰੰਜ, ਰੰਜਸ਼ ਵਿਚ ਕਦੇ ਨਾ ਆਈਆ । ਪਿਛਲਾ ਲੇਖਾ ਪਿਛੇ ਗਿਆ ਲੰਘ, ਅਗੇ ਰਹਿਣ ਕੋਇ ਨਾ ਪਾਈਆ । ਤੁਸੀਂ ਪ੍ਰੇਮ ਵਿਚ ਸਤਿਗੁਰ ਦੀ ਚੜ੍ਹ ਜਾਓ ਉਤੇ ਕੰਡ, ਆਪਣਾ ਡੇਰਾ ਲਾਈਆ । ਨਾਲੇ ਹਲੂਣਾ ਦੇਵੋ ਕਹੋ ਸਾਹਿਬ ਬਖ਼ਸ਼ੰਦ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਸ਼ੰਕਰ ਕਹੇ ਪ੍ਰਭੂ ਜੇ ਤੇਰਾ ਵੱਖਰਾ ਹੋਣਾ ਵਿਹਾਰ, ਦਰ ਤੇਰੇ ਸੀਸ ਨਿਵਾਈਆ । ਮੰਗਾਂ ਮੰਗ ਬਣ ਭਿਖਾਰ, ਖ਼ਾਲੀ ਝੋਲੀ ਅਗੇ ਡਾਹੀਆ । ਤੂੰ ਦੇਵਣਹਾਰ ਦਾਤਾਰ, ਦਾਤਾ ਦਾਨੀ ਧੁਰਦਰਗਾਹੀਆ । ਤੇਰੇ ਲਿਖਾਰੀ ਮੁਖ ਵਿਚ ਕਲਮਾਂ ਲੈਣ ਡਾਰ, ਦੋਵੇਂ ਹੱਥ ਸੀਸ ਉਤੇ ਟਿਕਾਈਆ । ਹੁਣ ਲਿਖੋ ਨਾਲ ਪਿਆਰ, ਲਾਈਨ ਸਿੱਧੀ ਲੈਣੀ ਬਣਾਈਆ । ਮੈਂ ਸ਼ੰਕਰ ਨੂੰ ਵਾਜਾਂ ਲਵਾਂ ਮਾਰ, ਸਹਿਜ ਨਾਲ

੧੫੩੬
੨੩

ਲਵਾਂ ਬੁਲਾਈਆ । ਬ੍ਰਹਮੇ ਆ ਜਾ ਮੇਰੇ ਯਾਰ, ਯਰਾਨਾ ਤੇਰਾ ਵੇਖ ਵਖਾਈਆ । ਖੇਲ ਤੱਕ ਸੱਚੀ ਸਰਕਾਰ, ਕੀ ਕਰਤਾ ਕਾਰ ਕਮਾਈਆ । ਮੇਰੇ ਖ਼ਾਲੀ ਕਰੇ ਭੰਡਾਰ, ਭੰਡਾਰੀ ਹੋ ਕੇ ਦਿਆਂ ਦੁਹਾਈਆ । ਮੇਰਾ ਅੰਤਸ਼ਕਰਨ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਬ੍ਰਹਮਾ ਇਸ਼ਾਰਾ ਦੇਵੇ ਨਾਲ ਅਧਾਰ, ਬਿਨ ਸੈਨਤ ਰਿਹਾ ਜਣਾਈਆ । ਪਿਆਰ ਨਾਲ ਸੱਦ ਲੈ ਤੇਈ ਅਵਤਾਰ, ਪੈਗ਼ੰਬਰਾਂ ਨਾਲ ਮਿਲਾਈਆ । ਗੁਰੂਆਂ ਬੋਲ ਜੈਕਾਰ, ਸੰਦੇਸ਼ਾ ਦੇਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਪ੍ਰਭੂ ਜੇ ਇਕ ਡੰਗ ਖਾਣੀ ਰੋਟੀ, ਮੇਰੀ ਪ੍ਰੇਮ ਨਾਲ ਦੁਹਾਈਆ । ਤੇਰੇ ਲਿਖਾਰੀ ਸਿੱਧੇ ਹੋ ਜਾਣ ਭਾਰ ਚੋਟੀ, ਦੋਵੇਂ ਪੈਰ ਅਸਮਾਨ ਵੱਲ ਰਖਾਈਆ । ਆਪਣੇ ਹੱਥ ਵਿਚ ਫੜ ਲੈ ਸੱਤ ਰੰਗ ਦੀ ਸੋਟੀ, ਪੁੱਠੇ ਸਿੱਧੇ ਵੇਖ ਵਖਾਈਆ । ਨਾਲੇ ਨਿਗਾਹ ਮਾਰ ਲੈ ਨਿਰਗੁਣ ਜੋਤੀ, ਜੋਤੀ ਜਾਤੇ ਧਿਆਨ ਲਗਾਈਆ । ਮੇਰੀ ਖ਼ਾਹਿਸ਼ ਰਹੇ ਨਾ ਸੋਤੀ, ਸੁੱਤਿਆਂ ਲੈਣਾ ਜਗਾਈਆ । ਤੇਰਾ ਖੇਲ ਲੋਕ ਪ੍ਰਲੋਕੀ, ਦੋ ਜਹਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਵਿਸ਼ਨੂੰ ਕਹੇ ਮੇਰੇ ਅੰਤਰ ਪੈਂਦੀਆਂ ਘੇਰਾਂ, ਘੁੰਮਣ ਘੇਰੀ ਵਿਚ ਦੁਹਾਈਆ । ਮੇਰੇ ਸਾਹਿਬ ਕਰ ਦੇ ਮਿਹਰਾ, ਮਿਹਰਵਾਨ ਦਇਆ ਕਮਾਈਆ । ਤੇਰਾ ਵਕਤ ਸੁਹੰਜਣਾ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਤੇਰਾ ਖੇਲ ਸੰਝ ਸਵੇਰਾ, ਦਿਵਸ ਰੈਣ ਵਡਿਆਈਆ । ਚੌਥੇ ਜੁਗ ਦਾ ਵੇਖਣ ਆਇਓਂ ਗੇੜਾ, ਆਪਣਾ ਫੇਰਾ ਪਾਈਆ । ਮੇਰਾ ਪਾਰ ਲਗਾ ਦੇ ਬੇੜਾ, ਹੋਣਾ ਅੰਤ ਸਹਾਈਆ । ਮੈਂ ਮੰਗ ਮੰਗਾਂ ਹਰਿ ਭਗਤ ਦਵਾਰ ਸਾਚੇ ਖੇੜਾ, ਦਰ ਖੜ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਪ੍ਰਭੂ ਕਿਉਂ ਮੇਰੀਆਂ ਬਦਲੇਂ ਰੀਤੀਆਂ, ਮਿਹਰਵਾਨ ਹੋਣਾ ਸਹਾਈਆ । ਜੁਗ ਚੌਕੜੀ ਕੇਤੇ ਬੀਤੀਆਂ, ਆਪਣਾ ਪੰਧ ਮੁਕਾਈਆ । ਖੇਲਾਂ ਬਹੁ ਬਿਧ ਕੀਤੀਆਂ, ਨਿਰਗੁਣ ਸਰਗੁਣ ਲੈ ਅੰਗੜਾਈਆ । ਖੇਲ ਤੱਕੇ ਹਸਤ ਕੀਟੀਆਂ, ਰੰਗ ਰੰਗਾਇਆ ਚਾਈਂ ਚਾਈਂਆ । ਮਿਹਰਾਂ ਬਖ਼ਸ਼ੀਆਂ ਠਾਂਡੀਆਂ ਸੀਤੀਆਂ, ਅਗਨੀ ਤਤ ਬੁਝਾਈਆ । ਜੁਗ ਜੁਗ ਲਾਈਨਾਂ ਉਲੀਕੀਆਂ, ਆਪਣਾ ਹੁਕਮ ਵਰਤਾਈਆ । ਮੇਰੀ ਤੇਰੇ ਚਰਨਾਂ ਵਿਚ ਕੋਟਨ ਜੁਗ ਆਯੂ ਬੀਤੀਆਂ, ਆਪਣਾ ਪੰਧ ਮੁਕਾਈਆ । ਮੈਨੂੰ ਤੇਰਾ ਹੁਕਮ ਸੁਣ ਕੇ ਅੰਦਰੇ ਅੰਦਰ ਆਉਣ ਕਚੀਚੀਆਂ, ਗ਼ੁੱਸਾ ਕਰ ਨਾ ਸਕਾਂ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਵਿਸ਼ਨੂੰ ਕਹੇ ਮੇਰਾ ਭੰਡਾਰ ਤੇਰਾ ਪਿਆਰ, ਪ੍ਰੇਮ ਵਿਚ ਸੀਸ ਨਿਵਾਈਆ । ਮੈਂ ਤੇਰਾ ਸ਼ੁਕਰ ਗੁਜ਼ਾਰ, ਗੁਜ਼ਾਰੇ ਵਿਚ ਆਪਣਾ ਝਟ ਲੰਘਾਈਆ । ਤੂੰ ਦੇਵਣਹਾਰ ਦਾਤਾਰ, ਦਇਆਵਾਨ ਅਗੰਮ ਅਥਾਹੀਆ । ਮੈਂ ਝੱਲ ਨਾ ਸਕਾਂ ਤੇਰੀ ਮਾਰ, ਹੁਕਮ ਹੁਕਮ ਤੇਰਾ ਜਣਾਈਆ । ਤੂੰ ਸ਼ਾਹੋ ਭੂਪ ਸਚੀ ਸਰਕਾਰ, ਸ਼ਹਿਨਸ਼ਾਹ ਇਕ ਅਖਵਾਈਆ । ਤੇਰੇ ਚਰਨ ਕਵਲ ਮੇਰੀ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਮਿਹਰਵਾਨ ਪਾਉਣੀ ਸਾਰ, ਮਿਹਰ ਨਜ਼ਰ ਨਾਲ ਤਰਾਈਆ । ਮੈਂ ਕੂਕ ਕੇ ਕਰਾਂ ਪੁਕਾਰ, ਲਿਖਾਰੀਆਂ ਦਿਆਂ ਸੁਣਾਈਆ । ਅੱਖਾਂ ਮੀਟ ਕੇ ਖ਼ੁਸ਼ੀਆਂ ਨਾਲ ਲੇਖਾ ਲਿਖਣਾ ਵਾਰੋ ਵਾਰ, ਵਾਰਤਾ ਪ੍ਰੇਮ ਵਾਲੀ ਬਣਾਈਆ । ਮੇਰਾ ਸਾਹਿਬ ਸਾਹਿਬ ਨਿਰੰਕਾਰ, ਨਿਰਵੈਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ

੧੫੩੭
੨੩

ਵਰ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨੂੰ ਕਹੇ ਮੇਰੇ ਸਾਹਿਬ ਪੁਰਖ ਸਮਰਥਣ, ਹਰਿ ਕਰਤੇ ਤੇਰੀ ਸਰਨਾਈਆ । ਲਿਖਾਰੀ ਮੁਖ ਚੜ੍ਹਦੇ ਵੱਲ ਰੱਖਣ, ਪਾਸਾ ਲੈਣਾ ਬਦਲਾਈਆ । ਆਪਣੀ ਆਪਣੀ ਕਿਤਾਬ ਲਹਿੰਦੀ ਦਿਸ਼ਾ ਹੱਥ ਵਿਚ ਫੜ ਕੇ ਲਿਖਣ, ਸਿੰਮਤ ਸਿੰਮਤ ਨਾਲ ਬਦਲਾਈਆ । ਪੁਰਖ ਅਬਿਨਾਸ਼ੀ ਵਸੇ ਚਿਤਣ, ਜਗਤ ਠਗੌਰੀ ਰਹੇ ਨਾ ਰਾਈਆ । ਅੰਦਰ ਗਿਆਨ ਦੀ ਪੂਰੀ ਕਰੇ ਇਛਨ, ਨਿਰਇਛਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਬ੍ਰਹਮੇ ਸ਼ਿਵ ਮੇਰੇ ਸਾਥੀਓ, ਸੱਜਣੋ ਲਓ ਅੰਗੜਾਈਆ । ਇਕ ਪਿਆਰ ਦਾ ਬਚਨ ਆਖਿਓ, ਕਹਿ ਕਹਿ ਕੇ ਦੇਣਾ ਸੁਣਾਈਆ । ਜੇ ਤੂੰ ਆਇਓਂ ਲੋਕਮਾਤਿਓ, ਮਤਾ ਆਪਣੇ ਨਾਲ ਪਕਾਈਆ । ਭਗਤਾਂ ਦੇਣਾ ਸਗਲਾ ਸਾਥਿਓ, ਸਾਜਣ ਹੋਣਾ ਆਪ ਸਹਾਈਆ । ਲਿਖਾਉਣੀ ਅਗੰਮੀ ਗਾਥਿਓ, ਗਹਿਰ ਗੰਭੀਰ ਪੜ੍ਹਾਈਆ । ਲੇਖਾ ਬਦਲਣਾ ਮਸਤਕ ਮਾਥਿਓ, ਅਸਲ ਅਸਲ ਨਾਲ ਬਦਲਾਈਆ । ਜਨ ਭਗਤਾਂ ਲੇਖਾ ਰਹੇ ਨਾ ਅਵਤਾਰ ਪੈਗ਼ੰਬਰ ਗੁਰ ਚਾਚਿਓ, ਪਿਤਾ ਪੁਰਖ ਅਕਾਲ ਗੋਦ ਟਿਕਾਈਆ । ਤਿੰਨੇ ਮਿਲ ਕੇ ਇਕੋ ਅੱਖਰ ਵਾਚਿਓ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਸਾਰੇ ਬਣ ਜਾਓ ਪ੍ਰਭੂ ਦੇ ਕਾਕਿਓ, ਕੁਲ ਆਪਣੀ ਇਕ ਦਰਸਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਜੇ ਤੂੰ ਸਾਹਿਬ ਰਿਹੋਂ ਵਿਚ ਫ਼ਾਕਿਓ, ਫ਼ਾਕੇ ਵਿਚ ਜਗਤ ਦੁਹਾਈਆ । ਤੂੰ ਸਾਡਾ ਲੇਖਾ ਤੱਕ ਲੈ ਸਵਾ ਪਾ ਆਟਿਓ, ਜੋ ਨੀਹਾਂ ਹੇਠ ਦਬਾਈਆ । ਜੇ ਤੂੰ ਭੋਗ ਨਾ ਲਗਾਵੇਂ ਤੇ ਭਗਤਾਂ ਕਿਸ ਤਰਾ ਪੂਰਾ ਹੋਵੇ ਘਾਟਿਓ, ਘਟ ਘਟ ਦੇ ਮਾਲਕ ਤੇਰੀ ਓਟ ਤਕਾਈਆ । ਤੇਰਾ ਅੰਮ੍ਰਿਤ ਧਾਰਾ ਗੋਬਿੰਦ ਵਾਲਾ ਬਾਟਿਓ, ਆਨ ਬਾਟ ਦਾ ਲੇਖਾ ਦੇਣਾ ਮੁਕਾਈਆ । ਤੇਰਾ ਖੇਲ ਬਾਜ਼ੀਗਰ ਨਾਟਿਓ, ਕੀ ਸਵਾਂਗੀ ਆਪਣੀ ਕਲ ਵਰਤਾਈਆ । ਤੂੰ ਮਿਹਰਵਾਨ ਅਲੱਖਣਾ ਅਲਾਖਿਓ, ਅਲਖ ਅਗੋਚਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਚ ਦਾ ਭੇਵ ਆਪ ਚੁਕਾਈਆ । ਵਿਸ਼ਨੂੰ ਕਹੇ ਪ੍ਰਭੂ ਮੇਰੇ ਅੰਦਰ ਪੁਰਾਣੀਆਂ ਆਸ਼ਾਂ, ਆਸ਼ਾਵੰਦ ਹੋ ਕੇ ਦਿਆਂ ਜਣਾਈਆ । ਮੇਰੀਆਂ ਨਵ ਨੌਂ ਚਾਰ ਦੀਆਂ ਖ਼ਾਹਿਸ਼ਾਂ, ਖ਼ਾਲਕ ਦਿਆਂ ਦ੍ਰਿੜਾਈਆ । ਤੂੰ ਮੇਰਾ ਸਵਾਮੀ ਸਵਾਮੀ ਇਕ ਅਬਿਨਾਸ਼ਾ, ਕਰਤਾ ਧੁਰਦਰਗਾਹੀਆ । ਤੇਰਾ ਹਰ ਘਟ ਅੰਦਰ ਵਾਸਾ, ਗ੍ਰਿਹਿ ਗ੍ਰਿਹਿ ਰਿਹਾ ਸਮਾਈਆ । ਤੇਰਾ ਨੂਰ ਜੋਤ ਪ੍ਰਕਾਸ਼ਾ, ਨੂਰ ਨੁਰਾਨਾ ਡਗਮਗਾਈਆ । ਵੇਖਣ ਆਇਓਂ ਜਗਤ ਤਮਾਸ਼ਾ, ਇਹ ਤੇਰੀ ਬੇਪ੍ਰਵਾਹੀਆ । ਮੰਡਲ ਮੰਡਪ ਤੇਰੀ ਰਾਸਾ, ਦੋ ਜਹਾਨ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਝਟ ਨਾਰਦ ਆਇਆ ਵਿਸ਼ਨੂੰ ਕੁਛ ਗੱਲ ਦੱਸ ਰਸਮੀ, ਆਪਣਾ ਭੇਵ ਖੁਲਾਈਆ । ਸੁਗੰਦ ਖਾਵੇਂ ਕਿ ਕਸਮੀ, ਸਚ ਨਾਲ ਸੁਣਾਈਆ । ਨਾਲ ਰਲਾ ਲੈ ਆਪਣੀ ਲੱਛਮੀ, ਮਿਲ ਕੇ ਕਰੋ ਸਲਾਹੀਆ । ਜਿਸ ਦਾ ਲੇਖਾ ਉੱਤਰ ਪੂਰਬ ਪੱਛਮ ਦੱਖਣੀ, ਚਾਰੇ ਕੂਟਾਂ ਵੇਖ ਵਖਾਈਆ । ਕਿਉਂ ਤੇਰੀ ਜੂਹ ਕਰਨ ਲੱਗਾ ਸਖਣੀ, ਭੰਡਾਰਾ ਭਗਤਾਂ ਹੱਥ ਫੜਾਈਆ । ਉਸ ਬਿਨ ਪਤ ਕਿਸੇ ਨਾ ਰੱਖਣੀ, ਅੰਤ ਹੋਏ ਨਾ ਕੋਇ ਸਹਾਈਆ । ਤੈਨੂੰ ਇਕ ਗੱਲ ਦੱਸਣੀ, ਸਹਿਜ ਨਾਲ ਸਮਝਾਈਆ । ਜਿਹੜੀ ਗੋਬਿੰਦ ਕੀਤੀ ਬਿਨਾ ਬਚਨੀ, ਬਿਨ ਰਸਨਾ ਜਿਹਵਾ ਹਿਲਾਈਆ । ਜਿਸ ਵੇਲੇ ਮੇਰਾ ਮਾਹੀ ਆਪਣੇ ਘਾਟ ਆਵੇ ਪਤਣੀ, ਕੰਢੀ ਡੇਰਾ ਲਾਈਆ । ਜਗਤ ਜਹਾਨ ਹੱਦ ਟੱਪਣੀ, ਦੋ ਜਹਾਨਾਂ ਪਾਰ ਕਰਾਈਆ । ਜਗਤ ਧਾਰ ਕਰਨੀ

੧੫੩੮
੨੩

ਸੱਖਣੀ, ਸੁਖ਼ਨ ਸਚ ਸੁਣਾਈਆ । ਚਾਰੋਂ ਕੁੰਟ ਭੁੱਖ ਨੰਗ ਨੱਚਣੀ, ਆਪਣਾ ਕਦਮ ਉਠਾਈਆ । ਸ੍ਰਿਸ਼ਟੀ ਅਗਨੀ ਵਾਂਗ ਮੱਚਣੀ, ਤ੍ਰੈਗੁਣ ਨਾਲ ਜਲਾਈਆ । ਕੋਟਾਂ ਵਿਚੋਂ ਜਨ ਭਗਤਾਂ ਪੈਜ ਰੱਖਣੀ, ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਵਿਸ਼ਨੂੰ ਵਿਸ਼ਵ ਦਿਆ ਮਿਤ੍ਰਾ, ਸੱਜਣਾ ਦਿਆਂ ਸੁਣਾਈਆ । ਤੇਰੇ ਭੰਡਾਰੇ ਦਾ ਮੈਨੂੰ ਫ਼ਿਕਰਾ, ਫ਼ਿਕਰਮੰਦ ਹੋ ਕੇ ਦਿਆਂ ਸੁਣਾਈਆ । ਮੈਂ ਬੋਲਾਂ ਨਾਲ ਹਿਜਰਾ, ਸਦੀ ਚੌਧਵੀਂ ਸੰਨ ਹਿਜਰੀ ਨਾਲ ਮਿਲਾਈਆ । ਮੇਰਾ ਬਿਨਾ ਸੀਨੇ ਤੋਂ ਫਟਦਾ ਜਿਗਰਾ, ਜਾਗੀਰਦਾਰਾ ਤੈਨੂੰ ਦਿਆਂ ਸੁਣਾਈਆ । ਕੀ ਖੇਲ ਕਰੇ ਪ੍ਰਭ ਪਿਤਰਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਆਪਣੀ ਧਾਰੋਂ ਨਿਕਲਾ, ਨਿਰਵੈਰ ਅਗੰਮ ਅਥਾਹੀਆ । ਕੁਛ ਉਸ ਦੇ ਕੋਲੋਂ ਸਿੱਖ ਲੈ, ਸਿਖਿਆ ਸਚ ਸਮਝਾਈਆ । ਲਿਖਾਰੀਆਂ ਕੋਲੋਂ ਓਸ ਦਾ ਲੇਖ ਲਿਖ ਲੈ, ਜੋ ਲੇਖੇ ਰਿਹਾ ਲਿਖਾਈਆ । ਮਾਂਗਤ ਹੋ ਕੇ ਕੁਛ ਭਿਖ ਲੈ, ਤੇਰੀ ਝੋਲੀ ਦੇਵੇ ਭਰਾਈਆ । ਆਪਣੀ ਮਿਤੀ ਮਿਤ੍ਰਾ ਆਪੇ ਮਿਥ ਲੈ, ਮਿਥਿਆ ਵੇਖ ਲੋਕਾਈਆ । ਸਰ ਸਿਰ ਚਰਨਾਂ ਤੇ ਸਿਟ ਲੈ, ਬਿਨ ਸੀਸ ਸੀਸ ਝੁਕਾਈਆ । ਇਹ ਧੁਰ ਦੇ ਹੁਕਮ ਦੀ ਚਿਟ ਲੈ, ਕਾਲਾ ਚਿੱਟੇ ਉਤੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਵਿਸ਼ਨ ਜੀ ਵਿਸ਼ਵ ਦਾ ਕਰ ਵਿਚਾਰ, ਆਪ ਆਪਣਾ ਭੇਵ ਚੁਕਾਈਆ । ਦਰ ਠਾਂਡੇ ਬਣ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਮੇਰਾ ਭਰਿਆ ਰਹੇ ਭੰਡਾਰ, ਅਤੋਟ ਅਤੁਟ ਵਰਤਾਈਆ । ਜਨ ਭਗਤਾਂ ਰਹੇ ਅਧਾਰ, ਸਿਰ ਸਿਰ ਰਿਜ਼ਕ ਸਬਾਈਆ । ਤੂੰ ਕਰਨੇਹਾਰ ਕਰਤਾਰ, ਕੁਦਰਤ ਦਾ ਮਾਲਕ ਇਕ ਅਖਵਾਈਆ । ਮੇਰਾ ਪਵਿਤ੍ਰ ਹੋਏ ਆਹਾਰ, ਦੇਣੀ ਮਾਣ ਵਡਿਆਈਆ । ਮੇਰੀ ਬੰਦਨਾ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਵਿਸ਼ਨੂੰ ਸੁਣ ਮੇਰੀ ਨਿੱਕੀ ਜਿਹੀ ਬਾਤ, ਬਾਤਨ ਦਿਆਂ ਜਣਾਈਆ । ਅੱਜ ਇੱਕੀ ਪੋਹ ਦੀ ਰਾਤ, ਸੰਮਤ ਸ਼ਹਿਨਸ਼ਾਹੀ ਨੌਂ ਰੰਗ ਰੰਗਾਈਆ । ਸਭ ਨੂੰ ਮਿਲੇ ਦਾਤ, ਦੇਵਣਹਾਰ ਗੁਸਾਈਆਂ । ਭਗਤਾਂ ਭੰਡਾਰੇ ਦੀ ਭਰੇ ਪਰਾਤ, ਪੁਰਾਤਨ ਲੇਖਾ ਪੂਰ ਕਰਾਈਆ । ਤੂੰ ਉਠ ਕੇ ਮਾਰ ਝਾਤ, ਬਿਨ ਨੈਣਾਂ ਨੈਣ ਤਕਾਈਆ । ਹਰਿ ਭਗਤ ਸੁਹੇਲੇ ਸਾਜਣ ਸਾਕ, ਸੋਹਣੇ ਸੋਭਾ ਪਾਈਆ । ਜਿਨ੍ਹਾਂ ਦਾ ਲੇਖਾ ਲੋਕਮਾਤ, ਧਰਨੀ. ਧਰਤ ਧਵਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਨਾਰਦ ਕਹੇ ਸ਼ੰਕਰ ਵਿਸ਼ਨੂੰ ਨੂੰ ਦੇ ਸਲਾਹ, ਬ੍ਰਹਮਾ ਨਾਲ ਮਿਲਾਈਆ । ਅਸੀਂ ਸਾਰੇ ਬਣੀਏ ਗਵਾਹ, ਗਵਾਹਸ਼ੁਧ ਨਾਉਂ ਪ੍ਰਗਟਾਈਆ । ਜਿਸ ਦਾ ਸਾਚਾ ਲੇਖਾ ਹੋਣਾ ਰਵਾਂ, ਰਵਾਨਗੀ ਪਿਛਲਿਆਂ ਹੱਥ ਫੜਾਈਆ । ਉਹਦਾ ਬਦਲਣ ਵਾਲਾ ਸਮਾਂ, ਸਮਝ ਸਮਝ ਵਿਚੋਂ ਬਦਲਾਈਆ । ਜਿਸ ਭੇਵ ਚੁਕਾਉਣਾ ਮਾਟੀ ਚੰਮਾ, ਚੰਮ ਦ੍ਰਿਸ਼ਟੀ ਭੇਵ ਰਹੇ ਨਾ ਰਾਈਆ । ਇਕੋ ਰੰਗ ਰੰਗਾਏ ਹਰਖ ਸੋਗ ਗ਼ਮਾ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਜਿਸ ਲੇਖੇ ਲਾਉਣਾ ਗੋਬਿਦ ਵਾਲਾ ਕੰਨਾ, ਕਾਇਨਾਤ ਦਾ ਲਹਿਣਾ ਪੂਰ ਕਰਾਈਆ । ਉਸ ਨੂੰ ਜੇ ਲਿਖਾਰੀ ਕੱਚਾ ਪੱਕਾ ਪਕਾ ਕੇ ਖਵਾਵਣ ਇਕ ਮੰਨਾ, ਮਨਸਾ ਤੇਰੀ ਪੂਰ ਕਰਾਈਆ । ਨਾਲੇ ਯਾਦ ਕਰ ਲੈ ਓਹ ਕੌਲ ਇਕਰਾਰ ਜਿਹੜਾ ਵਾਇਦਾ ਪ੍ਰਭ ਨੇ ਕੀਤਾ ਸੀ ਨਾਲ ਧੰਨਾ, ਧੰਨੇ ਜੱਟ ਗਿਆ

ਸਮਝਾਈਆ । ਜਿਸ ਵੇਲੇ ਦੀ ਦੁਨੀ ਦਾ ਮੇਟਣ ਆਇਆ ਹੱਦ ਬੰਨਾ, ਸ਼ਰਅ ਦਾ ਡੇਰਾ ਢਾਹੀਆ । ਜੋਤੀ ਨੂਰ ਚੜ੍ਹਾ ਕੇ ਚੰਨਾ, ਚੰਦ ਚਾਂਦਨਾ ਦਵਾਂ ਚਮਕਾਈਆ । ਵਿਸ਼ਨੂੰ ਦਾ ਲੇਖਾ ਜਾਣਾ ਅੰਨਾ, ਅੰਨ ਦਾਤਾ ਹੋ ਕੇ ਖੋਜ ਖੁਜਾਈਆ । ਖੇਲ ਖੇਲਾਂ ਨਾਲ ਭਗਤ ਜਨਾਂ, ਜਨ ਆਪਣੀ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਵਿਸ਼ਨੂੰ ਕਹੇ ਜਨ ਭਗਤੋ ਮੇਰੀ ਪੂਰੀ ਕਰਿਓ ਸੱਧਰ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਤੁਹਾਡੇ ਪ੍ਰੇਮ ਦੀ ਕਰਾਂ ਕਦਰ, ਕਦਰਾਂ ਵਾਲਿਓ ਦਿਆਂ ਜਣਾਈਆ । ਤੁਹਾਡੇ ਪਿਆਰ ਵਿਚ ਮੇਰਾ ਲਹਿਣਾ ਜਾਵੇ ਬਦਲ, ਬਦਲੀ ਤੁਸਾਂ ਦੇਣੀ ਕਰਾਈਆ । ਭਗਤ ਦਵਾਰੇ ਵਿਚ ਹੋਵੇ ਅਦਲ, ਇਨਸਾਫ਼ ਇਕੋ ਇਕ ਸਮਝਾਈਆ । ਮੇਰਾ ਚਲੇ ਨਾ ਕੋਇ ਯਤਨ, ਯਥਾਰਥ ਦਿਆਂ ਸੁਣਾਈਆ । ਜਿਹੜਾ ਆਇਆ ਤੁਹਾਡੀ ਪੈਜ ਰੱਖਣ, ਉਹ ਮੇਰਾ ਪੁਰਾਣਾ ਧੁਰ ਦਾ ਮਾਹੀਆ । ਅੱਜ ਮੇਰਾ ਭੰਡਾਰਾ ਕਰ ਕੇ ਸੱਖਣ, ਤੁਹਾਡੇ ਭੰਡਾਰੇ ਰਿਹਾ ਭਰਾਈਆ । ਤੁਸੀਂ ਉਸ ਦੀ ਯਾਦ ਵਿਚ ਮੰਨਣਾ ਬਚਨ, ਸਚ ਦਿਆਂ ਸੁਣਾਈਆ । ਉਹਦੀ ਆਦਿ ਦੀ ਆਦਿ ਰਚਨ, ਜੁਗ ਜੁਗ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਪ੍ਰਭੂ ਮੈਂ ਤੇਰੀ ਸਰਨ ਪਰਦਾ, ਸਚ ਤੇਰੀ ਸਰਨਾਈਆ । ਤੇਰਾ ਲੇਖਾ ਲਹਿੰਦਿਓ ਹੋਣਾ ਚੜ੍ਹਦਾ, ਚੜ੍ਹਦੀ ਕਲਾ ਵੇਖ ਵਖਾਈਆ । ਇਹ ਲੇਖਾ ਚਮਕੌਰ ਗੜ੍ਹੀ ਗੜ੍ਹ ਦਾ, ਪੂਰ ਦਿਤਾ ਕਰਾਈਆ । ਮੈਂ ਤੇਰੇ ਚਰਨ ਕਵਲ ਫੜਦਾ, ਤੂੰ ਮਾਲਕ ਧੁਰ ਦਾ ਮਾਹੀਆ । ਜਿਸ ਭੋਗ ਲਗਾਇਆ ਘਰ ਘਰ ਦਾ, ਜਨ ਭਗਤਾਂ ਦਿਤੀ ਵਡਿਆਈਆ । ਆਪ ਗੰਡਾ ਖਾ ਕੇ ਸ਼ੁਕਰ ਕਰਦਾ, ਖ਼ੁਸ਼ੀਆਂ ਵੇਖ ਵਖਾਈਆ । ਮੈਂ ਨਿਮਾਣਾ ਤੇਰਾ ਬਰਦਾ, ਦਰ ਤੇਰੇ ਸੀਸ ਝੁਕਾਈਆ । ਤੂੰ ਮਾਲਕ ਲੱਖ ਚੁਰਾਸੀ ਘਰ ਦਾ, ਗ੍ਰਿਹ ਗ੍ਰਿਹ ਹੋਏਂ ਸਹਾਈਆ । ਮੈਂ ਭੁੱਖਾ ਪਿਆਸਾ ਤੇਰੇ ਵਰ ਦਾ, ਵਰ ਦੇਣਾ ਚਾਈਂ ਚਾਈਂਆ । ਤੇਰਾ ਰੂਪ ਨਰਾਇਣ ਨਰ ਦਾ, ਨਰ ਹਰਿ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਨਾਰਦ ਕਹੇ ਵਿਸ਼ਨੂੰ ਤੂੰ ਵੀ ਕਰ ਪੁਕਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਪ੍ਰਭੂ ਕਿਰਪਾ ਕਰ ਅਪਾਰ, ਅਪਰੰਪਰ ਤੇਰੀ ਬੇਪਰਵਾਹੀਆ । ਤੇਰਾ ਭੋਗ ਲੱਗੇ ਭਗਤਾਂ ਦੇ ਦਰਬਾਰ, ਭਗਵਨ ਹੋਣਾ ਆਪ ਸਹਾਈਆ । ਖ਼ਾਲੀ ਭਰ ਭੰਡਾਰ, ਅਤੋਟ ਅਤੁਟ ਵਰਤਾਈਆ । ਲਿਖਾਰੀ ਤੇਰਾ ਪ੍ਰਸ਼ਾਦਾ ਕਰਨ ਤਿਆਰ, ਖ਼ੁਸ਼ੀ ਖ਼ੁਸ਼ੀਆਂ ਨਾਲ ਬਣਾਈਆ । ਅੱਜ ਦੀ ਰਾਤ ਬਹੁਤਿਆਂ ਗੁਰਸਿੱਖਾਂ ਨੂੰ ਘਰ ਘਰ ਦਰਸ਼ਨ ਆਈਂ ਦਿਖਾਲ, ਜਾਣਾ ਚਾਈਂ ਚਾਈਆ । ਤੇਰਾ ਧਰਤੀ ਉਤੇ ਬਿਸਤਰ ਹੋਵੇ ਸੁਖਾਲ, ਸੋਹਣਾ ਰੰਗ ਰੰਗਾਈਆ । ਮੇਰੇ ਦੀਨਾਂ ਦੇ ਦਿਆਲ, ਇਹ ਤੇਰੀ ਬੇਪਰਵਾਹੀਆ । ਮੇਰਾ ਇਕੋ ਇਕ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਲਿਖਾਰੀਓ ਤੁਸੀਂ ਲਿਖ ਕੇ ਦੱਸੋ ਐਸ ਸਾਲ ਕਿਸ ਕਿਸ ਦਾ ਹੋਣਾ ਕਾਲ, ਕੀ ਆਪਣੀ ਕਲ ਵਰਤਾਈਆ । ਨਾਰਦ ਕਹੇ ਭਗਤੋ ਸਾਰੇ ਆਖੋ ਪ੍ਰਭੂ ਤੂੰ ਆਪੇ ਕਰੀਂ ਸੰਭਾਲ, ਇਹ ਤੇਰੇ ਹੱਥ ਵਡਿਆਈਆ । ਇੱਕੀ ਪੋਹ ਦਿਵਸ ਸੁਹੰਜਣਾ ਸਚ ਪ੍ਰੀਤੀ ਸਭ ਦੀ ਨਿਭੇ ਨਾਲ, ਵਿਛੋੜੇ ਵਿਚ ਵਿਛੜ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਨੂੰ ਦੇਵੇ ਵਿਸ਼ਵ ਦਾ ਆਪੇ ਦਾਨ, ਦਾਤਾ ਦਾਨੀ ਦਇਆ ਕਮਾਈਆ ।

੧੫੪੦
੨੩

### ✪ ੨੨ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਹਰਿ ਸੰਗਤ ਨਵਿਤ ਰਾਤ ਨੂੰ ✪

ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਇਕ, ਇਕ ਇਕੱਲਾ ਖੇਲ ਖਿਲਾਈਆ । ਜੁਗ ਜੁਗ ਨਿਰਗੁਣ ਸਰਗੁਣ ਧਾਰ ਆਵਾਂ ਦਿਖ, ਜਗਤ ਆਪਣਾ ਰੂਪ ਬਦਲਾਈਆ । ਸੰਤਾਂ ਭਗਤਾਂ ਸੂਫ਼ੀ ਫ਼ਕੀਰਾਂ ਮਿਟਾਵਾਂ ਤ੍ਰਿਖ, ਤ੍ਰੈਗੁਣ ਅਤੀਤਾ ਹੋ ਕੇ ਦਇਆ ਕਮਾਈਆ । ਗੁਰਮੁਖਾਂ ਗੁਰਸਿਖਾਂ ਪਾਵਾਂ ਭਿਖ, ਚੌਥੇ ਦਰ ਦੀ ਵਸਤ ਆਪ ਵਰਤਾਈਆ । ਪੰਚਮ ਧਾਰ ਪਿਆਰ ਬਣਾ ਕੇ ਸਿੱਖ, ਸਾਚੀ ਸਿਖਿਆ ਇਕ ਸਮਝਾਈਆ । ਜਗਤ ਸ਼ਾਸਤਰਾਂ ਤੋਂ ਬਾਹਰ ਮੇਰਾ ਅੱਖਰ ਨਿਸ਼, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਸਭ ਦੀ ਪੂਰੀ ਕਰਾਂ ਇਛ, ਇਛਤ ਵੇਖਾਂ ਚਾਈਂ ਚਾਈਆ । ਮੇਰਾ ਧਰਮ ਦੀ ਧਾਰ ਨਾਲ ਹਿੱਸ, ਹਿੱਸਾ ਦੋ ਜਹਾਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਇਕੋ, ਏਕਾ ਏਕ ਵਡਿਆਈਆ । ਮੇਰੀ ਸਿਖਿਆ ਸਾਚੀ ਸਿੱਖੋ, ਸਿੱਖ ਗੁਰੂ ਜਗਤ ਧਿਆਨ ਲਗਾਈਆ । ਮੇਰਾ ਧੁਰ ਫ਼ਰਮਾਨਾ ਲਿਖੋ, ਲੇਖ ਲੇਖਣੀ ਨਾਲ ਵਡਿਆਈਆ । ਮੇਰੇ ਉਤੋਂ ਸਭ ਕੁਛ ਵਾਰੋ ਵਿਟਹੁ, ਕੁਰਬਾਨ ਆਪਣਾ ਆਪ ਕਰਾਈਆ । ਪੁਰਖ ਅਕਾਲਾ ਇਕੋ ਦੱਸਾਂ ਪਿਤੋ, ਪਤਿਪਰਮੇਸ਼ਵਰ ਦਿਆਂ ਸਮਝਾਈਆ । ਜੋ ਸਾਚਾ ਕਰੇ ਹਿੱਤੋ, ਹਿਤਕਾਰੀ ਹੋ ਕੇ ਵੇਖ ਵਖਾਈਆ । ਉਹ ਲੇਖਾ ਜਾਣੇ ਆਪਣੀ ਥਿਤੋ, ਜਗਤ ਵਾਰ ਵੰਡ ਨਾ ਕੋਇ ਵੰਡਾਈਆ । ਉਹ ਮਿਹਰਵਾਨ ਪ੍ਰੀਤਮ ਮਿੱਤੋ, ਮਿਤ੍ਰ ਪਿਆਰਾ ਧੁਰਦਰਗਾਹੀਆ । ਉਸ ਦੀ ਯਾਦ ਰੱਖਣੀ ਚਿੱਤੋ, ਚੇਤਨ ਹੋ ਕੇ ਧਿਆਨ ਲਗਾਈਆ । ਸਚ ਮੁਹੱਬਤ ਕਰੇ ਹਿੱਤੋ, ਹਿਤਕਾਰੀ
੧੫੪੧ ੨੩ ਏਕਾ ਏਕ ਅਗੰਮ ਅਥਾਹੀਆ । ਜੋ ਵੇਸ ਵਟਾਏ ਨਿਤ ਨਵਿਤੋ, ਜੁਗ ਜੁਗ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੫੪੧ ੨੩
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਏਕਾ, ਏਕੰਕਾਰ ਦਿਤੀ ਵਡਿਆਈਆ । ਮੇਰੀ ਸਾਰੇ ਰੱਖਦੇ ਟੇਕਾ, ਟਿੱਕੇ ਮਸਤਕਾਂ ਵਾਲੇ ਮੇਰੀ ਖ਼ਾਕ ਰਮਾਈਆ । ਮੈਂ ਵੇਖਣ ਵਿਚ ਜਗਤ ਨੇਤਰ ਨਿੱਕਾ, ਵੱਡੇ ਤੋਂ ਵੱਡਾ ਅਗੰਮ ਅਥਾਹੀਆ । ਮੈਂ ਬਣਿਆ ਨਹੀਂ ਕਿਸੇ ਬੂੰਦ ਰਿੱਤਾ, ਰਕਤ ਵੰਡ ਨਾ ਕੋਇ ਵੰਡਾਈਆ । ਮੈਂ ਜਨਮਿਆਂ ਨਹੀਂ ਵਾਰ ਥਿਤਾ, ਘੜੀ ਪਲ ਵੇਖਣ ਕੋਇ ਨਾ ਪਾਈਆ । ਮੇਰਾ ਆਦਿ ਦਾ ਆਦਿ ਇਕੋ ਪਿਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਨੇ ਇਕ ਨਿਸ਼ਾਨਾ ਮਿਥਾ, ਮਿਥਿਆ ਕਰ ਜਗਤ ਲੋਕਾਈਆ । ਮੇਰੀ ਜੁਗ ਜੁਗ ਪੂਰੀ ਕਰਦਾ ਇੱਛਾ, ਨਿਰਇਛਤ ਆਪਣੀ ਖੇਲ ਖਿਲਾਈਆ । ਸਤਿ ਸਚ ਦੀ ਪਾ ਕੇ ਭਿਛਾ, ਖ਼ਾਲੀ ਭੰਡਾਰੇ ਦਏ ਭਰਾਈਆ । ਨਿਤ ਨਵਿਤ ਕਰੇ ਰਿਛਾ, ਸਿਰ ਮੇਰੇ ਹੱਥ ਟਿਕਾਈਆ । ਮੈਂ ਵਸਾਂ ਉਸ ਦੇ ਵਿਚਾ, ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਵਾਹਿਦ, ਵਾਹਵਾ ਮੇਰੀ ਵੱਜਦੀ ਰਹੇ ਵਧਾਈਆ । ਮੇਰਾ ਜੁਗ ਚੌਕੜੀ ਸਤਿ ਸਚ ਦਾ ਅਹਿਦ, ਅਹਿਦਨਾਮੇ ਅਵਤਾਰ ਪੈਗ਼ੰਬਰਾਂ ਗੁਰੂਆਂ ਹੱਥ ਫੜਾਈਆ । ਮੈਂ ਨਿਰਗੁਣ ਹੋ ਕੇ ਵਸਾਂ ਸਦਾ ਅਲੈਹਿਦ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਖੇਲ ਲੇਖੇ ਵਿਚ ਆਵੇ ਕਦੇ ਨਾ ਸ਼ਾਇਦ, ਧੁਰ ਦਾ ਹੁਕਮ ਸਤਿ ਸਚ ਵਰਤਾਈਆ । ਮੇਰਾ ਅੱਖਰਾਂ ਨਾਲ ਅੱਖਰਾਂ ਕੀਤਾ ਮੁਆਹਿਦ, ਮਵਾਇਦਾ ਇਕੋ ਨਾਲ ਜਣਾਈਆ ।

੧੫੪੨ ੨੩

ਮੇਰਾ ਲਹਿਣਾ ਦੇਣਾ ਜੁਗ ਚੌਕੜੀ ਸਦਾ ਜਾਇਜ਼, ਜੁਗ ਜੁਗ ਆਪਣਾ ਖੇਲ ਖਿਲਾਈਆ । ਕਲਜੁਗ ਵਿਚ ਸਤਿਜੁਗ ਕਰਾਂ ਰਾਇਜ, ਰਾਜਨੀਤਕ ਆਦਿ ਅੰਤ ਅਖਵਾਈਆ । ਮੇਰਾ ਖੇਲ ਹੁਕਮ ਦਾ ਮਾਹਿਜ਼, ਦੂਸਰ ਅਵਰ ਨਾ ਕੋਇ ਸ਼ਨਵਾਈਆ । ਮੈਂ ਕਿਸੇ ਦਾ ਹੋਇਆ ਨਹੀਂ ਕਦੇ ਮੁਥਾਇਜ, ਝੋਲੀ ਅਗੇ ਕਿਸੇ ਨਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਮੇਰੇ ਹੱਥ ਰਖਾਈਆ । ਸਤਿਗੁਰ ਕਹੇ ਮੈਂ ਏਕਾ ਰੂਪ ਏਕੰਕਾਰ ਦਾ, ਅਕਲ ਕਲ ਮੇਰੀ ਬੇਪ੍ਰਵਾਹੀਆ । ਜੁਗ ਜੁਗ ਜਨ ਭਗਤ ਸੁਹੇਲੇ ਤਾਰਦਾ, ਫੜ ਬਾਹੋਂ ਪਾਰ ਲੰਘਾਈਆ । ਜਨਮ ਕਰਮ ਦੇ ਰੋਗ ਨਿਵਾਰਦਾ, ਦੁੱਖਾਂ ਦਰਦਾਂ ਡੇਰਾ ਢਾਹੀਆ । ਸਾਚੇ ਸੰਤਾਂ ਵਾਜਾਂ ਮਾਰਦਾ, ਸੁੱਤਿਆਂ ਲਵਾਂ ਜਗਾਈਆ । ਮੇਰਾ ਖੇਲ ਸੱਚੀ ਸਰਕਾਰ ਦਾ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਮੈਂ ਭੇਵ ਖੋਲਾਂ ਉਸ ਦਾਤਾਰ ਦਾ, ਜੋ ਦਾਤਾ ਅਗੰਮ ਅਥਾਹੀਆ । ਮੈਂ ਸਭ ਦੀਆਂ ਕਰਨੀਆਂ ਵਿਚਾਰਦਾ, ਵੇਖਾਂ ਚਾਈਂ ਚਾਈਆ । ਮੈਂ ਤਨ ਵਜੂਦ ਸ਼ਿੰਗਾਰਦਾ, ਕੋੜਿਆਂ ਕਮਲਿਆਂ ਦਿਆਂ ਵਡਿਆਈਆ । ਮੈਂ ਖੇਲ ਖਿਲਾਵਾਂ ਪੈਗੰਬਰ ਗੁਰ ਅਵਤਾਰ ਦਾ, ਅਵਤਰੀ ਆਪਣਾ ਆਪ ਸਮਝਾਈਆ । ਕਲਜੁਗ ਅੰਤਮ ਲੇਖਾ ਵੇਖਾਂ ਸੰਸਾਰ ਦਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਮੈਂ ਜੁਗ ਜਨਮ ਦੇ ਵਿਛੜੇ ਹਰਿਜਨ ਸਾਚੇ ਤਾਰਦਾ, ਤਾਰਨਹਾਰ ਇਕ ਅਖਵਾਈਆ । ਜਨ ਭਗਤਾਂ ਜਨਮ ਮਰਨ ਸੁਆਰਦਾ, ਮਰਨ ਜਨਮ ਆਪਣੇ ਨਾਲ ਬਣਾਈਆ । ਪੂਰਬ ਲੇਖੇ ਸਰਬ ਵਿਚਾਰਦਾ, ਅਗਲੇ ਲੇਖੇ ਆਪਣੇ ਰੰਗ ਰੰਗਾਈਆ । ਹਰਿ ਸੰਤ ਸੁਹੇਲੇ ਜਗਤ ਜੰਜਾਲ ਵਿਚੋਂ ਨਿਕਾਲਦਾ, ਫੜ ਬਾਹੋਂ ਬਾਹਰ ਕਢਾਈਆ । ਮੈਂ ਪਿਆਸਾ ਸ਼ਾਹ ਕੰਗਾਲ ਦਾ, ਸਭ ਇਕੋ ਘਰ ਵਸਾਈਆ । ਜਨ ਭਗਤਾਂ ਜੁਗ ਜੁਗ ਸੁਰਤ ਸੰਭਾਲਦਾ, ਸੰਬਲ ਬਹਿ ਕੇ ਹੋਵਾਂ ਸਹਾਈਆ । ਬਾਈ ਪੋਹ ਫਲ ਸੁੱਕੇ ਨਾ ਕਦੇ ਭਗਤੀ ਡਾਲ ਦਾ, ਪੱਤ ਟਹਿਣੀ ਆਪ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਵਿਚੋਂ ਜਨਮ ਫੇਰ ਸੁਆਰਦਾ, ਜਨਮ ਜਨਮ ਨਾਲ ਬਦਲਾਈਆ ।

੧੫੪੨ ੨੩

✪ ੨੩ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਵਿਖੇ ਦਰਬਾਰ ਨਿਵਾਸੀਆਂ ਦਲੀਪ ਸਿੰਘ ਰਤਨ ਸਿੰਘ ਪ੍ਰੀਤਮ ਸਿੰਘ ਜਰਨੈਲ ਸਿੰਘ ਸੁਲੱਖਣ ਸਿੰਘ ਜਗੀਰ ਸਿੰਘ ਦੇ ਨਵਿਤ ✪

ਪੁਰਖ ਅਕਾਲ ਸਦਾ ਨਿਹਕੇਵਾ, ਨਿਰਗੁਣ ਨਿਰਵੈਰ ਨਿਰੰਕਾਰ ਬੇਪ੍ਰਵਾਹੀਆ । ਆਦਿ ਜੁਗਾਦੀ ਬੋਧ ਅਗਾਧੀ ਦੇਵੀ ਦੇਵਾ, ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਸੀਸ ਨਿਵਾਈਆ । ਆਦਿ ਅੰਤ ਸ੍ਰੀ ਭਗਵੰਤ ਧੁਰ ਦਾ ਕੰਤ ਅਲਖ ਅਭੇਵਾ, ਅਗੰਮ ਅਥਾਹ ਵਡ ਵਡਿਆਈਆ । ਨਿਤ ਨਵਿਤ ਕਰ ਕਰ ਹਿੱਤ ਜਨ ਭਗਤਾਂ ਅੰਮ੍ਰਿਤ ਰਸ ਦੇਵੇ ਮੇਵਾ, ਨਾਮ ਨਿਧਾਨਾ ਸ੍ਰੀ ਭਗਵਾਨਾ, ਝੋਲੀ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦਰ ਠਾਂਡੇ ਲੇਖੇ ਲਾਵੇ ਸੇਵਾ, ਕੀਤੀ ਘਾਲ ਆਪਣੇ ਚਰਨਾਂ ਵਿਚ ਟਿਕਾਈਆ । ਜਿਸ ਦੀ ਸਿਫ਼ਤ ਕਰ ਸਕੇ ਨਾ ਕੋਇ ਜਿਹਵਾ, ਰਸਨਾ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ

ਸ਼ਬਦ ਸਦਾ ਸੁਖਦਾਈ, ਦੇਵੇ ਮਾਣ ਵਡਿਆਈਆ । ਜੋ ਜੁਗ ਜੁਗ ਨਿਰਗੁਣ ਸਰਗੁਣ ਖੇਲ ਰਿਹਾ ਖਿਲਾਈ, ਖ਼ਾਲਕ ਖ਼ਲਕ ਰੰਗ ਵਖਾਈਆ । ਜਨ ਭਗਤ ਸੁਹੇਲੇ ਉਠਾਏ ਫੜ ਫੜ ਬਾਹੀਂ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਭੇਵ ਅਭੇਦਾ ਖੋਲੇ ਪਰਦਾ ਅੰਤਰ ਦਏ ਉਠਾਈ, ਨਿਜ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਲੇਖਾ ਜਾਣੇ ਧੁਰ ਗੁਸਾਈਂ, ਗਹਿਰ ਗੰਭੀਰ ਬੇਪ੍ਰਵਾਹੀਆ । ਵੇਖਣਹਾਰਾ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਈਆ । ਜੋ ਭਗਤ ਸੁਹੇਲੇ ਦਰ ਠਾਂਡੇ ਕਰਦੇ ਵਾਹੀ, ਵਾਹਣ ਚੁਰਾਸੀ ਵਿਚੋਂ ਬਾਹਰ ਕਢਾਈਆ । ਮੇਲ ਮਲਾਵਾਂ ਕਰਕੇ ਭੈਣਾਂ ਭਾਈ, ਚਰਨ ਪ੍ਰੀਤੀ ਇਕੋ ਇਕ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਸਤਿ ਸਤਿ ਸਤਿ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਜਨ ਭਗਤਾਂ ਵੇਖਣਹਾਰਾ ਜਗਤ ਜਵਾਨੀ, ਨਵ ਜੋਬਨ ਧਿਆਨ ਲਗਾਈਆ । ਜੋ ਸਾਚੀ ਸੇਵਾ ਦੀ ਕਰਨ ਕੁਰਬਾਨੀ, ਕਰਬਲੇ ਤੋਂ ਪਰੇ ਮਿਲੇ ਵਡਿਆਈਆ । ਧਰਮ ਧਾਰ ਰਹੇ ਨਿਸ਼ਾਨੀ, ਨਿਸ਼ਾਨਾ ਜਗਤ ਜਹਾਨ ਝੁਲਾਈਆ । ਦਰ ਆਇਆਂ ਕਰੇ ਪ੍ਰਵਾਨੀ, ਪਰਮ ਪੁਰਖ ਹੋਏ ਸਹਾਈਆ । ਦੇਵਣਹਾਰਾ ਧੁਰ ਦਾ ਦਾਨੀ, ਵਸਤ ਅਗੰਮ ਅਥਾਹ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਇਹ ਖੇਲ ਅਗੰਮੇ ਹਰਿ ਦੇ, ਹਰ ਹਿਰਦਾ ਵੇਖ ਵਖਾਈਆ । ਜੋ ਭਗਤ ਸੁਹੇਲੇ ਭਗਤ ਦਵਾਰ ਸੇਵਾ ਕਰਦੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਭੈ ਚੁਕਾਏ ਧਰਮ ਰਾਏ ਦੇ ਡਰ ਦੇ, ਚੁਰਾਸੀ ਫਾਸੀ ਰਹੇ ਨਾ ਰਾਈਆ । ਸਾਚੀ ਮੰਜ਼ਲ ਜਾਣ ਚੜ੍ਹਦੇ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਜਾਣ ਪੜ੍ਹਦੇ, ਪਰਾ ਪਸੰਤੀ ਮਧਮ ਬੈਖਰੀ ਦਾ ਪੰਧ ਮੁਕਾਈਆ । ਮਾਲਕ ਹੋਵਣ ਸਚਖੰਡ ਦਵਾਰੇ ਸਾਚੇ ਘਰ ਦੇ, ਗ੍ਰਿਹਿ ਮਿਲੇ ਮਾਣ ਵਡਿਆਈਆ । ਜਿਥੇ ਨਾ ਜਨਮੇ ਨਾ ਮਰਦੇ, ਜੋਤ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਜੋ ਭਗਤ ਦਵਾਰੇ ਘਾਲੇ ਘਾਲ, ਘੋਲੀ ਆਪਣਾ ਆਪ ਘੁੰਮਾਈਆ । ਤਿਸ ਨੂੰ ਵੇਖਣਹਾਰਾ ਦੀਨ ਦਿਆਲ, ਦਇਆਨਿਧ ਧੁਰਦਰਗਾਹੀਆ । ਜੋ ਬਖ਼ਸ਼ਣਹਾਰਾ ਨਾਮ ਸੱਚਾ ਧਨ ਮਾਲ, ਖ਼ਜ਼ੀਨਾ ਅਤੋਟ ਅਤੁਟ ਵਰਤਾਈਆ । ਹਰਿਜਨ ਗੁਰਮੁਖ ਸੰਤ ਸੁਹੇਲੇ ਬਣਾ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਨਿਰਗੁਣ ਸਰਗੁਣ ਬਣ ਦਲਾਲ, ਮੇਲਾ ਮੇਲੇ ਸਹਿਜ ਸੁਭਾਈਆ । ਸੰਬਲ ਬਹਿ ਕੇ ਕਰੇ ਸੰਭਾਲ, ਘਰ ਸਾਚੇ ਹੋਏ ਸਹਾਈਆ । ਲੇਖਾ ਜਾਣੇ ਬਿਰਧ ਬਾਲ ਜਵਾਨ, ਨਾਰੀ ਨਰ ਇਕੋ ਰੰਗ ਰੰਗਾਈਆ । ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਸੁਹੇਲਾ ਫਲਦਾ, ਜੁਗ ਜੁਗ ਪ੍ਰਭ ਦੀ ਸੇਵ ਕਮਾਈਆ । ਉਸ ਦਾ ਦੀਪਕ ਜੋਤੀ ਜੋਤ ਹੋ ਕੇ ਬਲਦਾ, ਜਗਤ ਜਹਾਨ ਕਰੇ ਰੁਸ਼ਨਾਈਆ । ਮਾਣ ਵੇਖੇ ਆਪਣੇ ਗ੍ਰਿਹਿ ਅਟਲ ਦਾ, ਦਰਗਾਹ ਸਾਚੀ ਸੋਭਾ ਪਾਈਆ । ਲੋਕਮਾਤ ਝਗੜਾ ਚੁਕੇ ਜਲ ਥਲ ਦਾ, ਮਹੀਅਲ ਆਪਣਾ ਪੰਧ ਮੁਕਾਈਆ । ਉਹ ਲਹਿਣਾ ਲੇਖਾ ਲਾਏ ਆਪਣੀ ਇਕ ਗੱਲ ਦਾ, ਜਿਸ ਰਸਨਾ ਨਾਲ ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਤਿਸ ਲੇਖਾ ਮੁਕਾਏ ਕਲਜੁਗ ਕਲ ਦਾ, ਕਲਕਾਤੀ

ਨਜ਼ਰ ਕੋਇ ਨਾ ਆਈਆ । ਵਸੇਰਾ ਬਖ਼ਸ਼ੇ ਚਰਨ ਪ੍ਰੀਤੀ ਨਿਹਚਲ ਧਾਮ ਅਟਲ ਦਾ, ਸਚਖੰਡ ਸਾਚਾ ਇਕ ਸੁਹਾਈਆ । ਜਨ ਭਗਤ ਸੁਹੇਲੇ ਆਪਣੇ ਪਿਆਰ ਵਿਚ ਸਚਖੰਡ ਦਵਾਰਿਉਂ ਘਲਦਾ, ਫੇਰ ਸਚਖੰਡ ਵਿਚ ਮਿਲਾਈਆ । ਇਹ ਫ਼ੈਸਲਾ ਆਦਿ ਜੁਗਾਦਿ ਅਟਲ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਆਪਣਾ ਆਸਣ ਮੱਲਦਾ, ਮਲ ਮੂਤਰ ਦਾ ਲੇਖਾ ਦਏ ਮੁਕਾਈਆ ।

## ✪ ੨੪ ਪੋਹ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਆਸਮਾਂ ਕਹੇ ਮੈਂ ਤੇਰਾ ਪਿਆਰਾ ਫ਼ਲਕ, ਨੂਰੇ ਨੂਰਾਂ ਤੇਰੀ ਬੇਪਰਵਾਹੀਆ । ਤੂੰ ਮਾਲਕ ਪ੍ਰਿਤਪਾਲਕ ਵਾਲੀ ਖ਼ਲਕ, ਖ਼ਾਲਕ ਅਗੰਮ ਅਥਾਹੀਆ । ਤੇਰਾ ਭੇਵ ਨਾ ਆਇਆ ਪਲਕ, ਕੀ ਆਪਣੀ ਖੇਲ ਖਿਲਾਈਆ । ਮੇਰੇ ਮਿਹਰਵਾਨਾ ਤੇਰੀ ਅਨੋਖੀ ਵੇਖੀ ਝਲਕ, ਝੱਲੇ ਸਭ ਨੂੰ ਰਿਹਾ ਬਣਾਈਆ । ਨਜ਼ਰਾਂ ਤੋਂ ਬਾਹਰ ਤੇਰੀ ਡਲਕ, ਡਾਵਾਂਡੋਲ ਕੀਤੀ ਲੋਕਾਈਆ । ਤੂੰ ਹੁਕਮਰਾਨ ਹਾਕਮ ਮਲਕ, ਤੇਰੀ ਬੇਪਰਵਾਹੀਆ । ਮੈਂ ਕੂਕ ਪੁਕਾਰਾਂ ਮਾਰ ਕੇ ਕਿਲਕ, ਕਲਕੀ ਦਿਆਂ ਸੁਣਾਈਆ । ਚਾਰੋਂ ਕੁੰਟ ਸ਼ਰਅ ਦੀ ਵੇਖ ਇੱਲਤ, ਸ਼ਰੀਅਤ ਕੀ ਰੰਗ ਵਖਾਈਆ । ਤੇਰੇ ਪਿਆਰ ਦੀ ਰਹੀ ਕੋਈ ਨਾ ਖ਼ਿਲਤ, ਖ਼ਲੀਫ਼ੇ ਰੋਵਣ ਮਾਰਨ ਧਾਹੀਆ । ਧਰਮ ਦੀ ਧਾਰ ਗਈ ਹਿੰਮਤ, ਹੌਸਲਾ ਸਚ ਨਾ ਕੋਇ ਬੰਧਾਈਆ । ਦਰੋਹੀ ਫਿਰ ਗਈ ਚਾਰੇ ਸਿੰਮਤ, ਚਾਰੋਂ ਕੁੰਟ ਰਹੀ ਕੁਰਲਾਈਆ । ਧਰਤੀ ਉਤੇ ਤੇਰੇ ਨਿੰਦਕ, ਜਗਤ ਰਸਨਾ ਸੋਹਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਰਖਾਈਆ । ਆਸਮਾਂ ਕਹੇ ਮੈਂ ਤੇਰਾ ਰੂਪ ਅਪਾਰ, ਸਮਝ ਕਿਛ ਨਾ ਆਈਆ । ਤੇਰਾ ਖੇਲ ਨਿਰਾਕਾਰ, ਸਾਕਾਰ ਸਮਝ ਕਿਛ ਨਾ ਪਾਈਆ । ਤੇਰਾ ਮੰਡਲ ਮੰਡਪ ਘਰ ਬਾਰ, ਗ੍ਰਿਹਿ ਗ੍ਰਿਹਿ ਵੱਜੇ ਵਧਾਈਆ । ਤੇਰਾ ਰੂਪ ਸੂਰੀਆ ਚੰਦ ਸਿਤਾਰ, ਸਤਹ ਬੁਲੰਦੀ ਸੋਭਾ ਪਾਈਆ । ਤੇਰਾ ਖੇਲ ਖੇਲਣ ਤੋਂ ਬਾਹਰ, ਬਹਿਰਹਾਲ ਸਮਝ ਕਿਛ ਨਾ ਆਈਆ । ਮੈਂ ਜੁਗ ਚੌਕੜੀ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਤੇਰੇ ਹੁਕਮ ਦਾ ਇਕ ਅਧਾਰ, ਦੂਜੀ ਓਟ ਨਾ ਕੋਇ ਰਖਾਈਆ । ਮੈਂ ਜੁਗ ਜੁਗ ਖੇਲ ਵੇਖੇ ਪੈਗ਼ੰਬਰ ਗੁਰ ਅਵਤਾਰ, ਧਰਨੀ ਧਰਤ ਧਵਲ ਧੌਲ ਅੱਖ ਉਠਾਈਆ । ਸਾਰੇ ਕਰਦੇ ਗਏ ਪੁਕਾਰ, ਕੂਕ ਕੂਕ ਸੁਣਾਈਆ । ਸੰਦੇਸ਼ੇ ਦੇਂਦੇ ਗਏ ਵਾਰੋ ਵਾਰ, ਰਸਨਾ ਜਿਹਵਾ ਸੋਹਲੇ ਗਾਈਆ । ਕਲ ਕਲਕੀ ਆਵੇ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਜੋ ਸਭ ਦਾ ਹੋਵੇ ਸਾਂਝਾ ਯਾਰ, ਮਿਤ੍ਰ ਪਿਆਰਾ ਬੇਪਰਵਾਹੀਆ । ਧਰਨੀ ਧਰਤ ਧਵਲ ਪਾਵੇ ਸਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਸਮਾਂ ਕਹੇ ਮੈਂ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਧੰਨ ਭਾਗ ਤੇਰਾ ਦਰਸ਼ਨ ਹੋਏ ਦੀਦਾਰ, ਬਿਨ ਨੈਣਾਂ ਨੈਣ ਵਖਾਈਆ । ਤੇਰਾ ਰੂਪ ਰੰਗ ਰੇਖ ਜਗਤ ਵੇਖਣ ਤੋਂ ਬਾਹਰ, ਜੋਤੀ ਜਾਤੇ ਤੇਰੀ ਵਡ ਵਡਿਆਈਆ । ਮੈਂ ਉਤੋਂ ਨਿਵ ਨਿਵ ਕਰਾਂ ਨਿਮਸਕਾਰ, ਝੁਕ ਝੁਕ ਸੀਸ ਨਿਵਾਈਆ । ਖ਼ਾਦਮ ਹੋ ਕੇ ਹੋਵਾਂ ਖ਼ਿਦਮਤਗਾਰ, ਖ਼ੁਦ ਖ਼ੁਦਾ ਤੇਰੀ ਸੇਵ ਕਮਾਈਆ । ਮੇਰੇ ਮਹਿਬੂਬ ਤੇਰਾ ਮੁਹੱਬਤ ਵਾਲਾ ਦਿਸੇ ਦਰਬਾਰ, ਦਰੇ ਦਰਬਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਮ ਦੇਣੀ ਵਡਿਆਈਆ । ਆਸਮਾਂ ਕਹੇ ਮੈਨੂੰ ਕਹਿੰਦੇ ਅੰਬਰ, ਸਤਿ ਸਚ ਜਣਾਈਆ । ਮੇਰਾ ਸਭ ਤੋਂ ਨਿਰਾਲਾ ਮੰਦਰ, ਛੱਪਰ ਛੰਨ ਨਾ ਕੋਇ ਛੁਹਾਈਆ । ਮੇਰਾ ਨੌ ਖੰਡ ਪ੍ਰਿਥਮੀ ਅੰਦਰ, ਸੱਤ ਦੀਪ ਸੰਗ ਬਣਾਈਆ । ਸਮੁੰਦ ਸਾਗਰ ਮੇਰੀ ਕੰਦਰ, ਜੂਹਾਂ ਜੰਗਲ ਟਿੱਲੇ ਸੋਭਾ ਪਾਈਆ । ਮੈਂ ਵੇਖਾਂ ਇਕ ਅਨੰਦਨ, ਅਨੰਦ ਇਕੋ ਨਜ਼ਰੀ ਆਈਆ । ਤੇਰਾ ਪਿਆਰ ਦਿਸੇ ਬ੍ਰਹਿਮੰਡਣ, ਬ੍ਰਹਿਮਾਂਡ ਸੋਭਾ ਪਾਈਆ । ਧੰਨਭਾਗ ਜੇ ਭਗਤਾਂ ਦਰਦ ਆਇਉਂ ਵੰਡਣ, ਬੇਦਰਦੀ ਆਪਣਾ ਦਰਦ ਬਣਾਈਆ । ਪਿਛਲੀ ਕਰਨੀ ਕਰ ਕੇ ਖੰਡਣ, ਖੰਡਾ ਖੜਗ ਨਾਮ ਚਮਕਾਈਆ । ਮੈਂ ਵੇਖਣਾ ਚਾਹੁੰਦਾ ਤੇਰਾ ਖੇਲ ਸੂਰੇ ਸਰਬੰਗਣ, ਚਾਰੋਂ ਕੁੰਟ ਧਿਆਨ ਰਖਾਈਆ । ਕਿਸ ਬਿਧ ਚਮਕੇ ਚੰਡ ਪ੍ਰਚੰਡਣ, ਨਵ ਸੱਤ ਰੂਪ ਬਦਲਾਈਆ । ਫਿਰੇ ਦੁਹਾਈ ਵਿਚ ਵਰਭੰਡਣ, ਵਰ ਨਜ਼ਰ ਕੋਇ ਨਾ ਆਈਆ । ਆਸਮਾਂ ਕਹੇ ਮੈਂ ਇਕੋ ਭਿਛਿਆ ਲੱਗਾ ਮੰਗਣ, ਭਿੱਖਕ ਹੋ ਕੇ ਝੋਲੀ ਡਾਹੀਆ । ਜ਼ਿਮੀਂ ਤੋਂ ਉਤੇ ਮੇਰੇ ਥੱਲੇ ਕਲਜੁਗ ਕੁਕਰਮ ਦੀ ਹੋਵੇ ਰੰਗਣ, ਕੂੜ ਕੁੜਿਆਰਾ ਨਾਲ ਰਲਾਈਆ । ਪਵਣ ਪਾਣੀ ਸਾਰੇ ਹਿੱਸਾ ਵੰਡਣ, ਬਚਿਆ ਨਜ਼ਰ ਕੋਇ ਨਾ ਆਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦਨ, ਬਖ਼ਸ਼ਿਸ਼ ਕਰਨੀ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਧੂੜੀ ਲਾਵਾਂ ਮਸਤਕ ਚੰਦਨ, ਸੂਰੀਆ ਚੰਦ ਸਿਤਾਰ ਸਾਰੇ ਸੀਸ ਨਿਵਾਈਆ ।



## ✪ ੨੫ ਪੋਹ ਸ਼ਹਿਨਸ਼ਾਹੀ ਸੰਮਤ ਨੌ ਬਟਾਲਾ ਸ਼ਹਿਰ ਜ਼ਿਲਾ ਗੁਰਦਾਸਪੁਰ ਅਜੀਤ ਸਿੰਘ ਦੇ ਗ੍ਰਹਿ ✪

੧੫੪੫
੨੩

ਧਰਨੀ ਕਹੇ ਸੋ ਪੁਰਖ ਨਿਰੰਜਣ ਮੇਰੇ ਏਕ, ਆਦਿ ਪੁਰਖ ਤੇਰੀ ਸਰਨਾਈਆ । ਹਰਿ ਪੁਰਖ ਨਿਰੰਜਣ ਤੇਰੀ ਟੇਕ, ਏਕੰਕਾਰ ਨਿਵ ਨਿਵ ਲਾਗਾਂ ਪਾਈਆ । ਆਦਿ ਨਿਰੰਜਣ ਸਚ ਨਰੇਸ਼, ਅਬਿਨਾਸ਼ੀ ਕਰਤਾ ਧੁਰਦਰਗਹੀਆ । ਸ੍ਰੀ ਭਗਵਾਨ ਰਹੇ ਹਮੇਸ਼, ਪਾਰਬ੍ਰਹਮ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਤੇਰਾ ਸੰਦੇਸ਼, ਬਿਨ ਰਸਨਾ ਜਿਹਵਾ ਢੋਲੇ ਗਾਈਆ । ਸਚਖੰਡ ਦਵਾਰਾ ਏਕੰਕਾਰਾ ਤੇਰਾ ਸੁਹੰਜਣਾ ਦੇਸ, ਦਰਗਾਹ ਸਾਚੀ ਮੁਕਾਮੇ ਹਕ ਸੋਭਾ ਪਾਈਆ । ਇਕ ਇਕੱਲਾ ਵਸਣਹਾਰਾ ਨਰ ਨਰੇਸ਼, ਨਰਾਇਣ ਨਰ ਅਗੰਮ ਅਥਾਹੀਆ । ਮੈਂ ਦਰ ਤੇ ਹੋਵਾਂ ਪੇਸ਼, ਪੇਸ਼ੀਨਗੋਈਆਂ ਆਪਣੇ ਕੋਲ ਉਠਾਈਆ । ਮੇਰਾ ਲਹਿਣਾ ਦੇਣਾ ਜੁਗ ਚੌਕੜੀ ਵੇਖ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਮੈਂ ਤੇਈ ਅਵਤਾਰਾਂ ਤਕਿਆ ਤੇਰਾ ਭੇਸ, ਹਜ਼ਰਤ ਈਸਾ ਮੂਸਾ ਮੁਹੰਮਦ ਰੂਪ ਬਦਲਾਈਆ । ਖੇਲ ਖੇਲਿਆ ਨਾਨਕ ਗੋਬਿੰਦ ਦਸ ਦਸਮੇਸ਼, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਪਰਦਾ ਲਾਹੀਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਤੱਕਿਆ ਤੇਰਾ ਹੇਤ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਵਜਦੀ ਰਹੀ ਵਧਾਈਆ । ਮੇਰੇ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਦਰਸ਼ਨ ਕਰਦੀ ਰਹੀ ਨੇਤਨ ਨੇਤ, ਬਿਨ ਨੇਤਰ ਲੋਚਨ ਨੈਣਾਂ ਨੈਣ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਰੁੱਤ ਸੁਹੰਜਣੀ ਮੌਲਦੀ ਰਹੀ ਚੇਤ, ਚੇਤਨ ਹੋ ਕੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਧਰਮ ਧਾਰ ਦੇ ਦਾਤੇ, ਸੋ ਪੁਰਖ ਨਿਰੰਜਣ ਤੇਰੀ

ਸਰਨਾਈਆ । ਹਰਿ ਪੁਰਖ ਨਿਰੰਜਣ ਪਿਤ ਮਾਤੇ, ਏਕੰਕਾਰ ਚਰਨ ਕਵਲ ਓਟ ਤਕਾਈਆ । ਆਦਿ ਨਿਰੰਜਣ ਨੂਰ ਪ੍ਰਕਾਸ਼ੇ, ਜੋਤੀ ਜਾਤੇ ਡਗਮਗਾਈਆ । ਸ੍ਰੀ ਭਗਵਾਨ ਸਭ ਕੁਛ ਤੇਰੇ ਹਾਥੇ, ਅਬਿਨਾਸ਼ੀ ਕਰਤੇ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਤੇਰੇ ਅਲਖ ਅਗੰਮ ਅਥਾਹ ਵੇਖੇ ਤਮਾਸ਼ੇ, ਅਗੋਚਰ ਕਹਿਣ ਕਿਛ ਨਾ ਪਾਈਆ । ਸਤਿਜੁਗ ਤਰੇਤਾ ਦੁਆਪਰ ਜੁਗ ਮੇਰੇ ਉਤੇ ਵਿਨਾਸੇ, ਆਪਣਾ ਪੰਧ ਮੁਕਾਈਆ । ਕਲਜੁਗ ਅੰਤ ਚਾਰੋਂ ਕੁੰਟ ਆਪਣਾ ਭੇਵ ਦੱਸੀਂ ਖੁਲਾਸੇ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਵ ਸੱਤ ਧਰਨੀ ਧਰਤ ਧਵਲ ਧੌਲ ਕਹੇ ਮੇਰੇ ਉਤੇ ਵੇਖ ਆਪਣੀ ਰਾਸੇ, ਬਿਨ ਮੰਡਲ ਮੰਡਪ ਧਿਆਨ ਲਗਾਈਆ । ਚਾਰ ਕੁੰਟ ਅੰਧੇਰੀ ਰਾਤੇ, ਸਾਚਾ ਚੰਦ ਨਾ ਕੋਇ ਚਮਕਾਈਆ । ਕੂੜ ਕੁੜਿਆਰ ਦਿਸਣ ਨਾਤੇ, ਧਰਮ ਦਾ ਮੇਲ ਨਾ ਕੋਇ ਮਿਲਾਈਆ । ਤੇਰਾ ਭੇਵ ਜਾਣੇ ਕੋਇ ਨਾ ਬਾਤਨ ਬਾਤੇ, ਪਰਦਾ ਸਕੇ ਨਾ ਕੋਇ ਉਠਾਈਆ । ਤੂੰ ਸਾਹਿਬ ਸਵਾਮੀ ਮੇਰਾ ਕਮਲਾਪਾਤੇ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰੇ ਚਰਨ ਕਵਲ ਬਿਨ ਹੱਥਾਂ ਜੋੜੇ ਹਾਥੇ, ਸੀਸ ਜਗਦੀਸ਼ ਝੁਕਾਈਆ । ਤੂੰ ਸਰਬ ਕਲਾ ਸਮਰਾਥੇ, ਵਡ ਦਾਤਾ ਇਕ ਅਖਵਾਈਆ । ਮੈਂ ਨਿਮਾਣੀ ਅਨਾਥ ਅਨਾਥੇ, ਦੀਨਨ ਹੋ ਕੇ ਨਿਵ ਨਿਵ ਲਾਗਾਂ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਧਰਨੀ ਕਹੇ ਮੇਰੇ ਭਗਵਾਨ, ਭਗਵਨ ਤੇਰੀ ਬੇਪ੍ਰਵਾਹੀਆ । ਜੁਗ ਚੌਕੜੀ ਮੇਰੇ ਉਤੇ ਕੋਟਨ ਕੋਟ ਝੁਲੇ ਨਿਸ਼ਾਨ, ਅੰਤ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਸੱਤ ਦੀਪ ਨਵ ਖੰਡ ਮੇਰੇ
੧੫੪੬ ੨੩ ਹਿੱਸੇ ਮਾਨਸ ਮਾਨਵ ਮਾਨੁਖ ਪਾਣ, ਚਾਰੋਂ ਕੁੰਟ ਵੰਡ ਵੰਡਾਈਆ । ਟੁਕੜੇ ਟੁਕੜੇ ਕੀਤਾ ਮੈਨੂੰ ਤੇਰੇ ਜਗਤ ਜਹਾਨ, ਬਾਲਿਸ਼ਤਾਂ ਹੱਥਾਂ ਵਿਚ ਮਿਣਾਈਆ । ੧੫੪੬ ੨੩
ਸਾਂਤਕ ਸਤਿ ਮਿਲੇ ਨਾ ਕੋਇ ਨਿਸ਼ਾਨ, ਚਾਰੋਂ ਕੁੰਟ ਵੇਖ ਵਖਾਈਆ । ਮੇਰੇ ਉਤੇ ਸੰਦੇਸ਼ਾ ਬਲ ਦਵਾਰੇ ਬਾਵਨ ਦੇ ਕੇ ਗਿਆ ਬਿਨਾ ਗਿਆਨ, ਬਿਨਾ ਅੱਖ਼ਰਾਂ ਅੱਖ਼ਰ ਸਮਝਾਈਆ । ਮੈਂ ਨੇਤਰ ਲੋਚਨ ਨੈਣ ਲੱਗੀ ਰਾਹ ਤਕਾਣ, ਚਾਰੋਂ ਕੁੰਟ ਵੇਖ ਵਖਾਈਆ । ਕਵਣ ਵਕਤ ਸੁਹੰਜਣਾ ਹੋਵੇ ਤੇਰਾ ਜ਼ਿਮੀਂ ਕਹੇ ਮਿੱਟੀ ਖ਼ਾਕ ਉਤੇ ਆਣ, ਖ਼ਾਕੀ ਖ਼ਾਕ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੈਂ ਚਕਰਵਰਤੀਆਂ ਵੇਖੇ ਪ੍ਰਤਾਪ, ਛਤਰਧਾਰੀਆਂ ਧਿਆਨ ਲਗਾਈਆ । ਜੁਗ ਚੌਕੜੀ ਵੇਖੀਏ ਪੁੰਨ ਪਾਪ, ਧਰਮ ਅਧਰਮਾਂ ਵੇਖ ਵਖਾਈਆ । ਰਸਨਾ ਜਿਹਵਾ ਜਪਦੇ ਵੇਖੇ ਜਾਪ, ਸਿਫ਼ਤਾਂ ਵਾਲੇ ਢੋਲੇ ਗਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਬਣਾਉਂਦੇ ਗਏ ਵਡ ਪ੍ਰਤਾਪ, ਆਪ ਆਪਣੀ ਬਣਤ ਬਣਾਈਆ । ਤੇਰਾ ਖੇਲ ਸਵਾਮੀ ਤੇਰੇ ਹਾਥ, ਦੂਸਰ ਸਮਝ ਕੋਇ ਨਾ ਆਈਆ । ਤੂੰ ਸਰਬ ਕਲਾ ਸਮਰਾਥ, ਵਡ ਦਾਤਾ ਬੇਪਰਵਾਹੀਆ । ਮੈਂ ਸਰਨ ਸਰਨਾਈ ਜਾਵਾਂ ਢਠ, ਮਸਤਕ ਧੂੜੀ ਖ਼ਾਕ ਰਮਾਈਆ । ਤੂੰ ਵਸਣਹਾਰਾ ਘਟ ਘਟ, ਲਖ ਚੁਰਾਸੀ ਰਿਹਾ ਸਮਾਈਆ । ਦੋ ਜਹਾਨਾਂ ਰਿਹਾ ਨੱਠ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਤੇਰਾ ਖੇਲ ਅਕਥਨਾ ਅਕਥ, ਅਗੋਚਰ ਕਹਿਣ ਕਿਛ ਨਾ ਪਾਈਆ । ਜਨ ਭਗਤਾਂ ਲੋਕਮਾਤ ਪੈਜ ਲਏ ਰੱਖ, ਰੱਖਣਹਾਰ ਇਕ ਅਖਵਾਈਆ । ਰਾਤੀ ਸੁੱਤਿਆਂ ਦਿਨੇ ਜਾਗਦਿਆਂ ਨਿਜ ਨੇਤਰ ਲੋਚਨ ਦਰਸ਼ਨ ਦੇਵੇ ਆਪਣੀ ਅੱਖ, ਲੋਇਨ ਆਪਣਾ ਆਪ ਖੁਲਾਈਆ । ਪੁਰਖ ਅਕਾਲੇ ਦੀਨ ਦਿਆਲੇ ਹੋ ਪ੍ਰਤੱਖ, ਪਾਰਬ੍ਰਹਮ ਆਪਣਾ ਪਰਦਾ ਲਾਹੀਆ । ਤੇਰਾ ਹੁਕਮ ਸੰਦੇਸ਼ਾ ਸਦਾ ਸਦਾ ਸਤਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਜਣਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਉਤੇ ਕੋਟਨ ਕੋਟ ਅਣਗਿਣਤ ਗ੍ਰਿਹਿ, ਘਰ ਘਰ ਵੇਖ ਵਖਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਹਰ ਘਟ ਹੈ, ਹਰ ਹਿਰਦੇ ਸੋਭਾ ਪਾਈਆ । ਮੇਰੀ ਬੇਨੰਤੀ ਤੇਰਾ ਲਹਿਣਾ ਦੇਣਾ ਬਾਹਰ ਤ੍ਰੈਗੁਣ ਮਾਇਆ ਤ੍ਰੈ, ਤ੍ਰੈਭਵਣ ਧਨੀ ਤੇਰੀ ਵਡ ਵਡਿਆਈਆ । ਧਾਮ ਸੁਹੰਜਣਾ ਪੁਰਖ ਨਿਰੰਜਣਾ ਜੋਤੀ ਜਾਤੇ ਜਿਸ ਸਿੰਘਾਸਣ ਬਹੇ, ਬਹਿਸ਼ਤ ਸਵਰਗ ਸਾਰੇ ਸੀਸ ਨਿਵਾਈਆ । ਸੋ ਸਾਹਿਬ ਸਤਿਗੁਰ ਸ਼ਬਦੀ ਧਾਰ ਧੁਰ ਦੀ ਦਾਤ ਦਏ, ਦੇਵਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੇਰਾ ਵਕਤ ਸੁਹੰਜਣਾ ਹੋਇਆ ਅੱਜ, ਖ਼ੁਸ਼ੀਆਂ ਢੋਲੇ ਗਾਈਆ । ਘਰ ਦੀਪਕ ਪ੍ਰਕਾਸ਼ ਬਿਨ ਤੇਲ ਬਾਤੀ ਗਿਆ ਜਗ, ਜੋਤੀ ਜਾਤਾ ਨਜ਼ਰੀ ਆਈਆ । ਬਿਨ ਮੱਕਿਆਂ ਕਾਅਬਿਆਂ ਨੂਰ ਨੁਰਾਨੇ ਤੇਰਾ ਹੱਜ, ਹਜ਼ਰਤ ਹਜ਼ੂਰ ਤੇਰਾ ਨੂਰ ਵੇਖ ਵਖਾਈਆ । ਸਤਿ ਸਤਿ ਦੇ ਮਾਲਕ ਸਿਰ ਰੱਖਣਾ ਆਪਣਾ ਹੱਥ, ਸਮਰਥ ਆਪਣੀ ਦਇਆ ਕਮਾਈਆ । ਜਨ ਭਗਤਾਂ ਧਰਮ ਧਾਰ ਚਲਦਾ ਰਹੇ ਰਥ, ਰਥ ਰਥਵਾਹੀ ਹੋ ਕੇ ਵੇਖਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਮੈਂ ਦਰ ਠਾਂਡੇ ਦੀ ਮੰਗਤੀ, ਤੂੰ ਪ੍ਰਭ ਦੇਵਣਹਾਰ ਦਾਤਾਰ । ਭਾਗ ਲਗਾਉਣਾ ਹਰਿਜਨ ਸਾਚੇ ਸੰਗਤੀ, ਸਤਿਗੁਰ ਪੁਰਖ ਹੋ ਕਿਰਪਾਲ । ਤ੍ਰਿਸ਼ਨਾ ਰਹੇ ਨਾ ਭੁੱਖ ਨੰਗ ਦੀ, ਲੇਖਾ ਮੁਕਾਉਣਾ ਸ਼ਾਹ ਕੰਗਾਲ । ਵਡਿਆਈ ਦੇਣੀ ਆਪਣੇ ਰੰਗ ਦੀ, ਅੰਗੀਕਾਰ ਕਰੀਂ ਪ੍ਰਿਤਪਾਲ । ਖ਼ੁਸ਼ੀ ਸੁਹੰਜਣੀ ਹੋਵੇ ਅਨੰਦ ਦੀ, ਅਨੰਦ ਅਨੰਦ ਵਿਚੋਂ ਦੇਣਾ ਵਖਾਲ । ਮੇਰੀ ਆਸ਼ਾ ਤੇਰੀ ਦੀਨ ਦਿਆਲ ਬਖ਼ਸ਼ੰਦ ਦੀ, ਮਿਹਰ ਨਜ਼ਰ ਦੇਣੀ ਆਪ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਲੇਖੇ ਪਾਉਣੀ ਘਾਲ ।



**੨੬ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਸ਼ਾਮ ਨੂੰ ਲੰਗਰ ਦੀ ਚਾਰ ਦੀਵਾਰੀ ਦੇ ਅੰਦਰ ਲੰਘਣ ਸਮੇਂ**

ਛੱਬੀ ਪੋਹ ਕਹੇ ਮੇਰਾ ਵਕਤ ਸੁਹੰਜਣਾ ਸੰਮਤ ਸ਼ਹਿਨਸ਼ਾਹੀ ਨੌਂ, ਨਵ ਨੌ ਚਾਰ ਧਿਆਨ ਲਗਾਈਆ । ਮੈਂ ਜੁਗ ਚੌਕੜੀ ਲੋਕਮਾਤ ਆਇਆ ਭੌਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਮੇਰਾ ਅੰਤ ਅਖ਼ੀਰ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਗੌਂ, ਲੋੜ ਸਭ ਨੂੰ ਦਿਆਂ ਜਣਾਈਆ । ਜਿਹੜੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਈ ਸੌਂ, ਸੁੱਤਿਆਂ ਸਕੇ ਨਾ ਕੋਇ ਜਗਾਈਆ । ਪਰਮਾਤਮ ਧਾਰ ਸਭ ਨੂੰ ਭੁੱਲਿਆ ਪਿਤਾ ਮਾਉਂ, ਪੁਰਖ ਅਕਾਲ ਨਜ਼ਰ ਕਿਸੇ ਨਾ ਆਈਆ । ਮੈਂ ਤੱਕੇ ਸਾਢੇ ਤਿੰਨ ਹੱਥ ਹੱਥ ਗਰਾਉਂ, ਗ੍ਰਿਹਿ ਗ੍ਰਿਹਿ ਮੰਦਰ ਫੋਲ ਫੁਲਾਈਆ । ਸਤਿ ਸਚ ਦਾ ਮਿਲਿਆ ਕਿਸੇ ਨਾ ਨਾਉਂ, ਨਰ ਨਿਰੰਕਾਰ ਨਜ਼ਰ ਕਿਸੇ ਨਾ ਆਈਆ । ਮੈਂ ਤੱਕੇ ਥਲ ਅਸਗਾਹੇ, ਮਹੀਅਲ ਖੋਜ ਖੁਜਾਈਆ । ਹਿਰਦਿਉਂ ਕਿਸੇ ਨਾ ਨਿਕਲੇ ਵਾਹੋ ਵਾਹੋ, ਵਾਹ ਬੇਪਰਵਾਹ ਭੇਵ ਕੋਇ ਨਾ ਪਾਈਆ । ਛੱਬੀ ਪੋਹ ਕਹੇ ਮੈਂ ਹਲੂਣੇ ਦਿਤੇ ਵਿਸ਼ਨ ਬ੍ਰਹਮੇ ਸ਼ਿਵ ਉਠ ਜਾਓ, ਆਪਣੀ ਲਓ ਅੰਗੜਾਈਆ । ਵੇਖੇ ਨੌ ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਕੂੜੀ ਕਿਰਿਆ ਲਾਏ ਦਾਓ, ਚਾਰੋਂ ਕੁੰਟ ਆਪਣਾ ਖੇਲ ਖਿਲਾਈਆ । ਸਚ

ਨਾਲ ਸੁਣਾਇਆ ਸੰਤੋ ਭਗਤੋ ਸੂਫ਼ੀ ਫ਼ਕੀਰੋ ਉਠੋ ਧਰਮ ਧਾਰ ਭਰਾਓ, ਬਿਨ ਭਈਆ ਭੈਣਾਂ ਨੈਣ ਉਠਾਈਆ । ਨਿਰਗੁਣ ਧਾਰ ਸਾਰੇ ਲੋਕਮਾਤ ਵਿਚ ਆਓ, ਆਪਣਾ ਪੰਧ ਮੁਕਾਈਆ । ਦੀਨ ਮਜ਼੍ਹਬ ਅੰਦਰ ਨਿਗਾਹ ਪਾਓ, ਬਿਨ ਲੋਚਨ ਨੈਣ ਅੱਖ ਖੁਲਾਈਆ । ਕਿਤੇ ਨਾ ਮਿਲੇ ਠੰਡੀ ਛਾਉਂ, ਸਤਿ ਸਚ ਨਾ ਕੋਇ ਵਰਤਾਈਆ । ਸਚ ਦੇ ਚਲੇ ਕੋਇ ਨਾ ਭਾਓ, ਭੈ ਵਿਚ ਨਾ ਕੋਇ ਸਮਾਈਆ । ਸਭ ਨੇ ਆਸ਼ਾ ਰੱਖੀ ਜਗਤ ਵਾਸ਼ਨਾ ਪੀਓ ਖਾਓ, ਤ੍ਰਿਸ਼ਨਾ ਕੂੜ ਨਾ ਕੋਇ ਮਿਟਾਈਆ । ਕਿਉਂ ਕਰਮ ਕਾਂਡ ਦੀ ਪਈ ਅਦਾਓ, ਅਦਾਲਤ ਹਕ ਨਾ ਕੋਇ ਕਮਾਈਆ । ਆਪਣਾ ਆਪਣਾ ਲੇਖਾ ਅੰਕੜਿਆਂ ਵਾਲਾ ਸਰਬ ਵਖਾਓ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤ੍ਰੈਗੁਣ ਧਾਰ ਨਾਲ ਮਿਲਾਓ, ਪੰਜਾਂ ਤਤਾਂ ਸੰਗ ਬਣਾਈਆ । ਜਗਤ ਸਿੰਘਾਸਣ ਸੁਖ ਆਸਣ ਇਕ ਵਿਛਾਓ, ਵਿਸ਼ਿਆਂ ਤੋਂ ਬਾਹਰ ਡੇਰਾ ਲਾਈਆ । ਕਿਉਂ ਦੀਨ ਦੁਨੀਆ ਭੁੱਲੀ ਰਾਹੋਂ, ਰਹਿਬਰ ਰੰਗ ਨਾ ਕੋਇ ਰੰਗਾਈਆ । ਮੇਰੇ ਨੇਤਰ ਨੈਣਾਂ ਵੇਖ ਵਖਾਓ, ਅੱਖ ਅੱਖ ਨਾਲ ਮਿਲਾਈਆ । ਛੱਬੀ ਪੋਹ ਕਹੇ ਮੈਂ ਦੱਸਾਂ ਭੇਵ ਅਗੰਮ ਅਥਾਹੋ, ਕੀ ਕਰਤਾ ਕਾਰ ਕਮਾਈਆ । ਅਗੇ ਆਪਣਾ ਹੁਕਮ ਨਾ ਕੋਇ ਚਲਾਓ, ਸੀਸ ਜਗਦੀਸ਼ ਦੇਣਾ ਝੁਕਾਈਆ । ਆਪਣੇ ਆਪਣੇ ਪਟੇ ਦੀਨਾਂ ਮਜ਼੍ਹਬਾਂ ਵਾਲੇ ਸਾਰੇ ਵਖਾਓ, ਬਿਨ ਕਲਮ ਸ਼ਾਹੀ ਕਾਗ਼ਜ਼ ਲੇਖ ਪ੍ਰਗਟਾਈਆ । ਹਰਿ ਲੇਖਾ ਮੰਗੇ ਜੋ ਕਰੇ ਹਕ ਨਿਆਉਂ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸੰਮਤ ਨੌਂ ਕਹੇ ਮੇਰਾ ਦਿਵਸ ਦਿਹਾੜਾ ਜਗਤ ਜਹਾਨ ਪੋਹ ਛੱਬੀ, ਛਹਿਬਰ ਪ੍ਰਭ ਦਾ ਪਿਆਰ ਵੇਖ ਵਖਾਈਆ । ਮੈਂ ਤੱਕ ਕੇ ਨੂਰ ਰੱਬੀ, ਰੱਬੇ ਆਲਮੀਨ ਵੇਖ ਵਖਾਈਆ । ਮੈਂ ਅੰਦਰੋਂ ਹੋਇਆ ਲਬੀ, ਲਾਲਚ ਵਿਚ ਜਣਾਈਆ । ਜੇ ਤੇਰੀ ਜੋਤ ਮੇਰੇ ਨਿਰੰਕਾਰ ਮੇਰੇ ਦਿਵਸ ਜਗੀ, ਨੂਰ ਨੁਰਾਨਾ ਡਗਮਗਾਈਆ । ਮੈਂ ਸੀਸ ਨਿਵਾਵਾਂ ਹੱਥ ਬੱਧੀ, ਬੰਦਨਾ ਤੇਰੇ ਚਰਨ ਕਵਲ ਟਿਕਾਈਆ । ਸਤਿ ਧਰਮ ਚਲਾ ਦੇ ਗੱਦੀ, ਗਦਾਗਰ ਵੇਖ ਵਖਾਈਆ । ਧਾਹਾਂ ਮਾਰੇ ਹਜ਼ਰਤ ਦੀ ਨੂਹ ਨਦੀ, ਬਿਨ ਨੈਣਾਂ ਨੀਰ ਵਹਾਈਆ । ਤੇਰਾ ਲੇਖਾ ਕਦੀ ਕਦੀ, ਕਦੀਮ ਦੇ ਮਾਲਕ ਦੇਣੀ ਵਡਿਆਈਆ । ਕਲਜੁਗ ਸੀਸ ਉਠਾਈ ਫਿਰਦਾ ਡੱਗੀ, ਪਾਪਾਂ ਪੰਡ ਉਠਾਈਆ । ਮੈਨੂੰ ਇਉਂ ਜਾਪਦਾ ਧਰਮ ਦੀ ਧਾਰ ਖਾਵੇ ਵੱਢੀ, ਰਿਸ਼ਵਤਖੋਰ ਲੋਕਾਈਆ । ਕੁਛ ਮੇਰਾ ਲੇਖਾ ਨੌ ਸੌ ਚੁਰਾਨਮੇਂ ਚੌਕੜੀ ਜੁਗ ਦਾ ਕੱਢੀਂ, ਪੂਰਬ ਵੇਖ ਵਖਾਈਆ । ਸ਼ਹਾਦਤ ਦੇਵੇ ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਹੱਡੀ ਹੱਡੀ, ਮਾਸ ਨਾੜੀ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਲੋਕਮਾਤ ਹਰਿ ਜੱਗੀ, ਜਾਗਰਤ ਜੋਤ ਤੇਰੀ ਰੁਸ਼ਨਾਈਆ । ਤੂੰ ਸਾਹਿਬ ਸੂਰਾ ਸਰਬਗੀ, ਕਰਤਾ ਧੁਰਦਰਗਾਹੀਆ । ਸੰਮਤ ਨੌਂ ਕਹੇ ਮੇਰੀ ਤੱਕ ਲੈ ਆਪਣੀ ਹੱਦੀ, ਹਦੂਦ ਤੇਰੇ ਚਰਨਾਂ ਵਿਚ ਰਖਾਈਆ । ਛੱਬੀ ਪੋਹ ਕਹੇ ਜੇ ਪ੍ਰੀਤ ਪਿਆਰੇ ਨਾਲ ਲੱਗੀ, ਪ੍ਰੇਮੀਆਂ ਪ੍ਰੇਮ ਦੇਣਾ ਨਿਭਾਈਆ । ਸਚ ਸਵਾਮੀ ਸਚ ਦਵਾਰੇ ਭਗਤ ਸੁਹੇਲੇ ਸੱਦੀਂ, ਸੱਦਾ ਦੇਣਾ ਚਾਈਂ ਚਾਈਆ । ਆਪਣਾ ਲੇਖਾ ਦੱਸਣਾ ਉਪਰ ਸ਼ਾਹ ਰਗੀ, ਨੌ ਦਵਾਰ ਦਾ ਡੇਰਾ ਢਾਹੀਆ । ਸ਼ਬਦ ਅਨਾਦ ਹੋ ਕੇ ਵੱਜੀਂ, ਖੰਡਾ ਖੜਗ ਨਾਮ ਚਮਕਾਈਆ । ਨਾਲੇ ਲੇਖਾ ਤੱਕ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਮੇਰੀ ਥਿਤ ਤੇਰੇ ਹੁਕਮ ਨਾਲ ਬੱਧੀ, ਬਾਂਦੀ ਹੋ ਕੇ ਸੀਸ ਨਿਵਾਈਆ । ਤੂੰ ਦੇਣਾ ਇਕ ਪਦੀ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਛੱਬੀ ਪੋਹ


੧੫੪੮
੨੩

ਕਹੇ ਪ੍ਰਭੂ ਵਾਹ ਓਏ ਵਲੀਆ ਛਲੀਆ, ਅਛਲ ਛਲਧਾਰੀ ਤੇਰੀ ਬੇਪਰਵਾਹੀਆ । ਨਿਰਗੁਣ ਧਾਰ ਅਗੰਮੀ ਬਲੀਆ, ਜੋਤੀ ਜਾਤੇ ਵਡ ਵਡਿਆਈਆ । ਤੂੰ ਜਗਤ ਜਹਾਨ ਦੀ ਵੇਖੇਂ ਗਲੀਆਂ, ਕੂਚੇ ਗ੍ਰਿਹਿ ਫੋਲ ਫੁਲਾਈਆ । ਤੂੰ ਚਰਾਗਾਹਾਂ ਵਿਚ ਤੱਕੇਂ ਤੇਲ ਦੀਆਂ ਪਲੀਆਂ, ਪਲਕਾਂ ਦੇ ਪਿਛੇ ਬਹਿ ਕੇ ਆਸਣ ਲਾਈਆ । ਤੂੰ ਲੱਖ ਚੁਰਾਸੀ ਵਿਚੋਂ ਮਹਿਕ ਦੀਆਂ ਵੇਖੇਂ ਕਲੀਆਂ, ਕਲਮੇ ਵਾਲੇ ਭਗਤ ਸੁਹੇਲੇ ਗੁਰਸਿਖ ਨਾਲ ਮਿਲਾਈਆ । ਮੇਰੀ ਬਿਤ ਮੇਰੇ ਸਾਹਿਬ ਤੈਨੂੰ ਵੇਖ ਕੇ ਹੋ ਗਈ ਝੱਲੀ ਆ, ਝਲਕ ਝਲ ਸਕੇ ਮੂਲ ਨਾ ਰਾਈਆ । ਕੀ ਤੇਰਾ ਖੇਲ ਅਟਲ ਅਟਲੀਆ, ਅਟਲ ਦੇਣਾ ਦ੍ਰਿੜਾਈਆ । ਮੇਰੀ ਆਸ਼ਾ ਤੇਰੇ ਨਾਲ ਰਲੀਆ, ਤੇਰਾ ਰੂਪ ਰੂਪ ਅਖਵਾਈਆ । ਦਰ ਤੇਰੇ ਦਵਾਰੇ ਖਲੀ ਆ, ਖ਼ਲਕ ਦੇ ਖ਼ਾਲਕ ਦੇਣੀ ਵਡਿਆਈਆ । ਮੇਰੇ ਸਵਾਮੀ ਨਿਹਚਲ ਧਾਮ ਅਟਲੀਆ, ਸਚਖੰਡ ਨਿਵਾਸੀ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੰਮਤ ਨੌਂ ਕਹੇ ਮੈਂ ਵੇਖਾਂ ਖੇਲ ਬ੍ਰਹਿਮੰਡਾਂ, ਸਤਿਗੁਰ ਸ਼ਬਦ ਦਏ ਵਡਿਆਈਆ । ਤੇਰਾ ਲੇਖਾ ਨਵ ਖੰਡਾਂ, ਸੱਤ ਦੀਪ ਵੱਜੇ ਵਧਾਈਆ । ਤੇਰਾ ਲਹਿਣਾ ਜੇਰਜ ਅੰਡਾ, ਉਤਭੁਜ ਸੇਤਜ ਖੋਜ ਖੁਜਾਈਆ । ਤੇਰਾ ਲੇਖਾ ਗਹਿਰ ਗੰਭੀਰ ਸੂਰੇ ਸਰਬੰਗਾ, ਭੇਵ ਸਕੇ ਨਾ ਕੋਇ ਖੁਲਾਈਆ । ਮੇਰਾ ਹਲੂਣਿਆ ਗਿਆ ਕੰਧਾ, ਹੋਸ਼ ਅਕਲ ਵਿਚੋਂ ਬਦਲਾਈਆ । ਮੈਨੂੰ ਯਾਦ ਆ ਗਿਆ ਤੇਰਾ ਅਗਲਾ ਧੰਦਾ, ਕੀ ਧੁੰਦੂਕਾਰ ਕਰੇਂ ਲੋਕਾਈਆ । ਕੀ ਲਹਿਣਾ ਦੇਣਾ ਗੋਬਿੰਦ ਧਾਰ ਕਵੀ ਬਵੰਜਾ, ਬਾਵਨ ਤੇਰੀ ਵਡ ਵਡਿਆਈਆ । ਕੀ ਸੰਦੇਸ਼ਾ ਦੇਵੇ ਪਵਣ ਉਨੰਜਾ, ਚਾਰ ਨਵ ਵੰਡ ਵੰਡਾਈਆ । ਤੇਰਾ ਪਿਛਲਾ ਲੇਖਾ ਪੂਰਬ ਸਾਰਾ ਲੰਘਾ, ਅਗਲਾ ਭੇਵ ਦੇਣਾ ਖੁਲਾਈਆ । ਦਰ ਠਾਂਡੇ ਮੰਗ ਮੰਗਾ, ਮਾਂਗਤ ਹੋ ਕੇ ਸੀਸ ਝੁਕਾਈਆ । ਮੈਨੂੰ ਇਉਂ ਦਿਸਦਾ ਉਹ ਵਿਸ਼ਨੂੰ ਆਉਂਦਾ ਭੱਜਾ ਪੈਰੀਂ ਨੰਗਾ, ਆਪਣਾ ਪੰਧ ਮੁਕਾਈਆ । ਬ੍ਰਹਮਾ ਛਡ ਕੇ ਸ੍ਰਿਸ਼ਟੀ ਵਾਲਾ ਧੰਦਾ, ਤੇਰਾ ਨੂਰ ਜ਼ਹੂਰ ਵੇਖੇ ਚਾਈਂ ਚਾਈਆ । ਸ਼ੰਕਰ ਰਿਹਾ ਕੰਬਾ, ਥਰਥਰਾਹਟ ਵਿਚ ਦੁਹਾਈਆ । ਪਿਛਲਾ ਪੈਂਡਾ ਮੁਕ ਗਿਆ ਲੰਬਾ, ਨੌਂ ਸੌ ਚੁਰਾਨਮੇਂ ਚੌਕੜੀ ਜੁਗ ਬੀਤੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਛੱਬੀ ਪੋਹ ਕਹੇ ਮੇਰੇ ਬੀਤੇ ਜੁਗ ਕੋਟ, ਕੋਟਨ ਕੋਟੀ ਧਿਆਨ ਲਗਾਈਆ । ਤਨ ਸ਼ਬਦੀ ਲਗਦੀ ਰਹੀ ਚੋਟ, ਵਜੂਦਾਂ ਵੱਜਦੀ ਰਹੀ ਵਧਾਈਆ । ਮੇਲਾ ਮਿਲਦਾ ਰਿਹਾ ਨਾਲ ਨਿਰਗੁਣ ਜੋਤ, ਜੋਤੀ ਜਾਤਾ ਭੇਵ ਖੁਲਾਈਆ । ਮੈਨੂੰ ਪਿਛਲੀ ਸਾਰੀ ਆਉਂਦੀ ਸੋਚ, ਸਮਝ ਨਾਲ ਸਮਝਾਈਆ । ਕੀ ਅਵਤਾਰ ਪੈਗੰਬਰਾਂ ਗੁਰੂਆਂ ਰੱਖੀ ਲੋਚ, ਆਸ਼ਾ ਸ਼ਬਦ ਧਾਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੈਂ ਵੇਖੀਆਂ ਜਗਤ ਕਤੇਬਾਂ, ਅੱਖਰ ਅੱਖਰ ਧਿਆਨ ਲਗਾਈਆ । ਮੈਂ ਜਾਣੀਆਂ ਸਭ ਦੀਆਂ ਜੇਬਾਂ, ਗ੍ਰਿਹਿ ਗ੍ਰਿਹਿ ਫੋਲ ਫੁਲਾਈਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਤੇਰਾ ਸਭ ਤੋਂ ਵੱਖਰਾ ਫ਼ਰੇਬਾ, ਛਲ ਸਮਝ ਕੋਇ ਨਾ ਪਾਈਆ । ਤੇਰਾ ਲਹਿਣਾ ਦੇਣਾ ਬਾਹਰ ਚਾਰੇ ਵੇਦਾ, ਚਾਰੇ ਬਾਣੀ ਦਏ ਗਵਾਹੀਆ । ਤੂੰ ਸਵਾਮੀ ਅੰਤਰਜਾਮੀ ਭੇਵ ਅਭੇਦਾ, ਵਡ ਵੱਡਾ ਇਕ ਅਖਵਾਈਆ । ਨਿਰਗੁਣ ਧਾਰ ਅਗੰਮਾ ਨੇਤਾ, ਨਿਰਵੈਰ ਇਕ ਅਖਵਾਈਆ । ਤੇਰਾ ਰੂਪ ਅਗੰਮੜਾ ਕੇਤਾ, ਕੇਤੇ ਰੂਪ ਬਦਲਾਈਆ । ਮੈਂ ਹੈਰਾਨ ਹੋ ਗਿਆ ਤੂੰ ਜੁਗ ਚੌਕੜੀ ਸਭ ਦਾ ਰਖਿਆ ਚੇਤਾ, ਅਭੁਲ ਭੁਲ ਕਦੇ ਨਾ ਜਾਈਆ ।

੧੫੪੯
੨੩

ਨਿਰਗੁਣ ਸਰਗੁਣ ਬਣ ਕੇ ਨੇਤਾ, ਨਿਰਵੈਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਛੱਬੀ ਪੋਹ ਕਹੇ ਮੇਰੇ ਭਗਵਾਨਾ, ਭਗਵਨ ਤੇਰੀ ਬੇਪਰਵਾਹੀਆ । ਤੇਰਾ ਰੂਪ ਮਹਾਨਾ, ਸਮਝ ਕਿਛ ਨਾ ਆਈਆ । ਹੈਰਾਨ ਜ਼ਿਮੀਂ ਅਸਮਾਨਾ, ਪ੍ਰੇਸ਼ਾਨ ਦਿਸੇ ਲੋਕਾਈਆ । ਤੇਰਾ ਨੂਰ ਜ਼ਹੂਰ ਜੋਤੀ ਧਾਰ ਨਿਸ਼ਾਨਾ, ਨਿਸ਼ਾਨੇ ਸਭ ਦੇ ਦਏ ਬਦਲਾਈਆ । ਮੇਰੇ ਮਾਲਕਾ ਤੈਨੂੰ ਗੋਪੀ ਕਹਾਂ ਕਿ ਕਾਹਨਾ, ਕੀ ਤੇਰੀ ਵੰਡ ਵੰਡਾਈਆ । ਕੀ ਤੂੰ ਹਿੰਦੂ ਕਿ ਮੁਸਲਮਾਨਾ, ਸਿੱਖ ਈਸਾਈ ਰੰਗ ਰੰਗਾਈਆ । ਕੀ ਤੂੰ ਫ਼ਕੀਰ ਕਿ ਕੋਈ ਮਸਤਾਨਾ, ਦੀਵਾਨਾ ਆਖ ਸੁਣਾਈਆ । ਕੀ ਤੂੰ ਸ਼ਰਅ ਕਿ ਸ਼ਰੀਅਤ ਦਾ ਸ਼ੈਤਾਨਾ, ਕੀ ਤੇਰੀ ਬੇਪ੍ਰਵਾਹੀਆ । ਕੀ ਤੂੰ ਕ੍ਰਿਸ਼ਨਾ ਕਿ ਤੂੰ ਰਾਮਾ, ਕਿ ਪੈਗ਼ੰਬਰ ਨੂਰ ਅਲਾਹੀਆ । ਕਿ ਨਾਨਕ ਗੋਬਿੰਦ ਜੋਤ ਮਹਾਨਾ, ਨੂਰ ਨੁਰਾਨੇ ਦੇਣਾ ਸਮਝਾਈਆ । ਕੀ ਜ਼ਿਮੀਂ ਵਸੇਂ ਕਿ ਅਸਮਾਨਾਂ, ਬ੍ਰਹਿਮੰਡਾਂ ਖੰਡਾਂ ਡੇਰਾ ਲਾਈਆ । ਕੀ ਤੀਰ ਫੜੇਂ ਕਮਾਨਾ, ਸ਼ਸਤਰਾਂ ਸੰਗ ਨਿਭਾਈਆ । ਕੀ ਚੰਡੀ ਚਮਕਾਏਂ ਖੜਗ ਕਿਰਪਾਨਾ, ਕੀ ਖੰਡਿਆਂ ਨਾਲ ਵਡਿਆਈਆ । ਤੇਰਾ ਕਿਹੜਾ ਵੇਸ ਤੇ ਕਿਹੜਾ ਬਾਣਾ, ਨੂਰ ਨੁਰਾਨੇ ਦੇਣਾ ਸਮਝਾਈਆ । ਕੀ ਤੂੰ ਸ਼ਾਹ ਕਿ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਇਕ ਅਖਵਾਈਆ । ਕੀ ਤੂੰ ਨਵਾਂ ਕਿ ਪੁਰਾਣਾ, ਵੇਦਾਂ ਪੁਰਾਨਾਂ ਤੋਂ ਬਾਹਰ ਭੇਵ ਦੇਣਾ ਖੁਲਾਈਆ । ਕੀ ਤੂੰ ਸ਼ਾਸਤਰ ਹੋਣਾ ਕਿ ਗਾਣਾ, ਅੱਖਰਾਂ ਸਿਫ਼ਤ ਸਾਲਾਹੀਆ । ਕੀ ਤੂੰ ਪਵਣ ਹੋਵੇਂ ਮਸਾਣਾ, ਭੱਜੇਂ ਵਾਹੋ ਦਾਹੀਆ । ਕੀ ਤੇਰਾ ਨੂਰ ਜ਼ਹੂਰ ਜਗਤ ਹੋਵੇ ਨਿਸ਼ਾਨਾ, ਸਚ ਦੇਣਾ ਸਮਝਾਈਆ । ਕੀ ਤੇਰਾ ਕਿਹੋ ਜਿਹਾ ਵਰਤੇ ਭਾਣਾ, ਭਾਵੀ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਮਤ ਨੌ ਕਹੇ ਮੇਰੇ ਮਾਲਕਾ ਤੂੰ ਸ਼ਹਿਨਸ਼ਾਹ ਕਿ ਫ਼ਕੀਰ, ਫ਼ਿਕਰਿਆਂ ਵਾਲਿਆ ਦੇ ਸਮਝਾਈਆ । ਅਮੀਰ ਕਿ ਹਕੀਰ, ਹਕੀਕਤਾਂ ਵਾਲਿਆ ਪਰਦਾ ਦੇਣਾ ਚੁਕਾਈਆ । ਤੂੰ ਵਹਿੰਦੇ ਵਹਿਣ ਜਲਧਾਰ ਕਿ ਨੀਰ, ਕਿ ਅੰਮ੍ਰਿਤ ਸੀਰ ਰੂਪ ਅਲਾਹੀਆ । ਕਿ ਤੂੰ ਬਦਲਣ ਵਾਲਾ ਤਕਦੀਰ, ਕੀ ਤਦਬੀਰ ਤੇਰੀ ਨਜ਼ਰੀ ਆਈਆ । ਕਿ ਤੂੰ ਜੁਗ ਜੁਗ ਸ਼ਰਅ ਦੀ ਮਾਰਨ ਵਾਲਾ ਲਕੀਰ, ਲਾਈਨ ਲੋਕਮਾਤ ਵਡਿਆਈਆ । ਕੀ ਤੂੰ ਵੇਖਣ ਵਾਲਾ ਦੀਨ ਦੁਨੀ ਦੀ ਭੀੜ, ਭੀੜੀ ਗਲੀ ਧਿਆਨ ਲਗਾਈਆ । ਕਿ ਤੇਰਾ ਲਹਿਣਾ ਦੇਣਾ ਗ੍ਰੰਥ ਸ਼ਾਸਤਰਾਂ ਵਾਲੀ ਬੱਧੀ ਬੀੜ, ਅੱਖਰਾਂ ਅੱਖਰਾਂ ਦੇਣਾ ਭੇਵ ਚੁਕਾਈਆ । ਕੀ ਤੇਰੇ ਅੰਦਰ ਬਿਰਹੋਂ ਦੀ ਪੀੜ, ਦੁਖੀਆਂ ਦਰਦ ਵੰਡਾਈਆ । ਕੀ ਤੇਰੀ ਸਭ ਤੋਂ ਵੱਖਰੀ ਤਾਸੀਰ, ਰਸ ਆਪਣਾ ਦੇਣਾ ਜਣਾਈਆ । ਕੀ ਸੰਦੇਸ਼ਾ ਦੇ ਕੇ ਗਿਆ ਕਬੀਰ, ਕਬਰਾਂ ਤੋਂ ਬਾਹਰ ਸਮਝਾਈਆ । ਕੀ ਇਸ਼ਾਰਾ ਦਿਤਾ ਗੋਬਿੰਦ ਆਪਣੇ ਖੜਗ ਖੰਡੇ ਨਾਲ ਸ਼ਮਸ਼ੀਰ, ਸ਼ਮਾਂਦਾਨ ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਛੱਬੀ ਪੋਹ ਕਹੇ ਮੇਰਿਆ ਮਸਤਾਨਿਆ, ਮਸਤੀ ਵਾਲਿਆ ਤੇਰੀ ਮਸਤੀ ਨਜ਼ਰੀ ਆਈਆ । ਮੇਰੇ ਪਿਆਰ ਦਿਆ ਦੀਵਾਨਿਆ, ਦੀਵਿਆਂ ਬੱਤੀਆਂ ਤੋਂ ਬਾਹਰ ਤੇਰੀ ਰੁਸ਼ਨਾਈਆ । ਮੇਰੇ ਮਿਹਰਵਾਨ ਮਿਹਰਵਾਨਿਆ, ਤੇਰੀ ਮਿਹਰ ਨਜ਼ਰ ਅਗੰਮ ਅਥਾਹੀਆ । ਮੇਰੇ ਸ਼ਬਦੀ ਧਾਰ ਦੇ ਗਾਣਿਆ, ਬਿਨ ਰਸਨਾ ਜਿਹਵਾ ਤੇਰੀ ਵਡਿਆਈਆ । ਮੇਰੇ ਜੋਤੀ ਨੂਰ ਨੁਰਾਨਿਆਂ, ਨੂਰ ਨੁਰਾਨੇ ਅਗੰਮ ਅਥਾਹੀਆ । ਮੈਂ ਸੁਣਨਾ ਤੇਰਾ ਫ਼ਰਮਾਣਿਆ, ਫ਼ਰਮਾਬਰਦਾਰ ਅਵਤਾਰ ਪੈਗ਼ੰਬਰ ਗੁਰੂ ਨਾਲ ਮਿਲਾਈਆ । ਮੈਂ ਤੱਕਾਂ ਜਗਤ ਜਮਾਨਿਆ, ਜ਼ਿਮੀਂ

੧੫੫੦
੨੩

ਜਮਾ ਵੇਖ ਵਖਾਈਆ । ਮੈਂ ਮੰਨਾਂ ਤੇਰਾ ਭਾਣਿਆ, ਨਿਵ ਨਿਵ ਸੀਸ ਝੁਕਾਈਆ । ਤੂੰ ਆਪਣਾ ਦੱਸ ਦੇ ਸਚ ਨਿਸ਼ਾਨਿਆ, ਕੀ ਨਿਸ਼ਾਨਾ ਲਿਆ ਬਣਾਈਆ । ਕਿਹੜਾ ਵੇਸ ਕੀਤਾ ਬਾਣਿਆ, ਬਾਣੀ ਬੋਧ ਦੇਣਾ ਜਣਾਈਆ । ਮੈਂ ਤੇਰਾ ਹੁਕਮ ਕਰਾਂ ਪ੍ਰਵਾਨਿਆਂ, ਪਰਮ ਪੁਰਖ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸੰਮਤ ਨੌ ਕਹੇ ਤੇਰਾ ਸਵਾਮੀ ਕਿਹੜਾ ਵੇਸ, ਸੱਜਣਾ ਦੇ ਜਣਾਈਆ । ਤੂੰ ਵਸੇਂ ਕਿਹੜੇ ਦੇਸ, ਕਵਣ ਧਰਨੀ ਮਿਲੇ ਵਡਿਆਈਆ । ਤੂੰ ਕਿਹੜੀ ਕੂਟ ਦਾ ਨਰੇਸ਼, ਰਾਜ ਰਾਜਾਨ ਜਗਤ ਅਖਵਾਈਆ । ਤੂੰ ਕਿਹੜਾ ਦਏ ਸੰਦੇਸ਼, ਭੇਵ ਦੇਣਾ ਖੁਲਾਈਆ । ਤੇਰਾ ਕਿਹੜਾ ਕਿਹੜਾ ਕਲੇਸ਼, ਹੁਕਮ ਦੇਣਾ ਜਣਾਈਆ । ਤੇਰੇ ਦਰ ਤੇ ਹੋ ਕੇ ਪੇਸ਼, ਪੇਸ਼ੀਨਗੋਈਆਂ ਤੇਰੇ ਅਗੇ ਟਿਕਾਈਆ । ਓਹ ਵੇਖ ਲੈ ਬਿਨਾ ਅੱਖਰਾਂ ਤੋਂ ਲੇਖਾ ਦਸ ਦਸਮੇਸ਼, ਜੋ ਬਿਨ ਕਲਮ ਸ਼ਾਹੀ ਲਿਖਾਈਆ । ਜਿਸ ਦੀ ਸਿਫ਼ਤ ਕਰੇ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਛੱਬੀ ਪੋਹ ਕਹੇ ਨੌਂ ਸੰਮਤ ਆ ਜਾ ਹੋਈਏ ਇਕੱਠੇ, ਇਕੋ ਰੰਗ ਸਮਾਈਆ । ਇਕੋ ਸਾਹਿਬ ਦੀ ਚਰਨੀ ਢੱਠੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਨਾਲੇ ਪੁਰਾਣੇ ਕੱਢੀਏ ਪਟੇ, ਪਟਨੇ ਵਾਲਾ ਨਾਲ ਮਿਲਾਈਆ । ਨਾਲੇ ਪ੍ਰਭੂ ਦੇ ਨਾਮ ਦੇ ਵੱਟੇ ਵੇਖੀਏ ਟਕੇ, ਕੀ ਕੀਮਤ ਜਗਤ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕੀਏ ਫਿਰਦੇ ਨੱਠੇ, ਭੱਜਣ ਵਾਹੋ ਦਾਹੀਆ । ਦੀਨਾ ਮਜ਼੍ਹਬਾਂ ਦੇ ਤੱਕੀਏ ਸਿੱਟੇ, ਕੀ ਸਿੱਟੇਬਾਜ਼ੀ ਕਰੇ ਲੋਕਾਈਆ । ਕੀ ਧਰਨੀ ਰੋ ਰੋ ਪਿਟੇ, ਕੂਕ ਕੂਕ ਸੁਣਾਈਆ । ਕਿਸ ਬਿਧ ਕਾਲਾ ਪੈਂਦਾ ਉਤੇ ਚਿੱਟੇ, ੧੫੫੧
੧੫੫੧ ਚਿੱਟੀ ਧਾਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਦਏ ਚੁਕਾਈਆ । ੨੩
੨੩ ਸੰਮਤ ਨੌ ਕਹੇ ਸੁਣ ਛੱਬੀ ਪੋਹ ਸੱਜਣਾ, ਸਚ ਦਿਆਂ ਜਣਾਈਆ । ਪਹਿਲੋਂ ਇਕ ਸਾਹਿਬ ਦਾ ਕਰ ਲੈ ਮਜਣਾ, ਪੂਰਬ ਮੈਲ ਧਵਾਈਆ । ਜਿਸ ਦਾ ਇਕੋ ਦੀਪਕ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਇਕੋ ਨਗਾਰਾ ਵੱਜਣਾ, ਨਵ ਸੱਤ ਕਰੇ ਸ਼ਨਵਾਈਆ । ਇਕੋ ਹੋਵੇ ਬੰਦਨਾ, ਇਕੋ ਸੀਸ ਝੁਕਾਈਆ । ਓਸ ਦਾ ਦਵਾਰਾ ਲੰਘਣਾ, ਜਿਥੇ ਮਿਲੇ ਮਾਣ ਵਡਿਆਈਆ । ਜਿਸ ਦੀ ਹਾਥ ਨਾ ਆਵੇ ਵੰਝਣਾ, ਵੰਝ ਮੁਹਾਣਾ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਛੱਬੀ ਪੋਹ ਕਹੇ ਇਕ ਦੂਜੇ ਨਾਲ ਮਿਲਾਈਏ ਅੱਖਾਂ, ਸੰਮਤ ਨੌ ਧਿਆਨ ਲਗਾਈਆ । ਕਿਸ਼ਨਾ ਸੁਕਲਾ ਵੇਖੀਏ ਪੱਖਾ, ਅੰਧੇਰ ਚਾਨਣ ਪਰਦਾ ਰਹੇ ਨਾ ਰਾਈਆ । ਜਗਤ ਜਹਾਨ ਵੇਖੀਏ ਕੱਖਾ, ਤਿਨਕਾ ਤਿਨਕਾ ਫੋਲ ਫੁਲਾਈਆ । ਸਭ ਦਾ ਮਸਤਕ ਵੇਖੀਏ ਮੱਥਾ, ਕੀ ਲੇਖਾ ਰਿਹਾ ਜਣਾਈਆ । ਸਭ ਦਾ ਲਹਿਣਾ ਤੱਕੀਏ ਹੱਥਾ, ਕੀ ਕਰਾਂ ਮਿਲੇ ਵਡਿਆਈਆ । ਨੈਣ ਉਠਾਈਏ ਅੱਠਾਂ ਸੱਠਾਂ, ਦਰ ਦਵਾਰਿਆਂ ਧਿਆਨ ਲਗਾਈਆ । ਫੇਰ ਮਿਲ ਕੇ ਸੱਤਾਂ ਦੀਪਾਂ ਹੱਦਾਂ ਹੋਣਾ ਟੱਪਾ, ਭੱਜੀਏ ਵਾਹੋ ਦਾਹੀਆ । ਫੇਰ ਅੱਖਰ ਤਕੀਏ ਪੱਪਾ, ਪਾਰਬ੍ਰਹਮ ਸਰਨਾਈਆ । ਫੇਰ ਅਗਲਾ ਵੇਖੀਏ ਪਤਾ, ਕੀ ਪਤਿਪਰਮੇਸ਼ਵਰ ਰਿਹਾ ਜਣਾਈਆ । ਕੀ ਸੰਦੇਸ਼ਾ ਦੇ ਕੇ ਗਿਆ ਨਿਰਗੁਣ ਧਾਰ ਸਤਿਗੁਰ ਨਾਨਕ ਤਪਾ, ਤਪੀਸ਼ਰਾਂ ਧਾਰ ਜਣਾਈਆ । ਦੋਵੇਂ ਅੱਜ ਤੋਂ ਇਰਾਦਾ ਕਰ ਲਈਏ ਪੱਕਾ, ਮਸ਼ਵਰਾ ਇਕੋ ਘਰ ਪਕਾਈਆ । ਸੰਮਤ ਨੌ ਛੱਬੀ ਪੋਹ ਦੋਹਾਂ ਦਾ ਮਿਲ ਕੇ ਭਗਤਾਂ ਨਾਲ ਰਿਸ਼ਤਾ ਹੋ ਜਾਏ

ਪੱਕਾ, ਪੱਕੀ ਇਕੋ ਵਾਰ ਪਕਾਈਆ । ਜਗਤ ਜਹਾਨ ਦੀ ਕੀਮਤ ਨਹੀਂ ਕੋਈ ਟਕਾ, ਟਕਿਆਂ ਹੱਟ ਨਾ ਕੋਇ ਵਿਕਾਈਆ । ਵੇਖੇ ਖੇਲ ਪੁਰਖ ਸਮਰਥਾ, ਕੀ ਕਰਤਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਦੋਵੇਂ ਕਹਿਣ ਸਾਡਾ ਹੋਇਆ ਮਿਲਾਪ, ਜਨ ਭਗਤ ਦੇਣ ਗਵਾਹੀਆ । ਛੱਬੀ ਪੋਹ ਕਹੇ ਸੰਮਤ ਸ਼ਹਿਨਸ਼ਾਹੀ ਨੌਂ ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਾਪ, ਦੂਜਾ ਨਜ਼ਰ ਕੋਇ ਨਾ ਆਈਆ । ਸਾਂਝਾ ਹੋਇਆ ਬਾਪ, ਜੰਮਣ ਵਾਲੀ ਇਕੋ ਮਾਈਆ । ਸਾਡਾ ਰੂਪ ਅਨੂਪਾ ਹੋਇਆ ਪਾਕ, ਪਤਤ ਪੁਨੀਤ ਦਏ ਵਡਿਆਈਆ । ਇਕੋ ਹੋਈ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਅੱਜ ਸੁਹੰਜਣੀ ਛੱਬੀ ਪੋਹ ਤੇਰੀ ਹੋਵੇ ਰਾਤ, ਦੋ ਜਹਾਨ ਖ਼ੁਸ਼ੀ ਮਨਾਈਆ । ਸੰਮਤ ਸ਼ਹਿਨਸ਼ਾਹੀ ਨੌਂ ਤੇਰਾ ਮੇਰਾ ਲੇਖਾ ਭੈਣ ਭਰਾਤ, ਭਈਆ ਭਈਆ ਸੋਭਾ ਪਾਈਆ । ਇਕ ਭਗਤਾਂ ਨੂੰ ਦੱਸੀਏ ਬਾਤ, ਸਹਿਜ ਨਾਲ ਸੁਣਾਈਆ । ਜਨ ਭਗਤੋ ਤੁਹਾਡੀ ਪਿਛਲੀ ਪਿਛੇ ਮਿਟ ਗਈ ਵਾਟ, ਅਗਲਾ ਪੰਧ ਰਿਹਾ ਨਾ ਰਾਈਆ । ਮੰਜ਼ਲ ਦੀ ਪੌੜੀ ਖੋੜੀ ਦਾ ਕੰਢਾ ਧਰਮ ਦਾ ਡੰਡਾ ਸਤਿਗੁਰ ਸ਼ਬਦ ਦੇ ਹਾਥ, ਇਸ਼ਾਰੇ ਨਾਲ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਇਕ ਸੰਦੇਸ਼ਾ, ਖ਼ੁਸ਼ੀਆਂ ਨਾਲ ਜਣਾਈਆ । ਪਹਿਲੋਂ ਆਪਣੇ ਸਤਿਗੁਰ ਦਾ ਵੇਖੋ ਵੇਸਾ, ਕੀ ਭੇਖੀ ਭੇਖ ਵਟਾਈਆ । ਜਿਸ ਵੇਲੇ ਜਾਵੇ ਅਮਰੀਕਾ ਵਾਲੇ ਦੇਸਾ, ਇਹੋ ਲੇਖਾ ਦਏ ਸਮਝਾਈਆ । ਨਾਲੇ ਸਭ ਦਾ ਪੂਰਾ ਕਰੇ ਠੇਕਾ, ਲਹਿਣੇ ਦੇਣੇ ਝੋਲੀ ਪਾਈਆ । ਇਕੋ ਪੁਰਖ ਅਕਾਲ ਤੇ ਸਤਿਗੁਰ ਸ਼ਬਦ ਬਣ ਕੇ ਬੇਟਾ, ਬੇਟੀ ਬੇਟੇ ਸਾਰੇ ਲਏ ਬਣਾਈਆ । ਇਕੋ ਸਿੰਘਾਸਣ ਹੋਵੇ ਲੇਟਾ, ਆਸਣ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪਹਿਲੋਂ ਵੇਖੋ ਆਪਣਾ ਮਲੰਗ, ਦਾਤਾ ਬੇਪ੍ਰਵਾਹੀਆ । ਜਿਸ ਤੁਹਾਡੀ ਕਟਣੀ ਭੁੱਖ ਨੰਗ, ਆਪਣਾ ਰੂਪ ਆਇਆ ਬਦਲਾਈਆ । ਜਿਸ ਸ਼ਰਅ ਦਾ ਕਰਾਉਣਾ ਜੰਗ, ਸ਼ਸਤਰ ਪ੍ਰੇਮ ਨਾਲ ਚਮਕਾਈਆ । ਜਿਸ ਦੀਨ ਦੁਨੀ ਦੀ ਪਾਉਣੀ ਵੰਡ, ਖੰਡਾ ਦਏ ਗਵਾਹੀਆ । ਜਿਸ ਵੇਖਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਜੋ ਚੜ੍ਹਿਆ ਅਗੰਮੀ ਚੰਦ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਵੇਖਣਹਾਰਾ ਬੰਦ ਬੰਦ, ਜੋ ਬੰਦਗੀ ਬੰਦਿਆਂ ਵਿਚੋਂ ਫੋਲ ਫੁਲਾਈਆ । ਸੋ ਮਾਲਕ ਗਹਿਰ ਗੰਭੀਰ ਇਕ ਸੂਰਾ ਸਰਬੰਗ, ਗੁਣੀ ਗਹਿੰਦ, ਵਡ ਵਡਿਆਈਆ । ਜੋ ਜਗਤ ਜਹਾਨ ਦੀ ਮੰਜ਼ਲ ਲੰਘ, ਆਪਣਾ ਖੇਲ ਖਿਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦਾ ਮੁਕਾ ਕੇ ਪੰਧ, ਪਾਂਧੀ ਬਣਿਆ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਵੇਖੋ ਰੂਪ ਰੰਗ, ਸਤਿ ਸਤਿਵਾਦੀ ਧਿਆਨ ਲਗਾਈਆ । ਮੈਂ ਜਗਤ ਜਹਾਨ ਦੀਆਂ ਹੱਦਾਂ ਜਾਵਾਂ ਲੰਘ, ਬਿਨ ਕਦਮਾਂ ਕਦਮ ਉਠਾਈਆ । ਮੇਰੇ ਕੋਲ ਅਨੋਖਾ ਢੰਗ, ਵੱਖਰੀ ਖੇਲ ਖਿਲਾਈਆ । ਮੇਰਾ ਨਾਮ ਸ਼ਬਦ ਮਰਦੰਗ, ਦੋ ਜਹਾਨ ਵਜਾਈਆ । ਮੇਰਾ ਹੁਕਮ ਸੰਦੇਸ਼ਾ ਬਿਨਾ ਜਗਤ ਧਾਰ ਦੇ ਬਾਹਰ ਅਨੰਦ, ਰਸਨਾ ਰਸ ਸਮਝ ਸਕੇ ਨਾ ਰਾਈਆ । ਜੋ ਜੁਗ ਚੌਕੜੀ ਵੰਡਾਂ ਰਿਹਾ ਵੰਡ, ਦੇਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ

ਸ਼ਬਦ ਕਹੇ ਜਨ ਭਗਤੋ ਵੇਖੋ ਆਪਣੇ ਅੰਤਰ, ਅੰਤਸ਼ਕਰਨ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਆ ਜਾਓ ਉਤੋਂ ਗਗਨੰਤਰ ਨਿਰਗੁਣ ਪੰਧ ਮੁਕਾਈਆ । ਸਭ ਦਾ ਸਾਂਝਾ ਹੋਵੇ ਇਕੋ ਮੰਤਰ, ਤੂੰ ਮੇਰਾ ਮੈਂ ਤੇਰਾ ਹਕ ਪੜ੍ਹਾਈਆ । ਇਕੋ ਜੋਤ ਵੇਖੇ ਨਿਰੰਤਰ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਸਤਿ ਧਰਮ ਬਣਾਉਣ ਲੱਗਾ ਬਣਤਰ, ਧੁਰ ਦੀ ਵੰਡ ਵੰਡਾਈਆ । ਉਚੀ ਕੂਕ ਕੇ ਕਹੇ ਸ਼ੰਕਰ, ਤੇਰਾ ਨਾਮ ਦੁਹਾਈਆ । ਤੇਰਾ ਹੋਕਾ ਕੰਕਰ ਕੰਕਰ, ਬ੍ਰਹਮਾ ਰਿਹਾ ਸੁਣਾਈਆ । ਵਿਸ਼ਨੂੰ ਕਹੇ ਮੈਂ ਤੇਰੇ ਪਿਆਰ ਦਾ ਸਤਿਕਾਰ ਦਾ ਰੂਪ ਤੇਰਾ ਲੇਖਾ ਜਗਤ ਧਾਰ ਦੇ ਬਾਹਰ ਮੰਤਰ, ਅੱਖਰਾਂ ਤੋਂ ਬਾਹਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨੂੰ ਜੀ ਵੇਖੋ ਵਿਸ਼ਵ ਦੀ ਧਾਰ, ਪ੍ਰੇਮ ਨਾਲ ਦ੍ਰਿੜਾਈਆ । ਚਾਰ ਕੁੰਟ ਤੱਕੋ ਸੰਸਾਰ, ਸੰਘਾਰੀ ਨਾਲ ਮਿਲਾਈਆ । ਬ੍ਰਹਮੇ ਨੂੰ ਕਰੋ ਖ਼ਬਰਦਾਰ, ਆਲਸ ਨਿੰਦਰਾ ਰਹੇ ਨਾ ਰਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਧਰਮ ਦਾ ਦਿਸੇ ਨਾ ਕੋਇ ਦਵਾਰ, ਦਵਾਰਕਾਵਾਸੀ ਰਿਹਾ ਸੁਣਾਈਆ । ਤੁਸੀਂ ਮਿਲ ਕੇ ਕਰੋ ਵਿਚਾਰ, ਵਿਚਰ ਕੇ ਦਿਓ ਜਣਾਈਆ । ਕਿਉਂ ਹੋਇਆ ਧੁੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਿਲੇ ਨਾ ਨਾਲ ਕਰਤਾਰ, ਕਰਤਾ ਦਰਸ ਕੋਇ ਨਾ ਪਾਈਆ । ਆਪਣਾ ਵੇਲਾ ਵਕਤ ਲਓ ਵਿਚਾਰ, ਬਿਨਾ ਅੱਖਰਾਂ ਅੱਖਰ ਵੇਖ ਵਖਾਈਆ । ਸਾਰੇ ਇਕੋ ਵਾਰ ਨੈਣ ਰਹੇ ਉਘਾੜ, ਬਿਨ ਅੱਖੀਆਂ ਅੱਖ ਉਠਾਈਆ । ਸਾਡਾ ਵਕਤ ਸੁਹੰਜਣਾ ਪੁੱਜਿਆ ਆਣ, ਘੜੀ ਪਲ ਦਏ ਗਵਾਹੀਆ । ਲੇਖਾ ਮੁਕਾਵੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਰੂਪ ਅਨੂਪਾ ਧਰਿਆ ਵਿਚ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਈਆ । ਜਨ ਭਗਤਾਂ ਦੇਵੇ ਦਾਨ, ਬਿਨਾ ਭਗਤੀਉਂ ਝੋਲੀ ਪਾਈਆ । ਸਤਿ ਸਚ ਝੁਲਾ ਨਿਸ਼ਾਨ, ਨਿਸ਼ਾਨੇ ਕੂੜ ਦਏ ਬਦਲਾਈਆ । ਨੌਂ ਖੰਡ ਪ੍ਰਿਥਮੀ ਦੇ ਕੇ ਮਾਣ, ਦੀਪਾਂ ਸੱਤਾਂ ਹੋਏ ਸਹਾਈਆ । ਵਿਸ਼ਨੂੰ ਤੇਰਾ ਲੇਖੇ ਲਾ ਕੇ ਪੀਣ ਖਾਣ, ਅਗੇ ਆਪਣੀ ਕਾਰ ਸਮਝਾਈਆ । ਸਤਿ ਸਚ ਦਾ ਵੇਖ ਵਿਧਾਨ, ਵਿਦਿਆ ਤੋਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਤੱਕ ਲਓ ਚਾਰ ਚੁਫੇਰ, ਨਵ ਸੱਤ ਧਿਆਨ ਲਗਾਈਆ । ਜਿਧਰ ਤੱਕੋ ਅੰਧੇਰ, ਨੂਰੀ ਚੰਦ ਨਾ ਕੋਇ ਚਮਕਾਈਆ । ਆਪਣਾ ਆਪਣਾ ਵੇਖੋ ਗੇੜ, ਜੁਗ ਚੌਕੜੀ ਬੀਤੇ ਭੱਜੇ ਵਾਹੋ ਦਾਹੀਆ । ਤੁਸੀਂ ਆ ਗਏ ਮੇਰੇ ਨੇੜ, ਨੇੜਨ ਨੇੜਾ ਹੋ ਕੇ ਦਿਆਂ ਜਣਾਈਆ । ਮੈਂ ਛੇੜਨ ਵਾਲਾ ਛੇੜ, ਸਤਿਗੁਰ ਸ਼ਬਦ ਰਿਹਾ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੇਵਾਂ ਭੇੜ, ਦੋ ਧੜ ਹੋਵੇ ਲੋਕਾਈਆ । ਬਿਨਾ ਧਰਮ ਤੋਂ ਵਸੇ ਕੋਈ ਨਾ ਖੇੜ, ਖੰਡਾ ਸ਼ਬਦ ਦਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਪੈਣ ਲੱਗੇ ਸੋਚੀਂ, ਆਪਣਾ ਧਿਆਨ ਲਗਾਈਆ । ਪਹਿਲੋਂ ਵੇਖੀਏ ਚੌਦਾਂ ਲੋਕੀ, ਚੌਦਾਂ ਤਬਕ ਅੱਖ ਉਠਾਈਆ । ਫੇਰ ਸੁਣੀਏ ਧਰਮ ਧਾਰ ਸਲੋਕੀ, ਕੀ ਆਤਮਕ ਰਾਗ ਦ੍ਰਿੜਾਈਆ । ਫੇਰ ਮੰਜ਼ਲ ਚੜ੍ਹੀਏ ਚੋਟੀ, ਵੇਖੀਏ ਥਾਉਂ ਥਾਈਂਆ । ਫੇਰ ਦੀਨ ਦੁਨੀਆ ਵੇਖੀਏ ਖੋਟੀ, ਕੀ ਭਰਮੇ ਭੁੱਲੀ ਲੋਕਾਈਆ । ਫੇਰ ਲੱਖ ਚੁਰਾਸੀ ਹੱਡ ਮਾਸ ਨਾੜੀ ਵੇਖੀਏ ਬੋਟੀ, ਤਨ ਵਜੂਦਾਂ ਧਿਆਨ ਲਗਾਈਆ । ਫੇਰ

ਆਤਮ ਪਰਮਾਤਮ ਧਾਰ ਵੇਖੀਏ ਗੋਪੀ, ਪਾਰਬ੍ਰਹਮ ਬ੍ਰਹਮ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੀ ਸਚ ਹੁਕਮ ਵਰਤਾਈਆ । ਛੱਬੀ ਪੋਹ ਕਹੇ ਮੈਂ ਕੀ ਦੱਸਾਂ, ਖ਼ੁਸ਼ੀਆਂ ਨਾਲ ਜਣਾਈਆ । ਬਿਨਾ ਮੁਖ ਦੰਦਾਂ ਤੋਂ ਹੱਸਾਂ, ਬਿਨ ਜਿਹਵਾ ਨਾਲ ਮਿਲਾਈਆ । ਬਿਨ ਨੇਤਰ ਲੋਚਨ ਨੈਣ ਵੇਖਾਂ ਅੱਖਾਂ, ਪਰਦਾ ਪਰਦਿਆਂ ਵਿਚੋਂ ਉਠਾਈਆ । ਇਕੋ ਮਿਤ੍ਰ ਪਿਆਰਾ ਸਖਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਭਗਤ ਸੁਹੇਲੇ ਚੁਣੇ ਵਿਚੋਂ ਕੋਟਾਂ ਲੱਖਾ, ਅਣਗਿਣਤਾਂ ਵਿਚੋਂ ਆਪਣੀ ਗਣਤ ਗਿਣਾਈਆ । ਉਨ੍ਹਾਂ ਦਾ ਕਰਨ ਆਇਆ ਪੱਖਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਬਣ ਕੇ ਸਖਾ, ਸਗਲਾ ਸੰਗ ਨਿਭਾਈਆ । ਜਿਸ ਦਾ ਖੇਲ ਯਥਾਰਥ ਯਥਾ, ਯਦੀ ਯਦਪ ਦਿਆਂ ਦ੍ਰਿੜਾਈਆ । ਸਭਦਾ ਲੇਖ ਬਦਲ ਦੇਵੇ ਉਤੋਂ ਮੱਥਾ, ਮਸਤਕ ਧਾਰ ਸਮਝਾਈਆ । ਮਨ ਮਨਸਾ ਪਾ ਕੇ ਨੱਥਾ, ਸ਼ਬਦੀ ਡੋਰ ਬੰਧਾਈਆ । ਲਹਿਣਾ ਦੇਣਾ ਚੁਕਾਏ ਭਾਗ ਅੱਠਾਂ, ਨਵ ਦਵਾਰੇ ਰੰਗ ਰੰਗਾਈਆ । ਜਿਸ ਸਭ ਦਾ ਲਹਿਣਾ ਪੂਰਾ ਕਰਨਾ ਇਕੋ ਵਾਰ ਇਕੱਠਾ, ਇਕੋ ਘਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਗੁਰ ਸ਼ਬਦ ਕਹੇ ਕੀ ਖੇਲ ਮੇਰਾ ਨਿਰੰਕਾਰ, ਮੈਨੂੰ ਦੇ ਸਮਝਾਈਆ । ਵਿਸ਼ਨੂੰ ਕੂਕ ਕੇ ਕਰੇ ਪੁਕਾਰ, ਸਹਿਜ ਨਾਲ ਸੁਣਾਈਆ । ਨਿਗਾਹ ਮਾਰ ਲੈ ਬਿਨਾ ਨਿਗਾਹ ਨਿਗਾਹ ਉਗਾੜ, ਬਿਨ ਅੱਖਾਂ ਅੱਖ ਉਠਾਈਆ । ਕੀ ਖੇਲ ਕਰੇ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਕਲਜੁਗ ਵਿਚ ਸਤਿਜੁਗ ਲਿਆ ਉਸਾਰ, ਨੀਂਹ ਭਗਤਾਂ ਨਾਲ ਰਖਾਈਆ । ਨੌ ਦਵਾਰ ਬਣਾ ਭਗਤ ਦਵਾਰ, ਲੋਕਮਾਤ ਦਿਤੀ ਵਡਿਆਈਆ । ਸਚ ਭੰਡਾਰੇ ਪਾ ਕੇ ਸਾਰ, ਲੋਹ ਲੰਗਰ ਇਕ ਵਖਾਈਆ । ਚਾਰੋਂ ਕੁੰਟ ਕੱਢ ਦੀਵਾਰ, ਚੌਥੇ ਜੁਗ ਕੀਤੀ ਰੁਸ਼ਨਾਈਆ । ਧਰਮ ਦੀ ਧਾਰ ਕਰ ਤਿਆਰ, ਅਧਰਮ ਦਾ ਡੇਰਾ ਢਾਹੀਆ । ਨੌ ਖੰਡ ਪ੍ਰਿਥਮੀ ਦੇ ਇਕ ਅਧਾਰ, ਸੱਤਾਂ ਦੀਪਾਂ ਰੰਗ ਰੰਗਾਈਆ । ਨਾਲ ਬਖ਼ਸ਼ ਕੇ ਸਚ ਵਸਤ ਬਣੇ ਵੇਖਣਹਾਰ, ਵੇਖਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਪ੍ਰਭੂ ਤੇਰਾ ਬੇਅੰਤ ਭੰਡਾਰਾ, ਮੈਂ ਭੰਡਾਰੀ ਸੀਸ ਨਿਵਾਈਆ । ਮੈਂ ਮਾਂਗਤ ਤੇਰੇ ਦਵਾਰਾ, ਨਿਰਗੁਣ ਅਗੇ ਸਰਗੁਣ ਝੋਲੀ ਡਾਹੀਆ । ਮੈਂ ਜਗਤ ਜਹਾਨ ਵਰਤਾਰਾ, ਲੱਖ ਚੁਰਾਸੀ ਸੇਵ ਕਮਾਈਆ । ਮੈਨੂੰ ਤੇਰਾ ਇਕ ਸਹਾਰਾ, ਦੂਜੀ ਓਟ ਨਾ ਕੋਇ ਤਕਾਈਆ । ਤੂੰ ਬਖ਼ਸ਼ੇਂ ਬਖ਼ਸ਼ਣਹਾਰਾ, ਤੇਰੀ ਬੇਪਰਵਾਹੀਆ । ਚਾਰ ਜੁਗ ਤੂੰ ਖੇਲ ਕੀਤਾ ਪੈਗੰਬਰ ਗੁਰ ਅਵਤਾਰਾ, ਆਪਣੀ ਕਲ ਵਰਤਾਈਆ । ਵੱਖਰਾ ਵੱਖਰਾ ਖੇਲ ਦਵਾਰਾ, ਜਗਤ ਜਹਾਨ ਦਿਤਾ ਵਰਤਾਈਆ । ਮੈਂ ਵੇਖਦਾ ਰਿਹਾ ਸਦਾ ਸਦਾ ਵਿਚ ਸੰਸਾਰਾ, ਸੰਸਾਰੀ ਸੰਘਾਰੀ ਨਾਲ ਮਿਲਾਈਆ । ਅੰਤ ਹੁਕਮ ਸੁਣਿਆ ਏਕਾ ਏਕੋ ਵਾਰਾ, ਏਕੰਕਾਰ ਕੀ ਤੇਰੀ ਬੇਪਰਵਾਹੀਆ । ਤੂੰ ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਦਾ ਮਾਲਕ ਬਣ ਕੇ ਖੇਲ ਕਰੇ ਅਪਾਰਾ, ਆਪਣਾ ਹੁਕਮ ਵਰਤਾਈਆ । ਸਰਗੁਣ ਤੋਂ ਨਿਰਗੁਣ ਹੋ ਦੁਬਾਰਾ, ਜੋਤੀ ਜਾਤਾ ਡਗਮਗਾਈਆ । ਜਨ ਭਗਤਾਂ ਬਖ਼ਸ਼ ਚਰਨ ਅਧਾਰਾ, ਮਸਤਕ ਧੂੜੀ ਖ਼ਾਕ ਰਮਾਈਆ । ਪਿਛਲਿਆਂ ਯੁਗਾਂ ਦਾ ਲਾਹ ਉਧਾਰਾ, ਮਕਰੂਜ਼ ਹੋ ਕੇ ਕਰਜ਼ੇ ਸਭ ਦੇ ਰਿਹਾ ਚੁਕਾਈਆ । ਆਪਣਾ ਨਾਉਂ ਧਰਾ ਕੇ ਨਿਹਕਲੰਕ ਕਲਕੀ ਅਵਤਾਰਾ, ਰੂਪ ਅਨੂਪਾ ਅਮਾਮ ਆਪ ਅਖਵਾਈਆ । ਮੈਂ ਤੈਨੂੰ ਕੀ ਸਮਝਾਂ ਤੂੰ ਪੁਰਖ ਕਿ ਨਾਰਾ, ਨਰ ਨਰਾਇਣ ਕੀ ਤੇਰੀ ਵਡਿਆਈਆ । ਹਿੰਦੂ ਮੁਸਲਮ ਸਿੱਖ ਈਸਾਈ



੧੫੫੪
੨੩

ਰੂਪ ਵਿਚ ਨਾ ਮੂਲ ਪਛਾਣਾਂ, ਜੇ ਕੋਈ ਪੁਛੇ ਤੇ ਕੀ ਦੇਵਾਂ ਸਮਝਾਈਆ । ਮੈਂ ਇਕੋ ਇਕ ਕਹਾਂ ਉਹ ਧੁਰ ਦਾ ਰਾਣਾ, ਦੋ ਜਹਾਨਾਂ ਸ਼ਹਿਨਸ਼ਾਹੀਆ । ਮੇਰੇ ਹੱਥੋਂ ਖੋਹ ਕੇ ਪੀਣਾ ਖਾਣਾ, ਜਨ ਭਗਤਾਂ ਹੱਥ ਫੜਾਈਆ । ਮੈਂ ਹੋ ਗਿਆ ਨਿਮਾਣਾ, ਮੇਰੀ ਖ਼ਾਲੀ ਹੱਥ ਦੁਹਾਈਆ । ਕਿਉਂ ਮੈਂ ਵਰਤਾਰਾ ਬਣ ਗਿਆ ਅੱਖੋਂ ਕਾਣਾ, ਅਮੀਰ ਗ਼ਰੀਬ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨੂੰ ਮੂਲ ਨਾ ਤਰਸ, ਸਚ ਦਿਆਂ ਸੁਣਾਈਆ । ਇਹ ਨੌ ਸੌ ਚੁਰਾਨਮੇਂ ਚੌਕੜੀ ਪਿਛੋਂ ਆਇਆ ਬਰਸ, ਸੰਮਤ ਨੌ ਨਾਲ ਮਿਲਾਈਆ । ਜਨ ਭਗਤਾਂ ਦਿਤਾ ਦਰਸ, ਪਰਦਾ ਪਰਦਿਆਂ ਵਿਚੋਂ ਉਠਾਈਆ । ਧੁਰ ਦਾ ਮੇਘ ਦਿਤਾ ਬਰਸ, ਬੂੰਦ ਸਵਾਂਤੀ ਇਕ ਟਪਕਾਈਆ । ਜੁਗ ਜਨਮ ਦੇ ਵਿਛੜਿਆਂ ਉਤੇ ਹੋਇਆ ਤਰਸ, ਰਹਿਮਤ ਸਚ ਕਮਾਈਆ । ਦੀਨਾਂ ਮਜ਼੍ਹਬਾਂ ਦੀ ਮੇਟ ਕੇ ਹਰਸ, ਸ਼ਰਅ ਵਿਚੋਂ ਬਾਹਰ ਕਢਾਈਆ । ਇਕੋ ਘਰ ਵਿਚ ਕਰ ਕੇ ਦਰਜ, ਦਰਜਿਆਂ ਵਡਿਆਂ ਛੋਟਿਆਂ ਦਿਤੀ ਵਡਿਆਈਆ । ਇਹ ਖੇਲ ਕੀਤਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਭੁੱਖਿਆਂ ਨੰਗਿਆਂ ਗ਼ਰੀਬਾਂ ਕੋਝਿਆਂ ਕਮਲਿਆਂ ਵੰਡ ਕੇ ਦਰਦ, ਦਰਦੀਆਂ ਹੋਇਆ ਸਹਾਈਆ । ਜੇ ਤੂੰ ਭਗਤਾਂ ਨੂੰ ਦਾਨ ਦਿਤਾ ਤੇ ਵਿਸ਼ਨੂੰ ਤੇਰਾ ਕੁਝ ਨਹੀਂ ਹੋਣਾ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ । ਤੂੰ ਬਣ ਜਾ ਹੌਸਲੇ ਵਾਲਾ ਮਰਦ, ਦਿਲ ਨਾ ਲੈਣਾ ਢਾਹੀਆ । ਜਿਸ ਦੇ ਹੁਕਮ ਦਾ ਖੰਡਾ ਖੜਕਣਾ ਚਮਕਣੀ ਖੜਗ, ਦੀਨ ਦੁਨੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨੂੰ ਕਹੇ ਸਤਿਗੁਰ ਸ਼ਬਦ ਮੇਰੀ

੧੫੫੫ ੨੩ ਪ੍ਰਨਾਮ, ਨਮਸਤੇ ਕਹਿ ਕੇ ਸੀਸ ਨਿਵਾਈਆ । ਮੈਂ ਓਸ ਸਾਹਿਬ ਦਾ ਗ਼ੁਲਾਮ, ਜੋ ਗੋਬਿੰਦ ਦਾ ਧੁਰ ਦਾ ਮਾਹੀਆ । ਮੈਨੂੰ ਨਜ਼ਰੀ ਆਵੇ ਅਗੰਮ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਰਾਜ਼ਕ ਰਿਜ਼ਕ ਰਹੀਮ ਤਮਾਮ, ਤਮਾ ਲਾਲਚ ਸਭ ਦੀ ਵੇਖ ਵਖਾਈਆ । ਮੈਂ ਹਕ ਦੀ ਹਕ ਕੀਤੀ ਪਹਿਚਾਨ, ਮੇਰਾ ਪਰਦਾ ਦਿਤਾ ਉਠਾਈਆ । ਮੇਰੇ ਅੰਤਰ ਆ ਗਿਆ ਗਿਆਨ, ਅਗਿਆਨ ਰਿਹਾ ਨਾ ਰਾਈਆ । ਇਹ ਸਾਹਿਬ ਸਵਾਮੀ ਅੰਤਰਜਾਮੀ ਜੁਗ ਜੁਗ ਪਿਛੇ ਭਗਤਾਂ ਭਗਤੀ ਦਾ ਦੇਂਦਾ ਆਇਆ ਦਾਨ, ਗ਼ਰੀਬ ਨਿਮਾਣਿਆਂ ਝੋਲੀ ਨਾਮ ਨਾਲ ਭਰਾਈਆ । ਹੁਣ ਸਤਿਜੁਗ ਵਾਸਤੇ ਬਦਲ ਦਿਤਾ ਵਿਧਾਨ, ਅਗਲਾ ਆਪਣਾ ਹੁਕਮ ਸੁਣਾਈਆ । ਨਾਮ ਦੇ ਨਾਲ ਅੰਨ ਦਾ ਦੇਵੇ ਦਾਨ, ਭੁੱਖਿਆਂ ਦੀ ਭਗਤੀ ਆਪਣੇ ਲੇਖੇ ਪਾਈਆ । ਚਾਰ ਜੁਗ ਭਗਤੋ ਤੁਹਾਡਾ ਪਕਦਾ ਰਹੇ ਪਕਵਾਨ, ਤੋਟ ਰਹੇ ਨਾ ਰਾਈਆ । ਏਥੇ ਝੁਲੇਗਾ ਸੱਤ ਰੰਗ ਨਿਸ਼ਾਨ, ਨਿਸ਼ਾਨੇ ਸਭ ਦੇ ਸੀਸ ਝੁਕਾਈਆ । ਜਿਸ ਨੂੰ ਝੁਕਣਗੇ ਜ਼ਿਮੀਂ ਅਸਮਾਨ, ਸਮਾਂ ਸਮੇਂ ਨਾਲ ਬਦਲਾਈਆ । ਜਿਸ ਕਾਰਨ ਤੁਸੀਂ ਇਕੱਠੇ ਹੋਏ ਆਣ, ਅੱਜ ਦੀ ਘੜੀ ਮਿਲੇ ਵਡਿਆਈਆ । ਦੇਵਤ ਸੁਰ ਗਣ ਗੰਧਰਵ ਤੁਹਾਡੇ ਢੋਲੇ ਗਾਣ, ਜੋ ਬੈਠੇ ਪ੍ਰਭ ਦੀ ਸਚੀ ਸਰਨਾਈਆ । ਨਿਗਾਹ ਮਾਰ ਰਾਮਾ ਕਾਹਨ, ਕ੍ਰਿਸ਼ਨਾ ਅੱਖ ਉਠਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਰਨ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਨਾਨਕ ਗੋਬਿੰਦ ਇਕ ਨਿਸ਼ਾਨ, ਜਗਤ ਨਿਸ਼ਾਨੇ ਰਹੇ ਵਖਾਈਆ । ਇਹ ਖੇਲ ਸ੍ਰੀ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਇਹ ਤੁਹਾਡਾ ਪੱਕਦਾ ਰਹੇ ਸਦਾ ਪਕਵਾਨ, ਤੋਟ ਨਾ ਆਵੇ ਰਾਈਆ । ਤੁਹਾਡਾ ਪਹਿਰੇਦਾਰ ਸਦਾ ਰਹੇ ਨੌਜਵਾਨ, ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਦਾ ਸ਼ਸਤਰ ਬੇਪਹਿਚਾਨ, ਜਗਤ ਸ਼ਸਤਰਾਂ ਨਾਲ ਸਮਝਾਈਆ । ੧੫੫੫ ੨੩

ਜਿਸ ਦਾ ਰੂਪ ਅਨੂਪ ਨਜ਼ਰ ਨਾ ਆਵੇ ਕੋਈ ਇਨਸਾਨ, ਤਤਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਜਨ ਭਗਤੋ ਆਪਣਾ ਤੱਕ ਲਓ ਚੋਬਦਾਰ, ਬੁੱਢਾ ਨੱਢਾ ਦੋਵੇਂ ਰੂਪ ਬਦਲਾਈਆ । ਸਦਾ ਸਦਾ ਰਹੇ ਖ਼ਬਰਦਾਰ, ਆਲਸ ਨਿੰਦਰਾ ਨਾ ਕਇ ਰਖਾਈਆ । ਚੁਰਾਸੀ ਵਿਚ ਤੁਹਾਡੀ ਆਉਣ ਨਾ ਦੇਵੇ ਵਾਰ, ਅਗੇ ਹੋ ਕੇ ਲਏ ਅਟਕਾਈਆ । ਸਚਖੰਡ ਤੋਂ ਜਾਣ ਨਾ ਦੇਵੇ ਬਾਹਰ, ਥਿਰ ਘਰ ਵਿਚ ਟਿਕਾਈਆ । ਜਿਥੇ ਇਕੋ ਜੋਤ ਨਿਰਾਕਾਰ, ਦੂਜਾ ਇਸ਼ਟ ਨਾ ਕੋਇ ਬਣਾਈਆ । ਇਥੇ ਸਤਿ ਸਰੂਪ ਪੈਗ਼ੰਬਰ ਗੁਰ ਅਵਤਾਰ, ਨੂਰ ਨੂਰ ਵਿਚ ਨਜ਼ਰੀ ਆਈਆ । ਭਗਤ ਭਗਵਾਨ ਦਾ ਇਕ ਦਵਾਰ, ਅਸਥਿਰ ਦੇਵੇ ਆਪ ਵਡਿਆਈਆ । ਵਕਤ ਸੁਹੰਜਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਤੁਸੀਂ ਜਦੋਂ ਆਓਗੇ ਤੁਹਾਡੇ ਨਾਲ ਫਿਰ ਆਵੇਗਾ ਨਿਰੰਕਾਰ, ਇਹ ਤੁਹਾਡੀ ਸ਼ਹਾਦਤ ਦਿਤੀ ਭੁਗਤਾਈਆ । ਗੋਬਿੰਦ ਦਾ ਖੰਡਾ ਤੇ ਗੋਬਿੰਦ ਦੀ ਕਟਾਰ, ਗੋਬਿੰਦ ਧਾਰ ਗੋਬਿੰਦ ਸੀਸ ਟਿਕਾਈਆ । ਚੌਥੇ ਜੁਗ ਦਾ ਚਾਰ ਕੁੰਟ ਦਾ ਵਿਹਾਰ, ਚਾਰ ਦੀਵਾਰੀ ਰਹੀ ਸਮਝਾਈਆ । ਉੱਤਰ ਪੂਰਬ ਪੱਛਮ ਦੱਖਣ ਜਿਸ ਨੂੰ ਸਾਰੇ ਕਰਨਗੇ ਨਿਮਸਕਾਰ, ਨਮੋ ਨਮੋ ਕਹਿ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਵਿਚ ਹਜ਼ੂਰੀ, ਹਜ਼ੂਰ ਗੁਰਮੁਖ ਨਜ਼ਰੀ ਆਈਆ । ਓਹ ਜਨ ਭਗਤੋ ਆਪਣੇ ਸੇਵਕ ਦੀ ਲੇਖੇ ਲਾਓ ਮਜ਼ਦੂਰੀ, ਚਾਕਰ ਹੋ ਕੇ ਮੰਗ ਮੰਗਾਈਆ । ਓਹ ਦੇਖੋ ਭੱਜਾ ਆਵੇ ਮੂਸਾ ਉਤੋਂ ਕੋਹਤੂਰੀ, ਆਪਣਾ ਪੰਧ ਮੁਕਾਈਆ । ਹਜ਼ਰਤ ਈਸਾ ਜੋਤ ਧਾਰ ਦਾ ਨੂਰ ਨੂਰੀ, ਮੁਹੰਮਦ ਆਪਣਾ ਰੰਗ ਰੰਗਾਈਆ ।
ੴ ੧੫੫੬ ੨੩ ਜਿਸ ਗੁਰੂਆਂ ਆਸ਼ਾ ਕਰਨੀ ਪੂਰੀ, ਪਾਰਬ੍ਰਹਮ ਇਕ ਅਖਵਾਈਆ । ਜੋ ਸਭ ਨੂੰ ਰੰਗਣ ਚਾੜ੍ਹੇ ਗੂੜ੍ਹੀ, ਆਦਿ ਅੰਤ ਉਤਰ ਕਦੇ ਨਾ ਜਾਈਆ । ੧੫੫੬ ੨੩
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨੂੰ ਕਹੇ ਪ੍ਰਭੂ ਮੇਰੀ ਇਕ ਪ੍ਰਨਾਮ, ਪਰਮ ਪੁਰਖ ਸਰਨਾਈਆ । ਮੈਂ ਤੇਰੇ ਹੁਕਮ ਦਾ ਸੇਵਕ ਤੇਰੀ ਸ਼ਰਅ ਦਾ ਗ਼ੁਲਾਮ, ਦੂਜਾ ਰੰਗ ਨਾ ਕੋਇ ਰੰਗਾਈਆ । ਮੈਂ ਚਾਹੁੰਦਾ ਖ਼ੁਸ਼ੀਆਂ ਵਿਚ ਤੇਰੇ ਭਗਤ ਖਾਣ ਤੇਰਾ ਪਕਵਾਨ, ਪੱਕੀ ਤੇਰੇ ਨਾਲ ਪਕਾਈਆ । ਇਹਨਾਂ ਨੂੰ ਕਦੀ ਤੋਟ ਨਾ ਆਵੇ ਜਗਤ ਜਹਾਨ, ਸਤਿਜੁਗ ਸਤਿ ਸਤਿ ਮਿਲੇ ਵਡਿਆਈਆ । ਚਾਰ ਦੀਵਾਰ ਕਹੇ ਮੇਰਾ ਵੀ ਚਾਰੋਂ ਕੁੰਟ ਧਿਆਨ, ਬਿਨ ਅੱਖਾਂ ਵੇਖ ਵਖਾਈਆ । ਮੇਰੇ ਧੰਨ ਭਾਗ ਜੇ ਮੇਰੇ ਸੀਸ ਤੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਝੁੱਲਿਆ ਨਿਸ਼ਾਨ, ਮੈਨੂੰ ਨਿਸ਼ਾਨ ਇਕੋ ਨਜ਼ਰੀ ਆਈਆ । ਮੈਂ ਚਾਹੁੰਦੀ ਮੇਰੇ ਅੰਦਰ ਪੰਜ ਪਿਆਰੇ ਖ਼ੁਸ਼ੀਆਂ ਨਾਲ ਲੰਘ ਜਾਣ, ਆਪਣੀ ਖ਼ੁਸ਼ੀ ਬਣਾਈਆ । ਪੰਜ ਲਿਖਾਰੀ ਮੇਰੀ ਲੇਖਣੀ ਵਾਲੀ ਕਲਮ ਚਲਾਣ, ਅੱਖਰ ਅੱਖਰ ਨਾਲ ਵਡਿਆਈਆ । ਪੰਜ ਦਰਬਾਰੀ ਹੋ ਪ੍ਰਧਾਨ, ਚਾਰੋਂ ਕੁੰਟ ਫਿਰਨ ਚਾਈਂ ਚਾਈਂਆ । ਹਰਿ ਸੰਗਤ ਖ਼ੁਸ਼ੀਆਂ ਵਿਚ ਤੂੰ ਮੇਰਾ ਮੈਂ ਤੇਰਾ ਗਾਏ ਗਾਣ, ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਦਰਵਾਜ਼ਾ ਕਹੇ ਮੈਂ ਬਣ ਗਿਆ ਧਰਮ ਦਾ ਦਰ, ਦਰਦੀਓ ਦਰਦ ਵੰਡਾਈਆ । ਭਗਤ ਦਵਾਰਾ ਸਾਰੀ ਸ੍ਰਿਸ਼ਟੀ ਦਾ ਸਾਂਝਾ ਘਰ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਇਹ ਪੁਰਖ ਅਬਿਨਾਸ਼ੀ ਦਿਤਾ ਵਰ, ਧੁਰ ਦੀ ਵਸਤ ਆਪ ਵਰਤਾਈਆ । ਸਾਰੇ ਇਕੋ ਰੂਪ ਹਰੀ ਹਰਿ, ਹਿਰਦੇ ਅੰਦਰ ਵਸਿਆ ਧੁਰ ਦਾ ਮਾਹੀਆ ।

ਤੁਸੀਂ ਥੋੜਾ ਸਮਾਂ ਲੈਣਾ ਜਰ, ਹੌਸਲਾ ਹੌਸਲੇ ਵਿਚੋਂ ਪ੍ਰਗਟਾਈਆ । ਜਿਸ ਸ਼ਰਅ ਦਾ ਮੇਟਣਾ ਸ਼ਰ, ਸ਼ਰੀਅਤ ਦਾ ਲੇਖਾ ਦੇਵੇ ਚੁਕਾਈਆ । ਸੋ ਪੁਰਖ ਅਕਾਲਾ ਨਰਾਇਣ ਨਰ, ਹਰਿ ਇਕੋ ਇਕ ਅਖਵਾਈਆ । ਸਭ ਦੇ ਖ਼ਾਲੀ ਭੰਡਾਰੇ ਦੇਵੇ ਭਰ, ਭੁੱਖਿਆਂ ਆਪ ਰਜਾਈਆ । ਅਗੇ ਲਈ ਨਾਮ ਭੰਡਾਰਾ ਬੰਨ੍ਹੇ ਲੜ, ਦੋ ਜਹਾਨ ਮੁਕ ਕਦੇ ਨਾ ਜਾਈਆ । ਤੁਸੀਂ ਖ਼ੁਸ਼ੀਆਂ ਨਾਲ ਖ਼ੁਸ਼ੀ ਦੀ ਮੰਜ਼ਲ ਜਾਣਾ ਚੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਜਦੋਂ ਜਾਓਗੇ ਅਗੇ ਹੋ ਲਵਾਂਗਾ ਫੜ, ਦੋਵੇਂ ਹੱਥ ਉਠਾਈਆ । ਜਨ ਭਗਤੋ ਤੁਸਾਂ ਕਦੇ ਨਹੀ ਜਾਣਾ ਮਰ, ਮਰਨ ਵਿਚ ਕਦੇ ਨਾ ਆਈਆ । ਤੁਹਾਡਾ ਇਕੋ ਸਰੋਵਰ ਸਰ, ਜਿਥੇ ਸਰਸੇ ਦਾ ਮਾਲਕ ਬੈਠਾ ਗੋਬਿੰਦ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਚਾਰ ਦੀਵਾਰੀ ਕਹੇ ਮੇਰੇ ਅੰਦਰ ਗੁਰਮੁਖ ਜਾਣ ਲੰਘਦੇ, ਆਪਣੀ ਆਪਣੀ ਖ਼ੁਸ਼ੀ ਬਣਾਈਆ । ਸਚ ਪ੍ਰੀਤੀ ਜਾਣ ਮੰਗਦੇ, ਰਸਨਾ ਜਿਹਵਾ ਢੋਲੇ ਗਾਈਆ । ਪਿਆਰ ਮੁਹੱਬਤ ਜਾਣ ਵੰਡਦੇ, ਇਕ ਦੂਜੇ ਲੜ ਫੜਾਈਆ । ਜਗਤ ਜਨਮ ਦੀ ਟੁੱਟੀ ਜਾਣ ਗੰਢਦੇ, ਸ਼ਬਦੀ ਸ਼ਬਦੀ ਡੋਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਚਾਰ ਦੀਵਾਰ ਕਹੇ ਮੈਂ ਬਚਨ ਦੱਸਾਂ ਸੱਚਾ, ਸਤਿਜੁਗ ਸਚ ਰੰਗ ਰੰਗਾਈਆ । ਮੇਰਾ ਰੂਪ ਰਿਹਾ ਨਾ ਕੱਚਾ, ਕੱਚੀ ਤੰਦ ਨਾ ਗੰਢ ਪਵਾਈਆ । ਚੌਥੇ ਜੁਗ ਨਾਤਾ ਹੋਇਆ ਪੱਕਾ, ਜਨ ਭਗਤਾਂ ਸੰਗ ਰਖਾਈਆ । ਮੈਂ ਖ਼ੁਸ਼ੀਆਂ ਨਾਲ ਤੱਕਾ, ਗੁਰਮੁਖ ਗੁਰਸਿੱਖ ਹਰਿਜਨ ਸੰਤ ਸੁਹੇਲੇ ਮੇਰੇ ਅੰਦਰ ਸੋਭਾ ਪਾਈਆ । ਮੈਂ ਖੋਲ ਕੇ ਵੇਖਾਂ ਆਪਣੀਆਂ ਅੱਖਾਂ, ਜਗਤ ਨੇਤਰਾਂ ਬਾਹਰ ਬਾਹਰ ਸਮਝਾਈਆ । ਮੇਰਾ ਸਾਹਿਬ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਲਹਿਣਾ ਦੇਣਾ ਚੁਕਾਉਣਾ ਹੱਥੋ ਹੱਥਾ, ਹੱਥਾਂ ਉਤੇ ਭੰਡਾਰਾ ਦਏ ਵਰਤਾਈਆ । ਸਭ ਦਾ ਇਕੋ ਵਾਰ ਝੁਕ ਜਾਏ ਮੱਥਾ, ਮਸਤਕ ਸੀਸ ਨਿਵਾਈਆ । ਚਾਰ ਜੁਗ ਦਾ ਕਰਜ਼ਾ ਲੱਥਾ, ਭੰਡਾਰਾ ਖ਼ਾਲੀ ਦਿਤਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਚਾਰ ਦੀਵਾਰ ਕਹੇ ਮੈਂ ਵੇਖਣੀ ਮਾਲਾ ਦੀਪ, ਦੀਪਕ ਜੋਤੀ ਸੋਭਾ ਪਾਈਆ । ਜਨ ਭਗਤਾਂ ਤੱਕੀ ਪ੍ਰੀਤ, ਪ੍ਰੀਤਮ ਦਿਤੀ ਵਡਿਆਈਆ । ਸਤਿ ਧਰਮ ਦੀ ਵੇਖਾਂ ਰੀਤ, ਬਿਨ ਨੈਣਾਂ ਨੈਣ ਉਠਾਈਆ । ਮੇਰੇ ਅੰਦਰ ਇਕੋ ਜੈਕਾਰਾ ਤੂੰ ਮੇਰਾ ਮੈਂ ਤੇਰਾ ਗੀਤ, ਦੂਜੀ ਅਵਾਜ਼ ਨਾ ਕੋਇ ਸੁਣਾਈਆ । ਮੈਂ ਹੋ ਗਈ ਠਾਂਡੀ ਸੀਤ, ਅਗਨੀ ਅੱਗ ਰਹੀ ਨਾ ਰਾਈਆ । ਖੇਲ ਤੱਕਿਆ ਤ੍ਰੈਗੁਣ ਅਤੀਤ, ਤ੍ਰੈਭਵਨ ਦਿਤਾ ਵਖਾਈਆ । ਸਭ ਦਾ ਸਾਂਝਾ ਇਕੋ ਮੀਤ, ਮਿਤ੍ਰੋ ਦਿਆਂ ਸੁਣਾਈਆ । ਜਿਸ ਰੰਗ ਰੰਗਾਇਆ ਹਸਤ ਕੀਟ, ਊਚਾਂ ਨੀਚਾਂ ਮੇਲ ਮਿਲਾਈਆ । ਰੰਗ ਚਾੜ੍ਹ ਅਗੰਮ ਬਸੀਠ, ਦੁਰਮਤ ਮੈਲ ਧਵਾਈਆ । ਹੱਥ ਰੱਖੇ ਸਦਾ ਤੁਹਾਡੀ ਪੀਠ, ਪੁਸ਼ਤ ਪਨਾਹ ਟਿਕਾਈਆ । ਤੁਸਾਂ ਭੰਡਾਰਾ ਛਕਣਾ ਅੰਮ੍ਰਿਤ ਰਸ ਸਮਝ ਕੇ ਮੀਠ, ਰਸਨਾ ਰਸ ਨਾ ਕੋਇ ਜਣਾਈਆ । ਸਾਰੇ ਪਵਿਤ੍ਰ ਹੋਣੇ ਕੌੜੇ ਰੀਠ, ਜਗਤ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਤੇਰੀ ਸਰਨਾਈਆ । ਚਾਰ ਦੀਵਾਰੀ ਕਹੇ ਮੇਰਾ ਲੇਖਾ ਨਾਲ ਲੰਗਰ ਲੋਹ, ਲੋਆਂ ਪੁਰੀਆਂ ਦਿਆਂ ਸੁਣਾਈਆ । ਭਗਤ ਭਗਵਾਨ ਦਾ ਬਣਿਆ ਰਹੇ ਮੋਹ, ਮੁਹੱਬਤ ਵਿਚ ਸਮਾਈਆ । ਇਕੋ ਲੇਖਾ ਹੋਵੇ

ਇਕ ਦੋ, ਦੋ ਇਕ ਇਕੋ ਰੰਗ ਵਖਾਈਆ । ਸਾਚੀ ਵਸਤ ਸਕੇ ਕੋਈ ਨਾ ਖੋਹ, ਚੋਰ ਯਾਰ ਲੁੱਟ ਕੋਇ ਨਾ ਜਾਈਆ । ਜਨ ਭਗਤ ਭਗਵਾਨ ਏਕਾ ਰੂਪ ਗਏ ਹੋ, ਹੋਕਾ ਦੇ ਕੇ ਦਿਆਂ ਸੁਣਾਈਆ । ਧੰਨ ਭਾਗ ਮੈਨੂੰ ਢੋਆ ਮਿਲਿਆ ਧੁਰ ਦਾ ਢੋਅ, ਵਸਤ ਅਗੰਮ ਦਿਤੀ ਵਰਤਾਈਆ । ਮੈਂ ਜਨ ਭਗਤੋ ਤੁਹਾਡੀ ਸੁਣ ਕੇ ਸੋ, ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਚਾਰ ਦੀਵਾਰ ਕਹੇ ਮੇਰੇ ਚਾਰੋਂ ਕੁੰਟ ਮੁਰਦੇ ਵੇਖੋ ਕਾਂ, ਨੌ ਖੰਡ ਨਵ ਨਵ ਫੁੱਟ ਦੇਣ ਗਵਾਹੀਆ । ਕਿਸੇ ਦਾ ਲੇਖਾ ਮੁਕਣਾ ਨਹੀਂ ਜਿਨ੍ਹਾਂ ਨੇ ਸੂਰ ਖਾਧੀ ਜਾਂ ਗਾਂ, ਅਗੇ ਹੋਏ ਨਾ ਕੋਇ ਸਹਾਈਆ । ਸਭ ਦਾ ਇਕੋ ਪਿਤਾ ਤੇ ਇਕੋ ਮਾਂ, ਪੰਛੀਆਂ ਪੰਖੀਆਂ ਦਏ ਵਡਿਆਈਆ । ਮੈਂ ਸੰਦੇਸ਼ਾ ਦੇਵਾਂ ਨਾਲ ਚਾਅ, ਚਾਓ ਘਨੇਰਾ ਇਕ ਰਖਾਈਆ । ਜਿਨ੍ਹਾਂ ਦੀਪਕ ਦਿਤੇ ਜਗਾ, ਮਿਲੇ ਮਾਣ ਵਡਿਆਈਆ । ਜਨ ਭਗਤੋ ਤੁਹਾਡਾ ਚਾਰੋਂ ਕੁੰਟ ਹੋਏ ਰੁਸ਼ਨਾ, ਅੰਧ ਅੰਧੇਰਾ ਰਹੇ ਨਾ ਰਾਈਆ । ਤੁਸਾਂ ਪ੍ਰੇਮ ਵਿਚ ਪਿਆਰ ਵਿਚ ਸਤਿਕਾਰ ਵਿਚ ਧਰਮ ਦਾ ਲੰਗਰ ਲੈਣਾ ਖਾ, ਆਪਣਾ ਪੇਟ ਭਰਾਈਆ । ਮੈਂ ਚਾਰੋਂ ਤਰਫ਼ ਵੇਖਾਂ ਨਾਲ ਚਾਅ, ਚਾਰ ਦੀਵਾਰੀ ਕਹੇ ਆਪਣੇ ਨੈਣ ਤਕਾਈਆ । ਲੰਗਰ ਕਹੇ ਮੈਨੂੰ ਪ੍ਰੇਮ ਨਾਲ ਦਿਉ ਵਰਤਾ, ਜੈਕਾਰੇ ਇੱਕੀ ਹਰਿ ਸੰਗਤ ਸਾਰੀ ਅੰਦਰ ਬੈਠੀ ਦੇਵੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਅਗੰਮ ਅਥਾਹ, ਅਗੋਚਰ ਕਹਿਣ ਕਿਛ ਨਾ ਪਾਈਆ ।



੧੫੫੮
੨੩

## ੨੯ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਚਾਰ ਦੀਵਾਰ ਕਹੇ ਸੁਣ ਅਨਾਦ ਅਨਾਦੀ ਧਰਮ, ਧਰਮੀਆ ਦਿਆਂ ਜਣਾਈਆ । ਨਵ ਸੱਤ ਦਾ ਵੇਖ ਕਰਮ, ਕਰਮ ਕਾਂਡਾਂ ਖੋਜ ਖੁਜਾਈਆ । ਮੇਰਾ ਅੰਦਰੋਂ ਮੇਟ ਦੇ ਭਰਮ, ਭਰਾਂਤ ਰਹੇ ਨਾ ਰਾਈਆ । ਸਤਿਜੁਗ ਨੂੰ ਕਹਿ ਧਰਨੀ ਉਤੇ ਲੈ ਜਰਮ, ਆਪਣਾ ਰੂਪ ਪ੍ਰਗਟਾਈਆ । ਲੋਕ ਲੱਜਿਆ ਲਾਹ ਸ਼ਰਮ, ਹਯਾ ਦਾ ਡੇਰਾ ਢਾਹੀਆ । ਝਗੜਾ ਮਿਟਾ ਵਰਨ ਬਰਨ, ਜ਼ਾਤ ਪਾਤ ਕਰ ਸਫ਼ਾਈਆ । ਇਕੋ ਦਰਸਾ ਪ੍ਰਭੂ ਦੇ ਚਰਨ, ਚਰਨੋਦਕ ਜਾਮ ਪਿਆਈਆ । ਨੇਤਰ ਖੁਲ੍ਹੇ ਹਰਨ ਫਰਨ, ਲੋਚਨ ਨੈਣ ਉਠਾਈਆ । ਸਾਰੇ ਇਕੋ ਨਾਮ ਨਿਧਾਨਾ ਪੜ੍ਹਨ, ਆਤਮ ਪਰਮਾਤਮ ਭੇਵ ਖੁਲਾਈਆ । ਸਚਖੰਡ ਦੇ ਪੌੜੇ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਦਰਗਾਹ ਸਾਚੀ ਖੜ੍ਹਨ, ਸਚ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧਰਮ ਕਹੇ ਮੈਂ ਧਰਮ ਦੀ ਦੱਸਾਂ ਬਾਤ, ਭੇਵ ਅਭੇਦ ਖੁਲਾਈਆ । ਕੀ ਲੇਖਾ ਕਮਲਾਪਾਤ, ਪਤਿਪਰਮੇਸ਼ਵਰ ਕੀ ਦ੍ਰਿੜਾਈਆ । ਜਿਸ ਦੀ ਨਿਰਗੁਣ ਧਾਰ ਅਗੰਮੀ ਜ਼ਾਤ, ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਉਸ ਦਾ ਖੇਲ ਸਦਾ ਬਹੁਭਾਂਤ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਜਿਸ ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਸਚ ਸਤਿ ਚਮਕਾਈਆ । ਜਨ ਭਗਤਾਂ ਪੁਛੇ ਵਾਤ, ਵੇਖਣਹਾਰਾ ਥਾਉਂ ਥਾਈਆ । ਪ੍ਰਗਟ ਹੋਵੇ ਲੋਕਮਾਤ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਮੈਂ ਸਤਿਜੁਗ ਦੇਵਾਂ

ਸਚ ਸਲਾਹ, ਖ਼ੁਸ਼ੀਆਂ ਨਾਲ ਜਣਾਈਆ । ਉਠ ਸਭ ਦਾ ਬਣ ਮਲਾਹ, ਬੇੜਾ ਆਪਣੇ ਕੰਧ ਟਿਕਾਈਆ । ਆਤਮ ਪਰਮਾਤਮ ਦੱਸ ਰਾਹ, ਸੋਹੰ ਢੋਲਾ ਅਗੰਮ ਅਥਾਹੀਆ । ਨਾਮ ਨਿਧਾਨਾ ਇਕੋ ਗਾ, ਗਹਿਰ ਗੰਭੀਰ ਪਰਦਾ ਆਪ ਚੁਕਾਈਆ । ਨਾ ਕੋਈ ਸੂਰ ਖਾਏ ਨਾ ਗਾਂ, ਛੁਰੀ ਸ਼ਰਅ ਨਾ ਕੋਇ ਚਲਾਈਆ । ਨਾ ਕੋਈ ਦੀਨ ਮਜ਼੍ਹਬ ਝਗੜਾ ਹੋਵੇ ਥਾਂ ਥਾਂ, ਕਾਤਲ ਮਕਤੂਲ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਿਜੁਗ ਕਹੇ ਧਰਮ ਮੈਂ ਤੱਕਾਂ ਬੈਠਾ ਰਾਹ, ਆਪਣੇ ਨੈਣ ਉਠਾਈਆ । ਕਵਣ ਵੇਲਾ ਹੁਕਮ ਕਰੇ ਬੇਪ੍ਰਵਾਹ, ਜੋ ਬੇਪ੍ਰਵਾਹੀ ਵਿਚ ਸਮਾਈਆ । ਮੇਰਾ ਪਰਦਾ ਦਏ ਚੁਕਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਨਾਮ ਖੰਡਾ ਇਕ ਚਮਕਾ, ਜਗਤ ਖੜਗਾਂ ਕਰੇ ਸਫ਼ਾਈਆ । ਹੁਕਮ ਧੁਰ ਦਾ ਇਕ ਵਰਤਾ, ਲੇਖੇ ਜਾਣੇ ਥਾਉਂ ਥਾਈਂਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਕਲਜੁਗ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਮ ਕਹੇ ਸਤਿਜੁਗ ਵੇਖ ਲੈ ਕਲਜੁਗ ਅੰਤ ਅੰਧੇਰਾ, ਹਰ ਹਿਰਦੇ ਧਿਆਨ ਲਗਾਈਆ । ਨਾ ਕੋਈ ਗੁਰੂ ਨਾ ਦੀਸੇ ਚੇਰਾ, ਚੇਲਾ ਗੁਰ ਨਾ ਕੋਇ ਚਤੁਰਾਈਆ । ਮਾਇਆ ਮਮਤਾ ਵਿਚ ਸ੍ਰਿਸ਼ਟੀ ਕਰਦੀ ਮੇਰਾ ਮੇਰਾ, ਕੂੜ ਮੁਹੱਬਤ ਵਿਚ ਹਲਕਾਈਆ । ਆਤਮ ਪਰਮਾਤਮ ਵਸੇ ਕਿਸੇ ਨਾ ਖੇੜਾ, ਖਿੜਕੀ ਬੰਦ ਨਾ ਕੋਇ ਖੁਲਾਈਆ । ਚਾਰੋਂ ਕੁੰਟ ਪਿਆ ਝੇੜਾ, ਝਗੜੇ ਵਿਚ ਖ਼ਲਕ ਖ਼ੁਦਾਈਆ । ਧਰਮ ਜੀ ਤੇਰਾ ਬੰਨ੍ਹੇ ਕੋਈ ਨਾ ਬੇੜਾ, ਨਈਆ ਪਾਰ ਨਾ ਕੋਇ ਕਰਾਈਆ । ਜੁਗ ਚੌਕੜੀ ਮੁਕਣ ਵਾਲਾ ਗੇੜਾ, ਆਪ ਆਪਣਾ ਪੰਧ ਮੁਕਾਈਆ । ਕਲਜੁਗ ਕੂੜਾ ਛੇੜ ਰਿਹਾ ਛੇੜਾ, ਛੇਕੜ ਆਪਣਾ ਰਿਹਾ ਸਮਝਾਈਆ । ਜਿਸ ਦੀਨਾਂ ਮਜ਼੍ਹਬਾਂ ਪਾਉਣਾ ਝੇੜਾ, ਝਗੜਾ ਸਕੇ ਨਾ ਕੋਇ ਮੁਕਾਈਆ । ਧਰਨੀ ਧਰਤ ਧਵਲ ਧੌਲ ਦਾ ਖੁਲਾ ਕਰਨਾ ਵਿਹੜਾ, ਨਵ ਸੱਤ ਵੇਖੇ ਥਾਉਂ ਥਾਈਂਆ । ਉਹਦਾ ਇਕੋ ਹੁਕਮ ਬਥੇਰਾ, ਬਹੁਤੀ ਗੱਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਧਰਮ ਕਹੇ ਸਤਿਜੁਗ ਪ੍ਰਭ ਦੀ ਧਾਰੋਂ ਜਾ ਉਠ, ਆਪਣੀ ਲੈ ਅੰਗੜਾਈਆ । ਜਗਤ ਜਹਾਨ ਜਾ ਤੁਠ, ਮਿਹਰ ਨਜ਼ਰ ਤਕਾਈਆ । ਕਲਜੁਗ ਕੂੜੀ ਮੇਟ ਦੇ ਲੁੱਟ, ਲੁਟੇਰਾ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਨਾਤਾ ਜਾਏ ਟੁਟ, ਜਗਤ ਤ੍ਰਿਸ਼ਨਾ ਨਾ ਕੂੜ ਹਲਕਾਈਆ । ਨਵ ਸੱਤ ਪਏ ਨਾ ਲੁੱਟ, ਸਤਿ ਸਚ ਨਾ ਕੋਇ ਲੁਟਾਈਆ । ਦੀਨਾਂ ਮਜ਼੍ਹਬਾਂ ਮੇਟ ਦੇ ਫੁੱਟ, ਫੁਟਕਲ ਵੇਖ ਲੋਕਾਈਆ । ਜਰਾ ਨਿਗਾਹ ਮਾਰ ਲੈ ਕੀ ਖੇਲ ਪ੍ਰਭੂ ਅਤੁਟ, ਅਤੋਟ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਈਆ । ਸਤਿਜੁਗ ਕਹੇ ਧਰਮ ਮੈਂ ਬੈਠਾ ਰਖ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਕਵਣ ਵੇਲਾ ਮੇਰੀਆਂ ਪੂਰੀਆਂ ਹੋਣ ਤਰੀਕਾਂ, ਤਵਾਰੀਖ਼ਾਂ ਦੇਣ ਗਵਾਹੀਆ । ਮੈਂ ਦੀਨਾਂ ਮਜ਼੍ਹਬਾਂ ਦਾ ਮੇਟਾਂ ਸ਼ਰੀਕਾ, ਸ਼ਿਰਕਤ ਅੰਦਰੋਂ ਬਾਹਰ ਕਢਾਈਆ । ਪ੍ਰਭ ਦਾ ਮਾਰਗ ਦੱਸ ਕੇ ਨੀਕਨ ਨੀਕਾ, ਨਿੱਕਿਉਂ ਵੱਡਾ ਦਿਆਂ ਵਖਾਈਆ । ਭੇਵ ਖੁਲਾ ਕੇ ਜੀਵ ਜੀਅ ਕਾ, ਆਤਮ ਬ੍ਰਹਮ ਦਿਆਂ ਸਮਝਾਈਆ । ਦੀਨ ਦੁਨੀ ਬਦਲ ਕੇ ਨੀਤਾ, ਨੀਤੀਵਾਨ ਇਕ ਅਖਵਾਈਆ । ਸਾਚਾ ਮੰਤਰ ਢੋਲਾ ਦੱਸ ਕੇ ਗੀਤਾ, ਕਲਮਾ ਕਲਮਿਆਂ ਬਾਹਰ ਸੁਣਾਈਆ । ਭੇਵ ਚੁਕਾ ਕੇ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਦਿਆਂ ਸਮਝਾਈਆ । ਜੋਤੀ

੧੫੬੦
੨੩

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਧਰਮ ਪੁਰਖ ਅਕਾਲ ਦੇ ਅਗੇ ਕਰ ਬੇਨੰਤੀ, ਬਿਨੈ ਵਿਚ ਸੀਸ ਨਿਵਾਈਆ । ਜੋ ਆਦਿ ਜੁਗਾਦੀ ਪੰਡਤੀ, ਬ੍ਰਹਮ ਤੋਂ ਪਰੇ ਪੜ੍ਹਾਈਆ । ਉਹਦਾ ਖੇਲ ਸਦਾ ਸਚ ਸੰਗਤੀ, ਸਤਿ ਵਿਚ ਸਮਾਈਆ । ਜਿਸ ਦੀ ਲੱਖ ਚੁਰਾਸੀ ਮੰਗਤੀ, ਖ਼ਾਲੀ ਝੋਲੀਆਂ ਅਗੇ ਡਾਹੀਆ । ਉਹ ਕਲਜੁਗ ਹਉਮੈ ਗੜ੍ਹ ਤੋੜੇ ਹੰਗਤੀ, ਹੰ ਬ੍ਰਹਮ ਇਕ ਸਮਝਾਈਆ । ਉਹ ਆਸ਼ਾ ਜਾਣੇ ਸ਼ਬਦ ਪੰਜ ਦੀ, ਪੰਜ ਤਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਕਹੇ ਧਰਮ ਪ੍ਰਭੂ ਦੇ ਅਗੇ ਕਰ ਅਰਦਾਸ, ਬੇਨੰਤੀ ਅਰਜ਼ ਸੁਣਾਈਆ । ਤੂੰ ਵਸੇਂ ਉਪਰ ਆਕਾਸ਼, ਆਕਾਸ਼ ਆਕਾਸ਼ਾਂ ਵੇਖ ਵਖਾਈਆ । ਤੇਰੀ ਜੁਗ ਚੌਕੜੀ ਰਾਸ, ਗੋਪੀ ਕਾਹਨ ਨਾਚ ਨਚਾਈਆ । ਮੇਰੀ ਪੂਰੀ ਕਰ ਦੇ ਆਸ, ਇਹ ਤੇਰੀ ਬੇਪਰਵਾਹੀਆ । ਹੁਕਮ ਸੰਦੇਸ਼ਾ ਸ਼ੰਕਰ ਦੇ ਦੇ ਉਤੇ ਕੈਲਾਸ਼, ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਸਚ ਤੇਰੀ ਵਡਿਆਈਆ । ਧਰਮ ਕਹੇ ਸਤਿਜੁਗ ਦੋਵੇਂ ਕਰੀਏ ਇਕ ਸਲਾਹ, ਮਤਾ ਧਰਮ ਧਾਰ ਪਕਾਈਆ । ਸਾਡਾ ਹੋਵੇ ਨਾ ਕੋਇ ਗਵਾਹ, ਸ਼ਹਾਦਤ ਇਕੋ ਇਕ ਭੁਗਤਾਈਆ । ਪੁਰਖ ਅਕਾਲਾ ਦਇਆ ਦੇਵੇ ਕਮਾ, ਮਿਹਰ ਨਜ਼ਰ ਨਾਲ ਤਰਾਈਆ । ਮੇਰੀ ਕਬੂਲ ਹੋਵੇ ਦੁਆ, ਦੋਏ ਜੋੜ ਸੀਸ ਦੇਵਾਂ ਝੁਕਾਈਆ । ਮੇਰੇ ਨਬੀਆਂ ਦੇ ਖ਼ੁਦਾ, ਰਸੂਲਾਂ ਤੇਰੀ ਸ਼ਨਵਾਈਆ । ਭਗਤਾਂ ਮਿਲਣਾ ਤੇਰੀ ਅਦਾ, ਰੀਤੀ ਜੁਗ ਚੌਕੜੀ ਚਲੀ ਆਈਆ । ਮੇਰੇ ਹਕ ਮਹਿਬੂਬ ਖ਼ੁਦਾ, ਜਲਵਾਗਰ ਨੂਰ ਅਲਾਹੀਆ । ਮੇਰੀ ਕਬੂਲ ਕਰ ਦੁਆ, ਦੋਏ ਜੋੜ ਵਾਸਤਾ ਪਾਈਆ । ਤੂੰ ਨੂਰੇ ਨੂਰ ਰੁਸ਼ਨਾ, ਦੋ ਜਹਾਨਾਂ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਮ ਕਹੇ ਸਤਿਜੁਗ ਓਹ ਵੇਖ ਕਲਜੁਗ ਆਪਣੀਆਂ ਸਵਾਰੇ ਭੁਜਾ, ਬਾਹੂ ਬਲ ਵੇਖ ਵਖਾਈਆ । ਮੈਂ ਭੇਵ ਖੁਲਾਉਣਾ ਗੁਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਪ੍ਰਸਿੱਧ ਹੋਣਾ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਮੇਰਾ ਭੇਵ ਅਭੇਦਾ ਗੁਝਾ, ਬਿਨ ਸਤਿਗੁਰ ਗੁਰ ਨਾ ਕਦੇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੈਂ ਆਇਆ ਜੋਬਨ ਵਿਚ ਮਸਤੀ, ਮਸਤ ਦੀਵਾਨਾ ਰੂਪ ਵਟਾਈਆ । ਮੇਰੇ ਕੋਲ ਇਕੋ ਅਗੰਮੀ ਹਸਤੀ, ਜੋ ਹਸਤ ਕੀਟਾਂ ਹੋਏ ਸਹਾਈਆ । ਮੈਂ ਵਸਾਂ ਉਸ ਦੀ ਬਸਤੀ, ਗ੍ਰਿਹ ਉਸੇ ਡੇਰਾ ਲਾਈਆ । ਜਿਸ ਦੀ ਖੇਲ ਅਗੰਮੀ ਅੱਖ ਦੀ, ਆਖ਼ਰ ਮੇਲਾ ਲਏ ਮਿਲਾਈਆ । ਮੇਰੀ ਆਸ਼ਾ ਓਸੇ ਦਾ ਢੋਲਾ ਜਪਦੀ, ਸਿਫ਼ਤਾਂ ਵਿਚ ਸਲਾਹੀਆ । ਜਿਥੇ ਖੇਲ ਨਹੀਂ ਮਨ ਮਤ ਦੀ, ਬੁੱਧੀ ਤੋਂ ਬਾਹਰ ਪੜ੍ਹਾਈਆ । ਓਥੇ ਵਿਚਾਰ ਨਹੀਂ ਕੋਈ ਤਤ ਦੀ, ਤਤਵ ਤਤ ਨਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਈਆ । ਧਰਮ ਕਹੇ ਮੇਰੀ ਇਕੋ ਇਕ ਆਸ਼ਾ, ਆਸ਼ਾਵੰਦ ਹੋ ਕੇ ਦਿਆਂ ਜਣਾਈਆ । ਮੇਰਾ ਚਰਨ ਕਵਲ ਭਰਵਾਸਾ, ਭਾਂਡਾ ਭਰਮ ਭਓ ਭੰਨਾਈਆ । ਮੈਂ ਮੰਡਲ ਤੱਕਾਂ ਰਾਸਾ, ਬਿਨ ਗੋਪੀ ਕਾਹਨ ਖੋਜ ਖੁਜਾਈਆ । ਮੈਂ ਪ੍ਰਿਥਮੀ ਵੇਖਾਂ ਆਕਾਸ਼ਾ, ਗਗਨ ਗਗਨੰਤਰਾਂ ਨੈਣ ਉਠਾਈਆ । ਸਾਚੇ ਮੰਡਲ ਤੱਕਾਂ ਨੂਰ ਜੋਤ ਪ੍ਰਕਾਸ਼ਾ, ਨਵ

ਸੱਤ ਸਤਿ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਜੁਗ ਕਹੇ ਮੇਰੀ ਇਕੋ ਇਕ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਧਰਮ ਤੂੰ ਵੀ ਉਠ ਬਲ ਧਾਰ, ਆਪਣੀ ਲੈ ਅੰਗੜਾਈਆ । ਪ੍ਰਭੂ ਨੂੰ ਕਰੀਏ ਨਿਮਸਕਾਰ, ਡੰਡਾਵਤ ਵਿਚ ਸੀਸ ਨਿਵਾਈਆ । ਉਚੀ ਕੂਕ ਮਾਰੀਏ ਲਲਕਾਰ, ਜ਼ੋਰ ਜ਼ੋਰ ਜ਼ੋਰ ਸੁਣਾਈਆ । ਕਲਜੁਗਾ ਧਰਨੀ ਦੇ ਉਤੋਂ ਹੋ ਜਾ ਬਾਹਰ, ਲੋਕਮਾਤ ਰਹਿਣ ਨਾ ਪਾਈਆ । ਇਹ ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਸ਼ਬਦ ਹੋ ਕੇ ਖ਼ਬਰਦਾਰ, ਸੰਦੇਸ਼ੇ ਰਿਹਾ ਜਣਾਈਆ । ਲਹਿਣਾ ਦੇਣਾ ਤੱਕ ਲੈ ਏਕੰਕਾਰ, ਕੀ ਅਕਲ ਕਲਧਾਰੀ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਤਿਜੁਗ ਕਹੇ ਧਰਮ ਮੈਂ ਧਰਮ ਦੀ ਧਾਰ ਮਾਤ ਲੱਗਾ, ਲਗ ਮਾਤਰਾਂ ਡੇਰਾ ਢਾਹੀਆ । ਸਤਿ ਸਚ ਚਲਾਵਾਂ ਅਗਾ, ਕੂੜ ਕੁੜਿਆਰ ਰਹੇ ਨਾ ਰਾਈਆ । ਮੈਂ ਸੀਸ ਦਸਤਾਰ ਸਤਿ ਦੀ ਬੰਨ੍ਹਾਂ ਪੱਗਾ, ਪਗੜੀ ਅਗੰਮ ਅਥਾਹੀਆ । ਜਗਤ ਜਹਾਨ ਤੱਕਾਂ ਅੱਗਾ, ਅਗਨੀ ਤਤ ਖੋਜ ਖੁਜਾਈਆ । ਮੈਂ ਸੂਰਾ ਤੱਕਾਂ ਸ਼ਹਿਨਸ਼ਾਹ ਸਰਬਗਾ, ਮਾਲਕ ਇਕ ਅਖਵਾਈਆ । ਜਿਸ ਨੇ ਚਾਰ ਕੁੰਟ ਮਾਰ ਕੇ ਬੱਧੇ ਕੱਗਾ, ਕਾਗਾਂ ਵਾਲੀ ਰੁੱਤ ਗਵਾਈਆ । ਇਕੋ ਨਾਮ ਪਿਆਲਾ ਪਿਆ ਕੇ ਮਧਾ, ਮਧੁਰ ਧੁਨ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਮੈਂ ਰੱਖ ਕੇ ਬੈਠਾ ਓਟਾ, ਓੜਕ ਧਿਆਨ ਲਗਾਈਆ । ਪੁਛਿਆ ਅਗਿਣਤ (ਸਲੋਕਾ), ਸੋਹਲਿਆਂ ਵਿਚ ਸੁਣਾਈਆ । ਕਿਸ ਬਿਧ ਧਰਮ ਦੀ ਧਾਰ ਜਗਣੀਆਂ ਜੋਤਾ, ਜੋਤੀ ਜਾਤਾ ਡਗਮਗਾਈਆ । ਝਟ ਕਲਜੁਗ ਕਹੇ ਮੇਰਾ ਸਮਾਂ ਨਹੀਂ ਲੰਘਿਆ ਬਹੁਤਾ, ਬਹੁੜੀ ਬਹੁੜੀ ਕਰ ਦਿਆਂ ਜਣਾਈਆ । ਮੈਂ ਚਾਹੁੰਦਾ ਮੇਰੇ ਵਿਚ ਸਭ ਦੀਆਂ ਹੋਵਣ ਮੌਤਾਂ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਮ ਐਵੇਂ ਨਾ ਲੈ ਅੰਗੜਾਈ, ਮਤਾ ਸਤਿਜੁਗ ਨਾਲ ਪਕਾਈਆ । ਮੈਂ ਕੋਈ ਹੋ ਨਹੀਂ ਗਿਆ ਸ਼ੁਦਾਈ, ਆਪ ਆਪਣੀ ਮਤ ਗਵਾਈਆ । ਮੈਂ ਵੀ ਜਗਤ ਜਹਾਨ ਦਾ ਰਾਹੀ, ਰਹਿਬਰ ਦਿਤੀ ਮਾਣ ਵਡਿਆਈਆ । ਮੈਂ ਉਸੇ ਦਾ ਨੂਰ ਨੁਰਾਨਾ ਜੋ ਮਾਲਕ ਖ਼ਲਕ ਖ਼ੁਦਾਈ, ਅਗੰਮ ਅਗੰਮੜਾ ਵਡ ਵਡਿਆਈਆ । ਮੈਨੂੰ ਯਾਦ ਗੋਬਿੰਦ ਦਾ ਢਈਆ ਢਾਈ, ਅੱਖਰਾਂ ਸਿਫ਼ਤ ਸਲਾਹੀਆ । ਜਿਸ ਆਉਣਾ ਚਾਈਂ ਚਾਈਂ, ਆਪਣਾ ਫੇਰਾ ਪਾਈਆ । ਸੰਬਲ ਖੇੜਾ ਦੇਣਾ ਵਸਾਈ, ਸੋਹਣਾ ਰੰਗ ਰੰਗਾਈਆ । ਨਿਰਗੁਣ ਨੂਰ ਕਰੇ ਰੁਸ਼ਨਾਈ, ਜੋਤੀ ਜਾਤਾ ਹੋ ਕੇ ਡਗਮਗਾਈਆ । ਕਲਜੁਗ ਕਹੇ ਪਰ ਮੈਂ ਵੀ ਬੜਾ ਕਸਾਈ, ਕਸਮ ਨਾਲ ਸੁਣਾਈਆ । ਮੈਂ ਰਾਹ ਜਾਂਦੇ ਭੁਲਾ ਦੇਣੇ ਰਾਹੀ, ਰਹਿਬਰ ਮਿਲਣ ਕੋਇ ਨਾ ਪਾਈਆ । ਹੱਥਾਂ ਨਾਲ ਉਠਾ ਕੇ ਦੋਵੇਂ ਬਾਹੀਂ, ਬਾਹੂ ਬਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਮ ਕੀ ਸਤਿਜੁਗ ਦਏ ਦਲੀਲਾ, ਆਪਣੀ ਖ਼ੁਸ਼ੀ ਬਣਾਈਆ । ਮੇਰੇ ਬਦਲਣ ਦਾ ਤੇਰੇ ਕੋਲ ਕੀ ਵਸੀਲਾ, ਮੈਨੂੰ ਦੇ ਦ੍ਰਿੜਾਈਆ । ਤੂੰ ਵਸੇਂ ਥੱਲੇ ਅੰਬਰ ਨੀਲਾ, ਧਰਨੀ ਉਤੇ ਡੇਰਾ ਲਾਈਆ । ਉਹ ਮਾਲਕ ਛੈਲ ਛਬੀਲਾ, ਅਗੰਮ ਅਥਾਹ ਅਖਵਾਈਆ । ਜਿਸ ਦੇ ਹੁਕਮ ਦਾ


੧੫੬੧
੨੩

ਹੋਣਾ ਹੀਲਾ, ਹਿੰਮਤ ਹਿੰਮਤ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੀ ਸਾਚੀ ਖੇਲ ਖਿਲਾਈਆ । ਕਲਜੁਗ ਕਹੇ ਧਰਮ ਮੈਂ ਕਦੀ ਨਹੀਂ ਜਾਵਾਂਗਾ, ਸਚ ਸਚ ਦ੍ਰਿੜਾਈਆ । ਪ੍ਰਭ ਅਗੇ ਵਾਸਤਾ ਪਾਵਾਂਗਾ, ਨਿਵ ਨਿਵ ਸੀਸ ਨਿਵਾਈਆ । ਆਪਣੇ ਜਗਤ ਦੀ ਖਾਵਾਂ ਕਸਮ, ਸੁਗੰਦਾਂ ਵਿਚ ਜਣਾਈਆ । ਆਪਣੀ ਰਸਮ ਦ੍ਰਿੜਾਵਾਂਗਾ, ਭੇਵ ਅਭੇਦ ਖੁਲਾਈਆ । ਮੈਂ ਸਚ ਦੱਸਾਂ ਮਿਤ੍ਰਾ ਇਕ ਵੇਰਾਂ ਦੀਨ ਦੁਨੀ ਸਰਬ ਲੜਾਵਾਂਗਾ, ਇਹ ਮੇਰੀ ਬੇਪਰਵਾਹੀਆ । ਖੰਡੇ ਖੜਗਾਂ ਨਾਲ ਖੜਕਾਵਾਂਗਾ, ਖੰਡਰ ਵੇਖਾਂ ਲੋਕਾਈਆ । ਜਗਤ ਜਗਿਆਸੂਆਂ ਲੋਕਮਾਤ ਤੜਫਾਵਾਂਗਾ, ਇਹ ਮੇਰੇ ਹੱਥ ਵਡਿਆਈਆ । ਚਾਰੋਂ ਕੁੰਟ ਕੂੜੇ ਕਾਗ ਉਡਾਵਾਂਗਾ, ਨੌਵਾਂ ਖੰਡਾਂ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਹਿਲਾਵਾਂਗਾ, ਸੋਇਆ ਰਹਿਣ ਕੋਇ ਨਾ ਪਾਈਆ । ਆਪਣੀ ਖੇਲ ਸੱਜਣਾ ਏਸੇ ਸਾਲ ਸ਼ੁਰੂ ਕਰਾਵਾਂਗਾ, ਸੋਹਣਾ ਰੰਗ ਰੰਗਾਈਆ । ਅਗਲੇ ਸਾਲ ਬਲ ਵਧਾਵਾਂਗਾ, ਰਾਜਾ ਬਲ ਦਏ ਗਵਾਹੀਆ । ਤੀਜੇ ਸਾਲ ਅਟਲ ਹੁਕਮ ਸੁਣਾਵਾਂਗਾ, ਜੋ ਦੱਸੇ ਮੇਰਾ ਮਾਹੀਆ । ਚੌਥੇ ਸਾਲ ਤਰਥਲ ਮਚਾਵਾਂਗਾ, ਥਲ ਅਸਗਾਹ ਹੋਣ ਸ਼ੁਦਾਈਆ । ਪੰਜਵੇਂ ਸਾਲ ਟਲ ਵਜਾਵਾਂਗਾ, ਮੰਦਰਾਂ ਬਾਹਰ ਕਰਾਂ ਸ਼ਨਵਾਈਆ । ਛੇਵੇਂ ਸਾਲ ਕੂੜ ਦਾ ਹੱਲ ਚਲਾਵਾਂਗਾ, ਜੜ ਧਰਮ ਵਾਲੀ ਉਖੜਾਈਆ । ਸਤਵੇਂ ਸਾਲ ਦੀਨ ਦੁਨੀ ਡਲ ਵਿਚ ਸੁਟਾਵਾਂਗਾ, ਬਾਹਰ ਸਕੇ ਨਾ ਕੋਇ ਕਢਾਈਆ । ਅਠਵੇਂ ਸਾਲ ਚੌਧਵੀਂ ਸਦੀ ਮੁਕਾਵਾਂਗਾ, ਮੁਹੰਮਦ ਲੇਖਾ ਝੋਲੀ ਪਾਈਆ । ਈਸਾ ਮੂਸਾ ਨਾਲ ਰਲਾਵਾਂਗਾ, ਇਹ ਮੇਰੇ ਹੱਥ ਵਡਿਆਈਆ । ਧਰਨੀ ਧਰਤ ਧਵਲ ਧੌਲ ਖ਼ਾਕ ਉਡਾਵਾਂਗਾ, ਧੂੜ ਅਸਮਾਨਾਂ ਛਾਈਆ । ਆਪਣਾ ਸੋਹਣਾ ਰੂਪ ਦਰਸਾਵਾਂਗਾ, ਬਣ ਕੇ ਜਗਤ ਕਸਾਈਆ । ਕਾਲ ਰੂਪ ਹੋ ਕੇ ਸਭ ਨੂੰ ਖਾਵਾਂਗਾ, ਤ੍ਰਿਸ਼ਨਾ ਭੁੱਖ ਮਿਟਾਈਆ । ਫੇਰ ਪ੍ਰਭ ਨੂੰ ਸੀਸ ਨਿਵਾਵਾਂਗਾ, ਸਚ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਮ ਕਹੇ ਕਲਜੁਗ ਵੇਖ ਲੈ ਆਪਣੀਆਂ ਕਰਨੀਆਂ, ਕਰਤਾ ਪੁਰਖ ਤੇਰੇ ਨਾਲ ਧਿਆਨ ਰਖਾਈਆ । ਅੰਤਮ ਤੈਨੂੰ ਪੈਣੀਆਂ ਭਰਨੀਆਂ, ਭਰਮ ਗੜ੍ਹ ਨਾ ਕੋਇ ਮਿਟਾਈਆ । ਸ਼ਰਅ ਦੀਆਂ ਲੜਾਈਆਂ ਤੈਨੂੰ ਪੈਣੀਆਂ ਲੜਨੀਆਂ, ਅਗੇ ਹੋ ਨਾ ਕੋਇ ਅਟਕਾਈਆ । ਭੈ ਵਿਚ ਚਾਰੇ ਕੂਟਾਂ ਡਰਨੀਆਂ, ਸਿਰ ਸਕੇ ਨਾ ਕੋਇ ਉਠਾਈਆ । ਜਿਧਰ ਵੇਖਾਂ ਸ਼ਰੀਅਤਾਂ ਅਗਨੀ ਵਿਚ ਸੜਨੀਆਂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਸਤਿਜੁਗ ਕਹੇ ਕਲਜੁਗ ਤਕ ਲੈ ਆਪਣਾ ਨਜ਼ਾਰਾ, ਨਜ਼ਰੀਆ ਲੈ ਬਦਲਾਈਆ । ਤੇਰਾ ਦਿਸਦਾ ਅੰਤ ਕਿਨਾਰਾ, ਨਈਆ ਨੌਕਾ ਡੋਲੇ ਥਾਉਂ ਥਾਈਆ । ਓਹ ਸੁਣ ਸੰਦੇਸ਼ਾ ਏਕੰਕਾਰਾ, ਅਕਲ ਕਲਧਾਰੀ ਕੀ ਜਣਾਈਆ । ਜੋ ਜੋਤ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਓਹ ਸ਼ਬਦੀ ਧਾਰ ਦਏ ਇਸ਼ਾਰਾ, ਸੈਨਤ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਕਲਜੁਗ ਸੁਣ ਲੈ ਹੁਕਮ ਅਗੰਮਾ, ਅਗੰਮੜਾ ਕੀ ਜਣਾਈਆ । ਤੇਰਾ ਮੁਕਣ ਵਾਲਾ ਸਮਾਂ, ਅਗੇ ਅਵਰ ਨਾ ਕੋਇ ਵਧਾਈਆ । ਕਿਉਂ ਕਰਨੀ ਨਾਲ ਹੋਵੇਂ ਨਿਕੰਮਾ, ਸਚ ਵਿਚ ਨਾ ਕਦੇ ਸਮਾਈਆ । ਝਗੜਾ ਪਾ ਕੇ ਮਿੱਟੀ ਚੰਮਾ, ਦ੍ਰਿਸ਼ਟੀ ਸਭ ਦੀ ਦਿਤੀ ਬਦਲਾਈਆ । ਕੁਛ ਹੁਕਮ ਸੁਣ ਲੈ ਨਵਾਂ, ਨੌਵਾਂ ਖੰਡਾਂ ਦੇਣਾ ਦ੍ਰਿੜਾਈਆ । ਦੀਨ ਮਜ਼੍ਹਬ ਦੀ

੧੫੬੩
੨੩

ਕਰੀਓ ਕੋਈ ਨਾ ਤਮਅ, ਲਾਲਚ ਅੰਦਰ ਨਾ ਕੋਇ ਟਿਕਾਈਆ । ਸਤਿ ਧਰਮ ਦੀ ਜਗਣ ਵਾਲੀ ਸ਼ਮਅ, ਕਲਜੁਗ ਅੰਧੇਰਾ ਤਾਰੀਕ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪ ਭੇਵ ਖੁਲਾਈਆ । ਧਰਮ ਕਹੇ ਓਹ ਤੱਕ ਲੈ ਕਲਜੁਗ ਆਪਣਾ ਵਕਤ ਦੁਹੇਲਾ, ਦੋਹਰੀ ਧਾਰ ਜਣਾਈਆ । ਸਤਿ ਦਾ ਰਿਹਾ ਕੋਈ ਨਾ ਮੇਲਾ, ਸਚ ਨਾ ਕੋਇ ਵਡਿਆਈਆ । ਪ੍ਰਭ ਆਪਣਾ ਖੇਲ ਰਿਹਾ ਖੇਲਾ, ਖ਼ਾਲਕ ਖ਼ਲਕ ਵੇਖ ਵਖਾਈਆ । ਜਨ ਭਗਤਾਂ ਬਣ ਕੇ ਸੱਜਣ ਸੁਹੇਲਾ, ਦੇਵੇ ਮਾਣ ਵਡਿਆਈਆ । ਦੀਨ ਦੁਨੀ ਨਾਲੋਂ ਹੋ ਕੇ ਵਿਹਲਾ, ਗੁਰਮੁਖ ਸਾਚੇ ਗੋਦ ਟਿਕਾਈਆ । ਧਾਮ ਸੁਹਾ ਕੇ ਇਕ ਨਵੇਲਾ, ਸਚਖੰਡ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਛੱਬੀ ਪੋਹ ਕਹੇ ਮੈਂ ਭਗਤਾਂ ਬਣਿਆ ਮੀਤਾ, ਸਤਿਜੁਗ ਕਲਜੁਗ ਦੋਵਾਂ ਦਿਆਂ ਸੁਣਾਈਆ । ਜਿਨ੍ਹਾਂ ਦੀ ਸਭ ਤੋਂ ਬਾਹਰ ਰੀਤਾ, ਰੀਤੀਵਾਨ ਦਿਤੀ ਵਡਿਆਈਆ । ਇਕੋ ਮੰਦਰ ਵਖਾ ਕੇ ਧਰਮ ਧਾਰ ਮਸੀਤਾ, ਮਸਲੇ ਸਭ ਦੇ ਹੱਲ ਕਰਾਈਆ । ਘਟ ਘਟ ਅੰਦਰ ਤੱਕਾਂ ਨੀਤਾ, ਖੋਜਾਂ ਚਾਈਂ ਚਾਈਂਆ । ਨਿਗਾਹ ਮਾਰਾਂ ਹਸਤ ਕੀਟਾ, ਸ਼ਾਹ ਸੁਲਤਾਨਾਂ ਵੇਖ ਵਖਾਈਆ । ਬਿਨਾ ਸਤਿ ਤੋਂ ਦਿਸੇ ਕੋਈ ਨਾ ਮੀਤਾ, ਮਿਤ੍ਰ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਛੱਬੀ ਪੋਹ ਕਹੇ ਮੈਂ ਸਭ ਨੂੰ ਦੱਸਾਂ ਪੁਕਾਰ, ਕੂਕ ਕੂਕ ਸੁਣਾਈਆ । ਸੁਣੋ ਵਿਸ਼ਨ ਬ੍ਰਹਮਾ ਸ਼ਿਵ ਦੀ ਧਾਰ, ਤ੍ਰੈਗੁਣ ਤੋਂ ਬਾਹਰ ਦਿਆਂ ਦ੍ਰਿੜਾਈਆ । ਨੇਤਰ ਤੱਕੋ ਤੇਈ ਅਵਤਾਰ, ਬਿਨ ਅੱਖੀਆਂ ਅੱਖ ਮਿਲਾਈਆ । ਪੈਗ਼ੰਬਰ ਹੋਵੇ ਖ਼ਬਰਦਾਰ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਗੁਰੂ ਗੁਰਦੇਵ ਪਾਵੇ ਸਾਰ, ਭੱਜੋ ਵਾਹੋ ਦਾਹੀਆ । ਨੌਂ ਖੰਡ ਹੋਇਆ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਜੋ ਸੰਦੇਸ਼ਾ ਦੇ ਕੇ ਗਿਆ ਰਵਿਦਾਸ ਚਮਿਆਰ, ਬਿਨ ਅੱਖਰਾਂ ਅੱਖਰ ਸੁਣਾਈਆ । ਜੋ ਗੋਬਿੰਦ ਗਿਆ ਲਲਕਾਰ, ਹੁਕਮ ਧੁਰ ਦਾ ਇਕ ਵਡਿਆਈਆ । ਕਲ ਕਲਕੀ ਆਵੇ ਅਵਤਾਰ, ਨਿਹਕਲੰਕਾ ਨਾਉਂ ਪ੍ਰਗਟਾਈਆ । ਅਮਾਮ ਅਮਾਮਾ ਹੋ ਸਿਕਦਾਰ, ਇਕੋ ਹੁਕਮ ਦਏ ਸੁਣਾਈਆ । ਸੰਬਲ ਵਸੇ ਧਾਮ ਨਿਆਰ, ਮਹੱਲ ਅਟੱਲ ਇਕ ਜਣਾਈਆ । ਜਨ ਭਗਤਾਂ ਪਾਏ ਸਾਰ, ਮਹਾਸਾਰਥੀ ਇਕ ਅਖਵਾਈਆ । ਜੋ ਧਰਮ ਦੀ ਧਾਰ ਬਣੇ ਦੀਵਾਰ, ਚਾਰੋਂ ਕੁੰਟ ਰੰਗ ਰੰਗਾਈਆ । ਹਰਿਜਨ ਖ਼ਾਦਮ ਵੇਖੇ ਖ਼ਿਦਮਤਗਾਰ, ਸੇਵਕ ਸੇਵਾ ਵਿਚੋਂ ਮੇਲ ਮਿਲਾਈਆ । ਇਕੋ ਜਿਹਾ ਲਹਿਣਾ ਰੱਖੇ ਪੁਰਖ ਨਾਰ, ਦੂਜੀ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਭਰ ਭੰਡਾਰ, ਖ਼ਾਲੀ ਖ਼ਾਲੀ ਦਏ ਭਰਾਈਆ । ਅਗੇ ਸਤਿ ਧਰਮ ਦਾ ਬੋਲ ਜੈਕਾਰ, ਸਤਿ ਸਚ ਨਾਲ ਮਿਲਾਈਆ । ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਜਨ ਭਗਤਾਂ ਹੋ ਕੇ ਪਹਿਰੇਦਾਰ, ਚਾਕਰ ਹੋ ਕੇ ਸੇਵ ਕਮਾਈਆ । ਹੱਥ ਫੜ ਕੇ ਖੰਡਾ ਖੜਗ ਕਟਾਰ, ਤਿੱਖੀ ਧਾਰ ਪ੍ਰਗਟਾਈਆ । ਜਿਸ ਦਾ ਬਦਲ ਜਾਣਾ ਵਿਵਹਾਰ, ਵਿਵਹਾਰੀ ਆਪਣੀ ਕਾਰ ਕਮਾਈਆ । ਜੋ ਲਹਿਣਾ ਦੇਣਾ ਮੇਟੇ ਮੁਹੰਮਦ ਚਾਰ ਯਾਰ, ਚਾਰ ਯਾਰੀ ਨਾਲ ਮਿਲਾਈਆ । ਖੇਲੇ ਖੇਲ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਜੋ ਜੁਗ ਜੁਗ ਲਏ ਅਵਤਾਰ, ਅਵਤਰੀ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਛੱਬੀ ਪੋਹ ਕਹੇ ਜਨ ਭਗਤੋ ਤੁਹਾਨੂੰ

ਚੜ੍ਹੀਆਂ ਰਹਿਣ ਲਾਲੀਆਂ, ਲਾਲਨ ਨਾਲ ਮਿਲੇ ਵਡਿਆਈਆ । ਤੁਹਾਡੀਆਂ ਮਨਸਾ ਪੂਰੀਆਂ ਹੋਣ ਬਾਹਲੀਆਂ, ਬਹੁ ਬਿਧ ਆਪਣਾ ਖੇਲ ਖਿਲਾਈਆ । ਕਲਜੁਗ ਕੂੜੀਆਂ ਘਟਾਂ ਮਿਟਣ ਕਾਲੀਆਂ, ਸਤਿਜੁਗ ਸਚ ਚੰਦ ਚਮਕਾਈਆ । ਤੁਸਾਂ ਜੁਗ ਜਨਮ ਵਿਚ ਘਾਲਾਂ ਘਾਲੀਆਂ, ਨਵ ਨਵ ਚਾਰ ਦਾ ਪੰਧ ਮੁਕਾਈਆ । ਤੁਹਾਡਾ ਲਹਿਣਾ ਦੇਣਾ ਵੇਖੇ ਹਾਲੀਆ, ਪੂਰਬ ਲੇਖਾ ਨਾਲ ਰਲਾਈਆ । ਤੁਸੀਂ ਆਤਮ ਧਾਰ ਮਾਰੋ ਛਾਲੀਆਂ, ਟੱਪੋ ਕੁੱਦੋ ਚਾਈਂ ਚਾਈਂਆ । ਤੁਹਾਡੀਆਂ ਜਗਤ ਵਾਲੀਆਂ ਮੁਕੀਆਂ ਦਲਾਲੀਆਂ, ਦਿਲਬਰ ਮੇਲਾ ਸਹਿਜ ਸੁਭਾਈਆ । ਓਹ ਝੋਲੀ ਭਰੇ ਖ਼ਾਲੀਆ, ਖ਼ਾਲਕ ਖ਼ਲਕ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵੇਖਣਹਾਰਾ ਸ਼ਾਹ ਕੰਗਾਲੀਆਂ । ਛੱਬੀ ਪੋਹ ਕਹੇ ਜਨ ਭਗਤੋ ਮੇਰੀਆਂ ਧਰਮ ਧਾਰ ਅਸੀਸਾਂ, ਅਸਲ ਨਾਲ ਜਣਾਈਆ । ਤੁਹਾਡਾ ਮਾਲਕ ਇਕ ਜਗਦੀਸ਼ਾ, ਜਗਦੀਸ਼ਰ ਨੂਰ ਅਲਾਹੀਆ । ਖ਼ਾਲੀ ਹੋਵਣ ਨਾ ਦੇਵੇ ਖ਼ੀਸਾ, ਖ਼ਲਕ ਵਿਚ ਦੇਵੇ ਵਡਿਆਈਆ । ਜਿਸ ਦਾ ਇਕੋ ਹੁਕਮ ਇਕ ਹਦੀਸਾ, ਇਕੋ ਕਰੇ ਪੜ੍ਹਾਈਆ । ਜਿਸ ਨੂੰ ਗਾਉਂਦੇ ਜੁਗ ਚੌਕੜੀ ਰਾਗ ਛਤੀਸਾ, ਬੱਤੀਆਂ ਦੰਦਾਂ ਸਿਫ਼ਤ ਸਾਲਾਹੀਆ । ਉਹ ਧਰਮ ਧਾਰ ਚਲਾਏ ਰੀਤਾ, ਰੀਤੀਵਾਨ ਅਖਵਾਈਆ । ਜਿਸ ਖੇਲ ਅਗੰਮਾ ਕੀਤਾ, ਅਗੰਮੜੀ ਕਾਰ ਭੁਗਤਾਈਆ । ਸਭ ਦੀਆਂ ਪਰਖੇ ਨੀਤਾ, ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਛੱਬੀ ਪੋਹ ਕਹੇ ਜਨ ਭਗਤੋ ਤੁਸੀਂ ਗਏ ਚਾਰ ਦੀਵਾਰੀ ਅੰਦਰ, ਆਪਣੀ ਖ਼ੁਸ਼ੀ ਬਣਾਈਆ । ਤੁਹਾਡਾ ਪ੍ਰੇਮ ਸੁਹਾਵਾ ਮੰਦਰ, ਵਜਦੀ ਰਹੇ ਵਧਾਈਆ । ਲੇਖਾ ਮੁਕਿਆ ਅੰਧੇਰੀ ਕੰਦਰ, ਸੁਖਮਨ ਟੇਢੀ ਬੰਕ ਨਾ ਕੋਇ ਭਵਾਈਆ । ਮਨੂਆ ਨੌ ਦਵਾਰ ਨਾ ਨੱਚੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਚਰਨ ਧੂੜੀ ਮਸਤਕ ਲੱਗਾ ਚੰਦਨ, ਟਿੱਕੇ ਖ਼ਾਕ ਰਮਾਈਆ । ਸ਼ਰਅ ਦੇ ਟੁੱਟੇ ਬੰਧਨ, ਜ਼ੰਜੀਰ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਲਗਾਵੇ ਅੰਗਣ, ਅੰਗੀਕਾਰ ਇਕ ਅਖਵਾਈਆ । ਤੁਹਾਡਾ ਕਬੂਲ ਹੋਇਆ ਧੂੜੀ ਮੰਜਨ, ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਛੱਬੀ ਪੋਹ ਕਹੇ ਜਨ ਭਗਤੋ ਤੁਹਾਡਾ ਜਗਤ ਜਹਾਨ ਨਹੀਂ ਕੋਈ ਲੇਖਾ, ਲਿਖਤੀ ਦਿਆਂ ਜਣਾਈਆ । ਤੁਸੀਂ ਸੁਣੋ ਅਗੰਮ ਸੰਦੇਸਾ, ਜੋ ਸੁੱਤਿਆਂ ਦਏ ਉਠਾਈਆ । ਖੇਲ ਖੇਲੇ ਨਰ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਜੋ ਸੰਬਲ ਵਸੇ ਦੇਸਾ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਸੋ ਸਵਾਮੀ ਕਰੇ ਹੇਤਾ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਜੁਗ ਜਨਮ ਕਦੇ ਨਾ ਭੁੱਲੇ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਜਨ ਭਗਤੋ ਸਭ ਦੀਆਂ ਪੂਰੀਆਂ ਹੋਵਣ ਮਨਸਾ, ਖ਼ਾਹਿਸ਼ਾਂ ਪ੍ਰਭ ਚਰਨਾਂ ਆਪਣੇ ਰੰਗ ਰੰਗਾਈਆ । ਸਭ ਦਾ ਰੂਪ ਹੋਵੇ ਹੰਸਾ, ਕਾਗ ਬੁੱਧੀ ਨਾ ਕੋਇ ਜਣਾਈਆ । ਤੁਸੀਂ ਇਕ ਸਾਹਿਬ ਦੀ ਬੰਸਾ, ਚਾਰੋਂ ਕੁੰਟ ਵੱਜੇ ਵਧਾਈਆ । ਤੁਹਾਡਾ ਸੁਹਾਏ ਦਵਾਰ ਬੰਕਾ, ਰਾਓ ਰੰਕਾਂ ਮਿਲ ਕੇ ਵਜਦੀ ਰਹੇ ਵਧਾਈਆ । ਤੁਹਾਡਾ ਲਹਿਣਾ ਦੇਣਾ ਅਨੇਕ ਅਨਕਾ, ਅਨਕ ਕਲਧਾਰੀ ਵੇਖ ਵਖਾਈਆ । ਤੁਹਾਡਾ ਝਗੜਾ ਨਹੀਂ ਮਨ ਕਾ, ਬੁੱਧੀ ਨਾ ਕੋਇ ਚਤੁਰਾਈਆ । ਤੁਹਾਡਾ ਹਿੱਸਾ ਨਹੀਂ ਤਨ ਕਾ, ਤਨ ਵਜੂਦਾਂ ਖੋਜ ਖੁਜਾਈਆ । ਤੁਹਾਡਾ ਵਿਹਾਰ ਤੁਹਾਡਾ ਪਿਆਰ ਆਤਮ ਧਾਰ ਬ੍ਰਹਮ

੧੫੬੪
੨੩

ਕਾ, ਪਾਰਬ੍ਰਹਮ ਜਣਾਈਆ । ਅੱਜ ਦਾ ਵਕਤ ਸੁਹੰਜਣਾ ਸਾਚੇ ਧਰਮ ਕਾ, ਧਰਮ ਇਕੋ ਨਜ਼ਰੀ ਆਈਆ । ਲੇਖਾ ਰਿਹਾ ਨਾ ਜਨਮ ਮਰਨ ਦਾ, ਕਰਮ ਕਾਂਡ ਦਾ ਡੇਰਾ ਢਾਹੀਆ । ਲਹਿਣਾ ਮਿਲੇ ਸਾਚੀ ਸਰਨ ਕਾ, ਸਰਨਗਤ ਇਕ ਰਖਾਈਆ । ਅੱਜ ਵਕਤ ਸੁਹੰਜਣਾ ਸਭ ਦੇ ਤਰਨ ਦਾ, ਫੜ ਬਾਹੋਂ ਪਾਰ ਕਰਾਈਆ । ਜਗਤ ਵਕਤ ਦੁਹੇਲਾ ਹੋਣਾ ਮਰਨ ਕਾ, ਕਲਜੁਗ ਕੂੜਾ ਡੌਰੂ ਡੰਕਾ ਵਾਹੀਆ । ਜਨ ਭਗਤੋ ਤੁਹਾਡਾ ਸਮਾਂ ਹੋਣਾ ਢੋਲਾ ਪੜ੍ਹਨ ਦਾ, ਤੂੰ ਮੇਰਾ ਮੈਂ ਤੇਰਾ ਲੈਣਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਜਨ ਭਗਤੋ ਮੈਂ ਵੇਖਾਂ ਤੁਹਾਡੀਆਂ ਹਸਤੀਆਂ, ਅੰਦਰੇ ਅੰਦਰ ਧਿਆਨ ਲਗਾਈਆ । ਤੁਹਾਨੂੰ ਚੜ੍ਹੀਆਂ ਰਹਿਣ ਮਸਤੀਆਂ, ਮਸਤ ਮਸਤਾਨੇ ਰੂਪ ਬਣਾਈਆ । ਤੁਹਾਡੀਆਂ ਵਸਦੀਆਂ ਰਹਿਣ ਬਸਤੀਆਂ, ਘਰ ਘਰ ਸੋਭਾ ਪਾਈਆ । ਤੁਹਾਨੂੰ ਪ੍ਰਭੂ ਦੀਆਂ ਖ਼ੁਸ਼ੀਆਂ ਮਿਲ ਗਈਆਂ ਸਸਤੀਆਂ, ਬਹੁਤਾ ਸਮਾਂ ਨਾ ਸੇਵ ਕਮਾਈਆ । ਮਨ ਦੀਆਂ ਆਸ਼ਾ ਰਹਿਣ ਨਾ ਨੱਸਦੀਆਂ, ਚਾਰ ਕੁੰਟ ਭੱਜਣ ਨਾ ਵਾਹੋ ਦਾਹੀਆ । ਤੁਹਾਡੀਆਂ ਰਸਨਾ ਭਰੀਆਂ ਰਹਿਣ ਜਸ ਦੀਆਂ, ਸਿਫ਼ਤਾਂ ਵਿਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਅਖਵਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੇ ਨਾਲ ਮਿਲਾ ਲਓ ਅੱਖਾਂ, ਅੱਖੀਆਂ ਵਾਲਿਓ ਅੱਖਾਂ ਲਓ ਉਠਾਈਆ । ਮੇਰਾ ਇਕੋ ਸਵਾਮੀ ਸਖਾ, ਤੁਸੀਂ ਵੀ ਮੇਰੇ ਨਾਲ ਲਓ ਮਨਾਈਆ । ਜੋ ਸਦਾ ਕਰੇ ਭਗਤਾਂ ਦਾ ਪੱਖਾ, ਪੰਖੇਰੂਆਂ ਖੱਲ ਨਾ ਕਦੇ ਲੁਹਾਈਆ । ਦੋ ਜਹਾਨ ਫਿਰੇ ਨੱਸਾ, ਭੱਜੇ ਵਾਹੋ ਦਾਹੀਆ । ਜਿਸ ਦਾ ਇਕੋ ਅੱਖਰ ਸੱਸਾ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜਿਸ ਕਲਜੁਗ ਰੈਣ ਅੰਧੇਰੀ ਮੇਟਣੀ ਮੱਸਾ, ਮੱਸਿਆ ਧਾਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਵਰਤਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੇ ਵੱਲ ਲਓ ਤੱਕ, ਤਕਵਾ ਇਕੋ ਇਕ ਰਖਾਈਆ । ਸਭ ਦਾ ਨਾਤਾ ਰਿਸ਼ਤਾ ਹੋਵੇ ਪੱਕ, ਪੱਕੀ ਗੰਢ ਲੈਣੀ ਪਾਈਆ । ਅਗੇ ਰਹੇ ਕੋਈ ਨਾ ਸ਼ਕ, ਸ਼ਿਕਵਾ ਅੰਦਰੋਂ ਦੇਣਾ ਕਢਾਈਆ । ਸਭ ਦਾ ਸਾਂਝਾ ਹੋਇਆ ਹਕ, ਹਕੂਮਤ ਹੁਕਮ ਵਾਲੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੇ ਨਾਲ ਮਿਲਾਓ ਆਪਣਾ ਹਿਰਦਾ, ਮੈਂ ਹਾਰਦਿਕ ਦਿਆਂ ਵਧਾਈਆ । ਸੱਜਣੋ ਮੈਨੂੰ ਵਿਛੋੜਾ ਚਿਰ ਦਾ, ਚਿਰੀਂ ਵਿਛੁੰਨਿਉਂ ਦਿਆਂ ਸਮਝਾਈਆ । ਪਿਆਰ ਮਿਲਦਾ ਨਹੀਂ ਕਦੇ ਅਗੰਮੀ ਪਿਰ ਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਮੇਰਾ ਖ਼ੁਸ਼ੀਆਂ ਵਿਚ ਹੰਝੂ ਮੋਤੀਆਂ ਧਾਰ ਗਿਰਦਾ, ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਛੱਬੀ ਪੋਹ ਕਹੇ ਮੇਰੀ ਰੈਣ ਭਿੰਨੀ, ਭਿੰਨੜਾ ਰੰਗ ਰੰਗਾਈਆ । ਮੈਨੂੰ ਖ਼ੁਸ਼ੀ ਮਿਲੀ ਕਿੰਨੀ, ਕੀ ਦਿਆਂ ਸਮਝਾਈਆ । ਅੰਤ ਸ੍ਰਿਸ਼ਟੀ ਮਿਟਣੀ ਦਿਨ ਤਿੰਨੀਂ, ਤਿੰਨੇ ਲੋਕ ਸਫ਼ਾਈਆ । ਪ੍ਰਭੂ ਨੂੰ ਲੱਭਣਾ ਸਭ ਨੇ ਜਗਤ ਵਾਲੇ ਚਿੰਨ੍ਹੀਂ, ਖੋਜਿਆਂ ਹੱਥ ਕਿਸੇ ਨਾ ਆਈਆ । ਸਭ ਨੇ ਕਹਿਣਾ ਮਿੰਨੀ ਮਿੰਨੀ, ਰਸਨਾ ਜਿਹਵਾ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਛੱਬੀ ਪੋਹ ਕਹੇ ਮੈਂ ਦੱਸਾਂ ਇਕ ਨਜ਼ਾਰਾ, ਨਜ਼ਰੀਆ ਨਾਮ ਬਦਲਾਈਆ । ਉਠੋ ਵੇਖੋ ਖੇਲ ਨਰ ਨਿਰੰਕਾਰਾ,

ਕੀ ਪਰਵਰਦਿਗਾਰ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਵੇ ਸਾਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਲੇਖਾ ਤੱਕੋ ਤੇਈ ਅਵਤਾਰਾ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਪੈਗ਼ੰਬਰ ਹੋਵੇ ਹੁਸ਼ਿਆਰਾ, ਈਸਾ ਮੂਸਾ ਮੁਹੰਮਦ ਲਓ ਅੰਗੜਾਈਆ । ਨਾਨਕ ਗੋਬਿੰਦ ਧਾਰ ਤੱਕੋ ਰੂਪ ਨਿਆਰਾ, ਏਕੰਕਾਰਾ ਕੀ ਸਮਝਾਈਆ । ਅੰਤਮ ਲਹਿਣਾ ਦੇਣਾ ਸਭ ਦਾ ਪੂਰਾ ਹੋਇਆ ਵਿਚ ਸੰਸਾਰਾ, ਧਰਨੀ ਧਰਤ ਧਵਲ ਲੇਖਾ ਰਿਹਾ ਨਾ ਰਾਈਆ । ਦੀਨ ਮਜ਼੍ਹਬ ਤੱਕੋ ਅਖਾੜਾ, ਚਾਰੋਂ ਕੁੰਟ ਅੱਖ ਉਠਾਈਆ । ਕੀ ਖੇਲ ਕਰੇ ਪੰਚਮ ਧਾੜਾ, ਜਗਤ ਹੰਕਾਰ ਨਾਲ ਲੜਾਈਆ । ਸਚ ਦਾ ਦਿਸੇ ਨਾ ਕੋਇ ਅਖਾੜਾ, ਪਰਵਰਦਿਗਾਰ ਨਾ ਕੋਇ ਵਡਿਆਈਆ । ਤ੍ਰੈਗੁਣ ਅਗਨੀ ਲੱਗੀ ਨਾੜਾ, ਤਤਵ ਤਤ ਰਹੀ ਜਲਾਈਆ । ਆਤਮ ਪਰਮਾਤਮ ਕਰੇ ਨਾ ਕੋਇ ਪਿਆਰਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਖੇਲ ਖੇਲੇ ਚੌਬੀਸਾ ਅਵਤਾਰਾ, ਕਲ ਕਲਕੀ ਨੂਰ ਅਲਾਹੀਆ । ਜਿਸ ਪੈਗ਼ੰਬਰਾਂ ਪਾਉਣੀ ਸਾਰਾ, ਲੇਖਾ ਦੇਵੇ ਥਾਉਂ ਥਾਈਂਆ । ਨਿਸ਼ਾਨ ਮੇਟਣਾ ਚੰਦ ਸਿਤਾਰਾ, ਸਤਹ ਬੁਲੰਦੀ ਖੋਜ ਖੁਜਾਈਆ । ਕਲਜੁਗ ਕੂੜ ਨਾ ਰਹੇ ਧੁੰਦੂਕਾਰਾ, ਅੰਧ ਅੰਧੇਰਾ ਦਏ ਗਵਾਈਆ । ਸਤਿ ਧਰਮ ਕਰੇ ਉਜਿਆਰਾ, ਲੋਕਮਾਤ ਮਾਤ ਰੁਸ਼ਨਾਈਆ । ਸਤਿਜੁਗ ਦੇਵੇ ਚਰਨ ਸਹਾਰਾ, ਚਰਨ ਚਰਨੋਦਕ ਮੁਖ ਚੁਆਈਆ । ਸਾਚਾ ਮਾਰਗ ਲਾਏ ਅਪਰ ਅਪਾਰਾ, ਅਪਰੰਪਰ ਸਵਾਮੀ ਦਏ ਵਡਿਆਈਆ । ਜਨ ਭਗਤੋ ਤੁਹਾਡਾ ਵਸਦਾ ਰਹੇ ਭਗਤ ਦਵਾਰਾ, ਭਗਵਨ ਨਾਲ ਮਿਲ ਕੇ ਵੱਜੇ ਵਧਾਈਆ । ਤੁਹਾਡਾ ਨਿਖੁਟ ਨਾ ਜਾਏ ਭੰਡਾਰਾ, ਸਦਾ ਅਤੋਟ ਅਤੁਟ ਜਣਾਈਆ । ਜਿਸ ਦਾ ਲੇਖਾ ਕਾਗਦ ਕਲਮ ਨਾ ਲਿਖਣਹਾਰਾ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਉਹ ਤੁਹਾਡਾ ਮੀਤ ਮੁਰਾਰਾ, ਮਿਤ੍ਰ ਪਿਆਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਛੱਬੀ ਪੋਹ ਕਹੇ ਜਨ ਭਗਤੋ ਜਗਤ ਹੋਣ ਵਾਲੀ ਤਬਦੀਲੀ, ਤਬਾ ਸਭ ਦੀ ਦਏ ਬਦਲਾਈਆ । ਕਿਸੇ ਦੀ ਮਨਜ਼ੂਰ ਨਾ ਹੋਏ ਅਪੀਲੀ, ਕਾਇਦਾ ਕਾਨੂੰਨ ਵੰਡ ਨਾ ਕੋਇ ਵੰਡਾਈਆ । ਪ੍ਰਭੂ ਦੀ ਧਾਰ ਨਹੀਂ ਕੋਈ ਢੀਲੀ, ਧੁਰ ਦੇ ਹੁਕਮ ਨਾਲ ਕਸਾਈਆ । ਜਿਸ ਦੀ ਖੇਲ ਸਦਾ ਛੈਲ ਛਬੀਲੀ, ਜੋਬਨਵੰਤਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਨਾਲ ਮਿਲਾਈਆ । ਸ਼ਬੇ ਅਜ਼ ਮਾਵਿਸਤੀ ਚਕੂਜਾ ਮਲਵਜ਼ ਸਾਅਲ ਮੁਵਾਲਿਸਤੀ ਗੋਜ਼ਾ ਅਲਸਵੂਲ ਤਾਮੀਉਲ ਵੀਜ਼ਾ ਨੂਰੇ ਰੁਸ਼ਨਾ ਜਾਅਲਿਫਾਸੀ ਗਲਮੋਨਾ ਨਾਵੀਜ਼ੁਲ ਕੀਆ ਦੁਅਸਤੋ ਮਿਜ਼ੁਲ ਕੋਸੇ ਜ਼ਮਾਂ ਨੂਰੇ ਚਸ਼ਮਾ ਜਜ਼ੀਉਲਜ਼ਮੂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਚਾਨਾਂਜ਼ੀ ਮਸਤਾਵਲੀਸੁਲ ਵਾਉਲ ਅਜ਼ਸਤੀ ਤਾਮਲਬਾਜ ਤੇਰਾ ਨੂਰ ਜ਼ਹੂਰ ਮੇਰੇ ਅਖਦਸ ਬੇਆਉ ਤਾਵਿਸਤੀ ਜ਼ੋਬਲ ਜਮਾਦ ਮੁਬਾਰਕੇ ਖ਼ੁਦਾ ਮੁਹੰਮਦੇ ਦੁਆ ਮੇਰੇ ਅਹਿਬਾਬ ਹਕ ਜਨਾਬ ਦਿਲਵਜ਼ੂ ਅਜ਼ਮੀ ਨਾਚਸਤੋ ਖੁਮਾ ਬਦਸਤੇ ਦੁਆ ਅਨਹਵਜ਼ੀ ਚਕਸ਼ੇ ਜ਼ਮੂ ਨੂਰੇ ਅਲਾਹ ਮੇਰੇ ਬੇਪਰਵਾਹ ਰਹੀਮੇ ਰਹਿਮਾਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰਾ ਇਕ ਪ੍ਰਨਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਸੁਣਾਈਆ । ਤੁਸੀਂ ਸ਼ਰਅ ਦਾ ਰਹਿਣਾ ਨਹੀਂ ਗ਼ੁਲਾਮ, ਜ਼ੰਜੀਰ ਬੇਨਜ਼ੀਰ ਦਿਤਾ ਕਟਾਈਆ । ਤੁਹਾਡਾ ਮਾਲਕ ਇਕ ਅਮਾਮ, ਅਮਾਮ ਅਮਾਮਾਂ ਨੂਰ ਅਲਾਹੀਆ । ਜਿਸ ਦਾ ਹੁਕਮ ਸੰਦੇਸ਼ਾ ਨਾਮ ਕਲਮਾ

ਅਗੰਮ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਪੜ੍ਹਾਈਆ । ਜਿਸ ਦਾ ਮੰਤਰ ਅੰਤਰ ਆਦਿ ਜੁਗਾਦਿ ਸਚ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਰਖਾਈਆ । ਤੁਹਾਡਾ ਪਿਆਰ ਮੁਹੱਬਤ ਕਰੇ ਪ੍ਰਵਾਨ, ਪ੍ਰਵਾਨੇ ਧੁਰ ਦੇ ਆਪ ਬਣਾਈਆ । ਤੁਹਾਡਾ ਲੇਖੇ ਲਾਵੇ ਪੀਣ ਖਾਣ, ਸਾਹ ਸਾਹ ਵੇਖ ਵਖਾਈਆ । ਤੁਹਾਡਾ ਮਾਲਕ ਇਕ ਭਗਵਾਨ, ਭਗਵਨ ਆਪਣੇ ਰੰਗ ਰੰਗਾਈਆ । ਸਭ ਦਾ ਲੇਖਾ ਹੋਇਆ ਦਰ ਪ੍ਰਵਾਨ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਜਿਸ ਦਾ ਦੀਨ ਦੁਨੀ ਵਿਚੋਂ ਬਦਲ ਜਾਣਾ ਵਿਧਾਨ, ਵਾਹਿਦ ਦਾ ਮਾਲਕ ਵਾਹਿਦ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਪ ਪਹਿਚਾਨ, ਬੇਪਹਿਚਾਨ ਹੋ ਕੇ ਨਜ਼ਰ ਕਿਸੇ ਨਾ ਆਈਆ ।


੧੫੬੭
੨੩

### ੨੭ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਸਤਿਗੁਰ ਸ਼ਬਦ ਕਹੇ ਮੇਰੀ ਜੁਗ ਜੁਗ ਦੀ ਯਾਤਰਾ, ਲੋਕਮਾਤ ਮਾਤਰ ਭੂਮੀ ਉਤੇ ਜਣਾਈਆ । ਮੇਰਾ ਭੇਵ ਅਭੇਦਾ ਸਮਝ ਸਕੇ ਕੋਈ ਨਾ ਮਾਤਰਾ, ਮਾਤਰ ਭੂਮੀ ਨਾਲ ਮਿਲਾਈਆ । ਮੇਰਾ ਲਹਿਣਾ ਦੇਣਾ ਲੇਖਾ ਬਾਹਰ ਸ਼ਾਸਤਰਾ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਮੈਂ ਤਨ ਵਜੂਦਾਂ ਸ਼ਸਤਰ ਤੱਕਾਂ ਗਾਤਰਾ, ਗਹਿਰ ਗੰਭੀਰ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਅੰਤ ਪ੍ਰਦੇਸੀ, ਭੇਵ ਅਭੇਦਾ ਦਿਆਂ ਜਣਾਈਆ । ਮੇਰਾ ਸਭ ਤੋਂ ਵੱਖਰਾ ਵੇਸੀ, ਵੇਸ ਅਨੇਕਾ ਆਪ ਵਟਾਈਆ । ਮੈਂ ਬਣਿਆ ਨਾ ਕਦੇ ਜਗਤ ਧਾਰ ਦਾ ਸੇਠੀ, ਲਾਲਚ ਲੋਭ ਨਾ ਕਦੇ ਹਲਕਾਈਆ । ਮੈਂ ਪ੍ਰਨਾਈ ਨਹੀਂ ਕਿਸੇ ਦੀ ਬੇਟੀ, ਜਗਤ ਰਸਮ ਨਾ ਕੋਇ ਰਖਾਈਆ । ਮੇਰੀ ਧਾਰ ਅਗੰਮੇ ਸਿੰਘਾਸਣ ਲੇਟੀ, ਲਿਟਾ ਖੋਲਣ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦਾ ਖੇਲ ਪੋਹ ਸਤਾਈ, ਸੱਤ ਦੀਪ ਧਿਆਨ ਲਗਾਈਆ । ਕੀ ਲੇਖਾ ਦਿਸੇ ਬੇਪਰਵਾਹੀ, ਕੀ ਕਲ ਕਲਕੀ ਰੂਪ ਵਟਾਈਆ । ਜਿਸ ਦੇ ਨਾਮ ਦੀ ਪਈ ਦੁਹਾਈ, ਤੋਬਾ ਤੋਬਾ ਕਰੇ ਲੋਕਾਈਆ । ਜੋ ਵਸੇ ਥਲ ਅਸਗਾਹੀ, ਹਰ ਘਟ ਰਿਹਾ ਸਮਾਈਆ । ਸੋ ਹੁਕਮ ਹਾਕਮ ਦੇਵੇ ਸ਼ਹਿਨਸ਼ਾਹੀ, ਸ਼ਾਹ ਸੁਲਤਾਨਾਂ ਆਪ ਜਣਾਈਆ । ਜਨ ਭਗਤ ਸੁਹੇਲੇ ਉਠਾਏ ਫੜ ਕੇ ਬਾਹੀਂ, ਹਲੂਣਾ ਆਪਣਾ ਹੁਕਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਗੰਮ ਅਗੰਮਾ, ਭੇਵ ਸਕੇ ਕੋਇ ਨਾ ਪਾਈਆ । ਆਤਮ ਪਰਮਾਤਮ ਦੱਸਾਂ ਧਰਮਾ, ਜਗਤ ਨੀਤੀ ਦੀ ਲੋੜ ਰਹੇ ਨਾ ਰਾਈਆ । ਲੇਖਾ ਜਾਣਾ ਵਿਸ਼ਨ ਬ੍ਰਹਮਾ ਸ਼ਿਵ ਆਪਣੇ ਚਰਨਾਂ, ਚਰਨ ਕਵਲ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਨਾਮ ਦੀ ਪਏ ਦੁਹਾਈ, ਦੋ ਜਹਾਨ ਕੁਰਲਾਈਆ । ਨਾਤਾ ਤੁਟੇ ਭਾਈ ਭਾਈ, ਮੇਲ ਮਿਲਾਵਾ

੧੫੬੮
੨੩

ਹੋਵੇ ਧੁਰ ਦੇ ਮਾਹੀਆ । ਵਕਤ ਸੁਹੰਜਣਾ ਸ਼ਹਿਨਸ਼ਾਹੀ, ਸ਼ਾਹ ਪਾਤਸ਼ਾਹ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਤੱਕੇ ਚਾਰੇ ਕੂਟ, ਕੂਚਾ ਗਲੀ ਧਿਆਨ ਲਗਾਈਆ । ਜਿਧਰ ਵੇਖਾਂ ਦਿਸੇ ਫੂਟ, ਫੁਟਕਲ ਹੋਈ ਲੋਕਾਈਆ । ਮੇਰਾ ਹੁਕਮ ਅਨੋਖਾ ਦੂਤ, ਦੁਤੀਆ ਭਾਉ ਖੋਜ ਖੁਜਾਈਆ । ਸਤਿ ਸਚ ਨਾ ਦਿਸੇ ਰੂਪ, ਅਨੂਪਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਆਪਣੀਆਂ ਖ਼ਬਰਾਂ, ਬੇਖ਼ਬਰਾਂ ਖ਼ਬਰ ਜਣਾਈਆ । ਅੰਤ ਲਹਿਣਾ ਵੇਖਣਾ ਪੈਗ਼ੰਬਰਾਂ ਵਾਲੀਆਂ ਕਬਰਾਂ, ਮਕਬਰਿਆਂ ਧਿਆਨ ਲਗਾਈਆ । ਸੰਦੇਸ਼ੇ ਜਾਣਾ ਜਬਰਾਈਲ ਜਬਰਾ, ਹੁਕਮ ਹੁਕਮ ਵਿਚੋਂ ਪ੍ਰਗਟਾਈਆ । ਮੇਰਾ ਲੇਖਾ ਹੋਣ ਵਾਲਾ ਬੇਸਬਰਾ, ਜਗਤ ਸਬੂਰੀ ਰਹਿਣ ਕੋਇ ਨਾ ਪਾਈਆ । ਮੈਂ ਸੰਦੇਸ਼ਾ ਸੁਣਾਂ ਸ਼ੇਰ ਬੱਬਰਾ, ਜੋ ਭੱਬਕ ਨਾਮ ਵਾਲੀ ਲਗਾਈਆ । ਸਤਿ ਸਚ ਦਾ ਕਰੇ ਅਦਲਾ, ਇਨਸਾਫ਼ ਨਾਲ ਵਡਿਆਈਆ । ਕਲਜੁਗ ਸਤਿਜੁਗ ਨਾਲ ਜਾਵੇ ਬਦਲਾ, ਬਦਲੀ ਹੋਵੇ ਥਾਉਂ ਥਾਈਂਆ । ਕੂੜ ਕਿਰਿਆ ਵਿਚ ਹਰਿਜਨ ਰਹੇ ਕੋਈ ਨਾ ਪਗ਼ਲਾ, ਬੁੱਧ ਬਿਬੇਕ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਗਤ ਦਿਵਸ ਸਤਾਈ ਪੋਹ, ਸਤ੍ਰਾ ਬੁਲੰਦੀ ਦੋਵੇਂ ਧਿਆਨ ਲਗਾਈਆ । ਦੋ ਜਹਾਨਾਂ ਰਿਹਾ ਜੋਹ, ਲੇਖਾ ਵੇਖੇ ਥਾਉਂ ਥਾਈਂਆ । ਪ੍ਰਭ ਦਾ ਭੇਵ ਨਾ ਜਾਣੇ ਕੋ, ਕੂਕ ਕੂਕ ਸਾਰੇ ਰੋਵਣ ਮਾਰਨ ਧਾਹੀਂਆ । ਜਿਸ ਦਾ ਇਕੋ ਅੱਖਰ ਸੋ, ਸੋ ਸਾਹਿਬ ਦਏ ਵਡਿਆਈਆ । ਜਿਹੜਾ ਅੰਦਰੋਂ ਇਕ ਤੇ ਬਾਹਰੋਂ ਦੋ, ਦੋਹਰੀ ਧਾਰ ਪ੍ਰਗਟਾਈਆ । ਪੂਰਨ ਸਤਿਗੁਰ ਪੂਰਨ ਵਰਗਾ ਆਪੇ ਹੋ, ਹੋਕਾ ਦੇਵੇ ਚਾਈਂ ਚਾਈਂਆ । ਬਾਕੀ ਸਭ ਕੁਛ ਸਭ ਤੋਂ ਖੋਹ, ਖੋਹ ਖੋਹ ਦਾ ਝਗੜਾ ਦਏ ਮੁਕਾਈਆ । ਜਨ ਭਗਤਾਂ ਅੰਦਰ ਬਖ਼ਸ਼ਦੇ ਲੋ, ਲੋਇਣ ਤੀਜਾ ਦਏ ਖੁਲਾਈਆ । ਚਰਨ ਪ੍ਰੀਤੀ ਬਖ਼ਸ਼ ਕੇ ਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਸਚ ਵਸਤ ਦਾ ਨਾਮ ਨਿਧਾਨਾ ਢੋਆ ਲਵੇ ਢੋ, ਵਸਤ ਅਗੰਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਮੇਰੇ ਸਾਹਿਬ ਅਬਿਨਾਸ਼ੀਆ, ਹਰਿ ਕਰਤੇ ਤੇਰੀ ਵਡ ਵਡਿਆਈਆ । ਭੇਵ ਦੱਸ ਦੇ ਕਿਉਂ ਲੇਖ ਬਣਾਇਆ ਚੁਰਾਸੀਆ, ਚੁਰਾਸੀਆਂ ਵੰਡ ਵੰਡਾਈਆ । ਸ਼ੰਕਰ ਭੱਜਾ ਫਿਰੇ ਕੈਲਾਸ਼ੀਆ, ਦੋਵੇਂ ਹੱਥ ਉਠਾਈਆ । ਬ੍ਰਹਮਾ ਤੇਰਾ ਨੂਰ ਤੱਕੇ ਪ੍ਰਕਾਸ਼ੀਆ, ਜੋਤੀ ਜਾਤਾ ਨਜ਼ਰੀ ਆਈਆ । ਵਿਸ਼ਨੂੰ ਪੂਰੀ ਕਰਨੀ ਆਸੀਆ, ਤ੍ਰਿਸ਼ਨਾ ਰਹੇ ਨਾ ਰਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼ੀਆ, ਗਗਨ ਗਗਨੰਤਰ ਵੱਜੇ ਵਧਾਈਆ । ਕਿਸ ਬਿਧ ਜਨ ਭਗਤਾਂ ਲਾਹੇ ਉਦਾਸੀਆਂ, ਚਿੰਤਾ ਗ਼ਮ ਕਢਾਈਆ । ਦੀਨ ਦੁਨੀ ਦੀਆਂ ਬਦਲੇ ਰਾਸੀਆਂ, ਰਸਤਾ ਇਕ ਸਮਝਾਈਆ । ਦੀਨਾਂ ਮਜ਼੍ਹਬਾਂ ਵਿਚੋਂ ਕਰੇ ਬੰਦ ਖੁਲਾਸੀਆਂ, ਖ਼ਾਲਸ ਪਰਦਾ ਆਪ ਉਠਾਈਆ । ਕੂੜ ਦੀਆਂ ਰਹਿਣ ਨਾ ਦੇਵੇ ਬਦਮਾਸ਼ੀਆਂ, ਬਦੀ ਦਾ ਲਹਿਣਾ ਦਏ ਮੁਕਾਈਆ । ਜੋ ਤੇਰੇ ਪਿਛੇ ਪਿਛੇ ਭਗਤ ਚੜ੍ਹਦੇ ਰਹੇ ਫਾਸੀਆ, ਸਲੀਬਾਂ ਗਲਾਂ ਵਿਚ ਲਮਕਾਈਆ । ਹੁਣ ਕਰਦੇ ਵੇਖੇ ਹਾਸੀਆਂ, ਖ਼ੁਸ਼ੀਆਂ ਢੋਲੇ ਗਾਈਆ । ਇਨ੍ਹਾਂ ਸਭ ਦੀਆਂ ਕੱਟ ਦੇ ਬੰਦ ਖੁਲਾਸੀਆਂ, ਬੰਧਨ ਰਹੇ ਨਾ ਰਾਈਆ । ਤਨ ਵਜੂਦ ਰੂਹਾਂ ਕਰ ਦੇ ਪਾਕੀਆਂ, ਪਤਤ ਪੁਨੀਤ ਬਣਾਈਆ । ਖੋਲ ਦੇ ਅੰਦਰੋਂ ਖਿੜਕੀ ਤਾਕੀਆ, ਕੁੰਜੀ ਆਪਣਾ

ਪਿਆਰ ਲਗਾਈਆ । ਮੰਜ਼ਲ ਚੜ੍ਹਾ ਦੇ ਘਾਟੀਆਂ, ਅਧਵਿਚਕਾਰ ਨਾ ਕੋਇ ਰਖਾਈਆ । ਸਭ ਦੀਆਂ ਚੋਲੀਆਂ ਤੱਕ ਲੈ ਪਾਟੀਆਂ, ਸਚ ਰੰਗ ਨਾ ਕੋਇ ਰੰਗਾਈਆ । ਨਿਗਾਹ ਮਾਰ ਲੈ ਕਾਇਆ ਮਾਟੀਆਂ, ਮਟਕਿਆਂ ਫੋਲ ਫੁਲਾਈਆ । ਬਿਨ ਤੇਰੀ ਕਿਰਪਾ ਮੱਕਣ ਕਦੇ ਨਾ ਵਾਟੀਆਂ, ਪਾਂਧੀ ਪੰਧ ਨਾ ਕੋਇ ਮੁਕਾਈਆ । ਅਵਤਾਰ ਪੈਗ਼ੰਬਰ ਗੁਰ ਤੇਰੇ ਮਜ਼੍ਹਬਾਂ ਵਾਲੇ ਅਲਾਟੀਆ, ਹਿੱਸੇ ਦੀਨ ਦੁਨੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਪੋਹ ਸਤਾਈ, ਸਤਿ ਸਤਿਵਾਦੀਓ ਦਿਆਂ ਜਣਾਈਆ । ਗੋਬਿੰਦ ਦਾ ਲਹਿਣਾ ਦੇਣਾ ਵੇਖੇ ਢਈਏ ਵਾਲਾ ਢਾਈ, ਢੌਂਕੇ ਬਾਦ ਲਏ ਅੰਗੜਾਈਆ । ਪੈਗ਼ੰਬਰਾਂ ਦੀ ਸ਼ਰਅ ਵਾਲੀ ਵੇਖੇ ਸ਼ਾਹੀ, ਸ਼ਹਿਨਸ਼ਾਹ ਰਿਹਾ ਜਣਾਈਆ । ਅਵਤਾਰਾਂ ਦੀ ਖੇਲ ਖੇਲ ਵੇਖੇ ਜੋ ਮਾਤਲੋਕ ਚਲਾਈ, ਚਾਰੇ ਵਰਨਾਂ ਸੰਗ ਬਣਾਈਆ । ਦੀਨ ਦੁਨੀ ਜਗਤ ਜਹਾਨ ਰਾਹ ਤੱਕੇ ਅਗੰਮ ਅਥਾਹੀ, ਕਿਸ ਬਿਧ ਆਪਣਾ ਹੁਕਮ ਵਰਤਾਈਆ । ਭੇਵ ਅਭੇਦਾ ਵੇਖੇ ਅਗੰਮੇ ਮਾਹੀ, ਮਹਿਬੂਬ ਕੀ ਆਪਣੀ ਕਾਰ ਭੁਗਤਾਈਆ । ਜਿਸ ਦਾ ਹੁਕਮ ਮਿਟ ਸਕੇ ਨਾ ਰਾਈ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਵੈਰਾਗ ਵਿਚ ਸਾਰੇ ਰੋ ਕੇ ਮਾਰਨ ਧਾਹੀ, ਕੂਕ ਕੂਕ ਸੁਣਾਈਆ । ਸੋ ਖੇਲ ਖੇਲੇ ਅਗੰਮ ਅਥਾਹੀ, ਹਰਿ ਵੱਡਾ ਵਡ ਵਡਿਆਈਆ । ਜਨ ਭਗਤ ਸੁਹੇਲੇ ਮੇਲੇ ਚਾਈਂ ਚਾਈਂ, ਚਾਓ ਘਨੇਰਾ ਆਪ ਜਣਾਈਆ । ਇਹ ਸਾਹਿਬ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਆਦਿ ਆਦਿ ਦਾ ਲਾਵਣ ਵਾਲਾ ਦਾਈ, ਦਾਓ ਆਪਣਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਾਈ ਪੋਹ
੧੫੬੯ ੨੩ ਕਹੇ ਮੈਂ ਖੇਲ ਤੱਕਾਂ ਸਤਿ ਸਤਿਵਾਦੀ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਦੀਨ ਦੁਨੀ ਦੀ ਤੱਕਾਂ ਆਬਾਦੀ, ਹਰਿ ਪੁਰਖ ਨਾਲ ਮਿਲਾਈਆ । ੧੫੬੯ ੨੩
ਜਗਤ ਜਹਾਨ ਦੀ ਸੁਣਾਂ ਆਵਾਜ਼ੀ, ਏਕੰਕਾਰਾ ਭੇਵ ਖੁਲਾਈਆ । ਲੇਖਾ ਜਾਣਾ ਦੀਨ ਦੁਨੀ ਸਮਾਜੀ, ਆਦਿ ਨਿਰੰਜਣ ਪਰਦਾ ਲਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਾਂ ਜਾਗੀ, ਸ੍ਰੀ ਭਗਵਾਨ ਕੀ ਹੁਕਮ ਵਰਤਾਈਆ । ਮਨ ਮਨੂਆ ਤੱਕਾਂ ਬਾਗੀ, ਅਬਿਨਾਸ਼ੀ ਕਰਤਾ ਭੇਵ ਖੁਲਾਈਆ । ਜੁਗ ਚੌਕੜੀ ਅੰਤਮ ਤੱਕਾਂ ਆਦੀ, ਪਾਰਬ੍ਰਹਮ ਹੋਏ ਸਹਾਈਆ । ਜਿਸ ਨੇ ਆਦਿ ਆਦਿ ਸਾਜਣਾ ਸਾਜੀ, ਸੱਜਣੋ ਦਿਆਂ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਰਚਣ ਲੱਗਾ ਸ਼ਾਦੀ, ਸ਼ਾਦਿਆਨੇ ਕਲਮਿਆਂ ਵਾਲੇ ਨਾਲ ਵਜਾਈਆ । ਉਹ ਦੀਨ ਦੁਨੀ ਦੀ ਉਲਟਣ ਲੱਗੀ ਬਾਜ਼ੀ, ਬਾਜਾਂ ਵਾਲਾ ਵੇਸ ਵਟਾਈਆ । ਚੜ੍ਹ ਕੇ ਅਸਵ ਅਗੰਮੇ ਤਾਜੀ, ਤਾਜਾਂ ਵਾਲਿਆਂ ਖ਼ਾਕ ਮਿਲਾਈਆ । ਜਨ ਭਗਤੋ ਤੁਹਾਨੂੰ ਜ਼ਰੂਰ ਰੱਖੇਗਾ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਨੇਤਰ ਰੋਵਣਗੇ ਮੁੱਲਾ ਸ਼ੇਖ਼ ਮੁਸਾਹਿਬ ਮੁਸਾਇਕ ਕਾਜ਼ੀ, ਕਜ਼ਾ ਸਭ ਦੇ ਸਿਰ ਤੇ ਛਾਈਆ । ਕੋਟਾਂ ਵਿਚੋਂ ਬਚੇਗਾ ਕੋਈ ਨਿਮਾਜ਼ੀ, ਜਿਸ ਸਿਰ ਆਪਣਾ ਹੱਥ ਟਿਕਾਈਆ । ਚੜ੍ਹਦੀ ਦਿਸ਼ਾ ਹੁਕਮ ਦੀ ਵੰਡਣ ਜਾਵੇ ਭਾਜੀ, ਭਾਜੜ ਪਾਵੇ ਥਾਉਂ ਥਾਈਂਆ । ਜਗਤ ਧਾਰ ਦਾ ਬਣ ਕੇ ਗਾਡੀ, ਗਾਡ ਆਪਣਾ ਹੁਕਮ ਸੁਣਾਈਆ । ਜਿਸ ਦੀ ਖੇਲ ਵਰਤਣੀ ਡਾਹਢੀ, ਭੇਵ ਸਕੇ ਨਾ ਕੋਇ ਖੁਲਾਈਆ । ਉਸ ਲੇਖ ਚੁਕਾਉਣਾ ਸਭ ਦਾ ਮਾਜ਼ੀ, ਗੁਰ ਅਵਤਾਰ ਪੈਗ਼ੰਬਰਾਂ ਨਾਲ ਮਿਲਾਈਆ । ਸ਼ਰਅ ਦੀ ਹੱਦ ਹਦੂਦ ਮਿਟੇ ਅਰਾਜ਼ੀ, ਧਰਨੀ ਉਤੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

ਪੋਹ ਕਹੇ ਮੇਰਾ ਦਿਵਸ ਆਇਆ ਸਤਾਈਆ, ਸਤਿ ਨਾਲ ਜਣਾਈਆ । ਦੇਖੇ ਕੀ ਖੇਲ ਕਰੇ ਧੁਰ ਦਾ ਮਾਹੀਆ, ਮਹਿਬੂਬ ਨੂਰ ਅਲਾਹੀਆ । ਜਿਸ ਨੇ ਕਲਜੁਗ ਕੂੜ ਮੇਟਣੀਆਂ ਸ਼ਾਹੀਆਂ, ਸ਼ਹਿਨਸ਼ਾਹ ਧੁਰਦਰਗਾਹੀਆ । ਓਹ ਭਗਤੋ ਤੁਹਾਡੇ ਨਾਲ ਸਚ ਦੀਆਂ ਕਰੇ ਸਾਈਆਂ, ਸੌਦਾ ਧਰਮ ਧਾਰ ਬਣਾਈਆ । ਦੀਨ ਦੁਨੀ ਰੂਪ ਬਦਲੇ ਕਸਾਈਆਂ, ਕਸਮ ਖਾ ਕੇ ਪੀਰ ਪੈਗ਼ੰਬਰਾਂ ਜਾਣ ਭੁਲਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਨਾਲ ਛੀਂਬੇ ਨਾਈਆਂ, ਝੀਵਰਾਂ ਜੱਟਾਂ ਦਏ ਵਡਿਆਈਆ । ਤੁਹਾਡੀਆਂ ਜਗਤ ਜਹਾਨ ਵਿਚੋਂ ਫੜ ਕੇ ਬਾਹੀਆਂ, ਬਾਬਲ ਤੁਹਾਡਾ ਦਏ ਤਰਾਈਆ । ਤੁਸੀਂ ਖ਼ੁਸ਼ੀਆਂ ਨਾਲ ਕਰਦੇ ਰਹਿਣਾ ਵਾਹੀਆਂ, ਵਾਹਵਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਕਰਨੀ ਕਾਰ ਕਮਾਈਆ । ਪੋਹ ਕਹੇ ਮੇਰਾ ਦਿਵਸ ਦਿਹਾੜਾ ਅਨੋਖਾ, ਅਚਰਜ ਦਿਆਂ ਜਣਾਈਆ । ਜਨ ਭਗਤੋ ਦੀਨ ਦੁਨੀ ਨਾਲ ਹੋਵਣ ਲੱਗਾ ਧੋਖਾ, ਧ੍ਰੋਹ ਸਭ ਦੇ ਨਾਲ ਕਮਾਈਆ । ਧਰਨੀ ਧਰਤ ਧਵਲ ਦਾ ਢਹਿਣ ਲੱਗਾ ਕੋਠਾ, ਛੱਪਰ ਛੰਨ ਨਾ ਕੋਇ ਵਡਿਆਈਆ । ਪ੍ਰਕਾਸ਼ ਹੋਣ ਲੱਗਾ ਇਕੋ ਜੋਤਾ, ਅੰਧ ਅੰਧੇਰ ਦਏ ਮਿਟਾਈਆ । ਜਿਸ ਦਾ ਸਮਾਂ ਨਹੀਂ ਕੋਈ ਬਹੁਤਾ, ਨੇੜਨ ਨੇੜਾ ਰਿਹਾ ਵਖਾਈਆ । ਔਹ ਵੇਖੋ ਹਲੂਣਾ ਦੇਂਦਾ ਚੌਦਾਂ ਲੋਕਾਂ, ਚੌਦਾਂ ਤਬਕ ਜਗਾਈਆ । ਪੈਗ਼ੰਬਰੋ ਆ ਕੇ ਸੰਭਾਲ ਲਓ ਆਪਣਾ ਮੌਕਾ, ਸੰਬਲ ਦਾ ਮਾਲਕ ਰਿਹਾ ਸੁਣਾਈਆ । ਗੋਬਿੰਦ ਧਾਰ ਤੱਕ ਲੈ ਢਈਏ ਵਾਲਾ ਢੌਂਕਾ, ਆਪਣੀ ਅੱਖ ਖੁਲਾਈਆ । ਜਗਤ ਜਹਾਨ ਡੁੱਬਣ ਵਾਲੀ ਨੌਕਾ, ਬੇੜਾ ਪਾਰ ਨਾ ਕੋਇ ਲੰਘਾਈਆ । ਅਵਤਾਰ ਭਰੇ ਆਪਣਾ ਆਪਣਾ ਹੌਕਾ, ਹਾਏ ਉਫ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਆ ਗਿਆ ਔਹ ਬੋਦਿਆਂ ਵਾਲਿਓ ਬੋਧੀਓ, ਬਦੂ ਵੇਖੇ ਜਗਤ ਲੋਕਾਈਆ । ਜਨ ਭਗਤੋ ਆਪਣੇ ਆਪਣੇ ਹਿਰਦੇ ਸੋਧਿਓ, ਸੁਦੀ ਵਦੀ ਤੋਂ ਬਾਹਰ ਸਮਝਾਈਆ । ਅੰਮ੍ਰਿਤ ਨਾਮ ਦਾ ਰਸ ਭੋਗਿਓ, ਜਗਤ ਵਾਸਨਾ ਕੂੜੀ ਬਾਹਰ ਕਢਾਈਆ । ਰੰਗ ਚੜ੍ਹਾਉਣਾ ਆਪਣੇ ਕਾਇਆ ਚੋਗ਼ਿਓ, ਚੋਲੀ ਲੈਣੀ ਰੰਗਾਈਆ । ਸਵਾਧਾਨ ਹੋ ਜਾਇਓ ਕਮਲਿਓ ਕੋਝਿਓ, ਪ੍ਰਭ ਦੇਵਣਹਾਰ ਵਡਿਆਈਆ । ਆਪਣੇ ਖ਼ਾਲੀ ਭਰ ਲਓ ਬੋਝਿਓ, ਨਾਮ ਦੀ ਭੁੱਖ ਰਿਹਾ ਮਿਟਾਈਆ । ਦੇਵਣ ਆਇਆ ਦਰਸ ਅਮੋਘਿਓ, ਦਰਸ਼ਨ ਕਰਨਾ ਚਾਈਂ ਚਾਈਂਆ । ਤੁਹਾਡਾ ਹੋਇਆ ਧੁਰ ਦਾ ਧਰਮ ਸੰਜੋਗਿਓ, ਅਗੇ ਵਿਛੋੜਾ ਰਹੇ ਨਾ ਰਾਈਆ । ਸਚਖੰਡ ਵਾਸਤੇ ਤੁਸੀਂ ਕਦੇ ਨਾ ਸੋਚਿਓ, ਤੁਹਾਨੂੰ ਲੈ ਕੇ ਜਾਏ ਤੁਹਾਡਾ ਮਾਹੀਆ । ਤੁਸੀਂ ਜੰਗਲਾਂ ਵਿਚ ਕਦੇ ਨਾ ਖੋਜਿਓ, ਬਾਹਰ ਲੱਭਣ ਕੋਇ ਨਾ ਜਾਈਆ । ਘਰ ਆਪਣੇ ਸੌਣਾ ਨਾਲ ਮੌਜਿਓ, ਰਾਤੀ ਸੁੱਤਿਆਂ ਲਏ ਜਗਾਈਆ । ਤੁਸੀਂ ਹੋ ਗਏ ਪ੍ਰਭੂ ਦੇ ਜੋਗਿਓ, ਜੋਗੀਆਂ ਤੋਂ ਬਾਹਰ ਤੁਹਾਡੀ ਵਡਿਆਈਆ । ਤੁਹਾਨੂੰ ਹਲੂਣਾ ਦੇਵੇ ਫੜ ਕੇ ਮੋਢਿਉਂ, ਮੁਢਲਾ ਮਾਲਕ ਆਪ ਅਖਵਾਈਆ । ਸਭ ਦਾ ਛੁਟਕਾਰਾ ਕਰਾ ਦੇਣਾ ਨਿਮਾਜ਼ਾਂ ਰੋਜ਼ਿਓ, ਰਾਜ਼ਕ ਰਿਜ਼ਕ ਰਹੀਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਾਈ ਪੋਹ ਕਹੇ ਮੇਰਾ ਵਕਤ ਸੁਹੰਜਣਾ ਸਤਿਵੰਤਾ, ਸੁੱਤਿਓ ਦਿਆਂ ਜਗਾਈਆ । ਤੁਹਾਡਾ ਮਾਲਕ ਇਕ ਪਤਵੰਤਾ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜੋ ਤੁਹਾਨੂੰ ਬਣਾ ਕੇ ਸਾਚੇ ਸੰਤਾ, ਸਤਿਗੁਰ ਸ਼ਬਦ ਨਾਲ ਵਡਿਆਈਆ । ਬੁੱਧੀ ਤੋਂ ਪਰੇ ਦਾ ਬਣ ਕੇ ਪੰਡਤਾ, ਪਾਰਬ੍ਰਹਮ ਭੇਵ ਖੁਲਾਈਆ । ਗੜ੍ਹ ਤੋੜ ਕੇ ਹਉਮੇ ਹੰਗਤਾ, ਹੰ ਬ੍ਰਹਮ ਦਏ ਜਣਾਈਆ । ਜੋ ਲੇਖਾ ਜਾਣੇ

ਤੁਹਾਡੇ ਮਨ ਦਾ, ਮਨ ਮਨਸਾ ਪੂਰ ਕਰਾਈਆ । ਪ੍ਰਕਾਸ਼ ਕਰ ਅਗੰਮੇ ਚੰਨ ਦਾ, ਅੰਧ ਅੰਧੇਰਾ ਦਏ ਮਿਟਾਈਆ । ਤੁਹਾਨੂੰ ਰੂਪ ਦਰਸਾ ਕੇ ਤੁਹਾਡੇ ਸਤਿ ਸਰੂਪ ਬ੍ਰਹਮ ਦਾ, ਆਤਮ ਪਰਮਾਤਮ ਰੰਗ ਰੰਗਾਈਆ । ਤੁਹਾਡਾ ਲੇਖਾ ਪੂਰਾ ਕਰੇ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਜਨ ਭਗਤੋ ਤੁਹਾਡਾ ਮਾਰਗ ਸਚ ਧਰਮ ਦਾ, ਜਿਸ ਧਰਮ ਦਾ ਰੂਪ ਬਿਨਾ ਭਗਤਾਂ ਤੋਂ ਨਜ਼ਰ ਕੋਇ ਨਾ ਆਈਆ । ਬਾਕੀ ਜਗਤ ਜਹਾਨ ਭਰਿਆ ਭਰਮ ਦਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੁਹਾਡੇ ਗ੍ਰਿਹਿ ਲੇਖਾ ਨਹੀਂ ਕੋਈ ਵਰਨ ਬਰਨ ਦਾ, ਜ਼ਾਤ ਪਾਤ ਨਾ ਕੋਇ ਰਖਾਈਆ । ਨਾਮ ਕਲਮਾ ਨਹੀਂ ਕੋਈ ਵੱਖਰਾ ਪੜ੍ਹਨ ਦਾ, ਹਰਫ਼ ਹਰੂਫ਼ ਹਿੱਸਾ ਕੋਇ ਨਾ ਪਾਈਆ । ਤੁਹਾਡਾ ਝਗੜਾ ਨਹੀਂ ਕੋਈ ਸ਼ਰਅ ਵਾਲੇ ਲੜਨ ਦਾ, ਸ਼ਰੀਅਤ ਸੰਗ ਨਾ ਕੋਇ ਰਖਾਈਆ । ਤੁਹਾਡਾ ਇਕੋ ਮਾਰਗ ਸਚਖੰਡ ਚੜ੍ਹਨ ਦਾ, ਬਿਨ ਪੌੜੀਉਂ ਡੰਡੇ ਦੇਵੇ ਚੜ੍ਹਾਈਆ । ਤੁਹਾਡਾ ਵਕਤ ਸੁਹੰਜਣਾ ਜਗਤ ਵਿਚੋਂ ਤਰਨ ਦਾ, ਫੜ ਬਾਹੋਂ ਪਾਰ ਕਰਾਈਆ । ਤੁਹਾਨੂੰ ਸਹਾਰਾ ਬਖ਼ਸ਼ਿਆ ਇਕੋ ਚਰਨ ਦਾ, ਚਰਨੋਦਕ ਧੁਰ ਦਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਵੇਖੋ ਤੁਹਾਨੂੰ ਕਿਡੀਆਂ ਦੇਵੇ ਦਲੇਰੀਆਂ, ਖ਼ੁਸ਼ੀਆਂ ਨਾਲ ਸੁਣਾਈਆ । ਤੁਸੀਂ ਗੱਲਾਂ ਸੁਣ ਲਓ ਮੇਰੀਆਂ, ਮੈਂ ਦੱਸਾਂ ਚਾਈਂ ਚਾਈਆ । ਇਸ ਦੇ ਹੁਕਮ ਦੀਆਂ ਜ਼ਰੂਰ ਝੁੱਲਣੀਆਂ ਹਨੇਰੀਆਂ, ਅੰਧੇਰਾ ਹੋਏ ਖ਼ਲਕ ਖ਼ੁਦਾਈਆ । ਜਿਧਰ ਵੇਖੋ ਮੁਰਦਿਆਂ ਦੀਆਂ ਹੋਵਣਗੀਆਂ ਢੇਰੀਆਂ, ਢਾਕੇ ਦਾ ਲੇਖਾ ਤੇਗ਼ ਬਹਾਦਰ ਵਾਲਾ ਪੂਰਾ ਦਏ ਕਰਾਈਆ । ਸ਼ੌਹ ਦਰਿਆ ਵਿਚ ਡੁੱਬਣਗੀਆਂ ਬੇੜੀਆਂ, ਬੇੜਾ ਪਾਰ ਨਾ ਕੋਇ ਲੰਘਾਈਆ । ਪਤਾ ਨਹੀਂ ਇਹਦੀ ਕਿਰਪਾ ਨਾਲ ਰੂਹਾਂ ਤਰਨਗੀਆਂ ਕਿਹੜੀਆਂ ਕਿਹੜੀਆਂ, ਕਿਸ ਨੂੰ ਫੜ ਕੇ ਆਪਣੇ ਗਲੇ ਲਗਾਈਆ । ਲੱਖ ਚੁਰਾਸੀ ਕੱਟ ਕੇ ਜੇੜੀਆਂ, ਫਾਸੀ ਗਲ ਨਾ ਕੋਇ ਵਖਾਈਆ । ਤਾਰਨ ਲੱਗਾ ਕਦੇ ਨਹੀਂ ਲਾਉਂਦਾ ਦੇਰੀਆਂ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਅਗੇ ਸਰਗੁਣ ਹੋ ਕੇ ਪਾਉਂਦਾ ਰਿਹਾ ਫੇਰੀਆਂ, ਹੁਣ ਨਿਰਗੁਣ ਹੋ ਕੇ ਆਇਆ ਧੁਰ ਦਾ ਮਾਹੀਆ । ਬਿਨਾ ਭਗਤੀ ਤੋਂ ਭਗਤੋ ਤੁਹਾਨੂੰ ਬਣਾਇਆ ਆਪਣੀਆਂ ਚੇਰੀਆਂ, ਚਿਰੀ ਵਿਛੁੰਨੇ ਲਏ ਮਿਲਾਈਆ । ਜੇ ਤੁਸੀਂ ਸਮਝ ਨਹੀਂ ਸਕੇ ਤੇ ਤੁਹਾਨੂੰ ਪਾਈਆਂ ਸ਼ਬਦ ਦੀਆਂ ਘੇਰੀਆਂ, ਘੇਰੇ ਵਿਚ ਲਿਆ ਟਿਕਾਈਆ । ਨਾ ਦੱਸੀਆਂ ਆਪਣੀਆਂ ਹੇਰੀਆਂ ਫੇਰੀਆਂ, ਕਿਸ ਬਿਧ ਨਾਲ ਨਾਤਾ ਲਿਆ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪ੍ਰਵਾਹੀਆ । ਨਾਰਦ ਕਹੇ ਜਨ ਭਗਤੋ ਕਲਜੁਗ ਭਗਤੀ ਦੀਆਂ ਲੱਗੀਆਂ ਮੰਡੀਆਂ, ਮੰਡਲ ਵੇਖਣਾ ਚਾਈਂ ਚਾਈਆ । ਸ਼ਰਅ ਦੀਆਂ ਵੇਖੋ ਡੰਡੀਆਂ, ਰਸਤੇ ਰਸਤਿਆਂ ਵਿਚੋਂ ਬਦਲਾਈਆ । ਮਜ਼੍ਹਬਾਂ ਦੀਆਂ ਵੇਖੋ ਕੰਢੀਆਂ, ਕੰਢੇ ਘਾਟ ਖੋਜ ਖੁਜਾਈਆ । ਜਗਤ ਜਹਾਨ ਦੀਆਂ ਆਸ਼ਾ ਵੇਖੋ ਮੁਸ਼ਟੰਡੀਆਂ, ਸਚ ਵਿਚ ਨਾ ਕੋਇ ਸਮਾਈਆ । ਕੂੜ ਕੁੜਿਆਰ ਦੀਆਂ ਨਾਰਾਂ ਵੇਖੋ ਰੰਡੀਆਂ, ਦੁਹਾਗਣ ਹੋਈ ਲੋਕਾਈਆ । ਤਨ ਵਜੂਦਾਂ ਪਾਈਆਂ ਵੰਡੀਆਂ, ਤਤ ਤਤਾਂ ਵਿਚੋਂ ਬਦਲਾਈਆ । ਨਾਮ ਕਲਮੇ ਦੀਆਂ ਕੰਨੀ ਬੰਨ੍ਹ ਕੇ ਗੰਢੀਆਂ, ਜਗਤ ਜਹਾਨ ਭੱਜੇ ਵਾਹੋ ਦਾਹੀਆ । ਜੇ ਸਚ ਪੁਛੋ ਬਿਨਾ ਭਗਤਾਂ ਤੋਂ ਆਤਮਾ ਹੋਈਆਂ ਕਿਸੇ ਨਹੀਂ ਠੰਡੀਆਂ, ਅਗਨੀ ਅੱਗ ਵਿਚ ਤਪੇ ਲੋਕਾਈਆ । ਕਿਉਂ ਅਗੇ ਖੜਕਣ ਵਾਲੀਆਂ ਚੰਡੀਆਂ, ਚੰਦ ਸੂਰਜ ਰੋਵਣ ਮਾਰਨ ਧਾਹੀਆ । ਕਿਉਂ ਮੁਹੰਮਦ ਦੀਆਂ ਸਦੀਆਂ ਪਿਛਲੀਆਂ ਲੰਘੀਆਂ, ਅਗੇ ਸਦਕਾ

ਹੁਕਮ ਦਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਨਾਰਦ ਕਹੇ ਜਨ ਭਗਤੋ ਵੇਖੋ ਸ਼ਰਅ ਦੀਆਂ ਛੁਰੀਆਂ, ਸ਼ਰੀਅਤ ਕੀ ਜਣਾਈਆ । ਫਿਰੇ ਦੁਹਾਈ ਲੋਆਂ ਪੁਰੀਆਂ, ਬ੍ਰਹਿਮੰਡ ਖੰਡ ਕੁਰਲਾਈਆ । ਸਚ ਦੀਆਂ ਸੁਣੇ ਕੋਇ ਨਾ ਸੁਰੀਆਂ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਜਗਤ ਜਹਾਨ ਦੀਆਂ ਵਾਸ਼ਨਾ ਹੋਈਆਂ ਬੁਰੀਆਂ, ਬੁਰਿਆਰ ਦਿਸੇ ਲੋਕਾਈਆ । ਬਿਨਾ ਸੰਤਾਂ ਭਗਤਾਂ ਸੂਫ਼ੀਆਂ ਆਤਮ ਧਾਰ ਪਵਿਤ੍ਰ ਦਿਸਣ ਮੂਲ ਨਾ ਕੁੜੀਆਂ, ਕਾਇਆ ਕੋਟ ਨਾ ਵੱਜੇ ਵਧਾਈਆ । ਜਿਧਰ ਵੇਖੋ ਸ਼ੌਹ ਦਰਿਆਏ ਸਾਰੀਆਂ ਜਾਂਦੀਆਂ ਰੁੜ੍ਹੀਆਂ, ਅਗੇ ਹੋ ਨਾ ਕੋਇ ਅਟਕਾਈਆ । ਨਾਮ ਕਲਮੇ ਦੀਆਂ ਗੁੰਬ੍ਹਾਂ ਅੰਦਰ ਬੱਝੀਆਂ ਰਹਿ ਗਈਆਂ ਪੁੜੀਆਂ, ਬਿਨਾ ਸਤਿਗੁਰ ਸ਼ਬਦ ਤੋਂ ਜਾਮ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਓਹ ਵੇਖ ਲਓ ਆਪਣਾ ਪ੍ਰਭੂ, ਪਰਮ ਪੁਰਖ ਧਿਆਨ ਲਗਾਈਆ । ਇਹ ਖੋਜਿਆਂ ਕਿਸੇ ਨਾ ਲੱਭੂ, ਨੈਣ ਨਾ ਕੋਇ ਬਿਗਸਾਈਆ । ਮਜ਼੍ਹਬਾਂ ਵਿਚ ਕਦੇ ਨਾ ਬੱਝੂ, ਸ਼ਰਅ ਗੰਢ ਨਾ ਕੋਇ ਅਟਕਾਈਆ । ਇਹ ਜਦੋਂ ਆਵੇ ਤੇ ਭਗਤਾਂ ਦੇ ਵਿਚ ਸਜੂ, ਇਹ ਇਹਦੀ ਬੇਪਰਵਾਹੀਆ । ਨਾਮ ਨਿਧਾਨ ਸੁਣਾ ਕੇ ਨੱਦੂ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਸੰਤ ਸੁਹੇਲੇ ਚੁਰਾਸੀ ਵਿਚੋਂ ਕੱਢੂ, ਕਾਢ ਆਪਣੀ ਜਗਤ ਜਣਾਈਆ । ਗੁਰਮੁਖ ਨੌ ਖੰਡ ਪ੍ਰਿਥਮੀ ਵਿਚ ਨਾ ਛਡੂ, ਫੜ ਬਾਹੋਂ ਲਏ ਉਠਾਈਆ । ਨਾਮ ਪਿਆਲਾ ਪਿਆ ਕੇ ਮਧੂ, ਮਧੁਰ ਧੁਨ ਦਏ ਸੁਣਾਈਆ । ਪੰਜਾਂ ਸੱਤਾਂ ਬਰਸਾਂ ਵਿਚ ਸਭ ਨੂੰ ਸੱਦੂ, ਸਦਕੇ ਵਾਰੀ ਸਾਰੇ ਘੋਲ ਘੁਮਾਈਆ । ਪੁਰਖ ਅਕਾਲਾ ਦੀਨ ਦਿਆਲਾ ਦੀਨਾਂ ਮਜ਼੍ਹਬਾਂ ਵਾਲਾ ਨਹੀਂ ਕੋਈ ਡੱਡੂ, ਆਪਣੀ ਹੱਦ ਵਿਚ ਛਾਲਾਂ ਲਾਈਆ । ਇਹ ਬਿਨਾ ਲੱਤਾਂ ਪੈਰਾਂ ਤੋਂ ਭੱਜੂ, ਦੋ ਜਹਾਨਾਂ ਆਪਣਾ ਪੰਧ ਮੁਕਾਈਆ । ਬਿਨਾ ਸ਼ਰਅ ਤੋਂ ਸ਼ਰੀਅਤ ਤੋਂ ਬਾਹਰ ਗੱਜੂ, ਆਪ ਆਪਣਾ ਹੁਕਮ ਸੁਣਾਈਆ । ਸਦੀ ਚੌਧਵੀਂ ਤੋਂ ਬਾਦ ਦੀਨ ਦੁਨੀ ਨੂੰ ਤਜੂ, ਨਾਮ ਕਲਮਾ ਇਕ ਦ੍ਰਿੜਾਈਆ । ਜਿਸ ਨੂੰ ਸਾਰੇ ਕਹਿਣਗੇ ਰੱਬੂ, ਰੱਬੇ ਆਲਮੀਨ ਨੂਰ ਅਲਾਹੀਆ । ਉਹਦਾ ਹੁਕਮ ਮੰਨਣਗੇ ਸਬੂ, ਸਭਾ ਭਗਤਾਂ ਵਾਲੀ ਰਖਾਈਆ । ਦੀਨ ਦੁਨੀ ਦੀ ਮੇਟ ਕੇ ਹੱਦੂ, ਹਦੂਦ ਆਪਣੀ ਦਏ ਜਣਾਈਆ । ਜਿਸ ਦਾ ਇਕੋ ਹੁਕਮ ਲੱਗੂ, ਲਗ ਮਾਤਰ ਦਾ ਡੇਰਾ ਢਾਹੀਆ । ਕੂੜੀ ਕਿਰਿਆ ਚਰਨਾਂ ਹੇਠ ਦੱਬੂ, ਸਤਿ ਸਚ ਦਏ ਪ੍ਰਗਟਾਈਆ । ਸਾਰੀ ਸ੍ਰਿਸ਼ਟੀ ਤੂੰ ਮੇਰਾ ਮੈਂ ਤੇਰਾ ਨਾਮ ਭੱਜੂ, ਭਜਨ ਬੰਦਗੀ ਇਕ ਜਣਾਈਆ । ਜਿਸ ਦੀ ਸਮਝੇ ਕੋਈ ਨਾ ਵਜੂਹ, ਵਜੂਹਾਤ ਨਾਲ ਦਏ ਦ੍ਰਿੜਾਈਆ । ਓਹ ਰਾਮ ਰਾਮਾ ਰਘੁਪਤ ਰਘੂ, ਰਗਾਂ ਤੋਂ ਉਪਰ ਡੇਰਾ ਲਾਈਆ । ਓਹ ਕ੍ਰਿਸ਼ਨਾ ਕਾਹਨਾ ਨੌਜਵਾਨਾ ਸ੍ਰੀ ਭਗਵਾਨਾ ਸਚ ਦਵਾਰੇ ਆਪਣੇ ਸੱਜੂ, ਸੱਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੇਰੇ ਪਸੀਨਾ ਆਉਂਦਾ ਉਤੇ ਪੇਸ਼ਾਨੀ, ਖ਼ੁਸ਼ੀ ਗ਼ਮੀਆਂ ਨਾਲ ਬਣਾਈਆ । ਤੁਸੀਂ ਸਤਿਗੁਰ ਲੱਭਦੇ ਜਗਤ ਜਿਸਮਾਨੀ, ਤਤਾਂ ਖੇਲ ਖਿਲਾਈਆ । ਅੱਖਰਾਂ ਵਾਲੀ ਮੰਜ਼ਲ ਸੁਣਦੇ ਰੁਹਾਨੀ, ਰੂਹ ਬੁਤ ਨਾਲ ਕੁੜਮਾਈਆ । ਸ਼ਰਅ ਵਾਲੀ ਜਾਣ ਕਲਾਮੀ, ਕਾਇਨਾਤ ਖ਼ੁਸ਼ੀ ਬਣਾਈਆ । ਮਜ਼੍ਹਬ ਤੱਕ ਗ਼ੁਲਾਮੀ, ਜ਼ੰਜੀਰਾਂ ਗੰਢ ਰਖਾਈਆ । ਮਾਲਾ ਮਣਕਿਆਂ ਵਾਲੀ ਨਿਸ਼ਾਨੀ, ਤਸਬੀਆਂ ਹੱਥ ਲਮਕਾਈਆ । ਰਸਨਾ ਜਿਹਵਾ ਨਾਲ ਜਪਦੇ ਪ੍ਰਾਣੀ, ਢੋਲੇ ਸਿਫ਼ਤਾਂ

ਵਾਲੇ ਗਾਈਆ । ਮਹਿੰਮਾ ਵਾਲੀ ਗਾਉਂਦੇ ਕਹਾਣੀ, ਗਾ ਗਾ ਸ਼ੁਕਰ ਮਨਾਈਆ । ਅੱਠ ਸੱਠ ਤੀਰਥ ਨਹਾਉਂਦੇ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪੰਧ ਮੁਕਾਈਆ । ਜਗਤ ਸ਼ਾਸਤਰਾਂ ਸੁਣਦੇ ਬਾਣੀ, ਗ੍ਰੰਥਾਂ ਧਿਆਨ ਰਖਾਈਆ । ਨਾਰਦ ਕਹੇ ਜਨ ਭਗਤੋ ਇਹ ਪਿਛਲਿਆਂ ਜੁਗਾਂ ਦੀ ਗੱਲ ਪੁਰਾਣੀ, ਅਗਲੀ ਸਮਝ ਨਾ ਕੋਇ ਸਮਝਾਈਆ । ਜੇ ਉਹ ਪ੍ਰਭੂ ਚਾਹਵੇ ਇਕ ਛਿੰਨ ਵਿਚ ਸਭ ਨੂੰ ਮਿਲ ਜਾਏ ਹਾਣੀਆਂ ਦਾ ਹਾਣੀ, ਹਾਣੀਓ ਤੁਹਾਨੂੰ ਆਪਣੇ ਗਲੇ ਲਗਾਈਆ । ਤੁਸੀਂ ਓਸ ਸ਼ਹਿਨਸ਼ਾਹ ਦੀ ਬਣੇ ਰਾਣੀ, ਜਿਸ ਦੀ ਰਈਅਤ ਨਾ ਕੋਇ ਬਦਲਾਈਆ । ਜਿਸ ਨੇ ਕਦੇ ਨਹੀਂ ਹੋਣਾ ਫ਼ਾਨੀ, ਫ਼ੈਸਲਾ ਆਦਿ ਜੁਗਾਦਿ ਹਕੋ ਹਕ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਤੁਹਾਡੇ ਕਿਹੋ ਜਿਹੇ ਏਕੇ, ਸੱਜਣੋ ਦਿਓ ਜਣਾਈਆ । ਕੀ ਤੁਸਾਂ ਆਪਣੇ ਆਪ ਦੇ ਕੀਤੇ ਠੇਕੇ, ਕੀ ਆਪਣੀ ਬੋਲੀ ਨਿਲਾਮੀ ਵਾਲੀ ਕਰਾਈਆ । ਸਾਰੇ ਦੱਸ ਦਿਓ ਤੁਹਾਡੇ ਕਿੱਥੇ ਸੌਹਰੇ ਤੇ ਕਿਥੇ ਪੇਕੇ, ਕਿਥੇ ਤੁਹਾਡੀ ਵੱਜੇ ਵਧਾਈਆ । ਵੇਖਿਓ ਕਿਤੇ ਪ੍ਰਭੂ ਦੇ ਦਰ ਤੋਂ ਨਾ ਜਾਇਓ ਛੇਕੇ, ਛੇਕੜ ਬਿਨਾ ਪ੍ਰਭੂ ਤੋਂ ਕੰਮ ਕੋਇ ਨਾ ਆਈਆ । ਬਿਨਾ ਪੁਰਖ ਅਕਾਲ ਤੋਂ ਕੰਮ ਨਹੀਂ ਆਉਂਦੇ ਮੱਥੇ ਟੇਕੇ, ਟਿੱਕੇ ਧੂੜੀ ਖ਼ਾਕ ਨਾ ਕੋਇ ਰਮਾਈਆ । ਬਿਨਾ ਸਤਿਗੁਰ ਸ਼ਬਦ ਤੋਂ ਬਣਾਏ ਕੋਇ ਨਾ ਬੇਟੇ, ਦੋ ਜਹਾਨ ਗੋਦ ਨਾ ਕੋਇ ਟਿਕਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਮਜ਼੍ਹਬਾਂ ਵਿਚ ਕਦੇ ਨਾ ਬੇਚੇ, ਕੀਮਤ ਜਗਤ ਜਹਾਨ ਰਖਾਈਆ । ਅਗੇ ਆਪਣੇ ਪਾ ਕੇ ਨਾਮ ਦੇ ਪੇਚੇ, ਪੇਚੀਦਾ ਭੇਵ ਦਏ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੈਂ ਤੁਹਾਡੀਆਂ ਵੇਖੀਆਂ ਖਰਮਸਤੀਆਂ, ਦਿਵਸ ਰੈਣ ਧਿਆਨ ਲਗਾਈਆ । ਤੁਹਾਡੀਆਂ ਆਸ਼ਾ ਵੇਖੀਆਂ ਨੱਸਦੀਆਂ, ਭੱਜਣ ਵਾਹੋ ਦਾਹੀਆ । ਬਿਨਾ ਬੁੱਲਾਂ ਤੋਂ ਫਿਰਨ ਹੱਸਦੀਆਂ, ਖ਼ੁਸ਼ੀਆਂ ਢੋਲੇ ਗਾਈਆ । ਉਹ ਭਰੀਆਂ ਪਿਆਰ ਰਸ ਦੀਆਂ, ਪ੍ਰੀਤਮ ਵਿਚ ਸਮਾਈਆ । ਇਹ ਦਰ ਸੁਹੰਜਣੇ ਵਸਦੀਆਂ, ਜਿਥੋਂ ਬਾਹਰ ਸਕੇ ਨਾ ਕੋਇ ਕਢਾਈਆ । ਮੰਗਾਂ ਮੰਗਣ ਹਕ ਦੀਆਂ, ਹਕੀਕਤ ਦੇ ਮਾਲਕ ਅਗੇ ਝੋਲੀਆਂ ਡਾਹੀਆ । ਸਦਾ ਰਾਹ ਇਕੋ ਤਕਦੀਆਂ, ਬਿਨ ਨੈਣਾਂ ਨੈਣ ਉਠਾਈਆ । ਪ੍ਰਭੂ ਦੀ ਯਾਦ ਵਿਚ ਕਦੇ ਨਾ ਅੱਕਦੀਆਂ, ਅੱਖਰਾਂ ਵਾਲੀ ਨਾ ਕਰਨ ਪੜ੍ਹਾਈਆ । ਉਹ ਭਗਤਾਂ ਦੀਆਂ ਧਾਰਾਂ ਸੇਧਾਂ ਰੱਖਣ ਨੱਕ ਦੀਆਂ, ਸੱਜੇ ਖੱਬੇ ਰਾਹ ਨਾ ਕੋਇ ਤਕਾਈਆ । ਸਾਚੇ ਮਾਰਗ ਤੋਂ ਕਦੇ ਨਾ ਹਟਦੀਆਂ, ਭੱਜਣ ਚਾਈਂ ਚਾਈਂਆ । ਆਪ ਆਪਣਾ ਅੰਤਰ ਫਟਦੀਆਂ, ਨਾਮ ਖੰਡਾ ਇਕੋ ਵਾਹੀਆ । ਨਾਰਦ ਕਹੇ ਉਹ ਖੇਲਾਂ ਤੱਕਣ ਲਟ ਲਟ ਦੀਆਂ, ਨੂਰ ਨੁਰਾਨਾ ਨਜ਼ਰੀ ਆਈਆ । ਵਣਜਾਰਨਾਂ ਹੋਵਣ ਇਕ ਹੱਟ ਦੀਆਂ, ਸੌਦੇ ਲੈਣ ਚਾਈਂ ਚਾਈਂਆ । ਹੁਣ ਪ੍ਰੇਮਣਾਂ ਬਣਗੀਆਂ ਇਕ ਜੱਟ ਦੀਆਂ, ਜਿਥੇ ਜਟਾ ਜੂਟ ਨਜ਼ਰ ਕੋਇ ਨਾ ਆਈਆ । ਉਹ ਜਗਤ ਦੇ ਖੰਡਾਂ ਦੀਪਾਂ ਨੂੰ ਖਾਲਾਂ ਵਾਂਗ ਟੱਪਦੀਆਂ, ਕਦਮ ਕਦਮ ਨਾਲ ਬਦਲਾਈਆ । ਜਗਤ ਵਿਚਾਰਾਂ ਪ੍ਰਭ ਚਰਨਾਂ ਵਿਚ ਸੱਟਦੀਆਂ, ਖ਼ੁਸ਼ੀਆਂ ਨਾਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਆਪਣਾ ਰੰਗ ਰੰਗਾਈਆ । ਨਾਰਦ ਕਹੇ ਜਨ ਭਗਤੋ ਤੁਹਾਨੂੰ ਕਿਹੜੀ ਲੱਭੀ ਭਗਤੀ, ਸਚ ਦਿਓ ਸੁਣਾਈਆ । ਤੁਹਾਡੇ ਕਿਹੜੀ ਅੰਦਰ ਸ਼ਕਤੀ, ਜੋ ਸ਼ਿਕਵੇ ਰਹੀ ਮਿਟਾਈਆ । ਤੁਸੀਂ ਕਿਹੜੀ ਬੈਠੇ ਧਰਤੀ, ਧਵਲ ਸੋਭਾ ਪਾਈਆ ।

੧੫੭੩
੨੩

ਕੀ ਨਿਸ਼ਾਨੀ ਤੁਹਾਡੇ ਕੋਲ ਨਰਾਇਣ ਨਰ ਦੀ, ਨਰ ਹਰਿ ਕੀ ਵਰਤਾਈਆ । ਕੀ ਵਡਿਆਈ ਤੁਹਾਡੇ ਦਰ ਦੀ, ਦਰੇ ਦਰਬਾਰ ਦੇਣਾ ਸੁਣਾਈਆ । ਕਿਸ ਬਿਧ ਤੁਹਾਡੀ ਜ਼ਿੰਦਗੀ ਜਾਂਦੀ ਤਰਦੀ, ਆਪਣਾ ਪੰਧ ਮੁਕਾਈਆ । ਨਾਰਦ ਕਹੇ ਕੀ ਤੁਹਾਡੀ ਆਸ਼ਾ ਪੜ੍ਹਦੀ, ਸਿਫ਼ਤਾਂ ਵਿਚ ਸਾਲਾਹੀਆ । ਕੀ ਖੇਲ ਤੁਹਾਡੇ ਹਰਿ ਦੀ, ਜੋ ਹਰ ਹਿਰਦੇ ਵਿਚ ਸਮਾਈਆ । ਮੈਂ ਗੱਲ ਪੁਛਣਾ ਨਹੀਂ ਚਾਹੁੰਦਾ ਪੁਰਾਣੀ ਪਰ ਦੀ, ਅਗਲੀ ਦਿਓ ਸਮਝਾਈਆ । ਕੀ ਕਥਾ ਕਹਾਣੀ ਕਲ ਦੀ, ਕਲ ਕਲਕੀ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੀ ਆਪਣਾ ਭੇਵ ਚੁਕਾਈਆ । ਜਨ ਭਗਤ ਕਹਿਣ ਨਾਰਦਾ ਤੈਨੂੰ ਅਸੀਂ ਸਾਰੇ ਦੱਸੀਏ ਇਕੱਠੇ, ਸੱਜਣਾ ਇਕੋ ਵਾਰ ਜਣਾਈਆ । ਅਸੀਂ ਇਕੋ ਸਾਹਿਬ ਦੀ ਸਰਨੀ ਢੱਠੇ, ਆਵਾਜ਼ ਜੱਟਾਂ ਵਾਲੀ ਸੁਣਾਈਆ । ਇਕੋ ਸਥਰ ਲਥੇ, ਯਾਰੜਾ ਸੇਜ ਹੰਢਾਈਆ । ਇਕੇ ਨੂੰ ਟੇਕੇ ਮੱਥੇ, ਮਸਤਕ ਇਕ ਨਿਵਾਈਆ । ਇਕੇ ਅਗੇ ਬੱਧੇ ਹੱਥੇ, ਬੰਦਨਾ ਸੀਸ ਝੁਕਾਈਆ । ਇਕੇ ਦੇ ਚੜ੍ਹ ਜਾਏ ਰਥੇ, ਜੋ ਭੱਜੇ ਵਾਹੋ ਦਾਹੀਆ । ਜੋ ਸਾਨੂੰ ਮਾਰਗ ਦੱਸੇ, ਸਹਿਜ ਨਾਲ ਸਮਝਾਈਆ । ਅਸੀਂ ਉਸ ਧਰਤੀ ਤੇ ਵਸੇ, ਜਿਥੇ ਆਇਆ ਗੋਬਿੰਦ ਮਾਹੀਆ । ਸਾਨੂੰ ਨਾਮ ਦੇ ਦੇਵੇ ਰਸੇ, ਰਸਤੇ ਅੰਦਰੋਂ ਦਿਤੇ ਬਦਲਾਈਆ । ਪ੍ਰੇਮ ਮੁਹੱਬਤ ਵਿਚ ਸਾਡੇ ਨਾਲ ਹੱਸੇ, ਹਸਤੀ ਆਪਣੀ ਇਕ ਜਣਾਈਆ । ਸਾਨੂੰ ਨਾਮ ਖ਼ੁਮਾਰੀ ਦੇ ਸੱਜਣਾ ਚਾੜ੍ਹ ਦਿਤੇ ਨਸ਼ੇ, ਜੀਵਣ ਵਿਚ ਉਤਰ ਕਦੇ ਨਾ ਜਾਈਆ । ਸਾਡੀ ਮਿਟ ਗਈ ਰੈਣ ਅੰਧੇਰੀ ਮੱਸੇ, ਨੂਰੀ ਚੰਦ ਦਿਤਾ ਚਮਕਾਈਆ । ਹੋੜਾ ਦੱਸ ਕੇ ਉਪਰ ਸੱਸੇ, ਸਰਗੁਣ ਨਿਰਗੁਣ ਨਾਲ ਦਿਤਾ ਮਿਲਾਈਆ । ਨਾਰਦਾ ਅਸੀਂ ਉਸ ਦੇ ਜਾਲ ਵਿਚ ਫਸੇ, ਜੋ ਜਮ ਫਾਸੀਆਂ ਦਏ ਕਟਾਈਆ । ਨਾਰਦ ਕਹੇ ਜਨ ਭਗਤੋ ਤੁਸੀਂ ਬੜੇ ਅੱਛੇ, ਅੱਛੀ ਤਰਾਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਪ੍ਰਭੂ ਮੈਂ ਆਇਆ ਉਤੋਂ ਗੰਗਾ, ਗੰਗੋਤਰੀ ਵਿਚ ਚਰਨ ਛੁਹਾਈਆ । ਮੇਰਾ ਸੀਸ ਵੇਖ ਲੈ ਨੰਗਾ, ਬੋਦੀ ਰਿਹਾ ਹਿਲਾਈਆ । ਮੈਂ ਇਕੋ ਮੰਗ ਮੰਗਾਂ, ਖ਼ਾਲੀ ਝੋਲੀ ਅਗੇ ਡਾਹੀਆ । ਮੈਂ ਫਿਰਿਆ ਵਿਚ ਬ੍ਰਹਿਮੰਡਾਂ, ਭੱਜਿਆ ਵਾਹੋ ਦਾਹੀਆ । ਨੌ ਖੰਡ ਪ੍ਰਿਥਮੀ ਵਧਿਆ ਪਾਖੰਡਾ, ਭੇਖਾਧਾਰੀਆਂ ਖੋਜ ਖੁਜਾਈਆ । ਪਰ ਇਕ ਗੱਲ ਦੱਸ ਦੇ ਕਿਉਂ ਹੱਥ ਵਿਚ ਫੜਿਆ ਸੱਤ ਰੰਗ ਦਾ ਡੰਡਾ, ਡੰਡਾਵਤਾਂ ਕਰਾਉਣ ਵਾਲਿਆ ਦੇਣਾ ਦ੍ਰਿੜਾਈਆ । ਕਿਉਂ ਬ੍ਰਹਿਮਣ ਗੌੜਾ ਰੂਪ ਬਣਾਇਆ ਪੰਡਾ, ਆਪਣਾ ਭੇਵ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਡੰਡਾ ਕਹੇ ਸੁਣ ਉਏ ਬ੍ਰਾਹਮਣਾ ਵਾਲੇ ਬੋਦੀ, ਬੁੱਧੀ ਤੋਂ ਬਾਹਰ ਜਣਾਈਆ । ਤੈਨੂੰ ਨਹੀਂ ਪਤਾ ਦੀਨ ਦੁਨੀਆ ਹੋ ਗਈ ਲੋਭੀ, ਲਾਲਚ ਵਿਚ ਹਲਕਾਈਆ । ਕੂੜ ਕੁਕਰਮ ਵਿਚ ਹੋ ਗਈ ਕੋੜ੍ਹੀ, ਸਚ ਵਿਚ ਨਾ ਕੋਇ ਸਮਾਈਆ । ਧਰਮ ਦਾ ਦਿਸੇ ਕੋਈ ਨਾ ਜੋਗੀ, ਜੁਗੀਸ਼ਰ ਨਜ਼ਰ ਕੋਇ ਨਾ ਆਈਆ । ਕੀਮਤ ਰਹੀ ਕੋਈ ਨਾ ਕੌਡੀ, ਕੌਡੀ ਕੌਡੀ ਹੱਟ ਵਿਕਾਈਆ । ਧਾਰ ਪਵਿਤ੍ਰ ਦਿਸੇ ਨਾ ਵੇਦੀ ਸੋਢੀ, ਆਤਮ ਪਰਮਾਤਮ ਰੰਗ ਨਾ ਕੋਇ ਚੜ੍ਹਾਈਆ । ਸਾਰੇ ਇਕ ਦੂਜੇ ਦੇ ਹੱਥ ਲਾਉਂਦੇ ਗੋਡੀਂ, ਜਗਤ ਵੰਡ ਵੰਡਾਈਆ । ਸੱਤ ਰੰਗਾ ਕਹੇ ਨਾਰਦਾ ਮੇਰੇ ਬਿਨਾ ਕਦੇ ਸ੍ਰਿਸ਼ਟੀ ਨਹੀਂ ਜਾਂਦੀ ਸੋਧੀ, ਸ਼ੁਧ ਆਤਮਾ ਨਾ ਕੋਇ ਕਰਾਈਆ । ਮੈਂ ਸੱਤਾਂ ਦੀਪਾਂ ਵਿਚ ਇਕੋ ਵਾਰ ਫਿਰਨਾ ਤੇ ਸਭ ਦੇ ਹੌਲੇ ਕਰ ਦੇਣੇ ਬੋਝੀ, ਕਲਜੁਗ ਦਾ ਭਾਰ ਕੰਧ ਨਾ ਕੋਇ ਉਠਾਈਆ । ਹਉਮੇ ਦਾ ਰਹਿਣ ਨਹੀਂ ਦੇਣਾ ਕੋਈ ਰੋਗੀ, ਹੰਗਤਾ

੧੫੭੪
੨੩

ਦਾ ਗੜ੍ਹ ਦੇਣਾ ਤੁੜਾਈਆ । ਭਗਤਾਂ ਦੇ ਅਗੇ ਵੱਜਣਾ ਪਿਛੇ ਵੱਜਣਾ ਆਓ ਤੁਹਾਨੂੰ ਮਿਲਾਵਾਂ ਤੁਹਾਡਾ ਧੁਰ ਸੰਜੋਗੀ, ਤੁਹਾਡਾ ਮਾਲਕ ਤੁਹਾਨੂੰ ਦਿਆਂ ਵਖਾਈਆ । ਜਿਸ ਦੇ ਉਤੇ ਤੁਸੀਂ ਸਾਰੇ ਹੋਏ ਕਰੋਧੀ, ਗ਼ੁੱਸਾ ਆਪਣਾ ਆਪ ਪ੍ਰਗਟਾਈਆ । ਉਹ ਫੇਰ ਵੀ ਤੁਹਾਡੇ ਹਿਰਦੇ ਜਾਏ ਸੋਧੀ, ਸੋਝ ਤੋਂ ਪਰੇ ਆਪਣੀ ਸੋਚ ਜਣਾਈਆ । ਨਾਲੇ ਨਾਮ ਦੀ ਦੇਵੇ ਰੋਜ਼ੀ, ਰੋਜ਼ ਰੋਜ਼ ਰੋਜ਼ ਜਨ ਭਗਤੋ ਤੁਹਾਡੀ ਬਣਤ ਰਿਹਾ ਬਣਾਈਆ । ਏਸੇ ਕਰ ਕੇ ਉਸ ਮਾਹੀ ਨੂੰ ਗੋਬਿੰਦ ਨੇ ਕਿਹਾ ਚੋਜੀ, ਚੋਜੀ ਪ੍ਰੀਤਮ ਧੁਰਦਰਗਾਹੀਆ । ਆਦਿ ਜੁਗਾਦਿ ਦਾ ਸਦਾ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੇਰੀਆਂ ਸੁੱਕੀਆਂ ਵੇਖੋ ਲੱਤਾਂ, ਬਾਹੂ ਬਲ ਨਾ ਕੋਇ ਰਖਾਈਆ । ਤੁਹਾਨੂੰ ਕੀ ਦੇ ਸਮਝਾਵਾਂ ਮੱਤਾਂ, ਮਤ ਦੀ ਲੋੜ ਰਹੇ ਨਾ ਰਾਈਆ । ਤੁਹਾਡਾ ਲੇਖਾ ਵੇਖਾਂ ਤਤਾਂ, ਤਤਾਂ ਖੋਜ ਖੁਜਾਈਆ । ਜਿਸ ਖੇਲ ਖਿਲਾਉਣਾ ਦੀਪਾਂ ਸੱਤਾਂ, ਸਤਿ ਸਤਿਵਾਦੀ ਧੁਰਦਰਗਾਹੀਆ । ਉਸ ਦਾ ਨਜ਼ਾਰਾ ਤੱਕਾਂ ਰਤਾ, ਜੋ ਰਤਨ ਅਮੋਲਕ ਹੀਰੇ ਤੁਹਾਨੂੰ ਰਿਹਾ ਬਣਾਈਆ । ਉਸ ਦਾ ਘਰਾਨਾ ਸਮਝੋ ਪਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਇਕੋ ਡੰਕਾ ਫ਼ੜ੍ਹਾ, ਫ਼ਾਤਿਆ ਪੜ੍ਹੇ ਸਰਬ ਲੋਕਾਈਆ । ਉਹਦਾ ਲੇਖਾ ਚੂੰਕਿ ਚੁਨਾਂਚੇ ਨਾ ਕੋਈ ਅਲਬਤਾ, ਆਲਮੀਨ ਨੂਰ ਅਲਾਹੀਆ । ਉਹ ਨਿਰਗੁਣ ਧਾਰ ਅਗੰਮੀ ਸੜ੍ਹਾ, ਸਤਿ ਸਤਿਵਾਦੀ ਇਕ ਅਖਵਾਈਆ । ਤੁਹਾਡਾ ਪ੍ਰੇਮ ਪ੍ਰੀਤੀ ਨਾਲ ਜੋੜੇ ਨਤਾ, ਨਾਤਾ ਆਪਣੇ ਨਾਲ ਰਖਾਈਆ । ਵੇਖਿਓ ਕਲਜੁਗ ਦੀ ਧਾਰ ਖਾਇਓ ਨਾ ਖ਼ਤਾ, ਸਹਿਜ ਸਹਿਜ ਨਾਲ ਜਣਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਸਤਿਗੁਰ ਨਾਨਕ ਤਪਾ, ਤਪਦਿਆਂ ਹਿਰਦਿਆਂ ਸ਼ਾਂਤ ਕਰਾਈਆ ।
੧੫੭੫
੨੩
ਉਹ ਪੁਰਖ ਅਕਾਲਾ ਨੂਰ ਨੁਰਾਨਾ ਸਭ ਦਾ ਬਣ ਕੇ ਸਕਾ, ਸਾਜਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਜਨ ਭਗਤੋ ਮੇਰੀ ਕਮਰ ਗਈ ਝੁਕ, ਬੁਢੇਪਾ ਕਲਜੁਗ ਅੰਤਮ ਆਈਆ । ਮੈਂ ਕਿੱਥੇ ਜਾਵਾਂ ਲੁਕ, ਥਾਨ ਥਨੰਤਰ ਦਿਉ ਦ੍ਰਿੜਾਈਆ । ਮੇਰਾ ਪੈਂਡਾ ਜਾਵੇ ਮੁਕ, ਅਗੇ ਪੰਧ ਰਹੇ ਨਾ ਰਾਈਆ । ਜਨ ਭਗਤ ਕਹਿਣ ਨਾਰਦਾ ਤੂੰ ਗਾ ਲੈ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਗਾਈਆ । ਜਿਸ ਬਦਲਿਆ ਆਪਣਾ ਰੁਖ਼, ਪਾਸਾ ਆਇਆ ਬਦਲਾਈਆ । ਜੋ ਜਨ ਭਗਤਾਂ ਦੇਵੇ ਸੁਖ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਜਿਸ ਦਾ ਲਹਿਣਾ ਸਮਝੇ ਨਾ ਕੋਇ ਮਨੁਖ, ਮਾਨਵ ਸਾਰ ਕੋਇ ਨਾ ਪਾਈਆ । ਜੋ ਸਾਡੇ ਰਹੇ ਸਨਮੁਖ, ਜਨ ਭਗਤ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਜੇ ਸਾਹਿਬ ਤੁਹਾਡੀਆਂ ਮੰਨੇ, ਮਨਸਾ ਮੇਰੀ ਨਾਲ ਲਓ ਮਨਾਈਆ । ਜਿਸ ਭਾਗ ਲਗਾਇਆ ਧੰਨੇ, ਦਿਤੀ ਮਾਣ ਵਡਿਆਈਆ । ਭੋਗ ਲਗਾਇਆ ਛੱਪਰ ਛੰਨੇ, ਸੋਹਣੇ ਬੰਕ ਸੁਹਾਈਆ । ਉਹ ਵੇਖਣਹਾਰਾ ਨੇਤਰ ਹੀਣ ਅੰਨ੍ਹੇ, ਅੰਧ ਆਤਮ ਖੋਜ ਖੁਜਾਈਆ । ਜਨ ਭਗਤ ਚਮਕਾ ਕੇ ਆਪਣੇ ਚੰਨੇ, ਨੂਰ ਚੰਦ ਕਰੇ ਰੁਸ਼ਨਾਈਆ । ਜੋ ਜੁਗ ਜੁਗ ਬਦਲਣ ਵਾਲਾ ਸਮੇਂ, ਨਿਤ ਨਵਿਤ ਆਪਣਾ ਫੇਰਾ ਪਾਈਆ । ਨਾ ਹਰਖ ਸੋਗ ਕੋਈ ਗ਼ਮੇ, ਚਿੰਤਾ ਚਿਖਾ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਤਾਈ ਪੋਹ ਕਹੇ ਮੇਰਾ ਸਭ ਨੂੰ

੧੫੭੫
੨੩

ਇਕ ਪ੍ਰਨਾਮ, ਜਨ ਭਗਤੋ ਸੀਸ ਨਿਵਾਈਆ । ਸ਼ਰਅ ਦਾ ਰਿਹੋ ਨਾ ਕੋਇ ਗ਼ੁਲਾਮ, ਬੰਧਨ ਬੰਧ ਨਾ ਕੋਇ ਰਖਾਈਆ । ਅੱਜ ਵਾਹਿਦਾ ਕਰੋ ਤਮਾਮ, ਇਕੋ ਵਾਰ ਸੁਣਾਈਆ । ਸਾਡਾ ਧੁਰ ਦਾ ਅਗੰਮਾ ਰਾਮ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸਾਡਾ ਨਿਰਗੁਣ ਘਨਈਆ ਸ਼ਾਮ, ਕਾਹਨਾ ਇਕ ਅਖਵਾਈਆ । ਸਾਡਾ ਮਾਲਕ ਪੈਗ਼ੰਬਰਾਂ ਦਾ ਅਮਾਮ, ਅਮਾਮ ਅਮਾਮਾ ਨੂਰ ਅਲਾਹੀਆ । ਸਾਡਾ ਗੁਰੂਆਂ ਦਾ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਇਕੋ ਇਕ ਵਿਧਾਨ, ਦੂਜੀ ਸ਼ਰਅ ਨਾ ਕੋਇ ਬਦਲਾਈਆ । ਇਕੋ ਹੁਕਮ ਦੀ ਆਵੇ ਆਣ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਵਸਤ ਦੇਵੇ ਮਹਾਨ, ਮਿਹਰਵਾਨ ਦਇਆ ਕਮਾਈਆ । ਝੋਲੀ ਪਾ ਦੇ ਨਾਮ ਨਿਧਾਨ, ਖ਼ਾਲੀ ਭੰਡਾਰੇ ਦਏ ਭਰਾਈਆ । ਜਿਸ ਦਾ ਝੁਲਣਾ ਇਕ ਧਰਮ ਨਿਸ਼ਾਨ, ਸੱਤ ਰੰਗ ਦਾ ਡੰਡਾ ਦਏ ਗਵਾਹੀਆ । ਸੋ ਲੇਖਾ ਵੇਖੇ ਸਭ ਦਾ ਆਣ, ਆਪ ਆਪਣਾ ਫੇਰਾ ਪਾਈਆ । ਜਨ ਭਗਤੋ ਤੁਹਾਡਾ ਲੇਖੇ ਲੱਗਾ ਆਵਣ ਜਾਣ, ਚਰਨ ਕਵਲ ਮਿਲੇ ਸਰਨਾਈਆ । ਘਰ ਬੈਠੇ ਬਿਰਧ ਬਾਲ ਜਵਾਨ ਸਾਰੇ ਤਰ ਜਾਣ, ਦੇਵੇ ਮਾਣ ਵਡਿਆਈਆ । ਤੁਹਾਡੀ ਸੇਵਾ ਬੜੀ ਬਲਵਾਨ, ਜੋ ਪ੍ਰਭੂ ਨੂੰ ਰਹੀ ਝੁਕਾਈਆ । ਤੁਹਾਡੀ ਮੰਜ਼ਲ ਕੀਤੀ ਆਸਾਨ, ਪੈਂਡਾ ਦਿਤਾ ਮੁਕਾਈਆ । ਤੁਸੀਂ ਨਾ ਜ਼ਿਮੀਂ ਰਹੋ ਨਾ ਰਹੋ ਉਤੇ ਅਸਮਾਨ, ਅਸਮਾਨਾਂ ਤੋਂ ਪਰੇ ਤੁਹਾਡਾ ਡੇਰਾ ਦਿਤਾ ਲਗਾਈਆ । ਜਿਥੇ ਇਕੋ ਵਸੇ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਭੰਡਾਰਾ ਬਖ਼ਸ਼ਿਆ ਪਕਵਾਨ, ਦੇਵੇ ਰਿਜ਼ਕ ਸਬਾਈਆ । ਉਹ ਲਹਿਣਾ ਦੇਣਾ ਚੁਕਾਏ ਆਣ, ਆਪਣਾ ਫੇਰਾ ਪਾਈਆ । ਜਿਸ ਦਾ ਰੂਪ ਬੇਪਹਿਚਾਨ, ਰੰਗ ਰੇਖ ਨਾ ਕੋਇ ਵਖਾਈਆ । ਉਸ ਦਾ ਦਿਤਾ ਸਾਰੇ ਪੀਣ ਖਾਣ, ਤਨ ਵਜੂਦ ਰਹੇ ਹੰਢਾਈਆ । ਉਹ ਦਰ ਆਇਆਂ ਨੂੰ ਦੇਵੇ ਪ੍ਰੇਮ ਦਾ ਦਾਨ, ਪ੍ਰੀਤੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਵੇ ਮਿਹਰਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਨਜ਼ਰ ਉਠਾਈਆ ।



### ੨੮ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰੇ ਸ਼ਾਦੀਆਂ ਸਮੇਂ

ਸਤਿਗੁਰ ਸ਼ਬਦ ਕਹੇ ਪੁਰਖ ਅਬਿਨਾਸ਼ੀ ਮਿਹਰਾਂ ਕੀਤੀਆਂ, ਕਰਤੇ ਪੁਰਖ ਦਿਤੀ ਵਡਿਆਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਬੀਤੀਆਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਧਾਰ ਬਦਲਦਾ ਰਿਹਾ ਰੀਤੀਆਂ, ਨਿਰਗੁਣ ਸਰਗੁਣ ਆਪ ਸਮਝਾਈਆ । ਜਿਸ ਦਾ ਲੇਖਾ ਤ੍ਰੈਗੁਣ ਅਤੀਤੀਆਂ, ਤ੍ਰੈਭਵਣ ਧਨੀ ਬੇਪਰਵਾਹੀਆ । ਓਹ ਪਰਖਣਹਾਰਾ ਸਭ ਦੀਆਂ ਨੀਤੀਆਂ, ਘਟ ਘਟ ਅੰਤਰ ਵੇਖ ਵਖਾਈਆ । ਜਿਸ ਖਹਿੜਾ ਛਡਾਉਣਾ ਮੰਦਰ ਮਸੀਤੀਆਂ, ਮੱਠਾਂ ਦੇਹੁਰਿਆਂ ਲੇਖ ਚੁਕਾਈਆ । ਜਨ ਭਗਤਾਂ ਕਾਇਆ ਕਰ ਕੇ ਠਾਂਡੀਆਂ ਸੀਤੀਆਂ, ਅਗਨੀ ਤਤ ਬੁਝਾਈਆ । ਤੂੰ ਮੇਰਾ ਮੈਂ ਤੇਰਾ ਸੁਣਾ ਕੇ ਗੀਤੀਆਂ, ਗੋਬਿੰਦ ਕਰੀ ਸਚ ਪੜ੍ਹਾਈਆ । ਚਾਰ ਜੁਗ ਦੇ ਸ਼ਾਸਤਰ ਵੱਟਣ ਕਚੀਚੀਆਂ, ਆਪਣਾ ਨੈਣ ਉਠਾਈਆ । ਸਾਡੀਆਂ ਗੰਢਾਂ ਖੁਲ੍ਹੀਆਂ ਪੀਚੀਆਂ, ਪੇਚਾ ਸ਼ਬਦ ਗੁਰੂ ਲਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਮੇਰਾ ਹੋਇਆ

ਵਕਤ ਸੁਹਾਵਾ, ਪ੍ਰਭ ਦਿਤੀ ਮਾਣ ਵਡਿਆਈਆ । ਮੇਰਾ ਉਸ ਦੇ ਉਤੇ ਦਾਅਵਾ, ਜੋ ਦਾਅਵੇਦਾਰ ਅਖਵਾਈਆ । ਮੈਂ ਓਸੇ ਦੇ ਢੋਲੇ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਜਿਸ ਦਾ ਆਦਿ ਅੰਤ ਦਾ ਇਕੋ ਨਾਂਵਾਂ, ਨਵ ਸੱਤ ਜਣਾਈਆ । ਜੋ ਖੇਲ ਖੇਲੇ ਵਾਂਗ ਪੁਤਰਾਂ ਮਾਂਵਾਂ, ਪਿਤਾ ਪੂਤ ਆਪ ਅਖਵਾਈਆ । ਜਨ ਭਗਤਾਂ ਦੇਵੇ ਠੰਡੀਆਂ ਛਾਂਵਾਂ, ਸ਼ਹਿਨਸ਼ਾਹ ਸਿਰ ਆਪਣਾ ਹੱਥ ਟਿਕਾਈਆ । ਹਰਿ ਸੰਗਤ ਮੇਲ ਮਿਲਾ ਕੇ ਭੈਣ ਭਰਾਵਾਂ, ਭਾਂਡਾ ਭਰਮ ਭਉ ਭਨਾਈਆ । ਜਗਤ ਧਾਰ ਧਰਮ ਦੀਆਂ ਲਾਵਾਂ, ਸਤਿਗੁਰ ਸ਼ਬਦ ਕਰੇ ਕੁੜਮਾਈਆ । ਜੋ ਫਿਰਦਾ ਨਗਰ ਖੇੜੇ ਪਿੰਡ ਗਰਾਵਾਂ, ਦੋ ਜਹਾਨਾਂ ਵੇਖ ਵਖਾਈਆ । ਜਿਸ ਨੇ ਹਿੰਦੂ ਮੁਸਲਮ ਸਿੱਖ ਈਸਾਈ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਤੋਲ ਤੋਲਿਆ ਸਾਂਵਾਂ, ਕੰਡਾ ਨਾਮ ਹੱਥ ਉਠਾਈਆ । ਮੈਂ ਨਿਵ ਨਿਵ ਉਸ ਨੂੰ ਸੀਸ ਨਿਵਾਵਾਂ, ਝੁਕ ਝੁਕ ਲਾਗਾਂ ਪਾਈਆ । ਚਾਰ ਕੁੰਟ ਦਹਿ ਦਿਸ਼ਾ ਉਠਾ ਕੇ ਬਾਹਵਾਂ, ਸਭ ਨੂੰ ਦਿਆਂ ਸੁਣਾਈਆ । ਜਗਤ ਵਾਸ਼ਨਾ ਕੂੜ ਰਹੇ ਨਾ ਕਾਂਵਾਂ, ਕਾਗ ਹੰਸ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਮੇਰਾ ਵਕਤ ਸੁਹਾਵਾ ਮਾਤ, ਪ੍ਰਭ ਦਿਤੀ ਮਾਣ ਵਡਿਆਈਆ । ਸਤਿ ਸਚ ਦੀ ਬਖ਼ਸ਼ ਕੇ ਦਾਤ, ਮੇਰਾ ਭੰਡਾਰਾ ਦਿਤਾ ਭਰਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਦੀਨ ਦੁਨੀ ਦਾ ਮਾਰਗ ਦਿਤਾ ਬਦਲਾਈਆ । ਕਲਜੁਗ ਅੰਤ ਮਾਰ ਕੇ ਝਾਤ, ਝਾਕੇ ਭਗਤਾਂ ਦਿਤੇ ਖੁਲਾਈਆ । ਭਗਤਾਂ ਦੀ ਭਗਤ ਬਣਾ ਬਰਾਤ, ਦੂਲ੍ਹਾ ਵੇਖੇ ਚਾਈਂ ਚਾਈਂਆ । ਕੰਨਿਆ ਦਾ ਕਾਇਨਾਤ, ਸਾਕ ਸੱਜਣ ਸਾਜਣ ਸੋਭਾ ਪਾਈਆ । ਨਵ ਸੱਤ ਦਾ ਇਕ ਪਰਾਂਤ, ਹਿੱਸਾ ਧਰਮ ਧਾਰ ਵੰਡਾਈਆ । ਇਕੋ ਪ੍ਰੀਤ ਬਖ਼ਸ਼ ਕੇ ਨਾਤ, ਚਰਨ ਕਵਲ ਦਏ ਸਰਨਾਈਆ । ਸਤਿਗੁਰ ਹੋ ਕੇ ਪੁਛੇ ਵਾਤ, ਵੇਖੇ ਥਾਉਂ ਥਾਈਂਆ । ਆਪਣੇ ਹੁਕਮ ਦੀ ਦੱਸ ਕੇ ਬਾਤ, ਬਾਤਨ ਪਰਦਾ ਦਏ ਖੁਲਾਈਆ । ਸਭ ਦੇ ਜਨਮ ਕਰਮ ਦੇ ਲੇਖੇ ਲਏ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਭਾਗ ਲਗਾ ਕੇ ਕਾਇਆ ਮਾਟੀ ਕਾਚ, ਕੰਚਨ ਗੜ੍ਹ ਦਏ ਸੁਹਾਈਆ । ਜਨ ਭਗਤੋ ਤੁਹਾਡਾ ਮੰਗਲਾਚਾਰ ਦਾ ਨਾਚ, ਤਾਲੀ ਖ਼ੁਸ਼ੀਆਂ ਵਾਲੀ ਵਜਾਈਆ । ਤੁਹਾਡੀ ਪ੍ਰੇਮ ਪਿਆਰ ਦੀ ਪਰਭਾਤ, ਢੋਲੇ ਸੋਹਲੇ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਜੁਗ ਕਹੇ ਮੈਂ ਬਚਨ ਦੱਸਾਂ ਸਚ ਦਾ, ਸਚ ਨਾਲ ਸਮਝਾਈਆ । ਖ਼ੁਸ਼ੀਆਂ ਵਿਚ ਫਿਰਾਂ ਨੱਚਦਾ, ਭੱਜਾਂ ਵਾਹੋ ਦਾਹੀਆ । ਮੇਰੇ ਸਾਹਿਬ ਨੇ ਭਰਮ ਚੁਕਾਇਆ ਕਾਇਆ ਮਾਟੀ ਕੱਚ ਦਾ, ਕੰਚਨ ਗੜ੍ਹ ਦਏ ਵਡਿਆਈਆ । ਜੋ ਲੂੰ ਲੂੰ ਅੰਦਰ ਰਿਹਾ ਰਚਦਾ, ਹਰ ਘਟ ਰਿਹਾ ਸਮਾਈਆ । ਮਾਰਗ ਦੱਸ ਕੇ ਧਰਮ ਧਾਰ ਦੀ ਮਤ ਦਾ, ਮਨ ਮਤ ਦਾ ਡੇਰਾ ਢਾਹੀਆ । ਭੇਵ ਖੁਲਾ ਕੇ ਸਾਚੀ ਰਤ ਦਾ, ਰਤਨ ਅਮੋਲਕ ਹੀਰੇ ਲਏ ਪਰਗਟਾਈਆ । ਪਿਆਰ ਬਖ਼ਸ਼ ਕੇ ਸਤਿ ਦਾ, ਸਤਿ ਵਿਚ ਸਮਾਈਆ । ਨਾਤਾ ਜੋੜ ਕੇ ਤਤ ਦਾ, ਤਤਵ ਤਤ ਰੰਗ ਰੰਗਾਈਆ । ਖੇਲ ਸਮਝਾ ਕੇ ਪਰਮੇਸ਼ਵਰ ਪਤਿ ਦਾ, ਪਤਤ ਪੁਨੀਤ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਮੈਨੂੰ ਕਿਰਪਾ ਕੀਤੀ ਪੁਰਖ ਅਬਿਨਾਸ਼ੀ, ਦਿਤੀ ਮਾਣ ਵਡਿਆਈਆ । ਮੈਂ ਖ਼ੁਸ਼ੀਆਂ ਵਿਚ ਕਰਾਂ ਹਾਸੀ, ਹਸਤੀ ਤੱਕਾਂ ਚਾਈਂ ਚਾਈਂਆ । ਸਾਚੇ ਮੰਡਲ ਪਾਵੇ ਰਾਸੀ, ਖ਼ੁਸ਼ੀਆਂ ਢੋਲੇ ਗਾਈਆ । ਮੇਰੀ ਪੂਰੀ ਹੋਵੇ ਆਸੀ, ਤ੍ਰਿਸ਼ਨਾ

੧੫੭੮
੨੩

ਰੰਗ ਰੰਗਾਈਆ । ਭਗਤ ਭਗਤਾਂ ਉਤੇ ਕਰਨ ਵਿਸ਼ਵਾਸੀ, ਵਿਸ਼ਵ ਦਾ ਰਾਹ ਸਮਝਾਈਆ । ਜਿਥੇ ਦਿਸੇ ਕੋਇ ਨਾ ਮਦਿਰਾ ਮਾਸੀ, ਰਸਨਾ ਰਸਨ ਨਾ ਕੋਇ ਹਲਕਾਈਆ । ਵੱਜੇ ਵਧਾਈ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਸੋਭਾ ਪਾਈਆ । ਦੇਵਤ ਸੁਰ ਗਣ ਗੰਧਰਵ ਸਾਰੇ ਗਾਸੀ, ਗਾਵਣ ਚਾਈਂ ਚਾਈਂਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਕਿਆਸੀ, ਕਾਇਮ ਮੁਕਾਮ ਸੋਭਾ ਪਾਈਆ । ਸਤਿਗੁਰ ਸ਼ਬਦ ਹਰਿਜਨ ਬਣਾ ਕੇ ਦਾਸਨ ਦਾਸੀ, ਦਾਸ ਦਾਸਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਜੁਗ ਕਹੇ ਵੇਖੋ ਖੇਲ ਪੁਰਖ ਸਮਰਾਥ, ਹਰਿ ਕਰਤਾ ਆਪ ਕਰਾਈਆ । ਜੋ ਦੀਨ ਦਿਆਲ ਵੇਖਣਹਾਰਾ ਅਨਾਥਾਂ ਅਨਾਥ, ਪਰਦੇ ਪਰਦਿਆਂ ਵਿਚੋਂ ਉਠਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਸੋਹੰ ਕੀਤੀ ਸਚ ਪੜ੍ਹਾਈਆ । ਜਨ ਭਗਤਾਂ ਭਗਤਾਂ ਨਾਲ ਬਣਾ ਕੇ ਸਾਥ, ਜੋੜੀ ਜਗਤ ਜਹਾਨ ਜਣਾਈਆ । ਸਤਿ ਸਚ ਚਲਾ ਕੇ ਰਾਥ, ਰਥਵਾਹੀ ਬਣਿਆ ਧੁਰਦਰਗਾਹੀਆ । ਮਸਤਕ ਲਹਿਣਾ ਵੇਖ ਕੇ ਮਾਥ, ਪੂਰਬ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਸਤਿਜੁਗ ਕਹੇ ਜਨ ਭਗਤੋ ਮੇਰੀ ਨਮੋ ਨਮੋ ਨਿਮਸਕਾਰ, ਸਤਿ ਸਚ ਵਿਚ ਸੀਸ ਨਿਵਾਈਆ । ਕਿਰਪਾ ਕੀਤੀ ਆਪ ਕਰਤਾਰ, ਕੁਦਰਤ ਦਾ ਮਾਲਕ ਹੋਇਆ ਸਹਾਈਆ । ਨਵ ਸੱਤ ਦੀ ਬੰਨ੍ਹ ਕੇ ਧਾਰ, ਆਤਮ ਪਰਮਾਤਮ ਜੋੜ ਜੁੜਾਈਆ । ਰੀਤੀ ਦੱਸ ਅਪਰ ਅਪਾਰ, ਅਗੰਮ ਦਿਤਾ ਸਮਝਾਈਆ । ਜਨ ਭਗਤਾਂ ਜੋੜੀ ਖ਼ੁਸ਼ੀ ਰਹੇ ਵਿਚ ਸੰਸਾਰ, ਖ਼ੁਸ਼ੀਆਂ ਢੋਲੇ ਗਾਈਆ । ਵਕਤ ਸੁਹੰਜਣਾ ਹੋਵੇ ਭਗਤ ਦਵਾਰ, ਦੋਹਰੀ ਆਪਣੀ ਕਾਰ ਭੁਗਤਾਈਆ । ਸਤਿਜੁਗ ਕਹੇ ਮੈਂ ਕੂਕ ਕਰਾਂ ਪੁਕਾਰ, ਸਭ ਨੂੰ ਦਿਆਂ ਸੁਣਾਈਆ । ਲਾਲਚ ਛਡਣਾ ਨਰ ਨਾਰ, ਨਰ ਨਰਾਇਣ ਹੋਏ ਸੁਹਾਈਆ । ਜੋ ਆਦਿ ਜੁਗਾਦੀ ਸਾਂਝਾ ਯਾਰ, ਮਿਤ੍ਰ ਪਿਆਰਾ ਇਕ ਅਖਵਾਈਆ । ਜਿਸ ਦੇ ਹੁਕਮ ਦੀ ਸਾਰੇ ਕਰਨ ਇੰਤਜ਼ਾਰ, ਅਵਤਾਰ ਪੈਗ਼ੰਬਰ ਗੁਰੂ ਰਾਹ ਤਕਾਈਆ । ਸੋ ਵਕਤ ਸੁਹੇਲਾ ਕਰੇ ਕਰਨੀ ਦਾ ਕਰਨੇਹਾਰ, ਕੁਦਰਤ ਦਾ ਕਾਦਰ ਵਡ ਵਡਿਆਈਆ । ਸਤਿਜੁਗ ਕਹੇ ਪੋਹ ਅਠਾਈ ਤੇਰਾ ਬਣਿਆ ਰਹੇ ਪਿਆਰ, ਪ੍ਰੇਮ ਪ੍ਰੀਤੀ ਭਗਤਾਂ ਨਾਲ ਜਣਾਈਆ । ਹਰਿ ਸੰਗਤ ਖ਼ੁਸ਼ੀਆਂ ਦੇ ਲਾਉਂਦੀ ਰਹੇ ਜੈਕਾਰ, ਸਾਚੇ ਢੋਲੇ ਗਾਈਆ । ਹਰਿਜਨ ਸਦਾ ਵਸਦਾ ਰਹੇ ਘਰ ਬਾਰ, ਤਨ ਮਾਟੀ ਸੋਭਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਪਾਵਣਹਾਰਾ ਸਾਰ, ਮਹਾਸਾਰਥੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਸਭ ਨੂੰ ਦੇਵੇ ਪਿਆਰ, ਪਿਆਰ ਮੁਹੱਬਤ ਵਿਚ ਨਾਤਾ ਆਪਣੇ ਨਾਲ ਰਖਾਈਆ ।

### ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਤਿਜੁਗ ਕਹੇ ਕਿਰਪਾ ਕਰੇ ਅਬਿਨਾਸ਼ੀ ਅਚੁਤਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਸੁਤ ਦੁਲਾਰਾ ਅਗੰਮੀ ਬਣਾਏ ਸੁਤਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਦਇਆ ਕਮਾਈਆ । ਧਰਨੀ ਧਰਤ ਧਵਲ ਧੌਲ ਮੇਰੀ ਸੁਹੰਜਣੀ ਕਰੇ ਰੁਤਾ, ਰੁਤੜੀ ਆਪਣੇ ਨਾਲ

ਮਹਿਕਾਈਆ । ਮੇਰਾ ਨਿਵਾਸ ਕਰੇ ਕਾਇਆ ਮਾਟੀ ਪੰਜ ਤਤ ਤਨ ਬੁਤਾ, ਬੁਤਖ਼ਾਨਿਆਂ ਦਏ ਟਿਕਾਈਆ । ਕਲਜੁਗ ਜੀਵਾਂ ਭਾਗ ਜਗਾਏ ਸੁੱਤਾ, ਅਲਖ ਅਗੋਚਰ ਦਏ ਵਡਿਆਈਆ । ਕੂੜ ਕੁਕਰਮ ਦਾ ਮੇਟੇ ਦੁੱਖਾ, ਭਾਂਡਾ ਭਰਮ ਭਉ ਭੰਨਾਈਆ । ਆਤਮ ਬ੍ਰਹਮ ਦਾ ਦੇ ਕੇ ਸੁਖਾ, ਸੁਖ ਸਤਿਗੁਰ ਚਰਨ ਦੱਸੇ ਸਰਨਾਈਆ । ਪਰਦਾ ਲਾਹੇ ਮਾਨਸ ਮਾਨਵ ਮਾਨੁਖਾ, ਆਪ ਆਪਣੀ ਦਇਆ ਕਮਾਈਆ । ਭੇਵ ਅਭੇਦ ਚੁਕਾਏ ਲੁਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਤੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਮ ਕਹੇ ਕਿਰਪਾ ਕਰੇ ਆਪ ਨਿਰੰਕਾਰਾ, ਨਿਰਵੈਰ ਧੁਰਦਰਗਾਹੀਆ । ਸੋ ਪੁਰਖ ਨਿਰੰਜਣ ਹੋ ਕੇ ਜ਼ਾਹਰਾ, ਹਰਿ ਪੁਰਖ ਨਿਰੰਜਣ ਭੇਵ ਖੁਲਾਈਆ । ਏਕੰਕਾਰ ਦਏ ਅਧਾਰਾ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰਾ, ਸ੍ਰੀ ਭਗਵਾਨ ਵੇਖ ਵਖਾਈਆ । ਪਾਰਬ੍ਰਹਮ ਕਰੇ ਪਿਆਰਾ, ਬ੍ਰਹਮ ਮੇਲਾ ਸਹਿਜ ਸੁਭਾਈਆ । ਸਤਿਗੁਰ ਸ਼ਬਦ ਦਏ ਇਸ਼ਾਰਾ, ਦੋ ਜਹਾਨਾਂ ਆਪ ਦ੍ਰਿੜਾਈਆ । ਸਤਿਜੁਗ ਸਤਿ ਸਤਿਵਾਦੀ ਹੋਏ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਕਲਜੁਗ ਕੂੜ ਵੇਖੇ ਕੁੜਿਆਰਾ, ਅੰਧ ਅੰਧਿਆਰਾ ਖੋਜ ਖੁਜਾਈਆ । ਵੇਖੇ ਵਿਗਸੇ ਪਾਵੇ ਸਾਰਾ, ਭੇਵ ਅਭੇਦਾ ਆਪ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਜੁਗ ਕਹੇ ਮੇਰਾ ਇਕੋ ਸਾਹਿਬ ਸਵਾਮੀ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਜਿਸ ਦੀ ਬੋਧ ਅਗਾਧ ਬਾਣੀ, ਅਣਿਆਲਾ ਤੀਰ ਚਲਾਈਆ । ਬਖ਼ਸ਼ਣਹਾਰਾ ਪਦ ਨਿਰਬਾਣੀ,
੧੫੭੯
੨੩
ਦਰਗਾਹ ਸਚ ਦਏ ਵਡਿਆਈਆ । ਉਸ ਦੀ ਮਹਿੰਮਾ ਅਕਥ ਕਹਾਣੀ, ਸਿਫ਼ਤਾਂ ਸਿਫ਼ਤ ਸਲਾਹੀਆ । ਉਹ ਸ਼ਾਹੋ ਭੂਪ ਸੁਲਤਾਨੀ, ਸ਼ਹਿਨਸ਼ਾਹ ਇਕ ਅਖਵਾਈਆ । ਜੋ ਵੇਖਣਹਾਰਾ ਜ਼ਿਮੀਂ ਅਸਮਾਨੀ, ਮੰਡਲ ਮੰਡਪ ਖੋਜੇ ਚਾਈਂ ਚਾਈਂਆ । ਜਿਸ ਦੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਦਏ ਵਡਿਆਈਆ । ਜਿਸ ਦਾ ਕਲਮਾ ਸਚ ਕਲਾਮੀ, ਕਾਇਨਾਤ ਦਏ ਸਮਝਾਈਆ । ਉਹ ਸਤਿਗੁਰ ਸ਼ਬਦ ਗੁਰੂ ਅਨਾਮੀ, ਮਿਹਰਵਾਨ ਬੇਪਰਵਾਹੀਆ । ਜਿਸ ਝਗੜਾ ਮੇਟਣਾ ਦੀਨ ਮਜ਼੍ਹਬ ਇਸਲਾਮੀ, ਇਸਮ ਆਪਣਾ ਇਕ ਸਮਝਾਈਆ । ਸ਼ਰਅ ਦੀ ਰਹਿਣ ਨਾ ਦਏ ਗ਼ੁਲਾਮੀ, ਜ਼ੰਜੀਰ ਬੇਨਜ਼ੀਰ ਦਏ ਕਟਾਈਆ । ਲੇਖਾ ਜਾਣੇ ਅੱਠ ਸੱਠ ਤੀਰਥ ਪਾਣੀ, ਸਮੁੰਦ ਸਾਗਰਾਂ ਵੇਖੇ ਚਾਈਂ ਚਾਈਂਆ । ਉਧਾਰ ਚੁਕਾਏ ਵੇਦ ਪੁਰਾਣੀਂ, ਗ੍ਰੰਥ ਸ਼ਾਸਤਰਾਂ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਧਰਮ ਕਹੇ ਪ੍ਰਭੂ ਤੇਰਾ ਹੋਏ ਵਕਤ ਸੁਹੰਜਣਾ, ਲੋਕਮਾਤ ਵੱਜੇ ਵਧਾਈਆ । ਮੇਰੇ ਆਦਿ ਪੁਰਖ ਨਿਰੰਜਣਾ, ਜੋਤੀ ਜਾਤੇ ਤੇਰਾ ਨੂਰ ਰੁਸ਼ਨਾਈਆ । ਤੂੰ ਆਦਿ ਜੁਗਾਦਿ ਦਰਦ ਦੁੱਖ ਭੈ ਭੰਜਣਾ, ਮਿਹਰਵਾਨ ਨੂਰ ਅਲਾਹੀਆ । ਆਤਮ ਪਰਮਾਤਮ ਸਾਕ ਸੱਜਣਾ, ਸਖਾ ਸਖਾਈ ਇਕ ਅਖਵਾਈਆ । ਸਤਿ ਸਚ ਚਾੜ੍ਹ ਦੇ ਰੰਗਣਾ, ਰੰਗਣ ਨਾਮ ਰੰਗਾਈਆ । ਦਰ ਤੇਰਾ ਇਕੋ ਮੰਗਣਾ, ਦੂਸਰ ਸੀਸ ਨਾ ਕਦੇ ਝੁਕਾਈਆ । ਤੂੰ ਸਾਹਿਬ ਸੂਰਾ ਸਰਬੰਗਣਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਚਰਨ ਧੂੜ ਕਰਾ ਦੇ ਮਜਨਾ, ਦੁਰਮਤ ਮੈਲ ਧਵਾਈਆ । ਧਰਮ ਦੀ ਧਾਰ ਪਰਦਾ ਕੱਜਣਾ, ਹੋਣਾ ਆਪ ਸਹਾਈਆ । ਤੇਰਾ ਇਕੋ ਡੰਕ ਨਗਾਰਾ ਵੱਜਣਾ, ਦੋ ਜਹਾਨਾਂ ਕਰੇ ਸ਼ਨਵਾਈਆ । ਕਲਜੁਗ ਕੂੜਾ ਭਾਂਡਾ ਭੱਜਣਾ, ਠੀਕਰ ਮਾਟੀ ਰਹਿਣ

ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਮ ਕਹੇ ਮੇਰੇ ਪੁਰਖ ਅਕਾਲੇ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਅਪਰੰਪਰ ਸਵਾਮੀ ਦੀਨ ਦਿਆਲੇ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਤੂੰ ਵਸਣਹਾਰਾ ਸਚਖੰਡ ਸੱਚੀ ਧਰਮਸਾਲੇ, ਦਰਗਾਹ ਸਾਚੀ ਮੁਕਾਮੇ ਹਕ ਸੋਭਾ ਪਾਈਆ । ਤੇਰੇ ਜੁਗ ਜੁਗ ਖੇਲ ਨਿਰਾਲੇ, ਨਿਰਵੈਰ ਤੇਰੇ ਹੱਥ ਸਰਬ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਤੇਰੀਆਂ ਘਾਲਾਂ ਰਹੇ ਘਾਲੇ, ਜੁਗ ਚੌਕੜੀ ਸੇਵ ਕਮਾਈਆ । ਤੂੰ ਫਲ ਲਗਾਏ ਦੀਨ ਮਜ਼੍ਹਬ ਦੇ ਡਾਲੇ, ਪੱਤ ਟਹਿਣੀ ਮਾਤ ਮਹਿਕਾਈਆ । ਮਾਰਗ ਦੱਸੇ ਸੁਖਾਲੇ, ਸਹਿਜ ਸਹਿਜ ਸਮਝਾਈਆ । ਅਵਤਾਰ ਪੈਗ਼ੰਬਰ ਗੁਰ ਨਿਰਗੁਣ ਸਰਗੁਣ ਧਾਰ ਦੀਪਕ ਬਾਲੇ, ਜੋਤੀ ਜੋਤ ਕੀਤੀ ਰੁਸ਼ਨਾਈਆ । ਗ੍ਰੰਥ ਸ਼ਾਸਤਰ ਜਿਸ ਦੇ ਦੇਣ ਅਹਿਵਾਲੇ, ਰਾਗਾਂ ਨਾਦਾਂ ਢੋਲਿਆਂ ਵਿਚ ਸੁਣਾਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਅੰਤਮ ਸਭ ਦੀ ਸੁਰਤ ਸੰਭਾਲੇ, ਸੰਬਲ ਬਹਿ ਕੇ ਆਪਣਾ ਖੇਲ ਖਿਲਾਈਆ । ਜਿਸ ਨੂੰ ਨੌ ਖੰਡ ਪ੍ਰਿਥਮੀ ਸੱਤ ਦੀਪ ਭਾਲੇ, ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਮ ਕਹੇ ਮੇਰੇ ਸਾਹਿਬ ਗੋਬਿੰਦ, ਗੋਬਿੰਦ ਗੋਬਿੰਦ ਤੇਰੀ ਓਟ ਤਕਾਈਆ । ਨਿਰਵੈਰ ਪੁਰਖ ਮੇਰੀ ਮੇਟ ਦੇ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਈਆ । ਮੈਂ ਤੇਰੇ ਪਿਆਰ ਦੀ ਬਿੰਦ, ਬਿੰਦਰਾਬਨ ਦਾ ਕਾਹਨ ਰਿਹਾ ਸੁਣਾਈਆ । ਤੂੰ ਸਾਹਿਬ ਮੇਰਾ ਮਰਗਿੰਦ, ਸ਼ਹਿਨਸ਼ਾਹ ਧੁਰਦਰਗਾਹੀਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤਤੀਸਾ ਇੰਦ, ਸੁਰਪਤ ਨਿਵ ਨਿਵ ਲਾਗਣ ਪਾਈਆ । ਅਵਤਾਰ ਪੈਗ਼ੰਬਰ ਗੁਰ ਤੇਰੇ ਨਾਮ ਦੀ ਵਜਾਵਣ ਕਿੰਗ, ਢੋਲੇ ਸੋਹਲੇ ਰਾਗ ਦ੍ਰਿੜਾਈਆ । ਤੇਰਾ ਸਤਿ ਸਰੂਪ ਸ਼ਾਹੋ ਭੂਪ ਗਹਿਰ ਗੰਭੀਰ ਸਾਗਰ ਸਿੰਧ, ਬੇਅੰਤ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਸਤਿਜੁਗ ਕਹੇ ਮੇਰੇ ਸਾਹਿਬ ਸ੍ਰੀ ਭਗਵੰਤ, ਸਤਿ ਤੇਰੀ ਸਰਨਾਈਆ । ਤੂੰ ਸਭ ਦਾ ਆਦਿ ਜੁਗਾਦੀ ਕੰਤ, ਕੰਤੂਹਲ ਇਕ ਅਖਵਾਈਆ । ਤੇਰਾ ਨਾਮ ਨਿਧਾਨਾ ਅਗੰਮਾ ਮੰਤ, ਧਰਮ ਧਾਰ ਸਮਝਾਈਆ । ਭਗਤ ਸੁਹੇਲੇ ਉਠਾ ਲੈ ਸੰਤ, ਗੁਰਮੁਖ ਗੁਰ ਗੁਰ ਗੋਦ ਟਿਕਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਇਕ ਜਣਾਈਆ । ਬੁੱਧੀ ਤੋਂ ਪਰੇ ਦਾ ਬਣ ਕੇ ਪੰਡਤ, ਸਿਖਿਆ ਦੇਣੀ ਚਾਈਂ ਚਾਈਆ । ਤੇਰਾ ਖੇਲ ਜੁਗ ਚੌਕੜੀ ਅਨੰਤ, ਗਣਤੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਪ੍ਰਭੂ ਮੇਰਾ ਮਾਰਗ ਜਾਏ ਲੱਗ, ਹੋਣਾ ਆਪ ਸਹਾਈਆ । ਤੇਰਾ ਦੀਪਕ ਜੋਤ ਜਾਏ ਜਗ, ਜਗਤ ਜਹਾਨ ਕਰੇ ਰੁਸ਼ਨਾਈਆ । ਤ੍ਰੈਗੁਣ ਬੁਝਾ ਦਏ ਲੱਗੀ ਅੱਗ, ਤ੍ਰੈਭਵਣ ਧਨੀ ਹੋ ਸਹਾਈਆ । ਜਨ ਭਗਤਾਂ ਦਰਸ਼ਨ ਦੇਵੇ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਘਰ ਸਵਾਮੀ ਬਹੇ ਸਜ, ਦਰ ਦਸਮ ਆਪ ਸੁਹਾਈਆ । ਤੇਰਾ ਨਾਮ ਨਗਾਰਾ ਜਾਏ ਵੱਜ, ਨਾਦ ਅਨਾਦੀ ਕਰੇ ਸ਼ਨਵਾਈਆ । ਤੇਰਾ ਸਾਚਾ ਕਾਇਆ ਕਾਅਬੇ ਹੋਵੇ ਹੱਜ, ਹਜ਼ਰਤਾਂ ਦੇ ਹਜ਼ਰਤ ਕਿਰਪਾ ਕੀਤੀ ਨੂਰ ਅਲਾਹੀਆ । ਮੈਨੂੰ ਧਰਤੀ ਉਤੇ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਧਰਮ ਨੂੰ ਲਵਾਂ ਲੱਭ, ਵੇਖਾਂ ਚਾਈਂ ਚਾਈਂਆ । ਕਲਜੁਗ ਕੂੜਾ ਧਰਨੀ ਧਰਤ ਧਵਲ ਉਤੇ ਭਾਰ ਜਾਏ ਲਦ, ਧਵਲ ਉਤੇ ਰਹਿਣ ਮੂਲ ਨਾ ਪਾਈਆ ।

ਕਲਜੁਗ ਜੀਵ ਬਪੜੇ ਹੋਏ ਬੱਗ, ਕਾਗ ਰੂਪ ਦਰਸਾਈਆ । ਸਭ ਨੂੰ ਮਾਇਆ ਡਸਣੀ ਡਸੇ ਸੱਪ, ਵਿਖ ਅੰਦਰੇ ਅੰਦਰ ਵਖਾਈਆ । ਤੇਰਾ ਕਰੇ ਕੋਈ ਨਾ ਜਪ, ਜਿਹਵਾ ਸਿਫ਼ਤ ਨਾ ਕੋਇ ਸਲਾਹੀਆ । ਧਰਮ ਦਾ ਰਿਹਾ ਨਾ ਕੋਇ ਤਪ, ਤਪੀਸ਼ਰ ਰੋਵਣ ਮਾਰਨ ਧਾਹੀਆ । ਕਲਜੁਗ ਕੂੜ ਕੁੜਿਆਰਾ ਹੱਦ ਗਿਆ ਟੱਪ, ਆਪਣਾ ਪੰਧ ਮੁਕਾਈਆ । ਸਚ ਧਰਮ ਗਿਆ ਛੱਪ, ਨੂਰੀ ਚੰਦ ਨਾ ਕੋਇ ਚਮਕਾਈਆ । ਜਿਧਰ ਤੱਕੇ ਵਧਿਆ ਪੱਪ, ਪਾਪਾਂ ਭਰੀ ਲੋਕਾਈਆ । ਪਿਆਰ ਰਿਹਾ ਨਾ ਗੁਰ ਮਤ, ਮਨ ਤਨ ਹੋਈ ਹਲਕਾਈਆ । ਕਿਰਪਾ ਕਰ ਪੁਰਖ ਸਮਰਥ, ਵਡ ਦਾਤੇ ਦਇਆ ਕਮਾਈਆ । ਸਾਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਮਨ ਮਨੂਆ ਹੋਵੇ ਵਸ, ਚਾਰੋਂ ਕੁੰਟ ਨਾ ਉਠ ਉਠ ਧਾਈਆ । ਨਿਝਰ ਝਿਰਨਾ ਅੰਮ੍ਰਿਤ ਦੇ ਦੇ ਰਸ, ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਨਿਜ ਨੇਤਰ ਕਵਲ ਖੋਲ ਦੇ ਅੱਖ, ਦਿਬ ਨੈਣ ਮਿਲੇ ਵਡਿਆਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਸਤਿਜੁਗ ਕਹੇ ਦਰ ਤੇਰੇ ਮੰਗ ਮੰਗਾਈਆ । ਧਰਮ ਦੀ ਕੀਮਤ ਰਹੀ ਨਾ ਕੱਖ, ਕੌਡੀ ਹੱਟ ਨਾ ਕੋਇ ਵਿਕਾਈਆ । ਚਾਰੋਂ ਕੁੰਟ ਲਾਉਂਦੇ ਭੱਖ, ਤੇਰੇ ਸ਼ਬਦ ਦੀ ਭਾਖਿਆ ਸਮਝੇ ਕੋਇ ਨਾ ਰਾਈਆ । ਆਤਮ ਧਾਰ ਪਰਮਾਤਮ ਹੋਈ ਵੱਖ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਨਿਗਾਹ ਮਾਰ ਲੈ ਧਾਰ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਫੋਲ ਫੁਲਾਈਆ । ਸਚ ਦੀ ਬੰਨ੍ਹੀ ਕਿਸੇ ਨਾ ਗੱਠ, ਪਾਹਨਾਂ ਪੱਥਰਾਂ ਸਾਰੇ ਸੀਸ ਨਿਵਾਈਆ । ਸਾਚਾ ਲੱਭੇ ਕੋਈ ਨਾ ਹੱਟ, ਵਸਤ ਨਾਮ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਕਹੇ ਪ੍ਰਭੂ ਮੇਰਾ ਮਾਰਗ ਕਰ ਪ੍ਰਸਿੱਧ, ਸਿਧ ਸਾਧਕ ਸਾਰੇ ਧਿਆਨ ਲਗਾਈਆ । ਆਪਣੇ ਹੁਕਮ ਦੀ ਦੱਸ ਦੇ ਬਿਧ, ਬਿਧਨਾ ਲੇਖਾ ਦੇ ਮਿਟਾਈਆ । ਝਗੜਾ ਮੁਕਾ ਦੇ ਰਿਧ ਸਿਧ, ਭੇਵ ਅਭੇਦ ਆਪ ਖੁਲਾਈਆ । ਇਹ ਕਾਰਜ ਤੇਰਾ ਨਿਜ, ਨਿਰਵੈਰ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕਹੇ ਧਰਮਾ ਸੱਜਣਾ ਮੈਂ ਜਾਗਦਾ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਤੂੰ ਲੇਖਾ ਤੱਕ ਲੈ ਮੇਰੇ ਭਾਗ ਦਾ, ਜੋ ਭਗਵਨ ਝੋਲੀ ਪਾਈਆ । ਮੈਂ ਭੁੱਖਾ ਨਹੀਂ ਜਗਤ ਦੇ ਰਾਜ ਦਾ, ਤਾਜ ਸੀਸ ਨਾ ਕੋਇ ਟਿਕਾਈਆ । ਮੈਂ ਹੁਕਮ ਮੰਨਣਾ ਸਤਿਗੁਰੂ ਸ਼ਬਦ ਮਹਾਰਾਜ ਦਾ, ਜੋ ਦੇਵੇ ਚਾਈਂ ਚਾਈਆ । ਮੈਂ ਦਿਵਸ ਰੈਣ ਉਸੇ ਨੂੰ ਅਰਾਧਦਾ, ਜੋ ਸਭ ਦਾ ਪਿਤਾ ਮਾਈਆ । ਮੇਰਾ ਰੂਪ ਨਹੀਂ ਕੋਈ ਕਲਜੁਗ ਵਾਲੇ ਸਾਧ ਦਾ, ਅੰਦਰੋਂ ਹੋਰ ਤੇ ਬਾਹਰੋਂ ਹੋਰ ਰੂਪ ਪ੍ਰਗਟਾਈਆ । ਮੈਂ ਭਰਿਆ ਪ੍ਰਭੂ ਦੇ ਵੈਰਾਗ ਦਾ, ਊਣਤਾ ਵਿਚ ਨਾ ਕੋਇ ਰਖਾਈਆ । ਮੈਂ ਮਾਣ ਰਹਿਣ ਨਹੀਂ ਦਿਤਾ ਦੁਨੀਆ ਦੇ ਕੰਤ ਵਾਲੇ ਸੁਹਾਗ ਦਾ, ਵਿਛੋੜੇ ਵਿਚ ਕੀਤੀ ਖ਼ਲਕ ਖ਼ੁਦਾਈਆ । ਸਿਰ ਝੁਕੇ ਨਾ ਕੋਇ ਅਦਾਬ ਦਾ, ਸਜਦਾ ਹਕ ਨਾ ਕੋਇ ਰਖਾਈਆ । ਮੈਂ ਜੀਵ ਜਹਾਨ ਵਣਜਾਰਾ ਬਣਾਇਆ ਕਿਤਾਬ ਦਾ, ਅੱਖਰਾਂ ਨਾਲ ਪਰਚਾਈਆ । ਮੈਂ ਖੇਲ ਖਿਲਾਇਆ ਇਸ਼ਕ ਹਕੀਕੀ ਤੇ ਮਜਾਜ ਦਾ, ਦੋਵੇਂ ਰੰਗ ਰੰਗਾਈਆ । ਕਿਸੇ ਨੂੰ ਦਰਸ਼ਨ ਹੋਣ ਨਾ ਦੇਵਾਂ ਅਗੰਮੇ ਬਾਪ ਦਾ, ਪੁਰਖ ਅਕਾਲ ਮਿਲਣ ਕੋਇ ਨਾ ਪਾਈਆ । ਮੇਰਾ ਰੂਪ ਤ੍ਰੈਗੁਣ ਤਾਪ ਦਾ, ਅਗਨੀ ਤਤ ਜਲਾਈਆ । ਰਸਨਾ ਰਸ ਵਖਾਵਾਂ ਜਗਿਆਸੂਆਂ ਜਾਪ ਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਸੇ ਨੂੰ ਸਮਝ ਨਹੀਂ ਕੀ ਲੇਖਾ ਮਿਲਦਾ ਇਕ ਦੋ ਅੱਖਰ ਜਾਪ ਦਾ, ਬਿਨ ਰਸਨਾ ਜਿਹਵਾ ਹਿਲਾਈਆ । ਮੈਂ ਖੇਲ

ਖਿਲਾਇਆ ਦੀਨ ਦੁਨੀ ਕੂੜੇ ਸਾਕ ਦਾ, ਸੱਜਣ ਸਚ ਨਾ ਕੋਇ ਮਿਲਾਈਆ । ਕੁੰਡਾ ਖੋਲਿਆ ਨਹੀਂ ਕਿਸੇ ਬਜਰ ਕਪਾਟੀ ਤਾਕ ਦਾ, ਸੁਖਮਨ ਟੇਢੀ ਪਾਰ ਨਾ ਕੋਇ ਕਰਾਈਆ । ਕਿਸੇ ਵਕਤ ਨਹੀਂ ਜਾਣਿਆ ਏਕੇ ਵਾਲੀ ਇਕ ਕਲਾਕ ਦਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਹੁਣ ਮੇਰਾ ਸਮਾਂ ਅੰਧੇਰੀ ਰਾਤ ਦਾ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਮੁੱਲ ਪਾਉਣਾ ਨਾਨਕ ਵਾਲੀ ਇਕ ਬਾਤ ਦਾ, ਜੋ ਲੇਖੇ ਇਕ ਗੱਲ ਸਮਝਾਈਆ । ਝਗੜਾ ਤੱਕਣਾ ਜ਼ਾਤ ਪਾਤ ਦਾ, ਦੀਨ ਦੁਨੀ ਟਕਰਾਈਆ । ਕਿਸੇ ਲੇਖਾ ਰਹੇ ਨਾ ਬੁਤ ਪਾਕ ਦਾ, ਪਤਤ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਕਲਜੁਗ ਕਹੇ ਧਰਮ ਮੈਂ ਸੂਰਬੀਰ ਬਹਾਦਰ, ਯੋਧਾ ਇਕ ਅਖਵਾਈਆ । ਮੇਰਾ ਮਾਲਕ ਕਰੀਮ ਕਾਦਰ, ਕੁਦਰਤ ਕਰਤਾ ਨੂਰ ਅਲਾਹੀਆ । ਜਿਸ ਮੈਨੂੰ ਦੇਣਾ ਆਦਰ, ਸਿਰ ਮੇਰੇ ਹੱਥ ਟਿਕਾਈਆ । ਅੰਤ ਸਚ ਕਰੇ ਅਦਲ, ਇਨਸਾਫ਼ ਇਕ ਸਮਝਾਈਆ । ਮੇਰਾ ਧਾਮ ਮੁਕੱਦਸ ਬਾਤੁਲ, ਬੈਤਲ ਦਏ ਸਮਝਾਈਆ । ਉਹ ਵੇਖੇ ਖੇਲ ਤਮਾਸ਼ਨ, ਭੇਵ ਅਭੇਦਾ ਆਪ ਦ੍ਰਿੜਾਈਆ । ਜੋ ਵਸੇ ਜ਼ਿਮੀਂ ਆਕਾਸ਼ਨ, ਪ੍ਰਿਥਮੀ ਖੋਜ ਖੁਜਾਈਆ । ਸੋ ਪੂਰੀ ਕਰੇ ਆਸ਼ਨ, ਤ੍ਰਿਸ਼ਨਾ ਪੂਰ ਕਰਾਈਆ । ਜਿਸ ਨੂੰ ਨਿਹਕਲੰਕ ਕਲ ਕਲਕੀ ਅਵਤਾਰ ਅਮਾਮ ਅਮਾਮਾ ਸਾਰੇ ਆਖਣ, ਨੂਰ ਨੁਰਾਨਾ ਨੂਰ ਅਲਾਹੀਆ । ਓਹ ਲਹਿਣੇ ਦੇਣੇ ਸਭ ਦੇ ਜਾਣੇ ਬਾਤਨ, ਪਰਦੇ ਪਰਦਿਆਂ ਵਿਚੋਂ ਚੁਕਾਈਆ । ਉਹ ਮੇਰੇ ਲੇਖੇ ਆਇਆ ਵਾਚਣ, ਬਿਨ ਰਸਨਾ ਜਿਹਵਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣ ਸਤਿਜੁਗ ਕਲਜੁਗ ਮੀਤ, ਜਗਤ ਮਿਤਰੋ ਦਿਆਂ ਜਣਾਈਆ । ਪੁਰਖ ਅਕਾਲ ਦੀ ਅਗੰਮੀ ਰੀਤ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਉਹ ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਵੇਖ ਵਖਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਗਏ ਬੀਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਉਹ ਲੇਖਾ ਜਾਣੇ ਹਸਤ ਕੀਟ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਪਰਦੇ ਆਪ ਉਠਾਈਆ । ਓਹ ਮਾਲਕ ਸਵਾਮੀ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਬੇਪਰਵਾਹੀਆ । ਜਿਸ ਦੀ ਸਤਿਗੁਰ ਸ਼ਬਦ ਕਰੇ ਤਸਦੀਕ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਓਸ ਨੇ ਕਲਜੁਗ ਵਿਚ ਸਤਿਜੁਗ ਲਾਉਣਾ ਠੀਕ, ਠਾਕਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਇਹ ਖੇਲ ਨਹੀਂ ਕੋਈ ਲੁਕਦਾ, ਸਚ ਪਰਦਾ ਓਹਲਾ ਨਾ ਕੋਇ ਰਖਾਈਆ । ਕਲਜੁਗ ਪੈਂਡਾ ਜਾਵੇ ਮੁਕਦਾ, ਮੁਕੰਮਲ ਆਪਣਾ ਪੰਧ ਮੁਕਾਈਆ । ਸਤਿਜੁਗ ਸਾਚਾ ਆਵੇ ਉਠਦਾ, ਆਪਣੀ ਲਏ ਅੰਗੜਾਈਆ । ਪੁਰਖ ਅਕਾਲਾ ਜਾਵੇ ਤੁਠਦਾ, ਮਿਹਰ ਨਜ਼ਰ ਉਠਾਈਆ । ਕਲਜੁਗ ਵਕਤ ਸੁਹੰਜਣਾ ਹੋਣਾ ਕਾਇਆ ਮਾਟੀ ਬੁਤ ਦਾ, ਬੁਤਖ਼ਾਨਿਆਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਇਕੋ ਇਕ ਫ਼ਰਮਾਨ, ਫੁਰਨਿਆਂ ਬਾਹਰ ਜਣਾਈਆ । ਸਦਾ ਰਹੇ ਨਾ ਕੋਇ ਹੁਕਮਰਾਨ, ਜੁਗ ਚੌਕੜੀ ਆਪਣਾ ਪੰਧ ਮੁਕਾਈਆ । ਸਦਾ ਨਾ ਝੁਲੇ ਕੋਇ ਨਿਸ਼ਾਨ, ਨਿਸ਼ਾਨੇ ਜਗਤ ਜੁਗ ਬਦਲਾਈਆ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਦੋ ਜਹਾਨਾਂ ਸੀਸ ਨਿਵਾਈਆ । ਉਹ ਸੂਰਬੀਰਾ ਨੌਜਵਾਨ,

ਮਰਦ ਮਰਦਾਨਾ ਇਕ ਅਖਵਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸਾਰੇ ਗਾਣ, ਬਿਨ ਰਸਨਾ ਢੋਲੇ ਸਿਫ਼ਤ ਸਾਲਾਹੀਆ । ਉਹ ਕਲਜੁਗ ਅੰਤ ਹੋਵੇ ਪ੍ਰਧਾਨ, ਪਰਮ ਪੁਰਖ ਬੇਪਰਵਾਹੀਆ । ਸਤਿਜੁਗ ਸਚ ਬਣਾਏ ਵਿਧਾਨ, ਜਿਸ ਦੀ ਤਰਮੀਮ ਨਾ ਕੋਇ ਕਰਾਈਆ । ਚਾਰੋਂ ਕੁੰਟ ਝੁਲਾਏ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਈਆ । ਸੱਤ ਦੀਪ ਮੰਨਣ ਫ਼ਰਮਾਨ, ਨੌਂ ਖੰਡ ਪ੍ਰਿਥਮੀ ਸੀਸ ਨਿਵਾਈਆ । ਸਭ ਦਾ ਇਕੋ ਹੋਵੇ ਹੁਕਮਰਾਨ, ਦੂਜਾ ਹੁਕਮ ਨਾ ਕੋਇ ਜਣਾਈਆ । ਇਕੋ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਈਆ । ਇਕੋ ਦੇਵਣਹਾਰਾ ਹੋਵੇ ਦਾਨ, ਵਸਤ ਨਾਮ ਅਤੁਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਪੁਰਖ ਅਕਾਲ ਕਹੇ ਸੁਣ ਸੁਤ ਦੁਲਾਰੇ ਸ਼ਬਦੀ ਸ਼ਬਦ, ਸਤਿਗੁਰ ਧਾਰ ਦਿਆਂ ਦ੍ਰਿੜ੍ਹਾਈਆ । ਤੇਰਾ ਖੇਲ ਵੇਖਾਂ ਦੀਨ ਮਜ਼੍ਹਬ, ਚਾਰੇ ਕੁੰਟ ਧਿਆਨ ਲਗਾਈਆ । ਕਿਸ ਬਿਧ ਸਰਗੁਣ ਧਾਰ ਹੁੰਦਾ ਅਦਬ, ਅਵਤਾਰ ਪੈਗ਼ੰਬਰ ਗੁਰੂਆਂ ਕਵਣ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਧਰਨੀ ਤੇ ਹੋਇਆ ਗ਼ਜ਼ਬ, ਹੈਰਾਨੀ ਵਿਚ ਜਣਾਈਆ । ਕਲਜੁਗ ਸਭ ਦੇ ਅੰਦਰ ਹੋਇਆ ਜਜਬ, ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਹੋਵੇ ਏਕ, ਏਕੰਕਾਰ ਰਿਹਾ ਜਣਾਈਆ । ਕਲਜੁਗ ਸਤਿਜੁਗ ਦੋਹਾਂ ਦੀ ਇਕੋ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਆਪਣਾ ਆਪ ਕਰਨਾ ਬਿਬੇਕ, ਦੁਰਮਤ ਮੈਲ ਰਹੇ ਨਾ ਰਾਈਆ । ਸੁਣੋ ਸਤਿ ਦਾ ਸਚ ਸੰਦੇਸ਼, ਸੰਦੇਸ਼ਿਆਂ ਬਾਹਰ ਦ੍ਰਿੜ੍ਹਾਈਆ । ਇਕੋ ਮਾਲਕ ਖ਼ਾਲਕ



ਨਰ ਨਰੇਸ਼, ਪਰਵਰਦਿਗਾਰ ਨੂਰ ਅਲਾਹੀਆ । ਜੋ ਸਦਾ ਰਹੇ ਹਮੇਸ਼, ਜੰਮਣ ਮਰਨ ਵਿਚ ਕਦੇ ਨਾ ਆਈਆ । ਭਾਗ ਲਗਾ ਕੇ ਸੰਬਲ ਦੇਸ, ਸਾਢੇ ਤਿੰਨ ਹੱਥ ਦਏ ਵਡਿਆਈਆ । ਕਲਜੁਗ ਤੇਰਾ ਕੂੜ ਕੁਕਰਮ ਦਾ ਬਦਲ ਕੇ ਲੇਖ, ਲੇਖਾ ਲਿਖਿਆ ਦਏ ਮਿਟਾਈਆ । ਸਤਿਜੁਗ ਤੇਰਾ ਸਚ ਧਰਾਏ ਭੇਖ, ਭੇਖਾਧਾਰੀ ਦਇਆ ਕਮਾਈਆ । ਦੋਹਾਂ ਦਾ ਲਹਿਣਾ ਹੋਵੇ ਨਾਲ ਦਸ ਦਸਮੇਸ਼, ਦਹਿ ਦਿਸ਼ਾ ਵੱਜੇ ਵਧਾਈਆ । ਜਿਸ ਝਗੜਾ ਮੇਟਣਾ ਮੁੱਲਾ ਕਾਜੀ ਮੁਸਾਇਕ ਸ਼ੇਖ਼, ਸ਼ੇਖ਼ੀ ਸਭ ਦੀ ਦਏ ਗਵਾਈਆ । ਜਿਸ ਕਾਰਨ ਸਤਿਗੁਰ ਅਰਜਨ ਸੀਸ ਪਵਾਈ ਰੇਤ, ਤਤੀ ਤਵੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਧੁਰ ਦਾ ਸ਼ਬਦ ਇਕ ਫ਼ਰਮਾਨਾ, ਫ਼ਰਮਾਂਬਰਦਾਰੋ ਦਿਆਂ ਜਣਾਈਆ । ਕਲਜੁਗ ਤੇਰੇ ਅੰਤਮ ਵਰਤਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤ ਨਿਵਾਸੀ ਕੋਈ ਨਾ ਰਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਨਵ ਸੱਤ ਹੋਵੇ ਹੈਰਾਨਾ, ਵੈਰੀ ਘਰ ਘਰ ਨਜ਼ਰੀ ਆਈਆ । ਪਿਤਾ ਪੂਤ ਦਿਸੇ ਬੇਗਾਨਾ, ਨਾਰ ਕੰਤ ਨਾ ਕੋਇ ਵਡਿਆਈਆ । ਲੱਭਿਆਂ ਹੱਥ ਨਾ ਆਵੇ ਖਾਣਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਮਿਟਾਈਆ । ਚਾਰ ਕੁੰਟ ਹੋਵੇ ਵੈਰਾਨਾ, ਫੁੱਲ ਫੁਲਵਾੜੀ ਨਾ ਕੋਇ ਮਹਿਕਾਈਆ । ਸੁਹੰਜਣਾ ਵਕਤ ਨਾ ਹੋਏ ਗੋਪੀ ਕਾਹਨਾ, ਮੰਡਲ ਰਾਸ ਨਾ ਕੋਇ ਰਚਾਈਆ । ਇਸ਼ਟ ਦਿਸੇ ਨਾ ਸੀਤਾ ਰਾਮਾ, ਅਸ਼ਟਭੁਜ ਸੀਸ ਨਾ ਕੋਇ ਨਿਵਾਈਆ । ਪੈਗ਼ੰਬਰ ਕਰੇ ਨਾ ਕੋਇ ਸਲਾਮਾ, ਸਯਦਾ ਸੀਸ ਨਾ ਕੋਇ ਝੁਕਾਈਆ । ਮਾਣ ਦਿਸੇ ਨਾ ਕਿਸੇ ਕਲਾਮਾ, ਕਾਇਨਾਤ ਰਹੀ ਕੁਰਲਾਈਆ । ਸਤਿਗੁਰ ਸ਼ਬਦ ਦਾ ਇਕੋ ਵਜਣਾ ਦਮਾਮਾ, ਦੋ ਜਹਾਨਾਂ

ਕਰੇ ਸ਼ਨਵਾਈਆ । ਜਿਸ ਨੂੰ ਸਭ ਨੇ ਸੀਸ ਝੁਕਾਉਣਾ, ਨਿਵ ਨਿਵ ਲਾਗਣ ਪਾਈਆ । ਉਹ ਸਾਹਿਬ ਸ੍ਰੀ ਭਗਵਾਨਾ, ਪੁਰਖ ਅਕਾਲਾ ਇਕ ਅਖਵਾਈਆ । ਜਿਸ ਦਾ ਮੁਹੰਮਦ ਦਿਤਾ ਪੈਗ਼ਾਮਾ, ਉਹ ਅਮਾਮ ਅਮਾਮਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਨੌਜਵਾਨਾ, ਬਿਰਧ ਬਾਲ ਨਾ ਰੂਪ ਬਣਾਈਆ ।

### ✪ ੨੯ ਪੋਹ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਲੋਹੜੀ ਵਾਲੀ ਰਾਤ ✪

ਧਰਮ ਦੀ ਧਾਰ ਕਹੇ ਲੋਹੜੀ, ਲੁੜੀਂਦੇ ਸਾਜਣ ਤੇਰੀ ਸ਼ਰਨਾਈਆ । ਆਤਮ ਪਰਮਾਤਮ ਬਣਾਈਂ ਜੋੜੀ, ਪਰਮ ਪੁਰਖ ਹੋਣਾ ਸਹਾਈਆ । ਸਾਚੇ ਸ਼ਬਦ ਦੀ ਚਾੜ੍ਹੀਂ ਘੋੜੀ, ਦੋ ਜਹਾਨਾਂ ਪੰਧ ਮੁਕਾਈਆ । ਕਲਜੁਗ ਕੂੜੀ ਕਿਰਿਆ ਵੱਲੋਂ ਮੋੜੀਂ, ਮੁਹੱਬਤ ਆਪਣੇ ਨਾਲ ਰਖਾਈਆ । ਜਗਤ ਵਿਕਾਰੇ ਸ਼ੌਹ ਦਰਿਆਏ ਰੋੜ੍ਹੀਂ, ਅਗੇ ਹੋ ਨਾ ਕੋਇ ਅਟਕਾਈਆ । ਜਨ ਭਗਤ ਦੋਵੇਂ ਹੱਥ ਖਲੋਤੇ ਜੋੜੀ, ਨਿਵ ਨਿਵ ਲਾਗਣ ਪਾਈਂਆ । ਕਲਜੁਗ ਜੀਵ ਕਰਦੇ ਬਹੁੜੀ ਬਹੁੜੀ, ਨਵ ਸੱਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਲੋਹੜੀ ਕਹੇ ਮੇਰੇ ਸਤਿਗੁਰ ਸ਼ਬਦ ਅਹਿਬਾਬੀ, ਮਿਤ੍ਰ ਪਿਆਰੇ ਦੇਣੀ ਵਡਿਆਈਆ । ਸ਼ਾਹੋ ਭੂਪ ਸਚ ਅਦਾਬੀ, ਨਿਵ ਨਿਵ ਸੀਸ ਝੁਕਾਈਆ । ਵਸਣਹਾਰੇ ਅਗੰਮ ਮਹਿਰਾਬੀ, ਮਹਿਬੂਬ ਤੇਰੀ ਵਡ ਵਡਿਆਈਆ । ਮੇਰੇ ਦਿਵਸ ਜਗਤ ਜਹਾਨ ਭੁੰਨ ਖਾਏ ਕਬਾਬੀ, ਬਹੁੜੀ ਬਹੁੜੀ ਦੁਹਾਈਆ । ਜਗਤ ਵਿਕਾਰ ਕੀਤਾ ਸ਼ਰਾਬੀ, ਸ਼ਰਅ ਸ਼ਰੀਅਤ ਨਾ ਕੋਇ ਵਡਿਆਈਆ । ਇਸ਼ਕ ਰਿਹਾ ਨਾ ਹਕੀਕੀ ਮਜਾਜ਼ੀ, ਦੋਵੇਂ ਦੇਣ ਦੁਹਾਈਆ । ਪੁਰਖ ਅਕਾਲ ਤੂੰ ਬੇਨੰਤੀ ਸੁਣ ਸਾਡੀ, ਸਹਿਜ ਨਾਲ ਸੁਣਾਈਆ । ਤੇਰੀ ਖੇਲ ਅਗੰਮੜੀ ਡਾਹਡੀ, ਡੰਡਾਵਤ ਵਿਚ ਸੀਸ ਨਿਵਾਈਆ । ਤੇਰਾ ਲਹਿਣਾ ਦੇਣਾ ਸਚ ਸੰਗੀਤ ਨਾਲ ਢਾਡੀ ਰਬਾਬੀ, ਰਬਾਬ ਤਨ ਦੇਣੀ ਵਜਾਈਆ । ਤੇਰੀ ਧਰਮ ਧਾਰ ਇਮਦਾਦੀ, ਮਿਹਰਵਾਨ ਹੋਣਾ ਆਪ ਸਹਾਈਆ । ਤੇਰਾ ਲੇਖਾ ਅਗੰਮ ਖੇਲ ਜਗਤ ਪੰਜ ਆਬੀ, ਪੰਚਮ ਧਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਲੋਹੜੀ ਕਹੇ ਪ੍ਰਭੂ ਮੈਂ ਇਕੋ ਵਸਤ ਮੰਗਦੀ, ਦਰ ਠਾਂਡੇ ਝੋਲੀ ਡਾਹੀਆ । ਜਨ ਭਗਤਾਂ ਖੇਲ ਮੁਕਾ ਦੇ ਭੁੱਖ ਨੰਗ ਦੀ, ਤ੍ਰਿਸ਼ਨਾ ਤ੍ਰਿਖਾ ਪੂਰ ਕਰਾਈਆ । ਕਿਸੇ ਤੋਟ ਰਹੇ ਨਾ ਅੰਨ ਦੀ, ਅਤੁਲ ਭੰਡਾਰ ਵਰਤਾਈਆ । ਕਲਪਣਾ ਮੇਟ ਦੇ ਮਨ ਦੀ, ਮਨਸਾ ਖੋਜ ਖੁਜਾਈਆ । ਆਸ਼ਾ ਪੂਰੀ ਕਰ ਦੇ ਗੋਬਿੰਦ ਚੰਨ ਦੀ, ਚੰਨ ਚਾਨਣੇ ਤੇਰੇ ਹੱਥ ਵਡਿਆਈਆ । ਖੇਲ ਸਮਝਾ ਦੇ ਪੰਜ ਤਤ ਤਨ ਦੀ, ਵਜੂਦਾਂ ਮਹਿਬੂਬਾ ਪਰਦਾ ਲਾਹੀਆ । ਤੇਰੀ ਆਵਾਜ਼ ਇਕੋ ਹੋਵੇ ਧੰਨ ਧੰਨ ਦੀ, ਧੰਨ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਚ ਤੇਰੀ ਸਰਨਾਈਆ । ਲੋਹੜੀ ਕਹੇ ਮੇਰੇ ਸਤਿਗੁਰ ਪਿਆਰੇ ਸੱਜਣਾ, ਦੀਨਾਂ ਬੰਧਪ ਦੀਨ ਦਿਆਲ । ਚਰਨ ਧੂੜ ਕਰਾ ਦੇ ਮਜਨਾ, ਮੇਰੇ ਸਾਹਿਬ ਬੇਮਿਸਾਲ । ਮੇਰੇ ਨੇਤਰ ਪਾ ਦੇ ਅੰਜਨਾ, ਭੂਪਤ ਭੂਪ ਹੋ ਕਿਰਪਾਲ । ਧਰਮ ਦੀ ਧਾਰ ਚਾੜ੍ਹ ਦੇ ਰੰਗਣਾ, ਰੰਗਤ ਦੋ ਜਹਾਨ ਬੇਮਿਸਾਲ । ਦਰ ਠਾਂਡਾ ਇਕੋ ਮੰਗਣਾ, ਵਸਤ ਅਗੰਮੜੀ ਦੇਣੀ ਡਾਲ । ਜੋਤੀ ਜੋਤ ਸਰੂਪ


੧੫੮੪
੨੩

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਸੰਭਾਲ । ਲੋਹੜੀ ਕਹੇ ਪ੍ਰਭੂ ਮੇਰੀ ਵੇਖ ਲੈ ਰੈਣ, ਲੋਕਮਾਤ ਧਿਆਨ ਲਗਾਈਆ । ਸਚ ਦਾ ਦਿਸੇ ਨਾ ਕੋਇ ਸਾਕ ਸੈਣ, ਸਾਜਣ ਰੰਗ ਨਾ ਕੋਇ ਰੰਗਾਈਆ । ਤੇਰੀ ਸ੍ਰਿਸ਼ਟੀ ਤੇਰੇ ਨਾਲੋਂ ਹੋਈ ਤ੍ਰਫ਼ੈਣ, ਦੁਤੀਆ ਭਾਉ ਰਖਾਈਆ । ਮੈਂ ਬੇਨੰਤੀ ਆਈ ਕਹਿਣ, ਕਹਿ ਕਹਿ ਰਹੀ ਜਣਾਈਆ । ਜੋ ਲੇਖਾ ਲਿਖਿਆ ਵਿਚ ਰਮਾਇਣ, ਮਹਾਭਾਰਤ ਨਾਲ ਵਡਿਆਈਆ । ਉਹਦਾ ਲਹਿਣਾ ਮੁਕਾਉਣਾ ਸੁਖੈਣ, ਦਰ ਠਾਂਡੇ ਖ਼ੁਸ਼ੀ ਮਨਾਈਆ । ਜਨ ਭਗਤਾਂ ਦਰਸ਼ਨ ਦੇ ਦੇ ਆਪਣੇ ਨੈਣ, ਲੋਚਨਾਂ ਕਰ ਰੁਸ਼ਨਾਈਆ । ਚਰਨ ਪ੍ਰੀਤੀ ਦੇ ਦੇ ਦੇਣ, ਜੋ ਚਲ ਆਏ ਸਰਨਾਈਆ । ਚਰਨ ਧੂੜ ਬਣਾ ਲੈ ਰੇਣ, ਟਿੱਕੇ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦਿਸੇ ਨਾ ਕੋਇ ਸੈਣ, ਸਾਕ ਨਜ਼ਰ ਕੋਇ ਨਾ ਆਈਆ ।

## ੧ ਮਾਘ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ

ਪਹਿਲੀ ਮਾਘ ਕਹੇ ਅੱਠ ਸੱਠ ਤੀਰਥ ਆਏ ਪਿਟਣ, ਰੋ ਰੋ ਦੇਣ ਦੁਹਾਈਆ । ਕਲਜੁਗ ਜੀਵ ਸਾਨੂੰ ਨਹੀਂ ਦੇਂਦੇ ਟਿਕਣ, ਦਿਵਸ ਰੈਣ ਰਹੇ ਸਤਾਈਆ । ਨੰਗੇ ਹੋ ਹੋ ਸਾਡੇ ਵਿਚ ਲਿਟਣ, ਕੂੜੀ ਕਿਰਿਆ ਤਾਰੀਆਂ ਲਾਈਆ । ਸਾਡਾ ਲੇਖਾ ਪੂਰਾ ਕਰ ਪ੍ਰਭੂ ਪੁਰਾਣਾ ਰਿਟਣ, ਕੱਢ ਕੇ ਦਈਏ ਵਖਾਈਆ । ਜੇ ਤੂੰ ਕਲਜੁਗ ਅੰਤਮ ਆਇਉਂ ਨਜਿੱਠਣ, ਸਿਰ ਸਾਡੇ ਹੱਥ ਰਖਾਈਆ । ਸਾਡੀ ਜਲਧਾਰਾ ਟਕਿਆਂ ਵਿਚ ਲੱਗੀ ਵਿਕਣ, ਕੀਮਤ ਕੋਇ ਨਾ ਪਾਈਆ । ਤੂੰ ਅਰਸ਼ੀ ਪ੍ਰੀਤਮ ਧੁਰ ਦਾ ਪਿਤਣ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅੱਠ ਸੱਠ ਕਹਿਣ ਸ੍ਰੀ ਭਗਵਾਨ, ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਰਾਮ ਰਹੀਮਾ ਅਗੰਮਾ ਕਾਹਨ, ਨਿਰਗੁਣ ਨਿਰਵੈਰ ਇਕ ਅਖਵਾਈਆ । ਸਤਿ ਸਰੂਪੀ ਸ਼ਾਹੋ ਭੂਪੀ ਨੌਜਵਾਨ, ਮਰਦ ਮਰਦਾਨਾ ਬੇਪਰਵਾਹੀਆ । ਜਰਾ ਨਿਗਾਹ ਮਾਰ ਧਿਆਨ, ਨੈਣ ਨੈਣਾਂ ਵਿਚੋਂ ਉਠਾਈਆ । ਸਚ ਦਾ ਰਿਹਾ ਨਾ ਕੋਇ ਇਸ਼ਨਾਨ, ਦੁਰਮਤ ਮੈਲ ਨਾ ਕੋਇ ਧਵਾਈਆ । ਠੱਗੀ ਚੋਰੀ ਸਾਡੇ ਉਤੇ ਕਰੇ ਜਹਾਨ, ਮਾਇਆ ਮਮਤਾ ਲੋਭ ਮੋਹ ਹਲਕਾਈਆ । ਅਸੀਂ ਵੇਖ ਕੇ ਹੋਏ ਹੈਰਾਨ, ਹੈਰਾਨੀ ਅੰਦਰ ਦੁਹਾਈਆ । ਚਾਰੋਂ ਕੁੰਟ ਦਿਸਣ ਬੇਈਮਾਨ, ਸਤਿ ਵਿਚ ਨਾ ਕੋਇ ਸਮਾਈਆ । ਅਸੀਂ ਨਿਗਾਹ ਮਾਰੀ ਜ਼ਿਮੀਂ ਅਸਮਾਨ, ਦੀਪਾਂ ਮੰਡਲਾਂ ਲੋਆਂ ਵੇਖ ਵਖਾਈਆ । ਜਿਧਰ ਤੱਕੀਏ ਸਾਰੇ ਹੋਏ ਪ੍ਰੇਸ਼ਾਨ, ਧੀਰਜ ਧੀਰ ਨਾ ਕੋਇ ਧਰਾਈਆ । ਧਰਮ ਦਾ ਰਿਹਾ ਨਾ ਕੋਇ ਈਮਾਨ, ਸਚ ਵਿਚ ਨਾ ਕੋਇ ਸਮਾਈਆ । ਜਗਤ ਜਗਿਆਸੂ ਹੋਏ ਸ਼ੈਤਾਨ, ਬਿਨ ਸ਼ਰਅ ਦੇ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਅੱਠ ਸੱਠ ਤੀਰਥ ਕਹਿਣ ਪ੍ਰਭੂ ਅਸੀਂ ਤੇਰੇ ਨਾਮ ਦੇ ਹੋਏ ਵੈਰਾਗੀ, ਵੈਰਾਗ ਵਿਚ ਸੁਣਾਈਆ । ਜਗਤ ਵਿਵਹਾਰ ਰਹੇ ਤਿਆਗੀ, ਤੇਰੇ ਚਰਨਾਂ ਵਿਚ ਟਿਕਾਈਆ । ਸਾਡਾ ਪਵਿਤ੍ਰ ਕਿਸੇ ਨਾ ਕਰੇ ਇਸ਼ਨਾਨ ਮਾਘੀ, ਮਗਨ ਤੇਰੇ ਨਾਲ ਨਾ ਕੋਇ ਕਰਾਈਆ ।

ਸਾਥੋਂ ਤੇਰੀ ਸ੍ਰਿਸ਼ਟੀ ਹੋ ਗਈ ਬਾਗ਼ੀ, ਬਾਗ਼ਵਾਂ ਕੀ ਤੇਰੀ ਬੇਪਰਵਾਹੀਆ । ਸਚ ਵਸਤ ਕਿਸੇ ਨਾ ਲਾਧੀ, ਖੋਜਣ ਵਾਲਾ ਨਜ਼ਰ ਕੋਇ ਨਾ ਆਈਆ । ਸਾਡੇ ਉਤੇ ਸਾਡੀ ਹੋਵੇ ਬਰਬਾਦੀ, ਕੰਢੇ ਘਾਟ ਦੇਣ ਗਵਾਹੀਆ । ਸਾਧ ਸੰਤ ਹਿਰਦੇ ਰਿਹਾ ਨਾ ਕੋਇ ਅਰਾਧੀ, ਰਾਧਾ ਕ੍ਰਿਸ਼ਨ ਨਾ ਰੂਪ ਸਮਾਈਆ । ਪਿਆਰ ਦੀ ਲਾਏ ਨਾ ਕੋਇ ਸਮਾਧੀ, ਸਿਧ ਸਾਦਕ ਨਾ ਕੋਇ ਅਖਵਾਈਆ । ਸਾਡੇ ਜਲ ਨਾਲ ਦੁਖੀਆ ਹੋਵੇ ਕੋਈ ਨਾ ਰਾਜੀ, ਰਾਜ਼ਕ ਰਿਜ਼ਕ ਰਹੀਮ ਕੀ ਤੇਰੀ ਬੇਪਰਵਾਹੀਆ । ਸੁਰਤੀ ਅੰਦਰੋਂ ਕਿਸੇ ਨਾ ਜਾਗੀ, ਦੁਰਮਤ ਮੈਲ ਨਾ ਕੋਇ ਧਵਾਈਆ । ਬਿਨ ਤੇਰੀ ਕਿਰਪਾ ਹੋਏ ਨਾ ਕੋਇ ਵਡਭਾਗੀ, ਭਾਗਹੀਣ ਹੋ ਕੇ ਦੇਈਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਅੱਠ ਸੱਠ ਤੀਰਥ ਕਹਿਣ ਕਿਰਪਾ ਕਰ ਪੁਰਖ ਸਮਰਥ, ਚਰਨ ਕਵਲ ਦੇ ਸਰਨਾਈਆ । ਸਾਡੇ ਖ਼ਾਲੀ ਵੇਖ ਲੈ ਹੱਥ, ਵਸਤ ਰਹਿਣ ਕੋਇ ਨਾ ਪਾਈਆ । ਜਗਤ ਵਿਕਾਰ ਜਾਏ ਮੂਲ ਨਾ ਲਥ, ਜੋ ਸਾਡੇ ਵਿਚ ਇਸ਼ਨਾਨ ਕਰਾਈਆ । ਅਸੀਂ ਸਚ ਸਚ ਦੇਈਏ ਦੱਸ, ਦਹਿ ਦਿਸ਼ਾ ਮਾਤ ਸੁਣਾਈਆ । ਅੰਮ੍ਰਿਤ ਰਿਹਾ ਨਾ ਕੋਈ ਰਸ, ਰਸਨਾ ਰਸ ਨਾ ਕੋਇ ਵਡਿਆਈਆ । ਸਾਡੀ ਅੰਤ ਅਖ਼ੀਰ ਹੋਈ ਬੱਸ, ਵਾਸਤਾ ਤੇਰੇ ਅਗੇ ਪਾਈਆ । ਸਦਾ ਤੇਰਾ ਗਾਉਂਦੇ ਰਹੀਏ ਜਸ, ਸਿਫ਼ਤਾਂ ਵਿਚ ਸਲਾਹੀਆ । ਤੇਰਾ ਖੇਲ ਕਲਜੁਗ ਰੈਣ ਅੰਧੇਰੀ ਮੱਸ, ਸਚ ਚੰਦ ਨਾ ਕੋਇ ਚਮਕਾਈਆ । ਸਾਡਾ ਦੇ ਦੇ ਸਵਾਮੀ ਹਕ, ਹਕੀਕਤ ਤੇਰੇ ਚਰਨ ਟਿਕਾਈਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਇਹ ਤੇਰੇ ਹੱਥ ਵਡਿਆਈਆ । ਅਸੀਂ ਸਰਨ ਸਰਨਾਈ ਰਹੇ ਢੱਠ, ਅੱਠ ਸੱਠ ਤੀਰਥ ਸੀਸ ਝੁਕਾਈਆ । ਸਾਡੀ ਦੁਰਮਤ ਮੈਲ ਕੱਟ, ਅੰਤਸ਼ਕਰਨ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਅੱਠ ਸੱਠ ਕਹਿਣ ਜਨ ਭਗਤੋ ਪ੍ਰਭ ਚਰਨ ਸਚਾ ਇਸ਼ਨਾਨਾ, ਜਨਮ ਜਨਮ ਦੀ ਮੈਲ ਧਵਾਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੁਹਾਡਾ ਆਦਿ ਦਾ ਅੰਤ ਦਾ ਇਕ ਨਿਸ਼ਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਦਰ ਸਾਚਾ ਲੈਣਾ ਪਹਿਚਾਨਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਖੇਲੇ ਖੇਲ ਨੌਜਵਾਨਾ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਮਾਘ ਕਹੇ ਜਨ ਭਗਤੋ ਤੁਸਾਂ ਨੁਹਾਉਣਾ ਪ੍ਰੇਮ ਦੀ ਧੂੜੀ, ਸਚ ਇਸ਼ਨਾਨ ਜਣਾਈਆ । ਦੁਰਮਤ ਮੈਲ ਰਹੇ ਨਾ ਕੂੜੀ, ਕੂੜ ਕੁੜਿਆਰ ਮਿਟਾਈਆ । ਮੂਰਖ ਮੁਗਧ ਰਹੇ ਕੋਇ ਨਾ ਮੂੜ੍ਹੀ, ਚਤੁਰ ਸੁਜਾਨ ਸਮਝਾਈਆ । ਸਭ ਦੇ ਉਤੇ ਰੰਗਣ ਚੜ੍ਹ ਜਾਏ ਗੂੜ੍ਹੀ, ਦੋ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਮਾਘ ਕਹੇ ਜਨ ਭਗਤੋ ਪ੍ਰਭ ਸਰਨਾਈ ਨਹਾਉਣਾ, ਜੋ ਇਕੋ ਰੰਗ ਰੰਗਾਈਆ । ਭਾਂਡਾ ਭਰਮ ਭੰਨਾਉਣਾ, ਦੁਰਮਤ ਮੈਲ ਧਵਾਈਆ । ਸਾਚਾ ਬੰਕ ਸੁਹਾਉਣਾ, ਵਜਦੀ ਰਹੇ ਵਧਾਈਆ । ਅੱਠ ਸੱਠ ਤੀਰਥ ਇਕ ਬਣਾਉਣਾ, ਜਿਥੇ ਪ੍ਰਭੂ ਚਰਨ ਟਿਕਾਈਆ । ਸਦ ਗੀਤ ਸੁਹਾਗੀ ਢੋਲਾ ਗਾਉਣਾ, ਤੂੰ ਮੇਰਾ ਮੈਂ ਤੇਰਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਠਾਂਡਾ ਇਕ ਵਖਾਉਣਾ, ਜਿਥੇ ਅਗਨੀ ਤਤ ਨਾ ਲਾਗੇ ਰਾਈਆ ।

## ✪ ੨ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ਨਰਾਇਣ ਸਿੰਘ ਦੇ ਗ੍ਰਹਿ ✪



ਸਤਿਗੁਰ ਸ਼ਬਦ ਆਦਿ ਜੁਗਾਦਿ, ਜੁਗ ਚੌਕੜੀ ਖੇਲ ਖਿਲਾਈਆ । ਅਗੰਮ ਅਗੰਮੀ ਵਜਾਏ ਨਾਦ, ਅਨਾਦੀ ਧੁਨ ਪ੍ਰਗਟਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਈਆ । ਮੇਲ ਮਿਲਾਏ ਸਾਚੇ ਸੰਤ ਸਾਧ, ਸੂਫ਼ੀ ਫ਼ਕੀਰਾਂ ਫ਼ਿਕਰਾ ਅਗੰਮ ਜਣਾਈਆ । ਮੇਟ ਮਿਟਾਏ ਵਾਦ ਵਿਵਾਦ, ਕੂੜੀ ਕਿਰਿਆ ਪੰਧ ਮੁਕਾਈਆ । ਅੰਤਰ ਨਿਰੰਤਰ ਉਪਜਾਏ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਦੁਰਮਤ ਮੈਲ ਧੋਵੇ ਦਾਗ਼, ਪਤਤ ਪੁਨੀਤ ਬਣਾਈਆ । ਹੰਸ ਬਣਾਏ ਕਾਗ, ਕਾਗ ਹੰਸ ਰੂਪ ਵਖਾਈਆ । ਸੋਈ ਸੁਰਤੀ ਜਾਵੇ ਜਾਗ, ਜਿਸ ਸਤਿਗੁਰ ਸ਼ਬਦ ਹੋਏ ਸਹਾਈਆ । ਮੇਲ ਮਿਲਾਏ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਸਦਾ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਜਿਸ ਦੀ ਨਜ਼ਰ ਨਾ ਆਏ ਤਸਵੀਰ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਉਹਦਾ ਲਹਿਣਾ ਦੇਣਾ ਬੇਨਜ਼ੀਰ, ਨਜ਼ਰ ਤੋਂ ਓਹਲੇ ਆਪਣੀ ਕਾਰ ਭੁਗਤਾਈਆ । ਜਿਸ ਦੀ ਸਿਫ਼ਤ ਕਰੇ ਕਬੀਰ, ਕਬਰਾਂ ਤੋਂ ਬਾਹਰ ਰਿਹਾ ਦ੍ਰਿੜਾਈਆ । ਉਹ ਸ਼ਹਿਨਸ਼ਾਹ ਸ਼ਾਹ ਸੁਲਤਾਨਾ ਜਿਸ ਦਾ ਤਨ ਨਹੀਂ ਸਰੀਰ, ਵਜੂਦ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਅੰਮ੍ਰਿਤ ਜਾਮ ਪਿਆਏ ਸੀਰ, ਨਿਝਰ ਝਿਰਨਾ ਆਪ ਝਿਰਾਈਆ । ਹਉਮੇ ਹੰਗਤਾ ਕੱਢੇ ਪੀੜ, ਮਾਇਆ ਮਮਤਾ ਮੋਹ ਮਿਟਾਈਆ । ਸ਼ਰਅ ਦਾ ਤੋੜ ਜ਼ੰਜੀਰ, ਭੇਵ ਅਭੇਦਾ ਦਏ ਖੁਲਾਈਆ । ਮੰਜ਼ਲ ਚੋਟੀ ਚਾੜ੍ਹੇ ਅਖ਼ੀਰ, ਸਚਖੰਡ ਦਵਾਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਦੀਨ ਦਿਆਲ, ਦਇਆਨਿਧ ਇਕ ਅਖਵਾਈਆ । ਮੇਲ ਮਿਲਾਏ ਨਾਲ ਪੁਰਖ ਅਕਾਲ, ਜੋਤੀ ਜਾਤਾ ਰੰਗ ਰੰਗਾਈਆ । ਸਚਖੰਡ ਦ੍ਰਿੜਾਏ ਸਾਚੀ ਧਰਮਸਾਲ, ਧਰਮ ਦਵਾਰਾ ਇਕੋ ਸੋਭਾ ਪਾਈਆ । ਜਿਥੇ ਦੀਪਕ ਜੋਤ ਜਗੇ ਬੇਮਿਸਾਲ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸੋ ਸਤਿਗੁਰ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਤੋੜਨਹਾਰਾ ਤ੍ਰੈਗੁਣ ਮਾਇਆ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਭੇਵ ਅਭੇਦਾ ਆਪ ਖੁਲਾਈਆ । ਹਰਿਜਨ ਸਾਚੇ ਕਰੇ ਸੰਭਾਲ, ਗੁਰਮੁਖ ਆਪਣੇ ਗੋਦ ਉਠਾਈਆ । ਫਲ ਲਗਾਵੇ ਕਾਇਆ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਸਦਾ ਸੁਹੇਲਾ ਹੋ ਕੇ ਚਲੇ ਨਾਲ ਨਾਲ, ਅੰਤਰ ਆਤਮ ਮੇਲ ਮਿਲਾਈਆ । ਧੁਰ ਦਾ ਮਾਰਗ ਦੱਸ ਸੁਖਾਲ, ਸਾਚੇ ਪੌੜੇ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸ਼ਬਦ ਬੇਪਰਵਾਹੀਆ । ਸਤਿਗੁਰ ਸ਼ਬਦ ਯੋਧਾ ਸੂਰਬੀਰ, ਬਲਧਾਰੀ ਇਕ ਅਖਵਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਪੀਰ, ਅਵਤਾਰ ਸੀਸ ਨਿਵਾਈਆ । ਉਹ ਮਾਲਕ ਖ਼ਾਲਕ ਗਹਿਰ ਗੰਭੀਰ, ਗਵਰ ਵਡ ਵਡਿਆਈਆ । ਜੋ ਭਗਤਾਂ ਅੰਤਰ ਆਤਮ ਨਿਝਰ ਝਿਰਨਾ ਆਤਮ ਪਿਆਏ ਸੀਰ, ਬੂੰਦ ਸਵਾਂਤੀ ਇਕ ਟਪਕਾਈਆ । ਸਤਿ ਸਚ ਦੀ ਦੇਵੇ ਧੀਰ, ਧੀਰਜ ਧਰਮ ਧਾਰ ਰਖਾਈਆ । ਅੰਤ ਚੋਟੀ ਚਾੜ੍ਹੇ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਜੀਵਨ ਵਿਚੋਂ ਬਦਲ ਦੇਵੇ ਤਕਦੀਰ, ਜਨਮ ਆਪਣੇ ਲੇਖੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਸਦਾ ਗੁਣਵੰਤ,

੧੫੮੭ ੨੩

ਗੁਣਵਾਨ ਵਡ ਵਡਿਆਈਆ । ਮੇਲ ਮਿਲਾਵਾ ਸਾਚੇ ਸੰਤ, ਹਰਿਜਨ ਆਪਣੀ ਗੰਢ ਪਵਾਈਆ । ਨਾਮ ਦੱਸ ਕੇ ਮਨੀਆ ਮੰਤ, ਮਨ ਕਾ ਮਣਕਾ ਦਏ ਭਵਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਬੁਧੀ ਤੋਂ ਪਰੇ ਕਰੇ ਪੜ੍ਹਾਈਆ । ਲੇਖਾ ਜਾਣੇ ਜੇਰਜ ਅੰਡਜ, ਉਤਭੁਜ ਸੇਤਜ ਫੋਲ ਫੁਲਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਗਿਣਤੀ ਗਣਤ ਨਾ ਕੋਇ ਗਿਣਾਈਆ । ਜੋ ਆਦਿ ਜੁਗਾਦੀ ਬੇਅੰਤ, ਬੇਅੰਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਰ ਆਤਮ ਪਰਮਾਤਮ ਨਿਰਗੁਣ ਧਾਰ ਧੁਰਦਰਗਾਹੀ ਕੰਤ, ਕੰਤੂਹਲ ਇਕ ਅਖਵਾਈਆ ।

✪ ੫ ਮਾਘ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਵਿਖੇ ਹਰਜਿੰਦਰ ਸਿੰਘ ਕਾਦਰਾਬਾਦ ਦੇ ਜਨਮ ਨਵਿਤ ✪

ਸਤਿਜੁਗ ਕਹੇ ਮੈਂ ਪ੍ਰਭ ਤੋਂ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਸਤਿ ਧਰਮ ਲਗਾ ਅੰਗ, ਅੰਗੀਕਾਰ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਕਰ ਭੰਗ, ਭਾਂਡਾ ਭਰਮ ਭਉ ਭੰਨਾਈਆ । ਜਨ ਭਗਤਾਂ ਚੋਲੀ ਚਾੜ੍ਹ ਦੇ ਰੰਗ, ਦੁਰਮਤ ਮੈਲ ਧਵਾਈਆ । ਤੇਰੇ ਨਾਮ ਦਾ ਵਜੇ ਮਰਦੰਗ, ਘਰ ਘਰ ਹੋਏ ਸ਼ਨਵਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖਣਾ ਲੰਘ, ਲੋਕਮਾਤ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਜੰਗ, ਸਤਿ ਸਚ ਇਕ ਦ੍ਰਿੜਾਈਆ । ਮਾਇਆ ਮਮਤਾ
੧੫੮੮
੨੩
ਵਿਕਾਰ ਮੋਹ ਵਹੇ ਨਾ ਗੰਗ, ਆਪਣਾ ਵਹਿਣ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸਤਿਜੁਗ ਕਹੇ ਪ੍ਰਭੂ ਮੇਰੀ ਆਸ਼ਾ ਕਰਨੀ ਪੂਰੀ, ਪਾਰਬ੍ਰਹਮ ਦਿਆਂ ਜਣਾਈਆ । ਤੇਰਾ ਜਲਵਾ ਇਕੋ ਹੋਵੇ ਜੋਤ ਨੂਰੀ, ਦੋ ਜਹਾਨਾਂ ਡਗਮਗਾਈਆ । ਤੇਰੇ ਨਾਮ ਦੀ ਇਕੋ ਆਵਾਜ਼ ਹੋਵੇ ਤੂਰੀ, ਤੁਰੀਆ ਧਾਰ ਸਮਝਾਈਆ । ਸਦਾ ਰਹਿਣਾ ਹਾਜ਼ਰ ਹਜ਼ੂਰੀ, ਹਰਿ ਹਿਰਦੇ ਡੇਰਾ ਲਾਈਆ । ਮੈਨੂੰ ਲੋਕਮਾਤ ਦੀ ਦੇ ਮਨਜ਼ੂਰੀ, ਮੈਂ ਜਾਵਾਂ ਚਾਈਂ ਚਾਈਆ । ਕਲਜੁਗ ਕੂੜੀ ਕਿਰਿਆ ਕਰਾਂ ਦੂਰੀ, ਧਰਨੀ ਧਵਲ ਰਹਿਣ ਨਾ ਪਾਈਆ । ਤੂੰ ਸਰਬ ਕਲਾ ਭਰਪੂਰੀ, ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਚੀ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਆਪਣੀ ਦਾਤ, ਦਾਤੇ ਦਾਨੀ ਦਇਆ ਕਮਾਈਆ । ਮੈਂ ਕਲਜੁਗ ਮੇਟਾਂ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਖੇਲ ਵੇਖਾਂ ਲੋਕਮਾਤ, ਧਰਨੀ ਧਰਤ ਧਵਲ ਖੋਜ ਖੁਜਾਈਆ । ਝਗੜੇ ਮੇਟਾਂ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਭਗਤਾਂ ਵੇਖਾਂ ਚਰਨ ਪ੍ਰੀਤੀ ਨਾਤ, ਕਿਸ ਬਿਧ ਤੇਰੇ ਰੰਗ ਸਮਾਈਆ । ਸਾਚੇ ਸੰਤਾਂ ਪੁਛਾਂ ਬਾਤ, ਗ੍ਰਿਹਿ ਗ੍ਰਿਹਿ ਮੇਲ ਮਿਲਾਈਆ । ਆਤਮ ਬ੍ਰਹਮ ਦੱਸ ਕੇ ਜ਼ਾਤ, ਦੀਨ ਮਜ਼੍ਹਬ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸਤਿਜੁਗ ਕਹੇ ਪ੍ਰਭੂ ਮੈਨੂੰ ਲੋਕਮਾਤ ਬਖ਼ਸ਼ ਦੇ ਸੇਵਾ, ਸੇਵਕ ਸੇਵਾ ਸਚ ਕਮਾਈਆ । ਤੂੰ ਮਾਲਕ ਅਲਖ ਅਭੇਵਾ, ਬੇਪਰਵਾਹ ਬੇਅੰਤ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਦੇਵੀ ਦੇਵਾ, ਦੇਵਤ ਸੁਰ ਸਾਰੇ

੧੫੮੯
੨੩

ਸੀਸ ਨਿਵਾਈਆ । ਤੂੰ ਵਸੇਂ ਨਿਹਚਲ ਧਾਮ ਨਿਹਕੇਵਾ, ਸਚਖੰਡ ਸਾਚੇ ਸੋਭਾ ਪਾਈਆ । ਤੇਰੀ ਸਿਫ਼ਤ ਕਰੇ ਸਿਫ਼ਤਾਂ ਵਾਲੀ ਜਿਹਵਾ, ਰਸਨ ਰਸਨਾ ਰੰਗ ਰੰਗਾਈਆ । ਮੇਰੀ ਝੋਲੀ ਪਾ ਦੇ ਨਾਮ ਅਗੰਮਾ ਮੇਵਾ, ਅੰਮ੍ਰਿਤ ਫਲ ਦੇਣਾ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭੂ ਤੂੰ ਦੇਵਣਹਾਰ ਦਾਤਾਰ, ਦਇਆਨਿਧ ਅਖਵਾਈਆ । ਮੇਰਾ ਖ਼ਾਲੀ ਭਰ ਭੰਡਾਰ, ਦੇਵਣਹਾਰ ਤੇਰੀ ਸਰਨਾਈਆ । ਮੈਂ ਮਾਂਗਤ ਹੋਇਆ ਭਿਖਾਰ, ਦਰਵੇਸ਼ਾ ਰੂਪ ਵਟਾਈਆ । ਤੂੰ ਦੇਣਾ ਚਰਨ ਸਹਾਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਲੋਕਮਾਤ ਹੋਵਾਂ ਉਜਿਆਰ, ਚਾਰੋਂ ਕੁੰਟ ਕਰਾਂ ਰੁਸ਼ਨਾਈਆ । ਕਲਜੁਗ ਰਹੇ ਨਾ ਧੂੰਆਂਧਾਰ, ਸਤਿਜੁਗ ਸਤਿ ਸਤਿ ਰੁਸ਼ਨਾਈਆ । ਕਿਰਪਾ ਕਰ ਮੇਰੀ ਸਰਕਾਰ, ਸ਼ਹਿਨਸ਼ਾਹ ਧੁਰਦਰਗਾਹੀਆ । ਜਨ ਭਗਤਾਂ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦਾ ਦੇ ਅਧਾਰ, ਕਰਮ ਕਰਮ ਦਾ ਲੇਖ ਮੁਕਾਈਆ । ਤੂੰ ਕਲ ਕਲਕੀ ਅਵਤਾਰ, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਤੇਰੇ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ ।

## ✪ ੬ ਮਾਘ ਸ਼ਹਿਨਸ਼ਾਹੀ ਸੰਮਤ ਨੌ ਫ਼ਿਰੋਜ਼ਪੁਰ ਛਾਉਣੀ ਗਵਾਲ ਟੋਲੀ ਮਨਜੀਤ ਸਿੰਘ ਦੇ ਜਨਮ ਨਵਿਤ ✪

ਨਿਰਗੁਣ ਧਾਰ ਅਗੰਮੀ ਸ਼ਕਤ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਜਾਣੇ ਆਪਣਾ ਵਕਤ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਉਪਜਾਏ ਭਗਤ, ਭਗਵਾਨ ਆਪਣੀ ਦਇਆ ਕਮਾਈਆ । ਨਾਤਾ ਜੋੜ ਕੇ ਬੂੰਦ ਰਕਤ, ਤਨ ਵਜੂਦ ਦਏ ਵਡਿਆਈਆ । ਲੇਖਾ ਜਾਣੇ ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਦਾ ਮਰਦ, ਮਰਦ ਮਰਦਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਕਰਤਾ, ਕਰਤੇ ਪੁਰਖ ਦਿਤੀ ਵਡਿਆਈਆ । ਜੁਗ ਚੌਕੜੀ ਕਦੇ ਨਾ ਮਰਦਾ, ਮਰ ਜੀਵਤ ਰੂਪ ਨਾ ਕੋਇ ਬਦਲਾਈਆ । ਮੈਂ ਖੇਲ ਜਾਣਾ ਸਚਖੰਡ ਦਰਗਾਹ ਸਾਚੀ ਮੁਕਾਮੇ ਹਕ ਘਰ ਦਾ, ਥਿਰ ਘਰ ਆਪਣਾ ਪਰਦਾ ਲਾਹੀਆ । ਮੈਂ ਵੇਸ ਵੇਖਾ ਨਿਰਗੁਣ ਨਿਰਵੈਰ ਨਰ ਹਰਿ ਦਾ, ਜੋਤੀ ਜਾਤਾ ਪੁਰਖ ਬਿਧਾਤਾ ਜੋ ਆਪਣਾ ਵੇਸ ਵਟਾਈਆ । ਨਿਤ ਨਵਿਤ ਨਿਰਾਕਾਰ ਨਿਰੰਕਾਰ ਜੋ ਧਰਨੀ ਧਰਤ ਧਵਲ ਧੌਲ ਖੇਲ ਕਰਦਾ, ਮਾਤਲੋਕ ਭੇਵ ਅਭੇਦਾ ਆਤਮ ਧਾਰ ਆਪ ਫੜਦਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਕਾਇਆ ਮੰਦਰ ਅੰਦਰ ਸਚ ਦਵਾਰੇ ਆਪਣੇ ਚੜ੍ਹਦਾ, ਚੜ੍ਹਦਾ ਲਹਿੰਦਾ ਦੱਖਣ ਪਹਾੜ ਦਿਸ਼ਾ ਵੰਡ ਨਾ ਕੋਇ ਵੰਡਾਈਆ । ਜੋਤ ਪ੍ਰਕਾਸ਼ ਨੂਰ ਨੁਰਾਨਾ ਸ਼ਾਹ ਸੁਲਤਾਨਾ ਆਤਮ ਧਾਰ ਕਰਦਾ, ਪਰਮਾਤਮ ਹੋ ਕੇ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰੀ ਆਦਿ ਜੁਗਾਦੀ ਰਚਨਾ ਸੱਚ, ਪੁਰਖ ਅਕਾਲ ਪਰਵਰਦਿਗਾਰ ਸਾਂਝੇ ਯਾਰ ਦਿਤੀ ਵਡਿਆਈਆ । ਖੇਲ ਖਿਲਾਵਾਂ ਕਾਇਆ

ਮਾਟੀ ਭਾਂਡੇ ਕੱਚ, ਤਨ ਵਜੂਦ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗਾਈਆ । ਲੂੰ ਲੂੰ ਅੰਦਰ ਜਾਵਾਂ ਰਚ, ਸਾਢੇ ਤਿੰਨ ਹੱਥ ਅੰਦਰ ਆਪਣਾ ਡੇਰਾ ਲਾਈਆ । ਜਨ ਭਗਤਾਂ ਲੇਖੇ ਲਾਵਾਂ ਬੂੰਦ ਰੱਤ, ਹੱਡ ਮਾਸ ਨਾੜੀ ਆਪਣਾ ਖੇਲ ਵਖਾਈਆ । ਭੇਵ ਚੁਕਾ ਕੇ ਬ੍ਰਹਮ ਤਤ, ਪਾਰਬ੍ਰਹਮ ਪ੍ਰਭ ਪਰਦਾ ਦਿਆਂ ਉਠਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋੜ ਕੇ ਨਤ, ਮੇਲਾ ਮੇਲਾਂ ਸਹਿਜ ਸੁਭਾਈਆ । ਮੇਰਾ ਲੇਖਾ ਆਦਿ ਜੁਗਾਦਿ ਸਦਾ ਸਤਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜਨ ਭਗਤਾਂ ਸਦਾ ਮੀਤਾ, ਮਿਤ੍ਰ ਪਿਆਰਾ ਇਕ ਅਖਵਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜਿਸ ਚਲਾਈ ਰੀਤਾ, ਜੁਗ ਚੌਕੜੀ ਵੰਡ ਵੰਡਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਭੇਵ ਖੁਲਾਇਆ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਪਰਦਾ ਆਪ ਉਠਾਈਆ । ਸੋ ਸਵਾਮੀ ਹਰਿਜਨ ਅੰਤਰ ਅੰਤਸ਼ਕਰਨ ਕਰੇ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਜਲਾਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚਾਂ ਨੀਚਾਂ ਦੇਵੇ ਮਾਣ ਵਡਿਆਈਆ । ਆਪਣਾ ਖੇਲ ਕਰੇ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਗੁਰਮੁਖ ਫਲ ਦੇ ਕੇ ਮੀਠਾ, ਪੱਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਮੇਲਾ ਲੋਕਮਾਤ, ਧਰਨੀ ਧਵਲ ਧੌਲ ਵੱਜੇ ਵਧਾਈਆ । ਆਤਮ ਪਰਮਾਤਮ ਬੱਝੇ ਨਾਤ, ਪੁਰਖ ਅਕਾਲਾ ਦੀਨ ਦਿਆਲਾ ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਉੱਤਮ ਹੋਵੇ ਧਰਮ ਧਾਰ ਦੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਦਰਸਾਈਆ । ਸਾਹਿਬ ਸਵਾਮੀ ਪੁਛੇ ਵਾਤ, ਲੇਖਾ ਜਾਣੇ ਥਾਉਂ ਥਾਈਂਆ । ਨਾਮ ਨਿਧਾਨ ਬਖ਼ਸ਼ ਸੌਗ਼ਾਤ, ਅਨਡਿੱਠੜੀ ਝੋਲੀ ਪਾਈਆ । ਦੇਵੇ ਵਡਿਆਈ ਪਿਤ ਮਾਤ, ਪੂਤ ਸਪੂਤਾ ਗੋਦ ਸੁਹਾਈਆ । ਰੂਹ ਬੁਤ ਕਰੇ ਪਾਕ, ਪਤਤ ਪੁਨੀਤ ਬੇਪਰਵਾਹੀਆ । ਕਾਇਆ ਮੰਦਰ ਅੰਦਰ ਖੋਲ ਕੇ ਤਾਕ, ਬਜਰ ਕਪਾਟੀ ਪਰਦਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਨਿਰਗੁਣ ਧਾਰ ਬਣਾ ਕੇ ਸਾਕ, ਸੱਜਣ ਇਕ ਅਖਵਾਈਆ । ਪੂਰਾ ਕਰੇ ਭਗਤ ਭਗਤਾਂ ਵਾਲਾ ਵਾਕ, ਵਾਕਫ਼ਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਦਾ ਸਵਾਮੀ ਠਾਕਰ ਹੋਵੇ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਧਰਮ ਦੀ ਧਾਰ ਜਣਾਏ ਰੀਤ, ਮਾਰਗ ਸਚ ਸਚ ਸਮਝਾਈਆ । ਤੂੰ ਮੇਰਾ ਮੈਂ ਤੇਰਾ ਹੋਵੇ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਕਾਇਆ ਕਾਅਬਾ ਦੱਸੇ ਹਕ ਮਸੀਤ, ਮੰਦਰ ਗੁਰੂਦਵਾਰ ਚਰਚ ਇਕ ਦ੍ਰਿੜਾਈਆ । ਲੇਖਾ ਜਾਣੇ ਭੇਵ ਖੁਲਾਏ ਮਾਰਗ ਦੱਸੇ ਚਰਨ ਪ੍ਰੀਤ, ਪ੍ਰੀਤਮ ਹੋ ਕੇ ਹੋਏ ਸਹਾਈਆ । ਜਨਮ ਦਵਾਏ ਦਇਆ ਕਮਾਏ ਪੂਰਬ ਲੇਖਾ ਝੋਲੀ ਪਾਏ ਨਾਮ ਧਰਾਏ ਸਿੰਘ ਮਨਜੀਤ, ਮਨਸਾ ਮਮਤਾ ਪਰਮ ਪੁਰਖ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤਾਂ ਸੰਤਾਂ ਸੂਫ਼ੀ ਫ਼ਕੀਰਾਂ ਸ਼ਬਦੀ ਧਾਰ ਕਰਦਾ ਰਹੇ ਤਸਦੀਕ, ਸ਼ਹਾਦਤ ਨਾਮ ਕਲਮੇ ਵਾਲੀ ਭੁਗਤਾਈਆ ।

੧੫੯੦
੨੩

### ੭ ਮਾਘ ਸ਼ਹਿਨਸ਼ਾਹੀ ਸੰਮਤ ਨੌ ਦੀਨਾ ਨਗਰ ਜ਼ਿਲਾ ਗੁਰਦਾਸਪੁਰ ਗੁਰਦਾਸਪੁਰ ਸੰਗਤ ਨਵਿਤ

ਸਤਿਗੁਰ ਪੂਰਾ ਭਗਤ ਉਧਾਰਦਾ, ਹਰਿ ਕਰਤਾ ਬੇਪਰਵਾਹ । ਜੁਗ ਜੁਗ ਪੈਜ ਸਵਾਰਦਾ, ਸਿਰ ਆਪਣਾ ਹੱਥ ਟਿਕਾ । ਜਨਮ ਮਰਨ ਰੋਗ ਨਿਵਾਰਦਾ, ਲਖ ਚੁਰਾਸੀ ਕੱਟ ਫਾਹ । ਘਰ ਸਾਚਾ ਇਕ ਵਖਾਲਦਾ, ਜਿਥੇ ਵਸੇ ਬੇਪਰਵਾਹ । ਨਿਰਗੁਣ ਸਰਗੁਣ ਸੁਰਤ ਸੰਭਾਲਦਾ, ਸੰਬਲ ਦਾ ਮਾਲਕ ਅਗੰਮ ਅਥਾਹ । ਸਚਖੰਡ ਸਾਚੇ ਆਪੇ ਵਾੜਦਾ, ਧਰਨੀ ਧਰਤ ਧਵਲ ਉਤੋਂ ਉਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾ । ਭਗਤ ਉਧਾਰਨ ਆਪ ਪ੍ਰਭ, ਹਰਿ ਕਰਤਾ ਪੁਰਖ ਅਕਾਲ । ਲੱਖ ਚੁਰਾਸੀ ਵਿਚੋਂ ਲਏ ਲੱਭ, ਦੀਨਾਂ ਬੰਧਪ ਦੀਨ ਦਿਆਲ । ਅੰਮ੍ਰਿਤ ਝਿਰਨਾ ਝਿਰਾਏ ਆਪਣੀ ਨਭ, ਹਰਿਜਨ ਵੇਖੇ ਆਪਣੇ ਅਗੰਮੇ ਲਾਲ । ਸਚ ਦਵਾਰੇ ਲਏ ਸੱਦ, ਪ੍ਰੇਮ ਪ੍ਰੀਤੀ ਨਿਭੇ ਨਾਲ । ਦੋ ਜਹਾਨਾਂ ਕਰੇ ਪਾਰ ਹੱਦ, ਸਚਖੰਡ ਵਖਾਏ ਸੱਚੀ ਧਰਮਸਾਲ । ਜਿਥੇ ਦੀਪਕ ਜੋਤ ਰਿਹਾ ਜਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖੇ ਲਾਏ ਸ਼ਾਹ ਕੰਗਾਲ । ਜਨ ਭਗਤਾਂ ਪ੍ਰਭ ਮੇਲਦਾ, ਮੇਲਣਹਾਰ ਨਿਰੰਕਾਰ, ਖੇਲ ਖੇਲੇ ਗੁਰੂ ਗੁਰ ਚੇਲ ਦਾ, ਵੇਖੇ ਵਿਗਸੇ ਪਾਵੇ ਸਾਰ । ਪ੍ਰਕਾਸ਼ ਕਰਾਏ ਬਿਨ ਬਾਤੀ ਬਿਨ ਤੇਲ ਦਾ, ਜੋਤੀ ਜੋਤ ਕਰ ਉਜਿਆਰ । ਮਾਲਕ ਹੋ ਕੇ ਸੱਜਣ ਸੁਹੇਲ ਦਾ, ਜਨਮ ਕਰਮ ਦਾ ਲਹਿਣਾ ਲਏ ਵਿਚਾਰ । ਲੇਖਾ ਮੁਕਾਏ ਧਰਮ ਰਾਏ ਦੀ ਜੇਲ ਦਾ, ਲੱਖ ਚੁਰਾਸੀ ਕਰੇ ਪਾਰ । ਧਰਮ ਵਖਾਏ ਇਕ ਨਵੇਲ ਦਾ, ਦਰਗਾਹ ਸਾਚੀ ਸਚਖੰਡ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਜਨ ਭਗਤ ਉਧਾਰੇ ਦੀਨਾ ਨਿਧ, ਹਰਿ ਕਰਤਾ ਵਡ ਵਡਿਆਈਆ । ਮੇਲ ਮਿਲਾਏ ਆਪਣੀ ਬਿਧ, ਜਗਤ ਰੀਤੀ ਨਾ ਕੋਇ ਵਖਾਈਆ । ਕਾਰਜ ਕਰੇ ਹਰਿਜੂ ਸਿਧ, ਹੋਏ ਆਪ ਸਹਾਈਆ । ਗ੍ਰਿਹਿ ਉਪਜਾਏ ਨਵ ਨਿਧ, ਦਸ ਅਠਾਰਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਸਿਰ ਰੱਖੇ ਹੱਥ, ਹਰਿ ਕਰਤਾ ਦਇਆ ਕਮਾਇੰਦਾ । ਨਾਮ ਅਨਮੁੱਲੀ ਦੇਵੇ ਵਥ, ਅਮੋਲਕ ਝੋਲੀ ਆਪ ਪਾਇੰਦਾ । ਕੂੜ ਵਿਕਾਰਾ ਲਥੇ ਸਥ, ਸਥਰ ਯਾਰੜਾ ਇਕ ਹੰਢਾਇੰਦਾ । ਸ਼ਬਦ ਜਣਾਈ ਮਹਿੰਮਾ ਕਥ, ਰਸਨਾ ਜਿਹਵਾ ਨਾਲ ਵਡਿਆਇੰਦਾ । ਮਿਹਰਵਾਨ ਮਹਿਬੂਬ ਪਰਮ ਪੁਰਖ ਸਮਰਥ, ਜਨ ਭਗਤਾਂ ਆਪਣੀ ਗੋਦ ਉਠਾਇੰਦਾ । ਜਿਉਂ ਭਾਵੇ ਤਿਉਂ ਲਏ ਰੱਖ, ਗ੍ਰਿਹਿ ਗ੍ਰਿਹਿ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੂੰ ਲੂੰ ਅੰਦਰ ਜਾਏ ਰਚ, ਰਚਨਾ ਆਪਣੀ ਆਪ ਸਮਝਾਇੰਦਾ ।

### ੯ ਮਾਘ ਸ਼ਹਿਨਸ਼ਾਹੀ ਸੰਮਤ ਨੌ ਜੰਮੂ ਸ਼ਹਿਰ ਨੇੜੇ ਕੱਚੀ ਛਾਉਣੀ ਕਰਨ ਨਗਰ ਆਰ ਐਲ ਸ਼ਰਮਾ ਦੇ ਗ੍ਰਿਹਿ

ਸਤਿਜੁਗ ਕਹੇ ਪ੍ਰਭੂ ਮੇਰੀ ਅਗੰਮੀ ਮੰਗ, ਬਿਨ ਰਸਨਾ ਜਿਹਵਾ ਬੱਤੀ ਦੰਦ ਦਿਆਂ ਦ੍ਰਿੜਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ

੧੫੯੨
੨੩

ਸ਼ਹਿਨਸ਼ਾਹ ਦਰ ਤੇਰੇ ਆਸ ਰਖਾਈਆ । ਕਲਜੁਗ ਜਗਤ ਜਹਾਨ ਰਿਹਾ ਲੰਘ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਨਿਗਾਹ ਮਾਰ ਲੈ ਸੁਰਸਤੀ ਜਮਨਾ ਗੋਦਾਵਰੀ ਗੰਗ, ਬਿਨ ਨੈਣਾਂ ਨੈਣ ਉਠਾਈਆ । ਚਾਰੋਂ ਕੁੰਟ ਧਰਮ ਦੀ ਧਾਰ ਹੋਈ ਭੰਗ, ਭਗਵਨ ਤੇਰੀ ਓਟ ਨਾ ਕੋਇ ਤਕਾਈਆ । ਦੀਨ ਦੁਨੀ ਆਤਮ ਪਰਮਾਤਮ ਹੋਏ ਕੋਈ ਨਾ ਸੰਗ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸੇਜ ਸੁਹੰਜਣੀ ਸੁਹਾਏ ਨਾ ਕੋਇ ਪਲੰਘ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਨੌ ਖੰਡ ਪ੍ਰਿਥਮੀ ਦਿਸੇ ਭੁੱਖ ਨੰਗ, ਸੱਤ ਦੀਪ ਸਤਿ ਦੀ ਧੀਰ ਨਾ ਕੋਇ ਧਰਾਈਆ । ਨਿਗਾਹ ਮਾਰ ਲੈ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਈਆ । ਫਿਰੀ ਦੁਹਾਈ ਵਿਚ ਵਰਭੰਡ, ਬ੍ਰਹਿਮੰਡ ਰਿਹਾ ਕੁਰਲਾਈਆ । ਸਾਚਾ ਕਰੇ ਕੋਈ ਨਾ ਸੰਗ, ਸੰਗੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭੂ ਮੈਂ ਦਰ ਤੇਰੇ ਦਾ ਮੰਗਤਾ, ਸਚਖੰਡ ਸਾਚੇ ਝੋਲੀ ਡਾਹੀਆ । ਜਗਤ ਜਹਾਨ ਜੀਵ ਵੇਖ ਲੈ ਗੜ੍ਹ ਬਣਿਆ ਹਉਮੇ ਹੰਗਤਾ, ਹੰ ਬ੍ਰਹਮ ਨਾ ਕੋਇ ਸਮਝਾਈਆ । ਬੁੱਧੀ ਤੋਂ ਪਰੇ ਦਿਸੇ ਕੋਈ ਨਾ ਪੰਡਤਾ, ਬੋਧ ਅਗਾਧ ਨਾ ਕੋਇ ਸਮਝਾਈਆ । ਚਾਰੋਂ ਕੁੰਟ ਹਉਮੇ ਵਿਚ ਜਗਤ ਜਹਾਨ ਜਾਵੇ ਲੰਘਦਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਪਿਆਰ ਮਿਲੇ ਨਾ ਸਚ ਅਨੰਦ ਦਾ, ਅਨੰਦ ਅਨੰਦ ਵਿਚੋਂ ਨਾ ਕੋਇ ਪ੍ਰਗਟਾਈਆ । ਭੇਵ ਸਮਝੇ ਨਾ ਕੋਇ ਤੇਰੇ ਸ਼ਬਦੀ ਛੰਦ ਦਾ, ਢੋਲੇ ਜਗਤ ਜਹਾਨ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਤਿਜੁਗ ਕਹੇ ਪ੍ਰਭ ਮੇਰੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਕਲਜੁਗ ਆਯੂ ਪੂਰੀ ਕਰੀਂ ਨਾ ਲੱਖ ਚਾਰ ਹਜ਼ਾਰ ਬੱਤੀ, ਬਤੀਸੇ ਚਲੇ ਨਾ ਕੋਇ ਚਤੁਰਾਈਆ । ਨਵ ਖੰਡ ਧਰਨੀ ਧਰਤ ਧਵਲ ਧੌਲ ਪੌਣ ਵਗੇ ਤਤੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਤੇਰੀ ਦੀਨ ਦੁਨੀ ਹੋਈ ਬਹੁਮਤੀ, ਤੇਰੇ ਰੰਗ ਨਾ ਕੋਇ ਸਮਾਈਆ । ਮਾਣ ਰਿਹਾ ਨਾ ਰਾਗ ਛੱਤੀ, ਛਤੀਸਾ ਜੁਗ ਦਏ ਗਵਾਹੀਆ । ਮਿਹਰਵਾਨ ਮਹਿਬੂਬ ਇਕ ਵਾਰ ਨਿਗਾਹ ਘੱਤੀ, ਚਾਰੋਂ ਕੁੰਟ ਵੇਖਣਾ ਥਾਉਂ ਥਾਈਂਆ । ਸਚ ਧਰਮ ਰਿਹਾ ਨਾ ਰਤੀ, ਰਤਨ ਅਮੋਲਕ ਹੀਰਾ ਹਰਿਜਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭੂ ਮੈਂ ਤੇਰਾ ਅਗੰਮਾ ਲਾਲ, ਲਾਲਨ ਦੇਣੀ ਮਾਣ ਵਡਿਆਈਆ । ਮੇਰੇ ਉਤੇ ਹੋਣਾ ਦਿਆਲ, ਦੀਨ ਦਿਆਲ ਦਇਆ ਕਮਾਈਆ । ਮੈਂ ਮਾਤਲੋਕ ਜਾ ਕੇ ਕਰਾਂ ਸੰਭਾਲ, ਸੰਬਲ ਦੇ ਵਾਸੀ ਹੋਣਾ ਆਪ ਸਹਾਈਆ । ਕਲਜੁਗ ਦੀ ਲੇਖੇ ਲਾਉਣੀ ਆਪਣੇ ਚਰਨ ਕਵਲ ਵਿਚ ਘਾਲ, ਜੋ ਘਾਇਲ ਹੋ ਕੇ ਸੇਵ ਕਮਾਈਆ । ਮੈਂ ਧਰਮ ਦਾ ਧਰਮ ਬਣਾਵਾਂ ਦਲਾਲ, ਵਿਚੋਲਾ ਤੇਰਾ ਨਾਮ ਵਡਿਆਈਆ । ਸਾਚਾ ਮੰਤਰ ਦੇਣਾ ਸੁਖਾਲ, ਸੁਖ ਸਾਗਰ ਵਿਚ ਸਮਾਈਆ । ਦੀਨ ਦੁਨੀ ਦਾ ਲਹਿਣਾ ਤੱਕ ਲੈ ਹਾਲ, ਹਾਲਤ ਤੱਕ ਖ਼ਲਕ ਖ਼ੁਦਾਈਆ । ਚਾਰੋਂ ਕੁੰਟ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਭ ਦੇ ਸਿਰ ਤੇ ਕੂਕਦਾ ਕਾਲ, ਕਲਜੁਗ ਕੂੜ ਡੰਕ ਰਿਹਾ ਵਜਾਈਆ । ਤੂੰ ਪੁਰਖ ਅਕਾਲੇ ਦੀਨ ਦਿਆਲੇ ਹੋਣਾ ਆਪ ਕਿਰਪਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਪ੍ਰਭੂ ਮੇਰੇ ਉਤੇ ਕਰ ਦੇ ਕਿਰਪਾ, ਕਿਰਪਾਲ

ਦਇਆ ਕਮਾਈਆ । ਮੈਂ ਜਗਤ ਜਹਾਨ ਦੀ ਕੱਟਾਂ ਬਿਪਤਾ, ਬਿਪਰੀਤ ਦਿਆਂ ਗਵਾਈਆ । ਸਭ ਨੂੰ ਸਚ ਸਰੂਪ ਸਮਝਾਵਾਂ ਆਤਮ ਧਾਰ ਸਿੱਖ ਦਾ, ਪਰਮਾਤਮ ਤੇਰਾ ਰੰਗ ਰੰਗਾਈਆ । ਝਗੜਾ ਮੇਟਾਂ ਪੱਥਰ ਇੱਟ ਦਾ, ਪਾਹਨਾਂ ਖੋਜ ਖੁਜਾਈਆ । ਜਿਹੜਾ ਮਨੂਆ ਕਲਜੁਗ ਜੀਵਾਂ ਨਹੀਂ ਟਿਕਦਾ, ਟਿਕਟਿਕੀ ਸਭ ਦੀ ਦਿਆਂ ਲਗਾਈਆ । ਮੇਲ ਮਿਲਾਵਾਂ ਤੇਰਾ ਧੁਰਦਰਗਾਹੀ ਮਿਤ ਦਾ, ਮਿਤ੍ਰ ਪਿਆਰੇ ਜੋੜ ਜੁੜਾਈਆ । ਮਾਰਗ ਦੱਸਾਂ ਆਤਮ ਪਰਮਾਤਮ ਹਿੱਤ ਦਾ, ਕੂੜੀ ਕਿਰਿਆ ਡੇਰਾ ਢਾਹੀਆ । ਰੂਪ ਠੱਗ ਨਾ ਰਹੇ ਚਿਤ ਦਾ, ਠਗੌਰੀ ਨਜ਼ਰ ਕੋਇ ਨਾ ਆਈਆ । ਹਰ ਹਿਰਦੇ ਅੰਦਰ ਤੇਰਾ ਰੂਪ ਹੋਵੇ ਦਿਸਦਾ, ਨੂਰ ਨੁਰਾਨਾ ਨਜ਼ਰੀ ਆਈਆ । ਮੇਰੇ ਵਿਚ ਇਸ਼ਟ ਹੋਵੇ ਤੇਰਾ ਇਕ ਦਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਤਿਜੁਗ ਕਹੇ ਪ੍ਰਭੂ ਮੈਨੂੰ ਭੇਜ ਦੇ ਵਿਚ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਮੈਂ ਕਲਜੁਗ ਕੂੜ ਬੁਝਾਵਾਂ ਅੱਗ, ਅੰਮ੍ਰਿਤ ਮੇਘ ਤੇਰਾ ਨਾਮ ਬਰਸਾਈਆ । ਜਨ ਭਗਤਾਂ ਦਰਸ਼ਨ ਕਰਾਵਾਂ ਉਪਰ ਸ਼ਾਹ ਰਗ, ਨਵਾਂ ਦਵਾਰਿਆਂ ਡੇਰਾ ਢਾਹੀਆ । ਘਰ ਘਰ ਮੇਰੇ ਮਾਲਕ ਖ਼ਾਲਕ ਤੇਰਾ ਕਰਾਵਾਂ ਹਜ, ਹਾਜ਼ਰ ਹਜ਼ੂਰ ਇਕੋ ਨਜ਼ਰੀ ਆਈਆ । ਕੂੜੀ ਕਿਰਿਆ ਸਾਰੇ ਜਾਣ ਤਜ, ਮਾਇਆ ਮਮਤਾ ਮੋਹ ਤਜਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਕਾਇਆ ਮੰਦਰ ਅੰਦਰ ਸੁਣਨ ਨੱਦ, ਅਨਾਦੀ ਧੁਨ ਕਰਾਂ ਸ਼ਨਵਾਈਆ । ਜਗਤ ਜਹਾਨ ਕੂੜੀ ਮੇਟ ਕੇ ਹੱਦ, ਹਦੂਦ ਤੇਰੀ ਦਿਆਂ ਵਖਾਈਆ । ਮਾਨਵ ਜ਼ਾਤੀ ਇਕੋ ਦੱਸਾਂ ਯੱਦ, ਯਦੀ ਆਪਣਾ ਭੇਵ ਚੁਕਾਈਆ । ਤੇਰੀ ਸਰਨ ਸਰਨਾਈ ਸਾਰੇ ਜਾਣ ਲੱਗ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਂ ਹੰਸ ਬਣਾਵਾਂ ਫੜ ਫੜ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਤੇਰੀ ਜੋਤੀ ਘਰ ਘਰ ਜਗੇ ਦਗ ਦਗ, ਨੂਰ ਨੁਰਾਨਾ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਸਤਿਜੁਗ ਕਹੇ ਪ੍ਰਭੂ ਮੈਂ ਲੋਕਮਾਤ ਜਾਵਾਂ ਨੱਸ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਨਾਮ ਦਾ ਦੇਵਾਂ ਰਸ, ਹਰਿ ਰਸਨਾ ਵਿਚ ਸਮਾਈਆ । ਤੀਰ ਅਣਿਆਲਾ ਮਾਰਾਂ ਕਸ, ਬਜਰ ਕਪਾਟੀ ਪਾਰ ਕਰਾਈਆ । ਮਨੂਆ ਮਮਤਾ ਵਾਲਾ ਕਰਾਂ ਵਸ, ਮਨਸਾ ਮਨ ਹੀ ਵਿਚ ਸਮਾਈਆ । ਸਾਚਾ ਮਾਰਗ ਇਕੋ ਦੱਸ, ਦਹਿ ਦਿਸ਼ਾ ਦਿਆਂ ਸਮਝਾਈਆ । ਨਿਜ ਨੇਤਰ ਖੁਲਾ ਕੇ ਅੱਖ, ਲੋਇਣ ਤੇਰੇ ਨਾਲ ਮਿਲਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਚੁਆ ਕੇ ਰਸ, ਨਾਭੀ ਕਵਲ ਕਵਲ ਉਲਟਾਈਆ । ਕੂੜੀ ਕਿਰਿਆ ਕਰ ਕੇ ਵਸ, ਵਾਸਤਾ ਤੇਰੇ ਨਾਲ ਰਖਾਈਆ । ਧਰਮ ਦੀ ਧਾਰ ਚਲਾ ਕੇ ਰਥ, ਸਾਚਾ ਮਾਰਗ ਇਕ ਪ੍ਰਗਟਾਈਆ । ਕਿਰਪਾ ਕਰ ਪੁਰਖ ਸਮਰਥ, ਦਰ ਠਾਂਡੇ ਮੰਗ ਮੰਗਾਈਆ । ਸਤਿਜੁਗ ਕਹੇ ਮੈਂ ਜੋੜਾਂ ਹੱਥ, ਬਿਨ ਹੱਥਾਂ ਹੱਥ ਮਿਲਾਈਆ । ਵਸਤ ਅਗੰਮੀ ਦੇ ਦੇ ਵਥ, ਅਮੁਲ ਅਤੁੱਲ ਆਪ ਵਰਤਾਈਆ । ਮੈਂ ਜਗਤ ਜਗਿਆਸੂਆਂ ਦੇਵਾਂ ਹੱਸ ਹੱਸ, ਤੇਰਾ ਨਾਮ ਕਾਇਆ ਮੰਦਰ ਅੰਦਰ ਟਿਕਾਈਆ । ਪ੍ਰਕਾਸ਼ ਕਰਾਵਾਂ ਬਿਨਾ ਸੂਰੀਆ ਰਵ ਸਸ, ਚੰਦ ਚਾਂਦਨਾ ਇਕ ਚਮਕਾਈਆ । ਤੂੰ ਮਿਹਰਵਾਨਾ ਅਲਖਣਾ ਅਲਖ, ਅਲੱਖ ਅਗੋਚਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭੂ ਮੇਰੀ ਝੋਲੀ ਦੇਣੀ ਭਰ, ਵਸਤ ਨਾਮ ਵਰਤਾਈਆ । ਮੈਨੂੰ ਸਾਚਾ ਦੇਣਾ ਵਰ,


੧੫੯੩
੨੩

ਵਰ ਦਾਤੇ ਤੇਰੀ ਵਡਿਆਈਆ । ਮੈਂ ਲੋਕਮਾਤ ਤਨ ਵਜੂਦ ਵੇਖਾਂ ਘਰ ਘਰ, ਕਾਇਆ ਮਾਟੀ ਫੋਲ ਫੁਲਾਈਆ । ਨਿਰਭਉ ਜਿਨ੍ਹਾਂ ਨੂੰ ਤੇਰਾ ਚੁੱਕਿਆ ਡਰ, ਭੈ ਸਿਰ ਨਾ ਕੋਇ ਰਖਾਈਆ । ਸੋ ਮੂਰਖ ਮੁਗਧ ਅਣਜਾਣ ਲਵਾਂ ਫੜ, ਕਾਇਆ ਮੰਦਰ ਅੰਦਰ ਆਪਣਾ ਡੇਰਾ ਲਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਹਉਮੈ ਹੰਗਤਾ ਦਿਆਂ ਮਿਟਾਈਆ । ਸਤਿ ਸਚ ਵਖਾ ਕੇ ਦਰ, ਦਰ ਦਰਵਾਜ਼ਾ ਇਕ ਖੁਲਾਈਆ । ਸਭ ਨੂੰ ਨਜ਼ਰੀ ਆਵੇ ਨਰਾਇਣ ਨਰ, ਨਰ ਹਰਿ ਇਕੋ ਰੂਪ ਸਮਾਈਆ । ਕਿਰਪਾਲ ਮੇਰੇ ਉਤੇ ਕਿਰਪਾ ਕਰ, ਕਿਰਪਨ ਹੋ ਕੇ ਆਸ ਰਖਾਈਆ । ਮੇਰੇ ਵਿਚ ਨਾ ਕੋਈ ਸ਼ਰਅ ਹੋਵੇ ਨਾ ਸ਼ਰ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਜ਼ਾਤ ਪਾਤੀ ਫੜੇ ਕੋਈ ਨਾ ਲੜ, ਪੱਲੂ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਸਤਿਜੁਗ ਕਹੇ ਪ੍ਰਭੂ ਮੇਰਾ ਹੋਵੇ ਵਕਤ ਸੁਹੰਜਣਾ, ਲੋਕਮਾਤੀ ਰੁੱਤ ਸੁਹਾਈਆ । ਤੂੰ ਸੋ ਪੁਰਖ ਨਿਰੰਜਣ ਸਭ ਦਾ ਸੱਜਣਾ, ਹਰਿ ਪੁਰਖ ਨਿਰੰਜਣ ਦੇਣੀ ਮਾਣ ਵਡਿਆਈਆ । ਏਕੰਕਾਰ ਤੇਰੇ ਚਰਨ ਧੂੜ ਕਰਾਂ ਮਜਨਾ, ਆਦਿ ਨਿਰੰਜਣ ਤੇਰਾ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਮੇਰੀ ਕਬੂਲ ਕਰੀਂ ਬੰਦਨਾ, ਅਬਿਨਾਸ਼ੀ ਕਰਤੇ ਦਰ ਠਾਂਡੇ ਸੀਸ ਨਿਵਾਈਆ । ਪਾਰਬ੍ਰਹਮ ਪ੍ਰਭ ਦੇਣਾ ਸਚ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਮੈਂ ਇਕੋ ਤੇਰਾ ਦਵਾਰਾ ਮੱਲਣਾ, ਦੂਜੇ ਦਰ ਕਦੇ ਨਾ ਜਾਈਆ । ਮੈਂ ਦੀਨ ਦੁਨੀ ਮਾਨਵ ਮਾਨਸ ਮਾਨੁਖ ਜਾ ਕੇ ਚਾੜ੍ਹਾਂ ਰੰਗਣਾ, ਰੰਗਤ ਧਰਮ ਧਾਰ ਦ੍ਰਿੜਾਈਆ । ਭਾਗ ਲਗਾਵਾਂ ਕਾਇਆ ਮਾਟੀ ਕਾਚੀ ਕੱਚਨਾ, ਕੰਚਨ ਗੜ੍ਹ ਸੁਹਾਈਆ । ਤੇਰਾ ਇਕੋ ਸ਼ਬਦ ਸੰਦੇਸ਼ਾ ਨਿਰਅੱਖਰ ਧਾਰ ਦੇਵਾਂ ਸੱਚਨਾ, ਸਚ ਸਚ ਸਮਝਾਈਆ । ਲੱਖ ਚੁਰਾਸੀ ਪਰਮ ਪੁਰਖ ਤੇਰੀ ਰਚਨਾ, ਜੁਗ ਜੁਗ ਆਪਣਾ ਖੇਲ ਵਰਤਾਈਆ । ਤੇਰੇ ਹੁਕਮ ਨਾਲ ਕਲਜੁਗ ਲੋਕਮਾਤ ਵਿਚੋਂ ਨੱਸਣਾ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਤੇਰਾ ਵਕਤ ਹੋਏ ਸੁਹੇਲਾ, ਲੋਕਮਾਤ ਵੱਜੇ ਵਧਾਈਆ । ਤੂੰ ਦੇਵਣਹਾਰਾ ਇਕ ਇਕੇਲਾ, ਆਦਿ ਜੁਗਾਦਿ ਬੇਪਰਵਾਹੀਆ । ਆਪਣਾ ਵਕਤ ਵੇਖ ਲੈ ਵੇਲਾ, ਜੋ ਅਵਤਾਰ ਪੈਗ਼ੰਬਰ ਗੁਰ ਭਵਿਖਤਾਂ ਵਿਚ ਸਮਝਾਈਆ । ਤੂੰ ਵਸਣਹਾਰ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਨਾ ਕੋਈ ਗੁਰ ਨਾ ਕੋਈ ਚੇਲਾ, ਚੇਲਾ ਗੁਰ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੂੰ ਅਚਰਜ ਖੇਲ ਆਪਣਾ ਆਪੇ ਖੇਲਾ, ਖੇਲਣਹਾਰ ਤੇਰੀ ਵਡਿਆਈਆ । ਤੂੰ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਹੋਏਂ ਸੱਜਣ ਸੁਹੇਲਾ, ਸਹਾਇਕ ਨਾਇਕ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਪੁਰਖ ਅਕਾਲ ਕਹੇ ਸੁਣ ਸਤਿਜੁਗ ਮੇਰੇ ਨੰਨ੍ਹੇ, ਬੱਚਿਆ ਤੈਨੂੰ ਦਿਆਂ ਜਣਾਈਆ । ਸੁਣਨਾ ਹੁਕਮ ਬਿਨਾ ਸਰਵਣ ਕੰਨੇ, ਕਾਇਨਾਤ ਤੋਂ ਬਾਹਰ ਸਮਝਾਈਆ । ਇਕੋ ਧੁਰ ਦਾ ਹੁਕਮ ਮੰਨੇਂ, ਦੂਜੀ ਓਟ ਨਾ ਕੋਇ ਰਖਾਈਆ । ਪਹਿਲੋਂ ਨਿਸ਼ਾਨ ਮੇਟ ਕੇ ਤਾਰਾ ਚੰਨੇ, ਸਦੀ ਚੌਧਵੀਂ ਸੰਗ ਮੁਹੰਮਦ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਭੇਵ ਅਭੇਦਾ ਆਪਣਾ ਆਪ ਖੁਲਾਈਆ । ਪੁਰਖ ਅਕਾਲ ਕਹੇ ਸੁਣ ਸਤਿਜੁਗ ਮੇਰੇ ਸਤਿਵਾਦੀ, ਸਤਿ ਦਿਆਂ ਸੁਣਾਈਆ । ਮੇਰਾ ਖੇਲ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਦਿਆਂ ਜਣਾਈਆ ।

੧੫੬੪
੨੩

ਮੇਰਾ ਸ਼ਬਦ ਅਨਾਦ ਅਨਾਦੀ, ਬਿਨਾ ਨਾਦ ਧੁਨ ਕਰੇ ਸ਼ਨਵਾਈਆ । ਪਹਿਲੋਂ ਕਲਜੁਗ ਕੂੜ ਉਲਟਾਵਾਂ ਬਾਜ਼ੀ, ਜੋ ਬਾਜ਼ਾਂ ਵਾਲਾ ਗਿਆ ਸਮਝਾਈਆ । ਲੇਖੇ ਲਾ ਕੇ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਲੇਖਾ ਪੂਰ ਕਰਾਏ ਜੋ ਅਵਤਾਰ ਪੈਗ਼ੰਬਰ ਗੁਰੂਆਂ ਭਵਿਖਤਾਂ ਦਿਤੀ ਆਵਾਜ਼ੀ, ਪੇਸ਼ੀਨਗੋਈਆਂ ਨਾਲ ਮਿਲਾਈਆ । ਜਿਸ ਦਾ ਹੁਕਮ ਸੰਦੇਸਾ ਜਗਤ ਅੱਖਰਾਂ ਵਿਚ ਨਹੀਂ ਜਵਾਬੀ, ਕਾਗ਼ਜ਼ ਕਲਮ ਸ਼ਾਹੀ ਰੰਗ ਨਾ ਕੋਇ ਰੰਗਾਈਆ । ਆਦਿ ਜੁਗਾਦਿ ਨਿਤ ਨਵਿਤ ਜੁਗ ਚੌਕੜੀ ਬਦਲਣਾ ਇਹ ਧੁਰ ਦੀ ਮੇਰੀ ਵਾਦੀ, ਵਾਇਦੇ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਪ੍ਰਭੂ ਤੇਰਾ ਖੇਲ ਅਗੰਮਾ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਮੈਂ ਤੇਰੀ ਧਾਰੋਂ ਜੰਮਾ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਨਾ ਕੋਈ ਪਵਣ ਸਵਾਸੀ ਦਮਾ, ਸਾਹ ਸਾਹ ਨਾ ਕੋਇ ਵਡਿਆਈਆ । ਨਾ ਕੋਈ ਹੱਡ ਮਾਸ ਨਾੜੀ ਚੰਮਾ, ਚੰਮ ਦ੍ਰਿਸ਼ਟੀ ਨਾ ਕੋਇ ਵਖਾਈਆ । ਨਾ ਕੋਈ ਹਰਖ ਸੋਗ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੇਰਾ ਸਾਥ ਦੇਵੇ ਵਿਸ਼ਨ ਸ਼ਿਵ ਬ੍ਰਹਮਾ, ਆਪਣਾ ਸੰਗ ਬਣਾਈਆ । ਬਿਨਾ ਸਤਿਜੁਗ ਤੋਂ ਧਰਨੀ ਉਤੇ ਪ੍ਰਸਿੱਧ ਹੋ ਨਹੀਂ ਸਕਦਾ ਧਰਮਾ, ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਕਲਜੁਗ ਕੂੜ ਚਾਰੋਂ ਕੁੰਟ ਹੋਇਆ ਕੁਕਰਮਾ, ਕਾਮ ਕਰੋਧ ਲੋਭ ਮੋਹ ਹੰਕਾਰ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਝਗੜਾ ਮੇਟੇ ਕੋਈ ਨਾ ਕਾਇਆ ਮਾਟੀ ਚਰਮਾ, ਦੀਨ ਮਜ਼੍ਹਬ ਦੇਣ ਦੁਹਾਈਆ । ਲੇਖਾ ਵੇਖ ਲੈ ਵਰਨਾਂ ਬਰਨਾਂ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਰਹੇ ਕੁਰਲਾਈਆ । ਸਾਚੀ ਮਿਲੇ ਕਿਸੇ ਨਾ ਸਰਨਾ, ਸ਼ਰਨਗਤ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਅੱਖਰ ਕਿਸੇ ਨਾ ਪੜ੍ਹਨਾ, ਮੰਜ਼ਲ ਪੰਧ ਨਾ ਕੋਇ ਚੁਕਾਈਆ । ਸਚ ਦਵਾਰ ਮਿਲੇ ਕਿਸੇ ਨਾ ਚੜ੍ਹਨਾ, ਨਵ ਦਵਾਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਓਟ ਰਖਾਈਆ । ਝਟ ਕਲਜੁਗ ਕਹੇ ਸਤਿਜੁਗ ਕੀ ਮੇਰੀਆਂ ਕਰੇਂ ਬਾਤਾਂ, ਬਾਤਨ ਧਿਆਨ ਲਗਾਈਆ । ਤੂੰ ਮੇਰੀਆਂ ਵੇਖੀਆਂ ਕਿਹੜੀਆਂ ਰਾਤਾਂ, ਕਾਲੀ ਰੈਣ ਨਾਲ ਕੀ ਵਡਿਆਈਆ । ਮੇਰਾ ਉਸ ਪਰਮ ਪੁਰਖ ਨਾਲ ਨਾਤਾ, ਜਿਸ ਨਾਲੋਂ ਸਕੇ ਨਾ ਕੋਇ ਤੁੜਾਈਆ । ਮੈਂ ਨੌ ਖੰਡ ਸੱਤ ਦੀਪ ਝਾਕਾਂ, ਦਿਵਸ ਰੈਣ ਵੇਖ ਵਖਾਈਆ । ਮੇਰਾ ਅਜਬ ਅਜੀਬ ਤਮਾਸ਼ਾ, ਤਮਾਸ਼ਬੀਨ ਹੋ ਕੇ ਦਿਆਂ ਸਮਝਾਈਆ । ਆਪਣਾ ਭੇਵ ਖੋਲਾਂ ਖੁਲਾਸਾ, ਸਹਿਜ ਨਾਲ ਸੁਣਾਈਆ । ਮੈਂ ਨੌ ਖੰਡ ਪ੍ਰਿਥਮੀ ਸੱਤ ਦੀਪ ਨਵ ਨੌ ਚਾਰ ਦੀਆਂ ਪੂਰੀਆਂ ਕਰਨੀਆਂ ਆਸਾਂ, ਖ਼ਾਹਿਸ਼ਾਂ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦੇਵਣਹਾਰ ਵਡਿਆਈਆ । ਕਲਜੁਗ ਕਹੇ ਮੈਂ ਜੋਬਨਵੰਤਾ, ਸੂਰਬੀਰ ਅਖਵਾਈਆ । ਮੈਂ ਇਕੋ ਪੁਰਖ ਅਕਾਲ ਧੁਰ ਦੇ ਰਾਮ ਦਾ ਮੰਗਤਾ, ਦੂਸਰ ਅਗੇ ਝੋਲੀ ਕਦੇ ਨਾ ਡਾਹੀਆ । ਮੈਂ ਸਰੋਤਾ ਨਹੀਂ ਕਿਸੇ ਕੰਨ ਦਾ, ਸਰਵਣਾਂ ਸੰਗ ਨਾ ਕੋਇ ਬਣਾਈਆ । ਮੈਂ ਭੁੱਖਾ ਨਹੀਂ ਕਿਸੇ ਧਨ ਦਾ, ਮਾਇਆ ਮਮਤਾ ਨਾ ਕੋਇ ਰਖਾਈਆ । ਮੈਂ ਇਕੋ ਇਕ ਦਾ ਹੁਕਮ ਮੰਨਦਾ, ਜੋ ਬਿਨ ਰਸਨਾ ਜਿਹਵਾ ਰਿਹਾ ਸੁਣਾਈਆ । ਨਿਸ਼ਾਨ ਮਿਟਾਉਣਾ ਤਾਰਾ ਚੰਨ ਦਾ, ਚੰਦ ਚਾਂਦਨਾ ਇਕੋ ਕਰੇ ਰੁਸ਼ਨਾਈਆ । ਜੋ ਮਾਲਕ ਆਦਿ ਜੁਗਾਦੀ ਬ੍ਰਹਮ ਦਾ, ਪਾਰਬ੍ਰਹਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਕਲਜੁਗ ਕਹੇ ਮੇਰਾ ਵਕਤ

੧੫੯੫
੨੩

ਸੁਹੰਜਣਾ ਆਇਆ, ਮੈਂ ਸਚ ਨਾਲ ਸੁਣਾਈਆ । ਮੈਂ ਸਿਰ ਤੇ ਛਤਰ ਟਿਕਾਇਆ, ਆਪਣੀ ਲਈ ਅੰਗੜਾਈਆ । ਜਗਤ ਜਹਾਨ ਹੁਕਮ ਸੁਣਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਨਾਲ ਰਲਾਈ ਕੂੜ ਦੀ ਮਾਇਆ, ਮਮਤਾ ਮੋਹ ਨਾਲ ਹਲਕਾਈਆ । ਪੰਚ ਵਿਕਾਰਾ ਸੰਗ ਭਜਾਇਆ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਮੈਨੂੰ ਹੁਕਮ ਦੇਵੇ ਬੇਪ੍ਰਵਾਹਿਆ, ਜੋ ਬੇਪ੍ਰਵਾਹੀ ਵਿਚ ਸਮਾਈਆ । ਮੈਂ ਨੌਵਾਂ ਖੰਡਾਂ ਦੇਣਾ ਹਿਲਾਇਆ, ਸੱਤਾਂ ਦੀਪਾਂ ਦਿਆਂ ਜਗਾਈਆ । ਸ੍ਰਿਸ਼ਟੀ ਦੋ ਧੜ ਵੰਡ ਵੰਡਾਇਆ, ਇਸ਼ਟੀ ਰਹਿਣ ਕੋਇ ਨਾ ਪਾਈਆ । ਮੈਂ ਖੰਡਾ ਖੜਗ ਰਿਹਾ ਚਮਕਾਇਆ, ਚੰਡਾਲ ਆਪਣਾ ਰੂਪ ਸਮਝਾਈਆ । ਧਰਨੀ ਧਰਤ ਧਵਲ ਉਤੇ ਪਏ ਦੁਹਾਇਆ, ਦੋਹਰੀ ਆਪਣੀ ਕਲ ਵਰਤਾਈਆ । ਪੁਰਖ ਅਬਿਨਾਸ਼ੀ ਹੁਕਮ ਸੁਣਾਇਆ, ਬਿਨ ਮੇਰੇ ਦੂਜਾ ਸੁਣਨ ਕੋਇ ਨਾ ਪਾਈਆ । ਕਲਜੁਗ ਕਹੇ ਮੈਂ ਆਪਣਾ ਬਲ ਵਧਾਇਆ, ਬਲੀ ਬਲਵਾਨ ਇਕ ਅਖਵਾਈਆ । ਦੀਨਾਂ ਮਜ਼੍ਹਬਾਂ ਦੇਵਾਂ ਹਿਲਾਇਆ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਸਚ ਸੰਦੇਸ਼ਾ ਦਿਆਂ ਸੁਣਾਇਆ, ਅਨਬੋਲਤ ਰਾਗ ਜਣਾਈਆ । ਮੇਰਾ ਵਕਤ ਸੁਹੰਜਣਾ ਲੋਕਮਾਤ ਜਗਤ ਵਡਿਆਇਆ, ਵੱਡੇ ਦੀ ਵਡ ਵਡਿਆਈਆ । ਤੇਈ ਅਵਤਾਰਾਂ ਰਿਹਾ ਜਣਾਇਆ, ਬਿਨ ਅੱਖਰਾਂ ਅੱਖਰ ਸੁਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਰਿਹਾ ਹਿਲਾਇਆ, ਹਲੂਣਾ ਇਕੋ ਇਕ ਵਖਾਈਆ । ਨਾਨਕ ਗੋਬਿੰਦ ਭੇਵ ਚੁਕਾਇਆ, ਪਰਦਾ ਰਹੇ ਨਾ ਰਾਈਆ । ਆਪਣਾ ਆਪਣਾ ਭਵਿਖ ਆਪਣੇ ਹੱਥੀਂ ਲਓ ਉਠਾਇਆ, ਹਥੇਲੀਆਂ ਉਤੇ ਟਿਕਾਈਆ । ਵੀਹਵੀਂ ਚੌਧਵੀਂ ਸਦੀ ਨਾਲ ਮਿਲਾਇਆ, ਚੌਦਾਂ ਤਬਕ ਦੇਣ ਗਵਾਹੀਆ । ਢਈਆ ਆਪਣਾ ਪੰਧ ਦਏ ਸਮਝਾਇਆ, ਜੋ ਗੋਬਿੰਦ ਮਾਛੂਵਾੜੇ ਗਿਆ ਦ੍ਰਿੜਾਈਆ । ਉਠੋ ਵੇਖੋ ਸਾਰੇ ਮੇਰਾ ਵਕਤ ਸੁਹੰਜਣਾ ਆਇਆ, ਪੁਰਖ ਅਕਾਲ ਦਿਤੀ ਵਡਿਆਈਆ । ਮੈਂ ਡੌਰੂ ਡੰਕ ਵਜਾਇਆ, ਅਸ਼ਟਭੁਜ ਵੇਖੇ ਚਾਈਂ ਚਾਈਂਆ । ਮੇਰਾ ਲੇਖਾ ਲੇਖ ਸਮਝ ਕਿਸੇ ਨਾ ਆਇਆ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਮੇਰਾ ਵਕਤ ਸੁਹੇਲਾ ਅਗਲਾ ਸਾਲ ਸਮਝਾਇਆ, ਇਕੋ ਵਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਸਤਿਜੁਗ ਮੈਂ ਸੂਰਬੀਰ ਬਲਵਾਨ, ਯੋਧਾ ਇਕ ਅਖਵਾਈਆ । ਮੇਰੇ ਉਤੇ ਕਿਰਪਾ ਕਰੇ ਸ੍ਰੀ ਭਗਵਾਨ, ਪੁਰਖ ਅਕਾਲ ਵਡ ਵਡਿਆਈਆ । ਜਿਸ ਮੈਨੂੰ ਕੂੜ ਕੁੜਿਆਰ ਦਾ ਦਿਤਾ ਦਾਨ, ਖ਼ਾਲੀ ਝੋਲੀ ਦਿਤੀ ਭਰਾਈਆ । ਮੈਂ ਧਰਮ ਦਾ ਰਹਿਣ ਨਹੀਂ ਦੇਣਾ ਨਿਸ਼ਾਨ, ਚਾਰੋਂ ਕੁੰਟ ਦੇਵਾਂ ਉਖੜਾਈਆ । ਘਰ ਘਰ ਅੰਦਰ ਕਰਾਵਾਂ ਹਰਾਮ, ਇਹ ਮੇਰੀ ਬੇਪ੍ਰਵਾਹੀਆ । ਮੇਰੀ ਵਡਿਆਈ ਕਰ ਕੇ ਗਿਆ ਘਨਈਆ ਸ਼ਾਮ, ਕਾਹਨ ਕਾਹਨਾ ਗਿਆ ਸੁਣਾਈਆ । ਮੇਰਾ ਸੰਦੇਸ਼ਾ ਦਿਤਾ ਸੀਆ ਰਾਮ, ਬਨਵਾਸੀ ਹੋ ਕੇ ਆਪ ਸਮਝਾਈਆ । ਮੇਰਾ ਲੇਖਾ ਲਿਖਿਆ ਬਿਨ ਕਲਮ ਸ਼ਾਹੀ ਬਾਵਨ ਨੌਜਵਾਨ, ਬਲ ਦਵਾਰੇ ਦਿਤੀ ਵਡਿਆਈਆ । ਮੇਰੀ ਸਿਫ਼ਤ ਕੀਤੀ ਪੈਗ਼ੰਬਰਾਂ ਬਿਨ ਕਲਾਮ, ਬਿਨਾ ਅਲਫ਼ ਯੇ ਸਮਝਾਈਆ । ਮੇਰਾ ਲੇਖਾ ਇਕੋ ਜਾਣੇ ਜੋ ਸਭ ਦਾ ਅਗੰਮ ਅਮਾਮ, ਜਲਵਾਗਰ ਨੂਰ ਅਲਾਹੀਆ । ਜਿਸ ਨੂੰ ਕਲ ਕਲਕੀ ਕਹਿ ਕੇ ਸਾਰੇ ਗਾਣ, ਅਨਕ ਕਲ ਅਖਵਾਈਆ । ਨਿਹਕਲੰਕ ਨੌਜਵਾਨ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦੀ ਕਰ ਸਕੇ ਨਾ ਕੋਇ ਪਹਿਚਾਨ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਓਹ ਮੇਰਾ ਮਹਿਬੂਬ ਮੇਰੇ ਉਤੇ ਹੋਏ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਲਜੁਗ ਕਹੇ ਸਤਿਜੁਗਾ ਮੈਂ ਆਪਣੀ ਕਰਨੀ ਵਿਚ ਬੜਾ ਸ਼ੈਤਾਨ, ਸ਼ਰਅ ਨਾਲ ਸ਼ਰਅ ਦਿਆਂ ਟਕਰਾਈਆ ।

੧੫੬੭
੨੩

ਦੀਨ ਮਜ਼੍ਹਬ ਸਾਰੇ ਕੁਰਲਾਣ, ਦਰੋਹੀ ਤੇਰਾ ਨਾਮ ਦੁਹਾਈਆ । ਮੇਰਾ ਉਸ ਇਕ ਪ੍ਰਭੂ ਤੇ ਮਾਣ, ਜੋ ਨਿਮਾਣਿਆਂ ਹੋਏ ਸਹਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਵਿਧਾਨ, ਲੇਖਾ ਪੂਰਬ ਰਹੇ ਨਾ ਰਾਈਆ । ਇਕ ਦਾ ਇਕ ਹੋਵੇ ਹੁਕਮਰਾਨ, ਇਕੋ ਇਕ ਹੁਕਮ ਵਰਤਾਈਆ । ਕਲਜੁਗ ਕਹੇ ਸਤਿਜੁਗ ਧਰਨੀ ਵੱਲ ਨਾ ਕਰੀਂ ਧਿਆਨ, ਆਪਣੀ ਅੱਖ ਉਠਾਈਆ । ਜਿੰਨਾਂ ਚਿਰ ਕਿਰਪਾ ਕਰੇ ਨਾ ਸ੍ਰੀ ਭਗਵਾਨ, ਤੇਰਾ ਮੇਰਾ ਲੇਖਾ ਮੁਕ ਕਦੇ ਨਾ ਜਾਈਆ । ਓਸੇ ਦੇ ਹੁਕਮ ਅੰਦਰ ਕੋਟਨ ਕੋਟ ਜੁਗ ਚੌਕੜੀ ਬੀਤੇ ਵਿਚ ਜਹਾਨ, ਅਨਕ ਵਾਰ ਸਤਿਜੁਗ ਕਲਜੁਗ ਕਹੇ ਅਸੀਂ ਆਏ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋ ਸਭ ਨੂੰ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਅਖਵਾਈਆ ।

### ✪ ੧੦ ਮਾਘ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਜ਼ਿਲਾ ਜੰਮੂ ਤੇਜ ਭਾਨ ਦੇ ਗ੍ਰਹਿ ✪

ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ ਚੰਦ, ਚੌਥਾ ਜੁਗ ਬੱਚਾ ਬਾਲਾ ਨੱਢਾ ਨਜ਼ਰੀ ਆਈਆ । ਤੂੰ ਦੀਨ ਦਿਆਲ ਠਾਕਰ ਸਵਾਮੀ ਸਾਹਿਬ ਬਖ਼ਸ਼ੰਦ, ਪਰਵਰਦਿਗਾਰ ਏਕੰਕਾਰ ਸਾਂਝੇ ਯਾਰ ਤੇਰੀ ਸਰਨਾਈਆ । ਮੈਂ ਨੌ ਖੰਡ ਪ੍ਰਿਥਮੀ ਮਾਰਾਂ ਪੰਧ, ਸੱਤਾਂ ਦੀਪਾਂ ਭੱਜਾਂ ਵਾਹੋ ਦਾਹੀਆ । ਜੀਵਾਂ ਜੰਤਾਂ ਸਾਧਾਂ ਸੰਤਾਂ ਰਸਨਾ ਜਿਹਵਾ ਵਸਾਂ ਉਤੇ ਮੁਖ ਦੰਦ, ਆਪ ਆਪਣਾ ਬਲ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਗਾ ਸਕੇ ਕੋਈ ਨਾ ਛੰਦ, ਇਹ ਮੇਰੀ ਬੇਪਰਵਾਹੀਆ । ਆਤਮ ਅੰਤਰ ਨਿਝਰ ਮਿਲੇ ਨਾ ਕਿਸੇ ਅਨੰਦ, ਸੁਖ ਸਾਗਰ ਵਿਚ ਨਾ ਕੋਇ ਸਮਾਈਆ । ਮੈਂ ਦੀਨ ਦੁਨੀ ਕੂੜ ਕੁੜਿਆਰ ਜੂਠ ਝੂਠ ਜਗਤ ਧਾਰ ਦਿਤਾ ਵੰਡ, ਤਨ ਵਜੂਦਾਂ ਵਿਚ ਟਿਕਾਈਆ । ਮਨੂਆ ਮੇਰੇ ਪਿਆਰ ਵਿਚ ਦਿਵਸ ਰੈਣ ਪਾਵੇ ਡੰਡ, ਦਹਿ ਦਿਸ਼ ਉਠ ਉਠ ਭੱਜੇ ਵਾਹੋ ਦਾਹੀਆ । ਸਤਿ ਸਤਿਵਾਦੀ ਤੇਰਾ ਸਤਿ ਸਰੂਪ ਸੁੱਤਾ ਦੇ ਕਰ ਕੰਡ, ਕਰਵਟ ਸਕੇ ਨਾ ਕੋਇ ਬਦਲਾਈਆ । ਜਗਤ ਦਵਾਰਾ ਕੂੜ ਵਾਸਨਾ ਵਿਚੋਂ ਪਾਰ ਸਕੇ ਕੋਈ ਨਾ ਲੰਘ, ਮੰਜ਼ਲ ਹਕ ਨਜ਼ਰ ਕਿਸੇ ਨਾ ਆਈਆ । ਜਿਧਰ ਤੱਕੋ ਮੇਰਾ ਕਾਮ ਕਰੋਧ ਲੋਭ ਮੋਹ ਹੰਕਾਰ ਵਾਲਾ ਜੰਗ, ਜੰਗਜੂ ਹੋ ਕੇ ਸਭ ਨੂੰ ਰਿਹਾ ਡਰਾਈਆ । ਨਾ ਕੋਈ ਖ਼ੁਸ਼ੀ ਗ਼ਮੀ ਨਾ ਰੰਜ, ਰੰਜਸ਼ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਕਲਜੁਗ ਕਹੇ ਕਿਰਪਾ ਕਰੀ ਨਰਾਇਣ ਨਰ, ਸਾਹਿਬ ਦਿਤੀ ਮਾਣ ਵਡਿਆਈਆ । ਮੈਂ ਖੇਲ ਖੇਲਾਂ ਘਰ ਘਰ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਮੇਰੇ ਵਿਚ ਸਾਚੀ ਤਰਨੀ ਜਾਏ ਕੋਇ ਨਾ ਤਰ, ਤਾਰਨਹਾਰਾ ਨਜ਼ਰ ਕੋਇ ਨਾ ਆਈਆ । ਮੈਂ ਕੂੜ ਕੁੜਿਆਰ ਦਾ ਘਾੜਨ ਲਿਆ ਘੜ, ਬਿਨ ਠਠਿਆਰਾਂ ਬਣਤ ਬਣਾਈਆ । ਸਭ ਦੇ ਮੰਦਰ ਅੰਦਰ ਬੈਠਾ ਵੜ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਲੈ ਕੇ ਗਿਆ ਖੜ੍ਹ, ਸਨਮੁਖ ਹੋ ਕੇ ਸੋਭਾ ਪਾਈਆ । ਝਗੜਾ ਪਵਾ ਕੇ ਚੋਟੀ ਜੜ, ਜੜ ਚੇਤਨ ਦਾ ਭੇਵ ਨਾ ਕੋਇ ਸਮਝਾਈਆ । ਹਰਿ ਨਾਮ ਬਿਨਾ ਖ਼ਾਲੀ ਕੀਤੇ ਤਨ ਵਜੂਦ ਧੜ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਮਨ ਮਨਸਾ ਸਭ ਨੇ ਫੜਿਆ ਲੜ, ਪੱਲੂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭੂ ਮੈਂ ਬਾਲਕ ਤੇਰਾ ਨੌਜਵਾਨ, ਸੂਰਬੀਰ ਅਖਵਾਈਆ । ਆਇਆ ਮਾਤਲੋਕ ਵਿਚ ਮੈਦਾਨ, ਚਾਰੋਂ ਕੁੰਟ ਵੇਖ ਵਖਾਈਆ । ਕੂੜੀ ਕਿਰਿਆ ਮੇਰੇ ਨਾਲ ਸ਼ੈਤਾਨ, ਸ਼ਰਅ ਜ਼ੰਜੀਰਾਂ ਹੱਥ ਉਠਾਈਆ । ਨੌ ਖੰਡ ਪ੍ਰਿਥਮੀ ਕੀਤੀ ਹੈਰਾਨ, ਹੈਰਾਨੀ ਵਿਚ ਕੁਰਲਾਈਆ । ਧਰਮ ਦਾ ਰਹਿਣ ਦਿਤਾ ਨਹੀਂ ਕੋਈ ਨਿਸ਼ਾਨ, ਨਿਸ਼ਾਨੇ ਜਗਤ ਦਿਤੇ ਬਦਲਾਈਆ । ਤੇਰਾ ਲਏ ਕੋਈ ਨਾ ਨਾਮ, ਨਾਮ ਨਿਧਾਨ ਸਮਝ ਕਿਸੇ ਨਾ ਆਈਆ । ਹਰ ਹਿਰਦੇ ਵਿਚੋਂ ਕੱਢਿਆ ਸੀਤਾ ਰਾਮ, ਕਾਹਨ ਕ੍ਰਿਸ਼ਨਾ ਸੰਗ ਨਾ ਕੋਇ ਮਿਲਾਈਆ । ਕਲਮਾ ਕਾਇਨਾਤ ਕਰੇ ਨਾ ਕੋਇ ਪ੍ਰਨਾਮ, ਕਾਅਬੇ ਕੂਕ ਕੂਕ ਸੁਣਾਈਆ । ਧਰਨੀ ਧਰਤ ਧਵਲ ਧੌਲ ਨੇਤਰ ਨੈਣ ਸ਼ਰਮਾਣ, ਅੱਖ ਸਕੇ ਨਾ ਕੋਇ ਉਠਾਈਆ । ਮੰਤਰ ਸਤਿਨਾਮ ਨਾ ਰਿਹਾ ਗਿਆਨ, ਧਿਆਨੀ ਧਿਆਨ ਨਾ ਕੋਇ ਲਗਾਈਆ । ਮੈਂ ਸੇਵਾ ਵਿਚ ਮਹਾਨ, ਚਾਕਰ ਹੋ ਕੇ ਸੇਵ ਕਮਾਈਆ । ਤੂੰ ਸਾਹਿਬ ਕਰੀਂ ਪ੍ਰਵਾਨ, ਦਰ ਤੇਰੇ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਮੇਰਾ ਅਗਲਾ ਖੇਲ ਤੇਰੇ ਹੁਕਮ ਨਾਲ ਹੋਣਾ ਵਿਚ ਜਹਾਨ, ਜਹਾਲਤ ਵੇਖਣੀ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਬੇਨੰਤੀ ਕਰੀਂ ਪਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ ।

१५९८
२३

### ✪ ੧੦ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਕਿਰਪਾਲ ਸਿੰਘ ਦੇ ਗ੍ਰਿਹ ✪

१५९८
२३

ਕਲਜੁਗ ਕਹੇ ਪ੍ਰਭੂ ਮੈਂ ਚਾਰੋਂ ਕੁੰਟ ਭੱਜਾ, ਦਿਵਸ ਰੈਣ ਵਾਹੋ ਦਾਹੀਆ । ਜਿਸ ਦੀ ਸਮਝੇ ਕੋਈ ਨਾ ਵਜ੍ਹਾ, ਵਜੂਹਾਤ ਨਾ ਕੋਇ ਦ੍ਰਿੜਾਈਆ । ਮੈਂ ਨਵ ਸੱਤ ਕਰ ਕੇ ਆਇਆ ਗਜਾ, ਗ੍ਰਿਹ ਗ੍ਰਿਹ ਅੰਦਰ ਫੇਰੀਆਂ ਪਾਈਆ । ਮੈਂ ਸਭ ਨੂੰ ਤੱਕਿਆ ਮੇਰੇ ਹੁਕਮ ਨਾਲ ਤੇਰੀ ਚਲੇ ਵਿਚ ਕੋਇ ਨਾ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੈਨੂੰ ਮਿਲਣ ਕੋਇ ਨਾ ਪਾਈਆ । ਸਤਿ ਧਰਮ ਦੀ ਰਹੀ ਕੋਈ ਨਾ ਲੱਜਾ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਮੇਰਾ ਖ਼ੁਸ਼ੀਆਂ ਨਾਲ ਵਧਿਆ ਅੱਗਾ, ਚਾਰੋਂ ਕੁੰਟ ਕੂੜ ਵੱਜੀ ਵਧਾਈਆ । ਨਵਾਂ ਦਵਾਰਿਆਂ ਸਭ ਨੂੰ ਮਿਲਦਾ ਰਸਾ, ਨਵਾਂ ਰਸਾਂ ਨਾਲ ਸ੍ਰਿਸ਼ਟ ਹਲਕਾਈਆ । ਮੈਂ ਧਰਨੀ ਉਤੇ ਖਿੜ ਖਿੜਾ ਕੇ ਹੱਸਾ, ਹੱਸ ਹੱਸ ਰਿਹਾ ਜਣਾਈਆ । ਮੇਰੀ ਰੈਣ ਹੋਈ ਅੰਧੇਰੀ ਮੱਸਾ, ਮਸਿਆ ਚੰਦ ਨਾ ਕੋਇ ਰੁਸ਼ਨਾਈਆ । ਮੈਂ ਇਕ ਸੰਦੇਸ਼ਾ ਦੀਨ ਦੁਨੀ ਨੂੰ ਦੱਸਾ, ਦੋ ਜਹਾਨ ਨਾਲ ਮਿਲਾਈਆ । ਮੇਰਾ ਲੇਖਾ ਧਰਨੀ ਧਰਤ ਧਵਲ ਧੌਲ ਨਹੀਂ ਕੋਈ ਕੱਚਾ, ਕੱਚੀ ਗੰਢ ਨਾ ਕੋਇ ਰਖਾਈਆ । ਮੈਂ ਉਸ ਪੁਰਖ ਅਕਾਲ ਦਾ ਬੱਚਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦੇ ਹੁਕਮ ਵਿਚ ਮੈਂ ਧਰਨੀ ਉਤੇ ਨੱਚਾ, ਕੁੱਦਿਆ ਥਾਉਂ ਥਾਈਂਆ । ਮੇਰਾ ਸਾਹਿਬ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਗੋਬਿੰਦ ਸਥਰ ਲੱਥਾ, ਯਾਰੜਾ ਸੇਜ ਹੰਢਾਈਆ । ਮੈਂ ਉਸ ਨੂੰ ਟੇਕਾਂ ਮੱਥਾ, ਨਿਵ ਨਿਵ ਲਾਗਾਂ ਪਾਈਆ । ਪ੍ਰਭੂ ਮੇਰਾ ਖੇਲ ਵੇਖ ਲੈ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾਲ ਅੱਠਾ, ਨਵ ਨਵ ਦਾ ਡੇਰਾ ਢਾਹੀਆ । ਮੈਂ ਫੇਰਨੀ ਦਰੋਹੀ ਅੱਠ ਸੱਠਾ, ਮੰਦਰ ਮੱਠਾਂ ਲੇਖਾ ਜਾਣਾ ਚਾਈਂ ਚਾਈਂਆ । ਜਿਧਰ

ਚਾਹਵਾਂ ਉਧਰ ਪਾਵਾਂ ਰੱਟਾ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਮੈਂ ਸ੍ਰਿਸ਼ਟੀ ਸ੍ਰਿਸ਼ਟੀ ਨਾਲ ਕਰ ਕੇ ਬਟਾ, ਜ਼ੀਰੋ ਦਾ ਜ਼ੀਰੋ ਅੰਕ ਦੇਣਾ ਦ੍ਰਿੜਾਈਆ । ਮੇਰਾ ਕੂੜ ਕੁੜਿਆਰ ਦਾ ਨਵ ਸੱਤ ਚਲਾ ਰਥਾ, ਰਥਵਾਹੀ ਹੋ ਕੇ ਭੱਜਾਂ ਵਾਹੋ ਦਾਹੀਆ । ਫੇਰ ਸਤਿਜੁਗ ਤਰੇਤਾ ਦੁਆਪਰ ਮੇਰੀ ਸਾਰੇ ਗਾਓਗੇ ਕਥਾ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਮੇਰਾ ਸਖਾਈ ਸਖਾ, ਸਗਲਾ ਸੰਗ ਨਿਭਾਈਆ ।

### ✪ ੧੦ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਗੁਰਨਾਮ ਸਿੰਘ ਸੀੜ ਦੇ ਨਵਿਤ ✪

ਕਲਜੁਗ ਕਹੇ ਪ੍ਰਭੂ ਮੇਰੀ ਪੁਸ਼ਤ ਪਨਾਹ ਦੇਵੇ ਥਾਪੀ, ਸਿਰ ਮੇਰੇ ਹੱਥ ਟਿਕਾਈਆ । ਮੇਰਾ ਵੇਖ ਲੈ ਵਡ ਪ੍ਰਤਾਪੀ, ਖ਼ੁਸ਼ੀਆਂ ਨਾਲ ਜਣਾਈਆ । ਹੱਸ ਕੇ ਕਹੇ ਵਾਹ ਕਲਜੁਗ ਤੂੰ ਦੀਨ ਦੁਨੀ ਬਣਾਈ ਪਾਪੀ, ਪੁਨੀਤ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਸੁਹੰਜਣਾ ਲੋਕਮਾਤੀ, ਮਾਤਰ ਭੂਮੀ ਦਏ ਗਵਾਹੀਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਚਰਨ ਪ੍ਰੀਤ ਜੁੜੇ ਕਿਸੇ ਨਾ ਨਾਤੀ, ਸਰਨ ਸਚ ਨਾ ਕੋਇ ਰਖਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਤੇਰਾ ਖੇਲ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਤੇਰਾ ਲੇਖਾ ਜਾਣੇ ਪੁਰਖ ਸਮਰਾਥੀ, ਅਕਲ ਕਲਧਾਰੀ ਅਗੰਮ ਅਥਾਹੀਆ । ਜੋ ਹੋਏ ਸਹਾਈ ਨਾਥ ਅਨਾਥੀ, ਦੀਨ ਦੀਨਾਂ ਵੇਖ ਵਖਾਈਆ ।

੧੫੯੯ ੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਬਾਲਕ ਛੋਟਾ, ਚੌਥਾ ਜੁਗ ਨਜ਼ਰੀ ਆਈਆ । ਜਿਨ੍ਹ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੀਤੀ ਟੋਟਾ ਟੋਟਾ, ਟੁਕੜੇ ਕਰ ਕਰ ਦਿਤੇ ਵਖਾਈਆ । ਤੇਰਾ ਹੁਕਮ ਇਕੋ ਸੰਦੇਸ਼ਾ ਮੋਟਾ, ਜਿਸ ਦਾ ਰੂਪ ਨਾ ਕੋਇ ਬਦਲਾਈਆ । ਤੇਰੀ ਕਿਰਪਾ ਨਾਲ ਮੇਰੇ ਵਿਚ ਜਗਿਆਸੂ ਉਠੇ ਕੋਈ ਨਾ ਸੋਤਾ, ਨੇਤਰ ਨੈਣ ਅੱਖ ਨਾ ਕੋਇ ਖੁਲਾਈਆ । ਮਾਨਸ ਮਾਨਵ ਤੱਕ ਲੈ ਰੋਤਾ, ਹੰਸਮੁਖ ਮੁਖ ਨਾ ਕੋਇ ਸਲਾਹੀਆ । ਸਚ ਪ੍ਰਕਾਸ਼ ਤੇਰਾ ਦਿਸੇ ਕੋਇ ਨਾ ਜੋਤਾ, ਜੋਤੀ ਜਾਤੇ ਨਜ਼ਰ ਕਿਸੇ ਨਾ ਆਈਆ । ਮੇਰਾ ਵਕਤ ਨਹੀਂ ਬੀਤਿਆ ਬਹੁਤਾ, ਥੋੜੇ ਸਮੇਂ ਵਿਚ ਪ੍ਰਭੂ ਤੇਰੀ ਬਹੁਤੀ ਸੇਵ ਕਮਾਈਆ । ਮੇਰਾ ਪਾਪ ਕਿਸੇ ਕੋਲੋਂ ਜਾਵੇ ਨਾ ਧੋਤਾ, ਜਗਤ ਸ਼ਾਸਤਰਾਂ ਚਲੇ ਨਾ ਕੋਇ ਚਤੁਰਾਈਆ । ਮੈਨੂੰ ਅੰਤ ਅਖ਼ੀਰ ਇਕੋ ਸੋਚਾ, ਬਿਨਾ ਸੋਚ ਸਮਝ ਜਣਾਈਆ । ਮੇਰੀ ਪੂਰੀ ਕਰਨੀ ਲੋਚਾ, ਆਸਾ ਤੇਰੇ ਚਰਨ ਚਰਨ ਟਿਕਾਈਆ । ਮੈਂ ਤੇਰਾ ਖੇਲ ਵੇਖਾਂ ਚੌਦਾਂ ਲੋਕਾ, ਚੌਦਾਂ ਤਬਕਾਂ ਭੇਵ ਦੇਣਾ ਖੁਲਾਈਆ । ਮੈਂ ਆਪਣੇ ਅੰਤ ਵਿਚ ਤੇਰਾ ਸੁਣਨਾ ਚਾਹੁੰਦਾ ਇਕ ਸਲੋਕਾ, ਸੋ ਪੁਰਖ ਨਿਰੰਜਣ ਦਏ ਦ੍ਰਿੜਾਈਆ । ਮੈਂ ਕੂਕ ਕੇ ਦੇਵਾਂ ਹੋਕਾ, ਹੁਕਮ ਸੁਣੇ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਵੇਖਣਹਾਰਾ ਜੁਗ ਚੌਕੜੀ ਮੌਕਾ, ਮੁਕੰਮਲ ਆਪਣਾ ਫੇਰਾ ਪਾਈਆ ।

੧੫੯੯ ੨੩

## ੧੦ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਸ਼ਿਵ ਸਿੰਘ ਦੇ ਗ੍ਰਿਹਿ

ਕਲਜੁਗ ਕਹੇ ਸਾਹਿਬ ਮੇਰੇ ਨਿਰੰਕਾਰ, ਹਰਿ ਕਰਤੇ ਤੇਰੀ ਬੇਪ੍ਰਵਾਹੀਆ । ਤੁਧ ਬਿਨ ਅਵਰ ਨਾ ਕੋਇ ਸਹਾਰ, ਸਿਰ ਹੱਥ ਨਾ ਕੋਇ ਟਿਕਾਈਆ । ਮੈਂ ਸਚ ਦਾ ਸਚ ਤੇਰਾ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਚਾਰੋਂ ਕੁੰਟ ਕੀਤਾ ਧੁੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਸਤਿ ਸਚ ਦਾ ਰਹਿਣ ਦਿਤਾ ਨਹੀਂ ਕੋਈ ਪਿਆਰ, ਪ੍ਰੀਤਮ ਪ੍ਰੇਮ ਵਿਚ ਤੈਨੂੰ ਮਿਲਣ ਕੋਇ ਨਾ ਪਾਈਆ । ਮੇਰੇ ਕੋਲ ਲੇਖਾ ਸੰਗ ਮੁਹੰਮਦ ਚਾਰ ਯਾਰ, ਬਿਨ ਹਰਫ਼ ਹਰੂਫ਼ ਆਪਣੇ ਵਿਚ ਛੁਪਾਈਆ । ਜਿਸ ਦਾ ਲਹਿਣਾ ਦੇਣਾ ਕਰਜ਼ ਉਤਾਰ, ਮਕਰੂਜ਼ ਹੋ ਕੇ ਲੇਖਾ ਦਿਆਂ ਚੁਕਾਈਆ । ਸਦੀ ਚੌਧਵੀਂ ਪਾਵਾਂ ਸਾਰ, ਚੌਦਾਂ ਤਬਕ ਭੇਵ ਰਹੇ ਨਾ ਰਾਈਆ । ਤੂੰ ਕਿਰਪਾ ਕਰੀ ਅਪਰ ਅਪਾਰ, ਅਪਰੰਪਰ ਸਵਾਮੀ ਤੇਰੇ ਹੱਥ ਵਡਿਆਈਆ । ਮੈਂ ਜਗਤ ਜੀਵ ਜਹਾਨ ਵੇਖਾਂ ਪੁਰਖ ਨਾਰ, ਜ਼ਨੋ ਮਰਦ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਕਲਜੁਗ ਕਹੇ ਪ੍ਰਭੂ ਮੈਂ ਸੇਵਕ ਤੇਰਾ ਖ਼ੂਬ, ਸਾਚੀ ਸੇਵ ਕਮਾਈਆ । ਤੂੰ ਮਾਲਕ ਮੇਰਾ ਮਹਿਬੂਬ, ਤੇਰੀ ਮੁਹੱਬਤ ਵਿਚ ਸਮਾਈਆ । ਤੇਰਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਤੇਰੀ ਵੱਜੇ ਵਧਾਈਆ । ਮੇਰੀ ਚਾਰ ਕੁੰਟ ਦੀ ਤੱਕ ਹਦੂਦ, ਨਵ ਸੱਤ ਵੇਖ ਵਖਾਈਆ । ਮੈਂ ਧਰਮ ਦਵਾਰਾ ਰਹਿਣ ਦਿਤਾ ਨਹੀਂ ਕੋਈ ਮਹਿਫ਼ੂਜ਼, ਦਰ ਦਰ ਆਪਣਾ ਹੁਕਮ ਵਰਤਾਈਆ । ਤੇਰੀ ਸਮਝ ਆਵੇ ਨਾ ਕਿਸੇ ਸੂਝ, ਪਰਦਾ ਸਕੇ ਨਾ ਕੋਇ ਉਠਾਈਆ । ਮੈਂ ਧਰਮ ਦੀ ਧਾਰ ਕਰਾਇਆ ਕੂਚ, ਕੂਚਾ ਗਲੀ ਦੀਨਾਂ ਮਜ਼੍ਹਬਾਂ ਵਾਲੇ ਸਾਫ਼ ਕਰਾਈਆ । ਤੂੰ ਮੇਰਾ ਸਵਾਮੀ ਊਚੋ ਊਚ, ਅਗੰਮ ਅਥਾਹ ਤੇਰੀ ਵਡਿਆਈਆ । ਮੇਰਾ ਖੇਲ ਤੱਕ ਲੈ ਕਾਇਆ ਵਿਚ ਪੰਜ ਭੂਤ, ਪੰਚਮ ਪਰਪੰਚ ਆਪਣਾ ਖੇਲ ਖਿਲਾਈਆ । ਮੇਰਾ ਡੰਕਾ ਵੱਜੇ ਚਾਰੇ ਕੂਟ, ਦਹਿ ਦਿਸ਼ਾ ਆਪਣਾ ਹੁਕਮ ਸੁਣਾਈਆ । ਹਰ ਹਿਰਦੇ ਅੰਦਰ ਰੱਖ ਕੇ ਜੂਠ ਝੂਠ, ਕੂੜੀ ਕਿਰਿਆ ਨਾਲ ਪ੍ਰਨਾਈਆ । ਮਾਇਆ ਮਮਤਾ ਸੁਹਾ ਕੇ ਰੁਤ, ਰੁਤੜੀ ਮੋਹ ਨਾਲ ਵਡਿਆਈਆ । ਤੇਰਾ ਭੇਵ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਸਮਝ ਕਿਸੇ ਨਾ ਆਈਆ । ਮੇਰਾ ਸੀਸ ਜਗਦੀਸ਼ ਤੇਰੇ ਚਰਨ ਰਿਹਾ ਝੁਕ, ਨਿਵ ਨਿਵ ਲਾਗਾਂ ਪਾਈਆ । ਬਿਨਾ ਭਗਤਾਂ ਤੋਂ ਤੂੰ ਮੇਰਾ ਮੈਂ ਤੇਰਾ ਮੇਰੇ ਵਿਚ ਗਾਏ ਕੋਈ ਨਾ ਤੁਕ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਹਰਿਜਨ ਸਾਚੇ ਸੰਤ ਸੁਹੇਲੇ ਤੇਰੇ ਸੁਤ, ਜੋ ਦਰ ਤੇਰੇ ਸੀਸ ਨਿਵਾਈਆ । ਕਲਜੁਗ ਕਹੇ ਪ੍ਰਭੂ ਮੇਰਾ ਨਿਸ਼ਾਨਾ ਨਵ ਸੱਤ ਜਾਏ ਨਾ ਉਕ, ਉਗਣ ਆਥਣ ਰੋਕਣ ਕੋਇ ਨਾ ਪਾਈਆ । ਮੈਨੂੰ ਗਲੇ ਲਗਾ ਕੇ ਘੁੱਟ, ਮਿਹਰਵਾਨ ਹੋਣਾ ਸਹਾਈਆ । ਮੈਂ ਘਰ ਘਰ ਪਾਈ ਫੁੱਟ, ਇਹ ਤੇਰੀ ਬੇਪ੍ਰਵਾਹੀਆ । ਤੇਰੇ ਨਾਲੋਂ ਸਭ ਦਾ ਪਿਆਰ ਗਿਆ ਟੁੱਟ, ਟੁਟਿਆਂ ਫੇਰ ਨਾ ਕੋਇ ਜੁੜਾਈਆ । ਮੈਂ ਰਾਓ ਰੰਕਾਂ ਪਾਉਣੀ ਲੁੱਟ, ਲੁਟੇਰਾ ਬਣਾਂ ਥਾਉਂ ਥਾਈਂਆ । ਦੀਨ ਮਜ਼੍ਹਬ ਦੀ ਧਾਰ ਹੋ ਕੇ ਜਾਵਾਂ ਜੁੱਟ, ਝਗੜਾ ਰੱਖਾਂ ਖ਼ਲਕ ਖ਼ੁਦਾਈਆ । ਸਤਿ ਦਾ ਸਚ ਤੇਰਾ ਦੁਲਾਰਾ ਸੁਤ, ਸਤਿ ਸਤਿਵਾਦੀ ਤੈਨੂੰ ਸੀਸ ਨਿਵਾਈਆ । ਮੇਰੀ ਸੁਹੰਜਣੀ ਹੋਵੇ ਰੁਤ, ਬੁਤਖ਼ਾਨੇ ਰੋਵਣ ਮਾਰਨ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਕਰਨੀ ਉਤੇ ਹੋਵੀਂ ਖ਼ੁਸ਼, ਖ਼ੁਸ਼ੀਆਂ ਦੇ ਮਾਲਕ ਤੇਰੀ ਓਟ ਰਖਾਈਆ ।

## ੧੦ ਮਾਘ ਸ਼ਹਿਨਸ਼ਾਹੀ ਸੰਮਤ ਨੌ ਸੇਈ ਕੈਂਪ ਤੋਂ ਵਾਪਸ ਜੰਮੂ ਸ਼ਹਿਰ ਜਾਂਦਿਆਂ ਐਕ ਕੇ ਪਾਰ ਕਿਨਾਰੇ ਤੇ ਸੇਈ ਦੀ ਸੰਗਤ ਨਵਿਤ

ਮਾਘ ਕਹੇ ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਭਗਤਾਂ ਦੇ ਦੇ ਧੁਰ ਦਾ ਦਾਨ, ਵਸਤ ਅਨਮੁੱਲ ਝੋਲੀ ਪਾਈਆ । ਚਰਨ ਧੂੜ ਬਖ਼ਸ਼ ਦੇ ਇਸ਼ਨਾਨ, ਦੁਰਮਤ ਮੈਲ ਧਵਾਈਆ । ਕਿਰਪਾ ਕਰ ਨੌਜਵਾਨ, ਮਰਦ ਮਰਦਾਨੇ ਤੇਰੀ ਆਸ ਰਖਾਈਆ । ਲੇਖੇ ਲਾ ਲੈ ਬਿਰਧ ਬਾਲ ਵਿਚ ਜਹਾਨ, ਨੌਜਵਾਨ ਆਪਣੇ ਰੰਗ ਰੰਗਾਈਆ । ਜਿਹੜੇ ਤੂੰ ਮੇਰਾ ਮੈਂ ਤੇਰਾ ਢੋਲੇ ਗਾਣ, ਗਾ ਗਾ ਆਪਣੀ ਖ਼ੁਸ਼ੀ ਬਣਾਈਆ । ਦਰ ਆਇਆਂ ਕਰਨਾ ਆਪੇ ਪ੍ਰਵਾਨ, ਪਰਮ ਪੁਰਖ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਇਕੋ ਨਜ਼ਰੀ ਆਈਆ । ਮਾਘ ਕਹੇ ਪ੍ਰਭ ਜਨ ਭਗਤਾਂ ਕਾਇਆ ਰੰਗ ਦੇ, ਚਾੜ੍ਹ ਰੰਗ ਮਜੀਠ । ਆਤਮ ਪਰਮਾਤਮ ਸਾਚਾ ਸੰਗ ਦੇ, ਦਰਸ਼ਨ ਬਖ਼ਸ਼ ਆਪ ਅਨਡੀਠ । ਰੂਪ ਦਰਸਾ ਵਿਚ ਬ੍ਰਹਿਮੰਡ ਦੇ, ਜਗਤ ਜਹਾਨ ਨੰਗੀ ਨਾ ਹੋਵੇ ਪੀਠ । ਸਤਿ ਸਤਿਵਾਦੀ ਆਪਣਾ ਅਨੰਦ ਦੇ, ਮਿੱਠੇ ਕਰ ਕੌੜੇ ਰੀਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਭ ਨੂੰ ਬਖ਼ਸ਼ ਨਾਮ ਨਿਧਾਨ ਸੁਹਾਗੀ ਗੀਤ । ਜਨ ਭਗਤੋ ਦੇਵਣਹਾਰ ਦਾਤਾਰਾ, ਦਇਆਨਿਧ ਅਖਵਾਈਆ । ਤੁਹਾਡਾ ਧਰਮ ਦਾ ਧਰਮ ਪਿਆਰਾ, ਧਰਮ ਦੀ ਧਾਰ ਨਾਲ ਵਡਿਆਈਆ । ਤੁਹਾਡਾ ਲੇਖੇ ਲੱਗਾ ਰਸਨਾ ਰਸਨ ਵਾਲਾ ਜੈਕਾਰਾ, ਜੋ ਸੋਹਲੇ ਢੋਲੇ ਗੀਤਾਂ ਵਿਚ ਦ੍ਰਿੜਾਈਆ । ਕਿਰਪਾ
੧੬੦੧ ੨੩ ਕਰੇ ਆਪ ਨਿਰੰਕਾਰਾ, ਨਿਰਭੈ ਹੋਏ ਸਹਾਈਆ । ਸਭ ਨੂੰ ਇਕੋ ਜਿਹਾ ਬਖ਼ਸ਼ ਪਿਆਰਾ, ਪਰਮਾਤਮ ਆਤਮ ਰੰਗ ਚੜ੍ਹਾਈਆ । ਤੁਹਾਡਾ ਸਾਹਿਬ ੧੬੦੧ ੨੩
ਸਤਿਗੁਰ ਤੁਹਾਨੂੰ ਵਿਸਰੇ ਕਦੇ ਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਨਿਰਗੁਣ ਜੋਤ ਜੋਤੀ ਜਾਤਾ ਚੌਬੀਸਾ ਜਗਦੀਸ਼ਾ ਅਵਤਾਰਾ, ਅਵਤਰੀ ਆਪਣੀ ਖੇਲ ਖਿਲਾਈਆ । ਜਿਸ ਪ੍ਰੇਮ ਬਣਾਇਆ ਐਕ ਦੇ ਆਰ ਪਾਰ ਕਿਨਾਰਾ, ਦੋ ਕਿਨਾਰਿਆਂ ਦਾ ਲੇਖਾ ਦੋ ਜਹਾਨਾਂ ਵਿਚ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰਾ, ਸਤਿਗੁਰ ਸ਼ਬਦ ਨਾਲ ਦੇਵੇ ਮਾਣ ਵਡਿਆਈਆ ।

## ੧੧ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਜੇਠੂਵਾਲ ਦਰਬਾਰ ਜ਼ਿਲਾ ਅੰਮ੍ਰਿਤਸਰ ਮਹਿੰਦਰ ਸਿੰਘ ਮਾਂਗਾ ਸਰਾਏ ਦੇ ਨਵਿਤ

ਸਤਿਜੁਗ ਕਹੇ ਜਨ ਭਗਤੋ ਕਰੋ ਅਰਦਾਸ, ਬੇਨੰਤੀ ਪ੍ਰਭ ਚਰਨ ਰਖਾਈਆ । ਸਾਚੀ ਮੰਗ ਅਗੰਮੀ ਮੰਗੋ ਖ਼ਾਸ, ਖ਼ਾਲਸ ਆਪਣਾ ਧਿਆਨ ਲਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਤਿਜੁਗ ਆਵੇ ਸਾਡੇ ਪਾਸ, ਲੋਕਮਾਤ ਵੱਜੇ ਵਧਾਈਆ । ਮੈਂ ਖ਼ੁਸ਼ੀਆਂ ਵਿਚ ਆਪਣੀ ਖ਼ੁਸ਼ੀ ਦੀ ਪਾਵਾਂ ਰਾਸ, ਮੰਡਲ ਮੰਡਪਾਂ ਨਾਲ ਮਿਲਾਈਆ । ਸਭ ਦੀ ਪੂਰੀ ਕਰਾਂ ਆਸ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਮਮਤਾ ਮੋਹ ਵਿਕਾਰਾਂ ਕਰਾਂ ਨਾਸ, ਹਉਮੇ ਹੰਗਤਾ ਗੜ੍ਹ ਤੁੜਾਈਆ । ਪ੍ਰਭੂ ਦਾ ਨਾਮ ਜਪਾਵਾਂ ਸਵਾਸ ਸਵਾਸ, ਸਾਹ ਸਾਹ ਵਿਚ ਸਮਾਈਆ । ਮੇਰਾ ਖੇਲ ਤੱਕੇ ਪ੍ਰਿਥਮੀ ਆਕਾਸ਼,

੧੬੦੨
੨੩

ਗਗਨ ਗਗਨੰਤਰ ਧਿਆਨ ਲਗਾਈਆ । ਮੇਰਾ ਧਰਨੀ ਉਤੇ ਹੋਵੇ ਵਾਸ, ਵਾਸਤਾ ਭਗਤਾਂ ਨਾਲ ਰਖਾਈਆ । ਧਰਮ ਦੀ ਧਾਰ ਹੋਵਾਂ ਦਾਸ, ਦਾਸੀ ਦਾਸ ਰੂਪ ਵਟਾਈਆ । ਚਾਰੋਂ ਕੁੰਟ ਸਚ ਕਰਾਂ ਪ੍ਰਕਾਸ਼, ਪ੍ਰਕਾਸ਼ ਦੱਸਾਂ ਨੂਰ ਅਲਾਹੀਆ । ਸਚ ਮੁਹੱਬਤ ਵਿਚ ਪਿਆਰ ਦਾ ਹੋਵੇ ਬਿਲਾਸ, ਪ੍ਰੀਤਮ ਪ੍ਰੇਮ ਰੰਗ ਰੰਗਾਈਆ । ਮਨੂਆ ਰਹੇ ਨਾ ਕਿਸੇ ਉਦਾਸ, ਚਿੰਤਾ ਗ਼ਮ ਦਿਆਂ ਮਿਟਾਈਆ । ਹਰ ਹਿਰਦੇ ਅੰਦਰ ਇਕੋ ਸਾਹਿਬ ਦਾ ਹੋਏ ਨਿਵਾਸ, ਦੂਜਾ ਨਜ਼ਰ ਕੋਇ ਨਾ ਆਈਆ । ਖੇਲ ਖੇਲਾਂ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਸਮੁੰਦ ਸਾਗਰਾਂ ਧਿਆਨ ਲਗਾਈਆ । ਗ਼ਰੀਬ ਨਿਮਾਣਿਆਂ ਧਰਮ ਦੀ ਧਾਰ ਦੇਵਾਂ ਧਰਵਾਸ, ਧੀਰਜ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਜੁਗ ਕਹੇ ਜਨ ਭਗਤੋ ਪ੍ਰਭ ਕੋਲੋਂ ਮੰਗੋ ਮੰਗਾਂ, ਦਰ ਠਾਂਡੇ ਸੀਸ ਨਿਵਾਈਆ । ਜਿਸ ਦਾ ਚਰਨ ਸਰੋਵਰ ਧਾਰ ਗੰਗਾ, ਅੰਮਿਉਂ ਰਸ ਦਏ ਚੁਆਈਆ । ਕਲਜੁਗ ਕੂੜ ਕੁੜਿਆਰ ਮੇਟੇ ਪੰਧਾ, ਧਰਨੀ ਧਰਤ ਧਵਲ ਧੌਲ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਕੂੜ ਕੁੜਿਆਰ ਰਹੇ ਨਾ ਧੰਦਾ, ਸਤਿ ਸਚ ਨਾਲ ਵਡਿਆਈਆ । ਪਿਛਲਾ ਵਕਤ ਪਿਛੇ ਲੰਘਾ, ਅਗੇ ਮੰਗੋ ਇਕ ਸਰਨਾਈਆ । ਮਨੂਆ ਅੰਦਰ ਕਰੇ ਕੋਈ ਨਾ ਦੰਗਾ, ਪੰਚ ਵਿਕਾਰ ਨਾ ਕੋਇ ਲੜਾਈਆ । ਸਾਚੇ ਨਾਮ ਦਾ ਸਚ ਚੜ੍ਹੇ ਰੰਗਾ, ਰੰਗਤ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਦੇਵੇ ਸਰਨਾਈਆ । ਸਤਿਜੁਗ ਕਹੇ ਜਨ ਭਗਤੋ ਸਾਰੇ ਪ੍ਰਭੂ ਨੂੰ ਦਿਓ ਆਖ, ਖ਼ੁਸ਼ੀਆਂ ਨਾਲ ਜਣਾਈਆ । ਕਲਜੁਗ ਕੂੜ ਕੁੜਿਆਰ ਮੇਟ ਗੁਸਤਾਖ਼, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਕਾਲ ਦਰਸ਼ਨ ਸਭ ਨੂੰ ਦੇ ਸਾਖਿਆਤ, ਸਚ ਸਵਾਮੀ ਨਜ਼ਰੀ ਆਈਆ । ਚਾਰੋਂ ਕੁੰਟ ਮੇਟ ਅੰਧੇਰੀ ਰਾਤ, ਜੋਤ ਨੂਰ ਕਰ ਰੁਸ਼ਨਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਕਿਰਪਾ ਕਰ ਲੋਕਮਾਤ, ਮਿਤ੍ਰ ਪਿਆਰੇ ਹੋ ਸਹਾਈਆ । ਇਕੋ ਚਰਨ ਕਵਲ ਬਖ਼ਸ਼ ਦੇ ਨਾਤ, ਦੂਸਰ ਓਟ ਨਾ ਕੋਇ ਤਕਾਈਆ । ਅੰਤਮ ਸਭ ਦੀ ਪੁਛ ਬਾਤ, ਵਾਰਸ ਹੋ ਕੇ ਵੇਖ ਵਖਾਈਆ । ਤੂੰ ਸਭ ਦਾ ਪਿਤ ਮਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਸਾਡੀ ਮੰਨ ਲੈ ਧਰਮ ਧਾਰ ਦੀ ਬਾਤ, ਬਾਤਨ ਪਰਦਾ ਦੇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਜੁਗ ਕਹੇ ਜਨ ਭਗਤੋ ਪ੍ਰਭ ਦੇ ਅਗੇ ਕਢੋ ਮਿੰਨਤਾਂ, ਨਿਵ ਨਿਵ ਸੀਸ ਨਿਵਾਈਆ । ਫਿਰੀ ਦਰੋਹੀ ਚਾਰੇ ਸਿੰਮਤਾਂ, ਉੱਤਰ ਪੂਰਬ ਪੱਛਮ ਦੱਖਣ ਪਈ ਦੁਹਾਈਆ । ਸ੍ਰਿਸ਼ਟੀ ਭਰੀ ਚਾਰੇ ਕੁੰਟਾਂ ਨਾਲ ਨਿੰਦਕਾਂ, ਨਿੰਦਿਆ ਵਿਚ ਜਗਤ ਲੋਕਾਈਆ । ਸਤਿਗੁਰ ਸਭ ਨੂੰ ਆਪਣੇ ਪਿਆਰ ਦੀਆਂ ਦੇ ਹਿੰਮਤਾਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਮਨੂਆ ਦਹਿ ਦਿਸ਼ ਉਠ ਉਠ ਨਾ ਕਰੇ ਇੱਲਤਾਂ, ਭੱਜੇ ਵਾਹੋ ਦਾਹੀਆ । ਤੇਰੇ ਨਾਮ ਦੀਆਂ ਸਭ ਨੂੰ ਮਿਲਣ ਖ਼ਿਲਤਾਂ, ਖ਼ਾਲਕ ਖ਼ਲਕ ਹੋਣਾ ਸਹਾਈਆ । ਜਗਤ ਖ਼ੁਆਰੀ ਮੇਟ ਦੇ ਜ਼ਿੱਲਤਾਂ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਸਤਿਜੁਗ ਕਹੇ ਜਨ ਭਗਤੋ ਮੇਰੇ ਨਾਲ ਕਰੋ ਪਿਆਰ, ਮੁਹੱਬਤ ਵਿਚ ਸੁਣਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਹੋਏ ਮਾਤ ਸਹਾਈਆ । ਮੈਂ ਆਵਾਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਨਵ ਸੱਤ ਵੇਖਾਂ ਨਿਗਾਹ

ਮਾਰ, ਬਿਨ ਨੈਣਾਂ ਨੈਣ ਉਠਾਈਆ । ਧਰਨੀ ਧਰਤ ਧਵਲ ਤੱਕਾਂ ਕੂੜ ਕੁੜਿਆਰ, ਜੂਠ ਝੂਠ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਾਂ ਧੁੰਆਂਧਾਰ, ਅੰਧ ਅੰਧੇਰਾ ਫੋਲ ਫੁਲਾਈਆ । ਚਾਰੇ ਕੁੰਟ ਤੱਕਾਂ ਵਾਰੋ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਜਨ ਭਗਤਾਂ ਖੋਲਾਂ ਬੰਦ ਕਿਵਾੜ, ਪਰਦਾ ਅੰਦਰੇ ਅੰਦਰ ਉਠਾਈਆ । ਜਿਨ੍ਹਾਂ ਪ੍ਰਕਾਸ਼ ਹੋਵੇ ਨਾੜ ਨਾੜ, ਨਾੜ ਬਹੱਤਰ ਵੱਜੇ ਵਧਾਈਆ । ਖੇਲ ਖੇਲਾਂ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤਾਂ ਰੰਗ ਰੰਗਾਈਆ । ਸਮੁੰਦ ਸਾਗਰਾਂ ਧਰਮ ਦਾ ਹੋਵੇ ਅਖਾੜ, ਧਰਨੀ ਧਰਮ ਧਾਰ ਵਡਿਆਈਆ । ਜਨ ਭਗਤਾਂ ਫਿਰਾਂ ਪਿਛੇ ਅਗਾੜ, ਦਿਵਸ ਰੈਣ ਸੇਵ ਕਮਾਈਆ । ਕਲਜੁਗ ਪੋਹ ਨਾ ਸਕੇ ਅਗਨੀ ਹਾੜ, ਤ੍ਰੈਗੁਣ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਹੋਏ ਆਪ ਸਹਾਈਆ । ਸਤਿਜੁਗ ਕਹੇ ਜਨ ਭਗਤੋ ਮੇਰਾ ਤੁਹਾਡੇ ਨਾਲ ਹੋਏ ਮਿਲਾਪ, ਲੋਕਮਾਤ ਖ਼ੁਸ਼ੀ ਬਣਾਈਆ । ਤੂੰ ਮੇਰਾ ਮੈਂ ਤੇਰਾ ਸਭ ਦਾ ਹੋਵੇ ਜਾਪ, ਜਗਤ ਜਹਾਨ ਵੱਜੇ ਵਧਾਈਆ । ਕੂੜ ਕੁੜਿਆਰਾ ਮੇਟਾਂ ਤਾਪ, ਜਗਤ ਸੰਤਾਪ ਰਹਿਣ ਕੋਇ ਨਾ ਪਾਈਆ । ਭੇਵ ਖੁਲਾ ਕੇ ਆਪਣਾ ਆਪ, ਆਪਣਾ ਪਰਦਾ ਦਿਆਂ ਚੁਕਾਈਆ । ਸਭ ਦੀ ਇਕੋ ਹੋਵੇ ਜਾਤ, ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਭੰਡਾਰਾ ਦੇਵਾਂ ਦਾਤ, ਸਚ ਸੁਗਾਤ ਇਕ ਵਰਤਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਜਪੇ ਜਾਪ, ਨਾਮ ਨਿਧਾਨਾ ਇਕੋ ਗਾਈਆ । ਇਕੋ ਪੁਰਖ ਅਕਾਲਾ ਸਭ ਦਾ ਹੋਵੇ ਮਾਈ ਬਾਪ, ਦੂਜਾ ਨਜ਼ਰ ਕੋਇ ਨਾ ਆਈਆ । ਰੂਹ ਬੁਤ ਸਭ ਦੇ ਹੋਵਣ ਪਾਕ, ਤਨ ਵਜੂਦਾਂ ਵੱਜੇ ਵਧਾਈਆ । ਬਜਰ ਕਪਾਟੀ ਖੋਲ੍ਹੇ ਤਾਕ, ਨਵ ਦਵਾਰ ਦਾ ਪੰਧ ਮੁਕਾਈਆ । ਸਾਚਾ ਨਾਮ ਸੁਣੇ ਅਨਾਦ, ਅਨਾਦੀ ਧੁਨ ਸ਼ਨਵਾਈਆ । ਭੇਵ ਖੁਲਾਵਾਂ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਦਿਆਂ ਜਣਾਈਆ । ਜਿਸ ਨੇ ਰਚਨਾ ਰਚੀ ਆਦਿ, ਸੋ ਪੁਰਖ ਅਕਾਲਾ ਦਿਆਂ ਮਿਲਾਈਆ । ਜਿਸ ਨੂੰ ਗਾਉਂਦੇ ਸੰਤ ਸਾਧ, ਸੂਫ਼ੀ ਫ਼ਿਕਰਿਆਂ ਵਿਚ ਰਾਗ ਅਲਾਈਆ । ਉਹ ਮਿਤ੍ਰ ਪਿਆਰਾ ਏਕੰਕਾਰਾ ਇਕ ਅਹਿਬਾਬ, ਸਾਜਣ ਮੀਤ ਇਕ ਅਖਵਾਈਆ । ਤਿਸ ਦੀ ਸ਼ਰਨ ਸ਼ਰਨਾਈ ਸਭ ਨੇ ਜਾਣਾ ਲਾਗ, ਲਗ ਮਾਤਰ ਡੇਰਾ ਢਾਹੀਆ । ਜੋ ਗ੍ਰਿਹਿ ਗ੍ਰਿਹਿ ਦੀਪਕ ਜੋਤ ਜਗਾਏ ਚਰਾਗ਼, ਕਲਜੁਗ ਅੰਧ ਅੰਧੇਰ ਮਿਟਾਈਆ । ਆਤਮ ਪਰਮਾਤਮ ਮੇਲ ਮਿਲਾਏ ਕੰਤ ਸੁਹਾਗ, ਨਰ ਨਰਾਇਣ ਆਪਣੀ ਦਇਆ ਕਮਾਈਆ । ਸਤਿਜੁਗ ਕਹੇ ਜਨ ਭਗਤੋ ਤੁਹਾਡੀ ਰੱਖੇ ਅੰਤਮ ਲਾਜ, ਲਾਜਾਵੰਤ ਹੋਏ ਸਹਾਈਆ । ਜਿਸ ਦਾ ਜੁਗ ਚੌਕੜੀ ਭਗਤ ਭਗਵਾਨ ਸਮਾਜ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਜਨ ਭਗਤਾਂ ਆਤਮ ਧਾਰ ਮਾਰ ਆਵਾਜ਼, ਸੋਈ ਸੁਰਤ ਅਕਾਲ ਮੂਰਤ ਸ਼ਬਦੀ ਧਾਰ ਧਾਰ ਜਗਾਈਆ ।

## ✪ ੧੫ ਮਾਘ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹੀਰਾ ਸਿੰਘ ਚੰਬਲ ਦੀ ਸ਼ਾਦੀ ਸਮੇਂ ✪

ਸਤਿਜੁਗ ਕਹੇ ਸਤਿ ਧਰਮ ਅਗੰਮਾ ਰਾਹ, ਜਗ ਨੇਤਰ ਲੋਚਨ ਨੈਣ ਅੱਖ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰੇ ਸੋ ਪੁਰਖ ਨਿਰੰਜਣ ਅਗੰਮ ਅਥਾਹ, ਅਲਖ ਅਗੋਚਰ ਵਡ ਵਡਿਆਈਆ । ਭੇਵ ਅਭੇਦਾ ਹਰਿ ਪੁਰਖ ਨਿਰੰਜਣ ਦਏ ਖੁਲਾ, ਆਪ ਆਪਣਾ ਪਰਦਾ ਲਾਹੀਆ । ਸਚ

ਸਵਾਮੀ ਅੰਤਰਜਾਮੀ ਏਕੰਕਾਰਾ ਇਕੋ ਮਾਰਗ ਦੇਵੇ ਲਾ, ਆਦਿ ਪੁਰਖ ਆਪਣਾ ਰਾਹ ਸਮਝਾਈਆ । ਆਦਿ ਨਿਰੰਜਣ ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨੂਰ ਕਰ ਰੁਸ਼ਨਾ, ਅੰਧ ਅਗਿਆਨ ਦਏ ਮਿਟਾਈਆ । ਅਬਿਨਾਸ਼ੀ ਕਰਤਾ ਜਗਤ ਜਹਾਨ ਵੇਖੇ ਥਾਉਂ ਥਾਂ, ਥਾਂਨ ਥਨੰਤਰ ਧਿਆਨ ਲਗਾਈਆ । ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਦ੍ਰਿੜਾਏ ਆਪਣਾ ਨਾਂ, ਨਾਮ ਨਿਧਾਨਾ ਧੁਰ ਦਾ ਕਾਹਨਾ ਪਰਵਰਦਿਗਾਰ ਸਾਂਝਾ ਯਾਰ ਆਪ ਸਮਝਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਲੇਖਾ ਜਾਣੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਸਤਿਗੁਰ ਸ਼ਬਦ ਸ਼ਬਦ ਗੁਰ ਪਰਦਾ ਪਰਦਿਆਂ ਵਿਚੋਂ ਦਏ ਚੁਕਾ, ਓਹਲਾ ਰਹਿਣ ਕੋਇ ਨਾ ਪਾਈਆ । ਜੋ ਸਚ ਸੰਦੇਸ਼ਾ ਨਰ ਨਰੇਸ਼ਾ ਦੋ ਜਹਾਨਾਂ ਰਿਹਾ ਸੁਣਾ, ਬਿਨ ਅੱਖਰਾਂ ਨਿਸ਼ਅੱਖਰ ਧਾਰ ਦ੍ਰਿੜਾਈਆ । ਜਿਸ ਦੇ ਜੁਗ ਚੌਕੜੀ ਜਗਤ ਸ਼ਾਸਤਰ ਹੋਣ ਗਵਾਹ, ਸ਼ਹਾਦਤ ਇਕੋ ਕਲਮਾ ਨਾਮ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਜੁਗ ਕਹੇ ਪ੍ਰਭ ਮਾਰਗ ਦਿਤਾ ਸਤਿ, ਸਤਿ ਸਚ ਨਾਲ ਵਡਿਆਈਆ । ਭੇਵ ਖੁਲਾ ਕੇ ਤਤਵ ਤਤ, ਤ੍ਰੈਗੁਣ ਅਤੀਤਾ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਜੋੜ ਕੇ ਨਤ, ਆਤਮ ਪਰਮਾਤਮ ਮੇਲ ਮਿਲਾਈਆ । ਸਾਚਾ ਨਾਮ ਬੀਜ ਕੇ ਵਤ, ਬੇਵਤਨਾਂ ਆਪਣਾ ਵਤਨ ਦਏ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਤਪਾਈਆ । ਅੰਮ੍ਰਿਤ ਬੂੰਦ ਸਵਾਂਤੀ ਨਿਝਰ ਝਿਰਨਿਉਂ ਦੇਵੇ ਸਤਿ, ਨਾਭੀ ਕਵਲ ਕਵਲ ਉਲਟਾਈਆ । ਸ਼ਬਦ ਅਗੰਮੀ ਮਾਰ ਕੇ ਸੱਟ, ਨਾਦੀ ਧੁਨ ਕਰੇ ਸ਼ਨਵਾਈਆ । ਜੋਤ ਜਗਾ ਕੇ ਲਟ ਲਟ, ਅੰਧ ਅੰਧੇਰਾ ਦਏ ਮਿਟਾਈਆ । ਘਰ ਵਖਾ ਦੇ ਸਾਚਾ ਹੱਟ, ਦਰ ਦਰਵਾਜ਼ਾ ਇਕ ਖੁਲਾਈਆ । ਕਿਰਪਾ ਕਰ ਪੁਰਖ ਸਮਰਥ, ਦੇਵਣਹਾਰ ਮਾਣ ਵਡਿਆਈਆ । ਸਗਲ ਵਸੂਰੇ ਜਾਇਣ ਲਥ, ਦੁਰਮਤ ਮੈਲ ਧਵਾਈਆ । ਘਰ ਹੁਕਮ ਸੁਣਾਏ ਅਕਥਨੀ ਅਕਥ, ਕਥਨੀ ਕਥ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਸੰਗ ਬਣਾਈਆ । ਸਤਿਜੁਗ ਕਹੇ ਪ੍ਰਭ ਲੋਕਮਾਤ ਦੇਵੇ ਮਾਣ, ਧਰਨੀ ਧਰਤ ਧਵਲ ਧੌਲ ਮਿਲੇ ਵਡਿਆਈਆ । ਕਲਜੁਗ ਕੂੜ ਮਿਟਾਏ ਨਿਸ਼ਾਨ, ਨਵ ਸੱਤ ਰਹਿਣ ਨਾ ਪਾਈਆ । ਧਰਮ ਦਾ ਧਰਮ ਉਡਾਏ ਬਿਬਾਣ, ਚਾਰੋਂ ਕੁੰਟ ਆਪ ਭਵਾਈਆ । ਜਿਸ ਨੂੰ ਸਾਰੇ ਕਰਨ ਪ੍ਰਵਾਨ, ਪਰਮ ਪੁਰਖ ਰੰਗ ਰੰਗਾਈਆ । ਲੇਖਾ ਜਾਣ ਜ਼ਿਮੀਂ ਅਸਮਾਨ, ਮੰਡਲ ਮੰਡਪ ਸੋਭਾ ਪਾਈਆ । ਜੋ ਸੰਦੇਸਾ ਦੇ ਕੇ ਗਿਆ ਸੀਆ ਰਾਮ, ਸਤਿ ਸਤਿਵਾਦੀ ਖੋਜ ਖੁਜਾਈਆ । ਜੋ ਪ੍ਰੇਮ ਨਾਲ ਦੱਸਿਆ ਅਰਜਨ ਕਾਹਨ, ਗੀਤਾ ਗਿਆਨ ਨਾਲ ਵਡਿਆਈਆ । ਜੋ ਹਜਰਤ ਮੂਸਾ ਦਿਤਾ ਗਿਆਨ, ਨੈਣ ਮੂੰਦ ਦਿਤੀ ਦੁਹਾਈਆ । ਜੋ ਹਜ਼ਰਤ ਈਸਾ ਕੀਤਾ ਐਲਾਨ, ਸਲੀਬ ਗਲ ਵਿਚ ਲਟਕਾਈਆ । ਜੋ ਮੁਹੰਮਦ ਫਿਕਰਾ ਬੋਲਿਆ ਬਾਦ ਕੁਰਾਨ, ਕੁਰਹ ਕਾਇਨਾਤ ਫੋਲ ਫੁਲਾਈਆ । ਜੋ ਨਿਰਗੁਣ ਨਾਨਕ ਦਿਤਾ ਬਿਆਨ, ਸਰਗੁਣ ਸੰਗ ਬਣਾਈਆ । ਜੋ ਗੋਬਿੰਦ ਕਿਹਾ ਖੇਲ ਕਰੇ ਮੇਰਾ ਮਿਹਰਵਾਨ, ਮਹਿਬੂਬ ਧੁਰਦਰਗਾਹੀਆ । ਜਿਸ ਕਲਜੁਗ ਕੂੜੀ ਕਿਰਿਆ ਵੇਖਣਾ ਮਾਰ ਧਿਆਨ, ਦਹਿ ਦਿਸ਼ਾ ਫੋਲ ਫੁਲਾਈਆ । ਸੋ ਦਾਤਾ ਜੋਧਾ ਸੂਰਾ ਹੋਵੇ ਬਲਵਾਨ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਾ ਮੇਲਾ ਲਏ ਮਿਲਾਈਆ । ਸਤਿਜੁਗ ਕਹੇ ਮੇਰਾ ਪੁਰਖ ਅਕਾਲਾ ਏਕ, ਧੁਰ ਦਾ ਰਾਮ ਬੇਪਰਵਾਹੀਆ ।ਜਿਸ ਕਾਹਨ ਦੀ ਰੱਖੀ ਟੇਕ, ਉਹ ਮੇਰਾ ਕਾਹਨ ਨੂਰ ਅਲਾਹੀਆ ।


੧੬੦੪
੨੩

ਜੋ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਕਰਮ ਕਰੇ ਬਿਬੇਕ, ਬੁੱਧੀ ਬੋਧ ਗਿਆਨ ਨਾਲ ਵਡਿਆਈਆ । ਸਤਿ ਸਚ ਦੀ ਬਖ਼ਸ਼ੇ ਟੇਕ, ਟਿੱਕੇ ਧੂੜੀ ਮਸਤਕ ਖ਼ਾਕ ਰਮਾਈਆ । ਅੰਤਰ ਨਿਰੰਤਰ ਖੋਲੇ ਭੇਤ, ਭੇਵ ਅਭੇਦਾ ਦਏ ਜਣਾਈਆ । ਦਰਸ ਦਿਖਾਏ ਨੇਤਨ ਨੇਤ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਸਾਚੀ ਰੁੱਤ ਸੁਹੰਜਣੀ ਕਰੇ ਬਸੰਤੀ ਚੇਤ, ਚੇਤਨ ਸੁਰਤੀ ਆਪ ਕਰਾਈਆ । ਪੰਚ ਵਿਕਾਰਾ ਕਰੇ ਖੇਤ, ਖੰਡਾ ਖੜਗ ਨਾਮ ਉਠਾਈਆ । ਮਾਨਵ ਜ਼ਾਤੀ ਮਨੁੱਖਤਾ ਦਾ ਹੋਵੇ ਖੇਵਟ ਖੇਟ, ਮਾਨੁਖ ਆਪਣੇ ਰੰਗ ਰੰਗਾਈਆ । ਜਿਸ ਦੇ ਆਤਮ ਧਾਰ ਬੇਟੀ ਬੇਟ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਜਨ ਭਗਤਾਂ ਆਤਮ ਸੇਜ ਰਿਹਾ ਲੇਟ, ਸਚ ਸਿੰਘਾਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਸਮਝਾਈਆ । ਸਤਿਜੁਗ ਕਹੇ ਮੇਰਾ ਸਤਿਗੁਰ ਸ਼ਬਦ ਦਿਆਲਾ, ਪਾਰਬ੍ਰਹਮ ਪਤਿਪਰਮੇਸ਼ਵਰ ਦਏ ਵਡਿਆਈਆ । ਜੋ ਆਦਿ ਜੁਗਾਦਿ ਸਦਾ ਰਖਵਾਲਾ, ਜੁਗ ਜੁਗ ਹੋਏ ਸਹਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਮਾਰਗ ਦੱਸਿਆ ਸੁਖਾਲਾ, ਸੁਖ ਸਾਗਰ ਜਗਤ ਸਮਝਾਈਆ । ਖੇਲ ਖੇਲ ਕੇ ਸ਼ਾਹ ਕੰਗਾਲਾ, ਦੀਨ ਦੁਨੀ ਵੇਖ ਵਖਾਈਆ । ਸੋ ਭੇਵ ਅਭੇਦਾ ਖੋਲੇ ਵਕਤ ਸੁਹੰਜਣਾ ਸਮਝ ਕੇ ਹਾਲਾ, ਹਾਲਤ ਤੱਕੇ ਖ਼ਲਕ ਖ਼ੁਦਾਈਆ । ਜਲਵਾਗਰ ਹੋ ਕੇ ਨੂਰ ਚਮਕਾਏ ਨਿਰਾਲਾ, ਨਰ ਨਰਾਇਣ ਵੱਡੀ ਵਡਿਆਈਆ । ਜਿਸ ਦੇ ਹੁਕਮ ਅੰਦਰ ਕਾਲ ਮਹਾਕਾਲਾ, ਰਾਏ ਧਰਮ ਚਿਤ੍ਰਗੁਪਤ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਜੁਗ ਕਹੇ ਕਿਰਪਾ ਕਰੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਜਿਸ ਦਾ ਆਦਿ ਆਦਿ ਦਾ ਜਾਪ, ਅੰਤ ਅੰਤ ਸਮਝਾਈਆ । ਸੋ ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਤਿ ਚੰਦ ਕਰੇ ਰੁਸ਼ਨਾਈਆ । ਜਨ ਭਗਤਾਂ ਭਗਤੀ ਧਾਰ ਜੋੜ ਕੇ ਨਾਤ, ਮੇਲਾ ਮਿਲਾਏ ਸਹਿਜ ਸੁਭਾਈਆ । ਵਸਤ ਅਗੰਮੀ ਦੇ ਕੇ ਵਿਚੋਂ ਆਪਣੇ ਹਾਟ, ਨਾਮ ਅਤੋਟ ਅਤੁਟ ਵਰਤਾਈਆ । ਦੁਰਮਤ ਮੈਲ ਦੇਵੇ ਕਾਟ, ਪਾਪਾਂ ਕਰੇ ਸਫ਼ਾਈਆ । ਜੁਗ ਚੌਕੜੀ ਮੇਟ ਕੇ ਵਾਟ, ਪਾਂਧੀਆਂ ਪੰਧ ਰਹੇ ਨਾ ਰਾਈਆ । ਸਾਚੀ ਮੰਜ਼ਲ ਮੁਕਾ ਕੇ ਘਾਟ, ਪਤਣ ਇਕੋ ਇਕ ਸਮਝਾਈਆ । ਜਿਥੇ ਸਗਲਾ ਹੋਵੇ ਸਾਥ, ਸੰਗੀ ਬੇਪਰਵਾਹੀਆ । ਦੇਵੇ ਮਾਣ ਅਨਾਥਾਂ ਨਾਥ, ਅਨਾਥਾਂ ਹੋਏ ਆਪ ਸਹਾਈਆ । ਪਿਛਲਾ ਲਹਿਣਾ ਦੇਣਾ ਜਿਨ੍ਹਾਂ ਦਾ ਨਾਲ ਦਸਰਾਥ, ਅਯੁਧਿਆ ਨਿਵਾਸੀ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਭੇਵ ਅਭੇਦਾ ਜਾਣਾ, ਬੁੱਧੀ ਤੋਂ ਪਰੇ ਮੇਰੀ ਪੜ੍ਹਾਈਆ । ਮੇਰਾ ਜੁਗ ਜੁਗ ਖੇਲ ਮਹਾਨਾ, ਨਿਤ ਨਿਤ ਵੱਜਦੀ ਰਹੇ ਵਧਾਈਆ । ਮੇਰੇ ਕੋਲ ਅਗੰਮ ਨਿਸ਼ਾਨਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰੇ ਕੋਲ ਲੇਖ ਪੁਰਾਣਾ, ਕਾਗ਼ਜ਼ ਕਲਮ ਸਿਆਹੀ ਜਿਸ ਨੂੰ ਲਿਖ ਸਕੇ ਨਾ ਰਾਈਆ । ਮੇਰਾ ਲਹਿਣਾ ਦੇਣਾ ਲੱਖ ਚੁਰਾਸੀ ਦੋ ਜਹਾਨਾਂ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ । ਮੇਰਾ ਭੇਵ ਅਭੇਦਾ ਜਾਣੇ ਕੋਈ ਨਾ ਜੀਵ ਪ੍ਰਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਵਕਤ ਯਾਦ ਆਏ ਯੁਗ ਤਰੇਤਾ, ਤ੍ਰੀਆ ਧਾਰ ਵਡਿਆਈਆ । ਦਸਰਥ ਸੁਤ ਦੁਲਾਰਾ ਰਾਮ ਰਾਮਾ ਬੇਟਾ, ਤਨ ਵਜਦੀ ਰਹੇ

ਵਧਾਈਆ । ਜੋ ਬਨਬਾਸੀ ਹੋ ਕੇ ਫਿਰਿਆ ਤੱਟ ਕਿਨਾਰਾ ਬੇਟਾ, ਖ਼ੁਸ਼ੀਆਂ ਰੰਗ ਰੰਗਾਈਆ । ਪੰਚਬਟੀ ਭੀਲਾਂ ਵਿਚੋਂ ਇਕ ਦਿਨ ਇਸ ਜੋੜੀ ਨੇ ਮੱਥਾ ਟੇਕਾ, ਮਸਤਕ ਸੀਸ ਨਿਵਾਈਆ । ਸੀਤਾ ਨੇ ਹੱਸ ਕੇ ਕਿਹਾ ਤੁਸੀਂ ਕਿਸ ਨੂੰ ਸਮਝਿਆ ਨੇਤਾ, ਨੇਤਰਾਂ ਵੇਖ ਵਖਾਈਆ । ਝਟ ਰਾਮ ਨੇ ਕੀਤਾ ਹੇਤਾ, ਸੀਸ ਉਤੇ ਦੋਵੇਂ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਦੋਹਾਂ ਫਿਰ ਕੀਤੀ ਨਿਮਸਕਾਰ, ਨੈਣ ਮੁੰਦ ਧਿਆਨ ਲਗਾਈਆ । ਅੰਤਰ ਅੰਤਸ਼ਕਰਨ ਵਿਚ ਕੀਤੀ ਵਿਚਾਰ, ਜਗਤ ਵਾਸਨਾ ਨਾ ਕੋਇ ਵਡਿਆਈਆ । ਤੇਰੇ ਚਰਨ ਰਹੇ ਪਿਆਰ, ਨਾਤਾ ਤੁੱਟੇ ਨਾ ਹੋਏ ਜੁਦਾਈਆ । ਫਿਰ ਕਦੋਂ ਹੋਵੇ ਦੀਦਾਰ, ਦਰ ਠਾਂਡੇ ਦਰਸ਼ਨ ਪਾਈਆ । ਰਾਮ ਚਲ ਕੇ ਕਦਮ ਦੋ ਚਾਰ, ਫੇਰ ਕਰਵਟ ਲਈ ਬਦਲਾਈਆ । ਹੱਸ ਕੇ ਕਿਹਾ ਉਹ ਵੇਖੋ ਕਲਜੁਗ ਕਾਲੀ ਧਾਰ, ਧਰਮ ਧਾਰ ਨਾਲ ਜੁੜਾਈਆ । ਜਿਸ ਵੇਲੇ ਰਾਮ ਰਾਮ ਰੂਪ ਹੋਵੇ ਅਪਾਰ, ਅਪਰੰਪਰ ਸਮਝ ਕਿਸੇ ਨਾ ਆਈਆ । ਜੋਤੀ ਨੂਰ ਕਰੇ ਉਜਿਆਰ, ਜੋਤੀ ਜਾਤਾ ਡਗਮਗਾਈਆ । ਸ਼ਬਦ ਦਾ ਸ਼ਬਦ ਹੋਵੇ ਜੈਕਾਰ, ਦੋ ਜਹਾਨ ਕਰੇ ਸ਼ਨਵਾਈਆ । ਤੁਹਾਡਾ ਮਾਨਸ ਜਨਮ ਮਾਨਵ ਰੰਗ ਰੰਗਾਏ ਅਪਾਰ, ਅਪਰੰਪਰ ਭੇਵ ਖੁਲਾਈਆ । ਪੂਰਬ ਲੇਖਾ ਲਏ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਆਪਣੇ ਦਰ ਮੰਗਾਏ ਸੱਚੇ ਦਰਬਾਰ, ਦਰ ਦਰਵਾਜ਼ਾ ਦੂਜਾ ਨਜ਼ਰ ਕੋਇ ਨਾ ਆਈਆ । ਨਾਤਾ ਜੋੜ ਜੋੜ ਬਣਾਏ ਪਿਆਰ, ਪ੍ਰੇਮ ਭਗਤੀ ਵਿਚ ਸਮਾਈਆ । ਉਨ੍ਹਾਂ ਹੱਸ ਕੇ ਕਿਹਾ ਸਾਡਾ ਤੇਰੇ ਨਾਲ ਉਧਾਰ, ਅੰਤਮ ਝੋਲੀ ਦੇਣਾ ਪਾਈਆ । ਤੂੰ ਕਰਨੇਹਾਰ ਕਰਤਾਰ, ਮਿਹਰਵਾਨ ਮਿਹਰਵਾਨ ਮਿਹਰਵਾਨ ਤੇਰੀ ਬੇਪਰਵਾਹੀਆ । ਝਟ ਸੀਤਾ ਨੇ
ਇਸ਼ਾਰਾ ਦਿਤਾ ਮੱਥੇ ਧੂੜ ਲਾਓ ਛਾਰ, ਟਿੱਕੇ ਖ਼ਾਕ ਰਮਾਈਆ । ਤੁਹਾਡਾ ਲਹਿਣਾ ਦੇਣਾ ਜ਼ਰੂਰ ਕਰਜ ਦਏ ਉਤਾਰ, ਮਕਰੂਜ਼ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਇਕ ਤੁਕ ਦਾ, ਦੋ ਜਹਾਨ ਸ਼ਨਵਾਈਆ । ਸਭ ਦਾ ਲੇਖਾ ਸਚ ਦਵਾਰੇ ਮੁਕਦਾ, ਮੁਕੰਮਲ ਦਿਆਂ ਦ੍ਰਿੜਾਈਆ । ਜੋ ਇਕ ਵਾਰ ਸਾਹਿਬ ਸਤਿਗੁਰ ਝੁਕਦਾ, ਨਿਵ ਨਿਵ ਸੀਸ ਝੁਕਾਈਆ । ਉਸ ਦਾ ਲੇਖਾ ਕਦੇ ਨਾ ਮੁਕਦਾ, ਸਦ ਸਦ ਆਪਣਾ ਸੰਗ ਬਣਾਈਆ । ਸੋ ਵਕਤ ਸੁਹੰਜਣਾ ਹੋਇਆ ਸੁਖ ਦਾ, ਸੁਖ ਸਾਗਰਾਂ ਵਿਚ ਰਖਾਈਆ । ਜਗ ਪੈਂਡਾ ਰਹੇ ਨਾ ਦੁੱਖ ਦਾ, ਦੁਖੜੇ ਰੋਗ ਮਿਟਾਈਆ । ਜਿਸ ਸਹਾਰਾ ਮਿਲਿਆ ਇਕ ਓਟ ਦਾ, ਓੜਕ ਜੋੜ ਜੁੜਾਈਆ । ਨਾਮ ਨਗਾਰਾ ਵੱਜੇ ਚੋਟ ਦਾ, ਨਵ ਨਵ ਦਰ ਦਾ ਡੇਰਾ ਢਾਹੀਆ । ਪ੍ਰਕਾਸ਼ ਹੋਵੇ ਅਗੰਮੀ ਜੋਤ ਦਾ, ਨੂਰ ਨੁਰਾਨਾ ਨਜ਼ਰੀ ਆਈਆ । ਲਹਿਣਾ ਰਹੇ ਨਾ ਲੋਕ ਪ੍ਰਲੋਕ ਦਾ, ਦੋ ਜਹਾਨਾਂ ਵੇਖ ਵਖਾਈਆ । ਮੁੱਲ ਪੈ ਗਿਆ ਰਾਮ ਵਾਲੇ ਇਕ ਸਲੋਕ ਦਾ, ਸੋਹਣਾ ਢੋਲਾ ਧੁਰ ਦੇ ਰੰਗ ਰੰਗਾਈਆ । ਨਾਤਾ ਜੁੜ ਗਿਆ ਨਾਰ ਖੌਂਤ ਦਾ, ਖ਼ਸਮ ਖ਼ਸਮਾਨੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਜਾਣੇ ਆਦਿ ਅੰਤ ਜੁਗਾ ਜੁਗੰਤ ਆਪਣੀ ਮੌਜ ਦਾ, ਮਜਲਸ ਭਗਤਾਂ ਨਾਲ ਬਣਾਈਆ ।


੧੬੦੬
੨੩

## ੧੫ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਝੁਮਕੇ ਜ਼ਿਲਾ ਅੰਮ੍ਰਿਤਸਰ ਸਾਧੂ ਸਿੰਘ ਦੇ ਗ੍ਰਿਹਿ

ਰੂਹ ਕਹੇ ਮੇਰਾ ਖੇਲ ਰੂਹੇ ਰੁਹਾਨੀ, ਬੁਤਾਂ ਨਾਲ ਮਿਲ ਕੇ ਵੱਜੇ ਵਧਾਈਆ । ਮੇਰਾ ਲੇਖਾ ਪੰਜ ਤਤ ਜਿਸਮਾਨੀ, ਜਿਸਮ ਜਮੀਰਾਂ ਵੇਖ ਵਖਾਈਆ । ਮੇਰਾ ਮਾਲਕ ਖਾਲਕ ਸ਼ਹਿਨਸ਼ਾਹ ਨੂਰ ਨੁਰਾਨੀ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਜਿਸ ਦਾ ਖੇਲ ਜ਼ਿਮੀਂ ਅਸਮਾਨੀ, ਦੋ ਜਹਾਨਾਂ ਡਗਮਗਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਾਤਾਲ ਧਰਮ ਦੀ ਧਾਰ ਬਣਾਏ ਨਿਸ਼ਾਨੀ, ਨਿਸ਼ਾਨਾ ਆਪਣੇ ਵਿਚੋਂ ਪ੍ਰਗਟਾਈਆ । ਮੇਰੀ ਆਦਿ ਅੰਤ ਕਿਸੇ ਸਮਝ ਨਾ ਆਏ ਜ਼ਿੰਦਗਾਨੀ, ਜੀਵਨ ਦਾ ਭੇਵ ਕੋਇ ਨਾ ਪਾਈਆ । ਮੇਰਾ ਧਿਆਨ ਬਿਨ ਚਰਨ ਪਰਮ ਪੁਰਖ ਸੁਲਤਾਨੀ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਮਨ ਕਹੇ ਮੈਂ ਵੀ ਜੋਤ ਸਰੂਪ, ਜੋਤੀ ਜਾਤੇ ਦਿਤੀ ਵਡਿਆਈਆ । ਮੇਰਾ ਸਵਾਮੀ ਅਗੰਮਾ ਭੂਪ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦਾ ਲੇਖਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਉਹਦੀ ਕਿਰਪਾ ਨਾਲ ਮੈਂ ਚਾਰੇ ਕੂਟ ਕਰਾਂ ਅੰਧਕੂਪ, ਇਹ ਮੇਰੀ ਬੇਪਰਵਾਹੀਆ । ਮੈਨੂੰ ਜਨਮਿਆਂ ਕਿਸੇ ਨਹੀਂ ਮਾਈ ਨਾ ਬਣਿਆ ਕਿਸੇ ਦਾ ਪੂਤ, ਗੋਦੀ ਗੋਦ ਨਾ ਕੋਇ ਵਡਿਆਈਆ । ਮੈਂ ਆਪਣੇ ਗ੍ਰਿਹਿ ਮੰਦਰ ਤਨ ਵਜੂਦਾਂ ਅੰਦਰ ਸੁਹਾਵਾਂ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਇਕੋ ਪੁਰਖ ਅਕਾਲ ਦੀ ਰੱਖ ਕੇ ਓਟ, ਸੀਸ ਜਗਦੀਸ਼ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰੂਹ ਕਹੇ ਮੇਰਾ ਲੇਖਾ ਆਤਮ ਧਾਰ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਮਨ ਕਹੇ ਮੈਂ ਮਨਸਾ ਦਾ ਸਿਕਦਾਰ, ਸਦ ਆਪਣਾ ਹੁਕਮ ਵਰਤਾਈਆ । ਰੂਹ ਕਹੇ ਮੇਰਾ ਲੇਖਾ ਲਹਿਣਾ ਨਾਲ ਨਿਰਾਕਾਰ, ਨਿਰੰਕਾਰ ਨਾਲ ਮਿਲ ਕੇ ਵੱਜਦੀ ਰਹੇ ਵਧਾਈਆ । ਮਨ ਕਹੇ ਮੇਰਾ ਮੇਲਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਮੇਰਾ ਖੇਲ ਵੇਖ ਵਖਾਈਆ । ਰੂਹ ਕਹੇ ਮੇਰਾ ਜੋਤੀ ਜਾਤਾ ਪੁਰਖ ਭਤਾਰ, ਹਰਿ ਕਰਤਾ ਧੁਰਦਰਗਾਹੀਆ । ਮਨ ਕਹੇ ਮੈਂ ਚਾਕਰ ਸੇਵਾਦਾਰ, ਨਿਤ ਨਵਿਤ ਆਪਣੀ ਸੇਵ ਕਮਾਈਆ । ਰੂਹ ਕਹੇ ਮੈਂ ਦੱਸਾਂ ਕੂਕ ਪੁਕਾਰ, ਖ਼ੁਸ਼ੀਆਂ ਨਾਲ ਜਣਾਈਆ । ਮਨ ਕਹੇ ਮੈਂ ਸਦਾ ਖ਼ਬਰਦਾਰ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਰੂਹ ਕਹੇ ਮੇਰਾ ਲਹਿਣਾ ਦੇਣਾ ਨਾਲ ਅਗੰਮੇ ਯਾਰ, ਜਿਸ ਦੀ ਗੋਬਿੰਦ ਯਾਰੜਾ ਸੇਜ ਹੰਢਾਈਆ । ਮਨ ਕਹੇ ਮੈਂ ਨਵ ਸੱਤ ਦਾ ਸਿਕਦਾਰ, ਹੁਕਮ ਹਾਕਮਾਂ ਵਾਲਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਡ ਦਾਤਾ ਇਕ ਅਖਵਾਈਆ । ਰੂਹ ਕਹੇ ਮੈਂ ਵਸਾਂ ਤਨ ਵਜੂਦ, ਮਾਟੀ ਖ਼ਾਕ ਸੋਭਾ ਪਾਈਆ । ਮਨ ਕਹੇ ਮੇਰੀ ਹਦੂਦ, ਨਵ ਦਵਾਰੇ ਵੰਡ ਵੰਡਾਈਆ । ਦੋਹਾਂ ਦੇ ਅੰਦਰ ਇਕੋ ਇਕ ਮੌਜੂਦ, ਮਾਲਕ ਧੁਰਦਰਗਾਹੀਆ । ਜਿਸ ਦੀ ਮੰਜ਼ਲ ਹਕ ਮਕਸੂਦ, ਸਚ ਦਵਾਰੇ ਸੋਭਾ ਪਾਈਆ । ਉਸ ਦਾ ਲੇਖਾ ਅਰਸ਼ ਅਰੂਜ, ਜ਼ਿਮੀਂ ਅਸਮਾਨ ਦੇਣ ਗਵਾਹੀਆ । ਜੋ ਵਸੇ ਚਾਰੋਂ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਰੂਹ ਕਹੇ ਮੇਰੇ ਬਿਨਾ ਜੀਵਤ ਰਹੇ ਨਾ ਕੋਇ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕੰਮ ਕਿਸੇ ਨਾ ਆਈਆ । ਮਨ ਕਹੇ ਮੇਰੇ ਬਿਨਾ ਦੀਨ ਦੁਨੀ ਦੀ ਕਲਪਣਾ ਦਾ ਦੇਵੇ ਨਾ ਕੋਇ ਸਬੂਤ, ਜਗਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਆਪਣਾ ਹੁਕਮ ਵਰਤਾਈਆ ।

ਮਨ ਕਹੇ ਮੈਂ ਬੜਾ ਬਲਵਾਨ, ਬਲ ਸਮਝ ਕਿਸੇ ਨਾ ਆਈਆ । ਮਤ ਬੁਧ ਕਰਾਂ ਨਾਦਾਨ, ਬਿਬੇਕੀਆਂ ਰੂਪ ਬਦਲਾਈਆ । ਮੈਂ ਕਲਪਣਾ ਦਾ ਸ਼ੈਤਾਨ, ਸ਼ਰਅ ਵਿਚ ਲੜਾਈਆ । ਮੈਂ ਕਾਮ ਕਰੋਧ ਲੋਭ ਮੋਹ ਹੰਕਾਰ ਯੁੱਧ ਕਰਾਵਾ ਘਮਸਾਨ, ਬਿਨਾ ਖੰਡੇ ਖੜਗ ਖੜਕਾਈਆ । ਮੈਂ ਸਤਿ ਧਰਮੀਆਂ ਬਣਾਵਾਂ ਬੇਈਮਾਨ, ਇਹ ਮੇਰੀ ਬੇਪ੍ਰਵਾਹੀਆ । ਮੇਰਾ ਲੇਖਾ ਨਵ ਸੱਤ ਵਿਚ ਜਹਾਨ, ਘਰ ਘਰ ਅੰਦਰ ਰੰਗ ਰੰਗਾਈਆ । ਸਾਬਤ ਰਹਿਣ ਨਾ ਦੇਵਾਂ ਕਿਸੇ ਈਮਾਨ, ਧਰਮ ਵਿਚ ਨਾ ਕੋਇ ਸਮਾਈਆ । ਮੈਂ ਝਗੜੇ ਪਵਾ ਦੇਵਾਂ ਗੋਪੀ ਕਾਹਨ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਰੂਹ ਕਹੇ ਮੈਂ ਕਾਇਆ ਮੰਦਰ ਅੰਦਰ ਵੜਦਾ, ਨਿਰਗੁਣ ਧਾਰ ਆਸਣ ਲਾਈਆ । ਤੂੰ ਮੇਰਾ ਮੈਂ ਤੇਰਾ ਨਿਰਅੱਖਰ ਧਾਰ ਪੜ੍ਹਦਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਸਾਚੀ ਮੰਜ਼ਲ ਹਕੀਕੀ ਚੜ੍ਹਦਾ, ਜਿਸ ਦਾ ਪੌੜੀ ਡੰਡਾ ਨਜ਼ਰ ਕਿਸੇ ਨਾ ਆਈਆ । ਇਕੋ ਪੁਰਖ ਅਕਾਲੇ ਲੜ ਫੜਦਾ, ਜੋਤੀ ਜਾਤੇ ਨਾਲ ਗੰਢ ਪਵਾਈਆ । ਨਾ ਜੰਮਦਾ ਨਾ ਕਦੇ ਮਰਦਾ, ਲੱਖ ਚੁਰਾਸੀ ਵੇਖਾਂ ਚਾਈਂ ਚਾਈਂਆ । ਅਗਨੀ ਵਿਚ ਕਦੇ ਨਾ ਸੜਦਾ, ਗੋਰਾਂ ਵਿਚ ਨਾ ਕੋਇ ਦਬਾਈਆ । ਜਲ ਵਹਿਣਾਂ ਵਿਚ ਕਦੇ ਨਾ ਹੜ੍ਹਦਾ, ਸਮੁੰਦ ਸਾਗਰਾਂ ਨਾ ਕੋਇ ਡੁਬਾਈਆ । ਅਗੇ ਹੋ ਹੱਥਾਂ ਨਾਲ ਮੈਨੂੰ ਕੋਇ ਨਾ ਫੜਦਾ, ਫੜ ਬਾਹੋਂ ਨਾ ਲਏ ਉਠਾਈਆ । ਮੈਂ ਇਕੋ ਇਕ ਏਕੰਕਾਰ ਕੋਲੋਂ ਡਰਦਾ, ਦੂਸਰ ਭੈ ਨਾ ਕੋਇ ਜਣਾਈਆ । ਮੇਰਾ ਲੇਖ ਅਨੋਖਾ ਲਹਿਣਾ ਅਗੰਮੀ ਹਰਿ ਦਾ, ਜੋ ਹਰ ਘਟ ਵਸਿਆ ਚਾਈਂ ਚਾਈਂਆ । ਮੈਂ ਦਰਵੇਸ ਉਸੇ ਦਰ ਦਾ, ਜਿਥੇ ਭਿਖਕ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰੀ ਬਣਤ ਬਣਾਈਆ । ਮਨ ਕਹੇ ਜੇ ਮੈਂ ਨਾ ਹੋਵਾਂ ਵਿਚ ਸ਼ਰੀਰ, ਵਜੂਦ ਕੰਮ ਕਿਸੇ ਨਾ ਆਈਆ । ਕਿਸੇ ਅੰਦਰ ਵੈਰਾਗ ਵਿਚ ਨਾ ਹੋਵੇ ਪੀਰ, ਦੁਖੀਆਂ ਦੁੱਖ ਨਾ ਕੋਇ ਦ੍ਰਿੜਾਈਆ । ਨੇਤਰ ਨੈਣਾਂ ਵਗੇ ਨਾ ਨੀਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਸ਼ਾਹ ਸੁਲਤਾਨਾਂ ਬਣਾਏ ਨਾ ਕੋਇ ਫ਼ਕੀਰ, ਫ਼ਕੀਰਾਂ ਕਾਮਨਾ ਵਿਚ ਕਰੇ ਨਾ ਕੋਇ ਹਲਕਾਈਆ । ਮੇਰਾ ਖੇਲ ਜਿਸ ਨੂੰ ਜਗਤ ਕਹਿੰਦਾ ਤਕਦੀਰ, ਤਦਬੀਰ ਆਪਣੀ ਨਾਲ ਬਣਾਈਆ । ਮੇਰੀ ਖ਼ਾਹਿਸ਼ ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਸਮੁੰਦ ਸਾਗਰਾਂ ਤੋਂ ਪਾਰ ਜਾਏ ਪੈਂਡਾ ਚੀਰ, ਭੱਜੇ ਵਾਹੋ ਦਾਹੀਆ । ਮੈਂ ਸੁਫ਼ਨਿਆਂ ਵਿਚ ਸ਼ਾਹ ਕੰਗਾਲਾਂ ਬਣਾ ਕੇ ਤਸਵੀਰ, ਤਸੱਵਰ ਕਰ ਕੇ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਵਰਤਾਈਆ । ਮਨ ਕਹੇ ਮੇਰਾ ਸਚ ਨਾਲੋਂ ਹੋਵੇ ਤਿਆਗ, ਆਪਣੀ ਖ਼ੁਸ਼ੀ ਬਣਾਈਆ । ਫੜ ਫੜ ਹੰਸ ਬਣਾਵਾਂ ਕਾਗ, ਭੁਲਾਵਾਂ ਬੇਪ੍ਰਵਾਹੀਆ । ਸਾਧਾਂ ਸੰਤਾਂ ਲਾਵਾਂ ਦਾਗ਼, ਵਾਸਨਾ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਕਰਾਂ ਹਲਕਾਈਆ । ਘਰ ਘਰ ਕੂੜ ਜਗਾਵਾਂ ਚਰਾਗ਼, ਅੰਧ ਅੰਧੇਰ ਵਖਾਈਆ । ਮੰਦਹੀਣ ਬੁਰੇ ਹੋਵਣ ਭਾਗ, ਭਗਵਨ ਮਿਲਣ ਕਿਸੇ ਨਾ ਪਾਈਆ । ਮਾਇਆ ਮਮਤਾ ਵਿਕਾਰ ਪਿਆ ਕੇ ਸ਼ਰਾਬ, ਆਬੇ ਹਯਾਤ ਦਿਆਂ ਮੁਕਾਈਆ । ਮਨ ਕਹੇ ਮੇਰੀ ਝਲ ਸਕੇ ਕੋਇ ਨਾ ਤਾਬ, ਤਾਬਿਆ ਵਿਚ ਖ਼ਲਕ ਖ਼ੁਦਾਈਆ । ਮੇਰੀ ਸਿਫ਼ਤਾਂ ਦੀ ਗੁਣਾਂ ਵਾਲੀ ਗੁਰ ਅਵਤਾਰ ਪੈਗ਼ੰਬਰਾਂ ਲਿਖਤ ਲਿਖੀ ਵਿਚ ਕਿਤਾਬ, ਗ੍ਰੰਥ ਮੇਰੀ ਦੇਣ ਗਵਾਹੀਆ । ਮਨ ਕਹੇ ਮੈਂ ਸ਼ਰੀਰ ਵਿਚ ਬੇਨਜ਼ੀਰ ਹੋ ਕੇ ਸਭ ਦਾ ਬਣਿਆ ਜਨਾਬ, ਜਨਾਬੇ ਆਲੀ ਕਹਿ ਕੇ ਮੈਨੂੰ ਸਾਰੇ ਸੀਸ ਨਿਵਾਈਆ । ਮੈਨੂੰ ਸਾਰੇ ਕਰਦੇ ਅਦਾਬ, ਅਦਬ ਨਾਲ

ਬੁਲਾਈਆ । ਜੇ ਮੈਂ ਇਜਾਜ਼ਤ ਦੇਵਾਂ ਫੇਰ ਲੋਕਮਾਤ ਬੁੱਧੀ ਵਾਲੇ ਰੂਹ ਦਾ ਮੇਲਾ ਪ੍ਰਭ ਦੇ ਨਾਲ ਕਰਨ ਮੇਰੇ ਤੋਂ ਬਾਅਦ, ਬਾਅਦ ਦਾ ਲੇਖਾ ਆਪਣੇ ਹੱਥ ਰਖਾਈਆ । ਮਨ ਕਹੇ ਜੇ ਮੈਂ ਨਾ ਹੋਵਾਂ ਸੰਸਾਰੀਓ ਤੁਹਾਨੂੰ ਰਸਨਾ ਦਾ ਕਦੇ ਨਾ ਆਵੇ ਸਵਾਦ, ਖਾ ਖਾ ਕੇ ਸ਼ੁਕਰ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਰੂਹ ਕਹੇ ਮੈਂ ਨਿਰਗੁਣ ਜੋਤ ਨੁਰਾਨੀ, ਜ਼ਹੂਰ ਪ੍ਰਭ ਦਾ ਨਜ਼ਰੀ ਆਈਆ । ਮੇਰੀ ਤਤਾਂ ਵਾਲੀ ਜੂਹ ਬੇਗਾਨੀ, ਨਿਤ ਨਵਿਤ ਆਪਣਾ ਖੇਲ ਖਿਲਾਈਆ । ਮੈਨੂੰ ਈਸ਼ ਜੀਵ ਆਤਮਾ ਕਹੋ ਬ੍ਰਹਮ ਕਹੋ ਭਾਵੇਂ ਕਹੋ ਸਵਾਸਾਂ ਵਾਲਾ ਪ੍ਰਾਣੀ, ਤਤਾਂ ਅੰਦਰ ਆਪਣਾ ਡੇਰਾ ਲਾਈਆ । ਜੇ ਮੈਂ ਨਾ ਹੋਵਾਂ ਸ਼ਰੀਰ ਦੀ ਰਹੇ ਨਾ ਕੋਇ ਨਿਸ਼ਾਨੀ, ਜਗਤ ਨਿਸ਼ਾਨਾ ਨਾ ਕੋਇ ਵਖਾਈਆ । ਰੂਹ ਕਹੇ ਇਹ ਉਸ ਪ੍ਰਭੂ ਦੀ ਮਿਹਰਵਾਨੀ, ਜਿਸ ਮਿਹਰਵਾਨ ਹੋ ਕੇ ਮੇਰਾ ਲੇਖਾ ਦਿਤਾ ਬਣਾਈਆ । ਮਨ ਕਹੇ ਮੈਂ ਵੀ ਉਸੇ ਦੇ ਚਰਨ ਕਰਾਂ ਧਿਆਨੀ, ਜਿਸ ਦਿਤੀ ਮਾਣ ਵਡਿਆਈਆ । ਅਸੀਂ ਦੋਵੇਂ ਇਕ ਘਰ ਵਸਦੇ ਤੇ ਸਾਡੀ ਜੂਹ ਵੱਖੋ ਵੱਖਰੀ ਮਿਣਤੀ ਵਿਚ ਮਿਣ ਕੇ ਸਮਝਾ ਸਕੇ ਨਾ ਕੋਇ ਵਿਦਵਾਨੀ, ਵਿਦਿਆ ਵਾਲੇ ਬੈਠੇ ਮੁਖ ਭਵਾਈਆ । ਮਨ ਕਹੇ ਜੇ ਮੈਂ ਨਾ ਹੋਵਾਂ ਜਗਤ ਵਿਚ ਕੰਮ ਕਾਜ ਕਰਨ ਦੀ ਪ੍ਰਗਟ ਹੋਵੇ ਨਾ ਕਿਸੇ ਅੰਤਰ ਜਵਾਨੀ, ਜੋਬਨਵੰਤਾ ਆਪਣਾ ਜੋਬਨ ਸਕੇ ਨਾ ਕੋਇ ਹੰਢਾਈਆ । ਰੂਹ ਕਹੇ ਮੇਰਾ ਲੇਖਾ ਕਾਇਆ ਮੰਦਰ ਅੰਦਰ ਮੰਜ਼ਲ ਮੇਰੀ ਰੁਹਾਨੀ, ਦਸ ਦਸ ਦੀ ਧਾਰ ਵਡਿਆਈਆ । ਈੜਾ ਪਿੰਗਲ ਸੁਖਮਨ ਅੱਧ ਵਿਚਕਾਰ ਬੈਠੇ ਜਿਸ ਦਾ ਲੇਖਾ ਕਥਿਆ ਨਾ ਜਾਵੇ ਜਿਹਵਾ ਨਾਲ ਜ਼ਬਾਨੀ, ਬੇਜ਼ਬਾਨ ਹੋ ਕੇ ਰਹੇ ਜਣਾਈਆ । ਮਨ ਰੂਹ ਇਕੋ ਧਾਰ ਦੇ ਧਾਰ ਸਤਿ ਸਰੂਪ ਖੇਲ ਵਿਚ ਕਾਇਆ ਹਦੂਦ ਅਗੰਮੀ ਕੁਟ ਕੁਟੀਆ ਵਿਚ ਰਹਿ ਕੇ ਹੁਕਮ ਮੰਨ ਕੇ ਪ੍ਰਭ ਨੂੰ ਦੋਵੇਂ ਸੀਸ ਨਿਵਾਈਆ ।

### ੧੫ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਕਰਮ ਸਿੰਘ ਦੇ ਗ੍ਰਹਿ

ਸਤਿਗੁਰ ਸ਼ਬਦ ਕਹੇ ਆਦਿ ਜੁਗਾਦੀ ਪੁਰਖ ਪਰਮ, ਪਰਮ ਪੁਰਖ ਤੇਰੀ ਵਡਿਆਈਆ । ਜਨ ਭਗਤਾਂ ਲੇਖੇ ਲਾਉਣਾ ਮਾਨਸ ਜਨਮ, ਜਨਮ ਜਨਮ ਦਾ ਪੰਧ ਮੁਕਾਈਆ । ਕਰਮ ਕਾਂਡ ਤੱਕਣਾ ਸਿੰਘ ਕਰਮ, ਕਰਤੇ ਪੁਰਖ ਤੇਰੀ ਸਰਨਾਈਆ । ਸਚ ਪਿਆਰ ਦਾ ਬਖ਼ਸ਼ਣਾ ਧਰਮ, ਧਰਨੀ ਧਰਤ ਧਵਲ ਧੌਲ ਦੇਣੀ ਵਡਿਆਈਆ । ਇਕੋ ਪ੍ਰੀਤੀ ਹੋਵੇ ਸਤਿਗੁਰ ਚਰਨ, ਦੂਸਰ ਓਟ ਨਾ ਕੋਇ ਰਖਾਈਆ । ਝਗੜਾ ਰਹੇ ਨਾ ਜ਼ਾਤ ਬਰਨ, ਵਰਨ ਵੰਡ ਨਾ ਕੋਇ ਵੰਡਾਈਆ । ਤੂੰ ਪੁਰਖ ਅਕਾਲਾ ਕਰਨੀ ਕਰਨ, ਕੁਦਰਤ ਕਾਦਰ ਇਕ ਅਖਵਾਈਆ । ਹਰਿਜਨ ਤੇਰਾ ਨਾਮ ਢੋਲਾ ਪੜ੍ਹਨ, ਦਿਵਸ ਰੈਣ ਸਿਫ਼ਤਾਂ ਵਿਚ ਸਲਾਹੀਆ । ਸਾਚੀ ਮੰਜ਼ਲ ਪੌੜੀ ਚੜ੍ਹਨ, ਭੱਜਣ ਵਾਹੋ ਦਾਹੀਆ । ਦਰ ਠਾਂਡੇ ਤੇਰਾ ਦਰਸ਼ਨ ਕਰਨ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਦਾਤ, ਮਿਹਰਵਾਨ ਦਇਆ ਕਮਾਈਆ । ਆਤਮ ਪਰਮਾਤਮ ਜੋੜ ਲੈ ਨਾਤ, ਨਾਤਾ ਆਪਣੇ ਨਾਲ ਬੰਧਾਈਆ । ਸਤਿ ਸਚ ਸਮਝਾ ਦੇ ਜਾਤ, ਭੇਵ ਅਭੇਦਾ ਆਪ ਖੁਲਾਈਆ । ਭੇਵ ਰਹੇ ਨਾ ਲੋਕਮਾਤ, ਲਗ ਮਾਤਰ ਡੇਰਾ ਢਾਹੀਆ । ਲੇਖੇ ਲਾ ਕੇ ਸੁਹੰਜਣੀ

ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਨਿਝਰ ਝਿਰਨੇ ਵਿਚੋਂ ਝਿਰਾਈਆ । ਤੂੰ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਮਿਹਰਵਾਨ ਹੋ ਕੇ ਝਾਕ, ਝਾਕੀ ਆਪਣੀ ਇਕ ਸਮਝਾਈਆ । ਪੂਰਾ ਕਰ ਦੇ ਭਵਿਖਤ ਵਾਕ, ਗੁਰ ਅਵਤਾਰ ਪੈਗ਼ੰਬਰ ਨਾਲ ਮਿਲਾਈਆ । ਜਨ ਭਗਤਾਂ ਖੁਲ੍ਹਿਆ ਰਹੇ ਤਾਕ, ਦਰ ਬੰਦ ਨਾ ਕੋਇ ਕਰਾਈਆ । ਅੰਤਰ ਰਹੇ ਨਾ ਪਸ਼ਚਾਤਾਪ, ਤਾਪ ਤੀਨੋਂ ਦੇਣੇ ਮਿਟਾਈਆ । ਰੂਹ ਬੁੱਤ ਕਰਨਾ ਪਾਕ, ਪਤਤ ਪੁਨੀਤ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਹਰਿਜਨ ਵਸਤ ਅਗੰਮੀ ਮੰਗਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਨਾਮ ਨਿਧਾਨਾ ਆਪਣਾ ਰੰਗ ਦੇ, ਰੰਗਤ ਇਕੋ ਇਕ ਵਖਾਈਆ । ਆਤਮ ਪਰਮਾਤਮ ਸਾਚਾ ਸੰਗ ਦੇ, ਸੰਗਤ ਮੇਲਾ ਸਹਿਜ ਸੁਭਾਈਆ । ਨਿਜ ਗ੍ਰਿਹਿ ਆਪਣਾ ਅਨੰਦ ਦੇ, ਸੁਖ ਸਾਗਰ ਵਿਚ ਸਮਾਈਆ । ਨੂਰੀ ਜੋਤ ਅਗੰਮਾ ਚੰਦ ਦੇ, ਅੰਧ ਅੰਧੇਰ ਮਿਟਾਈਆ । ਵਸਤ ਅਮੋਲਕ ਗ਼ਰੀਬ ਨਿਮਾਣਿਆਂ ਆਪੇ ਵੰਡ ਦੇ, ਵੰਡਣਹਾਰ ਤੇਰੀ ਸਰਨਾਈਆ । ਪੰਚ ਵਿਕਾਰੇ ਕੂੜੇ ਦੰਡ ਦੇ, ਡੰਡਾਵਤ ਆਪਣੀ ਇਕ ਸਮਝਾਈਆ । ਨਾਮ ਨਿਧਾਨਾ ਧੁਰ ਦਾ ਛੰਦ ਦੇ, ਸਾਚੀ ਸਿਖਿਆ ਇਕ ਸਮਝਾਈਆ । ਸਾਚਾ ਪ੍ਰੇਮ ਬੰਦ ਬੰਦ ਦੇ, ਬੰਧਨ ਕੂੜੇ ਦੇਣੇ ਤੁੜਾਈਆ । ਸਤਿ ਧਰਮ ਦਾ ਮਾਰਗ ਅਰੰਭ ਦੇ, ਸਤਿਜੁਗ ਵੱਜੇ ਸਚ ਵਧਾਈਆ । ਦੋ ਜਹਾਨ ਤੈਥੋਂ ਵੇਖੀਏ ਕੰਬਦੇ, ਸਿਰ ਸਕੇ ਨਾ ਕੋਇ ਉਠਾਈਆ । ਸਾਡੇ ਲੇਖੇ ਮੁਕਾ ਦੇ ਗ਼ਮ ਦੇ, ਚਿੰਤਾ ਦੁੱਖ ਨਾ ਕੋਇ ਸਤਾਈਆ । ਝਗੜੇ ਮੇਟ ਦੇ ਕਾਇਆ ਮਾਟੀ ਚੰਮ ਦੇ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਭੇਵ ਖੁਲਾ ਦੇ ਆਪਣੇ ਬ੍ਰਹਮ ਦੇ, ਪਾਰਬ੍ਰਹਮ ਦਰ ਠਾਂਡੇ ਸੀਸ ਨਿਵਾਈਆ । ਜੁਗ ਜੁਗ ਜਨ ਭਗਤ ਤੇਰੀ ਧਾਰੋਂ ਜੰਮਦੇ, ਚੁਰਾਸੀ ਵਿਚ ਨਾ ਕੋਇ ਭਵਾਈਆ । ਪੁਰਖ ਅਕਾਲੇ ਆਪਣੀ ਸਰਨ ਦੇ, ਸਰਨਗਤ ਇਕੋ ਇਕ ਨਜ਼ਰੀ ਆਈਆ । ਸਤਿ ਸਚ ਦਾ ਆਪਣਾ ਧਰਮ ਦੇ, ਧਰਮ ਦੀ ਧਾਰ ਵੇਖ ਵਖਾਈਆ । ਨਾਮ ਭਗਤੀ ਵਾਲਾ ਕਰਮ ਦੇ, ਜਗਤ ਕਿਰਿਆ ਕਾਂਡ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜਨ ਭਗਤ ਤੇਰੇ ਦਰਵੇਸ਼, ਦਰ ਠਾਂਡੇ ਅਲਖ ਜਗਾਈਆ । ਤੂੰ ਸ਼ਹਿਨਸ਼ਾਹ ਅਗੰਮ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਵਸੇ ਸਚਖੰਡ ਸਾਚੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਸਤਿਗੁਰ ਸ਼ਬਦ ਦਾ ਸ਼ਬਦ ਸੰਦੇਸ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਤੇਰਾ ਨਿਤ ਨਵਿਤ ਅਵੱਲੜਾ ਵੇਸ, ਸਮਝ ਸਕੇ ਕੋਇ ਨਾ ਰਾਈਆ । ਉਹ ਲਹਿਣਾ ਤੱਕ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਕਲਜੁਗ ਕਲ ਕਾਤੀ ਪਾਇਆ ਕਲੇਸ਼, ਕਲਮੇ ਵਾਲੇ ਕਲਮੇ ਗਏ ਭੁਲਾਈਆ । ਤੇਰਾ ਭੇਵ ਜਾਣੇ ਨਾ ਕੋਇ ਵਿਸ਼ੇਸ਼, ਵਿਸ਼ਿਆਂ ਭਰੀ ਤੇਰੀ ਲੋਕਾਈਆ । ਤੇਰੇ ਦਰ ਠਾਂਡੇ ਹੋਏ ਪੇਸ਼, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਤੂੰ ਆਦਿ ਜੁਗਾਦਿ ਸਦਾ ਰਹੇਂ ਹਮੇਸ਼, ਜੁਗ ਜੁਗ ਆਪਣਾ ਹੁਕਮ ਵਰਤਾਈਆ । ਦਰਗਾਹ ਸਾਚੀ ਦਾ ਨਰ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਦੇਣੀ ਸਰਨਾਈਆ । ਜਨ ਭਗਤ ਕਹਿਣ ਮਿਹਰਵਾਨ ਗ਼ਰੀਬ ਨਿਵਾਜੇ, ਮਿਹਰਵਾਨ ਤੇਰੀ ਵਡਿਆਈਆ ।

ਤੇਰਾ ਜਗਦੀਸ਼ ਅਗੰਮੀ ਤਾਜੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੋ ਜਹਾਨਾਂ ਭੂਪਤ ਰਾਜੇ, ਸਤਿ ਪੁਰਖ ਤੇਰੀ ਵਡ ਵਡਿਆਈਆ । ਅਸੀਂ
ਮੰਗਣ ਆਏ ਵਡ ਦਰਵਾਜ਼ੇ, ਦਰ ਠਾਂਡੇ ਅਲਖ ਜਗਾਈਆ । ਤੇਰੀ ਕਿਰਪਾ ਨਾਲ ਸੋਏ ਜਾਗੇ, ਜਗਤ ਨਿੰਦਰਾ ਰਹੀ ਨਾ ਰਾਈਆ । ਜੇ ਤੂੰ
ਆਇਓਂ ਦੇਸ ਮਾਝੇ, ਮਜਲਸ ਭਗਤਾਂ ਨਾਲ ਬਣਾਈਆ । ਸਾਡੇ ਸਰਬ ਸਵਾਰ ਕਾਜੇ, ਕਜ਼ਾ ਦਾ ਲੇਖਾ ਰਹੇ ਨਾ ਰਾਈਆ । ਤੇਰਾ ਨਾਮ ਨਿਧਾਨਾ
ਸੁਣੀਏ ਆਵਾਜ਼ੇ, ਸ਼ਬਦ ਧੁਨ ਕਰ ਸ਼ਨਵਾਈਆ । ਤੇਰਾ ਖੇਲ ਵੇਖੀਏ ਕਾਅਬੇ, ਕੁਦਰਤ ਕਾਦਰ ਹੋਣਾ ਆਪ ਸਹਾਈਆ । ਸਾਨੂੰ ਦਿਸਣਾ ਹਕੀਕੀ
ਮਹਿਰਾਬੇ, ਮਹਿਬੂਬ ਆਪਣਾ ਪਰਦਾ ਲਾਹੀਆ । ਦੁਰਮਤ ਮੈਲ ਧੋਣੇ ਦਾਗ਼ੇ, ਪਤਤ ਪੁਨੀਤ ਕਰਾਈਆ । ਹੰਸ ਬਣਾਉਣੇ ਕਾਗੇ, ਸੋਹੰ ਮਾਣਕ
ਮੋਤੀ ਚੋਗ ਚੁਗਾਈਆ । ਸਭ ਦੇ ਹਿਰਦੇ ਜਾਣ ਸਾਧੇ, ਕਰਨੀ ਆਪ ਸਫ਼ਾਈਆ । ਤੂੰ ਮੋਹਣ ਮਾਧਵ ਮਾਧੇ, ਮਧੁਰ ਧੁਨ ਦੇਣੀ ਸੁਣਾਈਆ ।
ਹੁਣ ਪਰਦੇ ਓਹਲੇ ਕਾਹਦੇ, ਘਰ ਮੇਲਣਾ ਸਹਿਜ ਸੁਭਾਈਆ । ਅਸੀਂ ਗ਼ਰੀਬ ਨਿਮਾਣੇ ਸਿਧੇ ਸਾਦੇ, ਅਕਲ ਬੁੱਧੀ ਨਾ ਕੋਇ ਵਡਿਆਈਆ । ਇਕੋ
ਤੇਰਾ ਨਾਮ ਰਹੇ ਅਰਾਧੇ, ਹਿਰਦਿਆਂ ਵਿਚ ਸਮਾਈਆ । ਤੇਰੀ ਸਰਨ ਸਰਨਾਈ ਲਾਗੇ, ਓਟ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਰਖਾਈਆ । ਜਨਭਗਤ ਕਹਿਣ ਤੂੰ ਨਿਗਾਹ ਮਾਰ ਲੈ ਆਪ,
ਆਪਣੀ ਦਇਆ ਕਮਾਈਆ । ਸਾਡੇ ਪੁਰਖ ਅਕਾਲੇ ਬਾਪ, ਪਤਿਪਰਮੇਸ਼ਵਰ ਤੇਰੀ ਸ਼ਰਨਾਈਆ । ਸਾਡਾ ਅੱਖਰਾਂ ਵਾਲਾ ਜਾਪ, ਨਿਰ ਅੱਖਰ ਤੇਰੀ
ਪੜ੍ਹਾਈਆ । ਤ੍ਰੈਗੁਣ ਕੂੜ ਮੇਟ ਦੇ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਪੰਜ ਤਤ ਕਰ ਦੇ ਸਾਫ਼, ਸੁਫਲ ਜਨਮ ਦੇਣਾ ਬਣਾਈਆ ।
੧੬੧੧ ੨੩ ਪਿਛਲੇ ਕੀਤੇ ਅਵਗੁਣ ਕਰ ਦੇ ਮੁਆਫ਼, ਅਗੇ ਹੋਣਾ ਆਪ ਸਹਾਈਆ । ਮਨੂਆ ਮਨ ਨਾ ਰਹੇ ਗੁਸਤਾਖ਼, ਬੁਧ ਬਿਬੇਕ ਦੇਣੀ (ਕਰਾਈਆ) । ੧੬੧੧ ੨੩
ਅਸੀਂ ਆਤਮ ਧਾਰ ਤੇਰੀ ਸ਼ਾਖ਼, ਸ਼ਨਾਖ਼ਤ ਕਰਨੀ ਚਾਈਂ ਚਾਈਂਆ । ਬੇਨੰਤੀ ਵਿਚ ਰਹੇ ਆਖ, ਨਿਵ ਨਿਵ ਸੀਸ ਨਿਵਾਈਆ । ਸਤਿ ਸਚ
ਦੇਣਾ ਪ੍ਰਕਾਸ਼, ਅੰਧ ਅੰਧੇਰ ਦੇਣਾ ਮਿਟਾਈਆ । ਸਾਡੀ ਸਭ ਦੀ ਇਕੋ ਆਸ, ਚਰਨ ਕਵਲ ਦੇਣੀ ਸਰਨਾਈਆ । ਲੇਖੇ ਲਾਉਣਾ ਹੱਡ ਨਾੜੀ
ਮਾਸ, ਨਾੜੀ ਨਾੜੀ ਲੇਖੇ ਲਾਈਆ । ਜੇ ਤੂੰ ਆ ਗਿਉਂ ਕਿਰਪਾ ਨਿਧਾਨ ਸਾਡੇ ਪਾਸ, ਆਪ ਆਪਣਾ ਫੇਰਾ ਪਾਈਆ । ਸਾਚੇ ਮੰਡਲ ਦੀ ਸਚ
ਵਖਾ ਦੇ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਧੀਰਜ ਧਰਮ ਦੇ ਧਰਵਾਸ, ਮਨ ਕਾ ਮਣਕਾ ਦੇ ਭਵਾਈਆ । ਅਸੀਂ ਤੇਰੇ ਦਰ ਦੇ
ਦਾਸ, ਸੇਵਕ ਹੋ ਕੇ ਸੇਵ ਕਮਾਈਆ । ਕੂੜ ਕਿਰਿਆ ਕਰ ਨਾਸ, ਹਰਿਜਨ ਨਾਸਤਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਜਨ ਭਗਤ ਕਹਿਣ ਪ੍ਰਭੂ ਦੇ ਦੇ ਵਸਤ ਅਨਮੁੱਲ, ਕਰਤੇ
ਕੀਮਤ ਨਾ ਕੋਇ ਲਗਾਈਆ । ਤੇਰਾ ਸਚ ਦਵਾਰਾ ਗਿਆ ਖੁਲ੍ਹ, ਖ਼ਲਕ ਦੇ ਖ਼ਾਲਕ ਹੋਣਾ ਸਹਾਈਆ । ਦੇ ਭੰਡਾਰ ਅਤੁੱਲ, ਅਤੋਟ ਅਤੁਟ
ਵਰਤਾਈਆ । ਸਾਡੀ ਪਿਛਲੀ ਬਖ਼ਸ਼ਣੀ ਭੁੱਲ, ਭੁਲੇਖਾ ਅਗੇ ਰਹੇ ਨਾ ਰਾਈਆ । ਅਸੀਂ ਆਤਮ ਧਾਰ ਤੇਰੀ ਕੁਲ, ਕੁਲ ਮਾਲਕ ਹੋਣਾ ਸਹਾਈਆ ।
ਤੇਰੇ ਨਾਮ ਵਿਚ ਸਾਡੇ ਹਿਲਦੇ ਬੁੱਲ, ਬੁੱਲਾਂ ਤੋਂ ਪਿਛੇ ਮਿਲਣਾ ਧੁਰ ਦੇ ਮਾਹੀਆ । ਤੇਰੇ ਚਰਨ ਕਵਲਾਂ ਵਿਚ ਟਹਿਕੀਏ ਬਣ ਕੇ ਫੁੱਲ, ਗੁਲਸ਼ਨ
ਤੇਰਾ ਰੂਪ ਮਹਿਕਾਈਆ । ਤੂੰ ਸਵਾਮੀ ਸੁਲਹਕੁਲ, ਸਾਚੀ ਸਿਖਿਆ ਦੇਣੀ ਸਮਝਾਈਆ । ਤੇਰਾ ਨਾਮ ਅੰਮ੍ਰਿਤ ਨਿਝਰ ਝਿਰਨਿਉਂ ਨਾ ਜਾਏ ਡੁਲ੍ਹ,

ਬੂੰਦ ਸਵਾਂਤੀ ਦੇਣੀ ਚਖਾਈਆ । ਲੋਕਮਾਤ ਨਾ ਜਾਈਏ ਰੁਲ, ਫੜ ਬਾਹੋਂ ਗਲੇ ਲੈਣਾ ਲਗਾਈਆ । ਤੇਰੇ ਚਰਨਾਂ ਲਾਈਏ ਧੁਲ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਜਨ ਭਗਤ ਕਹਿਣ ਪ੍ਰਭ ਸਾਡੀ ਪਿਛਲੀ ਤੱਕ ਲੈ ਘਾਲ, ਘਾਇਲ ਹੋ ਕੇ ਘਾਲ ਕਮਾਈਆ । ਫਲ ਲਗਾ ਦੇ ਕਾਇਆ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸਤਿਗੁਰ ਸਾਡੀ ਕਰ ਸੰਭਾਲ, ਸੰਬਲ ਦੇ ਮਾਲਕ ਦਇਆ ਕਮਾਈਆ । ਅਸੀਂ ਭੁੱਖੇ ਨੰਗੇ ਜਗਤ ਕੰਗਾਲ, ਕੋਝੇ ਕਮਲੇ ਨਜ਼ਰੀ ਆਈਆ । ਤੁਧ ਬਿਨ ਬਣੇ ਨਾ ਕੋਇ ਦਲਾਲ, ਵਿਚੋਲਾ ਰਹਿਣ ਕੋਇ ਨਾ ਪਾਈਆ । ਸਚ ਸਚ ਦੇ ਤੇਰੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਜਨ ਭਗਤਾਂ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਲੇਖ ਨਾ ਸਕੇ ਵਿਖਾਲ, ਲਾੜੀ ਮੌਤ ਨੈਣ ਸ਼ਰਮਾਈਆ । ਤੇਰੀ ਕਰਨੀ ਪਏ ਨਾ ਭਾਲ, ਘਰ ਘਰ ਮਿਲਣਾ ਚਾਈਂ ਚਾਈਂਆ । ਤੇਰਾ ਲਹਿਣਾ ਦੇਣਾ ਲੇਖਾ ਇਕੋ ਧਰਮਸਾਲ, ਸਚਖੰਡ ਦਵਾਰ ਰਿਹਾ ਜਣਾਈਆ । ਹਰਿਜਨ ਕਦੇ ਨਾ ਹੋਏ ਬੇਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਜਨ ਭਗਤ ਕਹਿਣ ਪ੍ਰਭ ਆਏ ਤੇਰੇ ਚਰਨ ਹਜ਼ੂਰੀ, ਦਰ ਦੇਣੀ ਮਾਣ ਵਡਿਆਈਆ । ਤੇਰਾ ਦਰਸ਼ਨ ਤੱਕੀਏ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਪੰਧ ਮੁਕਾਇਆ ਨੇੜਾ ਦੂਰੀ, ਜਨਮ ਜਨਮ ਦਾ ਲੇਖ ਚੁਕਾਈਆ । ਸਾਡੀ ਝੋਲੀ ਪਾਉਣੀ ਮਜ਼ਦੂਰੀ, ਮਾਂਗਤ ਹੋ ਕੇ ਮੰਗ ਮੰਗਾਈਆ । ਤੇਰੀ ਕਿਰਪਾ ਸਭ ਨੂੰ ਚਾਹੀਏ ਜ਼ਰੂਰੀ, ਜ਼ਰੂਰਤ ਤੇਰੇ ਅਗੇ ਰਖਾਈਆ । ਮਨੂਆ ਮਨ ਨਾ ਪਾਏ ਫ਼ਤੂਰੀ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਅੰਦਰੋਂ ਕਲਪਣਾ ਮੇਟ ਦੇ ਕੂੜੀ, ਕੂੜੀ ਕਿਰਿਆ ਡੇਰਾ ਢਾਹੀਆ । ਸਾਚੇ ਚਰਨ ਬਖ਼ਸ਼ ਦੇ ਧੂੜੀ, ਟਿੱਕੇ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹੀ, ਪਤਤਾਂ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭੂ ਤੂੰ ਸਤਿਗੁਰ ਸਵਾਮੀ ਸਾਡਾ, ਏਕੰਕਾਰ ਇਕ ਨਜ਼ਰੀ ਆਈਆ । ਤੇਰਾ ਮਾਰਗ ਵੱਖਰਾ ਡਾਹਡਾ, ਡੰਡਾਵਤ ਸਭ ਦੀ ਦਿਤੀ ਬਦਲਾਈਆ । ਨੂਰ ਅਲਾਹੀ ਬਣ ਕੇ ਗਾਡਾ, ਗਾਈਡ ਹੋ ਕੇ ਰਸਤਾ ਰਸਤਿਆਂ ਵਿਚੋਂ ਜਣਾਈਆ । ਜਨ ਭਗਤਾਂ ਲਡਾਏ ਲਾਡਾ, ਫੜ ਫੜ ਆਪਣੀ ਗੋਦ ਟਿਕਾਈਆ । ਸੰਦੇਸਾ ਦੇਵੇ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰੇ ਸ਼ਨਵਾਈਆ । ਸਭ ਦਾ ਹਿਰਦਾ ਜਾਵੇ ਸਾਧਾ, ਦੁਰਮਤ ਮੈਲ ਰਹੇ ਨਾ ਰਾਈਆ । ਜਿਸ ਪਤਿਪਰਮੇਸ਼ਵਰ ਤੈਨੂੰ ਅਰਾਧਾ, ਹਿਰਦੇ ਧਿਆਨ ਲਗਾਈਆ । ਉਹਦਾ ਵਿਛੋੜਾ ਕਾਹਦਾ, ਵਿਛੜਿਆਂ ਜੋੜ ਜੁੜਾਈਆ । ਤੂੰ ਸਭ ਦਾ ਪਿਤਾ ਦਾਦਾ, ਦਾਦੂ ਦਿਉਹਰੇ ਗੋਬਿੰਦ ਗਿਆ ਜਣਾਈਆ । ਸਾਡਾ ਲੇਖਾ ਪੂਰਾ ਕਰਨਾ ਆਜਾ, ਆਪਣਾ ਰੰਗ ਰੰਗਾਈਆ । ਸਵਾਰ ਕੇ ਜਾਣਾ ਕਾਜਾ, ਕਰਤੇ ਪੁਰਖ ਦਰ ਤੇਰੇ ਮੰਗ ਮੰਗਾਈਆ । ਤੂੰ ਸ਼ਹਿਨਸ਼ਾਹ ਅਗੰਮੀ ਰਾਜਾ, ਭੂਪਤ ਭੂਪ ਇਕ ਅਖਵਾਈਆ । ਮੋਹਣ ਮਾਧਵ ਮਾਧਾ, ਮੱਦਦ ਕਰਨੀ ਥਾਉਂ ਥਾਈਂਆ । ਭਗਤਨ ਮੀਤਾ ਆਦਿ ਜੁਗਾਦਾ, ਜੁਗ ਜੁਗ ਵੇਖ ਵਖਾਈਆ । ਜਨ ਭਗਤ ਕਹਿਣ ਤੇਰੇ ਪ੍ਰੇਮ ਵਿਚ ਹੋਵੇ ਵਾਧਾ, ਪਿਆਰ ਆਪਣਾ ਆਪ ਰਖਾਈਆ । ਘਰ ਘਰ ਅੰਦਰ ਹੋਣਾ ਵਿਸਮਾਦਾ, ਗ੍ਰਹਿ ਗ੍ਰਹਿ ਆਪਣਾ ਡੇਰਾ ਲਾਈਆ । ਸਭ ਦਾ ਪੂਰਾ ਕਰਨਾ ਵਾਇਦਾ, ਵਾਇਦੇ



੧੬੧੨ ੨੩

ਪਿਛਲੇ ਵੇਖ ਵਖਾਈਆ । ਜਨ ਭਗਤ ਕਹਿਣ ਪ੍ਰਭੂ ਸਤਿਗੁਰ ਧਾਰ ਕਦੇ ਨਾ ਹੋਵੀਂ ਅਲਹਿਦਾ, ਵੱਖਰੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੈਣ ਵਾਲਾ ਜਾਇਜ਼ਾ, ਆਪਣਾ ਹੁਕਮ ਵਰਤਾਈਆ ।

✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਅਰਜਨ ਸਿੰਘ ਦੇ ਗ੍ਰਹਿ ✪

ਜਨ ਭਗਤ ਕਹਿਣ ਪ੍ਰਭ ਤੇਰੇ ਦਰ ਦੀਆਂ ਗੋਲੀਆਂ, ਗੋਲਕ ਕਾਇਆ ਨਾਮ ਦੇਣੀ ਭਰਾਈਆ । ਸਾਨੂੰ ਜਗਤ ਜਹਾਨ ਮਾਰੇ ਬੋਲੀਆਂ, ਅਨਬੋਲਤ ਦੇਣੀ ਮਾਣ ਵਡਿਆਈਆ । ਤੇਰਾ ਨਾਮ ਨਿਧਾਨਾ ਸੁਣੀਏ ਅਗੰਮਾ ਢੋਲੀਆ, ਢੋਲਾ ਆਪਣਾ ਦੇਣਾ ਸੁਣਾਈਆ । ਪ੍ਰੇਮ ਪ੍ਰੀਤੀ ਅੰਦਰ ਖੇਲੀਏ ਹੋਲੀਆਂ, ਲਾਲ ਗੁਲਾਲਾ ਰੰਗ ਚੜ੍ਹਾਈਆ । ਸਤਿ ਸਚ ਨਾਲ ਰੰਗ ਦੇ ਚੋਲੀਆਂ, ਚੋਜੀ ਪ੍ਰੀਤਮ ਹੋਣਾ ਸਹਾਈਆ । ਤੇਰੇ ਚਰਨ ਕਵਲ ਆਤਮਾ ਘੋਲ ਘੋਲੀਆਂ, ਘੋਲੀ ਘੋਲ ਘੁਮਾਈਆ । ਮਨੂਆ ਮਨ ਪਾਏ ਨਾ ਰੌਲੀਆਂ, ਮਨਸਾ ਕੂੜ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਜਨ ਭਗਤ ਕਹਿਣ ਪ੍ਰਭ ਸ਼ਬਦ ਨਾਦ ਸੁਣਾ ਬਿਨਾ ਕੰਨ, ਧੁਨ ਆਤਮਕ ਰਾਗ ਪ੍ਰਗਟਾਈਆ । ਮਨਸਾ ਕੂੜ ਮਿਟਾ ਦੇ ਮਨ, ਮਮਤਾ ਮੋਹ ਰਹੇ ਨਾ ਰਾਈਆ । ਭਾਗ ਲਗਾ ਦੇ ਕਾਇਆ ਮਾਟੀ ਤਨ, ਤਨ ਵਜੂਦ ਵੱਜੇ ਵਧਾਈਆ । ਨਿਰਗੁਣ ਨੂਰ ਚਾੜ੍ਹ ਦੇ ਚੰਨ, ਜੋਤੀ ਧਾਰ ਧਾਰ ਪ੍ਰਗਟਾਈਆ । ਭੇਵ ਖੁਲਾ ਦੇ ਹੰ ਬ੍ਰਹਮ, ਪਾਰਬ੍ਰਹਮ ਪਰਦਾ ਆਪ ਚੁਕਾਈਆ । ਭਗਤ ਸੁਹੇਲੇ ਬਣਾ ਲੈ ਜਨ, ਬਣ ਆਪ ਜਣੇਂਦੀ ਮਾਈਆ । ਵਸੇਰਾ ਹੋਵੇ ਬਿਨਾ ਛਪਰੀ ਛੰਨ, ਤੇਰੇ ਚਰਨ ਕਵਲ ਕਵਲ ਸਰਨਾਈਆ । ਸਤਿ ਸਚ ਦਾ ਸਾਡਾ ਹੋਵੇ ਧਰਮ, ਧਰਨੀ ਧਰਤ ਧਵਲ ਧੌਲ ਉਤੇ ਸੋਭਾ ਪਾਈਆ । ਪਿਆਰ ਮੁਹੱਬਤ ਦਾ ਬਖ਼ਸ਼ ਦੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਝਗੜਾ ਰਹੇ ਨਾ ਵਰਨ ਬਰਨ, ਆਤਮ ਧਾਰ ਦੇਣੀ ਵਡਿਆਈਆ । ਤੂੰ ਆਦਿ ਜੁਗਾਦੀ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਤੇਰੇ ਸੰਤ ਸੁਹੇਲੇ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ, ਸੋਹੰ ਸਤਿ ਸਤਿ ਦਰਸਾਈਆ । ਤੇਰੀ ਧੁਰ ਦੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਲੇਖੇ ਲਾਉਣਾ ਸੀਸ ਧੜਨ, ਪੰਜ ਤਤ ਆਪਣੇ ਸੰਗ ਮਿਲਾਈਆ । ਤੂੰ ਆਦਿ ਜੁਗਾਦੀ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਤੇਰੇ ਭੈ ਵਿਚ ਸਾਰੇ ਡਰਨ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਜਨ ਭਗਤ ਕਹਿਣ ਲੇਖੇ ਲਾ ਲੈ ਤਨ ਮਾਟੀ ਖ਼ਾਕ, ਵਜੂਦ ਤੇਰੇ ਚਰਨ ਟਿਕਾਈਆ । ਪਤਤਾਂ ਪੁਨੀਤ ਹੋ ਕੇ ਕਰ ਪਾਕ, ਦੁਰਮਤ ਮੈਲ ਧਵਾਈਆ । ਬੰਦ ਕਿਵਾੜੀ ਖੋਲ ਦੇ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਸ਼ਬਦ ਘੋੜੇ ਚੜ੍ਹਾ ਰਾਕ, ਜਗਤ ਜਹਾਨ ਬਾਹਰ ਦੌੜਾਈਆ । ਆਤਮ ਪਰਮਾਤਮ ਰਹੇ ਸਾਕ, ਨਾਤਾ ਤੁਟ ਕਦੇ ਨਾ ਜਾਈਆ । ਗ਼ਰੀਬ ਨਿਮਾਣਿਆਂ ਪੁਛ ਵਾਤ, ਕੋਝੇ ਕਮਲਿਆਂ ਹੋ ਸਹਾਈਆ । ਧਰਮ ਦੀ ਧਾਰ ਬਖ਼ਸ਼ ਦੇ ਦਾਤ, ਦੌਲਤ ਇਕੋ ਨਾਮ ਵਰਤਾਈਆ । ਅੰਦਰੋਂ

ਮੇਟ ਅੰਧੇਰੀ ਰਾਤ, ਨੂਰੀ ਚੰਦ ਕਰ ਰੁਸ਼ਨਾਈਆ । ਅੱਠੇ ਪਹਿਰ ਰਹੇ ਪ੍ਰਭਾਤ, ਘੜੀ ਪਲ ਨਾ ਵੰਡ ਵੰਡਾਈਆ । ਤੂੰ ਸਭ ਦਾ ਪਿਤਾ ਮਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਸਾਡਾ ਅੰਤਸ਼ਕਰਨ ਕਰ ਪਵਿਤ, ਮਿਹਰਵਾਨ ਦਇਆ ਕਮਾਈਆ । ਆਤਮ ਧਾਰ ਬਖ਼ਸ਼ ਦੇ ਹਿਤ, ਹਿਤਕਾਰੀ ਹੋਣਾ ਧੁਰਦਰਗਾਹੀਆ । ਠਗੌਰੀ ਮਨ ਕਰੇ ਨਾ ਚਿਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਤੇਰਾ ਦਰਸ਼ਨ ਹੋਵੇ ਨਿਤ, ਨਵਿਤ ਵੱਜਦੀ ਰਹੇ ਵਧਾਈਆ । ਲੇਖੇ ਲਾਉਣੀ ਬੂੰਦ ਰਿਤ, ਦਰ ਠਾਂਡੇ ਮੰਗ ਮੰਗਾਈਆ । ਤੇਰੇ ਚਰਨ ਕਵਲ ਉਤੇ ਧਵਲ ਜਾਈਏ ਲਿਟ, ਲਿਟਾਂ ਖੋਲ ਕੇ ਸਾਡੀ ਦੁਹਾਈਆ । ਮਨਸਾ ਸਚ ਦਵਾਰੇ ਜਾਵੇ ਟਿਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਝਗੜਾ ਮਿਟਾ ਦੇ ਪੱਥਰ ਇੱਟ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਹਉਂ ਵਾਰੀ ਵਿਟਹੁ ਵਿਟ, ਆਪਣਾ ਆਪ ਭੇਟ ਕਰਾਈਆ । ਸਾਡੀ ਸੁਹੰਜਣੀ ਕਰਦੇ ਥਿਤ, ਘੜੀ ਪਲ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਤੇਰੀ ਬੇਪ੍ਰਵਾਹੀਆ ।



## ੧੬ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਗੁਰਬਖ਼ਸ਼ ਸਿੰਘ ਦੇ ਗ੍ਰਿਹਿ

੧੬੧੪
੨੩

ਜਨ ਭਗਤ ਕਹਿਣ ਪ੍ਰਭ ਸਾਡੇ ਅੰਤਰ ਮੇਟ ਦੇ ਦੁੱਖ, ਨਿਰੰਤਰ ਤੇਰਾ ਧਿਆਨ ਲਗਾਈਆ । ਜਗਤ ਕਲਪਣਾ ਰਹੇ ਨਾ ਭੁੱਖ, ਤ੍ਰਿਸ਼ਨਾ ਤਾਮਸ ਨਾ ਕੋਇ ਸਤਾਈਆ । ਲੇਖੇ ਲਾ ਲੈ ਆਪਣਾ ਬੂਟਾ ਰੁੱਖ, ਗਰਭਵਾਸ ਨਾ ਫੇਰ ਭਵਾਈਆ । ਤੇਰੀ ਸੁੱਖਣਾ ਰਹੇ ਸੁੱਖ, ਸੁਖ ਸਾਗਰ ਰੂਪ ਬੇਪਰਵਾਹੀਆ । ਸਾਡਾ ਉਜਲ ਕਰਨਾ ਮੁਖ, ਦੁਰਮਤ ਮੈਲ ਧਵਾਈਆ । ਲੇਖੇ ਲਾਉਣਾ ਮਾਨਸ ਜਨਮ ਮਾਨੁਖ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਜਨ ਭਗਤ ਕਹਿਣ ਪ੍ਰਭ ਤੇਰਾ ਹੋਵੇ ਸਚ ਸੰਜੋਗ, ਮਿਲਣੀ ਹਰਿ ਜਗਦੀਸ਼ ਕਰਾਈਆ । ਦਰਸ਼ਨ ਕਰੀਏ ਨਿਤ ਅਮੋਘ, ਬਿਨ ਨੇਤਰਾਂ ਦਰਸ਼ਨ ਪਾਈਆ । ਤੇਰੇ ਪ੍ਰੇਮ ਦੀ ਚੁਗੀਏ ਚੋਗ, ਚੁਗ਼ਲੀ ਨਿੰਦਿਆ ਜਗਤ ਤਜਾਈਆ । ਚਿੰਤਾ ਹਰਖ ਰਹਿਵੇ ਨਾ ਸੋਗ, ਗ਼ਮੀ ਗ਼ਮਖ਼ਾਰ ਦੇਣੀ ਮਿਟਾਈਆ । ਵਿਛੋੜਾ ਰਹੇ ਨਾ ਕੋਇ ਵਿਜੋਗ, ਵਿਛੜਿਆਂ ਮੇਲ ਮਿਲਾਈਆ । ਸਚ ਦਵਾਰ ਦੀ ਮਾਣੀਏ ਮੌਜ, ਮਜਲਸ ਤੇਰੇ ਨਾਲ ਰਖਾਈਆ । ਸਭ ਦੀ ਲੇਖੇ ਲਾਉਣੀ ਔਧ, ਆਯੂ ਤੇਰੇ ਚਰਨ ਟਿਕਾਈਆ । ਭੇਵ ਅਭੇਦ ਦੱਸਣਾ ਅਗਾਧ ਬੋਧ, ਬੁੱਧੀ ਤੋਂ ਪਰੇ ਸਮਝਾਈਆ । ਸਾਡਾ ਹਿਰਦਾ ਦੇਣਾ ਸੋਧ, ਸ਼ੁਧ ਆਪੇ ਲੈਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਸਾਡੀ ਦੁਰਮਤ ਮੈਲ ਧੋ, ਪਤਤ ਪੁਨੀਤ ਬਣਾਈਆ । ਨਾਮ ਸਮਝਾ ਦੇ ਸੋਹੰ ਸੋ, ਸੋ ਪੁਰਖ ਨਿਰੰਜਣ ਤੇਰੀ ਸ਼ਰਨਾਈਆ । ਹਰਿ ਪੁਰਖ ਨਿਰੰਜਣ ਆਪੇ ਹੋ, ਪਰਦਾ ਪਰਦਿਆਂ ਵਿਚੋਂ ਦੇਣਾ ਉਠਾਈਆ । ਏਕੰਕਾਰ ਸਚ ਪਿਆਰ ਬਖ਼ਸ਼ਣਾ ਮੋਹ, ਮੁਹੱਬਤ ਆਪਣੇ ਨਾਲ ਜੁੜਾਈਆ ।

ਆਦਿ ਨਿਰੰਜਣ ਕਰ ਕੇ ਲੋ, ਲੋਇਣ ਤੀਜਾ ਦੇਣਾ ਖੁਲਾਈਆ । ਅਬਿਨਾਸ਼ੀ ਕਰਤੇ ਪੰਚ ਵਿਕਾਰਾ ਮੇਟਣਾ ਮੋਹ, ਗ੍ਰੋਹ ਰਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਅੰਮ੍ਰਿਤ ਰਸ ਦੇਣਾ ਚੋ, ਨਿਝਰ ਝਿਰਨਾ ਆਪ ਝਿਰਾਈਆ । ਪਾਰਬ੍ਰਹਮ ਬ੍ਰਹਮ ਧਾਰ ਆਪੇ ਹੋ, ਨਿਰਗੁਣ ਨਿਰਗੁਣ ਲੈਣਾ ਮਿਲਾਈਆ । ਸਤਿਗੁਰ ਸ਼ਬਦ ਲਹਿਣਾ ਦੇਣਾ ਚੁਕਾਉਣਾ ਇਕ ਦੋ, ਦੂਆ ਏਕੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੇ ਨਾਮ ਦਾ ਢੋਆ ਦੇਣਾ ਢੋਅ, ਵਸਤ ਅਗੰਮ ਕਾਇਆ ਅੰਤਰ ਆਪ ਟਿਕਾਈਆ ।

✪ ੧੬ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਚੰਨਣ ਸਿੰਘ ਦੇ ਗ੍ਰਹਿ ✪

ਜਨ ਭਗਤ ਕਹਿਣ ਅਸੀਂ ਕੂਕ ਸੁਣਾਈਏ ਉਠਾ ਕੇ ਬਾਹੀਂਆ , ਹੱਥ ਹੱਥਾਂ ਨਾਲ ਮਿਲਾਈਆ । ਕਿਰਪਾ ਕਰ ਅਗੰਮੜੇ ਗੁਸਾਈਆਂ, ਗੋਦੀ ਆਪਣੀ ਲੈਣਾ ਟਿਕਾਈਆ । ਸਾਡੀਆਂ ਲੇਖੇ ਲਾਉਣੀਆਂ ਜਗਤ ਕਿਰਸਾਣੀ ਵਾਹੀਆਂ, ਵਾਹਵਾ ਤੇਰੀ ਬੇਪਰਵਾਹੀਆ । ਮੇਲ ਬਣਾਉਣਾ ਭੈਣਾ ਭਾਈਆਂ, ਭਾਰ ਸੀਸ ਨਾ ਕਿਸੇ ਟਿਕਾਈਆ । ਜੇ ਤੂੰ ਮਾਣ ਦਵਾਇਆ ਜਗਤ ਬਛੜੇ ਗਾਈਆਂ, ਕਾਹਨ ਰੂਪ ਦਰਸਾਈਆ । ਜੇ ਜੋੜ ਜੁੜਾਇਆ ਝੀਵਰ ਛੀਂਬੇ ਨਾਈਆਂ, ਗੋਬਿੰਦ ਸੰਗ ਬਣਾਈਆ । ਸੋ ਸਵਾਮੀ ਅੰਤਰਜਾਮੀ ਸਾਡੇ ਅੰਦਰ ਕਰ ਸਫ਼ਾਈਆਂ, ਕੂੜੀ ਕਿਰਿਆ ਬਾਹਰ ਕਢਾਈਆ । ਸਚ

੧੬੧੫ ੨੩ ਪ੍ਰੀਤਾਂ ਤੇਰੇ ਲਾਲ ਲਾਈਆਂ, ਪ੍ਰੀਤਮ ਲੈਣੀਆਂ ਤੋੜ ਨਿਭਾਈਆ । ਸਾਡੀਆਂ ਰੂਹਾਂ ਹੋਣ ਨਾ ਕਦੇ ਪਰਾਈਆਂ, ਪਰਮ ਪੁਰਖ ਆਪਣੇ ਗ੍ਰਹਿ ਟਿਕਾਈਆ । ੧੬੧੫ ੨੩

ਬ੍ਰਿਹੋਂ ਵਿਛੋੜੇ ਵਿਚ ਸਾਡੀਆਂ ਨਿਕਲੀਆਂ ਧਾਹੀਂਆ, ਆਹ ਭਰ ਕੇ ਦਈਏ ਸੁਣਾਈਆ । ਸਾਨੂੰ ਮਾਰਗ ਲਾਵੀਂ ਭੁਲਿਆਂ ਰਾਹੀਆਂ, ਰਹਿਬਰ ਰਸਤਾ ਇਕ ਵਖਾਈਆ । ਝਗੜਾ ਰਹੇ ਨਾ ਥਲ ਅਸਗਾਹੀਆਂ, ਜਲ ਥਲ ਮਹੀਅਲ ਪਾਰ ਕਰਾਈਆ । ਮਨ ਵਿਚ ਨਾ ਰਹਿਣ ਬੁਰਾਈਆਂ, ਬੁਰਿਆਰਾਂ ਪੰਧ ਮੁਕਾਈਆ । ਤੇਰੀਆਂ ਤੁਕਾਂ ਤੂੰ ਮੇਰਾ ਮੈਂ ਤੇਰਾ ਗਾਈਆਂ, ਇਕੋ ਨਾਮ ਸ਼ਨਵਾਈਆ । ਸਾਡਾ ਲੇਖਾ ਪਾਰ ਕਰ ਦੇ ਸ਼ਰਅ ਵਾਲੇ ਵਿਚੋਂ ਕਸਾਈਆਂ, ਕਸਮ ਖਾ ਕੇ ਦਈਏ ਸੁਣਾਈਆ । ਅਸਾਂ ਜਗਤ ਵਾਸ਼ਨਾ ਢੇਰੀਆਂ ਢਾਈਆਂ, ਢਈਆ ਗੋਬਿੰਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸ਼ਰਨਾਈਆ । ਜਨ ਭਗਤ ਕਹਿਣ ਪ੍ਰਭੂ ਅਸੀਂ ਤੇਰੀਆਂ ਆਸਾਂ ਰੱਖੀਆਂ, ਓਟ ਇਕ ਅਕਾਲ ਰਖਾਈਆ । ਆਤਮ ਧਾਰ ਧਰਮ ਦੀਆਂ ਸਖ਼ੀਆਂ, ਕਾਹਨ ਲੈਣਾ ਆਪ ਪ੍ਰਨਾਈਆ । ਕੀਮਤ ਪਾਉਣੀ ਕਰੋੜ ਕਰੋੜੀ ਲੱਖੀਆਂ, ਕੱਖਾਂ ਰੰਗ ਰੰਗਾਈਆ । ਤੇਰੇ ਪ੍ਰੇਮ ਪਿਆਰ ਵਿਚ ਹੋਵਣ ਰੱਤੀਆਂ, ਰੰਗ ਇਕੋ ਦੇਣਾ ਚੜ੍ਹਾਈਆ । ਮਸਤੀ ਵਿਚ ਹੋਵਣ ਮੱਤੀਆਂ, ਖ਼ੁਸ਼ੀਆਂ ਢੋਲੇ ਗਾਈਆ । ਅੰਦਰ ਵਾਸਨਾ ਰਹਿਣ ਨਾ ਤੱਤੀਆਂ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਕਲਜੁਗ ਕੂੜੇ ਹਿੱਸੇ ਮੇਟਣੇ ਪੱਤੀਆਂ, ਪਤਿਪਰਮੇਸ਼ਵਰ ਹੋਣਾ ਸਹਾਈਆ । ਸਾਡੇ ਅੰਦਰ ਜਗਾ ਦੇ ਨੂਰ ਦੀਆਂ ਬੱਤੀਆਂ, ਅੰਧ ਅੰਧੇਰ ਦੇਣਾ ਗਵਾਈਆ । ਅਸੀਂ ਤੇਰੇ ਸਥਰ ਲਥੀਆਂ, ਯਾਰੜੇ ਹੋਣਾ ਆਪ ਸਹਾਈਆ । ਸਾਡੀਆਂ ਕਲਪਣਾ ਜਾਣ ਮਥੀਆਂ, ਮਥਨ ਕਰਨਾ ਚਾਈਂ ਚਾਈਂਆ । ਸਚ ਸਰਨਾਈ ਸਰਨਗਤ ਢੱਠੀਆਂ, ਧੂੜੀ ਖ਼ਾਕ ਰਮਾਈਆ ।

ਕਲਜੁਗ ਅੰਤਮ ਹੋ ਕੇ ਇਕੱਠੀਆਂ, ਦਰ ਤੇਰੇ ਵਾਸਤਾ ਪਾਈਆ । ਫਿਰਨਾ ਪਏ ਨਾ ਅੱਠ ਸਠੀਆਂ, ਤੀਰਥਾਂ ਤੱਟਾਂ ਨਾ ਕੋਇ ਭਵਾਈਆ । ਝਗੜਾ ਮੁਕਾ ਦੇ ਮੰਦਰ ਮੱਠੀਆਂ, ਕਾਅਬਿਆਂ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਪੜ੍ਹਾ ਦੇ ਪੱਟੀਆਂ, ਪਾਟਲ ਤੇਰੀ ਓਟ ਤਕਾਈਆ । ਵਣਜ ਕਰਾ ਦੇ ਸਾਚੇ ਹੱਟੀਆਂ, ਹਟਵਾਣਾ ਇਕੋ ਨਜ਼ਰੀ ਆਈਆ । ਤੇਰੇ ਬ੍ਰਿਹੋਂ ਵੈਰਾਗ ਵਿਚ ਸਾਰੀਆਂ ਜਾਣ ਫਟੀਆਂ, ਘਾਓ ਆਪਣਾ ਨਾਮ ਲਗਾਈਆ । ਚੁਰਾਸੀ ਡੋਰਾਂ ਜਾਵਣ ਕਟੀਆਂ, ਤੰਦੀ ਆਪਣੇ ਨਾਲ ਬੰਧਾਈਆ । ਸਾਡੀਆਂ ਪਵਿਤ੍ਰ ਕਰ ਦੇ ਕਾਇਆ ਮਟੀਆਂ, ਮਟਕੇ ਅੰਮ੍ਰਿਤ ਜਲ ਭਰਾਈਆ । ਅਸੀਂ ਆਸਾਂ ਤੇਰੇ ਤੇ ਸੱਟੀਆਂ, ਤੇਰੀ ਆਸ ਰਖਾਈਆ । ਚਰਨ ਕਵਲ ਹੋਈਆਂ ਇਕੱਠੀਆਂ, ਦਰ ਠਾਂਡੇ ਸੋਭਾ ਪਾਈਆ । ਆਤਮ ਧਾਰ ਨਿਰਗੁਣ ਤੇਰੇ ਦਰ ਤੇ ਢੱਠੀਆਂ, ਬਿਨ ਸੀਸ ਸੀਸ ਜਗਦੀਸ਼ ਨਿਵਾਈਆ । ਸਾਡੇ ਨਾਲ ਕਰ ਲੈ ਪੱਕੀਆਂ, ਮਤਾ ਆਪਣਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਸ਼ਨ ਕਰ ਕਰ ਜਨ ਭਗਤ ਧਾਰਾਂ ਅੰਤਰ ਹੱਸੀਆਂ, ਹੱਸ ਹੱਸ ਤੇਰੀ ਖ਼ੁਸ਼ੀ ਬਣਾਈਆ ।

### ੧੬ ਮਾਘ ਸ਼ਹਿਨਸ਼ਾਹੀ ਸੰਮਤ ੯ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਜਗੀਰ ਸਿੰਘ ਦੇ ਗ੍ਰਿਹ


੧੬੧੬ ੨੩

ਜਨ ਭਗਤ ਕਹਿਣ ਪ੍ਰਭ ਤੇਰੇ ਗਾਈਏ ਗੀਤ, ਗੋਬਿੰਦ ਤੇਰਾ ਨਾਮ ਵਡਿਆਈਆ । ਸਤਿ ਸਚ ਸਮਝਾਉਣੀ ਰੀਤ, ਰੀਤੀਵਾਨ ਆਪਣੀ ਦਇਆ ਕਮਾਈਆ । ਨਿਰਗੁਣ ਧਾਰ ਬਣਨਾ ਮੀਤ, ਮਿਤ੍ਰ ਪਿਆਰਾ ਇਕ ਅਖਵਾਈਆ । ਕਾਇਆ ਕਰਨੀ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਭੇਵ ਚੁਕਾ ਦੇ ਮੰਦਰ ਮਸੀਤ, ਮਠ ਸ਼ਿਵਾਲਿਆਂ ਪੰਧ ਮੁਕਾਈਆ । ਸਭ ਦੀ ਪਵਿਤ੍ਰ ਕਰੀਂ ਨੀਤ, ਦਵੈਤ ਰਹਿਣ ਕੋਇ ਨਾ ਪਾਈਆ । ਹਿਰਦੇ ਸਵਾਮੀ ਵਸਣਾ ਚੀਤ, ਚੇਤਨ ਹਰਿਜਨ ਲੈਣੇ ਕਰਾਈਆ । ਆਪਣਾ ਭੇਵ ਖੋਲਣਾ ਅਨਡੀਠ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਧੁਰ ਦਾ ਰੰਗ ਚਾੜ੍ਹਨਾ ਬਸੀਠ, ਲੋਕਮਾਤ ਉਤਰ ਕਦੇ ਨਾ ਜਾਈਆ । ਝਗੜਾ ਮੁਕਾਉਣਾ ਹਸਤ ਕੀਟ, ਉਚਾਂ ਨੀਚਾਂ ਗੋਦ ਟਿਕਾਈਆ । ਤੇਰਾ ਭਾਣਾ ਲੱਗੇ ਮੀਠ, ਮਿੱਠੜੇ ਸਵਾਮੀ ਦੇਣੀ ਵਡਿਆਈਆ । ਮਨਸਾ ਕੂੜ ਰਹੇ ਨਾ ਰੀਠ, ਅੰਮ੍ਰਿਤ ਰਸ ਦੇਣਾ ਚਖਾਈਆ । ਘਟ ਸਵਾਮੀ ਵਸਣਾ ਭੀਤ, ਭੀਤਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਾਰਬ੍ਰਹਮ ਪ੍ਰਭ ਆਸਾ ਪੂਰ ਕਰਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਅੰਤਰ ਹੋਏ ਵਸੇਰਾ, ਸ੍ਰੀ ਭਗਵਾਨ ਵਿਸਰ ਕਦੇ ਨਾ ਜਾਈਆ । ਪੰਧ ਮੁਕਾਉਣਾ ਦੂਰ ਨੇਰਾ, ਨੇਰਨ ਨੇਰਾ ਨਜ਼ਰੀ ਆਈਆ । ਸਭ ਦੇ ਅੰਤਰ ਹੋਏ ਚਾਓ ਘਨੇਰਾ, ਖ਼ੁਸ਼ੀਆਂ ਰੰਗ ਰੰਗਾਈਆ । ਢੋਲਾ ਗਾਵਣ ਤੂੰ ਮੇਰਾ ਮੈਂ ਤੇਰਾ, ਇਕੋ ਰਾਗ ਅਲਾਈਆ । ਭੇਵ ਚੁਕਾਉਣਾ ਸੰਝ ਸਵੇਰਾ, ਰੁਤੜੀ ਆਪਣਾ ਸੰਗ ਬਣਾਈਆ । ਜਗਤ ਜਹਾਨ ਨਾ ਰਹੇ ਅੰਧੇਰਾ, ਅੰਤਸ਼ਕਰਨ ਕਰਨੀ ਸਫ਼ਾਈਆ । ਕਲਜੁਗ ਅੰਤਮ ਬੰਨ੍ਹਣਾ ਬੇੜਾ, ਨਈਆ ਨੌਕਾ ਨਾ ਕੋਇ ਡੁਬਾਈਆ । ਚੁਰਾਸੀ ਵਾਲਾ ਕੱਟਣਾ ਗੇੜਾ, ਚੱਕਰਾਂ ਵਿਚ ਨਾ ਕੋਇ ਭਵਾਈਆ । ਭਾਗ ਲਗਾਉਣਾ ਸਾਢੇ ਤਿੰਨ ਹੱਥ ਕਾਇਆ ਖੇੜਾ, ਖਿੜਕੀ ਅੰਦਰੋਂ ਆਪ ਖੁਲਾਈਆ । ਸ਼ਰਅ ਕੂੜ ਦਾ ਕੱਟਣਾ ਜੇੜਾ, ਤੰਦੀ ਡੋਰ ਨਾ ਕੋਇ ਬੰਧਾਈਆ । ਅੰਤਮ

ਕਰਨਾ ਹਕ ਨਬੇੜਾ, ਹਕੀਕਤ ਦੇ ਮਾਲਕ ਹੋਣਾ ਆਪ ਸਹਾਈਆ । ਕਲਜੁਗ ਵਕਤ ਬੀਤਿਆ ਬਥੇਰਾ, ਆਪਣਾ ਪੰਧ ਮੁਕਾਈਆ । ਬਿਨ ਤੇਰੀ ਕਿਰਪਾ ਰੂਪ ਸਚ ਦਿਸੇ ਨਾ ਗੁਰੂ ਚੇਰਾ, ਚੇਲਾ ਗੁਰ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਜਨ ਭਗਤ ਕਹਿਣ ਪ੍ਰਭ ਸਾਡਾ ਮੇਟ ਅੰਧੇਰਾ ਅੰਧ, ਅਗਿਆਨ ਰਹੇ ਨਾ ਰਾਈਆ । ਅਗਲਾ ਪਿਛਲਾ ਚੁਕਾ ਪੰਧ, ਪਾਂਧੀ ਪੰਧ ਵਿਚ ਨਾ ਕੋਇ ਭਵਾਈਆ । ਨਿਜ ਆਤਮ ਦੇ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਸਦ ਤੇਰਾ ਗਾਈਏ ਛੰਦ, ਸੋਹੰ ਢੋਲਾ ਧੁਰਦਰਗਾਹੀਆ । ਦਰ ਠਾਂਡੇ ਰਹੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਦੇਵਣਹਾਰ ਗੁਸਾਈਂਆ । ਗ਼ਰੀਬ ਨਿਮਾਣਿਆਂ ਲਾਉਣਾ ਅੰਗ, ਹੋਣਾ ਆਪ ਸਹਾਈਆ । ਤੇਰੀ ਸੋਈਏ ਸੇਜ ਪਲੰਘ, ਸੁਖ ਆਸਣ ਦੇਣਾ ਲਿਟਾਈਆ । ਜਿਥੇ ਤੇਰੇ ਨਾਮ ਦਾ ਵੱਜੇ ਮਰਦੰਗ, ਅਨਾਦੀ ਧੁਨ ਕਰੇ ਸ਼ਨਵਾਈਆ । ਅੰਮ੍ਰਿਤ ਧਾਰ ਵਹੇ ਅਗੰਮੀ ਗੰਗ, ਜਗਤ ਸੁਰਸਤੀ ਦੀ ਲੋੜ ਨਾ ਕੋਇ ਵਖਾਈਆ । ਸਦਾ ਸੁਹੇਲੇ ਇਕ ਇਕੇਲੇ ਇਹੋ ਮੰਗ ਰਹੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਦੀਨ ਦਿਆਲ ਦਇਆਨਿਧ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਨਿਰਗੁਣ ਧਾਰ ਆਉਣਾ ਲੰਘ, ਆਪ ਆਪਣੀ ਦਇਆ ਕਮਾਈਆ ।



## ੧੬ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਦਲੀਪ ਸਿੰਘ ਦੇ ਗ੍ਰਿਹਿ

੧੬੧੭
੨੩

ਜਨ ਭਗਤ ਕਹਿਣ ਪ੍ਰਭ ਤੇਰੇ ਅਨਾਦੀ ਬੱਚੇ, ਬਚਪਨ ਤੇਰੀ ਝੋਲੀ ਪਾਈਆ । ਲੇਖੇ ਲਾ ਲੈ ਕਾਇਆ ਮਾਟੀ ਭਾਂਡੇ ਕੱਚੇ, ਕੰਚਨ ਗੜ੍ਹ ਦੇ ਸੁਹਾਈਆ । ਧੁਰ ਦੇ ਪਿਆਰ ਬਖ਼ਸ਼ ਦੇ ਸੱਚੇ, ਸੁੱਚ ਸੰਜਮ ਨਾਲ ਮਿਲਾਈਆ । ਮਨੂਆ ਉਠ ਨਾ ਦਹਿ ਦਿਸ਼ ਨੱਚੇ, ਚਾਰ ਕੁੰਟ ਨਾ ਉਠ ਉਠ ਧਾਹੀਆ । ਕਲਜੁਗ ਅਗਨੀ ਤਤ ਮੂਲ ਨਾ ਮੱਚੇ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਸਤਿ ਸਤਿ ਦੀ ਬਖ਼ਸ਼ ਸਤੇ, ਸਤਿ ਸਤਿਵਾਦੀ ਹੋਣਾ ਸਹਾਈਆ । ਤੇਰੇ ਨਾਮ ਵਿਚ ਰਹੀਏ ਮਤੇ, ਰਤਨ ਅਮੋਲਕ ਹੀਰੇ ਲੈ ਬਣਾਈਆ । ਤੇਰੇ ਸਦਾ ਜੈਕਾਰੇ ਡੰਕੇ ਵੱਜਣ ਫ਼ਤਿਹ, ਸਿਰ ਸਕੇ ਨਾ ਕੋਇ ਉਠਾਈਆ । ਕੂੜੀ ਕਿਰਿਆ ਸਾਰੇ ਅੰਦਰੋਂ ਕਰਦੇ ਹੱਤੇ, ਹਤਿਆਰਾ ਰੂਪ ਨਜ਼ਰ ਕੋਇ ਨਾ ਆਈਆ । ਅਸੀਂ ਤੇਰੇ ਸਥਰ ਲੱਥੇ, ਤੇਰੀ ਓਟ ਤਕਾਈਆ । ਗਾਈਏ ਤੇਰੀ ਕਥੇ, ਕਥਨੀ ਨਾਲ ਸਿਫ਼ਤ ਸਲਾਹੀਆ । ਚਰਨ ਕਵਲ ਟੇਕੀਏ ਮੱਥੇ, ਮਸਤਕ ਧੂੜੀ ਖ਼ਾਕ ਰਮਾਈਆ । ਤੂੰ ਸਾਹਿਬ ਪੁਰਖ ਸਮਰਥੇ, ਹਰਿ ਕਰਤਾ ਧੁਰਦਰਗਾਹੀਆ । ਸਾਡੇ ਸਗਲ ਵਸੂਰੇ ਜਾਇਣ ਲੱਥੇ, ਦਰ ਤੇਰਾ ਦਰਸ਼ਨ ਪਾਈਆ । ਧੁਰ ਦੀ ਧਾਰ ਬਖ਼ਸ਼ ਦੇ ਵਥੇ, ਅਮੋਲਕ ਆਪਣਾ ਨਾਮ ਵਰਤਾਈਆ । ਸਤਿ ਸਚ ਚੜ੍ਹਾ ਲੈ ਰਥੇ, ਰਥਵਾਹੀ ਆਪਣਾ ਰੰਗ ਰੰਗਾਈਆ । ਨਿਰਧਨ ਹੋ ਕੇ ਤੇਰੀ ਸਰਨ ਢੱਠੇ, ਸਰਗੁਣ ਦੇਣੀ ਮਾਣ ਵਡਿਆਈਆ । ਸਾਡੇ ਚੀਥੜ ਪੁਰਾਣੇ ਫਟੇ, ਓਢਣ ਸੀਸ ਨਾ ਕੋਇ ਟਿਕਾਈਆ । ਤੇਰਾ ਨੂਰ ਪ੍ਰਕਾਸ਼ ਵੇਖੀਏ ਲਟ ਲਟੇ, ਜੋਤੀ ਜਾਤੇ ਦੇਣਾ ਚਮਕਾਈਆ । ਨਾਮ ਬਖ਼ਸ਼ਣਾ ਆਪਣੇ ਹੱਟੇ, ਸਚਖੰਡ ਦਵਾਰਿਉਂ ਝੋਲੀ ਪਾਈਆ । ਸਾਡੇ ਕਰਮ ਕਾਂਡ

ਪਿਛਲੇ ਜਾਣ ਠੱਪੇ, ਅਗੇ ਠੱਪਾ ਆਪਣਾ ਨਾਮ ਮੋਹਰ ਲਗਾਈਆ । ਹਰਿਜਨ ਤੇਰਾ ਤੇਰਾ ਨਾਮ ਜਪੇ, ਰਸਨਾ ਜਿਹਵਾ ਨਾਲ ਧਿਆਈਆ । ਆਤਮ ਪਰਮਾਤਮ ਰਿਸ਼ਤੇ ਕਰ ਲੈ ਪੱਕੇ, ਪੱਕੀ ਆਪਣੀ ਗੰਢ ਪਵਾਈਆ । ਦੂਨੀ ਵਿਚ ਮਿਲਣ ਨਾ ਧੱਕੇ, ਚੁਰਾਸੀ ਸਜ਼ਾ ਨਾ ਕੋਇ ਰਖਾਈਆ । ਅਸੀਂ ਪੂਰਬਲੇ ਜਨਮਾਂ ਵਿਚ ਅੱਕੇ, ਅਗੇ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਜਨ ਭਗਤ ਕਹਿਣ ਪ੍ਰਭੂ ਸਾਡੇ ਵੇਖ ਲੈ ਅੰਤਸ਼ਕਰਨ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਤੂੰ ਕਰਤਾ ਪੁਰਖ ਕਰਤਾਰ, ਕੁਦਰਤ ਦਾ ਮਾਲਕ ਬੇਪਰਵਾਹੀਆ । ਜਿਉਂ ਭਾਵੇਂ ਤਿਉਂ ਲੈਣਾ ਤਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਸਾਹਿਬ ਸਵਾਮੀ ਬਖ਼ਸ਼ਣਹਾਰ, ਰਹਿਮਤ ਆਪਣੀ ਆਪ ਕਮਾਈਆ । ਅਸੀਂ ਮਾਂਗਤ ਦਰ ਭਿਖਾਰ, ਭਿੱਖਕ ਹੋ ਕੇ ਝੋਲੀ ਡਾਹੀਆ । ਤੇਰਾ ਅਤੋਟ ਅਤੁਟ ਭੰਡਾਰ, ਦੇਵਣਹਾਰ ਦੇਣਾ ਵਰਤਾਈਆ । ਸਾਡੀ ਨਮੋ ਨਮੋ ਨਿਮਸਕਾਰ, ਨਿਰਮਾਣਤਾ ਵਿਚ ਸੀਸ ਝੁਕਾਈਆ । ਜਨ ਭਗਤ ਸੁਹੇਲੇ ਤੇਰਾ ਆਤਮ ਧਾਰ ਪਰਿਵਾਰ, ਪਰਮ ਪੁਰਖ ਬੰਸ ਸਰਬੰਸ ਦੇਣਾ ਸੁਹਾਈਆ । ਅਸੀਂ ਕਰੀਏ ਕੂਕ ਪੁਕਾਰ, ਬਹੁੜੀ ਬਹੁੜੀ ਕਰ ਸੁਣਾਈਆ । ਨਿਰਗੁਣ ਧਾਰ ਪਾਉਣੀ ਸਾਰ, ਸਰਗੁਣ ਮੇਲਾ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕੰਕਾਰ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ ।


੧੬੧੮
੨੩

### ✪ ੧੬ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਮੁਖ਼ਤਿਆਰ ਸਿੰਘ ਦੇ ਗ੍ਰਿਹਿ ✪

ਜਨ ਭਗਤ ਕਹਿਣ ਪ੍ਰਭ ਸਾਡੀਆਂ ਪੂਰੀਆਂ ਕਰ ਦੇ ਆਸਾਂ, ਤ੍ਰਿਸ਼ਨਾ ਸਭ ਦੀ ਪੂਰ ਕਰਾਈਆ । ਠਾਂਡੇ ਦਰ ਰਹੇ ਨਾ ਕੋਇ ਨਿਰਾਸਾ, ਝੋਲੀ ਨਾਮ ਦੇਣੀ ਭਰਾਈਆ । ਚਰਨ ਕਵਲ ਬਖ਼ਸ਼ ਭਰਵਾਸਾ, ਭਾਂਡਾ ਭਰਮ ਦੇਣਾ ਭੰਨਾਈਆ । ਜਾਪ ਜਪਾ ਸਵਾਸ ਸਵਾਸਾ, ਸਾਹ ਸਾਹ ਆਪਣਾ ਰੰਗ ਰੰਗਾਈਆ । ਆਪਣਾ ਭੇਵ ਖੁਲਾ ਖੁਲਾਸਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਘਰ ਸਵਾਮੀ ਤੇਰੀ ਵੇਖੀਏ ਰਾਸਾ । ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਬਣਾਈਆ । ਲੇਖ ਮੁਕਾ ਆਕਾਸ਼ ਅਕਾਸ਼ਾ, ਗਗਨ ਗਗਨੰਤਰਾਂ ਪੰਧ ਮੁਕਾਈਆ । ਤੇਰਾ ਇਕੋ ਨੂਰ ਦਿਸੇ ਜੋਤ ਪ੍ਰਕਾਸ਼ਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜਨ ਭਗਤ ਕਹਿਣ ਪ੍ਰਭ ਸਾਡੀ ਪੂਰੀ ਕਰ ਦੇ ਮਨਸਾ, ਮਮਤਾ ਮੋਹ ਵਿਕਾਰ ਗਵਾਈਆ । ਫੜ ਫੜ ਕਾਗ ਬਣਾ ਦੇ ਹੰਸਾ, ਸੋਹੰ ਸਾਚੀ ਚੋਗ ਚੁਗਾਈਆ । ਮਾਨਵ ਜ਼ਾਤੀ ਤੇਰਾ ਇਕ ਹੋਵੇ ਬੰਸਾ, ਇਕੋ ਘਰ ਦੇਣਾ ਵਸਾਈਆ । ਮਨ ਮਨੂਆ ਮਾਰ ਹੰਕਾਰੀ ਕੰਸਾ, ਧਰਮ ਦੀ ਧਾਰ ਦੇਣੀ ਸਮਝਾਈਆ । ਤੇਰੀ ਵਡਿਆਈ ਕੋਟਨ ਕੋਟ ਗਾਉਂਦੇ ਸਹੰਸ ਸਹੰਸਾ, ਸਹੰਸਰ ਮੁਖ ਸ਼ੇਸ਼ ਰਿਹਾ ਸੁਣਾਈਆ । ਸਤਿ ਸਚ ਬਣਾ ਬਣਤਾ, ਘੜਨ ਭੰਨਣਹਾਰ ਹੋਣਾ ਆਪ ਸਹਾਈਆ । ਸਚਖੰਡ ਨਿਵਾਸੀ ਧੁਰ ਦੇ ਕੰਤਾ, ਕੰਤ ਕੰਤੂਹਲ ਤੇਰੀ ਸਰਨਾਈਆ । ਹਉਮੇ ਗੜ੍ਹ ਤੋੜ ਦੇ ਹੰਗਤਾ, ਹੰ ਬ੍ਰਹਮ ਦੇ ਦ੍ਰਿੜਾਈਆ । ਬੋਧ ਅਗਾਧਾ ਬਣ ਕੇ ਪੰਡਤਾ, ਬੁੱਧੀ ਤੋਂ ਪਰੇ ਦੇਣਾ ਸਮਝਾਈਆ । ਮੇਲ ਮਿਲਾਉਣਾ ਸਾਚੀ ਸੰਗਤਾ, ਸਗਲਾ ਸੰਗੀ ਇਕ ਅਖਵਾਈਆ । ਲੇਖੇ

ਲਾਉਣਾ ਭੁੱਖਾ ਨੰਗਤਾ, ਕੋੜ੍ਹਿਆਂ ਕਮਲਿਆਂ ਗੋਦ ਟਿਕਾਈਆ । ਹਰਿਜਨ ਦਰਵੇਸ਼ ਤੇਰੇ ਦਰ ਦਾ ਮੰਗਤਾ, ਭਿੱਖਕ ਹੋ ਕੇ ਝੋਲੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਉਣਾ ਸਾਚੇ ਸੰਤਾਂ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਦਇਆ ਕਮਾਈਆ ।

✪ ੧੬ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮੱਲ੍ਹੀਆਂ ਜ਼ਿਲਾ ਅੰਮ੍ਰਿਤਸਰ ਵਰਿਆਮ ਸਿੰਘ ਦੇ ਗ੍ਰਹਿ ✪

ਜਨ ਭਗਤ ਕਹਿਣ ਪ੍ਰਭ ਕਿਰਪਾ ਕਰ ਦੀਨ ਦਿਆਲ, ਠਾਕਰ ਸਵਾਮੀ ਤੇਰੀ ਓਟ ਤਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਮਾਤਲੋਕ ਕਰ ਸੰਭਾਲ, ਸੰਬਲ ਦੇ ਸਵਾਮੀ ਹੋਣਾ ਆਪ ਸਹਾਈਆ । ਹਰਿਜਨ ਸੰਤ ਸੁਹੇਲੇ ਬਣਾ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਸ਼ਬਦ ਵਿਚੋਲਾ ਬਖ਼ਸ਼ ਦਲਾਲ, ਦੂਸਰ ਲੋੜ ਰਹੇ ਨਾ ਰਾਈਆ । ਕਾਇਆ ਮੰਦਰ ਅੰਦਰ ਦਰਸਾ ਸੱਚੀ ਧਰਮਸਾਲ, ਗ੍ਰਹਿ ਇਕੋ ਸੋਭਾ ਪਾਈਆ । ਜਿਥੇ ਦੀਪਕ ਦੀਆ ਜੋਤੀ ਜਾਤੇ ਜਗੇ ਕਮਾਲ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਨਾਮ ਨਿਧਾਨਾ ਨੌਜਵਾਨਾ ਸ੍ਰੀ ਭਗਵਾਨਾ ਅਗੰਮਾ ਦੇ ਧਨ ਮਾਲ, ਖ਼ਾਲੀ ਝੋਲੀਆਂ ਦੇ ਭਰਾਈਆ । ਭਾਗ ਲਗਾ ਦੇ ਤਨ ਵਜੂਦ ਮਾਟੀ ਖਾਲ, ਖ਼ਾਲਕ ਖ਼ਲਕ ਹੋਣਾ ਸਹਾਈਆ । ਤੇਰੇ ਨਾਮ ਦਾ ਅਨਾਦੀ ਵੱਜੇ ਤਾਲ, ਧੁਨ ਆਤਮਕ ਰਾਗ ਦੇਣਾ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਜਨ ਭਗਤ ਕਹਿਣ ਪ੍ਰਭੂ ਕਲਜੁਗ ਵੇਖ ਅੰਧੇਰੀ ਰੈਣ, ਚਾਰੋਂ ਕੁੰਟ ਅੰਧੇਰਾ ਛਾਈਆ । ਆਤਮ ਪਰਮਾਤਮ ਮੇਲ ਮਿਲੇ ਨਾ ਸਾਚੇ ਸੈਣ, ਸਾਕ ਸੱਜਣ ਨਜ਼ਰ ਕੋਇ ਨਾ ਆਈਆ । ਤੇਰਾ ਗ੍ਰਹਿ ਸਚ ਦਵਾਰ ਹੋਇਆ ਤਰਫ਼ੈਣ, ਘਰ ਮਿਲੇ ਨਾ ਮਾਣ ਵਡਿਆਈਆ । ਬਿਨ ਤੇਰੀ ਕਿਰਪਾ ਨੇਤਰ ਖੁਲ੍ਹੇ ਨਾ ਕਿਸੇ ਨਿਜ ਨੈਣ, ਲੋਚਨ ਨੂਰ ਨਾ ਕੋਇ ਚਮਕਾਈਆ । ਸ਼ਬਦ ਅਗੰਮਾ ਬਿਨ ਰਸਨਾ ਜਿਹਵਾ ਸੁਣੇ ਕੋਇ ਨਾ ਗਾਇਣ, ਆਤਮਕ ਰਾਗ ਨਾ ਕੋਇ ਦ੍ਰਿੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੂੜੀ ਕਿਰਿਆ ਵਹਿੰਦਾ ਵਹਿਣ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਜਨ ਭਗਤ ਕਹਿਣ ਪ੍ਰਭ ਕਲਜੁਗ ਅੰਤ ਮਾਰ ਲੈ ਝਾਕੀ, ਸਚਖੰਡ ਨਿਵਾਸੀ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਅੰਤਰ ਖੁਲ੍ਹੇ ਕਿਸੇ ਨਾ ਤਾਕੀ, ਬਜਰ ਕਪਾਟੀ ਪਰਦਾ ਨਾ ਕੋਇ ਉਠਾਈਆ । ਅੰਮ੍ਰਿਤ ਮਿਲੇ ਨਾ ਬੂੰਦ ਸਵਾਂਤੀ, ਨਿਝਰ ਝਿਰਨਾ ਕਵਲ ਨਾਭੀ ਨਾ ਕੋਇ ਉਲਟਾਈਆ । ਪ੍ਰਕਾਸ਼ ਹੋਵੇ ਨਾ ਨਿਰਗੁਣ ਜੋਤ ਤੇਰੀ ਬਾਤੀ, ਬਿਨ ਤੇਲ ਬਾਤੀ ਨੂਰ ਜ਼ਹੂਰ ਕੋਇ ਨਾ ਡਗਮਗਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪੁਰਖ ਕਰਤਾ ਅਬਿਨਾਸ਼ੀ, ਅਲਖ ਅਗੋਚਰ ਅਗੰਮ ਅਥਾਹ ਤੇਰੇ ਹੱਥ ਵਡਿਆਈਆ । ਆਤਮ ਪਰਮਾਤਮ ਜੁੜੇ ਕੋਇ ਨਾ ਨਾਤੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਝਗੜਾ ਵੇਖ ਲੈ ਦੀਨ ਮਜ਼੍ਹਬ ਜ਼ਾਤ ਪਾਤੀ, ਊਚ ਨੀਚ ਰਹੇ ਕੁਰਲਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਨਿਰਗੁਣ ਤੇਰਾ ਦਰਸ ਕੋਇ ਨਾ ਪਾਈਆ । ਮਾਨਸ ਜਨਮ ਮੁਕੇ ਕਿਸੇ ਨਾ ਵਾਟੀ, ਲੱਖ ਚੁਰਾਸੀ ਪੰਧ ਨਾ ਕੋਇ ਚੁਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ ।


੧੬੧੯
੨੩

੧੬੨੦ ੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤ ਕਹਿਣ ਪ੍ਰਭ ਸਾਚਾ ਸੁਹਾਏ ਕੋਇ ਨਾ ਬੰਕਾ, ਬੰਕ ਦਵਾਰੀ ਨਜ਼ਰ ਕਿਸੇ ਨਾ ਆਈਆ । ਸ਼ਬਦੀ ਧਾਰ ਨਾ ਲੱਗੇ ਤਣਕਾ, ਤਨ ਵਜੂਦ ਨਾ ਵੱਜੇ ਵਧਾਈਆ । ਮਨ ਕਾ ਫੇਰੇ ਕੋਇ ਨਾ ਮਣਕਾ, ਮਨਸਾ ਮੋਹ ਨਾ ਕੋਇ ਗਵਾਈਆ । ਭੇਵ ਸਮਝੇ ਨਾ ਕੋਇ ਬ੍ਰਹਮ ਕਾ, ਪਾਰਬ੍ਰਹਮ ਤੇਰਾ ਦਰਸ਼ਨ ਕਰਨ ਕੋਇ ਨਾ ਆਈਆ । ਇਕੋ ਮਾਰਗ ਦੱਸ ਦੇ ਸਾਚੇ ਧਰਮ ਕਾ, ਧਰਮ ਦੀ ਧਾਰ ਦੇ ਦ੍ਰਿੜਾਈਆ । ਝਗੜਾ ਮੇਟ ਦੇ ਵਰਨ ਬਰਨ ਕਾ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਇਕੋ ਸਹਾਰਾ ਦੇ ਦੇ ਆਪਣੇ ਚਰਨ ਕਾ, ਚਰਨ ਚਰਨੋਦਕ ਆਪਣਾ ਜਾਮ ਦੇਣਾ ਪਿਆਈਆ । ਸਾਚਾ ਮਾਰਗ ਦੱਸ ਦੇ ਹਕੀਕੀ ਮੰਜ਼ਲ ਚੜ੍ਹਨ ਕਾ, ਅਗੇ ਹੋ ਨਾ ਕੋਇ ਅਟਕਾਈਆ । ਨਾਮ ਨਿਧਾਨਾ ਦੱਸ ਦੇ ਪੜ੍ਹਨ ਕਾ, ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਤੁਧ ਬਿਨ ਦਿਸੇ ਕੋਇ ਨਾ ਮੀਤ, ਮਿਤ੍ਰ ਪਿਆਰਾ ਨਜ਼ਰ ਕੋਇ ਨਾ ਆਈਆ । ਤੂੰ ਸਵਾਮੀ ਵਸਣਾ ਚੀਤ, ਚਿਤ ਠਗੌਰੀ ਰਹੇ ਨਾ ਰਾਈਆ । ਇਕੋ ਤੇਰਾ ਨਾਮ ਨਿਧਾਨਾ ਹੋਵੇ ਗੀਤ, ਗੋਬਿੰਦ ਮੇਲ ਮੇਲਣਾ ਸਹਿਜ ਸੁਬਾਈਆ । ਕਾਇਆ ਕਰਨੀ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਪਾਪੀਆਂ ਕਰਨਾ ਪਤਤ ਪੁਨੀਤ, ਦੁਰਮਤ ਮੈਲ ਦੇਣੀ ਧਵਾਈਆ । ਧੁਰ ਦਾ ਦੱਸਣਾ ਕਲਮਾ ਨਾਮ ਹਦੀਸ, ਹਜ਼ਰਤਾਂ ਤੋਂ ਕਰਨੀ ਬਾਹਰ ਪੜ੍ਹਾਈਆ । ਤੂੰ ਆਦਿ ਜੁਗਾਦਿ ਜਗਦੀਸ਼, ਜਗਦੀਸ਼ਰ ਇਕ ਅਖਵਾਈਆ । ਜਿਸ ਦੀ ਸਿਫ਼ਤ ਸਲਾਹ ਕਰਦੇ ਰਾਗ ਛਤੀਸ, ਸਿਫ਼ਤਾਂ ਵਾਲੇ ਸਿਫ਼ਤੀ ਢੋਲੇ ਗਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਤੇਰੇ ਚਰਨਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਜਨ ਭਗਤ ਕਹਿਣ ਪ੍ਰਭ ਸਾਡੇ ਅੰਦਰ ਦੇ ਨਾਮ ਅਗੰਮੀ ਵਸਤ, ਅਮੋਲਕ ਆਪ ਵਰਤਾਈਆ । ਸਚ ਖੁਮਾਰੀ ਹੋਈਏ ਮਸਤ, ਸਤਿ ਸਰੂਪ ਵਿਚ ਸਮਾਈਆ । ਲੇਖਾ ਦੇ ਦੇ ਦਸਤ ਬਦਸਤ, ਕਰ ਤੇਰੇ ਅਗੇ ਰਹੇ ਵਖਾਈਆ । ਤੂੰ ਮਾਲਕ ਖ਼ਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਬੇਪ੍ਰਵਾਹੀਆ । ਭਾਗ ਲਗਾ ਦੇ ਉਪਰ ਫ਼ਰਸ਼, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਸਾਡੀ ਮਨਜ਼ੂਰ ਕਰਨੀ ਅਰਜ਼, ਆਰਜ਼ੂ ਤੇਰੇ ਅਗੇ ਰਖਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਬਲਧਾਰੀ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਵੰਡੀਂ ਦਰਦ, ਦੁਖੀਆਂ ਹੋ ਸਹਾਈਆ । ਤੇਰਾ ਖੇਲ ਤੱਕੀਏ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਕਲਜੁਗ ਛੁਰੀ ਸ਼ਰਅ ਲੇਖ ਮਿਟਾਉਣਾ ਕਰਦ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਆਦਿ ਜੁਗਾਦਿ ਦੀ ਵੇਖਣੀ ਫ਼ਰਦ, ਬਿਨ ਅੱਖਰਾਂ ਹਰਫ਼ ਹਰੂਫ਼ਾਂ ਧਿਆਨ ਲਗਾਈਆ ।

## ੧੬ ਮਾਘ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ਮਹਿੰਦਰ ਸਿੰਘ ਦੇ ਗ੍ਰਿਹ

ਜਨ ਭਗਤ ਕਹਿਣ ਪੁਰਖ ਅਕਾਲੇ ਅਕਾਲ ਮੂਰਤ, ਅਕਲ ਕਲਧਾਰੀ ਤੇਰੀ ਬੇਪ੍ਰਵਾਹੀਆ । ਸਤਿ ਸਰੂਪ ਵਖਾ ਆਪਣੀ ਸੂਰਤ, ਨੂਰ ਨੁਰਾਨੇ

ਨਜ਼ਰੀ ਆਈਆ । ਸ਼ਬਦ ਅਨਾਦੀ ਜਣਾ ਤੂਰਤ, ਤੁਰੀਆ ਤੋਂ ਬਾਹਰ ਭੇਵ ਦੇਣਾ ਖੁਲਾਈਆ । ਸਾਡੀ ਆਸਾ ਮਨਸਾ ਕਰ ਪੂਰਤ, ਪੂਰਨ ਭੇਵ ਦੇਣਾ ਸਮਝਾਈਆ । ਤੂੰ ਸ਼ਹਿਨਸ਼ਾਹ ਆਦਿ ਅੰਤ ਹਾਜ਼ਰ ਹਜ਼ੂਰਤ, ਹਜ਼ਰਤਾਂ ਤੋਂ ਬਾਹਰ ਅਗੰਮ ਅਥਾਹੀਆ । ਤੇਰਾ ਜੋਤੀ ਜਲਵਾ ਨੂਰ ਨੂਰਤ, ਨਵ ਨੌ ਚਾਰ ਦਾ ਪੰਧ ਮੁਕਾਈਆ । ਸਾਚੀ ਬਖ਼ਸ਼ ਦੇ ਚਰਨ ਧੂੜਤ, ਟਿੱਕੇ ਮਸਤਕ ਖ਼ਾਕ ਰਮਾਈਆ । ਨਾਤਾ ਤੋੜ ਦੇ ਕੂੜੀ ਕਿਰਿਆ ਕੂੜਤ, ਸਤਿ ਸਚ ਸਤਿ ਸਮਝਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਸਰਬ ਕਲਾ ਭਰਪੂਰਤ, ਸਮਰਥ ਪੁਰਖ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਅਗੰਮ ਅਥਾਹੀਆ । ਜਨ ਭਗਤ ਕਹਿਣ ਸਾਡੇ ਪੁਰਖ ਅਕਾਲੇ ਅੰਤਰਜਾਮੀ, ਅੰਤਸ਼ਕਰਨ ਵੇਖਣਾ ਚਾਈਂ ਚਾਈਂਆ । ਆਤਮ ਧਾਰ ਸਤਿ ਸਵਾਮੀ, ਪਾਰਬ੍ਰਹਮ ਤੇਰੀ ਬੇਪ੍ਰਵਾਹੀਆ । ਸੋ ਪੁਰਖ ਨਿਰੰਜਣ ਸਦਾ ਨਿਹਕਾਮੀ, ਨਿਹਚਲ ਧਾਮ ਤੇਰੀ ਵੱਜਦੀ ਰਹੇ ਵਧਾਈਆ । ਹਰਿ ਪੁਰਖ ਨਿਰੰਜਣ ਕਰਨੀ ਮਿਹਰਵਾਨੀ, ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਆਦਿ ਨਿਰੰਜਣ ਤੇਰਾ ਰੂਪ ਅਨੂਪ ਮਹਾਨੀ, ਮਹਿੰਮਾ ਅਕਥ ਕਥੀ ਨਾ ਜਾਈਆ । ਸ੍ਰੀ ਭਗਵਾਨ ਤੇਰੀ ਸਤਿ ਦੀ ਸਤਿ ਨਿਸ਼ਾਨੀ, ਜਗਤ ਨੇਤਰ ਲੋਚਨ ਨੈਣ ਵੇਖਣ ਕੋਇ ਨਾ ਪਾਈਆ । ਅਬਿਨਾਸ਼ੀ ਕਰਤੇ ਤੇਰਾ ਲੇਖਾ ਦੋ ਜਹਾਨੀ, ਦੋਹਰੀ ਆਪਣੀ ਕਲ ਪ੍ਰਗਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਬਖ਼ਸ਼ਣਾ ਪਦ ਨਿਰਬਾਣੀ, ਨਿਰਵੈਰ ਪੁਰਖ ਦੇਣੀ ਮਾਣ ਵਡਿਆਈਆ । ਸਤਿਗੁਰ ਸ਼ਬਦ ਗਹਿਰ ਗੰਭੀਰ ਬਣਨਾ ਧੁਰ ਦਾ ਬਾਨੀ, ਵਸਤ ਅਮੋਲਕ ਅਗੰਮ ਆਪ ਵਰਤਾਈਆ । ਨਿਰਅੱਖਰ ਧਾਰ ਬਿਨਾ ਅੱਖਰਾਂ ਤੋਂ ਸੁਣੀਏ ਤੇਰੀ ਬਾਣੀ, ਅਣਿਆਲਾ ਤੀਰ ਦੇਣਾ ਲਗਾਈਆ । ਬਿਨ ਰਸਨਾ ਜਿਹਵਾ ਅੰਮ੍ਰਿਤ ਰਸ ਪੀਏ ਪਾਣੀ, ਬੂੰਦ ਸਵਾਂਤੀ ਦੇਣੀ ਟਪਕਾਈਆ । ਤੇਰਾ ਜਲਵਾ ਜੋਤ ਤੱਕੀਏ ਕਾਇਆ ਮੰਦਰ ਅੰਦਰ ਸ੍ਰੀ ਭਗਵਾਨੀ, ਭਗਵਨ ਆਪਣਾ ਪਰਦਾ ਦੇਣਾ ਉਠਾਈਆ । ਤੂੰ ਰਹੀਮ ਰਹਿਮਤਾਂ ਵਾਲਾ ਰਹਿਮਾਨੀ, ਖ਼ਾਲਕ ਖ਼ਲਕ ਤੇਰੀ ਓਟ ਤਕਾਈਆ । ਜਗਤ ਝਗੜਾ ਮੇਟ ਜਿਸਮ ਜਿਸਮਾਨੀ, ਜਿਸਮ ਜਮੀਰ ਬੇਨਜ਼ੀਰ ਅੰਦਰੋਂ ਦੇ ਬਦਲਾਈਆ । ਦਰਗਾਹ ਸਾਚੀ ਮੁਕਾਮੇ ਹਕ ਸਚਖੰਡ ਦਵਾਰ ਏਕੰਕਾਰ ਤੇਰਾ ਦਰਸ ਕਰੀਏ ਨੌਜਵਾਨੀ, ਜੋਬਨਵੰਤਾ ਸ੍ਰੀ ਭਗਵੰਤਾ ਧੁਰ ਦਾ ਕੰਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੀ ਓਟ ਰਖਾਈਆ । ਜਨ ਭਗਤ ਕਹਿਣ ਤੂੰ ਪਰਮ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਵਸਤ ਅਮੋਲਕ ਦੇ ਦੇ ਵਥ, ਵਾਸਤਕ ਤੇਰੇ ਅਗੇ ਵਾਸਤਾ ਪਾਈਆ । ਕਾਇਆ ਅੰਦਰ ਟਿਕਾਉਣੀ ਬਿਨਾ ਹੱਥ, ਆਪ ਆਪਣੀ ਖ਼ੁਸ਼ੀ ਬਣਾਈਆ । ਤੇਰੇ ਸਬਰ ਜਾਈਏ ਲੱਥ, ਯਾਰੜਾ ਗੋਬਿੰਦ ਹੋਏ ਸਹਾਈਆ । ਤੇਰੀ ਮਹਿੰਮਾ ਸਦਾ ਗਾਈਏ ਅਕਥ, ਕਥਨੀ ਤੋਂ ਬਾਹਰ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਤੇਰੀ ਅੰਤ ਅਖ਼ੀਰੀ ਇਕੋ ਓਟ, ਓੜਕ ਤੇਰਾ ਧਿਆਨ ਲਗਾਈਆ । ਨਾਮ ਨਿਧਾਨੇ ਲਾ ਦੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਤੈਨੂੰ ਲੱਭਦੇ ਕੋਟੀ ਕੋਟ, ਖੋਜਿਆਂ ਹੱਥ ਕਿਸੇ ਨਾ ਆਈਆ । ਤੇਰਾ ਪ੍ਰਕਾਸ਼ ਤੱਕੀਏ ਨਿਰਮਲ ਜੋਤ, ਜੋਤੀ ਜਾਤੇ ਆਪਣਾ ਭੇਵ ਦੇਣਾ ਖੁਲਾਈਆ । ਆਤਮ ਰੂਪ ਤੇਰਾ ਨੂਰ ਇਕੋ ਗੋਤ, ਦੂਸਰ ਵੰਡ ਨਾ ਕੋਇ ਵੰਡਾਈਆ । ਮਨ ਮਨਸਾ ਦੀ ਅੰਦਰੋਂ ਕੱਢ ਕੇ ਖੋਟ, ਖੋਟੇ ਖਰੇ ਲੈ ਬਣਾਈਆ । ਸਦੀ ਚੌਧਵੀਂ ਸਾਰੇ ਆਲਣਿਉਂ

ਡਿੱਗ ਬੋਟ, ਫੜ ਬਾਹੋਂ ਵਿਚ ਨਾ ਕੋਇ ਟਿਕਾਈਆ । ਉਠ ਵੇਖ ਸੰਦੇਸਾ ਦੇਵੇ ਚੌਦਾਂ ਲੋਕ, ਚੌਦਾਂ ਤਬਕ ਰਹੇ ਜਣਾਈਆ । ਨਵ ਸੱਤ ਤੇਰਾ ਆਤਮ ਧਾਰ ਇਕ ਸਲੋਕ, ਪਾਰਬ੍ਰਹਮ ਬ੍ਰਹਮ ਢੋਲਾ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਜਨ ਭਗਤ ਕਹਿਣ ਸਾਡੀ ਦੁਰਮਤ ਮੈਲ ਧੋ, ਮਿਹਰਵਾਨ ਆਪਣੀ ਦਇਆ ਕਮਾਈਆ । ਤੇਰਾ ਨਾਮ ਨਿਧਾਨਾ ਸੁਣੀਏ ਸੋ, ਸੋ ਸਾਹਿਬ ਤੇਰੀ ਵੱਜਦੀ ਰਹੇ ਵਧਾਈਆ । ਤੁਧ ਬਿਨ ਸਹਾਇਕ ਨਾਇਕ ਅਵਰ ਨਾ ਕੋ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਆਤਮ ਧਾਰ ਤੇਰੇ ਨਾਲ ਜਾਵੇ ਛੋ, ਸ਼ਹਿਨਸ਼ਾਹ ਆਪਣਾ ਰੰਗ ਦੇਣਾ ਰੰਗਾਈਆ । ਕਾਇਆ ਮੰਦਰ ਅੰਦਰ ਤੇਰੀ ਜੋਤ ਦੀ ਹੋਵੇ ਨੂਰ ਨੁਰਾਨੀ ਅਗੰਮੀ ਲੋਅ, ਦੋਏ ਲੋਚਨਾਂ ਤੋਂ ਬਾਹਰ ਨਜ਼ਰੀ ਆਈਆ । ਸ੍ਰਿਸ਼ਟੀ ਨਾਲੋਂ ਦ੍ਰਿਸ਼ਟੀ ਹੋਵੇ ਨਿਰਮੋਹ, ਮੁਹੱਬਤ ਤੇਰੇ ਨਾਲ ਰਖਾਈਆ । ਪੰਚ ਵਿਕਾਰ ਰਹੇ ਨਾ ਗ੍ਰੋਹ, ਕੂੜੀ ਕਿਰਿਆ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਖ਼ਾਲਕ ਪ੍ਰਿਤਪਾਲਕ ਆਪੇ ਹੋ, ਹੌਕਾ ਸੁਣਨਾ ਥਾਉਂ ਥਾਈਂਆ ।

### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਹਰਪਾਲ ਸਿੰਘ ਗੜ੍ਹੀ ਲਾਂਗਰੀ ਦੇ ਨਵਿਤ ✪



ਜਨ ਭਗਤ ਕਹਿਣ ਪਰਮ ਪੁਰਖ ਬੜਾ ਦਿਆਲੂ, ਦੀਨ ਦਿਆਲ ਇਕ ਅਖਵਾਈਆ । ਕਿਰਪਾਨਿਧ ਸਦਾ ਕਿਰਪਾਲੂ, ਪਰਮ ਪੁਰਖ ਵਡ ਵਡਿਆਈਆ । ਜੋ ਸਭ ਦੀ ਸੁਰਤ ਸੰਭਾਲੂ, ਵੇਖਣਹਾਰਾ ਥਾਉਂ ਥਾਈਂਆ । ਜਿਸ ਦਾ ਮਾਰਗ ਸਤਿ ਧਰਮ ਦਾ ਹੋਵੇ ਚਾਲੂ, ਚਾਲ ਨਿਰਾਲੀ ਇਕ ਜਣਾਈਆ । ਲੇਖਾ ਪੂਰਾ ਕਰੇ ਜੋ ਸਤਿਗੁਰ ਨਾਨਕ ਦਿਤਾ ਪੁਤ ਕਾਲੂ, ਕਲਮਿਆਂ ਤੋਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਜੁਗ ਜੁਗ ਭਗਤ ਉਧਾਰਦਾ, ਉਦਰ ਦਾ ਲੇਖਾ ਦਏ ਮੁਕਾਈਆ । ਪੂਰਬ ਜਨਮ ਕਰਜ਼ ਉਤਾਰਦਾ, ਮਕਰੂਜ਼ ਹੋ ਕੇ ਖੇਲ ਖਿਲਾਈਆ । ਲੇਖਾ ਜਾਣੇ ਜਗਤ ਵਿਵਹਾਰ ਦਾ, ਵਿਵਹਾਰੀ ਹੋ ਕੇ ਪਰਦਾ ਲਾਹੀਆ । ਸਤਿ ਸਰੂਪ ਸ਼ਾਹੋ ਭੂਪ ਹੁਕਮ ਵਰਤੇ ਇਕੋ ਸੱਚੀ ਸਰਕਾਰ ਦਾ, ਜਿਸ ਨੂੰ ਨਾ ਕੋਈ ਸਕੇ ਮੇਟ ਮਿਟਾਈਆ । ਲਹਿਣਾ ਦੇਣਾ ਪੂਰਾ ਹੋਵੇ ਪੈਗ਼ੰਬਰ ਗੁਰ ਅਵਤਾਰ ਦਾ, ਅਵਤਰੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰੇ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜਨ ਭਗਤਾਂ ਮਾਨਸ ਜਨਮ ਲੇਖੇ ਜਾਏ ਲੱਗ, ਜਿਨ੍ਹਾਂ ਬਖ਼ਸ਼ੇਂ ਚਰਨ ਸੱਚੀ ਸਰਨਾਈਆ । ਜਗਤ ਤ੍ਰਿਸ਼ਨਾ ਰਹੇ ਨਾ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਕੂੜੀ ਕਿਰਿਆ ਮੇਟੇ ਹੱਦ, ਹਦੂਦ ਆਪਣੀ ਦਏ ਵਖਾਈਆ । ਕਿਰਪਾ ਕਰੇ ਸੂਰਾ ਸਰਬਗ, ਲਹਿਣੇ ਦੇਣੇ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਕਦੇ ਨਾ ਮਰਦਾ, ਸਚਖੰਡ ਸਾਚੇ ਸੋਭਾ ਪਾਈਆ । ਓਹ ਨਿਵਾਸੀ ਉਸ ਘਰ ਦਾ, ਜਿਥੇ ਵਸੇ ਬੇਪਰਵਾਹੀਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਆਤਮ

੧੬੨੨ ੨੩

ਧਾਰ ਵੱਜਦੀ ਰਹੇ ਵਧਾਈਆ । ਦਰਸ਼ਨ ਕਰੇ ਨਰਾਇਣ ਨਰ ਦਾ, ਜੋਤੀ ਜਾਤਾ ਨਜ਼ਰੀ ਆਈਆ । ਦਰ ਠਾਂਡੇ ਸਚ ਸਰਨਾਈ ਪਰਦਾ, ਬਿਨ ਸੀਸ ਜਗਦੀਸ਼ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਾਚਾ ਇਕ ਵਖਾਈਆ । ਜਨ ਭਗਤ ਸੁਹੇਲਾ ਸਚ ਦਵਾਰੇ ਵਸਦਾ, ਸਚਖੰਡ ਸਾਚੇ ਸੋਭਾ ਪਾਈਆ । ਬਿਨ ਰਸਨਾ ਬੁੱਲੀਆਂ ਹੱਸਦਾ, ਆਤਮ ਢੋਲੇ ਖ਼ੁਸ਼ੀਆਂ ਗਾਈਆ । ਪਿਆਸਾ ਬਣ ਪ੍ਰਭੂ ਦੇ ਜਸ ਦਾ, ਸਿਫ਼ਤ ਸਿਫ਼ਤਾਂ ਨਾਲ ਸਲਾਹੀਆ । ਜਿਸ ਦੀ ਪੈਜ ਪੁਰਖ ਅਕਾਲਾ ਰੱਖਦਾ, ਦਰ ਦੇਵੇ ਮਾਣ ਵਡਿਆਈਆ । ਉਹ ਚੁਰਾਸੀ ਵਿਚ ਕਦੇ ਨਾ ਤਪਦਾ, ਜੂਨੀ ਜੂਨ ਨਾ ਕੋਇ ਭਵਾਈਆ । ਸੋ ਸੋਹੰ ਢੋਲਾ ਧੁਰ ਦੇ ਹੁਕਮ ਨਾਲ ਜਪਦਾ, ਤਿਸ ਦਾ ਲਹਿਣਾ ਦੇਣਾ ਰਹੇ ਨਾ ਰਾਈਆ । ਮੇਲ ਮਿਲਾਵਾ ਹੋਵੇ ਧੁਰ ਦੇ ਬਪ ਦਾ, ਪਿਤਾ ਪੂਤ ਗੋਦ ਉਠਾਈਆ । ਜਗਤ ਨਾਤਾ ਜਗਤ ਰਹਿ ਜਾਏ ਤਤ ਦਾ, ਅਗਨੀ ਖ਼ਾਕ ਰੂਪ ਦਰਸਾਈਆ । ਆਤਮ ਸਚਖੰਡ ਦਵਾਰੇ ਫਿਰੇ ਨੱਠਦਾ, ਉਛਲੇ ਕੁੱਦੇ ਚਾਈਂ ਚਾਈਆ । ਮੇਲ ਮਿਲਾਵਾ ਹੋਵੇ ਪਰਮੇਸ਼ਵਰ ਪਤ ਦਾ, ਪਾਰਬ੍ਰਹਮ ਮਿਲ ਕੇ ਵੱਜੇ ਵਧਾਈਆ । ਝਗੜਾ ਰਹੇ ਨਾ ਕਾਇਆ ਮਾਟੀ ਹੱਡ ਮਾਸ ਨਾੜੀ ਰੱਤ ਦਾ, ਰਤਨ ਅਮੋਲਕ ਹਰਿਜਨ ਆਪਣਾ ਰੰਗ ਰੰਗਾਈਆ । ਇਹ ਖੇਲ ਪੁਰਖ ਸਮਰਥ ਦਾ, ਜੁਗ ਜੁਗ ਜਨ ਭਗਤਾਂ ਦੇਵੇ ਆਪ ਵਡਿਆਈਆ । ਹਰਿਜਨ ਕਹੇ ਮੇਰਾ ਨਾਤਾ ਸਦਾ ਸਤਿ ਦਾ, ਸਤਿ ਸਤਿ ਵਿਚ ਸਮਾਈਆ । ਮੇਰਾ ਲਹਿਣਾ ਦੇਣਾ ਪੱਕ ਦਾ, ਪੱਕੀ ਪ੍ਰਭ ਦੇ ਨਾਲ ਪਕਾਈਆ । ਜਨ ਭਗਤ ਆਤਮਾ ਕਹੇ ਪ੍ਰਭ ਲੇਖਾ ਅਗੰਮ ਅਕਥ ਦਾ, ਕਥਨੀ ਕਥ ਨਾ ਸਕੇ ਰਾਈਆ । ਜੋ ਰਥਵਾਹੀ ਧੁਰ ਦੇ ਰਥ ਦਾ, ਦੋ ਜਹਾਨਾਂ ਮਾਤ ਚਲਾਈਆ । ਹਰਪਾਲ ਕਹੇ ਮੈਂ ਉਸ ਦਵਾਰੇ ਵਸਦਾ, ਜਿਥੇ ਵਸਲ ਮਿਲੇ ਯਾਰ ਅਲਾਹੀਆ । ਮੇਰਾ ਲਹਿਣਾ ਦੇਣਾ ਅਗੇ ਅਲੱਖ ਦਾ, ਅਲੱਖ ਅਗੋਚਰ ਹੋ ਕੇ ਵੇਖ ਵਖਾਈਆ । ਜੋ ਲੱਖ ਚੁਰਾਸੀ ਮਥ ਦਾ, ਮਥਣਹਾਰ ਬੇਪਰਵਾਹੀਆ । ਉਹ ਮੇਰਾ ਬੂਟਾ ਪਾਲੇ ਸਚ ਦਾ, ਸਚ ਦੇਵੇ ਮਾਣ ਵਡਿਆਈਆ । ਸਹਾਰਾ ਬਣ ਕੇ ਕਾਇਆ ਮਾਟੀ ਕੱਚ ਦਾ, ਕੰਚਨ ਗੜ੍ਹ ਦਏ ਵਖਾਈਆ । ਜੋ ਲੂੰ ਲੂੰ ਅੰਦਰ ਰਚਦਾ, ਰਚਨਾ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖੇਲੇ ਆਪ ਸਮਰਥ ਦਾ, ਦੂਸਰ ਅਵਰ ਨਾ ਕੋਇ ਜਣਾਈਆ ।



✪ ੧੭ ਮਾਘ ਸ਼ਹਿਨਸ਼ਾਹੀ ਸੰਮਤ ਨੌ ਚੰਡੀਗੜ੍ਹ ਸ਼ਹਿਰ ਗੁਰਦੇਵ ਸਿੰਘ ਦੇ ਗ੍ਰਿਹਿ ਚੰਡੀਗੜ੍ਹ ਹਰਿ ਸੰਗਤ ਦੇ ਨਵਿਤ ✪

ਜਨ ਭਗਤ ਕਹਿਣ ਪ੍ਰਭ ਹਿਰਦੇ ਅੰਦਰ ਵਸਣਾ, ਵਸਨੀਕ ਲਾਸ਼ਰੀਕ ਇਕੋ ਨਜ਼ਰੀ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਮਾਰਗ ਦੱਸਣਾ, ਜਗਤ ਜਹਾਨ ਤੋਂ ਮਿਹਰਵਾਨ ਦੇਣਾ ਸਮਝਾਈਆ । ਨਿਝਰ ਝਿਰਨਾ ਅੰਮ੍ਰਿਤ ਧਾਰ ਦੇਣਾ ਰਸਨਾ, ਰਸਨਾ ਰਸ ਨਾ ਕੋਇ ਵਡਿਆਈਆ । ਕੂੜ ਵਿਕਾਰ ਹੰਕਾਰ ਕਾਇਆ ਮੰਦਰ ਅੰਦਰ ਮਥਣਾ, ਤਨ ਵਜੂਦ ਰਹਿਣ ਨਾ ਪਾਈਆ । ਚਰਨ ਪ੍ਰੀਤ ਜੋੜਨਾ ਨਤਨਾ, ਪ੍ਰੀਤਮ ਹੋ ਕੇ ਹੋਣਾ ਸਹਾਈਆ । ਸਾਨੂੰ ਵਖਾਉਣਾ ਆਪਣਾ ਵਤਨਾ, ਬੇਵਤਨ ਹੋ ਕੇ ਦਈਏ ਦੁਹਾਈਆ । ਤੂੰ ਸਾਹਿਬ ਸਵਾਮੀ ਪੁਰਖ ਅਕਾਲਾ ਸਰਬ ਕਲਾ ਸਮਰਥਣਾ, ਸਮਰਥ ਤੇਰੀ ਵਡਿਆਈਆ । ਹਉ ਬਾਲੇ ਅੰਞਾਣੇ ਚਰਨ ਕਵਲ ਤੇਰੇ ਢੱਠਣਾ, ਢਹਿ ਢਹਿ ਧੂੜੀ ਖ਼ਾਕ ਰਮਾਈਆ । ਆਵਣ ਜਾਵਣ ਲੱਖ ਚੁਰਾਸੀ ਜੰਮ ਕੀ ਫਾਂਸੀ

ਰਹੇ ਨਾ ਰਟਨਾ, ਗੇੜਾ ਗੇੜਿਆਂ ਵਿਚੋਂ ਦਏ ਮਿਟਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰ ਦੇ ਜੋ ਕੌਲ ਇਕਰਾਰ ਕੀਤਾ ਨਾਲ ਗੋਬਿੰਦ ਵਿਚ ਪਟਨਾ, ਪਾਟਲ ਆਪਣਾ ਪਰਦਾ ਦੇਣਾ ਚੁਕਾਈਆ । ਅਸੀਂ ਤੇਰੇ ਦਵਾਰੇ ਬਿਨ ਰਸਨਾ ਜਿਹਵਾ ਖ਼ੁਸ਼ੀਆਂ ਨਾਲ ਹੱਸਣਾ, ਆਤਮ ਪਰਮਾਤਮ ਵੱਜਦੀ ਰਹੇ ਵਧਾਈਆ । ਸਾਹਿਬ ਸੁਲਤਾਨੇ ਨੌਜਵਾਨੇ ਸ੍ਰੀ ਭਗਵਾਨੇ ਤੂੰ ਤੀਰ ਨਿਰਾਲਾ ਕਸਣਾ, ਸ਼ਾਹ ਹਕੀਰ ਬੇਨਜ਼ੀਰ ਆਪਣਾ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਜਨ ਭਗਤ ਕਹਿਣ ਪ੍ਰਭੂ ਸਾਡੇ ਵਸ ਜਾ ਅੰਦਰ ਹਿਰਦੇ, ਹਾਰਦਿਕ ਖ਼ੁਸ਼ੀ ਬਣਾਈਆ । ਅਸੀਂ ਤੈਥੋਂ ਵਿਛੜੇ ਚਿਰ ਦੇ, ਚਿਰੀ ਵਿਛੁੰਨੇ ਲੈ ਮਿਲਾਈਆ । ਦਰਸ਼ਨ ਕਰੀਏ ਅਗੰਮੇ ਪਿਰ ਦੇ, ਘਰ ਪ੍ਰੀਤਮ ਤੱਕੀਏ ਨੂਰ ਅਲਾਹੀਆ । ਤੇਰੇ ਜੁਗ ਚੌਕੜੀ ਗੇੜੇ ਰਹੇ ਗਿੜਦੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜਣ ਵਾਹੋ ਦਾਹੀਆ । ਸਾਨੂੰ ਅਗੇ ਪੈਂਡੇ ਦਿਸਦੇ ਨੇੜ ਦੇ, ਦੂਰ ਦੁਰਾਡਾ ਪੰਧ ਰਹੇ ਨਾ ਰਾਈਆ । ਸਾਡਾ ਲੇਖਾ ਲੋਕਮਾਤ ਮਾਰ ਝਾਤ ਆਪ ਨਿਬੇੜ ਦੇ, ਦੂਸਰ ਹੱਥ ਨਾ ਕਦੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਜਨ ਭਗਤ ਕਹਿਣ ਪ੍ਰਭ ਸਾਡਾ ਅੰਤਸ਼ਕਰਨ ਵੇਖ ਲੈ ਆਪ, ਜਗਤ ਸ਼ਾਸਤਰਾਂ ਲੋੜ ਰਹੇ ਨਾ ਰਾਈਆ । ਤ੍ਰੈਗੁਣ ਮਾਇਆ ਮੇਟ ਦੇ ਤਾਪ, ਅਗਨੀ ਤਤ ਨਾ ਕੋਇ ਜਲਾਈਆ । ਆਤਮ ਬ੍ਰਹਮ ਦਾ ਦੱਸਦੇ ਜਾਪ, ਨਿਰਅੱਖਰ ਆਪ ਸਮਝਾਈਆ । ਸਭ ਦਾ ਪੂਰਾ ਕਰ ਦੇ ਭਵਿਖਤ ਵਾਕ, ਵਾਕਿਆ ਵੇਖ ਖ਼ਲਕ ਖ਼ੁਦਾਈਆ । ਜਨ ਭਗਤਾਂ ਅੰਦਰੋਂ ਖੋਲ ਦੇ ਤਾਕ, ਪਰਦਾ ਓਹਲਾ ਆਪ ਚੁਕਾਈਆ । ਘਰ ਸਵਾਮੀ ਜੋੜਨਾ ਨਾਤ, ਵਿਛੋੜਾ ਅਗਲਾ ਦੇਣਾ ਮਿਟਾਈਆ ।

ਤੂੰ ਪਰਮ ਪੁਰਖ ਸੁਲਤਾਨਾ ਮੈਂ ਬਾਲ ਅੰਞਾਣਾ ਆਤਮ ਤੇਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਖਾਈਆ । ਮਿਹਰਵਾਨ ਮਹਿਬੂਬ ਮਹਿਬੂਬ ਹੋ ਕੇ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਦਰ ਠਾਂਡੇ ਸੀਸ ਝੁਕਾ ਬਿਨ ਹੱਥਾਂ ਤੋਂ ਜੋੜੇ ਹਾਥ, ਹਥੇਲੀ ਹਥੇਲੀ ਨਾਲ ਮਿਲਾਈਆ । ਹਉਂ ਬਾਲ ਅੰਞਾਣੇ ਅਨਾਥਾਂ ਅਨਾਥ, ਤੂੰ ਦੇਵਣਹਾਰ ਬੇਪਰਵਾਹੀਆ । ਸਗਲੇ ਸਵਾਮੀ ਹੋਣਾ ਸਾਥ, ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਵਸਤ ਨਾਮ ਵਰਤਾਈਆ । ਜਨ ਭਗਤ ਕਹਿਣ ਪ੍ਰਭੂ ਜਗਦੀਸ਼, ਜਗਦੀਸ਼ਰ ਤੇਰੀ ਬੇਪਰਵਾਹੀਆ । ਤੇਰੇ ਕਦਮਾਂ ਝੁਕੇ ਇਕੋ ਸੀਸ, ਦੂਸਰ ਓਟ ਨਾ ਕੋਇ ਤਕਾਈਆ । ਸਾਡਾ ਲੇਖਾ ਰਹੇ ਨਾ ਤੀਸ ਬਤੀਸ, ਛਤੀਸਾ ਵੰਡ ਨਾ ਕੋਇ ਵੰਡਾਈਆ । ਤੇਰਾ ਨਾਮ ਨਿਧਾਨਾ ਇਕੋ ਹੋਵੇ ਹਦੀਸ, ਹਜ਼ਰਤਾਂ ਤੋਂ ਬਾਹਰ ਦੇਣਾ ਸਮਝਾਈਆ । ਸਤਿ ਧਰਮ ਦੀ ਦੱਸਣੀ ਰੀਤ, ਸਤਿਜੁਗ ਸਾਚਾ ਜੋੜ ਜੁੜਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਅਬਿਆਂ ਤੋਂ ਬਾਹਰ ਦੇਣਾ ਵਖਾਈਆ । ਤੂੰ ਸਵਾਮੀ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਬੇਪਰਵਾਹੀਆ । ਸਾਡੀ ਕਾਇਆ ਕਰ ਦੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਹਰ ਹਿਰਦੇ ਵਸਣਾ ਚੀਤ, ਮਨ ਚਿਤ ਠਗੌਰੀ ਰਹੇ ਨਾ ਰਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਕਰ ਬਖ਼ਸ਼ੀਸ਼, ਰਹਿਮਤ ਆਪਣੀ ਸਾਡੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਦੀਸੇ ਕੋਇ ਨਾ ਮੀਤ, ਮਿਤ੍ਰ ਪਿਆਰਾ ਨਜ਼ਰ ਕੋਇ ਨਾ ਆਈਆ ।
੧੬੨੪
੨੩

## ੧੯ ਮਾਘ ਸ਼ਹਿਨਸ਼ਾਹੀ ਸੰਮਤ ਨੌ ਗੁੜਗਾਉਂ ਸ਼ਹਿਰ ਸੇਵਾ ਸਿੰਘ ਦੇ ਗ੍ਰਹਿ

ਜਨ ਭਗਤ ਕਹਿਣ ਪ੍ਰਭ ਸਾਡੇ ਉੱਤਮ ਕਰ ਭਾਗ, ਭਗਵਨ ਭਾਗਸ਼ਾਲੀ ਦੇ ਬਣਾਈਆ । ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਹੋ ਸਹਾਈਆ । ਅੰਤਰ ਉਪਜੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਕੂੜੀ ਕਿਰਿਆ ਕਰੀਏ ਤਿਆਗ, ਤ੍ਰੈਗੁਣ ਅਤੀਤੇ ਸਿਰ ਆਪਣਾ ਹੱਥ ਰਖਾਈਆ । ਅੰਤਸ਼ਕਰਨ ਉਪਜੇ ਤੇਰਾ ਪਿਆਰ ਮੇਲਾ ਹੋਏ ਕੰਤ ਸੁਹਾਗ, ਪਰਮ ਪੁਰਖ ਤੇਰੇ ਪਿਆਰ ਦੀ ਵੱਜਦੀ ਰਹੇ ਵਧਾਈਆ । ਕਲਜੁਗ ਜੀਵ ਹੰਸ ਬਣਾ ਕਾਗ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਾਣਕ ਮੋਤੀ ਚੋਗ ਚੁਗਾਈਆ । ਮਾਇਆ ਮਮਤਾ ਡੱਸੇ ਨਾ ਡਸਣੀ ਨਾਗ, ਸਾਂਤਕ ਸਤਿ ਦੇਣਾ ਵਰਤਾਈਆ । ਨਿਜ ਨੇਤਰ ਲੋਚਨ ਨੈਣ ਖੋਲਣੀ ਜਾਗ, ਅਨੁਭਵ ਦ੍ਰਿਸ਼ਟੀ ਆਪਣਾ ਪਰਦਾ ਦੇਣਾ ਉਠਾਈਆ । ਤੇਰੀ ਸਰਨ ਸਰਨਾਈ ਇਕੋ ਜਾਈਏ ਲਾਗ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਧਰਮ ਦੀ ਧਾਰ ਬਣਾ ਲੈ ਸਾਧ, ਸਤਿ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਦਿਵਸ ਰੈਣ ਤੈਨੂੰ ਲਈਏ ਅਰਾਧ, ਸਿਮਰਨ ਇਕੋ ਦੇ ਸਮਝਾਈਆ । ਅੰਤਰ ਰਹੇ ਨਾ ਵਾਦ ਵਿਵਾਦ, ਵਿਖ ਕੂੜੀ ਬਾਹਰ ਦੇਣੀ ਕਢਾਈਆ । ਪਾਰਬ੍ਰਹਮ ਬ੍ਰਹਮ ਵਿਚ ਹੋਵੇ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹਿਣ ਪ੍ਰਭ ਸਾਚੇ ਨਾਮ ਦੀ ਦੇ ਦੇ ਧੁਨ, ਧੁਨ ਆਤਮਕ ਰਾਗ ਜਣਾਈਆ । ਸਾਡੀ ਅੰਦਰੋਂ ਖੁਲ੍ਹੇ ਸੁੰਨ, ਜਗਤ ਸਮਾਧੀ ਲੋੜ ਰਹੇ ਨਾ ਰਾਈਆ । ਭੇਵ ਅਭੇਦਾ ਦੱਸ ਦੇ ਆਪਣਾ ਗੁਣ, ਗੁਣਵੰਤ ਧੁਰਦਰਗਾਹੀਆ । ਸਚ ਸਵਾਮੀ ਅੰਤਰਜਾਮੀ ਭਗਤ ਸੁਹੇਲੇ ਆਪ ਚੁਣ, ਲੱਖ ਚੁਰਾਸੀ ਵਿਚੋਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਅੰਤਰ ਆਤਮ ਬਖ਼ਸ਼ ਦੇ ਠੰਡ, ਤ੍ਰੈਗੁਣ ਅਗਨੀ ਤਤ ਬੁਝਾਈਆ । ਪਾਰਬ੍ਰਹਮ ਆਪਣੇ ਨਾਲ ਪਾ ਲੈ ਗੰਢ, ਬ੍ਰਹਮ ਆਪਣਾ ਸੰਗ ਨਿਭਾਈਆ । ਤੇਰਾ ਖੇਲ ਵੇਖੀਏ ਵਿਚ ਬ੍ਰਹਿਮੰਡ, ਬ੍ਰਹਿਮਾਂਡ ਧਿਆਨ ਲਗਾਈਆ । ਝਗੜਾ ਮੇਟਣਾ ਜੇਰਜ ਅੰਡ, ਉਤਭੁਜ ਸੇਤਜ ਪੰਧ ਮੁਕਾਈਆ । ਕੂੜੀ ਕਿਰਿਆ ਕਰਨੀ ਖੰਡ ਖੰਡ, ਖੰਡਾ ਖੜਗ ਨਾਮ ਹੱਥ ਉਠਾਈਆ । ਸ਼ਬਦੀ ਧਾਰ ਇਕੋ ਚਮਕੇ ਚੰਡ, ਪ੍ਰਚੰਡ ਰੂਪ ਬਦਲਾਈਆ । ਜਗਤ ਵਾਸ਼ਨਾ ਦੇਣਾ ਦੰਡ, ਸਿਰ ਸਕੇ ਨਾ ਮੂਲ ਉਠਾਈਆ । ਭੇਵ ਖੁਲਾਉਣਾ ਤਤ ਪੰਜ, ਪੰਚਮ ਨਾਦ ਧੁਨ ਸ਼ਬਦ ਕਰ ਸ਼ਨਵਾਈਆ । ਅੰਤਰ ਰਹੇ ਨਾ ਗ਼ਮੀ ਰੰਜ, ਸਤਿ ਸਤਿਵਾਦ ਆਪਣਾ ਰੰਗ ਵਖਾਈਆ । ਜਗਤ ਜਹਾਨ ਮੰਜ਼ਲ ਜਾਈਏ ਲੰਘ, ਬਿਨ ਕਦਮਾਂ ਕਦਮ ਉਠਾਈਆ । ਸਚ ਸਵਾਮੀ ਅੰਤਰਜਾਮੀ ਪਰਮ ਪੁਰਖ ਬਖ਼ਸ਼ਣਾ ਆਪਣਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਨੂਰ ਨੁਰਾਨਾ ਚਾੜ੍ਹਨਾ ਚੰਦ, ਨਿਜ ਘਰ ਕਰਨੀ ਆਪ ਰੁਸ਼ਨਾਈਆ । ਸਾਡਾ ਖ਼ੁਸ਼ੀ ਹੋਵੇ ਬੰਦ ਬੰਦ, ਤੇਰੀ ਬੰਦਗੀ ਵਿਚ ਆਪਣਾ ਆਪ ਸਮਾਈਆ । ਆਤਮ ਸੇਜ ਸੁਹਾਉਣੀ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹਿਣ ਪ੍ਰਭ ਸਾਚੇ ਨਾਮ ਦੀ ਦੇ ਦੇ ਦਾਤੀ, ਦਇਆਵਾਨ ਦਇਆ ਕਮਾਈਆ । ਨਿਗਾਹ ਮਾਰ ਲੈ ਲੋਕਮਾਤੀ, ਚਾਰੋਂ ਕੁੰਟ ਵੇਖ ਵਖਾਈਆ । ਜਿਧਰ ਤੱਕੀਏ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੇ ਨਾਮ ਦੀ ਭੁੱਲੀ ਗਾਥੀ, ਰਸਨਾ ਜਿਹਵਾ ਕੂੜ ਲੋਭ ਹਲਕਾਈਆ । ਆਤਮ

੧੬੨੫
੨੩

ਪਰਮਾਤਮ ਬਣਾਏ ਕੋਇ ਨਾ ਸਾਥੀ, ਸਗਲਾ ਸੰਗ ਨਾ ਕੋਇ ਬਣਾਈਆ । ਤੂੰ ਕਿਰਪਾਨਿਧ ਨਾਥ ਅਨਾਥੀ, ਦੀਨਣ ਦੀਨਾ ਲੈਣਾ ਮਿਲਾਈਆ । ਸਾਡੀ ਭੁੱਲ ਬਖ਼ਸ਼ ਗੁਸਤਾਖ਼ੀ, ਹੋਣਾ ਆਪ ਸਹਾਈਆ । ਦਰ ਠਾਂਡੇ ਮੰਗੀਏ ਮੁਆਫ਼ੀ, ਮੁਆਫ਼ ਕਰਨਾ ਆਪ ਗੁਸਾਈਆ । ਸਤਿ ਧਰਮ ਕਰਨੀ ਇਨਸਾਫ਼ੀ, ਅਦਲ ਧੁਰ ਦਾ ਇਕ ਜਣਾਈਆ । ਸ਼ੰਕਰ ਨਾਲ ਮਿਲਾਉਣਾ ਕੈਲਾਸ਼ੀ, ਬ੍ਰਹਮਾ ਬ੍ਰਹਮ ਧਾਰ ਵਡਿਆਈਆ । ਵਿਸ਼ਨੂੰ ਵਿਸ਼ਵ ਦੀ ਤੱਕੇ ਅਯਾਸ਼ੀ, ਨਵ ਨੌ ਦਾ ਭੇਵ ਚੁਕਾਈਆ । ਤੂੰ ਪਰਮ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਦੀਨ ਦੁਨੀ ਤੱਕ ਬਦਮਵਾਸ਼ੀ, ਘਟ ਘਟ ਅੰਦਰ ਵੇਖ ਵਖਾਈਆ । ਪ੍ਰੇਮ ਪਿਆਰ ਦਾ ਦਿਸੇ ਨਾ ਕੋਇ ਅਭਿਲਾਸ਼ੀ, ਅਬਲਾ ਹੋਈ ਲੋਕਾਈਆ । ਚੁਰਾਸੀ ਵਿਚੋਂ ਤੁਧ ਬਿਨ ਕਰੇ ਨਾ ਕੋਇ ਖੁਲਾਸੀ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਸਾਚੇ ਮੰਡਲ ਦਿਸੇ ਕੋਇ ਨਾ ਰਾਸੀ, ਸੁਰਤੀ ਸ਼ਬਦੀ ਗੋਪੀ ਕਾਹਨ ਨਾ ਕੋਇ ਨਚਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਲੋਕਮਾਤ ਮਾਰ ਝਾਤੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਬਿਨ ਤੇਰੀ ਕਿਰਪਾ ਬਜਰ ਕਪਾਟੀ ਖੁਲ੍ਹੀ ਕਿਸੇ ਨਾ ਤਾਕੀ, ਤਕਵਾ ਹਕ ਨਾ ਕੋਇ ਵਖਾਈਆ । ਝਗੜਾ ਵੇਖ ਲੈ ਮਾਨਸ ਮਾਨੁਖ ਖ਼ਾਕੀ, ਤਨ ਵਜੂਦ ਹਕ ਮਹਿਬੂਬ ਦੀਨ ਮਜ਼੍ਹਬ ਵਿਚ ਲੜਾਈਆ । ਤੇਰੇ ਨਾਮ ਕਲਮਿਆਂ ਝਗੜਾ ਪਾਇਆ ਭਰਾਂਤੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਅੰਮ੍ਰਿਤ ਬੂੰਦ ਨਿਝਰ ਝਿਰਨੇ ਕਿਸੇ ਨਾ ਮਿਲੇ ਸਵਾਂਤੀ, ਨਾਭੀ ਕਵਲ ਨਾ ਕੋਇ ਉਲਟਾਈਆ । ਜ਼ਿੰਦਗੀ ਵਿਚੋਂ ਜੀਵਨ ਬਦਲੇ ਨਾ ਕਿਸੇ ਹਯਾਤੀ, ਹਿਰਦੇ ਹਰਿ ਨਾ ਕੋਇ ਵਸਾਈਆ । ਤੂੰ ਸਭ ਦਾ ਪਰਮ ਪੁਰਖ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਚਰਨ ਕਵਲ ਉਪਰ ਧਵਲ ਜੋੜ ਲੈ ਨਾਤੀ, ਮੇਲ ਮਿਲਾਉਣਾ ਸਹਿਜ ਸੁਭਾਈਆ । ਦਿਵਸ ਰੈਣ ਸਦਾ ਸਾਡੀ ਰਹੇ ਪ੍ਰਭਾਤੀ, ਪ੍ਰਭੂ ਆਪਣਾ ਰੰਗ ਦੇਣਾ ਰੰਗਾਈਆ । ਸਾਡੀ ਮਨਸਾ ਕੂੜ ਰਹੇ ਨਾ ਨਾਰ ਕਮਜ਼ਾਤੀ, ਕੰਤ ਸੁਹਾਗ ਲੈਣਾ ਜੁੜਾਈਆ । ਅਸੀਂ ਤੇਰੀ ਧਾਰ ਸਾਡੀ ਪੁਛਣੀ ਵਾਤੀ, ਗ੍ਰਿਹਿ ਗ੍ਰਿਹਿ ਹੋਣਾ ਆਪ ਸਹਾਈਆ । ਤੇਰਾ ਨਾਮ ਕਲਮਾ ਇਕੋ ਹੋਵੇ ਸਫ਼ਾਤੀ, ਸਿਫ਼ਤਾਂ ਨਾਲ ਤੇਰੀ ਵਡਿਆਈਆ । ਸਾਡਾ ਲੇਖ ਰਹੇ ਨਾ ਕਾਗ਼ਜ਼ਾਤੀ, ਕੁਦਰਤ ਕਾਦਰ ਮੇਲਾ ਲੈਣਾ ਮਿਲਾਈਆ । ਤੇਰਾ ਨੂਰ ਜ਼ਹੂਰ ਤੱਕੀਏ ਬ੍ਰਹਿਮਾਦੀ, ਬ੍ਰਹਿਮਾਂਡ ਤੇਰਾ ਪਰਦਾ ਦੇਣਾ ਉਠਾਈਆ । ਤੇਰਾ ਹੁਕਮ ਸੁਣੀਏ ਅਹਿਲਾਦੀ, ਸ਼ਬਦੀ ਸ਼ਬਦ ਕਰਨੀ ਸ਼ਨਵਾਈਆ । ਅੰਤ ਕਲਜੁਗ ਤੇਰੀ ਇਕ ਇਮਦਾਦੀ, ਦੂਸਰ ਓਟ ਨਾ ਕੋਇ ਤਕਾਈਆ । ਬਿਨ ਨੇਤਰ ਨੈਣ ਤੇਰੇ ਪਿਆਰ ਦੀ ਲੱਗੀ ਰਹੇ ਸਮਾਧੀ, ਸੁਰਤੀ ਸ਼ਬਦ ਵਿਚ ਸਮਾਈਆ । ਤੇਰਾ ਲੇਖਾ ਬਾਹਰ ਇਸ਼ਕ ਹਕੀਕੀ ਤੇ ਮਜਾਜ਼ੀ, ਮਜ਼ਾ ਨਿਰਗੁਣ ਧਾਰ ਦੇਣਾ ਚਖਾਈਆ । ਸ਼ਰਅ ਦਾ ਝਗੜਾ ਦਿਸੇ ਕੋਇ ਨਾ ਪੰਡਤ ਕਾਜੀ, ਕਜ਼ਾ ਦਾ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਵਸਤ ਨਾਮ ਵਰਤਾਈਆ । ਜਨ ਭਗਤ ਕਹਿਣ ਪ੍ਰਭ ਹਰ ਹਿਰਦੇ ਜਾਣਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਸਾਚਾ ਮਾਰਗ ਦੇਣਾ ਦੱਸ, ਦਹਿ ਦਿਸ਼ਾ ਤੋਂ ਬਾਹਰ ਦੇਣਾ ਪੜ੍ਹਾਈਆ । ਤੀਰ ਅਣਿਆਲਾ ਮਾਰਨਾ ਕਸ, ਨਾਮ ਨਿਧਾਨਾ ਆਪ ਚਲਾਈਆ । ਨਿਝਰ ਧਾਰੋਂ ਬਖ਼ਸ਼ਣਾ ਰਸ, ਅੰਮ੍ਰਿਤ ਜਾਮ ਦੇਣਾ ਪਿਆਈਆ । ਮਨੂਆ ਸਾਡਾ ਹੋਵੇ ਵਸ, ਵਸਲ ਯਾਰ ਦੇਣਾ ਨੂਰ ਅਲਾਹੀਆ । ਖ਼ੁਸ਼ੀ ਵਿਚ ਢੋਲੇ ਗਾਈਏ ਜਸ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਕਲਜੁਗ ਮੇਟ ਅੰਧੇਰੀ ਮਸ, ਸਤਿਜੁਗ ਸਚ ਚੰਦ ਕਰ ਰੁਸ਼ਨਾਈਆ । ਤੈਨੂੰ ਝੁਕਦੇ ਰਵ ਸਸ, ਸੂਰੀਆ ਚੰਦ ਦਿਵਸ ਰੈਣ ਸੇਵ ਕਮਾਈਆ । ਮੰਡਲ ਮੰਡਪ ਰਹੇ ਹੱਸ, ਢੋਲੇ ਸੋਹਲੇ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ ਮਿਲਾਈਆ । ਜਨ ਭਗਤ ਕਹਿਣ ਪ੍ਰਭ ਸਾਡਾ ਅੰਤਰ ਖੋਲ ਦੇ ਰਾਜ਼, ਰਾਜ਼ਕ ਰਿਜ਼ਕ ਰਹੀਮ ਭੇਵ ਚੁਕਾਈਆ । ਸੂਫ਼ੀ ਕਹਿਣ ਝਗੜਾ ਰਹੇ ਨਾ ਰੋਜ਼ਾ ਨਿਮਾਜ਼, ਬਾਂਗ ਸਦਾ ਇਕੋ ਦੇਣੀ ਸੁਣਾਈਆ । ਤੇਰੀ ਹਕੀਕੀ ਕਲਮੇ ਦੀ ਸੁਣੀਏ ਆਵਾਜ਼, ਬਿਨ ਕੰਨਾਂ ਦੇਣੀ ਜਣਾਈਆ । ਤੇਰੇ ਉਤੇ ਸਾਨੂੰ ਨਾਜ਼, ਸਾਡਾ ਅੰਦਰੋਂ ਨਿਜ਼ਾਮ ਦੇਣਾ ਬਦਲਾਈਆ । ਸਤਿ ਦਾ ਸਚ ਕਰਨਾ ਕਾਜ, ਕਰਤੇ ਪੁਰਖ ਦੇਣੀ ਵਡਿਆਈਆ । ਲੋਕਮਾਤ ਰੱਖਣੀ ਲਾਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੇਰੇ ਸੀਸ ਜਗਦੀਸ਼ ਤੱਕੀਏ ਤਾਜ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਉਡਾ ਦੇ ਬਾਜ, ਬਾਜ਼ੀ ਦੀਨ ਦੁਨੀ ਉਲਟਾਈਆ । ਤੇਰਾ ਧਰਮ ਦਾ ਹੋਵੇ ਇਕ ਸਮਾਜ, ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਜਨ ਭਗਤ ਕਹਿਣ ਪ੍ਰਭ ਸਾਡੇ ਅੰਦਰੋਂ ਕੱਢ ਦੇ ਰੋਗ, ਹਉਮੇ ਹੰਗਤਾ ਦੇ ਮਿਟਾਈਆ । ਤੇਰਾ ਹੋਵੇ ਸਚ ਸੰਜੋਗ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਚਰਨ ਪ੍ਰੀਤ ਬਖ਼ਸ਼ ਦੇ ਜੋਗ, ਜੁਗੀਸ਼ਰਾਂ ਤੋਂ ਬਾਹਰ ਮੇਲਾ ਲੈਣਾ ਮਿਲਾਈਆ । ਤੇਰਾ ਦਰਸ਼ਨ ਹੋਵੇ ਰੋਜ਼, ਨਿਰਗੁਣ ਮਿਲਣਾ ਚਾਈਂ ਚਾਈਂਆ । ਬਿਨ ਤਤਾਂ ਤੋਂ ਕਰਨਾ ਭੋਗ, ਆਤਮ ਪਰਮਾਤਮ ਰਸ ਬਣਾਈਆ । ਪਾਰਬ੍ਰਹਮ ਬ੍ਰਹਮ ਰੱਖਣਾ ਆਪਣੀ ਗੋਦ, ਫੜ ਬਾਹੋਂ ਗਲੇ ਲਗਾਈਆ । ਸਾਡਾ ਅੰਤਸ਼ਕਰਨ ਆਪੇ ਸੋਧ, ਸੁਦੀ ਵਦੀ ਦਾ ਲੇਖਾ ਦੇਣਾ ਮੁਕਾਈਆ । ਤੂੰ ਮਾਲਕ ਜੋਧਨ ਜੋਧ, ਸੂਰਬੀਰ ਇਕ ਅਖਵਾਈਆ । ਬੁੱਧੀ ਤੋਂ ਪਰੇ ਦਾ ਕਰਨਾ ਬੋਧ, ਅਕਲ ਤੋਂ ਬਾਹਰ ਦੇਣਾ ਦ੍ਰਿੜਾਈਆ । ਆਪਣਾ ਭੇਵ ਖੋਲਣਾ ਗੋਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਮੰਦਰ ਹੋਣਾ ਸਹਾਈਆ । ਜਨ ਭਗਤ ਕਹਿਣ ਪ੍ਰਭੂ ਸਾਡਾ ਸੁਹਾ ਦੇ ਕਾਇਆ ਮੰਦਰ, ਤਨ ਅੰਦਰ ਵੱਜਦੀ ਰਹੇ ਵਧਾਈਆ । ਭਾਗ ਲਗਾ ਦੇ ਅੰਧੇਰੀ ਕੰਦਰ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਬਜਰ ਕਪਾਟੀ ਤੋੜ ਦੇ ਜੰਦਰ, ਪਰਦਾ ਪਰਦੇ ਵਿਚੋਂ ਉਠਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ ਧਾਏ ਬੰਦਰ, ਬੰਦਗੀ ਆਪਣੀ ਵਿਚ ਲਗਾਈਆ । ਸ਼ਰਅ ਜਗਤ ਰਹੇ ਨਾ ਕਲੰਦਰ, ਕਲਮਾ ਇਕੋ ਦੇਣਾ ਦ੍ਰਿੜਾਈਆ । ਤੇਰਾ ਦਰ ਠਾਂਡਾ ਆਏ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਚਰਨ ਪ੍ਰੀਤੀ ਚਾੜ੍ਹ ਦੇ ਰੰਗਣ, ਜਗਤ ਜਹਾਨ ਉਤਰ ਕਦੇ ਨਾ ਜਾਈਆ । ਆਤਮ ਪਰਮਾਤਮ ਬਖ਼ਸ਼ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਧੂੜੀ ਖ਼ਾਕ ਰਮਾ ਦੇ ਚੰਦਨ, ਮਸਤਕ ਤੇਰੇ ਚਰਨ ਛੁਹਾਈਆ । ਜਨ ਭਗਤ ਸੁਹੇਲੇ ਤੇਰਾ ਦਰਸ ਕਰਨ ਦਰ ਠਾਂਡੇ ਤੇਰੇ ਲੰਘਣ, ਅਗੇ ਹੋ ਨਾ ਕੋਇ ਅਟਕਾਈਆ । ਪੰਧ ਮੁਕਾ ਦੇ ਆਕਾਸ਼ ਪਾਤਾਲ ਪੁਰੀ ਲੋਅ ਗਗਨ ਗਗਨੰਤਰ ਜਗਤ ਬ੍ਰਹਿਮੰਡਣ, ਪਾਂਧੀਆ ਪੰਧ ਰਹੇ ਨਾ ਰਾਈਆ । ਸਚਖੰਡ ਦਵਾਰ ਏਕੰਕਾਰ ਆਤਮ ਧਾਰ ਦਾ ਹੋਵੇ ਸਗਨ, ਪਰਮਾਤਮ ਖੇਲ ਵਖਾਉਣਾ ਚਾਈਂ ਚਾਈਂਆ । ਤੇਰਾ ਦੀਪਕ ਜੋਤ ਨੂਰ ਨੁਰਾਨਾ ਜਿਸ ਵਿਚ ਹੋਈਏ ਮਗਨ, ਮਸਤੀ ਤੇਰੇ ਵਿਚ ਸਮਾਈਆ । ਸਾਡਾ ਲੇਖੇ ਲਾਉਣਾ ਬੰਦਗੀ ਵਾਲਾ ਕੀਤਾ ਭਜਨ, ਭੈ ਭੰਜਨ ਦੇਣੀ ਮਾਣ ਵਡਿਆਈਆ । ਤੂੰ ਆਦਿ ਪੁਰਖ ਸਵਾਮੀ ਜੋਤੀ ਜਾਤਾ ਇਕ ਨਿਰੰਜਣ, ਨਿਰਵੈਰ ਨਿਰਾਕਾਰ ਨਿਰੰਕਾਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੂਰਤ ਗੋਪਾਲ ਮੋਹਣ ਮਾਧਵ ਮਦਨ, ਮਾਧਵ ਆਪਣੀ ਦਇਆ ਦੇਣੀ ਕਮਾਈਆ ।

੧੬੨੭
੨੩

੧੬੨੮
੨੩

## ✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਧੀਰਪੁਰ ਦਿੱਲੀ-੯ ਵਿਖੇ, ਦਿੱਲੀ ਸੰਗਤ ਨਵਿਤ ✪

ਇੱਕੀ ਮਾਘ ਕਹੇ ਮੇਰਾ ਦਿਵਸ ਸੁਹਾਨਾ, ਸਮੇਂ ਦੀ ਧਾਰ ਮਿਲੇ ਵਡਿਆਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਸ਼ਾਹ ਸ਼ਹਾਨਾ ਧੁਰਦਰਗਾਹੀਆ । ਜੋ ਆਦਿ ਜੁਗਾਦਿ ਭੂਪ ਸੁਲਤਾਨਾ, ਨੌਜਵਾਨਾ ਨੂਰ ਅਲਾਹੀਆ । ਸੰਦੇਸ਼ਾ ਦੇਵੇ ਧੁਰ ਫ਼ਰਮਾਨਾ, ਅਗੰਮ ਅਥਾਹ ਸੁਣਾਈਆ । ਸਤਿਗੁਰ ਸ਼ਬਦ ਹੋਣਾ ਰਵਾਨਾ, ਭੱਜਣਾ ਚਾਈਂ ਚਾਈਆ । ਚੜ੍ਹਦੀ ਦਿਸ਼ਾ ਮਾਰਨਾ ਤੀਰ ਨਿਸ਼ਾਨਾ, ਅਣਿਆਲਾ ਅਗੰਮ ਚਲਾਈਆ । ਜਿਸ ਨੂੰ ਸਮਝੇ ਕੋਇ ਨਾ ਵਿਚ ਜਹਾਨਾ, ਬੁੱਧੀ ਵਿਚ ਨਾ ਕੋਇ ਜਣਾਈਆ । ਲੇਖਾ ਦੱਸਣਾ ਧੁਰ ਅਮਾਮਾ, ਕੀ ਅਮਲਾਂ ਤੋਂ ਬਾਹਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਇੱਕੀ ਮਾਘ ਕਹੇ ਮੇਰਾ ਦਿਵਸ ਸੁਹੰਜਣਾ ਅੱਜ, ਅਜਬ ਮਿਲੇ ਵਡਿਆਈਆ । ਮੈਂ ਪਿਛਲਾ ਲੇਖਾ ਸਾਰਾ ਜਾਣਾ ਤਜ, ਤਖ਼ਤ ਤਾਜ ਜਗਤ ਤਜਾਈਆ । ਅਗਲਾ ਹੁਕਮ ਸੰਦੇਸ਼ਾ ਦੇਵਾਂ ਗੱਜ, ਜਗਤ ਜਹਾਨ ਦ੍ਰਿੜ੍ਹਾਈਆ । ਜੋ ਘੜਿਆ ਸੋ ਜਾਣਾ ਭੱਜ, ਠੀਕਰ ਕੂੜ ਰਹਿਣ ਨਾ ਪਾਈਆ । ਧੁਰ ਦਾ ਡੰਕਾ ਨਾਮ ਨਿਧਾਨਾ ਜਾਣਾ ਵੱਜ, ਨਵ ਸੱਤ ਕਰੇ ਸ਼ਨਵਾਈਆ । ਜਨ ਭਗਤਾਂ ਪ੍ਰਭ ਪਰਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਈਆ । ਘਰ ਦਰਸ਼ਨ ਦੇਵੇ ਰੱਜ, ਰਜੋ ਤਮੋ ਦਾ ਪੰਧ ਮੁਕਾਈਆ । ਸਚ ਸਿੰਘਾਸਣ ਬਹੇ ਸਜ, ਸੁਹੰਜਣਾ ਆਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਮੇਰਾ ਖੇਲ ਇਕ ਇਕੀਸਾ, ਅਕਲ ਕਲਧਾਰੀ ਦਏ ਵਡਿਆਈਆ । ਜਿਸ ਦਾ ਲੇਖਾ ਬੀਸ ਬੀਸਾ, ਬੀਸਵੀਂ ਸਦੀ ਨਾਲ ਮਿਲਾਈਆ । ਉਸ ਦਾ ਹੁਕਮ ਅਗੰਮ ਹਦੀਸਾ, ਹਜ਼ੂਰ ਦੀ ਹਜ਼ਰਤਾਂ ਬਾਹਰ ਪੜ੍ਹਾਈਆ । ਜਿਸ ਦੀ ਆਸ਼ਾ ਰੱਖ ਕੇ ਗਿਆ ਮੂਸਾ ਈਸਾ, ਮੁਹੰਮਦ ਮੁਹੱਬਤ ਵਿਚ ਨੈਣ ਉਠਾਈਆ । ਸੋ ਸਵਾਮੀ ਧੁਰ ਦਾ ਠਾਕਰ ਮੀਤਾ, ਪਰਵਰਦਿਗਾਰ ਬੇਪ੍ਰਵਾਹੀਆ । ਲਹਿਣਾ ਦੇਣਾ ਪੂਰਾ ਕਰਨਾ ਰਾਮਾ ਸੀਤਾ, ਕ੍ਰਿਸ਼ਨਾ ਕ੍ਰਿਸ਼ਨ ਸੰਗ ਬਣਾਈਆ । ਉਹ ਸਭ ਦੀਆਂ ਪਰਖਣਹਾਰਾ ਨੀਤਾ, ਨਿਰਵੈਰ ਪੁਰਖ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਮਾਘ ਕਹੇ ਮੇਰਾ ਦੀਪ ਸੁਹਾਵਾ ਜਗਿਆ, ਜਗਤ ਮਿਲੀ ਵਡਿਆਈਆ । ਕਿਰਪਾ ਕਰੇ ਸੂਰਾ ਸਰਬਗਿਆ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਉਪਰ ਸ਼ਾਹ ਰਗਿਆ, ਸ਼ਹਿਨਸ਼ਾਹ ਇਕ ਅਖਵਾਈਆ । ਜਨ ਭਗਤ ਹੰਸ ਬਣਾਏ ਕਗਿਆ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਕਲਜੁਗ ਕੂੜ ਕੁੜਿਆਰ ਨਵ ਸੱਤ ਫਿਰੇ ਭੱਜਿਆ, ਭੱਜੇ ਵਾਹੋ ਦਾਹੀਆ । ਜੀਵਾਂ ਜੰਤਾਂ ਸਾਧਾਂ ਸੰਤਾਂ ਸੀਨੇ ਦੇ ਵਿਚ ਵੱਜਿਆ, ਅਕਲ ਬੁੱਧੀ ਦਿਤੀ ਭੁਲਾਈਆ । ਧੁਰ ਦਾ ਮਿਲੇ ਕਿਸੇ ਨਾ ਪਦਿਆ, ਅਮਰਾ ਪਦ ਕੋਇ ਨਾ ਪਾਈਆ । ਝੂਠੇ ਧੰਦੇ ਜਗਤ ਜਹਾਨ ਲੱਗਿਆ, ਆਪਣੀ ਕੀਮਤ ਨਾ ਕੋਇ ਰਖਾਈਆ । ਨਵ ਸੱਤ ਕੂੜ ਕੁੜਿਆਰ ਅੰਧੇਰਾ ਵਗਿਆ, ਅਵੱਗਿਆ ਵਿਚ ਲੋਕਾਈਆ । ਦੀਨ ਦੁਨੀ ਵਾਸਨਾ ਹੋਈ ਭਗਿਆ, ਭਵ ਸਾਗਰ ਪਾਰ ਨਾ ਕੋਇ ਕਰਾਈਆ । ਮਿਲੇ ਮੇਲ ਨਾ ਨੂਰ ਅਲਾਹੀ ਰੱਬਿਆ, ਗ੍ਰਿਹਿ ਮੰਦਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਇੱਕੀ ਮਾਘ ਕਹੇ ਮੈਂ ਧਰਮ ਧਾਰ ਦਾ ਵੇਖਾਂ ਪੌੜਾ, ਪੌੜੀ ਪੌੜੀ ਧਿਆਨ ਲਗਾਈਆ । ਸਤਿਗੁਰ ਸ਼ਬਦ ਦਾ ਮਾਰਗ

ਵੇਖਾਂ ਚੌੜਾ, ਜਿਸ ਦੀ ਹੱਦ ਹਦੂਦ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਫਲ ਵੇਖਾਂ ਕੌੜਾ, ਮਿਠਤ ਵਿਚ ਨਾ ਕੋਇ ਸਮਾਈਆ । ਖੇਲ ਤੱਕਾਂ ਬ੍ਰਿਹਮਣ ਗੌੜਾ, ਜਿਸ ਦੀ ਬ੍ਰਹਮ ਤੋਂ ਪਰੇ ਪੜ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਆਪ ਠਗੌਰਾ, ਠੱਗੀ ਜਗਤ ਨਾਲ ਕਮਾਈਆ । ਸਾਧਾਂ ਸੰਤਾਂ ਵਿਚ ਫਿਰੇ ਵਾਂਗ ਚੋਰਾ, ਚੋਰੀ ਚੋਰੀ ਆਪਣਾ ਹੁਕਮ ਵਰਤਾਈਆ । ਜਿਸ ਦਾ ਅਗਲਾ ਖੇਲ ਹੋਣਾ ਘਨਘੋਰਾ, ਅੰਧ ਅੰਧੇਰ ਨਾ ਕੋਇ ਮਿਟਾਈਆ । ਮਾਨਸ ਹੱਡੀਆਂ ਰੁਲਣੀਆਂ ਵਾਂਗ ਪਸ਼ੂਆਂ ਢੋਰਾ, ਪਸ਼ਚਾਤਾਪ ਕਰੇ ਲੋਕਾਈਆ । ਕਿਸੇ ਹੱਥ ਨਾਮ ਨਹੀਂ ਆਉਣਾ ਭੋਰਾ, ਭੌਰੇ ਬੈਠੇ ਸਾਰੇ ਮਾਰਨ ਕੂਕ ਕੂਕ ਕੇ ਧਾਹੀਆ । ਅੰਤ ਕੰਤ ਭਗਵੰਤ ਸਦੀ ਚੌਧਵੀਂ ਜਵਾਬ ਮਿਲਣਾ ਸਭ ਨੂੰ ਕੋਰਾ, ਕਾਇਆ ਕੁਰ੍ਹੇ ਵੇਖ ਵਖਾਈਆ । ਦੀਨ ਦੁਨੀ ਯਾਦ ਨਾ ਆਵੇ ਆਤਮ ਪਰਮਾਤਮ ਵਾਲਾ ਦੋਹਰਾ, ਦੋਹਰਾ ਰੰਗ ਨਾ ਕੋਇ ਰੰਗਾਈਆ । ਦੀਨਾਂ ਮਜ਼੍ਹਬਾਂ ਵਧਿਆ ਖੋਰਾ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਇੱਕੀ ਮਾਘ ਕਹੇ ਮੈਨੂੰ ਦਿਓ ਵਧਾਈਆਂ, ਖ਼ੁਸ਼ੀਆਂ ਢੋਲੇ ਗਾਈਆ । ਕਿਰਪਾ ਕਰੇ ਮੇਰਾ ਗੁਸਾਈਂਆ, ਗਹਿਰ ਗੰਭੀਰ ਧੁਰਦਰਗਾਹੀਆ । ਜਿਸ ਨੂੰ ਸਭ ਨੇ ਕਿਹਾ ਮਾਹੀਆ, ਮਹਿਬੂਬ ਨੂਰ ਅਲਾਹੀਆ । ਉਹ ਜੁਗ ਜੁਗ ਮੇਟਣ ਵਾਲਾ ਸ਼ਾਹੀਆ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਝਗੜਾ ਮੁਕਾਉਣਾ ਸੂਰਾਂ ਗਾਈਂਆ, ਜ਼ਿਬਹ ਛੁਰੀ ਕਰੇ ਨਾ ਕੋਇ ਕਸਾਈਆ । ਜਿਸ ਦੀਨਾਂ ਮਜ਼੍ਹਬਾਂ ਕੱਟਣੀਆਂ ਫਾਹੀਆ, ਫ਼ੈਸਲਾ ਆਪਣਾ ਹੁਕਮ ਸੁਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਨਾਤਾ ਮੇਲਣਾ ਵਿਛੜਿਆਂ ਰਾਹੀਂਆ, ਮਾਰਗ ਇਕੋ ਇਕ ਸਮਝਾਈਆ । ਜਿਸ ਦੀਆਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇਣੀਆਂ

੧੬੨੯ ੨੩ ਗਵਾਹੀਆਂ, ਸ਼ਹਾਦਤ ਸ਼ਬਦ ਗੁਰੂ ਸਮਝਾਈਆ । ਜਿਸ ਘਰ ਘਰ ਅੰਦਰ ਅਗਨੀ ਅੱਗ ਚਵਾਤੀਆਂ ਲਾਈਆਂ, ਜਗਤ ਵਿਦਿਆ ਬੁਝਾ ਸਕੇ ਨਾ ੧੬੨੯ ੨੩

ਰਾਈਆ । ਇਹ ਖੇਲ ਅਗੰਮਾ ਅਗੰਮ ਅਥਾਹੀਆ, ਪਰਦਾ ਸਕੇ ਨਾ ਕੋਇ ਉਠਾਈਆ । ਗੋਬਿੰਦ ਦਾ ਲੇਖਾ ਪੂਰਾ ਜਿਸ ਦਾ ਬੀਤ ਗਿਆ ਢਈਆ, ਆਪਣਾ ਪੰਧ ਮੁਕਾਈਆ । ਜਿਸ ਲੇਖ ਮੁਕਾਉਣੇ ਹਿੰਦੂ ਮੁਸਲਿਮ ਸਿੱਖ ਈਸਾਈਆਂ, ਅਸਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਇੱਕੀ ਮਾਘ ਕਹੇ ਮੇਰਾ ਸਾਹਿਬ ਸਵਾਮੀ ਸ਼ਬਦੀ ਧਾਰ ਫਿਰੇ ਨੱਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਕੂੜ ਕੁੜਿਆਰ ਦੋ ਤਰਫ਼ੀ ਕਰਨਾ ਇਕੱਠਾ, ਇਕੋ ਹੁਕਮ ਵਰਤਾਈਆ । ਜਗਤ ਜਹਾਨ ਉਲਟੀ ਗੇੜ ਦੇ ਲੱਠਾ, ਪਾਸਾ ਪਾਸੇ ਨਾਲੋਂ ਬਦਲਾਈਆ । ਝਗੜਾ ਮੁਕਾ ਦੇ ਮੰਦਰ ਮੱਠਾ, ਸ਼ਿਵਦਵਾਲਿਆਂ ਚਰਚਾਂ ਵੇਖ ਵਖਾਈਆ । ਮਸਜਿਦਾਂ ਲੇਖਾ ਰਹੇ ਨਾ ਰਤਾ, ਪੂਰਬ ਲੇਖੇ ਸਭ ਦੀ ਝੋਲੀ ਪਾਈਆ । ਜਗਤ ਜਗਿਆਸੂ ਕੋਇ ਕਰ ਨਾ ਸਕੇ ਪਤਾ, ਕੀ ਪਤਿਪਰਮੇਸ਼ਵਰ ਹੁਕਮ ਵਰਤਾਈਆ । ਮਨ ਮਤ ਬੁਧੀ ਵਾਲੇ ਸਾਧ ਸੰਤ ਕੀ ਕਰਨ ਜਗਤ ਮਤਾ, ਮਤ ਮਤਾਂਤਰਾਂ ਪੰਧ ਨਾ ਕੋਇ ਮੁਕਾਈਆ । ਸਭ ਦਾ ਅੰਦਰ ਹੋ ਗਿਆ ਤੱਤਾ, ਅਗਨੀ ਤਤ ਸਭ ਨੂੰ ਰਹੀ ਤਪਾਈਆ । ਇੱਕੀ ਮਾਘ ਕਹੇ ਮੈਂ ਉਸ ਦੇ ਸਥਰ ਲੱਥਾ, ਜਿਸ ਦੀ ਸੇਜ ਗੋਬਿੰਦ ਧਾਰ ਹੰਢਾਈਆ । ਜਿਸ ਨੂੰ ਜਗਤ ਜਹਾਨ ਟੇਕ ਸਕੇ ਨਾ ਮੱਥਾ, ਮਸਤਕ ਧੂੜ ਨਾ ਕੋਇ ਰਮਾਈਆ । ਉਹ ਲੇਖਾ ਪੂਰਾ ਕਰੇ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਮੈਂ ਭੇਵ ਖੁਲਾਵਾਂ ਯਥਾਰਥ ਯਥਾ, ਯਦਪ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ

ਸੁਣਾਈਆ । ਇੱਕੀ ਮਾਘ ਕਹੇ ਵਾਹ ਵਾਹ ਦਿੱਲੀ ਦਰਬਾਰਾ, ਦਰੇ ਦਰਬਾਰ ਤੇਰੀ ਵਡਿਆਈਆ । ਮੇਰੇ ਦਿਵਸ ਦਾ ਤੇਰੇ ਨਾਲ ਪਿਆਰਾ, ਪਿਆਰੇ ਪ੍ਰੀਤਮ ਦਿਆਂ ਜਣਾਈਆ । ਤੇਰਾ ਗ੍ਰਿਹਿ ਸੱਚਾ ਘਰ ਬਾਰਾ, ਭਗਤ ਦਵਾਰ ਵਜਦੀ ਰਹੇ ਵਧਾਈਆ । ਜਿਥੇ ਇਕੋ ਮਾਣ ਪੁਰਖ ਨਾਰਾ, ਨਰ ਨਰਾਇਣ ਹੋਏ ਸਹਾਈਆ । ਬੇਖ਼ਬਰਾਂ ਕਰੀਂ ਖ਼ਬਰਦਾਰਾ, ਖ਼ਬਰ ਜਗਤ ਜਹਾਨ ਸੁਣਾਈਆ । ਸਭ ਦਾ ਪੂਰਬ ਲਾਹੁਣਾ ਉਧਾਰਾ, ਗੁਰ ਤੇਗ਼ ਬਹਾਦਰ ਬਿਨ ਨੈਣ ਨੈਣ ਉਠਾਈਆ । ਢਾਕੇ ਦਾ ਲੇਖਾ ਕਰਨਾ ਜ਼ਾਹਰਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੇਰੀ ਨਮੋ ਨਮੋ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਤੂੰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ, ਅਕਲ ਕਲਧਾਰੀ ਇਕ ਅਖਵਾਈਆ । ਸਤਿਗੁਰ ਸ਼ਬਦ ਸ਼ਬਦ ਗੁਰ ਸਤਿਗੁਰ ਨਿਰਗੁਣ ਧਾਰ ਹੋਣਾ ਜ਼ਾਹਰਾ, ਜ਼ਾਹਰ ਜ਼ਹੂਰ ਤੇਰੀ ਵਡਿਆਈਆ । ਕਲਜੁਗ ਲੇਖਾ ਫੇਰ ਨਾ ਰਹੇ ਦੁਬਾਰਾ, ਅੰਤ ਦਾ ਅੰਤ ਦੇਣਾ ਕਰਾਈਆ । ਤੂੰ ਕਲ ਕਲਕੀ ਅਵਤਾਰਾ, ਨਿਹਕਲੰਕ ਕਲ ਤੇਰੀ ਬੇਪਰਵਾਹੀਆ । ਨੂਰ ਨੁਰਾਨਾ ਅਮਾਮ ਅਮਾਮਾ ਹੋ ਜ਼ਾਹਿਰਾ, ਜ਼ਾਹਰ ਜ਼ਹੂਰ ਤੇਰੀ ਰੁਸ਼ਨਾਈਆ । ਚੜ੍ਹਦੇ ਦਾ ਲੇਖਾ ਲਹਿੰਦੇ ਦੀ ਦਿਸ਼ਾ ਮੇਲ ਮੇਲਣਾ ਨਾਲ ਕਾਹਿਰਾ, ਕਹਿਰ ਦਾ ਆਪਣਾ ਹੁਕਮ ਵਰਤਾਈਆ । ਤੇਰੀ ਹੱਦ ਹਦੂਦਾ ਸਮਝੇ ਕੋਈ ਨਾ ਦਾਇਰਾ, ਅੰਤ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸ਼ਬਦ ਧਾਰ ਦੀ ਸੈਰਾ, ਸੈਰਗਾਹ ਦੋ ਜਹਾਨ ਨਜ਼ਰੀ ਆਈਆ ।



### ✪ ੨੯ ਮਾਘ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਮਨਜੀਤ ਕੌਰ ਨੂਰਪੁਰ ਦੇ ਨਮਿਤ ✪

੧੬੩੦ ੨੩

ਜਨ ਭਗਤ ਕਹਿਣ ਪ੍ਰਭੂ ਸਾਡੇ ਧੁਰ ਦੇ ਬਾਪ, ਪਿਤਾ ਪੁਰਖ ਅਕਾਲ ਤੇਰੀ ਸ਼ਰਨਾਈਆ । ਮਿਹਰਵਾਨਾ ਸ੍ਰੀ ਭਗਵਾਨਾ ਕਿਰਪਾ ਕਰੀਂ ਆਪ, ਪ੍ਰੀਤਮ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਪਾਉਣਾ ਜਾਪ, ਜਗ ਜੀਵਣ ਦਾਤੇ ਦੇਣੀ ਵਡਿਆਈਆ । ਮੇਲ ਮਿਲਾਉਣਾ ਤੀਨੋ ਤਾਪ, ਤ੍ਰੈਗੁਣ ਅਤੀਤੇ ਹੋਣਾ ਸਹਾਈਆ । ਕਿਰਪਾ ਕਰਨੀ ਲੋਕਮਾਤ, ਧਰਨੀ ਧਰਤ ਧਵਲ ਧੌਲ ਉਤੇ ਵੇਖ ਵਖਾਈਆ । ਕੋਟਨ ਕੋਟ ਜਨਮ ਦੇ ਮੇਟਣੇ ਪਾਪ, ਪਤਤ ਪੁਨੀਤ ਕਰਾਈਆ । ਦੁੱਖ ਰੋਗ ਨਾ ਰਹੇ ਸੰਤਾਪ, ਸੁਖ ਸਾਗਰ ਵਿਚ ਸਮਾਈਆ । ਅੰਦਰੋਂ ਮੇਟ ਅੰਧੇਰੀ ਰਾਤ, ਸਾਚਾ ਨੂਰ ਚੰਦ ਦੇ ਚਮਕਾਈਆ । ਨਿਰਗੁਣ ਧਾਰ ਪੁਛਣੀ ਵਾਤ, ਸਰਗੁਣ ਹੋਣਾ ਆਪ ਸਹਾਈਆ । ਤੇਰੇ ਚਰਨ ਕਵਲ ਸਚ ਪ੍ਰੀਤੀ ਨਾਤ, ਰਿਸ਼ਤਾ ਅਗੰਮ ਦੇਣਾ ਬਣਾਈਆ । ਤੇਰਾ ਦਰਸ਼ਨ ਕਰੀਏ ਬਹੁਭਾਂਤ, ਬਹੁਭਾਂਤੀ ਆਪਣਾ ਰੰਗ ਰੰਗਾਈਆ । ਕਿਰਪਾ ਕਰਨੀ ਇਕ ਇਕਾਂਤ, ਇਕ ਇਕੱਲੇ ਦੇਣੀ ਵਡਿਆਈਆ । ਸਭ ਦੀ ਅੰਤਮ ਪੁਛਣੀ ਵਾਤ, ਵਾਤਾਵਰਨ ਵੇਖਣਾ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਪ੍ਰੀਤੀ ਚਰਨ ਕਵਲ ਨਾਤ । ਜਨ ਭਗਤ ਕਹਿਣ ਦੁੱਖੜਾ ਕੱਟ ਦੇ ਰੋਗ, ਹਉਮੇ ਰਹਿਣ ਨਾ ਪਾਈਆ । ਸਾਚੇ ਨਾਮ ਦੀ ਬਖ਼ਸ਼ ਦੇ ਚੋਗ, ਚੁਗਲੀ ਨਿੰਦਿਆ ਵਿਚੋਂ ਬਾਹਰ ਰਖਾਈਆ । ਚਿੰਤਾ ਗ਼ਮ ਰਹੇ ਨਾ ਸੋਗ, ਚਿਖਾ ਕੂੜ ਨਾ ਅਗਨ ਜਲਾਈਆ । ਤੇਰੇ ਨਾਮ ਦੀ ਚੁਗੀਏ ਚੋਗ, ਰਸ ਅੰਮ੍ਰਿਤ ਦੇਣਾ ਚਖਾਈਆ । ਚਰਨ ਪ੍ਰੀਤ ਬਖ਼ਸ਼ਣਾ ਜੋਗ, ਜੁਗੀਸ਼ਰਾਂ ਬਾਹਰ ਪੜ੍ਹਾਈਆ । ਤੇਰਾ ਕਰੀਏ ਦਰਸ

ਅਮੋਘ, ਅਮੁਲ ਤੇਰੀ ਸਰਨਾਈਆ । ਤੇਰੇ ਖੇਲ ਤਕੀਏ ਚੋਜ, ਚੋਜੀ ਪ੍ਰੀਤਮ ਤੇਰੇ ਹੱਥ ਵਡਿਆਈਆ । ਸਤਿ ਸਚ ਦਾ ਬਖ਼ਸ਼ ਦੇ ਜੋਗ, ਭਿਛਿਆ ਸਚ ਵਾਲੀ ਵਰਤਾਈਆ । ਤੇਰੇ ਨਾਮ ਦੀ ਮਾਣੀਏ ਮੌਜ, ਮਜਲਸ ਭਗਤਾਂ ਦੇਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਪੂਰ ਕਰਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਨਾਮ ਧਿਆਈਏ ਮੁਖ, ਰਸਨਾ ਸਿਫ਼ਤ ਸਲਾਹੀਆ । ਸਾਡੇ ਅੰਦਰ ਰਹੇ ਨਾ ਦੁੱਖ, ਤ੍ਰਿਸ਼ਨਾ ਦੇਣੀ ਮਿਟਾਈਆ । ਅੰਮ੍ਰਿਤ ਧਾਰ ਮਿਟਾਉਣੀ ਭੁੱਖ, ਹਉਮੇ ਹੰਗਤਾ ਗੜ੍ਹ ਤੁੜਾਈਆ । ਸੁਫ਼ਲ ਕਰਾਉਣੀ ਜਨਨੀ ਕੁੱਖ, ਮਿਲੇ ਮਾਣ ਜਣੇਂਦੀ ਮਾਈਆ । ਸਾਡਾ ਪੈਂਡਾ ਜਾਵੇ ਮੁਕ, ਆਵਣ ਜਾਵਣ ਰਹੇ ਨਾ ਰਾਈਆ । ਤੇਰਾ ਨਾਮ ਗਾਈਏ ਤੁਕ, ਤੇਰੀ ਸਿਫ਼ਤ ਸਿਫ਼ਤ ਸਲਾਹੀਆ । ਸੀਸ ਜਗਦੀਸ਼ ਜਾਵੇ ਝੁਕ, ਧੂੜੀ ਖ਼ਾਕ ਰਮਾਈਆ । ਸਾਡਾ ਪੈਂਡਾ ਪੰਧ ਜਾਏ ਮੁਕ, ਚੁਰਾਸੀ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਕਹਿਣ ਸਾਡੇ ਉਪਰ ਤੁਠ, ਮੁੱਠੀ ਭਰ ਸਾਰੇ ਲੈ ਤਰਾਈਆ ।

## ✪ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪


੧੬੩੧ ੨੩

ਸਤਿਗੁਰ ਸ਼ਬਦ ਕਹੇ ਸੁਣੋ ਹੁਕਮ ਕੰਤ ਸੁਹਾਗਾ, ਸ਼ਾਹੋ ਭੂਪ ਸੁਲਤਾਨ ਸ੍ਰੀ ਭਗਵਾਨ ਆਪ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰੂ ਜਾਗਾ, ਬਿਨ ਨੇਤਰ ਲੋਚਨ ਨੈਣ ਅੱਖ ਖੁਲਾਈਆ । ਜਿਸ ਦੇ ਹੁਕਮ ਵਿਚ ਲੋਕਮਾਤ ਬੀਤਿਆ ਮਾਘਾ, ਧਰਨੀ ਧਰਤ ਧਵਲ ਧੌਲ ਆਪਣਾ ਪੰਧ ਮੁਕਾਈਆ । ਫਲਗੁਣਾ ਨਿਰਗੁਣ ਧਾਰ ਆਵੇ ਭਾਗਾ, ਭੱਜੇ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਗਾਵੇ ਰਾਗਾ, ਅਨੁਰਾਗੀ ਦੇਵੇ ਮਾਣ ਵਡਿਆਈਆ । ਹੱਸ ਕੇ ਕਹੇ ਮੇਰਾ ਵਕਤ ਸੁਹੰਜਣਾ ਹੋਇਆ ਸੁਭਾਗਾ, ਪ੍ਰਵਿਸ਼ਟਾ ਦ੍ਰਿਸ਼ਟ ਇਸ਼ਟ ਨਾਲ ਮਿਲਾਈਆ । ਸਰਗੁਣ ਧਾਰ ਤੱਕਾਂ ਸਤਿ ਸਰੂਪ ਜਗਤ ਵਿਕਾਰ ਕਾਗਾ, ਹੰਸ ਸਰਬੰਸ ਖੋਜ ਖੁਜਾਈਆ । ਅੰਤਰ ਨਿਰੰਤਰ ਸੁਰਤੀ ਸ਼ਬਦੀ ਹਰਿਜਨ ਪ੍ਰੇਮ ਤੱਕਾਂ ਲਾਗਾ, ਪਾਰਬ੍ਰਹਮ ਬ੍ਰਹਮ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੁਰਮਤ ਮੈਲ ਵੇਖਾਂ ਦਾਗ਼ਾ, ਵਿਕਾਰ ਹੰਕਾਰ ਖੋਜ ਖੁਜਾਈਆ । ਧੁਰ ਸੰਦੇਸ਼ ਸੁਣਾਂ ਜੋ ਦੇ ਕੇ ਗਿਆ ਵਾਲਾ ਬਾਜਾ, ਬਾਜ਼ੀ ਦੀਨ ਦੁਨੀ ਸਮਝਾਈਆ । ਜਿਸ ਨੇ ਅੰਤ ਕੰਤ ਭਗਵੰਤ ਹੋ ਸਵਾਰਨਾ ਕਾਜਾ, ਕੁਦਰਤ ਦਾ ਕਾਦਰ ਮਖ਼ਲੂਕ ਦਾ ਮਾਲਕ ਹੋ ਕੇ ਵੇਖ ਵਖਾਈਆ । ਸੋ ਸ਼ਾਹੋ ਭੂਪ ਸਤਿ ਸਰੂਪ ਦੋ ਜਹਾਨਾਂ ਰਾਜਨ ਰਾਜਾ, ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖ ਵਖਾਈਆ । ਜਿਸ ਦਾ ਖੇਲ ਜੁਗ ਚੌਕੜੀ ਵੇਖਣਹਾਰਾ ਵਾਦਾ, ਵਿਵਾਦ ਵਿਖ ਅੰਮ੍ਰਿਤ ਧਿਆਨ ਲਗਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਮਾਧਵ ਮਾਧਾ, ਮਧੁਰ ਧੁਨ ਰਿਹਾ ਜਣਾਈਆ । ਜਿਸ ਅਗੇ ਨਾ ਕੋਈ ਸਵਾਲ ਨਾ ਜਵਾਬਾ, ਸਿਰ ਸਕੇ ਨਾ ਕੋਈ ਉਠਾਈਆ । ਉਹ ਲੇਖਾ ਜਾਣੇ ਧਰਨੀ ਧਰਤ ਧਵਲ ਸਮੁੰਦ ਸਾਗਰ ਜਲ ਥਲ ਮਹੀਅਲ ਆਬਾ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਜਾਣੇ ਦੀਨ ਦੁਨੀ ਵਾਲੇ ਕਾਅਬਾ, ਕਿਬਲ ਦਾ ਮਾਲਕ ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਫਲਗੁਣ ਕਹੇ ਮੈਂ ਆ ਗਿਆ ਲੋਕਮਾਤ, ਮਤਾ ਸਤਿਗੁਰ ਸ਼ਬਦ ਨਾਲ ਪਕਾਈਆ । ਸਤਿ ਸਤਿਵਾਦੀ ਬਖ਼ਸ਼ਣੀ ਦਾਤ, ਵਸਤ ਅਨਮੁੱਲ ਅਤੁਲ ਵਰਤਾਈਆ । ਸਚ ਪ੍ਰੀਤ ਜੋੜਨਾ ਨਾਤ, ਕੂੜੀ ਕਿਰਿਆ ਡੇਰਾ ਢਾਹੀਆ । ਮੇਰਾ ਲੇਖਾ ਰਹੇ ਨਾ ਜ਼ਾਤ ਪਾਤ, ਪਤਿਪਰਮੇਸ਼ਵਰ ਇਕੋ ਓਟ ਤਕਾਈਆ । ਕਲਜੁਗ ਵੇਖਾਂ ਅੰਧੇਰੀ ਰਾਤ, ਨਵ ਸੱਤ ਖੋਜ ਖੁਜਾਈਆ । ਚਾਰ ਜੁਗ ਦੇ ਪਿਛਲੇ ਪਾਤਰਾਂ ਵੇਖਾਂ ਪਾਤ, ਪਤ੍ਰਕਾ ਫੋਲ ਫੁਲਾਈਆ । ਕੀ ਲੇਖਾ ਲਹਿਣਾ ਦੇਣਾ ਲਿਖਿਆ ਨਾਲ ਕਲਮ ਦਵਾਤ, ਕਾਗ਼ਜ਼ ਸਿਆਹੀ ਜੋੜ ਜੁੜਾਈਆ । ਜਿਨ੍ਹਾਂ ਦੀ ਹੋਵੇ ਨਾ ਕਦੇ ਵਫ਼ਾਤ, ਮਰਨ ਜਨਮ ਨਾ ਰੂਪ ਬਦਲਾਈਆ । ਸਤਿਗੁਰ ਸ਼ਬਦ ਦਾ ਹੁਕਮ ਬਹੁਭਾਂਤ, ਜਗਤ ਅੱਖਰਾਂ ਨਾਲ ਵਡਿਆਈਆ । ਲੇਖੇ ਤੱਕਾਂ ਇਕ ਇਕਾਂਤ, ਏਕੰਕਾਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਮੇਰੀ ਸੁਹੰਜਣੀ ਹੋਈ ਰੁਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਲਖ ਚੁਰਾਸੀ ਵੇਖਣਹਾਰਾ ਖ਼ਾਨੇ ਬੁਤ, ਬੁਤਖ਼ਾਨਿਆਂ ਫੋਲ ਫੁਲਾਈਆ । ਜਿਸ ਦੀ ਧਾਰ ਅਗੰਮਾ ਇਕੋ ਸ਼ਬਦ ਦੁਲਾਰਾ ਸੁਤ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸੋ ਸਚ ਦਵਾਰਿਉਂ ਆਏ ਉਠ, ਬਿਨ ਕਦਮਾਂ ਕਦਮ ਉਠਾਈਆ । ਮੇਰੇ ਉਤੇ ਜਾਏ ਤੁਠ, ਮਿਹਰ ਨਜ਼ਰ ਉਠਾਈਆ । ਸ੍ਰਿਸ਼ਟੀ ਵੇਖੇ ਚਾਰੇ ਗੁੱਠ, ਚਾਰੇ ਕੁੰਟਾਂ ਫੋਲ ਫੁਲਾਈਆ । ਬਿਨ ਹਰਿ ਨਾਮੇ ਸਭ ਦੇ ਖ਼ਾਲੀ ਦਿਸੇ ਠੁਠ, ਮਾਟੀ ਭਾਂਡੇ ਸਾਢੇ ਤਿੰਨ ਹੱਥ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੇਰਾ ਸੁਹੰਜਣਾ ਹੋਵੇ ਮਹੀਨਾ, ਮਾਸ ਦਿਵਸ ਮਿਲੇ ਵਡਿਆਈਆ । ਪ੍ਰਭੂ ਦਾ ਨਾਮ ਮਿਲੇ ਨਗੀਨਾ, ਜਿਸ ਦੀ ਕੀਮਤ ਨਾ ਕੋਇ ਚੁਕਾਈਆ । ਰੰਗ ਖ਼ੁਸ਼ੀਆਂ ਚਾੜ੍ਹੇ ਭੀਨਾ, ਭਿੰਨੜੀ ਰੈਣ ਨਾਲ ਵਡਿਆਈਆ । ਝਗੜਾ ਮੁਕੇ ਲੋਕ ਤੀਨਾ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਮੈਂ ਨਿਮਾਣਾ ਬਣ ਮਸਕੀਨਾ, ਨਿਵ ਨਿਵ ਲਾਗਾਂ ਪਾਈਆ । ਪ੍ਰਭੂ ਮੇਰਾ ਵਿਚਾਰ ਨਾ ਕਰੀਂ ਕਮੀਨਾ, ਕਾਮਲ ਮੁਰਸ਼ਦ ਦੇਣੀ ਵਡਿਆਈਆ । ਤੂੰ ਮਾਲਕ ਇਕ ਰਹੀਮਾ, ਰਹਿਮਤ ਦੇਣੀ ਵਡਿਆਈਆ । ਮੈਨੂੰ ਸਚ ਦੱਸ ਦੇ ਮੇਰੇ ਵਿਚ ਕਿਹੜੀ ਵੰਡਣੀ ਸੀਮਾ, ਸਿੰਮਤ ਦੇ ਸਮਝਾਈਆ । ਕਿਸ ਬਿਧ ਕਰੇ ਤਰਮੀਮਾ, ਹਿੱਸੇ ਆਪਣੇ ਆਪੇ ਪਾਈਆ । ਕੀ ਸਤਿਗੁਰ ਨਾਨਕ ਇਸ਼ਾਰਾ ਦੇ ਕੇ ਗਿਆ ਚੀਨਾ, ਚੀਨਣ ਤੋਂ ਬਾਹਰ ਆਪ ਦ੍ਰਿੜਾਈਆ । ਮਿਹਰ ਕਰ ਦੇ ਮੇਰੇ ਯਾਮਬੀਨਾ, ਮਹਿਬਾਨ ਬੀਹਦੋ ਨੂਰ ਅਲਾਹੀਆ । ਮੇਰਾ ਸਜਦਾ ਕਰ ਕਦਮੇ ਅਜ ਤਖ਼ਤਾ ਵਲਜੁ ਤਵਜ਼ੀਅ ਆਜੀਮਾ, ਬੇਪਰਵਾਹ ਤੇਰੀ ਬੇਪਰਵਾਹੀਆ । ਕੌਲ ਇਕਰਾਰ ਯਾਦ ਕਰ ਲੈ ਜੋ ਮਕਬਰਾ ਇਸ਼ਾਰਾ ਦੇਵੇ ਵਿਚ ਮਦੀਨਾ, ਮੁਹੰਮਦ ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਚੀਨਾ ਚਸ਼ਜੀ ਮਨਕਜ਼ੀ ਤਲਵਜ਼ੀ ਜਲਵਹੂ ਨੀਜ਼ੇ ਮਵਲ ਤੁਖਲ ਜ਼ਮੂ ਜ਼ਵਾਉ ਅਬਲ ਤੋਜ਼ਾ ਜ਼ਬਤੀ ਅਮ ਕੌਲ ਜ਼ਬਤੀ ਜ਼ਵੀ ਨੂਰੇ ਅਸ਼ਦ ਗੋਬਿੰਦੇ ਤਸ਼ਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਫਲਗੁਣ ਕਹੇ ਮੇਰੀ ਰੁਤ ਅਗੰਮੜੀ ਏਕ, ਏਕੰਕਾਰ ਦਏ ਵਡਿਆਈਆ । ਪਰਮ ਪੁਰਖ ਤੇਰੀ ਟੇਕ, ਬਿਨ ਧੂੜੀ ਮਸਤਕ ਟਿੱਕਾ ਦੇਣਾ ਰਮਾਈਆ । ਤੇਰਾ ਖੇਲ ਤੱਕਾਂ ਅਨੇਕ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਮੈਨੂੰ ਆਪਣਾ ਦੱਸ

ਦੇ ਭੇਤ, ਭੇਵ ਅਭੇਦ ਦੇ ਖੁਲਾਈਆ । ਕਿਉਂ ਸਤਿਗੁਰ ਅਰਜਨ ਸੀਸ ਪਵਾਈ ਰੇਤ, ਤੱਤੀ ਤਵੀ ਦਏ ਗਵਾਹੀਆ । ਕੀ ਤੇਰਾ ਲਹਿਣਾ ਨੇਤਨ ਨੇਤ, ਨਰ ਨਰਾਇਣ ਦੇਣਾ ਸਮਝਾਈਆ । ਕਿਉਂ ਅਵਤਾਰ ਪੈਗ਼ੰਬਰਾਂ ਗੁਰੂਆਂ ਯੁੱਧਾਂ ਵਿਚ ਜੀਵਾਂ ਜੰਤਾਂ ਕੀਤਾ ਖੇਤ, ਖੰਡੇ ਖੜਗ ਤੀਰ ਕਮਾਨ ਹੱਥ ਉਠਾਈਆ । ਕਿਉਂ ਗੋਬਿੰਦ ਬੱਚੇ ਕੀਤੇ ਭੇਟ, ਪਰਦਾ ਦੇਣਾ ਚੁਕਾਈਆ । ਕਿਉਂ ਸਚ ਸਿੰਘਾਸਣ ਗਿਆ ਲੇਟ, ਆਸਣ ਜਗਤ ਨਾ ਕੋਇ ਵਖਾਈਆ । ਤੇਰੇ ਜੁਗ ਚੌਕੜੀ ਬੀਤੇ ਕੇਤਨ ਕੇਤ, ਨੌ ਸੌ ਚੁਰਾਨਵੇਂ ਆਪਣਾ ਪੰਧ ਚੁਕਾਈਆ । ਕਿਉਂ ਸਦੀ ਚੌਧਵੀਂ ਸਭ ਨੂੰ ਲੱਗਾ ਸੇਕ, ਆਬੇ ਹਯਾਤ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੂੰ ਸਭ ਦੀ ਵੇਖਣਹਾਰਾ ਰੇਖ, ਘਟ ਘਟ ਅੰਦਰ ਡੇਰਾ ਲਾਈਆ । ਤੇਰਾ ਰੂਪ ਅਵੱਲੜਾ ਭੇਖ, ਜਗਤ ਸਮਝ ਵਿਚ ਨਾ ਆਈਆ । ਮੈਨੂੰ ਦੱਸ ਅਗੰਮ ਸੰਦੇਸ, ਸਰਘੀ ਸੰਧਿਆ ਤੋਂ ਬਾਹਰ ਸਮਝਾਈਆ । ਤੂੰ ਦੋ ਜਹਾਨਾਂ ਨਰੇਸ਼, ਸਚਖੰਡ ਨਿਵਾਸੀ ਇਕ ਅਖਵਾਈਆ । ਫਲਗੁਣ ਕਹੇ ਪ੍ਰਭੂ ਕਿਸ ਬਿਧ ਨਵ ਸੱਤ ਤੇਰੇ ਹੁਕਮ ਦਾ ਹੋਵੇ ਕਲੇਸ਼, ਕਲਾਧਾਰੀ ਦੇਣਾ ਦ੍ਰਿੜਾਈਆ । ਜਿਹੜਾ ਤੇਰੀ ਮਹਿੰਮਾ ਕਰਦਾ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਫਲਗੁਣ ਕਹੇ ਪ੍ਰਭੂ ਮੇਰੀ ਰੁਤ ਸੁਹੰਜਣੀ, ਸੋਹਣੀ ਦੇ ਵਡਿਆਈਆ । ਤੂੰ ਨੂਰ ਨੁਰਾਨਾ ਆਦਿ ਨਿਰੰਜਣੀ, ਪੁਰਖ ਅਕਾਲ ਇਕ ਅਖਵਾਈਆ । ਸਭ ਦਾ ਦਾਤਾ ਦਰਦ ਦੁੱਖ ਭੈ ਭੰਜਣੀ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨਾ ਪਾ ਦੇ ਅੰਜਣੀ, ਨਿਜ ਲੋਚਨ ਕਰ ਰੁਸ਼ਨਾਈਆ । ਚਰਨ ਧੂੜ ਕਰਾ ਦੇ ਮਜਨੀ, ਦੁਰਮਤ ਮੈਲ ਗਵਾਈਆ । ਆਤਮ ਪਰਮਾਤਮ ਸਾਕ ਸੱਜਣੀ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਤ੍ਰੈਗੁਣ ਮਾਇਆ
੧੬੩੩ ੨੩ ਤੇਰੇ ਹੁਕਮ ਨਾਲ ਤੱਜਣੀ, ਤ੍ਰੈਗੁਣ ਅਤੀਤੇ ਹੋਣਾ ਸਹਾਈਆ । ਤੇਰੇ ਨਾਮ ਦੀ ਤਾਰ ਸਿਤਾਰ ਇਕੋ ਵੱਜਣੀ, ਤੁਰੀਆ ਤੋਂ ਪਰੇ ਦੇਣਾ ਦ੍ਰਿੜਾਈਆ । ੧੬੩੩ ੨੩
ਤੇਰੀ ਪ੍ਰੀਤੀ ਇਕੋ ਲੱਗਣੀ, ਲਗ ਮਾਤਰ ਦਾ ਡੇਰਾ ਢਾਹੀਆ । ਜਨ ਭਗਤਾਂ ਦਰਸ਼ਨ ਦੇਣਾ ਉਪਰ ਸ਼ਾਹ ਰਗਣੀ, ਨਵ ਦਵਾਰ ਦਾ ਪੰਧ ਚੁਕਾਈਆ । ਅੰਦਰੋਂ ਕੂੜ ਬੁਝਾਵੀਂ ਅਗਨੀ, ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਤੂੰ ਗੋਪਾਲ ਮੂਰਤ ਮਦਨੀ, ਮੋਹਨ ਇਕ ਅਖਵਾਈਆ । ਦੁਰਮਤ ਮੈਲ ਧੋਵੀਂ ਬਦਨੀ, ਪਤਤ ਪੁਨੀਤ ਕਰਾਈਆ । ਤੇਰੇ ਨਾਮ ਦਾ ਇਕੋ ਹੋਵੇ ਨੱਦਨੀ, ਅਨਾਦੀ ਧੁਨ ਸ਼ਨਵਾਈਆ । ਤੇਰੀ ਇਕੋ ਜੋਤ ਜਗਣੀ, ਦੋ ਜਹਾਨ ਕਰ ਰੁਸ਼ਨਾਈਆ । ਤੂੰ ਸਾਹਿਬ ਸੂਰਾ ਸਰਬੰਗਣੀ, ਪਾਤਸ਼ਾਹ ਵਡ ਵਡਿਆਈਆ । ਤੇਰੇ ਦਰ ਤੋਂ ਇਕੋ ਮੰਗ ਮੰਗਣੀ, ਖ਼ਾਲੀ ਝੋਲੀ ਦੇਣੀ ਭਰਾਈਆ । ਸਚ ਪ੍ਰੇਮ ਦੀ ਚਾੜ੍ਹਨੀ ਰੰਗਣੀ, ਰੰਗਤ ਇਕ ਵਖਾਈਆ । ਆਤਮ ਧਾਰ ਦੇਣੀ ਅਨੰਦਨੀ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਝਗੜਾ ਰਹੇ ਨਾ ਪੰਜ ਪੰਜਣੀ, ਪੰਚਮ ਭੇਵ ਦੇਣਾ ਚੁਕਾਈਆ । ਹਰਖ ਸੋਗ ਮੇਟ ਦੇ ਰੰਜਣੀ, ਚਿੰਤਾ ਚਿਖਾ ਨਾ ਕੋਇ ਤਪਾਈਆ । ਤੇਰੀ ਮੰਜ਼ਲ ਤੇਰੀ ਕਿਰਪਾ ਨਾਲ ਲੰਘਣੀ, ਅਗੇ ਹੋ ਨਾ ਕੋਇ ਅਟਕਾਈਆ । ਜੇ ਪਿਛੇ ਭਗਤਾਂ ਨਾਲ ਕਰਦਾ ਆਇਓਂ ਮੰਗਣੀ, ਫਲਗੁਣ ਕਹੇ ਅੱਜ ਮੇਰੀ ਰੈਣ ਵਿਚ ਸਭ ਨੂੰ ਲੈ ਪ੍ਰਨਾਈਆ । ਚੁਰਾਸੀ ਵਾਲੀ ਧਾਰ ਕਿਸੇ ਪਏ ਨਾ ਕੱਢਣੀ, ਜੋ ਚਲ ਆਏ ਸਰਨਾਈਆ । ਸਾਚੀ ਗੋਦ ਲਡਾਉਣੀ ਲਡਨੀ, ਫੜ ਬਾਹੋਂ ਗਲੇ ਲਗਾਈਆ । ਸਭ ਦੀ ਪਿਛਲੀ ਕੀਤੀ ਪਾਉਣੀ ਡੂੰਘੀ ਖੱਡਣੀ, ਅਗੇ ਆਪਣੇ ਗ੍ਰਿਹ ਵਸਾਈਆ । ਤੇਰੀ ਧਾਰ ਕਿਸੇ ਪਏ ਨਾ ਲੱਭਣੀ, ਤੂੰ ਘਰ ਘਰ ਦਰਸ਼ਨ ਦੇਣਾ ਚਾਈਂ ਚਾਈਆ । ਹਰਿਜਨ ਪਾਰ ਕਰਾਉਣੇ ਬਿਨਾ ਬੰਦਗੀ ਭਜਨੀ, ਭਾਵਨਾ ਸਭ ਦੀ ਵੇਖ ਵਖਾਈਆ । ਤੂੰ ਲੋਕਮਾਤ ਸਭ ਦੀ ਪਤ ਰੱਖਣੀ, ਪਤਿਪਰਮੇਸ਼ਵਰ

ਹੋਣਾ ਆਪ ਸਹਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਅਲਖ ਅਲਖਣੀ, ਅਗੋਚਰ ਅਥਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਫਲਗੁਣ ਕਹੇ ਮੇਰੇ ਅੰਤਰ ਚਾਉ ਘਨੇਰਾ, ਖ਼ੁਸ਼ੀਆਂ ਢੋਲੇ ਗਾਈਆ । ਤੂੰ ਸਾਹਿਬ ਸਵਾਮੀ ਮੇਰਾ, ਪਾਰਬ੍ਰਹਮ ਪ੍ਰਭ ਬੇਪ੍ਰਵਾਹੀਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰਾ ਸਤਿਗੁਰ ਸ਼ਬਦ ਬਿਨ ਤਤਾਂ ਤੋਂ ਚੇਰਾ, ਚੇਲਾ ਗੁਰ ਤੇਰਾ ਰੂਪ ਨਜ਼ਰੀ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੇ ਹੁਕਮ ਦਾ ਦਿਸੇ ਘੇਰਾ, ਘੇਰੇ ਵਿਚ ਲੋਕਾਈਆ । ਅੰਤ ਕਰਨਾ ਹਕ ਨਬੇੜਾ, ਹਕੀਕਤ ਵੇਖਣੀ ਥਾਉਂ ਥਾਈਂਆ । ਤੇਰਾ ਧਰਮ ਧਾਰ ਦਾ ਇਕੋ ਵਸੇ ਖੇੜਾ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਇਕੋ ਦੇਣਾ ਖੁਲਾਈਆ । ਦੀਨ ਮਜ਼੍ਹਬ ਦਾ ਰਹੇ ਕੋਇ ਨਾ ਝੇੜਾ, ਨਾਮ ਕਲਮਾ ਕਰੇ ਨਾ ਕੋਇ ਲੜਾਈਆ । ਮਨੂਏ ਮਨ ਦੇ ਦੇ ਗੇੜਾ, ਮਨਸਾ ਕੂੜੀ ਬਾਹਰ ਕਢਾਈਆ । ਕਾਇਆ ਮੰਦਰ ਅੰਦਰ ਸਭ ਨੂੰ ਖੁੱਲ੍ਹਾ ਦਿਸੇ ਵਿਹੜਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਪਿਛੇ ਕਲਜੁਗ ਖੇਲ ਖੇਲਿਆ ਬਥੇਰਾ, ਬਹੁਭਾਂਤੀ ਆਪਣੀ ਕਲ ਵਰਤਾਈਆ । ਚਾਰੋਂ ਕੁੰਟ ਵਖਾ ਅੰਧੇਰਾ, ਅੰਧ ਆਤਮ ਕੀਤੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਦ੍ਰਿੜ੍ਹਾਈਆ । ਸਤਿਗੁਰ ਸ਼ਬਦ ਕਹੇ ਸੁਣ ਫਲਗੁਣ ਮੀਤਾ, ਫੱਗਣਾ ਦਿਆਂ ਦ੍ਰਿੜ੍ਹਾਈਆ । ਮੇਰੇ ਸਾਹਿਬ ਦੀ ਅਵੱਲੜੀ ਰੀਤਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜਿਸ ਨੂੰ ਕਹਿੰਦੇ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਨੂਰ ਅਲਾਹੀਆ । ਜੋ ਹਰ ਘਟ ਵਸੇ ਚੀਤਾ, ਗ੍ਰਿਹਿ ਮੰਦਰ ਅੰਦਰ ਸੋਭਾ ਪਾਈਆ । ਜੋ ਆਦਿ ਪੁਰਖ ਅਪਰੰਪਰ ਸਵਾਮੀ ਪਤਤ ਪੁਨੀਤਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਖੇਲ ਸਦਾ ਅਨਡੀਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹਦਾ ਭਾਣਾ ਮੰਨਦੇ ਕਰਕੇ ਮੀਠਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਕਲਜੁਗ ਜੀਵ ਅੰਦਰੋਂ ਕੌੜਾ ਕੀਤਾ ਰੀਠਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣ ਫੱਗਣਾ ਕੀ ਸੰਦੇਸ਼ਾ ਦੇਵੇ ਧੁਰ ਦਾ ਰਾਮ, ਰਮਈਆ ਕੀ ਦ੍ਰਿੜ੍ਹਾਈਆ । ਕੀ ਲੇਖ ਜਣਾਏ ਅਗੰਮਾ ਅਮਾਮ, ਅਮਾਮ ਅਮਾਮਾ ਨੂਰ ਅਲਾਹੀਆ ਜਿਸ ਦੀ ਸਭ ਤੋਂ ਵੱਖਰੀ ਕਲਾਮ, ਕਲਮੇ ਕਾਗ਼ਜ਼ਾਂ ਵਾਲੇ ਦੇਣ ਗਵਾਹੀਆ । ਜਿਸ ਦੀ ਆਸ਼ਾ ਰੱਖ ਕੇ ਗਿਆ ਘਨਈਆ ਸ਼ਾਮ, ਕਾਹਨਾ ਕਾਹਨ ਕਾਹਨ ਦ੍ਰਿੜ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨੌਜਵਾਨ, ਮਰਦ ਮਰਦਾਨਾ ਇਕ ਅਖਵਾਈਆ । ਜਿਸ ਨੂੰ ਝੁਕਦੇ ਜਿਮੀਂ ਅਸਮਾਨ, ਰਵ ਸਸ ਸੂਰੀਆ ਚੰਦ ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਸੇਵ ਕਮਾਈਆ । ਸੋ ਪਰਮ ਪੁਰਖ ਪਰਮਾਤਮ ਅੰਤਰ ਵੇਖੇ ਮਾਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਜੋ ਸਭ ਦਾ ਹੁਕਮਰਾਨ, ਸ਼ਹਿਨਸ਼ਾਹ ਇਕ ਅਖਵਾਈਆ । ਉਸ ਦੇ ਨਾਮ ਦਾ ਚੜ੍ਹਨ ਵਾਲਾ ਤੂਫ਼ਾਨ, ਤੋਫ਼ੇ ਘਰ ਘਰ ਦਏ ਪਹੁੰਚਾਈਆ । ਜਿਸ ਨੇ ਚੜ੍ਹਦੀ ਦਿਸ਼ਾ ਕੀਤੀ ਪ੍ਰਵਾਨ, ਪਰਮ ਪੁਰਖ ਆਪਣਾ ਖੇਲ ਖਿਲਾਈਆ । ਜਿਸ ਝਗੜਾ ਵੇਖਣਾ ਪਾਕ ਨਾਲ ਅਫ਼ਗਾਨ, ਇਰਾਕ ਨਾਲ ਇਰਾਨ ਟਕਰਾਈਆ । ਹਲੂਣਾ ਦੇਵੇ ਚੀਨ ਨਾਲ ਜਪਾਨ, ਜੈਪਨ ਪਰਦਾ ਆਪ ਚੁਕਾਈਆ । ਰਸ਼ੀਆ ਵਿਚ ਰੋਸ ਦਾ ਲਿਆਏ ਤੂਫ਼ਾਨ, ਤੁਆਰਫ ਸਭ ਦਾ ਦਏ ਕਰਾਈਆ । ਅਮਰੀਕਾ ਅੰਤਰ ਬਣ ਸ਼ੈਤਾਨ, ਸ਼ੈਤਾਨੀ ਜਗਤ ਵਾਲੀ ਵਖਾਈਆ । ਇੰਗਲੈਂਡ ਹੋਮਲੈਂਡ ਦਾ ਰਹੇ ਨਾ ਕੋਇ ਨਿਸ਼ਾਨ, ਨਿਸ਼ਾਨੇ ਸਭ ਦੇ ਦਏ ਬਦਲਾਈਆ । ਫਲਗੁਣਾ ਤੂੰ ਹੋਈਂ ਨਾ

ਮੂਲ ਹੈਰਾਨ, ਸਹਿਜ ਨਾਲ ਸਮਝਾਈਆ । ਉਹ ਕਰੇ ਖੇਲ ਜੋ ਸਭ ਦਾ ਜਾਣੀ ਜਾਣ, ਜਾਨਣਹਾਰ ਬੇਪ੍ਰਵਾਹੀਆ । ਜਿਸ ਰਚਨਾ ਰਚੀ ਮਹਾਨ, ਰਚ ਰਚ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਫਲਗੁਣ ਕਹੇ ਮੈਂ ਨਿਗਾਹ ਮਾਰੀ ਦੋ ਜਹਾਨਾਂ ਕੰਢੀਆਂ, ਘਾਟਾਂ ਫੋਲ ਫੁਲਾਈਆ । ਜ਼ਿਮੀਂ ਅਸਮਾਨਾਂ ਪਈਆਂ ਪਾਬੰਦੀਆਂ, ਬੰਦੀਖਾਨਿਆਂ ਵਿਚ ਲੋਕਾਈਆ । ਜਾਂ ਤੱਕਿਆ ਨਾਰਦ ਕੱਢੀ ਆਵੇ ਦੰਦੀਆਂ, ਹੱਸ ਕੇ ਰਿਹਾ ਵਖਾਈਆ । ਫਲਗੁਣਾ ਆ ਤੱਕ ਲੈ ਮੁਹੰਮਦ ਦੀਆਂ ਚੌਦਾਂ ਸਦੀਆਂ ਲੰਘੀਆਂ, ਆਪਣਾ ਪੰਧ ਮੁਕਾਈਆ । ਚਾਰ ਯਾਰਾਂ ਪਿੱਠਾਂ ਹੋਈਆਂ ਨੰਗੀਆਂ, ਓਢਣ ਨਜ਼ਰ ਕੋਇ ਨਾ ਆਈਆ । ਉਧਰੋਂ ਈਸਾ ਇਸ਼ਾਰਾ ਦੇਵੇ ਫ਼ਰੰਗੀਆਂ, ਫ਼ੈਸਲਾ ਹਕ ਸੁਣਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਮੰਗਾਂ ਮੰਗੀਆਂ, ਪ੍ਰਭ ਪੂਰੀਆਂ ਦਏ ਕਰਾਈਆ । ਇਹ ਖੇਲਾਂ ਉਸ ਸਾਹਿਬ ਨੂੰ ਲੱਗਣ ਚੰਗੀਆਂ, ਜੋ ਜੁਗ ਜੁਗ ਜੁਗ ਦਏ ਉਲਟਾਈਆ । ਇਹ ਉਹਦੀਆਂ ਆਦਿ ਜੁਗਾਦਿ ਦੀਆਂ ਵੰਡੀਆਂ, ਵੰਡਣਹਾਰਾ ਇਕ ਅਖਵਾਈਆ । ਜਿਸ ਦੀਆਂ ਖੇਲਾਂ ਵਿਚ ਬ੍ਰਹਿਮੰਡੀਆਂ, ਬ੍ਰਹਿਮਾਂਡ ਧਿਆਨ ਲਗਾਈਆ । ਉਹ ਲੇਖੇ ਜਾਣੇ ਜੇਰਜ ਅੰਡੀਆਂ, ਉਤਭੁਜ ਸੇਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਈਆ । ਨਾਰਦ ਕਹੇ ਫਲਗੁਣਾ ਮੇਰੇ ਕੋਲ ਪੁਰਾਣੀਆਂ ਤਵਾਰੀਖਾਂ, ਬਿਨਾ ਅੱਖਰਾਂ ਤੋਂ ਨਿਰਅੱਖਰ ਧਾਰ ਵਖਾਈਆ । ਜਿਸ ਵਿਚ ਪ੍ਰਭ ਤੋਂ ਸਭ ਨੇ ਮੰਗੀਆਂ ਭੀਖਾਂ, ਭਿਖਕ ਹੋ ਕੇ ਝੋਲੀਆਂ ਡਾਹੀਆ । ਉਸ ਦੀਆਂ ਸਤਿਗੁਰ ਸ਼ਬਦ ਕਰੇ ਤਸਦੀਕਾਂ, ਸ਼ਹਾਦਤ ਆਪਣਾ ਹੁਕਮ ਵਰਤਾਈਆ । ਉਠ ਵੇਖ ਲੈ ਸੱਜਣਾ ਸਭ ਦੀਆਂ ਅੰਦਰੋਂ ਬਦਲੀਆਂ ਨੀਤਾਂ, ਨੀਤੀਵਾਨ ਰਹਿਣ ਕੋਇ ਨਾ ਪਾਈਆ । ਝਗੜਾ ਪੈ ਗਿਆ ਮੰਦਰ ਮਸੀਤਾਂ, ਮਸਲਾ ਹੱਲ ਨਾ ਕੋਇ ਕਰਾਈਆ । ਨੇਤਰ ਰੋਵੇ ਕੂਕ ਸੁਣਾਵੇ ਗੀਤਾ, ਅਠਾਰਾਂ ਧਿਆਏ ਨਾਲ ਰਲਾਈਆ । ਪੁਰਾਨ ਅਠਾਰਾਂ ਮਾਰਨ ਚੀਕਾਂ, ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਰਿਹਾ ਸੁਣਾਈਆ । ਵੇਦ ਸ਼ਾਸਤਰ ਕਹਿਣ ਸਾਡੀਆਂ ਪੂਰੀਆਂ ਕਰ ਦੇ ਉਮੀਦਾਂ, ਪ੍ਰਭ ਤੇਰੇ ਹੱਥ ਵਡਿਆਈਆ । ਅੰਜੀਲ ਕੁਰਾਨ ਕੱਢੇ ਲੀਕਾਂ, ਆਪਣੇ ਨਿਸ਼ਾਨ ਵਖਾਈਆ । ਕਲਜੁਗ ਜੀਵਾਂ ਲਹਿਣਾ ਦੇਣਾ ਦੇ ਦੇ ਜੋ ਕਰਮਾਂ ਵਿਚ ਕੀਤਾ, ਕਰਨੀ ਦਾ ਲੇਖਾ ਸਭ ਦੀ ਝੋਲੀ ਪਾਈਆ । ਤੂੰ ਮਾਲਕ ਖ਼ਾਲਕ ਲੱਖ ਚੁਰਾਸੀ ਜੀਵ ਜੀਅ ਕਾ, ਅੰਡਜ ਜੇਰਜ ਉਤਭੁਜ ਸੇਤਜ ਤੇਰੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਫਲਗੁਣਾ ਆਹ ਵੇਖ ਲੈ ਮੇਰੇ ਕੋਲ ਅਗੰਮੀ ਤਹਰੀਰ, ਬਿਨ ਹਰਫ਼ ਹਰੂਫ਼ ਜਣਾਈਆ । ਜਿਸ ਦੀ ਅੱਜ ਤੱਕ ਕਿਸੇ ਨਹੀਂ ਕੀਤੀ ਤਕਰੀਰ, ਸਿਫ਼ਤਾਂ ਵਿਚ ਨਾ ਸਿਫ਼ਤ ਸਲਾਹੀਆ । ਇਸ ਦਾ ਲੇਖਾ ਨਾਲ ਸ਼ਾਹ ਹਕੀਰ, ਹਕੀਰ ਹਕੀਰਾਂ ਸੰਗ ਬਣਾਈਆ । ਜਿਸ ਝਗੜਾ ਮੇਟਣਾ ਗ਼ਰੀਬ ਅਮੀਰ, ਅਮਰਾਪਦ ਇਕ ਸਮਝਾਈਆ । ਜੋ ਆਸ਼ਾ ਰੱਖ ਕੇ ਗਿਆ ਕਬੀਰ, ਕਬਰਾਂ ਤੋਂ ਬਾਹਰ ਸੁਣਾਈਆ । ਮੇਰਾ ਮਹਿਬੂਬ ਨੂਰੀ ਅੱਲਾ ਬੇਨਜ਼ੀਰ, ਨਜ਼ਰੀਆ ਸਭ ਦਾ ਦਏ ਬਦਲਾਈਆ । ਜਿਸ ਦੇ ਨਾਮ ਖੰਡੇ ਦੀ ਇਕੋ ਹੋਵੇ ਸ਼ਮਸ਼ੀਰ, ਸ਼ਰਅ ਦੇ ਡੇਰੇ ਢਾਹੀਆ । ਜੋਤ ਦੀ ਧਾਰ ਸ਼ਹਿਨਸ਼ਾਹ ਤੇ ਸਤਿਗੁਰ ਸ਼ਬਦ ਹੋਵੇ ਵਜ਼ੀਰ, ਪਾਤਸ਼ਾਹ ਦੋ ਜਹਾਨ ਵੇਖੇ ਖ਼ਲਕ ਖ਼ੁਦਾਈਆ । ਜਿਸ ਦੀ ਦੀਨ ਦੁਨੀਆ ਵਾਲੀ ਨਹੀਂ ਜਮੀਰ, ਮਨਸਾ ਜਗਤ ਨਾ ਕੋਇ ਰਖਾਈਆ । ਉਹ ਕਲਜੁਗ ਵਿਚੋਂ ਸਤਿਜੁਗ ਦੀ ਬਦਲ ਦੇਵੇ ਤਕਦੀਰ, ਤਕੱਬਰ ਸਭ ਦਾ ਦਏ ਮਿਟਾਈਆ । ਜਿਸ ਸਦੀ

ਚੌਧਵੀਂ ਕਰਨਾ ਅੰਤ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਜਿਸ ਦੀ ਖਿੱਚ ਸਕੇ ਨਾ ਕੋਇ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਫਲਗੁਣਾ ਮੇਰੇ ਕੋਲ ਵੇਖ ਲੈ ਬਿਨਾ ਲਿਖਤ ਤੋਂ ਕਾਪੀਆਂ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜਿਨ੍ਹਾਂ ਵਿਚ ਲਹਿਣਾ ਦੇਣਾ ਜੀਵ ਜਹਾਨਾ ਪਾਪੀਆਂ, ਗਿਣਤੀ ਗਣਤ ਨਾ ਕੋਇ ਸਮਝਾਈਆ । ਮੈਂ ਸੰਦੇਸ਼ਾ ਦੇਵਾਂ ਅੱਜ ਦੀ ਰਾਤੀਆ, ਸਹਿਜ ਨਾਲ ਸੁਣਾਈਆ । ਖ਼ਬਰਦਾਰ ਹੋ ਜਾ ਲੋਕਮਾਤੀਆ, ਮਾਤਰ ਭੂਮੀ ਦੇਣਾ ਦ੍ਰਿੜਾਈਆ । ਤੇਰੀ ਅੰਤ ਅਖ਼ੀਰੀ ਘਾਟੀਆ, ਮੰਜ਼ਲ ਪੌੜੀ ਚੜ੍ਹਨਾ ਚਾਈਂ ਚਾਈਂਆ । ਓਹ ਤੱਕ ਲੈ ਕਲਜੁਗ ਰੋਂਦਾ ਜਿਸ ਦੀ ਅੰਤਮ ਮੁਕਣੀ ਵਾਟੀਆ, ਭੱਜਾ ਆਵੇ ਵਾਹੋ ਦਾਹੀਆ । ਏਸ ਧਰਤੀ ਉਤੇ ਕੋਈ ਰਿਹਾ ਨਹੀਂ ਸਦਾ ਅਲਾਟੀਆ, ਸਦੀਆਂ ਵਿਚ ਪ੍ਰਭ ਨੇ ਸਭ ਦੇ ਹਿੱਸੇ ਦਿਤੇ ਪਾਈਆ । ਇਹ ਮੰਜ਼ਲਾਂ ਜੁਗ ਜੁਗ ਸਭ ਨੇ ਕਾਟੀਆ, ਬਣ ਬਣ ਪਾਂਧੀ ਰਾਹੀਆ । ਜਗਤ ਜਹਾਨ ਚਲਾਈਆਂ ਹਾਟੀਆਂ, ਵਸਤ ਕਲਮੇ ਨਾਮ ਵਰਤਾਈਆ । ਉਹ ਖੇਲ ਖੇਲੇ ਬਹੁ ਬਿਧ ਭਾਂਤੀਆ, ਜੋ ਪ੍ਰਭ ਨੇ ਖੇਲ ਖਿਲਾਈਆ । ਨਾਮ ਪਿਆਲੇ ਪੀਤੇ ਬਣ ਬਣ ਸਾਕੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਖੁਲਾਈਆ । ਨਾਰਦ ਕਹੇ ਮੇਰੇ ਕੋਲ ਪੁਰਾਣੀਆਂ ਤੱਕ ਲੈ ਕਿਤਾਬਾਂ, ਕੁਤਬਖ਼ਾਨਿਆਂ ਤੋਂ ਬਾਹਰ ਰਖਾਈਆ । ਫਲਗੁਣਾ ਏਸ ਦੁਨੀਆ ਉਤੇ ਨਾ ਮੰਦਰ ਰਹਿਣੇ ਨਾ ਮਸੀਤਾਂ ਨਾ ਮਹਿਰਾਬਾ, ਅਹਿਬਾਬਾ ਮਿਲਣ ਕੋਇ ਨਾ ਪਾਈਆ । ਕਲਜੁਗ ਕੂੜੀ ਨਿਸ਼ਾਨੀ ਦਿਸਣੀ ਵਾਂਗ ਖ਼ਵਾਬਾ, ਖ਼ਾਲਸ ਰੰਗ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪਰਮਾਤਮ ਓਹ ਤੱਕ ਲੈ ਸਭ ਦਾ ਪੂਰਾ ਕਰਨਾ ਵਾਅਦਾ,
੧੬੩੯ ੨੩ ਆਪਣਾ ਹੁਕਮ ਵਰਤਾਈਆ । ਕੋਈ ਵੱਖਰਾ ਰਹੇ ਨਾ ਅਲਾਹਿਦਾ, ਆਲਮੀਨ ਇਕੋ ਰੰਗ ਰੰਗਾਈਆ । ਜਿਸ ਦਾ ਇਕੋ ਹੁਕਮ ਅਸੂਲ ਹੋਵੇ ਕਾਇਦਾ, ੧੬੩੯ ੨੩
ਬੇਕਾਇਦਗੀ ਦਏ ਮਿਟਾਈਆ । ਤੇਰੇ ਵਿਚ ਸਭ ਦਾ ਲਏ ਜਾਇਜ਼ਾ, ਦੀਨ ਦੁਨੀ ਵੇਖ ਵਖਾਈਆ । ਤੂੰ ਓਸ ਤੋਂ ਲੈ ਲੈ ਫ਼ਾਇਦਾ, ਫ਼ਰਮਾਂਬਰਦਾਰ ਹੋ ਕੇ ਸੇਵ ਕਮਾਈਆ । ਓਸ ਦੀ ਸ਼ਰਨ ਸ਼ਰਨਾਈ ਢਹਿ ਜਾ, ਜੋ ਢੱਠਿਆਂ ਲਏ ਉਠਾਈਆ । ਸਨਮੁਖ ਹੋ ਕੇ ਬਹਿ ਜਾ, ਦਰਸ਼ਨ ਕਰਨਾ ਚਾਈਂ ਚਾਈਂਆ । ਜੋ ਆਦਿ ਅੰਤ ਇਕੋ ਰਹੇਗਾ, ਨਾ ਕੋਈ ਮੇਟੇ ਮੇਟ ਮਿਟਾਈਆ । ਸੋ ਹੁਕਮ ਸੰਦੇਸ਼ਾ ਇਕੋ ਕਹੇਗਾ, ਪੁਰਖ ਅਕਾਲ ਧੁਰਦਰਗਾਹੀਆ । ਜਿਸ ਦੇ ਹੁਕਮ ਦਾ ਵਹਿਣ ਵਹੇਗਾ, ਅਗੇ ਹੋ ਨਾ ਕੋਈ ਅਟਕਾਈਆ । ਜੋ ਸਭ ਦੇ ਲਹਿਣੇ ਦੇਣੇ ਦਏਗਾ, ਦੇਵਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਲੇਖਾ ਆਪ ਮੁਕਾਏਗਾ । ਫਲਗੁਣ ਕਹੇ ਨਾਰਦਾ ਮੈਂ ਕੀ ਤੇਰੀ ਮੰਨਾਂ, ਮਨਸਾ ਦੇ ਜਣਾਈਆ । ਉਹ ਵੇਖ ਲੈ ਕਲਜੁਗ ਫਿਰਦਾ ਭੰਨਾ, ਭੱਜੇ ਵਾਹੋ ਦਾਹੀਆ । ਹੋਕਾ ਦੇਵੇ ਚੌਦਾਂ ਤਬਕੋ ਅੰਤ ਨਿਸ਼ਾਨ ਮਿਟਣਾ ਤਾਰਾ ਚੰਨਾ, ਉਮਤ ਉਮਤੀ ਨਾਲ ਮਿਲਾਈਆ । ਇਕ ਸੰਦੇਸ਼ਾ ਸੁਣੋ ਸ੍ਰੀ ਭਗਵਨਾ, ਸਭ ਨੂੰ ਦਿਆਂ ਸਮਝਾਈਆ । ਜੋ ਗੋਬਿੰਦ ਲਾਇਆ ਅਗੰਮੀ ਕੰਨਾ, ਕਾਇਨਾਤ ਦਾ ਪਰਦਾ ਦਿਆਂ ਉਠਾਈਆ । ਜਗਤ ਜਗਿਆਸੂ ਮਾਇਆ ਮਮਤਾ ਵਿਚ ਹੋਇਆ ਅੰਨ੍ਹਾ, ਨਿਜ ਲੋਚਣ ਨੈਣ ਨਾ ਕੋਇ ਰੁਸ਼ਨਾਈਆ । ਭਾਗ ਲੱਗੇ ਨਾ ਕਿਸੇ ਕਾਇਆ ਛੱਪਰ ਛੰਨਾ, ਸਾਢੇ ਤਿੰਨ ਹੱਥ ਵੱਜੇ ਨਾ ਕੋਇ ਵਧਾਈਆ । ਬੇਖ਼ਬਰੋ ਖ਼ਬਰ ਸੁਣੋ ਅਗੇ ਵਕਤ ਰਿਹਾ ਨਾ ਲੰਮਾ, ਲਮਹ ਲਮਹ ਗਿਣ ਕੇ ਝਟ ਲੰਘਾਈਆ । ਮਾਣ ਰਹਿਣਾ ਨਹੀਂ ਕਿਸੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਸਭ ਦੀ ਦਏ ਬਦਲਾਈਆ । ਕੂੜ ਕਿਰਿਆ ਲਾਲਚ

੧੬੩੭
੨੩

ਕਰੋ ਮੂਲ ਨਾ ਤਮਅ, ਤਾਮਸ ਵਿਚ ਨਾ ਕੋਇ ਹਲਕਾਈਆ । ਸਭ ਦੇ ਅੰਦਰ ਉਪਜਣ ਵਾਲਾ ਗ਼ਮਾ, ਬਿਨ ਗ਼ਮਖ਼ਾਰ ਗ਼ਮੀ ਬਾਹਰ ਨਾ ਕੋਇ ਕਢਾਈਆ । ਇਹ ਓਸ ਪ੍ਰਭੂ ਦਾ ਵਕਤ ਸੁਹੰਜਣਾ ਹੋਣ ਵਾਲਾ ਸਮਾਂ, ਜੋ ਸਮੇਂ ਸਮੇਂ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ । ਇਕੋ ਦੀਪਕ ਜੋਤ ਚਰਾਗ਼ ਜਲੇ ਸ਼ਮਾ, ਸ਼ਮਸ ਤਬਰੇਜ਼ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਫਲਗੁਣ ਕਹੇ ਨਾਰਦਾ ਮੈਂ ਓਸ ਦਾ ਮਸਕੀਨ, ਜੋ ਮੁਸ਼ਕਲ ਹੱਲ ਕਰਾਈਆ । ਮੈਨੂੰ ਉਸ ਉਤੇ ਯਕੀਨ, ਜੋ ਯਕੇ ਬਾਦ ਦੀਗਰੇ ਜੁਗ ਚੌਕੜੀ ਗਿਆ ਉਲਟਾਈਆ । ਮੈਨੂੰ ਓਸੇ ਦਾ ਨੂਰ ਦਿਸਦਾ ਓਸੇ ਦਾ ਨਜ਼ਰੀ ਆਵੇ ਸੀਨ, ਜਿਸ ਨੂੰ ਸਿਹਰਫ਼ਾ ਗਾ ਸਕੇ ਨਾ ਕੋਇ ਲੋਕਾਈਆ । ਮੈਂ ਬਿਨਾ ਸਜਦੇ ਤੋਂ ਕਹਾਂ ਆਮੀਨ, ਬਿਨ ਸੀਸ ਸੀਸ ਝੁਕਾਈਆ । ਜਿਸ ਖੇਲ ਕਰਨਾ ਉਤੇ ਜ਼ਮੀਨ, ਜ਼ਿਮੀਂ ਜ਼ਮਾਂ ਦੋਵੇਂ ਵੇਖ ਵਖਾਈਆ । ਉਸ ਦੀ ਸਭ ਤੋਂ ਵੱਖਰੀ ਤਾਲੀਮ, ਤੁਲਬੇ ਭਗਤ ਜਨ ਆਪ ਪੜ੍ਹਾਈਆ । ਉਹਦਾ ਖੇਲ ਆਲੀਸ਼ਾਨ ਅਜ਼ੀਮ, ਆਲੀਜਾਹ ਬੇਪਰਵਾਹੀਆ । ਕੁਦਰਤ ਇਕ ਕਦੀਮ, ਕੁਦਰਤ ਦਾ ਕਾਦਰ ਨੂਰ ਅਲਾਹੀਆ । ਉਹ ਕਲਜੁਗ ਅੰਤ ਕਰਨ ਆਇਆ ਤਰਮੀਮ, ਸਤਿ ਸਤਿ ਨਾਲ ਬਦਲਾਈਆ । ਉਸ ਦਾ ਖੇਲ ਸਮਝਣਾ ਗ਼ਨੀਮ, ਗ਼ਨੀਮਤ ਨਾਲ ਦ੍ਰਿੜਾਈਆ । ਜਿਸ ਇਕੋ ਰੰਗ ਰੰਗਾਉਣਾ ਨਰ ਮਦੀਨ, ਮੁੱਦਾ ਆਤਮ ਪਰਮਾਤਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਫਲਗੁਣ ਕਹੇ ਨਾਰਦਾ ਸਤਿਗੁਰ ਸ਼ਬਦ ਮਾਰਦਾ ਚੱਕਰ, ਚੱਕਰਵਰਤੀ ਇਕ ਅਖਵਾਈਆ । ਜੋ ਬਿਨਾ ਤਤਾਂ ਤੋਂ ਬਣਿਆ ਫ਼ੱਕਰ, ਬਿਨਾ ਜ਼ਬਾਨ ਤੋਂ ਢੋਲੇ ਗਾਈਆ । ਜਿਸ ਦੀ ਮਹਿੰਮਾ ਦਿਸੇ ਨਾ ਕਿਸੇ ਉਤੇ ਪਤ੍ਰ, ਅੱਖਰਾਂ ਨਾਲ ਨਾ ਕੋਇ ਲਿਖਾਈਆ । ਕਾਗ਼ਜ਼ਾਂ ਉਤੇ ਲੱਭੇ ਕੋਇ ਨਾ ਸਤਰ, ਸਤਹ ਬੁਲੰਦੀ ਸਮਝ ਕਿਸੇ ਨਾ ਆਈਆ । ਉਹਦਾ ਸਾਰਿਆਂ ਉਤੇ ਅਸਰ, ਅਸਰ ਦਿਆਂ ਸਮਝਾਈਆ । ਜਿਸ ਦੇ ਹੁਕਮ ਵਿਚ ਲੱਖ ਚੁਰਾਸੀ ਕਰੇ ਬਸਰ, ਬਿਸਤਰੇ ਅੰਤਰ ਅੰਤਰ ਆਪ ਸੁਹਾਈਆ । ਉਸ ਨੇ ਦੀਨ ਦੁਨੀ ਅੰਤ ਉਡਾਉਣੀ ਨਾਲ ਇਸ਼ਾਰੀਏ ਕਸਰ, ਕਸਮ ਨਾਲ ਸਮਝਾਈਆ । ਪਤਾ ਨਹੀਂ ਸਦੀ ਚੌਧਵੀਂ ਅੰਤ ਕੀ ਹੋਣਾ ਹਸ਼ਰ, ਹੱਸ ਕੇ ਦਿਆਂ ਸੁਣਾਈਆ । ਮੁਹੰਮਦ ਦੀ ਲੇਖੇ ਲਾਉਣੀ ਸ਼ਰੀਣੀ ਗੁੜ ਸ਼ੱਕਰ, ਜੋ ਖ਼ੁਸ਼ੀਆਂ ਨਾਲ ਵਰਤਾਈਆ । ਨਬੀ ਨੂਹ ਦੀ ਵੇਖਣੀ ਤਨ ਬਸਤਰ ਵਾਲੀ ਕਤਰ, ਜੋ ਟੁਕੜੇ ਚਾਰ ਕਰ ਵਖਾਈਆ । ਜੋ ਆਦਮ ਨੇ ਹੱਵਾ ਨੂੰ ਕਿਹਾ ਅੰਦਰੋਂ ਪਕੜ, ਬਿਨ ਹੱਥਾਂ ਹੱਥ ਲਗਾਈਆ । ਉਹ ਤੋਲਦਾ ਵੇਖ ਲੈ ਤੱਕੜ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਹੁਕਮ ਦਾ ਚੱਲਣਾ ਝੱਖੜ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਤਾ ਪੁਤ ਕਰਨੇ ਵੱਖਰ, ਨਾਰ ਕੰਤ ਨਾ ਗੰਢ ਪਵਾਈਆ । ਨਾਲੇ ਇਸ਼ਾਰਾ ਦੇ ਕੇ ਰੋੜੀ ਸੱਖਰ, ਬਿਨ ਉਂਗਲੀ ਉਂਗਲ ਉਠਾਈਆ । ਉਸ ਦੇ ਹੁਕਮ ਵਿਚ ਭੱਜਾ ਫਿਰੇ ਸ਼ੰਕਰ, ਭੱਜੇ ਵਾਹੋ ਦਾਹੀਆ । ਲੇਖਾ ਵੇਖੇ ਕੰਕਰ ਕੰਕਰ, ਟਿੱਲੇ ਪਰਬਤਾਂ ਫੋਲ ਫੁਲਾਈਆ । ਨਾਲੇ ਦੁਹਾਈ ਦਿਤੀ ਉਸ ਮਹਿਬੂਬ ਦਾ ਅੱਲਾ ਹੂ ਤੇ ਅੱਨਾ ਹੂ ਦਾ ਚਲੇ ਮੰਤਰ, ਸੋਹੰ ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਜਿਸ ਦੀ ਗਿਣ ਸਕੇ ਨਾ ਕੋਇ ਗਣਤਰ, ਅਗੰਮੀ ਖੇਲ ਖਿਲਾਈਆ । ਸਤਿ ਧਰਮ ਬਣਾਏ ਬਣਤਰ, ਸਤਿ ਸਤਿਵਾਦੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਅਗੰਮੀ ਦਾਤੇ, ਦਇਆਵਾਨ ਤੇਰੀ ਸ਼ਰਨਾਈਆ । ਜਨ ਭਗਤਾਂ ਆਪਣੇ ਨਾਲ

ਜੋੜ ਲੈ ਨਾਤੇ, ਨਾਤਵਾਂ ਆਪਣਾ ਰੰਗ ਰੰਗਾਈਆ । ਕਾਇਆ ਮੰਦਰ ਸੁਣਾ ਦੇ ਬਾਤੇ, ਬਿਨ ਰਸਨਾ ਜਿਹਵਾ ਹਿਲਾਈਆ । ਅੰਮ੍ਰਿਤ ਬੂੰਦ ਪਿਆ ਦੇ ਸਵਾਂਤੇ, ਨਿਝਰ ਝਿਰਨਾ ਕਵਲ ਨਾਭ ਉਲਟਾਈਆ । ਨਾਮ ਭੰਡਾਰੇ ਭਰ ਦੇ ਖਾਤੇ, ਅਤੋਟ ਅਤੁਟ ਵਰਤਾਈਆ । ਅੰਦਰ ਵੜ ਕੇ ਪੁਛ ਬਾਤੇ, ਬਾਹਰੋਂ ਲੱਭਣ ਦੀ ਲੋੜ ਰਹੇ ਨਾ ਰਾਈਆ । ਤੇਰੀ ਚਰਨ ਸਰਨ ਧੂੜ ਹਰਿਜਨ ਹੋਣ ਨਹਾਤੇ, ਦੁਰਮਤ ਮੈਲ ਧਵਾਈਆ । ਸਭ ਦੇ ਪੂਰੇ ਕਰਨੇ ਘਾਟੇ, ਨਾਮ ਨਿਧਾਨਾ ਇਕ ਵਰਤਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਜਨ ਭਗਤਾਂ ਅੰਦਰੋਂ ਬਜਰ ਕਪਾਟੀ ਪਾਟੇ, ਪੱਥਰ ਪਾਹਨ ਨਜ਼ਰ ਕੋਇ ਨਾ ਆਈਆ । ਹਰਿਜਨ ਰਹੇ ਨਾ ਕੋਇ ਅਧਵਾਟੇ, ਮੰਜ਼ਲ ਸਭ ਦੀ ਪੂਰ ਕਰਾਈਆ । ਨਿਰਗੁਣ ਜੋਤ ਜਗਾਉਣੀ ਆਪ ਲਲਾਟੇ, ਨੂਰ ਨੁਰਾਨੇ ਡਗਮਗਾਈਆ । ਆਤਮ ਸੇਜ ਸੁਹਾਉਣੀ ਖਾਟੇ, ਸਿੰਘਾਸਣ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਫਲਗੁਣ ਕਹੇ ਮੇਰੇ ਸ੍ਰੀ ਭਗਵਾਨਾ, ਭਗਵਨ ਦਿਆਂ ਜਣਾਈਆ । ਤੂੰ ਹੋਣਾ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਕਿਰਪਾ ਕਰ ਦੇ ਧੁਰ ਦੇ ਕਾਹਨਾ, ਕਾਹਨ ਕਾਹਨਾ ਲੇਖਾ ਆਪਣੇ ਹੱਥ ਰਖਾਈਆ । ਤੇਰੇ ਨਾਮ ਦਾ ਵੱਜੇ ਦਮਾਮਾ, ਡੰਕਾ ਇਕੋ ਕਰੇ ਸ਼ਨਵਾਈਆ । ਜਨ ਭਗਤਾਂ ਹੋਣਾ ਅੰਤਰਯਾਮਾ, ਘਟ ਘਟ ਵੇਖ ਵਖਾਈਆ । ਸਭ ਦਾ ਜੀਵਣ ਜਗਤ ਕਰਨਾ ਸੁਹਾਨਾ, ਸੁਖਮਨ ਟੇਢੀ ਬੰਕ ਪਾਰ ਕਰਾਈਆ । ਆਤਮ ਬ੍ਰਹਮ ਦੇ ਗਿਆਨਾ, ਪਾਰਬ੍ਰਹਮ ਪ੍ਰਭ ਪਰਦਾ ਦੇਣਾ ਉਠਾਈਆ । ਇਕੋ ਤੇਰਾ ਹੋਵੇ ਧਿਆਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਹੋਵੇ ਗਾਣਾ, ਗਾਵਤ ਗਾ ਗਾ ਆਪਣਾ ਰੰਗ ਚੜ੍ਹਾਈਆ । ਮੇਰੇ ਸਵਾਮੀ ਅੰਤਰਜਾਮੀ ਤੇਰੇ ਚਰਨ ਕਵਲ ਪ੍ਰਨਾਮਾ, ਪਰਮ ਪੁਰਖ ਤੇਰੀ ਇਕ

੧੬੩੮ ੨੩
ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਲੈਣਾ ਮਿਲਾਈਆ । ਫਲਗੁਣ ਕਹੇ ਨਾਰਦਾ ਉਹ ਵੇਖ ਕਲਜੁਗ ਆਵੇ ਬੁੱਕਦਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਹੁਣ ਵੇਲਾ ਨਹੀਂ ਕੋਈ ਲੁਕਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕੂਕ ਪੁਕਾਰੇ ਪ੍ਰਭ ਦਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਦੁਹਾਈ ਦੇਵੇ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗਣ ਗੰਧਰਵ ਸਾਰੇ ਗਾਣਾ ਗਾਓ ਇਕ ਤੁਕ ਦਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਉਹ ਵੇਖੋ ਪੈਗੰਬਰੋ ਤੁਹਾਡਾ ਵੇਲਾ ਢੁਕਦਾ, ਸਮਾਂ ਸਮੇਂ ਨਾਲ ਸਮਝਾਈਆ । ਨਾਲੇ ਨਿਉਂ ਨਿਉਂ ਪ੍ਰਭੂ ਨੂੰ ਝੁਕਦਾ, ਧੂੜੀ ਖ਼ਾਕ ਖ਼ਾਕ ਰਮਾਈਆ । ਨਾਲੇ ਧਰਨੀ ਧਰਤ ਧਵਲ ਨੂੰ ਪੁਛਦਾ, ਸਹਿਜ ਸਹਿਜ ਨਾਲ ਸੁਣਾਈਆ । ਕੁਝ ਆਪਣਾ ਖੇਲ ਦੱਸ ਦੇ ਸੁਖ ਦਾ, ਸਮੁੰਦ ਸਾਗਰ ਨਾਲ ਮਿਲਾਈਆ । ਕੀ ਕੋਈ ਤੈਨੂੰ ਵਿਛੋੜਾ ਦੁੱਖ ਦਾ, ਉਹ ਵੀ ਦੇਣਾ ਦ੍ਰਿੜਾਈਆ । ਕਲਜੁਗ ਕਹੇ ਮੈਂ ਸਚ ਕਹਾਂ ਹੁਣ ਮੇਰਾ ਵਕਤ ਸੁਹੇਲਾ ਹੋਣਾ ਲੁੱਟ ਦਾ, ਦੀਨ ਦੁਨੀ ਲੁੱਟਾਂ ਚਾਈਂ ਚਾਈਂਆ । ਝਗੜਾ ਪੈਣਾ ਸ਼ਾਹ ਸੁਲਤਾਨਾਂ ਨਾਲ ਗ਼ਰੀਬਾਂ ਟੁਕ ਦਾ, ਟੁਕੜੇ ਟੁਕੜੇ ਕਰਾਂ ਲੋਕਾਈਆ । ਮਾਣ ਰਹਿਣਾ ਨਹੀਂ ਕਿਸੇ ਚੋਟੀ ਗੁੱਤ ਦਾ, ਨਾਰੀ ਨਰ ਵੇਖਾਂ ਥਾਉਂ ਥਾਈਆ । ਉਹ ਦੁਹਾਈ ਕਲਜੁਗ ਕਹੇ ਮੇਰਾ ਰਾਜ ਜਾਂਦਾ ਖੁੱਸਦਾ, ਸਿਰ ਹੱਥ ਨਾ ਕੋਇ ਟਿਕਾਈਆ । ਕੀ ਮਾਣ ਤੁਹਾਡਾ ਮਨੁਸ਼ੇ ਉਲਟੇ ਰੁੱਖ ਦਾ, ਜੋ ਅਗਨੀ ਅੱਗ ਤਪਾਈਆ । ਕਿਉਂ ਤੁਹਾਨੂੰ ਵਿਛੋੜਾ ਹੋਇਆ ਪੁਰਖ ਅਕਾਲ ਦੇ ਗੋਬਿੰਦ ਦੁਲਾਰੇ ਸੁਤ ਦਾ, ਸਤਿਗੁਰ ਸ਼ਬਦ ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋ ਦੋ ਜਹਾਨਾਂ ਨੌਜਵਾਨਾਂ ਮਰਦ ਮਰਦਾਨਾ ਹੋ ਕੇ ਬੁੱਕਦਾ, ਬੁਕਲ ਵਿਚੋਂ ਸਭ ਨੂੰ ਲਏ ਕਢਾਈਆ । ਓਹ ਵੇਖੋ ਸਭ ਦਾ ਦਾਣਾ ਪਾਣੀ ਜਾਂਦਾ ਨਿਖੁੱਟਦਾ, ਮੁਖ ਚੋਗ

ਕੋਇ ਨਾ ਪਾਈਆ । ਬਿਨ ਭਾਗਾਂ ਅੰਮ੍ਰਿਤ ਰਸ ਮਿਲੇ ਕਿਸੇ ਨਾ ਘੁੱਟ ਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਸਤਿਗੁਰ ਸ਼ਬਦ ਦਾ ਤੀਰ ਅਣਿਆਲਾ ਜਾਂਦਾ ਛੁਟਦਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਨਾਤਾ ਸਭ ਦਾ ਜਾਂਦਾ ਟੁਟਦਾ, ਟੁਟਿਆਂ ਫੇਰ ਨਾ ਕੋਇ ਗੰਢਾਈਆ । ਲੇਖਾ ਵੇਖੇ ਉਸ ਪ੍ਰਭੂ ਅਬਿਨਾਸ਼ੀ ਅਚੁਤ ਦਾ, ਜੋ ਚੇਤਨ ਸਭ ਨੂੰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖੇਲੇ ਸ਼ਬਦੀ ਧਾਰ ਸਚ ਸੁਖ ਦਾ, ਦੁਖ ਸੁਖ ਸੁਖ ਦੁਖ ਸਮਝ ਕਿਸੇ ਨਾ ਆਈਆ ।

✪ ੨ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸੰਸਾਰ ਸਿੰਘ ਰੁੜਕਾ ਕਲਾਂ ਦੇ ਨਵਿਤ ✪

ਫਲਗੁਣ ਕਹੇ ਮੇਰੇ ਪਿਆਰ ਦੀ ਅਗੰਮੀ ਖ਼ੁਸ਼ਬੂ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੀ ਸਿਫ਼ਤ ਕਰ ਸਕੇ ਕੋਈ ਨਾ ਮੂੰਹ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜਿਸ ਦਾ ਰੂਪ ਪ੍ਰਗਟਾਏ ਸਤਿਗੁਰੂ, ਗੁਰੂ ਗੁਰਦੇਵ ਅਗੰਮ ਅਥਾਹੀਆ । ਜੋ ਪਵਿਤ੍ਰ ਕਰੇ ਬੁਤ ਰੂਹ, ਬੁਤਖ਼ਾਨਿਆਂ ਵੇਖ ਵਖਾਈਆ । ਜਿਸ ਦਾ ਰੂਪ ਅਨੂਪਾ ਸਤਿ ਸਰੂਪਾ ਹੂਬਹੂ, ਦੂਸਰ ਵੰਡ ਨਾ ਕੋਇ ਵੰਡਾਈਆ । ਜੋ ਨਾਦ ਅਨਾਦ ਸੁਣਾਏ ਤੂੰ ਹੀ ਤੂੰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਫਲਗੁਣ ਕਹੇ ਮੇਰਾ ਸਭ ਤੋਂ ਨਿਰਾਲਾ ਰੂਪ, ਲੋਕਮਾਤ ਵੱਜੇ ਵਧਾਈਆ । ਮੇਰਾ ਲੇਖਾ ਨਾਲ ਉਸ ਭੂਪ, ਜੋ ਸ਼ਹਿਨਸ਼ਾਹ ਧੁਰਦਰਗਾਹੀਆ । ਜੋ ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਧਿਆਨ ਲਗਾਈਆ । ਜਿਸ ਲੇਖਾ ਤੱਕਣਾ ਜੂਠ ਝੂਠ, ਤਟ ਕਿਨਾਰਿਆਂ ਫੋਲ ਫੁਲਾਈਆ । ਸੋ ਸਵਾਮੀ ਮੇਰੇ ਉਪਰ ਰਿਹਾ ਤੁਠ, ਅਤੁਟ ਦਏ ਵਡਿਆਈਆ । ਜਿਸ ਦੀ ਚਾਰ ਕੁੰਟ ਸੁਹੰਜਣੀ ਹੋਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਫਲਗੁਣ ਕਹੇ ਮੇਰਾ ਖੇਲ ਨੂਰ ਨੁਰਾਨਾ, ਨਵ ਸੱਤ ਦਿਆਂ ਸਮਝਾਈਆ । ਮੇਰਾ ਮਹਿਬੂਬ ਸ੍ਰੀ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਧਰਮ ਝੁਲਣਾ ਨਿਸ਼ਾਨਾ, ਨਿਸ਼ਾਨ ਕੂੜੇ ਦਏ ਮਿਟਾਈਆ । ਜਨ ਭਗਤਾਂ ਦੇਣਾ ਬ੍ਰਹਮ ਗਿਆਨਾ, ਆਤਮ ਵਿਦਿਆ ਇਕ ਸਮਝਾਈਆ । ਸ਼ਾਹੋ ਭੂਪ ਬਣ ਕੇ ਰਾਣਾ, ਰਾਓ ਰੰਕਾਂ ਵੇਖ ਵਖਾਈਆ । ਜਿਸ ਦਾ ਆਤਮ ਪਰਮਾਤਮ ਹੋਣਾ ਗਾਣਾ, ਗਾਵਤ ਗਾ ਗਾ ਸ਼ੁਕਰ ਮਨਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਖੇਲੇ ਖੇਲ ਦੋ ਜਹਾਨਾਂ, ਦੋਹਰੀ ਆਪਣੀ ਕਲ ਵਰਤਾਈਆ । ਜੋ ਸਤਿ ਸੰਦੇਸ਼ ਦੇਵੇ ਨੌਜਵਾਨਾ, ਮਰਦ ਮਰਦਾਨਾ ਅਗੰਮ ਅਥਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਮਾਰ ਧਿਆਨਾ, ਬਿਨ ਨੇਤਰ ਲੋਚਨ (ਨੈਣ) ਉਠਾਈਆ । ਉਹ ਵੇਖਣਹਾਰਾ ਦੀਨ ਦੁਨੀ ਜਗਤ ਜ਼ਮਾਨਾ, ਖ਼ਾਲਕ ਖ਼ਲਕ ਮਖ਼ਲੂਕ ਪਰਦਾ ਆਪ ਚੁਕਾਈਆ । ਸੋ ਵੇਸ ਵਟਾਏ ਰਹੀਮ ਰਹਿਮਾਨਾ, ਰਹਿਮਤ ਆਪਣੀ ਹਕ ਕਮਾਈਆ । ਕਿਸੇ ਸਮਝੇ ਨਾ ਜਗਤ ਬੇਗਾਨਾ, ਜੋ ਜਨ ਭਗਤੀ ਵਿਚ ਸਮਾਈਆ । ਧਰਮ ਦੀ ਧਾਰ ਦੇ ਤਰਾਨਾ, ਤੁਰੀਆ ਤੋਂ ਬਾਹਰ ਦ੍ਰਿੜਾਈਆ । ਮੇਲ ਮਿਲਾਵਾ ਹੋਏ ਧੁਰ ਦੇ ਕਾਹਨਾ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਫਲਗੁਣ ਕਹੇ ਮੇਰਾ ਵਕਤ ਸੁਹਾਵਣਾ ਜਗ, ਜੁਗ ਚੌਕੜੀ ਮਿਲੇ ਵਡਿਆਈਆ ।



੧੬੩੯
੨੩

੧੬੪੦
੨੩

ਜਨ ਭਗਤਾਂ ਮੇਲਾ ਕਰਾਂ ਉਪਰ ਸ਼ਾਹ ਰਗ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਤ੍ਰੈਗੁਣ ਕੂੜ ਬੁਝਾਵਾਂ ਅੱਗ, ਧੁਰ ਦਾ ਅੰਮ੍ਰਿਤ ਮੇਘ ਨਾਮ ਬਰਸਾਈਆ । ਗ੍ਰਹਿ ਦਰਸ਼ਨ ਦੇਵਾਂ ਰੱਜ ਰੱਜ, ਘਰ ਮੰਦਰ ਪਰਦਾ ਲਾਹੀਆ । ਮਾਲਕ ਬਣ ਸੂਰਾ ਸਰਬਗ, ਖੇਲ ਖੇਲੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਰੰਗ ਦੇਣਾ ਰੰਗਾਈਆ । ਰੰਗ ਕਹੇ ਮੇਰਾ ਰੰਗ ਹੋਵੇ ਅਪਾਰਾ, ਅਪਰੰਪਰ ਸਵਾਮੀ ਦੇਵੇ ਮਾਣ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਰੂਪ ਦਰਸਾਈਆ । ਨਵ ਸੱਤ ਬ੍ਰਹਮ ਮਤ ਦਾ ਦੱਸੇ ਇਕੋ ਨਾਅਰਾ, ਨਰ ਨਰਾਇਣ ਦਇਆ ਕਮਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਗੰਭੀਰ ਗਹਿਰਾ, ਗਵਰ ਆਪਣਾ ਹੁਕਮ ਵਰਤਾਈਆ । ਫਲਗੁਣ ਕਹੇ ਮੇਰੇ ਵਿਚ ਜਗਤ ਜਗਿਆਸੂ ਰਹੇ ਕੋਇ ਨਾ ਬਹਿਰਾ, ਧੁਨ ਨਾਦ ਸਭ ਨੂੰ ਕਰਾਂ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਭੇਵ ਕਹੇ ਮੈਂ ਆਦਿ ਜੁਗਾਦੀ ਗੁਝਾ, ਮੇਰੀ ਰਮਜ਼ ਸਮਝ ਕਿਸੇ ਨਾ ਆਈਆ । ਮੈਂ ਲੇਖਾ ਜਾਣਾ ਜੁਗ ਜੁਗਾ, ਜੁਗ ਚੌਕੜੀ ਪੰਧ ਮੁਕਾਈਆ । ਕਲਜੁਗ ਅੰਤਮ ਹੋਣਾ ਉਘਾ, ਉਗਣ ਆਥਣ ਡਗਮਗਾਈਆ । ਪ੍ਰਭੂ ਦੇ ਨਾਮ ਕਲਮੇ ਦਾ ਕਿਸੇ ਲੈਣ ਨਾ ਦੇਵਾਂ ਭੁੱਗਾ, ਭੋਗ ਵਾਸਨਾ ਕੂੜੀ ਦਿਆਂ ਮਿਟਾਈਆ । ਮੇਰਾ ਦੀਪਕ ਕਦੇ ਨਾ ਬੁੱਝਾ, ਜੋਤੀ ਜੋਤ ਡਗਮਗਾਈਆ । ਮੈਂ ਖੇਲ ਤਕਣਾ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਫਲਗੁਣ ਕਹੇ ਮੇਰੀ ਸੁਹੰਜਣੀ ਰੁਤ ਪ੍ਰਭ ਦੇ ਹੁਕਮ ਦਾ ਲੱਗੇ ਯੁਧਾ, ਯੁਧਿਸ਼ਟਰ ਦਾ ਲੇਖਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਉ ਚੁਕਾਏ ਏਕਾ ਦੂਜਾ, ਦੁਤੀਆ ਨਜ਼ਰ ਕੋਇ ਨਾ ਆਈਆ ।

### ✪ ੫ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਮਾਨਾਵਾਲਾ ਜ਼ਿਲਾ ਅੰਮ੍ਰਿਤਸਰ ਚਰਨ ਸਿੰਘ ਦੇ ਗ੍ਰਹਿ ✪

ਫਲਗੁਣ ਕਹੇ ਮੇਰੇ ਸਾਹਿਬ ਸੂਰੇ ਸਰਬੰਗ, ਕਰਤੇ ਪੁਰਖ ਪੁਰਖ ਪੁਰਖੋਤਮ ਤੇਰੀ ਓਟ ਤਕਾਈਆ । ਆਤਮ ਧਾਰ ਪਰਮਾਤਮ ਲਾ ਲੈ ਆਪਣੇ ਅੰਗ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਧੁਰ ਦੇ ਨਾਮ ਦਾ ਚਾੜ੍ਹ ਦੇ ਰੰਗ, ਜਗਤ ਜਹਾਨ ਉਤਰ ਕਦੇ ਨਾ ਜਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੇਰੀ ਪੂਰੀ ਕਰ ਦੇ ਮੰਗ, ਪਰਵਰਦਿਗਾਰ ਸਾਂਝੇ ਯਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਧਾਰ ਏਕੰਕਾਰ ਨਿਝਰ ਵਹਾ ਦੇ ਗੰਗ, ਸਰ ਸਰੋਵਰ ਇਕੋ ਇਕ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਦੀਨ ਦੁਨੀ ਦੀ ਕੱਟ ਭੁੱਖ ਨੰਗ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੂਈ ਦਵੈਤੀ ਸ਼ਰਅ ਸ਼ਰੈਤੀ ਢਾਹ ਦੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਨੇਤਰਹੀਣ ਰਹੇ ਕੋਈ ਨਾ ਅੰਧ, ਨਿਜ ਲੋਚਨ ਨੈਣ ਨੈਣ ਕਰ ਰੁਸ਼ਨਾਈਆ । ਤੂੰ ਦੀਨ ਦਿਆਲਾ ਸ਼ਾਹੋ ਗੋਪਾਲਾ ਸਦ ਬਖ਼ਸ਼ੰਦ, ਬਖ਼ਸ਼ਣਹਾਰ ਤੇਰੇ ਹੱਥ ਵਡਿਆਈਆ । ਲੇਖਾ ਦੱਸਦੇ ਕੀ ਲਹਿਣਾ ਦੇਣਾ ਤਾਰਾ ਚੰਦ, ਚੰਦ ਸਿਤਾਰ ਬੈਠੇ ਨੈਣ ਉਠਾਈਆ । ਕਿਸ ਬਿਧ ਅੰਤ ਅਖੀਰ ਬੇਨਜ਼ੀਰ ਸਦੀ ਚੌਧਵੀਂ ਮਿਟਣਾ ਪੰਧ, ਪਾਂਧੀ ਪੈਗ਼ੰਬਰ ਬੈਠੇ ਨੈਣ ਉਠਾਈਆ । ਸਚ ਸਵਾਮੀ ਅੰਤਰਜਾਮੀ ਕਿਸ ਬਿਧ ਸਤਿਜੁਗ ਕਰੇਂ ਅਰੰਭ, ਆਦਿ ਪੁਰਖ ਅਪਰੰਪਰ ਸਵਾਮੀ ਦੇਣਾ ਦ੍ਰਿੜਾਈਆ । ਮੇਰਾ

ਭਾਗ ਹੋਣ ਨਾ ਦੇਵੀਂ ਮੰਦ, ਮੰਦ ਭਾਗ ਵੇਖਣੀ ਖ਼ਲਕ ਖ਼ੁਦਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹਰ ਹਿਰਦੇ ਅੰਦਰੋਂ ਕੱਢਣਾ ਕੂੜ ਦਾ ਗੰਦ, ਕੁਕਰਮ ਅਧਰਮ ਰਹਿਣ ਕੋਇ ਨਾ ਪਾਈਆ । ਸਚ ਦਵਾਰ ਕਾਇਆ ਮੰਦਰ ਅੰਦਰ ਜਾਣਾ ਲੰਘ, ਬਿਨ ਕਦਮਾਂ ਕਦਮ ਉਠਾਈਆ । ਅੰਤਰ ਆਤਮ ਸੇਜ ਸੁਹਾਉਣੀ ਪਲੰਘ, ਜਿਸ ਦੀ ਪਾਵਾ ਚੂਲ ਬਾਡੀ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਫਲਗੁਣ ਕਹੇ ਮੇਰੇ ਸਵਾਮੀਆ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਦਿ ਪੁਰਖ ਅਪਰੰਪਰ ਅੰਤਰਯਾਮੀਆਂ, ਜਾਨਣਹਾਰ ਲਹਿਣਾ ਦੇਣਾ ਵੇਖਣਾ ਚਾਈਂ ਚਾਈਂਆ । ਸਤਿ ਸਤਿਵਾਦੀਆ ਸਦਾ ਨਿਹਕਾਮੀਆ, ਨਿਰਗੁਣ ਧਾਰ ਤੇਰਾ ਨੂਰ ਅਲਾਹੀਆ । ਤੂੰ ਲੇਖਾ ਜਾਣੇ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਤੂੰ ਸੰਦੇਸ਼ਾ ਦੇਵੇਂ ਵਿਚ ਚਾਰੇ ਬਾਣੀਆਂ, ਪਰਾ ਪਸੰਤੀ ਮਧਮ ਬੈਖਰੀ ਢੋਲੇ ਗਾਈਆ । ਤੂੰ ਲੇਖਾ ਜਾਣੇਂ ਆਤਮ ਧਾਰ ਪਰਮਾਤਮ ਬਣ ਕੇ ਹਾਣੀਆਂ, ਨਵ ਨਵ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਫਲਗੁਣ ਕਹੇ ਪ੍ਰਭੂ ਮੈਂ ਮੰਗਾਂ ਇਕੋ ਦਰ, ਦਰਵੇਸ਼ ਹੋ ਕੇ ਸੀਸ ਨਿਵਾਈਆ । ਮੇਰਾ ਭੰਡਾਰਾ ਦੇਣਾ ਭਰ, ਅਤੋਟ ਅਤੁਟ ਆਪ ਰਖਾਈਆ । ਨਿਰਭਉ ਚੁਕਾਉਣਾ ਡਰ, ਭੈ ਜਗਤ ਨਾ ਕੋਇ ਜਣਾਈਆ । ਆਪਣੀ ਕਿਰਪਾ ਦੇਣੀ ਕਰ, ਕਿਰਪਾਨਿਧ ਤੇਰੀ ਸ਼ਰਨਾਈਆ । ਸਚ ਦਵਾਰਿਉਂ ਦੇਣਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਨੀ ਧਰਤ ਧਵਲ ਵਖਾਉਣਾ ਅਗੰਮਾ ਸਰ, ਸਰੋਵਰ ਇਕੋ ਇਕ ਸਮਝਾਈਆ । ਜਿਸ ਵਿਚ ਜਗਤ ਜਗਿਆਸੂ ਜਾਣ ਤਰ, ਤਾਰੀ



ਤੇਰੇ ਨਾਮ ਵਾਲੀ ਲਗਾਈਆ । ਝਗੜਾ ਚੁੱਕੇ ਜਗਤ ਜਹਾਨ ਆਤਮ ਧਾਰ ਜਾਇਣ ਨਾ ਮਰ, ਮਰ ਜੀਵਤ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਫਲਗੁਣ ਕਹੇ ਪ੍ਰਭੂ ਮੇਰਾ ਵੇਖ ਲੈ ਲੇਖਾ ਜਗਤ ਜਹਾਨ, ਜਹਾਲਤ ਭਰੀ ਲੋਕਾਈਆ । ਦੀਨ ਮਜ਼੍ਹਬ ਤੱਕ ਧਰਮ ਈਮਾਨ, ਸ਼ਰਅ ਸ਼ਰੀਅਤ ਖੋਜ ਖੁਜਾਈਆ । ਤਨ ਵਜੂਦ ਤੱਕ ਇਨਸਾਨ, ਤਤਵ ਤਤਾਂ ਫੋਲ ਫੁਲਾਈਆ । ਨਿਗਾਹ ਮਾਰ ਲੈ ਮੇਰੇ ਸ੍ਰੀ ਭਗਵਾਨ, ਭਗਵਨ ਹੋਣਾ ਆਪ ਸਹਾਈਆ । ਧਰਮ ਦਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨੇ ਕੂੜ ਜਗਤ ਝੁਲਾਈਆ । ਝਗੜਾ ਪਿਆ ਅੰਜੀਲ ਕੁਰਾਨ, ਵੇਦ ਪੁਰਾਨ ਮੇਲ ਨਾ ਕੋਇ ਮਿਲਾਈਆ । ਮੇਰਾ ਲੇਖਾ ਤੱਕ ਲੈ ਮਿਹਰਵਾਨ, ਮਿਹਰ ਮਿਹਰ ਨਜ਼ਰ ਉਠਾਈਆ । ਦੀਨ ਦੁਨੀ ਸਾਰੀ ਹੋਈ ਹੈਰਾਨ, ਹੈਰਤ ਵਿਚ ਲੋਕਾਈਆ । ਘਰ ਘਰ ਅੰਦਰ ਮਨੂਆ ਦਿਸੇ ਸ਼ੈਤਾਨ, ਆਪ ਆਪਣਾ ਬਲ ਪ੍ਰਗਟਾਈਆ । ਤੇਰੇ ਨਾਮ ਦੀ ਧੁਨ ਸੁਣੇ ਨਾ ਕੋਇ ਧੁਨਕਾਨ, ਆਤਮਕ ਰਾਗ ਵੱਜੇ ਨਾ ਕੋਇ ਵਧਾਈਆ । ਕੂੜੀ ਕਿਰਿਆ ਹੋਈ ਪ੍ਰਧਾਨ, ਨਵ ਸੱਤ ਭੱਜੇ ਵਾਹੋ ਦਾਹੀਆ । ਸਤਿ ਰਿਹਾ ਨਾ ਕਿਸੇ ਸ਼ਾਹ ਸੁਲਤਾਨ, ਸਚ ਵਿਚ ਨਾ ਕੋਇ ਸਮਝਾਈਆ । ਤੂੰ ਮਿਹਰਵਾਨਾ ਨੌਜਵਾਨਾ ਮਰਦ ਮਰਦਾਨਾ ਮੇਰੀ ਝੋਲੀ ਪਾ ਦੇ ਦਾਨ, ਦਾਤੇ ਦਾਨੀ ਦਇਆ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋ ਕੇ ਚਾੜ੍ਹ ਰੰਗ ਮਹਾਨ, ਰੰਗਤ ਆਪਣੀ ਦੇ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਤਨ ਵਜੂਦਾਂ ਨਾਲ ਮਿਲ ਕੇ ਗਾਏ ਜ਼ਬਾਨ, ਜਿਹਵਾ ਰਸਨਾ ਰਸਨ ਗੁਣ ਵਡਿਆਈਆ । ਤੂੰ ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਕਰਤਾ ਪੁਰਖ ਨੌਜਵਾਨ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

੧੬੪੧ ੨੩

ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਬੇਪਰਵਾਹ ਸਰਬ ਕਲਾ ਸਮਰਥੇ, ਸਚ ਤੇਰੀ ਸਰਨਾਈਆ । ਮੇਰੇ ਬਿਨਾ ਤਨ ਵਜੂਦ ਤੋਂ ਜੋੜੇ ਹੱਥੇ, ਨਿਵ ਨਿਵ ਲਾਗਾਂ ਪਾਈਆ । ਤੇਰੀ ਮਹਿੰਮਾ ਅਕਥ ਅਕਥੇ, ਕਥਨੀ ਕਥ ਸਕੇ ਨਾ ਰਾਈਆ । ਤੇਰਾ ਤੱਕ ਲਿਆ ਕਲਜੁਗ ਕੂੜ ਅਗਨ ਦਾ ਰਥੇ, ਨਵ ਸੱਤ ਭੱਜੇ ਵਾਹੋ ਦਾਹੀਆ । ਮਾਨਸ ਮਾਨਸਾਂ ਟੇਕਦੇ ਮੱਥੇ, ਮਸਤਕ ਧੂੜੀ ਖ਼ਾਕ ਰਮਾਈਆ । ਤੇਰੇ ਸਥਰ ਕੋਈ ਨਾ ਲੱਭੇ, ਯਾਰੜਾ ਸੇਜ ਨਾ ਕੋਇ ਹੰਢਾਈਆ । ਮੇਰੇ ਨੇਤਰ ਵਗਦੇ ਅੱਥੇ, ਹੰਝੂਆਂ ਹਾਰ ਬਣਾਈਆ । ਨਵ ਸੱਤ ਜਗਤ ਜਹਾਨ ਜੀਵ ਫਿਰਦੇ ਨੱਸੇ, ਭੱਜਣ ਵਾਹੋ ਦਾਹੀਆ । ਇਕੋ ਭੇਵ ਖੁਲਾ ਦੇ ਸੋ ਪੁਰਖ ਨਿਰੰਜਣ ਹੋੜਾ ਉਪਰ ਸੱਸੇ, ਸੋ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਹੰ ਬ੍ਰਹਮ ਆਤਮ ਧਾਰ ਤੇਰਾ ਲਏ ਰਸੇ, ਬਿਨ ਰਸਨਾ ਰਸ ਦੇਣਾ ਚਖਾਈਆ । ਜਨ ਭਗਤਾਂ ਘਰ ਪ੍ਰਕਾਸ਼ ਕਰਨਾ ਕੋਟਨ ਕੋਟ ਰਵ ਸਸੇ, ਸੂਰੀਆ ਚੰਨ ਦੀ ਲੋੜ ਰਹੇ ਨਾ ਰਾਈਆ । ਤੇਰੀ ਪ੍ਰੇਮ ਪ੍ਰੀਤੀ ਵਿਚ ਹਰਿਜਨ ਸਾਚੇ ਸਦਾ ਹੱਸੇ, ਹਸਤੀ ਤੇਰੀ ਵਿਚ ਸਮਾਈਆ । ਜੁਗ ਚੌਕੜੀ ਨਿਤ ਨਵਿਤ ਤੇਰਾ ਸਤਿਗੁਰ ਸ਼ਬਦ ਮਾਰਗ ਦੱਸੇ, ਦਹਿ ਦਿਸ਼ਾ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਭਗਤੀ ਧਾਰ ਤੇਰੇ ਚਰਨ ਢੱਠੇ, ਸਿਰ ਸਿਰ ਆਪਣਾ ਹੱਥ ਟਿਕਾਈਆ ।

## ✪ ੫ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ ਮੰਗਲ ਸਿੰਘ ਦੇ ਗ੍ਰਹਿ ✪

ਫਲਗੁਣ ਕਹੇ ਮੈਂ ਖ਼ੁਸ਼ੀਆਂ ਦੇ ਨਾਲ ਤੱਕਾ, ਪ੍ਰਵਿਸ਼ਟਾ ਪੰਜ ਪਰਪੰਚ ਧਿਆਨ ਲਗਾਈਆ । ਸਤਿਗੁਰ ਸ਼ਬਦ ਕੀ ਲੇਖਾ ਵੇਖੇ ਹਕੋ ਹਕਾ, ਹਕੀਕਤ ਦਾ ਮਾਲਕ ਖ਼ਲਕ ਦਾ ਖ਼ਾਲਕ ਧਿਆਨ ਲਗਾਈਆ । ਕੀ ਅਵਤਾਰ ਪੈਗ਼ੰਬਰ ਗੁਰੂਆਂ ਵਾਅਦਾ ਵੇਖੇ ਪੱਕਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਪਰਦਾ ਲਾਹੀਆ । ਕਿਸ ਬਿਧ ਨੌਜਵਾਨ ਸ੍ਰੀ ਭਗਵਾਨ ਦੀਨ ਦੁਨੀ ਲਗਾਏ ਧੱਕਾ, ਨਵ ਸੱਤ ਜਗਤ ਹਿਲਾਈਆ । ਜੋ ਲਹਿਣਾ ਦੇਣਾ ਲੇਖਾ ਪੂਰਾ ਕਰੇ ਮੁਹੰਮਦ ਵਾਲਾ ਮੱਕਾ, ਕਾਅਬਿਆਂ ਧਿਆਨ ਲਗਾਈਆ । ਮੂਸਾ ਈਸਾ ਦੀ ਸ਼ਰਅ ਵੇਖੇ ਬੂਰਾ ਕੱਕਾ, ਕਾਮਲ ਮੁਰਸ਼ਦ ਅਗੰਮ ਅਥਾਹੀਆ । ਜਿਸ ਦਾ ਸੰਦੇਸ਼ ਫ਼ਰਮਾਨ ਪੈਗ਼ਾਮ ਆਦਿ ਜੁਗਾਦਿ ਯਕਾ, ਏਕੰਕਾਰ ਕੀ ਆਪਣੀ ਕਲ ਵਰਤਾਈਆ । ਜੋ ਲੇਖਾ ਜਾਣੇ ਆਤਮ ਪਰਮਾਤਮ ਧਾਰ ਪੱਕਾ, ਪਤਿਪਰਮੇਸ਼ਵਰ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਇਕ ਅਖਵਾਈਆ । ਫਲਗੁਣ ਕਹੇ ਮੇਰਾ ਪ੍ਰਵਿਸ਼ਟਾ ਜਗਤ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਸਭ ਤੋਂ ਵੱਖਰਾ ਕਰਮ, ਕਰਮ ਕਾਂਡ ਦੀ ਵੰਡ ਨਾ ਕੋਇ ਵੰਡਾਈਆ । ਜਿਸ ਦਾ ਸਤਿ ਸਰੂਪ ਅਨਡਿਠੜਾ ਧਰਮ, ਧਰਨੀ ਧਰਤ ਧਵਲ ਖ਼ੁਸ਼ੀ ਬਣਾਈਆ । ਜੋ ਭੇਵ ਖੁਲਾਏ ਆਤਮ ਧਾਰ ਬ੍ਰਹਮ, ਪਾਰਬ੍ਰਹਮ ਆਪਣੀ ਕਲ ਵਰਤਾਈਆ । ਝਗੜਾ ਮੇਟਣਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਸਭ ਦੀ ਦਏ ਬਦਲਾਈਆ । ਮਨਸਾ ਮਨ ਕੂੜ ਰਹਿਣ ਨਾ ਦੇਵੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਝਗੜਾ ਮੇਟੇ ਵਰਨ ਬਰਨ, ਜ਼ਾਤ ਪਾਤੀ ਲੇਖਾ ਦਏ ਚੁਕਾਈਆ । ਇਕੋ ਓਟ ਸਭ ਦੀ ਪੁਰਖ ਅਕਾਲ ਹੋਵੇ ਚਰਨ, ਚਰਨੋਦਕ ਆਪਣਾ ਜਾਮ ਪਿਆਈਆ । ਜਨ ਭਗਤਾਂ ਖੋਲੇ ਨੇਤਰ ਹਰਨ ਫਰਨ, ਨਿਜ ਲੋਇਣ ਕਰੇ ਰੁਸ਼ਨਾਈਆ ।

ਜਿਸ ਦੀ ਸਰਨ ਸਰਨਾਈ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਪਰਨ, ਨਿਵ ਨਿਵ ਲਾਗਣ ਪਾਈਆ । ਓਹ ਮਾਲਕ ਖ਼ਾਲਕ ਆਦਿ ਜੁਗਾਦੀ ਘਾੜਨ ਘੜਨ, ਭੰਨਣਹਾਰ ਵਡ ਵਡਿਆਈਆ । ਜੋ ਲੱਖ ਚੁਰਾਸੀ ਲੇਖਾ ਜਾਣੇ ਚੋਟੀ ਜੜਨ, ਅੰਤਸ਼ਕਰਨ ਵੇਖੇ ਥਾਉਂ ਥਾਈਆ । ਜਿਸ ਦਾ ਨਾਮ ਕਲਮਾ ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰ ਨਿਰਅੱਖਰ ਧਾਰੋਂ ਪੜ੍ਹਨ, ਜਗਤ ਅੱਖਰਾਂ ਨਾਲ ਕਰਨ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਫਲਗੁਣ ਕਹੇ ਮੈਂ ਖ਼ੁਸ਼ੀਆਂ ਦੇਵਾਂ ਹੋਕਾ, ਹੁਕਮ ਧੁਰ ਦਾ ਅਗੰਮ ਜਣਾਈਆ । ਸਵਾਧਾਨ ਹੋਵਣ ਚੌਦਾਂ ਲੋਕਾ, ਚੌਦਾਂ ਤਬਕ ਨੈਣ ਉਠਾਈਆ । ਇਕੋ ਸੁਣੇ ਸਚ ਸਲੋਕਾ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਸਦੀ ਚੌਧਵੀਂ ਪੈਗ਼ੰਬਰੋ ਸੰਭਾਲ ਲਓ ਮੌਕਾ, ਸੰਬਲ ਦਾ ਮਾਲਕ ਰਿਹਾ ਸਮਝਾਈਆ । ਅੰਤ ਕੰਤ ਭਗਵੰਤ ਇਕੋ ਪ੍ਰਕਾਸ਼ ਕਰੇ ਨਿਰਮਲ ਜੋਤਾ, ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਈਆ । ਜੀਵ ਜੰਤ ਸਾਧ ਸੰਤ ਰਹੇ ਕੋਈ ਨਾ ਸੋਤਾ, ਸੁੱਤਿਆਂ ਦਏ ਉਠਾਈਆ । ਸਮੁੰਦ ਸਾਗਰ ਸਰ ਸਰੋਵਰ ਅੰਤਰ ਮਾਰ ਕੇ ਵੇਖੋ ਗੋਤਾ, ਗੌਤਮ ਦਾ ਲੇਖਾ ਨਾਲ ਮਿਲਾਈਆ । ਜਗਤ ਜਹਾਨ ਖੇਲ ਸ੍ਰੀ ਭਗਵਾਨ ਕੋਈ ਵੰਡ ਨਹੀਂ ਜੋਜਨ ਕੋਸਾ, ਨਵ ਸੱਤ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਫਲਗੁਣ ਕਹੇ ਮੈਂ ਦੱਸਾਂ ਧੁਰ ਪੈਗ਼ਾਮ, ਪੈਗ਼ੰਬਰਾਂ ਬਾਹਰ ਜਣਾਈਆ । ਸੁਣੇ ਹੁਕਮ ਇਕ ਅਮਾਮ, ਜੋ ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਨੂੰ ਸਾਰੇ ਕਰਨ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਸ਼ਰਅ ਦੇ ਕੀਤੇ ਗ਼ੁਲਾਮ, ਬੰਧਨ ਕਲਮਿਆਂ ਵਾਲੇ ਰਖਾਈਆ । ਉਸ ਦੀ ਕਰੇ ਨਾ ਕੋਇ ਪਹਿਚਾਨ, ਬੇਪਹਿਚਾਨ ਨੂਰ ਅਲਾਹੀਆ । ਜਿਸ ਲਹਿਣਾ ਦੇਣਾ ਚੁਕਾਉਣਾ ਆਣ, ਆਨਨ ਫ਼ਾਨਨ ਆਪਣਾ ਫੇਰਾ ਪਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਤਾਰਾ ਚੰਦ ਨਿਵ ਨਿਵ ਲਾਗਣ ਪਾਈਆ । ਫਲਗੁਣ ਕਹੇ ਮੈਂ ਕੀ ਉਸ ਦਾ ਕਰਾਂ ਬਿਆਨ, ਸਿਫ਼ਤਾਂ ਵਿਚ ਨਾ ਸਿਫ਼ਤ ਸਲਾਹੀਆ । ਜਿਸ ਸਭ ਦੇ ਲਹਿਣੇ ਦੇਣੇ ਕੀਤੇ ਪ੍ਰਵਾਨ, ਪਰਮ ਪੁਰਖ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਉਹ ਬਾਂਕਾ ਸੂਰਬੀਰ ਨੌਜਵਾਨ, ਮਰਦ ਮਰਦਾਨ ਇਕ ਅਖਵਾਈਆ । ਜਿਸ ਖੇਲ ਖਿਲਾਇਆ ਸੀਆ ਰਾਮ, ਕਾਹਨਾ ਕਾਹਨ ਦਿਤੀ ਵਡਿਆਈਆ । ਜਿਸ ਪੈਗ਼ੰਬਰਾਂ ਦਿਤਾ ਦਾਨ, ਦਾਤਾ ਦਾਨੀ ਇਕ ਅਖਵਾਈਆ । ਜਿਸ ਮੰਤਰ ਦ੍ਰਿੜਾਇਆ ਸਤਿਨਾਮ, ਸਤਿ ਸਤਿ ਨਾਲ ਵਡਿਆਈਆ । ਜਿਸ ਫ਼ਤਿਹ ਡੰਕਾ ਵਜਾਇਆ ਵਿਚ ਜਹਾਨ, ਦੋ ਜਹਾਨਾਂ ਵੇਖ ਵਖਾਈਆ । ਉਹ ਕਰਨੀ ਦਾ ਕਰਤਾ ਪਰਮ ਪੁਰਖ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਜਿਸ ਕਲਜੁਗ ਕੂੜ ਮੇਟਣਾ ਨਿਸ਼ਾਨ, ਕੂੜੀ ਕਿਰਿਆ ਡੇਰਾ ਢਾਹੀਆ । ਧਰਮ ਦੀ ਧਾਰ ਕਰੇ ਪ੍ਰਧਾਨ, ਪ੍ਰਧਾਨਗੀ ਇਕੋ ਇਕ ਵਖਾਈਆ । ਜਿਸ ਦਾ ਢੋਲਾ ਸੋਹਲਾ ਗੀਤ ਨਾਮ ਕਲਮਾ ਤੂੰ ਮੇਰਾ ਮੈਂ ਤੇਰਾ ਸਾਰੇ ਗਾਣ, ਸਿਫ਼ਤਾਂ ਵਾਲੀ ਜਗਤ ਨਾ ਕੋਇ ਸਿਫ਼ਤ ਸਲਾਹੀਆ । ਉਹ ਯੋਧਾ ਸੂਰਬੀਰ ਮਰਦ ਮਰਦਾਨ, ਬਲਧਾਰੀ ਇਕ ਅਖਵਾਈਆ । ਫਲਗੁਣ ਕਹੇ ਮੇਰੀ ਨਮੋ ਨਮੋ ਪ੍ਰਨਾਮ, ਡੰਡਾਵਤ ਬੰਦਨਾ ਸਜਦੇ ਵਿਚ ਸਾਹਿਬ ਦੇ ਲਾਗਾਂ ਪਾਈਆ । ਜੋ ਸੰਤ ਸੁਹੇਲੇ ਭਗਤ ਕਰੇ ਪ੍ਰਵਾਨ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਚਰਨ ਪ੍ਰੀਤ ਬਖ਼ਸ਼ੇ ਧਿਆਨ, ਪ੍ਰੀਤਮ ਹੋ ਕੇ ਵੇਖ ਵਖਾਈਆ । ਜਨ ਭਗਤ ਮੀਤਾ ਨੌਜਵਾਨ, ਨਵ ਨਵ ਚਾਰ ਦਾ ਡੇਰਾ ਢਾਹੀਆ । ਘਰ ਮੰਦਰ ਸੁਹਾਏ ਆਣ, ਗ੍ਰਹਿ ਲੇਖਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਸ਼ਬਦ ਸੁਣਾਏ ਬਿਨਾ ਕਾਨ, ਅਨਹਦ ਅਨਾਦੀ ਧੁਨ ਧੁਨ ਆਤਮਕ ਰਾਗ ਦ੍ਰਿੜਾਈਆ ।

## ✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਸਾਰਗੜਾ ਜ਼ਿਲਾ ਅੰਮ੍ਰਿਤਸਰ ਕਾਰਜ ਸਿੰਘ ਦੇ ਗ੍ਰਹਿ ✪

ਜਨ ਭਗਤ ਕਹਿਣ ਪ੍ਰਭ ਹਿਰਦੇ ਅੰਦਰ ਵਸ, ਵਾਸਤਾ ਆਪਣੇ ਨਾਲ ਰਖਾਈਆ । ਸ਼ਬਦ ਅਣਿਆਲਾ ਤੀਰ ਮਾਰ ਕਸ, ਨਿਰਗੁਣ ਨਿਰਵੈਰ ਆਪ ਚਲਾਈਆ । ਅੰਮ੍ਰਿਤ ਬੂੰਦ ਸਵਾਂਤੀ ਦੇ ਰਸ, ਰਸਨਾ ਰਸ ਨਾ ਕੋਇ ਵਡਿਆਈਆ । ਤੇਰਾ ਦਰਸ਼ਨ ਕਰੀਏ ਹੱਸ ਹੱਸ, ਹਸਤੀ ਦੱਸਣੀ ਬੇਪਰਵਾਹੀਆ । ਸਰਨ ਸਰਨਾਈ ਆਈਏ ਨੱਸ ਨੱਸ, ਭੱਜੀਏ ਵਾਹੋ ਦਾਹੀਆ । ਜਗਤ ਮਿਟੇ ਰੈਣ ਅੰਧੇਰੀ ਮਸ, ਜੋਤੀ ਚੰਦ ਦੇਣਾ ਚਮਕਾਈਆ । ਮਨ ਮਨੂਆ ਹੋਵੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਪ੍ਰਕਾਸ਼ ਦੇਣਾ ਕੋਟਨ ਰਵ ਸਸ, ਅੰਧ ਅੰਧੇਰਾ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਜਨ ਭਗਤ ਕਹਿਣ ਪ੍ਰਭ ਅੰਤਰ ਲਾਹ ਦੇ ਪਰਦਾ, ਭੇਵ ਅਭੇਦ ਖੁਲਾਈਆ । ਲੇਖਾ ਰਹੇ ਨਾ ਚੋਟੀ ਜੜ ਦਾ, ਚੇਤਨ ਆਪਣਾ ਰੂਪ ਸਮਝਾਈਆ । ਕਿਲਾ ਤੋੜ ਹੰਕਾਰੀ ਗੜ੍ਹ ਦਾ, ਹਉਮੇ ਹੰਗਤਾ ਦੇ ਮਿਟਾਈਆ । ਤਨ ਅਗਨੀ ਤਤ ਰਹੇ ਨਾ ਸੜਦਾ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਤੂੰ ਮਾਲਕ ਖ਼ਾਲਕ ਘਰ ਘਰ ਦਾ, ਗ੍ਰਹਿ ਮੰਦਰ ਹੋਣਾ ਆਪ ਸਹਾਈਆ ।


੧੬੪੪
੨੩

ਬਿਨ ਤੇਰੀ ਕਿਰਪਾ ਲੋਕਮਾਤ ਕੋਈ ਨਾ ਤਰਦਾ, ਤਾਰਨਹਾਰ ਦੇਣੀ ਵਡਿਆਈਆ । ਇਸ਼ਨਾਨ ਕਰਾਉਣਾ ਆਪਣੇ ਅਗੰਮੀ ਸਰੋਵਰ ਸਰ ਦਾ, ਸਾਰ ਪਾਉਣੀ ਥਾਉਂ ਥਾਈਂਆ । ਜਨ ਭਗਤ ਸੁਹੇਲਾ ਬਣਾ ਲੈ ਆਪਣਾ ਬਰਦਾ, ਬੰਧਨ ਜਗਤ ਵਾਲੇ ਤੁੜਾਈਆ । ਲੇਖਾ ਮੁਕਾ ਦੇ ਕਲਜੁਗ ਕਲ ਦਾ, ਕਲਕਾਤੀ ਡੇਰਾ ਢਾਹੀਆ । ਤੇਰਾ ਖੇਲ ਮਹੀਅਲ ਜਲ ਥਲ ਦਾ, ਅਸਗਾਹਾਂ ਹੋਏ ਸਹਾਈਆ । ਦਰ ਜਣਾ ਦੇ ਨਿਹਚਲ ਧਾਮ ਅਟੱਲ ਦਾ, ਦਰਗਾਹ ਸਾਚੀ ਦੇ ਵਡਿਆਈਆ । ਤੇਰਾ ਵਿਛੋੜਾ ਨਾ ਹੋਵੇ ਪਲ ਦਾ, ਪਲਕਾਂ ਦੇ ਪਿਛੇ ਮਿਲਣਾ ਧੁਰ ਦੇ ਮਾਹੀਆ । ਜਿਥੇ ਦੀਪਕ ਜੋਤ ਹੋਵੇ ਬਲ ਦਾ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਾ ਸਤਿਗੁਰ ਸ਼ਬਦ ਸੰਦੇਸਾ ਹੋਵੇ ਘੱਲ ਦਾ, ਅਨਹਦ ਨਾਦੀ ਨਾਦ ਸੁਣਾਈਆ । ਮਾਣ ਬਖ਼ਸ਼ ਦੇ ਨਿਹਚਲ ਧਾਮ ਅਟੱਲ ਦਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੀ ਬੇਪਰਵਾਹੀਆ । ਜਨ ਭਗਤ ਕਹਿਣ ਪ੍ਰਭ ਅੰਤਸ਼ਕਰਨ ਖੋਲ ਦੇ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪੂਰਬ ਜਨਮ ਦਾ ਲਹਿਣਾ ਦੇ ਦੇ ਬਾਕੀ, ਲੇਖਾ ਜਨਮ ਕਰਮ ਨਾਲ ਮਿਲਾਈਆ । ਨਾਮ ਪਿਆਲਾ ਬਖ਼ਸ਼ ਦੇ ਬਣ ਕੇ ਸਾਕੀ, ਜਾਮ ਅਗੰਮਾ ਹੱਥ ਫੜਾਈਆ । ਸ਼ਬਦ ਘੋੜੇ ਚੜ੍ਹਾ ਲੈ ਰਾਕੀ, ਰਾਓ ਰੰਕਾਂ ਦੇ ਮਾਲਕ ਹੋਣਾ ਸਹਾਈਆ । ਸਾਡਾ ਲੇਖੇ ਲਾ ਲੈ ਬਦਨ ਖ਼ਾਕੀ, ਤਨ ਵਜੂਦਾਂ ਕਰ ਸਫ਼ਾਈਆ । ਅੰਦਰੋਂ ਮੇਟ ਅੰਧੇਰੀ ਰਾਤੀ, ਸਤਿ ਧਰਮ ਦਾ ਸਚ ਚੰਦ ਚਮਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਧੁਰ ਦੀ ਬਖ਼ਸ਼ ਦੇ ਬੂੰਦ ਸਵਾਂਤੀ, ਅੰਮ੍ਰਿਤ ਅੰਮੀਉਂ ਰਸ ਆਪ ਪਿਆਈਆ । ਕਲਜੁਗ ਅੰਤ ਪੁਛ ਲੈ ਵਾਤੀ, ਵਾਸਤਾ ਤੇਰੇ ਅਗੇ ਪਾਈਆ । ਬਿਨ

ਤੇਰੇ ਸਗਲਾ ਦਿਸੇ ਕੋਇ ਨਾ ਸਾਥੀ, ਸਾਚਾ ਸੰਗ ਨਾ ਕੋਇ ਨਿਭਾਈਆ । ਤੂੰ ਸਰਬ ਕਲਾ ਸਮਰਾਥੀ, ਸਮਰਥ ਤੇਰੇ ਹੱਥ ਵਡਿਆਈਆ । ਤੂੰ ਦੀਨ ਦਿਆਲ ਹੋਏਂ ਸਹਾਈ ਨਾਥ ਅਨਾਥੀ, ਨਿਥਾਵਿਆਂ ਦੇਵੇਂ ਮਾਣ ਵਡਿਆਈਆ । ਸਾਡਾ ਲੇਖ ਬਦਲ ਦੇ ਮਸਤਕ ਮਾਥੀ, ਧੂੜੀ ਚਰਨਾਂ ਖ਼ਾਕ ਰਮਾਈਆ । ਦਰ ਤੇਰੇ ਜੋੜਦੇ ਹਾਥੀ, ਹਥੇਲੀ ਹਥੇਲੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਜਨ ਭਗਤ ਕਹਿਣ ਪ੍ਰਭ ਆਤਮ ਧਾਰ ਬਖ਼ਸ਼ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੂੰ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਧੁਰਦਰਗਾਹੀਆ । ਸਾਡੀ ਕਬੂਲ ਕਰ ਲੈ ਬੰਦਨ, ਡੰਡਾਵਤ ਸਜਦਿਆਂ ਵਿਚ ਸੀਸ ਝੁਕਾਈਆ । ਧੁਰ ਦੇ ਨਾਮ ਦੀ ਚਾੜ੍ਹ ਦੇ ਰੰਗਣ, ਦੁਰਮਤ ਮੈਲ ਕਰ ਸਫ਼ਾਈਆ । ਨਿਰਗੁਣ ਧਾਰ ਲਾ ਲੈ ਆਪਣੇ ਅੰਗਣ, ਅੰਗੀਕਾਰ ਆਪ ਅਖਵਾਈਆ । ਤੇਰੇ ਦਰ ਤੇ ਭਿਖਾਰੀ ਹੋ ਕੇ ਮੰਗਣ, ਜਨ ਭਗਤ ਸੁਹੇਲੇ ਝੋਲੀਆਂ ਡਾਹੀਆ । ਤੂੰ ਨਾਮ ਨਿਧਾਨਾ ਆਇਓਂ ਵੰਡਣ, ਅਤੋਟ ਅਤੁਟ ਦੇਣਾ ਵਰਤਾਈਆ । ਤੇਰਾ ਖੇਲ ਵਿਚ ਵਰਭੰਡਣ, ਬ੍ਰਹਿਮੰਡ ਵੱਜਦੀ ਰਹੇ ਵਧਾਈਆ । ਤੂੰ ਸਾਹਿਬ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਤੇਰੇ ਹੁਕਮ ਵਿਚ ਕੋਟਨ ਕੋਟ ਜੁਗ ਚੌਕੜੀ ਲੰਘਣ, ਕਲਜੁਗ ਅੰਤਮ ਬੈਠਾ ਪੰਧ ਮੁਕਾਈਆ । ਜਨ ਭਗਤ ਕਹਿਣ ਸਾਡਾ ਲੇਖੇ ਲਾ ਲੈ ਜੋ ਅੰਤ ਕਿਨਾਰੇ ਘਾਟ ਬੈਠੇ ਕੰਢਣ, ਤੱਟਾਂ ਵੇਖ ਵਖਾਈਆ । ਹਰ ਹਿਰਦੇ ਪਾ ਦੇ ਠੰਡਣ, ਕੂੜੀ ਅਗਨੀ ਅਗ ਬੁਝਾਈਆ । ਆਤਮ ਧਾਰ ਹੋਵੇ ਨਾ ਰੰਡਣ, ਸੁਹਾਗੀ ਕੰਤ ਲੈਣਾ ਪ੍ਰਨਾਈਆ । ਰਾਏ ਧਰਮ ਦੇਵੇ ਨਾ ਦੰਡਣ, ਲੱਖ ਚੁਰਾਸੀ ਪੰਧ ਮੁਕਾਈਆ । ਜਨ ਭਗਤ ਸੁਹੇਲੇ ਤੇਰੇ ਦਵਾਰੇ ਲੰਘਣ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਭਾਗ ਹੋਏ ਕਿਸੇ ਨਾ ਮੰਦਣ, ਮੰਦਭਾਗੀ ਵਡਭਾਗੀ ਲੈਣੇ ਬਣਾਈਆ ।

੧੬੪੫
੨੩

### ੬ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ਅਵਤਾਰ ਸਿੰਘ ਦੇ ਗ੍ਰਿਹ

ਜਨ ਭਗਤ ਕਹਿਣ ਸੂਰੇ ਸਰਬਗ, ਬਗ ਬਪੜੇ ਹੰਸ ਰੂਪ ਦੇ ਬਣਾਈਆ । ਜਗਤ ਤ੍ਰਿਸ਼ਨਾ ਬੁੱਝਾ ਦੇ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਤੇਰੀ ਸਰਨ ਸਰਨਾਈ ਜਾਈਏ ਲੱਗ, ਵੱਖਰੀ ਵੰਡ ਨਾ ਕੋਇ ਵੰਡਾਈਆ । ਦਰਸ਼ਨ ਦੇਣਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਮੇਲਾ ਮੇਲਣਾ ਚਾਈਂ ਚਾਈਆ । ਕਲਜੁਗ ਤਤੀ ਵਾਅ ਰਹੀ ਵਗ, ਚਾਰੋਂ ਕੁੰਟ ਆਪਣਾ ਜ਼ੋਰ ਲਗਾਈਆ । ਅਸੀਂ ਮੂਰਖ ਮੂੜ੍ਹ ਜੀਵ ਅਲਪਗ, ਸਰਬਗ ਹੋਣਾ ਆਪ ਸਹਾਈਆ । ਮਿਹਰਵਾਨਾ ਸ੍ਰੀ ਭਗਵਾਨਾ ਤੈਨੂੰ ਤਤਾਂ ਅੰਦਰ ਲਈਏ ਲੱਭ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਾਡੀ ਮਨਸਾ ਪੂਰੀ ਕਰਨੀ ਹੱਬ, ਹਮ ਸਾਜਣ ਹੋਣਾ ਆਪ ਸਹਾਈਆ । ਤੂੰ ਨੂਰ ਨੁਰਾਨਾ ਸ਼ਾਹ ਸੁਲਤਾਨਾ ਅਲਾਹੀ ਰੱਬ, ਯਾਮਬੀਨ ਤੇਰੀ ਬੇਪਰਵਾਹੀਆ । ਸਚ ਦਵਾਰ ਏਕੰਕਾਰ ਆਪਣੇ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਕੂੜੀ ਕਿਰਿਆ ਜਗਤ ਮੇਟ ਦੇ ਹੱਦ, ਹਦੂਦ ਆਪਣੀ ਦੇ ਸਮਝਾਈਆ । ਆਤਮ ਪਰਮਾਤਮ ਬਣਾ ਯਦ, ਯਦੀ ਆਪਣਾ ਰੰਗ ਰੰਗਾਈਆ । ਨਾਮ ਨਿਧਾਨਾ ਜਾਮ ਪਿਆਲਾ ਪਿਆ ਮਦਿ, ਮਧੁਰ ਧੁਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਜਨ ਭਗਤ ਕਹਿਣ ਪ੍ਰਭ ਭਾਗ ਲਗਾ ਦੇ ਸਾਡੀ ਝੁੱਗੀ, ਕੁੱਲੀ ਕੱਖਾਂ ਦੇ ਵਡਿਆਈਆ । ਸਾਡੀ ਆਤਮ ਧਾਰ ਕਰ ਉਘੀ, ਉਗਣ ਆਥਣ ਵੱਜਦੀ ਰਹੇ ਵਧਾਈਆ । ਇਕੋ ਖੇਲ ਤੇਰੇ ਮਿਲਣ ਦੀ ਹੋਵੇ ਸੁੱਝੀ, ਦੂਜੀ ਓਟ ਨਾ ਕੋਇ ਤਕਾਈਆ । ਸੁਰਤੀ ਸ਼ਬਦ ਵਿਚ ਹੋਵੇ ਰੁਝੀ, ਮਨੂਆ ਉਠ ਨਾ ਦਹਿ ਦਿਸ਼ ਧਾਈਆ । ਆਪਣੀ ਰਮਜ਼ ਲਗਾ ਦੇ ਗੁਝੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਲਜੁਗ ਔਧ ਵੇਖ ਲੈ ਪੁਗੀ, ਆਪਣਾ ਬੈਠਾ ਪੰਧ ਮੁਕਾਈਆ । ਨੇਤਰ ਰੋ ਪੁਕਾਰੇ ਬਸੁੱਧੀ, ਧਰਨੀ ਧਰਤ ਧਵਲ ਧੌਲ ਦਏ ਗਵਾਹੀਆ । ਮੇਰਾ ਖੇਲ ਵੇਖਣਾ ਜਗਤ ਜਹਾਨ ਯੁੱਧੀ, ਯੋਧੇ ਤੇਰੇ ਹੱਥ ਵਡਿਆਈਆ । ਪਵਿਤ੍ਰ ਰਹਿਣ ਦੇਣੀ ਨਹੀਂ ਕਿਸੇ ਦੀ ਬੁੱਧੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜਗਤ ਵਾਸਨਾ ਕਲਪਣਾ ਵਿਚ ਨੱਚੀ ਟੱਪੀ ਕੁੱਦੀ, ਚਾਰੋਂ ਕੁੰਟ ਲਏ ਅੰਗੜਾਈਆ । ਤੇਰੀ ਖੇਲ ਹੋਣੀ ਦੁਤੀਆ ਭਾਉ ਦੀ ਦੂਜੀ, ਏਕਾ ਰੰਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤ ਕਹਿਣ ਪ੍ਰਭ ਸਾਡੇ ਅੰਤਰ ਬਖ਼ਸ਼ ਦੇ ਦਾਨ, ਨਾਮ ਨਾਮਾ ਦੇ ਵਰਤਾਈਆ । ਤੂੰ ਅਪਰੰਪਰ ਸਵਾਮੀ ਅਗੰਮਾ ਰਾਮ, ਰਮਈਆ ਤੇਰੀ ਬੇਪਰਵਾਹੀਆ । ਤੂੰ ਨਿਰਗੁਣ ਨੂਰ ਜੋਤ ਜੋਤੀ ਜਾਤਾ ਕਾਹਨ, ਕਾਹਨ ਕਾਹਨਾ ਇਕ ਅਖਵਾਈਆ । ਤੂੰ ਪੈਗ਼ੰਬਰਾਂ ਦਾ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਤੇਰਾ ਅੱਖਰਾਂ ਤੋਂ ਬਾਹਰ ਕਲਾਮ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਤੇਰਾ ਹੁਕਮ ਸੰਦੇਸਾ ਦੋ ਜਹਾਨ, ਬ੍ਰਹਿਮੰਡ ਖੰਡ ਕਰਨ ਸ਼ਨਵਾਈਆ । ਕਿਰਪਾ ਕਰ ਸੂਰਬੀਰ ਯੋਧੇ ਬਲਵਾਨ, ਬਲਧਾਰੀ ਤੇਰੀ ਓਟ ਤਕਾਈਆ । ਜਨ ਭਗਤ ਸੁਹੇਲੇ ਤੇਰੇ ਚਰਨ ਕਵਲ ਕਰਨ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰੀ ਕਿਰਪਾ ਨਾਲ ਰੋਗ ਸੋਗ ਦੁੱਖ ਚਿੰਤ ਸਰਬ ਮਿਟ ਜਾਣ, ਤਨ ਵਜੂਦਾਂ ਕਰ ਸਫ਼ਾਈਆ । ਦੇ ਵਡਿਆਈ ਬਿਰਧ ਬਾਲ ਜਵਾਨ, ਜੋਬਨਵੰਤੇ ਹੋਣਾ ਆਪ ਸਹਾਈਆ । ਜਨ ਭਗਤ ਕਹਿਣ ਸਾਡੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਅਸੀਂ ਬਾਲੀ ਬੁੱਧ ਬਾਲ ਅੰਞਾਣ, ਅਕਲ ਬੁੱਧੀ ਕੰਮ ਕਿਸੇ ਨਾ ਆਈਆ । ਤੂੰ ਦਾਤਾ ਦਾਨੀ ਸ੍ਰੀ ਭਗਵਾਨ, ਭਗਵਨ ਇਕ ਅਖਵਾਈਆ । ਚੁਰਾਸੀ ਵਿਚੋਂ ਸਾਡੀ ਕਰ ਪਹਿਚਾਨ, ਬੇਪਹਿਚਾਨ ਧਿਆਨ ਲਗਾਈਆ । ਸਾਚਾ ਧਰਮ ਦਾ ਦੇ ਨਿਸ਼ਾਨ, ਨਿਸ਼ਾਨੇ ਕੂੜ ਜਗਤ ਬਦਲਾਈਆ । ਤੇਰਾ ਅੰਤਰ ਨਿਰੰਤਰ ਇਕੋ ਹੋਵੇ ਗਾਣ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਗਤ ਭਗਤ ਸੁਹੇਲੇ ਕਰੀਂ ਪ੍ਰਵਾਨ, ਪਰਮ ਪੁਰਖ ਤੇਰੀ ਵਡਿਆਈਆ । ਸਭ ਦਾ ਤੇਰੇ ਉਤੇ ਮਾਣ, ਨਿਮਾਣਿਆਂ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਆਦਿ ਜੁਗਾਦੀ ਜਾਣੀ ਜਾਣ, ਜਾਣਨਹਾਰ ਤੇਰੇ ਹੱਥ ਵਡਿਆਈਆ ।

✪ ੬ ਫੱਗਣ ਸ਼ਹਿਨਸ਼ਾਹੀ ਸੰਮਤ ਨੌਂ ਪਿੰਡ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ਨਰਾਇਣ ਸਿੰਘ ਦੇ ਗ੍ਰਹਿ ✪

ਫਲਗੁਣ ਕਹੇ ਸੁਣੋ ਹੁਕਮ ਜਗਤ ਜਗਿਆਸੂ, ਸ਼ਬਦੀ ਧਾਰ ਧਾਰ ਜਣਾਈਆ । ਕੀ ਸੰਦੇਸ਼ਾ ਦੇਵੇ ਧੁਰਦਰਗਾਹੀ ਪੁਰਖ ਅਬਿਨਾਸ਼ੂ, ਅਬਿਨਾਸ਼ੀ

ਕਰਤਾ ਅਗੰਮ ਅਥਾਹੀਆ । ਜਿਸ ਦੀ ਮੰਡਲ ਮੰਡਪ ਦੋ ਜਹਾਨਾਂ ਰਾਸੂ, ਬਿਨ ਗੋਪੀ ਕਾਹਨ ਆਪਣਾ ਖੇਲ ਖਿਲਾਈਆ । ਜੋ ਬ੍ਰਹਿਮੰਡਾਂ ਖੰਡਾਂ ਬਣਿਆ ਵਾਸੂ, ਵਾਸਤਾ ਨਿਰਗੁਣ ਧਾਰ ਆਪਣੇ ਨਾਲ ਰਖਾਈਆ । ਉਹ ਲੇਖਾ ਜਾਣੇ ਜੀਵ ਜੰਤ ਸਾਧ ਸੰਤ ਸਵਾਸ ਸਵਾਸੂ, ਸਾਹ ਸਾਹ ਖੋਜ ਖੁਜਾਈਆ । ਜਿਸ ਦੇ ਵੈਰਾਗ ਵਿਚ ਸੂਫ਼ੀ ਵਹਾਵਣ ਅਾਂਸੂ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਫਲਗੁਣ ਕਹੇ ਸਾਹਿਬ ਪਿਆਰਾ ਮੀਤੜਾ, ਹਰਿ ਸੱਜਣ ਏਕੰਕਾਰ । ਜਿਸ ਦਾ ਖੇਲ ਸਦਾ ਅਨਡੀਠੜਾ, ਵੇਖ ਸਕੇ ਨਾ ਕੋਇ ਵਿਚ ਸੰਸਾਰ । ਉਹਦੀ ਜੁਗ ਜੁਗ ਅਵੱਲੜੀ ਰੀਤੜਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਏ ਉਧਾਰ । ਉਹਦਾ ਨਾਮ ਨਿਧਾਨਾ ਮੀਠੜਾ, ਰਸਨਾ ਜਿਹਵਾ ਗੁਣ ਲਏ ਵਿਚਾਰ । ਉਹ ਸੁਣਾਏ ਸੁਹਾਗੀ ਗੀਤੜਾ, ਤੂੰ ਮੇਰਾ ਮੈਂ ਤੇਰਾ ਆਤਮ ਅੰਤਰ ਦਏ ਪਿਆਰ । ਉਹ ਲੱਖ ਚੁਰਾਸੀ ਪਰਖਣਹਾਰਾ ਨੀਤੜਾ, ਇਕ ਇਕੱਲਾ ਏਕੰਕਾਰ । ਜੋ ਜਨ ਭਗਤਾਂ ਚਾੜ੍ਹੇ ਰੰਗ ਮਜੀਠੜਾ, ਉਤਰ ਨਾ ਜਾਏ ਦੂਜੀ ਵਾਰ । ਸਾਚਾ ਕਲਮਾ ਦੇ ਹਦੀਸੜਾ, ਧੁਰ ਪੈਗ਼ਾਮ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰ । ਫਲਗੁਣ ਕਹੇ ਮੇਰਾ ਸਾਹਿਬ ਸਵਾਮੀ ਸਾਚਾ, ਸਚ ਸਚ ਵਡਿਆਈਆ । ਜੋ ਲੱਖ ਚੁਰਾਸੀ ਵੇਖੇ ਕਾਇਆ ਮਾਟੀ ਭਾਂਡਾ ਕਾਚਾ, ਤਤਵ ਤਤਾਂ ਧਿਆਨ ਲਗਾਈਆ । ਜੋ ਲੂੰ ਲੂੰ ਅੰਦਰ ਰਾਚਾ, ਰਚਨਾ ਆਪਣੀ ਆਪ ਬਣਾਈਆ । ਉਹ ਖੇਲੇ ਖੇਲ ਅਗੰਮ ਤਮਾਸ਼ਾ, ਦੋ ਜਹਾਨਾਂ ਖੇਲ ਖਿਲਾਈਆ । ਨਿਰਗੁਣ ਧਾਰ ਪਾਵੇ ਰਾਸਾ,
੧੬੪੭ ਸਰਗੁਣ ਆਪਣੀ ਖ਼ੁਸ਼ੀ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਜੋਤ ਕਰ ਪ੍ਰਕਾਸ਼ਾ, ਅੰਧ ਅੰਧੇਰਾ ਦਏ ਮਿਟਾਈਆ । ਜਨ ਭਗਤਾਂ ੧੬੪੭
੨੩ ਚਰਨ ਕਵਲ ਦੇ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਪਾਰਬ੍ਰਹਮ ਬ੍ਰਹਮ ਜੋੜ ਕੇ ਨਾਤਾ, ਦੂਈ ਦਵੈਤੀ ਡੇਰਾ ਢਾਹੀਆ । ਆਤਮ ਪਰਮਾਤਮ ੨੩
ਇਕੋ ਦੱਸ ਕੇ ਜ਼ਾਤਾ, ਅਜ਼ਾਤੀ ਦਾ ਲੇਖਾ ਦਏ ਮੁਕਾਈਆ । ਘਰ ਸਵਾਮੀ ਦਰਸ਼ਨ ਦੇਵੇ ਇਕ ਇਕਾਂਤਾ, ਇਕ ਇਕੱਲਾ ਨਜ਼ਰੀ ਆਈਆ । ਜਿਸ ਦਾ ਵੇਸ ਅਵੱਲਾ ਜੁਗ ਜੁਗ ਬਹੁਭਾਂਤਾ, ਅਵਤਾਰ ਪੈਗ਼ੰਬਰ ਗੁਰੂ ਤਨ ਵਜੂਦਾਂ ਸੰਗ ਬਣਾਈਆ । ਜਿਸ ਦੀ ਸ਼ਬਦ ਅਗੰਮੜੀ ਗਾਥਾ, ਨਿਰਅੱਖਰ ਧਾਰ ਪੜ੍ਹਾਈਆ । ਉਹ ਸਾਹਿਬ ਸਵਾਮੀ ਸਰਬ ਕਲਾ ਸਮਰਾਥਾ, ਸਮਰਥ ਪੁਰਖ ਇਕ ਅਖਵਾਈਆ । ਜੋ ਹੋਏ ਸਹਾਈ ਅਨਾਥ ਅਨਾਥਾ, ਦੀਨਨ ਆਪਣੇ ਗਲੇ ਲਗਾਈਆ । ਜਨ ਭਗਤਾਂ ਲਹਿਣਾ ਦੇਣਾ ਪੂਰਾ ਕਰੇ ਮਸਤਕ ਮਾਥਾ, ਤਿਲਕ ਲਲਾਟੀ ਜੋਤੀ ਨੂਰ ਕਰ ਰੁਸ਼ਨਾਈਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਆਪਣਾ ਨੂਰ ਨੂਰ ਚਮਕਾਈਆ । ਸੋ ਹਰ ਘਟ ਅੰਦਰ ਰੱਖੇ ਵਾਸਾ, ਵਾਸਤਾ ਆਪਣੇ ਨਾਲ ਰਖਾਈਆ । ਜਨ ਭਗਤਾਂ ਦੇ ਭਰਵਾਸਾ, ਭੇਵ ਅਭੇਦਾ ਦਏ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਫਲਗੁਣ ਕਹੇ ਪ੍ਰਭ ਸਾਹਿਬ ਸਵਾਮੀ ਏਕਾ, ਇਕ ਇਕੱਲਾ ਆਪ ਅਖਵਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂਆਂ ਰੱਖੀ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਉਹ ਲੱਖ ਚੁਰਾਸੀ ਕਰਨਹਾਰਾ ਬੁਧ ਬਿਬੇਕਾ, ਪਤਤ ਪੁਨੀਤ ਬਣਾਈਆ । ਜੋ ਵਸੇ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਸ਼ਾਹੋ ਭੂਪ ਨਰ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਦਿਸ਼ਾ ਪੜ੍ਹਾਈਆ । ਉਹਦਾ ਵੇਸ ਅਵੱਲੜਾ ਹੋਏ ਅਨੇਕਾ, ਅਨਕ ਕਲਧਾਰੀ ਆਪਣੀ ਕਲ ਪ੍ਰਗਟਾਈਆ । ਜੋ ਸਦਾ

ਰਹੇ ਹਮੇਸ਼ਾ, ਜਨਮ ਮਰਨ ਵਿਚ ਕਦੇ ਨਾ ਆਈਆ । ਜੁਗ ਉਲਟਾਉਣਾ ਜਿਸ ਦਾ ਆਪਣਾ ਲੇਖਾ, ਲੇਖੇ ਲੇਖੇ ਵਿਚੋਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਉਪਜਾਈਆ । ਫਲਗੁਣ ਕਹੇ ਜਨ ਭਗਤੋ ਇਕੋ ਇਸ਼ਟ ਪੁਰਖ ਅਕਾਲ, ਅਕਲ ਕਲਧਾਰੀ ਇਕ ਅਖਵਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਦੀਨ ਦਿਆਲ, ਸ਼ਬਦ ਅਨਾਦੀ ਧੁਨ ਉਪਜਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰੇ ਸੋਭਾ ਪਾਈਆ । ਸੋ ਅੰਤ ਕੰਤ ਭਗਵੰਤ ਜਨ ਭਗਤਾਂ ਕਰੇ ਸੰਭਾਲ, ਸੰਬਲ ਨਿਵਾਸੀ ਆਪਣਾ ਪਰਦਾ ਲਾਹੀਆ । ਇਕੋ ਰੰਗ ਰੰਗਾ ਕੇ ਸ਼ਾਹ ਕੰਗਾਲ, ਊਚਾਂ ਨੀਚਾਂ ਡੇਰਾ ਢਾਹੀਆ । ਸਤਿਗੁਰ ਸ਼ਬਦ ਬਣਾ ਦਲਾਲ, ਵਿਚੋਲਾ ਆਪਣਾ ਨਾਮ ਦ੍ਰਿੜਾਈਆ । ਸੰਤ ਸੁਹੇਲੇ ਸੱਜਣ ਭਾਲ, ਲੱਖ ਚੁਰਾਸੀ ਵਿਚੋਂ ਲਏ ਮਿਲਾਈਆ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਜਿਸ ਦੇ ਹੁਕਮ ਅੰਦਰ ਭੱਜੇ ਫਿਰਦੇ ਕਾਲ ਮਹਾਕਾਲ, ਰਾਏ ਧਰਮ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਫਲਗੁਣ ਕਹੇ ਮੇਰਾ ਸੰਦੇਸਾ ਭਗਤੋ ਇਕ, ਇਕੋ ਵਾਰ ਜਣਾਈਆ । ਮਨੂਆ ਸਭ ਦਾ ਜਾਏ ਟਿਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਇਕੋ ਗ੍ਰਹਿ ਜਾਣਾ ਵਿਕ, ਕੀਮਤ ਅਵਰ ਕੋਇ ਨਾ ਪਾਈਆ । ਇਕੋ ਸਾਹਿਬ ਵਸਾਉਣਾ ਚਿਤ, ਠਗੌਰੀ ਰਹੇ ਨਾ ਰਾਈਆ । ਇਕੋ ਸਵਾਮੀ ਬਣਾਉਣਾ ਮਿਤ, ਮਿਤ੍ਰ ਪਿਆਰਾ ਵਿਛੜ ਕਦੇ ਨਾ ਜਾਈਆ । ਜੋ ਦਰਸ਼ਨ ਦੇਵੇ ਨਿਤ, ਨਿਜ ਲੋਚਣ ਨੈਣ ਕਰੇ ਰੁਸ਼ਨਾਈਆ । ਚਰਨ ਕਵਲ ਲਿਆਏ ਖਿੱਚ, ਸੁਰਤੀ ਸ਼ਬਦ ਨਾਲ ਮਿਲਾਈਆ । ਸਦ ਵਸੇ ਕਾਇਆ ਵਿਚ, ਸਾਢੇ ਤਿੰਨ ਹੱਥ ਸੋਭਾ ਪਾਈਆ । ਆਤਮ ਧਾਰ ਬਣੇ ਪਿਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਬ੍ਰਹਮ ਦਾ ਪਾਰਬ੍ਰਹਮ ਬਣਾਏ ਹਿਤ, ਹਿਤਕਾਰੀ ਅਗੰਮ ਅਥਾਹੀਆ । ਜਿਸ ਚਰਨ ਕਵਲ ਜਾਣਾ ਟਿਕ, ਦੂਸਰ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਵੇ ਜਨ ਭਗਤਾਂ ਬੂੰਦ ਰਿਤ, ਰਕਤ ਬੂੰਦ ਆਪਣੇ ਰੰਗ ਰੰਗਾਈਆ ।

੧੬੪੮
੨੩

### ✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ਸਵਰਨ ਸਿੰਘ ਦੇ ਗ੍ਰਹਿ ✪

ਭਗਤ ਸੁਹੇਲਾ ਸਾਚਾ ਸਖਾ, ਹਰਿ ਕਰਤਾ ਦੀਨ ਦਿਆਲ । ਨਿਜ ਨੇਤਰ ਖੋਲੇ ਅੱਖਾਂ, ਮੇਲ ਮਿਲਾਏ ਆਪਣੇ ਨਾਲ । ਏਥੇ ਓਥੇ ਦੋ ਜਹਾਨਾਂ ਕਰੇ ਰੱਖਾਂ, ਲੇਖੇ ਲਾਏ ਸ਼ਾਹ ਕੰਗਾਲ । ਭੇਵ ਚੁਕਾਏ ਸ਼ੁਕਲਾ ਕਿਸ਼ਨਾ ਪੱਖਾ, ਜੋਤ ਜਗਾਏ ਬੇਮਿਸਾਲ । ਪਾਰ ਕਰਾਏ ਵਿਚੋਂ ਕੋਟਾਂ ਲੱਖਾਂ, ਮਿਹਰਵਾਨ ਮਿਹਰਵਾਨ ਬਣ ਕੇ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਫੁੱਲ ਲਗਾਏ ਸਾਚੇ ਡਾਲ । ਜਨ ਭਗਤਾਂ ਸਾਚਾ ਸੰਗ ਹੈ, ਰੱਖੇ ਰੱਖਣਹਾਰ । ਚਾੜ੍ਹੇ ਨਾਮ ਨਿਧਾਨਾ ਰੰਗ ਹੈ, ਉਤਰ ਨਾ ਜਾਏ ਵਿਚ ਸੰਸਾਰ । ਪੂਰੀ ਕਰੇ ਆਸ਼ਾ ਮਨਸਾ ਉਮੰਗ ਹੈ, ਦੇਵਣਹਾਰ ਆਪ ਨਿਰੰਕਾਰ । ਸੇਜ ਸੁਹਾਏ ਸਚ ਪਲੰਘ ਹੈ, ਘਰ ਮੰਦਰ ਬੰਕ ਦਵਾਰ । ਦਰ ਦਰਵਾਜ਼ਾ ਜਾਏ ਲੰਘ ਹੈ, ਆਪ ਆਪਣੀ ਕਿਰਪਾ ਧਾਰ । ਕਰੇ ਪ੍ਰਕਾਸ਼ ਬਿਨ ਸੂਰੀਆ ਚੰਦ ਹੈ, ਜੋਤੀ ਜਾਤਾ ਹੋ ਉਜਿਆਰ । ਅੰਤਰ ਦੇਵੇ ਬ੍ਰਹਮ ਅਨੰਦ ਹੈ, ਪਾਰਬ੍ਰਹਮ ਰੂਪ ਕਰਤਾਰ । ਭਾਗ

ਹੋਣ ਨਾ ਦੇਵੇ ਮੰਦ ਹੈ, ਹਰਿ ਹਰਿ ਖ਼ਾਲੀ ਭਰੇ ਭੰਡਾਰ । ਤੂੰ ਮੇਰਾ ਮੈਂ ਤੇਰਾ ਸੁਣਾਏ ਛੰਦ ਹੈ, ਗੀਤ ਸੁਹਾਗੀ ਅਪਰ ਅਪਾਰ । ਲੇਖੇ ਲਾਏ ਬੱਤੀ ਦੰਦ ਹੈ, ਜੋ ਜਨ ਗਾਏ ਗਾਵਣਹਾਰ । ਭਰਮਾਂ ਢਾਹੇ ਦਵੈਤੀ ਕੰਧ ਹੈ, ਹਉਮੇ ਹੰਗਤਾ ਰੋਗ ਨਿਵਾਰ । ਖ਼ੁਸ਼ੀ ਕਰਾਏ ਬੰਦ ਬੰਦ ਹੈ, ਬੰਦਗੀ ਬਖ਼ਸ਼ੇ ਚਰਨ ਪਿਆਰ । ਲੇਖਾ ਰਹੇ ਨਾ ਸਵੇਰ ਸੰਝ ਹੈ, ਅੱਠੇ ਪਹਿਰ ਦਏ ਦੀਦਾਰ । ਬੇੜਾ ਰੁੜ੍ਹੇ ਨਾ ਵਿਚ ਧਾਰ ਮੰਝ ਹੈ, ਸਤਿਗੁਰ ਸ਼ਬਦ ਲੰਘਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਹਾਰ । ਜਨ ਭਗਤਾਂ ਮੀਤਾ ਧੁਰ ਦਾ ਸਾਈਂ, ਹਰਿ ਕਰਤਾ ਇਕ ਅਖਵਾਇੰਦਾ । ਆਦਿ ਜੁਗਾਦੀ ਧੁਰ ਗੁਸਾਈਂ, ਗਹਿਰ ਗੰਭੀਰ ਦਇਆ ਕਮਾਇੰਦਾ । ਸਤਿ ਸਤਿਵਾਦੀ ਬਣ ਕੇ ਮਾਹੀ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਫੜ ਫੜ ਮਾਰਗ ਲਾਵੇ ਰਾਹੀ, ਰਹਿਬਰ ਆਪਣਾ ਭੇਵ ਚੁਕਾਇੰਦਾ । ਜਿਸ ਖ਼ਾਲਕ ਦੀ ਰਚਨਾ ਖ਼ਲਕ ਖ਼ੁਦਾਈ, ਖ਼ੁਦ ਆਪਣਾ ਹੁਕਮ ਵਰਤਾਇੰਦਾ । ਜਿਸ ਨੂੰ ਸੀਸ ਸਾਰੇ ਰਹੇ ਝੁਕਾਈ, ਸਿਰ ਅਗੇ ਨਾ ਕੋਇ ਉਠਾਇੰਦਾ । ਉਹ ਮਾਲਕ ਧੁਰਦਰਗਾਹੀ, ਜੋਤੀ ਜਾਤਾ ਇਕ ਅਖਵਾਇੰਦਾ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀ, ਸ਼ਹਾਦਤ ਇਕੋ ਨਾਮ ਭੁਗਤਾਇੰਦਾ । ਉਹ ਖੇਲੇ ਖੇਲ ਬੇਪ੍ਰਵਾਹੀ, ਬੇਪ੍ਰਵਾਹੀ ਵਿਚ ਸਮਾਇੰਦਾ । ਜੋ ਸਭ ਦਾ ਦਾਇਆ ਦਾਈ, ਲੱਖ ਚੁਰਾਸੀ ਜੀਵ ਉਪਜਾਇੰਦਾ । ਉਹ ਵੇਖਣਹਾਰਾ ਜਨ ਭਗਤਾਂ ਜਨਮ ਕਰਮ ਕਮਾਈ, ਪੂਰਬ ਲਹਿਣੇ ਨਾਲ ਮਿਲਾਇੰਦਾ । ਜੋ ਪਾਰ ਕਰਾਏ ਸਮੁੰਦ ਸਾਗਰ ਖਾਈ, ਟਿੱਲੇ ਪਰਬਤਾਂ ਡੇਰਾ ਢਾਹਿੰਦਾ । ਜੋ ਜੁਗ ਜੁਗ ਉਜੜੇ ਖੇੜੇ ਰਿਹਾ ਵਸਾਈ, ਜਨ ਭਗਤਾਂ ਨਾਮ ਵਡਿਆਇੰਦਾ ।
੧੬੪੯ ੨੩ ਜੋ ਫੜ ਉਠਾਏ ਬਾਹੀਂ, ਜਗਤ ਢੱਠਿਆਂ ਗੋਦ ਉਠਾਇੰਦਾ । ਏਥੇ ਉਥੇ ਹੋਣ ਨਾ ਦੇਵੇ ਜੁਦਾਈ, ਵੱਖਰਾ ਘਰ ਨਾ ਕੋਇ ਬਣਾਇੰਦਾ । ਜਨ ਭਗਤਾਂ ਮੰਜ਼ਲ ਦੇਵੇ ਚਾਈਂ ਚਾਈਂ, ਚਾਓ ਘਨੇਰਾ ਇਕ ਰਖਾਇੰਦਾ । ਸਾਚਾ ਮੇਲਾ ਮੇਲੇ ਸਹਿਜ ਸੁਭਾਈ, ਆਤਮ ਪਰਮਾਤਮ ਜੋੜ ਜੁੜਾਇੰਦਾ । ਸ਼ਬਦੀ ਧਾਰ ਦਏ ਜਣਾਈ, ਅਨਾਦੀ ਨਾਦ ਦ੍ਰਿੜਾਇੰਦਾ । ਦੀਪਕ ਜੋਤ ਕਰ ਰੁਸ਼ਨਾਈ, ਅੰਧ ਅੰਧੇਰ ਮਿਟਾਇੰਦਾ । ਸਾਚੇ ਮੰਦਰ ਦਏ ਚੜ੍ਹਾਈ, ਦਰਗਾਹ ਸਾਚੀ ਆਪ ਸੁਹਾਇੰਦਾ । ਸਚਖੰਡ ਦਵਾਰ ਦਏ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਜਨ ਭਗਤ ਸੁਹੇਲਾ ਏਕੰਕਾਰਾ ਆਦਿ ਜੁਗਾਦਿ ਇਕ ਅਖਵਾਈ, ਦੂਜਾ ਨਜ਼ਰ ਕੋਇ ਨਾ ਆਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਵੇਖਣਹਾਰਾ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਥਲ ਅਸਗਾਹੀ, ਜਲ ਥਲ ਮਹੀਅਲ ਪਾਰ ਕਰਾਇੰਦਾ । ੧੬੪੯ ੨੩

✪ ੭ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਕਰਤਾਰ ਪੁਰ ਦੀ ਸੁਰਜੀਤ ਕੌਰ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ਵਿਖੇ ✪

ਸੂਫ਼ੀ ਕਹਿਣ ਹਕ ਅਮਾਮਾ, ਈਮਾਨ ਨਾਲ ਸੀਸ ਝੁਕਾਈਆ । ਤੇਰਾ ਸੁਣੀਏ ਅਗੰਮ ਪੈਗਾਮਾ, ਕਲਮਿਆਂ ਬਾਹਰ ਸਮਝਾਈਆ । ਤੇਰਾ ਖੇਲ ਜਗਤ ਜਹਾਨਾ, ਤਬਕ ਵੇਖਣ ਨੈਣ ਉਠਾਈਆ । ਤੂੰ ਯੋਧਾ ਸੂਰਬੀਰ ਵਡ ਬਲਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਤੇਰਾ ਸਤਿ ਦਾ ਸਚ ਹੋਵੇ ਨਿਸ਼ਾਨਾ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਤੇਰਾ ਧਰਮ ਧਾਰ ਇਸਲਾਮਾ, ਇਸਮ ਆਜਮ ਇਕ ਵਖਾਈਆ । ਸ਼ਰਅ ਦਾ ਰਹਿਣ ਨਾ ਦੇਵੀਂ

ਕੋਇ ਗ਼ੁਲਾਮਾ, ਜ਼ੰਜੀਰ ਜਗਤ ਵਾਲੇ ਤੁੜਾਈਆ । ਤੈਨੂੰ ਸਜਦੇ ਕਰਨ ਤਮਾਮਾ, ਤਮਅ ਮਜ਼੍ਹਬ ਨਾ ਵੰਡ ਵੰਡਾਈਆ । ਤੇਰਾ ਖੇਲ ਵੇਖਣਾ ਵਿਚ ਮੈਦਾਨਾ, ਜਗਤ ਜਹਾਨਾ ਧਿਆਨ ਲਗਾਈਆ । ਤੈਨੂੰ ਕਹਿੰਦੇ ਧੁਰ ਦਾ ਕਾਹਨਾ, ਧੁਰ ਰਾਮ ਤੇਰੇ ਹੱਥ ਵਡਿਆਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਖੇਲ ਕਰੇਂ ਮਹਾਨਾ, ਮਹਿੰਮਾ ਕਥ ਕਥ ਨਾ ਕੋਇ ਸੁਣਾਈਆ । ਤੂੰ ਹਰ ਘਟ ਅੰਤਰ ਜਾਣੀ ਜਾਣਾ, ਅੰਤਰਜਾਮੀ ਬੇਪ੍ਰਵਾਹੀਆ । ਤੇਰਾ ਭੇਵ ਜਾਣੇ ਨਾ ਕੋਇ ਪਵਣ ਮਸਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਬੇਪ੍ਰਵਾਹੀਆ । ਬੇਪ੍ਰਵਾਹ ਅਗੰਮੇ ਮੌਲਾ, ਬੇਨਜ਼ੀਰ ਤੇਰੀ ਸਰਨਾਈਆ । ਆਪਣਾ ਵਾਇਦਾ ਤੱਕ ਲੈ ਪੂਰਾ ਕਰ ਲੈ ਕੌਲਾ, ਇਕਰਾਰਨਾਮੇ ਫੋਲ ਫੁਲਾਈਆ । ਸਚ ਸੰਦੇਸ਼ਾ ਦੇ ਦੇ ਉਪਰ ਧੌਲਾ, ਧਰਨੀ ਧਰਤ ਧਵਲ ਧਿਆਨ ਲਗਾਈਆ । ਨਵ ਸੱਤ ਸ਼ਰਅ ਦਾ ਵੇਖ ਲੈ ਰੌਲਾ, ਜਗਤ ਝਗੜੇ ਵਿਚ ਲੋਕਾਈਆ । ਤੁਧ ਬਿਨ ਧਰਨੀ ਭਾਰ ਕਰੇ ਕੋਇ ਨਾ ਹੌਲਾ, ਮਮਤਾ ਮੋਹ ਨਾ ਕੋਇ ਮਿਟਾਈਆ । ਤੇਰਾ ਇਸ਼ਾਰਾ ਦੇ ਕੇ ਗਿਆ ਕਾਹਨ ਸਵਲਾ ਸੌਲਾ, ਸਵਲ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਤੂੰ ਸਾਹਿਬ ਸੁਲਤਾਨਾ ਲਾਸ਼ਰੀਕ, ਤੇਰੀ ਬੇਪਰਵਾਹੀਆ । ਤੇਰੇ ਵਿਚ ਹਕ ਤੌਫ਼ੀਕ, ਤੂੰ ਜਲਵਾਗਰ ਨੂਰ ਅਲਾਹੀਆ । ਤੂੰ ਆਤਮ ਧਾਰ ਕਰੇਂ ਤਸਦੀਕ, ਸ਼ਹਾਦਤ ਕਲਮੇ ਵਾਲੀ ਭੁਗਤਾਈਆ । ਸੂਫ਼ੀਆਂ ਮਨਸਾ ਪੂਰੀ ਕਰੇ ਉਮੀਦ, ਆਸ਼ਾ ਆਪਣੇ ਵਿਚ ਰਖਾਈਆ । ਸਾਚੇ ਕਲਮੇ ਦੀ ਕਰੇ ਤਾਕੀਦ, ਹੁਕਮ ਹੁਕਮ ਨਾਲ ਦ੍ਰਿੜਾਈਆ । ਗ਼ਫ਼ਲਤ ਵਿਚੋਂ ਖੋਲੇਂ ਨੀਂਦ, ਆਲਸ ਨਿੰਦਰਾ ਦੂਰ ਕਰਾਈਆ । ਤੇਰੇ ਪਿਆਰ ਵਿਚ ਪੈਗ਼ੰਬਰ ਹੋਏ ਸ਼ਹੀਦ, ਸ਼ਹਾਦਤ ਕਲਮੇ ਵਾਲੀ ਪਾਈਆ । ਤੂੰ ਖੋਲਣਹਾਰਾ ਦੀਦ, ਦੀਦਾ ਦਾਨਿਸਤਾ ਨਜ਼ਰੀ ਆਈਆ । ਤੇਰੇ ਨਾਮ ਦੀ ਸਾਰੇ ਕਰਨ ਤਮਹੀਦ, ਸਿਫ਼ਤਾਂ ਵਿਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੂਫ਼ੀ ਕਹਿਣ ਪ੍ਰਭ ਅਲਾਹੀ ਅੱਲਾ ਹੂ, ਤੂੰਹੀ ਤੂੰਹੀ ਢੋਲਾ ਗਾਈਆ । ਆਪਣਿਆਂ ਪਿਆਰਿਆਂ ਲੇਖੇ ਲਾਵੀਂ ਬੁਤ ਰੂਹ, ਬੁਤਖ਼ਾਨਿਆਂ ਦੇਣੀ ਮਾਣ ਵਡਿਆਈਆ । ਤੂੰ ਨਿਰਗੁਣ ਧਾਰ ਸ਼ਬਦ ਸਤਿਗੁਰੂ, ਗੁਰਦੇਵ ਸਵਾਮੀ ਵਡ ਵਡਿਆਈਆ । ਤੇਰਾ ਸਾਚਾ ਮਾਰਗ ਹੁੰਦਾ ਸ਼ੁਰੂ, ਸ਼ਹਿਨਸ਼ਾਹ ਲੋਕਮਾਤ ਲਏਂ ਅੰਗੜਾਈਆ । ਤੇਰਾ ਹੁਕਮ ਕਦੇ ਨਾ ਮੁੜੂ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਕਲਮਾ ਨਾਮ ਕਦੇ ਨਾ ਖੁਰੂ, ਖ਼ਾਲਸ ਆਪਣਾ ਰੰਗ ਬਦਲਾਈਆ । ਜਨ ਭਗਤ ਸੁਹੇਲਾ ਆਤਮ ਧਾਰ ਤੇਰੇ ਨਾਲ ਜੁੜੂ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਤੇਰਾ ਨਾਮ ਨਿਧਾਨ ਕਦੇ ਨਾ ਥੁੜੂ, ਅਤੋਟ ਅਤੁਟ ਵਰਤਾਈਆ । ਤੇਰਾ ਸੰਤ ਸੁਹੇਲਾ ਸਚਖੰਡ ਵਿਚੋਂ ਫੇਰ ਕਦੇ ਨਾ ਮੁੜੂ, ਚੁਰਾਸੀ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮੇ ਅੰਦਰ ਭਗਤ ਸੰਤ ਸੂਫ਼ੀ ਫ਼ਕੀਰ ਜਗਤ ਜਹਾਨ ਤੁਰੂ, ਤੁਰਤ ਤੇਰੇ ਨਾਮ ਮਿਲੇ ਵਡਿਆਈਆ ।



✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ਨੌਂ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਬੰਗਲਾ ਦੇਸ਼ ਜਾਣ ਸਮੇਂ ✪

ਫਲਗੁਣ ਕਹੇ ਮੇਰਾ ਪ੍ਰਵਿਸ਼ਟਾ ਬਾਰਾਂ, ਸੰਮਤ ਸ਼ਹਿਨਸ਼ਾਹੀ ਨੌਂ ਰੰਗ ਰੰਗਾਈਆ । ਮਿਹਰ ਕਰੇ ਮਿਹਰਵਾਨ ਨਿਰੰਕਾਰਾ, ਨਿਰਵੈਰ ਧੁਰਦਰਗਾਹੀਆ ।

ਜਿਸ ਦਾ ਹੁਕਮ ਸੰਦੇਸ਼ਾ ਸਭ ਤੋਂ ਬਾਹਰਾ, ਬਹਿਰਹਾਲ ਆਪਣਾ ਹੁਕਮ ਵਰਤਾਈਆ । ਜੋ ਨਿਰਗੁਣ ਧਾਰ ਹੋਵੇ ਜਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਨਵ ਸੱਤ ਦਾ ਮੇਟੇ ਦਾਇਰਾ, ਪਾਂਧੀ ਜਗਤ ਜਹਾਨ ਪੰਧ ਮੁਕਾਈਆ । ਸਤਿਗੁਰ ਸ਼ਬਦ ਦਾ ਲਾਏ ਨਾਅਰਾ, ਨਰ ਨਰਾਇਣ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੰਗ ਆਪ ਬਣਾਈਆ । ਬਾਰਾਂ ਫਲਗੁਣ ਕਹੇ ਸਤਿਗੁਰ ਸ਼ਬਦ ਖੇਲ ਅਵੱਲਾ, ਅਵਲ ਅੱਲਾ ਨਾਲ ਮਿਲ ਕੇ ਖੇਲ ਖਿਲਾਈਆ । ਜੋ ਦੀਨ ਮਜ਼੍ਹਬ ਉਤੇ ਫੇਰ ਕੇ ਪੱਲਾ, ਪਲਕਾਂ ਦਾ ਮੇਲਾ ਦਿਤਾ ਮਿਲਾਈਆ । ਧੁਰ ਸੰਦੇਸ਼ ਦਾ ਤੂਫਾਨ ਚੜ੍ਹਾ ਕੇ ਹੱਲਾ, ਆਪ ਆਪਣੀ ਕਾਰ ਭੁਗਤਾਈਆ । ਜੋ ਸੰਦੇਸ਼ਾ ਦਿਤਾ ਨੂਰੀ ਅੱਲਾ, ਆਲਮੀਨ ਆਪ ਜਣਾਈਆ । ਜਿਸ ਨੂੰ ਮੁਹੰਮਦ ਵਾਹਿਦ ਕਿਹਾ ਇਕੱਲਾ, ਅਕਲ ਕਲਧਾਰੀ ਵਡ ਵਡਿਆਈਆ । ਸੋ ਖੇਲ ਖੇਲੇ ਜਲਾ ਥਲਾ, ਧਰਨੀ ਧਰਤ ਧਿਆਨ ਲਗਾਈਆ । ਜਿਸ ਦਾ ਰੂਪ ਅਨੂਪ ਅਛਲ ਅਛੱਲਾ, ਵਲ ਛਲਧਾਰੀ ਨਜ਼ਰ ਕਿਸੇ ਨਾ ਆਈਆ । ਜਿਸ ਨੇ ਸਚ ਸਿੰਘਾਸਣ ਸੰਬਲ ਇਕੋ ਮੱਲਾ, ਮਾਲਕ ਹੋ ਕੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਬਾਰਾਂ ਫਲਗੁਣ ਕਹੇ ਮੈਂ ਝੁਕ ਝੁਕ ਲਾਗਾਂ ਪਾਉਂ, ਚਰਨ ਕਵਲ ਸਰਨਾਈਆ । ਪੁਰਖ ਅਕਾਲੇ ਦੀਨ ਦਿਆਲੇ ਕਰਨਾ ਸਚ ਨਿਆਉਂ, ਅਦਲ ਇਨਸਾਫ਼ ਸਤਿਗੁਰ ਸ਼ਬਦ ਹੱਥ ਫੜਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਫੜਨਾ ਬਾਹੋਂ, ਜਗਤ ਨਿਤਾਣਿਆਂ ਹੋਣਾ ਆਪ ਸਹਾਈਆ । ਜੀਵ ਜਗਤ ਹੰਸ ਬਣਾਉਣੇ ਫੜ ਫੜ ਕਾਉਂ,
੧੬੫੧ ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਆਪੇ ਬਣਨਾ ਪਿਤਾ ਮਾਉਂ, ਪੁਰਖ ਅਕਾਲ ਤੇਰੇ ਹੱਥ ਵਡਿਆਈਆ । ਨੌ ਖੰਡ ਪ੍ਰਿਥਮੀ ਤੇਰਾ ਨਗਰ ੧੬੫੧
੨੩ ਗਰਾਉਂ, ਸੱਤ ਦੀਪ ਚਰਨਾਂ ਹੇਠ ਦਬਾਈਆ । ਤੈਨੂੰ ਅਵਤਾਰ ਪੈਗੰਬਰ ਗੁਰ ਕਹਿਣ ਵਾਹੋ ਵਾਹੋ, ਵਾਹਿਗੁਰੂ ਤੇਰਾ ਲੇਖਾ ਨੂਰ ਅਲਾਹੀਆ । ਕਲਜੁਗ ੨੩
ਅੰਤ ਸ੍ਰੀ ਭਗਵੰਤ ਜਗਤ ਜਹਾਨ ਵਹੇ ਵਿਚ ਸ਼ੌਹ ਦਰਿਆਓ, ਨਈਆ ਨੌਕਾ ਬੇੜਾ ਨਾਮ ਪਾਰ ਨਾ ਕੋਇ ਲਗਾਈਆ । ਤੇਰਾ ਖੇਲ ਅਗੰਮਾ ਥਲ ਅਸਗਾਹੋ, ਜਲ ਥਲ ਮਹੀਅਲ ਰਿਹਾ ਸਮਾਈਆ । ਆਪੇ ਸਭ ਦਾ ਬਣ ਪਿਤਾ ਮਾਉਂ, ਪੂਤ ਸਪੂਤੇ ਗੋਦ ਉਠਾਈਆ । ਮਾਰਗ ਦੱਸ ਜੋ ਜੀਵ ਜਹਾਨ ਭੁੱਲਾ ਰਾਹੋਂ, ਰਹਿਬਰ ਹੋ ਕੇ ਪਰਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚਾ ਰੰਗ ਰੰਗਾਈਆ । ਫਲਗੁਣ ਕਹੇ ਪ੍ਰਭੂ ਮੇਰੇ ਸੰਮਤ ਦਾ ਆਖ਼ਰੀ ਵਕਤ, ਨੌ ਸ਼ਹਿਨਸ਼ਾਹੀ ਨਾਲ ਮਿਲਾਈਆ । ਤੇਰਾ ਲਹਿਣਾ ਦੇਣਾ ਲੇਖਾ ਨਾਲ ਦੀਨ ਦੁਨੀ ਜਗਤ, ਜਾਗਰਤ ਜੋਤ ਬਿਨ ਵਰਨ ਗੋਤ ਤੇਰੀ ਬੇਪਰਵਾਹੀਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਨਿਰਗੁਣ ਤੇਰੀ ਸ਼ਕਤ, ਅੰਤ ਕੰਤ ਭਗਵੰਤ ਕਹਿਣ ਕਿਛ ਨਾ ਪਾਈਆ । ਤੂੰ ਸਭ ਦਾ ਲੇਖਾ ਜਾਣੇਂ ਬੂੰਦ ਰਕਤ, ਲੱਖ ਚੁਰਾਸੀ ਵੇਖ ਵਖਾਈਆ । ਮਿਹਰਵਾਨ ਮਿਹਰ ਕਰ ਦੇ ਹਰਿਜਨ ਸਾਚੇ ਉਤੇ ਭਗਤ, ਭਗਵਨ ਆਪਣੀ ਦਇਆ ਕਮਾਈਆ । ਘਰ ਸਵਾਮੀ ਅੰਤਰਜਾਮੀ ਕਾਇਆ ਮੰਦਰ ਅੰਦਰ ਦੇਣਾ ਦਰਸ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਤੇਰਾ ਖੇਲ ਜ਼ਿਮੀਂ ਅਸਮਾਨ ਫ਼ਰਸ਼, ਫ਼ਲਕਾਂ ਦੇ ਮਾਲਕ ਖ਼ਲਕ ਦੇ ਖ਼ਾਲਕ ਦੇਣੀ ਆਪ ਵਡਿਆਈਆ । ਸਾਹਿਬ ਸਤਿਗੁਰ ਸ਼ਬਦੀ ਧਾਰ ਹੋ ਕੇ ਕਰਨਾ ਤਰਸ, ਰਹਿਮਤ ਸਚ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਬਾਰਾਂ ਫਲਗੁਣ ਕਹੇ ਮੇਰੇ ਧਰਮ ਧਾਰ ਦੇ ਕਾਹਨਾ, ਨਿਰਗੁਣ ਨਿਰਵੈਰ ਨਿਰਾਕਾਰ ਤੇਰੀ ਸਰਨਾਈਆ ।

ਤੇਰਾ ਸਤਿਗੁਰ ਸ਼ਬਦ ਜੋਧਾ ਸੂਰਬੀਰ ਮਰਦਾਨਾ, ਬਲਧਾਰੀ ਇਕ ਅਖਵਾਈਆ । ਜੋ ਲਹਿਣਾ ਦੇਣਾ ਜਾਣੇ ਪੁਰੀ ਲੋਅ ਬ੍ਰਹਿਮੰਡ ਖੰਡ ਵਿਚ ਜਗਤ ਜਹਾਨਾ, ਤਨ ਵਜੂਦਾਂ ਵੇਖ ਵਖਾਈਆ । ਜਿਸ ਦਾ ਹੁਕਮ ਵਰਤੇ ਜ਼ਿਮੀਂ ਅਸਮਾਨਾਂ, ਨਾ ਕੋਈ ਮੇਟੇ ਮੇਟ ਮਿਟਾਈਆ । ਤੂੰ ਨਿਰਗੁਣ ਧਾਰ ਨਿਰਵੈਰ ਨਿਰੰਕਾਰ ਅੰਤਰ ਵੇਖਣਹਾਰਾ ਮਾਰ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਤੇਰੇ ਚਰਨ ਕਵਲ ਕਵਲ ਚਰਨ ਕਰਾਂ ਧਿਆਨਾ, ਧਰਮ ਦੀ ਧਾਰ ਧਾਰ ਦਰਸਾਈਆ । ਭਗਤ ਸੁਹੇਲੇ ਠਾਂਡੇ ਸੀਤੇ ਕੁਦਰਤ ਦੇ ਕਾਦਰ ਨੌਜਵਾਨਾ, ਮਰਦ ਮਰਦਾਨੇ ਤੇਰੀ ਬੇਪਰਵਾਹੀਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਹਰਿ ਭਗਤ ਦਵਾਰ ਮੈਂ ਤੈਨੂੰ ਕਰਾਂ ਸਲਾਮਾਂ, ਸਜਦਿਆਂ ਬੰਦਨਾ ਡੰਡਾਵਤਾਂ ਵਿਚ ਸੀਸ ਨਿਵਾਈਆ । ਤੇਰੀ ਚੜ੍ਹਦੀ ਦਿਸ਼ਾ ਧਰਮ ਦੀ ਧਾਰ ਹੋਵੇ ਨਿਸ਼ਾਨਾ, ਜਿਸ ਨੂੰ ਵੇਖਣ ਜ਼ਿਮੀਂ ਅਸਮਾਨਾ, ਤਬਕ ਲੋਕ ਨੈਣ ਉਠਾਈਆ । ਤੂੰ ਸ਼ਾਹੋ ਭੂਪ ਇਕ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਤੇਰਾ ਜਗਤ ਜਹਾਨ ਦਿਸੇ ਨਾ ਕੋਇ ਬੇਗਾਨਾ, ਹਰ ਘਟ ਆਪਣਾ ਖੇਲ ਖਿਲਾਈਆ । ਧੰਨ ਭਾਗ ਜੇ ਧਰਮ ਦੀ ਧਾਰ ਹੋਏ ਰਵਾਨਾ, ਕਦਮ ਕਦਮ ਨਾਲ ਬਦਲਾਈਆ । ਤੇਰਾ ਖੇਲ ਕੋਈ ਜਾਣ ਸਕੇ ਨਾ ਜੀਵ ਜਹਾਨਾ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਜਨ ਭਗਤਾਂ ਦੇਣਾ ਸਾਚਾ ਮਾਨਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੁਗ ਚੌਕੜੀ ਤੇਰਾ ਵਰਤੇ ਭਾਣਾ, ਭਾਣੇ ਦੇ ਮਾਲਕ ਭਾਵੀ ਸਕੇ ਨਾ ਕੋਇ ਉਲਟਾਈਆ ।



✪ ੧੩ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ਗਰਦਾਵਰ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਕਹੇ ਮੈਂ ਦਿਵਸ ਰੈਣ ਜਾਗਦਾ, ਬ੍ਰਹਿਮੰਡ ਖੰਡ ਦੀਨ ਦੁਨੀ ਤੱਕਾਂ ਚਾਈਂ ਚਾਈਂਆ । ਮੇਰਾ ਵਕਤ ਸੁਹੰਜਣਾ ਹੋਵੇ ਵਡ ਵਡ ਭਾਗ ਦਾ, ਨਵ ਸੱਤ ਵੇਖਾਂ ਚਾਈਂ ਚਾਈਂਆ । ਮੇਰਾ ਲਹਿਣਾ ਦੇਣਾ ਲੱਖ ਚੁਰਾਸੀ ਅੰਤਸ਼ਕਰਨ ਵੈਰਾਗ ਦਾ, ਕਾਇਆ ਮੰਦਰ ਕਾਅਬੇ ਫੋਲ ਫੁਲਾਈਆ । ਮੈਂ ਦੀਨ ਦੁਨੀ ਮਾਇਆ ਰੂਪ ਤੱਕਾਂ ਡਸਣੀ ਨਾਗ ਦਾ, ਜਗਤ ਵਿਕਾਰੇ ਧਿਆਨ ਲਗਾਈਆ । ਮੈਂ ਜੀਵਾਂ ਜੰਤਾਂ ਸਾਧਾਂ ਸੰਤਾਂ ਭਾਂਬੜ ਵੇਖਾਂ ਅਗਨੀ ਆਗ ਦਾ, ਜਗਤ ਵਾਸਨਾ ਨਾਲ ਮਿਲਾਈਆ । ਮੈਂ ਸ਼ਬਦ ਸੰਦੇਸਾ ਜਣਾਵਾਂ ਬ੍ਰਹਮ ਬ੍ਰਹਿਮਾਦੀ ਅਨਾਦ ਦਾ, ਚਾਰ ਕੁੰਟ ਆਪ ਦ੍ਰਿੜਾਈਆ । ਮੈਂ ਖੇਲ ਵੇਖਾਂ ਪੁਰਖ ਅਬਿਨਾਸ਼ੀ ਵਿਸਮਾਦ ਦਾ, ਜੋ ਬਿਸਮਿਲ ਹੋ ਕੇ ਹਰ ਘਟ ਵਿਚ ਸਮਾਈਆ । ਮੈਂ ਲਹਿਣਾ ਦੇਣਾ ਜਾਣਾ ਨਾਨਕ ਵਾਲੀ ਰਬਾਬ ਦਾ, ਜੋ ਤਾਰ ਸਿਤਾਰ ਗਿਆ ਹਿਲਾਈਆ । ਮੈਂ ਲੇਖਾ ਤੱਕਣਾ ਭਗਤ ਪ੍ਰਹਿਲਾਦ ਦਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਧਿਆਨ ਲਗਾਈਆ । ਮੈਂ ਵਣਜਾਰਾ ਬਣਨਾ ਜਨ ਭਗਤਾਂ ਇਕ ਆਵਾਜ਼ ਦਾ, ਦੂਸਰ ਰਾਗ ਨਾ ਕੋਇ ਵਡਿਆਈਆ । ਮੈਂ ਭੇਵ ਖੁਲਾਉਣਾ ਪੁਰਖ ਅਕਾਲੇ ਰਾਜ਼ ਦਾ, ਜੋ ਰਾਜ਼ਕ ਰਿਜ਼ਕ ਰਹੀਮ ਰਿਹਾ ਸਮਝਾਈਆ । ਜਿਸ ਦਾ ਸੰਦੇਸ਼ਾ ਹੋਣਾ ਇਕ ਅਹਿਲਾਦ ਦਾ, ਦੋ ਜਹਾਨ ਆਪ ਦ੍ਰਿੜਾਈਆ । ਜਿਸ ਦਾ ਭੇਵ ਅਭੇਦਾ ਬੋਧ ਅਗਾਧ ਦਾ, ਬੁੱਧੀਵਾਨ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ

ਕਰਮ ਆਪ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਫਿਰਾ ਚਾਰੋਂ ਕੁੰਟ ਦੌੜਾ, ਬਿਨਾ ਕਦਮ ਕਦਮ ਉਠਾਈਆ । ਮੇਰਾ ਲੇਖਾ ਲਹਿਣਾ ਦੇਣਾ ਨਾਲ ਬ੍ਰਹਿਮਣ ਗੌੜਾ, ਵੇਦ ਵਿਆਸਾ ਜਿਸ ਦੀ ਸਿਫ਼ਤ ਸਲਾਹੀਆ । ਮੇਰਾ ਅਰਸ਼ ਫ਼ਰਸ਼ ਤੋਂ ਬਾਹਰ ਦਿਸੇ ਪੌੜਾ, ਪੌੜੀ ਡੰਡਾ ਹਾਥ ਕੋਇ ਨਾ ਆਈਆ । ਮੈਂ ਲੱਖ ਚੁਰਾਸੀ ਜੀਵ ਜੰਤ ਤੱਕਾਂ ਮਿੱਠਾ ਕੌੜਾ, ਰਸ ਅਨਰਸ ਦੋਵੇਂ ਖੋਜ ਖੁਜਾਈਆ । ਮੈਂ ਪਰਮ ਪੁਰਖ ਦਾ ਸਤਿ ਸਰੂਪੀ ਵੇਖਾਂ ਘੋੜਾ, ਜਿਸ ਦੀ ਰਾਸ ਨਜ਼ਰ ਕਿਸੇ ਨਾ ਆਈਆ । ਜੋ ਜਨ ਭਗਤਾਂ ਅੰਤਰ ਆਤਮ ਮਿਟਾਏ ਔੜਾ, ਅੰਮ੍ਰਿਤ ਨਾਮ ਮੇਘ ਬਰਸਾਈਆ । ਜਿਸ ਦਾ ਵਕਤ ਜਗਤ ਰਹਿ ਗਿਆ ਥੋੜਾ, ਅਗੇ ਹੋਰ ਨਾ ਕੋਇ ਵਧਾਈਆ । ਓਸ ਸਵਾਮੀ ਅੰਤਰਜਾਮੀ ਦੀ ਸਭ ਨੂੰ ਪੈਣੀ ਲੋੜਾ, ਲੁੜੀਂਦਾ ਸੱਜਣ ਇਕ ਅਖਵਾਈਆ । ਜਿਸ ਦਾ ਜੋਤੀ ਸ਼ਬਦੀ ਧਾਰ ਜੋੜਾ, ਭਗਤ ਭਗਵਾਨ ਮੇਲਾ ਮੇਲੇ ਸਹਿਜ ਸੁਭਾਈਆ । ਓਹ ਵੇਖਣਹਾਰਾ ਕਲਜੁਗ ਅੰਧ ਘੋਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਨੌਜਵਾਨ ਬਣ ਕੇ ਬਾਂਕਾ ਛੋਹਰਾ, ਸ਼ੌਹਰ ਬਾਂਕਾ ਸਭ ਦਾ ਇਕ ਅਖਵਾਈਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਇਕੋ ਹੋਵੇ ਦੋਹਰਾ, ਦੋ ਜਹਾਨਾ ਸ੍ਰੀ ਭਗਵਾਨਾ ਕਰੇ ਪੜ੍ਹਾਈਆ । ਜਿਸ ਦੇ ਨਾਮ ਨਿਧਾਨ ਦਾ ਨੌਂ ਖੰਡ ਪ੍ਰਿਥਮੀ ਇਕੋ ਚਲਣਾ ਮੋਹਰਾ, ਦੂਜੀ ਮੋਹਰ ਅਵਰ ਨਾ ਕੋਇ ਲਗਾਈਆ । ਉਸ ਦਾ ਮੰਤਰ ਚਲਣਾ ਫੋਰਾ, ਫੁਰਨੇ ਸਭ ਦੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਦਿਵਸ ਰੈਣ ਨੱਠਾਂ ਭੱਜਾਂ, ਭਜਨ ਬੰਦਗੀ ਜਗਤ ਜਹਾਨ ਵੇਖ ਵਖਾਈਆ । ਮੇਰਾ ਚਰਨ ਨਾ ਕੋਈ ਖੱਬਾ ਸੱਜਾ, ਕਦਮ ਕਦਮ ਨਾ ਕੋਇ ਵਖਾਈਆ । ਜਗਤ ਨੇਤਰ ਕਿਸੇ ਨਾ ਲੱਭਾ, ਲੋਚਨ ਵੇਖਣ ਕੋਇ ਨਾ ਪਾਈਆ । ਮੇਰੇ
੧੬੫੩ ੨੩ ਖੇਲ ਦੀ ਸਮਝੇ ਕੋਈ ਨਾ ਵਜਹ, ਵਜੂਹਾਤ ਨਾ ਕੋਇ ਜਣਾਈਆ । ਮੈਂ ਚਲਦਾ ਇਕ ਪ੍ਰਭੂ ਦੀ ਵਿਚ ਰਜ਼ਾ, ਜੋ ਰਾਜ਼ਕ ਰਿਜ਼ਕ ਰਹੀਮ ਖ਼ਲਕ ਖ਼ੁਦਾਈਆ । ੧੬੫੩ ੨੩
ਜਿਸ ਦੇ ਹੁਕਮ ਵਿਚ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਲਜੁਗ ਕਜ਼ਾਕ ਆਪਣਾ ਰੂਪ ਬਦਲਾਈਆ । ਜੋ ਸ੍ਰਿਸ਼ਟੀ ਨਾਲ ਕਰਨ ਵਾਲਾ ਦਗ਼ਾ, ਫ਼ਰੇਬਾਂ ਵਿਚ ਆਪਣਾ ਖੇਲ ਖਿਲਾਈਆ । ਜੀਵ ਜੰਤ ਭੁਲਾਇਆ ਧੁਰ ਦਾ ਅੱਬਾ, ਪਿਤਾ ਪੁਰਖ ਅਕਾਲ ਮਿਲਣ ਕੋਇ ਨਾ ਪਾਈਆ । ਜੀਵਣ ਜ਼ਿੰਦਗੀ ਉਤੇ ਲਾਇਆ ਧੱਬਾ, ਦੁਰਮਤ ਮੈਲ ਨਾ ਕੋਇ ਧਵਾਈਆ । ਉਸ ਦਾ ਖੇਲ ਸਮਝੇ ਨਾ ਕੋਇ ਸਬੱਬਾ, ਸਮਝ ਵਿਚ ਨਾ ਕੋਇ ਸਮਝਾਈਆ । ਜਿਸ ਜਗਤ ਜਹਾਨ ਮੇਟਣੀ ਹੱਦਾ, ਸ਼ਰਅ ਹਦੂਦ ਨਾ ਕੋਇ ਰਖਾਈਆ । ਮੈਨੂੰ ਹੁਕਮ ਸੰਦੇਸ਼ਾ ਦੇ ਕੇ ਸੱਦਾ, ਪੈਗਾਮ ਦਿਤਾ ਚਾਈਂ ਚਾਈਆ । ਦੋ ਜਹਾਨਾਂ ਮੇਰੀ ਵੇਖਣੀ ਯਦਾ, ਯਦੀ ਯਦਪ ਆਪਣਾ ਹੁਕਮ ਦ੍ਰਿੜਾਈਆ । ਮੈਂ ਖ਼ੁਸ਼ੀਆਂ ਦੇ ਵਿਚ ਮਧਾ, ਭੱਜਾਂ ਵਾਹੋ ਦਾਹੀਆ । ਸਤਿਗੁਰ ਸ਼ਬਦ ਕਹੇ ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵਾਂ ਸੱਦਾ, ਭਗਤਾਂ ਸੰਤਾਂ ਜਗਤ ਉਠਾਈਆ । ਆਓ ਨੂਰ ਅਲਾਹੀ ਅਮਾਮ ਅਮਾਮਾ ਤਨ ਵਜੂਦਾ ਤੱਕੋ ਬੰਦਾ, ਬੰਦਗੀ ਵਾਲਿਓ ਬਿਨਾ ਬੰਦਗੀ ਤੋਂ ਬੈਠਾ ਸੋਭਾ ਪਾਈਆ । ਜਿਸ ਦਾ ਕਲਜੁਗ ਅੰਤ ਖੇਲ ਮਹਾਨਾ ਧੰਦਾ, ਧੁੰਦੂਕਾਰ ਮੇਟੇ ਖ਼ਲਕ ਖ਼ੁਦਾਈਆ । ਸੂਫ਼ੀ ਨੇਤਰਹੀਣ ਰਹੇ ਕੋਇ ਨਾ ਅੰਧਾ, ਲੋਚਣ ਆਪਣਾ ਨੈਣ ਖੁਲਾਈਆ । ਜਿਸ ਸ਼ਰਅ ਦੀ ਢਾਹੁਣੀ ਕੰਧਾ, ਕੰਢੀ ਬੈਠੇ ਹਰਿਜਨ ਫੜ ਬਾਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੀਨਾ ਕਰੇ ਠੰਡਾ, ਅਗਨੀ ਤਤ ਬ੍ਰਹਮ ਮਤ ਨਾਲ ਦਏ ਬੁਝਾਈਆ ।

## ✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਮੇਰਠ ਛਾਉਣੀ ਮਹਿੰਦਰ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਤੱਕਣੀ ਖੇਲ ਅਗੰਮ ਅਪਾਰ ਦੀ, ਅਪਰੰਪਰ ਸਵਾਮੀ ਨਿਰਗੁਣ ਨਿਰਵੈਰ ਨਿਰੰਕਾਰ ਜੋ ਆਪ ਵਰਤਾਈਆ । ਦੋ ਜਹਾਨ ਨਵ ਜਵਾਨ ਹੁਕਮ ਦੀ ਧਾਰ ਵੇਖਣੀ ਪਰਵਰਦਿਗਾਰ ਦੀ, ਸਾਂਝਾ ਯਾਰ ਏਕੰਕਾਰ ਅਕਲ ਕਲਧਾਰ ਕੀ ਆਪਣੀ ਕਲ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਨੂੰ ਬਿਨਾ ਚਰਨ ਨਿਮਸਕਾਰ ਦੀ, ਅਵਤਾਰ ਪੈਗ਼ੰਬਰ ਗੁਰ ਨਿਵ ਨਿਵ ਲਾਗਣ ਪਾਈਆ । ਜਿਸ ਦੀ ਖੇਲ ਏਥੇ ਓਥੇ ਦੋ ਜਹਾਨ ਸੱਚੀ ਸਰਕਾਰ ਦੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਏਕੋ ਏਕ ਆਪਣਾ ਹੁਕਮ ਵਰਤਾਈਆ । ਜਿਸ ਦੀ ਨਿਤ ਨਵਿਤ ਜਨ ਭਗਤਾਂ ਸਿਕ ਦੀਦਾਰ ਦੀ, ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਖੇਲ ਜਾਣੇ ਜੁਗ ਚੌਕੜੀ ਚਾਰ ਦੀ, ਚਾਰੋਂ ਕੁੰਟ ਵੇਖ ਵਖਾਈਆ । ਜਿਸ ਆਸਾ ਪੂਰੀ ਕਰਨੀ ਸੰਗ ਮੁਹੰਮਦ ਚਾਰ ਯਾਰ ਦੀ, ਹਜ਼ਰਤ ਮੂਸਾ ਈਸਾ ਮੁਸਲਸਲ ਸੰਗ ਬਣਾਈਆ । ਜਿਸ ਖ਼ਾਹਿਸ਼ ਮੇਟਣੀ ਤੇਈ ਅਵਤਾਰ ਦੀ, ਅਵਤਰ ਆਪਣੀ ਕਾਰ ਸਮਝਾਈਆ । ਜਿਸ ਧਾਰ ਵਖਾਉਣੀ ਗੁਰੂ ਗੁਰਦੇਵ ਦਸਮ ਦਵਾਰ ਦੀ, ਵਾਰਸ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਦੀਨ ਦੁਨੀ ਦਾ ਤੱਕਿਆ ਧਰਮ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਜੀਵਣ ਜੁਗਤ ਜਗਤ ਦਾ ਵੇਖਿਆ ਕਰਮ, ਕਰਮ ਕਾਂਡ ਬ੍ਰਹਿਮਾਂਡ ਖੋਜ ਖੁਜਾਈਆ । ਤਨ ਵਜੂਦ ਮਾਟੀ ਖ਼ਾਕ ਤੱਕਿਆ ਅੰਤਰ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਈਆ । ਹੱਡ ਮਾਸ ਨਾੜੀ

੧੬੫੪ ੨੩

ਚੰਮ ਦ੍ਰਿਸ਼ਟੀ ਵੇਖਿਆ ਚਰਮ, ਚਾਰ ਵਰਨ ਅਠਾਰਾਂ ਬਰਨ ਭੇਵ ਚੁਕਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵਾ ਤਨ ਵਜੂਦਾਂ ਵੇਖੀ ਚਰਨ ਸਰਨ, ਓਟ ਓੜਕ ਖੋਜ ਖੁਜਾਈਆ । ਜੀਵ ਜੰਤ ਲੱਖ ਚੁਰਾਸੀ ਵੇਖਿਆ ਜਨਮ ਮਰਨ, ਉਤਭੁਜ ਸੇਤਜ ਅੰਡਜ ਜੇਰਜ ਪਰਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਲ ਦੱਸਾਂ ਅਗੰਮ ਅਥਾਹ ਦੀ, ਕੀ ਅਗੰਮੜੀ ਕਾਰ ਕਮਾਈਆ । ਕੀ ਧਾਰ ਬੇਪ੍ਰਵਾਹ ਦੀ, ਜੋ ਬੇਪ੍ਰਵਾਹੀ ਵਿਚ ਸਮਾਈਆ । ਕੀ ਜੋਤੀ ਜੋਤ ਨੂਰ ਅਲਾਹ ਦੀ, ਜੋ ਅਲਾਹੀ ਇਕ ਅਖਵਾਈਆ । ਕੀ ਕਰਨੀ ਖੇਵਟ ਖੇਟ ਮਲਾਹ ਦੀ, ਜੋ ਜੁਗ ਜੁਗ ਬੇੜੇ ਜਗਤ ਜਹਾਨ ਪਾਰ ਲੰਘਾਈਆ । ਕੀ ਸਿਫ਼ਤ ਸਲਾਹ ਵਡਿਆਈ ਵਾਹ ਵਾਹ ਦੀ, ਵਾਹਿਗੁਰੂ ਕੀ ਆਪਣੀ ਕਾਰ ਭੁਗਤਾਈਆ । ਕੀ ਜਣਾਈ ਜਾਣੇ ਕੋਈ ਉਸ ਦੇ ਨਾਉਂ ਦੀ, ਜੋ ਨਾਉਂ ਨਿਰੰਕਾਰਾ ਇਕ ਸਮਝਾਈਆ । ਜਿਸ ਆਸਾ ਪੂਰੀ ਕਰਨੀ ਜਗਤ ਜਹਾਨ ਵਾਲੀ ਧਰਤੀ ਮਾਂ ਦੀ, ਮਮਤਾ ਸਭ ਦੀ ਖੋਜ ਖੁਜਾਈਆ । ਜਿਨ੍ਹ ਖੇਲ ਮਿਟਾਉਣੀ ਸੂਰ ਗਾਂ ਦੀ, ਝਗੜਾ ਸ਼ਰਅ ਨਾ ਕੋਇ ਰਖਾਈਆ । ਜਿਸ ਦੀ ਖੇਲ ਅਗੰਮੀ ਹੋਣੀ ਅਨੰਤ ਕਲਾ ਦੀ, ਕਲਧਾਰੀ ਕਲ ਕਲਕੀ ਇਕ ਅਖਵਾਈਆ । ਉਹਦੀ ਸਿਫ਼ਤ ਵਡਿਆਈ ਮਹਿੰਮਾ ਨਹੀਂ ਕੋਈ ਗੱਲਾਂ ਦੀ, ਕਥਨੀ ਕਥ ਨਾ ਕੋਇ ਸਮਝਾਈਆ । ਜਿਸ ਦੀ ਜਗਤ ਜਹਾਨ ਖੇਲ ਘੜੀ ਪਲਾਂ ਦੀ, ਪਲਕਾਂ ਦੇ ਪਿਛੇ ਬੈਠਾ ਵੇਖ ਵਖਾਈਆ । ਜਿਸ ਧਾਰ ਮਿਟਾਉਣੀ ਜਲਾਂ ਥਲਾਂ ਦੀ, ਮਹੀਅਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਧਰਨੀ ਵੇਖੀ ਕੂਕਦੀ, ਦਰੋਹੀ

ਤੇਰਾ ਨਾਮ ਦੁਹਾਈਆ । ਹਾਲਤ ਵੇਖ ਲੈ ਚਾਰੇ ਕੂਟ ਦੀ, ਕੁਟੀਆ ਆਪਣੀ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਭਰ ਗਈ ਜੂਠ ਝੂਠ ਦੀ, ਸਚ ਵਿਚ ਨਾ ਕੋਇ ਸਮਾਈਆ । ਵਡਿਆਈ ਰਹੀ ਨਾ ਪੰਜ ਭੂਤ ਦੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਹੀ ਕੁਰਲਾਈਆ । ਖੇਲ ਤੱਕ ਲੈ ਆਪਣੇ ਸ਼ਬਦ ਸੂਰਬੀਰ ਦੁਲਾਰੇ ਸੁਤ ਦੀ, ਜੋ ਦੂਤੀਆ ਰੰਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਜਗਤ ਜਹਾਨ ਤੱਕਿਆ ਲੋਕਮਾਤ ਜੱਗ, ਨਵ ਨਵ ਚਾਰ ਧਿਆਨ ਲਗਾਈਆ । ਗ੍ਰਿਹ ਗ੍ਰਿਹ ਮੰਦਰ ਦਿਸੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰਾ ਦਰਸ ਕੋਇ ਨਾ ਕਰੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਦਰ ਤੇਰੇ ਮਿਲਣ ਕੋਇ ਨਾ ਆਈਆ । ਤੂੰ ਨੂਰ ਅਲਾਹੀ ਆਲਮੀਨ ਰੱਬ, ਯਾਮਬੀਨ ਤੇਰੀ ਵਡ ਵਡਿਆਈਆ । ਕਲਜੁਗ ਕੂੜ ਕਿਰਿਆ ਕਲਪਣਾ ਮੇਟ ਦੇ ਹੱਦ, ਹਦੂਦ ਮਹਿਦੂਦ ਮਹਿਬੂਬ ਆਪਣੀ ਦੇ ਵਖਾਈਆ । ਆਤਮ ਪਰਮਾਤਮ ਧਾਰ ਮਾਨਵ ਜ਼ਾਤੀ ਤੇਰੀ ਇਕੋ ਹੋਵੇ ਯਦ, ਯਦੀ ਯਦਪ ਇਕੋ ਰੰਗ ਦੇਣਾ ਰੰਗਾਈਆ । ਤੇਰਾ ਨਾਮ ਕਲਮਾ ਢੋਲਾ ਗੀਤ ਧੁਰ ਸਵਾਮੀ ਇਕੋ ਹੋਵੇ ਸਦ, ਸਦਕੇ ਵਾਰੀ ਹਉਂ ਘੋਲੀ ਘੋਲ ਘੁਮਾਈਆ । ਤੇਰਾ ਨਾਮ ਖ਼ੁਮਾਰੀ ਆਤਮ ਪਰਮਾਤਮ ਹੋਵੇ ਮਧ, ਮਧੁਰ ਧੁਨ ਦੇਣੀ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਹਰਿਜਨ ਤੇਰੀ ਨਿਰਗੁਣ ਧਾਰ ਲਏ ਲੱਭ, ਲੋਭ ਮੋਹ ਵਿਕਾਰ ਹੰਕਾਰ ਵਿਭਚਾਰ ਦਾ ਡੇਰਾ ਢਾਹੀਆ । ਖ਼ੁਸ਼ੀਆਂ ਨਾਲ ਹੋਵੇ ਗਦ ਗਦ, ਗਦਾਗਰ ਦਾ ਲੇਖਾ ਦੇਣਾ ਮੁਕਾਈਆ । ਗ੍ਰਿਹ ਮੰਦਰ ਅੰਦਰ ਸਚ ਦਵਾਰੇ ਲੈਣਾ ਸੱਦ, ਬਿਨ ਰਸਨਾ ਜਿਹਵਾ ਆਪਣਾ ਹੁਕਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਵਕਤ ਸੁਹਾਵਾ ਤੱਕ ਲੈ ਲੋਕਮਾਤ, ਪਰਲੋਕ ਵੇਖ ਵਖਾਈਆ । ਮੇਰਾ ਸਭ ਦੇ ਨਾਲ ਅਗੰਮਾ ਨਾਤ, ਨਾਤਾ ਬਿਧਾਤਾ ਦਿਆਂ ਦ੍ਰਿੜਾਈਆ । ਮੇਰਾ ਝਗੜਾ ਨਹੀਂ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਸਚ ਪ੍ਰੀਤੀ ਇਕੋ ਆਤਮ ਧਾਰ ਦੱਸਾਂ ਨਾਤ, ਨਾਤਾ ਪਰਮਾਤਮ ਤੇਰੇ ਨਾਲ ਜੁੜਾਈਆ । ਤੂੰ ਅੰਤ ਕੰਤ ਭਗਵੰਤ ਸਭ ਦੀ ਪੁਛਣੀ ਵਾਤ, ਵਾਤਾਵਰਨ ਤੱਕ ਖਲਕ ਖ਼ੁਦਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਹੋ ਕੇ ਦੇਵੀਂ ਦਾਤ, ਦਾਤੇ ਦਾਨੀ ਆਪਣਾ ਨਾਮ ਵਰਤਾਈਆ । ਦੀਨ ਮਜ਼੍ਹਬ ਸ਼ਰਅ ਸ਼ਰਾਇਤੀ ਝਗੜਾ ਰਹੇ ਨਾ ਕਾਗ਼ਜ਼ਾਤ, ਕਾਗਦ ਕਲਮ ਸ਼ਾਹੀ ਦਾ ਝਗੜਾ ਦੇਣਾ ਮੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਜਨ ਭਗਤਾਂ ਪੁਛਣੀ ਆਪ ਵਾਤ, ਵਾਰਸ ਹੋ ਕੇ ਆਪ ਧਿਆਨ ਲਗਾਈਆ । ਤੂੰ ਪਤਿਪਰਮੇਸ਼ਵਰ ਪਾਰਬ੍ਰਹਮ ਸਭ ਦਾ ਪਿਤ ਮਾਤ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਜਨ ਭਗਤਾਂ ਸੂਫ਼ੀਆਂ ਸੰਤਾਂ ਆਵਣ ਜਾਵਣ ਲੱਖ ਚੁਰਾਸੀ ਮੇਟਣੀ ਵਾਟ, ਜਨਮ ਕਰਮ ਦਾ ਲੇਖਾ ਰਹੇ ਨਾ ਰਾਈਆ । ਆਪਣਾ ਤੱਟ ਕਿਨਾਰਾ ਦੱਸ ਕੇ ਘਾਟ, ਘਾਟੇ ਪਿਛਲੇ ਪੂਰ ਕਰਾਈਆ । ਆਤਮ ਸੇਜ ਸੁਹਾ ਕੇ ਖਾਟ, ਖਟੀਆ ਇਕੋ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਮੇਰੀ ਧਰਮ ਧਾਰ ਦੀ ਬੰਦਨਾ, ਬੰਦਗੀ ਵਿਚ ਸੀਸ ਨਿਵਾਈਆ । ਤੂੰ ਬਖ਼ਸ਼ਣਾ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੇਰੀ ਚਰਨ ਧੂੜੀ ਮਸਤਕ ਲੱਗੇ ਚੰਦਨਾ, ਦੁਰਮਤ ਮੈਲ ਰਹੇ ਨਾ ਰਾਈਆ । ਸਾਚੇ ਭਗਤਾਂ ਚਾੜ੍ਹਨੀ ਰੰਗਣਾ, ਦੁਰਮਤ ਮੈਲ ਪਾਪਾਂ

ਕਰ ਸਫ਼ਾਈਆ । ਜਿਨ੍ਹਾਂ ਤੇਰਾ ਸਚਖੰਡ ਦਵਾਰਾ ਲੰਘਣਾ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਜਿਨ੍ਹਾਂ ਬਿਨਾ ਤਨ ਵਜੂਦੋਂ ਗਾਉਣਾ ਛੰਦਨਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੂੰ ਮੂਰਤ ਗੋਪਾਲ ਸਚ ਸਵਾਮੀ ਮਦਨਾ, ਸਤਿ ਸਤਿਵਾਦੀ ਤੇਰੀ ਵਡ ਵਡਿਆਈਆ । ਸਤਿਗੁਰ ਸ਼ਬਦ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਤੇਰਾ ਇਕੋ ਡੰਕਾ ਵੱਜਣਾ, ਜਗਤ ਜਹਾਨ ਨੌਜਵਾਨ ਸ੍ਰੀ ਭਗਵਾਨ ਦੇਣਾ ਸੁਣਾਈਆ । ਕਲਜੁਗ ਵਿਚ ਤੇਰੇ ਹੁਕਮ ਨਾਲ ਸਤਿਜੁਗ ਸਤਿ ਧਰਮ ਧਾਰ ਦਾ ਲੱਗਣਾ, ਸਤਿ ਸਤਿ ਨਾਲ ਮਿਲਾਈਆ । ਮੈਂ ਨਿਵ ਨਿਵ ਵਿਚ ਡੰਡਾਵਤ ਕਰਾਂ ਬੰਦਨਾ, ਬੰਦਗੀ ਵਿਚ ਸੀਸ ਨਿਵਾਈਆ । ਤੇਰਾ ਇਕੋ ਸਿਮਰਨ ਹੋਵੇ ਭਜਨਾ, ਜੋ ਭਵ ਸਾਗਰ ਪਾਰ ਕਰਾਈਆ । ਤੈਨੂੰ ਜਗਤ ਦਵਾਰ ਜਨ ਭਗਤਾਂ ਪਏ ਨਾ ਲੱਭਣਾ, ਘਟ ਅੰਤਰ ਮਿਲਣਾ ਚਾਈਂ ਚਾਈਂਆ । ਤੇਰਾ ਮੇਲਾ ਹੁੰਦਾ ਨਾਲ ਸਬੱਬਨਾ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਮੇਰੇ ਨੂਰ ਅਲਾਹੀ ਰੱਬਨਾ, ਰੱਬੇ ਰਹੀਮ ਤੇਰੀ ਬੇਪਰਵਾਹੀਆ । ਲੋਕਮਾਤ ਤੇਰੀ ਇਕੋ ਹੋਵੇ ਯੱਦਨਾ, ਯਦੀ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਜਨ ਭਗਤਾਂ ਚਾੜ੍ਹ ਦੇ ਰੰਗ, ਅਨਡਿਠੜਾ ਆਪ ਚੜ੍ਹਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਦੇ ਮੰਗ, ਜੋ ਮਾਂਗਤ ਹੋ ਕੇ ਝੋਲੀ ਡਾਹੀਆ । ਅੰਤਰ ਆਤਮ ਨਿਝਰ ਧਾਰ ਵਹਾ ਦੇ ਗੰਗ, ਬੂੰਦ ਸਵਾਂਤੀ ਕਵਲ ਨਾਭੀ ਆਪ ਟਪਕਾਈਆ । ਪੰਚ ਵਿਕਾਰ ਕਰੇ ਨਾ ਜੰਗ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਤੂੰ ਸਚ ਸਵਾਮੀ ਆਪਣਾ ਦੇਣਾ ਸੰਗ, ਸਗਲੇ ਸਾਥੀ ਤੇਰੇ ਹੱਥ ਵਡਿਆਈਆ । ਜਗਤ ਜਹਾਨ ਵਿਚੋਂ ਹਰਿਜਨ ਤੇਰੇ ਪਾਰ ਜਾਇਣ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਆਤਮ ਧਾਰ ਸੇਜ ਸੁਹਾਉਣੀ ਸਚ ਪਲੰਘ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਦਰ ਦਰ ਗ੍ਰਿਹਿ ਗ੍ਰਿਹਿ ਘਰ ਘਰ ਗੁਰਮੁਖ ਸਾਚੇ ਸੰਤ ਜਨਾਂ ਦੇਣਾ ਆਪ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜੋ ਤੂੰ ਮੇਰਾ ਮੈਂ ਤੇਰਾ ਸੋ ਪੁਰਖ ਨਿਰੰਜਣ ਗਾਉਂਦੇ ਛੰਦ, ਹੰ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਭਰਮਾਂ ਢਾਹ ਕੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਤੇਰਾ ਵਿਛੜੇ ਕਦੇ ਨਾ ਸੰਗ, ਧੁਰ ਦੇ ਸੰਗੀ ਬਹੁ ਬਹੁ ਰੰਗੀ ਬਹੁ ਬਿਧ ਆਪਣਾ ਮੇਲਾ ਲੈਣਾ ਮਿਲਾਈਆ ।

### ✪ ੧੫ ਫੱਗਣ ਸ਼ਹਿਨਸ਼ਾਹੀ ਸੰਮਤ ਨੌਂ ਮੇਰਠ ਛਾਉਣੀ ਸਰਮੈਲ ਸਿੰਘ ਦੇ ਗ੍ਰਿਹਿ ਸਵੇਰੇ ✪

ਸਤਿਗੁਰ ਸ਼ਬਦ ਕਹੇ ਮੈਂ ਨਿਰਗੁਣ ਧਾਰ ਦੌੜਦਾ, ਦੋ ਜਹਾਨਾਂ ਭੱਜਾਂ ਵਾਹੋ ਦਾਹੀਆ । ਸੰਦੇਸ਼ਾ ਦੇਵਾਂ ਏਕੰਕਾਰ ਅਗੰਮੇ ਗੌੜ ਦਾ, ਪਾਰਬ੍ਰਹਮ ਬ੍ਰਹਮ ਤੋਂ ਬਾਹਰ ਸਮਝਾਈਆ । ਨਿਸ਼ਾਨਾ ਤੱਕ ਲਓ ਇਕੋ ਸਤਿ ਧਰਮ ਦੇ ਪੌੜ ਦਾ, ਪੌੜੀਆਂ ਡੰਡਿਆਂ ਪੰਧ ਮੁਕਾਈਆ । ਮਾਲਕ ਵੇਖ ਲਓ ਜੁਗ ਚੌਕੜੀ ਬਹੁੜ ਦਾ, ਬਹੁੜੀ ਬਹੁੜੀ ਜਿਸ ਦਾ ਨਾਮ ਦੁਹਾਈਆ । ਜੋ ਰਸ ਦੇਵੇ ਲੱਖ ਚੁਰਾਸੀ ਮਿੱਠੇ ਕੌੜ ਦਾ, ਦੀਨ ਦੁਨੀ ਖੋਜ ਖੁਜਾਈਆ । ਉਹਦਾ ਲੇਖਾ ਅਗੰਮ ਅਥਾਹ ਡੂੰਘੇ ਜੌਹੜ ਦਾ, ਸਮੁੰਦ ਸਾਗਰਾਂ ਸਮਝ ਕੋਇ ਨਾ ਆਈਆ । ਜਿਸ ਨੇ ਲਹਿਣਾ ਦੇਣਾ ਮੁਕਾਉਣਾ ਕਲਜੁਗ ਕੂੜ ਪਿਆਸੀ

ਔੜ ਦਾ, ਮੇਘਲਾ ਮੇਘ ਨਾਮ ਬਰਸਾਈਆ । ਰਾਹ ਮੇਟਣਾ ਦੀਨਾਂ ਮਜ਼੍ਹਬਾਂ ਪੰਧ ਮਿਟਾਉਣਾ ਸੌੜ ਦਾ, ਮਾਰਗ ਪੰਧ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਸੰਦੇਸ਼ਾ ਦਿਆਂ ਪੈਗਾਮਾਂ, ਸੰਧਿਆ ਸਰਘੀ ਨਾਮ ਜਣਾਈਆ । ਸੁਣੇ ਹੁਕਮ ਇਕ ਅਮਾਮਾ, ਜੋ ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦਾ ਇਕੋ ਅਗੰਮ ਦਮਾਮਾ, ਦੋ ਜਹਾਨਾਂ ਕਰੇ ਸ਼ਨਵਾਈਆ । ਜਿਸ ਦਾ ਬਲ ਬਾਵਨ ਕਰੇ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਜੋ ਸਭ ਦਾ ਰਾਮ ਰਹਿਮਾਨਾ, ਨੂਰ ਨੁਰਾਨਾ ਇਕ ਅਖਵਾਈਆ । ਜੋ ਆਤਮ ਧਾਰ ਪਰਮਾਤਮ ਬਣੇ ਕਾਹਨਾ, ਲੱਖ ਚੁਰਾਸੀ ਆਪ ਪ੍ਰਨਾਈਆ । ਜੋ ਗੁਰੂ ਗੁਰਦੇਵ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਸੋ ਬਣ ਕੇ ਮਰਦ ਮਰਦਾਨਾ, ਮਦਦ ਆਪਣੀ ਇਕ ਸਮਝਾਈਆ । ਜਿਸ ਮੇਟਣਾ ਕਲਜੁਗ ਕੂੜ ਨਿਸ਼ਾਨਾ, ਚਾਰੋਂ ਕੁੰਟ ਵੇਖ ਵਖਾਈਆ । ਸਤਿ ਧਰਮ ਦਾ ਧਰਮ ਇਕ ਵਖ਼ਾਨਾ, ਸਤਿ ਸਚ ਨਾਲ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੇਵੇ ਗਾਣਾ, ਆਤਮ ਪਰਮਾਤਮ ਆਪ ਪੜ੍ਹਾਈਆ । ਸੋ ਵਸੇ ਸਚਖੰਡ ਸੱਚੇ ਅਸਥਾਨਾ, ਥਾਨ ਥਨੰਤਰ ਇਕੋ ਇਕ ਵਡਿਆਈਆ । ਜਿਥੇ ਬਿਨਾ ਨਾਦ ਧੁਨਕਾਨਾ, ਅਨੁਰਾਗੀ ਰਾਗ ਦ੍ਰਿੜਾਈਆ । ਦੀਪਕ ਜੋਤ ਜਗੇ ਮਹਾਨਾ, ਬਿਨ ਤੇਲ ਬਾਤੀ ਰੁਸ਼ਨਾਈਆ । ਜੋ ਸਾਚੇ ਭਗਤਾਂ ਕਰੇ ਪ੍ਰਵਾਨਾ, ਪਰਮ ਪੁਰਖ ਆਪਣੀ ਗੋਦ ਉਠਾਈਆ । ਸਚ ਸਵਾਮੀ ਹੋ ਕੇ ਮਿਹਰਵਾਨਾ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜਾਤਾ ਹੋ ਕੇ ਬਖ਼ਸ਼ੇ ਮਾਣਾ, ਮਾਣ ਨਿਮਾਣਿਆਂ ਰੰਗ ਚੜ੍ਹਾਈਆ । ਕਿਰਪਾ ਕਰ ਕਰ ਵਿਸ਼ਨੂੰ ਭਗਵਾਨਾ, ਭਗਵਨ ਆਪਣਾ ਸੰਗ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਸਚ ਸੰਦੇਸ਼ ਸੁਣਾਨਾ, ਅਣਸੁਣਤ ਰਹੇ ਨਾ ਕੋਇ ਲੋਕਾਈਆ । ਮੇਰੇ ਸਾਹਿਬ ਦਾ ਸਖ਼ਤ ਵਰਤਣਾ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਤਖ਼ਤੋਂ ਲਾਹੁਣਾ ਰਾਜਾ ਰਾਣਾ, ਰਈਅਤ ਇਕੋ ਰੰਗ ਵਖਾਈਆ । ਜਨ ਭਗਤਾਂ ਨਾਮ ਨਿਧਾਨਾ ਦੇ ਕੇ ਦਾਨਾ, ਵਸਤ ਅਤੋਲ ਅਤੁਲ ਟਿਕਾਈਆ । ਆਪ ਸਭ ਦਾ ਹੋ ਕੇ ਜਾਣੀ ਜਾਣਾ, ਜਾਨਣਹਾਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਆਪ ਪਹਿਚਾਨਾ, ਬੇਪਹਿਚਾਨ ਪਹਿਚਾਨ ਵਿਚ ਕਿਸੇ ਨਾ ਆਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਹਰਿ ਭਗਤ ਦਵਾਰ ਧੀਰ ਪੁਰ ਦਿਲੀ ਨੌ ਵਿਖੇ ✪

ਸਤਿਗੁਰ ਸ਼ਬਦ ਕਹੇ ਮੈਂ ਦਿਵਸ ਰੈਣ ਦੌੜਦਾ, ਦੋ ਜਹਾਨ ਨੌਜਵਾਨ ਮਰਦ ਮਰਦਾਨ ਪ੍ਰਭ ਤੇਰੀ ਸੇਵ ਕਮਾਈਆ । ਸੰਦੇਸ਼ਾ ਦੇਵਾਂ ਧਰਨੀ ਧਰਤ ਧਵਲ ਧੌਲ ਬ੍ਰਹਿਮਣ ਗੌੜ ਦਾ, ਨਵ ਸੱਤ ਬ੍ਰਹਮ ਮਤ ਬਿਨ ਤਤਵ ਤਤ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੇਰਾ ਫਲ ਵੇਖਾਂ ਮਿੱਠਾ ਕੌੜ ਦਾ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਧਿਆਨ ਲਗਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਤਿ ਸਰੂਪ ਤੱਕਾਂ ਜੋ ਭਗਤਾਂ ਬਹੁੜਦਾ, ਸੂਫ਼ੀਆਂ ਸੰਤਾਂ ਹੋਏ ਸਹਾਈਆ । ਜੀਵ ਜਹਾਨ ਵਕਤ ਦੁਹੇਲਾ ਵੇਖਾਂ ਤੇਰੇ ਅੰਮ੍ਰਿਤ ਔੜ ਦਾ, ਓੜਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਦਿਵਸ ਰੈਣ ਭੱਜਦਾ,

੧੬੫੭
੨੩

ਬਿਨ ਕਦਮਾਂ ਕਦਮ ਉਠਾਈਆ । ਮਨ ਕਲਪਣਾ ਜੀਵ ਜਹਾਨ ਵੇਖਾਂ ਰੂਪ ਕਗ ਦਾ, ਨਵ ਨਵ ਦਾ ਪਰਦਾ ਲਾਹੀਆ । ਨਿਰਗੁਣ ਸਰਗੁਣ ਤੇਰੀ ਧਾਰ ਹੋ ਕੇ ਵੱਜਦਾ, ਬਿਨ ਤਤਾਂ ਤਤ ਤਤ ਖੜਕਾਈਆ । ਅੰਤਸ਼ਕਰਨ ਜੀਵ ਜਹਾਨ ਵੇਖਾਂ ਜਗਦਾ, ਜਾਗਰਤ ਜੋਤ ਬਿਨ ਵਰਨ ਗੋਤ ਨਿਰਗੁਣ ਤੇਰਾ ਨੈਣ ਉਠਾਈਆ । ਸ਼ਬਦੀ ਸ਼ਬਦ ਧਾਰ ਹੋ ਕੇ ਜਨ ਭਗਤ ਸੁਹੇਲੇ ਫਿਰਾਂ ਲੱਭਦਾ, ਜੋ ਲਬ੍ਹਾਂ ਦੇ ਅੰਦਰ ਤੇਰਾ ਧਿਆਨ ਲਗਾਈਆ । ਦੇਸਾਂ ਪ੍ਰਦੇਸਾਂ ਲੇਖਾ ਜਾਣਾ ਸਭ ਦਾ, ਸਭਾ ਮਲੇਛਾਂ ਫੋਲ ਫੁਲਾਈਆ । ਹੁਕਮ ਤੇਰਾ ਮੰਨਾਂ ਨੂਰ ਇਲਾਹੀ ਰੱਬ ਦਾ, ਯਾਮਬੀਨ ਤੇਰੀ ਓਟ ਤਕਾਈਆ । ਲਹਿਣਾ ਦੇਣਾ ਜਾਣਾ ਜੁਗ ਚੌਕੜੀ ਹੱਦ ਦਾ, ਹਦੂਦ ਵੇਖਾਂ ਥਾਉਂ ਥਾਈਆਂ । ਹੁਕਮ ਸੰਦੇਸ ਸੁਣਾਵਾਂ ਤੇਰੇ ਅਨਾਦੀ ਨਦ ਦਾ, ਅਨਹਦ ਨਾਦੀ ਨਾਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੇਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਜ਼ਿਮੀਂ ਅਸਮਾਨਾਂ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਧਿਆਨ ਲਗਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨਾਂ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਮੈਂ ਲੇਖਾ ਜਾਣਾ ਜੀਵ ਜੰਤ ਪੰਜ ਤਤ ਇਨਸਾਨਾ, ਤਤਵ ਤਤਾਂ ਪਰਦਾ ਲਾਹੀਆ । ਤੂੰ ਮਿਹਰਵਾਨ ਮਿਹਰਵਾਨ ਹੋਣਾ ਮਿਹਰਵਾਨਾ, ਮਹਿਬੂਬ ਆਪਣੀ ਦਇਆ ਕਮਾਈਆ । ਮੈਂ ਖੇਲਾਂ ਖੇਲ ਖਾਲਕ ਖ਼ਲਕ ਵਿਚ ਮਹਾਨਾ, ਮਖ਼ਲੂਕ ਵੇਖਾਂ ਚਾਈਂ ਚਾਈਆਂ । ਮਸਤੀ ਵਿਚ ਮਸਤ ਹੋਵਾਂ ਦੀਵਾਨਾ, ਅਲਮਸਤ ਤੇਰੀ ਵਡ ਵਡਿਆਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸ੍ਰੀ ਭਗਵਾਨਾ, ਭਗਵਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਡੂੰਘਾ ਸਾਗਰ, ਗਹਿਰ ਗਵਰ ਤੇਰਾ ਧਿਆਨ ਲਗਾਈਆ । ਮਾਟੀ ਭਾਂਡੇ ਕਾਚੇ ਤੱਕਾਂ ਕਾਇਆ ਗਾਗਰ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਕਰੀਮ ਕਾਦਰ, ਕੁਦਰਤ ਦਾ ਕਾਦਰ ਬੇਪਰਵਾਹੀਆ । ਸਚ ਦਵਾਰੇ ਕਰੀਂ ਆਦਲ, ਇਨਸਾਫ਼ ਤੇਰੇ ਹੱਥ ਫੜਾਈਆ । ਮੇਰੇ ਮਹਿਬੂਬਾ ਦੀਨ ਦੁਨੀ ਰੂਪ ਧਰਿਆ ਮਕਤੂਲ ਕਾਤਲ, ਕਤਲਗਾਹ ਧਰਨੀ ਧਰਤ ਧਵਲ ਨਜ਼ਰੀ ਆਈਆ । ਧਾਮ ਦਿਸੇ ਕੋਈ ਨਾ ਆਕਲ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਪਾਗ਼ਲ, ਬੁਧ ਬਿਬੇਕ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਧਾਰ ਦੇਣੀ ਜਣਾਈਆ । ਸਤਿਗੁਰ ਸ਼ਬਦ ਕਹੇ ਮੈਂ ਦਿਵਸ ਰੈਣ ਨੱਠਾ, ਬਣ ਪਾਂਧੀ ਪੰਧ ਮੁਕਾਈਆ । ਤੇਰਾ ਨਵ ਨੌਂ ਚਾਰ ਦਾ ਲੇਖਾ ਕਰਾਂ ਇਕੱਠਾ, ਬਿਨ ਹਰਫ਼ ਹੁਰੂਫ਼ਾਂ ਗੰਢ ਬੰਧਾਈਆ । ਮੰਦਰ ਮਸਜਿਦ ਸ਼ਿਵਦਵਾਲੇ ਤੱਕਾਂ ਮੱਠਾਂ, ਚਾਰ ਦੀਵਾਰਾਂ ਖੋਜ ਖੁਜਾਈਆ । ਲੇਖਾ ਵੇਖ ਕੇ ਅੱਠਾਂ ਸੱਠਾਂ, ਜਲ ਧਾਰਾ ਸੰਗ ਜੋੜ ਜੁੜਾਈਆ । ਸਮੁੰਦ ਸਾਗਰਾਂ ਪਾਰ ਟੱਪਾਂ, ਭੱਜਾਂ ਵਾਹੋ ਦਾਹੀਆ । ਜਗਤ ਅੰਧੇਰਿਆਂ ਵਿਚ ਛਪਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਨੌਂ ਖੰਡ ਪ੍ਰਿਥਮੀ ਇਕੋ ਅੱਖਰ ਦੱਸਾਂ ਪੱਪਾ, ਜਿਸ ਪਰਮ ਪੁਰਖ ਦਏ ਵਡਿਆਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਨਾਨਕ ਤਪਾ, ਤਪੀਸ਼ਰਾਂ ਤੋਂ ਬਾਹਰ ਸਮਝਾਈਆ । ਓਹ ਖੇਲ ਕਰੇ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਕੋਲ ਅਗੰਮੀ ਵੱਥਾ, ਨਾਮ ਭੰਡਾਰਾ ਦਏ ਵਰਤਾਈਆ । ਜਿਸ ਨੂੰ ਭਗਤਾਂ ਸੰਤਾਂ ਝੁਕੇ ਮੱਥਾ, ਸੂਫ਼ੀ ਧੂੜੀ ਖ਼ਾਕ ਰਮਾਈਆ । ਉਹਦੀ ਮਹਿੰਮਾ ਅਕਥਨੀ ਕਥਾ, ਰਸਨਾ ਕਥ ਸਕੇ ਨਾ ਰਾਈਆ । ਉਹ ਲਹਿਣਾ ਦੇਣਾ ਸਭ ਦਾ ਜਾਣੇ ਯਥਾਰਥ ਯਥਾ, ਯਦੀ ਆਪਣਾ ਹੁਕਮ ਵਰਤਾਈਆ । ਜਿਸ

੧੬੫੮
੨੩

ਨੇ ਗੋਬਿੰਦ ਤਨ ਸੁਹਾਇਆ ਤੀਰ ਭੱਥਾ, ਮੁੱਖੀ ਤਿੱਖੀ ਧਾਰ ਬਣਾਈਆ । ਉਹ ਸਾਹਿਬ ਸਵਾਮੀ ਅਲਖਣਾ ਅਲੱਖਾ, ਅਲਖ ਅਗੋਚਰ ਇਕ ਅਖਵਾਈਆ । ਜੋ ਸ਼ਾਹ ਸੁਲਤਾਨ ਬਣਾਏ ਕੱਖਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਘੱਤੀ ਫਿਰਾਂ ਵਹੀਰਾ, ਵਹਿਣਾਂ ਪਾਰ ਕਰਾਈਆ । ਡੂੰਘੇ ਸਾਗਰ ਵੇਖਾਂ ਨੀਰਾ, ਬਿਨ ਨੈਣਾਂ ਨੈਣ ਉਠਾਈਆ । ਪੈਗ਼ੰਬਰਾਂ ਤੱਕਾਂ ਪੀਰਾ, ਮਕਬਰਿਆਂ ਫੋਲ ਫੁਲਾਈਆ । ਜੀਵਾਂ ਜੰਤਾਂ ਵੇਖਾਂ ਤਕਦੀਰਾ, ਤਦਬੀਰ ਆਪਣੀ ਨਾਲ ਮਿਲਾਈਆ । ਭੇਵ ਖੁਲਾਵਾਂ ਸ਼ਾਹ ਹਕੀਰਾ, ਪਰਦਾ ਪਾਤਸ਼ਾਹ ਉਠਾਈਆ । ਦੀਨ ਦੁਨੀ ਤੱਕਾਂ ਜ਼ਮੀਰਾ, ਅੰਤਸ਼ਕਰਨ ਫੋਲ ਫੁਲਾਈਆ । ਤੇਰਾ ਖੇਲ ਬੇਨਜ਼ੀਰਾ, ਪ੍ਰਭੂ ਨਜ਼ਰ ਕਿਸੇ ਨਾ ਆਈਆ । ਤੂੰ ਮਾਲਕ ਗੁਣੀ ਗਹੀਰਾ, ਗਹਿਰ ਗਵਰ ਤੇਰੀ ਵਡਿਆਈਆ । ਤੂੰ ਲੇਖਾ ਜਾਣੇ ਹਸਤ ਕੀੜਾ, ਕੀਟ ਕੀਟਾਂ ਫੋਲ ਫੁਲਾਈਆ । ਤੇਰਾ ਮਾਰਗ ਸਵਾਮੀਆ ਅਗਲਾ ਦਿਸਦਾ ਭੀੜਾ, ਬਿਨ ਤੇਰੀ ਕਿਰਪਾ ਪੰਧ ਨਾ ਕੋਇ ਮੁਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਨਜ਼ਰ ਨਾ ਆਏ ਕਿਸੇ ਤਸਵੀਰਾ, ਤਸੱਵਰ ਕਰ ਨਾ ਕੋਇ ਵਖਾਈਆ । ਤੂੰ ਆਸ਼ਾ ਤੱਕਣੀ ਇਕ ਕਬੀਰਾ, ਜੋ ਕਬਰਾਂ ਤੋਂ ਬਾਹਰ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਕਹੇ ਮੈਂ ਦਿਵਸ ਰੈਣ ਦਾ ਪਾਂਧੀ, ਬਿਨ ਕਦਮਾਂ ਕਦਮ ਉਠਾਈਆ । ਚਾਰੋਂ ਕੁੰਟ ਤੱਕਾਂ ਅੰਧੇਰੀ ਆਂਧੀ, ਸਾਚਾ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲੇ ਦੀਨ ਦਿਆਲੇ ਆਤਮ ਧਾਰ ਤੈਨੂੰ ਕੋਇ ਨਾ ਗਾਂਦੀ, ਗਾ ਗਾ ਸ਼ੁਕਰ ਨਾ ਕੋਇ ਮਨਾਈਆ । ਦੀਨ ਦੁਨੀ ਵਣਜਾਰੀ ਹੋ ਗਈ ਸੂਰ ਗਾਂ ਦੀ, ਪਸ਼ੂਆਂ ਖੱਲ ਲੁਹਾਈਆ । ਵਡਿਆਈ ਰਹੀ ਨਾ ਤੇਰੇ ਨਾਂ ਦੀ, ਨਾਉਂ ਨਿਰੰਕਾਰ ਹਿਰਦੇ ਨਾ ਕੋਇ ਵਸਾਈਆ । ਹੰਸ ਬੁੱਧੀ ਹੋਈ ਕਾਂ ਦੀ, ਕਾਗ ਵਾਂਗ ਸਰਬ ਕੁਰਲਾਈਆ । ਸਿਫ਼ਤ ਵਡਿਆਈ ਰਹੀ ਨਾ ਵਾਹ ਵਾਹ ਦੀ, ਵਾਹਵਾ ਤੇਰੀ ਵੱਜੇ ਨਾ ਕੋਇ ਵਧਾਈਆ । ਕੀ ਖੇਲ ਤੇਰੀ ਬੇਪਰਵਾਹ ਦੀ, ਬੇਪਰਵਾਹ ਦੇਣਾ ਸਮਝਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਦੀਨ ਦੁਨੀ ਵਣਜਾਰੀ ਹੋ ਗਈ ਆਪਣੇ ਦਾਅ ਦੀ, ਦਾਹਵਾ ਹਕ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹ ਦੀ, ਸ਼ਾਹੋ ਭੂਪ ਬਿਨ ਰੰਗ ਰੂਪ ਤੇਰੀ ਅਗੰਮ ਵਡਿਆਈਆ ।

### ੨੦ ਫੱਗਣ ਸ਼ਹਿਨਸ਼ਾਹੀ ਸੰਮਤ ਨੌਂ ਜੇ ਐਂਡ ਕੇ ਲਛਮੀ ਨਗਰ ਦਿੱਲੀ ਰਤਨ ਸਿੰਘ ਦੇ ਗ੍ਰਿਹ

ਸ਼ਬਦ ਕਹੇ ਮੇਰੀ ਖੇਲ ਅਗੰਮੇ ਸਤਿਗੁਰ ਦੀ, ਗੁਰਦੇਵ ਦੇਵਾ ਆਪਣਾ ਹੁਕਮ ਸੁਣਾਈਆ । ਆਵਾਜ਼ ਜਣਾਵਾਂ ਅਨਾਦੀ ਸੁਰ ਦੀ, ਸੁਰਤੀਆਂ ਸੁੱਤੀਆਂ ਵੇਖ ਵਖਾਈਆ । ਮੈਨੂੰ ਯਾਦ ਆਉਂਦੀ ਅਨੰਦ ਪੁਰ ਦੀ, ਪੁਰੀ ਅਨੰਦ ਰਹੀ ਜਣਾਈਆ । ਜਿਸ ਵੇਲੇ ਸਦੀ ਚੌਧਵੀ ਦੀਨ ਦੁਨੀ ਹੋਈ ਮੁਰਦੀ, ਮੁਰੀਦ ਮੁਰਸ਼ਦਾਂ ਮਿਲਣ ਕੋਇ ਨਾ ਪਾਈਆ । ਕੂੜ ਕਲਪਣਾ ਹਰ ਹਿਰਦੇ ਹੋਣੀ ਫੁਰਦੀ, ਫੁਰਨਾ ਮੰਤਰ ਨਾਮ ਨਾ ਕੋਇ ਜਣਾਈਆ । ਜਗਤ ਜਹਾਨ ਦੀ ਆਸ਼ਾ ਹੋਣੀ ਰੁੜ੍ਹਦੀ, ਕਲਜੁਗ ਕੂੜੇ ਵਹਿਣ ਵਹਾਈਆ । ਗ੍ਰੰਥ ਸ਼ਾਸਤਰ ਆਸ਼ਾ ਰੱਖਣ ਇਕ ਲੁੜ ਦੀ, ਲੁੜੀਂਦੇ ਸਾਜਨ ਧਿਆਨ ਲਗਾਈਆ ।

੧੬੫੯
੨੩

ਬਿਨ ਤੇਰੀ ਕਿਰਪਾ ਪ੍ਰਭੂ ਜਗਤ ਆਸ਼ਾ ਮੂਲ ਨਾ ਮੁੜਦੀ, ਤ੍ਰਿਸ਼ਨਾ ਸਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਸ਼ਬਦ ਕਹੇ ਮੈਂ ਸਤਿਗੁਰ ਅਗੰਮਾ ਭੂਪ, ਸ਼ਹਿਨਸ਼ਾਹ ਦਿਤੀ ਵਡਿਆਈਆ । ਮੇਰਾ ਨਜ਼ਰ ਨਾ ਆਏ ਰੰਗ ਰੂਪ, ਦੋ ਜਹਾਨਾਂ ਖੇਲ ਖਿਲਾਈਆ । ਮੈਂ ਵਸਾਂ ਚਾਰੇ ਕੂਟ, ਦੀਨ ਦੁਨੀ ਪੰਧ ਮੁਕਾਈਆ । ਲੱਖ ਚੁਰਾਸੀ ਮੇਰਾ ਤਾਣਾ ਪੇਟਾ ਸੂਤ, ਸੂਤਰਧਾਰੀ ਹੋ ਕੇ ਵੇਖ ਵਖਾਈਆ । ਮੇਰਾ ਹੁਕਮ ਅਨੋਖਾ ਦੂਤ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਮੈਂ ਸੇਵਾਦਾਰ ਸਤਿ ਸਚ ਸਪੂਤ, ਪਿਤਾ ਪੁਰਖ ਅਕਾਲ ਦਿਤੀ ਵਡਿਆਈਆ । ਮੈਂ ਜਗਤ ਸੁਹੰਜਣੀ ਕਰਨੀ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਪਵਿਤ੍ਰ ਕਰਨੇ ਜਗਤ ਵਿਕਾਰੀ ਬੁੱਤ, ਬੁਤਖਾਨਿਆਂ ਵੇਖ ਵਖਾਈਆ । ਜਨ ਭਗਤ ਸੁਹੇਲੇ ਗੋਦੀ ਲੈਣੇ ਚੁੱਕ, ਫੜ ਬਾਹੋਂ ਗਲੇ ਲਗਾਈਆ । ਸੀਨੇ ਨਾਲ ਲਗਾਵਾਂ ਘੁੱਟ, ਦੁਖੀਆਂ ਦਰਦ ਮਿਟਾਈਆ । ਤਿਨ੍ਹਾਂ ਆਵਣ ਜਾਵਣ ਜਾਏ ਛੁੱਟ, ਚੁਰਾਸੀ ਗੇੜ ਰਹੇ ਨਾ ਰਾਈਆ । ਆਤਮ ਪਰਮਾਤਮ ਧਾਰ ਜਾਏ ਨਾ ਟੁੱਟ, ਪਾਰਬ੍ਰਹਮ ਬ੍ਰਹਮ ਮੇਲਾ ਮੇਲਾਂ ਸਹਿਜ ਸੁਭਾਈਆ । ਸਚਖੰਡ ਦਵਾਰ ਬਿਨ ਤਨ ਵਜੂਦੋਂ ਦੇਵਾਂ ਸੁੱਟ, ਨਿਰਗੁਣ ਨਿਰਗੁਣ ਨਾਲ ਮਿਲਾਈਆ । ਜਗਤ ਭਾਗ ਨਾ ਜਾਏ ਨਿਖੁੱਟ, ਖੋਟੇ ਖਰੇ ਦੇਵਾਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਰੰਗ ਰੰਗਾਈਆ । ਸ਼ਬਦ ਕਹੇ ਮੈਂ ਗੁਰਦੇਵ ਗੁਰੂ ਗੁਰ ਸਵਾਮੀ, ਮੇਰੀ ਸਮਝ ਕਿਸੇ ਨਾ ਆਈਆ । ਮੈਂ ਆਦਿ ਜੁਗਾਦੀ ਸਦਾ ਨਿਹਕਾਮੀ, ਨਿਰਵੈਰ ਨੂਰ ਅਲਾਹੀਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਅੰਦਰ ਵੇਖ ਵਖਾਈਆ । ਮੇਰੀ ਜੁਗ ਚੌਕੜੀ ਖੇਲ ਪੁਰਾਣੀ, ਪੁਰਾਨ ਸ਼ਾਸਤਰ ਤੇਰੀ ਦੇਣ ਗਵਾਹੀਆ । ਮੈਂ ਸਦਾ ਸਦਾ ਆਤਮ ਬ੍ਰਹਮ ਗਿਆਨੀ, ਨਿਰਅੱਖਰ ਦਿਆਂ ਵਡਿਆਈਆ । ਮੇਰੀ ਕਲਮਿਆਂ ਬਾਹਰ ਕਲਾਮੀ, ਕਾਇਨਾਤ ਦਿਆਂ ਸਮਝਾਈਆ । ਮੇਰਾ ਸੰਦੇਸ਼ਾ ਪੈਗ਼ਾਮ ਸ਼ਾਹ ਅਮਾਮੀ, ਅਵਾਮੀ ਰਿਹਾ ਦ੍ਰਿੜਾਈਆ । ਜੋ ਲਹਿਣਾ ਦੇਣਾ ਜਾਣੇ ਜਗਤ ਤਮਾਮੀ, ਤਮਅ ਲਾਲਚ ਵੇਖ ਵਖਾਈਆ । ਜਿਸ ਮੇਲਾ ਮੇਲਣਾ ਅੰਤ ਬਾਹਮੀ, ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਝਗੜਾ ਦੀਨ ਨਾ ਰਹੇ ਇਸਲਾਮੀ, ਇਸਮ ਆਜ਼ਮ ਇਕ ਸਮਝਾਈਆ । ਸ਼ਰਅ ਜ਼ੰਜੀਰ ਤੋੜ ਗ਼ੁਲਾਮੀ, ਗ਼ੁਰਬਤ ਅੰਦਰੋਂ ਦਏ ਕਢਾਈਆ । ਨਾਮ ਨਿਧਾਨ ਦੇ ਕਲਾਮੀ, ਕਾਇਨਾਤ ਆਪ ਸਮਝਾਈਆ । ਜਿਸ ਦੀ ਇਕੋ ਹਕ ਹਕੀਕਤ ਵਾਲੀ ਹੋਏ ਸਲਾਮੀ, ਦੂਸਰ ਸੀਸ ਨਾ ਕੋਇ ਝੁਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਸਦਾ ਰਹਿਮਾਨੀ, ਰਹਿਮਤ ਆਪਣੀ ਇਕ ਕਮਾਈਆ । ਮੈਂ ਹਲੂਣਾ ਦੇਣਾ ਜ਼ਿਮੀਂ ਅਸਮਾਨੀ, ਧਰਨੀ ਧਰਤ ਧਵਲ ਹਿਲਾਈਆ । ਮੰਜ਼ਲ ਵੇਖਣੀ ਜਗਤ ਰੁਹਾਨੀ, ਰੂਹ ਬੁਤ ਖੋਜ ਖੁਜਾਈਆ । ਜਨ ਭਗਤਾਂ ਧਰਮ ਬਖ਼ਸ਼ ਅਨਾਮੀ, ਇਕੋ ਗ੍ਰਿਹਿ ਦੇਣਾ ਵਖਾਈਆ । ਜਿਥੇ ਨਿਰਗੁਣ ਜੋਤ ਜੋਤ ਨਿਸ਼ਾਨੀ, ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਧਾਰ ਦੱਸ ਪਹਿਚਾਨੀ, ਪਰਮਾਤਮ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖ਼ਾਲਕ ਪ੍ਰਿਤਪਾਲਕ ਜਨ ਭਗਤਾਂ ਦੋ ਜਹਾਨੀ, ਦੋ ਜਹਾਨਾਂ ਨੌਜਵਾਨਾ ਨਵ ਨਵ ਆਪਣਾ ਰੰਗ ਰੰਗਾਈਆ ।

੧੬੯੦
੨੩

## ੨੦ ਫੱਗਣ ਸ਼ਹਿਨਸ਼ਾਹੀ ਸੰਮਤ ਨੌ ੭੩੬ ਗੁਰੂ ਰਾਮਦਾਸ ਨਗਰ ਦਿੱਲੀ ਪੂਰਨ ਸਿੰਘ ਦੇ ਗ੍ਰਿਹਿ



ਸ਼ਬਦ ਕਹੇ ਮੈਂ ਸਾਹਿਬ ਸਵਾਮੀ ਏਕ, ਏਕੰਕਾਰ ਦਿਤੀ ਵਡਿਆਈਆ । ਮੇਰੀ ਆਦਿ ਜੁਗਾਦੀ ਸਭ ਨੂੰ ਟੇਕ, ਅਵਤਾਰ ਪੈਗ਼ੰਬਰ ਗੁਰ ਸਾਰੇ ਸੀਸ ਨਿਵਾਈਆ । ਮੈਂ ਜਨ ਭਗਤਾਂ ਕਰਨਹਾਰਾ ਬੁਧ ਬਿਬੇਕ, ਦੁਰਮਤ ਪਾਪਾਂ ਮੈਲ ਧਵਾਈਆ । ਕੂੜ ਕੁੜਿਆਰਾਂ ਕਰਾਂ ਨੇਕ, ਠੱਗਾਂ ਚੋਰਾਂ ਦੇਵਾਂ ਵਡਿਆਈਆ । ਮੇਰਾ ਰੂਪ ਅਵੱਲੜਾ ਅਨੇਕ, ਜੁਗ ਜੁਗ ਆਪਣਾ ਭੇਖ ਵਟਾਈਆ । ਜਗਤ ਜਹਾਨ ਦੀ ਵੇਖਣਹਾਰਾ ਅਗਨੀ ਤਤਾਂ ਵਾਲਾ ਸੇਕ, ਤਤਵ ਤਤ ਖੋਜ ਖੁਜਾਈਆ । ਮੇਰਾ ਲਹਿਣਾ ਦੇਣਾ ਲੱਖ ਚੁਰਾਸੀ ਨੇਤਨ ਨੇਤ, ਨਿਜ ਘਰ ਬਹਿ ਬਹਿ ਧਿਆਨ ਲਗਾਈਆ । ਮੈਂ ਆਤਮ ਪਰਮਾਤਮ ਦੱਸਣਹਾਰਾ ਹੇਤ, ਘਰ ਘਰ ਆਪਣਾ ਰੰਗ ਰੰਗਾਈਆ । ਜਗ ਭਗਤਾਂ ਖੇਲ ਅਗੰਮਾ ਭੇਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਗੰਮ ਅਥਾਹ, ਅਲਖ ਅਗੋਚਰ ਦਏ ਵਡਿਆਈਆ । ਮੈਂ ਦਾਤਾ ਬਣ ਕੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਦੋ ਜਹਾਨਾਂ ਹੋ ਮਲਾਹ, ਬੇੜਾ ਖੰਡਾਂ ਬ੍ਰਹਿਮੰਡਾਂ ਆਪ ਚਲਾਈਆ । ਤਨ ਵਜੂਦਾਂ ਵਿਚੋਂ ਪ੍ਰਗਟਾ ਕੇ ਆਪਣਾ ਨਾਂ, ਅਵਤਾਰ ਪੈਗ਼ੰਬਰ ਗੁਰੂਆਂ ਦਿਆਂ ਵਡਿਆਈਆ । ਧਰਨੀ ਧਰਤ ਧਵਲ ਸੁਹਾ ਅਗੰਮੇ ਥਾਂ, ਥਨੰਤਰ ਆਪਣਾ ਰੰਗ ਰੰਗਾਈਆ । ਹੰਸ ਬਣਾਵਾਂ ਫੜ ਫੜ ਕਾਂ, ਕਾਗ ਹੰਸ ਰੂਪ ਵਖਾਈਆ । ਜਨ ਭਗਤਾਂ ਸਤਿ ਸਚ ਪਕੜ ਕੇ ਬਾਂਹ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਗੰਮਾ ਰੰਗਲਾ, ਰੰਗਤ ਨਜ਼ਰ ਕਿਸੇ ਨਾ ਆਈਆ । ਮੈਂ ਲੇਖਾ ਜਾਣਾ ਸ਼ਾਹ ਕੰਗਲਾ, ਭੂਪਤ ਭੂਪਾ ਵੇਖ ਵਖਾਈਆ । ਮੇਰਾ ਸਦਾ ਧੁਨ ਅਨਾਦੀ ਚਾਰ ਮੰਗਲਾ, ਅਨਰਾਗੀ ਰਾਗ ਸੁਣਾਈਆ । ਮੇਰਾ ਲਹਿਣਾ ਦੇਣਾ ਨਾਨਕ ਧਾਰ ਦੇਸ਼ ਬੰਗਲਾ, ਬੰਗ ਕੀ ਆਪਣੀ ਆਸ ਰਖਾਈਆ । ਜਿਸ ਸ਼ਰਅ ਤੋੜਨੇ ਸੰਗਲਾ, ਸੰਗਲਾ ਦੀਪ ਨਾਲ ਮਿਲਾਈਆ । ਜਗਤ ਜਹਾਨ ਵੇਖਣਾ ਅੰਧਲਾ, ਧੁੰਦੂਕਾਰ ਤੱਕਣਾ ਖ਼ਲਕ ਖ਼ੁਦਾਈਆ । ਜਿਸ ਦਾ ਇਕੋ ਦੀਪਕ ਜਗਣਾ, ਜਗਤ ਜਹਾਨ ਕਰੇ ਰੁਸ਼ਨਾਈਆ । ਉਹ ਲਹਿਣੇ ਦੇਣੇ ਪੂਰੇ ਕਰੇ ਸਭਨਾ, ਸਭਾ ਮਲੇਛਾ ਵੇਖ ਵਖਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਨੂਰ ਅਲਾਹੀ ਰੱਬਨਾ, ਯਾਮਬੀਨ ਤੇਰੀ ਵਡਿਆਈਆ । ਉਹਨੇ ਸਤਿਗੁਰ ਸ਼ਬਦ ਦੀ ਧਾਰ ਹੋ ਕੇ ਭੱਜਣਾ, ਭੱਜੇ ਵਾਹੋ ਦਾਹੀਆ । ਜਿਸ ਨੂੰ ਤੇਗ਼ ਬਹਾਦਰ ਕਿਹਾ ਸੱਜਣਾ, ਸਾਜਣ ਮੀਤ ਇਕ ਅਖਵਾਈਆ । ਜਿਸ ਮੁਹੰਮਦ ਦੀ ਆਸ਼ਾ ਪੂਰੀ ਕਰਨਾ ਜਗਣਾ, ਚਾਰ ਯਾਰੀ ਨਾਲ ਮਿਲਾਈਆ । ਤਿਸ ਨੂੰ ਸਭ ਨੇ ਕਰਨੀ ਬੰਦਨਾ, ਬੰਦਗੀ ਵਿਚ ਸੀਸ ਝੁਕਾਈਆ । ਜੋ ਖੋਜਿਆਂ ਕਿਸੇ ਨਾ ਲੱਭਣਾ, ਵੰਝੀ ਹਾਥ ਨਾ ਕੋਇ ਵਖਾਈਆ । ਜਿਸ ਦਾ ਲਹਿਣਾ ਦੇਣਾ ਹੋਵੇ ਉਪਰ ਸ਼ਾਹ ਰਗਣਾ, ਸ਼ਹਿਨਸ਼ਾਹ ਆਪਣਾ ਪਰਦਾ ਆਪ ਚੁਕਾਈਆ । ਜਿਸ ਧਰਮ ਨਿਸ਼ਾਨਾ ਗੱਡਣਾ, ਗਾਡ ਇਕੋ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਨਹੀਂ ਤਹਿਰੀਰੀ, ਪੂਰਬ ਸਮਝ ਨਾ ਕੋਇ ਸਮਝਾਈਆ । ਮੇਰਾ ਸੰਦੇਸ਼ਾ ਨਹੀਂ ਤਕਰੀਰੀ, ਲਫ਼ਜ ਅਲਫ਼ਾਜ ਨਾ ਕੋਇ ਵਡਿਆਈਆ । ਮੇਰਾ ਰੂਪ ਨਹੀਂ ਕੋਈ ਪੀਰੀ, ਪੈਗ਼ੰਬਰਾਂ ਰੰਗ ਨਾ ਕੋਇ ਰੰਗਾਈਆ । ਮੇਰਾ ਖੇਲ ਨਹੀਂ

ਤਾਮੀਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਹੁਕਮ ਵਰਤੇ ਤਕਦੀਰੀ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਖੇਲ ਹੋਣਾ ਅਖ਼ੀਰੀ, ਆਖ਼ਰ ਦਿਆਂ ਸਮਝਾਈਆ । ਲੇਖਾ ਜਾਣੇ ਬੇਨਜ਼ੀਰੀ, ਬੇਨਜ਼ੀਰ ਆਪਣਾ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਬੜਾ ਅਗੰਮਾ, ਅਗੰਮ ਅਗੰਮ ਜਣਾਈਆ । ਜਿਸ ਦਾ ਹੱਦ ਨਾ ਦਿਸੇ ਬੰਨਾ, ਬੰਦਗੀ ਵਾਲਾ ਵੇਖਣ ਕੋਇ ਨਾ ਪਾਈਆ । ਮੇਰਾ ਸਮਝ ਨਾ ਆਇਆ ਇਕੋ ਕੰਨਾ, ਜੋ ਗੋਬਿੰਦ ਗਿਆ ਲਗਾਈਆ । ਮੈਂ ਜਗਤ ਜਹਾਨ ਵੇਖਣਾ ਘਨਾ, ਬਹੁ ਗਿਣਤੀ ਵਿਚ ਲੋਕਾਈਆ । ਦੀਨ ਦੁਨੀ ਦਾ ਨੇਤਰ ਵੇਖਣਾ ਅੰਨ੍ਹਾ, ਨਿਜ ਲੋਚਨ ਨਾ ਕੋਇ ਰੁਸ਼ਨਾਈਆ । ਮੈਂ ਭੇਵ ਖੁਲਾਉਣਾ ਤਾਰਾ ਚੰਨਾ, ਚੰਦ ਸਿਤਾਰ ਬੈਠੇ ਰਾਹ ਤਕਾਈਆ । ਮੈਂ ਆਸ਼ਾ ਪੂਰੀ ਕਰਨੀ ਵਿਸ਼ਨ ਸ਼ਿਵ ਬ੍ਰਹਮਾ, ਜੋ ਪਾਰਬ੍ਰਹਮ ਰਿਹਾ ਦ੍ਰਿੜ੍ਹਾਈਆ । ਮੈਂ ਜਗਤ ਜਹਾਨ ਵੇਖਣੀ ਤਮਅ, ਲਾਲਚ ਲੋਭ ਮੋਹ ਧਿਆਨ ਲਗਾਈਆ । ਮੈਂ ਭੇਵ ਖੁਲਾਉਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਪਰਦਾ ਆਪ ਉਠਾਈਆ । ਮੈਂ ਖ਼ੁਸ਼ੀ ਜਣਾਉਣੀ ਮੇਰਾ ਵਕਤ ਸੁਹੰਜਣਾ ਹੋਣਾ ਸਮਾਂ, ਸਮਾਂ ਆਪਣਾ ਰੰਗ ਰੰਗਾਈਆ । ਮੈਂ ਜਗਤ ਜਹਾਨ ਵੇਖਣਾ ਇਕ ਇਕ ਲਮਹ, ਲਮਹ ਲਮਹ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਸਰਨਾਈ ਇਕੋ ਮੰਨਾਂ, ਦੂਜੀ ਮਨਸਾ ਨਾ ਕੋਇ ਰਖਾਈਆ ।



੧੬੬੨ ੨੩

## ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਗੁੜਗਾਉਂ ਸ਼ਹਿਰ ਸੁਖਦੇਵ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਵਾਹ ਪ੍ਰਭੂ ਬੱਲੇ ਬੱਲੇ, ਬਲਧਾਰੀ ਏਕੰਕਾਰੀ ਤੇਰੀ ਬੇਪਰਵਾਹੀਆ । ਮੈਂ ਜੁਗ ਚੌਕੜੀ ਤੇਰੇ ਵੇਖੇ ਹੱਲੇ, ਹੱਲਾ ਸ਼ੇਰੀਆਂ ਦੇਣ ਵਾਲਿਆ ਜੁਗ ਜੁਗ ਨਵੀਂ ਬਣਤ ਬਣਾਈਆ । ਮੈਂ ਤੇਰੇ ਭਗਤ ਸੰਤ ਸੂਫ਼ੀ ਫ਼ਕੀਰ ਗੁਰੂ ਤੱਕੇ ਇਕੱਲੇ, ਬਿਨ ਨੇਤਰ ਲੋਚਨ ਨੈਣਾਂ ਧਿਆਨ ਲਗਾਈਆ । ਜੋ ਸ਼ਬਦ ਸੰਦੇਸੇ ਮੇਰੀ ਧਾਰ ਵਿਚ ਲੋਕਮਾਤ ਘੱਲੇ, ਮਾਨਸ ਮਾਨਵ ਮਾਨੁਖ ਕੀਤੀ ਪੜ੍ਹਾਈਆ । ਅੰਤ ਕੰਤ ਭਗਵੰਤ ਵਸਤ ਰਹੀ ਕਿਸੇ ਨਾ ਪੱਲੇ, ਪਲਕਾਂ ਪਿਛੇ ਬਹਿਣ ਵਾਲਿਆ ਵੇਖਣਾ ਚਾਈਂ ਚਾਈਂਆ । ਆਤਮ ਪਰਮਾਤਮ ਧਾਰ ਕਿਸੇ ਨਾ ਰਲੇ, ਰਲ ਮਿਲ ਤੇਰੇ ਰੂਪ ਵਿਚ ਨਾ ਕੋਇ ਸਮਾਈਆ । ਮੇਰੇ ਸਵਾਮੀ ਅੰਤਰਜਾਮੀ ਵਡ ਅਛਲ ਅਛੱਲੇ, ਤੇਰੇ ਨਾਲੋਂ ਛਲੀਏ ਵਲੀਏ ਕਲਜੁਗ ਜੀਵ ਨਜ਼ਰੀ ਆਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਸ਼ਾਸਤਰਾਂ ਵਾਲਾ ਸੀਨਾ ਕਿਸੇ ਨਾ ਸੱਲੇ, ਆਰ ਪਾਰ ਪਾਰ ਆਰ ਤੀਰ ਅਣਿਆਲਾ ਨਾ ਕੋਇ ਜਣਾਈਆ । ਤੂੰ ਸਚਖੰਡ ਬੈਠਾ ਨਿਰਗੁਣ ਧਾਰ ਨਿਹਚਲ ਧਾਮ ਅਟੱਲੇ, ਦਰਗਾਹ ਸਾਚੀ ਆਸਣ ਲਾਈਆ । ਜਰਾ ਨਿਗਾਹ ਮਾਰ ਲੈ ਉਪਰੋਂ ਥੱਲੇ, ਥਲ ਜਲ ਮਹੀਅਲ ਵੇਖਣਾ ਚਾਈਂ ਚਾਈਂਆ । ਨਵ ਸੱਤ ਇਕੋ ਕੂੜ ਕੁੜਿਆਰ ਦੀ ਅਗਨੀ ਬਲੇ, ਤਤਵ ਤਤਾਂ ਰਹੀ ਜਲਾਈਆ । ਧਰਮ ਧਾਰ ਦੇ ਖ਼ਾਲੀ ਦਿਸਣ ਮਹੱਲੇ, ਮਹੱਲ ਅਟਲ ਨਾ ਕੋਇ ਰੁਸ਼ਨਾਈਆ । ਸਚ ਵਸਤ ਧਰਮ ਦੀ ਧਾਰ ਦਿਸੇ ਕਿਸੇ ਨਾ ਪੱਲੇ, ਕੰਨੀ ਗੰਢ ਨਾ ਕੋਇ ਵਖਾਈਆ । ਜੀਵ ਜੰਤ ਸਾਧ ਸੰਤ ਸਚ ਵਿਚ ਕੋਈ ਨਾ ਫਲੇ, ਖ਼ਾਲੀ ਰੁੱਖ ਸਿੰਮਲ ਵਾਂਗ ਲਹਿਰਾਈਆ । ਮੇਰੇ ਸਵਾਮੀ ਅਟਲ ਅਟਲੇ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸਤਿ ਨਿਰੰਕਾਰੀ, ਨਿਰਵੈਰ ਤੇਰੀ ਬੇਪਰਵਾਹੀਆ । ਦੀਨ ਦੁਨੀ ਤੱਕ ਸਾਕਾਰੀ, ਸ਼ਹਿਨਸ਼ਾਹ ਆਪਣਾ ਧਿਆਨ ਲਗਾਈਆ । ਨਵ ਸੱਤ ਵੇਖ ਹਾਹਾਕਾਰੀ, ਧੀਰਜ ਧੀਰ ਨਾ ਕੋਇ ਧਰਾਈਆ । ਤੇਰੇ ਨਾਮ ਦੀ ਹੋਈ ਬੇਕਾਰੀ, ਸਚ ਰੋਜ਼ਗਾਰ ਨਾ ਕੋਇ ਕਮਾਈਆ । ਕਲਜੁਗ ਕੂੜ ਕੁੜਿਆਰੀ ਲੱਗੀ ਯਾਰੀ, ਯਰਾਨਾ ਪੰਚ ਵਿਕਾਰ ਵਧਾਈਆ । ਹਉਮੈ ਹੰਗਤਾ ਚੜ੍ਹੀ ਖ਼ੁਮਾਰੀ, ਮਾਇਆ ਮਮਤਾ ਨਾਲ ਮਿਲਾਈਆ । ਪ੍ਰਭੂ ਤੇਰੇ ਉਤੇ ਹੋਈ ਬੇਇਤਬਾਰੀ, ਯਕੀਨ ਹਕ ਨਾ ਕੋਇ ਰਖਾਈਆ । ਦੀਨ ਮਜ਼੍ਹਬ ਕਰਨ ਗ਼ਦਾਰੀ, ਗਦਾਗਰ ਦਿਸੇ ਲੋਕਾਈਆ । ਤੂੰ ਖੇਲ ਖੇਲਣਹਾਰਾ ਨਰ ਨਾਰੀ, ਨਰ ਨਰਾਇਣ ਤੇਰੀ ਵਡ ਵਡਿਆਈਆ । ਤੇਰਾ ਧਰਮ ਦਾ ਦਿਸੇ ਨਾ ਕੋਇ ਪੁਜਾਰੀ, ਪੂਜਸ ਪਾਹਨ ਸੀਸ ਸਰਬ ਨਿਵਾਈਆ । ਧਰਮ ਦਵਾਰਿਆਂ ਹੋਏ ਬਦਕਾਰੀ, ਬਦੀ ਦਾ ਪੰਧ ਨਾ ਕੋਇ ਮੁਕਾਈਆ । ਤੇਰੀ ਸ੍ਰਿਸ਼ਟੀ ਤੇਰੇ ਨਾਲੋਂ ਹੋਈ ਫ਼ਰਾਰੀ, ਇਸ਼ਟ ਦੇਵ ਨਜ਼ਰ ਕਿਸੇ ਨਾ ਆਈਆ । ਸਹਾਇਤਾ ਕਰੇ ਨਾ ਕੋਇ ਰਾਮ ਮੁਰਾਰੀ, ਕਾਹਨਾ ਕਾਹਨ ਨਾ ਕੋਇ ਚਤੁਰਾਈਆ । ਪੈਗ਼ੰਬਰ ਨਿਭਾਏ ਕੋਇ ਨਾ ਯਾਰੀ, ਯਰਾਨੇ ਸਾਰੇ ਰਹੇ ਤੁੜਾਈਆ । ਗੁਰੂਆਂ ਦਿਸੇ ਨਾ ਕੋਇ ਸਿਕਦਾਰੀ, ਸਿਕ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜ ਲੱਗਾ ਬਾਜ਼ਾਰੀ, ਹੱਟ ਹਟਵਾਣੇ ਜਗਤ ਵਿਕਾਰੇ ਨਜ਼ਰੀ ਆਈਆ । ਤੇਰੀ ਖੇਲ ਤੱਕੀ ਅਗੰਮ ਅਪਾਰੀ, ਅਲਖ ਅਗੋਚਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ ਮਿਲਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰੀਆਂ ਵੇਖੀਆਂ ਜਗਤ ਜਹਾਨ ਹੱਦਾਂ, ਹਦੂਦਾਂ ਧਿਆਨ ਲਗਾਈਆ । ਤੇਰੀਆਂ ਮੰਜ਼ਲਾਂ ਤੱਕੀਆਂ ਪਦਾਂ, ਪਤਿਪਰਮੇਸ਼ਵਰ ਭੇਵ ਰਿਹਾ ਨਾ ਰਾਈਆ । ਤੇਰੀਆਂ ਜਗਤ ਜਹਾਨ ਤੱਕੀਆਂ ਯਦਾਂ, ਯਦੀ ਆਪਣੀ ਅੱਖ ਖੁਲਾਈਆ । ਤੇਰੀਆਂ ਆਵਾਜ਼ਾਂ ਸੁਣੀਆਂ ਨਾਦੀ ਧੁਨ ਬਿਨਾ ਨੱਦਾਂ, ਅਨਹਦ ਨਾਦੀ ਨਾਦ ਦ੍ਰਿੜਾਈਆ । ਤੇਰੀਆਂ ਜਗਤ ਖ਼ੁਮਾਰੀਆਂ ਵੇਖੀਆਂ ਮਧਾਂ, ਮਾਨਸ ਮਾਨਵ ਸੰਗ ਰਲਾਈਆ । ਦੀਨ ਦੁਨੀ ਕੱਟੀਆਂ ਵੇਖੀਆਂ ਲਬਾਂ, ਸ਼ਰਅ ਸ਼ਰਅ ਫੇਲ ਫੁਲਾਈਆ । ਜਗਤ ਮਲੇਛਾਂ ਤੱਕੀ ਸਭਾ, ਸਭਾਪਤੀ ਨਜ਼ਰ ਕੋਇ ਨਾ ਆਈਆ । ਤੇਰਾ ਪਿਆਰ ਕਿਤੋਂ ਨਾ ਲੱਭਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਜਿਧਰ ਤੱਕਿਆ ਤੇਰੇ ਨਾਮ ਕਲਮੇ ਦਾ ਦਗਾ, ਧੋਖੇ ਵਿਚ ਖ਼ਲਕ ਖ਼ੁਦਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਵਾਂਗ ਕੱਗਾ, ਹੰਸ ਰੂਪ ਨਾ ਕੋਇ ਬਦਲਾਈਆ । ਤੇਰੀ ਚਰਨ ਸਰਨ ਬਿਨ ਤੇਰੀ ਕਿਰਪਾ ਕੋਇ ਨਾ ਲੱਗਾ, ਧੂੜੀ ਖ਼ਾਕ ਨਾ ਕੋਇ ਰਮਾਈਆ । ਜਿਧਰ ਤੱਕਾਂ ਦੀਨ ਦੁਨੀ ਉਫ਼ ਹਾਏ ਕਰੇ ਮੇਰਿਆ ਰੱਬਾ, ਰੱਬੇ ਰਹੀਮ ਨਜ਼ਰ ਕਿਸੇ ਨਾ ਆਈਆ । ਸਚ ਦੱਸ ਨਿਰਗੁਣ ਧਾਰ ਸਭ ਦੇ ਅੱਬਾ, ਅੰਮੀਜਾਨ ਕੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੂਰੇ ਸਰਬਗਾ, ਸ਼ਹਿਨਸ਼ਾਹ ਕੀ ਤੇਰੀ ਵਡ ਵਡਿਆਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਬੜਾ ਜੁਗਲੀ ਨਾਦੀਆ ਵੈਸਟ ਬੰਗਾਲ ਹਰਭਜਨ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰੇ ਪਿਆਰ ਦਾ ਭਜਨ, ਦੁੱਖ ਭੈ ਭੰਜਨ ਭਜਨ ਸਿੰਘ ਮਿਲੇ ਵਡਿਆਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ

੧੬੬੩
੨੩

ਧੁਰ ਦਾ ਸੱਜਣ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਨਿਰਗੁਣ ਨਿਰਵੈਰ ਨਿਰੰਕਾਰ ਚਰਨ ਧੂੜ ਕਰਾ ਅਗੰਮਾ ਮਜਨ, ਦੁਰਮਤ ਮੈਲ ਅੰਤਰ ਨਿਰੰਤਰ ਭੀਤਰ ਬਾਹਰ ਰਹਿਣ ਕੋਇ ਨਾ ਪਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਧੁਰ ਅਨਾਦੀ ਨਾਦ ਰੂਪ ਵੱਜਣ, ਸ਼ਬਦ ਸੁਰਤ ਸੁਰਤ ਸ਼ਬਦ ਸਮਝਾਈਆ । ਜਗਤ ਜਹਾਨ ਨੌਜਵਾਨ ਭਗਤ ਸੁਹੇਲੇ ਕੂੜੀ ਮੰਜ਼ਲ ਲੰਘਣ, ਅਗੇ ਹੋ ਨਾ ਕੋਇ ਅਟਕਾਈਆ । ਤੇਰਾ ਮੇਲ ਮਿਲਾਵਾ ਹੋਵੇ ਅਨੋਖੇ ਗਗਨ, ਜਿਥੇ ਸੂਰੀਆ ਚੰਦ ਨਜ਼ਰ ਕੋਇ ਨਾ ਆਈਆ । ਦਰ ਦਵਾਰ ਏਕੰਕਾਰ ਮਨਜ਼ੂਰ ਕਰਨੀ ਬੰਦਨ, ਬੰਦੀਖ਼ਾਨਾ ਦੋ ਜਹਾਨ ਤੁੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਤਿ ਸਚ ਜਣਾ ਛੰਦਨ, ਢੋਲਾ ਸੋਹਲਾ ਇਕੋ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਨਾਮ ਦੀ ਚਾੜ੍ਹਨੀ ਰੰਗਣ, ਰੰਗਤ ਉਤਰ ਕਦੇ ਨਾ ਜਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਭਗਤਾਂ ਦੇ ਦੇ ਅਗੰਮੀ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਆਤਮ ਬ੍ਰਹਮ ਦੱਸ ਦੇ ਜ਼ਾਤ, ਅਜ਼ਾਤੀ ਵੰਡ ਰਹੇ ਨਾ ਰਾਈਆ । ਘਰ ਮੰਦਰ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸੱਜਣ ਸੁਹੇਲੇ ਇਕ ਇਕੇਲੇ ਕਲਜੁਗ ਅੰਤਮ ਪੁਛ ਵਾਤ, ਵਾਰਸ ਹੋ ਕੇ ਹੋ ਸਹਾਈਆ । ਮਾਤ ਕੁਲੱਖਣੀ ਮਨ ਕਾਮਨਾ ਕੂੜੀ ਅੰਦਰੋਂ ਕੱਢਣੀ ਨਾਰ ਕਮਜ਼ਾਤ, ਸਤਿਗੁਰ ਸ਼ਬਦ ਸ਼ਬਦੀ ਸ਼ਬਦ ਦੇਣੀ ਵਡਿਆਈਆ । ਨਿਰਗੁਣ ਧਾਰ ਨਿਰਵੈਰ ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਨਿਜ ਨੇਤਰ ਦਰਸ਼ਨ ਦੇਣਾ ਬਹੁ ਬਿਧ ਭਾਂਤ, ਬਹੁਰੂਪੀ ਆਪਣਾ ਖੇਲ ਵਖਾਈਆ । ਤੂੰ ਇਕ ਅਕੇਲਾ ਵਸੇਂ ਧਾਮ ਨਵੇਲਾ ਜਨ ਭਗਤਾਂ ਖੋਲਣਾ ਬਜਰ ਕਪਾਟ, ਬੰਦ ਕਿਵਾੜੀ ਆਪੇ ਕੁੰਡਾ ਲਾਹੀਆ । ਆਵਣ ਜਾਵਣ ਜਨਮ ਮਰਨ ਦੀ ਰਹੇ ਕੋਇ ਨਾ ਵਾਟ, ਲੱਖ ਚੁਰਾਸੀ ਜਮ ਕੀ ਫਾਸੀ ਦੇਣੀ ਕਟਾਈਆ । ਅੰਤ ਕੰਤ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਪੁਛਣੀ ਵਾਤ, ਨਿਰਵੈਰ ਹੋ ਕੇ ਮੇਲ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਬਖ਼ਸ਼ਣੀ ਘਾਟ, ਪਤਣ ਇਕੋ ਇਕ ਸੁਹਾਈਆ ।

**੩੦ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਢਾਕਾ ਬੰਗਲਾ ਦੇਸ਼ ਨਾਨਕ ਸ਼ਾਹੀ ਗੁਰੂਦਵਾਰਾ**
**ਢਾਕਾ ਯੂਨੀਵਰਸ਼ਟੀ ਦੇ ਪਿਛੇ ੩ ਮਾਈਮਨ ਸਿੰਘ ਰੋਡ ਸਵੇਰ ਵੇਲੇ**

ਸੰਮਤ ਸ਼ਹਿਨਸ਼ਾਹੀ ਨਵ ਕਹੇ ਮੇਰਾ ਅੰਤ ਅਖ਼ੀਰ ਦਿਹਾੜਾ, ਦਿਉਹੜੀ ਪ੍ਰਭ ਨੂੰ ਸੀਸ ਝੁਕਾਈਆ । ਜੋ ਲਹਿਣਾ ਦੇਣਾ ਮੇਰਾ ਲੇਖਾ ਜਾਣੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤਾਂ ਸਮੁੰਦ ਸਾਗਰਾਂ ਧਿਆਨ ਲਗਾਈਆ । ਜਿਸ ਦਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਦੋ ਜਹਾਨ ਅਖਾੜਾ, ਨਵ ਸੱਤ ਬ੍ਰਹਮ ਮਤ ਆਪਣਾ ਭੇਵ ਚੁਕਾਈਆ । ਮੇਰਾ ਓਸ ਸਵਾਮੀ ਅੰਤਰਜਾਮੀ ਅਗੇ ਇਕੋ ਹਾੜਾ, ਹਿਰਦਿਉਂ ਹਰਿ ਹਰਿ ਅਗੇ ਮੰਗ ਮੰਗਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਨਿਵਾਸੀ ਅਗੰਮੀ ਲਾੜਾ, ਲੱਖ ਚੁਰਾਸੀ ਆਤਮ ਧਾਰ ਪ੍ਰਨਾਈਆ । ਮੇਰੇ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਧੁਰ ਪ੍ਰੇਮ ਦਾ ਰੰਗ ਚਾੜ੍ਹ ਦੇ ਗਾਹੜਾ, ਆਦਿ ਅੰਤ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ

੧੬੬੪
੨੩

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੇਰਾ ਦਿਵਸ ਆਖ਼ਰੀ ਜਗ, ਸੰਮਤ ਸ਼ਹਿਨਸ਼ਾਹੀ ਨਵ ਨਾਲ ਵਡਿਆਈਆ । ਮੈਂ ਪਰਸਾਂ ਪ੍ਰਭੂ ਦੇ ਪਗ, ਬਿਨ ਚਰਨਾਂ ਸੀਸ ਝੁਕਾਈਆ । ਸਚ ਸਰਨਾਈ ਜਾਵਾਂ ਲਗ, ਲਗ ਮਾਤਰ ਦਾ ਡੇਰਾ ਢਾਹੀਆ । ਕਿਰਪਾ ਕਰੇ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜੋ ਹੰਸ ਬਣਾਵੇ ਕੱਗ, ਕਾਗੋਂ ਹੰਸ ਉਡਾਈਆ । ਕਲਜੁਗ ਕੂੜ ਬੁਝਾਏ ਅੱਗ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੈਨੂੰ ਦੋ ਜਹਾਨ ਦਿਓ ਵਧਾਈ, ਖ਼ੁਸ਼ੀਆਂ ਨਾਲ ਜਣਾਈਆ । ਕਿਰਪਾ ਕਰੇ ਬੇਪਰਵਾਹੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਆਦਿ ਜੁਗਾਦੀ ਰੁਸ਼ਨਾਈ, ਨੂਰ ਨੁਰਾਨਾ ਡਗਮਗਾਈਆ । ਜਿਸ ਦੀ ਸ਼ਬਦੀ ਧਾਰ ਸ਼ਨਵਾਈ, ਦੋ ਜਹਾਨਾਂ ਹੁਕਮ ਸੁਣਾਈਆ । ਸੋ ਪਾਤਸ਼ਾਹ ਸ਼ਹਿਨਸ਼ਾਹ ਅਗੰਮ ਅਥਾਹੀ, ਅਲਖ ਅਗੋਚਰ ਵਡ ਵਡਿਆਈਆ । ਜੋ ਲੱਖ ਚੁਰਾਸੀ ਸਭ ਦਾ ਮਾਹੀ, ਮਹਿਬੂਬ ਨੂਰ ਅਲਾਹੀਆ । ਉਹ ਲਹਿਣੇ ਦੇਣੇ ਲੇਖੇ ਜਾਣੇ ਥਾਉਂ ਥਾਈਂ, ਜੁਗ ਚੌਕੜੀ ਵੇਖ ਵਖਾਈਆ । ਜਿਸ ਨਿਰਗੁਣ ਹੋ ਕੇ ਸਰਗੁਣ ਧਾਰ ਚਲਾਈ, ਤਤਾਂ ਨਾਤਾ ਸਹਿਜ ਸੁਭਾਈਆ । ਅਵਤਾਰ ਪੈਗ਼ੰਬਰ ਗੁਰ ਆਪਣੀ ਧਾਰ ਪ੍ਰਗਟਾਈ, ਲੋਕਮਾਤ ਵੇਖ ਵਖਾਈਆ । ਧੁਰ ਸੰਦੇਸ਼ਾ ਜੁਗੋ ਜੁਗ ਸ਼ਬਦੀ ਹੁਕਮ ਕਰ ਸ਼ਨਵਾਈ, ਸ਼ਹਿਨਸ਼ਾਹ ਕਰੀ ਅਗੰਮ ਪੜ੍ਹਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਨੱਚਾਂ ਟੱਪਾਂ ਚਾਈਂ ਚਾਈਂ, ਚਾਓ ਘਨੇਰਾ ਇਕ ਜਣਾਈਆ । ਦੋਵੇਂ ਭੁਜਾ ਉਠਾ ਕੇ ਬਾਹੀਂ, ਤਾਲੀ ਬਿਨ ਹੱਥਾਂ ਰਹੀ ਵਜਾਈਆ । ਮੈਨੂੰ ਯਾਦ ਪੁਰਾਣੀ ਪੂਰਬਲੀ ਫੇਰ ਆਈ, ਜਿਸ ਦੀ ਆਇਤਾਂ ਤੋਂ ਬਾਹਰ ਪੜ੍ਹਾਈਆ । ਜਿਸ ਦਾ ਲੇਖਾ ਲਿਖਿਆ ਕਿਸੇ ਨਾਹੀਂ, ਕਲਮ ਦਵਾਤ ਕਾਗ਼ਜ਼ ਨਾ ਕੋਇ ਚਤੁਰਾਈਆ । ਜਿਥੇ ਚਰਨ ਛੁਹਾਇਆ ਨਿਰਗੁਣ ਨਾਨਕ ਸਰਗੁਣ ਤਤ ਸੰਗ ਮਿਲਾਈ, ਮਿਲ ਮਿਲ ਕੇ ਵੱਜੀ ਵਧਾਈਆ । ਉਹ ਧਾਮ ਸੁਹੰਜਣਾ ਜਿਸ ਨੂੰ ਕਹਿੰਦੇ ਨਾਨਕ ਸ਼ਾਹੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਗਾਵਾਂ ਗੀਤ, ਢੋਲੇ ਧੁਰਦਰਗਾਹੀਆ । ਮੇਰੀ ਸਾਹਿਬ ਨਾਲ ਪ੍ਰੀਤ, ਜੋ ਪ੍ਰੀਤਮ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦੀ ਵੱਖਰੀ ਰੀਤ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਆਤਮ ਧਾਰ ਸਭ ਦਾ ਮੀਤ, ਪਰਮਾਤਮ ਨੂਰ ਅਲਾਹੀਆ । ਜਿਸ ਦਾ ਖੇਲ ਮੰਦਰ ਮਸੀਤ, ਕਾਅਬਿਆਂ ਕਰੇ ਰੁਸ਼ਨਾਈਆ । ਸੋ ਹਰ ਘਟ ਵਸਿਆ ਚੀਤ, ਗ੍ਰਿਹ ਗ੍ਰਿਹ ਸੋਭਾ ਪਾਈਆ । ਜੋ ਮੇਰੇ ਉਤੇ ਧਰਮ ਦੀ ਧਾਰ ਮਾਰਕੇ ਗਿਆ ਲੀਕ, ਬਿਨ ਲਾਈਨਾਂ ਲਾਈਨ ਬਣਾਈਆ । ਸ਼ਬਦੀ ਧਾਰ ਕਰ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਜਿਸ ਦੇ ਵਿਚ ਹਕ ਤੌਫ਼ੀਕ, ਓਹ ਮਾਲਕ ਖ਼ਾਲਕ ਖ਼ਲਕ ਖ਼ੁਦਾਈਆ । ਜੋ ਨਿਤ ਨਵਿਤ ਲਾਸ਼ਰੀਕ, ਸ਼ਰਅ ਤੋਂ ਪਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਦ੍ਰਿੜਾਈਆ । ਧਰਨੀ ਕਹੇ ਮੇਰੇ ਉਤੇ ਸਤਿਗੁਰ ਧਾਰ ਲਾਈ ਸਮਾਧੀ, ਨਾਨਕ ਨਾਨਕ ਨਾਨਕ ਸਤਿਗੁਰ ਵਿਚ ਸਮਾਈਆ । ਬਿਨਾ ਰਸਨਾ ਜਿਹਵਾ ਰਿਹਾ ਅਰਾਧੀ, ਬਿਨ ਢੋਲਿਆਂ ਢੋਲੇ ਰਿਹਾ ਦ੍ਰਿੜਾਈਆ । ਬਿਸਮਿਲ ਧਾਰ ਹੋਇਆ ਵਿਸਮਾਦੀ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਸੁਣੇ ਨਾਦ ਧੁਨ ਅਨਾਦੀ, ਅਨਹਦ ਰਾਗ ਰਾਗ ਵਡਿਆਈਆ । ਬਿਨਾ ਸੁਰਤੀ ਸੁਰਤ ਤੋਂ ਰਿਹਾ ਜਾਗੀ, ਆਲਸ ਨਿੰਦਰਾ ਨਾ ਕੋਇ ਰਖਾਈਆ । ਭੇਵ ਜਾਣੇ

੧੬੬੫
੨੩

ਨਾ ਮਰਦਾਨਾ ਰਬਾਬੀ, ਕੀ ਰੱਬੇ ਨੂਰ ਅਲਾਹ ਅਲਾਹ ਵਿਚ ਆਪਣਾ ਰੰਗ ਵਖਾਈਆ । ਜਿਸ ਦਾ ਖੇਲ ਬੋਧ ਅਗਾਧੀ, ਬੁੱਧੀ ਤੋਂ ਪਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਨਾਨਕ ਸਤਿਗੁਰ ਸਤਿਗੁਰ ਵਿਚ ਸਮਾਂ, ਸਤਿ ਸਤਿ ਸਤਿ ਦਿਤਾ ਦ੍ਰਿੜਾਈਆ । ਸਭ ਦਾ ਮਾਲਕ ਇਕੋ ਰਹਿਨੁਮਾ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਵਸਣਹਾਰਾ ਜ਼ਿਮੀਂ ਅਸਮਾਂ, ਅਰਸ਼ ਫ਼ਰਸ਼ ਸੋਭਾ ਪਾਈਆ । ਜਿਸ ਦਾ ਖੇਲ ਅਗੰਮ ਅਥਾਹ, ਹਰਿ ਵੱਡਾ ਵਡ ਵਡਿਆਈਆ । ਉਹ ਲਾਸਾਨੀ ਬੇਪ੍ਰਵਾਹ, ਬੇਪ੍ਰਵਾਹੀ ਆਪਣੇ ਵਿਚ ਪ੍ਰਗਟਾਈਆ । ਜੋ ਲਹਿਣਾ ਦੇਣਾ ਜਾਣੇ ਦੋ ਜਹਾਂ, ਦੋਹਰੀ ਆਪਣੀ ਕਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਤੱਕਿਆ ਨੂਰ ਨੁਰਾਨਾ ਧਰਮ ਧਰਮ ਧਾਰ ਦਾ ਜੋਤੀ, ਜੋਤਾਂ ਵਾਲੇ ਜਿਸ ਦੇ ਵਿਚ ਸਮਾਈਆ । ਮੈਂ ਰਹਿ ਗਈ ਖਲੀ ਖਲੋਤੀ, ਆਪਣੀ ਸਾਰ ਕੋਇ ਨਾ ਪਾਈਆ । ਮੇਰੇ ਤੇੜ ਨਾ ਬਸਤਰ ਨਾ ਧੋਤੀ, ਅੰਗੀ ਅੰਗ ਨਾ ਕੋਇ ਵਡਿਆਈਆ । ਮੈਂ ਨਾ ਜਾਗੀ ਨਾ ਸੋਤੀ, ਸੁਰਤੀ ਜਗਤ ਨਾ ਕੋਇ ਰਖਾਈਆ । ਨਾ ਹੰਝੂਆਂ ਧਾਰ ਵਗੇ ਮੋਤੀ, ਛਹਿਬਰ ਨੈਣ ਨਾ ਕੋਇ ਲਗਾਈਆ । ਮੈਨੂੰ ਨਾ ਨਜ਼ਰ ਆਈ ਆਪਣੀ ਜ਼ਿਮੀਂ ਨਾ ਅਸਮਾਨਾਂ ਵਾਲੀ ਚੋਟੀ, ਮਧ ਵੇਖਣ ਕਿਛ ਨਾ ਪਾਈਆ । ਸ਼ਬਦ ਸੁਣਿਆ ਜਿਸ ਦਾ ਹੁਕਮ ਅਥਾਹ ਕੋਟਨ ਕੋਟੀ, ਗਣਤੀ ਗਣਤ ਨਾ ਕੋਇ ਗਿਣਾਈਆ । ਜਿਸ ਦਾ ਇਕੋ ਹੁਕਮ ਸਲੋਕੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਿਸ ਨੂੰ ਝੁਕਦੇ ਲੋਕ ਪ੍ਰਲੋਕੀ, ਚੌਦਾਂ ਲੋਕ ਚੌਦਾਂ ਤਬਕ ਸੀਸ ਨਿਵਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਆਦਿ ਅੰਤ ਇਕੋ ਹੋਸੀ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਨਾਨਕ ਨਿਰਗੁਣ ਤੱਕਿਆ ਨੂਰ ਅਲਾਹ, ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਹੁਕਮ ਅਗੰਮ ਸਲਾਹ, ਬੁਧੀ ਤੋਂ ਪਰੇ ਮਸ਼ਵਰੇ ਰਿਹਾ ਜਣਾਈਆ । ਮੇਰੀ ਹਲੂਣ ਕੇ ਦੱਸਿਆ ਬਾਂਹ, ਅੰਦਰੋਂ ਸੁਰਤ ਦਿਤੀ ਖੁਲਾਈਆ । ਮੈਂ ਖ਼ੁਸ਼ੀਆਂ ਵਿਚ ਕੀਤਾ ਵਾਹ ਵਾਹ, ਵਾਹਵਾ ਤੇਰੀ ਵਡ ਵਡਿਆਈਆ । ਉਸ ਹੁਕਮ ਸੰਦੇਸ਼ਾ ਮੈਨੂੰ ਦਿਤਾ ਸੁਣਾ, ਅਣਸੁਣਤ ਦਿਤਾ ਸਮਝਾਈਆ । ਓਹ ਤੱਕ ਜੋ ਸਭ ਦਾ ਪਿਤਾ ਮਾਂ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੈਂ ਝਟ ਸੀਸ ਦਿਤਾ ਨਿਵਾ, ਨਿਵ ਨਿਵ ਲਾਗੀ ਪਾਈਆ । ਧੂੜੀ ਖ਼ਾਕ ਲਈ ਰਮਾ, ਮਾਟੀ ਮਸਤਕ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਸਤਿਗੁਰ ਨਾਨਕ ਮੇਰੇ ਵੱਲ ਮਾਰੀ ਝਾਕੀ, ਨਿਗਾਹ ਨੈਣ ਨੈਣ ਵਾਲੀ ਬਦਲਾਈਆ । ਮੇਰੀ ਅੰਦਰੋਂ ਖੁਲ੍ਹ ਗਈ ਤਾਕੀ, ਪਰਦਾ ਪਰਦਿਆਂ ਅੰਦਰ ਰਿਹਾ ਨਾ ਰਾਈਆ । ਮੇਰੀ ਜ਼ਿੰਦਗੀ ਵਿਚੋਂ ਬਦਲ ਗਈ ਹਯਾਤੀ, ਜੀਵਣ ਜੀਵਣ ਦਿਤਾ ਬਦਲਾਈਆ । ਨਾਮ ਪਿਆਲਾ ਦਿਤਾ ਅਗੰਮੇ ਸਾਕੀ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋ ਬਾਹਰੋਂ ਤਨ ਵਜੂਦ ਦਿਸੇ ਖ਼ਾਕੀ, ਅੰਤਰ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਹੁਕਮ ਸੰਦੇਸ਼ਾ ਦਿਤਾ ਧਰਨੀਏ ਤੇਰਾ ਲਹਿਣਾ ਦੇਣਾ ਹੋਰ ਬਾਕੀ, ਬਾਕਾਇਦਾ ਦਿਆਂ ਦ੍ਰਿੜਾਈਆ । ਸਦੀ ਚੌਧਵੀਂ ਅੰਤ ਮੁਹੰਮਦ ਦਾ ਤੱਕ ਲੈ ਵਾਕੀ, ਵਾਕਫ਼ਕਾਰ ਕੀ ਸਮਝਾਈਆ । ਚਾਰ ਯਾਰਾਂ ਕੀ ਸੰਦੇਸਾ ਰਿਹਾ ਆਖੀ, ਜਗਤ ਅੱਖਰਾਂ ਨਾਲ ਵਡਿਆਈਆ । ਧਰਨੀ ਕਹੇ ਮੇਰੇ ਅੰਤਸ਼ਕਰਨ ਬਿਨਾ ਅਲਿਫ਼ ਬੇ ਤੋਂ ਵਿਦਿਆ ਅਗੰਮੀ ਭਾਖੀ, ਬੇ


੧੬੬੬
੨੩

ਅਲਿਫ਼ ਜਿਸ ਨੂੰ ਸਮਝੇ ਕਿਛ ਨਾ ਰਾਈਆ । ਨਿਰਗੁਣ ਧਾਰ ਸਤਿਗੁਰ ਨਾਨਕ ਮੈਨੂੰ ਵਖਾਈ ਅਗੰਮੀ ਹਾਟੀ, ਜਿਥੇ ਵਸਤ ਅਗੰਮ ਅਥਾਹ ਟਿਕਾਈਆ । ਉਥੇ ਪ੍ਰਕਾਸ਼ ਤੱਕਿਆ ਇਕੋ ਨੂਰ ਨੁਰਾਨਾ ਲਾਟੀ, ਜੋਤੀ ਜਾਤਾ ਡਗਮਗਾਈਆ । ਫੇਰ ਹੁਕਮ ਸੁਣਿਆ ਨਾਲ ਭੇਵ ਦੱਸਿਆ ਪੁਰਖ ਸਮਰਾਥੀ, ਕੀ ਕਰਤਾ ਕਾਰ ਕਮਾਈਆ । ਜੋ ਸਦਾ ਸਹਾਈ ਅਨਾਥ ਅਨਾਥੀ, ਦੀਨਨ ਆਪਣੇ ਗਲੇ ਲਗਾਈਆ । ਧਰਨੀ ਕਹੇ ਬਿਨਾ ਅੱਖਰਾਂ ਤੋਂ ਮੈਨੂੰ ਵਖਾਈ ਪਾਤੀ, ਪਤ੍ਰਕਾ ਇਕੋ ਇਕ ਸਮਝਾਈਆ । ਨੀ ਕੋਝੀਏ ਕਮਲੀਏ ਧਰਨੀਏ ਤੇਰੇ ਉਤੇ ਆਉਣਾ ਕਮਲਾਪਾਤੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜਿਸ ਦੀ ਇਕੋ ਮੰਜ਼ਲ ਹੋਵੇ ਇਕੋ ਘਾਟੀ, ਘਾਟੇ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੈਂ ਨਿਵ ਨਿਵ ਕੀਤੀ ਨਿਮਸਕਾਰ, ਸਤਿਜੁਗ ਧਾਰ ਸੀਸ ਨਿਵਾਈਆ । ਮੇਰੇ ਆਦਿ ਜੁਗਾਦੀ ਏਕੰਕਾਰ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਚਰਨ ਧੂੜ ਲਗਾਵਾਂ ਛਾਰ, ਮਸਤਕ ਖ਼ਾਕ ਰਮਾਈਆ । ਮੇਰਾ ਲਹਿਣਾ ਦੇਣਾ ਦੱਸ ਕਿਸ ਬਿਧ ਬੇੜਾ ਲਾਵੇ ਪਾਰ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਨਾਨਕ ਨਿਰਗੁਣ ਨਾਮ ਵਜਾਈ ਸਿਤਾਰ, ਬਿਨਾ ਤੰਦ ਸਿਤਾਰ ਹਿਲਾਈਆ । ਫੇਰ ਦੱਸਿਆ ਨਾਲ ਇਸ਼ਾਰ, ਬਿਨ ਸੈਨਤ ਸੈਨਤ ਇਕ ਦ੍ਰਿੜਾਈਆ । ਓਹ ਵੇਖ ਅਗੰਮੀ ਯਾਰ, ਜੋ ਜੁਗ ਜੁਗ ਯਰਾਨਾ ਸਭ ਦੇ ਨਾਲ ਰਖਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ, ਕਲਜੁਗ ਅੰਤ ਲਏ ਅੰਗੜਾਈਆ । ਤੇਰੀ ਕੂੜੀ ਕਿਰਿਆ ਦਏ ਉਤਾਰ, ਮਿਹਰ ਨਜ਼ਰ ਇਕ ਉਠਾਈਆ । ਪਾਪਾਂ ਵਾਲਾ ਰਹੇ ਨਾ ਕੋਈ ਭਾਰ, ਪਤਤ ਪੁਨੀਤ ਦਏ ਬਣਾਈਆ । ਉਹ ਸਵਾਮੀ ਅੰਤਰਜਾਮੀ ਤੇਰੀ ਪਾਵੇ ਸਾਰ, ਮਹਾਸਾਰਥੀ ਇਕ ਅਖਵਾਈਆ । ਜਿਸ ਦਾ ਭਵਿਖਤਾਂ ਵਿਚ ਇਜ਼ਹਾਰ, ਪੈਗ਼ੰਬਰ ਪੇਸ਼ੀਨਗੋਈਆਂ ਵਾਲੇ ਢੋਲੇ ਗਾਈਆ । ਤੂੰ ਸਦੀ ਚੌਧਵੀਂ ਅੰਤ ਰਹੀਂ ਤਿਆਰ, ਤ੍ਰੈਗੁਣ ਅਤੀਤਾ ਦੇਵੇ ਮਾਣ ਵਡਿਆਈਆ । ਤੇਰਾ ਲੇਖਾ ਪੂਰਾ ਕਰੇ ਕੁਦਰਤ ਦਾ ਕਾਦਰ ਇਕ ਕਰਤਾਰ, ਏਕੰਕਾਰ ਵਡ ਵਡਿਆਈਆ । ਤੇਰੀ ਪੈਜ ਜਾਏ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਧਰਨੀ ਤੂੰ ਖੋਲ ਕੇ ਰੱਖੀਂ ਤਾਕਾ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਉਹ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦਾ ਆਕਾ, ਅਕਲ ਕਲਧਾਰੀ ਇਕ ਅਖਵਾਈਆ । ਜਿਸ ਨੂੰ ਨਿਰਗੁਣ ਧਾਰ ਕਹਿੰਦੇ ਛੋਹਰ ਬਾਂਕਾ, ਸ਼ੌਹਰ ਸਭ ਦਾ ਨੂਰ ਅਲਾਹੀਆ । ਜਿਸ ਭਵਿਖਤ ਪੂਰਾ ਕਰਨਾ ਪੈਗ਼ੰਬਰਾਂ ਵਾਲਾ ਵਾਕਾ, ਵਕਤ ਸੁਹੰਜਣਾ ਆਪਣੇ ਰੰਗ ਰੰਗਾਈਆ । ਉਹ ਜ਼ਰੂਰ ਤੇਰਾ ਲੇਖਾ ਲੇਖੇ ਲਾਵੇ ਵਿਚ ਢਾਕਾ, ਢਹਿੰਦੀ ਧਾਰ ਨਾ ਕੋਇ ਵਖਾਈਆ । ਜਿਸ ਦੇ ਪਿਛੋਂ ਦੀਨ ਦੁਨੀ ਦਾ ਬਦਲ ਜਾਣਾ ਸਾਕਾ, ਸਾਖਿਆਤ ਆਪਣੀ ਖੇਲ ਵਖਾਈਆ । ਜੋ ਲੇਖਾ ਜਾਣੇ ਨੂਰ ਅਲਾਹੀ ਪਾਕਾ, ਪਰਵਰਦਿਗਾਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਸਤਿਗੁਰ ਨਾਨਕ ਦਿਤਾ ਅਗੰਮ ਇਸ਼ਾਰਾ, ਬਿਨ ਸੈਨਤ ਜਗਤ ਸਮਝਾਈਆ । ਖੇਲ ਤੱਕ ਏਕੰਕਾਰਾ, ਕੀ ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਏਸ ਧਰਨੀ ਭਾਗ ਲੱਗੇ ਦੁਬਾਰਾ, ਦੋਹਰੀ ਵੱਜੇ ਵਧਾਈਆ । ਸਤਿਗੁਰ ਸ਼ਬਦ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਏਥੇ ਨਾਨਕ ਧਾਰ ਬਣੇ ਗੁਰੂਦਵਾਰਾ, ਗੁਰੂ ਗੁਰਦੇਵ ਇਕ ਅਖਵਾਈਆ । ਜਿਸ ਦਾ ਧਰਮ ਵੱਜੇ ਨਗਾਰਾ, ਨੌਬਤ ਨਾਮ ਸਲਾਹੀਆ । ਭਗਤਾਂ

੧੬੬੭
੨੩

ਕਰੇ ਪਿਆਰਾ, ਕਬੀਰਾ ਰਵੀਦਾਸ ਦਏ ਗਵਾਹੀਆ । ਤੂੰ ਮੇਰਾ ਮੈਂ ਤੇਰਾ ਹੋਵੇ ਨਾਅਰਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋ ਮੱਕੇ ਕਾਅਬਿਆਂ ਪਾਵੇ ਸਾਰਾ, ਨਾਨਕ ਤੱਕੜ ਸਤਿਗੁਰ ਤੋਲ ਤੁਲਾਈਆ । ਮੌਲੀ ਤੰਦ ਸਭ ਦਾ ਹੋਏ ਸ਼ਿੰਗਾਰਾ, ਧਰਮ ਧਾਰ ਸਮਝਾਈਆ । ਤੁਰਕੀ ਵੇਖੇ ਆਪ ਨਜ਼ਾਰਾ, ਟੋਪੀ ਟੋਪ ਵਾਲੀ ਸੁਹਾਈਆ । ਨਵ ਸੱਤ ਦਾ ਇਕੋ ਹੋਵੇ ਦਾਇਰਾ, ਇਕੋ ਰੰਗ ਰੰਗਾਈਆ । ਤੇਰਾ ਲੇਖਾ ਢਾਕਿਉਂ ਫੇਰ ਹੋਣਾ ਨਾਲ ਕਾਹਿਰਾ, ਕਾਇਨਾਤ ਖੇਲ ਤੱਕਣਾ ਚਾਈਂ ਚਾਈਂਆ । ਚਾਰ ਯਾਰੀ ਮੁਹੰਮਦ ਨਾਲ ਕਰੇ ਮੁਜ਼ਾਹਿਰਾ, ਮਸ਼ਰਕ ਮਗ਼ਰਬ ਦੋਵੇਂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੈਂ ਸੁਣ ਕੇ ਸ਼ਬਦੀ ਹੁਕਮ ਅੰਤਰ ਹੋਈ ਖ਼ਾਮੋਸ਼, ਬੁੱਲ ਜ਼ਬਾਂ ਨਾ ਕੋਇ ਹਿਲਾਈਆ । ਮੈਨੂੰ ਸੁਧ ਰਹੀ ਨਾ ਹੋਸ਼, ਬੇਹੋਸ਼ੀ ਰੂਪ ਨਾ ਕੋਇ ਵਡਿਆਈਆ । ਮੈਂ ਨਿਗਾਹ ਮਾਰੀ ਮੇਰੇ ਸਾਹਿਬ ਦਾ ਭੇਵ ਪਾ ਸਕੇ ਨਾ ਕੋਈ ਕੋਸ਼, ਅਕਲ ਬੁੱਧੀ ਨਾ ਕੋਇ ਚਤੁਰਾਈਆ । ਮੈਂ ਏਸੇ ਮਸਤੀ ਵਿਚ ਹੋਈ ਮਦਹੋਸ਼, ਮੇਰੇ ਅੰਦਰੋਂ ਮਧੁਰ ਧੁਨ ਆਵੇ ਚਾਈਂ ਚਾਈਂਆ । ਮੈਨੂੰ ਸਤਿਗੁਰ ਨਾਨਕ ਮੇਰੇ ਰੂਪ ਵਖਾਏ ਕੋਟਨ ਕੋਟ, ਅਣਗਿਣਤ ਦਿਤੇ ਜਣਾਈਆ । ਮੈਨੂੰ ਬਿਨ ਤਨ ਵਜੂਦੋਂ ਲੱਗੀ ਚੋਟ, ਆਲਸ ਨਿੰਦਰਾ ਰਿਹਾ ਨਾ ਰਾਈਆ । ਜਾਂ ਨਿਗਾਹ ਮਾਰੀ ਮੈਨੂੰ ਇਕੋ ਨਜ਼ਰੀ ਆਈ ਜੋਤ, ਜੋ ਜੋਤੀ ਜਾਤਾ ਹੋ ਕੇ ਹਰ ਘਟ ਰਿਹਾ ਸਮਾਈਆ । ਬਿਨਾ ਜ਼ਬਾਨ ਤੋਂ ਸੁਣਿਆ ਉਹ ਅਗੰਮਾ ਸਲੋਕ, ਜੋ ਸਤਿਨਾਮ ਵਿਚ ਸਮਾਈਆ । ਮੈਂ ਝੁਕਦੇ ਵੇਖੇ ਚੌਦਾਂ ਲੋਕ, ਚੌਦਾਂ ਤਬਕ ਸੀਸ ਨਿਵਾਈਆ । ਜਿਥੇ ਇਕੋ ਇਕ ਪੁਰਖ ਅਕਾਲ ਦੀ ਓਟ, ਦੂਸਰ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਦ੍ਰਿੜਾਈਆ । ਧਰਨੀ ਕਹੇ ਮੈਨੂੰ ਸਤਿਗੁਰ ਨਾਨਕ ਹੁਕਮ ਦਿਤਾ ਅਗੰਮੀ ਅੰਦਰ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਉਹ ਸੁਹਾਵਾ ਧੁਰ ਦਾ ਮੰਦਰ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਓਥੇ ਇਕੋ ਨਾਮ ਨਿਧਾਨ ਦਾ ਚੰਦਨ, ਦੂਜੀ ਵਸਤ ਨਜ਼ਰ ਕੋਇ ਨਾ ਆਈਆ । ਇਕੋ ਸਤਿ ਸਰੂਪ ਅਨੰਦਨ, ਅਨੰਦ ਅਨੰਦ ਵਿਚ ਸਮਾਈਆ । ਇਕੋ ਜੋਤ ਧਾਰ ਦੀ ਬੰਦਨ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਧਰਨੀ ਕਹੇ ਮੈਂ ਓਥੇ ਭਿਖਾਰਨ ਹੋ ਕੇ ਲੱਗੀ ਮੰਗਣ, ਦਰਵੇਸ਼ਣ ਹੋ ਕੇ ਝੋਲੀ ਡਾਹੀਆ । ਮੇਰੇ ਸਤਿਗੁਰੂ ਮੇਰੇ ਉਤੇ ਚਾੜ੍ਹ ਦੇ ਰੰਗਣ, ਦੁਰਮਤ ਮੈਲ ਮੈਲ ਧਵਾਈਆ । ਮੈਂ ਤੇਰੀ ਧੂੜੀ ਚਰਨ ਕਵਲ ਕਰਾਂ ਮਜਨ, ਆਪਣੀ ਖ਼ੁਸ਼ੀ ਬਣਾਈਆ । ਧਰਨੀ ਕਹੇ ਤੂੰ ਮੇਰਾ ਇਕੋ ਹੋਵੇਂ ਸੱਜਣ, ਸੱਜਣ ਮੀਤ ਅਖਵਾਈਆ । ਮੈਨੂੰ ਕਿਤਿਉਂ ਨਾ ਪੈਣਾ ਪਵੇ ਲੱਭਣ, ਖੋਜਨ ਬਨਖੰਡ ਕਦੇ ਨਾ ਜਾਈਆ । ਸ਼ਬਦੀ ਧਾਰ ਏਕੰਕਾਰ ਨਾਨਕ ਪਿਆਰ ਵਿਚ ਲੱਗਾ ਗੱਜਣ, ਜ਼ਿਮੀਂ ਅਸਮਾਨਾਂ ਇਕੋ ਗੂੰਜ ਸੁਣਾਈਆ । ਧਰਨੀ ਕਹੇ ਮੇਰਾ ਧਰਮ ਧਰਵਾਸ ਲੱਗਾ ਬੱਝਣ, ਧਰਮ ਧਰਮ ਨਾਲ ਵਡਿਆਈਆ । ਮੇਰੀ ਬੁਝਦੀ ਜਾਏ ਅਗਨ, ਤ੍ਰੈਗੁਣ ਤਾਮਸ ਰਹੀ ਨਾ ਰਾਈਆ । ਮੈਂ ਪੁਕਾਰ ਕੀਤੀ ਮੇਰੇ ਦਾਤਾਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਮੈਂ ਤੈਨੂੰ ਆਈ ਸੱਦਣ, ਹੋਕਾ ਦੇਵਾਂ ਚਾਈਂ ਚਾਈਂਆ । ਬਿਨ ਤੇਰੀ ਕਿਰਪਾ ਮੇਰੇ ਉਤੇ ਭਗਤ ਸੰਤ ਗੁਰਮੁਖ ਗੁਰਸਿਖ ਦੀਪਕ ਮੂਲ ਨਾ ਜਗਣ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਤੂੰ ਮੇਰਾ ਗੁਪਾਲ ਮੂਰਤ ਮਦਨ, ਅਨੁਭਵ ਪ੍ਰਕਾਸ਼ ਵਾਲੇ ਤੇਰੀ ਬੇਪਰਵਾਹੀਆ । ਤੂੰ ਮੈਨੂੰ ਲਗਾਉਣਾ ਅੰਗਣ, ਆਪਣੀ ਗੋਦ ਟਿਕਾਈਆ । ਮੇਰੀ ਮਨਜ਼ੂਰ ਕਰ ਲੈ ਬੰਦਨ, ਦਰ ਠਾਂਡੇ ਸੀਸ ਝੁਕਾਈਆ । ਮੇਰੇ ਅੰਤਸ਼ਕਰਨ ਪਾਉਣੀ ਠੰਡਣ, ਅੰਮ੍ਰਿਤ ਮੇਘ ਨਾਮ ਬਰਸਾਈਆ ।

੧੬੬੮
੨੩

੧੬੬੯
੨੩

ਜੇ ਤੂੰ ਆਇਉਂ ਸਤਿਨਾਮ ਨਾਮ ਵੰਡਣ, ਨੌ ਖੰਡ ਪ੍ਰਿਥਮੀ ਦੇਣਾ ਵਰਤਾਈਆ । ਤੇਰਾ ਪਿਆਰ ਹੋਵੇ ਵਿਚ ਵਰਭੰਡਣ, ਬ੍ਰਹਿਮੰਡ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਨਾਨਕ ਧਰਨੀ ਕਹੇ ਉਠਾਇਆ ਹੱਥ, ਪੁਸ਼ਤ ਪਨਾਹ ਮੇਰੀ ਦਿਤਾ ਲਗਾਈਆ । ਪੁਰਖ ਅਕਾਲ ਅਕਾਲ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਸ਼ਬਦ ਅਗੰਮੀ ਵਥ, ਅਮੋਲਕ ਨਾਮ ਵਰਤਾਈਆ । ਉਸ ਦੇ ਅੰਤ ਗੋਬਿੰਦ ਸਥਰ ਜਾਣਾ ਲੱਥ, ਯਾਰੜਾ ਸੇਜ ਹੰਢਾਈਆ । ਉਸ ਦਾ ਹੁਕਮ ਹੋਣਾ ਅਕਥਨਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਜਿਸ ਦੇ ਦਰਸ਼ਨ ਨਾਲ ਸਗਲ ਵਸੂਰੇ ਜਾਣੇ ਲਥ, ਤੇਰਾ ਰੋਗ ਸੰਤਾਪ ਰਹੇ ਨਾ ਰਾਈਆ । ਤੂੰ ਨਿਰਗੁਣ ਧਾਰ ਟੇਕਣਾ ਮਥ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਹੁਕਮ ਸੁਣਾਈਆ । ਧਰਨੀ ਕਹੇ ਸਤਿਗੁਰ ਨਾਨਕ ਮੇਰੀਆਂ ਅਗੰਮੀ ਮੰਗਾਂ, ਜਗਤ ਆਸ ਨਾ ਕੋਇ ਰਖਾਈਆ । ਮੈਂ ਦੋ ਜਹਾਨ ਦੀ ਮੰਜ਼ਲ ਲੰਘਾਂ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਸਵਾਮੀ ਸੂਰਾ ਸਰਬੰਗਾ, ਸਾਹਿਬ ਸੁਲਤਾਨ ਤੇਰੀ ਵਡ ਵਡਿਆਈਆ । ਤੂੰ ਮਾਣ ਨਿਮਾਣਿਆਂ ਤਾਣ ਦੇਵੇਂ ਜੋ ਭੁੱਖਾ ਨੰਗਾ, ਕੋਝਿਆਂ ਕਮਲਿਆਂ ਸਿਰ ਆਪਣਾ ਹੱਥ ਟਿਕਾਈਆ । ਤੂੰ ਮੇਰਾ ਲੇਖਾ ਪੂਰਾ ਕਰਨਾ ਨਾਲ ਵਾਸਤਾ ਪਾਉਂਦੀ ਪੁਰਾਣੀ ਮਾਈ ਗੰਗਾ, ਗੰਗੋਤਰੀ ਆਪਣਾ ਧਿਆਨ ਲਗਾਈਆ । ਤੇਰਾ ਖੇਲ ਵਿਚ ਵਰਭੰਡਾ, ਬ੍ਰਹਿਮੰਡਾਂ ਤੇਰੀ ਵਜਦੀ ਰਹੇ ਵਧਾਈਆ । ਤੂੰ ਸਵਾਮੀ ਜੇਰਜ ਅੰਡਾ, ਉਤਭੁਜ ਸੇਤਜ ਰਚਨਾ ਤੇਰੀ ਵੇਖ ਵਖਾਈਆ । ਜੇ ਤੂੰ ਆ ਗਿਉਂ ਦੇਸ਼ ਬੰਗਲਾ ਢਾਕੇ ਵਾਲੇ ਕੰਢਾ, ਕੰਢੀ ਬੈਠੇ ਸਾਰੇ ਪਾਰ ਕਰਾਈਆ । ਨਾਲੇ ਲੇਖਾ ਤੱਕ ਲੈ ਮੇਰੇ ਉਤੇ ਤਾਰਾ ਚੰਦਾ, ਚੰਦ ਚਾਂਦਨੇ ਤੇਰੀ ਇਕ ਰੁਸ਼ਨਾਈਆ । ਜਿਸ ਪੈਗੰਬਰਾਂ ਪੂਰਾ ਕਰਨਾ ਪੰਧਾ, ਪਾਂਧੀ ਬੈਠਣ ਪੰਧ ਮੁਕਾਈਆ । ਤੇਰਾ ਕੂੜ ਕੁੜਿਆਰ ਦਾ ਜਗਤ ਰਹੇ ਕੋਈ ਨਾ ਧੰਦਾ, ਧੁੰਦੂਕਾਰ ਦੇਣਾ ਮਿਟਾਈਆ । ਅਗੇ ਸਫ਼ਰ ਰਹੇ ਨਾ ਲੰਮਾ, ਲੰਮੀ ਪੈ ਕੇ ਧਰਨੀ ਸਤਿਗੁਰ ਚਰਨਾਂ ਵਿਚ ਸੀਸ ਨਿਵਾਈਆ । ਢਾਕਾ ਕਹੇ ਓਸ ਵੇਲੇ ਦੋ ਜਹਾਨ ਕੰਬਾ, ਥਰਥਰਾਹਟ ਵਿਚ ਕੁਰਲਾਈਆ । ਸਤਿਗੁਰ ਨਾਨਕ ਸੋਇਆ ਨਹੀਂ ਸੀ ਕਿਸੇ ਉਤੇ ਮੰਜਾ, ਬਿਸਤਰ ਪ੍ਰੇਮ ਨਾਲ ਧਰਨੀ ਉਤੇ ਵਿਛਾਈਆ । ਇਕੋ ਰੰਗ ਰੱਖੇ ਨਾ ਕੋਈ ਸਵੇਰ ਨਾ ਸੰਝਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਦਾ ਹੱਥ ਵਿਚ ਫੜ ਕੇ ਡੰਡਾ, ਡੰਡਾਵਤ ਸਭ ਦੀ ਗਿਆ ਬਦਲਾਈਆ । ਨਾਲੇ ਇਸ਼ਾਰਾ ਕਰ ਕੇ ਨਾਲ ਪੰਜਾ, ਪੰਜਾਂ ਪਿਆਰਿਆਂ ਦੇ ਕੇ ਗਿਆ ਵਡਿਆਈਆ । ਧਰਨੀਏ ਤੇਰਾ ਸਾਹਿਬ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਆਪਣੀ ਇਕ ਕਰਾਈਆ । ਜੋ ਆਦਿ ਜੁਗਾਦਿ ਗੁਣੀ ਗਹਿੰਦਾ, ਗਹਿਰ ਗਵਰ ਇਕ ਅਖਵਾਈਆ । ਜਿਸ ਨੇ ਜਗਤ ਜਹਾਨ ਦਾ ਕੂੜਾ ਮੇਟਣਾ ਦੰਗਾ, ਸਤਿ ਸਚ ਦਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਨੂੰ ਖ਼ੁਸ਼ੀਆਂ ਵਿਚ ਚੜ੍ਹ ਗਈ ਮਸਤੀ, ਮੈਂ ਹੱਸ ਹੱਸ ਕੇ ਸਤਿਗੁਰ ਨਾਨਕ ਸੀਸ ਨਿਵਾਈਆ । ਮੈਨੂੰ ਬਿਨਾ ਖੁਮਾਰੀ ਤੋਂ ਬਿਨਾ ਯਾਰੀ ਤੋਂ ਮਿਲ ਗਈ ਉਹ ਹਸਤੀ, ਜੋ ਹਸਤ ਕੀਟਾਂ ਅੰਦਰ ਬੈਠਾ ਨੂਰ ਅਲਾਹੀਆ । ਜਿਸ ਮੇਰਾ ਲਹਿਣਾ ਦੇਣਾ ਪੂਰਾ ਕਰਨਾ ਦਸਤੋ ਦਸਤੀ, ਦਸਤ ਆਪਣਾ ਗਿਆ ਵਖਾਈਆ । ਜਿਸ ਇਸ਼ਾਰਾ ਕੀਤਾ ਸਦੀ ਚੌਧਵੀਂ ਉਜੜ ਕੇ ਢਾਕੇ ਦੀ ਫੇਰ ਵਸੂਗੀ ਬਸਤੀ, ਬਸਤੇ ਧਰਮ ਧਾਰ ਬੰਧਾਈਆ । ਕਿਰਪਾ ਕਰੇਗਾ ਪ੍ਰੀਤਮ ਅਰਸ਼ੀ, ਅਰਸ਼ੀ ਪ੍ਰੀਤਮ ਆਪਣਾ ਰੰਗ ਰੰਗਾਈਆ । ਖੇਲੇ

ਖੇਲ ਅਗੰਮਾ ਉਤੇ ਫ਼ਰਸ਼ੀ, ਤੇਰੀ ਮਿੱਟੀ ਖ਼ਾਕ ਸਾਚਾ ਸੰਗ ਵਖਾਈਆ । ਤੂੰ ਕਮਲੀਏ ਫੇਰ ਨਾ ਤਰਸੀਂ, ਰਹਿਮਤ ਤੇਰੇ ਉਤੇ ਕਮਾਈਆ । ਤੇਰੀ ਖ਼ੁਸ਼ੀਆਂ ਵਾਲੀ ਹੋਵੇ ਬਰਸੀ, ਸਾਲ ਬਸਾਲਾ ਤੇਰੀ ਵਜਦੀ ਰਹੇ ਵਧਾਈਆ । ਉਹ ਧੁਰ ਦਾ ਮਾਲਕ ਖ਼ਾਲਕ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਤਮ ਧਾਰ ਦਾ ਨਿਧਪਰਤੀ, ਪਰਤੀਨਿਧ ਇਕ ਅਖਵਾਈਆ । ਜੁਗ ਬਦਲਣਾ ਜਿਸ ਦਾ ਖੇਲ ਕਾਰ ਅਗੰਮੇ ਘਰ ਦੀ, ਸਚਖੰਡ ਨਿਵਾਸੀ ਸਾਚੀ ਕਾਰ ਕਮਾਈਆ । ਜਿਸ ਦਾ ਲੇਖਾ ਵੇਖਣਾ ਦਿਸ਼ਾ ਲਹਿੰਦੀ ਨਾਲ ਚੜ੍ਹਦੀ, ਚੜ੍ਹਦਾ ਲਹਿੰਦਾ ਇਕੋ ਰੰਗ ਰੰਗਾਈਆ । ਜਿਸ ਸਤਿਗੁਰ ਨਾਨਕ ਦੀ ਧਾਰ ਮੱਕੇ ਕਾਅਬੇ ਤੂੰਹੀ ਤੂੰਹੀ ਪੜ੍ਹਦੀ, ਉਹ ਚੜ੍ਹਦੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਧਰਨੀ ਕਹੇ ਮੈਂ ਸਤਿਗੁਰ ਨਾਨਕ ਚਰਨ ਚੁੰਮ ਕੇ ਹੋ ਗਈ ਚੁੱਪ, ਮੁਖ ਦੰਦ ਜ਼ਬਾਂ ਨਾ ਕੋਇ ਹਿਲਾਈਆ । ਮੈਨੂੰ ਦਿਸਿਆ ਅੰਧੇਰਾ ਘੁੱਪ, ਚਾਰੋਂ ਕੁੰਟ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੈਰਾਗਣ ਦੁਹਾਗਣ ਖੁਲ੍ਹੀ ਦਿਸੇ ਗੁੱਤ, ਮੇਢੀ ਸੀਸ ਨਾ ਕੋਇ ਗੁੰਦਾਈਆ । ਜਿਧਰ ਤੱਕਾਂ ਕਲਜੁਗ ਕੂੜੀ ਕਿਰਿਆ ਪਾਈ ਲੁੱਟ, ਧੀਰਜ ਧੀਰ ਨਾ ਕੋਇ ਧਰਾਈਆ । ਧਰਮ ਧਾਰ ਦਾ ਜਨਣੀ ਜਣੇ ਕੋਇ ਨਾ ਪੁਤ, ਭਗਤ ਰੂਪ ਵੇਖਣ ਕੋਇ ਨਾ ਪਾਈਆ । ਮੇਰੇ ਅੰਤਰ ਆਇਆ ਦੁੱਖ, ਰੋ ਰੋ ਕੇ ਦਿਤੀ ਦੁਹਾਈਆ । ਕੋਟਨ ਵਾਰ ਸੁੱਖਣਾ ਲਈ ਸੁੱਖ, ਗਲ ਪੱਲੂ ਇਕੋ ਪਾਈਆ । ਫੇਰ ਸਤਿਗੁਰ ਨਾਨਕ ਕੋਲੋਂ ਲਿਆ ਪੁਛ, ਦਰ ਠਾਡੇ ਸੀਸ ਝੁਕਾਈਆ । ਮੇਰੇ ਸਾਹਿਬ ਸਵਾਮੀ ਦੱਸ ਕੁਛ, ਕੱਛ ਮੱਛ ਦਾ ਲੇਖਾ ਦੇ ਦ੍ਰਿੜ੍ਹਾਈਆ । ਕੋਈ ਪਰਦਾ ਰਹੇ ਨਾ ਲੁਕ, ਭੇਵ ਅਭੇਦਾ ਦੇ ਖੁਲਾਈਆ । ਧਰਨੀ ਕਹੇ ਝਟ ਸਤਿਗੁਰ ਨਾਨਕ ਤੂੰ ਮੇਰਾ ਮੈਂ ਤੇਰਾ ਗਾਈ ਤੁਕ, ਇਕੋ ਰਾਗ ਨਾਦ ਸੁਣਾਈਆ । ਧਰਨੀਏ ਤੇਰੇ ਉਤੋਂ ਅੰਤ ਕਲਜੁਗ ਕੂੜ ਦਾ ਪੈਂਡਾ ਜਾਣਾ ਮੁਕ, ਮੁਕੰਮਲ ਦਿਆਂ ਸਮਝਾਈਆ । ਜਨ ਭਗਤ ਸੁਹੇਲੇ ਪ੍ਰਗਟ ਹੋਣਗੇ ਤੇਰੀ ਵਿਚੋਂ ਕੁੱਖ, ਤੇਰੇ ਰੰਗ ਸਮਾਈਆ । ਪੁਰਖ ਅਕਾਲਾ ਦੀਨ ਦਿਆਲਾ ਉਹਨਾਂ ਦਾ ਉਜਲ ਕਰੇਗਾ ਮੁਖ, ਮੁਖ ਹਰਿ ਹਰਿ ਨਾਮ ਸਿਫ਼ਤਾਂ ਨਾਲ ਸਲਾਹੀਆ । ਫੇਰ ਤੂੰ ਹਾਏ ਕਹੀਂ ਨਾ ਉਫ਼, ਕੂਕ ਕੂਕ ਨਾ ਕੋਇ ਸੁਣਾਈਆ । ਓਸ ਸਵਾਮੀ ਅੰਤਰਜਾਮੀ ਜਾਣਾ ਝੁਕ, ਬਿਨ ਸੀਸ ਸੀਸ ਜਗਦੀਸ਼ ਝੁਕਾਈਆ । ਓਹ ਵਕਤ ਸੁਹੰਜਣਾ ਆਦਿ ਨਿਰੰਜਣਾ ਦਰਦ ਦੁੱਖ ਭੈ ਭੰਜਣਾ ਤੈਨੂੰ ਸਮਝਾਏ ਜਿਸ ਵੇਲੇ ਗਿਆ ਢੁਕ, ਢੁਕਵਾਂ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਨਿਵ ਨਿਵ ਕੀਤੀ ਅਰਦਾਸ, ਇਕੋ ਵਾਰ ਸੀਸ ਨਿਵਾਈਆ । ਤੇਰੀ ਸਤਿ ਸਚ ਦੀ ਰਾਸ, ਮੰਡਲ ਮੰਡਪ ਵੇਖਾਂ ਚਾਈਂ ਚਾਈਆ । ਤੇਰਾ ਰੂਪ ਅਨੂਪ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰਾ ਨੂਰ ਅਲਾਹੀਆ । ਹਉ ਸੇਵਕ ਦਾਸੀ ਦਾਸ, ਜੁਗ ਜੁਗ ਤੇਰੀ ਸੇਵ ਕਮਾਈਆ । ਮੈਂ ਝੁਕਣ ਵਾਲੀ ਪ੍ਰਿਥਮੀ ਨਾਲ ਅਕਾਸ਼, ਗਗਨ ਮੰਡਲਾਂ ਨਾਲ ਮਿਲ ਕੇ ਤੇਰੀ ਧੂੜੀ ਖ਼ਾਕ ਰਮਾਈਆ । ਤੂੰ ਮੇਰੀ ਪੂਰੀ ਕਰਨੀ ਆਸ, ਆਸ਼ਾ ਤੇਰੇ ਚਰਨ ਕਵਲਾਂ ਵਿਚ ਟਿਕਾਈਆ । ਤੂੰ ਸਰਬ ਗੁਣਾ ਗੁਣਤਾਸ, ਭਰਪੂਰ ਰਿਹਾ ਸਰਬ ਥਾਈਆ । ਮੈਨੂੰ ਤੇਰੇ ਉਤੇ ਵਿਸ਼ਵਾਸ, ਤੂੰ ਵਿਸ਼ਿਆਂ ਤੋਂ ਬਾਹਰ ਧੁਰ ਦਾ ਮਾਹੀਆ । ਸਤਿਗੁਰ ਨਾਨਕ ਸ਼ਬਦੀ ਧਾਰ ਦਿਤਾ ਆਖ, ਬਿਨ ਅੱਖਰਾਂ ਦਿਤਾ ਸੁਣਾਈਆ । ਮੇਰਾ ਸਾਹਿਬ ਤੇਰੀ ਪਤ ਲਏ ਰਾਖ, ਸਤਿਗੁਰ ਸ਼ਬਦ ਨਾਲ ਵਡਿਆਈਆ । ਗੋਬਿੰਦ ਰੂਪ ਹੋ ਕੇ ਆਵੇ ਆਪ, ਸਤਿਗੁਰ ਗੋਬਿੰਦ ਨਾਲ ਮਿਲਾਈਆ । ਕਲਜੁਗ ਕੂੜ ਮੇਟ ਸੰਤਾਪ, ਤੇਰਾ ਦੁੱਖੜਾ


੧੬੭੦
੨੩

ਦਏ ਮਿਟਾਈਆ । ਤੇਰਾ ਸੀਨਾ ਕਰ ਕੇ ਪਾਕ, ਸੀਨੇ ਸੀਨੇ ਆਪਣਾ ਰੰਗ ਰੰਗਾਈਆ । ਜਨ ਭਗਤਾਂ ਖੋਲ ਕੇ ਬਜਰ ਕਪਾਟ, ਪਰਦਾ ਅੰਦਰੋਂ ਦਏ ਉਠਾਈਆ । ਨਾਮ ਨਿਧਾਨ ਵਖਾ ਕੇ ਹਾਟ, ਵਸਤ ਅਮੁਲ ਅਤੁਲ ਵਰਤਾਈਆ । ਤੇਰਾ ਦਵਾਰਾ ਸੁਹਾ ਕੇ ਘਾਟ, ਪਤਣ ਇਕੋ ਇਕ ਜਣਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਟੇਕਿਆ ਮਾਥ, ਮਸਤਕ ਧੂੜੀ ਖ਼ਾਕ ਰਮਾਈਆ । ਸਤਿਗੁਰ ਨਾਨਕ ਕਿਹਾ ਮੇਰਾ ਰੂਪ ਸਦਾ ਅਬਿਨਾਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਜੁਗ ਚੌਕੜੀ ਪਾਵਾਂ ਰਾਸ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਖੇਲ ਖਿਲਾਈਆ । ਤੇਰੀ ਪੂਰੀ ਹੋਵੇ ਆਸ, ਨਿਰਾਸਾ ਰੂਪ ਨਾ ਕੋਇ ਜਣਾਈਆ । ਧਰਨੀ ਕਹੇ ਮੈਨੂੰ ਇਕੋ ਵਾਰ ਨੂਰ ਅਗੰਮੀ ਦਾ ਹੋਇਆ ਪ੍ਰਕਾਸ਼, ਮੈਂ ਪ੍ਰਕਾਸ਼ਮਾਨ ਵਿਚ ਪ੍ਰਕਾਸ਼ ਰੂਪ ਗਈ ਸਮਾਈਆ । ਮੇਰਾ ਨਾ ਕੋਈ ਪਵਣ ਨਾ ਸਵਾਸ, ਪਵਣ ਪਾਣੀ ਰੂਪ ਨਾ ਕੋਇ ਬਦਲਾਈਆ । ਮੈਨੂੰ ਨਜ਼ਰ ਨਾ ਅਇਆ ਕੋਈ ਆਕਾਸ਼, ਕੋਟਨ ਕੋਟ ਆਕਾਸ਼ ਸਤਿਗੁਰ ਚਰਨਾਂ ਹੇਠ ਸੋਭਾ ਪਾਈਆ । ਮੈਂ ਜੋੜ ਕੇ ਪ੍ਰੇਮ ਪਿਆਰ ਮੁਹੱਬਤ ਵਾਲੇ ਬਿਨਾ ਹੱਥਾਂ ਤੋਂ ਹਾਥ, ਡੰਡਾਵਤ ਬੰਦਨਾ ਸਜਦਾ ਕਰ ਕੇ ਸੀਸ ਦਿਤਾ ਨਿਵਾਈਆ । ਮੈਨੂੰ ਇਕੋ ਸ਼ਬਦ ਦੀ ਆਈ ਅਗੰਮੀ ਆਵਾਜ਼, ਜਿਸ ਰਾਜ਼ ਦਿਤਾ ਸਮਝਾਈਆ । ਨੀ ਜਿਸ ਲੇਖਾ ਪੂਰਾ ਕਰਨਾ ਰੋਜ਼ਾ ਨਿਮਾਜ਼, ਸਦੀ ਚੌਧਵੀਂ ਪੰਧ ਮੁਕਾਈਆ । ਤੂੰ ਉਸ ਦੀ ਹੋਣਾ ਮੁਹਤਾਜ, ਜੋ ਅਮਾਮ ਅਮਾਮਾ ਜਲਵਾਗਰ ਨੂਰ ਅਲਾਹੀਆ । ਜਿਸ ਭੇਵ ਅਭੇਦ ਖੋਲਣਾ ਰਾਜ਼, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਮੈਂ ਢਾਕੇ ਦੀ ਧਰਤ, ਧਵਲ ਧੌਲ ਹੋ ਕੇ ਦਿਆਂ ਜਣਾਈਆ । ਮੇਰਾ ਮਾਲਕ ਮੇਰੇ ਉਤੇ ਆਵੇ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਸਤਿਗੁਰ ਸ਼ਬਦ ਦੀ ਪੂਰੀ ਕਰੇ ਸ਼ਰਤ, ਸ਼ਰਅ ਦੇ ਲੇਖੇ ਦਏ ਚੁਕਾਈਆ । ਮੈਂ ਤੱਕਾਂ ਉਤੇ ਅਰਸ਼, ਅਰਸ਼ੀ ਪ੍ਰੀਤਮ ਵੱਲ ਧਿਆਨ ਲਗਾਈਆ । ਮੇਰੇ ਮਾਲਕਾ ਖ਼ਲਕ ਦੇ ਖ਼ਾਲਕਾ ਸਵਾਮੀਆ ਅੰਤਰਜਾਮੀਆ ਮੇਰੀ ਪੂਰੀ ਕਰ ਦੇ ਹਰਸ, ਹਵਸ ਅਗੇ ਨਾ ਕੋਇ ਰਖਾਈਆ । ਸੁਹੰਜਣਾ ਹੋਵੇ ਸੰਮਤ ਸ਼ਹਿਨਸ਼ਾਹੀ ਦਾ ਨਾਵਾਂ ਬਰਸ, ਫਲਗੁਣ ਤੀਸ ਮਿਲਦੀ ਰਹੇ ਵਡਿਆਈਆ । ਨਾਮ ਅਗੰਮਾ ਨਿਰਗੁਣ ਆਪਣੀ ਧਾਰੋਂ ਬਰਸ, ਬਿਨ ਮੇਘਲੇ ਮੇਘ ਬਰਸਾਈਆ । ਸਾਂਤਕ ਸਤਿ ਹੋਵੇ ਤੇਰੀ ਧਰਨੀ ਵਾਲੇ ਫ਼ਰਸ਼, ਅਰਸ਼ ਫ਼ਰਸ਼ ਦੇ ਮਾਲਕ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸਰਬ ਬਿਸਮਾਦੀ ਬੋਧ ਅਗਾਧੀ ਤੇਰਾ ਖੇਲ ਹੋਵੇ ਅਸਚਰਜ, ਆਪਣਾ ਖੇਲ ਦੇਣਾ ਵਖਾਈਆ ।



### ✪ ੩੦ ਫੱਗਣ ਸ਼ਹਿਨਸ਼ਾਹੀ ਸੰਮਤ ਨੌ ਬੰਗਲਾ ਬਜ਼ਾਰ ਗੁਰੂਦਵਾਰਾ ਸੰਗਤ ਟੋਲਾ ਢਾਕਾ ਬੰਗਲਾ ਦੇਸ਼ ਵਿਖੇ ✪

ਧਰਨੀ ਕਹੇ ਮੈਂ ਪਿਛਲੀ ਗੱਲ ਸੁਣਾਵਾਂ, ਢਾਕਾ ਦਏ ਗਵਾਹੀਆ । ਬੰਗਲਾ ਦੇਸ਼ ਨਾਲ ਰਲਾਵਾਂ, ਸਾਥੀ ਲੋਕਮਾਤ ਬਣਾਈਆ । ਫੇਰ ਖ਼ੁਸ਼ੀਆਂ ਦੇ ਗੁਣ ਗਾਵਾਂ, ਢੋਲੇ ਧੁਰਦਰਗਾਹੀਆ । ਸੋ ਪੁਰਖ ਨਿਰੰਜਣ ਇਕ ਧਿਆਵਾਂ, ਜੋ ਇਕੋ ਧੁਰ ਦਾ ਮਾਹੀਆ । ਹਰਿ ਪੁਰਖ ਨਿਰੰਜਣ ਇਕ ਮਨਾਵਾਂ, ਹਰਿ ਕਰਤਾ ਵਡ ਵਡਿਆਈਆ । ਏਕੰਕਾਰੇ ਸੀਸ ਝੁਕਾਵਾਂ, ਨਿਵ ਨਿਵ ਲਾਗਾਂ ਪਾਈਆ । ਆਦਿ ਨਿਰੰਜਣ ਨੂਰ ਰੁਸ਼ਨਾਵਾਂ, ਦਰਸ ਵਿਚ ਆਪਣੀ

ਹਰਸ ਮਿਟਾਈਆ । ਅਬਿਨਾਸ਼ੀ ਕਰਤਾ ਵੇਖ ਵਖਾਵਾਂ, ਬਿਨ ਨੈਣਾਂ ਨੈਣ ਬਿਗਸਾਈਆ । ਸ੍ਰੀ ਭਗਵਾਨ ਧੂੜੀ ਖ਼ਾਕ ਰਮਾਵਾਂ, ਚੰਦਨ ਤਿਲਕ ਲਲਾਟੀ ਆਪ ਲਗਾਈਆ । ਪਾਰਬ੍ਰਹਮ ਪ੍ਰਭ ਇਕੋ ਸੰਗ ਰਖਾਵਾਂ, ਸਗਲਾ ਸੰਗੀ ਜੋ ਅਖਵਾਈਆ । ਫੇਰ ਆਪਣੇ ਨੈਣ ਉਠਾਵਾਂ, ਸਤਿਜੁਗ ਤਰੇਤਾ ਦੁਆਪਰ ਵੇਖ ਵਖਾਈਆ । ਕਲਜੁਗ ਧਾਰ ਕੂਕ ਸੁਣਾਵਾਂ, ਬਹੁੜੀ ਬਹੁੜੀ ਮੇਰੀ ਦੁਹਾਈਆ । ਮੈਂ ਕਵਣ ਕੂਟੇ ਜਾਵਾਂ, ਭੱਜਾਂ ਵਾਹੋ ਦਾਹੀਆ । ਕਿਹੜਾ ਸਗਨ ਮਨਾਵਾਂ, ਖ਼ੁਸ਼ੀਆਂ ਢੋਲੇ ਗਾਈਆ । ਕਿਹੜਾ ਰਾਹ ਤਕਾਵਾਂ, ਕਵਣ ਮਿਲੇ ਮੇਰਾ ਮਾਹੀਆ । ਮੈਂ ਕੁਰਬਾਨ ਹੋ ਹੋ ਜਾਵਾਂ, ਘੋਲੀ ਘੋਲ ਘੋਲ ਘੁਮਾਈਆ । ਪੁਰਖ ਅਕਾਲ ਅਗੇ ਵਾਸਤਾ ਪਾਵਾਂ, ਦੋਏ ਜੋੜ ਸੀਸ ਝੁਕਾਈਆ । ਨੇਤਰ ਨੈਣਾਂ ਨੀਰ ਵਹਾਵਾਂ, ਬਿਨ ਅੱਖੀਆਂ ਹੰਝੂਆਂ ਹਾਰ ਬਣਾਈਆ । ਡੰਡਾਵਤ ਬੰਦਨਾ ਕਰਕੇ ਧੂੜ ਰਮਾਵਾਂ, ਆਪਣਾ ਆਪ ਮਿਟਾਈਆ । ਆਕਾਸ਼ਾਂ ਤੋਂ ਪਰੇ ਨੈਣ ਤਕਾਵਾਂ, ਸੜ੍ਹਾ ਬੁਲੰਦੀ ਨਜ਼ਰ ਕਿਸੇ ਨਾ ਆਈਆ । ਜਾਂ ਖੇਲ ਤੱਕਿਆ ਜੋਤੀ ਜਾਤਾ ਪੁਰਖ ਬਿਧਾਤਾ ਮੇਰਾ ਤੋਲ ਤੋਲੇ ਸਾਂਵਾਂ, ਤਰਾਜੂ ਆਪਣੇ ਹੱਥ ਉਠਾਈਆ । ਕਿਰਪਾ ਕਰ ਕੇ ਤੇਗ਼ ਬਹਾਦਰ ਭੇਜਿਆ ਗੁਰੂ ਨਾਵਾਂ, ਨਵਖੰਡ ਵਿਚੋਂ ਦਿਤੀ ਵਡਿਆਈਆ । ਮੇਰਾ ਸੁਹੰਜਣਾ ਹੋਇਆ ਥਾਂਵਾਂ, ਗ੍ਰਿਹਿ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਤੇਗ਼ ਬਹਾਦਰ ਮੇਰੇ ਉਤੇ ਆਇਓ ਰੇ । ਆ ਕੇ ਸਚ ਸਮਾਧੀ ਵਿਚ ਸਮਾਇਓ ਰੇ । ਬੋਧ ਅਗਾਧੀ ਸ਼ਬਦ ਸੰਦੇਸ਼ੇ ਗਾਇਓ ਰੇ । ਮੇਰਾ ਮੋਹਣ ਮਾਧਵ ਮਾਧੀ, ਮਧੁਰ ਧੁਨ ਜੋ ਸ਼ਨਵਾਇਓ ਰੇ । ਜੋ ਸਰਬ ਰਿਹਾ ਵਿਸਮਾਦੀ, ਬਿਸਮਿਲ ਆਪਣੀ ਖੇਲ ਖਿਲਾਇਓ ਰੇ । ਜਿਸ ਦਾ ਹੁਕਮ ਇਕ ਅਹਿਲਾਦੀ, ਨਾ ਕੋਈ ਮੇਟੇ ਮੇਟ ਮਿਟਾਇਓ ਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਇਓ ਰੇ । ਤੇਗ਼ ਬਹਾਦਰ ਗੁਣ ਗਾਵਤ ਰੇ । ਪੁਰਖ ਅਬਿਨਾਸ਼ੀ ਇਕ ਧਿਆਵਤ ਰੇ । ਜੋਤੀ ਜੋਤ ਵੇਖ ਬਿਗਸਾਵਤ ਰੇ । ਪਰਮ ਪੁਰਖ ਏਕੋ ਪਾਵਤ ਰੇ । ਬਲ ਬਲ ਆਪਣਾ ਆਪ ਜਾਵਤ ਰੇ । ਸਾਚਾ ਗ੍ਰਿਹਿ ਇਕ ਸੁਹਾਵਤ ਰੇ । ਖ਼ੁਸ਼ੀਆਂ ਢੋਲੇ ਗੀਤ ਗਾਵਤ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਤ ਰੇ । ਗੁਰ ਤੇਗ਼ ਬਹਾਦਰ ਧਿਆਨ ਲਗਾਇਓ ਰੀ । ਸਚ ਸਮਾਧੀ ਵਿਚ ਸਮਾਇਓ ਰੀ । ਸ਼ਬਦ ਅਨਾਦੀ ਹਰਿ ਅਗੰਮੀ ਧੁਨ ਉਪਜਾਇਓ ਰੀ । ਸੁਣੀ ਸਤਿ ਸਤਿਵਾਦੀ ਇਕ ਆਵਾਜ਼ੀ, ਸੰਦੇਸ਼ਾ ਇਕ ਦ੍ਰਿੜਾਇਓ ਰੀ । ਤੇਰਾ ਹੋਣਾ ਵਡ ਵਡਭਾਗੀ, ਭਾਗ ਗੋਬਿੰਦ ਨਾਲ ਬਣਾਇਓ ਰੀ । ਜਿਸ ਦਾ ਇਕੋ ਕੰਤ ਸੁਹਾਗੀ, ਪੁਰਖ ਅਕਾਲ ਸੇਜ ਹੰਢਾਇਓ ਰੀ । ਦੀਨ ਦੁਨੀ ਦੀ ਉਲਟਾਵੇ ਬਾਜ਼ੀ, ਬਾਜ਼ਾਂ ਵਾਲਾ ਨਾਮ ਰਖਾਇਓ ਰੀ । ਜਿਸ ਦਾ ਲੇਖਾ ਨਾਨਕ ਧਾਰ ਜਾਣੇ ਰਬਾਬੀ, ਮਰਦਾਨਾ ਕਿਛ ਭੇਵ ਨਾ ਪਾਇਓ ਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਇਓ ਰੀ । ਧਰਨੀ ਕਹੇ ਧੁਰ ਅਗੰਮਾ ਹੁਕਮ ਆਵਤ ਈ । ਹਰਿ ਸ਼ਬਦ ਅਨਾਦ ਸੁਣਾਵਤ ਈ । ਗੁਰ ਤੇਗ਼ ਬਹਾਦਰ ਧਿਆਨ ਲਗਾਵਤ ਈ । ਹਿਰਦੇ ਹਰਿ ਹਰਿ ਸਮਾਵਤ ਈ । ਸਾਚਾ ਹੁਕਮ ਇਕ ਫ਼ਰਮਾਵਤ ਈ । ਦੀਨ ਧਰਮ ਦੁਨੀ ਬਗ਼ਾਵਤ ਈ । ਸ਼ਰਅ ਛੁਰੀ ਸ੍ਰਿਸ਼ਟ ਦਰਸਾਵਤ ਈ । ਭਾਗ ਲਗਾਉਣਾ ਅਨੰਦ ਪੁਰੀ, ਪੂਰਨ ਪੁਰਖ ਸਮਝਾਵਤ ਈ । ਤੇਰੀ ਵਸਤ ਰਹੇ ਨਾ ਥੁੜੀ, ਭੰਡਾਰਾ ਹਰਿ ਵਰਤਾਵਤ ਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਵਰਤਾਵਤ ਈ । ਰੀਸਾ ਜਿਨਓ ਕਿਛ ਅੰਮੀ ਹਾਂ । ਤੋਛੋ ਕਿਛ ਨਿਕੰਮੀ ਹਾਂ ।

ਜੀਛਾ ਊ ਬਹੁ ਛੰਨੀ ਹਾਂ । ਗੋਬਿੰਦ ਰੰਗ ਸਵੰਨੀ ਹਾਂ । ਚਮਕੇ ਨੂਰ ਚਵੰਨੀ ਹਾਂ । ਖੇਲ ਕਰੇ ਭਗਵੰਨੀ ਹਾਂ । ਸੁਣਨਾ ਨਾਦ ਬਿਨ ਕੰਨੀ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬੇੜਾ ਰਿਹਾ ਬੰਨ੍ਹੀ ਹਾਂ । ਹਰਿ ਧੁਰ ਦਾ ਸ਼ਬਦ ਜਣਾਇਆ ਊ । ਗੁਰ ਤੇਗ਼ ਬਹਾਦਰ ਨਾਦ ਸੁਣਾਇਆ ਊ । ਭੇਵ ਅਭੇਦਾ ਰਾਜ਼ ਖੁਲਾਇਆ ਊ । ਪਰਦਾ ਆਪਣਾ ਆਪ ਉਠਾਇਆ ਊ । ਪਿਤਾ ਪੂਤ ਪਰਦਾ ਲਾਹਿਆ ਊ । ਗੋਬਿੰਦ ਗੋਬਿੰਦ ਗੋਬਿੰਦ ਵੇਸ ਵਟਾਇਆ ਊ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਨੀ ਖੇਲ ਖਿਲਾਇਆ ਊ । ਮੇਕਾ ਅਵਰਾ ਕੀਨਾ ਈ । ਤਾਕੀ ਛੱਪਰ ਛੀਨਾ ਈ । ਅਗੰਮੇ ਬਪਰੋ ਲੋਕ ਤੀਨਾ ਈ । ਵੇਖੋ ਪਤਰੋ ਬਿਨ ਲਿਖੀਨਾ ਈ । ਦੁਸ਼ਮਨ ਸ਼ਤਰੋ ਜ਼ਮੀਨਾ ਈ । ਦਿੱਲੀ ਕਤਰੇ ਨਾਗੀਨਾ ਈ । ਗੋਬਿੰਦ ਪੁਤਰੋ ਮੁਬੀਨਾ ਈ । ਸ਼ਬਦ ਗੁਰੂ ਗੁਰ ਸ਼ਬਦ ਸ਼ਬਦੀ ਸ਼ਬਦੀ ਜੀਨਾ ਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚਾ ਖੇਲ ਦਰਸੀਨਾ ਈ । ਕਾਂਕੀ ਕੋਕ ਕੀਮ ਨਾ ਜਾਨੀ, ਕੋਕੀ ਮਾਸਮੀਤਾ ਈ । ਧੁਨੋ ਇਨੋ ਸੁਨੋ ਬਾਨੀ, ਬਿਨ ਕੰਨੋ ਨਾਮ ਦ੍ਰਿੜੀਤਾ ਈ । ਚੰਨੋ ਭਿੰਨੋ ਜਗਤ ਜਹਾਨੀ, ਸਵਿਨੋ ਸੰਗ ਮੁਰੀਤਾ ਈ । ਤੇਗ਼ ਬਹਾਦਰ ਗੋਬਿੰਦ ਚਿੰਨੋ, ਸਤਾਰ ਮੰਡਲ ਨਵੀਤਾ ਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਰਗਾਹੀ ਅਗੰਮੀ ਮੀਤਾ ਈ । ਧਰਨੀ ਕਹੇ ਮੈਂ ਢਾਕਨ ਢਕੋ, ਗੋਬਿੰਦ ਮੇਰੀ ਪਤੀਆ ਰੀ । ਸ਼ਹੁ ਸਵਾਮੀ ਇਕੋ ਤੱਕੋ, ਸ਼ਹਿਨਸ਼ਾਹ ਮੇਰੀ ਨਤੀਆ ਰੀ । ਤਾਨੀ ਉਨੀ ਸਾਚਾ ਸਕੋ, ਸਿਕੀਆ ਮੀਤਾ ਮਤੇ ਰੀ । ਮਾਕਾ ਨੀਕਾ ਹਕੀਕੋ ਹਕੋ, ਸੁਤੀਏ ਸੂਰੇ ਸਤੇ ਰੀ । ਕੋਮੜਾ ਦੇਸ ਕੇਮੜਾ ਦੱਸੇ, ਕੇਂਹੁ ਮਿਲੇ ਮੇਰਾ ਪਤੇ ਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਇਕ ਖ਼ਿਲਤੇ ਰੀ । ਧਰਨੀ ਕਹੇ ਮੈਂ ਖਾਮਾ ਖੋਸੀ, ਕਾਮਨੀਆ ਕਾਮੀਤਾ ਊ । ਹਕ ਨਾ ਦਿਸੋ ਸਾਹੋ ਮਾਰੂਸੀ, ਜੋ ਆਸੂ ਸੋ ਚਲਿਉ ਊ । ਸ਼ੋਏ ਸ਼ਬੀਅਦ ਕਰੇ ਜਾਸੂਸੀ, ਜਮੀਓ ਜਮੀਉਦ ਜੂਮਾ ਰੇ । ਲੇਖੋ ਜਿਸ ਕੋ ਚਮਨ ਕੁਟੀ, ਗੋਬਿੰਦ ਕੁਟੀਆ ਬੜਿਉ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮਾ ਆਪੇ ਆਪਣਾ ਆਪ ਉਪਰਿਉ ਰੇ । ਧਰਨੀ ਕਹੇ ਤੇਗ਼ ਬਹਾਦਰ ਸੁਣਨਾ ਸ਼ਬਦ ਘਨਘੋਰੀ, ਬਿਨ ਨਾਦਾਂ ਨਾਦ ਸ਼ਨਵਾਈਆ । ਜੋ ਜੁਗ ਚੌਕੜੀ ਰਿਹਾ ਤੋਰੀ, ਹੁਕਮ ਹੁਕਮ ਨਾਲ ਸਮਝਾਈਆ । ਉਸ ਸੰਦੇਸ਼ਾ ਦਿਤਾ ਚੋਰੀ ਚੋਰੀ, ਦੂਜਾ ਸੁਣਨ ਕੋਇ ਨਾ ਪਾਈਆ । ਤੇਰੀ ਨਵ ਸਾਲ ਨੂੰ ਲੋੜੀ, ਨਵ ਖੰਡ ਦਾ ਪੰਧ ਮੁਕਾਈਆ । ਗੋਬਿੰਦ ਸ਼ਬਦ ਚੜ੍ਹੇਗਾ ਘੋੜੀ, ਵਾਗਾਂ ਆਪਣੇ ਹੱਥ ਰਖਾਈਆ । ਜਗਤ ਜਹਾਨ ਜਾਣਾ ਹੋੜੀ, ਨਾਤਾ ਤਤਾਂ ਵਾਲਾ ਤੁੜਾਈਆ । ਵੇਖ ਲੈ ਪੋਤਰਿਆਂ ਵਾਲੀ ਜੋੜੀ ਜੋੜੀ, ਪਰਮ ਪੁਰਖ ਦਿਤਾ ਸਮਝਾਈਆ । ਅਗਲਾ ਖੇਲ ਹੋਰ ਦਾ ਹੋਰੀ, ਤਤਾਂ ਲੇਖਾ ਰਹੇ ਨਾ ਰਾਈਆ । ਗੋਬਿੰਦ ਧਾਰ ਦਾ ਬਣਨਾ ਮੋਹਰੀ, ਸਿੰਘ ਆਪਣਾ ਰੂਪ ਸਮਝਾਈਆ । ਅੰਤਸ਼ਕਰਨ ਦਾ ਬਣ ਕੇ ਘੋਰੀ, ਵੇਖੇ ਥਾਉਂ ਥਾਈਂਆ । ਜੋ ਸਿੱਖਾਂ ਭਾਗ ਕਰੇ ਮਥੋਰੀ, ਸ਼ਰਅ ਕੂੜ ਮਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੈਂ ਡਰੀ ਰੇ । ਮੈਂ ਮੈਂ ਕਰਕੇ ਮਰੀ ਰੇ । ਮੈਂ ਵੜੀ ਕਿਸੇ ਨਾ ਘਰੀ ਰੇ । ਮੈਂ ਵੇਖੇ ਨਰ ਨਰੀ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਰਿਹਾ ਕਰੀ ਰੇ । ਧਰਨੀ ਕਹੇ ਮੇਰੇ ਉਤੇ ਤੇਗ਼ ਬਹਾਦਰ ਅੰਦਰ ਸੁਣਿਆ ਲਲਕਾਰਾ, ਧਰਮ ਧਾਰ ਵੱਜੀ ਵਧਾਈਆ । ਢਾਕੇ ਵਿਚ ਹੋਇਆ ਚਮਤਕਾਰਾ,

੧੬੭੩
੨੩

ਨੂਰ ਨੁਰਾਨਾ ਦਿਤਾ ਚਮਕਾਈਆ । ਮੈਂ ਝਟ ਕੀਤੀ ਨਿਮਸਕਾਰਾ, ਨਿਵ ਨਿਵ ਲਾਗੀ ਪਾਈਆ । ਮੰਗ ਮੰਗੀ ਫੇਰ ਕਦ ਆਵੇ ਦੁਬਾਰਾ, ਆਪਣੀ ਦਇਆ ਕਮਾਈਆ । ਗੁਰ ਤੇਗ ਬਹਾਦਰ ਇਸ਼ਾਰਾ ਕੀਤਾ ਜਗਤ ਜਹਾਨ ਦੀ ਨਜ਼ਰ ਤੋਂ ਬਾਹਰਾ, ਅਸਮਾਨਾਂ ਉਤੋਂ ਦਿਤਾ ਦ੍ਰਿੜਾਈਆ । ਮੇਰਾ ਗੋਬਿੰਦ ਤਤਾਂ ਵਾਲਾ ਦੁਲਾਰਾ, ਜੋਤੀ ਧਾਰ ਜਿਸ ਦਾ ਪੁਰਖ ਅਕਾਲਾ ਪਿਤਾ ਮਾਈਆ । ਦੀਨ ਦੁਨੀ ਵਿਚ ਹੋਵੇ ਜ਼ਾਹਰਾ, ਜ਼ਾਹਰ ਆਪਣੀ ਕਲ ਵਖਾਈਆ । ਪੰਥ ਖ਼ਾਲਸਾ ਕਰ ਤਿਆਰਾ, ਤ੍ਰੈਗੁਣ ਅਤੀਤਾ ਰੰਗ ਰੰਗਾਈਆ । ਪੁੱਤਰਾਂ ਵਾਰੇ ਨਾਲ ਪਰਵਾਰਾ, ਸ਼ਹਾਦਤ ਮਾਤਾ ਗੁਜਰੀ ਵਾਲੀ ਭੁਗਤਾਈਆ । ਮਾਛੂਵਾੜੇ ਖੇਲ ਕਰੇ ਅਪਾਰਾ, ਸੋਹਣੀ ਸੇਜ ਹੰਢਾਈਆ । ਸੰਦੇਸ਼ਾ ਦੇਵੇ ਧੁਰ ਦੇ ਯਾਰਾ, ਪੁਰਖ ਅਕਾਲੇ ਆਪ ਸੁਣਾਈਆ । ਉਠ ਵੇਖ ਲੈ ਆਪਣਾ ਸੰਸਾਰਾ, ਦੀਨ ਦੁਨੀ ਧਿਆਨ ਲਗਾਈਆ । ਧਰਮ ਦਾ ਦਿਸੇ ਨਾ ਕੋਇ ਸਹਾਰਾ, ਸਤਿ ਵਿਚ ਨਾ ਕੋਇ ਸਮਾਈਆ । ਮੇਰੇ ਢਈਏ ਦਾ ਲੇਖਾ ਹੋਵੇ ਜਗਤ ਕਿਨਾਰਾ, ਮੁਹੰਮਦ ਦੀ ਚੌਧਵੀਂ ਸਦੀ ਨਾਲ ਮਿਲਾਈਆ । ਤੂੰ ਵੇਖੀਂ ਵਿਗਸੀਂ ਪਾਵੀਂ ਸਾਰਾ, ਬਿਨ ਨੈਣਾਂ ਨੈਣ ਉਠਾਈਆ । ਨਿਰਗੁਣ ਧਾਰ ਆਉਣਾ ਕਲ ਕਲਕੀ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਧਵਲ ਕਹੇ ਮੇਰਾ ਪੂਰਾ ਹੋਏ ਕੌਲ ਇਕਰਾਰਾ, ਸਤਿਗੁਰ ਤੇਗ਼ ਬਹਾਦਰ ਦਏ ਵਡਿਆਈਆ । ਮੇਰਾ ਸਵਾਮੀ ਅੰਤਰਜਾਮੀ ਅੰਤ ਮੇਰੀ ਪਾਵੇ ਸਾਰਾ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਜਿਸ ਦਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਖੇਲ ਖਿਲਾਈਆ । ਉਹ ਨੌਂ ਖੰਡ ਪ੍ਰਿਥਮੀ ਸੱਤ ਦੀਪ ਨਿਗਾਹ ਮਾਰੇ ਆਪ ਨਿਰੰਕਾਰਾ, ਬਿਨ ਨੈਣਾਂ ਨੈਣ ਉਠਾਈਆ । ਮੈਂ ਓਸ ਦਾ ਸ਼ੁਕਰ ਗੁਜ਼ਾਰਾ, ਨਿਵ ਨਿਵ ਲਾਗਾ ਪਾਈਆ । ਜਿਸ ਨੇ ਮਗ਼ਰਬ ਮਸ਼ਰਕ ਦਿਤਾ ਸਹਾਰਾ, ਸਿਰ ਮੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਧਰਨੀ ਕਹੇ ਸਵਾਮੀ ਆਇਓ ਰੀ, ਸਖ਼ੀਓ ਮੰਗਲ ਗਾਵੋ ਨਿਤ । ਪਰਮ ਪੁਰਖ ਪ੍ਰਭ ਪਾਇਓ ਰੀ, ਧੁਰਦਰਗਾਹੀ ਮਿਤ । ਸਰਨ ਸੀਸ ਝੁਕਾਇਓ ਰੀ, ਮਿਲਿਆ ਸਾਚਾ ਹਿਤ । ਧੂੜੀ ਖ਼ਾਕ ਰਮਾਇਓ ਰੀ, ਵੇਖਣਹਾਰਾ ਅਗੰਮੀ ਪਿਤ । ਘਰ ਖ਼ੁਸ਼ੀਆਂ ਮੰਗਲ ਗਾਇਓ ਰੀ, ਮੈਂ ਬਾਜ਼ੀ ਲਵਾਂ ਜਿੱਤ । ਮੇਰਾ ਦਿਵਸ ਸੁਹੰਜਣਾ ਸੁਹਾਇਓ ਰੀ, ਉਨੱਤੀ ਫੱਗਣ ਦੀ ਸੋਹਣੀ ਥਿਤ । ਮੈਂ ਡੌਰੂ ਡੰਕ ਵਜਾਇਓ ਰੀ, ਹੱਥ ਮਾਰੇ ਛਾਤੀ ਉਤੇ ਹਿੱਕ । ਧਰਨੀ ਮੇਰੀ ਭਾਗ ਲਗਾਇਓ ਰੀ, ਢਾਕੇ ਸਾਹਿਬ ਸੁੱਤਾ ਲਿਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਰਿਹਾ ਟਿਕ । ਧਰਨੀ ਕਹੇ ਮੈਂ ਜਾਵਾਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਜੋ ਨਿਰਗੁਣ ਧਾਰ ਜੋਤ ਨਿਰੰਕਾਰੀ, ਨਿਰਵੈਰ ਪੁਰਖ ਇਕ ਅਖਵਾਈਆ । ਜਿਸ ਦੀਨ ਦੁਨੀ ਦੀ ਪਾਉਣੀ ਸਾਰੀ, ਦੋ ਜਹਾਨਾਂ ਵੇਖ ਵਖਾਈਆ । ਦੱਖਣ ਪਹਾੜ ਦੀ ਕਰੇ ਤਿਆਰੀ, ਤ੍ਰੈਗੁਣ ਅਤੀਤਾ ਧੁਰ ਦਾ ਮਾਹੀਆ । ਜਿਸ ਦੇ ਹੁਕਮ ਨਾਲ ਨਵ ਸੱਤ ਹੋਈ ਖ਼ੁਆਰੀ, ਧੀਰਜ ਧੀਰ ਨਾ ਕੋਇ ਧਰਾਈਆ । ਜਿਸ ਲੇਖਾ ਪੂਰਾ ਕਰਨਾ ਸੰਗ ਮੁਹੰਮਦ ਚਾਰ ਯਾਰੀ, ਸਦੀ ਚੌਧਵੀਂ ਵੇਖ ਵਖਾਈਆ । ਹਜ਼ਰਤ ਈਸਾ ਆਪਣਾ ਲੇਖਾ ਰਿਹਾ ਵਖਾਲੀ, ਆਪ ਆਪਣਾ ਪਰਦਾ ਲਾਹੀਆ । ਫਲ ਰਿਹਾ ਕਿਸੇ ਨਾ ਡਾਲੀ, ਸਚ ਈਮਾਨ ਨਜ਼ਰ ਕੋਇ ਨਾ ਆਈਆ । ਨਾਨਕ ਗੋਬਿੰਦ ਧਾਰ ਨਿਰਾਲੀ, ਜੋਤ ਅਕਾਲੀ ਨਾਲ ਵਡਿਆਈਆ । ਜੋ ਵੇਖਣਹਾਰ ਨੌਂ ਖੰਡ ਪ੍ਰਿਥਮੀ ਧਰਮਸਾਲੀ, ਸੱਤ ਸੱਤਾਂ ਫੋਲ ਫੁਲਾਈਆ । ਜੋ ਲੱਖ ਚੁਰਾਸੀ ਦਾ ਮਾਲਕ ਖ਼ਾਲਕ ਮਾਲੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਅਖਵਾਈਆ । ਧਰਨੀ ਕਹੇ

ਮੈਂ ਸਤਿਗੁਰ ਨਾਨਕ ਚਰਨਾਂ ਲਾਈ ਧੂੜ, ਆਪਣੀ ਖ਼ੁਸ਼ੀ ਬਣਾਈਆ । ਸਤਿਗੁਰ ਤੇਗ਼ ਬਹਾਦਰ ਮੈਨੂੰ ਵੇਖ ਕੇ ਮੂਰਖ ਮੂੜ੍ਹ, ਦਿਤੀ ਮਾਣ ਵਡਿਆਈਆ । ਇਸ਼ਾਰਾ ਦੇ ਕੇ ਇਕੋ ਜੋਤੀ ਨੂਰ, ਨੂਰ ਨੁਰਾਨਾ ਦਿਤਾ ਚਮਕਾਈਆ । ਮੇਰਾ ਟੁੱਟ ਗਿਆ ਮਾਣ ਗ਼ਰੂਰ, ਹੰਗਤਾ ਗੜ੍ਹ ਰਿਹਾ ਨਾ ਰਾਈਆ । ਖ਼ੁਮਾਰੀ ਚੜ੍ਹਿਆ ਸਰੂਰ, ਬਿਨਾ ਸੁਰਤੀ ਤੋਂ ਸੁਰਤ ਸ਼ਬਦ ਵਿਚ ਸਮਾਈਆ । ਮੈਂ ਇਕੋ ਨਾਮ ਸਤਿ ਦੀ ਸੁਣ ਕੇ ਤੂਰ, ਤੁਰੀਆ ਤੋਂ ਬਾਹਰ ਆਪਣੇ ਪ੍ਰੀਤਮ ਵਿਚ ਸਮਾਈਆ । ਜੋ ਜੁਗ ਜੁਗ ਮੇਰਾ ਲਹਿਣਾ ਦੇਣਾ ਦੇਵੇ ਜ਼ਰੂਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਜਿਸ ਨੂੰ ਸਾਰੇ ਮੰਨਦੇ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਜੁਗ ਬਦਲਣਾ ਜਿਸ ਦਾ ਦਸਤੂਰ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਮੇਰੀ ਬੇਨੰਤੀ ਕਰ ਕਬੂਲ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਸਮਝਾਈਆ । ਧਰਨੀ ਕਹੇ ਮੈਨੂੰ ਗੁਰ ਤੇਗ਼ ਬਹਾਦਰ ਦਿਤੀ ਥਾਪੀ, ਪ੍ਰੇਮ ਨਾਲ ਜਣਾਈਆ । ਨਾਲੇ ਕਿਹਾ ਭਵਿਖਤ ਵਾਕੀ, ਬਿਨਾ ਰਸਨਾ ਰਸਨ ਬਣਾਈਆ । ਤੇਰੇ ਉਤੇ ਪਹਿਲੋਂ ਮਿਟੇ ਅੰਧੇਰੀ ਰਾਤੀ, ਚੌਧਵੀਂ ਚੰਦ ਕਰੇ ਰੁਸ਼ਨਾਈਆ । ਮੁਹੰਮਦ ਦਾ ਲੇਖਾ ਵੇਖਣਾ ਬਾਕੀ, ਸਦੀ ਚੌਧਵੀਂ ਖੋਜ ਖੁਜਾਈਆ । ਨੀ ਤੂੰ ਖੋਲ ਕੇ ਰੱਖੀਂ ਆਪਣੀ ਤਾਕੀ, ਝਰੋਖਿਆਂ ਵਿਚ ਨੈਣ ਉਠਾਈਆ । ਤੇਰਾ ਲਹਿਣਾ ਦੇਣਾ ਜ਼ਰੂਰ ਦੇਵੇਗਾ ਬਾਕੀ, ਬਾਕਾਇਦਾ ਆਪਣਾ ਰੰਗ ਰੰਗਾਈਆ । ਜੋ ਆਦਿ ਪੁਰਖ ਅਪਰੰਪਰ ਸਭ ਦਾ ਸਾਖੀ, ਸਾਖਿਆਤ ਦਇਆ ਕਮਾਈਆ । ਜੋ ਝਗੜਾ ਮੇਟਣਹਾਰਾ ਜ਼ਾਤ ਪਾਤੀ, ਗੋਬਿੰਦ ਇਕੋ ਰੰਗ ਰੰਗਾਈਆ । ਉਸ ਦੀ ਬਿਨਾ ਅੱਖਰਾਂ ਤੋਂ ਤੈਨੂੰ ਦੇਵਾਂ ਪਾਤੀ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਉਹ ਸਵਾਮੀ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਦੋ ਜਹਾਨਾਂ ਨਾਲ ਨਾਤੀ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜਿਸ ਢਾਕੇ ਸਾਚੇ ਨਾਮ ਦੀ ਤੈਨੂੰ ਬਖ਼ਸ਼ਣੀ ਦਾਤੀ, ਦਾਤਾ ਹੋ ਕੇ ਵੇਖ ਵਖਾਈਆ । ਸਤਿਜੁਗ ਤੇਰੀ ਹੋਵੇ ਪ੍ਰਭਾਤੀ, ਚੜ੍ਹਦੀ ਦਿਸ਼ਾ ਵੱਜੇ ਵਧਾਈਆ । ਸਾਚੇ ਮੰਡਲ ਹੋਵੇ ਰਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਸਦ ਵਰਤਾਈਆ । ਧਰਨੀ ਕਹੇ ਮੈਂ ਬਲਿਹਾਰੀ ਦਿਉਹਾੜ, ਅਨਦਿਨ ਸੀਸ ਨਿਵਾਈਆ । ਮੇਰਾ ਸਾਹਿਬ ਸਵਾਮੀ ਧੁਰ ਦਾ ਲਾੜ, ਜੋ ਲੱਖ ਚੁਰਾਸੀ ਆਤਮ ਧਾਰ ਪ੍ਰਨਾਈਆ । ਜੋ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਸਮੁੰਦ ਸਾਗਰਾਂ ਵੇਖ ਵਖਾਈਆ । ਜੋ ਲਹਿਣਾ ਦੇਣਾ ਦੇਵੇ ਨਾੜੀ ਨਾੜ, ਤਨ ਵਜੂਦਾਂ ਧਿਆਨ ਲਗਾਈਆ । ਜੋ ਭਗਤ ਸੁਹੇਲੇ ਸਾਚੀ ਮੰਜ਼ਲ ਦੇਵੇ ਚਾੜ੍ਹ, ਪੌੜੀ ਡੰਡਾ ਇਕੋ ਨਾਮ ਵਖਾਈਆ । ਸਚਖੰਡ ਦਵਾਰੇ ਦੇਵੇ ਵਾੜ, ਅਗੇ ਹੋ ਨਾ ਕੋਇ ਅਟਕਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਨਿਵ ਨਿਵ ਲਾਗਣ ਪਾਈਆ । ਅਵਤਾਰ ਤੇਈ ਧੂੜੀ ਲਾਵਣ ਛਾਰ, ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਗੁਰੂ ਗੁਰ ਦਸ ਜੋਤ ਨਿਰੰਕਾਰ, ਨਿਰਵੈਰ ਨੂਰ ਅਲਾਹੀਆ । ਜਿਨ੍ਹਾਂ ਖੇਲ ਕੀਤਾ ਵਿਚ ਸੰਸਾਰ, ਸਤਿ ਸਚ ਨਾਲ ਵਡਿਆਈਆ । ਧਰਨੀ ਕਹੇ ਮੈਂ ਉਸ ਦਾ ਕਰਦੀ ਰਹੀ ਇੰਤਜ਼ਾਰ, ਢਾਕੇ ਨੂੰ ਕੁਛੜ ਚੁੱਕ ਕੇ ਆਪਣੀ ਢਾਕ ਬਹਾਈਆ । ਕਵਣ ਵੇਲਾ ਮੇਰਾ ਆਵੇ ਮੀਤ ਮੁਰਾਰ, ਹਰਿ ਕਰਤਾ ਧੁਰਦਰਗਾਹੀਆ । ਸਤਿਗੁਰ ਨਾਨਕ ਦਰਬਾਰ ਕਰੇ ਉਜਿਆਰ, ਨਾਨਕ ਸ਼ਹਿਨਸ਼ਾਹੀ ਸ਼ਹਿਨਸ਼ਾਹ ਵੇਖ ਵਖਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਪਾ ਸਕਣ ਨਾ ਸਾਰ, ਅੰਤ ਕਹਿਣ ਕਿਛ ਨਾ ਆਈਆ । ਉਹ ਪੁਰਖ ਅਕਾਲਾ ਦੀਨ ਦਿਆਲਾ

ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਕਰੇ ਖੇਲ ਅਪਾਰ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਤਿਸ ਨੂੰ ਨਮੋ ਨਮੋ ਡੰਡਾਵਤ ਬੰਦਨਾ ਸਜਦਿਆਂ ਵਿਚ ਮੇਰੀ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਜੋ ਮੇਰਾ ਲਹਿਣਾ ਦੇਣਾ ਪੂਰਬ ਕਰਜ਼ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਆਪਣਾ ਖੇਲ ਖਿਲਾਈਆ । ਮੈਂ ਉਸ ਤੋਂ ਜਾਵਾਂ ਬਲ ਬਲ ਹਾਰ ਆਪ ਆਪਣਾ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੋ ਜਹਾਨਾਂ ਖੇਲ ਕਰੇ ਆਪ ਅਪਰ ਅਪਾਰ, ਅਪਰੰਪਰ ਸਵਾਮੀ ਅੰਤਰਜਾਮੀ ਆਪਣੀ ਕਲ ਵਰਤਾਈਆ ।

✪ ੧ ਚੇਤ ਸ਼ਹਿਨਸ਼ਾਹੀ ਸੰਮਤ ਦਸ ਢਾਕਾ ਬੰਗਲਾ ਦੇਸ਼ ਰੇਸ ਕੋਰਸ ਰੋਡ ਮੈਮਨ ਸਿੰਘ ਰੋਡ ਨਾਨਕ ਸ਼ਾਹੀ ਗੁਰੂਦਵਾਰੇ ਵਿਖੇ ਸਵੇਰੇ ✪

ਪਹਿਲੀ ਚੇਤ ਕਹੇ ਮੇਰਾ ਵਕਤ ਸੁਹੰਜਣਾ, ਸੰਮਤ ਸ਼ਹਿਨਸ਼ਾਹੀ ਦਸ ਦਸ ਦਸਮੇਸ਼ ਗੋਬਿੰਦ ਨਾਲ ਢਾਕੇ ਧਾਰ ਮਿਲੇ ਵਡਿਆਈਆ । ਕਿਰਪਾ ਕਰੇ ਆਦਿ ਪੁਰਖ ਅਬਿਨਾਸ਼ੀ ਆਦਿ ਨਿਰੰਜਣਾ, ਹਰਿ ਪੁਰਖ ਅਗੰਮ ਅਗੰਮੜਾ ਅਗੰਮ ਅਥਾਹੀਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੁੱਖ ਭੈ ਭਵ ਭੰਜਨਾ, ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰੀ ਭਗਵਾਨ ਇਕ ਅਖਵਾਈਆ । ਮੇਰੀ ਨਮੋ ਨਮੋ ਡੰਡਾਵਤ ਚਰਨ ਕਵਲ ਸਾਚੇ ਬੰਦਨਾ, ਸੀਸ ਜਗਦੀਸ਼ ਦਰ ਠਾਂਡੇ ਇਕ ਨਿਵਾਈਆ । ਜਿਸ ਦੀ ਲੱਖ ਚੁਰਾਸੀ ਆਤਮ ਧਾਰ ਅੰਮ੍ਰਿਤ ਸਰੋਵਰ ਕਰੇ ਮਜਨਾ, ਦੁਰਮਤ ਮੈਲ ਦੋ ਜਹਾਨ ਲੁਹਾਈਆ । ਜਿਸ ਦਾ ਡੰਕਾ ਰਾਓ ਰੰਕਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੱਜਣਾ, ਜਾਗਰਤ ਜੋਤ ਬਿਨ ਵਰਨ ਗੋਤ ਆਪਣਾ ਖੇਲ ਖਿਲਾਈਆ । ਉਹਦਾ ਨਾਦ ਅਨਾਦੀ ਧੁਨ ਆਤਮਕ ਇਕੋ ਹੋਵੇ ਨੱਦਣਾ, ਰਸਨਾ ਜਿਹਵਾ ਸਿਫ਼ਤ ਨਾ ਕੋਇ ਸਲਾਹੀਆ । ਜਿਸ ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਪਰਦਾ ਕੱਜਣਾ, ਗੁਰਮੁਖਾਂ ਗੁਰਸਿੱਖਾਂ ਸੂਫ਼ੀਆਂ ਸਿਰ ਆਪਣਾ ਹੱਥ ਟਿਕਾਈਆ । ਮੈਂ ਉਸ ਦਾ ਦਰ ਦਵਾਰ ਬੰਕ ਸੁਹਾਵਾ ਮੰਗਣਾ, ਪਹਿਲੀ ਚੇਤ ਕਹੇ ਝੋਲੀ ਅਗੇ ਡਾਹੀਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸ਼ਬਦੀ ਧਾਰ ਚਾੜ੍ਹ ਦੇ ਰੰਗਣਾ, ਰੰਗ ਅਨਡਿਠੜਾ ਆਪ ਚੜ੍ਹਾਈਆ । ਮੇਰੇ ਮਿਹਰਵਾਨਾ ਨੌਜਵਾਨਾ ਮਰਦ ਮਰਦਾਨਾ ਲੋਕਮਾਤ ਸਭ ਦਾ ਪਰਦਾ ਕੱਜਣਾ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਤੇਰੇ ਹੁਕਮ ਵਿਚ ਕਲਜੁਗ ਕੂੜੀ ਕਿਰਿਆ ਪਾਰ ਤੇਰੇ ਪਿਆਰਿਆਂ ਲੰਘਣਾ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਦਰ ਤੇਰੇ ਅਲਖ ਜਗਾਈਆ । ਪਹਿਲੀ ਚੇਤ ਕਹੇ ਮੇਰੇ ਪੁਰਖ ਅਕਾਲ ਅਲਖ, ਅਗੋਚਰ ਅਗੰਮ ਅਥਾਹ ਤੇਰੀ ਸਰਨਾਈਆ । ਨਿਰਗੁਣ ਧਾਰ ਨਿਰਵੈਰ ਹੋ ਪ੍ਰਤਖ, ਪਰਮ ਪੁਰਖ ਪਰਮਾਤਮ ਆਪਣਾ ਭੇਵ ਖੁਲਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਨਾਨਕ ਧਾਰ ਸਤਿਗੁਰ ਦੀਨ ਦੁਨੀ ਗਿਆ ਤੈਨੂੰ ਸਮਝਾਈਆ । ਤੇਰਾ ਸਿਫ਼ਤ ਸਲਾਹ ਬਿਨ ਅੱਖਰਾਂ ਹੋਵੇ ਜਸ, ਨਿਰਅੱਖਰ ਧਾਰ ਕਰ ਪੜ੍ਹਾਈਆ । ਜਨ ਭਗਤਾਂ ਨਿਜ ਨੇਤਰ ਖੋਲ ਦੇ ਅੱਖ, ਲੋਚਣ ਇਕੋ ਹੋਏ ਰੁਸ਼ਨਾਈਆ । ਖ਼ਾਲੀ ਭੰਡਾਰੇ ਪੂਰੇ ਕਰ ਦੇ ਨਾਮ ਨਿਧਾਨਾ ਦੇ ਕੇ ਰਸ, ਅੰਮਿਉਂ ਰਸ ਆਪਣਾ ਆਪ ਚੁਆਈਆ । ਪਹਿਲੀ ਚੇਤ ਕਹੇ ਮੈਂ ਤੇਰਾ ਗਾਵਾਂ ਜਸ, ਸਿਫ਼ਤਾਂ ਵਾਲੇ ਤੇਰੀ ਸਿਫ਼ਤ ਵਡਿਆਈਆ । ਸਰਨ ਸਰਨਾਈ ਏਕੰਕਾਰ ਜਾਵਾਂ ਢੱਠ, ਬਿਨ ਚਰਨਾਂ ਧੂੜੀ

੧੬੭੯
੨੩

੧੬੭੭ ੨੩

ਖ਼ਾਕ ਰਮਾਈਆ ।, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਮੰਗ ਮੰਗਾਈਆ । ਪਹਿਲੀ ਚੇਤ ਕਹੇ ਮੈਂ ਦੱਸਾਂ ਖੇਲ ਪੁਰਾਣੀ, ਪੁਰਾਨ ਅਠਾਰਾਂ ਲੱਖ ਚਾਰ ਸਲੋਕ ਸਤਾਰਾਂ ਹਜ਼ਾਰ, ਕਹਿਣ ਕਿਛ ਨਾ ਪਾਈਆ । ਜਿਸ ਦੀ ਧਾਰ ਨਾਨਕ ਨਿਰਗੁਣ ਆਇਆ ਵਿਚ ਸੰਸਾਰ, ਜੋਤੀ ਜੋਤ ਡਗਮਗਾਈਆ । ਉਸ ਦਾ ਹੁਕਮ ਸੰਦੇਸਾ ਸ਼ਬਦੀ ਮੇਲਾ ਨਾਲ ਏਕੰਕਾਰ, ਅਕਲ ਕਲਧਾਰੀ ਆਪਣੀ ਕਲ ਸਮਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜਿਸ ਨੇ ਪਾਉਣੀ ਸਾਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਾਰੇ ਖਾਣੀ ਚਾਰੇ ਬਾਣੀ ਵੇਖ ਵਖਾਈਆ । ਉਸ ਦਾ ਨਾਦ ਧੁਨ ਆਪਣੀ ਧਾਰ ਵਿਚੋਂ ਧਾਰ ਨਾਲ ਉਚਾਰ, ਜਗਤ ਵਾਸਨਾ ਸੰਗ ਨਾ ਕੋਇ ਰਖਾਈਆ । ਤੇਰੀ ਅਨੁਭਵ ਦ੍ਰਿਸ਼ਟੀ ਸ੍ਰਿਸ਼ਟੀ ਦਾ ਬੇੜਾ ਕਰ ਜਾਏ ਪਾਰ, ਚੱਪੂ ਨਾਮ ਮੁਹਾਣਾ ਵੰਝ ਇਕ ਪ੍ਰਗਟਾਈਆ । ਧਰਨੀ ਧਰਤ ਧਵਲ ਧੌਲ ਦਾ ਹੌਲਾ ਕਰ ਦੇ ਭਾਰ, ਬ੍ਰਹਿਮੰਡ ਖੰਡ ਵੇਖਣਾ ਚਾਈਂ ਚਾਈਂਆ । ਆਕਾਸ਼ ਪਾਤਾਲਾਂ ਗਗਨ ਗਗਨੰਤਰਾਂ ਤੇਰਾ ਵੱਜੇ ਇਕੋ ਧੁਰ ਦਾ ਨਾਮ ਸਿਤਾਰ, ਚੰਦ ਸਿਤਾਰੇ ਸੂਰੀਆ ਜਿਸ ਨੂੰ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿਵ ਨਿਵ ਕਰਨ ਨਿਮਸਕਾਰ, ਕਰੋੜ ਤੇਤੀਸਾ ਦਰ ਠਾਂਡੇ ਲਾਗੇ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਪਹਿਲੀ ਚੇਤ ਕਹੇ ਮੇਰੀ ਨਮੋ ਨਮੋ ਬੰਦਨਾ, ਬੰਦਗੀ ਪੁਰਖ ਅਕਾਲ ਤੇਰੀ ਸਰਨ ਸਰਨ ਸਰਨਾਈਆ । ਜਗਤ ਜਹਾਨ ਚਾੜ੍ਹ ਦੇ ਰੰਗਣਾ, ਨਾਮ ਨਿਧਾਨੇ ਨਾਲ ਰੰਗਾਈਆ । ਸਚ ਨਾਮ ਪਹਿਨਾ ਦੇ ਹੱਥੀਂ ਕੰਗਣਾ, ਲੋਕਮਾਤੀ ਉਤਰ ਕਦੇ ਨਾ ਜਾਈਆ । ਗ੍ਰਹਿ ਪ੍ਰਕਾਸ਼ ਦੇ ਦੇ ਨੂਰੀ ਚੰਦਨਾ, ਜੋਤੀ ਜਾਤੇ ਡਗਮਗਾਈਆ । ਅੰਤਰ ਆਤਮ ਬਖ਼ਸ਼ ਅਨੰਦਣਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੇਰੀ ਚਰਨ ਧੂੜ ਮਸਤਕ ਹੋਵੇ ਧੁਰ ਦਾ ਸਗਣਾ, ਸਗਲ ਮਨੋਰਥ ਪੂਰ ਕਰਾਈਆ । ਦੂਈ ਦਵੈਤੀ ਢਾਹ ਦੇ ਕੰਧਣਾ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਭੇਵ ਆਪ ਖੁਲਾਈਆ । ਪਹਿਲੀ ਚੇਤ ਕਹੇ ਤੇਈ ਅਵਤਾਰ ਧਰੋ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਵੇਖੋ ਖੇਲ ਸ੍ਰੀ ਭਗਵਾਨ, ਕੀ ਕਰਤਾ ਕਾਰ ਕਮਾਈਆ । ਪੈਗ਼ੰਬਰ ਹੋਵੇ ਸਵਾਧਾਨ, ਮੂਸਾ ਈਸਾ ਮੁਹੰਮਦ ਲਵੇ ਅੰਗੜਾਈਆ । ਜੋ ਨਾਨਕ ਸੰਦੇਸਾ ਸਤਿਗੁਰ ਸ਼ਬਦ ਦਿਤਾ ਜਹਾਨ, ਨਿਸ਼ਅੱਖਰ ਅੱਖਰਾਂ ਨਾਲ ਸਮਝਾਈਆ । ਜਿਸ ਨੂੰ ਗੁਰ ਗੋਬਿੰਦ ਕੀਤਾ ਪ੍ਰਵਾਨ, ਆਪ ਆਪਣੇ ਵਿਚ ਟਿਕਾਈਆ । ਉਸ ਦਾ ਲਹਿਣਾ ਦੇਣਾ ਜ਼ਿਮੀਂ ਅਸਮਾਨ, ਦੋ ਜਹਾਨ ਵੇਖਣ ਚਾਈਂ ਚਾਈਂਆ । ਢਾਕੇ ਦੀ ਧਰਤੀ ਲਓ ਪਹਿਚਾਨ, ਬੇਪਹਿਚਾਨ ਹੋ ਕੇ ਅੱਖ ਖੁਲਾਈਆ । ਜਿਸ ਦਾ ਵਕਤ ਸੁਹੰਜਣਾ ਪਹੁੰਚਿਆ ਆਣ, ਸੰਮਤ ਸ਼ਹਿਨਸ਼ਾਹੀ ਦਸ ਨਾਲ ਵਡਿਆਈਆ । ਜਿਸ ਦਾ ਮਾਲਕ ਖ਼ਾਲਕ ਇਕੋ ਹੋਏ ਪ੍ਰਧਾਨ, ਸ੍ਰੀ ਭਗਵਾਨ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਪਹਿਲੀ ਚੇਤ ਕਹੇ ਤੇਈ ਅਵਤਾਰ ਆਓ ਨੱਠ, ਧਰਨੀ ਢਾਕੇ ਵਾਲੀ ਵਾਹੋ ਦਾਹੀਆ । ਪੈਗ਼ੰਬਰ ਆਪਣਾ ਛਡੋ ਹੱਠ, ਪਿਛਲਾ ਲੇਖਾ ਪਰਵਰਦਿਗਾਰ ਦੀ ਝੋਲੀ ਪਾਈਆ । ਜੋ ਸਤਿਗੁਰ ਨਾਨਕ ਗਿਆ ਦੱਸ, ਦਹਿ ਦਿਸ਼ਾ ਕਰ ਸ਼ਨਵਾਈਆ । ਓਸ ਨੂੰ ਮਨਜ਼ੂਰ ਕਰੋ ਹੱਸ ਹੱਸ, ਹਸਤੀ ਤੱਕੋ ਨੂਰ ਅਲਾਹੀਆ । ਜਿਸ ਦਾ ਕਲਮਿਆਂ ਵਿਚ ਕਾਇਨਾਤ ਗਾਇਆ ਜਸ, ਹਰਫ਼ ਹਰੂਫ਼ਾਂ ਨਾਲ ਸਿਫ਼ਤ ਸਲਾਹੀਆ । ਸੋ ਸਾਹਿਬ ਸੁਲਤਾਨਾਂ ਨੌਜਵਾਨਾ ਸ੍ਰੀ ਭਗਵਾਨਾ ਜਿਸ ਦੇ ਸਭ ਕੁਛ ਵਸ, ਵਾਸਤਾ ਸਭ ਦੇ ਨਾਲ ਰਖਾਈਆ । ਭੇਵ ਅਭੇਦਾ ਅਛਲ ਅਛੇਦਾ ਜੋ ਬਿਨ

ਅੱਖਰਾਂ ਰਿਹਾ ਦੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਚੇਤ ਕਹੇ ਤੇਈ ਅਵਤਾਰ ਵੇਖੇ ਆਪਣਾ ਵਕਤ ਸੁਹਾਵਾ, ਸੋਹਣੀ ਮਿਲੇ ਵਡਿਆਈਆ । ਪੈਗ਼ੰਬਰੋ ਜੋ ਪੇਸ਼ੀਨਗੋਈਆਂ ਦਾ ਕੀਤਾ ਦਾਅਵਾ, ਸਦੀ ਚੌਧਵੀਂ ਬੀਸਵੀਂ ਨਾਲ ਮਿਲਾਈਆ । ਉਸ ਦੇ ਲੇਖੇ ਵਾਸਤੇ ਬਿਨਾ ਬਾਹਵਾਂ ਤੋਂ ਉਠਾ ਲਓ ਬਾਹਵਾਂ, ਬਿਨਾ ਹੱਥਾਂ ਹੱਥ ਉਠਾਈਆ । ਜਿਸ ਦਾ ਸਤਿਗੁਰ ਧਾਰ ਨਾਨਕ ਅਗੰਮਾ ਨਾਵਾਂ, ਨਾਉਂ ਨਿਰੰਕਾਰ ਗਿਆ ਸਮਝਾਈਆ । ਜਿਸ ਨੂੰ ਸ਼ਰਅ ਵਾਲੇ ਕਰ ਨਾ ਸਕੇ ਨਿਥਾਵਾਂ, ਥਾਨ ਥਨੰਤਰ ਆਪਣੇ ਦਏ ਵਡਿਆਈਆ । ਜਿਸ ਦਾ ਲੇਖਾ ਜਨ ਭਗਤਾਂ ਨਾਲ ਜਿਉਂ ਪੁੱਤਰਾਂ ਮਾਵਾਂ, ਪਿਤਾ ਪੂਤ ਆਪਣੇ ਗਲੇ ਲਗਾਈਆ । ਜਿਸ ਧਰਮ ਦਾ ਤੱਕੜ ਤੋਲਿਆ ਸਾਂਵਾਂ, ਦੂਜੀ ਵੰਡ ਨਾ ਕੋਇ ਵੰਡਾਈਆ । ਜੋ ਹੰਸ ਬਣਾਵੇ ਕਾਂਵਾਂ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਜੋ ਨੌਂ ਖੰਡ ਪ੍ਰਿਥਮੀ ਫਿਰੇ ਗਰਾਵਾਂ, ਭੱਜੇ ਵਾਹੋ ਦਾਹੀਆ । ਗ਼ਰੀਬ ਨਿਮਾਣਿਆਂ ਦੇਵੇ ਛਾਂਵਾਂ, ਸਿਰ ਆਪਣਾ ਹੱਥ ਟਿਕਾਈਆ । ਪਹਿਲੀ ਚੇਤ ਕਹੇ ਮੈਂ ਉਸ ਦਾ ਹੁਕਮ ਸੁਣਾਵਾਂ, ਜਿਸ ਨੂੰ ਤੁਸੀਂ ਕਹਿੰਦੇ ਨੂਰ ਅਲਾਹੀਆ । ਤੁਸਾਂ ਆਉਣਾ ਨਾਲ ਚਾਵਾਂ, ਭੱਜਣਾ ਵਾਹੋ ਦਾਹੀਆ । ਪੈਗ਼ੰਬਰੋ ਰਸੂਲੋ ਸਭ ਨੇ ਮਿਲਣਾ ਵਾਂਗ ਭਰਾਵਾਂ, ਸ਼ਰਅ ਦੀ ਵੰਡ ਰਹੇ ਨਾ ਰਾਈਆ । ਮੈਂ ਓਸ ਤੋਂ ਬਲ ਬਲ ਜਾਵਾਂ, ਜਿਸ ਨੂੰ ਬ੍ਰਹਿਮੰਡ ਖੰਡ ਸੀਸ ਨਿਵਾਈਆ । ਓਸੇ ਦੇ ਅਗੇ ਵਾਸਤਾ ਪਾਵਾਂ, ਜੋ ਸਭ ਦਾ ਪਿਤਾ ਮਾਈਆ । ਉਸੇ ਦਾ ਦਿਤਾ ਪੀਵਾਂ ਖਾਵਾਂ, ਜੋ ਦੇਵਣਹਾਰ ਰਿਜ਼ਕ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪਹਿਲੀ ਚੇਤ ਕਹੇ ਪੈਗ਼ੰਬਰੋ ਅਜ਼ੂ ਅਜ਼ ਮਜ਼ੀ ਚਸ਼ਮੇ ਨਵਾ ਨੂਰੇ ਖ਼ੁਦਾ ਬਹਿਸਤੁਲ ਵਜ਼ੀਉਲ ਕਾਮੀਜਲ ਨਵੀ ਤਾਅਮ



ਮਉਲ ਜਾਗੁਸਤੇ ਜ਼ਵਾ ਤੌਫ਼ੀਕੇ ਬੇਹਜੁਲ ਲਾ ਹਮ ਮਾ ਪੀ ਤਮਮੋ ਜਾਗੁਸਤੇ ਜ਼ਵਾ ਤੌਫ਼ੀਕੇ ਬੇਹਜ਼ਲ ਲਾ ਹਮ ਮਹਾ ਜ਼ੀ ਤਖੁਸਤੇ ਨਵਅਮ ਮਾਦਾ ਤੋਬਲ ਜ਼ਬੰ ਮਸਤੀਵਲਾ ਮਦੀਨਾ ਜ਼ੁਕੂ ਕਾਅਬੇ ਵਜ਼ੀਹ ਵਹੀਉਲ ਨੁਜ਼ਾ ਨੂਜ਼ੇ ਮੁਜ਼ਾ ਮੁਹੰਮਦੇ ਨਵਾ ਗੋਸ਼ੇ ਖ਼ੁਦਾ ਮੁਬਿਸਤੀ ਅਬੁਸਤੁਲ ਜ਼ਾਹਮ ਮਹਲ ਨਾਨਕੇ ਰੁਜ਼ੂ ਗੋਬਿੰਦੇ ਤਲੂਹ ਆਫ਼ਤਾਬੇ ਰਬੀ ਤਵਖਤਮ ਬਵਖ਼ਤਮ ਕਲੀਬੁਲ ਜਹੁੰਮਲ ਲਵਾ ਚਾਸ਼ੇ ਮਸੂ ਮਸਤਾ ਦੁਆਏ ਦੁਅਸਤ ਅਸਮਾਨੇ ਜ਼ਮਾਨੇ ਅਰਸ਼ੇ ਫ਼ਰਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਚੇਤ ਕਹੇ ਮੇਰੀ ਨਮੋ ਨਮੋ ਡੰਡਾਵਤ, ਸਜਦਾ ਇਕੋ ਸੀਸ ਨਿਵਾਈਆ । ਮੇਰੀ ਸਭ ਨੂੰ ਨਾਨਕ ਸ਼ਾਹੀ ਗੁਰੂਦਵਾਰੇ ਵਿਚ ਦਾਅਵਤ, ਦਰਗਾਹ ਸਾਚੀ ਸਭ ਨੇ ਆਉਣਾ ਚਾਈਂ ਚਾਈਆ । ਜਿਥੇ ਇਕੋ ਪੁਰਖ ਅਕਾਲ ਦੇ ਨਾਮ ਦੀ ਮਿਲੇ ਨਿਆਮਤ, ਜਗਤ ਰਸਨਾ ਰਸ ਨਾ ਕੋਇ ਵਡਿਆਈਆ । ਸਾਰੇ ਮਿਲ ਕੇ ਛਡੋ ਬਗ਼ਾਵਤ, ਝਗੜਾ ਸ਼ਰਅ ਨਾ ਕੋਇ ਵਖਾਈਆ । ਸਭ ਦੀ ਇਕੋ ਇਕ ਸਦਾਕਤ, ਸਦਾ ਇਕੋ ਨਾਮ ਬਾਂਗ ਦ੍ਰਿੜਾਈਆ । ਬਿਨਾ ਨਾਮ ਕਲਮੇ ਤੋਂ ਦੂਸਰ ਅਵਰ ਨਾ ਕੋਇ ਜ਼ਮਾਨਤ, ਲੇਖਾ ਪਿਛਲਾ ਵੇਖ ਵਖਾਈਆ । ਇਕੋ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਬੇਪਰਵਾਹ ਪਰਮ ਪੁਰਖ ਸਹੀ ਸਲਾਮਤ, ਆਦਿ ਜੁਗਾਦਿ ਜੋ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਆਪਣਾ ਭੇਵ ਚੁਕਾਈਆ । ਪਹਿਲੀ ਚੇਤ ਕਹੇ ਮੇਰਾ ਵਕਤ ਸੁਹਾਵਾ ਆਜ, ਪੁਰਖ ਅਕਾਲ ਦਏ ਵਡਿਆਈਆ । ਜੋ ਜੁਗ ਚੌਕੜੀ ਜਾਣੇ ਧੁਰ ਦਾ ਕਾਜ, ਕਰਨੀ ਦਾ ਕਰਤਾ ਅਗੰਮ ਅਥਾਹੀਆ । ਜਿਸ ਲੱਖ ਚੁਰਾਸੀ ਸਾਜਣ ਲਿਆ ਸਾਜ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜੋ ਜੀਵ ਜੰਤ ਚਲਾਏ ਜਹਾਜ਼, ਨਾਮ

ਬੇੜਾ ਇਕ ਅਖਵਾਈਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਵੇਖਣਹਾਰਾ ਦੀਨ ਦੁਨੀ ਸਮਾਜ, ਵਰਨਾਂ ਬਰਨਾਂ ਖੋਜ ਖੁਜਾਈਆ । ਜਨ ਭਗਤਾਂ ਕਰੇ ਵਡ ਵਡਭਾਗ, ਸਿਰ ਸਿਰ ਦੇਵੇ ਮਾਣ ਵਡਿਆਈਆ । ਜਿਸ ਸਤਿਗੁਰ ਨਾਨਕ ਸ਼ਬਦੀ ਧਾਰ ਬਖ਼ਸ਼ਿਆ ਤਾਜ, ਤਖ਼ਤ ਨਿਵਾਸੀ ਹੋਏ ਸਹਾਈਆ । ਸੋ ਅੰਤ ਕੰਤ ਭਗਵੰਤ ਰੱਖਣਹਾਰਾ ਲਾਜ, ਜੋਤੀ ਜਾਤਾ ਵਡ ਵਡਿਆਈਆ । ਜਗਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬੁਝਾਏ ਆਗ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪਹਿਲੀ ਚੇਤ ਕਹੇ ਮੇਰਾ ਸੰਦੇਸ਼ਾ ਅਪਰ ਅਪਾਰ, ਅਪਰੰਪਰ ਸਵਾਮੀ ਰਿਹਾ ਜਣਾਈਆ । ਕਲਜੁਗ ਕੂੜ ਕੁੜਿਆਰਾ ਰਹੇ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੀ ਦੇਣ ਗਵਾਹੀਆ । ਸਤਿ ਧਰਮ ਦਾ ਸਤਿ ਹੋਵੇ ਪ੍ਰਚਾਰ, ਸਤਿ ਸਤਿਵਾਦੀ ਸ਼ਬਦ ਅਨਾਦੀ ਆਪ ਜਣਾਈਆ । ਕੁਦਰਤ ਦਾ ਕਾਦਰ ਕਰਨੀ ਦਾ ਕਰਤਾ ਵੇਖੇ ਵਿਗਸੇ ਵੇਖਣਹਾਰ, ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਆਪਣੀ ਖੇਲ ਖਿਲਾਈਆ । ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਸਾਂਝਾ ਯਾਰ, ਮਿਤਰ ਪਿਆਰਾ ਭੇਵ ਅਭੇਦਾ ਦਏ ਖੁਲਾਈਆ । ਨੌ ਖੰਡ ਸੱਤ ਦੀਪ ਏਕਾ ਚਲੇ ਧਾਰ, ਧਰਨੀ ਧਰਤ ਧਵਲ ਧੌਲ ਵੱਜਦੀ ਰਹੇ ਵਧਾਈਆ । ਆਪ ਬਣ ਕੇ ਸਭ ਦਾ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਭਗਤ ਸੰਤ ਸੁਹੇਲੇ ਲਏ ਉਭਾਰ, ਗੁਰਮੁਖ ਗੁਰ ਗੁਰ ਆਪਣੀ ਗੋਦ ਟਿਕਾਈਆ । ਸਭ ਦੇ ਭਾਂਡੇ ਤਨ ਵਜੂਦਾਂ ਕਰੇ ਸਾਫ਼ ਕਰਤਾਰ, ਕੁਦਰਤ ਕਾਦਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਚੇਤ ਕਹੇ ਮੇਰਾ ਵਕਤ ਸੁਹੰਜਣਾ ਆਇਆ, ਸਤਿਗੁਰ ਸ਼ਬਦ ਦਏ ਵਡਿਆਈਆ । ਜਿਸ ਆਦਿ ਜੁਗਾਦੀ ਖੇਲ ਰਚਾਇਆ, ਜੁਗ ਜੁਗ ਵੇਖ ਵਖਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਪੰਧ ਮੁਕਾਇਆ, ਭੱਜੇ ਵਾਹੋ ਦਾਹੀਆ । ਸੋ ਕਲਜੁਗ ਅੰਤਮ ਲੇਖਾ ਲਏ ਲਗਾਇਆ, ਲੇਖੇ ਵਾਲਾ ਧੁਰ ਦਾ ਮਾਹੀਆ । ਜਿਸ ਦਾ ਇਕੋ ਨੂਰ ਜੋਤ ਰੁਸ਼ਨਾਇਆ, ਨੂਰ ਨੁਰਾਨਾ ਡਗਮਗਾਈਆ । ਜੋ ਅਵਤਾਰ ਪੈਗ਼ੰਬਰ ਸਤਿਗੁਰ ਗੁਰੂ ਰੂਪ ਅਖਵਾਇਆ, ਸਰਗੁਣ ਆਪਣਾ ਡੰਕ ਵਜਾਈਆ । ਉਹ ਵੇਖਣਹਾਰਾ ਖੇਲ ਸੁਬਾਇਆ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫੋਲ ਫੁਲਾਈਆ । ਜਿਸ ਨਾਨਕ ਸ਼ਾਹੀ ਗੁਰਦਵਾਰਾ ਧਾਮ ਸੁਹਾਇਆ, ਸਤਿਗੁਰ ਨਾਨਕ ਮਿਲ ਕੇ ਵੱਜੇ ਵਧਾਈਆ । ਉਹ ਭਗਤਾਂ ਮੇਲਾ ਮੇਲੇ ਕਾਇਆ ਮੰਦਰ ਅੰਦਰ ਜੋੜ ਜੁੜਾਇਆ । ਸੁਰਤ ਸ਼ਬਦ ਸ਼ਬਦ ਨਾਲ ਸਮਾਈਆ । ਆਤਮ ਪਰਮਾਤਮ ਕਰੇ ਰੁਸ਼ਨਾਇਆ, ਨੂਰ ਨੁਰਾਨਾ ਡਗਮਗਾਈਆ । ਬਜਰ ਕਪਾਟੀ ਤੋੜ ਤੁੜਾਇਆ, ਤ੍ਰੈਗੁਣ ਲੇਖਾ ਦਏ ਮਿਟਾਈਆ । ਨਿਝਰ ਅੰਮ੍ਰਿਤ ਰਸ ਦਏ ਚੁਆਇਆ, ਬੂੰਦ ਸਵਾਂਤ ਨਾਭ ਕਵਲ ਉਲਟਾਈਆ । ਵਾਹਵਾ ਵਹਿਗੁਰੂ ਕਰ ਕੇ ਜਿਸ ਨੂੰ ਸਭ ਨੇ ਗਾਇਆ, ਸੋ ਹੋਵੇ ਆਪ ਸਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਡਗਮਗਾਇਆ, ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਨਜ਼ਰ ਕਿਸੇ ਨਾ ਆਈਆ । ਜਿਸ ਹਕ ਪੈਗਾਮ ਪੈਗ਼ੰਬਰਾਂ ਇਕ ਸੁਣਾਇਆ, ਵਹੀ ਨਾਜ਼ਲ ਸ਼ਬਦ ਰੂਪ ਸਮਝਾਈਆ । ਨਬੀਆਂ ਕਲਮਾ ਰਸੂਲਾਂ ਸੰਗ ਪੜ੍ਹਾਇਆ, ਆਇਤ ਸ਼ਰਾਇਤ ਸ਼ਰਅ ਵਾਲੀ ਦ੍ਰਿੜਾਈਆ । ਸੋ ਅਮਾਮ ਅਮਾਮਾ ਵੇਸ ਅਵੱਲੜਾ ਆਪ ਵਟਾਇਆ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਵੇਦ ਵਿਆਸਾ ਲੇਖਾ ਲਹਿਣਾ ਝੋਲੀ ਦੇਵੇ ਪਾਇਆ, ਬ੍ਰਹਿਮਣ ਗੌੜਾ ਆਪਣੀ ਕਾਰ ਕਮਾਈਆ । ਜਿਸ ਦਾ ਗੁਰ ਗੋਬਿੰਦ ਸਿੰਘ ਖੰਡਾ ਖੜਗ ਖੜਕਾਇਆ, ਚੰਡ ਪ੍ਰਚੰਡ ਰੂਪ ਜਣਾਈਆ । ਜਿਸ ਚਾਰ ਵਰਨ ਸਿਰ


੧੬੭੯
੨੩

ਸੀਸ ਛਤਰ ਝੁਲਾਇਆ, ਪੰਥ ਖ਼ਾਲਸਾ ਰੰਗ ਰੰਗਾਈਆ । ਜਿਸ ਮਾਛੂਵਾੜੇ ਸਥਰ ਯਾਰ ਹੰਡਾਇਆ, ਸੋਹਣੀ ਸੇਜ ਸੁਹਾਈਆ । ਉਹ ਕਲਜੁਗ ਅੰਤਮ ਕੂੜੀ ਕਿਰਿਆ ਕਰੇ ਸਫ਼ਾਇਆ, ਮਲੇਛ ਰਹਿਣ ਕੋਇ ਨਾ ਪਾਈਆ । ਪਹਿਲੀ ਚੇਤ ਕਹੇ ਮੈਂ ਲੱਖ ਲੱਖ ਢਾਕੇ ਵਿਚ ਸ਼ੁਕਰ ਮਨਾਇਆ, ਬੰਗਲਾ ਦੇਸ਼ ਮੇਰੀ ਵੱਜਦੀ ਰਹੇ ਵਧਾਈਆ । ਸਿਰ ਮੇਰੇ ਉਤੇ ਪੁਰਖ ਅਕਾਲ ਦਾ ਰਹੇ ਸਾਇਆ, ਸਤਿਗੁਰ ਸ਼ਬਦ ਨਾਲ ਹੋਵੇ ਕੁੜਮਾਈਆ । ਹਰਿਜਨ ਸਾਚਾ ਪ੍ਰਭ ਸਾਚੇ ਲੇਖੇ ਲਵੇ ਪਾਇਆ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ । ਪਹਿਲੀ ਚੇਤ ਕਹੇ ਮੈਂ ਓਸ ਅਕਾਲ ਦੀਨ ਦਿਆਲ ਬਿਨਾ ਸੀਸ ਤੋਂ ਸੀਸ ਨਿਵਾਇਆ, ਨਿਮਸਕਾਰ ਡੰਡਾਵਤ ਬੰਦਨਾ ਸਜਦਾ ਕਰ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਆਪਣੇ ਵਿਚੋਂ ਆਪ ਪ੍ਰਗਟਾਈਆ ।

✪ ੧ ਚੇਤ ਸ਼ਹਿਨਸ਼ਾਹੀ ਸੰਮਤ ਦਸ ਗੁਰੂਦਵਾਰਾ ਨਾਨਕ ਸ਼ਾਹੀ ਢਾਕਾ ਬੰਗਲਾ ਦੇਸ਼ ਵਕੀਲ ਅਜ਼ੀਜ਼ੁਰ ਰਹਿਮਾਨ ਤੇ ਮੌਲਾਨਾ ✪

ਵਾਹਿਦੇ ਨੂਰ ਯਕ ਅਲਾਹ, ਆਲਮੀਨ ਅਖਵਾਈਆ । ਮਿਹਰਵਾਂ ਮਹਿਬੂਬ ਬੇਪਰਵਾਹ, ਜਲਵਾਗਰ ਦਰਗਾਹ ਸਾਚੀ ਸ਼ਹਿਨਸ਼ਾਹੀਆ । ਕਾਇਨਾਤ ਦੀਨ ਦੁਨੀ ਮਲਾਹ, ਬੇੜਾ ਚੌਦਾਂ ਤਬਕ ਚਲਾਈਆ । ਜਿਸ ਦੀ ਪੈਗ਼ੰਬਰ ਰਸੂਲ ਮੰਨਣ ਰਜ਼ਾ, ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਪਰਵਰਦਿਗਾਰੇ ਹਕ ਯਾਰੇ ਖ਼ੁਦਾ, ਮੁਕਾਮੇ ਹਕ ਹਕ ਡੇਰਾ ਲਾਈਆ । ਤਿਸ ਅਗੇ ਮੁਹੱਬਤ ਵਾਲੀ ਦੁਆ, ਮਹਿਬਾਨ ਬੀਦੋ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧੁਰ ਮਾਲਕ ਇਕ ਰਹੀਮ, ਰਹਿਮਾਨ ਵਡ ਵਡਿਆਈਆ । ਜੋ ਕੁਦਰਤ ਕਾਦਰੇ ਕਰੀਮ, ਕਰਤਾ ਪੁਰਖ ਅਗੰਮ ਅਥਾਹੀਆ । ਜਿਸ ਦਾ ਖੇਲ ਆਲੀਸ਼ਾਨ ਅਜ਼ੀਮ, ਆਲੀਜਾਹ ਵਡ ਵਡਿਆਈਆ । ਜਿਸ ਦੀ ਕਲਮਿਆ ਵਾਲੀ ਹਕ ਤਾਲੀਮ, ਸਿਫ਼ਤ ਸਲਾਹ ਆਇਤ ਸ਼ਰਾਇਤ ਵਿਚ ਜਣਾਈਆ । ਉਹ ਮਾਲਕ ਖ਼ਾਲਕ ਆਦਿ ਕਦੀਮ, ਅੰਤ ਅੰਤ ਨੂਰ ਅਲਾਹੀਆ । ਜਿਸ ਦਾ ਲੇਖਾ ਖੇਲ ਅਸਮਾਂ ਜ਼ਮੀਨ, ਜ਼ਿਮੀਂ ਜ਼ਮਾਂ ਧਿਆਨ ਲਗਾਈਆ । ਤਿਸ ਨੂੰ ਸਜਦਾ ਇਕ ਆਮੀਨ, ਜੋ ਕਾਮਲ ਮੁਰਸ਼ਦ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਹਕ ਖ਼ੁਦਾ ਕੁਦਰਤੇ ਮਹਿਬੂਬ, ਮੁਹੱਬਤ ਇਕ ਦ੍ਰਿੜ੍ਹਾਈਆ । ਜਿਸ ਦਾ ਆਲੀਸ਼ਾਨ ਅਰਸ਼ ਅਰੂਜ, ਫ਼ਰਸ਼ੇ ਜ਼ਿਮੀਂ ਜ਼ਮਾਂ ਵੇਖ ਵਖਾਈਆ । ਜਿਸ ਦੇ ਫ਼ਰਮਾਨ ਵਿਚ ਸਾਰੇ ਮਹਿਫ਼ੂਜ਼, ਪੁਸ਼ਤ ਪਨਾਹ ਸਭ ਦੀ ਹੱਥ ਰਖਾਈਆ । ਉਸ ਦਾ ਭੇਵ ਅਭੇਦਾ ਸਕੇ ਕੋਈ ਨਾ ਬੂਝ, ਅਕਲ ਬੁਧੀ ਨਾ ਕੋਇ ਚਤੁਰਾਈਆ । ਓਹ ਸਦਾ ਸਦਾਕਤ ਵਿਚ ਰਫ਼ਾਕਤ ਵਿਚ ਮੇਟਣਹਾਰਾ ਦੂਜ, ਏਕ ਏਕਾ ਰੰਗ ਰੰਗਾਈਆ । ਜਿਸ ਦੀ ਮੰਜ਼ਲ ਹਕ ਮਕਸੂਦ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੀ ਸਿਫ਼ਤ ਕਰੇ ਹਜਾਰਾ ਦਰੂਦ, ਅਲਿਫ਼ ਯੇ ਨਾਲ ਵਡਿਆਈਆ । ਜੋ ਪਾਕ ਕਰਨ ਵਾਲਾ ਤਨ ਕਲਬੂਤ, ਰੂਹ ਨੂਰੇ ਨੂਰ ਚਸ਼ਮ ਚਸ਼ਮ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ ।

੧੬੮੧
੨੩

## ੧ ਚੇਤ ਸ਼ਹਿਨਸ਼ਾਹੀ ਸੰਮਤ ਦਸ ਨਾਨਕ ਸ਼ਾਹੀ ਗੁਰੂਦਵਾਰਾ ਢਾਕਾ ਬੰਗਲਾ ਦੇਸ ਰਾਤ ਨੂੰ

ਪਹਿਲੀ ਚੇਤ ਕਹੇ ਜਨ ਭਗਤੋ ਤੁਹਾਡੀ ਸਾਹਿਬ ਕਰੇ ਪ੍ਰਦਖਣਾ, ਪ੍ਰਤੱਖ ਆਪਣੀ ਦਇਆ ਕਮਾਈਆ । ਪੁਰਖ ਅਕਾਲ ਦੇ ਦਰ ਤੋਂ ਰਹੇ ਕੋਈ ਨਾ ਸੱਖਣਾ, ਖ਼ਾਲੀ ਝੋਲੀ ਸਰਬ ਭਰਾਈਆ । ਨਾਮ ਰਸ ਖਵਾਵੇ ਧੁਰ ਦਾ ਮੱਖਣਾ, ਜਿਸ ਦੀ ਕਾਹਨ ਦਏ ਗਵਾਹੀਆ । ਜਿਸ ਤੁਹਾਡੇ ਸਿਰ ਤੇ ਹੱਥ ਰੱਖਣਾ, ਘਰ ਘਰ ਹੋਏ ਸਹਾਈਆ । ਅੰਤਮ ਕਲਜੁਗ ਤੁਹਾਡਾ ਫਲ ਪੱਕਣਾ, ਕੱਚਾ ਲਾਹ ਸਕੇ ਕੋਇ ਨਾ ਰਾਈਆ । ਜਿਸ ਦਾ ਖੇਲ ਜਗਤ ਜਹਾਨ ਮਦੀਨਾ ਮੱਕਣਾ, ਕਾਅਬਿਆਂ ਖੋਜ ਖੁਜਾਈਆ । ਉਹ ਲੇਖਾ ਜਾਣੇ ਬੂਰੇ ਕੱਕਣਾ, ਹਜ਼ਰਤ ਈਸਾ ਮੂਸਾ ਸੰਗ ਮਿਲਾਈਆ । ਉਸ ਦਾ ਧਰਮ ਧਾਰ ਦਾ ਇਕੋ ਬਚਨਾ, ਜੋ ਸਤਿਗੁਰ ਨਾਨਕ ਗੋਬਿੰਦ ਜੋਤ ਕਰੇ ਰੁਸ਼ਨਾਈਆ । ਜਿਸ ਤੁਹਾਡਾ ਤਨ ਬਣਾਉਣਾ ਕਾਇਆ ਕਚਨਾ, ਸਚ ਗੜ੍ਹ ਦਏ ਸੁਹਾਈਆ । ਇਕੋ ਦਵਾਰਾ ਦੱਸੇ ਪਤਣਾ, ਘਾਟ ਇਕੋ ਇਕ ਵਖਾਈਆ । ਜਿਥੇ ਨੂਰ ਨੁਰਾਨਾ ਦੀਪਕ ਜਗਣਾ, ਜੋਤੀ ਜਾਤਾ ਡਗਮਗਾਈਆ । ਸ਼ਬਦ ਅਨਾਦੀ ਵੱਜੇ ਨੱਦਨਾ, ਧੁਨ ਆਤਮਕ ਰਾਗ ਸੁਣਾਈਆ । ਤੁਸਾਂ ਅੰਮ੍ਰਿਤ ਰਸ ਨਿਝਰ ਪੀ ਪੀ ਰੱਜਣਾ, ਦੋ ਜਹਾਨਾਂ ਤ੍ਰਿਖਾ ਮਿਟਾਈਆ । ਤੁਹਾਡੀ ਕਬੂਲ ਹੋਵੇ ਦੂਰ ਦੁਰਾਡਿਆਂ ਬੈਠਿਆਂ ਬੰਦਨਾ, ਬੰਦਗੀ ਆਪਣੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਪਹਿਲੀ ਚੇਤ ਕਹੇ ਜਨ ਭਗਤੋ ਤੁਹਾਡਾ ਸਵਾਮੀ ਸਾਹਿਬ ਆਦਿ, ਆਦਿ ਪੁਰਖ ਇਕ ਅਖਵਾਈਆ । ਜਿਸ ਦਾ ਖੇਲ ਜੁਗ ਜੁਗਾਦਿ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਜੋ ਸ਼ਬਦ ਅਗੰਮੀ ਵਜਾਏ ਨਾਦ, ਦੋ ਜਹਾਨ ਕਰੇ ਸ਼ਨਵਾਈਆ । ਜੋ ਨਿਰਗੁਣ ਸਰਗੁਣ ਅਵਤਾਰ ਪੈਗ਼ੰਬਰ ਗੁਰੂਆਂ ਦੇਵੇ ਦਾਦ, ਵਸਤ ਨਾਮ ਅਮੁਲ ਅਤੁਲ ਆਪ ਵਰਤਾਈਆ । ਭੇਵ ਖੁਲਾ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਹਰਿਜਨ ਬਣਾ ਕੇ ਸਚ ਦੇ ਸਾਧ, ਸਾਧਨਾ ਆਪਣਾ ਹੁਕਮ ਸਮਝਾਈਆ । ਜਨ ਭਗਤਾਂ ਅੰਦਰੋਂ ਕੱਢ ਕੇ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਦਏ ਦਰਸਾਈਆ । ਜਗਤ ਜਹਾਨ ਵਿਚੋਂ ਖੋਲ ਕੇ ਜਾਗ, ਨਿਜ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਮਾਤਲੋਕ ਬਣਾਏ ਵਡ ਵਡਭਾਗ, ਵਡਭਾਗੀ ਆਪਣੀ ਦਇਆ ਕਮਾਈਆ । ਘਰ ਦੀਪਕ ਜੋਤ ਜਗਾਏ ਚਰਾਗ਼, ਅੰਧ ਅੰਧੇਰ ਮਿਟਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਾਪਾਂ ਕਰੇ ਸਫ਼ਾਈਆ । ਹੰਸ ਰੂਪ ਬਦਲਾ ਕੇ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸ਼ਬਦੀ ਸ਼ਬਦ ਮਾਰ ਕੇ ਆਵਾਜ਼, ਸੁੱਤਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਪਹਿਲੀ ਚੇਤ ਕਹੇ ਜਨ ਭਗਤੋ ਤੁਹਾਡਾ ਸੁਹਾਏ ਭਗਤ ਦਵਾਰ, ਦਵਾਰਕਾ ਵਾਸੀ ਜਿਥੇ ਧਿਆਨ ਲਗਾਈਆ । ਜਿਥੇ ਰਾਮ ਰਾਮਾ ਕਰੇ ਵਿਚਾਰ, ਵਿਚਰਨ ਦੀ ਲੋੜ ਨਾ ਕੋਇ ਸਮਝਾਈਆ । ਪੈਗ਼ੰਬਰ ਕਰਨ ਇਜ਼ਹਾਰ, ਹਜ਼ਰਤ ਈਸਾ ਮੂਸਾ ਮੁਹੰਮਦ ਢੋਲੇ ਗਾਈਆ । ਨਾਨਕ ਨਿਰਗੁਣ ਧਾਰ ਗੋਬਿੰਦ ਬੋਲ ਜੈਕਾਰ, ਡੰਕਾ ਫ਼ਤਿਹ ਫ਼ਤਿਹ ਸੁਣਾਈਆ । ਪੁਰਖ ਅਕਾਲਾ ਬਣ ਕੇ ਸਾਂਝਾ ਯਾਰ, ਵੇਖਣਹਾਰਾ ਚਾਈਂ ਚਾਈਂਆ । ਤੁਹਾਡਾ ਆਤਮ ਧਾਰ ਨਾ ਭੁਲੇ ਪਿਆਰ, ਪ੍ਰੀਤਮ ਹੋ ਕੇ ਵੇਖ ਵਖਾਈਆ । ਬੇਸ਼ਕ ਢਾਕੇ ਦੀ ਧਰਤੀ ਜੋ ਕਰਦੀ ਰਹੀ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਉਸ ਦਾ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਲੇਖਾ ਪੂਰਬ ਝੋਲੀ ਪਾਈਆ । ਤੁਹਾਡੇ ਪ੍ਰੇਮ ਦੀ ਵਜਦੀ ਰਹੇ ਸਿਤਾਰ, ਜੋ ਤੂੰਹੀ ਤੂੰਹੀ ਰਾਗ ਸੁਣਾਈਆ । ਤੁਸਾਂ ਰਹਿਣਾ ਖ਼ਬਰਦਾਰ,

ਬੇਖ਼ਬਰੋ ਖ਼ਬਰ ਦ੍ਰਿੜਾਈਆ । ਸੰਮਤ ਸ਼ਹਿਨਸ਼ਾਹੀ ਦਸ ਦਸ ਦਾ ਵਿਵਹਾਰ, ਦਹਿ ਦਿਸ਼ਾ ਰਿਹਾ ਜਣਾਈਆ । ਕਿਰਪਾ ਕਰੇ ਆਪ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਜੋ ਭਗਤ ਸੁਹੇਲਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਚੇਤ ਕਹੇ ਮੇਰਾ ਸੰਦੇਸ਼ਾ ਇਕੋ ਇਕ, ਇਕੋ ਵਾਰ ਜਣਾਈਆ । ਜਨ ਭਗਤਾਂ ਪੂਰੀ ਹੋਵੇ ਸਿਕ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਤੁਹਾਡਾ ਮਿਲੇ ਸਵਾਮੀ ਮਿਤ, ਮਿਤ੍ਰ ਪਿਆਰਾ ਦਇਆ ਕਮਾਈਆ । ਸਾਂਝਾ ਰੱਖੇ ਹਿਤ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਬਿਨ ਜਗਤ ਨੇਤਰਾਂ ਪਏ ਦਿਸ, ਜਗਤ ਲੋਚਣ ਕਰ ਰੁਸ਼ਨਾਈਆ । ਸਚ ਸੁਹੰਜਣੀ ਹੋਵੇ ਥਿਤ, ਘੜੀ ਪਲ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪਹਿਲੀ ਚੇਤ ਕਹੇ ਕਿਰਪਾ ਕਰੇ ਆਪ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਜਨ ਭਗਤਾਂ ਪੈਜ ਦਏ ਸਵਾਰ, ਮਾਨਸ ਜਨਮ ਲੇਖੇ ਲਾਈਆ । ਚੁਰਾਸੀ ਵਿਚੋਂ ਕੱਢੇ ਬਾਹਰ, ਆਵਣ ਜਾਵਣ ਗੇੜ ਮੁਕਾਈਆ । ਸਾਚਾ ਮੰਦਰ ਦਏ ਵਖਾਲ, ਜਿਥੇ ਵਸੇ ਧੁਰਦਰਗਾਹੀਆ । ਦੀਪਕ ਜੋਤੀ ਜਗੇ ਬੇਮਿਸਾਲ, ਨੂਰ ਨੁਰਾਨਾ ਡਗਮਗਾਈਆ । ਸਚਖੰਡ ਦਵਾਰ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪਹਿਲੀ ਚੇਤ ਕਹੇ ਮੈਂ ਸੰਮਤ ਸ਼ਹਿਨਸ਼ਾਹੀ ਦਸ ਦੀ ਦੱਸਾਂ ਗਾਥਾ, ਸਤਿ ਸਤਿ ਨਾਲ ਮਿਲਾਈਆ । ਕੀ ਖੇਲ ਕਰੇ ਪੁਰਖ ਸਮਰਾਥਾ, ਹਰਿ ਕਰਤਾ ਧੁਰਦਰਗਾਹੀਆ । ਦੇਵੇ ਮਾਣ ਨਿਮਾਣਿਆਂ ਨਾਥ ਅਨਾਥਾ, ਦੀਨਨ ਆਪਣਾ ਰੰਗ ਰੰਗਾਈਆ । ਧੂੜੀ ਮਸਤਕ ਛੁਹਾਏ ਮਾਥਾ, ਦੁਰਮਤ ਮੈਲ ਧਵਾਈਆ । ਖੇਲ ਖੇਲੇ ਅਲਖਣਾ ਅਲਾਖਾ, ਅਲਖ ਅਗੋਚਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪਹਿਲੀ ਚੇਤ ਕਹੇ ਜਨ ਭਗਤੋ ਸ਼ਬਦੀ ਧਾਰ ਰਹਿਣਾ ਤਿਆਰ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਪੰਚਮ ਮੀਤਾ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਪੰਜ ਪੰਜ ਇਕੱਠੇ ਹੋਣ ਪ੍ਰਵਾਰ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਪੰਚਮ ਬਰਤਨਾਂ ਮੈਲ ਦਏ ਉਤਾਰ, ਖੇਲ ਖੇਲੇ ਚਾਈਂ ਚਾਈਂਆ । ਸਭ ਦਾ ਪੂਰਬ ਦਏ ਉਧਾਰ, ਲੇਖਾ ਭਗਤਾਂ ਝੋਲੀ ਪਾਈਆ । ਇਹ ਖ਼ੁਸ਼ੀਆਂ ਦਾ ਵਿਵਹਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਨ੍ਹਾਂ ਦੇ ਸੀਸ ਬੱਧੀ ਦਸਤਾਰ, ਉਨ੍ਹਾਂ ਦੇ ਘਰ ਘਰ ਦਾ ਲੇਖਾ ਪੂਰ ਕਰਾਈਆ । ਕੋਈ ਰਹਿ ਸਕੇ ਨਾ ਬਾਹਰ, ਵਿਛੋੜਾ ਜਗਤ ਨਾ ਕੋਇ ਚਤੁਰਾਈਆ । ਨਵ ਜੇਠ ਨੂੰ ਸ਼ੁਰੂ ਕਰਨਾ ਨਾਲ ਪਿਆਰ, ਮੁਹੱਬਤ ਵਿਚ ਸਮਾਈਆ । ਇਹ ਪੁਰਾਤਨ ਲੇਖਾ ਜੋ ਲਿਖਿਆ ਸੀ ਦਿੱਲੀ ਦਰਬਾਰ, ਪਹਾੜ ਗੰਜ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪਹਿਲੀ ਚੇਤ ਕਹੇ ਮੇਰਾ ਖ਼ੁਸ਼ੀਆਂ ਵਾਲਾ ਵਕਤ ਸੁਹਾਨਾ, ਸੋਹਣੀ ਮਿਲੇ ਵਡਿਆਈਆ । ਮੈਂ ਮਸਤ ਫਿਰਾਂ ਦੀਵਾਨਾ, ਸੂਫ਼ੀਆਂ ਵਾਲਾ ਰੰਗ ਰੰਗਾਈਆ । ਮੇਰੇ ਕੋਲ ਭਗਤਾਂ ਹੋਏ ਨਿਸ਼ਾਨਾ, ਨਿਸ਼ਾਨ ਤਾਰਾ ਚੰਦ ਜਣਾਈਆ । ਮੈਂ ਸੰਦੇਸ਼ਾ ਦੇਵਾਂ ਰਾਮਾ ਕਾਹਨਾ, ਪੈਗ਼ੰਬਰਾਂ ਹੁਕਮ ਸੁਣਾਈਆ । ਗੁਰੂ ਗੁਰਦੇਵ ਕਰੋ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਸੰਮਤ ਸ਼ਹਿਨਸ਼ਾਹੀ ਦਸ ਨੌ ਖੰਡ ਪ੍ਰਿਥਮੀ ਹੋਣੀ ਹੈਰਾਨਾ, ਹੈਰਤ ਵਿਚ ਦੁਹਾਈਆ । ਸ਼ਹਾਦਤ ਦੇਵੇ ਮੌਲੀ ਤੰਦ ਦਾ ਗਾਨਾ, ਜੋ ਆਪਣਾ ਰੰਗ ਰੰਗਾਈਆ ।

੧੬੮੩
੨੩

ਗੋਲਕਾਂ ਖ਼ਾਲੀ ਹੋਵੇ ਖ਼ਜ਼ਾਨਾ, ਗੋਲਕ ਮਾਇਆ ਨਾ ਕੋਇ ਵਡਿਆਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਹਰਿ ਭਗਵਨ ਆਪਣੀ ਦਇਆ ਕਮਾਈਆ । ਪਹਿਲੀ ਚੇਤ ਕਹੇ ਮੈਂ ਨਿਵ ਨਿਵ ਸੀਸ ਝੁਕਾਨਾ, ਜਨ ਭਗਤਾਂ ਲਾਗਾਂ ਪਾਈਆ । ਮੇਰੇ ਸਾਹਿਬ ਦਾ ਅਗੰਮ ਫ਼ਰਮਾਨਾ, ਫ਼ਰਮਾਂਬਰਦਾਰ ਹੋ ਕੇ ਦਿਆਂ ਸੁਣਾਈਆ । ਮੈਂ ਢਾਕਿਉਂ ਭਗਤ ਦਵਾਰ ਹੋਵਾਂ ਰਵਾਨਾਂ, ਭੱਜਾਂ ਵਾਹੋ ਦਾਹੀਆ । ਸੰਦੇਸ਼ਾ ਦੇਵਾਂ ਖ਼ੁਸ਼ੀਆਂ ਵਿਚ ਮਹਾਨਾ, ਮਹਿੰਮਾ ਅਕਥ ਕਥ ਸੁਣਾਈਆ । ਬਿਨਾ ਅੱਖਰਾਂ ਹੋਏ ਪ੍ਰਵਾਨਾ, ਜੋ ਪਰਮ ਪੁਰਖ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲੇਖਾ ਜਾਣੇ ਜਿਮੀਂ ਅਸਮਾਨਾਂ, ਦੋ ਜਹਾਨਾਂ ਵੇਖਣਹਾਰਾ ਥਾਉਂ ਥਾਈਂਆ ।

✪ ੨ ਚੇਤ ਸ਼ਹਿਨਸ਼ਾਹੀ ਸੰਮਤ ਦਸ ਗੁਰੂਦਵਾਰਾ ਨਾਨਕ ਸ਼ਾਹੀ ਢਾਕਾ ਬੰਗਲਾ ਦੇਸ ਐਡਵੋਕੇਟ ਯਾਕੂਬ ਅਲੀ ਸਾਹਿਬ ਦੇ ਨਾਲ ✪

ਖ਼ੁਦਾਵੰਦ ਖ਼ੁਦ ਜ਼ਰੂਰ ਦਏਗਾ ਤੌਫ਼ੀਕ, ਤੋਫ਼ਾ ਹਕੀਕਤ ਹਕ ਨਾਲ ਕਲਮਾ ਵਜੂਦ ਰਖਾਈਆ । ਮੁਹੱਬਤ ਸੇ ਮੁਹੱਬਤ ਪਿਆਰ ਸੇ ਪਿਆਰ ਬਣੇਗਾ ਰਫ਼ੀਕ, ਮਿਹਰਵਾਨ ਮਿਹਰਵਾਨ ਮਹਿਬਾਨ ਬੀਦੋ ਆਪਣੇ ਰੰਗ ਰੰਗਾਈਆ । ਕਲਮਾ ਕਾਇਨਾਤ ਦਾ ਕਰੇ ਤਸਦੀਕ, ਸ਼ਹਾਦਤ ਹਕੀਕਤ ਵਾਲੀ ਰਖਾਈਆ । ਮਨ ਮਨਸਾ ਕਾਮਨਾ ਪੂਰੀ ਹੋਵੇ ਉਮੀਦ, ਤ੍ਰਿਸ਼ਨਾ ਪ੍ਰੇਮ ਵਾਲੀ ਵਧਾਈਆ । ਜਿਸ ਦੀ ਸਿਫ਼ਤ ਸਲਾਹ ਵਡਿਆਈ ਵਾਲੀ ਤਮਹੀਦ, ਮਹਿੰਮਾ ਅਗੰਮ ਅਥਾਹੀਆ । ਉਹ ਦੀਨ ਦੁਨੀਆ ਵਿਚੋਂ ਗ਼ਫ਼ਲਤ ਦੀ ਖੋਲ ਕੇ ਨੀਂਦ, ਨੂਰ ਦਾ ਜ਼ਹੂਰ ਦਏ ਚਮਕਾਈਆ । ਬੰਦਾ ਖ਼ਾਕੇ ਨਾਚੀਜ਼, ਰਹਿਮਤ ਰਹਿਮਾਨ ਦੇਵੇ ਆਪਣਾ ਗ੍ਰਿਹਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਮੁਲਾਕਾਤ ਹੁੰਦੀ ਰਹੇਗੀ ਜ਼ਰੂਰ, ਜ਼ਰੂਰਤ ਮੁਹੱਬਤ ਵਾਲੀ ਬਣਾਈਆ । ਰਾਤੀਂ ਸੁੱਤਿਆਂ ਦਿਸੇਗਾ ਅਲਾਹੀ ਨੂਰ, ਜੋ ਨੂਰ ਨੁਰਾਨਾ ਇਕ ਅਖਵਾਈਆ । ਜਿਸ ਦੇ ਸ਼ੁਕਰੀਆ ਸ਼ੁਕਰਾਨੇ ਵਿਚ ਸਾਰੇ ਹੋਣ ਮਸ਼ਕੂਰ, ਨਿਵ ਨਿਵ ਕਦਮ ਬੋਸੀ ਵਿਚ ਸਜਦਾ ਸੀਸ ਝੁਕਾਈਆ । ਸੂਫ਼ੀਆਂ ਨੂੰ ਮਿਲਣਾ ਓਸ ਦਾ ਦਸਤੂਰ, ਮੁਕਾਮੇ ਹਕ ਦਾ ਮਾਲਕ ਖ਼ਲਕ ਖ਼ਾਲਕ ਵੇਖਣਹਾਰਾ ਚਾਈਂ ਚਾਈਂਆ । ਜਿਸ ਵਾਸਤੇ ਚੌਦਾਂ ਤਬਕ ਦਾ ਪੰਧ ਨਹੀਂ ਕੋਈ ਦੂਰ, ਜ਼ਿਮੀਂ ਅਸਮਾਨਾਂ ਇਕੋ ਘਰ ਸੁਹਾਈਆ । ਜੋ ਕਾਇਆ ਕਾਅਬਾ ਪ੍ਰਕਾਸ਼ ਕਰ ਕੇ ਨੂਰ, ਨੂਰ ਨੁਰਾਨਾ ਨੌਜਵਾਨਾ ਨਜ਼ਰੀ ਆਈਆ । ਪਰਵਰਦਿਗਾਰ ਸਾਂਝਾ ਯਾਰ ਸਰਬ ਕਲਾ ਭਰਪੂਰ, ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਦਾ ਮਾਲਕ ਵੇਖ ਵਖਾਈਆ । ਨੂਰ ਅਲਾਹ ਆਲਮੀਨ, ਆਦਿ ਪੁਰਖ ਬੇਪ੍ਰਵਾਹੀਆ । ਜਿਸ ਦੀ ਹਕੀਕਤ ਹਕ ਦੀ ਤਾਲੀਮ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਉਹ ਮਾਲਕ ਖ਼ਾਲਕ ਕੁਦਰਤ ਦਾ ਕਾਦਰ ਕਰੀਮ, ਕਰਨੀ ਦਾ ਕਰਤਾ ਇਕ ਅਖਵਾਈਆ । ਜਿਸ ਦਾ ਲੇਖਾ ਜਾਣੇ ਅਲਿਫ਼ ਮੀਮ, ਯੇ ਨੁਕਤਿਆਂ ਬਾਹਰ ਸਮਝਾਈਆ । ਜਿਸ ਨੇ ਦੀਨ ਮਜ਼੍ਹਬ ਸ਼ਰਅ ਕੀਤੀ ਤਕਸੀਮ, ਤਰਮੀਮ ਆਪਣੇ ਹੱਥ ਰਖਾਈਆ । ਉਸ ਦਾ ਰਾਸਤਾ ਮਾਰਗ ਮਹੀਨ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਕਾਇਆ ਕਾਅਬੇ ਰਿਹਾ ਚੀਨ, ਮੁਕੱਦਸ ਧਾਮ ਮਿਲੇ ਵਡਿਆਈਆ । ਹਜ਼ਰਤ ਮੁਹੰਮਦ ਸਾਹਿਬ ਦੀ ਸ਼ਹਾਦਤ ਦੇਵੇ ਗੋਈ ਪੇਸ਼ੀਨ, ਸਦੀ ਚੌਧਵੀਂ ਸੰਗ ਰਲਾਈਆ । ਉਹ ਕਰਨੀ ਦਾ ਕਾਦਰ ਕਰਤਾ ਕਰੀਮ, ਬੇਐਬੇ ਪਰਵਰਦਿਗਾਰ ਨੂਰ ਅਲਾਹੀਆ । ਜੋ ਅਮਾਮ ਅਮਾਮਾ ਸ਼ਾਹ

ਸੁਲਤਾਨਾ ਵਾਲੀ ਦੋ ਜਹਾਨਾਂ ਆਵੇ ਉਤੇ ਜ਼ਮੀਨ, ਅਰਸ਼ ਫ਼ਰਸ਼ ਦਾ ਮਾਲਕ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਹੁਕਮ ਸੰਦੇਸਾ ਫ਼ਰਮਾਨਾ ਹੋਵੇ ਗ਼ਨੀਮ, ਗ਼ਨੀਮਤ ਆਪਣੀ ਖੇਲ ਵਖਾਈਆ । ਜੋ ਏਕੋ ਰੰਗ ਰੰਗਾਏ ਨਰ ਮਦੀਨ, ਮੁੱਦਾ ਨੂਰੀ ਜਲਵਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਨੂਰ ਅਲਾਹੀਆ । ਮੇਲ ਮਿਲਾਏਗਾ ਹਕ ਖ਼ੁਦਾ, ਖ਼ੁਦੀ ਤਕੱਬਰ ਡੇਰਾ ਅੰਦਰੋਂ ਢਾਹੀਆ । ਦਸਤ ਮਿਲਿਆ ਦੋਸਤਾ ਹੋਏ ਨਾ ਕਦੇ ਜੁਦਾ, ਜ਼ੁਜ ਵੰਡ ਨਾ ਕੋਇ ਵੰਡਾਈਆ । ਮਹਿਬੂਬ ਦੀ ਮੁਹੱਬਤ ਵਿਚ ਜੋ ਹੋਇਆ ਫ਼ਿਦਾ, ਫ਼ਿਤਰਤ ਆਪਣਾ ਰੰਗ ਰੰਗਾਈਆ । ਉਹ ਮਿਹਰਵਾਨ ਮਹਿਬੂਬ ਨੂਰ ਨੁਰਾਨਾ ਦਿਲਰੁਬਾ, ਰਹਿਮਤ ਰਹੀਮ ਕਰੀਮ ਆਪ ਕਮਾਈਆ । ਜਿਸ ਦੀ ਇਕੋ ਆਵਾਜ ਇਕੋ ਬਾਂਗ ਇਕੋ ਸਦਾ, ਸਦ ਇਕੋ ਇਕ ਸੁਣਾਈਆ । ਸੂਫ਼ੀਆਂ ਤਾਰਨਾ ਉਸ ਦੀ ਅਦਾ, ਸਚ ਅਦਾਲਤ ਆਪਣੇ ਹੱਥ ਰਖਾਈਆ । ਜਿਸ ਦੇ ਅਗੇ ਸਿਰ ਝੁਕਾਉਂਦੇ ਇਲਮ ਵਾਲੇ ਉਲਮਾ, ਸਜਦਿਆਂ ਵਿਚ ਧੂੜੀ ਖ਼ਾਕ ਰਮਾਈਆ । ਉਹ ਬੇਪਰਵਾਹਾਂ ਦਾ ਬੇਪਰਵਾਹ, ਵਾਹਿਦ ਅੱਲਾ ਇਕੋ ਇਕ ਅਖਵਾਈਆ । ਜਿਸ ਮੇਲਾ ਨਾਨਕ ਸ਼ਾਹੀ ਗੁਰੂਦਵਾਰੇ ਵਿਚ ਲਿਆ ਮਿਲਾ, ਮਿਲਾਪ ਦਾ ਲੇਖਾ ਆਪਣੇ ਹੱਥ ਰਖਾਈਆ । ਓਹ ਸਭ ਦਾ ਅੱਬਾ ਸਭ ਦਾ ਬਾਪ ਪਿਤਾ, ਪੁਰਖ ਅਕਾਲ ਧੁਰਦਰਗਾਹੀਆ । ਜਿਸ ਦੀ ਮੰਬਰਾਂ ਉਤੇ ਅਜ਼ਾਂ, ਮੱਕਾ ਕਾਅਬਾ ਵੱਜਦੀ ਰਹੀ ਵਧਾਈਆ । ਉਸ ਦਾ ਗ੍ਰਿਹ ਇਕੋ ਦਵਾਰ ਜਿਥੇ ਪੁੰਨ ਨਾ ਸਵਾਬਾ, ਪਾਕ ਪਾਕੀਜ਼ਾ ਇਕੋ ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਮਿਲਿਆ ਮੇਲ ਦਰਗਾਹ ਹਕ, ਹਕੀਕਤ ਦਏ ਵਡਿਆਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਨੂਰ ਅਲਾਹੀ ਯਕ, ਜੋ ਯਕੇ ਬਾਦ ਦੀਗਰੇ ਅਵਤਾਰ ਪੈਗ਼ੰਬਰ ਗੁਰੂਆਂ ਲੋਕਮਾਤ ਧਰਤੀ ਉਤੇ ਆਪਣਾ ਹੁਕਮ ਸੁਣਾਈਆ । ਜਿਸ ਦਾ ਹੁਕਮ ਸੰਦੇਸ਼ਾ ਧੁਰ ਫ਼ਰਮਾਨ ਕਲਮਾ ਨਾਦ ਕਾਇਨਾਤ ਕਰ ਸਕੇ ਕੋਈ ਨਾ ਫਕ, ਜਗਤ ਧਾਰ ਚਲੇ ਨਾ ਕੋਇ ਚਤੁਰਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਪਿਆਰਿਆਂ ਅਗੇ ਹੋਵੇ ਸਦਾ ਪ੍ਰਤਖ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਨੂਰ ਜ਼ਹੂਰ ਕਰ ਰੁਸ਼ਨਾਈਆ । ਜਿਸ ਦਾ ਬਾਹਰੋਂ ਦੁਨੀਆ ਕਾਇਨਾਤ ਅੰਦਰ ਹੋਵੇ ਸ਼ੱਕ, ਜਨ ਭਗਤਾਂ ਸੰਤਾਂ ਸੂਫ਼ੀਆਂ ਅੰਦਰ ਮਿਲ ਕੇ ਵੱਜੇ ਵਧਾਈਆ । ਉਹ ਬਿਨਾ ਨੇਤਰਾਂ ਤੋਂ ਨਿਜ ਨੇਤਰ ਅੰਦਰਲੀ ਅੱਖ ਵਨ ਆਈ ਨਾਲ ਲੈਣ ਤੱਕ, ਤਕਵਾ ਇਕੋ ਇਕ ਉਤੇ ਰਖਾਈਆ । ਅੱਜ ਦਾ ਰਿਸ਼ਤਾ ਹੋਇਆ ਪੱਕ, ਮਿਲਿਆ ਹੱਥ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕੋ ਇਕ ਰੰਗਾਈਆ ।



## ✪ ੪ ਚੇਤਰ ਸ਼ਹਿਨਸ਼ਾਹੀ ਸੰਮਤ ਦਸ ਗੁਰਚਰਨ ਸਿੰਘ ਦੇ ਗ੍ਰਿਹ ਚਕਰ ਬੜੀਆਂ ਕਲਕੱਤਾ ✪

ਧਰਨੀ ਕਹੇ ਮੇਰੇ ਸ੍ਰੀ ਭਗਵਾਨਾ, ਹਰਿ ਕਰਤੇ ਤੇਰੀ ਵਡ ਵਡਿਆਈਆ । ਸਤਿਗੁਰ ਸ਼ਬਦ ਭੇਜ ਦੇ ਆਪਣਾ ਧੁਰ ਦਾ ਕਾਹਨਾ, ਕਾਹਨ ਘਨਈਏ ਜਿਸ ਨੂੰ ਸੀਸ ਨਿਵਾਈਆ । ਜੋ ਆਦਿ ਜੁਗਾਦੀ ਸਦਾ ਨੌਜਵਾਨਾ, ਬਿਰਧ ਬਾਲ ਨਾ ਰੂਪ ਬਦਲਾਈਆ । ਲੇਖਾ ਜਾਣੇ ਬ੍ਰਹਿਮੰਡ ਖੰਡ ਜ਼ਿਮੀਂ ਅਸਮਾਨਾ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਜੋ ਮੇਰਾ ਨਵ ਸੱਤ ਦਾ ਵੇਖੇ ਮਿੱਟੀ ਖ਼ਾਕ ਦਾ ਖ਼ਾਨਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਿਗਾਹ

ਮਾਰੇ ਬਿਨ ਨੇਤਰ ਨੈਣ ਉਠਾਨਾ, ਜਗਤ ਅੱਖ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਸਤਿਗੁਰ ਸ਼ਬਦ ਭੇਜ ਦੇ ਮੀਤਾ, ਮਿਤ੍ਰ ਪਿਆਰਾ ਧੁਰਦਰਗਾਹੀਆ । ਜੋ ਮੇਰੀ ਬਦਲੇ ਰੀਤਾ, ਭੇਵ ਅਭੇਦਾ ਤੇਰਾ ਦਏ ਖੁਲਾਈਆ । ਲੱਖ ਚੁਰਾਸੀ ਵੇਖੇ ਨੀਤਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰਾ ਮਾਰਗ ਦੱਸੇ ਅਨਡੀਠਾ, ਅਨਡਿੱਠੜੀ ਕਾਰ ਕਮਾਈਆ । ਤ੍ਰੈਗੁਣ ਅਗਨ ਬੁਝਾਏ ਅੰਗੀਠਾ, ਅੰਮ੍ਰਿਤ ਮੇਘ ਇਕ ਬਰਸਾਈਆ । ਸਤਿ ਸਚ ਦਾ ਰਸ ਦਏ ਮੀਠਾ, ਅਨਰਸ ਤੇਰਾ ਨਾਮ ਚਖਾਈਆ । ਕਲਜੁਗ ਜੀਵ ਵੇਖੇ ਕੌੜਾ ਰੀਠਾ, ਕਾਇਆ ਮੰਦਰ ਅੰਦਰ ਫੋਲ ਫੁਲਾਈਆ । ਸਚ ਸਵਾਮੀ ਬਣੇ ਬਸੀਠਾ, ਬੀਠਲੋ ਆਪਣੀ ਦਇਆ ਦੇਣੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਸਤਿਗੁਰ ਸ਼ਬਦ ਭੇਜ ਦੇ ਏਕੋ ਏਕਾ, ਅਕਲ ਕਲਧਾਰੀ ਤੇਰੀ ਓਟ ਤਕਾਈਆ । ਜੋ ਜੀਵਾਂ ਜੰਤਾਂ ਬੁਧ ਕਰੇ ਬਿਬੇਕਾ, ਦੁਰਮਤ ਮੈਲ ਧਵਾਈਆ । ਕਲਜੁਗ ਕੂੜ ਕੁੜਿਆਰ ਮੁਕਾਵੇ ਠੇਕਾ, ਠਾਕਰ ਤੇਰੇ ਰੰਗ ਰੰਗਾਈਆ । ਅਵਤਾਰ ਪੈਗ਼ੰਬਰਾਂ ਪੂਰਾ ਕਰੇ ਲੇਖਾ, ਭਵਿਖਤ ਭਵਿਖਤ ਵਿਚੋਂ ਸਮਝਾਈਆ । ਸਚ ਦਵਾਰ ਵਖਾਏ ਤੇਰਾ ਇਕੋ ਦੇਸਾ, ਦੇਸ ਦੇਸੰਤਰਾਂ ਡੇਰਾ ਢਾਹੀਆ । ਤੂੰ ਮਾਲਕ ਇਕ ਨਰੇਸ਼ਾ, ਨਰ ਨਰਾਇਣ ਦੇਣੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੁਹਾ ਦੇ ਸੰਬਲ ਦੇਸਾ, ਸੁਹੰਜਣੀ ਰੁੱਤ ਦੇਣੀ ਵਖਾਈਆ । ਧਰਨੀ ਕਹੇ ਪ੍ਰਭ ਸਤਿਗੁਰ ਸ਼ਬਦ ਮੇਰਾ ਬਣਾ ਦੇ ਸਾਥੀ, ਸਗਲਾ ਸੰਗ ਬਣਾਈਆ । ਤੂੰ ਸਰਬ ਕਲਾ ਸਮਰਾਥੀ, ਬੇਅੰਤ ਇਕ ਅਖਵਾਈਆ । ਮੈਂ ਬਿਨ ਹੱਥਾਂ ਜੋੜਦੀ ਹਾਥੀ, ਧੂੜੀ ਖ਼ਾਕ ਰਮਾਈਆ । ਜੋ ਤੇਰੀ ਖੇਲ ਦੱਸੇ ਅਕਥਨਾ ਅਕਾਥੀ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਕਿਰਪਾ ਕਰ ਦੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਮੇਰੀ ਜ਼ਿੰਦਗੀ ਵਿਚੋਂ ਬਦਲ ਹਯਾਤੀ, ਜੀਵਣ ਆਪਣੇ ਰੰਗ ਰੰਗਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਗਰੀਬ ਨਿਮਾਣਿਆਂ ਪੁਛ ਵਾਤੀ, ਕੋਝਿਆਂ ਕਮਲਿਆਂ ਗੋਦ ਉਠਾਈਆ । ਸਤਿ ਧਰਮ ਦੀ ਖੋਲ ਦੇ ਹਾਟੀ, ਨਾਮ ਭੰਡਾਰਾ ਇਕ ਵਰਤਾਈਆ । ਦੁਮਰਤ ਮੈਲ ਸਭ ਦੀ ਜਾਏ ਕਾਟੀ, ਪਤਤ ਪੁਨੀਤ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਪ੍ਰਭੂ ਸਤਿਗੁਰ ਸ਼ਬਦ ਦੇ ਸਵਾਮੀ, ਸਮੇਂ ਨਾਲ ਧਿਆਨ ਲਗਾਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਸਭ ਨੂੰ ਭੁੱਲੀ ਤੇਰੀ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਆਤਮ ਪਰਮਾਤਮ ਮੇਲ ਮਿਲੇ ਕੋਇ ਨਾ ਹਾਣੀ, ਸਾਚੇ ਰੰਗ ਨਾ ਕੋਇ ਸਮਾਈਆ । ਪਵਿਤ੍ਰ ਰਿਹਾ ਨਾ ਅੱਠ ਸੱਠ ਤੀਰਥ ਪਾਣੀ, ਗੰਗਾ ਗੁਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਝਗੜਾ ਪਿਆ ਸ਼ਾਸਤਰ ਸਿਮਰਤ ਵੇਦ ਪੁਰਾਣੀ, ਅੰਜੀਲ ਕੁਰਾਨ ਦਏ ਗਵਾਹੀਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਸ਼ਾਹੋ ਭੂਪ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਡ ਵੱਡੇ ਤੇਰੀ ਵਡ ਵਡਿਆਈਆ । ਧਰਨੀ ਕਹੇ ਪ੍ਰਭ ਸਤਿਗੁਰ ਸ਼ਬਦ ਭੇਜ ਦੁਲਾਰਾ, ਦੂਲ੍ਹਾ ਇਕੋ ਸੋਭਾ ਪਾਈਆ । ਜੋ ਦੀਨ ਦੁਨੀ ਪਾਵੇ ਸਾਰਾ, ਮਹਾਸਾਰਥੀ ਹੋ ਕੇ ਭੱਜੇ ਵਾਹੋ ਦਾਹੀਆ ।, ਲਹਿਣਾ ਦੇਣਾ ਪੂਰਾ ਕਰੇ ਮੇਰਾ ਉਧਾਰਾ, ਪੂਰਬ ਲੇਖਾ ਰਹੇ ਨਾ ਰਾਈਆ । ਸੰਦੇਸ਼ਾ ਦੇਵੇ ਪੈਗ਼ੰਬਰ ਗੁਰ ਅਵਤਾਰਾ,



੧੬੮੫
੨੩

ਗੁਰ ਸ਼ਬਦੀ ਸ਼ਬਦ ਜਣਾਈਆ । ਸੰਸਾਰੀ ਭੰਡਾਰੀ ਸੰਘਾਰੀ ਕਰੇ ਖ਼ਬਰਦਾਰਾ, ਵਿਸ਼ਨ ਬ੍ਰਹਮਾ ਸ਼ਿਵ ਸੋਇਆ ਰਹਿਣ ਕੋਇ ਨਾ ਪਾਈਆ । ਇਕੋ ਹੁਕਮ ਦਾ ਦਏ ਇਸ਼ਾਰਾ, ਬਿਨ ਸੈਨਤ ਸੈਨਤ ਦਏ ਲਗਾਈਆ । ਧਰਨੀ ਧਰਤ ਧਵਲ ਉਤੇ ਵੇਖੇ ਦੀਨ ਮਜ਼੍ਹਬ ਸ਼ਰਅ ਦਾ ਅਖਾੜਾ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭ ਸਤਿਗੁਰ ਸ਼ਬਦ ਤੇਰਾ ਆਦਿ ਜੁਗਾਦੀ ਸੱਚਾ, ਸਚ ਤੇਰੀ ਵਡਿਆਈਆ । ਜੋ ਭਾਗ ਲਗਾਏ ਕਾਇਆ ਮਾਟੀ ਕੱਚਾ, ਕੰਚਨ ਗੜ੍ਹ ਦਏ ਬਣਾਈਆ । ਜੋ ਲੂੰ ਲੂੰ ਅੰਦਰ ਰਚਾ, ਰਚਨਾ ਤੇਰੀ ਦਏ ਸਮਝਾਈਆ । ਜੋ ਛੁਪਿਆਂ ਕਦੇ ਨਾ ਛਪਾ, ਉਗਣ ਆਥਣ ਇਕੋ ਕਰੇ ਰੁਸ਼ਨਾਈਆ । ਜਿਸ ਦੀ ਸਿਫ਼ਤ ਦਾ ਇਕੋ ਅੱਖਰ ਕਾਫ਼ੀ ਪੱਪਾ, ਪਾਰਬ੍ਰਹਮ ਤੇਰੀ ਵਡ ਵਡਿਆਈਆ । ਮੈਂ ਸਰਨ ਸਰਨਾਈ ਤੇਰੀ ਢੱਠਾ, ਨਿਵ ਨਿਵ ਲਾਗਾਂ ਪਾਈਆ । ਭੇਵ ਚੁਕਾ ਦੇ ਤਤ ਅੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਝਗੜਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੁਰਖ ਸਮਰਥਾ, ਸਮਰਥ ਪੁਰਖ ਤੇਰੀ ਧੂੜੀ ਖ਼ਾਕ ਖ਼ਾਕ ਰਮਾਈਆ ।



੧੬੮੬
੨੩

## ੪ ਚੇਤ ਸ਼ਹਿਨਸ਼ਹੀ ਸੰਮਤ ਦਸ ਕਲਕੱਤਾ ਮਲਕੀਅਤ ਸਿੰਘ ਦੇ ਗ੍ਰਿਹ

ਸਤਿਗੁਰ ਸ਼ਬਦ ਅਗੰਮਾ ਮਾਲਕ, ਆਦਿ ਜੁਗਾਦਿ ਜੁਗ ਚੌਕੜੀ ਇਕ ਅਖਵਾਈਆ । ਜੋ ਲੇਖਾ ਜਾਣੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖ਼ਲਕ ਖ਼ਾਲਕ, ਮਖ਼ਲੂਕ ਵੇਖੇ ਚਾਈਂ ਚਾਈਂਆ । ਜਿਸ ਦੀ ਬੁੱਧੀ ਵਿਚ ਸਮਝ ਨਾ ਆਏ ਦੀਨ ਦੁਨੀ ਬਣਾਈ ਅਣਜਾਣਤ, ਭੇਵ ਅਭੇਦਾ ਸਕੇ ਨਾ ਕੋਇ ਖੁਲਾਈਆ । ਜਿਸ ਦੀ ਤਤਾਂ ਵਾਲੀ ਨਹੀਂ ਬਣਾਵਟ, ਵਜੂਦਾਂ ਵਿਚ ਆਪਣਾ ਹੁਕਮ ਕਰੇ ਸ਼ਨਵਾਈਆ । ਜੋ ਰਾਮ ਨਾਮ ਦਾ ਕਲਮਾ ਕਰ ਸਖ਼ਾਵਤ, ਵਸਤ ਅਮੋਲ ਅਤੁੱਲ ਵਰਤਾਈਆ । ਜੋ ਸਦਾ ਰਹੇ ਸਹੀ ਸਲਾਮਤ, ਜਨਮ ਮਰਨ ਨਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕਾਇਆ ਚੋਲੀ ਜੀਵ ਜੰਤ ਸਾਰਾ ਖੋਜਦਾ, ਬੁਧੀ ਅਕਲ ਨਾਲ ਵਡਿਆਈਆ । ਇਹ ਖੇਲ ਓਸ ਪ੍ਰਭੂ ਦੀ ਮੌਜ ਦਾ, ਜੋ ਮੌਜੂਦਾ ਹੋ ਕੇ ਹਰ ਘਟ ਅੰਦਰ ਡੇਰਾ ਲਾਈਆ । ਜੋ ਪਿਆਰਾ ਨਹੀਂ ਵਣਜਾਰਾ ਨਹੀਂ ਸੰਸਾਰ ਵਾਲੇ ਲੋਭ ਦਾ, ਮਮਤਾ ਵਿਚ ਕਦੇ ਨਾ ਆਈਆ । ਉਹ ਮਾਲਕ ਬੇਪਰਵਾਹ ਅਗਾਧ ਬੋਧ ਦਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜੋ ਮੂਰਖ ਮੁਗਧ ਅੰਞਾਣਿਆਂ ਹਿੰਦੂ ਮੁਸਲਿਮ ਸਿੱਖ ਈਸਾਈਆਂ ਪਾਰਸੀਆਂ ਬੋਧੀਆਂ ਹਿਰਦੇ ਸੋਧਦਾ, ਸ਼ੁਧ ਆਪਣਾ ਨਾਮ ਸਮਝਾਈਆ । ਉਹਦਾ ਝਗੜਾ ਨਹੀਂ ਨਿਤ ਨਵਿਤ ਕੋਈ ਰੋਜ਼ ਦਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਉਹ ਬੇਪਰਵਾਹ ਸਵਾਮੀ ਆਦਿ ਜੁਗਾਦੀ ਚੌਦਾਂ ਲੋਕ ਦਾ, ਚੌਦਾਂ ਤਬਕਾਂ ਆਪਣਾ ਖੇਲ ਖਿਲਾਈਆ । ਜਿਸ ਦਾ ਸਚ ਸੰਦੇਸ਼ਾ ਇਕ ਸਲੋਕ ਦਾ, ਤੂੰ ਮੇਰਾ ਮੈਂ ਤੇਰਾ ਨਾਦ ਦ੍ਰਿੜਾਈਆ । ਉਸ ਦਾ ਭਾਣਾ ਕਦੇ ਕੋਈ ਨਾ ਰੋਕਦਾ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਇਕੋ ਇਕ ਅਖਵਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਜਿਸ ਦੀ ਜ਼ਾਤੀ, ਆਤਮ

ਧਾਰ ਦਿਤੀ ਵਡਿਆਈਆ । ਉਹ ਪੁਰਖ ਅਕਾਲਾ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਜਿਸ ਦਾ ਇਕੋ ਹੁਕਮ ਸੱਚਾ ਸਫ਼ਾਤੀ, ਸਿਫ਼ਤਾਂ ਵਾਲੀ ਸਿਫ਼ਤ ਵਡਿਆਈਆ । ਜਿਸ ਦੀ ਖੋਜ ਵਿਚ ਕਰ ਸਕੇ ਨਾ ਕੋਈ ਤਲਾਸ਼ੀ, ਲੱਭਿਆਂ ਹੱਥ ਕਿਸੇ ਨਾ ਆਈਆ । ਪੈਗ਼ੰਬਰਾਂ ਉਸ ਨੂੰ ਕਿਹਾ ਅੱਲਾ ਮਵਾਸ਼ੀ, ਮਿਹਰਵਾਨ ਇਕ ਅਖਵਾਈਆ । ਜਿਸ ਦੀ ਜੋਤ ਜੋਤ ਪ੍ਰਕਾਸ਼ੀ, ਧਰਨੀ ਧਰਤ ਧਵਲ ਕਰੇ ਰੁਸ਼ਨਾਈਆ । ਮੰਡਲ ਮੰਡਪ ਪਾਵੇ ਰਾਸੀ, ਪੁਰੀਆਂ ਲੋਆਂ ਵੇਖ ਵਖਾਈਆ । ਸੋ ਸਤਿਗੁਰ ਸ਼ਬਦ ਸ਼ਬਦ ਅਬਿਨਾਸ਼ੀ, ਕਰਨੀ ਦਾ ਕਰਤਾ ਬੇਪਰਵਾਹੀਆ । ਜਿਸ ਨੂੰ ਝੁਕਦਾ ਸ਼ੰਕਰ ਕੈਲਾਸ਼ੀ, ਵਿਸ਼ਨ ਬ੍ਰਹਮਾ ਸ਼ਿਵ ਨਿਵ ਨਿਵ ਲਾਗਣ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਬੇਪਰਵਾਹੀਆ । ਜਗਤ ਜਹਾਨ ਖੋਜੇ ਕੀ, ਖੋਜਤ ਖੋਜਤ ਭੇਵ ਕੋਇ ਨਾ ਪਾਈਆ । ਜਿਸ ਦਾ ਜੀਵ ਜੰਤ ਅੰਤਰ ਧਾਰ ਜੀਅ, ਪਰਮਾਤਮ ਮਾਲਕ ਅਗੰਮ ਅਥਾਹੀਆ । ਜਿਸ ਨੂੰ ਮਾਣ ਦਿਤਾ ਸਾਢੇ ਤਿੰਨ ਹੱਥ ਸੀਅ, ਮਨ ਮਤ ਬੁਧ ਵਿਚ ਟਿਕਾਈਆ । ਅੰਮ੍ਰਿਤ ਧਾਰ ਬਖ਼ਸ਼ ਕੇ ਮੀਂਹ, ਮੇਘਲਾ ਆਪਣਾ ਆਪ ਬਰਸਾਈਆ । ਕੋਈ ਗੁਰਮੁਖ ਬੂੰਦ ਸਵਾਂਤੀ ਲਏ ਪੀ, ਜਿਸ ਨੂੰ ਆਪਣੀ ਦਇਆ ਨਾਲ ਪਿਆਈਆ । ਤਨ ਵਜੂਦ ਮਾਟੀ ਖ਼ਾਕ ਦੇ ਪੁਤਲੇ ਸਮਝ ਨਾ ਸਕਦੇ ਵੀਹ ਇਕੀਹ, ਏਕੰਕਾਰ ਦਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਨੂਰ ਅਲਾਹੀਆ । ਖੋਜਣ ਵਾਲੀ ਇਕੋ ਧਾਰ, ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਜਿਸ ਦਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਆਪਣੇ ਹੱਥ ਰਖਾਈਆ । ਜਿਸ ਨੂੰ ਸੂਫ਼ੀ ਸੰਤ ਰਹੇ ਵਿਚਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜਿਸ ਦਾ ਦੀਨ ਦੁਨੀ ਵਾਲਾ ਨਹੀਂ ਵਿਸਥਾਰ, ਤਤਾਂ ਰੂਪ ਨਾ ਕੋਇ ਦ੍ਰਿੜਾਈਆ । ਜੋ ਖੇਲੇ ਖੇਲ ਵਿਚ ਸੰਸਾਰ, ਸਰਗੁਣ ਨਿਰਗੁਣ ਰੂਪ ਬਦਲਾਈਆ । ਬੁੱਧੀ ਵਿਚ ਕਰੇ ਕਿਆ ਕੋਈ ਵਿਚਾਰ, ਅਕਲ ਚਲੇ ਨਾ ਕੋਇ ਚਤੁਰਾਈਆ । ਸੋ ਸਵਾਮੀ ਅੰਤਰਜਾਮੀ ਖੋਜਣ ਤੋਂ ਬਾਹਰ, ਅਨੁਭਵ ਵਿਚ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਹਿੰਦੂ ਮੁਸਲਿਮ ਸਿੱਖ ਇਸਾਈ ਸਾਰੇ ਇਕੋ ਰੰਗ, ਹਰਿ ਕਰਤਾ ਆਪ ਰੰਗਾਈਆ । ਸਭ ਦੀ ਇਕੋ ਮੰਗ, ਮਿਲੇ ਮੇਲ ਧੁਰ ਦੇ ਮਾਹੀਆ । ਸਭ ਦੇ ਅੰਦਰ ਇਕੋ ਮਰਦੰਗ, ਧੁਨ ਅਨਾਦੀ ਸ਼ਬਦ ਕਰੇ ਸ਼ਨਵਾਈਆ । ਬਿਨ ਪ੍ਰਭ ਦੀ ਕਿਰਪਾ ਮੰਜ਼ਲ ਸਕੇ ਕੋਈ ਨਾ ਲੰਘ, ਨਿਜ ਨੇਤਰ ਦਰਸ਼ਨ ਕੋਇ ਨਾ ਪਾਈਆ । ਸੋ ਸੁਆਮੀ ਸੁਤਾ ਆਤਮ ਸੇਜ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਜਿਥੇ ਨਾ ਕੋਈ ਸੂਰੀਆ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਝਗੜਾ ਮੁਕ ਜਾਏ ਜੇਰਜ ਅੰਡ, ਉਤਭੁਜ ਸੇਤਜ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਲੱਭਦੇ, ਅੰਤਰ ਅੰਤਰ ਧਿਆਨ ਲਗਾਈਆ । ਭੇਵ ਪਾਇਣ ਨਾ ਓਸ ਨੂਰੀ ਰੱਬ ਦੇ, ਜੋ ਨੂਰ ਨੁਰਾਨਾ ਨੂਰ ਅਲਾਹੀਆ । ਓਸ ਦੇ ਖੇਲ ਸਦਾ ਸਬੱਬ ਦੇ, ਜੋ ਸਭ ਘਟ ਰਿਹਾ ਸਮਾਈਆ । ਜਿਸ ਦੇ ਨਾਦ ਨਿਧਾਨੇ ਵੱਜਦੇ, ਜਗਤ ਜਹਾਨ ਕਰਨ ਰੁਸ਼ਨਾਈਆ । ਓਸ ਦੇ ਗ੍ਰਿਹਿ ਮੰਦਰ ਸਚਖੰਡ ਦਰਗਾਹ ਸਾਚੀ ਮੁਕਾਮੇ ਹਕ ਘਰ ਨਹੀਂ ਕੋਈ ਅਲੱਗ ਦੇ, ਗ੍ਰਿਹਿ ਇਕੋ ਸੋਭਾ ਪਾਈਆ । ਜਿਥੇ ਬਿਨਾ ਤੇਲ ਬਾਤੀ ਤੋਂ ਦੀਪਕ ਜੋਤੀ ਜਗਦੇ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੬੮੭
੨੩

ਸਦ ਆਪਣਾ ਹੁਕਮ ਵਰਤਾਈਆ । ਸੋ ਸਤਿਗੁਰ ਸ਼ਬਦ ਜਿਸ ਦੀ ਅਗੰਮ ਨਿਸ਼ਾਨੀ, ਖੋਜਣ ਵਾਲਿਓ ਦਿਆਂ ਜਣਾਈਆ । ਜੇ ਮੰਜ਼ਲ ਅੰਦਰ ਚੜ੍ਹ ਕੇ ਵੇਖੀ ਰੁਹਾਨੀ, ਰੂਹ ਬੁਤ ਦਾ ਪੰਧ ਮੁਕਾਈਆ । ਫੇਰ ਝਗੜਾ ਰਹੇ ਨਾ ਕੋਇ ਜਿਸਮਾਨੀ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਓਥੇ ਇਕੋ ਪਦ ਨਿਰਬਾਣੀ, ਜਿਥੇ ਨਰ ਨਿਰੰਕਾਰਾ ਸੋਭਾ ਪਾਈਆ । ਓਥੇ ਸ਼ਬਦੀ ਸ਼ਬਦ ਕਹਾਣੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਓਥੇ ਜੋਤ ਜੋਤ ਨੁਰਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਝਗੜਾ ਨਹੀਂ ਜਿਸਮ ਜਿਸਮਾਨੀ, ਜਮੀਰ ਸਕੇ ਨਾ ਕੋਇ ਬਦਲਾਈਆ । ਇਹ ਕਾਇਨਾਤ ਖੋਜਣ ਵਾਲੀ ਫ਼ਾਨੀ, ਖੋਜ ਖੋਜ ਥੱਕੀ ਲੋਕਾਈਆ । ਜਿਸ ਉਤੇ ਕਰੇ ਆਪ ਮਿਹਰਵਾਨੀ, ਮਿਹਰਵਾਨ ਰਾਤੀਂ ਸੁੱਤਿਆਂ ਲਏ ਉਠਾਈਆ । ਭੇਵ ਖੁਲਾਏ ਦੋ ਜਹਾਨੀ, ਪਰਦਾ ਅੰਤਰ ਰਹੇ ਨਾ ਰਾਈਆ । ਸਚ ਦਵਾਰੇ ਵਖਾਏ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਖੋਜਣ ਵਾਲਾ ਝਗੜਾ ਆਦਿ ਜੁਗਾਦਿ ਦਾ ਜਗਤ ਦੀਵਾਨੀ, ਦਾਅਵੇਦਾਰ ਦੀਨ ਦੁਨੀ ਦਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਇਕ ਅਖਵਾਈਆ । ਸਤਿਗੁਰ ਸ਼ਬਦ ਇਕੋ ਦੀ ਸਭ ਨੂੰ ਲੋੜ, ਲੋੜ ਅਵਰ ਨਾ ਕੋਇ ਰਖਾਈਆ । ਜੋ ਸੁਰਤੀ ਸਭ ਦੀ ਦੇਵੇ ਜੋੜ, ਛੁਟਕੀ ਲਿਵ ਲਗਾਈਆ । ਕੂੜ ਕਿਰਿਆ ਦੇਵੇ ਹੋੜ, ਹੋੜਾ ਸੱਸੇ ਵਾਲਾ ਸਮਝਾਈਆ । ਹੰ ਬ੍ਰਹਮ ਦਾ ਮਾਲਕ ਪਵੇ ਬਹੁੜ, ਹਾਹੇ ਦੀ ਟਿੱਪੀ ਦਏ ਗਵਾਹੀਆ । ਜਗਤ ਜਗ ਨਾ ਰਹੇ ਅੰਧੇਰਾ ਘੋਰ, ਅੰਧ ਅਗਿਆਨ ਦਏ ਮਿਟਾਈਆ । ਅੰਦਰੋਂ ਕੱਢ ਕੇ ਪੰਜੇ ਚੋਰ, ਚੋਰੀ ਚੋਰੀ ਆਪਣਾ ਦਰਸ ਦਿਖਾਈਆ । ਨਾਮ ਨਿਧਾਨਾ ਦੇ ਕੇ ਭੋਰ, ਭੋਰੇ ਵਿਚੋਂ ਆਪਣਾ ਮੇਲ ਮਿਲਾਈਆ । ਜ਼ਰਾ ਤੱਕਣਾ ਮਾਰ ਕੇ ਨਿਗਾਹ ਵਾਲਾ ਗੌਰ, ਗਹਿਰ ਗਵਰ ਵੱਲ ਧਿਆਨ ਲਗਾਈਆ । ਜਿਸ ਦਾ ਰੂਪ ਅਵਰ ਦਾ ਔਰ, ਅਵਰ ਦੀ ਅਵਰ ਖੇਲ ਖਿਲਾਈਆ । ਜੇ ਕਿਰਪਾ ਕਰੇ ਗ਼ਰੀਬ ਨਿਮਾਣਿਆਂ ਜਨਮ ਜਾਏ ਸੌਰ, ਸਵਾਰਥ ਆਪਣਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਬਣਾਈਆ । ਹਿੰਦੂ ਮੁਸਲਿਮ ਸਿੱਖ ਸਾਰੇ ਉਸ ਦੇ ਮੀਤ, ਮਿਤ੍ਰ ਪਿਆਰਾ ਇਕ ਅਖਵਾਈਆ । ਕੋਈ ਮੰਦਰ ਦਿਉਹਰੇ ਲੱਭੇ ਮਸੀਤ, ਸ਼ਿਵਦਵਾਲੇ ਮਠ ਗੁਰੂਦਵਾਰ ਉਸੇ ਦਾ ਰੂਪ ਨਜ਼ਰੀ ਆਈਆ । ਜਿਸ ਜੁਗ ਜੁਗ ਚਲਾਈ ਰੀਤ, ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸ਼ਬਦੀ ਸ਼ਬਦ ਕਰ ਪੜ੍ਹਾਈਆ । ਜੋ ਸਭ ਦੀ ਕਾਇਆ ਕਰਨਹਾਰਾ ਠੰਡੀ ਸੀਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਉਹ ਮਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਜਿਸ ਦਾ ਆਦਿ ਅੰਤ ਦਾ ਇਕੋ ਗੀਤ, ਜੋ ਨਾਨਕ ਗੋਬਿੰਦ ਗਿਆ ਸਮਝਾਈਆ । ਉਹ ਪਾਪੀਆਂ ਕਰੇ ਪਤਤ ਪੁਨੀਤ, ਪਤਤ ਪਾਵਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਹਿੰਦੂ ਮੁਸਲਿਮ ਜੇ ਖੋਜਣ ਦਾ ਚਾਓ, ਚਾਓ ਘਨੇਰਾ ਇਕ ਪ੍ਰਗਟਾਈਆ । ਬਿਨਾ ਰਸਨਾ ਤੋਂ ਗਾਓ ਵਾਹੋ ਵਾਹੋ, ਵਾਹਵਾ ਤੇਰੀ ਬੇਪਰਵਾਹੀਆ । ਜਿਸ ਦਾ ਲੱਗਦਾ ਦਾਅ ਤੇ ਲਾ ਲਓ ਦਾਓ, ਮਾਨਸ ਜਨਮ ਵੇਲਾ ਗਿਆ ਹੱਥ ਨਾ ਆਈਆ । ਘਰ ਸਵਾਮੀ ਠਾਕਰ ਪਾਉ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਬਜਰ ਕਪਾਟੀ ਕੁੰਡਾ ਲਾਹੋ, ਤ੍ਰੈਗੁਣ ਤ੍ਰੈ ਧਾਤੂ ਆਪਣਾ ਆਪ ਤੁੜਾਈਆ । ਨਿਝਰ ਝਿਰਨਾ ਆਪ ਝਿਰਾਓ, ਬੂੰਦ ਸਵਾਂਤੀ ਪੀਓ ਚਾਈਂ ਚਾਈਂਆ । ਜੋ ਸ਼ਬਦ ਅਨਾਦੀ ਧੁਨ ਕਰੇ ਸ਼ਨਵਾਓ, ਅਨਹਦ ਨਾਦੀ ਆਪਣਾ ਰਾਗ ਦ੍ਰਿੜਾਈਆ । ਦੀਪਕ ਜੋਤੀ ਜੋਤ ਜਗਾਉ, ਘਰ ਘਰ



੧੬੮੮
੨੩

ਵਿਚ ਹੋਏ ਰੁਸ਼ਨਾਈਆ । ਖੋਜਣ ਵਾਲੀ ਆਪਣੀ ਘਾਲ ਪਾਓ ਥਾਓ, ਥਾਨ ਥਨੰਤਰ ਮਿਲੇ ਮਾਣ ਵਡਿਆਈਆ । ਪੁਰਖ ਅਕਾਲਾ ਇਕ ਮਨਾਓ, ਪਰਵਰਦਿਗਾਰ ਨੂਰ ਅਲਾਹੀਆ । ਸਾਰੇ ਇਕੱਠੇ ਹੋ ਕੇ ਇਕੋ ਦਾ ਦਰਸ਼ਨ ਪਾਓ, ਏਕੰਕਾਰਾ ਜੋ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਅਬਿਨਾਸ਼ੀ ਕਰਤਾ ਇਕ ਧਿਆਓ, ਧਿਆਨ ਵਿਚ ਗਿਆਨ ਗਿਆਨ ਵਿਚ ਗਿਆਨ ਗਿਆਨ ਵਿਚ ਮਿਹਰਵਾਨ ਆਪਣਾ ਰੰਗ ਰੰਗਾਈਆ ।

✪ ੫ ਚੇਤਰ ਸ਼ਹਿਨਸ਼ਾਹੀ ਸੰਮਤ ਦਸ ਕਲਕਤਾ ਸੈਵਨ ਬਾਈ ਵਨ ਵਿਜੇ ਬਾਸੂ ਰੋਡ ਕਰਤਾਰ ਸਿੰਘ ਦੇ ਗ੍ਰਿਹ ✪

ਪੰਚਮ ਚੇਤ ਕਹੇ ਮੇਰਾ ਹੋਵੇ ਵਕਤ ਸੁਹਾਵਣਾ, ਪ੍ਰਭੂ ਜਨ ਭਗਤਾਂ ਦੇਣੀ ਮਾਣ ਵਡਿਆਈਆ । ਜਿਨ੍ਹਾਂ ਇਕੋ ਤੇਰਾ ਨਾਮ ਗਾਵਣਾ, ਦੂਸਰ ਸਿਫ਼ਤ ਨਾ ਕੋਇ ਸਲਾਹੀਆ । ਇਕੋ ਪਿਰ ਰਾਵਣਾ, ਰਮਈਆ ਇਕੋ ਸੀਸ ਝੁਕਾਈਆ । ਇਕੋ ਫੜਨਾ ਦਾਮਨਾ, ਦਾਮਨਗੀਰ ਇਕ ਬਣਾਈਆ । ਤੇਰਾ ਸਤਿਗੁਰ ਸ਼ਬਦ ਹੋਵੇ ਜ਼ਾਮਨਾ, ਜ਼ਿਮੇਵਾਰ ਦੋ ਜਹਾਨ ਅਖਵਾਈਆ । ਸਭ ਦੀ ਪੂਰੀ ਕਰਨੀ ਭਾਵਨਾ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਤੇਰੇ ਚਰਨਾਂ ਬਲ ਬਲ ਜਾਵਣਾ, ਹਉਂ ਆਪਾ ਘੋਲ ਘੁਮਾਈਆ । ਤੇਰੀ ਧੂੜੀ ਇਸ਼ਨਾਨ ਨਾਲ ਨੁਹਾਵਣਾ, ਦੁਰਮਤ ਮੈਲ ਧਵਾਈਆ । ਨਿਰਗੁਣ ਧਾਰ ਦੇਣਾ ਚਾਨਣਾ, ਅੰਧ ਅੰਧੇਰ ਮਿਟਾਈਆ । ਮੇਰੀ ਮਨਸਾ ਪੂਰੀ ਕਰਨੀ ਕਾਮਨਾ, ਕਰਮ ਕਾਂਡ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੰਚਮ ਚੇਤ ਕਹੇ ਪ੍ਰਭ ਜਨ ਭਗਤਾਂ ਦੇ ਅਧਾਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਚਰਨ ਕਵਲ ਜਾਵਾਂ ਬਲਿਹਾਰ, ਨਿਵ ਨਿਵ ਸੀਸ ਝੁਕਾਈਆ । ਤੂੰ ਅਪਰੰਪਰ ਸਵਾਮੀ ਮੀਤ ਮੁਰਾਰ, ਯਾਰੜਾ ਧੁਰਦਰਗਾਹੀਆ । ਵੇਖੇ ਵਿਗਸੇ ਵੇਖਣਹਾਰ, ਬੇਪ੍ਰਵਾਹ ਤੇਰੀ ਵਡਿਆਈਆ । ਨਿਰਗੁਣ ਧਾਰ ਹੋ ਕੇ ਪਾ ਸਾਰ, ਸਰਗੁਣ ਆਪਣਾ ਰੰਗ ਰੰਗਾਈਆ । ਦੁਖੀਆਂ ਦੁੱਖ ਦੇ ਨਿਵਾਰ, ਦਰਦੀਆਂ ਦਰਦ ਦੇਣਾ ਮਿਟਾਈਆ । ਮੈਂ ਕਹਾਂ ਕੂਕ ਪੁਕਾਰ, ਜ਼ੋਰ ਜ਼ੋਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲਹਿਣਾ ਝੋਲੀ ਪਾਈਆ । ਪੰਚਮ ਚੇਤ ਕਹੇ ਪ੍ਰਭ ਬਖ਼ਸ਼ ਦੇ ਆਪਣੀ ਦਾਤ, ਦਾਤੇ ਦਾਨੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਕਰ ਰੁਸ਼ਨਾਈਆ । ਤੇਰੇ ਪਿਆਰ ਦੀ ਇਕੋ ਰਹੇ ਪ੍ਰਭਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲੇ ਮਾਰ ਝਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅੰਤਮ ਆ ਕੇ ਪੁਛ ਵਾਤ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਜਨ ਭਗਤਾਂ ਪੂਰਾ ਕਰ ਦੇ ਘਾਟ, ਲੇਖਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਚਮ ਚੇਤ ਕਹੇ ਪ੍ਰਭੂ ਮੇਰੀ ਨਮੋ ਨਮੋ ਬੰਦਨਾ, ਸਜਦਿਆਂ ਵਿਚ ਸੀਸ ਝੁਕਾਈਆ । ਦਰ ਤੇਰਾ ਇਕੋ ਮੰਗਣਾ, ਦੂਸਰ ਓਟ ਨਾ ਕੋਇ ਰਖਾਈਆ । ਮੇਰੇ ਸਾਹਿਬ ਸੂਰੇ ਸਰਬੰਗਣਾ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਜਨ ਭਗਤਾਂ ਕਾਇਆ ਮਾਟੀ ਚਾੜ੍ਹ ਦੇ ਰੰਗਣਾ, ਦੁਰਮਤ ਮੈਲ ਧਵਾਈਆ । ਅੰਤਰ ਆਤਮ ਦੇ ਅਨੰਦਨਾ,

ਸੁਖ ਸੁਖ ਵਿਚੋਂ ਪ੍ਰਗਟਾਈਆ । ਤੇਰੀ ਧੂੜੀ ਮਸਤਕ ਲਾਵਾਂ ਚੰਦਨਾ, ਟਿੱਕੇ ਖ਼ਾਕ ਰਮਾਈਆ । ਤੂੰ ਗ਼ਰੀਬ ਨਿਮਾਣਿਆਂ ਲਾਉਣਾ ਅੰਗਣਾ, ਕੋੜ੍ਹਿਆਂ ਕਮਲਿਆਂ ਗੋਦ ਉਠਾਈਆ । ਤੂੰ ਮਾਲਕ ਵਡ ਵਰਭੰਡਣਾ, ਬ੍ਰਹਿਮੰਡੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲਾਈਆ । ਪਹਿਲੀ ਚੇਤ ਕਹੇ ਮੇਰੇ ਸਾਹਿਬ ਸਵਾਮੀ ਹਜ਼ੂਰ, ਹਰਿ ਕਰਤੇ ਤੇਰੀ ਸ਼ਰਨਾਈਆ । ਮੇਰੀ ਬੇਨੰਤੀ ਕਰ ਮਨਜ਼ੂਰ, ਦਰ ਤੇਰੇ ਆਸ ਰਖਾਈਆ । ਜਨ ਭਗਤਾਂ ਸਹਾਈ ਹੋ ਜ਼ਰੂਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਖ਼ਾਲੀ ਭਾਂਡੇ ਕਰ ਭਰਪੂਰ, ਤੋਟ ਰਹੇ ਨਾ ਰਾਈਆ । ਸਚ ਪ੍ਰੇਮ ਦਾ ਬਖ਼ਸ਼ ਦੇ ਨੂਰ, ਜੋਤੀ ਜਾਤਾ ਇਕੋ ਨਜ਼ਰੀ ਆਈਆ । ਹਉਮੇ ਗੜ੍ਹ ਤੋੜ ਗ਼ਰੂਰ, ਹੰ ਬ੍ਰਹਮ ਦੇਣਾ ਸਮਝਾਈਆ । ਨਾਮ ਖੁਮਾਰੀ ਬਖ਼ਸ਼ ਸਰੂਰ, ਇਕੋ ਰੰਗ ਵਖਾਈਆ । ਪੰਧ ਮੁਕਾਉਣਾ ਨੇੜਾ ਦੂਰ, ਕਾਇਆ ਮੰਦਰ ਸੋਭਾ ਪਾਈਆ । ਮੈਂ ਤੇਰਾ ਹੋਵਾਂ ਮਸ਼ਕੂਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਭਗਤ ਉਧਾਰਨਾ ਤੇਰਾ ਦਸਤੂਰ, ਸਤਿਜੁਗ ਤਰੇਤਾ ਦੁਆਪਰ ਦਏ ਗਵਾਹੀਆ । ਕਲਜੁਗ ਕਿਰਿਆ ਮੇਟ ਦੇ ਕੂੜ, ਕੁਕਰਮ ਦਾ ਡੇਰਾ ਢਾਹੀਆ । ਸਾਚੀ ਚਰਨ ਬਖ਼ਸ਼ ਦੇ ਧੂੜ, ਦੁਰਮਤ ਮੈਲ ਧਵਾਈਆ । ਪਤਤ ਪੁਨੀਤ ਬਣਾ ਦੇ ਮੂਰਖ ਮੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਤੇਰਾ ਲੋਕਮਾਤ ਰਹੇ ਨਾ ਕੋਇ ਮਜਬੂਰ, ਮਜਬੂਰੀ ਸਭ ਦੀ ਦੇਣੀ ਗਵਾਈਆ ।



੧੬੯੦ ੨੩

✪ ੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਬਰਦਬਾਨ ਅਜੀਤ ਸਿੰਘ ਦੇ ਗ੍ਰਿਹ ਲਕਸ਼ਮੀ ਪੁਰ ਜੀ ਟੀ ਰੋਡ ਮਾਰਫਤ ਗੁਦਰੀ ਸਿੰਘ ਕੋਠੀ ਨੰ० ੭ ✪

ਧਰਨੀ ਕਹੇ ਮੈਂ ਭਾਗਾਂ ਭਰੀ, ਪ੍ਰਭ ਦੇਵੇ ਮਾਣ ਵਡਿਆਈਆ । ਕਿਰਪਾ ਕਰੇ ਆਪ ਪ੍ਰਭ ਹਰੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਚਰਨ ਛੋਹ ਨਾਲ ਤਰੀ, ਤਾਰਨਹਾਰ ਦਇਆ ਕਮਾਈਆ । ਮੇਰਾ ਸੁਹੰਜਣਾ ਹੋਇਆ ਦਵਾਰਾ ਦਰੀ, ਦਰ ਠਾਂਡੇ ਮਿਲੀ ਵਡਿਆਈਆ । ਮੈਂ ਨਹਾਤੀ ਸਾਚੇ ਸਰੀ, ਸਰੋਵਰ ਇਕੋ ਵੇਖ ਵਖਾਈਆ । ਜਗਤ ਜਹਾਨ ਮੇਰੀ ਮਿਟੀ ਸ਼ਰਈ, ਸ਼ਰਅ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਤੇਰੇ ਸਿਫ਼ਤ ਭੰਡਾਰੇ ਜਸ ਦੇ, ਚਾਰ ਜੁਗ ਦੇ ਸ਼ਾਸਤਰ ਰਹੇ ਗਾਈਆ । ਮੇਰੇ ਵਕਤ ਸੁਹੰਜਣੇ ਜੁਗ ਜੁਗ ਹੋਵਣ ਖ਼ੁਸ਼ੀਆਂ ਨਾਲ ਹੱਸਦੇ, ਹਸਤੀ ਤੇਰੀ ਤੱਕਾਂ ਬੇਪਰਵਾਹੀਆ । ਮੇਰੇ ਉਤੇ ਜਿਥੇ ਭਗਤ ਸੁਹੇਲੇ ਵਸਦੇ, ਤੇਰਾ ਨਾਮ ਢੋਲਾ ਗਾਈਆ । ਓਥੇ ਤੇਰੇ ਰੂਪ ਤੱਕਾਂ ਪ੍ਰਤਖ ਦੇ, ਸਚ ਸਵਾਮੀ ਦਰਸ਼ਨ ਪਾਈਆ । ਮੇਰੀ ਪੈਜ ਜਗਤ ਜਹਾਨ ਰਖਦੇ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭ ਤੇਰੇ ਚਰਨ ਕਵਲ ਬਲਿਹਾਰ, ਬਣ ਦਾਸੀ ਸੀਸ ਨਿਵਾਈਆ । ਤੂੰ ਮੇਰਾ ਪ੍ਰਾਣ ਅਧਾਰ, ਆਦਿ ਜੁਗਾਦਿ ਸਖਾ ਸਖਾਈਆ । ਮੇਰਾ ਲਹਿਣਾ ਦੇਣਾ ਪੂਰਬ ਦੇ ਉਧਾਰ, ਦਰ ਤੇਰੇ ਮੰਗ ਮੰਗਾਈਆ । ਜਨ ਭਗਤਾਂ

ਪੈਜ ਦੇ ਸਵਾਰ, ਸਿਰ ਆਪਣਾ ਹੱਥ ਟਿਕਾਈਆ । ਲੋਕਮਾਤ ਨਾ ਹੋਣ ਖ਼ੁਆਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਤੇਰਾ ਸੁਹੰਜਣਾ ਹੋਏ ਦਰਬਾਰ, ਜਿਸ ਦਰ ਦੇਵੇ ਮਾਣ ਵਡਿਆਈਆ । ਮੇਰੀ ਨਮੋ ਨਮੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਤੂੰ ਮਾਲਕ ਮੇਰਾ ਕਲ ਕਲਕੀ ਅਵਤਾਰ, ਨਿਹਕਲੰਕ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸ਼ਹਿਨਸ਼ਾਹ ਸੱਚੀ ਸਰਕਾਰ, ਪਾਤਸ਼ਾਹ ਮੇਰਾ ਲਹਿਣਾ ਲੇਖਾ ਪੂਰ ਕਰਾਈਆ ।

### ੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਆਸਨ ਸੋਲ ਸੋਹਣ ਸਿੰਘ ਪੂਰਬਾ ਸਿਉਟ ਮਸ਼ੀਨ ਦੇ ਗ੍ਰਿਹਿ

ਨਿਰਗੁਣ ਧਾਰ ਅਗੰਮੀ ਜੋਤ, ਤਨ ਵਜੂਦ ਮਾਟੀ ਖ਼ਾਕ ਨਾ ਕੋਇ ਰਖਾਈਆ । ਜਿਸ ਦੀ ਨਾ ਕੋਈ ਵਰਨ ਨਾ ਕੋਈ ਗੋਤ, ਰੂਪ ਰੰਗ ਰੇਖ ਆਪਣੇ ਵਿਚ ਸਮਾਈਆ । ਜਨਮੇ ਮਰੇ ਨਾ ਮਾਰੇ ਮੌਤ, ਆਦਿ ਜੁਗਾਦਿ ਅਗੰਮ ਅਥਾਹੀਆ । ਜਿਹੜੀ ਖੇਲ ਖੇਲੇ ਰੂਪ ਅਨੂਪਾ ਕੋਟੀ ਕੋਟ, ਨਿਰਗੁਣ ਸਰਗੁਣ ਧਾਰ ਪਰਗਟਾਈਆ । ਸ਼ਬਦੀ ਸ਼ਬਦ ਲਗਾ ਕੇ ਚੋਟ, ਚੋਟੀ ਜੜ ਚੇਤਨ ਹੋ ਕੇ ਆਪਣਾ ਰੰਗ ਰੰਗਾਈਆ । ਜੋ ਆਦਿ ਅੰਤ ਜੁਗਾ ਜੁਗੰਤ ਇਕੋ ਬਹੁਤ, ਲੱਖ ਚੁਰਾਸੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਾਚੀ ਜੋਤ ਸੋ ਪੁਰਖ ਨਿਰੰਜਣ ਧਾਰ, ਹਰਿ ਪੁਰਖ ਨਿਰੰਜਣ ਨੂਰ ਦਰਸਾਈਆ । ਏਕੰਕਾਰਾ ਰੂਪ ਅਪਾਰ, ਆਦਿ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਸ੍ਰੀ ਭਗਵਾਨ ਅਗੰਮ ਅਥਾਹੀਆ । ਪਾਰਬ੍ਰਹਮ ਖੇਲ ਅਪਾਰ, ਅਪਰੰਪਰ ਸਵਾਮੀ ਇਕ ਅਖਵਾਈਆ । ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕੇ ਸਾਰੇ ਗਾਈਆ । ਸੋ ਪੁਰਖ ਅਕਾਲਾ ਆਪਣਾ ਆਪੇ ਕਰੇ ਉਧਾਰ, ਉਦਰ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਾਚੀ ਜੋਤ ਆਪ ਅਕਾਲ, ਅਕਲ ਕਲਧਾਰੀ ਇਕ ਅਖਵਾਈਆ । ਜੋ ਆਦਿ ਜੁਗਾਦੀ ਦੀਨ ਦਿਆਲ, ਠਾਕਰ ਸਵਾਮੀ ਬੇਪਰਵਾਹੀਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਦਰਗਾਹ ਸਾਚੀ ਮੁਕਾਮੇ ਹਕ ਡੇਰਾ ਲਾਈਆ । ਜਿਸ ਨੂੰ ਪੋਹ ਨਾ ਸਕੇ ਕਾਲ, ਮਹਾਕਾਲ ਭੈ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਾਚੀ ਜੋਤ ਆਪ ਕਰਤਾਰ, ਕਰਤਾ ਪੁਰਖ ਇਕ ਅਖਵਾਈਆ । ਜੋ ਸ਼ਬਦੀ ਸ਼ਬਦ ਕਰੇ ਤਿਆਰ, ਤ੍ਰੈਗੁਣ ਅਤੀਤਾ ਨੂਰ ਅਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰ, ਸੰਸਾਰੀ ਭੰਡਾਰੀ ਸੰਘਾਰੀ ਦਏ ਉਪਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਰਜੋ ਤਮੋ ਸਤੋ ਆਪ ਵਰਤਾਈਆ । ਪੰਜਾਂ ਤਤਾਂ ਪਾਵੇ ਸਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮੇਲ ਮਿਲਾਈਆ । ਹੁਕਮ ਸੰਦੇਸ਼ਾ ਦੇ ਕੇ ਏਕੰਕਾਰ, ਅਕਲ ਕਲਧਾਰੀ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਰੇ ਖ਼ਬਰਦਾਰ, ਭੇਵ ਅਭੇਦਾ ਆਪਣਾ ਦਏ ਜਣਾਈਆ । ਲੱਖ ਚੁਰਾਸੀ ਕਰ ਤਿਆਰ, ਚਾਰੇ ਖਾਣੀ ਰੰਗ ਰੰਗਾਈਆ । ਆਤਮ ਬ੍ਰਹਮ ਪਾ ਸਾਰ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ

ਅਖਵਾਈਆ । ਸਾਚੀ ਜੋਤ ਅਗੰਮ ਪ੍ਰਕਾਸ਼, ਨੂਰ ਨੁਰਾਨਾ ਨੂਰ ਅਲਾਹੀਆ । ਜੋ ਹਰ ਘਟ ਅੰਦਰ ਰੱਖੇ ਵਾਸ, ਆਤਮ ਧਾਰ ਅਗੰਮ ਅਥਾਹੀਆ । ਸਰਗੁਣ ਅੰਦਰ ਪਾਵੇ ਰਾਸ, ਗੋਪੀ ਕਾਹਨ ਰੂਪ ਬਣਾਈਆ । ਪਵਣ ਚਲਾਏ ਸਵਾਸ ਸਵਾਸ, ਸਾਹ ਸਾਹ ਖੇਲ ਖਿਲਾਈਆ । ਮਨ ਮਤ ਬੁਧ ਕਰੇ ਦਾਸੀ ਦਾਸ, ਪ੍ਰਕਿਰਤੀਆਂ ਰੰਗ ਚੜ੍ਹਾਈਆ । ਸਚ ਸੰਦੇਸ਼ਾ ਦੇਵੇ ਖ਼ਾਸ, ਹੁਕਮੀ ਹੁਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਸਾਚੀ ਜੋਤ ਨਿਰਗੁਣ ਨਿਰੰਕਾਰ, ਨਿਰਵੈਰ ਇਕ ਅਖਵਾਈਆ । ਜੋ ਘਟ ਘਟ ਕਰੇ ਪਸਾਰ, ਤਨ ਵਜੂਦਾਂ ਅੰਦਰ ਡੇਰਾ ਲਾਈਆ । ਦੀਪਕ ਜੋਤੀ ਕਰ ਉਜਿਆਰ, ਗ੍ਰਿਹਿ ਮੰਦਰ ਕਰੇ ਰੁਸ਼ਨਾਈਆ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰ ਆਪ ਹੋ ਜਾਈਆ । ਜਿਸ ਜੋਤ ਜੋਤੀ ਦਾ ਕਰ ਪਸਾਰ, ਜੋਤੀ ਜਾਤਾ ਆਪਣਾ ਰੰਗ ਰੰਗਾਈਆ । ਸੋ ਪੁਰਖ ਬਿਧਾਤਾ ਏਕੰਕਾਰ, ਅਕਲ ਕਲਧਾਰੀ ਵਡ ਵਡਿਆਈਆ । ਜਿਸ ਜੋਤ ਦਾ ਖੇਲ ਸਰਬ ਸੰਸਾਰ, ਸ੍ਰੇਸ਼ਟ ਕਾਇਨਾਤ ਵਖਾਈਆ । ਜਿਸ ਦੀ ਮਹਿੰਮਾ ਕਾਗ਼ਜ਼ ਕਲਮ ਨਾ ਲਿਖਣਹਾਰ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜੋ ਮਾਣ ਦੇਵੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣੀ ਖੇਲ ਖਿਲਾਈਆ । ਜੋ ਨਿਰਗੁਣ ਧਾਰ ਭਗਤਾਂ ਦਏ ਦੀਦਾਰ, ਨੂਰ ਨੁਰਾਨਾ ਨਜ਼ਰੀ ਆਈਆ । ਸ਼ਾਹੋ ਭੂਪ ਬਣ ਸਿਕਦਾਰ, ਸਦਾ ਸਦ ਆਪਣਾ ਹੁਕਮ ਵਰਤਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ, ਏਕੰਕਾਰ ਅਗੰਮ ਅਥਾਹੀਆ । ਸਤਿ ਜੋਤ ਦਾ ਅੰਤ ਨਾ ਪਾਰਾਵਾਰ, ਬੇਅੰਤ ਆਪਣੀ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ ।
੧੬੯੨ ੨੩ ਸਾਚੀ ਜੋਤ ਆਦਿ ਆਦਿ ਦੀ ਏਕ, ਇਕ ਇਕੱਲਾ ਰੂਪ ਪ੍ਰਗਟਾਈਆ । ਜੋ ਸਭ ਨੂੰ ਬਖ਼ਸ਼ੇ ਟੇਕ, ਟਿਕਟਿਕੀ ਆਪਣੇ ਨਾਲ ਲਗਾਈਆ । ਜੋ ਭਗਤਾਂ ਸੰਤਾਂ ਕਰੇ ਬੁੱਧ ਬਿਬੇਕ, ਗੁਰਮੁਖਾਂ ਗੁਰਸਿੱਖਾਂ ਦੁਰਮਤ ਮੈਲ ਧਵਾਈਆ । ਮਨ ਕਲਪਣਾ ਕਰੇ ਨੇਕ, ਮਨੂਆ ਉਠ ਨਾ ਦਹਿ ਦਿਸ਼ ਧਾਈਆ । ਕਾਇਆ ਮੰਦਰ ਅੰਦਰ ਖੋਲ ਕੇ ਭੇਤ, ਬਜਰ ਕਪਾਟੀ ਪਰਦਾ ਦਏ ਖੁਲਾਈਆ । ਸ਼ਬਦ ਅਨਾਦੀ ਦਏ ਸੰਦੇਸ਼, ਧੁਨ ਆਤਮਕ ਰਾਗ ਸੁਣਾਈਆ । ਜਿਸ ਦਾ ਵੇਸ ਅਗੰਮਾ ਅਨੇਕ, ਕੋਟਨ ਕੋਟ ਰੂਪ ਪ੍ਰਗਟਾਈਆ । ਜੋ ਵਸੇ ਸਚਖੰਡ ਸਾਚੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੀ ਗੋਬਿੰਦ ਸੇਜ ਹੰਢਾਈ ਦਸ ਦਸਮੇਸ਼, ਯਾਰੜਾ ਸਥਰ ਇਕ ਹੰਢਾਈਆ । ਜਿਸ ਦਾ ਨਜ਼ਰ ਨਾ ਆਏ ਰੂਪ ਰੰਗ ਰੇਖ, ਤਤਵ ਤਤ ਨਾ ਕੋਇ ਦ੍ਰਿੜ੍ਹਾਈਆ । ਜੋ ਜੁਗ ਜੁਗ ਧਾਰੇ ਭੇਖ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਨਾਉਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਾਚੀ ਜੋਤ ਅਗੰਮ ਅਥਾਹ, ਕਥਨੀ ਕਥ ਸਕੇ ਨਾ ਰਾਈਆ । ਆਦਿ ਜੁਗਾਦੀ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਨੂੰ ਸਾਰਿਆਂ ਕਿਹਾ ਵਾਹ ਵਾਹ, ਵਾਹਵਾ ਤੇਰੀ ਵਡ ਵਡਿਆਈਆ । ਜੋ ਵਸੇ ਜਲ ਥਲ ਅਸਗਾਹ, ਮਹੀਅਲ ਆਪਣਾ ਡੇਰਾ ਲਾਈਆ । ਜੋ ਜੀਵਾਂ ਜੰਤਾਂ ਵਿਚ ਰਿਹਾ ਸਮਾ, ਬਿਸਮਿਲ ਹੋ ਕੇ ਆਪਣੀ ਖੇਲ ਖਿਲਾਈਆ । ਜਿਸ ਜੋਤ ਨੂਰ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਖ਼ੁਦੀ ਤਕੱਬਰ ਦਾ ਡੇਰਾ ਢਾਹੀਆ । ਜੋ ਵਾਹਿਦ ਲਾਸ਼ਰੀਕ ਰਹਿਨੁਮਾ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਬਦਲਦਾ ਰਿਹਾ ਸਮਾਂ, ਜੋ ਸਮਾਪਤ ਕਰੇ ਲੋਕਾਈਆ । ਜਿਸ ਨੂੰ ਹਰਖ ਸੋਗ ਨਹੀਂ ਕੋਈ ਗ਼ਮਾ, ਚਿੰਤਾ ਚਿਖਾ ੧੬੯੨ ੨੩

ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਾਚੀ ਜੋਤ ਏਕੰਕਾਰ ਅਲਖ ਦੀ, ਅਗੋਚਰ ਦਏ ਵਡਿਆਈਆ । ਜੋ ਘਟ ਘਟ ਅੰਦਰ ਵਸਦੀ, ਸਭ ਦੇ ਅੰਦਰ ਡੇਰਾ ਲਾਈਆ । ਦੀਪਕ ਜੋਤੀ ਹੋ ਕੇ ਜਗਦੀ, ਆਤਮ ਨੂਰ ਕਰ ਰੁਸ਼ਨਾਈਆ । ਸ਼ਬਦ ਨਾਦ ਹੋ ਕੇ ਵਜਦੀ, ਧੁਨ ਆਤਮਕ ਰਾਗ ਦ੍ਰਿੜਾਈਆ । ਖੇਲ ਵਖਾਏ ਗ੍ਰਹਿ ਅਲੱਗ ਦੀ, ਇਕੋ ਘਰ ਸਮਝਾਈਆ । ਮੰਜ਼ਲ ਮੁਕਾ ਕੇ ਸ਼ਾਹ ਰਗ ਦੀ, ਨਵ ਦਵਾਰੇ ਡੇਰਾ ਢਾਹੀਆ । ਖ਼ਾਹਿਸ਼ ਪੂਰੀ ਕਰੇ ਹੱਜ ਦੀ, ਕਾਇਆ ਕਾਅਬਾ ਇਕ ਰਖਾਈਆ । ਜਿਥੇ ਇਕੋ ਅਜ਼ਾਂ ਹੋਵੇ ਸਦ ਦੀ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਇਕੋ ਖ਼ੁਮਾਰੀ ਹੋਵੇ ਅਗੰਮੀ ਮਧੁ ਦੀ, ਮਧੁਰ ਧੁਨ ਦਏ ਸੁਣਾਈਆ । ਜੋ ਨਿਰਗੁਣ ਧਾਰ ਸਭ ਦੇ ਅੰਦਰ ਫਬਦੀ, ਘਟ ਘਟ ਆਪਣਾ ਨੂਰ ਕਰੇ ਰੁਸ਼ਨਾਈਆ । ਉਹ ਰੂਪ ਅਨੂਪ ਅਲਾਹੀ ਇਕੋ ਰੱਬ ਦੀ, ਜਿਸ ਨੂੰ ਯਾਮਬੀਨ ਕਹਿ ਕੇ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਾਚੀ ਜੋਤ ਨੂਰ ਨੁਰਾਨੀ, ਨਵ ਨਵ ਆਪਣਾ ਖੇਲ ਖਿਲਾਈਆ । ਜਿਸ ਦੀ ਜੂਹ ਨਾ ਹੋਏ ਬੇਗਾਨੀ, ਗ੍ਰਹਿ ਆਪਣਾ ਵੇਖ ਵਖਾਈਆ । ਜਿਸ ਦਾ ਲਹਿਣਾ ਦੇਣਾ ਨਾਲ ਤਤ ਜਿਸਮਾਨੀ, ਵਜੂਦਾਂ ਮੇਲਾ ਸਹਿਜ ਸੁਭਾਈਆ । ਜੋ ਪੈਗ਼ਾਮ ਸੰਦੇਸ਼ੇ ਦੇਵੇ ਨਾਮ ਕਲਮੇ ਧੁਰ ਫ਼ਰਮਾਨੀ, ਦੀਨ ਦੁਨੀ ਵਿਚ ਜਣਾਈਆ । ਜੋ ਆਤਮ ਪਰਮਾਤਮ ਪਰਮਾਤਮ ਆਤਮ ਭੇਵ ਖੁਲਾਏ ਦੱਸੇ ਪਦ ਨਿਰਬਾਣੀ, ਗ੍ਰਹਿ ਇਕੋ ਇਕ ਵਡਿਆਈਆ । ਜਿਸ ਜੋਤ ਨੇ ਸ੍ਰਿਸ਼ਟੀ ਸਬਾਈ ਖੇਲੀ ਖੇਲ ਮਹਾਨੀ, ਚੁਰਾਸੀ ਵੰਡ ਵੰਡਾਈਆ । ਉਹ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਇਕ ਅਖਵਾਈਆ । ਜੋ ਜਨ ਭਗਤਾਂ ਘਰ ਜੁਗ ਜੁਗ ਖਾਏ ਮਹਿਮਾਨੀ, ਮਿਹਰਵਾਨ ਆਪਣਾ ਫੇਰਾ ਪਾਈਆ । ਜੋ ਨਾਤਾ ਜੋੜੇ ਜਿਸਮ ਜਿਸਮਾਨੀ, ਜਮੀਰ ਗੁਣੀ ਗਹੀਰ ਵੇਖ ਵਖਾਈਆ । ਸਾਚੇ ਸੰਤਾਂ ਬਖ਼ਸ਼ੇ ਚਰਨ ਧਿਆਨੀ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਸਦਾ ਸਦਾ ਸਦ ਜੁਗ ਚੌਕੜੀ ਦੋ ਜਹਾਨੀ, ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਧੁਰ ਦਾ ਕਾਹਨਾ ਆਪ ਆਪਣਾ ਰੂਪ ਪ੍ਰਗਟਾਈਆ ।

### ✪ ੭ ਚੇਤ ਸ਼ਹਿਨਸ਼ਾਹੀ ਸੰਮਤ ਦਸ ਬਰਨਪੁਰ ਜ਼ਿਲਾ ਬਰਦਬਾਨ ਨਰਸਿੰਗ ਬਾਂਦ ਮੋਹਣ ਸਿੰਘ ਦੇ ਗ੍ਰਹਿ ✪

ਜਤੀ ਜੋਗ ਨਾ ਵਿਆਪੇ ਕਾਇਆ, ਤਨ ਮੰਦਰ ਵੱਜੇ ਵਧਾਈਆ ।, ਖੇਲ ਦਿਸੇ ਕੋਈ ਨਾ ਮਾਇਆ, ਮੋਹਣੀ ਰੂਪ ਨਾ ਕੋਇ ਜਣਾਈਆ । ਕਿਰਪਾ ਕਰੇ ਬੇਪ੍ਰਵਾਹਿਆ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਗੰਮ ਅਥਾਹੀਆ । ਜੋ ਆਦਿ ਜੁਗਾਦਿ ਮਿਹਰਵਾਨ ਅਖਵਾਇਆ, ਮਿਹਰ ਨਜ਼ਰ ਨਾਲ ਤਰਾਈਆ । ਜਿਸ ਭਗਤਾਂ ਬੂਟਾ ਮਾਤਲੋਕ ਲਗਾਇਆ, ਪੱਤ ਟਹਿਣੀ ਆਪ ਲਹਿਰਾਈਆ । ਅੰਮ੍ਰਿਤ ਜਾਮ ਦਏ ਪਿਆਇਆ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਅਨਾਦੀ ਨਾਦ ਕਰੇ ਸ਼ਨਵਾਇਆ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਜੋਤ ਕਰੇ ਰੁਸ਼ਨਾਇਆ, ਨੂਰ ਨੁਰਾਨਾ ਡਗਮਗਾਈਆ । ਦਿਨੇ ਜਾਗਦਿਆਂ ਰਾਤੀਂ ਸੁੱਤਿਆਂ ਦਰਸ਼ਨ ਦੇਵੇ ਥਾਉਂ ਥਾਇਆ, ਨਿਰਵੈਰ ਆਪਣਾ ਰੰਗ ਰੰਗਾਈਆ । ਭਾਂਡਾ ਭਰਮ ਭਉ ਭੰਨਾਇਆ,



੧੬੯੩
੨੩

ਭੇਵ ਆਪਣਾ ਦਏ ਖੁਲਾਈਆ । ਘਰ ਸਵਾਮੀ ਠਾਕਰ ਆਇਆ, ਠੋਕਰ ਨਾਮ ਵਾਲੀ ਲਗਾਈਆ । ਬੰਸ ਸਰਬੰਸ ਦਏ ਤਰਾਇਆ, ਬਿਰਧ ਬਾਲਾਂ ਹੋਏ ਸਹਾਈਆ । ਪਿਤਾ ਪੂਤ ਰੰਗ ਚੜ੍ਹਾਇਆ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਹਿਰਦੇ ਅੰਦਰ ਨਿਰੰਕਾਰ ਆਪਣਾ ਖੇਲ ਖਿਲਾਇਆ, ਖੇਲਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਜਤੀ ਜੋਗ ਜਗਤ ਦੀ ਧਾਰ, ਜਗਿਆਸੂਆਂ ਖੇਲ ਖਿਲਾਈਆ । ਇਹ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੇ ਹੱਥ ਰਖਾਈਆ । ਜਦੋਂ ਚਾਹੇ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਹੋਏ ਸਹਾਈਆ । ਜੋਤੀ ਜੋਤ ਦਾ ਦੇ ਦੀਦਾਰ, ਸਨਮੁਖ ਹੋ ਕੇ ਸੋਭਾ ਪਾਈਆ । ਅੰਦਰ ਪ੍ਰੇਮ ਦੀ ਵਜਦੀ ਰਹੇ ਸਿਤਾਰ, ਸੋਈ ਸੁਰਤੀ ਸ਼ਬਦ ਜਗਾਈਆ । ਘਰ ਮੰਦਰ ਹੋਏ ਉਜਿਆਰ, ਅੰਧ ਅੰਧੇਰ ਰਹੇ ਨਾ ਰਾਈਆ । ਜਤੀ ਸਤੀ ਜਿਸ ਦੇ ਸੇਵਾਦਾਰ, ਸਦ ਆਪਣੇ ਹੁਕਮ ਵਿਚ ਬੰਧਾਈਆ । ਜਨ ਭਗਤਾਂ ਲਹਿਣਾ ਦੇਣਾ ਪੂਰਾ ਕਰ ਵਿਚ ਸੰਸਾਰ, ਸਹਿੰਸਾ ਅੰਦਰੋਂ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਤਿਗੁਰ ਆਪਣੀ ਦਇਆ ਕਮਾਈਆ ।



### ✪ ੭ ਚੇਤ ਸ਼ਹਿਨਸ਼ਾਹੀ ਸੰਮਤ ਦਸ ਟਾਟਾ ਨਗਰ ਜੁਗਿੰਦਰ ਸਿੰਘ ਦੇ ਗ੍ਰਿਹ ✪

੧੬੯੪ ੨੩

ਸੰਸਾਰ ਸਾਗਰ ਸੋ ਉਤਰੇ ਪਾਰ, ਉੱਤਰ ਪੂਰਬ ਪੱਛਮ ਦੱਖਣ ਪੰਧ ਰਹੇ ਨਾ ਰਾਈਆ । ਜਿਸ ਉਤੇ ਕਿਰਪਾ ਕਰੇ ਆਪ ਨਿਰੰਕਾਰ, ਪੁਰਖ ਅਕਾਲਾ ਦੀਨ ਦਿਆਲਾ ਆਪਣੀ ਦਇਆ ਕਮਾਈਆ । ਮਿਹਰਵਾਨ ਹੋਵੇ ਧੁਰ ਦਾ ਪਰਵਰਦਿਗਾਰ, ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਅਲਾਹੀ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਰ ਤਿਆਰ, ਤ੍ਰੈਗੁਣ ਅਤੀਤਾ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਸੋਇਆ ਰਹਿਣ ਕੋਇ ਨਾ ਪਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਜ਼ਾਹਿਰ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਜਗਤ ਜਹਾਨ ਵੇਖੇ ਚਾਈਂ ਚਾਈਂਆ । ਨਾਮ ਕਲਮਾ ਅਗੰਮ ਉਚਾਰ, ਸ਼ਬਦ ਅਨਾਦੀ ਨਾਦ ਕਰੇ ਸ਼ਨਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਕਰ ਤਿਆਰ, ਅੰਜੀਲ ਕੁਰਾਨਾਂ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸੰਸਾਰ ਸਾਗਰ ਦਾ ਇਕ ਮਲਾਹ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਨੂੰ ਕਹਿੰਦੇ ਨੂਰ ਅਲਾਹ, ਆਲਮੀਨ ਵਡ ਵਡਿਆਈਆ । ਜੋ ਜੁਗ ਜੁਗ ਬੇੜੇ ਸਭ ਦੇ ਰਿਹਾ ਤਰਾ, ਤਾਰਨਹਾਰ ਅਗੰਮ ਅਥਾਹੀਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਖੇਲ ਖਿਲਾਏ ਵਿਚ ਜਹਾਂ, ਜਗਤ ਜੁਗਤ ਆਪਣੀ ਇਕ ਦ੍ਰਿੜਾਈਆ । ਨਾਮ ਨਿਧਾਨਾ ਅਗੰਮ ਸੁਣਾ, ਧੁਰ ਪੈਗ਼ਾਮ ਇਕ ਜਣਾਈਆ । ਸਿਫ਼ਤੀ ਸਿਫ਼ਤ ਸਿਫ਼ਤ ਵਡਿਆ, ਸੋਹਲੇ ਢੋਲੇ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ ।

ਸੰਸਾਰ ਸਾਗਰ ਪਾਰ ਉਤਾਰੇ ਆਪ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਜਾਪ, ਅੱਲਾ ਹੂ ਅੱਨਾ ਹੂ ਆਪਣਾ ਭੇਵ ਚੁਕਾਈਆ । ਮੇਟਣਹਾਰਾ ਤ੍ਰੈਗੁਣ ਮਾਇਆ ਜਗਤ ਸੰਤਾਪ, ਤ੍ਰੈਭਵਣ ਧਨੀ ਆਪ ਸਮਝਾਈਆ । ਜੋ ਰੂਹ ਬੁਤ ਕਰੇ ਪਾਕ, ਤਨ ਵਜੂਦ ਦੁਰਮਤ ਮੈਲ ਰਹੇ ਨਾ ਰਾਈਆ । ਬਜਰ ਕਪਾਟੀ ਖੋਲ ਕੇ ਤਾਕ, ਅੰਦਰੋਂ ਪਰਦਾ ਦਏ ਚੁਕਾਈਆ । ਅੰਧ ਅੰਧੇਰ ਮੇਟ ਕੇ ਰਾਤ, ਨੂਰੀ ਚੰਦ ਕਰੇ ਰੁਸ਼ਨਾਈਆ । ਆਤਮ ਪਰਮਾਤਮ ਬਣਾ ਕੇ ਸਾਕ, ਘਰ ਮੇਲਾ ਮੇਲੇ ਸਹਿਜ ਸੁਭਾਈਆ । ਜਿਥੇ ਝਗੜਾ ਰਹੇ ਨਾ ਜ਼ਾਤ ਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸੰਸਾਰ ਸਾਗਰ ਅੰਦਰ ਸਾਚਾ ਸੁਖ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਮਿਲੇ ਮਾਣ ਵਡਿਆਈ ਤਨ ਵਜੂਦ ਮਨੁੱਖ, ਤਤਾਂ ਰੰਗ ਰੰਗਾਈਆ । ਜਗਤ ਤ੍ਰਿਸ਼ਨਾ ਮਿਟੇ ਭੁੱਖ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਉਲਟਾ ਗਰਭ ਨਾ ਹੋਵੇ ਰੁੱਖ, ਚੁਰਾਸੀ ਫਾਸੀ ਦਏ ਕਟਾਈਆ । ਸੁਫ਼ਲ ਕਰਾ ਕੇ ਜਨਣੀ ਕੁੱਖ, ਹਰਿ ਦੇਵੇ ਮਾਣ ਵਡਿਆਈਆ । ਤੂੰ ਮੇਰਾ ਮੈਂ ਤੇਰਾ ਅੰਤਰ ਅੰਤਰ ਗਾਏ ਇਕੋ ਤੁਕ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਆਵਣ ਜਾਵਣ ਪੈਂਡਾ ਜਾਏ ਮੁਕ, ਮਿਹਰਵਾਨ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਾਚਾ ਸੁਖ ਦੇਵੇ ਪਰਵਰਦਿਗਾਰ, ਪਾਰਬ੍ਰਹਮ ਅਗੰਮ ਅਥਾਹੀਆ । ਜੋ ਆਦਿ ਜੁਗਾਦੀ ਸਭ ਦਾ ਸਾਂਝਾ ਯਾਰ, ਦੂਈ ਦਵੈਤੀ ਵੰਡ ਨਾ ਕੋਇ ਵੰਡਾਈਆ । ਜਿਸ ਦਾ ਮੰਦਰ ਕਾਅਬਾ ਇਕੋ ਧਰਮ ਦਵਾਰ, ਥਾਨ ਥਨੰਤਰ ਸੋਭਾ ਪਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜਿਸ ਉਤੇ ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕਾਦਰ ਵੇਖ ਵਖਾਈਆ । ਠੱਗਾਂ ਚੋਰਾਂ ਯਾਰਾਂ ਕਰ ਜਾਏ ਪਾਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਭਗਤ ਸੁਹੇਲੇ ਲਏ ਉਭਾਰ, ਸੂਫ਼ੀਆਂ ਆਪਣਾ ਰੰਗ ਰੰਗਾਈਆ । ਅੰਮ੍ਰਿਤ ਆਤਮ ਬਖ਼ਸ਼ ਕੇ ਠੰਡਾ ਠਾਰ, ਨਿਝਰ ਝਿਰਨਾ ਬੂੰਦ ਸਵਾਂਤੀ ਆਪ ਟਪਕਾਈਆ । ਸ਼ਬਦ ਅਨਾਦੀ ਦੇ ਧੁਨਕਾਰ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਕਰ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਇਕੋ ਮੰਦਰ ਦੱਸ ਸੱਚਾ ਘਰ ਬਾਹਰ, ਗ੍ਰਹਿ ਇਕੋ ਇਕ ਵਖਾਈਆ । ਜਿਥੇ ਵਸੇ ਮੀਤ ਮੁਰਾਰ, ਮਿਤ੍ਰ ਪਿਆਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੁਖ ਆਪ ਉਪਜਾਈਆ । ਸੁਖ ਦੇਵੇ ਹਰਿ ਕਰਤਾ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਜਗਤ ਜਗਿਆਸੂਆਂ ਬਖ਼ਸ਼ੇ ਧੀਰ, ਧੀਰਜ ਧਰਮ ਧਾਰ ਦ੍ਰਿੜਾਈਆ । ਜੋ ਮੁਕਾਮੇ ਹਕ ਦਾ ਹਕੀਕੀ ਪੀਰ, ਦਰਗਾਹ ਸਾਚੀ ਨੂਰ ਅਲਾਹੀਆ । ਜੋ ਸਤਿ ਧਰਮ ਕਰੇ ਤਾਮੀਰ, ਹਕ ਹਕ ਨਾਲ ਵਖਾਈਆ । ਜਦੋਂ ਚਾਹੇ ਜਨ ਭਗਤਾਂ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਲੇਖਾ ਜਾਣੇ ਸ਼ਾਹ ਹਕੀਰ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਧੁਰ ਦਾ ਫ਼ਿਕਰਾ ਸੁਣਾਏ ਆਪ ਬਣਾਏ ਆਪਣੇ ਫ਼ਕੀਰ, ਫ਼ਕਤ ਆਪਣਾ ਰੰਗ ਵਖਾਈਆ । ਜਿਸ ਦੀ ਸਿਫ਼ਤ ਕਰ ਕੇ ਗਿਆ ਕਬੀਰ, ਕਾਇਆ ਕਾਅਬੇ ਦਿਸੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਾਚਾ ਸੁਖ ਆਤਮ ਰਸ, ਅੰਤਰ ਆਤਮ ਨਾਮ ਵਡਿਆਈਆ । ਜਿਸ ਨਾਲ ਮਨੂਆ ਹੋਵੇ ਵਸ, ਦਹਿ ਦਿਸ਼ਾ ਨਾ


੧੬੯੫
੨੩

ਉਠ ਉਠ ਧਾਹੀਆ । ਕੂੜ ਕੁੜਿਆਰਾ ਪੰਧ ਮੁਕਾਏ ਨੱਸ ਨੱਸ, ਅਗੇ ਵਾਟ ਨਾ ਕੋਇ ਵਖਾਈਆ । ਸਤਿਗੁਰ ਸ਼ਬਦ ਸ਼ਬਦ ਗੁਰ ਸਤਿਗੁਰ ਰਾਹ ਇਕੋ ਦੇਵੇ ਦੱਸ, ਮਾਰਗ ਪੰਥ ਇਕ ਸਮਝਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਹੋਵੇ ਜਸ, ਦੂਸਰੀ ਅਵਰ ਨਾ ਕੋਇ ਪੜ੍ਹਾਈਆ । ਜੋ ਵਰਨਾਂ ਬਰਨਾਂ ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਮੇਲੇ ਹੱਸ ਹੱਸ, ਹਸਤੀ ਇਕੋ ਇਕ ਵਖਾਈਆ । ਜਿਸ ਦੀ ਜਗਤ ਕਹਾਣੀ ਸਦਾ ਅਕਥ, ਰਸਨਾ ਕਥ ਸਕੇ ਨਾ ਰਾਈਆ । ਜੋ ਜੁਗ ਚੌਕੜੀ ਚਲਾਏ ਰਥ, ਰਥਵਾਹੀ ਇਕੋ ਨਜ਼ਰੀ ਆਈਆ । ਉਹ ਕੂੜ ਕੁੜਿਆਰਾ ਹਰਿ ਹਿਰਦਿਉਂ ਦੇਵੇ ਮਥ, ਮਾਇਆ ਮਮਤਾ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚਾ ਸੁਖ ਕਾਇਆ ਕਾਅਬਾ, ਕਿਬਲ ਅਜ਼ ਜਣਾਈਆ । ਮੇਲ ਮਿਲਾਵਾ ਦੋ ਦੋਆਬਾ, ਅੰਮ੍ਰਿਤ ਜਾਮ ਆਬੇ ਹਯਾਤ ਆਪ ਚਖਾਈਆ । ਜਿਥੇ ਨਾ ਕੋਈ ਪੁੰਨ ਨਾ ਸਵਾਬਾ, ਇਕੋ ਰੰਗਤ ਦਏ ਰੰਗਾਈਆ । ਹਰਿਜਨ ਹਰਿ ਭਗਤ ਸੂਫ਼ੀ ਰਹਿਣ ਨਾ ਦੇਵੇ ਅਲਹਿਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਘਰ ਸਵਾਮੀ ਠਾਕਰ ਅੰਤਰਜਾਮੀ ਪਰਵਰਦਿਗਾਰ ਸਾਂਝਾ ਯਾਰ ਦਰਸ ਵਖਾਏ ਨੂਰ ਨੁਰਾਨਾ ਆਪ ਬਾਕਾਇਦਾ, ਲਾਸ਼ਰੀਕ ਹਕ ਤੌਫ਼ੀਕ ਆਪਣੀ ਆਪ ਦ੍ਰਿੜਾਈਆ । ਸਤਿ ਸਚ ਧਰਮ ਧਾਰ ਏਕੰਕਾਰ ਕਰਾਏ ਮਆਹਿਦਾ, ਸ਼ਹਾਦਤ ਸਤਿਗੁਰ ਸ਼ਬਦ ਸ਼ਬਦ ਭੁਗਤਾਈਆ । ਜਿਸ ਦੇ ਹੁਕਮ ਵਿਚ ਜਗਤ ਜਹਾਨ ਹੋਇਆ ਪੈਦਾ, ਓਸੇ ਦੇ ਹੁਕਮ ਵਿਚ ਚਲਣਾ ਚਾਈਂ ਚਾਈਂਆ । ਧੁਰ ਦੇ ਨਾਮ ਨਾਲ ਹਕੀਕੀ ਕਲਮੇ ਨਾਲ ਜੀਵਣ ਜ਼ਿੰਦਗੀ ਵਾਲਾ ਫ਼ਾਇਦਾ, ਨੁਕਸਾਨ ਵਿਚ ਕਦੇ ਨਾ ਆਈਆ । ਆਦਿ ਅੰਤ ਜੁਗ ਚੌਕੜੀ ਲੋਕ ਪ੍ਰਲੋਕ ਚੌਦਾਂ ਤਬਕ ਜੋ ਇਕੋ ਮਾਲਕ ਖ਼ਾਲਕ ਹੈਗਾ, ਇਕੋ ਬੈਠਾ ਸੋਭਾ ਪਾਈਆ । ਸਾਚੀ ਬੰਦਗੀ ਡਰ ਓਸੇ ਦੇ ਭੈ ਦਾ, ਹਿਰਦੇ ਅੰਦਰ ਸਦ ਰਖਾਈਆ । ਓਹ ਧੁਰ ਦਾ ਰਾਮ ਧੁਰ ਦਾ ਕਾਹਨ ਪੁਰਖ ਅਕਾਲਾ ਦਰਸ਼ਨ ਜ਼ਰੂਰ ਦਏਗਾ, ਦੇਵਣਹਾਰ ਵਡ ਵਡਿਆਈਆ । ਕਾਇਆ ਮੰਦਰ ਅੰਦਰ ਅਨਾਦ ਧੁਨ ਸ਼ਬਦ ਅਗੰਮੀ ਕਹੇਗਾ, ਬਿਨ ਰਸਨਾ ਜਿਹਵਾ ਢੋਲਾ ਆਪ ਸੁਣਾਈਆ । ਜਿਸ ਦੇ ਪਿਆਰ ਦਾ ਵਹਿਣ ਮੁਹੱਬਤ ਵਿਚ ਵਹੇਗਾ, ਕੂੜੀ ਕਿਰਿਆ ਦਏ ਰੁੜ੍ਹਾਈਆ । ਸਾਚਾ ਸੁਖ ਉਹ ਸਚ ਸਵਾਮੀ ਸਦਾ ਦਏਗਾ, ਜੋ ਓਸੇ ਦੀ ਓਟ ਰਖਾਈਆ । ਤਨ ਅੰਦਰੋਂ ਬੁਰਜ ਹੰਕਾਰੀ ਢਹੇਗਾ, ਮਮਤਾ ਕੂੜ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਾਚਾ ਹੁਕਮ ਸੰਦੇਸ਼ਾ ਇਕੋ ਕਹੇਗਾ । ਸੁਖ ਲੈਣਾ ਚਾਹੋ ਜੇ ਸਾਰੇ ਜਗਿਆਸੂਓ ਜਗ, ਜਗ ਜੀਵਣ ਦਾਤਾ ਇਕ ਮਨਾਈਆ । ਜੋ ਸ਼ਹਿਨਸ਼ਾਹ ਸੂਰਾ ਸਰਬੰਗ, ਕੁਦਰਤ ਕਾਦਰੇ ਕਰੀਮ ਨੂਰ ਅਲਾਹੀਆ । ਜਿਸ ਨੂੰ ਕਹਿੰਦੇ ਸਾਰੇ ਰੱਬ, ਰੱਬੇ ਆਲਮੀਨ ਆਪ ਅਖਵਾਈਆ । ਜੋ ਝਿਰਨਾ ਝਿਰਾਏ ਕਵਲ ਨਭ, ਅੰਮ੍ਰਿਤ ਧਾਰ ਵਹਾਈਆ । ਸ਼ਬਦ ਸੁਣਾਏ ਧੁਰ ਦਾ ਨਦ, ਅਨਾਦੀ ਧੁਨ ਕਰੇ ਸ਼ਨਵਾਈਆ । ਜਨ ਭਗਤਾਂ ਸੂਫ਼ੀਆਂ ਦਰਸ਼ਨ ਦੇਵੇ ਉਪਰ ਸ਼ਾਹ ਰਗ, ਨਵ ਦਵਾਰ ਦਾ ਡੇਰਾ ਢਾਹੀਆ । ਫੜ ਫੜ ਹੰਸ ਬਣਾਏ ਕਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਤ੍ਰੈਗੁਣ ਮਾਇਆ ਬੁਝਾਏ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਕੂੜ ਕੁੜਿਆਰੀ ਮੇਟ ਕੇ ਹੱਦ, ਹਦੂਦ ਇਕੋ ਦਏ ਵਖਾਈਆ । ਜਿਥੇ ਹਿੰਦੂ ਮੁਸਲਿਮ ਸਿੱਖ ਈਸਾਈ ਇਕੱਠੇ ਹੋਣੇ ਸਭ, ਸਚਖੰਡ ਸਾਚਾ ਦਰਗਾਹ ਸਾਚੀ ਮੁਕਾਮੇ ਹਕ ਇਕ ਸਮਝਾਈਆ । ਤਿਸ ਸਾਹਿਬ ਸਵਾਮੀ ਅੰਤਰਜਾਮੀ ਨੂੰ ਸਾਰੇ ਲਓ ਲੱਭ, ਦਰਸ਼ਨ ਸਨਮੁਖ ਹੋ ਕੇ ਪਾਈਆ । ਜਿਸ ਦੀ ਇਕੋ

੧੬੯੬
੨੩

੧੬੯੭
੨੩

ਮੰਜ਼ਲ ਇਕੋ ਪਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਾਚਾ ਸੁਖ ਕਾਇਆ ਗਾਗਰ, ਬਾਹਰ ਹੱਥ ਕਿਛ ਨਾ ਆਈਆ । ਜਿਸ ਤਰਨਾ ਸਮੁੰਦ ਸਾਗਰ, ਸਿਮਰੇ ਇਕੋ ਬੇਪਰਵਾਹੀਆ । ਜਿਸ ਦਾ ਨਾਮ ਰਤਨ ਰਤਨਾਗਰ, ਰੱਤੀ ਰਤ ਆਪਣੇ ਰੰਗ ਰੰਗਾਈਆ । ਉਹ ਕੁਦਰਤ ਦਾ ਕਾਦਰ ਕਰੀਮ ਸਭ ਨੂੰ ਦੇਵੇ ਆਦਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੇ ਜਗਤ ਜੰਜਾਲ ਕਟਾਉਣੇ ਬਣੋ ਬਹਾਦਰ, ਸੂਰਬੀਰ ਲਓ ਅੰਗੜਾਈਆ । ਆਪਣਾ ਕਰਮ ਕਰੋ ਉਜਾਗਰ, ਦੁਰਮਤ ਮੈਲ ਧਵਾਈਆ । ਉਹ ਪਰਮ ਪੁਰਖ ਪਰਮਾਤਮ ਕਾਇਆ ਮੰਦਰ ਅੰਦਰ ਸਭ ਦੇ ਹਾਜ਼ਰ, ਹਜ਼ੂਰ ਬੈਠਾ ਸੋਭਾ ਪਾਈਆ । ਇਕੋ ਨਾਮ ਜਪੋ ਵਾਜਬ, ਦੂਸਰ ਲੋੜ ਰਹੇ ਨਾ ਰਾਈਆ । ਓਸ ਦਾ ਕਲਮਾ ਸਮਝੇ ਕੋਇ ਨਾ ਕਾਤਬ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋ ਨਿਰਗੁਣ ਧਾਰ ਨਿਰਗੁਣ ਕਰੇ ਮੁਖ਼ਾਤਬ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਉਹ ਸਦਾ ਸਦਾ ਕਰਨਹਾਰ ਸਖਾਵਤ, ਰਹਿਮਤ ਨਾਮ ਕਲਮੇ ਵਾਲੀ ਵਰਤਾਈਆ । ਦੁਨੀਆਦਾਰੋ ਕੂੜੀ ਛਡ ਦੇਣੀ ਬਗ਼ਾਵਤ, ਝਗੜਾ ਤਨ ਨਾ ਕੋਇ ਰਖਾਈਆ । ਸੁਖ ਦੇਣ ਨੂੰ ਇਕੋ ਨਾਮ ਨਿਆਮਤ, ਨਰ ਨਿਰੰਕਾਰ ਦਿਤੀ ਬਣਾਈਆ । ਜਿਸ ਦੀ ਕਿਸੇ ਨੂੰ ਨਹੀਂ ਮਮਾਨਤ, ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਲਓ ਚਾਈਂ ਚਾਈਂਆ । ਸ੍ਰਿਸ਼ਟੀ ਵਿਚੋਂ ਪਾਰ ਲੰਘਾਉਣ ਵਾਲਾ ਇਕੋ ਸਹੀ ਸਲਾਮਤ, ਸਾਹਿਬ ਸਤਿਗੁਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਸੰਸਾਰ ਸਾਗਰ ਵਿਚੋਂ ਜਿਸ ਆਪਣਾ ਆਪ ਪਾਰ ਕਰਾਉਣਾ, ਦਰਗਾਹ ਸਾਚੀ ਜਾਣਾ ਚਾਈਂ ਚਾਈਂਆ । ਇਕੋ ਇਕ ਦਾ ਇਸ਼ਟ ਮਨਾਉਣਾ, ਸੀਸ ਜਗਦੀਸ਼ ਇਕ ਨਿਵਾਈਆ । ਇਕੋ ਦਾ ਢੋਲਾ ਗੀਤ ਗਾਉਣਾ, ਇਕੋ ਕਲਮਾ ਕਾਇਨਾਤ ਜਣਾਈਆ । ਇਕੋ ਇਕ ਦਾ ਦਰਸ਼ਨ ਪਾਉਣਾ, ਜੋ ਨੂਰ ਨੁਰਾਨਾ ਜੋਤੀ ਜਾਤਾ ਨੂਰ ਅਲਾਹੀਆ । ਜਿਸ ਸਭ ਦਾ ਲਹਿਣਾ ਦੇਣਾ ਆਪਣੇ ਹੱਥ ਰਖਾਉਣਾ, ਅਵਤਾਰ ਪੈਗ਼ੰਬਰ ਗੁਰ ਜਿਸ ਦੀ ਸਿਫ਼ਤ ਸਲਾਹੀਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਭ ਦਾ ਯਾਰ ਜੁਗ ਜੁਗ ਜਿਸ ਨੇ ਲਹਿਣਾ ਦੇਣਾ ਮਾਤ ਚੁਕਾਉਣਾ, ਉਧਾਰ ਦੀਨ ਦੁਨੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੁਖ ਇਕ ਸਮਝਾਈਆ । ਸਾਚਾ ਸੁਖ ਦੇਵੇ ਬਹੁਭਾਂਤੀ, ਹਰਿ ਕਰਤਾ ਵਡ ਵਡਿਆਈਆ । ਜੋ ਮੇਟਣਹਾਰਾ ਅੰਧੇਰੀ ਰਾਤੀ, ਕੂੜੀ ਕਿਰਿਆ ਡੇਰਾ ਢਾਹੀਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤੀ, ਸਾਂਤਕ ਸਤਿ ਦਏ ਕਰਾਈਆ । ਦਿਨੇ ਜਾਗਦਿਆਂ ਰਾਤੀਂ ਸੁੱਤਿਆਂ ਪੁਛੇ ਵਾਤੀ, ਮਾਲਕ ਧੁਰਦਰਗਾਹੀਆ । ਜਿਸ ਨੂੰ ਕਹਿੰਦੇ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਜੋ ਬਦਲ ਦੇਵੇ ਹਯਾਤੀ, ਇਲਮ ਸਫ਼ਾਤੀ ਆਪ ਸਮਝਾਈਆ । ਜਿਸ ਦੀ ਮੰਜ਼ਲ ਇਕੋ ਘਾਟੀ, ਘਾਟੇ ਪੂਰੇ ਦਏ ਕਰਾਈਆ । ਜਨਮ ਜਨਮ ਦੀ ਕੱਟ ਦਏ ਵਾਟੀ, ਅਗਲਾ ਪੰਧ ਰਹੇ ਨਾ ਰਾਈਆ । ਪਰਮਾਤਮ ਹੋ ਕੇ ਆਤਮ ਬਣੇ ਸਾਥੀ, ਸਗਲਾ ਸੰਗ ਨਿਭਾਈਆ । ਉਹ ਕਿਰਪਾ ਕਰੇ ਪੁਰਖ ਸਮਰਾਥੀ, ਸਮਰਥ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਾਟ ਵਖਾਈਆ । ਸੰਸਾਰ ਸਾਗਰ ਦਾ ਇਕੋ ਨਾਮ ਦਾ ਬੇੜਾ, ਨਈਆ ਨੌਕਾ ਜਗਤ ਜਣਾਈਆ । ਕੂੜੀ ਕਿਰਿਆ ਛਡਣਾ ਝੇੜਾ, ਝਗੜਾ ਜਗਤ ਨਾ ਕੋਇ ਬਣਾਈਆ । ਆਪਣਾ ਗ੍ਰਿਹਿ ਵੇਖਣਾ ਖੇੜਾ, ਕਾਇਆ ਮੰਦਰ ਖੋਜ ਖੁਜਾਈਆ । ਉਸ ਦਾ ਖੁਲਾ ਕਰਨਾ ਵਿਹੜਾ, ਮਮਤਾ ਵੰਡ

ਨਾ ਕੋਇ ਵੰਡਾਈਆ । ਘਰ ਸਵਾਮੀ ਵੇਖਣਾ ਨੇੜਾ, ਗ੍ਰਿਹਿ ਬੈਠਾ ਡੇਰਾ ਲਾਈਆ । ਜਿਸ ਦਾ ਖੇਲ ਗੁਰੂ ਗੁਰ ਚੇਰਾ, ਚੇਲਾ ਗੁਰ ਆਪ ਹੋ ਜਾਈਆ । ਉਹ ਜ਼ਰੂਰ ਸੰਸਾਰ ਵਿਚ ਕਰੇ ਮਿਹਰਾ, ਕਾਇਨਾਤ ਵਿਚੋਂ ਪਾਰ ਕਰਾਈਆ । ਜਗਤ ਵਿਕਾਰ ਮੇਟੇ ਅੰਧੇਰਾ, ਸਤਿ ਸਚ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੁਖ ਸੁਖ ਸਤਿਗੁਰ ਚਰਨ ਚਰਨ ਸਮਝਾਈਆ ।

## ✪ ੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਟਨਾ ਸ਼ਹਿਰ ਮੁਸਲਾਪੁਰ ਹਾਟ ਦੇਵ ਦੱਤ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਬਣੇ ਪਿਤ ਮਾਤਾ, ਹਰਿ ਭਗਤ ਸੁਤ ਗੋਦ ਉਠਾਈਆ । ਨਾਮ ਨਿਧਾਨ ਦੇਵੇ ਅਗੰਮੀ ਦਾਤਾ, ਨਿਰਗੁਣ ਨਿਰਵੈਰ ਝੋਲੀ ਆਪ ਭਰਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤਾ, ਸਤਿ ਧਰਮ ਦਾ ਸਤਿ ਚੰਦ ਦਏ ਚਮਕਾਈਆ । ਚਰਨ ਪ੍ਰੀਤੀ ਜਗਤ ਜੋੜ ਕੇ ਨਾਤਾ, ਪੂਰਬ ਲੇਖਾ ਪੂਰ ਕਰਾਈਆ । ਸਦਾ ਪੁਛਦਾ ਰਹੇ ਵਾਤਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਆਪਣੀ ਕਿਰਪਾ ਦਾ ਭੰਡਾਰਾ ਬਖ਼ਸ਼ੇ ਖਾਤਾ, ਖ਼ਤਰਾ ਅਵਰ ਨਾ ਕੋਇ ਰਖਾਈਆ । ਆਪੇ ਹੋ ਕੇ ਜੋਤੀ ਜਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਮਾਤ ਪਿਤਾ ਆਦਿ, ਅਪਰੰਪਰ ਇਕ ਅਖਵਾਈਆ । ਜਨ ਭਗਤਾਂ ਲੇਖਾ ਜਾਣੇ ਜੁਗ ਜੁਗਾਦਿ, ਜੁਗ ਚੌਕੜੀ ਭੇਵ ਖੁਲਾਈਆ । ਕਿਰਪਾ ਕਰੇ ਮੋਹਣ ਮਾਧਵ ਮਾਧ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਜਨ ਅੰਤਰ ਰਹੇ ਅਰਾਧ, ਲਿਵ ਆਤਮ ਰੰਗ ਰੰਗਾਈਆ । ਪ੍ਰੀਤਮ ਪਿਆਰਾ ਹੋਏ ਵਿਸਮਾਦ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੂਰਬ ਭੁੱਲੇ ਕਦੇ ਨਾ ਯਾਦ, ਸਦਾ ਸਾਚਾ ਸੰਗ ਨਿਭਾਈਆ । ਬਾਲ ਅਵਸਥਾ ਦੇਵੇ ਦਾਦ, ਵਸਤ ਅਮੁਲ ਅਤੁਲ ਵਰਤਾਈਆ । ਲੇਖਾ ਰੱਖੇ ਰਾਜ ਨਰਾਇਣ ਤੋਂ ਬਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਸੰਗੀ, ਸਤਿ ਸਤਿਵਾਦੀ ਇਕ ਅਖਵਾਈਆ । ਦੇਵੇ ਵਸਤ ਘਰ ਗ੍ਰਿਹਿ ਅਨਮੰਗੀ, ਧਰਮ ਦੀ ਧਾਰ ਆਪ ਵਰਤਾਈਆ । ਤਨ ਵਜੂਦ ਚੋਲੀ ਜਾਏ ਰੰਗੀ, ਪ੍ਰੇਮ ਰੰਗਣ ਇਕ ਚੜ੍ਹਾਈਆ । ਸੱਚਾ ਸੁਖ ਦਏ ਅਨੰਦੀ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜੋ ਲੇਖਾ ਵੇਖਣਹਾਰਾ ਪ੍ਰਕਿਰਤੀ ਪੰਝੀ, ਦਹਿ ਦਿਸ਼ਾ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਸਦਾ ਸਦਾ ਦਿਆਲੂ, ਦੀਨਨ ਦਇਆ ਕਮਾਈਆ । ਮਿਹਰਵਾਨ ਕਿਰਪਾਲੂ, ਕਿਰਪਾ ਨਿਧਾਨ ਇਕ ਅਖਵਾਈਆ । ਜੋ ਭਗਤ ਜਨ ਬੱਚਿਆਂ ਸੁਰਤ ਸੰਭਾਲੂ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ । ਘਰ ਵਸਤ ਆਪਣੀ ਡਾਲੂ, ਤੋਟ ਰਹੇ ਨਾ ਰਾਈਆ । ਨਵਾਂ ਜੀਵਣ ਜ਼ਿੰਦਗੀ ਵਿਚੋਂ ਹੋਵੇ ਚਾਲੂ, ਚਾਰੋਂ ਕੁੰਟ ਵੱਜੇ ਵਧਾਈਆ । ਪਰਮ ਪੁਰਖ ਪਰਮਾਤਮ ਪਿਆਰ ਮੁਹੱਬਤ ਵਿਚ ਸਭ ਨੂੰ ਪਾਲੂ, ਨਿਰਾਸ਼ਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸ਼ਾਹ ਕੰਗਾਲੂ, ਸ਼ਹਿਨਸ਼ਾਹ ਆਪਣੀ ਖ਼ੁਸ਼ੀ ਬਣਾਈਆ ।



੧੬੯੮
੨੩

## ✪ ੧੦ ਚੇਤ ਸ਼ਹਿਨਸ਼ਾਹੀ ਸੰਮਤ ਦਸ ਸ਼ਾਸਤਰੀ ਨਗਰ ਕਾਨਪੁਰ ਸ਼ਹਿਰ ਸਤਵੰਤ ਕੌਰ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਉਤੇ ਮਕਬਰੇ ਗੋਰਾਂ ਕਰਨ ਪੁਕਾਰ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਸਾਡੇ ਵਿਚ ਅਵਤਾਰ ਪੈਗ਼ੰਬਰ ਗੁਰ ਤਨ ਵਜੂਦਾਂ ਸੁੱਤੇ ਪੈਰ ਪਸਾਰ, ਪਸਰ ਪਸਾਰੀ ਵੇਖਣਾ ਚਾਈਂ ਚਾਈਂਆ । ਜਿਨ੍ਹਾਂ ਦੇ ਤਨ ਵਜੂਦ ਮਾਟੀ ਖ਼ਾਕ ਹੋਵੇ ਪੰਜ ਤਤ ਖ਼ਾਕ ਛਾਰ, ਨਿਸ਼ਾਨ ਨੌਜਵਾਨ ਸ੍ਰੀ ਭਗਵਾਨ ਨਜ਼ਰ ਕੋਇ ਨਾ ਆਈਆ । ਜੋ ਨਾਮ ਕਲਮੇ ਵਿਚ ਤੇਰੇ ਸੰਦੇਸ਼ੇ ਦੇ ਕੇ ਗਏ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਹੋਵੇ ਧੂੰਆਂਧਾਰ, ਚੌਧਵੀਂ ਚੰਦ ਨਾ ਕੋਇ ਰੁਸ਼ਨਾਈਆ । ਬੀਸ ਬੀਸੇ ਹਰਿ ਜਗਦੀਸ਼ੇ ਸ੍ਰਿਸ਼ਟੀ ਪਾਏ ਕੋਈ ਨਾ ਸਾਰ, ਮਹਾਸਾਰਥੀ ਨਜ਼ਰ ਕੋਇ ਨਾ ਆਈਆ । ਗੁਰੂ ਗੁਰਦੇਵ ਤੇਰਾ ਨਾਮ ਸੰਦੇਸਾ ਗਏ ਉਚਾਰ, ਰਸਨਾ ਜਿਹਵਾ ਸਿਫ਼ਤੀ ਸਿਫ਼ਤ ਸਲਾਹੀਆ । ਕਲਜੁਗ ਅੰਤ ਸਾਚਾ ਰਹੇ ਕੋਈ ਨਾ ਮੀਤ ਮੁਰਾਰ, ਮਿਤ੍ਰ ਪਿਆਰਾ ਨਜ਼ਰ ਕੋਇ ਨਾ ਆਈਆ । ਨਾਮ ਸਤਿ ਬ੍ਰਹਮ ਮਤ ਹੋਵੇ ਖ਼ੁਆਰ, ਤਤਵ ਤਤ ਵੱਜੇ ਨਾ ਕੋਇ ਵਧਾਈਆ । ਚਾਰ ਜੁਗ ਦੇ ਸ਼ਾਸਤਰ ਕਰਨ ਗਿਰਿਆਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਦੁਹਾਈ ਦੇਵਣ ਤੀਰਥ ਤਟ ਕਿਨਾਰ, ਜਲ ਧਾਰਾ ਵਹਿਣ ਨਾ ਕੋਇ ਵਹਾਈਆ । ਸੋ ਵਕਤ ਸੁਹੰਜਣਾ ਵੇਖ ਮੇਰੇ ਪਰਮ ਪੁਰਖ ਕਰਤਾਰ, ਕਰਨੀ ਦੇ ਕਰਤੇ ਧਿਆਨ ਲਗਾਈਆ । ਧਰਨੀ ਕਹੇ ਮੇਰੀ ਚਰਨ ਕਵਲ ਨਿਮਸਕਾਰ, ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਧਰਨੀ ਕਹੇ ਮੇਰੇ ਉਤੇ ਵੇਖ ਲੈ ਮਕਬਰੇ ਮੜ੍ਹੀਆਂ, ਜਗਦੀਸ਼ਰ ਧਿਆਨ ਲਗਾਈਆ । ਪਵਿਤ੍ਰ ਲਾਸ਼ਾਂ ਜਗਤ ਜਹਾਨ ਸੜੀਆਂ, ਖ਼ਾਕੀ ਖ਼ਾਕ ਰੂਪ ਬਣਾਈਆ । ਜਿਨ੍ਹਾਂ ਤੇਰੀਆਂ ਅਗੰਮੀ ਬਾਣੀਆਂ ਪੜ੍ਹੀਆਂ, ਨਾਮ ਕਲਮੇ ਢੋਲੇ ਗਾਈਆ । ਉਹਨਾਂ ਦੇ ਕੋਟਨ ਕੋਟ ਸਮੇਂ ਬੀਤ ਗਏ ਘੜੀਆਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਮੇਰੀ ਦੁਹਾਈ ਮੇਰੇ ਸਵਾਮੀ ਮੈਂ ਰਹੀ ਡਰੀਆਂ, ਡਰਪੋਕ ਹੋ ਕੇ ਦਿਆਂ ਜਣਾਈਆ । ਮੇਰੇ ਉਤੇ ਝਗੜਾ ਹੋਵਣ ਵਾਲਾ ਸ਼ਰਈਆਂ, ਸ਼ਰਅ ਆਪਣੀ ਲਏ ਅੰਗੜਾਈਆ । ਪਿਆਰ ਰਹਿਣਾ ਨਹੀਂ ਦੀਨ ਮਜ਼੍ਹਬ ਦੀਆਂ ਸਈਆਂ, ਸਗਲਾ ਸੰਗ ਨਾ ਕੋਇ ਬਣਾਈਆ । ਮੈਨੂੰ ਦੂਰੋਂ ਦਿਸਦੀਆਂ ਧਰਮ ਰਾਏ ਦੀਆਂ ਵਹੀਆਂ, ਜੋ ਲੇਖਾ ਚਿਤ੍ਰਗੁਪਤ ਦ੍ਰਿੜਾਈਆ । ਜੋ ਸੰਦੇਸ਼ੇ ਸੁਣੇ ਸਦੀਆਂ ਕਈਆਂ, ਪੇਸ਼ੀਨਗੋਈਆਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਉਤੇ ਮੜ੍ਹੀ ਗੋਰ ਮਾਰਦੀਆਂ ਚੀਕਾਂ, ਦਰੋਹੀ ਤੇਰਾ ਨਾਮ ਦੁਹਾਈਆ । ਸਾਡੀਆਂ ਕਰੇ ਕੌਣ ਤਸਦੀਕਾਂ, ਸ਼ਹਾਦਤ ਕਵਣ ਭੁਗਤਾਈਆ । ਸ਼ਰਅ ਦੀਆਂ ਵੇਖ ਲੀਕਾਂ, ਹੱਦਾਂ ਖੋਜ ਖੁਜਾਈਆ । ਤੇਰੇ ਵਿਚ ਹਕ ਤੌਫ਼ੀਕਾਂ, ਤੂੰ ਮਾਲਕ ਧੁਰਦਰਗਾਹੀਆ । ਤੇਰਾ ਖੇਲ ਜੀਵ ਜੀਅ ਕਾ, ਲੱਖ ਚੁਰਾਸੀ ਵਿਚ ਸਮਾਈਆ । ਤੇਰਾ ਰੂਪ ਨੀਕਨ ਨੀਕਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਚ ਦੱਸ ਕੀ ਲਹਿਣਾ ਹਸਤ ਕੀਟਾ, ਸ਼ਾਹ ਸੁਲਤਾਨਾ ਕੀ ਵਡਿਆਈਆ । ਕਿਸ ਬਿਧ ਤੇਰਾ ਭਾਣਾ ਲੱਗੇ ਮੀਠਾ, ਭੇਵ ਅਭੇਦਾ ਦੇਣਾ ਖੁਲਾਈਆ । ਮੇਰੇ ਸਵਾਮੀ ਅੰਤਰਜਾਮੀ ਮੇਰੇ ਉਤੇ ਤਪਣ ਵਾਲਾ ਅੰਗੀਠਾ, ਤ੍ਰੈਗੁਣ ਅਗਨੀ ਅਗ ਲਗਾਈਆ । ਕਵਣ ਕਰੇ ਠਾਂਡਾ ਸੀਤਾ, ਅੰਮ੍ਰਿਤ ਮੇਘ ਨਾਮ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ

੧੬੯੯
੨੩

ਜਗਾਈਆ । ਧਰਨੀ ਕਹੇ ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਕੂਕਣ ਹੱਡੀਆਂ, ਸਤਿ ਸਚ ਸੰਦੇਸ਼ ਸੁਣਾਈਆ । ਸਾਡੀਆਂ ਪਿਛਲੀਆਂ ਸਦੀਆਂ ਲੰਘੀਆਂ, ਅਗੇ ਵੇਖੀਏ ਚਾਈਂ ਚਾਈਂਆ । ਜੋ ਪੁਰਖ ਅਕਾਲ ਤੋਂ ਮੰਗਾਂ ਮੰਗੀਆਂ, ਦਰ ਠਾਂਡੇ ਝੋਲੀਆਂ ਡਾਹੀਆ । ਉਹ ਸਭ ਨੂੰ ਲੱਗਣ ਚੰਗੀਆਂ, ਚੰਗੀ ਤਰਾ ਦ੍ਰਿੜਾਈਆ । ਕਲਜੁਗ ਅੰਤਮ ਦੀਨ ਦੁਨੀ ਦੀਆਂ ਕੰਡਾਂ ਹੋਣੀਆਂ ਨੰਗੀਆਂ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਨਵ ਸੱਤ ਦਿਸਣੀਆਂ ਤੰਗੀਆਂ, ਧੀਰਜ ਧੀਰ ਨਾ ਕੋਇ ਧਰਾਈਆ । ਸ਼ਰਅ ਦਾ ਲੇਖਾ ਹੋਣਾ ਨਾਲ ਫ਼ਰੰਗੀਆਂ, ਮੁਹੰਮਦ ਈਸਾ ਨੈਣ ਉਠਾਈਆ । ਕਿਸੇ ਹੱਥ ਨਹੀਂ ਆਉਣੀਆਂ ਵੰਝੀਆਂ, ਭੇਵ ਸਮਝੇ ਕੋਇ ਨਾ ਰਾਈਆ । ਸਭ ਦੇ ਨੇਤਰ ਵਗਣ ਅੰਝੀਆਂ, ਨੈਣ ਛਹਿਬਰ ਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀਆਂ ਹੋਣੀਆਂ ਸੰਧੀਆਂ, ਜੋ ਭਵਿਖਤਾਂ ਵਿਚ ਦ੍ਰਿੜਾਈਆ । ਝਗੜਾ ਮਿਟਣਾ ਸ਼ਰਅ ਕੰਧੀਆਂ, ਦਵੈਤੀ ਰਹਿਣ ਕੋਇ ਨਾ ਪਾਈਆ । ਅੰਤ ਮਜ਼੍ਹਬਾਂ ਦੀਆਂ ਟੁਟਣੀਆਂ ਪਾਬੰਦੀਆਂ, ਪਰਮ ਪੁਰਖ ਆਪਣਾ ਹੁਕਮ ਵਰਤਾਈਆ । ਸਭ ਨੇ ਇਕੋ ਢੋਲਾ ਗਾਉਣਾ ਛੰਦੀਆਂ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਵਾਟਾਂ ਮੂਲ ਰਹਿਣ ਨਾ ਲੰਬੀਆਂ, ਲਮਹ ਲਮਹ ਆਪਣਾ ਪੰਧ ਮੁਕਾਈਆ । ਧਰਨੀ ਕਹੇ ਮੈਂ ਵੇਖ ਵੇਖ ਕੇ ਕੰਬੀ ਆਂ, ਥਰਥਰਾਹਟ ਵਿਚ ਦੁਹਾਈਆ । ਤੇਰਾ ਖੇਲ ਹੋਣਾ ਜੇਰਜ ਅੰਡੀਆਂ, ਉਤਭੁਜ ਸੇਤਜ ਭੇਵ ਚੁਕਾਈਆ । ਲਹਿਣਾ ਮੁਕਾਉਣਾ ਵਿੰਗੀਆਂ ਟੇਢੀਆਂ ਡੰਡੀਆਂ, ਡੰਡਾਵਤ ਇਕੋ ਦੇਣੀ ਦ੍ਰਿੜਾਈਆ । ਮੈਂ ਅੰਤ ਕਿਨਾਰੇ ਖਲੋਤੀ ਕੰਢੀ ਆਂ, ਵਾਟਾਂ ਪੰਧ ਮੁਕਾਈਆ । ਕਿਰਪਾ ਕਰ ਸੂਰੇ ਸਰਬੰਗੀਆ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਉਣਾ ਆਪਣੇ ਅੰਗੀਆ, ਅੰਗੀਕਾਰ ਇਕ ਅਖਵਾਈਆ ।
੧੭੦੦ ੨੩

### ✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਦਸ ਸ਼ਾਸਤਰੀ ਨਗਰ ਕਾਨਪੁਰ ਸ਼ਹਿਰ ਕਿਰਪਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਦੀ ਪੁਕਾਰੇ ਸ਼ਮਸ਼ਾਨ ਭੂਮੀ, ਭੂਮਿਕਾ ਕੂਕ ਕੂਕ ਸੁਣਾਈਆ । ਜਿਸ ਦਾ ਭੇਵ ਸਮਝੇ ਕੋਇ ਨਾ ਪੰਡਤ ਪਾਂਧਾ ਨਜੂਮੀ, ਗ੍ਰਿਹ ਨਛੱਤਰਾਂ ਵੰਡ ਨਾ ਕੋਇ ਵੰਡਾਈਆ । ਮੈਂ ਬਾਲ ਅੰਵਾਣੀ ਮਾਸੂਮੀ, ਮੇਰੀ ਚਲੇ ਨਾ ਕੋਇ ਚਤੁਰਾਈਆ । ਜੁਗ ਚੌਕੜੀ ਤੇਰਾ ਖੇਲ ਖੇਲਣਾ ਸਦਾ ਮਾਲੂਮੀ, ਮਿਹਰਵਾਨ ਤੇਰੇ ਹੱਥ ਵਡਿਆਈਆ । ਤੂੰ ਮਾਲਕ ਖ਼ਾਲਕ ਕੰਤ ਕੰਤੂਹਲੀ, ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਇਕ ਅਖਵਾਈਆ । ਨਿਗਾਹ ਮਾਰ ਲੈ ਨਵ ਸੱਤ ਮੇਰੇ ਉਤੇ ਹੋਈ ਬੇਅਸੂਲੀ, ਅਸਲ ਵਿਚ ਵਸਲ ਤੇਰਾ ਯਾਰ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਤਿਪਰਮੇਸ਼ਵਰ ਤੈਨੂੰ ਭੁਲੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤੂੰ ਕੰਤ ਭਗਵੰਤ ਸਦਾ ਮੇਰਾ ਕੰਤੂਹਲੀ, ਸਚ ਸਵਾਮੀ ਅੰਤਰਜਾਮੀ ਇਕ ਅਖਵਾਈਆ । ਮੈਂ ਜੁਗ ਜੁਗ ਤੇਰੀ ਕਿਰਪਾ ਨਾਲ ਫਲੀ ਫੂਲੀ, ਚੁਰਾਸੀ ਆਪਣੇ ਰੰਗ ਰੰਗਾਈਆ । ਮੇਰੇ ਮਿਹਰਵਾਨਾ ਮਹਿਬੂਬਾ ਤੇਰੇ ਚਰਨ ਕਵਲ ਦੀ ਮੰਗਾਂ ਧੂਲੀ, ਧੂੜੀ ਖ਼ਾਕ ਦੇਣੀ ਰਮਾਈਆ । ਉਹ ਇਸ਼ਾਰਾ ਕਰਦਾ ਹਜ਼ਰਤ ਈਸਾ ਜੋ ਚੜ੍ਹਿਆ ਤੇਰੇ ਕਲਮੇ ਵਾਲੀ ਸੂਲੀ, ਸੁਲਹਕੁਲ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ

ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਉਤੇ ਕੂਕ ਪੁਕਾਰੇ ਭੂਮੀ ਸ਼ਮਸ਼ਾਨ, ਸ਼ਬੇ ਰੋਜ਼ ਧਿਆਨ ਲਗਾਈਆ । ਤੂੰ ਨਿਗਾਹ ਮਾਰ ਸ਼ਾਹ ਸੁਲਤਾਨ, ਸ਼ਹਿਨਸ਼ਾਹ ਆਪਣਾ ਨੈਣ ਉਠਾਈਆ । ਧਰਮ ਸਚ ਰਿਹਾ ਨਾ ਕੋਈ ਈਮਾਨ, ਸਤਿ ਸਤਿ ਨਾ ਕੋਇ ਵਡਿਆਈਆ । ਚਾਰੋਂ ਕੁੰਟ ਕੂੜ ਪ੍ਰਧਾਨ, ਭੱਜੇ ਵਾਹੋ ਦਾਹੀਆ । ਪੈਗ਼ੰਬਰਾਂ ਦੀ ਸ਼ਰਅ ਹੋਈ ਸ਼ੈਤਾਨ, ਸੂਰੀਆ ਹਕ ਨਾ ਕੋਇ ਚੜ੍ਹਾਈਆ । ਧਰਮ ਦਾ ਦਿਸੇ ਨਾ ਕੋਇ ਨਿਸ਼ਾਨ, ਅਵਤਾਰ ਪੈਗ਼ੰਬਰ ਰਹੇ ਗੁਰੂ ਨਾਲ ਸੁਣਾਈਆ । ਤੂੰ ਮੇਰਾ ਮਾਲਕ ਖ਼ਾਲਕ ਵਾਲੀ ਦੋ ਜਹਾਨ, ਸਚਖੰਡ ਨਿਵਾਸੀ ਇਕ ਅਖਵਾਈਆ । ਮੈਂ ਤੇਰੇ ਚਰਨ ਕਵਲ ਕਰਾਂ ਧਿਆਨ, ਬਿਨ ਧੂੜੀ ਖ਼ਾਕ ਰਮਾਈਆ । ਮੇਰਾ ਲਹਿਣਾ ਦੇਣਾ ਵੇਖ ਆਣ, ਆਪ ਆਪਣਾ ਭੇਵ ਖੁਲਾਈਆ । ਤੂੰ ਲੱਖ ਚੁਰਾਸੀ ਜਾਣੀ ਜਾਣ, ਘਟ ਘਟ ਪਰਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਸ਼ਮਸ਼ਾਨ ਭੂਮੀ ਦੀ ਰੋਵੇ ਮਿੱਟੀ, ਖ਼ਾਕ ਖ਼ਾਕ ਰਹੀ ਸੁਣਾਈਆ । ਤੇਰੇ ਚਰਨ ਕਵਲਾਂ ਵਿਚ ਲਿਟੀ, ਬਿਨ ਲਿਟਾਂ ਸੀਸ ਨਿਵਾਈਆ । ਦੀਨ ਦੁਨੀ ਦਾ ਇਸ਼ਟ ਬਣ ਗਿਆ ਪੱਥਰ ਇੱਟੀ, ਪਾਹਨਾਂ ਸੀਸ ਨਿਵਾਈਆ । ਸੁਰਤੀ ਦਿਸੇ ਕਿਸੇ ਨਾ ਟਿਕੀ, ਟਿਕਟਿਕੀ ਤੇਰੇ ਨਾਲ ਨਾ ਕੋਇ ਰਖਾਈਆ । ਤੇਰੀ ਧਾਰ ਨਜ਼ਰ ਨਾ ਆਵੇ ਨਿੱਕੀ, ਨਰ ਨਰਾਇਣ ਤੇਰਾ ਦਰਸ ਕੋਇ ਨਾ ਪਾਈਆ । ਸਤਿ ਸਚ ਦੀ ਰਹੇ ਕੋਈ ਨਾ ਸਿੱਖੀ, ਹਕੀਕਤ ਹਕ ਨਾ ਕੋਇ ਦ੍ਰਿੜਾਈਆ । ਆਪਣੀ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਵੇਖ ਲੈ ਮਿਤੀ, ਮਿਤ੍ਰ ਪਿਆਰੇ ਖੋਜ ਖੁਜਾਈਆ । ਪੇਸ਼ੀਨਗੋਈਆਂ ਵਾਲੀ ਤੱਕ ਲੈ ਭਵਿਖਤੀ, ਭਵਿਖਤ ਆਪਣਾ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਜਾਏ ਜਿੱਤੀ, ਹਾਰ ਵਿਚ ਤੇਰੀ ਲੋਕਾਈਆ । ਮੇਰੇ ਉਤੇ ਖੇਲ ਕਿਸੇ ਕੋਲੋਂ ਜਾਵੇ ਨਾ ਨਜਿੱਠੀ, ਅਵਤਾਰ ਪੈਗ਼ੰਬਰ ਗੁਰ ਤੇਰੀ ਓਟ ਤਕਾਈਆ । ਧਰਮ ਦੀ ਧਾਰ ਬਣਾ ਦੇ ਮਿੱਠੀ, ਮਿਹਰਵਾਨ ਆਪਣੀ ਦਇਆ ਕਮਾਈਆ । ਆਹ ਤੱਕ ਲੈ ਮੇਰੇ ਕੋਲ ਬਿਨਾ ਅੱਖਰਾਂ ਵਾਲੀ ਚਿੱਠੀ, ਜਿਸ ਦਾ ਹਰਫ਼ ਹਰੂਫ਼ ਨਜ਼ਰ ਕਿਸੇ ਨਾ ਆਈਆ । ਲੇਖਾ ਅਗੰਮ ਧਰਨੀਏ ਸਦੀ ਚੌਧਵੀਂ ਪਰਮ ਪੁਰਖ ਦੇ ਅਗੇ ਪਿੱਟੀਂ, ਪਟਨੇ ਵਾਲੇ ਅਗੇ ਕਰੀਂ ਦੁਹਾਈਆ । ਨੇਤਰ ਨੀਰ ਵਹਾਵੀਂ ਆਪਣੇ ਖ਼ੂਨ ਦੀ ਕੱਢ ਕੇ ਰਿੱਤੀ, ਬੂੰਦ ਚਰਨ ਕਵਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਸ਼ਮਸ਼ਾਨ ਭੂਮੀ ਦੀ ਰੋਵੇ ਖ਼ਾਕ, ਬਿਨ ਨੈਣਾਂ ਨੀਰ ਵਹਾਈਆ । ਆਪਣਾ ਪੂਰਾ ਕਰ ਦੇ ਭਵਿਖਤ ਵਾਕ, ਮਿਹਰਵਾਨ ਦਇਆ ਕਮਾਈਆ । ਸਚ ਧਰਮ ਦਾ ਖੋਲ ਦੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਆਤਮ ਪਰਮਾਤਮ ਜੋੜ ਦੇ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲ ਸਹਿਜ ਸੁਭਾਈਆ । ਜਨ ਭਗਤਾਂ ਪੁਛ ਵਾਤ, ਗ੍ਰਿਹਿ ਗ੍ਰਿਹਿ ਆਪਣਾ ਰੰਗ ਰੰਗਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਇਕੋ ਰੰਗ ਰੰਗਾਈਆ । ਮੇਰਾ ਲੇਖਾ ਪੂਰਾ ਕਰ ਦੇ ਲੋਕਮਾਤ, ਧਰਨੀ ਧਰਤ ਧਵਲ ਧੌਲ ਝੋਲੀ ਡਾਹੀਆ । ਮਿਹਰਵਾਨਾ ਪੁਛ ਲੈ ਵਾਤ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਮੇਰਾ ਹਿਰਦਾ ਕਰ ਦੇ ਸ਼ਾਂਤ, ਅਗਨੀ ਤਤ ਨਾ ਲਾਗੇ ਰਾਈਆ । ਤੇਰਾ ਨਵ ਸੱਤ ਦਾ ਹੋਵੇ ਇਕ ਪ੍ਰਾਂਤ, ਬਹੁ ਵੰਡ ਨਾ ਕੋਇ ਵੰਡਾਈਆ । ਮੈਂ ਦਰਸ਼ਨ ਤੇਰਾ ਕਰਾਂ ਇਕਾਂਤ, ਨਿਰਗੁਣ ਨਿਰਵੈਰ ਧਿਆਨ ਲਗਾਈਆ । ਤੂੰ ਆਦਿ ਜੁਗਾਦੀ ਸਭ ਦਾ ਪਿਤ ਮਾਤ, ਪਤਿਪਰਮੇਸ਼ਵਰ ਇਕ ਅਖਵਾਈਆ ।

ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਬਖ਼ਸ਼ ਦੇ ਦਾਤ, ਧੁਰ ਦੇ ਰਾਮ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਵਾਟ, ਅਗੇ ਪੰਧ ਨਾ ਕੋਇ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਆਤਮ ਧਾਰ ਜਣਾ ਦੇ ਘਾਟ, ਪਤਣ ਅਵਰ ਨਾ ਕੋਇ ਵਡਿਆਈਆ । ਜਨ ਭਗਤਾਂ ਖੋਲ ਦੇ ਬਜਰ ਕਪਾਟ, ਅੰਮ੍ਰਿਤ ਬੂੰਦ ਸਵਾਂਤੀ ਦੇ ਟਪਕਾਈਆ । ਭਾਗ ਲਗਾ ਦੇ ਕਾਇਆ ਮਾਟ, ਅਨਹਦ ਨਾਦੀ ਸ਼ਬਦ ਕਰ ਸ਼ਨਵਾਈਆ । ਜੋਤੀ ਜੋਤ ਜਗਾ ਲਿਲਾਟ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਪੂਰੀ ਕਰਨੀ ਆਸ, ਆਸ਼ਾ ਤੇਰੇ ਚਰਨ ਕਵਲ ਟਿਕਾਈਆ ।

## ✪ ੧੧ ਚੇਤ ਸ਼ਹਿਨਸ਼ਾਹੀ ਸੰਮਤ ਦਸ ਸ਼ਾਸਤਰੀ ਨਗਰ ਕਾਨਪੁਰ ਸ਼ਹਿਰ ਗੁਰਦਿਤ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਉਤੇ ਰੋਂਦੀਆਂ ਕਬਰਾਂ, ਕਬਰਸਤਾਨ ਰਹੇ ਕੁਰਲਾਈਆ । ਕਿਰਪਾ ਕਰ ਦੇ ਉਤੋਂ ਅੰਬਰਾਂ, ਨੂਰ ਨੁਰਾਨੇ ਨੂਰ ਅਲਾਹੀਆ । ਵਾਇਦੇ ਤੱਕ ਲੈ ਜੋ ਕੀਤੇ ਨਾਲ ਪੈਗੰਬਰਾਂ, ਹਰਫ਼ ਹਰੂਫ਼ਾਂ ਨਾਲ ਸਮਝਾਈਆ । ਦੀਨ ਦੁਨੀ ਦੇ ਤੱਕ ਲੈ ਅੰਦਰਾ, ਕਾਇਆ ਕਾਅਬੇ ਖੋਜ ਖੁਜਾਈਆ । ਨਿਗਾਹ ਮਾਰ ਲੈ ਡੂੰਘੀ ਕੰਦਰਾ, ਬਿਨ ਨੈਣਾਂ ਨੈਣ ਤਕਾਈਆ । ਦਰੋਹੀ ਕਿਸੇ ਦਾ ਖੁਲ੍ਹਿਆ ਨਹੀਂ ਅੰਦਰੋਂ ਜੰਦਰਾ, ਪਰਦਾ ਸਕੇ ਨਾ ਕੋਇ ਉਠਾਈਆ । ਤੇਰੀ ਕਾਇਨਾਤ ਸੁੱਤੀ ਗ਼ਫ਼ਲਤ ਵਿਚ ਨਿੰਦਰਾ, ਆਲਸ ਦੂਰ ਨਾ ਕੋਇ ਕਰਾਈਆ । ਤਨ ਵਜੂਦ ਖ਼ਾਲੀ ਤੱਕ ਲੈ ਪਿੰਜਰਾ, ਪੰਜ ਤਤ ਨਾ ਕੋਇ ਚਤੁਰਾਈਆ । ਭੇਵ ਜਾਣੇ ਨਾ ਕੋਈ ਈੜਾ ਪਿੰਗਲਾ, ਸੁਖਮਨ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਪੁਕਾਰਨ ਮੜ੍ਹੀਆਂ, ਅਗਨੀ ਤਤ ਤਤ ਤਪਾਈਆ । ਸਾਡੇ ਵਿਚ ਅਵਤਾਰਾਂ ਗੁਰੂਆਂ ਲਾਸ਼ਾਂ ਸੜੀਆਂ, ਹੱਡ ਮਾਸ ਨਾੜੀ ਨਜ਼ਰ ਕੋਇ ਨਾ ਆਈਆ । ਅਸਾਂ ਜੁਗ ਚੌਕੜੀ ਖੇਲਾਂ ਤੱਕੀਆਂ ਬੜੀਆਂ, ਸਤਿਜੁਗ ਤਰੇਤਾ ਦੁਆਪਰ ਧਿਆਨ ਲਗਾਈਆ । ਜਗਤ ਕਥਾ ਕਹਾਣੀਆਂ ਸੁਣੀਆਂ ਜੋ ਨਿਰਅੱਖਰ ਧਾਰ ਅੱਖਰਾਂ ਵਿਚ ਪੜ੍ਹੀਆਂ, ਪੁਸਤਕਾਂ ਰੰਗ ਰੰਗਾਈਆ । ਦਰੋਹੀ ਦੀਨ ਦੁਨੀ ਉਤੇ ਐਸ ਵੇਲੇ ਔਖੀਆਂ ਆਈਆਂ ਘੜੀਆਂ, ਦੁੱਖ ਦਰਦ ਸਕੇ ਨਾ ਕੋਇ ਵੰਡਾਈਆ । ਪੰਡਤਾਂ ਹੱਥ ਨਾ ਆਵਣ ਨੱਛਤਰਾਂ ਵਾਲੀਆਂ ਘੜੀਆਂ, ਗ੍ਰਹਿ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਧਰਨੀ ਕਹੇ ਮੇਰੇ ਉਤੇ ਕੁਰਲਾਵੇ ਧੂੜੀ, ਕਿਨਕਾ ਕਿਨਕਾ ਦਏ ਦੁਹਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੀ ਸ੍ਰਿਸ਼ਟੀ ਹੋਈ ਕੂੜੀ, ਕੂੜ ਕੁਟੰਬ ਨਾਲ ਵਡਿਆਈਆ । ਤੇਰੀ ਮਸਤਕ ਲਾਏ ਕੋਇ ਨਾ ਧੂੜੀ, ਚਰਨੀ ਖ਼ਾਕ ਨਾ ਕੋਇ ਰਮਾਈਆ । ਕਾਇਨਾਤ ਵੇਖ ਲੈ ਮੂਰਖ ਮੂੜ੍ਹੀ, ਚਤੁਰ ਸੁਘੜ ਰੂਪ ਨਾ ਕੋਇ ਬਦਲਾਈਆ । ਨਵ ਸੱਤ ਦਿਸੇ ਚੰਦ ਕੋਇ ਨਾ ਨੂਰੀ, ਨੂਰ ਨੁਰਾਨਾ ਡਗ ਨਾ ਕੋਇ ਮਗਾਈਆ । ਉਹ ਲੇਖਾ ਪੂਰਾ ਕਰ ਦੇ ਜੋ ਮੂਸਾ ਦਿਤਾ ਉਤੇ ਕੋਹਤੂਰੀ, ਤੁਰੀਆ ਤੋਂ ਪਰੇ ਆਪਣਾ ਭੇਵ ਖੁਲਾਈਆ । ਈਸਾ ਵਾਲੀ ਵੇਖ ਆਪਣੀ ਮਜਬੂਰੀ, ਜੋ ਸਲੀਬ ਗਲ ਵਿਚ ਲਟਕਾਈਆ । ਮੁਹੰਮਦ ਦੀ ਖ਼ਾਹਿਸ਼ ਤੱਕ ਲੈ ਚਾਰ ਯਾਰੀ ਨਾਲ ਵਿਚ ਸਬੂਰੀ, ਕੀ ਸਬਰ ਨਾਲ ਗਿਆ ਦ੍ਰਿੜਾਈਆ ।

ਮੇਰਾ ਅਮਾਮ ਸਦੀ ਚੌਧਵੀਂ ਅੰਤ ਹੋਵੇ ਹਾਜ਼ਰ ਹਜ਼ੂਰੀ, ਹਜ਼ਰਤਾਂ ਦਾ ਹਜ਼ੂਰ ਅਗੰਮ ਅਥਾਹੀਆ । ਸਭ ਦਾ ਲਹਿਣਾ ਲੇਖਾ ਲੋਕਮਾਤ ਪੂਰਾ ਕਰੇ ਜ਼ਰੂਰੀ, ਜ਼ਰੂਰਤ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਤੱਕ ਲੈ ਗਿਰਿਆਜ਼ਾਰ, ਹਾਹਾਕਾਰ ਖ਼ਲਕ ਖ਼ੁਦਾਈਆ । ਮੁਹੱਬਤ ਰਹੀ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਵੇਖੇ ਵਿਗਸੇ ਪਾਵੇ ਕੋਈ ਨਾ ਸਾਰ, ਅਵਤਾਰ ਪੈਗ਼ੰਬਰ ਗੁਰ ਪੱਲੂ ਗਏ ਛੁਡਾਈਆ । ਨਵ ਸੱਤ ਦਿਸੇ ਧੂੰਆਂਧਾਰ, ਚਾਰ ਕੁੰਟ ਨੂਰੀ ਚੰਦ ਨਾ ਕੋਇ ਚਮਕਾਈਆ । ਧਰਮ ਦਾ ਰਿਹਾ ਨਾ ਕੋਇ ਜੈਕਾਰ, ਡੰਕਾ ਕਲਜੁਗ ਕੂੜ ਸੁਣਾਈਆ । ਮੈਂ ਦੀਨ ਦੁਨੀ ਵਿਚ ਆਪਣਾ ਆਪ ਗਈ ਹਾਰ, ਜਗਤ ਮਾਣ ਰਿਹਾ ਨਾ ਰਾਈਆ । ਤੂੰ ਕਿਰਪਾ ਕਰ ਕਰ ਕਰਤਾਰ, ਕਰਤੇ ਪੁਰਖ ਤੇਰੀ ਸਰਨਾਈਆ । ਦੀਨ ਦੁਨੀ ਦੇ ਅਧਾਰ, ਉਦਰ ਦੇ ਮਾਲਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨਿਰਗੁਣ ਸਰਗੁਣ ਬਖ਼ਸ਼ਣਹਾਰ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।



## ✪ ੧੨ ਚੇਤ ਸ਼ਹਿਨਸ਼ਾਹੀ ਸੰਮਤ ਦਸ ਚਕੇਰੀ ਕਾਨਪੁਰ ਸ਼ਹਿਰ ਤੋਂ ਬਾਹਰ ਗੁਰਬਚਨ ਸਿੰਘ ਦੇ ਗ੍ਰਹਿ ✪

੧੭੦੩
੨੩

ਧਰਨੀ ਕਹੇ ਪ੍ਰਭੂ ਅਵਤਾਰ ਪੈਗ਼ੰਬਰ ਗੁਰੂ ਤਤ ਦਿਸੇ ਨਾ ਕੋਇ ਨਿਸ਼ਾਨੀ, ਜਗਤ ਜਹਾਨ ਵੇਖ ਵਖਾਈਆ । ਨਾਮ ਸੰਦੇਸ਼ਾ ਜੋ ਦੇ ਕੇ ਗਏ ਤੇਰਾ ਧੁਰ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਦੀ ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਕਹਾਣੀ, ਅੱਖਰ ਅੱਖਰਾਂ ਨਾਲ ਵਡਿਆਈਆ । ਭੇਵ ਅਭੇਦ ਅਛਲ ਅਛੇਦ ਤੇਰਾ ਸਮਝੇ ਨਾ ਕੋਇ ਜੀਵ ਪ੍ਰਾਣੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤੂੰ ਨਿਗਾਹ ਮਾਰ ਜ਼ਿਮੀਂ ਅਸਮਾਨੀ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਮਾਲਕ ਖ਼ਾਲਕ ਬ੍ਰਹਿਮੰਡ ਖੰਡ ਦੋ ਜਹਾਨੀ, ਪੁਰੀ ਲੋਅ ਪਰਦਾ ਦੇਣਾ ਉਠਾਈਆ । ਮੈਂ ਬੇਨੰਤੀ ਕਰਾਂ ਹੋ ਨਿਮਾਣੀ, ਨਿਵ ਨਿਵ ਸੀਸ ਝੁਕਾਈਆ । ਹਕ ਮਹਿਬੂਬ ਤੇਰੀ ਮੰਜ਼ਲ ਦਿਸੇ ਨਾ ਕੋਇ ਰੁਹਾਨੀ, ਰੂਹ ਬੁਤ ਪਾਕ ਨਾ ਕੋਇ ਕਰਾਈਆ । ਸਭ ਦੀ ਜੂਹ ਦਿਸੇ ਬੇਗਾਨੀ, ਬੇਪਰਵਾਹ ਤੇਰੇ ਦਰ ਵੱਜੇ ਨਾ ਕੋਇ ਵਧਾਈਆ । ਤੂੰ ਲੇਖਾ ਤੱਕ ਲੈ ਚਾਰੇ ਖਾਣੀ, ਚਾਰੇ ਬਾਣੀ ਆਪਣਾ ਪਰਦਾ ਉਠਾਈਆ । ਮੇਰੇ ਉਤੇ ਝਗੜਾ ਦਿਸੇ ਜਗਤ ਜਿਸਮਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਵੇਖ ਲੈ ਆਪਣਾ ਕਲਮਾ ਅਗੰਮ ਨਾਮ, ਨਿਰਗੁਣ ਨਿਰਵੈਰ ਨਿਰੰਕਾਰ ਧਿਆਨ ਲਗਾਈਆ । ਨਵ ਸੱਤ ਚਾਰੋਂ ਕੁੰਟ ਹੋਈ ਸ਼ਾਮ, ਸ਼ਮਾਂ ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਤੇਰੇ ਪ੍ਰੇਮ ਰਸ ਦਾ ਪੀਏ ਕੋਇ ਨਾ ਜਾਮ, ਹਕੀਕਤ ਹੱਥ ਕਿਸੇ ਨਾ ਆਈਆ । ਝਗੜਾ ਤੱਕ ਦੀਨ ਦੁਨੀ ਤਮਾਮ, ਤਮਅ ਲਾਲਚ ਲੋਭ ਵਿਚ ਹਲਕਾਈਆ । ਸਚ ਸੰਦੇਸਾ ਦੇ ਪੈਗ਼ਾਮ, ਪੈਗ਼ੰਬਰਾਂ ਬਾਹਰ ਪੜ੍ਹਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਅਮਾਮ, ਨੂਰ ਨੁਰਾਨੇ ਤੇਰੀ ਇਕ ਵਡਿਆਈਆ । ਮੇਰੇ ਉਤੇ ਬਦਲ ਦੇ ਨਿਜ਼ਾਮ, ਨਰ ਨਿਰੰਕਾਰ ਹੋਣਾ ਆਪ ਸਹਾਈਆ ।

ਦੀਨ ਦੁਨੀ ਲਏ ਅੰਜਾਮ, ਇੰਤਕਾਮ ਆਪਣੇ ਹੱਥ ਰਖਾਈਆ । ਤੂੰ ਮਿਹਰਵਾਨਾ ਮਿਹਰਵਾਨ, ਮਹਿਬਾਨ ਬੀਦੋ ਤੇਰੀ ਸਰਨਾਈਆ । ਮੇਰਾ ਦਾਤਾ ਦਾਨੀ ਗੁਣ ਨਿਧਾਨ, ਗਹਿਰ ਗਵਰ ਇਕ ਅਖਵਾਈਆ । ਆਦਿ ਜੁਗਾਦੀ ਨੌਜਵਾਨ, ਜੁਗ ਚੌਕੜੀ ਖੇਲ ਖਿਲਾਈਆ । ਸਚਖੰਡ ਨਿਵਾਸੀ ਸਾਚਾ ਕਾਹਨ, ਰਾਮ ਰਾਮਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਅੰਤਰ ਆਈ ਹੈਰਾਨੀ, ਹੈਰਤ ਵਿਚ ਜਣਾਈਆ । ਚਾਰੋਂ ਕੁੰਟ ਦਿਸੇ ਬੇਈਮਾਨੀ, ਬੇਵਾ ਰੂਪ ਹੋਈ ਖ਼ਲਕ ਖ਼ੁਦਾਈਆ । ਤੇਰੀ ਮੰਜ਼ਲ ਜਾਣੇ ਕੋਇ ਨਾ ਪਦ ਨਿਰਬਾਣੀ, ਗ੍ਰਿਹਿ ਵਜੇ ਨਾ ਕੋਇ ਵਧਾਈਆ । ਤੂੰ ਵੇਲਾ ਵਕਤ ਪਹਿਚਾਨੀ, ਬੇਪਹਿਚਾਨ ਆਪਣੀ ਦਇਆ ਕਮਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨੀ, ਨਿਰਗੁਣ ਨਿਰਵੈਰ ਤੇਰੀ ਵਡਿਆਈਆ । ਤੇਰੇ ਚਰਨ ਕਵਲ ਕਰਾਂ ਧਿਆਨੀ, ਬਿਨ ਨੈਣਾਂ ਨੈਣ ਉਠਾਈਆ । ਆਪਣੀ ਖੇਲ ਤੱਕ ਲੈ ਪੁਰਾਣੀ, ਪੁਨਹ ਪੁਨਹ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੀ ਆਸ਼ਾ ਏਕੋ ਏਕ, ਇਕ ਇਕੱਲੇ ਦਿਆਂ ਜਣਾਈਆ । ਸਤਿ ਧਰਮ ਦੀ ਬਖ਼ਸ਼ ਦੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦੀਨ ਦੁਨੀ ਦੀ ਬੁੱਧੀ ਕਰ ਬਿਬੇਕ, ਦੁਰਮਤ ਮੈਲ ਰਹੇ ਨਾ ਰਾਈਆ । ਤਨ ਵਜੂਦ ਲੱਗੇ ਨਾ ਸੇਕ, ਅਗਨੀ ਤਤ ਦੇਣਾ ਬੁਝਾਈਆ । ਜਨਮ ਕਰਮ ਦੀ ਮੇਟ ਦੇ ਰੇਖ, ਦੂਈ ਦਵੈਤੀ ਦਾ ਡੇਰਾ ਢਾਹੀਆ । ਝਗੜਾ ਮੁਕਾ ਦੇ ਮੁੱਲਾ ਸ਼ੇਖ਼, ਪੰਡਤ ਪਾਂਧੇ ਦੇ ਸਮਝਾਈਆ । ਤੂੰ ਮਾਲਕ ਇਕ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਤੇਰਾ ਸਤਿਗੁਰ ਸ਼ਬਦ ਦਸ ਦਸਮੇਸ਼, ਦਹਿ ਦਿਸ਼ਾ ਦੇਣੀ ਵਡਿਆਈਆ । ਮੈਂ ਤੇਰੇ ਦਰ ਦੀ ਮੰਗਤੀ ਭਿਖਾਰਨ ਹੋਈ ਦਰਵੇਸ਼, ਖ਼ਾਲੀ ਝੋਲੀ ਅਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੀ ਏਕੰਕਾਰ ਇਕ ਅਰਜ਼ੋਈ, ਚਰਨ ਕਵਲ ਬੰਦਨਾ ਸੀਸ ਝੁਕਾਈਆ । ਤੁਧ ਬਿਨ ਅਵਰ ਨਾ ਦੀਸੇ ਕੋਈ, ਦੋ ਜਹਾਨਾਂ ਹੋਏ ਸਹਾਈਆ । ਤੇਰੇ ਨਾਮ ਦੀ ਫਿਰੀ ਦਰੋਹੀ, ਦਰੋਹੀ ਤੇਰਾ ਨਾਮ ਦੁਹਾਈਆ । ਨਵਖੰਡ ਮੇਰੇ ਉਤੇ ਮਿਲੇ ਕਿਸੇ ਨਾ ਢੋਈ, ਸਿਰ ਹੱਥ ਨਾ ਕੋਇ ਟਿਕਾਈਆ । ਧਰਮ ਦੀ ਧਾਰ ਸਭ ਦੇ ਅੰਦਰੋਂ ਗਈ ਖੋਹੀ, ਵਸਤ ਸਚ ਨਾ ਕੋਇ ਵਖਾਈਆ । ਉਹ ਆਸ਼ਾ ਪੂਰੀ ਕਰ ਦੇ ਜਿਹੜੀ ਕਬੀਰ ਨਾਲ ਕੀਤੀ ਲੋਈ, ਮਨਸਾ ਤੇਰੇ ਚਰਨ ਟਿਕਾਈਆ । ਆਤਮ ਪਰਮਾਤਮ ਸਦੀ ਚੌਧਵੀਂ ਤੇਰੇ ਨਾਲ ਕੋਈ ਨਾ ਛੋਹੀ, ਸ਼ੌਹਰ ਬਾਂਕੇ ਤੇਰਾ ਦਰਸ ਕੋਇ ਨਾ ਪਾਈਆ । ਦੁਰਮਤ ਮੈਲ ਸਕੇ ਕੋਈ ਨਾ ਧੋਈ, ਪਤਤ ਪੁਨੀਤ ਨਾ ਕੋਇ ਬਣਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਜੀਵਾਂ ਸੁਰਤੀ ਸੋਈ, ਬਿਨ ਤੇਰੇ ਨਾਮ ਸ਼ਬਦ ਸਕੇ ਨਾ ਕੋਇ ਜਗਾਈਆ । ਤੂੰ ਆਦਿ ਜੁਗਾਦੀ ਪਰਮ ਪੁਰਖ ਪਰਮਾਤਮ ਓਹੀ, ਆਦਿ ਨਿਰੰਜਣ ਅਬਿਨਾਸ਼ੀ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪਿਆਰ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਆਤਮ ਜਾਏ ਮੋਹੀ, ਮੁਹੱਬਤ ਵਿਚ ਮਿਹਰਵਾਨ ਸਾਰੇ ਜਾਣ ਸਮਾਈਆ ।

੧੭੦੪
੨੩

## ੧੨ ਚੇਤ ਸ਼ਹਿਨਸ਼ਾਹੀ ਸੰਮਤ ਦਸ ਸ਼ਾਸਤਰੀ ਨਗਰ ਕਾਨਪੁਰ ਸ਼ਹਿਰ ਮਹਿਲ ਸਿੰਘ ਦੇ ਗ੍ਰਿਹਿ

ਸਤਿਗੁਰ ਸ਼ਬਦ ਅਗੰਮਾ ਸਾਗਰ, ਗਹਿਰ ਗਵਰ ਗੰਭੀਰ ਆਪ ਅਖਵਾਈਆ । ਜੋ ਭਾਗ ਲਗਾਏ ਕਾਇਆ ਮਾਟੀ ਗਾਗਰ, ਤਨ ਵਜੂਦ ਹਕ ਮਹਿਬੂਬ ਵੇਖ ਵਖਾਈਆ । ਦਰ ਆਇਆਂ ਅੰਤਰ ਆਤਮ ਦੇਵੇ ਆਦਰ, ਪਾਰਬ੍ਰਹਮ ਬ੍ਰਹਮ ਭੇਵ ਆਪ ਖੁਲਾਈਆ । ਹਰਿਜਨ ਸੂਰਬੀਰ ਬਣਾਏ ਬਹਾਦਰ, ਮਾਇਆ ਮਮਤਾ ਮੋਹ ਵਿਕਾਰ ਮਿਟਾਈਆ । ਧਰਮ ਦੀ ਧਾਰ ਉਤੇ ਪਾਏ ਚਾਦਰ, ਪਰਦਾ ਆਪਣਾ ਨਾਮ ਵਖਾਈਆ । ਕਿਰਪਾ ਕਰੇ ਕਰੀਮ ਕਾਦਰ, ਕੁਦਰਤ ਕਰਤਾ ਨੂਰ ਅਲਾਹੀਆ । ਸਬਰ ਸਬੂਰੀ ਦੇਵੇ ਸਾਬਰ, ਸਿਦਕ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸਤਿਗੁਰ ਸਾਗਰ ਗਹਿਰ ਗੰਭੀਰ, ਨਿਰਗੁਣ ਧਾਰ ਨਿਰਵੈਰ ਇਕ ਅਖਵਾਈਆ । ਜੋ ਵੇਖਣਹਾਰਾ ਕਾਇਆ ਮਾਟੀ ਤਨ ਸਰੀਰ, ਤਤਵ ਤਤ ਖੋਜ ਖੁਜਾਈਆ । ਜੋ ਅੰਤਰ ਨਿਰੰਤਰ ਪਰਦਾ ਦੇਵੇ ਚੀਰ, ਓਹਲਾ ਰਹਿਣ ਕੋਇ ਨਾ ਪਾਈਆ । ਮਿਹਰਵਾਨ ਹੋ ਕੇ ਬਦਲ ਦੇਵੇ ਤਕਦੀਰ, ਤਦਬੀਰ ਨਾਮ ਵਾਲੀ ਸਮਝਾਈਆ । ਜਨਮ ਕਰਮ ਦੀ ਮੇਟ ਦੇਵੇ ਲਕੀਰ, ਦੂਈ ਦਵੈਤ ਦਾ ਪੰਧ ਮੁਕਾਈਆ । ਅੰਮ੍ਰਿਤ ਆਤਮ ਬਖ਼ਸ਼ ਕੇ ਠਾਂਡਾ ਸੀਰ, ਸਾਂਤਕ ਸਤਿ ਦਏ ਦਰਸਾਈਆ । ਭੇਵ ਚੁਕਾ ਕੇ ਸ਼ਾਹ ਹਕੀਰ, ਏਕਾ ਰੰਗ ਦਏ ਵਖਾਈਆ । ਬਿਨ ਜਗਤ ਅੱਖਾਂ ਤੋਂ ਕਾਇਆ ਮੰਦਰ ਅੰਦਰ ਵਖਾਏ ਆਪਣੀ ਤਸਵੀਰ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਭੇਵ ਆਪ ਖੁਲਾਈਆ । ਸਤਿਗੁਰ ਸਾਗਰ ਅੰਮ੍ਰਿਤ ਜਲ, ਬਾਹਰੋਂ ਹੱਥ ਕਿਛ ਨਾ ਆਈਆ । ਜੋ ਲੇਖਾ ਜਾਣੇ ਘੜੀ ਘੜੀ ਪਲ ਪਲ, ਪਲਕਾਂ ਦੇ ਪਿਛੇ ਬਹਿ ਕੇ ਧਿਆਨ ਲਗਾਈਆ । ਜੋ ਨਿਰਗੁਣ ਧਾਰ ਆਤਮ ਵਿਚ ਪਰਮਾਤਮ ਜਾਏ ਰਲ, ਪਾਰਬ੍ਰਹਮ ਬ੍ਰਹਮ ਵਿਚ ਸਮਾਈਆ । ਭੇਵ ਚੁਕਾ ਕੇ ਜਲ ਥਲ, ਮਹੀਅਲ ਆਪਣਾ ਭੇਵ ਦਏ ਖੁਲਾਈਆ । ਸਚ ਪਿਆਰ ਦਾ ਦੀਪਕ ਸਚ ਪ੍ਰੇਮੀਆਂ ਅੰਦਰ ਜਾਏ ਬਲ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਏ ਆਪਣੀ ਗੱਲ, ਸ਼ਬਦ ਅਨਾਦੀ ਧੁਨ ਕਰ ਸ਼ਨਵਾਈਆ । ਜਨਮ ਜਨਮ ਦਾ ਕਰਮ ਕਰਮ ਦਾ ਮਸਲਾ ਹੋਵੇ ਹੱਲ, ਹਾਲਤ ਪਿਛਲੀ ਦਏ ਬਦਲਾਈਆ । ਠਾਕਰ ਸਵਾਮੀ ਅੰਤਰਜਾਮੀ ਦੱਸੇ ਨਿਹਚਲ ਧਾਮ ਅਟੱਲ, ਸਚ ਦਵਾਰਾ ਇਕ ਵਖਾਈਆ । ਜਿਥੇ ਆਤਮ ਪਰਮਾਤਮ ਪਰਮਾਤਮ ਆਤਮ ਏਕਾ ਰੂਪ ਏਕਾ ਗ੍ਰਿਹਿ ਬੈਠੇ ਮੱਲ, ਦੂਸਰ ਆਸਣ ਸਿੰਘਾਸਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸਾਗਰ ਦਏ ਵਡਿਆਈਆ । ਸਾਚਾ ਸਾਗਰ ਸਤਿਗੁਰ ਚਰਨ, ਚਰਨ ਕਵਲ ਮਿਲੇ ਸ਼ਰਨਾਈਆ । ਜਿਥੇ ਝਗੜਾ ਮੁਕੇ ਜਨਮ ਮਰਨ, ਮਰਨ ਜਨਮ ਦਾ ਲੇਖ ਰਹੇ ਨਾ ਰਾਈਆ । ਘਰ ਸਵਾਮੀ ਅੰਤਰਜਾਮੀ ਨੇਤਰ ਖੋਲੇ ਹਰਨ ਫਰਨ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਜਿਸ ਦਾ ਢੋਲਾ ਗੀਤ ਸੰਗੀਤ ਰਾਗ ਤੂੰ ਮੇਰਾ ਮੈਂ ਤੇਰਾ ਸੰਤ ਸੁਹੇਲੇ ਹਰਿ ਭਗਤ ਜਨ ਪੜ੍ਹਨ, ਬਿਨ ਰਸਨਾ ਰਸ ਆਪਣਾ ਰਸ ਪਾਈਆ । ਸੋ ਮੰਜ਼ਲ ਹਕੀਕੀ ਲਾਸ਼ਰੀਕੀ ਚੜ੍ਹਨ, ਅਗੇ ਸਕੇ ਨਾ ਕੋਇ ਅਟਕਾਈਆ । ਸਚ ਦਵਾਰ ਏਕੰਕਾਰ ਨਿਰਾਕਾਰ ਦੇ ਅਗੇ ਖੜ੍ਹਨ, ਜਿਸ ਦੀ ਹੱਦ ਮਹਿਦੂਦ ਨਾ ਕੋਇ ਵਖਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਜੋਤੀ ਨੂਰਾ ਸ਼ਬਦੀ ਤੂਰਾ ਅਗੋਂ ਆਵੇ ਫੜਨ,

ਜਿਸ ਦਾ ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਸੋ ਪਰਮਾਤਮ ਆਤਮ ਧਾਰ ਬੰਨ੍ਹੇ ਆਪਣੇ ਲੜਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਆਦਿ ਪੁਰਖ ਅਪਰੰਪਰ ਸਵਾਮੀ ਆਦਿ ਜੁਗਾਦੀ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਜਿਸ ਦੀ ਲੱਖ ਚੁਰਾਸੀ ਪਏ ਸ਼ਰਨ, ਸਰਨਗਤ ਇਕੋ ਇਕ ਦਰਸਾਈਆ । ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਅਵਤਾਰ ਪੈਗ਼ੰਬਰ ਗੁਰੂ ਦਰਸ਼ਨ ਕਰਨ, ਬਿਨ ਲੋਚਨ ਨੈਣ ਨੈਣ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਸੱਚਾ ਸਤਿਗੁਰ ਸਾਗਰ ਏਕ, ਮਸਤਕ ਧੂੜੀ ਖ਼ਾਕ ਰਮਾਈਆ । ਜੋ ਅੰਤਸ਼ਕਰਨ ਵਿਚੋਂ ਬੁੱਧ ਕਰੇ ਬਿਬੇਕ, ਦੁਰਮਤ ਮੈਲ ਦਏ ਧਵਾਈਆ । ਤ੍ਰੈਗੁਣ ਮਾਇਆ ਲਾ ਸਕੇ ਨਾ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਪੰਚ ਵਿਕਾਰਾ ਕਰੇ ਖੇਤ, ਸਿਰ ਸਕੇ ਨਾ ਕੋਇ ਉਠਾਈਆ । ਕਾਇਆ ਮੰਦਰ ਅੰਦਰ ਪਰਮਾਤਮ ਆਤਮ ਨਿਰਗੁਣ ਨਿਰਗੁਣ ਦਰਸ਼ਨ ਦੇਵੇ ਨੇਤਨ ਨੇਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਇਕੋ ਆਦਿ ਅੰਤ ਦਾ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੇਲਾ ਲਏ ਮਿਲਾਈਆ । ਸਤਿਗੁਰ ਸਾਚਾ ਸਾਗਰ ਅਗੰਮਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੀ ਧਾਰੋਂ ਲੱਖ ਚੁਰਾਸੀ ਜੀਵ ਜੰਤ ਜੰਮਾ, ਜਨਣੀ ਜਨ ਵੇਖਣ ਕੋਇ ਨਾ ਪਾਈਆ । ਜਿਸ ਸਭ ਨੂੰ ਦਿਤਾ ਪਵਣ ਸਵਾਸੀ ਦਮਾ, ਦਾਮਨਗੀਰ ਇਕ ਅਖਵਾਈਆ । ਜਿਸ ਨੇ ਆਦਿ ਅੰਤ ਆਪਣਾ ਖੇਲ ਕੀਤਾ ਰਵਾਂ, ਮਧ ਵੇਖਣਹਾਰਾ ਚਾਈਂ ਚਾਈਂਆ । ਜਿਸ ਦਾ ਇਕੋ ਜੋਤੀ ਧਾਰ ਅਗੰਮਾ ਚੰਨਾ, ਸ਼ਬਦੀ ਸ਼ਬਦ ਕਰੇ ਰੁਸ਼ਨਾਈਆ । ਜਿਸ ਦਾ ਹੱਦ ਨਹੀਂ ਕੋਈ ਬੰਨਾ, ਇਕੋ ਮਾਰਗ ਦਏ ਸਮਝਾਈਆ । ਜੋ ਵੇਖਣਹਾਰਾ ਕਾਇਆ ਮਾਟੀ ਤਨ ਚੰਮਾ, ਚੰਮ ਦ੍ਰਿਸ਼ਟੀ ਫੋਲ ਫੁਲਾਈਆ । ਜਿਸ ਦੀ ਧਾਰ ਨਿਰਾਕਾਰ ਨਿਰੰਕਾਰ ਖੇਲ ਖਿਲਾਇਆ ਬ੍ਰਹਮਾ, ਪਾਰਬ੍ਰਹਮ ਬ੍ਰਹਮ ਆਪਣਾ ਖੇਲ ਖਿਲਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਫਿਰੇ ਭੰਨਾ, ਸ਼ੰਕਰ ਆਪਣਾ ਪੰਧ ਮੁਕਾਈਆ । ਉਸ ਨੂੰ ਨਾ ਕੋਈ ਲਾਲਚ ਨਾ ਕੋਈ ਤਮਅ, ਤਾਮਸ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸਾਗਰ ਸਦਾ ਬੇਅੰਤ, ਅਗੰਮ ਅਥਾਹ ਅਖਵਾਈਆ । ਜਿਸ ਵਿਚ ਨਹਾਉਂਦੇ ਜੁਗ ਚੌਕੜੀ ਸੰਤ, ਭਗਤ ਸੁਹੇਲੇ ਤਾਰੀਆਂ ਲਾਈਆ । ਜਿਥੇ ਇਕੋ ਮਾਲਕ ਸਵਾਮੀ ਮਿਲਦਾ ਕੰਤ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਇਕੋ ਦੇਵੇ ਮੰਤ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਇਕ ਬਣਾਏ ਬਣਤ, ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਡੂੰਘੇ ਸਾਗਰ ਜਿਸ ਜਨ ਨਹਾਉਣਾ, ਆਪਣੀ ਖ਼ੁਸ਼ੀ ਬਣਾਈਆ । ਤਨ ਬਸਤਰ ਜਿਸ ਜਨ ਸਾਫ਼ ਕਰਾਉਣਾ, ਦੁਰਮਤ ਮੈਲ ਧਵਾਈਆ । ਸਾਚੀ ਰੰਗਣ ਰੰਗ ਰੰਗਾਉਣਾ, ਰੰਗਤ ਮਿਲੇ ਬੇਪਰਵਾਹੀਆ । ਭੇਵ ਅਭੇਦਾ ਅੰਦਰ ਖੁਲਾਉਣਾ, ਪਰਦਾ ਰਹੇ ਨਾ ਰਾਈਆ । ਪਰਮ ਪੁਰਖ ਪਰਮਾਤਮ ਪਾਉਣਾ, ਘਰ ਮਿਲੇ ਧੁਰ ਦਾ ਮਾਹੀਆ । ਸ਼ਬਦ ਅਨਾਦੀ ਜਿਸ ਸੁਣਾਉਣਾ, ਅਨਾਦੀ ਧੁਨ ਕਰੇ ਸ਼ਨਵਾਈਆ । ਆਤਮ ਪਰਮਾਤਮ ਰੰਗ ਰੰਗਾਉਣਾ, ਇਕੋ ਰੂਪ ਜਣਾਈਆ । ਪਾਰਬ੍ਰਹਮ ਬ੍ਰਹਮ ਪਰਦਾ ਲਾਹੁਣਾ, ਭੇਵ ਰਹੇ ਨਾ ਰਾਈਆ । ਮਾਇਆ ਮਮਤਾ ਮੋਹ ਚੁਕਾਉਣਾ, ਮੁਹੱਬਤ ਇਕ ਸਮਝਾਈਆ ।

੧੭੦੬
੨੩

ਤਿਸ ਸਤਿਗੁਰ ਦਾ ਦਰਸ਼ਨ ਪਾਉਣਾ, ਜੋ ਅੰਤਸ਼ਕਰਨ ਵਿਚ ਵੇਖੇ ਚਾਈਂ ਚਾਈਆ । ਜਿਸ ਘਰ ਠਾਂਡੇ ਸਾਹਿਬ ਨੇ ਆਉਣਾ, ਤਿਸ ਘਰ ਵੱਜਦੀ ਰਹੇ ਵਧਾਈਆ । ਮਿਲ ਮਿਲ ਸਾਚਾ ਮੰਗਲ ਗਾਉਣਾ, ਗੀਤ ਗੋਬਿੰਦ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਡੂੰਘਾ ਸਾਗਰ ਵੇਖੇ ਆਪਣਾ ਗ੍ਰਿਹਿ, ਤਨ ਮੰਦਰ ਧਿਆਨ ਲਗਾਈਆ । ਜਿਸ ਅੰਦਰ ਤੁਹਾਡਾ ਸਵਾਮੀ ਰਹੇ, ਆਪਣਾ ਆਸਣ ਲਾਈਆ । ਸ਼ਬਦ ਹੋ ਕੇ ਸੁਰਤੀ ਨੂੰ ਕਹੇ, ਸੁੱਤੀ ਰਿਹਾ ਜਗਾਈਆ । ਝਗੜਾ ਰਹੇ ਨਾ ਦਵੈਤੀ ਦਵੈ, ਦੁਤੀਆ ਭਾਉ ਮਿਟਾਈਆ । ਹੰਗਤਾ ਕੂੜ ਮੇਟ ਕੇ ਮੈਂ, ਮਮਤਾ ਮੋਹ ਚੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦੀ ਇਕੋ ਹੈ, ਇਕੋ ਰੂਪ ਰੂਪ ਸਮਝਾਈਆ । ਇਕੋ ਪ੍ਰੇਮ ਦੀ ਵਗੇ ਨੈ, ਨਈਆ ਨੌਕਾ ਨਾਮ ਵਾਲੀ ਚੜ੍ਹਾਈਆ । ਇਕੋ ਮਾਰਗ ਇਕੋ ਗ੍ਰਿਹਿ, ਰਸਤਾ ਇਕੋ ਇਕ ਸਮਝਾਈਆ । ਜਮਨਾ ਸੁਰਸਤੀ ਗੰਗਾ ਗੋਦਾਵਰੀ ਜਿਥੇ ਧਾਰ ਵਹੇ, ਅੰਮ੍ਰਿਤ ਰਸ ਰਸ ਭਰਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਉਸ ਧਾਮ ਅਗੰਮੇ ਬਹੈ, ਜਿਥੇ ਬਿਨਾ ਨਿਜ ਨੇਤਰ ਤੋਂ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਗਰ ਇਕ ਦ੍ਰਿੜਾਈਆ । ਸੱਚਾ ਸਾਗਰ ਸਾਚਾ ਜਾਣੇ, ਜਾਨਣਹਾਰ ਭੇਵ ਖੁਲਾਈਆ । ਅੰਤਰ ਆਤਮ ਆਪਣਾ ਆਪ ਪਛਾਣੇ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਪਾਰਬ੍ਰਹਮ ਬ੍ਰਹਮ ਕਰੋ ਧਿਆਨੋ, ਨਿਜ ਲੋਚਨ ਨੈਣ ਉਠਾਈਆ । ਸੁਰਤੀ ਵਿਚ ਲਓ ਗਿਆਨੋ, ਸ਼ਬਦੀ ਸ਼ਬਦ ਪੜ੍ਹਾਈਆ । ਤ੍ਰੈਗੁਣ ਅਤੀਤਾ ਇਕ ਵਖਾਣੋ, ਤ੍ਰੈਭਵਣ ਧਨੀ ਆਪਣਾ ਮੇਲ ਮਿਲਾਈਆ । ਸਾਚਾ ਸੁਖ ਸਚ ਦਵਾਰੇ ਮਾਣੋ, ਮਾਨਵ ਮਾਨਸ ਮਾਨੁਖ ਜਿਥੇ ਮਿਲੇ ਵਡਿਆਈਆ । ਝਗੜਾ ਮੁਕੇ ਦੇਵ ਦਾਨੋ, ਦੇਵਤ ਸੁਰ ਇਕੋ ਰੰਗ ਵਖਾਈਆ । ਇਕੋ ਘਰ ਹਕ ਪਹਿਚਾਨੋ, ਦਰ ਮੰਦਰ ਕੁੰਡਾ ਆਪ ਖੁਲਾਈਆ । ਜਿਥੇ ਉਪਜੇ ਬ੍ਰਹਮ ਗਿਆਨੋ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕੋ ਦਿਸੇ ਨਿਸ਼ਾਨੋ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਨੂਰ ਨੁਰਾਨਾ ਜੋਤੀ ਧਾਰ ਧਾਰ ਮਹਾਨੋ, ਜੋਤੀ ਜੋਤ ਜੋਤ ਡਗਮਗਾਈਆ । ਸੋ ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨੋ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਲੇਖਾ ਦਏ ਸਮਝਾਈਆ । ਸਚ ਮਾਰਗ ਜੋ ਬਣਾਇਆ ਪ੍ਰਭੂ ਨੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਿਸ ਨੂੰ ਸਕੇ ਕੋਈ ਨਾ ਮਾਪ, ਜਗਤ ਪੈਮਾਇਸ਼ ਕੰਮ ਕਿਸੇ ਨਾ ਆਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਿਤਾ ਆਪਣਾ ਜਾਪ, ਰਸਨਾ ਜਿਹਵਾ ਅੱਖਰਾਂ ਨਾਲ ਪੜ੍ਹਾਈਆ । ਉਹ ਆਦਿ ਪੁਰਖ ਅਪਰੰਪਰ ਸਵਾਮੀ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਆਪ ਅਖਵਾਈਆ । ਜੋ ਵੇਖਣਹਾਰਾ ਕਲਜੁਗ ਅੰਧੇਰੀ ਰਾਤ, ਜਿਸ ਦੀਨ ਮਜ਼੍ਹਬ ਮੇਟਣਾ ਸੰਤਾਪ, ਦੁੱਖਾਂ ਕਲੇਸ਼ਾਂ ਵੇਖ ਵਖਾਈਆ । ਰੂਹ ਬੁਤ ਕਰਨੇ ਪਾਕ, ਪਤਤ ਪੁਨੀਤ ਬਣਾਈਆ । ਜਿਸ ਭਗਤਾਂ ਅੰਦਰੋਂ ਖੋਲਣੇ ਤਾਕ, ਬਜਰ ਕਪਾਟੀ ਕੁੰਡੇ ਦੇਵੇ ਲਾਹੀਆ । ਸ਼ਬਦ ਅਨਾਦੀ ਸੁਣਾ ਕੇ ਨਾਦ, ਧੁਨ ਆਤਮਕ ਰਾਗ ਕਰੇ ਸ਼ਨਵਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਪਾਰਬ੍ਰਹਮ ਬ੍ਰਹਮ ਦੇ ਵਸੇ ਪਾਸ, ਆਸ ਪਾਸ ਇਕੋ ਰੂਪ ਦਰਸਾਈਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਆਪਣੀ ਰਾਸ ਰਚਾਈਆ । ਜਿਸ ਦਾ ਲੇਖਾ ਨਾਲ ਉਤੇ ਕੈਲਾਸ਼, ਸ਼ੰਕਰ ਆਪਣੇ ਹੁਕਮ ਸਮਝਾਈਆ ।


੧੭੦੭
੨੩

ਜੋ ਬ੍ਰਹਮਾ ਦੇਵਣਹਾਰਾ ਦਾਤ, ਵਿਸ਼ਨੂੰ ਧੁਰ ਦੀ ਦਾਤ ਝੋਲੀ ਪਾਈਆ । ਉਹ ਸਾਹਿਬ ਸਦਾ ਅਬਿਨਾਸ਼, ਪੁਰਖ ਅਬਿਨਾਸ਼ੀ ਦਏ ਵਡਿਆਈਆ । ਉਹ ਕਲਜੁਗ ਵਿਚ ਜਨ ਭਗਤਾਂ ਦੀ ਥਾਂ ਥਾਂ ਕਰੇ ਤਲਾਸ਼, ਏਸੇ ਕਾਰਨ ਕਾਨਪੁਰ ਵਿਚ ਆਈਆ । ਉਹ ਵੇਖੇ ਹਡ ਨਾੜੀ ਪਰਦਾ ਮਾਸ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਿਹੜਾ ਵਸੇ ਦੂਰ ਤੇ ਕਿਹੜਾ ਵਸੇ ਪਾਸ, ਕਿਸ ਗ੍ਰਿਹਿ ਸਨਮੁਖ ਸੋਭਾ ਪਾਈਆ । ਕਿਹੜਾ ਪਤਤ ਕਵਣ ਪਾਕ, ਪੁਨੀਤ ਕਵਣ ਅਖਵਾਈਆ । ਕਿਹੜਾ ਬ੍ਰਹਮ ਕਿਹੜੀ ਜਮਾਤ, ਕਵਣ ਅਜ਼ਾਤੀ ਆਪਣੀ ਵੰਡ ਵੰਡਾਈਆ । ਕਵਣ ਹੋਏ ਨਾਰ ਕਮਜਾਤ, ਕੁਲਖਣੀ ਰੂਪ ਦਰਸਾਈਆ । । ਕਵਣ ਮੰਨੇ ਕਮਲਾਪਾਤ, ਪਤਿਪਰਮੇਸ਼ਵਰ ਸੀਸ ਝੁਕਾਈਆ । ਇਹ ਖੇਲ ਪ੍ਰਭੂ ਦਾ ਲੋਕਮਾਤ, ਮਾਤਰ ਭੂਮੀ ਉਤੇ ਵੇਖੇ ਚਾਈਂ ਚਾਈਆ । ਜਿਸ ਦਾ ਆਤਮ ਧਾਰ ਸਭ ਦੇ ਨਾਲ ਨਾਤ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਉਸ ਦਾ ਇਕੋ ਹੁਕਮ ਸੰਦੇਸਾ ਸਾਚ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਕਰੇ ਸ਼ਨਵਾਈਆ । ਜਿਸ ਦੇ ਪਿਆਰ ਵਿਚ ਸਤਿਕਾਰ ਵਿਚ ਹਰਿਜਨ ਸੋਏ ਜਾਵਣ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਫੜ ਫੜ ਹੰਸ ਬਣਾਵੇ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਤ੍ਰੈਗੁਣ ਮਾਤ ਬੁਝਾ ਕੇ ਆਗ, ਸਾਂਤਕ ਸਤਿ ਦਏ ਕਰਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਾਪਾਂ ਕਰੇ ਸਫ਼ਾਈਆ । ਜਿਸ ਦਾ ਆਦਿ ਅੰਤ ਦਾ ਇਕੋ ਬ੍ਰਹਮ ਸਮਾਜ, ਦੂਸਰ ਵੰਡ ਨਾ ਕੋਇ ਵੰਡਾਈਆ । ਜੋ ਭਗਤਾਂ ਰੱਖਣਹਾਰਾ ਲਾਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਮੇਲਾ ਮੇਲੇ ਸਹਿਜ ਸੁਭਾਈਆ ।



✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਦਸ ਲਖਨਊ ਬਧਿਰ ਵਿਦਿਆਲਾ ਵਿਖੇ ਦਿਨੇਸ਼ ਚੰਦਰ ਤ੍ਰਿਪਾਠੀ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਸਰਨਾਈਆ । ਸਚ ਸਵਾਮੀ ਦੇ ਅਨੰਦ, ਸੁਖ ਸਾਗਰ ਵਿਚ ਰਖਾਈਆ । ਜਨ ਭਗਤ ਸੁਹੇਲੇ ਪ੍ਰਗਟਾ ਆਪਣੇ ਚੰਦ, ਨੂਰ ਨੁਰਾਨੇ ਕਰ ਰੁਸ਼ਨਾਈਆ । ਜਨਮ ਕਰਮ ਦਾ ਮੇਟ ਪੰਧ, ਅਗੇ ਭਵਰ ਨਾ ਕੋਇ ਭਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਦੇ ਛੰਦ, ਸਤਿ ਸਚ ਕਰ ਪੜ੍ਹਾਈਆ । ਸਾਚੀ ਮੰਗ ਰਹੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਮਹਿਬੂਬਾ ਪਿਆਰ ਮੁਹੱਬਤ ਦਾ ਚਾੜ੍ਹ ਦੇ ਰੰਗ, ਰੰਗਤ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਲੇਖਾ ਲੈਣਾ ਬਣਾਈਆ । ਧਰਨੀ ਕਹੇ ਮੇਰੇ ਭਗਵਾਨ, ਭਗਵਨ ਤੇਰੀ ਓਟ ਰਖਾਈਆ । ਮੈਨੂੰ ਖ਼ੁਸ਼ੀ ਜਗਤ ਮਹਾਨ, ਭੱਜਾਂ ਚਾਈਂ ਚਾਈਆ । ਤੂੰ ਚਰਨ ਛੁਹਾਇਆ ਆਣ, ਮੇਰੀ ਅਗਨੀ ਅਗ ਬੁਝਾਈਆ । ਤੂੰ ਮੇਰਾ ਜੀਉ ਪ੍ਰਾਨ, ਪ੍ਰਾਣ ਅਧਾਰੀ ਇਕ ਅਖਵਾਈਆ । ਜਨ ਭਗਤ ਕਰ ਪ੍ਰਵਾਨ, ਸਿਰ ਆਪਣਾ ਹੱਥ ਟਿਕਾਈਆ । ਲੇਖੇ ਲਾਉਣਾ ਪੀਣ ਖਾਣ, ਮਿਹਰਵਾਨ ਹੋਣਾ ਆਪ ਸਹਾਈਆ । ਮੈਂ ਬਾਲੀ ਬੁਧ ਅੰਞਾਣ, ਤੂੰ ਦੇਵਣਹਾਰ ਗੁਸਾਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਵਡ ਵਡਿਆਈਆ । ਨਿਗਾਹ ਮਾਰ ਬਿਨ ਨੈਣਾਂ ਕਰ ਧਿਆਨ, ਬਿਨ ਅੱਖਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਸੰਗੀ ਆਪ ਅਖਵਾਈਆ । ਧਰਨੀ ਕਹੇ

ਪ੍ਰਭ ਮੇਰੇ ਅੰਦਰ ਤੱਕ ਲੈ ਖ਼ਾਹਿਸ਼ਾ, ਆਸ਼ਾ ਤੇਰੇ ਵਿਚ ਸਮਾਈਆ । ਮੈਂ ਜੁਗ ਜੁਗ ਮੰਡਲਾਂ ਮੰਡਪਾਂ ਵੇਖੀਆਂ ਰਾਸਾ, ਗੋਪੀਆਂ ਕਾਹਨਾਂ ਧਿਆਨ ਲਗਾਈਆ । ਮੇਰਾ ਖ਼ੁਸ਼ੀਆਂ ਵਿਚ ਨਿਕਲੇ ਹਾਸਾ, ਹੱਸ ਹੱਸ ਕੇ ਦਿਆਂ ਸੁਣਾਈਆ । ਤੇਰਾ ਤੱਕ ਕੇ ਖੇਲ ਤਮਾਸ਼ਾ, ਖ਼ੁਸ਼ੀਆਂ ਦੇ ਢੋਲੇ ਗਾਈਆ । ਜਿਥੇ ਰਿਸ਼ੀਆਂ ਦਾ ਸੀ ਵਾਸਾ, ਰਿਖੀਸ਼ਰ ਬੈਠੇ ਧੂਣੀਆਂ ਤਾਈਆ । ਫ਼ਾਕਿਆ ਵਿਚ ਕਟਦੇ ਰਹੇ ਰਾਤਾਂ, ਅੰਨ ਮੁਖ ਨਾ ਕੋਇ ਛੁਹਾਈਆ । ਸ਼ਬਦੀ ਧਾਰ ਕਰਦੇ ਰਹੇ ਬਾਤਾਂ, ਬਾਤਨ ਤੇਰੀ ਖੋਜ ਖੁਜਾਈਆ । ਕਵਣ ਵੇਲਾ ਸਾਚਾ ਮਿਲੇ ਅਗੰਮੀ ਮਾਪਾ, ਪਿਤਾ ਪੁਰਖ ਅਕਾਲ ਸੋਭਾ ਪਾਈਆ । ਤੇਰਾ ਜਪਦੇ ਰਹੇ ਆਤਮ ਪਰਮਾਤਮ ਵਾਲਾ ਜਾਪਾ, ਰਸ ਰਸਨਾ ਨਾਲ ਵਡਿਆਈਆ । ਤੂੰ ਪੂਰਬ ਸਭ ਦਾ ਵੇਖ ਲੈ ਖਾਤਾ, ਲਹਿਣੇ ਦੇਣੇ ਸਭ ਦੇ ਝੋਲੀ ਪਾਈਆ । ਧੰਨਭਾਗ ਜੇ ਮੇਰਾ ਗ੍ਰਿਹਿ ਪਛਾਤਾ, ਦਿਤੀ ਮਾਣ ਵਡਿਆਈਆ । ਏਥੇ ਸਪਤਸ ਰਿਖੀ ਰਹਿ ਕੇ ਗਏ ਸੀ ਦਿਵਸ ਸਾਤਾ, ਭਾਰਦਵਾਜ ਆਪਣੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੈਂ ਕਰਾਂ ਮੰਗਲਾਚਾਰ, ਖ਼ੁਸ਼ੀਆਂ ਢੋਲੇ ਗਾਈਆ । ਚਰਨ ਕਵਲ ਜਾਵਾਂ ਬਲਿਹਾਰ, ਧੂੜੀ ਖ਼ਾਕ ਰਮਾਈਆ । ਸੰਦੇਸ਼ਾ ਦੇਣਾ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਵੇਖੇ ਨਿਰਗੁਣ ਧਾਰ ਮੇਰਾ ਨਿਰੰਕਾਰ, ਨਿਰਵੈਰ ਨੂਰ ਅਲਾਹੀਆ । ਜਿਸ ਦਾ ਖੇਲ ਜੁਗ ਜੁਗ ਅਪਾਰ, ਅਪਰੰਪਰ ਸਵਾਮੀ ਆਪਣਾ ਫੇਰਾ ਪਾਈਆ । ਭਗਤ ਸੁਹੇਲੇ ਲਾਵੇ ਪਾਰ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਪੂਰਬ ਲਹਿਣਾ ਦੇਣਾ ਕਰਜ਼ ਉਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਆਪ ਕਰਤਾਰ, ਕੁਦਰਤ ਕਾਦਰ ਦਇਆ ਕਮਾਈਆ ।



੧੭੦੯ ੨੩

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਦਸ ਮਹੂ ਮੋਹਣ ਲਾਲ ਗੰਜ ਲਖਨਊ ਅੰਮ੍ਰਿਤ ਕੌਰ ਦੇ ਗ੍ਰਿਹਿ ✪

ਮਨਜੀਤ ਕਹੇ ਪ੍ਰਭ ਤੇਰੀਆਂ ਬੇਪ੍ਰਵਾਹੀਆਂ, ਬੇਪਰਵਾਹੀ ਵਿਚ ਸਮਾਈਆ । ਜਿਸ ਗੋਬਿੰਦ ਧਾਰ ਮੇਰੀਆਂ ਮਨਸਾ ਪੂਰ ਕਰਾਈਆਂ, ਮਾਤਾ ਗੁਜਰੀ ਰੰਗ ਰੰਗਾਈਆ । ਅਜਬ ਅਜੀਬ ਖੇਲਾਂ ਅਗੰਮ ਵਖਾਈਆਂ, ਜਗ ਨੇਤਰ ਜਿਸ ਨੂੰ ਵੇਖਣ ਕੋਇ ਨਾ ਪਾਈਆ । ਸਚ ਘਰ ਤੇਰੇ ਵੱਜਦੀਆਂ ਤੱਕੀਆਂ ਵਧਾਈਆਂ, ਇਕੋ ਨਾਮ ਸ਼ਨਵਾਈਆ । ਸਚਖੰਡ ਮੈਂ ਤੱਕਦਾ ਰਿਹਾ ਰੁਸ਼ਨਾਈਆ, ਜੋਤੀ ਜੋਤ ਡਗਮਗਾਈਆ । ਮੈਂ ਨਿਰਗੁਣ ਧਾਰ ਤੇਰੀ ਸਰਨ ਲਈ ਸਰਨਾਈਆ, ਸਰਨਗਤ ਇਕ ਰਖਾਈਆ । ਸਚ ਸੰਦੇਸ਼ਾ ਦੇ ਕੇ ਜਾਣਾ ਮੇਰੇ ਭੈਣਾਂ ਭਾਈਆਂ, ਮਮਤਾ ਮਾਤਾ ਵਾਲੀ ਰਲਾਈਆ । ਮੈਂ ਭਗਤਾਂ ਸੰਗ ਆਪਣੀਆਂ ਸੇਜਾਂ ਹੰਢਾਈਆਂ, ਸੋਹਣਾ ਥਾਨ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਦੇਣਾ ਰੰਗਾਈਆ । ਮਨਜੀਤ ਕਹੇ ਮੇਰੇ ਪ੍ਰਭੂ ਮਿਹਰਵਾਨ, ਮਿਹਰ ਤੇਰੀ ਨਜ਼ਰੀ ਆਈਆ । ਜਿਸ ਚਰਨ ਪ੍ਰੀਤੀ ਬਖ਼ਸ਼ਿਆ ਮਾਣ, ਦਰਗਾਹ ਸਚ ਦਿਤੀ ਵਡਿਆਈਆ । ਪਿਤਾ ਪੂਤ ਕਰ ਪ੍ਰਵਾਨ, ਸਿੰਘ ਗੁਰਬਖ਼ਸ਼ ਨਾਲ ਜੁੜਾਈਆ । ਮੇਰਾ ਮੇਰੇ ਵਿਚੋਂ ਮੇਰਾ ਦੇਣਾ ਦਾਨ, ਦਾਤੇ ਦਾਨੀ ਦਇਆ ਕਮਾਈਆ । ਮੇਰੇ ਪਿਛੇ ਮੇਰੇ ਬੰਧਪ ਨਾ ਮੂਲ ਪਛਤਾਣ, ਪਸ਼ਚਾਤਾਪ ਨਾ ਕੋਇ ਰਖਾਈਆ । ਮੈਂ ਸਭ ਨੂੰ ਸੰਦੇਸ਼ਾ ਦੇਵਾਂ ਆਣ, ਸੁਨੇਹੜਾ

ਇਕ ਜਣਾਈਆ । ਮੈਂ ਵਸਾਂ ਉਸ ਮਕਾਨ, ਜਿਥੇ ਬੈਠਾ ਧੁਰ ਦਾ ਮਾਹੀਆ । ਨਾ ਜ਼ਿਮੀਂ ਨਾ ਅਸਮਾਨ, ਸੂਰੀਆ ਚੰਦ ਨਜ਼ਰ ਕੋਇ ਨਾ ਆਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਸੀਤਾ ਰਾਮ ਨਾ ਕੋਇ ਵਡਿਆਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ, ਖਾਣੀ ਬਾਣੀ ਢੋਲੇ ਕੋਇ ਨਾ ਗਾਈਆ । ਨਾ ਕੋਈ ਲੱਖ ਚੁਰਾਸੀ ਜੀਵ ਪ੍ਰਾਣ, ਤਨ ਵਜੂਦ ਵੇਖਣ ਕੋਇ ਨਾ ਪਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਮੇਰਾ ਮਿਹਰਵਾਨ, ਸਚਖੰਡ ਬੈਠਾ ਸੋਭਾ ਪਾਈਆ । ਜਿਸ ਆਪਣੇ ਦਰ ਕੀਤਾ ਪ੍ਰਵਾਨ, ਪਰਮ ਪੁਰਖ ਦਿਤੀ ਵਡਿਆਈਆ । ਓਥੇ ਬਿਨ ਰਸਨਾ ਤੋਂ ਭਗਤ ਸੁਹੇਲੇ ਤੂੰ ਮੇਰਾ ਮੈਂ ਤੇਰਾ ਗਾਣ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਾ ਕੋਈ ਪੀਣ ਨਾ ਕੋਈ ਖਾਣ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਵਖਾਈਆ । ਨਾ ਕੋਈ ਬਿਰਧ ਬਾਲ ਜਵਾਨ, ਇਕੋ ਰੰਗ ਸਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਆਪਣੇ ਰਿਹਾ ਟਿਕਾਈਆ । ਮਨਜੀਤ ਕਹੇ ਮੈਂ ਧਰਮ ਦੀ ਧਾਰ ਸੁੱਤਾ, ਦੋ ਜਹਾਨ ਨਾ ਕੋਇ ਉਠਾਈਆ । ਮੈਨੂੰ ਬਿਸ਼ਨ ਕੌਰ ਬਣਾਇਆ ਆਪਣਾ ਸੁਤਾ, ਸੁਤ ਸੁਤ ਸੁਤ ਪੰਚਮ ਪੰਚਮ ਪੰਚਮ ਵਾਰ ਜਣਾਈਆ । ਇਹ ਸਲੋਕ ਗੁਜਰੀ ਕਿਹਾ ਸੀ ਵਿਚੋਂ ਮੁਖਾ, ਅੰਤ ਅੰਤ ਅੰਤ ਅੰਤਸ਼ਕਰਨ ਵਿਚੋਂ ਪ੍ਰਗਟਾਈਆ । ਰਾਮ ਦੇ ਮੀਤੇ ਵਸ਼ਿਸ਼ਟ ਦੇ ਜੀਤੇ ਤੇਰੀ ਸੁਫਲ ਹੋਵੇਗੀ ਕੁੱਖਾ, ਜਨਣੀ ਜਨ ਮਿਲੇ ਵਡਿਆਈਆ । ਅਨੰਦਪੁਰ ਦਾ ਰਹੇ ਕੋਇ ਨਾ ਦੁੱਖਾ, ਨਵ ਦਸ ਦੀ ਵੰਡ ਨਾ ਕੋਇ ਵੰਡਾਈਆ । ਮੈਨੂੰ ਓਸ ਸਾਹਿਬ ਨੇ ਆਪਣੀ ਗੋਦੀ ਚੁਕਾ, ਜੋ ਚਾਰ ਜੁਗ ਆਪਣਾ ਰੰਗ ਰੰਗਾਈਆ । ਧੰਨ ਭਾਗ ਮੇਰਾ ਮਾਤਲੋਕ ਦਾ ਪੈਂਡਾ ਮੁਕਾ, ਸਚਖੰਡ ਮਿਲੀ ਵਡਿਆਈਆ । ਮੇਰੀ ਭਗਤਾਂ ਨਾਲ ਸੁਹੰਜਣੀ ਰੁੱਤਾ, ਰੁਤੜੀ ਇਕੋ ਰੰਗ ਵਖਾਈਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਰਿਹਾ ਮਿਲਾਈਆ । ਮਨਜੀਤ ਕਹੇ ਮੇਰੇ ਵੱਡੇ ਛੋਟੇ ਭੈਣ ਭਾਈ, ਮਮਤਾ ਮੋਹ ਵਿਚ ਸਮਝਾਈਆ । ਮੇਰੀ ਤਨ ਵਜੂਦ ਵਾਲੀ ਹੋਈ ਜੁਦਾਈ, ਆਤਮ ਪ੍ਰਭ ਦੇ ਰੰਗ ਰੰਗਾਈਆ । ਮੈਂ ਬੈਠਾ ਸਚਖੰਡ ਦਵਾਰ ਧੁਰਦਰਗਾਹੀ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਇਕੋ ਸਭ ਦਾ ਮਾਹੀ, ਜੁਗ ਜਨਮ ਦੇ ਵਿਛੜਿਆਂ ਰਿਹਾ ਮਿਲਾਈਆ । ਗੁਰਮੁਖ ਸਾਰੇ ਓਸੇ ਮਾਰਗ ਦੇ ਬਣਨੇ ਰਾਹੀ, ਭੱਜਣਾ ਚਾਈਂ ਚਾਈਂਆ । ਜਿਥੇ ਸਾਹਿਬ ਸੁਲਤਾਨਾ ਸਾਚੀ ਸੇਜਾ ਰਿਹਾ ਵਿਛਾਈ, ਜਿਸ ਦਾ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਆਤਮ ਧਾਰ ਆਪਣੇ ਚਰਨਾਂ ਵਿਚ ਰਿਹਾ ਟਿਕਾਈ, ਟਿੱਕੇ ਧੂੜੀ ਖ਼ਾਕ ਰਮਾਈਆ । ਮੇਰਾ ਲਹਿਣਾ ਦੇਣਾ ਜਗਤ ਜਹਾਨ ਨਾਲ ਨਾਹੀਂ, ਨਰ ਨਰਾਇਣ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਮਨਜੀਤ ਸਿੰਘ ਕਹੇ ਮੈਂ ਭੇਵ ਅਭੇਦਾ ਦੱਸਣਾ, ਭਾਂਡਾ ਭਰਮ ਭਉ ਭੰਨਾਈਆ । ਮੈਂ ਖ਼ੁਸ਼ੀਆਂ ਦੇ ਵਿਚ ਵਸਦਾ, ਸਚ ਦਿਤਾ ਦ੍ਰਿੜ੍ਹਾਈਆ । ਮੈਂ ਅੱਜ ਪ੍ਰਭ ਚਰਨ ਆਇਆ ਹੱਸਦਾ, ਜੋਤੀ ਜੋਤ ਰੂਪ ਬਦਲਾਈਆ । ਜੋ ਜੁਗ ਜੁਗ ਪੈਜ ਰੱਖਦਾ, ਭਗਤਾਂ ਹੋਏ ਸਹਾਈਆ । ਓਸ ਦਾ ਘਰਾਨਾ ਨਹੀਂ ਕੋਈ ਵੱਖ ਦਾ, ਵੱਖਰੀ ਵੰਡ ਨਾ ਕੋਇ ਵੰਡਾਈਆ । ਮੇਰਾ ਰੂਪ ਲਖੀਨਾ ਹੋਇਆ ਕੱਖ ਦਾ, ਮਿਲੀ ਸਚ ਸੱਚੀ ਸਰਨਾਈਆ । ਮੈਂ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਇਆ ਟੱਪਦਾ, ਆਕਾਸ਼ ਪਾਤਾਲਾਂ ਪੰਧ ਮੁਕਾਈਆ । ਬਿਨ ਰਸਨਾ ਜਿਹਵਾ ਤੂੰ ਮੇਰਾ ਮੈਂ ਤੇਰਾ ਆਇਆ ਜਪਦਾ, ਭੱਜਿਆ ਵਾਹੋ ਦਾਹੀਆ । ਮੈਂ ਭੇਵ ਖੁਲਾਵਾਂ ਪਰਮੇਸ਼ਵਰ ਪਤ ਦਾ, ਜੋ ਸਵਾਮੀ ਨੂਰ ਅਲਾਹੀਆ । ਜੋ ਸਿਰ ਮੇਰੇ ਹੱਥ ਰਖਦਾ, ਫੜ ਬਾਹੋਂ ਗੋਦ ਟਿਕਾਈਆ ।

ਮੈਂ ਪ੍ਰਕਾਸ਼ ਤਕਾਂ ਲਟ ਲਟ ਦਾ, ਜੋਤੀ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮੇਰਾ ਪਰਦਾ ਆਪ ਉਠਾਈਆ । ਮਨਜੀਤ ਕਹੇ ਪ੍ਰਭੂ ਸਤਿ ਧਰਮ ਦਾ ਦੇ ਦਿਲਾਸਾ, ਸਤਿ ਸਚ ਜਣਾਈਆ । ਤੇਰੇ ਚਰਨ ਕਵਲ ਹੋਵੇ ਭਰਵਾਸਾ, ਭਾਂਡਾ ਭਰਮ ਭੰਨਾਈਆ । ਮੈਂ ਆਪਣੇ ਘਰ ਵਿਚ ਕਰ ਕੇ ਹਾਸਾ, ਮਹੂ ਖ਼ੁਸ਼ੀ ਬਣਾਈਆ । ਹੁਣ ਚਲਿਆ ਉਪਰ ਆਕਾਸ਼ਾ, ਭੱਜਿਆ ਵਾਹੋ ਦਾਹੀਆ । ਦਰਗਾਹ ਸਾਚੀ ਹੋਵੇ ਵਾਸਾ, ਸਚਖੰਡ ਸਾਚੇ ਸੋਭਾ ਪਾਈਆ । ਵੇਖਾਂ ਤੇਰੀ ਰਾਸਾ, ਤੇਰੇ ਵਿਚ ਸਮਾਈਆ । ਜਿਸ ਲੇਖੇ ਲਾਇਆ ਮੇਰਾ ਪਵਣ ਸਵਾਸਾ, ਸਾਹ ਸਾਹ ਆਪਣੇ ਵਿਚ ਮਿਲਾਈਆ । ਮੇਰੇ ਪਰਿਵਾਰ ਨੂੰ ਕਹੋ ਸ਼ਾਬਾਸ਼ਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਕੋਈ ਡੋਲੇ ਨਾ ਤੋਲਾ ਮਾਸ਼ਾ, ਰਤੀ ਰਤ ਨਾ ਕੋਇ ਸੁਕਾਈਆ । ਤੂੰ ਪਰਮ ਪੁਰਖ ਅਬਿਨਾਸ਼ਾ, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਪੂਰੀਆਂ ਕਰਨੀਆਂ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ ।

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਦਸ ਕਾਨਪੁਰ ਸ਼ਾਸਤਰੀ ਨਗਰ ਅਵਤਾਰ ਸਿੰਘ ਦੇ ਗ੍ਰਿਹਿ ✪



ਸਦੀ ਚੌਧਵੀਂ ਕਹੇ ਮੇਰੇ ਪਰਵਰਦਿਗਾਰਾ, ਯਾਮੁਬੀਨ ਆਮੀਨ ਤੇਰੀ ਸਰਨਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਤੇਰਾ ਨੂਰ ਇਕ ਉਜਿਆਰਾ, ਜੋਤੀ ਜਾਤੇ ਪੁਰਖ ਬਿਧਾਤੇ ਨਜ਼ਰੀ ਆਈਆ । ਧੁਰ ਅਮਾਮ ਨੂਰ ਨੁਰਾਨੇ ਹੋ ਜਾਹਿਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਮੇਰਾ ਲੇਖਾ ਤੱਕ ਲੈ ਜੋ ਬਾਕੀ ਰਹਿੰਦਾ ਵਿਚ ਕਾਹਿਰਾ, ਕਹਿਕਹਾ ਲਾ ਕੇ ਦਿਆਂ ਸੁਣਾਈਆ । ਤੇਰਾ ਨਵ ਨਵ ਨਵ ਦਾ ਹੋਵੇ ਦਾਇਰਾ, ਚਾਰੋਂ ਕੁੰਟ ਧਿਆਨ ਲਗਾਈਆ । ਭੇਵ ਦੱਸ ਦੇ ਗੰਭੀਰ ਗਹਿਰਾ, ਗਵਰ ਤੇਰੀ ਇਕ ਸਰਨਾਈਆ । ਜਗਤ ਜਹਾਨ ਦੀਨ ਦੁਨੀ ਵਿਚ ਰਹੇ ਕੋਈ ਨਾ ਬਹਿਰਾ, ਭੇਵ ਅਭੇਦਾ ਦੇਣਾ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਭੱਜੀ ਨੱਠੀ ਚੌਦਾਂ ਤਬਕ, ਚੌਦਾਂ ਲੋਕ ਪੰਧ ਮੁਕਾਈਆ । ਮੈਂ ਪੈਗ਼ੰਬਰਾਂ ਵਾਲੇ ਸੁਣੇ ਸਬਕ, ਅਲਿਫ਼ ਯੇ ਨਾਲ ਵਡਿਆਈਆ । ਤੇਰਾ ਹੁਕਮ ਹੁਕਮਰਾਨਾ ਇਕੋ ਸਖ਼ਤ, ਨੌਜਵਾਨਾ ਨਜ਼ਰੀ ਆਈਆ । ਮੇਰਾ ਅੰਤ ਅਖ਼ੀਰੀ ਬੇਨਜ਼ੀਰੀ ਜ਼ਿਮੀਂ ਉਤੇ ਵੇਖ ਲੈ ਵਕਤ, ਸਮਾਂ ਸਮੇਂ ਨਾਲ ਬਦਲਾਈਆ । ਮੈਂ ਇਕੋ ਮੰਗਾ ਮੰਗ ਫ਼ਕਤ, ਖ਼ਾਲੀ ਝੋਲੀ ਅਗੇ ਡਾਹੀਆ । ਮੇਰਾ ਖੇਲ ਤੱਕਣਾ ਜਗਤ ਦੀ ਧਾਰ ਬੂੰਦ ਰਕਤ, ਤਨ ਵਜੂਦਾਂ ਸੰਗ ਮਿਲਾਈਆ । ਮੇਰੀ ਦਰੋਹੀ ਉਤੇ ਫ਼ਲਕ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੂੰ ਮਾਲਕ ਖ਼ਾਲਕ ਕੁਲ ਆਲਮੇ ਮਲਕ, ਮਹਿਬੂਬ ਤੇਰੀ ਬੇਪਰਵਾਹੀਆ । ਪਰਵਰਦਿਗਾਰੇ ਸਾਂਝੇ ਯਾਰੇ ਮੈਂ ਤੇਰੀ ਤੱਕਣੀ ਚਾਹੁੰਦੀ ਝਲਕ, ਪਲਕਾਂ ਦੇ ਪਿਛੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੇਰੇ ਮਾਲਕ ਮਵਜ਼ੀ ਨੂਜ਼ੇ ਜ਼ਵਾ ਅਰਸ਼ੇ ਜਮਾ ਫ਼ਰਸ਼ੇ ਤਮਅ ਖਵਿਸਤੋ ਮਬੀ ਨਵਿਸਤੋ ਰਬੀ ਕਾਵਸਤਮਮਲਾ ਮਾਊ ਤੂ ਜਮਨਅਲ ਸ਼ਾਊ ਜ਼ਕਤੇ ਮਬੀ ਨਜ਼ਵੀ ਜ਼ਵਾ ਮੇਰੇ ਖ਼ੁਦਾ ਮਿਹਰਵਾਨ ਮਿਹਰਵਾਨ ਮਿਹਰਵਾਨ ਤੇਰੀ ਓਟ

ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰਵੇਸ਼ਣ ਹੋ ਕੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰਾ ਵੇਖ ਲੈ ਅੰਤ ਅਖ਼ੀਰੀ, ਖ਼ੈਰਖ਼ਾਹ ਧਿਆਨ ਲਗਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਮੀਰੀ ਪੀਰੀ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਤੇਰਾ ਨੂਰ ਜ਼ਹੂਰ ਤੱਕਾਂ ਬੇਨਜ਼ੀਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੇਰੀ ਸ਼ਰਅ ਵੇਖਾਂ ਸ਼ਮਸ਼ੀਰੀ, ਬਿਨ ਦਸਤ ਦਸਤ ਉਠਾਈਆ । ਮੇਰੀ ਅੰਤ ਤੱਕ ਦਿਲਗੀਰੀ, ਧੀਰਜ ਧੀਰ ਨਾ ਕੋਇ ਧਰਾਈਆ । ਨਵ ਸੱਤ ਤੇਰੇ ਹੁਕਮ ਦੀ ਬੱਧੀ ਜ਼ੰਜੀਰੀ, ਬੰਧਨ ਸਕੇ ਨਾ ਕੋਇ ਤੁੜਾਈਆ । ਨਿਗਾਹ ਮਾਰ ਲੈ ਅਮੀਰ ਫ਼ਕੀਰੀ, ਫ਼ਿਕਰੇ ਆਪਣੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਅੱਲਾ ਮੁਬੀਨਾ, ਮਵਜ਼ੂ ਤੇਰੀ ਸਰਨਾਈਆ । ਨਿਗਾਹ ਮਾਰ ਵਿਚ ਮਦੀਨਾ, ਕੀ ਮੁਹੰਮਦ ਮਕਬਰਾ ਰਿਹਾ ਸੁਣਾਈਆ । ਮੇਰਾ ਅੰਦਰੋਂ ਵੇਖ ਲੈ ਸੀਨਾ, ਸੀਨ ਸ਼ੀਨ ਦਏ ਗਵਾਹੀਆ । ਕਵਣ ਧਾਰ ਤੇਰਾ ਕਲਮਾ ਨਬੀਆਂ ਦੁਲਦਲਾਂ ਪਾਵੇ ਜ਼ੀਨਾ, ਜ਼ੀਨਤ ਆਪਣੀ ਦੇ ਸਮਝਾਈਆ । ਮੈਂ ਤੈਨੂੰ ਕਹਾਂ ਆਮੀਨਾ, ਕਾਮਲ ਮੁਰਸ਼ਦ ਤੇਰੇ ਹੱਥ ਵਡਿਆਈਆ । ਖੇਲ ਮੇਰਾ ਤੱਕਣਾ ਵਿਚ ਰਮਜ਼ਾਨ ਮਹੀਨਾ, ਰਮਜ਼ ਇਸ਼ਾਰੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਓਟ ਰਖਾਈਆ । ਸਦੀ ਚੌਧਵੀਂ ਕਹੇ ਮੈਂ ਪੰਧ ਮਾਰ ਕੇ ਨੱਠੀ, ਭੱਜੀ ਵਾਹੋ ਦਾਹੀਆ । ਮੇਰੇ ਅੰਤਮ ਉਲਟੀ ਗਿੜਨੀ ਲੱਠੀ, ਚਾਰੋਂ ਕੁੰਟ ਦਿਆਂ ਸੁਣਾਈਆ । ਤੇਰੇ ਹਕ ਦੀ ਪੜ੍ਹੇ ਕੋਇ ਨਾ ਪੱਟੀ, ਹਕੀਕਤ ਵਿਚ ਨਾ ਕੋਇ ਸਮਾਈਆ । ਮੁਹੱਬਤ ਵਿਚ ਉਮਤ ਨਹੀਂ ਰਹਿਣੀ ਇਕੱਠੀ,
੧੭੧੨ ੨੩ ਮੇਰੀ ਤੇਰੇ ਅਗੇ ਦੁਹਾਈਆ । ਮੇਰੀ ਚੋਲੀ ਵੇਖ ਲੈ ਫਟੀ, ਚੀਥੜ ਵੰਡ ਨਾ ਕੋਇ ਵੰਡਾਈਆ । ਤੇਰੇ ਚਰਨ ਕਵਲ ਢੱਠੀ, ਸਜਦਿਆਂ ਵਿਚ ੧੭੧੨ ੨੩
ਸੀਸ ਨਿਵਾਈਆ । ਤੂੰ ਪਰਵਰਦਿਗਾਰ ਪੁਰਖ ਸਮਰਥੀ, ਆਲੀਜਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੇਰੇ ਪਰਵਰਦਿਗਾਰ, ਪੁਸ਼ਤ ਪਨਾਹ ਹੱਥ ਦੇਣਾ ਟਿਕਾਈਆ । ਲਹਿਣਾ ਤੱਕ ਲੈ ਸੰਗ ਮੁਹੰਮਦ ਚਾਰ ਯਾਰ, ਚਾਰੋਂ ਕੁੰਟ ਧਿਆਨ ਲਗਾਈਆ । ਜਬਰਾਈਲ ਕਰੇ ਪੁਕਾਰ, ਨਾਜ਼ਲ ਹੋ ਕੇ ਵਹੀ ਰਿਹਾ ਸਮਝਾਈਆ । ਅਲਿਫ਼ ਯੇ ਦੀ ਮੁਕਣੀ ਅੰਤ ਗੁਫ਼ਤਾਰ, ਗੁਫ਼ਤ ਸ਼ਨੀਦ ਪਰਦਾ ਆਪ ਖੁਲਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਸਾਂਝਾ ਯਾਰ, ਜਲਵਾਗਰ ਨੂਰ ਅਲਾਹੀਆ । ਮੈਂ ਤੇਰੀ ਤਾਬਿਆਦਾਰ, ਸਦੀ ਚੌਦਾਂ ਸਦ ਸੇਵ ਕਮਾਈਆ । ਦਿਵਸ ਰੈਣ ਤੇਰਾ ਕਰਾਂ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਮੇਰੇ ਅਮਾਮ ਅਮਾਮਾ ਪਾਉਣੀ ਸਾਰ, ਕਾਇਨਾਤ ਹੋਣਾ ਆਪ ਸਹਾਈਆ । ਤੁਧ ਬਿਨ ਦਿਸੇ ਕੋਇ ਨਾ ਗ਼ਮਖ਼ਾਰ, ਗ਼ਮੀ ਸਕੇ ਨਾ ਕੋਇ ਮਿਟਾਈਆ । ਮੇਰਾ ਸ਼ਰਅ ਨਾਲ ਨਹੀਂ ਤਕਰਾਰ, ਸ਼ਰੀਅਤ ਝਗੜਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੇਰਾ ਪੰਧ ਜਾਂਦਾ ਮੁਕਦਾ, ਅੰਤ ਰਹਿਣ ਨਾ ਪਾਈਆ । ਮੇਰਾ ਸੀਸ ਜਗਦੀਸ਼ ਜਾਂਦਾ ਝੁਕਦਾ, ਦੂਸਰ ਓਟ ਨਾ ਕੋਇ ਤਕਾਈਆ । ਪਰਦਾ ਰਹੇ ਨਾ ਓਹਲਾ ਲੁਕਦਾ, ਭੇਵ ਅਭੇਦ ਦੇਣਾ ਖੁਲਾਈਆ । ਮੈਂ ਨਜ਼ਾਰਾ ਤੱਕਣਾ ਤੇਰੇ ਅਗੰਮੀ ਕਲਮੇ ਸ਼ਬਦ ਸੁਤ ਦਾ, ਜੋ ਸੁੱਤਿਆਂ ਲਏ ਜਗਾਈਆ । ਮੈਂ ਖੇਲ ਵੇਖਣਾ ਨੌ ਖੰਡ ਪ੍ਰਿਥਮੀ ਲੁੱਟ ਦਾ, ਲੁਟੇਰਾ ਕਲਜੁਗ ਨਾਲ ਮਿਲਾਈਆ ।

ਸਭ ਦਾ ਨਾਤਾ ਜਾਵੇ ਟੁੱਟਦਾ, ਵਿਛੋੜੇ ਵਿਚ ਦਿਸੇ ਲੋਕਾਈਆ । ਕਿਸੇ ਸਮਝ ਨਾ ਆਏ ਤੇਰਾ ਨਾਮ ਨਿਧਾਨਾ ਇਕ ਤੁਕ ਦਾ, ਤੁਖ਼ਮ ਤਾਸੀਰ ਨਾ ਕੋਇ ਬਦਲਾਈਆ । ਮੈਨੂੰ ਰੰਜ ਇਕੋ ਦੁਖ ਦਾ, ਦੁਖਾਂ ਨਾਲ ਸੁਣਾਈਆ । ਤੇਰਾ ਜਗਤ ਜਹਾਨ ਤ੍ਰਿਸ਼ਨਾ ਭਰਿਆ ਮਾਇਆ ਭੁੱਖ ਦਾ, ਮਮਤਾ ਮੋਹ ਨਾਲ ਹਲਕਾਈਆ । ਤੇਰੀ ਦਰਗਾਹ ਕੋਈ ਨਾ ਪੁੱਜਦਾ, ਸਚਖੰਡ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਨਹੀਂ ਕਿਸੇ ਮਨੁੱਖ ਦਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ਦਸ ਸ਼ਾਸਤਰੀ ਨਗਰ ਕਾਨਪੁਰ ਸ਼ਹਿਰ ਮਹਿਲ ਸਿੰਘ ਦੇ ਗ੍ਰਿਹ ✪

ਸਦੀ ਚੌਧਵੀਂ ਕਹੇ ਮੇਰੇ ਕੋਲ ਪੇਸ਼ੀਨਗੋਈਆਂ, ਬਿਨ ਹੱਥਾਂ ਹੱਥ ਉਠਾਈਆ । ਮੇਰੇ ਮਾਲਕ ਖ਼ਾਲਕ ਤੇਰੀਆਂ ਰੂਹਾਂ ਬੁਤਖ਼ਾਨਿਆਂ ਵਿਚ ਸੋਈਆਂ, ਬਿਨ ਤੇਰੇ ਨਾ ਕੋਇ ਉਠਾਈਆ । ਪਵਿਤ੍ਰ ਕਰ ਕਿਸੇ ਨਾ ਧੋਈਆਂ, ਦੁਰਮਤ ਮੈਲ ਨਾ ਕੋਇ ਗਵਾਈਆ । ਸਭ ਨੇ ਆਪਣੀਆਂ ਪੱਤਾਂ ਖੋਹੀਆਂ, ਲੱਜਿਆ ਨਜ਼ਰ ਕੋਇ ਨਾ ਆਈਆ । ਜਗਤ ਧਾਰਾਂ ਤੱਕ ਅਨਹੋਈਆਂ, ਅਨਡਿੱਠੜੇ ਧਿਆਨ ਲਗਾਈਆ । ਸਤਿ ਧਰਮ ਦੀਆਂ ਵਸਤੂਆਂ ਸਭ ਤੋਂ ਗਈਆਂ ਖੋਹੀਆਂ, ਤਨ ਵਿਚ ਨਾ ਕੋਇ ਟਿਕਾਈਆ । ਝਗੜਾ ਵੇਖ ਪੰਜ ਗਰੋਹੀਆਂ, ਕਾਮ ਕਰੋਧ ਲੋਭ ਮੋਹ ਹੰਕਾਰ ਹੋਵੇ ਹਲਕਾਈਆ । ਤੇਰੀਆਂ ਆਤਮਾ ਪਰਮਾਤਮਾ ਤੇਰੇ ਨਾਲ ਮੂਲ ਨਾ ਛੋਹੀਆਂ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਮੇਰੀਆਂ ਚਾਰੋਂ ਕੁੰਟ ਦਰੋਹੀਆਂ, ਦਰੋਹੀ ਤੇਰਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਦੀ ਚੌਧਵੀਂ ਕਹੇ ਪ੍ਰਭੂ ਮੇਰੀ ਵੇਖ ਲੈ ਹਾਲਤ, ਉਫ਼ ਹਾਏ ਮੇਰੀ ਦੁਹਾਈਆ । ਚਾਰੋਂ ਕੁੰਟ ਹੋਈ ਜਹਾਲਤ, ਸਤਿ ਵਿਚ ਨਾ ਕੋਇ ਸਮਾਈਆ । ਧਰਮ ਦੀ ਦਿਸੇ ਨਾ ਕੋਇ ਅਦਾਲਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਮੇਰੇ ਵਿਚ ਹੋਣ ਵਾਲੀ ਬਗ਼ਾਵਤ, ਬਗ਼ਲਗੀਰ ਨਾ ਰਹੇ ਲੋਕਾਈਆ । ਨਾਮ ਕਲਮਾ ਮਿਲੇ ਨਾ ਕਿਸੇ ਨਿਆਮਤ, ਕੂੜੀ ਕਿਰਿਆ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਤ, ਸ਼ਮਅ ਨੂਰੀ ਚੰਦ ਨਾ ਕੋਇ ਚਮਕਾਈਆ । ਤੇਰਾ ਈਮਾਨ ਕਿਬਲੇ ਅਜ਼ ਦਿਸੇ ਨਾ ਕੋਈ ਅਮਾਨਤ, ਅਮਲਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਦੀ ਚੌਧਵੀਂ ਕਹਿੰਦੀ ਮੇਰਾ ਵੇਖ ਲੈ ਵਕਤ ਲੋਕਮਾਤ, ਧਰਨੀ ਉਤੇ ਧਿਆਨ ਲਗਾਈਆ । ਝਗੜਾ ਤੱਕ ਲੈ ਜ਼ਾਤ ਪਾਤ, ਦੀਨ ਦੁਨੀ ਕਰੇ ਲੜਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਲੇਖਾ ਲਿਖਿਆ ਨਾਲ ਕਲਮ ਦਵਾਤ, ਕਾਗ਼ਜ਼ ਸਿਆਹੀ ਜੋੜ ਜੁੜਾਈਆ । ਤੇਰਾ ਹੁਕਮ ਸੰਦੇਸ਼ਾ ਦਿਤਾ ਸਾਫ਼, ਸਫ਼ੇ ਸਫ਼ੇ ਨਾਲ ਬਦਲਾਈਆ । ਓਹ ਸਭ ਦਾ ਕਰੇ ਇਤਰਾਫ਼, ਮਿਹਰਵਾਨ ਹੋ ਕੇ ਵੇਖ ਵਖਾਈਆ । ਬਿਨ ਤੇਰੀ ਕਿਰਪਾ ਕਰੇ ਨਾ ਕੋਇ ਮੁਆਫ਼, ਮਿਹਰ ਨਜ਼ਰ ਨਾ ਕੋਇ ਉਠਾਈਆ । ਦੀਨ ਦੁਨੀ ਉਮਤ ਉਮਤੀ ਹੋਏ ਗੁਸਤਾਖ਼, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

੧੭੧੩
੨੩

ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰਾ ਵਕਤ ਰਹਿ ਗਿਆ ਥੋੜਾ, ਬਹੁੜੀ ਬਹੁੜੀ ਕਰ ਸੁਣਾਈਆ । ਮੇਰੇ ਮਹਿਬੂਬ ਤੇਰੀਆਂ ਅੰਤਮ ਲੋੜਾਂ, ਲੁੜੀਂਦੇ ਸਾਜਣ ਤੇਰੀ ਓਟ ਤਕਾਈਆ । ਨਿਰਗੁਣ ਧਾਰ ਨਿਰਵੈਰ ਨਿਰੰਕਾਰ ਪਰਵਰਦਿਗਾਰ ਸਾਂਝੇ ਯਾਰ ਲੋਕਮਾਤ ਪਾ ਮੋੜਾ, ਨਿਰਗੁਣ ਹੋ ਕੇ ਵੇਖ ਵਖਾਈਆ । ਸ਼ਬਦੀ ਧਾਰ ਸਾਚਾ ਅਸਵ ਦੁੜਾ ਘੋੜਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਤੇਰੀ ਜੋਤੀ ਧਾਰ ਸ਼ਬਦੀ ਹੋਵੇ ਜੋੜਾ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਪਰਵਰਦਿਗਾਰ ਬਾਂਕਾ ਛੋਹਰਾ, ਨੌਜਵਾਨਾ ਨਵ ਜੋਬਨ ਇਕੋ ਸੋਭਾ ਪਾਈਆ । ਮੇਰੇ ਧੁਰ ਅਮਾਮ ਵਕਤ ਸੁਹੰਜਣਾ ਕਰ ਦੇ ਮੋਰਾ, ਮਹਿਬਾਨ ਬੀਦੋ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵ ਸੱਤ ਤਤਵ ਤਤ ਵੇਖਣਾ ਅੰਧਘੋਰਾ, ਅੰਧ ਆਤਮ ਪਰਮਾਤਮ ਧਿਆਨ ਲਗਾਈਆ ।

## ੧੩ ਚੇਤ ਸ਼ਹਿਨਸ਼ਾਹੀ ਸੰਮਤ ਦਸ ਸ਼ਾਸਤਰੀ ਨਗਰ ਕਾਨ੍ਪੁਰ ਸ਼ਹਿਰ ਜਗਦੀਸ਼ ਸਿੰਘ ਦੇ ਗ੍ਰਹਿ

ਸੰਮਤ ਸ਼ਹਿਨਸ਼ਾਹੀ ਦਸ ਕਹੇ ਮੇਰੀ ਪੁਕਾਰ, ਪੁਨਹ ਪੁਨਹ ਪੁਨਹ ਸੀਸ ਨਿਵਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਵੈਰ ਹੋਣਾ ਆਪ ਸਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਅਧਾਰ, ਤ੍ਰੈਭਵਣ ਅਤੀਤੇ ਨਾਲ ਮਿਲਾਈਆ । ਤੇਈ ਅਵਤਾਰ ਹੋਵਣ ਨਾਲ, ਜੋਤੀ ਧਾਰ ਸੰਗ ਬਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਲੈ ਉਠਾਲ, ਜੋਤ ਧਾਰ ਵਿਚੋਂ ਪ੍ਰਗਟਾਈਆ । ਨਾਨਕ ਗੋਬਿੰਦ ਗ੍ਰਹਿ ਵਖਾਲ, ਘਰ ਇਕੋ ਇਕ ਦਰਸਾਈਆ । ਜਿਥੇ ਵਸੇ ਦੀਨ ਦਿਆਲ, ਸੋ ਪੁਰਖ ਨਿਰੰਜਣ ਆਸਣ ਲਾਈਆ । ਹਰਿ ਪੁਰਖ ਨਿਰੰਜਣ ਆਪਣਾ ਭੇਵ ਖੋਲਣਾ ਕਮਾਲ, ਏਕੰਕਾਰੇ ਪਰਦਾ ਲਾਹੀਆ । ਆਦਿ ਨਿਰੰਜਣ ਜੋਤੀ ਜਲਵਾ ਦੇ ਜਲਾਲ, ਅਬਿਨਾਸ਼ੀ ਕਰਤੇ ਕਰਨੀ ਰੁਸ਼ਨਾਈਆ । ਸ੍ਰੀ ਭਗਵਾਨ ਸੁਰਤ ਸੰਭਾਲ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ । ਪਾਰਬ੍ਰਹਮ ਤੇਰੀ ਕਰ ਸਕੇ ਕੋਈ ਨਾ ਭਾਲ, ਖੋਜਿਆਂ ਹੱਥ ਕਿਸੇ ਨਾ ਆਈਆ । ਸਤਿਗੁਰ ਸ਼ਬਦ ਬਣਾ ਇਕ ਦਲਾਲ, ਵਿਚੋਲਾ ਦੋ ਜਹਾਨ ਸਮਝਾਈਆ । ਤੂੰ ਕਰਨੀ ਦਾ ਕਰਤਾ ਪੁਰਖ ਅਕਾਲ, ਤੇਰੇ ਹੱਥ ਵਡਿਆਈਆ । ਸਚ ਵਸਤ ਨਾਮ ਅਮੋਲਕ ਦੇ ਅਨਮੁਲੜੇ ਲਾਲ, ਅਤੁਲ ਆਪ ਵਰਤਾਈਆ । ਸਤਿ ਸਚ ਦੱਸਦੇ ਚਾਲ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਭ ਦੀ ਪੂਰੀ ਕਰ ਦੇ ਘਾਲ, ਲੇਖੇ ਆਪਣੇ ਵਿਚ ਰਖਾਈਆ । ਸਾਚੀ ਸਿਖਿਆ ਦੇ ਸਿਖਾਲ, ਸਿੱਖ ਮੁਰੀਦਾਂ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਮੇਰੇ ਪਰਵਰਦਿਗਾਰੇ ਮੀਤ, ਹਰਿ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਪਤਤ ਪੁਨੀਤ, ਪਤਤ ਪਾਵਨ ਇਕ ਅਖਵਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਅੰਦਰ ਡੇਰਾ ਲਾਈਆ । ਝਗੜਾ ਤੱਕ ਮੰਦਰ ਮਸੀਤ, ਕਾਅਬਿਆਂ ਖੋਜ ਖੁਜਾਈਆ । ਸਦੀ ਚੌਧਵੀਂ ਰਹੀ ਬੀਤ, ਬੀਸਵੀਂ ਮੇਲਾ ਸਹਿਜ ਸੁਭਾਈਆ । ਤੂੰ ਮਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਕਲਜੁਗ ਵਿਚ ਸਤਿਜੁਗ ਬਦਲ ਦੇ ਰੀਤ, ਧਰਮ ਦੀ ਧਾਰ ਇਕ ਪ੍ਰਗਟਾਈਆ ।


੧੭੧੪
੨੩

ਸਾਚਾ ਕਲਮਾ ਦਸ ਹਦੀਸ, ਹਜ਼ਰਤਾਂ ਬਾਹਰ ਕਰ ਪੜ੍ਹਾਈਆ । ਤੇਰਾ ਲਹਿਣਾ ਦੇਣਾ ਲੇਖਾ ਬੀਸ ਇਕੀਸ, ਹਰਿ ਜਗਦੀਸ਼ ਤੇਰੀ ਸਰਨਾਈਆ । ਇਕੋ ਛੱਤਰ ਝੁਲੇ ਤੇਰੇ ਸੀਸ, ਦੋ ਜਹਾਨਾਂ ਵੱਜਦੀ ਰਹੇ ਵਧਾਈਆ । ਸਿਫ਼ਤ ਸਲਾਹ ਜਣਾ ਦੇ ਤੀਸ ਬਤੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਮੇਰੇ ਸਤਿਗੁਰ ਸ਼ਬਦ ਸਵਾਮੀ, ਸਾਹਿਬ ਸਤਿਗੁਰ ਤੇਰੀ ਬੇਪਰਵਾਹੀਆ । ਤੂੰ ਮਾਲਕ ਇਕ ਅਨਾਮੀ, ਸਚ ਦਵਾਰੇ ਸੋਭਾ ਪਾਈਆ । ਹਰ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਈਆ । ਤੇਰੀ ਨਿਰਅੱਖਰ ਧਾਰ ਬਾਣੀ, ਨਿਸ਼ਅੱਖਰ ਕਰੇ ਪੜ੍ਹਾਈਆ । ਤੂੰ ਬਖ਼ਸ਼ਣਹਾਰਾ ਪਦ ਨਿਰਬਾਣੀ, ਸਚ ਦਵਾਰ ਇਕ ਸਮਝਾਈਆ । ਜਿਥੇ ਜਗੇ ਜੋਤ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਤੇਰਾ ਸ਼ਬਦ ਸੱਚਾ ਧੁਨਕਾਨੀ, ਅਨਹਦ ਨਾਦੀ ਨਾਦ ਸ਼ਨਵਾਈਆ । ਤੇਰਾ ਅੰਮ੍ਰਿਤ ਰਸ ਅਗੰਮਾ ਪਾਣੀ, ਬੂੰਦ ਸਵਾਂਤੀ ਨਿਝਰ ਦਏ ਝਿਰਾਈਆ । ਤੇਰਾ ਲਹਿਣਾ ਜ਼ਿਮੀਂ ਅਸਮਾਨੀ, ਦੋ ਜਹਾਨਾਂ ਵੱਜਦੀ ਰਹੇ ਵਧਾਈਆ । ਅਵਤਾਰ ਪੈਗ਼ੰਬਰ ਗੁਰ ਤੇਰੀ ਨਿਸ਼ਾਨੀ, ਨਿਸ਼ਾਨੇ ਲੋਕਮਾਤ ਝੁਲਾਈਆ । ਤੇਰੀ ਮਹਿੰਮਾ ਸਿਫ਼ਤ ਸਲਾਹ ਅੱਖਰਾਂ ਵਾਲੀ ਕਹਾਣੀ, ਚਾਰ ਜੁਗ ਦੇ ਸ਼ਾਸਤਰ ਢੋਲੇ ਗਾਈਆ । ਤੇਰੀ ਮੰਜ਼ਲ ਇਕ ਰੁਹਾਨੀ, ਦਰ ਸਚ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਮੇਰਾ ਵਕਤ ਹੋਏ ਸੁਹੰਜਣਾ, ਸੋਹਣੀ ਮਿਲੇ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਮਿਹਰਵਾਨਾ ਮਿਹਰਵਾਨਾ ਮਿਹਰ ਨਜ਼ਰ ਉਠਾਈਆ । ਜੋ ਆਦਿ ਜੁਗਾਦੀ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਜਿਸ ਭਗਤਾਂ ਧੂੜ ਕਰਾਉਣਾ ਮਜਣਾ, ਦੁਰਮਤ ਮੈਲ ਧਵਾਈਆ । ਆਤਮ ਪਰਮਾਤਮ ਬਣ ਕੇ ਸਾਕ ਸੱਜਣਾ, ਮੇਲਾ ਮੇਲੇ ਸਹਿਜ ਸੁਬਾਈਆ । ਜਿਸ ਦੇ ਹੁਕਮ ਨਾਲ ਕਲਜੁਗ ਕੂੜੀ ਕਿਰਿਆ ਤਜਣਾ, ਲੋਕਮਾਤ ਭੱਜੇ ਵਾਹੋ ਦਾਹੀਆ । ਸਤਿਜੁਗ ਧਵਲ ਉਤੇ ਸੱਜਣਾ, ਆਪਣਾ ਆਸਣ ਦਏ ਵਖਾਈਆ । ਜਿਸ ਦੇ ਹੁਕਮ ਨਾਲ ਜੋ ਘੜਿਆ ਸੋ ਭੱਜਣਾ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਕਰੇ ਖੇਲ ਗੋਪਾਲ ਮੂਰਤ ਮਦਨਾ, ਜੋਤੀ ਜਾਤਾ ਆਪਣਾ ਹੁਕਮ ਵਰਤਾਈਆ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਜਿਸ ਦਾ ਇਕੋ ਡੰਕਾ ਵੱਜਣਾ, ਦੋ ਜਹਾਨ ਕਰੇ ਸ਼ਨਵਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਜਿਸ ਨਵ ਜੇਠ ਨੂੰ ਜਨ ਭਗਤਾਂ ਗੁਰਮੁਖ ਦਵਾਰੇ ਸੱਦਣਾ, ਪੁਰ ਭਲਾਈ ਸੋਭਾ ਪਾਈਆ । ਨਾਮ ਨਿਧਾਨ ਦੀ ਚਾੜ੍ਹੇ ਰੰਗਣਾ, ਪੰਚਮ ਮੇਲਾ ਸਹਿਜ ਸੁਭਾਈਆ । ਦੂਸਰ ਦਰ ਪਏ ਕਿਸੇ ਨਾ ਮੰਗਣਾ, ਦਹਿ ਦਿਸ਼ ਨਾ ਉਠ ਉਠ ਧਾਈਆ । ਲੇਖੇ ਲਾਉਣਾ ਰਵਿਦਾਸ ਚਮਾਰੇ ਵਾਲਾ ਕੰਗਣਾ, ਗੰਗਾ ਗੰਗੋਤਰੀ ਲੇਖਾ ਨਾਲ ਮਿਲਾਈਆ । ਸਚ ਪਿਆਰ ਦੀ ਦਸ ਕੇ ਬੰਦਨਾ, ਬੰਦਗੀ ਇਕ ਸਮਝਾਈਆ । ਨਾਮ ਨਿਧਾਨਾ ਨੇਤਰ ਪਾ ਕੇ ਅੰਞਣਾ, ਨੂਰ ਜੋਤ ਦਏ ਚਮਕਾਈਆ । ਘਰ ਸਵਾਮੀ ਮਿਲੇ ਸੱਜਣਾ, ਦਰ ਠਾਂਡੇ ਵੇਖ ਵਖਾਈਆ । ਤ੍ਰੈਗੁਣ ਬੁਝਾਏ ਅੱਗਨਾ, ਅੰਮ੍ਰਿਤ ਮੇਘ ਬਰਸਾਈਆ । ਕਿਰਪਾ ਕਰੇ ਸੂਰਾ ਸਰਬਗਣਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਦਰਸ ਕਰ ਕਰ ਜਨ ਭਗਤਾਂ ਰੱਜਣਾ, ਤ੍ਰਿਸ਼ਨਾ ਤ੍ਰਿਖਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਮੇਰਾ ਵਕਤ ਸੁਹੰਜਣਾ ਨਵ ਜੇਠ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ ।

੧੭੧੫
੨੩

ਜਨ ਭਗਤ ਪ੍ਰਭ ਰੱਖੇ ਸਾਇਆ ਹੇਠ, ਸਿਰ ਸਿਰ ਆਪਣਾ ਹੱਥ ਟਿਕਾਈਆ । ਮਿਠੇ ਕਰੇ ਕੌੜੇ ਰੇਠ, ਵਿਖ ਰਹਿਣ ਕਿਛ ਨਾ ਪਾਈਆ । ਫੇਰ ਖ਼ੁਸ਼ੀਆਂ ਦੀ ਲਏ ਭੇਟ, ਸੋਹਣੀ ਮੰਗ ਮੰਗਾਈਆ । ਸਚ ਸਿੰਘਾਸਣ ਆਪੇ ਲੇਟ, ਲਿਟਾਂ ਖੋਲ ਕੇ ਦਏ ਵਖਾਈਆ । ਜਨ ਭਗਤੋ ਤੁਹਾਨੂੰ ਇਕ ਦੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਘਰ ਘਰ ਕਰੇ ਬੁਧ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਤਤ ਨਾ ਲਾਵੇ ਸੇਕ, ਸਾਂਤਕ ਸਤਿ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਨਵ ਜੇਠ ਕਹੇ ਪ੍ਰਭ ਕਰਨਾ ਖੇਲ ਅਪਾਰਾ, ਅਪਰੰਪਰ ਆਪ ਕਰਾਈਆ । ਜਿਸ ਨੂੰ ਸਮਝੇ ਨਾ ਕੋਇ ਵਿਚ ਸੰਸਾਰਾ, ਅਕਲ ਬੁੱਧੀ ਸਮਝ ਕਿਛ ਨਾ ਆਈਆ । ਸ਼ਾਸਤਰ ਸਿਮਰਤ ਕਰੇ ਨਾ ਕੋਇ ਵਿਚਾਰਾ, ਵੇਦ ਪੁਰਾਨ ਅੰਜੀਲ ਕੁਰਾਨ ਪਰਦਾ ਨਾ ਕੋਇ ਉਠਾਈਆ । ਪਰਮ ਪੁਰਖ ਦਾ ਖੇਲ ਵਰਤਣਾ ਸਭ ਤੋਂ ਬਾਹਰਾ, ਬਾਹਿਰਹਾਲ ਆਪਣਾ ਹੁਕਮ ਵਰਤਾਈਆ । ਜਿਸ ਦਾ ਇਕੋ ਨਾਮ ਦਾ ਵੱਜਣਾ ਨਗਾਰਾ, ਨੌਬਤ ਦੋ ਜਹਾਨ ਸੁਣਾਈਆ । ਜੋ ਪੰਚਮ ਪੰਚਾਂ ਪੰਚ ਕਰ ਤਿਆਰਾ, ਪ੍ਰਪੰਚ ਸਭ ਦਾ ਦਏ ਮਿਟਾਈਆ । ਜਿਸ ਕਾਇਆ ਮਾਟੀ ਭਾਂਡਾ ਘੜਿਆ ਬਣ ਠਠਿਆਰਾ, ਸੋ ਵੇਖੇ ਚਾਈਂ ਚਾਈਆ । ਨਿਰਗੁਣ ਧਾਰ ਬਣ ਆਪ ਘੁਮਿਆਰਾ, ਭੇਵ ਅਭੇਦਾ ਦਏ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਨੌ ਜੇਠ ਕਹੇ ਜਨ ਭਗਤ ਸੁਹੇਲੇ ਗੁਰਮੁਖ ਦਵਾਰੇ ਆਉਣਗੇ, ਆਪਣੀ ਖ਼ੁਸ਼ੀ ਬਣਾਈਆ । ਹੱਥ ਲਾਲ ਝੰਡੀਆਂ ਸਰਬ ਉਠਾਉਣਗੇ, ਸੱਜੇ ਹੱਥ ਵਡਿਆਈਆ । ਖੱਬੇ ਨੇਤਰ ਸੁਰਮਾ ਪਾਉਣਗੇ, ਲੋਚਨ ਨਾਲ ਰੰਗਾਈਆ । ਖ਼ੁਸ਼ੀਆਂ ਦੇ ਢੋਲੇ ਗਾਉਣਗੇ, ਪ੍ਰਭ ਧੁਰ ਦਾ ਇਕੋ ਮਾਹੀਆ । ਢੋਲ ਢਮੱਕੇ ਨਾਲ ਵਜਾਉਣਗੇ, ਸੋਹਣਾ ਸੰਗ ਬਣਾਈਆ । ਚਾਰੋਂ ਕੁੰਟ ਰਾਹ ਤਕਾਉਣਗੇ, ਨੈਣ ਨੈਣਾਂ ਵਿਚੋਂ ਬਦਲਾਈਆ । ਪਰਮ ਪੁਰਖ ਦਾ ਦਰਸ਼ਨ ਪਾਉਣਗੇ, ਸਨਮੁਖ ਮਿਲੇ ਧੁਰ ਦਾ ਮਾਹੀਆ । ਜਨਮ ਜਨਮ ਦੇ ਰੋਗ ਮਿਟਾਉਣਗੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਵਿਚ ਸਮਾਉਣਗੇ, ਨਵ ਜੇਠ ਕਹੇ ਮੇਰਾ ਰੂਪ ਹੋਵੇ ਅਨੋਖਾ, ਵੱਖਰੀ ਧਾਰ ਜਣਾਈਆ । ਨਵਾਂ ਗੁਰਮੁਖਾਂ ਸੀਸ ਤੇ ਸਿੱਧਾ ਬੰਨ੍ਹਿਆ ਹੋਵੇ ਪੋਥਾ, ਪੁਸਤਕ ਸਮਝ ਕਿਸੇ ਨਾ ਆਈਆ । ਨਵਾਂ ਬੱਧਾ ਹੋਵੇ ਲੰਗੋਟਾ, ਆਪਣੀ ਬਣਤ ਬਣਾਈਆ । ਨਵਾਂ ਦਾ ਕੱਦ ਸਭ ਤੋਂ ਹੋਵੇ ਛੋਟਾ, ਇਕੋ ਰੂਪ ਸਮਝਾਈਆ । ਨਵਾਂ ਨੇ ਮੁਖੜਾ ਹੋਵੇ ਧੋਤਾ, ਮਸਤਕ ਲੱਗੇ ਕਾਲੀ ਸ਼ਾਹੀਆ । ਨਵਾਂ ਹੱਥ ਜਗਦੀਆਂ ਹੋਵਣ ਜੋਤਾਂ, ਪੰਚਮ ਪੰਚਮ ਪੰਚ ਮੁਖੀ ਥਾਲੀਆਂ ਵਿਚ ਟਿਕਾਈਆ । ਨਵਾਂ ਕੋਲ ਲਿਖਿਆ ਹੋਵੇ ਲੇਖ ਚੌਦਾਂ ਲੋਕਾ, ਅੱਖਰ ਅੱਖਰਾਂ ਨਾਲ ਬਦਲਾਈਆ । ਨਵਾਂ ਕੋਲ ਨਾਮ ਦਾ ਹੋਵੇ ਸਲੋਕਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਗੁਰਮੁਖ ਸਿੰਘ ਚੜ੍ਹਿਆ ਹੋਵੇ ਉਤੇ ਬੋਤਾ, ਆਪਣਾ ਬਲ ਪ੍ਰਗਟਾਈਆ । ਨਵਾਂ ਗੁਰਮੁਖਾਂ ਦੇ ਹੱਥ ਵਿਚ ਹੋਵੇ ਇਕੋ ਲੋਟਾ, ਲੁਟੀਆ ਸੰਗ ਨਾ ਕੋਇ ਜਣਾਈਆ । ਨਵਾਂ ਨੇ ਰੰਗਿਆ ਹੋਵੇ ਇਕ ਇਕ ਪੋਟਾ, ਸੂਹਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਿਛਲੀਆਂ ਅਗਲੀਆਂ ਮੇਟੇ ਸੋਚਾਂ, ਜਗਤ ਸੋਚਣ ਦੀ ਲੋੜ ਰਹੇ ਨਾ ਰਾਈਆ ।



੧੭੧੯
੨੩

## ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਧੀਰਪੁਰ ਦਿਲੀ-੯ ਦਰਸ਼ਨ ਸਿੰਘ ਦੇ ਨਵਿਤ ✪

ਨਵ ਜੇਠ ਕਹੇ ਮੈਂ ਸੋਚਾਂ ਰਿਹਾ ਸੋਚਦਾ, ਸੋਚ ਸਤਿਗੁਰ ਸ਼ਬਦ ਨਾਲ ਮਿਲਾਈਆ । ਆਸਾ ਤ੍ਰਿਸ਼ਨਾ ਅੰਦਰ ਰਿਹਾ ਲੋਚਦਾ, ਲੋਚਨ ਨਿਜ ਨੈਣ ਉਠਾਈਆ । ਕੀ ਖੇਲ ਹੋਣਾ ਮਾਤ ਲੋਕ ਦਾ, ਧਰਨੀ ਧਰਤ ਧਵਲ ਧਿਆਨ ਲਗਾਈਆ । ਕੀ ਮਾਣ ਹੋਣਾ ਇਕ ਸਲੋਕ ਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕੀ ਪ੍ਰਕਾਸ਼ ਹੋਣਾ ਅਗੰਮੀ ਜੋਤ ਦਾ, ਜੋ ਦੋ ਜਹਾਨ ਕਰੇ ਰੁਸ਼ਨਾਈਆ । ਕੀ ਲਹਿਣਾ ਦੇਣਾ ਮਲਕਲ ਮੌਤ ਦਾ, ਨਾਤਾ ਦੀਨ ਦੁਨੀ ਰਖਾਈਆ । ਕੀ ਲੇਖਾ ਬ੍ਰਹਿਮੰਡ ਖੰਡ ਕੋਟੀ ਕੋਟ ਦਾ, ਕੋਟਨ ਗੜ੍ਹ ਕੀ ਵਡਿਆਈਆ । ਕੀ ਧੌਂਸਾ ਵੱਜਣਾ ਅਗੰਮੀ ਚੋਟ ਦਾ, ਚੋਟੀ ਚੜ੍ਹ ਕੇ ਦਏ ਜਣਾਈਆ । ਕੀ ਲੇਖਾ ਹੋਣਾ ਕਲਜੁਗ ਜੀਵ ਆਲਣਿਉਂ ਡਿੱਗੇ ਬੋਟ ਦਾ, ਬੋਟੀ ਬੋਟੀ ਦਿਸੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਨਵ ਜੇਠ ਕਹੇ ਮੈਂ ਭੇਵ ਦੱਸਾਂ ਨਵ ਨਿਧ, ਨਵ ਨੌਂ ਚਾਰ ਸੰਗ ਰਲਾਈਆ । ਮੇਰਾ ਕਾਰਜ ਹੋਵੇ ਸਿਧ, ਸਿੱਧੀ ਭਗਤਾਂ ਦਿਆਂ ਸਮਝਾਈਆ । ਪ੍ਰਭ ਮਿਲਣ ਦੀ ਇਕੋ ਹੋਵੇ ਬਿਧ, ਬੰਦਗੀ ਇਕੋ ਇਕ ਦ੍ਰਿੜ੍ਹਾਈਆ । ਜਿਸ ਨੂੰ ਸਮਝ ਨਾ ਸਕਿਆ ਸੁਰਪਤ ਇੰਦ, ਦੇਵਤ ਸੁਰ ਕਹਿਣ ਕਿਛ ਨਾ ਪਾਈਆ । ਜੋ ਸੰਦੇਸਾ ਦੇਵੇ ਮੇਰਾ ਸਵਾਮੀ ਹਰਿ ਮਰਗਿੰਦ, ਗਹਿਰ ਗੰਭੀਰ ਦਇਆ ਕਮਾਈਆ । ਜਿਸ ਦੇ ਪਿਆਰ ਵਿਚ ਨਵ ਜੇਠ ਕਹੇ ਮੇਰੀ ਵਗੇ ਹਿੰਝ, ਬਿਨ ਨੈਣਾਂ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਨਵ
੧੭੧੭ ੨੩ ਜੇਠ ਕਹੇ ਹਰਿਜਨ ਸਾਚੀ ਖ਼ੁਸ਼ੀ ਮਨਾਉਣਗੇ । ਨੌਂ ਗੁਰਮੁਖ ਤੂੰ ਮੇਰਾ ਮੈਂ ਤੇਰਾ ਰਾਗ ਗਾਉਣਗੇ । ਨੌਂ ਗੁਰਮੁਖ ਮਸਤਕ ਸਤਿ ਸਫ਼ੈਦੀ ਬਿੰਦੀ ਲਗਾਉਣਗੇ । ੧੭੧੭ ੨੩
ਨੌਂ ਗੁਰਮੁਖ ਗੁਰਮੁਖ ਹਿੰਦੀ ਹੱਥ ਉਠਾਉਣਗੇ । ਨੌਂ ਗੁਰਮੁਖ ਸਿੰਙੀ ਨਾਦ ਵਜਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਉਣਗੇ । ਨਵ ਜੇਠ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਮੇਰੇ ਸਾਹਿਬ ਦਾ ਗੁਰਮੁਖ ਦਵਾਰਾ ਕਰੇ ਇੰਤਜ਼ਾਰ, ਬੈਠਾ ਨੈਣ ਉਠਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵਜਦੀ ਰਹੇ ਵਧਾਈਆ । ਜਿਸ ਵਿਚ ਸੋਂਹਦੇ ਪੈਗ਼ੰਬਰ ਗੁਰ ਅਵਤਾਰ, ਆਪਣੀ ਖ਼ੁਸ਼ੀ ਬਣਾਈਆ । ਉਹ ਜਨ ਭਗਤਾਂ ਦੇਵੇ ਮਾਣ ਵਿਚ ਸੰਸਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦੁਰਮਤ ਮੈਲ ਦੇਣੀ ਉਤਾਰ, ਪਾਪਾਂ ਕਰੇ ਸਫ਼ਾਈਆ । ਸੋ ਕਰਨੀ ਦਾ ਕਰਤਾ ਗੁਰਮੁਖਾਂ ਸਦਾ ਸੇਵਾਦਾਰ, ਨਿਰਗੁਣ ਸਰਗੁਣ ਸੇਵ ਕਮਾਈਆ । ਜਿਸ ਗੁਰਮੁਖ ਸਿੰਘ ਬਠਾਉਣਾ ਸਾਂਢਣੀ ਸਵਾਰ, ਮੁਹਾਰ ਕਪੂਰ ਸਿੰਘ ਹੱਥ ਫੜਾਈਆ । ਪੰਜ ਲਿਖਾਰੀ ਸੋਹਣਾ ਕਰ ਕਰ ਸ਼ਿੰਗਾਰ, ਆਪ ਆਪਣੀ ਲੈਣ ਅੰਗੜਾਈਆ । ਪੰਜ ਪਿਆਰੇ ਨੰਗੀ ਕਰ ਤਲਵਾਰ, ਤਿੱਖੀਆਂ ਧਾਰਾਂ ਦੇਣ ਚਮਕਾਈਆ । ਪੰਜ ਦਰਬਾਰੀ ਪੁੱਠੀ ਰੱਖ ਸੀਸ ਦਸਤਾਰ, ਚਲਣ ਕਦਮ ਕਦਮ ਬਦਲਾਈਆ । ਇੱਕੀ ਗੁਰਮੁਖ ਇਕ ਦੂਜੇ ਦੇ ਗਲ ਵਿਚ ਪਾਵਣ ਹਾਰ, ਇੱਕੀ ਇੱਕੀ ਨਾਲ ਬਦਲਾਈਆ । ਨਵ ਜੇਠ ਕਹੇ ਮੈਂ ਅਗਲਾ ਫੇਰ ਦੱਸਾਂ ਵਿਵਹਾਰ, ਕੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਵੇ ਕਰਜ਼ ਉਤਾਰ, ਪੂਰਬ ਲੇਖਾ ਝੋਲੀ ਪਾਈਆ ।

## ੧੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਦਿੱਲੀ ਸ਼ਹਿਰ ਹਰਭਜਨ ਸਿੰਘ ਦੇ ਗ੍ਰਿਹਿ

ਧਰਨੀ ਕਹੇ ਮੇਰੇ ਸ੍ਰੀ ਭਗਵਾਨੇ, ਪਾਰਬ੍ਰਹਮ ਪਤਿਪਰਮੇਸ਼ਵਰ ਸਾਂਝੇ ਯਾਰ ਤੇਰੀ ਸਰਨਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਸੁਲਤਾਨੇ, ਅਲਖ ਅਗੋਚਰ ਅਗੰਮ ਅਥਾਹ ਤੇਰੀ ਵਡ ਵਡਿਆਈਆ । ਮੇਰੇ ਮਾਲਕ ਖ਼ਾਲਕ ਵਾਲੀ ਦੋ ਜਹਾਨੇ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਤੇਰੀ ਓਟ ਤਕਾਈਆ । ਨਿਗਾਹ ਮਾਰ ਲੋਕਮਾਤ ਜਗਤ ਜਹਾਨੇ, ਨਿਰਗੁਣ ਸਰਗੁਣ ਵੇਖ ਵਖਾਈਆ । ਨਵ ਸੱਤ ਮੇਰਾ ਖੇੜਾ ਹੋਇਆ ਵੈਰਾਨੇ, ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਆਤਮ ਪਰਮਾਤਮ ਰਹੇ ਕਿਸੇ ਨਾ ਗਾਣੇ, ਧੁਨੀ ਨਾਦ ਨਾ ਕੋਇ ਸ਼ਨਵਾਈਆ । ਆਤਮ ਬ੍ਰਹਮ ਨਾ ਕੋਇ ਪਛਾਣੇ, ਪਾਰਬ੍ਰਹਮ ਤੇਰਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭ ਮੇਰੀ ਉਡਦੀ ਵੇਖ ਲੈ ਖ਼ਾਕ, ਖ਼ਾਕ ਛਾਰ ਹੋ ਕੇ ਦਿਆਂ ਦੁਹਾਈਆ । ਰੂਹ ਬੁੱਤ ਦਿਸੇ ਕੋਈ ਨਾ ਪਾਕ, ਪਤਤ ਪੁਨੀਤ ਨਾ ਕੋਇ ਬਣਾਈਆ । ਲੇਖਾ ਪੂਰਾ ਕਰ ਦੇ ਆਪਣਾ ਵਾਕ, ਭਵਿਖਤ ਬਿਨ ਭਾਖਿਆ ਦੇਣਾ ਜਣਾਈਆ । ਸਚ ਪ੍ਰੀਤੀ ਜੋੜ ਦੇ ਨਾਤ, ਨਾਤਵਾਂ ਹੋਣਾ ਆਪ ਸਹਾਈਆ । ਕਲਜੁਗ ਕਾਲੀ ਮੇਟ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਇਕੋ ਰੰਗ ਰੰਗਾਈਆ । ਮੇਰੀ ਕੋਝੀ ਕਮਲੀ ਦੀ ਪੁਛ ਵਾਤ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰੇ ਸਾਹਿਬ ਸੁਲਤਾਨ ਸਵਾਮੀ, ਮਿਹਰਵਾਨ ਧਿਆਨ ਲਗਾਈਆ । ਆਪਣਾ ਵੇਲਾ ਵਕਤ ਪਛਾਣੀਂ, ਬੇਪਹਿਚਾਨ ਪਰਦਾ ਆਪੇ ਲਾਹੀਆ । ਆਪਣੀ ਤੱਕ ਲੈ ਚਾਰੇ ਖਾਣੀ, ਨਵ ਨਵ ਧਿਆਨ ਲਗਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਹਕੀਕਤ ਦਾ ਮਾਲਕ ਇਕ ਅਖਵਾਈਆ । ਮੇਰੇ ਅੰਤਸ਼ਕਰਨ ਆਈ ਹੈਰਾਨੀ, ਹੈਰਤ ਵਿਚ ਦੁਹਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਵਧੀ ਬੇਈਮਾਨੀ, ਬੇਵਾ ਰੂਪ ਦਿਸੇ ਲੋਕਾਈਆ । ਕਲਜੁਗ ਕੂੜ ਕੁੜਿਆਰਾ ਨਵ ਸੱਤ ਵਖਾਏ ਝੂਠ ਨਿਸ਼ਾਨੀ, ਨਿਸ਼ਾਨਾ ਆਪਣੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੋਣਾ ਆਪ ਸਹਾਈਆ । ਪੁਰਖ ਅਕਾਲ ਕਹੇ ਧਰਨੀ ਮੈਂ ਧਰਨੀ ਧਰਮ ਧਰਾਵਾਂਗਾ । ਸਤਿਗੁਰ ਸ਼ਬਦ ਸ਼ਬਦ ਪ੍ਰਗਟਾਵਾਂਗਾ । ਨਾਮ ਨਿਧਾਨਾ ਡੰਕ ਵਜਾਵਾਂਗਾ । ਦਵਾਰ ਬੰਕਾ ਇਕ ਸੁਹਾਵਾਂਗਾ । ਰਾਓ ਰੰਕਾ ਆਪ ਸਮਝਾਵਾਂਗਾ । ਮਨ ਕਾ ਮਣਕਾ ਆਪ ਭਵਾਵਾਂਗਾ । ਜੋਤੀ ਤਨਕਾ ਜੋਤ ਲਗਾਵਾਂਗਾ । ਭੇਵ ਖੋਲ ਕੇ ਆਤਮ ਬ੍ਰਹਮ ਦਾ, ਪਾਰਬ੍ਰਹਮ ਪਰਦਾ ਲਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਖਾਵਾਂਗਾ । ਹਰਿ ਆਪਣਾ ਖੇਲ ਖਿਲਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਡਗਮਗਾਏਗਾ । ਸੋ ਪੁਰਖ ਨਿਰੰਜਣ ਵੇਸ ਵਟਾਏਗਾ । ਹਰਿ ਪੁਰਖ ਨਿਰੰਜਣ ਪਰਦਾ ਲਾਹੇਗਾ । ਏਕੰਕਾਰਾ ਹੁਕਮ ਵਰਤਾਏਗਾ । ਆਦਿ ਨਿਰੰਜਣ ਡਗਮਗਾਏਗਾ । ਸ੍ਰੀ ਭਗਵਾਨ ਹੁਕਮ ਸੁਣਾਏਗਾ । ਅਬਿਨਾਸ਼ੀ ਕਰਤਾ ਵੇਖ ਵਖਾਏਗਾ । ਪਾਰਬ੍ਰਹਮ ਭੇਵ ਚੁਕਾਏਗਾ । ਸਤਿਗੁਰ ਸ਼ਬਦ ਵੰਡ ਵੰਡਾਏਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਏਗਾ । ਸੁਰਪਤ ਸੋਇਆ ਆਪ ਉਠਾਏਗਾ । ਅਬਿਨਾਸ਼ੀ ਅਚੁਤ ਖੇਲ ਖਿਲਾਏਗਾ । ਧਰਨੀ ਤੇਰੇ ਉਤੇ ਹੋਈ ਸੁਹੰਜਣੀ



੧੭੧੮
੨੩

ਰੁੱਤ, ਰੁਤੜੀ ਆਪਣੇ ਨਾਲ ਮਹਿਕਾਏਗਾ । ਪ੍ਰਗਟ ਹੋ ਅਬਿਨਾਸ਼ੀ ਅਚੁਤ, ਜੋਤੀ ਜਾਤਾ ਡਗਮਗਾਏਗਾ । ਤੇਰੀ ਮੇਟ ਕੇ ਤ੍ਰਿਸ਼ਨਾ ਭੁੱਖ, ਧੀਰਜ ਧੀਰ ਧੀਰ ਧਰਾਏਗਾ । ਸੁਫਲ ਕਰਾਏ ਜਨਣੀ ਕੁੱਖ, ਭਗਤ ਸੁਹੇਲੇ ਗੋਦ ਉਠਾਏਗਾ । ਤੇਰਾ ਉਜਲ ਕਰਕੇ ਮੁਖ, ਦੁਰਮਤ ਮੈਲ ਧਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਏਗਾ । ਧਰਨੀ ਕਹੇ ਪ੍ਰਭੂ ਮੈਂ ਖ਼ੁਸ਼ੀਆਂ ਢੋਲੇ ਗਾਵਾਂਗੀ । ਨਿਵ ਨਿਵ ਸੀਸ ਝੁਕਾਵਾਂਗੀ । ਤੇਰੀ ਧੂੜੀ ਖ਼ਾਕ ਰਮਾਵਾਂਗੀ । ਆਪ ਆਪਣਾ ਪਾਕ ਕਰਾਵਾਂਗੀ । ਮੇਰੇ ਉਤੋਂ ਮਿਟੇ ਅੰਧੇਰੀ ਰਾਤ, ਤੇਰਾ ਨੂਰੀ ਚੰਦ ਦਰਸਾਵਾਂਗੀ । ਤੂੰ ਪੁਛਣੀ ਮੇਰੀ ਵਾਤ, ਮੈਂ ਵਾਸਤਾ ਤੇਰੇ ਅਗੇ ਪਾਵਾਂਗੀ । ਤੂੰ ਸਾਹਿਬ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਵਾਂਗੀ । ਮੇਰਾ ਇਕੋ ਪਤਣ ਬਣਾਉਣਾ ਘਾਟ, ਦਰ ਇਕੋ ਵੇਖ ਵਖਾਵਾਂਗੀ । ਕਲਜੁਗ ਕੂੜ ਮੇਟਣੀ ਵਾਟ, ਦਰ ਤੇਰੇ ਅਲਖ ਜਗਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਮੰਗ ਮੰਗਾਵਾਂਗੀ । ਪੁਰਖ ਅਕਾਲ ਕਹੇ ਧਰਨੀ ਨਾ ਕਰ ਗਿਰਿਆਜ਼ਾਰੀ, ਜ਼ਾਹਰ ਜ਼ਹੂਰ ਦਏ ਵਡਿਆਈਆ । ਜੋ ਜੁਗ ਜੁਗ ਪਾਵਣਹਾਰਾ ਸਾਰੀ, ਮਹਾਸਾਰਥੀ ਇਕ ਅਖਵਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਪੈਗ਼ੰਬਰ ਗੁਰ ਅਵਤਾਰੀ, ਅਵਤਰੀ ਆਪਣੀ ਖੇਲ ਖਿਲਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਸ਼ਬਦ ਅਨਾਦ ਬਖ਼ਸ਼ ਧੁਨਕਾਰੀ, ਧੁਨੀ ਨਾਦ ਕਰੇ ਸ਼ਨਵਾਈਆ । ਅੰਮ੍ਰਿਤ ਬਖ਼ਸ਼ ਕੇ ਠਾਂਡਾ ਠਾਰੀ, ਤੇਰੀ ਅਗਨੀ
੧੭੧੯ ੨੩ ਤਤ ਬੁਝਾਈਆ । ਜੋ ਲੇਖਾ ਜਾਣੇ ਪੁਰਖ ਨਾਰੀ, ਨਰ ਨਰਾਇਣ ਨੂਰ ਅਲਾਹੀਆ । ਜਿਸ ਨੂੰ ਕਹਿੰਦੇ ਪਰਵਰਦਿਗਾਰੀ, ਸਾਂਝਾ ਯਾਰ ਬੇਪਰਵਾਹੀਆ । ੧੭੧੯ ੨੩
ਉਹ ਅਮਾਮ ਅਮਾਮਾ ਵੇਖਣਹਾਰਾ ਆਪਣੀ ਧਾਰੀ, ਨੂਰ ਨੁਰਾਨਾ ਡਗਮਗਾਈਆ । ਚੌਦਾਂ ਤਬਕਾਂ ਖੋਲ ਕਿਵਾੜੀ, ਚੌਦਾਂ ਲੋਕ ਵੇਖ ਵਖਾਈਆ । ਲੱਖ ਚੁਰਾਸੀ ਵੇਖੇ ਨਾੜੀ ਨਾੜੀ, ਬਚਿਆ ਰਹਿਣ ਕੋਇ ਨਾ ਪਾਈਆ । ਧਰਨੀ ਤੇਰੀ ਆਸਾ ਅੰਤ ਰਹੇ ਨਾ ਮਾੜੀ, ਮੜ੍ਹੀ ਮਸਾਣਾਂ ਗੋਰਾਂ ਡੇਰਾ ਢਾਹੀਆ । ਓਹ ਤੱਕ ਲੈ ਧਰਮ ਰਾਏ ਦੇ ਹੁਕਮ ਅੰਦਰ ਭੱਜੀ ਫਿਰਦੀ ਮੌਤ ਲਾੜੀ, ਲਹਿੰਗਾ ਤਨ ਨਾ ਕੋਇ ਰਖਾਈਆ । ਵੇਖੇ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭ ਮੇਰੀਆਂ ਨਿਕਲੀਆਂ ਚੀਕਾਂ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੇਰੇ ਵਿਚ ਹਕ ਤੌਫ਼ੀਕਾਂ, ਤੇਰੀ ਬੇਪਰਵਾਹੀਆ । ਤੂੰ ਕਲਜੁਗ ਕੂੜੀਆਂ ਮੇਟਣੀਆਂ ਲੀਕਾਂ, ਲਾਈਨ ਐਨ ਦੇਣੀ ਸਮਝਾਈਆ । ਸਤਿਗੁਰ ਸ਼ਬਦ ਕਰੇ ਤਸਦੀਕਾਂ, ਸ਼ਹਾਦਤ ਅਵਤਾਰ ਪੈਗ਼ੰਬਰ ਗੁਰੂ ਦੇਣ ਭੁਗਤਾਈਆ । ਮੇਰੀਆਂ ਪੂਰੀਆਂ ਹੋਵਣ ਉਮੀਦਾਂ, ਤ੍ਰਿਸ਼ਨਾ ਤ੍ਰਿਖਾ ਰਹੇ ਨਾ ਰਾਈਆ । ਤੂੰ ਦੁਨੀਆ ਦੀਆਂ ਖੋਲਣੀਆਂ ਨੀਂਦਾਂ, ਗ਼ਫ਼ਲਤ ਵਿਚ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਜੀਵ ਜੀਅ ਦਾ, ਲੱਖ ਚੁਰਾਸੀ ਵਿਚ ਸਮਾਈਆ । ਅੰਤ ਮੇਰੇ ਤੋਂ ਝਗੜਾ ਮੇਟਣਾ ਸਾਢੇ ਤਿੰਨ ਹੱਥ ਸੀਅ ਦਾ, ਜੋ ਰਵਦਾਸ ਚਮਾਰਾ ਗਿਆ ਲਿਖਾਈਆ । ਲੇਖਾ ਵੇਖ ਲੈ ਵੀਹ ਇਕੀਹ ਦਾ, ਭਾਈ ਗੁਰਦਾਸ ਦਏ ਗਵਾਹੀਆ । ਕੀ ਲਹਿਣਾ ਤੇਰਾ ਸੰਗ ਮੁਹੰਮਦ ਬਤੀਸ ਤੀਹ ਦਾ, ਗਣਤੀ ਗਣਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੁਰਖ ਅਕਾਲ ਕਹੇ ਧਰਨੀ ਮੈਂ ਤੇਰਾ ਭੇਵ ਚੁਕਾਵਾਂਗਾ । ਭੇਵ ਅਭੇਦ ਆਪ ਖੁਲਾਵਾਂਗਾ ।

ਚਾਰੇ ਵੇਦ ਨਾਲ ਰਲਾਵਾਂਗਾ । ਨਵ ਸੱਤ ਦੀ ਹੋਵੇ ਖੇਡ, ਖਿਲਾੜੀ ਹੋ ਕੇ ਆਪ ਖਿਡਾਵਾਂਗਾ । ਮੇਰੀ ਜੋਤੀ ਧਾਰ ਅਗੰਮੜਾ ਭੇਖ, ਵੇਸ ਅਵੱਲੜਾ ਆਪ ਦਰਸਾਵਾਂਗਾ । ਕਿਸੇ ਨਜ਼ਰ ਨਾ ਆਏ ਰੰਗ ਰੇਖ, ਰੂਪ ਅਨੂਪ ਨਾ ਕੋਇ ਜਣਾਵਾਂਗਾ । ਮੈਂ ਵਸਾਂ ਸਚਖੰਡ ਸਾਚੇ ਦੇਸ, ਦਵਾਰਾ ਇਕ ਦਰਸਾਵਾਂਗਾ । ਸਵਾਮੀ ਹੋ ਕੇ ਨਰ ਨਰੇਸ਼, ਨਰ ਹਰਿ ਆਪਣੀ ਕਲ ਵਰਤਾਵਾਂਗਾ । ਲੇਖੇ ਲਾ ਕੇ ਵਿਸ਼ਨ ਬ੍ਰਹਮਾ ਸ਼ਿਵ ਨਾਲ ਗਣੇਸ਼, ਗਹਿਰ ਗੰਭੀਰ ਆਪ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਲੇਖੇ ਵੇਖ ਵਖਾਵਾਂਗਾ । ਧਰਨੀ ਕਹੇ ਪ੍ਰਭੂ ਮੈਂ ਕੋਝੀ ਕਮਲੀ ਨਿਕੰਮੀ, ਨਿਕਰਮਣ ਸੀਸ ਨਿਵਾਈਆ । ਮੇਰੀ ਇਕ ਬੇਨੰਤੀ ਮੰਨੀਂ, ਮਨਸਾ ਤੇਰੇ ਚਰਨ ਟਿਕਾਈਆ । ਮੈਂ ਤੇਰੀ ਧਾਰੋਂ ਜੰਮੀ, ਦੂਸਰ ਨਜ਼ਰ ਕੋਇ ਨਾ ਆਈਆ । ਮੇਰੀ ਹੋਰ ਕੋਈ ਨਹੀਂ ਮੰਮੀ, ਮੋਹ ਵਿਚ ਨਾ ਕੋਇ ਰਖਾਈਆ । ਤੂੰ ਮੇਰਾ ਬੇੜਾ ਬੰਨ੍ਹੀਂ, ਸਿਰ ਆਪਣਾ ਹੱਥ ਟਿਕਾਈਆ । ਤੂੰ ਸ਼ਹਿਨਸ਼ਾਹ ਵਡ ਧਨੀ, ਧਨਾਢ ਤੇਰੀ ਓਟ ਤਕਾਈਆ । ਸਚ ਨਾਮ ਵਸਤ ਅਮੋਲਕ ਮੇਰੀ ਬੰਨ੍ਹੀਂ ਕੰਨੀ, ਕਾਇਨਾਤ ਦੇਣਾ ਸਮਝਾਈਆ । ਮੈਂ ਤੇਰੀ ਲਾਡਲੀ ਆਦਿ ਪੁਰਖ ਆਦਿ ਦੀ ਚੰਨੀ, ਚੰਦ ਗੋਬਿੰਦ ਮੇਲਾ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਸਾਚਾ ਨਾਮ ਦੇ ਦੇ ਮਾਣਕ ਮੋਤੀ ਹੰਸਾ, ਸੋਹੰ ਚੋਗ ਚੁਗਾਈਆ । ਆਤਮ ਧਾਰ ਬਣਾ ਲੈ ਬੰਸਾ, ਸ੍ਰਿਸ਼ਟ ਦ੍ਰਿਸ਼ਟ ਇਕੋ ਰੰਗ ਰੰਗਾਈਆ । ਭੇਵ ਚੁਕਾ ਦੇ ਜੀਆਂ ਜੰਤਾਂ, ਜੋਤੀ ਜਾਤੇ ਆਪਣੀ ਦਇਆ ਕਮਾਈਆ । ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਪੰਡਤਾ, ਨਿਰਅੱਖਰ ਤੇਰੀ ਪੜ੍ਹਾਈਆ । ਤੂੰ ਮਾਲਕ ਖ਼ਾਲਕ ਤਨ ਵਜੂਦਾਂ ਮਨ ਦਾ, ਮਨ ਕਾ ਮਣਕਾ ਦੇ ਭਵਾਈਆ । ਲਹਿਣਾ ਤੱਕ ਲੈ ਪੰਜ ਤਤ ਸਰੀਰ ਤਨ ਕਾ, ਘਟ ਘਟ ਅੰਦਰ ਵੇਖ ਵਖਾਈਆ । ਤੂੰ ਪਿਆਰਾ ਪ੍ਰੀਤਮ ਆਪਣੇ ਬ੍ਰਹਮ ਕਾ, ਪਾਰਬ੍ਰਹਮ ਬੇਪਰਵਾਹੀਆ । ਮੈਂ ਮਾਰਗ ਮੰਗਦੀ ਇਕੋ ਧਰਮ ਦਾ, ਧਰਮ ਦੀ ਧਾਰ ਦੇਣੀ ਪ੍ਰਗਟਾਈਆ । ਮੇਰਾ ਲੇਖਾ ਨਾ ਵੇਖੀ ਕਰਮ ਦਾ, ਕੁਕਕਰਮਣ ਹੋ ਕੇ ਦਿਆਂ ਸੁਣਾਈਆ । ਕਲਜੁਗ ਦਾ ਵਕਤ ਦੁਹੇਲਾ ਜਗਤ ਜਹਾਨ ਸਮਾਂ ਦਿਸਦਾ ਮਰਨ ਦਾ, ਮਲਕੁਲਮੌਤ ਧਿਆਨ ਲਗਾਈਆ । ਜਨ ਭਗਤਾਂ ਸਹਾਰਾ ਬਖ਼ਸ਼ ਦੇ ਚਰਨ ਦਾ, ਚਰਨੋਦਕ ਜਾਮ ਦੇਣਾ ਪਿਆਈਆ । ਨੇਤਰ ਖੋਲ ਹਰਨ ਫਰਨ ਦਾ, ਨਿਜ ਲੋਚਨ ਕਰ ਰੁਸ਼ਨਾਈਆ । ਝਗੜਾ ਰਹੇ ਨਾ ਮਰਨ ਡਰਨ ਦਾ, ਚੁਰਾਸੀ ਪੰਧ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਆਦਿ ਜੁਗਾਦੀ ਕਰਨੀ ਕਰਨ ਦਾ, ਕਰਤਾ ਪੁਰਖ ਇਕ ਅਖਵਾਈਆ ।

### ✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸ਼ੇਖ਼ਸਰ ਜ਼ਿਲਾ ਰੋਪੜ ਹਰਭਜਨ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਆਦਿ ਜੁਗਾਦੀ ਮੀਤਾ, ਜੁਗ ਜੁਗ ਆਪਣਾ ਖੇਲ ਖਿਲਾਈਆ । ਜਿਸ ਦਾ ਵੇਸ ਨਿਰਗੁਣ ਧਾਰ ਅਨੇਕਾ, ਸਰਗੁਣ ਰੰਗ ਰੰਗਾਈਆ । ਸਤਿ ਸਤਿਵਾਦੀ ਬਣੇ ਮੀਤਾ, ਲੋਕਮਾਤ ਹੋਏ ਸਹਾਈਆ । ਅੰਮ੍ਰਿਤ ਧਾਰੀ ਠਾਂਡਾ ਸੀਤਾ, ਅਗਨੀ ਤਤ ਬੁਝਾਈਆ । ਜੋ ਲੇਖਾ

ਜਾਣੇ ਲੱਖ ਚੁਰਾਸੀ ਜੀਅ ਕਾ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਧੁਰਦਰਗਾਹੀਆ । ਸਤਿਗੁਰ ਸ਼ਬਦ ਜੁਗ ਚੌਕੜੀ ਦਾਤਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਏ ਵਡਿਆਈਆ । ਜੋ ਮੇਟਣਹਾਰਾ ਨਵ ਨਵ ਚਾਰ ਅੰਧੇਰੀ ਰਾਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋ ਪੁਛਣਹਾਰਾ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਵਾਤਾ, ਨਿਰਧਨ ਸਰਧਨ ਹੋਏ ਸਹਾਈਆ । ਆਤਮ ਧਾਰ ਪਰਮਾਤਮ ਸਭ ਦਾ ਹੋਏ ਜੋਤੀ ਜਾਤਾ, ਨਿਰਾਕਾਰ ਨਿਰੰਕਾਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਆਦਿ ਅੰਤ ਗਹਿਰ ਗੰਭੀਰ, ਗਵਰ ਭੇਵ ਕੋਇ ਨਾ ਆਈਆ । ਜਿਸ ਦਾ ਖੇਲ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਜਿਸ ਨੇ ਲੱਖ ਚੁਰਾਸੀ ਕੀਤੀ ਤਾਮੀਰ, ਘਟ ਨਿਵਾਸੀ ਹੋ ਕੇ ਵੇਖ ਵਖਾਈਆ । ਜਿਸ ਦੇ ਕੋਲ ਨਿਤ ਨਵਿਤ ਆਪਣੀ ਤਦਬੀਰ, ਤਰੀਕਾ ਆਪਣੇ ਵਿਚ ਛੁਪਾਈਆ । ਜੋ ਦੀਨ ਦੁਨੀ ਵੇਖਣਹਾਰਾ ਤਕਦੀਰ, ਲੇਖਾ ਜਾਣੇ ਥਾਉਂ ਥਾਈਂਆ । ਜਿਸ ਖੇਲ ਖਿਲਾਇਆ ਗ਼ਰੀਬ ਅਮੀਰ, ਮਾਨਸ ਮਾਨਵ ਵੰਡ ਵੰਡਾਈਆ । ਜੋ ਭੇਵ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਵੱਲਾ, ਜੁਗ ਚੌਕੜੀ ਭੇਵ ਕੋਇ ਨਾ ਪਾਈਆ । ਧਰਨੀ ਧਰਤ ਧਵਲ ਧੌਲ ਨਵ ਸੱਤ ਮੇਰਾ ਇਕ ਮਹੱਲਾ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਂ ਵਸਣਹਾਰਾ ਜਲਾ ਥਲਾ, ਸਮੁੰਦ ਸਾਗਰਾਂ ਟਿੱਲੇ ਪਰਬਤਾਂ ਡੇਰਾ ਲਾਈਆ । ਧੁਰ ਦੇ ਨਾਮ ਦਾ ਨਿਤ ਨਵਿਤ ਫੜਾਵਾਂ ਆਪਣਾ ਪੱਲਾ, ਪੱਲੂ ਇਕੋ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਬੋਧ ਅਗਾਧ, ਬੁੱਧੀ ਤੋਂ ਪਰੇ ਦਿਆਂ ਜਣਾਈਆ । ਜਨ ਭਗਤਾਂ ਮੇਟ ਕੇ ਵਾਦ ਵਿਵਾਦ, ਵਿਖ ਕੂੜੀ ਬਾਹਰ ਕਢਾਈਆ । ਸਾਚੀ ਧੁਨ ਸੁਣਾ ਕੇ ਨਾਦ, ਧੁਨ ਆਤਮਕ ਕਰਾਂ ਸ਼ਨਵਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਾਪਾਂ ਕਰਾਂ ਸਫ਼ਾਈਆ । ਮੇਲ ਮਿਲਾਵਾਂ ਮੋਹਣ ਮਾਧਵ ਮਾਧ, ਇਹ ਮੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਲੇਖਾ ਕਹੇ ਮੈਂ ਆਦਿ ਅੰਤ, ਸਮਝ ਕਿਛ ਨਾ ਆਈਆ । ਮੇਰਾ ਮਾਲਕ ਖ਼ਾਲਕ ਸ੍ਰੀ ਭਗਵੰਤ, ਭਗਵਨ ਧੁਰਦਰਗਾਹੀਆ । ਜੋ ਨਿਰਗੁਣ ਧਾਰ ਅਗੰਮੀ ਕੰਤ, ਕੰਤ ਕੰਤੂਹਲ ਇਕ ਅਖਵਾਈਆ । ਜਿਸ ਦਾ ਨਾਮ ਨਿਧਾਨਾ ਮੰਤ, ਮੰਤਵ ਸਭ ਦੇ ਹੱਲ ਕਰਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਸੋ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਬੇਅੰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਭੇਵ ਖੁਲਾਏ ਪਰਦਾ ਲਾਹੇ ਹਰਿਜਨ ਸਾਚੇ ਸੰਤ, ਓਹਲਾ ਰਹਿਣ ਕੋਇ ਨਾ ਪਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਬਿਨ ਅੱਖਰਾਂ ਕਰੇ ਪੜ੍ਹਾਈਆ । ਲੇਖਾ ਮੁਕਾ ਕੇ ਸਵਰਗ ਬਹਿਸ਼ਤ ਜੰਨਤ, ਸਚ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਚ ਦਾ ਮੇਲਾ ਕਰੇ ਆਪ, ਜਨ

ਭਗਤਾਂ ਦਇਆ ਕਮਾਈਆ । ਨਿਰਅੱਖਰ ਧਾਰ ਦੱਸ ਕੇ ਜਾਪ, ਅਨਾਦੀ ਧੁਨ ਕਰੇ ਸ਼ਨਵਾਈਆ । ਅੰਤਰ ਮੇਟ ਅੰਧੇਰੀ ਰਾਤ, ਨੂਰ ਨੁਰਾਨਾ ਚੰਦ ਕਰੇ ਰੁਸ਼ਨਾਈਆ । ਸ਼ਬਦ ਸਤਿਗੁਰ ਪੁਛੇ ਵਾਤ, ਹੋਵੇ ਆਪ ਸਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਪਰਦਾ ਓਹਲਾ ਦਏ ਚੁਕਾਈਆ । ਵੇਖਣਹਾਰਾ ਅਨਾਥਾਂ ਨਾਥ, ਦੀਨਨ ਗਲੇ ਲਗਾਈਆ । ਭੇਵ ਖੁਲ੍ਹਾ ਪੁਰਖ ਸਮਰਾਥ, ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਸਾਚਾ ਰੰਗ ਰੰਗੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜਨਮ ਕਰਮ ਦਾ ਲੇਖਾ ਲਏ ਵਿਚਾਰ, ਪੂਰਬ ਖੋਜ ਖੁਜਾਈਆ । ਅੰਤਸ਼ਕਰਨ ਬਖ਼ਸ਼ ਪਿਆਰ, ਮੇਲ ਮਿਲਾਏ ਸਹਿਜ ਸੁਭਾਈਆ । ਦੁਰਮਤ ਮੈਲ ਦਏ ਉਤਾਰ, ਪਤਤ ਪੁਨੀਤ ਕਰਾਈਆ । ਅੰਮ੍ਰਿਤ ਬਖ਼ਸ਼ ਕੇ ਠੰਡੀ ਠਾਰ, ਨਿਝਰ ਝਿਰਨਾ ਬੂੰਦ ਸਵਾਂਤੀ ਦਏ ਟਪਕਾਈਆ । ਸ਼ਬਦ ਨਾਦ ਦੇ ਧੁਨਕਾਰ, ਅਨਹਦ ਨਾਦੀ ਨਾਦ ਦਏ ਵਜਾਈਆ । ਦੀਆ ਬਾਤੀ ਕਮਲਾਪਾਤੀ ਕਾਇਆ ਮੰਦਰ ਅੰਦਰ ਕਰ ਉਜਿਆਰ, ਨੂਰ ਨੁਰਾਨਾ ਨਜ਼ਰੀ ਆਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਾਵਣਹਾਰਾ ਸਾਰ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਸੂਫ਼ੀ ਸੰਤ ਸੁਹੇਲੇ ਮੰਜ਼ਲ ਆਪਣੀ ਲਵੇ ਚਾੜ੍ਹ, ਹਕ ਹਕੀਕਤ ਇਕੋ ਇਕ ਸਮਝਾਈਆ । ਆਪੇ ਫਿਰੇ ਪਿਛੇ ਅਗਾੜ, ਸਤਿਗੁਰ ਸ਼ਬਦ ਆਪਣੀ ਦਇਆ ਕਮਾਈਆ । ਸਚਖੰਡ ਦਵਾਰ ਏਕੰਕਾਰ ਦੇਵੇ ਵਾੜ, ਦਰਗਾਹ ਸਾਚੀ ਆਪ ਟਿਕਾਈਆ । ਜੋਤੀ ਜੋਤ ਮੇਲਾ ਨਾਲ ਕੰਤ ਭਤਾਰ, ਗ੍ਰਿਹ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਨਾਰ ਕੰਤ ਆਤਮ ਪਰਮਾਤਮ ਧਾਰ, ਕੰਤ ਸੁਹਾਗੀ ਸੋਭਾ ਪਾਈਆ । ਨਾਤਾ ਛੋੜ ਜਗਤ ਸੰਸਾਰ, ਲੇਖਾ ਕੂੜ ਕੂੜ ਮੁਕਾਈਆ । ਠਾਕਰ ਸਵਾਮੀ ਮੇਲ ਮਿਲੇ ਅਗੰਮੇ ਯਾਰ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜਿਸ ਦਾ ਸੋਹੇ ਇਕੋ ਬੰਕ ਦਵਾਰ, ਦਰਗਾਹ ਸਾਚੀ ਸੋਭਾ ਪਾਈਆ । ਸੋ ਭਗਤਨ ਮੀਤਾ ਏਕੰਕਾਰ, ਇਕ ਇਕੱਲਾ ਵੇਖ ਵਖਾਈਆ । ਜਿਸ ਦਾ ਲਹਿਣਾ ਜੁਗ ਚੌਕੜੀ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਜਿਸ ਦਾ ਨੂਰ ਨੁਰਾਨਾ ਨੂਰ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਸੰਗ ਕਹੇ ਮੇਰਾ ਸਾਥੀ ਚੇਤ ਸੋਲਾਂ, ਸੋਹਣਾ ਸੱਜਣ ਇਕ ਅਖਵਾਈਆ । ਮੇਰੇ ਅੰਤਸ਼ ਰਹੇ ਨਾ ਪਰਦਾ ਓਹਲਾ, ਭੇਵ ਅਭੇਦਾ ਦਏ ਖੁਲਾਈਆ । ਜੋ ਸਤਿਗੁਰ ਸ਼ਬਦ ਗੁਰਮੁਖਾਂ ਰੰਗਣਹਾਰਾ ਕਾਇਆ ਚੋਲਾ, ਤਨ ਵਜੂਦਾਂ ਰੰਗ ਚੜ੍ਹਾਈਆ । ਉਸ ਦਾ ਸ਼ਬਦ ਅਨਾਦੀ ਬੋਲਾ, ਨਾਦ ਅਨਾਦੀ ਇਕ ਦ੍ਰਿੜਾਈਆ । ਜਿਸ ਬਜਰ ਕਪਾਟੀ ਪਰਦਾ ਹਰਿਜਨ ਸਾਚੇ ਖੋਲ੍ਹਾ, ਅਨੁਭਵ ਦ੍ਰਿਸ਼ਟੀ ਆਪਣਾ ਭੇਵ ਚੁਕਾਈਆ । ਉਹ ਮਨ ਵਾਸ਼ਨਾ ਕਦੇ ਨਾ ਪਾਵੇ ਰੌਲਾ, ਕਲਪਣਾ ਵਿਚ ਕਦੇ ਨਾ ਆਈਆ । ਉਹ ਨੂਰ ਅਲਾਹੀ ਮੌਲਾ, ਮਵਲੇ ਹਰ ਘਟ ਥਾਈਆ । ਵੇਖੇ ਖੇਲ ਉਪਰ ਧੌਲਾ, ਧਰਨੀ ਧਰਤ ਧਵਲ ਧੌਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸੋਲਾਂ ਚੇਤ ਕਹੇ ਮੈਂ ਸੱਜਣ ਸੁਹੇਲਾ, ਆਦਿ ਪੁਰਖ ਦਏ ਵਡਿਆਈਆ । ਮੇਰਾ ਮਾਲਕ ਖ਼ਾਲਕ ਸਵਾਮੀ ਇਕ ਅਕੇਲਾ, ਏਕੰਕਾਰ ਸੋਭਾ ਪਾਈਆ । ਜਿਸ ਦਾ ਵਕਤ ਨਾ ਹੋਏ ਦੁਹੇਲਾ, ਜੁਗ ਚੌਕੜੀ ਵੱਜਦੀ ਰਹੇ ਵਧਾਈਆ ।



੧੭੨੨
੨੩

ਜੋ ਨਿਤ ਨਵਿਤ ਅਚਰਜ ਆਪਣਾ ਖੇਲ ਖੇਲਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋ ਹਰਿਜਨ ਸਾਚੇ ਸੰਤ ਪਿਆਰਿਆਂ ਕਰੇ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਜੋ ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹ ਇਕੋ ਇਕ ਸੁਹਾਈਆ । ਸਚ ਗ੍ਰਿਹ ਸੁਹਾਏ ਹੋਏ ਸੁਹੰਜਣਾ, ਹਰਿ ਕਰਤਾ ਦਏ ਵਡਿਆਈਆ । ਜੋ ਆਦਿ ਜੁਗਾਦੀ ਦੀਨ ਦਰਦ ਦੁਖ ਭੈ ਭੰਜਣਾ, ਗੁਰਮੁਖ ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨਾ ਪਾ ਕੇ ਅੰਞਣਾ, ਲੋਚਨ ਨੈਣ ਦਏ ਖੁਲਾਈਆ । ਧੂੜੀ ਕਰਾ ਕੇ ਸਾਚਾ ਮਜਨਾ, ਦੁਰਮਤ ਮੈਲ ਦਏ ਧਵਾਈਆ । ਤ੍ਰੈਗੁਣ ਮਾਇਆ ਬੁਝਾ ਕੇ ਅੱਗਨਾ, ਸਾਂਤਕ ਸਤਿ ਕਰਾਈਆ । ਹਰਿ ਹਰਿ ਨਾਮੇ ਚਾੜ੍ਹ ਕੇ ਰੰਗਣਾ, ਰੰਗਤ ਇਕੋ ਦਏ ਵਖਾਈਆ । ਦੂਜਾ ਦਰ ਪਏ ਨਾ ਮੰਗਣਾ, ਦਰਗਾਹ ਸਾਚੀ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਸ਼ਾਹ ਪਾਤਸ਼ਾਹ ਸੂਰਾ ਸਰਬੰਗਣਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ ।

## ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸ਼ੇਖ਼ਸਰ ਜ਼ਿਲਾ ਰੋਪੜ ਮਿਹਰ ਸਿੰਘ ਦੇ ਗ੍ਰਿਹ ✪



ਸਤਿਗੁਰ ਪੂਰਾ ਹੋਏ ਮਿਹਰਵਾਨ, ਹਰਿ ਸ਼ਬਦੀ ਦਇਆ ਕਮਾਈਆ । ਜਨ ਭਗਤਾਂ ਬਖ਼ਸ਼ੇ ਬ੍ਰਹਮ ਗਿਆਨ, ਅੰਤਰ ਨਿਰੰਤਰ ਦ੍ਰਿਸ਼ਟੀ ਆਪ ਖੁਲਾਈਆ । ਧੁਰ ਦੀ ਧਾਰ ਦੇਵੇ ਧੁਨਕਾਨ, ਗ੍ਰਿਹਿ ਅਨਾਦੀ ਧੁਨ ਕਰੇ ਸ਼ਨਵਾਈਆ । ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਬੂੰਦ ਸਵਾਂਤੀ ਮੁਖ ਚੁਆਈਆ । ਰੋਗ ਸੋਗ ਸਰਬ ਮਿਟ ਜਾਣ, ਤ੍ਰਿਸ਼ਨਾ ਤ੍ਰਿਖਾ ਤ੍ਰਿਪਤ ਕਰਾਈਆ । ਘਰ ਸਵਾਮੀ ਠਾਕਰ ਪਾਣ, ਹਰਿ ਕਰਤਾ ਵਡ ਵਡਿਆਈਆ । ਜੋ ਵਸਤ ਅਮੁਲ ਦੇਵੇ ਦਾਨ, ਕਾਇਆ ਝੋਲੀ ਆਪ ਟਿਕਾਈਆ । ਜਿਸ ਦੇ ਨਾਲ ਰਹੇ ਨਿਸ਼ਾਨ, ਜਗਤ ਵਜਦੀ ਰਹੇ ਵਧਾਈਆ । ਧਰਮ ਦੀ ਧਾਰ ਬਖ਼ਸ਼ੇ ਸੰਤਾਨ, ਸਤਿ ਦਾ ਮਾਲਕ ਹੋਏ ਸਹਾਈਆ । ਪੂਰਬ ਲੇਖ ਪੂਰੇ ਕਰੇ ਆਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਆਪ ਅਖਵਾਈਆ । ਸਾਚੀ ਵਸਤ ਦੇਵੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਮੇਲ ਮਿਲਾਏ ਸੁਤ ਦੁਲਾਰੇ ਬਾਪ, ਮਿਹਰਵਾਨ ਸਿਰ ਮਿਹਰ ਹੱਥ ਟਿਕਾਈਆ । ਜਗਤ ਮੇਟੇ ਕੂੜ ਸੰਤਾਪ, ਤ੍ਰਿਸ਼ਨਾ ਅਗਨ ਬੁਝਾਈਆ । ਭਾਗ ਕਰਾਏ ਉੱਤਮ ਮਾਤ, ਸ਼੍ਰੇਸ਼ਟ ਦੇਵੇ ਮਾਣ ਵਡਿਆਈਆ । ਸਚ ਪ੍ਰੀਤ ਜੋੜ ਕੇ ਨਾਤ, ਨਾਤਾ ਇਕੋ ਇਕ ਸਮਝਾਈਆ । ਕਲਜੁਗ ਅੰਤ ਭਗਵੰਤ ਪੁਛੇ ਵਾਤ, ਕੰਤ ਮੇਲਾ ਸਹਿਜ ਸੁਭਾਈਆ । ਸਚ ਗ੍ਰਿਹਿ ਕਰੇ ਪ੍ਰਭਾਤ, ਵੱਜੇ ਖ਼ੁਸ਼ੀਆਂ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਦੇਵਣਹਾਰਾ ਦਾਨਾ, ਦਇਆਨਿਧ ਅਖਵਾਈਆ । ਜਨ ਭਗਤਾਂ ਆਸਾ ਮਨਸਾ ਪੂਰ ਕਰੇ ਜਹਾਨਾ, ਜਗਤ ਨਿਰਾਸ਼ਾ ਰਹਿਣ ਕੋਇ ਨਾ ਪਾਈਆ । ਧਰਮ ਦਾ ਧਰਮ ਝੁਲਾਏ ਨਿਸ਼ਾਨਾ, ਨਿਸ਼ਾਨਾ ਆਪਣੇ ਰੰਗ ਰੰਗਾਈਆ । ਦਰ ਸਾਚੇ ਦੇਵੇ ਮਾਣਾ, ਸਿਰ ਆਪਣਾ ਹੱਥ ਟਿਕਾਈਆ । ਵੇਖਣਹਾਰਾ ਬਾਲ

੧੭੨੩ ੨੩

ਅੰਞਾਣਾ, ਨੀਕਣ ਨੀਕਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਕਿਰਪਾ ਕਰੇ ਸਾਹਿਬ ਗੁਣਵੰਤ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਲੇਖਾ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਨਾਮ ਕੁੜਮਾਈਆ । ਬੋਧ ਅਗਾਧਾ ਹੋ ਕੇ ਪੰਡਤ, ਨਾਮ ਨਿਧਾਨਾ ਝੋਲੀ ਪਾਈਆ । ਸਾਚੀ ਚਾੜ੍ਹੇ ਇਕੋ ਰੰਗਤ, ਲੋਕਮਾਤੀ ਉਤਰ ਕਦੇ ਨਾ ਜਾਈਆ । ਜੋ ਜਨ ਸਚ ਦਵਾਰੇ ਹੋਵੇ ਮੰਗਤ, ਮਾਂਗਤ ਹੋ ਕੇ ਝੋਲੀ ਡਾਹੀਆ । ਤਿਸ ਦਾ ਗ੍ਰਿਹਿ ਸੁਹਾਏ ਨਾਲ ਸੰਗਤ, ਸਤਿ ਸਤਿਵਾਦੀ ਦਇਆ ਕਮਾਈਆ । ਬਖ਼ਸ਼ਣਹਾਰ ਦੀਨ ਦਿਆਲ ਸਦਾ ਭੁਯੰਗਤ, ਭੁਯੰਗੀ ਆਪਣੀ ਧਾਰ ਪ੍ਰਗਟਾਈਆ । ਜਗਤ ਤ੍ਰਿਸ਼ਨਾ ਰਹੇ ਨਾ ਰੰਜਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਤਿਗੁਰ ਸਾਚਾ ਦੇਵਣ ਯੋਗ, ਯੁਗਤੀ ਆਪਣੇ ਹੱਥ ਰਖਾਈਆ । ਸਦਾ ਵਸੇ ਆਪਣੀ ਮੌਜ, ਮਜਲਸ ਭਗਤਾਂ ਨਾਲ ਮਿਲਾਈਆ । ਜੁਗ ਚੌਕੜੀ ਜਿਸ ਦਾ ਅਗੰਮਾ ਚੋਜ, ਚੋਜੀ ਪ੍ਰੀਤਮ ਆਪ ਅਖਵਾਈਆ । ਸੰਤ ਸੁਹੇਲੇ ਲਏ ਖੋਜ, ਖੋਜਣਹਾਰ ਵਡ ਵਡਿਆਈਆ । ਗ੍ਰਿਹਿ ਦੇਵੇ ਦਰਸ ਅਮੋਘ, ਘਰ ਮੰਦਰ ਵਜੇ ਵਧਾਈਆ । (ਪੰਜ ਵਿਕਾਰਾ) ਕਟੇ ਰੋਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਪਿਤਾ ਪੂਤ ਕਰ ਸੰਜੋਗ, ਮੇਲਾ ਮੇਲੇ ਸਹਿਜ ਸੁਭਾਈਆ । ਆਤਮ ਧਾਰ ਬਖ਼ਸ਼ ਕੇ ਚੋਗ, ਵਸਤ ਅਮੁਲ ਆਪ ਵਰਤਾਈਆ । ਜਗਤ ਰਹੇ ਨਾ ਹਰਖ ਸੋਗ, ਚਿੰਤਾ ਗ਼ਮ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਅਗਾਧ ਬੋਧ, ਬੁੱਧੀ ਤੋਂ ਪਰੇ ਦਇਆ ਕਮਾਈਆ ।

## ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸ਼ੇਖ਼ਸਰ ਜ਼ਿਲਾ ਰੋਪੜ ਨਸੀਬ ਕੌਰ ਬੜਹੇੜੀ ਦੇ ਨਵਿਤ ✪

ਧਰਨੀ ਕਹੇ ਪ੍ਰਭ ਮੇਰੇ ਉਤੇ ਰਿਹਾ ਕੋਈ ਨਾ ਧਰਮ, ਧਰਮ ਆਤਮਾ ਸੰਗ ਨਾ ਕੋਇ ਰਖਾਈਆ । ਉੱਤਮ ਸ੍ਰੇਸ਼ਟ ਦਿਸੇ ਨਾ ਕਰਮ, ਕਰਮ ਕਾਂਡ ਦਾ ਪੰਧ ਨਾ ਕੋਇ ਮੁਕਾਈਆ । ਜਗਤ ਜਗਿਆਸੂਆਂ ਅੰਦਰ ਹੋਇਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਚਰਮ, ਸਤਿ ਵਿਚ ਨਾ ਕੋਇ ਸਮਾਈਆ । ਦਰੋਹੀ ਮੈਂ ਦੁੱਖਾਂ ਵਿਚ ਲੱਗੀ ਮਰਨ, ਸਿਰ ਹੱਥ ਨਾ ਕੋਇ ਟਿਕਾਈਆ । ਤੂੰ ਕਰਤਾ ਕਰਨੀ ਕਰਨ, ਪੁਰਖ ਅਕਾਲ ਅਗੰਮ ਅਥਾਹੀਆ; । ਮੈਂ ਕੂੜੀ ਅਗਨ ਨਾਲ ਲੱਗੀ ਸੜਨ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੇਰੇ ਸਵਾਮੀ ਮੈਂ ਤੇਰੇ ਲੱਗਾਂ ਲੜਨ, ਪੱਲੂ ਨਾਮ ਦੇਣਾ ਫੜਾਈਆ । ਤੂੰ ਸਾਚੀ ਘੜਨ ਲਗੋਂ ਘੜਨ, ਘੜਨਹਾਰ ਤੇਰੀ ਬੇਪ੍ਰਵਾਹੀਆ । ਤੇਰੀ ਦੀਨ ਦੁਨੀਆ ਤੇਰਾ ਢੋਲਾ ਇਕੋ ਲੱਗੇ ਪੜ੍ਹਨ, ਮਾਰਗ ਪੰਧ ਇਕ ਦਰਸਾਈਆ । ਭਗਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ, ਸਚ ਦਵਾਰੇ ਵੱਜੇ ਵਧਾਈਆ । ਤੂੰ ਹਾਰਾ ਭੰਨਣ ਘੜਨ, ਦਾਤਾ ਅਗੰਮ ਅਥਾਹੀਆ । ਮੈਂ ਧੂੜੀ ਲਾਵਾਂ ਤੇਰੇ ਅਗੰਮੀ ਚਰਨ, ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਹੋਇਆ ਅੰਧੇਰਾ, ਸਾਚਾ ਚੰਦ ਨਾ ਕੋਇ

੧੭੨੫
੨੩

ਚਮਕਾਈਆ । ਵਕਤ ਰਿਹਾ ਨਾ ਸੰਝ ਸਵੇਰਾ, ਸਤਿਸੰਗ ਨਾ ਕੋਇ ਬਣਾਈਆ । ਤੂੰ ਮਾਲਕ ਸਵਾਮੀ ਨੇਰਨ ਨੇਰਾ, ਤੇਰੇ ਅਗੇ ਵਾਸਤਾ ਪਾਈਆ । ਮੇਰੇ ਅੰਦਰ ਇਕੋ ਚਾਓ ਘਨੇਰਾ, ਘਨੀਸ਼ਾਮ ਦੇ ਸ਼ਾਮ ਦਿਆਂ ਦ੍ਰਿੜਾਈਆ । ਨਿਰਗੁਣ ਧਾਰ ਧਰਨੀ ਕਹੇ ਹਾਲ ਤੱਕ ਲੈ ਮੇਰਾ, ਮਹਿਬੂਬ ਮੇਰੇ ਨੂਰ ਅਲਾਹੀਆ । ਮੈਨੂੰ ਕਲਜੁਗ ਪਾਇਆ ਘੇਰਾ, ਕੂੜ ਕੁੜਿਆਰਾ ਨਜ਼ਰੀ ਆਈਆ । ਸਤਿ ਵਿਚ ਰਿਹਾ ਨਾ ਕੋਈ ਗੁਰੂ ਗੁਰ ਚੇਰਾ, ਚੇਰਾ ਗੁਰ ਨਜ਼ਰ ਕੋਇ ਨਾ ਆਈਆ । ਭੇਵ ਖੁਲ੍ਹੇ ਨਾ ਤੇਰਾ ਮੇਰਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਦਰੋਹੀ ਮੇਰਾ ਉਜੜਦਾ ਜਾਂਦਾ ਖੇੜਾ, ਸਚ ਮੰਦਰ ਨਾ ਵੱਜੇ ਵਧਾਈਆ । ਭਵ ਸਾਗਰ ਡੁੱਬੇ ਬੇੜਾ, ਸ਼ੌਹ ਦਰਿਆ ਪਾਰ ਨਾ ਕੋਇ ਲੰਘਾਈਆ । ਮੈਂ ਦੁੱਖ ਦੱਸਾਂ ਕਿਹੜਾ ਕਿਹੜਾ, ਸ੍ਰਿਸ਼ਟੀ ਦ੍ਰਿਸ਼ਟੀ ਕੂੜ ਨਾਲ ਹਲਕਾਈਆ । ਮੇਰੇ ਉਤੇ ਚੌਕੜੀ ਦਾ ਪੂਰਾ ਕਰ ਦੇ ਗੇੜਾ, ਚਕ੍ਰਵਰਤੀ ਆਪਣਾ ਹੁਕਮ ਵਰਤਾਈਆ । ਕੂੜੀ ਕਿਰਿਆ ਲਾ ਉਖੇੜਾ, ਜੜ ਚੇਤਨ ਦਾ ਪਰਦਾ ਦੇ ਚੁਕਾਈਆ । ਅੰਤ ਹਕੀਕੀ ਕਰ ਨਬੇੜਾ, ਹਕੀਕਤ ਦੇ ਮਾਲਕ ਹੋਣਾ ਸਹਾਈਆ । ਮੇਰਾ ਦੁੱਖ ਵਧਿਆ ਬਬੇਰਾ, ਬਹੁਭਾਂਤੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭ ਮੇਰਾ ਵੰਡ ਦੇ ਦਰਦ, ਦੀਨ ਦਿਆਲ ਦਇਆ ਕਮਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਪਾਰਬ੍ਰਹਮ ਇਕ ਅਖਵਾਈਆ । ਮੇਰੀ ਕਰਮਾਂ ਵਾਲੀ ਸਿੱਧੀ ਕਰ ਦੇ ਨਰਦ, ਪੁੱਠੀ ਦੇ ਬਦਲਾਈਆ । ਸ਼ਰਅ ਛੁਰੀ ਰਹੇ ਨਾ ਕਰਦ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਮੇਰੀ ਮਨਜ਼ੂਰ ਕਰ ਲੈ ਅਰਜ਼, ਦਰ ਠਾਂਡੇ ਮੰਗ ਮੰਗਾਈਆ । ਮੈਨੂੰ ਐਸ ਵੇਲੇ ਤੇਰੀ ਗ਼ਰਜ਼, ਗ਼ਰੀਬ ਨਿਮਾਣਿਆਂ ਹੋਣਾ ਸਹਾਈਆ । ਤੇਰਾ ਖੇਲ ਤੱਕਾਂ ਅਚਰਜ, ਅਸਚਰਜ ਲੀਲਾ ਦੇਣੀ ਵਰਤਾਈਆ । ਮੇਰੇ ਉਤੋਂ ਮੇਟਣਾ ਅੰਧੇਰ ਗਰਦ, ਸਤਿ ਸਚ ਕਰ ਰੁਸ਼ਨਾਈਆ । ਤੂੰ ਵੇਖਣਹਾਰਾ ਲੱਖ ਚੁਰਾਸੀ ਜੀਵਾਂ ਜੰਤਾਂ ਫ਼ਰਦ, ਘਟ ਘਟ ਅੰਦਰ ਧਿਆਨ ਲਗਾਈਆ । ਮੈਂ ਸਦੀ ਚੌਧਵੀਂ ਹੋਈ ਨਪੜਦ, ਓਢਣ ਸੀਸ ਨਾ ਕੋਇ ਟਿਕਾਈਆ । ਮੇਰੇ ਉਤੇ ਖੜਕਣ ਵਾਲਾ ਖੰਡਾ ਖੜਗ, ਸ਼ਸ਼ਤਰ ਸ਼ਾਸ਼ਤਰਾਂ ਨਾਲ ਦੇਣ ਗਵਾਹੀਆ । ਲੇਖਾ ਜਾਣ ਲੈ ਪੁਰਾਣ ਗਰੜ, ਕੀ ਤੇਰੀ ਬੇਪਰਵਾਹੀਆ । ਲੇਖਾ ਤਕ ਲੈ ਗੋਰ ਮਰੜ, ਮਕਬਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਅਗੰਮਾ ਇਕੋ ਦਿਸੇ ਕਰੜ, ਸਖ਼ਤੀ ਦਾ ਸੁਖ਼ਨ ਦੇਣਾ ਸਮਝਾਈਆ ।

### ੧੭ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸ਼ੇਖ਼ਸਰ ਜ਼ਿਲਾ ਰੋਪੜ ਸੁਰਜੀਤ ਕੌਰ ਰੰਗੀਲਪੁਰ ਦੇ ਨਵਿਤ

ਧਰਨੀ ਕਹੇ ਪ੍ਰਭ ਮੈਂ ਹੋਈ ਡਾਵਾਂ ਡੋਲ, ਧੀਰਜ ਧਰਮ ਨਾ ਕੋਇ ਰਖਾਈਆ । ਸਚ ਵਸਤ ਰਹੀ ਨਾ ਕੋਲ, ਖ਼ਾਲੀ ਝੋਲੀ ਦਿਆਂ ਦੁਹਾਈਆ । ਪੂਰਾ ਤੋਲੇ ਕੋਈ ਨਾ ਤੋਲ, ਨਾਮ ਕੰਡਾ ਤਰਾਜੂ ਹੱਥ ਨਾ ਕੋਇ ਉਠਾਈਆ । ਮੇਰਾ ਸੁਣੀਂ ਬਿਨ ਰਸਨਾ ਵਾਲਾ ਬੋਲ, ਅਨਬੋਲਤ ਹੋ ਕੇ ਦਿਆਂ ਜਣਾਈਆ । ਮੈਨੂੰ ਜੀਵਾਂ ਜੰਤਾਂ ਕੂੜੀ ਕਿਰਿਆ ਵਿਚ ਦਿਤਾ ਰੋਲ, ਲਜਪਤ ਰਹਿਣ ਕੋਇ ਨਾ ਪਾਈਆ । ਮੇਰਾ ਅੰਤਸ਼ਕਰਨ ਦਾ ਦੁਖੜਾ ਫੋਲ, ਮੇਰੀ ਤੇਰੇ ਅਗੇ ਦੁਹਾਈਆ । ਮੈਂ ਨਿਮਾਣੀ ਧਵਲ ਧੌਲ, ਧਰਨੀ ਧਰਤ ਸੀਸ ਨਿਵਾਈਆ । ਮੇਰੇ ਮਾਲਕ ਖ਼ਾਲਕ ਆ ਜਾ ਮੇਰੇ ਕੋਲ, ਕੌਲ

ਇਕਰਾਰ ਆਪਣੇ ਪੂਰ ਕਰਾਈਆ । ਤੇਰਾ ਲੇਖਾ ਜਾਣ ਸਕੇ ਨਾ ਕੋਈ ਕਲਾ ਸੋਲ੍ਹ, ਅਨਕ ਕਲਧਾਰੀ ਤੇਰੀ ਵਡ ਵਡਿਆਈਆ । ਤੂੰ ਹਰ ਘਟ ਅੰਦਰ ਰਿਹਾ ਮੌਲ, ਮੌਲਾ ਮਾਲਕ ਇਕ ਅਖਵਾਈਆ । ਆਦਿ ਜੁਗਾਦਿ ਰਹੇ ਅਡੋਲ, ਅਡੁਲ ਕਦੇ ਨਾ ਜਾਈਆ । ਮੈਂ ਕੋਝੀ ਕਮਲੀ ਨਿਮਾਣੀ ਅਨਭੋਲ, ਭੁੱਲੜ ਹੋ ਕੇ ਸੀਸ ਨਿਵਾਈਆ । ਸਚਖੰਡ ਨਿਵਾਸੀ ਸਚ ਦਵਾਰਾ ਮੇਰੇ ਉਤੇ ਇਕੋ ਖੋਲ, ਇਕੋ ਭਿਛਿਆ ਨਾਮ ਵਰਤਾਈਆ । ਅਗੰਮੇ ਤੱਕੜ ਤੋਲ ਤੋਲ, ਜਗਤ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭ ਮੈਂ ਪੁਨਹ ਪੁਨਹ ਕਰਾਂ ਪੁਕਾਰ, ਕੂਕ ਕੂਕ ਸੁਣਾਈਆ । ਸੋ ਪੁਰਖ ਨਿਰੰਜਣ ਮੇਰੇ ਮੁਰਾਰ, ਹਰਿ ਪੁਰਖ ਨਿਰੰਜਣ ਤੇਰੀ ਸਰਨਾਈਆ । ਏਕੰਕਾਰੇ ਪਾਉਣੀ ਸਾਰ, ਆਦਿ ਨਿਰੰਜਣ ਅੰਧੇਰ ਮਿਟਾਈਆ । ਅਬਿਨਾਸ਼ੀ ਕਰਤੇ ਦੇ ਅਧਾਰ, ਸ੍ਰੀ ਭਗਵਾਨ ਆਪਣਾ ਰੰਗ ਰੰਗਾਈਆ । ਪਾਰਬ੍ਰਹਮ ਪ੍ਰਭ ਪਾਉਣੀ ਸਾਰ, ਬ੍ਰਹਮ ਲੇਖੇ ਲੈਣਾ ਲਗਾਈਆ । ਸਤਿਗੁਰ ਸ਼ਬਦ ਤੇਰਾ ਹੋਵੇ ਜੈਕਾਰ, ਇਕੋ ਨਾਦ ਵਜਾਈਆ । ਵਿਸ਼ਨ ਬ੍ਰਹਮਾ ਸ਼ਿਵ ਫਿਰਨ ਸੇਵਾਦਾਰ, ਭੱਜਣ ਵਾਹੋ ਦਾਹੀਆ । ਦੇਵਤ ਸੁਰ ਧੂੜੀ ਲਾਵਣ ਛਾਰ, ਖ਼ਾਕੀ ਖ਼ਾਕ ਰਮਾਈਆ । ਗਣ ਗੰਧਰਵ ਕਰਨ ਵਿਚਾਰ, ਕਿਨਰ ਯਸ਼ਪ ਸੀਸ ਝੁਕਾਈਆ । ਤੂੰ ਲੱਖ ਚੁਰਾਸੀ ਪਾਵੀਂ ਸਾਰ, ਚਾਰੇ ਖਾਣੀ ਧਿਆਨ ਲਗਾਈਆ । ਮੇਰੇ ਉਤੇ ਧੂਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹਾਹਕਾਰ, ਹੌਕਿਆਂ ਭਰੀ ਲੋਕਾਈਆ । ਸਤਿ ਧਰਮ ਦਾ ਕਰੇ ਨਾ ਕੋਇ ਵਪਾਰ, ਸਚ ਹੱਥ ਕਿਸੇ ਨਾ ਆਈਆ । ਕਲਜੁਗ ਕੂੜ ਹੋਇਆ ਸਿਕਦਾਰ, ਡੰਕਾ ਝੂਠ ਵਜਾਈਆ । ਮਾਇਆ ਮਮਤਾ ਨਾਲ ਸਭ

੧੭੨੯
੨੩

ਨੂੰ ਕੀਤਾ ਖ਼ਬਰਦਾਰ, ਆਲਸ ਨਿੰਦਰਾ ਦਿਤੀ ਮਿਟਾਈਆ । ਨਵ ਸੱਤ ਫਿਰੇ ਹੰਕਾਰ, ਭੱਜੇ ਵਾਹੋ ਦਾਹੀਆ । ਮੈਂ ਕੂਕ ਕਰਾਂ ਪੁਕਾਰ, ਦਰੋਹੀ ਤੇਰਾ ਨਾਮ ਦੁਹਾਈਆ । ਉਹ ਵੇਖ ਲੈ ਲਹਿਣਾ ਦੇਣਾ ਸੰਗ ਮੁਹੰਮਦ ਚਾਰ ਯਾਰ, ਯਰਾਨਾ ਆਪਣਾ ਫੋਲ ਫੁਲਾਈਆ । ਜਿਸ ਦੀ ਸ਼ਰਅ ਰਹੀ ਲਲਕਾਰ, ਆਪਣਾ ਬਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਪੈਗ਼ੰਬਰ ਮਾਰਦੇ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਤੇਰੇ ਸਚਖੰਡ ਦੀ ਖੋਲ ਕੇ ਤਾਕੀ, ਪਰਦਾ ਪਰਦਿਆਂ ਵਿਚੋਂ ਬਦਲਾਈਆ । ਕਿਸ ਬਿਧ ਸਾਡਾ ਲਹਿਣਾ ਮੁਕੇ ਬਾਕੀ, ਬਾਕਾਇਦਾ ਵੇਖ ਵਖਾਈਆ । ਤੇਰਾ ਖੇਲ ਤੱਕਦੇ ਪਰਮ ਪੁਰਖ ਸਮਰਾਥੀ, ਅਕਲ ਕਲ ਧਾਰੀ ਤੇਰੇ ਚਰਨ ਧਿਆਨ ਲਗਾਈਆ । ਤੂੰ ਆਦਿ ਜੁਗਾਦੀ ਮਾਲਕ ਨਾਥ ਅਨਾਥੀ, ਹੋਵੇਂ ਸਰਬ ਸਹਾਈਆ । ਜੋ ਕਲਜੁਗ ਅੰਤ ਭਗਤਾਂ ਬਣੇ ਸਾਥੀ, ਸਗਲਾ ਸੰਗ ਬਣਾਈਆ । ਲਹਿਣਾ ਦੇਣਾ ਪੂਰਾ ਕਰੇ ਮਸਤਕ ਮਾਥੀ, ਪੂਰਬ ਲੇਖਾ ਝੋਲੀ ਪਾਈਆ । ਆਪਣੀ ਮੰਜ਼ਲ ਤੱਕ ਲੈ ਘਾਟੀ, ਜੁਗ ਚੌਕੜੀ ਦੇ ਮਾਲਕ ਤੇਰੇ ਹੱਥ ਵਡਿਆਈਆ । ਬਹੁੜੀ ਮੇਰੇ ਉਤੇ ਚਾਰੋਂ ਕੁੰਟ ਹੋਈ ਅੰਧੇਰੀ ਰਾਤੀ, ਸਤਿ ਸਚ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਬਣੇ ਨਾ ਕੋਇ ਜਮਾਤੀ, ਜਗਤ ਵਿਦਿਆ ਦੀਨ ਦੁਨੀ ਹਲਕਾਈਆ । ਮੇਰੇ ਸਵਾਮੀ ਤੇਰਾ ਮੇਲ ਹੋਵੇ ਨਾ ਕਮਲਾਪਾਤੀ, ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਚਰਨ ਕਵਲ ਜੁੜੇ ਕਿਸੇ ਨਾ ਨਾਤੀ, ਨਾਤਾ ਬਿਧਾਤਾ ਸੰਗ ਨਾ ਕੋਇ ਬਣਾਈਆ ।, ਆਹ ਤੱਕ ਲੈ ਮੇਰੀ ਬਿਨ ਅੱਖਰਾਂ ਵਾਲੀ ਪਾਤੀ, ਪਤ੍ਰਕਾ ਤੇਰੀ ਸਰਨ ਟਿਕਾਈਆ । ਜਿਸ ਵਿਚ ਨਾ ਜ਼ਿੰਦਗੀ ਨਾ ਹਯਾਤੀ, ਜੀਵਣ ਵੰਡ ਨਾ ਕੋਇ

ਵੰਡਾਈਆ । ਇਕੋ ਗੱਲ ਅਗੰਮੀ ਆਖੀ, ਬਿਨ ਅੱਖਰਾਂ ਦਿਤੀ ਜਣਾਈਆ । ਜਗਤ ਵਿਦਿਆ ਜਗਤ ਕਹਾਣੀ ਕਾਥੀ, ਕਥਨੀ ਕਥ ਸਮਝਾਈਆ । ਤੇਰੀ ਨਾਮ ਅਗੰਮੀ ਵਾਥੀ, ਜਿਸ ਦੀ ਚਾਰ ਜੁਗ ਦੇ ਸ਼ਾਸਤਰ ਸਿਫ਼ਤ ਸਾਲਾਹੀਆ । ਤੂੰ ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਮਸਤਕ ਮਾਥੀ, ਤੇਰੀ ਧੂੜੀ ਖ਼ਾਕ ਰਮਾਈਆ । ਆਪਣੀ ਮੰਜ਼ਲ ਦੇ ਦੇ ਘਾਟੀ, ਘਾਟਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੈਂ ਜੁਗ ਜੁਗ ਦੀ ਪਾਂਧੀ, ਚੌਕੜੀ ਭੱਜਾਂ ਵਾਹੋ ਦਾਹੀਆ । ਮੈਂ ਕਲਜੁਗ ਅੰਤਮ ਥੱਕੀ ਮਾਂਦੀ, ਥਕਾਵਟ ਵਿਚ ਸੁਣਾਈਆ । ਮੇਰੇ ਪਰਮ ਪੁਰਖ ਮੇਰੇ ਉਤੇ ਹੁਕਮ ਦੀ ਆਉਣ ਵਾਲੀ ਆਂਧੀ, ਚਾਰੋਂ ਕੁੰਟ ਹਲੂਣਾ ਲਗਾਈਆ । ਸਭ ਦਾ ਲੇਖਾ ਮੁਕਣਾ ਜਿਨ੍ਹਾਂ ਸੂਰ ਖਾਧੀ ਢਾਂਡੀ, ਹੋਕਾ ਦੇ ਕੇ ਦਿਆਂ ਸੁਣਾਈਆ । ਝਗੜਾ ਵੇਖਣਾ ਈਸਾ ਮੁਹੰਮਦ ਵਾਲਾ ਗਵਾਂਢੀ, ਸਗਲਾ ਧਿਆਨ ਲਗਾਈਆ । ਵਿਦਿਆ ਵਾਲਾ ਦਿਸੇ ਕੋਇ ਨਾ ਪਾਂਡੀ, ਪੰਡਤ ਸਕੇ ਨਾ ਕੋਇ ਸਮਝਾਈਆ । ਮੈਂ ਕੂਕ ਕੂਕ ਸੁਣਾਉਂਦੀ, ਦਰੋਹੀ ਤੇਰਾ ਨਾਮ ਦੁਹਾਈਆ । ਮੇਰੀ ਤੇਰੇ ਬਿਨਾ ਪਤ ਜਾਂਦੀ, ਪਰਮੇਸ਼ਵਰ ਆਪਣਾ ਮੇਲਾ ਲੈਣਾ ਮਿਲਾਈਆ । ਲੱਜਿਆ ਰਖਣੀ ਧਰਨੀ ਕਹੇ ਮੇਰੀ ਜਗਿਆਸੂਆਂ ਵਾਲੀ ਮਾਂ ਦੀ, ਮਮਤਾ ਮੋਹ ਨਾਲ ਧਿਆਨ ਲਗਾਈਆ । ਦੀਨ ਦੁਨੀ ਦੀ ਆਸ਼ਾ ਤੱਕ ਲੈ ਕਾਂ ਦੀ, ਹੰਸ ਰੂਪ ਨਾ ਕੋਇ ਦਰਸਾਈਆ । ਵਡਿਆਈ ਰਹੀ ਨਾ ਤੇਰੇ ਨਾਂ ਦੀ, ਨਾਉਂ ਨਿਰੰਕਾਰ ਕੋਇ ਨਾ ਗਾਈਆ । ਸੁਹੰਜਣੀ ਰੁੱਤ ਨਹੀਂ ਕਿਸੇ ਥਾਂ ਦੀ, ਥਾਨ ਥਨੰਤਰ ਰੋਵਣ ਮਾਰਨ ਧਾਹੀਆ । ਵਡਿਆਈ ਦਿਸੇ ਕਿਸੇ ਨਾ ਬਾਂਹ ਦੀ, ਬਾਹੂ ਬਲ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ

੧੭੨੭ ੨੩
ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਤੂੰ ਕਿਰਪਾ ਕਰ ਦੇ ਧੁਰ, ਧੁਰ ਮਾਲਕ ਦਇਆ ਕਮਾਈਆ । ਤੂੰ ਆਦਿ ਜੁਗਾਦੀ ਸਤਿਗੁਰ, ਗੁਰੂ ਗੁਰ ਤੇਰੀ ਸੇਵ ਕਮਾਈਆ । ਜੋ ਤੇਰੇ ਪਿਆਰ ਵਿਚ ਹਰਿ ਸੰਗਤ ਗਈ ਜੁਰ, ਆਤਮ ਪਰਮਾਤਮ ਜੋੜੀ ਲੈਣੀ ਬਣਾਈਆ । ਲੇਖਾ ਰਹਿ ਜਾਏ ਸ਼ੇਖ਼ੂ ਪੁਰ, ਪੁਰੀ ਆਪਣੀ ਦੇਣੀ ਬਣਾਈਆ । ਤੈਨੂੰ ਗਾਉਂਦੇ ਦੇਵਤ ਸੁਰ, ਸੁਰਤੀ ਤੋਂ ਬਾਹਰ ਧਿਆਨ ਰਖਾਈਆ । ਤੂੰ ਮੇਰੀ ਮਨਸਾ ਆਸਾ ਕਰ ਪੁਰ, ਪੂਰਨ ਬ੍ਰਹਮ ਦੇਣਾ ਦ੍ਰਿੜਾਈਆ । ਮੈਂ ਤੇਰੇ ਮਾਰਗ ਪਵਾਂ ਤੁਰ, ਤੁਰਤ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਣਾ ਨਾਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਵਸਤ ਅਨਮੁੱਲੀ ਕਦੇ ਨਾ ਜਾਵੇ ਖੁੜ, ਅਤੋਟ ਅਤੁਟ ਦੇਣੀ ਵਰਤਾਈਆ ।

### ✪ ੧੭ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨਤ ਜ਼ਿਲਾ ਲੁਧਿਆਣਾ ਡਾਕਖ਼ਾਨਾ ਜਸਪਾਲ ਬਾਂਗਰ ਬੱਗਾ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਸੁਣ ਨੀ ਧਰਨੀ ਮਾਤਾ, ਬਹੁ ਮੱਤਾਂ ਵਾਲੀਏ ਤੈਨੂੰ ਦਿਆਂ ਸੁਣਾਈਆ । ਆਪਣੇ ਉਤੇ ਤੱਕ ਲੈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਗ਼ਰੀਬ ਨਿਮਾਣਿਆਂ ਪੁਛੇ ਕੋਈ ਨਾ ਵਾਤਾ, ਸਿਰ ਹੱਥ ਨਾ ਕੋਇ ਟਿਕਾਈਆ । ਕੋਝੀਏ ਕਮਲੀਏ ਆਪਣਾ ਖੋਲ ਕੇ ਵੇਖ ਲੈ ਖਾਤਾ, ਪੂਰਬ ਲੇਖਾ ਨਾਲ ਮਿਲਾਈਆ । ਕਵਣ ਵੇਲਾ ਤੇਰੇ ਉਤੋਂ ਕਲਜੁਗ ਮਿਟੇ ਵਾਟਾ, ਪਾਂਧੀ ਪੰਧ ਮੁਕਾਈਆ । ਤੇਰਾ ਪੂਰਾ ਹੋਵੇ

ਘਾਟਾ, ਤੋਟ ਰਹੇ ਨਾ ਰਾਈਆ । ਕੋਟਨ ਜੁਗ ਦੀਏ ਪੁਰਾਣੀਏ ਤੇਰਾ ਖੁਲਾ ਦਿਸੇ ਝਾਟਾ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਤੇਰਾ ਅੰਗਣ ਦਿਸੇ ਪਾਟਾ, ਚੀਥੜ ਰੰਗ ਨਾ ਕੋਇ ਰੰਗਾਈਆ । ਤੇਰੀ ਟੁੱਟੀ ਹੋਈ ਖਾਟਾ, ਸਿੰਘਾਸਣ ਆਸਣ ਨਾ ਕੋਇ ਵਡਿਆਈਆ । ਤੇਰਾ ਨੂਰ ਰਿਹਾ ਨਾ ਵਿਚ ਲਲਾਟਾ, ਚਾਂਦਨੀ ਚੰਦ ਨਾ ਕੋਇ ਰੁਸ਼ਨਾਈਆ । ਤੂੰ ਸੁਣ ਲੈ ਮੇਰੀਆਂ ਬਾਤਾ, ਬਾਤਨ ਦਿਆਂ ਜਣਾਈਆ । ਆਹ ਲੈ ਪਤ੍ਰਕਾ ਵਾਲਾ ਮੇਰਾ ਪਾਤਾ, ਬਿਨ ਅੱਖਰਾਂ ਦਿਆਂ ਵਖਾਈਆ । ਕੁਛ ਸੰਦੇਸ਼ਾ ਸੁਣ ਲੈ ਜੋ ਦੇਵੇ ਮੇਰਾ ਦਾਤਾ, ਦੋ ਜਹਾਨਾਂ ਰਿਹਾ ਦ੍ਰਿੜ੍ਹਾਈਆ । ਆਪਣੇ ਉਤੇ ਵੇਖ ਲੈ ਭਵਿਖਤਾਂ ਵਾਲਾ ਵਾਕਾ, ਅਵਤਾਰ ਪੈਗ਼ੰਬਰ ਗੁਰੂ ਨਾਲ ਮਿਲਾਈਆ । ਨੀ ਕੋਝੀਏ ਤੇਰੇ ਉਤੇ ਸਤਿਗੁਰ ਸ਼ਬਦ ਨੌ ਖੰਡ ਪ੍ਰਿਥਮੀ ਦਾ ਖਿੱਚੀ ਫਿਰਦਾ ਖ਼ਾਕਾ, ਵੰਡ ਆਪਣੇ ਹੱਥ ਰਖਾਈਆ । ਲਹਿੰਦਾ ਚੜ੍ਹਦਾ ਦੱਖਣ ਪਹਾੜ ਤੱਕ ਲੈ ਇਲਾਕਾ, ਨੈਣ ਨੈਣਾਂ ਵਿਚੋਂ ਬਦਲਾਈਆ । ਰੂਹ ਬੁਤ ਦਿਸੇ ਕੋਈ ਨਾ ਪਾਕਾ, ਪਤਤ ਪੁਨੀਤ ਨਾ ਕੋਇ ਕਰਾਈਆ । ਤੇਰੇ ਉਤੇ ਬਦਲਣ ਵਾਲਾ ਸਾਕਾ, ਸਾਕੀ ਆਪਣਾ ਖੇਲ ਵਖਾਈਆ । ਓਹ ਤੱਕ ਸਤਿਗੁਰ ਸ਼ਬਦ ਚੜ੍ਹੇ ਅਗੰਮੇ ਰਾਕਾ, ਅਸਵ ਦੋ ਜਹਾਨ ਦੌੜਾਈਆ । ਨੀ ਤੇਰਾ ਚਾਰੇ ਕੂਟਾਂ ਖੋਲ ਕੇ ਤਾਕਾ, ਕੁੰਡੀ ਖਿੜਕੀ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲਾਈਆ । ਨਾਰਦ ਕਹੇ ਧਰਨੀਏ ਓਹ ਵੇਖ ਲੈ ਮੇਰੀ ਬੋਦੀ, ਪਰਮ ਪੁਰਖ ਦਿਤੀ ਵਡਆਈਆ । ਤੂੰ ਆਪਣਾ ਆਪ ਲੈ ਸੋਧੀ, ਬਸੁਧੇ ਤੈਨੂੰ ਦਿਆਂ ਸਮਝਾਈਆ । ਤੇਰੇ ਉਤੇ ਧਰਮ ਦਾ ਰਿਹਾ ਕੋਇ ਨਾ ਜੋਗੀ, ਜੁਗੀਸ਼ਰ ਨਜ਼ਰ ਕੋਇ ਨਾ ਆਈਆ । ਕਲਜੁਗ ਦੀਨ ਦੁਨੀ ਕੀਤੀ ਰੋਗੀ, ਹਉਮੇ ਹੰਗਤਾ ਨਾਲ ਮਿਲਾਈਆ । ਕੂੜੀ ਤ੍ਰਿਸ਼ਨਾ ਦੀ ਹੋਈ ਭੋਗੀ, ਭਸਮੜ



ਰੂਪ ਨਾ ਕੋਇ ਦਰਸਾਈਆ । ਆਤਮ ਪਰਮਾਤਮ ਬਣੇ ਨਾ ਕੋਇ ਸੰਜੋਗੀ, ਸਾਚੇ ਰੰਗ ਨਾ ਕੋਇ ਸਮਾਈਆ । ਕੀ ਸੋਚਾਂ ਸੋਚੇ ਉਂਗਲ ਰੱਖ ਕੇ ਉਤੇ ਠੋਡੀ, ਨੈਣ ਨੈਣਾਂ ਵਿਚ ਮਟਕਾਈਆ । ਤੂੰ ਰਹੀ ਕਾਸੇ ਨਾ ਜੋਗੀ, ਬਲਹੀਣ ਤੇਰੀ ਕੀ ਚਤੁਰਾਈਆ । ਤੈਨੂੰ ਪਾਪਾਂ ਕੀਤਾ ਬੋਝੀ, ਭਾਰ ਸਕੇ ਨਾ ਕੋਇ ਉਠਾਈਆ । ਓਹ ਤੱਕ ਲੈ ਤੇਰੇ ਉਤੇ ਦੀਨ ਦੁਨੀਆ ਮਾਨਵ ਮਾਨਸ ਮਾਨੁਖ ਹੋਏ ਲੋਭੀ, ਮਮਤਾ ਵਿਚ ਸਰਬ ਹਲਕਾਈਆ । ਸਾਚਾ ਸੁਤ ਦੁਲਾਰਾ ਤੇਰੀ ਦਿਸੇ ਕੋਇ ਨਾ ਗੋਦੀ, ਗੋਦਾਵਰੀ ਕੰਢੇ ਗੋਬਿੰਦ ਬੈਠਾ ਧਿਆਨ ਲਗਾਈਆ । ਤੂੰ ਖੇਲ ਵੇਖ ਲੈ ਜੋ ਮੇਰਾ ਠਾਕਰ ਕਰੇ ਮੌਜੀ, ਮਜਲਸ ਭਗਤਾਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਨਾਰਦ ਕਹੇ ਧਰਨੀਏ ਵੇਖ ਲੈ ਮੈਂ ਪੁਰਾਣਾ ਪਾਂਧਾ, ਚਾਕਰ ਚਾਰ ਜੁਗ ਅਖਵਾਈਆ । ਮੈਂ ਇਕੋ ਪੁਰਖ ਅਕਾਲ ਮਨਾਂਦਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਂਦਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਚਰਨ ਧੂੜੀ ਵਿਚ ਨਹਾਂਦਾ, ਸਰੋਵਰ ਇਕੋ ਸੋਭਾ ਪਾਈਆ । ਨੀ ਮੈਂ ਅਗੰਮਾ ਭੇਵ ਖੁਲਾਉਂਦਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਤੇਰੇ ਉਤੇ ਕਲਜੁਗ ਘਰ ਘਰ ਅਗਨੀ ਲਾਉਂਦਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤਪਾਈਆ । ਕਿਸੇ ਦੇ ਸੀਸ ਤੇ ਸੁਹਾਗ ਦਾ ਰਿਹਾ ਨਾ ਕੋਇ ਪਰਾਂਦਾ, ਪਤੀਬਰਤ ਨਜ਼ਰ ਕੋਇ ਨਾ ਆਈਆ । ਬਲ ਰਿਹਾ ਕਿਸੇ ਨਾ ਬਾਂਹ ਦਾ, ਬਲਧਾਰੀ ਬਲ ਨਾ ਕੋਇ ਵਖਾਈਆ । ਓਹ ਤੱਕ ਲੈ ਝਗੜਾ ਪੈਣਾ ਸੂਰ ਗਾਂ ਦਾ, ਸ਼ਰਅ ਜਗਤ ਵਾਲੀ ਸਮਝਾਈਆ । ਨੀ ਤੇਰੇ ਉਤੋਂ ਨਿਸ਼ਾਨ ਉਡਣਾ ਪ੍ਰਭੂ ਦੇ ਨਾਂ ਦਾ, ਨਾਉਂ ਨਿਰੰਕਾਰ ਰਸਨ ਕੋਇ ਨਾ ਗਾਈਆ । ਤੇਰਾ ਮਾਣ ਨਹੀਂ ਰਹਿਣਾ ਮਾਂ ਦਾ, ਮਮਤਾ ਕੂੜ ਵਾਲੀ ਹਲਕਾਈਆ ।

ਮੇਰਾ ਵਕਤ ਸੁਹੰਜਣਾ ਆਉਣਾ ਚਾਅ ਦਾ, ਚਾਓ ਘਨੇਰਾ ਇਕ ਵਖਾਈਆ । ਤੇਰਾ ਰਾਹ ਬਦਲਣਾ ਬਲ ਅਸਗਾਹ ਦਾ, ਵਹਿਣਾ ਵਹਿਣ ਵਹਾਈਆ । ਤੂੰ ਹੁਕਮ ਸੁਣਨਾ ਉਸ ਅਮਾਮ ਅਗੰਮੀ ਖ਼ੁਦਾ ਦਾ, ਜੋ ਖ਼ੁਦ ਮਾਲਕ ਨੂਰ ਅਲਾਹੀਆ । ਜਿਸ ਖੇਲ ਖਿਲਾਇਆ ਦੀਨ ਮਜ਼੍ਹਬ ਜੁਦਾ ਦਾ, ਵੱਖਰੀ ਕਲਮਿਆਂ ਵੰਡ ਵੰਡਾਈਆ । ਸੰਦੇਸ਼ ਫ਼ਰਮਾਨਾ ਸੁਣਨਾ ਪੈਗ਼ਾਮ ਓਸ ਸਦਾ ਦਾ, ਜੋ ਸੱਦੇ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਧਰਨੀ ਕਹੇ ਨਾਰਦਾ ਪੰਡਤਾ ਮੈਂ ਮੂਲ ਨਾ ਡਰਦੀ, ਡਰਪੋਕ ਨਾ ਰੂਪ ਬਣਾਈਆ । ਮੈਂ ਓਸ ਪ੍ਰਭੂ ਦਾ ਇਕੋ ਨਾਮ ਪੜ੍ਹਦੀ, ਦੂਜੀ ਸਿਫ਼ਤ ਨਾ ਕੋਇ ਸਲਾਹੀਆ । ਓਸੇ ਦੀ ਮੰਜ਼ਲ ਚੜ੍ਹਦੀ, ਜੋ ਸਭ ਦਾ ਪਿਤਾ ਮਾਈਆ । ਮੈਂ ਵਣਜਾਰਨ ਓਸੇ ਦੇ ਘਰ ਦੀ, ਜੋ ਗ੍ਰਿਹਿ ਮੰਦਰ ਇਕ ਸੁਹਾਈਆ । ਤੈਨੂੰ ਖ਼ਬਰ ਨਹੀਂ ਮੇਰੇ ਦਰ ਦੀ, ਕੀ ਪਰਦਿਆਂ ਵਿਚ ਲਿਆ ਛੁਪਾਈਆ । ਮੈਂ ਵਣਜਾਰਨ ਨਹੀਂ ਜੋਰੂ ਜ਼ਰ ਦੀ, ਜ਼ਾਹਰ ਜ਼ਹੂਰ ਦਿਆਂ ਦ੍ਰਿੜਾਈਆ । ਨਾਰਦਾ ਮੇਰੇ ਉਤੇ ਖੇਲ ਹੋਣੀ ਅਛਲ ਅਛੱਲ ਦੀ, ਜੋ ਵਲੀਆ ਛਲੀਆ ਧੁਰ ਦਾ ਮਾਹੀਆ । ਜਿਸ ਕਲਾ ਮੇਟਣੀ ਕਲਜੁਗ ਕਲ ਦੀ, ਕਲ ਕਲਕੀ ਨਾਉਂ ਪ੍ਰਗਟਾਈਆ । ਉਸ ਰੁੱਤ ਸੁਹੰਜਣੀ ਕਰਨੀ ਮੇਰੇ ਉਤੇ ਨਿਹਚਲ ਧਾਮ ਅਟਲ ਦੀ, ਅਟਲ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸਵਾਮੀ ਦਇਆ ਕਮਾਈਆ । ਨਾਰਦ ਕਹੇ ਧਰਨੀਏ ਤੂੰ ਭੋਲੀ ਭਾਲੀ, ਬਸੁਧੇ ਤੈਨੂੰ ਸਮਝ ਜ਼ਰਾ ਨਾ ਆਈਆ । ਨੀ ਤੇਰੇ ਉਤੇ ਰੈਣ ਕਾਲੀ, ਕਮਲੀਏ ਕੋਝੀਏ ਆਪਣੀ ਲੈ ਅੰਗੜਾਈਆ । ਸਚ ਦੀ ਰਹੀ ਨਾ ਕੋਈ ਧਰਮਸਾਲੀ, ਦਵਾਰਾ ਧਰਮ ਨਾ ਕੋਇ ਵਡਿਆਈਆ । ਫਲ ਰਿਹਾ ਨਾ ਮਾਨਸ ਡਾਲੀ, ਤਨ ਵਜੂਦ ਸਿੰਮਲ ਵਾਂਗ ਲਹਿਰਾਈਆ । ਸਤਿਗੁਰ ਸ਼ਬਦ ਨਾ ਦਿਸੇ ਪਾਲੀ, ਸਿਰ ਹੱਥ ਨਾ ਕੋਇ ਟਿਕਾਈਆ । ਮਸਤਕ ਚੜ੍ਹੇ ਕਿਸੇ ਨਾ ਲਾਲੀ, ਖ਼ੁਮਾਰੀ ਨਾਮ ਨਾ ਕੋਇ ਰਖਾਈਆ । ਪ੍ਰੀਤੀ ਮਿਲੇ ਕਿਤੋਂ ਨਾ ਭਾਲੀ, ਪ੍ਰੇਮ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜਾ ਸਭ ਦੀ ਕਰੇ ਦਲਾਲੀ, ਵਿਚੋਲਾ ਪੰਚ ਵਿਕਾਰ ਬਣਾਈਆ । ਓਹ ਝਗੜਾ ਤੱਕ ਲੈ ਤੇਰੇ ਉਤੇ ਹੋਣਾ ਝਟਕੇ ਨਾਲ ਹਲਾਲੀ, ਜਗਤ ਜਹਾਨ ਧਿਆਨ ਲਗਾਈਆ । ਨੀ ਤੂੰ ਨੌ ਸੌ ਚੁਰਾਨਮੇਂ ਜੁਗ ਦੀ ਬਾਲੀ, ਨੰਨ੍ਹੀ ਨੱਢੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਆਪ ਅਖਵਾਈਆ । ਧਰਨੀਏ ਸੁਣ ਲੈ ਨਾਰਦ ਦੀਆਂ ਵਿਚਾਰਾਂ, ਵਿਚਰ ਕੇ ਦਿਆਂ ਜਣਾਈਆ । ਤੂੰ ਕੀ ਜਾਣੇ ਓਸ ਪ੍ਰਭੂ ਦੀਆਂ ਸਾਰਾਂ, ਜੋ ਮਹਾਸਾਰਥੀ ਅਖਵਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀਆਂ ਬੀਤੀਆਂ ਆਪਣੀ ਆਪਣੀ ਵਾਰਾਂ, ਥਿਰ ਰਹਿਣ ਕੋਇ ਨਾ ਪਾਈਆ । ਤੂੰ ਓਸ ਨੂੰ ਕਰ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਜਿਸ ਖੇਲ ਕਰਨਾ ਅਗੰਮ ਅਪਾਰਾ, ਅਲਖ ਅਗੋਚਾਰ ਆਪਣਾ ਵੇਸ ਵਟਾਈਆ । ਜਿਸ ਨੂੰ ਸਾਰੇ ਕਹਿੰਦੇ ਕਲ ਕਲਕੀ ਅਵਤਾਰਾ, ਪੈਗ਼ੰਬਰਾਂ ਲਹਿਣੇ ਦਏ ਚੁਕਾਈਆ । ਗੁਰੂਆਂ ਕਰੇ ਨਾ ਕੋਇ ਉਧਾਰਾ, ਮਕਰੂਜ਼ ਕਰਜ਼ੇ ਸਭ ਦੇ ਦਏ ਚੁਕਾਈਆ । ਓਹ ਤੱਕ ਲੈ ਨੂਰ ਅਲਾਹ ਪਰਵਰਦਿਗਾਰ ਸਾਂਝਾ ਯਾਰਾ, ਯਾਮਬੀਨ ਇਕ ਅਖਵਾਈਆ । ਜਿਸ ਦਾ ਇਕੋ ਇਕ ਦਵਾਰਾ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਧਰਨੀਏ ਉਠ ਕੇ ਖੋਲ ਅੱਖਾਂ, ਬਿਨ ਅੱਖਾਂ ਨੈਣ ਉਠਾਈਆ । ਆਪਣਾ ਸਵਾਮੀ ਤੱਕ ਲੈ ਸਖਾ, ਸਖ਼ੀ ਸੁਲਤਾਨ ਅਗੰਮ ਅਥਾਹੀਆ ।


੧੭੨੯
੨੩

ਓਸ ਨੂੰ ਟੇਕ ਲੈ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਜਿਸ ਦਾ ਖੇਲ ਯਥਾਰਥ ਯਥਾ, ਯਦਪ ਆਪਣਾ ਹੁਕਮ ਵਰਤਾਈਆ । ਜਿਸ ਦੇ ਸਭ ਕੁਛ ਹੱਥਾ, ਵੇਖਣਹਾਰਾ ਚਾਈਂ ਚਾਈਆ । ਜਿਸ ਦੇ ਗੋਬਿੰਦ ਸਥਰ ਲੱਥਾ, ਯਾਰੜਾ ਸੇਜ ਹੰਢਾਈਆ । ਓਹ ਲੇਖਾ ਜਾਣੇ ਤਤ ਅੱਠਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਭੇਵ ਖੁਲਾਉਣਾ ਮੰਦਰ ਮੱਠਾ, ਕਾਅਬਿਆਂ ਪਰਦਾ ਰਹੇ ਨਾ ਰਾਈਆ । ਸੋ ਸਵਾਮੀ ਅੰਤਰਜਾਮੀ ਵਸਣਹਾਰਾ ਘਟ ਘਟਾ, ਗ੍ਰਿਹਿ ਗ੍ਰਿਹਿ ਆਪਣਾ ਡੇਰਾ ਲਾਈਆ । ਜਿਸ ਦੇ ਹੁਕਮ ਵਿਚ ਪੂਰਬ ਲੇਖਾ ਟੱਪਾ, ਟਾਪੂਆਂ ਦਾ ਲੇਖਾ ਦਏ ਮੁਕਾਈਆ । ਓਸ ਦੇ ਨਾਮ ਦਾ ਇਕੋ ਅੱਖਰ ਤੱਕ ਲੈ ਪੱਪਾ, ਪੂਰਨ ਪਾਰਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲਾਈਆ । ਧਰਨੀ ਕਹੇ ਸੁਣ ਨਾਰਦ ਮੁਨੀ, ਮੁਨੀਸ਼ਰਾ ਦਿਆਂ ਜਣਾਈਆ । ਮੈਂ ਸੰਦੇਸ਼ਾ ਰਹੀ ਸੁਣੀ, ਜੋ ਅਣਸੁਣਤ ਰਿਹਾ ਦ੍ਰਿੜਾਈਆ । ਜੋ ਸਵਾਮੀ ਮੇਰਾ ਵਡ ਗੁਣੀ, ਗਹਿਰ ਗੰਭੀਰ ਅਖਵਾਈਆ । ਜੋ ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਰਿਹਾ ਚੁਣੀ, ਫੜ ਬਾਹੋਂ ਗੋਦ ਉਠਾਈਆ । ਭਾਗ ਲਗਾ ਕੇ ਧਰਮ ਧਾਰ ਦੀ ਕੁੱਲੀ, ਕਾਇਆ ਕਾਅਬੇ ਕਰੇ ਰੁਸ਼ਨਾਈਆ । ਦੇ ਕੇ ਵਸਤ ਨਾਮ ਅਨਮੁੱਲੀ, ਖ਼ਾਲੀ ਭੰਡਾਰੇ ਦਏ ਭਰਾਈਆ । ਨਾਲ ਬਣ ਕੇ ਮਾਲਕ ਸੁਲਹਕੁਲੀ, ਕੁਲ ਮਾਲਕ ਇਕ ਅਖਵਾਈਆ । ਨਾਰਦਾ ਓਸ ਦਾ ਜਾਪ ਭਗਤਾਂ ਕੀਤਾ ਨਹੀਂ ਕਦੇ ਰਸਨਾ ਬੁਲ੍ਹੀਂ, ਸਦਾ ਹਿਰਦੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਵੇਸ ਵਟਾਈਆ । ਨਾਰਦ ਕਹੇ ਧਰਨੀਏ ਓਹ ਸਾਹਿਬ ਬੜਾ ਸ਼ਰਾਰਤੀ, ਤੈਨੂੰ ਸ਼ਰਅ ਨਾਲ ਜਣਾਈਆ । ਜਿਸ ਦੇ ਨਾਮ ਕਲਮੇ ਇਬਾਰਤੀ, ਅੱਖਰਾਂ ਨਾਲ ਪੜ੍ਹਾਈਆ । ਜਿਸ ਦੀ ਘਿਰਤ ਦੀਪ ਵਾਲੀ ਆਰਤੀ, ਜੋਤਾਂ ਜਗਤ ਵਿਚ ਚਮਕਾਈਆ । ਜਿਸ ਦੀ ਵਿਦਿਆ ਵੱਖਰੀ ਵੱਖਰੀ ਫ਼ਾਰਸੀ, ਫ਼ੈਸਲਾ ਆਪਣੇ ਹੱਥ ਰਖਾਈਆ । ਨੀ ਓਹ ਲਹਿਣਾ ਦੇਣਾ ਜਾਣੇ ਨਵ ਸੱਤ ਵਿਚੋਂ ਭਾਰਤੀ, ਭਾਰਦਵਾਜ ਰਿਸ਼ੀ ਗਿਆ ਸਮਝਾਈਆ । ਕਿਸੇ ਸਮਝ ਨਾ ਆਏ ਉਸ ਦੀ ਸਾਰ ਦੀ, ਪਰਦਾ ਸਕੇ ਨਾ ਕੋਇ ਉਠਾਈਆ ।ਜਿਸ ਖੇਲ ਖਿਲਾਉਣੀ ਪੁਰਖ ਨਾਰ ਦੀ, ਨਰ ਨਰਾਇਣ ਆਪਣਾ ਹੁਕਮ ਵਰਤਾਈਆ । ਉਸ ਧਾਰ ਤੱਕਣੀ ਜੁਗ ਚਾਰ ਦੀ, ਚੌਕੜੀ ਚਰਨਾਂ ਹੇਠ ਦਬਾਈਆ । ਉਠ ਵੇਖ ਲੈ ਤੇਰੇ ਉਤੇ ਦੀਨ ਦੁਨੀ ਪੁਕਾਰਦੀ, ਬਹੁੜੀ ਬਹੁੜੀ ਕਰ ਕੁਰਲਾਈਆ । ਓਹ ਵਕਤ ਸੁਹੰਜਣਾ ਸਦੀ ਚੌਧਵੀਂ ਖੇਲ ਤੱਕ ਲੈ ਸੰਗ ਮੁਹੰਮਦ ਚਾਰ ਯਾਰ ਦੀ, ਨਾਤਾ ਬਿਧਾਤਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲਾਈਆ । ਧਰਤੀ ਕਹੇ ਨਾਰਦ ਕੀ ਮੁਹੰਮਦ ਨਾਲ ਯਾਰਾਨਾ, ਚਾਰ ਯਾਰੀ ਕੀ ਸੰਗ ਬਣਾਈਆ । ਕੁਝ ਦੱਸ ਦੇ ਖੇਲ ਪੁਰਾਣਾ, ਦਰ ਤੇਰੇ ਮੰਗ ਮੰਗਾਈਆ । ਤੂੰ ਵੇਖੀਂ ਮਾਰ ਧਿਆਨਾ, ਪੂਰਬ ਖੋਜ ਖੁਜਾਈਆ । ਤੂੰ ਵਿਦਿਆ ਦਾ ਵਿਦਵਾਨਾ, ਵਿਦਿਤ ਨਜ਼ਰੀ ਆਈਆ । ਤੂੰ ਭਗਤੀ ਵਿਚ ਮਿਲੇਂ ਭਗਵਾਨਾ, ਭਗਵਨ ਵਿਚ ਸਮਾਈਆ । ਮੈਨੂੰ ਖ਼ੁਸ਼ੀ ਦਾ ਦੇ ਬਿਆਨਾ, ਬਿਨਾ ਅਕਲ ਬੁਧੀ ਸਮਝਾਈਆ । ਨਾਰਦ ਕਹੇ ਧਰਨੀਏ ਮੈਂ ਇਕੋ ਬਚਨ ਸੁਣਾਉਣਾ, ਸਚ ਨਾਲ ਸਮਝਾਈਆ । ਤੇਰੇ ਉਤੇ ਸਰਬ ਪਛਤਾਉਣਾ, ਪਸ਼ਚਾਤਾਪ ਕਰੇ ਲੋਕਾਈਆ । ਕਲਜੁਗ ਕੂੜ ਡੰਕ ਵਜਾਉਣਾ, ਨਵ ਸੱਤ ਸੁਣਵਾਈਆ । ਰਾਓ ਰੰਕ ਉਠਾਉਣਾ, ਸ਼ਾਹ ਹਕੀਰ ਲੜਾਈਆ । ਮਾਣ ਰਹੇ ਨਾ ਕਿਸੇ ਜਵਾਨਾ, ਸੂਰਬੀਰ ਨਾ ਕੋਇ ਚਤੁਰਾਈਆ । ਨਵ ਖੰਡ ਹੋਣ ਵੈਰਾਨਾ, ਵੈਰੀ ਘਰ ਘਰ ਨਜ਼ਰੀ ਆਈਆ । ਚੌਦਾਂ ਤਬਕ ਤਬਕ ਕੁਰਲਾਣਾ, ਚੌਦਾਂ ਲੋਕ ਦਿਆਂ

ਸੁਣਾਈਆ । ਨੀ ਸਭ ਨੂੰ ਭੁਲਣਾ ਪੀਣਾ ਖਾਣਾ, ਜਗਤ ਸੇਜ ਨਾ ਕੋਇ ਸੁਹਾਈਆ । ਸੁਣ ਸੰਦੇਸ਼ਾ ਬਿਨਾ ਕਾਨਾ, ਕਾਇਨਾਤ ਵਿਚ ਜਣਾਈਆ । ਪ੍ਰਭ ਦਾ ਹੁਕਮ ਵਰਤਣਾ ਮਹਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਓਹ ਵੇਖ ਅਵਤਾਰ ਕਰਨ ਧਿਆਨਾ, ਨਿਰਗੁਣ ਧਾਰ ਲੈਣ ਅੰਗੜਾਈਆ । ਪੈਗ਼ੰਬਰ ਹੋਣ ਪ੍ਰੇਸ਼ਾਨਾ, ਹੈਰਾਨੀ ਵਿਚ ਦੁਹਾਈਆ । ਸਾਡਾ ਆ ਗਿਆ ਨੂਰ ਅਲਾਹੀ ਇਕ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦੀ ਸਭ ਤੋਂ ਵੱਖਰੀ ਹੋਣੀ ਕਲਾਮਾ, ਕਲਮਾ ਅਗੰਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਏ ਵਡਿਆਈਆ । ਧਰਨੀ ਕਹੇ ਨਾਰਦਾ ਮੈਂ ਉਸੇ ਦੀ ਕਰਾਂ ਉਡੀਕ, ਇਕੋ ਇਕ ਧਿਆਨ ਲਗਾਈਆ । ਜੋ ਅੰਧੇਰੇ ਮੇਟੇ ਤਾਰੀਕ, ਨੂਰੀ ਚੰਦ ਕਰੇ ਰੁਸ਼ਨਾਈਆ । ਹੋਵੇ ਲਾਸ਼ਰੀਕ, ਸ਼ਰਅ ਦਾ ਪੰਧ ਮੁਕਾਈਆ । ਬਖ਼ਸ਼ੇ ਹਕ ਤੌਫ਼ੀਕ, ਤੋਹਫ਼ੇ ਜਗਤ ਨਾਮ ਵਰਤਾਈਆ । ਸਭ ਨੂੰ ਬਣਾਏ ਰਫ਼ੀਕ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਪਿਛਲੇ ਜੁਗ ਗਏ ਬੀਤ, ਕਲਜੁਗ ਅੰਤਮ ਲੇਖਾ ਦਏ ਮੁਕਾਈਆ । ਜਿਸ ਦੀ ਸਭ ਤੋਂ ਵੱਖਰੀ ਹੋਣੀ ਰੀਤ, ਰੀਤੀਵਾਨ ਦਇਆ ਕਮਾਈਆ । ਜਨ ਭਗਤਾਂ ਬਖ਼ਸ਼ੇ ਚਰਨ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਦਏ ਬੁਝਾਈਆ । ਪਾਪੀਆਂ ਕਰੇ ਪੁਨੀਤ, ਪਤਤਾਂ ਦਏ ਵਡਿਆਈਆ । ਜਿਸ ਝਗੜਾ ਮੇਟਣਾ ਮੰਦਰ ਮਸੀਤ, ਕਾਅਬਾ ਇਕੋ ਇਕ ਵਖਾਈਆ । ਜਿਸ ਸ਼ਰਅ ਦੀ ਮੇਟਣੀ ਲੀਕ, ਮਾਰਗ ਇਕੋ ਇਕ ਦਰਸਾਈਆ । ਜਿਸ ਨੇ ਸਭ ਨੂੰ ਕਰਨੀ ਤਬਲੀਕ, ਤਮਹੀਦ ਜਿਸ ਦੀ ਸਮਝੇ ਕੋਇ ਨਾ ਰਾਈਆ । ਉਸ ਦਾ ਮਾਰਗ ਹੋਣਾ ਬਾਰੀਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂ ਦਸ ਕਰਨ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਸੋ ਭਗਤਾਂ ਆਸ਼ਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਤ੍ਰਿਖਾ ਕੂੜ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਇਕ ਦਰਸਾਈਆ । ਨਾਰਦ ਕਹੇ ਧਰਨੀਏ ਉਹ ਸਾਹਿਬ ਸੂਰਾ ਸਰਬੰਗਾ, ਹਰਿ ਕਰਤਾ ਇਕ ਅਖਵਾਈਆ । ਓਹ ਸਭ ਦੇ ਨਾਲੋਂ ਚੰਗਾ, ਚੰਗੀ ਦਏ ਵਡਿਆਈਆ । ਜਿਸ ਦੇ ਹੁਕਮ ਵਿਚ ਮੈਂ ਜੁਗ ਚੌਕੜੀ ਫਿਰਦਾ ਨੰਗਾ, ਓਢਣ ਸੀਸ ਨਾ ਕੋਇ ਟਿਕਾਈਆ । ਮੈਂ ਪੁਛਦਾ ਰਿਹਾ ਗੋਦਾਵਰੀ ਸੁਰਸਤੀ ਜਮਨਾ ਗੰਗਾ, ਸਹਿਜ ਸਹਿਜ ਸਹਿਜ ਸੁਣਾਈਆ । ਕਿਥੇ ਵੱਜੇ ਉਸ ਦਾ ਮਰਦੰਗਾ, ਕਮਲੀਓ ਮੈਨੂੰ ਦਿਓ ਦ੍ਰਿੜਾਈਆ । ਜਿਸ ਨੇ ਨਿਸ਼ਾਨ ਮੇਟਣਾ ਮੁਹੰਮਦ ਵਾਲਾ ਤਾਰਾ ਚੰਦਾ, ਚੰਦ ਚਾਂਦਨੀ ਕਰੇ ਰੁਸ਼ਨਾਈਆ । ਜੋ ਗ਼ਰੀਬ ਨਿਮਾਣਿਆਂ ਸਦਾ ਬਖ਼ਸ਼ੰਦਾ, ਰਹਿਮਤ ਆਪਣੀ ਹਕ ਕਮਾਈਆ । ਨਾਰਦ ਕਹੇ ਮੈਨੂੰ ਆਵਾਜ਼ ਆਈ ਬ੍ਰਾਹਮਣਾ ਓਹ ਬਾਹਰੋਂ ਤਤਾਂ ਵਾਲਾ ਬੰਦਾ, ਅੰਤਰ ਜੋਤੀ ਜਾਤਾ ਡਗਮਗਾਈਆ । ਜਿਸ ਖੇਲ ਖਿਲਾਇਆ ਗੋਬਿੰਦ ਧਾਰ ਪੁਰੀ ਅਨੰਦਾ, ਜੋਤੀ ਜਾਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਦ੍ਰਿੜਾਈਆ । ਨਾਰਦ ਕਹੇ ਧਰਨੀਏ ਓਹ ਮੇਰਾ ਤੇਰਾ ਸ਼ਾਹੋ ਭੂਪ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦਾ ਆਦਿ ਜੁਗਾਦੀ ਸਤਿ ਸਰੂਪ, ਜੋਤੀ ਜਾਤਾ ਡਗਮਗਾਈਆ । ਜੋ ਵਸੇ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਜਿਸ ਦਾ ਇਕੋ ਸ਼ਬਦ ਦੁਲਾਰਾ ਪੂਤ, ਸ਼ਬਦੀ ਸ਼ਬਦ ਸ਼ਬਦ ਅਖਵਾਈਆ । ਦੋ ਜਹਾਨਾਂ ਬਣੇ ਦੂਤ, ਭੱਜੇ ਵਾਹੋ ਦਾਹੀਆ । ਜਿਸ ਦੀ ਰਮਜ਼ ਸਕੇ ਕੋਈ ਨਾ ਬੂਝ, ਬੁੱਧੀ ਚਲੇ ਨਾ ਕੋਇ ਚਤੁਰਾਈਆ ।


੧੭੩੧
੨੩

ਓਹ ਅੰਤ ਕੰਤ ਭਗਵੰਤ ਭੇਵ ਖੁਲਾਏ ਗੁਝ, ਪਰਦਾ ਆਪ ਉਠਾਈਆ । ਵਿਰੋਲਣਹਾਰਾ ਪਾਣੀ ਦੂਧ, ਸਤਿ ਸਚ ਨਾਲ ਮਿਲਾਈਆ । ਜਿਸ ਦੀ ਮੰਜ਼ਲ ਇਕ ਮਕਸੂਦ, ਹਕੀਕਤ ਦਾ ਮਾਲਕ ਇਕ ਅਖਵਾਈਆ । ਜਿਸ ਲੇਖੇ ਲਾਉਣੇ ਜਨ ਭਗਤਾਂ ਕਾਇਆ ਭਾਂਡੇ ਪੰਜ ਭੂਤ, ਤਨ ਵਜੂਦਾਂ ਖ਼ੁਸ਼ੀ ਬਣਾਈਆ । ਸਤਿ ਸਚ ਦੀ ਦੇ ਕੇ ਸੂਚ, ਸੰਜਮ ਇਕ ਸਮਝਾਈਆ । ਸੁਹੰਜਣੀ ਕਰੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਪਵਿਤ੍ਰ ਕਰਕੇ ਬੁਤ, ਬੁਤਖ਼ਾਨਿਆਂ ਦਏ ਵਡਿਆਈਆ । ਤੂੰ ਹੋਣਾ ਉਸ ਤੇ ਖ਼ੁਸ਼, ਖ਼ੁਸ਼ੀਆਂ ਢੋਲੇ ਗਾਈਆ । ਧਰਨੀ ਝਟ ਲਿਆ ਪੁਛ, ਸੈਨਤ ਨਾਲ ਸੁਣਾਈਆ । ਨਾਰਦਾ ਕੀ ਓਹ ਮੇਰੇ ਉਤੇ ਮੇਟੇ ਅੰਧੇਰਾ ਘੁੱਪ, ਕਿਰਿਆ ਕੂੜ ਮਿਟਾਈਆ । ਕੀ ਭਗਤਾਂ ਸ਼ਬਦੀ ਗੋਦੀ ਲਏ ਚੁੱਕ, ਆਪਣੇ ਸੰਗ ਰਖਾਈਆ । ਨਾਰਦ ਕਹੇ ਧਰਨੀਏ ਉਸ ਨੇ ਇਕੋ ਦੱਸਣੀ ਤੂੰ ਮੇਰਾ ਮੈਂ ਤੇਰਾ ਤੁਕ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਿਸ ਦੇ ਨਾਲ ਆਵਣ ਜਾਵਣ ਲੱਖ ਚੁਰਾਸੀ ਪੈਂਡਾ ਜਾਏ ਮੁਕ, ਅਗਨੀ ਤਪਸ਼ ਨਾ ਕੋਇ ਤਪਾਈਆ । ਫੇਰ ਆਉਣਾ ਪਏ ਨਾ ਜਨਣੀ ਕੁੱਖ, ਜੂਨੀ ਜੂਨ ਨਾ ਕੋਇ ਭਵਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਦੇਵਣ ਆਇਆ ਸੁਖ, ਸੁਖ ਸਾਗਰ ਵਿਚ ਸਮਾਈਆ । ਬਿਨਾ ਭਗਤੀਉਂ ਜਾਵੇ ਤੁਠ, ਮਿਹਰ ਨਜ਼ਰ ਇਕ ਉਠਾਈਆ । ਕੂੜ ਕੁੜਿਆਰਾ ਦੇਵੇ ਕੁੱਠ, ਮਾਇਆ ਮੋਹ ਦਏ ਮਿਟਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਚੇਤਨ ਹਰਿਜਨ ਲਏ ਉਠਾਈਆ । ਆਪ ਬਣਾ ਕੇ ਆਪਣੇ ਸੁਤ, ਸੁਤ ਦੁਲਾਰੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਅਬਿਨਾਸ਼ੀ ਅਚੁਤ, ਚਤੁਰਥ ਆਪਣਾ ਹੁਕਮ ਵਰਤਾਈਆ ।



੧੭੩੨ ੨੩

**✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਸਰਾਭਾ ਨਗਰ ਚੰਦਾ ਸਿੰਘ ਕਲੋਨੀ ਲੁਧਿਆਣਾ ਸ਼ਹਿਰ ਮਲਕੀਅਤ ਸਿੰਘ ਦੇ ਗ੍ਰਿਹ ✪**

ਨਾਰਦ ਕਹੇ ਧਰਨੀਏ ਸੁਣ ਮੇਰੀ ਸਲਾਹ, ਬਿਨ ਮਸ਼ਵਰੇ ਦਿਆਂ ਜਣਾਈਆ । ਆਪਣੇ ਉਤੇ ਤੱਕ ਗੁਨਾਹ, ਬਿਨ ਨੈਣਾਂ ਨੈਣ ਉਠਾਈਆ । ਦੀਨ ਦੁਨੀ ਭੁੱਲੀ ਰਾਹ, ਮਾਰਗ ਪੰਥ ਨਾ ਕੋਇ ਚਤੁਰਾਈਆ । ਝਾਤੀ ਮਾਰ ਲੈ ਥਲ ਅਸਗਾਹ, ਟਿੱਲੇ ਪਰਬਤ ਖੋਜ ਖੁਜਾਈਆ । ਸਾਚਾ ਦਿਸੇ ਨਾ ਕੋਇ ਮਲਾਹ, ਬੇੜਾ ਪਾਰ ਨਾ ਕੋਇ ਲੰਘਾਈਆ । ਤੂੰ ਕਿਸ ਨੂੰ ਕਹੇ ਵਾਹ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਆਪਣੀ ਖੜੀ ਕਰ ਦੇ ਬਾਂਹ, ਬਿਨ ਹੱਥਾਂ ਹੱਥ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣੇ ਰਿਹਾ ਚੁਕਾਈਆ । ਨਾਰਦ ਕਹੇ ਧਰਨੀਏ ਮੈਂ ਵੇਖੀ ਅੰਦਰੂਨੀ ਤੇਰੀ ਹਾਲਤ, ਗ੍ਰਿਹ ਗ੍ਰਿਹ ਧਿਆਨ ਲਗਾਈਆ । ਨਵ ਸੱਤ ਦਿਸੇ ਜਹਾਲਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਪਿਤਾ ਪੂਤ ਹੋਈ ਅਦਾਵਤ, ਗੁਰ ਚੇਲਾ ਕਰੇ ਲੜਾਈਆ । ਵਸਤ ਨਾਮ ਕਰੇ ਨਾ ਕੋਇ ਸਖ਼ਾਵਤ, ਅਮੁਲ ਅਤੁਲ ਨਾ ਕੋਇ ਵਰਤਾਈਆ । ਚਾਰੋਂ ਕੁੰਟ ਤੱਕ ਬਗ਼ਾਵਤ, ਝਗੜਾ ਕੂੜ ਲੋਕਾਈਆ । ਸਾਚੀ ਦੇਵੇ ਨਾਮ ਨਾ ਕੋਇ ਨਿਆਮਤ, ਨਿਆਂਕਾਰ ਨਜ਼ਰ ਕੋਇ ਨਾ ਆਈਆ । ਤੇਰੀ ਮਿੱਟੀ ਖ਼ਾਕ ਕਿਸ ਦੀ ਦਏ ਦਿਆਨਤ, ਖ਼ਿਆਨਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਨਾਰਦ ਮੈਂ ਆਪਣੀ ਧਾਰ ਹੋਈ ਦੁਖੀ, ਦੁੱਖੜੇ ਦਿਆਂ ਸੁਣਾਈਆ । ਮੇਰੀ ਸੁਫ਼ਲ ਦਿਸੇ ਨਾ ਕੁੱਖੀ, ਕੁੱਖੀ ਭਾਗ ਨਾ ਕੋਇ ਲਗਾਈਆ । ਦੁਰਮਤ ਮੈਲ ਧੋਏ ਕੋਇ ਨਾ ਮੁਖੀ, ਪਾਪਾਂ ਕਰੇ ਨਾ ਕੋਇ ਸਫ਼ਾਈਆ । ਮੇਰੇ ਉਤੇ ਦੀਨ ਦੁਨੀਆ ਹੋਈ ਭੁੱਖੀ, ਤ੍ਰਿਸ਼ਨਾ ਜਗਤ ਨਾ ਕੋਇ ਮਿਟਾਈਆ । ਮੈਂ ਨਿਗਾਹ ਮਾਰੀ ਮਾਨਸ ਮਨੁੱਖੀ, ਮਾਨਵ ਧਿਆਨ ਲਗਾਈਆ । ਮੇਰੀ ਖੇਲ ਨਹੀਂ ਰਹਿਣੀ ਲੁਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿੰਨਾਂ ਚਿਰ ਸ਼ਬਦ ਧਾਰ ਨਾ ਹੋਈ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਓਨਾਂ ਚਿਰ ਮੇਰੀ ਮੰਜ਼ਲ ਨਹੀਂ ਜਾਣੀ ਮੁਕੀ, ਕਲਜੁਗ ਪੰਧ ਨਾ ਕੋਇ ਮੁਕਾਈਆ । ਮੇਰੀ ਘੜੀ ਸੁਹੰਜਣੀ ਢੁੱਕੀ, ਵੇਲਾ ਵਕਤ ਨਾਲ ਮਿਲਾਈਆ । ਮੇਰੀ ਦੁਹਾਈ ਮੇਰੇ ਉਤੇ ਸ੍ਰਿਸ਼ਟੀ ਜਾਣੀ ਲੁੱਟੀ, ਲੁਟੇਰਾ ਬਣੇ ਧੁਰ ਦਾ ਮਾਹੀਆ । ਜਿਸ ਲੇਖਾ ਵੇਖਣਾ ਜਾਪ ਬੁੱਲ੍ਹਾਂ ਬੁੱਟੀਂ, ਹਿਰਦੇ ਭਗਤਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਪ੍ਰੀਤ ਕਦੇ ਨਾ ਟੁੱਟੀ, ਜੁਗ ਜੁਗ ਟੁੱਟਿਆਂ ਗੰਢ ਪਵਾਈਆ ।

### ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਇੰਜਨ ਸ਼ੈਡ ਕੂਚਾ ਨ० ੯ ਮਕਾਨ ਨ० ੭੦੯
### ਲੁਧਿਆਣਾ ਸ਼ਹਿਰ ਨਿਰਵੈਰ ਸਿੰਘ ਦੇ ਗ੍ਰਹਿ



ਧਰਨੀ ਕਹੇ ਪ੍ਰਭੂ ਕਿਰਪਾ ਕਰੇ ਨਾ ਕੋਈ ਬਿਨ ਤੁਧ, ਮਿਹਰਵਾਨ ਮਿਹਰ ਨਾ ਕੋਇ ਕਰਾਈਆ । ਮੈਂ ਬਸੁਧਾ ਹੋਈ ਬੇਸੁਧ, ਸੁਦੀ ਵਦੀ ਸਮਝ ਕਿਛ ਨਾ ਪਾਈਆ । ਦਰੋਹੀ ਮੇਰੇ ਉਤੇ ਹੋਣ ਵਾਲਾ ਯੁੱਧ, ਯੁਧਿਸ਼ਟਰ ਦਾ ਲੇਖਾ ਦਏ ਗਵਾਹੀਆ । ਤੂੰ ਕਲਜੁਗ ਜੀਵਾਂ ਨਿਰਮਲ ਕਰ ਦੇ ਬੁਧ, ਬਿਬੇਕ ਆਪ ਬਣਾਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਅਗਨੀ ਜਾਵੇ ਬੁਝ, ਮਮਤਾ ਮੋਹ ਨਾ ਕੋਇ ਜਲਾਈਆ । ਸਭ ਨੂੰ ਤੇਰਾ ਦਵਾਰਾ ਜਾਏ ਸੁਝ, ਆਤਮ ਪਰਮਾਤਮ ਮੇਲਾ ਮੇਲਣਾ ਸਹਿਜ ਸੁਭਾਈਆ । ਮੈਂ ਨਿਮਾਣੀ ਨਿਕਰਮਣ ਹੱਥ ਨਹੀਂ ਕੁਝ, ਖ਼ਾਲੀ ਝੋਲੀ ਦਿਆਂ ਵਖਾਈਆ । ਮੇਰੇ ਉਤੇ ਕਲਜੁਗ ਔਧ ਜਾਵੇ ਪੁਗ, ਅਗੇ ਪੰਧ ਨਾ ਕੋਇ ਵਖਾਈਆ । ਮੇਰਾ ਮਿਟਾ ਦੇ ਹਰਖ ਸੋਗ, ਚਿੰਤਾ ਗ਼ਮ ਦੇ ਗਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪਣੇ ਨਾਮ ਦਾ ਬਖ਼ਸ਼ ਦੇ ਯੋਗ, ਯੁਗਤੀ ਆਪਣੀ ਇਕ ਦ੍ਰਿੜਾਈਆ । ਪਾਪਾਂ ਭਾਰ ਉਤਾਰ ਦੇ ਬੋਝ, ਪਤਤ ਪੁਨੀਤ ਕਰ ਲੋਕਾਈਆ । ਹਰ ਹਿਰਦਾ ਦੇਣਾ ਸੋਧ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਹੋਵੇ ਜੋਗ, ਕਲਮਾ ਕਾਇਨਾਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਰਿਹਾ ਪੁਕਾਰ, ਕੂਕ ਕੂਕ ਸੁਣਾਈਆ । ਮੇਰੇ ਉਤੇ ਨਿਗਾਹ ਮਾਰ, ਸਦੀ ਚੌਧਵੀਂ ਅੱਖ ਖੁਲਾਈਆ । ਮੁਹੰਮਦ ਨਾਲ ਈਸਾ ਵਜਾਏ ਧੁਰ ਸਿਤਾਰ, ਸਤਹ ਬੁਲੰਦੀ ਨਜ਼ਰ ਕਿਸੇ ਨਾ ਆਈਆ । ਤੂੰ ਪੇਸ਼ੀਨਗੋਈਆਂ ਪੇਸ਼ਤਰ ਸਭ ਦੀਆਂ ਵੇਖਣਹਾਰ, ਭਵਿਖਤਾਂ ਪਰਦਾ ਆਪ ਖੁਲਾਈਆ । ਲਹਿਣਾ ਦੇਣਾ ਤੱਕ ਤੇਈ ਅਵਤਾਰ, ਤਰੇਤਾ ਸਤਿਜੁਗ ਦੁਆਪਰ ਜੋ ਆਸ਼ਾ ਗਏ ਰਖਾਈਆ । ਗੁਰੂ ਦਸ ਜੋ ਸ਼ਬਦ ਸੰਦੇਸ਼ਾ

ਦਿਤਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਮੇਰੇ ਸਵਾਮੀ ਅੰਤਰਜਾਮੀ ਪਰਵਰਦਿਗਾਰ ਸਾਂਝੇ ਯਾਰ ਮੇਰੇ ਉਤੇ ਹੋਇਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਮੈਂ ਦਿਵਸ ਰੈਣ ਨਵ ਖੰਡ ਸੱਤ ਦੀਪ ਕਰਾਂ ਗਿਰਿਆਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਪਰਮ ਪੁਰਖ ਪਰਮਾਤਮ ਮੈਂ ਤੇਰਾ ਕਰਦੀ ਰਹੀ ਇੰਤਜ਼ਾਰ, ਗਿਣ ਗਿਣ ਆਪਣਾ ਵਕਤ ਲੰਘਾਈਆ । ਧੰਨ ਭਾਗ ਜੋਤੀ ਜਾਤੇ ਪੁਰਖ ਬਿਧਾਤੇ ਸ਼ਬਦੀ ਧਾਰ ਹੋਇਉਂ ਜ਼ਾਹਰ, ਜ਼ਾਹਰ ਜ਼ਹੂਰ ਤੇਰੀ ਓਟ ਤਕਾਈਆ । ਤੂੰ ਕਰਨੀ ਕਰਤਾ ਕਰਤਾ ਪੁਰਖ ਕਰਤਾਰ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਤੇਰੇ ਚਰਨ ਕਵਲਾਂ ਮਸਤਕ ਧੂੜੀ ਲਾਵਾਂ ਛਾਰ, ਸ਼ਹਿਨਸ਼ਾਹ ਧੂੜੀ ਟਿੱਕੇ ਖ਼ਾਕ ਦੇਣੇ ਰਮਾਈਆ । ਮੈਂ ਜੁਗ ਚੌਕੜੀ ਤੇਰੀ ਸੇਵਾਦਾਰ, ਲੱਖ ਚੁਰਾਸੀ ਸੀਨੇ ਉਤੇ ਟਿਕਾਈਆ । ਖ਼ਾਦਮ ਹੋ ਕੇ ਖ਼ਿਦਮਤਗਾਰ, ਜੁਗ ਜੁਗ ਆਪਣਾ ਸੰਗ ਬਣਾਈਆ । ਤੂੰ ਵੇਖੇਂ ਵਿਗਸੇਂ ਪਾਵਣਹਾਰਾ ਸਾਰ, ਨਿਰਗੁਣ ਨੂਰ ਨੂਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦੇਣੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਪਿਛਲੀ ਨਹੀਂ ਕੋਈ ਬਾਕੀ, ਬਾਕਾਇਦਾ ਦਿਆਂ ਜਣਾਈਆ । ਕਲਜੁਗ ਮਨੂਆ ਸਭ ਦਾ ਕੀਤਾ ਆਕੀ, ਨਿਮਰਤਾ ਵਿਚ ਨਾ ਕੋਇ ਸਮਾਈਆ । ਪੰਜ ਤਤ ਝਗੜਾ ਪਿਆ ਖ਼ਾਕੀ, ਤਨ ਵਜੂਦ ਕਰੇ ਲੜਾਈਆ । ਬਜਰ ਕਪਾਟ ਖੁਲ੍ਹੇ ਕਿਸੇ ਨਾ ਤਾਕੀ, ਸ਼ਬਦ ਨਾਦ ਧੁਨ ਨਾ ਕੋਇ ਸ਼ਨਵਾਈਆ । ਅੰਤਸ਼ਕਰਨ ਮਿਟੇ ਕਿਸੇ ਨਾ ਅੰਧੇਰੀ ਰਾਤੀ, ਜੋਤ ਨੂਰ ਨਾ ਕੋਇ ਰੁਸ਼ਨਾਈਆ । ਪਿਆਰ ਰਿਹਾ ਨਾ ਜ਼ਾਤ ਪਾਤੀ,
ਦੀਨ ਮਜ਼੍ਹਬ ਕਰੇ ਲੜਾਈਆ । ਪਵਿਤ੍ਰ ਦਿਸੇ ਨਾ ਕਿਸੇ ਹਯਾਤੀ, ਜੀਵਣ ਜ਼ਿੰਦਗੀ ਕੋਇ ਨਾ ਲੇਖੇ ਪਾਈਆ । ਝਗੜਾ ਤੱਕ ਲੈ ਕਾਗਜ਼ਾਤੀ,
੧੭੩੪ ੨੩ ਗ੍ਰੰਥ ਸ਼ਾਸਤਰ ਦੇਣ ਗਵਾਹੀਆ । ਸਤਿ ਧਰਮ ਦੀ ਨਜ਼ਰ ਨਾ ਆਏ ਪ੍ਰਭਾਤੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਦਰੋਹੀ ਫਿਰੀ ਲੋਕਮਾਤੀ, ੧੭੩੪ ੨੩
ਮਨ ਮਤ ਹੋਈ ਹਲਕਾਈਆ । ਤੇਰੀ ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਸਚਖੰਡ ਮਿਲਣ ਕੋਇ ਨਾ ਜਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਸਦੀ ਚੌਧਵੀਂ ਪੰਧ ਮੁਕੇ ਨਾ ਵਾਟੀ, ਚੁਰਾਸੀ ਗੇੜ ਨਾ ਕੋਇ ਕਟਾਈਆ । ਤੂੰ ਮੇਰਾ ਮਾਲਕ ਖ਼ਾਲਕ ਏਕੰਕਾਰ ਇਕ ਅਬਿਨਾਸ਼ੀ, ਅਬਿਨਾਸ਼ੀ ਕਰਤੇ ਦਿਆਂ ਸੁਣਾਈਆ । ਸਚ ਮੰਡਲ ਰਹੀ ਕੋਈ ਨਾ ਰਾਸੀ, ਤੇਰਾ ਰਸਤਾ ਦੀਨ ਦੁਨੀ ਗਈ ਭੁਲਾਈਆ । ਜਿਸ ਧਾਰ ਪਿਛੇ ਹਜ਼ਰਤ ਈਸਾ ਚੜ੍ਹਿਆ ਫਾਸੀ, ਸਲੀਬ ਗਲ ਵਿਚ ਲਟਕਾਈਆ । ਉਸ ਅੰਤ ਅਖ਼ੀਰ ਇਕੋ ਗੱਲ ਆਖੀ, ਬਿਨ ਅੱਖਰਾਂ ਗਿਆ ਜਣਾਈਆ । ਮੇਰਾ ਪਰਵਰਦਿਗਾਰ ਸਾਂਝਾ ਯਾਰ ਨੂਰ ਨੁਰਾਨਾ ਹੋਵੇ ਸਾਖੀ, ਸਾਖਿਆਤ ਨੂਰ ਨੂਰ ਕਰੇ ਰੁਸ਼ਨਾਈਆ । ਮੁਹੰਮਦ ਦੱਸੇ ਅਪਣਾ ਭਵਿਖਤ ਵਾਕੀ, ਚਾਰ ਯਾਰਾਂ ਨਾਲ ਮਿਲਾਈਆ । ਮੇਰਾ ਅਮਾਮ ਅਮਾਮਾ ਅੰਤਮ ਪੁਛੇ ਵਾਤੀ, ਵਾਤਾਵਰਨ ਤੱਕੇ ਖ਼ਲਕ ਖ਼ੁਦਾਈਆ । ਓਹ ਆਵੇ ਆਪ ਇਤਫ਼ਾਕੀ, ਇਤਫ਼ਾਕੀਆ ਆਪਣਾ ਖੇਲ ਖਿਲਾਈਆ । ਚੌਦਾਂ ਸਦੀਆਂ ਮੁਕਾਵੇ ਵਾਟੀ, ਅਗੇ ਪੰਧ ਰਹੇ ਨਾ ਰਾਈਆ । ਸਚ ਧਰਮ ਚਲਾਏ ਹਾਟੀ, ਹਟਵਾਣਾ ਹੋਵੇ ਧੁਰ ਦਾ ਮਾਹੀਆ । ਝਗੜਾ ਮੇਟ ਕੇ ਜ਼ਾਤ ਪਾਤੀ, ਦੀਨਾਂ ਮਜ਼੍ਹਬਾਂ ਇਕੋ ਰੰਗ ਰੰਗਾਈਆ । ਉਸ ਦਾ ਕਲਮਾ ਹੋਵੇ ਸਫ਼ਾਤੀ, ਸ਼ਰਅ ਤੋਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਜੋੜਨਾ ਨਾਤੀ, ਨਾਤਾ ਬਿਧਾਤਾ ਇਕੋ ਲੈਣਾ ਬੰਧਾਈਆ ।

### ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਨਿਊ ਜਨਤਾ ਨਗਰ ਲੁਧਿਆਣਾ ਸ਼ਹਿਰ ਜਸਵੰਤ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਜਨ ਭਗਤ ਬਣਾ ਲੈ ਆਪਣੇ ਬਰਦੇ, ਬੰਦੀਖ਼ਾਨੇ ਜਨਮ ਕਰਮ ਦੇ ਤੋੜ ਤੁੜਾਈਆ । ਪਰਦੇ ਲਾਹ ਦੇ ਆਪਣੇ ਘਰ ਦੇ, ਗ੍ਰਿਹਿ ਮੰਦਰ ਕਰ ਰੁਸ਼ਨਾਈਆ । ਵਣਜਾਰੇ ਹੋਵਣ ਤੇਰੇ ਨਾਮ ਹਰਿ ਦੇ, ਹਰ ਹਿਰਦੇ ਦੇਣੀ ਵਡਿਆਈਆ । ਦੀਨ ਦੁਨੀ ਦੁੱਖ ਰਹਿਣ ਨਾ ਭਰਦੇ, ਭਾਂਡਾ ਭਰਮ ਭਉ ਭੰਨਾਈਆ । ਤੇਰੀ ਮੰਜ਼ਲ ਜਾਣ ਚੜ੍ਹਦੇ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਰਹਿਣ ਪੜ੍ਹਦੇ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤ੍ਰੈਗੁਣ ਅਗਨੀ ਰਹਿਣ ਨਾ ਸੜਦੇ, ਨਾਮ ਮੇਘ ਦੇਣਾ ਬਰਸਾਈਆ । ਲੇਖੇ ਮੁਕਾਉਣੇ ਸੀਸ ਧੜ ਦੇ, ਤਤਵ ਤਤ ਦੇਣਾ ਰੰਗਾਈਆ । ਝਗੜੇ ਰਹਿਣ ਨਾ ਚੋਟੀ ਜੜ ਦੇ, ਚੇਤਨ ਆਪਣਾ ਖੇਲ ਖਿਲਾਈਆ । ਇਸ਼ਨਾਨ ਕਰਾਉਣੇ ਚਰਨ ਸਰੋਵਰ ਸਾਚੇ ਸਰ ਦੇ, ਸਤਿਗੁਰ ਆਪਣੀ ਦਇਆ ਕਮਾਈਆ । ਤੇਰੇ ਭਗਤ ਜਨ ਕਦੇ ਨਾ ਮਰਦੇ, ਮਰ ਜੀਵਤ ਰੂਪ ਵਟਾਈਆ । ਮੇਰੇ ਉਤੇ ਨਵਾਂ ਘਾੜਨ ਘੜ ਦੇ, ਘੜਨ ਭੰਨਣਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਦੇ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਅੰਦਰੋਂ ਮੇਟ ਅੰਧੇਰੀ ਰਾਤ, ਨੂਰੀ ਚੰਦ ਚੰਦ ਰੁਸ਼ਨਾਈਆ । ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਅਗਨੀ ਤਤ ਬੁਝਾਈਆ । ਦਰਸ਼ਨ ਦੇ ਕੇ ਇਕ ਇਕਾਂਤ, ਸਚ ਸਿੰਘਾਸਣ ਸੋਭਾ ਪਾਈਆ । ਵਿਛੋੜਾ ਰਹੇ ਨਾ ਲੋਕਮਾਤ, ਮੇਲ ਮੇਲਣਾ ਸਹਿਜ ਸੁਭਾਈਆ । ਆਤਮ ਪਰਮਾਤਮ ਜੋੜਨਾ ਨਾਤ, ਪਾਰਬ੍ਰਹਮ ਬ੍ਰਹਮ ਆਪਣੇ ਗ੍ਰਿਹਿ ਵਸਾਈਆ । ਤੂੰ ਸਵਾਮੀ ਸਭ ਦਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਮੇਰੀ ਬੇਨੰਤੀ ਬਿਨ ਅੱਖਰਾਂ ਸੁਣ ਲੈ ਬਾਤ, ਬਾਤਨ ਪਰਦਾ ਦੇਣਾ ਖੁਲਾਈਆ । ਜਨ ਭਗਤਾਂ ਪੰਧ ਮੇਟ ਦੇ ਵਾਟ, ਚੁਰਾਸੀ ਵਿਚ ਨਾ ਕੋਇ ਭਵਾਈਆ । ਜੋਤੀ ਨੂਰ ਦੇ ਲਲਾਟ, ਸ਼ਬਦ ਅਨਾਦੀ ਕਰ ਸ਼ਨਵਾਈਆ । ਪੂਰਬ ਰਹੇ ਕੋਇ ਨਾ ਘਾਟ, ਅਗਲਾ ਲੇਖਾ ਲਹਿਣਾ ਝੋਲੀ ਦੇਣਾ ਪਾਈਆ । ਭਾਗ ਲਗਾ ਕੇ ਕਾਇਆ ਮਾਟ, ਕੰਚਨ ਗੜ੍ਹ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭ ਭਗਤਾਂ ਅੰਦਰ ਮਾਰ ਲੈ ਝਾਕੀ, ਅਨੁਭਵ ਆਪਣਾ ਧਿਆਨ ਲਗਾਈਆ । ਬਜਰ ਕਪਾਟੀ ਖੋਲ ਦੇ ਤਾਕੀ, ਜੋ ਤਕਵਾ ਤੇਰੇ ਉਤੇ ਰਖਾਈਆ । ਮਨੂਆ ਮਨ ਰਹੇ ਨਾ ਆਕੀ, ਦਹਿ ਦਿਸ਼ ਨਾ ਉਠ ਉਠ ਧਾਹੀਆ । ਨਾਮ ਪਿਆਲਾ ਪਿਆ ਦੇ ਬਣ ਕੇ ਸਾਕੀ, ਸਾਖਿਆਤ ਸਨਮੁਖ ਹੋ ਕੇ ਮਿਲਣਾ ਚਾਈਂ ਚਾਈਆ । ਧਰਮ ਦੀ ਧਾਰ ਆਪਣਾ ਜੋੜ ਲੈ ਨਾਤੀ, ਨਾਤਾ ਬਿਧਾਤਾ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਪੁਛ ਲੈ ਵਾਤੀ, ਸਰਗੁਣ ਵੇਖਣਾ ਥਾਉਂ ਥਾਈਆ ।



### ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਲੁਧਿਆਣਾ ਸ਼ਹਿਰ ਹਰਬੰਸ ਸਿੰਘ ਦੇ ਗ੍ਰਿਹਿ ✪

ਪੁਰਖ ਅਕਾਲ ਕਹੇ ਧਰਨੀ ਮੈਂ ਜੁਗ ਜੁਗ ਹਰਿਜਨ ਵੇਖਦਾ, ਬਿਨ ਨੇਤਰ ਨੈਣ ਉਠਾਲ । ਮੈਂ ਲੇਖਾ ਜਾਣਾ ਜਨਮ ਕਰਮ ਦੀ ਰੇਖ ਦਾ,

ਚੁਰਾਸੀ ਵਿਚੋਂ ਲਵਾਂ ਸੁਰਤ ਸੰਭਾਲ । ਮੇਰਾ ਖੇਲ ਅਵੱਲੜਾ ਭੇਸ ਦਾ, ਜੋਤੀ ਜਾਤਾ ਬਣਾਂ ਆਪ ਗੋਪਾਲ । ਅੰਤ ਨਿਵਾਸੀ ਬਣਿਆ ਸੰਬਲ ਦੇਸ ਦਾ, ਸਾਢੇ ਤਿੰਨ ਹੱਥ ਅੰਦਰ ਰਿਹਾ ਸਭ ਦੀ ਸੁਰਤ ਸੰਭਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੇਖਣਹਾਰਾ ਸ਼ਾਹ ਕੰਗਾਲ । ਧਰਨੀ ਧਰਤ ਧਵਲ ਧੌਲ ਮੈਂ ਦਇਆ ਕਮਾਵਾਂਗਾ । ਦੀਨ ਦਿਆਲ ਇਕ ਅਖਵਾਵਾਂਗਾ । ਭਗਤ ਵਛਲ ਰੂਪ ਪਰਗਟਾਵਾਂਗਾ । ਅਛਲ ਛਲ ਖੇਲ ਖਿਲਾਵਾਂਗਾ । ਮਹੀਅਲ ਜਲ ਥਲ ਫੋਲ ਫੁਲਾਵਾਂਗਾ । ਟਿੱਲੇ ਪਰਬਤ ਵੇਖ ਅਟੱਲ, ਚੋਟੀਆਂ ਉਤੋਂ ਪਰਦੇ ਲਾਹਵਾਂਗਾ । ਕਰਨੀ ਤੱਕ ਕੇ ਕਲਜੁਗ ਕਲ, ਕਲ ਕਾਤੀਆਂ ਭੇਵ ਖੁਲਾਵਾਂਗਾ । ਮੇਰਾ ਇਕੋ ਦੀਪਕ ਜੋਤੀ ਜਾਏ ਬਲ, ਬਲ ਬਾਵਨ ਲੇਖੇ ਪੂਰ ਕਰਾਵਾਂਗਾ । ਜਨ ਭਗਤਾਂ ਕਾਇਆ ਤਨ ਵਜੂਦ ਲਗਾ ਕੇ ਫਲ, ਫਲੀਭੂਤ ਆਪ ਕਰਾਵਾਂਗਾ । ਧਾਮ ਦੱਸ ਨਿਹਚਲ ਅਟੱਲ, ਉਚ ਪਦਵੀ ਇਕ ਜਣਾਵਾਂਗਾ । ਜਿਥੇ ਜੋਤੀ ਜੋਤ ਜਾਏ ਰਲ, ਤਨ ਵਜੂਦ ਨਾ ਕੋਇ ਵਖਾਵਾਂਗਾ । ਹਰਿਜਨ ਸਚ ਸਿੰਘਾਸਣ ਲੈਣਾ ਮਲ, ਬਿਨ ਪਾਵਾ ਚੂਲ ਪਲੰਘ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਧਾਮ ਦੱਸ ਅਟਲ, ਅਚਲ ਮਹਲ ਆਪ ਜਣਾਵਾਂਗਾ ।



### ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਲੁਧਿਆਣਾ ਸ਼ਹਿਰ ਦਰਸ਼ਨ ਸਿੰਘ ਅਜਨੌਧ ਦੇ ਨਵਿਤ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਦਰ ਵੇਖ ਲੈ ਆਪ, ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਵਧਿਆ ਪਾਪ, ਚਾਰ ਕੁੰਟ ਕੁੰਟ ਹਲਕਾਈਆ । ਹਉਮੇ ਰੋਗ ਹੋਇਆ ਸੰਤਾਪ, ਸਹਿੰਸਾ ਸਕੇ ਨਾ ਕੋਇ ਮਿਟਾਈਆ । ਅੰਤਰ ਦ੍ਰਿਸ਼ਟੀ ਭੁੱਲਿਆ ਜਾਪ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਤੂੰ ਕਿਰਪਾ ਕਰਨੀ ਲੋਕਮਾਤ, ਮਾਤ ਪਿਤ ਤੇਰੀ ਸਰਨਾਈਆ । ਜਨ ਭਗਤਾਂ ਮੇਟ ਅੰਧੇਰੀ ਰਾਤ, ਜੋਤੀ ਜੋਤ ਕਰ ਰੁਸ਼ਨਾਈਆ । ਘਰ ਸਵਾਮੀ ਪੁਛ ਬਾਤ, ਮਿਹਰਵਾਨ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਤੱਕ ਲੈ ਵਾਟ, ਨਵ ਸੱਤ ਖੋਜ ਖੁਜਾਈਆ । ਜਨ ਭਗਤਾਂ ਇਕੋ ਪਤਣ ਬਖ਼ਸ਼ਣਾ ਘਾਟ, ਦੂਸਰ ਤੱਟ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਤੇਰੇ ਉਤੇ ਇਕੋ ਆਸ, ਆਸਾ ਮਨਸਾ ਪੂਰ ਕਰਾਈਆ ।

### ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਲੁਧਿਆਣਾ ਸ਼ਹਿਰ ਜਰਨੈਲ ਸਿੰਘ ਦੇ ਗ੍ਰਹਿ ✪

ਪੁਰਖ ਅਕਾਲ ਕਹੇ ਧਰਨੀ ਨਾ ਰੋ ਰੋ ਕਰ ਪੁਕਾਰ, ਬ੍ਰਿਹੋਂ ਵਿਚ ਕੁਰਲਾਈਆ । ਮੇਰਾ ਆਦਿ ਜੁਗਾਦੀ ਖੇਲ ਅਪਾਰ, ਅਪਰੰਪਰ ਹੋ ਕੇ ਆਪ ਖਿਲਾਈਆ । ਮੇਰਾ ਜੁਗ ਚੌਕੜੀ ਲਹਿਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਮੇਰਾ ਲੇਖਾ ਗੁਰ ਪੈਗ਼ੰਬਰ ਅਵਤਾਰ, ਅਵਤਰੀ ਹੋ ਕੇ ਖੇਲ ਖਿਲਾਈਆ । ਮੇਰਾ ਲਹਿਣਾ ਦੇਣਾ ਸਦਾ ਜੁਗ ਚਾਰ, ਚੌਕੜੀ ਹੁਕਮੇ ਵਿਚ ਭਵਾਈਆ । ਜੁਗ ਜੁਗ ਨਿਰਗੁਣ ਹੋ ਕੇ

ਭਗਤਾਂ ਪਾਵਾਂ ਸਾਰ, ਸਰਗੁਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਤਰਾਈਆ । ਪੁਰਖ ਅਕਾਲ ਕਹੇ ਧਰਨੀ ਹਰਿਜਨ ਸਾਚੇ ਸ਼ਬਦ ਧਾਰ ਉਧਾਰਾਂਗਾ । ਨਿਗਾਹ ਬਿਨ ਨੈਣਾਂ ਅੱਖ ਉਠਾਲਾਂਗਾ । ਦਰਗਾਹ ਸਾਚੀ ਸਚਖੰਡ ਦਵਾਰ ਬਹਾਲਾਂਗਾ । ਬਿਨ ਤਤ ਵਜੂਦਾਂ ਆਤਮ ਧਾਰ ਸੰਭਾਲਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਖਾਲਾਂਗਾ । ਧਰਨੀ ਕਹੇ ਕਿਰਪਾ ਕਰੀਂ ਮੇਰੇ ਭਗਵੰਤ, ਦਰ ਠਾਂਡੇ ਮੰਗ ਮੰਗਾਈਆ । ਤੇਰੀ ਮਹਿੰਮਾ ਸਦਾ ਬੇਅੰਤ, ਜੁਗ ਜੁਗ ਤੇਰੀ ਬੇਪਰਵਾਹੀਆ । ਤੂੰ ਆਤਮ ਪਰਮਾਤਮ ਧਾਰੀ ਕੰਤ, ਕੰਤੂਹਲ ਇਕ ਅਖਵਾਈਆ । ਤੇਰਾ ਨਾਮ ਨਿਧਾਨਾ ਮੰਤ, ਜੁਗ ਜੁਗ ਕਰੇ ਪੜ੍ਹਾਈਆ । ਤੂੰ ਬੋਧ ਅਗਾਧਾ ਪੰਡਤ, ਬਿਨ ਅੱਖਰਾਂ ਅੱਖਰ ਸੁਣਾਈਆ । ਕਲਜੁਗ ਅੰਤ ਜਨ ਭਗਤਾਂ ਅੰਦਰੋਂ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਸਾਚਾ ਮੇਲ ਮਿਲਾ ਦੇ ਸੰਗਤ, ਹਰਿ ਸੰਗਤ ਵਿਚ ਸਮਾਈਆ । ਨਾਮ ਵਿਹੂਣਾ ਕੋਈ ਰਹੇ ਨਾ ਭੁੱਖਾ ਨੰਗਤ, ਵਸਤ ਅਮੁਲ ਦੇਣੀ ਵਰਤਾਈਆ । ਸਭ ਦੇ ਅੰਦਰੋਂ ਮੇਟਣੀ ਚਿੰਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਦੇ ਆਪਣੀ ਭਗਤੀ, ਭਗਵਨ ਆਪਣੀ ਦਇਆ ਕਮਾਈਆ । ਨਿਰਗੁਣ ਧਾਰ ਦੇ ਦੇ ਸ਼ਕਤੀ, ਸ਼ਖ਼ਸੀਅਤ ਅੰਦਰੋਂ ਦੇ ਬਦਲਾਈਆ । ਤੂੰ ਸਭ ਦਾ ਨਿਧ ਪ੍ਰਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਮੈਂ ਰੋ ਪੁਕਾਰਾਂ ਧਰਤੀ, ਧਵਲ ਕੂਕ ਕੂਕ ਸੁਣਾਈਆ । ਕਿਰਪਾ ਕਰ ਦੇ ਮਾਲਕ ਅਰਸ਼ੀ, ਫ਼ਰਸ਼ ਉਤੇ ਵੇਖਣਾ ਚਾਈਂ ਚਾਈਆ । ਜਨ ਭਗਤਾਂ ਇਕੋ ਇਕ ਸੁਹਾ ਦੇ ਬਰਸੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਜਨਮ ਕਰਮ ਦੀ ਮੇਟ ਦੇ ਹਰਸੀ, ਹਵਸ ਅਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਵੇਖ ਲੈ ਆਪਣੇ ਭਗਤ, ਭਗਵਨ ਧਿਆਨ ਲਗਾਈਆ । ਵੇਖ ਲੈ ਆਪਣਾ ਜਗਤ, ਦੀਨ ਦੁਨੀ ਖੋਜ ਖੁਜਾਈਆ । ਤੱਕ ਲੈ ਆਪਣਾ ਵਕਤ, ਜੋ ਅਵਤਾਰ ਪੈਗ਼ੰਬਰ ਗੁਰ ਗਏ ਸੁਣਾਈਆ । ਸਾਚੀ ਰਹੀ ਕਿਸੇ ਨਾ ਸ਼ਕਤ, ਚਾਰ ਕੁੰਟ ਹੋਇਆ ਹਲਕਾਈਆ । ਝਗੜਾ ਤੱਕ ਲੈ ਬੂੰਦ ਰਕਤ, ਨਾੜੀ ਨਾੜੀ ਦਏ ਦੁਹਾਈਆ । ਮੇਰੇ ਸਵਾਮੀ ਆ ਜਾ ਪਰਤ, ਪਤਿਪਰਮੇਸ਼ਵਰ ਦਇਆ ਕਮਾਈਆ । ਮੇਰੀ ਪੂਰਬਲੀ ਮੇਟ ਹਰਸ, ਹਵਸ ਦੇਣੀ ਗਵਾਈਆ । ਜਨ ਭਗਤਾਂ ਉਤੇ ਕਰ ਕੇ ਤਰਸ, ਰਹਿਮਤ ਆਪਣੀ ਦੇਣੀ ਵਰਤਾਈਆ । ਮੇਘ ਅਗੰਮਾ ਇਕੋ ਬਰਸ, ਅੰਮਿਉਂ ਰਸ ਦੇਣਾ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਮਨਜ਼ੂਰ ਕਰ ਅਰਜ਼, ਬੇਨੰਤੀ ਤੇਰੇ ਚਰਨ ਕਵਲ ਟਿਕਾਈਆ ।

**✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਬੰਗਲਾ ਦੇਸ਼ ਟੂਰ ਤੋਂ ਵਾਪਸ ਪੁੱਜਣ ਦੇ ਸਮੇਂ ✪**

ਅਠਾਰਾਂ ਚੇਤ ਕਹੇ ਜਨ ਭਗਤੋ ਲਓ ਪ੍ਰਸ਼ਾਦਿ, ਬਿਨਾ ਪ੍ਰਸ਼ਾਦਿਆਂ ਦਏ ਛਕਾਈਆ । ਜਿਸ ਵਿਚ ਭਰਿਆ ਅਗੰਮ ਸਵਾਦ, ਰਸਨਾ ਚਖ

੧੭੩੭
੨੩

ਨਾ ਸਕੇ ਰਾਈਆ । ਅੰਦਰੋਂ ਕੱਢ ਦਏ ਕੂੜ ਵਿਵਾਦ, ਅੰਮ੍ਰਿਤ ਰਸ ਦਏ ਭਰਾਈਆ । ਜਿਸ ਨਾਲ ਤੁਹਾਨੂੰ ਵਿਸਰੇ ਕਦੇ ਨਾ ਯਾਦ, ਵਿਛੋੜੇ ਵਿਚ ਕਦੇ ਨਾ ਆਈਆ । ਤੁਹਾਡੇ ਕਾਇਆ ਮੰਦਰ ਅੰਦਰ ਹੋਣਾ ਆਬਾਦ, ਆਪਣਾ ਆਸਣ ਲਾਈਆ । ਸੰਮਤ ਸ਼ਹਿਨਸ਼ਾਹੀ ਦਸ ਦੇ ਤੁਸੀਂ ਸੰਤ ਸੁਹੇਲੇ ਸਾਧ, ਜਨ ਭਗਤ ਸੋਭਾ ਪਾਈਆ । ਦਰ ਆਇਆਂ ਨੂੰ ਚਰਨ ਪ੍ਰੀਤੀ ਦੇਵੇ ਦਾਦ, ਵਸਤ ਅਗੰਮ ਵਰਤਾਈਆ । ਜਿਸ ਦਾ ਹਿੱਸਾ ਨਹੀਂ ਕੋਈ ਬਾਬ, ਵੰਡਣ ਵੰਡ ਨਾ ਕੋਇ ਵੰਡਾਈਆ । ਤੁਹਾਡੇ ਅੰਤਰ ਨਿਰੰਤਰ ਵੱਜਦਾ ਰਹੇ ਨਾਦ, ਨਾਮ ਧੁਨ ਸ਼ਨਵਾਈਆ । ਮਿਲਦਾ ਰਹੇ ਮਿਤਰ ਅਹਿਬਾਰ, ਹਰਿ ਕਰਤਾ ਧੁਰਦਰਗਾਹੀਆ । ਦਰ ਆਇਆਂ ਪ੍ਰੇਮ ਪਿਆਰ ਵਿਚ ਦੇਵੇ ਸ਼ਬਦ ਵਾਲਾ ਪ੍ਰਸ਼ਾਦਿ, ਅਦਬ ਨਾਲ ਸਭ ਨੂੰ ਆਪਣੇ ਗਲੇ ਲਗਾਈਆ । ਤੁਹਾਡਾ ਖ਼ੁਸ਼ੀਆਂ ਵਾਲਾ ਵੇਖ ਮਿਜਾਜ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੁਹਾਡੇ ਸੀਸ ਧਰਮ ਦਾ ਤਾਜ, ਤਾਜਾਂ ਵਾਲਾ ਦਏ ਟਿਕਾਈਆ । ਜਿਸ ਨੂੰ ਕਹਿੰਦੇ ਗੁਰੂ ਮਹਾਰਾਜ, ਸ਼ਹਿਨਸ਼ਾਹ ਇਕ ਅਖਵਾਈਆ । ਜੋ ਤੁਹਾਡੀ ਰੱਖੇ ਲਾਜ, ਦੋ ਜਹਾਨਾਂ ਹੋਏ ਸਹਾਈਆ । ਜਿਹੜੀ ਮਰਦਾਨੇ ਵਾਲੀ ਰਬਾਬ, ਤੁਹਾਡੇ ਅੰਦਰ ਦਏ ਵਜਾਈਆ । ਇਹ ਨਾਨਕ ਦਾ ਅਹਿਲਾਦ, ਜੋ ਢਾਕੇ ਗਿਆ ਸਮਝਾਈਆ । ਹੁਣ ਫਿਰ ਕੇ ਆ ਗਿਆ ਸਤਿਗੁਰ ਸ਼ਬਦ ਵਿਚ ਪੰਜਾਬ, ਪੰਜਾਂ ਦਾ ਨਾਤਾ ਲਏ ਮਿਲਾਈਆ । ਘਰ ਮੰਦਰ ਬਖ਼ਸ਼ ਕੇ ਆਪਣਾ ਆਬ, ਆਬੇ ਹਯਾਤ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਮੇਲਾ ਮੇਲਣਹਾਰ ਆਪ ਕਰਾਈਆ ।



✪ ੧੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਤਿਗੁਰ ਸ਼ਬਦ ਕਹੇ ਮੈਂ ਬੜੇ ਲਗਾਏ ਦੁੜੰਗੇ, ਮੇਰੀ ਚਾਲ ਨਜ਼ਰ ਕਿਸੇ ਨਾ ਆਈਆ । ਮੈਂ ਦੀਪਾਂ ਖੰਡਾਂ ਪਾਏ ਅੜੰਗੇ, ਆਪ ਆਪਣੀ ਕਲ ਪ੍ਰਗਟਾਈਆ । ਸਭ ਦੇ ਪੂਰਬ ਲੇਖੇ ਵੇਖੇ ਟੰਗੇ, ਜੋ ਨਿਰਗੁਣ ਸਰਗੁਣ ਧਾਰ ਦਿਤੇ ਫੜਾਈਆ । ਨਵ ਨਵ ਚਾਰ ਦੇ ਤੱਕੇ ਦੰਗੇ, ਝਗੜਿਆਂ ਖੋਜ ਖੁਜਾਈਆ । ਮੈਂ ਸਮੁੰਦ ਸਾਗਰ ਲੰਘੇ, ਪਰਬਤਾਂ ਪੰਧ ਮੁਕਾਈਆ । ਮੈਂ ਪੈਂਡੇ ਕੀਤੇ ਲੰਬੇ, ਬਿਨਾ ਕਦਮ ਕਦਮ ਉਠਾਈਆ । ਮੈਂ ਜਗਤ ਜਗਿਆਸੂ ਵੇਖੇ ਭੁੱਖੇ ਨੰਗੇ, ਓਢਣ ਤਨ ਨਾ ਕੋਇ ਰਖਾਈਆ । ਮੈਂ ਰੋਂਦੀ ਤੱਕੀ ਗੋਦਾਵਰੀ ਗੰਗੇ, ਜਮਨਾ ਸੁਰਸਤੀ ਧਿਆਨ ਲਗਾਈਆ । ਮੈਂ ਦੁਹਾਈ ਦੇਂਦਾ ਤੱਕਿਆ ਕਲਜੁਗ ਆਪਣੇ ਕੰਢੇ, ਕੰਢੀ ਘਾਟ ਡੇਰਾ ਲਾਈਆ । ਨਾਲੇ ਹੱਸ ਕੇ ਕਹੇ ਸਤਿਗੁਰ ਮੇਰੇ ਵੇਖ ਪਾਖੰਡੇ, ਜੋ ਤੇਰੇ ਹੁਕਮ ਨਾਲ ਵਰਤਾਈਆ । ਨਾਲੇ ਨਿਗਾਹ ਮਾਰ ਵਿਚ ਵਰਭੰਡੇ, ਨਵ ਸੱਤ ਨੈਣ ਉਠਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਡੰਡੇ, ਪਾਂਧੀ ਪੰਧ ਨਾ ਕੋਇ ਮੁਕਾਈਆ । ਟੁੱਟੀ ਯਾਰੀ ਕੋਈ ਨਾ ਗੰਢੇ, ਸਗਲਾ ਸੰਗ ਨਾ ਕੋਇ ਨਿਭਾਈਆ । ਸੀਨਾ ਦਿਸੇ ਕਿਸੇ ਨਾ ਠੰਡੇ, ਅਗਨੀ ਤਤ ਨਾ ਕੋਇ ਬੁਝਾਈਆ । ਜਿਧਰ ਤੱਕਿਆ ਚਮਕੇ ਚੰਡ ਪ੍ਰਚੰਡੇ, ਮੋਹਣੀ ਰੂਪ ਵਖਾਈਆ । ਹਉਮੇ ਹੰਗਤਾ ਹੋਈ ਕੰਧੇ, ਹੰਕਾਰ ਵਿਕਾਰ ਲਏ ਅੰਗੜਾਈਆ । ਮੈਂ ਜਗਤ ਜਹਾਨ ਵੇਖਿਆ ਵਿਚ ਧੰਦੇ, ਧੂੰਏ ਧਾਰ ਵਿਚ ਲੋਕਾਈਆ । ਸਾਡਾ ਸੁਣੇ ਕੋਈ ਨਾ ਛੰਦੇ, ਨਾਮ ਰਬਾਬ ਨਾ ਕੋਇ ਵਜਾਈਆ । ਮੈਂ

ਨਾਰਦ ਪੁੱਛਿਆ ਕੋਲੋਂ ਪੰਡੇ, ਪੰਡਤਾ ਦੇ ਦ੍ਰਿੜਾਈਆ । ਨਾਰਦ ਕਹੇ ਪ੍ਰਭੂ ਜੇ ਮੇਰੀ ਮੰਨੇਂ ਜਗਤ ਜਹਾਨ ਵਾਲੇ ਸਾਰੇ ਕਰ ਦੇ ਰੰਡੇ, ਕੰਤ ਸੁਹਾਗ ਸਕੇ ਨਾ ਕੋਇ ਹੰਢਾਈਆ । ਨੌ ਖੰਡ ਪ੍ਰਿਥਮੀ ਜਗਤ ਨਿਸ਼ਾਨੇ ਰਹਿ ਜਾਣ ਪਿਪਲ ਲੰਡੇ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਵੇਖੀਂ ਕਿਤੇ ਤੂੰ ਵੀ ਹੱਥ ਫੜੀਂ ਨਾ ਗੋਬਿੰਦ ਵਾਲੇ ਖੰਡੇ, ਸ਼ਬਦੀ ਧਾਰ ਕਰੀਂ ਸ਼ਨਵਾਈਆ । ਤੈਨੂੰ ਝੁਕਦੇ ਸੂਰੀਆ ਚੰਦੇ, ਚੰਦ ਸਿਤਾਰ ਸੀਸ ਨਿਵਾਈਆ । ਮੈਂ ਕੀ ਵੇਖਿਆ ਭਰਮੇ ਭੁੱਲੇ ਖ਼ਾਕੀ ਬੰਦੇ, ਬੰਦਗੀ ਵਿਚ ਨਾ ਕੋਇ ਸਮਾਈਆ । ਗੁਰ ਅਵਤਾਰ ਪੈਗ਼ੰਬਰ ਲੇਖਾ ਗਣਤੀ ਗਣੀ ਜਨ ਭਗਤਾਂ ਸੰਗ ਹੋਏ ਬਵੰਜੇ, ਬਾਵਨ ਧਾਰ ਦਏ ਗਵਾਹੀਆ । ਸਚ ਸਿੰਘਾਸਣ ਸੋਏ ਕੋਈ ਨਾ ਮੰਜੇ, ਸਤਿ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜੀ ਕਿਰਿਆ ਹਾਥ ਨਾ ਆਵੇ ਵੰਝੇ, ਵੰਝ ਮੁਹਾਣਾ ਕੰਮ ਕੋਇ ਨਾ ਆਈਆ । ਸਤਿਗੁਰ ਸ਼ਬਦ ਕਹੇ ਮੈਂ ਸੁਣ ਸੁਣ ਖ਼ੁਸ਼ ਹੋਇਆ ਰਾਏ ਧਰਮ ਸਭ ਨੂੰ ਕਹੇ ਉਠੋ ਕਾਲ ਦੀ ਚੜ੍ਹੋ ਸਾਰੇ ਜੰਵੇ, ਲਾੜਾ ਮਹਾਕਾਲ ਨਾਲ ਮਿਲਾਈਆ । ਨਾਲੇ ਪਰਖੋ ਜਗਤ ਜਹਾਨ ਵਾਲੇ ਚੰਮੇ, ਚੰਮ ਦ੍ਰਿਸ਼ਟੀ ਧਿਆਨ ਲਗਾਈਆ । ਨਜ਼ਾਰੇ ਵੇਖੋ ਅਗੇ ਬਦਲੇ ਨਹੀਂ ਕਦੇ ਇਹੋ ਜਿਹੇ ਸਮੇਂ, ਜੋ ਹਾਲਤ ਸਮਾਂ ਕਲਜੁਗ ਦਏ ਵਖਾਈਆ । ਨਿਗਾਹ ਮਾਰੋ ਵਜੂਦ ਤਨੇ, ਸ਼ਰੀਰਾਂ ਫੋਲ ਫੁਲਾਈਆ । ਕਵਣ ਧਾਰ ਫ਼ਰਮਾਨਾ ਮੰਨੇ, ਮਨਸਾ ਨਾਲ ਮਿਲਾਈਆ । ਲੇਖਾ ਤੱਕੋ ਗੋਬਿੰਦ ਵਾਲੇ ਕੰਨੇ, ਕੰਨਾਂ ਤੋਂ ਬਾਹਰ ਸੁਣੋ ਸ਼ਬਦ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਫਿਰਿਆ ਨਾਲ ਜ਼ੋਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਮੰਤਰ ਸਮਝੇ ਕੋਈ ਨਾ ਫੋਰ, ਫੁਰਨੇ ਵਿਚ ਭੇਵ ਕੋਇ ਨਾ ਪਾਈਆ । ਮੈਂ ਨਵਾਂ ਖੰਡਾਂ ਵਿਚ ਰੂਪ ਬਦਲਿਆ ਹੋਰ ਦਾ ਹੋਰ, ਸੱਤਾਂ ਦੀਪਾਂ ਵੇਖ ਵਖਾਈਆ । ਦੀਨਾਂ ਮਜ਼੍ਹਬਾਂ ਅੰਦਰ ਵੜਿਆ ਬਣ ਕੇ ਚੋਰ, ਚੋਰੀ ਚੋਰੀ ਆਪਣੀ ਕਾਰ ਕਮਾਈਆ । ਨਾਲੇ ਕੀਆ ਅੰਧੇਰਾ ਘੋਰ, ਘੋਰੀ ਹੋ ਕੇ ਵੇਖ ਵਖਾਈਆ । ਨਵ ਸੱਤ ਦਾ ਤੱਕਿਆ ਸ਼ੋਰ, ਬਹੁੜੀ ਬਹੁੜੀ ਕਰੇ ਖ਼ਲਕ ਖ਼ੁਦਾਈਆ । ਮੈਂ ਨਿਗਾਹ ਮਾਰੀ ਨਾਲ ਗੌਰ, ਗੌਰਵ ਨਾਲ ਸੁਣਾਈਆ । ਦੀਨ ਦੁਨੀ ਦੀ ਆਤਮ ਧਾਰ ਪਰਮਾਤਮ ਨਾਲੋਂ ਟੁਟੀ ਡੋਰ, ਡੋਰੀ ਬੰਧ ਨਾ ਕੋਇ ਬੰਧਾਈਆ । ਭਾਗ ਹੋਵੇ ਨਾ ਕਿਸੇ ਮਥੋਰ, ਜਗਤ ਮਿਲੇ ਨਾ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਲੇਖਾ ਦੱਸਾਂ ਹਾਂਗਕਾਂਗੂ, ਬਿਨ ਨੈਣਾਂ ਨੈਣ ਉਠਾਈਆ । ਮੇਰਾ ਵੇਸ ਅਵੱਲੜਾ ਸਵਾਂਗੂ, ਸਮਝ ਕਿਸੇ ਨਾ ਆਈਆ । ਜਿਸ ਦੀ ਸਾਰੇ ਕਰਦੇ ਤਾਂਘੂ, ਬੈਠੇ ਧਿਆਨ ਲਗਾਈਆ । ਸਤਿਗੁਰ ਸ਼ਬਦ ਕਹੇ ਮੈਂ ਦੀਨ ਦੁਨੀ ਤੋਂ ਇਕੋ ਵਸਤ ਮਾਂਗੂ, ਪ੍ਰੇਮ ਨਾਲ ਮੰਗ ਮੰਗਾਈਆ । ਸਚ ਦੱਸੋ ਤੁਹਾਨੂੰ ਪ੍ਰੇਮ ਡੋਰੀ ਨਾਲ ਕਵਣ ਬਾਂਧੂ, ਬੰਧਨ ਆਪਣਾ ਨਾਮ ਵਖਾਈਆ । ਕਿਹੜਾ ਢੋਲਾ ਦੱਸੇ ਛਾਂਦੂ, ਕਵਣ ਰਾਗ ਵਡਿਆਈਆ । ਕਵਣ ਦੋ ਜਹਾਨਾਂ ਬਣੇ ਸਾਂਝੂ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਨਾਲ ਮਿਤ੍ਰ ਅਹਿਬਾਬੀ, ਨੂਰ ਨੁਰਾਨੇ ਨਾਲ ਵਡਿਆਈਆ । ਮੇਰਾ ਨਾਤਾ ਨਹੀਂ ਇਸ਼ਕ ਹਕੀਕੀ ਤੇ ਮਜਾਜ਼ੀ, ਦੋਹਾਂ ਤੋਂ ਬਾਹਰ ਆਪਣਾ ਖੇਲ ਖਿਲਾਈਆ । ਮੇਰੀ ਧਾਰ ਨਹੀਂ ਰਬਾਬੀ, ਸਿਤਾਰਾਂ ਨਾਲ ਸ਼ਨਵਾਈਆ । ਮੈਂ ਕੋਈ ਸ਼ੇਖ਼ ਮੁਸਾਇਕ ਮੁੱਲਾ ਨਹੀਂ ਕਾਜੀ, ਪੰਡਤ ਪਾਂਧਾ ਨਾ ਰੂਪ ਬਦਲਾਈਆ ।

ਮੇਰਾ ਲੇਖਾ ਜਗਤ ਨਹੀਂ ਜਗਤ ਧਾਰ ਸਮਾਧੀ, ਬਿਨ ਨੇਤਰਾਂ ਨੇਤਰ ਲਵਾਂ ਉਠਾਈਆ । ਮੈਂ ਸਚ ਦੱਸਾਂ ਨੌਂ ਖੰਡ ਪ੍ਰਿਥਮੀ ਫਿਰਿਆ ਮੈਨੂੰ ਸਾਰਿਆਂ ਆਖਿਆ ਇਹ ਜੋਤੀ ਜਾਤਾ ਪੁਰਖ ਬਿਧਾਤਾ ਤਤਾਂ ਵਾਲਾ ਰੂਪ ਬਣ ਗਿਆ ਪੰਜਾਬੀ, ਤਤਾਂ ਦੇ ਲੇਖੇ ਦਏ ਮੁਕਾਈਆ । ਜਿਸ ਦਾ ਹੋਰ ਕੋਈ ਨਹੀਂ ਇਮਦਾਦੀ, ਇਕੋ ਇਕ ਨੂਰ ਅਲਾਹੀਆ । ਜਿਸ ਖੇਲ ਖਿਲਾਉਣੀ ਦੋ ਦੋ ਆਬੀ, ਦੋਹਰੀ ਆਪਣੀ ਕਲ ਪ੍ਰਗਟਾਈਆ । ਦੀਨ ਦੁਨੀ ਦੀ ਬਦਲ ਕੇ ਬਾਜ਼ੀ, ਬਾਜਾਂ ਵਾਲੇ ਦਾ ਲਹਿਣਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਮਸਤ ਦੀਵਾਨਾ, ਦੀਵਾਨਿਉਂ ਦਿਆਂ ਜਣਾਈਆ । ਸੁਣੋ ਧੁਰ ਫ਼ਰਮਾਨਾ, ਫੁਰਨਿਆਂ ਤੋਂ ਬਾਹਰ ਸੁਣਾਈਆ । ਕੀ ਕਰੇ ਖੇਲ ਸ੍ਰੀ ਭਗਵਾਨਾ, ਹਰਿ ਕਰਤਾ ਆਪਣੀ ਕਾਰ ਕਮਾਈਆ । ਜਿਸ ਦਾ ਖੇਲ ਦੋ ਜਹਾਨਾ, ਜੁਗ ਚੌਕੜੀ ਵੇਖ ਵਖਾਈਆ । ਜੋਤੀ ਧਾਰ ਪਹਿਰ ਕੇ ਬਾਣਾ, ਵੇਸ ਅਵੱਲੜਾ ਆਇਆ ਬਦਲਾਈਆ । ਜਿਸ ਨੂੰ ਪੈਗ਼ੰਬਰ ਕਰਨ ਸਲਾਮਾ, ਬਿਨ ਸਜਦਿਆਂ ਸੀਸ ਝੁਕਾਈਆ । ਧੂੜੀ ਖ਼ਾਕ ਰਮਾਵਣ ਕ੍ਰਿਸ਼ਨਾ ਰਾਮਾ, ਨਿਵ ਨਿਵ ਲਾਗਣ ਪਾਈਂਆ । ਗੁਰੂ ਗੁਰਦੇਵ ਕਹਿਣ ਤੂੰ ਸ਼ਹਿਨਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਆਦਿ ਜੁਗਾਦੀ ਨੌਜਵਾਨਾ, ਜੋਬਨਵੰਤਾ ਧੁਰ ਦਾ ਮਾਹੀਆ । ਜਿਸ ਨੇ ਦੀਨ ਦੁਨੀ ਦਾ ਵੇਖਿਆ ਖੇਲ ਵਿਚ ਜਹਾਨਾ, ਜ਼ਿਮੀਂ ਜ਼ਮਾਂ ਫੋਲ ਫੁਲਾਈਆ । ਪ੍ਰਕਾਸ਼ ਕਰ ਕੇ ਉਤੇ ਅਸਮਾਨਾ, ਇਸਮ ਆਜ਼ਮ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਲੇਖਾ ਪੂਰ ਕਰਾਈਆ । ਸਤਿਗੁਰ ਸ਼ਬਦ ਕਹੇ ਪੰਜਾਬੀਓ ਮੇਰਾ ਪਿਆਰ ਆਇਆ ਤੁਹਾਡੇ ਵਿਚ ਪੰਜੇ, ਪੰਜਾਂ ਦੇਣੀ ਮਾਣ ਵਡਿਆਈਆ । ਜੋ ਇਸ਼ਾਰਾ ਕੀਤਾ ਸ਼ਬਦੀ ਧਾਰ ਕ੍ਰਿਸ਼ਨ ਸੰਜੇ, ਸਹਿਜ ਨਾਲ ਦ੍ਰਿੜਾਈਆ । ਜੋ ਗੋਬਿੰਦ ਦੱਸਿਆ ਕਵੀ ਬਵੰਜੇ, ਕਟਾਕਸ਼ ਇਕੋ ਨਾਮ ਲਗਾਈਆ । ਜੋ ਮੁਹੰਮਦ ਇਸ਼ਾਰਾ ਕੀਤਾ ਜਿਸ ਵੇਲੇ ਮੇਰੀ ਸਦੀ ਚੌਧਵੀਂ ਲੰਘੇ, ਆਪਣਾ ਪੰਧ ਮੁਕਾਈਆ । ਈਸਾ ਇਕੋ ਆਸ਼ਾ ਵਿਚ ਮੰਗ ਮੰਗੇ, ਖ਼ਾਲੀ ਝੋਲੀ ਅਗੇ ਡਾਹੀਆ । ਵੇਦ ਵਿਆਸ ਆਸ ਰੱਖੀ ਉਸ ਦੀ ਨਾ ਕੋਈ ਸਵੇਰ ਨਾ ਕੋਈ ਸੰਝੇ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਵਿਚ ਕੋਟਨ ਜੁਗ ਚੌਕੜੀ ਲੰਘੇ, ਬਣ ਬਣ ਪਾਂਧੀ ਆਪਣਾ ਪੰਧ ਮੁਕਾਈਆ । ਉਹ ਖੇਲ ਕਰੇ ਸੂਰਾ ਸਰਬੰਗੇ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਹੁਕਮ ਨਾਲ ਜੁਗ ਚੌਕੜੀ ਹੁੰਦੇ ਰਹੇ ਜੰਗੇ, ਕਲਜੁਗ ਅੰਤਮ ਖੇਲ ਖਿਲਾਈਆ । ਦੀਨਾਂ ਮਜ਼੍ਹਬਾਂ ਦੇ ਲਹੂ ਧਾਰ ਚੋਲੇ ਜਾਵਣ ਰੰਗੇ, ਸੋਹਣਾ ਰੰਗ ਰੰਗਾਈਆ । ਸੂਰ ਗਾਂ ਢੋਰ ਕਿੱਲੀਆਂ ਉਤੇ ਰਹਿ ਜਾਣ ਟੰਗੇ, ਬਾਹੋਂ ਫੜ ਨਾ ਕੋਇ ਉਠਾਈਆ । ਪਤਾ ਨਹੀਂ ਕਿਹੜੇ ਵੇਲੇ ਦੁਨੀਆਦਾਰ ਜਾਣੇ ਵੰਡੇ, ਵੰਡ ਆਪਣੇ ਹੱਥ ਰਖਾਈਆ । ਤੂੰ ਵੀ ਸੁਣ ਲੈ ਨਾਰਦ ਪੰਡੇ, ਪੰਡਤਾ ਦਿਆਂ ਜਣਾਈਆ । ਕੀ ਹਾਲ ਹੋਣਾ ਨਵਖੰਡੇ, ਖੰਡੇ ਖੜਗਾਂ ਨਾਲ ਖੜਕਾਈਆ । ਨਾਰਦ ਕਹੇ ਪ੍ਰਭੂ ਧੰਨਭਾਗ ਜੇ ਤੂੰ ਆਪਣਾ ਹੁਕਮ ਵੰਡੇਂ, ਘਰ ਘਰ ਝੋਲੀ ਪਾਈਆ । ਮੈਂ ਚਾਹੁੰਦਾ ਮੇਰੇ ਵਾਂਗ ਦੀਨ ਦੁਨੀਆ ਦੇ ਮਾਨਸ ਮਾਨੁਖ ਮਾਨਵ ਸਾਰੇ ਦੋਹਰੀ ਧਾਰ ਕਰ ਦੇ ਰੰਡੇ, ਜੋੜੀ ਜੋੜੀ ਨਜ਼ਰ ਕੋਇ ਨਾ ਆਈਆ । ਫੇਰ ਮੈਂ ਸਾਹ ਲਵਾਂਗਾ ਠੰਡੇ, ਖ਼ੁਸ਼ੀਆਂ ਵਿਚ ਤੇਰੇ ਢੋਲੇ ਗਾਈਆ । ਪ੍ਰਭੂ ਤੇਰੇ ਭਾਣੇ ਮੈਨੂੰ ਜੁਗ ਜੁਗ ਲਗਦੇ ਚੰਗੇ, ਭਾਵੇਂ ਅਵਤਾਰਾਂ ਬਨਵਾਸਾਂ ਵਿਚ ਭਵਾਈਆ । ਮੈਂ ਕਦੇ ਨਹੀਂ ਕਹਿਣਾ ਦੀਨ ਦੁਨੀ ਦੇ ਹਾਲ ਹੋਏ ਮੰਦੇ, ਮੈਂ ਆਖਾਂ ਮੇਰਾ ਸਾਹਿਬ ਸਦ ਚਲੇ ਆਪਣੀ ਸਚ ਰਜਾਈਆ । ਜੇ ਸਚ ਪੁਛੇ ਮੈਨੂੰ ਕਲਜੁਗ ਜੀਵ ਚੰਗੇ ਨਹੀਂ

ਲਗਦੇ ਬੰਦੇ, ਜਿਹੜੇ ਤੇਰੀ ਬੰਦਗੀ ਗਏ ਭੁਲਾਈਆ । ਮੇਰਾ ਦਿਲ ਕਰਦਾ ਸਭ ਨੂੰ ਬੰਨ੍ਹ ਕੇ ਇਕ ਫੰਦੇ, ਫਾਂਸੀ ਦੇ ਕੇ ਦਿਆਂ ਮੁਕਾਈਆ । ਜਿਨ੍ਹਾਂ ਸਾਰ ਨਹੀਂ ਪਾਈ ਗੋਬਿੰਦ ਵਾਲੇ ਕੰਘੇ, ਕੰਗਣਾਂ ਰੰਗ ਨਾ ਕੋਇ ਰੰਗਾਈਆ । ਉਹ ਮਾਨਸ ਚੀਰ ਦੇਵਾਂ ਦੋ ਟੰਗੇ, ਦੋ ਧੜ ਕਰਾਂ ਲੋਕਾਈਆ । ਫੇਰ ਵੇਖਾਂ ਤੇਰੇ ਖੇਲ ਵਿਚ ਬ੍ਰਹਿਮੰਡੇ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਨਾਰਦ ਕਹੇ ਸਤਿਗੁਰ ਸ਼ਬਦ ਕੀ ਕਰੇਂ ਹੇਰਾ ਫੇਰੀ, ਸਚ ਦੇ ਸਮਝਾਈਆ । ਕੀ ਲੋਕਮਾਤ ਮਰਜ਼ੀ ਤੇਰੀ, ਪਰਦਾ ਦੇ ਉਠਾਈਆ । ਕਿਤਨੀ ਲਾਵੇਂ ਆਪਣੀ ਦੇਰੀ, ਪੈਂਡਾ ਪੰਧ ਦੇ ਸਮਝਾਈਆ । ਐਵੇਂ ਲਾਰਿਆਂ ਵਾਲੀ ਦੇਵੀਂ ਨਾ ਹੱਲਾਸ਼ੇਰੀ, ਸ਼ੇਰ ਹੋ ਕੇ ਆਪਣਾ ਆਪ ਛੁਪਾਈਆ । ਮੈਂ ਚਾਹੁੰਦਾ ਸਾਰੀ ਦੁਨੀਆ ਇਕੋ ਵਾਰ ਲੈ ਘੇਰੀ, ਘੇਰਾ ਨਾਮ ਵਾਲਾ ਪਾਈਆ । ਕਲਜੁਗ ਕੂੜੀ ਕਿਰਿਆ ਵੇਖ ਲਈ ਬਥੇਰੀ, ਚਾਰੋਂ ਕੁੰਟ ਖੋਜ ਖੁਜਾਈਆ । ਸਚ ਦੀ ਚੜ੍ਹੇ ਕੋਈ ਨਾ ਤੇਰੀ ਬੇੜੀ, ਬੇੜਾ ਡੋਬ ਦੇ ਥਾਉਂ ਥਾਈਆ । ਸਭ ਦੀ ਜੜ੍ਹ ਦੇ ਉਖੇੜੀ, ਲੋਕਮਾਤ ਰਹਿਣ ਨਾ ਪਾਈਆ । ਅੰਤਮ ਕਰਦੇ ਹਕ ਨਬੇੜੀਂ, ਸਤਿ ਸਚ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਰੱਖੀ ਜਿਹੜੀ, ਸਭ ਦੀ ਪੂਰ ਦੇ ਕਰਾਈਆ । ਅੰਤ ਹਕੀਕਤ ਵਾਲਾ ਫੈਸਲਾ ਹਕ ਨਬੇੜੀਂ, ਭੇਵ ਰਹੇ ਨਾ ਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਇਕ ਵਾਰ ਭੇੜੀਂ, ਟੱਕਰ ਅਮੀਰ ਗ਼ਰੀਬ ਲਗਾਈਆ । ਅਗਲੀ ਖੇਲ ਦੱਸਾਂ ਮੈਂ ਕਿਹੜੀ, ਜਿਹੜੀ ਸਾਹਿਬ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ



ਜਲਦੀ ਜਲਦੀ, ਜਲਧਾਰਾ ਤੋਂ ਬਾਹਰ ਧਿਆਨ ਲਗਾਈਆ । ਮੇਰੇ ਹੁਕਮ ਦੀ ਅਗ ਬਲਦੀ, ਕਲਜੁਗ ਘਰ ਘਰ ਅਗਨੀ ਰਿਹਾ ਲਗਾਈਆ । ਮੈਂ ਖੇਲ ਤੱਕੀ ਪੰਚ ਵਿਕਾਰੇ ਦਲ ਦੀ, ਤ੍ਰੈਗੁਣ ਮਾਇਆ ਨਾਲ ਰਲਾਈਆ । ਮੈਂ ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਭਰੀ ਛਲ ਦੀ, ਕੂੜ ਕਪਟ ਨਾਲ ਹਲਕਾਈਆ । ਮੇਰੇ ਕੋਲ ਆਸਾ ਪੁਰਾਣੀ ਬਲ ਦੀ, ਜੋ ਬਾਵਨ ਨਾਲ ਸੁਣਾਈਆ । ਜਿਸ ਵੇਲੇ ਕਾਲੀ ਰੈਣ ਹੋਣੀ ਕਲ ਦੀ, ਸਾਚਾ ਚੰਦ ਨਾ ਕੋਇ ਚਮਕਾਈਆ । ਵਡਿਆਈ ਰਹਿਣੀ ਨਹੀਂ ਤੀਰਥਾਂ ਵਾਲੇ ਜਲ ਦੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਉਸ ਵੇਲੇ ਸਮਝ ਆਉਣੀ ਨਹੀਂ ਕਿਸੇ ਨੂੰ ਘੜੀ ਪਲ ਦੀ, ਕੀ ਪਰਮ ਪੁਰਖ ਆਪਣੀ ਕਾਰ ਭੁਗਤਾਈਆ । ਸਤਿਗੁਰ ਸ਼ਬਦ ਕਹੇ ਬਿਨ ਭਗਤਾਂ ਆਤਮ ਪਰਮਾਤਮ ਨਾਲ ਕੋਇ ਨਾ ਰਲਦੀ, ਸਚ ਦਵਾਰ ਮਿਲਣ ਕੋਇ ਨਾ ਪਾਈਆ । ਮੰਜ਼ਲ ਮਿਲੇ ਨਾ ਨਿਹਚਲ ਧਾਮ ਅਟੱਲ ਦੀ, ਸਚਖੰਡ ਨਾ ਕੋਇ ਸਮਾਈਆ । ਭਗਤੋ ਤੁਹਾਡੇ ਬਿਨਾ ਆਸ਼ਾ ਕਿਸੇ ਨਾ ਫਲਦੀ, ਫਲ ਫੁੱਲ ਨਾ ਕੋਇ ਮਹਿਕਾਈਆ । ਤੁਸੀਂ ਕੀਮਤ ਜਾਣਨੀ ਪੁਰਖ ਅਕਾਲ ਵਾਲੀ ਇਕ ਗੱਲ ਦੀ, ਜੋ ਆਤਮ ਪਰਮਾਤਮ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਪਰਦੇ ਦੇਵਾਂ ਢਕ, ਸਿਰ ਸਿਰ ਆਪਣਾ ਹੱਥ ਰਖਾਈਆ । ਜਨ ਭਗਤੋ ਤੁਹਾਡਾ ਮਿਲੇ ਹਕ, ਹਕੀਕਤ ਨਾਲ ਝੋਲੀ ਪਾਈਆ । ਕਿਸੇ ਅੰਤਰ ਰਹੇ ਨਾ ਸ਼ੱਕ, ਸ਼ਕੂਕ ਦੇਵਾਂ ਮਿਟਾਈਆ । ਸਤਿਗੁਰ ਧਾਰ ਲਵੇ ਤੱਕ, ਤਕਵਾ ਇਕੋ ਇਕ ਜਣਾਈਆ । ਤੁਹਾਡੇ ਨਾਲ ਰਿਸ਼ਤਾ ਹੋਇਆ ਪੱਕ, ਕੱਚੀ ਗੰਢ ਨਾ ਕੋਇ ਵਖਾਈਆ । ਤੁਸੀਂ ਫਿਰਨਾ ਜਗਤ ਅਣਥੱਕ, ਭੱਜਣਾ ਵਾਹੋ ਦਾਹੀਆ । ਤੁਹਾਡੇ ਵਸੇ ਘਟ ਘਟ, ਬੈਠਾ

ਡੇਰਾ ਲਾਈਆ । ਜੋ ਅਠਾਰਾਂ ਚੇਤ ਆਏ ਵਹੀਰਾਂ ਘੱਤ, ਚਲੇ ਵਾਹੋ ਦਾਹੀਆ । ਤਿਨ੍ਹਾਂ ਦੀ ਲੇਖੇ ਲੱਗੇ ਰੱਤ, ਕਤਰਾ ਕਤਰਾ ਆਪਣੇ ਰੰਗ ਰੰਗਾਈਆ । ਜੋ ਯਾਰੜੇ ਸਥਰ ਗਏ ਲਥ, ਸੇਜ ਸੁਹੰਜਣੀ ਆਪ ਹੰਢਾਈਆ । ਤੁਹਾਡਾ ਮੇਲਾ ਨਾਲ ਪਰਮੇਸ਼ਵਰ ਪਤ, ਦਰ ਘਰ ਸਾਚੇ ਵੱਜੇ ਵਧਾਈਆ । ਤੁਹਾਡੀ ਇਹੋ ਸਤਿਗੁਰ ਧਾਰ ਦੀ ਮਤ, ਮਨ ਮਤ ਦਾ ਡੇਰਾ ਢਾਹੀਆ । ਨਾਮ ਬੀਜਣਾ ਬੀਅ ਆਪਣੇ ਵਤ, ਜਗਤ ਰੁੱਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਸਾਹਿਬ ਸਦਾ ਸਮਰਥ, ਸਿਰ ਆਪਣਾ ਹੱਥ ਰਖਾਈਆ ।

✪ ੧੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਕੁੰਦਨ ਸਿੰਘ ਕੱਲਾ ਨਵਿਤ ✪

ਸਤਿਗੁਰ ਪੂਰਾ ਲਏ ਰੱਖ, ਰੱਖਕ ਹੋ ਕੇ ਦਇਆ ਕਮਾਈਆ । ਹਰਿਜਨ ਹੋਵਣ ਦਏ ਕਦੇ ਨਾ ਵੱਖ, ਵੱਖਰੀ ਵੰਡ ਨਾ ਕੋਇ ਵੰਡਾਈਆ । ਅੰਤਰ ਨਿਰੰਤਰ ਖੋਲ ਕੇ ਅੱਖ, ਮੇਲਾ ਮੇਲੇ ਸਹਿਜ ਸੁਭਾਈਆ । ਦਰਸ਼ਨ ਦਏ ਪ੍ਰਭੂ ਪ੍ਰਤਖ, ਸਾਖਿਆਤ ਨਜ਼ਰੀ ਆਈਆ । ਕਰਨਹਾਰਾ ਕੂੜੇ ਭਾਂਡੇ ਸਖ, ਵਸਤ ਸਚ ਵਿਚ ਟਿਕਾਈਆ । ਮਿਹਰਵਾਨ ਅਲਖਣਾ ਅਲਖ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪ੍ਰਵਾਹੀਆ । ਸਤਿਗੁਰ ਪੂਰਾ ਸਦਾ ਸਦਾ ਸਦ ਮਿਹਰਵਾਨਾ, ਮਿਹਰਵਾਨ ਅਖਵਾਈਆ । ਜਨ ਭਗਤਾਂ ਦੇਵੇ ਜ਼ਿੰਦਗੀ ਦਾਨਾ, ਜੀਵਣ ਆਪਣੇ ਹੱਥ ਰਖਾਈਆ । ਚਰਨ ਕਵਲ ਬਖ਼ਸ਼ ਧਿਆਨਾ, ਧੂੜੀ ਖ਼ਾਕ ਦਏ ਰਮਾਈਆ । ਘਰ ਸੁਹਾ ਕੇ ਇਕ ਇਕ ਸ੍ਰੀ ਭਗਵਾਨਾ, ਦਰ ਠਾਂਡੇ ਰੰਗ ਰੰਗਾਈਆ । ਲੇਖਾ ਜਾਣ ਕੇ ਆਵਣ ਜਾਣਾ, ਚੁਰਾਸੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਪੂਰਾ ਸਦਾ ਸਹਾਈ, ਸਾਹਿਬ ਇਕ ਅਖਵਾਈਆ । ਜਿਸ ਦੇ ਨਾਮ ਦੀ ਵੱਜੇ ਵਧਾਈ, ਵਾਧਾ ਭਗਤਾਂ ਨਾਲ ਰਖਾਈਆ । ਬੰਸ ਸਰਬੰਸ ਮੇਲਾ ਮੇਲੇ ਸਹਿਜ ਸੁਭਾਈ, ਸਿਰ ਆਪਣਾ ਹੱਥ ਟਿਕਾਈਆ । ਜੀਵਣ ਜ਼ਿੰਦਗੀ ਵਿਚ ਹੋਵੇ ਨਾ ਕਦੇ ਜੁਦਾਈ, ਵਿਛੜੇ ਲਏ ਮਿਲਾਈਆ । ਕਿਰਪਾ ਕਰੇ ਹਰਿ ਗੁਸਾਈਂ, ਗਹਿਰ ਗਵਰ ਵਡ ਵਡਿਆਈਆ । ਭਗਤ ਸੁਹੇਲਾ ਸੰਗੀ ਸਭਨੀ ਥਾਈਂ, ਥਾਨ ਥਨੰਤਰ ਵੇਖ ਵਖਾਈਆ । ਪੁਰਖ ਅਕਾਲਾ ਦੀਨ ਦਿਆਲਾ ਸਦਾ ਸਦ ਦਏ ਵਡਿਆਈ, ਹਰਿ ਵੱਡਾ ਆਪ ਅਖਵਾਈਆ । ਭਗਤ ਸੁਹੇਲੇ ਪਾਰ ਲੰਘਾਏ ਫੜ ਕੇ ਬਾਹੀਂ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਜੋ ਲੇਖਾ ਜਾਣੇ ਥਲ ਅਸਗਾਹੀ, ਸਮੁੰਦ ਸਾਗਰਾਂ ਖੋਜ ਖੁਜਾਈਆ । ਜੋ ਭਗਤਨ ਮੀਤਾ ਇਕ ਇਕੱਲਾ ਨੂਰ ਇਲਾਹੀ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲਹਿਣਾ ਦੇਣਾ ਦੇਵੇ ਬੇਪਰਵਾਹੀ, ਬੇਪ੍ਰਵਾਹ ਅਗੰਮ ਅਥਾਹ ਬੇਪ੍ਰਵਾਹੀਆ ।

੧੭੪੨
੨੩

✪ ੨੪ ਚੇਤ ਸ਼ਹਿਨਸ਼ਾਹੀ ਸੰਮਤ ਦਸ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ਕਿਸ਼ਨ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਸੁਣ ਨੀ ਨੀਂਦੇ, ਨੀਂਦਰੇ ਵਾਲੀਏ ਤੈਨੂੰ ਦਿਆਂ ਜਣਾਈਆ । ਜਗਿਆਸੂ ਤੇਰੇ ਪਿਆਰ ਵਿਚ ਬਾਹਰੋਂ ਮਰੇ ਤੇ ਅੰਦਰੋਂ ਜੀਦੇ, ਸੁਫ਼ਨਿਆਂ ਵਿਚ ਭੱਜਣ ਵਾਹੋ ਦਾਹੀਆ । ਸਮੁੰਦ ਸਾਗਰਾਂ ਜਗਤ ਦਰਿਆਵਾਂ ਜਲ ਪੀਂਦੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਗਵਾਹੀਆ । ਖ਼ੁਸ਼ੀਆਂ ਵਿਚ ਬਲ ਬਲ ਥੀਂਦੇ, ਵਾਹਵਾ ਆਪਣੇ ਢੋਲੇ ਗਾਈਆ । ਇਹ ਮਾਰਗ ਪੁਰਾਣੇ ਅਗੰਮੀ ਲੀਹ ਦੇ, ਰਸਤੇ ਜੁਗੋ ਜੁਗ ਵਖਾਈਆ । ਵਸ ਨਹੀਂ ਕੁਛ ਜੀਅ ਦੇ, ਜੀਵ ਜੰਤ ਪ੍ਰਭ ਹੁਕਮ ਵਿਚ ਭਵਾਈਆ । ਤੇਰੇ ਰਿਸ਼ਤੇ ਨਹੀਂ ਕਿਸੇ ਪੁੱਤਰ ਧੀ ਦੇ, ਬੰਸ ਸਰਬੰਸ ਨਾ ਕੋਇ ਵਡਿਆਈਆ । ਲੇਖੇ ਤੱਕ ਲੈ ਇਕੀਹ ਵੀਹ ਦੇ, ਭਾਈ ਗੁਰਦਾਸ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨੀਂਦ ਕਹੇ ਨਾਰਦਾ ਮੈਂ ਬੜੀ ਸੁਚੱਜੀ, ਬਾਹਮਣਾ ਤੈਨੂੰ ਦਿਆਂ ਜਣਾਈਆ । ਮੈਂ ਸਭ ਦੀ ਰੱਖਾਂ ਲੱਜੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਦਿਵਸ ਰੈਣ ਫਿਰਾਂ ਭੱਜੀ, ਬਿਨ ਕਦਮਾ ਕਦਮ ਉਠਾਈਆ । ਮੇਰੀ ਮੁਹੱਬਤ ਜਗਿਆਸੂਆਂ ਨਾਲ ਉਨ੍ਹਾਂ ਨੇਤਰਾਂ ਵਿਚ ਲੱਗੀ, ਜਿਨ੍ਹਾਂ ਨੇਤਰਾਂ ਵਿਚੋਂ ਮਿਲੇ ਧੁਰ ਦਾ ਮਾਹੀਆ । ਮੈਂ ਵੀ ਬੜੀ ਲਾਲਚਨ ਤੇ ਲਬੀ, ਤੈਨੂੰ ਸਚ ਦਿਆਂ ਸੁਣਾਈਆ । ਜਦੋਂ ਮੇਰਾ ਸਾਹਿਬ ਸਵਾਮੀ ਲੋਕਮਾਤ ਆਉਂਦਾ ਕਦੀ ਕਦੀ, ਕੁਦਰਤ ਦਾ ਕਾਦਰ ਧੁਰਦਰਗਾਹੀਆ । ਮੈਂ ਵੀ ਪਾਰ ਕਰਾਂ ਸਮੁੰਦ ਸਾਗਰ ਨਾਲੇ ਨਦੀ, ਪਰਬਤ ਚੋਟੀਆਂ ਪੰਧ ਮੁਕਾਈਆ । ਮੇਰੇ ਅੰਤਰ ਪ੍ਰੀਤ ਹੋਵੇ ਲੱਗੀ, ਲਗ ਮਾਤਰ ਡੇਰਾ ਢਾਹੀਆ । ਜਿਥੇ ਪੁਰਖ ਅਕਾਲ ਦੀ ਜੋਤ ਹੋਵੇ ਜਗੀ, ਜਾਵਾਂ ਚਾਈਂ ਚਾਈਂਆ । ਮੇਰਾ ਲਹਿਣਾ ਦੇਣਾ ਨਾਲ ਸ਼ਾਹ ਰਗੀ, ਰਘੁਪਤ ਦਿਤੀ ਮਾਣ ਵਡਿਆਈਆ । ਮੈਂ ਮਸਤੀ ਵਿਚ ਮਸਤਾਨੀ ਮਧੀ, ਮਧੁਰ ਧੁਨ ਸੁਣਾਂ ਚਾਈਂ ਚਾਈਂਆ । ਮੇਰਾ ਮੇਲ ਹੁੰਦਾ ਸਬੱਬੀ, ਸਾਹਿਬ ਦੇਵੇ ਮਾਣ ਵਡਿਆਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਨਾਰਦ ਕਹੇ ਨੀਂਦੇ ਤੂੰ ਬੜੀ ਉਚੱਕੀ, ਚਾਤਰੇ ਤੈਨੂੰ ਦਿਆਂ ਸੁਣਾਈਆ । ਤੂੰ ਨਿਗਾਹ ਮਾਰ ਕੇ ਤੱਕੀਂ, ਬਿਨ ਨੈਣਾਂ ਨੈਣ ਉਠਾਈਆ । ਆਪਣਾ ਲੇਖਾ ਤੱਕ ਲੈ ਹਕੀ, ਹਕੀਕਤ ਵਿਚੋਂ ਫੋਲ ਫੁਲਾਈਆ । ਤੇਰੇ ਅੰਦਰ ਜਗਤ ਜਗਿਆਸੂ ਹੁੰਦੇ ਸ਼ੱਕੀ, ਸਹਿੰਸਿਆਂ ਵਿਚ ਖ਼ਲਕ ਖ਼ੁਦਾਈਆ । ਕਈਆਂ ਸੁਹਾਗਣਾਂ ਦੇ ਤੂੰ ਲੁੱਟ ਲੈਂਦੀ ਪਤੀ, ਨਾਤਾ ਜਗਤ ਨਾਲੋਂ ਤੁੜਾਈਆ । ਕਈਆਂ ਨੂੰ ਤੂੰ ਰਾਗ ਸੁਣਾ ਕੇ ਛੱਤੀ, ਢੋਲੇ ਨਾਦ ਦ੍ਰਿੜਾਈਆ । ਕਈਆਂ ਦਾ ਖੇਲ ਵਖਾ ਕੇ ਹੱਠੀ, ਹਠ ਦਏਂ ਸਮਝਾਈਆ । ਕਈਆਂ ਨੂੰ ਤੂੰ ਤਪਾ ਕੇ ਵਿਚ ਭੱਠੀ, ਅਗਨੀ ਤਤ ਜਲਾਈਆ । ਤੇਰੀ ਖੇਲ ਅਨੋਖੀ ਸਮਝੇ ਕੋਇ ਨਾ ਰਤੀ, ਰਤੀ ਸਮਝ ਕਿਸੇ ਨਾ ਆਈਆ । ਤੂੰ ਮਸਤੀ ਦੇ ਵਿਚ ਮੱਤੀ, ਮਤਵਾਲੀਏ ਤੈਨੂੰ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨੀਂਦ ਕਹੇ ਨਾਰਦਾ ਮੈਨੂੰ ਸਾਹਿਬ ਦੇਵੇ ਮਾਣ, ਸਿਰ ਮੇਰੇ ਹੱਥ ਟਿਕਾਈਆ । ਤੂੰ ਨਿਗਾਹ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲਾਈਆ । ਮੇਰਾ ਸਾਰੇ ਰਾਹ ਤਕਾਣ, ਵੇਖਣ ਚਾਈਂ ਚਾਈਂਆ । ਮੈਂ ਪਿਆਰੀ ਤੇਰੇ ਨਾਲੋਂ ਭਗਵਾਨ, ਤੈਨੂੰ ਸਚ ਦਿਆਂ ਸੁਣਾਈਆ । ਮੇਰੀ ਮੁਹੱਬਤ ਵਿਚ ਮਾਂ ਪੁੱਤਰ ਨਾ ਸਕੇ ਪਛਾਣ, ਕਰਵਟ ਸਭ ਦੀ ਦਿਆਂ ਬਦਲਾਈਆ । ਮੈਂ ਸਾਰਾ ਜਗ ਕਰਾਂ ਸੁੰਞ ਮਸਾਣ, ਮੁਰਦੇ ਬਿਸਤਰਿਆਂ

ਉਤੇ ਲਿਟਾਈਆ । ਫੇਰ ਵੇਖਾਂ ਮਾਰ ਧਿਆਨ, ਬਿਨ ਮੇਰੇ ਬਚਿਆ ਨਜ਼ਰ ਕੋਇ ਨਾ ਆਈਆ । ਮੇਰੇ ਅਗੇ ਅੜ ਸਕੇ ਨਾ ਕੋਇ ਰਾਜ ਰਾਜਾਨ, ਸ਼ਾਹ ਸੁਲਤਾਨ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਮੇਰਾ ਲੈ ਕੇ ਦਾਨ, ਆਪਣੀ ਕਾਇਆ ਚੋਲੀ ਵਿਚ ਟਿਕਾਈਆ । ਮੈਂ ਵੇਖ ਕੇ ਹੁੰਦੀ ਰਹੀ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਨਾਰਦ ਕਹੇ ਨੀਂਦੇ ਕਰ ਨਾ ਐਡੀ ਚਲਾਕੀ, ਚਲਾਕੇ ਤੈਨੂੰ ਦਿਆਂ ਸਮਝਾਈਆ । ਤੇਰਾ ਨਾਤਾ ਨਾਲ ਤਤਾਂ ਖ਼ਾਕੀ, ਪੰਜਾਂ ਮਿਲ ਕੇ ਵੱਜੇ ਵਧਾਈਆ । ਤੂੰ ਸਤਿ ਧਾਰ ਨਾ ਅਜੇ ਪਛਾਤੀ, ਪਾਰਬ੍ਰਹਮ ਭੇਵ ਨਾ ਆਇਆ ਰਾਈਆ । ਨੀ ਤੂੰ ਕਾਲੀ ਰੈਣ ਤੇਰਾ ਲੇਖਾ ਨਾਲ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਤੇਰੀ ਪੁਛੇ ਕੋਇ ਨਾ ਵਾਤੀ, ਤੇਰਾ ਸੰਗ ਨਾ ਕੋਇ ਰਖਾਈਆ । ਸਚ ਸਰੋਵਰ ਨਾ ਕਦੇ ਨਹਾਤੀ, ਸਤਿ ਰੰਗ ਨਾ ਕੋਇ ਵਟਾਈਆ । ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਪੰਧ ਮੁਕਿਆ ਜ਼ਰਾ ਨਾ ਰਾਈਆ । ਤੂੰ ਚੁਰਾਸੀ ਵਿਚ ਰਿਹੋਂ ਫਾਸੀ, ਦਿਵਸ ਰੈਣ ਭੱਜੇਂ ਵਾਹੋ ਦਾਹੀਆ । ਤੇਰਾ ਮੰਡਲ ਦੀਨ ਦੁਨੀ ਦਾ ਤੱਕਿਆ ਰਾਸੀ, ਰਸਤਾ ਧਰਨੀ ਉਤੇ ਪ੍ਰਗਟਾਈਆ । ਕਮਲੀਏ ਕਦੇ ਪੁਰਖ ਅਕਾਲ ਨਹੀਂ ਤੱਕਿਆ ਅਬਿਨਾਸ਼ੀ, ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਤੂੰ ਕਿਧਰੋਂ ਆਇਆ ਬੁਲਾਰਾ, ਬੋਲੀ ਕੀ ਜਣਾਈਆ । ਪੰਡਤਾ ਤੇਰਾ ਕੀ ਇਸ਼ਾਰਾ, ਸੈਨਤ ਕੀ ਸਮਝਾਈਆ ।, ਤੂੰ ਮੂਰਖ ਮੁਗਧ ਗਵਾਰਾ, ਸਮਝ ਸਕੇਂ ਨਾ ਰਾਈਆ । ਮੇਰਾ ਸਭ ਦੇ ਨਾਲ ਪ੍ਰੇਮ ਪਿਆਰਾ, ਪ੍ਰੀਤਮ ਨਾਲੋਂ ਵੱਡੀ ਨਜ਼ਰੀ ਆਈਆ । ਮੇਰਾ ਵਸੇਰਾ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵਿਚ ਗੁਰੂਦਵਾਰਾ, ਤੀਰਥ ਤੱਟਾਂ ਡੇਰਾ ਲਾਈਆ । ਮੈਂ ਜੀਵਾਂ ਜੰਤਾਂ ਸਾਧਾਂ ਸੰਤਾਂ ਚਾੜ੍ਹਾਂ ਖ਼ੁਮਾਰਾ, ਮਸਤੀ ਇਕ ਵਖਾਈਆ । ਮੈਂ ਆਪਣੀ ਮੁਹੱਬਤ ਵਿਚ ਪ੍ਰਭੂ ਦਾ ਨਾਮ ਵਿਸਾਰਾਂ, ਯਾਦ ਯਾਦ ਵਿਚੋਂ ਕਢਾਈਆ । ਸੂਰਬੀਰ ਜਵਾਨਾਂ ਮੂੰਹ ਦੇ ਭਾਰ ਮਾਰਾਂ, ਸਿਰ ਧਰਤੀ ਉਤੇ ਟਿਕਾਈਆ । ਠੱਗਾਂ ਚੋਰਾਂ ਯਾਰਾਂ ਲਾਵਾਂ ਬਹਾਰਾਂ, ਇਹ ਮੇਰੀ ਬੇਪਰਵਾਹੀਆ । ਪਤੀਆਂ ਸੁੱਤਿਆਂ ਕੋਲੋਂ ਛਡ ਜਾਵਣ ਨਾਰਾਂ, ਪਾਂਧੀਆਂ ਪੰਧ ਭਵਾਈਆ । ਮੇਰਾ ਖੇਲ ਸਦਾ ਜੁਗ ਚਾਰਾ, ਬਦਲੀ ਕਰਨ ਕੋਇ ਨਾ ਆਈਆ । ਮੇਰਾ ਇਕੋ ਇਕ ਜੈਕਾਰਾ, ਸਚ ਦਿਆਂ ਸੁਣਾਈਆ । ਜੋ ਮਾਤਲੋਕ ਵਿਚ ਜੰਮਿਆਂ ਉਸ ਨੂੰ ਮੇਰਾ ਲੈਣਾ ਪਵੇਗਾ ਸਹਾਰਾ, ਬਿਨ ਮੇਰੇ ਜੀਵਣ ਕੰਮ ਕਿਸੇ ਨਾ ਆਈਆ । ਮੇਰਾ ਨਾਰਦਾ ਪ੍ਰਭੂ ਵਰਗਾ ਨਹੀਂ ਲਾਰਾ, ਜੋ ਜੁਗ ਜੁਗ ਭਗਤਾਂ ਰਿਹਾ ਲਗਾਈਆ । ਓਹ ਕਹਿੰਦਾ ਮੈਂ ਤੁਹਾਨੂੰ ਜ਼ਰੂਰ ਮਿਲਾਂਗਾ ਜ਼ਾਹਿਰਾ, ਪਤਾ ਨਹੀਂ ਮਿਲਣ ਕਦੋਂ ਕਦ ਆਈਆ । ਮੈਂ ਅੱਠਾਂ ਪਹਿਰਾਂ ਵਿਚ ਦੋ ਚਾਰ ਵੇਰਾਂ ਆਪਣਾ ਦੇਵਾਂ ਨਜ਼ਾਰਾ, ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਮੇਰਾ ਸੰਗ ਰਖਾਈਆ । ਨਾਰਦ ਕਹੇ ਨੀਂਦੇ ਤੂੰ ਭਗਤਾਂ ਕੋਲ ਨਾ ਆਵੀਂ, ਐਵੇਂ ਆਪਣਾ ਆਪ ਗਵਾਈਆ । ਆਪਣੇ ਗੁਣ ਮੂਲ ਨਾ ਗਾਵੀਂ, ਚਲੇ ਨਾ ਕੋਇ ਚਤੁਰਾਈਆ । ਨੀਂਦ ਕਹੇ ਨਾਰਦਾ ਮੇਰੀ ਖੇਲ ਭਗਤਾਂ ਨਾਲ ਸਾਵੀਂ, ਇਕੋ ਰੰਗ ਰੰਗਾਈਆ । ਮੈਂ ਫਿਰਦੀ ਚਾਵੀਂ ਚਾਵੀਂ, ਚਾਓ ਘਨੇਰਾ ਇਕ ਸੁਣਾਈਆ । ਤੂੰ ਭੇਵ ਮੇਰਾ ਪਾਵੀਂ, ਤੈਨੂੰ ਦਿਆਂ ਦ੍ਰਿੜਾਈਆ । ਪਹਿਲੋਂ ਰਾਵੀ ਦੇ ਵਿਚੋਂ ਨਹਾਵੀਂ, ਆਪਣੀ ਅੱਖ ਖੁਲਾਈਆ । ਫੇਰ ਬਾਹਵਾਂ ਦੋਵੇਂ ਹਿਲਾਵੀਂ, ਬੋਦੀ ਨਾਲ ਮਿਲਾਈਆ । ਫੇਰ ਸਿੰਘਾਸਣ ਆਪਣਾ

੧੭੪੪
੨੩

ਵਖਾਵੀਂ, ਸੇਜ ਕਵਣ ਸੁਹਾਈਆ । ਸੋਹਣਿਆਂ ਮੈਂ ਕਦੇ ਨਾ ਹੋਈ ਨਿਥਾਵੀਂ, ਨਿਥਾਂਵਿਆ ਤੈਨੂੰ ਦਿਆਂ ਦ੍ਰਿੜਾਈਆ । ਜਾਂ ਮੈਂ ਰੂਪ ਬਦਲਿਆ ਤੂੰ ਵੀ ਵੇਖੇਂ ਨੈਣ ਉਠਾਵੀਂ, ਬਿਨ ਨੈਣਾਂ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਨਾਰਦ ਕਹੇ ਧਰਨੀਏ ਭਗਤ ਕਦੇ ਨਾ ਸੌਂਦੇ, ਸੁੱਤੀਏ ਤੈਨੂੰ ਦਿਆਂ ਜਣਾਈਆ । ਓਹ ਪ੍ਰਭੂ ਦੇ ਪਿਆਰ ਵਿਚ ਭੌਂਦੇ, ਤ੍ਰੈਭਵਣ ਧਨੀ ਵੇਖ ਵਖਾਈਆ । ਓਹ ਸੁਰਤੀ ਅੰਦਰ ਸ਼ਬਦ ਅਨਾਦੀ ਗਾਉਂਦੇ, ਢੋਲੇ ਧੁਰਦਰਗਾਹੀਆ । ਆਤਮ ਪਰਮਾਤਮ ਵਿਚ ਮਿਲਾਉਂਦੇ, ਤੇਰੀ ਲੋੜ ਰਹੇ ਨਾ ਰਾਈਆ । ਸਚ ਸਿੰਘਾਸਣ ਸੋਭਾ ਪਾਉਂਦੇ, ਜਿਥੇ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨੀਂਦ ਕਹੇ ਨਾਰਦਾ ਨਾ ਕਰ ਏਡੀ ਸ਼ੇਖ਼ੀ, ਤੇਰੀ ਕੀ ਚਤੁਰਾਈਆ । ਮੈਂ ਵੇਖੇ ਜਗਤ ਜਹਾਨ ਦੇ ਭੇਖੀ, ਜਗਤ ਜਗਿਆਸੂਆਂ ਧਿਆਨ ਲਗਾਈਆ । ਜਿਹੜੇ ਸੰਤ ਘਰ ਛਡ ਹੋਣ ਪ੍ਰਦੇਸ਼ੀ, ਜੰਗਲਾਂ ਡੇਰਾ ਲਾਈਆ । ਵਟਾ ਰੂਪ ਅਵੇਸੀ, ਅਨਕ ਧਾਰ ਪ੍ਰਗਟਾਈਆ । ਮੁੰਡ ਮੁੰਡਾ ਕੇ ਕੇਸੀ, ਭੱਜਣ ਵਾਹੋ ਦਾਹੀਆ । ਸਭ ਨੂੰ ਮੇਰੇ ਅਗੇ ਭੁਗਤਣੀ ਪੈਂਦੀ ਪੇਸ਼ੀ, ਬਚਿਆ ਨਜ਼ਰ ਕੋਇ ਨਾ ਆਈਆ । ਮੇਰਾ ਲਹਿਣਾ ਜਗਤ ਵਿਸ਼ੇਸ਼ੀ, ਵਿਸ਼ਿਆਂ ਤੋਂ ਬਾਹਰ ਦ੍ਰਿੜਾਈਆ । ਮੈਂ ਸਦਾ ਰਹਾਂ ਹਮੇਸ਼ੀ, ਮਰਨ ਜੰਮਣ ਵਿਚ ਕਦੇ ਨਾ ਆਈਆ । ਮੇਰਾ ਮਾਲਕ ਇਕ ਨਰੇਸ਼ੀ, ਨਰ ਨਰਾਇਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਨਾਰਦ ਕਹੇ ਨੀਂਦੇ ਨੀ ਤੈਨੂੰ ਕਾਹਦੀ ਚੜ੍ਹੀ ਖ਼ੁਮਾਰੀ, ਨਿਖ਼ਸਮੀਏ ਦੇ ਜਣਾਈਆ । ਜਗਤ ਜਗਿਆਸੂਆਂ ਨਾਲ ਤੇਰੀ ਕਾਹਦੀ ਯਾਰੀ, ਮੁਹੱਬਤ ਕੀ ਵਖਾਈਆ । ਤੂੰ ਜੀਵਦਿਆਂ ਨੂੰ ਜਾਵੇਂ ਮਾਰੀ, ਕੀ ਤੇਰੀ ਦਾਨਾਈਆ । ਪਰਮਾਤਮਾ ਨੂੰ ਜਾਵੇਂ ਵਿਸਾਰੀ, ਤੇਰੇ ਹੱਥ ਕਿਛ ਨਾ ਆਈਆ । ਨੀ ਨਾ ਤੂੰ ਮਰਦ ਨਾ ਤੂੰ ਨਾਰੀ, ਆਪਣਾ ਰੂਪ ਦੇ ਦ੍ਰਿੜਾਈਆ । ਨਾ ਤੂੰ ਵਿਆਹੀ ਨਾ ਕਵਾਰੀ, ਲਾੜੀ ਬਣ ਕੇ ਖ਼ੁਸ਼ੀ ਨਾ ਕੋਇ ਬਣਾਈਆ । ਤੂੰ ਜੁਗ ਜੁਗ ਘਰਾਨੇ ਗਈ ਉਜਾੜੀ, ਸੁੱਤਿਆਂ ਦੇ ਸੀਸ ਦਿਤੇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨੀਂਦ ਕਹੇ ਨਾਰਦਾ ਨਾਰੀ ਮਰਦ ਮੇਰਾ ਰਾਹ ਤੱਕਦਾ, ਬਿਰਧ ਬਾਲ ਧਿਆਨ ਲਗਾਈਆ । ਮੈਥੋਂ ਲੇਖਾ ਮੰਗਣ ਹਕ ਦਾ, ਹਕੀਕਤ ਦੇਣ ਸਮਝਾਈਆ । ਤਨ ਸ਼ਰੀਰ ਜਗਤ ਵਿਚ ਥੱਕਦਾ, ਮੇਰੇ ਬਿਨਾ ਥਕਾਵਟ ਦੂਰ ਨਾ ਕੋਇ ਕਰਾਈਆ । ਮੇਰੇ ਪਿਆਰ ਵਿਚ ਕੋਈ ਪਿਆਰਾ ਰਹਿੰਦਾ ਨਹੀਂ ਰਤ ਦਾ, ਪਿਤਾ ਪੂਤ ਨਾਲੋਂ ਹੋਵੇ ਜੁਦਾਈਆ । ਮੇਰਾ ਲੇਖਾ ਸਦਾ ਸਤਿ ਦਾ, ਸਤਿ ਸਤਿਵਾਦੀ ਦਿਤਾ ਬਣਾਈਆ । ਜੇ ਮੇਰਾ ਲੇਖਾ ਪੁਛਣਾ ਓਨ੍ਹਾਂ ਤੋਂ ਪੁਛ ਜਿਨ੍ਹਾਂ ਦਾ ਸਰੀਰ ਪੰਜ ਤਤ ਦਾ, ਮਨ ਮਤ ਬੁਧ ਨਾਲ ਮਿਲ ਕੇ ਮੇਰੇ ਵਿਚ ਸਮਾਈਆ । ਨਾਰਦ ਕਹੇ ਨੀਂਦੇ ਤੂੰ ਜ਼ਰਾ ਝਾਕ ਜਿਨ੍ਹਾਂ ਦਾ ਲਹਿਣਾ ਬ੍ਰਹਮ ਮਤ ਦਾ, ਤੈਨੂੰ ਚਰਨਾਂ ਹੇਠ ਦਬਾਈਆ । ਨੀਂਦ ਕਹੇ ਨਾਰਦਾ ਐਵੇਂ ਨਾ ਫਿਰ ਟੱਪਦਾ, ਆਪਣੀ ਲੈ ਅੰਗੜਾਈਆ । ਜਗਤ ਜਹਾਨ ਵਿਚੋਂ ਕੋਈ ਭਗਤ ਮੇਰੇ ਕੋਲੋਂ ਨਹੀਂ ਬਚਦਾ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨੀਂਦ ਕਹੇ ਨਾਰਦ ਤੂੰ ਆਇਉਂ ਕਿਹੜੇ ਦਿਹਾੜੇ, ਮੈਨੂੰ ਦੇ ਸਮਝਾਈਆ । ਮਿੰਨਤਾਂ ਕੱਢੇਂ ਕਿ ਹਾੜੇ, ਤਰਲਿਆਂ ਵਿਚ ਜਣਾਈਆ । ਨਾਰਦ ਕਹੇ ਮੈਂ

ਆਇਉਂ ਉਸ ਧਰਮ ਦੇ ਅਖਾੜੇ, ਜਿਥੇ ਖੜਾ ਹੋ ਕੇ ਬਿਨ ਸੀਸ ਸੀਸ ਝੁਕਾਈਆ । ਮੈਂ ਫਿਰੇ ਜੰਗਲ ਜੂਹ ਉਜਾੜੇ, ਟਿੱਲੇ ਪਰਬਤ ਧਿਆਨ ਲਗਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਨੌ ਸੌ ਚੁਰਾਨਵੇਂ ਚੌਕੜੀ ਜੁਗ ਮੰਗੇ ਵਾੜੇ, ਨਿਤ ਨਿਤ ਆਪਣੀਆਂ ਫੇਰੀਆਂ ਪਾਈਆ । ਨੀਂਦਰੇ ਮੈਂ ਤੈਨੂੰ ਆਉਣ ਨਹੀਂ ਦਿਤਾ ਵਿਚ ਆਪਣੇ ਚੁਬਾਰੇ, ਚੋਬਦਾਰ ਹੋ ਕੇ ਤੈਨੂੰ ਪਰੇ ਦਿਤਾ ਧਕਾਈਆ । ਨੀਂਦ ਕਹੇ ਨਾਰਦਾ ਤੂੰ ਇਕ ਇਕੱਲਾ ਤੇ ਮੈਂ ਵਸ ਕੀਤੇ ਜਗਿਆਸੂ ਵਿਚ ਸਰਬ ਸੰਸਾਰੇ, ਸਾਰੇ ਮੇਰੇ ਪਿਆਰੇ ਨਜ਼ਰੀ ਆਈਆ । ਜੇ ਮੈਂ ਨਾ ਆਵਾਂ ਤੇ ਇਹ ਰੋਣ ਜ਼ਾਰੋ ਜਾਰੇ, ਬਹੁੜੀ ਬਹੁੜੀ ਕਰ ਕੁਰਲਾਈਆ । ਪੁਤਰਾਂ ਦੀਆਂ ਮਾਵਾਂ ਮੈਨੂੰ ਆਵਾਜ਼ਾਂ ਰਹੀਆਂ ਮਾਰੇ, ਸੱਦਣ ਚਾਈਂ ਚਾਈਂਆ । ਜੇ ਨੀਂਦੇ ਤੂੰ ਆ ਜਾਵੇਂ ਸਾਡੇ ਸੌਂ ਜਾਣ ਦੁਲਾਰੇ, ਖ਼ੁਸ਼ੀਆਂ ਵਿਚ ਆਪਣਾ ਝਟ ਲੰਘਾਈਆ । ਜੇ ਮੈਂ ਨਾ ਆਵਾਂ ਓਹ ਰੋਣ ਜ਼ਾਰੋ ਜ਼ਾਰੇ, ਨੰਨ੍ਹੇ ਬੱਚੇ ਦੇਣ ਦੁਹਾਈਆ । ਨਾਰਦ ਆਂਹਦਾ ਮੇਰਾ ਜੀਅ ਕਰਦਾ ਕਿ ਤੇਰੇ ਭੰਨ ਦੇਵਾਂ ਚਬਾੜੇ, ਮੁੱਕੀ ਜ਼ੋਰ ਨਾਲ ਲਗਾਈਆ । ਪਰ ਤੂੰ ਇਕ ਗੱਲ ਦੱਸ ਜੇ ਤੂੰ ਆਉਂਦੀ ਏਂ ਤੇਰੇ ਵਿਚ ਕਿਥੋਂ ਆਉਂਦੇ ਨੇ ਘੁਰਾੜੇ, ਨੀਂਦ ਕਹੇ ਨਾਰਦਾ ਕਿਸ਼ਨ ਸਿੰਘ ਤੋਂ ਪੁਛ ਲੈ ਚਾਈਂ ਚਾਈਂਆ । ਨੀਂਦ ਕਹੇ ਨਾਰਦਾ ਮੈਂ ਆਪਣੇ ਚੀਥੜ ਪਾੜੇ, ਦਰੋਹੀ ਮੇਰੀ ਦੁਹਾਈਆ । ਇਹ ਘਰਾੜੇ ਨਹੀਂ ਇਹ ਖ਼ਬਰਦਾਰੀ ਦੇ ਲਲਕਾਰੇ, ਜੋ ਮੈਨੂੰ ਰਹੇ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਲਸ ਨਿੰਦਰਾ ਵਿਚ ਸਭ ਦੀ ਪੈਜ ਸਵਾਰੇ, ਭਗਤਨ ਮੀਤਾ ਸਿਰ ਸਿਰ ਹੋਏ ਆਪ ਸਹਾਈਆ ।



✪ ੨੪ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ਧਿਰਤਾ ਸਿੰਘ ਕਲਾਨੌਰ ਦੇ ਨਵਿਤ ✪

ਨਾਰਦ ਕਹੇ ਭਗਤੋ ਮੇਰੀ ਗੱਲ ਸੁਣੋ ਕੋਰੀ, ਕੂੜ ਨਾ ਸਮਝਣਾ ਰਾਈਆ । ਤੁਹਾਡੇ ਵਿਚ ਮੇਰੀ ਬੋਦੀ ਹੋ ਗਈ ਚੋਰੀ, ਮੈਨੂੰ ਚੋਰ ਦਿਓ ਫੜਾਈਆ । ਜੇ ਨਾ ਦੱਸੋਗੇ ਮੈਂ ਪਾਵਾਂਗਾ ਸ਼ੋਰੀ, ਆਪਣੇ ਸ਼ੌਹਰ ਨੂੰ ਦਿਆਂ ਸੁਣਾਈਆ । ਓਹ ਆਵੇਗਾ ਧੁਰ ਦਾ ਘੋਰੀ, ਕਾਇਆ ਘੁਰਨਿਆਂ ਵਿਚੋਂ ਵੇਖ ਵਖਾਈਆ । ਜਿਸ ਦੇ ਨਾਲ ਸਭ ਦੀ ਬੱਧੀ ਡੋਰੀ, ਤੰਦ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹਿਣ ਨਾਰਦਾ ਅਸੀਂ ਆਤਮਾ ਪਰਮਾਤਮਾ ਦੀ ਜੋੜੀ, ਤਤਾਂ ਵਾਲੀ ਧਾਰ ਨਾ ਕੋਇ ਸਮਝਾਈਆ । ਸਾਨੂੰ ਖ਼ਬਰ ਥੋੜੀ ਥੋੜੀ, ਤੈਨੂੰ ਦਈਏ ਜਣਾਈਆ । ਤੇਰੀ ਬੋਦੀ ਨਾਲ ਪ੍ਰਭੂ ਨੇ ਸਤਾਰਾਂ ਹਾੜ ਨੂੰ ਆਪਣੇ ਘੋੜੇ ਦੀ ਵਾਗ ਗੁੰਦਣੀ ਮੋਹਰੀ, ਤੰਦ ਤੰਦ ਤੰਦ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਭਗਤੋ ਜੇ ਮੇਰੀ ਬੋਦੀ ਨਾਲ ਗੁੰਦ ਲਈ ਵਾਗ, ਵਾਗਾਂ ਵਾਲਿਓ ਦਿਆਂ ਜਣਾਈਆ । ਮੈਂ ਵੀ ਰੌਲਾ ਪਾਵਾਂਗਾ ਵਾਂਗ ਕਾਗ, ਕਾਗਾਂ ਵਾਂਗ ਕੁਰਲਾਈਆ । ਦੁਨੀਆਦਾਰੋ ਕਿਸੇ ਦੇ ਘਰ ਜਗਦਾ ਨਹੀਂ ਰਹਿਣਾ ਚਰਾਗ਼, ਚਰਾਗਾਹਾਂ ਦੇਣ ਦੁਹਾਈਆ । ਦਰੋਹੀ ਆਪਣੇ ਪੁਰਖ ਅਕਾਲ ਤੋਂ ਧਵਾ ਲਓ ਦਾਗ਼, ਅਗੇ ਕਰੇ ਨਾ ਕੋਇ ਸਫ਼ਾਈਆ । ਸੁੱਤਿਓ ਜਾਓ ਜਾਗ, ਆਲਸ ਨਿੰਦਰਾ ਵਿਚੋਂ ਆਪਣਾ ਆਪ ਉਠਾਈਆ । ਇਕ ਪ੍ਰਭੂ ਦਾ ਆਪਣੇ ਅੰਤਰ ਕਰੋ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਬਾਹਰੋਂ ਨਹੀਂ ਲੱਭਣਾ ਤੇ ਘਰ

੧੭੪੭
੨੩

ਮਿਲੇ ਕੰਤ ਸੁਹਾਗ, ਪਤਿਪਰਮੇਸ਼ਵਰ ਧੁਰ ਦਾ ਮਾਹੀਆ । ਬਿਨਾ ਰਸਨਾ ਤੋਂ ਮਾਰੇ ਆਵਾਜ਼, ਸੋਈ ਸੁਰਤੀ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਜੇ ਮੇਰੀ ਬੋਦੀ ਦੀਆਂ ਘੁੱਟ ਘੁੱਟ ਕੇ ਬੰਨ੍ਹ ਦਿਤੀਆਂ ਗੰਢਾਂ, ਗੰਢਾਂ ਵਾਲਿਓ ਦਿਆਂ ਜਣਾਈਆ । ਜਗਤ ਜਗਿਆਸੂਓ ਇਹ ਦੁਨੀਆ ਦੀਆਂ ਪੈ ਜਾਣੀਆਂ ਵੰਡਾਂ, ਵੰਡਣ ਵਾਲਾ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜ ਕਪਟ ਦੀਆਂ ਸਭ ਦੇ ਸਿਰ ਤੇ ਚੁੱਕੀਆਂ ਰਹਿ ਜਾਣੀਆਂ ਪੰਡਾਂ, ਹੌਲਾ ਭਾਰ ਨਾ ਕੋਇ ਕਰਾਈਆ । ਫਿਰਨੀ ਦਰੋਹੀ ਜੇਰਜ ਅੰਡਾਂ, ਉਤਭੁਜ ਸੇਤਜ ਦਏ ਦੁਹਾਈਆ । ਇਕੋ ਚਮਕਣਾ ਦਮਕਣਾ ਨਾਮ ਦਾ ਖੰਡਾ, ਬ੍ਰਹਿਮੰਡਾਂ ਦਏ ਹਿਲਾਈਆ । ਪੈਗ਼ੰਬਰਾਂ ਵਖਾਉਣਾ ਅੰਤਮ ਕੰਢਾ, ਰਸੂਲਾਂ ਅੱਖ ਖੁਲਾਈਆ । ਧਰਮ ਦੀ ਧਾਰ ਜਿਸ ਦਾ ਇਕੋ ਝੁਲਣਾ ਝੰਡਾ, ਝਾਕੇ ਸਭ ਦੇ ਵੇਖ ਵਖਾਈਆ । ਜਿਸ ਦਾ ਸਤਿ ਸਤਿਵਾਦੀ ਅਗੰਮਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਜਿਸ ਮੇਟਣਾ ਭੇਖ ਪਖੰਡਾ, ਧਰਮ ਦੀ ਧਾਰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਜਨ ਭਗਤ ਕਹਿਣ ਨਾਰਦਾ ਤੇਰੀ ਬੋਦੀ ਚੁਰਾ ਕੇ ਲੈ ਗਿਆ ਸ਼ਬਦ ਗੁਰਦੇਵਾ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਉਸ ਨੂੰ ਹੁਕਮ ਦਿਤਾ ਅਲਖ ਅਭੇਵਾ, ਭੇਵ ਅਭੇਦ ਆਪਣੇ ਵਿਚ ਰਖਾਈਆ । ਜੋ ਵਸਿਆ ਸਚਖੰਡ ਨਿਹਚਲ ਧਾਮ ਨਿਹਕੇਵਾ, ਦਰਗਾਹ ਸਾਚੀ ਸੋਭਾ ਪਾਈਆ । ਉਸ ਦੀ ਸਿਫ਼ਤ ਵਡਿਆਈ ਕੀ ਕਰੇ ਜਿਹਵਾ, ਰਸਨ ਕਹਿਣ ਸਕੇ ਕਿਛ ਨਾ ਰਾਈਆ । ਤੂੰ ਸ਼ੁਕਰ ਕਰੀਂ ਜੇ ਤੇਰੀ ਪ੍ਰਵਾਨ ਕਰ ਲਏ ਸੇਵਾ, ਸੇਵਕ ਹੋ ਕੇ ਆਪਣੀ ਸੇਵ ਕਮਾਈਆ । ਪਤਾ ਨਹੀਂ ਤੈਨੂੰ ਇਸ ਦੇ ਬਦਲੇ ਕਿਹੜਾ ਅੰਮ੍ਰਿਤ ਫਲ ਮਿਲਦਾ ਮੇਵਾ, ਅਨਰਸ ਆਪਣਾ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਮੇਲੇ ਸਹਿਜ ਸੁਭਾਈਆ । ਨਾਰਦ ਕਹੇ ਜਨ ਭਗਤੋ ਮੇਰੀ ਬੋਦੀ ਦਿਓ ਲੱਭ, ਲਬਾਂ ਕਟਾਉਣ ਵਾਲੇ ਮੈਨੂੰ ਰਹੇ ਜਣਾਈਆ । ਕਿਤੇ ਮੈਨੂੰ ਰਾਮ ਦੇ ਥਾਂ ਕਹਿਣਾ ਪਏ ਨਾ ਅਲਾਹੀ ਰੱਬ, ਨੂਰ ਨੁਰਾਨਾ ਨੂਰ ਅਲਾਹੀਆ । ਤੁਹਾਡਾ ਮੇਲਾ ਹੋਇਆ ਨਾਲ ਸਬੱਬ, ਸਭ ਨੂੰ ਦਿਆਂ ਸੁਣਾਈਆ । ਜਨ ਭਗਤ ਕਹਿਣ ਨਾਰਦਾ ਕਿਉਂ ਦੁਹਾਈ ਦੇਂਦਾ ਵਿਚ ਜਗ, ਕੂਕ ਕੂਕ ਸੁਣਾਈਆ । ਤੇਰੀ ਬੋਦੀ ਨੇ ਘਰ ਘਰ ਲਾਉਣੀ ਅੱਗ, ਸਾਂਤਕ ਸਤਿ ਨਾ ਕੋਇ ਕਰਾਈਆ । ਤੂੰ ਸੀਸ ਤੇ ਬੰਨ੍ਹ ਲੈ ਚਿੱਟੀ ਪੱਗ, ਮਿਲੇ ਮਾਣ ਵਡਿਆਈਆ । ਜਨ ਭਗਤਾਂ ਵਿਚ ਬਹਿ ਜਾ ਸਜ, ਸੱਜਣ ਇਕ ਅਖਵਾਈਆ । ਨਾਰਦ ਕਹੇ ਮੈਨੂੰ ਬੜੀ ਲੋਕ ਲਜ, ਬ੍ਰਾਹਮਣ ਹੋ ਕੇ ਆਪਣੀ ਆਣ ਗਵਾਈਆ । ਮੈਨੂੰ ਸਭ ਨਾਲੋਂ ਮਾਣ ਵੱਧ, ਮਿਲੀ ਵਡ ਵਡਿਆਈਆ । ਜਨ ਭਗਤ ਕਹਿਣ ਨਾਰਦਾ ਹੁਣ ਸਭ ਦੀ ਹੋਣੀ ਅੰਤਮ ਹੱਦ, ਵੱਖਰਾ ਰਹਿਣ ਕੋਇ ਨਾ ਪਾਈਆ । ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਸਤਿਗੁਰ ਸ਼ਬਦ ਦੀ ਹੋਣੇ ਯਦ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਅਸੀਂ ਖ਼ੁਸ਼ੀਆਂ ਵਿਚ ਹੋਈਏ ਗਦ ਗਦ, ਪ੍ਰੇਮ ਦੇ ਢੋਲੇ ਗਾਈਆ । ਤੇਰੀ ਬੋਦੀ ਸਚ ਦੇ ਨਾਲ ਜਾਣੀ ਸਜ, ਸੱਜਣਾ ਤੈਨੂੰ ਦੇਈਏ ਸੁਣਾਈਆ । ਸਾਡਾ ਬਚਨ ਸੁਣੀ ਜੋ ਕੀਤਾ ਅੱਜ, ਵਾਰ ਥਿਤ ਨਾਲ ਮਿਲਾਈਆ । ਸਭ ਦਾ ਸ਼ਰਅ ਦਾ ਠੀਕਰ ਜਾਣਾ ਭੱਜ, ਇਕੋ ਰੰਗ ਪ੍ਰਭ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸੂਰਾ ਸਰਬਗ, ਹਰਿ ਕਰਤਾ ਧੁਰਦਰਗਹੀਆ ।

## ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ਵਕੀਲ ਸਿੰਘ ਦੇ ਗ੍ਰਿਹ

ਸਚ ਕਹੇ ਮੈਂ ਆਦਿ ਜੁਗਾਦੀ ਸੱਚਾ, ਸਾਚੇ ਪ੍ਰਭ ਦਿਤੀ ਵਡਿਆਈਆ । ਮੈਂ ਇਕੋ ਪਰਮ ਪੁਰਖ ਦਾ ਬੱਚਾ, ਮੈਨੂੰ ਜਨਮੇ ਕੋਇ ਨਾ ਮਾਈਆ । ਮੇਰਾ ਹੱਡ ਮਾਸ ਨਾੜੀ ਭਾਂਡਾ ਨਹੀਂ ਕੱਚਾ, ਤਨ ਵਜੂਦ ਨਾ ਕੋਇ ਵਖਾਈਆ । ਮੈਂ ਜੁਗ ਜੁਗ ਸਚ ਦਵਾਰੇ ਨੱਚਾ ਟੱਪਾ, ਕੁੱਦਾਂ ਚਾਈਂ ਚਾਈਂਆ । ਭਗਤਾਂ ਲੂੰ ਲੂੰ ਅੰਦਰ ਰਚਾ, ਰਚਨਾ ਪ੍ਰਭ ਦੀ ਦਿਆਂ ਵਖਾਈਆ । ਸਚ ਪ੍ਰੀਤੀ ਵਿਚ ਮੱਚਾ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਦਏ ਬਣਾਈਆ । ਸਚ ਕਹੇ ਮੈਂ ਪਰਮ ਪੁਰਖ ਦਾ ਪੂਤ, ਪੁਰਖ ਅਕਾਲ ਬਣਤ ਬਣਾਈਆ । ਮੈਂ ਬਿਨਾ ਕਦਮਾਂ ਤੋਂ ਦੋ ਜਹਾਨਾਂ ਦੂਤ, ਭੱਜਾਂ ਵਾਹੋ ਦਾਹੀਆ । ਮੇਰਾ ਤਾਣਾ ਪੇਟਾ ਨਹੀਂ ਕਿਸੇ ਸੂਤ, ਬਾਡੀ ਬਣਤ ਨਾ ਕੋਇ ਬਣਾਈਆ । ਮੇਰਾ ਲੇਖਾ ਕਾਇਆ ਪੰਜ ਭੂਤ, ਗੁਰ ਅਵਤਾਰ ਪੈਗ਼ੰਬਰਾਂ ਸੰਗ ਬਣਾਈਆ । ਮੇਰੀ ਧਰਮ ਦੀ ਧਾਰ ਸੁਹਾਏ ਰੂਤ, ਰੁਤੜੀ ਇਕੋ ਰੰਗ ਰੰਗਾਈਆ । ਮੇਰਾ ਨਿਯਮ ਸੰਜਮ ਸੂਚ, ਸਚ ਦਿਆਂ ਸੁਣਾਈਆ । ਮੇਰਾ ਧਾਮ ਅਗੰਮ ਊਚ, ਪਰਮ ਪੁਰਖ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਮੈਂ ਸ਼ਬਦ ਗੁਰੂ ਦਾ ਬੇਟਾ, ਦੂਸਰ ਅਵਰ ਕੋਇ ਨਾ ਮਾਈਆ । ਮੈਂ ਸਾਚਾ ਸਤਿ ਸਚ ਦਾ ਖੇਵਟ ਖੇਟਾ, ਜੁਗ ਜੁਗ ਖੇਲ ਖਿਲਾਈਆ । ਮੈਂ ਵਸਾਂ ਤਨ ਵਜੂਦਾਂ ਕਾਇਆ ਪੇਟਾ, ਅੰਦਰ ਮੰਦਰ ਸੋਭਾ ਪਾਈਆ । ਜੁਗ ਚੌਕੜੀ ਸਭ ਦਾ ਬਣਾਂ ਨੇਤਾ, ਨਿਰਗੁਣ ਮੈਨੂੰ ਦਏ ਵਡਿਆਈਆ । ਮੇਰਾ ਨਾਮ ਨਿਧਾਨੇ ਨਾਲ ਹੇਤਾ,
੧੭੪੮ ੨੩ ਸਾਚੇ ਕਲਮੇ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਈਆ । ੧੭੪੮ ੨੩
ਸਚ ਕਹੇ ਮੈਂ ਧਰਮ ਧਾਰ ਦਾ ਸਾਥੀ, ਪ੍ਰਭ ਦਿਤੀ ਮਾਣ ਵਡਿਆਈਆ । ਮੈਂ ਜੁਗ ਜੁਗ ਸੰਗ ਨਿਭਾਵਾਂ ਪੁਰਖ ਸਮਰਾਥੀ, ਆਪਣੀ ਗੰਢ ਪਵਾਈਆ । ਮੇਰਾ ਰੂਪ ਅਨਾਥ ਅਨਾਥੀ, ਹੰਕਾਰ ਵਿਚ ਕਦੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਅੰਦਰੋਂ ਸਚ ਕਢਾਵਾਂ ਗਾਥੀ, ਸੋਹਲੇ ਢੋਲੇ ਨਾਮ ਜਣਾਈਆ । ਸਭ ਦੇ ਭਾਗ ਵੇਖਾਂ ਮਸਤਕ ਮਾਥੀ, ਸੰਤਾਂ ਭਗਤਾਂ ਧਿਆਨ ਲਗਾਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਤ੍ਰੈਲੋਕੀ ਨਾਥੀ, ਕਾਹਨ ਕਾਹਨਾ ਆਪ ਦ੍ਰਿੜਾਈਆ । ਤੇਰਾ ਲੇਖਾ ਅਲਖਣਾ ਅਲਾਖੀ, ਅਲਖ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਮਾਲਕ ਸ਼ਾਹੋ ਸ਼ਾਬਾਸੀ, ਸ਼ਹਿਨਸ਼ਾਹ ਇਕ ਅਖਵਾਈਆ ।

## ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ਗੁਰਦੇਵ ਸਿੰਘ ਸ਼ੋਹਣ ਦੇ ਨਵਿਤ

ਸਚ ਕਹੇ ਮੇਰਾ ਰੂਪ ਕਿਸੇ ਨਾ ਲੱਭਦਾ, ਜਗ ਨੇਤਰ ਨਜ਼ਰ ਨਾ ਆਈਆ । ਮੇਰਾ ਖੇਲ ਚੌਕੜੀ ਜੁਗ ਜਗ ਦਾ, ਜਾਗਰਤ ਜੋਤ ਦਏ ਵਡਿਆਈਆ । ਮੇਰਾ ਜਨਮ ਨਹੀਂ ਕਿਸੇ ਭਗ ਦਾ, ਖਿਟਾਂ ਵਿਚ ਨਾ ਕਦੇ ਸਮਾਈਆ । ਮੇਰਾ ਘਾੜਨ ਨਹੀਂ ਕਿਸੇ ਅੰਗ ਦਾ, ਤਨ ਵਜੂਦ ਨਾ ਕਦੇ ਸੁਹਾਈਆ । ਮੇਰਾ ਸਿੰਘਾਸਣ ਨਹੀਂ ਕਿਸੇ ਪਲੰਘ ਦਾ, ਜਗਤ ਸੇਜ ਨਾ ਕੋਇ ਹੰਢਾਈਆ । ਮੈਂ ਪ੍ਰੇਮੀ ਇਕੋ ਸੂਰੇ ਸਰਬਗ ਦਾ, ਜੋ

ਮਾਲਕ ਧੁਰਦਰਗਾਹੀਆ । ਮੇਰੀਆਂ ਮੰਗਾਂ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਮੰਗਦਾ, ਪ੍ਰਭ ਅਗੇ ਝੋਲੀਆਂ ਡਾਹੀਆ । ਮੈਂ ਸਭ ਦੇ ਅੰਦਰ ਸਤਿ ਹੋ ਕੇ ਲੰਘਦਾ, ਸਚ ਨਾਲ ਜਣਾਈਆ । ਮੇਰਾ ਝਗੜਾ ਕੂੜ ਵਿਕਾਰੇ ਜੰਗ ਦਾ, ਆਦਿ ਜੁਗਾਦਿ ਲੜਾਈਆ । ਮੈਂ ਵਣਜਾਰਾ ਨਹੀਂ ਤਨ ਵਜੂਦਾਂ ਨੰਗ ਦਾ, ਭੂਸ਼ਣ ਤਨ ਨਾ ਕੋਇ ਵਡਿਆਈਆ । ਮੇਰਾ ਖੇਲ ਆਤਮ ਪਰਮਾਤਮ ਸਬੰਧ ਦਾ, ਸੁਰਤ ਸ਼ਬਦ ਵੇਖ ਵਖਾਈਆ । ਮੈਂ ਵਣਜਾਰਾ ਬਣਿਆ ਨਹੀਂ ਵਿਕਾਰ ਪੰਜ ਦਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਸੰਗ ਰਖਾਈਆ । ਮੈਂ ਸੰਦੇਸ਼ਾ ਸੁਣਾਂ ਸਦ ਬਖ਼ਸ਼ੰਦ ਦਾ, ਜੋ ਰਹਿਮਤ ਸਚ ਕਮਾਈਆ । ਮੇਰਾ ਸਰੂਪ ਸਤਿ ਚਿਤ ਅਨੰਦ ਦਾ, ਚਿੰਤਾ ਰੋਗ ਨਾ ਕੋਇ ਪ੍ਰਗਟਾਈਆ । ਮੈਂ ਵਣਜਾਰਾ ਇਕੋ ਛੰਦ ਦਾ, ਸੋਹੰ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਖਿਲਾਈਆ । ਸਚ ਕਹੇ ਮੈਂ ਸਚ ਦੀ ਦੱਸਾਂ ਰੀਤੀ, ਭਗਤ ਭਗਵਾਨ ਮੇਲ ਮਿਲਾਈਆ । ਮੇਰੀ ਇਕ ਦੇ ਨਾਲ ਪ੍ਰੀਤੀ, ਏਕੰਕਾਰ ਦਿਆਂ ਜਣਾਈਆ । ਮੇਰੀ ਖੇਲ ਸਦਾ ਅਤੀਤੀ, ਤ੍ਰੈਗੁਣ ਵਿਚ ਕਦੇ ਨਾ ਆਈਆ । ਮੇਰੀ ਘੜੀ ਕਦੇ ਨਾ ਬੀਤੀ, ਜੁਗ ਚੌਕੜੀ ਇਕੋ ਰੰਗ ਸਮਾਈਆ । ਮੇਰੀ ਧਾਰ ਠਾਂਡੀ ਸੀਤੀ, ਅਗਨੀ ਤਤ ਨਾ ਕੋਇ ਤਪਾਈਆ । ਮੈਨੂੰ ਯਾਦ ਜੁਗ ਚੌਕੜੀ ਪਿਛਲੀ ਬੀਤੀ, ਕੋਟਨ ਕੋਟ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਬਖ਼ਸ਼ਣਹਾਰਾ ਧਰਮ ਧਾਰ ਦੀ ਨੀਤੀ, ਨੀਤੀਵਾਨ ਦਇਆ ਕਮਾਈਆ ।


੧੭੪੯
੨੩

## ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ਸਰੂਪ ਸਿੰਘ ਦੇ ਗ੍ਰਿਹ

ਸਚ ਕਹੇ ਮੈਂ ਜੁਗ ਜੁਗ ਦੇਵਾਂ ਸ਼ਬਦ ਸੰਦੇਸ਼, ਸਚ ਸਚ ਸੁਣਾਈਆ । ਮੇਰਾ ਮਾਲਕ ਇਕ ਨਰੇਸ਼, ਨਰਾਇਣ ਧੁਰਦਰਗਾਹੀਆ । ਜੋ ਵਸੇ ਸਚਖੰਡ ਦੇਸ਼, ਦਰਗਾਹ ਸਾਚੀ ਸੋਭਾ ਪਾਈਆ । ਸਦਾ ਰਹੇ ਹਮੇਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਲਾਗੇ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਹੋਵਣ ਪੇਸ਼, ਆਪਣੀਆਂ ਝੋਲੀਆਂ ਅਗੇ ਡਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਿਸ ਦਾ ਸਮਝੇ ਕੋਇ ਨਾ ਵੇਸ, ਅਵੱਲੜੀ ਕਾਰ ਕਮਾਈਆ । ਉਹ ਮੇਰਾ ਲਹਿਣਾ ਦੇਣਾ ਦੇਵਣਹਾਰਾ ਇਕ ਨਰੇਸ਼, ਹਰਿ ਕਰਤਾ ਧੁਰਦਰਗਾਹੀਆ । ਮੈਂ ਜੁਗ ਜੁਗ ਦੀਨ ਦੁਨੀ ਦਾ ਵੇਖਾਂ ਕਲੇਸ਼, ਝਗੜਾ ਤੱਕਾਂ ਖ਼ਲਕ ਖ਼ੁਦਾਈਆ । ਮੇਰਾ ਭੇਵ ਦੱਸਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਗੁਣ ਗਾਏ ਸਹੰਸਰ ਮੁਖ ਸ਼ੇਸ਼, ਜਿਹਵਾ ਦੋ ਦੋ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਚ ਕਹੇ ਮੇਰੀ ਸਾਹਿਬ ਬਣਾਈ ਬਣਤ, ਘੜਨ ਭੰਨਣਹਾਰ ਦਿਤੀ ਵਡਿਆਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਗਿਣਤੀ ਵਿਚ ਕਦੇ ਨਾ ਆਈਆ । ਜਿਸ ਦਾ ਨਾਮ ਇਕ ਅਨੰਤ, ਅਗੰਮ ਦਏ ਸਮਝਾਈਆ । ਜੋ ਸਭ ਦਾ ਸਵਾਮੀ ਕੰਤ, ਕੰਤੂਹਲ ਇਕ ਅਖਵਾਈਆ । ਜਿਸ ਦਾ ਭੇਵ ਜਾਣੇ ਹਰਿਜਨ ਸੰਤ, ਜਿਸ ਪਰਦਾ ਆਪ ਚੁਕਾਈਆ ।

ਉਸ ਦਾ ਲੇਖਾ ਸਦਾ ਅਨੰਤ, ਕਥਨੀ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਚ ਕਹੇ ਮੇਰਾ ਸ਼ਬਦ ਸ਼ਬਦ ਗੁਰਬਾਣੀ, ਜੁਗ ਜੁਗ ਦਿਆਂ ਜਣਾਈਆ । ਮੇਰਾ ਪਿਆਰ ਮੁਹੱਬਤ ਵਾਲਾ ਇਕੋ ਹਾਣੀ, ਜੋ ਇਕੋ ਰੂਪ ਸਮਾਈਆ । ਜਿਸ ਰਚਨਾ ਰਚੀ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜਿਸ ਦੀ ਸਦਾ ਤਰਲ ਜਵਾਨੀ, ਜੋਬਨਵੰਤਾ ਬੇਪ੍ਰਵਾਹੀਆ । ਜੋ ਅੰਮ੍ਰਿਤ ਬਖ਼ਸ਼ਣਹਾਰਾ ਪਾਣੀ, ਸਰੋਵਰ ਆਪਣੇ ਵਿਚੋਂ ਵਰਤਾਈਆ । ਜੋ ਹੋਵੇ ਤਾਣ ਨਿਤਾਣੀ, ਨਿਮਾਣਿਆਂ ਦਏ ਵਡਿਆਈਆ । ਜਿਸ ਦਾ ਖੇਲ ਲੱਖ ਚੁਰਾਸੀ ਜੀਵ ਪ੍ਰਾਣੀ, ਘਰ ਘਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨੀ, ਦੋਹਰੀ ਆਪਣੀ ਖੇਲ ਖਿਲਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ਬਹਾਦਰ ਸਿੰਘ ਦੇ ਗ੍ਰਿਹ ✪

ਸਚ ਕਹੇ ਮੇਰੀ ਸੱਚੀ ਸਿਫ਼ਤ ਸਲਾਹ, ਸਦ ਸਾਚੇ ਰੰਗ ਸਮਾਈਆ । ਜਗਤ ਧਾਰ ਬਣਾਂ ਮਲਾਹ, ਬੇੜਾ ਸਚ ਨਾਮ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਮੇਰੇ ਗਵਾਹ, ਜੋ ਲਿਖ ਲਿਖ ਸਚ ਗਏ ਵਡਿਆਈਆ । ਮੇਰਾ ਇਕੋ ਅਗੰਮਾ ਥਾਂ, ਜਿਥੇ ਵਜਦੀ ਰਹੇ ਵਧਾਈਆ । ਮੇਰਾ ਸੰਗੀ ਇਕੋ ਪ੍ਰਭ ਦਾ ਨਾਂ, ਨਾਉਂ ਨਿਰੰਕਾਰਾ ਵਡ ਵਡਿਆਈਆ । ਮੇਰੇ ਅੰਤਸ਼ਕਰਨ ਇਕੋ ਘਨੇਰਾ ਚਾਅ, ਖ਼ੁਸ਼ੀਆਂ ਢੋਲੇ ਗਾਈਆ । ਸਤਿ ਦੀ ਧਾਰ ਵਿਚ ਭਗਤ ਸੁਹੇਲੇ ਲਵਾਂ ਮਨਾ, ਮਿਲਣੀ ਹਰਿ ਜਗਦੀਸ਼ ਕਰਾਈਆ । ਮੇਰੇ ਉਤੇ ਕੋਟਨ ਕੋਟ ਕਰਦੇ ਗਿਲਾ, ਭੇਵ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਖਿਲਾਈਆ । ਸਚ ਕਹੇ ਮੇਰਾ ਮਿਤ੍ਰ ਪਿਆਰਾ ਕੋਈ, ਕੋਟਾਂ ਵਿਚੋਂ ਨਜ਼ਰੀ ਆਈਆ । ਮੈਨੂੰ ਭਗਤਾਂ ਬਿਨਾ ਮਿਲੇ ਨਾ ਢੋਈ, ਘਰ ਮਿਲੇ ਨਾ ਕੋਇ ਵਡਿਆਈਆ । ਮੇਰੀ ਇਕੋ ਇਕ ਦਰੋਹੀ, ਦੋ ਜਹਾਨਾਂ ਦਿਆਂ ਸੁਣਾਈਆ । ਮੇਰੀ ਆਸ਼ਾ ਜਗਤ ਤ੍ਰਿਸ਼ਨਾ ਕਦੇ ਨਾ ਮੋਹੀ, ਕੂੜ ਮੁਹੱਬਤ ਨਾ ਕੋਇ ਰਖਾਈਆ । ਮੈਂ ਜੁਗ ਜੁਗ ਭਗਤਾਂ ਸੁਰਤ ਉਠਾਵਾਂ ਸੋਈ, ਆਲਸ ਨਿੰਦਰਾ ਦੂਰ ਕਰਾਈਆ । ਮੇਰੀ ਧਾਰ ਜਗ ਰਸਾਂ ਵਿਚ ਨਾ ਚੋਈ, ਅੰਮਿਉਂ ਰਸ ਧੁਰ ਦਾ ਜਾਮ ਪਿਆਈਆ । ਮੇਰੀ ਕਲਾ ਕਲਧਾਰੀ ਨਾਲ ਛੋਹੀ, ਅਕਲ ਕਲਧਾਰੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸਦਾ ਸੁਣੇ ਅਰਜ਼ੋਈ, ਆਰਜ਼ੂ ਜਿਸ ਦੇ ਅਗੇ ਰਖਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ਦਾਰਾ ਸਿੰਘ ਦੇ ਗ੍ਰਿਹ ✪

ਸਚ ਕਹੇ ਮੈਂ ਮਾਲਕ ਸਚ ਘਰ ਦਾ, ਘਰਾਨਾ ਇਕੋ ਸੋਭਾ ਪਾਈਆ । ਜਿਥੇ ਨਾ ਜੰਮਦਾ ਨਾ ਮਰਦਾ, ਜਨਮ ਜਨਮ ਨਾ ਕਦੇ ਬਦਲਾਈਆ ।

ਆਦਿ ਜੁਗਾਦਿ ਇਕੋ ਕਰਨੀ ਕਰਦਾ, ਜੋ ਕਰਤੇ ਪੁਰਖ ਦਿਤੀ ਸਮਝਾਈਆ । ਧਰਨੀ ਉਤੇ ਕਦੇ ਨਾ ਡਰਦਾ, ਭੈ ਸਿਰ ਨਾ ਕੋਇ ਰਖਾਈਆ । ਇਕੋ ਧੁਰ ਦਾ ਨਾਮ ਪੜ੍ਹਦਾ, ਕਲਮਾ ਅਗੰਮ ਅਥਾਹੀਆ । ਸਦਾ ਕੂੜ ਕੁੜਿਆਰ ਨਾਲ ਲੜਦਾ, ਇਹ ਮੇਰੀ ਬੇਪਰਵਾਹੀਆ । ਮੇਰਾ ਫਲ ਕਦੇ ਨਾ ਝੜਦਾ, ਪੱਤ ਟਹਿਣੀ ਨਾ ਕਦੇ ਕੁਮਲਾਈਆ । ਮੈਂ ਗੜ੍ਹ ਤੋੜਾਂ ਹੰਕਾਰ ਵਾਲੇ ਧੜ ਦਾ, ਨਿਮਰਤਾ ਦਿਆਂ ਜਣਾਈਆ । ਮੈਂ ਭੇਵ ਖੁਲਾਵਾਂ ਚੋਟੀ ਜੜ ਦਾ, ਚੇਤਨ ਪਰਦਾ ਲਾਹੀਆ । ਮੈਂ ਅਗਨੀ ਵਿਚ ਕਦੇ ਨਾ ਸੜਦਾ, ਤਤਵ ਤਤ ਨਾ ਕੋਇ ਤਪਾਈਆ । ਮੇਰਾ ਮੇਲਾ ਨਰਾਇਣ ਨਰ ਦਾ, ਨਰ ਹਰਿ ਬਖ਼ਸ਼ੇ ਆਪ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਹੁਕਮ ਇਕ ਵਰਤਾਈਆ । ਸਚ ਕਹੇ ਮੇਰਾ ਸਾਥੀ ਇਕ ਰਘੁਬੰਸ, ਰਘੁਪਤ ਬੇਪਰਵਾਹੀਆ । ਜਿਸ ਸਤਿ ਬਣਾਇਆ ਬੰਸ, ਸਚ ਦਿਤੀ ਵਡਿਆਈਆ । ਧਰਮ ਬਣਾ ਕੇ ਅੰਸ, ਉਤਪਤ ਦਿਤੀ ਵਖਾਈਆ । ਨਾਮ ਬਣਾ ਕੇ ਹੰਸ, ਭਗਤਾਂ ਚੋਗ ਚੁਗਾਈਆ । ਜਿਸ ਦਾ ਖੇਲ ਸਦਾ ਬੇਅੰਤ, ਕਹਿਣ ਕਿਛ ਨਾ ਪਾਈਆ । ਓਹ ਮੇਰਾ ਸਾਹਿਬ ਕੰਤ, ਕੰਤੂਹਲ ਇਕ ਅਖਵਾਈਆ । ਜਿਸ ਰੁੱਤ ਸੁਹਾਈ ਸੁਹੰਜਣੀ ਬਸੰਤ, ਪੱਤ ਟਹਿਣੀ ਨਾਲ ਮਹਿਕਾਈਆ । ਮੇਰੀ ਆਦਿ ਬਣਾ ਕੇ ਬਣਤ, ਜੁਗ ਚੌਕੜੀ ਦਿਤੀ ਵਖਾਈਆ । ਮੈਨੂੰ ਲੱਭਦੇ ਫਿਰਦੇ ਸਾਧ ਸੰਤ, ਹਰਿਜਨ ਭੱਜਣ ਵਾਹੋ ਦਾਹੀਆ । ਮੈਂ ਹੱਥ ਨਾ ਆਵਾਂ ਕਿਸੇ ਪੰਡਤ, ਗਠੜੀ ਬੰਨ੍ਹ ਨਾ ਕੋਇ ਟਿਕਾਈਆ । ਮੇਰਾ ਖੇਲ ਜੁਗਾ ਜੁਗੰਤ, ਜੁਗ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਆਪ ਮਿਲਾਈਆ । ਸਚ ਕਹੇ ਮੈਂ ਸੁਘੜ ਸਿਆਣਾ ਸੁਚੱਜਾ, ਮੇਰੇ ਸਾਹਿਬ ਦਿਤੀ ਸਰਨਾਈਆ । ਮੇਰਾ ਨਿਤ ਨਿਤ ਦੀਪਕ ਜਗਾ, ਜਾਗਰਤ ਜੋਤ ਨਾਲ ਰੁਸ਼ਨਾਈਆ । ਮੇਰਾ ਵਧਦਾ ਰਿਹਾ ਅਗਾ, ਅਗੇ ਹੋ ਨਾ ਕੋਇ ਅਟਕਾਈਆ । ਮੇਰਾ ਰੂਪ ਸਤਿ ਸਰੂਪ ਬੱਗਾ, ਬਪੜਿਆਂ ਡੇਰਾ ਢਾਹੀਆ । ਮੈਨੂੰ ਜਗਤ ਵਾਸ਼ਨਾ ਨਹੀਂ ਕੋਈ ਲਬਾ, ਲਾਲਚ ਵਿਚ ਕਦੇ ਨਾ ਆਈਆ । ਜਗਤ ਖ਼ੁਮਾਰੀ ਪੀਤੀ ਨਹੀਂ ਮਧਾ, ਸ਼ਬਦੀ ਧੁਨ ਵਿਚ ਸਮਾਈਆ । ਮੈਂ ਦੇਵਾਂ ਇਕੋ ਹਮੇਸ਼ਾ ਸੱਦਾ, ਪ੍ਰਭ ਦਾ ਨਾਮ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਬੱਧਾ, ਨਿਤ ਨਵਿਤ ਸੇਵ ਕਮਾਈਆ । ਸਚ ਕਹੇ ਮੈਂ ਕਦੇ ਨਹੀਂ ਭੁਗਤੀ ਸਜ਼ਾ, ਦੁੱਖ ਸੰਤਾਪ ਨਾ ਕੋਇ ਰਖਾਈਆ । ਜਨ ਭਗਤ ਚਲਾਵਾਂ ਇਕੋ ਰਜ਼ਾ, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਕਿਸੇ ਨਾਲ ਕਰਾਂ ਨਾ ਦਗ਼ਾ, ਫ਼ਰੇਬਾਂ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਚਰਨ ਕਵਲ ਮੇਰੀ ਧੁਰ ਦੀ ਜਗਹ, ਦੂਸਰ ਧਾਮ ਆਸਣ ਕਦੇ ਨਾ ਲਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸਪੁਰ ਹਜ਼ਾਰਾ ਸਿੰਘ ਦੇ ਗ੍ਰਹਿ ✪

ਸਚ ਕਹੇ ਸਦਾ ਸਚ ਦਾ ਰਾਜ, ਆਦਿ ਜੁਗਾਦਿ ਮਿਲੀ ਵਡਿਆਈਆ । ਸਤਿ ਸਚ ਦਾ ਸਾਚਾ ਤਾਜ, ਤਖਤ ਨਿਵਾਸੀ ਇਕ ਸੁਹਾਈਆ । ਸਚ ਮਾਰ ਅਵਾਜ, ਸਚ ਲਏ ਉਠਾਈਆ । ਸਚ ਚਲਾ ਜਹਾਜ਼, ਬੇੜਾ ਜਗਤ ਜਹਾਨ ਵਖਾਈਆ । ਸਚ ਦੀ ਸਚ ਰੱਖੇ ਲਾਜ, ਹੋਏ ਸਚ

੧੭੫੧
੨੩

ਸਹਾਈਆ । ਸਚ ਸਤਿਗੁਰੂ ਸ਼ਬਦ ਗੁਰੂ ਗੁਰ ਮਹਾਰਾਜ, ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਦੀ ਸਾਚੀ ਯਾਦ, ਭੁਲ ਅਭੁਲ ਰੂਪ ਨਾ ਕੋਇ ਬਦਲਾਈਆ । ਸਚ ਦੀ ਸਚ ਸਚ ਫ਼ਰਿਆਦ, ਸਚ ਸਚ ਸਚ ਸਮਝਾਈਆ । ਸਚ ਦਾ ਸਚ ਹੋਵੇ ਅਹਿਲਾਦ, ਸਚ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਸੋ ਪੁਰਖ ਨਿਰੰਜਣ ਸਾਚਾ, ਹਰਿ ਪੁਰਖ ਨਿਰੰਜਣ ਇਕ ਅਖਵਾਈਆ । ਏਕੰਕਾਰ ਵੇਖੇ ਤਮਾਸ਼ਾ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਕਰੇ ਹਾਸਾ, ਸ੍ਰੀ ਭਗਵਾਨ ਖ਼ੁਸ਼ੀ ਬਣਾਈਆ । ਪਾਰਬ੍ਰਹਮ ਤੱਕੇ ਰਾਸਾ, ਮੰਡਲ ਮੰਡਪ ਖੇਲ ਖਿਲਾਈਆ । ਪ੍ਰਕਾਸ਼ ਦੇ ਕੇ ਰਵ ਸਾਸਾ, ਸੂਰੀਆ ਚੰਦ ਦਿਤੇ ਚਮਕਾਈਆ । ਖੇਲ ਖਿਲਾ ਕੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਦਿਤੀ ਵਡਿਆਈਆ । ਜੋ ਆਦਿ ਅੰਤ ਨਾ ਕਦੇ ਵਿਨਾਸਾ, ਸਚ ਕਹੇ ਸੋ ਮੇਰਾ ਧੁਰ ਦਾ ਮਾਹੀਆ । ਜਿਸ ਦੇ ਸਦਾ ਵਸਾਂ ਮੈਂ ਪਾਸਾ, ਸਗਲਾ ਸੰਗ ਰਖਾਈਆ । ਬਣ ਕੇ ਦਾਸੀ ਦਾਸਾ, ਜੁਗ ਜੁਗ ਸੇਵ ਕਮਾਈਆ । ਉਸ ਦਾ ਭੇਵ ਕੀ ਦੱਸਾਂ ਖ਼ੁਲਾਸਾ, ਕਿਛ ਕਹਿ ਨਾ ਸਕਾਂ ਰਾਈਆ । ਜੋ ਮੇਰੀ ਜੁਗ ਜੁਗ ਪੂਰੀ ਕਰੇ ਆਸਾ, ਜਨ ਭਗਤਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਮੇਰਾ ਆਦਿ ਅੰਤ ਇਕੋ ਰੰਗ, ਬਦਲੀ ਵਿਚ ਕਦੇ ਨਾ ਆਈਆ । ਆਤਮ ਧਾਰ ਦੇਵਾਂ ਸੰਗ, ਬ੍ਰਹਮ ਪਰਦਾ ਆਪ ਚੁਕਾਈਆ । ਈਸ਼ ਜੀਵ ਮੇਲ ਕਰਾਂ ਨਿਸ਼ੰਗ,
੧੭੫੨ ੨੩ ਇਹ ਮੇਰੀ ਬੇਪਰਵਾਹੀਆ । ਆਤਮ ਧਾਰ ਵਹਾਵਾਂ ਗੰਗ, ਗੰਗੋਤਰੀ ਸੀਸ ਨਿਵਾਈਆ । ਸਾਚੀ ਮੰਜ਼ਲ ਜਾਵਾਂ ਲੰਘ, ਅਗੇ ਹੋ ਨਾ ਕੋਇ ਅਟਕਾਈਆ । ੧੭੫੨ ੨੩
ਜੁਗ ਚੌਕੜੀ ਮਾਰਾਂ ਪੰਧ, ਭੱਜਾਂ ਵਾਹੋ ਦਾਹੀਆ । ਸਚ ਨਾਮ ਸੁਣਾ ਕੇ ਛੰਦ, ਢੋਲਾ ਦਿਆਂ ਦਰਸਾਈਆ । ਜਨ ਭਗਤੋ ਮੈਨੂੰ ਲਾਵੋ ਅੰਗ, ਅੰਗੀਕਾਰ ਬਣਾਈਆ । ਮੰਜ਼ਲ ਸਚ ਦੀ ਜਾਣਾ ਲੰਘ, ਸਚਖੰਡ ਸਾਚੇ ਮਿਲੇ ਵਡਿਆਈਆ । ਜਿਥੇ ਝਗੜਾ ਨਹੀਂ ਤਤ ਪੰਜ, ਪੰਚਮ ਮੇਲਾ ਸਹਿਜ ਸੁਭਾਈਆ । ਨਾ ਖ਼ੁਸ਼ੀ ਨਾ ਕੋਈ ਰੰਜ, ਗ਼ਮੀ ਰੂਪ ਨਾ ਕੋਇ ਦਿਖਾਈਆ । ਲੇਖਾ ਮੁਕੇ ਭੁੱਖ ਨੰਗ, ਪ੍ਰਭ ਇਕੋ ਦਰ ਦਏ ਵਡਿਆਈਆ । ਸਚ ਕਹੇ ਮੈਂ ਸਦਾ ਪ੍ਰਭ ਦੇ ਹੁਕਮ ਦਾ ਪਾਬੰਦ, ਹੁਕਮ ਮੰਨ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਬਖ਼ਸ਼ਣਹਾਰਾ ਸਚ ਅਨੰਦ, ਸਚ ਸਚ ਸਚ ਵਿਚੋਂ ਪ੍ਰਗਟਾਈਆ ।

## ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਦਰਸ਼ਨ ਕੌਰ ਦੇ ਗ੍ਰਹਿ

ਸਚ ਕਹੇ ਮੈਂ ਆਦਿ ਜੁਗਾਦੀ ਧਰਮ ਧਾਰ ਦਾ ਯਾਰ, ਸਥਰ ਯਾਰੜਾ ਸੇਜ ਹੰਢਾਈਆ । ਮੇਰੇ ਉਤੇ ਪ੍ਰਭੂ ਨੂੰ ਇਤਬਾਰ, ਯਕੀਨ ਨਾਲ ਸੁਣਾਈਆ । ਮੇਰਾ ਲੇਖਾ ਜੁਗ ਜੁਗ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਮੈਂ ਮੇਲ ਮਿਲਾਵਾਂ ਨਾਰ ਕੰਤ ਭਤਾਰ, ਆਤਮ ਪਰਮਾਤਮ ਜੋੜ ਜੁੜਾਈਆ । ਮੈਂ ਭਗਤਾਂ ਪੈਜ ਦੇਵਾਂ ਸਵਾਰ, ਸਦ ਸਦ ਆਪਣਾ ਸੰਗ ਬਣਾਈਆ । ਮੇਰੀਆਂ ਸਿਫ਼ਤਾਂ ਵਾਲੀ ਗਾਉਂਦੇ ਸਾਰੇ ਵਾਰ, ਵਾਰਤਾ ਗ੍ਰੰਥਾਂ ਨਾਲ ਰਖਾਈਆ । ਮੈਂ ਸਭ ਨੂੰ ਦੇਵਾਂ ਅਧਾਰ, ਸਾਂਤਕ ਸਤਿ ਵਰਤਾਈਆ । ਮੇਰਾ ਸਾਚਾ ਮੰਦਰ ਗੁਰੂਦਵਾਰ, ਕਾਅਬਾ ਇਕੋ ਨਜ਼ਰੀ

ਆਈਆ । ਜਿਸ ਦੀ ਮੰਜ਼ਲ ਨਹੀਂ ਦੁਸ਼ਵਾਰ, ਔਝੜ ਰਾਹ ਨਾ ਕੋਇ ਪਵਾਈਆ । ਜੋ ਮੇਰੇ ਨਾਲ ਕਰੇ ਪਿਆਰ, ਮੈਂ ਪ੍ਰੀਤਮ ਦਿਆਂ ਮਿਲਾਈਆ । ਮੈਂ ਕੂਕ ਕੂਕ ਸਭ ਨੂੰ ਕਰਾਂ ਖ਼ਬਰਦਾਰ, ਢੋਲੇ ਰਾਗਾਂ ਨਾਦਾਂ ਵਾਲੇ ਜਣਾਈਆ । ਜੀਵ ਜੰਤ ਸਚ ਦੀ ਪਾਓ ਸਾਰ, ਸਾਧ ਸੰਤ ਲਓ ਅੰਗੜਾਈਆ । ਮੇਰਾ ਲਹਿਣਾ ਦੇਣਾ ਅਪਰ ਅਪਾਰ, ਅਪਰੰਪਰ ਸਵਾਮੀ ਆਪਣੇ ਹੱਥ ਰਖਾਈਆ । ਮੇਰੇ ਉਤੋਂ ਸਾਰੇ ਜਾਣ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਮੇਰਾ ਅਵਤਾਰ ਪੈਗ਼ੰਬਰਾਂ ਗੁਰੂਆਂ ਬੋਲਿਆ ਜੈਕਾਰ, ਕਲਮਾ ਧੁਰ ਦਾ ਨਾਮ ਸੁਣਾਈਆ । ਮੈਂ ਕੋਈ ਭਾਂਡਾ ਨਹੀਂ ਘੁਮਿਆਰ, ਕਾਚੀ ਮਾਟੀ ਨਾ ਰੂਪ ਵਖਾਈਆ । ਮੈਨੂੰ ਘੜਿਆ ਨਹੀਂ ਕਿਸੇ ਸੁਨਿਆਰ, ਠਠਿਆਰਾਂ ਹੱਥ ਕਦੇ ਨਾ ਆਈਆ । ਮੇਰਾ ਰੂਪ ਬਣਾਇਆ ਆਪ ਨਿਰੰਕਾਰ, ਨਿਰਵੈਰ ਦਿਤੀ ਵਡਿਆਈਆ । ਮੈਂ ਖੇਲਾਂ ਖੇਲ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਉਤੇ ਸੋਭਾ ਪਾਈਆ । ਜਨ ਭਗਤ ਸੁਹੇਲੇ ਮੇਲਾਂ ਮੀਤ ਮੁਰਾਰ, ਮਿਤ੍ਰ ਪਿਆਰੇ ਨਾਲ ਮਿਲਾਈਆ । ਮੇਰਾ ਆਦਿ ਜੁਗਾਦੀ ਤੂੰ ਮੇਰਾ ਮੈਂ ਤੇਰਾ ਜੈਕਾਰ, ਢੋਲਾ ਸੋਹਲਾ ਇਕੋ ਇਕ ਗਾਈਆ । ਮੇਰਾ ਰੂਪ ਅਨੂਪ ਨਾ ਪੁਰਖ ਨਾ ਨਾਰ, ਸਤਿ ਸਚ ਆਪਣਾ ਨਾਉਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਸਦਾ ਦੀਦਾਰ ਦਰਸ ਅਰਸ ਅਰਸ਼ੀ ਪ੍ਰੀਤਮ ਇਕ ਵਖਾਈਆ ।

✪ ੨੫ ਚੇਤ ਸ਼ਹਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਰਵੇਲ ਕੌਰ ਦੇ ਗ੍ਰਹਿ ✪

੧੭੫੩ ੨੩ ਸਚ ਕਹੇ ਜਨ ਭਗਤੋ ਸੱਚਾ ਇਕ ਅਕਾਲ, ਅਕਲ ਕਲਧਾਰੀ ਇਕ ਅਖਵਾਈਆ । ਜੋ ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਧੁਰ ਦਾ ਮਾਹੀਆ । ਜਿਸ ਤੁਹਾਨੂੰ ਬਣਾਇਆ ਲਾਲ, ਬਾਲ ਆਪਣੀ ਗੋਦ ਟਿਕਾਈਆ । ਦਿਵਸ ਰੈਣ ਕਰੇ ਸੰਭਾਲ, ਸੰਬਲ ਦਾ ਮਾਲਕ ਹੋਏ ਸਹਾਈਆ । ਤੁਹਾਡੀ ਲੇਖੇ ਲਾਏ ਘਾਲ, ਕਰਨੀ ਆਪਣੇ ਚਰਨ ਟਿਕਾਈਆ । ਜਗਤ ਜਹਾਨ ਤੋੜ ਜੰਜਾਲ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਭਾਗ ਲਗਾ ਕੇ ਸਾਚੀ ਧਰਮਸਾਲ, ਘਰ ਮੰਦਰ ਇਕ ਵਡਿਆਈਆ । ਤੁਸੀਂ ਸ਼ਾਹ ਬਣੇ ਕੰਗਾਲ, ਨਾਮ ਧਨ ਦਏ ਵਰਤਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਸ਼ਹਿਨਸ਼ਾਹੀਆ । ਤੁਹਾਨੂੰ ਪੋਹ ਨਾ ਸਕੇ ਕਾਲ, ਮਹਾਕਾਲ ਵੇਖੇ ਚਾਈਂ ਚਾਈਆ । ਨਿਰਗੁਣ ਧਾਰ ਵਸੇ ਨਾਲ, ਸਰਗੁਣ ਸੰਗ ਨਿਭਾਈਆ । ਕਾਇਆ ਫਲ ਲਗਾਏ ਅਗੰਮੇ ਡਾਲ, ਰਸ ਆਪਣਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਹਾਨ ਵਿਚੋਂ ਲਏ ਉਠਾਲ, ਫੜ ਬਾਹੋਂ ਮੇਲ ਮਿਲਾਈਆ ।

✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਪਿਆਰਾ ਸਿੰਘ ਦੇ ਗ੍ਰਹਿ ✪

ਸਚ ਕਹੇ ਜਨ ਭਗਤੋ ਸੱਚਾ ਇਕੋ ਸਾਹਿਬ, ਸਭ ਨੂੰ ਦਿਆਂ ਦ੍ਰਿੜਾਈਆ । ਜਿਸ ਦਾ ਸ਼ਬਦੀ ਧਾਰ ਗੁਰੂ ਗੁਰਦੇਵਾ ਨਾਇਬ, ਦੋ ਜਹਾਨਾਂ

ਖੇਲ ਖਿਲਾਈਆ । ਜਿਸ ਦਾ ਵੇਸ ਅਵੱਲੜਾ ਅਜਾਇਬ, ਅਜਬ ਆਪਣੀ ਕਾਰ ਭੁਗਤਾਈਆ । ਜਿਸ ਦਾ ਸਭ ਦੇ ਨਾਲ ਵਾਇਦ, ਵਾਇਦੇ ਜੁਗ ਜੁਗ ਪੂਰ ਕਰਾਈਆ । ਉਸ ਦਾ ਇਕੋ ਹੁਕਮ ਆਹਿਦ, ਅਹਿਦਨਾਮੇ ਵੇਖੇ ਥਾਉਂ ਥਾਈਂਆ । ਆਤਮ ਧਾਰ ਕਦੇ ਨਾ ਹੋਵੇ ਅਲਾਹਿਦ, ਪਰਮਾਤਮ ਵੰਡ ਨਾ ਕੋਇ ਵੰਡਾਈਆ । ਜੁਗ ਜੁਗ ਭਗਤਾਂ ਤਾਰਨ ਆਏ ਮਹਿਜ਼, ਮਹਿਵ ਆਪਣੀ ਖੇਲ ਖਿਲਾਈਆ । ਉਸ ਦਾ ਹੁਕਮ ਕਦੇ ਨਾ ਹੋਵੇ ਨਜਾਇਜ਼, ਸਚ ਸਚ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਲਹਿਣਾ ਦੇਣਾ ਦੇਵੇ ਜਾਇਜ਼, ਜ਼ਾਇਜ਼ਾ ਸਭ ਦਾ ਵੇਖੇ ਥਾਉਂ ਥਾਈਂਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਬਲਾਕਾ ਸਿੰਘ ਦੇ ਗ੍ਰਹਿ

ਸਚ ਕਹੇ ਜਨ ਭਗਤੋ ਸਚ ਬਣੋ ਵਪਾਰੀ, ਸਤਿ ਸਤਿ ਨਾਲ ਮਿਲਾਈਆ । ਸਾਚੇ ਦਰ ਦਰ ਬਣੋ ਭਿਖਾਰੀ, ਮਾਂਗਤ ਹੋ ਕੇ ਝੋਲੀ ਡਾਹੀਆ । ਹਰਿ ਦੇਵਣਹਾਰ ਵਡ ਭੰਡਾਰੀ, ਅਤੋਟ ਅਤੁਟ ਵਰਤਾਈਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰੀ, ਚਾਰੇ ਖਾਣੀ ਨਾਲ ਮਿਲਾਈਆ । ਜਿਸ ਨੂੰ ਚਾਰੇ ਬਾਣੀ ਰਹੀ ਪੁਕਾਰੀ, ਕੂਕ ਕੂਕ ਸੁਣਾਈਆ । ਸੋ ਦੇਵਣਹਾਰ ਦਾਤਾਰੀ, ਦਾਤਾ ਦਾਨੀ ਬੇਪਰਵਾਹੀਆ । ਤਿਸ ਚਰਨ ਕਵਲ ਕਰੋ ਨਿਮਸਕਾਰੀ, ਨਿਵ ਨਿਵ ਸੀਸ ਝੁਕਾਈਆ । ਜੋ ਜੁਗ ਜੁਗ ਭਗਤਾਂ ਪੈਜ ਰਿਹਾ ਸਵਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਾਚੀ ਦੇਵੇ ਨਾਮ ਖ਼ੁਮਾਰੀ, ਮਸਤ ਅਲਮਸਤ ਦਏ ਬਣਾਈਆ । ਨਿਰਗੁਣ ਜੋਤ ਕਰੇ ਚਮਤਕਾਰੀ, ਜੋਤੀ ਜਾਤਾ ਡਗਮਗਾਈਆ । ਸਾਚੇ ਸ਼ਬਦ ਦਏ ਧੁਨਕਾਰੀ, ਆਤਮਕ ਰਾਗ ਸੁਣਾਈਆ । ਬੂੰਦ ਸਵਾਂਤੀ ਬਖ਼ਸ਼ੇ ਠੰਡੀ ਠਾਰੀ, ਅੰਮਿਉਂ ਰਸ ਜਾਮ ਪਿਆਈਆ । ਜਿਸ ਦਾ ਲੇਖਾ ਨਹੀਂ ਪੁਰਖ ਨਾਰੀ, ਆਤਮ ਮੇਲਾ ਸਹਿਜ ਸੁਭਾਈਆ । ਸੋ ਘਰ ਘਰ ਅੰਦਰ ਕਾਇਆ ਮੰਦਰ ਪਾਵਣਹਾਰਾ ਸਾਰੀ, ਗ੍ਰਹਿ ਗ੍ਰਹਿ ਖੋਜ ਖੁਜਾਈਆ । ਵੇਖੇ ਵਿਗਸੇ ਵੇਖਣਹਾਰੀ, ਹਰ ਹਿਰਦੇ ਫੋਲ ਫੁਲਾਈਆ । ਸੋ ਪੁਰਖ ਨਿਰੰਜਣ ਬਣ ਕੇ ਮੀਤ ਮੁਰਾਰੀ, ਮਿਤ੍ਰ ਪਿਆਰਾ ਦਏ ਵਡਿਆਈਆ । ਹਰਿ ਪੁਰਖ ਨਿਰੰਜਣ ਅਗੰਮ ਅਪਾਰੀ, ਅਲਖ ਅਗੋਚਰ ਇਕ ਅਖਵਾਈਆ । ਏਕੰਕਾਰਾ ਜਿਸ ਰਚਨਾ ਰਚੀ ਸਾਰੀ, ਸ੍ਰਿਸ਼ਟ ਦ੍ਰਿਸ਼ਟ ਨਾਲ ਮਿਲਾਈਆ । ਆਦਿ ਨਿਰੰਜਣ ਬੇਅੰਤ ਬੇਪ੍ਰਵਾਹ ਨੂਰ ਨੂਰ ਕਰੇ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਅੰਤਮ ਵੇਖੇ ਵਿਗਸੇ ਪਾਵੇ ਸਾਰੀ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਅਬਿਨਾਸ਼ੀ ਕਰਤਾ ਆਪਣਾ ਰੰਗ ਚਾੜ੍ਹੇ ਅਪਾਰੀ, ਮਨੋਹਰ ਆਪਣੀ ਖੇਲ ਖਿਲਾਈਆ । ਪਾਰਬ੍ਰਹਮ ਬ੍ਰਹਮ ਦਾ ਬਣ ਅਧਾਰੀ, ਉਦਰ ਦਾ ਲੇਖਾ ਦਏ ਮੁਕਾਈਆ । ਸਤਿਗੁਰ ਸ਼ਬਦ ਸਚ ਦਾ ਸਚ ਕਰੇ ਵਣਜ ਵਪਾਰੀ, ਘਾਟਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦੀ ਦਏ ਖ਼ੁਮਾਰੀ, ਖ਼ਾਲਸ ਆਪਣੀ ਖ਼ੁਸ਼ੀ ਬਣਾਈਆ ।

## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਮੁਣਸ਼ਾ ਸਿੰਘ ਦੇ ਗ੍ਰਿਹਿ ✪

ਸਚ ਕਹੇ ਇਕੋ ਪੂਜੋ ਆਦਿ ਨਿਰੰਜਣ, ਆਦਿ ਪੁਰਖ ਧੁਰਦਰਗਾਹੀਆ । ਜੋ ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨਿਜ ਨੇਤਰ ਨਾਮ ਪਾਵੇ ਅੰਜਣ, ਲੋਚਨ ਨੈਣ ਅੱਖ ਖੁਲਾਈਆ । ਚਰਨ ਧੂੜ ਕਰਾਏ ਅਗੰਮੀ ਮਜਨ, ਦੁਰਮਤ ਮੈਲ ਅੰਤਸ਼ਕਰਨ ਮਿਟਾਈਆ । ਆਤਮ ਪਰਮਾਤਮ ਬਣੇ ਸੱਜਣ, ਸਗਲਾ ਸੰਗ ਬਣਾਈਆ । ਪਾਰਬ੍ਰਹਮ ਬ੍ਰਹਮ ਹੋਵੇ ਪਰਦੇ ਕੱਜਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦੇ ਨਾਮ ਨਗਾਰੇ ਵੱਜਣ, ਕਾਇਆ ਮੰਦਰ ਅੰਦਰ ਨਾਦ ਧੁਨ ਕਰੇ ਸ਼ਨਵਾਈਆ । ਜਿਸ ਦੇ ਜੋਤੀ ਦੀਪਕ ਜਗਣ, ਸ਼ਮਅ ਨੂਰ ਡਗਮਗਾਈਆ । ਜੋ ਭਗਤਾਂ ਭਗਤੀ ਵਿਚ ਕਰੇ ਮਗਨ, ਸੁਰਤ ਸ਼ਬਦ ਨਾਲ ਮਿਲਾਈਆ । ਤ੍ਰੈਗੁਣ ਮਾਇਆ ਬੁਝਾ ਕੇ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਸਤਿ ਸਚ ਮਨਾ ਕੇ ਸਗਨ, ਖ਼ੁਸ਼ੀ ਦ੍ਰਿਸ਼ਟ ਅਨਦ੍ਰਿਸ਼ਟ ਵਿਚ ਦ੍ਰਿੜਾਈਆ । ਇਕੋ ਪਿਆਰ ਦੀ ਬਖ਼ਸ਼ ਕੇ ਲਗਨ, ਲਗ ਮਾਤਰ ਡੇਰਾ ਢਾਹੀਆ । ਮੇਲ ਮਿਲਾਏ ਨੂਰ ਅਲਾਹੀ ਰੱਬਨ, ਯਾਮਬੀਨ ਧੁਰਦਰਗਾਹੀਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰ ਸ਼ਬਦੀ ਧਾਰ ਗਾਉਂਦੇ ਸਦਨ, ਸਦਾ ਅਗੰਮ ਸੁਣਾਈਆ । ਉਹ ਜਗਤ ਜਹਾਨ ਮੇਟਣ ਵਾਲਾ ਲਗਨ, ਜ਼ੰਜੀਰ ਕੂੜ ਦਏ ਤੁੜਾਈਆ । ਇਕੋ ਨਾਮ ਦੱਸ ਕੇ ਭਜਨ, ਬੰਦਗੀ ਆਤਮ ਪਰਮਾਤਮ ਸਮਝਾਈਆ । ਜਨ ਭਗਤਨ ਮੀਤਾ ਲੋਕਮਾਤ ਰੱਖੇ ਲਜਨ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣਾ ਰੰਗ ਰੰਗਾਈਆ । ਉਸ ਨੂੰ ਬਾਹਰੋਂ ਕੋਈ ਨਾ ਜਾਏ ਲੱਭਣ, ਘਰ ਮਿਲੇ ਧੁਰ ਦਾ ਮਾਹੀਆ । ਜਿਸ ਦੀ ਸਭ ਤੋਂ ਵੱਖਰੀ ਰੰਗਣ, ਰੰਗ ਮਜੀਠੀ ਦਏ ਚੜ੍ਹਾਈਆ । ਜੋ ਦਵੈਤੀ ਮੇਟੇ

੧੭੫੫
੨੩

ਹੱਦਨ, ਹਦੂਦ ਇਕੋ ਇਕ ਦਰਸਾਈਆ । ਸੋ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਪਰੰਪਰ ਸਵਾਮੀ ਆਦਿ ਜੁਗਾਦਿ ਸਾਚਾ ਨਾਮ ਸਚ ਦੀ ਧਾਰ ਸਤਿਗੁਰ ਸ਼ਬਦ ਆਵੇ ਵੰਡਣ, ਦੂਸਰ ਨਜ਼ਰ ਕੋਇ ਨਾ ਆਈਆ ।

## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਦਲੀਪ ਸਿੰਘ ਦੇ ਗ੍ਰਿਹਿ ✪

ਸਚ ਕਹੇ ਜਨ ਭਗਤੋ ਹਰਿ ਸਚਾ ਇਕੋ ਆਦਿ, ਆਦਿ ਪੁਰਖ ਸਰਨਾਈਆ । ਜਿਸ ਦਾ ਹੁਕਮ ਵਿਚ ਬ੍ਰਹਿਮਾਦ, ਬ੍ਰਹਿਮੰਡ ਰਿਹਾ ਦ੍ਰਿੜਾਈਆ । ਜੋ ਲੱਖ ਚੁਰਾਸੀ ਸੁਣਾਏ ਨਾਦ, ਅਨਾਦੀ ਧੁਨ ਪ੍ਰਗਟਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਰਹੇ ਅਰਾਧ, ਦੇਵਤ ਸੁਰ ਧਿਆਨ ਲਗਾਈਆ । ਜੋ ਹਰ ਘਟ ਅੰਦਰ ਵਿਸਮਾਦ, ਬਿਸਮਿਲ ਰੂਪ ਨੂਰ ਅਲਾਹੀਆ । ਜੋ ਸਭ ਦੀ ਸੁਣੇ ਫ਼ਰਿਆਦ, ਵੇਖਣਹਾਰਾ ਥਾਉਂ ਥਾਈਂਆ । ਜਿਸ ਦਾ ਖੇਲ ਬੋਧ ਅਗਾਧ, ਬੁੱਧੀ ਤੋਂ ਪਰੇ ਪੜ੍ਹਾਈਆ । ਉਹ ਮੇਟਣਹਾਰਾ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਜੋ ਠੱਗਾਂ ਚੋਰਾਂ ਬਣਾਏ ਸੰਤ ਸਾਧ, ਸਤਿਗੁਰ ਆਪਣੇ ਰੰਗ ਰੰਗਾਈਆ । ਜੋ ਨਾਮ ਭੰਡਾਰਾ ਦੇਵਣਹਾਰਾ ਦਾਦ, ਵਸਤ ਅਮੁੱਲ ਝੋਲੀ ਪਾਈਆ । ਜਿਸ ਦਾ ਲੇਖਾ ਨਿਰਗੁਣ ਸਰਗੁਣ ਇਕ ਦੂਜੇ ਤੋਂ ਬਾਦ, ਅਵਤਾਰ ਪੈਗ਼ੰਬਰ ਗੁਰ ਆਪਣਾ ਖੇਲ ਵਖਾਈਆ । ਜੋ ਸਤਿ ਦੀ ਸਚ ਵਜਾਏ ਰਬਾਬ, ਨਾਮ ਸਿਤਾਰ ਇਕ ਰਖਾਈਆ ।

ਮਿਤ੍ਰ ਪਿਆਰਾ ਬਣ ਅਹਿਬਾਬ, ਮੇਲਾ ਮੇਲੇ ਸਹਿਜ ਸੁਭਾਈਆ । ਜਿਥੇ ਇਕੋ ਰੰਗ ਪੁੰਨ ਸੁਆਬ, ਪਾਪਾਂ ਵੰਡ ਨਾ ਕੋਇ ਵੰਡਾਈਆ । ਸੋ ਸਵਾਮੀ ਹਿਰਦੇ ਰੱਖੋ ਯਾਦ, ਲੋਕਮਾਤ ਵਿਛੜ ਕਦੇ ਨਾ ਜਾਈਆ । ਓਹ ਸਦਾ ਸਦਾ ਸਦ ਦੇਵਣਹਾਰ ਇਮਦਾਦ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਦਾ ਨਾਨਕ ਧਾਰ ਲੇਖਾ ਵਿਚ ਬਗ਼ਦਾਦ, ਬਗ਼ਲਗੀਰ ਅਗੰਮ ਅਥਾਹੀਆ । ਸੋ ਖੇਲੇ ਖੇਲ ਵਿਚ ਪੰਜ ਆਬ, ਪੰਚਮ ਆਪਣਾ ਪੜਦਾ ਲਾਹੀਆ । ਜੋ ਅੰਮ੍ਰਿਤ ਝਿਰਨਾ ਦੇਵੇ ਕਵਲ ਨਾਭ, ਬੂੰਦ ਸਵਾਂਤੀ ਸਤਿ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਦੇਵਣਹਾਰ ਪ੍ਰਸ਼ਾਦਿ, ਸਚ ਨਾਮ ਨਾਮ ਵਰਤਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਪਿਆਰੀ ਦੇ ਗ੍ਰਿਹ ✪

ਸਚ ਕਹੇ ਜਨ ਭਗਤੋ ਸਾਚੀ ਮੰਗੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮਾਨਸ ਜਨਮ ਹੋਏ ਨਾ ਭੰਗ, ਚੁਰਾਸੀ ਗੇੜ ਰਹੇ ਨਾ ਰਾਈਆ । ਸਤਿਗੁਰ ਦਾਤਾ ਚਾੜ੍ਹੇ ਰੰਗ, ਰੰਗਤ ਉਤਰ ਕਦੇ ਨਾ ਜਾਈਆ । ਕੱਟੇ ਭੁੱਖ ਨੰਗ, ਦੁਰਮਤ ਮੈਲ ਧਵਾਈਆ । ਪੰਜ ਵਿਕਾਰਾ ਮੇਟੇ ਜੰਗ, ਸਾਂਤਕ ਸਤਿ ਸਤਿ ਕਰਾਈਆ । ਅੰਤਰ ਧਾਰ ਦੇਵੇ ਅਨੰਦ, ਪਰਮਾਨੰਦ ਖੇਲ ਖਿਲਾਈਆ । ਸਾਚੀ ਧਾਰ ਵਹਾ ਕੇ ਗੰਗ, ਅਗਨੀ ਤਤ ਦਏ ਬੁਝਾਈਆ ।
੧੭੫੬ ੨੩
ਝਗੜਾ ਰਹੇ ਨਾ ਤਤਵ ਪੰਜ, ਪੰਚਮ ਮੇਲਾ ਸਹਿਜ ਸੁਭਾਈਆ । ਗ਼ਮੀ ਚਿੰਤਾ ਮਿਟਾ ਕੇ ਰੰਜ, ਰੰਜਸ਼ ਅੰਦਰੋਂ ਦਏ ਕਢਾਈਆ । ਆਪ ਆਪਣੇ ਲਗਾਵੇ ਅੰਗ, ਅੰਗੀਕਾਰ ਇਕ ਅਖਵਾਈਆ । ਕਿਰਪਾ ਕਰੇ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜੋ ਆਤਮ ਸੇਜ ਸੁਹਾਏ ਪਲੰਘ, ਆਸਣ ਸਿੰਘਾਸਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਸਚ ਨਾਲ ਕਰੇ ਸਬੰਧ, ਨਾਤਾ ਸਤਿਗੁਰ ਸ਼ਬਦ ਜੁੜਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਮਹਿੰਦਰ ਕੌਰ ਦੇ ਗ੍ਰਿਹ ✪

ਸਚ ਕਹੇ ਜਨ ਭਗਤੋ ਸੱਚਾ ਸਿਮਰੋ ਸਵਾਮੀ, ਸਾਹਿਬ ਸਰਬ ਗੁਣਤਾਸਿਆ । ਜੋ ਆਦਿ ਜੁਗਾਦੀ ਅੰਤਰਜਾਮੀ, ਕਿਰਪਾ ਕਰੇ ਪੁਰਖ ਅਬਿਨਾਸ਼ਿਆ । ਅੰਮ੍ਰਿਤ ਰਸ ਦੇਵੇ ਪਾਣੀ, ਹਰਿਜਨ ਪੂਰੀ ਹੋਵੇ ਆਸਿਆ । ਭੇਵ ਖੁਲਾਏ ਚਾਰੇ ਬਾਣੀ, ਸ਼ਬਦ ਬੋਧ ਅਗਾਧ ਸੁਣਾਸਿਆ । ਝਗੜਾ ਮੁਕਾਏ ਚਾਰੇ ਖਾਣੀ, ਮਾਨਸ ਜਨਮ ਕਰੇ ਰਹਿਰਾਸਿਆ । ਮੰਜ਼ਲ ਬਖ਼ਸ਼ ਕੇ ਇਕ ਰੁਹਾਨੀ, ਪੰਧ ਮੁਕਾਏ ਪ੍ਰਿਥਮੀ ਆਕਾਸ਼ਿਆ । ਅਨਮੁੱਲੀ ਵਸਤ ਦੇਵੇ ਧੁਰ ਦਾ ਦਾਨੀ, ਕਿਰਪਾ ਕਰੇ ਸ਼ਾਹੋ ਸ਼ਬਾਸਿਆ । ਸਾਚਾ ਬਖ਼ਸ਼ ਕੇ ਪਦ ਨਿਰਬਾਣੀ, ਸਚਖੰਡ ਕਰਾਏ ਨਿਵਾਸਿਆ । ਝਗੜਾ ਮੁਕੇ ਆਵਣ ਜਾਣੀ, ਲੱਖ ਚੁਰਾਸੀ ਰਹੇ ਨਾ ਫ਼ਾਸਿਆ । ਲੇਖਾ ਜਾਣੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਸ਼ਾਹੋ ਸ਼ਾਬਾਸਿਆ । ਤਿਸ ਕਰੋ ਚਰਨ ਧਿਆਨੀ, ਜੋ ਹਰ ਘਟ

ਅੰਦਰ ਰੱਖੇ ਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਤੇਰੇ ਸਾਚੇ ਅੰਤਰ ਅੰਤਸ਼ਕਰਨ ਲਾਹੇ ਉਦਾਸਿਆ ।

### ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਵਿਰਸਾ ਸਿੰਘ ਦੇ ਗ੍ਰਹਿ

ਸਚ ਕਹੇ ਜਨ ਭਗਤੋ ਪ੍ਰਭੂ ਸਚ ਸਚ ਬਖ਼ਸ਼ੰਦਾ, ਸਚ ਸਚ ਵਡਿਆਈਆ । ਜੋ ਦੇਵਣਹਾਰਾ ਪਰਮ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜੋ ਸਰਗੁਣ ਧਾਰ ਤਤਾਂ ਵਾਲਾ ਬਣ ਕੇ ਬੰਦਾ, ਬੰਦਗੀ ਲੋਕਮਾਤ ਸਮਝਾਈਆ । ਖੇਲ ਖਿਲਾ ਕੇ ਸੂਰੀਆ ਤਾਰਾ ਚੰਦਾ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਹਰ ਘਟ ਅੰਦਰ ਸੁਹਾ ਪਲੰਘਾ, ਸੁਖ ਆਸਣ ਆਪਣਾ ਡੇਰਾ ਲਾਈਆ । ਜਨ ਭਗਤਾਂ ਪੂਰੀਆਂ ਕਰੇ ਮੰਗਾ, ਜੁਗ ਜੁਗ ਆਪਣੀ ਦਇਆ ਕਮਾਈਆ । ਕਾਇਆ ਮੰਦਰ ਅੰਦਰ ਦਰਵੇਸ਼ ਹੋ ਕੇ ਆਪੇ ਲੰਘਾ, ਪਾਂਧੀ ਬਣ ਕੇ ਪੰਧ ਮੁਕਾਈਆ । ਅਗਨੀ ਤਤ ਕਰ ਕੇ ਠੰਡਾ, ਸਾਂਤਕ ਸਤਿ ਦਏ ਵਰਤਾਈਆ । ਆਤਮ ਧਾਰ ਪਵਾ ਕੇ ਗੰਢਾ, ਪਰਮਾਤਮ ਆਤਮ ਜੋੜ ਜੁੜਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਖੇਲ ਖਿਲਾਈਆ । ਓਹਦਾ ਵਕਤ ਸੁਹਾਵਾ ਸਚ ਕਹੇ ਮੇਰੇ ਨਾਲ ਲੰਘਾ, ਮੈਂ ਸਹਿਜ ਨਾਲ ਸੁਣਾਈਆ । ਉਸ ਦਾ ਹੁਕਮ ਸਚ ਜਿਸ ਨਾਲ ਹੋਵਣ ਵਾਲਾ ਦੰਗਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਕਲਜੁਗ ਅੰਤ ਵਖਾਇਆ ਕੰਢਾ, ਕੰਢੀ ਘਾਟ ਧਿਆਨ ਲਗਾਈਆ । ਉਸ ਦਾ ਚਮਕਣ ਵਾਲਾ ਖੰਡਾ, ਖੰਡਾ ਖੜਗ ਨਾਮ ਸਮਝਾਈਆ । ਸੱਤਾਂ ਦੀਪਾਂ ਫੇਰੇ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਜਿਸ ਨੂੰ ਸਮਝੇ ਕੋਈ ਨਾ ਪੰਡਾ, ਵਿਦਿਆ ਵਿਚ ਹੱਥ ਕਿਸੇ ਨਾ ਆਈਆ । ਉਹ ਲੇਖਾ ਜਾਣੇ ਬ੍ਰਹਮ ਬ੍ਰਹਿਮੰਡਾ, ਬ੍ਰਹਿਮਾਂਡ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਜਾਣੇ ਜੇਰਜ ਅੰਡਾ, ਉਤਭੁਜ ਸੇਤਜ ਭੇਵ ਰਹੇ ਨਾ ਰਾਈਆ ।



### ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਮੱਖਣ ਸਿੰਘ ਦੇ ਗ੍ਰਹਿ

ਸਚ ਕਹੇ ਜਨ ਭਗਤੋ ਸਚ ਮੇਰਾ ਢੰਡੋਰਾ, ਸ੍ਰਿਸ਼ਟ ਦਿਆਂ ਸੁਣਾਈਆ । ਕੂੜ ਤੱਕੋ ਅੰਧੇਰ ਘੋਰਾ, ਚਾਰੋਂ ਕੁੰਟ ਵੇਖ ਵਖਾਈਆ । ਮਾਇਆ ਮਮਤਾ ਪਾਇਆ ਸ਼ੋਰਾ, ਕਰੇ ਹਾਲ ਦੁਹਾਈਆ । ਜਗਿਆਸੂਆਂ ਰੂਪ ਹੋਇਆ ਠੱਗਾਂ ਚੋਰਾ, ਚੋਰੀ ਸਾਰੇ ਰਹੇ ਕਮਾਈਆ । ਅੰਤਮ ਵਾਸਾ ਹੋਣਾ ਮੜ੍ਹੀਆਂ ਗੋਰਾ, ਸਦ ਰਹਿਣ ਕੋਇ ਨਾ ਪਾਈਆ । ਕੀਮਤ ਰਹਿਣੀ ਨਹੀਂ ਵਾਂਗ ਢੋਰਾ, ਹੱਡ ਮਾਸ ਨਾੜੀ ਕੰਮ ਕਿਸੇ ਨਾ ਆਈਆ । ਬਿਨਾ ਸਚ ਤੋਂ ਪ੍ਰਭ ਨਾਲ ਪੱਕੀਆਂ ਹੋਣ ਮੂਲ ਨਾ ਡੋਰਾਂ, ਡੋਰੀ ਤੰਦ ਨਾ ਕੋਇ ਬੰਧਾਈਆ । ਮੈਂ ਸਭ ਨੂੰ ਦੇਵਣ ਵਾਲਾ ਜਵਾਬ ਕੋਰਾ, ਕੌਰਵ ਪਾਂਡਵ ਦਾ ਲੇਖਾ ਨਾਲ ਮਿਲਾਈਆ । ਮੇਰੇ ਸਾਹਿਬ ਦਾ ਖੇਲ ਹੋਣਾ ਹੋਰ ਦਾ ਹੋਰਾ, ਅਵਰ ਦੀ ਅਵਰ ਕਾਰ ਕਮਾਈਆ । ਜਗਿਆਸੂ ਰਹੇ ਕੋਈ ਨਾ

ਡੇਰਾ, ਸਭ ਨੂੰ ਰਿਹਾ ਸੁਣਾਈਆ । ਜਨ ਭਗਤੋ ਆਪਣਾ ਕਰ ਲਓ ਭਾਗ ਮਥੇਰਾ, ਮਿਥਿਆ ਦਿਸੇ ਲੋਕਾਈਆ । ਨਾਮ ਨਿਧਾਨਾ ਝੋਲੀ ਪਾ ਲਓ ਭੇਰਾ ਭੇਰਾ, ਭਵਰ ਦਾ ਲੇਖਾ ਦਏ ਮੁਕਾਈਆ । ਸਾਨੂੰ ਪਿਛਲਾ ਭੁੱਲ ਜਾਏ ਪੇਕਾ ਸੌਹਰਾ, ਅਗਲਾ ਇਕੋ ਘਰ ਵਖਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਹੋਵੇ ਦੋਹਰਾ, ਸੋਹੰ ਸਚ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬਾਂਕਾ ਛੋਹਰਾ, ਸੌਹਰ ਆਪਣਾ ਖੇਲ ਖਿਲਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਗੰਡਾ ਸਿੰਘ ਦੇ ਗ੍ਰਿਹ ✪

ਸਚ ਕਹੇ ਜਨ ਭਗਤੋ ਸਚ ਨਾਲ ਮਾਣੋ ਰੰਗਰਲੀਆਂ, ਰਲ ਮਿਲ ਪ੍ਰਭ ਨਾਲ ਝਟ ਲੰਘਾਈਆ । ਬਿਨਾ ਪ੍ਰਭੂ ਤੋਂ ਆਤਮਾ ਸਾਰੀਆਂ ਦਿਸਣ ਇਕੱਲੀਆਂ, ਸਗਲਾ ਸੰਗ ਨਾ ਕੋਇ ਬਣਾਈਆ । ਖ਼ਾਲੀ ਮੰਦਰਾਂ ਵਜਦੀਆਂ ਰਹਿੰਦੀਆਂ ਟੱਲੀਆਂ, ਜਗਤ ਆਵਾਜ਼ ਨਾਲ ਸ਼ਨਵਾਈਆ । ਚਰਾਗਾਂ ਵਿਚ ਭਰੀਆਂ ਰਹਿੰਦੀਆਂ ਤੇਲ ਦੀਆਂ ਪਲੀਆਂ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਬਿਨਾ ਸਚ ਤੋਂ ਆਤਮਾ ਜਾਂਦੀਆਂ ਮੂਲ ਨਾ ਸੱਲੀਆਂ, ਸਲਲ ਰੰਗ ਨਾ ਕੋਇ ਚੜ੍ਹਾਈਆ । ਤੁਸਾਂ ਫਿਰਨਾ ਓਸ ਸਾਹਿਬ ਦੀਆਂ ਗਲੀਆਂ, ਜੋ ਗਲੀ ਕੂਚੇ ਭਗਤਾਂ ਵੇਖ ਵਖਾਈਆ । ਜਿਸ ਨੂੰ ਸਾਰੇ ਕਹਿੰਦੇ ਛਲੀਆ, ਅਛਲ ਅਛੱਲ ਧੁਰਦਰਗਾਹੀਆ । ਜਿਸ ਦਾ ਨਿਹਚਲ ਧਾਮ ਅਟੱਲੀਆ, ਸਚਖੰਡ ਸਚ ਸੋਭਾ ਪਾਈਆ । ਸੋ ਤੁਹਾਡਾ ਦਵਾਰਾ ਬੈਠਾ ਮੱਲੀਆ, ਮਾਲਕ ਨੂਰ ਅਲਾਹੀਆ । ਜਿਸ ਨੂੰ ਇਸ਼ਾਰਾ ਕੀਤਾ ਪੈਗ਼ੰਬਰਾਂ ਸੰਗ ਅਲੀਆ, ਵਲੀ ਸੀਸ ਝੁਕਾਈਆ । ਜਿਸ ਦੇ ਪਿਛੇ ਸੀਸ ਧਰੇ ਉਤੇ ਤਲੀਆ, ਆਪਣਾ ਆਪ ਮਿਟਾਈਆ । ਓਹ ਭਗਤੋ ਸਚ ਪ੍ਰੇਮ ਦੀਆਂ ਲੈਂਦਾ ਬਲੀਆ, ਬਲੀਦਾਨ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਵਸੇ ਜਲ ਥਲੀਆ, ਅਸਗਾਹਾਂ ਰਿਹਾ ਸਮਾਈਆ ।



੧੭੫੮
੨੩

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਕਰਤਾਰ ਕੌਰ ਦੇ ਗ੍ਰਿਹ ✪

ਸਚ ਕਹੇ ਜਨ ਭਗਤੋ ਪ੍ਰਭੂ ਦਾ ਕਰੋ ਖ਼ਿਆਲ, ਮਨਸਾ ਮਨ ਨਾ ਕੋਇ ਵਡਿਆਈਆ । ਜਿਸ ਤੁਹਾਨੂੰ ਬਣਾਇਆ ਆਪਣੇ ਲਾਲ, ਪ੍ਰੇਮ ਰੰਗ ਰੰਗਾਈਆ । ਤੁਹਾਡੀ ਵਸੇ ਕਾਇਆ ਸੱਚੀ ਧਰਮਸਾਲ, ਗ੍ਰਿਹ ਮੰਦਰ ਸੋਭਾ ਪਾਈਆ । ਮਾਣਕ ਮੋਤੀ ਹੀਰੇ ਲਏ ਉਛਾਲ, ਸਾਗਰ ਗਾਗਰ ਧਿਆਨ ਲਗਾਈਆ । ਪ੍ਰੇਮ ਪ੍ਰੀਤੀ ਵਜਾਓ ਇਕੋ ਤਾਲ, ਤਲਵਾੜਾ ਨਾਮ ਵਾਲਾ ਬਣਾਈਆ । ਹਿਰਦੇ ਉਪਜੇ ਅਗੰਮ ਉਛਾਲ, ਲਹਿਰ ਲਹਿਰ ਨਾਲ ਬਦਲਾਈਆ । ਆਪਣਾ ਵਕਤ ਲਓ ਸੰਭਾਲ, ਸੰਬਲ ਬੈਠਾ ਧੁਰ ਦਾ ਮਾਹੀਆ । ਜਿਸ ਦੀ ਸਚ ਦੀ ਨਿਰਾਲੀ ਚਾਲ, ਸਚ ਨਾਲ ਸਮਝਾਈਆ । ਓਹ ਲੇਖੇ ਪੂਰੇ ਕਰੇ ਸ਼ਾਹ ਕੰਗਾਲ, ਸ਼ਹਿਨਸ਼ਾਹ ਅਗੰਮ ਅਥਾਹੀਆ । ਜਨਮ ਮਰਨ ਚੋਂ ਕਰ ਬਹਾਲ, ਗ੍ਰਿਹ ਆਪਣੇ ਦਏ ਵਡਿਆਈਆ । ਉਸ

ਦੇ ਪ੍ਰੇਮ ਦੀ ਘਾਲੋ ਘਾਲ, ਘਾਲ ਸਭ ਦੀ ਲੇਖੇ ਪਾਈਆ । ਸਚ ਕਹੇ ਮੈਂ ਸਚ ਦਾ ਸਚ ਸਚ ਦਲਾਲ, ਵਿਚੋਲਾ ਰੂਪ ਪ੍ਰਗਟਾਈਆ । ਤੁਸੀਂ ਬਾਲੇ ਨੰਨ੍ਹੇ ਬਾਲ, ਮੈਂ ਕੋਟਨ ਜੁਗ ਚੌਕੜੀ ਲਈਆਂ ਹੰਢਾਈਆ । ਮੇਰਾ ਵਕਤ ਸੁਹੇਲਾ ਤੁਸੀਂ ਲੁਟ ਲਓ ਨਾਮ ਦਾ ਧਨ ਮਾਲ, ਖ਼ਜ਼ੀਨਾ ਇਕੋ ਦਿਤਾ ਸਮਝਾਈਆ । ਆਪਣੇ ਅੰਤਸ਼ਕਰਨ ਪਰਦਾ ਲਓ ਉਠਾਲ, ਭੇਵ ਅਭੇਦ ਮਿਟਾਈਆ । ਜੋਤੀ ਨੂਰ ਦਾ ਤੱਕੋ ਜਮਾਲ, ਜਲਵਾਗਰ ਕਰੇ ਰੁਸ਼ਨਾਈਆ । ਜਿਸ ਦਾ ਖੇਲ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਚ ਕਰੇ ਪ੍ਰਿਤਪਾਲ, ਪ੍ਰਿਤਪਾਲਕ ਇਕ ਅਖਵਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਦਲੀਪ ਸਿੰਘ ਦੇ ਗ੍ਰਿਹਿ ✪

ਸਚ ਕਹੇ ਜਨ ਭਗਤੋ ਇਕੋ ਸਿਮਰੋ ਪੁਰਖ ਅਗੰਮਾ, ਜੋ ਅਗੰਮੜੀ ਕਾਰ ਕਮਾਈਆ । ਜਿਹੜਾ ਜਨਣੀ ਕੁੱਖੋਂ ਕਦੇ ਨਾ ਜੰਮਾ, ਤਨ ਵਜੂਦ ਨਾ ਕੋਇ ਰਖਾਈਆ । ਜਿਸ ਦਾ ਹੱਦ ਨਹੀਂ ਕੋਈ ਬੰਨਾ, ਵੰਡਣ ਵੰਡ ਨਾ ਕੋਇ ਰਖਾਈਆ । ਜੋ ਵਸੇ ਬਿਨਾ ਛੱਪਰ ਛੰਨਾ, ਸਚਖੰਡ ਦਵਾਰੇ ਸੋਭਾ ਪਾਈਆ । ਆਦਿ ਜੁਗਾਦੀ ਵਡ ਧਨੀ ਧਨਾ, ਧਨਾਢ ਇਕ ਅਖਵਾਈਆ । ਜਿਸ ਸੇਵਾ ਲਾਏ ਵਿਸ਼ਨ ਸ਼ਿਵ ਬ੍ਰਹਮਾ, ਪਾਰਬ੍ਰਹਮ ਅਖਵਾਈਆ । ਜਿਸ ਨਿਰਗੁਣ ਸਰਗੁਣ ਧਾਰ ਸਮਝਾਇਆ ਧਰਮਾ, ਅਵਤਾਰ ਪੈਗ਼ੰਬਰ ਗੁਰੂ ਦੇ ਵਡਿਆਈਆ । ਉਸ ਦਾ ਇਕੋ ਖੇਲ ਵੇਖੋ ਜਿਸ
੧੭੫੯ ੨੩ ਦਾ ਅਨੰਦ ਪਰਮਾ, ਪਰਮ ਪੁਰਖ ਬੇਪਰਵਾਹੀਆ । ਜਿਸ ਦੀ ਲੱਖ ਚੁਰਾਸੀ ਮੰਗੇ ਸਰਨਾ, ਧੂੜੀ ਖ਼ਾਕ ਰਮਾਈਆ । ਜਿਸ ਦੇ ਹੱਥ ਜੀਉਣਾ ਮਰਨਾ, ਘੜਨ ਭੰਨਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਅਗੰਮ ਅਥਾਹੀਆ । ਸਚ ਕਹੇ ਜਨ ਭਗਤੋ ਸਿਮਰੋ ਇਕ ਭਗਵੰਤ, ਭਗਵਨ ਸੀਸ ਨਿਵਾਈਆ । ਜੋ ਆਦਿ ਜੁਗਾਦੀ ਕੰਤ, ਬ੍ਰਹਮ ਬ੍ਰਹਿਮਾਦੀ ਖੇਲ ਖਿਲਾਈਆ । ਜਿਸ ਦਾ ਅੱਖਰਾਂ ਤੋਂ ਬਾਹਰ ਮੰਤ, ਨਿਸ਼ਅੱਖਰ ਕਰੇ ਪੜ੍ਹਾਈਆ । ਗਿਣਤੀ ਵਿਚ ਨਾ ਆਏ ਗਣਤ, ਅਗਿਣਤ ਰੂਪ ਨੂਰ ਅਲਾਹੀਆ । ਜਿਸ ਦੀ ਮਹਿੰਮਾ ਬੇਅੰਤ, ਬੇਐਬ ਨੂਰ ਖ਼ੁਦਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਚ ਸੰਦੇਸ਼ਾ ਦਏ ਸੁਣਾਈਆ । ਜਿਸ ਦੇ ਰੂਪ ਅਨੂਪ ਅਨੰਤ, ਅੰਤ ਕਹਿਣ ਕਿਛ ਨਾ ਪਾਈਆ । ਜੋ ਵਡਿਆਈ ਦੇਵੇ ਭਗਤ ਸੰਤ, ਗੁਰਮੁਖ ਗੁਰਸਿੱਖ ਗੁਰ ਗੁਰ ਗੋਦ ਉਠਾਈਆ । ਜੋ ਗੜ੍ਹ ਤੋੜਨਹਾਰਾ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਦਰ ਉਸ ਦੇ ਕਰੋ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਜਿਹੜਾ ਲਹਿੰਦਾ ਚੜ੍ਹਦਾ ਵੇਖਣਹਾਰਾ ਸਿੰਮਤ, ਦੱਖਣ ਪਹਾੜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਵੇਖੇ ਵਿਗਸੇ ਜਗਤ ਜਗਿਆਸੂੰ ਕਲ ਧਾਰ ਦੇ ਨਿੰਦਕ, ਕਲ ਕਲਕੀ ਖੇਲ ਖਿਲਾਈਆ ।

੧੭੫੯ ੨੩

## ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਹਜ਼ਾਰਾ ਸਿੰਘ ਦੇ ਗ੍ਰਹਿ ✪

ਸਚ ਕਹੇ ਜਨ ਭਗਤੋ ਸਚ ਦਾ ਵੇਖੋ ਇਸ਼ਾਰਾ, ਐਸ਼ੋ ਇਸ਼ਰਤ ਬਾਹਰ ਜਣਾਈਆ । ਕੂੜ ਦਾ ਵੇਖੋ ਪਸਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਕੁਕਰਮ ਦਾ ਤੱਕੋ ਧੂੰਆਂਧਾਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਪ੍ਰੇਮ ਦਾ ਰਿਹਾ ਨਾ ਕੋਇ ਪਿਆਰਾ, ਪ੍ਰੀਤੀ ਹਕ ਨਾ ਕੋਇ ਰਖਾਈਆ । ਧਰਮ ਦਾ ਦਿਸੇ ਨਾ ਕੋਇ ਦਵਾਰਾ, ਦਵਾਰਕਾ ਵਾਸੀ ਰਿਹਾ ਦ੍ਰਿੜਾਈਆ । ਨਵ ਸੱਤ ਹਾਹਾਕਾਰਾ, ਧੀਰਜ ਧੀਰ ਨਾ ਕੋਇ ਰਖਾਈਆ । ਜੀਵ ਜੰਤ ਕਰੇ ਪੁਕਾਰਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਧਾਰ ਹੋ ਜ਼ਾਹਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਕਲਜੁਗ ਅੰਤ ਕੰਤ ਭਗਵੰਤ ਵੇਖ ਕਿਨਾਰਾ, ਤਟ ਕਿਨਾਰੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਚ ਕਹੇ ਜਨ ਭਗਤੋ ਮੰਨੋ ਏਕਾ ਇਸ਼ਟ, ਇਸ਼ਟੀਓ ਦਿਆਂ ਸੁਣਾਈਆ । ਜਿਸ ਦਾ ਲੇਖਾ ਨਾਲ ਸਰਬ ਸ੍ਰਿਸ਼ਟ, ਸ਼੍ਰੇਸ਼ਟ ਭੇਵ ਖੁਲਾਈਆ । ਜਿਸ ਸਾਡੀ ਖੋਲਣੀ ਦ੍ਰਿਸ਼ਟ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਰਾਮ ਵਸ਼ਿਸਟ, ਵਿਸ਼ਿਆਂ ਤੋਂ ਬਾਹਰ ਹੁਕਮ ਸੁਣਾਈਆ । ਜਿਸ ਦਾ ਲੱਖ ਚੁਰਾਸੀ ਆਤਮ ਧਾਰ ਭੋਗੇ ਗ੍ਰਿਹਸਤ, ਗ੍ਰਹਿ ਮੰਦਰ ਵੱਜੇ ਵਧਾਈਆ । ਜਿਸ ਨੇ ਸਭ ਨੂੰ ਦੇਣਾ ਨਾਮ ਸਬੂਰੀ ਵਾਲਾ ਸਿਦਕ, ਭਰੋਸਾ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੧੭੬੦ ੨੩ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਚ ਕਹੇ ਮੈਂ ਸਚ ਸੰਦੇਸ਼ਾ ਦੱਸਾਂ, ਦਹਿ ਦਿਸ਼ਾ ਨਾਲ ਮਿਲਾਈਆ । ੧੭੬੦ ੨੩
ਖ਼ੁਸ਼ੀਆਂ ਦੇ ਵਿਚ ਹੱਸਾਂ, ਹਸਤੀ ਤੱਕ ਬੇਪ੍ਰਵਾਹੀਆ । ਚਾਰੋਂ ਕੁੰਟ ਉਠ ਉਠ ਨੱਸਾਂ, ਭੱਜਾਂ ਵਾਹੋ ਦਾਹੀਆ । ਕਲਜੁਗ ਵੇਖਾਂ ਰੈਣ ਅੰਧੇਰੀ ਮੱਸਾ, ਚਾਰੋਂ ਕੁੰਟ ਅੰਧੇਰਾ ਛਾਈਆ । ਪ੍ਰਕਾਸ਼ ਰਿਹਾ ਨਾ ਰਵ ਸਸਾ, ਸੂਰੀਆ ਚੰਦ ਰਹੇ ਕੁਰਲਾਈਆ । ਇਕੋ ਇਕ ਦਾ ਅਗੰਮਾ ਮਾਰਗ ਦੱਸਾ, ਦਹਿ ਦਿਸ਼ਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਜੁਗਾਦੀ ਜੁਗ ਚੌਕੜੀ ਇਕੋ ਹੁਕਮ ਅੱਛਾ, ਅੱਛੀ ਤਰਾ ਦਿਆਂ ਸੁਣਾਈਆ ।

## ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਮੇਲੋ ਦੇ ਗ੍ਰਹਿ ✪

ਸਚ ਕਹੇ ਜਨ ਭਗਤੋ ਸਾਚੀ ਪ੍ਰਭ ਦੀ ਸਿਖਿਆ, ਅਭੁਲ ਭੁਲ ਕਦੇ ਨਾ ਜਾਈਆ । ਜਿਸ ਆਦਿ ਜੁਗਾਦੀ ਧੁਰ ਦਾ ਲੇਖ ਲਿਖਿਆ, ਜਗਤ ਜਹਾਨ ਨਾ ਕੋਇ ਮਿਟਾਈਆ । ਜਿਸ ਸ੍ਰਿਸ਼ਟ ਸਬਾਈ ਦੱਸਿਆ ਮਿਥਿਆ, ਅੰਤ ਰਹਿਣ ਕੋਇ ਨਾ ਪਾਈਆ । ਉਸ ਦੀ ਸਦਾ ਸਦਾ ਸੁਹੰਜਣੀ ਥਿਤਿਆ, ਘੜੀ ਪਲ ਨਾ ਵੰਡ ਵੰਡਾਈਆ । ਨਿਰਗੁਣ ਧਾਰ ਬਣੇ ਮਿਤਿਆ, ਮਿਤ੍ਰ ਪਿਆਰਾ ਇਕ ਅਖਵਾਈਆ । ਸਾਚਾ ਕਰੇ ਹਿਤਿਆ, ਮੇਲਾ ਮੇਲੇ ਸਹਿ ਸੁਭਾਈਆ । ਸਦਾ ਵਸੇ ਚਿਤਿਆ, ਚੇਤਨ ਸੁਰਤੀ ਆਪ ਕਰਾਈਆ । ਹੱਟ ਬਜ਼ਾਰਾਂ ਵਿਚ ਕਦੇ ਨਾ ਵਿਕਿਆ, ਕੀਮਤ ਜਗਤ ਨਾ ਕੋਇ ਰਖਾਈਆ । ਹਰ ਘਟ ਅੰਦਰ ਆਪੇ ਟਿਕਿਆ, ਗ੍ਰਹਿ ਗ੍ਰਹਿ ਡੇਰਾ ਲਾਈਆ । ਜਿਸ ਦਾ ਨਾਮ ਰਸ ਨਾ ਹੋਵੇ ਫਿਕਿਆ, ਸਚ ਅੰਮ੍ਰਿਤ

ਰੂਪ ਸਮਝਾਈਆ । ਉਹ ਲੇਖਾ ਪੂਰਾ ਕਰੇ ਵੱਡੇ ਨਿਕਿਆ, ਦੇਵਣਹਾਰ ਸਰਬ ਸਰਨਾਈਆ । ਜੋ ਸਚ ਸਿੰਘਾਸਣ ਰਖਾਏ ਕਾਇਆ ਕਿਤਿਆ, ਦਰ ਦਰ ਬੈਠਾ ਸੋਭਾ ਪਾਈਆ । ਲੱਖ ਚੁਰਾਸੀ ਬਣ ਕੇ ਪਿਤਿਆ, ਪਤਿਪਰਮੇਸ਼ਵਰ ਵੇਖ ਵਖਾਈਆ । ਜਿਸ ਜੁਗ ਜੁਗ ਆਪਣਾ ਭਾਣਾ ਆਪ ਨਜਿਠਿਆ, ਵੇਖਣਹਾਰਾ ਆਪ ਹੋ ਜਾਈਆ । ਉਹ ਸਾਹਿਬ ਸੁਲਤਾਨਾ ਅਨਡਿੱਠਿਆ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਸ ਦਾ ਸ਼ਬਦ ਸੰਦੇਸ਼ਾ ਧੁਰ ਦਾ ਚਿਠਿਆ, ਹੁਕਮ ਅਵਤਾਰ ਪੈਗੰਬਰ ਗੁਰੂ ਸੁਣਾਈਆ । ਜੋ ਸਭ ਨੂੰ ਪਾਵਣਹਾਰਾ ਭਿਖਿਆ, ਖ਼ਾਲੀ ਝੋਲੀਆਂ ਦਏ ਭਰਾਈਆ । ਉਹ ਕਦੇ ਨਾ ਆਵੇ ਵਿਚ ਪ੍ਰੀਖਿਆ, ਪਰਖ ਸਕੇ ਕੋਇ ਨਾ ਰਾਈਆ । ਉਸ ਦਾ ਇਕੋ ਹੁਕਮ ਹਦੀਸਿਆ, ਸਚ ਸਚ ਕਰੇ ਪੜ੍ਹਾਈਆ । ਜਿਸ ਦਾ ਖੇਲ ਬੀਸ ਬੀਸਿਆ, ਏਕੰਕਾਰ ਨੂਰ ਅਲਾਹੀਆ । ਜਿਸ ਦੀ ਧਰਮ ਧਾਰ ਦੀ ਰੀਤਿਆ, ਮਾਰਗ ਸਚ ਪ੍ਰਗਟਾਈਆ । ਭਗਤ ਬਣਾਏ ਪਤਤ ਪੁਨੀਤਿਆ, ਪਤਤ ਪਾਵਨ ਸਹਿਜ ਸੁਖਦਾਈਆ । ਕਾਇਆ ਕਰੇ ਠਾਂਡੀ ਸੀਤਿਆ, ਅਗਨੀ ਤਤ ਗਵਾਈਆ । ਲੇਖ ਚੁਕਾਏ ਹਸਤ ਕੀਟਿਆ, ਸ਼ਾਹੋ ਭੂਪ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ਣਹਾਰਾ ਚਰਨ ਪ੍ਰੀਤਿਆ, ਪ੍ਰੀਤਮ ਮਾਲਕ ਇਕ ਅਖਵਾਈਆ ।

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਮੇਲਾ ਸਿੰਘ ਦੇ ਗ੍ਰਿਹ ✪

੧੭੬੧ ੨੩ ਸਚ ਕਹੇ ਜਨ ਭਗਤੋ ਸਚ ਦੀ ਕਰੋ ਕਦਰ, ਕੁਦਰਤ ਕਾਦਰ ਦਇਆ ਕਮਾਈਆ । ਸੁਣੋ ਮੇਰੀ ਧੁਨ ਮਧੁਰ, ਅਣਸੁਣਤ ਦਿਆਂ ਜਣਾਈਆ । ੧੭੬੧ ੨੩
ਅੰਦਰੋਂ ਮਿਟੇ ਗ਼ਦਰ, ਝਗੜਾ ਕੂੜ ਚੁਕਾਈਆ । ਸਭ ਦੀ ਪੂਰੀ ਹੋਵੇ ਸਧਰ, ਸਦਕੇ ਵਾਰੀ ਘੋਲ ਘੁਮਾਈਆ । ਜਗਤ ਨੀਤੀ ਜਾਏ ਬਦਲ, ਪ੍ਰੀਤੀ ਪ੍ਰਭੂ ਚਰਨ ਰਖਾਈਆ । ਜੁਗ ਜੁਗ ਮੇਰਾ ਇਨਸਾਫ਼ ਤੱਕੋ ਅਦਲ, ਸਚ ਸਚ ਸਮਝਾਈਆ । ਹਰਿਜਨ ਕਦੇ ਹੋਣ ਨਾ ਦੇਵੇ ਪਜ਼ਲ, ਫੜ ਬਾਹੋਂ ਜਗਤ ਉਠਾਈਆ । ਮੇਰੇ ਨਾਮ ਦੀ ਕਲਮਿਆਂ ਵਿਚ ਹਕੀਕੀ ਕੀਤੀ ਗ਼ਜ਼ਲ, ਗ਼ਰਜ਼ ਸਭ ਦੀ ਨਾਲ ਮਿਲਾਈਆ । ਪੋਹ ਨਾ ਸਕੇ ਅਜ਼ਲ, ਅੰਤਕਾਲ ਰਾਏ ਧਰਮ ਨਾ ਹੱਥ ਫੜਾਈਆ । ਮੇਰੇ ਸਚ ਦਾ ਕਰ ਕੇ ਵੇਖੋ ਵਜਨ, ਕੰਡਾ ਨਾਮ ਤਰਾਜ਼ੂ ਨਾਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਜਨ ਭਗਤੋ ਸਾਚੀ ਕਰਨੀ ਕਰੋ, ਕਰਮ ਕਾਂਡ ਦਾ ਡੇਰਾ ਢਾਹੀਆ । ਜਗਤ ਭੈ ਵਿਚ ਨਾ ਡਰੋ, ਭਾਂਡਾ ਭਰਮ ਭਉ ਭੰਨਾਈਆ । ਸੰਸਾਰ ਸਾਗਰ ਵਿਚ ਤਰੋ, ਤਾਰਨਹਾਰ ਦਇਆ ਕਮਾਈਆ । ਸਰਨ ਸਰਨਾਈ ਸਾਚੀ ਪਰੋ, ਪਰਮ ਪੁਰਖ ਦੇਵੇ ਵਡਿਆਈਆ । ਪਦ ਨਿਰਬਾਣੀ ਪਾਓ ਆਪਣੇ ਘਰੋ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਮੇਲ ਮਿਲੇ ਸਾਚੇ ਹਰੋ, ਜੋ ਹਰ ਹਿਰਦੇ ਵਿਚ ਸਮਾਈਆ । ਜਿਸ ਦੀ ਨਾ ਕੋਈ ਸ਼ਰਅ ਦਿਸੇ ਨਾ ਸ਼ਰੋ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਵਸਤ ਅਗੰਮੀ ਮੰਗੋ ਉਸ ਦੇ ਦਰੋ, ਦਰਬਾਰ ਝੋਲੀ ਦਏ ਭਰਾਈਆ । ਖੋਟੇ ਹੋਵੋ ਖਰੇ, ਆਪਣਾ ਆਪ ਬਦਲਾਈਆ । ਪ੍ਰਭ ਸਰਨਾਈ ਸਰਨਗਤ ਵਿਚ ਜੀਵਤ ਜੀਅ ਮਰੋ, ਮਰ ਜੀਵਤ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਆਪਣੇ ਲੜੇ, ਲੜਕੇ ਬਾਲੇ ਨੰਨ੍ਹੇ ਗੋਦ ਉਠਾਈਆ ।

## ੨੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਦੀਦਾਰ ਸਿੰਘ ਦੇ ਗ੍ਰਿਹ

ਸਚ ਕਹੇ ਜਨ ਭਗਤੋ ਸਾਚਾ ਪ੍ਰਭ ਕਾ ਨਾਉਂ ਗਾਉਣਾ, ਗਾਵਤ ਗਾਵਤ ਗਾਵਤ ਖ਼ੁਸ਼ੀ ਬਣਾਈਆ । ਪਰਮ ਪੁਰਖ ਪਰਮਾਤਮ ਇਕੋ ਧਿਆਉਣਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਸਾਚਾ ਇਸ਼ਟ ਇਕ ਰਖਾਉਣਾ, ਜੋ ਏਥੇ ਓਥੇ ਦੋ ਜਹਾਨਾਂ ਵਿਛੜ ਕਦੇ ਨਾ ਜਾਈਆ । ਘਰ ਮੰਦਰ ਠਾਕਰ ਸਵਾਮੀ ਇਕ ਬਹਾਉਣਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨਿਜ ਘਰ ਆਪਣੇ ਦਰਸ਼ਨ ਪਾਉਣਾ, ਬਾਹਰ ਖੋਜਣ ਕੋਇ ਨਾ ਜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਹਿਰਦੇ ਹਰਿ ਧਿਆਉਣਾ, ਸੋਵਤ ਜਾਗਤ ਵਿਸਰ ਕਦੇ ਨਾ ਜਾਈਆ । ਸਾਚਾ ਢੋਲਾ ਸੋਹਲਾ ਗੀਤ ਅਲਾਉਣਾ, ਤੂੰ ਮੇਰਾ ਮੈਂ ਤੇਰਾ ਸਿਫ਼ਤ ਸਲਾਹੀਆ । ਆਪ ਆਪਣਾ ਭਰਮ ਮਿਟਾਉਣਾ, ਭਾਂਡਾ ਭਰਮ ਭਉ ਭੰਨਾਈਆ । ਘਰ ਦੀਪਕ ਜੋਤ ਰੁਸ਼ਨਾਉਣਾ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦਾ ਸ਼ਬਦ ਨਾਦ ਧੁਨ ਆਤਮਕ ਰਾਗ ਵਿਚ ਉਪਜਾਉਣਾ, ਸੁਰਤੀ ਸ਼ਬਦ ਸਮਾਈਆ । ਸੋ ਸਾਹਿਬ ਸਤਿਗੁਰ ਦਰ ਠਾਂਡੇ ਵੇਖ ਵਖਾਉਣਾ, ਗ੍ਰਿਹ ਆਪਣਾ ਪਰਦਾ ਲਾਹੀਆ । ਸਚ ਜਗਦੀਸ਼ ਸੀਸ ਇਕ ਝੁਕਾਉਣਾ, ਨਿਵ ਨਿਵ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਜਨ ਭਗਤੋ ਵੇਖੋ ਕਾਇਆ ਮੰਦਰ, ਸਚ ਦਿਆਂ ਸੁਣਾਈਆ । ਦੀਪਕ ਜੋਤੀ ਜਗੇ ਅੰਦਰ, ਮਹੱਲ ਅਟੱਲ ਹੋਵੇ ਰੁਸ਼ਨਾਈਆ । ਬਜਰ ਕਪਾਟੀ ਤੁੜਾਓ ਆਪਣਾ ਜੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਭਾਗ ਲੱਗੇ ਅੰਧੇਰੀ ਕੰਦਰ, ਧੂੰਆਂਧਾਰ ਰਹੇ ਨਾ ਰਾਈਆ । ਮਨੂਆ ਦਹਿ ਦਿਸ਼ਾ ਦਿਸ਼ ਉਠ ਨਾ ਧਾਵੇ ਬੰਦਰ, ਭੱਜੇ ਨਾ ਵਾਹੋ ਦਾਹੀਆ । ਇਕੋ ਸਾਹਿਬ ਨੂੰ ਕਰੋ ਬੰਦਨ, ਦੂਸਰ ਸੀਸ ਨਾ ਕੋਇ ਨਿਵਾਈਆ । ਜੋ ਸਾਚੇ ਨਾਮ ਦੀ ਚਾੜ੍ਹੇ ਰੰਗਣ, ਦੁਰਮਤ ਮੈਲ ਧਵਾਈਆ । ਮੁਖ ਸਾਚਾ ਲਾਵੇ ਸਗਨ, ਸਾਚੀ ਬਣਤ ਬਣਾਈਆ । ਸਦਾ ਸੁਹੇਲੇ ਰੱਖੇ ਅੰਗਣ, ਆਪਣੀ ਗੋਦ ਟਿਕਾਈਆ । ਦੂਜੇ ਦਰ ਕੋਈ ਨਾ ਜਾਏ ਮੰਗਣ, ਸਿਰ ਸਿਰ ਦੇਵੇ ਰਿਜ਼ਕ ਸਬਾਈਆ । ਚਰਨੀ ਧੂੜ ਖ਼ਾਕ ਰਮਾਉਣਾ ਚੰਦਨ, ਟਿੱਕੇ ਸਚ ਵਖਾਈਆ । ਅੰਦਰੋਂ ਭਰਮਾਂ ਢਾਹੁਣੀ ਕੰਧਨ, ਦਵੈਤ ਰਹੇ ਨਾ ਰਾਈਆ । ਕਿਰਪਾ ਕਰੇ ਸੂਰਾ ਸਰਬੰਗਣ, ਹਰਿ ਕਰਤਾ ਧੁਰਦਰਗਾਹੀਆ । ਜੋ ਭਗਤ ਸੁਹੇਲੇ ਸਚ ਦਵਾਰੇ ਲੰਘਣ, ਮਿਲੇ ਮਾਣ ਵਡਿਆਈਆ । ਪ੍ਰਭ ਵੇਖਣਹਾਰ ਵਰਭੰਡਣ, ਬ੍ਰਹਿਮੰਡ ਖੋਜ ਖੁਜਾਈਆ । ਸਾਚੀ ਦਾਤ ਸਚ ਦਾ ਮਾਲਕ ਸਚ ਆਇਆ ਵੰਡਣ, ਵਸਤ ਝੋਲੀ ਸਚ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਚਾੜ੍ਹੇ ਅਗੰਮੀ ਰੰਗਣ, ਰੰਗਤ ਸੰਗਤ ਉਤਰ ਕਦੇ ਨਾ ਜਾਈਆ ।

## ੨੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਸੰਤ ਸਿੰਘ ਦੇ ਗ੍ਰਿਹ

ਸਚ ਕਹੇ ਮੇਰਾ ਸਾਹਿਬ ਨਾਲ ਰਿਸ਼ਤਾ, ਨਾਤਾ ਪ੍ਰਭੂ ਚਰਨ ਬੰਧਾਈਆ । ਧੁਰ ਦਾ ਹੁਕਮ ਦਿੰਦਾ ਰਿਹਾ ਜਬਰਾਈਲ ਫ਼ਰਿਸ਼ਤਾ, ਧੁਰ ਦਾ ਹੁਕਮ ਇਕ ਸੁਣਾਈਆ । ਭੇਵ ਅਭੇਦਾ ਖੋਲ ਗੁਜ਼ਸ਼ਤਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੁਹੰਮਦ ਧਾਰ ਬਦਲਣਾ ਰਸਤਾ, ਰਹਿਬਰ ਇਕ

ਦਰਸਾਈਆ । ਜਿਸ ਭੇਵ ਖੁਲਾਇਆ ਸਤਿ ਦਾ, ਪਰਦਾ ਆਪ ਚੁਕਾਈਆ । ਲੇਖਾ ਬਦਲਣਾ ਪਿਛਲੀ ਹਿੰਦ ਮਤ ਦਾ, ਹੁਕਮ ਹੁਕਮ ਵਿਚੋਂ ਜਣਾਈਆ । ਭੇਵ ਅਭੇਦਾ ਖੁਲ੍ਹਿਆ ਕਮਲਾਪਤ ਦਾ, ਪਤਿਪਰਮੇਸ਼ਵਰ ਦਿਤਾ ਸਮਝਾਈਆ । ਓਹ ਤੱਕ ਗੋਬਿਦ ਯਾਰੜਾ ਸਥਰ ਘੱਤ ਦਾ, ਭਰਮ ਰਹੇ ਨਾ ਰਾਈਆ । ਵੇਲਾ ਵਕਤ ਤੱਕ ਲੈ ਅਗੰਮੇ ਰਬ ਦਾ, ਜੋ ਗਿਆ ਹੱਥ ਨਾ ਆਈਆ । ਸਦੀ ਚੌਧਵੀਂ ਵਕਤ ਜਗਤ ਤੱਕ ਲੈ ਖੇੜਾ ਭੱਠ ਦਾ, ਭਠਿਆਲਾ ਕਲਜੁਗ ਅਗਨੀ ਡਾਹੀਆ । ਜਗਤ ਮੁਕਾਮ ਦਿਸੇ ਢੱਠਦਾ, ਕੰਚਨ ਗੜ੍ਹ ਨਾ ਕੋਇ ਵਖਾਈਆ । ਮਾਣ ਰਹਿਣਾ ਨਹੀਂ ਅੱਠ ਸੱਠ ਦਾ, ਤੀਰਥ ਤੱਟ ਰੋਵਣ ਮਾਰਨ ਧਾਹੀਆ । ਝਗੜਾ ਪੈਣਾ ਮੰਦਰ ਮਸਜਿਦ ਸ਼ਿਵਦਵਾਲੇ ਮਠ ਦਾ, ਗੁਰੂਦਵਾਰੇ ਸੰਗ ਬਣਾਈਆ । ਪ੍ਰਭ ਵੇਸ ਵਟਾਉਣਾ ਅਗੰਮੀ ਜੱਟ ਦਾ, ਚਾਰੋਂ ਕੁੰਟ ਹੁਕਮ ਵਰਤਾਈਆ । ਸਵਾਂਗ ਵਰਤਣਾ ਨਟੂਏ ਨਟ ਦਾ, ਭੇਖੀ ਆਪਣਾ ਭੇਖ ਬਦਲਾਈਆ । ਕਲਜੁਗ ਸਮਾਂ ਹੋਣਾ ਟੱਪਦਾ, ਪਾਂਧੀ ਬਣ ਕੇ ਭੱਜੇ ਵਾਹੋ ਦਾਹੀਆ । ਪ੍ਰਭ ਭੇਵ ਖੁਲਾਉਣਾ ਆਪਣੇ ਜਪ ਦਾ, ਸੋਹੰ ਸਚ ਕਰੇ ਪੜ੍ਹਾਈਆ । ਉਸ ਵੇਲੇ ਮਾਨਸ ਮਾਨੁਖ ਹੋਵੇ ਤਪਦਾ, ਅਗਨੀ ਤਤ ਨਾ ਕੋਇ ਬੁਝਾਈਆ । ਹੁਕਮ ਵਰਤਣਾ ਇਕੋ ਯਕ ਦਾ, ਜੋ ਵਾਹਿਦ ਲਾਸ਼ਰੀਕ ਦ੍ਰਿੜਾਈਆ । ਜੋ ਆਦਿ ਜੁਗਾਦਿ ਸਭ ਦੇ ਪਰਦੇ ਢੱਕਦਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਝਟ ਮੁਹੰਮਦ ਬਿਨ ਕਦਮਾਂ ਸੀਸ ਕਦਮਾਂ ਤੇ ਸਟਦਾ, ਮੁੰਡੀ ਗਰਦਨ ਆਪ ਬਦਲਾਈਆ । ਅੰਦਰ ਇਸ਼ਾਰਾ ਸੁਣਿਆ ਟਕ ਟਕ ਦਾ, ਟਕਿਆਂ ਪਿਛੇ ਹਲਕੀ ਹੋਏ ਲੋਕਾਈਆ । ਤੇਰਾ ਭਾਗ ਨਹੀਂ ਰਹਿਣਾ ਉਮਤ ਵਾਲੀ ਢੱਕ ਦਾ, ਢਾਕੇ ਦਾ ਲੇਖਾ ਦਏ ਗਵਾਹੀਆ । ਸਤਿਗੁਰ ਸ਼ਬਦ ਪਿਛਲੀ ਕਰਨੀ ਫਿਰੇ ਕੱਟਦਾ, ਕਟਾਕਸ਼ ਧੁਰ ਦਾ ਹੁਕਮ ਲਗਾਈਆ । ਉਸ ਵੇਲੇ ਕੋਟਾਂ ਵਿਚੋਂ ਕੋਈ ਗੁਰਮੁਖ ਲਾਹਾ ਹੋਵੇ ਖਟਦਾ, ਭਗਵਨ ਜਿਸ ਨੂੰ ਦੇਵੇ ਮਾਣ ਵਡਿਆਈਆ । ਕਰੇ ਪ੍ਰਕਾਸ਼ ਜੋਤ ਲਟ ਲਟ ਦਾ, ਅੰਧ ਅੰਧੇਰਾ ਆਪ ਮਿਟਾਈਆ । ਖੇਲ ਖਿਲਾਏ ਮਾਇਆ ਡਸਣੀ ਸੱਪ ਦਾ, ਨਵ ਸੱਤ ਵੇਖ ਵਖਾਈਆ । ਸਚ ਕਹੇ ਜਨ ਭਗਤੇ ਪਰਮ ਪੁਰਖ ਦਾ ਹੁਕਮ ਸੰਦੇਸ਼ਾ ਸਦਾ ਪੱਕ ਦਾ, ਪੱਕੀ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਜੁਗ ਜੁਗ ਮਾਰਗ ਆਇਆ ਦੱਸਦਾ, ਦਹਿ ਦਿਸ਼ਾ ਧੁਰ ਦਾ ਹੁਕਮ ਵਰਤਾਈਆ ।

### ੨੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨੁਸ਼ਹਿਰਾ ਜ਼ਿਲਾ ਗੁਰਦਾਸਪੁਰ ਗੁਰਬਖ਼ਸ਼ ਸਿੰਘ ਦੇ ਗ੍ਰਿਹ

ਸਚ ਕਹੇ ਜਨ ਭਗਤੋ ਸਚ ਧਰੋ ਧਿਆਨ, ਹਰਿ ਸਰਨ ਸੱਚੀ ਸਰਨਾਈਆ । ਆਤਮ ਉਪਜੇ ਬ੍ਰਹਮ ਗਿਆਨ, ਦੂਈ ਦਵੈਤ ਰਹੇ ਨਾ ਰਾਈਆ । ਧਰਮ ਦੀ ਧਾਰ ਪ੍ਰਗਟੇ ਨਿਸ਼ਾਨ, ਕੂੜੀ ਕਿਰਿਆ ਡੇਰਾ ਢਾਹੀਆ । ਸੁਣੇ ਨਾਮ ਸੱਚੀ ਧੁਨਕਾਨ, ਕਾਇਆ ਮੰਦਰ ਵੱਜੇ ਵਧਾਈਆ । ਅੰਮ੍ਰਿਤ ਰਸ ਮਿਲੇ ਪੀਣ ਖਾਣ, ਜਗਤ ਤ੍ਰਿਸ਼ਨਾ ਦੂਰ ਕਰਾਈਆ । ਦੀਪਕ ਜੋਤ ਜਗੇ ਮਹਾਨ, ਨੂਰ ਨੁਰਾਨਾ ਡਗਮਗਾਈਆ । ਕੂੜੀ ਸ਼ਰਅ ਮਿਟੇ ਸ਼ੈਤਾਨ, ਪੰਜ ਵਿਕਾਰ ਰਹੇ ਨਾ ਰਾਈਆ । ਸਤਿਗੁਰ ਸ਼ਬਦ ਹੋਵੇ ਪ੍ਰਧਾਨ, ਗ੍ਰਿਹ ਮੰਦਰ ਸੋਭਾ ਪਾਈਆ । ਆਵਣ ਜਾਵਣ ਚੁੱਕੇ ਕਾਣ, ਚੁਰਾਸੀ ਪੇਸ਼ੀ

ਰਹੇ ਨਾ ਰਾਈਆ । ਦਰਗਾਹ ਸਾਚੀ ਹੋ ਪ੍ਰਵਾਨ, ਪ੍ਰਵਾਨੇ ਆਪਣਾ ਰੂਪ ਬਦਲਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਵਸਤ ਅਮੋਲਕ ਦੇ ਕੇ ਨਾਮ ਨਿਧਾਨ, ਨਿਰਵੈਰ ਦਇਆ ਕਮਾਈਆ । ਧਰਮ ਦੀ ਧਾਰ ਬਣਾ ਕੇ ਕਾਹਨ, ਸਾਚਾ ਰੰਗ ਦਏ ਰੰਗਾਈਆ । ਝਗੜਾ ਮੁਕਾ ਕੇ ਜਗਤ ਜਹਾਨ, ਜਾਗਰਤ ਜੋਤ ਇਕ ਵਖਾਈਆ । ਸਚ ਦਵਾਰੇ ਦੇਵੇ ਮਾਣ, ਨਿਮਾਣਿਆਂ ਹੋਏ ਆਪ ਸਹਾਈਆ । ਅੰਤ ਕੰਤ ਭਗਵੰਤ ਕਰ ਪ੍ਰਵਾਨ, ਪਰਮ ਪੁਰਖ ਪ੍ਰਭ ਆਪਣੇ ਲੇਖੇ ਲਾਈਆ । ਸਚਖੰਡ ਸਚ ਵਖਾਏ ਮਕਾਨ, ਦਰਗਾਹ ਸਾਚੀ ਇਕ ਸੁਹਾਈਆ । ਜਿਥੇ ਭਗਤ ਸੁਹੇਲੇ ਜਾਣ, ਪ੍ਰਭ ਜੋਤੀ ਮਿਲ ਕੇ ਜੋਤ ਵਿਚ ਸਮਾਈਆ । ਸਚ ਕਹੇ ਜਨ ਭਗਤੋ ਸਭ ਦਾ ਦਾਤਾ ਇਕੋ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਵਾਮੀ ਠਾਕਰ ਮਿਲੇ ਆਣ, ਆਪ ਆਪਣਾ ਭੇਵ ਖੁਲਾਈਆ ।



### ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਗਿਆਨ ਸਿੰਘ ਦੇ ਗ੍ਰਹਿ ✪

ਸਚ ਕਹੇ ਜਨ ਭਗਤੋ ਆਤਮ ਪਰਮਾਤਮ ਸੱਚਾ ਸਾਕ, ਸੱਜਣ ਅਵਰ ਨਾ ਕੋਇ ਵਡਿਆਈਆ । ਗ੍ਰਹਿ ਮੰਦਰ ਆਪਣਾ ਖੋਲੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅੰਤਰ ਨਿਰੰਤਰ ਮਿਟੇ ਅੰਧੇਰੀ ਰਾਤ, ਸਤਿ ਚੰਦ ਕਰੇ ਰੁਸ਼ਨਾਈਆ । ਅੱਠੇ ਪਹਿਰ ਰਹੇ ਪ੍ਰਭਾਤ, ਵੇਲਾ ਵਕਤ ਸਮਝ ਕੋਇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਦੇਵੇ ਸ਼ਬਦ ਅਨਾਦੀ ਦਾਤ, ਘਰ ਠਾਕਰ ਸਵਾਮੀ ਆਪ ਵਰਤਾਈਆ । ਉੱਤਮ ਸ੍ਰੇਸ਼ਟ ਬਣਾਏ ਲੋਕਮਾਤ, ਮਿਤ੍ਰ ਪਿਆਰਾ ਦਇਆ ਕਮਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਪਾਰਬ੍ਰਹਮ ਬ੍ਰਹਮ ਲੇਖਾ ਦਏ ਚੁਕਾਈਆ । ਅੰਮ੍ਰਿਤ ਬਖ਼ਸ਼ ਕੇ ਬੂੰਦ ਸਵਾਂਤ, ਅਗਨੀ ਤਤ ਤਤ ਬੁਝਾਈਆ । ਏਥੇ ਓਥੇ ਪੁਛੇ ਵਾਤ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮ ਬ੍ਰਹਿਮਾਦੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ ।

### ✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਮਮੀਆਂ ਜ਼ਿਲਾ ਗੁਰਦਾਸਪੁਰ ਮੁਖ਼ਤਾਰ ਸਿੰਘ ਦੇ ਗ੍ਰਹਿ ✪

ਸਚ ਕਹੇ ਜਨ ਭਗਤੋ ਨਾਮ ਚਾੜ੍ਹੋ ਰੰਗ ਭੀਨਾ, ਭਿੰਨੜੀ ਰੈਣ ਮਿਲੇ ਵਡਿਆਈਆ । ਝਗੜਾ ਮਿਟੇ ਤ੍ਰੈਗੁਣ ਤੀਨਾ, ਤ੍ਰੈਗੁਣ ਅਤੀਤਾ ਦਏ ਵਡਿਆਈਆ । ਅੰਮ੍ਰਿਤ ਆਤਮ ਰਸ ਨਿਝਰ ਪੀਣਾ, ਬੂੰਦ ਸਵਾਂਤੀ ਇਕ ਟਪਕਾਈਆ । ਸਾਂਤਕ ਸਤਿ ਕਰਾਏ ਸੀਨਾ, ਸਤਿਗੁਰ ਦੇਵੇ ਮਾਣ ਵਡਿਆਈਆ । ਜਿਸ ਨਿਰਗੁਣ ਧਾਰ ਨਿਰਗੁਣ ਖੇਲ ਕੀਨਾ, ਸਰਗੁਣ ਸਰਗੁਣ ਭੇਵ ਚੁਕਾਈਆ । ਜਿਸ ਦੇ ਹੱਥ ਮਰਨਾ ਜੀਣਾ, ਜੀਵਣ ਜਗਤ ਦਏ ਦ੍ਰਿੜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪ੍ਰੇਮ ਭਗਤੀ ਵਿਚ ਹੋਵੇ ਅਧੀਨਾ, ਮੁਹੱਬਤ ਵਿਚ ਆਪਣਾ ਆਪ ਸਮਾਈਆ । ਜੋ ਸ਼ਾਹੋ

ਭੂਪ ਵਡ ਪ੍ਰਬੀਨਾ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਸੋ ਸੰਤ ਸੁਹੇਲੇ ਸੱਜਣ ਵੇਖੇ ਧਰਮ ਧਾਰ ਨਗੀਨਾ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਵੇ ਸਾਰ ਅਸਮਾਨ ਜ਼ਮੀਨਾ, ਜ਼ਿਮੀਂ ਜ਼ਮਾਂ ਧਿਆਨ ਲਗਾਈਆ ।

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਤਰਲੋਕ ਸਿੰਘ ਦੇ ਗ੍ਰਹਿ ✪

ਸਚ ਕਹੇ ਸੂਫ਼ੀਓ ਇਕੋ ਨੂਰ ਅਲਾਹ, ਆਲਮੀਨ ਅਖਵਾਈਆ । ਜੋ ਆਦਿ ਜੁਗਾਦੀ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਦੇ ਅਗੇ ਇਕ ਦੁਆ, ਦੋਏ ਜੋੜ ਵਾਸਤਾ ਬਿਨ ਹੱਥਾਂ ਹੱਥ ਉਠਾਈਆ । ਉਹ ਮਾਲਕ ਖ਼ਾਲਕ ਸਦਾ ਸਦਾ ਮਲਾਹ, ਬੇੜਾ ਦੋ ਜਹਾਨ ਚਲਾਈਆ । ਜਿਸ ਦੀ ਕਲਮਿਆਂ ਵਾਲੀ ਸਿਫ਼ਤ ਸਲਾਹ, ਆਇਤ ਸ਼ਰਾਇਤ ਨਾਲ ਵਡਿਆਈਆ । ਉਹ ਕੁਲ ਮਾਲਕ ਨੂਰੀ ਖ਼ੁਦਾ, ਵੇਖਣਹਾਰਾ ਥਾਉਂ ਥਾਈਂਆ । ਜਿਸ ਤੋਂ ਸਾਰੇ ਹੋਏ ਫ਼ਿਦਾ, ਆਪ ਆਪਣਾ ਮਾਣ ਗਵਾਈਆ । ਉਸ ਦਾ ਮਾਰਗ ਇਕੋ ਸਿਧਾ, ਰਸਤਾ ਰਹਿਬਰਾਂ ਗਿਆ ਜਣਾਈਆ । ਜਿਸ ਸਦੀ ਚੌਧਵੀਂ ਸਭ ਨੂੰ ਕਹਿਣਾ ਅਲਵਿਦਾ, ਲੇਖ ਪਿਛਲਾ ਰਹੇ ਨਾ ਰਾਈਆ । ਅਗੇ ਆਪਣੇ ਹੱਥ ਰੱਖੇ ਆਪਣੀ ਬਿਧਾ, ਬਿਧਨਾਨਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਚ ਕਹੇ ਜੋ ਨੂਰੇ ਅਜ਼ਮਬੀਆ ਕਵੀ



ਉਲ ਕਮਾ ਜ਼ਵ ਜ਼ੇ ਮਜ਼ੂ ਨੂਰੇ ਕੁਜਸ਼ ਅਰਸ਼ੋ ਫ਼ਰਸ਼ ਚਸ਼ਮੇ ਨਵੀਆ ਵਲ ਕੁਮੁਸ ਮੁਵਿਜ਼ ਦਾ ਜੁਅਲ ਤਖ਼ਸਮਨ ਫ਼ਲਕੇ ਖ਼ਾਲਕ ਖ਼ਲਕ ਮਖ਼ਲੂਕ ਕੁਦਰਤੇ ਕਾਦਰ ਕਰਨੀ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਲਮਬਮ ਪੈਗ਼ੰਬਰੇ ਸਦਮ ਅਮਾਮੇ ਨਵਿਜ਼ ਨੂਰੇ ਚਵਿਜ਼ ਚਸ਼ਮੇ ਚੋਜ਼ੀਆ ਨੂਰੇ ਰਬੀ ਮਹਿਬਾਨ ਇਕ ਅਖਵਾਈਆ ।

੧੭੬੫
੨੩

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਚਤੁਰ ਸਿੰਘ ਦੇ ਗ੍ਰਹਿ ✪

ਸਚ ਕਹੇ ਜਨ ਭਗਤੋ ਆਤਮ ਪਰਮਾਤਮ ਸਚ ਸੰਜੋਗ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜਨਮ ਕਰਮ ਦਾ ਰਹੇ ਕੋਇ ਨਾ ਰੋਗ, ਗੇੜੇ ਵਿਚ ਨਾ ਕੋਇ ਭਵਾਈਆ । ਨਿਰਗੁਣ ਧਾਰ ਨਿਰਗੁਣ ਰਸ ਦਾ ਭੋਗੇ ਭੋਗ, ਰਸਨਾ ਰਸ ਨਾ ਕੋਇ ਚਤੁਰਾਈਆ । ਸਤਿ ਦਾ ਅਗੰਮਾ ਜੋਗ, ਜੁਗਤੀ ਪਾਰਬ੍ਰਹਮ ਬ੍ਰਹਮ ਸਮਝਾਈਆ । ਈਸ਼ ਜੀਵ ਧਾਰ ਮਾਣੇ ਮੌਜ, ਮਜਲਸ ਇਕੋ ਘਰ ਵਖਾਈਆ । ਕੂੜ ਕਿਰਿਆ ਦੀ ਰਹੇ ਕੋਈ ਨਾ ਸੋਚ, ਸੋਚ ਸਮਝ ਪਿਛਲੀ ਦਏ ਮਿਟਾਈਆ । ਆਪਣਾ ਭੇਵ ਖੁਲਾਏ ਗੋਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸੰਦੇਸ਼ਾ ਦੇਵੇ ਅਗਾਧ ਬੋਧ, ਬੁੱਧੀ ਤੋਂ ਪਰੇ ਪੜ੍ਹਾਈਆ । ਅੰਤਸ਼ਕਰਨ ਦੇਵੇ ਸੋਧ, ਹਰ ਹਿਰਦੇ ਕਰੇ ਸਫ਼ਾਈਆ । ਹਉਮੇ ਰਹੇ ਮੂਲ ਨਾ ਰੋਗ, ਹੰਗਤਾ ਗੜ੍ਹ

ਤੁੜਾਈਆ । ਜਗਤ ਲੇਖਾ ਮੇਟ ਵਿਯੋਗ, ਫੜ ਬਾਹੋਂ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਜੋਧਨ ਜੋਧ, ਪੁਰਖ ਬਿਧਾਤਾ ਅਗੰਮ ਅਥਾਹੀਆ ।

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਅਤਰ ਸਿੰਘ ਦੇ ਗ੍ਰਿਹ ✪

ਸਚ ਕਹੇ ਜਨ ਭਗਤੋ ਮੰਨੋ ਪੁਰਖ ਸਮਰਥ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਜਿਸ ਦੀ ਮਹਿੰਮਾ ਸਦਾ ਅਕਥ, ਹਰਿ ਪੁਰਖ ਨਿਰੰਜਣ ਇਕ ਅਖਵਾਈਆ । ਜੋ ਆਦਿ ਜੁਗਾਦਿ ਚਲਾਏ ਰਥ, ਏਕੰਕਾਰਾ ਆਪਣੀ ਖੇਲ ਖਿਲਾਈਆ । ਜਿਸ ਦੇ ਸਭ ਕਿਛ ਹੱਥ, ਆਦਿ ਨਿਰੰਜਣ ਨੂਰ ਅਲਾਹੀਆ । ਜੋ ਮਾਰਗ ਜੁਗ ਚੌਕੜੀ ਰਿਹਾ ਦੱਸ, ਅਬਿਨਾਸ਼ੀ ਕਰਤਾ ਹੁਕਮ ਸੁਣਾਈਆ । ਜਿਸ ਲੱਖ ਚੁਰਾਸੀ ਕੀਤੀ ਵਸ, ਸ੍ਰੀ ਭਗਵਾਨ ਇਕ ਅਖਵਾਈਆ । ਜੋ ਭੇਵ ਅਭੇਦਾ ਖੋਲੇ ਹੱਸ ਹੱਸ, ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਈਆ । ਜੋ ਸਾਹਿਬ ਸਤਿਗੁਰ ਵਸਣਹਾਰਾ ਘਟ ਘਟ, ਗ੍ਰਿਹ ਗ੍ਰਿਹ ਡੇਰਾ ਲਾਈਆ । ਜਿਸ ਦਾ ਨਿਰਗੁਣ ਰੂਪ ਨਟੂਆ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਕਲਜੁਗ ਵੇਖੇ ਕਿਨਾਰਾ ਤੱਟ, ਘਾਟ ਪਤਣ ਫੋਲ ਫੁਲਾਈਆ । ਜੋਤੀ ਜਾਤਾ ਹੋ ਪ੍ਰਗਟ, ਪਾਰਬ੍ਰਹਮ ਪ੍ਰਭ ਪਰਦਾ ਆਪ ਚੁਕਾਈਆ । ਸ਼ਬਦ ਅਗੰਮੀ ਮਾਰ ਕੇ ਸੱਟ, ਹਰਿਜਨ ਸੋਏ ਲਏ ਜਗਾਈਆ । ਦੁਰਮਤ ਮੈਲ ਅੰਦਰੋਂ ਕੱਟ, ਪਾਪਾਂ ਕਰੇ ਸਫ਼ਾਈਆ । ਭਾਗ ਲਗਾ ਕੇ ਕਾਇਆ ਮੱਟ, ਦੁਰਮਤ ਮੈਲ ਦਏ ਧਵਾਈਆ ।
੧੭੬੬
੨੩
ਜੋਤ ਜਗਾ ਕੇ ਲਟ ਲਟ, ਅੰਧ ਅੰਧੇਰਾ ਦਏ ਗਵਾਈਆ । ਨਿਜ ਨੇਤਰ ਖੇਲ੍ਹ ਕੇ ਅੱਖ, ਪ੍ਰਤੱਖ ਮਿਲੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਅਲਖਣਾ ਲਖ, ਅਲਖ ਅਗੋਚਰ ਅਗੰਮ ਅਥਾਹ ਬੇਪ੍ਰਵਾਹ ਇਕ ਅਖਵਾਈਆ ।

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਵਜ਼ੀਦਪੁਰ ਜ਼ਿਲਾ ਗੁਰਦਾਸਪੁਰ ਬੂੜ ਸਿੰਘ ਦੇ ਗ੍ਰਿਹ ✪

ਸਚ ਕਹੇ ਸੂਫ਼ੀਓ ਮੰਨੋ ਇਕ ਮਹਿਬੂਬ, ਜਲਵਾਗਰ ਨੂਰ ਅਲਾਹੀਆ । ਜਿਸ ਦੀ ਮੰਜ਼ਲ ਹਕ ਮਕਸੂਦ, ਮੁਕਾਮੇ ਹਕ ਸੋਭਾ ਪਾਈਆ । ਜੋ ਸ਼ਰਅ ਦੀ ਮੇਟਣਹਾਰ ਹਦੂਦ, ਭੇਵ ਅਭੇਦਾ ਦਏ ਖੁਲਾਈਆ । ਜਿਧਰ ਤੱਕੋ ਦਿਸੇ ਮੌਜੂਦ, ਮੌਜੂਦਾ ਆਪਣਾ ਹੁਕਮ ਵਰਤਾਈਆ । ਜਿਸ ਨੇ ਨਾਮ ਕਲਮੇ ਆਪਣੇ ਕੀਤੇ ਮਹਿਫ਼ੂਜ਼, ਸਿਰ ਸਿਰ ਸਭ ਦੇ ਹੱਥ ਟਿਕਾਈਆ । ਉਹ ਆਲੀਜਾਹ ਵਸੇ ਅਰਸ਼ ਅਰੂਜ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਦਵੈਤ ਨਹੀ ਕੋਈ ਦੂਜ, ਦੁਤੀਆ ਭਾਉ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਕੁਝ ਰਿਹਾ ਬੂਝ, ਬੁੱਝਣਹਾਰਾ ਬੇਪਰਵਾਹੀਆ ।

### ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਹਰਦੀਪ ਸਿੰਘ ਦੇ ਗ੍ਰਿਹਿ ✪

ਸਚ ਕਹੇ ਜਨ ਭਗਤੋ ਧੁਰ ਤੱਕੋ ਇਕ ਰਮਈਆ, ਜੋ ਰਮਿਆ ਹਰ ਘਟ ਥਾਈਂਆ । ਆਦਿ ਜੁਗਾਦੀ ਧੁਰ ਦਾ ਸਈਆ, ਸੱਜਣ ਸਾਥੀ ਹਰਿ ਰਘੁਨਾਥੀ ਇਕ ਅਖਵਾਈਆ । ਜੋ ਨਾਮ ਨਿਧਾਨ ਚਲਾਏ ਜੁਗ ਜੁਗ ਨਈਆ, ਨੌਕਾ ਆਪਣੀ ਆਪ ਸਮਝਾਈਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਲੇਖਾ ਬਿਨ ਵਹੀਆ, ਖਾਤੇ ਧਰਮ ਧਾਰ ਬਣਾਈਆ । ਜੋ ਨਿਰਗੁਣ ਧਾਰ ਆਤਮ ਧਾਰ ਪਕੜਨਹਾਰਾ ਬਹੀਆ, ਜਗਤ ਬਾਜ਼ੂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਚ ਕਹੇ ਜਨ ਭਗਤੋ ਮੰਨੋ ਇਕੋ ਅਗੰਮਾ ਕਾਹਨ, ਜੋ ਲੱਖ ਚੁਰਾਸੀ ਰਿਹਾ ਪ੍ਰਨਾਈਆ । ਸਤਿ ਸਰੂਪੀ ਨੌਜਵਾਨ, ਜੋਬਨਵੰਤ ਇਕ ਅਖਵਾਈਆ । ਜਿਸ ਦਾ ਖੇਲ ਦੋ ਜਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਮੰਡਲ ਮੰਡਪ ਆਪਣੀ ਰਚਨ ਰਚਾਈਆ । ਸੋ ਵੇਖਣਹਾਰਾ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਧਿਆਨ ਲਗਾਈਆ । ਸਚਖੰਡ ਨਿਵਾਸੀ ਇਕ ਇਕੱਲਾ ਹੁਕਮਰਾਨ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੀ ਕਰੇ ਨਾ ਕੋਇ ਪਹਿਚਾਨ, ਨੂਰ ਨੁਰਾਨਾ ਨੂਰ ਅਲਾਹੀਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਸ਼ਾਹੋ ਭੂਪ ਬਣ ਸੁਲਤਾਨ, ਸ਼ਹਿਨਸ਼ਾਹ ਆਪਣੀ ਕਲ ਵਰਤਾਈਆ । ਜਿਸ ਕਲਜੁਗ ਮੇਟਣਾ ਕੂੜ ਨਿਸ਼ਾਨ, ਕੂੜੀ ਕਿਰਿਆ ਡੇਰਾ ਢਾਹੀਆ । ਧਰਮ ਦੀ ਧਾਰ ਕਰੇ ਪ੍ਰਵਾਨ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਸੋ ਕਰਤਾ ਪੁਰਖ ਹੋਏ ਮਿਹਰਵਾਨ, ਪੁਰਖ ਪੁਰਖੋਤਮ ਦਇਆ ਕਮਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਸੂਰੀਆ ਚੰਦ ਸੀਸ ਨਿਵਾਈਆ । ਉਹ ਤਖ਼ਤ ਨਿਵਾਸੀ ਸ਼ਾਹੋ ਭੂਪ ਮਰਦ ਮਰਦਾਨ, ਬੇਪਰਵਾਹ ਵਡ ਵਡਿਆਈਆ । ਜਿਸ ਦਾ ਲਹਿਣਾ ਦੇਣਾ ਭਗਤਾਂ ਸੰਗ ਸਗਲਾ ਸੰਗੀ ਇਕ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨਹਰਿ ਜੁਗ ਜਨਮ ਦੇ ਵਿਛੜੇ ਮੇਲੇ ਆਣ, ਆਤਮ ਪਰਮਾਤਮ ਪਰਮਾਤਮ ਆਤਮ ਜੋਤੀ ਜਾਤਾ ਜੋੜ ਜੁੜਾਈਆ ।

### ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਜੀਤ ਸਿੰਘ ਦੇ ਗ੍ਰਿਹਿ ✪

ਸਚ ਕਹੇ ਜਨ ਭਗਤੋ ਮੇਰਾ ਸੀਸ ਪ੍ਰਭੂ ਨੂੰ ਝੁਕਦਾ, ਨਿਵ ਨਿਵ ਲਾਗਾਂ ਪਾਈਂਆ । ਜਿਸ ਦਾ ਬੋਧ ਅਗਾਧ ਸ਼ਬਦ ਅਗੰਮੀ ਤੁਕ ਦਾ, ਦੋ ਜਹਾਨ ਕਰੇ ਸ਼ਨਵਾਈਆ । ਆਤਮ ਪਰਮਾਤਮ ਮਿਲ ਕੇ ਪੈਂਡਾ ਮੁਕਦਾ, ਅਗੇ ਅਵਰ ਨਾ ਕੋਇ ਵਧਾਈਆ । ਭਰਮ ਰਹੇ ਨਾ ਓਹਲਾ ਲੁਕ ਦਾ, ਕਾਇਆ ਮੰਦਰ ਕਰੇ ਰੁਸ਼ਨਾਈਆ । ਵਕਤ ਸੁਹੰਜਣਾ ਬਖ਼ਸ਼ੇ ਸੁਖ ਦਾ, ਸੁਖ ਸਾਗਰ ਵਿਚ ਸਮਾਈਆ । ਵਕਤ ਹੋਵੇ ਦੁੱਖ ਦਾ, ਕੂੜੀ ਕਿਰਿਆ ਬਾਹਰ ਕਢਾਈਆ । ਪਰਮ ਪੁਰਖ ਪਰਮਾਤਮ ਸਦਾ ਪਿਆਰਾ ਮਾਨਸ ਦੇਹੀ ਮਨੁੱਖ ਦਾ, ਪੰਜਾਂ ਤਤਾਂ ਰੰਗ ਰੰਗਾਈਆ । ਚੁਰਾਸੀ ਵਿਚੋਂ ਜਨ ਭਗਤ ਸੁਹੇਲੇ ਗੋਦੀ ਚੁੱਕਦਾ, ਫੜ ਬਾਹੋਂ ਗਲੇ ਲਗਾਈਆ । ਮੋਹ ਵਿਕਾਰਾ ਫੜ ਫੜ ਕੁਟਦਾ, ਨਾਮ ਡੰਡਾ ਹੱਥ ਉਠਾਈਆ । ਹਰਿਜਨ

ਭਾਗ ਨਾ ਕਦੇ ਨਿਖੁੱਟਦਾ, ਜੋ ਆਏ ਹਰਿ ਸਰਨਾਈਆ । ਦਰਸ਼ਨ ਹੋਵੇ ਅਬਿਨਾਸ਼ੀ ਅਚੁਤ ਦਾ, ਚੇਤਨ ਸੁਰਤੀ ਦਏ ਕਰਾਈਆ । ਭੇਵ ਖੁਲ੍ਹੇ ਕਾਇਆ ਪੰਜ ਤਤ ਬੁਤ ਦਾ, ਬੁਤਖ਼ਾਨੇ ਵੱਜੇ ਵਧਾਈਆ । ਲੇਖ ਬਣਾਏ ਧੁਰ ਦੇ ਸੁਤ ਦਾ, ਅਪਰਾਧੀ ਆਪਣੇ ਰੰਗ ਰੰਗਾਈਆ । ਸਚ ਕਹੇ ਜਨ ਭਗਤੋ ਇਹ ਵਕਤ ਸੁਹੰਜਣਾ ਲੁੱਟ ਦਾ, ਪ੍ਰੇਮ ਪ੍ਰੀਤਮ ਲੁੱਟਣਾ ਚਾਈਂ ਚਾਈਂਆ । ਜਿਸ ਦਾ ਨਾਤਾ ਕਦੇ ਨਾ ਟੁੱਟਦਾ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਉਹ ਭੰਡਾਰਾ ਨਾਮ ਦੇਵੇ ਨਿਖੁਟ ਦਾ, ਅਤੋਟ ਆਪਣਾ ਆਪ ਜਣਾਈਆ । ਤੁਹਾਡਾ ਮੇਲਾ ਉਸ ਅਗੰਮੀ ਜੋਤ ਦਾ, ਜੋ ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਤੁਹਾਡਾ ਝਗੜਾ ਨਹੀਂ ਕਿਸੇ ਵਰਨ ਗੋਤ ਦਾ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਤੁਹਾਡਾ ਮਨੂਆ ਆਸ਼ਾ ਵਿਚ ਇਕੋ ਲੋਚ ਹੋਵੇ ਲੋਚਦਾ, ਲੋਚਨ ਅੰਦਰੇ ਅੰਦਰ ਖੁਲਾਈਆ । ਸਮਾਂ ਪੂਰਾ ਹੋਵੇ ਜੋਗ ਦਾ, ਜੁਗਤੀ ਪ੍ਰਭ ਆਪਣੇ ਹੱਥ ਰਖਾਈਆ । ਹਰਿਜਨ ਆਤਮ ਰਸ ਹੋਵੇ ਭੋਗਦਾ, ਭਸਮੜ ਆਪਣਾ ਰੂਪ ਬਦਲਾਈਆ । ਭੇਵ ਜਣਾਏ ਇਕ ਸਲੋਕ ਦਾ, ਤੂੰ ਮੇਰਾ ਮੈਂ ਤੇਰਾ ਦਏ ਦ੍ਰਿੜਾਈਆ । ਆਸਰਾ ਹੋਵੇ ਇਕੋ ਪੁਰਖ ਅਕਾਲ ਓਟ ਦਾ, ਜੋ ਓੜਕ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕਤ ਸੁਹੰਜਣਾ ਕਰੇ ਮੌਜਦਾ, ਮਜਲਸ ਭਗਤਾਂ ਨਾਲ ਰਖਾਈਆ ।



✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸਪੁਰ ਬਚਨ ਸਿੰਘ ਦੇ ਗ੍ਰਹਿ ✪

੧੭੬੮
੨੩

ਧਰਨੀ ਕਹੇ ਕਿਰਪਾ ਕਰ ਮੇਰੇ ਭਗਵੰਤ, ਸਚ ਸਵਾਮੀ ਅੰਤਰਜਾਮੀ ਦਇਆ ਕਮਾਈਆ । ਨਵ ਸੱਤ ਦੁਖੀ ਹੋਵੇ ਜੀਵ ਜੰਤ, ਧੀਰਜ ਧਰਮ ਧਾਰ ਨਾ ਕੋਇ ਦ੍ਰਿੜਾਈਆ । ਹਕੀਕੀ ਮੰਜ਼ਲ ਚੜ੍ਹੇ ਕੋਇ ਨਾ ਸੰਤ, ਸੂਫ਼ੀ ਸੁਖ ਵਿਚ ਨਾ ਕੋਇ ਸਮਾਈਆ । ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਬੁੱਧੀ ਤੋਂ ਪਰੇ ਭੇਵ ਕੋਇ ਨਾ ਖੁਲਾਈਆ । ਦਹਿ ਦਿਸ਼ਾ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਜਣਾਈਆ । ਤੇਰਾ ਖੇਲ ਅਬਿਨਾਸ਼ੀ ਕਰਤੇ ਜੁਗੋ ਜੁਗ ਅਨੰਤ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਦਰੋਹੀ ਤੇਰੇ ਨਾਮ ਦੀ ਮੇਰੀ ਮਿੰਨਤ, ਸੀਸ ਜਗਦੀਸ਼ ਰਹੀ ਝੁਕਾਈਆ । ਸਚ ਰਿਹਾ ਨਾ ਕਿਸੇ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਕਲਕਾਤੀ ਮਨੂਆ ਕਰੇ ਇੱਲਤ, ਦਹਿ ਦਿਸ਼ਾ ਉਠ ਉਠ ਧਾਹੀਆ । ਸਾਚੇ ਨਾਮ ਦੀ ਤਨ ਪਹਿਨੇ ਕੋਈ ਨਾ ਖ਼ਿੱਲਤ, ਓਢਣ ਸੀਸ ਨਾ ਕੋਇ ਟਿਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਹੋਈ ਨਿੰਦਕ, ਮਾਨਸ ਮਾਨੁੱਖ ਤੇਰੇ ਰੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭੂ ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਸ਼ਕਰਨ ਮਾਰ ਲੈ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਕਿਰਪਾ ਕਰ ਦੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਚੰਦ ਨਾ ਕੋਇ ਚਮਕਾਈਆ । ਹਕੀਕੀ ਮੰਜ਼ਲ ਮਿਲੇ ਕਿਸੇ ਨਾ ਘਾਟੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਤੇਰਾ ਨੂਰ ਜ਼ਹੂਰ ਜੋਤੀ ਜਾਤੇ ਨਜ਼ਰ ਨਾ ਆਏ ਲਲਾਟੀ, ਨੂਰ ਨੁਰਾਨਾ ਰੂਪ ਨਾ ਕੋਇ ਦਰਸਾਈਆ । ਸਚ ਦਵਾਰ ਏਕੰਕਾਰ ਮੇਰੇ ਉਤੇ ਖੋਲ ਦੇ ਹਾਟੀ, ਧਰਮ ਦੀ ਧਾਰ ਦੇ ਸਮਝਾਈਆ । ਕਲਜੁਗ ਵੇਸ ਤੱਕ ਲੈ ਬਾਜ਼ੀਗਰ ਨਾਟੀ, ਕੀ ਸਵਾਂਗੀ

ਆਪਣਾ ਸਵਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਕਲਜੁਗ ਵਕਤ ਸੁਹੇਲਾ, ਸਤਿ ਸਚ ਨਾਲ ਜਣਾਈਆ । ਨਵ ਸੱਤ ਤੇਰਾ ਮਿਲਣ ਹੋਇਆ ਦੁਹੇਲਾ, ਨਿਰਗੁਣ ਸਰਗੁਣ ਰੰਗ ਨਾ ਕੋਇ ਰੰਗਾਈਆ । ਸੁਰਤੀ ਸ਼ਬਦੀ ਨਜ਼ਰ ਆਏ ਕੋਈ ਨਾ ਚੇਲਾ, ਗੁਰੂ ਗੁਰ ਨਾਦ ਨਾ ਕੋਇ ਸੁਣਾਈਆ । ਆਤਮ ਪਰਮਾਤਮ ਪਰਮ ਪੁਰਖ ਕਰਾਏ ਕੋਈ ਨਾ ਮੇਲਾ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਤੇਰਾ ਭੇਵ ਅਭੇਦਾ ਸਮਝੇ ਕੋਈ ਨਾ ਧਾਮ ਨਵੇਲਾ, ਦਰਗਾਹ ਸਾਚੀ ਵੇਖਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੈਂ ਦੱਬੀ ਪਾਪਾਂ ਭਾਰ, ਕਲਜੁਗ ਕੂੜ ਰਿਹਾ ਦਬਾਈਆ । ਸਤਿ ਧਰਮ ਦੀ ਪਾਏ ਕੋਈ ਨਾ ਸਾਰ, ਸਚ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਧੁੰਆਂਧਾਰ, ਸਤਿ ਜੋਤ ਨਾ ਕੋਇ ਰੁਸ਼ਨਾਈਆ । ਲਹਿਣਾ ਤੱਕ ਲੈ ਪੈਗ਼ੰਬਰ ਗੁਰ ਅਵਤਾਰ, ਪੇਸ਼ੀਨਗੋਈਆਂ ਨਾਲ ਮਿਲਾਈਆ । ਮੈਂ ਨਿਰਧਨ ਹੋ ਕੇ ਕਰਾਂ ਪੁਕਾਰ, ਬਿਨ ਨੈਣਾਂ ਨੀਰ ਵਹਾਈਆ । ਤੂੰ ਸਰਧਨ ਪਾਵਣਹਾਰਾ ਸਾਰ, ਸਤਿਗੁਰ ਸਾਚਾ ਸਹਿਜ ਸੁਖਦਾਈਆ । ਮੇਰੀ ਹਾਲਤ ਵੇਖ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਤੇਰਾ ਅਲਾਹੀ ਰੂਪ ਅਪਾਰ, ਅਮਾਮ ਅਮਾਮੇ ਭੇਵ ਦੇਣਾ ਚੁਕਾਈਆ । ਮੇਰੀ ਡੰਡਾਵਤ ਬੰਦਨਾ ਸਜਦਿਆਂ ਵਿਚ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਮੈਂ ਸਦੀ ਚੌਧਵੀਂ ਹੋਈ ਦੁਖਿਆਰ, ਬੀਸਵੀਂ ਲੇਖਾ ਰਹੀ ਵਖਾਈਆ । ਕਿਰਪਾ ਕਰ ਮੇਰੇ ਕਰਤਾਰ, ਕੁਦਰਤ ਕਾਦਰ ਹੋ ਸਹਾਈਆ । ਮੇਰਾ ਪੂਰਬ ਲਹਿਣਾ ਦੇਣਾ ਕਰਜ਼ ਉਤਾਰ, ਮਕਰੂਜ਼ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਸਾਂਝਾ ਯਾਰ, ਪਰਵਰਦਿਗਾਰ ਇਕ ਅਖਵਾਈਆ । ਮੈਂ ਤੇਰੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਨਿਤ ਨਿਤ ਕਰਦੀ ਰਹੀ ਇੰਤਜ਼ਾਰ, ਵੇਖਾਂ ਥਾਉਂ ਥਾਈਂਆ । ਤੇਰਾ ਖੇਲ ਕਲ ਕਲਕੀ ਅਵਤਾਰ, ਨਿਰਗੁਣ ਧਾਰ ਤੇਰੀ ਬੇਪਰਵਾਹੀਆ । ਮੇਰਾ ਦੁੱਖੜਾ ਦੇ ਨਿਵਾਰ, ਦੁੱਖ ਭੈ ਭੰਜਣ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਮੇਰੀ ਪਾਉਣੀ ਸਾਰ, ਨਿਰਵੈਰ ਆਪਣੀ ਦਇਆ ਕਮਾਈਆ ।



### ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ਦਸ ਸ਼ਹਿਰ ਦੀਨਾ ਨਗਰ ਮਹਿੰਦਰ ਸਿੰਘ ਸਵਰਨ ਸਿੰਘ ਹਰਭਜਨ ਸਿੰਘ ਦੇ ਗ੍ਰਹਿ ✪

ਸਚ ਕਹੇ ਜਨ ਭਗਤੋ ਧਰਨੀ ਲੱਗਾ ਭਾਗ, ਧਵਲ ਧੌਲ ਮਿਲੀ ਵਡਿਆਈਆ । ਜਿਸ ਦੇ ਉਤੇ ਦੀਪਕ ਜੋਤ ਜਗੇ ਚਰਾਗ਼, ਨਿਰਗੁਣ ਨੂਰ ਨੁਰਾਨਾ ਡਗਮਗਾਈਆ । ਮੇਲਾ ਮੇਲੇ ਸਾਹਿਬ ਕੰਤ ਸੁਹਾਗ, ਹਰਿ ਕਰਤਾ ਧੁਰਦਰਗਾਹੀ । ਦੁਰਮਤ ਮੈਲ ਧੋਵੇ ਦਾਗ਼, ਪਾਪਾਂ ਕਰੇ ਸਫ਼ਾਈਆ । ਸਾਚਾ ਬਖ਼ਸ਼ੇ ਅੰਤਸ਼ਕਰਨ ਵਿਚ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਹਰਿਜਨ ਹੰਸ ਬਣਾਏ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਧਰਮ ਦੀ ਧਾਰ ਪ੍ਰਗਟਾਏ ਸਮਾਜ, ਸਮਿਗਰੀ ਨਾਮ ਵਾਲੀ ਵਰਤਾਈਆ । ਜਨ ਭਗਤਾਂ ਨਿਜ ਨੇਤਰ ਖੋਲ ਕੇ ਜਾਗ, ਲੋਚਨ ਆਪਣੇ ਨਾਲ ਮਿਲਾਈਆ । ਕਲਜੁਗ ਵਿਚ ਸਤਿਜੁਗ ਦੱਸ ਰਿਵਾਜ, ਰੀਤੀ ਧਰਮ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੧੭੭੦
੨੩

ਸਾਚਾ ਵਰ, ਸਾਚਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਸੁਹਿਆ ਥਾਨ ਥਨੰਤਰ, ਪ੍ਰਭ ਦੇਵੇ ਮਾਣ ਵਡਿਆਈਆ । ਮੇਰੇ ਖ਼ੁਸ਼ੀ ਹੋਈ ਅੰਤਰ, ਅੰਤਸ਼ਕਰਨ ਲਏ ਅੰਗੜਾਈਆ । ਸਤਿ ਸਚ ਦਾ ਸੁਣ ਕੇ ਮੰਤਰ, ਮੇਰੇ ਅੰਦਰ ਵੱਜੀ ਵਧਾਈਆ । ਖੇਲੇ ਖੇਲ ਆਪ ਨਿਰੰਤਰ, ਨਿਰਵੈਰ ਦਇਆ ਕਮਾਈਆ । ਜੋ ਵੇਸ ਵਟਾਏ ਜੁਗਾ ਜੁਗੰਤਰ, ਅਵਤਾਰ ਪੈਗ਼ੰਬਰ ਗੁਰੂ ਗੁਰ ਨਾਮ ਦੁਹਰਾਈਆ । ਉਹ ਲੇਖਾ ਜਾਣੇ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋ ਧਰਮ ਦੀ ਧਾਰ ਬਣਾਏ ਬਣਤਰ, ਕਲਜੁਗ ਕਿਰਿਆ ਕੂੜ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਗਾਵਾਂ ਗੀਤ, ਢੋਲੇ ਬੇਪਰਵਾਹੀਆ । ਸਾਹਿਬ ਮਿਲਿਆ ਇਕ ਅਤੀਤ, ਤ੍ਰੈਭਵਣ ਧਨੀ ਬੇਪਰਵਾਹੀਆ । ਮੇਰਾ ਤਨ ਵਜੂਦ ਹੋਇਆ ਠਾਂਡਾ ਸੀਤ, ਅਗਨੀ ਤਤ ਦਿਆਂ ਬੁਝਾਈਆ । ਜਿਸ ਭੇਵ ਚੁਕਾਉਣਾ ਮੰਦਰ ਮਸੀਤ, ਕਾਇਆ ਕਾਅਬਿਆਂ ਦਏ ਵਡਿਆਈਆ । ਜੀਵਾਂ ਜੰਤਾਂ ਬਦਲ ਕੇ ਨੀਤ, ਨੀਤੀ ਆਪਣੀ ਇਕ ਦ੍ਰਿੜਾਈਆ । ਪਵਿਤ੍ਰ ਕਰ ਕੇ ਪਤਤ ਪੁਨੀਤ, ਦੁਰਮਤ ਮੈਲ ਧਵਾਈਆ । ਕਿਰਪਾ ਕਰ ਹਰਿ ਜਗਦੀਸ਼, ਜਗਦੀਸ਼ਰ ਦੇਵੇ ਮਾਣ ਵਡਿਆਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਬੀਸ ਬੀਸ, ਬੀਸ ਇਕੀਸਾ ਇਕ ਅਖਵਾਈਆ । ਜਿਸ ਦੇ ਛਤਰ ਝੁਲਣਾ ਸੀਸ, ਸਤਿਗੁਰ ਸ਼ਬਦ ਦਏ ਵਡਿਆਈਆ । ਇਕੋ ਕਲਮਾ ਨਾਮ ਦੱਸੇ ਹਦੀਸ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚਾ ਰੰਗ ਰੰਗਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਤੱਕਾਂ, ਬਿਨ ਨੈਣਾਂ ਨੈਣ ਉਠਾਈਆ । ਵੇਖਾਂ ਹਕੀਕਤ ਹਕਾ, ਸਚ ਸਚ ਨਾਲ ਵਡਿਆਈਆ । ਜਿਸ ਲੇਖ ਚੁਕਾਉਣਾ ਕਾਅਬਿਆਂ ਵਾਲਾ ਮੱਕਾ, ਮਕਬਰੇ ਪੈਗ਼ੰਬਰਾਂ ਫੋਲ ਫੁਲਾਈਆ । ਉਹ ਜਗਤ ਜਹਾਨ ਦੇਣ ਵਾਲਾ ਧੱਕਾ, ਚਾਰੋਂ ਕੁੰਟ ਦਏ ਹਿਲਾਈਆ । ਜਿਸ ਦੀਨ ਦੁਨੀ ਦੀ ਕੀਮਤ ਰਹਿਣ ਦੇਣੀ ਨਹੀਂ ਕੋਈ ਟਕਾ, ਚਾਰੋਂ ਕੁੰਟ ਖੋਜ ਖੁਜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਆਪਣੀਆਂ ਖ਼ੁਸ਼ੀਆਂ ਦੇ ਵਿਚ ਰੱਤਾ, ਰਤਨ ਅਮੋਲਕ ਹੀਰੇ ਵੇਖ ਵਖਾਈਆ । ਜਿਸ ਦੀ ਜੋਤ ਧਾਰ ਅਗੰਮੀ ਸਤ੍ਹਾ, ਸਤਿ ਸਤਿਵਾਦੀ ਇਕ ਅਖਵਾਈਆ । ਜਿਸ ਦਾ ਨਿਰਗੁਣ ਸਰਗੁਣ ਅਵਤਾਰ ਪੈਗ਼ੰਬਰ ਗੁਰੂ ਦੇ ਕੇ ਗਏ ਪਤਾ, ਪਤਿਪਰਮੇਸ਼ਵਰ ਨਾਉਂ ਪ੍ਰਗਟਾਈਆ । ਜਿਸ ਦੇ ਗੋਬਿੰਦ ਸਥਰ ਲੱਥਾ, ਯਾਰੜਾ ਸੇਜ ਹੰਢਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਕਥਾ, ਅੱਖਰ ਅੱਖਰਾਂ ਨਾਲ ਮਿਲਾਈਆ । ਜਿਸ ਨੂੰ ਦੀਨ ਦੁਨੀ ਟੇਕਦੀ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਉਹ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਪੁਰਖ ਸਮਰਥਾ, ਸਮਰਥ ਪੁਰਖ ਅਗੰਮ ਅਥਾਹੀਆ । ਜੋ ਲਹਿਣਾ ਦੇਣਾ ਭਗਤਾਂ ਦਏ ਇਕੱਠਾ, ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਸ਼ਬਦੀ ਧਾਰ ਹੋ ਕੇ ਦੋ ਜਹਾਨਾਂ ਫਿਰੇ ਨੱਠਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਲਹਿਣਾ ਦੇਣਾ ਦੇਵੇ ਯਥਾਰਥ ਯਥਾ, ਜੁਗ ਜੁਗ ਆਪਣਾ ਹੁਕਮ ਵਰਤਾਈਆ ।

✪ ੨੭ ਚੇਤ ਸ਼ਹਿਨਸ਼ਾਹੀ ਸੰਮਤ ਦਸ ਗੁਰਦਾਸਪੁਰ ਸ਼ਹਿਰ ਸਰੂਪ ਸਿੰਘ ਦੇ ਗ੍ਰਿਹਿ ✪

ਸਚ ਕਹੇ ਸਤਿਗੁਰ ਸ਼ਬਦ ਸ਼ਬਦ ਗੁਰਦੇਵਾ, ਦੇਵ ਆਤਮਾ ਦਏ ਵਡਿਆਈਆ । ਆਦਿ ਜੁਗਾਦੀ ਅਲਖ ਅਭੇਵਾ, ਅਗੋਚਰ ਕਹਿਣ ਕਿਛ ਨਾ ਪਾਈਆ । ਵਸਣਹਾਰਾ ਸਚਖੰਡ ਨਿਹਚਲ ਧਾਮ ਨਿਹਕੇਵਾ, ਦਰਗਾਹ ਸਾਚੀ ਸੋਭਾ ਪਾਈਆ । ਜਨ ਭਗਤਾਂ ਜੁਗ ਜੁਗ ਅੰਮ੍ਰਿਤ ਰਸ ਦੇਵੇ ਮੇਵਾ, ਅੰਮਿਉਂ ਰਸ ਆਪਣਾ ਨਾਮ ਚਖਾਈਆ । ਸਿਫ਼ਤ ਸਲਾਹੀ ਬਖ਼ਸ਼ੇ ਜਿਹਵਾ, ਰਸਨਾ ਹਰਿ ਹਰਿ ਰੰਗ ਰੰਗਾਈਆ । ਕੌਸਤਕ ਮਨੀਆ ਮਸਤਕ ਲਾਵੇ ਥੇਵਾ, ਜੋਤ ਲਲਾਟੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਬੇਪ੍ਰਵਾਹੀਆ । ਸਚ ਕਹੇ ਸਤਿਗੁਰ ਸ਼ਬਦ ਬਲੀ ਬਲਵਾਨ, ਬਲਧਾਰੀ ਇਕ ਅਖਵਾਈਆ । ਜੋ ਵਸੇ ਦਰਗਾਹ ਸਾਚੀ ਮੁਕਾਮੇ ਹਕ ਹਕ ਮਕਾਨ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਹੁਕਮ ਦੋ ਜਹਾਨ, ਸੰਦੇਸ਼ੇ ਨਰ ਨਰੇਸ਼ੇ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਉਣ, ਦੇਵਤ ਸੁਰ ਲਾਗਣ ਪਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਧਰਨ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਦਿਵਸ ਰੈਣ ਝੁਕਦੇ ਜ਼ਿਮੀਂ ਅਸਮਾਨ, ਲੱਖ ਚੁਰਾਸੀ ਜੀਵ ਜੰਤ ਆਤਮ ਧਾਰ ਲਾਗੇ ਪਾਈਆਂ । ਜੋ ਪੁਰਖ ਅਕਾਲਾ ਦੀਨ ਦਿਆਲਾ ਹੋਏ ਸਦ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਅੰਤਰ ਆਤਮ ਨਾਮ ਨਿਧਾਨ ਦੇਵੇ ਦਾਨ, ਵਸਤ ਅਮੁਲ ਅਤੁਲ ਵਰਤਾਈਆ । ਅੰਮਿਉਂ ਰਸ ਦੇ ਕੇ ਪੀਣ ਖਾਣ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਦੀਪਕ ਜੋਤ ਜਗਾ ਮਹਾਨ, ਕਾਇਆ ਮੰਦਰ ਅੰਦਰ ਕਰੇ ਰੁਸ਼ਨਾਈਆ । ਕੂੜੀ ਕਿਰਿਆ ਮਿਟੇ ਨਿਸ਼ਾਨ, ਸਤਿ ਸਚ ਨਾਲ ਪ੍ਰਗਟਾਈਆ । ਘਰ ਸਵਾਮੀ ਮਿਲੇ ਆਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਹਰਿ ਕਰਤਾ ਨੌਜਵਾਨ, ਜੋਬਨਵੰਤਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਸਤਿਗੁਰ ਸ਼ਬਦ ਆਦਿ ਆਦਿ ਦਾ ਦਾਤਾ, ਦੇਵਣਹਾਰ ਅਖਵਾਈਆ । ਲੱਖ ਚੁਰਾਸੀ ਪਿਤਾ ਮਾਤਾ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਆਤਮ ਪਰਮਾਤਮ ਜੋੜੇ ਨਾਤਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਈਸ਼ ਜੀਵ ਦੱਸੇ ਗਾਥਾ, ਨਿਸ਼ਅੱਖਰ ਕਰ ਪੜ੍ਹਾਈਆ । ਭੇਵ ਖੁਲਾਏ ਮਸਤਕ ਮਾਥਾ, ਜੋਤ ਲਲਾਟੀ ਡਗਮਗਾਈਆ । ਲਹਿਣਾ ਦੇਣਾ ਦੇਵੇ ਹਾਥੋ ਹਾਥਾ, ਹਰਿਜਨ ਹੋਏ ਆਪ ਸਹਾਈਆ । ਕਿਰਪਾ ਕਰੇ ਨਾਥ ਅਨਾਥਾ, ਦੀਨਨ ਆਪਣੀ ਗੋਦ ਟਿਕਾਈਆ । ਆਦਿ ਜੁਗਾਦਿ ਜਨ ਭਗਤਾਂ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਪੂਜਾ ਪਾਠਾ, ਸੋਹੰ ਸਤਿ ਸਰੂਪ ਦ੍ਰਿੜਾਈਆ । ਲੇਖ ਚੁਕਾਏ ਤੀਰਥ ਅੱਠ ਸਾਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਕਾਇਆ ਅੰਤਰ ਦਏ ਜਣਾਈਆ । ਭੇਵ ਰਹੇ ਨਾ ਮੰਦਰ ਮਸਜਦ ਸ਼ਿਵਦਵਾਲੇ ਮਾਠਾ, ਕਾਇਆ ਗੁਰੂਦਵਾਰ ਇਕ ਪ੍ਰਗਟਾਈਆ । ਸ਼ਬਦ ਅਗੰਮੀ ਮਾਰੇ ਸਾਟਾ, ਸੋਈ ਸੁਰਤ ਆਪ ਉਠਾਈਆ । ਅੰਮ੍ਰਿਤ ਜਾਮ ਪਿਆ ਕੇ ਬਾਟਾ, ਜਨਮ ਜਨਮ ਦੀ ਤ੍ਰਿਸ਼ਨਾ ਦਏ ਮੁਕਾਈਆ । ਦੀਪਕ ਜੋਤ ਜਗਾਏ ਲਲਾਟਾ, ਨੂਰੀ ਚੰਦ ਚੰਦ ਰੁਸ਼ਨਾਈਆ । ਆਤਮ ਸੇਜ ਸੁਹਾਏ ਖਾਟਾ, ਸਚ ਸਿੰਘਾਸਣ ਡੇਰਾ ਲਾਈਆ । ਜਨ ਭਗਤਾਂ ਆਵਣ ਜਾਵਣ ਮੇਟੇ ਵਾਟਾ, ਲੱਖ ਚੁਰਾਸੀ ਫੰਦ ਕਟਾਈਆ । ਕਿਰਪਾ ਕਰੇ ਪੁਰਖ ਸਮਰਾਥਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਚ ਦਵਾਰੇ ਪਾਵੇ ਰਾਸਾ, ਮੰਡਲ ਮੰਡਪ

ਵੇਖ ਵਖਾਈਆ । ਹਰਿਜਨ ਜਨਹਰਿ ਦੇਵੇ ਆਪ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਵਿਸ਼ਿਆਂ ਤੋਂ ਬਾਹਰ ਦੇਵੇ ਵਿਸ਼ਵਾਸਾ, ਵਿਸ਼ਵ ਆਪਣਾ ਰੰਗ ਦਰਸਾਈਆ । ਕਿਰਪਾ ਕਰੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰੰਗ ਰੰਗਾਈਆ । ਸਚ ਕਹੇ ਸਤਿਗੁਰ ਸ਼ਬਦ ਮਾਲਕ ਆਦਿ ਜੁਗਾਦਿ, ਜੁਗ ਜੁਗ ਖੇਲ ਖਿਲਾਈਆ । ਵੇਖੇ ਵਿਗਸੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਪਰਦਾ ਲਾਹੀਆ । ਧੁਰ ਅਗੰਮੀ ਸੁਣਾ ਕੇ ਨਾਦ, ਆਤਮਕ ਰਾਗ ਦਏ ਜਣਾਈਆ । ਸਚ ਸੰਦੇਸ਼ਾ ਕਰੇ ਅਹਿਲਾਦ, ਧੁਰ ਫ਼ਰਮਾਨਾ ਆਪ ਪ੍ਰਗਟਾਈਆ । ਸੰਤ ਸੁਹੇਲੇ ਵੇਖੇ ਆਪ, ਹਰਿਜਨ ਹਰਿ ਹਰਿ ਰੰਗ ਰੰਗਾਈਆ । ਅੰਦਰੋਂ ਕੱਢ ਕੇ ਵਾਦ ਵਿਵਾਦ, ਅੰਮ੍ਰਿਤ ਰਸ ਦਏ ਭਰਾਈਆ । ਬਿਨ ਰਸਨਾ ਜਿਹਵਾ ਦਏ ਸਵਾਦ, ਅਨਰਸ ਆਪਣਾ ਆਪ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਯਾਦ, ਪੂਰਬ ਲੇਖਾ ਦਏ ਮੁਕਾਈਆ । ਕਾਇਆ ਖੇੜਾ ਕਰ ਆਬਾਦ, ਸਾਢੇ ਤਿੰਨ ਹੱਥ ਵਸੇ ਧੁਰ ਦਾ ਮਾਹੀਆ । ਭਗਤ ਸੁਹੇਲੇ ਖੋਲ ਕੇ ਜਾਗ, ਸੁਰਤੀ ਸੁਰਤ ਸ਼ਬਦ ਜਗਾਈਆ । ਰਾਤੀ ਸੁੱਤਿਆਂ ਮਾਰ ਆਵਾਜ਼, ਦਿਨੇ ਜਾਗਦਿਆਂ ਮੇਲ ਮਿਲਾਈਆ । ਸਤਿ ਸਚ ਵਜਾ ਰਬਾਬ, ਰੱਬੀ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਚ ਕਹੇ ਸਤਿਗੁਰ ਸ਼ਬਦ ਆਦਿ ਜੁਗਾਦਿ ਮਿਲਾਪੀ, ਮਿਲਣੀ ਹਰਿ ਜਗਦੀਸ਼ ਕਰਾਈਆ । ਦੋ ਜਹਾਨਾਂ ਵਡ ਪ੍ਰਤਾਪੀ, ਬ੍ਰਹਿਮੰਡਾਂ ਖੰਡਾਂ ਖੇਲ ਖਿਲਾਈਆ । ਨਾਮ ਸੰਦੇਸ਼ਾ ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵੇ ਪਾਤੀ, ਬਿਨ ਹਰਫ਼ ਹਰੂਫ਼ ਜਣਾਈਆ । ਸ਼ਬਦ ਸੰਦੇਸ਼ਾ ਦੱਸ ਕੇ ਧੁਰ ਦਾ ਜਾਪੀ, ਕਲਮੇ ਨਾਮ ਨਾਲ ਵਡਿਆਈਆ । ਕੋਟਨ ਕੋਟ ਉਧਾਰੇ ਪਾਪੀ, ਪਤਤ ਪੁਨੀਤ ਬਣਾਈਆ । ਜਨ ਭਗਤਾਂ ਪੁਸ਼ਤ ਪਨਾਹ ਲਾ ਕੇ ਥਾਪੀ, ਥਪਕ ਥਪਕ ਆਪਣੀ ਗੋਦ ਟਿਕਾਈਆ । ਜਗਤ ਜਹਾਨ ਮੰਜ਼ਲ ਚਾੜ੍ਹੇ ਘਾਟੀ, ਅਗੇ ਹੋ ਨਾ ਕੋਇ ਅਟਕਾਈਆ । ਆਵਣ ਜਾਵਣ ਮੁਕਾਏ ਵਾਟੀ, ਲੱਖ ਚੁਰਾਸੀ ਪੰਧ ਰਹੇ ਨਾ ਰਾਈਆ । ਕਲਜੁਗ ਮੇਟੇ ਅੰਧੇਰੀ ਰਾਤੀ, ਨਿਰਗੁਣ ਨੂਰੀ ਚੰਦ ਕਰੇ ਰੁਸ਼ਨਾਈਆ । ਪੁਰਖ ਅਕਾਲ ਬਣ ਕੇ ਸਾਥੀ, ਸਗਲਾ ਸੰਗ ਰਖਾਈਆ । ਕਿਰਪਾ ਕਰੇ ਸਰਬ ਕਲਾ ਸਮਰਾਥੀ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਲੇਖਾ ਜਾਣੇ (ਦਿਵਸ ਰਾਤੀ), ਘੜੀ ਪਲ ਆਪਣੇ ਹੁਕਮ ਵਿਚ ਚਲਾਈਆ ।

## ✪ ੨੮ ਚੇਤ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਦਿਆਂ ਵਧਾਈ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਜਿਨ੍ਹਾਂ ਦਾ ਮਾਲਕ ਪ੍ਰਿਤਪਾਲਕ ਧੁਰਦਰਗਾਹੀ, ਸਚਖੰਡ ਨਿਵਾਸੀ ਇਕ ਅਖਵਾਈਆ । ਆਦਿ ਜੁਗਾਦੀ ਬਣ ਕੇ ਪਿਤਾ ਮਾਈ, ਹਰਿਜਨ ਆਪਣੀ ਗੋਦ ਟਿਕਾਈਆ । ਸਚ ਪ੍ਰੀਤੀ ਜੋੜ ਕੇ ਥਾਉਂ ਥਾਈਂ, ਥਾਨ ਥਨੰਤਰ ਦਏ ਸੁਹਾਈਆ । ਜੋ ਹੁਕਮ ਸੰਦੇਸ਼ਾ ਸੁਣਦੇ ਚਾਈਂ ਚਾਈਂ, ਚਾਓ ਘਨੇਰਾ ਇਕ ਜਣਾਈਆ । ਪ੍ਰੇਮ ਪ੍ਰੀਤੀ ਅੰਦਰ ਕਰਦੇ ਵਾਹੀ,

੧੭੭੨
੨੩

ਵਾਇਦੇ ਪੂਰਬ ਜਨਮ ਪੂਰ ਕਰਾਈਆ । ਰਾਮ ਦੀ ਰਾਮ ਨਾਲ ਦੁਹਾਈ, ਰਮਈਆ ਹੋ ਕੇ ਰਿਹਾ ਸੁਣਾਈਆ । ਪੂਰਬਲੇ ਲੇਖੇ ਰਿਹਾ ਭੁਗਤਾਈ, ਭਗਵਨ ਆਪਣਾ ਰੰਗ ਰੰਗਾਈਆ । ਜੋ ਵਿਛੋੜੇ ਵਿਚ ਪਿਛੇ ਕਟੀ ਜੁਦਾਈ, ਸੋ ਲਹਿਣੇ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਤਿ ਸੱਚਾ ਪਿਆਰ, ਰੀਤੀ ਸਚ ਜਣਾਈਆ । ਮੇਰਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਦਏ ਵਡਿਆਈਆ । ਮੈਂ ਸਦਾ ਰਹਾਂ ਜੁਗ ਚਾਰ, ਚੌਕੜੀ ਖੇਲ ਖਿਲਾਈਆ । ਭਗਤ ਸੁਹੇਲੇ ਵੇਖਾਂ ਮੀਤ ਮੁਰਾਰ, ਨਿਰਗੁਣ ਹੋ ਕੇ ਰੰਗ ਰੰਗਾਈਆ । ਬੋਧ ਅਗਾਧਾ ਹੋ ਕੇ ਪਾਵਾਂ ਸਾਰ, ਪਰਦੇ ਪਰਦਿਆਂ ਵਿਚੋਂ ਉਠਾਈਆ । ਸਚ ਪ੍ਰੀਤੀ ਬਖ਼ਸ਼ ਅਧਾਰ, ਧੀਰਜ ਧੀਰ ਆਪ ਧਰਾਈਆ । ਰੋਗ ਸੋਗ ਜਗਤ ਨਿਵਾਰ, ਲੱਖ ਚੁਰਾਸੀ ਫੰਦ ਕਟਾਈਆ । ਵੇਖਾਂ ਵਿਗਸਾਂ ਪਾਵਾਂ ਸਾਰ, ਬਿਨ ਨੈਣਾਂ ਨੈਣ ਖੁਲਾਈਆ । ਜੋ ਹਰਿਜਨ ਸੰਤ ਸੁਹੇਲੇ ਪਿਛੇ ਰਹੇ ਵਿਚ ਦਰਬਾਰ, ਹਰਿ ਭਗਤ ਦਵਾਰੇ ਸੇਵ ਕਮਾਈਆ । ਤਿਨ੍ਹਾਂ ਦਾ ਪੂਰਬ ਕਰਜ਼ਾ ਦਿਆਂ ਹੁਦਾਰ, ਲੇਖੇ ਲੇਖਿਆਂ ਨਾਲ ਮਿਲਾਈਆ । ਜਨਮ ਕਰਮ ਤੋਂ ਕੱਢ ਕੇ ਬਾਹਰ, ਸਚਖੰਡ ਸਾਚੇ ਦਿਆਂ ਮਾਣ ਵਡਿਆਈਆ । ਫੇਰ ਜਨਮ ਨਾ ਹੋਵੇ ਦੂਜੀ ਵਾਰ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਸ਼ਬਦ ਕਹੇ ਜੋ ਵਿਛੋੜੇ ਵਿਚ ਕਰਦੇ ਰਹੇ ਯਾਦ, ਦਿਵਸ ਰੈਣ ਧਿਆਨ ਲਗਾਈਆ । ਤਿਨ੍ਹਾਂ ਨਾਮ ਨਿਧਾਨਾ ਦੇਵਾਂ ਦਾਦ, ਵਸਤ ਅਮੁਲ ਅਤੁਲ ਵਰਤਾਈਆ । ਨਿਜ ਨੇਤਰ ਖੋਲਾਂ ਜਾਗ, ਪਰਦਾ ਪਰਦਿਆਂ ਵਿਚੋਂ ਉਠਾਈਆ । ਹਰਿਜਨ ਹੋਵਣ ਵਡ ਵਡ ਭਾਗ, ਮੇਲਾ ਮੇਲੇ ਸਹਿਜ ਸੁਖਦਾਈਆ । ਘਰ ਦੀਪਕ ਜਗਾਏ ਚਰਾਗ਼, ਨੂਰ ਨੁਰਾਨਾ ਕਰ ਰੁਸ਼ਨਾਈਆ । ਸੰਤ ਸੁਹੇਲੇ ਬਣਾਏ ਸਾਧ, ਸਾਧਨਾ ਚਰਨ ਕਵਲ ਸਮਝਾਈਆ । ਜੋ ਤੂੰ ਮੇਰਾ ਮੈਂ ਤੇਰਾ ਰਹੇ ਅਰਾਧ, ਸੋਹੰ ਢੋਲਾ ਗਾਵਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡੀ ਸੇਵਾ ਸਦਾ ਮਨਜ਼ੂਰ, ਸਿਰ ਸਿਰ ਮਿਲੇ ਮਾਣ ਵਡਿਆਈਆ । ਸਤਿਗੁਰ ਦਾ ਪੰਧ ਨਹੀਂ ਕੋਈ ਦੂਰ, ਦੂਰ ਨੇੜੇ ਇਕੋ ਸੋਭਾ ਪਾਈਆ । ਸਵਾਮੀ ਸਦਾ ਸਦ ਹਾਜ਼ਰ ਹਜ਼ੂਰ, ਹਰ ਘਟ ਬੈਠਾ ਬੇਪਰਵਾਹੀਆ । ਨਾਮ ਖ਼ੁਮਾਰੀ ਬਖ਼ਸ਼ੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਤੁਸੀਂ ਆਤਮ ਪਰਮਾਤਮ ਦੇ ਮਜ਼ਦੂਰ, ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀ ਵਖਾਈਆ । ਕੋਟਨ ਕੋਟ ਜਨਮ ਦੇ ਤੁਹਾਡੇ ਬਖ਼ਸ਼ ਦਿਤੇ ਕਸੂਰ, ਪਿਛਲਾ ਲੇਖਾ ਰਿਹਾ ਨਾ ਰਾਈਆ । ਅਗੇ ਨਾਮ ਭੰਡਾਰੇ ਨਾਲ ਕਰ ਭਰਪੂਰ, ਅਤੋਟ ਅਤੁਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜੋ ਹਰਿ ਭਗਤ ਦਵਾਰੇ ਵਸਦੇ, ਬਿਰਧ ਬਾਲ ਪੁਰਖ ਨਾਰ ਇਕੋ ਰੰਗ ਰੰਗਾਈਆ । ਉਨ੍ਹਾਂ ਅੰਦਰ ਭਰੇ ਭੰਡਾਰੇ ਨਾਮ ਜਸ ਦੇ, ਸਿਫ਼ਤ ਸਿਫ਼ਤਾਂ ਨਾਲ ਸਲਾਹੀਆ । ਉਹ ਪ੍ਰੇਮੀ ਪਿਆਰੇ ਅਲਖਣਾ ਅਲਖ ਦੇ, ਅਲਖ ਅਗੋਚਰ ਜੋ ਅਖਵਾਈਆ । ਜੋ ਸਰਨ ਸਰਨਾਈ ਢੱਠ ਦੇ, ਧੂੜੀ ਖ਼ਾਕ ਰਮਾਈਆ । ਉਨ੍ਹਾਂ ਝਗੜੇ ਮੁਕ ਗਏ ਤਤ ਅੱਠ ਦੇ, ਨਵ ਦਰ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਭਗਤ ਦਵਾਰ ਕਹੇ ਜਨ ਭਗਤ

੧੭੭੩
੨੩

ਮੇਰੇ ਪਿਆਰੇ ਮੀਤ, ਜੋ ਦਿਵਸ ਰੈਣ ਮੇਰੇ ਅੰਦਰ ਖ਼ੁਸ਼ੀ ਬਣਾਈਆ । ਮੇਰਾ ਸਾਹਿਬ ਵਸੇ ਚੀਤ, ਠਗੌਰੀ ਮਨ ਰਹੇ ਨਾ ਰਾਈਆ । ਮੇਰੀ ਸਾਚੀ ਚਲੇ ਰੀਤ, ਜਗਤ ਵੱਜੇ ਵਧਾਈਆ । ਸਭ ਦੀ ਪਵਿਤ੍ਰ ਕਰੇ ਨੀਤ, ਨੀਤੀ ਕੂੜ ਰਹੇ ਨਾ ਰਾਈਆ । ਕਾਇਆ ਹੋਏ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਤੁਹਾਡਾ ਪੂਰਬ ਜਨਮ ਦਾ ਲੇਖਾ, ਜਨ ਭਗਤੋ ਧਰਮ ਧਾਰ ਜਣਾਈਆ । ਜਿਸ ਵਿਚ ਭਰਮ ਰਹੇ ਨਾ ਭੁਲੇਖਾ, ਭਾਂਡਾ ਭਰਮ ਦੇਣਾ ਭੰਨਾਈਆ । ਤੁਹਾਡਾ ਮਾਲਕ ਇਕ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਸ਼ਬਦੀ ਧਾਰ ਗੋਬਿੰਦ ਦਸ ਦਸਮੇਸ਼ਾ, ਸੰਬਲ ਬੈਠਾ ਗੋਬਿੰਦ ਵੇਖ ਵਖਾਈਆ । ਸਦਾ ਸਦਾ ਸਦ ਕਰੇ ਹੇਤਾ, ਹਿਤਕਾਰੀ ਇਕ ਅਖਵਾਈਆ । ਜਿਹੜਾ ਜੁਗ ਚੌਕੜੀ ਕਦੇ ਨਹੀਂ ਭੁੱਲਿਆ ਚੇਤਾ, ਚੇਤਨ ਹੋ ਕੇ ਚੇਤਨ ਰਿਹਾ ਕਰਾਈਆ । ਬੇਸ਼ਕ ਤੁਹਾਡੀ ਭਗਤੀ ਹੁੰਦੀ ਵਿਚ ਖੇਤਾ, ਤਨ ਵਜੂਦ ਰਸਨਾ ਜਿਹਵਾ ਹੱਥਾਂ ਪੈਰਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਜੋ ਗ੍ਰਿਹ ਮੰਦਰ ਸੇਵਾਦਾਰ, ਭਗਤ ਦਵਾਰ ਵੱਜੇ ਵਧਾਈਆ । ਪ੍ਰਭ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਇਕ ਅਖਵਾਈਆ । ਜਿਸ ਦਾ ਖੇਲ ਅਪਾਰ, ਅਪਰੰਪਰ ਹੋ ਕੇ ਆਪ ਖਿਲਾਈਆ । ਜੋ ਜਨਮ ਜਨਮ ਦੇ ਵਿਛੜੇ ਮੇਲੇ ਆਪ ਕਰਤਾਰ, ਕੁਦਰਤ ਦਾ ਕਾਦਰ ਦਇਆ ਕਮਾਈਆ । ਤੁਹਾਡਾ ਲੇਖ ਜਨਮ ਕਰਮ ਹੋਏ ਉਜਿਆਰ, ਪੂਰਬ ਲੇਖਾ ਨਾਲ ਮਿਲਾਈਆ । ਸਭ ਦੇ ਸੀਸ ਜਗਦੀਸ਼ ਦਏ ਪਿਆਰ, ਬਾਲ ਬਿਰਧ ਇਕੋ ਮਾਣ ਵਡਿਆਈਆ । ਇਸਤਰੀ ਪੁਰਸ਼ ਚਰਨ ਉਧਾਰ, ਧੂੜੀ ਖ਼ਾਕ ਖ਼ਾਕ ਰਮਾਈਆ । ਸਤਿਗੁਰ ਸ਼ਬਦ ਕਹੇ ਤੁਹਾਡਾ ਲੇਖਾ ਜੁਗ ਚੌਕੜੀ ਵਿਸਰੇ ਨਾ ਕਦੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੁਹਾਡੀ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਜਨ ਭਗਤਾਂ ਆਦਿ ਜੁਗਾਦਿ ਪਾਵੇ ਸਾਰ, ਮਹਾਸਾਰਥੀ ਆਪਣੀ ਦਇਆ ਕਮਾਈਆ ।

✪ ੨੯ ਚੇਤ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ਊਧਮ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਸੁਣ ਗੰਗਾ ਗੋਦਾਵਰੀ ਜਮਨਾ ਸੁਰਸਤੀ, ਜਲ ਜਲ ਧਾਰ ਲਓ ਅੰਗੜਾਈਆ । ਨਿਰਗੁਣ ਧਾਰ ਏਕੰਕਾਰ ਦੀ ਵੇਖੋ ਅਗੰਮੀ ਬਸਤੀ, ਜਿਸ ਦੀ ਹੱਦ ਹਦੂਦ ਮਹਿਦੂਦ ਨਜ਼ਰ ਕੋਇ ਨਾ ਆਈਆ । ਜਿਥੇ ਭਗਤੀ ਦੀ ਭਾਵਨਾ ਮਿਲਦੀ ਸਸਤੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਕੀਮਤ ਨਾ ਕੋਇ ਲਗਾਈਆ । ਬਿਨਾ ਖ਼ੁਮਾਰੀਉਂ ਚੜ੍ਹਦੀ ਮਸਤੀ, ਮਸਤ ਮਸਤਾਨੇ ਰੂਪ ਜਣਾਈਆ । ਬਿਨਾ ਨੈਣਾਂ ਤੋਂ ਤੱਕੋ ਉਸ ਪ੍ਰੀਤਮ ਦੀ ਹੱਸਤੀ, ਜੋ ਹਸਤ ਕੀਟਾਂ ਵਿਚ ਸਮਾਈਆ । ਜਿਸ ਦੀ ਖੇਲ ਅਲਖਣਾ ਅਲਖ ਦੀ, ਅਲਖ ਅਗੋਚਰ ਧੁਰਦਰਗਾਹੀਆ । ਜਿਸ ਦੇ ਪਿਆਰ ਵਿਚ ਸਤਿ ਦੀ ਧਾਰ ਸਬਰ ਲਬਦੀ, ਸੁਹੰਜਣੀ ਸੇਜ ਹੰਢਾਈਆ । ਉਹ ਖੇਲ ਤੱਕ ਪੁਰਖ ਸਮਰਥ ਦੀ, ਕੀ ਕਰਨੀ ਕਾਰ ਕਮਾਈਆ । ਝਟ

ਗੰਗਾ ਅਗੋਂ ਹੱਸਦੀ, ਨਾਰਦ ਰਹੀ ਜਣਾਈਆ । ਇਹ ਪੰਡਤਾ ਖੇਲ ਨਹੀਂ ਕਿਸੇ ਦੇ ਵਸ ਦੀ, ਭੇਵ ਅਭੇਦ ਨਾ ਕੋਇ ਖੁਲਾਈਆ । ਮੈਂ ਜੁਗ ਚੌਕੜੀ ਵਹਿੰਦੀ ਧਾਰ ਰਹੀ ਨੱਸਦੀ, ਭੱਜਾਂ ਵਾਹੋ ਦਾਹੀਆ । ਮੇਰੀ ਆਸ਼ਾ ਭਰੀ ਜਸ ਦੀ, ਬਿਨ ਰਸਨਾ ਢੋਲੇ ਗਾਈਆ । ਮੇਰੀ ਕਿਰਤ ਕਮਾਈ ਨਹੀਂ ਕੋਈ ਹੱਥ ਦੀ, ਬਿਨ ਤਨ ਵਜੂਦ ਸੇਵ ਕਮਾਈਆ । ਮੈਂ ਵਣਜਾਰਨ ਮਿਤ੍ਰ ਪਿਆਰੇ ਦੀ ਅਗੰਮੀ ਅੱਖ ਦੀ, ਲੋਚਨ ਲੋਚਨ ਨਾਲ ਮਿਲਾਈਆ । ਮੇਰੀ ਖੇਲ ਨਹੀਂ ਕੋਈ ਵੱਖ ਦੀ, ਵੱਖਰੀ ਵੰਡ ਨਾ ਕੋਇ ਵੰਡਾਈਆ । ਮੈਂ ਓਸੇ ਦੀ ਆਸ਼ਾ ਰਖਦੀ, ਜੋ ਸਭ ਦਾ ਪਿਤਾ ਮਾਈਆ । ਓਸੇ ਦੇ ਹੁਕਮ ਅੰਦਰ ਵਸਦੀ, ਲੋਕਮਾਤ ਡੇਰਾ ਲਾਈਆ । ਮੈਂ ਵਣਜਾਰਨ ਕਮਲਾਪਤ ਦੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਨਾਰਦ ਕਹੇ ਉਹਨੂੰ ਸਾਰ ਕਮਲੀਏ ਘਟ ਘਟ ਦੀ, ਵੇਖਣਹਾਰਾ ਥਾਉਂ ਥਾਈਂਆ । ਜਿਸ ਦੀ ਜੋਤ ਜਗੇ ਲਟ ਲਟ ਦੀ, ਦੋ ਜਹਾਨਾਂ ਡਗਮਗਾਈਆ । ਉਹ ਸਾਰ ਪਾਵੇ ਕਾਇਆ ਭਾਂਡੇ ਮੱਟ ਦੀ, ਤਨ ਵਜੂਦਾਂ ਫੋਲ ਫੁਲਾਈਆ । ਗੰਗਾ ਕਹੇ ਨਾਰਦ ਮੈਂ ਉਸੇ ਦੇ ਚਰਨਾਂ ਸਿਰ ਸਟਦੀ, ਨਿਵ ਨਿਵ ਲਾਗਾਂ ਪਾਈਆ । ਜਿਸ ਖੇਲ ਮੁਕਾਉਣੀ ਅੱਠ ਸੱਠ ਦੀ, ਤੀਰਥ ਤੱਟਾਂ ਨਾਲ ਮਿਲਾਈਆ । ਨਾਰਦ ਕਹੇ ਗੰਗਾ ਉਸ ਦੀ ਸੁਰਤ ਅਗੰਮੀ ਧਾਰ ਜੱਟ ਦੀ, ਜਟਾ ਜੂਟ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਸੁਰਸਤੀ ਕਹੇ ਸੁਣ ਨਾਰਦ ਵੀਰਾ, ਪੰਡਤਾ ਦੇਣਾ ਜਣਾਈਆ । ਕੀ ਤੇਰੇ ਕੋਲ ਸਭ ਦੀਆਂ ਤਕਦੀਰਾਂ, ਤਦਬੀਰਾਂ ਨਾਲ ਜਣਾਈਆ । ਕੀ ਖੇਲ ਬੇਨਜ਼ੀਰਾ, ਨਜ਼ਰਾਂ ਤੋਂ ਓਹਲੇ ਰਿਹਾ ਕਰਾਈਆ । ਕੀ ਲੇਖਾ ਸ਼ਾਹ ਹਕੀਰਾ, ਪਰਦਾ ਦੇ ਉਠਾਈਆ । ਕੀ ਲਹਿਣਾ ਮਿਲਖ ਜਾਗੀਰਾ, ਸ਼ਾਹ ਸੁਲਤਾਨਾਂ ਕੀ ਵਡਿਆਈਆ । ਕੀ ਰਸ ਅੰਮ੍ਰਿਤ ਨੀਰਾ, ਜਲਾਂ ਕੀ ਖੇਲ ਖਿਲਾਈਆ । ਕੀ ਆਸ਼ਾ ਰੱਖ ਕੇ ਗਿਆ ਕਬੀਰਾ, ਕਬਰਾਂ ਬਾਹਰ ਨੈਣ ਉਠਾਈਆ । ਕੀ ਇਸ਼ਾਰਾ ਦੇਵੇ ਰਵੀਦਾਸ ਵਾਲਾ ਕਸੀਰਾ, ਸਚ ਦੇਣਾ ਜਣਾਈਆ । ਨਾਰਦ ਕਹੇ ਸੁਰਸਤੀ ਪਹਿਲੋਂ ਸੰਭਾਲ ਆਪਣਾ ਚੀਰਾ, ਚਿਰੀ ਵਿਛੁੰਨੀਏ ਤੈਨੂੰ ਦਿਆਂ ਜਣਾਈਆ । ਉਹ ਮਾਲਕ ਖਾਲਕ ਵਡ ਪੀਰਨ ਪੀਰਾ, ਪਾਰਬ੍ਰਹਮ ਅਖਵਾਈਆ । ਜਿਸ ਦੇ ਚਰਨਾਂ ਵਿਚ ਕੋਟਨ ਕੋਟ ਰੁਲਦੀਆਂ ਤੇਰੇ ਜਿਹੀਆਂ ਹੀਰਾਂ, ਚਰਨੀ ਧੂੜ ਖ਼ਾਕ ਰਮਾਈਆ । ਉਸ ਦੀਆਂ ਸਭ ਤੋਂ ਵੱਖਰੀਆਂ ਤਦਬੀਰਾਂ, ਤਰੀਕਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੋਦਾਵਰੀ ਕਹੇ ਸੁਣ ਧਰਮ ਧਾਰ ਦੇ ਪਾਂਧੇ, ਪੰਡਤਾ ਦੇ ਜਣਾਈਆ । ਕੀ ਹੁਕਮ ਸੰਦੇਸੇ ਵਿਸ਼ਨ ਬ੍ਰਹਮਾ ਸ਼ਿਵ ਗਾਂਦੇ, ਢੋਲੇ ਰਹੇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕੀ ਆਂਹਦੇ, ਬਿਨ ਅੱਖਰਾਂ ਅੱਖਰ ਜਣਾਈਆ । ਕਿਸ ਬਿਧ ਝਗੜੇ ਮਿਟਣੇ ਸੂਰ ਗਾਂ ਦੇ, ਪਰਦਾ ਓਹਲਾ ਦੇ ਉਠਾਈਆ । ਕੀ ਵਣਜ ਹੋਣੇ ਇਕੋ ਨਾਂ ਦੇ, ਨਾਉਂ ਨਿਰੰਕਾਰ ਇਕ ਸਮਝਾਈਆ । ਕੀ ਦੀਨ ਦੁਨੀ ਸਪੂਤ ਬਣਨੇ ਧਰਨੀ ਮਾਂ ਦੇ, ਇਕੋ ਗੋਦ ਸੋਭਾ ਪਾਈਆ । ਨਾਰਦ ਕਹੇ ਗੋਦਾਵਰੀ ਝਗੜੇ ਪੈਣ ਥਾਂ ਥਾਂ ਦੇ, ਅਗੇ ਹੋ ਨਾ ਕੋਇ ਅਟਕਾਈਆ । ਨਿਸ਼ਾਨ ਰਹਿਣੇ ਨਹੀਂ ਨਗਰ ਗਰਾਂ ਦੇ, ਗਹਿਰ ਗੰਭੀਰ ਰਿਹਾ ਜਣਾਈਆ । ਵਿਛੋੜੇ ਹੋਣੇ ਪੁਤਰਾਂ ਮਾਂ ਦੇ, ਪਿਤਾ ਪੂਤ ਨਾ ਕੋਇ ਸਹਾਈਆ । ਓਹ ਖੇਲ ਤੱਕ ਸ਼ਹਿਨਸ਼ਾਹ ਦੇ, ਜੋ ਸ਼ਾਹੀ ਕਲਜੁਗ ਦਏ ਬਦਲਾਈਆ । ਸੰਦੇਸ਼ੇ ਸੁਣ ਲੈ ਵਾਹ ਵਾਹ ਦੇ, ਜੋ ਵਾਹਿਗੁਰੂ ਗੋਬਿੰਦ ਗਿਆ ਦ੍ਰਿੜਾਈਆ । ਇਕੋ ਹੁਕਮ ਚਲਣੇ ਆਲੀਜਾਹ ਦੇ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਸਚ ਸੰਦੇਸ਼ੇ



੧੭੭੫
੨੩

ਸੁਣਨੇ ਹਕ ਖ਼ੁਦਾ ਦੇ, ਖ਼ੁਦ ਮਾਲਕ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਮਨਾ ਕਹੇ ਨਾਰਦਾ ਮੈਨੂੰ ਤੇਰੀ ਬੋਦੀ ਲੱਗੇ ਚੰਗੀ, ਚੰਗੀ ਤਰਾ ਦੇਣਾ ਜਣਾਈਆ । ਕੀ ਖੇਲ ਕਰੇ ਸੂਰਾ ਸਰਬੰਗੀ, ਹਰਿ ਕਰਤਾ ਧੁਰਦਰਗਾਹੀਆ । ਨਾਰਦ ਕਹੇ ਤੂੰ ਸੋਹਣੀ ਮੰਗ ਮੰਗੀ, ਤੇਰੀ ਝੋਲੀ ਦਿਆਂ ਭਰਾਈਆ । ਓਹ ਤੱਕ ਸਦੀ ਚੌਧਵੀਂ ਜਾਂਦੀ ਲੰਘੀ, ਆਪਣਾ ਪੰਧ ਮੁਕਾਈਆ । ਈਸਾ ਦਾ ਰਾਹ ਤੱਕਣ ਫ਼ਰੰਗੀ, ਬਿਨ ਨੈਣਾਂ ਨੈਣ ਉਠਾਈਆ । ਜਗਤ ਦੀ ਧਾਰ ਹੋਣੀ ਜੰਗੀ, ਚਾਰੋਂ ਕੁੰਟ ਲਏ ਅੰਗੜਾਈਆ । ਨਵ ਸੱਤ ਤੇ ਹੋਣੀ ਤੰਗੀ, ਤੰਗ ਦਸਤ ਹੋਏ ਲੋਕਾਈਆ । ਜਮਨਾ ਤੂੰ ਵੀ ਵਾਹ ਕੇ ਰੱਖੀਂ ਕੰਘੀ, ਮੇਂਢੀ ਸੀਸ ਵਾਲੀ ਗੁੰਦਾਈਆ । ਬਿਨਾ ਧਰਮ ਧਾਰ ਤੋਂ ਸ੍ਰਿਸ਼ਟੀ ਸਾਰੀ ਹੋਣੀ ਰੰਡੀ, ਸਗਲਾ ਸੰਗ ਨਾ ਕੋਇ ਬਣਾਈਆ । ਕ੍ਰਿਸ਼ਨ ਦੀ ਯਾਦ ਵਿਚ ਤੇਰੇ ਉਤੇ ਚਮਕਣੀ ਚੰਡੀ, ਚਾਰੋਂ ਕੁੰਟ ਵੇਖਣਾ ਚਾਈਂ ਚਾਈਆ । ਇਹਦੀ ਆਯੂ ਨਹੀਂ ਕੋਈ ਲੰਬੀ, ਸਹਿਜ ਨਾਲ ਸੁਣਾਈਆ । ਜਮਨਾ ਕਹੇ ਨਾਰਦਾ ਮੈਂ ਸੁਣ ਕੇ ਰਹੀ ਕੰਬੀ, ਧੀਰਜ ਧੀਰ ਨਾ ਕੋਇ ਰਖਾਈਆ । ਕੀ ਸਭ ਦੇ ਨਾਲ ਮੇਰੇ ਸਾਹਿਬ ਦੀ ਸੰਧੀ, ਸੰਦੇਸਿਆਂ ਵਿਚ ਸੁਣਾਈਆ । ਕੀ ਸਚਮੁਚ ਦੁਨੀਆ ਹੋ ਗਈ ਅੰਧੀ, ਲੋਚਣ ਨੈਣ ਨਾ ਕੋਇ ਖੁਲਾਈਆ । ਅੰਦਰ ਵਾਸਨਾ ਭਰ ਗਈ ਗੰਦੀ, ਪਤਤ ਪੁਨੀਤ ਨਾ ਕੋਇ ਬਣਾਈਆ । ਨਾਰਦ ਕਹੇ ਜਮਨਾ ਤੁਹਾਡੀ ਧਾਰ ਕਰ ਸਕੇ ਨਾ ਠੰਡੀ, ਅਗਨੀ ਤਤ ਨਾ ਕੋਇ ਬੁਝਾਈਆ । ਹੁਣ ਵਿਦਿਆ ਰਹਿਣੀ ਨਹੀਂ ਪੰਡੀ, ਪੰਡਤਾਂ ਚਲੇ ਨਾ ਕੋਇ ਚਤੁਰਾਈਆ । ਪਿਛਲੀ ਵੇਖ ਲੈ ਮਿਟਦੀ ਜਾਂਦੀ ਪਗਡੰਡੀ, ਡੰਡਾਵਤ ਸਭ ਦੀ ਰਿਹਾ ਬਦਲਾਈਆ । ਕੋਈ ਰਹੇ ਨਾ ਸ਼ਰਅ ਦਾ ਘਮੰਡੀ, ਨਿਮਰਤਾ ਸਭ ਨੂੰ ਦਏ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਚਾਰੇ ਖੋਲੋ ਅੱਖਾਂ, ਕੁੰਟ ਚਾਰ ਧਿਆਨ ਲਗਾਈਆ । ਪੁਰਖ ਅਕਾਲਾ ਤੱਕੋ ਸਖ਼ਾ, ਜੋ ਸਾਜਣ ਮੀਤ ਬੇਪ੍ਰਵਾਹੀਆ । ਜਿਸ ਲਹਿਣਾ ਦੇਣਾ ਸਭ ਦਾ ਪੂਰਾ ਕਰਨਾ ਹੱਥੋ ਹੱਥਾ, ਹੁਦਾਰ ਰਹਿਣ ਕੋਇ ਨਾ ਪਾਈਆ । ਓਹ ਪਰਮ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਤੁਹਾਡੇ ਤੀਰਥ ਤੱਟਾ, ਘਾਟਾਂ ਫੋਲ ਫੁਲਾਈਆ । ਭੇਵ ਚੁਕਾਏ ਕਾਇਆ ਮੱਟਾ, ਤਨ ਵਜੂਦਾਂ ਵੇਖ ਵਖਾਈਆ । ਤੁਸਾਂ ਪਾਉਣਾ ਨਹੀਂ ਕੋਈ ਰੱਟਾ, ਸਚ ਦਿਆਂ ਸੁਣਾਈਆ । ਸਭ ਦਾ ਚੀਥੜ ਪੁਰਾਣਾ ਫਟਾ, ਓਢਣ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਪੈਂਡਾ ਸਭ ਦਾ ਜਾਂਦਾ ਟੱਪਾ, ਮੰਜ਼ਲ ਅਗੇ ਰਹੇ ਨਾ ਰਾਈਆ । ਪੁਰਖ ਅਕਾਲ ਦਾ ਲੇਖਾ ਜੁਗ ਚੌਕੜੀ ਪੱਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਤੁਸੀਂ ਚਾਰੇ ਵੇਖੋ ਕੁੰਟ ਚੌਵੰਨੀ, ਬਿਨ ਨੇਤਰ ਨੈਣ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਅੰਨ੍ਹੀ, ਨਿਜ ਲੋਚਨ ਨੈਣ ਨਾ ਕੋਇ ਖੁਲਾਈਆ । ਕਲਜੁਗ ਕੂੜੀ ਕਿਰਿਆ ਸਭ ਨੇ ਬੱਧੀ ਕੰਨੀ, ਕਾਇਨਾਤ ਗੰਢ ਪਵਾਈਆ । ਨਾਮ ਦਾ ਦਿਸੇ ਕੋਇ ਨਾ ਧਨੀ, ਮਾਇਆ ਮਮਤਾ ਮੋਹ ਵਿਚ ਸਰਬ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨੀ, ਦੋ ਜਹਾਨਾਂ ਵੇਖੇ ਥਾਊਂ ਥਾਈਆ ।


੧੭੭੬
੨੩

### ✪ ੧ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਨਾਰਦ ਕਹੇ ਪ੍ਰਭੂ ਮੇਰੇ ਅਲਖਣਾ ਅਲਾਖੀ, ਅਲਖ ਅਗੋਚਰ ਅਗੰਮ ਅਥਾਹ ਤੇਰੀ ਵਡ ਵਡਿਆਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਅੰਤਸ਼ਕਰਨ ਅਗੰਮੀ ਧਾਰ ਭਾਖੀ, ਬਿਨ ਰਸਨਾ ਜਿਹਵਾ ਦਿਆਂ ਦ੍ਰਿੜਾਈਆ । ਜੁਗ ਚੌਕੜੀ ਤੇਰਾ ਖੇਲ ਤੱਕਿਆ ਬਰਸ ਮਾਸ ਦਿਵਸ ਖ਼ੁਸ਼ੀਆਂ ਨਾਲ ਵੇਖਾਂ ਵਿਸਾਖੀ, ਸੰਮਤ ਸ਼ਹਿਨਸ਼ਾਹੀ ਦਸ ਨਾਲ ਮਿਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਕੁਛ ਨਾ ਆਖੀਂ, ਸਾਹਿਬ ਸੁਲਤਾਨਾ ਨੌਜਵਾਨਾ ਸਤਿ ਸਚ ਦਿਆਂ ਦ੍ਰਿੜਾਈਆ । ਮੇਰੇ ਭਗਵੰਤ ਧੁਰ ਦੇ ਕੰਤ ਦੀਨ ਦੁਨੀ ਦੀ ਕਰੇ ਕੋਈ ਨਾ ਰਾਖੀ, ਅਵਤਾਰ ਪੈਗ਼ੰਬਰ ਗੁਰ ਸਿਰ ਹੱਥ ਨਾ ਕੋਇ ਟਿਕਾਈਆ । ਜਿਧਰ ਤੱਕਾਂ ਦਿਸੇ ਅੰਧੇਰੀ ਰਾਤੀ, ਤੇਰਾ ਨੂਰੀ ਚੰਦ ਨਾ ਕੋਇ ਚਮਕਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰੇ ਚਰਨ ਕਵਲ ਸਦ ਜੁੜਿਆ ਰਹੇ ਨਾਤੀ, ਵਿਛੋੜਾ ਨਜ਼ਰ ਕੋਇ ਨਾ ਆਈਆ । ਮੇਰੇ ਮਹਿਬੂਬਾ ਮੇਰੀ ਇਕੋ ਇਕ ਬਾਤੀ, ਬਾਤਨ ਦਿਆਂ ਜਣਾਈਆ । ਮੇਰਾ ਸੀਨਾ ਫਟਦਾ ਦੁੱਖਾਂ ਭਰੀ ਛਾਤੀ, ਕੀ ਸ਼ਹਿਨਸ਼ਾਹ ਹਾਲ ਸੁਣਾਈਆ । ਮਾਨਸ ਮਾਨਵ ਮਾਨੁੱਖ ਤੱਕੇ ਕਿਸੇ ਗ੍ਰਿਹਿ ਤੇਰੀ ਜੋਤ ਜਗੇ ਨਾ ਬਾਤੀ, ਬਿਨ ਤੇਲ ਬਾਤੀ ਨਾ ਕੋਇ ਰੁਸ਼ਨਾਈਆ । ਸਤਿ ਧਰਮ ਡਿਗਿਆ ਡੂੰਘੇ ਖਾਤੀ, ਬਾਹਰ ਸਕੇ ਨਾ ਕੋਇ ਕਢਾਈਆ । ਆਤਮ ਪਰਮਾਤਮ ਬਣੇ ਕੋਇ ਨਾ ਸਾਥੀ, ਸਗਲਾ ਸੰਗ ਨਿਭਾਈਆ । ਮੇਰੇ ਪਰਮ ਪੁਰਖ ਸਮਰਾਥੀ, ਸ਼ਹਿਨਸ਼ਾਹ ਕੀ ਤੇਰੀ ਵਡ ਵਡਿਆਈਆ । ਤੂੰ ਆਦਿ ਜੁਗਾਦੀ ਸਗਲਾ ਸਾਥੀ, ਸਤਿ ਸਤਿਵਾਦੀ ਇਕ ਅਖਵਾਈਆ । ਮੇਰੀ ਬੇਨੰਤੀ ਜੋੜ ਕੇ ਹਾਥੀ, ਬਿਨ ਕਰਾਂ ਸੀਸ ਨਿਵਾਈਆ । ਕੀ ਲਹਿਣਾ ਦੇਣਾ ਜਗਤ ਜਹਾਨ ਮਸਤਕ ਮਾਥੀ, ਧਰਨੀ ਧਰਤ ਧਵਲ ਧੌਲ ਦੇ ਸਮਝਾਈਆ । ਤੂੰ ਪਰਮ ਪੁਰਖ ਮੇਰਾ ਮਾਲਕ ਸ਼ਾਹੋ ਸ਼ਾਬਾਸੀ, ਸ਼ਹਿਨਸ਼ਾਹ ਇਕ ਅਖਵਾਈਆ । ਮੈਂ ਤੇਰੇ ਮੰਡਲ ਮੰਡਪਾਂ ਤੱਕੀ ਰਾਸੀ, ਗਗਨ ਗਗਨੰਤਰਾਂ ਧਿਆਨ ਲਗਾਈਆ । ਸਚਖੰਡ ਦਵਾਰ ਦਾ ਦਿਸੇ ਕੋਈ ਨਾ ਵਾਸੀ, ਬਿਨ ਤੇਰੀ ਕਿਰਪਾ ਤੇਰੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਆਤਮ ਰਸ ਦਿਸੇ ਨਾ ਕੋਈ ਪਵਣ ਸਵਾਸੀ, ਸਾਹ ਸਾਹ ਵਿਚ ਨਾ ਕੋਇ ਸਮਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਮੈਂ ਨਿਗਾਹ ਮਾਰੀ ਪ੍ਰਿਥਮੀ ਆਕਾਸ਼ੀ, ਚੌਦਾਂ ਲੋਕ ਚੌਦਾਂ ਤਬਕ ਵੇਖ ਵਖਾਈਆ । ਬਿਨ ਤੇਰੀ ਕਿਰਪਾ ਕਿਸੇ ਦੀ ਹੋਵੇ ਨਾ ਬੰਦ ਖੁਲਾਸੀ, ਚੁਰਾਸੀ ਬੰਧਨ ਨਾ ਕੋਇ ਕਟਾਈਆ । ਜਿਧਰ ਵੇਖਾਂ ਨੌ ਖੰਡ ਪ੍ਰਿਥਮੀ ਸੱਤ ਦੀਪ ਮਨੂਆ ਕਰੇ ਬਦਮਵਾਸੀ, ਮਮਤਾ ਮੋਹ ਵਿਕਾਰਾਂ ਨਾਲ ਰਲਾਈਆ । ਨਾਰਦ ਕਹੇ ਮੇਰੇ ਭਗਵੰਤ ਧੁਰ ਦੇ ਕੰਤ ਮੇਰੇ ਅੰਤਰ ਆਈ ਉਦਾਸੀ, ਖ਼ੁਸ਼ੀ ਰਹਿਣ ਕੋਇ ਨਾ ਪਾਈਆ । ਮੈਂ ਬ੍ਰਹਮੇ ਇਕੋ ਖ਼ਬਰ ਅਗੰਮੀ ਆਖੀ, ਬਿਨ ਅੱਖਰਾਂ ਦਿਤੀ ਦ੍ਰਿੜਾਈਆ । ਕਿੱਥੇ ਪਾਰਬ੍ਰਹਮ ਦੀ ਧਾਰ ਤੇਰਾ ਬ੍ਰਹਮ ਜ਼ਾਤੀ, ਨੂਰ ਨੁਰਾਨਾ ਦੇ ਚਮਕਾਈਆ । ਸੰਦੇਸ਼ਾ ਦਿਤਾ ਸ਼ੰਕਰ ਕੈਲਾਸ਼ੀ, ਫ਼ਰਮਾਨਾ ਧੁਰਦਰਗਾਹੀਆ । ਉਠ ਵੇਖ ਕੀ ਖੇਲ ਕਰੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਵਿਸ਼ਨੂੰ ਕਿਹਾ ਤੂੰ ਘਰ ਘਰ ਰਿਜ਼ਕ ਸਬਾਸੀ, ਦੇਵਣਹਾਰ ਇਕ ਅਖਵਾਈਆ । ਸਾਰੇ ਨਿਗਾਹ ਮਾਰੇ ਝਾਕੀ, ਧਰਨੀ ਧਰਤ ਧਵਲ ਧੌਲ ਅੱਖ ਉਠਾਈਆ । ਤੇਈ ਅਵਤਾਰੋ ਲੇਖਾ ਵੇਖੋ ਬਾਕੀ, ਬਾਕਾਇਦਾ ਦਿਤਾ ਦ੍ਰਿੜਾਈਆ । ਪੈਗ਼ੰਬਰੋ ਤਨ ਵਜੂਦ ਮਿੱਟੀ ਤੱਕੋ ਖ਼ਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਗੁਰੂ ਗੁਰਦੇਵ ਆਤਮ ਧਾਰ ਵੇਖੋ ਪਰਮਾਤਮ ਜਾਤੀ, ਕੀ ਜੋਤੀ ਜਾਤਾ ਰਿਹਾ

ਸਮਝਾਈਆ । ਜਨ ਭਗਤ ਸੁਹੇਲੇ ਤੱਕੋ ਖੇਲ ਤਮਾਸ਼ੀ, ਨਿਰਗੁਣ ਨਿਰਗੁਣ ਲਏ ਅੰਗੜਾਈਆ । ਸੂਫ਼ੀ ਦੀਨ ਦੁਨੀ ਦੀ ਜ਼ਿੰਦਗੀ ਤੱਕੋ ਹਯਾਤੀ, ਪਰਦਾ ਮੁਖ ਰਹੇ ਨਾ ਰਾਈਆ । ਅੱਖਰ ਅੱਖਰ ਤੱਕੋ ਕਿਤਾਬੀ, ਗ੍ਰੰਥ ਸ਼ਾਸਤਰਾਂ ਧਿਆਨ ਲਗਾਈਆ । ਮੁਹੱਬਤ ਤੱਕੋ ਹਕੀਕੀ ਮਜਾਜ਼ੀ, ਆਪ ਆਪਣਾ ਰੰਗ ਰੰਗਾਈਆ । ਧੁਰ ਦਾ ਹੁਕਮ ਸੁਣੋ ਸ਼ਬਦ ਅਨਾਦੀ, ਜੋ ਧੁਨ ਆਤਮਕ ਰਾਗ ਦ੍ਰਿੜਾਈਆ । ਕੀ ਖੇਲ ਕਰੇ ਪ੍ਰਭੂ ਬ੍ਰਹਮ ਬ੍ਰਹਿਮਾਦੀ, ਬ੍ਰਹਿਮਾਂਡ ਆਪਣਾ ਹੁਕਮ ਵਰਤਾਈਆ । ਸਭ ਦੇ ਕੋਲੋਂ ਅੰਤ ਅਖ਼ੀਰ ਮੰਗੇ ਜਵਾਬੀ, ਹੁਕਮ ਸੰਦੇਸ਼ਾ ਫ਼ਰਮਾਨਾ ਇਕ ਸੁਣਾਈਆ । ਸੰਮਤ ਸ਼ਹਿਨਸ਼ਾਹੀ ਦਸ ਮਿਤ੍ਰੋ ਉਠੋ ਅਹਿਬਾਬੀ, ਸੱਜਣੋ ਦਿਆਂ ਸੁਣਾਈਆ । ਮੇਰੇ ਸਾਹਿਬ ਦਾ ਹੁਕਮ ਅਹਿਲਾਦੀ, ਨਾ ਕੋਈ ਮੇਟ ਮਿਟਾਈਆ । ਆਪਣਾ ਜੀਵਣ ਤੱਕੋ ਜ਼ਿੰਦਗੀ ਤੱਕੋ ਸਾਦੀ, ਬਿਨ ਨੈਣਾਂ ਨੈਣ ਉਠਾਈਆ । ਨਾਨਕ ਧਾਰ ਤੱਕੋ ਰਬਾਬੀ, ਸੁਰਤ ਸ਼ਬਦ ਕਰੋ ਸ਼ਨਵਾਈਆ । ਦੀਨਾਂ ਮਜ਼੍ਹਬਾਂ ਤੱਕੋ ਆਬਾਦੀ, ਗਿਣਤੀ ਗਣਤ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ । ਹਰਿ ਕਰਤਾ ਬੇਪਰਵਾਹੀਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਨਾਰਦਾ ਮੇਰੀ ਇਕ ਅਰਜ਼ੋਈ, ਅਰਜ਼ੀਆਂ ਵਾਲਿਆਂ ਦਿਆਂ ਜਣਾਈਆ । ਜਿਸ ਦਾ ਭੇਵ ਜਾਣੇ ਨਾ ਕੋਈ, ਚਾਰ ਜੁਗ ਦੇ ਸ਼ਾਸਤਰ ਕਹਿਣ ਨਾ ਪਾਈਆ । ਜਿਸ ਦੇ ਨਾਮ ਦੀ ਪੈਗ਼ੰਬਰਾਂ ਦਿਤੀ ਦਰੋਹੀ, ਦੋਹਰੀ ਆਪਣੀ ਖੇਲ ਖਿਲਾਈਆ । ਜਿਸ ਨੂੰ ਅਵਤਾਰਾਂ ਕਿਹਾ ਓਹੀ, ਏਕੰਕਾਰਾ ਅਗੰਮ ਅਥਾਹੀਆ । ਗੁਰੂ ਗੁਰਦੇਵ ਕੀਤੇ ਜਿਸ ਮੋਹੀ, ਨਾਤਾ ਜਗਤ ਜਹਾਨ ਤੁੜਾਈਆ । ਉਸ ਦਾ ਲੇਖਾ ਜਨ ਭਗਤ ਸੁਹੇਲੇ ਰਿਹਾ ਮੋਹੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੁਰਮਤ ਮੈਲ ਰਿਹਾ ਧੋਈ, ਪਤਤ ਪੁਨੀਤ ਆਪ ਕਰਾਈਆ ।

੧੨੭੮
੨੩

ਅੰਮ੍ਰਿਤ ਧਾਰ ਨਿਝਰ ਰਿਹਾ ਚੋਈ, ਬੂੰਦ ਸਵਾਂਤੀ ਇਕ ਟਪਕਾਈਆ । ਪੰਚ ਵਿਕਾਰ ਮੇਟ ਗਰੋਹੀ, ਗ੍ਰਿਹ ਮੰਦਰ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਪ੍ਰਭੂ ਮੈਂ ਵੇਖਣ ਆਵਾਂ ਤੇਰੀ ਵਿਸਾਖੀ, ਵਾਸਤਾ ਚਾਰ ਜੁਗ ਦਾ ਨਾਲ ਮਿਲਾਈਆ । ਤੂੰ ਸਚ ਸੰਦੇਸਾ ਦੇ ਦੇ ਗਾਥੀ, ਨਿਸ਼ਅੱਖਰ ਅੱਖਰ ਰੂਪ ਬਦਲਾਈਆ । ਮੈਂ ਧੂੜੀ ਮਸਤਕ ਲਾਵਾਂ ਮਾਥੀ, ਤਿਲਕ ਲਿਲਾਟ ਰਮਾਈਆ । ਆਪਣੀ ਮੰਜ਼ਲ ਦੱਸ ਦੇ ਘਾਟੀ, ਪਾਂਧੀਆਂ ਪੰਧ ਰਹੇ ਨਾ ਰਾਈਆ । ਸਚ ਦੱਸ ਦਹਿ ਦਿਸ਼ਾ ਕਿਸ ਬਿਧ ਕਲਜੁਗ ਮੁਕਣੀ ਵਾਟੀ, ਅਗਲਾ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਨਾਰਦ ਸੁਣ ਸ਼ਬਦੀ ਧਾਰ ਪੰਡੇ, ਬਿਨਾ ਜ਼ਾਤੀਉਂ ਬ੍ਰਾਹਮਣਾ ਬ੍ਰਹਮ ਦਿਆਂ ਜਣਾਈਆ । ਮੇਰਾ ਖੇਲ ਜੁਗ ਜੁਗ ਖੰਡ ਬ੍ਰਹਿਮੰਡੇ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜਿਮੀ ਅਸਮਾਨ ਆਪਣੀ ਕਾਰ ਕਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਲਾ ਅੰਤਮ ਪਹੁੰਚਿਆ ਕੰਢੇ, ਕੰਢੀ ਬੈਠੇ ਅਵਤਾਰ ਪੈਗ਼ੰਬਰ ਗੁਰੂ ਧਿਆਨ ਲਗਾਈਆ । ਕਵਣ ਵੇਲਾ ਪੁਰਖ ਅਕਾਲਾ ਆਪਣਾ ਖੇਲ ਕਰੇ ਸ਼ਬਦੀ ਖੰਡੇ, ਜਗਤ ਖੰਡਾ ਖੜਗ ਨਾ ਕੋਇ ਚਮਕਾਈਆ । ਨਾਮ ਦੀ ਧਾਰ ਹੋਵੇ ਚੰਡ ਪ੍ਰਚੰਡੇ, ਪਾਰਬ੍ਰਹਮ ਆਪ ਵਰਤਾਈਆ । ਸਤਿ ਧਰਮ ਦੀ ਦਾਤ ਵੰਡੇ, ਕਾਇਆ ਮੰਦਰ ਅੰਦਰ ਆਪ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਰਖਾਏ ਇਕੋ ਝੰਡੇ, ਸਿਰ ਸਕੇ ਨਾ ਕੋਇ ਉਠਾਈਆ । ਦੀਨ ਮਜ਼੍ਹਬ ਜ਼ਾਤ ਪਾਤ ਆਤਮ ਧਾਰ ਸਭ ਨੂੰ ਗੰਢੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਸਚ ਮਹੱਲ ਅਟੱਲ ਇਕੋ ਵਸਤ ਅਗੰਮੀ ਵੰਡੇ, ਦੋ

੧੨੭੮
੨੩

ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਆਪ ਵਰਤਾਈਆ । ਜਿਸ ਦੇ ਹੁਕਮ ਵਿਚ ਪਿਛਲੇ ਜੁਗ ਚੌਕੜੀ ਲੰਘੇ, ਬਣ ਕੇ ਪਾਂਧੀ ਪੰਧ ਮੁਕਾਈਆ । ਉਹ ਸਾਹਿਬ ਸੁਲਤਾਨ ਕਰੇ ਖੇਲ ਸੂਰਾ ਸਰਬੰਗੇ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਹੁਕਮ ਵਾਲੇ ਪੰਧ ਨਹੀਂ ਕੋਈ ਲੰਬੇ, ਬਹੁਤੀ ਵੰਡ ਨਾ ਕੋਇ ਵੰਡਾਈਆ । ਜਿਸ ਸ਼ਬਦ ਇਸ਼ਾਰਾ ਕੀਤਾ ਪੁਰੀ ਅਨੰਦੇ, ਅਨੰਦ ਦਾ ਮਾਲਕ ਇਕ ਅਖਵਾਈਆ । ਜਿਸ ਨਿਸ਼ਾਨ ਮੇਟਣੇ ਤਾਰਾ ਚੰਦੇ, ਸਦੀ ਚੌਧਵੀਂ ਸੰਗ ਨਿਭਾਈਆ । ਜਿਨ੍ਹ ਹੌਲਾ ਭਾਰ ਕਰਨਾ ਧਰਨੀ ਵਾਲੇ ਕੰਧੇ, ਕੂੜੀ ਕਿਰਿਆ ਦੂਰ ਕਰਾਈਆ । ਉਸ ਦੇ ਖੇਲ ਹੋਣੇ ਅਚੰਭੇ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਸ੍ਰਿਸ਼ਟੀ ਦੋ ਧੜ ਕਰਾਏ ਜੰਗੇ, ਜੰਗਜੂ ਆਪਣਾ ਹੁਕਮ ਵਰਤਾਈਆ । ਕਿਸੇ ਸਮਝ ਨਾ ਆਵੇ ਮਾਨਸ ਮਾਨਵ ਮਾਨੁਖ ਬੰਦੇ, ਬੰਦਗੀ ਵਾਲੇ ਸਾਰੇ ਸੀਸ ਨਿਵਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਮੇਰੇ ਵਿਚ ਆਪਣੀ ਖੇਲ ਅਰੰਭੇ, ਸ਼ੁਰੂ ਸ਼ਰਅ ਦਾ ਰੰਗ ਰੰਗਾਈਆ । ਵਿਸਾਖ ਕਹੇ ਮੇਰਾ ਅੰਦਰੋਂ ਸੀਨਾ ਕੰਬੇ, ਥਰਥਰਾਹਟ ਵਿਚ ਦੁਹਾਈਆ । ਕੀ ਖੇਲ ਕਰਾਏ ਸੂਰਾ ਸਰਬੰਗੇ, ਹਰਿ ਕਰਤਾ ਧੁਰਦਰਗਾਹੀਆ । ਜਿਸ ਕਲਜੁਗ ਨਾਲ ਮਿਲਾਏ ਵਿਕਾਰ ਪੰਜੇ, ਪੰਜਾਂ ਤਤਾਂ ਰੰਗ ਰੰਗਾਈਆ । ਉਸ ਦਾ ਲਹਿਣਾ ਦੇਣਾ ਕੀ ਧਾਰ ਬਵੰਜੇ, ਕੀ ਬਾਵਨ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਵਿਸਾਖ ਕਹੇ ਮੈਂ ਚੜ੍ਹਿਆ ਮਾਤ, ਮਿਤ੍ਰੋ ਦਿਆਂ ਜਣਾਈਆ । ਮੇਰੀ ਸੱਜਣਾ ਵਾਲੀ ਅਗੰਮੀ ਬਾਤ, ਬਾਤਨ ਭੇਵ ਖੁਲਾਈਆ । ਜਗਤ ਜਗਿਆਸੂ ਅੰਦਰ ਮਾਰੋ ਝਾਕ, ਅੰਤਸ਼ਕਰਨ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਆਪਣੇ ਵੇਖੋ ਭਵਿਖਤ ਵਾਕ, ਵਾਕਿਆ ਮੇਰਾ ਦਿਵਸ ਦਏ ਗਵਾਹੀਆ । ਕੀ ਤੁਹਾਡਾ ਨਾਤਾ ਜਗਤ ਸੱਜਣ ਸਾਕ, ਮਿਤ੍ਰੋ ਦਿਓ ਦ੍ਰਿੜਾਈਆ । ਬਿਨਾ ਭਗਤਾਂ ਤੋਂ ਅੰਤਰ ਖੁਲੇ ਕਿਸੇ ਨਾ ਤਾਕ, ਪਰਦਾ ਸਕੇ ਨਾ ਕੋਇ ਉਠਾਈਆ । ਮੈਂ ਵੇਖਾਂ ਲੋਕਮਾਤ, ਦਹਿ ਦਿਸ਼ਾ ਧਿਆਨ ਲਗਾਈਆ । ਬਹੁੜੀ ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਦੁਨੀ ਰਹੀ ਕੁਰਲਾਈਆ । ਹਿਰਦਾ ਹੋਵੇ ਕਿਸੇ ਨਾ ਸ਼ਾਂਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਿਲੇ ਮੇਲ ਨਾ ਕਮਲਾਪਾਤ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਪ੍ਰਭੂ ਮੇਰੇ ਸਾਹਿਬ ਸ਼ਰਾਰਤੀ, ਸ਼ਹਿਨਸ਼ਾਹ ਕੀ ਤੇਰੀ ਬੇਪਰਵਾਹੀਆ । ਮੈਂ ਚਾਰ ਜੁਗ ਦੇ ਲੇਖ ਵੇਖੇ ਅਬਾਰਤੀ, ਅੱਖਰ ਅੱਖਰਾਂ ਨਾਲ ਮਿਲਾਈਆ । ਮੇਰੇ ਮਹਿਬੂਬਾ ਤੇਰੇ ਅਵਤਾਰ ਪੈਗ਼ੰਬਰ ਗੁਰੂ ਮਜ਼੍ਹਬਾਂ ਦੇ ਤਜਾਰਤੀ, ਵਣਜ ਤੇਰੇ ਨਾਮ ਵਾਲਾ ਜਣਾਈਆ । ਤੇਰੀ ਜੁਗ ਜੁਗ ਨਾਮ ਕਲਮਿਆਂ ਵਾਲੀ ਬਦਲਦੀ ਰਹੀ ਆਰਤੀ, ਘਿਰਤ ਦੀਪਕ ਦੇਣ ਗਵਾਹੀਆ । ਕੀ ਖੇਲ ਹੋਣੀ ਤੇਰੀ ਕਲਜੁਗ ਅੰਤਮ ਵਾਰ ਦੀ, ਭੇਵ ਅਭੇਦਾ ਦੇ ਖੁਲਾਈਆ । ਮੇਰੀ ਆਸ਼ਾ ਤੂੰ ਹੀ ਤੂੰ ਹੀ ਪੁਕਾਰਦੀ, ਦਰ ਤੇਰੇ ਸੀਸ ਝੁਕਾਈਆ । ਨਾਰਦ ਕਹੇ ਮੇਰੀ ਬੋਦੀ ਆਪਣਾ ਆਪ ਸਵਾਰਦੀ, ਸੋਹਣੀ ਲੈ ਅੰਗੜਾਈਆ । ਨਾਲ ਖੇਲ ਦੱਸੇ ਤੇਰੀ ਅਗੰਮੇ ਯਾਰ ਦੀ, ਯਾਰੜੇ ਰਹੀ ਜਣਾਈਆ । ਕੀ ਹਾਲਤ ਹੋਣੀ ਸੰਸਾਰ ਦੀ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਤੇਰੇ ਹੁਕਮ ਵਿਚ ਬੁੱਧੀ ਚਲਣੀ ਨਹੀਂ ਵਿਚਾਰ ਦੀ, ਅਕਲ ਕੰਮ ਕਿਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਦੇਣਾ ਜਣਾਈਆ । ਨਾਰਦ

੧੭੭੯
੨੩

ਕਹੇ ਪ੍ਰਭੂ ਮੈਂ ਤੇਰੀਆਂ ਵਿਸਾਖੀਆਂ ਆਇਆ ਤੱਕਦਾ, ਜੁਗ ਜੁਗ ਧਿਆਨ ਲਗਾਈਆ । ਮੈਂ ਲੇਖਾ ਵੇਖਦਾ ਆਇਆ ਹਕ ਦਾ, ਹਕੀਕਤ ਵਿਚੋਂ ਫੋਲ ਫੁਲਾਈਆ । ਕੀ ਤੇਰਾ ਲਹਿਣਾ ਦੇਣਾ ਹੋਣਾ ਇਕੋ ਯਕ ਦਾ, ਵਾਹਿਦ ਮੇਰੇ ਮਾਲਕ ਦੇਣਾ ਸਮਝਾਈਆ । ਅਵਤਾਰ ਪੈਗ਼ੰਬਰ ਗੁਰੂ ਤੈਨੂੰ ਰਿਹਾ ਸੱਦ ਦਾ, ਸੰਦੇਸ਼ੇ ਸ਼ਬਦ ਗੁਰੂ ਨਾਲ ਜਣਾਈਆ । ਸਤਿਜੁਗ ਤਰੇਤਾ ਦੁਆਪਰ ਗਿਆ ਲੱਦ ਦਾ, ਲੋਕਮਾਤ ਰਹਿਣ ਨਾ ਪਾਈਆ । ਮੈਨੂੰ ਸਚ ਦੱਸ ਕੀ ਲੇਖਾ ਤੇਰਾ ਪਹਿਲੀ ਵਿਸਾਖ ਅੱਜ ਦਾ, ਅਜਬ ਦਿਆਂ ਦ੍ਰਿੜਾਈਆ । ਮੈਂ ਤੈਨੂੰ ਸਮਝਾਂ ਨੂਰ ਅਲਾਹੀ ਰੱਬ ਦਾ, ਯਾਮਬੀਨ ਤੇਰੀ ਬੇਪਰਵਾਹੀਆ । ਤੈਨੂੰ ਜਗਤ ਜਹਾਨ ਮੇਰੇ ਭਗਵਾਨ ਫਿਰੇ ਲੱਭਦਾ, ਖੋਜਿਆਂ ਹੱਥ ਕਿਸੇ ਨਾ ਆਈਆ । ਅੱਜ ਵਕਤ ਸੁਹੰਜਣਾ ਹੋਇਆ ਸਬੱਬ ਦਾ, ਜੋਤੀ ਜਾਤੇ ਮਿਲ ਕੇ ਵੱਜੇ ਵਧਾਈਆ । ਮੈਂ ਰਾਹ ਤੱਕਦਾ ਰਿਹਾ ਕਦ ਦਾ, ਕਦੀਮ ਦੇ ਮਾਲਕ ਦਿਆਂ ਸੁਣਾਈਆ । ਮੈਨੂੰ ਸਚ ਦੱਸ ਕਿਸ ਬਿਧ ਝਗੜਾ ਮੇਟਣਾ ਮਜ਼੍ਹਬਾਂ ਵਾਲੀ ਹੱਦ ਦਾ, ਸ਼ਰਅ ਜਗਤ ਰਹਿਣ ਨਾ ਪਾਈਆ । ਤੇਰਾ ਦੀਪਕ ਜੋਤ ਘਰ ਘਰ ਹੋਵੇ ਜਗਦਾ, ਆਤਮ ਨੂਰ ਕਰ ਰੁਸ਼ਨਾਈਆ । ਮੇਰਾ ਲੇਖਾ ਪੂਰਾ ਕਰੀਂ ਅਲਪਗ ਦਾ, ਸਹਿਜ ਨਾਲ ਸੁਣਾਈਆ । ਨਾਰਦ ਕਹੇ ਪ੍ਰਭੂ ਮੈਂ ਖ਼ੁਸ਼ੀਆਂ ਪਿਆਲਾ ਪੀਤਾ ਤੇਰੇ ਨਾਮ ਮਦਿ ਦਾ, ਮਧੁਰ ਧੁਨ ਦੇ ਸੁਣਾਈਆ । ਕੀ ਲੇਖਾ ਅਵਤਾਰ ਪੈਗ਼ੰਬਰ ਗੁਰੂ ਤੇਰੀ ਯਦ ਦਾ, ਯਦਪ ਦੇ ਦ੍ਰਿੜਾਈਆ । ਕਿਉਂ ਖੇਲ ਖਿਲਾਇਆ ਤਤਾਂ ਧਾਰ ਅੱਡ ਦਾ, ਮਾਨਸ ਮਾਨਸ ਵੰਡ ਵੰਡਾਈਆ । ਕਿਉਂ ਨਹੀਂ ਨਿਰਗੁਣ ਧਾਰ ਸਰਗੁਣ ਆਪਣਾ ਰੰਗ ਰੰਗਦਾ, ਰੰਗਤ ਆਪਣੀ ਆਪ ਚੜ੍ਹਾਈਆ । ਓਹ ਵੇਖ ਸਦੀ ਚੌਧਵੀਂ ਵਕਤ ਜਾਂਦਾ ਲੰਘਦਾ, ਮੁਹੰਮਦ ਬੈਠਾ ਨੈਣ ਉਠਾਈਆ । ਖੇਲ ਵੇਖ ਲੈ ਚਾਰ ਯਾਰੀ ਸੰਗ ਦਾ, ਅਲਵਿਲ ਜ਼ਹਾ ਤੇਰੀ ਬੇਪਰਵਾਹੀਆ । ਕਿਸ ਬਿਧ ਨਿਸ਼ਾਨ ਮੇਟਣਾ ਤਾਰਾ ਚੰਦ ਦਾ, ਉਮਤ ਉਮਤੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਹੇ ਨਾਰਦ ਦਇਆ ਕਮਾਵਾਂਗਾ । ਸੋ ਪੁਰਖ ਨਿਰੰਜਣ ਹੋ ਕੇ ਖੇਲ ਖਿਲਾਵਾਂਗਾ । ਹਰਿ ਪੁਰਖ ਨਿਰੰਜਣ ਹੋ ਕੇ ਬਲ ਪ੍ਰਗਟਾਵਾਂਗਾ । ਏਕੰਕਾਰ ਆਪਣੀ ਕਲ ਵਰਤਾਵਾਂਗਾ । ਆਦਿ ਨਿਰੰਜਣ ਜੋਤ ਰੁਸ਼ਨਾਵਾਂਗਾ । ਸ੍ਰੀ ਭਗਵਾਨ ਰੂਪ ਵਟਾਵਾਂਗਾ । ਅਬਿਨਾਸ਼ੀ ਕਰਤਾ ਨਾਉਂ ਧਰਾਵਾਂਗਾ । ਪਾਰਬ੍ਰਹਮ ਪਰਦਾ ਲਾਹਵਾਂਗਾ । ਸਤਿਗੁਰ ਸ਼ਬਦ ਇਕ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਹਿਲਾਵਾਂਗਾ । ਕਰੋੜ ਤਤੀਸਾ ਨਾਲ ਮਿਲਾਵਾਂਗਾ । ਤੇਈ ਅਵਤਾਰਾਂ ਗੰਢ ਪਵਾਵਾਂਗਾ । ਹਜ਼ਰਤ ਮੂਸਾ ਈਸਾ ਮੁਹੰਮਦ ਜੋੜ ਜੁੜਾਵਾਂਗਾ । ਨਾਨਕ ਗੋਬਿੰਦ ਜੋਤੀ ਧਾਰ ਤੋੜ ਨਿਭਾਵਾਂਗਾ । ਚੜ੍ਹ ਕੇ ਸ਼ਬਦ ਅਗੰਮੇ ਘੋੜ, ਦੋ ਜਹਾਨਾਂ ਵੇਖ ਵਖਾਵਾਂਗਾ । ਰੂਪ ਧਰ ਬ੍ਰਹਿਮਣ ਗੌੜ, ਪਾਰਬ੍ਰਹਮ ਆਪਣਾ ਰੰਗ ਰੰਗਾਵਾਂਗਾ । ਅਮਾਮ ਅਮਾਮਾ ਸਭ ਦਾ ਬਣ ਕੇ ਸ਼ੌਹਰ, ਸ਼ਹਿਨਸ਼ਾਹ ਆਪਣੀ ਕਲ ਪ੍ਰਗਟਾਵਾਂਗਾ । ਕਲ ਕਲਕੀ ਹੋ ਕੇ ਅਵਰ ਦਾ ਔਰ, ਅਵਰੀ ਖੇਲ ਖਿਲਾਵਾਂਗਾ । ਜ਼ਰਾ ਤੱਕਣਾ ਨਾਲ ਗ਼ੌਰ, ਗਹਿਰ ਗੰਭੀਰ ਹੋ ਕੇ ਆਪ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਵਾਂਗਾ । ਪੁਰਖ ਅਕਾਲ ਕਹੇ ਨਾਰਦ ਸੰਮਤ ਸ਼ਹਿਨਸ਼ਾਹੀ ਹੱਸਦਾ, ਦਸਵੀਂ ਧਾਰ ਨਾਲ ਮਿਲਾਈਆ । ਲੋਆਂ ਪੁਰੀਆਂ ਬ੍ਰਹਿਮੰਡ ਖੰਡ ਨੱਸਦਾ, ਭੱਜੇ ਵਾਹੋ ਦਾਹੀਆ । ਪਿਆਰ ਭਰਿਆ ਅੰਦਰ ਜਸ ਦਾ, ਸਿਫ਼ਤਾਂ ਨਾਲ ਸਲਾਹੀਆ । ਰਸ ਚੱਖੇ ਅੰਮਿਉਂ ਰਸ ਦਾ, ਰਸਨਾ ਰਸ ਨਾ ਕੋਇ ਵਡਿਆਈਆ । ਪ੍ਰਕਾਸ਼ ਵੇਖੇ ਅਗੰਮੀ ਰਵ ਸਸ ਦਾ, ਬਿਨ ਸੂਰੀਆ ਚੰਦ

ਕਰੇ ਰੁਸ਼ਨਾਈਆ । ਫੇਰ ਖੇਲ ਤੱਕੇ ਜੋ ਸਚਖੰਡ ਦਵਾਰੇ ਵਸਦਾ, ਦਰਗਾਹ ਸਾਚੀ ਸੋਭਾ ਪਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਮਾਰਗ ਦੱਸਦਾ, ਨਿਤ ਨਵਿਤ ਆਪ ਸਮਝਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਤੀਰ ਅਣਿਆਲਾ ਕਸਦਾ, ਦੋ ਜਹਾਨਾਂ ਪਾਰ ਕਰਾਈਆ । ਉਹਦਾ ਹੁਕਮ ਸੰਦੇਸ਼ਾ ਇਕੋ ਹੋਵੇ ਅਲਖਣਾ ਅਲੱਖ ਦਾ, ਅਲੱਖ ਅਗੋਚਰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਨਾਰਦ ਕਹੇ ਸੰਮਤ ਸ਼ਹਿਨਸ਼ਾਹੀ ਦਸ ਵੇਖ ਲੈ ਚੜ੍ਹਦਾ, ਆਪਣਾ ਪੰਧ ਮੁਕਾਈਆ । ਜਿਸ ਲੇਖਾ ਤੱਕਣਾ ਸੀਸ ਧੜ ਦਾ, ਧੜੇ ਜਗਤ ਵਾਲੇ ਬਣਾਈਆ । ਖੇਲ ਤੱਕਣਾ ਹਉਮੇ ਹੰਕਾਰ ਗੜ੍ਹ ਦਾ, ਹੰਗਤਾ ਰੰਗ ਰੰਗਾਈਆ । ਕਲਜੁਗ ਜੀਵ ਤੱਕ ਲੈ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਸਾਚੀ ਮੰਜ਼ਲ ਕੋਇ ਨਾ ਚੜ੍ਹਦਾ, ਸਚਖੰਡ ਮਿਲਣ ਕੋਇ ਨਾ ਆਈਆ । ਓਹ ਵੇਖ ਧਰਮ ਕਲਜੁਗ ਕੋਲੋਂ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਨਜਾਰਾ ਤੱਕ ਲੈ ਸ਼ਰਅ ਸ਼ਰ ਦਾ, ਕੀ ਸ਼ਰੀਅਤ ਖੇਲ ਖਿਲਾਈਆ । ਕੀ ਹਾਲ ਹੋਣਾ ਧਰਨੀ ਵਾਲੇ ਘਰ ਦਾ, ਨਵ ਖੰਡ ਰਹੇ ਕੁਰਲਾਈਆ । ਕੂੜ ਕੁੜਿਆਰਾ ਵੇਖ ਲੈ ਮਰਦਾ, ਚਾਰੋਂ ਕੁੰਟ ਕੁੰਟ ਦੁਹਾਈਆ । ਇਹ ਖੇਲ ਅਗੰਮਾ ਨਰਾਇਣ ਨਰ ਦਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜੋ ਆਦਿ ਜੁਗਾਦੀ ਘਾੜਨ ਘੜਦਾ, ਲੱਖ ਚੁਰਾਸੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਪ੍ਰਭੂ ਮੈਂ ਸੁਣਿਆ ਤੇਰਾ ਹੁਕਮ ਅਵੱਲਾ, ਅੱਵਲ ਅੱਲਾ ਤੇਰੀ ਬੇਪਰਵਾਹੀਆ । ਤੂੰ ਫਿਰੇਂ ਇਕ ਇਕੱਲਾ, ਦੋ ਜਹਾਨਾਂ ਸੋਭਾ ਪਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰਾ ਬਚਨ ਇਕੋ ਲੈਣਾ ਮੰਨਾ, ਮਨਸਾ ਅਵਰ ਨਾ ਕੋਇ ਰਖਾਈਆ । ਤੂੰ ਨੂਰ ਨੁਰਾਨਾ ਸ੍ਰੀ ਭਗਵਾਨਾ, ਭਗਵਨ ਤੇਰੇ ਹੱਥ ਵਡਿਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਧਨੀ ਧਨਾ, ਮੀਤ ਮੁਰਾਰਾ ਬੇਪ੍ਰਵਾਹੀਆ । ਤੂੰ ਵਸਣਹਾਰਾ ਬਿਨਾ ਛੱਪਰ ਛੰਨਾ, ਸਚਖੰਡ ਸਾਚੇ ਸੋਭਾ ਪਾਈਆ । ਤੈਨੂੰ ਨਾ ਕੋਈ ਲਾਲਚ ਨਾ ਕੋਈ ਤਮਅ, ਲੋਭ ਵਿਚ ਕਦੇ ਨਾ ਆਈਆ । ਮੈਨੂੰ ਸਚ ਦੱਸ ਕਿਸ ਬਿਧ ਬਦਲੇਂ ਆਪਣਾ ਸਮਾਂ, ਸਮਾਪਤ ਕਰੇਂ ਕੂੜ ਲੋਕਾਈਆ । ਮੈਨੂੰ ਇਉਂ ਜਾਪਦਾ ਤੇਰੇ ਸੰਮਤ ਸ਼ਹਿਨਸ਼ਾਹੀ (ਦਸ) ਵਿਚ ਖੇਲ ਹੋਣਾ ਨਵਾਂ, ਨਵ ਖੰਡ ਧਿਆਨ ਲਗਾਈਆ । ਮੈਂ ਵੀ ਤੇਰੇ ਚਰਨ ਕਵਲਾਂ ਵਿਚ ਬਵ੍ਹਾਂ, ਦੂਸਰ ਧਾਮ ਨਜ਼ਰ ਕੋਇ ਨਾ ਆਈਆ । ਸਚ ਸਰਨਾਈ ਤੇਰੀ ਪਵਾਂ, ਪਵਣ ਪਾਣੀ ਮੇਰੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਨਾਰਦ ਕਹੇ ਪ੍ਰਭੂ ਤੂੰ ਬੜਾ ਬੇਅੰਤ, ਬੇਪਰਵਾਹ ਅਖਵਾਈਆ । ਤੂੰ ਸਭ ਦਾ ਆਤਮ ਧਾਰ ਕੰਤ, ਪਤਿਪਰਮੇਸ਼ਵਰ ਇਕ ਅਖਵਾਈਆ । ਕੀ ਵਸਤ ਅਮੋਲਕ ਜਨ ਭਗਤਾਂ ਦੇਵੇਂ ਮੰਤ, ਨਾਮ ਨਿਧਾਨਾ ਝੋਲੀ ਪਾਈਆ । ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਦਏ ਸਮਝਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਾ ਭੇਵ ਚੁਕਾਈਆ । ਮੇਰੀ ਇਕੋ ਅਰਦਾਸ ਤੇ ਇਕੋ ਮਿੰਨਤ, ਇਕੋ ਵਾਰ ਸੀਸ ਝੁਕਾਈਆ । ਪ੍ਰਭੂ ਸਚ ਦੱਸ ਕਦੋਂ ਧਰਤੀ ਉਤੋਂ ਮੇਟਣੇ ਕੂੜੇ ਨਿੰਦਕ, ਧਰਮ ਦੀ ਧਾਰ ਧਾਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਸਹਾਈਆ । ਪੁਰਖ ਅਕਾਲ ਕਹੇ ਨਾਰਦ, ਮੈਂ ਆਪਣੀ ਦਇਆ ਕਮਾਵਾਂਗਾ । ਦੀਨ ਦਿਆਲ ਅਖਵਾਵਾਂਗਾ । ਧਰਨੀ ਵੇਖਾਂ ਸਚੀ ਧਰਮਸਾਲ, ਦਰ ਦਵਾਰਾ ਇਕ ਪ੍ਰਗਟਾਵਾਂਗਾ । ਫਲ ਲਗਾ ਕੇ ਭਗਤਾਂ ਕਾਇਆ ਡਾਲ, ਪੱਤ

ਟਹਿਣੀ ਆਪ ਮਹਿਕਾਵਾਂਗਾ । ਮੁਰਸ਼ਦ ਹੋ ਕੇ ਪੁਛਾਂ ਹਾਲ, ਮੁਰੀਦ ਆਪਣੇ ਰੰਗ ਰੰਗਾਵਾਂਗਾ । ਅੰਤਰ ਆਤਮ ਵਸਾਂ ਨਾਲ, ਵਿਛੋੜਾ ਜਗਤ ਕੂੜ ਮਿਟਾਵਾਂਗਾ । ਜਨਮ ਜਨਮ ਦੀ ਲੇਖੇ ਪਾਵਾਂ ਘਾਲ, ਕੀਤੀ ਘਾਲ ਆਪਣੇ ਚਰਨ ਟਿਕਾਵਾਂਗਾ । ਹਰਿਜਨ ਵੇਖ ਆਪਣੇ ਲਾਲ, ਫੜ ਬਾਹੋਂ ਗਲੇ ਲਗਾਵਾਂਗਾ । ਜਿਨ੍ਹਾਂ ਪੋਹ ਨਾ ਸਕੇ ਕਾਲ, ਮਹਾਕਾਲ ਦੂਰ ਰਖਾਵਾਂਗਾ । ਸਤਿਗੁਰ ਸ਼ਬਦ ਬਣਾ ਦਲਾਲ, ਵਿਚੋਲਾ ਆਪਣਾ ਨਾਮ ਪ੍ਰਗਟਾਵਾਂਗਾ । ਰਾਏ ਧਰਮ ਨਾ ਪੁਛੇ ਸਵਾਲ, ਚਿਤ੍ਰਗੁਪਤ ਦਾ ਲੇਖ ਮਿਟਾਵਾਂਗਾ । ਸਾਚਾ ਮੰਤਰ ਦੱਸ ਸੁਖਾਲ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਆਪ ਪੜ੍ਹਾਵਾਂਗਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਜੋਤ ਰੁਸ਼ਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਪਰਦਾ ਆਪ ਚੁਕਾਵਾਂਗਾ । ਸੰਮਤ ਕਹੇ ਮੈਂ ਸ਼ਹਿਨਸ਼ਾਹੀ ਦਸ, ਦਸ ਦਸਮੇਸ਼ ਨਾਲ ਵਡਿਆਈਆ । ਜੋ ਤੀਰ ਅਣਿਆਲਾ ਮਾਰੇ ਕਸ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਨ ਭਗਤਾਂ ਨਿਝਰ ਆਤਮ ਦੇਵੇ ਰਸ, ਬੂੰਦ ਸਵਾਂਤੀ ਆਪ ਟਪਕਾਈਆ । ਮਨ ਮਨੂਆ ਕਰੇ ਵਸ, ਦਹਿ ਦਿਸ਼ ਨਾ ਉਠ ਉਠ ਧਾਈਆ । ਜਿਸ ਦੇ ਚਰਨ ਕਵਲ ਦਿਵਸ ਮਾਸ ਜਾਣ ਢੱਠ, ਬਰਸ ਸੀਸ ਨਿਵਾਈਆ । ਉਹ ਧਰਮ ਦਾ ਖੋਲ ਕੇ ਹੱਟ, ਹਟਵਾਣਾ ਬਣਿਆ ਬੇਪਰਵਾਹੀਆ । ਜਿਸ ਝਗੜਾ ਮੁਕਾਉਣਾ ਅੱਠ ਸੱਠ, ਤੀਰਥ ਤੱਟ ਇਕ ਦ੍ਰਿੜਾਈਆ । ਜਨ ਭਗਤ ਸੁਹੇਲੇ ਮੇਲੇ ਨੱਠ ਨੱਠ, ਪੰਚਮ ਪੰਚਮ ਜੋੜ ਜੁੜਾਈਆ । ਸੋ ਪੁਰਖ ਅਕਾਲ ਸਦਾ ਸਮਰਥ, ਸਾਹਿਬ ਸੁਲਤਾਨ ਇਕ ਅਖਵਾਈਆ । ਆਦਿ ਜੁਗਾਦਿ ਜਿਸ ਦੇ ਸਭ ਕੁਛ ਹੱਥ, ਦੂਸਰ ਓਟ ਨਾ ਕੋਇ ਤਕਾਈਆ । ਜੋ ਭਗਤਾਂ ਦੇਵੇ ਸਾਚੀ ਵਥ, ਵਸਤ ਅਮੋਲਕ ਨਾਮ ਵਰਤਾਈਆ । ਸਗਲ ਵਸੂਰੇ ਜਾਣ ਲਥ, ਚਿੰਤਾ ਰੋਗ ਰਹੇ ਨਾ ਰਾਈਆ । ਕੂੜ ਵਿਕਾਰਾ ਦੇਵੇ ਮਥ, ਮਮਤਾ ਮੋਹ ਮੋਹ ਮਿਟਾਈਆ । ਦਰਸ਼ਨ ਦੇਵੇ ਹੋ ਪ੍ਰਤੱਖ, ਸਨਮੁਖ ਨਜ਼ਰੀ ਆਈਆ । ਪਹਿਲੀ ਵਿਸਾਖ ਕਹੇ ਮੇਰੀ ਪੈਜ ਲਵੇ ਰੱਖ, ਸਦ ਮੇਰਾ ਸੰਗ ਬਣਾਈਆ । ਜਨ ਭਗਤਾਂ ਖੋਲ ਕੇ ਨੇਤਰ ਅੱਖ, ਲੋਚਨ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਮਰਥ, ਨਿਰਗੁਣ ਧਾਰ ਮਹਿੰਮਾ ਅਕਥ, ਸਰਗੁਣ ਕਥ ਕਥਨੀ ਸਕੇ ਨਾ ਰਾਈਆ ।



੧੭੮੨
੨੩

### ੨ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਹਰਦੀਪ ਸਿੰਘ ਦੇ ਗ੍ਰਹਿ

ਸਤਿਗੁਰ ਸ਼ਬਦ ਕਹੇ ਮੇਰੇ ਕੋਲ ਚਾਰ ਜੁਗ ਦੀਆਂ ਅਰਜ਼ੀਆਂ, ਬਿਨਾ ਸ਼ਾਸਤਰਾਂ ਸੋਭਾ ਪਾਈਆ । ਦਿਤੀਆਂ ਅਵਤਾਰ ਪੈਗ਼ੰਬਰ ਗੁਰ ਗ਼ਰਜ਼ੀਆਂ, ਜਿਨ੍ਹਾਂ ਜਗਤ ਨਾਲ ਵਡਿਆਈਆ । ਦਲੀਲਾਂ ਦੱਸੀਆਂ ਸ਼ਬਦੀ ਧਾਰ ਅਗੰਮੀ ਮਰਜ਼ੀਆਂ, ਬੁੱਧੀ ਸੰਗ ਨਾ ਕੋਇ ਰਖਾਈਆ । ਕੀ ਖੇਲਾਂ ਹੋਣੀਆਂ ਪ੍ਰਭੂ ਤੇਰੇ ਘਰ ਦੀਆਂ, ਘਰਾਨੇ ਦੇ ਮਾਲਕ ਦੇਣਾ ਦ੍ਰਿੜਾਈਆ । ਜਗਤ ਧਾਰਾਂ ਤੈਥੋਂ ਡਰਦੀਆਂ, ਸਿਰ ਸਿਕੇ ਨਾ ਕੋਇ ਉਠਾਈਆ । ਜਗਤ ਵਿਚਾਰਾਂ ਕਿਸ ਬਿਧ ਲੜਦੀਆਂ, ਅਗੇ ਹੋ ਨਾ ਕੋਇ ਅਟਕਾਈਆ । ਕਿਸ ਬਿਧ ਜਗਤ ਦਲੀਲਾਂ ਮਰਦੀਆਂ, ਤਮੰਨਾ ਤਮਅ ਨਾ ਕੋਇ ਬਣਾਈਆ । ਕਿਸ ਬਿਧ ਆਪਣਾ ਜੋਬਨ ਹਰਦੀਆਂ, ਲੈ ਸਕੇ ਨਾ ਕੋਇ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੇਰੇ ਕੋਲ ਜੁਗ ਚੌਕੜੀ ਖ਼ਾਹਿਸ਼ਾਂ, ਤਮੰਨਾਂ ਨਿਰਗੁਣ ਸਰਗੁਣ ਧਾਰ ਜਣਾਈਆ । ਮੈਂ ਸੰਦੇਸ਼ੇ ਸੁਣਦਾ ਰਿਹਾ ਤਤਾਂ ਵਾਲੀਆਂ ਵਿਚੋਂ ਲਾਸ਼ਾਂ, ਤਨ ਵਜੂਦਾਂ ਫੋਲ ਫੁਲਾਈਆ । ਨਾਲੇ ਕਰਦਾ ਰਿਹਾ ਹਾਸਾ, ਹਸਤੀ ਤੱਕ ਬੇਪ੍ਰਵਾਹੀਆ । ਕੀ ਜੁਗ ਜੁਗ ਮੇਰਾ ਸਾਹਿਬ ਖੇਲੇ ਤਮਾਸ਼ਾ, ਤਮਾਸ਼ਬੀਨ ਹੋ ਕੇ ਵੇਖ ਵਖਾਈਆ । ਦੋ ਜਹਾਨਾਂ ਪਾਵੇ ਰਾਸਾ, ਬਿਨ ਗੋਪੀ ਕਾਹਨ ਨਚਾਈਆ । ਲਹਿਣੇ ਪੂਰੇ ਕਰੇ ਸ਼ੰਕਰ ਕੈਲਾਸ਼ਾ, ਵਿਸ਼ਨੂੰ ਵਿਸ਼ਵ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਕੋਲ ਸਭ ਦੇ ਲੇਖ ਧਾਰ ਨਿਰਅੱਖਰ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਲੇਖਾ ਨਹੀਂ ਇੱਟ ਪੱਥਰ, ਪਾਹਨ ਨਾ ਕੋਇ ਚਤੁਰਾਈਆ । ਜਿਸ ਖੇਲ ਖਿਲਾਇਆ ਗੋਬਿੰਦ ਸੁਹਾਇਆ ਸਥਰ, ਯਾਰੜਾ ਸੇਜ ਹੰਢਾਈਆ । ਜਿਸ ਦੇ ਪਿਆਰ ਵਿਚ ਜਗਤ ਧਾਰ ਨਾ ਵਹਾਇਆ ਅੱਥਰ, ਨੇਤਰ ਨੈਣ ਨੀਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰੇ ਕੋਲ ਜੁਗ ਚੌਕੜੀ ਸਬੂਤ, ਜੁਗ ਜੁਗ ਸੰਗ ਬਣਾਈਆ । ਮੈਂ ਲੇਖਾ ਜਾਣਾ ਪੰਜ ਭੂਤ, ਕਾਇਆ ਕਾਅਬੇ ਫੋਲ ਫੁਲਾਈਆ । ਮੇਰਾ ਲੇਖਾ ਚਾਰੇ ਕੂਟ, ਨਵ ਸੱਤ ਵੱਜੇ ਵਧਾਈਆ । ਨਾਲ ਇਸ਼ਾਰਾ ਕਲਜੁਗ ਝੂਠ, ਕੂੜੇ ਰੰਗ ਸਮਾਈਆ । ਸਤਿ ਦਿਸੇ ਨਾ ਕੋਇ ਸਪੂਤ, ਪਿਤਾ ਪੂਤ ਨਾ ਕੋਇ ਵਡਿਆਈਆ । ਨਾਮ ਦਾ ਨਾਮ ਬਣੇ ਕੋਇ ਨਾ ਦੂਤ, ਦੂਤੀਆ ਭਾਉ ਨਾ ਕੋਇ ਮਿਟਾਈਆ । ਸਾਚੀ ਬਖ਼ਸ਼ੇ ਕੋਇ ਨਾ ਸੂਝ, ਸਮਝ ਸਮਝ ਨਾਲ ਰਖਾਈਆ । ਅੰਦਰੋਂ ਕੱਢ ਦੇ ਦਵੈਤੀ ਦੂਝ, ਦੋਹਰਾ ਆਪਣਾ



ਰੰਗ ਰੰਗਾਈਆ । ਮੰਜ਼ਲ ਬਖ਼ਸ਼ੇ ਇਕ ਮਕਸੂਦ, ਸਚਖੰਡ ਦਵਾਰ ਸਰਨਾਈਆ । ਜਿਸ ਦੀ ਬੰਦ ਨਾ ਹੋਵੇ ਹਦੂਦ, ਹੱਦਾਂ ਤੋਂ ਬਾਹਰ ਨੂਰ ਜੋਤ ਰੁਸ਼ਨਾਈਆ । ਆਦਿ ਜੁਗਾਦਿ ਸਦਾ ਮੌਜੂਦ, ਘਟ ਘਟ ਵਿਚ ਸਮਾਈਆ । ਜਿਸ ਦਾ ਲੇਖਾ ਆਲੀਸ਼ਾਨ ਅਰੂਜ, ਸ਼ਹਿਨਸ਼ਾਹ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿਗੁਰ ਸ਼ਬਦ ਕਹੇ ਮੇਰੇ ਕੋਲ ਬਿਨ ਕਲਮ ਸ਼ਾਹੀ ਲੇਖਾ ਹਿਸਾਬ, ਕਾਗ਼ਜ਼ ਚਲੇ ਨਾ ਕੋਇ ਚਤੁਰਾਈਆ । ਭੇਵ ਖੁਲਾਵਾਂ ਮਿਤ੍ਰ ਪਿਆਰੇ ਅਹਿਬਾਬ, ਜੋ ਸਖਾ ਸੁਹੇਲਾ ਇਕ ਅਖਵਾਈਆ । ਜਿਸ ਸੁਹਾਉਣੀ ਅਗੰਮੀ ਮਹਿਰਾਬ, ਮਹਿਬੂਬ ਨੂਰ ਅਲਾਹੀਆ । ਉਹ ਖੇਲੇ ਖੇਲ ਵਿਚ ਪੰਜ ਆਬ, ਆਬੇ ਹਯਾਤ ਹੱਥ ਉਠਾਈਆ । ਉਸ ਨੂੰ ਸਜਦਾ ਮੇਰਾ ਅਦਾਬ, ਨਿਵ ਨਿਵ ਲਾਗਾਂ ਪਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਨਾਨਕ ਧਾਰ ਬਗ਼ਦਾਦ, ਬਗ਼ਲੀ ਦੋ ਜਹਾਨ ਵਖਾਈਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਮੰਗੀ ਅਮਦਾਦ, ਨਿਵ ਨਿਵ ਸੀਸ ਨਿਵਾਈਆ । ਓਹ ਸ਼ਾਹੋ ਭੂਪ ਦੇਵਣਹਾਰਾ ਦਾਦ, ਵਸਤ ਅਮੁੱਲ ਅਤੁੱਲ ਆਪ ਵਰਤਾਈਆ । ਜਨ ਭਗਤਾਂ ਖੇਲੇ ਜਾਗ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਫੜ ਫੜ ਹੰਸ ਬਣਾਏ ਕਾਗ, ਦੁਰਮਤ ਮੈਲ ਧਵਾਈਆ । ਦੀਪਕ ਜੋਤ ਜਗਾ ਚਰਾਗ਼, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਮੇਰੇ ਕੋਲ ਅਗੰਮਾ ਲੇਖਾ, ਜਗਤ ਲਿਖਤ ਵਿਚ ਨਾ ਆਈਆ । ਜਿਸ ਵਿਚ ਹੋਏ ਨਾ ਕੋਇ ਭੁਲੇਖਾ, ਭਰਮਾਂ ਵੰਡ ਨਾ ਕੋਇ ਵੰਡਾਈਆ । ਮੈਂ ਰੱਖਿਆ ਸਾਂਭ ਕੇ ਸਚਖੰਡ ਸਾਚੇ ਦੇਸਾ, ਜਿਥੇ ਜਗ ਨੇਤਰ ਵੇਖਣ ਕੋਇ ਨਾ ਪਾਈਆ । ਇਕੋ ਪੁਰਖ ਅਕਾਲ ਦਾ ਸ਼ਬਦ ਸੰਦੇਸ਼ਾ,

ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਇਕ ਹੋਵੇ ਅਗੰਮੜਾ ਨੇਤਾ, ਨਰ ਨਰਾਇਣ ਇਕ ਅਖਵਾਈਆ । ਜਿਹੜਾ ਭੁੱਲੇ ਕਦੇ ਨਾ ਚੇਤਾ, ਚੇਤਨ ਸੁਰਤੀ ਨਾ ਕੋਇ ਕਰਾਈਆ । ਜੋ ਭਗਤਾਂ ਕਰੇ ਹੇਤਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋ ਲੇਖਾ ਲੇਖੇ ਲਾਵੇ ਵਿਚ ਖੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਜਿਸ ਨੂੰ ਸਭ ਨੇ ਮੰਨਿਆ ਨੇਤਾ, ਨਿਰੰਕਾਰ ਨੂਰ ਅਲਾਹੀਆ । ਉਹ ਵੇਸ ਵਟਾਏ ਅਨੇਕਾ, ਅਨਕ ਕਲਧਾਰੀ ਆਪਣੀ ਕਲ ਪ੍ਰਗਟਾਈਆ । ਜਿਸ ਦੀ ਸਾਰੇ ਹੁੰਦੇ ਗਏ ਭੇਟਾ, ਬਿਸਮਿਲ ਹੋ ਕੇ ਆਪਣੀ ਖ਼ੁਸ਼ੀ ਬਣਾਈਆ । ਉਸ ਸਦੀ ਚੌਧਵੀਂ ਪੈਗ਼ੰਬਰਾਂ ਪੂਰਾ ਕਰਨਾ ਠੇਕਾ, ਠੇਕੇਦਾਰ ਹੋ ਕੇ ਵੇਖ਼ ਵਖਾਈਆ । ਆਤਮ ਧਾਰ ਕਰਨਾ ਏਕਾ, ਏਕੰਕਾਰ ਰੰਗ ਰੰਗਾਈਆ । ਜੋ ਸਦਾ ਰਹੇ ਹਮੇਸ਼ਾ, ਜੰਮਣ ਮਰਨ ਨਾ ਰੂਪ ਬਦਲਾਈਆ । ਭਗਤ ਉਧਾਰਨਾਂ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਵੇਖੇ ਚਾਈਂ ਚਾਈਂਆ । ਲਹਿਣਾ ਦੇਣਾ ਪੂਰਾ ਕਰੇ ਗਣਪਤ ਗਣੇਸ਼ਾ, ਸੁਰਪਤ ਲੇਖਾ ਰਹੇ ਨਾ ਰਾਈਆ । ਮੇਰਾ ਸਾਹਿਬ ਸੁਲਤਾਨ ਨਰ ਨਰੇਸ਼ਾ, ਨਰ ਨਰਾਇਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਖੋਲਣਹਾਰ ਭੇਵ ਅਭੇਦਾ, ਅਛਲ ਅਛੇਦਾ ਆਪਣੀ ਕਾਰ ਕਮਾਈਆ ।



## ✪ ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਹਿ ✪

੧੭੮੪
੨੩

ਧਰਨੀ ਕਹੇ ਪ੍ਰਭੂ ਮੈਂ ਦੁਖੀ ਹੋਈ ਵੈਰਾਗਣ, ਵੈਰੀ ਘਰ ਘਰ ਨਜ਼ਰੀ ਆਈਆ । ਮੰਦ ਹੀਣ ਦਿਸ਼ਾ ਅਭਾਗਣ, ਲੋਕਮਾਤ ਨਾ ਕੋਇ ਵਡਿਆਈਆ । ਤੇਰਾ ਦੀਪਕ ਜੋਤ ਨਾ ਦਿਸੇ ਚਰਾਗ਼ਣ, ਤਨ ਮੰਦਰ ਅੰਦਰ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਹੰਸ ਬਣੇ ਕਾਗਣ, ਮਾਣਕ ਮੋਤੀ ਚੋਗ ਤੇਰਾ ਨਾਮ ਨਾ ਕੋਇ ਚੁਗਾਈਆ । ਦੁਰਮਤ ਮੈਲ ਧੋਵੇ ਕੋਈ ਨਾ ਦਾਗ਼ਣ, ਪਾਪਾਂ ਕਰੇ ਨਾ ਕੋਇ ਸਫ਼ਾਈਆ । ਮੇਰੇ ਉਤੇ ਝਗੜਾ ਤੱਕ ਲੈ ਦੀਨ ਦੁਨੀ ਸਮਾਜਣ, ਮਾਨਸ ਮਾਨਵ ਸਮਝ ਕਿਸੇ ਨਾ ਆਈਆ । ਤੂੰ ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੇਰਾ ਕੋਝੀ ਕਮਲੀ ਦਾ ਸਵਾਰ ਦੇ ਕਾਜਨ, ਸਿਰ ਮੇਰੇ ਹੱਥ ਟਿਕਾਈਆ । ਤੂੰ ਸ਼ਾਹੋ ਭੂਪ ਗ਼ਰੀਬ ਨਿਵਾਜਣ, ਮਿਹਰਵਾਨ ਧੁਰਦਰਗਾਹੀਆ । ਮੇਰੇ ਉਤੇ ਸਤਿਜੁਗ ਸਾਚੀ ਸਾਜ ਦੇ ਸਾਜਣ, ਕਲਜੁਗ ਅੰਧ ਅੰਧੇਰ ਮਿਟਾਈਆ । ਤੂੰ ਮੇਰਾ ਮੈਂ ਤੇਰਾ ਹਰ ਹਿਰਦਿਉਂ ਨਿਕਲੇ ਅਵਾਜਣ, ਸੋਹੰ ਢੋਲਾ ਸਹਿਜ ਸੁਖਦਾਈਆ । ਜਗਤ ਜਗਿਆਸੂ ਸੋਏ ਲੋਕਮਾਤ ਜਾਗਣ, ਨਿਜ ਨੇਤਰ ਲੋਚਨ ਨੈਣ ਅੱਖ ਖੁਲਾਈਆ । ਸਾਧ ਸੰਤ ਸੂਫ਼ੀ ਫ਼ਕੀਰ ਇਕੋ ਨਾਮ ਕਲਮੇ ਵਿਚ ਤੈਨੂੰ ਅਰਾਧਣ, ਵਖਰੀ ਵੰਡ ਨਾ ਕੋਇ ਵੰਡਾਈਆ । ਤੂੰ ਸ਼ਬਦ ਅਗੰਮੀ ਧਾਰ ਸਤਿਗੁਰ ਮਾਰ ਆਵਾਜ਼ਨ, ਸਦਾ ਇਕ ਸੁਣਾਈਆ । ਜੀਵ ਜੰਤ ਕੰਤ ਭਗਵੰਤ ਮਿਲ ਆਪ ਸੁਹਾਗਣ, ਸ਼ੌਹਰ ਬਾਂਕੇ ਦੇ ਵਡਿਆਈਆ । ਤੇਰਾ ਨਾਮ ਨਿਧਾਨਾ ਨੌਜਵਾਨਾ ਉਡੇ ਇਕੋ ਬਾਜਨ, ਬਾਜਾਂ ਵਾਲਾ ਨਾਲ ਮਿਲਾਈਆ । ਬਿਨ ਤੇਰੀ ਕਿਰਪਾ ਸ੍ਰਿਸ਼ਟੀ ਕੋਈ ਨਾ ਆਵੇ ਸਾਧਣ, ਸਰ ਕਰ ਸਕੇ ਕੋਇ ਨਾ ਰਾਈਆ । ਤੂੰ ਮਾਲਕ ਖ਼ਾਲਕ ਦੋ ਦੋ ਆਬਣ, ਦੋ ਜਹਾਨ ਤੇਰੀ ਵਡਿਆਈਆ । ਧਰਨੀ ਕਹੇ ਮੇਰੀ ਪੁਕਾਰ ਨਹੀਂ ਕੋਈ ਬਣ ਪੰਜਾਬਣ, ਨਵ ਸੱਤ ਦੀ ਧਾਰ ਦੁਹਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮੋਹਣ ਮਾਧਵ ਮਾਧਨ, ਮਧੁਰ ਧੁਨ ਦੇਣੀ ਸ਼ਨਵਾਈਆ ।

## ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਦਰਸ਼ਨ ਸਿੰਘ ਦੇ ਗ੍ਰਿਹ

ਧਰਨੀ ਕਹੇ ਪ੍ਰਭੂ ਮੇਰਾ ਸੁਣ ਲੈ ਦੁਖੜਾ, ਦਰਦੀਆ ਰੋ ਰੋ ਦਿਆਂ ਦੁਹਾਈਆ । ਕਲਜੁਗ ਕੂੜ ਕੁੜਿਆਰ ਮੇਰਾ ਕਾਲਾ ਕੀਤਾ ਮੁਖੜਾ, ਦੁਰਮਤ ਮੈਲ ਨਾ ਕੋਇ ਧਵਾਈਆ । ਜਗਤ ਜਹਾਨ ਜੀਵ ਵੇਖ ਲੈ ਸੁਤੜਾ, ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲਾਈਆ । ਦੀਨ ਮਜ਼੍ਹਬ ਵੇਖ ਲੈ ਭੁਖੜਾ, ਤੇਰੇ ਨਾਮ ਦੀ ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਤੂੰ ਮੇਰਾ ਸਵਾਮੀ ਅਬਿਨਾਸ਼ੀ ਅਚੁਤੜਾ, ਪਾਰਬ੍ਰਹਮ ਪ੍ਰਭ ਤੇਰੇ ਹੱਥ ਵਡਿਆਈਆ । ਮੇਰਾ ਵਕਤ ਸੁਹੰਜਣਾ ਕਰ ਦੇ ਸੋਹਣੀ ਰੁਤੜਾ, ਰੁੱਤ ਆਪਣੇ ਨਾਲ ਮਹਿਕਾਈਆ । ਤੇਰਾ ਜਗਤ ਜਹਾਨ ਤੇਰੇ ਨਾਲੋਂ ਰੁਸੜਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੇਰੇ ਮਿਹਰਵਾਨ ਮਹਿਬੂਬਾ ਮੈਨੂੰ ਤੇਰੇ ਉਤੇ ਗ਼ੁਸੜਾ, ਗ਼ੁੱਸੇ ਵਿਚ ਸੁਣਾਈਆ । ਮੇਰਾ ਨੌ ਖੰਡ ਸੱਤ ਦੀਪ ਦਾ ਵੇਖ ਲੈ ਜੁਸੜਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਪਿਆਰ ਰਿਹਾ ਨਾ ਕਿਤੇ ਇਕ ਮੁਠੜਾ, ਦਵੈਤ ਵਿਚ ਤੇਰੀ ਲੋਕਾਈਆ । ਮਾਨਸ
੧੭੮੫ ੨੩ ਮਾਨਵ ਆਤਮ ਪਰਮਾਤਮ ਰਾਹੋਂ ਘੁਥੜਾ, ਪਾਰਬ੍ਰਹਮ ਪ੍ਰਭ ਮੇਲ ਨਾ ਕੋਇ ਮਿਲਾਈਆ । ਜਗਤ ਵਾਸ਼ਨਾ ਹੋ ਗਈ ਵਾਂਗ ਬੁਚੜਾ, ਪੰਛੀਆਂ ਪੰਖੀਆਂ ੧੭੮੫ ੨੩
ਖੱਲ ਲੁਹਾਈਆ । ਬਿਨ ਤੇਰੀ ਕਿਰਪਾ ਚੁੱਕੇ ਕੋਈ ਨਾ ਕੁਛੜਾ, ਗੋਦੀ ਗੋਦ ਨਾ ਕੋਇ ਟਿਕਾਈਆ । ਕਿਸੇ ਲੇਖੇ ਲੱਗਾ ਦਿਸੇ ਨਾ ਉਲਟਾ ਰੁਖੜਾ, ਚੁਰਾਸੀ ਫਾਸੀ ਨਾ ਕੋਇ ਕਟਾਈਆ । ਹਰਿਜਨ ਆਪਣੇ ਨਿਸ਼ਾਨਿਉਂ ਜਾਂਦਾ ਉਖੜਾ, ਓੜਕ ਤੇਰਾ ਦਰਸ ਕੋਇ ਨਾ ਪਾਈਆ । ਮੇਰੇ ਪਰਮ ਪੁਰਖ ਪਰਮਾਤਮ ਮੈਂ ਲੁਕਾਂ ਕਿਹੜੀ ਗੁਠੜਾ, ਕੋਨਾ ਨਜ਼ਰ ਕੋਇ ਨਾ ਆਈਆ । ਤੂੰ ਮਿਹਰਵਾਨ ਹੋ ਕੇ ਮੇਰੇ ਉਤੇ ਤੁਠੜਾ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭੇਵ ਅਭੇਦਾ ਰਹੇ ਕੋਇ ਨਾ ਲੁਕੜਾ, ਲੋਕ ਪ੍ਰਲੋਕ ਦੋ ਜਹਾਨ ਸ੍ਰੀ ਭਗਵਾਨ ਪਰਦਾ ਦੇਣਾ ਉਠਾਈਆ ।

## ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸਰਮੁਖ ਸਿੰਘ ਦੇ ਗ੍ਰਿਹ

ਧਰਨੀ ਕਹੇ ਪ੍ਰਭ ਮੇਰੇ ਗਹਿਰ ਗੰਭੀਰ, ਗਵਰ ਗੋਬਿੰਦ ਤੇਰੀ ਸ਼ਰਨਾਈਆ । ਮੇਰਾ ਤਨ ਮਾਟੀ ਖ਼ਾਕ ਸਭ ਤੋਂ ਵੱਖਰੀ ਤਸਵੀਰ, ਦੂਸਰ ਰੂਪ ਨਾ ਕੋਇ ਬਦਲਾਈਆ । ਮੇਰੀ ਤੇਰੇ ਹੱਥ ਤਕਦੀਰ, ਦੂਸਰ ਓਟ ਨਾ ਕੋਇ ਤਕਾਈਆ । ਮੇਰੇ ਨੇਤਰਾਂ ਵਗਦਾ ਨੀਰ, ਹੰਝੂ ਦੇਣ ਦੁਹਾਈਆ । ਕੋਟਨ ਕੋਟ ਪੁਕਾਰਦੇ ਅਵਤਾਰ ਪੈਗ਼ੰਬਰ ਗੁਰੂ ਪੀਰ, ਪੀਰਾਂ ਦੇ ਪੀਰ ਤੇਰਾ ਨਾਮ ਦੁਹਾਈਆ । ਨਵ ਸੱਤ ਸਚ ਦੀ ਰਹੀ ਨਾ ਕੋਇ ਤਾਸੀਰ, ਧਰਮ ਵਿਚ ਨਾ ਕੋਇ ਸਮਾਈਆ । ਮੇਰੀ ਦਰੋਹੀ ਪਾਪਾਂ ਦੀ ਅੰਤ ਹੋਈ ਅਖੀਰ, ਆਖਰ ਦਿਆਂ ਜਣਾਈਆ । ਮੇਰੀ ਲੇਖਣੀ ਉਤੇ ਸ਼ਬਦ ਦੀ

ਮਾਰ ਲਕੀਰ, ਸ਼ਹਿਨਸ਼ਾਹ ਆਪਣਾ ਹੁਕਮ ਜਣਾਈਆ । ਮੈਂ ਵੈਰਾਗਣ ਹੋ ਗਈ ਨਾ ਸ਼ਾਹ ਰਹੀ ਨਾ ਫ਼ਕੀਰ, ਸ਼ਹਿਨਸ਼ਾਹ ਤੇਰੇ ਰੰਗ ਨਾ ਕੋਇ ਸਮਾਈਆ । ਮੈਨੂੰ ਦੇਵੇ ਕੋਈ ਨਾ ਧੀਰ, ਧੀਰਜ ਧੀਰ ਨਾ ਕੋਇ ਧਰਾਈਆ । ਮੇਰੇ ਓਢਣ ਲੱਥੇ ਚੀਰ, ਬਸਤਰ ਤਨ ਨਾ ਕੋਇ ਵਖਾਈਆ । ਤੂੰ ਜੋਧਾ ਸੂਰਬੀਰ, ਮਰਦ ਮਰਦਾਨੇ ਤੇਰੇ ਹੱਥ ਵਡਿਆਈਆ । ਮੇਰੇ ਉਤੋਂ ਕਲਜੁਗ ਘੱਤ ਜਾਏ ਵਹੀਰ, ਲੋਕਮਾਤ ਰਹਿਣ ਕੋਇ ਨਾ ਪਾਈਆ । ਸਤਿ ਧਰਮ ਦੀ ਧਾਰ ਬਖ਼ਸ਼ ਦੇ ਮੇਰਾ ਵੀਰ, ਮੇਲ ਮਿਲਾ ਦੇ ਸਹਿਜ ਸੁਭਾਈਆ । ਮੇਰਾ ਸੀਨਾ ਸ਼ਰਅ ਛੁਰੀ ਨਾਲ ਨਾ ਚੀਰ, ਚਿੰਰੀ ਵਿਛੁੰਨਿਆ ਦਿਆਂ ਦੁਹਾਈਆ । ਮੇਰੀ ਹਾਮੀ ਭਰੇ ਕਬੀਰ, ਗਵਾਹੀ ਦੇਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਆਦਿ ਜੁਗਾਦਿ ਧਰਮ ਸ਼ਮਸ਼ੀਰ, ਭੈ ਭਾਉ ਦੋਵੇਂ ਦੇਣੇ ਵਖਾਈਆ ।

### ✪ ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸਰਦਾਰਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਸਾਹਿਬ ਗੰਭੀਰ ਗਹਿਰ, ਗੁਣਵੰਤ ਕੰਤ ਤੇਰੀ ਓਟ ਤਕਾਈਆ । ਮੈਂ ਤੇਰੇ ਦਰ ਤੇ ਆਈ ਬਿਨ ਕਦਮਾ ਚਲ ਕੇ ਪੈਰ,
੧੭੮੬ ੨੩ ਪਾਂਧੀ ਹੋ ਕੇ ਪੰਧ ਮੁਕਾਈਆ । ਨਿਗਾਹ ਮਾਰ ਲੈ ਨਵ ਸੱਤ ਦੀ ਕਰ ਲੈ ਸੈਰ, ਚਾਰੋਂ ਕੁੰਟ ਵੇਖ ਵਖਾਈਆ । ਕਲਜੁਗ ਤੇਰੇ ਖੇੜੇ ਭੱਠ ਕੀਤੇ ੧੭੮੬ ੨੩
ਕਾਇਆ ਵਾਲੇ ਸ਼ਹਿਰ, ਸ਼ਹਿਨਸ਼ਾਹ ਸਤਿ ਰੰਗ ਨਾ ਕੋਇ ਰੰਗਾਈਆ । ਮਾਨਸ ਮਾਨਵ ਪਵਾ ਕੇ ਵੈਰ, ਵਿਰੋਧ ਘਰ ਘਰ ਦਿਤਾ ਵਖਾਈਆ । ਮੇਰੇ ਸਵਾਮੀਆਂ ਅੰਤਰਜਾਮੀਆ ਮੈਥੋਂ ਝਲਿਆ ਨਾ ਜਾਵੇ ਕਹਿਰ, ਬਹੁੜੀ ਬਹੁੜੀ ਤੇਰਾ ਨਾਮ ਦੁਹਾਈਆ । ਮੇਰੇ ਉਤੇ ਮਹਿਬੂਬਾ ਕਰ ਦੇ ਮਿਹਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਹਰ ਹਿਰਦੇ ਅੰਦਰੋਂ ਕੱਢ ਕੇ ਕੂੜੀ ਕਿਰਿਆ ਜ਼ਹਿਰ, ਜ਼ਾਹਰ ਜ਼ਹੂਰ ਆਪਣਾ ਆਪ ਪ੍ਰਗਟਾਈਆ । ਮੈਂ ਤੇਰੀ ਸਰਨ ਸਰਨਾਈ ਲੱਗ ਕੇ ਜਾਵਾਂ ਤੈਰ, ਤਾਰਨਹਾਰ ਤੇਰੀ ਵਡਿਆਈਆ । ਮੇਰੇ ਉਤੇ ਕਰੀਂ ਨਾ ਦੇਰ, ਦਿਉਹਰੇ ਮੰਦਰਾਂ ਮਸੀਤਾਂ ਮਸਜਿਦਾਂ ਸ਼ਿਵਦਵਾਲੇ ਮੱਠਾਂ ਵੇਖ ਵਖਾਈਆ । ਜਗਤ ਦੀਪਕ ਜਗਦਿਆਂ ਹੋਇਆ ਅੰਧੇਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਮੈਨੂੰ ਕੂੜੀ ਕਿਰਿਆ ਲਿਆ ਘੇਰ, ਕਲਪਣਾ ਕਾਮ ਕਰੋਧ ਲੋਭ ਮੋਹ ਹੰਕਾਰ ਵਾਲੀ ਹਲਕਾਈਆ । ਮੈਂ ਆਦਿ ਜੁਗਾਦਿ ਸੁਣਿਆ ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸ਼ੇਰਾਂ ਦਾ ਸ਼ੇਰ, ਭੈ ਭਾਉ ਤੇਰੇ ਹੱਥ ਨਜ਼ਰੀ ਆਈਆ । ਮੇਰਾ ਲੇਖਾ ਮਿਟਾ ਦੇ ਜ਼ਬਰ ਜ਼ੇਰ, ਜ਼ਬਰਦਸਤ ਆਪਣੀ ਦਇਆ ਕਮਾਈਆ । ਵੇਖੀਂ ਮੇਰੇ ਨਾਲ ਕਰੀਂ ਨਾ ਹੇਰ ਫੇਰ, ਅਛਲ ਛਲ ਧਾਰੀ ਦਰ ਠਾਡੇ ਮੰਗ ਮੰਗਾਈਆ । ਸਤਿ ਸਚ ਝੂਠ ਵਿਚੋਂ ਬਾਹਰ ਨਿਖੇੜ, ਮਿਲਾਵਟ ਕੂੜ ਰਹਿਣ ਕੋਇ ਨਾ ਪਾਈਆ । ਝਗੜਾ ਮਿਟਾ ਦੇ ਮੇਰ ਤੇਰ, ਤੂੰ ਮੇਰਾ ਮੈਂ ਤੇਰਾ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਆਪ ਨਿਬੇੜ, ਦੂਸਰ ਓਟ ਨਾ ਕੋਇ ਤਕਾਈਆ ।

## ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕੁੰਦਨ ਸਿੰਘ ਦੇ ਗ੍ਰਿਹਿ

ਧਰਨੀ ਕਹੇ ਸੁਣ ਮੇਰੇ ਨਰ ਨਰਾਇਣ, ਨਿਰਾਕਾਰ ਨਿਰੰਕਾਰ ਦਿਆਂ ਜਣਾਈਆ । ਨੇਤਰ ਖੋਲ ਕੇ ਹੰਝੂਆਂ ਧਾਰ ਵਹਾਵਾਂ ਵਹਿਣ, ਜਲਧਾਰਾ ਨਾਲ ਮਿਲਾਈਆ । ਮੇਰੇ ਸਵਾਮੀ ਮੈਂ ਸਚ ਆਈ ਕਹਿਣ, ਬਿਨ ਰਸਨਾ ਜਿਹਵਾ ਦਿਆਂ ਸੁਣਾਈਆ । ਤੇਰਾ ਆਤਮਾ ਤੇਰੇ ਨਾਲੋਂ ਤ੍ਰਫੈਣ, ਪਾਰਬ੍ਰਹਮ ਬ੍ਰਹਮ ਮਿਲਣ ਕੋਇ ਨਾ ਪਾਈਆ । ਮਿਤ੍ਰ ਰਿਹਾ ਨਾ ਕੋਇ ਸਾਕ ਸਜਣ ਸੈਣ, ਸਗਲਾ ਸੰਗ ਨਾ ਕੋਇ ਨਿਭਾਈਆ । ਮੇਰੇ ਉਤੇ ਨਾਤਾ ਤੁਟ ਗਿਆ ਭਾਈ ਭੈਣ, ਪਿਤਾ ਪੂਤ ਨਾ ਕੋਇ ਚਤੁਰਾਈਆ । ਕਲਜੁਗ ਕੂੜੀ ਕਿਰਿਆ ਵਹਿੰਦਾ ਵਹਿਣ, ਧਰਮ ਦੀ ਧਾਰ ਗਿਆ ਰੁੜ੍ਹਾਈਆ । ਮਾਇਆ ਰਾਣੀ ਸਭ ਨੂੰ ਖਾਏ ਡੈਣ, ਸ਼ਾਹ ਸੁਲਤਾਨਾਂ ਵੇਖ ਵਖਾਈਆ । ਧਰਮ ਮਤ ਸਤਿ ਰਿਹਾ ਨਾ ਕੋਇ ਉਜੈਨ, ਪੰਖੀ ਪੰਛੀ ਰੋਵਣ ਮਾਰਨ ਧਾਹੀਆ । ਮੈਂ ਧਰਤ ਨਹੀਂ ਕੋਈ ਹਿੰਦਵੈਣ, ਨਵ ਸੱਤ ਦੀ ਧਾਰ ਕੁਰਲਾਈਆ । ਬਹੁੜੀ ਮੈਨੂੰ ਦਿਵਸ ਰੈਣ ਨਾ ਆਵੇ ਚੈਨ, ਚੁਕੰਨੀ ਹੋ ਕੇ ਰਹੀ ਸੁਣਾਈਆ । ਮੇਰੇ ਉਤੇ ਹੋਈ ਅੰਧੇਰੀ ਰੈਣ, ਨੂਰੀ ਚੰਦ ਨਾ ਕੋਇ ਚਮਕਾਈਆ , ਦੀਨ ਮਜ਼੍ਹਬ ਇਕ ਦੂਜੇ ਨਾਲ ਖਹਿਣ, ਤੇਰਾ ਨਾਮ ਕਲਮਾ ਕਰੇ ਲੜਾਈਆ । ਫਲ ਰਿਹਾ ਨਾ ਕਿਸੇ ਪੱਤ ਟਹਿਣ, ਫੁਲ ਫਲ ਨਾ ਕੋਇ ਮਹਿਕਾਈਆ । ਜ਼ਰਾ ਨਿਗਾਹ ਮਾਰ ਲੈ ਜੋ ਬਾਲਮੀਕ ਆਸ਼ਾ ਰੱਖੀ ਲਿਖਣ ਲੱਗੇ ਰਮਾਇਣ, ਰਾਮ ਰਾਮ ਤੇਰੇ ਚਰਨ ਧਿਆਨ ਲਗਾਈਆ । ਕੀ ਅਰਜਨ ਨੂੰ ਲੱਗਾ ਕਹਿਣ, ਗੀਤਾ ਗੋਬਿੰਦ ਧਾਰ ਦ੍ਰਿੜਾਈਆ । ਕੀ ਨਜ਼ਾਰਾ ਤੱਕਿਆ ਮੂਸਾ ਮੁਸਲਸਲ ਕੀ ਸਮਝਾਈਆ । ਈਸਾ ਕਿਹੜਾ ਦੇਵੇ ਦੇਣ, ਸਹਿਜ ਸਚ ਨਾਲ ਜਣਾਈਆ । ਮੁਹੰਮਦ ਨੇ ਨੀਰ ਵਗਾ ਕੇ ਨੈਣ, ਚਾਰ ਯਾਰੀ ਸੰਗ ਸੰਗ ਦ੍ਰਿੜਾਈਆ । ਮੇਰਾ ਅਮਾਮ ਅਮਾਮਾ ਨੂਰ ਨੁਰਾਨਾ ਜੋ ਵਸੇ ਅਵੱਲੜੇ ਧਾਮ ਵਾਲਾ ਰਹਿਣ, ਹਕ ਇਕੋ ਇਕ ਰਖਾਈਆ । ਉਹ ਦੀਨ ਦੁਨੀ ਦੀ ਬੁੱਧੀ ਵੇਖੇ ਮੁਲੈਨ, ਮਿਹਰਵਾਨ ਆਪਣਾ ਫੇਰਾ ਪਾਈਆ । ਧਰਨੀ ਕਹੇ ਮੇਰੀ ਬੇਨੰਤੀ ਇਕੋ ਵਾਰ ਮੇਰਾ ਦੇ ਦੇ ਦੇਣ, ਦੇਵਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਸਾਚਾ ਹੋਵੇ ਬਹਿਣ, ਦੂਸਰ ਦਰ ਨਜ਼ਰ ਕੋਇ ਨਾ ਆਈਆ ।

## ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸੁਖਦੇਵ ਸਿੰਘ ਦੇ ਗ੍ਰਿਹਿ

ਧਰਨੀ ਕਹੇ ਮੇਰੇ ਅੰਦਰੋਂ ਨਿਕਲੇ ਹੌਕਾ, ਅੰਤਸ਼ਕਰਨ ਰਿਹਾ ਕੁਰਲਾਈਆ । ਮੇਰੇ ਉਤੇ ਸਾਚੀ ਮਿਲੇ ਕਿਸੇ ਨਾ ਨੌਕਾ, ਬੇੜਾ ਹਕ ਨਾ ਕੋਇ ਵਖਾਈਆ । ਜਗਤ ਜਗਿਆਸੂ ਬਣਿਆ ਖੇਲ ਦਾਓ ਕਾ, ਕਲਜੁਗ ਕਲਪਣਾ ਨਾਲ ਮਿਲਾਈਆ । ਡਰ ਰਿਹਾ ਨਾ ਤੇਰੇ ਭਾਓ ਕਾ, ਭਗਵਨ ਤੇਰੇ ਵਿਚ ਨਾ ਕੋਇ ਸਮਾਈਆ । ਪਿਆਰ ਰਿਹਾ ਨਾ ਪਿਤਾ ਮਾਉਂ ਕਾ, ਪੂਤ ਸਪੂਤ ਨਜ਼ਰ ਕੋਇ ਨਾ ਆਈਆ । ਕੀ ਖੇਲ ਤੇਰਾ ਜੁਗ ਵਾਲੇ ਪਸਾਓ ਕਾ, ਪਸਰ ਪਸਾਰੀ ਦੇਣਾ ਦ੍ਰਿੜਾਈਆ । ਕੀ ਲੇਖਾ ਤੇਰਾ ਥਲ ਅਸਗਾਹੋ ਦਾ, ਜਲ ਥਲ ਮਹੀਅਲ ਕੀ ਖੇਲ ਖਿਲਾਈਆ । ਕੀ ਅਦਲ ਇਨਸਾਫ਼ ਹੋਵੇ ਨਿਆਉਂ ਕਾ, ਮੇਰੇ ਭਗਵੰਤ ਦੇਣਾ ਦ੍ਰਿੜਾਈਆ । ਮੇਰੇ ਸੀਨੇ ਤੱਕ ਲੈ ਤਤਵ ਤਪਦਾ ਅਗਨੀ ਤਾਓ ਕਾ, ਸਾਂਤਕ ਸਤਿ ਨਾ ਕੋਇ

੧੭੮੭
੨੩

ਵਰਤਾਈਆ । ਸਹਾਰਾ ਮਿਲੇ ਨਾ ਠੰਡੀ ਛਾਉਂ ਕਾ, ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਸੀਨਾ ਵੇਖ ਲੈ ਤਪਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪਿਆਰ ਰਿਹਾ ਨਾ ਤੇਰੇ ਜਪ ਦਾ, ਜਗ ਜੀਵਣ ਦਾਤੇ ਤੇਰੇ ਰੰਗ ਨਾ ਕੋਇ ਸਮਾਈਆ । ਨਾਤਾ ਤੁਟਿਆ ਪਰਮੇਸ਼ਵਰ ਪਤ ਦਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜਗਤ ਜਹਾਨਾ ਪਿਆਸਾ ਬਣਿਆ ਰੱਤ ਦਾ, ਪਿਤਾ ਪੂਤ ਹੋਏ ਕਸਾਈਆ । ਸਚ ਧਰਮ ਵੇਖ ਲੈ ਛੱਪਦਾ, ਕਲਜੁਗ ਕੂੜ ਕੁੜਿਆਰਾ ਲਏ ਅੰਗੜਾਈਆ । ਅਵਤਾਰ ਪੈਗ਼ੰਬਰ ਗੁਰੂ ਦਾ ਵਕਤ ਵੇਖ ਲੈ ਜਾਂਦਾ ਟੱਪਦਾ, ਸਦੀ ਚੌਧਵੀਂ ਬੀਸਵੀਂ ਨਾਲ ਮਿਲਾਈਆ । ਤੁਧ ਬਿਨ ਪੈਜ ਕੋਇ ਨਾ ਰੱਖਦਾ, ਸਿਰ ਹੱਥ ਨਾ ਕੋਇ ਟਿਕਾਈਆ । ਜੈਕਾਰਾ ਬੋਲੇ ਨਾ ਕੋਇ ਅਲੱਖ ਦਾ, ਅਲਖ ਅਗੋਚਰ ਤੈਨੂੰ ਮਿਲਣ ਕੋਇ ਨਾ ਆਈਆ । ਨਿਸ਼ਾਨ ਰਿਹਾ ਨਾ ਧਰਮ ਸਤਿ ਦਾ, ਸਚ ਮਿਲੇ ਨਾ ਕੋਇ ਵਡਿਆਈਆ । ਵਣਜਾਰਾ ਦਿਸੇ ਨਾ ਕੋਇ ਨਾਮ ਅਗੰਮੇ ਹੱਟ ਦਾ, ਵਸਤ ਅਗੰਮ ਨਾ ਕੋਇ ਵਰਤਾਈਆ । ਤੇਰੀ ਪ੍ਰੀਤੀ ਵਿਚ ਨਫ਼ਾ ਕੋਇ ਨਾ ਖੱਟਦਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਜਗਤ ਵਿਵਹਾਰ ਬਣਿਆ ਰਸਨਾ ਜਿਹਵਾ ਰਟ ਦਾ, ਢੋਲੇ ਮਨੂਏ ਵਾਲੇ ਗਾਈਆ । ਅੰਮਿਉਂ ਰਸ ਨਿਝਰ ਧਾਰੋਂ ਕੋਈ ਨਾ ਚੱਟਦਾ, ਚੇਟਕ ਭਰੀ ਲੋਕਾਈਆ । ਤੇਰਾ ਵੇਸ ਸਮਝੇ ਕੋਇ ਨਾ ਅਗੰਮੇ ਜੱਟ ਦਾ, ਜਟਾ ਜੂਟ ਰੋਵਣ ਮਾਰਨ ਧਾਹੀਆ । ਧਰਨੀ ਕਹੇ ਇਸ਼ਾਰਾ ਕਿਸੇ ਨਜ਼ਰ ਆਏ ਨਾ ਤੇਰੇ ਨੇਤਰ ਅੱਖ ਦਾ, ਅੱਖਰਾਂ ਤੋਂ ਬਾਹਰ ਸਮਝੇ ਨਾ ਕੋਇ ਪੜ੍ਹਾਈਆ । ਮੈਂ ਖੇਲ ਵੇਖਾਂ ਸਾਹਿਬ ਪ੍ਰਤੱਖ ਦਾ, ਮਿਹਰਵਾਨ ਮਿਹਰਵਾਨ ਗੁਸਾਈਆ । ਮੇਰਾ ਲੇਖਾ ਪੂਰਾ ਕਰ ਦੇ ਜੋੜੇ ਹੱਥ ਦਾ, ਨਿਵ ਨਿਵ ਲਾਗਾਂ ਪਾਈਆ । ਮੈਨੂੰ ਸਹਾਰਾ ਤੇਰਾ ਸਮਰਥ ਦਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੂੰ ਮਾਲਕ ਖ਼ਾਲਕ ਘਟ ਘਟ ਦਾ, ਲੱਖ ਚੁਰਾਸੀ ਸੋਭਾ ਪਾਈਆ । ਮੇਰਾ ਸਬਰ ਵੇਖ ਲੈ ਯਾਰੜੇ ਵਾਲੇ ਸਥ ਦਾ, ਨਵ ਸੱਤ ਦੀ ਸੇਜ ਵਿਛਾਈਆ । ਬਿਨ ਤੇਰੇ ਮੇਰੇ ਉਤੇ ਚਰਨ ਕਵਲ ਕੋਇ ਨਾ ਰੱਖਦਾ, ਧੂੜੀ ਮਸਤਕ ਨਾ ਕੋਇ ਮੇਰੇ ਛੁਹਾਈਆ । ਮੇਰਾ ਮੁੱਲ ਰਿਹਾ ਨਾ ਲੱਖੋਂ ਕੱਖ ਦਾ, ਕੱਖ ਲੱਖ ਨਾ ਕੋਇ ਵਡਿਆਈਆ । ਮੇਰਾ ਝਗੜਾ ਤੱਕ ਲੈ ਮਾਨਸ ਮਾਨਵ ਮਾਨੁਖ ਤਤ ਅੱਠ ਦਾ, ਨਵ ਦਵਾਰਿਆਂ ਧਿਆਨ ਲਗਾਈਆ । ਮੇਰੇ ਉਤੋਂ ਝਗੜਾ ਮਿਟੇ ਨਾ ਸ਼ਰਅ ਵਾਲੀ ਹੱਦ ਦਾ, ਹਦੂਦ ਤੇਰੀ ਸਮਝ ਕੋਇ ਨਾ ਆਈਆ । ਮੇਰੇ ਪ੍ਰਭੂ ਮੈਂ ਚਾਹੁੰਦੀ ਸਭ ਨੂੰ ਨਾਮ ਪਿਆਲਾ ਪਿਆ ਦੇ ਮਧ ਦਾ, ਮਧੁਰ ਧੁਨ ਦੇਣੀ ਸ਼ਨਵਾਈਆ । ਤੇਰਾ ਦੀਪਕ ਜੋਤ ਘਰ ਘਰ ਹੋਵੇ ਜਗਦਾ, ਕਾਇਆ ਮੰਦਰ ਕਰੀਂ ਰੁਸ਼ਨਾਈਆ । ਹਿਰਦਾ ਸ਼ਾਂਤ ਕਰ ਦੇ ਕਲਜੁਗ ਜੀਵਾਂ ਅੰਗਿਆਰਾ ਜੋ ਅੱਗ ਦਾ, ਅੰਮ੍ਰਿਤ ਬੂੰਦ ਸਵਾਂਤ ਪਿਆਈਆ । ਤੂੰ ਮਾਲਕ ਖ਼ਾਲਕ ਦੀਨ ਦੁਨੀ ਜਗ ਦਾ, ਜਾਗਰਤ ਜੋਤ ਤੇਰੀ ਰੁਸ਼ਨਾਈਆ । ਤੇਰਾ ਲਹਿਣਾ ਦੇਣਾ ਕਲਜੁਗ ਅੰਤ ਮੇਲਾ ਭਗਤ ਭਗਵਾਨ ਸਬੱਬ ਦਾ, ਸਭ ਲੇਖਾ ਦੇਣਾ ਚੁਕਾਈਆ । ਤੇਰਾ ਨੂਰ ਅਲਾਹੀ ਅਗੰਮੇ ਰੱਬ ਦਾ, ਯਾਮਬੀਨ ਤੇਰੀ ਬੇਪ੍ਰਵਾਹੀਆ । ਧਰਨੀ ਕਹੇ ਮੇਰਾ ਦਵਾਰਾ ਪ੍ਰਭੂ ਸਦਾ ਤੇਰੇ ਨਾਲ ਸੱਜਦਾ, ਸਾਜਣ ਹੋ ਕੇ ਦੇਣੀ ਵਡਿਆਈਆ । ਮੇਰਾ ਇਰਾਦਾ ਪੂਰਾ ਕਰਨਾ ਗ਼ਰੀਬ ਨਿਵਾਜ ਅੱਜ ਦਾ, ਆਜਿਜ਼ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਨਗਾਰਾ ਹੋਵੇ ਵੱਜਦਾ, ਵਾਜਬ ਆਪਣਾ ਹੁਕਮ ਦੇਣਾ ਵਰਤਾਈਆ ।


੧੭੮੮
੨੩

## ✪ ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਕਿਰਪਾ ਕਰ ਸੂਰੇ ਸਰਬਗ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੇਰੇ ਸੀਨੇ ਦਿਵਸ ਰੈਣ ਲੱਗੀ ਅੱਗ, ਘੜੀ ਪਲ ਸ਼ਾਂਤ ਨਾ ਕੋਇ ਕਰਾਈਆ । ਨਿਗਾਹ ਮਾਰ ਲੈ ਆਪਣੇ ਜਗ, ਜਗ ਜੀਵਣ ਦਾਤੇ ਧਿਆਨ ਲਗਾਈਆ । ਹੰਸ ਬੁਧੀ ਹੋਈ ਕੱਗ, ਕਲਕਾਤੀ ਕਾਗ ਵਾਂਗ ਕੁਰਲਾਈਆ । ਕਿਸੇ ਦਰਸ਼ਨ ਤੇਰਾ ਮਿਲੇ ਨਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਜਗਤ ਵਾਸਨਾ ਕੀਤਾ ਅਲਪਗ, ਪਾਰਬ੍ਰਹਮ ਬ੍ਰਹਮ ਭੇਵ ਨਾ ਕੋਇ ਚੁਕਾਈਆ । ਮੇਰੇ ਮਿਹਰਵਾਨਾ ਨੌਜਵਾਨਾ ਮੈਂ ਤੈਨੂੰ ਰਹੀ ਸੱਦ, ਗਲ ਪੱਲੂ ਵਾਸਤਾ ਪਾਈਆ । ਮੇਰੇ ਨੂਰ ਅਲਾਹੀ ਰੱਬ, ਪਰਵਰਦਿਗਾਰ ਤੇਰੀ ਸਰਨਾਈਆ । ਮੇਰੇ ਉਤੋਂ ਕੂੜੀ ਕਿਰਿਆ ਮੇਟ ਦੇ ਹੱਦ, ਵੰਡਣ ਵੰਡ ਨਾ ਕੋਇ ਵੰਡਾਈਆ । ਆਪਣਾ ਨਾਮ ਨਿਧਾਨ ਸੁਣਾ ਦੇ ਨਦ, ਸ਼ਬਦੀ ਧਾਰ ਕਰ ਸ਼ਨਵਾਈਆ । ਤੇਰਾ ਆਤਮਾ ਰਹੇ ਨਾ ਤੈਥੋਂ ਅਲੱਗ, ਮੇਲ ਮਿਲਾਉਣਾ ਸਹਿਜ ਸੁਭਾਈਆ । ਚਾਰੋਂ ਕੁੰਟ ਤਤੀ ਵਾਅ ਰਹੀ ਵਗ, ਸਾਂਤਕ ਸਤਿ ਨਾ ਕੋਇ ਕਰਾਈਆ । ਮੈਂ ਖ਼ਾਲੀ ਝੋਲੀ ਰਹੀ ਅੱਡ, ਦਰ ਤੇਰੇ ਵਾਸਤਾ ਪਾਈਆ । ਮੇਰੇ ਉਤੇ ਤੀਰ ਨਿਸ਼ਾਨਾ ਗੱਡ, ਡੰਕਾ ਇਕੋ ਨਾਮ ਵਜਾਈਆ । ਪਵਿਤ੍ਰ ਕਰ ਦੇ ਮਾਸ ਨਾੜੀ ਹੱਡ, ਤਨ ਵਜੂਦਾਂ ਕਰ ਸਫ਼ਾਈਆ । ਭਾਗ ਲਗਾ ਦੇ ਮੇਰੀ ਅੰਧੇਰੀ ਡੂੰਘੀ ਖੱਡ, ਨਿਰਗੁਣ ਜੋਤ ਕਰ ਰੁਸ਼ਨਾਈਆ । ਮੈਂ ਤੇਰੀ ਮਸਤੀ ਵਿਚ ਕਰਾਂ ਦਗ ਦਗ, ਨੂਰ ਨੁਰਾਨੇ ਨੂਰ ਦੇਣਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਵਾਰਾ ਇਕੋ ਇਕ ਮੇਰੇ ਉਤੇ ਹੋਵੇ ਸਭ ਦਾ ਹੱਜ, ਹਾਜਤ ਮਨਸਾ ਮੇਰੀ ਪੂਰ ਕਰਾਈਆ ।



## ✪ ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਜਗੀਰ ਕੌਰ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਖੇਲ ਵੇਖ ਕਲਜੁਗ ਕਲ ਦੀ, ਕਲ ਕਲਕੀ ਧਿਆਨ ਲਗਾਈਆ । ਨਵ ਸੱਤ ਕੂੜ ਕੁੜਿਆਰ ਦੀ ਅਗਨੀ ਬਲਦੀ, ਭਠਿਆਲਾ ਲੋਭ ਮੋਹ ਹੰਕਾਰ ਨਾਲ ਮਿਲਾਈਆ । ਵਡਿਆਈ ਰਹੀ ਨਾ ਕਿਸੇ ਤੀਰਥ ਤਟ ਜਲ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਮੈਨੂੰ ਖ਼ਬਰ ਨਹੀਂ ਘੜੀ ਪਲ ਦੀ, ਕੀ ਚਾਰੋਂ ਕੁੰਟ ਅੰਧੇਰਾ ਛਾਈਆ । ਮੈਂ ਤੇਰਾ ਚਰਨ ਕਵਲ ਦਵਾਰਾ ਮੱਲਦੀ, ਬੁਧਹੀਣ ਦਿਆਂ ਸੁਣਾਈਆ । ਪਦਵੀ ਰਹੀ ਨਾ ਲੋਕਮਾਤ ਅਟੱਲ ਦੀ, ਜਗਤ ਜਗਦੀਸ਼ਰ ਮਿਲੇ ਨਾ ਕੋਇ ਵਡਿਆਈਆ । ਮੇਰੀ ਆਸ਼ਾ ਹੋਈ ਡੂੰਘੀ ਡਲ ਦੀ, ਭਵਰਾਂ ਵਿਚ ਕੁਰਲਾਈਆ । ਮੇਰੀ ਕੀਮਤ ਪਾ ਦੇ ਨਿਰਗੁਣ ਨਾਨਕ ਵਾਲੀ ਇਕ ਗੱਲ ਦੀ, ਨੌ ਖੰਡ ਸੱਤ ਦੀਪ ਗਲੀ ਕੂਚਿਆਂ ਆਪ ਜਣਾਈਆ । ਆਸ਼ਾ ਰਹੇ ਨਾ ਕਪਟ ਛਲ ਦੀ, ਵਲ ਛਲ ਧਾਰੀ ਦੇਣੀ ਵਡਿਆਈਆ । ਦਰੋਹੀ ਮੈਨੂੰ ਕਲਜੁਗ ਕਰਨੀ ਫਿਰੇ ਛਲ ਦੀ, ਸਲਲ ਤੇਰਾ ਰੰਗ ਨਾ ਕੋਇ ਰੰਗਾਈਆ । ਤੂੰ ਹਾਲ ਵੇਖ ਲੈ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਥਲ ਦੀ, ਸਮੁੰਦ ਸਾਗਰ ਅਸਗਾਹਾਂ ਧਿਆਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਮੁਸ਼ਕਲ ਤੇਰੇ ਹੱਲ ਦੀ, ਦੂਜਾ ਹੋਏ ਨਾ ਕੋਇ ਸਹਾਈਆ ।

✪ ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੀ ਤੇਰੇ ਚਰਨ ਪ੍ਰੀਤ, ਬੇਨੰਤੀਆਂ ਵਿਚ ਸੁਣਾਈਆ । ਆਪਣੀ ਹਕੀਕੀ ਦੇਵਾਂ ਦਲੀਲ, ਲਾਸ਼ਰੀਕੀ ਦੇਵਾਂ ਸੁਣਾਈਆ । ਜਿਸ ਕਾਰਨ ਤੇਰਾ ਬਸਤਰ ਭੂਸ਼ਨ ਦਿਸੇ ਨੀਲ, ਰੂਪ ਜਗਤ ਨਾ ਕੋਇ ਵਡਿਆਈਆ । ਮੇਰਾ ਵਿਚੋਲਾ ਨਹੀਂ ਕੋਈ ਵਕੀਲ, ਵੁਕਲਾ ਨਜ਼ਰ ਕੋਇ ਨਾ ਆਈਆ । ਤੂੰ ਸ਼ਹਿਨਸ਼ਾਹ ਖ਼ਾਲਕ ਖਲੀਲ, ਮਿਹਰਵਾਨ ਨੂਰ ਅਲਾਹੀਆ । ਮੇਰੇ ਮਹਿਬੂਬਾ ਤੇਰਾ ਹਕ ਅਰੂਜਾ, ਤੇਰੀ ਸਭ ਤੋਂ ਵੱਖਰੀ ਤਾਲੀਮ, ਅਜ਼ੀਜ਼ ਦੇਣੀ ਵਡਿਆਈਆ । ਵਕਤ ਸੁਹੰਜਣਾ ਆਦਿ ਨਿੰਰਜਣਾ ਤੇਰਾ ਵੇਖਾਂ ਗ਼ਨੀਮ, ਗ਼ਫ਼ਲਤ ਮੇਰੇ ਉਤੋਂ ਮਿਟਾਈਆ । ਮੈਂ ਚਾਹੁੰਦੀ ਸਭ ਦੇ ਅੰਦਰੋਂ ਕਰ ਤਰਮੀਮ, ਤਰਤੀਬ ਆਪਣੀ ਨਾਲ ਸਮਝਾਈਆ । ਝਗੜਾ ਸ਼ਰਅ ਰਹੇ ਨਾ ਉਤੇ ਮੇਰੇ ਜ਼ਮੀਨ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਮੈਨੂੰ ਮਜ਼੍ਹਬਾਂ ਵਾਲਿਆਂ ਕੀਤਾ ਕਮੀਨ, ਮੇਰੀ ਕੀਮਤ ਰਹੀ ਨਾ ਰਾਈਆ । ਮੈਂ ਸਭ ਦੇ ਹੋਈ ਅਧੀਨ, ਮਾਲਕ ਘਰ ਘਰ ਨਜ਼ਰੀ ਆਈਆ । ਮੈਨੂੰ ਸਮਝ ਨਹੀਂ ਆਉਂਦੀ ਮੈਂ ਨਰ ਦੱਸਾਂ ਕਿ ਮਦੀਨ, ਮੇਰਾ ਰੂਪ ਰੰਗ ਰੇਖ ਆਦਿ ਜੁਗਾਦਿ ਸਮਝ ਕਿਸੇ ਨਾ ਆਈਆ । ਮੇਰਾ ਮਾਰਗ ਤੇਰੇ ਚਰਨ ਕਵਲ ਮਹੀਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰੀ ਬੇਨੰਤੀ ਪ੍ਰਭੂ ਕਰੀਂ ਤਸਲੀਮ, ਮਿਹਰਵਾਨ ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਸਦਾ ਨਾ ਰਹਾਂ ਗ਼ਮਗੀਨ, ਗ਼ਮਖ਼ਾਰ ਹੋ ਕੇ ਮੇਰਾ ਗ਼ਮ ਦੇਣਾ ਮਿਟਾਈਆ ।


੧੭੯੦
੨੩

✪ ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਕਰਮ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰਾ ਅੰਤਰ ਜਾਵੇ ਘਟਦਾ, ਘਟ ਘਟ ਦੇ ਮਾਲਕ ਵੇਖਣਾ ਧਿਆਨ ਲਗਾਈਆ । ਮੇਰੇ ਉਤੇ ਝਗੜਾ ਮੇਟ ਦੇ ਦੀਨ ਮਜ਼੍ਹਬ ਦੀ ਵਟ ਦਾ, ਹੱਦ ਮਾਤ ਰਹਿਣ ਨਾ ਪਾਈਆ । ਇਕੋ ਕਲਮਾ ਮਾਨਸ ਤੇਰਾ ਹੋਵੇ ਰਟਦਾ, ਦੂਸਰ ਅਵਰ ਨਾ ਕੋਇ ਲੜਾਈਆ । ਤੇਰੀ ਸਰਨ ਸਰਨਾਈ ਜਗਤ ਜਗਿਆਸੂ ਹੋਵੇ ਢੱਠਦਾ, ਧੂੜੀ ਮਸਤਕ ਖ਼ਾਕ ਰਮਾਈਆ । ਸਚ ਦਵਾਰੇ ਹੋਵੇ ਨੱਠਦਾ, ਗ੍ਰਿਹਿ ਮੰਦਰ ਇਕੋ ਸੋਭਾ ਪਾਈਆ । ਝਗੜਾ ਰਹੇ ਨਾ ਅੱਠ ਸੱਠ ਦਾ, ਤੱਟਾਂ ਖੇਲ ਨਾ ਕੋਇ ਖਿਲਾਈਆ । ਲਹਿਣਾ ਮੁਕ ਜਾਏ ਮੰਦਰ ਮਸਜਿਦ ਸ਼ਿਵਦਵਾਲੇ ਮਠ ਦਾ, ਪਾਹਨਾਂ ਪੱਥਰਾਂ ਸੀਸ ਨਾ ਕੋਇ ਨਿਵਾਈਆ । ਤੇਰਾ ਨਾਦ ਇਕੋ ਸੰਦੇਸ਼ਾ ਦੇਵੇ ਆਤਮ ਧੁਨ ਟਕ ਟਕ ਦਾ, ਟਿਕਟਿਕੀ ਮਨ ਦੀ ਤੇਰੇ ਨਾਲ ਲਗਾਈਆ । ਤੇਰਾ ਪ੍ਰਕਾਸ਼ ਸੁਹੰਜਣਾ ਹੋਵੇ ਲਟ ਲਟ ਦਾ, ਨੂਰ ਨੁਰਾਨੇ ਨਜ਼ਰੀ ਆਈਆ । ਮੈਂ ਚਰਨ ਤੇਰੇ ਕਵਲ ਬਿਨ ਰਸਨਾਂ ਤੋਂ ਧਰਨੀ ਕਹੇ ਧਰਤ ਹੋ ਕੇ ਚੱਟਦਾ, ਨਾਰੀ ਤੋਂ ਮਰਦ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਵੰਡ ਲੈ ਦਰਦ, ਦੁਖੀ ਹੋ ਸਹਾਈਆ । ਮੈਂ ਨਾ ਨਾਰੀ ਨਾ ਮਰਦ, ਜਗਤ ਵੰਡ ਨਾ ਕੋਇ ਵੰਡਾਈਆ । ਮੇਰੀ ਮਨਜ਼ੂਰ ਕਰ ਲੈ ਅਰਜ਼, ਦਰ ਤੇਰੇ ਸੀਸ ਨਿਵਾਈਆ । ਮੈਨੂੰ ਸਤਿਜੁਗ ਮਿਲਣ ਦੀ ਗ਼ਰਜ, ਕਲਜੁਗ ਕੂੜਾ ਕਰ ਸਫ਼ਾਈਆ । ਇਕੋ ਨਾਮ ਦੀ ਬਖ਼ਸ਼ ਦੇ ਤਰਜ਼, ਢੋਲਾ ਇਕੋ ਦੇ ਸੁਣਾਈਆ । ਤੇਰਾ ਖੇਲ ਤੱਕਾਂ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਧਰਨੀ ਕਹੇ ਪ੍ਰਭੂ ਮੈਨੂੰ ਹੋਣ ਨਾ

ਦੇਵੀਂ ਨਪੜਦ, ਸਿਰ ਓਢਣ ਦੇਣਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਖੰਡਾ ਧਾਰ ਇਕੋ ਅਗੰਮੀ ਖੜਗ, ਦੋ ਧਾਰ ਨਜ਼ਰ ਕਿਸੇ ਨਾ ਆਈਆ ।

### ੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਮੱਖਣ ਸਿੰਘ ਦੇ ਗ੍ਰਹਿ

ਧਰਨੀ ਕਹੇ ਮੇਰੇ ਸਾਹਿਬ ਸੂਰੇ ਸਰਬੰਗੇ, ਸ਼ਾਹ ਸੁਲਤਾਨ ਤੇਰੀ ਵਡ ਵਡਿਆਈਆ । ਮੇਰੀ ਆਸ਼ਾ ਪੂਰੀ ਤਮੰਨਾ ਕਰਦੇ ਚਰਨ ਪ੍ਰੀਤੀ ਮੰਗੇ, ਖ਼ਾਹਿਸ਼ ਤੇਰੇ ਨਾਲ ਰਖਾਈਆ । ਜਨ ਭਗਤ ਪ੍ਰਭੂ ਮੈਨੂੰ ਸਦਾ ਲੱਗਣ ਚੰਗੇ, ਕਲਜੁਗ ਅੰਤਮ ਵੇਖ ਖ਼ੁਸ਼ੀ ਮਨਾਈਆ । ਤੇਰੇ ਨਾਮ ਵਿਚ ਤੇਰੀ ਕਿਰਪਾ ਨਾਲ ਜਾਣ ਰੰਗੇ, ਦੁਰਮਤ ਮੈਲ ਰਹੇ ਨਾ ਰਾਈਆ । ਸ਼ਹਿਨਸ਼ਾਹ ਬਣਾ ਦੇ ਭੁੱਖੇ ਨੰਗੇ, ਨਾਮ ਵਸਤ ਅਗੰਮ ਵਰਤਾਈਆ । ਪਿਛਲੇ ਜੁਗ ਚੌਕੜੀ ਤੇਰੇ ਹੁਕਮ ਵਿਚ ਲੰਘੇ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਬਿਨਾ ਤੇਰੀ ਕਿਰਪਾ ਸੀਨੇ ਹੁੰਦੇ ਕਦੇ ਨਾ ਠੰਡੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੂੰ ਆਤਮ ਧਾਰ ਵਿਛੜੇ ਗੰਢੇ, ਪਰਮਾਤਮ ਆਪਣਾ ਜੋੜ ਜੁੜਾਈਆ । ਅੰਤ ਮੇਰੀ ਨਈਆ ਨੌਕਾ ਵੇਖ ਲੈ ਕਲਜੁਗ ਕੰਢੇ, ਘਾਟ ਪਤਣ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਚੀ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਬਣਾ ਦੇ ਸਾਥੀ, ਮੇਰੀ ਅਗਨੀ ਅੱਗ ਬੁਝਾਈਆ । ਤੇਰੇ ਨਾਮ ਦੀ ਗਾਵਣ ਗਾਥੀ, ਸੋਹੰ ਢੋਲਾ ਧੁਰਦਰਗਾਹੀਆ । ਤੇਰਾ ਇਸ਼ਟ ਹੋਵੇ ਪੁਰਖ ਸਮਰਾਥੀ, ਦੇਵ ਆਤਮਾ ਸੀਸ ਨਿਵਾਈਆ । ਤੂੰ ਹਰਿਜਨ ਆਪੇ ਕਰੀਂ ਰਾਖੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੇਰੇ ਕੋਲ ਪੂਰਬਲਿਆਂ ਜੁਗਾਂ ਦੀ ਸਾਖੀ, ਸਾਖਿਆਤ ਤੇਰੇ ਚਰਨਾਂ ਵਿਚ ਟਿਕਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸੀ, ਪਾਤਸ਼ਾਹ ਇਕ ਅਖਵਾਈਆ । ਮੇਰੇ ਮਿਹਰਵਾਨਾ ਮੇਰੀ ਲਾਹ ਦੇ ਉਦਾਸੀ, ਚਿੰਤਾ ਗ਼ਮ ਦੇ ਮਿਟਾਈਆ । ਹੁਕਮ ਦੇ ਦੇ ਸ਼ੰਕਰ ਉੱਤੋਂ ਕੈਲਾਸ਼ੀ, ਕਲਾ ਸਭ ਦੀ ਦੇ ਭਵਾਈਆ । ਕੂੜ ਕੁੜਿਆਰਾਂ ਦਵਾ ਦੇ ਫਾਂਸੀ, ਫ਼ੈਸਲਾ ਹੱਕੋ ਹੱਕ ਸੁਣਾਈਆ । ਤੇਰੇ ਸਚ ਧਰਮ ਦੀ ਜੋਤ ਹੋਵੇ ਪ੍ਰਕਾਸ਼ੀ, ਚਾਰੇ ਕੁੰਟ ਡਗਮਗਾਈਆ । ਜਨ ਭਗਤਾਂ ਮੇਲ ਮਿਲਾਵਾ ਹੋਵੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤੇ ਤੇਰੇ ਰੰਗ ਸਮਾਈਆ । ਮੈਂ ਖ਼ੁਸ਼ੀਆਂ ਵਿਚ ਕਰਾਂ ਹਾਸੀ, ਹਸਤੀ ਤੱਕਾਂ ਤੇਰੀ ਨੂਰ ਅਲਾਹੀਆ । ਤੂੰ ਨਿਗਾਹ ਮਾਰ ਪ੍ਰਿਥਮੀ ਕਹੇ ਮੇਰੇ ਤੇ ਲੇਖਾ ਤੱਕ ਪ੍ਰਿਥਮੀ ਅਕਾਸ਼ੀ, ਗਗਨ ਗਗਨੰਤਰਾਂ ਧਿਆਨ ਲਗਾਈਆ । ਮੇਰੀ ਆਦਿ ਅੰਤ ਦੀ ਜੁਗਾ ਜੁਗੰਤ ਦੀ ਤੇਰੇ ਚਰਨ ਕਵਲਾਂ ਆਸੀ, ਆਸ਼ਾ ਅਵਰ ਨਾ ਕੋਇ ਬਣਾਈਆ । ਕਲਜੁਗ ਕੂੜ ਕੁੜਿਆਰ ਕੋਲੋਂ ਮੇਰੀ ਕਰਾ ਦੇ ਬੰਦ ਖੁਲਾਸੀ, ਬੰਧਨ ਮਮਤਾ ਵਾਲਾ ਤੁੜਾਈਆ । ਧਰਨੀ ਧਰਤ ਧਵਲ ਧੌਲ ਤੇਰੇ ਧਰਮ ਦੀ ਵੇਖੇ ਰਾਸੀ, ਖ਼ੁਸ਼ੀਆਂ ਢੋਲੇ ਗਾਈਆ । ਤੂੰ ਹਰ ਘਟ ਅੰਦਰ ਵਾਸੀ, ਗ੍ਰਹਿ ਗ੍ਰਹਿ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਜਨ ਭਗਤਾਂ ਮਿਲਣ ਦੀ ਕਲਜੁਗ ਅੰਤ ਹੋਈ ਅਭਿਲਾਸ਼ੀ, ਆਸ਼ਾ ਪੂਰ ਦੇਣੀ ਕਰਾਈਆ ।

੧੭੯੨
੨੩

## ✪ ੯ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਲਾਢੂਵਾਲ ਜ਼ਿਲਾ ਲੁਧਿਆਣਾ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ ✪

ਨਾਰਦ ਕਹੇ ਮੈਂ ਗਿਆ ਸਤਿਲੁਜ ਦੇ ਕੰਢੇ, ਗੋਬਿੰਦ ਦੀ ਧਾਰ ਯਾਦ ਪੁਰਾਣੀ ਨਜ਼ਰੀ ਆਈਆ । ਮੈਂ ਤਿੱਖੀ ਸ਼ਬਦੀ ਧਾਰ ਵੇਖੀ ਅਗੰਮੀ ਖੰਡੇ, ਜਿਸ ਨੂੰ ਲੁਹਾਰ ਨਾ ਕਿਸੇ ਬਣਾਈਆ । ਗੁਰਸਿੱਖ ਭਗਤ ਸੁਹੇਲੇ ਤੱਕੇ ਵਿਚ ਅਨੰਦੇ, ਜੋ ਡੰਡਾਵਤ ਬੰਦਨਾ ਕਰ ਕੇ ਪ੍ਰਭ ਨੂੰ ਸੀਸ ਨਿਵਾਈਆ । ਉਨ੍ਹਾਂ ਦੇ ਅੰਦਰ ਧਰਮ ਧਾਰ ਦੇ ਵੇਖੇ ਝੰਡੇ, ਸਤਿ ਰੰਗ ਪ੍ਰਭੂ ਦੇ ਨਾਲ ਰੰਗਾਈਆ । ਜਾਂ ਗ਼ੌਰ ਨਾਲ ਤੱਕਿਆ ਉਨ੍ਹਾਂ ਦੇ ਪੈਰਾਂ ਥੱਲੇ ਕੰਢੇ, ਉਤੇ ਭੱਜਣ ਖ਼ੁਸ਼ੀਆਂ ਨਾਲ ਵਾਹੋ ਦਾਹੀਆ । ਮੈਂ ਨਿਗਾਹ ਮਾਰੀ ਸਭ ਤੇ ਸੀਨੇ ਅੰਦਰੋਂ ਠੰਡੇ, ਅਗਨੀ ਤਤ ਨਾ ਕੋਇ ਤਪਾਈਆ । ਜਾਂ ਪਕਵਾਨ ਤੱਕਿਆ ਰੁੱਖੇ ਸੁੱਖੇ ਮੰਡੇ, ਜੋ ਰਸ ਅੰਮ੍ਰਿਤ ਰੂਪ ਵਖਾਈਆ । ਮੈਂ ਹੈਰਾਨ ਹੋ ਗਿਆ ਕਿਸ ਬਿਧ ਪ੍ਰੇਮ ਪ੍ਰੀਤੀ ਪ੍ਰਭੂ ਵੰਡੇ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਜਨਮ ਜਨਮ ਦੇ ਵਿਛੜੇ ਬਿਨ ਭਗਤੀਉਂ ਆਪੇ ਗੰਢੇ, ਗੰਢਣਹਾਰ ਦਇਆਲ ਦਇਆ ਕਮਾਈਆ । ਸਭ ਦੇ ਅੰਤਰ ਖ਼ਾਹਿਸ਼ ਸਾਚੀ ਪ੍ਰੀਤ ਪ੍ਰਭੂ ਨਾਲ ਹੰਢੇ, ਦੋ ਜਹਾਨ ਵਿਛੜ ਕਦੇ ਨਾ ਜਾਈਆ । ਜਗਤ ਜਹਾਨ ਦਿਸਣ ਮਜ਼ਦੂਰੀ ਵਾਲੇ ਬੰਦੇ, ਅੰਤਰ ਪ੍ਰਭ ਜੋਤੀ ਮਿਲ ਕੇ ਵੱਜੇ ਵਧਾਈਆ । ਨਾਰਦ ਕਹੇ ਮੈਂ ਵੀ ਪੰਧ ਮਾਰ ਕੇ ਆਇਆ ਲੰਬੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਸਭ ਨੂੰ ਹਲੂਣ ਕੇ ਹਿਲਾਇਆ ਫੜ ਕੇ ਕੰਧੇ, ਆਲਸ ਵਿਚੋਂ ਜਗਾਈਆ । ਨੀ ਓਹ ਤੱਕੋ ਭਗਤ ਸੁਹੇਲੇ ਤੁਹਾਡੇ ਨਾਲੋਂ ਚੰਗੇ, ਜੋ ਗੁਰ ਚੇਲੇ ਇਕੋ ਰੂਪ ਬਦਲਾਈਆ । ਸਭ ਦੇ ਸੀਨੇ ਅੰਦਰੋਂ ਕੰਬੇ, ਨੇਤਰ ਨੈਣ ਨੈਣ ਸ਼ਰਮਾਈਆ । ਇਹ ਖੇਲ ਪ੍ਰਭੂ ਦੇ ਅਚੰਭੇ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਜੋ ਗ਼ਰੀਬ ਨਿਮਾਣਿਆਂ ਜੁਗ ਜੁਗ ਲਾਏ ਆਪਣੇ ਅੰਗੇ, ਅੰਗੀਕਾਰ ਆਪ ਹੋ ਜਾਈਆ । ਬੱਚੇ ਬਿਰਧ ਜਵਾਨ ਜੋ ਪ੍ਰੇਮੀ ਫਿਰਦੇ ਪੈਰੋਂ ਨੰਗੇ, ਤਤਵ ਤਤ ਨਾ ਕੋਇ ਤਪਾਈਆ । ਉਨ੍ਹਾਂ ਦੇ ਅੰਦਰ ਪਰਮਾਨੰਦੇ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਜਦ ਗਾਉਂਦੇ ਸੋਹੰ ਛੰਦੇ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਸਾਹਿਬ ਸਤਿਗੁਰ ਤੱਕਿਆ ਕਦੀ ਭੌਂ ਕਦੀ ਉਤੇ ਮੰਜੇ, ਮਜਲਸ ਭਗਤਾਂ ਨਾਲ ਰਖਾਈਆ । ਤੂੰ ਵੇਖ ਸੁਆਣੀ ਗੰਗੇ, ਤੈਨੂੰ ਦਿਆਂ ਜਣਾਈਆ । ਸੁਣ ਜਮਨਾ ਸੁਰਸਤੀ ਗੋਦਾਵਰੀ ਸਭ ਦੇ ਪੈਂਡੇ ਲੰਘੇ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਨਿਗਾਹ ਮਾਰੋ ਕੀ ਖੇਲ ਕਰੇ ਸੂਰਾ ਸਰਬੰਗੇ, ਹਰਿ ਕਰਤਾ ਧੁਰਦਰਗਾਹੀਆ । ਜਿਸ ਭਗਤ ਸੁਹੇਲੇ ਫੜ ਕੇ ਆਪਣੇ ਪੰਜੇ, ਪੰਜਾਂ ਦਾ ਲੇਖਾ ਦਿਤਾ ਮੁਕਾਈਆ । ਪ੍ਰੇਮ ਸਾਗਰ ਖੇਲ ਖੇਲੇ ਬਿਨਾ ਮੁਹਾਣੇ ਵੰਝੇ, ਨਈਆ ਨੌਕਾ ਜਗਤ ਨਾ ਕੋਇ ਵਡਿਆਈਆ । ਗੰਗਾ ਕਹੇ ਸੁਣ ਵੇ ਪਾਂਧੇ ਪੰਡੇ, ਪੰਡਤਾ ਤੈਨੂੰ ਦਿਆਂ ਸੁਣਾਈਆ । ਨਾਲੇ ਪ੍ਰੇਮ ਵਿਚ ਨੀਰ ਵਹਾਏ ਅੰਝੇ, ਹੰਝੂਆਂ ਹਾਰ ਬਣਾਈਆ । ਨਾ ਖ਼ੁਸ਼ੀ ਰਹੀ ਨਾ ਰੰਜੇ, ਗ਼ਮੀ ਚਿੰਤਾ ਨਾ ਕੋਇ ਵਖਾਈਆ । ਓਹ ਤੱਕ ਜਿਨ੍ਹਾਂ ਦਾ ਲੇਖਾ ਲਿਖਿਆ ਕਵੀ ਧਾਰ ਬਵੰਜੇ, ਗੋਬਿੰਦ ਧਾਰ ਖੇਲ ਖਿਲਾਈਆ । ਉਹ ਛਡ ਕੇ ਆਪਣੇ ਘਰਾਂ ਵਾਲੇ ਧੰਦੇ, ਧੁੰਧੂਕਾਰ ਵਿਚੋਂ ਸਤਿਗੁਰ ਚਰਨ ਸੇਵ ਕਮਾਈਆ । ਜਿਥੇ ਪਤਤ ਪੁਨੀਤ ਹੁੰਦੇ ਗੰਦੇ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਦੀਨ ਦਿਆਲ ਸਦਾ ਬਖ਼ਸ਼ੰਦੇ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਸੁਣ ਗੰਗਾ ਗੋਦਾਵਰੀ ਜਮਨਾ ਸੁਰਸਤੀ, ਸੁਤੀਓ ਲਓ ਅੰਗੜਾਈਆ । ਮੇਰੇ ਸਾਹਿਬ ਦੀ ਵੇਖੋ ਹਸਤੀ, ਜੋ ਹਸਤ ਕੀਟਾਂ ਇਕੋ ਰੰਗ

ਰੰਗਾਈਆ । ਝਟ ਭਗਤਾਂ ਲਹਿਣਾ ਦੇਣਾ ਦੇਵੇ ਦਸਤੋ ਦਸਤੀ, ਅਗੇ ਹੁਦਾਰ ਨਾ ਕੋਇ ਵਖਾਈਆ । ਭਗਤ ਸੁਹੇਲੇ ਮਿਲ ਕੇ ਸੁਹਾਉਣ ਅਗੰਮੀ ਬਸਤੀ, ਜਿਸ ਦੀ ਛੱਪਰ ਛੰਨ ਨਾ ਨਜ਼ਰੀ ਆਈਆ । ਇਹ ਸਭ ਤੋਂ ਮਹਿੰਗੀ ਸਭ ਤੋਂ ਸਸਤੀ, ਬਿਨ ਸਤਿਗੁਰ ਹੱਥ ਨਾ ਆਈਆ । ਕੀ ਸਤਿਗੁਰ ਪ੍ਰੀਤਮ ਖੇਲ ਖੇਲੇ ਅਰਸ਼ੀ, ਫ਼ਰਸ਼ ਆਪਣਾ ਰੰਗ ਰੰਗਾਈਆ । ਜਨ ਭਗਤਾਂ ਖ਼ੁਸ਼ੀਆਂ ਵਾਲੀ ਬਰਸੀ, ਬਰਸਾਂ ਦਿਆਂ ਵਿਛੜਿਆਂ ਲਏ ਮਿਲਾਈਆ । ਕਿਰਪਾਲ ਹੋ ਕੇ ਕਿਰਪਾ ਕਰਸੀ, ਕਰਤਾ ਪੁਰਖ ਦਇਆ ਕਮਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਹਰਸੀ, ਹਵਸ ਜਗਤ ਵਾਲੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਖੇਲ ਤੱਕੋ ਕਮਲਾਪਾਤੀ ਆ, ਪਤਿਪਰਮੇਸ਼ਵਰ ਕੀ ਕਰਨੀ ਕਾਰ ਕਮਾਈਆ । ਪ੍ਰਕਾਸ਼ ਤੱਕੋ ਅੱਜ ਦੀ ਰਾਤੀ ਆ, ਜਗਤ ਅੰਧੇਰਾ ਦੂਰ ਕਰਾਈਆ । ਜਨ ਭਗਤਾਂ ਦੇ ਹੱਥ ਵਿਚ ਤੱਕੋ ਦਾਤੀ ਆ, ਜੋ ਦਾਤਾਰ ਨਾਲ ਮਿਲ ਕੇ ਕਰਮ ਕਾਂਡ ਦਾ ਡੇਰਾ ਢਾਹੀਆ । ਜਨ ਭਗਤਾਂ ਪੰਧ ਮੁਕਦਾ ਵੇਖੋ ਵਾਟੀ ਆ, ਅਗੇ ਚੁਰਾਸੀ ਰਹੇ ਨਾ ਰਾਈਆ । ਜਿਨ੍ਹਾਂ ਬੀਬੀਆਂ ਸਿਰ ਤੇ ਚੁਕੀਆਂ ਪਾਣੀ ਦੀਆਂ ਚਾਟੀਆਂ, ਚਟੂਰੇ ਪੰਜ ਤਤ ਸਾਫ਼ ਕਰਾਈਆ । ਛੋਟੀਆਂ ਵੱਡੀਆਂ ਵਿਕੀਆਂ ਪ੍ਰਭ ਦੀ ਹਾਟੀ ਆ, ਦਾਮ ਕੀਮਤ ਨਾ ਕੋਇ ਰਖਾਈਆ । ਗੁਰਮੁਖਾਂ ਦੀਆਂ ਆਸ਼ਾਂ ਖ਼ੁਸ਼ੀਆਂ ਨਾਲ ਨਾਸੀਆਂ, ਭੱਜਣ ਚਾਈਂ ਚਾਈਂਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਇਹ ਮੰਜ਼ਲ ਮਿਲਣੀ ਨਹੀਂ ਕਿਸੇ ਪਾਠੀ ਆ, ਜੋ ਜਨ ਭਗਤਾਂ ਦੇਵੇ ਮਾਣ ਵਡਿਆਈਆ । ਸਭ ਦੇ ਠੰਡੇ ਸੀਨੇ ਰੱਖੇ ਛਾਤੀ ਆ, ਛਤਰਧਾਰੀ ਸਿਰ ਆਪਣਾ ਹੱਥ ਟਿਕਾਈਆ । ਜੋ ਰੂਹਾਂ ਸਤਿਗੁਰ ਸ਼ਬਦ ਦੀ ਧੂੜੀ ਨਹਾਤੀਆਂ, ਦੁਰਮਤ ਮੈਲ ਮੈਲ ਗਵਾਈਆ । ਖ਼ੁਸ਼ੀਆਂ ਨਾਲ ਵੇਖਣ ਤੱਕਣ ਝਾਤੀ ਆ, ਸਨਮੁਖ ਹੋ ਕੇ ਦਰਸ਼ਨ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪੇ ਪੁਛਣਹਾਰਾ ਵਾਤੀ ਆ, ਗ੍ਰਿਹਿ ਗ੍ਰਿਹਿ ਅੰਤਰ ਆਪੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਗੰਗਾ ਕਹੇ ਨਾਰਦ ਇਹ ਗੁਰਮੁਖ ਕਿਉਂ ਕਰਦੇ ਵਾਢੀ ਆ, ਬਾਹਮਣਾ ਸਾਨੂੰ ਦੇ ਸਮਝਾਈਆ । ਅਸੀਂ ਤੱਕਿਆ ਧੁਪ ਪੈਂਦੀ ਡਾਹਢੀ ਆਂ, ਅਗਨੀ ਤਤ ਜਲਾਈਆ । ਨਾਰਦ ਕਹੇ ਕੀ ਮਰਜ਼ੀ ਤੁਹਾਡੀ ਆ, ਮੈਨੂੰ ਦਿਓ ਸਮਝਾਈਆ । ਕਮਲੀਓ ਇਨ੍ਹਾਂ ਦੇ ਅੰਦਰ ਵੜ ਸਤਿਗੁਰ ਸ਼ਬਦ ਲਡਾਵੇ ਲਾਡੀ ਆ, ਬਾਹਰੋਂ ਅਗਨ ਨਾ ਲਾਗੇ ਰਾਈਆ । ਇਨ੍ਹਾਂ ਦੇ ਅੰਦਰੋਂ ਸੁਰਤੀਆਂ ਜਾਗੀਆਂ, ਸਤਿਗੁਰ ਨਾਲ ਮਿਲ ਕੇ ਵੱਜੇ ਵਧਾਈਆ । ਇਨ੍ਹਾਂ ਦਾ ਮਾਲਕ ਕਮਲਾਪਾਤੀ ਆ, ਪਤਿਪਰਮੇਸ਼ਵਰ ਆਪ ਅਖਵਾਈਆ । ਤੁਸੀਂ ਪਿਆਰ ਤੱਕ ਲਓ ਅੱਜ ਦੀ ਰਾਤੀ ਆ, ਕਿਸ ਬਿਧ ਆਪਣਾ ਰੰਗ ਰੰਗਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਹੱਥ ਰੱਖ ਕੇ ਆਪਣੀਆਂ ਛਾਤੀ ਆ, ਸੀਨਾ ਜ਼ੋਰ ਨਾਲ ਦਬਾਈਆ । ਵੇ ਨਾਰਦਾ ਇਨ੍ਹਾਂ ਦਾ ਲੇਖ ਲਿਖਿਆ ਜਾਂਦਾ ਨਾਲ ਕਲਮ ਦਵਾਤੀ ਆ, ਸਾਨੂੰ ਸਮਝ ਕੁਝ ਨਾ ਆਈਆ । ਇਹ ਵੱਡੇ ਵੱਡੇ ਪ੍ਰਤਾਪੀ ਆ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਨਾਰਦ ਕਹੇ ਇਨ੍ਹਾਂ ਦੀ ਪੁਸ਼ਤ ਪਨਾਹ ਦੇ ਥਾਪੀ ਆ, ਸਿਰ ਆਪਣਾ ਹੱਥ ਟਿਕਾਈਆ । ਇਹ ਅੰਦਰੋਂ ਆਤਮਾ ਧਾਰ ਪ੍ਰਭੂ ਦੀ ਜ਼ਾਤੀ ਆ, ਬਾਹਰੋਂ ਪੰਜ ਤਤ ਵੇਖੇ ਲੋਕਾਈਆ । ਕਰੇ ਕਿਰਪਾ ਪ੍ਰਭੂ ਲੋਕਮਾਤੀ ਆ, ਮਿਹਰਵਾਨ ਹੋਏ ਸਹਾਈਆ । ਜਿਸ ਜਨਮ ਜਨਮ ਦੀ ਵਿਛੜੀ ਆਪਣੀ ਧਾਰ ਪਛਾਤੀ ਆ, ਦੂਸਰ ਲੋੜ ਰਹੀ ਨਾ ਰਾਈਆ । ਜਨ ਭਗਤ ਸੁਹੇਲੇ ਮੇਲੇ ਬਹੁ ਬਿਧ ਭਾਤੀ ਆ, ਭੇਵ ਅਭੇਦਾ ਆਪਣਾ

੧੭੯੩
੨੩

ਆਪ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਆਉਂਦਿਆਂ ਜਾਂਦਿਆਂ ਦੇਵੇ ਨਾਮ ਦੀ ਦਾਤੀ ਆ, ਦਾਤਾ ਹੋ ਕੇ ਦਇਆਵਾਨ ਵਰਤਾਈਆ ।

### ✪ ੧੦ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਲੁਧਿਆਣਾ ਸ਼ਹਿਰ ਧਰਮ ਚੰਦ ਦੇ ਗ੍ਰਿਹ ✪

ਧਰਨੀ ਕਹੇ ਪ੍ਰਭ ਬਖ਼ਸ਼ ਦੇ ਚਰਨ ਧੂੜਾ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਕੂੜਾ, ਮਾਇਆ ਮਮਤਾ ਮੋਹ ਹੰਕਾਰ ਮਿਟਾਈਆ । ਸਾਚਾ ਨਾਮ ਨਿਧਾਨਾ ਚਾੜ੍ਹ ਦੇ ਗੂੜ੍ਹਾ, ਦੋ ਜਹਾਨ ਸ੍ਰੀ ਭਗਵਾਨ ਉਤਰ ਕਦੇ ਨਾ ਜਾਈਆ । ਜਗਤ ਜਹਾਨ ਚਤੁਰ ਸੁਘੜ ਬਣਾ ਮੂਰਖ ਮੂੜ੍ਹਾ, ਮੋਹਨ ਮਾਧਵ ਮਾਧੋ ਦਇਆ ਕਮਾਈਆ । ਤੇਰਾ ਪ੍ਰਕਾਸ਼ ਦੀਆ ਘਟ ਘਟ ਜੋਤੀ ਨੂਰਾ, ਨੂਰ ਨੁਰਾਨਾ ਨਜ਼ਰੀ ਆਈਆ । ਸ਼ਬਦੀ ਨਾਦ ਵਜਾਏ ਤੂਰਾ, ਤੁਰੀਆ ਤੋਂ ਪਰੇ ਹੋਵੇ ਸ਼ਨਵਾਈਆ । ਹਰ ਘਟ ਨਜ਼ਰੀ ਆ ਹਾਜ਼ਰ ਹਜ਼ੂਰਾ, ਹਜ਼ਰਤਾਂ ਦੇ ਹਜ਼ਰਤ ਅਗੰਮ ਅਥਾਹੀਆ । ਨਾਮ ਖ਼ੁਮਾਰੀ ਬਖ਼ਸ਼ ਸਰੂਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਮਾਨਸ ਜਨਮ ਨਾ ਹੋਏ ਅਧੂਰਾ, ਕਲਜੁਗ ਜੀਵਾਂ ਦੇ ਸਮਝਾਈਆ । ਤੂੰ ਪਰਮ ਪੁਰਖ ਸਤਿਗੁਰ ਪੂਰਾ, ਪੂਰਨ ਬ੍ਰਹਮ ਦੇਣਾ ਸਮਝਾਈਆ । ਜੋ ਮੂਸਾ ਰੱਖ ਕੇ ਗਿਆ ਆਸ ਉਤੇ ਕੋਹਤੂਰਾ, ਬਿਨ ਨੈਣਾਂ



ਨੈਣ ਉਠਾਈਆ । ਹਜ਼ਰਤ ਈਸਾ ਬੇਨੰਤੀ ਕਰਨਾ ਮਨਜ਼ੂਰਾ, ਨੂਰ ਨੁਰਾਨਾ ਨੂਰ ਅਲਾਹੀਆ । ਮੁਹੰਮਦ ਦਾ ਲੇਖ ਕਰ ਕੇ ਪੂਰਾ, ਸਦੀ ਚੌਧਵੀਂ ਸੰਗ ਬਣਾਈਆ । ਨਾਨਕ ਗੋਬਿੰਦ ਧਰਨੀ ਧਰਤ ਧਵਲ ਕਹੇ ਬਖ਼ਸ਼ ਦੇ ਆਪਣੀ ਧੂੜਾ, ਮਿੱਟੀ ਖ਼ਾਕ ਨਜ਼ਰ ਕੋਇ ਨਾ ਆਈਆ । ਜੀਵਾਂ ਜੰਤਾਂ ਲੱਖ ਚੁਰਾਸੀ ਬਖ਼ਸ਼ ਦੇ ਕਸੂਰਾ, ਸਾਧਾਂ ਸੰਤਾਂ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਕਲਜੁਗ ਕੂੜ ਮੇਟ ਦੇ ਰੇਖ, ਰਿਖੀ ਰਖੀਸ਼ਰ ਧਿਆਨ ਲਗਾਈਆ । ਮਾਇਆ ਮਮਤਾ ਮਦਾ ਦੇਸ, ਬਿਨ ਨੈਣਾਂ ਨੈਣ ਉਠਾਈਆ । ਸਤਿ ਰਿਹਾ ਕਿਸੇ ਨਾ ਭੇਸ, ਨੌ ਖੰਡ ਪ੍ਰਿਥਮੀ ਸੱਤ ਦੀਪ ਰਹੀ ਕੁਰਲਾਈਆ । ਸੰਦੇਸ਼ਾ ਦੇਵਣ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਦੇਵਤ ਸੁਰ ਨਾਲ ਮਿਲਾਈਆ । ਤੇਈ ਅਵਤਾਰਾਂ ਵੇਖ ਸੰਦੇਸ਼, ਕੀ ਭਵਿਖਤਾਂ ਵਿਚ ਸਮਝਾਈਆ । ਪੈਗ਼ੰਬਰਾਂ ਆਸ਼ਾ ਰੱਖੀ ਸ਼ੇਸ਼, ਪੇਸ਼ੀਨਗੋਈਆਂ ਵਿਚ ਰਹੇ ਲਿਖਾਈਆ । ਗੁਰੂ ਗੁਰਦੇਵਾ ਮੰਨਿਆ ਤੂੰ ਸਦਾ ਰਹੇ ਹਮੇਸ਼, ਆਦਿ ਅੰਤ ਸ੍ਰੀ ਭਗਵੰਤ ਸਚਖੰਡ ਸਾਚੇ ਸੋਭਾ ਪਾਈਆ । ਸ਼ਾਹੋ ਭੂਪ ਜਗਤ ਜਹਾਨ ਨਰ ਨਰੇਸ਼, ਨਰ ਨਰਾਇਣ ਤੇਰਾ ਧਿਆਨ ਲਗਾਈਆ । ਧਰਨੀ ਕਹੇ ਮੈਂ ਵੈਰਾਗਣ ਮੇਰੇ ਖੁਲ੍ਹੜੇ ਵੇਖ ਕੇਸ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਜੋ ਇਸ਼ਾਰਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਬਾਹਰ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਖੇਲੇ ਖੇਲ ਸੰਬਲ ਦੇਸ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਤੇਰੀ ਮਹਿੰਮਾ ਸਦਾ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਤੇਰੀ ਵਡਿਆਈਆ । ਦਰ ਤੇਰੇ ਹੋਈ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਧਰਨੀ ਕਹੇ ਪ੍ਰਭ ਮੇਰੇ ਉਤੋਂ ਮੇਟ ਕਲੇਸ਼, ਕਲਜੁਗ ਕੂੜੀ ਕਿਰਿਆ ਰਹਿਣ ਨਾ ਪਾਈਆ । ਝਗੜਾ ਮੁਕਾ ਦੇ ਮੁੱਲਾ ਸ਼ੇਖ਼, ਮੁਸਾਇਕਾਂ ਕਰ ਸਫ਼ਾਈਆ । ਤੈਨੂੰ ਇਕੋ ਇਕ ਹੋਵੇ ਆਦੇਸ਼,

੧੭੯੪
੨੩

ਦੋ ਜਹਾਨ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਸਾਹਿਬ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਮੇਰੇ ਉਤੋਂ ਮੇਟ ਅੰਧੇਰੀ ਰਾਤ, ਕਲਜੁਗ ਕੂੜੀ ਕਿਰਿਆ ਰਹਿਣ ਨਾ ਪਾਈਆ । ਸਤਿਜੁਗ ਸਤਿ ਧਰਮ ਬਖ਼ਸ਼ ਦੇ ਦਾਤ, ਦਾਤੇ ਦਾਨੀ ਹੋਣਾ ਸਹਾਈਆ । ਮੇਰੀ ਅੰਤਮ ਪੁਛੇ ਵਾਤ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਜੁੜੇ ਕਿਸੇ ਨਾ ਨਾਤ, ਪੁਰਖ ਅਕਾਲ ਮੇਲ ਨਾ ਕੋਇ ਮਿਲਾਈਆ । ਧੁਨ ਆਤਮਕ ਸ਼ਬਦ ਸੁਣੇ ਕੋਇ ਨਾ ਨਾਦ, ਅਨਾਦੀ ਧੁਨ ਨਾ ਕੋਇ ਸ਼ਨਵਾਈਆ । ਝਗੜਾ ਤੱਕ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਰਿਹਾ ਕੁਰਲਾਈਆ । ਮਾਣ ਰਿਹਾ ਨਾ ਵੇਦ ਸ਼ਾਸਤਰ ਗ੍ਰੰਥ ਅਧਿਆਏ ਕਾਂਡ, ਅੱਖਰ ਅੱਖਰ ਰਹੇ ਸੁਣਾਈਆ । ਫਿਰੀ ਦਰੋਹੀ ਨਵ ਖੰਡ, ਨਵ ਨੌ ਚਾਰ ਪੰਧ ਮੁਕਾਈਆ । ਵਸਤ ਅਮੋਲਕ ਨਾਮ ਨਿਧਾਨਾ ਇਕੋ ਵੰਡ, ਚਾਰ ਵਰਨ ਅਠਾਰਾਂ ਬਰਨ ਸਾਚਾ ਸੋਹਲਾ ਢੋਲਾ ਇਕੋ ਗਾਈਆ । ਮੋਹ ਵਿਕਾਰੇ ਮੇਰੇ ਉਤੇ ਦੰਡ, ਕੂੜ ਕੁੜਿਆਰ ਰਹਿਣ ਨਾ ਪਾਈਆ । ਮੇਰੇ ਸੀਨੇ ਪਾ ਠੰਡ, ਅਗਨੀ ਤਤ ਬੁਝਾਈਆ । ਮੇਰੀ ਨੰਗੀ ਨਾ ਹੋਵੇ ਕੰਡ, ਹੱਥ ਪੁਸ਼ਤ ਪਨਾਹ ਰਖਾਈਆ । ਸਦੀ ਚੌਧਵੀਂ ਰਹੀ ਲੰਘ, ਅੰਤਮ ਆਪਣਾ ਪੰਧ ਮੁਕਾਈਆ । ਨਿਗਾਹ ਮਾਰ ਲੈ ਨਿਸ਼ਾਨ ਤਾਰਾ ਚੰਦ, ਸਿਤਾਰ ਚੰਦ ਵੇਖ ਵਖਾਈਆ । ਮੇਰੇ ਅੰਦਰ ਦੁੱਖ ਭਰਿਆ ਰੰਜ, ਗ਼ਮੀ ਗ਼ਮਖਾਰ ਦੇਣੀ ਮਿਟਾਈਆ । ਮੇਰੀ ਡੰਡਾਵਤ ਬੰਦਨਾ ਨਿਮਸਕਾਰ (ਵਾਰ ਪੰਜ), ਪੰਜਾਂ ਤਤਾਂ ਕਰਨੀ ਸਫਾਈਆ । ਮਨੂਆ ਮਨ ਦਹਿ ਦਿਸ਼ਾ ਕਰੇ ਨਾ ਜੰਗ, ਝਗੜਾ ਤਨ ਵਜੂਦ ਵਖਾਈਆ । ਕਲਜੁਗ ਕੂੜ ਕੁੜਿਆਰ ਖੇੜਾ ਵੇਖਾਂ ਧਾਰ ਮੰਝ, ਤੁਧ ਬਿਨ ਪਾਰ ਨਾ ਕੋਇ ਲਗਾਈਆ । ਮੇਰੇ ਪਰਮ ਪੁਰਖ ਪਰਖੋਤਮ ਹਰਿਜਨ ਲਗਾ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ । ਜਗਤ ਜਹਾਨ ਮੇਟਣੀ ਭੁੱਖ ਨੰਗ, ਨਾਮ ਵਿਹੂਣਿਆਂ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਰਹੀਮ ਰਹਿਮਾਨ ਨੌਜਵਾਨ ਸ੍ਰੀ ਭਗਵਾਨ ਆਪਣੀ ਦਇਆ ਕਮਾਈਆ ।



### ✪ ੧੧ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਮਾਝਾ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ ✪

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਉਠਾਵੇ ਨੈਣ, ਲੋਚਨ ਅੱਖ ਅੱਖ ਬਦਲਾਈਆ । ਆਪਣੀ ਜਲ ਧਾਰਾ ਦੇ ਵਹਿੰਦੇ ਵੇਖੋ ਵਹਿਣ, ਜੋ ਦਿਵਸ ਰੈਣ ਭੱਜਣ ਵਾਹੋ ਦਾਹੀਆ । ਅਗੇ ਭਗਤਾਂ ਦੇ ਤੱਕੋ ਗਹਿਣ, ਜੋ ਮਾਰਗ ਪੰਥ ਦੀਨ ਦੁਨੀ ਦਰਸਾਈਆ । ਤੁਹਾਡੇ ਨਾਲੋਂ ਸਦਾ ਠੰਡੇ ਰਹਿਣ, ਪ੍ਰਭੂ ਪ੍ਰੀਤੀ ਵਿਚ ਅਗਨ ਨਾ ਲਾਗੇ ਰਾਈਆ । ਮੈਂ ਤੁਹਾਨੂੰ ਸੰਦੇਸਾ ਆਇਆ ਕਹਿਣ, ਕਹਿ ਕਹਿ ਦਿਆਂ ਸੁਣਾਈਆ । ਤੁਸਾਂ ਖ਼ੁਸ਼ੀ ਵਿਚ ਦਿਵਸ ਤੱਕਿਆ ਤੇ ਵੇਖੇ ਅੰਤਮ ਰੈਣ, ਪ੍ਰੇਮ ਪਿਆਰ ਨਾਲ ਧਿਆਨ ਲਗਾਈਆ । ਜਿਨ੍ਹਾਂ ਦਾ ਪੁਰਖ ਅਕਾਲਾ ਇਕੋ ਸਾਕ ਸੱਜਣ ਸੈਣ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਸੋ ਹਰਿਜਨ ਇਕੱਠੇ ਕਰ ਕੇ ਭਾਈ ਭੈਣ, ਗੁਰਮੁਖ ਗੁਰ ਗੁਰ ਆਪਣੇ ਰੰਗ ਰੰਗਾਈਆ । ਜਨਮ ਜਨਮ ਦਾ ਲਹਿਣਾ ਦੇਵੇ ਦੇਣ, ਪੂਰਬ ਸਭ ਦੀ ਝੋਲੀ ਪਾਈਆ । ਹਰਿ ਸੰਤ ਸੁਹੇਲੇ ਇਕੱਠੇ ਕਰ ਕੇ ਆਪਣਾ ਮਹੈਣ, ਬੰਸ ਸਰਬੰਸ ਰੂਪ ਦਰਸਾਈਆ । ਜਿਸ ਧਾਰ

ਦਾ ਇਸ਼ਾਰਾ ਕੀਤਾ ਨਾਈ ਸੈਣ, ਬਿਨ ਨੇਤਰ ਨੈਣ ਅੱਖ ਖੁਲਾਈਆ । ਜਿਸ ਦੀ ਯਾਦ ਕੀਤੀ ਬਾਲਮੀਕ ਵਿਚ ਰਮਾਇਣ, ਰਾਮ ਰਾਮਾ ਧੁਰਦਰਗਾਹੀਆ । ਜਿਸ ਦਾ ਸੁਦਾਮੇ ਗਾਇਆ ਗਾਇਣ, ਕਾਹਨ ਕਾਹਨਾ ਵਡ ਵਡਿਆਈਆ । ਜਿਸ ਦੀ ਯਾਦ ਵਿਚ ਸ਼ਹਾਦਤ ਦਿਤੀ ਹਸਨ ਹੁਸੈਨ, ਜਲ ਧਾਰ ਨਜ਼ਰ ਕੋਇ ਨਾ ਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਖੇਲੇ ਖੇਲ ਐਨ ਦਾ ਐਨ, ਐਨੁਲਹੱਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੇਰੇ ਸਾਹਿਬ ਦੀ ਭਗਤੀ ਡਾਢੀ, ਡੰਡਾਵਤ ਵਿਚ ਲੰਮਾ ਪੈ ਕੇ ਸੀਸ ਨਿਵਾਈਆ । ਜਿਸ ਦੀ ਸਿਫ਼ਤ ਕਰਦੇ ਗਏ ਢਾਡੀ, ਵਾਰ ਸਲੋਕਾਂ ਨਾਲ ਗਾਈਆ । ਸੁਰਤ ਸ਼ਬਦ ਲਡਾਉਂਦੇ ਗਏ ਲਾਡੀ, ਸੰਤ ਸੁਹੇਲੇ ਰੰਗ ਬਣਾਈਆ । ਉਸ ਨੇ ਖੇਲ ਅਗੰਮੀ ਕਾਢੀ, ਮਾਰਗ ਮਾਰਗ ਵਿਚੋਂ ਬਦਲਾਈਆ । ਉਥੇ ਕਮਲੀਓ ਕੀ ਮਜਾਲ ਸਾਡੀ, ਸਿਰ ਸਕੇ ਨਾ ਕੋਇ ਉਠਾਈਆ । ਤੁਹਾਡੀ ਜਲ ਧਾਰ ਰਹੇ ਨਾ ਠਾਂਡੀ, ਪਵਣ ਪਵਣ ਨਾ ਕੋਇ ਚਤੁਰਾਈਆ । ਉਹ ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ਸਤਿ ਦਾ ਬਣ ਗਵਾਂਢੀ, ਆਤਮ ਪਰਮਾਤਮ ਹਮਸਾਇਆ ਆਪ ਬਣਾਈਆ । ਮੈਂ ਹੈਰਾਨ ਹੋ ਗਿਆ ਹਰਿਜਨ ਉਧਾਰੇ ਜੋ ਪਿਆਰ ਵਿਚ ਕਰਦੇ ਵਾਢੀ, ਜਗਤ ਵੱਢੀ ਹੋਰ ਨਾ ਕੋਇ ਰਖਾਈਆ । ਸਾਰੇ ਕਹਿਣ ਪ੍ਰਭੂ ਨਾਲ ਮੁਹੱਬਤ ਸਾਡੀ, ਧੁਰ ਦਾ ਸੰਗੀ ਇਕ ਅਖਵਾਈਆ । ਜਿਨ੍ਹਾਂ ਨੂੰ ਚੁਰਾਸੀ ਵਿਚੋਂ ਰਿਹਾ ਕਾਢੀ, ਫੜ ਫੜ ਬਾਹੋਂ ਬਾਹਰ ਕਢਾਈਆ । ਜਿਨ੍ਹਾਂ ਪਸੀਨਾ ਵਹਾਇਆ ਮਾਸ ਨਾੜੀ ਹਾਡੀ, ਭੱਜਣ ਵਾਹੋ ਦਾਹੀਆ । ਉਨ੍ਹਾਂ ਦਾ ਜੀਵਣ ਜ਼ਿੰਦਗੀ ਵੇਖੇ ਸਾਦੀ, ਸ਼ਹਿਨਸ਼ਾਹ ਆਪਣਾ ਪਰਦਾ ਲਾਹੀਆ । ਆਤਮਕ ਧੁਨ ਬਖ਼ਸ਼ ਅਨਾਦੀ, ਅਨਹਦ ਆਪਣਾ ਨਾਦ ਸੁਣਾਈਆ । ਉਨ੍ਹਾਂ ਗੁਰਮੁਖਾਂ ਚਿੰਤਾ ਕਾਹਦੀ, ਰਾਏ ਧਰਮ ਨਾ ਦਏ ਸਜ਼ਾਈਆ । ਚੁਰਾਸੀ ਵਿਚ ਪਵੇ ਨਾ ਫੇਰ ਜਗਤ ਵਾਲੀ ਆਬਾਦੀ, ਤਤਾਂ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਮੁਖੋ ਪਈਆਂ ਬੋਲ, ਸਹਿਜ ਸਹਿਜ ਨਾਲ ਸੁਣਾਈਆ । ਨਾਰਦਾ ਅਸੀਂ ਸਭ ਦੇ ਅਗੇ ਪਿਛੇ ਰਹੀਆਂ ਕੋਲ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਭਗਤਾਂ ਅੰਦਰ ਪ੍ਰੇਮ ਪ੍ਰੀਤੀ ਦਾ ਵਜਦਾ ਰਿਹਾ ਢੋਲ, ਖ਼ੁਸ਼ੀ ਵਿਚ ਖ਼ੁਸ਼ੀਆਂ ਢੋਲੇ ਗਾਈਆ । ਮੇਰੇ ਸਾਹਿਬ ਨੇ ਸਤਿ ਦਾ ਪਰਦਾ ਦਿਤਾ ਖੋਲ, ਓਹਲਾ ਅਵਰ ਰਿਹਾ ਨਾ ਰਾਈਆ । ਭਗਤਾਂ ਭਾਗ ਲਗਾ ਕੇ ਕਾਇਆ ਚੋਲ, ਚੋਲੀ ਆਪਣਾ ਰੰਗ ਰੰਗਾਈਆ । ਤੋਲ ਕੇ ਸਾਚੇ ਤੋਲ, ਲੇਖਾ ਜਗਤ ਵਾਲਾ ਮੁਕਾਈਆ । ਹਰਿਜਨ ਸਚ ਪ੍ਰੀਤੀ ਘੋਲੀ ਲਏ ਘੋਲ, ਆਪ ਆਪਣਾ ਭੇਟ ਕਰਾਈਆ । ਅਸੀਂ ਵੇਖਦੀਆਂ ਰਹੀਆਂ ਅਨਭੋਲ, ਸਾਡੀ ਚਲੀ ਨਾ ਕੋਇ ਚਤੁਰਾਈਆ । ਗੁਰਮੁਖ ਗੁਰਸਿੱਖ ਹਰਿਜਨ ਭਗਤ ਸੁਹੇਲੇ ਸਾਰਾ ਦਿਨ ਖ਼ੁਸ਼ੀਆਂ ਦਾ ਕਰਦੇ ਰਹੇ ਘੋਲ, ਆਪ ਆਪਣਾ ਬਲ ਪ੍ਰਗਟਾਈਆ । ਨਾਰਦ ਕਹੇ ਤੁਸੀਂ ਵੇਖੋ ਉਪਰ ਧੌਲ, ਧਰਨੀ ਉਤੇ ਧਿਆਨ ਲਗਾਈਆ । ਜਿਨ੍ਹਾਂ ਦਾ ਪਿਛਲੇ ਜਨਮ ਦਾ ਕੌਲ, ਇਕਰਾਰ ਸਭ ਦੇ ਪੂਰ ਕਰਾਈਆ । ਪ੍ਰੀਤਮ ਹੋ ਕੇ ਜਾਏ ਮੌਲ, ਮੌਲਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਧਰ ਤਰਾਜੂ ਲਏ ਤੋਲ, ਜਗਤ ਲੇਖ ਨਾ ਕੋਇ ਰਖਾਈਆ ।

## ✪ ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡੇ ਬੁਘੇ ਜ਼ਿਲਾ ਅੰਮ੍ਰਿਤਸਰ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ ✪

ਨਾਰਦ ਕਹੇ ਧਰਨੀਏ ਕੁਛ ਖ਼ੁਸ਼ੀਆਂ ਨਾਲ ਵੰਡ, ਧਰਤ ਧਵਲ ਧੌਲ ਖ਼ੁਸ਼ੀ ਬਣਾਈਆ । ਨਵ ਨੌ ਚਾਰ ਪਿਛੋਂ ਤੇਰੇ ਸੀਨੇ ਪਈ ਠੰਡ, ਅਵਤਾਰ ਗੁਰੂ ਪੀਰ ਦੇਣ ਗਵਾਹੀਆ । ਕਮਲੀਏ ਕੋਝੀਏ ਭਗਤ ਭਗਵਾਨ ਪ੍ਰੇਮ ਪਿਆਰ ਦੀ ਤੱਕ ਗੰਢ, ਜਗਤ ਜਹਾਨ ਨੈਣ ਉਠਾਈਆ । ਜਿਨ੍ਹਾਂ ਦੀ ਪੁਸ਼ਤ ਪਨਾਹ ਹੱਥ ਧਰਿਆ ਪ੍ਰਭੂ ਨੇ ਕੰਡ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦੇ ਵਿਛੜਿਆਂ ਆਤਮ ਪਰਮਾਤਮ ਧਾਰ ਗੰਢ, ਪਾਰਬ੍ਰਹਮ ਪ੍ਰਭ ਮੇਲਾ ਲਿਆ ਮਿਲਾਈਆ । ਭਗਤ ਸੁਹੇਲੇ ਵੇਖੇ ਧੁਰ ਦੇ ਚੰਦ, ਨੂਰ ਨੁਰਾਨੇ ਵੇਖੇ ਧਿਆਨ ਲਗਾਈਆ । ਜਿਹੜੇ ਤੂੰ ਮੇਰਾ ਮੈਂ ਤੇਰਾ ਗਾਉਂਦੇ ਛੰਦ, ਸੋਹੰ ਢੋਲਾ ਚਾਈਂ ਚਾਈਂਆ । ਸਚੇ ਪਿਆਰ ਦਾ ਮਾਣਦੇ ਅਨੰਦ, ਬਿਰਧ ਬਾਲ ਜਵਾਨ ਭੱਜਣ ਚਾਈਂ ਚਾਈਂਆ । ਕੂੜ ਕੁੜਿਆਰ ਦੀ ਮੰਜ਼ਲ ਮੇਰੇ ਉਤੇ ਲੰਘ, ਪਾਂਧੀ. ਆਪਣਾ ਪੰਧ ਮੁਕਾਈਆ । ਉਨ੍ਹਾਂ ਦੀ ਚਰਨ ਧੂੜੀ ਲਾ ਲੈ ਅੰਗ, ਮਿੱਟੀ ਖ਼ਾਕ ਖ਼ਾਕ ਰਮਾਈਆ । ਸਦਾ ਸਚ ਦਾ ਤੇਰਾ ਬਣ ਜਾਏ ਸੰਗ, ਸਗਲਾ ਸੰਗੀ ਦਏ ਵਡਿਆਈਆ । ਧਰਨੀ ਕਹੇ ਨਾਰਦਾ ਮੇਰੀ ਖ਼ੁਸ਼ੀ ਬੰਦ ਬੰਦ, ਬੰਦਗੀ ਵਿਚ ਸੀਸ ਝੁਕਾਈਆ । ਕਿਰਪਾ ਕੀਤੀ ਸੂਰੇ ਸਰਬੰਗ, ਬਿਰਧ ਬਾਲ ਬਾਲਾਂ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਭੇਵ ਖੁਲਾਈਆ । ਧਰਨੀ ਕਹੇ ਨਾਰਦ ਕਿਰਪਾ ਕਰੀ ਬੇਪ੍ਰਵਾਹ, ਜੋ ਬੇਪ੍ਰਵਾਹੀ ਵਿਚ ਸਮਾਈਆ । ਜਿਸ ਨੂੰ ਕਿਹਾ ਵਾਹ ਵਾਹ, ਵਾਹਿਗੁਰੂ ਤੇਰੀ ਵਡ ਵਡਿਆਈਆ । ਮੇਰੀ ਜਗਤ ਵਿਛੁੰਨੀ ਪਕੜੀ ਬਾਂਹ, ਸਿਰ ਮੇਰੇ ਹੱਥ ਟਿਕਾਈਆ । ਭਗਤ ਸੁਹੇਲੇ ਤੱਕਾਂ ਜਿਹੜੇ ਤੇਰਾ ਰੂਪ ਅਲਾਹ, ਨੂਰ ਨੁਰਾਨੇ ਨਜ਼ਰੀ ਆਈਆ । ਤੂੰ ਵੇਖਣਹਾਰਾ ਥਲ ਅਸਗਾਹ, ਜਲ ਥਲ ਮਹੀਅਲ ਖੋਜ ਖੁਜਾਈਆ । ਜਨ ਭਗਤਾਂ ਸੰਗ ਸੰਗੀ ਤਾਰੇ ਜਿਹੜੇ ਪੀਂਦੇ ਚਾਹ, ਲੇਖੇ ਸਭ ਦੇ ਆਪਣੇ ਹੱਥ ਰਖਾਈਆ । ਜਿਨ੍ਹਾਂ ਤੇਰੇ ਪਿਆਰ ਦਾ ਸੁਣਿਆ ਨਾਂ, ਨਰ ਨਿਰੰਕਾਰ ਤੇਰੇ ਵਿਚ ਸਮਾਈਆ । ਧਰਨੀ ਕਹੇ ਬੇਸ਼ਕ ਮੈਨੂੰ ਸਾਰੇ ਕਹਿੰਦੇ ਮਾਂ, ਧੌਲ ਮਿਲੇ ਵਡਿਆਈਆ । ਮੈਂ ਪਰਮ ਪੁਰਖ ਦੇ ਬਲ ਬਲ ਜਾਂ, ਘੋਲੀ ਆਪਣਾ ਆਪ ਘੁਮਾਈਆ । ਜੋ ਹੰਸ ਗੁਰਮੁਖ ਉਧਾਰੇ ਕਾਂ, ਕਾਗੋਂ ਹੰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਰਖਾਈਆ । ਧਰਨੀ ਕਹੇ ਨਾਰਦ ਮੈਂ ਸਾਰਾ ਦਿਨ ਰਹੀ ਤੱਕਦੀ, ਬਿਨ ਅੱਖਾਂ ਅੱਖ ਉਠਾਈਆ । ਭਗਤਾਂ ਦੀ ਭਗਤੀ ਵੇਖੀ ਹਕ ਦੀ, ਜੋ ਖ਼ੂਨ ਪਸੀਨਾ ਰੂਪ ਬਣਾਈਆ । ਜਿਨ੍ਹਾਂ ਅੰਤਰ ਆਤਮ ਰੂਪ ਨਾ ਥੱਕਦੀ, ਭੱਜਣ ਟੱਪਣ ਚਾਈਂ ਚਾਈਂਆ । ਜਿਨ੍ਹਾਂ ਨੂੰ ਲੱਜਿਆ ਨਹੀਂ ਕੋਈ ਜਗ ਦੀ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਮੈਂ ਮੁਹੱਬਤ ਵੇਖੀ ਪ੍ਰਤੱਖ ਦੀ, ਜੋ ਪਰਮ ਪੁਰਖ ਅਖਵਾਈਆ । ਧਾਰ ਤੱਕੀ ਅਲੱਖਣਾ ਅਲੱਖ ਦੀ, ਅਲਖ ਅਗੋਚਰ ਅਗੰਮ ਅਥਾਹੀਆ । ਜਿਨ ਝੋਲੀ ਭਰਨੀ ਸੱਖ ਦੀ, ਖ਼ਾਲੀ ਰਹਿਣ ਕੋਇ ਨਾ ਪਾਈਆ । ਜਿਨ੍ਹ ਲੇਖਾ ਲਾਉਣਾ ਦਾਤਰੀ ਵਾਲੇ ਹੱਥ ਦੀ, ਸੱਜਾ ਖੱਬਾ ਇਕੋ ਰੰਗ ਰੰਗਾਈਆ । ਮੈਂ ਓਸ ਦੇ ਅਗੇ ਵਾਸਤਾ ਘੱਤ ਦੀ, ਨਿਵ ਨਿਵ ਸੀਸ ਝੁਕਾਈਆ । ਪ੍ਰਭੂ ਮਿਹਨਤ ਦੇਣੀ ਗੁਰਮੁਖਾਂ ਦੀ ਇਕ ਇਕ ਬੂੰਦ ਰੱਤ ਦੀ, ਰਤਨ ਅਮੋਲਕ ਹੀਰੇ ਲੈਣੇ ਬਣਾਈਆ । ਤੇਰੀ ਖੇਲ ਪ੍ਰਭੂ ਸਤਿ ਦੀ, ਪਾਰਬ੍ਰਹਮ ਤੇਰੇ ਹੱਥ ਵਡਿਆਈਆ । ਧਰਨੀ ਕਹੇ ਜਨ ਭਗਤੋ ਮੈਂ ਵੇਖ ਵੇਖ ਹੱਸਦੀ, ਭਗਵਨ ਚਰਨ ਚੁੰਮ ਕੇ ਆਪਣੀ ਖ਼ੁਸ਼ੀ ਬਣਾਈਆ । ਮੈਂ ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਪਿਛਲਾ

੧੭੯੭
੨੩

ਹਾਲ ਦੱਸਦੀ, ਭੇਵ ਅਭੇਦ ਖੁਲਾਈਆ । ਇਹ ਵਾਢੀ ਕਰਨੀ ਤੁਹਾਡੇ ਨਹੀਂ ਕੋਈ ਵਸ ਦੀ, ਪੂਰਬ ਦੇ ਲਹਿਣੇ ਦੇਣੇ ਦੇਣਦਾਰ ਝੋਲੀ ਪਾਈਆ । ਤੁਹਾਡੀ ਸਿਫ਼ਤ ਸਲਾਹ ਜਸ ਦੀ, ਪਰਮ ਪੁਰਖ ਤੁਹਾਡੇ ਢੋਲੇ ਗਾਈਆ । ਇਹ ਚਤੁਰਾਈ ਨਹੀਂ ਜਗ ਦੀ, ਬੁੱਧੀ ਕੰਮ ਕਿਸੇ ਨਾ ਆਈਆ । ਇਹ ਖੇਲ ਤਨ ਵਜੂਦ ਪੰਜ ਤਤ ਦੀ, ਜਿਨ੍ਹ ਤਤਾਂ ਵਿਚ ਆਪਣਾ ਆਤਮਾ ਦਿਤਾ ਰਖਾਈਆ । ਉਹ ਖੇਲ ਖਿਲਾਏ ਧਰਮ ਧਾਰ ਸਤਿ ਦੀ, ਸਤਿ ਸਤਿਵਾਦੀ ਹੋਏ ਸਹਾਈਆ । ਧਰਨੀ ਕਹੇ ਮੈਂ ਸਭ ਦੇ ਚਰਨਾਂ ਦੇ ਹੇਠਾਂ ਢੱਠ ਦੀ, ਮਾਣ ਅਭਿਮਾਨ ਨਾ ਕੋਇ ਰਖਾਈਆ । ਤੁਹਾਡੀ ਸੇਵਾ ਪੂਰੀ ਹੋਈ ਪਾਰ ਕੀਤੀ ਖਾਲ ਵੱਟ ਦੀ, ਭੱਜੇ ਚਾਈਂ ਚਾਈਆ । ਤੁਸੀਂ ਮੇਰੇ ਉਤੇ ਧਰਨੀ ਕਹੇ ਮੈਂ ਤੁਹਾਡੇ ਥੱਲਿਉਂ ਪੈਰ ਚੱਟਦੀ, ਤਾਈਉਂ ਨਵਾਂ ਖੰਡਾਂ ਹਿਲਾਈਆ । ਤੁਹਾਡੇ ਅੰਦਰ ਸੋਹੰ ਜਾਪ ਜਪਦੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਇਹੋ ਜਿਹੀ ਭਗਤੀ ਕਦੇ ਨਾ ਲੱਭਦੀ, ਜੋ ਕਣਕ ਵੱਢਦਿਆਂ ਪਾਰ ਲੰਘਾਈਆ । ਮੇਰੀ ਆਸ਼ਾ ਪ੍ਰੇਮ ਮੁਹੱਬਤ ਵਾਲੀ ਸਚ ਦੀ, ਸਚ ਸਚ ਨਾਲ ਸੁਣਾਈਆ । ਇਹ ਖੇਲ ਪੁਰਖ ਸਮਰਥ ਦੀ, ਜੋ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਘਾਲ ਲੇਖੇ ਲਾਈ ਅੱਜ ਦੀ, ਆਜਜ਼ ਹੋ ਕੇ ਜਨ ਭਗਤੋ ਧਰਨੀ ਕਹੇ ਮੈਂ ਸਭ ਨੂੰ ਸੀਸ ਨਿਵਾਈਆ ।



✪ ੧੭ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਹਰਿ ਦਵਾਰ ਜੇਠੂਵਾਲ ਜ਼ਿਲਾ ਗੁਰਦਾਸਪੁਰ ਸੰਗਤ ਦੇ ਵਾਢੀ ਕਰ ਕੇ ਜਾਣ ਸਮੇਂ ✪

ਨਾਰਦ ਕਹੇ ਗੰਗਾ ਸੁਣਾ ਹੱਡ ਬੀਤੀ, ਜੁਗ ਚੌਕੜੀ ਪਿਛਲਾ ਧਿਆਨ ਲਗਾਈਆ । ਕਿਹੋ ਜਿਹੀ ਚਲਦੀ ਵੇਖੀ ਜਗਤ ਜਹਾਨ ਰੀਤੀ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਕਿਸ ਬਿਧ ਤੇਰੀ ਧਾਰ ਹੁੰਦੀ ਠਾਂਡੀ ਸੀਤੀ, ਸਾਂਤਕ ਸਤਿ ਰੂਪ ਬਣਾਈਆ । ਗੰਗਾ ਕਹੇ ਜੁਗ ਜੁਗ ਪ੍ਰਭੂ ਦੀ ਵੱਖਰੀ ਰੀਤੀ, ਰੀਤੀਵਾਨ ਆਪ ਅਖਵਾਈਆ । ਦੀਨ ਦੁਨੀ ਖੇਲ ਖਿਲਾ ਕੇ ਮੰਦਰ ਮਸੀਤੀ, ਸ਼ਿਵਦਵਾਲੇ ਮੱਠਾਂ ਵਿਚ ਭਵਾਈਆ । ਜਨ ਭਗਤਾਂ ਦੇਵੇ ਸਚ ਪ੍ਰੀਤੀ, ਪ੍ਰੀਤਮ ਹੋ ਕੇ ਦੇਵੇ ਸੁਹਾਈਆ । ਜਿਸ ਦੀ ਖੇਲ ਤ੍ਰੈਗੁਣ ਅਤੀਤੀ, ਤ੍ਰੈਭਵਣ ਧਨੀ ਅਖਵਾਈਆ । ਜਿਸ ਪਿਛਲੀ ਕਰਨੀ ਉਤੇ ਮਾਰਨੀ ਲੀਕੀ, ਭੇਵ ਅਗਲਾ ਆਪ ਖੁਲਾਈਆ । ਜਿਸ ਦੀ ਲੱਖ ਚੁਰਾਸੀ ਬਗ਼ੀਚੀ, ਵੇਖਣਹਾਰਾ ਥਾਉਂ ਥਾਈਆ । ਝਗੜਾ ਰੱਖੇ ਨਾ ਊਚ ਨੀਚੀ, ਜ਼ਾਤ ਪਾਤ ਨਾ ਵੰਡ ਵੰਡਾਈਆ । ਉਹ ਮਾਲਕ ਖ਼ਾਲਕ ਜਿਸ ਅੰਤਰ ਆਤਮ ਹਕ ਹਕੀਕੀ, ਕੁਦਰਤ ਕਾਦਰ ਇਕ ਅਅਖਵਾਈਆ । ਉਸ ਦਾ ਲੇਖਾ ਤੱਕ ਤਰਤੀਬੀ, ਹਕੀਕਤ ਦਾ ਮਾਲਕ ਇਕ ਅਖਵਾਈਆ । ਜਿਸ ਨੂੰ ਕਹਿੰਦੇ ਲਾਸ਼ਰੀਕੀ, ਗੰਗਾ ਤੈਨੂੰ ਦਿਆਂ ਸਮਝਾਈਆ । ਆਪਣੀ ਉਠਾ ਕੇ ਵੇਖ ਚੀਚੀ, ਚੀਰੇ ਵਾਲਾ ਸੋਭਾ ਪਾਈਆ । ਜਿਸ ਦੀ ਭਗਤਾਂ ਨਾਲ ਮੁਹੱਬਤ ਵਾਲੀ ਪ੍ਰੀਤੀ, ਪਰਦਾ ਸਕੇ ਨਾ ਕੋਇ ਖੁਲਾਈਆ । ਜੋ ਵੇਖਣਹਾਰਾ ਸਚ ਦੀ ਨੀਤੀ, ਨੀਤੀ ਵਾਲਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਸਮਝਾਈਆ । (ਨਾਰਦ ਕਹੇ) ਮੈਂ ਚਾਰ ਜੁਗ ਤੋਂ ਪਿਛਲੀ ਦੱਸਾਂ ਕਥਾ, ਕਹਾਣੀ ਧਰਮ ਧਾਰ ਦ੍ਰਿੜਾਈਆ । ਤਨ ਵਜੂਦ ਸਰੀਰਾਂ ਟੇਕਦਾ ਰਿਹਾ ਮੱਥਾ, ਮਸਤਕ ਖ਼ਾਕ ਰਮਾਈਆ । ਕਲਜੁਗ ਅੰਤਮ ਭਗਤ ਭਗਵਾਨ ਸਥਰ ਲੱਥਾ, ਯਾਰੜਾ ਸੇਜ ਹੰਢਾਈਆ ।

ਲਹਿਣਾ ਮੁਕਾ ਕੇ ਤਤ ਅੱਠਾ, ਤਤਵ ਤਤ ਭੇਵ ਚੁਕਾਈਆ । ਸਭ ਦੀਆਂ ਸਾਂਝੀਆਂ ਕਰ ਕੇ ਮੱਤਾਂ, ਮਤ ਮਤਾਂਤਰ ਡੇਰਾ ਢਾਹੀਆ । ਤਿਸ ਦੇ ਚਰਨ ਕਵਲ ਵਾਸਤਾ ਘੱਤਾਂ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਗੰਗਾ ਕਿਹੜੀ ਸੁਣਾਏਂ ਬਾਤ, ਬਾਤਨ ਦੇ ਸਮਝਾਈਆ । ਉਸ ਹੱਸ ਕੇ ਕਿਹਾ ਮੇਰਾ ਇਕ ਪ੍ਰਭੂ ਨਾਲ ਨਾਤ, ਦੂਜਾ ਇਸ਼ਟ ਨਾ ਕੋਇ ਰਖਾਈਆ । ਮੈਂ ਵੇਖਾਂ ਕਲਜੁਗ ਫਿਰੇ ਵਿਚ ਕਾਇਨਾਤ, ਭੱਜੇ ਵਾਹੋ ਦਾਹੀਆ । ਜਨ ਭਗਤਾਂ ਪੁਛੇ ਪ੍ਰਭੂ ਵਾਤ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਦੱਸ ਕੇ ਗਾਥ, ਤੂੰ ਮੇਰਾ ਮੈਂ ਤੇਰਾ ਭੇਵ ਚੁਕਾਈਆ । ਸਚ ਮੁਹੱਬਤ ਦੇ ਕੇ ਦਾਤ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਚੇ ਰੰਗ ਰੰਗਾਈਆ । ਨਾਰਦ ਕਹੇ ਗੰਗਾ ਆਪਣੀ ਫੜ ਕੇ ਵੇਖ ਲੈ ਮਾਲਾ, ਮਨ ਕਾ ਮਣਕਾ ਧਿਆਨ ਲਗਾਈਆ । ਨਾਲੇ ਵਕਤ ਤੱਕ ਲੈ ਅੱਜ ਦਾ ਹਾਲਾ, ਹਾਲਤ ਤੈਨੂੰ ਦਿਆਂ ਦ੍ਰਿੜ੍ਹਾਈਆ । ਜਨ ਭਗਤ ਵੇਖ ਲੈ ਮਾਰਦੇ ਛਾਲਾਂ, ਭੱਜਣ ਵਾਹੋ ਦਾਹੀਆ । ਜਿਨ੍ਹਾਂ ਦੇ ਅੰਦਰ ਚਾਉ ਮਾਰੇ ਉਛਾਲਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਉਨ੍ਹਾਂ ਦਾ ਪ੍ਰੇਮ ਵੇਖ ਲੈ ਪਿਆਰ ਨਾਲੋਂ ਬਾਹਲਾ, ਅੰਤ ਕਹਿਣ ਕਿਛ ਨਾ ਪਾਈਆ । ਗੰਗਾ ਕਹੇ ਨਾਰਦਾ ਮੇਰਾ ਮੰਨ ਸਵਾਲਾ, ਸਹਿਜ ਨਾਲ ਸੁਣਾਈਆ । ਤੂੰ ਕਿਸ ਦਾ ਬਣੇਂ ਦਲਾਲਾ, ਇਕੱਲਾ ਰੂਪ ਦਿਖਾਈਆ । ਨਾਰਦ ਕਹੇ ਗੰਗੋਤਰੀਏ ਜਨ ਭਗਤ ਭਗਤੀ ਵਾਲੇ ਮੇਰਾ ਮੁਖ ਕਰਦੇ ਕਾਲਾ, ਮੇਰੇ ਨੈਣ ਸ਼ਰਮਾਈਆ । ਜਿਨ੍ਹਾਂ ਦੀ ਸਭ ਤੋਂ ਵੱਖਰੀ ਚਾਲਾ, ਚਾਲ ਨਿਰਾਲੀ ਇਕ ਪ੍ਰਗਟਾਈਆ । ਕੂੜੀ ਕਿਰਿਆ
੧੭੯੯ ੨੩
ਤੋੜ ਜੰਜਾਲਾ, ਜਾਗਰਤ ਜੋਤ ਵਿਚ ਸਮਾਈਆ । ਜਿਨ੍ਹਾਂ ਦੀ ਸਾਹਿਬ ਸਵਾਮੀ ਲੇਖੇ ਲਾਵੇ ਘਾਲਾ, ਹਰਿ ਦੇਵੇ ਮਾਣ ਵਡਿਆਈਆ । ਆਤਮ ਪਰਮਾਤਮ ਸਦ ਵਸੇ ਨਾਲਾ, ਵਿਛੋੜੇ ਵਿਚ ਕਦੇ ਨਾ ਆਈਆ । ਤੂੰ ਵੀ ਉਸ ਸਾਹਿਬ ਦਾ ਦਰਸ਼ਨ ਪਾ ਲਾ, ਧੂੜੀ ਖ਼ਾਕ ਰਮਾਈਆ । ਜਿਸ ਨੇ ਮਾਰਗ ਦੱਸਿਆ ਸੁਖਾਲਾ, ਜਗਤ ਕਿਰਿਆ ਨਾ ਕੋਇ ਰਖਾਈਆ । ਜਨ ਭਗਤਾਂ ਇਕੋ ਮੰਦਰ ਦਰਸਾਇਆ ਸਚਖੰਡ ਸੱਚੀ ਧਰਮਸਾਲਾ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਮਾਰਗ ਇਕ ਸੁਖਾਲਾ, ਸੁਖਮਨ ਟੇਢੀ ਬੰਕ ਦੀ ਲੋੜ ਰਹੇ ਨਾ ਰਾਈਆ ।
੧੭੯੯ ੨੩

### ✪ ੧੮ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਸੁਣ ਵੇ ਤਾਰਾ ਚੰਦਾ, ਸੂਰੀਆ ਆਪਣਾ ਸੰਗ ਬਣਾਈਆ । ਨਿਰਗੁਣ ਧਾਰ ਤੱਕੋ ਜੋਤ ਸਰੂਪ ਤਤਾਂ ਵਾਲਾ ਬੰਦਾ, ਬੰਦਗੀ ਚਾਰ ਜੁਗ ਤੋਂ ਬਾਹਰ ਜਣਾਈਆ । ਜਨ ਭਗਤਾਂ ਕਰਮ ਕੰਮ ਦਾ ਦੱਸ ਕੇ ਧੰਦਾ, ਧੁੰਦੂਕਾਰ ਵਿਚੋਂ ਬਾਹਰ ਕਢਾਈਆ । ਕਿਸੇ ਦਾ ਭਾਗ ਹੋਣ ਨਾ ਦੇਵੇ ਮੰਦਾ, ਵਡਭਾਗ ਰਿਹਾ ਬਣਾਈਆ । ਜਿਸ ਦਾ ਭਜਨ ਬੰਦਗੀ ਵਾਲਾ ਸਫ਼ਰ ਨਹੀਂ ਲੰਬਾ, ਮਿਹਰ ਨਜ਼ਰ ਨਾਲ ਤਰਾਈਆ । ਮੈਂ ਵੇਖ ਕੇ ਹੋ ਗਈ ਅਚੰਭਾ, ਹੈਰਾਨੀ ਵਿਚ ਰਹੀ ਸੁਣਾਈਆ । ਜੋ ਭਗਤ ਸੁਹੇਲੇ ਉਧਾਰੇ ਲਗਾਏ ਆਪਣੇ ਅੰਗਾ, ਅੰਗੀਕਾਰ ਅਖਵਾਈਆ । ਜਿਨ੍ਹਾਂ

ਦੇ ਚਰਨ ਚੁੰਮਦੀ ਸੁਰਸਤੀ ਜਮਨਾ ਗੋਦਾਵਰੀ ਗੰਗਾ, ਨਿਵ ਨਿਵ ਸੀਸ ਨਿਵਾਈਆ । ਮੇਰਾ ਵੇਖ ਕੇ ਅੰਤਸ਼ਕਰਨ ਕੰਬਾ, ਸੁਧ ਬੁਧ ਰਹੀ ਨਾ ਰਾਈਆ । ਜਿਸ ਸਾਹਿਬ ਨੇ ਸਭ ਦੀ ਪਿੱਠ ਤੇ ਲਾਇਆ ਪੰਜਾ, ਪੰਜਾਂ ਤਤਾਂ ਪੰਧ ਮੁਕਾਈਆ । ਤੂੰ ਵੀ ਸੁਣ ਵੇ ਨਾਰਦ ਗੰਜਾ, ਬੋਦੀ ਤੇਰੀ ਦੇਵਾਂ ਸਮਝਾਈਆ । ਸਵਾਮੀ ਖੇਲ ਤੱਕ ਲੈ ਚੰਗਾ, ਚਾਰੋਂ ਕੁੰਟ ਅੱਖ ਉਠਾਈਆ । ਜਿਸ ਹਰਿਜਨ ਭਗਤੀ ਹੀਣ ਰਹਿਣ ਦਿਤਾ ਨਹੀਂ ਕੋਈ ਭੁੱਖਾ ਨੰਗਾ, ਨਾਮ ਭੰਡਾਰੇ ਆਪ ਭਰਾਈਆ । ਓਹ ਖੇਲ ਸਾਹਿਬ ਸੰਦਾ, ਜੋ ਸਰਘੀ ਸੰਧਿਆ ਧਿਆਨ ਲਗਾਈਆ । ਜਿਸ ਦੇ ਪਿਆਰ ਵਿਚ ਗੁਰਮੁਖਾਂ ਵਕਤ ਲੰਘਾ, ਖ਼ੁਸ਼ੀਆਂ ਢੋਲੇ ਗਾਈਆ । ਮੇਰੇ ਅੰਤਰ ਆਇਆ ਅਨੰਦਾ, ਅਨੰਦਪੁਰ ਵਾਲੇ ਦਿਤੀ ਵਡਿਆਈਆ । ਜਿਸ ਭੇਵ ਖੁਲਾਇਆ ਬ੍ਰਹਮ ਅਨੰਦਾ, ਪਾਰਬ੍ਰਹਮ ਦਇਆ ਕਮਾਈਆ । ਸੋ ਸਾਹਿਬ ਬਣ ਬਖ਼ਸ਼ੰਦਾ, ਮਿਹਰ ਨਜ਼ਰ ਉਠਾਈਆ । ਜਿਸ ਦੀ ਸਿਫ਼ਤ ਕਰਦੇ ਗਏ ਕਵੀ ਧਾਰ ਬਵੰਜਾ, ਬਾਵਨ ਸੰਗ ਬਣਾਈਆ । ਉਸ ਸ਼ਰਅ ਦਾ ਲੇਖੇ ਲਾਇਆ ਚੰਦਾ, ਸ਼ਬੇ ਰੋਜ਼ ਵੇਖ ਵਖਾਈਆ । ਮੇਰਾ ਸੀਨਾ ਕੀਤਾ ਠੰਡਾ, ਅਗਨੀ ਤਤ ਬੁਝਾਈਆ । ਪ੍ਰੇਮ ਪਿਆਰ ਦੀਆਂ ਪਾ ਕੇ ਗੰਢਾ, ਭਗਤ ਭਗਵਾਨ ਸੰਗ ਰਖਾਈਆ । ਮੈਨੂੰ ਯਾਦ ਆਉਂਦੀ ਜਿਸ ਕੋਲ ਗੁਰਮੁਖ ਭੱਜਦੇ ਚੁਕ ਪੰਡਾ, ਪਿੰਡ ਜੀਉ ਦਾ ਪੰਧ ਮੁਕਾਈਆ । ਮੈਂ ਖ਼ੁਸ਼ੀਆਂ ਵਿਚ ਕੀ ਵੰਡਾਂ, ਧਰਨੀ ਰਹੀ ਸੁਣਾਈਆ । ਝਟ ਬੋਲਿਆ ਨਾਰਦ ਪੰਡਾ, ਬੋਦੀ ਨਾਲ ਹਿਲਾਈਆ । ਨੀ ਧਰਨੀਏ ਤੂੰ ਵੇਖ ਲੈ ਕਲਜੁਗ ਅੰਤਮ ਕੰਢਾ, ਕੰਢੀ ਧਿਆਨ ਲਗਾਈਆ । ਸਾਹਿਬ ਦਾ ਤੱਕ ਲੈ ਸਤਿ ਦਾ ਡੰਡਾ, ਜੋ ਡੰਡਾਵਤ ਸਭ ਦੀ ਰਿਹਾ ਬਦਲਾਈਆ । ਜਿਸ ਖੇਲ ਖਿਲਾਉਣਾ ਨਵ ਖੰਡਾ, ਨਵ ਨਵ ਪੰਧ ਮੁਕਾਈਆ । ਜਿਸ ਦਾ ਸ਼ਬਦੀ ਧਾਰ ਅਗੰਮਾ

੧੮੦੦ ੨੩ ਖੰਡਾ, ਖੰਡਰਾਂ ਲੇਖ ਮੁਕਾਈਆ । ਪਰ ਧਰਨੀਏ ਮੇਰਾ ਦੁੱਖ ਸੁਣ ਲੈ ਮੈਂ ਜੁਗ ਚੌਕੜੀ ਰੰਡਾ, ਨਾਰਦ ਹੱਸ ਕੇ ਰਿਹਾ ਵਖਾਈਆ । ਮੇਰੀ ਬੋਦੀ ੧੮੦੦ ੨੩

ਦੇ ਨਾਲ ਨਹੀਂ ਕੋਈ ਝੰਡਾ, ਝੰਡੇ ਵਾਲਾ ਨਜ਼ਰ ਕੋਇ ਨਾ ਆਈਆ । ਪ੍ਰਭੂ ਦਾ ਵੇਸ ਤੱਕ ਲਾ ਨਾਲੇ ਤੱਕ ਪਾਖੰਡਾ, ਕੀ ਭੇਖੀ ਆਪਣਾ ਭੇਖ ਬਦਲਾਈਆ । ਧਰਨੀ ਕਹੇ ਨਾਰਦ ਪ੍ਰਭੂ ਪਿਆਰ ਭਗਤਾਂ ਨਾਲ ਹੰਢਾ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਕੀ ਖੇਲ ਦੱਸਾਂ ਅੱਜ ਦੇ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਮੇਰੇ ਅੰਦਰ ਪ੍ਰੇਮੀ ਢੋਲ ਵੱਜਦੇ, ਦਿਵਸ ਰੈਣ ਕਰਨ ਸ਼ਨਵਾਈਆ । ਜਿਸ ਵੇਲੇ ਹਰਿਜਨ ਮੇਰੇ ਉਤੇ ਭੱਜਦੇ, ਬੰਦਗੀ ਵਾਲਿਆਂ ਦੇਣ ਸਮਝਾਈਆ । ਜਿਨ੍ਹਾਂ ਦੇ ਨਾਤੇ ਟੁੱਟੇ ਕੂੜੇ ਜਗ ਦੇ, ਜਾਗਰਤ ਜੋਤ ਵਿਚ ਸਮਾਈਆ । ਉਨ੍ਹਾਂ ਮੇਲੇ ਹੋਏ ਸਬੱਬ ਦੇ, ਵਿਛੋੜਾ ਨਜ਼ਰ ਕੋਇ ਨਾ ਆਈਆ । ਨਾਰਦ ਕਹੇ ਧਰਨੀਏ ਜਿਸ ਨੂੰ ਕੋਟਨ ਕੋਟ ਲੱਭਦੇ, ਖੋਜਿਆਂ ਹੱਥ ਕਿਸੇ ਨਾ ਆਈਆ । ਹਰਿਜਨ ਸੁਹੇਲੇ ਉਹਦੇ ਚਰਨਾਂ ਵਿਚ ਫਬਦੇ, ਸਚ ਸਿੰਘਾਸਣ ਆਸਣ ਲਾਈਆ । ਅੱਜ ਦਰਸ਼ਨ ਕਰੀਏ ਅਸੀਂ ਵੀ ਓਸੇ ਰੱਬ ਦੇ, ਜਿਸ ਨੂੰ ਪੈਗ਼ੰਬਰ ਸਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਧਰਨੀ ਕਹੇ ਨਾਰਦ ਆਪਣੀ ਸੰਭਾਲ ਸੁਰਤੀ, ਸੰਬਲ ਤੱਕ ਲੈ ਧੁਰ ਦਾ ਮਾਹੀਆ । ਜਿਸ ਦਾ ਨੂਰ ਅਕਾਲ ਮੂਰਤੀ, ਰੰਗ ਰੇਖ ਵੇਖਣ ਕੋਇ ਨਾ ਪਾਈਆ । ਸ਼ਬਦ ਅਨਾਦ ਦੀ ਸੁਣ ਤੂਰਤੀ, ਤੁਰੀਆ ਤੋਂ ਬਾਹਰ ਪੜ੍ਹਾਈਆ । ਇਹ ਖੇਲ ਅਗੰਮੇ ਹਜ਼ੂਰ ਦੀ, ਜੋ ਹਜ਼ਰਤਾਂ ਦਾ ਮਾਲਕ ਨੂਰ ਲਾਹੀਆ । ਓਸ ਮਜ਼ਦੂਰੀ ਦੇਣੀ ਹਰਿਜਨ ਭਗਤ ਮਜ਼ਦੂਰ ਦੀ, ਜੋ ਦਰ ਘਰ ਸਾਚੇ

ਸੇਵ ਕਮਾਈਆ । ਬਖ਼ਸ਼ਿਸ਼ ਕਰਨੀ ਪਿਛਲੇ ਜਨਮ ਕਸੂਰ ਦੀ, ਅਗੇ ਆਪਣਾ ਰੰਗ ਰੰਗਾਈਆ । ਜਿਸ ਦੀ ਕਰਨੀ ਸਦਾ ਭਰਪੂਰ ਦੀ, ਖ਼ਾਲੀ ਭੰਡਾਰੇ ਰਿਹਾ ਭਰਾਈਆ । ਜੋਤ ਤੱਕ ਲੈ ਅਲਾਹੀ ਨੂਰ ਦੀ, ਨੂਰ ਨੁਰਾਨਾ ਡਗਮਗਾਈਆ । ਜਿਸ ਦੀ ਰਹਿਮਤ ਗੁਰਮੁਖਾਂ ਆਸਾ ਪੂਰ ਦੀ, ਪੂਰਨ ਸਤਿਗੁਰ ਹੋਏ ਸਹਾਈਆ । ਜਿਸ ਖੇਲ ਮੁਕਾ ਕੇ ਨੇੜੇ ਦੂਰ ਦੀ, ਹਾਜ਼ਰ ਹਜ਼ੂਰ ਸੋਭਾ ਪਾਈਆ । ਜਿਸ ਦੀ ਕਰਨੀ ਆਦਿ ਜੁਗਾਦਿ ਦਸਤੂਰ ਦੀ, ਜੁਗ ਜੁਗ ਅਵਤਾਰ ਪੈਗ਼ੰਬਰ ਗੁਰੂ ਹੁਕਮ ਮਨਾਈਆ । ਉਸ ਸਫ਼ਾ ਉਠਾਉਣੀ ਅੰਤਮ ਕੂੜ ਦੀ, ਕਿਰਿਆ ਕੁਕਰਮ ਦਏ ਗਵਾਈਆ । ਬਖ਼ਸ਼ਿਸ਼ ਕਰਨੀ ਜਨ ਭਗਤਾਂ ਚਰਨ ਧੂੜ ਦੀ, ਟਿੱਕੇ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਸਰਬ ਕਲਾ ਭਰਪੂਰ ਦੀ, ਭਰਪੂਰ ਰਿਹਾ ਸਰਬ ਠਾਂਈਆ ।



### ✪ ੨੩ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬੁਘੇ ਜ਼ਿਲਾ ਅੰਮ੍ਰਿਤਸਰ ਸੰਗਤ ਦੇ ਕਣਕ ਦੀ ਗਹਾਈ ਕਰਕੇ ਜਾਣ ਸਮੇਂ ✪

ਧਰਨੀ ਕਹੇ ਮੇਰੀ ਪੁਨਹ ਪੁਨਹ ਨਿਮਸਕਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਨਿਵਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਪਰਵਰਦਿਗਾਰ ਸਾਂਝੇ ਯਾਰ ਦਰ ਤੇਰੇ ਵਾਸਤਾ ਪਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਾ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਅਬਿਨਾਸ਼ੀ ਮੇਰਾ ਲਹਿਣਾ ਦੇਣਾ ਮਾਤ ਵਿਚਾਰ, ਸੋ ਪੁਰਖ ਨਿਰੰਜਣ ਤੇਰੇ ਹੱਥ ਵਡਿਆਈਆ । ਮੈਂ ਸਤਿਗੁਰ ਸ਼ਬਦ ਕਰਾਂ ਇੰਤਜ਼ਾਰ, ਦੋ ਜਹਾਨਾਂ ਬਿਨ ਨੈਣਾਂ ਨੈਣ ਉਠਾਈਆ । ਮੇਰੀ ਕੂਕ ਅਗੰਮੀ ਪੁਕਾਰ, ਬਿਨ ਰਸਨਾ ਜਿਹਵਾ ਦਿਆਂ ਸੁਣਾਈਆ । ਦੀਨ ਦਿਆਲ ਮੇਰਾ ਦੁਖੜਾ ਜਗਤ ਨਿਵਾਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਭਵਿਖਤਾਂ ਵਿਚ ਤੇਰਾ ਭੇਖ ਜਣਾਈਆ । ਸੋ ਸਵਾਮੀ ਅੰਤਰਜਾਮੀ ਪਾ ਸਾਰ, ਪਰਮ ਪੁਰਖ ਪਰਮਾਤਮ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੂਰਬ ਮੇਰਾ ਕਰਮ ਵਿਚਾਰ, ਸਤਿਜੁਗ ਤ੍ਰੇਤਾ ਦੁਆਪਰ ਨਾਲ ਮਿਲਾਈਆ । ਮੇਰਾ ਸੰਦੇਸ਼ਾ ਧੁਰ ਦਰਬਾਰ, ਨਰ ਨਰੇਸ਼ਾ ਸੁਣਨਾ ਚਾਈਂ ਚਾਈਆ । ਨਵਖੰਡ ਵੇਖ ਧੁੰਆਂਧਾਰ, ਸੱਤ ਦੀਪ ਨਾ ਕੋਇ ਰੁਸ਼ਨਾਈਆ । ਆਤਮ ਬ੍ਰਹਮ ਨਾ ਕੋਇ ਪਿਆਰ, ਸੁਰਤ ਸ਼ਬਦ ਨਾ ਕੋਇ ਸਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਗਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਗ਼ਫ਼ਲਤ ਵਿਚ ਸੁੱਤਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਵੇਖਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪਰਮ ਪੁਰਖ ਹਰਿ ਹਰਿ ਸਾਜਣ ਮੀਤ, ਸਤਿ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਜੁਗ ਚੌਕੜੀ ਤੇਰੇ ਹੁਕਮੇ ਅੰਦਰ ਗਏ ਬੀਤ, ਲੋਕਮਾਤ ਭੱਜੇ ਵਾਹੋ ਦਾਹੀਆ । ਨਿਰਗੁਣ ਸਰਗੁਣ ਜੁਗ ਚੌਕੜੀ ਤੇਰੀ ਚਲੀ ਰੀਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਦਏ ਗਵਾਹੀਆ । ਨਿਗਾਹ ਮਾਰ ਲੈ ਮੰਦਰ ਮਸੀਤ, ਕਾਅਬਿਆਂ ਖੋਜ ਖੁਜਾਈਆ । ਮਾਨਸ ਮਾਨਵ ਮਾਨੁੱਖ ਤੱਕ ਪ੍ਰੀਤ, ਪ੍ਰੀਤਮ ਤੇਰੇ ਰੰਗ ਨਾ ਕੋਇ ਸਮਾਈਆ ।

ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਗੀਤ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਨਾ ਕੋਇ ਵਧਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਧਰਮ ਦੀ ਧਾਰ ਰਹੀ ਨਾ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਝਗੜਾ ਤੱਕ ਲੈ ਹਸਤ ਕੀਟ, ਸ਼ਾਹ ਫ਼ਕੀਰ ਰਹੇ ਕੁਰਲਾਈਆ । ਕਿਰਪਾ ਕਰ ਮੇਰੇ ਜਗਦੀਸ਼, ਜਗਦੀਸ਼ਰ ਤੇਰੀ ਓਟ ਰਖਾਈਆ । ਲੇਖਾ ਵੇਖ ਲੈ ਬੀਸ ਬੀਸ, ਬੀਸ ਬੀਸੇ ਭੇਵ ਚੁਕਾਈਆ । ਮਾਣ ਰਿਹਾ ਨਾ ਰਾਗ ਛਤੀਸ, ਤੀਸ ਬਤੀਸਾ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਕਿਰਪਾ ਕਰ ਮੇਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰਅ ਛੁਰੀ ਨਾ ਬਣੇ ਕਸਾਈਆ । ਆਤਮ ਪਰਮਾਤਮ ਸਭ ਨੂੰ ਦੇ ਗਿਆਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਝੂਲੇ ਧਰਮ ਨਿਸ਼ਾਨ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਮੈਂ ਖੇਲ ਤੱਕਾਂ ਭਗਤਾਂ ਤੇਰੇ ਨਾਲ ਭਗਵਾਨ, ਭਗਵਨ ਤੇਰੀ ਆਸ ਰਖਾਈਆ । ਮੈਂ ਵੇਖ ਕੇ ਹੋਵਾਂ ਹੈਰਾਨ, ਹੈਰਾਨੀ ਵਿਚ ਦੁਹਾਈਆ । ਚਾਰੋਂ ਕੁੰਟ ਸਰਬ ਕੁਰਲਾਣ, ਸਾਂਤਕ ਸਤਿ ਨਾ ਕੋਇ ਵਰਤਾਈਆ । ਝਗੜਾ ਪਿਆ ਅੰਜੀਲ ਕੁਰਾਨ, ਕਾਅਬੇ ਦੇਣ ਦੁਹਾਈਆ । ਮੇਰੇ ਨੇਤਰ ਲੋਚਣ ਨੈਣ ਸ਼ਰਮਾਣ, ਅੱਖ ਪ੍ਰਤੱਖ ਨਾ ਕੋਇ ਖੁਲਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਜਨ ਭਗਤਾਂ ਦੇ ਦੇ ਭਗਤੀ ਦਾਨ, ਅਤੋਟ ਅਤੁਟ ਵਰਤਾਈਆ । ਜੋ ਤੇਰੇ ਢੋਲੇ ਗੀਤ ਸੁਹਾਗੀ ਗਾਣ, ਕਾਇਆ ਮੰਦਰ ਅੰਦਰ ਵੱਜੇ ਵਧਾਈਆ । ਜਿਨ੍ਹਾਂ ਦੇ ਅੰਦਰ ਸ਼ਬਦ ਹੋਵੇ ਸੱਚੀ ਧੁਨਕਾਨ, ਅਨਹਦ ਨਾਦੀ ਦੇ ਸ਼ਨਵਾਈਆ । ਅੰਮ੍ਰਿਤ ਨਿਝਰ ਰਸ ਝਿਰਨਾਂ ਦੇ ਪੀਣ ਖਾਣ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਘਰ ਦੀਪਕ ਜੋਤ ਜਗਾ ਮਹਾਨ, ਸਾਢੇ ਤਿੰਨ ਹੱਥ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦੀ ਨਿਗਾਹਬਾਨ, ਜੁਗ ਜੁਗ ਤੇਰੀ ਬੇਪਰਵਾਹੀਆ । ਧਰਨੀ ਕਹੇ ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਇਕ ਸਰਨਾਈਆ । ਪੁਰਖ ਅਕਾਲ ਕਹੇ ਮੇਰੇ ਸਤਿਗੁਰ ਸ਼ਬਦੀ ਸ਼ਬਦ ਹੁਕਮਰਾਨ, ਦੋ ਜਹਾਨਾਂ ਖੇਲ ਖਿਲਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਖੇਲਿਆ ਖੇਲ ਮਹਾਨ, ਕਲਜੁਗ ਅੰਤਮ ਵੇਖ ਵਖਾਈਆ । ਜਨ ਭਗਤਾਂ ਦੇ ਕੇ ਭਗਤੀ ਦਾਨ, ਆਤਮ ਪਰਦਾ ਆਪ ਖੁਲਾਈਆ । ਜੋ ਦਿਵਸ ਰੈਣ ਖ਼ੁਸ਼ੀਆਂ (ਢੋਲੇ) ਗਾਣ, ਨੱਚਣ ਟੱਪਣ ਕੁੱਦਣ ਚਾਈਂ ਚਾਈਂਆ । ਸਾਚੀ ਸੇਵਾ ਵਿਚ ਬਲਵਾਨ, ਸੇਵਕ ਸੇਵਾ ਵਿਚ ਸਮਾਈਆ । ਲੋਕਮਾਤ ਬਣ ਕੇ ਪ੍ਰਭੂ ਦਾ ਖ਼ਾਨਦਾਨ, ਖ਼ਾਨਾ ਚੁਰਾਸੀ ਵਾਲਾ ਭੁਲਾਈਆ । ਤਿਨ੍ਹਾਂ ਉਤੇ ਹੋਵਾਂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਚਰਨ ਕਵਲ ਬਖ਼ਸ਼ ਧਿਆਨ, ਦੁਰਮਤ ਮੈਲ ਕਰਾਂ ਸਫ਼ਾਈਆ । ਆਵਣ ਜਾਵਣ ਚੁਕਾ ਕਾਣ, ਰਾਏ ਧਰਮ ਨਾ ਦਏ ਸਜ਼ਾਈਆ । ਦਰਗਾਹ ਸਾਚੀ ਕਰ ਪ੍ਰਵਾਨ, ਸਚਖੰਡ ਦਿਆਂ ਵਡਿਆਈਆ । ਅੰਤ ਜੋਤੀ ਜੋਤ ਮਿਲ ਜਾਣ, ਜਨਮ ਮਰਨ ਰਹੇ ਨਾ ਰਾਈਆ । ਧਰਨੀਏ ਧਵਲੇ ਧੌਲ ਹੋ ਕੇ ਸੁਣ ਅਗੰਮ ਫ਼ਰਮਾਨ, ਨਿਸ਼ਅੱਖਰ ਧਾਰ ਜਣਾਈਆ । ਭਗਤ ਸੁਹੇਲੇ ਹਰਿਜਨ ਮੇਰੇ ਨੌਜਵਾਨ, ਜੋਬਨਵੰਤੇ ਆਪਣੇ ਰੰਗ ਰੰਗਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਜਨਮ ਕਰਮ ਦਾ ਕਰ ਪ੍ਰਵਾਨ, ਭਾਂਡਾ ਭਰਮ ਭਰਮ ਭੰਨਾਈਆ । ਉਹ ਚਾਰ ਜੁਗ ਦੇ ਸਤਿ ਧਰਮ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਅਖਵਾਈਆ । ਕਿਰਪਾ ਕਰੇ ਆਪ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਸਦਾ ਸੰਗ ਰੱਖੇ ਬਾਲ ਅੰਞਾਣ, ਬਿਰਧ ਬਾਲ ਜਵਾਨ ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜੋਤ



੧੮੦੨
੨੩

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੋਧ ਅਗਾਧੀ ਦੇਵਣਹਾਰਾ ਦਾਨ, ਦਾਤਾ ਬਿਧਾਤਾ ਪਰਮਾਤਮ ਆਤਮ ਇਕ ਅਖਵਾਈਆ ।

### ✪ ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਨਹਿਰੋਂ ਪਾਰ ਮਸ਼ੀਨ ਕਣਕ ਵਾਲੀ ਤੇ ਕੰਮ ਕਰਨ ਵਾਲਿਆਂ ਬੰਦਿਆਂ ਨਵਿਤ ✪

ਧਰਨੀ ਕਹੇ ਮੇਰੇ ਸਵਾਮੀਆਂ, ਸਮੇਂ ਦੇ ਮਾਲਕ ਤੇਰੀ ਸਰਨਾਈਆ । ਆਦਿ ਜੁਗਾਦੀ ਅੰਤਰਜਾਮੀਆਂ, ਜੁਗ ਜੁਗ ਤੇਰੀ ਬੇਪਰਵਾਹੀਆ । ਤੂੰ ਭਗਤਾਂ ਸੰਤਾਂ ਮਿੰਨਤਾਂ ਮਾਨੀਆਂ, ਮਿਹਰਵਾਨ ਆਪਣੀ ਦਇਆ ਕਮਾਈਆ । ਚਾਰ ਜੁਗ ਦੇ ਸ਼ਾਸਤਰ ਤੇਰੀ ਕਥਾ ਕਹਾਣੀਆਂ, ਸਿਫ਼ਤੀ ਸਿਫ਼ਤਾਂ ਨਾਲ ਸਲਾਹੀਆ । ਤੇਰੀ ਬੋਧ ਅਗਾਧ ਸ਼ਬਦ ਅਗੰਮੀ ਬਾਣੀਆਂ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਨ ਭਗਤਾਂ ਆਤਮਾ ਤੇਰੀਆਂ ਰਾਣੀਆਂ, ਨਿਰਗੁਣ ਸਰਗੁਣ ਸੇਵ ਕਮਾਈਆ । ਸਾਚੇ ਦਰ ਕਰੀਂ ਪ੍ਰਵਾਨੀਆਂ, ਪਰਮ ਪੁਰਖ ਤੇਰੇ ਹੱਥ ਵਡਿਆਈਆ । ਮੈਂ ਕੋਝੀ ਕਮਲੀ ਨਿਮਾਣੀ ਆਂ, ਤੇਰੀ ਓਟ ਤਕਾਈਆ । ਤੂੰ ਸ਼ਹਿਨਸ਼ਾਹ ਭਗਤ ਵਛਲ ਨਿਸ਼ਾਨੀਆਂ, ਨਿਰਵੈਰ ਇਕ ਅਖਵਾਈਆ । ਮਾਣ ਦੇਣਾ ਜੀਵ ਪ੍ਰਾਣੀਆਂ, ਈਸ਼ ਜੀਵ ਰੰਗ ਰੰਗਾਈਆ । ਘਰ ਮੰਦਰ ਵੇਖ ਸੁਘੜ ਸਵਾਣੀਆਂ, ਹਰਿਜਨ ਸਾਚੇ ਭੇਵ ਚੁਕਾਈਆ । ਤੇਰੇ ਉਤੋਂ ਵਿਟਹੁ ਕੁਰਬਾਨੀਆਂ, ਨਿਵ ਨਿਵ ਲਾਗਾਂ ਪਾਈਆ । ਤੇਰੀਆਂ ਸੇਜਾ ਸੁਹੰਜਣੀਆਂ ਸੁਹਾਉਣੀਆਂ, ਭਗਤ ਸਿੰਘਾਸਣ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਭਗਵੰਤ, ਤੇਰੀ ਬੇਪਰਵਾਹੀਆ । ਤੇਰੇ ਵੇਖੇ ਭਗਤ ਸੁਹੇਲੇ ਸੰਤ, ਸਤਿਗੁਰ ਤੇਰੀ ਓਟ ਤਕਾਈਆ । ਤੂੰ ਨਿਮਾਣਿਆਂ ਬਣੇਂ ਕੰਤ, ਹੋਣਾ ਆਪ ਸਹਾਈਆ । ਅੰਤਰ ਦੇ ਕੇ ਨਾਮ ਮਨੀਆਂ ਮੰਤ, ਮਨਸਾ ਕੂੜੀ ਬਾਹਰ ਕਢਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦੇਣਾ ਸਮਝਾਈਆ । ਇਕੋ ਰੰਗ ਬਣਾ ਕੇ ਸਾਚੀ ਸੰਗਤ, ਸਿਰ ਸਿਰ ਆਪਣਾ ਹੱਥ ਟਿਕਾਈਆ । ਲੇਖਾ ਮੁਕਾ ਕੇ ਦੋਜ਼ਖ਼ ਬਹਿਸ਼ਤ ਜੰਨਤ, ਸਚਖੰਡ ਦੇਣੀ ਮਾਣ ਵਡਿਆਈਆ । ਮੇਰੀ ਨਿਮਾਣੀ ਦੀ ਇਕੋ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਤੂੰ ਵੇਖ ਲੈ ਮੇਰੀ ਧਰਨੀ ਵਾਲੀ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਂ ਖ਼ੁਸ਼ੀਆਂ ਵਿਚ ਹੱਸਾਂ, ਹੱਸ ਹੱਸ ਖ਼ੁਸ਼ੀ ਬਣਾਈਆ । ਤੇਰਿਆਂ ਭਗਤਾਂ ਦੇ ਅਗੇ ਪਿਛੇ ਨੱਸਾਂ, ਚਾਰੋਂ ਕੁੰਟ ਚੌਗਿਰਦ ਚੱਕਰ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦੱਸਾਂ, ਅਵਤਾਰ ਪੈਗੰਬਰ ਗੁਰੂਆਂ ਰਹੀ ਦ੍ਰਿੜਾਈਆ । ਆਓ ਵੇਖੋ ਪ੍ਰੇਮ ਦਾ ਰਸਾ, ਬਿਨ ਰਸਨਾ ਰਹੀ ਸੁਣਾਈਆ । ਕੀ ਸਿਫ਼ਤ ਵਡਿਆਈ ਕਰਾਂ ਜਸਾ, ਮਹਿੰਮਾ ਕਵਣ ਸੁਣਾਈਆ । ਧੰਨ ਭਾਗ ਮੇਰਾ ਵਕਤ ਸੁਹੰਜਣਾ ਹੋਇਆ ਮਸਾਂ, ਜੋ ਪ੍ਰਿਭੁ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਸੰਮਤ ਸ਼ਹਿਨਸ਼ਾਹੀ ਦਸ ਰਿਹਾ

੧੮੦੩
੨੩

ਆਖ, ਖ਼ੁਸ਼ੀਆਂ ਨਾਲ ਸੁਣਾਈਆ । ਇਹ ਮਹੀਨਾ ਜਗਤ ਵਾਲਾ ਵਿਸਾਖ, ਵਿਸਰਿਆਂ ਪ੍ਰਭੂ ਯਾਦ ਦਏ ਕਰਾਈਆ । ਚਾਰੋਂ ਕੁੰਟ ਕੂੜ ਦੀ ਰਾਖ, ਧੂੰਆਂਧਾਰ ਲੋਕਾਈਆ । ਨਿਗਾਹ ਮਾਰ ਲੈ ਕਮਲਾਪਾਤ, ਪਤਿਪਰਮੇਸ਼ਵਰ ਅੱਖ ਉਠਾਈਆ । ਤੇਰੇ ਭਗਤ ਸੁਹੇਲੇ ਖੇਲਾਂ ਖੇਲਦੇ ਦਿਵਸ ਰਾਤ, ਖ਼ੁਸ਼ੀਆਂ ਵਿਚ ਸਾਚੇ ਢੋਲੇ ਗਾਈਆ । ਜਿਨ੍ਹਾਂ ਦੀ ਅੱਠੇ ਪਹਿਰ ਪ੍ਰਭਾਤ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਤੂੰ ਉਨ੍ਹਾਂ ਦਾ ਪਿਤਾ ਮਾਤ, ਪੁਰਖ ਅਕਾਲ ਇਕ ਅਖਵਾਈਆ । ਓਹ ਆਤਮ ਧਾਰ ਤੇਰੀ ਜਾਤ, ਤਤਾਂ ਨਾਲ ਵੱਜੇ ਵਧਾਈਆ । ਸਭ ਦੇ ਹਿਰਦੇ ਕਰਨੇ ਸ਼ਾਂਤ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੂੰ ਸ਼ਹਿਨਸ਼ਾਹ ਗੁਰੂ ਮਹਾਰਾਜ, ਪਾਤਸ਼ਾਹ ਇਕ ਅਖਵਾਈਆ । ਤੇਰੇ ਭਗਤ ਸੁਹੇਲੇ ਸੇਵਾ ਕਰਦੇ ਜਗਤ ਵਾਲੇ ਅਨਾਜ, ਹਰਿ ਸੰਗਤ ਖ਼ੁਸ਼ੀ ਬਣਾਈਆ । ਕੁਮੇਰ ਮਾਰ ਕੇ ਸੁਣਾ ਰਿਹਾ ਆਵਾਜ਼, ਦੋ ਜਹਾਨ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਾਵੇ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਚਾਰੋਂ ਕੁੰਟ ਖ਼ੁਸ਼ੀ ਦਾ ਬੁਝਣਾ ਚਰਾਗ਼, ਅੰਧੇਰਾ ਗ਼ਮੀ ਵਾਲਾ ਆਈਆ । ਜਨ ਭਗਤਾਂ ਢੋਲੇ ਗਾਉਣੇ ਰਾਗ, ਸੋਹਣਾ ਗੀਤ ਸੁਣਾਈਆ । ਸਚ ਸਰਨਾਈ ਗਏ ਲਾਗ, ਦਰ ਠਾਂਡੇ ਵੱਜੇ ਵਧਾਈਆ । ਮੇਰੀ ਮਿੰਨਤ ਸੁਣਨੀ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਤੇਰਾ ਚਾਰ ਜੁਗ ਤੋਂ ਵੱਖਰਾ ਰਿਵਾਜ, ਮਿਹਰਵਾਨ ਹੋ ਕੇ ਜਨ ਭਗਤਾਂ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤਾਂ ਮੁਖ ਸੁਹਾਏ, ਸੋਹਣੀ ਮਿਲੇ ਵਡਿਆਈਆ । ਹਰਿਜਨ ਸਾਚਾ ਰੰਗ ਬਣਾਏ, ਬੈਠੇ ਧਿਆਨ ਲਗਾਈਆ । ਤੇਰੇ ਚੰਦ ਨੂਰ ਰੁਸ਼ਨਾਏ, ਜੋਤੀ ਜਾਤੇ ਡਗਮਗਾਈਆ । ਲੰਗਰ ਦੀ ਸੇਵ ਰਹੇ ਕਮਾਏ, ਦਿਵਸ ਰੈਣ ਰੈਣ ਦਿਵਸ ਆਪਣੀ ਖ਼ੁਸ਼ੀ ਬਣਾਈਆ । ਤੂੰ ਮਿਹਰਵਾਨਾ ਸਾਰੇ ਦੇਣੇ ਤਰਾਏ, ਜਰਨੈਲ ਸਿੰਘ ਦਲੀਪ ਪ੍ਰੀਤਮ ਰੰਗ ਵਖਾਈਆ । ਪ੍ਰੀਤਮ ਸਿੰਘ ਸੋਹਣੀ ਵੰਡ ਵੰਡਾਏ, ਕੇਹਰ ਸਿੰਘ ਪੱਲੂ ਲੈਣਾ ਫੜਾਈਆ । ਕਸ਼ਮੀਰ ਸਿੰਘ ਗੰਢ ਬੰਧਾਏ, ਜਗੀਰ ਸਿੰਘ ਸਕੇ ਨਾ ਕੋਇ ਖੁਲਾਈਆ । ਸੁਲੱਖਣ ਸਿੰਘ ਆਪਣਾ ਖੇਲ ਵਖਾਏ, ਭੱਜੇ ਵਾਹੋ ਦਾਹੀਆ । ਹਰਭਜਨ ਸਿੰਘ ਧੂੜੀ ਖ਼ਾਕ ਰਮਾਏ, ਟਿੱਕੇ ਸਭ ਦੇ ਨਾਮ ਲਗਾਈਆ । ਵਰਿਆਮ ਕੌਰ ਦੀ ਘਾਲ ਪਾਉਣੀ ਥਾਏਂ, ਚਰਨੋ ਚਰਨਜੀਤ ਨਾਲ ਮਿਲਾਈਆ । ਗੁਰਦੇਵ ਕੌਰ ਦੀ ਸੇਵਾ ਪਾਏ ਪ੍ਰਥਾਏ, ਪ੍ਰਿਥਮੀ ਦੇ ਮਾਲਕ ਹੋਣਾ ਸਹਾਈਆ । ਜੋ ਵੱਡੇ ਛੋਟੇ ਬੱਚੇ ਨੱਢੇ ਤੇਰਾ ਰਹੇ ਧਿਆਨ ਲਗਾਏ, ਗੁਰਮੀਤ ਕੌਰ ਸੰਗ ਬਣਾਈਆ । ਲੇਖ ਲਿਖਾਰੀ ਲਿਖਤ ਵਿਚ ਕਲਮ ਸ਼ਾਹੀ ਚੰਦ ਚੜ੍ਹਾਏ, ਜਗਤ ਚਾਂਦਨੀ ਕੰਮ ਕਿਸੇ ਨਾ ਆਈਆ । ਧਰਨੀ ਕਹੇ ਇਹ ਧੂੜੀ ਖ਼ਾਕ ਮੈਂ ਸਭ ਦੇ ਮਸਤਕ ਰਹੀ ਲਗਾਏ, ਖ਼ੁਸ਼ੀਆਂ ਢੋਲੇ ਗਾਈਆ । ਫਿਰ ਤ੍ਰਿਪਤ ਦੇ ਪੈਰ ਉਤੇ ਦਿਆਂ ਸੁਟਾਏ, ਇਹ ਪਿਛਲੀ ਦਏ ਗਵਾਹੀਆ । ਅਯੁਧਿਆ ਦਿਓ ਵਾਸੀਓ ਤੁਹਾਨੂੰ ਦਿਆਂ ਸੁਣਾਏ, ਪੂਰਬ ਲੇਖ ਸਮਝਾਈਆ । ਜਿਸ ਵਿਛੋੜੇ ਵਿਚ ਕੀਤਾ ਸੀ ਹਾਏ ਹਾਏ, ਉਫ਼ ਤੇਰਾ ਨਾਮ ਦੁਹਾਈਆ । ਰਾਮ ਨੇ ਕਿਹਾ ਸੀ ਜਿਸ ਵੇਲੇ ਮੇਰਾ ਰਾਮ ਆਏ, ਤੁਹਾਨੂੰ ਸਭ ਨੂੰ ਲਏ ਮਿਲਾਈਆ । ਓਸ ਵੇਲੇ ਸੀਤਾ ਪੈਰ ਤੇ ਪੱਟੀ ਬੰਨ੍ਹ ਕੇ ਚਲਦੀ ਸੀ ਇਕ ਪਾਏ, ਉਚੀ ਨੀਵੀਂ ਜਗ੍ਹਾ ਸਮਝ ਕਿਸੇ ਨਾ ਆਈਆ । ਰਾਮ ਨੇ ਕਿਹਾ ਇਹ ਲਹਿਣਾ ਦੇਣਾ ਤੁਹਾਨੂੰ ਫੇਰ ਦਿਆਂ ਸਮਝਾਏ, ਬੁੱਧੀ ਤੋਂ ਪਰੇ ਆਪ ਦ੍ਰਿੜਾਈਆ । ਇਹ ਚੋਟ ਨਹੀਂ ਇਹ ਪੂਰਬ ਲਹਿਣਾ ਜੋ ਲੇਖੇ

੧੮੦੫
੨੩

ਵਿਚ ਪੂਰਾ ਦਏ ਕਰਾਏ, ਪੂਰਨ ਸਤਿਗੁਰ ਹੱਥ ਵਡਿਆਈਆ । ਰਤਨ ਦਾ ਰੋਗ ਦਏ ਗਵਾਏ, ਅੰਤਰ ਦੁੱਖ ਰਹੇ ਨਾ ਰਾਈਆ । ਭਾਗ ਸਿੰਘ ਅਨਮੁੱਲੜੀ ਸੇਵਾ ਰਿਹਾ ਕਮਾਏ, ਭਗਵੰਤ ਦੇਵੇ ਮਾਣ ਵਡਿਆਈਆ । ਜੁਗਿੰਦਰ ਕੌਰ ਇਕ ਸਤਰ ਲਿਖੇ ਫੇਰ ਅਗਲਾ ਸ਼ਬਦ ਬਦਲ ਜਾਏ, ਬਦਲੀ ਜੁਗ ਦੀ ਆਪਣੇ ਹੱਥ ਰਖਾਈਆ । ਰਾਜਾ ਬਲ ਗਿਆ ਸੁਣਾਏ, ਬਾਵਨ ਸੀਸ ਨਿਵਾਈਆ । ਛੋਟਾ ਨਨ੍ਹਾ ਖ਼ੁਸ਼ੀਆਂ ਵਿਚ ਆਪਣੀ ਖ਼ੁਸ਼ੀ ਬਣਾਏ, ਦੂਸਰ ਸਮਝ ਕੋਇ ਨਾ ਪਾਈਆ । ਬਾਵਨ ਪੰਜ ਦਾਣੇ ਉਹਦੇ ਹੱਥਾਂ ਵਿਚ ਫੜਾਏ, ਸੋਹਣਾ ਹੁਕਮ ਸੁਣਾਈਆ । ਜੋ ਬਲਗਾਰੀਆ ਵਿਚੋਂ ਰਿਸ਼ੀ ਫੜ ਕੇ ਅਸਮੇਧ ਯੱਗ ਵਿਚ ਲਿਆਏ, ਗਿਣਤੀ ਨੌ ਨੌ ਰਖਾਈਆ । ਸਤਿਜੁਗ ਵਿਚ ਕਲਜੁਗ ਧਾਰ ਖੇਲ ਕਰੇ ਬੇਪ੍ਰਵਾਹੇ, ਹਰਿ ਕਰਤਾ ਧੁਰਦਰਗਾਹੀਆ । ਬਲ ਕਿਹਾ ਜਿਸ ਵੇਲੇ ਮੇਰਾ ਪਰਮ ਪੁਰਖ ਬਾਵਨ ਦਾ ਬਾਵਨ ਰੂਪ ਬਦਲਾਏ, ਆਪਣਾ ਫੇਰਾ ਪਾਈਆ । ਸੰਮਤ ਸ਼ਹਿਨਸ਼ਾਹੀ ਦਸ ਮੈਨੂੰ ਨਜ਼ਰੀ ਆਏ, ਦਹਿ ਦਿਸ਼ਾ ਧਿਆਨ ਲਗਾਈਆ । ਇਹ ਸੰਦੇਸ਼ਾ ਗਿਆ ਦ੍ਰਿੜਾਏ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਹਾੜ ਸਤਾਰਾਂ ਆਏ, ਆਪਣਾ ਰੂਪ ਬਦਲਾਈਆ । ਹਰਿ ਭਗਤ ਦਵਾਰ ਰਹਿਣ ਵਾਲੇ ਸਾਰੇ ਸਾਚੀ ਸੇਵਾ ਲੈਣ ਕਮਾਏ, ਫੁਲਕੇ ਪੰਜ ਪੰਜ ਪਕਾਈਆ । ਸਭ ਦੇ ਨਾਮ ਦਾ ਸਵਾ ਸਵਾ ਮਣ ਆਟਾ ਲੈਣਾ ਪਿਸਾਏ, ਵਧ ਘੱਟ ਨਾ ਕੋਇ ਰਖਾਈਆ । ਅਗੇ ਭਗਤਾਂ ਦੇ ਲੰਗਰ ਨੂੰ ਤੋਟ ਰਹੇ ਨਾ ਰਾਏ, ਅਤੁਟ ਆਪ ਬਣਾਈਆ । ਜੁਗਿੰਦਰ ਕੌਰ ਉਸ ਦਿਨ ਫੁਲਕਾ ਪਾਤਸ਼ਾਹ ਨੂੰ ਆਪ ਖਵਾਏ, ਥਾਲੀ ਪੁਠੀ ਉਤੇ ਟਿਕਾਈਆ । ਧਰਤੀ ਉਤੇ ਹੋਵੇ ਹਾਏ ਹਾਏ, ਬਹੁੜੀ ਤੇਰਾ ਨਾਮ ਦੁਹਾਈਆ । ਫਿਰ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਨਵ ਖੰਡ ਪ੍ਰਿਥਮੀ ਸਭ ਨੂੰ ਦਰਸ ਦਖਾਏ, ਰਾਤੀ ਸੁਤਿਆਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੰਗ ਆਪ ਰਖਾਈਆ । ਧਰਨੀ ਕਹੇ ਮੇਰੇ ਉਤੇ ਜਨ ਭਗਤੋ ਤੁਹਾਡੀ ਡਹਿ ਗਈ ਮੰਜੀ, ਸਿੰਘਾਸਣ ਜਗਤ ਵਾਲੇ ਤਜਾਈਆ । ਤੁਹਾਡਾ ਲੇਖਾ ਰਹੇ ਨਾ ਪ੍ਰਕਿਰਤੀ ਪੰਜੀ, ਪੰਚਮ ਦੇਵੇ ਮਾਣ ਵਡਿਆਈਆ । ਹਰਖ ਸੋਗ ਮੇਟ ਕੇ ਰੰਜੀ, ਰੰਜਸ ਦੇਵੇ ਕਢਾਈਆ । ਤੁਹਾਡੀ ਵਾਸਨਾ ਕਰ ਕੇ ਚੰਗੀ, ਚਾਰੋਂ ਕੁੰਟ ਕੁੰਟ ਮਹਿਕਾਈਆ । ਪ੍ਰਭੂ ਪਿਆਰ ਵਿਚ ਕਦੇ ਨਾ ਹੋਵੇ ਤੰਗੀ, ਤੰਗ ਦਸਤ ਨਾ ਕਦੇ ਅਖਵਾਈਆ । ਸਭ ਦੀ ਆਯੂ ਹੋਵੇ ਲੰਬੀ, ਪ੍ਰਭੂ ਆਪਣੇ ਨਾਲ ਦਏ ਵਡਿਆਈਆ । ਤੁਸੀਂ ਸੂਰਮੇ ਬਹਾਦਰ ਯੋਧੇ ਜੰਗੀ, ਜੋ ਦਿਵਸ ਰੈਣ ਕਰੋ ਲੜਾਈਆ । ਤੁਹਾਡੀ ਸੇਵਾ ਦਰਗਾਹ ਪ੍ਰਵਾਨ ਜਿਥੇ ਸੱਚਾ ਮਿਲੇ ਸੁਖ ਅਨੰਦੀ, ਅਨੰਦ ਅਨੰਦ ਵਿਚੋਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਧਾਰ ਧੁਰ ਦਾ ਸੰਗੀ, ਸਗਲਾ ਸੰਗ ਆਪ ਬਣਾਈਆ ।

ਧਰਨੀ ਕਹੇ ਪ੍ਰਭੂ ਤੇਰਾ ਪਿਆਰ ਭਗਤਾਂ ਸੁੱਚਾ, ਸੁੱਚਾ ਸਿੰਘ ਦੇਣੀ ਵਡਿਆਈਆ । ਤੇਰਾ ਖੇਲ ਦੀਰਘ ਅੱਤ ਮੁੱਚਾ, ਡੂੰਘਾ ਸਮਝ ਕਿਸੇ ਨਾ ਆਈਆ । ਤੇਰੀ ਪ੍ਰੇਮ ਪਿਆਰ ਮੁਹੱਬਤ ਦੀ ਬਣੀ ਰਹੇ ਰੁਚਾ, ਰੁਚੀ ਆਪਣੇ ਨਾਲ ਰਖਾਈਆ । ਸਦਾ ਸੁਹਾਉਣੀ ਭਗਤਾਂ ਰਹੇ ਰੁੱਤਾ, ਰੁਤੜੀ ਜਗਤ ਨਾ ਕੋਇ ਵਖਾਈਆ । ਤੇਰੇ ਪਿਆਰ ਵਿਚ ਹਰਿਜਨ ਖ਼ੁਸ਼ੀ ਦੀ ਨੀਂਦੇ ਰਹੇ ਸੁੱਤਾ, ਜਗਤ ਆਲਸ ਰਹਿਣ ਕੋਇ ਨਾ ਪਾਈਆ ।

ਜੋ ਸੇਵਾ ਹਰਿਜਨ ਕਰਦੇ ਦਿਵਸ ਰੈਣ ਅਗਨੀ ਵਾਲੀ ਧੁਪਾ, ਸਾਂਤਕ ਸਤਿ ਦੇਣਾ ਵਰਤਾਈਆ । ਵਿਛੋੜੇ ਵਿਚ ਵਿਛੜ ਜਾਏ ਕੋਇ ਨਾ ਤੇਰਾ ਪੁੱਤਾ, ਪ੍ਰੀਤਮ ਹੋ ਕੇ ਪ੍ਰੇਮ ਲੈਣਾ ਬੰਧਾਈਆ । ਤੇਰਾ ਭਗਤ ਸੁਹੇਲਾ ਰਹੇ ਕੋਇ ਨਾ ਛੁਪਾ, ਛਪਰੀ ਛੰਨਾਂ ਵਜਦੀ ਰਹੇ ਵਧਾਈਆ । ਤੇਰਾ ਨਾਮ ਨਿਧਾਨਾ ਦੋ ਤੁਕਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾ ਗਾ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਉਣਾ ਕਾਇਆ ਬੁਤਾ, ਬੁਤਖ਼ਾਨਿਆਂ ਕਰਨੀ ਆਪ ਸਫ਼ਾਈਆ ।

ਧਰਨੀ ਕਹੇ ਮੇਰੀ ਗਵਾਹੀ, ਸ਼ਹਾਦਤ ਬਿਨਾ ਅੱਖਰਾਂ ਭੁਗਤਾਈਆ । ਬਾਲਮੀਕ ਏਥੇ ਆਇਆ ਬਣ ਕੇ ਰਾਹੀ, ਪਾਂਧੀ ਆਪਣਾ ਪੰਧ ਮੁਕਾਈਆ । ਮੇਰੇ ਉਤੇ ਕੱਖਾਂ ਸੇਜ ਵਿਛਾਈ, ਬੈਠਾ ਆਸਣ ਲਾਈਆ । ਨਾਲੇ ਰਾਮ ਦੀ ਰਾਮ ਦਿਤੀ ਦੁਹਾਈ, ਧੁਰ ਦੇ ਢੋਲੇ ਗਾਈਆ । ਖ਼ੁਸ਼ੀਆਂ ਵਿਚ ਚਾਰੋਂ ਕੁੰਟ ਤਕਾਈ, ਨੈਣ ਨੈਣ ਨੈਣ ਬਿਗਸਾਈਆ । ਉਧਰੋਂ ਆ ਗਿਆ ਇਕ ਚਰਵਾਹੀ, ਜੋ ਗਊਆਂ ਨੌਂ ਅਗੇ ਲਾਈਆ । ਉਸ ਦਾ ਨਾਮ ਸੀ ਮਧਾਈ, ਮਧੂ ਕਹਿ ਕੇ ਸਾਰੇ ਰਹੇ ਬੁਲਾਈਆ । ਉਸ ਡੰਡਾਵਤ ਕਰ ਕੇ ਧੂੜੀ ਖ਼ਾਕ ਰਮਾਈ, ਬਾਲਮੀਕ ਦੇ ਚਰਨਾਂ ਛੋਹ ਕੇ ਨੈਣਾਂ ਨੀਰ ਵਹਾਈਆ । ਕਿਰਪਾ ਕਰ ਮੇਰੇ ਗੁਸਾਈਂ, ਸਹਿਜ ਦਿਤਾ ਸੁਣਾਈਆ । ਬਾਲਮੀਕ ਨਿਗਾਹ ਮਾਰੀ ਲੇਖਾ ਵੇਖਿਆ ਇਨ੍ਹਾਂ ਨਾਲ ਬੇਪ੍ਰਵਾਹੀ, ਜੋ ਬੇਪ੍ਰਵਾਹੀ ਵਿਚ ਸਮਾਈਆ । ਝਟ ਆਪਣੀ ਕਲਮ ਦੀ ਛਿਣਕ ਕੇ ਸ਼ਾਹੀ, ਸ਼ਹਿਨਸ਼ਾਹ ਦਾ ਅੱਖਰ ਦਿਤਾ ਪਾਈਆ । ਸਤਿਜੁਗ ਤਰੇਤਾ ਦੁਆਪਰ ਤੇਰਾ ਮਿਲਦਾ ਰਹੇ ਮਾਹੀ, ਵੱਖ ਵੱਖ ਰੂਪ ਬਦਲਾਈਆ । ਪਰ ਕਲਜੁਗ ਅੰਤਮ ਤੇਰਾ ਲਹਿਣਾ ਦੇਣਾ ਦੇਵਣਹਾਰ ਦਏ ਚੁਕਾਈ, ਚਾਰ ਜੁਗ ਦਾ ਲੇਖਾ ਪੂਰ ਕਰਾਈਆ । ਚਰਨ ਕਵਲਾਂ ਦੇਵੇ ਥਾਈਂ, ਸਿਰ ਆਪਣਾ ਹੱਥ ਟਿਕਾਈਆ । ਜੋਗਾ ਸਿੰਘ ਉਸ ਦਾ ਲੇਖਾ ਪੂਰਾ ਕਰੇ ਚਾਈਂ ਚਾਈਂ, ਪੂਰਬ ਮੇਲਾ ਰਿਹਾ ਮਿਲਾਈਆ । ਦਾਤਾ ਦਾਤਾਰ ਦੇਵਣਹਾਰ ਆਦਿ ਜੁਗਾਦਿ ਇਕ ਅਖਵਾਈ, ਖ਼ੈਰਖ਼ਾਹ ਨੂਰ ਅਲਾਹੀਆ । ਆਸਾ ਸਿੰਘ ਏਸੇ ਦਾ ਚਚਾ ਜ਼ਾਦ ਹੁੰਦਾ ਸੀ ਭਾਈ, ਜੋ ਦੂਰੋਂ ਸੀਸ ਨਿਵਾ ਕੇ ਪਲਾ ਗਿਆ ਛੁਡਾਈਆ । ਪ੍ਰੀਤੋ ਹੁੰਦੀ ਸੀ ਇਕ ਗੀਰ ਮਾਹੀ, ਮਛਲੀਆਂ ਫੜ ਕੇ ਝਟ ਲੰਘਾਈਆ । ਹੱਸ ਕੇ ਕਿਹਾ ਇਹ ਕੋਈ ਬੁੱਢਾ ਦਿਸੇ ਸ਼ੌਦਾਈ, ਧਰਨੀ ਉਤੇ ਆਸਣ ਲਾਈਆ । ਬਾਲਮੀਕ ਨੇ ਪੁਠੀ ਕਲਮ ਉਠਾਈ, ਤਿੰਨ ਵਾਰ ਦਿਤੀ ਭਵਾਈਆ । ਤਰੇਤਾ ਦੁਆਪਰ ਤੇਰਾ ਲੇਖਾ ਮੁਕਣਾ ਨਾਹੀਂ, ਕਲਜੁਗ ਅੰਤਮ ਕਿਰਪਾ ਕਰੇ ਮੇਰਾ ਗੁਸਾਂਈਆ । ਨਾਲੇ ਹੱਸ ਕੇ ਪ੍ਰੇਮ ਵਿਚ ਆਖਿਆ ਤੁਸਾਂ ਜੀਉਣਾ ਚਾਈਂ ਚਾਈਂ, ਜੁਗ ਬੀਤਦਿਆਂ ਦੇਰ ਨਾ ਲਾਗੇ ਰਾਈਆ । ਧਰਨੀ ਕਹੇ ਓਹ ਵਕਤ ਪਹੁੰਚਿਆ ਪ੍ਰਭ ਮੇਲ ਮੇਲਿਆ ਰਾਹੀ, ਕਲਜੁਗ ਹੋਇਆ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਮੇਲ ਮਿਲਾਏ ਭਾਈ ਭਾਈ, ਨਾਤਾ ਭਗਤ ਭਗਵੰਤ ਜਣਾਈਆ ।

੧੮੦੬
੨੩

ਨਾਰਦ ਕਹੇ ਸ਼ੰਕਰਾ ਤੇਰੀਆਂ ਜੁਗ ਜੁਗ ਵੇਖੀਆਂ ਸ਼ਾਦੀਆਂ, ਸ਼ਾਦਿਆਨੇ ਖ਼ੁਸ਼ੀਆਂ ਵਾਲੇ ਵਜਾਈਆ । ਜਿਸ ਜੁਗ ਜੁਗ ਚਾਰੇ ਖਾਣੀਆਂ ਖਾਧੀਆਂ, ਅੰਡਜ ਜੇਰਜ ਉਤਭੁਜ ਸੇਤਜ ਸੰਗ ਮਿਲਾਈਆ । ਪ੍ਰਭੂ ਨੇ ਕਿਹੋ ਜਿਹੀਆਂ ਆਪਣੇ ਹੁਕਮ ਦੀਆਂ ਪਾਈਆਂ ਵਾਦੀਆਂ, ਵਜ੍ਹਾ ਸਮਝ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਮੈਂ ਵੇਖਦਾ ਰਿਹਾ ਆਬਾਦੀਆਂ, ਬਿਨ ਨੈਣਾਂ ਨੈਣ ਉਠਾਈਆ । ਖੇਲ ਤੱਕਦਾ ਰਿਹਾ ਨਿਰਗੁਣ ਸਰਗੁਣ ਧਾਰ ਤਤ ਲਾਗੀਆਂ, ਲਗ ਮਾਤਰ ਸਮਝ ਕੋਇ ਨਾ ਪਾਈਆ । ਅੰਤ ਕੂਕ ਕੂਕ ਕੇ ਮਾਰਾਂ ਆਵਾਜ਼ੀਆਂ, ਸ਼ਬਦ ਸੰਦੇਸੇ ਨਾਲ ਜਣਾਈਆ । ਪ੍ਰਭੂ ਪਿਆਰ ਵਿਚ ਕਵਣ ਧਾਰਾ ਜਾਗੀਆਂ, ਬਿਨ ਨੈਣਾਂ ਨੈਣ ਉਠਾਈਆ । ਸਚ ਸਹੇਲੀਆਂ ਬਿਨ ਸੱਜਣ ਕਿਸੇ ਨਾ ਲਾਧੀਆਂ, ਮੇਲ ਮਿਲਾਵਾ ਸਹਿਜ ਸੁਭਾਈਆ । ਮੈਂ ਆਵਾਜ਼ਾਂ ਸੁਣੀਆਂ ਬਿਨਾ ਰਾਗੀਆਂ, ਛੱਤੀ ਰਾਗ ਨਾ ਕੋਇ ਚਤੁਰਾਈਆ । ਹੁਣ ਉਡੀਕਾਂ ਕਾਹਦੀਆਂ, ਕੀ ਆਸ ਰਖਾਈਆ । ਓਹ ਤੱਕ ਲੈ ਕਲਜੁਗ ਅੰਤਮ ਉਲਟਣ ਵਾਲੀਆਂ ਬਾਜ਼ੀਆਂ, ਬਾਜਾਂ ਵਾਲਾ ਦਏ ਗਵਾਹੀਆ । ਜਿਸ ਦਾ ਰਾਗ ਗਾਇਆ ਗੁਰ ਅਵਤਾਰ ਪੈਗ਼ੰਬਰਾਂ ਢਾਢੀਆਂ, ਬਿਨ ਢੋਲਕ ਛੈਣੇ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਸੁਣੋ ਨੀ ਖਾਣੀਓ, ਬੇਖ਼ਬਰੋ ਖ਼ਬਰ ਸੁਣਾਈਆ । ਹੋਕਾ ਦੇਵੋ ਚਾਰੇ ਬਾਣੀਓ, ਪਰਾ ਪਸੰਤੀ ਮਧਮ ਬੈਖਰੀ ਨਾਲ ਮਿਲਾਈਆ । ਫ਼ਰਮਾਨ ਦੱਸੋ ਜੀਵ ਪ੍ਰਾਣੀਓ, ਹੁਕਮ ਸੰਦੇਸ਼ਾ ਕੀ ਧੁਰਦਰਗਾਹੀਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਉਠੋ ਹਾਣੀਓ, ਆਪਣੀ ਲਓ ਅੰਗੜਾਈਆ । ਭੁੱਲ ਰਹੇ ਨਾ ਅੱਠ ਸੱਠ ਤੀਰਥ ਪਾਣੀਓ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਨੌ ਖੰਡ ਪ੍ਰਿਥਮੀ ਧਰਨੀ ਧਰਤ ਧਵਲ ਧੌਲ ਸੁਰਤ ਸੰਭਾਲੋ ਨਿਮਾਣੀਓ, ਸੰਬਲ ਤੱਕ ਲਓ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਨਾਰਦ ਕਹੇ ਮੈਂ ਸੰਦੇਸ਼ਾ ਦੇਵਾਂ ਬਿਨ ਰਸਨਾ ਜਿਹਵਾ ਬੁੱਲ, ਤਤਾਂ ਵੰਡ ਨਾ ਕੋਇ ਵੰਡਾਈਆ । ਸਰਗੁਣ ਵੇਖੇ ਦੀਨਾਂ ਮਜ਼੍ਹਬਾਂ ਵਾਲੀ ਕੁਲ, ਕੁੱਲ ਮਾਲਕ ਕੀ ਆਪਣਾ ਖੇਲ ਖਿਲਾਈਆ । ਨਾਮ ਕਲਮੇ ਵਾਲੇ ਕਿਉਂ ਗਏ ਭੁਲ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਾਚੇ ਕੰਡੇ ਤਰਾਜੂ ਰਿਹਾ ਕੋਈ ਨਾ ਤੁਲ, ਤੋਲਣਹਾਰਾ ਹੱਥ ਨਾ ਕੋਇ ਉਠਾਈਆ । ਜਿਧਰ ਤੱਕੋ ਹੋਈ ਭੁੱਲ, ਭਰਮ ਭੁਲੇਖੇ ਵਿਚ ਲੋਕਾਈਆ । ਕੀ ਹੁਕਮ ਸੰਦੇਸਾ ਦੇਵੇ ਮਾਲਕ ਸਵਾਮੀ ਤੁਹਾਡਾ ਸੁਲਹਕੁਲ, ਕਾਇਨਾਤ ਤੋਂ ਬਾਹਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਈਆ । ਨਾਰਦ ਕਹੇ ਮੇਰੇ ਅੰਦਰ ਫੁਰਨਿਆਂ ਮਾਰਿਆ ਧੱਕਾ, ਹੋਸ਼ ਹਵਸ ਰਹੀ ਨਾ ਰਾਈਆ । ਮੇਰਾ ਅੰਤਸ਼ਕਰਨ ਰਿਹਾ ਨਾ ਪੱਕਾ, ਧੀਰਜ ਧੀਰ ਨਾ ਕੋਇ ਧਰਾਈਆ । ਮੈਂ ਚਾਰੋਂ ਕੁੰਟ ਉਠ ਕੇ ਤੱਕਾ, ਬਿਨ ਨੈਣਾਂ ਨੈਣ ਉਠਾਈਆ । ਦੁਹਾਈ ਕੋਈ ਭੈਣ ਭਾਈ ਰਿਹਾ ਨਾ ਸਕਾ, ਸੱਜਣ ਮੀਤ ਨਾ ਕੋਇ ਅਖਵਾਈਆ । ਪਰਦਾ ਓਢਣ ਕਿਸੇ ਨਾ ਢਕਾ, ਸਿਰ ਹੱਥ ਨਾ ਕੋਇ ਟਿਕਾਈਆ । ਚਾਰ ਜੁਗ ਦੇ ਸ਼ਾਸਤਰਾਂ ਦੀ ਕੀਮਤ ਪੈ ਗਈ ਟਕਾ, ਹੱਟਾਂ ਵਿਚ ਵਿਕਾਈਆ । ਮੈਂ ਨਵ ਸੱਤ ਫਿਰਿਆ ਨੱਠਾ, ਭੱਜਿਆ ਵਾਹੋ ਦਾਹੀਆ । ਮੈਨੂੰ ਸਾਰੇ ਕਰਦੇ ਠੱਠਾ, ਮਖ਼ੌਲ ਰਹੇ ਉਡਾਈਆ । ਮੈਂ ਨਿਗਾਹ ਮਾਰੀ ਦੀਨ ਦੁਨੀ ਰੁਲ ਗਈ ਵਿਚ ਘੱਟਾ, ਮਾਟੀ ਖ਼ਾਕ

੧੮੦੮
੨੩

ਰੂਪ ਬਦਲਾਈਆ । ਅਵਤਾਰ ਪੈਗੰਬਰਾਂ ਗੁਰੂਆਂ ਕੋਲ ਦੀਨ ਮਜ਼੍ਹਬ ਦਾ ਵੇਖਿਆ ਪਟਾ, ਪਟਨੇ ਵਾਲਾ ਨਾਲ ਮਿਲਾਈਆ । ਜਿਸ ਨੇ ਇਕ ਸੰਦੇਸ਼ ਸੁਣਾਇਆ ਟੱਪਾ, ਨਿਰਅੱਖਰ ਧਾਰ ਦ੍ਰਿੜਾਈਆ । ਓਹ ਨਾਰਦਾ ਕਲਜੁਗ ਅੰਤਮ ਇਕੋ ਅੱਖਰ ਤੱਕ ਲੈ ਪੱਪਾ, ਪੂਰਨ ਪਤਿਪਰਮੇਸ਼ਵਰ ਨੂਰ ਅਲਾਹੀਆ । ਜਿਸ ਦਾ ਪ੍ਰਕਾਸ਼ ਰਹੇ ਨਾ ਛਪਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਦੇ ਪਿਆਰ ਵਿਚ ਗੋਬਿੰਦ ਧਾਰ ਡੰਕ ਵਜਾਇਆ ਫ਼ਤ੍ਹਾ, ਫ਼ਤਿਹ ਬੋਲ ਕੇ ਗਿਆ ਸੁਣਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਰੂਪ ਕੋਈ ਨਾ ਜਾਣੇ ਵਾਲਾ ਤਤਾਂ, ਨਿਰਗੁਣ ਨੂਰ ਨੂਰ ਅਲਾਹੀਆ । ਜਿਸ ਸ੍ਰਿਸ਼ਟੀ ਦ੍ਰਿਸ਼ਟੀ ਨਾਲ ਕਰਨੀ ਬਟਾ, ਜ਼ੀਰੋ ਦਾ ਜ਼ੀਰੋ ਅੰਕ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਮੈਂ ਸੁਣ ਕੇ ਸ਼ਬਦ ਘਨਘੋਰਾ, ਆਪਣੀ ਲਈ ਅੰਗੜਾਈਆ । ਕਵਣ ਫਿਰੇ ਦੋ ਜਹਾਨਾਂ ਵਾਂਗ ਚੋਰਾ, ਚੋਰੀ ਚੋਰੀ ਆਪਣਾ ਹੁਕਮ ਵਰਤਾਈਆ । ਜਾਂ ਨਿਗਾਹ ਮਾਰੀ ਮੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਅਵਰ ਕਾ ਔਰਾ, ਅਵਰੀ ਆਪਣੀ ਕਾਰ ਕਮਾਈਆ । ਜਿਸ ਦਾ ਰੂਪ ਸਰੂਪ ਨਿਰਗੁਣ ਸਰਗੁਣ ਦੋਹਰਾ, ਦੋਹਰੀ ਵੰਡ ਵੰਡਾਈਆ । ਜਿਸ ਲੇਖੇ ਲਾਇਆ ਰਵਿਦਾਸ ਚਮਾਰਾ ਜੋ ਖਲੜੀ ਲਾਹੇ ਢੋਰਾ, ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਨਾਰਦ ਕਹੇ ਮੈਨੂੰ ਸੱਜੇ ਖੱਬੇ ਪੈਂਦੀਆਂ ਅਵਾਜ਼ਾਂ, ਅਗੇ ਪਿਛੇ ਸੁਣਾਂ ਚਾਈਂ ਚਾਈਂਆ । ਜੋ ਗੁਝਾ ਭੇਵ ਖੋਲਦੀਆਂ ਰਾਜ਼ਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਾਲੇ ਦੱਸਦੀਆਂ ਅਗਲਾ ਕਾਜਾ, ਕੀ ਕਰਤਾ ਕਾਰ ਕਮਾਈਆ । ਸ਼ਹਿਨਸ਼ਾਹ ਭੂਪ ਤੱਕ ਲੈ ਰਾਜਨ ਰਾਜਾ, ਬਿਨ ਰੂਪ ਰੰਗ ਰੇਖ ਨੂਰ ਅਲਾਹੀਆ । ਨਾਰਦਾ ਉਹ ਮਾਹੀ ਮਹਿਬੂਬ ਤੇਰਾ ਵਿਚ ਦੇਸ਼ ਮਾਝਾ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਦਾ ਆਦਿ ਜੁਗਾਦੀ ਸਭ ਦੇ ਨਾਲ ਵਾਅਦਾ, ਲੇਖਾ ਲੇਖੇ ਵਿਚੋਂ ਪ੍ਰਗਟਾਈਆ । ਸਭ ਦਾ ਬਣ ਕੇ ਪਿਓ ਦਾਦਾ, ਪਿਤਾ ਪੂਤ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਸੁਣੀ ਅਗੰਮੀ ਬਾਤ, ਪਤਾ ਨਹੀਂ ਕਿਸ ਨੇ ਦਿਤੀ ਸੁਣਾਈਆ । ਬ੍ਰਾਹਮਣਾ ਉਠ ਵੇਖ ਅੱਜ ਦੀ ਰਾਤ, ਕੀ ਰੁਤੜੀ ਪ੍ਰਭ ਮਹਿਕਾਈਆ । ਕੀ ਵੰਡੇ ਅਗੰਮੀ ਦਾਤ, ਦਾਤਾ ਧੁਰਦਰਗਹੀਆ । ਕਿਸ ਬਿਧ ਭਗਤਾਂ ਪੁਛੇ ਵਾਤ, ਵੇਖਣਹਾਰਾ ਵੇਖੇ ਚਾਈਂ ਚਾਈਂਆ । ਆਤਮ ਪਰਮਾਤਮ ਜੋੜੇ ਨਾਤ, ਨਾਤਾ ਕੂੜ ਨਾ ਕੋਇ ਰਖਾਈਆ । ਅੰਤਮ ਪੁਛੇ ਵਾਤ, ਹੋਵੇ ਆਪ ਸਹਾਈਆ । ਦੇਵੇ ਵਡਿਆਈ ਮਾਤ, ਮਾਤਰ ਭੂਮੀ ਦਏ ਗਵਾਹੀਆ । ਨਾਰਦ ਕਹੇ ਮੈਂ ਵੀ ਕੱਢ ਕੇ ਕਲਮ ਦਵਾਤ, ਸ਼ਾਹੀ ਸ਼ਹਿਨਸ਼ਾਹ ਦੀ ਧੂੜੀ ਨਾਲ ਚਮਕਾਈਆ । ਮੰਗ ਮੰਗੀ ਮੈਨੂੰ ਵੀ ਦੇ ਨਜਾਤ, ਦਰ ਤੇਰੇ ਆਸ ਰਖਾਈਆ । ਮੇਰੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਝਗੜਾ ਮੇਟ ਜ਼ਾਤ ਪਾਤ, ਦੀਨ ਦੁਨੀ ਵੰਡ ਰਹੇ ਨਾ ਰਾਈਆ । ਫੇਰ ਬਿਨਾ ਅੱਖਰਾਂ ਤੋਂ ਵੇਖੀ ਇਕ ਕਿਤਾਬ, ਜਿਹੜੀ ਕੁਤਬਖ਼ਾਨਿਆਂ ਵਿਚੋਂ ਹੱਥ ਕਿਸੇ ਨਾ ਆਈਆ । ਜਿਸ ਦੀ ਉਡੀਕ ਵਿਚ ਨੱਕ ਰਗੜਿਆ ਇੱਕੀ ਵਾਰ ਸਿੰਘ ਮਤਾਬ, ਮਤਾ ਪ੍ਰਭ ਦੇ ਨਾਲ ਪਕਾਈਆ । ਓਥੇ ਨਾ ਸਵਾਲ ਰਿਹਾ ਨਾ ਜਵਾਬ, ਜਵਾਬ ਤਲਬੀ ਵਿਚ ਤਲਬ ਨਾ ਕੋਇ ਕਰਾਈਆ । ਨਾ ਕੋਈ ਮੰਜ਼ਲ ਰਹੀ ਮਹਿਰਾਬ, ਪੌੜੀ ਡੰਡਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਦੋਸਤ ਰਿਹਾ ਅਹਿਬਾਬ, ਮਿਤ੍ਰ ਪਿਆਰਾ ਯਾਰ ਨਾ ਕੋਇ ਅਖਵਾਈਆ । ਜਿਧਰ ਵੇਖਿਆ ਇਕੋ ਨੂਰ ਨੁਰਾਨਾ ਸ਼ਾਹ ਸੁਲਤਾਨਾ ਦੋ ਜਹਾਨਾਂ

ਫਿਰੇ ਆਜ਼ਾਦ, ਬੰਦਨ ਬੰਦ ਨਾ ਕੋਇ ਬੰਧਾਈਆ । ਫੇਰ ਸ਼ਬਦ ਦੀ ਸ਼ਬਦ ਵਿਚੋਂ ਦਿਤੀ ਆਵਾਜ਼, ਸੰਦੇਸਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੇਰੇ ਅੰਦਰ ਵਜਦੀਆਂ ਚੀਕਾਂ, ਮੇਰੀ ਸੁਧ ਰਹੀ ਨਾ ਰਾਈਆ । ਮੇਰੇ ਅੰਦਰ ਵਜਦੀਆਂ ਲੀਕਾਂ, ਲਾਈਨ ਲਾਈਨ ਨਾਲੋਂ ਬਦਲਾਈਆ । ਮੇਰੇ ਸਾਹਿਬ ਨੇ ਮੈਨੂੰ ਬਖ਼ਸ਼ੀਆਂ ਤੌਫ਼ੀਕਾਂ, ਜਿਹੜੀਆਂ ਤੋਹਫ਼ਿਆਂ ਵਿਚ ਹੱਥ ਨਾ ਕਿਸੇ ਫੜਾਈਆ । ਮੈਂ ਵੇਖੀਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀਆਂ ਰੀਤਾਂ, ਜੋ ਜੁਗ ਚੌਕੜੀਆਂ ਦਿਤੀਆਂ ਸਮਝਾਈਆ । ਮੈਂ ਬਿਨਾ ਅੱਖਰਾਂ ਤੋਂ ਤੱਕੀਆਂ ਮੰਦਰ ਮਸੀਤਾਂ, ਕਾਅਬਿਆਂ ਖੋਜ ਖੁਜਾਈਆ । ਜਾਂ ਮੈਂ ਪਿਛਾ ਪਰਤਿਆ ਮੈਨੂੰ ਨਜ਼ਰੀ ਆਈਆਂ ਭਗਤਾਂ ਵਾਲੀਆਂ ਪ੍ਰੀਤਾਂ, ਜੋ ਪ੍ਰੀਤਮ ਵਿਚ ਸਮਾਈਆ । ਜੋ ਮੈਂ ਆਵਾਜ਼ਾਂ ਸੁਣੀਆਂ ਜਿਨ੍ਹਾਂ ਵਿਚ ਇਕੋ ਅਗੰਮੀ ਗੀਤਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਉਹ ਰੂਪ ਰੂਪ ਰਾਮ ਸੀਤਾ, ਰਾਧਾ ਕ੍ਰਿਸ਼ਨ ਕ੍ਰਿਸ਼ਨ ਸਮਝਾਈਆ । ਅੱਲਾ ਹੂ ਅੱਨਾ ਹੂ ਇਕ ਹੋਇਆ ਅਤੀਤਾ, ਤ੍ਰੈਭਵਣ ਧਨੀ ਆਪਣੀ ਵੰਡ ਵੰਡਾਈਆ । ਸੋਹੰ ਧਾਰ ਵਿਚ ਨਹੀਂ ਸ਼ਰੀਕਾ, ਦੀਨ ਮਜ਼੍ਹਬ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪਣੇ ਹੱਥ ਉਠਾਈਆ । ਨਾਰਦ ਕਹੇ ਮੈਂ ਸੁਣਿਆ ਧੁਰ ਦਾ ਢੋਲਾ, ਸਤਿਗੁਰ ਸ਼ਬਦ ਦਿਤਾ ਦ੍ਰਿੜਾਈਆ । ਸੁਣਿਆ ਅਗੰਮਾ ਬੋਲਾ, ਅਨਬੋਲਤ ਰਾਗ ਦ੍ਰਿੜਾਈਆ । ਓਹ ਤੱਕ ਧੁਰ ਦੇ ਮਾਲਕ ਅਗੰਮੀ ਹੱਟ ਖੋਲਾ, ਜਿਸ ਦੀ ਵਸਤ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰ ਬਣ ਕੇ ਤੋਲਾ, ਤਰਾਜ਼ੂ ਨਾਮ ਕੰਡਾ ਆਪਣੇ ਹੱਥ ਉਠਾਈਆ । ਜਿਸ ਦਾ ਲੋਕ ਪ੍ਰਲੋਕ ਦਾ ਇਕ ਝਕੋਲਾ, ਬ੍ਰਹਿਮੰਡ ਖੰਡ ਦਾ ਪੰਧ ਮੁਕਾਈਆ । ਉਸ ਦਾ ਕਿਸੇ ਸਮਝ ਨਹੀਂ ਆਉਣਾ ਚੋਲਾ, ਚੋਜੀ ਪ੍ਰੀਤਮ ਆਪਣਾ ਵੇਸ ਵਟਾਈਆ । ਉਹ ਕਰਨੀ ਦਾ ਕਰਤਾ ਖੇਲ ਕਰੇ ਉਪਰ ਧੌਲਾ, ਧਰਨੀ ਧਰਤ ਧਵਲ ਰੰਗ ਰੰਗਾਈਆ । ਜਿਸ ਨੂੰ ਹਕੀਕੀ ਕਹਿਣਾ ਪੈਗ਼ੰਬਰਾਂ ਮੌਲਾ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਮੈਂ ਜੁਗ ਚੌਕੜੀ ਸੁਣਦਾ ਰਿਹਾ ਵਾਰਤਾ, ਅੱਖਰਾਂ ਅੱਖਰਾਂ ਨਾਲ ਸਿਫ਼ਤ ਸਲਾਹੀਆ । ਬਿਨਾ ਬੁੱਧੀ ਤੋਂ ਰਿਹਾ ਵਿਚਾਰਦਾ, ਅਕਲ ਸੰਗ ਨਾ ਕੋਇ ਰਖਾਈਆ । ਮਨ ਦੇ ਮੰਦਰ ਰਿਹਾ ਉਸਾਰਦਾ, ਬਿਨ ਛੱਪਰ ਛੰਨ ਵਡਿਆਈਆ । ਤੂੰਹੀ ਤੂੰਹੀ ਰਿਹਾ ਉਚਾਰਦਾ, ਬਿਨ ਰਸਨਾ ਢੋਲੇ ਗਾਈਆ । ਆਪਣਾ ਆਪ ਰਿਹਾ ਸਵਾਰਦਾ, ਸੋਹਣਾ ਰੂਪ ਬਣਾਈਆ । ਸਮਾਂ ਤੱਕਦਾ ਰਿਹਾ ਤੇਈ ਅਵਤਾਰ ਦਾ, ਪੈਗ਼ੰਬਰਾਂ ਖੋਜ ਖੁਜਾਈਆ । ਰੰਗ ਵੇਖਦਾ ਰਿਹਾ ਗੁਰੂਆਂ ਕਰਤਾਰ ਦਾ, ਕੀ ਕੁਦਰਤ ਕਾਦਰ ਆਪਣਾ ਹੁਕਮ ਜਣਾਈਆ । ਸੰਦੇਸਾ ਸੁਣਦਾ ਰਿਹਾ ਅੰਤ ਵੇਲਾ ਆਉਣਾ ਉਸ ਨਿਰੰਕਾਰ ਦਾ, ਜੋ ਨਿਰਵੈਰ ਨੂਰ ਅਲਾਹੀਆ । ਜਿਸ ਅੰਤ ਕਿਨਾਰਾ ਦੱਸਣਾ ਕਲਜੁਗ ਪਾਰ ਦਾ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਜਿਸ ਲੇਖਾ ਵੇਖਣਾ ਦੋ ਜਹਾਨਾਂ ਵਿਚ ਹਾਰ ਦਾ, ਬ੍ਰਹਿਮੰਡ ਖੰਡ ਲੁਕਿਆ ਰਹਿਣ ਕੋਇ ਨਾ ਪਾਈਆ । ਉਸ ਦਾ ਇਕੋ ਨਾਮ ਸ਼ਬਦ ਸੰਦੇਸ਼ਾ ਹੋਣਾ ਜੈਕਾਰ ਦਾ, ਨਿਰਗੁਣ ਸਰਗੁਣ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਨੂੰ ਹੋਰ ਪੈ ਗਈਆਂ ਹਾਕਾਂ, ਹੁਕਮ ਪ੍ਰਭ ਦਾ ਦਿਆਂ ਸੁਣਾਈਆ । ਮੈਂ ਫਿਰਿਆ ਮੁਹੰਮਦ ਵਾਲੇ ਵਿਚ ਇਲਾਕਾ,

੧੮੦੯
੨੩

ਉਮਤ ਉਮਤੀ ਵੇਖੇ ਚਾਈਂ ਚਾਈਆ । ਕਿਸੇ ਮੈਨੂੰ ਬਿਰਧ ਕਿਹਾ ਕਿਸੇ ਨੇ ਮੈਨੂੰ ਕਿਹਾ ਕਾਕਾ, ਮੇਰੀ ਸਮਝ ਕਿਸੇ ਨਾ ਆਈਆ । ਮੈਂ ਸਚ ਦੱਸਾਂ ਜਿਸ ਵੇਲੇ ਮੈਂ ਖੇਲ ਵੇਖਿਆ ਵਿਚ ਢਾਕਾ, ਬਿਨ ਨੈਣਾਂ ਨੈਣ ਉਠਾਈਆ । ਉਸ ਵੇਲੇ ਸਦੀ ਚੌਧਵੀਂ ਦਾ ਖੁਲਾ ਵੇਖਿਆ ਝਾਟਾ, ਮੇਢੀ ਸੀਸ ਨਾ ਕੋਇ ਗੁੰਦਾਈਆ । ਦੁਹੱਥੜਾ ਮਾਰਦੀ ਮੁਹੰਮਦ ਪੁਕਾਰਦੀ ਦਰੋਹੀ ਚਾਰ ਯਾਰ ਦੀ ਮੇਰੀਆਂ ਮੁਕਣ ਵਾਲੀਆਂ ਵਾਟਾਂ, ਅਗੇ ਪੰਧ ਰਿਹਾ ਨਾ ਰਾਈਆ । ਨਾਰਦ ਕਹੇ ਮੈਂ ਅੱਖਾਂ ਮੀਟ ਕੇ ਕਰਨ ਡਹਿ ਪਿਆ ਪਾਠਾ, ਬਿਨ ਬੁੱਲਾਂ ਬੁੱਲ ਹਿਲਾਈਆ । ਮੇਰੇ ਅੰਦਰ ਵੱਜਦੀਆਂ ਠਾਠਾਂ, ਲਹਿਰ ਲਹਿਰ ਨਾਲ ਟਕਰਾਈਆ । ਮੈਂ ਕੀ ਤੱਕਦਾ ਓਥੇ ਭਗਤ ਸੁਹੇਲੇ ਆਪੇ ਗੁੰਨ੍ਹ ਕੇ ਆਟਾ, ਭੋਜਨ ਭਗਵਨ ਵਾਲਾ ਬਣਾਈਆ । ਮੈਂ ਕੀ ਵੇਖਿਆ ਲਾਲ ਦੁਸ਼ਾਲਿਆਂ ਵਾਲੀ ਦੁਰਗਾ ਫਿਰਦੀ ਵਾਲੀ ਲਾਟਾਂ, ਬਿਨ ਸ਼ਸਤਰਾਂ ਸ਼ਸਤਰ ਹੱਥ ਉਠਾਈਆ । ਨਾਨਕ ਨਿਰਗੁਣ ਧਾਰ ਕਿਹਾ ਮੇਰਾ ਇਕੋ ਕਮਲਾਪਾਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਤੇਗ਼ ਬਹਾਦਰ ਆਖਿਆ ਏਸੇ ਨੂੰ ਦੋ ਜਹਾਨ ਦਾ ਬਣਾਉਣਾ ਸਚਾ ਸਾਕਾ, ਰਿਸ਼ਤਾ ਅਵਰ ਨਾ ਕੋਇ ਰਖਾਈਆ । ਜਿਸ ਸਦੀ ਚੌਧਵੀਂ ਦੀ ਗੋਲੀ ਦੇ ਤਨ ਪਹਿਨਾ ਕੇ ਧਰਮ ਧਾਰ ਪੋਸ਼ਾਕਾ, ਕਾਅਬਾ ਜਗਤ ਵਾਲਾ ਵਖਾਈਆ । ਇਹ ਨੱਕ ਨਾਲ ਲੇਖ ਲਿਖ ਕੇ ਗਿਆ ਸੀ ਸਿੰਘ ਮਤਾਬਾ, ਸ਼ਬਦ ਵਿਚ ਮਨੀ ਸਿੰਘ ਨੂੰ ਸਮਝਾਈਆ । ਓਹ ਸੰਤਾ ਤੈਨੂੰ ਜਗਤ ਕਹੇਗਾ ਬਾਬਾ, ਸ਼ੇਰ ਸਿੰਘ ਦਾ ਸ਼ੇਰ ਰੂਪ ਅਲਾਹੀਆ । ਉਹਦਾ ਸ਼ਬਦ ਗੁਰੂ ਹੋਵੇਗਾ ਵਾਲਾ ਬਾਜ਼ਾ, ਬਾਜ਼ੀ ਸਭ ਦੀ ਦਏ ਉਲਟਾਈਆ । ਨਾ ਓਹ ਸੋਇਆ ਨਾ ਓਹ ਜਾਗਾ, ਜੋਤੀ ਜਾਤਾ ਇਕ ਅਖਵਾਈਆ । ਜੋ ਜਨ ਭਗਤਾਂ ਕਰੇ ਵਡ ਵਡ ਭਾਗਾ, ਭਾਗਹੀਣ ਰਹਿਣ ਕੋਇ ਨਾ ਪਾਈਆ । ਨਾਨਕ ਨਿਰਗੁਣ ਸਰਗੁਣ ਦੋਵਾਂ ਨੇਤਰਾਂ ਨੇਤਰਾਂ ਨੇਤਰਾਂ ਦੱਬ ਕੇ ਕਿਹਾ ਜੇ ਆਇਆ ਤੇ ਆਵੇਗਾ ਵਿਚ ਪੰਜਾਬਾ, ਪੰਜੇ ਆਪਣੇ ਦਏ ਲਗਾਈਆ । ਉਸ ਦੇ ਹੁਕਮ ਦਾ ਹੁਕਮ ਵਿਚੋਂ ਹੋਵੇ ਵਾਧਾ, ਵਾਹਿਦ ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਨੂੰ ਪਿਛੋਂ ਵੱਜ ਗਿਆ ਧੱਪਾ, ਮੈਂ ਪਾਸਾ ਲਿਆ ਬਦਲਾਈਆ । ਜਾਂ ਵੇਖਿਆ ਨਜ਼ਰੀ ਇਕੋ ਆਇਆ ਟੱਪਾ, ਤੂੰ ਮੇਰਾ ਮੈਂ ਤੇਰਾ ਸੋਭਾ ਪਾਈਆ । ਮੈਂ ਪੜ੍ਹ ਕੇ ਹੋ ਗਿਆ ਪੱਕਾ, ਪੱਕੀ ਗੰਢ ਲਈ ਬੰਨ੍ਹਾਈਆ । ਮੇਰੇ ਅੰਤਰ ਰਿਹਾ ਨਾ ਸ਼ੱਕਾ, ਸ਼ੱਕ ਵਿਚ ਨਾ ਕੋਇ ਰਖਾਈਆ । ਮੈਨੂੰ ਇਉਂ ਜਾਪਿਆ ਸਦੀ ਚੌਧਵੀਂ ਲੇਖਾ ਮੁਕਦਾ ਮਦੀਨਾ ਮੱਕਾ, ਕਾਅਬੇ ਰਹੇ ਕੁਰਲਾਈਆ । ਝਗੜਾ ਵੇਖ ਕੇ ਬੂਰਾ ਕੱਕਾ, ਮੇਰੇ ਅੰਤਰ ਵੱਜੀ ਵਧਾਈਆ । ਮਾਨਸਾਂ ਮਾਨਸਾਂ ਕਰਨੀ ਹੱਤਾ, ਹੱਤਕ ਸਮਝੇ ਕੋਇ ਨਾ ਰਾਈਆ । ਝਗੜਾ ਪੈਣਾ ਦੀਨ ਮਜ਼੍ਹਬ ਦਿਆਂ ਤਤਾਂ, ਅਗਨੀ ਤਤ ਤਪਾਈਆ । ਫੇਰ ਵੇਖਿਆ ਸੰਮਤ ਸ਼ਹਿਨਸ਼ਾਹੀ ਦਸ ਸਭ ਦੀਆਂ ਮਾਰੀਆਂ ਜਾਣੀਆਂ ਮੱਤਾਂ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਕਿਸੇ ਦੀ ਸਮਝ ਰਹਿਣੀ ਨਹੀਂ ਰਤਾ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਸ਼ਾਹ ਸੁਲਤਾਨਾਂ ਖਾਣੀ ਖ਼ਤਾ, ਬੇਕਸੂਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਵੇਖ ਵਖਾਈਆ । ਨਾਰਦ ਕਹੇ ਮੈਨੂੰ ਕੌਣ ਰਿਹਾ ਆਖ, ਮੈਂ ਵੇਖਾਂ ਅੱਖ ਉਠਾਈਆ । ਕਿਹੜਾ ਸੰਦੇਸ਼ਾ ਮਿਲੇ ਸਾਖ, ਸਾਖਿਆਤ ਕੀ ਦ੍ਰਿੜਾਈਆ । ਜਾਂ ਮੈਂ ਧਰਨੀ ਨਿਗਾਹ ਮਾਰੀ ਮੈਨੂੰ ਨਜ਼ਰੀ ਆਈ ਓਹ ਰਾਖ, ਜੋ ਗੋਬਿੰਦ ਧਾਰ ਸਮਾਈਆ । ਮੇਰੇ ਅੰਤਸ਼ਕਰਨ ਵਿਚ ਗਿਆ ਭਾਖ, ਬਿਨ ਆਸ਼ਾ ਹੋਈ ਪੜ੍ਹਾਈਆ । ਜਾਂ ਫੇਰ ਤੱਕਿਆ ਮਕਬਰੇ ਵਿਚ ਰੋਵੇ ਮੁਹੰਮਦ ਦੀ ਲਾਸ਼,

੧੮੭੦
੨੩

ਦਰੋਹੀ ਤੇਰਾ ਨਾਮ ਦੁਹਾਈਆ । ਕਿਉਂ ਸੌਂ ਗਿਆ ਉਤੇ ਕੈਲਾਸ਼, ਹੁਣ ਆਪਣੀ ਲੈ ਅੰਗੜਾਈਆ । ਮੇਰੀ ਸਦੀ ਚੌਧਵੀਂ ਦੇ ਕੁਛ ਬਰਸ ਮਹੀਨੇ ਰਹਿ ਗਏ ਮਾਸ, ਦਿਨ ਉਂਗਲਾਂ ਉਤੇ ਗਿਣਾਈਆ । ਰੋ ਕੇ ਸ਼ੰਕਰ ਉਤੋਂ ਕਹੇ ਤਾਰਾ ਚੰਦ ਉਠੋ ਆਕਾਸ਼, ਤੂੰਹੀ ਤੂੰਹੀ ਸੁਣਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਇਕੋ ਤੇਰਾ ਹੋਵੇ ਪ੍ਰਕਾਸ਼, ਦੂਜਾ ਨਜ਼ਰ ਕੋਇ ਨਾ ਆਈਆ । ਵਿਸ਼ਿਆਂ ਤੋਂ ਬਾਹਰ ਆਪਣਾ ਦੇ ਵਿਸ਼ਵਾਸ, ਵਿਸ਼ਵ ਦੇ ਮਾਲਕ ਹੋ ਸਹਾਈਆ । ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਤੇਰੀ ਵੇਖੀਏ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਫੇਰ ਹੱਸ ਕੇ ਕਹਿਣ ਤੇਰਾ ਦਰਸ਼ਨ ਕਰੀਏ ਮਹਿਬੂਬਾ ਤੂੰ ਭਗਤ ਦਵਾਰੇ ਵਸੇਂ ਭਗਤਾਂ ਪਾਸ, ਸੋਹਣੀ ਭੂਮਿਕਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਨਾਰਦ ਕਹੇ ਮੈਨੂੰ ਕਿਸੇ ਨੇ ਕਿਹਾ ਕਮੀਨਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਮੈਂ ਬਿਨਾ ਬੁਧੀ ਵਿਚਾਰ ਤੋਂ ਚੀਨਾ, ਆਪ ਆਪਣਾ ਆਪ ਬਦਲਾਈਆ । ਮੈਂ ਸਭ ਤੋਂ ਉੱਤਮ ਸ੍ਰੇਸ਼ਟ ਹੀਰਾ ਨਗੀਨਾ, ਮੇਰੀ ਕੀਮਤ ਕੋਇ ਨਾ ਪਾਈਆ । ਮੇਰਾ ਮਾਲਕ ਪ੍ਰਿਤਪਾਲਕ ਸਵਾਮੀ ਸਾਹਿਬ ਭੀਨਾ, ਰੰਗ ਰਤੜਾ ਇਕ ਅਖਵਾਈਆ । ਜਿਸ ਦੇ ਚਰਨ ਕਵਲ ਅਧੀਨਾ, ਦੂਸਰ ਸੀਸ ਨਾ ਕੋਇ ਨਿਵਾਈਆ । ਜਿਸ ਦੇ ਭੈ ਵਿਚ ਬਿਨਾ ਸਰੀਰ ਤੋਂ ਮੈਨੂੰ ਆਵੇ ਪਸੀਨਾ, ਰੋਮ ਰੋਮ ਦਏ ਦੁਹਾਈਆ । ਮੈਂ ਉਸ ਨੂੰ ਕਿਹਾ ਯਾ ਮੁਬੀਨਾ, ਮੇਰੇ ਮਾਲਕ ਨੂਰ ਅਲਾਹੀਆ । ਮੇਰਾ ਠਾਂਡਾ ਕਰ ਦੇ ਸੀਨਾ, ਅਗਨੀ ਤਤ ਬੁਝਾਈਆ । ਝਟ ਆਵਾਜ਼ ਸੁਣੀ ਓਏ ਨਾਰਦਾ ਤੇਰੇ ਮਿਲਣ ਨੂੰ ਆ ਗਿਆ ਜੇਠ ਮਹੀਨਾ, ਪਹਿਲਾ ਪ੍ਰਵਿਸ਼ਟਾ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜੇਠ ਕਹੇ ਨਾਰਦਾ ਮੈਂ ਵੀ ਆ ਗਿਆ ਭੱਜਾ, ਭਜਨ ਬੰਦਗੀ ਵਾਲਿਆਂ ਦਿਆਂ ਸੁਣਾਈਆ । ਜਨ ਭਗਤੋ ਮੈਨੂੰ ਆਪਣੇ ਵਿਚ ਦੇ ਦਿਓ ਜਗ੍ਹਾ, ਥਾਨ ਥਨੰਤਰ ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਵੀ ਚਲਾਂ ਵਿਚ ਉਸ ਪ੍ਰਭੂ ਦੀ ਰਜ਼ਾ, ਜੋ ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਸਾਰੇ ਮਿਲ ਕੇ ਉਸ ਦੇ ਨਾਮ ਦਾ ਲਈਏ ਮਜ਼ਾ, ਜਿਸ ਨੂੰ ਮਜ਼ਾਕ ਕਰੇ ਲੋਕਾਈਆ । ਮੈਂ ਦੱਸਣ ਆਇਆ ਸਭ ਦੇ ਸਿਰ ਤੇ ਕੂਕਦੀ ਕਜ਼ਾ, ਕਾਲ ਨਗਾਰਾ ਰਿਹਾ ਵਜਾਈਆ । ਸਭ ਨੇ ਹਾਏ ਉਫ਼ ਕਹਿਣਾ ਦਰੋਹੀ ਮੇਰਿਆ ਰੱਬਾ, ਰਬੇ ਆਲਮੀਨ ਤੇਰੀ ਵਡ ਵਡਿਆਈਆ । ਨਾਰਦ ਕਹੇ ਮੈਂ ਫਿਰ ਹੱਥ ਉਠਾ ਕੇ ਖੱਬਾ, ਸਭ ਨੂੰ ਦਿਆਂ ਸੁਣਾਈਆ । ਮੇਰਾ ਮਹਿਬੂਬ ਮਿਹਰਵਾਨ ਬੜਾ ਕੱਬਾ, ਜੁਗ ਜੁਗ ਆਪਣਾ ਆਪ ਬਦਲਾਈਆ । ਜਿਸ ਦੇ ਕੋਲ ਆਪਣਾ ਆਪ ਸਬੱਬਾ, ਦੂਸਰ ਸੰਗ ਨਾ ਕੋਇ ਰਖਾਈਆ । ਇਸ ਦਾ ਖੇਲ ਵੇਖੋ ਰੋਜ਼ੇ ਸ਼ਬਾ, ਦਿਵਸ ਰੈਣ ਧਿਆਨ ਲਗਾਈਆ । ਨਾਲੇ ਜੋਸ਼ ਵਿਚ ਮਾਰਾ ਦੱਬਾ, ਭੈ ਵਿਚ ਸੁਣਾਈਆ । ਓਹ ਧਾਰ ਤੱਕ ਲਓ ਸ਼ੇਰ ਬੱਗਾ, ਸ਼ਬਦੀ ਸ਼ਬਦ ਸ਼ਬਦ ਅਖਵਾਈਆ । ਜਿਹੜਾ ਖੋਜਿਆਂ ਕਿਸੇ ਨਾ ਲੱਭਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਸ ਨੇ ਸਾਰੀ ਸ੍ਰਿਸ਼ਟੀ ਦਾ ਭਾਗ ਜਨ ਭਗਤਾਂ ਨੂੰ ਦੇ ਦੇਣਾ ਅੱਧਾ, ਬਿਨ ਮੰਗਿਆਂ ਝੋਲੀ ਪਾਈਆ । ਜਿਸ ਦੀ ਸਮਝੇ ਕੋਇ ਨਾ ਵਜ੍ਹਾ, ਭੇਵ ਸਕੇ ਨਾ ਕੋਇ ਖੁਲਾਈਆ । ਨਾਲੇ ਦਰਸ਼ਨ ਦੇਵੇ ਉਪਰ ਸ਼ਾਹ ਰਗਾ, ਨੌ ਦਵਾਰੇ ਪੰਧ ਮੁਕਾਈਆ । ਫੜ ਕੇ ਹੰਸ ਬਣਾਵੇ ਕੱਗਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਅਗੇ ਚਾਰ ਜੁਗ ਦਾ ਵਧਿਆ ਰਹੇ ਅਗਾ, ਜਨ ਭਗਤਾਂ ਲੇਖ ਨਾ ਕੋਇ ਮਿਟਾਈਆ । ਫੇਰ ਸਭਾ ਮੇਟ ਕੇ ਮਲੇਛਾਂ ਵਾਲੀ ਹੱਭਾ, ਹਮ ਸਾਜਣ ਹੋਏ ਸਹਾਈਆ । ਤੁਹਾਡੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਵਜਾਏ ਨਦਾ, ਧੁਨ ਆਤਮਕ

੧੮੧੧
੨੩

ਰਾਗ ਸੁਣਾਈਆ । ਪਹਿਲੀ ਜੇਠ ਕਹੇ ਮਿਤ੍ਰੋ ਮੈਂ ਤੁਹਾਨੂੰ ਦੇਵਾਂ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਪੈਰੀਂ ਭੱਜਾ ਆਇਆ ਨੰਗਾ, ਆਪਣਾ
ਪੰਧ ਮੁਕਾਈਆ । ਮੇਰੇ ਅਗੇ ਵਾਸਤਾ ਪਾਇਆ ਜਮਨਾ ਸੁਰਸਤੀ ਗੋਦਾਵਰੀ ਗੰਗਾ, ਨੈਣਾਂ ਨੀਰ ਵਹਾਈਆ । ਸਾਨੂੰ ਲੈ ਜਾ ਆਪਣੇ ਸੰਗਾ, ਸੋਹਣਾ
ਸੰਗ ਵਖਾਈਆ । ਜੇਠ ਕਹੇ ਮੈਂ ਦੁਹਾਈ ਦਿਤੀ ਨੀ ਕਮਲੀਓ ਓਹਦਾ ਪੈਂਡਾ ਬੜਾ ਜੇ ਲੰਬਾ, ਜੁਗਾਂ ਵਿਚ ਸਕੇ ਨਾ ਕੋਇ ਮੁਕਾਈਆ । ਨਾਲੇ
ਥਰਥਰਾਹਟ ਵਿਚ ਕੰਬਾ, ਆਪਣਾ ਆਪ ਭੁਲਾਈਆ । ਮੈਨੂੰ ਭੁੱਲ ਗਿਆ ਜਗਤ ਜਗਿਆਸੂਆਂ ਵਾਲਾ ਧੰਦਾ, ਧੁੰਦੂਕਾਰ ਦਿਸਿਆ ਲੋਕਾਈਆ ।
ਫੇਰ ਵੇਖਿਆ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਬਾਹਰੋਂ ਤਤਾਂ ਵਾਲਾ ਬੰਦਾ, ਅੰਦਰ ਇਕੋ ਨੂਰ ਅਲਾਹੀਆ । ਜਿਸ ਦੀ
ਨਾ ਕੋਈ ਮੰਜ਼ਲ ਨਾ ਕੋਈ ਕੰਢਾ, ਹੱਦਾਂ ਵੰਡ ਨਾ ਕੋਇ ਵੰਡਾਈਆ । ਜਿਧਰ ਨਿਗਾਹ ਫੇਰ ਦੇਵੇ ਜਨ ਭਗਤ ਲੈ ਜਾਵੇ ਵਿਚ ਸਚਖੰਡਾ, ਪੂਜਾ
ਪਾਠ ਨਾ ਕੋਇ ਰਖਾਈਆ । ਸੋ ਦੇਵਣ ਆਇਆ ਮਾਣ ਵਿਚ ਬ੍ਰਹਿਮੰਡਾ, ਬ੍ਰਹਮਾ ਵਿਸ਼ਨ ਸ਼ਿਵ ਨਾਲ ਮਿਲਾਈਆ । ਪਹਿਲੀ ਜੇਠ ਕਹੇ ਜਨ
ਭਗਤੋ ਤੁਹਾਡੇ ਵਾਸਤੇ ਦਿਵਸ ਚੰਗਾ, ਚੰਗੀ ਤਰਾ ਸੁਣਾਈਆ । ਸਾਰੇ ਮਿਲ ਕੇ ਆਤਮ ਧਾਰ ਖਾਓ ਸੁਗੰਦਾ, ਪ੍ਰਭੂ ਇਕੋ ਸਭ ਦਾ ਮਾਹੀਆ ।
ਜਿਸ ਦੇ ਪਿਆਰ ਵਿਚ ਪਿਛਲਾ ਜੁਗ ਲੰਘਾ, ਅਗੇ ਆਪਣੇ ਰੰਗ ਰੰਗਾਈਆ । ਲੇਖੇ ਲਾਵੇ ਤਤ ਪੰਜਾ, ਪੰਚਮ ਦੇਵੇ ਮਾਣ ਵਡਿਆਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਉਠਾਈਆ । ਸਤਿਗੁਰ ਸ਼ਬਦ ਕਹੇ ਨਾਰਦਾ ਓ ਬੱਚੂ ਤੂੰ ਵੇਖੀਆਂ ਨਹੀਂ
ਹਸਤੀਆਂ, ਹੱਸ ਹੱਸ ਕੇ ਰਿਹਾ ਸੁਣਾਈਆ । ਓਹ ਤੱਕ ਦੋ ਜਹਾਨ ਦੀਆਂ ਬਸਤੀਆਂ, ਬੈਠੀਆਂ ਆਪਣੇ ਡੇਰੇ ਲਾਈਆ । ਪੁਰੀਆਂ ਲੋਆਂ ਤੱਕ
੧੯੧੨ ੨੩ ਲੈ ਮਸਤੀਆਂ, ਮਸਤਾਨੇ ਬ੍ਰਹਿਮੰਡ ਖੰਡ ਢੋਲੇ ਗਾਈਆ । ਦੋ ਜਹਾਨਾਂ ਦੀਆਂ ਆਸ਼ਾ ਵੇਖ ਲੈ ਨੱਸਦੀਆਂ, ਭੱਜਣ ਵਾਹੋ ਦਾਹੀਆ । ਖੇਲਾਂ ਤੱਕ ੧੯੧੨ ੨੩
ਲੈ ਰਵ ਸਸ ਦੀਆਂ, ਤਾਰੇ ਮੰਡਲ ਮੰਡਪ ਨਾਲ ਮਿਲਾਈਆ । ਨਜ਼ਾਰੇ ਤੱਕ ਲੈ ਓਸ ਅਲਖਣਾ ਅਲਖ ਦੀਆਂ, ਜਿਸ ਦਾ ਲੇਖ ਨਾ ਲਿਖਿਆ
ਜਾਈਆ । ਜਿਸ ਦੇ ਹੁਕਮ ਅੰਦਰ ਜੁਗ ਚੌਕੜੀਆਂ ਨੱਠਦੀਆਂ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੇਰੇ ਸਤਿਗੁਰ ਸ਼ਬਦ ਬਲਵਾਨੇ, ਬਲੀ ਬਲਧਾਰ ਸੀਸ ਨਿਵਾਈਆ ।
ਮੇਰੇ ਧੁਰ ਦੇ ਰਾਮ ਰਾਮੇ, ਰਾਮ ਰਾਮਾ ਤੇਰੀ ਵਡ ਵਡਿਆਈਆ । ਮੇਰੇ ਨੂਰ ਨੁਰਾਨੇ ਕਾਹਨੇ, ਕਾਹਨ ਕਾਹਨਾ ਤੇਰੀ ਇਕ ਰੁਸ਼ਨਾਈਆ । ਤੇਰੇ
ਜੁਗ ਜੁਗ ਵੇਖੇ ਧਰਮ ਨਿਸ਼ਾਨੇ, ਧਰਮ ਦੀ ਧਾਰ ਨਾਲ ਮਿਲਾਈਆ । ਤੇਰੇ ਤਨ ਵਜੂਦਾਂ ਵੇਖੇ ਬਾਣੇ, ਜੁਗ ਜੁਗ ਵੇਸ ਵਟਾਈਆ । ਤੇਰੇ ਨਾਮ
ਕਲਮੇ ਵਾਲੇ ਸੋਹਣੇ ਗਾਣੇ, ਅੱਖਰਾਂ ਅੱਖਰਾਂ ਨਾਲ ਸਿਫ਼ਤ ਸਲਾਹੀਆ । ਤੇਰੇ ਯੁਧ ਵੇਖੇ ਘਮਸਾਨੇ, ਖੰਡੇ ਖੜਗ ਚਿੱਲੇ ਤੀਰ ਕਮਾਨ ਉਠਾਈਆ ।
ਤੇਰੇ ਨਾਮ ਕਲਮੇ ਸੁਣੇ ਪੈਗ਼ਾਮੇ, ਪੈਗ਼ੰਬਰਾਂ ਕਰੇਂ ਪੜ੍ਹਾਈਆ । ਤੇਰੇ ਦੀਨ ਮਜ਼੍ਹਬ ਤੱਕੇ ਇਸਲਾਮੇ, ਇਸਮ ਆਜ਼ਮ ਇਕ ਅਖਵਾਈਆ । ਤੇਰੇ
ਵੇਖੇ ਖੇਲ ਮਹਾਨੇ, ਮਹਿਬੂਬ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ
ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਓਹ ਵੇਖ ਲੈ ਨਾਰਦਾ ਮਹੀਨਾ ਆ ਗਿਆ ਜੇਠ, ਜ਼ਰਾ ਜ਼ਰਾ ਧਿਆਨ ਲਗਾਈਆ । ਜਨ ਭਗਤਾਂ
ਰਖਦਾ ਸਾਇਆ ਹੇਠ, ਸਿਰ ਸਿਰ ਆਪਣਾ ਹੱਥ ਟਿਕਾਈਆ । ਕੌੜੇ ਕਰੇ ਮਿੱਠੇ ਰੇਠ, ਅੰਮ੍ਰਿਤ ਰਸ ਭਰਾਈਆ । ਜੜ (ਉਖੇੜੇ) ਸ਼ਾਹ ਸੁਲਤਾਨਾਂ

ਵਡ ਵਡ ਸੇਠ, ਧਰਨੀ ਧਰਤ ਧਵਲ ਧੌਲ ਉਤੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਜੇਠ ਕਹੇ ਮੈਨੂੰ ਸਾਰੇ ਕਹਿੰਦੇ ਤੱਤਾ, ਤਤਾਂ ਵਾਲਿਓ ਦਿਆਂ ਸਮਝਾਈਆ । ਮੇਰਾ ਖੇਲ ਨਹੀਂ ਚੁੰਕਿ ਚੁਨਾਚਿ ਅਲਬਤਾ, ਆਲਮਾਂ ਫ਼ਾਜ਼ਲਾਂ ਦਿਆਂ ਦ੍ਰਿੜਾਈਆ । ਮੇਰੇ ਮਿਹਰਵਾਨ ਦਾ ਹੁਕਮ ਸੁਣਨਾ ਰਤਾ, ਲਫ਼ਜ਼ ਤਲਫ਼ਜ਼ ਨਾ ਕੋਇ ਵਖਾਈਆ । ਸਚ ਪੁਛੋ ਸਭ ਦਾ ਜਗਤ ਜਹਾਨ ਵਾਲਾ ਛੁਟ ਜਾਣਾ ਨੱਤਾ, ਪਿਆਰ ਮੁਹੱਬਤ ਨਾ ਕੋਇ ਰਖਾਈਆ । ਕਿਸੇ ਨੂੰ ਦਾਣਾ ਹੱਥ ਨਹੀਂ ਆਉਣਾ ਫੱਕਾ, ਫ਼ਾਕੇ ਵਿਚ ਲੋਕਾਈਆ । ਮੇਰੇ ਪਿਆਰ ਦਾ ਹੁਕਮ ਯਕਾ, ਇਕੋ ਵਾਰ ਸਮਝਾਈਆ । ਅਮੀਰ ਗ਼ਰੀਬ ਲੰਘਾਉਣਾ ਵਿਚੋਂ ਸੂਈ ਦੇ ਨੱਕਾ, ਨਕ ਦੀ ਲਾਜ ਰਹੇ ਨਾ ਰਾਈਆ । ਮੈਂ ਖ਼ੁਸ਼ੀਆਂ ਵਿਚ ਮਾਰਾਂ ਕੱਛਾ, ਕੱਛ ਮੱਛ ਨੂੰ ਦਿਆਂ ਸੁਣਾਈਆ । ਦੁਹਾਈ ਪੈਣੀ ਜਿਨ੍ਹਾਂ ਖਾਧਾ ਕੱਟਾ ਵੱਛਾ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਕਿਸੇ ਨਹੀਂ ਕਰਨਾ ਪਿਛਾ, ਸਿਰ ਹੱਥ ਨਾ ਕੋਇ ਟਿਕਾਈਆ । ਧੁਰ ਦਾ ਨਾਮ ਕਰੇ ਨਾ ਰੱਛਾ, ਸਗਲਾ ਸੰਗ ਨਾ ਕੋਇ ਬਣਾਈਆ । ਗੀਟੀਆਂ ਗਿਣਨੀਆਂ ਅੱਖਾਂ ਲਾਉਣੀਆਂ ਨਾਲ ਛੱਤਾ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਜੇਠ ਕਹੇ ਮਿਤ੍ਰੋ ਸ੍ਰਿਸ਼ਟੀ ਲੂਲੀ ਲੰਗੜੀ ਹੋ ਜਾਣੀ, ਬਲਹੀਣ ਹੋ ਜਾਣ ਲੱਤਾ, ਬਾਹੂ ਬਲ ਨਾ ਕੋਇ ਰਖਾਈਆ । ਜੋ ਸੰਦੇਸ਼ਾ ਦੇ ਕੇ ਆਇਆ ਨਾਨਕ ਨਿਰਗੁਣ ਧਾਰ ਬਗ਼ਦਾਦ ਤਪਾ, ਤਪਦੀ ਰੇਤ ਦਏ ਗਵਾਹੀਆ । ਗੋਬਿੰਦ ਦਾ ਲੇਖਾ ਨਹੀਂ ਕੋਈ ਧਾਗਾ ਕੱਚਾ, ਕੱਚੀ ਗੰਢ ਨਾ ਕੋਇ
੧੮੧੩ ੨੩ ਰਖਾਈਆ । ਮੁਹੰਮਦ ਉਮਤ ਦਾ ਰਹਿਣਾ ਮੂਲ ਨਹੀਂ ਸਕਾ, ਸਦੀ ਚੌਧਵੀਂ ਦਏ ਸਲਾਹੀਆ । ਜੇਠ ਕਹੇ ਮੈਂ ਤੱਤਾਂ ਨਹੀਂ ਮੈਂ ਹੋਕਿਆਂ ਦਾ ਵਗਾ ੧੮੧੩ ੨੩
ਦੇਣਾ ਠੱਕਾ, ਅੰਤਸ਼ਕਰਨ ਸ਼ਾਂਤ ਨਾ ਕੋਇ ਕਰਾਈਆ । ਮੈਂ ਛੇਤੀ ਸਮੁੰਦਰਾਂ ਪਾਰ ਟੱਪਾ, ਟਾਪੂਆਂ ਪਰੇ ਡੇਰਾ ਲਾਈਆ । ਮੂਸਾ ਦੀ ਧਾਰ ਲਾਵਾਂ ਠੱਪਾ, ਮੋਹਰ ਈਸਾ ਵਾਲੀ ਸਮਝਾਈਆ । ਕਿਸੇ ਦੀ ਕੀਮਤ ਰਹਿਣੀ ਨਹੀਂ ਟਕਾ, ਜਗਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਜੇਠ ਕਹੇ ਮੈਂ ਤਪਦਾ ਵਾਂਗ ਅੱਗ, ਮੇਰੀ ਰਾਮ ਦੁਹਾਈਆ । ਮੈਂ ਵੇਖਣਾ ਸਾਰਾ ਜੱਗ, ਸੱਤਾਂ ਦੀਪਾਂ ਭੱਜਾਂ ਵਾਹੋ ਦਾਹੀਆ । ਮੈਂ ਚਲਾਂ ਬਿਨਾ ਪਗ, ਕਦਮ ਕਦਮ ਨਾ ਕੋਇ ਬਦਲਾਈਆ । ਮੈਂ ਉਨ੍ਹਾਂ ਨੂੰ ਲਵਾਂ ਲੱਭ, ਜਿਹੜੇ ਪ੍ਰਭੂ ਨੂੰ ਰਹੇ ਧਿਆਈਆ । ਰਾਤੀਂ ਸੁੱਤਿਆਂ ਲਵਾਂ ਦੱਬ, ਸਨਮੁਖ ਹੋ ਕੇ ਨਜ਼ਰੀ ਆਈਆ । ਮੇਰਾ ਵਾਇਦਾ ਕੌਲ ਇਕਰਾਰ ਅੱਜ, ਪਹਿਲੀ ਜੇਠ ਦਏ ਗਵਾਹੀਆ । ਦੀਪਕ ਜੋਤ ਜਗਾਵਾਂ ਦਰਸ ਦਿਖਾਵਾਂ ਉਪਰ ਸ਼ਾਹ ਰਗ, ਇਹ ਮੇਰੀ ਬੇਪਰਵਾਹੀਆ । ਜਨ ਭਗਤਾਂ ਰਹਿਣ ਨਾ ਦੇਵਾਂ ਅਲੱਗ, ਆਤਮ ਪਰਮਾਤਮ ਮੇਲਾ ਮੇਲਾਂ ਸਹਿਜ ਸੁਭਾਈਆ । ਸਭ ਨੂੰ ਫੜਾਂਗਾ ਪਿਛੇ ਭੱਜ, ਨੌਵਾਂ ਖੰਡਾਂ ਦਾ ਪੰਧ ਮੁਕਾਈਆ । ਨਾਲ ਸ਼ਬਦ ਸੁਣਾਵਾਂ ਗੱਜ, ਸੋਹਣਾ ਰਾਗ ਦ੍ਰਿੜਾਈਆ । ਫੇਰ ਹਲੂਣ ਕੇ ਤਨ ਮਾਸ ਨਾੜੀ ਹੱਡ, ਸਵਾਧਾਨ ਦਿਆਂ ਕਰਾਈਆ । ਬੱਚਿਓ ਜੇ ਤੁਸੀਂ ਮੈਨੂੰ ਗਏ ਛਡ, ਮੈਂ ਛਡਣਵਾਲਾ ਨਾ ਕਦੇ ਅਖਵਾਈਆ । ਧਰਤੀ ਉਤੇ ਧਰਮ ਦਾ ਨਿਸ਼ਾਨਾ ਦੇਣਾ ਗੱਡ, ਨਿਸ਼ਾਨਾ ਸਭ ਨੂੰ ਦੇਣਾ ਵਖਾਈਆ । ਹਿੰਦੂ ਮੁਸਲਿਮ ਰਹਿਣ ਦੇਣਾ ਨਹੀਂ ਕੋਈ ਅੱਡ, ਮੇਲਾ ਇਕੋ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੱਤਰੰਗਾ ਕਹੇ ਪ੍ਰਭੂ ਮੈਂ ਤੇਰੀ ਧਾਰ ਸਤਿਵਾਦੀ, ਸਤਿ ਸਵਾਮੀ ਦਰ ਸਾਚੇ

ਸੀਸ ਨਿਵਾਈਆ । ਮੇਰੀ ਸੁਰਤੀ ਬਿਨਾ ਸੁਰਤ ਤੋਂ ਜਾਗੀ, ਬਿਨਾ ਸ਼ਬਦ ਤੋਂ ਸ਼ਬਦ ਸ਼ਨਵਾਈਆ । ਮੈਂ ਤੇਰਾ ਆਦਿ ਜੁਗਾਦਿ ਦਾ ਵਾਗੀ, ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਮੈਂ ਮੁਹੱਬਤ ਤਕਾਂ ਹਕੀਕੀ ਤੇ ਮਜਾਜ਼ੀ, ਬਿਨਾ ਆਸ਼ਕਾਂ ਤੋਂ ਤੇਰਾ ਇਸ਼ਕ ਦਿਆਂ ਸਮਝਾਈਆ । ਮੈਂ ਜ਼ਰੂਰ ਸ਼ਰਅ ਮੇਟਾਂਗਾ ਮੁੱਲਾ ਤੇ ਕਾਜ਼ੀ, ਕਲਮਾ ਕਾਇਨਾਤ ਬਦਲਾਈਆ । ਦੀਨ ਦੁਨੀ ਦਾ ਬਣ ਕੇ ਇਮਦਾਦੀ, ਮਿਹਰਵਾਨ ਦਰ ਤੇਰੇ ਸੀਸ ਝੁਕਾਈਆ । ਤੂੰ ਇਕੋ ਵਾਹਿਦ ਸਭ ਦਾ ਮਾਲਕ ਤੇਰਾ ਇਕੋ ਹੋਏ ਸਮਾਜੀ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਤਰੰਗਾ ਕਹੇ ਪ੍ਰਭੂ ਦਰ ਤੇਰੇ ਝੋਲੀ ਡਾਹੀਆ । ਸਤਰੰਗਾ ਕਹੇ ਮੈਂ ਪਹਿਲੀ ਵਾਰ ਮੰਗੀ ਭਿਛਿਆ, ਪ੍ਰਭੂ ਝੋਲੀ ਦੇਣੀ ਪਾਈਆ । ਮਿਹਰਵਾਨ ਹੋ ਕੇ ਭਗਤਾਂ ਦੀ ਕਰੀਂ ਰੱਛਿਆ, ਸਿਰ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਮੇਟੀਂ ਰੈਣ ਅੰਧੇਰੀ ਮੱਸਿਆ, ਘਰ ਘਰ ਕਰੀਂ ਰੁਸ਼ਨਾਈਆ । ਮੈਂ ਹੋੜਾ ਤੱਕਿਆ ਤੇਰਾ ਉਪਰ ਸਸਿਆ, ਹਾਹੇ ਟਿੱਪੀ ਆਤਮ ਪਰਮਾਤਮ ਰੰਗ ਵਖਾਈਆ । ਤੇਰੇ ਪਿਆਰ ਵਿਚ ਪ੍ਰੀਤਮ ਤੇਰਾ ਪਿਆਰਾ ਫਿਰੇ ਨੱਸਿਆ, ਭੱਜੇ ਵਾਹੋ ਦਾਹੀਆ । ਉਸ ਨੂੰ ਤੇਰੀ ਦੋ ਜਹਾਨਾਂ ਹੋਵੇ ਰੱਖਿਆ, ਰਾਏ ਧਰਮ ਨਾ ਦਏ ਸਜ਼ਾਈਆ । ਤੂੰ ਜੁਗ ਜੁਗ ਭਗਤਾਂ ਕਰਦਾ ਆਇਆ ਪੱਖਿਆ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਮੈਂ ਇਕ ਸੰਦੇਸਾ ਤੇਰਾ ਸਾਹਿਬ ਸੁਲਤਾਨ ਤੇਰਿਆਂ ਭਗਤਾਂ ਨੂੰ ਦੱਸਿਆ, ਸਹਿਜ ਸਹਿਜ ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਜੇਠ ਕਹੇ ਸੱਤਰੰਗੇ ਦੋਵੇਂ ਕਰੀਏ ਸਲਾਹ, ਨਾਰਦ ਨਾਲ ਮਿਲਾਈਆ । ਹਰਿ ਭਗਤ ਬਣਾਈਏ ਗਵਾਹ, ਸ਼ਹਾਦਤ ਇਕੋ ਇਕ ਭੁਗਤਾਈਆ । ਪ੍ਰਭੂ ਨੂੰ ਬਣਾਈਏ ਮਲਾਹ, ਬੇੜਾ ਓਸੇ ਦੇ ਕੰਧ ਟਿਕਾਈਆ । ਜਿਹੜਾ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਕਦੇ ਨਾ ਲਵੇ ਸਾਹ, ਥਕਾਵਟ ਵਿਚ ਕਦੇ ਨਾ ਆਈਆ । ਜੇ ਮੰਗੀਏ ਤੇ ਮੰਗੀਏ ਉਸ ਦਾ ਨਾਂ, ਦੂਸਰ ਓਟ ਨਾ ਕੋਇ ਰਖਾਈਆ । ਨਾਲੇ ਸੁਗੰਦ ਖਾਈਏ ਤੇਰੇ ਪਿਆਰ ਵਿਚ ਨਾ ਕੋਈ ਸੂਰ ਖਾਏ ਨਾ ਗਾਂ, ਤੇਰੇ ਨਾਮ ਦਾ ਰਸ ਲੈ ਕੇ ਆਪਣਾ ਆਪ ਤ੍ਰਿਪਤ ਕਰਾਈਆ । ਤੂੰ ਪਕੜ ਲੈ ਗ਼ਰੀਬ ਨਿਮਾਣਿਆਂ ਬਾਂਹ, ਅਗੇ ਸਕੇ ਨਾ ਕੋਇ ਛੁਡਾਈਆ । ਸਾਨੂੰ ਚਰਨਾਂ ਚ ਸਚਖੰਡ ਦੇਣੀ ਥਾਂ, ਸਵਰਗ ਬਹਿਸ਼ਤ ਦੀ ਲੋੜ ਰਹੇ ਨਾ ਰਾਈਆ । ਇਕੋ ਵਾਰ ਹਾਂ ਵਿਚ ਹੋ ਜਾਏ ਹਾਂ, ਨਾਂਹ ਦੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਸੱਜਣੋ ਮੇਰੀ ਮੰਨੋ ਗੱਲ, ਗਲਵਕੜੀ ਇਕ ਪਾਈਆ । ਪ੍ਰਭੂ ਜੁਗ ਜੁਗ ਕਰਦਾ ਛਲ ਵਲ, ਛਲਧਾਰੀ ਆਪ ਅਖਵਾਈਆ । ਵਸੇ ਨਿਹਚਲ ਧਾਮ ਅਟੱਲ, ਸਚਖੰਡ ਸੋਭਾ ਪਾਈਆ । ਰਵਿਆ ਜਲ ਥਲ, ਮਹੀਅਲ ਵਿਚ ਸਮਾਈਆ । ਇਕੋ ਮੰਗ ਮੰਗੋ ਪ੍ਰਭੂ ਵਿਛੋੜਾ ਹੋਵੇ ਘੜੀ ਨਾ ਪਲ, ਪਲਕਾਂ ਦੇ ਪਿਛੇ ਬਹਿ ਕੇ ਦਰਸ਼ਨ ਦੇਣਾ ਧੁਰ ਦੇ ਮਾਹੀਆ । ਤੂੰ ਸਾਡਾ ਮਾਲਕ ਹੋ ਕੇ ਆਤਮਾ ਵਿਚ ਜਾਈਂ ਰਲ, ਦੂਜਾ ਰੂਪ ਨਾ ਕੋਇ ਦਰਸਾਈਆ । ਕਿਸੇ ਕੰਮ ਨਹੀਂ ਆਉਣੀ ਕਾਇਆ ਮਾਟੀ ਖੱਲ, ਖ਼ਲਕ ਦੇ ਖ਼ਾਲਕ ਤੇਰਾ ਨੂਰ ਜ਼ਹੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਦਏ ਚੁਕਾਈਆ । ਨਾਰਦ ਕਹੇ ਜਨ ਭਗਤੋ ਮੈਂ ਪੁਰਾਣੀ ਵੇਖ ਲਈ ਚਿੱਠੀ, ਬਿਨਾ ਅੱਖਰਾਂ ਤੋਂ ਸੋਭਾ ਪਾਈਆ । ਉਹਦੀ ਇਬਾਰਤ ਇਤਨੀ ਮਿੱਠੀ,

ਜਿਸ ਦੀ ਮਿਠਾਸ ਸਕੇ ਨਾ ਕੋਇ ਸਮਝਾਈਆ । ਮੈਂ ਜਾਂ ਨਾਪਣ ਲੱਗਾ ਨਾ ਉਹ ਵੱਧ ਤੇ ਨਾ ਉਹ ਘੱਟ ਉਹਦੀ ਲੰਬਾਈ ਚੌੜਾਈ ਸਵਾ ਗਿਠੀ, ਮੇਰੂ ਡੰਡ ਤੋਂ ਪਰੇ ਆਪਨਾ ਆਪ ਸਮਝਾਈਆ । ਫੇਰ ਉਹ ਦੁਹੱਥੜ ਮਾਰ ਕੇ ਪਿਟੀ, ਪਟਨੇ ਵਾਲੇ ਅਗੇ ਵਾਸਤਾ ਪਾਈਆ । ਮੇਰੇ ਸਤਿਗੁਰ ਸ਼ਬਦ ਮੇਰੀ ਧਾਰ ਜਦ ਰਵ੍ਹੇ ਤੇ ਰਵ੍ਹੇ ਚਿੱਟੀ, ਕਾਲੀ ਸ਼ਾਹੀ ਨਾ ਕੋਇ ਚਤੁਰਾਈਆ । ਮੇਰੀ ਜਦੋਂ ਬਣੀ ਪਰਮਾਤਮਾ ਆਤਮਾ ਧਾਰ ਬਣਾਈ ਤੇ ਸ਼ਿਵ ਬਣਾਈ ਟਿਪੀ, ਹੋੜਾ ਪੁਰਖ ਅਕਾਲ ਸੋਭਾ ਪਾਈਆ । ਮੈਨੂੰ ਪਤਾ ਨਹੀਂ ਮੈਂ ਕਿਹੜੇ ਮੁਕਾਮ ਉਤੇ ਟਿਕੀ, ਮੇਰਾ ਗ੍ਰਿਹ ਵੇਖਣ ਕੋਇ ਨਾ ਆਈਆ । ਨਾਰਦ ਕਿਹਾ ਨਹੀਂ ਤੂੰ ਓਸ ਸਾਹਿਬ ਦੇ ਚਰਨਾਂ ਵਿਚ ਲਿਟੀ, ਜਿਥੇ ਲਿਟਿਆਂ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸੁਣ ਜੇਠ ਮਹੀਨੇ ਯਾਰ, ਮਿਤ੍ਰਾ ਦੇ ਸਮਝਾਈਆ । ਮੈਂ ਚੜ੍ਹਦੇ ਲਹਿੰਦੇ ਦੱਖਣ ਪਹਾੜ ਪੁੱਛਿਆ ਨੌ ਖੰਡ ਸੱਤ ਦੀਪ ਦੱਸੋ ਕੁਛ ਵਿਚਾਰ, ਪੂਰਬ ਪੂਰਬ ਪੂਰਬ ਪੂਰਬ ਜੁਗ ਦਾ ਲੇਖਾ ਨਾਲ ਮਿਲਾਈਆ । ਸਾਰੇ ਰੋ ਰੋ ਕੇ ਕਰਨ ਲੱਗੇ ਪੁਕਾਰ, ਬਿਨ ਨੈਣਾਂ ਨੀਰ ਵਹਾਈਆ । ਨਾਲੇ ਕਹਿਣ ਉਹ ਮਾਲਕ ਬੇਐਬ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਜਿਸ ਦੇ ਸਭ ਕਿਛ ਅਖਤਿਆਰ, ਮੁਖ਼ਤਾਰਨਾਮੇ ਗੁਰ ਅਵਤਾਰ ਪੈਗ਼ੰਬਰਾਂ ਹੱਥ ਫੜਾਈਆ । ਜਿਸ ਨੇ ਪੇਸ਼ੀਨਗੋਈਆਂ ਵਿਚ ਕੀਤੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸਭ ਨੇ ਸੰਦੇਸਾ ਦਿਤਾ ਅੰਤ ਆਵੇ ਕਲ ਕਲਕੀ ਅਵਤਾਰ, ਨਿਹਕਲੰਕਾ ਅਮਾਮ ਅਮਾਮਾ ਰੂਪ ਬਦਲਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣੇ ਸੱਚੀ ਸਰਕਾਰ, ਸਤਿਗੁਰ ਸ਼ਬਦ ਹੁਕਮ ਸੁਣਾਈਆ । ਸ਼ਹਿਨਸ਼ਾਹੀ ਸੰਮਤ ਦਸ ਜਨ ਭਗਤਾਂ ਪਾਵੇ ਸਾਰ, ਮਾਹਸਾਰਬੀ ਹੋ ਕੇ ਭੱਜੇ ਵਾਹੋ ਦਾਹੀਆ । ਜਿਸ ਭਾਂਡੇ ਘੜੇ ਬਣ ਠਠਿਆਰ, ਘੁਮਿਆਰ ਕੋਹਲੂ ਦਾ ਚੱਕੀ ਚੱਕ ਚਲਾਈਆ । ਉਹ ਅੰਦਰੋਂ ਬਾਹਰੋਂ ਦੁਰਮਤ ਮੈਲ ਦਏ ਉਤਾਰ, ਆਪਨੀ ਦਇਆ ਕਮਾਈਆ । ਜੇਠ ਕਹੇ ਨਾਰਦ ਜੀ ਉਸ ਨੇ ਮੇਰੇ ਨੌ ਜੇਠ ਨੂੰ ਕਰਨਾ ਵਿਹਾਰ, ਵਿਵਹਾਰੀ ਹੋ ਕੇ ਆਪਨੀ ਦਇਆ ਕਮਾਈਆ । ਜਿਨ੍ਹਾਂ ਗੁਰਮੁਖਾਂ ਦੇ ਸੀਸ ਬੱਧੀ ਦਸਤਾਰ, ਦਸਤ ਦਸਤ ਨਾਲ ਮਿਲਾਈਆ । ਯਾਰਾਂ ਦਾ ਬਣੇ ਯਾਰ, ਮਿਤ੍ਰਾਂ ਦਾ ਮਿਤ੍ਰ ਆਪ ਅਖਵਾਈਆ । ਜਿਹੜੇ ਭੁੱਲ ਗਏ ਉਹਨਾਂ ਨੂੰ ਆਪ ਕਰੇ ਨਿਮਸਕਾਰ, ਪ੍ਰੀਤੀ ਪ੍ਰੀਤਮ ਨਾ ਕਦੇ ਗਵਾਈਆ । ਇਹ ਖੇਲ ਸੱਚੀ ਸਰਕਾਰ, ਸਤਿਗੁਰ ਹੋ ਕੇ ਵੇਖ ਵਖਾਈਆ । ਗੁਰਮੁਖ ਦਵਾਰਾ ਕਰ ਰਿਹਾ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਲਹਿਣਾ ਤੇ ਲੇਖਾ ਨਾਲ ਰਵੀਦਾਸ ਚਮਿਆਰ, ਚਮਰੇਟੇ ਦੇਵੇ ਮਾਣ ਵਡਿਆਈਆ । ਜੋ ਪਾਨਹਾ ਗੰਢਦਾ ਤੇ ਹੁਣ ਹੋਵੇ ਸਾਂਢਣੀ ਦਾ ਅਸਵਾਰ, ਸਤਿਗੁਰ ਦੇਵੇ ਮਾਣ ਵਡਿਆਈਆ । ਪੰਚਮ ਪਿਆਰੇ ਪੰਚਮ ਕਰ ਪਿਆਰ, ਪੰਚਮ ਪੰਚਮ ਵਿਚ ਸਮਾਈਆ । ਪੰਜ ਦਰਬਾਰੀ ਹੋ ਕੇ ਆਵਣ ਖ਼ਬਰਦਾਰ, ਸਵਾਧਾਨੀ ਵਿਚ ਵਡਿਆਈਆ । ਪੰਚ ਲਿਖਾਰੀ ਹੱਥ ਕਲਮਾਂ ਕਮਰ ਬੱਧੀ ਹੋਵੇ ਕਟਾਰ, ਮਸਤਕ ਲਿਖਿਆ ਹੋਵੇ ਦਾਤਾਰ, ਦਾਤਾ ਇਕੋ ਸੀਸ ਨਿਵਾਈਆ । ਪਹਿਲੀ ਜੇਠ ਕਹੇ ਮੈਂ ਸੰਦੇਸ਼ਾ ਦੇਵਾਂ ਨੌ ਜੇਠ ਨੂੰ ਆਪਨੀ ਵਾਰ, ਵਾਰਤਾ ਨਾਲ ਸੁਣਾਈਆ । ਉਸ ਦਿਨ ਸੱਜਣਾ ਤੇਰੀ ਖ਼ੁਸ਼ੀ ਮਨਾਉਣਗੇ ਤੇਈ ਅਵਤਾਰ, ਪੈਗ਼ੰਬਰ ਗੁਰ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨਗੇ ਦੀਦਾਰ, ਦਰਸ ਪੇਖ ਪੇਖ ਧੁਰ ਦਾ ਰੰਗ ਚੜ੍ਹਾਈਆ । ਤੇਰਾ ਲੇਖ ਅਣਹੋਣਾ ਹੋਣਾ ਜਿਹੜਾ ਅਗੇ ਲਿਖਿਆ ਨਹੀਂ ਵਿਚ ਸੰਸਾਰ, ਕਲਮ ਭੱਜੇ ਚਾਈਂ ਚਾਈਆ । ਅੱਖਰ ਅੱਖਰ ਦਾ ਕਰਨ ਵਿਸਥਾਰ, ਅੱਖਰਾਂ ਅੱਖਰਾਂ ਨਾਲ ਵਡਿਆਈਆ ।

੧੮੧੫
੨੩

ਨੌ ਜੇਠ ਕਹੇ ਮੈਂ ਵੀ ਓਸ ਸਾਹਿਬ ਨੂੰ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਹਿੰਮਾ ਅਪਰ ਅਪਾਰ, ਅਪਰੰਪਰ ਸਵਾਮੀ ਅੰਤਰਜਾਮੀ ਤੇਰੀ ਗਤ ਕਹਿਣ ਕਿਛ ਨਾ ਪਾਈਆ ।

✪ ੨ ਜੇਠ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਰ ਸੰਗਤ ਦੇ ਬਾਹਰੋਂ ਖੇਤਾਂ ਵਿਚੋਂ ਸੇਵਾ ਕਰ ਕੇ ਆਉਣ ਸਮੇਂ ✪

ਜੇਠ ਕਹੇ ਮੈਂ ਭਖਿਆ ਨਹੀਂ ਕਦੇ ਵਾਂਗ ਅਗਨੀ, ਲੂ ਲੋਆਂ ਪੁਰੀਆਂ ਨਾ ਕੋਇ ਵਖਾਈਆ । ਮੇਰਾ ਖੇਲ ਹੋਇਆ ਧਰਮ ਧਾਰ ਦਾ ਸਗਲੀ, ਸਗਲ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦਿਆਂ ਜਣਾਈਆ । ਮੇਰੇ ਵਿਚ ਪਰਮ ਪੁਰਖ ਅਕਾਲ ਦੀ ਜੋਤ ਜਗਣੀ, ਜਗਤ ਜਹਾਨ ਦਿਆਂ ਸਮਝਾਈਆ । ਖ਼ੁਸ਼ੀਆਂ ਵਿਚ ਭਗਤਾਂ ਸੁਰਤੀ ਮਗਨੀ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਜਿਸ ਲੇਖਾ ਚੁਕਾਉਣਾ ਤਨ ਵਜੂਦ ਬਦਨੀ, ਤਤਾਂ ਕਰੇ ਸਫ਼ਾਈਆ । ਭੇਵ ਚੁਕਾ ਕੇ ਆਅਲਾ ਅਦਨੀ, ਉਚਾਂ ਨੀਚਾਂ ਰੰਗ ਰੰਗਾਈਆ । ਆਤਮ ਧਾਰ ਬਣਾ ਕੇ ਸਾਚੀ ਸੱਜਨੀ, ਸਾਜਣ ਹੋ ਕੇ ਵੇਖ ਵਖਾਈਆ । ਜਿਸ ਦੀ ਇਕੋ ਪ੍ਰੇਮ ਪ੍ਰੀਤੀ ਬੱਝਣੀ, ਬਾਜਾਂ ਵਾਲਾ ਗੋਬਿੰਦ ਨਾਲ ਮਿਲਾਈਆ । ਜਨ ਭਗਤਾਂ ਧੂੜ ਕਰਾਏ ਆਪਣੇ ਮਜਨੀ, ਸਤਿ ਸਰੋਵਰ ਇਸ਼ਨਾਨ ਇਕ ਵਖਾਈਆ । ਪਿੱਠ ਰਹਿਣ ਦੇਵੇ ਨਾ ਕਿਸੇ ਨਗਨੀ, ਓਢਣ ਸੀਸ ਨਾਮ ਰਖਾਈਆ । ਜਿਸ ਦੀ ਕਲਾ ਧਾਰ ਵਧਣੀ,
੧੮੧੯ ੨੩
ਕਲਕਾਤੀ ਕਰੇ ਸਫ਼ਾਈਆ । ਨਿਰਗੁਣ ਧਾਰ ਸਰਗੁਣ ਜਿਸ ਨੇ ਚੋਲੀ ਰੰਗਣੀ, ਰੰਗਤ ਧੁਰ ਦਾ ਨਾਮ ਰੰਗਾਈਆ । ਸ਼ਰਅ ਦੀਨ ਮਜ਼੍ਹਬ ਮੇਟ ਕੇ ਹੱਦਨੀ, ਹਦੂਦ ਇਕੋ ਇਕ ਵਖਾਈਆ । ਜਿਸ ਭਗਤਾਂ ਆਤਮ ਚੁਰਾਸੀ ਵਿਚੋਂ ਲੱਭਣੀ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਉਸ ਦਾ ਖੇਲ ਵੇਖੋ ਸਬੱਬਨੀ, ਸਾਹਿਬ ਕੀ ਆਪਣੀ ਕਲ ਵਰਤਾਈਆ । ਜਿਸ ਦੂਈ ਦਵੈਤ ਹਰ ਹਿਰਦੇ ਅੰਦਰੋਂ ਕੱਢਣੀ, ਤਨ ਵਜੂਦਾਂ ਕਰੇ ਸਫ਼ਾਈਆ । ਦੀਨ ਮਜ਼੍ਹਬ ਦੀ ਧਾਰਾ ਛਡਣੀ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਸਾਚਾ ਕਾਅਬਾ ਕਰਾ ਕੇ ਹੱਜਨੀ, ਹਕੀਕਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਜੇਠ ਕਹੇ ਮੈਂ ਅਗਨੀ ਵਾਂਗ ਨਹੀਂ ਤਪਦਾ, ਤਪਸ਼ ਜਗਤ ਨਾ ਕੋਇ ਜਣਾਈਆ । ਮੈਂ ਇਕੋ ਪ੍ਰਭੂ ਨੂੰ ਜਪਦਾ, ਦੂਸਰ ਓਟ ਨਾ ਕੋਇ ਤਕਾਈਆ । ਮੇਰਾ ਖੇਲ ਨਹੀਂ ਕੋਈ ਮਾਇਆ ਡਸਣੀ ਸੱਪ ਦਾ, ਵਿਖ ਵਿਸ਼ ਨਾ ਕੋਇ ਭਰਾਈਆ । ਮੇਰਾ ਲਹਿਣਾ ਦੇਣਾ ਪਰਮੇਸ਼ਵਰ ਪਤ ਦਾ, ਪਾਰਬ੍ਰਹਮ ਜੋ ਹੋਏ ਸਹਾਈਆ । ਮੇਰਾ ਨਾਤਾ ਵੇਖੋ ਸਤਿ ਦਾ, ਸਤਿ ਸਚ ਹੋਏ ਕੁੜਮਾਈਆ । ਮੈਂ ਭੇਵ ਖੁਲਾਵਾਂ ਬ੍ਰਹਮ ਮਤ ਦਾ, ਮਤਾ ਪ੍ਰਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਜਨ ਭਗਤਾਂ ਸਿਰ ਆਪਣਾ ਹੱਥ ਰੱਖਦਾ, ਰੱਖਕ ਹੋ ਕੇ ਸੇਵ ਕਮਾਈਆ ।

## ✪ ੪ ਜੇਠ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸੁਭਾਗਵੰਤੀ ਦੇ ਗ੍ਰਿਹਿ ✪

ਚਾਰ ਜੇਠ ਕਹੇ ਮੈਨੂੰ ਆਉਂਦੀ ਹਾਸੀ, ਹੱਸ ਹੱਸ ਹੱਸ ਖ਼ੁਸ਼ੀ ਬਣਾਈਆ । ਜੋ ਮੈਂ ਸੰਦੇਸ਼ਾ ਸੁਣਿਆ ਪਹਿਲੋਂ ਸਾਲ ਤਰਿਆਸੀ, ਉਨੀ ਸੌ ਅਠਤਾਲੀ ਬਿਕ੍ਰਮੀ ਨਾਲ ਮਿਲਾਈਆ । ਮੰਡਲ ਮੰਡਪ ਪਾਉਂਦੇ ਵੇਖੇ ਰਾਸੀ, ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰ ਖ਼ੁਸ਼ੀਆਂ ਢੋਲੇ ਗਾਈਆ । ਦੇਵਤ ਸੁਰ ਗਾਉਂਦੇ ਬਿਨਾ ਸਵਾਸ ਸਵਾਸੀ, ਬਿਨ ਰਸਨਾ ਜਿਹਵਾ ਸਿਫ਼ਤ ਸਲਾਹੀਆ । ਸਤਿਗੁਰ ਸ਼ਬਦ ਸੰਦੇਸ਼ਾ ਦੇਵੇ ਕੀ ਖੇਲ ਖੇਲੇ ਸ਼ਾਹੋ ਸ਼ਾਬਾਸੀ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦਾ ਇਕੋ ਨੂਰ ਹੋਵੇ ਪ੍ਰਕਾਸ਼ੀ, ਜੋਤੀ ਜਾਤਾ ਡਗਮਗਾਈਆ । ਨਿਰਗੁਣ ਧਾਰ ਲਾਹੇ ਉਦਾਸੀ, ਚਿੰਤਾ ਸੰਤ ਭਗਤ ਹਟਾਈਆ । ਪ੍ਰਗਟ ਹੋਏ ਘਨਕਪੁਰ ਵਾਸੀ, ਪੰਚਮ ਜੇਠ ਵੱਜੇ ਵਧਾਈਆ । ਜਿਸ ਸ਼ਰਅ ਦੀ ਕੱਟਣੀ ਫਾਸੀ, ਬੰਧਨ ਮਜ਼੍ਹਬਾਂ ਦਏ ਤੁੜਾਈਆ । ਜਾਤਾਂ ਪਾਤਾਂ ਵਿਚੋਂ ਕਰੇ ਖ਼ੁਲਾਸੀ, ਆਤਮ ਬ੍ਰਹਮ ਇਕ ਸਮਝਾਈਆ । ਸਤਿ ਦਾ ਸਚ ਹੋਵੇ ਵਿਸ਼ਵਾਸੀ, ਵਿਸ਼ਾ ਵਿਸ਼ਵ ਧਰਮ ਧਾਰ ਦ੍ਰਿੜਾਈਆ । ਲੇਖਾ ਜਣਾ ਦਿਵਸ ਮਾਸੀ, ਬਰਸ ਬਰਖਾਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਚਾਰ ਜੇਠ ਕਹੇ ਮੈਂ ਸੁਣਦਾ ਰਿਹਾ ਸ਼ਬਦੀ ਸ਼ਬਦ ਤਰਾਨੀ, ਤੁਰੀਆ ਤੋਂ ਬਾਹਰ ਵੱਜੇ ਵਧਾਈਆ । ਕੀ ਖੇਲ ਕਰੇ ਸ੍ਰੀ ਭਗਵਾਨੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ ਹੁਕਮ ਸੁਣਾਈਆ । ਜਿਸ ਦਾ ਰੂਪ ਰੰਗ ਰੇਖ ਨਾ ਕੋਈ ਪਹਿਚਾਨੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤਨ ਵਜੂਦ ਪਹਿਰ ਕੇ ਬਾਣੀ, ਬਾਵਨ ਦਾ ਲੇਖਾ ਪੂਰ ਕਰਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨੀ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਨਿਰਗੁਣ ਸਰਗੁਣ ਹੋ ਪ੍ਰਧਾਨੀ, ਪਰਮ ਪੁਰਖ ਆਪਣਾ ਖੇਲ ਖਿਲਾਈਆ । ਤਨ ਵਜੂਦ ਘਰ ਨਿਸ਼ਾਨੀ, ਨਾਮ ਨਿਸ਼ਾਨੇ ਜਗਤ ਵਖਾਈਆ । ਸ਼ੇਰ ਸ਼ੇਰ ਰੂਪ ਬਲੀ ਬਲਵਾਨੀ, ਮਹਾਬਲੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਚਾਰ ਜੇਠ ਕਹੇ ਮੈਂ ਵੇਖਦਾ ਰਿਹਾ ਚਮਤਕਾਰ, ਬਿਨ ਨੈਣਾਂ ਨੈਣ ਉਠਾਈਆ । ਜ਼ਿਮੀਂ ਅਸਮਾਨ ਰਹੇ ਪੁਕਾਰ, ਲੋਕ ਪ੍ਰਲੋਕ ਢੋਲੇ ਗਾਈਆ । ਕੀ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਤੇਰੀ ਬੇਪਰਵਾਹੀਆ । ਜੋਤੀ ਜਾਤੇ ਕੰਤ ਭਤਾਰ, ਨੂਰ ਨੁਰਾਨੇ ਤੇਰੀ ਵਡ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਤੇਰਾ ਕਰਦੇ ਗਏ ਇੰਤਜ਼ਾਰ, ਭਵਿਖਤਾਂ ਵਿਚ ਤੇਰੀ ਓਟ ਤਕਾਈਆ । ਤੇਰਾ ਨੂਰ ਕਲ ਕਲਕੀ ਅਵਤਾਰ, ਨਿਹਕਲੰਕਾ ਡੰਕ ਕਰੇ ਸ਼ਨਵਾਈਆ । ਅਮਾਮ ਅਮਾਮਾਂ ਨੂਰ ਹੋਵੇ ਉਜਿਆਰ, ਅੱਲਾ ਬੇਪਰਵਾਹ ਤੇਰੇ ਹੱਥ ਵਡਿਆਈਆ । ਪੰਚਮ ਜੇਠ ਹੋਵੇ ਉਜਿਆਰ, ਲੋਕਮਾਤ ਖ਼ੁਸ਼ੀ ਬਣਾਈਆ । ਤੀਸ ਤੀਸ ਦਾ ਤੇਰਾ ਅਧਾਰ, ਬਤੀਸ ਲੇਖਾ ਲੇਖੇ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਚਾਰ ਜੇਠ ਕਹੇ ਮੈਂ ਸੁਨੇਹੁੜਾ ਦਿਤਾ ਪੰਚਮ ਪ੍ਰਵਿਸ਼ਟੇ, ਖ਼ੁਸ਼ੀਆਂ ਨਾਲ ਜਣਾਈਆ । ਉਠ ਮਿਤ੍ਰਾ ਆਪਣੀ ਖੋਲ ਦ੍ਰਿਸ਼ਟੇ, ਦ੍ਰਿਸ਼ਟਾਂਤ ਦੇਣ ਦੀ ਲੋੜ ਰਹੇ ਨਾ ਰਾਈਆ । ਵੇਖ ਨੂਰ ਨੁਰਾਨਾ ਸ੍ਰੀ ਭਗਵਾਨਾ ਇਕੋ ਇਸ਼ਟੇ, ਇਸ਼ਟ ਦੇਵ ਇਕ ਅਖਵਾਈਆ । ਜਿਸ ਦਾ ਲੇਖਾ ਲਹਿਣਾ ਨਹੀਂ ਟਾਂਕ ਜਿਸਤੇ, ਮਾਨਵ ਜ਼ਾਤੀ ਆਤਮ ਪਰਮਾਤਮ ਸੰਗ ਬਣਾਈਆ । ਜਨ ਭਗਤਾਂ ਪੂਰੇ ਕਰੇ

੧੮੧੭
੨੩

ਨਿਸਚੇ, ਨਿਹਚਲ ਧਾਮ ਦਏ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲ ਜਿਸ ਦੇ, ਸੋ ਪੁਰਖ ਅਕਾਲਾ ਦੀਨ ਦਿਆਲਾ ਆਏ ਧੁਰ ਦਾ ਮਾਹੀਆ । ਤੂੰ ਚਰਨ ਚੁੰਮਣੇ ਪਿਆਰੇ ਮਿਤ ਦੇ, ਬਿਨ ਰਸਨਾ ਰਸਨ ਛੁਹਾਈਆ । ਜਿਸ ਦੇ ਲੇਖੇ ਲਹਿਣੇ ਦੇਣੇ ਮਨੀ ਸਿੰਘ ਵਾਲੀ ਹਿੱਤ ਦੇ, ਹਿਤਕਾਰੀ ਹੋ ਕੇ ਵੇਖੇ ਚਾਈਂ ਚਾਈਂਆ । ਜਿਸ ਖੇਲ ਮੁਕਾਉਣੇ ਪੱਥਰ ਇੱਟ ਦੇ, ਝਗੜੇ ਤਨ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਚਾਰ ਜੇਠ ਕਹੇ ਮੈਂ ਕਿਹਾ ਪੰਚਮ ਜੇਠ ਰਹਿਣਾ ਤਿਆਰ, ਤ੍ਰੈਗੁਣ ਅਤੀਤਾ ਦਏ ਵਡਿਆਈਆ । ਤੇਰਾ ਮਹਿਬੂਬ ਮਾਹੀ ਆਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਆਪਣਾ ਖੇਲ ਖਿਲਾਈਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਓਟ ਤਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਹੋ ਉਜਿਆਰ, ਨਿਰਗੁਣ ਨਿਰਾਕਾਰ ਨਿਰੰਕਾਰ ਆਪਣਾ ਵੇਸ ਵਟਾਈਆ । ਤਤ ਵਜੂਦ ਕਰ ਕੇ ਤਨ ਸ਼ਿੰਗਾਰ, ਖੇਲੇ ਖੇਲ ਅਗੰਮ ਅਥਾਹੀਆ । ਤੂੰ ਉਸ ਨੂੰ ਪ੍ਰੀਤਮ ਕਹਿ ਕੇ ਕਰੀਂ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਖ਼ੁਸ਼ੀ ਮਨਾਵੀਂ ਕਰ ਦੀਦਾਰ, ਨੇਤਰ ਲੋਚਨ ਨੈਣ ਨੈਣ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਲੇਖੇ ਵਿਚੋਂ ਪ੍ਰਗਟਾਈਆ । ਪੰਚਮ ਜੇਠ ਕਹੇ ਮੈਂ ਮਾਤਲੋਕ ਆ ਗਿਆ ਭੱਜਾ, ਜਗਤ ਜਹਾਨ ਪੰਧ ਮੁਕਾਈਆ । ਸਤਿ ਧਾਰ ਪਵਿਤ੍ਰ ਵੇਖੀ ਜਗ੍ਹਾ, ਆਪ ਆਪਣੀ ਅੱਖ ਖੁਲਾਈਆ । ਜਿਥੇ ਜੋਤ ਨੂਰ ਚਮਕਿਆ ਬਗਾ, ਨੂਰ ਨੁਰਾਨਾ ਡਗਮਗਾਈਆ । ਮੈਨੂੰ ਭੁੱਲ ਗਿਆ ਪਿਛਾ ਅਗਾ, ਅਗੇ ਸੁਧ ਰਹੀ ਨਾ ਰਾਈਆ । ਮੈਂ ਬੋਲਣ ਲੱਗਾ ਬਿਨਾ ਲਬਾਂ, ਮੁਖ ਬੋਲ ਨਾ ਕੁਛ ਸੁਣਾਈਆ । ਫੇਰ ਸੁਣਿਆ ਅਨਾਦੀ ਨੱਦਾ, ਧੁਨ ਅਗੰਮ ਅਥਾਹੀਆ । ਪੰਚਮ ਜੇਠ ਤੈਨੂੰ ਦੇਵਾਂ ਸੱਦਾ, ਸੰਦੇਸ਼ਾ ਇਕ ਸੁਣਾਈਆ । ਤੀਸ ਤੀਸ ਦੀ ਧਾਰ ਗੋਬਿੰਦ ਆਵੇ ਚਰਨ ਉਠਾਵੇ ਸੱਜਾ, ਆਪਣਾ ਪੰਧ ਮੁਕਾਈਆ । ਜਿਸ ਦੇ ਨਾਲ ਪ੍ਰਭੂ ਵਧਣਾ ਅਗਾ, ਭੇਵ ਅਭੇਦ ਰਹੇ ਨਾ ਰਾਈਆ । ਸਤਿ ਸਚ ਦਾ ਇਕੋ ਹੋਵੇ ਪਦਾ, ਪਤਿਪਰਮੇਸ਼ਵਰ ਹੋ ਕੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਮੈਂ ਸੁਣਿਆ ਸ਼ਬਦ ਅਥਾਹ, ਬੇਪਰਵਾਹ ਦਿਤਾ ਸੁਣਾਈਆ । ਬਿਕ੍ਰਮੀ ਉਨੀ ਸੌ ਸੱਤਰ ਦਾ ਤੱਕ ਰਾਹ, ਬਿਨ ਨੈਣਾਂ ਨੈਣ ਉਠਾਈਆ । ਗੋਬਿੰਦ ਵੇਸ ਆਵੇ ਵਟਾ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਪੰਜ ਤਤ ਤਤ ਕਰ ਰੁਸ਼ਨਾ, ਤਨ ਵਜੂਦ ਸੋਭਾ ਪਾਈਆ । ਪੂਰਨ ਪੂਰਨ ਨਾਮ ਧਰਾ, ਪਰਮ ਪੁਰਖ ਇਕੋ ਓਟ ਰਖਾਈਆ । ਦੀਨ ਦਿਆਲਾ ਖੇਲੇ ਖੇਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਤਨ ਵਜੂਦ ਚੋਲਾ ਤਤਾਂ ਵਾਲਾ ਤਜਾ, ਬਾਵਨ ਬਾਵਨ ਸੰਗ ਕਰਾਈਆ । ਜੋਤੀ ਜਾਤਾ ਹੋ ਰੁਸ਼ਨਾ, ਨੂਰ ਨੁਰਾਨਾ ਡਗਮਗਾਈਆ । ਦੋ ਹਜ਼ਾਰ ਬਿਕ੍ਰਮੀ ਆਪਣਾ ਖੇਲ ਖਿਲਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਗੋਬਿੰਦ ਤਨ ਵਜੂਦ ਨਗਰ ਸੁਹਾ, ਸੰਬਲ ਆਪਣੀ ਨਗਰੀ ਵਡਿਆਈਆ । ਜੋਤੀ ਨੂਰ ਕਰ ਰੁਸ਼ਨਾ, ਨਵ ਸੱਤ ਡਗਮਗਾਈਆ । ਉਨੀ ਸੌ ਅਠਤਾਲੀ ਬਿਕ੍ਰਮੀ ਯਾਦ ਕਰਾ, ਪੰਚਮ ਜੇਠ ਸੀਸ ਝੁਕਾਈਆ । ਤਾਬੇ ਜਵੰਦ ਸਿੰਘ ਮਾਣ ਦਵਾ, ਨਾਤਾ ਜਗਤ ਵਾਲਾ ਸਮਝਾਈਆ । ਉਨੀ ਸੌ ਸੱਤਰ ਬਿਕ੍ਰਮੀ ਪਰਦਾ ਪਰਦਿਆਂ ਵਿਚ ਰਖਾ, ਪਾਰਬ੍ਰਹਮ ਪ੍ਰਭ ਆਪਣਾ ਖੇਲ

੧੮੧੮
੨੩

ਖਿਲਾਈਆ । ਪਾਲ ਸਿੰਘ ਬਿਸ਼ਨ ਕੌਰ ਰੰਗ ਚੜ੍ਹਾ, ਨਿਰਗੁਣ ਸਰਗੁਣ ਵੰਡ ਵੰਡਾਈਆ । ਗੁਰ ਤੇਗ਼ ਬਹਾਦਰ ਲਹਿਣਾ ਦੇਣਾ ਝੋਲੀ ਪਾ, ਪੂਰਬ ਲੇਖਾ ਪੂਰ ਕਰਾਈਆ । ਤਿਸ ਦਾ ਵਕਤ ਸੁਹੰਜਣਾ ਗਿਆ ਆ, ਪਿਛਲਾ ਪੰਧ ਮੁਕਾਈਆ । ਸੰਮਤ ਸ਼ਹਿਨਸ਼ਾਹੀ ਦਸ ਰਾਹ ਰਿਹਾ ਤਕਾ, ਵੀਹ ਸੌ ਇਕੱਤੀ ਬਿਕ੍ਰਮੀ ਅੱਖ ਉਠਾਈਆ । ਪੰਚਮ ਜੇਠ ਕਹੇ ਮੈਨੂੰ ਨਿਰਗੁਣ ਸਰਗੁਣ ਦੋਹਾਂ ਨੂੰ ਮਿਲ ਕੇ ਚੜ੍ਹਿਆ ਅਗੰਮਾ ਚਾਅ, ਚਾਓ ਘਨੇਰਾ ਇਕ ਰਖਾਈਆ । ਖ਼ੁਸ਼ੀਆਂ ਵਿਚ ਕਹਾਂ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਨਿਮਸਕਾਰ ਕਰ ਕੇ ਸੀਸ ਦਿਆਂ ਝੁਕਾ, ਡੰਡਾਵਤ ਬੰਦਨਾ ਸਜਦਾ ਇਕੋ ਦਰ ਸੀਸ ਝੁਕਾਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਅਗੇ ਕਰਦੇ ਦੁਆ, ਦੋਏ ਜੋੜ ਵਾਸਤਾ ਪਾਈਆ । ਉਹ ਮੇਰਾ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ, ਪਾਤਸ਼ਾਹ ਨੂਰ ਅਲਾਹੀਆ । ਪੰਚਮ ਜੇਠ ਕਹੇ ਜਿਸ ਜਗਤ ਜਹਾਨ ਖੇਲ ਦੇਣਾ ਬਦਲਾ, ਬਦਲੀ ਦੀਨ ਦੁਨੀ ਕਰਾਈਆ । ਜਨ ਭਗਤਾਂ ਨੈਣਾਂ ਕਜਲਾ ਪਾ, ਅੱਖ ਅੱਖ ਵਿਚੋਂ ਬਦਲਾਈਆ । ਲਾਲ ਰੰਗ ਨਿਸ਼ਾਨ ਫੜਾ, ਇਸ਼ਾਰੇ ਦੇਵੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਭੇਵ ਜਾਣੇ ਕੋਇ ਨਾ, ਜਾਣਣਹਾਰ ਇਕ ਅਖਵਾਈਆ ।



### ✪ ੫ ਜੇਠ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸਲੀਮਪੁਰ ਜ਼ਿਲਾ ਹੁਸ਼ਿਆਰਪੁਰ ਅਰਜਨ ਸਿੰਘ ਦੇ ਗ੍ਰਿਹ ✪

ਪੰਚਮ ਜੇਠ ਕਹੇ ਮੇਰੇ ਵਡ ਵਡ ਭਾਗੇ, ਮਿਲੇ ਲੋਕਮਾਤ ਮਾਤ ਵਡਿਆਈਆ । ਕਿਰਪਾ ਕਰੇ ਮੇਰਾ ਸਾਹਿਬ ਕੰਤ ਸੁਹਾਗੇ, ਹਰਿ ਕਰਤਾ ਧੁਰਦਰਗਾਹੀਆ । ਮੈਂ ਸ਼ਬਦ ਸੰਦੇਸ਼ ਸੁਣਾਂ ਅਨੁਰਾਗੇ, ਬਿਨ ਸਰਵਣਾਂ ਵੱਜੇ ਵਧਾਈਆ । ਮੇਰਾ ਅੰਤਸ਼ਕਰਨ ਜਾਗੇ, ਆਲਸ ਨਿੰਦਰਾ ਰਹੇ ਨਾ ਰਾਈਆ । ਮਿਹਰਵਾਨ ਮਹਿਬੂਬ ਆਪਣੇ ਪੂਰੇ ਕਰੇ ਵਾਅਦੇ, ਵਾਹਿਦ ਅੱਲਾ ਬੇਪਰਵਾਹ ਆਪਣਾ ਰੰਗ ਰੰਗਾਈਆ । ਬਿਨਾ ਆਵਾਜ਼ ਸੁਣੇ ਅਨਾਦੇ, ਅਨਾਦੀ ਧੁਨ ਪ੍ਰਗਟਾਈਆ । ਭੇਵ ਖੁਲ੍ਹਿਆ ਬੋਧ ਅਗਾਧੇ, ਬੁੱਧੀ ਤੋਂ ਪਰੇ ਦਿਤਾ ਸਮਝਾਈਆ । ਪੰਚਮ ਜੇਠ ਕਹੇ ਮੈਂ ਸਚ ਸਰਨਾਈ ਗਿਆ ਲਾਗੇ, ਬਿਨ ਚਰਨਾਂ ਚਰਨ ਧੂੜ ਖ਼ਾਕ ਰਮਾਈਆ । ਨਾਲ ਸੁਣੀ ਸਿਤਾਰ ਬਿਨਾ ਨਾਨਕ ਬਾਬੇ, ਰਬੀਉਲ ਸਾਨੀ ਦਏ ਵਡਿਆਈਆ । ਜੋ ਇਸ਼ਾਰਾ ਕੀਤਾ ਵਿਚ ਬਗ਼ਦਾਦੇ, ਬਗ਼ਲਗੀਰ ਹੋ ਕੇ ਗਿਆ ਸੁਣਾਈਆ । ਸਦੀ ਚੌਧਵੀਂ ਖੇਲੇ ਖੇਲ ਪੁਰਖ ਅਕਾਲਾ ਦੇਸ ਮਾਝੇ, ਜੋਤੀ ਜਾਤਾ ਨੂਰ ਅਲਾਹੀਆ । ਜਿਸ ਨੇ ਆਤਮ ਧਾਰ ਜੀਵ ਜੰਤ ਬਣਾਉਣੇ ਸਾਂਝੇ, ਸਗਲਾ ਸੰਗ ਰਖਾਈਆ । ਜਨ ਭਗਤ ਸੁਹੇਲੇ ਵਿਛੋੜੇ ਵਿਚ ਰਹਿਣ ਨਾ ਵਾਂਝੇ, ਆਤਮ ਪਰਮਾਤਮ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਪੰਚਮ ਜੇਠ ਕਹੇ ਮੇਰੀ ਨਮੋ ਨਮੋ ਡੰਡਾਵਤ, ਬੰਦਨਾ ਸਜਦਿਆਂ ਵਿਚ ਸੀਸ ਨਿਵਾਈਆ । ਮੇਰਾ ਮਿਹਰਵਾਨਾ ਸ੍ਰੀ ਭਗਵਾਨਾ ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵੇ ਦਾਅਵਤ, ਸੰਦੇਸ਼ਾ ਸ਼ਬਦ ਸ਼ਬਦ ਸ਼ਨਵਾਈਆ । ਧਰਮ ਦੀ ਧਾਰ ਲਓ ਅਮਾਨਤ, ਵਸਤ ਅਮੋਲਕ ਅਗੰਮ ਵਰਤਾਈਆ । ਮੇਰਾ ਨੂਰ ਜ਼ਹੂਰ ਤੱਕੋ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ । ਆਪਣੇ ਪਿਆਰ ਦੀ ਦਸਤ ਬਦਸਤ ਲਓ ਅਮਾਨਤ, ਨਿਰਗੁਣ ਹੋ ਕੇ ਝੋਲੀ ਆਪ

੧੮੨੦
੨੩

ਭਰਾਈਆ । ਕਲਜੁਗ ਜੀਵ ਵੇਖੋ ਅਣਜਾਣਤ, ਬੁਧੀ ਚਲੇ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਤ, ਨੂਰੀ ਚੰਦ ਨਾ ਕੋਇ ਰਖਾਈਆ । ਦੀਨ ਦੁਨੀ ਹੋਈ ਅਣਜਾਣਤ, ਭੇਵ ਨਾ ਕੋਇ ਖੁਲਾਈਆ । ਅਕਲ ਚਲੇ ਨਾ ਕੋਇ ਲਿਆਕਤ, ਪਰਦਾ ਸਕੇ ਨਾ ਕੋਇ ਉਠਾਈਆ । ਆਤਮ ਪਰਮਾਤਮ ਬਣੇ ਨਾ ਕੋਇ ਰਫ਼ਾਕਤ, ਫ਼ਿਕਰਾ ਹਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨੱਚਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਧੁਰ ਸੰਦੇਸ਼ ਅਗੰਮਾ ਦੱਸਦਾ, ਭੇਵ ਅਭੇਦਾ ਦਿਆਂ ਖੁਲਾਈਆ । ਪ੍ਰਕਾਸ਼ ਤੱਕ ਅਲਖਣਾ ਅਲਖ ਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਲਹਿਣਾ ਰਹਿਣਾ ਨਹੀਂ ਕਿਸੇ ਦੇ ਵਸ ਦਾ, ਕੁਦਰਤ ਦਾ ਕਾਦਰ ਕਰਤਾ ਆਪਣਾ ਹੁਕਮ ਵਰਤਾਈਆ । ਮਾਣ ਰਹਿਣਾ ਨਹੀਂ ਕੋਈ ਰਸਨਾ ਰਸ ਦਾ, ਜਿਹਵਾ ਚਲੇ ਨਾ ਕੋਇ ਚਤੁਰਾਈਆ । ਪ੍ਰਕਾਸ਼ ਦਿਸੇ ਨਾ ਕਿਸੇ ਅੱਖ ਦਾ, ਨਿਜ ਲੋਚਨ ਨੈਣ ਨਾ ਕੋਇ ਖੁਲਾਈਆ । ਬਿਨਾ ਭਗਤਾਂ ਪ੍ਰਭੂ ਪੈਜ ਕੋਈ ਨਾ ਰੱਖਦਾ, ਹੋਏ ਨਾ ਕੋਇ ਸਹਾਈਆ । ਮੈਂ ਕਲਜੁਗ ਤੱਕਿਆ ਪਿਆਸਾ ਫਿਰੇ ਦੀਨ ਦੁਨੀ ਦੀ ਰੱਤ ਦਾ, ਭੱਜੇ ਵਾਹੋ ਦਾਹੀਆ । ਜਿਸ ਝਗੜਾ ਪਾਉਣਾ ਮਨ ਮਤ ਦਾ, ਗੁਰਮਤ ਅੰਦਰੋਂ ਬਾਹਰ ਕਢਾਈਆ । ਨਿਸ਼ਾਨ ਰਹਿਣ ਨਹੀਂ ਦੇਣਾ ਸਤਿ ਦਾ, ਸਚ ਵਿਚ ਨਾ ਕੋਇ ਸਮਾਈਆ । ਜਗਤ ਜਹਾਨ ਹੋਵੇ ਤਪਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਾਣ ਰਹੇ ਕਿਸੇ ਨਾ ਜਪ ਦਾ, ਜਗ ਜੀਵਣ ਦਾਤਾ ਕੀ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਵਕਤ ਜਾਂਦਾ ਟੱਪਦਾ, ਬੀਸਵੀਂ ਆਪਣੀ ਲਏ ਅੰਗੜਾਈਆ । ਹਜ਼ਰਤ ਮੁਹੰਮਦ ਉਠ ਉਠ ਨੱਠਦਾ, ਚਾਰੇ ਯਾਰਾਂ ਸੰਗ ਰਖਾਈਆ । ਈਸਾ ਕਹੇ ਮੇਰਾ ਮਾਲਕ ਖ਼ਾਲਕ ਲੇਖਾ ਜਾਣੇ ਘਟ ਘਟ ਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਦਾ ਖੇਲ ਬਾਜ਼ੀਗਰ ਨੱਟ ਦਾ, ਸਵਾਂਗੀ ਆਪਣਾ ਸਵਾਂਗ ਬਦਲਾਈਆ । ਜਿਸ ਦੀ ਸਰਨ ਸਰਨਾਈ ਦੋ ਜਹਾਨ ਢਠਦਾ, ਸਿਰ ਸਕੇ ਨਾ ਕੋਇ ਉਠਾਈਆ । ਉਹ ਬਣਿਆ ਨਹੀਂ ਕਿਸੇ ਹੱਡ ਮਾਸ ਨਾੜੀ ਰੱਤ ਦਾ, ਕਾਮਨੀ ਕਾਮ ਨਾ ਕੋਇ ਚਤੁਰਾਈਆ । ਉਹ ਮਾਲਕ ਦਿਸੇ ਬ੍ਰਹਮ ਮਤ ਦਾ, ਪਾਰਬ੍ਰਹਮ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਜੇਠ ਕਹੇ ਮੈਂ ਖ਼ੁਸ਼ੀਆਂ ਵਿਚ ਗਾਵਾਂ ਤਰਾਨਾ, ਤੁਰੀਆ ਤੋਂ ਬਾਹਰ ਸੁਣਾਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਹੋ ਕੇ ਦਏ ਵਡਿਆਈਆ । ਮੈਂ ਉਸ ਦਾ ਨੱਢਾ ਬਾਲਾ ਬਾਲ ਅੰਞਾਣਾ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਖ਼ਾਲੀ ਝੋਲੀ ਮੰਗਾਂ ਦਾਨਾ, ਦਾਤੇ ਵਸਤ ਸਚ ਦੇਣੀ ਵਰਤਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਇਕ ਅਖਵਾਈਆ । ਤੇਰਾ ਲੇਖਾ ਦੋ ਜਹਾਨਾਂ, ਪੁਰੀ ਲੋਅ ਬ੍ਰਹਿਮੰਡ ਖੰਡ ਸੀਸ ਨਿਵਾਈਆ । ਤੂੰ ਨਿਰਗੁਣ ਸਰਗੁਣ ਨਿਗਾਹਬਾਨਾ, ਨਿਰਵੈਰ ਪੁਰਖ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨਾ, ਸਤਿਜੁਗ ਸਚ ਕਰ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਗਿਆਨਾ, ਅੰਧ ਅੰਧੇਰਾ ਦੇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਲੇਖਾ ਹੋਵੇ ਜੀਵ ਜਹਾਨਾ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਤੂੰ ਆਤਮ ਪਰਮਾਤਮ ਪਰਮ ਪੁਰਖ ਸ਼ਾਹੋ ਭੂਪ ਸ਼ਹਿਨਸ਼ਾਹ ਸ਼ਾਹ ਸ਼ਹਾਨਾ, ਪਾਰਬ੍ਰਹਮ ਬ੍ਰਹਮ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਆਪ ਮਿਲਾਈਆ । ਪੰਚਮ ਜੇਠ ਕਹੇ ਮੇਰਾ ਹੋਇਆ

ਵਕਤ ਸੁਹੰਜਣਾ, ਪ੍ਰਭ ਸੋਹਣੀ ਦਿਤੀ ਵਡਿਆਈਆ । ਪ੍ਰਕਾਸ਼ ਕੀਤਾ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਈਆ । ਕਿਰਪਾ ਕਰੇ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਸਾਚੇ ਨਾਮ ਦਾ ਪਾ ਕੇ ਅੰਜਣਾ, ਨਿਜ ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਬਣ ਕੇ ਸੱਜਣਾ, ਸੱਜਣ ਮੀਤ ਇਕ ਅਖਵਾਈਆ । ਜਿਸ ਦਾ ਇਕੋ ਦੀਪਕ ਜੋਤੀ ਜਗਣਾ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਜਿਸ ਨੂੰ ਕਹਿੰਦੇ ਗੋਪਾਲ ਮੂਰਤ ਮਦਨਾ, ਮਧਸੂਦਨ ਇਕ ਅਖਵਾਈਆ । ਜਿਸ ਦਾ ਇਕੋ ਵੱਜੇ ਨਦਨਾ, ਅਨਾਦੀ ਧੁਨ ਦਏ ਪ੍ਰਗਟਾਈਆ । ਜਿਸ ਭਗਤਾਂ ਪਰਦਾ ਕੱਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਜਨਣੀ ਕੁੱਖ ਵਿਚੋਂ ਕਦੇ ਨਹੀਂ ਜੰਮਣਾ, ਜੋਤੀ ਜਾਤਾ ਨੂਰ ਅਲਾਹੀਆ । ਉਹ ਖੇਲੇ ਖੇਲ ਅਗੰਮ ਅਗੰਮਣਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਸਮਝਾਈਆ । ਪੰਚਮ ਜੇਠ ਕਹੇ ਮੇਰਾ ਮਾਲਕ ਸਚ ਸਵਾਮੀ, ਸਾਹਿਬ ਸਤਿਗੁਰ ਇਕ ਅਖਵਾਈਆ । ਜੋ ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਸ਼ਾਹੋ ਭੂਪ ਬਣ ਸੁਲਤਾਨੀ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਜਿਸ ਦਾ ਲੇਖਾ ਦੋ ਜਹਾਨੀ, ਦੋਹਰੀ ਆਪਣੀ ਵੰਡ ਵੰਡਾਈਆ । ਵੇਖਣਹਾਰਾ ਜੀਵ ਪ੍ਰਾਣੀ, ਲੱਖ ਚੁਰਾਸੀ ਖੋਜ ਖੁਜਾਈਆ । ਜਿਸ ਦੀ ਮੰਜ਼ਲ ਇਕ ਰੁਹਾਨੀ, ਰੂਹ ਬੁੱਤ ਤੋਂ ਬਾਹਰ ਦਏ ਸਮਝਾਈਆ । ਜੋ ਮਾਲਕ ਨੂਰ ਨੁਰਾਨਾ ਇਕ ਅਸਮਾਨੀ, ਜ਼ਿਮੀਂ ਜ਼ਮਾਂ ਦੋਵੇਂ ਸੀਸ ਝੁਕਾਈਆ । ਜਿਸ ਝਗੜਾ ਮੇਟਣਾ ਜਿਸਮ ਜਿਸਮਾਨੀ, ਜ਼ਮੀਰ ਅਮੀਰ ਗ਼ਰੀਬ ਦਏ ਬਦਲਾਈਆ । ਜਨ ਭਗਤਾਂ ਬਖ਼ਸ਼ੇ ਪਦ ਨਿਰਬਾਣੀ, ਮੰਜ਼ਲ ਇਕੋ ਇਕ ਸਮਝਾਈਆ । ਸ਼ਬਦ ਨਾਦ ਦੇ ਧੁਨਕਾਨੀ, ਆਤਮਕ ਰਾਗ ਦਏ ਦ੍ਰਿੜਾਈਆ । ਜੋਤੀ ਜੋਤ ਜਗਾ ਮਹਾਨੀ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜਿਸ ਮੇਰੀ ਵਾਰ ਥਿਤ ਪਹਿਚਾਨੀ, ਪੰਚਮ ਜੇਠਾ ਲਏ ਅੰਗੜਾਈਆ । ਸ਼ੇਰ ਸ਼ੇਰਾ ਨੌਜਵਾਨੀ, ਬਿਰਧ ਬਾਲ ਨਾ ਰੂਪ ਬਦਲਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਕਹਾਣੀ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਓਹ ਦੇਵੇ ਮਾਣ ਨਿਮਾਣੀ, ਮਿਹਰਵਾਨ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਚੁਕਾਈਆ । ਪੰਚਮ ਜੇਠ ਕਹੇ ਮੈਂ ਖ਼ੁਸ਼ੀਆਂ ਵਿਚ ਕਰਾਂ ਬੰਦਨਾ, ਬੰਦਗੀ ਬਿਨ ਸੀਸ ਨਿਵਾਈਆ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦਨਾ, ਰਵ ਸਸ ਰਿਹਾ ਸਮਝਾਈਆ । ਜਿਸ ਦੀ ਯਾਦ ਵਿਚ ਕੂੜ ਕੁੜਿਆਰ ਅੰਤਮ ਵੰਞਣਾ, ਪਾਪੀ ਹੋ ਕੇ ਆਪਣਾ ਪੰਧ ਮੁਕਾਈਆ । ਜਿਸ ਦਾ ਦੀਪਕ ਇਕੋ ਨੂਰ ਨੁਰਾਨਾ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਨੇ ਧਰਨੀ ਧਰਤ ਧਵਲ ਧੌਲ ਬੁਝਾਉਣੀ ਅਗਨਾ, ਅੰਮ੍ਰਿਤ ਮੇਘ ਧੁਰ ਦਾ ਨਾਮ ਬਰਸਾਈਆ । ਮੈਂ ਉਸ ਨੂੰ ਖ਼ੁਸ਼ੀਆਂ ਦੇ ਵਿਚ ਸੱਦਣਾ, ਸਦਕੇ ਵਾਰੀ ਘੋਲ ਘੁਮਾਈਆ । ਪ੍ਰਕਾਸ਼ ਕਰ ਦੇ ਬਿਨ ਮਾਸ ਨਾੜੀ ਹੱਡਣਾ, ਜੋਤੀ ਜਾਤਾ ਨਜ਼ਰੀ ਆਈਆ । ਮੈਂ ਗਹਿਰ ਗੰਭੀਰਾ ਬੇਨਜ਼ੀਰਾ ਤੇਰਾ ਪੱਲੂ ਕਦੇ ਨਹੀਂ ਛਡਣਾ, ਡੋਰੀ ਸ਼ਬਦ ਨਾਮ ਬੰਧਾਈਆ । ਤੂੰ ਲੇਖੇ ਲਾ ਲੈ ਆਅਲਾ ਅਦਨਾ, ਉਚਾਂ ਨੀਚਾਂ ਗੋਦ ਟਿਕਾਈਆ । ਹਰਿਜਨ ਰਹੇ ਨਾ ਕੋਇ ਅਲੱਗਨਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਬਖ਼ਸ਼ ਦੇ ਭਜਨਾ, ਭਜਨ ਬੰਦਗੀ ਇਕੋ ਇਕ ਜਣਾਈਆ । ਤੈਨੂੰ ਜੰਗਲ ਜੂਹਾਂ ਪਹਾੜਾਂ ਟਿੱਲਿਆਂ ਪਰਬਤਾਂ ਉਤੇ ਫੇਰ ਪਏ ਨਾ ਲੱਭਣਾ, ਹਰ ਹਿਰਦੇ ਵਿਚੋਂ ਨੂਰ ਨੁਰਾਨਾ

ਨਜ਼ਰੀ ਆਈਆ । ਪੰਚਮ ਜੇਠ ਕਹੇ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਾਂਝੇ ਯਾਰ ਏਕੰਕਾਰ ਮੈਂ ਤੇਰੀ ਸਰਨ ਸਰਨਾਈ ਲੱਗਣਾ, ਦੂਸਰ ਓਟ ਨਾ ਕੋਇ ਤਕਾਈਆ । ਮੇਰੇ ਜੋਤੀ ਜਾਤੇ ਪੁਰਖ ਬਿਧਾਤੇ ਤੇਰੇ ਸਤਿਗੁਰ ਸ਼ਬਦ ਕਲਜੁਗ ਕੂੜ ਕੁੜਿਆਰਾ ਧਰਨੀ ਉਤੋਂ ਕੱਢਣਾ, ਕਰਮ ਕਾਂਡ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਡੰਕ ਦੋ ਜਹਾਨ ਵੱਜਣਾ, ਰਾਓ ਰੰਕ ਲਾਏ ਤਨਕ ਮੇਟੇ ਸ਼ੰਕ ਸ਼ਰਅ ਸ਼ਰੀਅਤ ਵਿਚੋਂ ਅਸਲੀਅਤ ਇਕ ਸਮਝਾਈਆ ।

✪ ੬ ਜੇਠ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਫ਼ਤਿਹ ਗੜ੍ਹ ਜ਼ਿਲਾ ਹੁਸ਼ਿਆਰਪੁਰ ਜੁਗਿੰਦਰ ਸਿੰਘ ਦੇ ਗ੍ਰਿਹਿ ✪

ਜੇਠ ਕਹੇ ਪ੍ਰਭੂ ਤੇਰਾ ਖੇਲ ਜੇਰਜ ਅੰਡ, ਉਤਭੁਜ ਸੇਤਜ ਤੇਰਾ ਨੂਰ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਵੰਡ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨਾਉਂ ਪ੍ਰਗਟਾਈਆ । ਧਰਨੀ ਧਰਤ ਧਵਲ ਧੌਲ ਬਣਾ ਕੇ ਨੌਂ ਖੰਡ, ਸੱਤਾਂ ਦੀਪਾਂ ਸੋਭਾ ਪਾਈਆ । ਤੇਰਾ ਖੇਲ ਅਵੱਲਾ ਕੋਟਨ ਕੋਟ ਬ੍ਰਹਿਮੰਡ ਖੰਡ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰਾਂ ਦਏ ਵਡਿਆਈਆ । ਆਤਮ ਪਰਮਾਤਮ ਨਿਰਗੁਣ ਸਰਗੁਣ ਪਾਵੇ ਗੰਢ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜੁਗ ਜੁਗ ਜਨ ਭਗਤਾਂ ਸੀਨੇ ਰਖੇ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਸੁਰਤ ਸਵਾਣੀ ਹੋਣ ਨਾ ਦੇਵੇ ਰੰਡ, ਕੰਤ ਸੁਹਾਗੀ ਆਪ ਅਖਵਾਈਆ । ਨਾਮ ਭੰਡਾਰਾ ਵਸਤ ਅਗੰਮੀ ਵੰਡ, ਤਨ ਕਾਇਆ ਮੰਦਰ ਅੰਦਰ ਆਪ ਟਿਕਾਈਆ ।

ਸਚ ਸਵਾਮੀ ਤੇਰੀ ਪ੍ਰੀਤੀ ਤੇਰੇ ਨਾਲ ਜਾਵੇ ਹੰਢ, ਅਧਵਿਚਕਾਰ ਨਾ ਕੋਇ ਤੁੜਾਈਆ । ਕਰਵਟ ਦੇ ਨਾ ਬਦਲੀਂ ਕੰਡ, ਪਾਸਾ ਦੀਨ ਦੁਨੀ ਉਲਟਾਈਆ । ਮਨੂਆ ਮਨ ਪਾਏ ਨਾ ਡੰਡ, ਡੰਡਾਵਤ ਧੁਰ ਦੀ ਦੇਣੀ ਸਮਝਾਈਆ । ਝਗੜਾ ਮੁਕੇ ਕਰੀਰ ਜੰਡ, ਪਾਹਨ ਪਾਥਰ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਜੇਠ ਕਹੇ ਪ੍ਰਭੂ ਮੇਰਾ ਰੂਪ ਨਹੀਂ ਕੋਈ ਅਗਨੀ ਅੱਗ, ਤਪਸ਼ ਜਗਤ ਨਾ ਕੋਇ ਬਣਾਈਆ । ਕਿਰਪਾ ਕਰ ਸੂਰੇ ਸਰਬਗ, ਹਰਿ ਕਰਤੇ ਧੁਰਦਰਗਾਹੀਆ । ਜਨ ਭਗਤਾਂ ਦਰਸ ਦਿਖਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪਰਦਾ ਲਾਹੀਆ । ਤੇਰੇ ਨਾਲੋਂ ਨਾ ਰਹਿਣ ਅਲੱਗ, ਵੱਖਰੀ ਵੰਡ ਨਾ ਕੋਇ ਵੰਡਾਈਆ । ਫੜ ਫੜ ਹੰਸ ਬਣਾ ਕੱਗ, ਦੁਰਮਤ ਮੈਲ ਧਵਾਈਆ । ਜਗਤ ਵਾਸ਼ਨਾ ਮੇਟ ਕੇ ਹੱਦ, ਗ੍ਰਿਹਿ ਮੰਦਰ ਇਕ ਵਖਾਈਆ । ਧੁਨ ਆਤਮਕ ਸੁਣਾ ਨੱਦ, ਅਨਹਦ ਨਾਦੀ ਨਾਦ ਸ਼ਨਵਾਈਆ । ਸਚ ਦਵਾਰੇ ਤੈਨੂੰ ਲੈਣ ਲੱਭ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਨਾਮ ਖ਼ੁਮਾਰੀ ਦੇ ਦੇ ਮਧ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਬਿਨ ਮੱਕੇ ਕਾਅਬਿਉਂ ਕਰਾ ਹੱਜ, ਹੁਜਰਾ ਹਕ ਹਕ ਵਖਾਈਆ । ਮੇਰੀ ਬੇਨੰਤੀ ਸੁਣ ਲੈ ਅੱਜ, ਆਜਜ਼ ਹੋ ਕੇ ਸੀਸ ਨਿਵਾਈਆ । ਸਚ ਪਿਆਰ ਵਿਚ ਭਗਤ ਸੁਹੇਲੇ ਜਾਣ ਬੱਝ, ਪ੍ਰੀਤੀ ਪ੍ਰੇਮ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਹੰਸ ਬਣਾ ਬਪੜੇ ਬਗ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ ।

## ✪ ੬ ਜੇਠ ਸ਼ਹਿਨਸ਼ਾਹੀ ਸੰਮਤ ਦਸ ਕਪੂਰਥਲੇ ਸ਼ਹਿਰ ਵਿਚ ਮਨਜੀਤ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਕਿਰਪਾ ਕਰ ਆਪ, ਪਰਮ ਪੁਰਖ ਪਰਮਾਤਮ ਦਇਆ ਕਮਾਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਮੇਟ ਤਾਪ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਮਾਨਵ ਜ਼ਾਤੀ ਬਖ਼ਸ਼ ਜਾਪ, ਤੇਰਾ ਨਾਮ ਕਲਮਾ ਝਗੜਾ ਰਹੇ ਨਾ ਰਾਈਆ । ਸਤਿਗੁਰ ਸ਼ਬਦ ਹੋਵੇ ਵਡ ਵਡ ਪ੍ਰਤਾਪ, ਦੀਨ ਦੁਨੀ ਵੱਜਦੀ ਰਹੇ ਵਧਾਈਆ । ਨਿਗਾਹ ਮਾਰ ਲੈ ਲੋਕਮਾਤ, ਬਿਨ ਨੈਣਾਂ ਨੈਣ ਉਠਾਈਆ । ਚਾਰੋਂ ਕੁੰਟ ਮੇਰੇ ਉਤੇ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਸਤਿ ਧਰਮ ਦੀ ਹੋਈ ਵਫ਼ਾਤ, ਕਲਜੁਗ ਕੂੜ ਕੁੜਿਆਰਾ ਭੱਜੇ ਵਾਹੋ ਦਾਹੀਆ । ਸੂਫ਼ੀਆਂ ਦਿਸੇ ਨਾ ਕੋਇ ਜਮਾਤ, ਭਗਤਾਂ ਸੰਗ ਨਾ ਕੋਇ ਬਣਾਈਆ । ਸਚ ਪ੍ਰੀਤੀ ਸੁਰਤ ਸ਼ਬਦ ਜੋੜ ਦੇ ਨਾਤ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਈਸ਼ ਜੀਵ ਕਰੇ ਕੋਇ ਨਾ ਘਾਤ, ਭੇਵ ਅਭੇਦਾ ਦੇਣਾ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਇਕੋ ਇਕ ਬੇਨੰਤੀ, ਬਿਨ ਹੱਥਾਂ ਸੀਸ ਨਿਵਾਈਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਤੇਰੇ ਨਾਮ ਦੀ ਇਕੋ ਹੋਵੇ ਪੰਗਤੀ, ਇਕੋ ਢੋਲਾ ਸੋਹਲਾ ਦੇਣਾ ਸਮਝਾਈਆ । ਸ਼ਰਅ ਸ਼ਰਾਰਤ ਮੇਟ ਦੇ ਮਨ ਦੀ, ਮਨ ਕਾ ਮਣਕਾ ਆਪ ਭਵਾਈਆ । ਨਫ਼ਰਤ ਮੇਟ ਕੂੜ ਦੇ ਤਨ ਦੀ, ਦੀਨਾਂ ਮਜ਼੍ਹਬਾਂ ਇਕੋ ਰੰਗ ਵਖਾਈਆ । ਅੰਤ ਖੇਲ ਤੱਕ ਲੈ ਤਾਰੇ ਚੰਨ ਦੀ, ਜੋ ਮੁਹੰਮਦ ਆਸਾ ਗਿਆ ਰਖਾਈਆ । ਜਗਤ ਖੇਲ ਵੇਖ ਲੈ ਛੱਪਰ ਛੰਨ ਦੀ, ਮਹੱਲ ਅਟੱਲ ਫੋਲ ਫੁਲਾਈਆ । ਕਿਸੇ ਸਾਰ ਨਹੀਂ ਤੇਰੇ ਬ੍ਰਹਮ ਦੀ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਨਿਸ਼ਾਨੀ ਰਹੀ ਨਾ ਸਚ ਧਰਮ ਦੀ, ਧਰਮ ਧਾਰ ਨਾ ਕੋਇ ਵਡਿਆਈਆ । ਗਿਣਤੀ ਦਿਸੇ ਨਾ ਕਿਸੇ ਕਰਮ ਦੀ, ਕੁਕਰਮ ਕਰੇ ਲੋਕਾਈਆ । ਕਿਸੇ ਨੂੰ ਸਮਝ ਨਹੀਂ ਆਪਣੇ ਜਰਮ ਦੀ, ਅਨੁਭਵ ਭੇਵ ਨਾ ਕੋਇ ਖੁਲਾਈਆ । ਮੈਂ ਆਸਾ ਰੱਖੀ ਤੇਰੀ ਸਰਨ ਕੀ, ਧਰਨੀ ਰੋ ਰੋ ਦਏ ਦੁਹਾਈਆ । ਮੇਰੇ ਉਤੇ ਖੇਲ ਹੋਣੀ ਚਾਰੋਂ ਕੁੰਟ ਲੜਨ ਦੀ, ਜਗਤ ਸ਼ਤਰੂ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕ ਅਰਦਾਸ, ਨਿਵ ਨਿਵ ਸੀਸ ਝੁਕਾਈਆ । ਸਚ ਧਰਮ ਦੀ ਦਿਸੇ ਕੋਇ ਨਾ ਰਾਸ, ਮੰਡਲ ਮੰਡਪ ਸਾਰੇ ਰਹੇ ਕੁਰਲਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਰਿਹਾ ਕਿਸੇ ਨਾ ਪਾਸ, ਆਤਮ ਪਰਮਾਤਮ ਮਿਲ ਕੇ ਵੱਜੇ ਨਾ ਕੋਇ ਵਧਾਈਆ । ਰਸਨਾ ਗਾਏ ਨਾ ਕੋਇ ਸਵਾਸ ਸਵਾਸ, ਸਾਹ ਸਾਹ ਨਾ ਕੋਇ ਚਤੁਰਾਈਆ । ਤੂੰ ਹੁਕਮ ਸੰਦੇਸ਼ਾ ਦੇ ਸ਼ੰਕਰ ਉਤੇ ਕੈਲਾਸ਼, ਕਲਧਾਰੀ ਆਪਣਾ ਹੁਕਮ ਵਰਤਾਈਆ । ਮੇਰੇ ਉਤੇ ਦੀਨ ਦੁਨੀ ਦੀ ਨਜ਼ਰੀ ਆਵੇ ਲਾਸ਼, ਤਨ ਵਜੂਦ ਰੋਵਣ ਮਾਰਨ ਧਾਹੀਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਸੰਬਲ ਤੇਰੀ ਹੋਵੇ ਪੋਸ਼ਾਕ, ਪੌਸ਼ੀਦਾ ਪਰਦਾ ਆਪ ਉਠਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰ ਭਵਿਖਤ ਵਾਕ, ਜੋ ਪੇਸ਼ੀਨਗੋਈਆਂ ਵਿਚ ਦ੍ਰਿੜਾਈਆ । ਨੌ ਜਵਾਨਾ ਸ੍ਰੀ ਭਗਵਾਨਾ ਨੌ ਖੰਡ ਪ੍ਰਿਥਮੀ ਸੱਤ ਦੀਪ ਝਾਕ, ਬਿਨ ਨੈਣਾਂ ਨੈਣ ਉਠਾਈਆ । ਅੰਤ ਅਖ਼ੀਰ ਬੇਨਜ਼ੀਰ ਸਦੀ ਚੌਧਵੀਂ ਮੇਰੇ ਉਤੋਂ ਮੇਟ ਵਾਟ, ਪਰਵਰਦਿਗਾਰ ਸਾਂਝੇ ਯਾਰ ਤੇਰੀ ਆਸ ਰਖਾਈਆ । ਸਚ ਦਵਾਰ ਏਕੰਕਾਰ ਇਕੋ ਖੋਲ ਹਾਟ,

ਇਕੋ ਵਸਤ ਨਾਮ ਵਰਤਾਈਆ । ਦੁੱਖਾਂ ਵਿਚ ਧਰਨੀ ਕਹੇ ਮੇਰਾ ਸੀਨਾ ਰਿਹਾ ਪਾਟ, ਛਾਤੀ ਕਮਲਾਪਾਤੀ ਤੈਨੂੰ ਦਿਆਂ ਵਖਾਈਆ । ਰੂਹ ਬੁੱਤ
ਨਜ਼ਰ ਆਵੇ ਕੋਇ ਨਾ ਪਾਕ, ਪਤਤ ਪੁਨੀਤ ਨਾ ਕੋਇ ਬਣਾਈਆ । ਦਰੋਹੀ ਕਾਇਆ ਮੰਦਰ ਅੰਦਰ ਬਜਰ ਕਪਾਟ ਖੁਲ੍ਹੇ ਕਿਸੇ ਨਾ ਤਾਕ, ਨਿਰਗੁਣ
ਤੇਰਾ ਦਰਸ ਕੋਇ ਨਾ ਪਾਈਆ । ਮੈਂ ਉਚੀ ਕੂਕ ਕੇ ਮਾਰਾਂ ਹਾਕ, ਧੁਰ ਦੇ ਹਕਮ ਤੈਨੂੰ ਦਿਆਂ ਸੁਣਾਈਆ । ਮੈਂ ਆਦਿ ਜੁਗਾਦਿ ਤੇਰੀ ਖ਼ਾਕ,
ਸੇਵਕ ਹੋ ਕੇ ਸੇਵ ਕਮਾਈਆ । ਤੇਰੇ ਚਰਨ ਧੂੜ ਮਿੱਟੀ ਖ਼ਾਕ, ਧਰਨੀ ਕਹੇ ਮੈਂ ਖ਼ੁਸ਼ੀਆਂ ਨਾਲ ਰਮਾਈਆ । ਜਗਤ ਜਹਾਨ ਤੋਂ ਵਖਰੇ ਸੱਜਣ
ਸਾਕ, ਸਗਲੇ ਸਾਥੀ ਤੇਰੀ ਓਟ ਰਖਾਈਆ । ਮੈਨੂੰ ਸੰਦੇਸ਼ਾ ਦੇ ਦੇ ਪਾਤ, ਪਤ੍ਰਕਾ ਬਿਨ ਅੱਖਰਾਂ ਦੇ ਸਮਝਾਈਆ । ਮੇਰੀ ਕੋਝੀ ਕਮਲੀ ਦੀ
ਪੁਛ ਬਾਤ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਸਚ ਦਵਾਰਾ ਰਿਹਾ ਕੋਇ ਨਾ ਘਾਟ, ਤੀਰਥ ਤਟ ਪੱਤਣ ਰੋਵਣ ਮਾਰਨ ਧਾਹੀਂਆ । ਮੰਦਰ
ਮਸਜਿਦ ਸ਼ਿਵਦਵਾਲੇ ਵੇਖ ਮਾਠ, ਗੁਰੂਦਵਾਰ ਕੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ
ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਧਰਨੀ ਕਹੇ ਪ੍ਰਭੂ ਮੇਰੀ ਇਕ ਅਰਜ਼ੋਈ, ਅਰਜ਼ ਆਰਜ਼ੂ ਤੇਰੇ ਅਗੇ ਰਖਾਈਆ । ਮੈਨੂੰ ਮਿਲੇ ਕੋਇ ਨਾ
ਢੋਈ, ਨਵ ਸੱਤ ਪਈ ਦੁਹਾਈਆ । ਸੰਤ ਭਗਤ ਮਿਲੇ ਨਾ ਕੋਈ, ਕੋਟਨ ਕੋਟ ਵੇਖ ਵਖਾਈਆ । ਸੁਰਤ ਉਠਾਏ ਕੋਇ ਨਾ ਸੋਈ, ਸ਼ਬਦੀ
ਸ਼ਬਦ ਨਾ ਕੋਇ ਸ਼ਨਵਾਈਆ । ਚਾਰੋਂ ਕੁੰਟ ਤੇਰੇ ਨਾਮ ਦੀ ਦਰੋਹੀ, ਯਾਮਬੀਨ ਤੇਰੀ ਆਸ ਰਖਾਈਆ । ਮੇਰੇ ਮਿਹਰਵਾਨ ਸ੍ਰੀ ਭਗਵਾਨ ਮੇਰੀ
ਪਤ ਗਈ ਖੋਹੀ, ਲੱਜਿਆ ਜਗਤ ਨਾ ਕੋਇ ਜਣਾਈਆ । ਮੈਂ ਨਿਰਧਨ ਹੋ ਕੇ ਤੇਰੇ ਦਰ ਤੇ ਰੋਈ, ਸਚਖੰਡ ਨਿਵਾਸੀ ਸਚ ਸਚ ਸੁਣਾਈਆ ।
੧੮੨੪ ੨੩ ਜਗਤ ਜਗਿਆਸੂ ਆਤਮ ਧਾਰ ਪਰਮਾਤਮ ਨਾਲ ਮੂਲ ਨਾ ਛੋਹੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ੧੮੨੪ ੨੩
ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੂੰ ਸਾਹਿਬ ਪੁਰਖ ਸਮਰਥਾ, ਹਰਿ ਕਰਤਾ
ਧੁਰਦਰਗਾਹੀਆ । ਤੇਰੀ ਮਹਿੰਮਾ ਜਗਤ ਅਕਥਾ, ਕਥਨੀ ਕਥ ਨਾ ਸਕੇ ਰਾਈਆ । ਨਿਤ ਨਵਿਤ ਜੁਗ ਚੌਕੜੀ ਚਲਾਵਣਹਾਰਾ ਰਥਾ, ਸਤਿਜੁਗ
ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਮੈਂ ਤੇਰੇ ਚਰਨ ਕਵਲ ਧੂੜੀ ਖ਼ਾਕ ਰਮਾ ਕੇ ਟੇਕਾਂ ਮੱਥਾ, ਮਸਤਕ ਧੁਰ ਦੇ ਰੰਗ ਰੰਗਾਈਆ ।
ਮੇਰੇ ਉਤੇ ਤੇਰੇ ਪਿਆਰ ਵਿਚ ਗੋਬਿੰਦ ਸਬਰ ਲੱਥਾ, ਯਾਰੜਾ ਸੇਜ ਹੰਢਾਈਆ । ਜ਼ਿਮੀਂ ਅਸਮਾਨਾਂ ਤੋਂ ਬਾਹਰ ਲਗਾਈਆਂ ਅੱਖਾਂ, ਲੋਚਨ ਨੈਣ
ਤੇਰੇ ਨਾਲ ਮਿਲਾਈਆ । ਪ੍ਰੀਤਮ ਬਣਾ ਕੇ ਸਖ਼ਾ, ਸਗਲ ਸ੍ਰਿਸ਼ਟੀ ਗਿਆ ਬਦਲਾਈਆ । ਇਸ਼ਾਰਾ ਕੀਤਾ ਵੱਲ ਭੱਥਾ, ਤੀਰ ਤਰਕਸ਼ਾਂ ਵੰਡ
ਵੰਡਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਆਵੇ ਨੱਠਾ, ਜੋਤੀ ਜਾਤਾ ਪੰਧ ਮੁਕਾਈਆ । ਜਿਸ ਨੇ ਲਹਿਣਾ ਦੇਣਾ ਪੂਰਾ
ਕਰਨਾ ਇਕੱਠਾ, ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਨਾਲ ਮਿਲਾਈਆ । ਝਗੜਾ ਰਹਿਣ ਨਾ ਦੇਵੇ ਅੱਠ ਸੱਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ
ਖੋਜ ਖੁਜਾਈਆ । ਭੇਵ ਚੁਕਾ ਕੇ ਮੰਦਰ ਮਸਜਿਦ ਸ਼ਿਵਦਵਾਲੇ ਮੱਠਾ, ਕਾਇਆ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਲਜੁਗ ਅੰਤਮ ਉਲਟੀ
ਗੇੜੇ ਲੱਠਾ, ਚਾਰੋਂ ਕੁੰਟ ਕੁੰਟ ਭਵਾਈਆ । ਸਤਿਗੁਰ ਸ਼ਬਦ ਬਣਾ ਕੇ ਪੱਠਾ, ਪਾਰਬ੍ਰਹਮ ਬ੍ਰਹਮ ਆਪਣਾ ਹੁਕਮ ਸੁਣਾਈਆ । ਹਜ਼ਰਤ ਮੂਸਾ
ਈਸਾ ਮੁਹੰਮਦ ਵੇਖੇ ਪੱਟਾ, ਪਟਨੇ ਵਾਲਾ ਸੰਗ ਰਖਾਈਆ । ਜੋਤੀ ਨੂਰ ਪ੍ਰਕਾਸ਼ ਕਰੇ ਲਟ ਲਟਾ, ਦੋ ਜਹਾਨਾਂ ਡਗਮਗਾਈਆ । ਧਰਨੀ ਕਹੇ

ਮੈਂ ਸਿਰ ਕਦਮਾਂ ਤੇ ਸੱਟਾ, ਬਲਹੀਣ ਸੀਸ ਝੁਕਾਈਆ । ਤੇਰਾ ਖੇਲ ਬਾਜ਼ੀਗਰ ਨੱਟਾ, ਸਵਾਂਗੀ ਸਮਝ ਕਿਸੇ ਨਾ ਪਾਈਆ । ਕੀ ਸਿਫ਼ਤ ਗਾਵਾਂ ਰੂਪ ਧਰ ਕੇ ਭੱਟਾ, ਮਹਿਮਾ ਵਡ ਵਡਿਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਦਰ ਤੇਰੇ ਵਾਸਤਾ ਘੱਤਾ, ਘਾਇਲ ਹੋ ਕੇ ਸੀਸ ਝੁਕਾਈਆ । ਤੂੰ ਨਿਗਾਹ ਮਾਰ ਲੈ ਰਤਾ, ਰਤਨ ਅਮੋਲਕ ਹੀਰੇ ਬਿਨ ਤੇਰੀ ਕਿਰਪਾ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਵੇਖ ਲੈ ਤੱਤਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਤਿ ਧਰਮ ਨਾ ਸੁਣਿਆ ਟੱਪਾ, ਕੂੜ ਕੁੜਿਆਰ ਭੱਜੇ ਵਾਹੋ ਦਾਹੀਆ । ਕਲਜੁਗ ਬਣ ਕੇ ਹੱਟਾ ਕੱਟਾ, ਨਵ ਸੱਤ ਆਪਣਾ ਹੁਕਮ ਵਰਤਾਈਆ । ਜੋ ਮੇਰੇ ਉਤੇ ਸੰਮਤ ਸੰਮਤੀ ਪਾਉਣ ਵਾਲਾ ਰੱਟਾ, ਸਾਲ ਬਸਾਲਾ ਆਪਣਾ ਖੇਲ ਖਿਲਾਈਆ । ਦੀਨ ਦੁਨੀ ਮਿੱਟੀ ਵਾਂਗ ਉਡਣੀ ਘੱਟਾ, ਘਾਟੇ ਵਿਚ ਲੋਕਾਈਆ । ਮਾਨਸ ਮਾਨਸਾਂ ਨਾਲ ਹੋਣੇ ਬਟਾ, ਜ਼ੀਰੋ ਦਾ ਅੰਕ ਜ਼ੀਰੋ ਵੇਖ ਵਖਾਈਆ । ਕਿਸੇ ਦੀ ਕੀਮਤ ਰਹਿਣੀ ਨਹੀਂ ਟਕਾ, ਸ਼ਾਹ ਸੁਲਤਾਨਾਂ ਖ਼ਾਕ ਵਿਚ ਮਿਲਾਈਆ । ਮੇਰੇ ਪਤਿਪਰਮੇਸ਼ਵਰ ਆਪਣਾ ਭੇਵ ਖੋਲ ਕੇ ਸਚ ਦੱਸ ਕੇ ਪਤਾ, ਪਾਰਬ੍ਰਹਮ ਪਰਦਾ ਆਪ ਚੁਕਾਈਆ । ਧਰਨੀ ਕਹੇ ਮੈਂ ਰੋ ਰੋ ਵਾਸਤਾ ਘੱਤਾ, ਬਿਨ ਨੈਣਾਂ ਨੀਰ ਵਹਾਈਆ । ਤੇਰੇ ਨਾਮ ਦਾ ਇਕੋ ਡੰਕਾ ਵੱਜਣਾ ਫ਼ਤਾ, ਫ਼ਾਤਿਆ ਹੋਵੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸ਼ਬਦੀ ਧਾਰ ਨਿਰਗੁਣ ਨਾਲ ਮਤਾ, ਸਰਗੁਣ ਪਰਦਾ ਦੇਣਾ ਚੁਕਾਈਆ ।



✪ ੯ ਜੇਠ ਸ਼ਹਿਨਸ਼ਾਹੀ ਸੰਮਤ ਦਸ ਗੁਰਮੁਖ ਦਵਾਰ ਭਲਾਈਪੁਰ ਜ਼ਿਲਾ ਅੰਮ੍ਰਿਤਸਰ ✪

੧੮੨੫
੨੩

ਨਵ ਜੇਠ ਕਹੇ ਮੇਰਾ ਸੰਦੇਸ਼ਾ ਦੋ ਜਹਾਨ ਬ੍ਰਹਿਮੰਡਾ, ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਦਿਆਂ ਸੁਣਾਈਆ । ਸੰਦੇਸ਼ਾ ਦੇਵਾਂ ਚਾਰੇ ਖਾਣੀ ਜੇਰਜ ਅੰਡਾਂ, ਉਤਭੁਜ ਸੇਤਜ ਨਾਲ ਮਿਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਭੇਵ ਖੁਲਾਵਾਂ ਦੀਨ ਦੁਨੀ ਦੀਆਂ ਵੰਡਾਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਧਰਮ ਦੀ ਧਾਰ ਸ਼ਸ਼ਤਰ ਦਰਸਾਵਾਂ ਅਗੰਮੀ ਖੰਡਾ, ਜਿਸ ਦੀ ਧਾਰ ਦੋ ਧਾਰ ਨਜ਼ਰ ਕਿਸੇ ਨਾ ਆਈਆ । ਡੰਡਾਵਤ ਬੰਦਨਾ ਕਰ ਕੇ ਗੁਰਮੁਖਾਂ ਕਹਾਂ ਕਲਜੁਗ ਕੂੜੀ ਕਿਰਿਆ ਨਾਲ ਲਾਲ ਰੰਗ ਦਾ ਉਚਾ ਕਰ ਦਿਓ ਝੰਡਾ, ਸਤਿ ਧਰਮ ਦੀ ਧਾਰ ਨਾਲ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਝੰਡਾ ਕਹੇ ਮੈਨੂੰ ਜਗਤ ਜਣਾਏ ਝੰਡੀ, ਜਗਤ ਨਿਸ਼ਾਨਿਆਂ ਦਿਆਂ ਸੁਣਾਈਆ । ਮੇਰੇ ਪਰਮ ਪੁਰਖ ਦੀ ਵੇਖੋ ਵੰਡੀ, ਸਚਖੰਡ ਨਿਵਾਸੀ ਕੀ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਗੁਰੂ ਚਲਾਈ ਚੰਡੀ, ਖੰਡਾ ਖੜਗ ਨਾਮ ਦ੍ਰਿੜਾਈਆ । ਉਹ ਲੇਖਾ ਜਾਣੇ ਦੀਨ ਦੁਨੀ ਪਖੰਡੀ, ਨਿਰਗੁਣ ਸਰਗੁਣ ਫੋਲ ਫੁਲਾਈਆ । ਜਿਸ ਦਾ ਰੂਪ ਅਨੂਪ ਸਮਝ ਸਕੇ ਕੋਇ ਨਾ ਪੰਡੀ, ਭੇਵ ਅਭੇਦ ਨਾ ਕੋਇ ਖੁਲਾਈਆ । ਜਿਸ ਸਤਿਜੁਗ ਵਿਚ ਧਰਮ ਦੀ ਧਾਰ ਚਲਾਈ ਡੰਡੀ, ਡੰਡਾਵਤ ਏਕੰਕਾਰ ਬਦਲਾਈਆ । ਪਿਛਲੀ ਆਯੂ ਪਿਛੇ ਕਲਜੁਗ ਲੰਘੀ, ਅਗੇ ਮਿਲੇ ਸਚ ਵਡਿਆਈਆ । ਜਨ ਭਗਤੋ ਆਦਿ ਜੁਗਾਦਿ ਪਰਮ ਪੁਰਖ ਦੀ ਤੁਹਾਡੇ ਨਾਲ ਸੰਧੀ, ਸੰਧਿਆ ਦਾ ਵੇਲਾ ਦਏ ਗਵਾਹੀਆ । ਤੁਹਾਡਾ ਨੂਰ ਨੁਰਾਨਾ ਆਤਮ ਧਾਰ ਅਗੰਮਾ ਚੰਦੀ, ਜਗਤ ਜਹਾਨ ਡਗਮਗਾਈਆ ।

੧੮੨੬
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਵ ਜੇਠ ਕਹੇ ਗੁਰਮੁਖੋ ਭਗਤ ਤੁਹਾਡਾ ਰੂਪ, ਬਿਨ ਰੰਗ ਰੂਪ ਦਏ ਵਡਿਆਈਆ । ਆਤਮ ਸਾਚਾ ਸਤਿ ਸਰੂਪ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਵੇਖੋ ਅੰਧ ਕੂਪ, ਚਾਰੋਂ ਕੁੰਟ ਅੰਧੇਰਾ ਛਾਈਆ । ਧਰਮ ਦਿਸੇ ਨਾ ਕਿਸੇ ਸ਼ਾਹ ਭੂਪ, ਰਾਜ ਰਾਜਾਨ ਰਹੇ ਕੁਰਲਾਈਆ । ਦਰੋਹੀ ਫਿਰੀ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਰਿਹਾ ਕੁਰਲਾਈਆ । ਮਾਇਆ ਮਮਤਾ ਪਈ ਲੂਟ, ਨਿਰਧਨ ਸਰਧਨ ਸਮਝ ਕੋਇ ਨਾ ਪਾਈਆ । ਨਵ ਸੱਤ ਦਿਸੇ ਝੂਠ, ਧਰਮ ਦਾ ਡੰਕ ਨਾ ਕੋਇ ਵਜਾਈਆ । ਨਿਗਾਹ ਮਾਰੋ ਪੰਜ ਭੂਤ, ਕਾਇਆ ਮੰਦਰ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਵ ਜੇਠ ਕਹੇ ਮੇਰਾ ਵਕਤ ਸੁਹੰਜਣਾ ਆਇਆ, ਜਨ ਭਗਤੋ ਦਿਆਂ ਸੁਣਾਈਆ । ਮੈਂ ਧੁਰ ਦਾ ਢੋਲਾ ਗਾਇਆ, ਮੇਰੇ ਅੰਤਰ ਵੱਜੀ ਵਧਾਈਆ । ਚਾਰੋਂ ਕੁੰਟ ਵੇਖ ਵਖਾਇਆ ਬਿਨ ਨੈਣਾਂ ਨੈਣ ਉਠਾਈਆ । ਸਾਚਾ ਨੂਰ ਨਾ ਕੋਇ ਰੁਸ਼ਨਾਇਆ, ਦੀਆ ਬਾਤੀ ਡਗ ਨਾ ਕੋਇ ਮਗਾਈਆ । ਮੈਂ ਵੇਖ ਕੇ ਬੜਾ ਘਬਰਾਇਆ, ਮੇਰੇ ਅੰਤਰ ਪਈ ਦੁਹਾਈਆ । ਫਿਰ ਨੇਤਰ ਨੈਣ ਉਠਾਇਆ, ਜ਼ਿਮੀਂ ਅਸਮਾਨਾਂ ਪਾਰ ਵੇਖ ਵਖਾਈਆ । ਪੁਰਖ ਅਕਾਲਾ ਨਜ਼ਰੀ ਆਇਆ, ਜੋਤੀ ਜਾਤਾ ਧੁਰਦਰਗਾਹੀਆ । ਜਿਸ ਸਤਿ ਦਾ ਸ਼ਬਦ ਸੁਣਾਇਆ, ਸਹਿਜ ਨਾਲ ਸਮਝਾਈਆ । ਉਠ ਵੇਖ ਲੈ ਤ੍ਰੈਗੁਣ ਮਾਇਆ, ਪੰਜਾਂ ਤਤਾਂ ਨਾਲ ਮਿਲ ਕੇ ਵੱਜੀ ਵਧਾਈਆ । ਜਿਸ ਜੀਵ ਜੰਤ ਭੁਲਾਇਆ, ਭਰਮਾਂ ਵਿਚ ਲੋਕਾਈਆ । ਹਰਿਜਨ ਸੰਤ ਸੁਹੇਲੇ ਵੇਖ ਜੋ ਹਰਿ ਹਰਿ ਰਹੇ ਧਿਆਇਆ, ਹਿਰਦੇ ਹਰਿ ਵਸਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਇਆ, ਖ਼ਾਲਕ ਖ਼ਲਕ ਰੂਪ ਬਦਲਾਈਆ । ਤੈਨੂੰ ਦੇਵੇ ਮਾਣ ਵਡਿਆਇਆ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਗੁਰਮੁਖ ਦਵਾਰਾ ਆਪ ਸੁਹਾਇਆ, ਸੋਹਣਾ ਰੰਗ ਰੰਗਾਈਆ । ਹਰਿ ਸੰਗਤ ਜੋੜ ਜੁੜਾਇਆ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਊਚਾਂ ਨੀਚਾਂ ਇਕੋ ਰੰਗ ਰੰਗਾਇਆ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵਖਾਈਆ । ਰਵੀਦਾਸ ਚਮਾਰੇ ਰੰਗ ਚੜ੍ਹਾਇਆ, ਸਿਰ ਆਪਣਾ ਹੱਥ ਟਿਕਾਈਆ । ਪੂਰਬ ਲਹਿਣਾ ਝੋਲੀ ਪਾਇਆ, ਗੁਰਮੁਖ ਸਿੰਘ ਗੁਰ ਗੁਰ ਮੇਲ ਮਿਲਾਈਆ । ਸਾਂਢਣੀ ਕਹੇ ਮੇਰਾ ਲਹਿਣਾ ਪੂਰਬ ਪੂਰਬ ਪੂਰਬ ਚੁਕਾਇਆ, ਜੋ ਮੁਹੰਮਦ ਨੈਣ ਗਿਆ ਉਠਾਈਆ । ਜਿਸ ਦਾ ਲੇਖਾ ਇਰਾਕ ਵਿਚ ਲਿਖਾਇਆ, ਚਾਰੋਂ ਕੁੰਟ ਅੱਖ ਖੁਲਾਈਆ । ਬਲ ਲਹਿਣਾ ਨਾਲ ਮਿਲਾਇਆ, ਭੇਵ ਅਭੇਦ ਰਿਹਾ ਚੁਕਾਈਆ । ਸਮਰਾਟ ਜਿਸ ਦਾ ਕਪੂਰ ਸਿੰਘ ਅਖਵਾਇਆ, ਆਪਣਾ ਨਾਮ ਸਮਝਾਈਆ । ਸੋ ਵੇਲਾ ਵਕਤ ਬੰਧਨ ਵਿਚ ਬੰਧਾਇਆ, ਭੇਵ ਰਹੇ ਨਾ ਰਾਈਆ । ਪਿਛਲਾ ਲੇਖਾ ਗ਼ੁੱਸੇ ਵਾਲਾ ਗ਼ੁੱਸੇ ਨਾਲ ਸਮਝਾਇਆ, ਇਹ ਪੂਰਬ ਲਹਿਣਾ ਚਲਿਆ ਆਈਆ । ਅਗੇ ਪਿਆਰ ਮੁਹੱਬਤ ਨਾਤਾ ਇਕ ਸਮਝਾਇਆ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਨਵ ਜੇਠ ਕਹੇ ਜਨ ਭਗਤੋ ਮੇਰੀਆਂ ਥੱਕ ਗਈਆਂ ਅੱਖੀਆਂ, ਨੌ ਸੌ ਚੁਰਾਨਵੇਂ ਚੌਕੜੀ ਜੁਗ ਧਿਆਨ ਲਗਾਈਆ । ਮੈਂ ਸਤਿਜੁਗ ਤਰੇਤਾ ਦੁਆਪਰ ਕਲਜੁਗ ਆਸਾਂ ਰੱਖੀਆਂ, ਬਿਨ ਆਸਾ ਆਸ ਪ੍ਰਗਟਾਈਆ । ਮੈਂ ਆਪਣੇ ਹੱਥਾਂ ਪੈਰਾਂ ਨੂੰ ਬੰਨ੍ਹ ਕੇ ਰੱਖੀਆਂ ਰੱਸੀਆਂ, ਬੰਧਨ ਬੇੜੀਆਂ ਵਾਲੇ ਜਣਾਈਆ । ਮੇਰੀਆਂ ਦਲੀਲਾਂ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਨੱਸੀਆਂ,

ਭੱਜੀਆਂ ਵਾਹੋ ਦਾਹੀਆ । ਕਾਹਨਾਂ ਦੀਆਂ ਸਖ਼ੀਆਂ ਬਣ ਕੇ ਨੱਚੀਆਂ, ਆਪਣਾ ਵੇਸ ਬਦਲਾਈਆ । ਮੈਂ ਖ਼ਬਰਾਂ ਦੱਸਾਂ ਸੱਚੀਆਂ, ਸੱਜਣੋ ਸਚ ਸਮਝਾਈਆ । ਜਿਹੜਾ ਪ੍ਰਭ ਦਾ ਲੇਖਾ ਕਛਾਂ ਨਾਲ ਮੱਛੀਆਂ, ਸਮੁੰਦ ਸਾਗਰ ਨੈਣ ਉਠਾਈਆ । ਜਿਸ ਨੇ ਖਾਣੀਆਂ ਬਾਣੀਆਂ ਰਚੀਆਂ, ਰਚਨਾ ਜਗਤ ਵਾਲੀ ਸਮਝਾਈਆ । ਉਸ ਨੇ ਲੱਖ ਚੁਰਾਸੀ ਕਾਇਆ ਭਾਂਡੇ ਮਾਟੀ ਦੇਹਾਂ ਰੱਖੀਆਂ ਕੱਚੀਆਂ, ਅੰਤ ਰਹਿਣ ਕੋਇ ਨਾ ਪਾਈਆ । ਜਗਤ ਦੀ ਧਾਰ ਵਿਚ ਹਿੱਸੇ ਪੱਤੀਆਂ, ਪਤਿਪਰਮੇਸ਼ਵਰ ਖੇਲ ਖਿਲਾਈਆ । ਗੁਰਮੁਖਾਂ ਆਤਮਾ ਆਪਣੇ ਰੰਗ ਰਤੀਆਂ, ਰੰਗ ਰਤੜਾ ਹੋ ਕੇ ਵੇਖ ਵਖਾਈਆ । ਧਰਮ ਧਾਰ ਸਮਝਾ ਕੇ ਮਤੀਆਂ, ਪਾਰਬ੍ਰਹਮ ਪ੍ਰਭ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਵ ਜੇਠ ਕਹੇ ਭਗਤੋ ਮੇਰੇ ਅੰਦਰ ਵੇਖੋ ਨਾ ਖ਼ੁਸ਼ੀਆਂ ਨਾ ਗ਼ਮੀਆਂ, ਤੁਹਾਡਾ ਪ੍ਰੇਮ ਰੰਗ ਰੰਗਾਈਆ । ਤੁਸਾਂ ਖ਼ਬਰਾਂ ਸੁਣਨੀਆਂ ਨਵੀਆਂ, ਨਵ ਨਵ ਧਾਰ ਦਏ ਸਮਝਾਈਆ । ਜੋ ਆਸ਼ਾ ਰੱਖੀ ਗੋਬਿੰਦ ਪਿਆਰ ਬਵੰਜਾ ਕਵੀਆਂ, ਅੰਤਸ਼ਕਰਨ ਧਿਆਨ ਲਗਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਅਵਤਾਰ ਚਵ੍ਹੀਆਂ, ਚੌਬੀਸਾ ਨੂਰ ਅਲਾਹੀਆ । ਜਿਸ ਦੋ ਜਹਾਨ ਬ੍ਰਹਿਮੰਡਾਂ ਖੰਡਾਂ ਕੂਟਾਂ ਭਵੀਆਂ, ਤ੍ਰੈਭਵਣ ਧਨੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨੌਂ ਜੇਠ ਕਹੇ ਭਗਤੋ ਮੈਂ ਪਹਿਲੀ ਦੱਸਾਂ ਬਾਤ, ਬਾਤਨ ਦਿਆਂ ਜਣਾਈਆ । ਮੇਰੇ ਦਿਵਸ ਦੀ ਵੇਖੋ ਅੰਤਮ ਰਾਤ, ਰੈਣ ਭਿੰਨੜੀ ਰੂਪ ਬਦਲਾਈਆ । ਮੇਰਾ ਸੰਦੇਸ਼ਾ ਅਗੰਮੀ ਪਾਤ, ਬਿਨ ਪਤ੍ਰਕਾ ਦਿਆਂ ਜਣਾਈਆ । ਤੁਸੀਂ ਆਤਮ ਧਾਰ ਇਕੋ ਜਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਪਰਮਾਤਮ ਪਰਮ ਪੁਰਖ ਦਾ ਨਾਤ, ਏਥੇ ਓਥੇ ਸੰਗ ਰਖਾਈਆ । ਜੋ ਜੁਗ ਜੁਗ ਪੁਛੇ ਬਾਤ, ਨਿਰਗੁਣ ਹੋ ਕੇ ਹੋਏ ਸਹਾਈਆ । ਸਤਿ ਧਰਮ ਦੀ ਤੁਹਾਨੂੰ ਦੇਵੇ ਦਾਤ, ਦਾਤਾ ਹੋ ਕੇ ਝੋਲੀ ਪਾਈਆ । ਤੁਸੀਂ ਭਗਤ ਸੁਹੇਲੇ ਬਣ ਗਏ ਇਕ ਜਮਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਕੂੜੀ ਕਿਰਿਆ ਤੁਹਾਡੇ ਅੰਦਰੋਂ ਪਾਏ ਵਫ਼ਾਤ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਤੁਹਾਡਾ ਖੇਲ ਹੋਣਾ ਕਾਇਨਾਤ, ਕਲਮਾ ਦੀਨ ਦੁਨੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਵ ਜੇਠ ਕਹੇ ਮੇਰਾ ਦੂਜਾ ਲਓ ਸੰਦੇਸ਼ਾ, ਸਹਿਜ ਸਹਿਜ ਸਹਿਜ ਨਾਲ ਜਣਾਈਆ । ਜਨ ਭਗਤੋ ਪ੍ਰਭੂ ਦੀ ਯਾਦ ਤੁਹਾਡਾ ਭਗਤੀ ਵਾਲਾ ਪੇਸ਼ਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਪੁਰਖ ਅਕਾਲਾ ਸਭ ਦਾ ਨਰ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਜਿਹੜਾ ਵਸੇ ਸਾਚੇ ਦੇਸ਼ਾ, ਸੰਬਲ ਬੈਠਾ ਸੋਭਾ ਪਾਈਆ । ਸਚਖੰਡ ਰਹੇ ਹਮੇਸ਼ਾ, ਜਨਮ ਮਰਨ ਨਾ ਰੂਪ ਬਦਲਾਈਆ । ਜਿਸ ਖੇਲ ਖਿਲਾਇਆ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਗਣ ਗਧੰਰਵਾਂ ਰੰਗ ਰੰਗਾਈਆ । ਤਿਸ ਸਾਹਿਬ ਨੂੰ ਇਕ ਆਦੇਸਾ, ਨਿਵ ਨਿਵ ਸੀਸ ਝੁਕਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣਾ ਕਲੇਸ਼ਾ, ਕਲਕਾਤੀਆਂ ਡੇਰਾ ਢਾਹੀਆ । ਆਤਮ ਧਾਰ ਪਰਮਾਤਮ ਸਭ ਦਾ ਹੋ ਕੇ ਨੇਤਾ, ਨਿਜ ਨੇਤਰ ਲੋਚਨ ਨੈਣ ਜਨ ਭਗਤਾਂ ਕਰੇ ਰੁਸ਼ਨਾਈਆ । ਸਭ ਨੂੰ ਇਕੋ ਰੰਗ ਰੰਗਾਏ ਲੇਖਾ ਰਹੇ ਨਾ ਅਗੇਤਾ ਪਛੇਤਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਬਿਨਾ ਜਨਣੀਓ ਕਰੇ ਹੇਤਾ, ਹਿਤਕਾਰੀ ਆਪਣਾ ਭੇਵ ਚੁਕਾਈਆ । ਜੁਗ ਜਨਮ ਨਾ ਭੁਲਿਆ ਚੇਤਾ, ਚਾਤ੍ਰਿਕ ਗੁਰਮੁਖ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

੧੮੨੭
੨੩

ਸਚ ਦਾ ਮੇਲਾ ਲਏ ਮਿਲਾਈਆ । ਨਵ ਜੇਠ ਕਹੇ ਮੇਰਾ ਪ੍ਰੇਮ ਪਿਆਰ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਜਨ ਭਗਤੋ ਸੁਣੋ ਨਾਲ ਪਿਆਰ, ਮੁਹੱਬਤ ਵਿਚ ਦ੍ਰਿੜਾਈਆ । ਤੁਸੀਂ ਇਕ ਦੂਜੇ ਦੇ ਕਾਇਆ ਮੰਦਰ ਵਸਣਾ ਘਰ ਬਾਰ, ਮਨ ਮਨਸਾ ਦੂਰ ਕਰਾਈਆ । ਨਾਤਾ ਤੋੜ ਕੂੜ ਕੁੜਿਆਰ, ਸਤਿ ਸਚ ਲੈਣਾ ਅਪਨਾਈਆ । ਮੈਂ ਤੁਹਾਡੇ ਤੋਂ ਜਾਵਾਂ ਬਲਿਹਾਰ, ਜੋ ਆਏ ਚਲ ਕੇ ਪਾਂਧੀ ਰਾਹੀਆ । ਬੇਸ਼ਕ ਮੰਜ਼ਲ ਬੜੀ ਦੁਸ਼ਵਾਰ, ਮਨ ਮਨਸਾ ਭੱਜੇ ਵਾਹੋ ਦਾਹੀਆ । ਤੁਸੀਂ ਰਹਿਣਾ ਹੁਸ਼ਿਆਰ, ਆਪਨੀ ਲੈ ਅੰਗੜਾਈਆ । ਸੂਰਬੀਰ ਬਹਾਦਰ ਬਣਨਾ ਆਪਨੇ ਤਨ ਦੇ ਸਿਕਦਾਰ, ਮਮਤਾ ਮਨ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਵ ਜੇਠ ਕਹੇ ਮੇਰਾ ਚੌਥਾ ਇਕ ਨਿਰਅੱਖਰ, ਬਿਨ ਅੱਖਰਾਂ ਦਿਆਂ ਜਣਾਈਆ । ਤੁਸਾਂ ਚੜ੍ਹਨਾਂ ਚੋਟੀ ਸ਼ਿਖ਼ਰ, ਮੰਜ਼ਲ ਪੰਧ ਮੁਕਾਈਆ । ਜਨਮ ਮਰਨ ਦਾ ਮੇਟਣਾ ਫ਼ਿਕਰ, ਇਕੋ ਢੋਲਾ ਗਾਈਆ । ਨਵ ਖੰਡ ਪ੍ਰਿਥਮੀ ਵਿਚੋਂ ਉੱਤਮ ਸ੍ਰੇਸ਼ਟ ਆਉਣਾ ਨਿਕਲ, ਰੂਪ ਅਨੂਪ ਇਕ ਸਮਝਾਈਆ । ਤੁਹਾਡਾ ਪੁਰਖ ਅਕਾਲਾ ਹੋਵੇ ਮਿਤ੍ਰ, ਦੀਨ ਦਿਆਲ ਸੰਗ ਬਣਾਈਆ । ਤੁਹਾਡੇ ਜਗਤ ਜਹਾਨ ਰਹਿਣੇ ਚਿੱਤਰ, ਤਨ ਵਜੂਦਾਂ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਨਵ ਜੇਠ ਕਹੇ ਮੈਂ ਪੰਚਮ ਦਿਆਂ ਸਲਾਹ, ਸਚ ਸਚ ਸੁਣਾਈਆ । ਪਰਮ ਪੁਰਖ ਇਕ ਮਲਾਹ, ਬੇੜਾ ਦੋ ਜਹਾਨ ਚਲਾਈਆ । ਆਦਿ ਜੁਗਾਦੀ ਪਿਤਾ ਮਾਂ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਚਾਰ ਜੁਗ ਦੇ ਸ਼ਾਸਤਰ ਜਿਸ ਦਾ ਗਾਉਂਦੇ ਨਾਂ, ਸਿਫ਼ਤਾਂ ਵਿਚ ਸਲਾਹੀਆ । ਉਹ ਵੇਖਣਹਾਰਾ ਥਾਉਂ ਥਾਂ, ਥਾਨ ਥਨੰਤਰ ਵੱਜੇ ਵਧਾਈਆ । ਜੋ ਭਗਤਾਂ ਪਕੜਨਹਾਰਾ ਬਾਂਹ, ਸਿਰ ਸਿਰ ਆਪਨਾ ਹੱਥ ਟਿਕਾਈਆ । ਫੜ ਫੜ ਹੰਸ ਬਣਾਏ ਕਾਂ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਤਿਸ ਸਾਹਿਬ ਦੇ ਬਲ ਬਲ ਜਾਂ, ਜਿਸ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਵ ਜੇਠ ਕਹੇ ਮੇਰੀ ਛੇਵੀਂ ਇਕੋ ਗੱਲ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮੇਰਾ ਸਾਹਿਬ ਬੜਾ ਪ੍ਰਬਲ, ਪਰਮ ਪੁਰਖ ਇਕ ਅਖਵਾਈਆ । ਜਿਸ ਦਾ ਦੀਪਕ ਜੋਤੀ ਰਿਹਾ ਬਲ, ਦੋ ਜਹਾਨ ਕਰੇ ਰੁਸ਼ਨਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਸਚਖੰਡ ਸਾਚੇ ਸੋਭਾ ਪਾਈਆ । ਲਹਿਣਾ ਦੇਣਾ ਜਾਣੇ ਜਲ ਥਲ, ਮਹੀਅਲ ਵੇਖ ਵਖਾਈਆ । ਆਤਮ ਧਾਰ ਜਾਏ ਰਲ, ਪਰਮਾਤਮ ਨੂਰ ਅਲਾਹੀਆ । ਜੋ ਬਿਨਾ ਭਗਤੀਉਂ ਦੇਵੇ ਫਲ, ਫਲੀਭੂਤ ਦਏ ਕਰਾਈਆ । ਦੂਈ ਦਵੈਤੀ ਮੇਟੇ ਸੱਲ, ਆਤਮ ਇਕੋ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਨਵ ਜੇਠ ਕਹੇ ਜਨ ਭਗਤੋ ਪ੍ਰਭ ਦੀ ਦੱਸਾਂ ਸੱਤਵੀਂ ਰੀਤ, ਸਤਿ ਸਤਿਵਾਦੀਓ ਦਿਆਂ ਜਣਾਈਆ । ਜੋ ਹਰ ਘਟ ਵਸੇ ਚੀਤ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਮਾਨਸ ਮਾਨਵ ਮਾਨੁਖ ਪਰਖੇ ਨੀਤ, ਨੀਤੀਵਾਨ ਧੁਰਦਰਗਾਹੀਆ । ਤ੍ਰੈਗੁਣ ਮਾਇਆ ਸਦਾ ਅਤੀਤ, ਤ੍ਰੈਭਵਣ ਧਨੀ ਅਖਵਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਗਏ ਬੀਤ, ਕੋਟਨ ਕੋਟ ਆਪਨਾ ਪੰਧ ਮੁਕਾਈਆ । ਉਸ ਦੀ ਸਤਿਗੁਰ ਸ਼ਬਦ ਕਰੇ ਤਸਦੀਕ, ਸ਼ਹਾਦਤ ਨਾਮ ਕਲਮੇ ਵਾਲੀ ਭੁਗਤਾਈਆ । ਜਿਸ ਕਲਜੁਗ ਕੂੜੀ ਕਿਰਿਆ ਉਤੇ ਮਾਰਨੀ ਲੀਕ, ਸਤਿਜੁਗ ਸਤਿ ਸਤਿ ਪ੍ਰਗਟਾਈਆ । ਜਿਸ ਦੇ ਵਿਚ ਹਕ ਤੌਫ਼ੀਕ,

੧੮੨੮
੨੩

ਤਾਕਤਵਰ ਨੂਰ ਅਲਾਹੀਆ ।, ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਕੂੜੀ ਕਿਰਿਆ ਵਿਚੋਂ ਗ਼ਫ਼ਲਤ ਵਾਲੀ ਖੋਲੇ ਨੀਂਦ, ਆਲਸ ਮਮਤਾ ਵਾਲੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਵ ਜੇਠ ਕਹੇ ਮੇਰਾ ਅੱਠਵਾਂ ਹਿੱਸਾ ਸੁਣੇ ਜਗ, ਜਾਗਰਤ ਜੋਤ ਜੋਤ ਜਗਾਈਆ । ਦੀਨ ਦੁਨੀ ਤੇ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਦਰਸ ਮਿਲੇ ਨਾ ਕਿਸੇ ਉਪਰ ਸ਼ਾਹ ਰਗ, ਨਵ ਦਵਾਰ ਪੰਧ ਨਾ ਕੋਇ ਚੁਕਾਈਆ । ਕਲਜੁਗ ਜੀਵ ਹੰਸ ਬਣੇ ਕੱਗ, ਦੁਰਮਤ ਮੈਲ ਅੰਤਰ ਨਾ ਕੋਇ ਧਵਾਈਆ । ਕੂੜ ਵਿਕਾਰ ਮੇਟ ਕੇ ਮਧ, ਮਧੁਰ ਧੁਨ ਗਏ ਭੁਲਾਈਆ । ਨਵ ਦਵਾਰਿਆਂ ਵੜ ਕੇ ਹੱਦ, ਹਦੂਦ ਆਪਣੀ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਵ ਜੇਠ ਕਹੇ ਮੇਰਾ ਨਾਵਾਂ ਇਕੋ ਰਸਤਾ, ਨੌਆਂ ਦਵਾਰਿਆਂ ਵਾਲਿਓ ਦਿਆਂ ਜਣਾਈਆ । ਪ੍ਰਭੂ ਦਾ ਨਾਮ ਜਗਤ ਜਹਾਨ ਸਭ ਤੋਂ ਸਸਤਾ, ਜਿਸ ਦੀ ਕੀਮਤ ਨਾ ਕੋਇ ਰਖਾਈਆ । ਹਰਿਜਨ ਪਿਆਰ ਵਿਚ ਸਦਾ ਰਹੇ ਮਸਤਾ, ਮਸਤੀ ਵਿਚ ਸਮਾਈਆ । ਖ਼ੁਸ਼ੀਆਂ ਵਿਚ ਰਹੇ ਨੱਸਦਾ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਅੰਤਰ ਭਰਿਆ ਰਹੇ ਜਸ ਦਾ, ਸਿਫ਼ਤਾਂ ਨਾਲ ਸਲਾਹੀਆ । ਸਚ ਪਿਆਲਾ ਦੇਵੇ ਰਸ ਦਾ, ਬਿਨ ਰਸਨਾਂ ਰਸ ਚਖਾਈਆ । ਤੀਰ ਅਨਿਆਲਾ ਅਗੰਮਾ ਕਸਦਾ, ਬਿਨ ਚਿੱਲੇ ਕਮਾਨ ਉਠਾਈਆ । ਭੇਵ ਖੁਲਾ ਅਲਖਣਾ ਅਲਖ ਦਾ, ਅਲਖ ਅਗੋਚਰ ਦਏ ਵਡਿਆਈਆ । ਕਾਇਆ ਭਾਂਡਾ ਭਰਾ ਸੱਖ ਦਾ, ਵਸਤ ਅਤੁਲ ਨਾਮ ਵਰਤਾਈਆ । ਝਗੜਾ ਰਹੇ ਨਾ ਕਲਜੁਗ ਭੁੱਖ ਦਾ, ਭਾਂਡਾ ਭਰਮ ਭਉ ਭੰਨਾਈਆ । ਜਨ ਭਗਤਾਂ ਵਿਚ ਰਹੇ ਫਬਦਾ, ਸਨਮੁਖ ਸੋਭਾ ਪਾਈਆ । ਇਹ ਖੇਲ ਅਗੰਮੀ ਰੱਬ ਦਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਮੇਰਾ ਲਹਿਣਾ ਦੇਣਾ ਖ਼ੁਸ਼ੀਆਂ ਵਿਚ ਗਦ ਗਦ ਦਾ, ਗਦਾਗਰ ਹੋ ਕੇ ਦਿਆਂ ਸੁਣਾਈਆ । ਨਵ ਜੇਠ ਕਹੇ ਜਨ ਭਗਤੋ ਜਗਤ ਜਹਾਨ ਜਾਂਦਾ ਲੱਦ ਦਾ, ਥਿਰ ਰਹਿਣ ਕੋਇ ਨਾ ਪਾਈਆ । ਤੁਹਾਡਾ ਪੂਰਾ ਕਰਨਾ ਲੇਖਾ ਸੀਸ ਬੱਧੀ ਪੱਗ ਦਾ, ਪਗੜੀਆਂ ਵਾਲਿਓ ਪਹਿਲੋਂ ਤੁਹਾਨੂੰ ਸੀਸ ਨਿਵਾਈਆ । ਬਿਨਾ ਭਗਤਾਂ ਤੋਂ ਮਾਰਗ ਕਦੇ ਨਹੀਂ ਬੱਝਦਾ, ਲੋਕਮਾਤ ਨਾ ਕੋਇ ਵਡਿਆਈਆ । ਬਿਨਾ ਭਗਤਾਂ ਤੋਂ ਪ੍ਰਭੂ ਨੂੰ ਕੋਈ ਨਹੀਂ ਸੱਦ ਦਾ, ਸੰਦੇਸਾ ਦੇਵੇ ਨਾ ਕੋਈ ਚਾਈਂ ਚਾਈਂਆ । ਬਿਨਾ ਭਗਤਾਂ ਤੋਂ ਹਿੱਸੇਦਾਰ ਬਣਿਆ ਕੋਈ ਨਹੀਂ ਅੱਧ ਦਾ, ਨਾਮ ਭੰਡਾਰਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਨਵ ਜੇਠ ਕਹੇ ਜਨ ਭਗਤੋ ਤੁਹਾਡੇ ਸੀਸ ਬੰਨ੍ਹੀਆਂ ਦਸਤਾਰਾਂ, ਦਸਤਾਰਾਂ ਵਾਲਿਓ ਦਿਆਂ ਜਣਾਈਆ । ਨੌਂ ਵਾਰ ਪ੍ਰਭੂ ਤੁਹਾਨੂੰ ਕਰੇ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਤੁਹਾਡਾ ਬਣ ਕੇ ਸੇਵਾਦਾਰਾ, ਸਾਚੀ ਸੇਵ ਕਮਾਈਆ । ਦਿਵਸ ਰੈਣ ਹੋ ਕੇ ਖ਼ਬਰਦਾਰਾ, ਭੱਜੇ ਵਾਹੋ ਦਾਹੀਆ । ਤੁਹਾਡਾ ਪੂਰਬ ਦਏ ਉਧਾਰਾ, ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਨੌਂ ਜੇਠ ਕਹੇ ਜਨ ਭਗਤੋ ਸਤਿਗੁਰ ਤੁਹਾਡੀ ਦਾਸੀ, ਗੋਲੀ ਜਗਤ ਅਖਵਾਈਆ । ਤੁਸੀਂ ਭਾਵੇਂ ਮਖ਼ੌਲ ਕਰੋ ਭਾਵੇਂ ਕਰੋ ਹਾਸੀ, ਇਹ ਹਸਤੀ ਬੇਪਰਵਾਹੀਆ । ਜਿਸ ਦੀ ਮੰਡਲ ਮੰਡਪ ਰਾਸੀ, ਰਹਿਬਰ ਨੂਰ ਅਲਾਹੀਆ । ਉਹ ਸੱਦਾ ਦੇਵੇ ਆ ਜਾ ਸ਼ੰਕਰ ਕੈਲਾਸ਼ੀ, ਆਪਣਾ ਪੰਧ ਮੁਕਾਈਆ । ਬ੍ਰਹਮੇ ਨਾ ਰਹੇ ਉਦਾਸੀ,

੧੮੨੯
੨੩

ਭੱਜਣਾ ਚਾਈਂ ਚਾਈਂਆ । ਵਿਸ਼ਨੂੰ ਵੇਖ ਲੈ ਵਿਸ਼ਵ ਦਾ ਦਾਸੀ, ਵਿਸ਼ਵ ਧਿਆਨ ਲਗਾਈਆ । ਤੇਈ ਅਵਤਾਰ ਬਣੇ ਸਾਥੀ, ਸਗਲਾ ਸੰਗ ਬਣਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਮੰਨੇ ਆਖੀ, ਭੱਜਣਾ ਵਾਹੋ ਦਾਹੀਆ । ਨਾਨਕ ਨਿਰਗੁਣ ਧਾਰ ਗੋਬਿੰਦ ਸਭ ਦੇ ਵੇਖੇ ਸਾਖੀ, ਸਾਖਿਆਤ ਸਮਝਾਈਆ । ਤੁਹਾਡੀ ਪੂਰੀ ਕਰੇ ਆਸੀ, ਤ੍ਰਿਸ਼ਨਾ ਕੂੜ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਨਵ ਜੇਠ ਕਹੇ ਜਨ ਭਗਤੋ ਨਿਰਗੁਣ ਸਰਗੁਣ ਧਾਰ ਤੁਹਾਡੇ ਅਗੇ ਨੱਕ ਨੂੰ ਲਾਵੇ ਰਗੜਾ, ਤੁਹਾਡਿਆਂ ਕਦਮਾਂ ਹੇਠ ਘਸਾਈਆ । ਇਹ ਲਹਿਣਾ ਦੇਣਾ ਨਾਲ ਸੀ ਗਰੜਾ, ਗਰੜ ਪੁਰਾਣ ਦਏ ਗਵਾਹੀਆ । ਬੇਸ਼ਕ ਤੁਹਾਡਾ ਹਿਰਦਾ ਕਰੜਾ, ਪ੍ਰਭੂ ਨਿਮਰਤਾ ਵਿਚ ਸਮਾਈਆ । ਤੁਹਾਡਾ ਪ੍ਰੇਮ ਪਿਆਰ ਦਾ ਬਣਾ ਕੇ ਖਰੜਾ, ਸਚ ਸਚ ਸਚ ਨਾਲ ਮਿਲਾਈਆ । ਤੁਹਾਡਾ ਸੋਹਣਾ ਲੱਗੇ ਝਗੜਾ, ਤੁਸਾਂ ਝਗੜਨਾ ਚਾਈਂ ਚਾਈਂਆ । ਓਹ ਗੁਰਮੁਖੋ ਤੁਹਾਨੂੰ ਬਣਨ ਨਹੀਂ ਦੇਣਾ ਬਧ ਬਗ਼ਲਾ, ਬਧੜਾ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਵ ਜੇਠ ਕਹੇ ਗੁਰਮਖ ਦਵਾਰਿਆ ਸੋਹਣਿਆਂ ਸੱਜਣਾ, ਸੱਜਣਾਂ ਨੂੰ ਦੇ ਸਮਝਾਈਆ । ਜਨ ਭਗਤੋ ਤੁਹਾਡਾ ਡੰਕ ਵੱਜਣਾ, ਦੋ ਜਹਾਨ ਸ਼ਨਵਾਈਆ । ਤੁਹਾਡੇ ਪਿਆਰ ਨੇ ਤੁਹਾਡੇ ਸਾਹਿਬ ਦਾ ਪਰਦਾ ਕੱਜਣਾ, ਆਪਣੀ ਦਸਤਾਰ ਤੁਹਾਡੇ ਚਰਨਾਂ ਵਿਚ ਟਿਕਾਈਆ । ਤੁਹਾਡੇ ਕੋਲੋਂ ਇਕੋ ਮੁਹੱਬਤ ਦਾ ਪਿਆਰ ਮੰਗਣਾ, ਦੂਜੀ ਆਸ ਨਾ ਕੋਇ ਰਖਾਈਆ । ਜੋ ਹੁਕਮ ਕਰੋਗੇ ਉਹਦੇ ਵਿਚ ਕਦੀ ਕਰੂੰਗਾ ਨਾ ਭੰਗਣਾ, ਇਹ ਸਚ ਦਿਆਂ ਸਮਝਾਈਆ । ਤੁਹਾਨੂੰ ਆਪਣਿਆਂ ਹਿਰਦਿਆਂ ਵਿਚੋਂ ਜ਼ਰੂਰ ਪਵੇਗਾ ਕੁਝ ਵੰਡਣਾ, ਖ਼ਾਲੀ
੧੮੩੦ ੧੮੩੦
੨੩ ੨੩
ਝੋਲੀ ਦੇਣੀ ਭਰਾਈਆ । ਸਚ ਦਵਾਰ ਤੇ ਪਾਉਣੀ ਠੰਡਣਾ, ਤੁਹਾਡੇ ਦਵਾਰੇ ਆਇਆ ਤੁਹਾਡਾ ਮਾਹੀਆ । ਤੁਹਾਡਾ ਟੁੱਟਿਆਂ ਦਾ ਨਾਤਾ ਗੰਢਣਾ, ਅਗੇ ਸਕੇ ਨਾ ਕੋਇ ਤੁੜਾਈਆ । ਲੇਖਾ ਚੁਕਾਉਣਾ ਪੰਜ ਪੰਜਣਾ, ਪੰਚਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਨਵ ਜੇਠ ਕਹੇ ਮੈਂ ਕੀ ਦੱਸਾਂ ਭਗਤੋ ਡੂੰਘੀ ਰਮਜ਼, ਰਮਜ਼ਾਂ ਵਾਲਿਆਂ ਦਿਆਂ ਜਣਾਈਆ । (ਤੁਹਾਡੀ ਸਭ ਤੋਂ) ਵੱਡੀ ਸਮਝ, ਜਗਤ ਸਮਝ ਨਾ ਕੋਇ ਚਤੁਰਾਈਆ । ਤੁਹਾਡਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੁਹਾਡਾ ਪਿਆਰ ਪ੍ਰਭੂ ਵਿਚ ਹੋਵੇ ਜਜ਼ਬ, ਜਜ਼ਬੇ ਵਾਲਿਓ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਅਸੀਂ ਆ ਗਏ ਨੱਠੇ, ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰ ਸਤਿਗੁਰ ਸ਼ਬਦ ਧਾਰ ਵਿਚ ਇਕੱਠੇ, ਵੱਖਰਾ ਰਹਿਣ ਕੋਇ ਨਾ ਪਾਈਆ । ਤੇਰਾ ਪ੍ਰਕਾਸ਼ ਤੱਕੀਏ ਦੋ ਜਹਾਨਾਂ ਲਟ ਲਟੇ, ਨੂਰ ਨੁਰਾਨੇ ਨਜ਼ਰੀ ਆਈਆ । ਆਹ ਵੇਖ ਲਓ ਸਾਡੇ ਕੋਲ ਪਿਛਲਿਆਂ ਚਹੁੰ ਜੁਗਾਂ ਦੇ ਪਟੇ, ਪਟਨੇ ਵਾਲਾ ਰਿਹਾ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਅਸੀਂ ਸਾਰੇ ਫਿਰੇ ਜਗਤ ਜਹਾਨ ਦੇ ਵੇਖੇ ਹੱਟੇ, ਨਵ ਨੌ ਚਾਰ ਧਿਆਨ ਲਗਾਈਆ । ਦੀਨ ਦੁਨੀ ਮਾਇਆ ਮਮਤਾ ਕੀਮਤ ਪਾ ਲਈ ਤੇਰੀ ਜਗਤ ਟਕੇ, ਸਤਿ ਵਿਚ ਨਾ ਕੋਇ ਸਮਾਈਆ । ਸਭ ਦੇ ਚੀਥੜ ਵੇਖ ਲਓ ਫਟੇ, ਓਢਣ ਨਜ਼ਰ ਕੋਇ ਨਾ ਆਈਆ । ਸਾਨੂੰ ਇਕ ਦੋ ਚਾਰ ਪੰਜ ਛੇ ਸੱਤ ਅੱਠ ਨੌ ਸੁਣੇ ਟੱਪੇ, ਨੌਵਾਂ ਖੰਡਾਂ ਦਾ ਹਾਲ ਸੁਣਾਈਆ । ਅਸੀਂ ਸਾਰਿਆਂ ਕਿਹਾ ਇਹ ਸ਼ਬਦ

ਗੁਰੂ ਦੀ ਗੱਪੇ, ਜੋ ਜੁਗ ਜੁਗ ਅਵਲ ਅਵਲ ਅਖਵਾਈਆ । ਫੇਰ ਵੇਖਿਆ ਬਿਨਾ ਅੱਖਰਾਂ ਤੋਂ ਅੱਖਰ ਛਪੇ, ਬਿਨਾ ਕਾਗ਼ਜ਼ਾਂ ਤੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਤੇਰੀ ਵਡਿਆਈਆ । ਨਵ ਜੇਠ ਕਹੇ ਮੈਂ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨਾਂ ਨੂੰ ਕਰਾਂ ਨਿਮਸਕਾਰ, ਵਿਸ਼ਨ ਬ੍ਰਹਮਾ ਸ਼ਿਵ ਇਸ਼ਾਰੇ ਨਾਲ ਜਣਾਈਆ । ਤੁਸੀਂ ਨਿਰਗੁਣ ਨਿਰਗੁਣ ਨਿਰਗੁਣ ਜੋਤ ਨਿਰੰਕਾਰ, ਸਰਗੁਣ ਸਰਗੁਣ ਸਰਗੁਣ ਜਗਤ ਨਾਮ ਵਡਿਆਈਆ । ਖੇਲ ਵੇਖੋ ਅੰਤਰ ਨਿਰੰਤਰ ਜੀਵ ਜੰਤ ਵਿਚਾਰ, ਬਿਨਾ ਬੁਧੀ ਤੋਂ ਬੁੱਧੀ ਧਿਆਨ ਲਗਾਈਆ । ਚਾਰ ਕੁੰਟ ਤੱਕੋ ਅੰਧਿਆਰ, ਅੰਧ ਅੰਧੇਰਾ ਛਾਈਆ । ਆਪਣੇ ਆਪਣੇ ਸਿਖ ਮੁਰੀਦ ਲਓ ਉਭਾਰ, ਫੜ ਬਾਹੋਂ ਬਾਹਰ ਕਢਾਈਆ । ਸਾਚੀ ਮੰਜ਼ਲ ਹਕੀਕੀ ਦੱਸੋ ਕਿਥੇ ਪੁੱਜੇ ਧਰਮ ਦੀ ਧਾਰ, ਧਰਮ ਧਰਮ ਜਣਾਈਆ । ਸਾਰੇ ਕਹਿਣ ਪ੍ਰਭੂ ਇਹ ਖੇਲ ਤੇਰਾ ਸਚੀ ਸਰਕਾਰ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਜਿਧਰ ਵੇਖੀਏ ਧੂੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਬਿਨ ਤੇਰੀ ਕਿਰਪਾ ਕੋਈ ਨਾ ਉਤਰੇ ਪਾਰ, ਲੱਖ ਚੁਰਾਸੀ ਫੰਦ ਨਾ ਕੋਇ ਕਟਾਈਆ । ਝਟ ਸਤਿਗੁਰ ਸ਼ਬਦ ਕਿਹਾ ਸੁਣੋ ਮੀਤ ਮੁਰਾਰ, ਸੱਜਣੋ ਦਿਆਂ ਜਣਾਈਆ । ਪਰਮ ਪੁਰਖ ਦਾ ਖੇਲ ਅਪਾਰ, ਅਪਰੰਪਰ ਆਪਣੀ ਕਾਰ ਭੁਗਤਾਈਆ । ਜਨ ਭਗਤਾਂ ਸੀਸ ਬੰਨ੍ਹ ਦਸਤਾਰ, ਸੰਮਤ ਸ਼ਹਿਨਸ਼ਾਹੀ ਸੱਤ ਦਿਤੀ ਵਡਿਆਈਆ । ਤੁਸੀਂ ਸਾਰੇ ਘਰ ਘਰ ਹੋਏ ਸਿਕਦਾਰ, ਆਪਣਾ ਬਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਜਿਨ੍ਹਾਂ ਨੇ ਸੀਸ ਧਰਿਆ ਦਸਤਾਰਾ, ਰੁਪਿਆ ਸਗਨ ਵਾਲਾ ਹੱਥ ਫੜਾਈਆ । ਉਹ ਆਤਮਾ ਪ੍ਰਭੂ ਦੀਆਂ ਨਿਰਗੁਣ ਧਾਰ ਦੀਆਂ ਧਾਰਾਂ, ਸਰਗੁਣ ਸੰਗ ਸਕੇ ਨਾ ਕੋਇ ਤੁੜਾਈਆ । ਇਹ ਇਸ਼ਾਰਾ ਦਿਤਾ ਸੀ ਮੁਹੰਮਦ ਨੇ ਚਾਰ ਯਾਰਾ, ਚੌਥੇ ਜੁਗ ਅੱਖ ਉਠਾਈਆ । ਗੋਬਿੰਦ ਕਿਹਾ ਨਾਲ ਪਿਆਰਾ, ਪ੍ਰੇਮ ਨਾਲ ਸਮਝਾਈਆ । ਜਿਸ ਵੇਲੇ ਕਲਜੁਗ ਕੂੜ ਹੋਇਆ ਅੰਧਿਆਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਨੌਂ ਸੱਤ ਦਿਸੇ ਧੂੰਆਂਧਾਰਾ, ਜੂਠ ਝੂਠ ਵੱਜੇ ਵਧਾਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਵੈਰ ਨੂਰ ਅਲਾਹੀਆ । ਚਾਰ ਜੁਗ ਦੇ ਵਿਛੜੇ ਵੇਖੇ ਗੁਰਮੁਖ ਮੀਤ ਮੁਰਾਰਾ, ਮਿਤ੍ਰ ਪਿਆਰਾ ਧਿਆਨ ਲਗਾਈਆ । ਇਕੋ ਫੜ ਫੜ ਦੇਵੇ ਨਾਮ ਅਧਾਰਾ, ਇਕੋ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸੰਮਤ ਸ਼ਹਿਨਸ਼ਾਹੀ ਸੱਤ ਕਹੇ ਪ੍ਰਭੂ ਮੈਨੂੰ ਸਮਝ ਨਾ ਆਈ ਕਿਉਂ ਭਗਤਾਂ ਸੀਸ ਪੱਗਾਂ ਬੰਨ੍ਹੀਆਂ, ਦਿਤੀ ਜਗਤ ਵਡਿਆਈਆ । ਕਿਸ ਬਿਧ ਧਾਰਾਂ ਜੁੜੀਆਂ ਕੰਨੀਆਂ, ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਪ੍ਰੀਤੀਆਂ ਹੋਈਆਂ ਮਨ ਤਨੀਆਂ, ਤਨ ਵਜੂਦਾਂ ਖੇਲ ਖਿਲਾਈਆ । ਭਾਗ ਲਗਾ ਕੇ ਛੱਪਰ ਛੰਨੀਆਂ, ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਨਵ ਜੇਠ ਕਹੇ ਪ੍ਰਭੂ ਤੂੰ ਭਗਤ ਬਣਾ ਲੈ ਆਪਣੇ ਸਿਕਦਾਰ, ਸੀਸ ਤਾਜ ਟਿਕਾਈਆ । ਆਪ ਬਣ ਕੇ ਸੇਵਾਦਾਰ, ਸੇਵ ਸਾਚੀ ਲੈਣੀ ਕਮਾਈਆ । ਸੰਮਤ ਸ਼ਹਿਨਸ਼ਾਹੀ ਦਸ ਦਾ ਵਿਵਹਾਰ, ਦਹਿ ਦਿਸ਼ਾ ਰਿਹਾ ਦ੍ਰਿੜਾਈਆ । ਸਭ ਨੂੰ ਕਰ ਕੇ ਖ਼ਬਰਦਾਰ, ਗ਼ਫ਼ਲਤ ਵਿਚੋਂ ਬਾਹਰ ਕਢਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਵਿਚਾਰ, ਆਪਣੀ ਲੈ ਅੰਗੜਾਈਆ । ਅਵਤਾਰ ਪੈਗ਼ੰਬਰ ਗੁਰ ਪਾਵੋ ਸਾਰ, ਮਹਾਸਾਰਥੀ ਹੋ ਕੇ ਭੱਜੋ ਵਾਹੋ ਦਾਹੀਆ । ਕੀ ਲਹਿਣਾ ਦੇਣਾ ਨਰ ਨਿਰੰਕਾਰ, ਕੀ ਕਰਤਾ ਕਾਰ ਕਮਾਈਆ ।


੧੮੩੧
੨੩

ਜਨ ਭਗਤਾਂ ਸੀਸ ਬੰਨ੍ਹ ਦਸਤਾਰ, ਸਿਰ ਸਿਰ ਆਪਣਾ ਮਾਣ ਰਖਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣਾ ਕੇ ਦੇਵੇ ਵਡਿਆਈ ਆਪ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਵ ਜੇਠ ਕਹੇ ਪ੍ਰਭੂ ਮੇਰੇ ਨੇਤਰਾਂ ਵਗਦੀ ਆਂਝ, ਹੰਝੂ ਨੀਰ ਬਣਾਈਆ । ਕਿਸ ਬਿਧ ਤੇਰੀ ਸਾਚੀ ਸਾਂਝ, ਸੱਜਣਾ ਦੇ ਦ੍ਰਿੜਾਈਆ । ਪੁਰਖ ਅਕਾਲ ਕਹੇ ਮੇਰਾ ਭਗਤ ਕਰੇਗਾ ਰਾਜ, ਮੇਰੇ ਉਤੇ ਹੁਕਮ ਚਲਾਈਆ । ਮੈਂ ਸੇਵਕ ਹੋ ਕੇ ਭਾਂਡੇ ਦੇਵਾਂਗਾ ਮਾਂਜ, ਘਰ ਘਰ ਕਰਾਂ ਸਫ਼ਾਈਆ । ਫੇਰ ਵੀ ਭਗਤ ਰੱਖ ਲੈਣ ਲਾਜ, ਮਜ਼ਦੂਰੀ ਗ਼ਰੀਬ ਦੀ ਝੋਲੀ ਪਾਈਆ । ਪਿਛਲਾ ਬਦਲ ਦੇਣਾ ਰਿਵਾਜ, ਅਗਲੀ ਖੇਲ ਖਿਲਾਈਆ । ਜਿਹੜਾ ਸੀਸ ਪਹਿਨਦਾ ਸੀ ਤਾਜ, ਉਹ ਭਗਤਾਂ ਦਾ ਚਾਕਰ ਘਰ ਘਰ ਭਿੱਛਿਆ ਮੰਗਣ ਜਾਈਆ । ਜਿਹੜਾ ਰਸਨਾ ਦੇ ਭੋਗ ਲਗਾਉਂਦਾ ਸੀ ਸਵਾਦ, ਗੰਢੇ ਖਾ ਕੇ ਝਟ ਲੰਘਾਈਆ । ਉਸ ਨੂੰ ਭਾਵੇਂ ਤੁਸੀਂ ਘਰੋਂ ਬਾਂਹ ਫੜ ਕੇ ਦਿਓ ਕਾਢ, ਫਿਰ ਵੀ ਤੁਹਾਡੇ ਘਰ ਭਾਂਡੇ ਮਾਂਜਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਨੌਂ ਜੇਠ ਕਹੇ ਓਏ ਨਾਰਦਾ ਤੈਨੂੰ ਕੀ ਪੈ ਗਿਆ ਬਖਤ, ਕਿਧਰੋਂ ਆਇਆ ਪੰਧ ਮੁਕਾਈਆ । ਨਾਰਦ ਕਹਿੰਦਾ ਓਏ ਨੌਂ ਜੇਠ ਮੈਂ ਵੀ ਸਾਹਿਬ ਦਾ ਜਿਗਰੇ ਲਖਤ, ਸਚ ਦਿਆਂ ਸੁਣਾਈਆ । ਮੈਨੂੰ ਇਉਂ ਜਾਪਦਾ ਕੋਈ ਦੀਨ ਦੁਨੀ ਤੇ ਪੈਣਾ ਬਖਤ, ਸੁਰਤ ਸੰਭਲੇ ਕੋਈ ਨਾ ਰਾਈਆ । ਮੈਂ ਪ੍ਰਭੂ ਨੂੰ ਕਹਿਣਾ ਜੇ ਕੁਝ ਹੁੰਦੀ ਊ ਕਰ ਦੇ ਬਚਤ, ਆਪਣੀ ਦਇਆ ਕਮਾਈਆ । ਗ਼ਰੀਬਾਂ ਤੇ ਕਰ ਦੇ ਤਰਸ, ਮਿਹਰ ਨਜ਼ਰ ਉਠਾਈਆ । ਸੰਮਤ ਸ਼ਹਿਨਸ਼ਾਹੀ ਬਰਸ, ਦਸਵਾਂ ਨਾਲ ਮਿਲਾਈਆ । ਨਾਲੇ ਕਰਾਂ ਚਾਓ ਨਾਲ ਦਰਸ, ਨਿਵ ਨਿਵ ਸੀਸ (ਚਰਨ) ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਜਨ ਭਗਤੋ ਪਹਿਲੋਂ ਮੈਨੂੰ ਦਿਓ ਸ਼ਾਬਾਸ਼, ਮੇਰੀ ਬੋਦੀ ਹਿੱਲੇ ਚਾਈਂ ਚਾਈਂਆ । ਫੇਰ ਵੇਖੋ ਉਤੇ ਆਕਾਸ਼, ਗਗਨ ਗਗਨੰਤਰਾਂ ਪਰੇ ਨੈਣ ਉਠਾਈਆ । ਫੇਰ ਧਰਨੀ ਦਾ ਵੇਖੋ ਧਰਵਾਸ, ਜੋ ਲੱਖ ਚੁਰਾਸੀ ਬੈਠੀ ਭਾਰ ਉਠਾਈਆ । ਮੈਨੂੰ ਕੋਈ ਨਾ ਕਿਹੋ ਗੁਸਤਾਖ਼, ਮੈਂ ਸਚ ਸਚ ਦਿਆਂ ਦ੍ਰਿੜਾਈਆ । ਜਿਸ ਨੂੰ ਸਾਰੇ ਕਹਿੰਦੇ ਪੁਰਖ ਅਬਿਨਾਸ਼, ਉਹ ਕਰਤਾ ਧੁਰਦਰਗਾਹੀਆ । ਉਸ ਉਤੇ ਕਦੇ ਨਾ ਕਰਿਓ ਵਿਸ਼ਵਾਸ਼, ਜੋ ਵਿਸ਼ਵ ਦਾ ਮਾਲਕ ਅਖਵਾਈਆ । ਜਿਸ ਨੇ ਕਲਜੁਗ ਅੰਤਮ ਚਾਰੋਂ ਕੁੰਟ ਚੜ੍ਹਾ ਦੇਣੀ ਲਾਸ਼ ਉਤੇ ਲਾਸ਼, ਲਸ਼ਕਰ ਰੋਵਣ ਮਾਰਨ ਧਾਹੀਆ । ਸੱਦਾ ਦਿਤਾ ਸ਼ੰਕਰ ਨੂੰ ਉਤੋਂ ਕੈਲਾਸ਼, ਕਹਿ ਕੇ ਦਿਤਾ ਦ੍ਰਿੜਾਈਆ । ਤੂੰ ਆ ਜਾ ਮੇਰੇ ਪਾਸ, ਪਾਸਾ ਲੈ ਬਦਲਾਈਆ । ਜਨ ਭਗਤੋ ਇਹ ਪੁਰਖ ਅਕਾਲ ਕਾਹਦਾ ਜਿਹੜਾ ਜੁਗ ਜੁਗ ਜੁਗ ਚੌਕੜੀ ਦਾ ਕਰੇ ਨਾਸ, ਲੱਖ ਚੁਰਾਸੀ ਦਏ ਖਪਾਈਆ । ਉਹਦਾ ਕੋਈ ਨਾ ਦਿਓ ਸਾਥ, ਸਾਥੀ ਰਹਿਣ ਕੋਇ ਨਾ ਪਾਈਆ । ਤੁਹਾਡੇ ਸਿਰ ਤੇ ਪੱਗਾਂ ਬੱਝ ਗਈਆਂ ਤੁਸੀਂ ਬਣ ਗਏ ਆਪ ਸਮਰਾਥ, ਆਕੜ ਕੇ ਚਲੋ ਚਾਈਂ ਚਾਈਆ । ਮੁੱਛਾਂ ਨੂੰ ਤਾਅ ਦੇ ਕੇ ਕਹੋ ਪ੍ਰਭੂ ਪਹਿਲੋਂ ਸਾਡੇ (ਅਗੇ) ਜੋੜ ਦੇ ਹਾਥ, ਨਿਊਂ ਕੇ ਸੀਸ ਨਿਵਾਈਆ । ਫੇਰ ਗ਼ੁੱਸੇ ਵਿਚ ਦਿਓ ਡਾਂਟ, ਜੋਰ ਨਾਲ ਦਬਾਈਆ । ਤੁਹਾਨੂੰ ਕਿਹੜਾ ਆਉਣਾ ਘਾਟ, ਘਾਟਾ ਰਹਿਣ ਕੋਇ ਨਾ ਪਾਈਆ । ਜਿਸ ਵਾਅਦਾ ਕੀਤਾ ਭਾਵੇਂ ਗ਼ੁੱਸੇ ਰਹੋ ਭਾਵੇਂ ਰਾਜ਼ੀ ਰਹੋ ਅੰਤ ਤੁਹਾਡੀ ਜ਼ਰੂਰ ਮੇਟੇਗਾ ਵਾਟ, ਚੁਰਾਸੀ ਫਾਸੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ

੧੮੩੨
੨੩

ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਜਨ ਭਗਤੋ ਉਹ ਕੀ ਤੁਸਾਂ ਸਰੀਰ ਨੂੰ ਸਤਿਗੁਰ ਕਹਿਣਾ, ਜੋ ਜਗਤ ਰਹਿਣ ਨਾ ਪਾਈਆ । ਉਹ ਕੀ ਤੁਸਾਂ ਤਤਾਂ ਦੇ ਕੋਲ ਬਹਿਣਾ, ਤਨ ਵਜੂਦ ਵੇਖੇ ਚਾਈਂ ਚਾਈਂਆ । ਸਭ ਨੂੰ ਪਤਾ ਰਹੇ ਇਹ ਕਾਇਆ ਦਾ ਬੁਰਜ ਜ਼ਰੂਰ ਢਹਿਣਾ, ਜਗਤ ਜਹਾਨ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਸ਼ਬਦ ਸ਼ਬਦ ਸਦ ਰਹਿਣਾ, ਜਿਸ ਨੂੰ ਜਨਮੇ ਜਨਮੇ ਜਨਮੇ ਕੋਇ ਨਾ ਮਾਈਆ । ਜਿਸ ਨੂੰ ਤੁਸੀਂ ਵੇਖ ਨਹੀਂ ਸਕਦੇ ਨਾਲ ਨੈਣਾਂ, ਉਹ ਬਿਨ ਨੈਣਾਂ ਤੋਂ ਤੁਹਾਨੂੰ ਵੇਖੇ ਥਾਉਂ ਥਾਈਂਆ । ਉਹ ਤੁਹਾਡਾ ਸਾਹਿਬ ਨਹੀਂ ਤ੍ਰਫੈਣਾ, ਤ੍ਰੈਗੁਣ ਅਤੀਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਵ ਜੇਠ ਕਹੇ ਮੈਨੂੰ ਚੜ੍ਹਦੀਆਂ ਜਾਂਦੀਆਂ ਮਸਤੀਆਂ, ਮਸਤੀ ਵਿਚ ਸੁਣਾਈਆ । ਮੈਂ ਤੱਕੀਆਂ ਭਗਤਾਂ ਦੀਆਂ ਹਸਤੀਆਂ, ਹੱਸ ਹੱਸ ਕੇ ਵੇਖ ਵਖਾਈਆ । ਜਿਨ੍ਹਾਂ ਦੀਆਂ ਆਤਮਾ ਭਰੀਆਂ ਰਸ ਦੀਆਂ, ਬਿਨ ਰਸਨਾ ਰਸ ਚਖਾਈਆ । ਰੂਹਾਂ ਬਿਨਾ ਮੰਜ਼ਲਾਂ ਤੋਂ ਨਸਦੀਆਂ, ਦੋ ਜਹਾਨ ਭੱਜਣ ਵਾਹੋ ਦਾਹੀਆ । ਉਹ ਪਿਆਰੀਆਂ ਇਕੋ ਅੱਖ ਦੀਆਂ, ਜਗਤ ਨੇਤਰਾਂ ਡੇਰਾ ਢਾਹੀਆ । ਵਣਜਾਰਨਾਂ ਸਾਹਿਬ ਸਮਰਥ ਦੀਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਵ ਜੇਠ ਕਹੇ ਜਨ ਭਗਤੋ ਲਾਲ ਝੰਡੀਆਂ ਨੂੰ ਦਿਓ ਹਲੂਣਾ, ਖ਼ੁਸ਼ੀਆਂ ਨਾਲ ਹਿਲਾਈਆ । ਕਲਜੁਗ ਕੂੜ ਵਧਣਾ ਦੂਣਾ, ਦੋ ਚਾਰ ਸਾਲ ਦੀ ਵੰਡ ਵੰਡਾਈਆ । ਜਗਤ ਜਹਾਨ ਕਿਸੇ ਨੇ ਖ਼ੁਸ਼ੀ ਨਾਲ ਕਿਸ ਨਾਲ ਨਹੀਂ ਕੂਣਾ, ਪਿਓ ਪੁਤਰਾਂ ਪਏ ਲੜਾਈਆ । ਬਿਨਾ ਭਗਤਾਂ ਤੋਂ ਜਗਤ ਜਹਾਨ ਨਾਮ ਵਿਹੂਣਾ, ਸਚ ਵਸਤ ਨਾ ਕੋਇ ਵਰਤਾਈਆ । ਕਿਸੇ

੧੮੩੩
੨੩

ਦਾ ਕਾਇਮ ਰਹਿਣਾ ਨਹੀਂ ਧੂਣਾ, ਧੂਣੀਆਂ ਵਾਲੇ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਵ ਜੇਠ ਕਹੇ ਮੇਰੇ ਸਾਹਿਬ ਸਤਿਗੁਰ ਸ਼ਬਦ ਸ਼ਬਦ ਮਿਹਰਵਾਨ, ਮਹਿਬਾਨ ਤੇਰੀ ਸ਼ਰਨਾਈਆ । ਕੀ ਲੇਖਾ ਵਿਚ ਜਹਾਨ, ਦੀਨ ਦੁਨੀ ਦੇ ਮਾਲਕ ਦੇਣਾ ਸਮਝਾਈਆ । ਕੀ ਖੇਲ ਭਗਤ ਭਗਵਾਨ, ਭਗਵਨ ਦੇਣੀ ਵਡਿਆਈਆ । ਕੀ ਆਸ਼ਾ ਰੱਖੀ ਚਾਰ ਜੁਗ ਦੇ ਸ਼ਾਸਤਰਾਂ ਵਿਚ ਜਹਾਨ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਕੀ ਲਹਿਣਾ ਦੇਣਾ ਤੇਰਾ ਦੀਨ ਦੁਨੀ ਮਹਾਨ, ਭੇਵ ਅਭੇਦਾ ਦੇਣਾ ਖੁਲਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਮਿਹਰ ਨਜ਼ਰ ਉਠਾਵੇਗਾ । ਏਕੰਕਾਰਾ ਆਪਣੀ ਕਲ ਵਰਤਾਵੇਗਾ । ਆਦਿ ਨਿਰੰਜਣ ਨੂਰ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਵੰਡ ਵੰਡਾਵੇਗਾ । ਸ੍ਰੀ ਭਗਵਾਨ ਵੇਖ ਵਖਾਵੇਗਾ । ਪਾਰਬ੍ਰਹਮ ਪ੍ਰਭ ਪਰਦਾ ਲਾਹਵੇਗਾ । ਬੀਸ ਇਕੀਸਾ ਰੂਪ ਪ੍ਰਗਟਾਵੇਗਾ । ਸੰਮਤ ਸ਼ਹਿਨਸ਼ਾਹੀ ਇਕ ਅੰਕ ਬਣਾਵੇਗਾ । ਦੂਆ ਦੋਹਰਾ ਡੰਕ ਵਜਾਵੇਗਾ । ਤੀਆ ਤ੍ਰੈਗੁਣ ਖੇਲ ਖਿਲਾਵੇਗਾ । ਚੌਥਾ ਚੌਥੀ ਮੰਜ਼ਲ ਪੰਧ ਮੁਕਾਵੇਗਾ । ਪੰਚਮ ਸ਼ਬਦ ਨਾਦ ਧੁਨ ਪ੍ਰਗਟਾਵੇਗਾ । ਛੇਵਾਂ ਛੇ ਘਰ ਵੇਖ ਵਖਾਵੇਗਾ । ਸਤਵਾਂ ਸਤਿ ਸਤਿਵਾਦੀ ਨਾਉਂ ਸਮਝਾਵੇਗਾ । ਅੱਠਵਾਂ ਅੱਠਾਂ ਤਤਾਂ ਫੋਲ ਫੁਲਾਵੇਗਾ । ਨੌਵਾਂ ਨੌ ਦਰ ਨਵਖੰਡ ਆਪਣਾ ਹੁਕਮ ਵਰਤਾਵੇਗਾ । ਦਸਵਾਂ ਦਹਿ ਦਿਸ਼ ਧਾਰ ਸੰਮਤ ਸ਼ਹਿਨਸ਼ਾਹੀ ਦਸ ਭੇਵ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਵੇਗਾ ।

ਸੰਮਤ ਸ਼ਹਿਨਸ਼ਾਹੀ ਦਸ ਖੇਲ ਖਿਲਾਏਗਾ । ਹਰਿਜਨ ਸਾਚੇ ਮੇਲ ਮਿਲਾਏਗਾ । ਬਿਨ ਤੇਲ ਬਾਤੀ ਜੋਤ ਜਗਾਏਗਾ । ਖੇਲ ਖੇਲੇ ਕਮਲਾਪਾਤੀ, ਪਤਿਪਰਮੇਸ਼ਵਰ ਰੂਪ ਵਟਾਏਗਾ । ਨਵ ਜੇਠ ਦੀ ਲੇਖੇ ਲਾ ਕੇ ਰਾਤੀ, ਗੁਰਮੁਖ ਗੁਰ ਗੁਰ ਗੋਦ ਬਹਾਏਗਾ । ਭਗਤ ਸੰਦੇਸ਼ਾ ਦੇ ਕੇ ਪਾਤੀ, ਸ਼ਬਦ ਸੁਨੇਹੁੜਾ ਇਕ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਏਗਾ । ਸ਼ਹਿਨਸ਼ਾਹੀ ਸੰਮਤ ਦਸ ਕਹੇ ਪ੍ਰਭ ਆਪਣੀ ਦਇਆ ਕਮਾਵੇਗਾ । ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਵੇਗਾ । ਪੂਰਬ ਜਨਮ ਦੇ ਪਿਛੜੇ ਘੇਰ, ਬੰਧਨ ਨਾਉਂ ਵਾਲਾ ਜਣਾਵੇਗਾ । ਦਰਸ ਦਿਖਾ ਕੇ ਸਿੰਘ ਸ਼ੇਰ, ਸ਼ਹਿਨਸ਼ਾਹ ਆਪਣੀ ਵੰਡ ਵੰਡਾਵੇਗਾ । ਲੇਖਾ ਜਾਣ ਗੁਰੂ ਗੁਰ ਚੇਰ, ਚੇਲਾ ਗੁਰ ਰੂਪ ਸਮਝਾਵੇਗਾ । ਜਨ ਭਗਤਾਂ ਦਿਸੇ ਨੇਰਨ ਨੇਰ, ਨਿਜ ਨੇਤਰ ਨਜ਼ਰੀ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਵੇਗਾ । ਸੰਮਤ ਸ਼ਹਿਨਸ਼ਾਹੀ ਕਹੇ ਤਤ ਵੇਖੇ ਅਪ, ਆਪਣੀ ਦਇਆ ਕਮਾਈਆ । ਲੇਖੇ ਲਾਏ ਜਪ, ਜੋ ਰਸਨਾ ਰਿਹਾ ਧਿਆਈਆ । ਮੇਟ ਕੇ ਤੀਨੋਂ ਤਪ, ਤ੍ਰੈਗੁਣ ਪੰਧ ਮੁਕਾਈਆ । ਮਾਇਆ ਡੱਸੇ ਨਾ ਡਸਨੀ ਸੱਪ, ਜਗਤ ਤ੍ਰਿਸ਼ਨਾ ਕੂੜ ਗਵਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਸਾਂਤਕ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਪ੍ਰਭ ਵੇਖੇ ਤਤ ਤੇਜ, ਬਿਨ ਨੈਣਾਂ ਨੈਣ ਉਠਾਈਆ । ਜਿਸ ਮ੍ਰਿਸ਼ਟੀ ਦਿਤਾ ਭੇਜ, ਲੋਕਮਾਤ ਵਡਿਆਈਆ । ਉਹ ਖੇਲਣਹਾਰਾ ਖੇਲ, ਖ਼ਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਵੰਡ ਵੰਡਾਈਆ । ਜਿਸ ਤਤ ਦਿਤਾ ਪ੍ਰਿਥਮੀ ਪ੍ਰਿਥਮ

੧੮੩੪ ੨੩

ਇਕ, ਏਕੰਕਾਰ ਦਇਆ ਕਮਾਈਆ । ਉਹ ਧੁਰ ਦਾ ਲੇਖਾ ਦਏ ਲਿਖ, ਲਿਖਣਹਾਰ ਅਖਵਾਈਆ । ਜਾਣੇ ਅਗਲਾ ਭਵਿਖ, ਪੇਸ਼ਤਰ ਦਏ ਦ੍ਰਿੜਾਈਆ । ਜਨ ਭਗਤ ਉਧਾਰੇ ਸਿੱਖ, ਸਿਖਿਆ ਨਾਮ ਸਮਝਾਈਆ । ਜੋ ਆਸ਼ਾ ਰੱਖ ਕੇ ਗਏ ਮੁਨ ਰਿਖ, ਬਿਨ ਨੈਣਾਂ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਿਸ ਤਤ ਬਣਾਇਆ ਆਕਾਸ਼, ਅਕਲ ਕਲਧਾਰੀ ਇਕ ਅਖਵਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼, ਦੋ ਜਹਾਨਾਂ ਡਗਮਗਾਈਆ । ਜਿਸ ਲੱਖ ਚੁਰਾਸੀ ਪਾਈ ਰਾਸ, ਚਾਰੇ ਖਾਣੀ ਨਾਚ ਨਚਾਈਆ । ਸੋ ਸਾਹਿਬ ਸਰਬ ਗੁਣ ਤਾਸ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਿਸ ਤਤ ਬਣਾਇਆ ਵਾਏ, ਵਾਹਵਾ ਵੱਡੀ ਵਡਿਆਈਆ । ਓਹ ਖੇਲੇ ਖੇਲ ਸਬਾਏ, ਹਰਿ ਕਰਤਾ ਧੁਰਦਰਗਾਹੀਆ । ਜਿਸ ਆਪਣੀ ਰਚਨ ਲਈ ਰਚਾਏ, ਰਚ ਰਚ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਸੰਗ ਆਪ ਸਮਝਾਈਆ । ਪੰਜ ਤਤ ਕਹਿਣ ਅਪ ਤੇਜ ਪ੍ਰਿਥਮੀ ਆਕਾਸ਼ ਵਾਏ, ਵਾਹਵਾ ਮਿਲੀ ਵਡਿਆਈਆ । ਜੋੜ ਜੋੜਿਆ ਸਹਿਜ ਸੁਭਾਏ, ਰਜੋ ਤਮੋ ਸਤੋ ਨਾਲ ਮਿਲਾਈਆ । ਖੇਲ ਖੇਲਿਆ ਬੇਪ੍ਰਵਾਹੇ, ਬੇਪ੍ਰਵਾਹੀ ਵਿਚ ਸਮਝਾਈਆ । ਨਿਰਗੁਣ ਹੋ ਕੇ ਦਇਆ ਕਮਾਏ, ਮਿਹਰਵਾਨ ਹੋਏ ਸਹਾਈਆ । ਆਤਮ ਧਾਰ ਵਿਚ ਟਿਕਾਏ, ਜੋਤੀ ਜਾਤਾ ਕਰ ਰੁਸ਼ਨਾਈਆ । ਤਨ ਵਜੂਦ ਬਣਤ ਬਣਾਏ, ਸੋਹਣੀ ਵੰਡ ਵੰਡਾਈਆ । ਲੋਕਮਾਤੀ ਜਨਮ ਦਵਾਏ, ਮਾਨਵ ਨਾਉਂ ਪ੍ਰਗਟਾਈਆ । ਬੁਧ ਮਨ ਮਤ ਸੰਗ ਵਖਾਏ, ਨਜ਼ਰ ਕਿਸੇ ਨਾ ਆਈਆ । ਭੇਵ ਅਭੇਦਾ ਆਪ ਖੁਲਾਏ, ਪਰਦਾ

ਪਰਦਿਆਂ ਵਿਚੋਂ ਚੁਕਾਈਆ । ਭਗਤ ਭਗਵਾਨ ਆਪ ਪ੍ਰਗਟਾਏ, ਖੇਲ ਖੇਲੇ ਅਗੰਮ ਅਥਾਹੀਆ । ਅਵਤਾਰ ਪੈਗ਼ੰਬਰ ਗੁਰੂ ਰੂਪ ਬਦਲਾਏ, ਜੋਤੀ ਜਾਤਾ ਇਕ ਅਖਵਾਈਆ । ਨਾਮ ਕਲਮੇ ਮਾਤ ਚਲਾਏ, ਸ਼ਬਦੀ ਸ਼ਬਦ ਸ਼ਬਦ ਸੁਣਾਈਆ । ਰਸਨਾ ਜਿਹਵਾ ਜਾਪ ਜਪਾਏ, ਸੁੰਨ ਸਮਾਧੀਆਂ ਵਿਚ ਸਮਾਈਆ । ਮਾਲਾ ਮਣਕਿਆਂ ਨਾਲ ਭਵਾਏ, ਤਨ ਮਾਟੀ ਖ਼ਾਕ ਰਮਾਈਆ । ਜਲ ਧਾਰਾ ਵਿਚ ਠਰਾਏ, ਵਹਿਣਾਂ ਵਹਿਣ ਵਹਾਈਆ । ਉਚੇ ਟਿੱਲੇ ਪਰਬਤਾਂ ਉਪਰ ਚੜ੍ਹਾਏ, ਡੂੰਘੀ ਕੰਦਰਾਂ ਵਿਚ ਰਖਾਈਆ । ਘਰ ਬਾਹਰ ਛੁਡਵਾਏ, ਵੈਰਾਗੀ ਤਿਆਗੀ ਨਾਉਂ ਪ੍ਰਗਟਾਈਆ । ਜੋਗੀ ਜੰਗਮ ਜਟਾ ਜੂਟ ਅਖਵਾਏ, ਸੋਹਣਾ ਭੇਸ ਬਣਾਈਆ । ਸੂਫ਼ੀ ਭਗਤ ਆਪ ਪ੍ਰਗਟਾਏ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਿਰਗੁਣ ਸਰਗੁਣ ਹੋ ਕੇ ਨਜ਼ਰੀ ਆਏ, ਰਵੀਦਾਸ ਚਮਾਰਾ ਦਏ ਗਵਾਹੀਆ । ਜਿਸ ਦਾ ਕਸੀਰਾ ਪਾਇਆ ਪ੍ਰਥਾਏ, ਜਗਤ ਬਾਲ ਕੌਡੀਆਂ ਹੱਟ ਵਿਕਾਈਆ । ਪਾਨਹਾ ਗੰਢ ਕੇ ਝਟ ਲੰਘਾਏ, ਜਗਤ ਮੋਹ ਨਾ ਕੋਇ ਰਖਾਈਆ । ਅੰਤਮ ਲਹਿਣਾ ਦੇਣਾ ਦਏ ਬੇਪ੍ਰਵਾਹੇ, ਬੇਪ੍ਰਵਾਹ ਵੇਖ ਵਖਾਈਆ । ਭਗਤੋ ਭਗਤ ਫੇਰ ਉਪਜਾਏ, ਜੂਨੀ ਵਿਚ ਨਾ ਕੋਇ ਭਵਾਈਆ । ਗੁਰਮੁਖ ਸਿੰਘ ਨਾਉਂ ਪ੍ਰਗਟਾਏ, ਗੁਰਮੁਖ ਦਵਾਰੇ ਦਏ ਵਡਿਆਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਮੈਂ ਖ਼ੁਸ਼ੀਆਂ ਢੋਲੇ ਗਾਏ, ਗੀਤ ਗੋਬਿੰਦ ਸੁਣਾਈਆ । ਪ੍ਰਭ ਦੇਵੇ ਥਾਨ ਨਿਥਾਏ, ਸਿਰ ਆਪਣਾ ਹੱਥ ਟਿਕਾਈਆ । ਜਿਸ ਪੰਜਾਂ ਤਤਾਂ ਮੇਲਾ ਮੇਲਿਆ ਸਹਿਜ ਸੁਭਾਏ, ਪੰਚਮ ਜੋੜ ਜੁੜਾਈਆ । ਪੰਚ ਵਿਕਾਰਾ ਖੋਜ ਖੁਜਾਏ, ਪੰਚਮ ਨਾਦ ਸ਼ਬਦ ਧੁਨ ਸ਼ਨਵਾਈਆ । ਪੰਚਮ ਦੁਰਮਤ ਮੈਲ ਧਵਾਏ, ਪਾਪਾਂ ਕਰੇ ਸਫ਼ਾਈਆ । ਜਿਸ ਦਾ ਪਹਿਲਾ ਦਿਵਸ ਮਨਾਏ, ਨਵ ਜੇਠ ਮਿਲੀ ਵਡਿਆਈਆ । ਗੁਰਮੁਖੋ ਤੁਹਾਡੇ ਪੂਰਬ ਲਹਿਣੇ
੧੮੩੫ ੨੩ ਮੂਲ ਚੁਕਾਏ, ਮਕਰੂਜ਼ ਕਰਜ਼ ਚੁਕਾਈਆ । ਆਪਣਾ ਆਪ ਤੁਹਾਡੇ ਪ੍ਰੇਮ ਵਿਚ ਗਹਿਣੇ ਪਾਏ, ਆਪਣਾ ਹਕ ਨਾ ਕੋਇ ਰਖਾਈਆ । ਭਾਵੇਂ ਤਾਹਨੇ ੧੮੩੫ ੨੩
ਮੇਹਣੇ ਜਗਤ ਜਹਾਨ ਜਣਾਏ, ਜੋਗ ਜੁਗਤ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੰਜ ਤਤ ਕਹਿਣ ਪ੍ਰਭੂ ਜੇ ਤੂੰ ਕਰਨ ਆਇਉਂ ਮੁਆਫ਼, ਮਿਹਰ ਨਜ਼ਰ ਉਠਾਈਆ । ਸਾਡਾ ਸੁਭਾਅ ਨਾ ਵੇਖੀਂ ਗੁਸਤਾਖ਼, ਗਿਲਾ ਨਾ ਕੋਇ ਜਣਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਤੇਰੇ ਹੱਥ ਵਡਿਆਈਆ । ਅਸੀਂ ਤਤ ਵਿਚਾਰੇ ਤੇਰੇ ਦਾਸ, ਤੂੰ ਕਿਉਂ ਸਾਡੀ ਸੇਵ ਕਮਾਈਆ । ਝਟ ਨਾਰਦ ਆ ਗਿਆ ਪਾਸ, ਸ਼ਰਾਰਤ ਦਿਤੀ ਸਮਝਾਈਆ । ਪਹਿਲੋਂ ਤੁਸੀਂ ਉਹਦਾ ਕਰਦੇ ਰਹੇ ਪਾਠ, ਸਿਫ਼ਤਾਂ ਢੋਲੇ ਗਾਈਆ । ਉਹ ਸਚਖੰਡ ਬੈਠਾ ਰਿਹਾ ਮਾਰ ਕੇ ਠਾਠ, ਆਪਣਾ ਬਲ ਧਰਾਈਆ । ਤੁਹਾਨੂੰ ਜੁਗ ਜੁਗ ਪੈਂਦਾ ਰਿਹਾ ਘਾਟ, ਚੌਰਾਸੀ ਵਿਚ ਭਵਾਈਆ । ਉਹ ਭਗਤੋ ਜੇ ਹੁਣ ਆ ਗਿਆ ਮਾਰ ਕੇ ਵਾਟ, ਪਾਂਧੀ ਬਣ ਕੇ ਪੰਧ ਮੁਕਾਈਆ । ਤੁਸੀਂ ਖ਼ੁਸ਼ੀ ਨਾਲ ਆਖੋ ਪ੍ਰਭੂ ਸਾਫ਼ ਕਰ ਦੇ ਸਾਡੇ ਕਾਇਆ ਮਾਟ, ਅੰਦਰ ਵੜ ਕੇ ਧੋਣਾ ਚਾਈਂ ਚਾਈਂਆ । ਸਾਡੇ ਮਲ ਮੂਤਰ ਨਾਲ ਭਾਵੇਂ ਲਿਬੜ ਜਾਣ ਤੇਰੇ ਹਾਥ, ਫਿਰ ਵੀ ਕਰੀਂ ਸਫ਼ਾਈਆ । ਪਿਛੋਂ ਕੋਟਨ ਕੋਟ ਜੁਗ ਚੌਕੜੀਆਂ ਭਗਤ ਤੇਰੀ ਗਾਉਂਦੇ ਆਏ ਗਾਥ, ਹੁਣ ਤੈਥੋਂ ਸੇਵਾ ਲੈਣ ਕਰਾਈਆ । ਜੇ ਤੂੰ ਪ੍ਰੀਤਮ ਪਿਆਰਾ ਤੇ ਨਵ ਜੇਠ ਨੂੰ ਫੇਰ ਟੇਕ ਕੇ ਮਾਥ, ਮਸਤਕ ਭਗਤਾਂ ਦੇ ਚਰਨਾਂ ਹੇਠ ਰਗੜਾਈਆ । ਜੇ ਤੈਨੂੰ ਸਮਝਦੇ ਪੂਰਨ ਸਿੰਘ ਜਾਟ, ਇਨ੍ਹਾਂ ਦੀ ਧੂੜ ਆਪਣੇ ਸਿਰ ਵਿਚ ਲੈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਪੰਜ ਤਤ ਕਹਿਣ ਪ੍ਰਭੂ ਜੇ ਸਾਡੀ

ਕਰਨੀ ਸਫ਼ਾਈ, ਸਦ ਆਪਣੀ ਦਇਆ ਕਮਾਈਆ । ਸਾਨੂੰ ਸਤਿਗੁਰ ਸ਼ਬਦ ਦੀ ਮਨਜ਼ੂਰ ਇਕ ਗਵਾਹੀ, ਦੂਜੀ ਸ਼ਹਾਦਤ ਨਾ ਕੋਇ ਰਖਾਈਆ । ਤੇਰਾ ਤੇ ਇਕੋ ਹਿੰਦਸਾ ਇਕਾਈ, ਇਕ ਇਕੱਲੇ ਤੇਰੀ ਬੇਪਰਵਾਹੀਆ । ਅਸੀਂ ਜ਼ੀਰੋ ਰੂਪ ਤੇਰੀ ਦੁਹਾਈ, ਦਹਿ ਦਿਸ਼ਾ ਸੋਭਾ ਪਾਈਆ । ਜੋ ਗੋਬਿੰਦ ਲੇਖਾ ਲਿਖਿਆ ਆਪਣੇ ਸੈਂਕੜੇ ਢਾਈ, ਢਈਆ ਦਾ ਢੌਂਕਾ ਦੇ ਸਮਝਾਈਆ । ਅਸੀਂ ਤੇਰੇ ਦਰ ਤੇ ਆ ਗਏ ਚਲ ਕੇ ਰਾਹੀ, ਰਹਿਬਰ ਬਣੇ ਚਾਈਂ ਚਾਈਂਆ । ਗੁਰਮੁਖ ਦਵਾਰਾ ਭੂਮਿਕਾ ਵੇਖੀ ਨੈਣ ਉਠਾਈ, ਸੋਹਣਾ ਰੰਗ ਰੰਗਾਈਆ । ਸਾਰੇ ਬੈਠੇ ਬਣ ਕੇ ਭੈਣਾਂ ਭਾਈ, ਭਾਂਡਾ ਭਰਮ ਨਾ ਕੋਇ ਵਖਾਈਆ । ਸਾਡੀ ਦੁਰਮਤ ਮੈਲ ਧੋ ਦੇ ਸ਼ਾਹੀ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਤੇਰੀ ਸਰਨਾਈਆ । ਪੰਜ ਤਤ ਕਹਿਣ ਸਾਡਾ ਅੰਦਰ ਵੇਖ ਲੈ ਕੂੜਾ, ਪਤਤ ਪੁਨੀਤ ਨਾ ਕੋਇ ਬਣਾਈਆ । ਸਾਡਾ ਮਨ ਵੇਖ ਲੈ ਮੂੜ੍ਹਾ, ਮੂਰਖ ਨਜ਼ਰੀ ਆਈਆ । ਬਿਨ ਤੇਰੀ ਕਿਰਪਾ ਚੜ੍ਹੇ ਰੰਗ ਨਾ ਗੂੜ੍ਹਾ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚੀ ਬਖ਼ਸ਼ ਦੇ ਚਰਨ ਧੂੜਾ, ਟਿੱਕੇ ਖ਼ਾਕ ਰਮਾਈਆ । ਤੂੰ ਸਤਿਗੁਰ ਸ਼ਬਦ ਆਦਿ ਜੁਗਾਦੀ ਸੂਰਾ, ਸੂਰਬੀਰ ਬੇਪਰਵਾਹੀਆ । ਤੇਰਾ ਜੋਤੀ ਚਮਕੇ ਨੂਰਾ, ਨੂਰ ਨੁਰਾਨਾ ਨਜ਼ਰੀ ਆਈਆ । ਤੂੰ ਸਾਹਿਬ ਹਾਜ਼ਰ ਹਜ਼ੂਰਾ, ਹਜ਼ਰਤਾਂ ਦਾ ਮਾਲਕ ਇਕ ਅਖਵਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਹੁਕਮ ਕਰ ਦੇ ਪੂਰਾ, ਪੂਰ ਰਿਹਾ ਸਰਬ ਠਾਈਂਆ । ਪੰਧ ਰਹੇ ਨਾ ਨੇੜ ਦੂਰਾ, ਦੂਰ ਦੁਰਾਡੇ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਸਾਡੀ ਦੁਰਮਤ ਮੈਲ ਧੋ, ਧੋਬੀਆ ਘਰ ਘਰ ਫੇਰਾ ਪਾਈਆ । ਤੇਰਾ ਨਾਮ ਸੁਣੀਏ ਸੋਹੰ ਸੋ, ਤਨ ਵੱਜਦੀ ਰਹੇ ਵਧਾਈਆ । ਨਿਜ ਨੇਤਰ ਕਰ ਦੇ ਲੋਅ, ਜਿਸ ਲੋਇਣ ਵਿਚ ਸੁਰਮਾ ਆਏ ਪਾਈਆ । ਤੇਰੇ ਚਰਨ ਕਵਲ ਜਾਈਏ ਛੋਹ, ਮਸਤਕ ਧੂੜੀ ਖ਼ਾਕ ਰਮਾਈਆ । ਮਾਇਆ ਮਮਤਾ ਵਿਚੋਂ ਕਰ ਨਿਰਮੋਹ, ਨਿਰਾਕਾਰ ਆਪਣਾ ਰੰਗ ਰੰਗਾਈਆ । ਪੰਜ ਵਿਕਾਰ ਨਾ ਰਹੇ ਗਰੋਹ, ਕਾਮ ਕਰੋਧ ਲੋਭ ਮੋਹ ਹੰਕਾਰ ਕਰ ਸਫ਼ਾਈਆ । ਸਾਚਾ ਢੋਆ ਦੇ ਢੋਅ, ਸਾਡੇ ਢੋਲ ਧੁਰ ਦੇ ਮਾਹੀਆ । ਤੁਧ ਬਿਨ ਅਵਰ ਨਾ ਦੀਸੇ ਕੋ, ਕੂਕ ਕੂਕ ਸੁਣਾਈਆ । ਤਤ ਕਹਿਣ ਬਿਨ ਅੱਖਾਂ ਰਹੇ ਰੋ, ਵਾਸਤਾ ਤੇਰੇ ਅਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਸਾਡੇ ਅੰਤਸ਼ਕਰਨ ਦੇ ਸੋਧ, ਸੁਦੀ ਵਦੀ ਨਾ ਕੋਇ ਰਖਾਈਆ । ਸਾਨੂੰ ਬੁੱਧੀ ਦਾ ਦੇ ਬੋਧ, ਬੁਧ ਬਿਬੇਕ ਬਣਾਈਆ । ਸਾਡੇ ਵਿਚ ਨਾ ਰਹੇ ਕਰੋਧ, ਗ਼ੁੱਸਾ ਗਿਲਾ ਦੇਣਾ ਮਿਟਾਈਆ । ਤੇਰੇ ਨਾਮ ਦਾ ਇਕੋ ਹੋਵੇ ਜੋਗ, ਜਗਤ ਜੁਗਤ ਦੇਣੀ ਸਮਝਾਈਆ । ਹਉਮੈ ਹੰਗਤਾ ਮੇਟ ਦੇ ਰੋਗ, ਹੰ ਬ੍ਰਹਮ ਦਾ ਭੇਵ ਖੁਲਾਈਆ । ਤੇਰੇ ਪਿਆਰ ਦੀ ਮਾਣੀਏ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਬਾਹਰ ਕਰਨੀ ਪਏ ਨਾ ਖੋਜ, ਢੂੰਡਣ ਜਗਤ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਇਕ ਸਰਨਾਈਆ । ਪੰਜ ਤਤ ਕਹਿਣ ਸਾਡਾ ਵਿਕਾਰ ਕਰ ਵਿਨਾਸ, ਅੰਤਰ ਰਹਿਣ ਕਿਛ ਨਾ ਪਾਈਆ । ਨਿਰਗੁਣ ਜੋਤ ਦੇ ਪ੍ਰਕਾਸ਼, ਜੋਤੀ ਜਾਤੇ ਡਗਮਗਾਈਆ । ਸਾਡਾ ਲੇਖੇ ਲਾ ਸਵਾਸ ਸਵਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਸਾਡੀ ਬੇਨੰਤੀ ਇਕ ਅਰਦਾਸ, ਡੰਡਾਵਤ ਵਿਚ ਸੀਸ

ਝੁਕਾਈਆ । ਝਗੜਾ ਰਹੇ ਨਾ ਦਸ ਦਸ ਮਾਸ, ਦਸਵਾਂ ਬਰਸ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਸਾਡੀ ਤੇਰੇ ਅਗੇ ਅਰਜ਼ੋਈ, ਬੇਨੰਤੀ ਇਕ ਸੁਣਾਈਆ । ਤੇਰਾ ਨਾਮ ਦਰੋਹੀ, ਦੋਹਰਾ ਤੇਰਾ ਢੋਲਾ ਗਾਈਆ । ਸਾਡੇ ਅੰਤਰ ਸੁਰਤ ਰਹੇ ਨਾ ਸੋਈ, ਜਨ ਭਗਤ ਲੈਣੇ ਜਗਾਈਆ । ਦੁਰਮਤ ਮੈਲ ਜਾਏ ਧੋਈ, ਪਾਪਾਂ ਕਰੀ ਸਫ਼ਾਈਆ । ਸਾਡੀ ਆਸਾ ਰਹੇ ਨਵੀਂ ਨਰੋਈ, ਬਿਰਧ ਬਾਲ ਨਾ ਰੂਪ ਬਦਲਾਈਆ । ਸਾਡੀ ਵਸਤ ਜਾਏ ਨਾ ਖੋਈ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਅਲਖ ਜਗਾਈਆ । ਤਤ ਕਹਿਣ ਸਾਡੀ ਇਕੋ ਇਕ ਮਿੰਨਤ, ਨਿਮਰਤਾ ਵਿਚ ਸੁਣਾਈਆ । ਸਾਡਾ ਬਲ ਰਿਹਾ ਨਾ ਹਿੰਮਤ, ਹੌਸਲੇ ਰਹੇ ਢਾਈਆ । ਕੂੜ ਵਧਿਆ ਚਾਰੋਂ ਸਿੰਮਤ, ਚਾਰੇ ਕੁੰਟ ਵੇਖ ਵਖਾਈਆ । ਮਨੂਆ ਮਨ ਕਰੇ ਨਾ ਇੱਲਤ, ਭੱਜੇ ਵਾਹੋ ਦਾਹੀਆ । ਤੇਰੇ ਪਿਆਰ ਦੀ ਰਹਿਣ ਦੇਵੇ ਨਾ ਕੋਈ ਖਿੱਲਤ, ਤਨ ਪੋਸ਼ਾਕ ਨਾ ਕੋਇ ਚਤੁਰਾਈਆ । ਜਿਧਰ ਵੇਖੀਏ ਖ਼ੁਆਰੀ ਜ਼ਿੱਲਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪੰਜ ਤਤੋ ਦਇਆ ਕਮਾਵਾਂਗਾ । ਮਿਹਰਵਾਨ ਮਿਹਰਵਾਨ ਅਖਵਾਵਾਂਗਾ । ਪੰਜਾਂ ਦੇ ਕੇ ਸਾਚਾ ਮਾਣ, ਮਾਣ ਨਾਲ ਵਡਿਆਵਾਂਗਾ । ਪੰਚਮ ਖੇਲ ਖੇਲ ਜਹਾਨ, ਦੋ ਜਹਾਨਾਂ ਰੰਗ ਰੰਗਾਵਾਂਗਾ । ਸਾਚੀ ਸੇਵਾ ਕਰਾਂ ਬਣ ਬਲਵਾਨ, ਬਲ ਆਪਣਾ ਆਪ ਪ੍ਰਗਟਾਵਾਂਗਾ । ਤੁਸਾਂ ਖ਼ੁਸ਼ੀਆਂ ਦਾ ਦੇਣਾ ਦਾਨ, ਝੋਲੀ ਤੁਹਾਡੇ ਕੋਲੋਂ ਭਰਾਵਾਂਗਾ । ਤੁਹਾਡੇ ਗ੍ਰਿਹਿ ਖਾ ਪਕਵਾਨ, ਪੱਕੀ ਗੰਢ ਰਖਾਵਾਂਗਾ । ਇਹ ਖੇਲ ਜਗਤ ਮਹਾਨ, ਆਪਣੀ ਕਲ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਪੰਜ ਪੰਜ ਗੁਰਮੁਖ ਜੋੜ ਜੁੜਾਵੇਗਾ । ਸਤਿਗੁਰ ਸ਼ਬਦ ਸ਼ਬਦੀ ਧਾਰ ਬਹੁੜ, ਆਪਣਾ ਮੇਲ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਵੇਗਾ । ਸਚ ਪਰਦਾ ਆਪ ਉਠਾਵਾਂਗਾ । ਸਾਚਾ ਮਾਰਗ ਇਕ ਦਰਸਾਵਾਂਗਾ । ਪੰਜਾਂ ਪੰਜਾਂ ਮੇਲ ਮਿਲਾਵਾਂਗਾ । ਧੁਰ ਦੀ ਖੇਲ ਖੇਲ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪ ਸੰਗ ਨਿਭਾਵਾਂਗਾ । ਸਤਿਗੁਰ ਸ਼ਬਦ ਕਹੇ ਜਿਨ੍ਹਾਂ ਸੀਸ ਚੁੰਨੀਆਂ ਰੱਖੀਆਂ ਦਸਤਾਰਾਂ, ਚੁਣ ਚੁਣ ਕੇ ਵੇਖ ਵਖਾਈਆ । ਇਹ ਖੇਲ ਅਪਰ ਅਪਾਰਾ, ਅਪਰੰਪਰ ਸਵਾਮੀ ਹੋਏ ਸਹਾਈਆ । ਹਰਿਜਨ ਰਹੇ ਕੋਇ ਨਾ ਬਾਹਰਾ, ਵੇਖੇ ਥਾਉਂ ਥਾਈਆ । ਜਿਨ੍ਹਾਂ ਚਾਹ ਪੀਤੀ ਉਨ੍ਹਾਂ ਦਾ ਵੀ ਹੋਣਾ ਨਹੀਂ ਛੁਟਕਾਰਾ, ਸਤਿਗੁਰ ਅਭੁੱਲ ਭੁੱਲ ਕਦੇ ਨਾ ਜਾਈਆ । ਜਿਨ੍ਹਾਂ ਮਦਿ ਦਾ ਲਿਆ ਹੁਲਾਰਾ, ਰਸਨਾ ਰਸ ਚਖਾਈਆ । ਉਨ੍ਹਾਂ ਨੂੰ ਉਨ੍ਹਾਂ ਦਾ ਵਿਸਰੇ ਨਾ ਕਦੇ ਨਿਰੰਕਾਰਾ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਗੁਰਸਿੱਖ ਜੇ ਗ਼ੁਸੇ ਹੋਵੇ ਇਹ ਕਹੇਗਾ ਕਿਥੋਂ ਦਾ ਆ ਗਿਆ ਧੁਰ ਕਰਤਾਰਾ, ਆਪਣਾ ਆਪ ਵਡਿਆਈਆ । ਇਸ ਦੇ ਵਰਗੇ ਫਿਰਦੇ ਲੱਖਾਂ ਤੇ ਹਜ਼ਾਰਾਂ, ਭੱਜਣ ਥਾਉਂ ਥਾਈਆ । ਇਹ ਮੂਰਖ ਮੁਗਧ ਗਵਾਰਾ, ਠਗ ਚੋਰ ਹੋ ਕੇ ਲੁੱਟੇ ਚਾਈਂ ਚਾਈਆ । ਇਹਨੂੰ ਘਰ ਵੜਨ ਨਹੀਂ ਦੇਣਾ ਦੁਬਾਰਾ, ਦਰ ਮੰਗਣ ਕਦੇ ਨਾ ਆਈਆ । ਪਰ ਸਤਿਗੁਰ ਸ਼ਬਦ ਕਦੇ ਨਾ ਵਿਸਰੇ ਆਪਣੇ ਯਾਰਾਂ, ਯਰਾਨੇ ਆਦਿ ਜੁਗਾਦਿ ਨਿਭਾਈਆ । ਜਿਹੜਾ ਰਾਤੀਂ ਸੁੱਤਿਆਂ

ਦਰਸ਼ਨ ਦੇਵੇ ਤੇ ਦੇਵੇ ਹਲੂਣੇ ਨਾਲ ਹੁਲਾਰਾ, ਉਹ ਭੁਲਾਇਆਂ ਭੁੱਲ ਕਦੇ ਨਾ ਜਾਈਆ । ਜਿਸ ਨੇ ਤਨ ਵਜੂਦ ਬਣਾਇਆ ਘਰ ਬਾਰਾ, ਓਹ ਅਪਣਾ ਘਰ ਛਡ ਕੇ ਦੂਜੇ ਦਰ ਕਦੇ ਨਾ ਜਾਈਆ । ਬਿਨਾ ਪੁਰਖ ਅਕਾਲ ਤੋਂ ਨਾ ਕੋਈ ਨਾਰੀ ਨਾ ਨਾਰਾ, ਹਰ ਘਟ ਅੰਦਰ ਬੈਠਾ ਧੁਰ ਦਾ ਮਾਹੀਆ । ਜੁਗ ਜੁਗ ਜਨ ਭਗਤਾਂ ਦਏ ਅਧਾਰਾ, ਫੜ ਫੜ ਬਾਹੋਂ ਬਾਹਰ ਕਢਾਈਆ । ਨਵ ਜੇਠ ਕਹੇ ਮੈਂ ਵੀ ਖ਼ੁਸ਼ੀਆਂ ਵਿਚ ਲਾਵਾਂ ਨਾਅਰਾ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਲੇਖਾ ਆਪਣੇ ਹੱਥ ਰਖਾਈਆ । ਤਤ ਕਹਿਣ ਸਾਡਾ ਅਗੇ ਤਤਾਂ ਨਾਲ ਰਹੇ ਨਾ ਵਾਸਤਾ, ਵਾਸਤਕ ਤੇਰੀ ਓਟ ਤਕਾਈਆ । ਚੁਰਾਸੀ ਵਾਲਾ ਨਾ ਲੱਭੀਏ ਰਾਸਤਾ, ਚਾਰੇ ਖਾਣੀ ਨਾ ਕੋਇ ਭਵਾਈਆ । ਸਾਡਾ ਪਿਆਰ ਨਾ ਹੋਵੇ ਹੱਡ ਨਾੜੀ ਮਾਸ ਦਾ, ਰਕਤ ਬੂੰਦ ਨਾ ਕੋਇ ਚਤੁਰਾਈਆ । ਅਸੀਂ ਲੇਖਾ ਛਡੀਏ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਾ, ਅਕਲ ਕਲਧਾਰੀ ਤੇਰੀ ਓਟ ਤਕਾਈਆ । ਸਾਨੂੰ ਆਸਰਾ ਰਹੇ ਨਾ ਕਿਸੇ ਆਸ ਦਾ, ਪਵਣ ਸਵਾਸ ਨਾ ਕੋਇ ਚਤੁਰਾਈਆ । ਸਾਨੂੰ ਜਗਤ ਲੋਭ ਨਾ ਰਹੇ ਭਾਸਦਾ, ਮਾਇਆ ਮਮਤਾ ਨਾ ਕੋਇ ਹਲਕਾਈਆ । ਸਾਡਾ ਪਿਆਰ ਰਹੇ ਨਾ ਮਿੱਟੀ ਰਾਖ ਦਾ, ਤਨ ਵਜੂਦ ਨਾ ਰੰਗ ਰੰਗਾਈਆ । ਅਸੀਂ ਤੇਰਾ ਲੇਖਾ ਚਾਹੁੰਦੇ ਪੁਰਖ ਅਬਿਨਾਸ਼ ਦਾ, ਅਬਿਨਾਸ਼ੀ ਕਰਤੇ ਦੇਣੀ ਵਡਿਆਈਆ । ਨੂਰ ਤੱਕਣਾ ਤੇਰੇ ਅਗੰਮੀ ਪ੍ਰਕਾਸ਼ ਦਾ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਤਤ ਕਹਿਣ ਅਸੀਂ ਹੋ ਜਾਈਏ ਚੁਪ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸਾਡਾ ਵਿਕਾਰ ਜਾਏ ਧੁਪ, ਪਤਤ ਪੁਨੀਤ ਦੇਣਾ ਬਣਾਈਆ ।

ਅਸੀਂ ਤੇਰੇ ਜਗਤ ਧਾਰ ਦੇ ਸੁਤ, ਅਪਰਾਧੀਆਂ ਪਾਰ ਲੰਘਾਈਆ । ਗੋਦੀ ਲੈਣਾ ਚੁੱਕ, ਫੜ ਬਾਹੋਂ ਗਲੇ ਲਗਾਈਆ । ਭਗਤ ਸੁਹੇਲੇ ਘਰ ਘਰ ਹੋਈਏ ਖ਼ੁਸ਼, ਤੇਰੀ ਖ਼ੁਸ਼ੀ ਬਣਾਈਆ । ਜਿਹੜੇ ਤੇਰੇ ਨਾਲੋਂ ਗਏ ਰੁਸ, ਉਨ੍ਹਾਂ ਲੈਣਾ ਮਿਲਾਈਆ । ਦਰ ਦਵਾਰੇ ਜਾ ਕੇ ਲੈਣਾ ਪੁਛ, ਪੰਜ ਗੁਰਮੁਖ ਸੰਗ ਰਖਾਈਆ । ਉਨ੍ਹਾਂ ਦੇ ਚਰਨਾਂ ਭੇਟ ਕਰਨਾ ਕੁਛ, ਆਪਣੀ ਹੱਥੀਂ ਚੁਕਣਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਭੇਵ ਦੇਣਾ ਖੁਲਾਈਆ । ਪੰਜ ਤਤ ਕਹਿਣ ਜਨ ਭਗਤੋ ਤੁਹਾਡਾ ਮੇਰਾ ਸੰਗ, ਭਗਤ ਆਤਮ ਧਾਰ ਅਖਵਾਈਆ । ਪਰਮਾਤਮ ਚਾੜ੍ਹਦਾ ਰੰਗ, ਰੰਗਤ ਅਗੰਮ ਅਥਾਹੀਆ । ਸਭ ਦੀ ਇਕੋ ਮੰਗ, ਦੂਸਰ ਓਟ ਨਾ ਕੋਇ ਤਕਾਈਆ । ਘਰ ਘਰ ਮਿਲੇ ਅਨੰਦ, ਖ਼ੁਸ਼ੀਆਂ ਢੋਲੇ ਗਾਈਆ । ਸਾਹਿਬ ਇਕ ਬਖ਼ਸ਼ੰਦ, ਬਖ਼ਸ਼ਣਹਾਰ ਆਪ ਹੋ ਜਾਈਆ । ਅਸੀਂ ਤਤ ਨਿਮਾਣੇ ਪੰਜ, ਪੰਜ ਪਿਆਰੇ ਨਾਲ ਜੁੜਾਈਆ । ਪੰਜ ਦਰਬਾਰੀ ਸਾਡਾ ਮੇਟਣ ਰੰਜ, ਰੰਜਸ਼ ਰਹੇ ਨਾ ਰਾਈਆ ।, ਲੇਖਾ ਲਿਖਣ ਲਿਖਾਰੀ ਪੰਜ, ਪੰਚਮ ਜੋੜ ਜੁੜਾਈਆ । ਪੂਰਬ ਪਿਛਲਾ ਪਿਛੇ ਗਿਆ ਲੰਘ, ਅਗੇ ਰੁੱਤ ਸੁਹਾਈਆ । ਜਨ ਭਗਤੋ ਘਰ ਘਰ ਸ਼ਹਿਨਸ਼ਾਹੀ ਸੰਮਤ ਦਸ ਵਿਚ ਸਤਿਗੁਰ ਸ਼ਬਦ ਦਾ ਜ਼ਰੂਰ ਡਠੇਗਾ ਪਲੰਘ, ਜਿਨ੍ਹਾਂ ਦੇ ਸਿਰ ਦਸਤਾਰ ਟਿਕਾਈਆ । ਪਿਛਾ ਦੇ ਜਾਏ ਕਦੇ ਨਾ ਕੰਡ, ਆਪਣਾ ਆਪ ਬਦਲਾਈਆ । ਸਤਿਗੁਰ ਸ਼ਬਦ ਕਹੇ ਤੁਹਾਡੇ ਦਵਾਰੇ ਜਾ ਕੇ ਜ਼ਰੂਰ ਪਾਵਾਂਗਾ ਡੰਡ, ਉਚੀ ਕੂਕ ਕੂਕ ਸੁਣਾਈਆ । ਨਾਲੇ ਕਹਾਂਗਾ ਇਹ ਸਾਰਾ ਝੂਠ ਤੇ ਪਖੰਡ, ਜਿਸ ਨਵੀਂ ਰਚਨਾ ਦਿਤੀ ਰਚਾਈਆ । ਇਸਨੂੰ ਮਾਰੋ ਕੁੱਟੋ ਤੇ ਦੇਵੋ ਦੰਡ, ਆਪਣਾ ਲੇਖਾ ਨਾ ਕੋਇ ਵਖਾਈਆ । ਨਾਮ ਨਿਧਾਨਾ ਨੌਜਵਾਨਾ ਸ੍ਰੀ ਭਗਵਾਨਾ ਮਰਦ

੧੮੩੮
੨੩

ਮਰਦਾਨਾ ਹੋ ਕੇ ਦੇਵਾਂ ਵੰਡ, ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਖੇਲ ਵਖਾਈਆ । ਨੌਂ ਜੇਠ ਕਹੇ ਮੈਨੂੰ ਖ਼ੁਸ਼ੀਆਂ ਦੀ ਵਧਾਈ, ਵਾਧਾ ਭਗਤਾਂ ਨਾਲ ਰਖਾਈਆ । ਜੋ ਦੂਰ ਦੁਰਾਡੇ ਆਏ ਬਣ ਕੇ ਰਾਹੀ, ਧਰਮ ਦੇ ਪਾਂਧੀ ਪੰਧ ਮੁਕਾਈਆ । ਮੈਂ ਉਨ੍ਹਾਂ ਦੇ ਦਰਸ਼ਨ ਕਰਾਂ ਚਾਈਂ ਚਾਈਂ, ਬਿਨ ਨੈਣਾਂ ਨੈਣ ਉਠਾਈਆ । ਖ਼ੁਸ਼ੀਆਂ ਦਾ ਢੋਲਾ ਦਿਆਂ ਸੁਣਾਈ, ਪ੍ਰੇਮ ਨਾਲ ਸਮਝਾਈਆ । ਸਭ ਦਾ ਇਕੋ ਪਿਆਰ ਇਕੋ ਗ੍ਰਿਹਿ ਇਕੋ ਥਾਈਂ, ਥਾਨ ਥਨੰਤਰ ਮਿਲੇ ਵਡਿਆਈਆ । ਹਰਿ ਸੰਗਤ ਮੇਲਾ ਸਹਿਜ ਸੁਭਾਈ, ਮੇਲ ਮਿਲਾਵਾ ਧੁਰ ਦੇ ਮਾਹੀਆ । ਗੁਰਮੁਖ ਦਵਾਰ ਕਹੇ ਮੈਂ ਸਭ ਦਾ ਸ਼ੁਕਰ ਮਨਾਈ, ਸਚ ਸਚ ਨਾਲ ਸੁਣਾਈਆ । ਭਗਤਾਂ ਦੀ ਭਗਤਾਂ ਧਾਰ ਨਾਲ ਕੁੜਮਾਈ, ਜਗਤ ਰਿਸ਼ਤਾ ਨਾ ਕੋਇ ਵਡਿਆਈਆ । ਨਾਲ ਲੇਖਾ ਲਹਿਣਾ ਦਸ ਸੰਮਤ ਸ਼ਹਿਨਸ਼ਾਹੀ, ਸ਼ਾਹ ਸ਼ਹਾਨਾ ਵੇਖ ਵਖਾਈਆ । ਉਨੀਂ ਜੇਠ ਕਹੇ ਜੰਮੂ ਵਾਲਿਆਂ ਟਕੇ ਲੈ ਕੇ ਢਾਈ, ਅਗੇ ਮਿਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲਾਈਆ । ਨਵ ਜੇਠ ਕਹੇ ਜਦ ਅਗਲਾ ਹੋਵੇ ਵਿਵਹਾਰਾ, ਵਿਵਹਾਰ ਦਿਆਂ ਜਣਾਈਆ । ਜੰਮੂ ਦੇ ਪਿਛੋਂ ਦੁਆਬਾ ਰਹਿਣਾ ਤਿਆਰਾ, ਤ੍ਰੈਗੁਣ ਅਤੀਤਾ ਨਾਲ ਮਿਲਾਈਆ । ਮਾਲਵਾ ਹੋਵੇ ਸ਼ਬਦ ਹੁਸ਼ਿਆਰਾ, ਸੋਹਣੀ ਲਏ ਅੰਗੜਾਈਆ । ਮਾਝਾ ਵੇਖੇ ਰਾਹ ਯਾਰ ਯਾਰਾ, ਚੌਥੀ ਮੰਜ਼ਲ ਚੌਥਾ ਪੰਧ ਮੁਕਾਈਆ । ਫੇਰ ਖੇਲ ਦਿੱਲੀ ਦਰਬਾਰਾ, ਸੋਹਣੀ ਵੰਡ ਵੰਡਾਈਆ । ਪੰਜਾਂ ਲਿਖਾਰੀਆਂ ਸੀਸ ਬਸਤਰ ਹੋਵੇ ਕਾਲਾ, ਕਾਲੀ ਧਾਰ ਵਖਾਈਆ । ਪੰਜਾਂ ਦਰਬਾਰੀਆਂ ਕਾਲਾ ਕੁੜਤਾ ਗਲ ਵਿਚ ਹੋਵੇ ਡਾਰਾ, ਬਟਨ ਸੱਤ ਸੱਤ ਲਗਾਈਆ । ਪੰਜਾਂ ਪਿਆਰਿਆਂ ਦਸਤਾਰ ਉਤੋਂ ਦੀ ਬੱਧੀ ਹੋਵੇ ਮਾਲਾ, ਮਣਕੇ ਇੱਕੀ ਇੱਕੀ ਵਖਾਈਆ । ਪੰਜ ਪੰਜ ਗੁਰਮੁਖ ਮਾਝਾ ਮਾਲਵਾ ਦੁਆਬਾ ਜੰਮੂ ਹੱਥ ਵਿਚ ਲੈ ਕੇ ਢਾਈ ਫੁਟ ਦਾ ਭਾਲਾ, ਨੱਚਣ ਚਾਈਂ ਚਾਈਂਆ । ਫੇਰ ਭਾਰਤ ਵਿਚ ਹੋਵੇ ਖੇਲ ਨਿਰਾਲਾ, ਸੋਹਣੀ ਬਣਤ ਬਣਾਈਆ । ਨੌਂ ਜੇਠ ਕਹੇ ਅੱਜ ਦਾ ਸੰਦੇਸ਼ਾ ਦੱਸਿਆ ਹਾਲਾ, ਸਚ ਨਾਲ ਸੁਣਾਈਆ । ਤੁਹਾਡਾ ਵਕਤ ਲੈ ਲਿਆ ਬਾਹਲਾ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਗੁਰ ਸ਼ਬਦ ਕਹੇ ਹਰਿ ਸੰਗਤ ਮੇਰੀ ਬੇਨੰਤੀ ਕਰੀਓ ਪ੍ਰਵਾਨ, ਪ੍ਰੇਮੀਉਂ ਦਿਆਂ ਜਣਾਈਆ । ਸਤਾਰਾਂ ਹਾੜ ਆਪਣਾ ਕਾਇਮ ਰੱਖਣਾ ਵਿਧਾਨ, ਸਚ ਸਚ ਦਿਆਂ ਦ੍ਰਿੜਾਈਆ । ਪੰਜ ਲਿਖਾਰੀਓ ਤੁਹਾਡਾ ਕਲਮ ਦਾ ਚਲੇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਪੰਜ ਪਿਆਰਿਓ ਤੁਹਾਡੇ ਹੱਥ ਵਿਚ ਬਿਨਾ ਤੀਰ ਤੋਂ ਹੋਏ ਕਮਾਨ, ਤਰਕਸ਼ ਨਜ਼ਰ ਕੋਇ ਨਾ ਆਈਆ । ਤੁਸੀਂ ਸੂਰਬੀਰ ਬਲਵਾਨ, ਯੋਧੇ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਨਿੱਕਾ ਜਿਹਾ ਅੰਞਾਣ, ਸੰਬਲ ਬਹਿ ਕੇ ਖ਼ੁਸ਼ੀ ਬਣਾਈਆ । ਜੇ ਮੈਂ ਬਾਹਰ ਫਿਰਦਾ ਹੋਵਾਂ ਮੈਨੂੰ ਸਾਰੇ ਫੜ ਕੇ ਬੰਨ੍ਹ ਕੇ ਕਹਿਣ ਤੇਰੀ ਕੱਢ ਲਈਏ ਜਾਨ, ਰਸਤਾ ਨਜ਼ਰ ਕੋਇ ਨਾ ਆਈਆ । ਸਚ ਪੁਛੋ ਜਦੋਂ ਵੱਜੇ ਮੈਨੂੰ ਵੱਜੇ ਤੁਹਾਡੇ ਸਚ ਪ੍ਰੇਮ ਦਾ ਬਾਣ, ਜੋ ਅਣਿਆਲੇ ਰਹੇ ਲਗਾਈਆ । ਤੁਹਾਡੇ ਤਤਾਂ ਦੀ ਸੇਵਾ ਕਰਨੀ ਜਨ ਭਗਤੋ ਤੁਸੀਂ ਕਰਿਓ ਪ੍ਰਵਾਨ, ਪ੍ਰਵਾਨਗੀ ਵਿਚ ਸਾਰੇ ਹੱਥ ਦਿਓ ਉਠਾਈਆ । ਅੱਜ ਖ਼ੁਸ਼ੀ ਦਾ ਦਿਨ ਮਹਾਨ, ਨੌਂ ਜੇਠ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਨਾਮ ਨਿਧਾਨ, ਅਣਡਿਠੜਾ ਝੋਲੀ ਪਾਈਆ ।

✪ ੧੦ ਜੇਠ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ ਪਾਲ ਸਿੰਘ ਦੇ ਗ੍ਰਹਿ ✪

ਸ਼ਬਦ ਨਾਦ ਅਗੰਮੀ ਬੋਲਣਾ, ਅਨਰਾਗੀ ਰਾਗ ਦ੍ਰਿੜਾਈਆ । ਸਚ ਤਰਾਜੂ ਕੰਡੇ ਤੋਲਣਾ, ਜਗਤ ਭਾਰ ਨਾ ਕੋਇ ਵਖਾਈਆ । ਦਰ ਦਰਵਾਜ਼ਾ ਅੰਤਰ ਖੋਲਣਾ, ਖਿੜਕੀ ਕੁੰਡੀ ਪਰਦਾ ਲਾਹੀਆ । ਸਤਿ ਸਰੂਪੀ ਹੋ ਕੇ ਮੌਲਣਾ, ਮੌਲਾ ਆਪਣਾ ਭੇਵ ਚੁਕਾਈਆ । ਹਰਿਜਨ ਮਾਤ ਮੂਲ ਨਾ ਰੋਲਣਾ, ਫੜ ਬਾਹੋਂ ਲਏ ਉਠਾਈਆ । ਨਾਮ ਸੰਦੇਸ਼ਾ ਸੁਣਾਏ ਸਾਚਾ ਢੋਲਣਾ, ਹਰਿ ਢੋਲ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਤਤ ਵਿਰੋਲਦਾ, ਗਹਿਰ ਗੰਭੀਰ ਅਬਿਨਾਸ਼ । ਭੇਵ ਖੁਲਾਏ ਆਪਣੇ ਕੋਲ ਦਾ, ਘਰ ਮੰਦਰ ਜਣਾਏ ਰਾਸ । ਹੁਲਾਰਾ ਦੇਵੇ ਪਵਣ ਝਕੋਲ ਦਾ, ਲੇਖਾ ਜਾਣੇ ਪਵਣ ਸਵਾਸ । ਨਾਤਾ ਵੇਖੇ ਘੋਲੀ ਘੋਲ ਦਾ, ਜਨ ਭਗਤ ਸੁਹੇਲੇ ਬਣਾ ਦਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰ ਹਿਰਦੇ ਰੱਖੇ ਵਾਸ । ਤਤ ਅਧਾਰੀ ਆਪ ਹੋ, ਕਿਰਪਾ ਕਰੇ ਕਿਰਪਾਲ । ਜਗਤ ਨਾਤਾ ਕਰ ਨਿਰਮੋਹ, ਮੁਹੱਬਤ ਬਖ਼ਸ਼ੇ ਦੀਨ ਦਿਆਲ । ਸ਼ਬਦ ਜਣਾ ਕੇ ਸੋਹੰ ਸੋ, ਸੁਰਤੀ ਸੁਰਤ ਲਏ ਸੰਭਾਲ । ਨਿਜ ਨੇਤਰ ਲੋਚਨ ਕਰ ਕੇ ਲੋ, ਪਰਦਾ ਲਾਹੇ ਸ਼ਾਹ ਕੰਗਾਲ । ਵਸਤ ਅਗੰਮੀ ਢੋਆ ਢੋਅ, ਦੇਵੇ ਨਾਮ ਸਚਾ ਧਨ ਮਾਲ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਜੋਹ, ਜੌਹਰੀ ਪਰਖੇ ਆਪਣੇ ਲਾਲ । ਬਿਨ ਨੈਣਾਂ ਵੇਖੇ ਕਰ ਕੇ ਲੋ, ਗਹਿਰ ਗੰਭੀਰ ਦੀਨ ਦਿਆਲ । ਜਿਸ ਸਰਗੁਣ ਨਿਰਗੁਣ ਆਇਆ ਭੌ, ਦੋ ਜਹਾਨਾਂ ਖੇਲ ਬੇਮਿਸਾਲ । ਜਿਸ ਨੂੰ ਸਭ ਨੇ ਕਹਿਣਾ ਵਾਹੋ ਵਾਹੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਸੱਚੀ ਧਰਮਸਾਲ । ਤਤ ਵਿਰੋਲਣਹਾਰ ਸਵਾਮੀ, ਹਰਿ ਕਰਤਾ ਧੁਰਦਰਗਾਹੀਆ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਚਲ ਬੈਠਾ ਸੋਭਾ ਪਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਜਿਸ ਦੀ ਸ਼ਬਦ ਧਾਰ ਨਿਸ਼ਾਨੀ, ਦੋ ਜਹਾਨਾਂ ਆਪ ਸਮਝਾਈਆ । ਚਾਰ ਜੁਗ ਦੇ ਸ਼ਾਸਤਰ ਸਿਫ਼ਤਾਂ ਵਾਲੀ ਬਾਣੀ, ਅੱਖਰਾਂ ਅੱਖਰਾਂ ਢੋਲੇ ਗਾਈਆ । ਸੋ ਲੇਖਾ ਜਾਣੇ ਜੀਵ ਪ੍ਰਾਣੀ, ਭਗਤ ਸੁਹੇਲੇ ਖੋਜ ਖੁਜਾਈਆ । ਅੰਮ੍ਰਿਤ ਆਤਮ ਰਸ ਨਿਝਰ ਦੇਵੇ ਪਾਣੀ, ਝਿਰਨਾ ਬੂੰਦ ਸਵਾਂਤੀ ਆਪ ਟਪਕਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਚਾਰ ਜੁਗ ਦਾ ਲੇਖਾ ਆਪਣੇ ਹੱਥ ਵਖਾਈਆ । ਇਕੋ ਬਖ਼ਸ਼ ਦੇ ਪਦ ਨਿਰਬਾਣੀ, ਲਗ ਮਾਤਰ ਡੇਰਾ ਢਾਹੀਆ । ਤਤ ਕਹਿਣ ਸਾਡਾ ਲੇਖਾ ਰਹੇ ਨਾ ਜਗਤ ਜਹਾਨੀ, ਲੋਕਮਾਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਾਹਿਬ ਸ਼ਾਹ ਸੁਲਤਾਨੀ, ਨੂਰ ਨੁਰਾਨੀ ਨੂਰੀ ਨੂਰ ਜੋਤ ਰੁਸ਼ਨਾਈਆ ।



✪ ੧੫ ਜੇਠ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਗੁਰਦਰਸ਼ਨ ਕੌਰ ਦੇ ਨਵਿਤ ✪

ਜੇਠ ਕਹੇ ਮੇਰਾ ਦਿਵਸ ਦਿਹਾੜਾ ਪੰਦਰਾਂ, ਇਕ ਪੰਜ ਮਿਲ ਕੇ ਵੱਜੇ ਵਧਾਈਆ । ਮੈਂ ਵੇਖਾਂ ਜੰਗਲ ਜੂਹ ਉਜਾੜ ਪਹਾੜਾਂ ਟਿੱਲੇ ਪਰਬਤ

ਕੰਦਰਾਂ, ਸਮੰਦ ਸਾਗਰਾਂ ਧਿਆਨ ਲਗਾਈਆ । ਮੈਂ ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖਾਂ ਮੰਦਰਾਂ, ਗੁਰੂਦਵਾਰ ਗੁਰ ਗੁਰ ਫੋਲ ਫੁਲਾਈਆ । ਹਰਿਜਨ ਸਾਚੇ ਤਨ ਵਜੂਦਾਂ ਵੇਖਾਂ ਅੰਦਰਾਂ, ਤਨ ਮਾਟੀ ਅੱਖ ਉਠਾਈਆ । ਨਵ ਸੱਤ ਧਰਮ ਦੀ ਧਾਰ ਵੱਜਾ ਜੰਦਰਾ, ਪਰਦਾ ਸਕੇ ਨਾ ਕੋਇ ਖੁਲਾਈਆ । ਮਾਨਸ ਮਾਨਵ ਰੂਪ ਬਣ ਗਏ ਪੰਛੀ ਵਾਂਗ ਡੰਗਰਾਂ, ਢੋਰਾਂ ਸੰਗ ਨਿਭਾਈਆ । ਮਸਤਕ ਤਿਲਕ ਲਲਾਟੀ ਲਾਏ ਕੋਇ ਨਾ ਚੰਦਨਾ, ਨੂਰੀ ਚੰਦ ਨਾ ਕੋਇ ਚਮਕਾਈਆ । ਸਚ ਸਾਹਿਬ ਨੂੰ ਕਰੇ ਕੋਇ ਨਾ ਬੰਦਨਾ, ਬੰਦਗੀ ਵਿਚ ਸੀਸ ਕੋਇ ਨਾ ਝੁਕਾਈਆ । ਮੈਂ ਦਰ ਠਾਂਡੇ ਇਕੋ ਵਸਤ ਅਗੰਮੀ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਧਰਮ ਦੀ ਧਾਰ ਚਾੜ੍ਹ ਦੇ ਰੰਗਣਾ, ਆਦਿ ਜੁਗਾਦਿ ਉਤਰ ਕਦੇ ਨਾ ਜਾਈਆ । ਆਤਮ ਪਰਮਾਤਮ ਪਾ ਦੇ ਸਗਨਾ, ਸਗਲਾ ਸੰਗ ਬਣਾਈਆ । ਨਿਰਗੁਣ ਧਾਰ ਲਗਾ ਲੈ ਅੰਗਣਾ, ਅੰਗੀਕਾਰ ਆਪ ਅਖਵਾਈਆ । ਮੈਂ ਕੋਝਾ ਕਮਲਾ ਅੰਧਨਾ, ਨੇਤਰਹੀਣ ਦੁਹਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਬਣ ਕੇ ਧੁਰ ਦਾ ਸੱਜਣਾ, ਸਾਜਣ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਦਰਾਂ ਜੇਠ ਕਹੇ ਮੇਰੇ ਨਿਹਕਾਮੀ, ਨਿਰਗੁਣ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਇਕ (ਅਨਾਮੀ), ਸਾਹਿਬ ਸਤਿਗੁਰ ਤੇਰੀ ਬੇਪ੍ਰਵਾਹੀਆ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਤੀਰਥ ਤਟ ਵਿਰੋਲੇ ਪਾਣੀ, ਮੰਦਰ ਮਸਜਿਦ ਸ਼ਿਵਦਵਾਲੇ ਮਠ ਫੋਲ ਫੁਲਾਈਆ । ਜਨ ਭਗਤਾਂ ਮੰਜ਼ਲ ਬਖ਼ਸ਼ੀ ਇਕ ਰੁਹਾਨੀ, ਰੂਹ ਬੁੱਤ ਕਰੀ ਸਫ਼ਾਈਆ । ਤੈਨੂੰ ਮਾਲਕ ਕਿਹਾ ਹਜ਼ਰਤ ਈਸਾ ਇਕ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਘਟ ਨਿਵਾਸੀ ਬਣ ਕੇ ਜਾਣ ਜਾਣੀ, ਜਾਨਣਹਾਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਆਪ ਮਿਲਾਈਆ । ਪੰਦਰਾਂ ਜੇਠ ਕਹੇ ਮੇਰਾ ਪ੍ਰਵਿਸ਼ਟਾ ਗੁਣਵੰਤ, ਗੁਣ ਨਿਧਾਨ ਦੇਣੀ ਵਡਿਆਈਆ । ਮੈਂ ਧਰਮ ਧਾਰ ਦਾ ਬਣ ਕੇ ਪੰਡਤ, ਜੀਓ ਪਿੰਡ ਇਕ ਅਖਵਾਈਆ । ਦਰ ਠਾਂਡੇ ਇਕੋ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਜਨ ਭਗਤਾਂ ਮਿਹਰ ਕਰਨੀ ਚਾਰੋਂ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਗ਼ਰੀਬ ਨਿਮਾਣਿਆਂ ਦੇ ਹਿੰਮਤ, ਮਨੂਆ ਮਨ ਕਰੇ ਨਾ ਇੱਲਤ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਜਨ ਭਗਤ ਸੁਹੇਲਾ ਕਰੇ ਕੋਇ ਨਾ ਚਿੰਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਦਰਾਂ ਜੇਠ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਮਾਣ, ਨਿਮਾਣਿਆਂ ਹੋ ਸਹਾਈਆ । ਲੇਖਾ ਵੇਖ ਲੈ ਜੀਓ ਪ੍ਰਾਣ, ਸਾਡੀ ਤੇਰੇ ਹੱਥ ਵਡਿਆਈਆ । ਤੂੰ ਲੱਖ ਚੁਰਾਸੀ ਗੋਪੀ ਕਾਹਨ, ਆਤਮ ਪਰਮਾਤਮ ਨੂਰ ਅਲਾਹੀਆ । ਤੇਰੇ ਭਗਤ ਸੁਹੇਲੇ ਨਨ੍ਹੇ ਬੱਚੇ ਅੰਞਾਣ, ਬਾਲੀ ਬੁਧ ਜਗਤ ਵਖਾਈਆ । ਤੂੰ ਕਿਰਪਾ ਕਰ ਮੇਰੇ ਮਿਹਰਵਾਨ, ਤੇਰੇ ਹੱਥ ਵਡਿਆਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਸਚ ਮੁਹੱਬਤ ਦਾ ਦੇ ਦੇ ਪੀਣ ਖਾਣ, ਤ੍ਰਿਸ਼ਨਾ ਕੂੜ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਦਰਾਂ ਜੇਠ ਕਹੇ ਪ੍ਰਭ ਜਨ ਭਗਤਾਂ ਅੰਤਰ ਨਾ ਰਹੇ ਉਦਾਸੀ, ਚਿੰਤਾ ਗ਼ਮ ਨਾ ਕੋਇ ਵਖਾਈਆ । ਮਾਨਸ ਜਨਮ ਕਰਨਾ ਰਹਿਰਾਸੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋ ਨਿਤ ਨਵਿਤ ਤੇਰੀ ਕਰਦੇ ਆਸੀ, ਸਨਮੁਖ ਹੋ ਕੇ ਦਰਸ਼ਨ ਦੇਣਾ

ਚਾਈਂ ਚਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਸ਼ਾਹ ਪਾਤਸ਼ਾਹ ਤੇਰੇ ਹੱਥ ਵਡਿਆਈਆ । ਹਰਿਜਨ ਸੰਤ ਸੁਹੇਲੇ ਤੇਰੇ ਪਿਆਰ ਵਿਚ ਖ਼ੁਸ਼ੀਆਂ ਦੀ ਕਰਦੇ ਰਹਿਣ ਹਾਸੀ, ਗ਼ਮੀ ਗ਼ਮਖ਼ਾਰ ਰਹਿਣ ਕੋਇ ਨਾ ਪਾਈਆ । ਹਰ ਹਿਰਦੇ ਅੰਤਰ ਰੱਖਣਾ ਵਾਸੀ, ਘਟ ਘਟ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨ ਤੇਰੀ ਇਕ ਹੋਵੇ ਮੰਡਲ ਰਾਸੀ, ਰਸਤਾ ਬਾਵਸਤਾ ਹੋ ਕੇ ਜਨ ਭਗਤਾਂ ਦੇਣਾ ਜਣਾਈਆ ।

੧੯ ਜੇਠ ਸ਼ਹਿਨਸ਼ਾਹੀ ਸੰਮਤ ਦਸ ਜੰਮੂ ਸ਼ਹਿਰ ਚੇਲਾ ਸਿੰਘ ਅਜੀਤ ਸਿੰਘ ਗੁਰਚਰਨ ਸਿੰਘ ਰਾਮ ਕੌਰ ਸੁਰਜੀਤ ਕੌਰ ਛਟਾਕੇ ਚੱਕ

ਉਨੀ ਜੇਠ ਕਹੇ ਮੇਰੇ ਟਕੇ ਦੇ ਦਿਓ ਢਾਈ, ਜੰਮੂ ਸੰਗਤ ਭੇਟ ਕਰਾਈਆ । ਜਿਸ ਨਾਲ ਸਤਿ ਧਰਮ ਦੀ ਤੁਹਾਡੀ ਹੋ ਗਈ ਸਾਈ, ਧੁਰ ਦੀ ਬਣਤ ਬਣਾਈਆ । ਪੂਰਬ ਲੇਖਾ ਰਿਹਾ ਨਾ ਰਾਈ, ਲਹਿਣਾ ਰਿਹਾ ਚੁਕਾਈਆ । ਅਗਲਾ ਵਕਤ ਸੁਹੰਜਣਾ ਵੇਖਣਾ ਚਾਈਂ ਚਾਈਂ, ਚਾਓ ਘਨੇਰਾ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਦਏ ਵਡਿਆਈ, ਵਡ ਦਾਤਾ ਬੇਪ੍ਰਵਾਹੀਆ । ਸੋ ਪੁਰਖ ਨਿਰੰਜਣ ਹੋਏ ਸਹਾਈ, ਹਰਿ ਕਰਤਾ ਦਇਆ ਕਮਾਈਆ । ਏਕੰਕਾਰਾ ਮਿਹਰ ਨਜ਼ਰ ਉਠਾਈ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਲੇਖਾ ਲਵੇ ਲਾਈ, ਸ੍ਰੀ ਭਗਵਾਨ ਸਾਚਾ ਸੰਗ ਰਖਾਈਆ । ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲਾਈ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈ, ਨੂਰ ਨੁਰਾਨਾ ਡਗਮਗਾਈਆ । ਪਾਰਬ੍ਰਹਮ ਪ੍ਰਭ ਭੇਵ ਦਏ ਖੁਲਾਈ, ਬ੍ਰਹਮ ਆਪਣਾ ਰੰਗ ਵਖਾਈਆ । ਈਸ਼ ਜੀਵ ਕਰ ਕੁੜਮਾਈ, ਕੁਦਰਤ ਕਾਦਰ ਗੰਢ ਪਵਾਈਆ । ਸ਼ਬਦ ਨਾਦ ਧੁਨ ਕਰੇ ਸ਼ਨਵਾਈ, ਅਨਹਦ ਨਾਦੀ ਨਾਦ ਦ੍ਰਿੜਾਈਆ । ਬੁਧ ਮਤ ਵੇਖ ਵਖਾਈ, ਮਨ ਮਨਸਾ ਫੋਲ ਫੁਲਾਈਆ । ਸਤਿਗੁਰ ਸ਼ਬਦ ਲੇਖਾ ਜਾਣੇ ਬੇਪਰਵਾਹੀ, ਬੇਪਰਵਾਹ ਇਕ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈ, ਵਿਸ਼ਵ ਦਾ ਪੜਦਾ ਆਪ ਚੁਕਾਈਆ । ਤੇਈ ਅਵਤਾਰ ਰੰਗ ਰੰਗਾਈ, ਅਵਤਰ ਆਪਣਾ ਭੇਵ ਸਮਝਾਈਆ । ਪੈਗ਼ੰਬਰਾਂ ਜਲਵਾ ਦੇ ਨੂਰ ਅਲਾਹੀ, ਮਹਿਬਾਨ ਬੀਦੋ ਆਪਣੀ ਖੇਲ ਖਿਲਾਈਆ । ਗੁਰੂ ਗੁਰਦੇਵ ਬੋਧ ਅਗਾਧ ਇਕ ਸਮਝਾਈ, ਜਗਤ ਬੁੱਧੀ ਦੀ ਲੋੜ ਰਹੇ ਨਾ ਰਾਈਆ । ਤ੍ਰੈਗੁਣ ਮੇਲਾ ਸਹਿਜ ਸੁਭਾਈ, ਰਜੋ ਤਮੋ ਸਤੋ ਕਰੇ ਕੁੜਮਾਈਆ । (ਪੰਜਾਂ ਤਤਾਂ) ਆਪ ਵੰਡ ਵੰਡਾਈ, ਵੰਡਣਹਾਰਾ ਧੁਰਦਰਗਾਹੀਆ । ਜੋ ਪ੍ਰਕਿਰਤੀਆਂ ਆਪਣਾ ਬੰਧਨ ਪਾਈ, ਪੱਚੀ ਪਚੀਸਾ ਵੇਖ ਵਖਾਈਆ । ਸੁਰਤੀ ਸੁਰਤ ਸੋਈ ਉਠਾਈ, ਹੁਕਮੀ ਹੁਕਮ ਆਪ ਉਪਜਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਆਪਣਾ ਸੰਗ ਬਣਾਈ, ਸਗਲਾ ਸੰਗੀ ਇਕ ਅਖਵਾਈਆ । ਚਾਰ ਜੁਗ ਦੇ ਸ਼ਾਸਤਰ ਅੱਖਰ ਅੱਖਰ ਨਾਲ ਮਿਲਾਈ, ਆਖ਼ਰ ਆਪਣੀ ਵੰਡ ਵੰਡਾਈਆ । ਜੁਗ ਚੌਕੜੀ ਪੰਧ ਮੁਕਾਏ ਵਾਹੋ ਦਾਹੀ, ਦਿਵਸ ਰੈਣ ਘੜੀ ਪਲ ਵੇਖੇ ਚਾਈਂ ਚਾਈਂਆ । ਉਨੀਂ ਜੇਠ ਕਹੇ ਜਨ ਭਗਤੋ ਕਲਜੁਗ ਦੀ ਕੀਮਤ ਅੰਤਮ ਪੈਣੀ ਟਕੇ ਢਾਈ, ਕੌਡੀ ਹੱਟ ਨਾ ਕੋਇ ਵਿਕਾਈਆ । ਮਿਹਰਵਾਨ ਪ੍ਰਭ ਤੁਹਾਡੇ ਅੰਤਸ਼ਕਰਨ ਦੀ ਕਰੇ ਸਫ਼ਾਈ, ਦੁਰਮਤ ਮੈਲ ਧਵਾਈਆ । ਕਾਇਆ ਭਾਂਡੇ ਮਾਂਜਣ ਆਇਆ ਚਾਈਂ ਚਾਈਂ, ਚਾਓ ਘਨੇਰਾ ਇਕ ਜਣਾਈਆ । ਜਨਮ ਕਰਮ ਦੀ ਤੁਹਾਡੀ

੧੮੪੨
੨੩

ਧੋਵੇ ਦੁਰਮਤ ਮੈਲ ਸ਼ਾਹੀ, ਸ਼ਹਿਨਸ਼ਾਹ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸ਼ਣਵਾਈਆ । ਟਕੇ ਕਹਿਣ ਸਾਡਾ ਪੈ ਗਿਆ ਮੁੱਲ, ਅਮੁਲ ਅਤੁਲ ਦਿਤੀ ਵਡਿਆਈਆ । ਅਸੀਂ ਹੁਕਮ ਸੰਦੇਸ਼ਾ ਸੁਣਿਆ ਮਾਲਕ ਕੁਲ, ਕੁਲਵੰਤਾ ਜੋ ਅਖਵਾਈਆ । ਲੱਖ ਚੁਰਾਸੀ ਜਿਸ ਦੀ ਫੁਲਵਾੜੀ ਗਈ ਫੁਲ, ਧਰਨੀ ਧਰਤ ਧਵਲ ਧੌਲ ਸੁਹਾਈਆ । ਉਸ ਦੀ ਚਰਨ ਪ੍ਰੀਤੀ ਜਾਈਏ ਘੁਲ, ਆਪਾ ਆਪ ਘੋਲ ਘੁਮਾਈਆ । ਜਿਸ ਦੇ ਹੁਕਮ ਨਾਲ ਮਾਇਆਧਾਰੀ ਜਾਣੇ ਰੁਲ, ਸੀਸ ਤਾਜ ਨਾ ਕੋਇ ਟਿਕਾਈਆ । ਸਦੀ ਚੌਧਵੀਂ ਅੰਤਮ ਦੀਪਕ ਹੋਣਾ ਗੁਲ, ਗੁਲਸ਼ਨ ਜਗਤ ਨਾ ਕੋਇ ਮਹਿਕਾਈਆ । ਭਗਤ ਭਗਵਾਨ ਦਾ ਦਰ ਦਰਵਾਜ਼ਾ ਜਾਣਾ ਖੁਲ੍ਹ, ਖ਼ਾਲਕ ਖ਼ਲਕ ਆਪ ਜਣਾਈਆ । ਵੇਖ ਵਖਾਣੇ ਮਾਲਕ ਸੁਲਹਕੁਲ, ਸਲਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਉਨੀ ਜੇਠ ਕਹੇ ਨਿਗਾਹ ਮਾਰੋ ਚਾਰ ਟਕਾ, ਟਿਕ ਟਿਕੀ ਜਗਤ ਵਾਲੀ ਲਗਾਈਆ । ਮਾਇਆ ਪਿਆਰ ਵਿਚ ਰਹਿਣਾ ਨਹੀਂ ਕੋਈ ਸਕਾ, ਸਾਚਾ ਸੰਗ ਨਾ ਕੋਇ ਰਖਾਈਆ । ਅਗਲੇ ਸਾਲ ਸਭ ਨੂੰ ਲੱਗਣ ਵਾਲਾ ਧੱਕਾ, ਚਾਰ ਕੁੰਟ ਧਰਨੀ ਲਏ ਅੰਗੜਾਈਆ । ਝਗੜਾ ਪੈਣਾ ਮਦੀਨਾ ਮੱਕਾ, ਕਾਅਬੇ ਦੇਣ ਦੁਹਾਈਆ । ਇਸ਼ਾਰਾ ਦੇਵੇ ਬੂਰਾ ਕੱਕਾ, ਹਜ਼ਰਤ ਈਸਾ ਨੈਣ ਉਠਾਈਆ । ਪੈਗ਼ੰਬਰ ਆਪਣਾ ਵੇਖਣ ਪਟਾ, ਸਦੀ ਬੀਸਵੀਂ ਚੌਧਵੀਂ ਨਾਲ ਮਿਲਾਈਆ । ਗੋਬਿੰਦ ਦਾ ਢਈਆ ਟੱਪਾ, ਟਾਪੂਆਂ ਪਏ ਦੁਹਾਈਆ । ਅਗਲਾ ਖੇਲ ਕਰੇ ਪੁਰਖ ਸਮਰਥਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਧਾਰ ਚਲਣੀ ਯੱਕਾ, ਵਾਹਿਦ ਇਕੋ ਰਿਹਾ ਦ੍ਰਿੜਾਈਆ । ਜਿਸ ਕਾਰਨ ਗੋਬਿੰਦ ਸਥਰ ਲੱਥਾ, ਸਥਰ ਵੇਖੇ ਕੂੜ ਲੋਕਾਈਆ । ਸਭ ਦਾ ਲਹਿਣਾ ਦੇਣਾ ਦੇਵੇ ਇਕੱਠਾ, ਇਕੋ ਹੁਕਮ ਦੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਟਕੇ ਕਹਿਣ ਅਸੀਂ ਆ ਗਏ ਮਾਤ, ਮਾਤਰ ਭੂਮੀ ਵੇਖ ਵਖਾਈਆ । ਰੂਹ ਬੁਤ ਕੋਈ ਰਹਿਣ ਨਹੀਂ ਦੇਣਾ ਪਾਕ, ਪਤਤ ਪੁਨੀਤ ਨਾ ਕੋਇ ਬਣਾਈਆ । ਕਾਇਆ ਮੰਦਰ ਅੰਦਰ ਖੁਲ੍ਹੇ ਕਿਸੇ ਨਾ ਤਾਕ, ਪਰਦਾ ਵਿਚੋਂ ਨਾ ਕੋਇ ਚੁਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਹੋਣਾ ਭਵਿਖਤ ਵਾਕ, ਪੇਸ਼ੀਨਗੋਈਆਂ ਦੇਣ ਗਵਾਹੀਆ । ਧਰਮ ਦੀ ਧਾਰ ਸਭ ਦਾ ਟੁੱਟਣਾ ਨਾਤ, ਕਲਜੁਗ ਕੂੜ ਕੁੜਿਆਰ ਡੰਕ ਵਜਾਈਆ । ਨਵ ਸੱਤ ਦਿਸੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਦਰੋਹੀ ਫਿਰਨੀ ਲੋਕਮਾਤ, ਮਾਤਰ ਭੂਮੀ ਸਭ ਨੂੰ ਰਹੀ ਸੁਣਾਈਆ । ਝਗੜਾ ਵੇਖਣਾ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਮਾਣ ਰਹਿਣਾ ਨਹੀਂ ਕਾਗ਼ਜ਼ਾਤ, ਕਲਮ ਸ਼ਾਹੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਉਨੀ ਜੇਠ ਕਹੇ ਪ੍ਰਭੁ ਸਤਿ ਸਚ ਕਰ ਇਨਸਾਫ਼, ਅਦਲ ਹਕ ਹਕ ਕਮਾਈਆ । ਜਨ ਭਗਤਾਂ ਕਾਇਆ ਮਾਟੀ ਭਾਂਡੇ ਕਰ ਦੇ ਸਾਫ਼, ਦੁਰਮਤ ਮੈਲ ਰਹੇ ਨਾ ਰਾਈਆ । ਜੁਗ ਜਨਮ ਦੇ ਕਰਮ ਕਰ ਮੁਆਫ਼, ਮਿਹਰ ਨਜ਼ਰ ਉਠਾਈਆ । ਚਰਨ ਧੂੜ ਸਚ ਬਖ਼ਸ਼ ਦੇ ਰਾਖ, ਬਾਵਨ ਦੇ ਮਿਤ੍ਰ ਰਿਸ਼ੀ ਮੰਗ ਮੰਗਾਈਆ । ਹਰਿਜਨ ਤੇਰਾ ਰਹੇ ਨਾ ਕੋਇ ਗੁਸਤਾਖ਼, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੂੰ ਜਾਵੇ ਭਾਖ, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੮੪੩
੨੩

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਜਨ ਭਗਤਾਂ ਕਾਇਆ ਮਾਟੀ ਭਾਂਡੇ ਧੋ, ਦੁਰਮਤ ਮੈਲ ਕਰ ਸਫ਼ਾਈਆ । ਸ਼ਬਦ ਸੁਣਾ ਦੇ ਸੋਹੰ ਸੋ, ਦੇਣੀ ਮਾਣ ਵਡਿਆਈਆ । ਦੀਨ ਦੁਨੀ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਪਰਮਾਤਮ ਹੋ ਕੇ ਆਤਮ ਜਾਣਾ ਛੋਹ, ਸ਼ੌਹਰ ਬਾਂਕੇ ਮੇਲ ਮਿਲਾਈਆ । ਪੰਚ ਵਿਕਾਰਾ ਅੰਦਰੋਂ ਕੱਢਣਾ ਗਰੋਹ, ਗ੍ਰਿਹਿ ਗ੍ਰਿਹਿ ਅੰਦਰੋਂ ਕਰ ਸਫ਼ਾਈਆ । ਸਚ ਪ੍ਰਕਾਸ਼ ਨੂਰ ਨੁਰਾਨੇ ਅੰਦਰੋਂ ਦੇਣੀ ਲੋ, ਲੋਇਣ ਤੀਜਾ ਆਪ ਖੁਲ੍ਹਾਈਆ । ਤੁਧ ਬਿਨ ਲੇਖਾ ਅਵਰ ਨਾ ਜਾਣੇ ਕੋ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਅਗੰਮ ਵਰਤਾਈਆ । ਤਨ ਵਜੂਦ ਕਹੇ ਪ੍ਰਭੂ ਮੇਰੇ ਅੰਤਸ਼ ਬਖ਼ਸ਼ ਗਿਆਨ, ਬਿਨ ਹਰਫ਼ ਹਰੂਫ਼ ਪੜ੍ਹਾਈਆ । ਬਿਨ ਨੈਣਾਂ ਬਖ਼ਸ਼ ਧਿਆਨ, ਜਗ ਨੇਤਰ ਨਾ ਕੋਇ ਵਡਿਆਈਆ । ਬਿਨ ਮੰਦਰ ਰਹਾਂ ਮਕਾਨ, ਬਿਨ ਕਾਅਬੇ ਕਰ ਰੁਸ਼ਨਾਈਆ । ਬਿਨ ਤੇਲ ਬਾਤੀ ਜੋਤ ਜਗੇ ਮਹਾਨ, ਦਿਵਸ ਰੈਣ ਹੋਵੇ ਰੁਸ਼ਨਾਈਆ । ਬਿਨਾ ਜ਼ਬਾਨ ਤੋਂ ਤੇਰਾ ਹੋਵੇ ਗਾਨ, ਅਨਹਦ ਨਾਦੀ ਰਾਗ ਪ੍ਰਗਟਾਈਆ । ਬਿਨ ਰਸਨਾ ਅੰਮਿਉਂ ਰਸ ਦੇਣਾ ਪੀਣ ਖਾਣ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਕਰ ਪ੍ਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਹਰਿਜਨ ਭਗਤ ਕਰ ਪ੍ਰਵਾਨ, ਬਾਲੀ ਬੁਧ ਹੋਣਾ ਸਹਾਈਆ । ਮਨ ਮਤ ਵਿਚ ਅੰਞਾਣ, ਅਕਲ ਬੁਧੀ ਨਾ ਕੋਇ ਰਖਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਬੇਪਰਵਾਹੀਆ । ਦੋ ਜਹਾਨਾਂ ਰਾਜ ਰਾਜਾਨ, ਭੂਪਤ ਭੂਪ ਇਕ ਅਖਵਾਈਆ । ਆਤਮ ਪਰਮਾਤਮ ਬਣ ਕੇ ਗੋਪੀ ਕਾਹਨ, ਖੇਲ ਖੇਲਣਾ ਚਾਈਂ ਚਾਈਂਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਰੂਪ ਇਕੋ ਸੀਤਾ ਰਾਮ, ਸਤਿ ਸਤਿ ਸਤਿ ਦੇਣਾ ਸਮਝਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨੌਜਵਾਨ, ਸ਼ਾਹੋ ਭੂਪ ਸਤਿ ਸਰੂਪ ਪਰਵਰਦਿਗਾਰ ਸਾਂਝੇ ਯਾਰ ਤੇਰੀ ਓਟ ਤਕਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਸਤਿਗੁਰ ਸ਼ਬਦ ਕਰ ਪ੍ਰਵਾਨ, ਪਰਮ ਪੁਰਖ ਪਰਮਾਤਮ ਦਇਆ ਕਮਾਈਆ । ਮਾਇਆ ਮਮਤਾ ਮੈਲ ਤਨ ਵਜੂਦ ਗਵਾਨ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਉਨੀ ਜੇਠ ਕਹੇ ਪ੍ਰਭੂ ਮੇਰਾ ਅੱਜ ਦਾ ਦਿਵਸ ਮਹਾਨ, ਮਹਿੰਮਾ ਤੇਰੀ ਸਿਫ਼ਤ ਸਲਾਹੀਆ । ਹਰਿਜਨ ਕੋਝੇ ਕਮਲੇ ਕਰ ਪ੍ਰਵਾਨ, ਗ਼ਰੀਬ ਨਿਮਾਣਿਆਂ ਸਿਰ ਆਪਣਾ ਹੱਥ ਟਿਕਾਈਆ । ਬਿਨ ਭਗਤੀਉਂ ਦੇ ਦੇ ਦਾਨ, ਵਸਤ ਅਨਮੁੱਲ ਝੋਲੀ ਪਾਈਆ । ਗ੍ਰਿਹਿ ਗ੍ਰਿਹਿ ਘਰ ਘਰ ਦਰਸ਼ਨ ਦੇਣਾ ਸ੍ਰੀ ਭਗਵਾਨ, ਕਾਇਆ ਮੰਦਰ ਅੰਦਰ ਪਰਦਾ ਆਪ ਉਠਾਈਆ । ਤੂੰ ਦਾਤਾ ਦਾਨੀ ਨੌਜਵਾਨ, ਜੋਬਨਵੰਤਾ ਇਕ ਅਖਵਾਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਪੰਚਮ ਤਤ ਦੇਣਾ ਮਾਣ, ਮਨਮੁਖ ਗੁਰਮੁਖ ਲੈਣੇ ਬਣਾਈਆ । ਚਾਰ ਜੁਗ ਤੋਂ ਵੱਖਰਾ ਤੇਰਾ ਹੋਵੇ ਵਿਧਾਨ, ਹੁਕਮ ਧੁਰ ਦਾ ਇਕ ਸਮਝਾਈਆ । ਸਤਿ ਧਰਮ ਦਾ ਤੇਰਾ ਹੋਵੇ ਨਿਸ਼ਾਨ, ਨਿਸ਼ਾਨਾ ਦੋ ਜਹਾਨ ਝੁਲਾਈਆ । ਤੂੰ ਮਾਲਕ ਨੂਰ ਨੁਰਾਨਾ ਅਮਾਮ, ਅਮਲਾਂ ਤੋਂ ਰਹਿਤ ਇਕ ਅਖਵਾਈਆ । ਕਲ ਕਲਕੀ ਨੌਜਵਾਨ, ਨਿਹਕਲੰਕ ਤੇਰੀ ਵਡਿਆਈਆ । ਹਰਿਜਨ ਜਨ ਹਰਿ ਤੇਰੇ ਰੂਪ ਵਿਚ ਸਮਾਣ, ਅਨੂਪ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਾਣੀ ਜਾਣ, ਜਾਨਣਹਾਰ ਤੇਰੇ ਹੱਥ ਵਡਿਆਈਆ ।

✪ ੨੦ ਜੇਠ ਸ਼ਹਿਨਸ਼ਾਹੀ ਸੰਮਤ ਦਸ ਜੰਮੂ ਸ਼ਹਿਰ ਸੰਸਾਰ ਸਿੰਘ ਸਵਰਨੋ ਲੀਲਾ ਵੰਤੀ ਸਧਰੋ ਦੇਵੀ ਕਰਮੋ ਦੇਵੀ ਕੰਗਰੇਲ ✪

ਪੰਜ ਤਤ ਕਹਿਣ ਸਾਡਾ ਨਾਉਂ ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਆਦਿ ਜੁਗਾਦਿ ਜੁਗ ਚੌਕੜੀ ਚਲਿਆ ਆਈਆ । ਕਿਰਪਾ ਕਰ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਅਬਿਨਾਸ਼, ਹਰਿ ਕਰਤੇ ਤੇਰੀ ਵਡ ਵਡਿਆਈਆ । ਤਨ ਵਜੂਦ ਕਾਇਆ ਮੰਦਰ ਅੰਦਰ ਵਖਾ ਆਪਣੀ ਰਾਸ, ਬਿਨ ਗੋਪੀ ਕਾਹਨ ਖ਼ੁਸ਼ੀ ਬਣਾਈਆ । ਸਾਡਾ ਪਵਿਤ੍ਰ ਕਰ ਦੇ ਸਵਾਸ ਸਵਾਸ, ਤੇਰਾ ਨਾਮ ਧਿਆਈਆ । ਬਿਨ ਦੀਏ ਬਾਤੀ ਕਰ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਆਤਮ ਪਰਮਾਤਮ ਬਖ਼ਸ਼ ਧਰਵਾਸ, ਮਨ ਮਨਸਾ ਦੂਰ ਕਰਾਈਆ । ਸਦਾ ਸੁਹੇਲਾ ਹੋ ਕੇ ਵਸਣਾ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਕੂੜ ਵਿਕਾਰਾ ਅੰਤਸ਼ਕਰਨ ਕਰਨਾ ਨਾਸ, ਤਨ ਮਾਟੀ ਖ਼ਾਕ ਰਹਿਣ ਨਾ ਪਾਈਆ । ਸਚ ਪ੍ਰੀਤੀ ਸ਼ਾਹੋ ਭੂਪ ਜਾਏ ਭਾਸ, ਪਿਆਰ ਮੁਹੱਬਤ ਦੇਣੀ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪਰਮ ਪੁਰਖ ਸਾਡੇ ਨਿਰੰਕਾਰ, ਨਿਰਵੈਰ ਤੇਰੀ ਸ਼ਰਨਾਈਆ । ਕਿਰਪਾ ਕਰ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਬੇਨੰਤੀ ਕਰੀਏ ਦਰ ਦਰਬਾਰ, ਦੋਏ ਜੋੜ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਸੁਣਨੇਹਾਰ, ਜੁਗ ਜੁਗ ਵੇਖ ਵਖਾਈਆ । ਲਹਿਣਾ ਤੱਕ ਜੁਗ ਚੌਕੜੀ ਨਵ ਨਵ ਚਾਰ, ਪੂਰਬ ਵੇਖ ਵਖਾਈਆ । ਤੇਰੀ ਕਰਦੇ ਰਹੇ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਅਵਤਾਰ ਪੈਗ਼ੰਬਰ ਗੁਰ ਸੰਦੇਸਾ ਦਿਤਾ ਵਾਰੋ ਵਾਰ, ਸ਼ਬਦ ਸੁਨੇਹੁੜਿਆਂ ਵਿਚ ਜਣਾਈਆ । ਤੂੰ ਨਿਰਗੁਣ ਧਾਰ ਕਲ ਕਲਕੀ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਸਾਡੀ ਪੈਜ ਦੇ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਕੂੜ ਕੁਕਰਮ ਕੱਢ ਦੇ ਬਾਹਰ, ਦੁਰਮਤ ਮੈਲ ਕਰ ਸਫ਼ਾਈਆ । ਨੂਰੀ ਚੰਦ ਹੋਵੇ ਉਜਿਆਰ, ਅੰਧ ਅੰਧੇਰ ਮਿਟਾਈਆ । ਸ਼ਬਦੀ ਧੁਨ ਦੇ ਧੁਨਕਾਰ, ਧੁਨ ਆਤਮਕ ਰਾਗ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦ ਆਪ ਖੁਲਾਈਆ । ਪੰਜ ਤਤ ਕਹਿਣ ਸਾਡੀ ਅੰਤਸ਼ਕਰਨ ਖੋਲ ਦੇ ਤਾਕੀ, ਪਰਦਾ ਅੰਤਰ ਆਪ ਖੁਲਾਈਆ । ਵਜੂਦ ਮਹਿਬੂਬ ਕਰ ਦੇ ਪਾਕੀ, ਪਤਤ ਪੁਨੀਤ ਦਇਆ ਕਮਾਈਆ । ਸ਼ਬਦ ਘੋੜ ਚੜ੍ਹਾ ਰਾਕੀ, ਚਾਰੋਂ ਕੁੰਟ ਵੇਖ ਵਖਾਈਆ । ਲੇਖੇ ਲਾ ਲੈ ਮਿੱਟੀ ਖ਼ਾਕੀ, ਖ਼ਾਲਸ ਆਪਣਾ ਰੰਗ ਬਣਾਈਆ । ਚਰਨ ਪ੍ਰੀਤੀ ਜੋੜ ਲੈ ਨਾਤੀ, ਨਾਤਾ ਕੂੜਾ ਦੇਣਾ ਛੁਡਾਈਆ । ਤੂੰ ਆਦਿ ਜੁਗਾਦੀ ਪਿਤਾ ਮਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਵੇਸ ਵਟਾਏ ਬਹੁ ਬਿਧ ਭਾਂਤੀ, ਨਿਤ ਨਵਿਤ ਖੇਲ ਖਿਲਾਈਆ । ਕਲਜੁਗ ਅੰਤ ਭਗਵੰਤ ਬਦਲ ਦੇ ਹਯਾਤੀ, ਜੀਵਣ ਜੀਵਣ ਵਿਚੋਂ ਬਦਲਾਈਆ । ਸਾਡਾ ਝਗੜਾ ਮੇਟ ਦੇ ਕਾਗ਼ਜ਼ਾਤੀ, ਕਲਮਾ ਇਕੋ ਨਾਮ ਦ੍ਰਿੜ੍ਹਾਈਆ । ਤੇਰਾ ਹੁਕਮ ਹੋਵੇ ਸਫ਼ਾਤੀ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭੂ ਜਗ ਵੇਖ ਲੈ ਆਪਣੇ ਭਗਤ, ਭਗਵਨ ਆਪਣੀ ਦਇਆ ਕਮਾਈਆ । ਲੇਖੇ ਲਾ ਲੈ ਬੂੰਦ ਰਕਤ, ਤਨ ਵਜੂਦ ਕਰ ਸਫ਼ਾਈਆ । ਨਿਗਾਹ ਮਾਰ ਲੈ ਉਤੇ ਧਰਤ, ਧਰਨੀ ਧਰਤ ਧਵਲ ਧੌਲ ਫੋਲ ਫੁਲਾਈਆ । ਵਾਅਦੇ ਪੂਰੇ ਕਰ ਦੇ ਸ਼ਰਤ, ਸ਼ਰਕਤ ਡੇਰਾ ਢਾਹੀਆ । ਜੋ ਇਸ਼ਾਰਾ ਰਾਮ ਦਿਤਾ ਭਰਤ, ਭਾਰਤ ਖੰਡ ਦਏ ਗਵਾਹੀਆ । ਨਿਰਗੁਣ ਧਾਰ ਆਵੇ ਪਰਤ,

ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਫ਼ਰਸ਼ ਅਰਸ਼, ਦੋ ਜਹਾਨਾਂ ਖੇਲ ਖਿਲਾਈਆ । ਗ਼ਰੀਬ ਨਿਮਾਣਿਆਂ ਕਰੇ ਤਰਸ, ਰਹਿਮਤ ਰਹਿਮਾਨ ਆਪ ਕਮਾਈਆ । ਸੰਮਤ ਸ਼ਹਿਨਸ਼ਾਹੀ ਬਰਸ, ਲੇਖਾ ਸਭ ਦਾ ਦੇਣਾ ਚੁਕਾਈਆ । ਸਾਡੀ ਬੇਨੰਤੀ ਇਕੋ ਅਰਜ਼, ਆਰਜ਼ੂ ਤੇਰੇ ਅਗੇ ਰਖਾਈਆ । ਜਨਮ ਮਰਨ ਦੀ ਰਹੇ ਨਾ ਗ਼ਰਜ਼, ਚੁਰਾਸੀ ਵੰਡ ਨਾ ਕੋਇ ਵੰਡਾਈਆ । ਤੇਰਾ ਨਾਮ ਢੋਲਾ ਗੀਤ ਇਕੋ ਸੁਣੀਏ ਤਰਜ, ਦੂਜਾ ਰਾਗ ਨਾ ਕੋਇ ਸ਼ਨਵਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਬਲਧਾਰੀ ਇਕ ਅਖਵਾਈਆ । ਪੰਜ ਤਤ ਕਹਿਣ ਜਨ ਭਗਤਾਂ ਵੰਡਾਂ ਦਰਦ, ਦੁਖੀਆਂ ਹੋ ਸਹਾਈਆ । ਸ਼ਰਅ ਛੁਰੀ ਮੇਟ ਦੇ ਕਰਦ, ਕਤਲਗਾਹ ਦਾ ਡੇਰਾ ਢਾਹੀਆ । ਤੇਰਾ ਖੇਲ ਤੱਕੀਏ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਤਤ ਕਹਿਣ ਸਾਡੀ ਇਕ ਬੇਨੰਤੀ, ਬਿਨੈ ਬਿਨੈ ਸੀਸ ਨਿਵਾਈਆ । ਤੂੰ ਪੁਰਖ ਅਕਾਲਾ ਧੁਰ ਦਾ ਪੰਡਤੀ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਕਲਪਣਾ ਮੇਟ ਦੇ ਕੂੜੇ ਮਨ ਦੀ, ਮਨਸਾ ਮਨ ਨਾ ਕੋਇ ਹਲਕਾਈਆ । ਚੁਗ਼ਲੀ ਰਹੇ ਨਾ ਕੂੜੇ ਕੰਨ ਦੀ, ਕਾਇਨਾਤ ਦੇ ਮਾਲਕ ਦੇਣਾ ਸਮਝਾਈਆ । ਸਾਰ ਸਮਝਾ ਦੇ ਆਪਣੇ ਬ੍ਰਹਮ ਦੀ, ਪਾਰਬ੍ਰਹਮ ਭੇਵ ਚੁਕਾਈਆ । ਨੀਤੀ ਦੱਸ ਦੇ ਇਕੋ ਧਰਮ ਦੀ, ਧਰਮ ਧਾਰ ਵਡਿਆਈਆ । ਸ਼ਰਅ ਮੇਟ ਦੇ ਜਗਤ ਵਰਨ ਦੀ, ਸ਼ਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਵਿਦਿਆ ਦੱਸ ਦੇ ਤੂੰ ਮੇਰਾ ਮੈਂ ਤੇਰਾ ਆਤਮ ਧਾਰ ਪੜ੍ਹਨ ਦੀ, ਸੋਹੰ ਧਾਰ ਦੇਣੀ ਸਮਝਾਈਆ । ਰੀਤੀ ਦੱਸ ਦੇ ਮੰਜ਼ਲ ਚੜ੍ਹਨ ਦੀ, ਨਵ ਦਵਾਰ ਡੇਰਾ ਢਾਹੀਆ । ਮੰਜ਼ਲ ਵਖਾ ਕੇ ਹਕੀਕੀ ਘਰ ਖੜਨ ਦੀ, ਅਗੇ ਹੋ ਨਾ ਕੋਇ ਅਟਕਾਈਆ । ਬੇਨੰਤੀ ਸੁਣ ਲੈ ਪੰਜ ਤਤ ਕਹਿਣ ਜਨ ਭਗਤਾਂ ਵਾਲੇ ਧੜਨ ਦੀ, ਧੜ ਕਹਿ ਕੇ ਕੀ ਸੁਣਾਈਆ । ਤ੍ਰਿਸ਼ਨਾ ਫੇਰ ਨਾ ਰਹੇ ਮਾਇਆ ਸੜਨ ਦੀ, ਅਗਨੀ ਅੱਗ ਦੇਣੀ ਬੁਝਾਈਆ । ਪੁਰਖ ਅਕਾਲੇ ਦੀਨ ਦਿਆਲੇ ਅਜਾਜ਼ਤ ਦੇ ਦੇ ਆਪਣੇ ਸਚਖੰਡ ਵੜਨ ਦੀ, ਦਰਗਾਹ ਸਾਚੀ ਸਚ ਦਵਾਰ ਸੁਹਾਈਆ । ਫਿਰ ਲੋੜ ਰਹੇ ਨਾ ਜੰਮ ਕੇ ਮਰਨ ਦੀ, ਜਨਮ ਮਰਨ ਵਿਚ ਕਦੇ ਨਾ ਆਈਆ । ਸਾਡੀ ਇਕੋ ਆਸ਼ਾ ਮੁਹੱਬਤ ਰਹੇ ਤੇਰੇ ਚਰਨ ਦੀ, ਚਰਨ ਚਰਨੋਦਕ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪਰਮ ਪੁਰਖ ਸਾਡੇ ਪਰਵਰਦਿਗਾਰ, ਯਾਮਬੀਨ ਤੇਰੀ ਸ਼ਰਨਾਈਆ । ਸਾਡਾ ਲਹਿਣਾ ਦੇਣਾ ਜਗਤ ਜੁਗਤ ਵਿਚਾਰ, ਅੰਦਰ ਬਾਹਰ ਗੁਪਤ ਜ਼ਾਹਰ ਧਿਆਨ ਲਗਾਈਆ । ਸਾਡੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸਜਦਾ ਕਰ ਕੇ ਸੀਸ ਝੁਕਾਈਆ । ਮਨ ਮਨਸਾ ਕੂੜ ਨਿਵਾਰ, ਬੁੱਧ ਮਤ ਦੇ ਸਮਝਾਈਆ । ਝਗੜਾ ਰਹੇ ਨਾ ਨੌ ਦਵਾਰ, ਤਕਰਾਰ ਵਿਚ ਹੰਕਾਰ ਨਾ ਕੋਇ ਰਖਾਈਆ । ਅੰਮ੍ਰਿਤ ਬੂੰਦ ਸਵਾਂਤੀ ਬਖ਼ਸ਼ ਠੰਡੀ ਠਾਰ, ਕਵਲ ਨਾਭੀ ਆਪ ਟਪਕਾਈਆ । ਸ਼ਬਦ ਅਨਾਦੀ ਦੇ ਧੁਨਕਾਰ, ਅੰਤਰ ਆਤਮਕ ਰਾਗ ਸੁਣਾਈਆ । ਨਿਰਗੁਣ ਜੋਤ ਕਰ ਉਜਿਆਰ, ਨੂਰ ਨੁਰਾਨਾ ਨਜ਼ਰੀ ਆਈਆ । ਮੰਜ਼ਲ ਪੰਧ ਮੁਕਾ ਸੰਸਾਰ, ਧਰਨੀ ਧਰਤ ਧਵਲ ਧੌਲ ਰਹਿਣ ਨਾ ਪਾਈਆ । ਲਹਿਣਾ ਦੇਣਾ ਪੂਰਾ ਕਰ ਕਰ ਆਪਣੇ ਘਰ ਬਾਰ, ਗ੍ਰਹਿ ਮੰਦਰ ਇਕ ਸੁਹਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜਨ ਭਗਤਾਂ ਦੇ ਉਧਾਰ, ਉਦਰ ਦਾ ਲੇਖਾ ਰਹੇ ਨਾ ਰਾਈਆ । ਪੰਜ ਤਤ ਕਹਿਣ ਤੂੰ ਸ਼ਾਹੋ ਭੂਪ ਸੱਚੀ ਸਰਕਾਰ, ਸ਼ਹਿਨਸ਼ਾਹ ਅਗੰਮ ਅਥਾਹੀਆ ।

ਕਰਨੀ ਦਾ ਕਰਤਾ ਇਕ ਸਿਕਦਾਰ, ਕੁਦਰਤ ਦਾ ਕਾਦਰ ਇਕ ਅਖਵਾਈਆ । ਹਰਿਜਨ ਸਾਚੇ ਪਾਰ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਸਚ ਬੇਨੰਤੀ ਧੁਰ ਦੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਤੇਰੇ ਅਗੇ ਮੰਗ ਮੰਗਾਈਆ ।

✪ ੨੦ ਜੇਠ ਸ਼ਹਿਨਸ਼ਾਹੀ ਸੰਮਤ ਦਸ ਜੰਮੂ ਸ਼ਹਿਰ ਫੁੰਮਣ ਸਿੰਘ ਬਾਜ ਸਿੰਘ ਕੇਸਰੀ ਦੇਵੀ ਅਮਰੋ ਦੇਵੀ ਪਕਾਸ਼ੋ ਦੇਵੀ ਭਾਗ ਕੌਰ ✪

ਪੰਜ ਤਤ ਕਹਿਣ ਸਾਡਾ ਪ੍ਰਭ ਅਗੰਮੀ ਹਾੜਾ, ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਭ ਦਾ ਲਾੜਾ, ਨਰ ਨਰਾਇਣ ਇਕ ਅਖਵਾਈਆ । ਤਨ ਵਜੂਦ ਪਿੰਜਰ ਖ਼ਾਕੀ ਵੇਖਣਹਾਰ ਬਹੱਤਰ ਨਾੜਾ, ਰਕਤ ਬੂੰਦ ਧਿਆਨ ਲਗਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਡਾ ਧਰਤੀ ਉਤੇ ਲੱਗਦਾ ਰਿਹਾ ਅਖਾੜਾ, ਜਗਤ ਜਗਿਆਸੂਆਂ ਰੰਗ ਰੰਗਾਈਆ । ਸਾਡੇ ਅੰਤਸ਼ਕਰਨ ਵਿਚ ਇਕੋ ਰਿਹਾ ਸਾੜਾ, ਦੁੱਖਾਂ ਨਾਲ ਸੁਣਾਈਆ । ਅੰਤ ਕੰਤ ਭਗਵੰਤ ਸਾਨੂੰ ਸਾੜਦੇ ਰਹੇ ਵਿਚ ਉਜਾੜਾ, ਬਾਹਰ ਮਕਬਰਿਆਂ ਵਿਚ ਦਬਾਈਆ । ਸਾਡਾ ਲਹਿਣਾ ਦੇਣਾ ਜੰਗਲ ਜੂਹਾਂ ਵਿਚ ਪਹਾੜਾ, ਟਿੱਲੇ ਪਰਬਤ ਦੇਣ ਗਵਾਹੀਆ । ਅੰਤ ਕੰਤ ਤੇਰਾ ਦਰ ਮੰਗਣ ਆਏ ਵਾੜਾ, ਦਰਵੇਸ਼ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਤਨ ਵਜੂਦ, ਬੁੱਤ ਖ਼ਾਕੀ ਧਿਆਨ ਲਗਾਈਆ । ਤੂੰ ਮਾਲਕ ਖਾਲਕ ਹਕ ਮਹਿਬੂਬ, ਮਿਹਰਵਾਨ ਨੂਰ ਅਲਾਹੀਆ । ਤੇਰਾ ਆਲੀਸ਼ਾਨ ਅਰਸ਼ ਅਰੂਜ, ਆਲੀਜਾਹ ਤੇਰੀ ਵਡਿਆਈਆ । ਤੇਰੀ ਮੰਜ਼ਲ ਹਕ ਮਕਸੂਦ, ਸਾਡੇ ਅੰਦਰ ਸੋਭਾ ਪਾਈਆ । ਤੂੰ ਨਿਰਗੁਣ ਧਾਰ ਆਤਮ ਦੇਵੇ ਸਬੂਤ, ਸੋਹਣਾ ਸੰਗ ਵਖਾਈਆ । ਭਾਗ ਲਗਾ ਦੇ ਵਿਚ ਕਲਬੂਤ, ਕਾਇਆ ਕਾਅਬੇ ਡਗਮਗਾਈਆ । ਜਿੰਨਾਂ ਚਿਰ ਰਹੇ ਮੌਜੂਦ, ਸਾਨੂੰ ਮਿਲਦੀ ਰਹੇ ਵਡਿਆਈਆ । ਜਿਸ ਵੇਲੇ ਵਖਰੀ ਕਰੇ ਹਦੂਦ, ਆਪਣਾ ਆਪ ਬਾਹਰ ਕਢਾਈਆ । ਸਾਡਾ ਨਿਸ਼ਾਨਾ ਹੁੰਦਾ ਨੇਸਤੋ ਨਾਬੂਦ, ਜੜ ਚੇਤਨ ਰਹਿਣ ਕੋਇ ਨਾ ਪਾਈਆ । ਨਿਗਾਹ ਮਾਰ ਲੈ ਚਾਰੇ ਕੂਟ, ਦਰੋਹੀ ਤੇਰਾ ਨਾਮ ਸੁਣਾਈਆ । ਕੀ ਸਾਡਾ ਲੇਖਾ ਰਖਿਆ ਝੂਠ, ਸਤਿ ਸਚ ਨਾ ਕੋਇ ਵਖਾਈਆ । ਕਲਜੁਗ ਅੰਤ ਮਿਹਰਵਾਨ ਹੋ ਕੇ ਤੁਠ, ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਜਾਮ ਪਿਆ ਦੇ ਘੁਟ, ਅਨਰਸ ਆਪ ਚਖਾਈਆ । ਜਗਤ ਵਿਕਾਰ ਰਹੇ ਨਾ ਲੁੱਟ, ਕੂੜੀ ਕਿਰਿਆ ਬਾਹਰ ਕਢਾਈਆ । ਜੇ ਆਤਮਾ ਤੇਰਾ ਸੁਤ, ਸਾਨੂੰ ਲੈ ਪ੍ਰਨਾਈਆ । ਸਾਡੇ ਨਾਲ ਨਿਰਗੁਣ ਧਾਰ ਸਰਗੁਣ ਦੀ ਨਿਕਲੇ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਗ਼ਰੀਬ ਨਿਮਾਣਿਆਂ ਗੋਦੀ ਚੁੱਕ, ਫੜ ਬਾਹੋਂ ਗਲੇ ਲਗਾਈਆ । ਸਾਡਾ ਆਵਣ ਜਾਵਣ ਜਾਏ ਮੁਕ, ਲੱਖ ਚੁਰਾਸੀ ਪੰਧ ਰਹੇ ਨਾ ਰਾਈਆ । ਜਨਣੀ ਆਉਣਾ ਪਏ ਫੇਰ ਨਾ ਕੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਉਲਟਾ ਮੂਲ ਰਹੇ ਨਾ ਰੁੱਖ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਚ ਸਵਾਮੀ ਚਰਨ ਧੂੜੀ ਬਖ਼ਸ਼ ਦੇ ਸੁਖ, ਸੋਹਣਾ ਸੰਗ ਵਖਾਈਆ ।

੧੮੪੭
੨੩

ਤੇਰੇ ਪਿਆਰ ਵਿਚ ਉਜਲ ਹੋਵੇ ਮੁੱਖ, ਦੁਰਮਤ ਮੈਲ ਦੇਣੀ ਧਵਾਈਆ । ਆਵਣ ਜਾਵਣ ਪਤਤ ਪਾਵਨ ਸਾਡੀ ਤ੍ਰਿਸ਼ਨਾ ਮੇਟ ਦੇ ਭੁੱਖ, ਕਾਮਨਾ ਕੂੜ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਦੇ ਚਰਨ ਧੂੜ, ਟਿੱਕੇ ਤੇਰਾ ਨਾਮ ਰਮਾਈਆ । ਚਤੁਰ ਸੁਘੜ ਬਣਾ ਲੈ ਮੂਰਖ ਮੂੜ੍ਹ, ਮਿਹਰਵਾਨ ਦਇਆ ਕਮਾਈਆ । ਸਾਡਾ ਨਾਤਾ ਰਹੇ ਨਾ ਕੂੜ, ਕੂੜੀ ਕਿਰਿਆ ਪੰਧ ਮੁਕਾਈਆ । ਆਪਣੀ ਜੋਤ ਦਾ ਬਖ਼ਸ਼ ਦੇ ਨੂਰ, ਨੂਰ ਨੁਰਾਨੇ ਭੇਵ ਖੁਲਾਈਆ । ਤੂੰ ਮਾਲਕ ਖ਼ਾਲਕ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਬੇਪ੍ਰਵਾਹੀਆ । ਸਾਚਾ ਨਾਮ ਖ਼ੁਮਾਰੀ ਦੇ ਸਰੂਰ, ਸਿਰ ਧੜ ਆਪਣੇ ਲੇਖੇ ਲਾਈਆ । ਤੇਰੇ ਚਾਕਰ ਹੋਈਏ ਮਜ਼ਦੂਰ, ਦਰ ਦਰ ਸੇਵ ਕਮਾਈਆ । ਤੂੰ ਸਰਬ ਕਲਾ ਭਰਪੂਰ, ਬੇਪ੍ਰਵਾਹ ਤੇਰੀ ਸਰਨਾਈਆ । ਸ਼ੁਕਰੀਏ ਵਿਚ ਤੇਰੇ ਹੋਈਏ ਮਸ਼ਕੂਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਸਾਡਾ ਹੰਕਾਰ ਨਾ ਰਹੇ ਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦੇਣਾ ਖੁਲਾਈਆ । ਪੰਜ ਤਤ ਕਹਿਣ ਪ੍ਰਭੂ ਆਤਮ ਧਾਰ ਭਗਤਾਂ ਸਦਾ ਮੀਤੇ, ਮਿਤ੍ਰਾ ਮਿਤ੍ਰ ਪਿਆਰਾ ਇਕ ਅਖਵਾਈਆ । ਭਗਤ ਉਧਾਰਨਾ ਜੁਗ ਜੁਗ ਤੇਰੀ ਰੀਤੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਮਿਹਰਵਾਨ ਹੋ ਕੇ ਤੂੰ ਪਰਉਪਕਾਰ ਕੀਤੇ, ਕਰਨੀ ਦੇ ਕਰਤੇ ਦਇਆ ਕਮਾਈਆ । ਤੇਰੇ ਹੁਕਮ ਵਿਚ ਜੁਗ ਚੌਕੜੀ ਬੀਤੇ, ਪਾਂਧੀ ਹੋ ਕੇ ਭੱਜੇ ਵਾਹੋ ਦਾਹੀਆ । ਤੇਰਾ ਹੁਕਮ ਸੰਦੇਸ਼ਾ ਸੁਣੀਏ ਅਗੰਮ
1848
23
ਹਦੀਸੇ, ਬਿਨ ਅੱਖਰਾਂ ਅੱਖਰ ਸਮਝਾਈਆ । ਤੇਰਾ ਰਾਹ ਉਡੀਕਦੇ ਬੀਸ ਬੀਸੇ, ਸਰਗੁਣ ਜ਼ੀਰੋ ਨਾਲ ਮਿਲਾਈਆ । ਲਹਿਣੇ ਦੇਣੇ ਪੂਰੇ ਕਰ ਦੇ ਇਕ ਇਕੀਸੇ, ਏਕੰਕਾਰ ਤੇਰੀ ਸਰਨਾਈਆ । ਇਕੋ ਛਤਰ ਵੇਖੀਏ ਤੇਰੇ ਸੀਸੇ, ਦੋ ਜਹਾਨ ਵੱਜੇ ਵਧਾਈਆ । ਜਗਤ ਜਹਾਨ ਤਤਾਂ ਵਾਲਾ ਪੀਸਣ ਪੀਸੇ, ਕਲਜੁਗ ਚੱਕੀ ਕੂੜ ਚਲਾਈਆ । ਬਿਨ ਤੇਰੇ ਸਾਡੇ ਖ਼ਾਲੀ ਦਿਸਣ ਖੀਸੇ, ਵਸਤ ਨਾਮ ਨਾ ਕੋਇ ਟਿਕਾਈਆ । ਓਹ ਲਹਿਣੇ ਯਾਦ ਕਰ ਲੈ ਜਿਹੜੇ ਸੂਲੀ ਚੜ੍ਹਦਿਆਂ ਵਾਅਦੇ ਕੀਤੇ ਨਾਲ ਈਸੇ, ਕੀ ਮੂਸਾ ਮੂੰਹ ਦੇ ਭਾਰ ਗਿਆ ਸਮਝਾਈਆ । ਕੀ ਕਲਮਾ ਜਣਾਇਆ ਮੁਹੰਮਦ ਆਪਣੀ ਦੱਸ ਹਕ ਤੌਫ਼ੀਕੇ, ਭੇਵ ਅਭੇਦ ਆਪ ਚੁਕਾਈਆ । ਕੀ ਨਾਨਕ ਨਿਰਗੁਣ ਸਰਗੁਣ ਭੇਤ ਖੋਲਿਆ ਹਸਤ ਕੀਟੇ, ਊਚ ਨੀਚ ਨਾ ਕੋਇ ਵਡਿਆਈਆ । ਕੀ ਗੋਬਿੰਦ ਸ਼ਬਦ ਸੁਣਾਇਆ ਵੜਦਿਆਂ ਵਿਚ ਅੰਗੀਠੇ, ਪੰਜਾਂ ਤਤਾਂ ਤਤਾਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਪੰਜ ਤਤ ਕਹਿਣ ਪ੍ਰਭੂ ਅਸੀਂ ਜੁਗ ਜੁਗ ਆਏ ਸੜਦੇ, ਅਗਨੀ ਤਤ ਤਪਾਈਆ । ਜਗਤ ਸ਼ਸਤਰਾਂ ਨਾਲ ਆਏ ਲੜਦੇ, ਖੰਡੇ ਖੜਗਾਂ ਨਾਲ ਚਤੁਰਾਈਆ । ਜਗਤ ਮੈਦਾਨਾਂ ਆਏ ਮਰਦੇ, ਆਪਣਾ ਆਪ ਮਿਟਾਈਆ । ਧਰਮ ਦੀ ਧਾਰ ਸੇਵਾ ਰਹੇ ਕਰਦੇ, ਕਰਮ ਕਾਂਡ ਦਾ ਡੇਰਾ ਢਾਹੀਆ । ਰਾਹ ਤੱਕਦੇ ਰਹੇ ਤੇਰੇ ਘਰ ਦੇ, ਬੇਘਰ ਹੋ ਕੇ ਖੋਜ ਖੁਜਾਈਆ । ਤੇਰਾ ਭਾਣਾ ਰਹੇ ਜਰਦੇ, ਸਿਰ ਸਕਿਆ ਨਾ ਕੋਇ ਉਠਾਈਆ । ਸਾਡੇ ਲਹਿਣੇ ਪੂਰੇ ਕਰ ਦੇ ਚਮਕੌਰ ਵਾਲੇ ਗੜ੍ਹ ਦੇ, ਗੜ੍ਹੀ ਚਮਕੌਰ ਨਾਲ ਮਿਲਾਈਆ । ਤੇਰਾ ਨਾਮ ਨਿਧਾਨਾ ਨਿਰ ਅੱਖਰ ਧਾਰ ਪੜ੍ਹਦੇ, ਜਗਤ ਵਿਦਿਆ ਨਾ ਕੋਇ ਵਡਿਆਈਆ । ਅਸੀਂ ਵਣਜਾਰੇ ਬਣ ਗਏ ਤੇਰੇ ਦਵਾਰੇ ਹਰਿ ਦੇ, ਦੂਜੇ ਦਰ ਮੰਗਣ ਕੋਇ ਨਾ ਜਾਈਆ । ਇਸ਼ਨਾਨ ਬਖ਼ਸ਼ ਦੇ ਆਪਣੇ ਸਰੋਵਰ ਸਰ ਦੇ, ਜਗਤ ਤੀਰਥਾਂ ਲੋੜ ਰਹੇ ਨਾ ਰਾਈਆ । ਦਰਸ਼ਨ ਦੇ

ਦੇ ਨਰਾਇਣ ਨਰ ਦੇ, ਨਰ ਹਰਿ ਆਪਣਾ ਪਰਦਾ ਲਾਹੀਆ । ਆਪਣਾ ਆਪ ਤੇਰੇ ਚਰਨ ਕਵਲਾਂ ਵਿਚ ਧਰਦੇ, ਧਰਤੀ ਧਰਤ ਧਵਲ ਧੌਲ ਨਾਲ ਮਿਲਾਈਆ । ਸਾਡੇ ਨਾਤੇ ਬਣਾ ਦੇ ਆਤਮ ਧਾਰ ਭਗਤਾਂ ਵਾਲੇ ਲੜ ਦੇ, ਪੱਲੂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਾਡਾ ਸਾਚਾ ਘਾੜਨ ਘੜ ਦੇ ਘੜਨ ਭੰਨਣਹਾਰ ਸਮਰਥ ਤੇਰੀ ਓਟ ਤਕਾਈਆ ।

✪ ੨੧ ਜੇਠ ਸ਼ਹਿਨਸ਼ਾਹੀ ਸੰਮਤ ਦਸ ਕ੍ਰਿਸ਼ਨ ਲਾਲ ਪੰਡੋਵਾ ਜੀਵਣ ਸਿੰਘ ਝਮਾਂ ਕੇਸਰ ਸਿੰਘ ਝਮਾਂ ਫੱਤੂ ਰਾਮ ਅੰਬਾ ਰਾਏ ਬੰਤੀ ਦੇਵੀ ਅੰਬਾ ਰਾਏ ਮੋਹਣ ਲਾਲ ਅੰਬਾ ਰਾਏ ਧਰਮ ਚੰਦ ਗੋਲਡਾ ✪

ਪੰਜ ਤਤ ਕਹਿਣ ਪ੍ਰਭ ਪਵਿਤ੍ਰ ਕਰਨੀ ਭਗਤਾਂ ਧਰਨੀ, ਧਰਨੀ ਧਰਤ ਧਵਲ ਧੌਲ ਦਇਆ ਕਮਾਈਆ । ਮਿਹਰਵਾਨ ਸ੍ਰੀ ਭਗਵਾਨ ਕਿਰਪਾ ਕਰਨੀ, ਗੁਣ ਨਿਧਾਨ ਦੇਣੀ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਲਗਾਉਣਾ ਆਪਣੀ ਚਰਨੀ, ਚਰਨ ਚਰਨੋਦਕ ਜਾਮ ਪਿਆਈਆ । ਨਿਜ ਨੇਤਰ ਲੋਚਨ ਅੱਖ ਖੋਲਣੀ ਹਰਨੀ ਫਰਨੀ, ਲੋਇਣ ਤੀਜੇ ਕਰ ਰੁਸ਼ਨਾਈਆ । ਆਤਮ ਪਰਮਾਤਮ ਤੁਕ ਦੱਸਣੀ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਈਆ । ਮੰਜ਼ਲ ਹਕ ਹਕੀਕੀ ਦੱਸਣੀ ਚੜ੍ਹਨੀ, ਚੜ੍ਹਦਾ ਲਹਿੰਦਾ ਦੱਖਣ ਪਹਾੜ ਪੰਧ ਮੁਕਾਈਆ । ਡੋਰੀ ਸੁਰਤ ਸ਼ਬਦ ਦੱਸਣੀ ਫੜਨੀ,
੧੮੪੯ ੨੩ ਪਾਰਬ੍ਰਹਮ ਬ੍ਰਹਮ ਮੇਲ ਮਿਲਾਈਆ । ਲੇਖ ਮੁਕਾਉਣਾ ਸੀਸ ਧੜਨੀ, ਜਨਮ ਮਰਨ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੮੪੯ ੨੩
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਤਤ ਕਹਿਣ ਪ੍ਰਭੂ ਧਰਨੀ ਧੌਲ ਲਗਾ ਦੇ ਭਾਗ, ਭਾਗਹੀਣ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਦੇ ਬਣਾਈਆ । ਤ੍ਰੈਗੁਣ ਮਾਇਆ ਪੋਹ ਨਾ ਸਕੇ ਆਗ, ਅਗਨੀ ਅੱਗ ਨਾ ਕੋਇ ਤਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚ ਖੋਲ ਦੇ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਅੰਤਸ਼ਕਰਨ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਫੜ ਫੜ ਹੰਸ ਬਣਾ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸ਼ਬਦ ਅਨਾਦ ਸੁਣਾ ਦੇ ਨਾਦ, ਅਨਾਦੀ ਧੁਨ ਕਰ ਸ਼ਨਵਾਈਆ । ਭੇਵ ਖੁਲਾ ਦੇ ਬੋਧ ਅਗਾਧ, ਬੁੱਧੀ ਤੋਂ ਪਰੇ ਦੇ ਸਮਝਾਈਆ । ਕੂੜੀ ਕਿਰਿਆ ਮੇਟ ਵਿਵਾਦ, ਮਾਇਆ ਮਮਤਾ ਮੋਹ ਮਿਟਾਈਆ । ਸਾਚੇ ਨਾਮ ਦਾ ਦੇ ਸਵਾਦ, ਅਨਰਸ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਪੰਜ ਤਤ ਗ੍ਰਹਿ ਕਰ ਸੁਹੰਜਣਾ, ਸੋਹਣੀ ਬਣਤ ਬਣਾਈਆ । ਪ੍ਰਕਾਸ਼ ਦੇ ਦੇ ਆਦਿ ਨਿਰੰਜਣਾ, ਅੰਧ ਅੰਧੇਰਾ ਕੂੜ ਮਿਟਾਈਆ । ਤੂੰ ਸਵਾਮੀ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਇਕ ਅਖਵਾਈਆ । ਹਰਿਜਨ ਨੇਤਰ ਨਾਮ ਪਾ ਦੇ ਅੰਜਣਾ, ਅੰਧ ਅਗਿਆਨ ਰਹੇ ਨਾ ਰਾਈਆ । ਕਲਜੁਗ ਅੰਤਮ ਪਰਦਾ ਕੱਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਪੰਜ ਤਤ ਠੀਕਰ ਸਭ ਦਾ ਭੱਜਣਾ, ਲੋਕਮਾਤ ਰਹਿਣ ਕੋਇ ਨਾ ਪਾਈਆ । ਤੁਧ ਬਿਨ ਚਾੜ੍ਹੇ ਕੋਇ ਨਾ ਰੰਗਣਾ, ਦੁਰਮਤ ਮੈਲ ਧਵਾਈਆ । ਤੂੰ ਗੋਪਾਲ ਮੂਰਤ

ਅਕਾਲ ਮਧ ਮਦਨਾ, ਨੂਰ ਨੁਰਾਨਾ ਇਕ ਅਖਵਾਈਆ । ਤੈਨੂੰ ਨਵ ਸੱਤ ਪਏ ਨਾ ਲੱਭਣਾ, ਹਰਿਜਨ ਹੋਣਾ ਆਪ ਸਹਾਈਆ । ਲਹਿਣਾ ਪੂਰਾ ਕਰ ਦੇ ਤਤ ਪੰਜਣਾ, ਪੰਚਮ ਸੰਗ ਬਣਾਈਆ । ਬ੍ਰਹਮ ਬ੍ਰਹਿਮਾਦ ਧੁਰ ਦੇ ਸੱਜਣਾ, ਮੀਤ ਮੁਰਾਰ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਜਨ ਭਗਤਾਂ ਧਰਤੀ ਕਰ ਦੇ ਸ਼ੁਧ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਅੰਤਸ਼ਕਰਨ ਨਿਰਮਲ ਕਰ ਦੇ ਬੁਧ, ਬਿਬੇਕ ਵਿਵੇਕ ਆਪਣੀ ਦਇਆ ਕਮਾਈਆ । ਸਵਾਮੀ ਭੇਵ ਖੁਲਾ ਦੇ ਗੁਝ, ਪਰਦਾ ਰਹੇ ਨਾ ਰਾਈਆ । ਸਾਡਾ ਲਹਿਣਾ ਪੂਰਾ ਕਰਨਾ ਅੰਤਮ ਕਲਜੁਗ, ਚੌਥਾ ਜੁਗ ਨਾਲ ਮਿਲਾਈਆ । ਸਾਡੀ ਔਧ ਗਈ ਪੁਗ, ਅਗਲਾ ਪੰਧ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਅਮੋਲਕ ਇਕ ਵਰਤਾਈਆ । ਪੰਜ ਤਤ ਕਹਿਣ ਪ੍ਰਭੂ ਗ਼ਰੀਬ ਨਿਵਾਜ, ਗਹਿਰ ਗੰਭੀਰ ਤੇਰੀ ਸ਼ਰਨਾਈਆ । ਜਨ ਭਗਤਾਂ ਕਿਰਪਾ ਕਰ ਦੇ ਆਜ, ਅਗੇ ਪੰਧ ਨਾ ਕੋਇ ਰਖਾਈਆ । ਜਗਤ ਸੁਰਤੀ ਵਿਚੋਂ ਜਾਣ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਸਚ ਸ਼ਬਦ ਮਾਰ ਆਵਾਜ਼, ਧੁਨ ਆਤਮਕ ਰਾਗ ਦ੍ਰਿੜਾਈਆ । ਮਾਨਸ ਜਨਮ ਸਵਾਰ ਕਾਜ, ਤਨ ਵਜੂਦ ਮਿਲੇ ਵਡਿਆਈਆ । ਸਚ ਸਰਨਾਈ ਜਾਈਏ ਲਾਗ, ਲਗ ਮਾਤਰ ਡੇਰਾ ਢਾਹੀਆ । ਫੜ ਫੜ ਹੰਸ ਬਣਾ ਕਾਗ, ਦੁਰਮਤ ਮੈਲ ਧਵਾਈਆ । ਹਰਿਜਨ ਸਾਚੀ ਸਾਜਣਾ ਸਾਜ, ਸਾਜਣ ਸਾਚੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਚਰਨ ਕਵਲ ਪ੍ਰਨਾਮ, ਪੁਨਹ ਪੁਨਹ ਸੀਸ ਝੁਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਕੁਦਰਤ ਕਾਦਰ ਨੂਰ ਅਲਾਹੀਆ । ਸਚਖੰਡ ਦਰਗਾਹ ਸਾਚੀ ਤੇਰਾ ਦਰਬਾਰ, ਮੁਕਾਮੇ ਹਕ ਸੋਭਾ ਪਾਈਆ । ਅਸੀਂ ਰੋ ਰੋ ਕਰੀਏ ਗਿਰਿਆਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਤੂੰ ਬਖ਼ਸ਼ਣਹਾਰ ਦਾਤਾਰ, ਦਇਆਨਿਧ ਅਖਵਾਈਆ । ਜਨ ਭਗਤ ਸੁਹੇਲੇ ਫੜ ਬਾਹੋਂ ਜਾਣੇ ਤਾਰ, ਜਗਤ ਵਹਿਣ ਨਾ ਕੋਇ ਰੁੜ੍ਹਾਈਆ । ਰੋਗ ਸੋਗ ਦੇਣੇ ਨਿਵਾਰ, ਤਨ ਵਜੂਦ ਆਪਣੇ ਰੰਗ ਰੰਗਾਈਆ । ਚਰਨ ਧੂੜ ਬਖ਼ਸ਼ਣੀ ਛਾਰ, ਮਸਤਕ ਖ਼ਾਕੀ ਖ਼ਾਕ ਰਮਾਈਆ । ਤੂੰ ਬਖ਼ਸ਼ਣਹਾਰਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੇਰੀ ਸੇਵ ਕਮਾਈਆ । ਜਨ ਭਗਤਾਂ ਜੁਗ ਜਨਮ ਦਾ ਕਰਜ਼ਾ ਦੇ ਉਤਾਰ, ਮਕਰੂਜ਼ ਖ਼ਾਲੀ ਝੋਲੀ ਦੇਣੀ ਭਰਾਈਆ । ਤੇਰੇ ਚਰਨ ਕਵਲ ਜਾਈਏ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜਿਸ ਕਾਰਨ ਜਨ ਭਗਤਾਂ ਗ੍ਰਹਿ ਕਰੇਂ ਵਿਵਹਾਰ, ਵਿਵਹਾਰੀ ਹੋ ਕੇ ਖੇਲ ਖਿਲਾਈਆ । ਫੜ ਫੜ ਬਾਹੋਂ ਜਾਵੇਂ ਤਾਰ, ਦੋ ਜਹਾਨਾਂ ਪਾਰ ਕਰਾਈਆ । ਤਤ ਕਹਿਣ ਤਤਵ ਦੇ ਮਾਲਕ ਤੇਰੇ ਪੰਜ ਤਤਵ ਕਰੇ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਪਾਉਣੀ ਸਾਰ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਹੋਣਾ ਸਹਾਈਆ ।


੧੯੫੦
੨੩

✪ ੨੧ ਜੇਠ ਸ਼ਹਿਨਸ਼ਾਹੀ ਸੰਮਤ ਦਸ ਈਸ਼ਰ ਸਿੰਘ ਪ੍ਰਤਾਪ ਸਿੰਘ ਪ੍ਰਕਾਸ਼ ਸਿੰਘ ਹਰਬੰਸ ਸਿੰਘ ਪ੍ਰੀਤਮ ਸਿੰਘ ਦੜ ਝੰਡੂ ਰਾਮ ਜਿਓੜੀਆਂ ਕੁਲਦੀਪ ਸਿੰਘ ਮੁਠੀ ✪

ਪੰਜ ਤਤ ਕਹਿਣ ਖੇਲ ਵੇਖੀਏ ਤੇਰੇ ਪਰਮੇਸ਼ਵਰ ਪਤ ਦੇ, ਪਾਰਬ੍ਰਹਮ ਪ੍ਰਭ ਪਰਦਾ ਦੇਣਾ ਉਠਾਈਆ । ਬਿਨ ਰਸਨਾ ਤੇਰਾ ਨਾਮ ਨਿਧਾਨਾ ਰਹੀਏ ਜਪਦੇ, ਬਿਨ ਅੱਖਰਾਂ ਢੋਲੇ ਸਿਫ਼ਤ ਸਲਾਹ ਗਾਈਆ । ਵਣਜਾਰੇ ਰਹੀਏ ਨਾ ਜਗਤ ਵਾਲੀ ਮਤ ਦੇ, ਸਤਿਗੁਰ ਸ਼ਬਦ ਮਤ ਦੇਣੀ ਸਮਝਾਈਆ । ਕੂੜੀ ਕਿਰਿਆ ਵਿਚ ਨਾ ਰਹੀਏ ਤਪਦੇ, ਅਗਨੀ ਅੱਗ ਦੇਣੀ ਬੁਝਾਈਆ । ਵਣਜਾਰੇ ਰਹੀਏ ਨਾ ਮਾਇਆ ਡੱਸਣੀ ਸੱਪ ਦੇ, ਸਤਿ ਸਰੂਪ ਦੇਣਾ ਸਮਝਾਈਆ । ਝਗੜੇ ਮੇਟਣੇ ਪੰਜ ਤਤ ਕਾਇਆ ਤਤ ਦੇ, ਤਤਵ ਆਪਣਾ ਭੇਵ ਖੁਲਾਈਆ । ਪਰਦੇ ਲਾਹੁਣੇ ਸਤਿ ਧਰਮ ਸਤਿ ਦੇ, ਸਤਿ ਸਤਿਵਾਦੀ ਹੋਣਾ ਸਹਾਈਆ । ਰਿਸ਼ਤੇ ਜੋੜਨੇ ਚਰਨ ਪ੍ਰੀਤੀ ਨਤ ਦੇ, ਮੇਲ ਮਿਲਾਉਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਤੂੰ ਕਿਰਪਾ ਕਰ ਸ੍ਰੀ ਭਗਵਾਨਾ, ਭਗਵਨ ਭਗਵੰਤ ਦਇਆ ਕਮਾਈਆ । ਨਿਰਗੁਣ ਧਾਰ ਬਖ਼ਸ਼ ਦੇ ਨਾਮ ਨਿਧਾਨਾ, ਨਿਰਵੈਰ ਨਿਰੰਕਾਰ ਦਇਆ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬਖ਼ਸ਼ ਦੇ ਗਾਣਾ, ਗਹਿਰ ਗੰਭੀਰ ਬੇਨਜ਼ੀਰ ਆਪ ਸਮਝਾਈਆ । ਤੁਰੀਆ ਪਦ ਤੋਂ ਬਾਹਰ ਹੋਵੇ ਤਰਾਨਾ, ਬਿਨ ਰਸਨਾ ਜਿਹਵਾ ਹਿਲਾਈਆ । ਆਤਮ ਪਰਮਾਤਮ ਬਖ਼ਸ਼ਣਾ ਨੂਰ ਨੁਰਾਨਾ, ਜੋਤੀ ਜਾਤਾ ਨਜ਼ਰੀ ਆਈਆ । ਘਰ ਸਵਾਮੀ ਮਿਲਣਾ ਬਣ ਕੇ ਕਾਹਨਾ, ਰਾਮ ਰਾਮਾ ਰੂਪ ਦਰਸਾਈਆ । ਮੇਰੇ ਮੀਤ ਮੁਰਾਰ ਹਕ ਰਾਮਾ, ਨੂਰ ਨੁਰਾਨੇ ਨੂਰ ਅਲਾਹੀਆ । ਸਤਿ ਸਰੂਪ ਦਰਸਾਉਣਾ ਆਪਣਾ ਜਾਮਾ, ਤਨ ਵਜੂਦ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਤੇਰੀ ਹੋਈਏ ਭੇਟਾ, ਮਾਣ ਅਵਰ ਨਾ ਕੋਇ ਰਖਾਈਆ । ਤੂੰ ਆਦਿ ਜੁਗਾਦੀ ਖੇਵਟ ਖੇਟਾ, ਦੋ ਜਹਾਨ ਅਖਵਾਈਆ । ਜੇ ਆਤਮ ਤੇਰਾ ਬੇਟਾ, ਪਿਤਾ ਪੂਤ ਲੈਣਾ ਗਲ ਲਾਈਆ । ਜਨ ਭਗਤਾਂ ਭੁਲ ਨਾ ਜਾਏ ਚੇਤਾ, ਚੇਤਨ ਤੇਰੀ ਓਟ ਰਖਾਈਆ । ਤੂੰ ਬ੍ਰਹਮ ਬ੍ਰਹਿਮਾਦੀ ਨੇਤਾ, ਨਰ ਨਰਾਇਣ ਇਕ ਅਖਵਾਈਆ । ਤੇਰਾ ਸੰਬਲ ਸੁਹਾਏ ਦੇਸਾ, ਵੱਜਦੀ ਰਹੇ ਵਧਾਈਆ । ਸਾਡਾ ਪੂਰਾ ਕਰ ਦੇ ਲੇਖਾ, ਲਹਿਣਾ ਅਵਰ ਨਾ ਕੋਇ ਜਣਾਈਆ । ਫੇਰ ਅੰਤ ਰਹੇ ਨਾ ਕੋਇ ਭੁਲੇਖਾ, ਭਾਂਡਾ ਭਰਮ ਦੇਣਾ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਬਖ਼ਸ਼ ਅਗੰਮੀ ਦਾਤ, ਦਇਆਵਾਨ ਦਇਆ ਕਮਾਈਆ । ਸਾਡੀ ਮੇਟ ਅੰਧੇਰੀ ਰਾਤ, ਅੰਤਸ਼ਕਰਨ ਕਰ ਸਫ਼ਾਈਆ । ਨਿਰਗੁਣ ਹੋ ਕੇ ਪੁਛ ਵਾਤ, ਸਰਗੁਣ ਹੋ ਕੇ ਦੇਈਏ ਦੁਹਾਈਆ । ਸਾਡਾ ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਨਾ ਵੰਡ ਵੰਡਾਈਆ । ਤਤ ਪ੍ਰੀਤ ਜੋੜ ਲੈ ਨਾਤ, ਸਗਲਾ ਸੰਗ ਰਖਾਈਆ । ਤੇਰਾ ਦਰਸ਼ਨ ਕਰੀਏ ਇਕ ਇਕਾਂਤ, ਇਕ ਇਕੱਲਾ ਨਜ਼ਰੀ ਆਈਆ । ਸਾਨੂੰ ਅੰਤਮ ਬਖ਼ਸ਼ ਦਾਤ, ਵਾਸਤਾ ਰਹੇ ਪਾਈਆ । ਤੂੰ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਤਤ ਕਹਿਣ ਪ੍ਰਭੂ ਅਸੀਂ ਵਸਤ

ਅਗੰਮੀ ਮੰਗਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਡਾ ਆਪਾ ਆਪ ਰੰਗਦੇ, ਰੰਗਤ ਇਕ ਰੰਗਾਈਆ । ਤੇਰੇ ਕੇਤੇ ਜੁਗ ਚੌਕੜੀ ਵੇਖੇ ਲੰਘਦੇ, ਭੱਜੇ ਵਾਹੋ ਦਾਹੀਆ । ਅਸੀਂ ਨਿਸ਼ਾਨੇ ਬਣੇ ਰਹੇ ਤਤ ਪੰਜ ਦੇ, ਮਾਨਸ ਮਾਨਵ ਮਾਨੁਖ ਰੂਪ ਦਰਸਾਈਆ । ਲੇਖੇ ਮੁਕਦੇ ਰਹੇ ਨੇਤਰ ਨੀਰ ਹੰਝੂ ਅੰਝ ਦੇ, ਜਲ ਧਾਰਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਤੇਰੇ ਦਰ ਦੇ ਮੰਗਤ, ਮਾਂਗਤ ਹੋ ਕੇ ਝੋਲੀ ਡਾਹੀਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਸਵਾਮੀ ਬੋਧ ਅਗਾਧਾ ਬਣ ਕੇ ਪੰਡਤ, ਨਿਰਅੱਖਰ ਕਰ ਪੜ੍ਹਾਈਆ । ਸਾਡਾ ਮੇਲ ਮਿਲਾਉਣਾ ਨਾਲ ਹਰਿ ਸੰਗਤ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ ਵੰਡ ਨਾ ਕੋਇ ਵੰਡਾਈਆ । ਦਰ ਤੇਰੇ ਕਰੀਏ ਮਿੰਨਤ, ਨਿਵ ਨਿਵ ਸੀਸ ਨਿਵਾਈਆ । ਇਕੋ ਖੇਲ ਖਿਲਾਉਣਾ ਚਾਰੇ ਸਿੰਮਤ, ਇਕੋ ਵੱਜੇ ਵਧਾਈਆ । ਤੇਰੇ ਪਿਆਰ ਦੀ ਸਾਡੇ ਅੰਦਰ ਹੋਵੇ ਹਿੰਮਤ, ਹੌਸਲਾ ਦੇਣਾ ਵਧਾਈਆ । ਪੰਜ ਤਤ ਕਹਿਣ ਜਨ ਭਗਤ ਤੇਰਾ ਬਣੇ ਕੋਇ ਨਾ ਨਿੰਦਕ, ਨਿੰਦਿਆ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੰਜ ਤਤ ਕਹਿਣ ਪ੍ਰਭ ਦੇ ਅਗੰਮੀ ਵਸਤ, ਨਾਮ ਨਿਧਾਨਾ ਝੋਲੀ ਪਾਈਆ । ਨਾਮ ਖ਼ੁਮਾਰੀ ਬਖ਼ਸ਼ ਮਸਤ, ਅਲਮਸਤ ਰੂਪ ਦਰਸਾਈਆ । ਲੇਖਾ ਰਹੇ ਨਾ ਕੀਟ ਹਸਤ, ਇਕੋ ਰੰਗ ਦੇਣਾ ਰੰਗਾਈਆ । ਲਹਿਣਾ ਦੇਣਾ ਫੜਾ ਦੇ ਸਾਡੇ ਦਸਤ, ਬਿਨ ਹੱਥਾਂ ਹੱਥ ਉਠਾਈਆ । ਤੂੰ ਮਾਲਕ ਖ਼ਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਬੇਪ੍ਰਵਾਹੀਆ । ਨਿਰਗੁਣ ਧਾਰ ਆਇਉਂ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਨਿਗਾਹ ਮਾਰ ਲੈ ਉਤੇ ਧਰਤ, ਧਰਨੀ ਧਵਲ ਧੌਲ ਖੋਜ ਖੁਜਾਈਆ । ਸਾਡੇ ਉਤੇ ਕਰਦੇ ਤਰਸ, ਰਹਿਮਤ ਰਹੀਮ ਆਪ ਅਖਵਾਈਆ । ਮੇਘ ਅਗੰਮਾ ਦੇ ਬਰਸ, ਬੂੰਦ ਸਵਾਂਤ ਦੇਣੀ ਟਪਕਾਈਆ । ਤੇਰਾ ਖੇਲ ਤਕੀਏ ਅਸਚਰਜ, ਅਚਰਜ ਲੀਲਾ ਦੇ ਵਖਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਮਿਹਰਵਾਨ ਇਕ ਅਖਵਾਈਆ । ਪੰਜ ਤਤ ਕਹਿਣ ਸਾਡੀ ਵੰਡੀ ਦਰਦ, ਦੁਖੀ ਹੋ ਕੇ ਦਈਏ ਦੁਹਾਈਆ । ਸ਼ਰਅ ਛੁਰੀ ਮੇਟਣੀ ਕਰਦ, ਕਤਲਗਾਹ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮਨਜ਼ੂਰ ਕਰਨੀ ਅਰਜ਼, ਆਰਜ਼ੂ ਤੇਰੇ ਅਗੇ ਰਖਾਈਆ ।

### ✪ ੨੨ ਜੇਠ ਸ਼ਹਿਨਸ਼ਾਹੀ ਸੰਮਤ ਦਸ ਜੰਮੂ ਭਗਤ ਸਿੰਘ ਸੇਵਾ ਸਿੰਘ ਜਗਜੀਤ ਸਿੰਘ ਕੀਰ ਪਿੰਡ ਜਸਬੀਰ ਕੌਰ ਕੋਠੇ ਨਿਹਾਲਪੁਰ ਸਿੰਮਲ ✪

ਪੰਜ ਤਤ ਕਹਿਣ ਪ੍ਰਭ ਸਾਡਾ ਲੇਖੇ ਲਾ ਲੈ ਚਾਮ, ਚੰਮ ਦ੍ਰਿਸ਼ਟੀ ਸ੍ਰਿਸ਼ਟੀ ਦੇ ਮਾਲਕ ਦੇਣੀ ਬਦਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬਖ਼ਸ਼ ਦੇ ਆਪਣਾ ਨਾਮ, ਨਾਮ ਨਿਧਾਨਾ ਸ੍ਰੀ ਭਗਵਾਨਾ ਨੌਜਵਾਨਾ ਆਪਣੀ ਦਇਆ ਕਮਾਈਆ । ਤਨ ਵਜੂਦ ਨਗਰ ਖੇੜਾ ਪਵਿਤ੍ਰ ਕਰ ਦੇ ਗ੍ਰਾਮ, ਗ੍ਰਿਹਿ ਮੰਦਰ ਅੰਦਰ ਸਾਢੇ ਤਿੰਨ ਹੱਥ ਵੱਜੇ ਵਧਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਨਿਝਰ ਪਿਆ ਦੇ ਜਾਮ, ਜਗਤ ਤ੍ਰਿਸ਼ਨਾ ਕੂੜੀ

ਭੁੱਖ ਮਿਟਾਈਆ । ਘਰ ਸਵਾਮੀ ਰਹੇ ਨਾ ਅੰਧੇਰਾ ਸ਼ਾਮ, ਬਿਨ ਸੂਰੀਆ ਚੰਦ ਕਰ ਰੁਸ਼ਨਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਦੇਣਾ ਪੈਗ਼ਾਮ,
ਬਿਨ ਅਲਿਫ਼ ਯੇ ਸਮਝਾਈਆ । ਹਕੀਕੀ ਹਕ ਲਾਸ਼ਰੀਕ ਦੇਣਾ ਅਗੰਮੀ ਜਾਮ, ਬਿਨ ਰਸਨਾ ਰਸ ਚਖਾਈਆ । ਕਲਜੁਗ ਕੂੜੀ ਕਿਰਿਆ ਅੰਦਰੋਂ
ਝਗੜਾ ਕੱਢਣਾ ਤਮਾਮ, ਤਮਅ ਲੋਭ ਮੋਹ ਹੰਕਾਰ ਲਾਲਚ ਰਹਿਣ ਕੋਇ ਨਾ ਪਾਈਆ । ਦਰ ਠਾਂਡੇ ਦਰਵੇਸ਼ਾਂ ਦੇਣਾ ਮਾਣ, ਸ੍ਰੀ ਭਗਵਾਨ ਹੋਣਾ
ਸਹਾਈਆ । ਚਾਰੋਂ ਕੁੰਟ ਕਲਜੁਗ ਕੂੜ ਦਿਸੇ ਸ਼ੈਤਾਨ, ਸਤਿ ਸਚ ਨਜ਼ਰ ਕਿਸੇ ਨਾ ਆਈਆ । ਕਿਰਪਾਨਿਧ ਦੀਨ ਦੁਨੀ ਦਾ ਬਦਲ ਦੇ ਵਿਧਾਨ,
ਮਿਹਰਵਾਨ ਆਪਣਾ ਹੁਕਮ ਵਰਤਾਈਆ । ਮਨੂਆ ਮਨ ਸਾਡੇ ਅੰਤਰ ਨਾ ਰਹੇ ਸ਼ੈਤਾਨ, ਸ਼ਰਅ ਛੁਰੀ ਵਾਲੀ ਨਜ਼ਰ ਕੋਇ ਨਾ ਆਈਆ । ਸਾਨੂੰ
ਆਪਣੇ ਬਣਾ ਗ਼ੁਲਾਮ, ਗੁਰਬਤ ਅੰਦਰੋਂ ਬਾਹਰ ਕਢਾਈਆ । ਤੇਰਾ ਕੋਈ ਨਾ ਲੱਗੇ ਦਾਮ, ਕੀਮਤ ਜਗਤ ਨਾ ਕੋਇ ਰਖਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਆਪਣੀ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ
ਬਖ਼ਸ਼ ਦੇ ਚਰਨ ਪ੍ਰੀਤ, ਦੂਸਰ ਰੰਗ ਨਾ ਕੋਇ ਵਖਾਈਆ । ਇਕੋ ਦਰਸਾ ਕੇ ਕਾਅਬਾ ਮੰਦਰ ਮਸੀਤ, ਕਾਇਆ ਹੁਜਰਾ ਇਕ ਸੁਹਾਈਆ ।
ਕਿਰਪਾ ਕਰ ਦੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਓਟ ਤਕਾਈਆ । ਆਤਮ ਪਰਮਾਤਮ ਬਣ ਸਾਚਾ ਮੀਤ, ਮਿਤਰ ਪਿਆਰਾ ਇਕ ਅਖਵਾਈਆ ।
ਤੂੰ ਮੇਰਾ ਮੈਂ ਤੇਰਾ ਹੋਵੇ ਗੀਤ, ਸਿਫ਼ਤਾਂ ਵਾਲੀ ਸਿਫ਼ਤ ਸਾਲਾਹੀਆ । ਪਾਰਬ੍ਰਹਮ ਬ੍ਰਹਮ ਕਰ ਦੇ ਠਾਂਡਾ ਸੀਤ, ਅਗਨੀ ਤਤ ਨਾ ਲਾਗੇ ਰਾਈਆ ।
ਈਸ਼ ਜੀਵ ਤੇਰਾ ਮੇਲ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਬੇਪ੍ਰਵਾਹੀਆ । ਕੂੜੀ ਕਿਰਿਆ ਸਾਡੇ ਅੰਦਰੋਂ ਮੇਟ ਦੇ ਲੀਕ, ਲੈਨ ਐਨ ਦੇ ਵਖਾਈਆ ।
ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਤੇਰੇ ਵਿਚ ਸਤਿ ਤੌਫ਼ੀਕ, ਤੋਹਫਾ ਨਾਮ ਵਾਲਾ ਵਰਤਾਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਕਰ ਤਸਦੀਕ, ਸ਼ਹਾਦਤ
ਇਕੋ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੰਜ
ਤਤ ਕਹਿਣ ਪ੍ਰਭ ਅਸੀਂ ਮਾਂਗਤ ਹੋ ਕੇ ਮੰਗਦੇ, ਦਰ ਠਾਂਡੇ ਸੀਸ ਨਿਵਾਈਆ । ਪ੍ਰੇਮ ਪ੍ਰੀਤੀ ਨਾਲ ਰੰਗ ਦੇ, ਦੁਰਮਤ ਮੈਲ ਰਹੇ ਨਾ ਰਾਈਆ ।
ਨਿਰਗੁਣ ਸਰਗੁਣ ਸਾਚਾ ਸੰਗ ਦੇ, ਜਗਤ ਵਿਛੋੜਾ ਪੰਧ ਕਟਾਈਆ । ਨੂਰ ਨੁਰਾਨਾ ਅਗੰਮੀ ਚੰਦ ਦੇ, ਬਿਨ ਤੇਲ ਬਾਤੀ ਕਰ ਰੁਸ਼ਨਾਈਆ ।
ਨਾਮ ਨਿਧਾਨਾ ਏਕੰਕਾਰ ਵੰਡ ਦੇ, ਵਸਤ ਅਗੰਮ ਝੋਲੀ ਪਾਈਆ । ਅੰਮ੍ਰਿਤ ਧਾਰ ਸੀਤਲ ਠੰਡ ਦੇ, ਨਿਝਰ ਝਿਰਨਾ ਬੂੰਦ ਸਵਾਂਤੀ ਨਾਭੀ ਕਵਲ
ਟਪਕਾਈਆ । ਸਚ ਸਵਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਬਿਨ ਹੱਥਾਂ ਆਪਣੀ ਗੰਢ ਦੇ, ਦੋ ਜਹਾਨ ਸਕੇ ਨਾ ਕੋਇ ਖੁਲਾਈਆ । ਨਾਮ
ਨਿਧਾਨ ਸ੍ਰੀ ਭਗਵਾਨ ਸ਼ਬਦੀ ਧਾਰ ਸ਼ਬਦ ਸ਼ਬਦ ਪੰਜ ਦੇ, ਪੰਜਾਂ ਤਤਾਂ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਆਪ ਸਹਾਈਆ । ਪੰਜ ਤਤ ਕਹਿਣ ਪ੍ਰਭੂ ਸਾਡੇ ਅੰਦਰ ਮਾਰ ਲੈ ਝਾਕੀ, ਬਿਨ ਨੈਣਾਂ ਨੈਣ ਉਠਾਈਆ ।
ਸਾਡਾ ਲਹਿਣਾ ਦੇਣਾ ਦੇ ਦੇ ਬਾਕੀ, ਪੂਰਬ ਪਿਛਲਾ ਨਾਲ ਮਿਲਾਈਆ । ਨਾਮ ਨਿਧਾਨ ਪਿਆ ਦੇ ਬਣ ਕੇ ਸਾਕੀ, ਬਿਨ ਸ਼ਰਅ ਜਾਮ ਹੱਥ ਉਠਾਈਆ ।
ਸਾਡੀ ਬਦਲ ਦੇ ਹਯਾਤੀ, ਜੀਵਣ ਜੀਵਣ ਵਿਚੋਂ ਆਪਣਾ ਰੰਗ ਰੰਗਾਈਆ । ਤੂੰ ਸ਼ਹਿਨਸ਼ਾਹ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ ।
ਤੇਰਾ ਖੇਲ ਬਹੁ ਬਿਧ ਭਾਤੀ, ਜੁਗ ਚੌਕੜੀ ਵੇਖ ਵਖਾਈਆ । ਕਲਜੁਗ ਅੰਤਮ ਵੇਖ ਅੰਧੇਰੀ ਰਾਤੀ, ਨਵ ਸੱਤ ਅੰਧੇਰਾ ਛਾਈਆ । ਅੰਤ ਕੰਤ

ਭਗਵੰਤ ਸਾਡੀ ਪੁਛ ਬਾਤੀ, ਬੇਵਤਨ ਹੋ ਕੇ ਦਈਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਦੁਰਮਤ ਮੈਲ ਧੋ, ਪਤਤ ਪੁਨੀਤ ਦੇ ਕਰਾਈਆ । ਜਗਤ ਜਹਾਨ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣਾ ਨਾਮ ਸਮਝਾਈਆ । ਪੰਜ ਵਿਕਾਰਾ ਅੰਦਰੋਂ ਕੱਢ ਦੇ ਗਰੋਹ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਆਤਮ ਪਰਮਾਤਮ ਨਾਲ ਜਾਵੇ ਛੋਹ, ਮਿਲ ਕੇ ਤੇਰੇ ਨਾਲ ਵੱਜੇ ਵਧਾਈਆ । ਤੇਰਾ ਨਾਮ ਨਿਧਾਨਾ ਆਦਿ ਜੁਗਾਦੀ ਸੋਹੰ ਸੋ, ਸੋ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਏਕੰਕਾਰੇ ਨਾਮ ਨਿਧਾਨਾ ਅੰਮ੍ਰਿਤ ਰਸ ਚੋ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਕਰ ਦੇ ਲੋ, ਸ੍ਰੀ ਭਗਵਾਨ ਪਰਦਾ ਆਪ ਉਠਾਈਆ । ਪਾਰਬ੍ਰਹਮ ਬ੍ਰਹਮ ਭੇਵ ਰਹੇ ਨਾ ਦੋ, ਏਕਾ ਦੂਆ ਪਰਦਾ ਦੇਣਾ ਚੁਕਾਈਆ । ਤਤ ਕਹਿਣ ਅਸੀਂ ਤੇਰੇ ਜੋਗੇ ਗਏ ਹੋ, ਹੋਕਾ ਤੇਰਾ ਨਾਮ ਦ੍ਰਿੜਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਚੇ ਨਾਮ ਦਾ ਢੋਆ ਗਏ ਢੋ, ਤਨ ਵਜੂਦ ਹਕ ਮਹਿਬੂਬ ਮੇਟ ਮਿਟਾਈਆ । ਤੇਰੀ ਸਚ ਵਸਤ ਅਨਮੁੱਲ ਸਕੇ ਕੋਇ ਨਾ ਖੋਹ, ਹਿੱਸੇਦਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਾਲਕ ਵੇਖ ਵਖਾਈਆ । ਪੰਜ ਤਤ ਕਹਿਣ ਸਾਡੇ ਧਰਮ ਧਾਰ ਸਵਾਮੀਆਂ, ਸਤਿਗੁਰ ਪੁਰਖ ਦੀਨ ਦਿਆਲ । ਆਦਿ ਜੁਗਾਦੀ ਅੰਤਰਜਾਮੀਆ, ਸ਼ਾਹ ਪਾਤਸ਼ਾਹ ਨੌਜਵਾਨ । ਤੇਰਾ ਖੇਲ ਚਾਰੇ ਖਾਣੀਆਂ, ਵੇਖੇ ਵਿਗਸੇ ਵਿਚ ਜਹਾਨ । ਤੇਰਾ ਲਹਿਣਾ ਦੇਣਾ ਚਾਰੇ ਬਾਣੀਆਂ, ਸ਼ਬਦ ਅਗੰਮੀ ਦੇਵੇਂ ਦਾਨ । ਦਰ ਤੇਰੇ ਹੋਏ ਨਿਮਾਣੀਆਂ, ਕਲਜੁਗ ਅੰਤਮ ਸੁਰਤ ਸੰਭਾਲ । ਅੰਤ ਸਾਡਾ
੧੯੫੪ ਵਜੂਦ ਦਿਸੇ ਖ਼ਾਲੀਆ, ਤੂੰ ਕਿਰਪਾ ਕਰੀਂ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ੧੯੫੪
੨੩ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ੨੩
ਸਰਗੁਣ ਨਿਰਗੁਣ ਨਿਰਵੈਰ ਆਪਣੀ ਦਇਆ ਕਮਾਈਆ ।

✪ ੨੨ ਜੇਠ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸੀੜ ਸਰਦਾਰ ਸਿੰਘ ਗੁਰਨਾਮ ਸਿੰਘ ਜੁਗਿੰਦਰ ਸਿੰਘ ਲਛਮੀ ਦੇਵੀ ਹਰਬੰਸ ਕੌਰ ਖ਼ਜ਼ਾਨ ਸਿੰਘ ਰਣਬੀਰ ਸਿੰਘ ਪੂਰਾ ਧਰਮ ਕੌਰ ਡਗਿਆਣਾ ਜ਼ਿਲਾ ਜੰਮੂ ✪

ਪੰਜ ਤਤ ਕਹਿਣ ਅਸੀਂ ਪਿਆਸੇ ਤੇਰੇ ਦਰਸ ਦੇ, ਦਰਸ਼ਨ ਕਰ ਕਰ ਖ਼ੁਸ਼ੀ ਬਣਾਈਆ । ਸਾਡੇ ਲਹਿਣੇ ਦੇਣੇ ਪੂਰੇ ਕਰ ਦੇ ਦਸਵੇਂ ਬਰਸ ਦੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜਗਤ ਜਹਾਨ ਰਹੀਏ ਨਾ ਤਰਸਦੇ, ਤ੍ਰਿਸ਼ਨਾ ਵਿਚ ਹਲਕਾਈਆ । ਸਾਡੇ ਲੇਖੇ ਪੂਰੇ ਕਰ ਦੇ ਜਗਤ ਵਾਸਨਾ ਹਰਸ ਦੇ, ਹਵਸ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇਵਣਹਾਰ ਅਖਵਾਈਆ । ਪੰਜ ਤਤ ਕਹਿਣ ਤੂੰ ਪੁਰਖ ਅਕਾਲਾ ਏਕ, ਏਕੰਕਾਰ ਤੇਰੀ ਸਰਨਾਈਆ । ਅਸੀਂ ਪਕੜੀ ਤੇਰੀ ਟੇਕ, ਟਿੱਕੇ ਤੇਰੀ ਖ਼ਾਕ ਰਮਾਈਆ । ਸਾਡੇ ਅੰਤਰ ਕਰ ਬੁਧ ਬਿਬੇਕ, ਦੁਰਮਤ ਮੈਲ ਧਵਾਈਆ । ਮਨ ਮਨੂਆ ਕਰ ਦੇ ਨੇਕ, ਦਹਿ ਦਿਸ਼ਾ ਨਾ ਉਠ

ਉਠ ਧਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਤਪਾਈਆ । ਪਤਿਪਰਮੇਸ਼ਵਰ ਹੋ ਕੇ ਵੇਖ, ਬਿਨ ਨੈਣਾਂ ਨੈਣ ਉਠਾਈਆ । ਤੇਰਾ ਸੁਹੰਜਣਾ ਹੋਵੇ ਸੰਬਲ ਦੇਸ, ਗ੍ਰਿਹ ਗ੍ਰਿਹ ਵਜਦੀ ਰਹੇ ਵਧਾਈਆ । ਕਿਰਪਾ ਕਰ ਨਰ ਨਰੇਸ਼, ਨਰ ਨਰਾਇਣ ਤੇਰੀ ਵਡਿਆਈਆ । ਲਹਿਣਾ ਪੂਰਾ ਕਰ ਦੇ ਦਸ ਦਸਮੇਸ਼, ਦਰਦੀ ਹੋ ਕੇ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਤਤ ਕਹਿਣ ਸਾਨੂੰ ਬਖ਼ਸ਼ ਅਗੰਮਾ ਜੋਗ, ਜੁਗਤੀ ਅਗੰਮ ਦ੍ਰਿੜਾਈਆ । ਭੋਗੀਏ ਤੇਰਾ ਭੋਗ, ਭਸਮੜ ਰੂਪ ਬਣਾਈਆ । ਦੇ ਦੇ ਸਚ ਸੰਜੋਗ, ਵਿਛੜ ਕਦੇ ਨਾ ਜਾਈਆ । ਤਤ ਰਹੇ ਨਾ ਰੋਗ, ਤਤਵ ਨਾ ਕੋਇ ਤਪਾਈਆ । ਚਿੰਤਾ ਰਹੇ ਨਾ ਸੋਗ, ਗ਼ਮੀ ਗ਼ਮਖ਼ਾਰ ਮਿਟਾਈਆ । ਜਗਤ ਨਾ ਰਹੇ ਵਿਜੋਗ, ਵਿਛੜਿਆਂ ਲੈਣਾ ਮਿਲਾਈਆ । ਤੇਰੇ ਪਿਆਰ ਦੀ ਮਾਣੀਏ ਮੌਜ, ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਸੰਗ ਬਣਾਈਆ । ਪੰਜ ਤਤ ਕਹਿਣ ਤੇਰੀ ਇਕੋ ਓਟ, ਓੜਕ ਸੀਸ ਨਿਵਾਈਆ । ਆਪਣਾ ਕਿਲਾ ਵੇਖ ਲੈ ਕੋਟ, ਕੰਚਨ ਗੜ੍ਹ ਧਿਆਨ ਲਗਾਈਆ । ਜਿਸ ਵਿਚ ਨਿਰਗੁਣ ਧਾਰ ਜਗੇ ਜੋਤ, ਜੋਤੀ ਜਾਤੇ ਡਗਮਗਾਈਆ । ਸਾਡਾ ਮੇਟ ਦੇ ਹਰਖ ਸੋਗ, ਚਿੰਤਾ ਚਿਖਾ ਨਾ ਕੋਇ ਜਲਾਈਆ । ਮਮਤਾ ਮੋਹ ਰਹੇ ਨਾ ਰੋਗ, ਹੰਗਤਾ ਗੜ੍ਹ ਤੁੜਾਈਆ । ਤੇਰੇ ਨਾਮ ਦਾ ਇਕੋ ਉਪਜੇ ਸਲੋਕ, ਸੋਹਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਸਾਡੀ ਤੇਰੇ ਅਗੇ ਬੰਦਨ, ਬੰਦਗੀ ਵਿਚ ਸੀਸ ਨਿਵਾਈਆ । ਸਤਿ ਸਚ ਬਖ਼ਸ਼ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਮਸਤਕ ਟਿੱਕੇ ਖ਼ਾਕ ਰਮਾ ਦੇ ਚੰਦਨ, ਧੂੜੀ ਧਰਮ ਧਾਰ ਜਣਾਈਆ । ਨਿਰਵੈਰ ਹੋ ਕੇ ਲਾ ਲੈ ਅੰਗਣ, ਅੰਗੀਕਾਰ ਇਕ ਅਖਵਾਈਆ । ਦਰ ਠਾਂਡਾ ਆਈਏ ਮੰਗਣ, ਦਰਗਾਹ ਸਾਚੀ ਝੋਲੀ ਡਾਹੀਆ । ਪਰਮ ਪੁਰਖ ਚਾੜ੍ਹ ਦੇ ਰੰਗਣ, ਸਾਡੇ ਤਤਾਂ ਪਾ ਦੇ ਠੰਡਣ, ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਵੇਖ ਵਖਾਈਆ । ਪੰਜ ਤਤ ਕਹਿਣ ਪ੍ਰਭੂ ਸਾਡਾ ਜਗਤ ਰੂਪ ਭਗਤ, ਤਨ ਮਾਟੀ ਖ਼ਾਕੀ ਨਜ਼ਰੀ ਆਈਆ । ਤੇਰਾ ਸੁਹੰਜਣਾ ਵੇਖੀਏ ਵਕਤ, ਵਿਅਕਤੀ ਹੋ ਕੇ ਧਿਆਨ ਲਗਾਈਆ । ਸਾਡੀ ਪੂਰੀ ਕਰ ਦੇ ਸ਼ਰਤ, ਸ਼ਰਅ ਜ਼ੰਜੀਰ ਕਟਾਈਆ । ਜੇ ਜੋਤੀ ਜਾਤਾ ਹੋ ਕੇ ਆਇਉਂ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਮਾਣ ਦੇ ਦੇ ਉਪਰ ਧਰਤ, ਧਵਲ ਵਜਦੀ ਰਹੇ ਵਧਾਈਆ । ਸਾਡੀ ਬੇਨੰਤੀ ਮਨਜ਼ੂਰ ਕਰਨੀ ਅਰਜ਼, ਆਰਜ਼ੂ ਤੇਰੇ ਚਰਨ ਟਿਕਾਈਆ । ਤੇਰਾ ਖੇਲ ਆਦਿ ਜੁਗਾਦਿ ਸਦਾ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਸਾਡਾ ਗ਼ਰੀਬ ਨਿਮਾਣਿਆਂ ਵੰਡੀ ਦਰਦ, ਦੁਖੀਆਂ ਹੋਈਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਦਾਤ ਵਰਤਾਈਆ । ਪੰਜ ਤਤ ਕਹਿਣ ਸਾਡੇ ਗ਼ਰੀਬ ਨਿਵਾਜ, ਨਿਵ ਨਿਵ ਸੀਸ ਝੁਕਾਈਆ । ਸਾਨੂੰ ਨਾਮ ਦਾ ਬਖ਼ਸ਼ ਦੇ ਤਾਜ, ਤਖ਼ਤ ਨਿਵਾਸੀ ਆਪਣਾ ਰੰਗ ਵਖਾਈਆ । ਪ੍ਰੇਮ ਪ੍ਰੀਤੀ ਬਖ਼ਸ਼ ਦੇ ਰਾਜ, ਜੋਗ ਜੁਗਤ ਇਕ ਦ੍ਰਿੜਾਈਆ । ਤੇਰੇ ਸ਼ਬਦ ਦੀ ਸੁਣਦੇ ਰਹੀਏ ਆਵਾਜ਼, ਜਾਗਤ ਸੋਵਤ ਇਕੋ ਹੁਕਮ ਸੁਣਾਈਆ । ਸਾਡੇ ਮਾਨਸ ਜਨਮ ਦਾ ਪੂਰਾ ਕਰ ਦੇ ਕਾਜ, ਕਰਨੀ ਕਰਤੇ ਵੇਖਣਾ ਚਾਈਂ ਚਈਆ । ਸਾਡੀ ਅੰਦਰੋਂ ਖੋਲ ਦੇ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ ।

ਫੜ ਫੜ ਹੰਸ ਬਣਾ ਦੇ ਕਾਗ, ਦੁਰਮਤ ਮੈਲ ਧਵਾਈਆ । ਉੱਤਮ ਸ੍ਰੇਸ਼ਟ ਕਰ ਦੇ ਭਾਗ, ਭਾਗਹੀਣ ਨਾ ਕੋਇ ਵਖਾਈਆ । ਘਰ ਦੀਪਕ ਜੋਤ ਜਗਾ ਚਰਾਗ, ਅੰਧ ਅੰਧੇਰ ਦੇਣਾ ਮਿਟਾਈਆ । ਸਾਡੀ ਨਵੀਂ ਸਾਜਣਾ ਸਾਜ, ਸਾਜਣ ਮੀਤ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਆਪ ਖੁਲਾਈਆ । ਪੰਜ ਤਤ ਕਹਿਣ ਪ੍ਰਭੂ ਸਾਡੇ ਅੰਦਰ ਖੋਲ ਦੇ ਰਾਜ਼, ਰਾਜ਼ਕ ਰਿਜ਼ਕ ਰਹੀਮ ਦਇਆ ਕਮਾਈਆ । ਤੂੰ ਆਦਿ ਜੁਗਾਦੀ ਮੋਹਨ ਮਾਧਵ ਮਾਧ, ਮਧੁਰ ਧੁਨ ਦੇ ਸੁਣਾਈਆ । ਸਾਡਾ ਅੰਤਸ਼ਕਰਨ ਦੇ ਸਾਧ, ਸਾਧਕ ਸਿਧ ਤੇਰੀ ਓਟ ਰਖਾਈਆ । ਭੇਵ ਖੁਲਾ ਦੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਤੂੰ ਮਿਹਰਵਾਨਾ ਨੌਜਵਾਨਾ ਮੋਹਨ ਮਾਧਵ ਮਾਧ ਮਧੁਰ ਧੁਨ ਇਕ ਸੁਣਾਈਆ । ਦਿਵਸ ਰੈਣ ਬਿਨਾ ਸਿਤਾਰ ਤੇਰੀ ਵੱਜੇ ਰਬਾਬ, ਰਬੇ ਰਹਿਮਾਨ ਤੇਰੀ ਓਟ ਤਕਾਈਆ । ਸਾਡਾ ਦੀਨ ਦੁਨੀ ਵਿਚੋਂ ਬਦਲ ਦੇ ਮਜਾਜ਼, ਤਬੀਅਤ ਤਬੀਬ ਹੋ ਕੇ ਵੇਖ ਵਖਾਈਆ । ਸਦਾ ਸਦਾ ਸਦ ਤੈਨੂੰ ਲਈਏ ਅਰਾਧ, ਦੂਸਰ ਇਸ਼ਟ ਨਾ ਕੋਇ ਮਨਾਈਆ । ਤੇਰੇ ਵਿਚ ਹੋਈਏ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਸਚ ਸਰਨਾਈ ਜਾਈਏ ਲਾਗ, ਲਗ ਮਾਤਰ ਡੇਰਾ ਢਾਹੀਆ । ਪੰਜ ਤਤ ਕਹਿਣ ਤੂੰ ਸਵਾਮੀ ਕੰਤ ਸੁਹਾਗ, ਮਾਲਕ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਪੂਰਾ ਕਰਨਾ ਵੈਰਾਗ, ਵੈਰਾਗੀ ਹੋ ਕੇ ਤੇਰੇ ਅਗੇ ਵਾਸਤਾ ਪਾਈਆ ।



✪ ੨੩ ਜੇਠ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕਲੋਏ ਰਣੀਆ ਰਾਮ ਸੇਵਾ ਰਾਮ ਪਿਆਰੇ ਲਾਲ ਪ੍ਰੀਤਮ ਸਿੰਘ ਪਿੰਡ ਜਾੜ ਪਿਆਰੀ ਦੇਵੀ ਬਦੀ ਪੁਰ ਜ਼ਿਲਾ ਜੰਮੂ ✪

੧੯੫੬ ੨੩

ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਰ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡਾ ਤੇਰੇ ਹੱਥ ਜੀਵਣ ਤੇਰੇ ਦਰ ਜ਼ਿੰਦਗਾਨੀ, ਦੂਸਰ ਓਟ ਨਾ ਕੋਇ ਤਕਾਈਆ । ਤੂੰ ਆਦਿ ਜੁਗਾਦੀ ਸਭ ਦਾ ਬਾਨੀ, ਮਾਲਕ ਇਕ ਅਖਵਾਈਆ । ਦੇਵਣਹਾਰਾ ਦਾਤਾ ਦਾਨੀ, ਦਇਆਨਿਧ ਤੇਰੀ ਵਡਿਆਈਆ । ਸਾਡੀ ਜੁਗ ਜੁਗ ਰੀਤ ਪੁਰਾਣੀ, ਪੁਰਾਣ ਸ਼ਾਸਤਰ ਦੇਣ ਗਵਾਹੀਆ । ਬਿਨ ਤੇਰੀ ਕਿਰਪਾ ਜਗਤ ਰਹੇ ਨਾ ਮੂਲ ਨਿਸ਼ਾਨੀ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਸਾਡਾ ਲੇਖਾ ਨਾਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਸਾਡਾ ਹੁੰਦਾ ਰਿਹਾ ਮੇਲਾ, ਨਿਰਗੁਣ ਸਰਗੁਣ ਵੱਜਦੀ ਰਹੀ ਵਧਾਈਆ । ਸਾਡਾ ਰੂਪ ਬਣਦਾ ਰਿਹਾ ਗੁਰੂ ਗੁਰ ਚੇਲਾ, ਚੇਲਾ ਗੁਰ ਨਾਲ ਵਡਿਆਈਆ । ਤੂੰ ਸਵਾਮੀ ਸਭ ਦਾ ਸੱਜਣ ਸੁਹੇਲਾ, ਪਤਿਪਰਮੇਸ਼ਵਰ ਇਕ ਅਖਵਾਈਆ । ਕਲਜੁਗ ਅੰਤਮ ਤੱਕ ਲੈ ਵੇਲਾ, ਵਕਤ ਜਗਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਕਰ ਨਿਗਰਾਨੀ, ਨਿਗਾਹ ਮਿਹਰਵਾਨ ਬਦਲਾਈਆ । ਸਾਡਾ ਗੜ੍ਹ ਨਾ ਰਹੇ ਅਭਿਮਾਨੀ, ਅੰਤਸ਼ਕਰਨ ਦੇਣਾ ਸਮਝਾਈਆ । ਤੇਰਾ ਚਰਨ ਕਵਲ

ਸਾਡੀ ਰਹੇ ਨਿਸ਼ਾਨੀ, ਨਿਸ਼ਾਨੇ ਜਗਤ ਵਾਲੇ ਗਵਾਈਆ । ਸਾਡਾ ਲੇਖਾ ਭਗਤਾਂ ਧਾਰ ਰਹੇ ਨਾ ਚਾਰੇ ਖਾਣੀ, ਖ਼ਾਨਾਬਦੋਸ਼ਾਂ ਹੋਣਾ ਆਪ ਸਹਾਈਆ । ਸਾਡੇ ਵਜੂਦਾਂ ਵਾਲੀ ਚੁੱਕੇ ਕਾਨੀ, ਤਨ ਖ਼ਾਕੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਆਪ ਵਰਤਾਈਆ । ਤਤ ਕਹਿਣ ਪ੍ਰਭ ਅਸੀਂ ਭਗਤੀ ਧਾਰ ਮੀਤ, ਸਾਜਣ ਜਗ ਅਖਵਾਈਆ । ਤੂੰ ਕਰਨਾ ਪਤਤ ਪੁਨੀਤ, ਪਤਤ ਪਾਵਨ ਦਇਆ ਕਮਾਈਆ । ਸਾਡੀ ਪਿਛਲੀ ਬਦਲ ਦੇ ਰੀਤ, ਅਗੇ ਆਪਣਾ ਰੰਗ ਰਗਾਈਆ । ਸਾਡਾ ਝਗੜਾ ਰਹੇ ਨਾ ਹਸਤ ਕੀਟ, ਰਾਜ ਰਾਜਾਨ ਆਪਣਾ ਰੰਗ ਰੰਗਾਈਆ । ਤੇਰਾ ਭਾਣਾ ਮੰਨੀਏ ਮੀਠ, ਸਿਰ ਚਰਨ ਕਵਲ ਟਿਕਾਈਆ । ਸਾਨੂੰ ਮਾਰਗ ਦੱਸ ਅਨਡੀਠ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਦਰ ਠਾਂਡੇ ਮੰਗੀਏ ਭੀਖ, ਭਿਖਾਰੀ ਹੋ ਕੇ ਝੋਲੀ ਡਾਹੀਆ । ਸਾਡੀ ਇਕੋ ਵਾਰ ਕਰ ਤਸਦੀਕ, ਸ਼ਹਾਦਤ ਆਪਣਾ ਨਾਮ ਭੁਗਤਾਈਆ । ਸਾਡੀ ਤੇਰੇ ਨਾਲ ਹੋਵੇ ਪ੍ਰੀਤ, ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਧਨੀ ਹੋ ਸਹਾਈਆ । ਸਾਡਾ ਝਗੜਾ ਰਹੇ ਨਾ ਊਚ ਨੀਚ, ਜ਼ਾਤ ਪਾਤ ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਸਾਡਾ ਅੰਤਮ ਤਤਵ ਤਤ ਕਰ ਦੇ ਠਾਂਡਾ ਸੀਤ, ਅਗਨੀ ਅੱਗ ਨਾ ਕੋਇ ਜਲਾਈਆ । ਮਿਹਰਵਾਨ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਸਾਡਾ ਲੇਖੇ ਲਾ ਲੈ ਧੜ ਸੀਸ, ਜਗਦੀਸ਼ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਅਸੀਂ ਭਗਤੀ ਧਾਰ ਤੇਰੇ ਸਾਥੀ, ਸਗਲੇ ਸੰਗੀ ਦੇਣੀ ਵਡਿਆਈਆ । ਤੂੰ ਸਾਹਿਬ ਪੁਰਖ ਸਮਰਾਥੀ, ਬੇਅੰਤ ਬੇਅੰਤ ਅਖਵਾਈਆ । ਨੂਰ ਨੁਰਾਨਾ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਸਾਡੀ ਲੇਖੇ ਲਾ ਲੈ ਜ਼ਿੰਦਗੀ ਹਯਾਤੀ, ਜੀਵਣ ਆਪਣੀ ਝੋਲੀ ਪਾਈਆ । ਅਗਲੀ ਮੰਜ਼ਲ ਜਾਵੇ ਕਾਟੀ, ਪੰਧ ਵਿਚ ਨਾ ਕੋਇ ਭਵਾਈਆ । ਅਸਾਂ ਵਿਕਣਾ ਨਹੀਂ ਚੁਰਾਸੀ ਵਾਲੀ ਹਾਟੀ, ਖਾਣੀਆਂ ਵੰਡ ਨਾ ਕੋਇ ਵੰਡਾਈਆ । ਸਾਡੀ ਮੁਕਾ ਦੇ ਅੰਤਮ ਮੰਜ਼ਲ ਵਾਟੀ, ਤੇਰੇ ਦਰ ਦੁਹਾਈਆ । ਸਾਡੀ ਆਸ਼ਾ ਆਈ ਨਾਠੀ, ਭੱਜੀ ਵਾਹੋ ਦਾਹੀਆ । ਚਾਰ ਜੁਗ ਦੇ ਛਡ ਕੇ ਪੂਜਾ ਪਾਠੀ, ਇਕੋ ਨਾਮ ਧਿਆਈਆ । ਮੰਜ਼ਲ ਚਾੜ੍ਹ ਆਪਣੀ ਘਾਟੀ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਪੰਜ ਤਤ ਕਹਿਣ ਅਸੀਂ ਹੋਈਏ ਤੇਰੇ ਜੋਗੇ, ਜੋਗ ਜੁਗਤ ਜਗ ਨਾ ਕੋਇ ਵਡਿਆਈਆ । ਅਸੀਂ ਭੋਗੀਏ ਨਾ ਕੋਈ ਭੋਗੇ, ਭਸਮੜ ਰੂਪ ਬਦਲਾਈਆ । ਤੇਰਾ ਹੋਇਆ ਅੰਤ ਸੰਜੋਗੇ, ਵਿਛੜ ਕਦੇ ਨਾ ਜਾਈਆ । ਸਾਡਾ ਆਵਣ ਜਾਵਣ ਮੇਟ ਦੇ ਰੋਗੇ, ਇਕੋ ਵਾਰ ਕਰ ਸਫ਼ਾਈਆ । ਸਾਡੇ ਪੰਜ ਤਤ ਜਾਣ ਸੋਧੇ, ਸੁਦੀ ਵਦੀ ਵੇਖਣ ਕੋਇ ਨਾ ਪਾਈਆ । ਸਾਨੂੰ ਜਨਮ ਲੈਣ ਦਾ ਨਹੀਂ ਕੋਈ ਲੋਭੇ, ਲਾਲਚ ਵਿਚ ਆਸ ਰਖਾਈਆ । ਅਸੀਂ ਚੁਰਾਸੀ ਤਨ ਵਜੂਦ ਛੋਡੇ, ਸਚ ਦਈਏ ਸੁਣਾਈਆ । ਤੇਰੇ ਚਰਨ ਕਵਲ ਪ੍ਰੀਤੀ ਮਾਣੀਏ ਮੌਜੇ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਰੇਖ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰ ਦੇ ਆਸ, ਤ੍ਰਿਸ਼ਨਾ ਜਗਤ ਮਿਟਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸਾਨੂੰ ਆਇਆ ਕਿਆਸ, ਦਰ ਤੇਰੇ ਸੀਸ ਨਿਵਾਈਆ । ਤੂੰ ਭਗਤਾਂ ਵਸੇਂ ਸਦਾ ਪਾਸ, ਘਰ ਘਰ ਡੇਰਾ ਲਾਈਆ । ਜੇ ਆਤਮਾ

੧੬੫੭
੨੩

ਤੇਰਾ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਸਾਨੂੰ ਵੀ ਬਖ਼ਸ਼ ਦੇ ਸਾਚਾ ਸਾਥ, ਸਗਲਾ ਸੰਗ ਰਖਾਈਆ । ਅਸੀਂ ਤੇਰੀ ਗਾਉਂਦੇ ਗਾਥ, ਤਤ ਮਿਲ ਕੇ ਢੋਲੇ ਗਾਈਆ । ਬੇਨੰਤੀ ਵਿਚ ਜੋੜੀਏ ਹਾਥ, ਡੰਡਾਵਤ ਵਿਚ ਸੀਸ ਨਿਵਾਈਆ । ਤੂੰ ਸਰਬ ਕਲਾ ਸਮਰਾਥ, ਪਤਿਪਰਮੇਸ਼ਵਰ ਇਕ ਅਖਵਾਈਆ । ਅਸੀਂ ਨਿਮਾਣੇ ਅਨਾਥਾਂ ਅਨਾਥ, ਦੀਨਨ ਗਲੇ ਲਗਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਦਰ ਠਾਂਡੇ ਮੰਗ ਮੰਗਾਈਆ । ਸਚ ਸਵਾਮੀ ਚਰਨ ਕਵਲ ਸਦ ਰੱਖ ਲੈ ਸਾਡਾ ਵਾਸ, ਵਾਸਤਾ ਆਪਣੇ ਨਾਲ ਮਿਲਾਈਆ । ਸਾਡੀ ਪ੍ਰੀਤੀ ਰਹੇ ਨਾ ਹੱਡ ਨਾੜੀ ਮਾਸ, ਰਕਤ ਬੂੰਦ ਨਾ ਜੋੜ ਜੁੜਾਈਆ । ਪ੍ਰਿਥਮੀ ਪ੍ਰਿਥਮ ਮਿਲਾ ਲੈ ਆਪਣੇ ਵਿਚ ਆਪ ਆਕਾਸ਼, ਆਕਾਸ਼ਾ ਖੇਲ ਖਿਲਾਈਆ । ਅਪ ਤੇਜ ਵਾਏ ਤੇਰੇ ਮਿਲਣ ਵਿਚ ਪ੍ਰਕਾਸ਼, ਜਗਤ ਰੂਪ ਨਾ ਕੋਇ ਦਰਸਾਈਆ । ਸਾਨੂੰ ਪੂਰਨ ਦੇ ਵਿਸ਼ਵਾਸ, ਧੀਰਜ ਧੀਰ ਧਰਾਈਆ । ਅਸੀਂ ਹੋਈਏ ਤੇਰੇ ਦਾਸ, ਦਾਸੀ ਦਾਸ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਕਰ ਦੇ ਬੰਦ ਖੁਲਾਸ, ਬੰਦੀ ਬੰਧਨ ਰਹਿਣ ਕੋਇ ਨਾ ਪਾਈਆ ।

### ✪ ੨੩ ਜੇਠ ਸ਼ਹਿਨਸ਼ਾਹੀ ਸੰਮਤ ਦਸ ਦੇਵੀ ਸਿੰਘ ਹਰੀ ਸਿੰਘ ਪ੍ਰਕਾਸ਼ ਚੰਦ ਠਾਕਰ ਦਾਸ ਜੀਤੋ ਦੇਵੀ ਮਘੋਵਾਲੀ ਜ਼ਿਲਾ ਜੰਮੂ ✪



ਪੰਜ ਤਤ ਕਹਿਣ ਅਸੀਂ ਤੇਰੇ ਦਰ ਭਿਖਾਰੀ, ਭਿਖਿਆ ਭਿਛਿਆ ਭਿੱਖਕ ਝੋਲੀ ਦੇਣੀ ਭਰਾਈਆ । ਸਾਡਾ ਰੂਪ ਨਾ ਸਮਝੀਂ ਨਰ ਨਾਰੀ, ਨਰ ਨਰਾਇਣ ਦਰ ਤੇਰੇ ਆਸ ਰਖਾਈਆ । ਤਨ ਵਜੂਦ ਮਹਿਬੂਬ ਕਰੀਏ ਨਿਮਸਕਾਰੀ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਤੂੰ ਪਰਮ ਪੁਰਖ ਪਰਮਾਤਮ ਅਕਲ ਕਲਾ ਕਲਧਾਰੀ, ਕਲ ਕਲਕੀ ਤੇਰੀ ਬੇਪਰਵਾਹੀਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸਿਕਦਾਰੀ, ਸਿਰ ਸਿਰ ਦੇਣੀ ਮਾਣ ਵਡਿਆਈਆ । ਸਚ ਬੇਨੰਤੀ ਦਰ ਤੇਰੇ ਅਰਜ਼ ਗੁਜ਼ਾਰੀ, ਨਿਵ ਨਿਵ ਸੀਸ ਝੁਕਾਈਆ । ਤੂੰ ਬਖ਼ਸ਼ਣਹਾਰ ਦਾਤਾਰੀ, ਦਾਤਾ ਦਾਨੀ ਇਕ ਅਖਵਾਈਆ । ਸਾਡੀ ਜਨਮ ਜਨਮ ਨਾ ਹੋਏ ਖ਼ੁਆਰੀ, ਮਰਨ ਮਰਨ ਨਾ ਰੂਪ ਵਖਾਈਆ । ਸਾਡੀ ਮੰਜ਼ਲ ਕਟ ਦੇ ਦੁਸ਼ਵਾਰੀ, ਦੁਰਮਤ ਮੈਲ ਧਵਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਆਈ ਤੇਰੀ ਵਾਰੀ, ਅਵਤਾਰ ਪੈਗ਼ੰਬਰ ਗੁਰੂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਭੇਵ ਚੁਕਾਈਆ । ਪੰਜ ਤਤ ਕਹਿਣ ਅਸੀਂ ਆਦਿ ਜੁਗਾਦੀ ਤੇਰੇ ਬਰਦੇ, ਬੰਦੀਖ਼ਾਨਾ ਦੇ ਤੁੜਾਈਆ । ਜੁਗ ਚੌਕੜੀ ਰਹੇ ਡਰਦੇ, ਭੈ ਭਾਉ ਵਿਚ ਸੀਸ ਨਿਵਾਈਆ । ਰਾਹ ਲੱਭਦੇ ਰਹੇ ਤੇਰੇ ਅਗੰਮੇ ਘਰ ਦੇ, ਸਚਖੰਡ ਧਿਆਨ ਲਗਾਈਆ । ਅੱਖਰੀ ਨਾਮ ਤੇਰਾ ਰਹੇ ਪੜ੍ਹਦੇ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਮਨ ਮਨਸਾ ਨਾਲ ਰਹੇ ਲੜਦੇ, ਬੁਧ ਮਤ ਨਾਲ ਵਡਿਆਈਆ । ਜਗਤ ਜਹਾਨ ਖ਼ਾਲੀ ਮੰਜ਼ਲ ਰਹੇ ਚੜ੍ਹਦੇ, ਭੱਜੇ ਵਾਹੋ ਦਾਹੀਆ । ਨਿਤ ਨਵਿਤ ਤੇਰੀ ਸੇਵਾ ਰਹੇ ਕਰਦੇ, ਕਰਨੀ ਦੇ ਕਰਤੇ ਸੀਸ ਨਿਵਾਈਆ । ਜਨਮ ਲੈ ਕੇ ਰਹੇ ਮਰਦੇ, ਨਾਤਾ ਤਤਾਂ ਨਾਲੋਂ ਤਤ ਤੁੜਾਈਆ । ਹੁਣ ਪੁਰਖ ਅਕਾਲੇ ਦੀਨ ਦਿਆਲੇ ਅਰਜ਼ ਤੇਰੇ ਅਗੇ ਕਰਦੇ, ਅਰਜ਼ ਚਰਨ ਕਵਲ ਟਿਕਾਈਆ । ਸਾਡਾ ਪ੍ਰੇਮ ਨਿਸ਼ਾਨਾ ਧਰਮ ਧਾਰ ਵਿਚ ਗੱਡ ਦੇ, ਜਗਤ ਜਹਾਨ ਨਾ ਕੋਇ ਵਖਾਈਆ । ਅਸੀਂ

੧੮੫੮
੨੩

ਲੱਖ ਚੁਰਾਸੀ ਵਾਲਾ ਪਿਆਰ ਛਡਦੇ, ਇਕੋ ਤੇਰੀ ਓਟ ਤਕਾਈਆ । ਵਣਜਾਰੇ ਰਹੀਏ ਨਾ ਮਾਸ ਨਾੜੀ ਹੱਡ ਦੇ, ਪਿੰਜਰ ਜਗਤ ਨਾ ਕੋਇ ਚਤੁਰਾਈਆ । ਸਾਨੂੰ ਅਵਣ ਗਵਣ ਵਿਚੋਂ ਕੱਢ ਦੇ, ਕਰਮ ਕਾਂਡ ਦਾ ਡੇਰਾ ਢਾਹੀਆ । ਅਸੀਂ ਸਾਹਿਬ ਸੁਲਤਾਨ ਸ੍ਰੀ ਭਗਵਾਨ ਵਿਚ ਜਹਾਨ ਤੈਨੂੰ ਸੱਦ ਦੇ, ਸਦਕੇ ਵਾਰੀ ਘੋਲ ਘੁਮਾਈਆ । ਸਾਡੇ ਝਗੜੇ ਮੇਟ ਦੇ ਦੀਨ ਦੁਨੀ ਵਾਲੀ ਹੱਦ ਦੇ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਨਾਮ ਪਿਆਲੇ ਬਖ਼ਸ਼ ਦੇ ਖ਼ੁਮਾਰੀ ਵਾਲੀ ਮਦਿ ਦੇ, ਮਧੁਰ ਧੁਨ ਸੁਣਾਈਆ । ਸਾਡੇ ਸਭ ਲੇਖੇ ਲਾ ਭਗਤਾਂ ਵਾਲੇ ਅੱਜ ਦੇ, ਆਜਜ਼ ਹੋ ਕੇ ਸੀਸ ਨਿਵਾਈਆ । ਸਾਡੇ ਵਿਚਾਰ ਨਹੀਂ ਕੋਈ ਕਾਅਬਿਆਂ ਵਾਲੇ ਹੱਜ ਦੇ, ਜਗਤ ਹੁਜਰੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੂੰ ਬਖ਼ਸ਼ਣਹਾਰਾ ਏਕ, ਏਕੰਕਾਰ ਤੇਰੀ ਸਰਨਾਈਆ । ਸਤਿਗੁਰ ਸ਼ਬਦ ਬਖ਼ਸ਼ ਦੇ ਟੇਕ, ਦੂਜੀ ਓਟ ਨਾ ਕੋਇ ਤਕਾਈਆ । ਨਿਰਗੁਣ ਨਿਰਾਕਾਰ ਨਿਰੰਕਾਰ ਹੋ ਕੇ ਵੇਖ, ਬਿਨ ਨੈਣਾਂ ਨੈਣ ਉਠਾਈਆ । ਤੇਰਾ ਪੁਰਖ ਅਕਾਲੇ ਅਵੱਲੜਾ ਭੇਖ, ਭੇਖਾਧਾਰੀ ਤੇਰੀ ਬੇਪਰਵਾਹੀਆ । ਤੂੰ ਵਸੇਂ ਸੰਬਲ ਦੇਸ, ਸਾਢੇ ਤਿੰਨ ਹੱਥ ਡੇਰਾ ਲਾਈਆ । ਤੇਰਾ ਸ਼ਬਦ ਗੁਰੂ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਤੂੰ ਮਾਲਕ ਇਕ ਨਰੇਸ਼, ਨਰ ਨਰਾਇਣ ਦੋ ਜਹਾਨਾਂ ਅਖਵਾਈਆ । ਕਲਜੁਗ ਕੂੜ ਕੁੜਿਆਰ ਮੇਟ ਕਲੇਸ਼, ਕਲ ਕਾਤੀ ਡੇਰਾ ਢਾਹੀਆ । ਆਦਿ ਜੁਗਾਦਿ ਰਹੇਂ ਹਮੇਸ਼, ਜੁਗ ਜੁਗ ਤੇਰੀ ਵੱਜਦੀ ਰਹੇਂ ਵਧਾਈਆ । ਤੇਰੇ ਦਰ ਠਾਂਡੇ ਹੋਈਏ ਪੇਸ਼, ਪੇਸ਼ੀਨਗੋਈਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀਆਂ ਨਾਲ ਰਖਾਈਆ । ਅਸੀਂ ਨਿਮਾਣੇ ਕੋਝੇ ਕਮਲੇ ਤੇਰੇ ਦਰਵੇਸ਼, ਦਰ ਠਾਂਡੇ ਵੇਖ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡਾ ਜਗਤ ਮੇਟ ਦੇ ਝੇੜਾ, ਝਗੜਾ ਮਾਤ ਰਹੇ ਨਾ ਰਾਈਆ । ਤਨ ਵਜੂਦ ਵੇਖ ਲੈ ਖੇੜਾ, ਖਿੜਕੀ ਕੁੰਡਾ ਬਜਰ ਕਪਾਟੀ ਆਪ ਖੁਲਾਈਆ । ਪੰਚ ਵਿਕਾਰ ਦਾ ਤੱਕ ਲੈ ਡੇਰਾ, ਗੜ੍ਹ ਬੈਠਾ ਆਸਣ ਲਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਲੇਰਾ, ਪਰਮ ਪੁਰਖ ਇਕ ਅਖਵਾਈਆ । ਸਾਨੂੰ ਮਾਣ ਬਖ਼ਸ਼ ਦੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਰੰਗ ਰੰਗਾ ਦੇ ਗੁਰੂ ਗੁਰ ਚੇਰਾ, ਚੇਲਾ ਗੁਰ ਤੇਰਾ ਨੂਰ ਦਰਸਾਈਆ । ਜੋਤੀ ਜਾਤੇ ਪੁਰਖ ਬਿਧਾਤੇ ਕਰ ਦੇ ਮਿਹਰਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਵ ਨੌ ਚਾਰ ਦਾ ਤੇਰਾ ਅੰਤਮ ਫੇਰਾ, ਫਿਰ ਫਿਰ ਕੋਟਨ ਜੁਗ ਗਏ ਵਿਹਾਈਆ । ਸਾਡਾ ਆਵਣ ਜਾਵਣ ਪਤਤ ਪਾਵਣ ਲੱਖ ਚੁਰਾਸੀ ਕਟ ਦੇ ਗੇੜਾ, ਅਵਣ ਗਵਣ ਰਹਿਣ ਨਾ ਪਾਈਆ । ਅੰਤ ਜਗਤ ਦੇ ਮਾਲਕ ਕਰਨਾ ਹਕ ਨਬੇੜਾ, ਹਕ ਹਕ ਦੇਣਾ ਸੁਣਾਈਆ । ਤੁਧ ਬਿਨ ਦਿਸੇ ਅਵਰ ਕੋਇ ਨਾ ਖੇੜਾ, ਦੂਸਰ ਰੂਪ ਨਾ ਕੋਇ ਜਣਾਈਆ । ਸ਼ੌਹ ਦਰਿਆ ਡੁੱਬੇ ਨਾ ਬੇੜਾ, ਦੋ ਜਹਾਨਾਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਸਾਡੀ ਅੰਤ ਅਖ਼ੀਰੀ ਧਾਹ, ਰੋ ਰੋ ਹਾਲ ਸੁਣਾਈਆ । ਤੂੰ ਮਾਲਕ ਖ਼ਾਲਕ ਬੇਪ੍ਰਵਾਹ, ਪਰਵਰਦਿਗਾਰ ਅਗੰਮ ਅਥਾਹੀਆ । ਨਿਰਗੁਣ ਨੂਰ ਸਾਡਾ ਬਣ ਮਲਾਹ, ਜੋਤੀ ਜਾਤੇ ਬੇੜਾ ਆਪਣੇ ਕੰਧ ਉਠਾਈਆ । ਸਤਿਗੁਰ ਸ਼ਬਦ ਬਣਾ ਗਵਾਹ, ਸ਼ਹਾਦਤ ਇਕੋ ਇਕ ਰਖਾਈਆ । ਤੂੰ ਪਾਤਸ਼ਾਹ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਅਗੰਮ ਅਥਾਹੀਆ । ਸਾਡਾ ਲਹਿਣਾ

ਦੇਣਾ ਮੂਲ ਚੁਕਾ, ਚਾਰੋਂ ਕੁੰਟ ਵੱਜੇ ਵਧਾਈਆ । ਦਰ ਠਾਂਡੇ ਮੰਗੀਏ ਦੁਆ, ਨਿਵ ਨਿਵ ਸੀਸ ਨਿਵਾਈਆ । ਤੂੰ ਹੀ ਪਿਤਾ ਤੂੰਹੀ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਏਥੇ ਓਥੇ ਹੋ ਸਹਾ, ਸਹਾਇਕ ਨਾਇਕ ਤੇਰੀ ਓਟ ਤਕਾਈਆ । ਕੋੜ੍ਹਿਆਂ ਕਮਲਿਆਂ ਪਕੜ ਬਾਂਹ, ਬਿਨ ਹੱਥਾਂ ਹੱਥ ਉਠਾਈਆ । ਤਤ ਕਹਿਣ ਸਾਨੂੰ ਨਿਥਾਵਿਆਂ ਦੇਣਾ ਥਾਂ, ਥਾਨ ਥਨੰਤਰ ਇਕ ਵਖਾਈਆ । ਜਿਥੇ ਜਾਈਏ ਨਾਲ ਚਾਅ, ਚਾਓ ਘਨੇਰਾ ਦੇ ਦ੍ਰਿੜਾਈਆ । ਤੇਰੀ ਸਿਫ਼ਤ ਗਾਈਏ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਸਾਡਾ ਲਹਿਣਾ ਦੇਣਾ ਮੂਲ ਚੁਕਾ, ਚਾਰੋਂ ਕੁੰਟ ਵੱਜੇ ਵਧਾਈਆ । ਤੂੰ ਭਗਤ ਸੁਹੇਲੇ ਆਪ ਆਪਣੇ ਲੈ ਤਰਾ, ਤਾਰਨਹਾਰ ਦਇਆ ਕਮਾਈਆ । ਤਤ ਵਿਚਾਰੇ ਆਪਣੇ ਵਿਚ ਲੈ ਮਿਲਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰਾ ਰੂਪ ਸਮਾਈਆ । ਆਤਮ ਤੇਰਾ ਰੰਗ ਤੇਰਾ ਨੂਰ ਕਰੇ ਰੁਸ਼ਨਾ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨ ਬਿਨ ਹੱਥਾਂ ਦੇਣੀ ਠੰਡੀ ਛਾਂ, ਸਿਰ ਸਿਰ ਆਪਣਾ ਹੱਥ ਟਿਕਾਈਆ ।

### ✪ ੨੪ ਜੇਠ ਸ਼ਹਿਨਸ਼ਾਹੀ ਸੰਮਤ ਦਸ ਦੌਲਤ ਸਿੰਘ ਕੋਟਲੀ ਪ੍ਰੀਤੋ ਦੇਵੀ ਜਿੰਦੜ ਮੇਲੂ ਵਕੀਲ ਸਿੰਘ ਹੰਸਾ ਸ਼ਾਹਣੀ ਦੇਵੀ ਚਕ ਮਾਜਰਾ ਕ੍ਰਿਸ਼ਨਾ ਦੇਵੀ ਬਿਰਲਾ ਲਛਮੀ ਦੇਵੀ ਮੂਸੇ ਚੱਕ ✪



ਪੰਜ ਤਤ ਕਹਿਣ ਸਾਡੇ ਪਰਮ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਓਟ ਤਕਾਈਆ । ਸਾਡੇ ਅੰਤਰ ਨਿਰੰਤਰ ਤੇਰਾ ਨੂਰ ਜੋਤ ਪ੍ਰਕਾਸ਼, ਜੋਤੀ ਜਾਤੇ ਪੁਰਖ ਬਿਧਾਤੇ ਡਗਮਗਾਈਆ । ਮੰਡਲ ਮੰਡਪ ਸੁਹੰਜਣੀ ਪਵੇ ਰਾਸ, ਨਾਦ ਸ਼ਬਦ ਧੁਨ ਸ਼ਨਵਾਈਆ । ਦਿਵਸ ਰੈਣ ਪਵਣ ਚਲੇ ਸਵਾਸ, ਸਾਹ ਸਾਹ ਵਜਦੀ ਰਹੇ ਵਧਾਈਆ । ਸਾਡਾ ਖੇਲ ਪ੍ਰਿਥਮੀ ਆਕਾਸ਼, ਅਪ ਤੇਜ ਵਾਏ ਨਾਲ ਮਿਲ ਕੇ ਖੇਲ ਖਿਲਾਈਆ । ਸਾਡਾ ਨਾਤਾ ਜੁੜਿਆ ਹੱਡ ਮਾਸ, ਨਾੜੀ ਨਾੜ ਦਏ ਗਵਾਹੀਆ । ਸਾਡਾ ਲਹਿਣਾ ਦੇਣਾ ਤੱਕ ਲੈ ਖ਼ਾਸ, ਖ਼ਾਲਸ ਤੇਰੇ ਅਗੇ ਮੰਗ ਮੰਗਾਈਆ । ਅਸੀਂ ਜੁਗ ਚੌਕੜੀ ਹੁੰਦੇ ਰਹੇ ਨਾਸ, ਜਨਮ ਜਨਮ ਮਰ ਜਾਈਆ । ਸਾਡਾ ਵਸੇਰਾ ਜੰਗਲ ਪਹਾੜ ਉਜਾੜ ਹੁੰਦਾ ਰਿਹਾ ਪ੍ਰਭਾਸ, ਮੜ੍ਹੀ ਗੋਰਾਂ ਵਿਚ ਦਬਾਈਆ । ਸਾਡਾ ਲੇਖਾ ਮੁਕਾਉਂਦਾ ਰਿਹਾ ਸ਼ੰਕਰ ਉਤੇ ਕੈਲਾਸ਼, ਕਲਾ ਤੇਰੀ ਨਾਲ ਮਿਲਾਈਆ । ਨੌਂ ਸੌ ਚੁਰਾਨਮੇ ਜੁਗ ਚੌਕੜੀ ਰਹੇ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਹੁਣ ਕਲਜੁਗ ਅੰਤ ਸ੍ਰੀ ਭਗਵੰਤ ਆ ਗਏ ਤੇਰੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਸਾਨੂੰ ਵਿਸ਼ਵ ਦੀ ਧਾਰ ਦੇ ਵਿਸ਼ਵਾਸ਼, ਜਗਤ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਸਾਡੇ ਅੰਤਸ਼ਕਰਨ ਤੇਰੀ ਪ੍ਰੀਤੀ ਜਾਏ ਭਾਸ, ਭਾਵਨਾ ਅਵਰ ਨਾ ਕੋਇ ਰਖਾਈਆ । ਸਾਡਾ ਭਗਤਾਂ ਵਾਲਾ ਵੇਖ ਲਬਾਸ, ਤਨ ਵਜੂਦ ਸੋਭਾ ਪਾਈਆ । ਦਰ ਆਇਆਂ ਦੇ ਸ਼ਾਬਾਸ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡਾ ਜੀਵਣ ਨਹੀਂ ਕੋਈ ਫ਼ਾਹਿਸ਼, ਫ਼ੈਸਲਾ ਹਕ ਹਕ ਦੇਣਾ ਦ੍ਰਿੜਾਈਆ । ਸਾਡਾ ਮਨ ਨਹੀਂ ਬਦਮੁਆਸ਼, ਬਦੀ ਜਗਤ ਨਾ ਕੋਇ ਰਖਾਈਆ । ਤੇਰੀ ਕਿਰਪਾ ਨਾਲ ਤੈਨੂੰ ਕੀਤਾ ਤਲਾਸ਼, ਖੋਜਿਆ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ

ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਗ਼ਰੀਬ ਨਿਵਾਜ, ਨਿਵ ਨਿਵ ਸੀਸ ਨਿਵਾਈਆ । ਸਾਡਾ ਜਨਮ ਜਨਮ ਸਵਾਰ ਦੇ ਕਾਜ, ਕਰਨੀ ਦੇ ਕਰਤੇ ਵੇਖ ਵਖਾਈਆ । ਅਸੀਂ ਮੰਗਾਂ ਮੰਗਦੇ ਆਜ, ਆਜਜ਼ ਹੋ ਕੇ ਝੋਲੀ ਡਾਹੀਆ । ਸਾਡੀ ਅੰਦਰੋਂ ਖੋਲ ਦੇ ਜਾਗ, ਆਲਸ ਨਿੰਦਰਾ ਦੇ ਮਿਟਾਈਆ । ਤੇਰੇ ਸ਼ਬਦ ਦੀ ਸੁਣੀਏ ਆਵਾਜ਼, ਧੁਨ ਆਤਮਕ ਰਾਗ ਦ੍ਰਿੜਾਈਆ । ਸਾਡੇ ਬਰਤਨ ਕੂੜ ਕੁੜਿਆਰੇ ਦੇਣੇ ਮਾਂਜ, ਦੁਰਮਤ ਮੈਲ ਰਹੇ ਨਾ ਰਾਈਆ । ਸਚਖੰਡ ਨਿਵਾਸੀ ਬਣਾਉਣੀ ਸਾਂਝ, ਸਗਲਾ ਸੰਗ ਬਣਾਈਆ । ਸਾਡੀ ਨੇਤਰ ਰੋਵੇ ਆਂਝ, ਹੰਝੂਆਂ ਹਾਰ ਬਣਾਈਆ । ਸਾਡਾ ਲੇਖਾ ਮੁਕਾ ਦੇ ਤਤ ਪਾਂਜ, ਪੰਚਮ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਇਕ ਵਖਾਈਆ । ਪੰਜ ਤਤ ਕਹਿਣ ਸਾਡੇ ਅੰਤਸ਼ ਮਾਰ ਲੈ ਝਾਤੀ, ਝਾਕੀਆਂ ਵਾਲਿਆ ਦਇਆ ਕਮਾਈਆ । ਸਾਡੀ ਮੇਟ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਪਰਮ ਪੁਰਖ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਦਰਸ਼ਨ ਦੇ ਦੇ ਇਕ ਇਕਾਂਤੀ, ਇਕ ਇਕੱਲਾ ਨਜ਼ਰੀ ਆਈਆ । ਤੇਰਾ ਖੇਲ ਸਦਾ ਬਹੁ ਬਿਧ ਭਾਂਤੀ, ਭਾਂਡਾ ਭਰਮ ਦੇਣਾ ਭੰਨਾਈਆ । ਅੰਮ੍ਰਿਤ ਬਖ਼ਸ਼ ਦੇ ਬੂੰਦ ਸਵਾਂਤੀ, ਝਿਰਨਾ ਨਿਝਰ ਆਪ ਚੁਆਈਆ । ਸਾਡੀ ਅੰਤਮ ਪੁਛ ਬਾਤੀ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਪ੍ਰਕਾਸ਼ ਕਰ ਬਿਨ ਤੇਲ ਬਾਤੀ, ਦੀਪਕ ਜੋਤੀ ਡਗਮਗਾਈਆ । ਲਹਿਣਾ ਦੇਣਾ ਪੂਰਾ ਕਰ ਦੇ ਲੋਕਮਾਤੀ, ਧਰਨੀ ਧਰਤ ਧਵਲ ਧੌਲ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਆਪਣਾ ਭੇਵ ਖੁਲਾਈਆ । ਪੰਜ ਤਤ ਕਹਿਣ ਪ੍ਰਭ ਦਰ ਤੇਰੇ ਆਏ ਜਗ ਨਿਮਾਣੇ, ਨਿਵ ਨਿਵ ਸੀਸ ਨਿਵਾਈਆ । ਸਾਡੀ ਚੁੱਕ ਜਾਏ ਆਵਣ ਜਾਵਣ ਕਾਣੇ, ਕਾਇਨਾਤ ਦਾ ਲੇਖਾ ਰਹੇ ਨਾ ਰਾਈਆ । ਤੂੰ ਮਾਲਕ ਗੁਣ ਨਿਧਾਨੇ, ਗੁਣਵੰਤਾ ਬੇਪ੍ਰਵਾਹੀਆ । ਬਿਨ ਤੇਰੇ ਸਾਨੂੰ ਨਾ ਕੋਈ ਪਹਿਚਾਨੇ, ਸਾਚਾ ਜੋੜ ਨਾ ਕੋਇ ਜੁੜਾਈਆ । ਜੁਗ ਜੁਗ ਤੇਰਾ ਧਰਦੇ ਆਏ ਧਿਆਨੇ, ਬਿਨ ਨੈਣਾਂ ਨੈਣ ਉਠਾਈਆ । ਕਵਣ ਵੇਲਾ ਕਿਰਪਾ ਕਰੇ ਸ੍ਰੀ ਭਗਵਾਨੇ, ਹਰਿ ਭਗਵਨ ਬੇਪ੍ਰਵਾਹੀਆ । ਜੋ ਸ਼ਹਿਨਸ਼ਾਹ ਹੋਵੇ ਦੋ ਜਹਾਨੇ, ਪਾਤਸ਼ਾਹ ਇਕ ਅਖਵਾਈਆ । ਜਿਹੜਾ ਭਗਤ ਰਹਿਣ ਨਾ ਦੇਵੇ ਬੇਗਾਨੇ, ਫੜ ਬਾਹੋਂ ਗਲੇ ਲਗਾਈਆ । ਸੋਹੰ ਨਾਮ ਦੇ ਦੇ ਤਰਾਨੇ, ਤੁਰੀਆ ਪਦ ਦਾ ਭੇਵ ਖੁਲਾਈਆ । ਅੰਮ੍ਰਿਤ ਰਸ ਦੇ ਦੇ ਪੀਣੇ ਖਾਣੇ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਰਬ ਜੀਆਂ ਬਿਧ ਆਪੇ ਜਾਣੇ, ਜਾਨਣਹਾਰ ਅਖਵਾਈਆ । ਸਦ ਰੱਖੇ ਆਪਣੇ ਵਿਚ ਭਾਣੇ, ਸਿਰ ਸਕੇ ਨਾ ਕੋਇ ਉਠਾਈਆ । ਧਰਮ ਵਖਾਏ ਸਚ ਨਿਸ਼ਾਨੇ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭੂ ਸਾਡੇ ਪਵਿਤ੍ਰ ਕਰ ਦੇ ਹਿਰਦੇ, ਹਾਰਦਿਕ ਦਈਏ ਵਧਾਈਆ । ਅਸੀਂ ਬੈਠੇ ਰਹੀਏ ਤੇਰੇ ਚੁਫੇਰੇ ਗਿਰਦੇ, ਗਿਰਦੋਨਵਾ ਡੇਰਾ ਲਾਈਆ । ਅਸੀਂ ਆਸ਼ਾ ਰੱਖ ਕੇ ਬੈਠੇ ਚਿਰ ਦੇ, ਚਿੰਰੀ ਵਿਛੁੰਨੇ ਲੈਣੇ ਮਿਲਾਈਆ । ਰਾਹ ਤਕਦੇ ਰਹੇ ਤੇਰੇ ਅਗੰਮੇ ਪਿਰ ਦੇ, ਪ੍ਰੀਆ ਪ੍ਰੀਤਮ ਹੋਣਾ ਸਹਾਈਆ । ਤੇਰੇ ਜੁਗ ਚੌਕੜੀ ਗੇੜੇ ਰਹੇ ਗਿੜਦੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਤਤ ਵਜੂਦਾਂ ਝਗੜੇ ਝੇੜੇ ਰਹੇ ਛਿੜਦੇ, ਅਵਤਾਰ ਪੈਗੰਬਰ ਗੁਰੂ ਕਰ ਕਰ ਗਏ ਲੜਾਈਆ । ਜਨ ਭਗਤਾਂ ਨਾਭੀ ਕਵਲ ਰਹੇ ਖਿੜਦੇ, ਪੱਤ ਟਹਿਣੀ ਤਨ ਤਨ ਮਹਿਕਾਈਆ ।



੧੮੬੧
੨੩

ਤੇਰੇ ਖੇਲ ਤੱਕੇ ਤਨ ਵਜੂਦ ਧੜ ਸਿਰ ਦੇ, ਸਿਰ ਸਿਰ ਤੇਰੀ ਭੇਟ ਕਰਾਈਆ । ਬਿਨ ਤੇਰੀ ਕਿਰਪਾ ਮੇਲ ਕਦੇ ਨਾ ਮਿਲਦੇ, ਮਿਲਣੀ ਜਗਦੀਸ਼ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੇ ਲਹਿਣੇ ਦੇਣੇ ਅੰਤਰ ਆਤਮ ਧਾਰ ਵੇਖ ਦਿਲ ਦੇ, ਦਿਲਦਾਰ ਨਿਰੰਕਾਰ ਆਪਣੀ ਦਇਆ ਕਮਾਈਆ ।

## ੨੪ ਜੇਠ ਸ਼ਹਿਨਸ਼ਾਹੀ ਸੰਮਤ ਦਸ ਸੇਈ ਖੁਰਦ ਤੇਜ ਭਾਨ ਸ਼ਿਵ ਸਿੰਘ ਗੂਹੜਾ ਰਾਮ ਗਿਆਨ ਚੰਦ ਚਰਨ ਦਾਸ ਜ਼ਿਲਾ ਜੰਮੂ ਰਾਮ ਚੰਦ ਨਿਕੋਵਾਲ ਸੰਤੀ ਦੇਵੀ ਦੀਵਾਨਗੜ

ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਧੁਰ ਭਗਵੰਤ, ਕਰਤੇ ਪੁਰਖ ਕਰਤਾਰ ਨਿਰੰਕਾਰ ਤੇਰੀ ਸਰਨਾਈਆ । ਮਿਹਰਵਾਨ ਸ੍ਰੀ ਭਗਵਾਨ ਨੌਜਵਾਨ ਆਦਿ ਜੁਗਾਦੀ ਕੰਤ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਜੁਗ ਜੁਗ ਗਾਉਂਦੇ ਆਏ ਮੰਤ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸਿਫ਼ਤ ਸਲਾਹੀਆ । ਤੇਰੀ ਕਿਰਪਾ ਨਾਲ ਤਨ ਵਜੂਦ ਸੁਹਾਉਂਦੇ ਰਹੇ ਭਗਤ ਸੰਤ, ਦੋ ਜਹਾਨਾਂ ਰੰਗ ਰੰਗਾਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲ ਖੇਲਦੇ ਰਹੇ ਅਗਣਤ, ਮਹਿੰਮਾ ਗਣਤ ਗਣੀ ਨਾ ਜਾਈਆ । ਪੁਰਖ ਅਕਾਲੇ ਦੀਨ ਦਿਆਲੇ ਤੂੰ ਲੋਕਮਾਤ ਬਣਾਈ ਸਾਡੀ ਬਣਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਾਉਂ ਧਰਾਈਆ । ਸਾਡਾ ਦਵਾਰ ਬਣਾ ਕੇ ਵਿਚ ਵਸਾਇਆ ਹਉਮੇ ਹੰਗਤ, ਗੜ੍ਹ ਮਮਤਾ ਵਾਲਾ ਜਣਾਈਆ । ਬੋਧ ਅਗਾਧੀ ਸ਼ਬਦ ਅਨਾਦੀ ਬਣ ਕੇ ਪੰਡਤ, ਸਿਖਿਆ ਸਾਖਿਆਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਬਖ਼ਸ਼ ਦੇ ਆਪਣਾ ਨੂਰ, ਨੂਰ ਨੁਰਾਨੇ ਦਇਆ ਕਮਾਈਆ । ਤੂੰ ਸਰਬ ਕਲਾ ਭਰਪੂਰ, ਪਤਿਪਰਮੇਸ਼ਵਰ ਇਕ ਅਖਵਾਈਆ । ਸਦ ਵਸੇਂ ਹਾਜ਼ਰ ਹਜ਼ੂਰ, ਗ੍ਰਿਹ ਮੰਦਰ ਅੰਦਰ ਡੇਰਾ ਲਾਈਆ । ਨਾਮ ਖ਼ੁਮਾਰੀ ਬਖ਼ਸ਼ ਸਰੂਰ, ਸੁਰਤੀ ਸ਼ਬਦ ਸ਼ਬਦ ਸਮਾਈਆ । ਆਤਮ ਪਰਮਾਤਮ ਤੇਰਾ ਹੁੰਦਾ ਰਹੇ ਨੂਰ, ਅੰਧ ਅੰਧੇਰ ਲੇਖਾ ਦੇਣਾ ਮੁਕਾਈਆ । ਸਾਡੇ ਅੰਦਰੋਂ ਜੂਠ ਝੂਠ ਕੱਢਣਾ ਕੂੜ, ਕਿਰਿਆ ਕੁਕਰਮ ਰਹਿਣ ਨਾ ਪਾਈਆ । ਚਰਨ ਸਰਨ ਬਖ਼ਸ਼ ਦੇ ਧੂੜ, ਟਿੱਕੇ ਧਰਮ ਧਾਰ ਲਗਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਦੁਰਮਤ ਮੈਲ ਧਵਾਈਆ । ਸਾਡੇ ਤਨ ਨਾ ਰਹੇ ਗ਼ਰੂਰ, ਗ਼ੁਰਬਤ ਲੇਖਾ ਦੇਣਾ ਮੁਕਾਈਆ । ਅਸੀਂ ਤੇਰੇ ਦਰ ਦੇ ਹੋਏ ਮਜ਼ਦੂਰ, ਸਰਗੁਣ ਨਿਰਗੁਣ ਸੇਵ ਕਮਾਈਆ । ਸਾਡੇ ਅੰਤਰ ਨਿਰੰਤਰ ਮਨੂਆ ਮਨ ਨਾ ਪਾਵੇ ਫ਼ਤੂਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਸਤਿਗੁਰ ਸ਼ਬਦ ਸ਼ਬਦ ਦੀ ਧਾਰ ਬਖ਼ਸ਼ੀਂ ਕਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਖ਼ਾਲੀ ਝੋਲੀ ਦੇਣੀ ਭਰਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਰ ਦੇ ਕਿਰਪਾ, ਕਿਰਪਾਨਿਧ ਦਇਆ ਕਮਾਈਆ । ਆਵਣ ਜਾਵਣ ਮੇਟ ਦੇ ਬਿਪਤਾ, ਵਿਪਰੀਤ ਦਾ ਡੇਰਾ ਢਾਹੀਆ । ਸਾਡੇ ਲੇਖ ਕੋਈ ਨਾ ਲਿਖਦਾ, ਜਗਤ ਜੁਗਤ ਨਾ ਕੋਇ ਚਤੁਰਾਈਆ । ਸਾਡਾ ਅੰਤ ਬਣਾ ਲੈ ਸਿੱਖ ਦਾ, ਸਤਿਗੁਰ ਸ਼ਬਦ ਦੇਣੀ ਵਡਿਆਈਆ । ਸਾਡੇ ਅੰਤਰ ਮਨੂਆ ਹੋਵੇ ਟਿਕਦਾ, ਸੁਰਤੀ ਸ਼ਬਦ ਹੋਏ ਸਮਾਈਆ । ਅਸੀਂ



੧੮੬੨
੨੩

ਸਹਾਰਾ ਲਈਏ ਤੇਰਾ ਇਕ ਦਾ, ਏਕੰਕਾਰ ਤੇਰੀ ਓਟ ਤਕਾਈਆ । ਸਾਡਾ ਭੇਤ ਖੋਲ ਦੇ ਵਿਚ ਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪਿਆਰ ਬਖ਼ਸ਼ ਦੇ ਆਪਣੇ ਹਿਤ ਦਾ, ਹਿਤਕਾਰੀ ਹੋ ਕੇ ਖੋਜ ਖੁਜਾਈਆ । ਸਾਡਾ ਆਵਣ ਜਾਵਣ ਝਗੜਾ ਮੇਟ ਦੇ ਨਿਤ ਦਾ, ਨਿਰਵੈਰ ਦਇਆ ਕਮਾਈਆ । ਸਚ ਪਿਆਰ ਬਖ਼ਸ਼ ਦੇ ਪਰਮੇਸ਼ਵਰ ਪਿਤ ਦਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਆਸਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਬੇਨੰਤੀ ਕਰ ਮਨਜ਼ੂਰ, ਸਚਚੰਡ ਨਿਵਾਸੀ ਦਇਆ ਕਮਾਈਆ । ਜਨਮ ਜਨਮ ਦੇ ਬਖ਼ਸ਼ ਕਸੂਰ, ਕੂੜੀ ਕਿਰਿਆ ਡੇਰਾ ਢਾਹੀਆ । ਅਸੀਂ ਚਾਕਰ ਹੋਏ ਤੇਰੇ ਮਜ਼ਦੂਰ, ਸਰਗੁਣ ਨਿਰਗੁਣ ਸੇਵ ਕਮਾਈਆ । ਤੂੰ ਕਿਰਪਾ ਕਰਨੀ ਜ਼ਰੂਰ, ਜ਼ਰੂਰਤ ਸਾਡੀ ਵੇਖ ਵਖਾਈਆ । ਭਗਤ ਜਨ ਤੇਰੇ ਪਿਆਰ ਵਿਚ ਨੂਰੋ ਨੂਰ, ਨੂਰ ਨੁਰਾਨੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਤਤ ਕਹਿਣ ਅਸੀਂ ਮਿੰਨਤਾਂ ਕਰੀਏ ਅੱਜ, ਅਜ਼ਲ ਤੋਂ ਲੈਣਾ ਬਚਾਈਆ । ਸਦਾ ਦਰਸ਼ਨ ਕਰੀਏ ਤੇਰਾ ਰੱਜ, ਬਿਨ ਨੈਣਾਂ ਵੇਖ ਵਖਾਈਆ । ਸਾਡਾ ਪਰਦਾ ਲੈਣਾ ਕੱਜ, ਓਢਣ ਨਾਲ ਦ੍ਰਿੜਾਈਆ । ਤੇਰੇ ਪਿਆਰ ਦਾ ਤਲਵਾੜਾ ਸਾਡੇ ਅੰਦਰ ਜਾਏ ਵੱਜ, ਅਨਾਦੀ ਧੁਨ ਕਰ ਸ਼ਨਵਾਈਆ । ਨਾਮ ਪਿਆਲਾ ਪੀਏ ਰੱਜ, ਅੰਮ੍ਰਿਤ ਰਸ ਝਿਰਨਾ ਦੇਣਾ ਝਿਰਾਈਆ । ਦੀਪਕ ਜੋਤ ਜਾਏ ਜਗ, ਅੰਧ ਅੰਧੇਰਾ ਰਹੇ ਨਾ ਰਾਈਆ । ਦਰਸ਼ਨ ਦੇ ਸੂਰੇ ਸਰਬਗ, ਹਰਿ ਕਰਤੇ ਧੁਰਦਰਗਾਹੀਆ । ਤ੍ਰੈਗੁਣ ਮਾਇਆ ਬੁਝਾ ਦੇ ਅੱਗ, ਅਗਨੀ ਅੱਗ ਨਾ ਕੋਇ ਤਪਾਈਆ । ਤੇਰਾ ਮੇਲਾ ਹੋਵੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਦੇਣੀ ਮਾਣ ਵਡਿਆਈਆ । ਕੂੜੀ ਕਿਰਿਆ ਜਾਈਏ ਤਜ, ਮਾਇਆ ਮਮਤਾ ਨਾ ਕੋਇ ਹਲਕਾਈਆ । ਤੂੰ ਨੂਰ ਅਲਾਹੀ ਰੱਬ, ਰਬੇ ਆਲਮੀਨ ਅਖਵਾਈਆ । ਸਾਨੂੰ ਮਿਲਿਆ ਨਾਲ ਸਬੱਬ, ਸਾਹਿਬ ਸੁਲਤਾਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਤਤ ਕਹਿਣ ਪ੍ਰਭ ਤੂੰ ਘੜਨ ਭੰਨਣਹਾਰ ਸਮਰਥ, ਆਦਿ ਜੁਗਾਦਿ ਜੁਗ ਚੌਕੜੀ ਇਕੋ ਇਕ ਅਖਵਾਈਆ । ਸਭ ਕੁਛ ਤੇਰੇ ਕਰਨੀ ਦੇ ਕਰਤੇ ਹੱਥ, ਤੁਧ ਬਿਨ ਏਥੇ ਓਥੇ ਦੋ ਜਹਾਨ ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੇ ਹੁਕਮ ਦਾ ਚਲਦਾ ਰਿਹਾ ਰਥ, ਰਥ ਰਥਵਾਹੀ ਖੇਲ ਖੇਲਿਆ ਥਾਉਂ ਥਾਈਂਆ । ਤੇਰੇ ਨਾਮ ਨਿਧਾਨ ਦੀ ਸਾਡੇ ਅੰਤਰ ਪਈ ਨੱਥ, ਡੋਰੀ ਸਕੇ ਨਾ ਕੋਇ ਛੁਡਾਈਆ । ਵਸਤ ਅਮੋਲਕ ਸਾਡੇ ਅੰਦਰ ਰੱਖ ਦੇ ਵਥ, ਅਮੁਲ ਅਤੁਲ ਵਰਤਾਈਆ । ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਕੀ ਇਸ਼ਾਰਾ ਦੇ ਕੇ ਗਿਆ ਰਾਜਾ ਦਸਰਥ, ਰਾਮ ਰਾਮਾ ਭੇਵ ਚੁਕਾਈਆ । ਅੰਤ ਲਹਿਣਾ ਦੇਣਾ ਸੀਆ ਸਾਢੇ ਤਿੰਨ ਹੱਥ, ਹਰਿ ਸੰਬਲ ਇਕੋ ਰੰਗ ਰੰਗਾਈਆ । ਜਿਸ ਦੀ ਸਰਨ ਸਰਨਾਈ ਦੋ ਜਹਾਨ ਜਾਣ ਢੱਠ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਉਹਦਾ ਖੇਲ ਵੇਖਣ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਿਰਗੁਣ ਸਰਗੁਣ ਧਾਰ ਤਤ ਅੱਠ, ਨਵ ਦਰ ਸਮਝ ਕਿਸੇ ਨਾ ਆਈਆ । ਮੇਰੇ ਪਰਮ ਪੁਰਖ ਸੁਲਤਾਨੇ ਦਰ ਤੇਰੇ ਕੀਤਾ ਇਕੱਠ, ਇਕੱਠੇ ਹੋ ਕੇ ਸੀਸ ਨਿਵਾਈਆ । ਸਚ ਪ੍ਰੀਤੀ ਵਿਚ ਜਾਈਏ ਢੱਠ, ਚਰਨ ਕਵਲ ਧੂੜੀ ਖ਼ਾਕ ਰਮਾਈਆ । ਸਾਡਾ ਲੇਖਾ ਹੋਣ ਨਾ ਦੇਵੀਂ ਭੱਠ, ਕਲਜੁਗ ਭਠਿਆਲੇ ਵਿਚੋਂ ਬਾਹਰ ਕਢਾਈਆ । ਆਪਣੇ ਹੁਕਮ ਦੀ ਹੁਕਮ ਨਾਲ ਹਿਲਾ ਦੇ ਲੱਠ, ਪਾਸਾ ਭਗਤ

੧੮੬੩
੨੩

ਸੰਤ ਬਦਲਾਈਆ । ਦਰ ਭਿਖਾਰੀ ਮੰਗਤੇ ਆਏ ਨੱਠ, ਦਰਵੇਸ਼ਣ ਹੋ ਕੇ ਝੋਲੀ ਡਾਹੀਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਹੋ ਕੇ ਆਪਣੀ ਕਰਵਟ ਵੱਟ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੋ ਜਹਾਨਾਂ ਪਰਮੇਸ਼ਵਰ ਪਤ, ਪਤ ਪਤਵੰਤੇ ਤੇਰੀ ਆਸ ਰਖਾਈਆ ।

✪ ੨੫ ਜੇਠ ਸ਼ਹਿਨਸ਼ਾਹੀ ਸੰਮਤ ਦਸ ਸੇਈ ਖੁਰਦ ਜ਼ਿਲਾ ਜੰਮੂ ਨਾਨਕ ਚੰਦ ਫਕੀਰ ਸਿੰਘ ਪੀਰਾ ਰਾਮ ਰਵੇਲਾ ਰਾਮ ਗੁਰਾ ਰਾਮ ਬੰਤੀ ਦੇਵੀ ਜੰਮੂ ✪

ਪੰਜ ਤਤ ਕਹਿਣ ਪ੍ਰਭ ਪੁੱਜ ਗਏ ਤੇਰੇ ਪਤਣ ਘਾਟ, ਘਾਟਾ ਦੀਨ ਦੁਨੀ ਦੋ ਜਹਾਨ ਦੇਣਾ ਮੁਕਾਈਆ । ਪੰਧ ਮਾਰਿਆ ਸਾਡੀ ਲੇਖੇ ਲਾਉਣੀ ਵਾਟ, ਆਵਣ ਜਾਵਣ ਤੇਰੇ ਚਰਨ ਟਿਕਾਈਆ । ਵਸਤ ਅਮੋਲਕ ਬਖ਼ਸ਼ ਆਪਣੇ ਵਿਚੋਂ ਹਾਟ, ਸਚ ਦਵਾਰਿਉਂ ਦੇਣੀ ਵਰਤਾਈਆ । ਦੁਰਮਤ ਮੈਲ ਅੰਦਰੋਂ ਦੇਣੀ ਕਾਟ, ਨਾਮ ਨਿਧਾਨੇ ਨਾਲ ਕਰਨੀ ਆਪ ਸਫ਼ਾਈਆ । ਨਿਰਗੁਣ ਧਾਰ ਜੋਤ ਬਖ਼ਸ਼ ਲਿਲਾਟ, ਚੰਦ ਚਾਂਦਨਾ ਦੇਣਾ ਚਮਕਾਈਆ ।
੧੮੯੪ ੨੩ ਪਵਿਤ੍ਰ ਕਰਨਾ ਕਾਇਆ ਮਾਟ, ਮਟਕੀ ਧੁਰ ਦੇ ਕਾਹਨ ਤੇਰੇ ਹੱਥ ਫੜਾਈਆ । ਤੂੰ ਆਤਮ ਸੇਜਾ ਸੁਹਾਉਣੀ ਸਾਡੀ ਖਾਟ, ਖਟੀਆ ਬਿਨ ਪਾਵਾ ਚੂਲ ਵਡਿਆਈਆ । ਤੇਰੇ ਢੋਲੇ ਗਾਉਂਦੇ ਰਹੀਏ ਬਣ ਕੇ ਭਾਟ, ਸਿਫ਼ਤ ਸਿਫ਼ਤ ਨਾਲ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੮੯੪ ੨੩
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਗ ਆਪ ਨਿਭਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਚਰਨ ਸਰਨ ਆਏ ਚਲ, ਭੱਜੇ ਵਾਹੋ ਦਾਹੀਆ । ਬਖ਼ਸ਼ਣਾ ਨਿਹਚਲ ਧਾਮ ਅਟੱਲ, ਸਚ ਦਵਾਰ ਦੇਣੀ ਵਡਿਆਈਆ । ਸਚ ਦਵਾਰ ਏਕੰਕਾਰ ਤੇਰਾ ਲਈਏ ਮੱਲ, ਦੂਜੀ ਓਟ ਨਾ ਕੋਇ ਰਖਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਜੋ ਬਾਵਨ ਕਿਹਾ ਦਵਾਰੇ ਬਲ, ਬਲਧਾਰੀ ਹੋਣਾ ਸਹਾਈਆ । ਸਾਡੇ ਨਾਲ ਕਰੀਂ ਨਾ ਵਲ ਛਲ, ਅਛਲ ਛਲ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਜਲ ਥਲ, ਮਹੀਅਲ ਰਿਹਾ ਸਮਾਈਆ । ਤੇਰਾ ਧਾਮ ਅਵੱਲੜਾ ਅਟੱਲ, ਦਰਗਾਹ ਸਾਚੀ ਸੋਭਾ ਪਾਈਆ । ਸਾਡਾ ਲੇਖਾ ਤੱਕ ਲੈ ਕਲਜੁਗ ਕਲ, ਚਾਰੋਂ ਕੁੰਟ ਧਿਆਨ ਲਗਾਈਆ । ਅਸੀਂ ਪੁਰਾਣਾ ਤੇਰਾ ਰਿਸ਼ੀਆਂ ਵਾਲਾ ਦਲ, ਦਰ ਦਰਵੇਸ਼ ਹੋ ਕੇ ਮੰਗ ਮੰਗਾਈਆ । ਸਾਡੇ ਪਿਆਰ ਦਾ ਸਾਨੂੰ ਦੇ ਦੇ ਫਲ, ਫਲੀਭੂਤ ਦੇ ਕਰਾਈਆ । ਤੇਰੀ ਆਤਮ ਧਾਰ ਤੇਰੇ ਨਾਲ ਜਾਏ ਰਲ, ਪੰਚਮ ਤਤਾਂ ਜਗਤ ਲੇਖਾ ਰਹੇ ਨਾ ਰਾਈਆ । ਨਿਗਾਹ ਮਾਰ ਲੈ ਸਾਡੀ ਕਾਇਆ ਵੱਲ, ਬਿਨ ਨੈਣਾਂ ਨੈਣ ਉਠਾਈਆ । ਜਗਤ ਧਾਰ ਲੇਖੇ ਲਾ ਲੈ ਤਤਾਂ ਵਾਲੀ ਖੱਲ, ਤਨ ਵਜੂਦ ਤੇਰੇ ਅਗੇ ਰਖਾਈਆ । ਵਿਛੋੜੇ ਵਾਲਾ ਮੇਟ ਦੇ ਸੱਲ, ਸਲਲ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਤੇਰੇ ਚਰਨ ਕਵਲ ਪੁੱਜੇ, ਪੂਜਣਯੋਗ ਤੇਰੀ ਵਡਿਆਈਆ । ਸਾਡੇ ਭੇਵ ਖੁਲਾ ਦੇ ਗੁੱਝੇ, ਅਭੇਦ ਰਹੇ ਨਾ ਰਾਈਆ । ਸਾਡੇ ਭਾਉ ਮਿਟਾ ਦੇ ਦੂਜੇ,

ਏਕੰਕਾਰ ਇਕੋ ਰੰਗ ਰੰਗਾਈਆ । ਸਾਨੂੰ ਤੇਰਾ ਦਵਾਰਾ ਸੁਝੇ, ਦੂਸਰ ਓਟ ਨਾ ਕੋਇ ਜਣਾਈਆ । ਭਾਗ ਲਗਾ ਦੇ ਉਪਰ ਬਸੁਧੇ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਲਹਿਣੇ ਦੇਣੇ ਚੁਕਾ ਦੇ ਅੰਤਮ ਕਲਜੁਗੇ, ਜੁਗ ਚੌਕੜੀ ਤੇਰੀ ਓਟ ਤਕਾਈਆ । ਸਾਡੀ ਨਿਰਮਲ ਕਰ ਦੇ ਬੁਧੇ, ਬਿਬੇਕੀ ਆਪਣਾ ਰੰਗ ਰੰਗਾਈਆ । ਨਿਰਮਲ ਧਾਰ ਹੋਈਏ ਦੁੱਧੇ, ਸੀਰ ਆਪਣਾ ਦੇਣਾ ਪਿਆਈਆ । ਸਾਡੇ ਤਤ ਦੱਸੀਂ ਨਾ ਨੱਢੇ ਬੁੱਢੇ, ਨੌਜਵਾਨ ਇਕੋ ਘਰ ਬਹਾਈਆ । ਜਗਤ ਭਾਗ ਕਰਨੇ ਉਘੇ, ਉਗਣ ਆਥਣ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਦੇਣਾ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਆਏ ਤੇਰੇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਤੂੰ ਪਰਵਰਦਿਗਾਰ ਲਾਸ਼ਰੀਕ, ਸ਼ਰਕਤ ਅੰਦਰੋਂ ਦੇਣੀ ਕਢਾਈਆ । ਤੇਰੇ ਵਿਚ ਹਕ ਤੌਫ਼ੀਕ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਸਾਡੀ ਹਕੀਕੀ ਕਲਮੇ ਨਾਲ ਕਰ ਤਸਦੀਕ, ਬਿਨ ਅੱਖਰਾਂ ਦੇ ਗਵਾਹੀਆ । ਤੇਰੀ ਨਿਰਗੁਣ ਧਾਰ ਸੁਣੀ ਤਬਲੀਕ, ਅਲਿਫ਼ ਯੇ ਨਾ ਕੋਇ ਵਡਿਆਈਆ । ਸਾਡੀ ਆਸਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਜਗਤ ਰਹੇ ਨਾ ਰਾਈਆ । ਅਸੀਂ ਫ਼ਰਜ਼ੰਦ ਤੇਰੇ ਅਜ਼ੀਜ਼, ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਸਾਡੇ ਅੰਤਰ ਬਖ਼ਸ਼ ਤਮੀਜ਼, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅਸੀਂ ਤੱਕੀਏ ਤੈਨੂੰ ਲਾ ਕੇ ਨੀਝ, ਬਿਨ ਨੈਣਾਂ ਨੈਣ ਉਠਾਈਆ । ਤੂੰ ਵਸਣਾ ਸਾਡੇ ਕਰੀਬ, ਜਗਤ ਕਰਬਲਿਆਂ ਪੰਧ ਮੁਕਾਈਆ । ਅਸੀਂ ਜਗਤ ਨਿਮਾਣੇ ਭਗਤ ਗ਼ਰੀਬ, ਮਾਇਆ ਮਨ ਨਾ ਕੋਇ ਚਤੁਰਾਈਆ । ਆਪਣੇ ਗ੍ਰਿਹਿ ਆਇਆਂ ਦੇਣੀ ਤਰਤੀਬ, ਮੰਜ਼ਲ ਆਪਣੀ ਆਪ ਚੜ੍ਹਾਈਆ । ਸਾਥੋਂ ਜਗਤ ਹੋਇਆ ਨਹੀਂ ਜਾਣਾ ਸ਼ਹੀਦ, ਸ਼ਬਦ ਸ਼ਹੀਦੀ ਤੇਰਾ ਪਿਆਰ

੧੮੬੫
੨੩

ਨਜ਼ਰੀ ਆਈਆ । ਜੋ ਨਿਰਗੁਣ ਧਾਰ ਸਰਗੁਣ ਕੀਤੀ ਤਾਕੀਦ, ਬਾਵਨ ਹੁਕਮ ਸੁਣਾਈਆ । ਉਸੇ ਦੀ ਆਏ ਕਰ ਤਮਹੀਦ, ਸਿਫ਼ਤ ਨਾਲ ਵਡਿਆਈਆ । ਸਾਨੂੰ ਤੇਰੇ ਮਿਲਣ ਦੀ ਰੀਝ, ਦੂਸਰ ਆਸ ਨਾ ਕੋਇ ਰਖਾਈਆ । ਤੇਰੇ ਪਿਆਰ ਵਿਚ ਜਾਈਏ ਭੀਜ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਵੇਖ ਵਖਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਆ ਗਏ ਤੇਰੇ ਕੋਲ, ਕੂੜ ਕੁਕਰਮ ਦਾ ਡੇਰਾ ਢਾਹੀਆ । ਤੂੰ ਸਾਡਾ ਤੋਲਣਾ ਤੋਲ, ਤੋਲਣਹਾਰੇ ਆਪਣੀ ਦਇਆ ਕਮਾਈਆ । ਤੇਰਾ ਨਾਮ ਨਿਧਾਨਾ ਇਕੋ ਹੋਵੇ ਬੋਲ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਤੇਰੇ ਸੰਦੇਸ਼ੇ ਦੇ ਕੇ ਗਏ ਕਲਾ ਸੋਲ੍ਹ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਸਾਡੇ ਨਾਲ ਨਾ ਮਾਰੀਂ ਰੋਲ, ਰੌਲਾ ਪਾ ਕੇ ਦਈਏ ਸੁਣਾਈਆ । ਅਸੀਂ ਤੇਰੇ ਵਿਚ ਜਾਈਏ ਮੌਲ, ਮੌਲਾ ਹੋ ਕੇ ਦੱਸਣਾ ਚਾਈਂ ਚਾਈਆ । ਅੱਜ ਆਇਉਂ ਉਪਰ ਧੌਲ, ਧਰਮ ਦਾ ਲਹਿਣਾ ਦੇਣਾ ਬਣਾਈਆ । ਸਾਡਾ ਬਾਵਨ ਵਾਲਾ ਪੂਰਾ ਕਰ ਦੇ ਕੌਲ, ਇਕਰਾਰ ਤੇਰੇ ਅਗੇ ਰਖਾਈਆ । ਭੇਵ ਅਭੇਦਾ ਅੰਤਰ ਖੋਲ, ਪਰਦਾ ਪਰਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਪਤਤ ਪਾਵਨ, ਮਿਹਰਵਾਨ ਤੇਰੀ ਵਡਿਆਈਆ । ਸਾਡਾ ਲੇਖਾ ਚੁਕਾ ਦੇ ਬਲ ਬਾਵਨ, ਪੂਰਬ ਲਹਿਣਾ ਰਹੇ ਨਾ ਰਾਈਆ । ਕੌਲ ਇਕਰਾਰ ਪੂਰਾ ਕਰਦੇ ਜੋ ਰਾਮ ਨੇ ਕੀਤਾ ਮਾਰਨ ਲੱਗਿਆਂ ਰਾਵਣ, ਤੀਰ ਤਤਾਂ ਨਾਲ ਚਲਾਈਆ । ਆਸ਼ਾ ਵੇਖ ਲੈ ਜੋ ਕੌਰਵ ਪਾਂਡਵਾਂ ਕੀਤਾ ਕ੍ਰਿਸ਼ਨ ਕਾਹਨਨ, ਧੁਰ ਦੇ ਕਾਹਨ ਧਿਆਨ ਲਗਾਈਆ । ਤੇਰਾ ਖੇਲ ਅਵਤਾਰ ਪੈਗ਼ੰਬਰ ਗੁਰੂ ਸਾਰੇ ਜਾਣਨ,

ਜਾਨਣਹਾਰ ਤੇਰੀ ਸਰਨਾਈਆ । ਭਗਤ ਸੁਹੇਲੇ ਤੇਰਾ ਹੁਕਮ ਮਾਨਣ, ਮੰਨ ਮੰਨ ਸੀਸ ਨਿਵਾਈਆ । ਤੂੰ ਦੇਵਣਹਾਰਾ ਦਾਨਨ, ਦੀਨ ਦਿਆਲ ਤੇਰੀ ਵਡਿਆਈਆ । ਸਾਡੇ ਅੰਤਸ਼ਕਰਨ ਕਰ ਦੇ ਚਾਨਣ, ਅੰਧ ਅੰਧੇਰ ਮਿਟਾਈਆ । ਸਾਡੇ ਲੇਖੇ ਲਾਉਣੇ ਤਨ ਵਜੂਦ ਪ੍ਰਾਨਣ, ਪ੍ਰਾਣ ਅਧਾਰੀ ਹੋਣਾ ਸਹਾਈਆ । ਲੋਕ ਪ੍ਰਲੋਕ ਤੇਰੇ ਝੁਲਦੇ ਵੇਖੀਏ ਨਿਸ਼ਾਨਣ, ਨਿਸ਼ਾਨਾ ਆਪਣਾ ਇਕ ਦ੍ਰਿੜਾਈਆ । ਤੇਰਾ ਪ੍ਰਕਾਸ਼ ਸਾਡੇ ਗ੍ਰਿਹ ਹੋਵੇ ਕੋਟ ਭਾਨਣ, ਰਵ ਸਸ ਦੋਵੇਂ ਸੀਸ ਨਿਵਾਈਆ । ਸਾਡੀ ਕਰੀਂ ਅੰਤ ਪਹਿਚਾਨਣ, ਬੇਪਹਿਚਾਨ ਭੁੱਲ ਕਦੇ ਨਾ ਜਾਈਆ । ਅਸੀਂ ਪਕੜੀਏ ਤੇਰਾ ਦਾਮਨ, ਪੱਲੂ ਸਤਿਗੁਰ ਸ਼ਬਦ ਦੇਣਾ ਫੜਾਈਆ । ਸਾਡੀ ਮਨਸਾ ਪੂਰੀ ਕਰਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰੋਂ ਦੇਣਾ ਕਢਾਈਆ । ਜਗਤ ਅੰਧੇਰਾ ਮੇਟਣਾ ਸ਼ਾਮਨ, ਸ਼ਮਾ ਨੂਰ ਜੋਤ ਕਰ ਰੁਸ਼ਨਾਈਆ । ਤੇਰਾ ਦਰਸ ਭਗਤ ਸੁਹੇਲੇ ਘਰ ਘਰ ਪਾਵਣ, ਗ੍ਰਿਹ ਗ੍ਰਿਹ ਮਿਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬਖ਼ਸ਼ ਚਰਨ ਧਿਆਨਨ, ਨਿਗਾਹ ਨਿਗਾਹ ਵਿਚੋਂ ਬਦਲਾਈਆ ।

✪ ੨੫ ਜੇਠ ਸ਼ਹਿਨਸ਼ਾਹੀ ਸੰਮਤ ਦਸ ਸੇਈ ਖ਼ੁਰਦ ਸਰਦਾਰ ਚੰਦ ਪ੍ਰੇਮ ਚੰਦ ਅਮਰੋ ਦੇਵੀ ਸਵਰਨੋ ਦੇਵੀ ਸੇਈ ਖ਼ੁਰਦ ਕ੍ਰਿਸ਼ਨ ਲਾਲ ਸੇਈ ✪

ਪੰਜ ਤਤ ਕਹਿਣ ਪ੍ਰਭ ਤੇਰਾ ਨਾਮ ਦਰੋਹੀ, ਦੋ ਜਹਾਨ ਦਈਏ ਸੁਣਾਈਆ । ਸਾਨੂੰ ਮਿਲੇ ਕਿਤੇ ਨਾ ਢੋਈ, ਸਿਰ ਹੱਥ ਨਾ ਕੋਇ ਟਿਕਾਈਆ । ਜੁਗ ਚੌਕੜੀ ਸਾਡਾ ਮਿਤ੍ਰ ਬਣਿਆ ਨਾ ਕੋਈ, ਸਗਲਾ ਸੰਗ ਨਾ ਕੋਇ ਰਖਾਈਆ । ਸਾਡੀ ਦੁਰਮਤ ਮੈਲ ਗਈ ਨਾ ਧੋਈ, ਪਤਤ ਪੁਨੀਤ ਨਾ ਕੋਇ ਬਣਾਈਆ । ਸਾਡੀ ਦਰ ਠਾਂਡੇ ਤੇਰੇ ਅਰਜ਼ੋਈ, ਦੋਏ ਜੋੜ ਵਾਸਤਾ ਪਾਈਆ । ਮਿਹਰਵਾਨਾ ਸਾਡੇ ਨਾਲੋਂ ਨਾ ਹੋਈਂ ਨਿਰਮੋਹੀ, ਮੁਹੱਬਤ ਨਾ ਮਾਤ ਤੁੜਾਈਆ । ਸਾਡੀ ਵਸਤ ਦੇ ਦੇ ਖੋਹੀ, ਦਰ ਤੇਰੇ ਝੋਲੀ ਡਾਹੀਆ । ਸਾਡੀ ਆਸ਼ਾ ਹੋਵੇ ਨਵੀਂ ਨਰੋਈ, ਨਿਰਗੁਣ ਸਰਗੁਣ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰਾ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤਤ ਕਹਿਣ ਪ੍ਰਭ ਤੇਰੇ ਦਰ ਤੇ ਆਏ ਜਗ, ਜਗ ਜੀਵਣ ਦਾਤੇ ਪੁਰਖ ਬਿਧਾਤੇ ਦੇਣੀ ਮਾਣ ਵਡਿਆਈਆ । ਅਸੀਂ ਨੌਂ ਸੱਤ ਦੇ ਕਾਇਆ ਭਾਂਡੇ ਅਲਪਗ, ਕੂੜ ਵਿਕਾਰ ਹੰਕਾਰ ਨਾਲ ਮਿਲ ਕੇ ਵੱਜੇ ਵਧਾਈਆ । ਸਾਡੀ ਜਗਤ ਵਾਸ਼ਨਾ ਵਾਲੀ ਵੇਖ ਲੈ ਹੱਦ, ਮਾਇਆ ਮਮਤਾ ਮੋਹ ਵਿਚ ਹਲਕਾਈਆ । ਸਾਡਾ ਬਾਹਰੋਂ ਰੂਪ ਤੱਕ ਲੈ ਬਗੜਾ ਬਪ, ਅੰਤਰ ਕਰੇ ਨਾ ਕੋਇ ਸਫ਼ਾਈਆ । ਅਸੀਂ ਚਾਹੁੰਦੇ ਸਾਡਾ ਲਹਿਣਾ ਦੇਣਾ ਏਸੇ ਜਨਮ ਵਿਚ ਦੇਣਾ ਕੱਟ, ਠੱਪਾ ਆਪਣਾ ਨਾਮ ਲਗਾਈਆ । ਮਾਤ ਗਰਭ ਫੇਰ ਕਰਨਾ ਪਏ ਨਾ ਤਪ, ਦਸ ਦਸ ਮਾਸ ਨਾ ਅਗਨ ਜਲਾਈਆ । ਸਾਡੀ ਲੇਖੇ ਲਾ ਲੈ ਤਤਾਂ ਵਾਲੀ ਰੱਤ, ਰਤਨ ਅਮੋਲਕ ਆਪਣੇ ਹੀਰੇ ਲੈ ਬਣਾਈਆ । ਤੇਰਾ ਰੂਪ ਅਨੂਪ ਹੋਈਏ ਸਤਿ, ਸਤਿ ਸਤਵਾਦੀ ਤੇਰੇ ਵਿਚ ਸਮਾਈਆ । ਕਿਰਪਾ ਕਰ ਦੇ ਪਰਮੇਸ਼ਵਰ ਪਤ, ਪਤਪਤਵੰਤੇ ਸ੍ਰੀ ਭਗਵੰਤੇ ਤੇਰੀ ਓਟ ਤਕਾਈਆ । ਜੁਗ ਜਨਮ ਦਿਆਂ ਵਿਛੜਿਆਂ ਆਪਣੇ ਨਾਲ ਮੇਲ ਲੈ ਨਤ, ਨਾਤਾ ਬਿਧਾਤਾ ਇਕੋ ਇਕ ਬਣਾਈਆ । ਫਿਰ ਲੋਕਮਾਤ ਨਾ ਆਈਏ ਵਤ, ਬੇਵਤਨਾਂ ਆਪਣਾ ਵਤਨ

ਦਈਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਆਪ ਆਪਣਾ ਸੰਗ ਬਣਾਈਆ । ਪੰਜ ਤਤ ਕਹਿਣ ਅਸੀਂ ਦੱਸੀਏ ਕੀ ਸਲਾਹ, ਭੇਵ ਸਮਝ ਕਿਛ ਨਾ ਆਈਆ । ਤੂੰ ਸਵਾਮੀ ਅਗੰਮ ਅਥਾਹ, ਬੇਅੰਤ ਤੇਰੀ ਵਡਿਆਈਆ । ਆਦਿ ਜੁਗਾਦੀ ਦੋ ਜਹਾਨਾਂ ਸ਼ਾਹ, ਸ਼ਹਿਨਸ਼ਾਹ ਨੂਰ ਅਲਾਹੀਆ । ਤੈਨੂੰ ਸਭ ਨੇ ਕਿਹਾ ਖ਼ੁਦਾ, ਖ਼ੁਦ ਮਾਲਕ ਬੇਪਰਵਾਹੀਆ । ਦਰੋਹੀ ਸਾਨੂੰ ਕਰੀਂ ਨਾ ਕਦੇ ਜੁਦਾ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਭਗਤ ਆਤਮਾ ਉਧਾਰਨਾ ਤੇਰੀ ਅਦਾ, ਆਦਿ ਦੀ ਆਦਤ ਚਲੀ ਆਈਆ । ਹੁਣ ਸਾਹਿਬ ਸਵਾਮੀ ਸਾਨੂੰ ਆਪਣੇ ਵਿਚ ਸਮਾ, ਸਮਾਪਤ ਹੋਵੇ ਸਾਡੀ ਕੂੜ ਲੋਕਾਈਆ । ਮੇਰੇ ਮਿਹਰਵਾਨਾ ਕਬੂਲ ਕਰਨੀ ਇਕ ਦੁਆ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਇਕ ਅਖਵਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਗ੍ਰਿਹਿ ਦੇ ਬਣੇ ਪੁਜਾਰੀ, ਸਿਲ ਪੂਜਸ ਪਾਹਨ ਨਜ਼ਰ ਕੋਇ ਨਾ ਆਈਆ । ਤੇਰਾ ਤੱਕੀਏ ਨੂਰ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਤੇਰੇ ਪਿਆਰ ਦੇ ਬਣੀਏ ਵਪਾਰੀ, ਦੂਜੀ ਵਸਤ ਦੀ ਲੋੜ ਰਹੇ ਨਾ ਰਾਈਆ । ਤੂੰ ਦਾਤਾ ਦਾਨੀ ਦੇਵਣਹਾਰ ਨਿਰੰਕਾਰੀ, ਨਿਰਵੈਰ ਤੇਰੀ ਓਟ ਤਕਾਈਆ । ਤੂੰ ਆਸ਼ਾ ਮਨਸਾ ਪੂਰੀ ਕਰ ਹਮਾਰੀ, ਹਮ ਸਾਜਣ ਹੋ ਕੇ ਵੇਖ ਵਖਾਈਆ । ਸਾਡੀ ਆਦਿ ਜੁਗਾਦਿ ਜੁਗ ਚੌਕੜੀ ਦੀ ਤੱਕੀਂ ਨਾ ਕੋਇ ਗ਼ਦਾਰੀ, ਗਦਾਗਰ ਹੋ ਕੇ ਦਰ ਤੇਰੇ ਮੰਗ ਮੰਗਾਈਆ । ਦਾਤਾ ਦਾਨੀ ਤੂੰ ਦੇਵਣਹਾਰ ਭੰਡਾਰੀ, ਮਿਹਰਵਾਨ ਮਿਹਰਵਾਨ ਤੇਰੀ ਬੇਪ੍ਰਵਾਹੀਆ । ਸਾਡੀ ਚਰਨ ਕਵਲ ਉਪਰ ਧਵਲ ਤੇਰੇ ਦਰ ਨਿਮਸਕਾਰੀ, ਨਮੋ ਨਮੋ ਕਹਿ ਕੇ ਸੀਸ ਨਿਵਾਈਆ । ਤੇਰਾ ਪਿਆਰ ਮੁਹੱਬਤ ਮਿਲੇ ਨਾ ਕਿਸੇ ਹੱਟ ਬਾਜ਼ਾਰੀ, ਜਗਤ ਦੁਨੀਆ ਦਾ ਵਣਜ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਵਸਤ ਆਪ ਵਰਤਾਈਆ । ਪੰਜ ਤਤ ਕਹਿਣ ਤੇਰੀ ਵਸਤ ਅਗੰਮੀ ਏਕ, ਏਕੰਕਾਰ ਨਜ਼ਰੀ ਆਈਆ । ਸਤਿ ਸਚ ਦੀ ਬਖ਼ਸ਼ ਦੇ ਟੇਕ, ਟਿਕਟਿਕੀ ਤੇਰੇ ਨਾਲ ਲਗਾਈਆ । ਸਾਨੂੰ ਆਪਣੀ ਕਰ ਲੈ ਭੇਟ, ਭੇਟਾ ਤੇਰੇ ਅਗੇ ਚੜ੍ਹਾਈਆ । ਜਨ ਭਗਤ ਤੇਰੇ ਬੇਟੀ ਬੇਟ, ਪੂਤ ਸਪੂਤ ਲੈਣੇ ਗਲ ਲਾਈਆ । ਸਚ ਮੁਹੱਬਤ ਲੈਣੇ ਲਪੇਟ, ਜਗਤ ਦੁਸ਼ਾਲਾ ਲੋੜ ਰਹੇ ਨਾ ਰਾਈਆ । ਆਦਿ ਜੁਗਾਦੀ ਬਣ ਕੇ ਖੇਵਟ ਖੇਟ, ਬੇੜਾ ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਤੱਕੀਏ ਸੁਹੰਜਣਾ ਦੇਸ਼, ਪ੍ਰਦੇਸ਼ ਲੋਕਮਾਤ ਤਜਾਈਆ ।

✪ ੨੬ ਜੇਠ ਸ਼ਹਿਨਸ਼ਾਹੀ ਸੰਮਤ ਦਸ ਸੇਈ ਕਲਾ ਸੋਭਾ ਸਿੰਘ ਈਸ਼ਰ ਦਾਸ ਪ੍ਰੇਮੀ ਦੇਵੀ ਲਾਲ ਚੰਦ ਸ਼ਾਂਤੀ ਦੇਵੀ ਬਿਸੋ ਦੇਵੀ ਜ਼ਿਲਾ ਜੰਮੂ ਸੰਤ ਸਿੰਘ ਦੀਵਾਨ ਗੜ੍ਹ ✪

ਪੰਜ ਤਤ ਕਹਿਣ ਅਸੀਂ ਬਾਲ ਅੰਜਾਣੇ ਬਾਲੀ ਬੁਧ, ਮੂਰਖ ਮੁਗਧ ਅੰਞਾਣ ਤੇਰੀ ਸਰਨਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਦੇ ਦੇ ਸੁਧ, ਭੇਵ ਅਭੇਦਾ ਅਗੰਮ ਅਥਾਹ ਬੇਪ੍ਰਵਾਹ ਦੇ ਖੁਲਾਈਆ । ਸਹਾਇਕ ਨਾਇਕ ਦੀਨ ਦਿਆਲ ਬਣੇ ਨਾ ਕੋਈ ਬਿਨ ਤੁਧ, ਜਗਤ ਜਹਾਨ

ਨੌਜਵਾਨ ਸ੍ਰੀ ਭਗਵਾਨ ਦਇਆ ਨਾ ਕੋਇ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਕਾਲ ਦੀ ਧਾਰ ਨਾਲ ਸਾਡਾ ਹੁੰਦਾ ਰਿਹਾ ਯੁੱਧ, ਜਨਮ
ਮਰਨ ਮਰਨ ਜਨਮ ਜਨਮ ਵਿਚ ਬਦਲਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਨੂੰ ਆਵੇ ਕੁਛ ਨਾ ਸੁਝ, ਸਮਝ ਸਮਝ ਨਾ ਕੋਇ ਵਡਿਆਈਆ ।
ਅਸੀਂ ਵਿਆਕੁਲ ਹੋ ਕੇ ਹੋਏ ਬੇਸੁਧ, ਬਸੁਧਾ ਉਤੇ ਤੇਰੇ ਅਗੇ ਵਾਸਤਾ ਪਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਡੀ ਔਧ
ਰਹੀ ਪੁਗ, ਪਾਂਧੀ ਹੋ ਕੇ ਦਰ ਤੇਰੇ ਅਲਖ ਜਗਾਈਆ । ਅੰਤ ਕੰਤ ਭਗਵੰਤ ਸਾਡੇ ਅੰਤਰ ਨਿਰੰਤਰ ਤੇਰਾ ਦੀਪਕ ਜੋਤੀ ਜਾਣਾ ਬੁਝ, ਫਿਰ ਨਜ਼ਰ
ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਇਕੋ ਨਜ਼ਰੀ ਆਈਆ । ਪੰਜ
ਤਤ ਕਹਿਣ ਸਾਡੀ ਵੇਖ ਲੈ ਜਗਤ ਹਾਲਤ, ਦੀਨ ਦੁਨੀ ਦੇ ਮਾਲਕ ਧਿਆਨ ਲਗਾਈਆ । ਬੇਨੰਤੀ ਕਰੀਏ ਤੇਰੀ ਹਕ ਵਿਚ ਅਦਾਲਤ, ਦਰਗਾਹ
ਸਾਚੀ ਸੀਸ ਨਿਵਾਈਆ । ਕੂੜੀ ਕਿਰਿਆ ਰੰਗ ਵੇਖ ਅਲਾਮਤ, ਆਲਮ ਫ਼ਾਜਲ ਕਾਇਮ ਰਹਿਣ ਕੋਇ ਨਾ ਪਾਈਆ । ਮਨੂਆ ਮਨਸਾ ਨਾਲ
ਕਰੇ ਬਗ਼ਾਵਤ, ਝਗੜਾ ਦੀਨ ਦੁਨੀ ਜਣਾਈਆ । ਸਾਚੀ ਕਰੇ ਨਾ ਕੋਇ ਸਖ਼ਾਵਤ, ਨਾਮ ਨਿਧਾਨਾ ਝੋਲੀ ਕੋਇ ਨਾ ਪਾਈਆ । ਅਸੀਂ ਆਦਿ
ਜੁਗਾਦਿ ਜੁਗ ਚੌਕੜੀ ਤੇਰੀ ਬਣੇ ਰਹੇ ਅਮਾਨਤ, ਦਰ ਤੇਰੇ ਸੀਸ ਨਿਵਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਹੀ ਸਲਾਮਤ, ਦੋ ਜਹਾਨਾਂ ਇਕ
ਅਖਵਾਈਆ । ਸਾਡਾ ਲਹਿਣਾ ਦੇਣਾ ਤੱਕ ਲੈ ਨਾਲ ਵੇਖ ਦੀਨ ਦੁਨੀ ਦੀ ਕਿਆਮਤ, ਆਪਣਾ ਭੇਵ ਚੁਕਾਈਆ । ਸਾਡੀ ਮੇਟ ਰੈਣ ਅੰਧੇਰੀ ਸ਼ਾਮਤ,
ਸ਼ਮਾਂ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ
ਵਰਤਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਮੰਗਤੇ ਤੇਰੇ ਘਰ ਦੇ, ਘਰ ਸਾਚੇ ਸੀਸ ਨਿਵਾਈਆ । ਦਰਵੇਸ਼ ਤੇਰੇ ਦਰ ਦੇ, ਦਰ ਠਾਂਡੇ ਮੰਗ
ਮੰਗਾਈਆ । ਖ਼ਾਲੀ ਭੰਡਾਰੇ ਭਰ ਦੇ, ਦੇਵਣਹਾਰ ਤੇਰੀ ਵਡਿਆਈਆ । ਅਸੀਂ ਕੋਟਨ ਵਾਰ ਜੰਮ ਕੇ ਰਹੇ ਮਰਦੇ, ਜੁਗ ਜੁਗ ਵੇਸ ਵਟਾਈਆ ।
ਲੱਖ ਚੁਰਾਸੀ ਦੁੱਖ ਰਹੇ ਭਰਦੇ, ਸਾਂਤਕ ਸਤਿ ਨਾ ਕੋਇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਧਾਰ ਰਹੇ ਲੜਦੇ, ਸ਼ਸਤਰ ਸ਼ਾਸਤਰਾਂ ਸੰਗ ਰਲਾਈਆ ।
ਤੇਰਾ ਨਾਮ ਨਿਧਾਨਾ ਰਹੇ ਪੜ੍ਹਦੇ, ਨੌਜਵਾਨਾ ਢੋਲੇ ਗਾਈਆ । ਖੇਲ ਵੇਖਦੇ ਰਹੇ ਹੰਕਾਰੀ ਗੜ੍ਹ ਦੇ, ਹਉਮੇ ਹੰਗਤਾ ਨਾਲ ਮਿਲਾਈਆ । ਮੜ੍ਹੀਆਂ
ਵਿਚ ਮਸਾਣਾਂ ਰਹੇ ਸੜਦੇ, ਤਤਾਂ ਤਤ ਜਲਾਈਆ । ਨਾਤਾ ਦੀਨ ਦੁਨੀ ਦਾ ਰਹੇ ਛਡਦੇ, ਸੱਜਣ ਸਾਕ ਰਹਿਣ ਕੋਇ ਨਾ ਪਾਈਆ । ਪੁਰਖ
ਅਕਾਲੇ ਦੀਨ ਦਿਆਲੇ ਤੈਨੂੰ ਰਹੇ ਲੱਭਦੇ, ਆਦਿ ਜੁਗਾਦਿ ਨੈਣ ਉਠਾਈਆ । ਹੁਣ ਮੇਲੇ ਹੋਏ ਪ੍ਰਭੂ ਸਬੱਬ ਦੇ, ਸਿਰ ਸਿਰ ਆਪਣਾ ਹੱਥ ਰਖਾਈਆ ।
ਅਸੀਂ ਪਿਆਰੇ ਤੇਰੀ ਸ਼ਬਦ ਧਾਰ ਯਦ ਦੇ, ਦੂਜੀ ਕੁਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਪੰਜ ਤਤ ਕਹਿਣ ਪ੍ਰਭ ਤੇਰੇ ਚਰਨ ਦਵਾਰ ਗਏ ਢੱਠ, ਢਹਿ ਢਹਿ ਸੀਸ ਨਿਵਾਈਆ । ਸਾਡਾ
ਇਕੋ ਗ੍ਰਿਹਿ ਬਖ਼ਸ਼ ਦੇ ਇਕੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੱਖ ਵੱਖ ਰੂਪ ਨਾ ਕੋਇ ਬਣਾਈਆ । ਧਰਮ ਦੀ ਧਾਰ ਬਣਾ ਦੇ ਹਠ, ਸਤਿ
ਸੰਤੋਖ ਦੇਣਾ ਜਣਾਈਆ । ਅਸੀਂ ਪੰਧ ਮੁਕਾਇਆ ਨਠ ਨਠ, ਨੌਂ ਸੌ ਚੁਰਾਨਮੇਂ ਚੌਕੜੀ ਜੁਗ ਦਾ ਡੇਰਾ ਢਾਹੀਆ । ਤੇਰਾ ਨੂਰ ਨੁਰਾਨਾ ਦੀਪਕ
ਜੋਤ ਵੇਖੀਏ ਲਟ ਲਟ, ਦੋ ਜਹਾਨਾਂ ਨਜ਼ਰੀ ਆਈਆ । ਤੂੰ ਵਸਣਹਾਰਾ ਘਟ ਘਟ, ਲੱਖ ਚੁਰਾਸੀ ਰਿਹਾ ਸਮਾਈਆ । ਤੇਰਾ ਸ਼ਬਦ ਅਨਾਦੀ

੧੮੬੮
੨੩

ਸੁਣੀਏ ਇਕੋ ਨਦ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਸਾਡੀ ਆਦਿ ਜੁਗਾਦੀ ਪਤਤ ਪਾਵਨ ਮੇਟ ਦੇ ਹੱਦ, ਚੁਰਾਸੀ ਜਮ ਕੀ ਫਾਸੀ ਦੇ ਕਟਾਈਆ । ਤੂੰ ਸ਼ਹਿਨਸ਼ਾਹ ਸੂਰਾ ਸਰਬਗ, ਹਰਿ ਕਰਤਾ ਵੇਖ ਵਖਾਈਆ । ਤੇਰੀ ਸਰਨ ਸਰਨਾਈ ਗਏ ਲੱਗ, ਲਗ ਮਾਤਰ ਡੇਰਾ ਢਾਹੀਆ । ਤੂੰ ਕਿਰਪਾ ਨਿਧਾਨ ਕਿਰਪਾ ਕਰੀਂ ਵਿਚ ਜਗ, ਜਾਗਰਤ ਜੋਤ ਨਾਲ ਮਿਲਾਈਆ । ਅੰਤ ਇਕੋ ਵਾਰ ਸਾੜੀਂ ਵਿਚ ਅੱਗ, ਫਿਰ ਅਗਨੀ ਅੱਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਵੇਖ ਵਖਾਈਆ । ਪੰਜ ਤਤ ਕਹਿਣ ਪ੍ਰਭੂ ਸਾਡੀ ਮੇਟ ਅੰਧੇਰੀ ਰਾਤੇ, ਤੇਰਾ ਨੂਰੀ ਚੰਦ ਰੁਸ਼ਨਾਈਆ । ਤੇਰੇ ਖੇਲ ਤੱਕੀਏ ਲੋਕਮਾਤੇ, ਮਾਤਰ ਭੂਮੀ ਸੋਭਾ ਪਾਈਆ । ਝਗੜਾ ਮੇਟ ਦੇ ਜ਼ਾਤ ਪਾਤੇ, ਦੀਨ ਦੁਨੀ ਨਾ ਵੰਡ ਵੰਡਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਦੇ ਗਾਥੇ, ਸੋ ਪੁਰਖ ਨਿਰੰਜਣ ਸੋਹੰ ਤੇਰਾ ਢੋਲਾ ਗਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵਸਣਾ ਸਾਥੇ, ਸਗਲਾ ਸੰਗ ਰਖਾਈਆ । ਉਹ ਦੀਨਨ ਦੀਨ ਨਾਥੇ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਅਗੇ ਸਾਡਾ ਪੰਧ ਮੇਟ ਦੇ ਵਾਟੇ, ਜਨਮ ਕਰਮ ਸਭ ਤੇਰੇ ਅਗੇ ਟਿਕਾਈਆ । ਸਾਡੇ ਪਿਛਲੇ ਪੂਰੇ ਕਰ ਦੇ ਘਾਟੇ, ਦਰ ਤੇਰੇ ਅਲਖ ਜਗਾਈਆ । ਤੂੰ ਸਾਹਿਬ ਸਰਬ ਕਲਾ ਸਮਰਾਥੇ, ਅਲਖ ਅਗੋਚਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਅਸੀਂ ਭਗਤਾਂ ਸਾਚੇ ਮੀਤ, ਮਿਤ੍ਰ ਪਿਆਰੇ ਦਈਏ ਜਣਾਈਆ । ਅਸੀਂ ਵਸਣਾ ਸਾਚੇ ਚੀਤ, ਮਨ ਠਗੋਰੀ ਰਹੇ ਨਾ ਰਾਈਆ । ਭਾਂਡੇ ਕਰਨੇ ਪਤਤ ਪੁਨੀਤ, ਦੁਰਮਤ ਮੈਲ ਧਵਾਈਆ । ਕਾਇਆ ਹੋਵੇ ਠਾਂਡੀ ਸੀਤ, ਅਗਨੀ ਤਤ ਨਾ ਲਾਗੇ ਰਾਈਆ । ਸਾਨੂੰ ਨਜ਼ਰੀ ਆਏ ਇਕੋ ਕਾਅਬਾ ਹੁਜਰਾ ਹਕ ਮਸੀਤ, ਇਕੋ ਨੂਰ ਨੁਰਾਨਾ ਤੇਰਾ ਸੋਭਾ ਪਾਈਆ । ਤੂੰ ਮਾਲਕ ਇਕ ਅਤੀਤ, ਤ੍ਰੈਭਵਨ ਧਨੀ ਤੇਰੀ ਵਡਿਆਈਆ । ਤੇਰੀ ਆਦਿ ਜੁਗਾਦਿ ਸਭ ਨੇ ਰੱਖੀ ਉਡੀਕ, ਬਿਨ ਨੈਣਾਂ ਨੈਣ ਉਠਾਈਆ । ਪਰਮ ਪੁਰਖ ਪਰਮਾਤਮ ਸਾਚੀ ਧਾਰ ਬਖ਼ਸ਼ ਪ੍ਰੀਤ, ਪ੍ਰੀਤਮ ਤੇਰੇ ਅਗੇ ਵਾਸਤਾ ਪਾਈਆ । ਕਲਜੁਗ ਕੂੜੀ ਕਿਰਿਆ ਸਾਡੇ ਅੰਦਰੋਂ ਮੇਟ ਦੇ ਲੀਕ, ਲਾਈਨ ਐਨ ਦੇ ਵਖਾਈਆ । ਤੇਰਾ ਸਤਿਗੁਰ ਸ਼ਬਦ ਕਰੇ ਤਸਦੀਕ, ਸ਼ਹਾਦਤ ਕਲਮਾ ਨਾਲ ਸਮਝਾਈਆ । ਰਸ ਆਪਣਾ ਦੇ ਦੇ ਅੰਮਿਉਂ ਮੀਠ, ਕੂੜ ਕੁੜਿਆਰ ਰਹੇ ਨਾ ਰਾਈਆ । ਮਿਹਰਵਾਨ ਕਰਵਟ ਬਦਲ ਲੈ ਪੀਠ, ਸਨਮੁਖ ਹੋ ਕੇ ਸੋਭਾ ਪਾਈਆ । ਤੂੰ ਭਗਤਾਂ ਬੀਠਲੋ ਬੀਠ, ਬੇਪਰਵਾਹ ਇਕ ਅਖਵਾਈਆ । ਸਾਡਾ ਅੰਤਸ਼ਕਰਨ ਵੇਖ ਲੈ ਕੌੜਾ ਰੀਠ, ਰਸ ਅੰਮ੍ਰਿਤ ਦੇਣਾ ਭਰਾਈਆ । ਤੂੰ ਆਦਿ ਜੁਗਾਦਿ ਠਾਕਰ ਠੀਕ, ਠੇਕਰ ਨਾਮ ਵਾਲੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਨੰਨ੍ਹੇ ਤੇਰੇ ਬਾਲ, ਬਚਪਨ ਤੇਰੇ ਚਰਨ ਟਿਕਾਈਆ । ਤੂੰ ਸਦਾ ਸਦਾ ਕਰੇਂ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਸਾਡੀ ਲੇਖੇ ਲਾਵੀਂ ਘਾਲ, ਜੋ ਨਿਤ ਨਿਤ ਤੇਰਾ ਨਾਮ ਧਿਆਈਆ । ਸਾਡਾ ਮੰਦਰ ਬਣਾ ਦੇ ਸੱਚੀ ਧਰਮਸਾਲ, ਸਚ ਦਵਾਰਾ ਇਕ ਖੁਲਾਈਆ । ਬਿਨ ਤੇਲ ਬਾਤੀ ਦੀਪਕ ਬਾਲ, ਜੋਤੀ ਜਾਤੇ ਕਰ ਰੁਸ਼ਨਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਫੇਰਾ ਪਾਈਆ । ਸਾਡਾ ਮੰਨੀ ਇਕ ਸਵਾਲ, ਦਰ ਠਾਂਡੇ ਰੰਗ ਰੰਗਾਈਆ । ਅਸੀਂ ਪੰਜ ਤਤ ਭਗਤ ਸੁਹੇਲੇ ਤੇਰੇ ਲਾਲ, ਤੂੰ ਲਾਲਨ ਨੂਰ ਅਲਾਹੀਆ । ਸਾਨੂੰ ਪੋਹ ਨਾ ਸਕੇ ਕਾਲ,

੧੮੬੯
੨੩

ਮਹਾਕਾਲ ਦੇਣਾ ਸਮਝਾਈਆ । ਰਾਏ ਧਰਮ ਚਿਤ੍ਰਗੁਪਤ ਦਾ ਲੇਖਾ ਵੇਖਣਾ ਪਏ ਨਾ ਅੱਖਾਂ ਨਾਲ, ਜਗ ਨੇਤਰ ਲੋੜ ਰਹੇ ਨਾ ਰਾਈਆ । ਸੰਬਲ ਦੇ ਮਾਲਕ ਸਾਨੂੰ ਗੋਦੀ ਲੈਣਾ ਉਠਾਲ, ਫੜ ਬਾਹੋਂ ਗਲੇ ਲਗਾਈਆ । ਅਸੀਂ ਆਤਮਾ ਦੇ ਚਲੀਏ ਨਾਲ ਨਾਲ, ਵੱਖ ਵੱਖ ਆਪਣੀ ਧਾਰ ਬਦਲਾਈਆ । ਤੂੰ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧਰਮ ਦਵਾਰ ਵਖਾਉਣੀ ਅਗੰਮੀ ਧਰਮਸਾਲ, ਜਿਥੇ ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਉਣਾ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ ।

੧੮੭੦
੨੩

੧੮੭੦
੨੩

✪ ੨੬ ਜੇਠ ਸ਼ਹਿਨਸ਼ਾਹੀ ਸੰਮਤ ਦਸ ਸੇਈ ਕਲਾਂ ਲਛਮਣ ਸਿੰਘ ਕੁਲਵੰਤ ਸਿੰਘ ਬਚਨ ਸਿੰਘ ਭਜਨ ਸਿੰਘ ਸੁਰੈਣ ਸਿੰਘ ਖੇਮ ਕੌਰ ✪

ਪੰਜ ਤਤ ਕਹਿਣ ਪ੍ਰਭ ਬੇਨੰਤੀ ਸਾਡੀ ਮਾਨੀਂ, ਮਨਸਾ ਤੇਰੇ ਚਰਨ ਟਿਕਾਈਆ । ਆਦਿ ਜੁਗਾਦਿ ਜੁਗ ਚੌਕੜੀ ਤਨ ਵਜੂਦ ਦਿਸਦੇ ਰਹੇ ਫ਼ਾਨੀ, ਸਦਾ ਸਦ ਰਹਿਣ ਕੋਇ ਨਾ ਪਾਈਆ । ਨਿਸ਼ਾਨਾ ਮਿਟਦਾ ਰਿਹਾ ਜਿਸਮ ਜਿਸਮਾਨੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਜ਼ਰ ਕੋਇ ਨਾ ਆਈਆ । ਸਾਡੀ ਨਿਰਗੁਣ ਸਰਗੁਣ ਤੇਰੇ ਅਗੇ ਦੁੱਖਾਂ ਵਾਲੀ ਕਹਾਣੀ, ਕਹਿ ਕਹਿ ਦੇਈਏ ਸੁਣਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਬੇਅੰਤ ਅਗੰਮ ਅਥਾਹ ਇਕ ਅਖਵਾਈਆ । ਜੁਗ ਚੌਕੜੀ ਦੇਵਣਹਾਰਾ ਦਾਤ ਸਾਚਾ ਦਾਨੀ, ਦਇਆਵਾਨ ਬੇਪਰਵਾਹੀਆ । ਸਾਡਾ ਅੰਤਸ਼ਕਰਨ ਨਾ ਰਹੇ ਅਭਿਮਾਨੀ, ਹਉਮੇ ਹੰਗਤਾ ਦੇਣੀ ਮਿਟਾਈਆ । ਤੇਰੀ ਮੰਜ਼ਲ ਇਕੋ ਮਿਲੇ ਰੁਹਾਨੀ, ਰੂਹ ਬੁਤ ਮਿਲ ਕੇ ਵੱਜਦੀ ਰਹੇ ਵਧਾਈਆ । ਆਦਿ ਪੁਰਖ ਅਪਰੰਪਰ ਸਵਾਮੀ ਜਾਣ ਜਾਣੀ, ਜਾਨਣਹਾਰ ਤੇਰੀ ਵਡਿਆਈਆ । ਅਸੀਂ ਤਨ ਤੇਰੇ ਭਗਤ ਸੁਹੇਲੇ ਪਿਆਰ ਲੱਭਦੇ ਹਾਣੀ, ਇਕੋ ਰੰਗ ਦੇਣਾ ਰੰਗਾਈਆ । ਆਵਣ ਜਾਵਣ ਪਤਤ ਪਾਵਨ ਸਾਡੀ ਰਹੇ ਨਾ ਕੋਇ ਪ੍ਰੇਸ਼ਾਨੀ, ਪਸ਼ਚਾਤਾਪ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਸਦਾ ਹੋਵੇ ਮੇਲ, ਮਿਲਣੀ ਹਰਿ ਜਗਦੀਸ਼ ਕਰਾਈਆ । ਤੇਰਾ ਅਚਰਜ ਵੇਖੀਏ ਖੇਲ, ਖ਼ਲਕ ਦੇ ਖ਼ਾਲਕ ਦੇਣਾ ਵਖਾਈਆ । ਏਥੇ ਓਥੇ ਦਾ ਜਹਾਨਾਂ , ਮਿਤ੍ਰ ਪਿਆਰਾ ਇਕ ਅਖਵਾਈਆ । ਸਾਡੀ ਆਵਣ ਜਾਵਣ ਲੱਖ ਚੁਰਾਸੀ ਰਾਏ ਧਰਮ ਦੀ ਕਟ ਦੇ ਜੇਲ, ਜਨਮ ਜਨਮ ਨਾ ਕੋਇ ਭਵਾਈਆ । ਸਾਡਾ ਮਾਨਸ ਜਨਮ ਮਾਤਲੋਕ ਨਾ ਹੋਵੇ ਫੇਲ, ਫ਼ੈਸਲਾ ਹਕ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਡੀ ਮਨਸਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭੂ ਤੈਨੂੰ ਫਿਰੀਏ ਫੇਰ ਨਾ ਲੱਭਦੇ, ਖੋਜਣ ਖੋਜ ਨਾ ਖੋਜ ਖੁਜਾਈਆ । ਸਾਡੇ ਲਹਿਣੇ ਦੇਣੇ ਪੂਰੇ ਕਰ ਦੇ ਝੱਬ ਦੇ, ਲੇਖਾ ਆਪਣੇ ਹੱਥੀਂ ਝੋਲੀ ਪਾਈਆ । ਸਾਡੇ ਝਗੜੇ ਮੁਕ ਜਾਣ ਜਗਤ ਵਾਲੀ ਹੱਦ ਦੇ, ਹਦੂਦ ਇਕੋ ਇਕ ਸਮਝਾਈਆ । ਸੰਦੇਸ਼ੇ ਸੁਣੀਏ ਤੇਰੇ ਸ਼ਬਦ ਅਨਾਦੀ ਨਦ ਦੇ, ਜਗਤ ਰਾਗ ਨਾ ਕੋਇ ਵਡਿਆਈਆ । ਸਾਡੇ ਨਾਤੇ ਟੁਟ ਜਾਣ ਕੂੜੀ ਕਿਰਿਆ ਅੱਗ ਦੇ, ਅਗਨੀ ਤਤ ਨਾ ਕੋਇ ਤਪਾਈਆ । ਦਰਸ਼ਨ ਕਰੀਏ ਤੇਰੇ ਸੂਰੇ ਸਰਬਗ ਦੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਨਾਲ ਹੋਵੇ ਨਾ ਧੋਖਾ, ਧਰਮ ਧਾਰ ਜਣਾਈਆ । ਸਾਨੂੰ ਮਾਰਗ ਦੱਸ ਦੇ ਸੌਖਾ, ਬਿਨ ਮੰਜ਼ਲ ਪੰਧ ਮੁਕਾਈਆ । ਪੜ੍ਹਨਾ ਪਏ ਕੋਇ ਨਾ ਪੋਥਾ, ਜਗਤ ਹਰਫ਼ ਹਰੂਫ ਨਾ ਕੋਇ ਚਤੁਰਾਈਆ । ਸਾਡਾ ਕਰਮ ਕਾਂਡ ਨਾ ਹੋਵੇ ਥੋਥਾ, ਕੂੜੀ ਕਿਰਿਆ ਵੰਡ ਨਾ ਕੋਇ ਵੰਡਾਈਆ । ਪਵਿਤ੍ਰ ਕਰ ਦੇ ਪੰਜ ਤਤ ਆਪਣਾ ਕੋਠਾ, ਦੁਰਮਤ ਮੈਲ ਦੂਰ ਕਰਾਈਆ । ਅਗੇ ਵਕਤ ਲਵੀਂ ਨਾ ਬਹੁਤਾ, ਬਹੁੜੀ ਤੇਰਾ ਨਾਮ ਧਿਆਈਆ । ਸਾਡਾ ਅੰਤਸ਼ਕਰਨ ਉਠਾ ਦੇ ਸੋਤਾ, ਸੋਈ ਸੁਰਤ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਚੁਕਾਈਆ । ਪੰਜ ਤਤ ਕਹਿਣ ਪ੍ਰਭੂ ਅਸੀਂ ਵੇਖੀਏ ਤੇਰਾ ਨੂਰ, ਬਿਨ ਸੂਰੀਆ ਚੰਦ ਰੁਸ਼ਨਾਈਆ । ਸਾਡੀ ਆਸਾ ਮਨਸਾ ਪੂਰ, ਪਰਮ ਪੁਰਖ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਹਾਜ਼ਰ ਹਜ਼ੂਰ, ਹਰ ਘਟ ਬੈਠਾ ਡੇਰਾ ਲਾਈਆ । ਸਾਡੇ ਅੰਤਸ਼ਕਰਨ ਵਿਚੋਂ ਕੱਢ ਦੇ ਕਿਰਿਆ ਕੂੜ, ਜੂਠ ਝੂਠ ਰਹਿਣ ਨਾ ਪਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਇਕੋ ਦੇ ਨਾਮ ਵਡਿਆਈਆ । ਤੇਰੀ ਮਸਤਕ ਲਾਈਏ ਧੂੜ, ਟਿੱਕੇ ਧਰਮ ਖ਼ਾਕ ਰਮਾਈਆ । ਸਚ ਪ੍ਰੀਤੀ ਰੰਗ ਚਾੜ੍ਹ ਦੇ ਗੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਰੀਂ ਤਰਸ, ਰਹਿਮਤ ਰਹੀਮ ਰਹਿਮਾਨ ਹਕ ਕਮਾਈਆ । ਸਾਡਾ ਖ਼ੁਸ਼ੀਆਂ ਵਾਲਾ ਬਰਸ, ਬਰਸੀ ਚਾਰ ਜੁਗ ਦੀ
੧੮੭੧ ਨਾਲ ਮਿਲਾਈਆ । ਸਾਡੀ ਪੂਰਬ ਮੇਟੀਂ ਹਰਸ, ਹਵਸ ਅਗੇ ਰਹੇ ਨਾ ਰਾਈਆ । ਅੰਮ੍ਰਿਤ ਅਗੰਮਾ ਬਰਸ, ਬੂੰਦ ਸਵਾਂਤੀ ਦੇ ਟਪਕਾਈਆ । ੧੮੭੧
੨੩ ਸਾਡੀ ਮਨਜ਼ੂਰ ਕਰੀਂ ਅਰਜ਼, ਆਰਜ਼ੂ ਤੇਰੇ ਅਗੇ ਟਿਕਾਈਆ । ਭਗਤ ਉਧਾਰਨਾ ਤੇਰਾ ਫ਼ਰਜ਼, ਜੁਗ ਚੌਕੜੀ ਤੇਰੀ ਰੀਤੀ ਚਲੀ ਆਈਆ । ੨੩
ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਪਤਿਪਰਮੇਸ਼ਵਰ ਇਕ ਅਖਵਾਈਆ । ਸਾਡੀ ਕਲਜੁਗ ਅੰਤਮ ਵੰਡ ਦਰਦ, ਦੁਖੀਆਂ ਹੋ ਸਹਾਈਆ । ਸ਼ਰਅ ਛੁਰੀ ਨਾ ਮਾਰੇ ਕਰਦ, ਕਤਲਗਾਹ ਦਾ ਡੇਰਾ ਢਾਹੀਆ । ਤੇਰਾ ਰੂਪ ਅਨੂਪ ਤੱਕੀਏ ਅਸਚਰਜ, ਜੋਤੀ ਜਾਤੇ ਪੁਰਖ ਬਿਧਾਤੇ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਅਮੁਲ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਵੇਖ ਲੈ ਕਾਇਆ ਵਾਲੇ ਚੋਗੇ, ਮਾਟੀ ਖ਼ਾਕ ਵਜੂਦ ਫੋਲ ਫੁਲਾਈਆ । ਅਸੀਂ ਲੱਖ ਚੁਰਾਸੀ ਜਨਮ ਬਹੁ ਤੇਰੇ ਭੋਗੇ, ਖਾਣੀ ਖਾਣੀਆਂ ਵਿਚ ਭਵਾਈਆ । ਸਾਡੇ ਹਉਮੇ ਵਾਲੇ ਮੇਟੇ ਕਿਸੇ ਨਾ ਰੋਗੇ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਅਸੀਂ ਜੁਗ ਜੁਗ ਫਿਰੇ ਕਮਲੇ ਕੋੜੇ, ਤੇਰਾ ਭੇਵ ਕਇ ਨਾ ਪਾਈਆ । ਮਾਇਆ ਮਮਤਾ ਨਾਲ ਭਰੇ ਬੋੜੇ, ਖ਼ਾਲੀ ਹੱਥ ਦੁਹਾਈਆ । ਸਾਡੇ ਅੰਤਸ਼ਕਰਨ ਵਿਚੋਂ ਕੱਢ ਦੇ ਲੋਭੇ, ਲਾਲਚ ਕੂੜ ਦੇਣਾ ਮਿਟਾਈਆ । ਸਾਡੇ ਮਨੂਏ ਜਾਣ ਸੋਧੇ, ਬੁਧ ਬਿਬੇਕ ਦੇਣੀ ਕਰਾਈਆ । ਅਸੀਂ ਹੋਈਏ ਤੇਰੇ ਜੋਗੇ, ਜੋਗ ਜੁਗਤ ਦੇਣੀ ਦ੍ਰਿੜਾਈਆ । ਅਸੀਂ ਜਗਤ ਜਹਾਨ ਜਾਈਏ ਛੋਡੇ, ਨਾਤਾ ਤਤ ਨਾ ਕੋਇ ਵਖਾਈਆ । ਅਸੀਂ ਪਿਆਰ ਛਡੀਏ ਮੁਹੱਬਤ ਵਾਲੀ ਮੋਹ ਦੇ, ਨਾਤਾ ਤ੍ਰਿਸ਼ਨਾ ਵਾਲਾ ਤੁੜਾਈਆ । ਸਾਨੂੰ ਦਰਸ਼ਨ ਦੇ ਦੇ ਆਪਣੀ ਛੋਹ ਦੇ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਪ੍ਰਕਾਸ਼ ਬਖ਼ਸ਼ ਦੇ ਨੂਰੀ ਲੋ ਦੇ, ਜੋਤੀ ਜਾਤਾ ਕਰ ਰੁਸ਼ਨਾਈਆ । ਨਾਮ ਸੰਦੇਸ਼ੇ ਸੁਣੀਏ ਸੋਹੰ ਸੋ ਦੇ, ਸੋ ਪੁਰਖ ਨਿਰੰਜਣ ਤੇਰੀ ਪੜ੍ਹਾਈਆ । ਅੰਮ੍ਰਿਤ ਨਿਝਰ ਧਾਰੋਂ ਚੋ ਦੇ, ਬੂੰਦ ਸਵਾਂਤੀ ਆਪ ਟਪਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਭੇਵ ਚੁਕਾਈਆ । ਪੰਜ ਤਤ ਕਹਿਣ ਸਾਡਾ ਖੇਲ ਦੇ ਭੇਵ, ਅਭੇਦ ਰਹੇ ਨਾ ਰਾਈਆ । ਤੂੰ ਆਦਿ ਜੁਗਾਦੀ ਦੇਵਤ ਦੇਵ, ਦੇਵਤ ਸੁਰ ਤੇਰੀ ਸ਼ਰਨਾਈਆ । ਤੂੰ ਵਸੇਂ ਨਿਹਚਲ ਧਾਮ ਨਿਹਕੇਵ, ਸਚਖੰਡ ਸਾਚੇ ਸੋਭਾ ਪਾਈਆ । ਹਉਂ ਬਾਲ ਅੰਞਾਣੇ ਤੇਰੀ ਜੁਗ ਜੁਗ ਕਰਦੇ ਸੇਵ, ਸੇਵਕ ਹੋ ਕੇ ਸੇਵ ਕਮਾਈਆ । ਨਾਮ ਨਿਧਾਨਾ ਰਸ ਦੇ ਦੇ ਮੇਵ, ਬਿਨ ਰਸਨਾ ਰਸ ਚਖਾਈਆ । ਸਾਚਾ ਮਸਤਕ ਲਾ ਦੇ ਥੇਵ, ਕੌਸਤਕ ਮਨੀਆ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਸਤਿਗੁਰ ਸ਼ਬਦ ਸਦਾ ਸਦ ਗੁਰਦੇਵ, ਗੁਰਦੇਵ ਆਤਮ ਪਰਮਾਤਮ ਪੰਜ ਤਤ ਤੇਰੀ ਓਟ ਤਕਾਈਆ ।

✪ ੨੭ ਜੇਠ ਸ਼ਹਿਨਸ਼ਾਹ ਸੰਮਤ ਦਸ ਸੇਈ ਕਲਾਂ ਦੇਵਾ ਸਿੰਘ ਬਿਸ਼ਨ ਸਿੰਘ ਧਰਮ ਕੌਰ ਪੁਨੂੰ ਰਾਮ ਜਲੰਧਰ ਸਿੰਘ ਤੋਤੀ ਦੇਵੀ ਨੰਦ ਪੁਰ ਪਿਆਰੀ ਦੇਵੀ ਖੇਰੋਵਾਲ ਜ਼ਿਲਾ ਜੰਮੂ ✪

ਪੰਜ ਤਤ ਕਹਿਣ ਪ੍ਰਭ ਸਾਡੀਆਂ ਸੁਣ ਲੈ ਕਹਾਣੀਆਂ, ਕਥ ਕਥ ਦੇਈਏ ਜਣਾਈਆ । ਜੁਗ ਚੌਕੜੀ ਤੇਰੀਆਂ ਖੇਲਾਂ ਤੱਕੀਆਂ ਮਹਾਨੀਆਂ, ਤੇਰੀ ਮਹਿੰਮਾ ਬੇਪ੍ਰਵਾਹੀਆ । ਸਾਨੂੰ ਬਣਾਉਂਦਾ ਰਿਹੋਂ ਰਾਜੇ ਰਾਣੀਆਂ, ਤਖ਼ਤ ਨਿਵਾਸੀ ਸੀਸ ਤਾਜ ਟਿਕਾਈਆ । ਸਾਡੇ ਵਿਚੋਂ ਪ੍ਰਗਟਾਉਂਦਾ ਰਿਹੋਂ
੧੯੭੨ ੨੩ ਆਪਣੀਆਂ ਧਰਮ ਧਾਰ ਦੀਆਂ ਬਾਣੀਆਂ, ਨਿਰਅੱਖਰ ਧਾਰ ਸਮਝਾਈਆ । ਮੇਲ ਮਿਲਾਉਂਦਾ ਰਿਹੋਂ ਹਾਣ ਹਾਣੀਆਂ, ਤਨ ਵਜੂਦਾਂ ਜੋੜ ਜੁੜਾਈਆ । ੧੯੭੨ ੨੩
ਫਿਰਾਉਂਦਾ ਰਿਹੋਂ ਉਤੇ ਤੀਰਥ ਤਟ ਜਲ ਧਾਰਾਂ ਵਿਚ ਪਾਣੀਆਂ, ਪਵਣਾਂ ਰੰਗ ਰੰਗਾਈਆ । ਤੇਰੇ ਹੁਕਮ ਵਿਚ ਜਗਤ ਦੀਆਂ ਖ਼ਾਕਾਂ ਛਾਣੀਆਂ, ਧੂਣੀਆਂ ਖ਼ਾਕ ਰਮਾਈਆ । ਅਸੀਂ ਤੱਕਿਆ ਅੰਡਜ ਜੇਰਜ ਉਤਭੁਜ ਸੇਤਜ ਤੇਰੀ ਖਾਣੀਆਂ, ਚੁਰਾਸੀ ਫਾਸੀ ਗਲ ਲਗਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਗੁਣ ਨਿਧਾਨੀਆਂ, ਗੁਣਵੰਤ ਤੇਰੀ ਬੇਪ੍ਰਵਾਹੀਆ । ਕਲਜੁਗ ਅੰਤਮ ਹੋਣਾ ਫ਼ਾਨੀਆਂ, ਦਰ ਤੇਰੇ ਸੀਸ ਨਿਵਾਈਆ । ਸਾਡੀ ਆਵਣ ਜਾਵਣ ਚੁਕਾ ਦੇ ਕਾਣੀਆ, ਕਾਇਨਾਤ ਦਾ ਲੇਖਾ ਰਹੇ ਨਾ ਰਾਈਆ । ਸਾਨੂੰ ਰਾਏ ਧਰਮ ਰਿੜਕੇ ਨਾ ਵਾਂਗ ਦੁੱਧ ਮਧਾਣੀਆਂ, ਕੋਹਲੂ ਚੱਕੀ ਚੱਕ ਨਾ ਕੋਇ ਭਵਾਈਆ । ਆਪਣੇ ਧਰਮ ਧਾਰ ਦੀਆਂ ਸਚ ਦੇ ਨਿਸ਼ਾਨੀਆਂ, ਨਿਸ਼ਾਨੇ ਜਗਤ ਕੂੜ ਬਦਲਾਈਆ । ਸਦਾ ਸਦਾ ਸਦ ਤੇਰੇ ਚਰਨ ਕਵਲ ਰਹੇ ਧਿਆਨੀਆਂ, ਦੂਜੀ ਓਟ ਨਾ ਕੋਇ ਤਕਾਈਆ । ਤੂੰ ਮਾਲਕ ਖਾਲਕ ਇਕ ਲਾਸਾਨੀਆ, ਲਾਸ਼ਰੀਕ ਨੂਰ ਅਲਾਹੀਆ । ਅਸੀਂ ਜਗਤ ਹੋਈਆਂ ਦੀਵਾਨੀਆਂ, ਸੁਧ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਭੇਵ ਨਾ ਕੋਇ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਹੁੰਦਾ ਵੇਖ ਲੈ ਗ਼ਜ਼ਬ, ਹੈਰਾਨੀ ਵਿਚ ਦੁਹਾਈਆ । ਸਾਡੇ ਹਿੱਸੇ ਤੱਕ ਲੈ ਦੀਨ ਮਜ਼੍ਹਬ, ਜ਼ਾਤ ਪਾਤ ਵੰਡ ਵੰਡਾਈਆ । ਸਾਡਾ ਕਰੇ ਕੋਈ ਨਾ ਅਦਬ, ਬੇਅਦਬੀ ਵਿਚ ਦੁਹਾਈਆ । ਅਸੀਂ ਚਾਰ ਜੁਗ ਤਤਾਂ ਵਾਲੇ ਪੂਜੇ ਕਦਮ, ਕਦੀਮ ਦੇ ਮਾਲਕ ਸੀਸ ਨਿਵਾਈਆ । ਸਾਡੀ ਮਿਟੀ ਨਾ ਤਸੱਦਦ (ਅਦਮ), ਅਦਲ ਇਨਸਾਫ਼ ਨਾ ਕੋਇ ਕਮਾਈਆ । ਸਾਡਾ ਸੜਦਾ ਵੇਖ ਲੈ ਬਦਨ,

ਕੂੜੀ ਅਗਨੀ ਤਤ ਤਪਾਈਆ । ਬਿਨ ਤੇਰੀ ਕਿਰਪਾ ਸਾਨੂੰ ਆਏ ਕੋਈ ਨਾ ਰੱਖਣ, ਸਿਰ ਹੱਥ ਨਾ ਕੋਇ ਟਿਕਾਈਆ । ਅਸੀਂ ਕਾਹਨ ਦਾ ਪਿਆਰ ਨਾਲ ਖਾਧਾ ਮੱਖਣ, ਗੋਪੀਆਂ ਸੰਗ ਨਾਚ ਨਚਾਈਆ । ਤੇਰਾ ਖੇਲ ਸੂਰੇ ਸਮਰਥਣ, ਸਾਹਿਬ ਤੇਰੇ ਹੱਥ ਵਡਿਆਈਆ । ਸਾਡਾ ਤਤਵ ਤਤ ਦਾ ਬੰਧਨ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਦਰ ਤੇਰੇ ਆਏ ਮੰਗਣ, ਦਰ ਠਾਂਡੇ ਸੀਸ ਝੁਕਾਈਆ । ਕਿਰਪਾ ਨਿਧਾਨ ਲਾ ਲੈ ਅੰਗਣ, ਅੰਗੀਕਾਰ ਇਕ ਅਖਵਾਈਆ । ਚਰਨ ਧੂੜ ਚਾੜ੍ਹ ਦੇ ਰੰਗਣ, ਦੁਰਮਤ ਮੈਲ ਧਵਾਈਆ । ਸਦਾ ਸਦ ਦਾ ਬਖ਼ਸ਼ ਦੇ ਸੰਗਣ, ਵਿਛੋੜਾ ਵਿਚ ਨਾ ਕੋਇ ਰਖਾਈਆ । ਤੇਰਾ ਖੇਲ ਤੱਕੀਏ ਵਿਚ ਬ੍ਰਹਿਮੰਡਣ, ਬ੍ਰਹਿਮਾਂਡ ਦਾ ਪੰਧ ਮੁਕਾਈਆ । ਅਸੀਂ ਗ਼ਰੀਬ ਨਿਮਾਣੇ ਜਗਤ ਪੰਜਣ, ਸਚ ਤੇਰੀ ਭੇਟ ਚੜ੍ਹਾਈਆ । ਸਾਨੂੰ ਦੇਵੀਂ ਅੰਤ ਨਾ ਦੰਡਣ, ਡੰਡਾਵਤ ਕਰ ਕੇ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਦੁਖੜੇ ਖੰਡਣ, ਦਰਦੀਆਂ ਦਰਦ ਦੇਣਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭੂ ਤੇਰਾ ਖੇਲ ਤਕਦੇ ਰਹੇ ਸਦਾ ਜੁਗ ਚਾਰ, ਚੌਕੜੀ ਧਿਆਨ ਲਗਾਈਆ । ਗਾਉਂਦੇ ਰਹੇ ਮੰਗਲਾਚਾਰ, ਸ਼ਬਦੀ ਸ਼ਬਦ ਨਾਲ ਸ਼ਨਵਾਈਆ । ਫਿਰਦੇ ਰਹੇ ਵਿਚ ਸੰਸਾਰ, ਸੰਸਾਰੀ ਆਪਣਾ ਤਤ ਬਣਾਈਆ । ਦੀਨ ਦੁਨੀ ਕਰਦੇ ਰਹੇ ਵਿਵਹਾਰ, ਵਿਵਹਾਰੀ ਹੋ ਕੇ ਖੇਲ ਖਿਲਾਈਆ । ਨਾਤਾ ਜੁੜਦਾ ਰਿਹਾ ਕੰਤ ਭਤਾਰ, ਤਨ ਵਜੂਦਾਂ ਵਜਦੀ ਰਹੀ ਵਧਾਈਆ । ਪੁੱਤਰਾਂ ਧੀਆਂ ਬਣਦਾ ਰਿਹਾ ਪ੍ਰਵਾਰ, ਤਤਾਂ ਵਾਲੀ ਗੰਢ ਪਵਾਈਆ । ਅੰਤ ਮਿਲਿਆ ਨਾ ਕਿਸੇ ਸਹਾਰ, ਸਾਥੀ ਸੰਗ ਨਾ ਕੋਇ ਰਖਾਈਆ । ਜਨਮ ਜਨਮ ਵਿਚ ਹੋਏ ਖ਼ੁਆਰ, ਖ਼ੁਆਰੀ ਸਕਿਆ ਨਾ ਕੋਇ ਕਟਾਈਆ । ਤੇਰਾ ਸੰਦੇਸਾ ਸੁਣਦੇ ਰਹੇ ਵਾਰੋ ਵਾਰ, ਜੁਗ ਚੌਕੜੀ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਅਧਾਰ, ਸਹਿਜ ਸਹਿਜ ਸੁਣਾਈਆ । ਕਲ ਕਲਕੀ ਆਵੇ ਕਲ ਅਵਤਾਰ, ਅਵਤਰੀ ਆਪਣਾ ਫੇਰਾ ਪਾਈਆ । ਜੋਤੀ ਜਾਤਾ ਹੋ ਉਜਿਆਰ, ਪੁਰਖ ਬਿਧਾਤਾ ਡਗਮਗਾਈਆ । ਸ਼ਬਦੀ ਨਾਦ ਦੇ ਧੁਨਕਾਰ, ਧੁਨ ਆਤਮਕ ਰਾਗ ਦ੍ਰਿੜਾਈਆ । ਅੰਮ੍ਰਿਤ ਆਤਮ ਰਸ ਬਖ਼ਸ਼ ਠੰਡਾ ਠਾਰ, ਅਗਨੀ ਤਤ ਬੁਝਾਈਆ । ਸਾਡੀ ਪੈਜ ਦੇ ਸਵਾਰ, ਸੀਸ ਆਪਣਾ ਹੱਥ ਟਿਕਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਕੱਢ ਬਾਹਰ, ਲੋਕਮਾਤ ਰਹਿਣ ਨਾ ਪਾਈਆ । ਭਗਤ ਸੁਹੇਲੇ ਬਣਾ ਮੀਤ ਮੁਰਾਰ, ਮਿਤ੍ਰ ਪਿਆਰਾ ਵੇਖੇ ਚਾਈਂ ਚਾਈਆ । ਸੋ ਵਕਤ ਸੁਹੰਜਣਾ ਸ਼ਾਹੋ ਭੂਪ ਸਚੀ ਸਰਕਾਰ, ਸਚ ਸੁਹੇਲਾ ਤੇਰਾ ਨਜ਼ਰੀ ਆਈਆ । ਫੜ ਬਾਹੋਂ ਦੇਣਾ ਤਾਰ, ਤਾਰਨਹਾਰ ਦਇਆ ਕਮਾਈਆ । ਦਰ ਤੇਰੇ ਕਰੀਏ ਨਿਮਸਕਾਰ, ਡੰਡਾਵਤ ਬੰਦਨਾ ਸਜਦੇ ਵਿਚ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਪੂਰਬ ਕਰਜ਼ ਦੇ ਉਧਾਰ, ਉਦਰ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਪੰਜ ਤਤ ਕਹਿਣ ਜੁਗ ਜੁਗ ਤੇਰਾ ਹੁਕਮ ਰਹੇ ਮੰਨਦੇ, ਮਨਸਾ ਤੇਰੇ ਚਰਨ ਟਿਕਾਈਆ । ਅਸੀਂ ਬਣਜਾਰੇ ਬਣੇ ਰਹੇ ਅੰਨ ਦੇ, ਜਲ ਪਾਣੀ ਨਾਲ ਝਟ ਲੰਘਾਈਆ । ਸਰੋਤੇ ਬਣੇ ਰਹੇ ਕੰਨ ਦੇ, ਅੱਖਰ ਅੱਖਰਾਂ ਸਿਫ਼ਤ ਸਲਾਹੀਆ । ਪਿਆਰੇ ਬਣੇ ਰਹੇ ਤਨ ਦੇ, ਵਜੂਦਾਂ ਰੰਗ ਚੜ੍ਹਾਈਆ । ਪ੍ਰਕਾਸ਼ ਤੱਕੇ ਨਹੀਂ ਤੇਰੇ ਨੂਰੀ ਚੰਨ ਦੇ, ਦੋ ਜਹਾਨਾਂ ਡਗਮਗਾਈਆ । ਸਾਡੇ ਪਿਛਲੇ ਲੇਖੇ ਲਹਿਣੇ ਜਗ ਸਾਰੇ ਭੰਨ ਦੇ, ਘੜਨ ਭੰਨਣਹਾਰ ਤੇਰੀ ਵਡਿਆਈਆ । ਸਾਨੂੰ ਆਪਣੇ ਨਾਮ ਵਾਲੇ ਸਚੇ ਦਮ ਦੇ, ਸਵਾਸ ਸਵਾਸ ਤੇਰਾ ਨਾਮ ਧਿਆਈਆ ।

ਸਾਡੇ ਨਾਤੇ ਤੋੜਨੇ ਹੱਡ ਮਾਸ ਨਾੜੀ ਚੰਮ ਦੇ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਵਾਸਤੇ ਰਹਿਣ ਨਾ ਹਰਖ ਸੋਗ ਗ਼ਮ ਤੇ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਸਾਡਾ ਪਿਆਰ ਆਪਣੇ ਨਾਲ ਬੰਨ੍ਹ ਦੇ, ਅਗੇ ਸਕੇ ਨਾ ਕੋਇ ਤੁੜਾਈਆ । ਸਾਨੂੰ ਕੰਮ ਬਖ਼ਸ਼ ਆਪਣੇ ਨਾਲ ਬ੍ਰਹਮ ਦੇ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਲੋਕਮਾਤ ਨਾ ਫਿਰੀਏ ਜੰਮਦੇ, ਜੰਮਣ ਮਰਨ ਵਿਚ ਕਦੇ ਨਾ ਆਈਆ । ਅੱਜ ਬਚਨ ਸਾਡੇ ਨਾਲ ਕਰ ਲੈ ਧਰਮ ਦੇ, ਧਰਮ ਦੀ ਧਾਰ ਤੇਰੀ ਸਕੇ ਨਾ ਕੋਇ ਬਦਲਾਈਆ । ਸਾਡੇ ਲੇਖੇ ਚੁਕਾ ਦੇ ਕਰਮ ਦੇ, ਕਰਮ ਕਾਂਡ ਦਾ ਡੇਰਾ ਢਾਹੀਆ । ਸਾਡੇ ਨਾਤੇ ਤੋੜ ਦੇ ਵਰਨ ਬਰਨ ਦੇ, ਸਚ ਆਪਣਾ ਰੰਗ ਚੜ੍ਹਾਈਆ । ਇਕੋ ਪਿਆਰ ਮੰਗਦੇ ਤੇਰੇ ਚਰਨ ਦੇ, ਚਰਨ ਚਰਨੋਦਕ ਜਾਮ ਦੇਣਾ ਪਿਲਾਈਆ । ਲੇਖੇ ਪੂਰ ਕਰ ਲੈ ਸੀਸ ਧੜਨ ਦੇ, ਧੜਾ ਆਪਣੇ ਨਾਲ ਬਣਾਈਆ । ਹੁਕਮ ਦੇ ਦੇ ਸਚਖੰਡ ਦਵਾਰੇ ਵੜਨ ਦੇ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੇ ਖੇਲ ਕਰਨੀ ਕਰਨ ਦੇ, ਕਰਤੇ ਪੁਰਖ ਤੇਰੀ ਇਕ ਸਰਨਾਈਆ ।

✪ ੨੭ ਜੇਠ ਸ਼ਹਿਨਸ਼ਾਹੀ ਸੰਮਤ ਦਸ ਸੇਈ ਕਲਾਂ ਅੰਗ੍ਰੇਜ਼ ਸਿੰਘ ਬੰਸੋ ਦੇਵੀ ਜਸਬੀਰ ਸਿੰਘ
ਬਚਨ ਸਿੰਘ ਧਰਮੋ ਦੇਵੀ ਮੰਗਲ ਸਿੰਘ ✪


੧੮੭੪
੨੩

ਪੰਜ ਤਤ ਕਹਿਣ ਸੁਣ ਮਾਲਕ ਸਾਡੇ ਖ਼ਾਵੰਦ, ਖ਼ਸਮ ਖ਼ਸਮਾਨੇ ਸ੍ਰੀ ਭਗਵਾਨੇ ਤੈਨੂੰ ਦੇਈਏ ਦ੍ਰਿੜਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਹੁਕਮ ਵਿਚ ਹੋਏ ਪਾਬੰਦ, ਨਿਤ ਨਵਿਤ ਸਰਗੁਣ ਧਾਰ ਤੇਰੀ ਸੇਵ ਕਮਾਈਆ । ਪਰਮ ਪੁਰਖ ਪ੍ਰਭ ਅੰਤਰ ਦੇ ਦੇ ਸਚ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਸਾਨੂੰ ਇਸ਼ਾਰਾ ਦੇਂਦਾ ਤੇਰਾ ਨਿਸ਼ਾਨ ਤਾਰਾ ਚੰਦ, ਸਦੀ ਚੌਧਵੀਂ ਨਾਲ ਮਿਲਾਈਆ । ਆਹ ਤੱਕ ਸਾਡਾ ਵੇਖ ਲੈ ਦੁਖੀ ਬੰਦ ਬੰਦ, ਬੰਧਨ ਸਕੇ ਨਾ ਕੋਇ ਤੁੜਾਈਆ । ਜਗਤ ਭਾਗ ਹੋਇਆ ਮੰਦ, ਮੰਦਭਾਗ ਦਿਸੇ ਲੋਕਾਈਆ । ਸਾਡੇ ਅੰਤਰ ਨਿਰੰਤਰ ਕੂੜ ਵਿਕਾਰ ਰਹਿ ਗਿਆ ਗੰਦ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਡੇ ਅੰਦਰ ਮੰਦਰ ਵੇਖ ਲੰਘ, ਦਰ ਦਰਵਾਜ਼ਾ ਆਪ ਖੁਲਾਈਆ । ਕਿਸ ਬਿਧ ਪੰਚ ਵਿਕਾਰੇ ਲਾਇਆ ਜੰਗ, ਮਨ ਮਨਸਾ ਮਮਤਾ ਨਾਲ ਲੜਾਈਆ । ਅੰਮ੍ਰਿਤ ਧਾਰ ਦਿਸੇ ਕੋਈ ਨਾ ਗੰਗ, ਗੰਗੋਤਰੀ ਬੈਠੀ ਮੁਖ ਛੁਪਾਈਆ । ਤੇਰਾ ਨਾਮ ਨਿਧਾਨ ਸੁਣੇ ਨਾ ਕੋਇ ਮਰਦੰਗ, ਨਾਦ ਧੁਨ ਨਾ ਕੋਇ ਸ਼ਨਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਛੰਦ, ਸਤਿ ਸਰੂਪ ਨਾ ਕੋਇ ਸਮਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਢਾਹੇ ਕੋਈ ਨਾ ਕੰਧ, ਪਰਦਾ ਸਕੇ ਨਾ ਕੋਇ ਖੁਲਾਈਆ । ਪੁਰਖ ਅਕਾਲੇ ਦੀਨ ਦਿਆਲੇ (ਤੁਧ ਬਿਨ) ਪਾਏ ਕੋਈ ਨਾ ਠੰਡ, ਅਗਨੀ ਤਤ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਖ਼ਾਲੀ ਝੋਲੀ ਰਹੇ ਵਖਾਈਆ । ਪੰਜ ਤਤ ਕਹਿਣ ਪ੍ਰਭ ਖ਼ਾਲੀ ਝੋਲੀ ਕਰ ਭਰਪੂਰ, ਭਾਂਡਾ ਭਰਮ ਭੰਨਾਈਆ । ਮਸਤੀ ਨਾਮ ਦੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਸਾਡੀ ਮਨਸਾ ਪੂਰੀ ਕਰ ਦੇ ਜੋ ਆਸਾ ਰਖੀ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਬਾਹਰ

ਸਮਝਾਈਆ । ਜਿਸ ਬਿਧ ਮੁਹੰਮਦ ਸ਼ੁਕਰਾਨੇ ਵਿਚ ਤੇਰਾ ਹੋਇਆ ਮਸ਼ਕੂਰ, ਬਿਨ ਸਜਦੇ ਸੀਸ ਨਿਵਾਈਆ । ਹਜ਼ਰਤ ਈਸਾ ਦੀ ਬੇਨੰਤੀ ਕਰ ਮਨਜ਼ੂਰ, ਜੋ ਸੂਲੀ ਚੜ੍ਹਦਿਆਂ ਗਿਆ ਸਮਝਾਈਆ । ਤੇਰਾ ਲੇਖਾ ਪੰਧ ਰਹੇ ਨਾ ਦੂਰ, ਦੂਰ ਦੁਰਾਡੇ ਆਉਣਾ ਚਾਈਂ ਚਾਈਆ । ਕਲਜੁਗ ਨਿਗਾਹ ਮਾਰ ਲੈ ਸਾਡੇ ਅੰਦਰ ਵੇਖ ਲੈ ਕੂੜ, ਸਤਿ ਰਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਸਾਚੇ ਸਵਾਮੀਆਂ, ਸਤਿਗੁਰ ਸਾਹਿਬ ਏਕੋ ਏਕ । ਨਿਰਗੁਣ ਧਾਰ ਅੰਤਰਜਾਮੀਆਂ, ਸਾਡਾ ਅੰਤਸ਼ਕਰਨ ਕਰ ਬਿਬੇਕ । ਅਸੀਂ ਫਿਰੀਏ ਨਾ ਵਿਚ ਚਾਰੇ ਖਾਣੀਆਂ, ਚਰਨ ਕਵਲ ਬਖ਼ਸ਼ ਟੇਕ । ਇਕੋ ਸੁਣਾ ਦੇ ਅਗੰਮੀ ਬਾਣੀਆਂ, ਤ੍ਰੈਗੁਣ ਮਾਇਆ ਨਾ ਲਾਏ ਸੇਕ । ਤੂੰ ਸਾਡੀ ਕਰੀਂ ਆਪ ਪਹਿਚਾਨੀਆਂ, ਪਾਰਬ੍ਰਹਮ ਪ੍ਰਭ ਦਿਸਣਾ ਨੇਤਨ ਨੇਤ । ਜਿਸ ਬਿਧ ਆਤਮ ਪਰਮਾਤਮ ਬਣਿਉਂ ਹਾਣ ਹਾਣੀਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਕਰ ਮਿਹਰਵਾਨੀਆਂ । ਪੰਜ ਤਤ ਕਹਿਣ ਪ੍ਰਭ ਬਣ ਸਾਡਾ ਹਿਤਕਾਰੀ, ਮਿਹਰਵਾਨ ਦਇਆ ਕਮਾਈਆ । ਸਾਡੀ ਪੈਜ ਦੇ ਸਵਾਰੀ, ਪੰਚਮ ਰੋ ਰੋ ਦਈਏ ਸੁਣਾਈਆ । ਸਾਡੀ ਅਗੇ ਨਾ ਹੋਏ ਖ਼ੁਆਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਾਡੇ ਬੁੱਤ ਨਾ ਵੇਖੀਂ ਪੁਰਖ ਕਿ ਨਾਰੀ, ਨਰ ਨਰਾਇਣ ਤੇਰਾ ਰੂਪ ਤਕਾਈਆ । ਤੂੰ ਭਗਤ ਵਛਲ ਗਿਰਵਰ ਗਿਰਧਾਰੀ, ਗਹਿਰ ਗੰਭੀਰ ਇਕ ਅਖਵਾਈਆ । ਪਰਮ ਪੁਰਖ ਅਕਾਲੇ ਪਾਉਣੀ ਸਾਰੀ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਗਲਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਸਾਡੇ ਆਦਿ ਜੁਗਾਦੀ ਸਾਥੀ, ਸਗਲੇ ਸੰਗੀ ਤੇਰੀ ਓਟ ਤਕਾਈਆ । ਤੂੰ ਨਿਰਗੁਣ ਧਾਰ ਸਰਗੁਣ ਚਲਾਵੇਂ ਰਾਥੀ, ਰਖਵਾਹੀ ਬੇਪ੍ਰਵਾਹ ਇਕ ਅਖਵਾਈਆ । ਤੇਰੇ ਚਰਨ ਕਵਲ ਟੇਕੀਏ ਮਾਥੀ, ਮਸਤਕ ਧੂੜੀ ਖ਼ਾਕ ਰਮਾਈਆ । ਅਸੀਂ ਦੀਨਨ ਨਾਥ ਅਨਾਥੀ, ਤੂੰ ਦੀਨ ਦਿਆਲ ਵਡ ਵਡਿਆਈਆ । ਸਾਡੀ ਤੇਰੇ ਚਰਨ ਕਵਲ ਵਿਚ ਅਗਲੀ ਪਿਛਲੀ ਹਯਾਤੀ, ਜੋਗ ਜੁਗਤ ਦੇਣੀ ਦ੍ਰਿੜਾਈਆ । ਕਲਜੁਗ ਵੇਖ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਲੋਕਮਾਤੀ, ਮਾਤਰ ਭੂਮੀ ਨਾਲ ਮਿਲਾਈਆ । ਸਤਿਗੁਰ ਸ਼ਬਦ ਸ਼ਬਦ ਧਾਰ ਬਣਾ ਜਮਾਤੀ, ਜਮਾਂ ਦਾ ਲੇਖਾ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਨਿਰਗੁਣ ਧਾਰ ਸਰਗੁਣ ਲਾ ਲੈ ਨਾਲ ਛਾਤੀ, ਛਤਰਧਾਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਦੇ ਦੇ ਮਾਣ ਬ੍ਰਹਿਮਾਦੀ, ਬ੍ਰਹਿਮੰਡ ਭੇਵ ਚੁਕਾਈਆ । ਤੇਰੇ ਵਿਚ ਹੋਈਏ ਵਿਸਮਾਦੀ, ਬਿਸਮਿਲ ਰੂਪ ਬਣਾਈਆ । ਤੇਰਾ ਲੇਖਾ ਤੱਕੀਏ ਆਦਿ ਜੁਗਾਦੀ, ਜੁਗ ਚੌਕੜੀ ਧਿਆਨ ਲਗਾਈਆ । ਸਾਡਾ ਜੀਵਣ ਵੇਖ ਲੈ ਜ਼ਿੰਦਗੀ ਨਾਲ ਸਾਦੀ, ਸਦਕੇ ਵਾਰੀ ਘੋਲ ਘੁਮਾਈਆ । ਸਤਿਗੁਰ ਸ਼ਬਦ ਤੇਰਾ ਹੋਵੇ ਇਮਦਾਦੀ, ਦੂਸਰ ਲੋੜ ਰਹੇ ਨਾ ਰਾਈਆ । ਸਾਨੂੰ ਪ੍ਰਵਾਹ ਨਹੀਂ ਇਸ਼ਕ ਹਕੀਕੀ ਤੇ ਮਜਾਜ਼ੀ, ਹਕ ਦੇ ਮਾਲਕ ਤੇਰੇ ਚਰਨ ਮਿਲੇ ਸ਼ਰਨਾਈਆ । ਤੂੰ ਪੁਰਖ ਅਕਾਲੇ ਦੀਨ ਦਿਆਲੇ ਸਾਡੇ ਉਤੇ ਹੋਣਾ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ

੧੮੭੫
੨੩

ਦਾ ਵਰ, ਧੁਰ ਮਸਤਕ ਲੇਖ ਬਣਾਈਆ । ਪੰਜ ਤਤ ਕਹਿਣ ਸਾਡਾ ਮਸਤਕ ਬਣਾ ਦੇ ਲੇਖ, ਬਿਨ ਕਲਮ ਸ਼ਾਹੀ ਦੇ ਵਡਿਆਈਆ । ਤੇਰਾ ਨਿਰਗੁਣ ਧਾਰ ਤੱਕੀਏ ਭੇਖ, ਭੇਖਾਧਾਰੀ ਨਜ਼ਰੀ ਆਈਆ । ਸਚ ਸੁਹੰਜਣਾ ਵਖਾਉਣਾ ਦੇਸ, ਦੇਸ ਦੇਸੰਤਰਾਂ ਡੇਰਾ ਢਾਹੀਆ । ਤੂੰ ਮਾਲਕ ਖ਼ਾਲਕ ਇਕ ਨਰੇਸ਼, ਨਰ ਨਰਾਇਣ ਤੇਰੇ ਹੱਥ ਵਡਿਆਈਆ । ਲਹਿਣਾ ਦੇਣਾ ਪੂਰਾ ਕਰ ਦੇ ਗੋਬਿੰਦ ਦਸ ਦਸਮੇਸ਼, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਸਾਡੇ ਅੰਦਰੋਂ ਕੂੜਾ ਕੱਢ ਕਲੇਸ਼, ਕਲਾ ਕਲਧਾਰੀ ਆਪਣੀ ਦਇਆ ਕਮਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਸਦਾ ਰਹੇਂ ਹਮੇਸ਼, ਹਮ ਸਾਜਣ ਨੂਰ ਅਲਾਹੀਆ । ਦਰ ਤੇਰੇ ਹੋਈਏ ਪੇਸ਼, ਪੇਸ਼ੀਨਗੋਈਆਂ ਚਾਰ ਜੁਗ ਦੀਆਂ ਦੇਣ ਗਵਾਹੀਆ । ਸਹੰਸਰ ਮੁਖ ਪੁਕਾਰ ਕੇ ਕਹੇ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਮਿਲਾਈਆ । ਪੁਰਖ ਅਕਾਲ ਕੋ ਆਦੇਸ, ਸਿਰ ਸਰ ਦੋਵੇਂ ਭੇਟ ਚੜ੍ਹਾਈਆ । ਜਿਸ ਝਗੜਾ ਮੇਟਣਾ ਮੁੱਲਾ ਸ਼ੇਖ਼, ਸ਼ਖ਼ਸੀਅਤ ਆਪਣੀ ਇਕ ਸਮਝਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਆਪਣਾ ਕਰ ਅਵੱਲੜਾ ਵੇਸ, ਵੇਸ ਅਨੇਕਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਕਹਿਣ ਸਾਡਾ ਲੇਖਾ ਰਹੇ ਨਾ ਲੋਕਮਾਤ ਪ੍ਰਦੇਸ, ਪ੍ਰਦੇਸੀਆ ਆਪਣੇ ਗ੍ਰਿਹਿ ਲੈਣਾ ਵਸਾਈਆ ।



✪ ੨੮ ਜੇਠ ਸ਼ਹਿਨਸ਼ਾਹੀ ਸੰਮਤ ਦਸ ਬੇਲਾ ਸਿੰਘ ਸੇਵਾ ਸਿੰਘ ਦੇਵਾ ਸਿੰਘ ਭਾਈਆ ਦੇਵੀ ਬੰਤੀ ਦੇਵੀ ਵੀਰੋ ਦੇਵੀ ਗੁਰਦੇਈ ਸੇਈ ਕਲਾਂ ਜੰਮੂ ✪

ਪੰਜ ਤਤ ਕਹਿਣ ਪ੍ਰਭ ਤੇਰਾ ਧਰਮ ਨਿਸ਼ਾਨ, ਜੁਗ ਚੌਕੜੀ ਨਜ਼ਰੀ ਆਈਆ । ਤੇਰਾ ਸਚ ਮਕਾਨ, ਤਨ ਵਜੂਦ ਸੋਭਾ ਪਾਈਆ । ਤੇਰਾ ਪਵਿਤ੍ਰ ਅਸਥਾਨ, ਪੂਜਣਯੋਗ ਤੇਰੀ ਵਡਿਆਈਆ । ਤੂੰ ਨਿਰਗੁਣ ਹੋ ਪ੍ਰਧਾਨ, ਸਾਡੇ ਅੰਦਰ ਡੇਰਾ ਲਾਈਆ । ਸਾਚਾ ਗ੍ਰਿਹਿ ਕਰ ਕਰ ਪ੍ਰਵਾਨ, ਪਰਮ ਪੁਰਖ ਦੇਣੀ ਵਡਿਆਈਆ । ਘਰ ਦੀਪ ਜਗਾ ਮਹਾਨ, ਜੋਤੀ ਜਾਤੇ ਕੀਤੀ ਰੁਸ਼ਨਾਈਆ । ਸੰਦੇਸ਼ਾ ਦੇ ਧੁਰ ਫ਼ਰਮਾਨ, ਨਾਦ ਅਨਾਦੀ ਇਕ ਦ੍ਰਿੜਾਈਆ । ਅੰਮਿਉਂ ਰਸ ਬਖ਼ਸ਼ ਕੇ ਪੀਣ ਖਾਣ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਤੱਕੀਏ ਖੇਲ ਮਹਾਨ, ਖ਼ਾਲਕ ਖ਼ਲਕ ਧਿਆਨ ਲਗਾਈਆ । ਤੂੰ ਰਸਨਾ ਜਿਹਵਾ ਨਾਲ ਗਾਏਂ ਆਪਣੇ ਗਾਣ, ਸਿਫ਼ਤੀ ਸਿਫ਼ਤ ਸਲਾਹੀਆ । ਚਾਰ ਜੁਗ ਦੇ ਸ਼ਾਸਤਰ ਦੇਣ ਬਿਆਨ, ਜੋ ਸਾਡੇ ਅੰਦਰੋਂ ਆਏ ਚਾਈਂ ਚਾਈਆ । ਜਿਨ੍ਹਾਂ ਦੇ ਨਾਲ ਤੇਰੇ ਨਾਮ ਕਲਮੇ ਦਾ ਬਣਿਆ ਵਿਧਾਨ, ਮਾਰਗ ਜਗਤ ਜੁਗਤ ਸਮਝਾਈਆ । ਅਸੀਂ ਜੁਗ ਚੌਕੜੀ ਤੇਰਾ ਪ੍ਰੇਮ ਕਰੀਏ ਪ੍ਰਵਾਨ, ਪਰਮ ਪੁਰਖ ਨਿਵ ਨਿਵ ਸੀਸ ਝੁਕਾਈਆ । ਅੰਤਮ ਮੰਗੀਏ ਇਕੋ ਦਾਨ, ਦਾਤੇ ਦਾਨੀ ਝੋਲੀ ਡਾਹੀਆ । ਤੇਰਾ ਨੂਰ ਜ਼ਹੂਰ ਵਸਦਾ ਰਿਹਾ ਸਾਡੇ ਅੰਦਰ ਨੌਜਵਾਨ, ਸਚ ਦਵਾਰ ਬੰਕ ਸੁਹਾਈਆ । ਨਿਗਾਹ ਮਾਰ ਲੈ ਸ੍ਰੀ ਭਗਵਾਨ, ਭਗਵਨ ਨੈਣ ਉਠਾਈਆ । ਇਸ਼ਾਰੇ ਤੱਕ ਲੈ ਰਾਮ ਰਾਮਾ ਧੁਰ ਦੇ ਕਾਹਨ, ਕੀ ਘਨਈਆ ਕਹਿ ਸੁਣਾਈਆ । ਕੀ ਪੈਗ਼ੰਬਰਾਂ ਦਿਤਾ ਪੈਗ਼ਾਮ, ਧੁਰ ਹੁਕਮ ਹੁਕਮ ਦ੍ਰਿੜਾਈਆ । ਕੀ ਨਾਨਕ ਧਾਰ ਤੈਨੂੰ ਕਿਹਾ ਬਨਾਮ, ਬਿਨ ਅੱਖਰਾਂ ਅੱਖਰ ਸੁਣਾਈਆ । ਕੀ ਗੋਬਿੰਦ ਸੰਦੇਸ਼ਾ ਦਿਤਾ ਬਿਨਾ ਕਾਨ, ਕਾਇਨਾਤ ਤੋਂ ਬਾਹਰ ਦ੍ਰਿੜਾਈਆ । ਮਾਛੂਵਾੜਾ

ਤੱਕ ਜਿਥੇ ਸੁੱਤਾ ਨੌਜਵਾਨ, ਤਨ ਵਜੂਦ ਜਗਤ ਆਸਣ ਰਖਾਈਆ । ਸ਼ਬਦ ਦੀ ਧਾਰ ਨੱਚਿਆ ਤੇਰੇ ਵਿਚ ਮੈਦਾਨ, ਸਚਖੰਡ ਸਾਚੇ ਡੇਰਾ ਲਾਈਆ । ਸਬਰ ਯਾਰੜੇ ਕਰੀਂ ਪ੍ਰਵਾਨ, ਤਨ ਵਜੂਦ ਦੁੱਖ ਨਾ ਲਾਗੇ ਰਾਈਆ । ਤਤ ਕਹਿਣ ਅਸੀਂ ਬਿਨ ਨੈਣਾਂ ਕਰਦੇ ਰਹੇ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੰਚਮ ਪੰਚਮ ਤੇਰਾ ਨੂਰ ਨਜ਼ਰੀ ਆਈਆ । ਪੰਜ ਤਤ ਕਹਿਣ ਪ੍ਰਭ ਤੇਰਾ ਸਾਡੇ ਅੰਦਰ ਦਿਸੇ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਾ ਪੰਧ ਰਹੇ ਨਾ ਦੂਰ, ਗ੍ਰਿਹ ਮੰਦਰ ਅੰਦਰ ਵੱਜਦੀ ਰਹੇ ਵਧਾਈਆ । ਸਚ ਪ੍ਰੇਮ ਦਾ ਬਖ਼ਸ਼ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਅਸੀਂ ਚਾਕਰ ਤੇਰੇ ਮਜ਼ਦੂਰ, ਜੁਗ ਜੁਗ ਸੇਵ ਕਮਾਈਆ । ਸਾਡਾ ਕਰਮ ਕਾਂਡ ਦਾ ਬਖ਼ਸ਼ ਕਸੂਰ, ਕਸਮ ਖਾ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਮੇਰੇ ਵੱਲ ਕਰੋ ਕਿਆਸ, ਤਤਵ ਤਤ ਧਿਆਨ ਲਗਾਈਆ । ਚਾਰ ਜੁਗ ਦੀ ਪਿਛਲੀ ਵੇਖੋ ਆਸ, ਆਸਾ ਪੂਰਬ ਨਾਲ ਮਿਲਾਈਆ । ਜੁਗ ਜੁਗ ਤੁਹਾਡਾ ਖੇਲ ਹੁੰਦਾ ਰਿਹਾ ਹੱਡ ਨਾੜੀ ਮਾਸ, ਤਨ ਵਜੂਦਾਂ ਵਜਦੀ ਰਹੀ ਵਧਾਈਆ । ਰੂਪ ਅਨੂਪ ਤਕੋ ਪ੍ਰਿਥਮੀ ਆਕਾਸ਼, ਗਗਨ ਮੰਡਲ ਧਿਆਨ ਲਗਾਈਆ । ਤੁਹਾਡਾ ਸਾਹਿਬ ਤੁਹਾਡੇ ਪਾਸ, ਪੁਸ਼ਤ ਪਨਾਹ ਹੱਥ ਟਿਕਾਈਆ । ਤੁਸੀਂ ਕਿਉਂ ਹੋਵੋ ਉਦਾਸ, ਹੈਰਾਨੀ ਵਿਚ ਦੁਹਾਈਆ । ਤੁਹਾਡਾ ਤਨ ਵਜੂਦ ਮੁਰਦਿਆਂ ਵਾਲੀ ਨਹੀਂ ਲਾਸ਼, ਮਲਕੁਲਮੌਤ ਨਾ ਨੇੜੇ ਆਈਆ । ਮੈਂ ਤੁਹਾਨੂੰ ਦੇਣ ਆਇਆ ਸ਼ਾਬਾਸ਼, ਖ਼ੁਸ਼ੀਆਂ ਨਾਲ ਦ੍ਰਿੜਾਈਆ । ਤੁਹਾਡਾ ਰਾਹ ਤੱਕੇ



ਕੈਲਾਸ਼, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਵਖਾਈਆ । ਪੰਜ ਤਤ ਕਹਿਣ ਨਾਰਦ ਸਾਡੇ ਨਿਗਾਹ ਮਾਰੀਂ ਅੰਦਰ, ਅੰਤਸ਼ਕਰਨ ਧਿਆਨ ਲਗਾਈਆ । ਸਾਡਾ ਸੋਹਣਾ ਸੁਹਾਵਾ ਮੰਦਰ, ਪੁਰਖ ਅਬਿਨਾਸ਼ੀ ਬਣਤ ਬਣਾਈਆ । ਸਾਡੇ ਅੰਦਰੋਂ ਲਾਹ ਕੇ ਜੰਦਰ, ਕੁੰਡੀ ਖਿੜਕੀ ਦਿਤੀ ਖੁਲਾਈਆ । ਭਾਗ ਲਗਾ ਕੇ ਡੂੰਘੀ ਕੰਦਰ, ਅੰਧ ਅੰਧੇਰਾ ਦਿਤਾ ਮਿਟਾਈਆ । ਸਾਚਾ ਦੇਵੇ ਸੁਖ ਅਨੰਦਨ, ਦੁੱਖਾਂ ਦਰਦਾਂ ਡੇਰਾ ਢਾਹੀਆ । ਸਾਡੀ ਮਨਜ਼ੂਰ ਕਰੇ ਬੰਦਨ, ਬੰਦਗੀ ਵਿਚ ਸੀਸ ਝੁਕਾਈਆ । ਧੂੜੀ ਖ਼ਾਕ ਰਮਾਏ ਚੰਦਨ, ਦੁਰਮਤ ਮੈਲ ਧਵਾਈਆ । ਵਸਤ ਅਗੰਮੀ ਆਇਆ ਵੰਡਣ, ਦੇਵੇ ਥਾਉਂ ਥਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮੰਡਣ, ਬ੍ਰਹਿਮਾਂਡ ਭੇਵ ਖੁਲਾਈਆ । ਸਾਡਾ ਨਾਤਾ ਤੋੜ ਕੇ ਜੇਰਜ ਅੰਡਣ, ਉਤਭੁਜ ਸੇਤਜ ਪੰਧ ਮੁਕਾਈਆ । ਨਿਰਗੁਣ ਧਾਰ ਲਾਵੇ ਆਪਣੇ ਅੰਗਣ, ਅੰਗੀਕਾਰ ਇਕ ਅਖਵਾਈਆ । ਆਵਣ ਜਾਵਣ ਕੱਟ ਦੇ ਫੰਦਨ, ਫਾਸੀ ਜੰਮ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਦੱਸ ਕੇ ਛੰਦਨ, ਸਹਿੰਸਾ ਅੰਦਰੋਂ ਦਿਤਾ ਚੁਕਾਈਆ । ਅੰਤ ਉਠਾ ਕੇ ਆਪਣੇ ਕੰਧਨ, ਸਚਖੰਡ ਲੈ ਕੇ ਆਵੇ ਚਾਈਂ ਚਾਈਂਆ । ਤਤ ਕਹਿਣ ਸਾਨੂੰ ਸਭ ਨੂੰ ਪਾਵੇ ਠੰਡਣ, ਅਗਨੀ ਅੱਗ ਬੁਝਾਈਆ । ਆਦਿ ਜੁਗਾਦੀ ਟੁੱਟੀ ਆਇਆ ਗੰਢਣ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਸਾਡਾ ਜੋਤੀ ਧਾਰ ਵਸੇਰਾ ਹੋਣਾ ਸਚਖੰਡਣ, ਦਰਗਾਹ ਸਾਚੀ ਸੋਭਾ ਪਾਈਆ । ਸਾਡੀ ਅੰਦਰੋਂ ਹੋਵੇ ਬੰਦਨ, ਬੰਦਗੀ ਵਿਚ ਸੀਸ ਨਿਵਾਈਆ । ਸਾਡਾ ਵਜੂਦ ਰਹੇ ਨਾ ਪੰਜਣ, ਪੰਚਮ ਮੇਲਾ ਸਹਿਜ ਸੁਭਾਈਆ । ਫਿਰ ਸੜਨਾ ਪਏ ਨਾ ਅੰਚਨ, ਆਂਚ ਨਜ਼ਰ ਕੋਇ ਨਾ ਆਈਆ । ਅਸੀਂ ਸਤਿ ਸਰੂਪ ਪਹੁੰਚੀਏ ਪਤਣ, ਦਰ

ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਬਖ਼ਸ਼ੰਦਨ, ਬਖ਼ਸ਼ਣਹਾਰ ਬਖ਼ਸ਼ਿਸ਼ ਰਹਿਮਤ ਆਪ ਕਮਾਈਆ ।

✪ ੨੮ ਜੇਠ ਸ਼ਹਿਨਸ਼ਾਹੀ ਸੰਮਤ ਦਸ ਪੂਰਨ ਸਿੰਘ ਰਾਜਾ ਸਿੰਘ ਗੁਰਮੁਖ ਸਿੰਘ ਕਾਸਤੋਂ ਦੇਵੀ ਲਛਮੀ ਦੇਵੀ ਸੇਈ ਕੈਂਪ ਜ਼ਿਲਾ ਜੰਮੂ ✪

ਪੰਜ ਤਤ ਕਹਿਣ ਪ੍ਰਭੂ ਸਾਡੀ ਧਾਰ ਤੇਰੇ ਅਗੇ ਪਿੱਟੀ, ਰੋ ਰੋ ਨੈਣਾਂ ਨੀਰ ਵਹਾਈਆ । ਸਾਡਾ ਲੇਖਾ ਮੇਲ ਦੇ ਨਾਲ ਹਾਹੇ ਦੀ ਟਿੱਪੀ, ਟੀਕਾ ਟਿਪਣੀ ਜਗਤ ਰਹੇ ਨਾ ਰਾਈਆ । ਸਾਡੀ ਕਰਨੀ ਕਰਤੇ ਕਰ ਦੇ ਚਿੱਟੀ, ਕਲਜੁਗ ਕਾਲਖ ਦਾਗ਼ ਰਹੇ ਨਾ ਰਾਈਆ । ਸਾਡੀ ਖ਼ਾਹਿਸ਼ ਤੇਰੇ ਚਰਨਾਂ ਵਿਚ ਲਿਟੀ, ਲਿਟਾਂ ਖੋਲ ਕੇ ਦਈਏ ਵਖਾਈਆ । ਸਾਨੂੰ ਚੁਰਾਸੀ ਗੇੜ ਵਿਚ ਨਾ ਸਿੱਟੀਂ, ਜਨਮ ਜਨਮ ਨਾ ਮਾਣ ਗਵਾਈਆ । ਅਸੀਂ ਮਾਣ ਨਾ ਰੱਖਿਆ ਪੱਥਰ ਇੱਟੀ, ਪਾਹਨਾਂ ਗਏ ਭੁਲਾਈਆ । ਤੇਰੀ ਧਾਰ ਅਗੰਮੀ ਸਾਨੂੰ ਲੱਗੇ ਮਿੱਠੀ, ਨਾਮ ਰਸ ਦੇਣਾ ਚਖਾਈਆ । ਤੇਰੀ ਖੇਲ ਤੱਕੀਏ ਅਨਡਿੱਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਾਡਾ ਸਰੋਵਰ ਰੂਪ ਰਹੇ ਨਾ ਅੱਠ ਸੱਠੀ, ਅੰਮ੍ਰਿਤ ਰਸ ਦੇਣਾ ਭਰਾਈਆ । ਸਾਡੇ ਕੋਲ ਚਾਰ ਜੁਗ ਦੀ ਸੰਦੇਸਿਆਂ ਵਾਲੀ ਚਿੱਠੀ, ਜਿਸ ਦਾ ਲੇਖ ਨਾ ਕੋਇ ਸਮਝਾਈਆ । ਲਹਿਣਾ ਦੇਣਾ ਅੰਤ ਕੰਤ ਭਗਵੰਤ ਆਪ ਨਜਿੱਠੀਂ, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਘਰ ਵਜਦੀ ਰਹੇ ਵਧਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਆਦਿ ਜੁਗਾਦਿ ਤੱਕ ਲੈ ਲਹਿਣਾ, ਲਹਿਣੇਦਾਰ ਅਖਵਾਈਆ । ਨਿਗਾਹ ਮਾਰ ਲੈ ਬਿਨ ਨੈਣਾਂ, ਨੈਨਣ ਨੈਣ ਨੈਣ ਉਠਾਈਆ । ਅਸੀਂ ਤੇਰਾ ਮੰਨਦੇ ਰਹੇ ਕਹਿਣਾ, ਜੋ ਸਤਿਗੁਰ ਸ਼ਬਦ ਮਨਾਈਆ । ਜਗਤ ਖੇਲ ਖੇਲਦੇ ਰਹੇ ਭਾਈ ਭੈਣਾਂ, ਤਤ ਵਜੂਦਾਂ ਰੰਗ ਚੜ੍ਹਾਈਆ । ਤੂੰ ਆਦਿ ਜੁਗਾਦੀ ਬਣਿਆ ਸਾਕ ਸੱਜਣ ਸੈਣਾ, ਮਾਲਕ ਇਕ ਅਖਵਾਈਆ । ਤੇਰਾ ਭੇਵ ਨਾ ਰਹੇ ਤ੍ਰਫ਼ੈਣਾ, ਪਰਦਾ ਪਰਦਿਆਂ ਵਿਚੋਂ ਦੇਣਾ ਚੁਕਾਈਆ । ਅਸਾਂ ਦਰ ਠਾਂਡੇ ਤੇਰੇ ਚਰਨ ਕਵਲ ਬਹਿਣਾ, ਦੂਜੀ ਓਟ ਨਾ ਕੋਇ ਤਕਾਈਆ । ਨਾਮ ਨਿਧਾਨ ਦਾ ਬਸਤਰ ਪਾ ਦੇ ਗਹਿਣਾ, ਸ਼ਿੰਗਾਰ ਏਕੰਕਾਰ ਆਪ ਜਣਾਈਆ । ਸਾਡਾ ਲੇਖਾ ਪੂਰਾ ਕਰ ਦੇ ਜੋ ਬਾਲਮੀਕ ਲਿਖਿਆ ਵਿਚ ਰਮਾਇਣਾ, ਰਾਮ ਦੇ ਰਾਮ ਸਾਡੀ ਦੁਹਾਈਆ । ਅੰਤ ਤਨ ਵਜੂਦ ਸਭ ਦਾ ਢਹਿਣਾ, ਜਗਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਖੇਲ ਆਪ ਸਮਝਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਜੁਗ ਜੁਗ ਵੇਖੀਏ ਸੰਜੋਗ, ਹਰਿ ਸੰਜੋਗੀ ਮੇਲ ਮਿਲਾਈਆ । ਸਰਗੁਣ ਧਾਰ ਭੋਗੇ ਭੋਗ, ਭਸਮੜ ਤੇਰੀ ਵਡ ਵਡਿਆਈਆ । ਜਗਤ ਸਾਧਨਾ ਵਾਲੇ ਲਏ ਜੋਗ, ਜੁਗਤੀਆਂ ਨਾਲ ਸਮਝਾਈਆ । ਤੇਰੀ ਕਰਦੇ ਰਹੇ ਖੋਜ, ਲੱਭਿਆ ਥਾਉਂ ਥਾਈਂਆ । ਮਾਣਦੇ ਰਹੇ ਮੌਜ, ਖ਼ੁਸ਼ੀਆਂ ਢੋਲੇ ਗਾਈਆ । ਪਿਛਲਾ ਲੇਖਾ ਬੀਤਿਆ ਬਹੁਤ, ਗਣਤੀ ਗਣਤ ਨਾ ਕੋਇ ਗਣਾਈਆ । ਤੂੰ ਮਾਲਕ ਬੇਪਰਵਾਹ ਅਗੰਮਾ ਥੌਤ, ਖ਼ਸਮ ਖ਼ਸਮਾਨੇ ਦੇਈਏ ਜਣਾਈਆ । ਸਾਨੂੰ ਸਾਚੇ ਦਰ ਪਹੁੰਚਾ ਦੇ ਚੌਂਕ, ਜਿਥੇ ਚਾਰ

ਜੁਗ ਦਾ ਲੇਖਾ ਰਹੇ ਨਾ ਰਾਈਆ । ਸਾਨੂੰ ਤੇਰੇ ਸਚਖੰਡ ਜਾਣ ਦਾ ਸ਼ੌਂਕ, ਸ਼ੌਕੀਨਾ ਸਾਡਾ ਸ਼ੌਂਕ ਪੂਰਾ ਦੇ ਕਰਾਈਆ । ਅਸੀਂ ਵਸਣਾ ਨਹੀਂ ਵਿਚ ਚੌਦਾਂ ਲੋਕ, ਚੌਦਾਂ ਤਬਕ ਨਾ ਕੋਇ ਚਤੁਰਾਈਆ । ਇਕੋ ਕਿਲਾ ਗੜ੍ਹ (ਸੁਹਾ ਦੇ) ਕੋਟ, ਜਿਸ ਦੀ ਛੱਪਰ ਛੰਨ ਨਾ ਕੋਇ ਛੁਹਾਈਆ । ਪ੍ਰਕਾਸ਼ ਹੋਵੇ ਨਿਰਮਲ ਧਾਰ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਤੇਰੇ ਜਾਈਏ ਪਹੁੰਚ, ਅਗੇ ਹੋ ਨਾ ਕੋਇ ਅਟਕਾਈਆ ।

✪ ੨੮ ਜੇਠ ਸ਼ਹਿਨਸ਼ਾਹੀ ਸੰਮਤ ਦਸ ਵਕੀਲ ਸਿੰਘ ਦੇ ਗ੍ਰਿਹ ਰਮੇਸ਼ ਸਿੰਘ ਚੂਹੜ ਸਿੰਘ ਪਿੰਦਰ ਰਾਮ
ਬਚਨੋ ਦੇਵੀ ਸੇਈ ਕੈਂਪ ਜ਼ਿਲਾ ਜੰਮੂ ✪

ਪੰਜ ਤਤ ਕਹਿਣ ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਆਪਣੀ ਦਇਆ ਕਮਾਈਆ । ਸਾਡੇ ਅੰਤਰ ਨਿਰਗੁਣ ਜੋਤ ਕਰ ਪ੍ਰਕਾਸ਼, ਨੂਰ ਨੁਰਾਨਾ ਨੂਰ ਅਲਾਹੀਆ । ਸਚ ਦਵਾਰੇ ਤੇਰੀ ਵੇਖੀਏ ਰਾਸ, ਬਿਨ ਮੰਡਲ ਮੰਡਪ ਖੇਲ ਖਿਲਾਈਆ । ਕੂੜ ਕੁੜਿਆਰਾ ਅੰਦਰੋਂ ਕਰ ਦੇ ਨਾਸ, ਨਾਸਤਕ ਧਾਰ ਰਹਿਣ ਕੋਇ ਨਾ ਪਾਈਆ । ਸਾਡਾ ਲੇਖੇ ਲਾ ਲੈ ਸਵਾਸ ਸਵਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਹਉਂ ਬਾਲਕ ਤੇਰੇ ਦਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰ ਸੁਣਾ ਦੇ ਨਾਦ, ਅਨਹਦ ਨਾਦੀ ਧੁਨ ਉਪਜਾਈਆ । ਤੇਰਾ ਸ਼ਬਦ ਸੰਦੇਸ਼ਾ ਸੁਣੀਏ ਬ੍ਰਹਮ ਬ੍ਰਿਮਾਦ, ਬ੍ਰਹਿਮੰਡ ਵੱਜਦੀ ਰਹੇ ਵਧਾਈਆ । ਭਗਤ ਭਗਵਾਨ ਬਣਾ ਕੇ ਸਾਧ, ਸਾਧਨਾ ਇਕ ਸਮਝਾਈਆ । ਬਿਨ ਰਸਨਾ ਜਿਹਵਾ ਤੈਨੂੰ ਲਈਏ ਅਰਾਧ, ਢੋਲੇ ਸਿਫ਼ਤ ਸਲਾਹੀਆ । ਸਾਡੇ ਅੰਦਰੋਂ ਖੁਲ੍ਹ ਜਾਏ ਜਾਗ, ਆਲਸ ਨਿੰਦਰਾ ਦੂਰ ਕਰਾਈਆ । ਕਲਪਣਾ ਕੂੜ ਰਹੇ ਨਾ ਕਾਗ, ਗੁਰਮੁਖ ਹੰਸ ਰੂਪ ਪ੍ਰਗਟਾਈਆ । ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਦੇ ਕਰਾਈਆ । ਅੰਤਸ਼ਕਰਨ ਬੁਝਾ ਦੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਬਿਨਾ ਕੰਨਾਂ ਤੋਂ ਤੇਰੀ ਸੁਣਦੇ ਰਹੀਏ ਆਵਾਜ਼, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਸਾਡਾ ਉੱਤਮ ਹੋਵੇ ਭਾਗ, ਮਿਲੇ ਮਾਣ ਵਡਿਆਈਆ । ਇਕੋ ਤੇਰਾ ਪ੍ਰੇਮ ਹੋਵੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਜੇ ਤੂੰ ਆ ਗਿਉਂ ਵਿਚ ਪੰਜ ਆਬ, ਪੰਜਾਂ ਦਾ ਲੇਖਾ ਦੇਣਾ ਚੁਕਾਈਆ । ਤੈਨੂੰ ਨਿਉਂ ਨਿਉਂ ਕਰੀਏ ਆਦਾਬ, ਅਦਬ ਨਾਲ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਸਵਾਧਾਨ ਕਰ ਦੇ ਸੁਰਤੀ, ਸੁੱਤੀ ਲੈ ਜਗਾਈਆ । ਤੂੰ ਮਾਲਕ ਅਕਾਲ ਮੂਰਤੀ, ਨੂਰ ਨੁਰਾਨਾ ਨੂਰ ਅਲਾਹੀਆ । ਆਵਾਜ਼ ਸੁਣੀਏ ਤੇਰੇ ਨਾਮ ਕਲਮੇ ਤੂਰ ਦੀ, ਤੁਰੀਆ ਤੋਂ ਬਾਹਰ ਜਣਾਈਆ । ਖੇਲ ਤੱਕੀਏ ਜ਼ਾਹਰ ਜ਼ਹੂਰ ਦੀ, ਜੋਤੀ ਜਾਤਾ ਵੇਖ ਵਖਾਈਆ । ਤੇਰੀ ਮੰਜ਼ਲ ਰਹੇ ਨਾ ਦੂਰ ਦੀ, ਕਾਇਆ ਕਾਅਬੇ ਦੇਣੀ ਵਡਿਆਈਆ । ਸੇਵਾ ਲੇਖੇ ਲਾ ਲੈ ਪੰਜ ਤਤ ਦੀ, ਨਿਰਗੁਣ ਸਰਗੁਣ ਤੇਰੀ ਸੇਵ ਕਮਾਈਆ । ਤੇਰੀ ਖੇਲ ਸਦਾ ਭਰਪੂਰ ਦੀ, ਤੂੰ ਦੇਵਣਹਾਰ ਗੁਸਾਈਆ । ਸਾਡੇ ਅੰਦਰੋਂ ਤ੍ਰਿਸ਼ਨਾ ਮੇਟ ਦੇ ਕੂੜ ਦੀ, ਕੂੜੀ ਕਿਰਿਆ ਬਾਹਰ ਕਢਾਈਆ । ਸਾਨੂੰ ਪਿਆਸ ਤੇਰੇ ਚਰਨ ਕਵਲ ਧੂੜ ਦੀ, ਧੂੜੀ

ਟਿੱਕੇ ਖ਼ਾਕ ਰਮਾਈਆ । ਹਯਾਤੀ ਬਦਲ ਦੇ ਤਤ ਮੁੜ੍ਹ ਦੀ, ਮੂਰਖ ਆਪਣੇ ਰੰਗ ਰੰਗਾਈਆ । ਸਾਡੀ ਆਸਾ ਨਾ ਤੱਕੀਂ ਜਗਤ ਕਸੂਰ ਦੀ, ਕਸਮ ਖਾ ਕੇ ਸੀਸ ਨਿਵਾਈਆ । ਓਹ ਤੱਕ ਲਾਸ਼ ਤੱਕਦੀ ਪੰਜਾਂ ਤਤਾਂ ਵਾਲੀ ਮਨਸੂਰ ਦੀ, ਮਨ ਮਨਸਾ ਸੀਸ ਝੁਕਾਈਆ । ਖੇਲ ਤੱਕ ਲੈ ਹਜ਼ਰਤ ਮੂਸਾ ਵਾਲੀ ਕੋਹਤੂਰ ਦੀ, ਤੁਰੀਆ ਤੋਂ ਬਾਹਰ ਤੇਰਾ ਧਿਆਨ ਲਗਾਈਆ । ਸਾਨੂੰ ਬਖ਼ਸ਼ਿਸ਼ ਦੇ ਦੇ ਆਪਣੇ ਅਗੰਮੀ ਨੂਰ ਦੀ, ਨੂਰ ਨੁਰਾਨੇ ਕਰ ਰੁਸ਼ਨਾਈਆ । ਪ੍ਰੀਤੀ ਮਿਲ ਜਾਏ ਨਾਮ ਰੰਗ ਗੂੜ੍ਹ ਦੀ, ਦੋ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਦੇ ਦੇ ਅੰਮ੍ਰਿਤ ਰਸ, ਬਿਨ ਰਸਨਾ ਰਸ ਚਖਾਈਆ । ਮਨ ਮਨੂਆ ਕਰ ਦੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਸ਼ਬਦ ਅਣਿਆਲਾ ਤੀਰ ਮਾਰ ਕਸ, ਬਜਰ ਕਪਾਟੀ ਪਾਰ ਕਰਾਈਆ । ਦੇ ਪ੍ਰਕਾਸ਼ ਕੋਟਨ ਰਵ ਸਸ, ਨੂਰੀ ਚਾਂਦ ਚਾਂਦ ਚਮਕਾਈਆ । ਤੇਰਾ ਦਰਸ਼ਨ ਕਰੀਏ ਹੱਸ ਹੱਸ, ਹਸਤੀ ਕਾਇਆ ਮੰਦਰ ਅੰਦਰ ਨਜ਼ਰੀ ਆਈਆ । ਬਿਨਾ ਜ਼ਬਾਨ ਤੋਂ ਤੇਰਾ ਗਾਈਏ ਜਸ, ਸਿਫ਼ਤ ਸਿਫ਼ਤ ਸਲਾਹੀਆ । ਸਾਡੇ ਅੰਦਰੋਂ ਮੇਟ ਅੰਧੇਰੀ ਮਸ, ਅੰਧ ਅਗਿਆਨ ਦੇਣਾ ਚੁਕਾਈਆ । ਤ੍ਰੈਗੁਣ ਮਾਇਆ ਸਕੇ ਨਾ ਡਸ, ਪੰਚਮ ਪੰਚ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚਾ ਖੇਲ ਵਖਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਸ਼ਕਰਨ ਖੋਲ ਦੇ ਰਾਜ਼, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਬਿਨਾ ਸਰਵਣਾਂ ਤੇਰੀ ਸੁਣੀਏ ਆਵਾਜ਼, ਧੁਨ ਆਤਮਕ ਰਾਗ ਦੇਣਾ ਦ੍ਰਿੜਾਈਆ । ਬਿਨਾ ਨੇਤਰਾਂ ਜਾਈਏ ਜਾਗ, ਆਲਸ ਨਿੰਦਰਾ ੧੮੮੦ ੨੩
ਰਹੇ ਨਾ ਰਾਈਆ । ਕੂੜੀ ਕਿਰਿਆ ਧੋ ਦੇ ਦਾਗ਼, ਦੁਰਮਤ ਮੈਲ ਕਰ ਸਫ਼ਾਈਆ । ਸਦਾ ਸਦਾ ਤੈਨੂੰ ਲਈਏ ਅਰਾਧ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੂੰ ਮੋਹਣ ਮਾਧਵ ਮਾਧ, ਮਧੁਰ ਧੁਨ ਦੇਣੀ ਸੁਣਾਈਆ । ਅੰਮ੍ਰਿਤ ਦੇ ਦੇ ਹਯਾਤੇ ਆਬ, ਰਸ ਨਿਝਰ ਝਿਰਨੇ ਵਿਚੋਂ ਝਿਰਾਈਆ । ਆਤਮ ਪਰਮਾਤਮ ਤੇਰੇ ਪਿਆਰ ਵਿਚ ਜਾਏ ਲਾਗ, ਲਗ ਮਾਤਰ ਡੇਰਾ ਢਾਹੀਆ । ਤੇਰੇ ਬਿਨਾ ਤੰਦ ਸਿਤਾਰ ਸੁਣਦੇ ਰਹੇ ਰਾਗ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਭੇਵ ਖੁਲਾ ਦੇ ਬੋਧ ਅਗਾਧ, ਬੁੱਧੀ ਤੋਂ ਪਰੇ ਪਰਦਾ ਦੇਣਾ ਚੁਕਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਅਗੇ ਸਾਡੀ ਬੇਨੰਤੀ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਲੋਕਮਾਤ ਅੰਤਮ ਰੱਖਣੀ ਲਾਜ, ਲਾਜਾਵੰਤ ਤੇਰੇ ਹੱਥ ਵਡਿਆਈਆ । ਮਾਨਸ ਜਨਮ ਸਾਡਾ ਸਵਾਰਨਾ ਕਾਜ, ਕਰਤੇ ਕੀਮਤ ਲੈਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਨਿਤ ਨਵਿਤ ਦੋ ਜਹਾਨ ਸ੍ਰੀ ਭਗਵਾਨ ਦਇਆ ਕਮਾਈਆ ।

✪ ੨੯ ਜੇਠ ਸ਼ਹਿਨਸ਼ਾਹੀ ਸੰਮਤ ਦਸ ਫ਼ਰੰਗੀ ਰਾਮ ਸਾਈਂ ਦਾਸ ਅਨੰਤ ਰਾਮ ਤ੍ਰੇਵਾ ਸੰਤ ਰਾਮ ਗੋਕਲੇ ਚੱਕ
ਚੰਨੋ ਦੇਵੀ ਸੇਈ ਕਲਾਂ ਸੰਤ ਕੌਰ ਜੰਮੂ ✪

ਪੰਜ ਤਤ ਕਹਿਣ ਨਰ ਨਿਰੰਕਾਰਿਆ, ਨਿਰਾਕਾਰ ਧਿਆਨ ਲਗਾਈਆ । ਸਾਡੀਆਂ ਜੁਗ ਜੁਗ ਪਈਆਂ ਹਿੱਸੇਦਾਰੀਆਂ, ਤਨ ਵਜੂਦਾਂ ਵੰਡ

ਵੰਡਾਈਆ । ਦੀਨਾਂ ਮਜ਼੍ਹਬਾਂ ਬਣਾਈਆ ਕਿਆਰੀਆਂ, ਫੁੱਲ ਫੁਲਵਾੜੀ ਸ਼ਰਅ ਵਾਲੀ ਮਹਿਕਾਈਆ । ਸਾਡੀਆਂ ਰੀਤਾਂ ਬਦਲੀਆਂ ਤੇਰਿਆਂ ਪੁਜਾਰੀਆਂ, ਡੰਡਾਵਤ ਬੰਦਨਾ ਸਜਦੇ ਕਰਦੇ ਆਏ ਨਿਮਸਕਾਰੀ, ਨਿਵ ਨਿਵ ਸੀਸ ਝੁਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਜਾਂਦੇ ਰਹੇ ਵਾਰੋ ਵਾਰੀਆਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਖੇਲ ਖਿਲਾਈਆ । ਸਾਡੇ ਰੂਪ ਬਣਦੇ ਰਹੇ ਨਰ ਨਾਰੀਆਂ, ਨਰ ਨਰਾਇਣ ਤੇਰੀ ਬੇਪ੍ਰਵਾਹੀਆ । ਸਾਡੀਆਂ ਗੁਰੂਆਂ ਨਾਲ ਲਗਦੀਆਂ ਰਹੀਆਂ ਯਾਰੀਆਂ, ਜੋ ਅੰਤ ਯਰਾਨੇ ਗਏ ਤੁੜਾਈਆ । ਤੇਰੀਆਂ ਸਿਫ਼ਤਾਂ ਸੁਣਦੇ ਰਹੇ ਕਾਫੀਆਂ, ਭਵਿਖਤਾਂ ਖੋਜ ਖੁਜਾਈਆ । ਜੁਗ ਚੌਕੜੀ ਕਰਦੇ ਰਹੇ ਤਿਆਰੀਆਂ, ਤ੍ਰੈਗੁਣ ਅਤੀਤੇ ਤੇਰਾ ਧਿਆਨ ਲਗਾਈਆ । ਹੁਣ ਖ਼ੁਸ਼ੀਆਂ ਹੋਈਆਂ ਸਾਰੀਆਂ, ਸਚ ਦਈਏ ਸੁਣਾਈਆ । ਮਸਤੀਆਂ ਚੜ੍ਹੀਆਂ ਖ਼ੁਮਾਰੀਆਂ, ਖ਼ਾਲਸ ਰੂਪ ਵੇਖ ਵਖਾਈਆ । ਮਨਸਾ ਪੂਰੀਆਂ ਕਰ ਹਮਾਰੀਆਂ, ਹਮ ਸਾਜਣ ਦੇ ਵਡਿਆਈਆ । ਤੁਧ ਬਿਨ ਪੈਜਾਂ ਨਾ ਜਾਣ ਸਵਾਰੀਆਂ, ਸਿਰ ਸਿਰ ਹੱਥ ਆਪ ਟਿਕਾਈਆ । ਸਾਡੇ ਲਹਿਣੇ ਦੇਣੇ ਦੇ ਉਧਾਰੀਆਂ, ਉਦਰ ਦੇ ਲੇਖੇ ਦੇ ਮੁਕਾਈਆ । ਅਸੀਂ ਤਤਾਂ ਧਾਰ ਆਦਿ ਜੁਗਾਦਿ ਕੁਆਰੀਆਂ, ਜਗਤ ਕੰਤ ਸੁਹਾਗ ਨਾ ਕੋਇ ਹੰਢਾਈਆ । ਜੰਮਣ ਮਰਨ ਦੀਆਂ ਖੇਲਾਂ ਖੇਲੀਆਂ ਬਣ ਵਿਚ ਸੰਸਾਰੀਆਂ, ਸਹਿੰਸਾ ਰੋਗ ਨਾ ਕੋਇ ਮਿਟਾਈਆ । ਕਾਇਆ ਭਾਂਡੇ ਵੇਖ ਲੈ ਤਨ ਪਟਾਰੀਆਂ, ਵਜੂਦਾਂ ਧਿਆਨ ਲਗਾਈਆ । ਅੰਤਮ ਧਾਹਾਂ ਮਾਰਨ ਸਰਬ ਵਿਚਾਰੀਆਂ, ਵਿਚਰ ਕੇ ਰਹੀਆਂ ਸੁਣਾਈਆ । ਸਾਡੀਆਂ ਖੇਲਾਂ ਮੁਕਾ ਦੇ ਜੋ ਕੀਤੀਆਂ ਜਗਤ ਗ਼ਦਾਰੀਆਂ, ਗਦਾਗਰ ਹੋ ਕੇ ਦਈਏ ਸੁਣਾਈਆ । ਸ਼ਰਅ ਦੀਆਂ ਛੁਰੀਆਂ ਸਾਨੂੰ ਚੀਰਦੀਆਂ ਰਹੀਆਂ ਆਰੀਆਂ, ਜੁਗ ਜੁਗ ਵੰਡ ਵੰਡਾਈਆ । ਕਲਜੁਗ ਅੰਤਮ ਤੇਰੇ ਚਰਨ ਕਵਲ ਨਿਮਸਕਾਰੀਆਂ, ਨਿਵ ਨਿਵ ਸੀਸ ਝੁਕਾਈਆ । ਸਾਹਿਬ ਸਵਾਮੀ ਅੰਤਰਜਾਮੀ ਜਾਈਏ ਬਲਿਹਾਰੀਆ, ਬਲ ਬਲ ਜਾਈਆ । ਅੰਤ ਕੰਤ ਭਗਵੰਤ ਤਤਵ ਤਤ ਕਰ ਪਿਆਰੀਆਂ, ਪ੍ਰੀਤਮ ਆਪਣਾ ਪ੍ਰੇਮ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀਆਂ ਮੇਟਣੀਆਂ ਜਗਤ ਖ਼ੁਆਰੀਆਂ । ਪੰਜ ਤਤ ਕਹਿਣ ਨਿਰਗੁਣ ਧਾਰ ਕਰ ਖ਼ਿਆਲ, ਆਸ਼ਾ ਅਵਰ ਨਾ ਕੋਇ ਜਣਾਈਆ । ਸਾਡਾ ਰਿਹਾ ਨਾ ਕੋਇ ਦਲਾਲ, ਵਿਚੋਲੇ ਜਗਤ ਦਿਤੇ ਤਜਾਈਆ । ਸੰਬਲ ਦੇ ਮਾਲਕ ਸੁਰਤ ਸੰਭਾਲ, ਸਹਿਜ ਨਾਲ ਸੁਣਾਈਆ । ਭੁੱਲਿਆਂ ਭਟਕਿਆਂ ਆਪ ਭਾਲ, ਜਗਤ ਖੋਜਣਾ ਚਾਈਂ ਚਾਈਂਆ । ਸਾਡੇ ਸਿੰਮਲ ਰੁੱਖ ਨੂੰ ਆਪੇ ਫਲ ਲਗਾ ਦੇ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਸਾਡੀ ਪੂਰੀ ਕਰ ਦੇ ਘਾਲ, ਜੁਗ ਜੁਗ ਸੇਵ ਕਮਾਈਆ । ਨਾਮ ਧਾਰ ਬਣਾ ਲੈ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਸਾਨੂੰ ਪੋਹ ਨਾ ਸਕੇ ਕਾਲ, ਮਹਾਕਾਲ ਦੇ ਮਾਲਕ ਹੋਣਾ ਆਪ ਸਹਾਈਆ । ਚੁਰਾਸੀ ਫਾਸੀ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਅੰਮ੍ਰਿਤ ਆਤਮ ਰਸ ਪਿਆਲ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਤੇਰਾ ਸੁਹੰਜਣਾ ਵੇਖੀਏ ਸਚਖੰਡ ਸੱਚੀ ਧਰਮਸਾਲ, ਦੂਸਰ ਨਜ਼ਰ ਕਿਛ ਨਾ ਆਈਆ । ਜਿਥੇ ਦੀਪਕ ਜੋਤ ਜਗੇ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭੂ ਸਾਡੀ ਕੀਮਤ ਰਹੀ ਕੋਇ ਨਾ ਦਮੜੇ, ਦਾਮਨਗੀਰ ਨਜ਼ਰ ਕੋਇ ਨਾ ਆਈਆ । ਕਾਇਆ ਮਾਟੀ ਭਾਂਡੇ ਵੇਖ ਲੈ ਚੰਮੜੇ, ਚੰਮ ਦ੍ਰਿਸ਼ਟੀ ਖੋਜ ਖੁਜਾਈਆ । ਨੇਤਰਹੀਣ ਜਗਤ ਹੋਏ ਅੰਧੜੇ, ਤੇਰਾ ਦਰਸ ਕੋਇ ਨਾ ਪਾਈਆ । ਭਾਗ ਹੋਏ ਮੰਦੜੇ, ਭਾਗਹੀਣ ਅਖਵਾਈਆ । ਤੇਰੀ ਮੰਜ਼ਲ ਵਾਸਤੇ ਹੋਏ

ਲੋਭੀ ਗੰਦੜੇ, ਪੌੜੀ ਡੰਡਾ ਚੜ੍ਹਨ ਕੋਇ ਨਾ ਪਾਈਆ । ਸਾਨੂੰ ਚੁੱਕ ਲੈ ਆਪਣੇ ਕੰਧੜੇ, ਕੰਢੀ ਬੈਠੇ ਧਿਆਨ ਲਗਾਈਆ । ਸਾਡੇ ਸੀਸ ਵੇਖ
ਲੈ ਨੰਗੜੇ, ਓਢਣ ਉਪਰ ਨਾ ਕੋਇ ਟਿਕਾਈਆ । ਆਪਣਾ ਗੀਤ ਸੁਣਾ ਦੇ ਇਕੋ ਛੰਦੜੇ, ਸੋਹੰ ਢੋਲਾ ਅਗੰਮ ਅਥਾਹੀਆ । ਸਾਡੇ ਲੇਖੇ ਲੱਗ
ਜਾਣ ਪੰਜ ਤਤ ਨਿਕੰਮੜੇ, ਦਰ ਮਿਲੇ ਮਾਣ ਵਡਿਆਈਆ । ਤੂੰ ਹੀ ਮਾਤਾ ਪਿਤਾ ਅੰਮੀ ਅੰਮੜੇ, ਆਦਿ ਪੁਰਖ ਤੇਰੀ ਸਰਨਾਈਆ । ਬੇਸ਼ਕ ਆਤਮਾ
ਤੇਰੀ ਧਾਰੋਂ ਜੰਮੜੇ, ਸਾਡਾ ਨਾਤਾ ਜਗਤ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ,
ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਕੀਮਤ ਰਹੀ ਨਾ ਕੌਡੀ, ਜਗਤ ਹੱਟ ਨਾ ਕੋਇ ਵਿਕਾਈਆ । ਸਾਨੂੰ ਇਸ਼ਾਰਾ
ਦੇ ਕੇ ਗਏ ਵੇਦੀ ਸੋਢੀ, ਧੁਰ ਸੰਦੇਸਾ ਇਕ ਜਣਾਈਆ । ਤੁਹਾਡਾ ਲੇਖਾ ਮੁਕਾਉਣਾ ਬਣ ਕੇ ਜਗ ਜੋਗੀ, ਜੁਗੀਸ਼ਰਾਂ ਜਗਤ ਨਾ ਕੋਇ ਚਤੁਰਾਈਆ ।
ਲਹਿਣਾ ਦੇਣਾ ਪੂਰਾ ਕਰੇ ਕੋਈ ਨਾ ਭੋਗੀ, ਜੋ ਤਤਾਂ ਵਾਲਾ ਤਤੀਂ ਖੇਲ ਖਿਲਾਈਆ । ਅੰਤ ਧੁਰ ਮੇਲਾ ਹੋਣਾ ਪੁਰਖ ਸੰਜੋਗੀ, ਜੋ ਕਰਤਾ ਧੁਰਦਰਗਾਹੀਆ ।
ਜੋ ਜੁਗ ਚੌਕੜੀ ਤੜਫਦੇ ਵੇਖੇ ਰੋਗੀ, ਬਿਨ ਨੈਣਾਂ ਨੈਣ ਉਠਾਈਆ । ਜਿਸ ਦੀ ਕਿਰਪਾ ਨਾਲ ਤੁਹਾਡੀ ਤਤਾਂ ਧਾਰ ਜਾਣੀ ਸੋਧੀ, ਸੁਦੀ ਵਦੀ
ਨਾ ਵੰਡ ਵੰਡਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਠਾਕਰ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਦੀਨ ਮਜ਼੍ਹਬ
ਦਾ ਕਦੇ ਨਾ ਬਣੇ ਲੋਭੀ, ਲਾਲਚ ਸ਼ਰਅ ਨਾ ਕੋਇ ਰਖਾਈਆ । ਪੰਜ ਤਤੋ ਜਦੋਂ ਆਇਆ ਧੁਰ ਦਾ ਬਣ ਕੇ ਧੋਬੀ, ਤੁਹਾਡੀ ਦੁਰਮਤ ਮੈਲ ਦਏ
ਧਵਾਈਆ । ਦੱਸ ਕੇ ਆਪਣੇ ਘਰ ਦੀ ਖੇਲ ਘਰੋਗੀ, ਪਰਦਾ ਦਏ ਚੁਕਾਈਆ । ਨਾਲੇ ਹੱਥ ਲਗਾਵੇ ਤੁਹਾਡੇ ਗੋਡੀਂ, ਗਾਡ ਆਪਣਾ ਹੁਕਮ
੧੮੮੨ ੨੩ ਵਰਤਾਈਆ । ਤੁਹਾਨੂੰ ਸੋਚਣਾ ਪਏ ਨਾ ਉਂਗਲ ਰੱਖ ਕੇ ਉਪਰ ਠੋਡੀ, ਜਗਤ ਸਮਝ ਨਾ ਕੋਇ ਚਤੁਰਾਈਆ । ਤੁਹਾਡਾ ਅੰਤਰ ਧਾਰ ਦਾ ਹੋਵੇ ੧੮੮੨ ੨੩
ਬੋਧੀ, ਬੁਧ ਬਿਬੇਕ ਦਏ ਬਣਾਈਆ । ਤੁਹਾਡੀ ਆਸਾ ਰਹੇ ਨਾ ਕੋਝੀ, ਕਮਲੀ ਆਪਣੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਚਾਰ ਜੁਗ ਦੇ ਤੇਰੇ ਰਾਹਕ, ਸਤਿ
ਸਤਿ ਸੇਵ ਕਮਾਈਆ । ਸਾਡਾ ਬਣਿਆ ਕੋਇ ਨਾ ਗਾਹਕ, ਆਤਮਾ ਪਰਮਾਤਮਾ ਤੇਰੀ ਵੱਜਦੀ ਰਹੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਨਾਤਾ
ਤੋੜ ਗਏ ਸਾਕ, ਸੱਜਣ ਸੈਣ ਨਾ ਕੋਇ ਅਖਵਾਈਆ । ਸਾਡਾ ਲਹਿਣਾ ਦੇਣਾ ਲੇਖਾ ਲੋਕਮਾਤ, ਜੁਗ ਜੁਗ ਆਏ ਵੇਸ ਵਟਾਈਆ । ਨਿਤ ਨਵਿਤ
ਤੇਰੀ ਕਰਦੇ ਰਹੇ ਆਸ, ਨਿਆਸਰੇ ਹੋ ਕੇ ਧਿਆਨ ਲਗਾਈਆ । ਤੱਕਦੇ ਰਹੇ ਉਤੇ ਆਕਾਸ਼, ਨੈਣ ਪ੍ਰਿਥਮੀ ਵੱਲ ਟਿਕਾਈਆ । ਕਵਣ ਵੇਲਾ
ਆਵੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਸਾਡੀ ਲੇਖੇ ਲਾਵੇ ਹੱਡ ਨਾੜੀ ਮਾਸ, ਬੂੰਦ ਰਕਤ ਆਪਣੇ ਰੰਗ ਰੰਗਾਈਆ । ਸਾਡਾ
ਲਹਿਣਾ ਦੇਣਾ ਜਗਤ ਰਹੇ ਨਾ ਸਵਾਸ, ਸਾਹ ਸਾਹ ਦਾ ਲੇਖਾ ਦਏ ਮੁਕਾਈਆ । ਸੋ ਵਕਤ ਸੁਹੰਜਣਾ ਤੇਰਾ ਦਰਸ਼ਨ ਕਰੀਏ ਸਾਖਿਆਤ, ਸਾਹਿਬ
ਤੇਰੀ ਵਡਿਆਈਆ । ਸਾਨੂੰ ਸਚ ਦੀ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਸਾਡਾ ਵਜੂਦ ਮਹਿਬੂਬ ਫਿਰ ਨਜ਼ਰ ਨਾ ਆਏ ਲੋਕਮਾਤ,
ਤੇਰਾ ਤਤ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ
ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤ ਪ੍ਰੀਤਮ ਬਖ਼ਸ਼ ਦੇ ਨਾਤ, ਰਿਸ਼ਤਾ ਜਗਤ ਰਿਸ਼ ਤਿਉਂ ਬਾਹਰ ਸਮਝਾਈਆ ।

★ ੨੯ ਜੇਠ ਸ਼ਹਿਨਸ਼ਾਹੀ ਸੰਮਤ ਦਸ ਸੇਈ ਕਲਾਂ ਕਿਰਪਾਲ ਸਿੰਘ ਕ੍ਰਿਸ਼ਨ ਸਿੰਘ ਸੁਖਦੇਵ ਸਿੰਘ ਜਸਬੀਰ ਸਿੰਘ ਰੋਸ਼ਨ ਲਾਲ ਕਰਮੋ ਦੇਵੀ ਦਰਸ਼ਨ ਸਿੰਘ ਜ਼ਿਲਾ ਜੰਮੂ ★



ਪੰਜ ਤਤ ਕਹਿਣ ਪ੍ਰਭ ਸਾਡੀ ਜ਼ਿੰਦਗੀ ਬਖ਼ਸ਼ ਹਯਾਤੀ, ਜੀਵਣ ਜੀਵਣ ਵਿਚੋਂ ਬਦਲਾਈਆ । ਦਰਸ਼ਨ ਦੇ ਦੇ ਇਕ ਇਕਾਂਤੀ, ਇਕ ਇਕੱਲੇ ਏਕੰਕਾਰ ਤੇਰੀ ਸਰਨਾਈਆ । ਅੰਮ੍ਰਿਤ ਬਖ਼ਸ਼ ਦੇ ਬੂੰਦ ਸਵਾਂਤੀ, ਨਿਝਰ ਝਿਰਨਾ ਆਪ ਝਿਰਾਈਆ । ਤੇਰਾ ਖੇਲ ਤੱਕੀਏ ਬਹੁ ਬਿਧ ਭਾਤੀ, ਭੇਵ ਅਭੇਦਾ ਦੇਣਾ ਚੁਕਾਈਆ । ਸਾਡੇ ਅੰਦਰੋਂ ਮੇਟ ਅੰਧੇਰੀ ਰਾਤੀ, ਨੂਰੀ ਚੰਦ ਕਰ ਰੁਸ਼ਨਾਈਆ । ਦਿਵਸ ਰੈਣ ਰਹੇ ਪ੍ਰਭਾਤੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਤੇਰਾ ਰੂਪ ਅਨੂਪਾ ਦਿਸੇ ਸਾਖਿਆਤੀ, ਸਾਜਣ ਸਨਮੁਖ ਹੋ ਕੇ ਦਰਸ਼ਨ ਦੇਣਾ ਚਾਈਂ ਚਾਈਆ । ਸਾਡਾ ਤਨ ਵਜੂਦਾਂ ਝਗੜਾ ਰਹੇ ਨਾ ਕਾਗ਼ਜ਼ਾਤੀ, ਕਲਮਾ ਨਾਮ ਇਕ ਸਮਝਾਈਆ । ਅੰਤ ਅਖ਼ੀਰ ਬੇਨਜ਼ੀਰ ਪੁਛ ਬਾਤੀ, ਵਾਰਸ ਹੋ ਕੇ ਧਿਆਨ ਰਖਾਈਆ । ਸਾਡੀ ਅਗਨ ਬੁਝਾ ਦੇ ਅੰਤਰ ਨਿਰੰਤਰ ਵਿਚੋਂ ਛਾਤੀ, ਛਤਰਧਾਰੀ ਤੇਰੀ ਵਡਿਆਈਆ । ਤੂੰ ਮਿਹਰਵਾਨਾ ਮਹਿਬੂਬ ਕਮਲਾਪਾਤੀ, ਰਕਤ ਬੂੰਦ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗ੍ਰਿਹਿ ਇਕੋ ਇਕ ਦਰਸਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਗ੍ਰਿਹਿ ਹੋਵੇ ਵਸੇਰਾ, ਵਿਸਰ ਕਦੇ ਨਾ ਜਾਈਆ । ਸਾਡੇ ਅੰਤਰ ਚਾਓ ਘਨੇਰਾ, ਤੈਨੂੰ ਮਿਲ ਕੇ ਵੱਜੇ ਵਧਾਈਆ । ਅਸੀਂ ਗਾਉਂਦੇ ਤੂੰ ਮੇਰਾ ਮੈਂ ਤੇਰਾ, ਦੂਜੀ ਓਟ ਨਾ ਕੋਇ ਦ੍ਰਿੜਾਈਆ । ਸਾਡਾ ਪੰਧ ਮੁਕਾ ਦੇ ਨੇਰਨ ਨੇਰਾ, ਦੂਰ ਦੁਰਾਡਾ ਰਹਿਣ ਨਾ ਪਾਈਆ । ਇਕੋ ਘਰ ਵਸਾ ਕੇ ਗੁਰੂ ਗੁਰ ਚੇਰਾ, ਚੇਲਾ ਗੁਰ ਇਕੋ ਰੂਪ ਸਮਾਈਆ । ਮਿਹਰਵਾਨਾ ਸ੍ਰੀ ਭਗਵਾਨਾ ਕਰ ਦੇ ਮਿਹਰਾ, ਮਿਹਰ ਨਜ਼ਰ ਉਠਾਈਆ । ਪਿਛਲਾ ਵਕਤ ਲੰਘਿਆ ਬਥੇਰਾ, ਨੌਂ ਸੌ ਚੁਰਾਨਮੇ ਚੌਕੜੀ ਜੁਗ ਪੰਧ ਮੁਕਾਈਆ । ਅੰਤ ਕੰਤ ਭਗਵੰਤ ਤੇਰੇ ਚਰਨਾਂ ਲੱਗਾ ਡੇਰਾ, ਸਰਨ ਮਿਲੀ ਸਰਨਾਈਆ । ਤੂੰ ਸਤਿਗੁਰ ਸ਼ਬਦ ਅਗੰਮੀ ਸ਼ੇਰਾ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਸਾਨੂੰ ਆਉਣਾ ਪਏ ਨਾ ਦੂਜੀ ਵੇਰਾ, ਵੇਰਵੇ ਨਾਲ ਦਈਏ ਸੁਣਾਈਆ । ਸਾਡਾ ਕਬੂਲ ਕਰ ਲੈ ਅੰਤਮ ਅੰਤ ਵਾਰ ਦਾ ਫੇਰਾ, ਫਿਰ ਫਿਰ ਤੇਰੇ ਕਦਮਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਪਰਦਾ ਆਪ ਉਠਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਗ੍ਰਿਹਿ ਦੇ ਹੋਈਏ ਦਰਵੇਸ਼, ਦਰ ਠਾਂਡੇ ਸੀਸ ਨਿਵਾਈਆ । ਖ਼ਾਲੀ ਹੋਏ ਹੱਥ ਸੀਸ ਧੜ ਕੀਤੇ ਤੇਰੇ ਪੇਸ਼, ਪੇਸ਼ੀਨਗੋਈਆਂ ਨਾਲ ਮਿਲਾਈਆ । ਤੇਰਾ ਹੁਕਮ ਸੰਦੇਸ਼ਾ ਸੁਣਿਆ ਇਕ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਦੇਣਾ ਸਮਝਾਈਆ । ਸਾਡਾ ਕਲਪਣਾ ਦਾ ਰਹੇ ਨਾ ਕੋਇ ਕਲੇਸ਼, ਕਲਕਾਤੀ ਡੇਰਾ ਢਾਹੀਆ । ਲਹਿਣਾ ਦੇਣਾ ਪੂਰਾ ਕਰਦੇ ਜੋ ਕਹਿ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਤੇਰੇ ਚਰਨ ਕਵਲ ਰਹੀਏ ਹਮੇਸ਼, ਹਮ ਸਾਜਣ ਹੋਣਾ ਸਹਾਈਆ । ਸਾਡੀ ਬਾਲ ਜਵਾਨੀ ਔਧ ਤੱਕ ਲੈ ਅੱਲੜ ਵਰੇਸ, ਜੋਬਨਵੰਤੇ ਦਰ ਤੇਰੇ ਮੰਗ ਮੰਗਾਈਆ । ਧੁਰ ਦਾ ਰੂਪ ਨਾ ਮੁੰਡ ਮੁੰਡਾਏ ਧਾਰੀ ਕੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਆਪ ਵਰਤਾਈਆ । ਪੰਜ ਤਤ ਕਹਿਣ ਸਾਡੀ ਪਾ ਸਾਰ, ਸਰਗੁਣ ਨਿਰਗੁਣ ਧਿਆਨ ਲਗਾਈਆ । ਲੇਖਾ ਤੱਕ ਲੈ ਜੁਗ ਚਾਰ, ਚਾਰੇ ਕੁੰਟ ਨੈਣ ਉਠਾਈਆ । ਅਸੀਂ ਨਾਤਾ ਤੋੜ ਦਿਤਾ ਜਗਤ

ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਿਤਾ ਸੁਣਾਈਆ । ਤੇਰਾ ਨਾਮ ਨਿਧਾਨਾ ਰਹੇ ਉਚਾਰ, ਉਚਰ ਕੇ ਦਈਏ ਸੁਣਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲ ਜੈਕਾਰ, ਜੈ ਜੈਕਾਰ ਤੇਰਾ ਨਾਮ ਕਰਾਈਆ । ਅਸੀਂ ਕੋਟਾਂ ਵਿਚੋਂ ਦੋ ਚਾਰ, ਬਹੁਤੀ ਗਿਣਤ ਨਾ ਕੋਇ ਗਿਣਾਈਆ । ਕਿਰਪਾ ਕਰਨੀ ਪਹਿਲੀ ਵਾਰ, ਪਰਮ ਪੁਰਖ ਦੇਣੀ ਮਾਣ ਵਡਿਆਈਆ । ਆਤਮ ਨਾਲ ਤਤਾਂ ਦੇਣਾ ਅਧਾਰ, ਤਤਵ ਤਤ ਤਤ ਬਣਾਈਆ । ਜੋਤੀ ਜਾਤੇ ਪੁਰਖ ਬਿਧਾਤੇ ਅੰਤ ਕੰਤ ਬਖ਼ਸ਼ਣਾ ਸਚ ਦਵਾਰ, ਦਵਾਰਕਾਵਾਸੀ ਜੋ ਗਿਆ ਸਮਝਾਈਆ । ਕਾਹਨਾ ਦੇ ਕਾਹਨ ਧੁਰ ਦੇ ਪਰਵਰਦਿਗਾਰ, ਸਾਂਝੇ ਯਾਰ ਤੇਰੀ ਵਡਿਆਈਆ । ਸਾਡੀ ਡੰਡਾਵਤ ਬੰਦਨਾ ਕਬੂਲ ਕਰਨੀ ਨਿਮਸਕਾਰ, ਸਜਦਿਆਂ ਲੇਖੇ ਲਾਈਆ । ਜਗਤ ਲੇਖਾ ਪੂਰਾ ਕਰਨਾ ਨਿਰੰਕਾਰ, ਨਿਰਵੈਰ ਦੇਣੀ ਮਾਣ ਵਡਿਆਈਆ । ਭਗਤ ਸੁਹੇਲੇ ਬਣਾਉਣੇ ਮੀਤ ਮੁਰਾਰ, ਮਿਤ੍ਰ ਪਿਆਰਾ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਪਾਵੇ ਕੋਇ ਨਾ ਸਾਰ, ਮਹਾਸਾਰਥੀ ਨਜ਼ਰ ਕੋਇ ਨਾ ਆਈਆ ।

## ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ਦਸ ਮਨਵਾਲ ਕੈਂਪ ਜ਼ਿਲਾ ਜੰਮੂ ਗਿਆਨ ਚੰਦ ਖੋਜੂ ਰਾਮ ਰੋਹਲੂ ਰਾਮ ਲਾਲ ਸਿੰਘ ਆਤਮਾ ਸਿੰਘ ਗਿਆਨ ਸਿੰਘ ਸਵਰਨ ਸਿੰਘ ਬਲਵਿੰਦਰ ਸਿੰਘ ✪



ਪੰਜ ਤਤ ਕਹਿਣ ਪ੍ਰਭ ਦੇ ਦੇ ਬੋਧ ਅਗਾਧ, ਬੁਧੀ ਤੋਂ ਪਰੇ ਨਰ ਹਰੇ ਭੇਵ ਅਭੇਦ ਖੁਲਾਈਆ । ਸ਼ਬਦੀ ਸ਼ਬਦ ਸੁਣਾ ਅਗੰਮੀ ਨਾਦ, ਬਿਨ ਵੈਰਾਗ ਸਮਝਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਦਿਸੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਦਾ ਪਰਦਾ ਰਹੇ ਨਾ ਰਾਈਆ । ਅੰਤਸ਼ਕਰਨ ਕਰਤੇ ਪੁਰਖ ਸਾਡਾ ਸਾਧ, ਸਾਧਨਾ ਆਪਣੀ ਇਕ ਸਮਝਾਈਆ । ਦਿਵਸ ਰੈਣ ਕਵਲ ਨੈਣ ਤੈਨੂੰ ਲਈਏ ਅਰਾਧ, ਸਾਹ ਸਾਹ ਤੇਰਾ ਨਾਮ ਧਿਆਈਆ । ਤੇਰੇ ਪਿਆਰ ਵਿਚ ਹੋਈਏ ਵਿਸਮਾਦ ਬਿਸਮਿਲ ਆਪਣਾ ਆਪ ਕਰਾਈਆ । ਦਿਵਸ ਰੈਣ ਭੁੱਲੇ ਨਾ ਤੇਰੀ ਯਾਦ, ਯਾਦਦਾਸ਼ਤ ਧੁਰ ਦਾ ਨਾਮ ਗਿਆ ਸਮਝਾਈਆ । ਅੰਦਰੋਂ ਮੇਟਣਾ ਵਾਦ ਵਿਵਾਦ, ਵਿਖ ਕੂੜੀ ਬਾਹਰ ਕਢਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਨਿਰਵੈਰ ਮੋਹਣ ਮਾਧਵ ਮਾਧ, ਬੇਪਰਵਾਹ ਬੇਅੰਤ ਕੰਤ ਅਖਵਾਈਆ । ਕਲਜੁਗ ਅੰਤ ਸਾਡੀ ਖੋਲ ਦੇ ਜਾਗ, ਲੋਚਨ ਨੈਣ ਕਰ ਰੁਸ਼ਨਾਈਆ । ਦੀਆ ਬਾਤੀ ਕਮਲਾਪਾਤੀ ਜੋਤੀ ਜਗਾ ਚਰਾਗ਼, ਤਨ ਮੰਦਰ ਡਗਮਗਾਈਆ । ਦੁਰਮਤ ਮੈਲ ਧੋ ਕੇ ਦਾਗ਼, ਪਤਤ ਪੁਨੀਤ ਦੇ ਬਣਾਈਆ । ਮੂਰਖ ਮੁਗਧਾਂ ਕਰ ਵਡ ਵਡ ਭਾਗ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਾਡਾ ਰੂਪ ਰਹੇ ਨਾ ਕਾਗ, ਹੰਸ ਸਤਿਗੁਰ ਸ਼ਬਦ ਲੈਣੇ ਬਣਾਈਆ । ਅੰਤਸ਼ਕਰਨ ਇਕੋ ਬਖ਼ਸ਼ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਮਾਇਆ ਮਮਤਾ ਮੋਹ ਜਾਈਏ ਤਿਆਗ, ਤ੍ਰੈਗੁਣ ਲੇਖਾ ਦੇਣਾ ਚੁਕਾਈਆ । ਸਚ ਦਾ ਮੇਲਾ ਕਰਨਾ ਕੰਤ ਸੁਹਾਗ, ਜਗਤ ਵਿਛੋੜਾ ਰਹੇ ਨਾ ਰਾਈਆ । ਸਰਨ ਸਰਨਾਈ ਤੇਰੀ ਗਏ ਲਾਗ, ਲਗ ਮਾਤਰ ਡੇਰਾ ਢਾਹੀਆ । ਬਿਨਾ ਤੰਦ ਸਿਤਾਰ ਵਜਾ ਰਬਾਬ, ਸਾਡੇ ਰੱਬੀ ਨੂਰ ਅਲਾਹੀਆ । ਮਿਤ੍ਰ ਪਿਆਰਾ ਬਣਾ ਅਹਿਬਾਬ, ਸਾਜਣ ਮੀਤ ਇਕ ਅਖਵਾਈਆ । ਸਚ ਦਵਾਰੇ ਦੇ

੧੮੮੪ ੨੩

ਦੇ ਦਾਦ, ਦਰ ਠਾਂਡੇ ਮੰਗ ਮੰਗਾਈਆ । ਤੇਰੀ ਕਿਰਪਾ ਦਾ ਕਿਰਪਾ ਨਿਧਾਨ ਮੰਗਦੇ ਸਾਥ, ਪਰਮ ਪੁਰਖ ਦੇਣਾ ਵਰਤਾਈਆ । ਕੂੜੀ ਕਿਰਿਆ ਬੁਝਾਉਣੀ ਆਗ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਦਇਆ ਆਪ ਕਮਾਈਆ । ਪੰਜ ਤਤ ਕਹਿਣ ਪ੍ਰਭ ਮਿਹਰਵਾਨ ਹੋ ਬਖ਼ਸ਼ੰਦ, ਰਹਿਮਤ ਹਕ ਕਮਾਈਆ । ਆਤਮ ਧਾਰ ਦੇ ਅਨੰਦ, ਪਰਮਾਤਮ ਆਪਣੇ ਵਿਚ ਛੁਪਾਈਆ । ਨੂਰੀ ਨੂਰ ਚਾੜ੍ਹ ਦੇ ਚੰਦ, ਬਿਨ ਤੇਲ ਬਾਤੀ ਡਗਮਗਾਈਆ ।, ਤੂੰ ਮੇਰਾ ਮੈਂ ਤੇਰਾ ਸੁਣਾ ਛੰਦ, ਢੋਲਾ ਧੁਰਦਰਗਾਹੀਆ । ਕੂੜੀ ਕਿਰਿਆ ਰਹੇ ਨਾ ਕੋਈ ਬੰਧਨ ਬੰਦ, ਬੰਦਗੀ ਆਪਣੀ ਵਿਚ ਛੁਪਾਈਆ । ਬਜਰ ਕਪਾਟ ਤੋੜ ਦੇ ਜੰਦ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਗ਼ਰੀਬ ਨਿਮਾਣਿਆਂ ਲਾ ਲੈ ਅੰਗ, ਅੰਗੀਕਾਰ ਇਕ ਅਖਵਾਈਆ । ਅੰਮ੍ਰਿਤ ਧਾਰ ਬਖ਼ਸ਼ ਦੇ ਗੰਗ, ਗੰਗਾ ਗੰਗੋਤਰੀ ਲੋੜ ਰਹੇ ਨਾ ਰਾਈਆ । ਭੇਵ ਖੁਲਾ ਦੇ ਬ੍ਰਹਮ ਹੰ, ਪਾਰਬ੍ਰਹਮ ਆਪਣਾ ਪਰਦਾ ਲਾਹੀਆ । ਦਰ ਠਾਂਡੇ ਰਹੇ ਮੰਗ, ਖ਼ਾਲੀ ਝੋਲੀ ਦੇਣੀ ਭਰਾਈਆ । ਪੰਚ ਵਿਕਾਰ ਕਰੇ ਨਾ ਜੰਗ, ਮਾਇਆ ਮਮਤਾ ਮੋਹ ਮਿਟਾਈਆ । ਸਾਡਾ ਲੇਖੇ ਲਾਉਣਾ ਮਾਨਸ ਜਨਮ ਦਾ ਪੰਧ, ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰ ਪ੍ਰਕਾਸ਼ ਕਰ ਦੇ ਨਿਰਮਲ ਜੋਤ, ਜੋਤੀ ਜਾਤੇ ਦਇਆ ਕਮਾਈਆ । ਝਗੜਾ ਰਹੇ ਨਾ ਵਰਨ ਗੋਤ, ਗੌਤਮ ਦੀ ਆਸਾ ਵੇਖ ਵਖਾਈਆ । ਲਹਿਣਾ ਦੇਣਾ ਮੁਕਾ ਦੇ ਮਾਤਲੋਕ, ਧਰਨੀ ਧਰਤ ਧਵਲ ਧਿਆਨ ਲਗਾਈਆ । ਸਚ ਸੁਣਾ ਦੇ ਇਕ ਸਲੋਕ, ਸੋਹਲਾ ਢੋਲਾ ਧੁਰਦਰਗਾਹੀਆ । ਸੁਹੰਜਣਾ ਕਰ ਕੇ ਕਾਇਆ ਬੰਕ ਦਵਾਰ ਕੋਟ, ਗੜ੍ਹ ਹੰਕਾਰ ਰਹਿਣ ਨਾ ਪਾਈਆ । ਸ਼ਬਦ ਨਗਾਰੇ ਲਾ ਦੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਕਲਜੁਗ ਅੰਤ ਉਠਾ ਲੈ ਆਲਣਿਉਂ ਡਿੱਗੇ ਬੋਟ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੀ ਆਦਿ ਜੁਗਾਦਿ ਇਕੋ ਕਿਰਪਾ ਬਹੁਤ, ਦੂਸਰ ਮੰਗ ਨਾ ਕੋਇ ਮੰਗਾਈਆ । ਸਾਡੀ ਅਕਲ ਬੁੱਧੀ ਦੀ ਰਹੀ ਕੋਇ ਨਾ ਸੋਚ, ਸਮਝ ਚਲੇ ਨਾ ਕੋਇ ਚਤੁਰਾਈਆ । ਆਸਾ ਮਨਸਾ ਪੂਰੀ ਕਰ ਦੇ ਲੋਚ, ਨਿਜ ਨੇਤਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅਲਖਣਾ ਅਲੱਖ, ਅਗੰਮ ਅਥਾਹ ਅਗੋਚਰ ਤੇਰੀ ਵਡਿਆਈਆ । ਨਿਰਗੁਣ ਧਾਰ ਹੋ ਪ੍ਰਤਖ, ਸਾਖਿਆਤ ਆਪਣਾ ਦਰਸ ਦਿਖਾਈਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਦਰ ਤੇਰੇ ਮੰਗ ਮੰਗਾਈਆ । ਸਾਡੀ ਝੋਲੀ ਵੇਖ ਲੈ ਸੱਖ, ਨਾਮ ਵਿਹੂਣੇ ਦੇਈਏ ਦੁਹਾਈਆ । ਤੂੰ ਜੁਗ ਜੁਗ ਤਤਾਂ ਕਰਦਾ ਆਇਉਂ ਵੱਖ, ਪਤਿਪਰਮੇਸ਼ਵਰ ਦਇਆ ਕਮਾਈਆ । ਕਿਰਪਾ ਕਰ ਪੁਰਖ ਸਮਰਥ, ਸਿਰ ਸਿਰ ਆਪਣਾ ਹੱਥ ਟਿਕਾਈਆ । ਵਸਤ ਧੁਰ ਦੀ ਦੇ ਦੇ ਅਗੰਮੀ ਵਥ, ਜਗਤ ਹੱਟ ਨਜ਼ਰ ਕੋਇ ਨਾ ਆਈਆ । ਸਾਡੇ ਸਗਲ ਵਸੂਰੇ ਜਾਣ ਲਥ, ਦੁਰਮਤ ਮੈਲ ਰਹੇ ਨਾ ਰਾਈਆ । ਤੇਰੀ ਸਰਨ ਸਰਨਾਈ ਗਏ ਢੱਠ, ਧੂੜੀ ਚਰਨਾਂ ਖ਼ਾਕ ਰਮਾਈਆ । ਸਾਡਾ ਲੇਖਾ ਤੱਕ ਲੈ ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਅੱਠ, ਨੌਂ ਦਰ ਦਾ ਧਿਆਨ ਲਗਾਈਆ । ਦਸਵੇਂ ਗ੍ਰਿਹ ਹੋ ਪ੍ਰਗਟ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਪਰਦਾ ਦੇਣਾ ਉਠਾਈਆ । ਤੇਰਾ ਨੂਰ ਜ਼ਹੂਰ ਤੱਕੀਏ ਲਟ ਲਟ, ਬਿਨ ਦੀਪਕ ਦੀਪ ਹੋਏ ਰੁਸ਼ਨਾਈਆ । ਤੂੰ ਵਸਣਹਾਰਾ ਘਟ ਘਟ, ਗ੍ਰਿਹ

ਗ੍ਰਿਹ ਆਪਣੀ ਖੇਲ ਖਿਲਾਈਆ । ਸਾਡੀ ਲੇਖੇ ਲਾ ਲੈ ਹੱਡ ਮਾਸ ਨਾੜੀ ਰੱਤ, ਪੰਜ ਤਤ ਰਹੇ ਕੁਰਲਾਈਆ । ਧਰਨੀ ਉਤੇ ਫਿਰ ਨਾ ਆਈਏ ਵਤ, ਬੇਵਤਨਾਂ ਨੂੰ ਵਤਨ ਆਪਣੇ ਦੇ ਪਹੁੰਚਾਈਆ । ਸਾਚੇ ਸਬਰ ਜਾਈਏ ਲਬ, ਗੋਬਿੰਦ ਯਾਰੜਾ ਸੇਜ ਹੰਢਾਈਆ । ਤੇਰੀ ਮਹਿੰਮਾ ਸਿਫ਼ਤ ਸਲਾਹ ਕਥਨਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਲਹਿਣਾ ਤੱਕ ਲੈ ਜੋ ਕਹਿ ਕੇ ਗਿਆ ਰਾਮ ਬੇਟਾ ਦਸਰਥ, ਬਿਨ ਰਸਨਾ ਜਿਹਵਾ ਬੋਲ ਦ੍ਰਿੜਾਈਆ । ਜਿਸ ਇਸ਼ਾਰਾ ਕੀਤਾ ਕਾਹਨ ਵੱਲ ਅੱਖ, ਕ੍ਰਿਸ਼ਨ ਕ੍ਰਿਸ਼ਨਾ ਪੱਖ ਤੋਂ ਬਾਹਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਕੁਛ ਤੇਰੇ ਵਸ, ਵਾਸਤਾ ਪਰਮ ਪੁਰਖ ਪ੍ਰਭ ਤੇਰੇ ਅਗੇ ਪਾਈਆ ।

✪ ੩੦ ਜੇਠ ਸ਼ਹਿਨਸ਼ਾਹੀ ਸੰਮਤ ਦਸ ਕਿਸ਼ਨ ਪੁਰਾ ਕੈਂਪ ਜ਼ਿਲਾ ਜੰਮੂ ਗੁਰਦਿਤ ਸਿੰਘ ਸ਼ਾਹਣੀ ਦੇਵੀ ਇੰਦਰੋ ਦੇਵੀ ਬੰਤੀ ਦੇਵੀ ਰਸਾਲ ਸਿੰਘ ਬਲਵੰਤ ਕੌਰ ✪

ਪੰਜ ਤਤ ਕਹਿਣ ਪ੍ਰਭੂ ਆਦਿ ਜੁਗਾਦਿ ਤੇਰੇ ਪੁਜਾਰੀ, ਪੂਜਣਯੋਗ ਤੇਰੀ ਸੇਵ ਕਮਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਸਿਕਦਾਰੀ, ਤੇਰੇ ਹੁਕਮ ਵਿਚ ਭੱਜੇ ਵਾਹੋ ਦਾਹੀਆ । ਖੇਲ ਖੇਲਦੇ ਰਹੇ ਸਦਾ ਜੁਗ ਚਾਰੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਸਾਡੇ ਪੁਰਖ ਅਕਾਲੇ ਦੀਨ ਦਿਆਲੇ ਅੰਤ ਬੇਨੰਤੀ ਸੁਣ ਹਮਾਰੀ, ਹਮ ਸਾਜਣ ਦਈਏ ਦ੍ਰਿੜਾਈਆ । ਸਾਡੀ ਚੁਰਾਸੀ ਵਾਲੀ ਕੱਟ ਖ਼ੁਆਰੀ, ਖ਼ਾਲਸ ਆਪਣਾ ਰੰਗ ਰੰਗਾਈਆ । ਨਿਰਗੁਣ ਜੋਤ ਕਰ ਉਜਿਆਰੀ, ਅੰਧ ਅੰਧੇਰ ਦੇ ਮਿਟਾਈਆ । ਸੋ ਪੁਰਖ ਨਿਰੰਜਣ ਤੇਰੇ ਨਾਲ ਲੱਗੇ ਯਾਰੀ, ਯਾਰਾਨਾ ਅਵਰ ਨਾ ਕੋਇ ਰਖਾਈਆ । ਹਰਿ ਪੁਰਖ ਨਿਰੰਜਣ ਏਕਾ ਬਖ਼ਸ਼ਣਾ ਚਰਨ ਦਵਾਰੀ, ਦਰ ਠਾਂਡੇ ਦੇਣੀ ਵਡਿਆਈਆ । ਏਕੰਕਾਰ ਤੇਰੇ ਉਤੋਂ ਜਾਈਏ ਬਲਿਹਾਰੀ, ਬਲ ਬਲ ਆਪਣਾ ਆਪ ਵਖਾਈਆ । ਆਦਿ ਨਿਰੰਜਣ ਦੇ ਅਧਾਰੀ, ਉਦਰ ਦਾ ਲੇਖਾ ਦੇਣਾ ਮੁਕਾਈਆ । ਅਬਿਨਾਸ਼ੀ ਕਰਤੇ ਪੈਜ ਦੇਣੀ ਸਵਾਰੀ, ਸਵਾਰਥ ਤੇਰੇ ਚਰਨ ਟਿਕਾਈਆ । ਸ੍ਰੀ ਭਗਵਾਨ ਬਿਨ ਬਾਹੋਂ ਪਾਰ ਉਤਾਰੀ, ਲੇਖਾ ਅਗੇ ਰਹੇ ਨਾ ਰਾਈਆ । ਪਾਰਬ੍ਰਹਮ ਪ੍ਰਭ ਬ੍ਰਹਮ ਪਾਵਣ ਵਾਲੇ ਸਾਰੀ, ਮਹਾਸਾਰਥੀ ਤੇਰੀ ਓਟ ਤਕਾਈਆ । ਅਸੀਂ ਪੰਜ ਤਤ ਜੰਮਦੇ ਰਹੇ ਵਾਰੋ ਵਾਰੀ, ਮਰ ਮਰ ਆਪਣਾ ਵੇਸ ਵਟਾਈਆ । ਕੋਟਨ ਜੁਗ ਸਾਡੀ ਕਿਸੇ ਨਾ ਕੀਤੀ ਦਾਰੀ, ਦਰਦੀਆਂ ਦੁੱਖ ਨਾ ਕੋਇ ਵੰਡਾਈਆ । ਸਾਡਾ ਨਾਤਾ ਜੁੜਦਾ ਰਿਹਾ ਨਾਲ ਮੌਤ ਲਾੜੀ, ਕਾਲ ਨਗਾਰਾ ਸੁਣਦੇ ਰਹੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਆਪ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਬਣੇ ਕੋਇ ਨਾ ਮੀਤ, ਮਿਤ੍ਰ ਪਿਆਰਾ ਨਜ਼ਰ ਕੋਇ ਨਾ ਆਈਆ । ਤਤ ਬਦਲਨਾ ਤੇਰੀ ਧੁਰ ਦੀ ਰੀਤ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਾਡੀ ਬੇਨੰਤੀ ਸੁਣ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਓਟ ਤਕਾਈਆ । ਸਾਡੇ ਤਤ ਕਰ ਦੇ ਪੁਨੀਤ, ਪਤਤ ਰਹਿਣ ਕੋਇ ਨਾ ਪਾਈਆ । ਸਾਡੇ ਅੰਦਰ ਵਸ ਚੀਤ, ਠਗੌਰੀ ਮਨ ਦੇਣੀ ਗਵਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਗੀਤ,


੧੮੮੬
੨੩

ਆਤਮ ਪਰਮਾਤਮ ਰਾਗ ਦੇਣਾ ਦ੍ਰਿੜਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਠੀਕ, ਠਾਕਰ ਇਕ ਅਖਵਾਈਆ । ਸਾਡਾ ਅੰਧੇਰਾ ਮੇਟ ਤਾਰੀਕ, ਨਿਰਗੁਣ ਜੋਤ ਕਰ ਰੁਸ਼ਨਾਈਆ । ਸਾਡਾ ਤਨ ਵਜੂਦ ਠਾਂਡਾ ਕਰ ਦੇ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਸਤਿ ਸਚ ਬਖ਼ਸ਼ ਦੇ ਪ੍ਰੀਤ, ਪ੍ਰੀਤਮ ਆਪਣੀ ਖ਼ੁਸ਼ੀ ਬਣਾਈਆ । ਭੇਵ ਅਭੇਦਾ ਅੰਦਰ ਰਹੇ ਨਾ ਭੀਤ, ਭੀਤਰ ਪਰਦਾ ਦੇਣਾ ਚੁਕਾਈਆ । ਮਾਨਸ ਜਨਮ ਜਾਈਏ ਜਗ ਜੀਤ, ਜਗ ਜੀਵਣ ਦਾਤੇ ਤੇਰੀ ਓਟ ਤਕਾਈਆ । ਹੱਥ ਰਖਣਾ ਸਾਡੀ ਪੀਠ, ਪੁਸ਼ਤ ਪਨਾਹ ਟਿਕਾਈਆ । ਸਾਡੇ ਮਿੱਠੇ ਕਰ ਦੇ ਕੌੜੇ ਰੀਠ, ਅੰਮ੍ਰਿਤ ਆਤਮ ਜਾਮ ਭਰਾਈਆ । ਸਾਚੇ ਨਾਮ ਦਾ ਰੰਗ ਚਾੜ੍ਹ ਮਜੀਠ, ਅਗੇ ਉਤਰ ਕਦੇ ਨਾ ਜਾਈਆ । ਸਾਡੇ ਪੂਰਬ ਲੇਖੇ ਉਤੇ ਮਾਰ ਦੇ ਲੀਕ, ਲਾਈਨ ਐਨ ਦੇਣੀ ਸਮਝਾਈਆ । ਤੇਰਾ ਸਤਿਗੁਰ ਸ਼ਬਦ ਅੰਤ ਕਰੇ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਅਸੀਂ ਸੁਣੀਏ ਨਾ ਅਵਰ ਕੋਇ ਤਬਲੀਗ, ਨਾਮ ਕਲਮੇ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਚੇ ਨਾਮ ਦੀ ਦੇ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਅੰਦਰੋਂ ਮਿਟੇ ਅੰਧੇਰੀ ਰਾਤ, ਨੂਰੀ ਚੰਦ ਕਰੇ ਰੁਸ਼ਨਾਈਆ । ਨਿਰਗੁਣ ਹੋ ਕੇ ਪੁਛ ਵਾਤ, ਸਰਗੁਣ ਦਇਆ ਕਮਾਈਆ । ਮਾਲਕ ਸਵਾਮੀ ਬਣ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਚ ਸਵਾਮੀ ਅੰਤਰਜਾਮੀ ਜੋੜਨਾ ਨਾਤ, ਰਿਸ਼ਤਾ ਆਪਣੇ ਨਾਲ ਬਣਾਈਆ । ਮਨਸਾ ਮਨ ਨਾ ਰਹੇ ਕਮਜਾਤ, ਕੁਲੱਖਣੀ ਅੰਦਰੋਂ ਦੇਣੀ ਕਢਾਈਆ । ਪੰਚ ਵਿਕਾਰ ਪਾਵੇ ਵਫ਼ਾਤ, ਮੜ੍ਹੀ ਗੋਰ ਦੇਣਾ ਦਬਾਈਆ । ਭੇਵ ਅਭੇਦ ਖੋਲਣਾ ਸਾਤ, ਸਤਿ ਸਤਿਵਾਦੀ ਦਇਆ ਕਮਾਈਆ । ਅੰਤ ਅਖ਼ੀਰ ਬੇਨਜ਼ੀਰ ਸਾਡੀ ਪੁਛ ਵਾਤ, ਤੇਰੇ ਅਗੇ ਵਾਸਤਾ ਪਾਈਆ । ਸਾਡਾ ਪੰਧ ਮੁਕਾ ਦੇ ਵਾਟ, ਜਨਮ ਮਰਨ ਦਾ ਲੇਖਾ ਰਹੇ ਨਾ ਰਾਈਆ । ਤੇਰੇ ਚਰਨ ਕਵਲਾਂ ਪੁਜ ਗਏ ਅਗੰਮੇ ਘਾਟ, ਘਾਟੇ ਪੂਰੇ ਦੇਣੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭੂ ਸਾਡਾ ਲੇਖਾ ਤਕ ਲੈ ਆਪ, ਆਪਣੀ ਦਇਆ ਕਮਾਈਆ । ਸਾਨੂੰ ਕੀਤਾ ਕਿਸੇ ਨਾ ਪਾਕ, ਪਤਤ ਪੁਨੀਤ ਨਾ ਕੋਇ ਬਣਾਈਆ । ਸਭ ਨੇ ਆਤਮਾ ਤੇਰਾ ਰੂਪ ਬਣਾਇਆ ਸਾਚ, ਸਚ ਗਏ ਸੁਣਾਈਆ । ਸਾਨੂੰ ਦੇਹੀ ਕਹਿ ਕੇ ਭਾਂਡਾ ਮਾਟੀ ਕਾਚ, ਤਨ ਵਜੂਦ ਵਜੂਦ ਠੁਕਰਾਈਆ । ਨਿਰਗੁਣ ਸਰਗੁਣ ਸਾਡਾ ਦਿਤਾ ਕਿਸੇ ਨਾ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਤੇਰੇ ਚਰਨ ਕਵਲ ਸਾਡੇ ਝੁਕਦੇ ਰਹੇ ਮਾਥ, ਮਸਤਕ ਧੂੜੀ ਖ਼ਾਕ ਰਮਾਈਆ । ਦੀਨਨ ਹੁੰਦੇ ਰਹੇ ਅਨਾਥ, ਨਿਰਧਨ ਹੋ ਹੋ ਲਾਗੇ ਪਾਈਆ । ਤੂੰ ਸਰਬ ਕਲਾ ਸਮਰਾਥ, ਕਲਜੁਗ ਅੰਤਮ ਦੇਣੀ ਮਾਣ ਵਡਿਆਈਆ । ਤਤ ਉਧਾਰਨਾ ਤੇਰੇ ਹਾਥ, ਦੂਜਾ ਕੋਇ ਨਜ਼ਰ ਨਾ ਆਈਆ । ਸਾਡੀ ਮੰਜ਼ਲ ਪੂਰੀ ਕਰ ਦੇ ਵਾਟ, ਪਾਂਧੀਆ ਪੰਧ ਦੇ ਮੁਕਾਈਆ । ਤੇਰੀ ਸੇਜ ਸੁਹੰਜਣੀ ਸਚਖੰਡ ਦਵਾਰੇ ਸੋਈਏ ਉਤੇ ਖਾਟ, ਜਿਸ ਦਾ ਪਾਵਾ ਚੂਲ ਬਾਡੀ ਬਣਤ ਨਾ ਕੋਇ ਬਣਾਈਆ । ਜਿਥੇ ਇਕੋ ਜੋਤ ਨੂਰ ਦੀ ਨਿਕਲੇ ਲਾਟ, ਤੇਲ ਬਾਤੀ ਦੀਪਕ ਨਜ਼ਰ ਕੋਇ ਨਾ ਆਈਆ । ਸਾਡੀ ਬੇਨੰਤੀ ਤੇਰੇ ਅਗੇ ਪੁਰਖ ਸਮਰਾਥ, ਸਤਿ ਸਚ ਕਰ ਜਣਾਈਆ । ਤੂੰ ਜੁਗ ਜੁਗ ਚਲਾਵਣਹਾਰਾ ਰਾਥ, ਰਥ ਰਥਵਾਹੀ ਇਕ ਅਖਵਾਈਆ । ਸਾਡਾ ਲੇਖੇ ਲਾ ਲੈ ਮਸਤਕ ਵਾਲਾ ਭਾਗ, ਭਗਵਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

੧੮੮੭
੨੩

ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿਨ ਅੰਤੇ ਸ੍ਰੀ ਭਗਵੰਤੇ ਧੁਰ ਦੇ ਕੰਤੇ ਸਭ ਕੁਛ ਤੇਰੇ ਹਾਥ, ਦੂਸਰ ਓਟ ਨਜ਼ਰ ਕੋਇ ਨਾ ਆਈਆ ।

✪ ੩੧ ਜੇਠ ਸ਼ਹਿਨਸ਼ਾਹੀ ਸੰਮਤ ਦਸ ਭਾਗ ਸਿੰਘ ਪੂਰਨ ਸਿੰਘ ਭਗਵਾਨ ਦਾਸ ਤੋਤੀ ਦੇਵੀ ਪ੍ਰਕਾਸ਼ੋ ਦੇਵੀ ਸੋਮਾਂ ਦੇਵੀ ਕਿਸ਼ਨ ਪੁਰ ਕੈਂਪ ਜ਼ਿਲਾ ਜੰਮ ✪

ਪੰਜ ਤਤ ਕਹਿਣ ਪ੍ਰਭ ਸਾਡੇ ਸ਼ਾਹੋ ਭੂਪ, ਭੂਪਤ ਭੂਪ ਦੀਨ ਦਿਆਲ ਤੇਰੀ ਓਟ ਤਕਾਈਆ । ਦਰਸ ਦਿਖਾ ਦੇ ਜੋਤੀ ਧਾਰ ਸਤਿ ਸਰੂਪ , ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਪਰਦਾ ਲਾਹੀਆ । ਸਾਡੇ ਅੰਤਰ ਰਹੇ ਨਾ ਅੰਧ ਕੂਪ, ਅੰਧ ਅਗਿਆਨ ਦੇਣਾ ਚੁਕਾਈਆ । ਲੇਖਾ ਤੱਕ ਲੈ ਪੰਜ ਭੂਤ, ਮਿਹਰਵਾਨ ਪ੍ਰਭ ਮਿਹਰ ਨਜ਼ਰ ਉਠਾਈਆ । ਬਿਨ ਤੇਰੀ ਕਿਰਪਾ ਸਹਾਇਕ ਦਿਸੇ ਨਾ ਕੋਇ ਚਾਰੇ ਕੂਟ, ਕੂਚੇ ਗਲੀ ਨਵ ਸੱਤ ਧਿਆਨ ਲਗਾਈਆ । ਜਿਧਰ ਤੱਕੀਏ ਜੂਠ ਝੂਠ, ਕੂੜੀ ਕਿਰਿਆ ਨਾਲ ਜਗਤ ਕੁੜਮਾਈਆ । ਕਿਰਪਾ ਨਿਧਾਨ ਹੋ ਕੇ ਆਪੇ ਤੁਠ, ਦੀਨਨ ਦੇ ਵਡਿਆਈਆ । ਅੰਮ੍ਰਿਤ ਜਾਮ ਪਿਆ ਦੇ ਘੁਟ, ਤ੍ਰਿਸ਼ਨਾ ਤ੍ਰਿਖਾ ਦੇ ਮਿਟਾਈਆ । ਕੋਟਾਂ ਵਿਚੋਂ ਤੇਰੇ ਭਗਤ ਸੁਹੇਲੇ ਥੋੜ੍ਹੀ ਰਹੀ ਮੁਠ, ਗਿਣਤੀ
੧੮੮੮ ਗਣਤ ਨਾ ਕੋਇ ਗਿਣਾਈਆ । ਸਾਡੀ ਅੰਦਰਲੀ ਧਾਰ ਵਿਚੋਂ ਉਠ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੮੮੮
੨੩ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਕੋਲ ਹੋਵੇ ਵਸਦਾ, ਗ੍ਰਿਹਿ ਮੰਦਰ ੨੩
ਡੇਰਾ ਲਾਈਆ । ਕਿਉਂ ਨਹੀਂ ਭੇਵ ਅਗੰਮਾ ਦਸਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸੁਖ ਲਈਏ ਤੇਰੇ ਰਸ ਦਾ, ਬਿਨ ਰਸਨਾ ਜਿਹਵਾ ਦੇਣਾ ਚਖਾਈਆ । ਢੋਲਾ ਗਾਈਏ ਤੇਰੇ ਜਸ ਦਾ, ਤੂੰ ਮੇਰਾ ਮੈਂ ਤੇਰਾ ਸਿਫ਼ਤ ਸਲਾਹੀਆ । ਪ੍ਰਕਾਸ਼ ਦੇ ਦੇ ਨਿਜ ਨੇਤਰ ਲੋਚਨ ਆਪਣੀ ਅੱਖ ਦਾ, ਜੋਤੀ ਜਾਤਾ ਹੋ ਕੇ ਨਜ਼ਰੀ ਆਈਆ । ਅਗੇ ਵਸੇਰਾ ਛਡ ਦੇ ਅਪਣੇ ਵੱਖ ਦਾ, ਘਰ ਘਰ ਵਿਚ ਮੇਲਾ ਮੇਲਣਾ ਸਹਿਜ ਸੁਭਾਈਆ । ਝਗੜਾ ਮੇਟ ਦੇ ਨੌ ਦਵਾਰੇ ਹੱਦ ਦਾ, ਹਦੂਦ ਕੂੜੀ ਦੇ ਮਿਟਾਈਆ । ਰਾਗ ਸੁਣੀਏ ਤੇਰੇ ਅਗੰਮੀ ਨਦ ਦਾ, ਅਨਹਦ ਨਾਦੀ ਨਾਦ ਦੇਣਾ ਸੁਣਾਈਆ । ਤੇਰਾ ਖੇਲ ਤੱਕੀਏ ਉਪਰ ਸ਼ਾਹ ਰਗ ਦਾ, ਸ਼ਹਿਨਸ਼ਾਹ ਵਖਾਉਣਾ ਚਾਈਂ ਚਾਈਂਆ । ਤੇਰਾ ਦੀਪਕ ਜੋਤੀ ਹੋਵੇ ਜਗਦਾ, ਜੋਤੀ ਜਾਤੇ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਵਖਾਈਆ । ਪੰਜ ਤਤ ਕਹਿਣ ਪ੍ਰਭ ਜੁਗ ਜੁਗ ਤੇਰਾ ਭੋਗਿਆ ਭੋਗ, ਭਗਵਨ ਸੇਵ ਕਮਾਈਆ । ਸਾਡਾ ਅੰਤਮ ਕਟ ਦੇ ਰੋਗ, ਦੁਖੀ ਹੋ ਕੇ ਦਈਏ ਸੁਣਾਈਆ । ਚਿੰਤਾ ਜਗਤ ਮਿਟਾ ਦੇ ਸੋਗ, ਕੂੜੀ ਕਿਰਿਆ ਰਹਿਣ ਨਾ ਪਾਈਆ । ਬੁਧੀ ਤੋਂ ਪਰੇ ਕਰ ਦੇ ਬੋਧ, ਬਿਨ ਅੱਖਰਾਂ ਅੱਖਰ ਦੇ ਸਮਝਾਈਆ । ਹਉਮੇ ਮੇਟ ਦੇ ਰੋਗ, ਹੰ ਬ੍ਰਹਮ ਦੇ ਵਡਿਆਈਆ । ਆਤਮ ਪਰਮਾਤਮ ਹੋਵੇ ਤੇਰਾ ਧੁਰ ਸੰਜੋਗ, ਪਾਰਬ੍ਰਹਮ ਬ੍ਰਹਮ ਮੇਲਣਾ ਚਾਈਂ ਚਾਈਆ । ਏਕੰਕਾਰ ਸੁਣੀਏ ਤੇਰਾ ਇਕ ਇਕੱਲਾ ਸਲੋਕ, ਸੋਹਲਾ ਧੁਰ ਦਾ ਸੋਭਾ ਪਾਈਆ । ਸਾਡਾ ਲੇਖ ਮੁਕ ਜਾਏ ਲੋਕ ਪ੍ਰਲੋਕ, ਦੋ ਜਹਾਨਾਂ ਰਹਿਣ ਕੋਇ ਨਾ ਪਾਈਆ । ਤਤਵ

ਤਤ ਮਿਲਾ ਲੈ ਆਪਣੀ ਜੋਤ, ਜੋਤੀ ਜਾਤੇ ਸੋਭਾ ਪਾਈਆ । ਸਾਡਾ ਝਗੜਾ ਮੇਟ ਦੇ ਦੀਨ ਮਜ਼੍ਹਬ ਵਰਨ ਗੋਤ, ਸ਼ਰਅ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਆਪਣੀ ਦਇਆ ਕਮਾਈਆ । ਪੰਜ ਤਤ ਕਹਿਣ ਅਸੀਂ ਭਗਤ ਨਿਮਾਣੇ ਗ਼ਰੀਬ, ਗ਼ੁਰਬਤ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਤੱਕੀਏ ਅਜੀਬ, ਅਜਬ ਨਿਰਾਲਾ ਦੇਣਾ ਵਖਾਈਆ । ਸਾਡੀ ਜ਼ਿੰਦਗੀ ਨੂੰ ਦੇ ਤਰਤੀਬ, ਤਰੀਕਾ ਆਪਣਾ ਨਾਮ ਦ੍ਰਿੜਾਈਆ । ਤੇਰਾ ਸਤਿਗੁਰ ਸ਼ਬਦ ਕਰੇ ਤਾਈਦ, ਦੂਸਰ ਲੋੜ ਰਹੇ ਨਾ ਰਾਈਆ । ਅਸੀਂ ਤੇਰੇ ਬਰਖ਼ੁਰਦਾਰ ਅਜ਼ੀਜ਼, ਆਜਜ਼ ਹੋ ਕੇ ਸੀਸ ਨਿਵਾਈਆ । ਸਾਡੇ ਅੰਤਸ਼ਕਰਨ ਸਾਚੀ ਦੇ ਤਮੀਜ਼, ਦੁਰਮਤ ਮੈਲ ਮੈਲ ਧਵਾਈਆ । ਸਾਨੂੰ ਤੇਰੇ ਮਿਲਣ ਦੀ ਰੀਝ, ਦੂਸਰ ਓਟ ਨਾ ਕੋਇ ਤਕਾਈਆ । ਸਾਡਾ ਤਨ ਮਨ ਤੇਰੇ ਨਾਲ ਜਾਏ ਪਤੀਜ, ਪਤਿਪਰਮੇਸ਼ਵਰ ਤੇਰੇ ਰੰਗ ਸਮਾਈਆ । ਸਚ ਸੁਲਤਾਨਾ ਸ੍ਰੀ ਭਗਵਾਨਾ ਸਾਡੇ ਅੰਤਸ਼ਕਰਨ ਵਿਚ ਬੀਜ ਬੀਜ, ਪੱਤ ਟਹਿਣੀ ਫਲ ਫੁੱਲ ਭਗਤੀ ਨਾਮ ਮਹਿਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਪੂਰਬ ਦੇ ਦੇ ਲਹਿਣਾ, ਜਨ ਭਗਤ ਮੰਗ ਮੰਗਾਈਆ । ਬਾਵਨ ਧਾਰ ਤਕ ਲੈ ਨੈਣਾਂ, ਬਲ ਧੁਰ ਦਾ ਸੰਗ ਵਖਾਈਆ । ਨਿਰਗੁਣ ਤੇਰਾ ਸਰਗੁਣ ਮੰਨਿਆ ਕਹਿਣਾ, ਕਹਿ ਕੇ ਸੀਸ ਨਿਵਾਈਆ । ਇਕੋ ਸਰਨ ਸਰਨਾਈ ਢਹਿਣਾ, ਢਹਿ ਢਹਿ ਸੀਸ ਨਿਵਾਈਆ । ਚਰਨ ਕਵਲ ਅਗੰਮੇ ਬਹਿਣਾ, ਜਿਥੇ ਵੇਖਣ ਕੋਇ ਨਾ ਪਾਈਆ । ਤੇਰੇ ਨਾਲੋਂ ਨਹੀਂ ਹੋਣਾ ਤ੍ਰਫ਼ੈਣਾ, ਤਰਫ਼ਦਾਰੀ ਨਾ ਵੰਡ ਵੰਡਾਈਆ । ਤੇਰਾ ਭਾਣਾ ਸਿਰ ਤੇ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਤੂੰ ਸਾਹਿਬ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਸਾਡੀ ਪੂਰੀ ਕਰ ਦੇ ਆਸੀ, ਨਿਰਾਸਾ ਰਹਿਣ ਕੋਇ ਨਾ ਪਾਈਆ । ਅਸੀਂ ਬਾਵਨ ਦੀ ਧਾਰ ਪਿਆਰੇ ਤੇਰੇ ਰਿਸ਼ੀ ਤੇਰਾਂ ਸੌ ਸਤਾਸੀ, ਸਤਿ ਸਤਿਵਾਦੀ ਵੇਖਣਾ ਚਾਈਂ ਚਾਈਂਆ । ਸਾਡੀ ਆਤਮ ਧਾਰ ਤੇਰੇ ਨਾਲ ਮਿਲਦੀ ਰਾਸੀ, ਜਗਤ ਨਛੱਤਰ ਵੰਡ ਨਾ ਕੋਇ ਵੰਡਾਈਆ । ਸਾਨੂੰ ਖ਼ੁਸ਼ੀਆਂ ਵਾਲੀ ਬਖ਼ਸ਼ ਦੇ ਹਾਸੀ, ਹਸਤੀ ਦੇ ਮਾਲਕ ਧੁਰਦਰਗਾਹੀਆ । ਸ਼ਬਦੀ ਧਾਰ ਤੇਰੇ ਸਵਾਸੀ, ਸਾਹ ਸਾਹ ਤੇਰਾ ਨਾਮ ਧਿਆਈਆ । ਧੰਨ ਭਾਗ ਜੇ ਤੇਰਾ ਨੂਰ ਹੋਇਆ ਪ੍ਰਕਾਸ਼ੀ, ਜੋਤੀ ਜਾਤੇ ਡਗਮਗਾਈਆ । ਸਾਡੀ ਕਰ ਦੇ ਬੰਦ ਖੁਲਾਸੀ, ਬੰਧਨ ਤਨ ਰਹੇ ਨਾ ਰਾਈਆ । ਰਾਏ ਧਰਮ ਨਾ ਦੇਵੇ ਫਾਸੀ, ਚਿਤ੍ਰਗੁਪਤ ਨਾ ਲੇਖ ਵਖਾਈਆ । ਕਾਲ ਦੀ ਮਗਰੋਂ ਲਾਹ ਉਦਾਸੀ, ਲਾੜੀ ਮੌਤ ਨਾ ਸਕੇ ਪ੍ਰਨਾਈਆ । ਹੁਕਮ ਸੰਦੇਸ਼ਾ ਦੇਵੇ ਸ਼ੰਕਰ ਕੈਲਾਸ਼ੀ, ਕਲਾ ਕਲਧਾਰੀ ਆਪ ਜਣਾਈਆ । ਜਨ ਭਗਤ ਮੇਰੇ ਦਾਸ ਦਾਸੀ, ਦਰ ਠਾਂਡੇ ਸੇਵ ਕਮਾਈਆ । ਇਨ੍ਹਾਂ ਦਾ ਅੰਤ ਵਸੇਰਾ ਹੋਣਾ ਸਚਖੰਡ ਨਿਵਾਸੀ, ਥਿਰ ਘਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਤਤ ਕਹਿਣ ਸਾਡਾ ਲਹਿਣਾ ਵੇਖ ਲੈ ਅੰਤਮ ਕਲਜੁਗ, ਕਲ ਕਾਤੀ ਤੱਕ ਖ਼ਲਕ ਖ਼ੁਦਾਈਆ । ਸਾਡਾ ਵਕਤ ਸੁਹੰਜਣਾ ਗਿਆ ਪੁਜ, ਪੂਜਣਯੋਗ ਤੇਰੀ ਓਟ ਤਕਾਈਆ । ਨਿਰਗੁਣ ਨਿਰਵੈਰ ਨਿਰੰਕਾਰ ਸਾਨੂੰ ਸ਼ਬਦੀ ਧਾਰ ਚੁੱਕ, ਚਾਰੋਂ ਕੁੰਟ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਤੁਕ, ਸੋਹੰ ਸਚ ਤੇਰੀ ਪੜ੍ਹਾਈਆ । ਆਵਣ ਜਾਵਣ ਪਤਤ



੧੮੮੯
੨੩

ਪਾਵਨ ਧੁਰ ਦੇ ਬਾਵਨ ਸਾਡਾ ਪੈਂਡਾ ਜਾਏ ਮੁਕ, ਅਗੇ ਜਨਮ ਮਰਨ ਦੀ ਲੋੜ ਰਹੇ ਨਾ ਰਾਈਆ । ਤੇਰੀ ਧਾਰ ਵਿਚ ਮਾਣੀਏ ਸੁਖ, ਨਿਰੰਕਾਰ ਤੇਰੇ ਵਿਚ ਸਮਾਈਆ । ਆਉਣਾ ਪਏ ਨਾ ਫੇਰ ਜਨਣੀ ਕੁੱਖ, ਅਗਨੀ ਦਸ ਦਸ ਮਾਸ ਨਾ ਮੂਲ ਤਪਾਈਆ । ਸਾਡਾ ਉਜਲ ਕਰ ਦੇ ਮੁਖ, ਲੋਕਮਾਤ ਤੇਰੇ ਨਾਮ ਦੀ ਵੱਜੇ ਵਧਾਈਆ । ਜਗਤ ਤ੍ਰਿਸ਼ਨਾ ਰਹੇ ਨਾ ਭੁੱਖ, ਕੂੜ ਕਲਪਣਾ ਦੇਣੀ ਮਿਟਾਈਆ । ਉਲਟਾ ਫੇਰ ਨਾ ਹੋਵੇ ਰੁੱਖ, ਗਰਭਵਾਸ ਦਾ ਡੇਰਾ ਢਾਹੀਆ । ਸਚ ਪਿਆਰ ਵਿਚ ਬਣਾ ਲੈ ਆਪਣੇ ਸੁਤ, ਅਪਰਾਧੀ ਲੈ ਤਰਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਆਪਣਾ ਰੰਗ ਰੰਗਾਈਆ । ਸਾਡੇ ਪਵਿਤ੍ਰ ਕਰ ਦੇ ਕਾਇਆ ਵਾਲੇ ਬੁਤ, ਬੁਤਖ਼ਾਨੇ ਕਰ ਸਫ਼ਾਈਆ । ਤੇਰੇ ਚਰਨ ਕਵਲ ਸਾਡੀ ਸੁਹੰਜਣੀ ਹੋਵੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਸਚ ਦਵਾਰ ਏਕੰਕਾਰ ਨਿਰਾਕਾਰ ਨਿਰੰਕਾਰ ਸ਼ਬਦੀ ਧਾਰ ਖੜਨਾ ਚੁੱਕ, ਆਉਂਦਾ ਜਾਂਦਾ ਦੋ ਜਹਾਨ ਨਜ਼ਰ ਕਿਸੇ ਨਾ ਆਈਆ । ਸੋ ਵਕਤ ਸੁਹੰਜਣਾ ਆਦਿ ਨਿਰੰਜਣਾ ਦੁੱਖ ਦਰਦ ਭੈ ਭੰਜਣਾ ਤੇਰਾ ਗਿਆ ਢੁਕ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਵੇਖ ਲੈ ਉਤੇ ਧਰਤ, ਧਵਲ ਧਿਆਨ ਲਗਾਈਆ । ਜੋ ਬਾਵਨ ਧਾਰ ਲਾਈ ਸ਼ਰਤ, ਸ਼ਰਅ ਤੋਂ ਬਾਹਰ ਪੂਰ ਕਰਾਈਆ । ਤੂੰ ਨਿਰਗੁਣ ਧਾਰ ਆਇਉਂ ਪਰਤ, ਪਤਿਪਰਮੇਸ਼ਵਰ ਵੇਖ ਵਖਾਈਆ । ਤੂੰ ਮਾਲਕ ਖ਼ਾਲਕ ਫ਼ਰਸ਼ ਅਰਸ਼, ਅਰਸ਼ੀ ਪ੍ਰੀਤਮ ਤੇਰੇ ਹੱਥ ਵਡਿਆਈਆ । ਸਾਡੇ ਉਤੇ ਕਰਨਾ ਤਰਸ, ਰਹਿਮਤ ਰਹੀਮ ਆਪ ਕਮਾਈਆ । ਜੋਤੀ ਜਾਤੇ ਪੁਰਖ ਬਿਧਾਤੇ ਅੰਮ੍ਰਿਤ ਮੇਘ ਬਰਸ, (ਨਿਝਰ ਝਿਰਨਾ) ਦੇ ਝਿਰਾਈਆ । ਜਨਮ ਕਰਮ ਦੀ ਸਾਡੀ ਮੇਟ ਦੇ ਹਰਸ, ਹਵਸ ਆਪਣਿਆਂ ਕਦਮਾਂ ਵਿਚ ਰਖਾਈਆ । ਸਾਨੂੰ ਖ਼ੁਸ਼ੀ ਹੋਈ ਤੇਰਾ ਕਰ ਕਰ ਦਰਸ, ਦਰਸ਼ਨ ਪਾਈਏ ਚਾਈਂ ਚਾਈਂਆ । ਸਦਾ ਸੁਹਾਵਣਾ ਹੋਵੇ ਬਰਸ, ਬਰਸ ਤੇਰਾ ਨਾਮ ਵਡਿਆਈਆ । ਸਾਡੀ ਬੇਨੰਤੀ ਮਨਜ਼ੂਰ ਕਰੀਂ ਅਰਜ਼, ਆਰਜ਼ੂ ਤੇਰੇ ਚਰਨ ਕਵਲ ਰਖਾਈਆ । ਜੁਗ ਜੁਗ ਪ੍ਰਭੂ ਤੈਨੂੰ ਭਗਤਾਂ ਦੀ ਗ਼ਰਜ਼, ਬਿਨਾ ਭਗਤਾਂ ਭਗਵਾਨ ਤੇਰਾ ਨਾਮ ਕੋਇ ਨਾ ਗਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਖੇਲ ਅਸਚਰਜ, ਅਚਰਜ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸਵਾਮੀ ਅੰਤਰਜਾਮੀ ਅੰਤਸ਼ਕਰਨ ਵਿਚੋਂ ਵੰਡਣੀ ਦਰਦ, ਦੀਨਨ ਆਪਣੀ ਦਇਆ ਕਮਾਈਆ ।

### ✪ ੧ ਹਾੜ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਮਾਰੋ ਤਾੜੀਆਂ, ਆਹ ਕਹਿ ਕੇ ਖ਼ੁਸ਼ੀ ਮਨਾਈਆ । ਸ਼ੰਕਰ ਨੂੰ ਹੁੱਜਾਂ ਮਾਰੋ ਕਹਿ ਦਿਉ ਉਠ ਕੇ ਵੇਖ ਲੈ ਆਪਣੀਆਂ ਹਾੜੀਆਂ, ਹਾੜੇ ਕੱਢਣ ਵਾਲਿਆ ਧਿਆਨ ਲਗਾਈਆ । ਬ੍ਰਹਮਿਆ ਬ੍ਰਹਮ ਧਾਰ ਦੀਆਂ ਤੱਕ ਲੈ ਤਨ ਵਜੂਦ ਲਾੜੀਆਂ, ਲਾੜੇ ਰਹੇ ਤਜਾਈਆ । ਵਿਸ਼ਨੂੰ ਵਿਸ਼ਵ ਦੀ ਧਾਰ ਤੱਕ ਲੈ ਖਾੜੀਆਂ, ਦੋ ਜਹਾਨ ਨੈਣ ਉਠਾਈਆ । ਝਟ ਗੋਬਿੰਦ ਕਹੇ ਮੇਰਾ ਖੰਡਾ ਵੇਖੇ ਜਗਤ ਜਹਾਨ ਦੀਆਂ ਵਾੜੀਆਂ, ਆਪਣਾ ਬਲ ਪ੍ਰਗਟਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਨਿਗਾਹ ਮਾਰ ਲੈ ਗੋਬਿੰਦ ਦੀ ਧਾਰ ਨੇ

ਕੱਟ ਲਈਆਂ ਦਾੜ੍ਹੀਆਂ, ਦਾਹੜਾਂ ਹੇਠ ਦੇਣਾ ਚਬਾਈਆ । ਨੌਂ ਖੰਡ ਪ੍ਰਿਥਮੀ ਯਾਦ ਕਰਾਉਣੀਆਂ ਮੇਰੀਆਂ ਚਾਲੀਆਂ ਮੁਕਤਿਆਂ ਵਾਲੀਆਂ ਝਾੜੀਆਂ, ਘਰ ਬਾਹਰ ਰਹਿਣ ਕੋਇ ਨਾ ਪਾਈਆ । ਤੇਰੇ ਪਿਆਰ ਵਿਚ ਜਿਦਾਂ ਆਪਣੀਆਂ ਛਾਤੀਆਂ ਪਾੜੀਆਂ, ਤਨ ਵਜੂਦ ਚਿਰਾਈਆ । ਉਨ੍ਹਾਂ ਦੀਆਂ ਤੱਕ ਲੈ ਮਾਸ ਹੱਡੀਆਂ ਨਾੜੀਆਂ, ਨਰ ਨਰਾਇਣ ਧਿਆਨ ਲਗਾਈਆ । ਜੇ ਸਤਿਗੁਰ ਸ਼ਬਦ ਤਾਂ ਤਨ ਵਜੂਦਾਂ ਭੰਨ ਦੇ ਚਬਾੜੀਆਂ, ਚਾਰੋਂ ਕੁੰਟ ਹੁਕਮ ਵਰਤਾਈਆ । ਤੇਰੀਆਂ ਖ਼ੁਸ਼ੀਆਂ ਵਾਲੀਆਂ ਰਹੀਆਂ ਨਾ ਮੂਲ ਫੁਲਵਾੜੀਆਂ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਕੀ ਤਕਦਾ ਪਿਛਾ ਅਗਾੜੀਆ, ਅਗਲਾ ਪੰਧ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਬਣ ਜਾਓ ਸ਼ਸਤਰਧਾਰੀ, ਖੰਡਾ ਨਾਮ ਵਾਲਾ ਵਖਾਈਆ । ਅੱਜ ਤੋਂ ਅਗਾਂਹ ਦੀ ਕਰੋ ਤਿਆਰੀ, ਅਗਲਾ ਲੇਖਾ ਲੇਖੇ ਨਾਲ ਬਦਲਾਈਆ ।, ਤੁਸੀਂ ਮੇਰਾ ਨੂਰ ਮੇਰੀ ਜੋਤ ਉਜਿਆਰੀ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਸ਼ਹਿਨਸ਼ਾਹ ਸਿਕਦਾਰੀ, ਧੁਰ ਦਾ ਹੁਕਮ ਸੁਣਾਈਆ । ਅੰਤ ਆਈ ਮੇਰੀ ਵਾਰੀ, ਵਾਰਸ ਹੋ ਕੇ ਦਿਆਂ ਸੁਣਾਈਆ । ਸਭ ਨੇ ਬੋਲਣਾ ਇਕ ਜੈਕਾਰੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਰ ਦਾਤਾ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣ ਸਤਿਗੁਰ ਸ਼ਬਦ ਅਗੰਮੇ ਯਾਰ, ਯਾਰੜੇ ਦੇਈਏ ਸੁਣਾਈਆ । ਅਸੀਂ ਨਿਰਾਕਾਰ ਰੂਪ ਨਿਰੰਕਾਰ, ਨਾਤਾ ਤੇਰੇ ਨਾਲ ਰਖਾਈਆ । ਦੱਸ ਕਿਹੜਾ ਪਹਿਨੀਏ ਹਥਿਆਰ, ਸ਼ਸਤਰ ਕਵਣ ਹੱਥ ਉਠਾਈਆ । ਕੀ ਜਣਾਈਏ ਲਲਕਾਰ, ਭੈ ਕੀ ਵਖਾਈਆ । ਕਿਹੜੀ ਕੂਟੇ ਹੋਈਏ ਖ਼ਬਰਦਾਰ, ਕਵਣ ਦਿਸ਼ਾ ਵੰਡ ਵੰਡਾਈਆ । ਅਸੀਂ ਸਾਰੇ ਜੁਗ ਜੁਗ ਮਜ਼੍ਹਬਾਂ ਦੇ ਬਣੇ ਸਿਕਦਾਰ, ਜਗਤ ਜੁਗ ਵੰਡ ਵੰਡਾਈਆ । ਹੁਕਮ ਵਿਚ ਹੁਕਮ ਮੰਨਿਆ ਸੱਚੀ ਸਰਕਾਰ, ਸਿਰ ਸਕਿਆ ਨਾ ਕੋਇ ਉਠਾਈਆ । ਭਵਿਖਤਾਂ ਵਿਚ ਦਿਤਾ ਉਚਾਰ, ਸੰਦੇਸ਼ਿਆਂ ਵਿਚ ਫ਼ਰਮਾਨੇ ਗਏ ਸੁਣਾਈਆ । ਬਹੁੜੀ ਦਰੋਹੀ ਅੰਤ ਆਇਆ ਤੇ ਆਏਗਾ ਕਲ ਕਲਕੀ ਅਵਤਾਰ, ਜੋ ਕਲਮਾ ਸਭ ਦਾ ਦਏ ਬਦਲਾਈਆ । ਦੱਸ ਕਿਹੜੀ ਕਰੀਏ ਕਾਰ, ਕਿਹੜੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਝਟ ਨਾਰਦ ਆਇਆ ਕਹਿੰਦਾ ਸਾਰੇ ਪੁੱਠੀਆਂ ਵਜਾਓ ਤਾਲੀਆਂ, ਸਿੱਧਾ ਹੱਥ ਨਾ ਕੋਇ ਰਖਾਈਆ । ਨਾਲੇ ਜੀਭਾਂ ਕਰੋ ਕਾਲੀਆਂ, ਜੋ ਕਲਜੁਗ ਕੂੜੇ ਢੋਲੇ ਗਾਈਆ । ਨਾਲੇ ਫਲ ਵੇਖੋ ਆਪਣੀਆਂ ਆਪਣੀਆਂ ਡਾਲੀਆਂ, ਤਨ ਵਜੂਦਾਂ ਧਿਆਨ ਲਗਾਈਆ । ਮੈਂ ਪੁਰਾਣਾ ਭਗਤ ਗੁਰ ਅਵਤਾਰ ਪੈਗ਼ੰਬਰੋ ਸਚ ਪੁਛੋ ਤੇ ਸਦਾ ਭਗਤਾਂ ਨੂੰ ਪੈਂਦੀਆਂ ਗਾਲੀਆਂ, ਗਲੀਆਂ ਕੂਚੇ ਵਾਲੇ ਧੱਕੇ ਮਾਰਨ ਥਾਉਂ ਥਾਈਆ । ਅਗੇ ਪ੍ਰਭੂ ਦੀਆਂ ਸਿਫ਼ਤਾਂ ਸਭ ਨੇ ਲਿਖੀਆਂ ਬਾਹਲੀਆਂ, ਗਿਣਤੀ ਗਣਤ ਨਾ ਕੋਇ ਗਿਣਾਈਆ । ਨਾਮ ਕਲਮੇ ਦੀਆਂ ਦੇਂਦੇ ਰਹੇ ਦਲਾਲੀਆਂ, ਵਿਚੋਲੇ ਜਗਤ ਜੁਗਤ ਬਣਾਈਆ । ਹੁਣ ਮੈਂ ਦੱਸਣ ਆਇਆ ਪ੍ਰਭੂ ਤੇਰੇ ਬਿਨਾ ਸਭ ਦੀਆਂ ਝੋਲੀਆਂ ਖ਼ਾਲੀਆਂ, ਖ਼ਾਲਕ ਖ਼ਲਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਇਕੋ ਪਿਆਰ ਦਾ ਪਾਓ ਗਿੱਧਾ, ਤਾਲ ਸਮਝ ਕੋਇ ਨਾ ਪਾਈਆ । ਇਸ਼ਾਰਾ ਦਿਓ ਪ੍ਰਭੂ ਸਭ ਦਾ ਮਾਰਗ ਕਰ ਦੇ ਸਿੱਧਾ, ਜਗਤ

੧੮੯੧
੨੩

ਵੰਡ ਨਾ ਕੋਇ ਵੰਡਾਈਆ । ਤੇਰੇ ਮਿਲਣ ਦੀ ਇਕੋ ਹੋਵੇ ਬਿਧਾ, ਬਿਧੀ ਆਪਣੀ ਦੇਣੀ ਸਮਝਾਈਆ । ਤੇਰਾ ਭਗਤ ਬਣੀਂ ਦਾ ਕਿਦਾਂ, ਕਿਧਰੇ ਦਾ ਕਿਧਰੇ ਤੇ ਕਿਧਰੇ ਦਾ ਕਿਧਰੇ ਲੇਖਾ ਦੇਣਾ ਮੁਕਾਈਆ । ਵੇਖੀਂ ਕਿਤੇ ਐਸ ਵੇਲੇ ਆ ਜਾਵੀਂ ਨਾ ਵਿਚ ਜ਼ਿਦਾ, ਆਪਣਾ ਹੱਠ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਪ੍ਰਭੂ ਅਸੀਂ ਖੇਲ ਵੇਖੀਏ ਹਕ ਦੇ, ਹਕੀਕਤ ਦੇ ਮਾਲਕ ਦੇਣੇ ਵਖਾਈਆ । ਅਸੀਂ ਜੁਗ ਚੌਕੜੀ ਆਏ ਤੱਕਦੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਤੇਰੇ ਹੁਕਮ ਵਿਚ ਕਦੇ ਨਹੀਂ ਥੱਕਦੇ, ਭੱਜੇ ਵਾਹੋ ਦਾਹੀਆ । ਅਸੀਂ ਕਮਰਕਸੇ ਕਦੇ ਨਹੀਂ ਖੋਲੇ ਲੱਕ ਦੇ, ਤਨ ਵਜੂਦਾਂ ਨਾ ਕੋਇ ਵਡਿਆਈਆ । ਅਸੀਂ ਪ੍ਰੇਮੀ ਤੇਰੇ ਹੁਕਮ ਪੱਕ ਦੇ, ਪੱਕੀ ਤਰਾਂ ਸੁਣਾਈਆ । ਜੋ ਸੰਦੇਸ਼ੇ ਆਏ ਯਕ ਦੇ, ਯਕੇ ਬਾਦ ਦੀਗਰੇ ਦਿਤੇ ਜਣਾਈਆ । ਅਸੀਂ ਰਾਹ ਬਣਾਏ ਮਜ਼੍ਹਬਾਂ ਵਾਲੀ ਹੱਦ ਵੱਟ ਦੇ, ਬੰਨੇ ਨਾਮ ਤੇਰੇ ਵਾਲੇ ਪਾਈਆ । ਨਾਲੇ ਪੇਸ਼ੀਨਗੋਈਆਂ ਦੇ ਗਏ ਡਟ ਕੇ, ਧੁਰ ਸ਼ਬਦ ਨਾਲ ਸੁਣਾਈਆ । ਜਗਤ ਜਹਾਨ ਦੀ (ਵੱਟ) ਕਦੇ ਨਹੀਂ ਪੱਧਰੀ ਹੋਣੀ ਬਿਨਾਂ ਜੱਟ ਦੇ, ਜਟਾ ਜੂਟ ਸਿਰ ਨਾ ਕੋਇ ਉਠਾਈਆ । ਵਣਜਾਰੇ ਰਹੇ ਤੇਰੇ ਹੱਟ ਦੇ, ਜਗਤ ਜੁਗ ਨਾਮ ਵਰਤਾਈਆ । ਹੁਣ ਦੁੱਖੜੇ ਮੇਟ ਦੇ ਚਾਰ ਜੁਗ ਦੇ ਫੱਟ ਦੇ, ਜੋ ਦੀਨਾਂ ਮਜ਼੍ਹਬਾਂ ਵਿਚ ਫੱਟੜ ਕੀਤੀ ਲੋਕਾਈਆ । ਏਕਾ ਨਿਗਾਹ ਨਾਲ ਸਭ ਦੇ ਦੁੱਖੜੇ ਕੱਟ ਦੇ, ਲੋਕਮਾਤ ਰਹਿਣ ਕੋਇ ਨਾ ਪਾਈਆ । ਅਸੀਂ ਆਪਾ ਆਪ ਤੇਰੇ ਚਰਨ ਕਵਲਾਂ ਵਿਚ ਸੱਟ ਦੇ, ਮਾਣ ਤਾਣ ਨਾ ਕੋਇ ਵਡਿਆਈਆ । ਚਰਨ ਦੀ ਛੋਹ ਨਾਲ ਕਲਜੁਗ ਧਰਤੀ ਦੇ ਵਿਚੋਂ ਪੱਟ ਦੇ, ਪਟਨੇ ਵਾਲਿਆ ਆਪਣਾ ਬਲ ਦੇ ਵਖਾਈਆ । ਫੇਰ ਅਸੀਂ ਸਾਰੇ ਫਿਰੀਏ ਟੱਪਦੇ, ਟਾਪੂਆਂ ਵਿਚ ਤੇਰੇ ਨਾਮ ਦੇ ਢੋਲੇ ਗਾਈਆ । ਸਾਡੇ ਅੰਦਰੋਂ ਸ਼ਰਅ ਦੀ ਡੋਰੀ ਕੱਟ ਦੇ, ਜ਼ੰਜੀਰ ਜਗਤ ਰਹਿਣ ਕੋਇ ਨਾ ਪਾਈਆ । ਲੇਖੇ ਪੂਰੇ ਕਰ ਦੇ ਹਜ਼ਰਤ ਈਸਾ ਦੀ ਸਲੀਵ ਵਾਲੇ ਪਟ ਦੇ, ਪਾਟਲ ਹੋ ਕੇ ਆਪਣਾ ਪਰਦਾ ਲਾਹੀਆ । ਕੁਛ ਹੁਕਮ ਸੰਦੇਸਾ ਛੇਤੀ ਤੇ ਜਲਦੀ ਹੁਣ ਝਟ ਦੇ, ਝਟਕੇ ਹਲਾਲੀ ਵਾਲੇ ਸ਼ੰਕਰ ਦਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਨਾਰਦ ਕਹੇ ਵਾਹ ਮੇਰੇ ਪ੍ਰਭੂ ਮੇਰਿਆ ਜਜਮਾਨਾ, ਸੀਸ ਦੇ ਕੇ ਕੀ ਤੈਨੂੰ ਜਣਾਈਆ । ਬਿਨਾ ਤਤਾਂ ਤੋਂ ਤਾਰਨ ਵਾਲੇ ਭਗਵਾਨਾ, ਕੀ ਤੇਰੀ ਬੇਪਰਵਾਹੀਆ । ਸਤਿ ਦੇ ਮਾਲਕ ਸਤਿ ਸਰੂਪ ਰਾਮਾ, ਕੀ ਤੇਰੀ ਖੇਲ ਅਗੰਮ ਅਥਾਹੀਆ । ਬਿਨਾ ਤਨ ਵਜੂਦ ਦੇ ਕਾਹਨਾ, ਕੀ ਕਾਹਨ ਤੇਰੀ ਵਡਿਆਈਆ । ਮੇਰੇ ਸ਼ਾਹਾਂ ਦੇ ਸ਼ਾਹ ਸ਼ਹਿਨਸ਼ਾਹ ਸੁਲਤਾਨਾ, ਆਪਣਾ ਭੇਵ ਦੇਣਾ ਖੁਲਾਈਆ । ਸਚ ਦੱਸ ਕਿਸ ਬਿਧ ਲੇਖਾ ਮੁਕਾਵੇਂ ਵਿਚ ਜਹਾਨਾ, ਜਹਾਲਤ ਕੂੜੀ ਕੂੜ ਚੁਕਾਈਆ । ਤੂੰ ਯੋਧਾ ਸੂਰਬੀਰ ਬੀਰ ਮਰਦ ਮਰਦਾਨਾ, ਬੇਪਰਵਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਇਕੋ ਵਾਰ ਤੱਕੋ ਜਗ, ਬਿਨ ਅੱਖਾਂ ਅੱਖ ਉਠਾਈਆ । ਆਪਣੇ ਆਪਣੇ ਕਰੋ ਅਲਗ, ਵੱਖਰੀ ਵੱਖਰੀ ਗਣਤ ਗਿਣਾਈਆ । ਫੇਰ ਦੱਸੋ ਕੀ ਕਲਜੁਗ ਜੀਵ ਹੋਵੇ ਅਲਪਗ, ਸਰਬਗ ਤੇਰੀ ਓਟ ਨਾ ਕੋਇ ਤਕਾਈਆ । ਬਿਨਾ ਕਲਮ ਸ਼ਾਹੀ ਤੋਂ ਲੇਖ ਲਿਖੋ ਦੀਨਾਂ ਮਜ਼੍ਹਬਾਂ ਵਾਲੇ ਹੋਏ ਕਗ, ਹੰਸ ਰੂਪ ਨਾ ਕੋਇ ਵਟਾਈਆ । ਫੇਰ ਬੇਨੰਤੀ ਕਰੋ ਪ੍ਰਭੂ ਜਿਸ ਕੂਟੇ ਚਾਹੇਂ ਲਾ ਦੇ ਅੱਗ,


੧੯੯੨
੨੩

ਹਰਖ ਸੋਗ ਸਾਡੇ ਅੰਦਰ ਕਿਛ ਨਾ ਆਈਆ । ਕਿਉਂ ਕਲਜੁਗ ਦੀ ਵਾਅ ਤਤੀ ਗਈ ਵਗ, ਸਾਂਤਕ ਸਤਿ ਨਾ ਕੋਇ ਵਰਤਾਈਆ । ਅਸੀਂ ਵੇਖਿਆ ਸਾਰੇ ਭੱਜ ਭੱਜ, ਬੈਠੇ ਪੰਧ ਮੁਕਾਈਆ । ਤੇਰਾ ਨਾਮ ਨਿਧਾਨਾ ਕਿਤੇ ਨਾ ਰਿਹਾ ਵੱਜ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਦੀਪਕ ਜੋਤੀ ਜੋਤ ਨਾ ਰਿਹਾ ਜਗ, ਚਾਰ ਕੁੰਟ ਨਾ ਕੋਇ ਰੁਸ਼ਨਾਈਆ । ਜਿਧਰ ਵੇਖਿਆ ਤੇਰੇ ਨਾਲੋਂ ਤੇਰੇ ਹੋ ਗਏ ਅੱਡ, ਆਤਮ ਪਰਮਾਤਮ ਰੰਗ ਨਾ ਕੋਇ ਸਮਾਈਆ । ਬਗ਼ਲੇ ਬਪੜੇ ਹੋ ਗਏ ਬਗ, ਹੰਸ ਰੰਗ ਨਾ ਕੋਇ ਰੰਗਾਈਆ । ਤੇਰੀ ਮੰਜ਼ਲ ਚੜ੍ਹਿਆ ਕੋਇ ਨਾ ਹੱਦ, ਜਗਤ ਪੰਧ ਨਾ ਕੋਇ ਮੁਕਾਈਆ । ਪਰ ਇਕ ਗੱਲ ਪ੍ਰਭੂ ਨਾਰਦ ਕਹੇ ਮੈਂ ਦੱਸਾਂ ਜ਼ਬਾਨ ਦੱਬ, ਹੌਲੀ ਜਿਹੀ ਸੁਣਾਈਆ । ਤੇਰੇ ਭਗਤ ਸੁਹੇਲੇ ਮੈਂ ਓਹ ਵੇਖੇ ਜਿਨ੍ਹਾਂ ਦੇ ਸੀਸ ਤੇ ਬੰਨ੍ਹੀ ਪੱਗ, ਪਗੜੀ ਵਾਲੇ ਪਗ ਤੇਰੇ ਸੀਸ ਨਿਵਾਈਆ । ਮੈਂ ਮੁਹੰਮਦ ਨੂੰ ਪੁੱਛਿਆ ਯਾਰ ਦੱਸ ਓਹ ਕਿਹੜਾ ਤੇਰਾ ਰੱਬ, ਮਕਬਰੇ ਵਿਚ ਆਸਣ ਲਾਈਆ । ਫੇਰ ਹੱਥ ਮਾਰਿਆ ਉਹਦੀ ਤਹਿਮਤ ਵਾਲੀ ਵਿਚ ਡੱਬ, ਜੋ ਕਮਰ ਨਾਲ ਬੰਧਾਈਆ । ਉਸ ਨੇ ਕਿਹਾ ਨਾਰਦ ਇਹ ਗੱਲ ਛਡ, ਕੁਛ ਅਗੇ ਦੇ ਦ੍ਰਿੜਾਈਆ । ਮੈਂ ਫੇਰ ਲੇਖਾ ਲਿਆ ਕੱਢ, ਆਇਤਾਂ ਤੋਂ ਬਾਹਰ ਵੇਖ ਵਖਾਈਆ । ਹਜ਼ਰਤ ਜੀ ਇਹਦੇ ਵਿਚ ਲੱਗਣਾ ਨਹੀਂ ਕੋਈ ਪੱਜ, ਪੰਜ ਪੰਜ ਦੇਣ ਗਵਾਹੀਆ । ਜਿਸ ਉਮਤ ਵਿਚ ਬੈਠੋਂ ਸਜ, ਸੱਜਣਾ ਹੱਥ ਛਾਤੀ ਉਤੇ ਟਿਕਾਈਆ । ਇਹਦਾ ਸਦੀ ਚੌਦਵੀਂ ਤੱਕ ਦਰਸ਼ਨ ਕਰ ਲੈ ਰੱਜ, ਫੇਰ ਲੱਭਿਆਂ ਸ਼ਾਇਦ ਹੱਥ ਕਦੇ ਨਾ ਆਈਆ । ਹੁਣ ਤੇ ਇਹ ਵੀ ਤੈਨੂੰ ਕਹਿੰਦੇ ਰੱਬ, ਯਾਮਬੀਨ ਕਹਿਕੇ ਸੀਸ ਨਿਵਾਈਆ । ਝਟ ਮੁਹੰਮਦ ਕਿਹਾ ਨਾਰਦਾ ਮੈਂ ਵੀ ਉਸੇ ਨੂੰ ਲਿਆ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਜਿਸ ਨੇ ਬਿਨਾ ਸ਼ਰਅ ਛੁਰੀ

ਤੋਂ ਦੀਨ ਦੁਨੀ ਨੂੰ ਕਰਨਾ ਬੱਧ, ਜ਼ਬਹ ਹੋਣੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੱਥ ਵਡਿਆਈਆ । ਨਾਰਦ ਕਹੇ ਯਾਰ ਮੁਹੰਮਦ ਰਸੂਲ, ਰਸਮ ਰਿਵਾਜ ਅਗਲਾ ਦੇ ਸਮਝਾਈਆ । ਕੀ ਤੈਨੂੰ ਆਪਣੇ ਖ਼ੁਦਾ ਦਾ ਹੁਕਮ ਕਾਬੂਲ, ਕਾਅਬੇ ਵਾਲਿਆਂ ਦੇਣਾ ਦ੍ਰਿੜਾਈਆ । ਕੀ ਤੇਰੀ ਉਮਤ ਮੰਨੂੰ ਤੇਰਾ ਅਸੂਲ, ਅਸਲ ਵਿਚ ਦੇਣਾ ਜਣਾਈਆ । ਮੁਹੰਮਦ ਕਹੇ ਨਾਰਦਾ ਮੇਰੇ ਮਾਲਕ ਦਾ ਹੁਕਮ ਇਕ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਦੀ ਚੌਧਵੀਂ ਦਾ ਅੰਤ ਪਤਾ ਨਹੀਂ ਕਵਣ ਕਾਤਲ ਤੇ ਕਵਣ ਮਕਤੂਲ, ਕਵਣ ਲੇਖੇ ਰਿਹਾ ਚੁਕਾਈਆ । ਮੈਨੂੰ ਇਉਂ ਜਾਪਦਾ ਮੇਰੇ ਖ਼ੁਦਾਵੰਦ ਕਰੀਮ ਨੇ ਇਸ ਵਿਚ ਕਰਨੀ ਨਹੀਂ ਭੂਲ, ਅਭੁੱਲ ਆਪਣੀ ਖੇਲ ਖਿਲਾਈਆ । ਨਾਰਦ ਕਹੇ ਹਜ਼ਰਤ ਜੀ ਕੀ ਤੁਸੀਂ ਵੀ ਉਸ ਦੇ ਕਦਮਾਂ ਦੀ ਲਾਓ ਧੂਲ, ਧੂੜੀ ਖ਼ਾਕ ਰਮਾਈਆ । ਮੁਹੰਮਦ ਕਹੇ ਜਿਸ ਵੇਲੇ ਮੈਂ ਧੂਲ ਲਾਈ ਤੇ ਚੌਦਾਂ ਸਦੀਆਂ ਦਾ ਲਹਿਣਾ ਉਸ ਤੋਂ ਕਰ ਲੈਣਾ ਵਸੂਲ, ਵਸਲ ਯਾਰ ਦਾ ਲੈ ਕੇ ਯਾਰ ਦੇ ਵਸਲ ਵਿਚ ਸਮਾਈਆ । ਫੇਰ ਪਤਾ ਨਹੀਂ ਉਹਦੀ ਕਿਹੋ ਜਿਹੀ ਫੁੱਲਵਾੜੀ ਜਾਵੇ ਫੂਲ, ਪੱਤ ਟਹਿਣੀ ਕੀ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਸੰਦੇਸਾ ਇਕ ਸਮਝਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋਂ ਇਕ ਦੂਜੇ ਨੂੰ ਆਪੋ ਆਪਣੀਆ ਦੱਸੀਏ ਤੰਗੀਆਂ, ਦੀਨ ਦੁਨੀ ਵੱਲ ਧਿਆਨ ਲਗਾਈਆ । ਫੇਰ ਵੇਖੀਏ ਅਸੀਂ ਉਸ ਸਾਹਿਬ ਤੋਂ ਕੀ ਕੀ ਮੰਗਾਂ ਮੰਗੀਆਂ, ਖ਼ਾਲੀ ਝੋਲੀਆਂ ਡਾਹੀਆ । ਕਿਹੜੀਆਂ ਕਿਹੜੀਆਂ ਕਿਸ ਬਿਧ ਸਦੀਆਂ ਲੰਘੀਆਂ, ਆਪਣਾ ਪੰਧ ਮੁਕਾਈਆ । ਸਾਡੀਆਂ ਪੇਸ਼ੀਨਗੋਈਆਂ ਕਿਧਰੇ ਧਰਮ ਦਵਾਰੇ ਨਾ ਰਹਿਣ ਟੰਗੀਆਂ,

੧੮੯੩
੨੩

ਵਾਚਣ ਵਾਲਾ ਵਾਚਕ ਹੋ ਕੇ ਨਾ ਵੇਖ ਵਖਾਈਆ । ਸਾਡੀਆਂ ਪਾਈਆਂ ਨਾ ਰਹਿਣ ਗੰਢੀਆਂ, ਗੰਢ ਜਗਤ ਨਾ ਕੋਇ ਖੁਲਾਈਆ । ਸਾਡੀਆਂ ਦਿਸਦੀਆਂ ਨਾ ਰਹਿਣ ਵੰਡੀਆਂ, ਜੋ ਵੰਡਾਂ ਆਏ ਵੰਡਾਈਆ । ਅਸੀਂ ਬੈਠੇ ਨਾ ਰਹੀਏ ਉਤੇ ਕੰਢੀਆਂ, ਘਾਟਾਂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਬਿਨ ਹੱਥਾਂ ਮਾਰੋ ਮੁੱਕੀਆਂ, ਚੋਟ ਨਜ਼ਰ ਕੋਇ ਨਾ ਆਈਆ । ਖੇਲਾਂ ਵੇਖੋ ਲੁਕੀਆਂ, ਜੋ ਕਰਤਾ ਪੁਰਖ ਪੁਰਖ ਕਰਾਈਆ । ਆਵਾਜ਼ਾਂ ਸੁਣੋ ਦੋ ਤੁਕੀਆਂ, ਜੋ ਜਨ ਭਗਤ ਢੋਲੇ ਗਾਈਆ । ਜੋ ਜਗਤ ਰੋਟੀਆਂ ਖਾਂਦੇ ਸੁੱਕੀਆਂ, ਭੁੱਖੇ ਰਹਿ ਕੇ ਝਟ ਲੰਘਾਈਆ । ਉਨ੍ਹਾਂ ਦੀਆਂ ਪ੍ਰਭੂ ਕਰਨ ਆਇਆ ਬੁੱਤੀਆਂ, ਬੁਤਖ਼ਾਨਿਆਂ ਵੇਖ ਵਖਾਈਆ । ਕੂੜ ਕੁੜਿਆਰ ਦੀਆਂ ਗੱਠੜੀਆਂ ਆਪਣੇ ਕੰਧੇ ਚੁੱਕੀਆਂ, ਹਰਿਜਨ ਹੌਲੇ ਭਾਰ ਰਖਾਈਆ । ਜੋ ਮੰਜ਼ਲ ਚੜ੍ਹਦੀਆਂ ਮੂਲ ਨਾ ਰੁਕੀਆਂ, ਅਗੇ ਹੋ ਨਾ ਕੋਇ ਅਟਕਾਈਆ । ਜਿਸ ਭਾਗ ਲਗਾਉਣਾ ਜਨਣੀ ਕੁੱਖੀਆਂ, ਦੇਵੇ ਮਾਣ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰੋ ਗੁਰੂ ਸਾਹਿਬਾਨੋ ਵੇਖੋ ਬਦਲ ਚਲਿਆ ਸਮਾਂ, ਸਮਝ ਕਿਸੇ ਨਾ ਆਈਆ । ਸਾਰੇ ਦੱਸੋ ਕਿਉਂ ਅੱਜ ਹੋਏ ਜਮਾਂ, ਪਹਿਲੀ ਹਾੜ ਨਾਲ ਮਿਲਾਈਆ । ਕੀ ਲਾਲਚ ਕੀ ਤਮਾ, ਤਾਮਸ ਤ੍ਰਿਸ਼ਨਾ ਦਿਓ ਸਮਝਾਈਆ । ਕੀ ਜ਼ਰੂਰੀ ਪੈ ਗਿਆ ਕੰਮਾ, ਭੱਜੇ ਵਾਹੋ ਦਾਹੀਆ । ਸਾਰੇ ਕਹਿਣ ਪ੍ਰਭੂ ਅਸੀਂ ਝਗੜਾ ਵੇਖਦੇ ਹੱਡ ਮਾਸ ਨਾੜੀ ਚੰਮਾ, ਚੰਮ ਦ੍ਰਿਸ਼ਟੀ ਵਿਚ ਸ੍ਰਿਸ਼ਟ ਹਲਕਾਈਆ । ਸਾਡਿਆਂ ਦੀਨਾਂ ਮਜ੍ਹਬਾਂ ਅੰਦਰ ਪੈ ਗਿਆ ਗ਼ਮਾ, ਗ਼ਮੀ ਗ਼ਮਖ਼ਾਰ

ਨਾ ਕੋਇ ਚੁਕਾਈਆ । ਸਚ ਦੱਸੀਏ ਤੇਰਾ ਨਾਮ ਜਪੇ ਨਾ ਕੋਇ ਸਵਾਸ ਨਾਲ ਦਮਾ, ਦਾਮਨਗੀਰ ਪੱਲੂ ਨਾ ਕਿਸੇ ਫੜਾਈਆ । ਅਸੀਂ ਬੇਨੰਤੀ ਕਰਦੇ ਦੀਨ ਦਿਆਲ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਅੱਜ ਸਾਨੂੰ ਨਿੱਕਾ ਜਿਹਾ ਹੁਕਮ ਸੁਣਾ ਦੇ ਨਵਾਂ, ਤੇ ਨੌਵਾਂ ਖੰਡਾਂ ਵਿਚ ਫੇਰ ਦੇਵੀਂ ਵਰਤਾਈਆ । ਅਸੀਂ ਫਿਰੀਏ ਨਾਲ ਚਵਾਂ, ਚਾਉ ਘਨੇਰਾ ਸਾਡੇ ਅੰਦਰ ਦੇਣਾ ਟਿਕਾਈਆ । ਫੇਰ ਅਸੀਂ ਤੱਕੀਏ ਸਾਡੇ ਸਾਹਿਬ ਦਾ ਹੁਕਮ ਹੋਣਾ ਰਵਾਂ, ਰਵਾਨਗੀ ਕਲਜੁਗ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣੋ ਸਾਰੇ ਹਾਲ ਅਗੰਮੀ ਇਕ, ਏਕੰਕਾਰ ਰਿਹਾ ਜਣਾਈਆ । ਬਿਨਾ ਪ੍ਰਭੂ ਦੀ ਕਿਰਪਾ ਮਨੂਆ ਕਿਸੇ ਨਹੀਂ ਜਾਣਾ ਟਿਕ, ਸਾਂਤਕ ਸਤਿ ਨਾ ਕੋਇ ਵਖਾਈਆ । ਕਲਜੁਗ ਕੂੜ ਕੁਕਰਮ ਨੇ ਸਭ ਦੀ ਪਾੜਨੀ ਹਿੱਕ, ਹਿਕਮਤ ਨਾਲ ਆਪਣਾ ਤੀਰ ਚਲਾਈਆ । ਇਉਂ ਜਾਪਦਾ ਜਗਤ ਜਹਾਨ ਦਾ ਝਗੜਾ ਸਕਣਾ ਨਹੀਂ ਕਿਸੇ ਨਜਿੱਠ, ਸਚ ਰੰਗ ਨਾ ਕੋਇ ਵਖਾਈਆ । ਸੱਜਣਾਂ ਸੱਜਣਾਂ ਨੂੰ ਦੇਣੀ ਪਿੱਠ, ਪਾਸਾ ਦੀਨ ਦੁਨੀ ਜਾਏ ਬਦਲਾਈਆ । ਨਾਲੇ ਛੋਟੀ ਜਹੀ ਨਾਰਦ ਕੱਢ ਕੇ ਵਖਾਏ ਚਿਟ, ਬਿਨ ਅੱਖਰਾਂ ਸਭ ਦੇ ਅਗੇ ਰਖਾਈਆ । ਨਾਲੇ ਦੁਹੱਥੜਾ ਮਾਰ ਕੇ ਪਿਆ ਪਿਟ, ਬਿਨ ਨੈਣਾਂ ਨੀਰ ਵਹਾਈਆ । ਫੇਰ ਜ਼ਿਮੀਂ ਤੇ ਗਿਆ ਲਿਟ, ਆਪਣਾ ਆਪ ਗਵਾਈਆ । ਫੇਰ ਇਕੱਠਾ ਹੋ ਕੇ ਸਵਾ ਗਿਠ, ਰੂਪ ਅਨੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਝਟ ਹਾੜ ਕਹੇ ਕੁਝ ਮੇਰੀ ਲੈ ਲਓ ਸਲਾਹ, ਸਲਾਹਕਾਰ ਜਿਸ ਦਾ ਇਕ ਅਖਵਾਈਆ । ਆਪਣਾ ਆਪਣਾ ਸਾਰੇ ਵੇਖੋ ਰਾਹ, ਰਹਿਬਰ ਬਿਨ

੧੮੯੫
੨੩

ਨੈਣਾਂ ਨੈਣ ਤਕਾਈਆ । ਦੀਨ ਮਜ਼੍ਹਬ ਦਾ ਤੱਕੋ ਲਾਅ, ਕਾਨੂੰਨ ਕਾਇਦੇ ਹੱਥ ਉਠਾਈਆ । ਪਰਮ ਪੁਰਖ ਦਾ ਵੇਖੋ ਨਾਂ, ਜੋ ਨਾਮ ਕਲਮਿਆਂ ਵਿਚ ਜਣਾਈਆ । ਫੇਰ ਸਾਰੇ ਲੱਭੋ ਕਿਹੜਾ ਸੁਹੰਜਣਾ ਥਾਂ, ਜਿਥੇ ਬੈਠਾ ਧੁਰ ਦਾ ਮਾਹੀਆ । ਜਿਸ ਦਾ ਇਕੋ ਨੂਰ ਨੂਰ ਰੁਸ਼ਨਾ, ਦੂਜਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਸਮਝਾਈਆ । ਨਾਰਦ ਕਹੇ ਹਾੜ ਜੀ ਤੁਸਾਂ ਕੀ ਦੱਸਣਾ, ਸਤਿ ਸਚ ਦਿਓ ਜਣਾਈਆ । ਹਾੜ ਕਹੇ ਮੈਂ ਭੇਤ ਗੁਝਾ ਨਹੀਂ ਕੋਈ ਰੱਖਣਾ, ਸਹਿਜ ਸਹਿਜ ਨਾਲ ਸੁਣਾਈਆ । ਕਿਰਪਾ ਕਰੇ ਅਲੱਖ ਅਲੱਖਣਾ, ਅਲਖ ਅਗੋਚਰ ਅਗੰਮ ਅਥਾਹੀਆ । ਜਿਸ ਨੇ ਜਗਤ ਜਹਾਨ ਰਚਾਈ ਰਚਨਾ, ਵੇਖਣਹਾਰਾ ਥਾਉਂ ਥਾਈਂਆ । ਮੈਨੂੰ ਤੇ ਐਂ ਜਾਪਦਾ ਮੇਰੇ ਨਾਲ ਸ੍ਰਿਸ਼ਟੀ ਨੇ ਕਾਇਆ ਮੰਦਰ ਅੰਦਰ ਤਪਣਾ, ਤਪਦਿਆਂ ਸ਼ਾਂਤ ਨਾ ਕੋਇ ਕਰਾਈਆ । ਇਹ ਖੇਲ ਪੁਰਖ ਸਮਰਥਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਨੂੰ ਖ਼ੁਸ਼ੀ ਇਹ ਜ਼ਰੂਰ ਨਜ਼ਾਰਾ ਤੱਕਣਾ ਭਗਤਾਂ ਨਾਲ ਅੱਖਣਾ, ਅੱਖਾਂ ਨਾਲ ਦੇਣਾ ਵਖਾਈਆ । ਨਵਾਂ ਖੰਡਾਂ ਵਿਚੋਂ ਕੋਈ ਖੰਡ ਰਹਿਣਾ ਨਹੀਂ ਸੱਖਣਾ, ਜਿਥੇ ਖੰਡਾ ਖੰਡੇ ਨਾਲ ਨਾ ਜਾਏ ਟਕਰਾਈਆ । ਇਹ ਨਜ਼ਾਰਾ ਤੱਕਣਾ ਵਿਚ ਵਰਭੰਡਣਾ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗੀ ਇਕ ਅਖਵਾਈਆ । ਹਾੜ ਕਹੇ ਮੈਂ ਇਕੋ ਦੱਸਣੀ ਬਾਤ, ਬਹੁਤੀ ਗੱਲ ਨਾ ਕੋਇ ਸੁਣਾਈਆ । ਜਨ ਭਗਤੋ ਤੁਹਾਡੀ ਸੁਹੰਜਣੀ ਆਉਣੀ ਸਤਾਰਾਂ ਹਾੜ ਦੀ ਰਾਤ, ਰੁਤੜੀ ਆਪਣੀ ਨਾਲ ਲਿਆਈਆ । ਮੇਰਾ ਸਾਹਿਬ ਵੇਖਣਾ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਭਗਤਾਂ ਪੁਛਣੀ ਵਾਤ, ਵੇਖੇ ਥਾਉਂ ਥਾਈਂਆ । ਆਤਮ ਪਰਮਾਤਮ ਜੋੜਿਆ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਹਰਿਜਨ ਬਣਾ ਕੇ ਪਾਰਜਾਤ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪਹਿਲੀ ਹਾੜ ਕਹੇ ਜਨ ਭਗਤੋ ਸਤਾਰਾਂ ਹਾੜ ਨੂੰ ਪੈਣੀਆਂ ਠੰਡਾਂ, ਠੰਡਕ ਸਤਿਗੁਰ ਸ਼ਬਦ ਵਰਤਾਈਆ । ਮੈਂ ਉਹ ਹਰਿ ਭਗਤਾਂ ਆਪਣੀਆਂ ਆਪਣੀਆਂ ਕੰਨੀ ਦੇ ਕੇ ਆਉਣੀਆਂ ਗੰਢਾਂ, ਬਿਨਾ ਸਤਿਗੁਰ ਸ਼ਬਦ ਹੁਕਮ ਤੋਂ ਗੰਢ ਨਾ ਕੋਇ ਖੁਲਾਈਆ । ਇਹ ਜਗਤ ਜਹਾਨ ਤੋਂ ਵੱਖਰੀ ਵੰਡਾ, ਵੰਡ ਪਿਛਲੀ ਦਏ ਚੁਕਾਈਆ । ਜਿਸ ਘਰ ਘਰ ਖਾਧਾ ਗੰਢਾ, ਉਸ ਦਾ ਪਰਦਾ ਚਾਰ ਜੁਗ ਦਾ ਦਏ ਸਮਝਾਈਆ । ਮਾਝਾ ਮਾਲਵਾ ਦੁਆਬਾ ਜੰਮੂ ਇਕ ਇਕ ਬਣਾ ਕੇ ਲਿਆਉਣਗੇ ਫੰਦਾ, ਜਿਸ ਵਿਚ ਸਤਿਗੁਰ ਨੂੰ ਲੈਣ ਬੰਧਾਈਆ । ਸਭ ਦਾ ਸੋਹੰ ਨਿਸ਼ਾਨ ਹੋਵੇਗਾ ਉਤੇ ਸੱਜਾ ਕੰਧਾ, ਇਸਤ੍ਰੀ ਮਰਦ ਵੰਡ ਨਾ ਕੋਇ ਵੰਡਾਈਆ । ਤੇਜ ਭਾਨ ਬਣਿਆ ਹੋਵੇਗਾ ਪੰਡਾ, ਮਸਤਕ ਸੋਹਣੀ ਤ੍ਰਸੂਲ ਬਣਾਈਆ । ਹੱਥ ਸ਼ੰਕਰ ਵਾਲਾ ਹੋਵੇਗਾ ਡੰਡਾ, ਪੈਰੀਂ ਖੜਾਂਵ ਰਾਮ ਵਾਲੀ ਟਿਕਾਈਆ । ਜਨ ਭਗਤਾਂ ਵਿਚਾਰ ਹੋਵੇਗਾ ਲੰਬਾ, ਆਪਣੀ ਦਲੀਲ ਨਾ ਕੋਇ ਰਖਾਈਆ । ਸਭ ਦਾ ਮਸਤਕ ਲਾਲ ਹੋਵੇ ਰੰਗਾ, ਪੋਟਾ ਸੱਜਾ ਹੱਥ ਨਾਲ ਛੁਹਾਈਆ । ਭਗਤ ਦਵਾਰੇ ਦੀ ਧਾਰ ਹੋਵੇਗੀ ਗੰਗਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਥੇ ਸੇਵ ਕਮਾਈਆ । ਇਕ ਕੋਲ ਸਿੰਘਾਸਣ ਡਾਹਿਆ ਹੋਵੇਗਾ ਨੰਗਾ, ਬਸਤਰ ਉਤੇ ਨਾ ਕੋਇ ਟਿਕਾਈਆ । ਇਕ ਰੱਖਿਆ ਹੋਵੇ ਉਤੇ ਪੰਜਾ, ਬਾਜ਼ੂ ਨਾਲ ਨਾ ਕੋਇ ਵਡਿਆਈਆ । ਨਾਲ ਲਿਖਿਆ ਹੋਵੇ ਹਰਫ਼ ਯਕ ਸ਼ੰਬਾ, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਹਾੜ ਕਹੇ ਜਨ ਭਗਤੋ ਸਤਾਰਾਂ ਹਾੜ ਆਉਣਾ ਨਾਲ ਚਾਅ, ਚੌਬੀਸੇ ਧਿਆਨ ਲਗਾਈਆ । ਖ਼ੁਸ਼ੀਆਂ ਵਿਚ ਕਹਿਣਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਇਕ ਦੂਜੇ ਦੇ ਭਗਤ ਦਵਾਰੇ ਵਿਚ ਬਣਿਓ ਗਵਾਹ, ਬਾਹਰ ਦੀ ਸ਼ਹਾਦਤ ਨਾ ਕੋਇ ਭੁਗਤਾਈਆ । ਫੇਰ ਮੁਹੰਮਦ ਦੀ ਆਸਾ ਕਾਰਨ ਸਾਰੇ ਮੰਗਿਓ ਦੁਆ, ਖ਼ਾਲੀ ਹੱਥ ਵਖਾਈਆ । ਫੇਰ ਮੁੱਛਾਂ ਨੂੰ ਦਿਓ ਤਾਅ, ਮੁਖੋਂ ਕਹਿਣਾ ਸਾਡਾ ਪ੍ਰਭੁ ਧੁਰ ਦਾ ਮਾਹੀਆ । ਜਿਸ ਝਗੜਾ ਮੁਕਾਉਣਾ ਸੂਰ ਤੇ ਗਾਂ, ਗਊ ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਆਦਿ ਸ਼ਕਤ ਯਕ ਸ਼ੰਬੇ ਮਾਂ, ਸਿੰਘ ਅਸਵਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪਹਿਲੀ ਹਾੜ ਕਹੇ ਭਗਤੋ ਮੈਂ ਬਹੁਤ ਕੁਛ ਕਰਨਾ ਯਾਦ, ਹਾੜ ਸਤਾਰਾਂ ਦਿਆਂ ਸੁਣਾਈਆ । ਜ਼ਰੂਰ ਦਸਾਂਗਾ ਤੁਹਾਨੂੰ ਕਿਥੇ ਕਿਥੇ ਕਰਨਾ ਆਬਾਦ, ਕਵਣ ਧਾਮ ਟਿਕਾਈਆ । ਤੁਹਾਡੀ ਸਭ ਦੀ ਰੱਖਣੀ ਯਾਦ, ਯਾਦਦਾਸਤ ਨਾ ਕਦੇ ਭੁਲਾਈਆ । ਤੁਹਾਨੂੰ ਜਗਤ ਵਾਲੇ ਰਹਿਣ ਨਹੀਂ ਦੇਣਾ ਸਾਧ, ਸਾਧਨਾ ਧੁਰ ਦੀ ਦੇਣੀ ਦ੍ਰਿੜਾਈਆ । ਤੁਹਾਡੀ ਸੁੱਤਿਆਂ ਦੇ ਅੰਦਰ ਵੜ ਕੇ ਵਜਾਉਣੀ ਰਬਾਬ, ਸਿਤਾਰ ਆਪਣੇ ਨਾਮ ਨਾਲ ਹਿਲਾਈਆ । ਜੇ ਤੁਹਾਡਾ ਸ਼ਹਿਨਸ਼ਾਹ ਆ ਗਿਆ ਵਿਚ ਪੰਜਾਬ, ਤੇ ਪੰਜੇ ਲਾ ਕੇ ਸਭ ਨੂੰ ਪਾਰ ਕਰਾਈਆ । ਜਿਹੜਾ ਪਰਮ ਪੁਰਖ ਕਿਸੇ ਨੂੰ ਦਿਸਿਆ ਨਹੀਂ ਸੀ ਵਿਚ ਖ਼ਵਾਬ, ਸਾਹਮਣੇ ਹੋ ਕੇ ਦਰਸ਼ਨ ਦੇਵੇ ਚਾਈਂ ਚਾਈਂ । ਜਿਸ ਨੂੰ ਸਜਦਿਆਂ ਵਿਚ ਸਭ ਨੇ ਕੀਤਾ ਅਦਾਬ, ਕਦਮਬੋਸੀਆਂ ਕਰ ਕੇ ਝਟ ਲੰਘਾਈਆ । ਪਹਿਲੀ ਹਾੜ ਕਹੇ ਸੋ ਸਾਹਿਬ ਮੇਰਾ ਪ੍ਰਗਟ ਹੋ ਕੇ ਦੇਸ ਮਾਝ, ਸਮਾਜ ਜਗਤ ਵਾਲਾ ਬਦਲਾਈਆ । ਜਿਸ ਸੰਬਲ ਵਿਚ ਬਹਿ ਕੇ ਸੰਬਲ ਦਾ ਕੀਤਾ ਰਾਜ, ਉਹ ਰਈਅਤ ਦੀਨ ਦੁਨੀ ਵੇਖ ਵਖਾਈਆ । ਜਿਸ ਦੀ ਸ਼ਬਦ ਧਾਰ ਨੇ ਸ਼ਬਦ ਦਾ ਬਦਲ ਦੇਣਾ ਮਿਜਾਜ਼, ਸ਼ਬਦ ਦੀ ਸਿਖਿਆ ਸ਼ਬਦ ਨਾਲ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪਹਿਲੀ ਹਾੜ ਕਹੇ ਜਨ ਭਗਤੋ ਪੰਜਾਂ ਪੰਜਾਂ ਗੁਰਮੁਖਾਂ ਪੰਜ ਪੰਜ ਲਿਆਉਣੀਆਂ ਕਲੀਆਂ, ਮਾਝਾ ਮਾਲਵਾ ਦੁਆਬਾ ਜੰਮੂ ਵੰਡ ਵੰਡਾਈਆ । ਪੰਜਾਂ ਕੋਲ ਪੰਜ ਪੰਜ ਹੋਣਗੀਆਂ ਟੱਲੀਆਂ, ਜੋ ਭਗਤ ਦਵਾਰੇ ਦੇ ਚਾਰੇ ਕੁੰਟਾਂ ਦੇਣ ਖੜਕਾਈਆ । ਪੰਜਾਂ ਪੰਜਾਂ ਦੇ ਕੋਲ ਹੋਣਗੀਆਂ ਨਿੱਕੀਆਂ ਨਿੱਕੀਆਂ ਲੂਣ ਦੀ ਡਲੀਆਂ, ਲੂਣ ਖਾ ਕੇ ਤੁਹਾਡਾ ਸਤਿਗੁਰ ਨਿਮਕ ਹਰਾਮ ਨਾ ਕਦੇ ਬਣ ਜਾਈਆ । ਸਭ ਨੇ ਤੇਲ ਲਾ ਕੇ ਆਉਣਾ ਘਰੋਂ ਆਪਣੇ ਪੈਰਾਂ ਦੀਆਂ ਵਿਚ ਤਲੀਆਂ, ਅਗੇ ਧਰਮ ਰਾਏ ਤਲਬਾਂ ਦੀ ਲੋੜ ਰਹੇ ਨਾ ਰਾਈਆ । ਲੰਘਣਾ ਪਏ ਨਾ ਵਿਚੋਂ ਭੀੜੀਆਂ ਗਲੀਆਂ, ਚੁਰਾਸੀ ਵਿਚ ਨਾ ਕੋਇ ਭਵਾਈਆ । ਜਿਹੜੀਆਂ ਆਤਮਾ ਪ੍ਰਭੂ ਦੇ ਚਰਨਾਂ ਵਿਚ ਪਲੀਆਂ, ਉਹ ਪਲਕਾਂ ਵਿਚ ਪਾਰਬ੍ਰਹਮ ਪਤਿਪਰਮੇਸ਼ਵਰ ਵਿਚ ਸਮਾਈਆ । ਜਦੋਂ ਵੇਖੋ ਹਾਜ਼ਰ ਹਜ਼ੂਰ ਖਲੀਆਂ, ਦਰ ਠਾਂਡੇ ਬਿਨਾ ਸੀਸ ਤੋਂ ਸੀਸ ਨਿਵਾਈਆ । ਜਿਹੜੀਆਂ ਆਪਣੇ ਪਿਆਰ ਵਿਚ ਵਿਹਾਰ ਵਿਚ ਲੋਕਮਾਤ ਘੱਲੀਆਂ, ਫਿਰ ਘਰ ਲੈ ਕੇ ਜਾਵੇ ਚਾਈਂ ਚਾਈਆ । ਪਹਿਲੀ ਹਾੜ ਕਹੇ ਜਨ ਭਗਤੋ ਤੁਹਾਡੀਆਂ ਆਤਮਾ ਕਦੇ ਰਹਿਣ ਨਾ ਦੇਵੇ ਇਕੱਲੀਆਂ, ਇਕੱਲੇ ਇਕੱਲੇ ਦੇ ਨਾਲ ਆਪਣਾ ਸੰਗ ਲਏ ਬਣਾਈਆ । ਬਾਹਰੋਂ ਤੁਹਾਨੂੰ ਕੋਈ ਨਾ ਵੇਖੇ ਅੰਦਰ ਤੁਹਾਡੇ ਜ਼ਰੂਰ ਪਾਵੇਗਾ ਜੱਲੀਆਂ, ਮਸਤੀ ਵਿਚ ਆਪਣੀ ਮਸਤੀ ਦਏ ਚੜ੍ਹਾਈਆ । ਵਕਤ ਆਉਣਾ ਤੇ

੧੮੯੬
੨੩

ਤੁਹਾਥੋਂ ਲਹਿਰਾਂ ਜਾਣੀਆਂ ਨਹੀਂ ਠੱਲ੍ਹੀਆਂ, ਹਲੂਣੇ ਦੇ ਦੇ ਸਭ ਨੂੰ ਦਏ ਹਿਲਾਈਆ । ਹੁਣ ਕਹਿੰਦੇ ਸਾਰੇ ਵਲੀਆ ਛਲੀਆ, ਫਿਰ ਸਭ ਨੇ ਕਹਿਣਾ ਇਹੋ ਧੁਰ ਦਾ ਮਾਹੀਆ । ਕਿਉਂ ਵਕਤ ਆਉਣਾ ਤੇ ਸਭ ਦੇ ਅੰਦਰ ਜੋਤਾਂ ਦਿਸਣੀਆਂ ਬਲੀਆਂ, ਬਿਨ ਤੇਲ ਬਾਤੀ ਡਗਮਗਾਈਆ । ਭਾਗ ਲੱਗਣੇ ਤੁਹਾਡੇ ਕਾਇਆ ਮਾਟੀ ਪੰਜ ਤਤ ਦੀਆਂ ਖੱਲੀਆਂ, ਖੱਲਾਂ ਵਿਚ ਅਲਾਹ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਪਿਆਰ ਦੀਆਂ ਮਾਣੇ ਰੰਗ ਰਲੀਆਂ, ਰਲ ਮਿਲ ਆਪਣਾ ਝਟ ਲੰਘਾਈਆ ।

✪ ੨ ਹਾੜ ਸ਼ਹਿਨਸ਼ਾਹੀ ਸੰਮਤ ਦਸ ਅੰਮ੍ਰਿਤਸਰ ਸ਼ਹਿਰ ਠੇਕੇਦਾਰ ਠਾਕਰ ਸਿੰਘ ਦੇ ਗ੍ਰਹਿ ✪

ਪੰਜ ਤਤ ਕਹਿਣ ਪ੍ਰਭ ਸਾਡੀ ਇਕ ਅਰਦਾਸ, ਬੇਨੰਤੀ ਕਰ ਕੇ ਸੀਸ ਝੁਕਾਈਆ । ਸਾਡਾ ਅੰਤਰ ਲੇਖੇ ਲਾਉਣਾ ਪਵਣ ਸਵਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਤੂੰ ਮਾਲਕ ਖ਼ਾਲਕ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਤੇਰੀ ਵਜਦੀ ਰਹੇ ਵਧਾਈਆ । ਸਾਡੀ ਪੂਰੀ ਕਰਨੀ ਆਸ, ਆਸ਼ਾ ਤੇਰੇ ਚਰਨ ਟਿਕਾਈਆ । ਸਦਾ ਸਦਾ ਸਦ ਤੇਰੇ ਸੇਵਕ ਰਹੀਏ ਦਾਸ, ਯਾਚਕ ਜਗਤ ਜਹਾਨ ਅਖਵਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਡਾ ਤੇਰੇ ਉਤੇ ਵਿਸ਼ਵਾਸ, ਵਿਸ਼ਵ ਦਾ ਲੇਖਾ ਦੇਣਾ ਮੁਕਾਈਆ । ਨਿਰਗੁਣ ਨੂਰ ਤੇਰਾ ਤੱਕੀਏ ਜੋਤ ਪ੍ਰਕਾਸ਼, ਕਾਇਆ ਮੰਦਰ ਅੰਦਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਸਾਡੀ ਇਕੋ ਇਕ ਬੇਨੰਤੀ, ਨਿਮਰਤਾ ਵਿਚ ਮੰਗ ਮੰਗਾਈਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਡੀ ਹੋਵੇ ਪੰਗਤੀ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸਾਚੀ ਵਿਦਿਆ ਦੇ ਦੇ ਬਿਨਾ ਪੰਡਤੀ, ਨਿਰਅੱਖਰ ਅੱਖਰ ਧਾਰ ਜਣਾਈਆ । ਮੇਲ ਮਿਲਾਵਾ ਬਖ਼ਸ਼ ਧਰਮ ਧਾਰ ਦੀ ਸੰਗਤੀ, ਸਗਲਾ ਸੰਗ ਜਣਾਈਆ । ਪੈਜ ਰੱਖ ਲੈ ਆਪਣੇ ਜਨ ਦੀ, ਜਨਕ ਦਾ ਲੇਖਾ ਨਾਲ ਮਿਲਾਈਆ । ਵਾਸਨਾ ਕੂੜ ਰਹੇ ਨਾ ਮਨ ਦੀ, ਮਮਤਾ ਮੋਹ ਦੇਣਾ ਮਿਟਾਈਆ । ਵਸਤ ਬਖ਼ਸ਼ ਦੇ ਨਾਮ ਧਨ ਦੀ, ਕਾਇਆ ਮੰਦਰ ਅੰਦਰ ਟਿਕਾਈਆ । ਸੂਝ ਬਖ਼ਸ਼ ਦੇ ਆਪਣੇ ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਪਰਦਾ ਲਾਹੀਆ । ਮਰਿਆਦਾ ਬਖ਼ਸ਼ ਦੇ ਆਪਣੇ ਧਰਮ ਦੀ, ਮਾਰਗ ਇਕੋ ਇਕ ਸਮਝਾਈਆ । ਚਿੰਤਾ ਰਹੇ ਨਾ ਕਿਸੇ ਵਰਨ ਦੀ, ਜ਼ਾਤ ਪਾਤ ਦਾ ਪੰਧ ਮੁਕਾਈਆ । ਇਕੋ ਓਟ ਤੇਰੇ ਚਰਨ ਦੀ, ਚਰਨ ਚਰਨੋਦਕ ਜਾਮ ਦੇਣਾ ਪਿਆਈਆ । ਸਾਡੀ ਖੇਲ ਨਾ ਰਹੇ ਜਨਮ ਮਰਨ ਦੀ, ਪੰਜ ਤਤ ਨਿਵ ਨਿਵ ਸੀਸ ਝੁਕਾਈਆ । ਤੇਰੀ ਕਿਰਪਾ ਹੋਵੇ ਸਚਖੰਡ ਖੜਨ ਦੀ, ਅਗੇ ਹੋ ਨਾ ਕੋਇ ਅਟਕਾਈਆ । ਮੰਜ਼ਲ ਬਖ਼ਸ਼ ਦੇ ਆਪਣੇ ਚੜ੍ਹਨ ਦੀ, ਜਗਤ ਦਵਾਰਿਆਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਸਾਡੀ ਇਕੋ ਇਕ ਦਲੀਲ, ਦੂਸਰ ਓਟ ਨਾ ਕੋਇ ਤਕਾਈਆ । ਦਰਗਾਹ ਸਚ ਸਚ ਅਪੀਲ, ਸਚਖੰਡ ਨਿਵਾਸੀ ਸੁਣਨੀ ਚਾਈਂ ਚਾਈਂਆ । ਸ਼ਰਅ ਦਾ ਵਿਚ ਦਿਸੇ ਨਾ ਕੋਇ ਵਕੀਲ, ਵੁਕਲਾ ਰੂਪ ਨਾ ਕੋਇ ਦਰਸਾਈਆ । ਨਿਗਾਹ ਮਾਰ ਲੈ ਉਤੇ ਜ਼ਮੀਨ, ਬਿਨ ਨੈਣਾਂ ਨੈਣ ਉਠਾਈਆ । ਸਾਡੀ ਬੰਦਗੀ ਕਰ ਤਸਲੀਮ, ਸਿਰ ਸਿਰ ਆਪਣਾ ਹੱਥ ਟਿਕਾਈਆ ।

੧੮੬੭
੨੩

੧੮੯੮
੨੩

ਸਾਡਾ ਅੰਤ ਨਾ ਹੋਵੇ ਗ਼ਮਗੀਨ, ਗ਼ਮਾਂ ਦਾ ਡੇਰਾ ਦੇਣਾ ਢਾਹੀਆ । ਤੂੰ ਸ਼ਹਿਨਸ਼ਾਹ ਸ਼ਾਹ ਪ੍ਰਬੀਨ, ਪਾਤਸ਼ਾਹ ਧੁਰਦਰਗਾਹੀਆ । ਦਿਵਸ ਰੈਣ ਤੇਰਾ ਨਾਮ ਰਹੇ ਚੀਨ, ਚਿੰਤਾ ਗ਼ਮ ਅੰਦਰੋਂ ਦੇਣਾ ਕਢਾਈਆ । ਤੇਰੀ ਧਰਮ ਦੀ ਧਾਰ ਸਾਡੀ ਹੋਏ ਤਾਲੀਮ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਭਗਤ ਸੁਹੇਲੇ, ਜੁਗ ਜੁਗ ਤੇਰੀ ਸੇਵ ਕਮਾਈਆ । ਆਤਮ ਧਾਰ ਮੇਲ ਲੈ ਮੇਲੇ, ਪੰਜ ਤਤ ਲੇਖਾ ਨਾਲ ਰਲਾਈਆ । ਅਸੀਂ ਰਹੀਏ ਮੂਲ ਨਾ ਅਕੇਲੇ, ਅਕਲ ਕਲਧਾਰੀ ਦੇਣੀ ਮਾਣ ਵਡਿਆਈਆ । ਇਕੋ ਰੰਗ ਰੰਗਾ ਦੇ ਗੁਰੂ ਗੁਰ ਚੇਲੇ, ਸਤਿਗੁਰ ਸ਼ਬਦ ਤੇਰੀ ਬੇਪ੍ਰਵਾਹੀਆ । ਜੁਗ ਜੁਗ ਤੁਧ ਬਿਨ ਖੇਲ ਕੋਈ ਨਾ ਖੇਲੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਸਾਚੀ ਧਰਮ ਰਾਏ ਦੀ ਕੱਟ ਦੇ ਜੇਲੇ, ਆਵਣ ਜਾਵਣ ਲੱਖ ਚੁਰਾਸੀ ਰਹੇ ਨਾ ਰਾਈਆ । ਤੇਰਾ ਪ੍ਰਕਾਸ਼ ਤਕੀਏ ਜਿਥੇ ਦੀਪਕ ਬਲੇ ਬਿਨ ਬਾਤੀ ਤੇਲੇ, ਘਿਰਤ ਲੋੜ ਰਹੇ ਨਾ ਰਾਈਆ । ਮਿਹਰਵਾਨ ਮਿਹਰਵਾਨ ਕਿਰਪਾ ਕਰ ਦੇ ਸਾਡੇ ਧਰਮ ਰਾਏ ਦੇ ਵੇਲੇ, ਵਕਤ ਵਕਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਸਾਡਾ ਲੇਖਾ ਮੇਟ ਦੇ ਵੱਖ, ਤਤਵ ਤਤ ਧਿਆਨ ਲਗਾਈਆ । ਲੱਜਿਆ ਲੋਕਮਾਤ ਲੈਣੀ ਰਖ, ਜਨ ਭਗਤ ਵਾਸਤਾ ਪਾਈਆ । ਦਰਸ਼ਨ ਦੇਣਾ ਪ੍ਰਭੂ ਪ੍ਰਤਖ, ਸਾਖਿਆਤ ਨਜ਼ਰੀ ਆਈਆ । ਤੂੰ ਸਾਹਿਬ ਸੁਲਤਾਨਾ ਅਲਖਣਾ ਅਲਖ, ਅਗੰਮ ਅਥਾਹ ਬੇਪ੍ਰਵਾਹੀਆ । ਪੁਰਖ ਅਕਾਲੇ ਦੀਨ ਦਿਆਲੇ ਸਭ ਕੁਛ ਤੇਰੇ ਹੱਥ, ਦੋ ਜਹਾਨ ਸ੍ਰੀ ਭਗਵਾਨ ਤੇਰੀ ਆਸ ਰਖਾਈਆ । ਪਰਮ ਪੁਰਖ ਸਾਡੇ ਸਮਰਥ, ਮਹਿੰਮਾ ਅਕਥ ਕਥੀ ਨਾ ਜਾਈਆ । ਤੇਰੇ ਦਰਸ਼ਨ ਨਾਲ ਸਗਲ ਵਸੂਰੇ ਜਾਇਣ ਲੱਥ, ਰੋਗ ਸੋਗ ਦਾ ਡੇਰਾ ਢਾਹੀਆ । ਚਰਨ ਕਵਲ ਟੇਕੀਏ ਮੱਥ, ਮਸਤਕ ਧੂੜੀ ਖ਼ਾਕ ਰਮਾਈਆ । ਨਾਮ ਨਿਧਾਨ ਦੇ ਦੇ ਵਥ, ਵਸਤ ਅਮੋਲਕ ਇਕ ਵਰਤਾਈਆ । ਤੇਰੀ ਸਰਨ ਸਰਨਾਈ ਚਰਨ ਕਵਲ ਜਾਈਏ ਢੱਠ, ਧੂੜੀ ਖ਼ਾਕ ਖ਼ਾਕ ਰਮਾਈਆ । ਸਾਡਾ ਲਹਿਣਾ ਵੇਖ ਲੈ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਅੱਠ, ਨਵਾਂ ਦਰਾਂ ਦਾ ਲੇਖ ਚੁਕਾਈਆ । ਦਸਵੇਂ ਤੇਰਾ ਨੂਰ ਜੋਤ ਪ੍ਰਕਾਸ਼ ਵੇਖੀਏ ਲਟ ਲਟ, ਨੂਰ ਨੁਰਾਨੇ ਡਗਮਗਾਈਆ । ਧੁਨ ਆਤਮਕ ਸ਼ਬਦ ਦੀ ਮਾਰ ਸੱਟ, ਸੋਈ ਸੁਰਤ ਸੁਰਤ ਜਗਾਈਆ । ਅੰਮ੍ਰਿਤ ਧਾਰ ਨਿਝਰ ਝਿਰਨਾ ਝੱਟ, ਬੂੰਦ ਸਵਾਂਤੀ ਦੇ ਪਿਆਈਆ । ਸਾਡੀ ਦੁਰਮਤ ਮੈਲ ਕੱਟ, ਜਗਤ ਪਾਪਾਂ ਕਰ ਸਫਾਈਆ । ਸਰਨ ਸਰਨਾਈ ਜਾਈਏ ਢੱਠ, ਨਿਵ ਨਿਵ ਸੀਸ ਝੁਕਾਈਆ । ਤੂੰ ਵਸਣਹਾਰਾ ਘਟ ਘਟ, ਵੇਖਣਹਾਰਾ ਥਾਉਂ ਥਾਈਂਆ । ਯਾਰੜੇ ਤੇਰਾ ਸਥਰ ਬੈਠੇ ਘੱਤ, ਧਰਮ ਧਾਰ ਸੇਜ ਹੰਢਾਈਆ । ਤੂੰ ਲਹਿਣਾ ਦੇਣਾ ਦੇ ਦੇ ਵਤ, ਬੇਵਤਨਾਂ ਵਤਨ ਖੁਲਾਈਆ । ਸਾਡੀ ਲੇਖੇ ਲਾ ਲੈ ਰੱਤ, ਰੁਤੜੀ ਲੋਕਮਾਤ ਮਹਿਕਾਈਆ । ਕਿਰਪਾ ਕਰ ਸਵਾਮੀ ਪਰਮੇਸ਼ਵਰ ਪਤ, ਪਤਤ ਪੁਨੀਤ ਦੇ ਬਣਾਈਆ । ਪਵਿਤ੍ਰ ਕਰ ਬੁਧ ਮਤ, ਉਜਲ ਮਨ ਕਰ ਸਫ਼ਾਈਆ । ਸਾਡੀ ਬੇਨੰਤੀ ਚਰਨ ਕਵਲ ਕਹਿਣ ਪੰਜ ਤਤ, ਤਤਵ ਤਤ ਧਿਆਨ ਲਗਾਈਆ , । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਅੰਮਿਉਂ ਰਸ ਆਪਣਾ ਘਤ, ਜਗਤ ਅਗਨੀ ਕੂੜ ਤਤ ਮਿਟਾਈਆ ।

੧੯੯੯
੨੩

✪ ੧੭ ਹਾੜ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਤਾਰਾਂ ਹਾੜ ਕਹੇ ਨਵ ਅਜ਼ ਮਜ਼ੀ ਜ਼ਵਲੇ ਉਜ਼ ਯਕ ਜਫ਼ਾ ਚਸ਼ਮੇ ਨਜ਼ ਨੂਰੇ ਅਲਾਹ ਜ਼ਵਜ਼ੀ ਨਜ਼ੁਦ ਚਾਵਿਕਸੇ ਜ਼ਮੁਦ ਤਾਵਿਜ਼ਲੇ ਅਮੀ ਮਾਜ਼ੂਹਲ ਜ਼ਵਾ ਜ਼ਾਮੁਸ਼ਤੇ ਦੁਆ ਨਾਖਿਸਤੋ ਮੁਹਿਮ ਅਰਸ਼ੋ ਜ਼ਮਿਮ ਪਾਵਿਜ਼ੀਉ ਜ਼ਮਾ ਸ਼ਾਹੇ ਗੁਮਾਂ ਜ਼ਾਵਸਤੀ ਮਜਿਸ ਜ਼ਾਖੁਨੇ ਕਲਿਸ ਨੂਰੇ ਅਲਾਹ ਪਾਮਿਸ਼ਤੇ ਮੁਜ਼ਾ ਵਜ਼ੀਉਲ ਵਹਿਕ ਨਾਜ਼ਮਤੋ ਜ਼ਮੀ ਨਰਸ਼ੇ ਮਬੀਂ ਕਜ਼ੂਨੇ ਕਵਦ ਨੂਰੇ ਜ਼ਵਦ ਅਮਾਵਵਜ਼ੇ ਮਬਲੂ ਫ਼ਰਸ਼ੇ ਤਕਲੂ ਜ਼ਮੀਉਲ ਅਵਾਂ ਬੇਐਬੇ ਬੇਪਰਵਾਹ ਜ਼ਖਲੂ ਬਹੁਲਾ ਜ਼ਮੂ ਜਹਦਮ ਤਾ ਜ਼ੀਉਨ ਕੋਮੇ ਜ਼ਮਾਂ ਜ਼ਲਫ਼ਸਲ ਮੁਬਲ ਮਜ਼ਲ ਤੀਬੇ ਜ਼ਬਾ ਜ਼ਕਮੀ ਨਾਅਵਲਕਲ ਮਜ਼ਿਦਲ ਜ਼ੀਬਲ ਜ਼ਬਾ ਕਾਵਿਸਤੋ ਦਾਮਿਸ ਚੁਅਜ਼ਲਾ ਅਲਾਹ ਬਹੁਖ਼ਤਮ ਬਹਸਤਲ ਸਮੂਤੇ ਸਮਤ ਚਸ਼ਮੇ ਕਮਤ ਨੂਰੇ ਰੁਸ਼ਨਾ ਰਹਿਮਤੇ ਖ਼ੁਦਾ ਖ਼ੁਦ ਮਾਲਕ ਬੇਪਰਵਾਹੀਆ । ਸਤਾਰਾਂ ਹਾੜ ਕਹੇ ਮੇਰਾ ਇਕੋ ਇਕ ਸੰਦੇਸ਼, ਸੰਧਿਆ ਸਰਘੀ ਬਾਹਰ ਜਣਾਈਆ । ਸੋ ਪੁਰਖ ਨਿਰੰਜਣ ਮੇਰਾ ਨਰੇਸ਼, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਜਾਣੇ ਲੇਖ, ਆਦਿ ਨਿਰੰਜਣ ਭੇਵ ਚੁਕਾਈਆ । ਅਬਿਨਾਸ਼ੀ ਕਰਤਾ ਸੁਹੰਜਣਾ ਕਰੇ ਵੇਸ, ਸ੍ਰੀ ਭਗਵਾਨ ਪਰਦਾ ਲਾਹੀਆ । ਪਾਰਬ੍ਰਹਮ ਮੇਰਾ ਵੇਖਣਹਾਰਾ ਦੇਸ, ਰੂਪ ਅਨੂਪ ਆਪ ਦਰਸਾਈਆ । ਸਤਿਗੁਰ ਸ਼ਬਦ ਦੇ ਸੰਦੇਸ਼, ਸੁਨੇਹੁੜਾ ਇਕੋ ਧੁਰਦਰਗਾਹੀਆ । ਜਿਸ ਦਾ ਖੇਲ ਆਦਿ ਜੁਗਾਦਿ ਵਿਸ਼ੇਸ਼, ਦਿਸ਼ਾ ਸਮਝ ਕੋਇ ਨਾ ਪਾਈਆ । ਸੋ ਲਹਿਣਾ ਦੇਣਾ ਵੇਖੇ ਕਲ ਕਲੇਸ਼, ਕਲ ਕਾਤੀ ਫੋਲ ਫੁਲਾਈਆ । ਜੋ ਆਸਾ ਰੱਖ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਜਿਸ ਝਗੜਾ ਮੇਟਣਾ ਮੁੱਲਾ ਮੁਸਾਇਕ ਸ਼ੇਖ਼, ਸ਼ਰਅ ਸ਼ਰੀਅਤ ਪੰਧ ਮੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਹਰ ਘਟ ਰਿਹਾ ਵੇਖ, ਲੱਖ ਚੁਰਾਸੀ ਡੇਰਾ ਲਾਈਆ । ਜਿਸ ਨਿਰਗੁਣ ਸਰਗੁਣ ਧਾਰ ਬਦਲਣੀ ਰੇਖ, ਰਿਖੀ ਰਿਖੀਸ਼ਰਾਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਸਤਾਰਾਂ ਹਾੜ ਕਹੇ ਮੇਰੀ ਬੰਦਨਾ ਇਕ ਪ੍ਰਨਾਮ, ਪਤਿਪਰਮੇਸ਼ਵਰ ਸੀਸ ਨਿਵਾਈਆ । ਮੇਰਾ ਸਜਦਾ ਅਗੰਮ ਸਲਾਮ, ਧੁਰਦਰਗਾਹੀ ਲਾਗਾਂ ਪਾਈਆ । ਜਿਸ ਦੇ ਸੁਣਾਂ ਜੁਗ ਚੌਕੜੀ ਪੈਗ਼ਾਮ, ਬਿਨ ਅੱਖਰਾਂ ਅੱਖਰ ਦਏ ਸਮਝਾਈਆ । ਉਸ ਦਾ ਨਿਰਗੁਣ ਧਾਰ ਦੀਨ ਦੁਨੀ ਦਾ ਇਕ ਕਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਸਭ ਦਾ ਮਾਲਕ ਖ਼ਾਲਕ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜੋ ਹਕੀਕੀ ਦੇਵੇ ਇਕੋ ਜਾਮ, ਹਕੀਕਤ ਪਰਦਾ ਦਏ ਖੁਲਾਈਆ । ਜਿਸ ਨੂੰ ਕਹਿੰਦੇ ਧੁਰ ਦਾ ਰਾਮ, ਰਮਈਆ ਰਾਮ ਰੂਪ ਸਮਾਈਆ । ਜਿਹੜਾ ਸੁਬਹ ਤੋਂ ਦਿਸੇ ਸ਼ਾਮ, ਘਨਈਆ ਅਗੰਮ ਅਥਾਹੀਆ । ਜਿਸ ਦਾ ਮੰਤਰ ਸਤਿਨਾਮ, ਅੱਖਰ ਅੱਖਰਾਂ ਨਾਲ ਦ੍ਰਿੜਾਈਆ । ਉਹ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰਨ ਵਾਲਾ ਇੰਤਜ਼ਾਮ, ਦੋ ਜਹਾਨਾਂ ਵੇਖ ਵਖਾਈਆ । ਜਿਸ ਦੇ ਨਾਮ ਕਲਮੇ ਜੁਗ ਚੌਕੜੀ ਲਹਿਣਿਆਂ ਵਾਲੇ ਬਨਾਮ, ਦੀਨ ਦੁਨੀਆ ਜਗਤ ਜੁਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਭੇਵ ਆਪ ਚੁਕਾਈਆ । ਸਤਾਰਾਂ ਹਾੜ ਕਹੇ ਪ੍ਰਭੂ ਮੈਨੂੰ ਕਰ ਲੈਣ ਦੇ ਸਜਦਾ, ਪਰਵਰਦਿਗਾਰ ਸਾਂਝੇ ਯਾਰ ਸੀਸ ਝੁਕਾਈਆ । ਮੈਂ ਗ਼ੁਲਾਮ ਤੇਰਾ ਹੋਵਾਂ ਬਰਦਾ, ਬੰਦਗੀ ਬੰਦੀਖ਼ਾਨਿਉਂ ਬਾਹਰ ਦੇਣਾ ਕਢਾਈਆ । ਤੂੰ ਜੁਗ ਜੁਗ ਖੇਲ ਅਗੰਮਾ ਕਰਦਾ, ਕਰਨੀ ਦਾ ਕਰਤਾ ਨੂਰ ਅਲਾਹੀਆ । ਨਾ ਜਨਮੇ ਨਾ ਕਦੇ ਮਰਦਾ, ਮਰਨ ਜੰਮਣ

ਵਿਚ ਕਦੇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੁ ਤੇਰੇ ਕੋਲੋਂ ਡਰਦਾ, ਭੈ ਵਿਚ ਭੱਜਣ ਵਾਹੋ ਦਾਹੀਆ । ਤੇਰਾ ਸ਼ਰਅ ਦਾ ਅਸੂਲ ਵੇਖਿਆ
ਲੜਦਾ, ਕਲਮਾ ਨਾਮ ਨਾਲ ਟਕਰਾਈਆ । ਦੀਨ ਦੁਨੀ ਤੇਰਾ ਖੇਲ ਵੇਖਿਆ ਗੜ੍ਹ ਦਾ, ਹੰਕਾਰ ਵਿਚ ਵਡਿਆਈਆ । ਮਾਇਆ ਵਿਚ ਤੇਰਾ
ਜਗਤ ਜਹਾਨ ਵੇਖਿਆ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਬਿਨ ਤੇਰੀ ਕਿਰਪਾ ਤੂੰ ਮੇਰਾ ਮੈਂ ਤੇਰਾ ਅੱਖਰ ਕੋਇ ਨਾ ਪੜ੍ਹਦਾ, ਨਿਰਗੁਣ
ਨਿਰਗੁਣ ਵਿਚ ਨਾ ਕੋਇ ਸਮਾਈਆ । ਤੂੰ ਮਾਲਕ ਜਲ ਥਲ ਦਾ, ਮਹੀਅਲ ਤੇਰੀ ਬੇਪਰਵਾਹੀਆ । ਕੁਝ ਲਹਿਣਾ ਦੇਣਾ ਦੱਸ ਦੇ ਮੇਰੇ ਮਾਲਕਾ
ਕਲਜੁਗ ਕਲ ਦਾ, ਕੀ ਕਲ ਕਾਤੀ ਖੇਲ ਖਿਲਾਈਆ । ਕੀ ਫ਼ਰਮਾਨ ਸੰਦੇਸਾ ਬਾਵਨ ਦਵਾਰੇ ਬਲ ਦਾ, ਭੇਵ ਅਭੇਦਾ ਦੇਣਾ ਦ੍ਰਿੜਾਈਆ । ਮੈਨੂੰ
ਇਉਂ ਜਾਪਦਾ ਤੇਰਾ ਵੇਲਾ ਕਦੇ ਨਹੀਂ ਟਲਦਾ, ਟੱਲੀਆਂ ਵਾਲੇ ਦੇਣ ਗਵਾਹੀਆ । ਉਹ ਵੇਖ ਲੈ ਤੇਰਾ ਸ਼ਬਦ ਸ਼ਬਦ ਸੰਦੇਸੇ ਘਲਦਾ, ਬਿਨਾ ਅੱਖਰਾਂ
ਅੱਖਰ ਸਮਝਾਈਆ । ਸਚ ਸਿੰਘਾਸਣ ਆਸਣ ਮੱਲਦਾ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲਾਈਆ । ਸਤਾਰਾਂ ਹਾੜ ਕਹੇ ਪ੍ਰਭੂ ਮੈਨੂੰ ਕਰ ਲੈਣ ਦੇ ਡੰਡਾਵਤ, ਬੰਦਗੀ
ਵਾਲਿਆ ਚਰਨਾਂ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਸਹੀ ਸਲਾਮਤ, ਆਦਿ ਜੁਗਾਦਿ ਇਕ ਅਖਵਾਈਆ । ਮੈਨੂੰ ਬਖ਼ਸ਼ ਦੇ ਸਤਿ ਧਰਮ
ਦੀ ਨਿਆਮਤ, ਵਸਤ ਅਮੋਲਕ ਅਗੰਮ ਵਰਤਾਈਆ । ਤੂੰ ਮੇਰਾ ਸਵਾਮੀ ਇਕੋ ਹੋਵੇਂ ਮਾਲਕ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਖੇਲ
ਖ਼ਾਲਕ ਦਾ ਵੇਖਾਂ ਸੰਚਾਲਕ, ਜੋ ਸੰਜੇ ਕ੍ਰਿਸ਼ਨ ਦਿਤਾ ਦ੍ਰਿੜਾਈਆ । ਤੇਰੇ ਹੁਕਮ ਹਕ ਦੀ ਵੇਖਾਂ ਅਦਾਲਤ, ਅਦਲ ਇਨਸਾਫ਼ ਦੇਣਾ ਸਮਝਾਈਆ ।
੧੯੦੦ ੨੩ ਤੇਰੇ ਪਿਛੇ ਪੈਗ਼ੰਬਰਾਂ ਪਾਈ ਸ਼ਹਾਦਤ, ਸ਼ਰਅ ਦੇ ਮਾਲਕ ਪਰਦਾ ਦੇਣਾ ਉਠਾਈਆ । ਮੈਨੂੰ ਇਉਂ ਦਿਸਦਾ ਏਸੇ ਸਾਲ ਵਿਚ ਪਾ ਦੇਣੀ ਬਗ਼ਾਵਤ, ੧੯੦੦ ੨੩
ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਅੱਜ ਮੇਰਾ ਖ਼ੁਸ਼ੀਆਂ ਦਾ ਦਿਹਾੜਾ ਸਭ ਨੂੰ ਦੇ ਦੇ ਦਾਅਵਤ, ਮੈਖ਼ਾਨੇ ਮਹਿਬੂਬ ਸਭ ਦੇਣੇ ਭਰਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਤਾਰਾਂ ਹਾੜ ਕਹੇ ਪ੍ਰਭੂ
ਮੈਨੂੰ ਚਰਨੀਂ ਲਾ ਲੈਣ ਦੇ ਧੂੜ, ਮਸਤਕ ਟਿੱਕਾ ਖ਼ਾਕ ਰਮਾਈਆ । ਮੈਂ ਤੇਰਾ ਨੰਨ੍ਹਾ ਬੱਚਾ ਮੂਰਖ ਮੂੜ੍ਹ, ਮੁਗਧ ਅਣਜਾਣ ਨਜ਼ਰੀ ਆਈਆ । ਨੌਜਵਾਨਾ
ਸ੍ਰੀ ਭਗਵਾਨਾ ਆਪਣਾ ਰੰਗ ਚਾੜ੍ਹ ਦੇ ਗੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਨਾਤਾ ਤੋੜ ਦੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਨਾਲੋਂ ਕੂੜ, ਕੂੜ
ਕੁਟੰਬ ਦੇਣਾ ਮਿਟਾਈਆ । ਸ਼ਰਅ ਦਾ ਰਹੇ ਨਾ ਕੋਇ ਮਗ਼ਰੂਰ, ਮਗ਼ਰਬ ਮਸ਼ਰਕ ਵੇਖਣਾ ਚਾਈਂ ਚਾਈਂਆ । ਮਿਹਰਵਾਨਾ ਮਿਹਰ ਕਰਨੀ ਜ਼ਰੂਰ,
ਜ਼ਰੂਰਤ ਸਭ ਦੀ ਆਪਣੇ ਚਰਨਾਂ ਵਿਚ ਟਿਕਾਈਆ । ਜੋ ਮੂਸਾ ਇਸ਼ਾਰਾ ਦੇ ਕੇ ਗਿਆ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਦਿਤਾ ਜਣਾਈਆ ।
ਜੋ ਸਲੀਵ ਲੈਂਦਿਆਂ ਈਸਾ ਨੇ ਤੇਰਾ ਹੁਕਮ ਕੀਤਾ ਮਸ਼ਹੂਰ, ਮਸ਼ਵਰਾ ਤੇਰੇ ਕਲਮੇ ਨਾਲ ਬਣਾਈਆ । ਜਿਸ ਕਾਰਨ ਤੈਨੂੰ ਹਜਰਤ ਮੁਹੰਮਦ ਨੇ ਕਿਹਾ
ਮੇਰਾ ਗ਼ਫ਼ੂਰ, ਆਲੀਜਾਹ ਐਲੀ ਅੱਲਾ ਨੂਰ ਅਲਾਹੀਆ । ਨਾਨਕ ਨਿਰਗੁਣ ਧਾਰ ਤੇਰਾ ਮੰਨਿਆ ਦਸਤੂਰ, ਦਸਤ ਬਦਸਤ ਸੀਸ ਨਿਵਾਈਆ ।
ਗੋਬਿੰਦ ਹੱਸ ਕੇ ਕਿਹਾ ਮੇਰਾ ਮਹਿਬੂਬ ਖੇਲ ਕਰੇ ਜ਼ਰੂਰ, ਖ਼ਾਲਕ ਖ਼ਲਕ ਧਿਆਨ ਲਗਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮੈਂ
ਕੀ ਤੱਕਾਂ ਤੇਰਾ ਨੂਰ, ਨੂਰ ਨੁਰਾਨੇ ਦੇਣਾ ਚਮਕਾਈਆ । ਮੈਂ ਚਾਕਰ ਆਦਿ ਜੁਗਾਦਿ ਤੇਰਾ ਮਜ਼ਦੂਰ, ਜੁਗ ਜੁਗ ਤੇਰੀ ਸੇਵ ਕਮਾਈਆ । ਮੇਰਾ

ਪਿਛਲਾ ਪੈਂਡਾ ਰਿਹਾ ਨਾ ਦੂਰ, ਅਗੇ ਨੇੜੇ ਗਿਆ ਆਈਆ । ਸਾਚੀ ਮਸਤੀ ਦਾ ਦੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਉਹ ਵੇਖ ਲੈ ਲਹਿੰਦੇ ਚੜ੍ਹਦੇ ਤੇਰੇ ਹੁਕਮ ਦਾ ਪਿਆ ਫ਼ਤੂਰ, ਫ਼ਤਵਾ ਦੇਣਾ ਥਾਉਂ ਥਾਈਂਆ । ਪਤਾ ਨਹੀਂ ਕਿਸ ਦਾ ਹੋਣਾ ਕਸੂਰ, ਕਸੂਰ ਵਾਲੇ ਕਸਰ ਇਸ਼ਾਰੀਏ ਨਾਲ ਦੇਣੇ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਹਾੜ ਸਤਾਰਾਂ ਕਹੇ ਪ੍ਰਭੂ ਮੈਨੂੰ ਲੈਣ ਦੇ ਝੁਕ, ਝੁਕ ਝੁਕ ਸੀਸ ਨਿਵਾਈਆ । ਮੈਨੂੰ ਪੜ੍ਹ ਲੈਣ ਦੇ ਅਗੰਮੀ ਤੁਕ, ਜੋ ਤੁਖਮ ਤਾਸੀਰ ਸਭ ਦੀ ਦਏ ਬਦਲਾਈਆ । ਓਹ ਵਕਤ ਸੁਹੰਜਣਾ ਤੇਰਾ ਰਿਹਾ ਢੁੱਕ, ਸਦੀ ਚੌਧਵੀਂ ਦਏ ਗਵਾਹੀਆ । ਚਾਰੋਂ ਕੁੰਟ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਚਮਕਾਈਆ । ਨਿਗਾਹ ਮਾਰ ਲੈ ਧੁਰ ਦੇ ਬਾਪ ਆਪਣੇ ਲੱਖ ਚੁਰਾਸੀ ਵਾਲੇ ਵੇਖ ਲੈ ਸੁਤ, ਬਿਨ ਨੈਣਾਂ ਨੈਣ ਉਠਾਈਆ । ਜਿਧਰ ਵੇਖੇਂ ਕੂੜ ਕਿਰਿਆ ਪਈ ਲੁੱਟ, ਲੁਟੇਰਾ ਕਲਜੁਗ ਭੱਜੇ ਨਾਲ ਵਾਹੋ ਦਾਹੀਆ । ਸਭ ਦੇ ਭਾਗ ਗਏ ਨਿਖੁਟ, ਭਾਗਹੀਣ ਲੋਕਾਈਆ । ਤੇਰੇ ਨਾਲੋਂ ਤੇਰੇ ਗਏ ਰੁੱਠ, ਪਾਸਾ ਦੀਨ ਦੁਨੀ ਬਦਲਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਕੱਢ ਲੈ ਮੁੱਠ, ਮੁੱਠੀ ਆਪਣੀ ਵਿਚ ਟਿਕਾਈਆ । ਮੈਨੂੰ ਇਉਂ ਦਿਸਦਾ ਹਾੜ ਸਤਾਰਾਂ ਕਹੇ ਝਗੜਾ ਛਿੜਨਾ ਲਹਿੰਦੇ ਵਾਲੀ ਗੁੱਠ, ਮਗ਼ਰਬ ਲੈ ਰਿਹਾ ਅੰਗੜਾਈਆ । ਉਹ ਵੇਖ ਲੈ ਮੁਹੰਮਦ ਈਸੇ ਵਾਲੀ ਦਿਸੇ ਫੁੱਟ, ਫੁਟਕਲ ਹੋਣੀ ਜਗਤ ਲੋਕਾਈਆ । ਸਭ ਦਾ ਨਾਤਾ ਅੰਦਰੋਂ ਜਾਣਾ ਟੁੱਟ, ਟੁਟਿਆਂ ਸਕੇ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਹਾੜ ਸਤਾਰਾਂ ਕਹੇ ਪ੍ਰਭੂ ਮੈਨੂੰ ਚਰਨੀਂ ਜਾਣ ਦੇ ਢੱਠ, ਢਹਿ ਢਹਿ ਸੀਸ ਨਿਵਾਈਆ । ਬਾਕੀ ਦੀਨ ਦੁਨੀ ਦੇ ਸਾਲ ਰਹਿ ਗਏ ਅੱਠ, ਅੱਠਾਂ ਤਤਾਂ ਖੇਲ ਖਿਲਾਈਆ । ਮੈਂ ਵੀ ਸਮਾਂ ਵੇਖਣਾ ਨੱਠ ਨੱਠ, ਭੱਜਣਾ ਵਾਹੋ ਦਾਹੀਆ । ਸਦੀ ਚੌਧਵੀਂ ਉਮਤ ਉਮਤੀ ਹੋਣਾ ਇਕੱਠ, ਚਾਰ ਯਾਰੀ ਸੰਗ ਮੁਹੰਮਦ ਦਏ ਗਵਾਹੀਆ । ਹਜ਼ਰਤ ਈਸਾ ਰਹੇ ਮੂਲ ਨਾ ਵੱਖ, ਵੱਖਰੀ ਗੰਢ ਨਾ ਕੋਇ ਬੰਧਾਈਆ । ਮੂਸਾ ਧਾਰ ਹੋ ਪ੍ਰਤਖ, ਚੌਥੇ ਜੁਗ ਦਏ ਗਵਾਹੀਆ । ਨਾਨਕ ਬੋਲ ਜੈਕਾਰ ਅਲੱਖ, ਸ਼ਬਦ ਸ਼ਬਦ ਨਾਲ ਸੁਣਾਈਆ । ਗੋਬਿੰਦ ਸ਼ਬਦ ਧਾਰ ਪ੍ਰਤਖ, ਦੋ ਜਹਾਨਾਂ ਵੇਖ ਵਖਾਈਆ । ਕਿਸੇ ਦੀ ਅੰਦਰੋਂ ਖੁਲ੍ਹਣੀ ਨਹੀਂ ਅੱਖ, ਤੇਰਾ ਭੇਵ ਕੋਇ ਨਾ ਪਾਈਆ । ਕੀ ਦੀਨ ਦੁਨੀ ਦੀ ਕੀਮਤ ਕੌਡੀ ਰਹਿਣੀ ਨਹੀਂ ਕੱਖ, ਸ਼ਾਹ ਸੁਲਤਾਨਾਂ ਖ਼ਾਕ ਨਾਲ ਮਿਲਾਈਆ । ਉਹ ਵੇਖ ਲੈ ਸਭ ਦੀ ਜੀਵਣ ਜ਼ਿੰਦਗੀ ਦਿਸੇ ਭੱਖ, ਪ੍ਰੇਮ ਵਿਚ ਨਾ ਕੋਇ ਸਮਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਅਲਖਣਾ ਅਲੱਖ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਕੁਛ ਮੈਨੂੰ ਆਪਣਾ ਭੇਤ ਦੱਸ, ਦਹਿ ਦਿਸ਼ਾ ਦਾ ਪਰਦਾ ਲਾਹੀਆ । ਮੈਂ ਫਿਰਾਂ ਹੱਸ ਹੱਸ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਲੈਣਾ ਮਿਲਾਈਆ । ਹਾੜ ਸਤਾਰਾਂ ਕਹੇ ਪ੍ਰਭੂ ਮੈਨੂੰ ਚਰਨਾਂ ਵਿਚ ਜਾਣ ਦੇ ਲੇਟ, ਆਪਣਾ ਆਪ ਮਿਟਾਈਆ । ਤੂੰ ਮਾਲਕ ਖੇਵਟ ਖੇਟ, ਮਲਾਹ ਧੁਰਦਰਗਾਹੀਆ । ਮੈਂ ਤੇਰੀ ਰੱਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਆਪਾ ਆਪ ਕਰ ਦੇਵਾਂ ਭੇਟ, ਬਾਕੀ ਅਵਰ ਨਾ ਕੁਛ ਰਖਾਈਆ । ਕਿਸ ਬਿਧ ਲਹਿਣਾ ਮੇਟਣਾ ਦੀਨ ਦੁਨੀ ਦੇ ਸੇਠ, ਪਰਦਾ ਦੇਣਾ ਚੁਕਾਈਆ । ਕਿਸ ਨੂੰ ਰੱਖੇਂ ਸਾਇਆ ਹੇਠ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਚੀ ਮੰਗ ਮੰਗਾਈਆ ।


੧੯੦੧
੨੩

ਹਾੜ ਸਤਾਰਾਂ ਕਹੇ ਪ੍ਰਭੂ ਮੈਂ ਦਰ ਤੇਰੇ ਦਾ ਮੰਗਤਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਅੰਤਸ਼ਕਰਨ ਮੂਲ ਨਾ ਸੰਗਦਾ, ਆਸਾ ਮਨਸਾ ਤੇਰੇ ਚਰਨ ਟਿਕਾਈਆ । ਸਦੀ ਚੌਧਵੀਂ ਵਕਤ ਜਾਂਦਾ ਲੰਘਦਾ, ਭੱਜੇ ਵਾਹੋ ਦਾਹੀਆ । ਕੀ ਖੇਲ ਹੋਣਾ ਕਲਜੁਗ ਮਲੰਗ ਦਾ, ਮੈਨੂੰ ਦੇ ਸਮਝਾਈਆ । ਕੀ ਲਹਿਣਾ ਸਿੰਘਾਸਣ ਤੇਰੇ ਖ਼ਾਲੀ ਪਲੰਘ ਦਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਕਿਸੇ ਨੂੰ ਦਾਣਾ ਹੱਥ ਨਹੀਂ ਆਉਣਾ ਡੰਗ ਦਾ, ਡੰਕਾ ਕਲਜੁਗ ਦੇਣਾ ਵਜਾਈਆ । ਸੁਖ ਰਹਿਣਾ ਨਹੀਂ ਆਤਮ ਅਨੰਦ ਦਾ, ਅਨੰਦਪੁਰ ਵਾਲਾ ਦਏ ਗਵਾਹੀਆ । ਓਹ ਵੇਖ ਲੈ ਨਿਸ਼ਾਨ ਇਸ਼ਾਰਾ ਦੇਂਦਾ ਤਾਰਾ ਚੰਦ ਦਾ, ਚੰਦ ਸਿਤਾਰ ਨਾਲ ਮਿਲਾਈਆ । ਝਗੜਾ ਪੈਣਾ ਦੀਨ ਦੁਨੀ ਬੰਦ ਬੰਦ ਦਾ, ਬੰਦਗੀ ਵਾਲੇ ਭੱਜਣ ਵਾਹੋ ਦਾਹੀਆਂ । ਕਿਸੇ ਦਾ ਲੇਖਾ ਮੁਕਣਾ ਨਹੀਂ ਤਤ ਪੰਜ ਦਾ, ਪੰਚਮ ਰੰਗ ਨਾ ਕੋਇ ਰੰਗਾਈਆ । ਤੇਰਾ ਭੇਤ ਨਹੀਂ ਆਉਣਾ ਮੁਹਾਣੇ ਵੰਝ ਦਾ, ਡੂੰਘੇ ਸਾਗਰ ਗਹਿਰ ਗਵਰ ਤੇਰਾ ਅੰਤ ਕੋਇ ਨਾ ਪਾਈਆ । ਆਪਣਾ ਖੇਲ ਤੱਕ ਲੈ ਸਵੇਰ ਸੰਝ ਦਾ, ਜਗਤ ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਹਾੜ ਸਤਾਰਾਂ ਕਹੇ ਮੈਂ ਪ੍ਰਭੂ ਕਰਾਂ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਤੇਰਾ ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਧਾਮ ਨਿਆਰਾ, ਦਰਗਾਹ ਸਾਚੀ ਸਚਖੰਡ ਸੋਭਾ ਪਾਈਆ । ਤੇਰਾ ਨੂਰ ਜ਼ਹੂਰ ਉਜਿਆਰਾ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਸਾਂਝੇ ਯਾਰਾ, ਸਗਲਾ ਸਾਥੀ ਨਜ਼ਰੀ ਆਈਆ । ਤੈਨੂੰ ਸਭ ਨੇ ਕਹਿਣਾ ਕਲ ਕਲਕੀ ਅਵਤਾਰਾ, ਨਿਹਕਲੰਕ ਤੇਰੀ ਵਡ ਵਡਿਆਈਆ । ਅਮਾਮ ਅਮਾਮੇ ਤੇਰਾ ਭੇਵ ਪਾਏ ਕੋਇ ਨਾ ਸਾਰਾ, ਪਰਦਾ ਸਕੇ ਨਾ ਕੋਇ ਉਠਾਈਆ । ਮੈਂ ਕੂਕ ਕੇ ਕਰਾਂ ਪੁਕਾਰਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਚਾਰੋਂ ਕੁੰਟ ਦਿਸੇ ਹਾਹਾਕਾਰਾ, ਹੌਕਿਆਂ ਵਿਚ ਜਗਤ ਲੋਕਾਈਆ । ਤੂੰ ਨਿਰਗੁਣ ਸਰਗੁਣ ਧਾਰ ਆਇਉਂ ਦੁਬਾਰਾ, ਦੋ ਜਹਾਨਾਂ ਤੇਰੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਾਰਾਂ ਹਾੜ ਕਹੇ ਸੁਣ ਮੇਰੇ ਮਿਤਰਾ ਜਗਤ ਸਿੰਘਾਸਣਾ, ਖ਼ਾਲੀ ਵੇਖ ਕੇ ਕੀ ਜਣਾਈਆ । ਕਿਸੇ ਦਾ ਕਾਇਮ ਨਹੀਂ ਰਹਿਣਾ ਆਸਣਾ, ਚਾਰੋਂ ਕੁੰਟ ਵੇਖ ਵਖਾਈਆ । ਫਿਰਨੀ ਦਰੋਹੀ ਪ੍ਰਿਥਮੀ ਅਕਾਸ਼ਣਾ, ਗਗਨ ਗਗਨੰਤਰ ਧਿਆਨ ਲਗਾਈਆ । ਕੀ ਹੁਕਮ ਵਰਤੇ ਪੁਰਖ ਅਬਿਨਾਸ਼ਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਕੀ ਇਸ਼ਾਰਾ ਮਿਲੇ ਸ਼ੰਕਰ ਕੈਲਾਸ਼ਣਾ, ਕਲਧਾਰੀ ਕੀ ਦ੍ਰਿੜਾਈਆ । ਕਿਸ ਬਿਧ ਕਲਜੁਗ ਕੂੜ ਕੁੜਿਆਰ ਨਾਚਣਾ, ਚਾਰੋਂ ਕੁੰਟ ਆਪਣਾ ਤਾਲ ਬਣਾਈਆ । ਧੁਰ ਦਾ ਸ਼ਬਦ ਕਿਸੇ ਨਾ ਵਾਚਣਾ, ਅਕਲ ਬੁੱਧੀ ਨਾ ਕੋਇ ਵਡਿਆਈਆ । ਸਤਾਰਾਂ ਹਾੜ ਕਹੇ ਮੇਰੇ ਪੁਰਖ ਸਮਰਾਥਣਾ, ਮੇਰੀ ਤੇਰੇ ਅਗੇ ਦੁਹਾਈਆ । ਅੰਤਮ ਕੰਢਾ ਵੇਖ ਲੈ ਘਾਟਣਾ, ਘਟ ਘਟ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਾਰਾਂ ਹਾੜ ਕਹੇ ਪ੍ਰਭੂ ਮੇਰੀਆਂ ਤੱਕ ਲੈ ਆਸ਼ਾ, ਬਿਨ ਇਸ਼ਾਰਿਉਂ ਦਿਆਂ ਜਣਾਈਆ । ਮੇਰੀਆਂ ਵੇਖ ਲੈ ਰਾਸਾਂ, ਦੋ ਜਹਾਨ ਬਿਨਾ ਗੋਪੀ ਕਾਹਨ ਨਾਚ ਨਚਾਈਆ । ਮੇਰੀਆਂ ਵੇਖ ਲੈ ਕਲਾਸਾਂ, ਬਿਨ ਅੱਖਰਾਂ ਨਿਰਅੱਖਰ ਧਾਰ ਪੜ੍ਹਾਈਆ । ਮੇਰੀਆਂ ਵੇਖ ਲੈ ਬਿਨ ਹੱਡੀਆਂ ਤੋਂ ਲਾਸ਼ਾਂ, ਲਸ਼ਕਰ ਨਜ਼ਰ ਕੋਇ ਨਾ ਆਈਆ । ਮੈਂ ਸਚ ਦੱਸਾਂ

੧੯੦੨
੨੩

ਦੀਨ ਦੁਨੀ ਦਾ ਤੇਰੇ ਸਤਿਗੁਰ ਸ਼ਬਦ ਨੇ ਜ਼ਰੂਰ ਬਦਲ ਦੇਣਾ ਪਾਸਾ, ਸਾਰ ਪਾਸ਼ੇ ਦੀ ਖੇਲ ਸਮਝ ਕੋਇ ਨਾ ਆਈਆ । ਤੇਰੀ ਸਭ ਤੋਂ ਵੱਖਰੀ ਕਲਮੇ ਕਲਾਮ ਤੋਂ ਬਾਹਰ ਭਾਸ਼ਾ, ਜਗਤ ਭਾਸ਼ਾ ਨਾ ਕੋਇ ਵਡਿਆਈਆ । ਜੇ ਤੂੰ ਵੇਖਣਾ ਦੀਨ ਦੁਨੀ ਦਾ ਤਮਾਸ਼ਾ, ਤਮਾਸ਼ਬੀਨ ਹੋ ਕੇ ਨੂਰ ਅਲਾਹੀਆ । ਚੌਦਾਂ ਤਬਕ ਚੌਦਾਂ ਲੋਕ ਤੇਰੀ ਕਰਨ ਤਲਾਸ਼ਾ, ਖੋਜਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਾਰਾਂ ਹਾੜ ਕਹੇ ਪ੍ਰਭੂ ਮੇਰਾ ਦਿਵਸ ਸੁਹਾਵਣਾ ਠੰਡ ਦਾ, ਠੰਡਕ ਮੇਰੇ ਅੰਦਰ ਆਈਆ । ਭਗਤਾਂ ਸਗਨ ਮਨਾਇਆ ਆਪਣੀ ਗੰਢ ਦਾ, ਨਾਤਾ ਧੁਰ ਦਾ ਧੁਰ ਦੇ ਨਾਲ ਜੁੜਾਈਆ । ਜੇ ਤੂੰ ਨਾਮ ਨਿਧਾਨ ਵੰਡਦਾ, ਗ਼ਰੀਬ ਨਿਮਾਣਿਆਂ ਝੋਲੀ ਪਾਈਆ । ਝਗੜਾ ਮੇਟ ਕਰੀਰ ਜੰਡ ਦਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਪੰਧ ਮੁਕਾ ਦੇ ਖੰਡ ਬ੍ਰਹਿਮੰਡ ਦਾ, ਬ੍ਰਹਿਮਾਂਡ ਦਾ ਡੇਰਾ ਢਾਹੀਆ । ਸੁਖ ਦੇ ਦੇ ਸਚ ਅਨੰਦ ਦਾ, ਅਨੰਦ ਅਨੰਦ ਵਿਚੋਂ ਕਰ ਰੁਸ਼ਨਾਈਆ । ਲੇਖਾ ਰਹੇ ਨਾ ਅਗਲੇ ਪੰਧ ਦਾ, ਪਾਂਧੀ ਹੋ ਕੇ ਪੰਧ ਮੁਕਾਈਆ । ਤੂੰ ਮਾਲਕ ਖ਼ਾਲਕ ਰੂਪ ਬਖ਼ਸ਼ੰਦ ਦਾ, ਬਖ਼ਸ਼ਿਸ਼ ਰਹਿਮਤ ਦੇਣੀ ਕਮਾਈਆ । ਮੈਂ ਸੰਮਤ ਸ਼ਹਿਨਸ਼ਾਹੀ ਦਸ ਵਿਚ ਇਕੋ ਮੰਗ ਮੰਗਦਾ, ਦਰ ਤੇਰੇ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਸੁਣ ਮਿਤ੍ਰਾ ਹਾੜ ਸਤਾਰਾਂ, ਤੈਨੂੰ ਸੁੱਤਿਆਂ ਦਿਆਂ ਜਣਾਈਆ । ਬਿਨ ਅੱਖਾਂ ਤੋਂ ਤੱਕ ਬਾਹਰਾ, ਬਿਨ ਨੈਣਾਂ ਨੈਣ ਉਠਾਈਆ । ਸੰਦੇਸ਼ਾ ਦੇ ਦੇ ਤੇਈ ਅਵਤਾਰਾ, ਅਵਤਰੀ ਆਪਣਾ ਹੁਕਮ ਜਣਾਈਆ । ਤੇਰੀਆਂ ਪੈਗ਼ੰਬਰਾਂ ਨਾਲ ਬਹਾਰਾਂ, ਖ਼ੁਸ਼ੀਆਂ ਢੋਲੇ ਗਾਈਆ । ਤੇਰੀਆਂ



ਸਤਿਗੁਰੂਆਂ ਨਾਲ ਵੱਜਣਾ ਸਤਾਰਾਂ, ਸਤ੍ਰਾ ਬੁਲੰਦੀ ਦੇਣਾ ਸੁਣਾਈਆ । ਤੇਰਾ ਸਭ ਤੋਂ ਵੱਖਰਾ ਵਿਵਹਾਰਾ, ਜਿਸ ਦੀ ਸਮਝ ਕੋਇ ਨਾ ਆਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਬੇਅੰਤ ਬੇਅੰਤ ਬੇਅੰਤ ਮਾਲਕ ਸਭ ਦਾ ਪਰਵਰਦਿਗਾਰਾ, ਨੂਰ ਨੁਰਾਨਾ ਇਕ ਅਖਵਾਈਆ । ਜ਼ਰਾ ਉਠ ਕੇ ਵੇਖ ਨੌਂ ਖੰਡ ਪ੍ਰਿਥਮੀ ਦੀਆਂ ਧਾਰਾ, ਸੱਤਾਂ ਦੀਪਾਂ ਨਾਲ ਮਿਲਾਈਆ । ਆ ਤੈਨੂੰ ਵਖਾਵਾਂ ਡੂੰਘੀਆਂ ਗਾਰਾ, ਜਲਾਂ ਥਲਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਹਾੜ ਕਹੇ ਸਤਿਗੁਰ ਸ਼ਬਦ ਮੈਂ ਤੇਰਾ ਇਕੋ ਮੀਤ, ਮਿਤ੍ਰਾ ਤੈਨੂੰ ਦਿਆਂ ਜਣਾਈਆ । ਪਹਿਲੋਂ ਭਗਤ ਪਿਆਰੇ ਕਰ ਦੇ ਠਾਂਡੇ ਸੀਤ, ਸਭ ਦੇ ਅੰਦਰੋਂ ਅਗਨੀ ਤਤ ਬੁਝਾਈਆ । ਆਤਮ ਧਾਰ ਦੱਸ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਜੇ ਸਤਿਗੁਰ ਸ਼ਬਦ ਤੇ ਵਸ ਜਾ ਚੀਤ, ਮੇਰੀ ਅੱਜ ਦੀ ਰਾਤ ਦਏ ਗਵਾਹੀਆ । ਸਭ ਦੀ ਅੰਤਸ਼ਕਰਨ ਚੋਂ ਬਦਲੇ ਨੀਤ, ਨੀਤੀਵਾਨ ਤੇਰੀ ਵਡ ਵਡਿਆਈਆ । ਜਿਧਰ ਜਾਣ ਤੇਰਾ ਗਾਣ ਗੀਤ, ਦੂਜਾ ਢੋਲਾ ਰਸਨ ਨਾ ਕੋਇ ਸੁਣਾਈਆ । ਆਪਣਾ ਧਾਮ ਵਖਾ ਅਨਡੀਠ, ਬਿਨਾ ਨੇਤਰਾਂ ਦੇ ਜਣਾਈਆ । ਜੇ ਸੁੱਤਾ ਅੰਦਰ ਦੇ ਕਰ ਪੀਠ, ਮੇਰੀ ਯਾਦ ਵਿਚ ਕਰਵਟ ਲੈ ਬਦਲਾਈਆ । ਪੁਰਖ ਅਕਾਲ ਤੇਰੀ ਕਰੇ ਤਸਦੀਕ, ਸ਼ਹਾਦਤ ਹੁਕਮ ਵਾਲੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਹਾੜ ਓਏ ਮਿਤ੍ਰਾ ਮੀਤਿਆ, ਆ ਸੱਜਣਾ ਦਿਆਂ ਵਖਾਈਆ । ਉਠ ਵੇਖ ਪ੍ਰਭੂ ਦੀ ਰੀਤਿਆ, ਕੀ ਰੀਤੀਵਾਨ ਦ੍ਰਿੜਾਈਆ । ਜਿਸ ਖੇਲ ਖੇਲਿਆ ਹਸਤ ਕੀਟਿਆ, ਊਚਾਂ ਨੀਚਾਂ ਸੰਗ ਬਣਾਈਆ । ਜੋ ਵਸੇ ਸਭ ਦੇ ਚੀਤਿਆ,

ਚਿਤ ਵਿਤ ਠਗੌਰੀ ਰਹੇ ਨਾ ਰਾਈਆ । ਜਿਸ ਪਿਛਲੇ ਕਰਮ ਤੇ ਮਾਰਨੀ ਲੀਕਿਆ, ਲਾਈਨ ਅਗਲੀ ਦੇਣੀ ਬਦਲਾਈਆ । ਨਾਮ ਨਿਧਾਨ ਦੇ
ਭਰ ਕੇ ਖ਼ੀਸਿਆ, ਖ਼ਾਲੀ ਮੁੜਨ ਕੋਇ ਨਾ ਪਾਈਆ । ਜਿਸ ਨੂੰ ਕਹਿੰਦੇ ਜਗਤ ਜਗਦੀਸਿਆ, ਸੋ ਭਗਤਾਂ ਬਣੇ ਪਿਤਾ ਮਾਈਆ । ਜਿਸ ਦਾ
ਨਾਮ ਨਿਧਾਨ ਅਨਡੀਠਿਆ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਹ ਚਾੜ੍ਹੇ ਰੰਗ ਮਜੀਠਿਆ, ਜਗਤ ਜਨਮ ਵਿਚ ਉਤਰ ਕਦੇ ਨਾ ਜਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਹਾੜ ਕਹੇ ਪ੍ਰਭੂ ਮੈਂ ਨਹੀਂ ਮੰਨਦਾ,
ਨਿਮਰਤਾ ਵਿਚ ਦਿਓ ਸੁਣਾਈਆ । ਮੈਂ ਵਣਜਾਰਾ ਨਹੀਂ ਕਿਸੇ ਕੰਨ ਦਾ, ਅੱਖਰਾਂ ਵਾਲੀ ਨਾ ਕੋਇ ਵਡਿਆਈਆ । ਮੈਂ ਸੱਜਣ ਨਹੀਂ ਕਿਸੇ ਤਨ
ਦਾ, ਤਤਾਂ ਰੰਗ ਨਾ ਕੋਇ ਰੰਗਾਈਆ । ਮੈਂ ਚਾਹੁੰਦਾ ਸਭ ਨੂੰ ਭੇਵ ਖੋਲ ਦੇ ਆਪਣੇ ਬ੍ਰਹਮ ਦਾ, ਪਾਰਬ੍ਰਹਮ ਪਰਦਾ ਦੇ ਚੁਕਾਈਆ । ਮਾਰਗ
ਲਾ ਦੇ ਇਕੋ ਧਰਮ ਦਾ, ਨੌ ਖੰਡ ਪ੍ਰਿਥਮੀ ਤੇਰੀ ਵੱਜੇ ਵਧਾਈਆ । ਕਿਉਂ ਲੱਖ ਚੁਰਾਸੀ ਆਤਮ ਧਾਰ ਤੇਰੇ ਵਿਚੋਂ ਜਨਮ ਦਾ, ਦੂਸਰੀ ਜੰਮਣ
ਵਾਲੀ ਕੋਇ ਨਾ ਮਾਈਆ । ਕਿਉਂ ਝਗੜਾ ਪਾਇਆ ਭਰਮ ਦਾ, ਭਾਂਡਾ ਭਰਮ ਦੇਣਾ ਭੰਨਾਈਆ । ਲਹਿਣਾ ਮੁਕਾ ਦੇ ਅੱਜ ਦੀ ਰਾਤ ਕੂੜੇ ਕਰਮ
ਦਾ, ਕਾਂਡ ਦਾ ਝਗੜਾ ਦੇਣਾ ਚੁਕਾਈਆ । ਤੂੰ ਮਾਲਕ ਕਰਨੀ ਕਰਨ ਦਾ, ਕਰਤਾ ਪੁਰਖ ਨੂਰ ਅਲਾਹੀਆ । ਕੀ ਤੇਰੇ ਦਰ ਤੇ ਲੇਖਾ ਵਰਨ
ਬਰਨ ਦਾ, ਜ਼ਾਤ ਪਾਤ ਦਾ ਡੇਰਾ ਢਾਹੀਆ । ਇਕੋ ਢੋਲਾ ਨਾਮ ਦੱਸ ਦੇ ਪੜ੍ਹਨ ਦਾ, ਸਾਚੇ ਕਲਮਿਆਂ ਨਾਲ ਸ਼ਨਵਾਈਆ । ਮਾਰਗ ਦੱਸ
ਦੇ ਹਕੀਕੀ ਮੰਜ਼ਲ ਚੜ੍ਹਨ ਦਾ, ਸੁਰਤੀ ਸ਼ਬਦ ਨਾਲ ਦੇ ਭਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ
੧੯੦੪ ੨੩ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਓਏ ਸਤਾਰਾਂ ਹਾੜ ਤੂੰ ਬੜਾ ਪੁਰਾਣਾ ਯਾਰ, ਯਾਰੜੇ ਦਿਆਂ ਸਮਝਾਈਆ । ਉਠ ੧੯੦੪ ੨੩
ਤੱਕ ਲੈ ਖੇਲ ਅਪਾਰ, ਅਪਰੰਪਰ ਸਵਾਮੀ ਰਿਹਾ ਵਖਾਈਆ । ਜਿਹੜਾ ਰੂਪ ਰੰਗ ਰੇਖ ਤੋਂ ਵਸਿਆ ਬਾਹਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ ।
ਉਹ ਜੋਤੀ ਜਾਤਾ ਹੋ ਉਜਿਆਰ, ਦੋ ਜਹਾਨਾਂ ਡਗਮਗਾਈਆ । ਤੇਰਾ ਲਹਿਣਾ ਦੇਣਾ ਪੂਰਬ ਕਰਜ਼ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਲੇਖਾ
ਦਏ ਮੁਕਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਨਿਰਗੁਣ ਸਰਗੁਣ ਧਾਰ ਦੇਵੇ ਤਾਰ, ਤਾਰਨਹਾਰਾ ਇਕ ਅਖਵਾਈਆ । ਕਾਇਆ ਮੰਦਰ ਅੰਦਰ
ਜੋਤੀ ਜੋਤ ਕਰ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਸਤਿਗੁਰ ਸ਼ਬਦ ਦੇ ਧੁਨਕਾਰ, ਧੁਨ ਆਤਮਕ ਰਾਗ ਦਏ ਸੁਣਾਈਆ । ਅੰਮ੍ਰਿਤ
ਝਿਰਨਾ ਬੂੰਦ ਸਵਾਂਤੀ ਬਖ਼ਸ਼ ਕੇ ਠੰਡਾ ਠਾਰ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਕੂੜੀ ਕਿਰਿਆ ਰਹੇ ਨਾ ਅੰਧ ਅੰਧਿਆਰ, ਸਾਂਤਕ ਸਤਿ ਕਰੇ
ਰੁਸ਼ਨਾਈਆ । ਉਠ ਵੇਖ ਲੈ ਭਗਤ ਸੁਹੇਲੇ ਬੈਠੇ ਹਰਿ ਭਗਤ ਦਵਾਰ, ਸੋਹਣੇ ਸੋਭਾ ਪਾਈਆ । ਉਹ ਵੇਖਣ ਆਇਆ ਜਿਸ ਭਾਂਡੇ ਘੜੇ ਬਣ
ਕੇ ਆਪ ਠਠਿਆਰ, ਸੁਨਿਆਰ ਆਪਣਾ ਰੂਪ ਬਦਲਾਈਆ । ਜਿਥੇ ਵੇਰਵਾ ਨਹੀਂ ਪੁਰਖ ਤੇ ਨਾਰ, ਬਿਰਧ ਬਾਲ ਜਵਾਨ ਵੰਡ ਨਾ ਕੋਇ ਵੰਡਾਈਆ ।
ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਇਕੱਲਾ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਾਰਾਂ ਹਾੜ ਕਹੇ ਸਤਿਗੁਰ ਸ਼ਬਦ ਮੈਂ
ਕੋਈ ਨਿੱਕਾ ਜਿਹਾ ਨਹੀਂ ਕਾਕਾ, ਮੈਂ ਚਾਰ ਜੁਗ ਦੇ ਕਲਮਿਆਂ ਵਾਲਿਆਂ ਵੇਖਾਂ ਚਾਈਂ ਚਾਈਂਆ । ਤੇਰਾ ਜੁਗ ਜੁਗ ਵਜਦਾ ਵੇਖਿਆ ਡਾਕਾ, ਦੀਨ

ਦੁਨੀ ਖੋਜ ਖੁਜਾਈਆ । ਮੈਨੂੰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਾ ਯਾਦ ਸਾਕਾ, ਸਚ ਦਿਆਂ ਸੁਣਾਈਆ । ਤੂੰ ਸਭ ਦਾ ਬਣ ਕੇ ਮਾਲਕ ਆਕਾ, ਅਕਲ ਬੁੱਧੀ ਦਿਤੀ ਭੁਲਾਈਆ । ਸ਼ਾਹ ਸੁਲਤਾਨਾਂ ਮਿਲਾ ਕੇ ਵਿਚ ਖ਼ਾਕਾ, ਨਾਮ ਨਿਸ਼ਾਨ ਦਿਤੇ ਉਡਾਈਆ । ਮੈਨੂੰ ਯਾਦ ਆਉਂਦਾ ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਲਿਖਿਆ ਭਵਿਖਤ ਵਾਕਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸਾਜਣ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸੱਜਣਾ ਸੁਣ ਲੈ ਮੇਰੀ ਬਾਤ, ਬਾਤਨ ਦਿਆਂ ਜਣਾਈਆ । ਜਿਸ ਦਾ ਲੇਖਾ ਲਿਖੇ ਨਾ ਕੋਇ ਕਲਮ ਦਵਾਤ, ਕਾਗ਼ਜ਼ ਚਲੇ ਨਾ ਕੋਇ ਚਤੁਰਾਈਆ । ਉਹ ਖੇਲ ਕਰੇ ਕਮਲਾਪਾਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਉਹ ਵੇਖਣਹਾਰਾ ਕਲਜੁਗ ਅੰਧੇਰੀ ਰਾਤ, ਬਿਨ ਨੈਣਾਂ ਨੈਣ ਉਠਾਈਆ । ਜਿਨ੍ਹ ਝਗੜਾ ਪਾਇਆ ਦੀਨ ਮਜ਼੍ਹਬ ਜ਼ਾਤ ਪਾਤ, ਮਾਨਵ ਮਾਨਵ ਰੰਗ ਰੰਗਾਈਆ । ਉਹ ਖੇਲ ਖੇਲੇ ਆਪ ਸਮਰਾਟ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਕੋਲ ਲਹਿਣਾ ਦੇਣਾ ਦੋ ਜਹਾਨਾਂ ਰੱਖੇ ਆਪਣੇ ਹਾਥ, ਦੂਸਰ ਹੱਥ ਨਾ ਕੋਇ ਫੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਵਣਹਾਰਾ ਰਾਥ, ਰਥ ਰਥਵਾਹੀ ਬੇਪਰਵਾਹੀਆ । ਵੇਖਣਹਾਰਾ ਅਨਾਥਾਂ ਨਾਥ, ਦੀਨਾਂ ਹੋਏ ਸਹਾਈਆ । ਉਸ ਦੀ ਸੁਣ ਅਗੰਮੀ ਗਾਥ, ਬਿਨ ਅੱਖਰਾਂ ਦਿਆਂ ਸਮਝਾਈਆ । ਜਿਸ ਲਹਿਣਾ ਦੇਣਾ ਮੁਕਾਉਣਾ ਮਸਤਕ ਮਾਥ, ਵੇਖਣਹਾਰਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ

੧੯੦੫
੨੩
ਖੁਲਾਈਆ । ਹਾੜ ਸਤਾਰਾਂ ਕਹੇ ਪ੍ਰਭੂ ਕਿਉਂ ਸਤਿਗੁਰ ਸ਼ਬਦ ਨੇ ਪਾਈਆਂ ਵੰਡੀਆਂ, ਕੀ ਤੇਰੀ ਬੇਪ੍ਰਵਾਹੀਆ । ਕੀ ਖੇਲ ਬ੍ਰਹਿਮੰਡ ਬ੍ਰਹਿਮੰਡੀਆਂ, ਪਰਦਾ ਦੇਣਾ ਉਠਾਈਆ । ਕੀ ਮਾਲਕ ਤੇਰੀਆਂ ਡੰਡੀਆਂ, ਡੰਡਾਵਤ ਕੀ ਜਣਾਈਆ । ਕਿਉਂ ਜਗਤ ਚਮਕਾਈਆਂ ਚੰਡੀਆਂ, ਖੜਗਾਂ ਨਾਲ ਸੁਹਾਈਆ । ਕਿਉਂ ਅੰਤ ਕਿਨਾਰੇ ਕੀਤੇ ਕੰਢੀਆਂ, ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਈਆ । ਕਿਉਂ ਅਵਤਾਰਾਂ ਪੈਗ਼ੰਬਰਾਂ ਮੰਗਾਂ ਮੰਗੀਆਂ, ਓਟਾਂ ਤੇਰੇ ਉਤੇ ਰਖਾਈਆ । ਕਿਸ ਬਿਧ ਪਿਛਲੀਆਂ ਜੁਗ ਚੌਕੜੀਆਂ ਲੰਘੀਆਂ, ਪਰਦਾ ਦੇਣਾ ਚੁਕਾਈਆ । ਕਿਉਂ ਜਗਤ ਪਿਆਰ ਵਿਚ ਤੇਰੀਆਂ ਯਾਦ ਆਉਂਦੀਆਂ ਅਨੰਦੀਆਂ, ਸੁਖ ਸਾਗਰ ਸੰਗ ਬਣਾਈਆ । ਕੀ ਲਹਿਣਾ ਦੇਣਾ ਪ੍ਰਕ੍ਰਿਤੀ ਪੰਜੀਆਂ, ਪੰਜਾਂ ਤਤਾਂ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਹਾੜ ਸਤਾਰਾਂ ਮੈਂ ਖ਼ੁਸ਼ੀਆਂ ਦੇ ਵਿਚ ਹੱਸਾਂ, ਹੱਸ ਹੱਸ ਦਿਆਂ ਜਣਾਈਆ । ਤੈਨੂੰ ਖ਼ਬਰ ਅਗੰਮੀ ਦੱਸਾਂ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਮੈਂ ਉਸ ਪ੍ਰਭੂ ਦੇ ਹੁਕਮ ਅੰਦਰ ਵਸਾਂ, ਜਿਸ ਦਾ ਵਾਸਤਾ ਨਾਲ ਖ਼ਲਕ ਖ਼ੁਦਾਈਆ । ਜਿਸ ਦੀ ਸਿਫ਼ਤ ਕਰਾਂ ਜਸਾ, ਢੋਲੇ ਸੋਹਲੇ ਰਾਗ ਦ੍ਰਿੜਾਈਆ । ਉਸ ਦਾ ਵਕਤ ਸੁਹੰਜਣਾ ਆਇਆ ਮਸਾਂ, ਮੱਸਿਆ ਰੈਣ ਅੰਧੇਰੀ ਕਲਜੁਗ ਦਏ ਗਵਾਹੀਆ । ਮੈਂ ਚਾਰੋਂ ਕੁੰਟ ਖ਼ੁਸ਼ੀਆਂ ਦੇ ਵਿਚ ਨੱਸਾਂ, ਭੱਜਾਂ ਵਾਹੋ ਦਾਹੀਆ । ਧੁਰ ਦੇ ਹੁਕਮ ਦਾ ਤੀਰ ਅਣਿਆਲਾ ਕਸਾਂ, ਬਿਨ ਚਿੱਲੇ ਕਮਾਨ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਹਾੜ ਸਤਾਰਾਂ ਅੱਜ ਦੀ ਵੇਖ ਲੈ ਘੜੀ ਸੁਲੱਖਣੀ, ਸੋਹਣਿਆਂ ਦਿਆਂ ਜਣਾਈਆ । ਜਿਨ੍ਹਾਂ ਦੀ ਸਾਹਿਬ ਨੇ ਪਤ ਰੱਖਣੀ, ਸਿਰ ਸਿਰ ਹੱਥ ਟਿਕਾਈਆ । ਇਹ ਕੌਲ ਕੀਤਾ ਸੀ ਕ੍ਰਿਸ਼ਨ ਨੇ ਜਿਸ ਵੇਲੇ ਸਖ਼ੀਆਂ ਤੋਂ ਖਾਧੀ ਮਖਣੀ, ਬਿਨ

ਰਸਨਾ ਭੋਗ ਲਗਾਈਆ । ਕਲਜੁਗ ਜਿਸ ਵੇਲੇ ਮਾਇਆ ਡਸੇਗੀ ਡੱਸਣੀ, ਸਾਧਾਂ ਸੰਤਾਂ ਉਤੇ ਡੰਗ ਚਲਾਈਆ । ਬਿਨਾ ਪ੍ਰਭੂ ਤੋਂ ਪੈਜ ਕਿਸੇ ਨਹੀਂ ਰੱਖਣੀ, ਸਿਰ ਹੱਥ ਨਾ ਕੋਇ ਟਿਕਾਈਆ । ਜੂਠ ਝੂਠ ਦੀ ਹੱਦ ਟੱਪਣੀ, ਨੌ ਖੰਡ ਦਾ ਪੰਧ ਮੁਕਾਈਆ । ਦਰਦ ਰਹਿਣਾ ਨਹੀਂ ਪਤ ਪਤਨੀ, ਨੇਤਰ ਨੈਣ ਨਾ ਕੋਇ ਜਗਤ ਸ਼ਰਮਾਈਆ । ਨਾਮ ਮਿਲੇ ਨਾ ਰੱਤ ਰਤਨੀ, ਹੀਰਾ ਅਮੋਲਕ ਰੂਪ ਨਾ ਕੋਇ ਬਦਲਾਈਆ । ਸਭ ਦੀ ਅੰਦਰੋਂ ਕਾਇਆ ਝੋਲੀ ਹੋਣੀ ਸੱਖਣੀ, ਨਾਮ ਨਿਸ਼ਾਨ ਨਾ ਕੋਇ ਟਿਕਾਈਆ । ਨਿਜ ਨੇਤਰ ਖੁਲ੍ਹੇ ਨਾ ਅੱਖਣੀ, ਨੈਣ ਮੂੰਦ ਰੋਵਨ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਹਾੜ ਸਤਾਰਾਂ ਕਹੇ ਸਤਿਗੁਰ ਸ਼ਬਦ ਮੈਂ ਜਾਣਦਾ ਪੁਰਾਣੀਆਂ ਰੀਤੀਆਂ, ਸਚ ਦਿਆਂ ਸੁਣਾਈਆ । ਮੈਨੂੰ ਭੁੱਲੀਆਂ ਨਹੀਂ ਜੁਗ ਚੌਕੜੀ ਦੀਆਂ ਕੀਤੀਆਂ, ਨਾਮ ਕਲਮੇ ਸੰਗ ਰਖਾਈਆ । ਮੇਰੇ ਵਿਚ ਨੌ ਸੌ ਚੁਰਾਨਮੇ ਚੌਕੜੀਆਂ ਬੀਤੀਆਂ, ਭੇਵ ਅਭੇਦਾ ਆਪਣੇ ਵਿਚ ਟਿਕਾਈਆ । ਮੈਂ ਕੋਟਨ ਵਾਰ ਵੇਖੇ ਮੰਦਰ ਮਸੀਤੀਆਂ, ਸ਼ਿਵਦਵਾਲੇ ਮੱਠਾਂ ਰੰਗ ਰੰਗਾਈਆ । ਬਿਨਾ ਪ੍ਰਭੂ ਤੋਂ ਰੂਹਾਂ ਵੇਖੀਆਂ ਚੀਕੀਆਂ, ਰੋਵਨ ਮਾਰਨ ਧਾਹੀਆ । ਤਪਦੀਆਂ ਵੇਖੀਆਂ ਅੰਗੀਠੀਆਂ, ਗੁਰ ਅਵਤਾਰ ਪੈਗ਼ੰਬਰ ਡੇਰੇ ਲਾਈਆ । ਸ਼ਬਦ ਕਹਾਣੀਆਂ ਸੁਣੀਆਂ ਮੀਠੀਆਂ, ਢੋਲੇ ਅੱਖਰਾਂ ਵਾਲੇ ਗਾਈਆ । ਖੇਲ ਤੱਕੇ ਹਸਤ ਕੀਟੀਆਂ, ਊਚਾਂ ਨੀਚਾਂ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਸਤਿਗੁਰ ਸ਼ਬਦ ਕਹੇ ਹਾੜ ਸਤਾਰਾਂ ਸੁੱਤਿਆ, ਆਪਣੀ ਲੈ ਅੰਗੜਾਈਆ । ਉਠ ਮੇਰੇ ਲਾਡਲੇ ਪੁੱਤਿਆ, ਤੈਨੂੰ ਲਵਾਂ ਜਗਾਈਆ । ਜਿਸ ਆਦਿ ਜੁਗਾਦਿ ਸਭ ਦਾ ਬੇੜਾ ਚੁੱਕਿਆ, ਬਿਨ ਕੰਧੇ ਕੰਧ ਟਿਕਾਈਆ । ਉਸ ਦਾ ਪੈਂਡਾ ਕਦੇ ਨਾ ਮੁੱਕਿਆ, ਨਾ ਕੋਈ ਅਗਲਾ ਪੰਧ ਵਖਾਈਆ । ਉਸ ਦਾ ਹੁਕਮ ਕਦੇ ਨਾ ਰੁਕਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਉਸ ਦੀ ਸੁਣ ਲੈ ਇਕ ਤੁਕ ਦੋ ਤੁਕਿਆ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਕਿਤੇ ਰਾਹੋਂ ਫਿਰੀਂ ਨਾ ਘੁੱਸਿਆ, ਨੈਣ ਲੈਣਾ ਖੁਲਾਈਆ । ਕਿਤੇ ਜਗਤ ਜਹਾਨ ਫਿਰੀਂ ਨਾ ਰੁੱਸਿਆ, ਆਪਣੀ ਲੈ ਅੰਗੜਾਈਆ । ਪਰ ਯਾਦ ਕਰ ਲੈ ਹਾੜ ਸਤਾਰਾਂ ਬਿਨਾ ਪ੍ਰਭੂ ਤੋਂ ਭਗਤਾਂ ਨੂੰ ਕਦੇ ਕਿਸੇ ਨਹੀਂ ਪੁੱਛਿਆ, ਫੜ ਬਾਹੋਂ ਨਾ ਗਲੇ ਲਗਾਈਆ । ਲਾਡ ਕਰੇ ਨਾਂ ਵਾਂਗ ਪੁੱਤਿਆ, ਗੋਦੀ ਗੋਦ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਹਾੜ ਸਤਾਰਾਂ ਕਹੇ ਮੇਰੇ ਧਰਮ ਧਾਰ ਦੇ ਬਾਪੂ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਦੀਨ ਦੁਨੀ ਦੇ ਪਵਿੱਤ ਪਾਕੂ, ਅੱਜ ਪਤਤ ਪੁਨੀਤ ਦੇ ਕਰਾਈਆ । ਆਤਮ ਧਾਰ ਦੇ ਸੱਚੇ ਸਾਕੂ, ਸੱਜਣ ਧੁਰ ਦੇ ਇਕ ਅਖਵਾਈਆ । ਤੇਰੇ ਬਿਨਾ ਇਨ੍ਹਾਂ ਦਾ ਪਰਦਾ ਕਵਣ ਢਾਕੂ, ਸਿਰ ਸਿਰ ਹੱਥ ਕਵਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਸਤਿਗੁਰ ਸ਼ਬਦ ਕਹੇ ਭਗਤੋ ਹੁਣ ਸਾਂਝੀ ਆ ਗਈ ਵਾਰਤਾ, ਹਾੜ ਸਤਾਰਾਂ ਪੱਲਾ ਗਿਆ ਛੁਡਾਈਆ । ਕੀ ਲਹਿਣਾ ਦੇਣਾ ਤੁਹਾਡਾ ਤੁਹਾਡੇ ਯਾਰ ਦਾ, ਯਾਰੜੇ ਦੇ ਯਰਾਨਿਆਂ ਵਾਲਿਓ ਦੇਣਾ ਸਮਝਾਈਆ । ਕੀ ਲੇਖਾ ਤੇ ਹੁਕਮ ਉਸ ਸੱਚੀ ਸਰਕਾਰ ਦਾ, ਜਿਸ ਨੂੰ ਸ਼ਹਿਨਸ਼ਾਹ ਕਹਿ ਕੇ ਸਾਰੇ ਸੀਸ ਨਿਵਾਈਆ । ਉਹ ਜਿਸ ਲੇਖ ਬਣਾਇਆ ਪੈਗ਼ੰਬਰ ਗੁਰ ਅਵਤਾਰ ਦਾ, ਲੋਕਮਾਤ ਖੇਲ ਰਿਹਾ ਵਖਾਈਆ । ਜਿਸ ਲੇਖ ਜਣਾਇਆ ਸ਼ਾਸਤਰ

੧੯੦੬
੨੩

ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦਾ, ਕਾਅਬਿਆਂ ਪਰਦੇ ਦਿਤੇ ਉਠਾਈਆ । ਕੀ ਲਹਿਣਾ ਦੇਣਾ ਲੇਖਾ ਉਸ ਮਿਹਰਵਾਨ ਦਾ, ਮਹਿਬਾਨ ਬੀਦੋ ਬੀ ਖ਼ੈਰ ਯਾ ਅੱਲਾ ਅਲਾਹੀ ਨੂਰ ਕੀ ਆਪਣਾ ਹੁਕਮ ਵਰਤਾਈਆ । ਕੀ ਤੁਹਾਡਾ ਲੇਖਾ ਉਸ ਨਾਲ ਇਸ ਜਹਾਨ ਦਾ, ਜਿਸ ਜਹਾਲਤ ਤੁਹਾਡੇ ਅੰਦਰੋਂ ਦੇਣੀ ਕਢਾਈਆ । ਓਏ ਤੁਹਾਡਾ ਝਗੜਾ ਰਹਿਣ ਨਹੀਂ ਦੇਣਾ ਕਾਲ ਮਹਾਕਾਲ ਦਾ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰਗੁਪਤ ਕਿਸੇ ਦਾ ਲੇਖਾ ਨਾ ਕਦੇ ਵਖਾਲਦਾ, ਜਿਨ੍ਹਾਂ ਸਿਰ ਆਪਣਾ ਹੱਥ ਟਿਕਾਈਆ । ਜੇ ਤੁਹਾਡਾ ਦੀਪਕ ਬੁਝ ਗਿਆ ਤੇ ਹੁਣ ਵੇਖਿਓ ਕਿਸ ਤਰਾਂ ਅੰਦਰ ਬਾਲਦਾ, ਬਿਨ ਤੇਲ ਬਾਤੀ ਕਰਾਂ ਰੁਸ਼ਨਾਈਆ । ਇਹ ਖੇਲ ਹੋਵੇ ਬੇਮਿਸਾਲ ਦਾ, ਜਿਸ ਦੀ ਮਿਸਲ ਸਕੇ ਨਾ ਕੋਇ ਬਣਾਈਆ । ਉਹ ਮੇਰਾ ਝਗੜਾ ਨਹੀਂ ਕਿਸੇ ਤਲਵਾਰ ਢਾਲ ਦਾ, ਸ਼ਬਦ ਦੇ ਖੰਡੇ ਨਾਲ ਕਰਾਂ ਸਫ਼ਾਈਆ । ਭਗਤ ਸੁਹੇਲੇ ਜਿਥੇ ਹੋਣ ਉਥੇ ਪਾਲਦਾ, ਇਹ ਮੇਰੀ ਬੇਪਰਵਾਹੀਆ । ਅਗਲਾ ਵਕਤ ਨਹੀਂ ਕੋਈ ਜਵਾਬ ਤੇ ਸਵਾਲ ਦਾ, ਅੰਦਰ ਵੜ ਕੇ ਵੇਖਾਂ ਸਭ ਨੂੰ ਥਾਉਂ ਥਾਈਆ । ਫਲ ਦੇਣਾ ਤੁਹਾਡੇ ਕਾਇਆ ਵਾਲੇ ਤਤ ਡਾਲ ਦਾ, ਪੱਤ ਟਹਿਣੀ ਦੇਣੀ ਮਹਿਕਾਈਆ । ਤੁਹਾਨੂੰ ਸ੍ਰਿਸ਼ਟੀ ਕਹੇਗੀ ਓਹ ਕੋਈ ਯਾਰ ਸੀ ਇਨ੍ਹਾਂ ਦੇ ਨਾਲ ਦਾ, ਜਿਹੜਾ ਯਰਾਨਾ ਗਿਆ ਨਿਭਾਈਆ । ਇਹਨੂੰ ਪੁਤਰ ਨਾ ਸਮਝਿਓ ਸਿੰਘ ਪਾਲ ਦਾ, ਇਹ ਦਾਤਾ ਨੂਰ ਅਲਾਹੀਆ । ਹੁਣ ਵੇਲਾ ਆ ਗਿਆ ਦੇਣਾ ਹੁਕਮ ਆਪਣੇ ਇਕਬਾਲ ਦਾ, ਅਕਲ ਬੁਧੀ ਵਾਲਿਓ ਸਮਝਣਾ ਚਾਈਂ ਚਾਈਆ । ਖੇਲ ਵੇਖਿਓ ਸ਼ਬਦ ਦੀ ਉਛਾਲ ਦਾ, ਅਛਲ ਅਛੱਲ ਕੀ ਆਪਣੀ ਕਾਰ ਭੁਗਤਾਈਆ । ਹੁਣ ਰੂਪ ਨਹੀਂ ਕੋਈ ਪਾਤਸ਼ਾਹ ਜਾਂ ਕੰਗਾਲ ਦਾ, ਸ਼ਹਿਨਸ਼ਾਹ ਹੋ ਕੇ ਸ਼ਹਿਨਸ਼ਾਹੀ ਦੋ ਜਹਾਨ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ



ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਵਖਾਈਆ । ਓਏ ਹਾੜ ਸਤਾਰਾਂ ਬੱਚੂ ਆ ਜਾ ਨੇੜੇ, ਓਏ ਜੁਗ ਚੌਕੜੀ ਦਿਆਂ ਵਿਛੜਿਆਂ ਤੈਨੂੰ ਦਿਆਂ ਸਮਝਾਈਆ । ਭਗਤਾਂ ਦਾ ਭਗਵਾਨ ਭਗਤਾਂ ਦੇ ਵੜ ਜਾਣਾ ਵਿਚ ਖੇੜੇ, ਕਾਇਆ ਦੀ ਖਿੜਕੀ ਕੁੰਡੇ ਪਰਦੇ ਅੰਦਰੋਂ ਲਾਹੀਆ । ਜੁਗ ਜਨਮ ਦੇ ਵਿਛੜੇ ਜਿਹੜੇ, ਫੜ ਫੜ ਬਾਹੋਂ ਲੈਣੇ ਮਿਲਾਈਆ । ਬਿਨਾ ਬੇੜੀ ਵੰਝ ਮੁਹਾਣੇ ਚੱਪੂ ਤੋਂ ਚਾੜ੍ਹ ਕੇ ਆਪਣੇ ਨਾਮ ਦੇ ਬੇੜੇ, ਬੇੜਾ ਦੋ ਜਹਾਨਾਂ ਪਾਰ ਕਰਾਈਆ । ਲੈ ਜਾਣਾ ਉਸ ਨੂਰ ਅਲਾਹੀ ਦੇ ਵੇਹੜੇ, ਜਿਥੇ ਦੂਜਾ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਦੇ ਜਿਥੇ ਨਹੀਂ ਕੋਈ ਝੇੜੇ, ਕਲਮਾ ਕਾਇਨਾਤ ਨਾ ਕੋਇ ਦ੍ਰਿੜਾਈਆ । ਚੁਰਾਸੀ ਦੇ ਫੇਰ ਪੈਣੇ ਨਹੀਂ ਗੇੜੇ, ਆਵਣ ਜਾਵਣ ਪੰਧ ਮੁਕਾਈਆ । ਹੁਣ ਤੁਹਾਨੂੰ ਜ਼ਰੂਰ ਦੁਨੀਆ ਕਰਦੀ ਬਖੇੜੇ, ਤਾਅਨੇ ਦੇ ਦੇ ਰਹੇ ਸੁਣਾਈਆ । ਪਰ ਤੁਹਾਡੇ ਉਸ ਸਾਹਿਬ ਦੇ ਚਰਨਾਂ ਵਿਚ ਡੇਰੇ, ਜਿਥੇ ਜਨਮੇ ਫਿਰ ਕਦੇ ਨਾ ਮਾਈਆ । ਤੁਸੀਂ ਉਸ ਦੇ ਗ੍ਰਿਹਿ ਵਸਦੇ ਜਿਹੜਾ ਆਤਮਾ ਦੇ ਨੇੜੇ, ਬਾਹਰੋਂ ਜਗਤ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਓਏ ਹਾੜ ਸਤਾਰਾਂ ਤੂੰ ਬੜੀਆਂ ਰੱਖੀਆਂ ਉਡੀਕਾਂ, ਉਡੀਕ ਉਡੀਕ ਧਿਆਨ ਲਗਾਈਆ । ਉਠ ਵੇਖ ਲੈ ਸੰਮਤ ਸ਼ਹਿਨਸ਼ਾਹੀ ਦਸ ਦੀਆਂ ਆ ਗਈਆਂ ਤਰੀਕਾਂ, ਤਰੀਕਾ ਤੈਨੂੰ ਦਿਆਂ ਦ੍ਰਿੜਾਈਆ । ਜਿਸ ਨੂੰ ਕਹਿੰਦੇ ਨੀਕਨ ਨੀਕਾ, ਨੇਰਨ ਨੇਰਾ ਧੁਰਦਰਗਾਹੀਆ । ਮੇਟਣਹਾਰਾ ਜਗਤ ਸ਼ਰੀਕਾ, ਸ਼ਰੀਕਤ ਦਏ ਮਿਟਾਈਆ । ਸਭ ਦੀਆਂ ਆਸਾ ਮਨਸਾ ਪੂਰੀਆਂ ਕਰੇ ਉਮੀਦਾ, ਆਪਣੀ ਦਇਆ ਕਮਾਈਆ । ਆਤਮ ਧਾਰ ਬਖ਼ਸ਼ ਪ੍ਰੀਤਾ, ਪ੍ਰੀਤਮ ਦੇਵੇ ਮਾਣ ਵਡਿਆਈਆ । ਤੁਹਾਡੀਆਂ ਸਭ ਦੀਆਂ ਅੰਦਰੋਂ ਬਦਲ

੧੯੦੭
੨੩

ਕੇ ਨੀਤਾਂ, ਨੀਤੀਵਾਨ ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਓਏ ਸਿੰਘਾਸਣਾ ਤੂੰ ਕਿਉਂ ਹੋ ਗਿਆ ਨੰਗਾ, ਸਚ ਦੇ ਸੁਣਾਈਆ । ਸਿੰਘਾਸਣ ਕਹੇ ਪ੍ਰਭ ਮੇਰੇ ਉਤੇ ਵੇਖ ਲੈ ਖ਼ਾਲੀ ਹੱਥ ਦਾ ਪੰਜਾ, ਪੰਜਾਂ ਤਤਾਂ ਵਾਲਿਆਂ ਦੇਣਾ ਸਮਝਾਈਆ । ਅਗਲਾ ਖੇਲ ਸਤਿਗੁਰ ਸ਼ਬਦ ਤੇਰਾ ਕਿਸੇ ਨੂੰ ਲਗਣਾ ਨਹੀਂ ਚੰਗਾ, ਬਹੁੜੀ ਬਹੁੜੀ ਬਹੁੜੀ ਕਰੇ ਲੋਕਾਈਆ । ਓਹ ਵੇਖ ਲੈ ਦੁਹਾਈ ਦੇਂਦੀ ਗੰਗਾ, ਜਮਨਾ ਸੁਰਸਤੀ ਗੋਦਾਵਰੀ ਨਾਲ ਮਿਲਾਈਆ । ਓਹ ਤੱਕ ਲੈ ਭਗਤਾਂ ਦੇ ਅੰਤਸ਼ਕਰਨ ਵਿਚ ਰੰਜਾ, ਕਬੀਰ ਕੂਕ ਕੂਕ ਸੁਣਾਈਆ । ਓਹ ਵੇਖ ਅਵਤਾਰ ਪੈਗ਼ੰਬਰਾਂ ਗੁਰੂਆਂ ਕੀਤਾ ਜੰਗਾ, ਖੰਡੇ ਖੜਗ ਤੀਰ ਕਮਾਨ ਤਰਕਸ਼ ਕੰਧਿਆਂ ਉਤੇ ਉਠਾਈਆ । ਓਹ ਵੇਖ ਕੀ ਪੁਕਾਰਦਾ, ਨਿਸ਼ਾਨ ਤਾਰਾ ਚੰਦਾ, ਸਦੀ ਚੌਧਵੀਂ ਅੱਖ ਉਠਾਈਆ । ਕਿਸੇ ਦਾ ਪਿਆਰ ਵਿਚ ਪਿਆਰ ਮੁਹੱਬਤ ਵਿਚ ਮੁਹੱਬਤ ਦੀਨ ਵਿਚ ਦੁਨੀ ਦਾ ਰਹਿਣਾ ਨਹੀਂ ਕੋਈ ਬੰਦਾ, ਬੰਦਗੀ ਵਾਲੇ ਬੰਦਗੀ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਸਿੰਘਾਸਣ ਕਹੇ ਮੈਂ ਜਗਤ ਦਿਸਦਾ ਖ਼ਾਲੀ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਤੂੰ ਮਾਲਕ ਧੁਰ ਦਾ ਵਾਲੀ, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਮੇਰੀ ਧਾਰ ਤੇਰੇ ਬਿਨਾ ਕਿਸੇ ਨਾ ਭਾਲੀ, ਖੋਜਣ ਖੋਜ ਨਾ ਕੋਇ ਖੁਜਾਈਆ । ਤੂੰ ਵਕਤ ਵੇਖ ਲੈ ਹਾਲੀ, ਕੀ ਹਾਲਤ ਬਦਲੀ ਲੋਕਾਈਆ । ਫਲ ਰਿਹਾ ਕਿਸੇ ਨਾ ਡਾਲੀ, ਤਨ ਵਜੂਦ ਗਏ ਕੁਮਲਾਈਆ । ਤੇਰੇ ਨਾਮ ਦੀ ਜਗਤ ਮਾਇਆ ਵਾਲੀ ਦਲਾਲੀ, ਟਕਿਆਂ ਵਣਜ ਕਰਾਈਆ । ਹਕ ਦੀ ਰਹੀ ਨਾ ਕੋਇ ਹਲਾਲੀ, ਸਚ ਵਿਚ ਨਾ ਕੋਇ ਸਮਾਈਆ । ਆਪਣਾ ਖੇਲ ਤੱਕ ਲੈਂ ਸ਼ਾਲੀ, ਤੈਨੂੰ ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪਰਦਾ ਆਪ ਚੁਕਾਈਆ । ਸਿੰਘਾਸਣ ਕਹੇ ਮੇਰੇ ਉਤੇ ਨਹੀਂ ਕੋਈ ਵਿਛਾਉਣਾ, ਜਗਤ ਵਿਸ਼ਿਆਂ ਤੋਂ ਬਾਹਰ ਮੇਰਾ ਰੂਪ ਨਜ਼ਰੀ ਆਈਆ । ਮੈਂ ਤੇ ਇਕੋ ਪਰਮ ਪੁਰਖ ਤੈਨੂੰ ਪਾਉਣਾ, ਦੂਜੀ ਓਟ ਨਾ ਕੋਇ ਤਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ, ਬਿਨ ਰਸਨਾ ਜਿਹਵਾ ਸਿਫ਼ਤ ਸਲਾਹੀਆ । ਬਿਨਾ ਸੀਸ ਤੋਂ ਸੀਸ ਝੁਕਾਉਣਾ, ਬਿਨਾ ਚਰਨ ਤੋਂ ਚਰਨ ਖ਼ਾਕ ਰਮਾਈਆ । ਪੁਰਖ ਅਕਾਲੇ ਦੀਨ ਦਿਆਲੇ ਇਕੋ ਤੇਰਾ ਇਸ਼ਟ ਮਨਾਉਣਾ, ਦੂਸਰ ਨਜ਼ਰ ਕੋਇ ਨਾ ਪਾਈਆ । ਦਰ ਤੇਰੇ ਵਾਸਤਾ ਪਾਉਣਾ, ਨਿਵ ਨਿਵ ਲਾਗਾਂ ਪਾਈਆ । ਮੇਰੇ ਪਰਵਰਦਿਗਾਰਾ ਸਾਂਝੇ ਯਾਰਾ ਕਲਜੁਗ ਕੂੜਾ ਅੰਤ ਮੁਕਾਉਣਾ, ਸਦੀ ਚੌਧਵੀਂ ਨਾਲ ਰਖਾਈਆ । ਹੰਕਾਰੀ ਬੁਰਜ ਜਗਤ ਦਾ ਢਾਹੁਣਾ, ਮਨ ਮਨਸਾ ਮੇਟ ਮਿਟਾਈਆ । ਸਤਿ ਧਰਮ ਦਾ ਸਤਿ ਵਰਤਾਉਣਾ, ਸਚ ਸਚ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਿੰਘਾਸਣ ਕਹੇ ਮੇਰੇ ਕੂਕਦੇ ਚਾਰੇ ਪਾਵੇ, ਪਾਰਬ੍ਰਹਮ ਪ੍ਰਭ ਤੇਰਾ ਧਿਆਨ ਲਗਾਈਆ । ਜਗਤ ਜਹਾਨ ਦੇ ਝੂਠੇ ਤੱਕ ਲੈ ਦਾਅਵੇ, ਦਾਅਵੇਦਾਰ ਨਜ਼ਰ ਕੋਇ ਨਾ ਆਈਆ । ਆਪਣੇ ਨਾਮ ਦੇ ਵੇਖ ਲੈ ਨਾਵੇਂ, ਨੌ ਖੰਡ ਖੋਜ ਖੁਜਾਈਆ । ਸਚ ਨਾਮ ਨਾ ਕੋਈ ਧਿਆਵੇ, ਧਿਆਨ ਵਿਚ ਨਾ ਕੋਇ ਰਖਾਈਆ । ਸ਼ਾਹ ਸੁਲਤਾਨ ਪਏ ਵਿਚ ਹਾਵੇ, ਹੌਕਿਆਂ ਵਿਚ ਦੁਹਾਈਆ । ਭਗਤ ਭਗਵੰਤ ਤੇਰੀ ਸੇਜ ਕੋਈ ਨਾ ਰਾਵੇ, ਕੰਤ ਕੰਤੂਹਲ ਨਾ ਕੋਇ ਮਨਾਈਆ । ਬਿਨ ਤੇਰੀ ਕਿਰਪਾ ਤੋਲ ਹੁੰਦੇ ਨਾ ਸਾਂਵੇਂ, ਸਾਚਾ ਸੰਗ ਨਾ ਕੋਇ ਬਣਾਈਆ । ਮੈਨੂੰ

੧੯੦੮
੨੩

ਇਉਂ ਦਿਸਦਾ ਸ਼ਾਹ ਪਾਤਸ਼ਾਹ ਹੋ ਜਾਣੇ ਨਿਥਾਵੇਂ, ਖ਼ਾਲੀ ਸਿੰਘਾਸਣ ਹੱਥ ਕਿਸੇ ਨਾ ਆਈਆ । ਕਿਸੇ ਦੇ ਸੀਸ ਰਹਿਣੀ ਨਹੀਂ ਛਾਂਵੇ, ਜਗਤ ਮਿਲੇ ਨਾ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਿੰਘਾਸਣ ਕਹੇ ਪ੍ਰਭੂ ਮੇਰੀ ਚੜ੍ਹਦੀ ਦਿਸ਼ਾ ਮਾਰ ਲੈ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਲਹਿੰਦੀ ਦਿਸ਼ਾ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਦੱਖਣ ਰਹੀ ਨਾ ਕੋਇ ਪ੍ਰਭਾਤੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਪਹਾੜ ਮਿਲੇ ਨਾ ਬੂੰਦ ਸਵਾਂਤੀ, ਅਗਨੀ ਤਤ ਨਾ ਕੋਇ ਬੁਝਾਈਆ । ਮੈਨੂੰ ਇਉਂ ਜਾਪਦਾ ਕਾਅਬੇ ਦੇ ਕੋਲੋਂ ਲੱਗਣ ਵਾਲੀ ਚੁਆਤੀ, ਅਗਨੀ ਅੱਗ ਜਲਾਈਆ । ਮੂਸਾ ਦਾ ਖੇਲ ਹੋਣਾ ਜ਼ਿੰਦਗੀ ਹਯਾਤੀ, ਆਪਣੀ ਵੰਡ ਵੰਡਾਈਆ । ਜੋ ਹਜ਼ਰਤ ਈਸਾ ਲੇਖ ਦੱਸਿਆ ਬਿਨਾ ਕਲਮ ਦਵਾਤੀ, ਧੁਰ ਕਲਮੇ ਨਾਲ ਸਮਝਾਈਆ । ਮੇਰਾ ਮਾਲਕ ਨੂਰ ਅਲਾਹ ਆਵੇ ਸ਼ਤਾਬੀ, ਬੀਸ ਬੀਸਾ ਫੇਰਾ ਪਾਈਆ । ਜਿਸ ਦਾ ਇਸ਼ਕ ਨਾ ਹਕੀਕੀ ਤੇ ਨਾ ਹੋਵੇ ਮਜਾਜ਼ੀ, ਦੋਹਾਂ ਤੋਂ ਬਾਹਰ ਆਪਣਾ ਹੁਕਮ ਸਮਝਾਈਆ । ਉਹ ਜਗਤ ਜਹਾਨ ਦਾ ਬਣ ਕੇ ਹਾਜੀ, ਹੁਜਰਾ ਹਕ ਹਕ ਸੁਹਾਈਆ । ਨੂਰ ਅਲਾਹੀ ਧੁਰ ਅਮਾਮ ਆਪਣਾ ਆਪ ਬਣ ਇਮਦਾਦੀ, ਦੂਸਰ ਲੋੜ ਨਾ ਕੋਇ ਰਖਾਈਆ । ਜੋ ਸ਼ਬਦ ਇਸ਼ਾਰਾ ਦਿਤਾ ਸਤਿਗੁਰ ਨਾਨਕ ਵਿਚ ਬਗ਼ਦਾਦੀ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਉਹ ਝਗੜਾ ਮੇਟੇ ਦੀਨ ਦੁਨੀ ਸਮਾਜੀ, ਸਮਝ ਤੋਂ ਬਾਹਰ ਉਸ ਦੀ ਹੋਵੇ ਪੜ੍ਹਾਈਆ । ਉਸ ਦਾ ਹੁਕਮ ਇਕ ਅਹਿਲਾਦੀ, ਦੋ ਜਹਾਨ ਸ਼ਨਵਾਈਆ । ਜਿਥੇ ਨਾ ਕੋਈ ਪੁੰਨ ਨਾ ਸਵਾਬੀ, ਸ਼ਰਅ ਰੰਗ ਨਾ ਕੋਇ ਰੰਗਾਈਆ । ਇਕੋ ਹੁਕਮ ਸੰਦੇਸ਼ਾ ਦੇਵ ਅਨਾਦੀ, ਧੁਰ ਨਾਦ ਨਾਲ ਪੜ੍ਹਾਈਆ । ਬੁੱਧੀ ਤੋਂ ਪਰੇ ਹੋ ਕੇ ਬੋਧ ਅਗਾਧੀ, ਧੁਰ ਦਾ ਹੁਕਮ ਦਏ ਸਮਝਾਈਆ । ਜੁਗ ਬਦਲਣਾ ਜਿਸ ਦੀ ਵਾਦੀ, ਵਾਇਦੇ ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਓਹ ਬਣ ਕੇ ਨਿਰਗੁਣ ਧਾਰ ਧਾਰ ਪਾਂਧੀ, ਪਾਂਧੀ ਆਪਣਾ ਪੰਧ ਮੁਕਾਈਆ । ਜਿਸ ਕਲਜੁਗ ਅੰਤਮ ਸੰਬਲ ਆਉਣਾ ਸੁੱਖੀਂ ਸਾਂਦੀ, ਸੰਭਲ ਕੇ ਆਪਣਾ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਪੂਰ ਕਰਾਈਆ । ਸਿੰਘਾਸਣ ਕਹੇ ਮੇਰੇ ਉਤੇ ਕੋਈ ਨਾ ਸਕੇ ਸਜ, ਸੱਜਣੋਂ ਦਿਆਂ ਜਣਾਈਆ । ਸਚ ਦਾ ਰਿਹਾ ਕੋਈ ਨਾ ਹੱਜ, ਹੁਜਰੇ ਵਾਲਿਆਂ ਦਿਆਂ ਦ੍ਰਿੜਾਈਆ । ਹੁਣ ਖੇਲ ਵੇਖਿਓ ਉਤੇ ਜਗ, ਜਗ ਜੀਵਣ ਦਾਤਾ ਕੀ ਆਪਣਾ ਹੁਕਮ ਵਰਤਾਈਆ । ਚਾਰੇ ਕੁੰਟਾਂ ਹੁਕਮ ਦੀ ਲਗਣੀ ਅੱਗ, ਨਾ ਸਕੇ ਕੋਇ ਬੁਝਾਈਆ । ਭਾਰ ਨਾਲ ਲਏ ਕੋਈ ਨਾ ਦੱਬ, ਜਲ ਧਾਰ ਨਾ ਕੋਇ ਟਕਰਾਈਆ । ਕਿਉਂ ਇਹ ਖੇਲ ਕਰਨਾ ਉਸ ਅਲਾਹੀ ਰੱਬ, ਜਿਸ ਨੂੰ ਯਾਮਬੀਨ ਕਹਿ ਕੇ ਸਾਰੇ ਸੀਸ ਨਿਵਾਈਆ । ਸ਼ਾਇਦ ਉਹ ਪਤਾ ਨਹੀਂ ਕਿਸ ਨੂੰ ਪਵੇ ਲੱਭ, ਬਿਨ ਖੋਜਿਆਂ ਦਰਸ ਦਿਖਾਈਆ । ਬਿਨਾ ਯਾਦ ਤੋਂ ਲਵੇ ਸੱਦ, ਆਪਣਾ ਹੁਕਮ ਸੁਣਾਈਆ । ਜੇ ਤੁਸੀਂ ਭਗਤ ਨਹੀਂ ਫੇਰ ਵੀ ਭਗਤੀ ਦਾ ਦੇਵੇ ਅੱਧ, ਬਿਨ ਮੰਗਿਆਂ ਦਾਤ ਝੋਲੀ ਪਾਈਆ । ਰਹਿਣ ਦੇਣਾ ਨਹੀਂ ਬਗੜਾ ਬਪ, ਹੰਸ ਗੁਰਮੁਖ ਰੂਪ ਪ੍ਰਗਟਾਈਆ । ਖ਼ੁਸ਼ੀ ਨਾਲ ਫੜ ਕੇ ਬਾਹਰ ਕੱਢ, ਆਪਣੇ ਨਾਲ ਚਲਾਈਆ । ਪਵਿਤ੍ਰ ਕਰ ਕੇ ਮਾਸ ਨਾੜੀ ਹੱਡ, ਰਕਤ ਬੂੰਦ ਆਪਣੇ ਲੇਖੇ ਲਾਈਆ । ਜਨ ਭਗਤੋ ਤੁਸੀਂ ਕਦੇ ਨਹੀਂ ਜਾਣਾ ਛਡ, ਛੁਟਕੀ ਲਿਵ ਫੇਰ ਦੇਣੀ ਲਗਾਈਆ । ਤੁਹਾਡੇ ਅੰਦਰ ਨਾਮ ਨਿਸ਼ਾਨਾ ਦੇਣਾ ਗੱਡ, ਗਾਡ ਹੋ ਕੇ ਆਪਣਾ ਮਾਰਗ ਦੇਣਾ ਵਖਾਈਆ । ਤੁਸੀਂ ਵੜ ਜਾਣਾ ਅੰਦਰ ਡੂੰਘੀ ਖੱਡ,

੧੯੦੯
੨੩

ਜਿਥੋਂ ਲੱਭਿਆਂ ਹੱਥ ਕਿਸੇ ਨਾ ਆਈਆ । ਤੁਹਾਨੂੰ ਖਾਣ ਨਹੀਂ ਦੇਣੀ ਮੱਛੀ ਕੋਈ ਡੱਡ, ਡੰਡਾਵਤ ਸਭ ਦੀ ਦੇਣੀ ਬਦਲਾਈਆ । ਕੂੜ ਵਿਕਾਰ ਅੰਦਰੋਂ ਦੇਣਾ ਕੱਢ, ਸ਼ਬਦ ਖੰਡਾ ਇਕ ਚਲਾਈਆ । ਸਚ ਪ੍ਰੇਮ ਲਡਾਉਣਾ ਲਡ, ਗੋਦੀ ਧੁਰ ਦੀ ਵਿਚ ਟਿਕਾਈਆ । ਤੁਸਾਂ ਖੇਲ ਵੇਖਣਾ ਕਲਜੁਗ ਅੰਤਮ ਹੋਣਾ ਕਦ, ਕਦੀਮ ਦਾ ਲੇਖਾ ਕੌਣ ਮੁਕਾਈਆ । ਸਚ ਪੁਛੋ ਅੱਠਵੇਂ ਸਾਲ ਨੂੰ ਸਾਰੀ ਸ੍ਰਿਸ਼ਟੀ ਦੀ ਇਕੋ ਕਰ ਦੇਣੀ ਯਦ, ਯਾਦਵਾਂ ਦਾ ਲੇਖਾ ਕੌਰਵ ਪਾਂਡਵ ਨਾਲ ਕ੍ਰਿਸ਼ਨ ਗਿਆ ਸਮਝਾਈਆ । ਇਕੋ ਵਾਰ ਸ਼ਬਦ ਦੀ ਧਾਰ ਜਾਣੀ ਵਗ, ਜਗਤ ਕੂੜ ਦੇ ਵਹਿਣਾਂ ਦਏ ਰੁੜ੍ਹਾਈਆ । ਜਦੋਂ ਪੁਰਖ ਅਕਾਲ ਕਿਰਪਾ ਕਰੇ ਫਿਰ ਰਹੇ ਨਾ ਕੋਇ ਜੀਵ ਅਲਪਗ, ਸਰਬਗ ਦੇਵੇ ਮਾਣ ਵਡਿਆਈਆ । ਅੰਦਰ ਬੰਨ੍ਹ ਕੇ ਨਾਮ ਦਾ ਤਗ, ਸਾਚੀ ਡੋਰੀ ਨਾਲ ਬੰਧਾਈਆ । ਜਦੋਂ ਯਾਦ ਕਰੋਗੇ ਦਰਸ਼ਨ ਮਿਲੇਗਾ ਉਪਰ ਸ਼ਾਹ ਰਗ, ਨਵਾਂ ਦਵਾਰਿਆਂ ਡੇਰਾ ਢਾਹੀਆ । ਜੋਤ ਰੂਪ ਹੋ ਕੇ ਜੋਤ ਜਾਵੇ ਜਗ, ਅੰਧ ਅੰਧੇਰਾ ਅੰਦਰੋਂ ਦਏ ਮਿਟਾਈਆ । ਅੰਮ੍ਰਿਤ ਨਾਮ ਦੀ ਦੇ ਕੇ ਮਧ, ਰਸ ਰਸਨਾ ਤੋਂ ਬਾਹਰ ਚਖਾਈਆ । ਸਚ ਦਵਾਰ ਵਖਾ ਕੇ ਹੱਦ, ਘਰ ਘਰ ਵਿਚ ਖ਼ੁਸ਼ੀ ਬਣਾਈਆ । ਤੁਹਾਨੂੰ ਨਹੀਂ ਪਤਾ ਤੁਹਾਡੇ ਸਤਿਗੁਰ ਨੇ ਕਿਹੜਾ ਬਣਾਉਣਾ ਸਬੱਬ, ਰਾਤੀ ਸੁੱਤਿਆਂ ਸੁੱਤਿਆਂ ਅੰਦਰੋਂ ਕਰੇ ਸਫ਼ਾਈਆ । ਇਹ ਵੇਲਾ ਆਉਣ ਵਾਲਾ ਝੱਬ, ਝਬਕਰੇ ਵਾਲੇ ਕ੍ਰਿਸ਼ਨ ਦੇ ਯਾਰ ਪਿਛਲੀ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਿੰਘਾਸਣ ਕਹੇ ਮੈਂ ਵਜਾਵਾਂ ਤਾਲੀਆਂ, ਖ਼ੁਸ਼ੀਆਂ ਢੋਲੇ ਗਾਈਆ । ਮੈਂ ਜੁਗ ਚੌਕੜੀਆਂ ਵੇਖੀਆਂ ਬਾਹਲੀਆਂ, ਲੋਕਮਾਤ ਭੱਜੀਆਂ ਵਾਹੋ ਦਾਹੀਆ । ਮੈਂ ਜਗਤ ਜਹਾਨ ਦੀਆਂ ਰੂਹਾਂ ਵੇਖੀਆਂ ਕਾਲੀਆਂ, ਜੋ ਕਲਮੇ ਗਈਆਂ ਭੁਲਾਈਆ । ਮੈਂ ਫਲ ਵੇਖੇ ਤਨ ਵਜੂਦਾ ਡਾਲੀਆਂ, ਪੰਜਾਂ ਤਤਾਂ ਧਿਆਨ ਲਗਾਈਆ । ਮੈਂ ਕਾਇਆ ਮਟਕੀਆਂ ਵੇਖੀਆਂ ਖ਼ਾਲੀਆਂ, ਤਨ ਵਜੂਦਾਂ ਫੋਲ ਫੁਲਾਈਆ । ਮੈਂ ਜੁਗ ਜੁਗ ਦੁੱਖਾਂ ਵਾਲੀਆਂ ਝੱਲੀਆਂ ਝਾਲੀਆਂ, ਆਪਣਾ ਆਪ ਹੇਠਾਂ ਢਾਹੀਆ । ਪਰ ਯਾਦ ਰੱਖਿਓ ਜਿਸ ਵੇਲੇ ਗੋਰਖ ਨੇ ਕੰਨਾਂ ਵਿਚ ਮੁੰਦਰਾਂ ਪਾਈਆਂ ਵਾਲੀਆਂ, ਆਪਣਾ ਧਿਆਨ ਲਗਾਈਆ । ਮੇਰਿਆ ਨਾਥਾਂ ਦਿਆਂ ਨਾਥਾ ਤੇਰੀਆਂ ਉਡੀਕਾਂ ਸਭ ਨੂੰ ਬਾਹਲੀਆਂ, ਜਿਸ ਕਾਲੇ ਲੇਖੇ ਦੇਣੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਿੰਘਾਸਣ ਕਹੇ ਸਤਿਗੁਰ ਸ਼ਬਦ ਵੇਖ ਲਓ ਫਿਰਦਾ, ਜਗ ਨੇਤਰ ਧਿਆਨ ਲਗਾਈਆ । ਜੋ ਲਹਿਣਾ ਦੇਣਾ ਲੇਖੇ ਲਾਵੇ ਚਿਰ ਦਾ, ਚਿੰਰੀ ਵਿਛੁੰਨਿਆਂ ਮੇਲ ਮਿਲਾਈਆ । ਸਾਡਾ ਸਾਫ਼ ਕਰਨ ਆਇਆ ਹਿਰਦਾ, ਅੰਦਰ ਵੜ ਕੇ ਕਰੇ ਸਫ਼ਾਈਆ । ਜਿਸ ਦਾ ਗੇੜਾ ਕਿਸੇ ਕੋਲੋਂ ਨਹੀਂ ਗਿੜਦਾ, ਉਹ ਗੇੜੇ ਚਾਈਂ ਚਾਈਂਆ । ਉਹ ਮਾਲਕ ਤੁਹਾਡੇ ਕਾਇਆ ਪਿੰਡ ਦਾ, ਤਨ ਬੈਠਾ ਸੋਭਾ ਪਾਈਆ । ਜਿਸ ਧਾਮ ਵਖਾਉਣਾ ਘਰ ਥਿਰ ਦਾ, ਗ੍ਰਿਹ ਮੰਦਰ ਇਕ ਸੁਹਾਈਆ । ਉਸ ਦਾ ਝਿਰਨਾ ਵੇਖਿਓ ਝਿਰਦਾ, ਬੂੰਦ ਸਵਾਂਤੀ ਦਏ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਿੰਘਾਸਣ ਕਹੇ ਵੇਖੋ ਆ ਗਿਆ ਕੋਈ ਪ੍ਰਦੇਸੀ, ਪ੍ਰਦੇਸਾਂ ਵਾਲਿਓ ਧਿਆਨ ਲਗਾਈਆ । ਜਿਸ ਦਾ ਸਭ ਤੋਂ ਵੱਖਰਾ ਵੇਸੀ, ਵੇਸ ਅਨੇਕਾ ਰੂਪ ਬਦਲਾਈਆ । ਜਿਸ ਦੇ ਕੋਲ ਸਭ ਦੀ ਪੇਸ਼ੀ, ਪੇਸ਼ੀਨਗੋਈਆਂ ਬੈਠੇ ਹੱਥ ਉਠਾਈਆ । ਓਹ ਮਾਲਕ ਨਰ ਨਰੇਸ਼ੀ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਅਗੇ ਚਲੇ ਕਿਸੇ ਨਾ ਸ਼ੇਖ਼ੀ, ਮੁੱਲਾ ਸ਼ੇਖ਼ ਮੁਸਾਇਕ ਸਾਰੇ

ਸੀਸ ਨਿਵਾਈਆ । ਉਹ ਲੇਖਾ ਮੁਕਾਵੇ ਹੋ ਕੇ ਨੇਤਨ ਨੇਤੀ, ਨਿਜ ਨੇਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਸਿੰਘਾਸਣ ਕਹੇ ਗੁਰਮੁਖੋ ਰਿਹੋ ਕੋਈ ਨਾ ਸੁੱਤਾ, ਸੁੱਤਿਆਂ ਦਿਆਂ ਜਗਾਈਆ । ਵੇਖੋ ਖੇਲ ਅਬਿਨਾਸ਼ੀ ਅਚੁਤਾ, ਜੋ ਚੇਤਨ ਰਿਹਾ ਕਰਾਈਆ । ਹਰਿਜਨ ਉਠਾਵੇ ਦਇਆ ਕਮਾਵੇ ਗੋਦ ਉਠਾਵੇ ਪੁੱਤਾ, ਫੜ ਬਾਹੋਂ ਗਲੇ ਲਗਾਈਆ । ਸਚ ਸੁਹੰਜਣੀ ਕਰੇ ਰੁੱਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਹਰਿ ਜਨ ਵਿਛੜਿਆ ਕੋਈ ਰਹੇ ਨਾ ਟੁੱਟਾ, ਟੁਟਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਖ਼ੁਸ਼ੀਆਂ ਨਾਲ ਮਾਰ ਲਓ ਤਾਲੀਆਂ, ਅਗਲੀ ਤਲਬ ਰਹੇ ਨਾ ਰਾਈਆ । ਫਲ ਲੱਗਾ ਤੁਹਾਡੀ ਕਾਇਆ ਡਾਲੀਆਂ, ਤਨ ਤਨ ਵੱਜੇ ਵਧਾਈਆ । ਤੁਹਾਡੀਆਂ ਝੋਲੀਆਂ ਭਰੀਆਂ ਖ਼ਾਲੀਆਂ, ਖ਼ਾਲਕ ਖ਼ਲਕ ਦਿਤੀ ਵਡਿਆਈਆ । ਤੁਹਾਨੂੰ ਵਡਿਆਈਆਂ ਮਿਲਣੀਆਂ ਬਾਹਲੀਆਂ, ਕੀ ਬਹੁਤਾ ਦੇਣਾ ਸਮਝਾਈਆ । ਤੁਸਾਂ ਬਹੁਤੀਆਂ ਤਕਲੀਫ਼ਾਂ ਝਾਲੀਆਂ, ਜੋ ਚਲ ਕੇ ਆਏ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗੀ ਇਕ ਅਖਵਾਈਆ । ਸਤਾਰਾਂ ਹਾੜ ਕਹੇ ਪ੍ਰਭੂ ਓਹ ਵੇਖ ਲੈ ਪੂਰਬ ਦਾ ਲਹਿਣਾ, ਲਹਿਣੇਦਾਰ ਸਾਰੇ ਆਸ ਰਖਾਈਆ । ਜਿਸ ਨੂੰ ਅੱਖਰਾਂ ਵਿਚ ਕਿਸੇ ਨਾ ਕਹਿਣਾ, ਹਰੂਫ਼ਾਂ ਨਾਲ ਨਾ ਕੋਇ ਚਤੁਰਾਈਆ । ਤੈਨੂੰ ਬਿਨਾ ਮੰਗਿਆਂ ਪਵੇਗਾ ਦੇਣਾ, ਦੇਵਣਹਾਰ ਤੇਰੀ ਵਡਿਆਈਆ । ਮੈਂ ਤੇਰੀ ਸਰਨ ਸਰਨਾਈ ਪੈਣਾ, ਨਿਵ ਨਿਵ ਸੀਸ ਝੁਕਾਈਆ । ਤੂੰ ਧੁਰ ਦਾ ਸਾਕ ਸੈਣਾ, ਸੱਜਣ ਅਗੰਮ ਅਥਾਹੀਆ । ਕੋਈ ਦਿਸੇ ਨਾ ਅਵਰ ਤੂਫ਼ੈਣਾ, ਦੂਜਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਸਤਾਰਾਂ ਹਾੜ ਕਹੇ ਨਾਰਦਾ ਛੇਤੀ ਆ ਜਾ ਜਲਦੀ, ਜਲਧਾਰਾ ਪਾਰ ਕਰਾਈਆ । ਕੁਛ ਲੇਖ ਦੱਸ ਕਲਜੁਗ ਕਲ ਦੀ, ਕੀ ਕਲ ਕਲਕੀ ਹੁਕਮ ਵਰਤਾਈਆ । ਕੀ ਧਾਰ ਹੋਣੀ ਥਲ ਦੀ, ਅਸਗਾਹਾਂ ਪਰਦਾ ਦੇ ਉਠਾਈਆ । ਕਿੱਥੇ ਕਿੱਥੇ ਅੱਗ ਬਲਦੀ, ਚਾਰੋਂ ਕੁੰਟ ਦੇਣਾ ਜਲਾਈਆ । ਖ਼ਬਰ ਦੇਣੀ ਘੜੀ ਪਲ ਦੀ, ਪਲਕਾਂ ਦੇ ਪਿਛੇ ਬਹਿ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਸਤਾਰਾਂ ਹਾੜ ਮੈਨੂੰ ਲੈ ਲੈਣ ਦੇ ਸਾਹ, ਸਤਿਗੁਰ ਸ਼ਬਦ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਮੈਨੂੰ ਲੱਭ ਲੈਣ ਦੇ ਇਕ ਮਲਾਹ, ਜੋ ਖੇਵਟ ਖੇਟਾ ਧੁਰਦਰਗਾਹੀਆ । ਭਗਤਾਂ ਨੂੰ ਕਹਿ ਦੇ ਭਗਤਾਂ ਦੇ ਭਗਤ ਬਣਿਓ ਗਵਾਹ, ਸ਼ਹਾਦਤ ਇਕ ਦੂਜੇ ਦੀ ਭੁਗਤਾਈਆ । ਸਾਰੇ ਕਹਿਣ ਸਾਡਾ ਇਕੋ ਪਿਤਾ ਤੇ ਇਕੋ ਮਾਂ, ਬਿਨਾ ਪੁਰਖ ਅਕਾਲ ਤੋਂ ਦੂਜੀ ਦਿਸੇ ਕੋਇ ਨਾ ਮਾਈਆ । ਸਾਡਾ ਇਕੋ ਕਲਮਾ ਤੇ ਇਕੋ ਨਾਂ, ਇਕੋ ਅੱਖਰ ਸਿਫ਼ਤ ਸਲਾਹੀਆ । ਇਕੋ ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰੂਦਵਾਰ ਇਕੋ ਗਰਾਂ, ਸਚਖੰਡ ਸਾਚਾ ਸੋਭਾ ਪਾਈਆ । ਇਕੋ ਅਸਥਿਲ ਸੋਹੇ ਥਾਂ, ਥਾਨ ਥਨੰਤਰ ਵੱਜੇ ਵਧਾਈਆ । ਇਕੋ ਸਾਹਿਬ ਸਵਾਮੀ ਅੰਤਰਜਾਮੀ ਪਕੜਨਹਾਰਾ ਬਾਂਹ, ਦੂਸਰ ਨਜ਼ਰ ਕੋਇ ਨਾ ਆਈਆ । ਇਕੋ ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਇਕੋ ਦੇਵਣਹਾਰਾ ਠੰਡੀ ਛਾਂ, ਅਗਨੀ ਹਾੜ ਨਾ ਲਾਗੇ ਰਾਈਆ । ਇਕੋ ਸਾਹਿਬ ਮਿਲਣ ਦਾ ਚਾਅ, ਚਾਉ ਘਨੇਰਾ ਇਕ ਜਣਾਈਆ । ਇਕੋ

੧੯੧੧
੨੩

ਸਤਿਗੁਰ ਹੋਵੇ ਵਾਹੋ ਵਾਹ, ਵਾਹਵਾ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਹਾੜ ਸਤਾਰਾਂ ਵੇਖ ਲੈ ਜਗਤ ਜਹਾਨ ਅੰਧਾ, ਜਗ ਨੇਤਰ ਨਜ਼ਰ ਕਿਛ ਨਾ ਆਈਆ । ਸਭ ਦੇ ਅੰਦਰ ਦੂਈ ਦਵੈਤ ਦੀ ਕੰਧਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਮਾਨਸ ਮਾਨਵ ਲੱਗੇ ਕੋਈ ਨਾ ਚੰਗਾ, ਮਾਨੁਖ ਰੰਗ ਨਾ ਕੋਇ ਰੰਗਾਈਆ । ਮਨੂਆ ਮਮਤਾ ਵਿਚ ਹੋਇਆ ਗੰਦਾ, ਪਤਤ ਪੁਨੀਤ ਨਾ ਕੋਇ ਬਣਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਛੰਦਾ, ਸੋਹੰ ਸਚ ਸਰੂਪ ਨਾ ਕੋਇ ਸਮਾਈਆ । ਸਦੀ ਚੌਧਵੀਂ ਵਕਤ ਜਾਂਦਾ ਲੰਘਾ, ਸੰਗ ਮੁਹੰਮਦ ਚਾਰ ਯਾਰ ਵੇਖਣ ਨੈਣ ਉਠਾਈਆ । ਤੂੰ ਕੀ ਸਮਝੇਂ ਨਾਰਦ ਪੰਡਾ, ਭੇਵ ਅਭੇਦ ਦੇਣਾ ਦ੍ਰਿੜਾਈਆ । ਨਾਰਦ ਕਹੇ ਮੈਂ ਨਿਗਾਹ ਮਾਰੀ ਨਵ ਖੰਡਾ, ਸੱਤਾਂ ਦੀਪਾਂ ਧਿਆਨ ਲਗਾਈਆ । ਖਾਣੀ ਵੇਖੀ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਚਾਰੋਂ ਕੁੰਟ ਕੂੜ ਕੁੜਿਆਰ ਦੀਆਂ ਵੰਡਾਂ, ਹਿੱਸੇ ਕਲਜੁਗ ਰਿਹਾ ਪਾਈਆ । ਜਗਤ ਜਹਾਨ ਵੇਖਿਆ ਭੇਖ ਪਖੰਡਾ, ਕੂੜੀ ਕਿਰਿਆ ਨਾਲ ਹਲਕਾਈਆ । ਮੈਨੂੰ ਕੁਛ ਨਹੀਂ ਲੱਗਾ ਚੰਗਾ, ਸਚ ਦਿਆਂ ਸੁਣਾਈਆ । ਮੈਂ ਫੇਰ ਗਿਆ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗੰਗੋਤਰੀ ਪੁਛਿਆ ਚਾਈਂ ਚਾਈਂਆ । ਗੰਗਾ ਕਹੇ ਨਾਰਦਾ ਸਾਡਾ ਸੀਨਾ ਹੋਵੇ ਨਾ ਠੰਡਾ, ਅਗਨੀ ਤਤ ਨਾ ਕੋਇ ਬੁਝਾਈਆ । ਸਾਡਾ ਪਵਿਤ੍ਰ ਰਿਹਾ ਘਾਟ ਕੋਇ ਨਾ ਕੰਢਾ, ਤੀਰਥ ਤੱਟ ਰਹੇ ਕੁਰਲਾਈਆ । ਬਹੁੜੀ ਸਾਡੇ ਵਿਚ ਨਾਰੀ ਪੁਰਸ਼ ਨਹਾਉਂਦਾ ਨੰਗਾ, ਲਜ ਪਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਕੀ ਦੱਸਾਂ ਵਿਚਾਰ, ਵਿਚਰਕੇ ਕੀ ਜਣਾਈਆ । ਮੈਂ ਫਿਰਿਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਿਆਂ ਸੁਣਾਈਆ । ਮੇਰੀ ਸੁਣੋ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਨਿਗਾਹ ਮਾਰੋ ਤੇਈ ਅਵਤਾਰ, ਬਿਨ ਨੈਣਾਂ ਨੈਣ ਉਠਾਈਆ । ਪੈਗ਼ੰਬਰੋ ਪਾਓ ਸਾਰ, ਕਲਮਾ ਕਾਇਨਾਤ ਖੋਜ ਖੁਜਾਈਆ । ਗੁਰੂ ਗੁਰਦੇਵ ਦਿਓ ਅਧਾਰ, ਹਰ ਹਿਰਦੇ ਰਾਮ ਜਣਾਈਆ । ਕਿਉਂ ਤੁਹਾਡੇ ਹੁੰਦਿਆਂ ਹੋਇਆ ਧੂਆਂਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਮਿਲੇ ਮੇਲ ਨਾ ਸਾਂਝੇ ਯਾਰ, ਸਾਚੇ ਮੰਦਰ ਨਾ ਕੋਇ ਰੁਸ਼ਨਾਈਆ । ਕਿਉਂ ਝਗੜਾ ਵਧਿਆ ਤਕਰਾਰ, ਕਲਮਾ ਨਾਮ ਕਰੇ ਲੜਾਈਆ । ਕਿਉਂ ਧਰਨੀ ਧਰਤ ਧਵਲ ਧੌਲ ਹੋਵੇ ਖਵਾਰ, ਮਿੱਟੀ ਖ਼ਾਕ ਖ਼ਾਕ ਉਡਾਈਆ । ਸਾਰੇ ਨਿਗਾਹ ਲਵੋ ਮਾਰ, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਸਭ ਨੂੰ ਦਿਤੀ ਭਾਖਿਆ, ਜਗਤ ਭਾਸ਼ਨ ਦੀ ਲੋੜ ਰਹੀ ਨਾ ਰਾਈਆ । ਬਿਨਾ ਅੱਖਰ ਤੋਂ ਨਿਰਅੱਖਰ ਵਿਚ ਆਖਿਆ, ਸੋਹਲਾ ਢੋਲਾ ਦਿਤਾ ਦ੍ਰਿੜਾਈਆ । ਖੇਲ ਤੱਕ ਲਓ ਅਲਖਣਾ ਅਲਾਖਿਆ, ਕੀ ਅਲਖ ਅਗੋਚਰ ਕਾਰ ਕਮਾਈਆ । ਲਹਿਣਾ ਦੇਣਾ ਤੱਕੋ ਮਸਤਕ ਮਾਥਿਆ, ਪਰਦਾ ਖੋਲੋ ਖ਼ਲਕ ਖ਼ੁਦਾਈਆ । ਕੀ ਲਹਿਣਾ ਦੇਣਾ ਮਿਲਣਾ ਹੱਥੋ ਹਾਥਿਆ, ਦੀਨ ਮਜ਼੍ਹਬ ਵੇਖਣਾ ਚਾਈਂ ਚਾਈਂਆ । ਕੀ ਭਾਣਾ ਵਰਤੇ ਪੁਰਖ ਸਮਰਾਥਿਆ, ਹਰਿ ਕਰਤਾ ਧੁਰਦਰਗਾਹੀਆ । ਜਿਸ ਕਲਜੁਗ ਨੇੜੇ ਕੀਤੀ ਵਾਟਿਆ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਭਗਤਾਂ ਪੂਰਾ ਕਰਨਾ ਘਾਟਿਆ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਸ ਦਾ ਖੇਲ ਬਾਜ਼ੀਗਰ ਨਾਟਿਆ, ਸਵਾਂਗੀ ਆਪਣਾ ਸਵਾਂਗ ਰਚਾਈਆ । ਜੋ ਮੰਜ਼ਲ ਵੇਖੇ ਘਾਟਿਆ, ਪੌੜੀ ਡੰਡੇ ਫੋਲ ਫੁਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਨੂਰ ਅਲਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਹੋਣਾ ਵਕਤ ਸੁਹੰਜਣਾ, ਸੋਹਣੀ ਬਣਤ ਬਣਾਈਆ । ਕਿਰਪਾ ਕਰੇ ਆਦਿ ਨਿਰੰਜਣਾ, ਹਰਿ ਕਰਤਾ ਧੁਰਦਰਗਾਹੀਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਜਿਸ ਭਗਤਾਂ ਧੂੜੀ ਬਖ਼ਸ਼ਣਾ ਮਜਨਾ, ਖ਼ਾਕੀ ਖ਼ਾਕ ਰਮਾਈਆ । ਸੋ ਆਤਮ ਪਰਮਾਤਮ ਹੋ ਕੇ ਸੱਜਣਾ, ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਅੰਤਮ ਪਰਦਾ ਕੱਜਣਾ, ਸਿਰ ਸਿਰ ਹੱਥ ਟਿਕਾਈਆ । ਉਸ ਦਾ ਦੀਪਕ ਜੋਤ ਇਕੋ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਦਾ ਨੂਰ ਅਗੰਮੀ ਮਘਣਾ, ਨੂਰ ਨੁਰਾਨਾ ਨਜ਼ਰੀ ਆਈਆ । ਉਸਨੂੰ ਕਹਿਣਾ ਮੂਰਤ ਗੁਪਾਲ ਮਦਨਾ, ਮਧੁਰ ਧੁਨ ਕਰੇ ਸ਼ਨਵਾਈਆ । ਜਿਸ ਭਗਤ ਸੁਹੇਲਾ ਸੱਦਣਾ, ਸਧਨੇ ਦਾ ਲੇਖਾ ਝੋਲੀ ਪਾਈਆ । ਜਿਸ ਪਾਰ ਕਰਾਉਣਾ ਆਅਲਾ ਅਦਨਾ, ਊਚਾਂ ਨੀਚਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਾਰਾਂ ਹਾੜ ਕਹੇ ਪ੍ਰਭੂ ਮੇਰੀ ਇਕ ਅਰਦਾਸ, ਜਗਤ ਅਰਦਾਸਿਆਂ ਬਾਹਰ ਜਣਾਈਆ । ਮੇਰੀ ਬੁਝਾ ਪਿਆਸ, ਅਗਨੀ ਤਤ ਗਵਾਈਆ । ਪੂਰੀ ਕਰ ਆਸ, ਤ੍ਰਿਸ਼ਨਾ ਰਹੇ ਨਾ ਰਾਈਆ । ਤੇਰਾ ਖੇਲ ਤੱਕਾਂ ਉਤੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਵੇਖ ਵਖਾਈਆ । ਸਾਚੇ ਮੰਡਲ ਪਾਵੇ ਰਾਸ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਜਨ ਭਗਤਾਂ ਮਾਨਸ ਜਨਮ ਕਰ ਦੇ ਰਾਸ, ਰਸਤਾ ਇਕੋ ਦੇ ਵਖਾਈਆ । ਕੋਈ ਖਾਏ ਨਾ ਮਦਿਰਾ ਮਾਸ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਦਰਸ਼ਨ ਦੇ ਦੇ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਤੂੰ ਪਰਮ ਪੁਰਖ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਦੁਨੀ ਵੰਡ ਨਾ ਕੋਇ ਵੰਡਾਈਆ । ਸਭ ਦਾ ਇਕੋ ਜੋੜ ਦੇ ਨਾਤ, ਆਤਮ ਪਰਮਾਤਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਾਰਾਂ ਹਾੜ ਕਹੇ ਪ੍ਰਭੂ ਲੇਖੇ ਲਾ ਲੈ ਪ੍ਰੇਮ ਦੀਆਂ ਕਲੀਆਂ, ਕਲ ਕਲਕੀ ਭੇਟ ਚੜ੍ਹਾਈਆ । ਜਨ ਭਗਤਾਂ ਵੇਖ ਲੈ ਵੱਜਦੀਆਂ ਟੱਲੀਆਂ, ਟਾਲਮਟੋਲ ਦਾ ਲੇਖਾ ਦੇਣਾ ਚੁਕਾਈਆ । ਤੇਰੇ ਅਗੇ ਰੱਖੀਆਂ ਲੂਣ ਦੀਆਂ ਪੰਜ ਪੰਜ ਡਲੀਆਂ, ਨਿਮਕ ਖਾ ਨਾ ਪੱਲੂ ਲੈਣਾ ਛੁਡਾਈਆ । ਤੈਨੂੰ ਆਦਿ ਜੁਗਾਦਿ ਕਹਿੰਦੇ ਵਲੀਆ ਛਲੀਆ, ਅਛਲ ਛਲ ਧਾਰੀ ਤੇਰੀ ਬੇਪਰਵਾਹੀਆ । ਤੇਰੀ ਸਮਝ ਨਾ ਆਈ ਹਜ਼ਰਤ ਅਲੀਆ, ਐਲੀ ਅਲਾਹ ਤੇਰੀ ਵਡ ਵਡਿਆਈਆ । ਮੈਂ ਚਾਹੁੰਦਾ ਤੂੰ ਫਿਰੇਂ ਭਗਤਾਂ ਦੀਆਂ ਕਾਇਆ ਅੰਦਰ ਗਲੀਆਂ, ਕੂਚਾ ਕੂਚਾ ਵੇਖ ਵਖਾਈਆ । ਮਨਸਾ ਮਨ ਰਹਿਣ ਨਾ ਝੱਲੀਆਂ, ਦੁਰਮਤ ਮੈਲ ਦੇਣੀ ਧਵਾਈਆ । ਤੇਰੇ ਲੱਭਣ ਵਾਸਤੇ ਦੇਣੀਆਂ ਪੈਣ ਨਾ ਬਲੀਆਂ, ਪੰਛੀਆਂ ਪੰਖੀਆਂ ਸੀਸ ਕਟਾਈਆ । ਚੜ੍ਹਾਉਣੀਆਂ ਪੈਣ ਨਾ ਤੇਲ ਦੀਆਂ ਪਲੀਆਂ, ਗੁਰਮੁਖਾਂ ਦੀਆਂ ਤਲੀਆਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਚਾੜ੍ਹਾਂ ਰੰਗ ਲਾਲ, ਟਿੱਕੇ ਨਾਮ ਰੰਗ ਰੰਗਾਈਆ । ਸਭ ਦੀ ਲੇਖੇ ਪਾਵਾਂ ਘਾਲ, ਜੋ ਚਲ ਆਏ ਸਰਨਾਈਆ । ਸ਼ਬਦੀ ਧਾਰ ਹੋਵਾਂ ਦਲਾਲ, ਵਿਚੋਲਾ ਦੋ ਜਹਾਨ ਅਖਵਾਈਆ । ਸੁਰਤੀ ਸ਼ਬਦ ਲਵਾਂ ਸੰਭਾਲ, ਸੰਬਲ ਬਹਿ ਕੇ ਵੇਖ ਵਖਾਈਆ । ਆਪੇ ਵੇਖਾਂ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਖੋਜ ਖੁਜਾਈਆ । ਨਿਰਗੁਣ ਵੱਖਰੀ ਹੋਵੇ ਚਾਲ, ਸਰਗੁਣ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ

੧੯੧੩
੨੩

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡੀਆਂ ਖ਼ੁਸ਼ੀਆਂ ਨਵੀਆਂ, ਨਵ ਨਵ ਚਾਰ ਦਾ ਪੰਧ ਮੁਕਾਈਆ । ਤੁਹਾਡਾ ਮਾਲਕ ਅਵਤਾਰ ਚਵ੍ਹੀਆਂ, ਚੌਬੀਸਾ ਇਕ ਅਖਵਾਈਆ । ਜਿਸ ਦੀਆਂ ਵਾਰਾਂ ਢਾਡੀਆਂ ਗਵੀਆਂ, ਨਾਮ ਕਲਮਿਆਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਹੁਕਮ ਸੰਦੇਸ਼ਾ ਅਗਲਾ, ਖ਼ੁਸ਼ੀਆਂ ਨਾਲ ਸੁਣਾਈਆ । ਜਗਤ ਵਿਕਾਰ ਹੋਣਾ ਪਗ਼ਲਾ, ਬੁੱਧਹੀਣ ਲੋਕਾਈਆ । ਰੂਸਾ ਇਸ਼ਾਰਾ ਦੇਵੇ ਯੋਰਪ ਚਿੱਟਾ ਬਗ਼ਲਾ, ਬਪੜੀ ਬੁੱਧ ਨਾਲ ਮਿਲਾਈਆ । ਕੀ ਲੇਖਾ ਜਗਤ ਧਾਰ ਕੰਗਲਾ, ਸੰਦੇਸ਼ਾ ਨੂਰ ਅਲਾਹੀਆ । ਦਰੋਹੀ ਫਿਰਨੀ ਵਿਚ ਜੰਗਲਾ, ਪਹਾੜ ਟਿੱਲੇ ਪਰਬਤ ਰੋਵਣ ਮਾਰਨ ਧਾਹੀਆ । ਸ਼ਾਹ ਸੁਲਤਾਨਾਂ ਘਰ ਹੋਣਾ ਨਹੀਂ ਚਾਰ ਮੰਗਲਾ, ਖ਼ੁਸ਼ੀਆਂ ਢੋਲੇ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਡੀ ਖੁਲ੍ਹੀ ਰਹੇ ਸੁਰਤੀ, ਸੁਰਤ ਸ਼ਬਦ ਵਿਚ ਮਿਲਾਈਆ । ਤੁਹਾਡੀ ਧਾਰ ਅਕਾਲ ਮੂਰਤੀ, ਬਿਨ ਰੂਪ ਰੰਗ ਰੇਖ ਵਡਿਆਈਆ । ਆਵਾਜ਼ ਸੁਣਨੀ ਸ਼ਬਦ ਨਾਦ ਤੂਰ ਦੀ, ਤੁਰੀਆ ਤੋਂ ਬਾਹਰ ਸੁਣਾਈਆ । ਮਸਤੀ ਲੈਣੀ ਅੰਮ੍ਰਿਤ ਰਸ ਸਰੂਰ ਦੀ, ਝਿਰਨਾ ਨਿਝਰ ਦਏ ਝਿਰਾਈਆ । ਖ਼ੁਆਰੀ ਮੇਟਣੀ ਗੜ੍ਹ ਗ਼ਰੂਰ ਦੀ, ਹੰਕਾਰ ਦਾ ਡੇਰਾ ਢਾਹੀਆ । ਆਸਾ ਪੂਰੀ ਕਰਨੀ ਮੂਸਾ ਵਾਲੀ ਕੋਹਤੂਰ ਦੀ, ਤੁਰੀਆ ਤੋਂ ਬਾਹਰ ਭੇਵ ਖੁਲਾਈਆ । ਆਵਾਜ਼ ਸੁਣਨੀ ਸੂਲੀ ਚੜ੍ਹੇ ਮਨਸੂਰ ਦੀ, ਮਨਸਾ ਮਨਸਾ ਤੋਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ



ਸਾਚਾ ਵਰ, ਅੰਤ ਨਿਸ਼ਾਨੀ ਮੇਟੇ ਕੂੜ ਦੀ, ਕੂੜੀ ਕਿਰਿਆ ਦੀਨ ਦੁਨੀ ਬਾਹਰ ਕਢਾਈਆ । ਕੂੜੀ ਕਿਰਿਆ ਕੱਢ ਦੇ ਆਪ, ਦੀਨ ਦੁਨੀ ਦਇਆ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰਾ ਇਕੋ ਹੋਵੇ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਦਾ ਹੋਣਾ ਮਾਈ ਬਾਪ, ਪਿਤਾ ਪੂਤ ਦੋ ਜਹਾਨ ਗੋਦ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਰੋਗ ਸੰਤਾਪ, ਸਹਿੰਸਾ ਮਮਤਾ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਮੇਟ ਦੇ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਰੂਹ ਬੁੱਤ ਕਰਦੇ ਪਾਕ, ਪਤਤ ਪੁਨੀਤ ਦੇਣੀ ਮਾਣ ਵਡਿਆਈਆ । ਤੇਰੀ ਚਰਨ ਧੂੜ ਮਸਤਕ ਸਾਰੀ ਸ੍ਰਿਸ਼ਟੀ ਲਾਵੇ ਖ਼ਾਕ, ਜੋਤ ਲਲਾਟ ਕਰ ਰੁਸ਼ਨਾਈਆ । ਬਜਰ ਕਪਾਟ ਖੋਲ ਦੇ ਤਾਕ, ਭਗਤਾਂ ਪਰਦਾ ਦੇ ਉਠਾਈਆ । ਆਤਮ ਪਰਮਾਤਮ ਇਕੋ ਨਜ਼ਰੀ ਆਵੇ ਸਾਕ, ਸੱਜਣ ਨੂਰ ਅਲਾਹੀਆ । ਭਵਿਖਤਾਂ ਦਾ ਪੂਰਾ ਕਰ ਦੇ ਵਾਕ, ਅਵਤਾਰ ਪੈਗ਼ੰਬਰ ਗੁਰ ਬੈਠੇ ਨੈਣ ਉਠਾਈਆ । ਉਹ ਨਿਸ਼ਾਨੇ ਪੂਰੇ ਕਰ ਦੇ ਜਿਹੜੇ ਗੋਬਿੰਦ ਨੇ ਕਿਹਾ ਸੰਮਤ ਸ਼ਹਿਨਸ਼ਾਹੀ ਯਾਰਾਂ ਵਿਚ ਖੇਲ ਹੋਣਾ ਵਿਚ ਮਹੀਨੇ ਵਿਸਾਖ, ਵਿਸਾਹ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਹਾੜ ਕਹੇ ਪ੍ਰਭੂ ਜਨ ਭਗਤਾਂ ਆਸਾ ਕਰ ਦੇ ਪੂਰੀ, ਪੂਰਨ ਬ੍ਰਹਮ ਗਿਆਨ ਦ੍ਰਿੜਾਈਆ । ਘਰ ਜੋਤ ਜਗਾ ਦੇ ਨੂਰੀ, ਨੂਰ ਨੁਰਾਨਾ ਡਗਮਗਾਈਆ । ਸ਼ਬਦ ਅਨਾਦ ਸੁਣਾ ਦੇ ਤੂਰੀ, ਤੁਰਤ ਆਪਣਾ ਪਰਦਾ ਲਾਹੀਆ । ਪੰਧ ਮੁਕਾ ਦੇ ਨੇੜੇ ਦੂਰੀ, ਘਰ ਘਰ ਵਿਚ ਦੇ ਵਖਾਈਆ । ਮੇਰੇ ਸਤਿਗੁਰ ਸ਼ਬਦ ਪੁਰਖ ਅਕਾਲ ਸਾਥ ਹੁਣ ਤੈਨੂੰ ਮਿਲਣਾ ਪਊ ਜ਼ਰੂਰੀ, ਜ਼ਰੂਰਤ ਭਗਤਾਂ ਵੇਖ ਵਖਾਈਆ । ਜੇ ਤੈਨੂੰ ਲੋੜ ਨਹੀਂ ਤੇ ਭਗਤਾਂ ਨੂੰ ਹੋਈ ਮਜਬੂਰੀ,

੧੯੧੫
੨੩

ਕਲਜੁਗ ਕੂੜਾ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਭ ਦੀ ਝੋਲੀ ਪਾ ਮਜ਼ਦੂਰੀ, ਜੋ ਜਨ ਤੇਰਾ ਨਾਮ ਧਿਆਈਆ । ਕਲਜੁਗ ਕਿਰਿਆ ਮੇਟ ਦੇ ਕੂੜੀ, ਕੂੜ ਕੁਟੰਬ ਦਾ ਪੰਧ ਮੁਕਾਈਆ । ਸ਼ਬਦ ਨਾਲ ਇਕੋ ਵਾਰ ਸਭ ਦੇ ਮਸਤਕ ਲਾ ਦੇ ਧੂੜੀ, ਧੂੜੀ ਟਿੱਕੇ ਖ਼ਾਕ ਰਮਾਈਆ । ਤੇਰੀ ਮਸਤੀ ਮਸਤ ਮਸਤਾਨਿਆ ਸਦਾ ਲਈ ਚੜ੍ਹ ਜਾਏ ਗੂੜ੍ਹੀ, ਏਥੇ ਓਥੇ ਦੋ ਜਹਾਨ ਉਤਰ ਕਦੇ ਨਾ ਜਾਈਆ । ਜੇ ਤੂੰ ਨਾ ਕਰੇਂ ਤੇ ਪ੍ਰਭੂ ਕੌਣ ਕਰੇ ਤੇਰੇ ਭਗਤਾਂ ਦੀ ਮਸ਼ਹੂਰੀ, ਮਸ਼ਵਰੇ ਕਿਸ ਦੇ ਨਾਲ ਪਕਾਈਆ । ਬੇਸ਼ਕ ਤੂੰ ਆਦਿ ਜੁਗਾਦਿ ਜੁਗ ਚੌਕੜੀ ਮਰਿਆਦਾ ਪੁਰਸ਼ੋਤਮ ਬੜਾ ਦਸਤੂਰੀ, ਹੁਕਮ ਹੁਕਮ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਜੇ ਤੁਸਾਂ ਪ੍ਰੇਮ ਦਾ ਮਾਰਿਆ ਪੰਧ, ਪਾਂਧੀਓ ਪੰਧ ਮੁਕਾਈਆ । ਤੁਹਾਡਾ ਲੇਖੇ ਲਾ ਕੇ ਬੰਦ ਬੰਦ, ਬੰਦਗੀ ਧੁਰ ਦੀ ਝੋਲੀ ਪਾਈਆ । ਤੁਹਾਡੇ ਅੰਦਰ ਬਖ਼ਸ਼ਣਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਗਤ ਜਹਾਨ ਚਾੜ੍ਹ ਕੇ ਚੰਦ, ਚੰਦ ਚਾਂਦਨੀ ਦੇਣੀ ਚਮਕਾਈਆ । ਤੁਹਾਡਾ ਆਤਮ ਪਰਮਾਤਮ ਬਣਾਇਆ ਸੰਗ, ਸਗਲਾ ਸੰਗੀ ਇਕ ਵਖਾਈਆ । ਵੇਖੋ ਸ਼ਹਾਦਤ ਦੇਵੇ ਸਿੰਘਾਸਣ ਕੋਲ ਖ਼ਾਲੀ ਪਲੰਘ, ਬਸਤਰ ਚਿੱਟੇ ਉਤੇ ਟਿਕਾਈਆ । ਚਾਰ ਗਿਰਹ ਦੀ ਟਾਕੀ ਵਾਲੀ ਵੰਡ, ਉਸ ਦੇ ਉਤੇ ਰਖਾਈਆ । ਗਿਲਾਸ ਕੌਲੀ ਚਮਚ ਵਾਲੀ ਗੰਢ, ਛੋਟੇ ਬਾਲਿਆਂ ਨਾਲ ਮਿਲਾਈਆ । ਜਨ ਭਗਤੋ ਪ੍ਰਭੂ ਕਦੇ ਨਾ ਦੇਵੇ ਕੰਡ, ਕਰਵਟ ਸਕੇ ਨਾ ਮਾਤ ਬਦਲਾਈਆ । ਤੁਹਾਡਾ ਝਗੜਾ ਮੇਟ ਕੇ ਜੇਰਜ ਅੰਡ, ਉਤਭੁਜ ਸੇਤਜ ਦਾ ਡੇਰਾ ਢਾਹੀਆ । ਤੁਸਾਂ ਸੋਹੰ ਗਾਉਣਾ ਛੰਦ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਜਗਤ ਜਹਾਨ ਦੀ ਮੰਜ਼ਲ ਜਾਣਾ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਦੋ ਜਹਾਨਾਂ ਸ੍ਰੀ ਭਗਵਾਨਾ ਮਰਦ ਮਰਦਾਨਾ ਨੌਜਵਾਨਾ ਕਰਨਹਾਰਾ ਆਪ ਪ੍ਰਬੰਧ, ਅਵਤਾਰ ਪੈਗ਼ੰਬਰ ਗੁਰ ਪ੍ਰਬੰਧਕ ਆਪਣੇ ਹੁਕਮ ਵਿਚ ਚਲਾਈਆ ।

### ✪ ੧੮ ਹਾੜ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰੇ ਸ਼ਾਦੀਆਂ ਸਮੇਂ ✪

ਹਰਿ ਭਗਤ ਦਵਾਰ ਕਹੇ ਸੁਣ ਮੇਰੇ ਭਗਵਾਨਾ, ਭਗਵਨ ਭਗਵੰਤ ਕੰਤ ਧਿਆਨ ਲਗਾਈਆ । ਮਾਲਕ ਖ਼ਾਲਕ ਵਾਲੀ ਦੋ ਜਹਾਨਾਂ, ਬ੍ਰਹਿਮੰਡ ਖੰਡ ਨਿਵਾਸੀ ਬਿਨ ਨੈਣਾਂ ਨੈਣ ਉਠਾਈਆ । ਸ਼ਾਹੋ ਭੂਪ ਬਿਨ ਰੰਗ ਰੂਪ ਸੁਲਤਾਨਾ, ਸ਼ਹਿਨਸ਼ਾਹ ਪਾਤਸ਼ਾਹ ਤੇਰੀ ਬੇਪ੍ਰਵਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨੌਜਵਾਨਾ, ਜੋਤੀ ਜਾਤੇ ਅਗੰਮ ਅਥਾਹੀਆ । ਤੇਰੇ ਚਰਨ ਕਵਲ ਮੇਰੀ ਪਰਮ ਪੁਰਖ ਪ੍ਰਨਾਮਾ, ਨਿਵ ਨਿਵ ਸੀਸ ਝੁਕਾਈਆ । ਤੇਰਾ ਧਰਮ ਦੀ ਧਾਰ ਸੁਣਾਂ ਕਲਾਮਾ, ਕਲਮਾ ਕਾਇਨਾਤ ਬਾਹਰ ਦ੍ਰਿੜਾਈਆ । ਮੇਰੇ ਜ਼ਾਹਰ ਜ਼ਹੂਰ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਤੇਰਾ ਵੱਜੇ ਇਕ ਦਮਾਮਾ, ਦੀਨ ਦੁਨੀ ਦਏ ਉਠਾਈਆ । ਨਿਗਾਹ ਮਾਰ ਲੈ ਧੁਰ ਦੇ ਰਾਮਾ, ਧੁਰ ਰਮਈਏ ਦਾ ਭੇਵ ਖੁਲਾਈਆ । ਮੇਰੇ ਨਰਾਇਣ

ਨਰ ਘਨਈਆ ਸ਼ਾਮਾ, ਸ਼ਬੇ ਰੋਜ਼ ਵੇਖ ਵਖਾਈਆ । ਤੂੰ ਗਹਿਰ ਗੰਭੀਰ ਗੁਣ ਨਿਧਾਨਾ, ਗੁਣਵੰਤਾ ਇਕ ਅਖਵਾਈਆ । ਮੈਂ ਵੇਖ ਕੇ ਹੋਇਆ ਹੈਰਾਨਾ, ਚਾਰੋਂ ਕੁੰਟ ਅੰਧੇਰਾ ਛਾਈਆ । ਕੋਈ ਕਰ ਨਾ ਸਕੇ ਇੰਤਜਾਮਾ, ਗੁਰ ਅਵਤਾਰ ਪੈਗ਼ੰਬਰ ਤੇਰੀ ਓਟ ਤਕਾਈਆ । ਦੀਨ ਦੁਨੀ ਸ਼ਰਅ ਸ਼ਰੀਅਤ ਵਿਚ ਹੋਈ ਗ਼ੁਲਾਮਾ, ਗ਼ਫ਼ਲਤ ਨੀਂਦ ਨਾ ਕੋਇ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਗਲੇ ਸੰਗੀ ਹੋਣਾ ਆਪ ਸਹਾਈਆ । ਭਗਤ ਦਵਾਰ ਕਹੇ ਮੇਰੇ ਭਗਵੰਤ, ਭਗਵਨ ਤੇਰੀ ਆਸ ਰਖਾਈਆ । ਸਚ ਸਵਾਮੀ ਅਗੰਮੇ ਕੰਤ, ਕੰਤੂਹਲ ਤੇਰੀ ਵਡਿਆਈਆ । ਮੇਰੇ ਵਿਚ ਇਕੋ ਦੱਸਦੇ ਬਿਨਾ ਸ਼ਰਅ ਤੋਂ ਮੰਤ, ਮੰਤਵ ਦੀਨ ਦੁਨੀ ਹੱਲ ਕਰਾਈਆ । ਠੱਗ ਚੋਰ ਬਣਾ ਦੇ ਸੰਤ, ਕੋੜਿਆਂ ਕਮਲਿਆਂ ਦੇ ਵਡਿਆਈਆ । ਧਰਮ ਦੀ ਧਾਰ ਪ੍ਰਗਟਾ ਦੇ ਬਣਤ, ਘੜਨ ਭੰਨਣਹਾਰ ਆਪਣੀ ਦਇਆ ਕਮਾਈਆ । ਤੇਰੀ ਮਹਿੰਮਾ ਸਦਾ ਅਗਣਤ, ਬੇਅੰਤ ਤੇਰੀ ਸਰਨਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਜਣਾਈਆ । ਬੋਧ ਅਗਾਧਾ ਬਣ ਪੰਡਤ, ਬੁਧੀ ਤੋਂ ਪਰੇ ਕਰ ਪੜ੍ਹਾਈਆ । ਕਲਜੁਗ ਵੇਖ ਲੈ ਜੀਵ ਜੰਤ, ਲੱਖ ਚੁਰਾਸੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਭਗਤ ਦਵਾਰ ਕਹੇ ਮੇਰੇ ਪਰਮ ਪੁਰਖ ਸਵਾਮੀ, ਸਤਿ ਪੁਰਖ ਨਿਰੰਜਣ ਤੇਰੀ ਵਡਿਆਈਆ । ਆਦਿ ਜੁਗਾਦੀ ਅੰਤਰਜਾਮੀ, ਜੁਗ ਜੁਗ ਵੇਖਣਹਾਰ ਗੁਸਾਈਂਆ । ਤੇਰਾ ਨਾਮ ਨਿਧਾਨਾ ਬਿਨਾ ਅੱਖਰਾਂ ਵਾਲੀ ਬਾਣੀ, ਦੋ ਜਹਾਨਾਂ ਕਰੇ ਸ਼ਨਵਾਈਆ । ਤੇਰਾ ਅੰਮ੍ਰਿਤ ਰਸ ਅਗੰਮਾ ਪਾਣੀ, ਜਲ ਥਲ ਮਹੀਅਲ ਹੱਥ ਕਿਸੇ ਨਾ ਆਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ ਸੁਲਤਾਨੀ, ਭੂਪਤ ਭੂਪ ਤੇਰੀ ਬੇਪ੍ਰਵਾਹੀਆ । ਮਿਹਰਵਾਨਾ ਮਿਹਰ ਕਰੀਂ ਆਪਣੀ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਤੱਕ ਲੈ ਜੀਵ ਪ੍ਰਾਣੀ, ਪੁਰਾਣ ਅਠਾਰਾਂ ਜਿਸ ਦੀ ਦੇਣ ਗਵਾਹੀਆ । ਕਲਜੁਗ ਕੂੜ ਤੱਕ ਨਿਸ਼ਾਨੀ, ਚਾਰੋਂ ਕੁੰਟ ਨਜ਼ਰੀ ਆਈਆ । ਜਿਧਰ ਤੱਕਾਂ ਬੇਈਮਾਨੀ, ਬੇਵਾ ਹੋਈ ਖ਼ਲਕ ਖ਼ੁਦਾਈਆ । ਝਗੜਾ ਤੱਕ ਜਿਸਮ ਜਿਸਮਾਨੀ, ਤਨ ਵਜੂਦ ਰਹੇ ਟਕਰਾਈਆ । ਸ਼ਰਅ ਸਚ ਨਾ ਰਹੀ ਇਸਲਾਮੀ, ਇਸਮ ਆਜ਼ਮ ਨਾ ਕੋਇ ਵਡਿਆਈਆ । ਧਰਮ ਦੀ ਦਏ ਨਾ ਕੋਇ ਕੁਰਬਾਨੀ, ਕਰਬਲੇ ਵਾਲੇ ਰੋਵਣ ਮਾਰਨ ਧਾਹੀਆ । ਤੂੰ ਆਦਿ ਜੁਗਾਦਿ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਨਾਮ ਦਾ ਦਿਸੇ ਨਾ ਕੋਇ ਵਿਦਵਾਨੀ, ਜਗਤ ਵਿਦਿਆ ਹੋਈ ਹਲਕਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਭਗਤ ਦਵਾਰ ਕਹੇ ਪ੍ਰਭੂ ਧੁਰ ਦੇ ਪਰਵਰਦਿਗਾਰਾ, ਬੇਐਬ ਨੂਰ ਅਲਾਹੀਆ । ਮੇਰੇ ਲਾਸ਼ਰੀਕ ਸਾਂਝੇ ਯਾਰਾ, ਯਾਮਬੀਨ ਤੇਰੀ ਓਟ ਤਕਾਈਆ । ਤੂੰ ਕੁਦਰਤ ਕਾਦਰ ਕਰਤਾ ਪੁਰਖ ਕਰਨੇਹਾਰਾ, ਕਰੀਮ ਰਹੀਮ ਆਪ ਅਖਵਾਈਆ । ਮੇਰਾ ਖੇਲ ਤੱਕ ਜੁਗ ਚੌਕੜੀ ਚਾਰਾ, ਨਵ ਨਵ ਚਾਰ ਧਿਆਨ ਲਗਾਈਆ । ਮੇਰੀਆਂ ਆਸਾਂ ਰੱਖੀਆਂ ਤੇਈ ਅਵਤਾਰਾ, ਅਵਤਰੀ ਤੇਰੀ ਓਟ ਤਕਾਈਆ । ਪੈਗ਼ੰਬਰਾਂ ਕੀਤਾ ਇਸ਼ਾਰਾ, ਸ਼ਰੀਅਤ ਵਿਚ ਸਮਝਾਈਆ । ਗੁਰੂਆਂ ਦੱਸ ਕਿਨਾਰਾ, ਅੰਤ ਦਿਤਾ ਦ੍ਰਿੜਾਈਆ । ਦੀਨ ਦੁਨੀ ਹੋਣਾ ਜਗਤ ਖ਼ੁਆਰਾ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਫਿਰ ਆਵੇ ਚਵ੍ਹੀਆਂ ਅਵਤਾਰਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਕਲ ਕਲਕੀ ਹੋਏ ਉਜਿਆਰਾ, ਨਿਹਕਲੰਕਾ ਨਾਉਂ ਪ੍ਰਗਟਾਈਆ । ਅਮਾਮ ਅਮਾਮਾ ਹੋਵੇ ਜ਼ਾਹਰਾ, ਜ਼ਾਹਰ

੧੯੧੬
੨੩

ਜ਼ਹੂਰ ਕਰੇ ਰੁਸ਼ਨਾਈਆ । ਫੇਰ ਸੁਹੰਜਣਾ ਕਰੇ ਦੀਨ ਦੁਨੀ ਹਰਿ ਭਗਤ ਦਵਾਰਾ, ਭਗਵਨ ਇਕੋ ਰੰਗ ਰੰਗਾਈਆ । ਇਕੋ ਨਾਮ ਹੋਵੇ ਜੈਕਾਰਾ, ਹਿੰਦੂ ਮੁਸਲਿਮ ਸਿੱਖ ਈਸਾਈ ਇਕ ਪੜ੍ਹਾਈਆ । ਇਕੋ ਇਸ਼ਟ ਹੋਵੇ ਨਿਰੰਕਾਰਾ, ਦੂਜਾ ਦੇਵ ਨਾ ਕੋਇ ਮਨਾਈਆ । ਇਕੋ ਗ੍ਰਿਹਿ ਹੋਵੇ ਘਰ ਬਾਹਰਾ, ਦਰ ਸੁਹੰਜਣਾ ਇਕ ਸੁਹਾਈਆ । ਇਕੋ ਨੂਰ ਜੋਤ ਹੋਵੇ ਉਜਿਆਰਾ, ਦੀਆ ਬਾਤੀ ਅਵਰ ਨਾ ਕੋਇ ਡਗਮਗਾਈਆ । ਇਕੋ ਨਾਦ ਹੋਵੇ ਧੁਨਕਾਰਾ, ਅਨਾਦੀ ਧੁਨ ਸ਼ਨਵਾਈਆ । ਇਕੋ ਅੰਮ੍ਰਿਤ ਰਸ ਹੋਵੇ ਠੰਡਾ ਠਾਰਾ, ਬੂੰਦ ਸਵਾਂਤੀ ਆਪ ਟਪਕਾਈਆ । ਇਕੋ ਹੁਕਮ ਚਲੇ ਸੱਚੀ ਸਰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਇਕੋ ਭਗਤਾਂ ਕਰੇ ਪਿਆਰਾ, ਪ੍ਰੇਮੀ ਪ੍ਰੀਤਮ ਇਕ ਅਖਵਾਈਆ । ਇਕੋ ਮੇਟੇ ਕਲਜੁਗ ਧੁੰਦੂਕਾਰਾ, ਅੰਧ ਅੰਧੇਰ ਰਹਿਣ ਨਾ ਪਾਈਆ । ਇਕੋ ਸਤਿਜੁਗ ਸਚ ਕਰੇ ਚਮਤਕਾਰਾ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਇਕੋ ਹੋਵੇ ਏਕੰਕਾਰਾ, ਅਕਲ ਕਲਧਾਰੀ ਖੇਲ ਖਿਲਾਈਆ । ਇਕੋ ਦੇਵੇ ਸਚ ਭੰਡਾਰਾ, ਜਨ ਭਗਤਾਂ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਰਖਾਈਆ । ਭਗਤ ਦਵਾਰ ਕਹੇ ਮੇਰੇ ਪਰਮ ਪੁਰਖ ਪ੍ਰਭ ਮੀਤ, ਮਿਤ੍ਰਾ ਦੇਣੀ ਵਡਿਆਈਆ । ਅੰਮ੍ਰਿਤ ਧਾਰ ਬਖ਼ਸ਼ਣੀ ਠਾਂਡੀ ਸੀਤ, ਅਗਨੀ ਤਤਵ ਤਤ ਬੁਝਾਈਆ । ਮਾਨਵ ਜ਼ਾਤੀ ਇਕੋ ਦੱਸਣੀ ਰੀਤ, ਦੂਜੀ ਵੰਡ ਨਾ ਕੋਇ ਵੰਡਾਈਆ । ਝਗੜਾ ਮੇਟਣਾ ਮੰਦਰ ਮਸੀਤ, ਕਾਅਬਿਆਂ ਖੋਜਣਾ ਥਾਉਂ ਥਾਈਂਆ । ਤੇਰੀ ਆਸਾ ਰੱਖੀ ਇਕ ਅਤੀਤ, ਤ੍ਰੈਗੁਣ ਅਤੀਤੇ ਦੇਣੀ ਵਡਿਆਈਆ । ਤੇਰਾ ਸਾਂਝਾ ਹੋਵੇ ਗੀਤ, ਗੋਬਿੰਦ ਢੋਲਾ ਧੁਰਦਰਗਾਹੀਆ । ਤੂੰ ਪਾਪੀਆਂ ਕਰੀਂ ਪੁਨੀਤ, ਪਤਤ ਪਾਵਨ ਇਕ ਅਖਵਾਈਆ । ਜਨ ਭਗਤਾਂ ਵਸੀਂ ਚੀਤ, ਠਗੌਰੀ ਰਹੇ ਨਾ ਰਾਈਆ । ਲੇਖ ਮੁਕਾਵੀਂ ਹਸਤ ਕੀਟ, ਊਚਾਂ ਨੀਚਾਂ ਪਰਦਾ ਦੇਣਾ ਉਠਾਈਆ । ਸਾਹਿਬ ਬਣਨਾ ਬੀਠਲੋ ਬੀਠ, ਨਾਮਾਂ ਛੀਂਬਾ ਨਾਲ ਮਿਲਾਈਆ । ਮੇਰਾ ਖੇਲ ਹੋਵੇ ਅਨਡੀਠ, ਅਨਡਿਠੜੀ ਕਾਰ ਕਮਾਈਆ । ਮਿੱਠੇ ਕੌੜੇ ਕਰਨੇ ਰੀਠ, ਜੋ ਆਵਣ ਚਲ ਸਰਨਾਈਆ । ਹੱਥ ਰਖਾਉਣਾ ਪੁਸ਼ਤ ਪਨਾਹ ਪੀਠ, ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਭਗਤ ਦਵਾਰ ਕਹੇ ਮੇਰੇ ਕਾਹਨ ਘਨਈਏ ਏਕ, ਏਕੰਕਾਰ ਤੇਰੀ ਵਡਿਆਈਆ । ਮੈਨੂੰ ਬਖ਼ਸ਼ ਦੇ ਸਾਚੀ ਟੇਕ, ਟਿਕਟਿਕੀ ਤੇਰੇ ਨਾਲ ਲਗਾਈਆ । ਮੈਂ ਆਪਾ ਆਪ ਕਰਾਂ ਭੇਟ, ਤੇਰੇ ਚਰਨ ਸਰਨ ਟਿਕਾਈਆ । ਤੂੰ ਬਣਨਾ ਖੇਵਟ ਖੇਟ, ਮੌਲਾ ਧੁਰਦਰਗਾਹੀਆ । ਹਰਿਜਨ ਵੇਖਣੇ ਬੇਟੀ ਬੇਟ, ਪਿਤਾ ਪੂਤ ਗੋਦ ਟਿਕਾਈਆ । ਨਾਮ ਦੁਸ਼ਾਲੇ ਲੈਣੇ ਲਪੇਟ, ਫੜ ਬਾਹੋਂ ਜਗਤ ਉਠਾਈਆ । ਦਰਸ਼ਨ ਦੇਣਾ ਹੋ ਕੇ ਨੇਤਨ ਨੇਤ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਸਤਿ ਸਚ ਦਾ ਖੋਲਣਾ ਭੇਤ, ਭਾਂਡਾ ਭਰਮ ਭਉ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਭਗਤ ਦਵਾਰ ਕਹੇ ਪ੍ਰਭੂ ਮੇਰਾ ਲੇਖਾ ਵੇਖ ਲੈ ਜਗ, ਜਗ ਜੀਵਣ ਦਾਤੇ ਧਿਆਨ ਲਗਾਈਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਭਗਤ ਭਗਵਾਨ ਤੇਰੇ ਨਾਲੋਂ ਕਦੇ ਨਾ ਹੋਏ ਅਲੱਗ, ਇਹ ਮੇਰੀ ਮੰਗ ਤੇਰੇ ਚਰਨਾਂ ਵਿਚ ਟਿਕਾਈਆ । ਸਭ ਨੂੰ ਚਾੜ੍ਹ ਖ਼ੁਸ਼ੀ ਦਾ ਰੰਗ, ਰੰਗਤ ਇਕ ਵਖਾਈਆ । ਮੈਨੂੰ ਇਉਂ ਜਾਪਦਾ ਤੇਰੇ ਚਰਨਾਂ ਵਿਚ ਭਗਤਾਂ ਦੇ ਪਿਆਰ ਦੀ ਵਗਦੀ ਰਹੇ ਗੰਗ, ਗੰਗੋਤਰੀ ਆਪਣਾ ਸੀਸ ਨਿਵਾਈਆ । ਭਰਮਾਂ ਵਾਲੀ ਢਾਹੁਣੀ ਕੰਧ,

੧੯੧੭
੨੩

ਭਾਂਡਾ ਕੂੜ ਰਹਿਣ ਨਾ ਪਾਈਆ । ਔਹ ਤੱਕ ਲੈ ਕਿਸ ਬਿਧ ਨਿਸ਼ਾਨ ਮਿਟਣਾ ਤਾਰਾ ਚੰਦ, ਸਦੀ ਚੌਧਵੀਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਭਗਤ ਦਵਾਰ ਕਹੇ ਪ੍ਰਭੂ ਮੈਂ ਸਭ ਦਾ ਪਿਆਰਾ ਸਾਂਝਾ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਜਗਤ ਦਾ ਝੱਖੜ ਵੇਖ ਲੈ ਝਾਂਜਾ, ਚਾਰੋਂ ਕੁੰਟ ਅੰਧ ਅੰਧੇਰਾ ਛਾਈਆ । ਨੌ ਜੁਗ ਦਾ ਆਪਣਾ ਪਿਛਲਾ ਤੱਕ ਲੈ ਲਾਂਘਾ, ਜੋ ਰਸਤੇ ਰਸਤਿਆਂ ਵਿਚੋਂ ਬਦਲਾਈਆ । ਸ਼ਰਅ ਮਜ਼੍ਹਬ ਦੀਆਂ ਮਾਰਦਾ ਰਿਹੋਂ ਪਲਾਂਘਾਂ, ਨਵ ਸੱਤ ਆਪਣਾ ਚਰਨ ਟਿਕਾਈਆ । ਦੀਨ ਦੁਨੀ ਵਖਾਉਂਦਾ ਰਿਹੋਂ ਧਰਮ ਦੀਆਂ ਕਾਂਗਾਂ, ਜਲ ਧਾਰਾ ਬਾਹਰ ਦ੍ਰਿੜਾਈਆ । ਰੋਜ਼ੇ ਨਿਮਾਜ਼ ਸਿਖਾਉਂਦਾ ਰਿਹੋਂ ਬਾਂਗਾਂ, ਉਚੇ ਮੰਬਰਾਂ ਉਤੇ ਚੜ੍ਹਾਈਆ । ਅਵਤਾਰਾਂ ਫੜਾਉਂਦਾ ਰਿਹੋਂ ਸ਼ਸਤਰ ਡਾਂਗਾਂ, ਡੰਕੇ ਨਾਲ ਹੁਕਮ ਸੁਣਾਈਆ । ਭੇਵ ਦੱਸਦਾ ਰਿਹੋਂ ਕਰਮ ਕਾਂਡਾਂ, ਤਤ ਵਜੂਦਾਂ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਭਗਤ ਦਵਾਰ ਕਹੇ ਜਨ ਭਗਤੋ ਅਸੀਂ ਇਕੱਠੇ ਹੋ ਜਾਈਏ ਦੋ, ਸਰਗੁਣ ਸਰਗੁਣ ਧਾਰ ਸਮਝਾਈਆ । ਆਪਣਾ ਪਹਿਲੋਂ ਬਣਾਈਏ ਮੋਹ, ਮੁਹੱਬਤ ਇਕ ਦੂਜੇ ਨਾਲ ਰਖਾਈਆ । ਫੇਰ ਹਕ ਦਾ ਨਾਅਰਾ ਲਾਈਏ ਸੋ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਹੰ ਬ੍ਰਹਮ ਆਪੇ ਜਾਈਏ ਹੋ, ਦੂਜਾ ਨਜ਼ਰ ਕੋਇ ਨਾ ਆਈਆ । ਬਲ ਧਾਰੋ ਪ੍ਰਭੂ ਦੇ ਕੋਲੋਂ ਆਪਣਾ ਹਕ ਲਈਏ ਖੋਹ, ਵਸਤ ਸਕੇ ਨਾ ਕੋਇ ਛੁਪਾਈਆ । ਮਿਹਰਵਾਨ ਹੋ ਕੇ ਸਾਡੇ ਅੰਦਰ ਅੰਮਿਉਂ ਰਸ ਦੇਵੇ ਚੋ, ਬੂੰਦ ਸਵਾਂਤੀ ਆਪ ਟਪਕਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਭਰਮਾਂ ਭੁੱਲੀ ਜਗਤ ਲੋਕਾਈਆ । ਕਲਜੁਗ ਕੂੜੀ ਕਿਰਿਆ ਨਾਲੋਂ ਹੋਈਏ ਨਿਰਮੋਹ, ਮੁਹੱਬਤ ਇਕੋ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਦਏ ਮੁਕਾਈਆ । ਭਗਤ ਦਵਾਰ ਕਹੇ ਜਨ ਭਗਤੋ ਪੱਕਾ ਕਰੋ ਇਰਾਦਾ, ਧੀਰਜ ਧਰਮ ਧਾਰ ਜਣਾਈਆ । ਸਭ ਦਾ ਜੀਵਣ ਹੋਵੇ ਸਾਦਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਹੁਣ ਜਗਤ ਸ਼ਰਮ ਹਯਾ ਕਾਹਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋ ਸਾਹਿਬ ਸਰਨ ਸਰਨਾਈ ਲਾਗਾ, ਲਗ ਮਾਤਰ ਡੇਰਾ ਦੇਣਾ ਢਾਹੀਆ । ਬਿਨ ਅੱਖੀਆਂ ਨੇਤਰਾਂ ਜਾਣਾ ਜਾਗਾ, ਆਲਸ ਨਿੰਦਰਾ ਦੇਣੀ ਮਿਟਾਈਆ । ਸਭ ਦਾ ਹੋਵੇ ਵਡ ਵਡ ਭਾਗਾ, ਭਗਵਨ ਦੇਵੇ ਮਾਣ ਵਡਿਆਈਆ । ਗ੍ਰਿਹ ਮੰਦਰ ਜਗੇ ਚਰਾਗ਼ਾ, ਜੋਤੀ ਜੋਤ ਡਗਮਗਾਈਆ । ਸ਼ਬਦੀ ਧਾਰ ਸੁਣਾਇਆ ਨਾਦਾ, ਅਨਹਦ ਨਾਦੀ ਨਾਦ ਸ਼ਨਵਾਈਆ । ਦੀਨ ਦੁਨੀ ਨਾਲੋਂ ਇਕੱਠੇ ਬਦਲ ਦਿਓ ਸਮਾਜਾ, ਸਮਗਰੀ ਪ੍ਰਭ ਦਾ ਨਾਮ ਨਾਲ ਰਖਾਈਆ । ਜੋ ਸਤਿਗੁਰ ਨਾਨਕ ਇਸ਼ਾਰਾ ਦੇ ਕੇ ਗਿਆ ਮਰਦਾਨੇ ਨਾਲ ਰਬਾਬਾ, ਰੱਬੀ ਨੂਰ ਇਕ ਦਰਸਾਈਆ । ਜਿਥੇ ਨਾ ਕੋਈ ਪੁੰਨ ਨਾ ਸਵਾਬਾ, ਕਰਮ ਕਾਂਡ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਭਗਤ ਦਵਾਰ ਕਹੇ ਪ੍ਰਭੂ ਕਿਉਂ ਮੇਰੀ ਬਣਾਈ ਬਣਤ, ਘੜਨ ਭੰਨਣਹਾਰ ਦੇਣਾ ਸਮਝਾਈਆ । ਕਿਉਂ ਮੇਰੇ ਅੰਦਰ ਹੁੰਦੀ ਮੰਤ, ਹਰਿਜਨ ਨਿਵ ਨਿਵ ਸੀਸ ਝੁਕਾਈਆ । ਮੈਂ ਕੋਈ ਸਾਧ ਨਹੀਂ ਸੰਤ, ਸੂਫ਼ੀਆਂ ਰੰਗ ਨਾ ਕੋਇ ਵਖਾਈਆ । ਮੇਰਾ ਰੂਪ ਨਹੀਂ ਕੋਈ ਜੀਵ ਜੰਤ, ਤਤਾਂ ਤਤ ਨਾ ਕੋਇ ਵਡਿਆਈਆ । ਮੈਂ ਜਪਦਾ ਨਹੀਂ ਕੋਈ ਮੰਤ, ਰਸਨਾ ਢੋਲੇ ਗਾਈਆ । ਮੈਂ ਕੋਈ ਬੁੱਧੀ ਵਾਲਾ ਨਹੀਂ ਪੰਡਤ, ਜਗਤ ਸ਼ਾਸਤਰਾਂ ਪਰੇ

੧੯੧੮
੨੩

ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਭਗਤ ਦਵਾਰ ਕਹੇ ਪ੍ਰਭੂ ਕਿਉਂ ਮੇਰੇ ਅੰਦਰ ਆਉਂਦੇ ਭਗਤ, ਭਗਵਨ ਦੇਣਾ ਸਮਝਾਈਆ । ਕਿਉਂ ਵਡਿਆਈ ਦੇਂਦੇ ਵਿਚ ਜਗਤ, ਜੋਤੀ ਜਾਤੇ ਦਇਆ ਕਮਾਈਆ । ਕੀ ਮੇਰੇ ਅੰਦਰ ਸ਼ਕਤ, ਸ਼ਕਤੀਸ਼ਾਲੀ ਦੇਣਾ ਸਮਝਾਈਆ । ਮੇਰਾ ਕਿਹੋ ਜਿਹਾ ਅਗਲਾ ਹੋਣਾ ਵਕਤ, ਪਰਦਾ ਪਰਦਿਆਂ ਵਿਚੋਂ ਦੇ ਚੁਕਾਈਆ । ਮੇਰਾ ਭੇਵ ਖੋਲ ਦੇ ਜੋ ਰਾਮ ਇਸ਼ਾਰਾ ਦਿਤਾ ਭਰਤ, ਜਿਸ ਵੇਲੇ ਅਯੁਧਿਆ ਜਗਤ ਤਜਾਈਆ । ਕੀ ਚਹੁ ਯਾਰਾਂ ਨਾਲ ਮੁਹੰਮਦ ਲਾਈ ਸ਼ਰਤ, ਸ਼ਰਅ ਦਾ ਸੰਗ ਸਮਝਾਈਆ । ਕੀ ਗੋਬਿੰਦ ਇਸ਼ਾਰਾ ਕੀਤਾ ਉਤੇ ਅਰਸ਼, ਅਰਸ਼ੀ ਪ੍ਰੀਤਮ ਵੱਲ ਵੇਖ ਵਖਾਈਆ । ਕਿਉਂ ਵਡਿਆਈ ਮਿਲੀ ਏਸ ਧਰਨੀ ਵਾਲੇ ਫ਼ਰਸ਼, ਬਾਲਮੀਕ ਕੀ ਜਣਾਈਆ । ਕੀ ਵੇਦ ਵਿਆਸੇ ਨਾਲ ਸ਼ਰਤ, ਸਪਤਸ ਰਿਖੀ ਕਿਹੜੀ ਓਟ ਰਖਾਈਆ । ਕੀ ਸੁਹੰਜਣਾ ਹੋਣਾ ਬਰਸ, ਕਵਣ ਮਾਸ ਵੱਜੇ ਵਧਾਈਆ । ਕਿਉਂ ਮੇਰੇ ਅੰਦਰ ਜਗਤ ਜਹਾਨ ਮਿਟੇ ਹਰਸ, ਹਵਸ ਕੂੜ ਰਹੇ ਨਾ ਰਾਈਆ । ਸਚ ਦੱਸ ਪਭੂ ਭਗਤਾਂ ਉਤੇ ਕਦੋਂ ਕਰਨਾ ਤਰਸ, ਰਹਿਮਤ ਆਪਣੀ ਹਕ ਕਮਾਈਆ । ਤੂੰ ਮਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਪਣਾ ਰੰਗ ਰੰਗਾਈਆ । ਭਗਤ ਦਵਾਰ ਕਹੇ ਮੇਰੇ ਅੰਤਰ ਕਿਉਂ ਭਗਤ ਸੁਹੇਲੇ ਆਉਂਦੇ, ਦੂਰ ਦੁਰਾਡੇ ਪੰਧ ਮੁਕਾਈਆ । ਕਿਉਂ ਇਕੋ ਨਾਮ ਧਿਆਉਂਦੇ, ਇਕੋ ਤੇਰੀ ਸਿਫ਼ਤ ਸਲਾਹੀਆ । ਕਿਉਂ ਇਕੋ ਇਸ਼ਟ ਮਨਾਉਂਦੇ, ਦੂਜੀ ਓਟ ਨਾ ਕੋਇ ਰਖਾਈਆ । ਕਿਸ ਬਿਧ ਤੇਰਾ ਦਰਸ਼ਨ ਪਾਉਂਦੇ, ਪਰਮ ਪੁਰਖ ਦੇਣਾ ਸਮਝਾਈਆ । ਕਿਸ ਬਿਧ ਹੰਗਤਾ ਮਾਣ ਹੰਕਾਰ ਗਵਾਉਂਦੇ, ਕੂੜੀ ਕਿਰਿਆ ਡੇਰਾ ਢਾਹੀਆ । ਕਿਸ ਬਿਧ ਸ਼ਰਅ ਕੂੜ ਮਿਟਾਉਂਦੇ, ਇਕੋ ਰੰਗ ਸਮਾਈਆ । ਕਿਸ ਬਿਧ ਸਾਚਾ ਨਹਾਉਣ ਨਹਾਂਦੇ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਭਗਤ ਦਵਾਰ ਕਹੇ ਪ੍ਰਭੂ ਕਿਉਂ ਮੇਰੇ ਅੰਦਰ ਤੇਰੀ ਪ੍ਰੀਤ ਮਿਤ੍ਰ ਮਿਤ ਦੀ, ਮਿਤ੍ਰਾ ਦੇ ਜਣਾਈਆ । ਕਿਉਂ ਚਤੁਰਾਈ ਰਹੇ ਨਾ ਚਿਤ ਦੀ, ਮਨ ਠਗੌਰੀ ਨਾ ਕੋਇ ਰਖਾਈਆ । ਕਿਉਂ ਖੇਲ ਮਿਟਦੀ ਨਿਤ ਦੀ, ਨਵਿਤ ਦਾ ਮਾਲਕ ਮਿਲੇ ਚਾਈਂ ਚਾਈਂਆ । ਕੀ ਧਾਰ ਤੇਰੀ ਪਿਤ ਦੀ, ਪਤਿਪਰਮੇਸ਼ਵਰ ਦੇਣੀ ਸਮਝਾਈਆ । ਕੀ ਖੇਲ ਪੱਥਰ ਇੱਟ ਦੀ, ਪਾਹਨਾਂ ਨਾਲ ਵਡਿਆਈਆ । ਓਹ ਵੇਖ ਕਲਜੁਗ ਕੂੜ ਕੁੜਿਆਰ ਦੀ ਧਾਰ ਪਿਟਦੀ, ਪਟਨੇ ਵਾਲੇ ਅਗੇ ਵਾਸਤਾ ਪਾਈਆ । ਆਹ ਲੇਖਣੀ ਵੇਖ ਲੈ ਉਸ ਅਗੰਮੀ ਚਿੱਟ ਦੀ, ਜਿਥੇ ਚਿੱਟਾ ਕਾਲਾ ਹਰਫ਼ ਨਜ਼ਰ ਕੋਇ ਨਾ ਆਈਆ । ਧਰਨੀ ਵੇਖ ਲੈ ਲਿਟਦੀ, ਲਿਟਾਂ ਖੋਲ ਕੇ ਦਏ ਦੁਹਾਈਆ । ਸਦੀ ਚੌਧਵੀਂ ਆਸ਼ਾ ਵੇਖ ਲੈ ਪਿਟਦੀ, ਬਹੁੜੀ ਬਹੁੜੀ ਕਰ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਭਗਤ ਦਵਾਰ ਕਹੇ ਪ੍ਰਭੂ ਮੇਰੇ ਅੰਦਰ ਤੱਕ ਲੈ ਆਪ, ਆਪਣੀ ਦਇਆ ਕਮਾਈਆ । ਜਿਥੇ ਸਭ ਦਾ ਇਕੋ ਜਾਪ, ਦੂਸਰ ਕਰੇ ਨਾ ਕੋਇ ਪੜ੍ਹਾਈਆ । ਤੂੰ ਪੁਰਖ ਅਕਾਲੇ ਬਣਨਾ ਮਾਈ ਬਾਪ, ਪਰਵਰਦਿਗਾਰ ਹੋਣਾ ਸਹਾਈਆ । ਲੇਖਾ ਰਹੇ ਨਾ ਤੀਨੋ ਤਾਪ, ਤ੍ਰੈਗੁਣ ਅਤੀਤੇ ਦੇਣਾ ਮਿਟਾਈਆ । ਜਨ ਭਗਤਾਂ ਮੇਟਣਾ ਰੋਗ ਸੰਤਾਪ, ਸਹਿੰਸਾ ਕੂੜ ਦੇਣਾ ਚੁਕਾਈਆ । ਲੇਖੇ ਲਾਉਣੀ ਹਰਿਜਨ ਮਿੱਟੀ ਰਾਖ, ਰੱਖਕ ਹੋਣਾ ਥਾਉਂ ਥਾਈਂਆ । ਨਿਰਗੁਣ


੧੯੧੯
੨੩

ਧਾਰ ਬਣਨਾ ਸਾਕ, ਸੱਜਣ ਬੇਪਰਵਾਹੀਆ । ਤੇਰੇ ਮੇਰੇ ਦਰ ਤੇ ਝਗੜਾ ਰਹੇ ਨਾ ਜ਼ਾਤ ਪਾਤ, ਉਚ ਨੀਚ ਦਾ ਡੇਰਾ ਢਾਹੀਆ । ਮਨ ਮਤ ਕੁਲਖਣੀ ਦਿਸੇ ਨਾ ਨਾਰ ਕਮਜ਼ਾਤ, ਸਚ ਸਤਿ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਭਗਤ ਦਵਾਰ ਕਹੇ ਜਨ ਭਗਤੋ ਤੁਸੀਂ ਤਤਾਂ ਵਾਲੇ ਬੰਦੇ, ਜਗਤ ਜਹਾਨ ਨਜ਼ਰੀ ਆਈਆ । ਅੰਦਰੋਂ ਨਿਰਗੁਣ ਧਾਰ ਅਗੰਮੀ ਚੰਦੇ, ਨੂਰ ਨੁਰਾਨੇ ਡਗਮਗਾਈਆ । ਜੁਗ ਜੁਗ ਤੁਹਾਡੇ ਪ੍ਰਭੂ ਮਿਲਣ ਦੇ ਧੰਦੇ, ਜਗਤ ਰੀਤੀ ਚਲੀ ਆਈਆ । ਸਦਾ ਸਦ ਗਾਏ ਇਕੋ ਛੰਦੇ, ਤੂੰ ਮੇਰਾ ਮੈਂ ਤੇਰਾ ਨਾਮ ਸਿਫ਼ਤ ਸਲਾਹੀਆ । ਏਸੇ ਤਰਾਂ ਨੌਂ ਸੌ ਚੁਰਾਨਮੇ ਚੌਕੜੀ ਜੁਗ ਲੰਘੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਹੁਣ ਵੇਖੋ ਦੀਨ ਦੁਨੀ ਦੇ ਹਾਲ ਮੰਦੇ, ਮੰਦ ਭਾਗਾਂ ਖ਼ਲਕ ਖ਼ੁਦਾਈਆ । ਕਿਸੇ ਦਾ ਭਾਰ ਚੁੱਕੇ ਕੋਇ ਨਾ ਕੰਧੇ, ਪਲ੍ਹ ਸਾਰੇ ਗਏ ਛੁਡਾਈਆ । ਬਜਰ ਕਪਾਟ ਟੁੱਟਣ ਨਾ ਜੰਦੇ, ਜ਼ਿੰਦਗੀ ਸਕੇ ਨਾ ਕੋਇ ਬਦਲਾਈਆ । ਨਿਜ ਨੇਤਰ ਹੋ ਗਏ ਅੰਧੇ, ਲੋਚਨ ਅੱਖ ਨਾ ਕੋਇ ਖੁਲਾਈਆ । ਸੇਜ ਸੁਹੰਜਣੀ ਹੋਏ ਨਾ ਕੋਇ ਪਲੰਘੇ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਜੋ ਅਵਤਾਰ ਪੈਗ਼ੰਬਰ ਗੁਰੂ ਮੰਗ ਗਏ ਮੰਗੇ, ਧੁਰ ਮਾਲਕ ਅਗੇ ਵਾਸਤਾ ਪਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਵੇ ਅੰਧੇ, ਸਾਚਾ ਚੰਦ ਨਾ ਕੋਇ ਚਮਕਾਈਆ । ਫਿਰੇ ਦਰੋਹੀ ਵਿਚ ਵਰਭੰਡੇ, ਬ੍ਰਹਿਮੰਡ ਦੇਣ ਦੁਹਾਈਆ । ਤੂੰ ਆਉਣਾ ਵਿਚੋਂ ਸਚਖੰਡੇ, ਸਚਖੰਡ ਨਿਵਾਸੀ ਫੇਰਾ ਪਾਈਆ । ਜਨ ਭਗਤ ਚੜ੍ਹਾਉਣੇ ਨਾਮ ਦੇ ਡੰਡੇ, ਡੰਡਾਵਤ ਸਭ ਦੀ ਦੇਣੀ ਬਦਲਾਈਆ । ਜਗਤ ਜਹਾਨ ਮੇਟਣੇ ਪੰਧੇ, ਪਾਂਧੀ ਪੰਧ ਨਾ ਕੋਇ ਵਖਾਈਆ । ਜਨ ਭਗਤ ਸੁਹੇਲੇ ਬਣਾਉਣੇ ਚੰਗੇ, ਚੰਗੀ ਦੇਣੀ ਵਡਿਆਈਆ । ਨਾਮ ਨਿਧਾਨੇ ਨਾਲ ਜਾਣ ਰੰਗੇ, ਦੁਰਮਤ ਮੈਲ ਦੇਣੀ ਧਵਾਈਆ । ਆਪਣੇ ਖੇਲ ਦੱਸਣੇ ਅਚੰਭੇ, ਅਚਰਜ ਲੀਲਾ ਦੇਣੀ ਜਣਾਈਆ । ਜੋ ਲੇਖ ਲਿਖਿਆ ਸਿੰਘਾਸਣ ਉਤੇ ਯਕ ਸ਼ੰਬੇ, ਸ਼ਰਅ ਦਾ ਡੇਰਾ ਦੇਣਾ ਢਾਹੀਆ । ਭਗਤ ਦਵਾਰ ਕਹੇ ਜਨ ਭਗਤੋ ਅੱਜ ਖ਼ੁਸ਼ੀਆਂ ਨਾਲ ਆਪਣੇ ਸਤਿਗੁਰ ਨੂੰ ਪਾ ਦਿਓ ਫੰਦੇ, ਤੁਹਾਡੀ ਕੈਦ ਵਿਚੋਂ ਬਿਨਾ ਅਹਿਦ ਤੋਂ ਨਿਕਲ ਕਦੇ ਨਾ ਜਾਈਆ । ਨਾਲੇ ਵਖਾ ਦਿਓ ਆਪਣੇ ਖ਼ਾਲੀ ਪੰਜੇ, ਪੰਜਾ ਜਗਤ ਵਾਲਾ ਦਏ ਗਵਾਹੀਆ । ਜੋ ਆਦਿ ਜੁਗ ਚੌਕੜੀ ਮੰਗਾਂ ਗਏ ਮੰਗੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੋਲੀਆਂ ਡਾਹੀਆ । ਉਹ ਹੁਕਮਨਾਮੇ ਬਿਨਾ ਅੱਖਰਾਂ ਤੋਂ ਮੂਲ ਰਹਿਣ ਨਾ ਟੰਗੇ, ਬਿਨਾ ਹਸਤ ਕਵਲਾਂ ਲਏ ਉਠਾਈਆ । ਜਿਸ ਦੀ ਧਾਰ ਵਿਚ ਚਮਕੇ ਚੰਡ ਪ੍ਰਚੰਡੇ, ਚੰਡਕਾ ਆਪਣਾ ਰੂਪ ਬਦਲਾਈਆ । ਵੇਖਣਾ ਖੇਲ ਅਗੰਮੇ ਖੰਡੇ, ਜੋ ਖੜਗਾਂ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਭਗਤ ਦਵਾਰ ਕਹੇ ਜਨ ਭਗਤੋ ਮੇਰੀ ਬੇਨੰਤੀ ਲਓ ਮੰਨ, ਮਨਸਾ ਕੂੜੀ ਬਾਹਰ ਕਢਾਈਆ । ਸਤਿਗੁਰ ਧਾਰ ਨੂੰ ਲਓ ਬੰਨ੍ਹ, ਮਾਝਾ ਮਾਲਵਾ ਦੁਆਬਾ ਜੰਮੂ ਫੰਦੇ ਹੱਥ ਉਠਾਈਆ । ਸੂਰਬੀਰ ਬਹਾਦਰ ਬਣੋ ਜਨ, ਆਪਣੀ ਲਓ ਅੰਗੜਾਈਆ । ਕੋਈ ਤੁਹਾਡਾ ਲੁੱਟ ਨਾ ਲਵੇ ਐਵੇਂ ਧਨ, ਭੇਖ ਪਖੰਡਾ ਆਪਣੀ ਖੇਲ ਵਖਾਈਆ । ਲੇਖਾ ਤੱਕੋ ਜਿਸ ਦਾ ਖੇਲ ਬਿਨ ਛੱਪਰੀ ਛੰਨ, ਬਿਨ ਮੰਦਰਾਂ ਅੰਦਰਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਗਤ ਦਵਾਰ ਕਹੇ ਜਨ ਭਗਤੋ ਉਹ ਤੱਕ ਲਓ ਨਾਰਦ ਬੋਦੀ ਆਵੇ ਹਿਲਾਉਂਦਾ, ਨਾਲ ਸ਼ੰਕਰ ਰਿਹਾ ਜਣਾਈਆ ।

੧੯੨੧
੨੩

ਤ੍ਰਿਸੂਲ ਤੇਜ ਭਾਨ ਹੱਥ ਵੇਖ ਵਖਾਉਂਦਾ, ਖੜਾਂਵ ਰਾਮ ਵਾਲੀ ਦੁਹਾਈਆ । ਪੁੱਠੇ ਹੱਥਾਂ ਤਾਲੀ ਫੇਰ ਵਜਾਉਂਦਾ, ਟੱਲੀਆਂ ਪ੍ਰੇਮ ਨਾਲ ਖੜਕਾਈਆ । ਆਪਣੀਆਂ ਦਲੀਲਾਂ ਬਣਾਉਂਦਾ ਢਾਉਂਦਾ, ਸੋਹਣਾ ਸੰਗ ਸਮਝਾਈਆ । ਲੰਮਾ ਪੈ ਪੈ ਸ਼ੁਕਰ ਮਨਾਉਂਦਾ, ਡੰਡਾਵਤ ਵਿਚ ਸੀਸ ਨਿਵਾਈਆ । ਬਿਨ ਰਸਨਾ ਜਿਹਵਾ ਧਿਆਉਂਦਾ, ਬਿਨ ਬੁੱਲਾਂ ਬੁੱਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਜਨ ਭਗਤੋ ਮੈਂ ਆ ਗਿਆ ਜੁਗ ਚੌਕੜੀ ਥੱਕਾ, ਸਹਿਜੇ ਸਹਿਜੇ ਪੰਧ ਮੁਕਾਈਆ । ਮਿਤ੍ਰੋ ਪਹਿਲੋਂ ਮੈਂ ਲੁਕ ਲੁਕ ਕੇ ਗਿਆ ਵਿਚ ਮੱਕਾ, ਕਾਅਬਿਆਂ ਖੋਜ ਖੁਜਾਈਆ । ਫੇਰ ਨਿਗਾਹ ਮਾਰੀ ਕੀ ਖੇਲ ਹੋਣਾ ਵਿਚ ਬੂਰਾ ਕੱਕਾ, ਕਾਮਲ ਮੁਰਸ਼ਦ ਕੀ ਸਮਝਾਈਆ । ਮੈਂ ਜਿਧਰ ਤੱਕਿਆ ਮੈਨੂੰ ਪੈਂਦਾ ਧੱਕਾ, ਪ੍ਰੇਮ ਨਾਲ ਨਾ ਕੋਇ ਬਹਾਈਆ । ਮੇਰੀ ਕੀਮਤ ਪੈਂਦੀ ਦਿਸੀ ਟਕਾ, ਟਕਿਆਂ ਵਿਚ ਹੱਟ ਵਿਕਾਈਆ । ਜਿਨ੍ਹਾਂ ਗੁਰਮੁਖਾਂ ਨੇ ਇਕ ਇਕ ਪੈਸਾ ਕੋਲ ਰੱਖਾ, ਉਹ ਗਿਣਤੀ ਗਿਣ ਕੇ ਦਿਉ ਚੜ੍ਹਾਈਆ । ਜਿਸ ਦਾ ਲੇਖਾ ਨਹੀਂ ਕੋਈ ਲੱਖਾ, ਕਰੋੜੀ ਗੰਢ ਨਾ ਕੋਇ ਬੰਧਾਈਆ । ਉਹ ਬਣ ਕੇ ਸੱਚਾ ਸਖਾ, ਸਾਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਖ਼ੁਸ਼ੀਆਂ ਨਾਲ ਮਾਰਾਂ ਥਾਪੀਆਂ, ਦੋ ਜਹਾਨ ਦਿਆਂ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਕੱਢ ਲਓ ਆਪਣੀਆਂ ਭਵਿਖਤਾਂ ਵਾਲੀਆਂ ਕਾਪੀਆਂ, ਜਿਸ ਦੀ ਨਕਲ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਆਪਣੇ ਸੀਨੇ ਫੋਲੋ ਛਾਤੀਆਂ, ਛਤਰਧਾਰੀ ਹੋ ਕੇ ਲਓ ਅੰਗੜਾਈਆ । ਆਪਣੀਆਂ ਮੰਜ਼ਲਾਂ ਤੱਕੋ ਘਾਟੀਆਂ, ਪਾਂਧੀ ਹੋ ਕੇ ਪੰਧ ਮੁਕਾਈਆ । ਸ਼ਰਅ ਦੀਆਂ ਵੇਖੋ ਵਾਟੀਆਂ, ਵੇਲਾ ਅੰਤਮ ਗਿਆ ਆਈਆ । ਹੁਣ ਪਕੜਨੀਆਂ ਨਹੀਂ ਡਾਂਗਾਂ ਤੇ ਲਾਠੀਆਂ, ਪ੍ਰਭ ਉਲਟੀ ਲੱਠ ਗਿੜਾਈਆ । ਜਿਸ ਫੰਦਾ ਪਵਾਇਆ ਕੋਲੋਂ ਸਾਥੀਆਂ, ਸਗਲਾ ਸੰਗ ਬਣਾਈਆ । ਦਇਆ ਕਮਾਏ ਨਾਥ ਅਨਾਥੀਆ, ਦੀਨਾਂ ਰੰਗ ਰੰਗਾਈਆ । ਵਿਦਿਆ ਸਮਝੇ ਕੋਇ ਨਾ ਪੰਡਤ ਕਾਸ਼ੀਆਂ, ਕਸਮਾਂ ਵਾਲੇ ਰੋਵਣ ਮਾਰਨ ਧਾਹੀਆ । ਜਨ ਭਗਤੋ ਦੋਂਹ ਚੌਂਹ ਸਾਲਾਂ ਸਭ ਨੇ ਕਰਨੀਆਂ ਹਾਸੀਆਂ, ਖ਼ੁਸ਼ੀਆਂ ਦੇ ਢੋਲੇ ਗਾਈਆ । ਜਿਸ ਮੂਸਾ ਨੂੰ ਚੜ੍ਹਾਇਆ ਉਤੇ ਫਾਸੀਆ, ਸ਼ਬਦ ਸ਼ਬਦ ਨਾਲ ਸਮਝਾਈਆ । ਈਸੇ ਦੇ ਗਲ ਵਿਚ ਪਾ ਕੇ ਸੱਤਾਂ ਰੰਗਾਂ ਵਾਲੀਆਂ ਟਾਕੀਆ, ਸਲੀਬ ਦਿਤਾ ਲਟਕਾਈਆ । ਮੁਹੰਮਦ ਮੂੰਹ ਦੇ ਭਾਰ ਡਿਗਾਇਆ ਵਿਚ ਮਕਬਰਿਆਂ ਚੁਕਾਈਆਂ ਉਦਾਸੀਆਂ, ਸ਼ਰਅ ਸ਼ਰਅ ਦੇ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਸਤਿਗੁਰ ਸ਼ਬਦ ਨੂੰ ਲਓ ਨਰੜ, ਘੁੱਟ ਕੇ ਲਉ ਬੰਧਾਈਆ । ਜੋ ਲੇਖਾ ਲਿਖਿਆ ਵਿਚ ਪੁਰਾਨ ਗਰੜ, ਪੂਰਾ ਦਿਉ ਕਰਾਈਆ । ਤੁਹਾਡੇ ਪਿਆਰ ਵਿਚ ਰਹੇ ਕੋਈ ਨਾ ਫਰੜ, ਸਿੱਧਾ ਲੇਖਾ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਨਾਰਦ ਕਹੇ ਜਨ ਭਗਤੋ ਵੇਖ ਲਉ ਜੁਗ ਚੌਕੜੀ ਦਾ ਚੋਰ ਬੱਧਾ, ਬੰਦਗੀ ਵਾਲਿਓ ਦਿਆਂ ਸਮਝਾਈਆ । ਜਿਹੜਾ ਭਗਤ ਦਵਾਰੇ ਵਿਚੋਂ ਲੱਧਾ, ਬਾਹਰ ਖੋਜਣ ਦੀ ਲੋੜ ਰਹੀ ਨਾ ਰਾਈਆ । ਜਿੰਨਾਂ ਚਿਰ ਤੁਹਾਡਾ ਲੇਖ ਨਾ ਦੇਵੇ ਅੱਧਾ, ਉਨਾਂ ਚਿਰ ਗੰਢ ਸਕੇ ਨਾ ਕੋਇ ਖੁਲਾਈਆ । ਇਹ ਸਮਾਂ ਮਿਲਦਾ ਕਦੀ ਕਦਾ, ਕਦੀਮ ਦਾ ਮਾਲਕ ਹੱਥ ਕਿਸੇ ਨਾ ਆਈਆ ।

ਜਿਸ ਦੀ ਸਮਝੇ ਕੋਇ ਨਾ ਵਜਾ, ਵਜੂਹਾਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਫੰਦਾ ਕਹੇ ਮੈਨੂੰ ਚਾਰੋਂ ਤਰਫ ਖਿੱਚੋ, ਖਿੱਚ ਖਿੱਚ ਦਿਓ ਵਖਾਈਆ । ਆਪਣਾ ਭੇਵ ਖੋਲ ਲਓ ਵਿਚੋਂ, ਪਰਦਾ ਵਿਚਲਾ ਵਿਚੋਂ ਉਠਾਈਆ । ਜਿਸ ਊਚੋਂ ਕੀਤਾ ਨੀਚੋ, ਨੀਚੋਂ ਊਚ ਊਚ ਤੋਂ ਨੀਚ ਉਸਦਾ ਹੁਕਮ ਰਹੇ ਨਾ ਕੱਚਾ, ਕੱਚੀ ਗੰਢ ਨਾ ਕੋਇ ਪਵਾਈਆ । ਨਾਲੇ ਵਾਅਦਾ ਕਰੋ ਜੇ ਸਤਿਗੁਰ ਸ਼ਬਦ ਹੈ ਅੱਜ ਤਾਰ ਕੇ ਜਾਵੀਂ ਬੱਚਾ ਬੱਚਾ, ਬਚਿਆ ਰਹਿਣ ਕੋਇ ਨਾ ਪਾਈਆ । ਆਪਣੇ ਨਾਮ ਦਾ ਲਾ ਦੇ ਠੱਪਾ, ਮੋਹਰ ਸ਼ਬਦ ਵਾਲੀ ਜਣਾਈਆ । ਓਏ ਜੇ ਤੇਰੇ ਨਾਮ ਨੂੰ ਇਕੋ ਅੱਖਰ ਪੱਪਾ, ਪੂਰਨ ਸਤਿਗੁਰ ਹੋ ਕੇ ਦੇਣਾ ਵਖਾਈਆ । ਜੇ ਤੂੰ ਤਾਰਿਆ ਮੱਛਾ ਕਛਾ, ਗ਼ਰੀਬ ਨਿਮਾਣਿਆਂ ਹੋਣਾ ਸਹਾਈਆ । ਤੇਰੇ ਹੁਕਮ ਵਿਚ ਫ਼ਰਕ ਪਵੇ ਨਾ ਰਤਾ, ਰਤਨ ਅਮੋਲਕ ਗੁਰਮੁਖ ਹੀਰੇ ਲੈਣੇ ਬਣਾਈਆ । ਜਿਸ ਕਾਰਨ ਗੋਬਿੰਦ ਨੇ ਡੰਕ ਵਜਾਇਆ ਫ਼ਤਾ, ਫ਼ਾਤਿਆ ਕੂੜ ਦਾ ਦੇਣਾ ਪੜ੍ਹਾਈਆ । ਇਕੋ ਭਗਤਾਂ ਨਾਲ ਤੇਰਾ ਹੋਵੇ ਮਤਾ, ਭਗਤ ਦਵਾਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਨਾਰਦ ਕਹੇ ਜਨ ਭਗਤੋ ਅੱਜ ਸਾਰੇ ਕਰ ਲਉ ਇਕ ਨੂੰ ਮਜ਼ਾਕ, ਫੇਰ ਮਜ਼ਾਕ ਦੀ ਲੋੜ ਰਹੇ ਨਾ ਰਾਈਆ । ਜਿਹੜਾ ਜੁਗ ਜੁਗ ਵੰਡਦਾ ਰਿਹਾ ਜ਼ਾਤ ਪਾਤ, ਹਿੱਸੇ ਸਰੀਰਾਂ ਵਾਲੇ ਪਾਈਆ । ਕਦੀ ਦਿਵਸ ਬਣਾਇਆ ਕਦੀ ਵਖਾਈ ਰਾਤ, ਰੁਤੜੀ ਰੁਤੜੀ ਵਿਚੋਂ ਬਦਲਾਈਆ । ਨਾਮ ਕਲਮਾ ਪੜ੍ਹਾਇਆ ਇਸਮ ਆਜਮ ਜਣਾਇਆ ਦੱਸਿਆ ਧੁਰ ਦਾ ਸਾਕ, ਸੱਜਣ ਇਕ ਅਖਵਾਈਆ । ਅੱਜ ਇਸ ਤੋਂ ਮਨਜ਼ੂਰ ਕਰਾ ਲਓ ਜਿੰਨਾ

੧੯੨੨ ੨੩ ਚਿਰ ਉਹ ਸਤਿਗੁਰ ਭਗਤਾਂ ਦਾ ਨਾ ਖੋਲੇ ਤਾਕ, ਫੇਰਾ ਬੰਧਨ ਨਾ ਕੋਇ ਤੁੜਾਈਆ । ਜੇ ਪਿਛਲਾ ਪੰਧ ਨਾ ਮੁਕਾਵੇਂ ਤੇ ਫਿਰ ਕਿਸ ਤਰਾ ਮੁਕੇਗੀ ੧੯੨੨ ੨੩

ਅਗਲੀ ਵਾਟ, ਅਗੇ ਲੇਖਾ ਰਹੇ ਨਾ ਰਾਈਆ । ਸਾਨੂੰ ਚਾੜ੍ਹ ਲੈ ਆਪਣੇ ਘਾਟ, ਘਾਟੇ ਪਿਛਲੇ ਆਪਣੀ ਝੋਲੀ ਪਾਈਆ । ਨਾਲੇ ਸਾਰੇ ਲਓ ਡਾਂਟ, ਗ਼ੁੱਸੇ ਵਿਚ ਲਓ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਤੁਹਾਡੇ ਹੱਥ ਫੜਾਈਆ । ਨਾਰਦ ਕਹੇ ਮੈਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਮਾਰਾਂ ਆਵਾਜ਼ਾ, ਜ਼ਿਮੀਂ ਅਸਮਾਨਾਂ ਦਿਆਂ ਸੁਣਾਈਆ । ਉਹ ਵੇਖੋ ਧੁਰ ਦੇ ਮਾਲਕ ਦਾ ਅਗੰਮੀ ਕਾਜਾ, ਕੀ ਕਰਤਾ ਕਾਰ ਕਮਾਈਆ । ਜਿਸ ਮਾਣ ਦਵਾਇਆ ਅਵਤਾਰਾਂ ਪੈਗ਼ੰਬਰਾਂ ਤੇ ਗੁਰੂਆਂ ਨਾਲ ਵਾਲਾ ਬਾਜਾ, ਗੋਬਿੰਦ ਗੋਬਿੰਦ ਗੋਬਿੰਦ ਰੰਗ ਰੰਗਾਈਆ । ਜਿਸ ਜਗਤ ਜਹਾਨ ਸੀਸ ਪਹਿਨਾਇਆ ਤਾਜਾ, ਤਖ਼ਤ ਨਿਵਾਸੀ ਇਕ ਅਖਵਾਈਆ । ਉਹ ਪਤਾ ਨਹੀਂ ਕਿੱਥੇ ਸੋਇਆ ਤੇ ਕਿੱਥੇ ਜਾਗਾ, ਕਿਸ ਬਿਧ ਆਪਣਾ ਫੇਰਾ ਪਾਈਆ । ਜਿਸ ਨੇ ਖੇਲ ਖਿਲਾਇਆ ਵਿਚ ਪੰਜਾਬਾ, ਪੰਜਾਂ ਦੀ ਧਾਰ ਦਏ ਗਵਾਹੀਆ । ਉਹ ਮਿਤ੍ਰ ਪਿਆਰਾ ਭਗਤੋ ਤੁਹਾਡਾ ਹੋਵੇ ਅਹਿਬਾਬਾ, ਸਾਕ ਸੱਜਣ ਇਕ ਅਖਵਾਈਆ । ਉਹਦਾ ਲਿਬਾਸ ਵੇਖੋ ਜ਼ਿੰਦਗੀ ਵਾਲਾ ਸਾਦਾ, ਤਨ ਵਜੂਦਾ ਸਮਝ ਕੋਇ ਨਾ ਪਾਈਆ । ਪਰ ਹੁਕਮ ਵਿਚ ਸ਼ਬਦ ਦੀ ਧਾਰ ਵਿਚ ਉਹ ਡਾਹਢਾ, ਦੋ ਜਹਾਨਾਂ ਆਪਣੇ ਚਰਨਾਂ ਹੇਠ ਦਬਾਈਆ । ਜਿਸ ਦਾ ਨਾਮ ਨਿਸ਼ਾਨਾ ਇਕੋ ਗਾਡਾ, ਜਿਸ ਨੂੰ ਗਾਡ ਕਹਿ ਕੇ ਪੈਗ਼ੰਬਰ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਵੇਖ ਵਖਾਈਆ । ਨਾਰਦ ਕਹੇ ਮੇਰਾ ਜੀਅ ਕਰਦਾ ਕੁਝ ਗੱਲਾਂ ਦੱਸਾਂ ਪੁਰਾਣੀਆਂ, ਪੁਨਹ ਪੁਨਹ ਸਭ ਨੂੰ ਸੀਸ ਨਿਵਾਈਆ ।

ਜਨ ਭਗਤੋ ਤੁਹਾਡਾ ਹਾਣ ਮਿਲਿਆ ਨਾਲ ਹਾਣੀਆਂ, ਮਿਲ ਮਿਲ ਕੇ ਵੱਜੇ ਵਧਾਈਆ । ਤੁਸੀਂ ਨਹੀਂ ਜਾਣਦੇ ਇਸ ਨੇ ਕਿਦਾਂ ਖੇਲਾਂ ਰਚਾਈਆਂ ਵਿਚ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਕਿਦਾਂ ਹੁਕਮ ਸੰਦੇਸ਼ੇ ਨਾਮ ਕਲਮੇ ਵਜਾਏ ਚਾਰੇ ਬਾਣੀਆਂ, ਪਰਾ ਪਸੰਤੀ ਮਧਮ ਬੈਖਰੀ ਵਜਦੀ ਰਹੀ ਵਧਾਈਆ । ਕਿਸ ਤਰਾਂ ਖ਼ਾਕ ਵਿਚ ਰੁਲਾਇਆ ਰਾਜੇ ਰਾਣੀਆਂ, ਰਾਮ ਸੀਤਾ ਦਏ ਗਵਾਹੀਆ । ਕਿਸ ਤਰਾਂ ਵੇਖ ਵਖਾਇਆ ਰੰਗ ਅੱਠ ਸੱਠ ਤੀਰਥ ਪਾਣੀਆਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਭੱਜੇ ਵਾਹੋ ਦਾਹੀਆ । ਕਿਸ ਬਿਧ ਨਾਰਦ ਜਨ ਭਗਤਾਂ ਰੂਹਾਂ ਛਾਣੀਆਂ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਜਨ ਭਗਤੋ ਵੇਖ ਲਓ ਆਪਣਾ ਜੁਗ ਚੌਕੜੀ ਦਾ ਪਿਛਲਾ ਚੋਰ, ਚੋਰੀ ਕਰਨ ਵਾਲਾ ਇਕੋ ਨਜ਼ਰੀ ਆਈਆ । ਜਿਹੜਾ ਜਦੋਂ ਸੰਨ੍ਹ ਲਾਵੇ ਤੇ ਲਾਵੇ ਕਾਇਆ ਮੰਦਰ ਅੰਦਰ ਵਿਚ ਅੰਧ ਘੋਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਅੰਦਰ ਵੜ ਕੇ ਤੁਹਾਡੇ ਅੰਤਰ ਨਾਮ ਦਾ ਮੰਤਰ ਦੇਵੇ ਫੇਰ, ਫੁਰਨੇ ਮਨ ਦੇ ਬੰਦ ਕਰਾਈਆ । ਫੇਰ ਆਪਣੀ ਕਿਰਪਾ ਕਰੇ ਦੁਨੀਆ ਨਾਲੋਂ ਵਿਛੋੜ ਕੇ ਤੇ ਆਪਣੇ ਨਾਲ ਲਵੇ ਤੋਰ, ਤੁਰੀਆ ਦੀ ਮੰਜ਼ਲ ਦਾ ਲੇਖਾ ਦਏ ਚੁਕਾਈਆ । ਜਿਸ ਦੇ ਅਗੇ ਕਿਸੇ ਦਾ ਨਹੀਂ ਜ਼ੋਰ, ਜੋਰੂ ਜ਼ਰ ਨਾ ਕੋਇ ਵਡਿਆਈਆ । ਜਿਸ ਦੇ ਸਭ ਕੁਛ ਕੋਲ, ਕੁਲ ਮਾਲਕ ਇਕ ਅਖਵਾਈਆ । ਉਸ ਦੇ ਸ਼ਬਦ ਦਾ ਸ਼ਬਦ ਵੱਜੇ ਢੋਲ, ਢੋਲਕ ਛੈਣੇ ਨਾ ਕੋਇ ਖੜਕਾਈਆ । ਜੇ ਸਤਿਗੁਰ ਝੂਠਾ ਹੋ ਜਾਏ ਤੇ ਉਹਦਾ ਕੱਢ ਦਿਓ ਫੜ ਕੇ ਪੋਲ, ਪੋਲੀ ਗੰਢ ਨਾ ਕੋਇ ਰਖਾਈਆ । ਜੇ ਭਗਤੋ ਤੁਹਾਡੇ ਨਾਲ ਮਾਰੇ ਰੋਲ, ਰੋਲ ਰੋਲ ਕੇ ਇਹਨੂੰ ਧਰਤੀ ਉਤੇ ਦਿਉ ਰਗੜਾਈਆ । ਜੇ ਪੂਰਾ ਤੋਲ ਨਾ ਸਕੇ ਤੋਲ, ਤੋਲਣਹਾਰਾ ਨਾ ਆਪ ਹੋ ਜਾਈਆ । ਫੇਰ ਇਹਦੇ ਨਾਲ ਪਿਆਰ ਤੇ ਮੁਹੱਬਤ ਦਾ ਕਾਹਦਾ ਕਰਨਾ ਚੋਲ੍ਹ, ਇਸਦਾ ਚੋਲਾ ਦਿਉ ਛੁਡਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਇਕ ਸਮਝਾਈਆ । ਨਾਰਦ ਕਹੇ ਗੁਰਮੁਖੋ ਤੁਹਾਨੂੰ ਦੇਂਦਾ ਆਇਆ ਦਿਲਾਸੇ, ਦਿਲਬਰੀਆਂ ਨਾਲ ਵਡਿਆਈਆ । ਕਰਦਾ ਆਇਆ ਹਾਸੇ, ਖ਼ੁਸ਼ੀਆਂ ਢੋਲੇ ਗਾਈਆ । ਤੁਹਾਡੇ ਦੁਖਾਂ ਦੇ ਵੇਖਦਾ ਆਇਆ ਤਮਾਸ਼ੇ, ਜੁਗ ਜੁਗ ਇਹਦੀ ਰੀਤੀ ਚਲੀ ਆਈਆ । ਇਹ ਕਦੀ ਵਸੇ ਉਤੇ ਆਕਾਸ਼ੇ, ਤੇ ਕਦੀ ਪ੍ਰਿਥਮੀ ਉਤੇ ਭੱਜੇ ਵਾਹੋ ਦਾਹੀਆ । ਇਹਨੂੰ ਸਾਰੇ ਕਹਿੰਦੇ ਪੁਰਖ ਅਬਿਨਾਸ਼ੇ, ਪ੍ਰਭ ਅਬਿਨਾਸ਼ੀ ਕਰਤਾ ਇਕ ਅਖਵਾਈਆ । ਸਾਰੇ ਕਹਿੰਦੇ ਕਰੇ ਹਰ ਘਟ ਅੰਦਰ ਵਾਸੇ, ਵਾਸਤਾ ਆਤਮਾ ਪਰਮਾਤਮਾ ਨਾਲ ਜੁੜਾਈਆ । ਕਹਿੰਦੇ ਨੂਰ ਜੋਤ ਪਰਕਾਸ਼ੇ, ਨੂਰ ਨੁਰਾਨਾ ਅਗੰਮ ਅਥਾਹੀਆ । ਤੁਸੀਂ ਉਸ ਦੇ ਨਿੱਕੇ ਜਿਹੇ ਕਾਕੇ, ਬੱਚਿਓ ਤੁਹਾਨੂੰ ਦਿਆਂ ਦ੍ਰਿੜਾਈਆ । ਜਿਨ੍ਹਾਂ ਨੇ ਇਹਦੇ ਪਿਛੇ ਛਡ ਦਿਤੇ ਆਪਣੇ ਮਾਪੇ, ਨਿੱਕੇ ਨਿੱਕੇ ਬੱਚੇ ਭੱਜੇ ਵਾਹੋ ਦਾਹੀਆ । ਸਭ ਦੇ ਅੰਦਰੋਂ ਪਾਪ ਰਹੇ ਕਾਂਪੇ, ਤਨ ਅੰਦਰ ਲੈਣ ਅੰਗੜਾਈਆ । ਫੇਰ ਵੀ ਤੁਹਾਡਾ ਸਾਹਿਬ ਤੁਹਾਡਾ ਪਰਦਾ ਢਾਕੇ, ਸਿਰ ਆਪਣਾ ਹੱਥ ਟਿਕਾਈਆ । ਤੁਹਾਡੇ ਪੂਰੇ ਕਰੇ ਘਾਟੇ, ਜਨਮ ਜਨਮ ਦੇ ਲਹਿਣੇ ਪੂਰ ਕਰਾਈਆ । ਜਿਹੜੇ ਤੁਸੀਂ ਪੰਧ ਮਾਰ ਕੇ ਆ ਗਏ ਵਾਟੇ, ਭਗਤ ਦਵਾਰੇ ਡੇਰਾ ਲਾਈਆ । ਤੁਹਾਡੇ ਵਾਸਤੇ ਇਕ ਵਿਛਾਈ ਖਾਟੇ, ਅੱਧਾ ਹਿੱਸਾ ਤੁਹਾਨੂੰ ਦਿਤਾ ਜਣਾਈਆ । ਤੁਹਾਡੀ ਮੰਜ਼ਲ ਵਿਚ ਵਿਚਕਾਰ ਰੁਕਾ ਨਾ ਸਕੇ ਅਧਵਾਟੇ, ਵਿਸ਼ਨ ਬ੍ਰਹਮਾ ਸ਼ਿਵ ਸਾਰੇ ਤਾਲੀਆਂ ਰਹੇ ਲਗਾਈਆ । ਅਵਤਾਰ ਪੈਗੰਬਰ

੧੯੨੩
੨੩

ਗੁਰੂ ਖ਼ੁਸ਼ੀਆਂ ਦੇ ਬੋਲ ਬੋਲਣ ਸਾਚੇ, ਸਚ ਸਚ ਨਾਲ ਸੁਣਾਈਆ । ਆਉ ਭਗਤੋ ਸਾਚੇ ਗ੍ਰਿਹਿ ਪਾਓ ਰਾਸੇ, ਜੋ ਰਸਤਾ ਦੀਨ ਦੁਨੀ ਆਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਫੰਦਾ ਕਹੇ ਮੈਂ ਜੁਗ ਜੁਗ ਪਾਵਾਂ ਫੰਦ, ਮੇਰੀ ਸਮਝ ਕਿਸੇ ਨਾ ਆਈਆ । ਮੈਂ ਬੰਨ੍ਹਾਂ ਤਤ ਪੰਜ, ਪੰਜਾਂ ਗੰਢ ਰਖਾਈਆ । ਮੈਨੂੰ ਨਾ ਕੋਈ ਰੋਗ ਨਾ ਕੋਈ ਰੰਜ, ਖ਼ੁਸ਼ੀ ਗ਼ਮੀ ਵੰਡ ਨਾ ਕੋਇ ਵੰਡਾਈਆ । ਮੈਂ ਕੋਈ ਸ਼ਸਤਰਾਂ ਨਾਲ ਲੜਿਆ ਨਹੀਂ ਜੰਗ, ਢਾਲਾਂ ਤਲਵਾਰਾਂ ਨਾ ਹੱਥ ਉਠਾਈਆ । ਮੇਰੇ ਕੋਲ ਇਕ ਸ਼ਬਦ ਸਤਿਗੁਰੂ ਦਾ ਸੱਚਾ ਢੰਗ, ਜਿਸ ਦਾ ਭੇਵ ਕੋਇ ਨਾ ਪਾਈਆ । ਉਹ ਏਧਰੋਂ ਤੋੜ ਕੇ ਏਧਰ ਦੇਵੇ ਗੰਢ, ਇਹ ਉਹਦੀ ਬੇਪਰਵਾਹੀਆ । ਜਦੋਂ ਚਾਹੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਕਰ ਦਏ ਰੰਡ, ਘੁਮੰਡ ਵਿਚ ਸਾਰੇ ਲਏ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਫੰਦਾ ਕਹੇ ਮੈਂ ਉਸ ਨੂੰ ਬੰਨ੍ਹਦਾ, ਜੋ ਬੰਧਨ ਸਭ ਨੂੰ ਰਿਹਾ ਪਾਈਆ । ਜਿਹੜਾ ਵਣਜਾਰਾ ਨਹੀਂ ਕਿਸੇ ਕੰਨ ਦਾ, ਚੁਗਲੀ ਨਿੰਦਿਆਂ ਵਿਚ ਸੁਣਨ ਕਦੇ ਨਾ ਆਈਆ । ਜਿਸ ਨੂੰ ਸਹਾਰਾ ਨਹੀਂ ਕਿਸੇ ਛੱਪਰ ਛੰਨ ਦਾ, ਮੰਡਲ ਮੰਡਪਾਂ ਬੈਠ ਨਾ ਡੇਰਾ ਲਾਈਆ । ਉਹਨੂੰ ਆਧਾਰ ਨਹੀਂ ਕਿਸੇ ਖਾਣ ਪੀਣ ਅੰਨ ਦਾ, ਨਿਰਾਧਾਰ ਆਪਣੀ ਖੇਲ ਖਿਲਾਈਆ । ਉਹ ਵਣਜਾਰਾ ਨਹੀਂ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਦਾ ਡੇਰਾ ਢਾਹੀਆ । ਉਹਦਾ ਜਦੋਂ ਪਿਆਰ ਵੇਖੇ ਤੇ ਵੇਖੋ ਸਚ ਬ੍ਰਹਮ ਦਾ, ਪਾਰਬ੍ਰਹਮ ਇਕ ਅਖਵਾਈਆ । ਹੁਣ ਖੇਲ ਕਰਨ ਆਇਆ ਜਿਸ ਮਾਰਗ ਲਾਉਣਾ ਇਕੋ ਧਰਮ ਦਾ, ਜ਼ਾਤ ਪਾਤ ਦੀਨ ਮਜ਼੍ਹਬ ਦਾ ਲੇਖਾ ਦਏ ਚੁਕਾਈਆ । ਝਗੜਾ ਰਹਿਣ ਨਹੀਂ ਦੇਣਾ ਕਿਸੇ ਕਾਂਡ ਕਰਮ ਦਾ, ਨਿਹਕਰਮੀ ਹੋ ਕੇ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਾਰਾ ਦੇ ਕੇ ਇਕੋ ਸਰਨ ਦਾ, ਸਰਨਗਤ ਇਕ ਦਰਸਾਈਆ । ਨਾਰਦ ਕਹੇ ਪ੍ਰਭੂ ਅੱਜ ਵਾਹਵਾ ਸੋਹਣਾ ਫਸਿਆ, ਫਾਸੀਆਂ ਦੇਣ ਵਾਲਿਆ ਤੇਰਾ ਵਕਤ ਗਿਆ ਆਈਆ । ਉਹ ਵੇਖ ਸਚਖੰਡ ਦਵਾਰਾ ਰਿਹਾ ਹੱਸਿਆ, ਹੱਸ ਹੱਸ ਖ਼ੁਸ਼ੀ ਬਣਾਈਆ । ਜਿਨ੍ਹਾਂ ਭਗਤਾਂ ਦੇ ਪਿਆਰ ਵਿਚ ਆਇਉਂ ਨੱਸਿਆਂ, ਭੱਜਿਆ ਵਾਹੋ ਦਾਹੀਆ । ਉਹਨਾਂ ਨੇ ਤੈਨੂੰ ਕਿੱਡੇ ਸੋਹਣੇ ਢੰਗ ਨਾਲ ਕਸਿਆ, ਕਸਮ ਖਾਣ ਵਾਲਿਆ ਤੇਰੀ ਕਸਮ ਦਿਤੀ ਤੁੜਾਈਆ । ਹੁਣ ਦੱਸ ਗੁਰਮੁਖਾਂ ਦੀ ਰਾਤ ਅੰਧੇਰੀ ਰਹੂਗੀ ਮੱਸਿਆ, ਕਿ ਆਪਣਾ ਜੋਤੀ ਚੰਦ ਦਏਂ ਚਮਕਾਈਆ । ਉਹ ਕਾਹਦੇ ਵਾਸਤੇ ਹੋੜਾ ਲਾਇਆ ਉਪਰ ਸੱਸਿਆ, ਹਾਹੇ ਦੀ ਟਿੱਪੀ ਕੀ ਆਪਣਾ ਰੰਗ ਰੰਗਾਈਆ । ਕਿਸ ਬਿਧ ਤੀਰ ਅਣਿਆਲਾ ਤੇਰਾ ਹੋਵੇ ਕਸਿਆ, ਬਿਨ ਹੱਥਾਂ ਦਏਂ ਚਲਾਈਆ । ਕਿਸ ਧਾਰ ਵਿਚ ਭਗਤਾਂ ਦੇ ਅੰਦਰ ਹੋਵੇਂ ਵਸਿਆ, ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਦੇਣਾ ਖੁਲਾਈਆ । ਨਾਰਦ ਕਹੇ ਓਏ ਮੇਰਿਆ ਪ੍ਰਭੂ ਜਜਮਾਨਾ, ਜਮਾਂ ਤੋਂ ਛੁਡਾਉਣ ਵਾਲਿਆ ਕੀ ਤੇਰੀ ਬੇਪਰਵਾਹੀਆ । ਕੀ ਤੈਨੂੰ ਰਾਮ ਆਖਾਂ ਕਿ ਕਾਹਨਾ, ਕਿ ਘਨਈਆ ਕਹਿ ਕੇ ਸੀਸ ਨਿਵਾਈਆ । ਪੈਗ਼ੰਬਰ ਆਖਾਂ ਕਿ ਅਮਾਮਾ, ਕੀ ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਕੀ ਸਤਿਗੁਰੂ ਗੁਰਦੇਵ ਆਖਾਂ ਕਿ ਤੇਰਾ ਨਾਮ ਸਤਿਨਾਮਾ, ਕੀ ਵਜਦੀ ਰਹੇ ਵਧਾਈਆ । ਕੀ ਸ਼ਰਅ ਦਾ ਮਾਲਕ ਆਖਾਂ ਕਿ ਆਖਾਂ ਸ਼ਰੀਅਤ ਦਾ ਗ਼ੁਲਾਮਾ, ਕੀ ਤੇਰੀ ਵਡਿਆਈਆ । ਮੈਂ ਸਚ ਦੱਸਾਂ, ਤੂੰ ਆਦਿ ਜੁਗਾਦਿ ਗੁਣ ਨਿਧਾਨਾ, ਗੁਣਵੰਤ ਤੇਰਾ ਭੇਵ ਕੋਇ ਨਾ

੧੯੨੪
੨੩

ਪਾਈਆ । ਪਰ ਹੁਣ ਵੇਖ ਲੈ ਦੀਨ ਦੁਨੀ ਤੇ ਜਗਤ ਜਹਾਨਾ, ਚਾਰੋਂ ਕੁੰਟ ਬਿਨ ਨੈਣਾਂ ਨੈਣ ਉਠਾਈਆ । ਕੀ ਹੋ ਗਿਆ ਜੇ ਹੁਣ ਪਹਿਨ ਕੇ ਜੋਤੀ ਧਾਰ ਦਾ ਜਾਮਾ, ਸ਼ਬਦ ਦਾ ਸ਼ਬਦੀ ਡੰਕ ਵਜਾਈਆ । ਤੇਰਾ ਦੀਨ ਦੁਨੀ ਵਿਚ ਨਹੀਂ ਕੋਈ ਬੇਗਾਨਾ, ਦੂਸਰ ਵੰਡ ਨਾ ਕੋਇ ਵੰਡਾਈਆ । ਨਾਰਦ ਕਹੇ ਪ੍ਰਭੂ ਤੂੰ ਬੜਾ ਗਵੱਈਆ ਅੱਜ ਸੁਣਾ ਦੇ ਕੋਈ ਖ਼ੁਸ਼ੀਆਂ ਵਾਲਾ ਤਰਾਨਾ, ਤਰਾ ਤਰਾ ਨਾਲ ਜਣਾਈਆ । ਜੇ ਤੂੰ ਭਗਵਨ ਤੇ ਤੇਰੇ ਭਗਤ ਇਨ੍ਹਾਂ ਨੂੰ ਦੱਸ ਦੇ ਮੈਂ ਕਿਸ ਤਰਾਂ ਤੁਹਾਡਾ ਭਗਵਾਨਾ, ਭਾਗ ਤੁਹਾਡੇ ਦਵਾਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਪ੍ਰਭੂ ਕੋਈ ਨਵਾਂ ਸੁਣਾ ਦੇ ਗੀਤ, ਗੋਬਿੰਦ ਗੋਬਿੰਦ ਧੁਰ ਦੇ ਮਾਹੀਆ । ਕਿਸ ਬਿਧ ਤੇਰੀ ਹੋਵੇ ਤਾਰੀਫ਼, ਆਪਣਾ ਭੇਵ ਦੇਣਾ ਖੁਲਾਈਆ । ਮੇਰੀ ਬਿਰਹੋਂ ਵਿਚ ਨਿਕਲੇ ਚੀਕ, ਰੋ ਰੋ ਦਿਆਂ ਦੁਹਾਈਆ । ਨਿਗਾਹ ਮਾਰ ਲੈ ਹਸਤ ਕੀਟ, ਜਗਤ ਜਹਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਨਾਰਦ ਕਹੇ ਪ੍ਰਭੂ ਕਲਜੁਗ ਵੇਖ ਲੈ ਮਾਟੀ ਚੰਮਾ, ਚੰਮ ਦ੍ਰਿਸ਼ਟੀ ਵਾਲਿਆ ਧਿਆਨ ਲਗਾਈਆ । ਪਵਣ ਸਵਾਸ ਤੱਕ ਲੈ ਦਮਾ, ਸਾਹ ਸਾਹ ਵੇਖ ਵਖਾਈਆ । ਤੇਰਾ ਖੇਲ ਸਭ ਨੂੰ ਜਾਪਦਾ ਨਵਾਂ, ਨਵ ਸੱਤ ਵੇਖਣ ਚਾਈਂ ਚਾਈਂਆ । ਜਨ ਭਗਤਾਂ ਮੇਟ ਦੇ ਅੰਦਰੋਂ ਗ਼ਮਾਂ, ਚਿੰਤਾ ਚਿਖਾ ਗਵਾਈਆ । ਤੇਰਾ ਸੋਹਣਾ ਅਗਲਾ ਹੋਵੇ ਸਮਾਂ, ਸਮਾਪਤ ਹੋਵੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਧਰਮ ਧਾਰ ਜੈਕਾਰਾ, ਜੈ ਜੈਕਾਰ ਜਣਾਈਆ । ਸਭ ਦਾ ਇਕੋ ਸਾਂਝਾ ਭਗਤ ਦਵਾਰਾ, ਜਿਥੇ ਮਿਲੇ ਮਾਣ ਵਡਿਆਈਆ । ਜਿਸ ਨੌ ਖੰਡ ਪ੍ਰਿਥਮੀ ਹੋਣਾ ਉਜਿਆਰਾ, ਸੱਤਾਂ ਦੀਪਾਂ ਖ਼ੁਸ਼ੀ ਬਣਾਈਆ । ਉਹ ਤੱਕ ਲਓ ਜਮਨ ਕਿਨਾਰਾ, ਬੈਠਾ ਨੈਣ ਉਠਾਈਆ । ਜਿਥੇ ਕ੍ਰਿਸ਼ਨ ਕਾਹਨ ਦੇ ਕੇ ਗਿਆ ਇਸ਼ਾਰਾ, ਬੰਸਰੀ ਗਊਆਂ ਨਾਲ ਵਜਾਈਆ । ਸਖ਼ੀਆਂ ਨਾਲ ਕਰੇ ਮੰਗਲਾਚਾਰਾ, ਸੋਹਣਾ ਨਾਚ ਨਚਾਈਆ । ਹੱਸ ਕੇ ਕਿਹਾ ਮੈਂ ਸ਼ਾਮ ਸੁੰਦਰ ਓਹ ਮੇਰਾ ਨੂਰੀ ਨੂਰ ਅਪਾਰਾ, ਅਪਰੰਪਰ ਬੇਪਰਵਾਹੀਆ । ਜਿਸ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਾਉਣੀ ਸਾਰਾ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਉਸ ਦਾ ਸੋਹਣਾ ਹੋਣਾ ਭਗਤ ਦਵਾਰਾ, ਭਗਵਨ ਆਪਣਾ ਰੰਗ ਰੰਗਾਈਆ । ਫੇਰ ਗੁਰਮੁਖ ਧਾਰ ਦੇ ਸਹਾਰਾ, ਗੁਰਮੁਖ ਦਵਾਰੇ ਵੰਡ ਵੰਡਾਈਆ । ਰਾਜੇ ਬਲ ਨਾਲ ਇਕਰਾਰਾ, ਸਤਿਜੁਗ ਸਾਚਾ ਸੰਗ ਮਿਲਾਈਆ । ਗੁਰਦਿਆਲ ਸਿੰਘ ਦਾ ਲੇਖਾ ਹੋਵੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦਏ ਗਵਾਹੀਆ । ਫੇਰ ਦਿੱਲੀ ਦਰਬਾਰ ਦਾ ਤੱਕਿਓ ਨਜ਼ਾਰਾ, ਨਜ਼ਰਾਂ ਸਭ ਨੇ ਲੈਣੀਆਂ ਬਦਲਾਈਆ । ਉਸ ਦੀਆਂ ਨਾਰਦ ਕਹੇ ਮੈਂ ਅਗੰਮੀ ਸਭ ਨੂੰ ਵਖਾਵਾਂ ਅਖ਼ਬਾਰਾ, ਬਿਨ ਹਰਫ਼ਾਂ ਹਰੂਫ਼ਾਂ ਜਣਾਈਆ । ਜਿਸ ਦੀਆਂ ਪੰਝੀ ਪ੍ਰਕਿਰਤੀਆਂ ਦੀ ਧਾਰ ਨਾਲ ਪੰਝੀ ਪੰਝੀ ਫੁਟ ਲੰਬੀਆਂ ਚੌੜੀਆਂ ਹੋਣ ਦੀਵਾਰਾ, ਸੋਹਣੀ ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਝੀ ਕਹਿਣ ਅਸੀਂ ਨਾਮ ਨਹੀਂ ਕੋਈ ਇੰਚ ਫੁਟ, ਫੁਟਕਲ ਵੇਖਣੀ ਜਗਤ ਲੋਕਾਈਆ । ਜੋ ਆਤਮਾ ਪਰਮਾਤਮਾ ਨਾਲੋਂ ਗਈ ਟੁੱਟ, ਵਿਛੜਿਆਂ ਮੇਲਾ ਮੇਲਣਾ ਸਹਿਜ ਸੁਭਾਈਆ । ਜਿਸ ਦੇ ਭਗਤ ਦਵਾਰ ਵਿਚ ਭਗਤਾਂ ਬੰਨ੍ਹੇ ਗੁੱਟ, ਫਾਂਦੀ ਜਗਤ ਵਾਲੀ ਵਖਾਈਆ । ਉਹ ਵਾਇਦੇ ਕੌਲ ਇਕਰਾਰ ਤੋਂ ਕਦੇ ਨਾ ਜਾਏ ਛੁਟ, ਜਿੰਨਾਂ

੧੯੨੫
੨੩

ਚਿਰ ਭਗਤੋ ਤੁਹਾਡਾ ਛੁਟਕਾਰਾ ਲੱਖ ਚੁਰਾਸੀ ਵਿਚੋਂ ਨਾ ਆਪ ਕਰਾਈਆ । ਇਹ ਖ਼ੁਸ਼ੀਆਂ ਵਾਲੀ ਲੁੱਟ, ਲੁਟੇਰਿਓ ਲੁੱਟਣਾ ਚਾਈਂ ਚਾਈਆ । ਨਾਮ ਰਸ ਦਾ ਪੀਓ ਪਿਆਲਾ ਬਿਨਾ ਬੁੱਲਾਂ ਬੁਟ, ਅੰਮਿਉਂ ਰਸ ਅੰਦਰੋਂ ਦਏ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜਮਨਾ ਕਹੇ ਮੇਰਾ ਕਿਨਾਰਾ ਕੰਢਾ ਘਾਟ, ਥਲ ਮਾਰੂ ਰੇਤਾ ਦਏ ਗਵਾਹੀਆ । ਜਿਸ ਨੇ ਕਲਜੁਗ ਅੰਤਮ ਕਟਣੀ ਵਾਟ, ਲੇਖਾ ਕੂੜੀ ਕਿਰਿਆ ਦਏ ਗਵਾਈਆ । ਉਹ ਮਾਲਕ ਸਵਾਮੀ ਧੁਰ ਦਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਨਿਰਗੁਣ ਧਾਰ ਨਿਰਗੁਣ ਹੋਵੇ ਨਾਤ, ਨਾਤਾ ਜੋੜੇ ਸਹਿਜ ਸੁਭਾਈਆ । ਜਿਸ ਦੀਨ ਮਜ਼੍ਹਬ ਬਣਾਉਣੀ ਇਕੋ ਜਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਸਚ ਪ੍ਰੇਮ ਦੀ ਪਰਗਟਾ ਕੇ ਇਕ ਪਰਭਾਤ, ਸੰਧਿਆ ਸਰਘੀ ਨਾ ਕੋਇ ਦਰਸਾਈਆ । ਸਭ ਦਾ ਪੂਰਾ ਕਰਨਾ ਭਵਿਖਤ ਵਾਕ, ਵਾਕਿਆ ਵੇਖੇ ਥਾਉਂ ਥਾਈਆ । ਦਿੱਲੀ ਦਵਾਰ ਖੋਲ ਕੇ ਤਾਕ, ਭਗਤ ਦਵਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਭਗਤ ਦਵਾਰ ਕਹੇ ਭਗਤੋ ਮੇਰੀ ਇਕ ਅਰਜ਼ੋਈ, ਬੇਨੰਤੀ ਬਿਨੈ ਕਰ ਕੇ ਦਿਆਂ ਜਣਾਈਆ । ਕਿਸੇ ਦੀ ਸੁਰਤ ਰਹੇ ਨਾ ਸੋਈ, ਸੁੱਤਿਓ ਲਓ ਅੰਗੜਾਈਆ । ਬਿਨਾ ਸਤਿਗੁਰ ਸ਼ਬਦ ਤੋਂ ਦੋ ਜਹਾਨ ਮਿਲੇ ਨਾ ਢੋਈ, ਅਗੇ ਪਿਛੇ ਸਿਰ ਹੱਥ ਨਾ ਕੋਇ ਟਿਕਾਈਆ । ਇਹ ਵਕਤ ਸੰਭਾਲਦਾ ਕੋਈ ਕੋਈ, ਬਿਨਾ ਪ੍ਰਭੂ ਕਿਰਪਾ ਤੋਂ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜੇ ਤੁਹਾਡੀ ਆਤਮਾ ਪਰਮਾਤਮਾ ਦੇ ਪਿਆਰ ਵਿਚ ਜਾਏ ਮੋਹੀ, ਮੁਹੱਬਤ ਕਰਨ ਵਾਲਿਓ ਮੁਹੱਬਤ ਦਾ ਲੇਖਾ ਪੂਰਾ ਦਏ ਕਰਾਈਆ ।
੧੯੨੬ ੨੩ ਤੁਹਾਡ ਝਗੜਾ ਮੇਟੇ ਪੰਜ ਗਰੋਹੀ, ਤਨ ਵਜੂਦ ਕਰੇ ਸਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਨਾਰਦ ਕਹੇ ਮੈਂ ਜੁਗ ਜੁਗ ਵੇਖਦਾ ਆਇਆ ਅਬਾਦੀਆਂ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਮੈਂ ਫਿਰਦਾ ਰਿਹਾ ਵਾਂਗ ਜਗਤ ਲਾਗੀਆਂ, ਭੱਜਿਆ ਵਾਹੋ ਦਾਹੀਆ । ਮੈਂ ਦੀਨ ਦੁਨੀ ਦੀਆਂ ਤੱਕਦਾ ਰਿਹਾ ਸ਼ਾਦੀਆਂ, ਸ਼ਾਦਿਆਨੇ ਕੂੜ ਕੁੜਿਆਰ ਸੁਣੇ ਚਾਈਂ ਚਾਈਆ । ਮੈਨੂੰ ਕੋਟਾਂ ਵਿਚੋਂ ਇਕ ਦੋ ਚਾਰ ਭਗਤਾਂ ਦੀਆਂ ਆਤਮਾਂ ਲਾਧੀਆਂ, ਜਿਨ੍ਹਾਂ ਦੀ ਪ੍ਰਭ ਨਾਲ ਮਿਲ ਕੇ ਵੱਜੇ ਵਧਾਈਆ । ਉਨ੍ਹਾਂ ਦੀਆਂ ਖ਼ਾਹਿਸ਼ਾਂ ਉਨ੍ਹਾਂ ਨੇ ਆਪਣੇ ਅੰਦਰੋਂ ਅਰਾਧੀਆਂ, ਅਰਾਧਨਾ ਵਿਚ ਰਾਧਕਾ ਸੁਰਤੀ ਬੈਠੀ ਸੀਸ ਨਿਵਾਈਆ । ਉਨ੍ਹਾਂ ਦੀਆਂ ਰੀਸਾਂ ਕਾਹਦੀਆਂ, ਜਿਨ੍ਹਾਂ ਨੂੰ ਮਿਲਿਆ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਜਗਤ ਦਾ ਭਗਤ ਭਗਵਾਨ ਚਲੇਗਾ ਸਮਾਜ, ਸਮਿਗਰੀ ਪ੍ਰਭੂ ਨੇ ਦੇਣੀ ਵਰਤਾਈਆ । ਜ਼ਰੂਰ ਚਾਰ ਵਰਨ ਦਾ ਹੋਵੇਗਾ ਇਕ ਰਵਾਜ, ਮਜ਼੍ਹਬੀ ਵੰਡ ਨਾ ਕੋਇ ਰਖਾਈਆ । ਸਾਰੀ ਦੀਨ ਦੁਨੀਆ ਜਾਏਗੀ ਜਾਗ, ਜਿਸ ਵੇਲੇ ਕਲਜੁਗ ਨੇ ਹਲੂਣਾ ਦਿਤਾ ਲਗਾਈਆ । ਚਾਰੋਂ ਕੁੰਟ ਘਰ ਘਰ ਉਡਣੇ ਕਾਗ, ਹੰਸ ਰੂਪ ਨਾ ਕੋਇ ਵਖਾਈਆ । ਬਿਨਾ ਭਗਤੀ ਤੋਂ ਭਗਤੋ ਕਦੇ ਨਹੀਂ ਹੁੰਦੇ ਵੱਡੇ ਭਾਗ, ਭਾਗਹੀਣ ਦਿਸੇ ਖ਼ਲਕ ਖ਼ੁਦਾਈਆ । ਤੁਹਾਡੇ ਅੰਦਰ ਜੋਤੀ ਦਾ ਜਗੇ ਚਿਰਾਗ਼, ਜੋਤੀ ਜਾਤਾ ਡਗਮਗਾਈਆ । ਤੁਹਾਡੇ ਖ਼ੁਸ਼ੀਆਂ ਦੇ ਕੰਤ ਸੁਹਾਗ, ਲਾੜੀਆਂ ਲਾੜਿਆਂ ਨਾਲ ਪਰਨਾਈਆ । ਜਿਨ੍ਹਾਂ ਦੇ ਅੰਦਰ ਨਾਮ ਦੀ ਵੱਜਦੀ ਰਹੇ ਰਬਾਬ, ਸੁਰਤੀ ਸ਼ਬਦ ਦੇ ਢੋਲੇ ਗਾਈਆ ।

੧੯੨੬ ੨੩

ਉਥੇ ਨਾ ਕੋਈ ਸਵਾਲ ਨਾ ਜਵਾਬ, ਜਵਾਬ ਤਲਬੀ ਨਾ ਕੋਇ ਰਖਾਈਆ । ਜਨ ਭਗਤੋ ਭਗਤ ਦਵਾਰਾ ਕਹੇ ਮੈਨੂੰ ਖ਼ੁਸ਼ੀਆਂ ਦਾ ਸਮਾਂ ਮਿਲ ਗਿਆ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਤੁਸਾਂ ਇਕ ਦੂਜੇ ਨਾਲ ਮੁਹੱਬਤ ਦੀ ਰੱਖਣੀ ਸਾਂਝ, ਜਗਤ ਨਾਤਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲਹਿਣਾ ਦੇਣਾ ਲੇਖਾ ਆਦਿ ਦਾ ਆਦਿ ਅੰਤ ਦਾ ਅੰਤ ਆਪਣੇ ਹੱਥ ਰਖਾਈਆ ।

✪ ੧੮ ਹਾੜ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਅਠਾਰਾਂ ਹਾੜ ਕਹੇ ਵੇਖੋ ਆ ਗਏ ਪੁਰਾਨ ਅਠਾਰਾਂ, ਅੱਖਰ ਅੱਖਰ ਮਿਲ ਕੇ ਵੱਜੇ ਵਧਾਈਆ । ਗਿਣਤੀ ਗਣਤ ਦਾ ਲੇਖਾ ਦੱਸਣ ਚਾਰ ਲੱਖ ਸਲੋਕ ਹਜ਼ਾਰ ਸਤਾਰਾਂ, ਭੇਵ ਅਭੇਦ ਜਣਾਈਆ । ਉਚੀ ਕੂਕਣ ਮਾਰਨ ਨਾਅਰਾ, ਦੋ ਜਹਾਨ ਸ਼ਨਵਾਈਆ । ਸਾਡਾ ਰਿਹਾ ਨਾ ਕਿਸੇ ਪਿਆਰਾ, ਪ੍ਰੇਮੀ ਪ੍ਰੇਮ ਵਿਚ ਨਾ ਕੋਇ ਸਮਾਈਆ । ਸੁਣ ਸਾਹਿਬ ਸਿਰਜਣਹਾਰਾ, ਦਰ ਤੇਰੇ ਸੀਸ ਨਿਵਾਈਆ । ਸਾਡਾ ਜਗਤ ਜਹਾਨ ਲੇਖਾ ਤੱਕ ਲੈ ਆਪ ਨਿਰੰਕਾਰਾ, ਨਿਰਵੈਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਾਨ ਅਠਾਰਾਂ ਕਹਿਣ ਨਾਲ ਯੁਗਤੀ, ਸਹਿਜ ਸਹਿਜ ਸੁਣਾਈਆ । ਸਾਨੂੰ ਪੜ੍ਹ ਕੇ ਜੁੜੇ ਕਿਸੇ ਨਾ ਸੁਰਤੀ, ਸੁਰਤ ਸ਼ਬਦ ਨਾ ਕੋਇ ਸਮਾਈਆ । ਕੀ ਤੇਰੀ ਖੇਲ ਅਕਾਲ ਮੂਰਤੀ, ਅਕਲ ਕਲਧਾਰੀ ਦੇਣੀ ਵਡਿਆਈਆ । ਕੀ ਤੇਰੀ ਆਵਾਜ਼ ਅਗੰਮੀ ਤੂਰ ਦੀ, ਤੁਰੀਆ ਤੋਂ ਬਾਹਰ ਸਮਝਾਈਆ । ਅਸੀਂ ਆਸ਼ਾ ਰੱਖੀ ਤੇਰੇ ਇਕੋ ਨੂਰ ਦੀ, ਨੂਰ ਨੁਰਾਨੇ ਨੂਰ ਲੈਣਾ ਪ੍ਰਗਟਾਈਆ । ਸਾਡੀ ਮਿੰਨਤ ਚੁਕਾਉਣੀ ਪਿਛਲੇ ਜੁਗ ਮਜ਼ਦੂਰ ਦੀ, ਮਜ਼ਦੂਰੀ ਸਹਿਜ ਨਾਲ ਵਰਤਾਈਆ । ਮੰਜ਼ਲ ਵੇਖ ਲੈ ਪਿਛੇ ਵਾਲੀ ਦੂਰ ਦੀ, ਅਗਾ ਨੇੜੇ ਨਜ਼ਰੀ ਆਈਆ । ਜਗਤ ਜਹਾਨ ਆਸ਼ਾ ਤੱਕ ਲੈ ਕੂੜ ਦੀ ਕੂੜ ਕੁਟੰਬ ਵੇਖ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਾਣ ਅਠਾਰਾਂ ਕਹਿਣ ਸਾਡੇ ਵਿਚੋਂ ਵੇਖ ਲੈ ਪੁਰਾਣ ਭਵਿਖ, ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਲੇਖ ਅਗੰਮਾ ਦਿਤਾ ਲਿਖ, ਭੇਵ ਅਭੇਦ ਦਿਤਾ ਦ੍ਰਿੜਾਈਆ । ਜਿਸ ਨੂੰ ਸਮਝੇ ਕੋਇ ਨਾ ਮੁਨ ਰਿਖ, ਜਗਤ ਜਗਿਆਸੂ ਭੇਵ ਕੋਇ ਨਾ ਪਾਈਆ । ਤੂੰ ਨਿਰਗੁਣ ਧਾਰ ਸਰਗੁਣ ਤੇਰੀ ਸਿਖਿਆ ਲੈ ਸਿਖ, ਸਾਖਿਆਤ ਪਰਦਾ ਆਪ ਉਠਾਈਆ । ਸਾਚੀ ਪਾਵੇ ਕੋਇ ਨਾ ਭਿਖ, ਮਾਂਗਤ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਪੁਰਾਣ ਅਠਾਰਾਂ ਕਹਿਣ ਸਾਡਾ ਲੇਖਾ ਵੇਖ ਲੈ ਜਗ, ਜਗ ਜੀਵਣ ਦਾਤੇ ਧਿਆਨ ਲਗਾਈਆ । ਸਾਨੂੰ ਪੜ੍ਹਨ ਵਾਲੇ ਹੋਏ ਅਲਪਗ, ਬੁੱਧੀ ਬੁਧ ਬਿਬੇਕ ਨਾ ਕੋਇ ਬਣਾਈਆ । ਤ੍ਰੈਗੁਣ ਮਾਇਆ ਲੱਗੀ ਸਭ ਨੂੰ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਤੇਰਾ ਦਰਸ਼ਨ ਮਿਲੇ ਨਾ ਕਿਸੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਮਿਲਣ ਕਿਸੇ ਨਾ ਆਈਆ । ਸਾਡਾ ਵਾਸਤਾ ਸਾਡੀ ਅੰਤਮ ਮੇਟ ਦੇ ਹੱਦ, ਹਦੂਦ ਅਵਰ ਰਹਿਣ ਨਾ ਪਾਈਆ । ਤੇਰੀ ਇਕੋ ਹੋਵੇ

ਯਦ, ਯਦੀ ਭੇਵ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅਠਾਰਾਂ ਪੁਰਾਣ ਕਹਿਣ ਸਾਡੇ ਵਿਚੋਂ ਵੱਡਾ ਪੁਰਾਣ ਸਕੰਦ, ਇਕਾਸੀ ਹਜ਼ਾਰ ਸਲੋਕ ਨਾਲ ਵਡਿਆਈਆ । ਜਿਸ ਵਿਚ ਲਹਿਣਾ ਦੇਣਾ ਸੂਰੀਆ ਚੰਦ, ਮੰਡਲ ਮੰਡਪ ਨਾਲ ਸੁਹਾਈਆ । ਜਿਸ ਵਿਚ ਗੋਬਿੰਦ ਦੀ ਧਾਰ ਲੇਖਾ ਲਿਖਿਆ ਪੁਰ ਅਨੰਦ, ਅੱਖਰ ਅੱਖਰਾਂ ਨਾਲ ਬਦਲਾਈਆ । ਜਗਤ ਧਿਆਏ ਭੇਵ ਖੋਲੇ ਤੂੰ ਮੇਰਾ ਮੈਂ ਤੇਰਾ ਗਾਉਣਾ ਛੰਦ, ਸ਼ਹਿਨਸ਼ਾਹ ਭੇਵ ਰਹੇ ਨਾ ਰਾਈਆ । ਜਿਸ ਵਿਚ ਕਲਜੁਗ ਕੂੜੀ ਕਿਰਿਆ ਜਾਏ ਲੰਘ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਤਨ ਵਜੂਦ ਪਵਿਤ੍ਰ ਰਹਿਣਾ ਨਹੀਂ ਕੋਈ ਤਤ ਪੰਜ, ਪੰਚਮ ਮਿਲਣ ਕੋਇ ਨਾ ਪਾਈਆ । ਜਿਧਰ ਵੇਖਣਾ ਘਰ ਘਰ ਹੋਣਾ ਰੰਜ, ਰੰਜਸ਼ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਕੰਦ ਕਹੇ ਮੈਨੂੰ ਲਿਖਿਆ ਨਾਲ ਸਲੋਕ ਹਜ਼ਾਰ ਇਕਾਸੀਆਂ, ਅਕਲ ਕਲਧਾਰੀ ਦਿਤੀ ਵਡਿਆਈਆ । ਮੈਨੂੰ ਖ਼ੁਸ਼ੀਆਂ ਆਵਣ ਹਾਸੀਆਂ, ਮੇਰੇ ਅੰਦਰ ਵੱਜੇ ਵਧਾਈਆ । ਮੈਂ ਮੰਡਲ ਤੱਕਾਂ ਰਾਸੀਆਂ, ਮੰਡਪਾਂ ਵੇਖ ਵਖਾਈਆ । ਮੈਂ ਖੇਲਾਂ ਜਾਣਾ ਪ੍ਰਿਥਮੀ ਆਕਾਸ਼ੀਆਂ ਗਗਨ ਗਗਨੰਤਰਾਂ ਫੇਲ ਫੁਲਾਈਆ । ਮੈਂ ਕਲਜੁਗ ਅੰਦਰ ਸਭ ਦੇ ਗਲ ਵਿਚ ਵੇਖਾਂ ਫਾਸੀਆਂ, ਤੰਦੀ ਤੰਦ ਨਾ ਕੋਇ ਕਟਾਈਆ । ਅੰਤਮ ਲਹਿਣਾ ਮੁਕਣਾ ਮਦਿਰਾ ਮਾਸੀਆਂ, ਧਰਨੀ ਧਰਤ ਧਵਲ ਧੌਲ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਨੇ ਬਿਨਾ ਤਨ ਵਜੂਦ ਤੋਂ ਤਤਾਂ ਦੀਆਂ ਲੈਣੀਆਂ ਤਲਾਸ਼ੀਆਂ, ਗ੍ਰਿਹ ਗ੍ਰਿਹ ਪਰਦੇ ਆਪ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੁਰਾਣ ਕਹਿਣ ਸਾਡੇ ਅੰਦਰ ਪ੍ਰਭੂ ਦਾ ਖੇਲ ਬਹੁ ਬਿਧ ਭਾਂਤੀ, ਵੇਦ ਵਿਆਸ ਦਿਤਾ ਜਣਾਈਆ । ਕਲਜੁਗ ਅੰਤ ਜ਼ਰੂਰ ਆਵੇ ਕੂੜ ਕਰਾਂਤੀ, ਜਿਸ ਨੂੰ ਮੇਟ ਸਕੇ ਕੋਇ ਨਾ ਰਾਈਆ । ਝਗੜਾ ਵੇਖਣਾ ਲੋਕਮਾਤੀ, ਮਾਤਰ ਭੂਮੀ ਧਿਆਨ ਲਗਾਈਆ । ਮਾਨਵ ਤੱਕਣੀ ਮਨੁੱਖਾਂ ਵਾਲੀ ਜਮਾਤੀ, ਮਾਨਸ ਪਰਦਾ ਆਪ ਖੁਲਾਈਆ । ਕਿਸੇ ਦੀ ਮੰਜ਼ਲ ਪੰਧ ਮੁਕੇ ਨਾ ਵਾਟੀ, ਪੌੜੀ ਡੰਡਾ ਚੜ੍ਹਨ ਕੋਇ ਨਾ ਪਾਈਆ । ਆਪਣੀ ਨਜ਼ਰ ਨਾ ਆਏ ਘਾਟੀ, ਘਾਟਾ ਹੋਵੇ ਖ਼ਲਕ ਖ਼ੁਦਾਈਆ । ਨੂਰ ਦਿਸੇ ਨਾ ਜੋਤ ਲਲਾਟੀ, ਨੂਰ ਨੁਰਾਨਾ ਡਗ ਨਾ ਕੋਇ ਮਗਾਈਆ । ਸਭ ਦੀ ਖੁਲ੍ਹੀ ਮੇਂਢੀ ਸੀਸ ਹੋਵੇ ਝਾਟੀ, ਮੇਂਢੀ ਹਕ ਨਾ ਕੋਇ ਗੁੰਦਾਈਆ । ਗੁਰ ਅਵਤਾਰ ਪੈਗ਼ੰਬਰ ਮਜ਼੍ਹਬਾਂ ਦੇ ਬਣਨ ਅਲਾਟੀ, ਹੱਦ ਸ਼ਰਅ ਵਾਲੀ ਵਖਾਈਆ । ਦੀਨ ਦੁਨੀਆ ਅੱਖਰਾਂ ਦੀ ਹੋਣੀ ਪਾਠੀ, ਬਿਨ ਰਸਨਾ ਧੁਨ ਨਾ ਕੋਇ ਸ਼ਨਵਾਈਆ । ਖੇਲ ਵੇਖਣਾ ਤੀਰਥ ਅੱਠ ਸੱਠ ਤਾਟੀ, ਕਿਨਾਰਿਆਂ ਧਿਆਨ ਲਗਾਈਆ । ਉਸ ਵੇਲੇ ਦੁਰਮਤ ਮੈਲ ਕਿਤੋਂ ਨਹੀਂ ਜਾਣੀ ਕਾਟੀ, ਪਤਤ ਪੁਨੀਤ ਨਾ ਕੋਇ ਬਣਾਈਆ । ਦੁਰਮਤ ਮੈਲ ਧੋਵੇ ਕੋਈ ਨਾ ਕਾਇਆ ਮਾਟੀ, ਪਾਪਾਂ ਕਰੇ ਸਫ਼ਾਈਆ । ਆਤਮ ਸੇਜ ਸੁਹੰਜਣੀ ਹੋਏ ਕਿਸੇ ਨਾ ਖਾਟੀ, ਖਟਕਾ ਅੰਦਰੋਂ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੁਰਾਣ ਅਠਾਰਾਂ ਕਹਿਣ ਜਨ ਭਗਤੋ ਅਸੀਂ ਤੁਹਾਡੇ ਪੁਰਾਣੇ ਸੱਜਣ, ਸਜਣੋ ਦਈਏ ਜਣਾਈਆ । ਸਤਿਗੁਰ ਸ਼ਬਦ ਜੁਗ ਜੁਗ ਆਵੇ ਪਰਦੇ ਕੱਜਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਪ੍ਰੇਮ ਕਰਾਏ ਮਜਨ, ਧੂੜੀ ਇਕ ਇਸਨਾਨ ਸਮਝਾਈਆ । ਸਚ ਪਿਆਰ ਦਾ ਕਰ ਕੇ ਸਗਨ, ਸਗਲੇ ਸੰਗੀ

੧੯੨੮
੨੩

ਲਏ ਉਪਜਾਈਆ । ਖੁਸ਼ੀਆਂ ਨਾਲ ਅੰਦਰੋਂ ਬੁਝਾ ਕੇ ਅਗਨ, ਅੰਮ੍ਰਿਤ ਮੇਘ ਬਰਸਾਈਆ । ਸਚ ਨਾਮ ਦੀ ਚਾੜ੍ਹ ਕੇ ਰੰਗਣ, ਰੰਗਤ ਇਕ ਵਖਾਈਆ । ਹਰਿਜਨ ਹਰਿ ਦਵਾਰੇ ਆਵੇ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭ ਮਿਹਰ ਕਰੇ ਸੂਰਾ ਸਰਬੰਗਣ, ਮਿਹਰਵਾਨ ਦਇਆ ਕਮਾਈਆ । ਨੇਤਰ ਨਾਮ ਦਾ ਪਾਵੇ ਅੰਞਣ, ਲੋਚਨ ਨੈਣ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਾਣ ਅਠਾਰਾਂ ਕਹਿਣ ਸਾਚਾ ਵੇਖੋ ਜਗਤ ਨਜ਼ਾਰਾ, ਨਜ਼ਰੀਆ ਦੀਨ ਦੁਨੀ ਬਦਲਾਈਆ । ਅਸੀਂ ਪੁੱਜੇ ਅੰਤ ਕਿਨਾਰਾ, ਘਾਟ ਪਤਣ ਡੇਰਾ ਲਾਈਆ । ਜਿਥੇ ਪ੍ਰਭੂ ਦਾ ਅੰਤ ਸਹਾਰਾ, ਦੂਜੀ ਓਟ ਨਾ ਕੋਇ ਤਕਾਈਆ । ਜਿਸ ਦਾ ਇਸ਼ਾਰਾ ਦੇਵਣ ਚਾਰ ਯਾਰਾ, ਮੁਹੰਮਦ ਸੈਨਤ ਨਾਲ ਸਮਝਾਈਆ । ਜਿਸ ਦਾ ਅਮਾਮ ਅਮਲਾਂ ਤੋਂ ਰਹਿਤ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਉਹ ਵੇਖਣ ਆਇਆ ਆਪ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜਿਸ ਨਿਰਗੁਣ ਧਾਰ ਖੇਲ ਖਿਲਾਇਆ ਦੁਬਾਰਾ, ਦੋਹਰਾ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਮੇਲਾ ਆਪ ਮਿਲਾਈਆ । ਪੁਰਾਣ ਕਹਿਣ ਅਠਾਰਾਂ ਵੇਖੋ ਅੱਠ ਦਸ ਦੀ ਧਾਰ, ਧਰਮੀਉਂ ਦਿਓ ਜਣਾਈਆ । ਕੀ ਖੇਲ ਕਰੇ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਨਾਲ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਆਪਣਾ ਲਹਿਣਾ ਦਏ ਚੁਕਾਈਆ । ਜੋ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਪਾਵੇ ਸਾਰ, ਮਹਾਸਾਰਥੀ ਹੋ ਕੇ ਭੱਜੇ ਵਾਹੋ ਦਾਹੀਆ । ਸੋ ਸਵਾਮੀ ਅੰਤਰਜਾਮੀ ਵੇਖਣਹਾਰਾ ਆਪ ਕਰਤਾਰ, ਕੁਦਰਤ ਦਾ ਕਾਦਰ ਨੂਰ ਅਲਾਹੀਆ । ਜਿਸ ਦਾ ਸਦਾ ਸਦਾ ਜਗਤ ਅੱਖਰਾਂ ਵਾਲਾ ਜੈਕਾਰ, ਢੋਲੇ ਸ਼ਬਦ ਗੀਤ ਨਾਦ ਅਨਾਦ ਸੁਣਾਈਆ । ਸੋ ਆ ਗਿਆ ਸਭ ਦਾ ਸਾਂਝਾ ਯਾਰ ਭਗਤਾਂ ਮੀਤ ਮੁਰਾਰ, ਮਿਤ੍ਰ ਪਿਆਰਾ ਇਕ ਅਖਵਾਈਆ । ਜਿਸ ਵਕਤ ਸੁਹੰਜਣਾ ਕੀਤਾ ਜਨ ਭਗਤੇ ਭਗਤ ਦਵਾਰ, ਭਗਵਨ ਹੋ ਕੇ ਦਏ ਵਡਿਆਈਆ । ਤੁਹਾਡਾ ਦਰ ਆਇਆਂ ਦਾ ਮਾਨਸ ਜਨਮ ਦਏ ਸੁਧਾਰ, ਜਗਤ ਸੁਧ ਬੁਧ ਦੀ ਲੋੜ ਰਹੇ ਨਾ ਰਾਈਆ । ਫੇਰ ਆਉਣਾ ਪਏ ਨਾ ਦੂਜੀ ਵਾਰ, ਜਨਮ ਜਨਮ ਨਾ ਕੋਇ ਬਦਲਾਈਆ । ਜੋ ਦਰ ਆ ਕੇ ਖ਼ੁਸ਼ੀਆਂ ਨਾਲ ਬੋਲ ਕੇ ਜਾਵਣ ਪੰਜ ਜੈਕਾਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਢੋਲੇ ਗਾਈਆ । ਸਭ ਦੇ ਲਹਿਣੇ ਦੇਣੇ ਦੇਵੇ ਕਰਜ਼ ਉਤਾਰ, ਮਕਰੂਜ਼ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਪੁਰਾਣ ਅਠਾਰਾਂ ਕਹਿਣ ਅਸੀਂ ਕੀ ਦੱਸੀਏ, ਦਹਿ ਦਿਸ਼ਾ ਧਿਆਨ ਲਗਾਈਆ । ਅਸੀਂ ਖ਼ੁਸ਼ੀਆਂ ਦੇ ਵਿਚ ਹੱਸੀਏ, ਹਸਤੀ ਤੱਕ ਬੇਪਰਵਾਹੀਆ । ਅੱਖਰਾਂ ਦਾ ਅੱਖਰ ਰੂਪ ਹੋ ਕੇ ਨੱਚੀਏ, ਟੱਪੀਏ ਕੁੱਦੀਏ ਚਾਈਂ ਚਾਈਆ । ਜੋੜ ਜੁੜਾ ਕੇ ਨਾਮ ਜਪੀਏ, ਜਗ ਜੀਵਣ ਦਾਤੇ ਢੋਲੇ ਗਾਈਆ । ਫਿਰ ਗੰਢ ਪਾਈਏ ਪੱਕੀਏ, ਆਦਿ ਜੁਗਾਦਿ ਨਾ ਕੋਇ ਤੁੜਾਈਆ । ਫਿਰ ਪੁਰਖ ਅਕਾਲਾ ਦੀਨ ਦਿਆਲਾ ਬਿਨ ਤਨ ਵਜੂਦ ਤੋਂ ਤੱਕੀਏ, ਨੂਰ ਨੁਰਾਨਾ ਨਜ਼ਰੀ ਆਈਆ । ਫਿਰ ਆਪਣਾ ਪਰਦਾ ਪ੍ਰਭ ਦੇ ਚਰਨਾਂ ਹੇਠ ਢੱਕੀਏ, ਦੂਸਰ ਓਢਣ ਨਾ ਕੋਇ ਰਖਾਈਆ । ਆਪਣਾ ਆਪ ਸਰਨ ਸਰਨਾਈ ਘੱਤੀਏ, ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਪੁਰਾਣ ਕਹਿਣ ਜਨ ਭਗਤੋ

ਤੁਹਾਨੂੰ ਮਿਲੇ ਵਧਾਈ, ਵਾਧਾ ਜਗਤ ਵਿਚ ਕਰਾਈਆ । ਤੁਹਾਡਾ ਮਾਲਕ ਜੋ ਵਸੇ ਥਲ ਅਸਗਾਹੀ, ਮਹੀਅਲ ਮਹਿਬੂਬ ਡੇਰਾ ਲਾਈਆ । ਓਹ ਵੇਖਣਹਾਰਾ ਚਾਈਂ ਚਾਈਂ, ਬਿਨ ਨੈਣਾਂ ਨੈਣ ਉਠਾਈਆ । ਇਸ ਵਕਤ ਸੁਹੰਜਣਾ ਕੀਤਾ ਭਗਤ ਦਵਾਰ ਰਿਹਾ ਸੁਹਾਈ, ਸੋਹਣਾ ਰੰਗ ਰੰਗਾਈਆ । ਹਰਿਜਨ ਪਕੜ ਉਠਾਏ ਫੜ ਕੇ ਬਾਹੀਂ, ਫੜ ਬਾਹੋਂ ਗਲੇ ਲਗਾਈਆ । ਸਤਿ ਮਾਰਗ ਰਿਹਾ ਪਾਈ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਥਾਉਂ ਥਾਈਂ, ਥਾਨ ਥਨੰਤਰ ਖੋਜ ਖੁਜਾਈਆ । ਤੁਸੀਂ ਜਨ ਭਗਤੋ ਪੰਧ ਮਾਰਿਆ ਖ਼ੁਸ਼ੀਆਂ ਨਾਲ ਹਿਲਾਉਂਦੇ ਆਏ ਬਾਹੀਂ, ਬਾਹੂ ਬਲ ਪ੍ਰਗਟਾਈਆ । ਢੋਲੇ ਗੀਤ ਆਏ ਗਾਈ, ਰਸਨਾ ਜਿਹਵਾ ਸਿਫ਼ਤ ਸਲਾਹੀਆ । ਦੂਰ ਦੁਰਾਡਾ ਪੰਧ ਮੁਕਾਈ, ਭਗਤ ਦਵਾਰੇ ਪਹੁੰਚੇ ਚਾਈਂ ਚਾਈਂਆ । ਪੁਰਾਣ ਕਹਿਣ ਜਨ ਭਗਤੋ ਜੋਤ ਧਾਰ ਦਾ ਦਰਸ਼ਨ ਕਰਨਾ ਜੋ ਮਾਲਕ ਇਕੋ ਮਾਹੀ, ਜੋ ਮਹਿਬੂਬ ਨੂਰ ਅਲਾਹੀਆ । ਜੋ ਜਨਮ ਜਨਮ ਦੀ ਮੇਟੇ ਸ਼ਾਹੀ, ਦੁਰਮਤ ਮੈਲ ਧਵਾਈਆ । ਸਭ ਦੀ ਆਸ਼ਾ ਪੂਰ ਕਰਾਈ, ਪੂਰਨ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਪੁਰਾਣ ਅਠਾਰਾਂ ਕਹਿਣ ਜਨ ਭਗਤੋ ਸਾਚੇ ਸਾਹਿਬ ਨਿਵਾਵੋ ਸੀਸ, ਸਿਰ ਸਿਰ ਹੱਥ ਟਿਕਾਈਆ । ਤੁਹਾਡਾ ਮਾਲਕ ਇਕ ਜਗਦੀਸ਼, ਜਗਦੀਸ਼ਰ ਅਗੰਮ ਅਥਾਹੀਆ । ਜਿਸ ਦੇ ਛੱਤਰ ਝੁਲਣਾ ਸੀਸ, ਨਿਰਗੁਣ ਸਰਗੁਣ ਵੇਖੇ ਆਪਣੀ ਖੇਲ ਬੇਪਰਵਾਹੀਆ । ਜਿਸ ਦਾ ਭੇਵ ਜਾਣੇ ਨਾ ਬੀਸ ਇਕੀਸ, ਏਕਾ ਦੂਆ ਵੰਡ ਨਾ ਕੋਇ ਵੰਡਾਈਆ । ਜਿਸ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਣੀ ਹਦੀਸ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਸਭ ਤੋਂ ਵੱਖਰੀ ਚਲਾ ਕੇ ਰੀਤ, ਮੰਦਰ ਮਸੀਤ ਪੰਧ ਮੁਕਾਈਆ ।



ਆਤਮ ਧਾਰ ਬੰਨ੍ਹ ਕੇ ਪ੍ਰੀਤ, ਪ੍ਰੀਤਮ ਹੋ ਕੇ ਮੇਲਾ ਲਏ ਮਿਲਾਈਆ । ਜਨ ਭਗਤੋ ਜਿਸ ਦਾ ਸੋਹੰ ਗਾਉਂਦੇ ਗੀਤ, ਉਹ ਗੋਬਿੰਦ ਇਕ ਅਖਵਾਈਆ । ਜਿਸ ਰੰਗ ਰੰਗਾਉਣਾ ਇਕੋ ਹਸਤ ਕੀਟ, ਊਚਾਂ ਨੀਚਾਂ ਦਏ ਵਡਿਆਈਆ । ਤੁਹਾਡੇ ਆਉਂਦਿਆਂ ਦੇ ਮੁਖ ਤੱਕੇ ਤੇ ਜਾਂਦਿਆਂ ਹੱਥ ਰੱਖੇ ਉਤੇ ਪੀਠ, ਪੁਸ਼ਤ ਪਨਾਹ ਆਪਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪੁਰਾਣ ਕਹੇ ਜਨ ਭਗਤੋ ਇਕ ਸੁਹੰਜਣੀ ਹੋਈ ਧਰਤ, ਧਵਲ ਮਿਲੀ ਵਡਿਆਈਆ । ਜਿਥੇ ਚਾਰ ਜੁਗ ਦੀ ਲੱਗੀ ਸ਼ਰਤ, ਸ਼ਰਅ ਵਾਲੇ ਕਸਮਾਂ ਗਏ ਖਾਈਆ । ਜਿਸ ਉਤੇ ਆਇਆ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਉਸ ਦਾ ਨਿਰਗੁਣ ਧਾਰ ਕਰੋ ਦਰਸ, ਸਨਮੁਖ ਹੋ ਕੇ ਡੇਰਾ ਲਾਈਆ । ਜਨਮ ਜਨਮ ਦੀ ਮੇਟੋ ਹਰਸ, ਹਵਸ ਕੂੜ ਦੇਣੀ ਮਿਟਾਈਆ । ਉਹ ਤੁਹਾਡੇ ਉਤੇ ਕਰੇ ਆਪੇ ਤਰਸ, ਰਹਿਮਤ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੁਰਾਣ ਕਹਿਣ ਜਨ ਭਗਤੋ ਤੁਹਾਨੂੰ ਮਿਲਦੀਆਂ ਖ਼ੁਸ਼ੀਆਂ, ਖ਼ੁਸ਼ੀਆਂ ਦੇ ਢੋਲੇ ਗਾਈਆ । ਤੁਹਾਡੇ ਕੋਲੋਂ ਕਰਮ ਕਾਂਡ ਦੀਆਂ ਕੋਈ ਨਹੀਂ ਗੱਲਾਂ ਪੁਛੀਆਂ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਪਤਤ ਪੁਨੀਤ ਬਣਾ ਕੇ ਸੁੱਚੀਆਂ, ਸੰਜਮ ਆਪਣੇ ਵਿਚ ਰਲਾਈਆ । ਆਤਮ ਧਾਰ ਬਦਲ ਕੇ ਰੁਚੀਆਂ, ਰਚਨਾ ਆਪਣੀ ਦਿਤੀ ਸਮਝਾਈਆ । ਤੁਹਾਡੀਆਂ ਮੰਜ਼ਲਾਂ ਬਣਾ ਕੇ ਉਚੀਆਂ, ਉਚ ਅਗੰਮ ਅਥਾਹ ਹੋਏ ਸਹਾਈਆ । ਤੁਹਾਡੀਆਂ ਰੂਹਾਂ ਰਹਿਣ ਨਾ ਸੁੱਤੀਆਂ, ਸੁੱਤਿਆਂ ਲਏ ਜਗਾਈਆ । ਜੇ ਤੁਹਾਡੀਆਂ ਪੰਧ ਮਾਰਦਿਆਂ ਘਸ ਗਈਆਂ ਜੁੱਤੀਆਂ, ਚਮੜੇ ਵਾਲਿਓ ਤੁਹਾਡੀ ਚੰਮੜੀ ਦੀ ਕੀਮਤ ਬਿਨਾ ਦਮੜਿਆਂ

ਦਏ ਚੁਕਾਈਆ । ਸਤਿਗੁਰੂ ਹੋ ਕੇ ਤੁਹਾਡੀਆਂ ਕਰੇ ਬੁਤੀਆਂ, ਬੁਤਖ਼ਾਨਿਆਂ ਵੇਖ ਵਖਾਈਆ । ਤੁਹਾਡੀਆਂ ਧਾਰਾਂ ਰਹਿਣ ਨਾ ਰੁੱਸੀਆਂ, ਰੁੱਸਿਆਂ ਲਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਹਾੜ ਕਹੇ ਮੈਂ ਅਠਾਰਾਂ ਵਾਲਾ ਦਿਨ, ਦਿਨ ਦੀਵੀ ਧਿਆਨ ਲਗਾਈਆ । ਸਭ ਦੀਆਂ ਆਸ਼ਾ ਲਈਆਂ ਮਿਣ, ਨਾਮ ਪੈਮਾਨਾਂ ਹੱਥ ਉਠਾਈਆ । ਮੈਂ ਖ਼ਾਹਿਸ਼ਾਂ ਲਈਆਂ ਗਿਣ, ਜਨ ਭਗਤੋ ਤੁਹਾਡੇ ਅੰਦਰ ਵੇਖ ਵਖਾਈਆ । ਮੈਂ ਫਿਰ ਕੇ ਆਇਆ ਵਿਚ ਛਿਨ, ਆਪਣਾ ਪੰਧ ਮੁਕਾਈਆ । ਮੇਰਾ ਨਜ਼ਰ ਨਾ ਆਇਆ ਚਿੰਨ੍ਹ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਂ ਕੀ ਮਹਿੰਮਾ ਦੱਸਾਂ ਗਿਣ, ਸਿਫ਼ਤਾਂ ਵਿਚ ਕੀ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਨੂੰ ਮਿਲੇ ਧਰਮ ਦਾ ਵਰ, ਧਰਮੀਉਂ ਧਰਮ ਧਾਰ ਦਿਆਂ ਜਣਾਈਆ । ਖ਼ੁਸ਼ੀਆਂ ਨਾਲ ਜਾਣਾ ਆਪਣੇ ਘਰ, ਗ੍ਰਿਹ ਮੰਦਰ ਵੇਖ ਵਖਾਈਆ । ਇਕੋ ਜਿਹਾ ਮਾਣ ਨਾਰੀ ਨਰ, ਬਿਰਧ ਬਾਲ ਜਵਾਨਾਂ ਇਕੋ ਰੰਗ ਰੰਗਾਈਆ । ਇਕੋ ਸਭ ਦਾ ਸਾਂਝਾ ਹਰਿ, ਜੋ ਹਰ ਹਿਰਦੇ ਵਿਚ ਸਮਾਈਆ । ਅੱਜ ਤੋਂ ਚੁਰਾਸੀ ਦਾ ਸਭਨੇ ਅੰਦਰੋਂ ਕੱਢ ਦੇਣਾ ਡਰ, ਫਾਸੀ ਰਾਏ ਧਰਮ ਕੋਇ ਨਾ ਪਾਈਆ । ਜਿਹੜੀ ਗੰਢ ਦੇ ਕੇ ਆਏ ਲੜ, ਕੰਨੀ ਸਤਿਗੁਰ ਨਾਲ ਬੰਧਾਈਆ । ਉਹ ਮੰਜ਼ਲ ਮੰਜ਼ਲ ਤੁਹਾਨੂੰ ਲੈ ਕੇ ਜਾਵੇ ਚੜ੍ਹ, ਦੋ ਜਹਾਨਾਂ ਪੰਧ ਮੁਕਾਈਆ । ਸਚਖੰਡ ਦਵਾਰੇ ਜਾਵੇ ਵੜ, ਆਉਂਦਾ ਜਾਂਦਾ ਵੇਖਣ ਕੋਇ ਨਾ ਪਾਈਆ । ਤੁਸਾਂ ਸਿਰਫ ਤੂੰ ਮੇਰਾ ਮੈਂ ਤੇਰਾ ਅੱਖਰ ਲੈਣਾ ਪੜ੍ਹ, ਦੂਜੀ ਲੋੜ ਰਹੇ ਨਾ ਰਾਈਆ । ਫੇਰ ਆਪੇ ਤੁਹਾਡੇ ਸਾਫ਼ ਕਰੇਗਾ ਧੜ, ਮਾਟੀ ਭਾਂਡੇ ਪੋਚ ਪੁਚਾਈਆ । ਜੋ ਵੇਖਣਹਾਰਾ ਚੇਤਨ ਜੜ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡੀਆਂ ਮਿਹਰਵਾਨੀਆਂ, ਜਗਤ ਜਹਾਨ ਨਜ਼ਰੀ ਆਈਆ । ਨਵ ਸੱਤ ਦਿਸਣ ਨਿਸ਼ਾਨੀਆਂ, ਨਿਸ਼ਾਨੇ ਕਲਜੁਗ ਕੂੜ ਕੂੜ ਬਦਲਾਈਆ । ਤੁਹਾਡੀਆਂ ਸਿਫ਼ਤਾਂ ਵਾਲੀਆਂ ਕਹਾਣੀਆਂ, ਅੱਖਰੀ ਅੱਖਰ ਢੋਲੇ ਗਾਈਆ । ਪ੍ਰਭੂ ਦੀ ਕਿਰਪਾ ਨਾਲ ਤੁਹਾਨੂੰ ਪੜ੍ਹਨੀਆਂ ਪਈਆਂ ਨਹੀਂ ਬਾਣੀਆਂ, ਬਾਣ ਅਣਿਆਲਾ ਤੀਰ ਤੁਹਾਡੇ ਅੰਦਰ ਦਿਤਾ ਲਗਾਈਆ । ਤੁਹਾਡਾ ਝਗੜਾ ਮੁਕ ਗਿਆ ਚਾਰੇ ਖਾਣੀਆਂ, ਖ਼ਾਲਕ ਆਪਣੇ ਰੰਗ ਰੰਗਾਈਆ । ਤੁਹਾਡਾ ਲਹਿਣਾ ਰਿਹਾ ਨਾ ਜੀਵ ਪ੍ਰਾਣੀਆਂ, ਪੁਰਾਣ ਅਠਾਰਾਂ ਦੇਣ ਵਡਿਆਈਆ । ਤੁਸਾਂ ਜਗਤ ਵਾਲੀਆਂ ਪਿਛੇ ਖ਼ੁਸ਼ੀਆਂ ਮਾਣੀਆਂ, ਮਨ ਮਨਸਾ ਨਾਲ ਰਲਾਈਆ । ਅਗੇ ਕਿਰਪਾ ਕਰੇ ਗੁਣ ਨਿਧਾਨੀਆਂ, ਹਰਿ ਕਰਤਾ ਧੁਰਦਰਗਾਹੀਆ । ਜੋ ਹਰ ਘਟ ਅੰਤਰ ਜਾਣੀ ਜਾਣੀਆਂ, ਜਾਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡਾ ਆਉਣਾ ਜਾਣਾ ਹੋਇਆ ਮਨਜ਼ੂਰ, ਖ਼ਾਲੀ ਰਹਿਣ ਕੋਇ ਨਾ ਪਾਈਆ । ਭਗਤ ਉਧਾਰਨਾ ਪ੍ਰਭੂ ਦਾ ਦਸਤੂਰ, ਜੁਗ ਚੌਕੜੀ ਰੀਤੀ ਚਲੀ ਆਈਆ । ਤੁਹਾਡਾ ਲਹਿਣਾ ਦੇਣਾ ਮੁਕਾਇਆ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਅੱਜ ਤੋਂ ਪਿਛਲੇ ਸਾਰੇ ਮਾਫ਼ ਕੀਤੇ ਕਸੂਰ, ਸ਼ਬਦੀ ਸ਼ਬਦ ਨਾਲ ਸਤਿਗੁਰ ਸ਼ਬਦ ਕਰੇ ਸਫ਼ਾਈਆ । ਨਾਮ ਨਿਧਾਨੇ ਨਾਲ ਕਰੇ ਭਰਪੂਰ, ਜੋ ਭਰਪੂਰ ਰਿਹਾ ਸਰਬ ਥਾਈਂਆ । ਤੁਹਾਡਾ ਪੰਧ ਲੇਖੇ ਲਾਏ ਜੋ ਆਏ ਨੇੜੇ ਦੂਰ, ਦੂਰ

੧੬੩੧
੨੩

ਦੁਰਾਡੇ ਪੰਧ ਮੁਕਾਈਆ । ਆਤਮ ਧਾਰ ਬਖ਼ਸ਼ ਕੇ ਨੂਰ, ਨੂਰ ਨੁਰਾਨਾ ਡਗਮਗਾਈਆ । ਸ਼ਬਦੀ ਸ਼ਬਦ ਦੇ ਸਰੂਰ, ਮਸਤੀ ਨਾਮ ਵਾਲੀ ਚੜ੍ਹਾਈਆ । ਮਨੂਆ ਮਨ ਨਾ ਪਾਏ ਫ਼ਤੂਰ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਸਚ ਸਵਾਮੀ ਅੰਤਰਜਾਮੀ ਮਿਲੇ ਆਪ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਹਾਜ਼ਰ ਹਜ਼ੂਰ, ਅੰਤ ਕੰਤ ਭਗਵੰਤ ਇਕੋ ਨਜ਼ਰੀ ਆਈਆ ।

### ✪ ੧ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਾਵਣ ਕਹੇ ਮੇਰਾ ਪ੍ਰਵਿਸ਼ਟਾ ਪਹਿਲਾ ਆਜ, ਆਜਜ਼ ਹੋ ਕੇ ਸਭ ਨੂੰ ਸੀਸ ਨਿਵਾਈਆ । ਮੇਰੇ ਪਰਮ ਪੁਰਖ ਪਰਮਾਤਮ ਆਤਮ ਸਭ ਦਾ ਬਦਲ ਰਿਵਾਜ, ਮਾਨਸ ਮਾਨਵ ਮਾਨੁਖ ਏਕਾ ਰੰਗ ਰੰਗਾਈਆ । ਜੁਗ ਜੁਗ ਜਗਤ ਉਧਾਰਨਾ ਤੇਰਾ ਕਾਜ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਸਤਿ ਧਰਮ ਦੀ ਖੋਲ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜ ਮੇਟ ਦੇ ਆਗ, ਅਗਨੀ ਅੱਗ ਨਾ ਲਾਗੇ ਰਾਈਆ । ਫੜ ਫੜ ਹੰਸ ਬਣਾ ਕਾਗ, ਗੁਰਮੁਖ ਗੁਰ ਗੁਰ ਨਾਮ ਮੋਤੀ ਚੋਗ ਚੁਗਾਈਆ । ਗ੍ਰਿਹ ਗ੍ਰਿਹ ਦੀਪਕ ਜੋਤ ਜਗਾ ਚਰਾਗ਼, ਅੰਧ ਅੰਧੇਰਾ ਦੇ ਮਿਟਾਈਆ । ਹਰ ਹਿਰਦੇ ਤੇਰੇ ਪਿਆਰ ਦਾ ਉਪਜੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਤ੍ਰੈਗੁਣ ਮਾਇਆ ਡਸਣੀ ਡਸੇ ਨਾ ਨਾਗ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਜਨ ਭਗਤਾਂ ਕਰ ਦੇ ਵਡ ਵਡ ਭਾਗ, ਸਿਰ ਸਿਰ ਆਪਣਾ ਹੱਥ ਰਖਾਈਆ । ਮੇਰੇ ਪਰਮ ਪੁਰਖ ਪਰਮਾਤਮ ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਬਣਾਈਆ । ਧੁਨ ਆਤਮਕ ਸੁਣਾ ਰਾਗ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਾਵਣ ਕਹੇ ਮੇਰਾ ਦਿਵਸ ਸੁਹੰਜਣਾ ਆਇਆ, ਪ੍ਰਭ ਦੇਣੀ ਮਾਣ ਵਡਿਆਈਆ । ਮੈਂ ਨਿਵ ਨਿਵ ਸੀਸ ਝੁਕਾਇਆ, ਦਰ ਤੇਰੇ ਲਾਗਾ ਪਾਈਆ । ਜਨ ਭਗਤਾਂ ਮੇਲਾ ਲੈਣਾ ਮਿਲਾਇਆ, ਮਿਲਣੀ ਹਰਿ ਜਗਦੀਸ਼ ਕਰਾਈਆ । ਭਾਂਡਾ ਭਰਮ ਦੇਣਾ ਭੰਨਾਇਆ, ਹਉਮੇ ਹੰਗਤਾ ਗੜ੍ਹ ਤੁੜਾਈਆ । ਗ੍ਰਿਹ ਮੰਦਰ ਦੇਣਾ ਸੁਹਾਇਆ, ਦਰ ਠਾਂਡੇ ਵੱਜੇ ਵਧਾਈਆ । ਦੀਪਕ ਦੀਪ ਦੇਣਾ ਜਗਾਇਆ, ਅੰਧ ਅੰਧੇਰਾ ਰਹੇ ਨਾ ਰਾਈਆ । ਮੈਂ ਦੋਏ ਜੋੜ ਵਾਸਤਾ ਪਾਇਆ, ਪਰਮ ਪੁਰਖ ਤੇਰੀ ਸਰਨਾਈਆ । ਨਵ ਨੌ ਚਾਰ ਪਿਛੋਂ ਚਲ ਕੇ ਆਇਆ, ਨੌ ਸੌ ਚੁਰਾਨਵੇਂ ਚੌਕੜੀ ਜੁਗ ਮੇਰੀ ਦਏ ਗਵਾਹੀਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਗਵਾਹ ਬਣਾਇਆ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਅੰਤ ਕੰਤ ਭਗਵੰਤ ਤੇਰੀ ਓਟ ਤਕਾਇਆ, ਤਕਵਾ ਅਵਰ ਨਾ ਕੋਇ ਰਖਾਈਆ । ਤੂੰ ਕਿਰਪਾ ਨਿਧਾਨ ਸ੍ਰੀ ਭਗਵਾਨ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਜਿਸ ਜੁਗ ਜੁਗ ਵੇਸ ਵਟਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਾਵਣ ਕਹੇ ਮੇਰਾ ਵਕਤ ਸੁਹੇਲਾ, ਸਾਜਣ ਮੀਤ ਜਣਾਈਆ । ਕਰੇ ਖੇਲ ਪ੍ਰਭ ਪਰਮ ਪੁਰਖ ਅਕੇਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ ।

ਜੋ ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣੀ ਬਣਤ ਬਣਾਈਆ । ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚਾ ਇਕ ਵਡਿਆਈਆ । ਜਿਸ ਨੇ ਭਗਤ ਭਗਵਾਨ ਕਰਾਇਆ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਉਹ ਅਚਰਜ ਖੇਲ ਅਗੰਮੀ ਖੇਲਾ, ਖ਼ਾਲਕ ਖ਼ਲਕ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਾਵਣ ਕਹੇ ਮੇਰਾ ਵਕਤ ਸੁਹਾਵਾ ਲੋਕਮਾਤ, ਧਰਨੀ ਧਰਤ ਧਵਲ ਧੌਲ ਵੱਜੇ ਵਧਾਈਆ । ਮੇਰੀ ਖ਼ੁਸ਼ੀਆਂ ਵਾਲੀ ਰਾਤ, ਢੋਲੇ ਗਾਵਾਂ ਗੋਬਿੰਦ ਮਾਹੀਆ । ਜਿਸ ਝਗੜਾ ਮੇਟਣਾ ਜ਼ਾਤ ਪਾਤ, ਦੀਨ ਦੁਨੀ ਇਕੋ ਰੰਗ ਰੰਗਾਈਆ । ਲੇਖਾ ਰਹੇ ਨਾ ਕਾਗ਼ਜ਼ਾਤ, ਕਾਗਦ ਕਲਮ ਸ਼ਾਹੀ ਦਏ ਗਵਾਹੀਆ । ਆਤਮ ਪਰਮਾਤਮ ਦੱਸ ਅਗੰਮੀ ਜਾਤ, ਜੋਤੀ ਜਾਤਾ ਪੁਰਖ ਬਿਧਾਤਾ ਕਰੇ ਪੜ੍ਹਾਈਆ । ਅੰਮ੍ਰਿਤ ਆਤਮ ਦੇ ਕੇ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਨਾਦ ਜਣਾ ਇਕਾਂਤ, ਬਿਨ ਰਸਨਾ ਜਿਹਵਾ ਢੋਲੇ ਆਪ ਦ੍ਰਿੜਾਈਆ । ਜੋਤੀ ਜੋਤ ਕਰ ਪ੍ਰਕਾਸ਼, ਨੂਰ ਨੁਰਾਨਾ ਨੂਰ ਚਮਕਾਈਆ । ਜਨ ਭਗਤਾਂ ਪੂਰੀ ਕਰੇ ਆਸ, ਤ੍ਰਿਸ਼ਨਾ ਕੂੜ ਜਗਤ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਾਵਣ ਕਹੇ ਪ੍ਰਭੂ ਮੇਰਾ ਦਿਵਸ ਸੁਹੰਜਣਾ ਚੰਗਾ, ਸਤਿ ਸਚ ਤੇਰੀ ਸ਼ਰਨਾਈਆ । ਖ਼ੁਸ਼ੀਆਂ ਮਨਾਵੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗੰਗੋਤਰੀ ਢੋਲੇ ਸੋਹਲੇ ਗਾਈਆ । ਤੇਰਾ ਨਾਮ ਨਿਧਾਨ ਦਾ ਸੁਣਨ ਮਰਦੰਗਾ, ਨਾਦ ਅਨਾਦੀ ਦੇਣਾ ਸ਼ਨਵਾਈਆ । ਨਾਲੇ ਨਿਗਾਹ ਮਾਰ ਲੈ ਤੱਕ ਲੈ ਤੀਰਥ ਤਟ ਸਰੋਵਰ ਕੰਢਾ, ਬਿਨ ਨੇਤਰਾਂ ਨੈਣ ਉਠਾਈਆ । ਅੰਮ੍ਰਿਤ ਰਸ ਜਲਧਾਰ ਰਿਹਾ ਨਾ ਠੰਡਾ, ਅਗਨੀ ਤਤ ਨਾ ਕੋਇ ਬੁਝਾਈਆ । ਪਵਿਤ ਦਿਸੇ ਕੋਇ ਨਾ ਪੰਡਾ, ਬੋਧ ਅਗਾਧ ਨਾ ਕੋਇ ਸਮਝਾਈਆ । ਚਾਰੋਂ ਕੁੰਟ ਭੇਖ ਪਾਖੰਡਾ, ਸਤਿ ਵਿਚ ਨਾ ਕੋਇ ਸਮਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰਾ ਆਤਮ ਹੋ ਗਿਆ ਰੰਡਾ, ਪਰਮ ਪੁਰਖ ਕੰਤ ਸੁਹਾਗ ਨਜ਼ਰ ਕੋਇ ਨਾ ਆਈਆ । ਸ਼ਬਦੀ ਧਾਰ ਤੇਰਾ ਦਿਸੇ ਕਿਸੇ ਨਾ ਖੰਡਾ, ਖੜਗਾਂ ਸਾਰੇ ਰਹੇ ਚਮਕਾਈਆ । ਜ਼ਰਾ ਨਿਗਾਹ ਮਾਰ ਲੈ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਧਿਆਨ ਲਗਾਈਆ । ਲੇਖਾ ਤੱਕ ਲੈ ਜੇਰਜ ਅੰਡਾ, ਉਤਭੁਜ ਸੇਤਜ ਖੋਜ ਖੁਜਾਈਆ । ਝਗੜਾ ਤੱਕ ਲੈ ਤਤ ਪੰਜਾ, ਪੰਚਮ ਧਾਰ ਸ਼ਬਦ ਸੁਣਨ ਕੋਇ ਨਾ ਪਾਈਆ । ਸਾਵਣ ਕਹੇ ਮੇਰੇ ਨੇਤਰ ਵਗਦੀਆਂ ਅੰਝਾਂ, ਬਿਨ ਨੈਣਾਂ ਨੀਰ ਵਹਾਈਆ । ਤੇਰਾ ਹਾਥ ਨਾ ਆਵੇ ਮੁਹਾਣਾ ਵੰਝਾ, ਥਲ ਅਸਗਾਹਾਂ ਵੇਖਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਾਵਣ ਕਹੇ ਮੇਰਾ ਵਕਤ ਸੁਹਾਇਆ ਆਪ, ਪ੍ਰਭ ਦੇਵੇ ਮਾਣ ਵਡਿਆਈਆ । ਤ੍ਰੈਗੁਣ ਮਾਇਆ ਮੇਟ ਕੇ ਤਾਪ, ਜਗਤ ਤ੍ਰਿਸ਼ਨਾ ਕੂੜ ਗਵਾਈਆ । ਤੂੰ ਮੇਰਾ ਮੈਂ ਤੇਰਾ ਦਸ ਕੇ ਜਾਪ, ਆਤਮ ਪਰਮਾਤਮ ਕਰੇ ਪੜ੍ਹਾਈਆ । ਸਚ ਸੰਦੇਸ਼ਾ ਦੇ ਕੇ ਪਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਿਰਗੁਣ ਧਾਰ ਜੋੜ ਕੇ ਨਾਤ, ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਾਵਣ ਕਹੇ ਮੈਂ ਖ਼ੁਸ਼ੀਆਂ ਗਾਵਾਂ ਗੀਤ, ਢੋਲੇ ਧੁਰਦਰਗਾਹੀਆ । ਮੇਰਾ ਪੁਰਖ ਅਕਾਲਾ ਮੀਤ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਲਖ ਚੁਰਾਸੀ ਬਦਲਣਹਾਰਾ ਨੀਤ, ਨੀਤੀਵਾਨ ਧੁਰਦਰਗਾਹੀਆ । ਲਹਿਣਾ ਦੇਣਾ ਜਾਣੇ ਹਸਤ ਕੀਟ, ਊਚਾਂ ਨੀਚਾਂ

ਵੇਖ ਵਖਾਈਆ । ਚਾੜ੍ਹਨਹਾਰਾ ਰੰਗ ਮਜੀਠ, ਜਗਤ ਜਹਾਨ ਉਤਰ ਕਦੇ ਨਾ ਜਾਈਆ । ਉਸ ਦਾ ਖੇਲ ਹੋਣਾ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਮਿਠਾ ਕੌੜਾ ਕਰਨਾ ਰੀਠ, ਜਨ ਭਗਤਾਂ ਅੰਮ੍ਰਿਤ ਰਸ ਜਾਮ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਝਟ ਨਾਰਦ ਕਹੇ ਕੀ ਕਹਿੰਦੇ ਸਾਵਣ ਜੀ, ਸਾਂਵਰੀਆ ਦੇ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਕਰਨਾ ਕੀ, ਕੀ ਕਰਤਾ ਪੁਰਖ ਖੇਲ ਖਿਲਾਈਆ । ਕਿਸ ਬਿਧ ਤੇਰੀ ਧਾਰ ਬਰਖੇ ਮੀਂਹ, ਮੇਘਲਾ ਕੀ ਵਡਿਆਈਆ । ਕਿਸ ਬਿਧ ਤ੍ਰਿਪਤ ਹੋਵੇ ਜੰਤ ਜੀ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਲਹਿਣਾ ਮੁਕੇ ਸਾਢੇ ਤਿੰਨ ਹੱਥ ਸੀਅ, ਤਨ ਵਜੂਦਾਂ ਪੰਧ ਮੁਕਾਈਆ । ਲੇਖਾ ਜਾਣੇ ਬੀਹ ਇਕੀਹ, ਏਕੰਕਾਰਾ ਕੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਨਾਰਦ ਕਹੇ ਸਾਵਣਾ ਸੋਹਣਿਆ ਸੁੱਤਿਆ ਉਠ, ਆਪਣੀ ਲੈ ਅੰਗੜਾਈਆ । ਤੂੰ ਲੁਕਿਆ ਕਿਹੜੀ ਗੁੱਠ, ਚਾਰੇ ਕੁੰਟਾਂ ਧਿਆਨ ਲਗਾਈਆ । ਕਵਣ ਧਾਰ ਪੁਰਖ ਅਕਾਲ ਰਿਹਾ ਤੁਠ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਵਣ ਰਸ ਅਗੰਮਾ ਦੇਵੇ ਘੁਟ, ਜਾਮ ਹਕੀਕੀ ਇਕ ਪਿਆਈਆ । ਜਿਸ ਨਾਲ ਕੂੜ ਕੁੜਿਆਰ ਦੀ ਰੀਤੀ ਜਾਵੇ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਓਹ ਵੇਖ ਲੈ ਕਿਸ ਬਿਧ ਚਾਰ ਵਰਨਾਂ ਪੈਣੀ ਫੁੱਟ, ਫੁਟਕਲ ਦਿਸੇ ਲੋਕਾਈਆ । ਤੂੰ ਮੇਰਾ ਮੈਂ ਤੇਰਾ ਫੜ ਲਵਾਂ ਗੁਟ, ਬਿਨ ਹੱਥਾਂ ਹੱਥ ਉਠਾਈਆ ।



ਦੀਨ ਦੁਨੀ ਦਾ ਨਾਤਾ ਜਾਏ ਟੁਟ, ਟੁਟਿਆਂ ਫੇਰ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਨਾਰਦ ਕਹੇ ਸਾਵਣਾ ਮੈਂ ਆਇਆ ਨਾਲ ਜ਼ੋਰ, ਸਹਿਜ ਨਾਲ ਜਣਾਈਆ । ਜਗਤ ਜਹਾਨ ਵੇਖਿਆ ਅੰਧੇਰਾ ਘੋਰ, ਘੋਰੀ ਬੈਠੇ ਮੁਖ ਛੁਪਾਈਆ । ਪੰਚ ਵਿਕਾਰ ਤੱਕਿਆ ਚੋਰ, ਘਰ ਘਰ ਚੋਰੀ ਸੰਨ੍ਹ ਲਗਾਈਆ । ਮਨੂਆ ਮਮਤਾ ਵਾਲਾ ਪਾਵੇ ਸ਼ੋਰ, ਸ਼ੌਹਰ ਬਾਂਕੇ ਭੈ ਨਾ ਕੋਇ ਰਖਾਈਆ । ਮੈਂ ਵੇਖਿਆ ਕਰ ਕੇ ਗ਼ੌਰ, ਬਿਨ ਨੈਣਾਂ ਨੈਣ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋ ਗਈ ਹੋਰ ਦੀ ਹੋਰ, ਅਵਰ ਦਾ ਅਵਰ ਰੂਪ ਬਦਲਾਈਆ । ਕਿਸੇ ਦਾ ਦਿਸੇ ਨਾ ਭਾਗ ਮਥੋਰ, ਮਥਨ ਹੁੰਦੀ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਸਾਵਣਾ ਮੈਂ ਦੂਰ ਦੁਰਾਡਾ ਆਇਆ ਭੱਜਾ, ਬਿਨ ਕਦਮਾਂ ਕਦਮ ਟਿਕਾਈਆ । ਮੈਂ ਨੌ ਸੱਤ ਦੀ ਵੇਖੀ ਜਗ੍ਹਾ, ਦੀਪਾਂ ਖੰਡਾਂ ਫੇਲ ਫੁਲਾਈਆ । ਜਿਧਰ ਵੇਖਾਂ ਕੂਕਦੀ ਕਜ਼ਾ, ਕਜ਼ਾਕ ਕਲਜੁਗ ਨਾਲ ਮਿਲਾਈਆ । ਪ੍ਰਭ ਦੀ ਚਲੇ ਕੋਇ ਨਾ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਸੀਸ ਨਾ ਕੋਇ ਨਿਵਾਈਆ । ਮੈਂ ਸਭ ਦੀਆਂ ਪਾਰ ਕਰ ਕੇ ਆਇਆ ਹੱਦਾ, ਹਦੂਦਾਂ ਡੇਰਾ ਲਾਈਆ । ਨਾਮ ਕਲਮਿਆਂ ਵਾਲੀਆਂ ਵੇਖੀਆਂ ਯਦਾ, ਯਦੀ ਆਪਣੀ ਅੱਖ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸਾਵਣਾ ਮੇਰੀ ਬੋਦੀ ਗਈ ਭੀਜ, ਗਿੱਲੀ ਹੋ ਕੇ ਕੀ ਸੁਣਾਈਆ । ਓਹ ਤੱਕ ਲੈ ਕਲਜੁਗ ਪੂਰੀ ਹੁੰਦੀ ਰੀਝ, ਆਸ਼ਾ ਜਗਤ ਨਾਲ ਮਿਲਾਈਆ । ਜਿਸ ਦੀ ਸਤਿ ਦੀ ਚੰਗੀ ਲੱਗੇ ਕੋਇ ਨਾ ਚੀਜ਼, ਸਤਿ ਨਾਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੧੯੩੪
੨੩

ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਾਵਣ ਕਹੇ ਸੁਣ ਨਾਰਦਾ ਪੰਡਿਆ, ਬ੍ਰਾਹਮਣਾ ਤੈਨੂੰ ਦਿਆਂ ਜਣਾਈਆ । ਪਹਿਲੋਂ ਵੇਖ ਲੈ ਨਵ ਖੰਡਿਆ, ਧਰਨੀ ਧਰਤ ਧਵਲ ਧੌਲ ਅੱਖ ਉਠਾਈਆ । ਫੇਰ ਤੱਕ ਲੈ ਆਪਣੇ ਪੌੜੀ ਡੰਡਿਆ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਫੇਰ ਨਿਗਾਹ ਮਾਰ ਲੈ ਕਿਸ ਬਿਧ ਜਗਤ ਜਹਾਨ ਵੰਡਿਆ, ਦੀਨਾਂ ਮਜ਼੍ਹਬਾਂ ਰੰਗ ਰੰਗਾਈਆ । ਫੇਰ ਤੱਕ ਲੈ ਗੋਬਿੰਦ ਧਾਰ ਖੰਡਿਆ, ਜਿਸ ਦੀ ਧਾਰ ਸਕੇ ਨਾ ਕੋਇ ਬਦਲਾਈਆ । ਫੇਰ ਰਣਭੂਮੀ ਵੇਖ ਲੈ ਚੰਡ ਪ੍ਰਚੰਡਿਆ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਸਾਵਣਾ ਸੱਜਣਾ ਮੈਂ ਕੀ ਤੱਕਾਂ, ਬਿਨ ਅੱਖੀਆਂ ਅੱਖ ਉਠਾਈਆ । ਮੈਂ ਹਕੀਕਤ ਦੱਸਾਂ ਹਕਾ, ਹਕ ਹਕ ਜਣਾਈਆ । ਮੇਰਾ ਸਾਹਿਬ ਦੇ ਨਾਲ ਕੌਲ ਇਕਰਾਰ ਪੱਕਾ, ਵਾਅਦਾ ਕੂੜ ਨਾ ਕੋਇ ਰਖਾਈਆ । ਮੇਰਾ ਪ੍ਰਭੂ ਕਦੇ ਕਰੇ ਨਾ ਕਿਸੇ ਨਾਲ ਧੱਕਾ, ਜ਼ਬਰਦਸਤੀ ਜਾਬਰ ਹੋ ਨਾ ਕੋਇ ਵਖਾਈਆ । ਉਹ ਤੱਕ ਲੈ ਮਾਛੂਵਾੜੇ ਦੀ ਧਾਰ ਜੋ ਕਲਜੁਗ ਨੂੰ ਗੋਬਿੰਦ ਨੇ ਦਿਤਾ ਟਕਾ, ਧਰਨੀ ਧਰਤ ਧਵਲ ਧੌਲ ਨਾਲ ਮਿਲਾਈਆ । ਫੇਰ ਵੇਖ ਲੈ ਸਦੀ ਚੌਧਵੀਂ ਦਾ ਪੱਟਾ, ਅਲਿਫ਼ ਯੇ ਇਸ਼ਾਰੇ ਨਾਲ ਸਮਝਾਈਆ । ਬੀਸਵੀਂ ਵਕਤ ਜਾਵੇ ਟੱਪਾ, ਹਜ਼ਰਤ ਈਸਾ ਈਸਵੀਂ ਨਾਲ ਮਿਲਾਈਆ । ਸਤਿਗੁਰ ਸ਼ਬਦ ਸੱਜਣਾ ਲਾਉਣ ਵਾਲਾ ਆਪਣਾ ਅਗੰਮੀ ਠੱਪਾ, ਬਿਨ ਅੱਖਰਾਂ ਅੱਖਰ ਬਦਲਾਈਆ । ਜਿਸ ਕਲਜੁਗ ਦੀ ਬਦਲੀ ਸਤਿਜੁਗ ਦਾ ਕਰਨਾ ਵੱਟਾ, ਵਟਾਂਦਰਾ ਸਮਝ ਕੋਇ ਨਾ ਪਾਈਆ । ਦੀਨ ਦੁਨੀ ਦਾ ਤਨ ਵਜੂਦੀ ਚੀਥੜ ਵੇਖ ਲੈ ਫਟਾ, ਓਢਣ ਸੀਸ ਨਾ ਕੋਇ ਟਿਕਾਈਆ । ਮਾਨਵ ਧਾਰ ਤੱਕ ਲੈ ਰੱਟਾ, ਝਗੜਾ ਸਕੇ ਨਾ ਕੋਇ ਚੁਕਾਈਆ ।

੧੯੩੫ ੨੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਚੁਕਾਈਆ । ਨਾਰਦ ਕਹੇ ਸਾਵਣ ਕੁਛ ੧੯੩੫ ੨੩

ਮੈਥੋਂ ਲੈ ਲੈ ਸਿਖਿਆ, ਸੱਜਣਾ ਦਿਆਂ ਸਮਝਾਈਆ । ਉਠ ਤੱਕ ਲੈ ਬਿਨਾ ਅੱਖਰਾਂ ਤੋਂ ਲੇਖ ਲਿਖਿਆ, ਕਾਗ਼ਜ਼ ਕਲਮ ਸ਼ਾਹੀ ਰੰਗ ਨਾ ਕੋਇ ਰੰਗਾਈਆ । ਜਿਹੜਾ ਜਗ ਨੇਤਰ ਕਦੇ ਨਾ ਦਿਸਿਆ, ਰਸਨਾ ਜਿਹਵਾ ਸਿਫ਼ਤ ਨਾ ਕੋਇ ਸਲਾਹੀਆ । ਉਸ ਦੀ ਸਤਿਗੁਰ ਸ਼ਬਦ ਵੰਡ ਵੰਡਾਉਣੀ ਹਿੱਸਿਆ, ਦੂਸਰ ਹੱਥ ਨਾ ਕਦੇ ਫੜਾਈਆ । ਜਿਸ ਨੇ ਦੀਨ ਦੁਨੀ ਜਣਾਈ ਮਿਥਿਆ, ਉਹ ਮਥਨ ਕਰੇ ਲੋਕਾਈਆ । ਤੂੰ ਕਿਹੜੀ ਸੇਜਾ ਲਿਟਿਆ, ਸਾਵਣਾ ਉਠ ਕੇ ਲੈ ਅੰਗੜਾਈਆ । ਕਿਹੜੀ ਖ਼ੁਮਾਰੀ ਦੇ ਵਿਚ ਟਿਕਿਆ, ਮਸਤ ਮਸਤਾਨਿਆਂ ਹੋਸ਼ ਬਦਲਾਈਆ । ਨਾਰਦ ਕਹੇ ਮੈਂ ਬੋਦੀ ਨੂੰ ਹੱਥ ਲਾ ਲਾ ਪਿਟਿਆ, ਪਟਨੇ ਵਾਲੇ ਅਗੇ ਦੁਹਾਈਆ । ਜਿਸ ਸਭ ਦਾ ਲੇਖਾ ਕਰਨਾ ਚਿੱਟਿਆ, ਕਾਲਾ ਦਾਗ਼ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਨਾਰਦ ਕਹੇ ਸਾਵਣ ਮੇਰੀ ਬੋਦੀ ਵੇਖ ਲੈ ਹੱਸਦੀ, ਚਾਰ ਜੁਗ ਦੀਆਂ ਹਸਤੀਆਂ ਰਹੀ ਜਣਾਈਆ । ਬਿਨ ਕਦਮਾਂ ਚਰਨਾਂ ਨੱਸਦੀ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਉਹ ਬਣ ਗਈ ਵਣਜਾਰੀ ਜਸ ਦੀ, ਸਿਫ਼ਤੀ ਸਿਫ਼ਤੀ ਢੋਲੇ ਗਾਈਆ । ਉਸ ਦੀ ਖੇਲ ਅਨੋਖੀ ਵੱਖ ਦੀ, ਵੱਖਰੀ ਆਪਣੀ ਕਾਰ ਭੁਗਤਾਈਆ । ਸੰਦੇਸਾ ਦੇਵੇ ਪ੍ਰਭੂ ਨੇ ਖੇਲ ਕਰਨੀ ਨਹੀਂ ਕਿਸੇ ਪੱਖ ਦੀ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਉਹਦੀ ਆਸਾ ਵਣਜਾਰਨ ਹੋਣੀ ਨਹੀਂ ਦੀਨ ਮਜ਼੍ਹਬ ਵਾਲੇ ਹੱਟ ਦੀ, ਜਗਤ ਨਾਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

੧੯੩੬
੨੩

ਵਰ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਸਾਵਣਾ ਮੈਂ ਪੰਡਤ ਪੁਰਾਣਾ, ਨੌ ਸੌ ਚੁਰਾਨਵੇਂ ਚੌਕੜੀ ਜੁਗ ਦਾ ਹਾਲ ਸੁਣਾਈਆ । ਮੇਰਾ ਸ਼ਬਦ ਧਾਰ ਦਾ ਬਾਣਾ, ਤਤਵ ਤਤ ਨਾ ਕੋਇ ਰਖਾਈਆ । ਮੇਰਾ ਬਿਨਾ ਰਸਨਾ ਤੋਂ ਗਾਣਾ, ਬਿਨਾ ਅੱਖਰ ਅੱਖਰ ਜਣਾਈਆ । ਮੈਨੂੰ ਸਕੇ ਨਾ ਕੋਇ ਪਹਿਚਾਣਾ, ਜਗ ਨੇਤਰ ਵੇਖਣ ਕੋਇ ਨਾ ਆਈਆ । ਮੈਂ ਦੀਨ ਦੁਨੀ ਦਾ ਤੱਕਿਆ ਟਿਕਾਣਾ, ਨਵ ਸੱਤ ਵੇਖਾਂ ਥਾਉਂ ਥਾਈਂਆ । ਮੈਂ ਜਗਤ ਜਹਾਨ ਖਾਧਾ ਨਹੀਂ ਕੋਈ ਖਾਣਾ, ਤ੍ਰਿਸ਼ਨਾ ਪਿਆਸ ਨਾ ਕੋਇ ਰਖਾਈਆ । ਮੈਂ ਇਕ ਸੰਦੇਸ਼ਾ ਦੇਣਾ ਜੋ ਦੇਵੇ ਸ੍ਰੀ ਭਗਵਾਨਾ, ਭਗਵਨ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਜਣ ਇਕ ਅਖਵਾਈਆ । ਸਾਵਣ ਕਹੇ ਨਾਰਦਾ ਤੇਰੀ ਬੋਦੀ ਕੀ ਕੁਛ ਆਖਦੀ, ਸਚ ਦੇ ਦ੍ਰਿੜਾਈਆ । ਨਾਰਦ ਕਹੇ ਇਹ ਸ਼ਬਦ ਅਗੰਮੇ ਭਾਖਦੀ, ਜਿਸ ਦੀ ਭਾਸ਼ਾ ਸਮਝ ਕਿਸੇ ਨਾ ਆਈਆ । ਇਹ ਵਣਜਾਰਨ ਅਲਖਣਾ ਅਲਾਖ ਦੀ, ਅਲਖ ਅਗੋਚਰ ਦਏ ਵਡਿਆਈਆ । ਆਹ ਲੇਖਣੀ ਤੱਕ ਲੈ ਜਿਸ ਨੂੰ ਜਗਤ ਵਿਦਿਆ ਨਾ ਕੋਇ ਵਾਚਦੀ, ਬੁੱਧੀ ਨਾਲ ਨਾ ਕੋਇ ਸਮਝਾਈਆ । ਜਿਸ ਵਿਚ ਖੇਲ ਕਮਲਾਪਾਤ ਦੀ, ਕੀ ਪਤਿਪਰਮੇਸ਼ਵਰ ਹੁਕਮ ਵਰਤਾਈਆ । ਜਿਨ੍ਹ ਕਲਾ ਮਿਟਾਉਣੀ ਕਲਜੁਗ ਅੰਧੇਰੀ ਰਾਤ ਦੀ, ਸਤਿਜੁਗ ਸਤਿ ਚੰਦ ਚਮਕਾਈਆ । ਮੇਰੀ ਬੋਦੀ ਬਿਨ ਰਸਨਾ ਤੋਂ ਆਖਦੀ, ਬਿਨ ਬੁੱਲਾਂ ਬੁੱਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਦ੍ਰਿੜਾਈਆ । ਬੋਦੀ ਕਹੇ ਮੈਂ ਆਦਿ ਜੁਗਾਦਿ ਇਕ ਸਰੂਪ, ਏਕਾ ਵਿਚ ਸਮਾਈਆ । ਮੇਰਾ ਸ਼ਹਿਨਸ਼ਾਹ ਸ਼ਾਹੋ ਭੂਪ, ਹਰਿ ਕਰਤਾ ਧੁਰਦਰਗਾਹੀਆ । ਜੋ ਵਸੇ ਚਾਰੇ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਜਿਸ ਕਲਜੁਗ ਕੂੜਾ ਮੇਟਣਾ ਜੂਠ ਝੂਠ, ਕੂੜੀ ਕਿਰਿਆ ਡੇਰਾ ਢਾਹੀਆ । ਭਗਤ ਸੁਹੇਲੇ ਬਣਾਉਣੇ ਆਪਣੇ ਸਪੂਤ, ਪਿਤਾ ਪੂਤ ਗੋਦ ਟਿਕਾਈਆ । ਪਵਿਤ੍ਰ ਕਰਨੇ ਕਾਇਆ ਭਾਂਡੇ ਤਤ ਕਲਬੂਤ, ਕਾਇਆ ਕਾਅਬੇ ਕਰ ਰੁਸ਼ਨਾਈਆ । ਮੈਂ ਉਸ ਦਾ ਦੇਣ ਆਇਆ ਸਬੂਤ, ਸੋਹਲੇ ਢੋਲੇ ਸਚ ਸਚ ਸੁਣਾਈਆ । ਦੁਨੀਆਦਾਰੋ ਉਹ ਮਾਲਕ ਖ਼ਾਲਕ ਇਕ ਮਹਿਬੂਬ, ਮੁਹੱਬਤ ਵਾਲਾ ਨੂਰ ਅਲਾਹੀਆ । ਜੇ ਬਾਹਰ ਵੇਖੋ ਨਜ਼ਰ ਨਾ ਆਵੇ ਅੰਦਰ ਤੱਕੋ ਮੌਜੂਦ, ਸਨਮੁਖ ਬੈਠਾ ਸੋਭਾ ਪਾਈਆ । ਜਿਸ ਦੀ ਇਕੋ ਹੋਣੀ ਪੂਜ, ਦੂਜਾ ਇਸ਼ਟ ਨਾ ਕੋਇ ਮਨਾਈਆ । ਝਗੜਾ ਮੇਟਣਾ ਦੂਈ ਦੂਜ, ਦੁਤੀਆ ਭਾਉ ਦਏ ਮਿਟਾਈਆ । ਜਨ ਭਗਤਾਂ ਬਖ਼ਸ਼ ਕੇ ਆਪਣੀ ਸੂਝ, ਸੋਈ ਸੁਰਤੀ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਬੋਦੀ ਕਹੇ ਸਾਵਣਾ ਮੈਂ ਆਦਿ ਜੁਗਾਦੀ ਬੜੀ ਚਲਾਕ, ਜੁਗ ਚੌਕੜੀ ਦਿਆਂ ਸੁਣਾਈਆ । ਮੇਰਾ ਖੇਲ ਨਿਰਗੁਣ ਸਰਗੁਣ ਘਾਟ, ਤਤਾਂ ਵੰਡ ਨਾ ਕੋਇ ਵੰਡਾਈਆ । ਮੇਰੀ ਦੋ ਜਹਾਨ ਵਾਟ, ਬਿਨ ਵਜੂਦਾਂ ਭੱਜਾਂ ਵਾਹੋ ਦਾਹੀਆ । ਮੇਰੀ ਸੇਜ ਅਗੰਮੀ ਖਾਟ, ਸਿੰਘਾਸਣ ਅਗੰਮ ਅਥਾਹੀਆ । ਮੇਰੀ ਮੰਜ਼ਲ ਸਮਝੇ ਕੋਇ ਨਾ ਵਾਟ, ਪਾਂਧੀ ਪੰਧ ਨਾ ਕੋਇ ਮੁਕਾਈਆ । ਮੇਰੀ ਸਮਝੇ ਕੋਇ ਨਾ ਜ਼ਾਤ, ਜ਼ਾਤ ਪਾਤੀ ਵੰਡ ਨਾ ਕੋਇ ਵੰਡਾਈਆ । ਮੇਰਾ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਨਾਲ ਜੋੜਿਆ ਨਾਤ, ਨਾਤਾ ਬਿਧਾਤਾ ਇਕੋ ਇਕ ਬੰਧਾਈਆ । ਉਹ ਅੰਤਮ ਮੇਰੀ ਪੁਛੇ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਮੈਂ ਇਕੋ ਦੱਸਣੀ ਸਭ ਨੂੰ ਬਾਤ, ਬਾਤਨ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਬੋਦੀ ਕਹੇ ਮੇਰੀ ਬਾਤ ਇਕ ਅਨੋਖੀ, ਵੱਖਰੀ ਦਿਆਂ ਸੁਣਾਈਆ । ਜਨ ਭਗਤੋ ਪ੍ਰਭ ਦੀ ਮੰਜ਼ਲ ਬੜੀ ਸੌਖੀ, ਜੋ ਪ੍ਰਭ ਦੇ ਵਿਚ ਸਮਾਈਆ । ਪੜ੍ਹਨੀ ਪਏ ਕੋਇ ਨਾ ਪੋਥੀ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਬੁੱਧੀ ਹੋਵੇ ਕਦੇ ਨਾ ਥੋਥੀ, ਮਨ ਮਤ ਨਾ ਕੋਇ ਹਲਕਾਈਆ । ਇਕੋ ਵੇਖੇ ਨਿਰਮਲ ਜੋਤੀ, ਜੋਤੀ ਜਾਤਾ ਨਜ਼ਰੀ ਆਈਆ । ਜਿਸ ਦੇ ਆਤਮ ਧਾਰ ਸਾਰੇ ਗੋਤੀ, ਗੌਤਮ ਦਾ ਲੇਖਾ ਰਿਹਾ ਸਮਝਾਈਆ । ਪੈਗ਼ੰਬਰਾਂ ਉਸੇ ਦੇ ਇਸ਼ਾਰੇ ਦੀ ਲਾਈ ਸੋਟੀ, ਸੋਈ ਸੁਰਤ ਜਗਾਈਆ । ਜਿਹੜੀ ਮੰਜ਼ਲ ਪਾਈ ਵੇਦੀ ਸੋਢੀ, ਸੋ ਪੁਰਖ ਨਿਰੰਜਣ ਭੇਵ ਚੁਕਾਈਆ । ਬੋਦੀ ਕਹੇ ਮੈਂ ਹੱਥ ਲਾਇਆ ਨਹੀਂ ਕਿਸੇ ਦੀ ਗੋਡੀਂ, ਤਤਾਂ ਵਾਲਾ ਗੁਰੂ ਨਾ ਕੋਇ ਮਨਾਈਆ । ਮੈਂ ਕਮਲੀ ਨਹੀਂ ਕੋਝੀ, ਮਤਹੀਣ ਨਾ ਜਗਤ ਅਖਵਾਈਆ । ਮੈਂ ਆਦਿ ਆਦਿ ਜੁਗਾਦਿ ਜੁਗਾਦਿ ਇਕੋ ਦੀ ਹੋ ਗਈ, ਦੂਜਾ ਕੰਤ ਨਾ ਕੋਇ ਮਨਾਈਆ । ਏਕੇ ਦੀ ਸੇਜਾ ਸੋ ਗਈ, ਜਿਥੇ ਸੁੱਤਿਆਂ ਨਾ ਕੋਇ ਉਠਾਈਆ । ਆਪਣੀ ਦੋ ਜਹਾਨ ਦੀ ਮੈਲ ਧੋ ਗਈ, ਦੁਰਮਤ ਰਹੀ ਨਾ ਰਾਈਆ । ਇਕੋ ਪਿਆਰ ਮੁਹੱਬਤ ਵਿਚ ਮੋਹ ਗਈ, ਨਾਤਾ ਸਕੇ ਨਾ ਕੋਇ ਤੁੜਾਈਆ । ਪਰਮ ਪੁਰਖ ਦੀ ਜੋਤ ਨਾਲ ਛੋਹ ਗਈ, ਅੰਤ ਜੋਤ ਵਿਚ ਮਿਲ ਕੇ ਜੋਤ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਬੋਦੀ ਕਹੇ ਸਾਵਣਾ ਮੇਰਾ ਸਤਿਗੁਰ ਮੇਘ ਬਰਸਦਾ, ਬੂੰਦਾ ਬਾਂਦੀ ਸਮਝ ਕਿਸੇ ਨਾ ਆਈਆ । ਜਿਥੇ ਹਰਿ ਭਗਤ ਸੁਹੇਲਾ ਹੋਵੇ (ਤਰਸਦਾ), ਰਹਿਮਤ ਰਹੀਮ ਆਪ ਕਮਾਈਆ । ਦੁਖੜਾ ਮੇਟੇ ਅੰਦਰੋਂ ਦੁਖ ਰੋਗ ਸੋਗ ਹਰਖ ਦਾ, ਚਿੰਤਾ ਚਿਖਾ ਦਏ ਚੁਕਾਈਆ । ਬਿਨਾ ਭਗਤੀ ਤੋਂ ਭਗਤਾਂ ਨੂੰ ਜਦੋਂ ਪਰਖਦਾ, ਨੈਣ ਨੈਣਾਂ ਨਾਲ ਮਿਲਾਈਆ । ਉਹਦਾ ਪਿਆਰ ਭਰਿਆ ਹਰਸ ਦਾ, ਰਹਿਮਤ ਵਿਚ ਵਡਿਆਈਆ । ਉਹ ਲੇਖਾ ਲਾਵੇ ਜਨ ਭਗਤਾਂ ਕੀਤੀ ਅਰਜ਼ ਦਾ, ਮਨਜ਼ੂਰੀ ਆਪਣੇ ਹੱਥ ਰਖਾਈਆ । ਉਹ ਸਦਾ ਪਿਆਸਾ ਪ੍ਰੇਮੀਆਂ ਵਾਲੀ ਗ਼ਰਜ਼ ਦਾ, ਆਪਣੀ ਗ਼ਰਜ਼ ਨਾ ਕੋਇ ਰਖਾਈਆ । ਉਸ ਦਾ ਖੇਲ ਜੁਗੋ ਜੁਗ ਅਸਚਰਜ ਦਾ, ਅਚਰਜ ਲੀਲਾ ਆਪ ਵਖਾਈਆ । ਉਹਦਾ ਰੂਪ ਰੰਗ ਰੇਖ ਨਹੀਂ ਕੋਈ ਨਾਰੀ ਮਰਦ ਦਾ, ਤਨ ਵਜੂਦ ਨਾ ਕੋਇ ਵਡਿਆਈਆ । ਉਹਦਾ ਨਾਮ ਭੰਡਾਰਾ ਨਿਧਾਨਾ ਠੰਡਕ ਸਰਦ ਦਾ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਸਾਵਣਾ ਮੇਰੇ ਕੋਲ ਬਹੁਤ ਪੁਰਾਣੀਆਂ ਚਿੱਠੀਆਂ, ਚਾਰ ਜੁਗ ਦੇ ਸ਼ਾਸਤਰ ਕਹਿਣ ਕਿਛ ਨਾ ਪਾਈਆ । ਜਿਨ੍ਹਾਂ ਵਿਚ ਖ਼ਬਰਾਂ ਬਿਨਾ ਅੱਖਰਾਂ ਤੋਂ ਮਿੱਠੀਆਂ, ਮਿਠਾਸ ਵਿਚ ਆਸ ਪੂਰ ਨਾ ਕੋਇ ਕਰਾਈਆ । ਜਿਸ ਦੇ ਨਾਲ ਜੁਗ ਚੌਕੜੀਆਂ ਗਈਆਂ ਨਜਿੱਠੀਆਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਕੋਟਨ ਕੋਟ ਬੈਠੇ ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੀਆਂ ਧਾਰਾਂ ਜਿਸ ਦੇ ਵਿਚ ਲਿਟੀਆਂ, ਅਨੰਤ ਲਿਟਾਂ ਵਾਲੇ ਸ਼ੰਕਰ ਉਸੇ ਵਿਚ ਸਮਾਈਆ । ਉਸ ਦੀਆਂ ਖੇਲਾਂ ਮੈਂ ਬਿਨਾ ਅੱਖਾਂ ਤੋਂ ਡਿੱਠੀਆਂ, ਡਿੱਠੜਾ ਹਾਲ ਜਣਾਈਆ । ਜਿਸ ਦੇ ਵਿਚ ਸਭ ਦੀਆਂ ਸੁਰਤੀਆਂ ਟਿਕੀਆਂ, ਟਿਕਟਿਕੀ ਵਿਚ ਸਾਰੇ ਨੈਣ ਉਠਾਈਆ । ਉਸ ਦੀਆਂ ਬੀਤ ਗਈਆਂ ਪਤਾ ਨਹੀਂ ਕਿਤਨੀਆਂ ਮਿਤੀਆਂ, ਗਿਣਤੀ ਗਣਤ ਨਾ ਕੋਇ ਗਿਣਾਈਆ । ਉਸ ਦੀਆਂ ਹੁਣ ਨਵੀਆਂ ਚਲਣੀਆਂ ਥਿਤੀਆਂ, ਵਾਰ ਥਿਤ ਸੀਸ ਨਿਵਾਈਆ । ਸ਼ਬਦ ਦੀ ਧਾਰ ਬਦਲਣੀਆਂ ਲਿਪੀਆਂ, ਅੱਖਰ ਅੱਖਰਾਂ ਰੰਗ ਰੰਗਾਈਆ ।



੧੬੩੭
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਨਾਰਦ ਕਹੇ ਸਾਵਣਾ ਧੁਰਦੀ ਚਿੱਠੀ ਕੀ ਕੁਛ ਲਿਖਦੀ, ਲਗ ਮਾਤਰ ਸੰਗ ਨਾ ਕੋਇ ਰਖਾਈਆ । ਕੀ ਸ਼ਰਅ ਹੋਣੀ ਇਕ ਸਿੱਖ ਦੀ, ਸਿਖਿਆ ਸਿੱਖ ਵਿਚ ਕਿਸ ਬਿਧ ਪ੍ਰਗਟਾਈਆ । ਕੀ ਧਾਰ ਬਦਲਣੀ ਮੁਨ ਰਿਖ ਦੀ, ਰਿਖੀ ਰਿਖੀਸ਼ਰ ਵੇਖਣ ਨੈਣ ਉਠਾਈਆ । ਕੀ ਖੇਲ ਹੋਣੀ ਹਾਰ ਜਿੱਤ ਦੀ, ਜੀਵਣ ਜਗਤ ਸਮਝ ਕੁਛ ਨਾ ਪਾਈਆ । ਕੀ ਵਡਿਆਈ ਹੋਣੀ ਅਗੰਮੇ ਮਿਤ ਦੀ, ਮਿਤ੍ਰ ਪਿਆਰਾ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਚਿੱਠੀ ਦਾ ਲੇਖ ਵੱਖਰਾ, ਵੱਖਰਾ ਦਿਆਂ ਜਣਾਈਆ । ਜਿਸ ਲਹਿਣਾ ਦੇਣਾ ਮੇਟਣਾ ਇੱਟਾਂ ਪੱਥਰਾ, ਪਾਹਨ ਰੋਵਣ ਮਾਰਨ ਧਾਹੀਆ । ਜਿਸ ਲੇਖਾ ਪੂਰਾ ਕਰਨਾ ਗੋਬਿੰਦ ਸਥਰਾ, ਯਾਰੜਾ ਸੇਜ ਹੰਢਾਈਆ । ਜਿਸ ਦੀਨ ਦੁਨੀ ਨਾਲੋਂ ਧਰਮ ਦਾ ਰੂਪ ਕਰਨਾ ਵੱਖਰਾ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਦਾ ਹੁਕਮ ਵਿਚ ਪਰਤੇ ਕੋਇ ਨਾ ਪਤਰਾ, ਪਤਰਕਾ ਜਗਤ ਨਾ ਕੋਇ ਵਡਿਆਈਆ । ਉਸ ਦਾ ਲੇਖ ਲਿਖਿਆ ਜਾਏ ਨਾ ਵਿਚ ਸਤਰਾ, ਗਣਤੀ ਗਣਤ ਨਾ ਕੋਇ ਗਿਣਾਈਆ । ਮੈਨੂੰ ਉਸ ਦਾ ਸਦੀ ਚੌਧਵੀਂ ਦਿਸਦਾ ਖ਼ਤਰਾ, ਜੋ ਖ਼ਾਤਰ ਮੁਹੰਮਦ ਦੀ ਉਮਤ ਦਾ ਲਹਿਣਾ ਦਏ ਮੁਕਾਈਆ । ਕਿਸੇ ਦਾ ਹਿਸਾਬ ਰਹਿਣਾ ਨਹੀਂ ਛਤ੍ਰਾ ਬੱਕਰਾ, ਈਦਾਂ ਬਕਰੀਦਾਂ ਵੇਖਣ ਨੈਣ ਉਠਾਈਆ । ਮਜ਼੍ਹਬਾਂ ਦੀ ਧਾਰ ਲਗਾਉਣੀ ਟੱਕਰਾ, ਬਿਨ ਮਸਤਕ ਮਸਤਕ ਦਏ ਟਕਰਾਈਆ । ਜਿਸ ਦੇ ਹੁਕਮ ਦਾ ਚਲਣਾ ਚੱਕਰਾ, ਚਕ੍ਰਵਰਤੀਆਂ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪਣੇ ਹੱਥ ਰਖਾਈਆ । ਚਿੱਠੀ ਕਹੇ ਸਾਵਣਾ ਮੇਰਾ ਸੁਣਨਾ ਬੋਲਾ, ਅਨਬੋਲਤ ਕੀ ਜਣਾਈਆ । ਨਾ ਪਰਦਾ ਰਹੇ ਨਾ ਓਹਲਾ, ਭੇਵ ਅਭੇਦ ਖੁਲਾਈਆ । ਸਭ ਦਾ ਇਕੋ ਹੋਣਾ ਢੋਲਾ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜਾਈਆ । ਪੁਰਖ ਅਕਾਲ ਨੇ ਦਰ ਦਰਵਾਜ਼ਾ ਇਕੋ ਹੋਣਾ ਖੋਲਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਜੋਤੀ ਜਾਮਾ ਸ਼ਬਦ ਧਾਰ ਦਾ ਹੋਣਾ ਚੋਲਾ, ਚੋਲੀ ਸਮਝ ਕੋਇ ਨਾ ਪਾਈਆ । ਦੀਨ ਦੁਨੀ ਦਾ ਤੱਕਣਾ ਰੌਲਾ, ਖੇਲ ਵੇਖਣਾ ਥਾਉਂ ਥਾਈਂਆ । ਜਿਸ ਨੂੰ ਸਜਦਿਆਂ ਵਿਚ ਸਭ ਨੇ ਕਹਿਣਾ ਮੌਲਾ, ਮਾਲਕ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਚਿੱਠੀ ਕਹੇ ਸਾਵਣਾ ਮੈਂ ਪਤ੍ਰਕਾ ਨਹੀਂ ਪਾਤੀ, ਪਤਣਾਂ ਉਤੇ ਕਦੇ ਨਾ ਜਾਈਆ । ਮੇਰਾ ਦਿਸੇ ਨਾ ਕੋਇ ਜਮਾਤੀ, ਵਿਦਿਆ ਜਗਤ ਨਾ ਕੋਇ ਵਡਿਆਈਆ । ਮੇਰੀ ਨਜ਼ਰ ਨਾ ਆਵੇ ਕਾਪੀ, ਅੱਖਰ ਅੱਖਰ ਨਾ ਕੋਇ ਸਮਝਾਈਆ । ਮੇਰਾ ਵੇਖ ਲੈ ਵਡ ਪ੍ਰਤਾਪੀ, ਦੋ ਜਹਾਨ ਬੈਠੇ ਸੀਸ ਨਿਵਾਈਆ । ਪਰ ਯਾਦ ਕਰ ਲੈ ਅੰਤਮ ਤਕਣੇ ਕਲਜੁਗ ਕੂੜ ਕਰਮ ਦੇ ਪਾਪੀ, ਜਗਤ ਜਹਾਨ ਵੇਖ ਵਖਾਈਆ । ਮੇਰਾ ਸਤਿਗੁਰ ਸ਼ਬਦ ਦੂਲ੍ਹਾ ਇਕੋ ਹੋਣਾ ਸਾਥੀ, ਦੂਜਾ ਨਜ਼ਰ ਕੋਇ ਨਾ ਆਈਆ । ਮੇਰਾ ਖੇਲ ਤੱਕੇ ਪੁਰਖ ਸਮਰਾਥੀ, ਹਰਿ ਕਰਤਾ ਵਡ ਵਡਿਆਈਆ । ਮੈਂ ਆਦਿ ਜੁਗਾਦਿ ਜਿਸ ਦੀ ਮੰਨਾ ਆਖੀ, ਦੂਸਰ ਅੱਖ ਨਾ ਕਦੇ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਉਸ ਦੇ ਨਾਮ ਸ਼ਬਦ ਦੀ ਸੁਣਾਵਾਂ ਗਾਥੀ, ਸਿਫ਼ਤਾਂ ਨਾਲ ਸਲਾਹੀਆ । ਮੇਰੇ ਵਿਚੋਂ ਨਿਰਗੁਣ ਧਾਰ ਹੱਥ ਨਾ ਆਵੇ ਭਾਵੇਂ ਕੋਟਨ ਕੋਟ ਕਰਨ ਤਲਾਸ਼ੀ, ਨੇਤਰ ਨੈਣਾਂ ਵੇਖਣ ਕੋਇ ਨਾ ਪਾਈਆ । ਮੈਂ ਇਕ ਦਿਨ ਹੱਸ ਕੇ ਕਿਹਾ ਸ਼ੰਕਰ ਕੈਲਾਸ਼ੀ,

ਖ਼ੁਸ਼ੀਆਂ ਨਾਲ ਜਣਾਈਆ । ਉਠ ਵੇਖ ਲੈ ਜਗਤ ਵਾਲੀ ਬਦਮਾਸ਼ੀ, ਤਨ ਵਜੂਦਾਂ ਧਿਆਨ ਲਗਾਈਆ । ਬ੍ਰਹਮੇ ਇਸ਼ਾਰਾ ਕੀਤਾ ਕਿੱਥੇ ਤੇਰਾ ਬ੍ਰਹਮ ਨੂਰ ਪ੍ਰਕਾਸ਼ੀ, ਜੋਤੀ ਜੋਤ ਧਿਆਨ ਲਗਾਈਆ । ਵਿਸ਼ਨੂੰ ਕਿਹਾ ਕਿਉਂ ਦੀਨ ਦੁਨੀ ਦਿਸੇ ਉਦਾਸੀ, ਰਿਜ਼ਕ ਭੰਡਾਰੀ ਕੀ ਤੇਰੀ ਵਡ ਵਡਿਆਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕਿਹਾ ਆਪਣੀ ਮੰਜ਼ਲ ਦੀ ਤੱਕੇ ਰਾਸੀ, ਮਹਿਫ਼ਲ ਨਾਮ ਕਲਮਿਆਂ ਨਾਲ ਲਗਾਈਆ । ਤਨ ਸਰੀਰਾਂ ਤੱਕੇ ਪੋਸ਼ਾਕੀ, ਜੋ ਬਸਤਰ ਸ਼ਸਤਰ ਆਏ ਜਣਾਈਆ । ਤਨ ਵਜੂਦ ਵੇਖੋ ਖ਼ਾਕੀ, ਬਿਨ ਨੈਣਾਂ ਨੈਣ ਉਠਾਈਆ । ਕਿਉਂ ਨਾ ਤੁਹਾਡੇ ਹੁੰਦਿਆਂ ਅੰਦਰੋਂ ਖੁਲ੍ਹੇ ਬੰਦ ਕਿਵਾੜੀ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸ਼ਬਦ ਘੋੜ ਚੜ੍ਹੇ ਕੋਇ ਨਾ ਰਾਕੀ, ਜਗਤ ਜਹਾਨ ਪਾਰ ਨਾ ਕੋਇ ਕਰਾਈਆ । ਮਾਇਆ ਮਮਤਾ ਵੇਖ ਲੋਕਮਾਤੀ, ਲਾਲਚ ਲੋਭ ਨਾਲ ਹਲਕਾਈਆ । ਨਿਗਾਹ ਮਾਰੇ ਜ਼ਾਤ ਪਾਤੀ, ਊਚ ਨੀਚਾਂ ਖੋਜ ਖੁਜਾਈਆ । ਮਨ ਮਨਸਾ ਤੱਕੇ ਵੇਖੋ ਨਾਰ ਕਮਜ਼ਾਤੀ, ਸਤਿ ਵਿਚ ਨਾ ਕੋਇ ਸਮਾਈਆ । ਕਿਉਂ ਨਾ ਮਿਲੇ ਬੂੰਦ ਸਵਾਂਤੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਪਤ੍ਰਕਾ ਕਹੇ ਮੈਂ ਬਿਨਾ ਅੱਖਰਾਂ ਤੋਂ ਆਦਿ ਦੀ ਇਕੋ ਪਾਤੀ, ਪਤਿਪਰਮੇਸ਼ਵਰ ਦਿਤਾ ਬਣਾਈਆ । ਮੇਰੀ ਸਮਝੇ ਨਾ ਕੋਇ ਹਯਾਤੀ, ਜੀਵਣ ਸਮਝ ਕਿਸੇ ਨਾ ਆਈਆ । ਮੇਰੀ ਸਿਫ਼ਤ ਸਲਾਹ ਕਾਗ਼ਜ਼ਾਤੀ, ਚਾਰ ਜੁਗ ਦੇ ਸ਼ਾਸਤਰ ਰਹੇ ਗੁਣ ਗਾਈਆ । ਮੇਰਾ ਲਹਿਣਾ ਦੇਣਾ ਮੇਰੇ ਵਿਚ ਬਾਕੀ, ਬਾਕਾਇਦਾ ਦਿਆਂ ਸਮਝਾਈਆ । ਨਾਲੇ ਹੱਥ ਮਾਰਾਂ ਉਤੇ ਛਾਤੀ, ਛਤਰਧਾਰੀਆਂ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸਾਹਿਬ ਇਕ ਅਖਵਾਈਆ । ਪਤ੍ਰਕਾ ਕਹੇ ਸਾਵਣਾ ਮੇਰੇ ਵਿਚ ਡੂੰਘਾ ਰਾਜ਼, ਪਰਦਾ ਸਕੇ ਨਾ ਕੋਇ ਚੁਕਾਈਆ ।
੧੯੩੯ ੨੩ ਮੇਰੇ ਵਿਚ ਅਗੰਮੀ ਆਵਾਜ਼, ਜਗਤ ਸਰਵਣ ਸੁਣਨ ਕੋਇ ਨਾ ਪਾਈਆ । ਮੇਰਾ ਖੇਲ ਅਨੋਖਾ ਤੇ ਮੈਂ ਵੱਖਰੀ ਸਾਜਣ ਲਵਾਂ ਸਾਜ, ਸਾਜਣ ਮੀਤ ੧੯੩੯ ੨੩
ਮੈਨੂੰ ਦਏ ਵਡਿਆਈਆ । ਹੁਣ ਮੇਰਾ ਦਿਲ ਕਰਦਾ ਅਗਲਾ ਬਦਲ ਦੇਵਾਂ ਸਮਾਜ, ਸਮਗਰੀ ਨਾਮ ਵਾਲੀ ਵਰਤਾਈਆ । ਇਕੋ ਹੁਕਮ ਇਕੋ ਹੋਵੇ ਰਾਜ, ਰਈਅਤ ਇਕ ਅਖਵਾਈਆ । ਇਕੋ ਕਰਮ ਇਕੋ ਹੋਵੇ ਕਾਜ, ਕੂੜੀ ਕਿਰਿਆ ਨਾ ਕੋਇ ਵਡਿਆਈਆ । ਇਕੋ ਧਾਰ ਇਕ ਹੋਵੇ ਸਾਂਝ, ਦੂਸਰ ਵੰਡ ਨਾ ਕੋਇ ਵੰਡਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਭ ਦੀ ਵਗੇ ਆਂਝ, ਨੇਤਰ ਨੈਣਾਂ ਨੀਰ ਵਹਾਈਆ । ਭਰਾਂਤ ਭੁਲੇਖਾ ਰਹੇ ਨਾ ਤਤ ਪਾਂਜ, ਪੰਚਮ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸਵਾਮੀ ਦਇਆ ਕਮਾਈਆ । ਚਿੱਠੀ ਕਹੇ ਮੇਰਾ ਅੱਖਰਾਂ ਵਾਲਾ ਨਹੀਂ ਕੋਈ ਪ੍ਰਨੋਟ, ਜਗਤ ਜਹਾਨ ਵੰਡ ਨਾ ਕੋਇ ਵੰਡਾਈਆ । ਮੇਰਾ ਲਹਿਣਾ ਦੇਣਾ ਜੁਗ ਚੌਕੜੀ ਕੋਟ ਕੋਟ, ਕੋਟਨ ਕੋਟੀ ਜੁਗ ਗਏ ਵਿਹਾਈਆ । ਮੇਰੀ ਧਾਰ ਦੀ ਧਾਰ ਨਾਲੋਂ ਲੱਗੇ ਚੋਟ, ਚੋਟੀ ਚੜ੍ਹ ਕੇ ਦਿਆਂ ਸੁਣਾਈਆ । ਇਕੋ ਪੁਰਖ ਅਕਾਲ ਦੀ ਓਟ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਆਦਿ ਦਾ ਆਦਿ ਅੰਤ ਦਾ ਅੰਤ ਕੱਢਿਆ ਖੋਟ, ਸਤਿ ਸਚ ਨਾਲ ਮਿਲਾਈਆ । ਮੈਂ ਉਸੇ ਤੇ ਹੋ ਗਈ ਮੋਹਤ, ਮੁਹੱਬਤ ਵਿਚ ਸਮਾਈਆ । ਜਿਸ ਦਾ ਨੂਰ ਇਕੋ ਨਿਰਮਲ ਜੋਤ, ਜੋਤੀ ਜਾਤਾ ਅਗੰਮ ਅਥਾਹੀਆ । ਜਿਸ ਦੀ ਸੋਚੀ ਜਾਏ ਕੋਈ ਨਾ ਸੋਚ, ਬੁੱਧੀ ਵਿਚ ਨਾ ਕੋਇ ਵਡਿਆਈਆ । ਉਹ ਮੇਰੀ ਆਸ਼ਾ ਮਨਸਾ ਪੂਰੀ ਕਰੇ ਲੋਚ, ਲੋਚਾ ਆਪਣੀ ਨਾਲ ਮਿਲਾਈਆ । ਮੈਂ ਉਸ ਮੰਜ਼ਲ ਤੇ ਗਈ ਪਹੁੰਚ ਜਿਥੇ ਅਗਲਾ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪਤ੍ਰਕਾ ਕਹੇ ਮੈਂ ਸਦਾ ਰਹਿੰਦੀ ਮਗਨ, ਸਚ ਨਾਲ ਸੁਣਾਈਆ । ਜਨ ਭਗਤੋ ਤੁਹਾਡੇ ਵਾਸਤੇ ਮੰਗਾਇਆ ਸਗਨ, ਸ਼ਬਦੀ ਸ਼ਬਦ ਨਾਲ ਵਡਿਆਈਆ । ਤੁਹਾਡੀ ਅੰਦਰੋਂ ਲੱਗ ਜਾਏ ਲਗਨ, ਬਾਹਰੋਂ ਸਕੇ ਨਾ ਕੋਇ ਤੁੜਾਈਆ । ਘਰ ਘਰ ਵਿਚ ਦੀਪਕ ਜੋਤੀ ਜਗਣ, ਅੰਧ ਅੰਧੇਰ ਰਹੇ ਨਾ ਰਾਈਆ । ਤੁਹਾਡਾ ਮੇਲਾ ਨਾਲ ਗੋਪਾਲ ਮੂਰਤ ਮਦਨ, ਮਧ ਸੂਦਨ ਵੇਖ ਵਖਾਈਆ । ਤੁਹਾਨੂੰ ਸੁੱਤਿਆਂ ਨੂੰ ਲੋਕਮਾਤ ਆਏ ਸੱਦਣ, ਫੜ ਬਾਹੋਂ ਆਪ ਉਠਾਈਆ । ਪੂਰਬ ਦੇ ਲੇਖੇ ਲਹਿਣੇ ਮੁਤਾਬਿਕ ਤੁਹਾਡੇ ਪਰਦੇ ਆਵੇ ਕੱਜਣ, ਸਿਰ ਸਿਰ ਹੱਥ ਟਿਕਾਈਆ । ਪਤ੍ਰਕਾ ਕਹੇ ਜਨ ਭਗਤੋ ਨੌਂ ਸੌ ਚੁਰਾਨਮੇਂ ਚੌਕੜੀ ਜੁਗ ਦੇ ਪੁਰਾਣੇ ਸੱਜਣ, ਲੇਖਾ ਪਿਛਲਾ ਦਿਆਂ ਸਮਝਾਈਆ । ਚਰਨ ਧੂੜੀ ਕਰ ਲਓ ਮਜਨ, ਅਗੇ ਦੁਰਮਤ ਮੈਲ ਰਹੇ ਨਾ ਰਾਈਆ । ਤੁਹਾਡਾ ਪਵਿਤ੍ਰ ਹੋਵੇ ਬਦਨ, ਪੰਜ ਤਤ ਦਾ ਲੇਖਾ ਰਹੇ ਨਾ ਰਾਈਆ । ਸੀਸ ਰਹੇ ਕਿਸੇ ਨਾ ਨਗਨ, ਓਢਣ ਆਪਣਾ ਨਾਮ ਜਣਾਈਆ । ਲੱਖ ਚੁਰਾਸੀ ਵਿਚੋਂ ਆਇਆ ਕੱਢਣ, ਫੜ ਬਾਹੋਂ ਪਾਰ ਕਰਾਈਆ । ਆਤਮ ਧਾਰ ਲਡਾਵੇ ਲਡਣ, ਪਰਮਾਤਮ ਹੋ ਕੇ ਦਇਆ ਕਮਾਈਆ । ਤੁਹਾਡਾ ਲਹਿਣਾ ਦੇਣਾ ਵੇਖੇ ਜਗਤ ਜਹਾਨ ਡੂੰਘੀ ਖੱਡਣ, ਭਵ ਸਾਗਰਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਚਿੱਠੀ ਕਹੇ ਪ੍ਰਭੂ ਤੇਰਾ ਵਾਇਦਾ ਤਾਰਨੇ ਭਗਤ, ਬਿਨ ਭਗਤੀਉਂ ਪਾਰ ਕਰਾਈਆ । ਹੁਣ ਵੇਲਾ ਵਕਤ ਵੇਖ ਲੈ ਜਗਤ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਸਚ ਸੁਹੰਜਣਾ ਕਰ ਦੇ ਵਕਤ, ਵੇਲਾ ਆਪਣੇ ਰੰਗ ਰੰਗਾਈਆ । ਤੂੰ ਜੁਗ ਜੁਗ ਆਵੇਂ ਕਾਰਨ ਭਗਤਾਂ ਫ਼ਕਤ, ਫ਼ਿਕਰਾ ਢੋਲਾ ਆਪਣਾ ਨਾਮ ਦ੍ਰਿੜਾਈਆ । ਤੇਰੀ ਆਦਿ ਦੀ ਆਦਿ ਸ਼ਕਤ, ਸ਼ਕਤੀਸ਼ਾਲੀ ਤੇਰੇ ਹੱਥ ਵਡਿਆਈਆ । ਲੇਖੇ ਲਾ ਲੈ ਬੂੰਦ ਰਕਤ, ਤਨ ਵਜੂਦਾਂ ਹੋ ਸਹਾਈਆ । ਇਹ ਤੇਰੇ ਜਿਗਰੇ ਲਖ਼ਤ, ਸੁਤ ਦੁਲਾਰੇ ਲੈਣੇ ਮਿਲਾਈਆ । ਆਪਣਾ ਅਸੂਲ ਨਾ ਰੱਖੀਂ ਸਖ਼ਤ, ਸਹਿਜ ਨਾਲ ਸਮਝਾਈਆ । ਕੀ ਹੋਇਆ ਜੇ ਹੁਣ ਸ੍ਰਿਸ਼ਟੀ ਤੇ ਪੈਣਾ ਵਖ਼ਤ, ਦੀਨ ਦੁਨੀ ਕੁਰਲਾਈਆ । ਭਗਤਾਂ ਦੀ ਭਗਤੀ ਵਿਚ ਕਰ ਲਈਂ ਬਚਤ, ਇਹ ਤੇਰੇ ਹੱਥ ਵਡਿਆਈਆ । ਪਤ੍ਰਕਾ ਕਹੇ ਜੇ ਮੇਰੇ ਉਤੇ ਅੱਖਰਾਂ ਵਾਲੀ ਨਹੀਂ ਲਿਖਤ, ਨਿਰਅੱਖਰ ਤੇਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਿਰਅੱਖਰ ਕਹਿਣ ਚਿੱਠੀਏ ਅਸੀਂ ਸਦਾ ਮੌਜੂਦ, ਸਾਡਾ ਰੂਪ ਨਾ ਕੋਇ ਬਦਲਾਈਆ । ਨਾ ਬਦਲੇ ਸਾਡਾ ਮਹਿਬੂਬ, ਜੋ ਸਾਡੀ ਮੁਹੱਬਤ ਵਿਚ ਸਮਾਈਆ । ਅਸੀਂ ਇਸ ਦੇ ਪਿਆਰ ਵਿਚ ਗਏ ਝੂਜ, ਆਪਣਾ ਆਪ ਮਿਟਾਈਆ । ਰੂਪ ਬਣਾਇਆ ਨਾ ਦੁਤੀਆ ਦੂਜ, ਏਕਾ ਰੰਗ ਸਮਾਈਆ । ਜੇ ਅਸੀਂ ਨਾ ਹੋਈਏ ਤੇ ਲੋਕਮਾਤ ਗ੍ਰੰਥਾਂ ਦੀ ਆਏ ਕੋਈ ਨਾ ਸੂਝ, ਅੱਖਰ ਅੱਖਰ ਨਾ ਕੋਇ ਵਡਿਆਈਆ । ਪ੍ਰਭੂ ਦਾ ਮਿਲੇ ਨਾ ਕੋਇ ਸਬੂਤ, ਪਾਰਬ੍ਰਹਮ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਿਰਅੱਖਰ ਕਹਿਣ ਜੇ ਅਸੀਂ ਨਾ ਬਣੀਏ ਸਾਥੀ, ਨਿਰਗੁਣ ਧਾਰ ਸੰਗ ਬਣਾਈਆ । ਕੀ ਖੇਲ ਕਰੇ ਪੁਰਖ ਸਮਰਾਥੀ, ਅਕਲ ਕਲਧਾਰੀ ਬੇਪ੍ਰਵਾਹੀਆ । ਬਿਨਾ ਸਾਥੋਂ ਸ਼ਬਦ ਧਾਰ ਨਾਲ ਜਗਤ ਚਲੇ ਕੋਇ ਨਾ ਗਾਥੀ, ਅਵਤਾਰ ਪੈਗ਼ੰਬਰ ਗੁਰ ਧੁਰ ਦਾ ਢੋਲਾ ਨਾ ਕੋਇ ਸੁਣਾਈਆ । ਸਾਡੀ ਮੰਜ਼ਲ ਦੂਰ ਨਜ਼ਰ ਨਾ ਆਵੇ ਘਾਟੀ, ਤਟ ਕਿਨਾਰਾ ਵੇਖਣ ਕੋਇ ਨਾ ਪਾਈਆ । ਸਾਡਾ

੧੯੪੦
੨੩

੧੯੪੧
੨੩

ਪੰਧ ਸਮਝੇ ਕੋਇ ਨਾ ਵਾਟੀ, ਆਦਿ ਜੁਗਾਦਿ ਕਹਿਣ ਕੁਛ ਨਾ ਆਈਆ । ਅਸੀਂ ਸਚ ਦੱਸੀਏ ਸਾਡਾ ਲਹਿਣਾ ਦੇਣਾ ਲੇਖਾ ਬਹੁ ਬਿਧ ਭਾਂਤੀ, ਜੁਗ ਜੁਗ ਖੇਲ ਖਿਲਾਈਆ । ਨਾਮ ਕਲਮੇ ਸਿਫ਼ਤਾਂ ਵਾਲੀ ਬਾਤੀ, ਬਾਤਨ ਦਾ ਭੇਵ ਖੁਲਾਈਆ । ਹੁਕਮ ਵਿਚ ਹੁਕਮ ਦੀ ਮਿਲੇ ਪਾਤੀ, ਪਤ੍ਰਕਾ ਪਤ੍ਰਕਾ ਨਾਲ ਬਣਾਈਆ । ਜਿਸ ਨੂੰ ਸਤਿਗੁਰ ਸ਼ਬਦ ਬਿਨਾ ਸਕੇ ਕੋਇ ਨਾ ਵਾਚੀ, ਵਾਚਕ ਨਜ਼ਰ ਕੋਇ ਨਾ ਆਈਆ । ਚਿੱਠੀ ਕਹੇ ਸਾਵਣਾ ਮੈਂ ਅਗੋਂ ਪਿਛੋਂ ਰਹਿੰਦੀ ਗਵਾਚੀ, ਜਿਸ ਵੇਲੇ ਜੁਗ ਬਦਲਣਾ ਹੋਵੇ ਤੇ ਮੈਂ ਪ੍ਰਗਟ ਹੋਵਾਂ ਚਾਈਂ ਚਾਈਆ । ਸੱਜਣਾ ਨਾ ਕੋਈ ਮੇਰਾ ਸਾਕ ਸੈਣ ਭਰਾ ਭੈਣ ਨਾ ਚਾਚਾ ਚਾਚੀ, ਸੌਹਰਾ ਪੇਈਆ ਵੰਡ ਨਾ ਕੋਇ ਵੰਡਾਈਆ । ਮੇਰਾ ਨਾਤਾ ਨਿਰਗੁਣ ਧਾਰ ਨਾਲ ਜਿਸ ਦਾ ਰੂਪ ਅਨੂਪ ਉਹ ਮਾਲਕ ਜੋਤ ਜ਼ਾਤੀ, ਜੋਤੀ ਜਾਤਾ ਇਕ ਅਖਵਾਈਆ । ਮੈਂ ਉਸ ਦੀ ਖੇਲ ਅਗੰਮੀ ਇਕ ਆਖੀ, ਪਹਿਲੀ ਸਾਵਣ ਦਿਆਂ ਸੁਣਾਈਆ । ਦੁਨੀਆਦਾਰੋ ਦੁਨੀਆ ਵਿਚ ਅੰਤ ਕਰਨੀ ਨਹੀਂ ਕਿਸੇ ਨੇ ਕਿਸੇ ਦੀ ਰਾਖੀ, ਰੱਖਕ ਨਜ਼ਰ ਕੋਇ ਨਾ ਆਈਆ । ਕਿਸੇ ਕੰਮ ਨਹੀਂ ਆਉਣੀ ਕਾਇਆ ਮਾਟੀ ਵਾਲੀ ਲਾਸ਼ੀ, ਲਸ਼ਕਰ ਖ਼ਾਕ ਖ਼ਾਕ ਵਿਚ ਮਿਲ ਜਾਈਆ । ਜੇ ਮਿਲ ਜਾਏ ਇਕ ਪੁਰਖ ਅਬਿਨਾਸ਼ੀ, ਅਬਗਤਿਓ ਗਤੀਆਂ ਤੋਂ ਆਪਣਾ ਘਰ ਵਖਾਈਆ । ਕੋਈ ਮੰਜ਼ਲ ਪੰਧ ਰਹੇ ਨਾ ਵਾਟੀ, ਝਗੜਾ ਝਗੜਿਆਂ ਵਾਲਾ ਚੁਕਾਈਆ । ਸ਼ਬਦ ਦੀ ਧਾਰ ਨਾਲ ਚਾੜ੍ਹ ਦੇਵੇ ਆਪਣੀ ਘਾਟੀ, ਜਿਥੇ ਮੰਜ਼ਲ ਵਾਲੀ ਮੰਜ਼ਲ ਨਾ ਕੋਇ ਬਦਲਾਈਆ । ਸਚ ਦਵਾਰਾ ਏਕੰਕਾਰਾ ਦੇਵੇ ਆਪ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਪਹਿਲੀ ਸਾਵਣ ਕਹੇ ਜਨ ਭਗਤੋ ਮੇਰੀ ਬੇਨੰਤੀ ਹੇ ਪ੍ਰਭੂ ਜਨ ਭਗਤਾਂ ਆਤਮਾ ਤੇਰੇ ਪਿਆਰ ਦੀ ਸਦਾ ਰਹੇ ਪਿਆਸੀ, ਪਿਆਸ ਦਿਆਂ ਪਿਆਰਿਆਂ ਸਵਾਸ ਸਵਾਸ ਆਪਣੀ ਪਿਆਸ ਰਖਾਈਆ । ਜਿੰਨਾਂ ਚਿਰ ਇਨ੍ਹਾਂ ਦਾ ਜਨਮ ਦਾ ਲੇਖਾ ਨਾ ਲਾਵੇਂ ਰਾਸੀ, ਰਸਤਾ ਦੀਨ ਦੁਨੀ ਬਦਲਾਈਆ । ਇਨ੍ਹਾਂ ਨੂੰ ਹੁਕਮ ਨਾ ਦੇਵੇ ਸ਼ੰਕਰ ਕੈਲਾਸ਼ੀ, ਰਾਏ ਧਰਮ ਚਿਤ੍ਰਗੁਪਤ ਲੇਖ ਨਾ ਕੋਇ ਜਣਾਈਆ । ਲਹਿਣਾ ਮੰਗੇ ਨਾ ਲਾੜੀ ਮੌਤ ਲੋਕਮਾਤੀ, ਲੇਖਾ ਜਗਤ ਵਾਲਾ ਜਣਾਈਆ । ਪ੍ਰਭੂ ਤੇਰੇ ਭਗਤ ਮਾਤਲੋਕ ਚਾਰ ਜੁਗ ਵਾਸਤੇ ਰਹਿ ਜਾਣ ਸੌਗਾਤੀ, ਜਿਨ੍ਹਾਂ ਦਾ ਨਾਮ ਜਸ ਗਾ ਕੇ ਦੀਨ ਦੁਨੀ ਆਪਣਾ ਸ਼ੁਕਰ ਮਨਾਈਆ । ਕਿਉਂ ਜਿਹੜੇ ਤੇਰੀ ਮੰਨਦੇ ਆਖੀ, ਤੇਰਿਆਂ ਅੱਖਰਾਂ ਵਿਚੋਂ ਆਪਣੇ ਅੱਖਰ ਗਏ ਬਦਲਾਈਆ । ਤੂੰ ਮਾਲਕ ਖਾਲਕ ਬੇਪ੍ਰਵਾਹ ਇਕ ਨਹੀਂ ਕੋਟ ਜਨਮ ਦੀ ਦੇ ਦੇ ਮੁਆਫ਼ੀ, ਮਿਹਰ ਨਜ਼ਰ ਨਾਲ ਤਰਾਈਆ । ਜੇ ਗੁਰਮੁਖ ਭੁੱਲ ਵਿਚ ਕਰ ਜਾਏ ਗੁਸਤਾਖ਼ੀ, ਫਿਰ ਵੀ ਬਾਹੋਂ ਫੜ ਕੇ ਗੋਦੀ ਲੈਣਾ ਟਿਕਾਈਆ । ਪਹਿਲੀ ਸਾਵਣ ਕਹੇ ਪ੍ਰਭੂ ਮੈਂ ਇਕ ਬੇਨੰਤੀ ਕੀਤੀ ਸਾਚੀ, ਸਚ ਸਚ ਸਚ ਦਿਆਂ ਸੁਣਾਈਆ । ਜਨ ਭਗਤਾਂ ਦੇ ਰੋਮ ਰੋਮ ਰੋਮ ਵਿਚ ਰਾਚੀਂ, ਰਚਨਾ ਆਪਣੀ ਦਈਂ ਵਖਾਈਆ । ਕੀ ਹੋਇਆ ਜੇ ਕਾਇਆ ਮਾਟੀ ਕਾਚੀ, ਕੰਚਨ ਗੜ੍ਹ ਦਿਆ ਮਾਲਕਾ ਕਾਇਆ ਦੇ ਅੰਦਰ ਤੇਰਾ ਗੜ੍ਹ ਕੰਚਨ ਨਜ਼ਰੀ ਆਈਆ । ਜਿਥੇ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਮਿਲ ਜਾਓ ਸਾਥੀ, ਦੂਜੇ ਸਾਥ ਦੀ ਲੋੜ ਰਹੇ ਨਾ ਰਾਈਆ । ਜਿਥੇ ਸੁਰਤ ਸ਼ਬਦ ਦੀ ਮੰਨੇ ਆਖੀ, ਬਿਨ ਅੱਖਰਾਂ ਤੋਂ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੂਪ ਅਨੂਪ ਸਤਿਗੁਰ ਸ਼ਬਦ ਜਗਤ ਨਜ਼ਰ ਦਿਸੇ ਨਾ ਕੋਇ ਪੋਸ਼ਾਕੀ, ਬਾਣਾ ਦੋ ਜਹਾਨਾਂ ਤੇਰਾ ਸੋਭਾ ਪਾਈਆ ।

✪ ੩ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਦਾਉਦਪੁਰ ਜ਼ਿਲਾ ਕਪੂਰਥਲਾ ਪਾਲ ਸਿੰਘ ਸਰਮੈਲ ਸਿੰਘ ਸੂਰਤ ਸਿੰਘ ਡਾਲਾ
ਹਜ਼ਾਰਾ ਸਿੰਘ ਫਤੂ ਚੱਕ ਚਰਨ ਕੌਰ ਢਿਲਵਾਂ ਸੁਰਜੀਤ ਕੌਰ ਢਿਲਵਾਂ ਗੁਰਚਰਨ ਸਿੰਘ ਪੰਡੋਰੀ
ਸੰਤ ਸਿੰਘ ਰਾਏ ਪੁਰ ਪੀਰ ਬਖ਼ਸ਼ ਹਜ਼ਾਰਾ ਸਿੰਘ ਢਿਲਵਾਂ ਡੀਪੂ ✪

ਪੰਜ ਤਤ ਕਹਿਣ ਪ੍ਰਭ ਜੁਗ ਜੁਗ ਤੇਰੇ ਬਰਦੇ, ਨਿਤ ਨਿਤ ਸੇਵ ਕਮਾਈਆ । ਲੱਖ ਚੁਰਾਸੀ ਫਿਰਦੇ ਰਹੇ ਡਰਦੇ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਤੇਰਾ ਨਾਮ ਨਿਧਾਨਾ ਰਹੇ ਪੜ੍ਹਦੇ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਨਾਲ ਸਲਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਰਹੇ ਵੜਦੇ, ਗ੍ਰੰਥ ਸ਼ਾਸਤਰਾਂ ਸੀਸ ਨਿਵਾਈਆ । ਸ਼ਰਅ ਦੀ ਧਾਰ ਹੋ ਕੇ ਰਹੇ ਲੜਦੇ, ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਦੀਨ ਦੁਨੀ ਦੀ ਮੰਜ਼ਲ ਰਹੇ ਚੜ੍ਹਦੇ, ਭੱਜੇ ਵਾਹੋ ਦਾਹੀਆ । ਤੇਰਾ ਸਰਗੁਣ ਧਾਰ ਦਰਸ਼ਨ ਰਹੇ ਕਰਦੇ, ਤਤਾਂ ਵੇਖ ਵਖਾਈਆ । ਹੁਣ ਭੇਵ ਖੋਲ ਦੇ ਆਪਣੇ ਘਰ ਦੇ, ਗ੍ਰਿਹ ਪਰਦਾ ਆਪ ਚੁਕਾਈਆ । ਅਸੀਂ ਵਣਜਾਰੇ ਰਹਿਣਾ ਨਹੀਂ ਜਲ ਥਲ ਦੇ, ਮਹੀਅਲ ਪੰਧ ਮੁਕਾਈਆ । ਸਾਨੂੰ ਵਸਤ ਅਗੰਮਾ ਫਲ ਦੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡੇ ਲੇਖੇ ਪੂਰੇ ਕਰ ਦੇ ਕਲਜੁਗ ਕਲ ਦੇ, ਕਲਕਾਤੀ ਪੰਧ ਮੁਕਾਈਆ । ਲਹਿਣੇ ਦੇ ਦੇ ਨਾਨਕ ਧਾਰ ਇਕ ਗੱਲ ਦੇ, ਗਲ ਪੱਲੂ ਪਾ ਕੇ ਮੰਗ ਮੰਗਾਈਆ । ਨਿਸ਼ਾਨੇ ਤੱਕ ਲੈ ਰਾਜੇ ਬਲ ਦੇ, ਕੀ ਬਾਵਨ ਹੁਕਮ ਵਰਤਾਈਆ । ਤੇਰੇ ਹੁਕਮ ਸੰਦੇਸ਼ੇ ਸਦਾ ਸਦਾ ਅਟੱਲ ਦੇ, ਜੁਗ ਚੌਕੜੀ ਸਕੇ ਨਾ ਕੋਇ ਮਿਟਾਈਆ । ਸਾਡਾ ਪਾਸਾ ਪਰਮ ਪੁਰਖ ਆਪ ਉਥਲ ਦੇ, ਕਰਵਟ ਆਪਣੀ
੧੯੪੨ ੨੩ ਆਪ ਬਦਲਾਈਆ । ਸਾਡਾ ਵਿਚੋਲਾ ਸਤਿਗੁਰ ਸ਼ਬਦ ਘੱਲ ਦੇ, ਘਾਲ ਘਾਲਣ ਦੀ ਲੋੜ ਰਹੇ ਨਾ ਰਾਈਆ । ਸਾਨੂੰ ਧਾਮ ਅਗੰਮਾ ਨਿਹਚਲ ਅਟੱਲ ਦੇ, ਦੂਸਰ ਓਟ ਨਾ ਕੋਇ ਰਖਾਈਆ । ਅਸੀਂ ਵਣਜਾਰੇ ਰਹਿਣਾ ਨਹੀਂ ਹੱਡ ਮਾਸ ਨਾੜੀ ਖੱਲ ਦੇ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਸਚ ਦਵਾਰ ਏਕੰਕਾਰ ਤੇਰਾ ਮੱਲਦੇ, ਮਲ ਮੂਤਰ ਦਾ ਡੇਰਾ ਢਾਈਆ । ਤੇਰਾ ਦੀਪਕ ਜੋਤ ਹੋਈਏ ਬਲਦੇ, ਮਿੱਟੀ ਖ਼ਾਕ ਨਾ ਵੰਡ ਵੰਡਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰੇ ਵਿਚ ਹੋਈਏ ਰਲਦੇ, ਦੂਸਰ ਰੰਗ ਨਾ ਕੋਇ ਰੰਗਾਈਆ । ਵਿਛੋੜੇ ਹੋਣ ਨਾ ਘੜੀ ਪਲ ਦੇ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਝਗੜੇ ਰਹਿਣ ਨਾ ਪੰਚ ਵਿਕਾਰੇ ਦਲ ਦੇ, ਦਲਿਦ੍ਰਾਂ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਖੇਲ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਤੇਰਾ ਦਰਸ਼ਨ ਕਰ ਕੇ ਜੋਤੀ ਜਾਤੇ ਹੋਈਏ ਨਿਹਾਲ, ਪੁਰਖ ਅਕਾਲੇ ਹਰਸ ਹਵਸ ਮਿਟਾਈਆ । ਅਸੀਂ ਪੰਜ ਤਤ ਨਿਮਾਣੇ ਭਗਤ ਰੂਪ ਤੇਰੇ ਬਾਲ, ਦੂਸਰ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਘਾਲਦੇ ਰਹੇ ਘਾਲ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਤੂੰ ਪਰਮ ਪੁਰਖ ਪਰਮਾਤਮ ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਤੇਰੀ ਵਡਿਆਈਆ । ਸਾਡੇ ਉਤੇ ਕਿਰਪਾ ਕਰ ਦੇ ਜਿਸ ਤਰਾਂ ਮਿਹਰ ਕੀਤੀ ਸਿੰਘ ਪਾਲ, ਬਾਲਮੀਕ ਦਾ ਲਹਿਣਾ ਪੂਰਬ ਪੂਰ ਕਰਾਈਆ । ਲੇਖੇ ਲਾਈ ਪੰਚ ਜ਼ੀਰੋ ਜ਼ੀਰੋ ਵਾਲੀ ਘਾਲ, ਸਿਫ਼ਤ ਨਾਲ ਸਫ਼ਰ ਦਿਤਾ ਮੁਕਾਈਆ । ਸਤਿਗੁਰ ਸ਼ਬਦ ਵਿਚੋਲਾ ਬਣ ਦਲਾਲ, ਦਲਿਦ੍ਰੀ ਡੇਰਾ

ਢਾਹੀਆ । ਸੰਬਲ ਦੇ ਮਾਲਕ ਸਭ ਦੀ ਸੁਰਤ ਸੰਭਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਪੋਹ ਨਾ ਸਕੇ ਕਾਲ, ਲਾੜੀ ਮੌਤ ਨਾ ਕੋਇ ਚਤੁਰਾਈਆ । ਰਾਏ ਧਰਮ ਚਿਤ੍ਰਗੁਪਤ ਲੇਖਾ ਸਕੇ ਨਾ ਕੋਇ ਵਖਾਲ, ਹੁਕਮ ਹੁਕਮ ਨਾ ਕੋਇ ਬਦਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਤੇਰੀ ਵੱਖਰੀ ਹੋਵੇ ਚਾਲ, ਅਚਲ ਦੇਣੀ ਸਮਝਾਈਆ । ਪੰਜ ਤਤ ਕਹਿਣ ਸਾਡੀ ਬੇਨੰਤੀ ਇਕ ਇਕੋ ਇਕ ਸਵਾਲ, ਦੂਸਰ ਅਵਰ ਨਾ ਕੁਛ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਤਾਰ ਦੇ, ਤਾਰਨਹਾਰ ਗੋਬਿੰਦ । ਸਾਡੀ ਪੈਜ ਸਵਾਰ ਦੇ, ਸਾਹਿਬ ਸਤਿਗੁਰ ਬਖ਼ਸ਼ਿੰਦ । ਆਵਣ ਜਾਵਣ ਗੇੜ ਨਿਵਾਰ ਦੇ, ਸਾਡੀ ਨੇਤਰ ਵਗਦੀ ਹਿੰਝ । ਚਰਨ ਪ੍ਰੀਤੀ ਇਕ ਦਵਾਰ ਦੇ, ਭਾਗ ਲਗਾ ਦੇ ਜੀਉ ਪਿੰਡ । ਦਰ ਤੇਰੇ ਕੂਕ ਪੁਕਾਰਦੇ, ਝਗੜਾ ਮੇਟ ਦੇ ਜੇਰਜ ਅੰਡ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਡ ਸਵਾਮੀ ਗੁਣੀ ਗਹਿੰਦ । ਪੰਜ ਤਤ ਕਹਿਣ ਪ੍ਰਭ ਜਿਨ੍ਹਾਂ ਗੁਰਮੁਖਾਂ ਸੀਸ ਬੰਨੀਆਂ ਦਸਤਾਰਾਂ, ਦਸਤ ਸਭ ਦੇ ਸੀਸ ਟਿਕਾਈਆ । ਜਿਨ੍ਹਾਂ ਨਿਰਗੁਣ ਧਾਰ ਕੀਤੀਆਂ ਨਿਮਸਕਾਰਾਂ, ਡੰਡਾਵਤ ਬੰਦਨਾ ਖ਼ੁਸ਼ੀ ਬਣਾਈਆ । ਉਨ੍ਹਾਂ ਦਾ ਲਹਿਣਾ ਦੇਣਾ ਕਰਜ਼ ਉਧਾਰਾ, ਮਕਰੂਜ਼ ਲੇਖਾ ਦੇਣਾ ਚੁਕਾਈਆ । ਤੂੰ ਮਾਲਕ ਖ਼ਾਲਕ ਏਕੰਕਾਰਾ ਚਵ੍ਹੀਆਂ ਅਵਤਾਰਾ, ਅਵਤਰ ਤੇਰੀ ਓਟ ਤਕਾਈਆ । ਪੰਜ ਤਤ ਕਹਿਣ ਅਸੀਂ ਤੇਰੇ ਭਗਤ ਸੁਹੇਲੇ ਫੇਰ ਜਗਤ ਨਾ ਆਈਏ ਦੁਬਾਰਾ, ਜਨਣੀ ਕੁੱਖ ਨਾ ਅਗਨ ਤਪਾਈਆ । ਸਚ ਪ੍ਰੀਤ ਬਖ਼ਸ਼ਣਾ ਇਕ ਸਹਾਰਾ, ਦਰਗਾਹ ਸਾਚੀ ਮੰਗ ਮੰਗਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਲਕੀ ਅਵਤਾਰਾ, ਅਵਤਰ ਤੇਰੀ ਓਟ ਤਕਾਈਆ । ਤੂੰ ਅਮਾਮ ਅਮਾਮਾ ਨੂਰ ਨੁਰਾਨਾ ਅਲਾਹੀ ਰੂਪ ਉਜਿਆਰਾ, ਬਿਨ ਰੂਪ ਰੰਗ ਰੇਖ ਸੋਭਾ ਪਾਈਆ । ਤੇਰੇ ਚਰਨ ਕਵਲ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਆਸ ਰਖਾਈਆ । ਪੰਜ ਤਤ ਕਹਿਣ ਸਾਡਾ ਲੇਖਾ ਲੇਖੇ ਲਾ ਲੈ ਅੱਜ, ਅਜਬ ਤੇਰੀ ਵਡਿਆਈਆ । ਕਿਰਪਾ ਕਰ ਵਿਚ ਜੱਗ, ਜਾਗਰਤ ਜੋਤ ਕਰ ਰੁਸ਼ਨਾਈਆ । ਸਾਡੇ ਅੰਦਰ ਬੁਝਾ ਦੇ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਜਗਤ ਜਹਾਨ ਨਾ ਰਹੀਏ ਅਲਪਗ, ਸਰਬਗ ਦੇਣੀ ਮਾਣ ਵਡਿਆਈਆ । ਮਿਹਰਵਾਨ ਹੋ ਕੇ ਪੰਜ ਤਤ ਕਹਿਣ ਦਰ ਆਪਣੇ ਲੈਣਾ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਸਾਡੀ ਸ਼ਰਅ ਦੀ ਰਹੇ ਕੋਈ ਨਾ ਹੱਦ, ਹਦੂਦ ਜਗਤ ਦੇਣੀ ਮਿਟਾਈਆ । ਤੇਰੇ ਨੂਰ ਵਿਚ ਮਿਲ ਕੇ ਤੇਰੇ ਨੂਰ ਦੀ ਹੋਈਏ ਯਦ, ਤਤਾਂ ਫੇਰ ਜਨਮੇ ਕੋਇ ਨਾ ਮਾਈਆ । ਤੂੰ ਭਗਤ ਸੁਹੇਲਾ ਇਕ ਅਕੇਲਾ ਏਕੰਕਾਰ ਆਪਣਾ ਬਖ਼ਸ਼ ਦੇ ਅੱਧ, ਅਧਵਾਟੇ ਪੰਧ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਦਰ ਖਲੋਤੇ, ਖ਼ਾਲਕ ਖ਼ਲਕ ਤੇਰੀ ਸ਼ਰਨਾਈਆ । ਸਾਥੋਂ ਦੁਰਮਤ ਮੈਲ ਪਾਪ ਜਾਣ ਨਾ ਧੋਤੇ, ਪਤਤ ਹੋ ਕੇ ਤੇਰੀ ਓਟ ਤਕਾਈਆ । ਜਗਤ ਜਹਾਨ ਵਿਚ ਨਾ ਖਾਈਏ ਗੋਤੇ, ਗੌਤਮ ਦਾ ਲੇਖਾ ਵੇਖਣਾ ਚਾਈਂ ਚਾਈਆ । ਜਨਮਹੀਣ ਨਾ ਬਣੀਏ ਖੋਟੇ, ਖੋਟੇ ਖਰੇ ਲੈਣੇ ਬਣਾਈਆ । ਅਸੀਂ ਬਾਲ ਅੰਞਾਣੇ ਛੋਟੇ, ਵੱਡੀ ਮਤ ਨਾ ਕੋਇ ਚਤੁਰਾਈਆ । ਸਾਨੂੰ ਲਾਲਚ ਨਹੀਂ ਕੋਇ ਲੋਭੇ, ਚੁਰਾਸੀ ਖ਼ੁਸ਼ੀ ਨਾ ਕੋਇ ਬਣਾਈਆ । ਸਾਡੇ ਤਤ ਤੇਰੇ ਪਿਆਰ ਵਿਚ ਜਾਣ ਸੋਧੇ, ਸੁਦੀ ਵਦੀ ਵੰਡ ਨਾ ਕੋਇ

ਵੰਡਾਈਆ । ਅੰਤਮ ਹੋਈਏ ਤੇਰੇ ਜੋਗੇ, ਜਗਤ ਦੇ ਮਾਲਕ ਤੇਰੇ ਵਿਚ ਸਮਾਈਆ । ਤੇਰਾ ਦਵਾਰਾ ਏਕੰਕਾਰ ਸਾਚਾ ਸਾਨੂੰ ਸੋਭੇ, ਦੂਸਰ ਦਰ ਨਜ਼ਰ ਕੋਇ ਨਾ ਆਈਆ । ਜੋਤ ਧਾਰ ਵਿਚ ਮਾਣੀਏ ਮੌਜੇ, ਮਜਲਸ ਸ਼ਬਦ ਗੁਰੂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਭੇਵ ਚੁਕਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਭਗਤ ਨਿਮਾਣੇ, ਨਿਮਰਤਾ ਵਿਚ ਸੀਸ ਨਿਵਾਈਆ । ਸਦ ਰੱਖਣਾ ਆਪਣੇ ਵਿਚ ਭਾਣੇ, ਭਾਵੀ ਚਲੇ ਨਾ ਕੋਇ ਚਤੁਰਾਈਆ । ਤੇਰਾ ਦਰਸ਼ਨ ਕਰੀਏ ਗੁਣ ਨਿਧਾਨੇ, ਗੁਣਵੰਤ ਤੇਰੀ ਵਡਿਆਈਆ । ਦੂਸਰ ਇਸ਼ਟ ਨਾ ਕੋਇ ਪਹਿਚਾਣੇ, ਦ੍ਰਿਸ਼ਟ ਇਕੋ ਇਕ ਖੁਲਾਈਆ । ਤੂੰ ਸ਼ਹਿਨਸ਼ਾਹ ਨੌ ਜਵਾਨੇ, ਤਖ਼ਤ ਨਿਵਾਸੀ ਸੋਭਾ ਪਾਈਆ । ਸਾਨੂੰ ਵਸਾਉਣਾ ਆਪਣੇ ਸਚ ਘਰਾਨੇ, ਗ੍ਰਿਹ ਮੰਦਰ ਪਰਦਾ ਦੇਣਾ ਚੁਕਾਈਆ । ਤੇਰਾ ਧਰਮ ਦਾ ਇਕੋ ਹੋਵੇ ਨਿਸ਼ਾਨੇ, ਦੂਜਾ ਨਜ਼ਰ ਕੋਇ ਨਾ ਆਈਆ । ਅਸੀਂ ਭਗਤ ਭਗਵੰਤ ਤੇਰਾ ਨੂਰ ਮਹਾਨੇ, ਮਹਿੰਮਾ ਗਣਤ ਨਾ ਕੋਇ ਗਿਣਾਈਆ । ਤੂੰ ਆਦਿ ਪੁਰਖ ਅਪਰੰਪਰ ਸਵਾਮੀ ਸਾਡੀ ਮਿਤ ਜਾਣੇਂ, ਗਤਮਿਤ ਤੇਰੇ ਚਰਨ ਟਿਕਾਈਆ । ਅੱਜ ਖ਼ੁਸ਼ੀਆਂ ਦਾ ਦਿਨ ਮਹਾਨੇ, ਸਾਵਣ ਤਿੰਨ ਦਏ ਗਵਾਹੀਆ । ਪੰਜ ਤਤ ਤਤ ਨਾ ਰਹਿਣ ਬੇਗਾਨੇ, ਦਰ ਠਾਂਡੇ ਲੈਣੇ ਪ੍ਰਨਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਦੇ ਸਾਡੇ ਪੂਰੇ ਕਰਨੇ ਨਿਸ਼ਾਨੇ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਹਿਬ ਸਵਾਮੀ ਗੁਣ ਨਿਧਾਨੇ, ਗੁਣਵੰਤ ਕੰਤ ਭਗਵੰਤ ਆਦਿ ਅੰਤ ਤੇਰੀ ਓਟ ਤਕਾਈਆ ।


੧੯੪੪
੨੩

✪ ੪ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸਰਾਂਈ ਅਮਰੀਕ ਸਿੰਘ ਮੇਲਾ ਸਿੰਘ ਸਰਾਂਈ ਮਲਹਾਰ ਸਿੰਘ ਬੈਰਮਪੁਰ ਹਰਭਜਨ ਸਿੰਘ ਬੈਰਮਪੁਰ ਰਾਮ ਸਿੰਘ ਫਤੋਵਾਲ ਬਲਦੇਵ ਕੌਰ ਕੰਧਾਲਾ ਸ਼ੇਖ਼ਾ ✪

ਪੰਜ ਤਤ ਕਹਿਣ ਪ੍ਰਭ ਸਾਡੀ ਅਗੰਮ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਨਾਮ ਸਤਿ ਵਜਾ ਮਰਦੰਗਾ, ਅਨਾਦੀ ਧੁਨ ਪ੍ਰਗਟਾਈਆ । ਅੰਮ੍ਰਿਤ ਬਖ਼ਸ਼ ਨਿਝਰ ਧਾਰ ਦੀ ਗੰਗਾ, ਬੂੰਦ ਸਵਾਂਤੀ ਵਹਿਣ ਵਹਾਈਆ । ਨਿਰਗੁਣ ਧਾਰ ਦੇਣਾ ਆਪਣਾ ਸੰਗਾ, ਸਗਲਾ ਸੰਗ ਬਣਾਈਆ । ਪੰਜ ਵਿਕਾਰ ਮੇਟਣਾ ਦੰਗਾ, ਗ੍ਰਿਹ ਮੰਦਰ ਨਾ ਕੋਇ ਲੜਾਈਆ । ਸਾਡਾ ਸੀਸ ਹੋਵੇ ਨਾ ਨੰਗਾ, ਓਢਣ ਬਖ਼ਸ਼ਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਪੰਜ ਤਤ ਕਹਿਣ ਸਾਡੇ ਪਰਮ ਪੁਰਖ ਕਰਤਾਰ, ਕਰਤੇ ਪੁਰਖ ਤੇਰੀ ਸ਼ਰਨਾਈਆ । ਆਦਿ ਜੁਗਾਦੀ ਏਕੰਕਾਰ, ਅਕਲ ਕਲਧਾਰੀ ਤੇਰੀ ਓਟ ਰਖਾਈਆ । ਪਤਿਪਰਮੇਸ਼ਵਰ ਸਾਂਝੇ ਯਾਰ, ਪਰਵਰਦਿਗਾਰ ਵੇਖਣਾ ਚਾਈਂ ਚਾਈਂਆ । ਨਿਗਾਹ ਮਾਰਨੀ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਭੇਵ ਚੁਕਾਉਣਾ ਤੇਈ ਅਵਤਾਰ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਪੈਗੰਬਰਾਂ ਲਹਿਣਾ ਦੇਣਾ ਕਰਜ ਦੇਣਾ ਉਤਾਰ, ਮਕਰੂਜ਼ ਲੇਖਾ ਸਭ ਦੀ ਝੋਲੀ ਪਾਈਆ । ਗੁਰੂ ਗੁਰਦੇਵ ਭੇਵ ਖੋਲ ਸਚ ਦਰਬਾਰ, ਦਰ ਦਰਬਾਰਾ ਇਕ ਦ੍ਰਿੜਾਈਆ । ਅਸੀਂ ਜੁਗ ਚੌਕੜੀ ਚੁਰਾਸੀ ਭਰਮਦੇ ਰਹੇ ਵਾਰੋ ਵਾਰ, ਸਤਿਜੁਗ ਤਰੇਤਾ

ਦੁਆਪਰ ਕਲਜੁਗ ਬਣ ਬਣ ਪਾਂਧੀ ਰਾਹੀਆ । ਸਾਡੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਤੂੰ ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਕਰਨੇਹਾਰ, ਕਰਤਾ ਪੁਰਖ ਇਕ ਅਖਵਾਈਆ । ਸਾਡਾ ਆਵਣ ਜਾਵਣ ਗੇੜ ਨਿਵਾਰ, ਤਤਵ ਤਤ ਦਾ ਲਹਿਣਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਮੀਤ, ਮਿਤ੍ਰ ਪਿਆਰੇ ਸੀਸ ਨਿਵਾਈਆ । ਜੁਗ ਚੌਕੜੀ ਤੇਰੀ ਵੇਖੀ ਰੀਤ, ਬਿਨ ਨੇਤਰ ਲੋਚਨ ਨੈਣ ਨੈਣ ਉਠਾਈਆ । ਨਿਤ ਨਵਿਤ ਤੇਰੇ ਗਾਉਂਦੇ ਰਹੇ ਗੀਤ, ਢੋਲੇ ਸੋਹਲੇ ਸਿਫ਼ਤ ਸਲਾਹੀਆ । ਤਤਵ ਤਤ ਕਰਦੇ ਰਹੇ ਪ੍ਰੀਤ, ਪ੍ਰੀਤਮ ਤੇਰੀ ਸੇਵ ਕਮਾਈਆ । ਅੰਤ ਬਿਰਹੋਂ ਵਿਚ ਸਾਡੇ ਅੰਤਸ਼ਕਰਨ ਵਿਚੋਂ ਨਿਕਲੇ ਚੀਕ, ਕੂਕ ਕੂਕ ਸੁਣਾਈਆ । ਸਾਡਾ ਮੇਟ ਅੰਧੇਰਾ ਤਾਰੀਕ, ਨੂਰ ਨੂਰਾਨੇ ਡਗਮਗਾਈਆ । ਤੇਰੇ ਵਿਚ ਹਕ ਤੌਫ਼ੀਕ, ਕੁਦਰਤ ਕਾਦਰ ਤੇਰੀ ਵਡ ਵਡਿਆਈਆ । ਅਸੀਂ ਤੇਰੇ ਹੋਈਏ ਅਜੀਜ, ਆਜ਼ਮ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਅਸੀਂ ਭਗਤ ਨਿਮਾਣੇ ਜਗ, ਜਾਗਰਤ ਜੋਤ ਤੇਰਾ ਧਿਆਨ ਲਗਾਈਆ । ਕਿਰਪਾ ਨਿਧਾਨ ਸੂਰੇ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਕੂੜ ਤ੍ਰਿਸ਼ਨਾ ਅੰਦਰੋਂ ਬੁਝਾ ਦੇ ਅਗ, ਆਂਚ ਮਾਟੀ ਕਾਂਚ ਰਹਿਣ ਨਾ ਪਾਈਆ । ਦਰਸ਼ਨ ਦੇ ਦੇ ਉਪਰ ਸ਼ਾਹਰਗ, ਨਵ ਨਵ ਦਾ ਪੰਧ ਚੁਕਾਈਆ । ਕੂੜ ਕੁੜਿਆਰ ਮੇਟ ਤੇ ਹੱਦ, ਹਦੂਦ ਆਪਣੀ ਦੇ ਸਮਝਾਈਆ । ਨਾਮ ਖ਼ੁਮਾਰੀ ਬਖ਼ਸ਼ ਦੇ ਮਧ, ਮਧੁਰ ਧੁਨ ਨਾਲ ਸ਼ਨਵਾਈਆ । ਘਰ ਸਵਾਮੀ ਠਾਕਰ ਕਾਇਆ ਕਾਅਬਿਉਂ ਤੈਨੂੰ ਲਈਏ ਲੱਭ, ਹੰਕਾਰਾ ਗ੍ਰਿਹ ਮੰਦਰ ਦੇਣਾ ਦੱਬ, ਸਿਰ ਸਕੇ ਨਾ ਕੋਇ ਉਠਾਈਆ । ਬਿਨ ਹੁਜਰਿਉਂ ਤੇਰਾ ਕਰੀਏ ਹੱਜ, ਹਾਜਤ ਸਭ ਦੀ ਪੂਰ ਕਰਾਈਆ । ਤੇਰਾ ਨਾਮ ਨਗਾਰਾ ਏਕੰਕਾਰਾ ਸਾਡੇ ਅੰਦਰ ਜਾਏ ਵੱਜ, ਵਜੂਦਾਂ ਦੇਣੀ ਮਾਣ ਵਡਿਆਈਆ । ਭਗਤ ਸੁਹੇਲੇ ਤੇਰੀ ਯਦ, ਯਦੀ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰੋਂ ਕੱਢ ਦੇ ਖੋਟ, ਖੋਟੇ ਖਰੇ ਲੈ ਬਣਾਈਆ । ਅਸੀਂ ਜਨਮ ਕਰਮ ਦੇ ਆਲ੍ਹਣਿਉਂ ਡਿਗੇ ਬੋਟ, ਬੋਟੀ ਬੋਟੀ ਰਹੇ ਤੁੜਾਈਆ । ਸਾਡਾ ਵਸਾ ਦੇ ਕਾਇਆ ਕੋਟ, ਕਿਲਾ ਗੜ੍ਹ ਇਕ ਵਖਾਈਆ । ਸਾਚੇ ਨਾਮ ਦੀ ਲਾ ਦੇ ਚੋਟ, ਚੋਟੀ ਚੜ੍ਹ ਕੇ ਵੇਖਣਾ ਚਾਈਂ ਚਾਈਆ । ਪ੍ਰਕਾਸ਼ ਕਰ ਦੇ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਤੇਰਾ ਸੁਣੀਏ ਇਕ ਸਲੋਕ, ਸੋਹਲਾ ਧੁਰਦਰਗਾਹੀਆ । ਪੰਧ ਮੁਕਾ ਦੇ ਚੌਦਾਂ ਲੋਕ, ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਆਵਣ ਜਾਵਣ ਰਹੇ ਨਾ ਹਰਖ ਸੋਗ, ਚਿੰਤਾ ਗ਼ਮ ਦਾ ਡੇਰਾ ਢਾਹੀਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਤਿਗੁਰ ਇਕੋ ਬਹੁਤ, ਦੂਸਰ ਓਟ ਨਾ ਕੋਇ ਤਕਾਈਆ । ਅਸੀਂ ਤੇਰੀ ਧਾਰ ਵਿਚ ਤੇਰਾ ਹੋਈਏ ਗੋਤ, ਗੌਤਮ ਦਾ ਲੇਖਾ ਵੇਖਣਾ ਚਾਈਂ ਚਾਈਆ । ਸਾਨੂੰ ਫੇਰ ਮਾਰੇ ਕਦੇ ਨਾ ਕੋਈ ਲਾੜੀ ਮੌਤ, ਮਲਕੁਲਮੌਤ ਨਾ ਕੋਇ ਪ੍ਰਨਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਖੌਂਤ, ਖ਼ਸਮ ਖ਼ਸਮਾਨੇ ਤੇਰੇ ਹੱਥ ਵਡਿਆਈਆ । ਜਗਤ ਜਹਾਨ ਸ੍ਰੀ ਭਗਵਾਨ ਜਨ ਭਗਤਾਂ ਗ੍ਰਿਹ ਗ੍ਰਿਹ ਆਪੇ ਪਹੁੰਚ, ਬਿਨ ਕਦਮਾਂ ਕਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ

੧੯੪੫
੨੩

ਤੇਰੀ ਬੇਪ੍ਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡੀ ਪਾਉਣੀ ਸਾਰ, ਮਹਾਸਾਰਥੀ ਧਿਆਨ ਲਗਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਸਾਡਾ ਲਹਿਣਾ ਦੇਣਾ ਜੁੜਦਾ ਰਿਹਾ ਨਾਲ ਪੈਗ਼ੰਬਰ ਗੁਰ ਅਵਤਾਰ, ਤਨ ਵਜੂਦਾਂ ਮਿਲ ਕੇ ਵੱਜਦੀ ਰਹੀ ਵਧਾਈਆ । ਨਾਮ ਸੰਦੇਸ਼ੇ ਸੁਣਦੇ ਰਹੇ ਵਾਰੋ ਵਾਰ, ਕਲਮੇ ਕਾਇਨਾਤ ਵਿਚ ਗਾਈਆ । ਦਰ ਠਾਂਡੇ ਕਰਦੇ ਰਹੇ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਰਾਹ ਤੱਕਦੇ ਰਹੇ ਤੇਰੇ ਠਾਂਡੇ ਦਰਬਾਰ, ਦਰਗਾਹ ਸਾਚੀ ਬਿਨ ਨੈਣਾਂ ਨੈਣ ਉਠਾਈਆ । ਕਵਣ ਵੇਲਾ ਸਾਡੀ ਪਾਵੇ ਸਾਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਸੋ ਬੇਨੰਤੀ ਸੁਣਨੀ ਏਕੰਕਾਰ, ਦਰ ਤੇਰੇ ਅਲਖ ਜਗਾਈਆ । ਜਗਤ ਜਹਾਨ ਦੇਣਾ ਅਧਾਰ, ਉਦਰ ਦਾ ਲੇਖਾ ਰਹੇ ਨਾ ਰਾਈਆ । ਤੂੰ ਪਰਮ ਪੁਰਖ ਪਰਮਾਤਮ ਨਿਰਗੁਣ ਸਰਗੁਣ ਖੇਲ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਦਾ ਭੇਵ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਵੇਖ ਲੈ ਗਿਰਿਆਜ਼ਾਰੀ, ਦਿਵਸ ਰੈਣ ਧਿਆਨ ਲਗਾਈਆ । ਜਗਤ ਜਹਾਨ ਹੋਈ ਖ਼ੁਆਰੀ, ਖ਼ਾਲਸ ਰੰਗ ਨਾ ਕੋਇ ਚੜ੍ਹਾਈਆ । ਆਤਮ ਧਾਰ ਬਣੇ ਨਾ ਕੋਇ ਵਪਾਰੀ, ਵਣਜ ਵੇਖੇ ਥਾਉਂ ਥਾਈਂਆ । ਬਿਨ ਤੇਰੀ ਕਿਰਪਾ ਪਾਏ ਕੋਇ ਨਾ ਸਾਰੀ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਚਾਰੋਂ ਕੁੰਟ ਧੁਆਂਧਾਰੀ, ਜਗਤ ਜਹਾਨ ਅੰਧੇਰਾ ਛਾਈਆ । ਨਿਰਗੁਣ ਨੂਰ ਨਾ ਦਿਸੇ ਉਜਿਆਰੀ, ਸੂਰੀਆ ਚੰਦ ਬੈਠੇ ਮੁਖ ਛੁਪਾਈਆ । ਸਾਡੀ ਪੁਨਹ ਪੁਨਹ ਨਿਮਸਕਾਰੀ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਕਲਜੁਗ ਅੰਤਮ ਆਈ ਤੇਰੀ ਵਾਰੀ, ਵਾਰਸ ਹੋ ਕੇ ਵੇਖਣਾ ਚਾਈਂ ਚਾਈਂਆ । ਫੜ ਬਾਹੋਂ ਪਾਰ ਉਤਾਰੀਂ, ਉੱਤਰ ਪੂਰਬ ਪੱਛਮ ਦੱਖਣ ਜਨ ਭਗਤਾਂ ਲੇਖਾ ਰਹੇ ਨਾ ਰਾਈਆ । ਸਚ ਸਵਾਮੀ ਪੈਜ ਸਵਾਰੀਂ, ਪੰਚਮ ਪੰਚਮ ਰੰਗ ਚੜ੍ਹਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰੇ ਦਰ ਭਿਖਾਰੀ, ਮਨ ਮਤ ਬੁੱਧ ਨਾਲ ਮਿਲਾਈਆ । ਸਾਡਾ ਲਹਿਣਾ ਦੇਣਾ ਹੋਵੇ ਨਾ ਦੂਜੀ ਵਾਰੀ, ਲੇਖਾ ਤੇਰੇ ਕਦਮਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਅੰਤਸ਼ਕਰਨ, ਨਿਰੰਤਰ ਆਪਣਾ ਧਿਆਨ ਲਗਾਈਆ । ਸਚ ਪ੍ਰੀਤ ਬਖ਼ਸ਼ ਦੇ ਚਰਨ, ਚਰਨੋਦਕ ਜਾਮ ਪਿਆਈਆ । ਝਗੜਾ ਮੇਟ ਦੇ ਜਨਮ ਮਰਨ, ਮਰ ਜੀਵਤ ਤੇਰੇ ਵਿਚ ਸਮਾਈਆ । ਤੂੰ ਸਭ ਕਿਛ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਨਿਰਗੁਣ ਧਾਰ ਬੰਧਾਉਣਾ ਆਪਣੇ ਲੜਨ, ਪੱਲੂ ਗੰਢ ਨਾ ਕੋਇ ਛੁਡਾਈਆ । ਭਗਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਵੜਨ, ਵਿਸ਼ਨ ਬ੍ਰਹਮਾ ਸ਼ਿਵ ਵੇਖਣ ਚਾਈਂ ਚਾਈਂਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਤੇਰੇ ਅਗੇ ਖੜਨ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਆਪਣਾ ਬਣਾ ਲੈ ਸਰੂਪ, ਤਨ ਮਾਟੀ ਖ਼ਾਕ ਨਾ ਕੋਇ ਵਡਿਆਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ, ਭੂਪਤ ਭੂਪ ਇਕ ਅਖਵਾਈਆ । ਤੇਰਾ ਰੰਗ ਰੇਖ ਨਾ ਕੋਇ ਰੂਪ, ਅਨੂਪ ਆਪਣੀ ਧਾਰ ਜਣਾਈਆ । ਅਸੀਂ ਤੇਰਾ ਤਾਣਾ ਪੇਟਾ ਰੂਪ ਹੋਈਏ ਸੂਤ, ਸੂਤਰਧਾਰੀ ਪੰਧ ਦੇਣਾ ਚੁਕਾਈਆ । ਜੇ ਆਤਮਾ ਭਗਤਾਂ ਤੇਰਾ ਸਪੂਤ, ਤਤ ਆਪਣੇ

ਲੇਖੇ ਵਿਚ ਰਖਾਈਆ । ਅਸੀਂ ਭਰਮੀਏ ਨਾ ਚਾਰੇ ਕੂਟ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਸਾਡਾ ਨਾਤਾ ਜੁੜੇ ਨਾ ਨਾਲ ਜੂਠ ਝੂਠ, ਕਪਟ ਵਿਕਾਰ ਹੰਕਾਰ ਵਿਭਚਾਰ ਸੰਗ ਨਾ ਕੋਇ ਰਖਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਉਪਰ ਤੁਠ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਸੀਂ ਪੰਜ ਤਤ ਜਨ ਭਗਤ ਲੱਖ ਚੁਰਾਸੀ ਵਿਚੋਂ ਇਕੋ ਮੁੱਠ, ਬਹੁਤੀ ਗਣਤ ਨਾ ਕੋਇ ਗਿਣਾਈਆ । ਤੇਰੀ ਧਾਰੋਂ ਧਾਰ ਬਣ ਕੇ ਗਏ ਉਠ, ਨੂਰ ਨੂਰ ਨਾਲ ਚਮਕਾਈਆ । ਅੰਤ ਕੰਤ ਭਗਵੰਤ ਆਪਣੇ ਨਾਲ ਮਿਲਾ ਲੈ ਘੁੱਟ, ਲੇਖਾ ਜਗਤ ਰਹੇ ਨਾ ਰਾਈਆ । ਆਵਣ ਜਾਵਣ ਜਾਏ ਛੁਟ, ਛੁਟਕੀ ਲਿਵ ਨਾਲ ਮਿਲਾਈਆ । ਤੇਰਾ ਪਿਆਰ ਨਾ ਜਾਏ ਟੁਟ, ਟੁਟਿਆਂ ਗੰਢ ਪਵਾਈਆ । ਅਸੀਂ ਆਸਾ ਤੇਰੇ ਉਤੇ ਦਿਤੀ ਸੁੱਟ, ਦੂਸਰ ਆਸ ਨਾ ਕੋਇ ਬਣਾਈਆ । ਜਗਤ ਜਹਾਨ ਸ੍ਰੀ ਭਗਵਾਨ ਬਣਾ ਲੈ ਆਪਣੇ ਸੁਤ, ਅਪਰਾਧੀ ਲੈ ਤਰਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦੇ ਕਰਾਈਆ । ਸਾਡੀ ਸੁਹੰਜਣੀ ਹੋਵੇ ਰੁਤ, ਰੁਤੜੀ ਤੇਰੇ ਨਾਲ ਮਹਿਕਾਈਆ । ਭਾਗ ਲਗਾ ਦੇ ਕਾਇਆ ਪੰਜ ਤਤ ਬੁੱਤ, ਬੁਤਖ਼ਾਨਿਆਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਦਾ ਓਹਲਾ ਭੇਵ ਰਹੇ ਨਾ ਲੁਕ, ਅਲੋਕਕ ਆਪਣੀ ਦਇਆ ਦੇਣੀ ਕਮਾਈਆ ।

੧੬੪੭
੨੩

੪ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੋਟਲਾ ਕਾਲੂ ਵਾਲਾ ਸੋਮਰਾਜ ਸਿੰਘ ਅਰਜਨ ਸਿੰਘ ਸਲੀਮਪੁਰ ਮੁਣਸ਼ੀ ਰਾਮ ਮਿਆਣੀ ਮਲਾਰਾਮ ਭਰਾ ਬੇਗੋਵਾਲ ਜੁਗਿੰਦਰ ਸਿੰਘ ਫ਼ਤਿਹ ਗੜ੍ਹ ਗੁਰਮੀਤ ਕੌਰ ਕਰਾਲਾ

੧੬੪੭
੨੩

ਪੰਜ ਤਤ ਕਹਿਣ ਪ੍ਰਭ ਬੰਕ ਸੁਹਾ ਦੇ ਮੰਦਰ, ਸਾਢੇ ਤਿੰਨ ਹੱਥ ਤਨ ਵਜੂਦ ਮਾਟੀ ਖ਼ਾਕ ਦੇ ਵਡਿਆਈਆ । ਦੀਆ ਬਾਤੀ ਕਮਲਾਪਾਤੀ ਜੋਤ ਜਗਾ ਦੇ ਅੰਦਰ, ਨੂਰ ਨੁਰਾਨੇ ਸ਼ਾਹ ਸੁਲਤਾਨੇ ਆਪਣੀ ਦਇਆ ਕਮਾਈਆ । ਸਚ ਪ੍ਰਕਾਸ਼ ਕਰ ਅੰਧੇਰੀ ਕੰਦਰ, ਜੋਤੀ ਜਾਤੇ ਪੁਰਖ ਬਿਧਾਤੇ ਡਗਮਗਾਈਆ । ਨਿਰਗੁਣ ਧਾਰ ਨਿਰੰਕਾਰ ਬਜਰ ਕਪਾਟ ਤੋੜ ਦੇ ਜੰਦਰ, ਕੁੰਡਾ ਖਿੜਕੀ ਆਪ ਖੁਲਾਈਆ । ਮਨੂਆ ਦਹਿ ਦਿਸ਼ ਉਠ ਧਾਹੇ ਨਾ ਬੰਦਰ, ਬੰਦਗੀ ਆਪਣੀ ਵਿਚ ਸਮਾਈਆ । ਦੂਈ ਦਵੈਤੀ ਸ਼ਰਅ ਸ਼ਰੈਤੀ ਢਾਹ ਦੇ ਕੰਧਨ, ਪਰਦਾ ਓਹਲਾ ਬਣ ਵਿਚੋਲਾ ਆਪ ਉਠਾਈਆ । ਸਾਡੀ ਨਿਮਸਕਾਰ ਡੰਡਾਵਤ ਤੇਰੇ ਅਗੇ ਬੰਦਨ, ਸਜਦਿਆਂ ਵਿਚ ਸੀਸ ਜਗਤ ਜਗਦੀਸ਼ ਨਿਵਾਈਆ । ਧੂੜੀ ਖ਼ਾਕ ਬਖ਼ਸ਼ ਦੇ ਧਰਮ ਧਾਰ ਦਾ ਚੰਦਨ, ਟਿੱਕੇ ਧੂੜ ਖ਼ਾਕ ਰਮਾਈਆ । ਨਿਜ ਨੇਤਰ ਰਹੇ ਕੋਈ ਨਾ ਅੰਧਨ, ਲੋਇਨ ਅੱਖ ਦੇਣੀ ਪ੍ਰਗਟਾਈਆ । ਦਰ ਦਵਾਰ ਤੇਰਾ ਸਵਾਮੀ ਲੰਘਣ, ਬਿਨ ਕਦਮਾਂ ਕਦਮ ਟਿਕਾਈਆ । ਤੂੰ ਲੇਖਾ ਵੇਖ ਲੈ ਤਤ ਪੰਜਮ, ਪੰਚਮ ਤੇਰੇ ਅਗੇ ਵਾਸਤਾ ਪਾਈਆ । ਤੂੰ ਆਦਿ ਜੁਗਾਦੀ ਸੋ ਪੁਰਖ ਨਿਰੰਜਣ, ਹਰਿ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਏਕੰਕਾਰੇ ਤੂੰ ਹੋਣਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਤੇਰਾ ਨੂਰ ਜ਼ਹੂਰ ਜੋਤੀ ਜਾਤੇ ਸਾਰੇ ਤੱਕਣ, ਦੋ ਜਹਾਨਾਂ ਸ੍ਰੀ ਭਗਵਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੂੰ ਮਾਲਕ ਇਕ ਹਜ਼ੂਰ, ਹਾਜ਼ਰ ਹੋ ਕੇ ਸੀਸ ਨਿਵਾਈਆ । ਸਾਡੀ ਬੇਨੰਤੀ ਕਰ ਮਨਜ਼ੂਰ, ਦਰ

ਠਾਂਡੇ ਸੀਸ ਝੁਕਾਈਆ । ਜਨਮ ਜਨਮ ਦਾ ਬਖ਼ਸ਼ ਕਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਤੂੰ ਸਰਬ ਕਲਾ ਭਰਪੂਰ, ਪਾਰਬ੍ਰਹਮ ਬੇਪਰਵਾਹੀਆ । ਕੁਛ ਲੇਖਾ ਤੱਕ ਲੈ ਜੋ ਮੂਸਾ ਆਸਾ ਰੱਖੀ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਖੋਜ ਖੁਜਾਈਆ । ਜੋ ਸੰਦੇਸ਼ਾ ਦੇ ਕੇ ਗਿਆ ਮਨਸੂਰ, ਮਨਸਾ ਮਨ ਤੋਂ ਬਾਹਰ ਜਣਾਈਆ । ਜਿਸ ਦਾ ਪੰਧ ਨਹੀਂ ਨੇੜੇ ਕੋਈ ਦੂਰ, ਮੰਜ਼ਲ ਸਮਝ ਕਿਛ ਨਾ ਆਈਆ । ਸਚ ਪਿਆਰ ਮੁਹੱਬਤ ਦਾ ਦੇ ਸਰੂਰ, ਸੁਰਤੀ ਸ਼ਬਦ ਨਾਲ ਜਣਾਈਆ । ਨਾਤਾ ਤੋੜ ਕੇ ਅੰਦਰੋਂ ਕੂੜ, ਕੂੜੀ ਕਿਰਿਆ ਬਾਹਰ ਕਢਾਈਆ । ਚਤੁਰ ਸੁਘੜ ਬਣਾ ਲੈ ਮੂੜ੍ਹ, ਮੁਗਧ ਆਪਣੇ ਗਲੇ ਲਗਾਈਆ । ਦੀਨ ਦਿਆਲ ਬਖ਼ਸ਼ ਦੇ ਧੂੜ, ਟਿੱਕੇ ਚਰਨ ਖ਼ਾਕ ਰਮਾਈਆ । ਸਾਚਾ ਰੰਗ ਚਾੜ੍ਹ ਦੇ ਗੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸਾਡੀ ਆਸਾ ਮਨਸਾ ਕਰ ਦੇ ਪੂਰ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਚ ਤੇਰੀ ਸ਼ਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਵੇਖ ਲੈ ਆਸਾ ਮਨਸਾ, ਖ਼ਾਹਿਸ਼ ਤੇਰੇ ਚਰਨ ਟਿਕਾਈਆ । ਸਾਡਾ ਰੂਪ ਬਣਾ ਦੇ ਹੰਸਾ, ਗੁਰਮੁਖ ਗੁਰ ਗੁਰ ਗੋਦ ਟਿਕਾਈਆ । ਮਨ ਹੰਕਾਰੀ ਰਹੇ ਨਾ ਕੰਸਾ, ਤਨ ਵਜੂਦ ਕਰ ਸਫ਼ਾਈਆ । ਅਸੀਂ ਪੰਜ ਤਤ ਤੇਰਾ ਇਕੋ ਬੰਸਾ, ਸਰਬੰਸ ਦੇ ਮਾਲਕ ਦੇਣੀ ਵਡਿਆਈਆ । ਅਸੀਂ ਜਨਮ ਲਏ ਕੋਟਨ ਕੋਟ ਜਗਤ ਵਿਚ ਸਹੰਸਾ, ਸਹੰਸਰ ਮੁਖ ਸ਼ੇਸ਼ ਦਏ ਗਵਾਹੀਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਸਾਚੀ ਬਣਾ ਦੇ ਬਣਤਾ, ਘੜਨ ਭੰਨਣਹਾਰ ਤੇਰੀ ਵਡਿਆਈਆ । ਸਾਡਾ ਲੇਖੇ ਲਾ ਲੈ ਅੰਤਮ ਅੰਤਾ, ਅੰਤ ਤੇਰੇ ਚਰਨ ਟਿਕਾਈਆ । ਅਸੀਂ ਭਰਮ ਥੱਕੇ ਲੱਖ ਚੁਰਾਸੀ ਵਿਚ ਜੀਵ ਜੰਤਾ, ਜਾਗਰਤ ਜੋਤ ਅੰਤ ਤੇਰਾ ਦਰਸ਼ਨ ਪਾਈਆ ।

੧੯੪੮
੨੩

ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਪੰਡਤਾ, ਬੁੱਧੀ ਤੋਂ ਪਰੇ ਤੇਰੀ ਪੜ੍ਹਾਈਆ । ਲੇਖਾ ਮੁਕਾ ਦੇ ਮਾਇਆ ਵਾਲੇ ਮਨ ਕਾ, ਮਮਤਾ ਮੋਹ ਨਾ ਕੋਇ ਹਲਕਾਈਆ । ਝਗੜਾ ਰਹੇ ਨਾ ਵਜੂਦ ਤਨ ਕਾ, ਤਤਵ ਤਤ ਦੇਣਾ ਸਮਝਾਈਆ । ਤੇਰਾ ਭਗਤ ਸੁਹੇਲਾ ਗੁਰੂ ਗੁਰ ਚੇਲਾ ਫੇਰ ਰਹੇ ਨਾ ਜਨਮਦਾ, ਜਨਮ ਜਨਮ ਵਿਚ ਕਦੇ ਨਾ ਆਈਆ । ਆਪਣਾ ਭੇਵ ਚੁਕਾ ਦੇ ਪਾਰਬ੍ਰਹਮ ਬ੍ਰਹਮ ਦਾ, ਈਸ਼ ਜੀਵ ਆਪਣੇ ਰੰਗ ਰੰਗਾਈਆ । ਲਹਿਣਾ ਲੇਖੇ ਲਾ ਲੈ ਹੱਡ ਮਾਸ ਨਾੜੀ ਚੰਮ ਦਾ, ਚੰਮ ਦ੍ਰਿਸ਼ਟੀ ਅੰਦਰੋਂ ਬਾਹਰ ਕਢਾਈਆ । ਝਗੜਾ ਰਹੇ ਨਾ ਹਰਖ ਸੋਗ ਗ਼ਮ ਦਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਜਾਏ ਲੱਗ, ਦਰ ਠਾਂਡੇ ਸੀਸ ਨਿਵਾਈਆ । ਫਿਰ ਆਉਣਾ ਪਏ ਨਾ ਜਗ, ਲੋਕਮਾਤ ਨਾ ਕੋਇ ਵਡਿਆਈਆ । ਕਿਰਪਾ ਕਰ ਸੂਰੇ ਸਰਬਗ, ਹਰਿ ਕਰਤੇ ਧੁਰਦਰਗਾਹੀਆ । ਤੇਰੀ ਸ਼ਰਨ ਸਰਨਾਈ ਗਏ ਲੱਗ, ਲਗ ਮਾਤਰ ਡੇਰਾ ਢਾਹੀਆ । ਆਪਣੇ ਨਾਲੋਂ ਨਾ ਕਰੀਂ ਅਲੱਗ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਘਰ ਸਵਾਮੀ ਲੈਣਾ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਤੇਰੇ ਪਿਆਰ ਦਾ ਸੁਣੀਏ ਨਦ, ਅਨਹਦ ਨਾਦੀ ਧੁਨ ਕਰ ਸ਼ਨਵਾਈਆ । ਜਗਤ ਕੂੜ ਦੀ ਮਿਟੇ ਹੱਦ, ਹਦੂਦ ਤੇਰੀ ਵੇਖ ਵਖਾਈਆ । ਜਿਥੇ ਇਕੋ ਦੀਪਕ ਜੋਤ ਰਿਹਾ ਜਗ, ਬਿਨ ਤੇਲ ਬਾਤੀ ਡਗਮਗਾਈਆ । ਤੂੰ ਮਾਲਕ ਖ਼ਾਲਕ ਨੂਰ ਅਲਾਹੀ ਰੱਬ, ਯਾਮਬੀਨ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਪੰਜ

ਤਤ ਕਹਿਣ ਪ੍ਰਭ ਅਸੀਂ ਬਰਦੇ ਤੇਰੇ ਗ਼ੁਲਾਮ, ਜੁਗ ਜੁਗ ਸੇਵ ਕਮਾਈਆ । ਨਿਗਾਹ ਮਾਰ ਲੈ ਧੁਰ ਅਮਾਮ, ਬਿਨ ਨੈਣਾਂ ਨੈਣ ਉਠਾਈਆ । ਸਾਰੇ ਮੰਗਦੇ ਹਕੀਕੀ ਤੇਰਾ ਜਾਮ, ਬਿਨਾ ਸ਼ਰਅ ਤੋਂ ਦੇਣਾ ਪਿਆਈਆ । ਸਾਡਾ ਪੂਰਨ ਹੋਵੇ ਕਾਮ, ਕਾਮ ਕਰੋਧ ਲੋਭ ਮੋਹ ਹੰਕਾਰ ਦਾ ਡੇਰਾ ਢਾਹੀਆ । ਝਗੜਾ ਰਹੇ ਨਾ ਸੁਬਹ ਸ਼ਾਮ, ਘੜੀ ਪਲ ਨਾ ਵੰਡ ਵੰਡਾਈਆ । ਤੇਰਾ ਨੂਰ ਜ਼ਹੂਰ ਦਿਸੇ ਤਮਾਮ, ਤਮਅ ਕੂੜੀ ਬਾਹਰ ਕਢਾਈਆ । ਤੇਰਾ ਸੰਦੇਸ਼ਾ ਹਕੀਕਤ ਵਾਲਾ ਸੁਣੀਏ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸ਼ਰਨਾਈਆ । ਪੰਜ ਤਤ ਕਹਿਣ ਪ੍ਰਭੂ ਤੇਰਾ ਮੰਗਦੇ ਇਕੋ ਦਰ, ਦਰਵੇਸ਼ ਹੋ ਕੇ ਝੋਲੀ ਡਾਹੀਆ । ਸਚ ਸੁਹੰਜਣਾ ਬਖ਼ਸ਼ ਘਰ, ਗ੍ਰਿਹਿ ਮੰਦਰ ਮਿਲੇ ਵਡਿਆਈਆ । ਕਿਰਪਾਲ ਹੋ ਕੇ ਕਿਰਪਾ ਦੇਣੀ ਕਰ, ਕਰਤੇ ਪੁਰਖ ਤੇਰੀ ਸਰਨਾਈਆ । ਸਾਡਾ ਆਵਣ ਜਾਵਣ ਭੈ ਭਉ ਚੁਕਾ ਦੇ ਡਰ, ਨਾਤਾ ਜਗਤ ਜੁਗਤ ਦ੍ਰਿੜਾਈਆ । ਤੇਰੇ ਸਚ ਸਰੋਵਰ ਨਹਾਈਏ ਅਗੰਮੇ ਸਰ, ਜਲਧਾਰਾ ਲੋੜ ਰਹੇ ਨਾ ਰਾਈਆ । ਨਾ ਜੰਮੀਏ ਨਾ ਜਾਈਏ ਮਰ, ਮਰ ਜੀਵਤ ਤੇਰਾ ਰੂਪ ਵਟਾਈਆ । ਤੂੰ ਮਾਲਕ ਇਕੋ ਨਰਾਇਣ ਨਰ, ਨਰ ਹਰਿ ਤੇਰੇ ਹੱਥ ਵਡਿਆਈਆ । ਸਚ ਸਰਨਾਈ ਜਾਈਏ ਪਰ, ਦੂਸਰ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਧੁਰ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਦਰ ਦਰਵੇਸ਼, ਭਿਖਕ ਹੋ ਕੇ ਝੋਲੀ ਡਾਹੀਆ । ਤੂੰ ਮਾਲਕ ਇਕ ਨਰੇਸ਼, ਨਿਰਗੁਣ ਸਰਗੁਣ ਖੇਲ ਖਿਲਾਈਆ । ਅਸੀਂ ਵੇਖੀਏ ਤੇਰਾ ਸੁਹੰਜਣਾ ਦੇਸ, ਦੇਸ ਦੇਸੰਤਰ ਡੇਰਾ ਢਾਹੀਆ । ਸਾਡਾ ਫੇਰ ਨਾ ਹੋਏ ਕਲੇਸ਼, ਕਲਮਾ ਕਾਇਨਾਤ ਨਾ ਕੋਇ ਪੜ੍ਹਾਈਆ । ਤੇਰੇ ਵਿਚ ਰਹੀਏ ਹਮੇਸ਼, ਜੋਤੀ ਜਾਤੇ ਤੇਰੇ ਵਿਚ ਸਮਾਈਆ । ਤੂੰ ਸ਼ਾਹੋ ਭੂਪ ਇਕ ਨਰੇਸ਼, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਪਰਮ ਪੁਰਖ ਸਚ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਨਜ਼ਰੀ ਆਈਆ ।

✪ ੫ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਦਸੂਹਾ ਖ਼ਿਆਲ ਸਿੰਘ ਵਤਨ ਸਿੰਘ ਸਰੀਂਹ ਪੁਰ ਜੀਆ ਲਾਲ ਤਲਵਾੜਾ ਦਲਜੀਤ ਸਿੰਘ ਤਲਵਾੜਾ ਆਤਮ ਚੰਦ ਤਲਵਾੜਾ ਗਿਆਨ ਚੰਦ ਤਲਵਾੜਾ ਸੁਰਿੰਦਰ ਸਿੰਘ ਰੂਪੋ ਵਾਲ ਧੰਨਾ ਸਿੰਘ ਕੁਲੀਆ ✪

ਪੰਜ ਤਤ ਕਹਿਣ ਪ੍ਰਭ ਦੇ ਅਗੰਮੀ ਦਾਤ, ਦਾਤੇ ਦਾਨੀ ਦੀਨ ਦਿਆਲ ਦਇਆ ਕਮਾਈਆ । ਆਤਮ ਪਰਮਾਤਮ ਪਰਮ ਪੁਰਖ ਸਤਿ ਸਤਿਵਾਦੀ ਬਣਾ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਬਾਈਆ । ਤਨ ਵਜੂਦ ਹਕ ਮਹਿਬੂਬ ਮੇਟ ਅੰਧੇਰੀ ਰਾਤ, ਜੋਤੀ ਜਾਤੇ ਪੁਰਖ ਬਿਧਾਤੇ ਨੂਰੀ ਚੰਦ ਕਰ ਰੁਸ਼ਨਾਈਆ । ਤਨ ਸਰੀਰ ਬੇਨਜ਼ੀਰ ਝਗੜਾ ਰਹੇ ਨਾ ਜ਼ਾਤ ਪਾਤ, ਪਤਿਪਰਮੇਸ਼ਵਰ ਪਰਮ ਪੁਰਖ ਦੇਣੀ ਮਾਣ ਵਡਿਆਈਆ । ਨਿਗਾਹ ਮਾਰ ਲੈ ਸਚਖੰਡ ਨਿਵਾਸੀ ਲੋਕਮਾਤ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਆਪਣਾ ਖੇਲ ਤੱਕ ਲੈ ਬਹੁਭਾਂਤ, ਬਿਨ ਨੇਤਰ ਨੈਣ ਲੋਚਣ ਅੱਖ ਉਠਾਈਆ । ਸੁਰਤੀ ਰਹੀ ਨਾ ਕਿਸੇ ਇਕਾਂਤ, ਅਕਲ ਕਲਧਾਰੀ ਤੇਰੇ ਰੰਗ ਨਾ ਕੋਇ ਸਮਾਈਆ । ਅੰਤਸ਼ਕਰਨ ਹੋਵੇ ਕਿਸੇ ਨਾ ਸ਼ਾਂਤ,

ਸ਼ਾਂਤਕ ਸਤਿ ਨਾ ਕੋਇ ਕਰਾਈਆ । ਸ਼ਬਦ ਸੁਣਾ ਅਗੰਮੀ ਬਾਤ, ਬਾਤਨ ਪਰਦਾ ਆਪ ਚੁਕਾਈਆ । ਤੂੰ ਨਿਰਗੁਣ ਸਰਗੁਣ ਕਮਲਾਪਾਤ, ਪਤ ਪਤਵੰਤੇ ਤੇਰੀ ਓਟ ਤਕਾਈਆ । ਜਨ ਭਗਤਾਂ ਪੁਛ ਅੰਤਮ ਵਾਤ, ਵਾਤਾਵਰਨ ਤੱਕ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਵੇਖ ਲੈ ਆਸਾ, ਆਸ਼ਾ ਤੇਰੇ ਚਰਨ ਟਿਕਾਈਆ । ਨਿਰਗੁਣ ਧਾਰ ਬਖ਼ਸ਼ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਸਾਚੇ ਮੰਡਲ ਪਾ ਰਾਸਾ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਨਾਮ ਨਿਧਾਨ ਦੇ ਸਵਾਸ ਸਵਾਸਾ, ਰਸਨਾ ਜਿਹਵਾ ਜਗਤ ਵਡਿਆਈਆ । ਤੇਰਾ ਖੇਲ ਤੱਕੀਏ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਖੇਲ ਖਿਲਾਈਆ । ਤੇਰੇ ਬਾਲਕ ਬਣੀਏ ਦਾਨੀ ਦਾਤਾ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਵਸ ਜਾ ਖੇੜੇ, ਖਹਿੜਾ ਦੀਨ ਦੁਨੀ ਛੁਡਾਈਆ । ਮਾਲਕ ਸਵਾਮੀ ਆ ਜਾ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਮਨਸਾ ਮਨ ਰਹਿਣ ਨਾ ਝੇੜੇ, ਝਗੜਾ ਜਗਤ ਨਾ ਕੋਇ ਲੜਾਈਆ । ਚੁਰਾਸੀ ਫਾਸੀ ਵਾਲੇ ਮੇਟ ਦੇ ਗੇੜੇ, ਤਤ ਨਿਮਾਣੇ ਰਹੇ ਕੁਰਲਾਈਆ । ਸਾਨੂੰ ਚਾੜ੍ਹ ਲੈ ਆਪਣੇ ਬੇੜੇ, ਨਈਆ ਨੌਕਾ ਨਾਮ ਰਖਾਈਆ । ਅਸੀਂ ਜਨਮ ਭੋਗ ਲਏ ਬਥੇਰੇ, ਅੰਡਜ ਜੇਰਜ ਉਤਭੁਜ ਸੇਤਜ ਫੇਲ ਫੁਲਾਈਆ । ਕਲਜੁਗ ਅੰਤ ਲਾਈਂ ਨਾ ਦੇਰੇ, ਭਗਵੰਤ ਤੇਰੀ ਆਸ ਰਖਾਈਆ । ਭਗਵਾਨ ਕਰ ਦੇ ਮਿਹਰੇ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਪੰਜ ਤਤ ਕਹਿਣ ਪ੍ਰਭ ਧੁਰ ਦੇ ਸੰਗੀ, ਸਗਲਾ ਸੰਗ ਆਪ ਬਣਾਈਆ । ਇਕੋ ਵਸਤ ਦਰ ਤੇਰੇ ਤੋਂ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਡੀ ਜਨਮ ਮਰਨ ਦੀ ਮੇਟ ਦੇ ਤੰਗੀ, ਦੁੱਖ ਜਗਤ ਰਹੇ ਨਾ ਰਾਈਆ । ਸਾਨੂੰ ਆਪਣੇ ਲਗਾ ਲੈ ਅੰਗੀ, ਅੰਗੀਕਾਰ ਆਪ ਅਖਵਾਈਆ । ਸਾਡੀ ਪੁਸ਼ਤ ਰਹੇ ਨਾ ਨੰਗੀ, ਪਿੱਠ ਆਪਣਾ ਹੱਥ ਟਿਕਾਈਆ । ਤੂੰ ਮਾਲਕ ਖੰਡ ਬ੍ਰਹਿਮੰਡੀ, ਵਰਭੰਡੀ ਵੇਖਣਾ ਚਾਈਂ ਚਾਈਆ । ਤੂੰ ਸਾਹਿਬ ਸੂਰਾ ਸਰਬੰਗੀ, ਹਰਿ ਕਰਤਾ ਧੁਰਦਰਗਾਹੀਆ । ਸਾਨੂੰ ਉਠਾ ਲੈ ਆਪਣੇ ਕੰਧੀ, ਬੇੜਾ ਜਗਤ ਜਹਾਨ ਪਾਰ ਕਰਾਈਆ । ਸਤਿਗੁਰ ਸ਼ਬਦ ਕਰਾ ਦੇ ਸੰਧੀ, ਬਿਨ ਹਰਫ਼ ਹਰੂਫ਼ ਹੋਵੇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਪਰਮ ਪੁਰਖ ਅਲੱਖ, ਅਲਖ ਅਗੋਚਰ ਤੇਰੀ ਓਟ ਤਕਾਈਆ । ਸਾਡੇ ਵੇਖ ਲੈ ਭਾਂਡੇ ਸੱਖ, ਕਾਇਆ ਪਰਦੇ ਆਪ ਉਠਾਈਆ । ਮਿਹਰਵਾਨ ਹੋ ਕੇ ਆਪਣਾ ਨਾਮ ਨਿਧਾਨ ਅੰਦਰ ਰੱਖ, ਬਿਨ ਦਸਤ ਵਸਤ ਟਿਕਾਈਆ । ਤੂੰ ਸਰਬ ਕਲਾ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਤੇਰੇ ਦਰਸ ਨਾਲ ਸਗਲ ਵਸੂਰੇ ਜਾਣ ਲਥ, ਜਗਤ ਰੋਗ ਦੇਣਾ ਮਿਟਾਈਆ । ਪੰਜ ਵਿਕਾਰਾ ਦੇਣਾ ਮਥ, ਨਾਮ ਨਿਧਾਨਾ ਇਕ ਚਲਾਈਆ । ਵਾਹਿਦਾ ਪੂਰਾ ਕਰ ਦੇ ਜੋ ਰਾਮ ਬੇਟਾ ਕਹਿ ਕੇ ਗਿਆ ਦਸਰਥ, ਦਹਿ ਦਿਸ਼ਾ ਧਿਆਨ ਲਗਾਈਆ । ਸਾਡਾ ਲਹਿਣਾ ਦੇਣਾ ਤੱਕ ਲੈ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਤਤ ਅੱਠ, ਨਵਾਂ ਦਰਾਂ ਖੋਜ ਖੁਜਾਈਆ । ਦਸਮ ਦਵਾਰੀ ਏਕੰਕਾਰੀ ਧਾਰ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਅੰਮਿਉਂ ਨਿਝਰ ਧਾਰ ਦਾ ਦੇ ਰਸ, ਰਸਨਾ ਰਸ ਨਾ ਕੋਇ ਚਖਾਈਆ । ਬਿਨ ਅੱਖਾਂ ਤੋਂ ਖੇਲ

੧੯੫੦
੨੩

੧੯੫੧
੨੩

ਅੱਖ, ਨਿਜ ਨੇਤਰ ਡਗਮਗਾਈਆ । ਸਾਡੇ ਗ੍ਰਿਹਿ ਹੋ ਪ੍ਰਤਖ, ਘਰ ਆਪਣਾ ਆਪ ਸੁਹਾਈਆ । ਤੇਰੇ ਨਾਲੋਂ ਰਹੀਏ ਨਾ ਵੱਖ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਨਿਰਗੁਣ ਧਾਰ ਪੁਰਖ ਨਿਰੰਜਣ ਸੋ, ਸਾਹਿਬ ਤੇਰੀ ਸਰਨਾਈਆ । ਸਤਿ ਸਰੂਪੀ ਆਪੇ ਹੋ, ਹੋਕਾ ਦੇਣਾ ਚਾਈਂ ਚਾਈਆਂ । ਨਿਰਗੁਣ ਧਾਰ ਬਖ਼ਸ਼ ਦੇ ਲੋ, ਅੰਧ ਅੰਧੇਰ ਦੇਣਾ ਮਿਟਾਈਆ । ਤੁਧ ਬਿਨ ਅਵਰ ਨਾ ਦਿਸੇ ਕੋ, ਕੂਕ ਕੂਕ ਰਹੇ ਸੁਣਾਈਆ । ਸਾਡੀ ਦੁਰਮਤ ਮੈਲ ਧੋ, ਪਤਤ ਪੁਨੀਤ ਦੇ ਬਣਾਈਆ । ਅੰਮ੍ਰਿਤ ਰਸ ਅਗੰਮਾ ਚੋ, ਬੂੰਦ ਸਵਾਂਤੀ ਆਪ ਟਪਕਾਈਆ । ਗ੍ਰਿਹਿ ਸਵਾਮੀ ਪ੍ਰਗਟ ਹੋ, ਆਪ ਆਪਣਾ ਪਰਦਾ ਲਾਹੀਆ । ਆਤਮ ਪਰਮਾਤਮ ਧਾਰ ਰਹੇ ਨਾ ਦੋ, ਦੂਆ ਏਕੇ ਵਿਚ ਮਿਲਾਈਆ । ਸੁਰਤੀ ਸ਼ਬਦ ਸ਼ਬਦ ਸੁਰਤੀ ਗਏ ਛੋਹ, ਛੋਹਰ ਬਾਂਕੇ ਵੇਖਣਾ ਚਾਈਂ ਚਾਈਆ । ਅਸੀਂ ਤਤ ਨਿਮਾਣੇ ਬਿਨ ਨੈਣਾਂ ਰਹੇ ਰੋ, ਬਿਨ ਹੰਝੂਆਂ ਹਾਰ ਰਹੇ ਬਣਾਈਆ । ਸਾਡੇ ਅੰਤਰ ਪੰਜ ਤਤ ਨਾ ਰਹੇ ਗ੍ਰੋਹ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮਿਟਾਈਆ । ਸਚ ਵਸਤ ਦਾ ਢੋਆ ਦੇ ਢੋਅ, ਬਿਨ ਢੋਲਕ ਛੈਣੇ ਤੇਰਾ ਨਾਮ ਸੁਣੀਏ ਚਾਈਂ ਚਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਮੰਜ਼ਲ ਤੱਕ ਲੈ ਵਾਟ, ਧੁਰ ਦੇ ਮਾਲਕ ਧਿਆਨ ਲਗਾਈਆ । ਸਾਡੀ ਸੇਜ ਸੁਹੰਜਣੀ ਵੇਖ ਲੈ ਖਾਟ, ਖਟੀਆ ਤੇਰੇ ਰੰਗ ਰੰਗਾਈਆ । ਸਾਡਾ ਗ੍ਰਿਹਿ ਮੰਦਰ ਤੱਕ ਲੈ ਹਾਟ, ਹਟਵਾਣੇ ਖੋਜ ਖੁਜਾਈਆ । ਆਪਣਾ ਨੂਰ ਤੱਕ ਲੈ ਜੋਤ ਅਗੰਮੀ ਲਾਟ, ਲਲਾਟੀ ਪਰਦਾ ਆਪ ਚੁਕਾਈਆ । ਵਜੂਦ ਵੇਖ ਲੈ ਕਾਇਆ ਮਾਟ, ਮਟਕੇ ਭਾਂਡੇ ਫੋਲ ਫੁਲਾਈਆ । ਅਸੀਂ ਸਰਗੁਣ ਨਿਰਗੁਣ ਤੇਰੇ ਕੋਲੋਂ ਮੰਗਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਸਾਡੀ ਅੰਤਮ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਦਰੋਹੀ ਸਾਡੀ ਲੋਕਮਾਤ, ਤੇਰੇ ਨਾਮ ਵਾਲੀ ਦੁਹਾਈਆ । ਚਰਨ ਪ੍ਰੀਤ ਬਖ਼ਸ਼ ਦੇ ਨਾਤ, ਨਾਤਾ ਆਪਣਾ ਲੈਣਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰ ਮਾਰ ਲੈ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਤੂੰ ਮਾਲਕ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਸਾਥੋਂ ਤੇਰੀ ਧਾਰ ਨਾ ਜਾਏ ਪਛਾਤੀ, ਬੇਪਹਿਚਾਨ ਤੇਰੀ ਬੇਪਰਵਾਹੀਆ । ਤੂੰ ਅਇਉਂ ਲੋਕਮਾਤੀ, ਮਤਾ ਸਤਿਗੁਰ ਸ਼ਬਦ ਨਾਲ ਰਖਾਈਆ । ਜਿਸ ਦੀ ਸਮਝ ਨਾ ਆਵੇ ਜ਼ਾਤੀ, ਜੋਤੀ ਜਾਤੇ ਪਰਦਾ ਸਕੇ ਨਾ ਕੋਇ ਉਠਾਈਆ । ਅੰਤਮ ਸਾਡੀ ਪੁਛ ਵਾਤੀ, ਵਾਸਤਾ ਤੇਰੇ ਅਗੇ ਪਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਪਤਾ ਨਹੀਂ ਤੇਰਾ ਦੀਪਕ ਕਿਥੇ ਜਗਦਾ ਬਿਨ ਤੇਲ ਬਾਤੀ, ਬਾਤਨ ਵੇਖਣ ਕੋਇ ਨਾ ਪਾਈਆ । ਮੇਰੇ ਸਾਹਿਬ ਸਵਾਮੀ ਅੰਤਰਜਾਮੀ ਪਰਮ ਪੁਰਖ ਕਮਲਾਪਾਤੀ, ਪਤ ਪਤਵੰਤੇ ਦੇ ਮਾਣ ਵਡਿਆਈਆ । ਬਿਨ ਤੇਰੀ ਕਿਰਪਾ ਆਏ ਨਾ ਸ਼ਾਂਤੀ, ਸਤਿ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਬਹੁ ਭਾਂਤੀ, ਭੇਵ ਭਾਵ ਸਮਝ ਕਿਛ ਨਾ ਆਈਆ ।

**✪ ੫ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਪੰਜ ਢੇਰਾ ਕਰਤਾਰ ਸਿੰਘ ਲਾਲ ਸਿੰਘ ਹਰਭਜਨ ਸਿੰਘ ਨਵਾਂ ਪਿੰਡ ਦਿਆਲ ਸਿੰਘ ਡੱਡ ਰਾਮ ਸਿੰਘ ਗਾਲੜੀਆ ਦਰਬਾਰਾ ਸਿੰਘ ਮੰਗਲ ਸਿੰਘ ਗਾਲੜੀਆ ਰੇਸ਼ਮ ਸਿੰਘ ਪੰਜ ਢੇਰਾ ✪**

ਪੰਜ ਤਤ ਕਹਿਣ ਪ੍ਰਭ ਸਾਡੇ ਪੈਂਡੇ ਕਦੇ ਨਾ ਮੁਕਦੇ, ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਭੱਜੀਏ ਵਾਹੋ ਦਾਹੀਆ । ਪੁਰਖ ਅਕਾਲੇ ਦੀਨ ਦਿਆਲੇ ਸਾਨੂੰ ਪਿਆਰ ਮਿਲੇ ਨਾ ਤੇਰੀ ਇਕ ਤੁਕ ਦੇ, ਤੂੰ ਮੇਰਾ ਮੈਂ ਤੇਰਾ ਰੂਪ ਅਨੂਪ ਨਜ਼ਰ ਕੋਇ ਨਾ ਆਈਆ । ਤਨ ਵਜੂਦਾਂ ਸਦਾ ਸੁਹੇਲੇ ਰਹੇ ਝੁਕਦੇ, ਅਵਤਾਰ ਪੈਗ਼ੰਬਰ ਗੁਰ ਸੀਸ ਨਿਵਾਈਆ । ਬਿਰਹੋਂ ਵੈਰਾਗ ਵਿਛੋੜੇ ਵਿਚ ਰਹੇ ਸੁਕਦੇ, ਹੱਡ ਮਾਸ ਨਾੜੀ ਪਿੰਜਰ ਜਗਤ ਵਖਾਈਆ । ਜੂਹਾਂ ਕੰਦਰਾਂ ਵਿਚ ਰਹੇ ਲੁਕਦੇ, ਟਿੱਲੇ ਪਰਬਤ ਚੋਟੀਆਂ ਚੜ੍ਹ ਕੇ ਭੱਜੇ ਵਾਹੋ ਦਾਹੀਆ । ਪਤਾ ਨਹੀਂ ਕਿਤਨੇ ਰੂਪ ਧਰੇ ਮਾਨਸ ਮਨੁਖ ਦੇ, ਮਾਨਵ ਆਪਣੀ ਵੰਡ ਵੰਡਾਈਆ । ਵਣਜਾਰੇ ਬਣਦੇ ਰਹੇ ਜਨਣੀ ਵਾਲੀ ਕੁੱਖ ਦੇ, ਦਸ ਦਸ ਮਾਸ ਅਗਨ ਤਪਾਈਆ । ਨਾਮ ਕਲਮੇ ਬੋਲਦੇ ਰਹੇ ਸਹਾਰੇ ਮੁਖ ਦੇ, ਰਸਨਾ ਜਿਹਵਾ ਬੱਤੀ ਦੰਦ ਨਾਲ ਵਡਿਆਈਆ । ਦਰੋਹੀ ਝਗੜੇ ਮੁਕੇ ਨਾ ਉਲਟੇ ਰੁੱਖ ਦੇ, ਆਵਣ ਜਾਵਣ ਪਤਤ ਪਾਵਨ ਪੰਧ ਨਾ ਕੋਇ ਮੁਕਾਈਆ । ਅਸੀਂ ਸਰਗੁਣ ਧਾਰ ਭਰੇ ਦੁੱਖ ਦੇ, ਨਿਰਗੁਣ ਤੇਰਾ ਰੰਗ ਨਾ ਕੋਇ ਰੰਗਾਈਆ । ਸਾਡੇ ਮਨ ਮਮਤਾ ਵਾਲੇ ਭੁੱਖ ਦੇ, ਤ੍ਰਿਸ਼ਨਾ ਦੂਰ ਨਾ ਕੋਇ ਕਰਾਈਆ । ਅਸੀਂ ਜੁਗ ਜੁਗ ਸੁੱਖਣਾਂ ਆਏ ਸੁਖਦੇ, ਕਵਣ ਵੇਲਾ ਮਿਲੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੂੰ ਮਾਲਕ ਇਕ ਅਖਵਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਤਨ ਵਜੂਦ ਵੇਖ ਸ਼ਰੀਰ, ਮਾਟੀ ਖ਼ਾਕ ਧਿਆਨ ਲਗਾਈਆ । ਨਿਗਾਹ ਮਾਰ ਲੈ ਬੇਨਜ਼ੀਰ, ਨਜ਼ਰ ਤੋਂ ਓਹਲੇ ਪਰਦਾ ਆਪ ਉਠਾਈਆ । ਸਾਡੀ ਬਦਲੇ ਨਾ ਕੋਇ ਤਕਦੀਰ, ਤਕਬਰ ਸਕੇ ਨਾ ਕੋਇ ਮਿਟਾਈਆ । ਅਸੀਂ ਬੱਝੇ ਸ਼ਰਅ ਦੀ ਵਿਚ ਜ਼ੰਜੀਰ, ਬੰਧਨ ਸਕੇ ਨਾ ਕੋਇ ਤੁੜਾਈਆ । ਸਾਡੀ ਮੰਜ਼ਲ ਵੇਖ ਲੈ ਅਖ਼ੀਰ, ਆਖ਼ਰ ਤੇਰੀ ਓਟ ਤਕਾਈਆ । ਤੂੰ ਦਾਤਾ ਗੁਣੀ ਗਹੀਰ, ਗਹਿਰ ਗਵਰ ਇਕ ਅਖਵਾਈਆ । ਬਿਨਾ ਸ਼ਕਲ ਤੋਂ ਤੇਰੀ ਤੱਕੀਏ ਅਸਲ ਤਸਵੀਰ, ਜਿਸ ਨੂੰ ਤਸੱਵਰ ਮੁਸ਼ੱਵਰ ਨਾ ਕੋਇ ਸਮਝਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਸਚ ਸਵਾਮੀ ਸਾਨੂੰ ਬਖ਼ਸ਼ਣੀ ਧੀਰ, ਧੀਰਜ ਧੁਰ ਦਾ ਨਾਮ ਧਰਾਈਆ । ਸਾਡੇ ਓਢਣ ਬਸਤਰ ਪਾਟੇ ਵੇਖ ਲੈ ਚੀਰ, ਚਿਰੀਂ ਵਿਛੁੰਨੇ ਲੈਣੇ ਮਿਲਾਈਆ । ਪਿਛਲੇ ਕਰਮ ਤੇ ਮਾਰ ਲਕੀਰ, ਲੇਖਾ ਅਗਲਾ ਆਪਣੇ ਨਾਲ ਰਖਾਈਆ । ਤੇਰੇ ਹੱਥ ਸਰਬ ਤਦਬੀਰ, ਤਰੀਕਾ ਤਰਾ ਤਰਾ ਦੇਣਾ ਸਮਝਾਈਆ । ਤੂੰ ਪਾਤਸ਼ਾਹ ਸ਼ਹਿਨਸ਼ਾਹ ਅਸੀਂ ਤੇਰੇ ਹਕੀਰ, ਦਰ ਦਰ ਬੈਠੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਆਪਣਾ ਰੰਗ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਆਦਿ ਜੁਗਾਦੀ ਤੇਰਾ ਤੱਕਦੇ ਰਾਹ, ਰਹਿਬਰ ਤੇਰੀ ਓਟ ਤਕਾਈਆ । ਤੂੰ ਮਾਲਕ ਵਾਹਿਦ ਇਕ ਖ਼ੁਦਾ, ਨੂਰ ਨੁਰਾਨਾ ਨਜ਼ਰੀ ਆਈਆ । ਤੇਰੇ ਨਾਲੋਂ ਨਾ ਹੋਈਏ ਜੁਦਾ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਮਾਲਕ ਖ਼ਾਲਕ ਤੇਰੀ ਕਦਮ ਧਾਰ ਵਿਚ ਹੋਈਏ ਫ਼ਿਦਾ, ਫ਼ੈਸਲਾ ਇਕੋ ਇਕ ਸੁਣਾਈਆ । ਸੂਫ਼ੀਆਂ ਉਧਾਰਨਾ ਤੇਰੀ ਅਦਾ, ਅਦਲ ਇਨਸਾਫ਼ ਇਕ ਜਣਾਈਆ । ਸਦ ਤੇਰੀ ਚਲੀਏ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਦੇਣੀ ਵਡਿਆਈਆ । ਬਿਨ ਕਦਮਾਂ ਸੀਸ ਦੇਈਏ

੧੯੫੨
੨੩

ਝੁਕਾ, ਨਿਵ ਨਿਵ ਲਾਗੀਏ ਪਾਈਆ । ਤੂੰ ਆਤਮ ਧਾਰ ਪਰਮਾਤਮ ਸਾਡਾ ਬਣਨਾ ਰਹਿਨੁਮਾ, ਮਾਰਗ ਇਕੋ ਇਕ ਸਮਝਾਈਆ । ਘਰ ਦੀਪਕ ਜੋਤ ਜਗਾ ਦੇ ਸ਼ਮਾ, ਸ਼ਬੇ ਰੋਜ਼ ਨੂਰ ਕਰ ਰੁਸ਼ਨਾਈਆ । ਸਾਨੂੰ ਤੇਰੇ ਮਿਲਣ ਦੀ ਤਮਅ, ਲਾਲਚ ਕੂੜ ਦਾ ਡੇਰਾ ਢਾਹੀਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਉਤੇ ਕਰਨੀ ਖ਼ਿਮਾ, ਯਾਚਕ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਆਪ ਵਰਤਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੈਨੂੰ ਰਹੇ ਲੱਭਦੇ, ਜੁਗ ਜੁਗ ਖੋਜ ਖੁਜਾਈਆ । ਤੂੰ ਲੇਖੇ ਵੇਖ ਲੈ ਸਭ ਦੇ, ਸਬੱਬ ਨਾਲ ਮਿਲਿਆ ਧੁਰ ਦਾ ਮਾਹੀਆ । ਆਵਾਜ਼ ਸੁਣਾ ਦੇ ਆਪਣੇ ਨਦ ਕੇ, ਧੁਨ ਆਤਮਕ ਰਾਗ ਸੁਣਾਈਆ । ਜਾਮ ਪਿਆ ਦੇ ਅੰਮ੍ਰਿਤ ਮਧ ਦੇ, ਸਚ ਸਰੂਰ ਇਕ ਚੜ੍ਹਾਈਆ । ਝਗੜੇ ਮੁਕਾ ਦੇ ਕਾਇਆ ਵਾਲੇ ਹੱਜ ਦੇ, ਹੁਜਰਾ ਇਕੋ ਇਕ ਵਖਾਈਆ । ਜਿਥੇ ਤੇਰੇ ਦੀਪਕ ਜੋਤ ਜਗਦੇ, ਜਾਗਰਤ ਜੋਤ ਇਕੋ ਡਗਮਗਾਈਆ । ਸਾਡੇ ਝਗੜੇ ਰਹਿਣ ਨਾ ਦੀਨ ਦੁਨੀ ਦੀ ਹੱਦ ਦੇ, ਹਦੂਦ ਆਪਣੀ ਦੇਣੀ ਵਖਾਈਆ । ਜਿਥੇ ਅਵਤਾਰ ਪੈਗ਼ੰਬਰ ਗੁਰੂ ਸਜਦੇ, ਦਰਗਾਹ ਸਾਚੀ ਸੋਭਾ ਪਾਈਆ । ਅਸੀਂ ਦਰਸ਼ਨ ਕਰੀਏ ਤੇਰੇ ਨੂਰ ਅਲਾਹੀ ਰੱਬ ਦੇ, ਯਾਮਬੀਨ ਤੇਰੀ ਓਟ ਤਕਾਈਆ । ਸਾਨੂੰ ਲੱਖ ਚੁਰਾਸੀ ਵਿਚੋਂ ਕੱਢ ਦੇ, ਕੱਢਣਹਾਰ ਤੇਰੀ ਵਡਿਆਈਆ । ਸਾਡਾ ਧਰਮ ਨਿਸ਼ਾਨਾ ਗੱਡ ਦੇ, ਸਚਖੰਡ ਸਾਚੇ ਵੱਜੇ ਵਧਾਈਆ । ਵਿਛੋੜੇ ਰਹਿਣ ਨਾ ਕਦੇ ਅਲੱਗ ਦੇ, ਮੇਲਾ ਮੇਲਣਾ ਚਾਈਂ ਚਾਈਂਆ । ਜਨਮ ਲੈਣੇ ਪੈਣ ਨਾ ਫੇਰ ਕਦੀ ਭਗ ਦੇ, ਭਾਵਨਾ ਤੇਰੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਅੰਤਮ ਸਾਡੀ ਪੁਛ ਲੈ ਵਾਤ, ਮਾਲਕ ਹੋ ਕੇ ਧਿਆਨ ਲਗਾਈਆ । ਸਚ ਪ੍ਰੀਤ ਬਖ਼ਸ਼ ਦੇ ਨਾਤ, ਨਾਤਵਾਂ ਆਪਣਾ ਜੋੜ ਜੁੜਾਈਆ । ਲੇਖਾ ਵੇਖ ਲੈ ਕਮਲਾਪਾਤ, ਪਤਿਪਰਮੇਸ਼ਵਰ ਧਿਆਨ ਲਗਾਈਆ । ਗ਼ਰੀਬ ਨਿਮਾਣਿਆਂ ਪੁਛ ਬਾਤ, ਅੰਤ ਕੰਤ ਭਗਵੰਤ ਹੋ ਸਹਾਈਆ । ਅੰਮ੍ਰਿਤ ਬਖ਼ਸ਼ ਦੇ ਬੂੰਦ ਸਵਾਂਤ, ਅਗਨੀ ਤਤ ਦੇਣਾ ਗਵਾਈਆ । ਤੇਰਾ ਦਰਸ਼ਨ ਕਰੀਏ ਬਹੁ ਬਿਧ ਭਾਂਤ, ਅਕਲ ਕਲਧਾਰੀ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਨਿਰਧਨ ਧਾਰ ਜਗ, ਜਗ ਜੀਵਣ ਦਾਤੇ ਦਈਏ ਦ੍ਰਿੜਾਈਆ । ਸੜਦੇ ਦੀਨ ਦੁਨੀ ਦੀ ਵਿਚ ਅੱਗ, ਅਗਨੀ ਤਤ ਨਾ ਕੋਇ ਬੁਝਾਈਆ । ਹੰਸ ਰੂਪ ਹੋਏ ਕਗ, ਕਲਜੁਗ ਕੂੜ ਕੁੜਿਆਰ ਮੁਖ ਲਗਾਈਆ । ਤੇਰਾ ਦਰਸ਼ਨ ਮਿਲੇ ਨਾ ਉਪਰ ਸ਼ਾਹਰਗ, ਨਵ ਦਰ ਦਾ ਪੰਧ ਮੁਕਾਈਆ । ਆਪਣੇ ਮਿਲਣ ਦਾ ਆਪੇ ਬਖ਼ਸ਼ ਸਬੱਬ, ਸਭਾ ਮਲੇਛ ਅੰਦਰੋਂ ਬਾਹਰ ਕਢਾਈਆ । ਤੇਰਾ ਨੂਰ ਜ਼ਹੂਰ ਤੱਕੀਏ ਮੇਰੇ ਮਾਲਕ ਅਗੰਮੀ ਰੱਬ, ਯਾਮਬੀਨ ਤੇਰਾ ਦਰਸ਼ਨ ਪਾਈਆ । ਸਾਡੀ ਪਿਛਲੀ ਪਿਛੇ ਰਹਿ ਜਾਏ ਹੱਦ, ਅਗੇ ਆਪਣੇ ਗ੍ਰਿਹ ਦੇਣੀ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਾਨੂੰ ਆਪਣੇ ਘਰ ਸੱਦ, ਗ੍ਰਿਹ ਦੇਣੀ ਮਾਣ ਵਡਿਆਈਆ । ਕੂੜ ਵਿਕਾਰਾ ਸਾਡੇ ਅੰਦਰੋਂ ਬੱਧ, ਬੱਧਕ ਦਾ ਲੇਖਾ ਵੇਖਣਾ ਚਾਈਂ ਚਾਈਂਆ । ਤੇਰੇ ਸਚਖੰਡ ਦਵਾਰ ਏਕੰਕਾਰ ਜਾਈਏ ਸਜ, ਸੱਜਣਾ ਦੇਣੀ ਮਾਣ ਵਡਿਆਈਆ । ਅੰਤ ਪਰਮਾਤਮ ਆਪਣਾ ਕਰਾ ਲੈ ਹੱਜ, ਹਾਜਤ ਅਵਰ ਰਹੇ ਨਾ ਰਾਈਆ । ਤੇਰੇ ਘਰ ਸਵਾਮੀ ਅੰਤਰਜਾਮੀ ਤੇਰਾ ਨੂਰ ਨੁਰਾਨਾ ਸ੍ਰੀ ਭਗਵਾਨਾ ਜੋਤ ਜਾਏ ਜਗ, ਜਾਗਰਤ ਜੋਤ ਬਿਨ ਵਰਨ ਗੋਤ ਤੇਰੇ ਵਿਚ

੧੯੫੩
੨੩

ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧਾਰ ਏਕੰਕਾਰ ਸੁਣਾ ਦੇ ਨੱਦ, ਧੁਨ ਆਤਮਕ ਰਾਗ ਬਿਨ ਵੈਰਾਗ ਦੇਣਾ ਦ੍ਰਿੜਾਈਆ ।

### ੬ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜ਼ਹੂਰਾ ਗੁਰਚਰਨ ਸਿੰਘ ਗੁਰਤਖਤ ਸਿੰਘ ਜ਼ਹੂਰਾ ਤਾਰੂ ਸਿੰਘ ਜੰਡੀਰਾ ਗੁਰਨਾਮ ਕੌਰ ਮਹਿੰਦਰ ਕੌਰ ਸੁਸਾਣਾ



ਪੰਜ ਤਤ ਕਹਿਣ ਪ੍ਰਭ ਸਾਡੀ ਵੇਖ ਲੈ ਰਾਸੀ, ਰਹਿਮਤ ਮਿਹਰਵਾਨ ਮਹਿਬਾਨ ਬੀਦੋ ਆਪ ਕਮਾਈਆ । ਜੁਗ ਚੌਕੜੀ ਸਾਡੇ ਅੰਤਸ਼ਕਰਨ ਰਹੀ ਉਦਾਸੀ, ਚਿੰਤਾ ਗ਼ਮ ਗ਼ਮਖ਼ਾਰ ਨਾ ਕੋਇ ਮਿਟਾਈਆ । ਤੂੰ ਮਿਹਰਵਾਨ ਮਹਿਬੂਬ ਕਰਤਾ ਪੁਰਖ ਅਬਿਨਾਸ਼ੀ, ਏਕੰਕਾਰ ਪਰਵਰਦਿਗਾਰ ਇਕ ਅਖਵਾਈਆ । ਤੇਰੀ ਮੰਡਲ ਮੰਡਪ ਅਗੰਮੀ ਰਾਸੀ, ਬ੍ਰਹਿਮੰਡ ਖੰਡ ਪੁਰੀ ਲੋਅ ਵੱਜਦੀ ਰਹੀ ਵਧਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਕਰ ਦੇ ਬੰਦ ਖੁਲਾਸੀ, ਬੰਧਨ ਜਗਤ ਵਾਲੇ ਤੁੜਾਈਆ । ਸ਼ਾਹੋ ਭੂਪ ਸੁਲਤਾਨ ਸਚਖੰਡ ਨਿਵਾਸੀ, ਦਰ ਤੇਰੇ ਮੰਗ ਮੰਗਾਈਆ । ਜਨਮ ਜਨਮ ਅਸੀਂ ਚੜ੍ਹਦੇ ਰਹੇ ਧਰਮ ਰਾਏ ਦੀ ਫਾਸੀ, ਕਾਲ ਨਾਲ ਵੱਜਦੀ ਰਹੀ ਵਧਾਈਆ । ਸਰਗੁਣ ਧਾਰ ਨਿਰਗੁਣ ਤੇਰੀ ਰੱਖਦੇ ਰਹੇ ਆਸੀ, ਤ੍ਰਿਸ਼ਨਾ ਅੰਤਰ ਅੰਤਰ ਇਕ ਪ੍ਰਗਟਾਈਆ । ਸੰਦੇਸਾ ਦੇਂਦੇ ਰਹੇ ਸ਼ੰਕਰ ਕੈਲਾਸ਼ੀ, ਕਲਾਧਾਰ ਅਨਬੋਲਤ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਲਾ ਲੈ ਆਪ, ਆਪਣੀ ਦਇਆ ਕਮਾਈਆ । ਜੁਗ ਜਨਮ ਤੇਰਾ ਜਪਦੇ ਰਹੇ ਜਾਪ, ਰਸਨਾ ਜਿਹਵਾ ਢੋਲੇ ਸਿਫ਼ਤ ਸਲਾਹੀਆ । ਚਰਨ ਪ੍ਰੀਤੀ ਬੰਨ੍ਹਦੇ ਰਹੇ ਨਾਤ, ਰਿਸ਼ਤਾ ਇਕੋ ਇਕ ਬਣਾਈਆ । ਅੰਤ ਲੇਖਾ ਮੁਕਾ ਦੇ ਵਿਚੋਂ ਕਾਇਨਾਤ, ਕਰਮ ਕਾਂਡ ਦਾ ਡੇਰਾ ਢਾਹੀਆ । ਪਰਮ ਪੁਰਖ ਪਰਮਾਤਮ ਸਾਡੀ ਪੁਛ ਬਾਤ, ਵਾਸਤਾ ਤੇਰੇ ਅਗੇ ਪਾਈਆ । ਚਾਰੋਂ ਕੁੰਟ ਤਕ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸਾਡੇ ਅੰਤਰ ਮੂਲ ਨਾ ਆਵੇ ਸ਼ਾਂਤ, ਸਤਿ ਵਿਚ ਨਾ ਕੋਇ ਸਮਾਈਆ । ਸਾਡਾ ਝਗੜਾ ਵੇਖ ਲੈ ਦੀਨ ਮਜ਼੍ਹਬ ਵਾਲੇ ਭਰਾਂਤ, ਹਿੱਸੇ ਦੀਨ ਦੁਨੀ ਜਣਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਇਕਾਂਤ, ਏਕੰਕਾਰ ਨੂਰ ਅਲਾਹੀਆ । ਅੰਤ ਕੰਤ ਭਗਵੰਤ ਸਾਡੇ ਵੱਲ ਝਾਕ, ਝਾਕੀ ਆਪਣੀ ਇਕ ਵਖਾਈਆ । ਮਿਹਰਵਾਨਾ ਮਹਿਬੂਬਾ ਸਾਡੀ ਪੁਛ ਵਾਤ, ਬਿਨ ਨੈਣਾਂ ਰੋ ਰੋ ਦੇਈਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੇ ਲਹਿਣੇ ਮੁਕਾ ਦੇ ਜਗ, ਜਗ ਜੀਵਣ ਦਾਤੇ ਦਇਆ ਕਮਾਈਆ । ਅਸੀਂ ਫੇਰ ਨਾ ਸੜੀਏ ਵਿਚ ਅੱਗ, ਆਂਚ ਤਤ ਨਾ ਲਾਗੇ ਰਾਈਆ । ਤੂੰ ਸਾਹਿਬ ਸੂਰਾ ਸਰਬਗ, ਕਰਤਾ ਪੁਰਖ ਇਕ ਅਖਵਾਈਆ । ਸਚ ਖ਼ੁਮਾਰੀ ਨਾਮ ਮਸਤੀ ਵਾਲੀ ਪਿਆ ਦੇ ਮਦਿ, ਮਧੁਰ ਧੁਨ ਕਰ ਸ਼ਨਵਾਈਆ । ਜਗਤ ਵਾਸ਼ਨਾ ਮੇਟ ਦੇ ਹੱਦ, ਹਦੂਦ ਆਪਣੀ ਦੇ ਵਖਾਈਆ । ਅਸੀਂ ਤੇਰੀ ਹੋਈਏ ਇਕੋ ਯੱਦ, ਦੂਜੀ ਵੰਡ ਨਾ ਕੋਇ ਵੰਡਾਈਆ । ਦਰੋਹੀ ਸਾਨੂੰ ਕਰੀ ਅੰਤ ਨਾ ਅੱਡ, ਵੱਖਰਾ ਗੜ੍ਹ ਨਾ ਕੋਇ ਬਣਾਈਆ । ਸਾਡਾ

ਲੇਖੇ ਲਾਉਣਾ ਨਾੜੀ ਮਾਸ ਹੱਡ, ਰਕਤ ਬੂੰਦ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਇਕ ਅਖਵਾਈਆ । ਪੰਜ ਤਤ ਕਹਿਣ ਪ੍ਰਭ ਚਰਨ ਕਵਲ ਦੇ ਪ੍ਰੀਤ, ਪ੍ਰੀਤਮ ਦਇਆ ਕਮਾਈਆ । ਸਾਨੂੰ ਕਰ ਦੇ ਠਾਂਡੇ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਸਾਡਾ ਇਕੋ ਹੋਵੇ ਗੀਤ, ਆਤਮ ਪਰਮਾਤਮ ਢੋਲਾ ਸਹਿਜ ਸੁਭਾਈਆ । ਸਾਡਾ ਸਤਿ ਸਰੂਪ ਬਣਾ ਦੇ ਕਾਇਆ ਕਾਅਬਾ ਮੰਦਰ ਮਸੀਤ, ਸ਼ਿਵਦਵਾਲਾ ਮਠ ਇਕ ਜਣਾਈਆ । ਨਜ਼ਰ ਆ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਆਪਣਾ ਪਰਦਾ ਦੇ ਚੁਕਾਈਆ । ਸਚ ਸਵਾਮੀ ਵਸਣਾ ਬੀਚ, ਭੀਤਰ ਬਹਿ ਕੇ ਸੋਭਾ ਪਾਈਆ । ਤੂੰ ਨਿਰਗੁਣ ਧਾਰ ਧੁਰ ਦਾ ਮੀਤ, ਮਿਤ੍ਰ ਪਿਆਰਾ ਇਕ ਅਖਵਾਈਆ । ਤੇਰੇ ਵਿਛੋੜੇ ਵਿਚ ਸਾਡੀ ਨਿਕਲੇ ਚੀਕ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੂੰ ਬਖ਼ਸ਼ਣਹਾਰਾ ਸਾਡੀ ਪੂਰੀ ਕਰ ਉਮੀਦ, ਤ੍ਰਿਸ਼ਨਾ ਤੇਰੇ ਅਗੇ ਰਖਾਈਆ । ਅਸੀਂ ਬਾਲਕ ਹੋਏ ਅਜ਼ੀਜ਼, ਆਜਜ਼ ਤੇਰੀ ਓਟ ਤਕਾਈਆ । ਸਾਡੀ ਪੂਰੀ ਕਰਨੀ ਰੀਝ, ਮੇਲ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਪੰਜ ਤਤ ਕਹਿਣ ਸਾਡੇ ਪੁਰਖ ਸਮਰਾਥੀ, ਸਮਰਥ ਤੇਰੀ ਸਰਨਾਈਆ । ਨਿਰਗੁਣ ਧਾਰ ਅਸੀਂ ਸਰਗੁਣ ਤੇਰੇ ਸਾਥੀ, ਅਵਤਾਰ ਪੈਗ਼ੰਬਰ ਗੁਰ ਦੇਣ ਗਵਾਹੀਆ । ਜਿਨ੍ਹਾਂ ਦੇ ਸੰਗ ਮਿਲ ਕੇ ਤੇਰੀ ਗਾਈ ਗਾਥੀ, ਜੋਤ ਸ਼ਬਦ ਧਾਰ ਨਾਲ ਵਡਿਆਈਆ । ਸਾਡੀ ਰਸਨਾ ਜਿਹਵਾ ਤੇਰਾ ਬਣਿਆ ਅਗੰਮਾ ਪਾਠੀ, ਬੱਤੀ ਦੰਦਾਂ ਸਿਫ਼ਤ ਸਲਾਹੀਆ ।
੧੯੫੫ ਅੰਤ ਮੁਕਾ ਦੇ ਹਰਿ ਜੀ ਵਾਟੀ, ਪੈਂਡਾ ਜਗਤ ਰਹੇ ਨਾ ਰਾਈਆ । ਕਲਜੁਗ ਅੰਤ ਤੱਕ ਲੈ ਵਾਟੀ, ਵੇਖਣਾ ਚਾਈਂ ਚਾਈਆ । ਸਾਡੀ ਮੁਸ਼ਕਲ ੧੯੫੫
੨੩ ਰਹੇ ਨਾ ਘਾਟੀ, ਘਾਟਾ ਪੂਰਾ ਦੇਣਾ ਕਰਾਈਆ । ਭਾਗ ਲਗਾ ਦੇ ਕਾਇਆ ਮਾਟੀ, ਮਟਕੇ ਖ਼ਾਲੀ ਦੇ ਭਰਾਈਆ । ਨਿਰਗੁਣ ਜੋਤ ਜਗਾ ਲਲਾਟੀ, ੨੩
ਨੂਰ ਜ਼ਹੂਰ ਕਰ ਰੁਸ਼ਨਾਈਆ । ਸਾਡੇ ਬਿਸਤਰ ਸਿੰਘਾਸਣ ਬਹਿ ਜਾ ਖਾਟੀ, ਜਿਸ ਦੀ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਮੁਕਾ ਦੇ ਪੰਧ, ਪਾਂਧੀ ਹੋ ਕੇ ਸੀਸ ਨਿਵਾਈਆ । ਤੇਰੀ ਮੰਜ਼ਲ ਜਾਈਏ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਨਿਰਗੁਣ ਧਾਰ ਲਗਾਉਣਾ ਅੰਗ, ਸਰਗੁਣ ਅੰਗੀਕਾਰ ਅਖਵਾਈਆ । ਚਰਨ ਧੂੜ ਸਰੋਵਰ ਬਖ਼ਸ਼ ਦੇ ਗੰਗ, ਦੁਰਮਤ ਮੈਲ ਧਵਾਈਆ । ਅਸੀਂ ਮੰਗਾਂ ਰਹੇ ਮੰਗ, ਖ਼ਾਲੀ ਝੋਲੀਆਂ ਅਗੇ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਦੇਵਣਹਾਰ ਗੁਸਾਈਆ । ਅਸੀਂ ਨਿਮਾਣੇ ਤਤ ਪੰਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰੀ ਬਣਤ ਬਣਾਈਆ । ਸਾਡਾ ਲਹਿਣਾ ਦੇਣਾ ਮੁਕਾ ਦੇ ਸਵੇਰ ਸੰਝ, ਸਗਲੇ ਸੰਗੀ ਹੋਣਾ ਸਹਾਈਆ । ਸਾਡੇ ਨੇਤਰ ਨੀਰ ਵਹਾਉਂਦੇ ਅੰਞ, ਹੰਞੂਆਂ ਹਾਰ ਬਣਾਈਆ । ਸਾਡਾ ਲਹਿਣਾ ਦੇਣਾ ਵੇਖ ਲੈ ਵਿਚ ਧਾਰ ਮੰਝ, ਮੁਹਾਣਾ ਬਖ਼ਸ਼ਣਾ ਨਾਮ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਵੇਖ ਵਖਾਈਆ । ਪੰਜ ਤਤ ਕਹਿਣ ਪ੍ਰਭ ਵੇਖ ਲੈ ਜਗਤ ਡੂੰਘਾ ਸਾਗਰ, ਗਹਿਰ ਗੰਭੀਰ ਦਇਆ ਕਮਾਈਆ । ਨਿਗਾਹ ਮਾਰ ਲੈ ਸਾਡੇ ਤਤ ਗਾਗਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੂੰ ਕਰਤਾ ਕਰੀਮ ਕਾਦਰ, ਕੁਦਰਤ ਦਾ ਮਾਲਕ ਨੂਰ ਅਲਾਹੀਆ । ਸਾਡਾ ਵਣਜ ਕਰਾ ਸੌਦਾਗਰ, ਸੌਦਾ ਆਪਣਾ ਇਕੋ ਝੋਲੀ ਪਾਈਆ । ਤੇਰੇ ਹੱਥ ਇਨਸਾਫ਼ ਅਦਲ, ਆਦਲ ਇਕੋ

ਦੇਣਾ ਜਣਾਈਆ । ਅਸੀਂ ਜਨਮ ਮਰਨ ਦੀ ਧਾਰ ਵਿਚ ਬਣੀਏ ਨਾ ਰੂਪ ਮਕਤੂਲ ਕਾਤਲ, ਕਤਲਗਾਹ ਦਾ ਡੇਰਾ ਢਾਹੀਆ । ਸਾਨੂੰ ਬਖ਼ਸ਼ ਦੇ ਧਾਮ ਬੈਤਲ, ਮੁਕੱਦਸ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਭਗਤ ਸੰਤ ਅਸੀਂ ਰਹੇ ਬਣਦੇ, ਸੂਫ਼ੀਆਂ ਰੰਗ ਰੰਗਾਈਆ । ਖੇਲ ਖੇਲਦੇ ਰਹੇ ਮਨ ਦੇ, ਮਤ ਬੁਧ ਨਾਲ ਚਤੁਰਾਈਆ । ਵਣਜਾਰੇ ਹੁੰਦੇ ਰਹੇ ਕੰਨ ਦੇ, ਕਾਇਨਾਤ ਖੇਲ ਖਿਲਾਈਆ । ਭਾਂਡੇ ਸੁਹਾਉਂਦੇ ਰਹੇ ਬ੍ਰਹਮ ਦੇ, ਪਾਰਬ੍ਰਹਮ ਤੇਰਾ ਰੰਗ ਰੰਗਾਈਆ । ਬੇਸ਼ਕ ਅਸੀਂ ਬਣੇ ਹੋਏ ਹੱਡ ਮਾਸ ਨਾੜੀ ਚੰਮ ਦੇ, ਪੰਚਮ ਪੰਚ ਪੰਚ ਵਡਿਆਈਆ । ਮਰ ਮਰ ਕੇ ਫੇਰ ਰਹੇ ਜੰਮਦੇ, ਜੰਮ ਜੰਮ ਆਪਣਾ ਰੂਪ ਬਦਲਾਈਆ । ਵਣਜਾਰੇ ਰਹੇ ਤੇਰੇ ਦਮ ਦੇ, ਸਵਾਸ ਸਵਾਸਾਂ ਨਾਲ ਚਲਾਈਆ । ਸਾਡੇ ਅੰਤਸ਼ਕਰਨ ਵੇਖ ਲੈ ਭਰੇ ਹੋਏ ਗ਼ਮ ਦੇ, ਚਿੰਤਾ ਸਕੇ ਨਾ ਕੋਇ ਮਿਟਾਈਆ । ਸਾਡੇ ਮੇਲ ਮਿਲਾ ਦੇ ਨਾਲ ਧੁਰ ਦੇ ਚੰਨ ਦੇ, ਜੋ ਗੋਬਿੰਦ ਚੰਨ ਸ਼ਬਦ ਨੂਰ ਅਲਾਹੀਆ । ਗੜ੍ਹ ਹੰਕਾਰੀ ਅੰਦਰੋਂ ਭੰਨ ਦੇ, ਭਾਂਡਾ ਭਰਮ ਭਾਉ ਭੰਨਾਈਆ । ਇਕੋ ਧੁਰ ਦਾ ਅਗੰਮਾ ਨਾਮ ਧਨ ਦੇ, ਜਿਸ ਦੇ ਨਾਮ ਕਲਮੇ ਸਿਫ਼ਤ ਸਲਾਹੀਆ । ਅਸੀਂ ਵਣਜਾਰੇ ਫੇਰ ਨਾ ਰਹੀਏ ਅੰਨ ਦੇ, ਰਸਨਾ ਰਸ ਨਾ ਕੋਇ ਹਲਕਾਈਆ । ਸਾਡਾ ਅੰਤ ਬੇੜਾ ਬੰਨ੍ਹ ਦੇ, ਬੰਨ੍ਹਣਹਾਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਰਗ ਇਕ ਦਰਸਾਈਆ । ਪੰਜ ਤਤ ਕਹਿਣ ਪ੍ਰਭ
੧੯੫੬ ਅਸੀਂ ਬਣਦੇ ਰਹੇ ਜੋਗੀ ਜਤੀ, ਜੰਗਮ ਜਟਾ ਜੂਟ ਧਾਰ ਅਖਵਾਈਆ । ਮੰਨਦੇ ਰਹੇ ਤੈਨੂੰ ਇਕੋ ਕਮਲਾਪਤੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ੧੯੫੬
੨੩ ਤੇਰੇ ਪਿਆਰ ਵਿਚ ਹੁੰਦੇ ਰਹੇ ਸਤੀ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਤੂੰ ਕਿਰਪਾ ਕਰਦੇ ਕਿਰਪਾ ਨਿਧਾਨ ਰਤੀ, ਰਤਨ ਅਮੋਲਕ ਹੀਰੇ ੨੩
ਦੇ ਬਣਾਈਆ । ਸਭ ਦੀ ਪਵਿਤ੍ਰ ਕਰ ਦੇ ਮਤੀ, ਮਤ ਮਤਾਂਤਰ ਡੇਰਾ ਢਾਹੀਆ । ਨਿਰਗੁਣ ਧਾਰ ਜੋੜ ਲੈ ਨਤੀ, ਨਾਤਾ ਇਕੋ ਇਕ ਅਖਵਾਈਆ । ਤੇਰੀ ਯਾਦ ਵਿਚ ਨਾਮ ਕਲਮੇ ਰਾਗ ਗਾਏ ਛੱਤੀ, ਛਤੀਸੇ ਬਤੀਸੇ ਤੇਰੀ ਵਡ ਵਡਿਆਈਆ । ਅੰਤ ਕੰਤ ਸਾਹਿਬ ਸੁਲਤਾਨ ਸਾਡੀ ਪੈਜ ਰੱਖੀਂ, ਰੱਖਕ ਹੋ ਕੇ ਹੋਣਾ ਸਹਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰਾ ਦਰਸ਼ਨ ਕਰੀਏ ਬਿਨਾ ਜਗਤ ਦੀ ਅੱਖੀ, ਨਿਜ ਲੋਚਨ ਨੈਣ ਦੇਣਾ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨ ਮਿਹਰਵਾਨ, ਪੰਜ ਤਤ ਕਹਿਣ ਜਨ ਭਗਤਾਂ ਪਤ ਰੱਖੀਂ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ ।

✪ ੬ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਖਹਿਰਾ ਮਜਾ ਰੇਸ਼ਮ ਸਿੰਘ ਦੌਲਤ ਸਿੰਘ ਕਪੂਰਥਲਾ ਗੁਰਦਿਆਲ ਸਿੰਘ ਕਰਤਾਰ ਸਿੰਘ ਅਮਰ ਕੌਰ ਕਪੂਰਥਲਾ ਸਾਧੂ ਸਿੰਘ ਕਪੂਰਥਲਾ ਬਸੰਤ ਕੌਰ ਕੜਾਲ ਕਲਾਂ ਸੁਰਜੀਤ ਕੌਰ ਗੌਸਲ ਕਿਸ਼ਨ ਸਿੰਘ ਸੁਰਖ ਪੁਰ ✪

ਪੰਜ ਤਤ ਕਹਿਣ ਸਤਿਗੁਰ ਸ਼ਬਦ ਸਾਡੀ ਭਰ ਦੇ ਹਾਮੀ, ਹਮ ਸਾਜਣ ਹੋ ਕੇ ਸੰਗ ਬਣਾਈਆ । ਕਿਰਪਾ ਕਰੇ ਪੁਰਖ ਨਿਹਕਾਮੀ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦਿ ਅੰਤਰਜਾਮੀ, ਸਾਡੀ ਅੰਤਰਗਤ ਵੇਖੇ ਚਾਈਂ ਚਾਈਂਆ । ਧੁਰ ਦੀ ਬੇਨੰਤੀ ਇਕ ਮਾਨੀਂ, ਮਨਸਾ

ਤੇਰੇ ਅਗੇ ਰਖਾਈਆ । ਜੁਗ ਚੌਕੜੀ ਸਾਡੇ ਤਨ ਵਜੂਦ ਹੁੰਦੇ ਰਹੇ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਨਾਤਾ ਛੁਟਦਾ ਰਿਹਾ ਆਤਮਾ ਧਾਰ ਪ੍ਰਾਣੀ, ਸਗਲਾ ਸੰਗ ਨਾ ਕੋਇ ਬਣਾਈਆ । ਅਸੀਂ ਚਾਰ ਜੁਗ ਦੇ ਸ਼ਾਸਤਰ ਸੁਣੇ ਅੱਖਰਾਂ ਵਾਲੀ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਲਗਾਈਆ । ਸਾਡੀ ਚੁਰਾਸੀ ਵਾਲੀ ਤੱਕ ਲੈ ਕਹਾਣੀ, ਕਥਨੀ ਬਿਨ ਕਥਾ ਤੇਰੇ ਅਗੇ ਦ੍ਰਿੜਾਈਆ । ਸਾਡਾ ਮੇਲ ਮਿਲੇ ਨਾ ਹਾਣ ਹਾਣੀ, ਸਾਚਾ ਸੰਗ ਨਾ ਕੋਇ ਰਖਾਈਆ । ਬਹੁੜੀ ਲਹਿਣਾ ਦੇਣਾ ਮੁਕਾ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਸਾਚੀ ਮੰਜ਼ਲ ਦੱਸ ਦੇ ਇਕ ਰੁਹਾਨੀ, ਰੂਹ ਬੁਤ ਦਾ ਲੇਖਾ ਆਪ ਚੁਕਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੁਲਤਾਨੀ, ਸਤਿਗੁਰ ਸ਼ਬਦ ਤੇਰੇ ਹੱਥ ਵਡਿਆਈਆ । ਸਾਡਾ ਜੁਗ ਚੌਕੜੀ ਦਾ ਲੇਖਾ ਵੇਖ ਲੈ ਦੀਵਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਚਲਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਰ ਦੇ ਤਰਸ, ਰਹਿਮਤ ਹਕ ਹਕੀਕ ਜਣਾਈਆ । ਤੂੰ ਮਾਲਕ ਖ਼ਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਤੇਰੇ ਹੱਥ ਵਡਿਆਈਆ । ਮੇਘ ਅਗੰਮਾ ਕਰਤੇ ਪੁਰਖ ਵਰਸ, ਬਰਸ ਮਾਸ ਮਹੀਨੇ ਵੰਡ ਨਾ ਕੋਇ ਵੰਡਾਈਆ । ਸਾਡੀ ਜਨਮ ਜਨਮ ਦੀ ਮੇਟ ਹਰਸ, ਹਵਸ ਅਗਨੀ ਦੇ ਚੁਕਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰਾ ਕਰੀਏ ਦਰਸ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਾਡਾ ਤਨ ਵਜੂਦ ਹਕ ਮਹਿਬੂਬ ਹਕੀਕਤ ਦਾ ਕਾਅਬਾ ਬਣਾ ਦੇ ਚਰਚ, ਚਰਾਗਾਹਾਂ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਰ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡੀ ਮੁਕ ਜਾਏ ਆਵਣ ਜਾਣੀ, ਚੁਰਾਸੀ ਪੰਧ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਸ਼ਹਿਨਸ਼ਾਹ ਗੁਣ ਨਿਧਾਨੀ, ਗੁਣਵੰਤ ਤੇਰੀ ਵਡਿਆਈਆ । ਅਸੀਂ ਆਦਿ ਆਦਿ ਪੰਜ ਤਤ ਤੇਰੀ ਕਿਰਪਾ ਵਾਲੀ ਖ਼ਾਨਦਾਨੀ, ਖ਼ਾਨਾਬਦੋਸ਼ ਹੋ ਕੇ ਫਿਰਦੇ ਵਾਹੋ ਦਾਹੀਆ । ਸਾਡੀ ਸੁਰਤ ਸੰਬਲ ਦੇ ਮਾਲਕ ਨਾ ਕਿਸੇ ਸੰਭਾਲੀ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਹੁਣ ਰੈਣ ਅੰਧੇਰੀ ਕਲਜੁਗ ਦਿਸਦੀ ਕਾਲੀ, ਕਲਕਾਤੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਦਰ ਘਰ ਸਾਚੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਮੇਟ ਅੰਧੇਰਾ, ਅੰਧ ਅਗਿਆਨ ਚੁਕਾਈਆ । ਨੂਰ ਦਰਸਾ ਦੇ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਸੁਰਤ ਧਾਰ ਬਣਾ ਲੈ ਸਤਿਗੁਰ ਸ਼ਬਦ ਚੇਰਾ, ਚਿਰੀ ਵਿਛੁੰਨੇ ਜੋੜ ਜੁੜਾਈਆ । ਅੰਮ੍ਰਿਤ ਬਖ਼ਸ਼ ਦੇ ਕਰ ਕੇ ਮਿਹਰਾ, ਮਿਹਰ ਨਜ਼ਰ ਉਠਾਈਆ । ਤਨ ਵਜੂਦ ਮਾਟੀ ਖ਼ਾਕ ਸਭ ਕੁਛ ਦਿਸੇ ਤੇਰਾ, ਤੇਰੇ ਚਰਨਾਂ ਵਿਚ ਟਿਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸੂਰਬੀਰ ਵਡ ਸ਼ੇਰਾ, ਭੈ ਵਿਚ ਸਾਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰੋਂ ਕੱਢ ਦੇ ਰੋਗ, ਚਿੰਤਾ ਗ਼ਮ ਰਹਿਣ ਨਾ ਪਾਈਆ । ਜਨਮ ਮਰਨ ਦਾ ਰਹੇ ਨਾ ਸੋਗ, ਹਰਸ ਹਵਸ ਦੇਣੀ ਮਿਟਾਈਆ । ਨਿਰਗੁਣ ਧਾਰ ਆਪਣਾ ਬਖ਼ਸ਼ਣਾ ਭੋਗ, ਭਸਮੜ ਤੇਰਾ ਰੂਪ ਬਦਲਾਈਆ । ਇਕੋ ਨਾਮ ਨਿਧਾਨ ਦਾ ਬਖ਼ਸ਼ਣਾ ਜੋਗ, ਜੁਗਤੀ ਬਿਨ ਅੱਖਰਾਂ ਦੇਣੀ ਸਮਝਾਈਆ ।


੧੬੫੭
੨੩

ਘਰ ਠਾਂਡੇ ਮਾਣੀਏ ਮੌਜ, ਮਜਲਸ ਤੇਰੇ ਨਾਲ ਰਖਾਈਆ । ਭੇਵ ਅਭੇਦਾ ਖੋਲ ਦੇ ਗੋਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੇਰਾ ਦਰਸ਼ਨ ਹੋਵੇ ਰੋਜ਼, ਨੂਰ ਨੁਰਾਨੇ ਨਜ਼ਰੀ ਆਈਆ । ਬੁੱਧੀ ਤੋਂ ਪਰੇ ਦੱਸ ਦੇ ਬੋਧ, ਅਨੁਭਵ ਲੇਖਾ ਦੇਣਾ ਸਮਝਾਈਆ । ਆਤਮ ਧਾਰ ਪਰਮਾਤਮ ਕਰਨਾ ਸੰਜੋਗ, ਜਗਤ ਵਿਛੋੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਅਗੰਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਤਨ ਵਜੂਦ ਮਾਟੀ ਖ਼ਾਕ, ਜਗਤ ਜਹਾਨ ਨਜ਼ਰੀ ਆਈਆ । ਕਿਰਪਾ ਨਿਧਾਨ ਖੋਲ ਦੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤਤ ਸਰੀਰ ਕਰ ਦੇ ਪਾਕ, ਪਤਤ ਪੁਨੀਤ ਬਣਾਈਆ । ਝਗੜਾ ਅਵਰ ਰਹੇ ਨਾ ਮਾਤ, ਨਿਰਗੁਣ ਦੇਣੀ ਮਾਣ ਵਡਿਆਈਆ । ਤਤ ਵਿਚਾਰੇ ਰਹੇ ਆਖ, ਬਿਨ ਰਸਨਾ ਜਿਹਵਾ ਸੁਣਾਈਆ । ਸਾਡਾ ਮੇਟ ਰੋਗ ਸੰਤਾਪ, ਸਹਿੰਸਾ ਕੂੜ ਮਿਟਾਈਆ । ਜਨਮ ਜਨਮ ਦੇ ਬਖ਼ਸ਼ ਦੇ ਪਾਪ, ਕਰਮ ਕਰਮ ਦਾ ਡੇਰਾ ਢਾਹੀਆ । ਦਰਸ਼ਨ ਦੇ ਦੇ ਸਾਖਿਆਤ, ਘਰ ਘਰ ਵਿਚ ਨਜ਼ਰੀ ਆਈਆ । ਸਾਡੀ ਬੇਨੰਤੀ ਸੁਣ ਲੈ ਕਮਲਾਪਾਤ, ਪਤਿਪਰਮੇਸ਼ਵਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸੰਦੇਸ਼ਾ ਆਦਿ ਜੁਗਾਦੀ ਸਾਚੋ ਸਾਚ, ਸਚ ਸਵਾਮੀ ਅੰਤਰਜਾਮੀ ਨਿਰਗੁਣ ਆਪਣੀ ਦਇਆ ਕਮਾਈਆ ।



✪ ੭ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਹਰੀ ਪੁਰ ਮਹਿੰਗਾ ਸਿੰਘ ਹਰਭਜਨ ਸਿੰਘ ਆਦਮ ਪੁਰ ਜੀਤ ਕੌਰ ਜਲਪੋਤਾ ਹਰਭਜਨ ਕੌਰ ਕੋਟਲੀ ਥਾਨ ਸਿੰਘ ਜਰਨੈਲ ਸਿੰਘ ਸਗਵਾਲ ਇਕਬਾਲ ਸਿੰਘ ਜਗਪਾਲ ਪੁਰ ✪

੧੯੫੮
੨੩

ਪੰਜ ਤਤ ਕਹਿਣ ਪ੍ਰਭ ਤੇਰੀ ਖੇਲ ਅਗੰਮੜੀ, ਅਗੰਮ ਅਥਾਹ ਬੇਪਰਵਾਹ ਦੇਣੀ ਮਾਣ ਵਡਿਆਈਆ । ਤੂੰ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਮਾਤ ਪਿਤ ਅੰਮੜੀ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਦੀਨ ਦਿਆਲ ਸਾਡੀ ਲੇਖੇ ਲਾ ਲੈ ਕਾਇਆ ਮਾਟੀ ਵਾਲੀ ਚੰਮੜੀ, ਚੰਮ ਦ੍ਰਿਸ਼ਟੀ ਸ੍ਰਿਸ਼ਟੀ ਵਿਚੋਂ ਦੇ ਬਦਲਾਈਆ । ਕਰਨੀ ਦੇ ਕਰਤੇ ਸਾਡੀ ਕਰਨੀ ਹੋਈ ਨਿਕੰਮੜੀ, ਨਿਹਕਾਮੀ ਤੇਰੇ ਅਗੇ ਵਾਸਤਾ ਪਾਈਆ । ਦਰੋਹੀ ਸਾਡੀ ਕੀਮਤ ਰਹੀ ਨਾ ਦਮੜੀ, ਕਲਜੁਗ ਹੱਟੋ ਹੱਟ ਵਿਕਾਈਆ । ਸਾਡੀ ਆਸ਼ਾ ਹੋਈ ਨਿਕੰਮੜੀ, ਸਵਾਸ ਸਵਾਸ ਸਾਹ ਸਾਹ ਨਾ ਕੋਇ ਧਿਆਈਆ । ਸਾਡੀ ਤ੍ਰਿਸ਼ਨਾ ਵੇਖ ਲੈ ਮੰਦੜੀ, ਮੰਦਭਾਗ ਦੇਈਏ ਦੁਹਾਈਆ । ਸਾਡੀ ਅੱਖ ਹੋ ਗਈ ਅੰਧੜੀ, ਨਿਜ ਨੇਤਰ ਲੋਚਨ ਨੈਣ ਨਾ ਕੋਇ ਖੁਲਾਈਆ । ਭਰਮਾਂ ਢਾਹੇ ਕੋਇ ਨਾ ਕੰਧੜੀ, ਭੁਲੇਖਾ ਸਕੇ ਨਾ ਕੋਇ ਮੁਕਾਈਆ । ਸਾਡੀ ਜਗਤ ਧਰਮ ਦੀ ਧਾਰ ਚਾਲ ਹੋ ਗਈ ਲੰਗੜੀ, ਕਦਮ ਕਦਮ ਨਾ ਕੋਇ ਉਠਾਈਆ । ਸਾਡੀ ਪੁਸ਼ਤ ਪਨਾਹ ਹੋਈ ਨੰਗੜੀ, ਸਿਰ ਸਿਰ ਹੱਥ ਨਾ ਕੋਇ ਰਖਾਈਆ । ਨਿਰਗੁਣ ਧਾਰ ਸਰਗੁਣ ਲਾਏ ਕੋਈ ਨਾ ਅੰਗੜੀ, ਅੰਗੀਕਾਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਕੀਮਤ ਰਿਹਾ ਕੋਈ ਨਾ ਮੁੱਲ, ਕੂੜ ਕਲਜੁਗ ਹੱਟ ਵਿਕਾਈਆ । ਤੂੰ ਪੁਰਖ ਅਕਾਲ ਦੀਨ

ਦਿਆਲ ਸਦਾ ਅਭੁੱਲ, ਬੇਪ੍ਰਵਾਹ ਨੂਰ ਅਲਾਹੀਆ । ਅਸੀਂ ਪੰਜ ਤਤ ਵਿਚਾਰੇ ਤੇਰੇ ਆਦਿ ਦੇ ਫੁੱਲ, ਮਹਿਕ ਤੇਰੀ ਨਾਲ ਮਹਿਕਾਈਆ । ਸਾਡੇ ਵਿਚ ਆਤਮ ਧਾਰ ਤੇਰੀ ਕੁਲ, ਕੁਲਵੰਤੇ ਵੇਖ ਵਖਾਈਆ । ਕਿਉਂ ਸਤਿ ਦਾ ਦੀਪਕ ਹੋਇਆ ਗੁਲ, ਬਿਨ ਤੇਲ ਬਾਤੀ ਨਾ ਕੋਇ ਰੁਸ਼ਨਾਈਆ । ਸਾਡੇ ਸਿਫ਼ਤਾਂ ਵਾਲੇ ਹਿਲਣ ਬੁੱਲ, ਰਸਨਾ ਜਿਹਵਾ ਨਾਲ ਮਿਲਾਈਆ । ਦਰੋਹੀ ਬਜਰ ਕਪਾਟੀ ਸਕੇ ਕਿਸੇ ਨਾ ਖੁਲ੍ਹ, ਖ਼ਾਲਕ ਖ਼ਲਕ ਭੇਵ ਨਾ ਕੋਇ ਚੁਕਾਈਆ । ਕਲਜੁਗ ਕੂੜੀ ਕਿਰਿਆ ਵਿਚ ਗਏ ਰੁਲ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਤੇਰੇ ਨਾਮ ਤਰਾਜ਼ੂ ਗਏ ਨਾ ਤੁਲ, ਤੋਲਣਹਾਰੇ ਵੇਖਣਾ ਚਾਈਂ ਚਾਈਂਆ । ਸਿੰਮਲ ਵਾਂਗ ਗਏ ਹੁਲ, ਫਲ ਫੁਲ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਦਰ ਤੇਰੇ ਕੂਕ ਪੁਕਾਰ ਦੇ, ਪੁਨਹ ਪੁਨਹ ਸੀਸ ਨਿਵਾਈਆ । ਨਿਰਗੁਣ ਸਰਗੁਣ ਰੋਗ ਨਿਵਾਰ ਦੇ, ਦੁਖੀਆਂ ਦੁੱਖ ਮਿਟਾਈਆ । ਪਤਿਪਰਮੇਸ਼ਵਰ ਪੈਜ ਸਵਾਰ ਦੇ, ਪੰਜ ਤਤ ਦੇ ਵਡਿਆਈਆ । ਆਵਣ ਜਾਵਣ ਗੇੜ ਨਿਵਾਰ ਦੇ, ਲੱਖ ਚੁਰਾਸੀ ਰਹੇ ਨਾ ਰਾਈਆ । ਜਨਮ ਵਿਚੋਂ ਜਨਮ ਸਵਾਰ ਦੇ, ਕਰਮ ਕਰਮ ਦਾ ਪੰਧ ਮੁਕਾਈਆ । ਆਪਣਾ ਨਾਮ ਨਿਧਾਨਾ ਸੱਚੀ ਸਰਕਾਰ ਦੇ, ਵਸਤ ਅਗੰਮ ਆਪ ਵਰਤਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਠੰਡੀ ਠਾਰ ਦੇ, ਬੂੰਦ ਸਵਾਂਤੀ ਆਪ ਟਪਕਾਈਆ । ਧੁਨ ਅਨਾਦੀ ਅਨਹਦ ਧੁਨਕਾਰ ਦੇ, ਅਨਰਾਗੀ ਰਾਗ ਸੁਣਾਈਆ । ਬਿਰਹੋਂ ਵਿਛੋੜੇ ਦਾ ਵੈਰਾਗ ਦੇ, ਵੈਰੀ ਅੰਦਰੋਂ ਬਾਹਰ ਕਢਾਈਆ । ਜੋਤੀ ਜਾਤੇ ਨਿਰਗੁਣ ਜੋਤ ਦਾ ਅਗੰਮ ਚਰਾਗ਼ ਦੇ, ਬਿਨ ਬਾਤੀ ਤੇਲ ਡਗਮਗਾਈਆ । ਸਚਖੰਡ ਏਕੰਕਾਰਾ ਆਪਣਾ ਇਕ ਮਹਿਰਾਬ ਦੇ, ਮਹਿਬੂਬ ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਤਿ ਸਵਾਮੀ ਅੰਤਰਜਾਮੀ ਸਾਡਾ ਕਾਰਜ ਸਵਾਰ ਦੇ, ਸਵਾਰਥ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਲੇਖਾ ਆਪ ਮੁਕਾਈਆ । ਪੰਜ ਤਤ ਕਹਿਣ ਪ੍ਰਭ ਆਪਣੇ ਮੰਡਲ ਵਖਾ ਦੇ ਰਾਸੀ, ਰਹਿਮਤ ਰਹੀਮ ਆਪ ਕਮਾਈਆ । ਲੇਖਾ ਮੁਕਾ ਦੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਪੰਧ ਮੁਕਾਈਆ । ਨਿਰਗੁਣ ਜੋਤ ਦਿਨੇ ਗ੍ਰਿਹ ਮੰਦਰ ਹੋਵੇ ਪ੍ਰਕਾਸ਼ੀ, ਜੋਤੀ ਜਾਤੇ ਨਜ਼ਰੀ ਆਈਆ । ਸਾਡੀ ਪੂਰਨ ਹੋਵੇ ਆਸੀ, ਤ੍ਰਿਸ਼ਨਾ ਕੂੜ ਮਿਟਾਈਆ । ਤੂੰ ਮਾਲਕ ਖ਼ਾਲਕ ਸ਼ਾਹੋ ਸ਼ਾਬਾਸੀ, ਸ਼ਹਿਨਸ਼ਾਹ ਸ਼ਾਹ ਅਗੰਮ ਅਥਾਹੀਆ । ਏਕੰਕਾਰ ਦਰਗਾਹ ਸਾਚੀ ਸਚਖੰਡ ਨਿਵਾਸੀ, ਦਰ ਠਾਂਡੇ ਸੋਭਾ ਪਾਈਆ । ਸਾਡੀ ਤ੍ਰਿਸ਼ਨਾ ਨਾ ਰਹੇ ਨਿਰਾਸ਼ੀ, ਦਰ ਤੇਰੇ ਅਲਖ ਜਗਾਈਆ । ਵਿਸ਼ਿਆਂ ਤੋਂ ਬਾਹਰ ਬਖ਼ਸ਼ ਵਿਸਵਾਸ਼ੀ, ਵਿਸ਼ਵ ਦਾ ਪਰਦਾ ਲਾਹੀਆ । ਸਾਡਾ ਲੇਖਾ ਫੇਰ ਰਹੇ ਨਾ ਦਸ ਦਸ ਮਾਸੀ, ਗਰਭ ਅਗਨ ਨਾ ਕੋਇ ਤਪਾਈਆ । ਤੂੰ ਪਰਮ ਪੁਰਖ ਅਬਿਨਾਸ਼ੀ, ਕਰਤਾ ਧੁਰਦਰਗਾਹੀਆ । ਸਾਡੀ ਚਿੰਤਾ ਮੇਟ ਉਦਾਸੀ, ਗ਼ਮੀ ਗ਼ਮਖਾਰ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਖੇਲ ਆਪ ਸਮਝਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਲੱਥੇ ਸਥਰ, ਯਾਰੜੇ ਸੇਜ ਹੰਢਾਈਆ । ਨੇਤਰ ਵਿਰੋਲੀਏ ਅੱਥਰ, ਨੈਣਾਂ ਨੀਰ ਟਪਕਾਈਆ । ਸਿਫ਼ਤੀ ਗਾਈਏ ਅੱਖਰ, ਢੋਲੇ ਸੋਹਲੇ ਰਾਗਾਂ ਨਾਦਾਂ ਨਾਲ ਜਣਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਡਾ ਲੇਖਾ ਕਰ ਦੇ ਵੱਖਰ, ਵੱਖਰ ਆਪਣਾ ਹੁਕਮ ਸੁਣਾਈਆ । ਲਹਿਣਾ ਦੇਣਾ ਰਹੇ ਨਾ ਢਾਈ ਸਤਰ, ਢਈਆ ਗੋਬਿੰਦ ਵਾਲਾ ਦਏ ਗਵਾਹੀਆ । ਆਪਣੇ ਨਾਮ ਨਿਧਾਨ ਦਾ ਦੇ ਪੱਤਰ,

੧੯੫੯
੨੩

ਬਿਨ ਅੱਖਰਾਂ ਅੱਖਰ ਸਮਝਾਈਆ । ਸਾਡਾ ਰੂਪ ਬਣਾ ਲੈ ਹੀਰੇ ਰਤਨ, ਅਮੋਲਕ ਕੀਮਤ ਆਪ ਚੁਕਾਈਆ । ਦਰ ਠਾਂਡੇ ਤੇਰੇ ਆਏ ਪਤਣ, ਘਾਟ ਬੈਠੇ ਡੇਰਾ ਲਾਈਆ । ਤੂੰ ਹੋਵੇਂ ਪਤ ਰੱਖਣ, ਰੱਖਿਆ ਕਰਨੀ ਥਾਉਂ ਥਾਈਆ । ਸਾਨੂੰ ਮੋੜੀਂ ਮੂਲ ਨਾ ਸੱਖਣ, ਖ਼ਾਲੀ ਝੋਲੀ ਦੇਣੀ ਭਰਾਈਆ । ਅਸੀਂ ਚਾਹੁੰਦੇ ਲੋਕਮਾਤ ਦਾ ਛਡੀਏ ਵਤਨ, ਬੇਵਤਨ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਝੁਕ ਝੁਕ ਕਰੀਏ ਸਲਾਮ, ਸੀਸ ਸਜਦਿਆਂ ਵਿਚ ਝੁਕਾਈਆ । ਤੂੰ ਮਾਲਕ ਇਕ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਅਸੀਂ ਬਰਦੇ ਤੇਰੇ ਗ਼ੁਲਾਮ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਸ਼ਰਅ ਦਾ ਝਗੜਾ ਮੇਟ ਤਮਾਮ, ਤਮੰਨਾ ਤੇਰੇ ਨਾਲ ਰਖਾਈਆ । ਹਕੀਕੀ ਦੇ ਆਪਣਾ ਜਾਮ, ਆਬੇ ਹਯਾਤ ਬਿਨ ਮੁਖ ਮੁਖ ਚੁਆਈਆ । ਸਾਡੇ ਸਗਲੇ ਪੂਰੇ ਹੋਵਣ ਕਾਮ, ਕਾਮ ਦ੍ਰਿਸ਼ਟੀ ਦੇਣੀ ਮਿਟਾਈਆ । ਪੁਰਖ ਅਕਾਲੇ ਪਰਵਰਦਿਗਾਰ ਸਾਡਾ ਕਰ ਲੈ ਇੰਤਜ਼ਾਮ, ਅੰਤਮ ਤੇਰੇ ਹੱਥ ਵਡਿਆਈਆ । ਤੂੰ ਮਾਲਕ ਖ਼ਾਲਕ ਧੁਰ ਦਾ ਰਾਮ, ਰਮਈਆ ਇਕ ਅਖਵਾਈਆ । ਤੇਰੇ ਜੁਗ ਚੌਕੜੀ ਨਾਮ ਮੰਤਰ ਸਤਿ ਸਤਿ ਨਾਮ, ਢੋਲੇ ਸੋਹਲੇ ਅੱਖਰਾਂ ਸਿਫ਼ਤ ਸਲਾਹੀਆ । ਤੂੰ ਕਿਰਪਾ ਕਰ ਕਿਰਪਾਨਿਧ ਸ੍ਰੀ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਪੰਜ ਤਤ ਤਤ ਕਰ ਪ੍ਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਗੁਣਵੰਤੇ ਗੁਣ ਨਿਧਾਨ, ਅੰਤ ਤੇਰੀ ਓਟ ਰਖਾਈਆ । ਸਚ ਦਵਾਰ ਬਖ਼ਸ਼ ਦੇ ਅਗੰਮ ਮਕਾਨ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਤੇਰਾ ਦੀਪਕ ਜੋਤ ਜਗੇ ਮਹਾਨ, ਨੂਰ ਨੁਰਾਨਾ ਡਗਮਗਾਈਆ । ਸਾਡਾ ਨਾਤਾ ਫੇਰ ਰਹੇ ਨਾ ਵਿਚ ਜਹਾਨ, ਦੀਨ ਦੁਨੀ ਨਾ ਰੰਗ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਬੇਨੰਤੀ ਮਾਨ, ਮਨਸਾ ਤੇਰੇ ਚਰਨ ਟਿਕਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਤੇਰੀ ਦੋਹਰੀ ਧਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਮੁਕਾ ਦੇ ਆਵਣ ਜਾਣ, ਜਾਵਣ ਆਵਣ ਆਪਣੀ ਨਿਰਗੁਣ ਧਾਰ ਵਿਚ ਸਮਾਈਆ ।

✪ ੭ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਆਹਮ ਪੁਰ ਗੁਰਬਚਨ ਸਿੰਘ ਅਵਤਾਰ ਸਿੰਘ ਤਰਸੇਮ ਸਿੰਘ ਹੁਕਮ ਸਿੰਘ ਅਜੀਤ ਸਿੰਘ ਫੁੰਮਣ ਸਿੰਘ ਗੁਰਬਚਨ ਕੌਰ ਭਾਗਵੰਤੀ ਆਹਮ ਪੁਰ ਪ੍ਰੀਤਮ ਸਿੰਘ ਕੋਟਲੀ ਇਬਰਾਹਿਮ ਦਰਸ਼ਨ ਕੌਰ ਪਾਤੜ ✪

ਪੰਜ ਤਤ ਕਹਿਣ ਪ੍ਰਭ ਤੇਰੇ ਹੋਏ ਦੀਨ, ਦੁਨੀ ਜਗਤ ਜੁਗਤ ਤਜਾਈਆ । ਤੂੰ ਮਾਲਕ ਖ਼ਾਲਕ ਨੂਰ ਅਲਾਹੀ ਯਾਮਬੀਨ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਪਰਮ ਪੁਰਖ ਪਰਮਾਤਮ ਸਾਡੀ ਬੇਨੰਤੀ ਤੂੰ ਦਿਸੇਂ ਆਜ਼ਮ ਅਜ਼ੀਮ, ਆਲੀਜਾਹ ਤੇਰੀ ਸ਼ਰਨਾਈਆ । ਸਾਡੀ ਜੁਗ ਜੁਗ ਦੀ ਤੱਕ ਲੈ ਤਕਸੀਮ, ਹਿੱਸੇ ਜਗਤ ਜਹਾਨ ਵੇਖ ਵਖਾਈਆ । ਤੂੰ ਕੁਦਰਤ ਦਾ ਕਾਦਰ ਇਕ ਕਦੀਮ, ਆਦਿ ਜੁਗਾਦਿ ਤੇਰੀ ਵਡ ਵਡਿਆਈਆ । ਤੇਰਾ ਮਾਰਗ ਦਿਸੇ ਮਹੀਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

੧੯੬੦
੨੩

ਵਰ, ਸਚ ਦਾ ਭੇਵ ਆਪ ਖੁਲਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਖੇਲ ਵਿਚ ਬ੍ਰਹਿਮੰਡੀਆ, ਬ੍ਰਹਿਮਾਂਡ ਧਿਆਨ ਲਗਾਈਆ । ਤੂੰ ਲੇਖਾ ਜਾਣੇਂ ਜੇਰਜ ਅੰਡੀਆ, ਉਤਭੁਜ ਸੇਤਜ ਤੇਰੀ ਵਡ ਵਡਿਆਈਆ । ਨਿਰਗੁਣ ਸਰਗੁਣ ਬਿਨਾ ਅੱਖਾਂ ਤੱਕ ਲੈ ਵੰਡੀਆਂ, ਹਿੱਸੇ ਦੀਨ ਦੁਨੀ ਜਗਤ ਜਣਾਈਆ । ਤੇਰੇ ਨਾਮ ਨਿਧਾਨੇ ਸ੍ਰੀ ਭਗਵਾਨੇ ਤਨ ਵਜੂਦਾਂ ਪਾਈਆਂ ਵੰਡੀਆਂ, ਰਹਿਬਰ ਸਤਿਗੁਰ ਸ਼ਬਦ ਸ਼ਬਦ ਸਮਝਾਈਆ । ਜਿਸ ਦੇ ਹੁਕਮ ਵਿਚ ਕੋਟਨ ਕੋਟ ਜੁਗ ਚੌਕੜੀਆਂ ਲੰਘੀਆਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਪੰਧ ਮੁਕਾਈਆ । ਸਾਡੀਆਂ ਗੁਰ ਅਵਤਾਰ ਪੈਗ਼ੰਬਰਾਂ ਨਾਲ ਵੇਖ ਲੈ ਸੰਧੀਆਂ, ਬਿਨ ਕਾਗਦ ਕਲਮ ਸ਼ਾਹੀ ਨਾਲ ਲਿਖਾਈਆ । ਦਰ ਤੇਰੇ ਤੇਰਾ ਨਾਮ ਗਾਉਂਦੇ ਰਹੇ ਤਨ ਵਜੂਦ ਨਾਲ ਦੰਦੀਆਂ, ਰਸਨਾ ਜਿਹਵਾ ਢੋਲੇ ਸਿਫ਼ਤ ਸਲਾਹੀਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀਆਂ ਕੱਟ ਦੇ ਅੰਤਮ ਫੰਦੀਆਂ, ਫਾਸੀ ਗਲ ਨਾ ਕੋਇ ਲਟਕਾਈਆ । ਜੇ ਭਗਤਾਂ ਆਤਮਾ ਤੈਨੂੰ ਲਗਦੀਆਂ ਚੰਗੀਆਂ, ਨਿਰਗੁਣ ਵੇਖੇ ਥਾਉਂ ਥਾਈਆ । ਕਿਉਂ ਨਹੀਂ ਸਾਨੂੰ ਲਾਉਂਦਾ ਅੰਗੀਆਂ, ਅੰਗੀਕਾਰ ਦਇਆ ਕਮਾਈਆ । ਅਸੀਂ ਦਰ ਤੇਰੇ ਮੰਗਾਂ ਮੰਗੀਆਂ, ਖ਼ਾਲੀ ਝੋਲੀ ਅਗੇ ਡਾਹੀਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੋਂ ਤੋੜ ਪਾਬੰਦੀਆਂ, ਇਕੋ ਆਪਣਾ ਰੰਗ ਰੰਗਾਈਆ । ਸਾਡੀਆਂ ਆਸ਼ਾ ਰਹਿਣ ਨਾ ਲੰਬੀਆਂ, ਅਗਲਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਸਚ ਗੁਸਾਈਆ ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਹਿਸਾਬ, ਬਿਨ ਕੁਤਬਖਾਨਿਆਂ ਫੋਲ ਫੁਲਾਈਆ । ਤੂੰ ਮਾਲਕ ਇਕ ਅਹਿਬਾਬ, ਮਿਤਰ ਪਿਆਰਾ ਨੂਰ ਅਲਾਹੀਆ । ਸਜਦਿਆਂ ਵਿਚ ਕਰੀਏ ਅਦਾਬ, ਅਦਬ ਨਾਲ ਸੀਸ ਝੁਕਾਈਆ । ਤੂੰ ਨਿਰਗੁਣ ਧਾਰ ਸਤਿਗੁਰ ਸ਼ਬਦ ਸ਼ਬਦ ਮਹਾਰਾਜ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਉਹ ਲਹਿਣਾ ਦੇਣਾ ਲੇਖਾ ਤੱਕ ਲੈ ਜੋ ਨਾਨਕ ਨਿਰਗੁਣ ਸਰਗੁਣ ਕਹਿ ਕੇ ਆਇਆ ਵਿਚ ਬਗ਼ਦਾਦ, ਬਗ਼ਲਗੀਰ ਤੇਰੀ ਧਾਰ ਵਖਾਈਆ । ਅੰਤ ਅਖ਼ੀਰ ਵੇਖ ਲੈ ਤੇਰੇ ਹੁਕਮ ਦੀ ਕਿਹੜੀ ਵੱਜਣੀ ਰਬਾਬ, ਤਾਰ ਸਿਤਾਰ ਕਵਣ ਹਿਲਾਈਆ । ਸਾਡਾ ਲੇਖਾ ਮੁਕਾ ਦੇ ਪੰਜ ਆਬ, ਪੰਚਮ ਮੀਤੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਲੇਖਾ ਆਪ ਸਮਝਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਸੁਣ ਫ਼ਰਿਆਦ, ਨਿਵ ਨਿਵ ਸੀਸ ਝੁਕਾਈਆ । ਸਤਿ ਸਚ ਬਖ਼ਸ਼ ਦੇ ਦਾਦ, ਬਿਨ ਦਸਤ ਦਸਤ ਫੜਾਈਆ । ਅਸੀਂ ਤੇਰੀ ਚਾਹੁੰਦੇ ਇਮਦਾਦ, ਦੂਸਰ ਓਟ ਨਾ ਕੋਇ ਤਕਾਈਆ । ਤੂੰ ਮੋਹਣ ਮਾਧਵ ਮਾਧ, ਮਧ ਸੂਦਨ ਇਕ ਅਖਵਾਈਆ । ਨਿਰਗੁਣ ਧਾਰ ਸਵਾਰ ਕਾਜ, ਕਰਨੀ ਕਰਤੇ ਵੇਖਣਾ ਚਾਈਂ ਚਾਈਆ । ਦੀਨ ਦੁਨੀ ਰੱਖ ਲਾਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਅਸੀਂ ਲੰਗੜੇ ਲੂਲੇ ਅਪਾਹਜ, ਤਨ ਵਜੂਦ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਆਦਿ ਜੁਗਾਦਿ ਥੱਕੇ ਮਾਂਦੇ, ਬਲਹੀਣ ਅਖਵਾਈਆ । ਜੁਗ ਜੁਗ ਫੇਰੀਆਂ ਰਹੇ ਪਾਂਦੇ, ਵਿਚ ਚੁਰਾਸੀ ਭੱਜੇ ਵਾਹੋ ਦਾਹੀਆ । ਅੰਡਜ ਜੇਰਜ ਰੂਪ ਰਹੇ ਬਦਲਾਂਦੇ, ਉਤਭੁਜ ਸੇਤਜ ਰੰਗ ਰੰਗਾਈਆ । ਮਾਨਸ ਮਾਨਵ ਮਾਨੁਖ ਰਹੇ ਅਖਵਾਂਦੇ, ਸਰਗੁਣ ਤੇਰੇ ਹੱਥ ਹੱਥ ਵਡਿਆਈਆ । ਤੇਰਾ ਢੋਲਾ ਗੀਤ ਸੁਹੰਜਣਾ ਰਹੇ ਗਾਂਦੇ, ਨਾਮ ਕਲਮੇ ਸਿਫ਼ਤ ਸਲਾਹੀਆ । ਚਾਰੋਂ ਕੁੰਟ ਨੈਣ ਰਹੇ ਉਠਾਂਦੇ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਦਰ ਦਵਾਰ

ਏਕੰਕਾਰ ਵਾਸਤਾ ਰਹੇ ਪਾਂਦੇ, ਨਿਵ ਨਿਵ ਸੀਸ ਝੁਕਾਈਆ । ਸਾਨੂੰ ਮਾਣ ਬਖ਼ਸ਼ ਦੇ ਆਪਣੇ ਥਾਂ ਦੇ, ਦਰਗਾਹ ਸਾਚੀ ਸਚ ਸਮਝਾਈਆ । ਅਸੀਂ ਰੂਪ ਨਾ ਰਹੀਏ ਕਾਂ ਦੇ, ਹੰਸ ਹੰਸ ਦੇਣੇ ਬਦਲਾਈਆ । ਫੇਰ ਵਣਜਾਰੇ ਰਹੀਏ ਨਾ ਕਿਸੇ ਮਾਂ ਦੇ, ਜਨਣੀ ਕੁੱਖ ਨਾ ਕੋਇ ਟਿਕਾਈਆ । ਝਗੜੇ ਤੱਕੀਏ ਨਾ ਸੂਰ ਗਾਂ ਦੇ, ਸ਼ਰਅ ਦੇ ਲੇਖੇ ਦੇਣੇ ਮੁਕਾਈਆ । ਗੁਣ ਗਾਈਏ ਤੇਰੇ ਨਾਂ ਦੇ, ਨਾਉਂ ਨਿਰੰਕਾਰ ਇਕੋ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰ ਦੇ ਲੋੜ, ਲੋੜੀਂਦੇ ਸਾਜਣ ਦਇਆ ਕਮਾਈਆ । ਸ਼ਬਦ ਅਗੰਮੇ ਚੜ੍ਹ ਕੇ ਆ ਜਾ ਘੋੜ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਨਿਰਗੁਣ ਸਰਗੁਣ ਆਪਣਾ ਨਾਤਾ ਜੋੜ, ਮੇਲਾ ਮੇਲਣਾ ਸਹਿਜ ਸੁਭਾਈਆ । ਆਦਿ ਜੁਗਾਦਿ ਸਾਨੂੰ ਇਹੋ ਰਹੀ ਥੋੜ, ਗੁਰ ਅਵਤਾਰ ਪੈਗ਼ੰਬਰਾਂ ਅਗੇ ਵਾਸਤਾ ਗਏ ਪਾਈਆ । ਸਚ ਸੰਦੇਸ਼ਾ ਸਭ ਨੇ ਦਿਤਾ ਜਿਸ ਵੇਲੇ ਆਵੇ ਕਲਜੁਗ ਅੰਧੇਰਾ ਘੋਰ, ਚਾਰੋਂ ਕੁੰਟ ਅੰਧੇਰਾ ਛਾਈਆ । ਕੋਈ ਭੇਵ ਚੁਕਾ ਸਕੇ ਨਾ ਤੋਰ ਮੋਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਵ ਸੱਤ ਲਹਿਣਾ ਦੇਣਾ ਹੋਵੇ ਪੰਚਮ ਚੋਰ, ਪੰਚ ਪੰਚਾਇਣ ਭੱਜੇ ਵਾਹੋ ਦਾਹੀਆ । ਮਨ ਮਨਸਾ ਪਾਵੇ ਸ਼ੋਰ, ਸਾਂਤਕ ਸਤਿ ਨਾ ਕੋਇ ਕਰਾਈਆ । ਉਸ ਵੇਲੇ ਝਗੜਾ ਪੈਣਾ ਮੜ੍ਹੀ ਗੋਰ, ਮਕਬਰਾ ਮੁਹੰਮਦ ਦਾ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਤਤ ਕਹਿਣ ਸਾਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀ ਅਗੰਮ ਸਲਾਹ, ਬਿਨ ਅੱਖਰਾਂ ਅੱਖਰ ਸਮਝਾਈਆ । ਤੁਹਾਡਾ ਮਾਲਕ ਖ਼ਾਲਕ ਬੇਪ੍ਰਵਾਹ, ਨੂਰ ਨੁਰਾਨਾ ਇਕ ਅਲਾਹੀਆ । ਜਿਸ ਨੂੰ ਕਹਿੰਦੇ ਵਾਹਿਦ ਇਕ ਖ਼ੁਦਾ, ਖ਼ੁਦੀ ਤਕੱਬਰ ਡੇਰਾ ਦਏ ਢਾਹੀਆ । ਜਿਸ ਦੇ ਨਾਲੋਂ ਤਤ ਸ਼ਰੀਰ ਹੋਏ ਜੁਦਾ, ਜੁਜ਼ ਵਖਰਾ ਵੰਡ ਵੰਡਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਜਾਵੇ ਆ, ਜੋਤੀ ਜਾਤਾ ਪੁਰਖ ਬਿਧਾਤਾ ਫੇਰਾ ਪਾਈਆ । ਤਨ ਵਜੂਦਾਂ ਹਕ ਮਹਿਬੂਬਾ ਬਣੇ ਆਪ ਮਲਾਹ, ਫੜ ਫੜ ਬਾਹੋਂ ਕੰਧ ਉਠਾਈਆ । ਜਨਮ ਜਨਮ ਦਾ ਕਰਮ ਕਰਮ ਦਾ ਲਹਿਣਾ ਦਏ ਚੁਕਾ, ਲੇਖਾ ਅਵਰ ਨਾ ਕੋਇ ਰਖਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਦਏ ਸਮਝਾ, ਸਮਝ ਰਮਜ਼ ਆਪ ਜਣਾਈਆ । ਤਤਵ ਤਤ ਆਪਣੇ ਲੇਖੇ ਲਵੇ ਲਾ, ਬ੍ਰਹਮ ਮਤ ਨਾਲ ਵਡਿਆਈਆ । ਪੰਚਮ ਪਰਪੰਚ ਦਏ ਗਵਾ, ਪੰਚਮ ਦੇਵੇ ਸ਼ਬਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਸਮਝਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਰਿਹਾ ਕੋਈ ਨਾ ਬਲ, ਬਲਹੀਣ ਅਖਵਾਈਆ । ਸਾਨੂੰ ਜੁਗ ਜੁਗ ਸਭ ਨੇ ਲਿਆ ਛਲ, ਅਛਲ ਛਲਧਾਰੀ ਤੇਰੀ ਬੇਪ੍ਰਵਾਹੀਆ । ਅਗਨੀ ਸੜਦੇ ਰਹੇ ਰੁੜ੍ਹਦੇ ਰਹੇ ਵਿਚ ਜਲ, ਥਲਾਂ ਵਿਚ ਆਪਣਾ ਆਪ ਗਵਾਈਆ । ਮਕਬਰਿਆਂ ਵਿਚ ਆਸਣ ਬੈਠੇ ਮੱਲ, ਵਿਚੋਂ ਬਾਹਰ ਨਾ ਕੋਇ ਕਢਾਈਆ । ਸਾਡਾ ਮਸਲਾ ਕੀਤਾ ਕਿਸੇ ਨਾ ਹੱਲ, ਹੁਕਮ ਹਕ ਨਾ ਕੋਇ ਜਣਾਈਆ । ਅੰਤ ਤੇਰੇ ਦਵਾਰੇ ਆਏ ਚੱਲ, ਨਿਹਚਲ ਬੈਠੇ ਸੀਸ ਨਿਵਾਈਆ । ਸਾਡਾ ਆਦਿ ਜੁਗਾਦੀ ਮੇਟ ਸੱਲ, ਸਲਲ ਵਿਛੋੜਾ ਦੇ ਮੁਕਾਈਆ । ਤਤਵ ਤਤ ਤੇਰੇ ਨਾਲ ਜਾਈਏ ਰਲ, ਆਤਮ ਨਾਲ ਮਿਲ ਕੇ ਸਾਚੀ ਵੱਜੇ ਵਧਾਈਆ । ਦਰਗਾਹ ਸਾਚੀ ਮੁਕਾਮ ਦੇਣਾ ਇਕ ਅਟੱਲ, ਸਚਖੰਡ ਸਾਚਾ ਸੋਭਾ ਪਾਈਆ । ਤੇਰੀ ਨਿਰਗੁਣ ਧਾਰ ਵਿਚ ਜਾਈਏ ਰਲ, ਜੋਤੀ ਜਾਤੇ ਤੇਰੇ ਵਿਚ

੧੯੬੨
੨੩

ਸਮਾਈਆ । ਸਾਨੂੰ ਵਿਛੋੜਾ ਹੋਏ ਨਾ ਘੜੀ ਪਲ, ਪਲਕਾਂ ਦੇ ਮਾਲਕ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਵੇਖੀਏ ਜਲ ਥਲ, ਮਹੀਅਲ ਤੇਰੀ ਧਾਰ ਏਕੰਕਾਰ ਨਜ਼ਰੀ ਆਈਆ ।

✪ ੮ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਬੀਬੀ ਚਰਨੀ ਜੋ ਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਸੇਵਾ ਕਰਦੀ ਹੋਈ ਉਨ੍ਹਾਂ ਦੇ ਹੁਕਮ ਅਨੁਸਾਰ ਆਪਣੇ ਸਵਾਸ ਪੂਰੇ ਕਰਕੇ ਸਚਖੰਡ ਚਲੀ ਗਈ ਉਸ ਦੇ ਅੰਤਮ ਸਸਕਾਰ ਸਮੇਂ ਵਿਹਾਰ ਹੋਇਆ ✪

ਸੱਤ ਸਾਵਣ ਕਹੇ ਮੇਰੀਆਂ ਖ਼ੁਸ਼ੀਆਂ ਭਰੀਆਂ ਰਸ ਦੀਆਂ, ਰਸਨਾ ਜਿਹਵਾ ਕਹਿਣ ਕਿਛ ਨਾ ਪਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀਆਂ ਵੇਖੀਆਂ ਵਸਦੀਆਂ, ਸਤਿਜੁਗ ਤ੍ਰੇਤਾ ਦੁਆਪਰ ਧਿਆਨ ਲਗਾਈਆ । ਸ਼ਬਦੀ ਧਾਰ ਧੁਰ ਦੀਆਂ ਧਾਰਾਂ ਮੈਨੂੰ ਖ਼ਬਰਾਂ ਦੱਸਦੀਆਂ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋਤਾਂ ਵੇਖੀਆਂ ਨੱਸਦੀਆਂ, ਭੱਜੀਆਂ ਵਾਹੋ ਦਾਹੀਆ । ਚਮਤਕਾਰਾਂ ਵੇਖੀਆਂ ਰਵ ਸੱਸ ਦੀਆਂ, ਜੋਤ ਨੂਰ ਨਾਲ ਰੁਸ਼ਨਾਈਆ । ਇਹ ਖੇਲਾਂ ਨਹੀਂ ਕਿਸੇ ਦੇ ਵਸ ਦੀਆਂ, ਵਿਸ਼ਨ ਬ੍ਰਹਮਾ ਸ਼ਿਵ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ
ੴ੧੯੬੩ ੨੩ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੱਤ ਸਾਵਣ ਕਹੇ ਮੇਰਾ ਵਕਤ ਸੁਹੰਜਣਾ ਆਇਆ, ਖ਼ੁਸ਼ੀ ੧੯੬੩ ੨੩
ਮਿਲੀ ਵਡਿਆਈਆ । ਭਗਤ ਸੁਹੇਲਾ ਸ੍ਰੀ ਭਗਵਾਨ ਪ੍ਰਨਾਇਆ, ਮੇਲ ਮੇਲਿਆ ਚਾਈਂ ਚਾਈਆ । ਪੂਰਬ ਲੇਖਾ ਬਿਨ ਝੋਲੀਉਂ ਝੋਲੀ ਪਾਇਆ, ਤਨ ਵਜੂਦ ਸਮਝ ਕਿਸੇ ਨਾ ਆਈਆ । ਨਿਰਗੁਣ ਧਾਰ ਦਰਸ ਦਿਖਾਇਆ, ਜੋਤੀ ਜੋਤ ਜੋਤ ਸਮਝਾਈਆ । ਤੇਰਾ ਲਹਿਣਾ ਦੇਣਾ ਨਿਰਗੁਣ ਆਪਣੇ ਹੱਥ ਰਖਾਇਆ, ਸਰਗੁਣ ਚਲੇ ਨਾ ਕੋਇ ਚਤੁਰਾਈਆ । ਪੂਰਬ ਧਾਰ ਦਾ ਪੂਰਬ ਲੇਖਾ ਪਰਦਾ ਪਰਦਿਆਂ ਵਿਚੋਂ ਸਮਝਾਇਆ, ਸਮਝ ਤੋਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਭਗਤ ਕਹੇ ਮੈਂ ਤਨ ਨਹੀਂ ਵਜੂਦ, ਮਾਟੀ ਖ਼ਾਕ ਨਾ ਕੋਇ ਵਡਿਆਈਆ । ਮੇਰੀ ਜਗਤ ਨਹੀਂ ਹਦੂਦ, ਦੀਨ ਦੁਨੀ ਰੰਗ ਨਾ ਕੋਇ ਰੰਗਾਈਆ । ਮੇਰਾ ਮਾਲਕ ਇਕ ਮਹਿਬੂਬ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਮੇਰੇ ਤਤ ਕਰਦੇ ਪੂਜ, ਸੇਵਾ ਵਿਚ ਸਮਾਈਆ । ਭਾਉ ਮਿਟਾਏ ਦੂਆ ਦੂਜ, ਦੁਤੀਆ ਲੇਖਾ ਦਏ ਚੁਕਾਈਆ । ਜਿਸ ਮੇਰਾ ਪੂਰਬ ਲੇਖਾ ਲਿਆ ਬੂਝ, ਜਨਮ ਜਨਮ ਦਾ ਲਹਿਣਾ ਆਪਣੇ ਹੱਥ ਰਖਾਈਆ । ਮੈਨੂੰ ਸਤਿਗੁਰ ਸ਼ਬਦ ਨੇ ਦਿਤੀ ਸੂਝ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਕਿਸੇ ਕੰਮ ਨਹੀਂ ਆਉਣਾ ਤਤ ਕਾਇਆ ਕਲਬੂਤ, ਪੰਜ ਤਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸੱਤ ਸਾਵਣ ਕਹੇ ਮੈਂ ਅੱਖਾਂ ਲਈਆਂ ਖੋਲ, ਦੋਹ ਹੱਥਾਂ ਨਾਲ ਦਬਾਈਆ । ਸੁਣਿਆ ਅਗੰਮੀ ਬੋਲ, ਅਣਬੋਲਤ ਦਿਤਾ ਜਣਾਈਆ । ਓਹ ਤੱਕ ਲੈ ਭਗਤ ਆਇਆ ਭਗਵਾਨ ਦੇ ਕੋਲ, ਦੋ

ਜਹਾਨਾਂ ਪੰਧ ਮੁਕਾਈਆ । ਸਚ ਦਵਾਰੇ ਹੋਵੇ ਚੋਹਲ, ਚੋਲੀ ਜਗਤ ਰੰਗ ਰੰਗਾਈਆ । ਝਟ ਉਸੇ ਵੇਲੇ ਸਤਿਗੁਰ ਸ਼ਬਦ ਵਜਾਇਆ ਢੋਲ, ਮਰਦੰਗਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੱਤ ਸਾਵਣ ਕਹੇ ਮੈਂ ਵੇਖੀ ਆਤਮਾ ਧਾਰ, ਨਿਰਗੁਣ ਨਿਰਗੁਣ ਦਿਤੀ ਜਣਾਈਆ । ਜੋ ਜਗਤ ਛਡ ਸੰਸਾਰ, ਭੱਜੀ ਵਾਹੋ ਦਾਹੀਆ । ਦੀਨ ਦੁਨੀ ਦਾ ਪੰਧ ਨਿਵਾਰ, ਬ੍ਰਹਿਮੰਡ ਖੰਡ ਤਜਾਈਆ । ਜਿਸ ਨੂੰ ਸਾਰੇ ਕਰਨ ਨਿਮਸਕਾਰ, ਰਵ ਸੱਸ ਮੰਡਲ ਮੰਡਪ ਲਾਗਣ ਪਾਈਆ । ਦੇਵਤ ਸੁਰ ਕਰਨ ਜੈਕਾਰ, ਗਣ ਗੰਧਰਵ ਢੋਲੇ ਗਾਈਆ । ਵਿਸ਼ਨ ਸ਼ਿਵ ਬ੍ਰਹਮਾ ਜਾਣ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਭਗਤ ਬੜਾ ਹੋਣਹਾਰ, ਸੂਰਬੀਰ ਇਕ ਅਖਵਾਈਆ । ਜਿਸ ਦੀਨ ਦੁਨੀ ਛੱਡਿਆ ਕੂੜ ਪਿਆਰ, ਮੁਹੱਬਤ ਤੇਰੇ ਚਰਨ ਟਿਕਾਈਆ । ਦਰਗਾਹ ਸਾਚੀ ਪੁੱਜਿਆ ਆਪਣੀ ਆਪਣੀ ਵਾਰ, ਬਣ ਕੇ ਧੁਰ ਦਾ ਪਾਂਧੀ ਰਾਹੀਆ । ਘਰ ਦੀਆ ਬਾਤੀ ਕਮਲਾਪਾਤੀ ਆਪਣੇ ਕਰ ਉਜਿਆਰ, ਸਚਖੰਡ ਸਾਚੇ ਕਰ ਰੁਸ਼ਨਾਈਆ । ਇਹ ਆਤਮਾ ਚਰਨ ਕੌਰ ਨਹੀਂ ਇਹ ਚਵ੍ਹੀਏ ਅਵਤਾਰ ਦਾ ਸਰਦਾਰ, ਸਿਰਤਾਜ ਇਕ ਅਖਵਾਈਆ । ਜਿਸ ਨੇ ਲੇਖਾ ਕੀਤਾ ਭਗਤ ਦਵਾਰ, ਜਨ ਭਗਤਾਂ ਰੀਤੀ ਭਗਤਾਂ ਵਾਲੀ ਸਮਝਾਈਆ । ਅਸੀਂ ਸਾਰੇ ਇਕੱਠੇ ਹੋ ਕੇ ਕਰੀਏ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਤੇਰੇ ਤੇਰੇ ਉਤੋਂ ਬਲਿਹਾਰ, ਤੇਰੇ ਤੇਰੇ ਰੰਗ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਦੇਣੀ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਵੇਖ ਕੇ ਖ਼ੁਸ਼ੀ ਮਨਾਉਣ, ਸੋਹਣਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਵਣ ਗਾਉਣ, ਢੋਲੇ ਧੁਰਦਰਗਾਹੀਆ । ਨਿਰਗੁਣ ਧਾਰ ਨਿਰਗੁਣ ਫੁੱਲ ਬਰਸਾਉਣ, ਜਗਤ ਪੱਤ ਟਹਿਣੀ ਕਲੀ ਨਜ਼ਰ ਕੋਇ ਨਾ ਆਈਆ । ਪਿਆਰ ਮੁਹੱਬਤ ਵਿਚ ਆਪਣਾ ਆਪ ਪ੍ਰਚਾਉਣ, ਪਰਚੇ ਭਗਤੀ ਵਾਲੇ ਤੱਕਣ ਚਾਈਂ ਚਾਈਂਆ । ਜਿਸ ਨੇ ਖੇਲ ਖੇਲਿਆ ਸੱਤ ਸਾਵਣ ਸੌਣ, ਸੋਹਣੀ ਬਣਤ ਬਣਾਈਆ । ਉਸ ਦਾ ਸੰਦੇਸ਼ਾ ਦੋ ਜਹਾਨਾਂ ਮਿਲੇ ਬਿਨਾ ਪਾਣੀ ਪੌਣ, ਪਵਣ ਉਨੰਜਾ ਬੈਠੀ ਸੀਸ ਨਿਵਾਈਆ । ਇਹ ਭੇਵ ਅਭੇਦਾ ਜਾਣੇ ਕੌਣ, (ਜਗਤ) ਕਹਿਣ ਕਿਛ ਕੋਇ ਨਾ ਪਾਈਆ । ਇਹ ਭਗਤ ਪਿਆਰਾ ਧਰਮ ਦਵਾਰਾ ਮਾਰਗ ਭਗਤੀ ਵਾਲਾ ਆਇਆ ਦਰਸਾਉਣ, ਦਰਸ ਕਰ ਕੇ ਆਪਣੀ ਖ਼ੁਸ਼ੀ ਮਨਾਈਆ । ਬੁਰਜ ਹੰਕਾਰੀ ਦੀਨ ਦੁਨੀ ਦਾ ਆਇਆ ਢਾਹੁਣ, ਹੰਗਤਾ ਗੜ੍ਹ ਤੁੜਾਈਆ । ਭਗਤ ਦਵਾਰ ਆਇਆ ਵਸਾਉਣ, ਸਦਾ ਸਦ ਵਿਚ ਆਪਣਾ ਡੇਰਾ ਲਾਈਆ । ਆਪਣੇ ਮਾਤਾ ਪਿਤਾ ਨੂੰ ਆਇਆ ਵਰਚਾਉਣ, ਖ਼ੁਸ਼ੀਆਂ ਨਾਲ ਸੁਣਾਈਆ । ਮੇਰੇ ਮਰਨ ਤੋਂ ਬਾਦ ਮੇਰੇ ਕੁਟੰਬ ਵਾਲੇ ਕਦੀ ਨਾ ਰੋਣ, ਜੀਵਤ ਜੀਅ ਜੀਅ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲੇ ਸਾਡੀ ਅਗੰਮੀ ਗੱਲ ਮੰਨ, ਮਨਸਾ ਦੋ ਜਹਾਨ ਨਾਲ ਰਖਾਈਆ । ਭਗਤ ਸੁਹੇਲਾ ਤੇਰਾ ਚੰਨ, ਨੂਰ ਨੂਰ ਵਿਚ ਰਲਾਈਆ । ਲੋਕਮਾਤ ਬੇੜਾ ਬੰਨ੍ਹ, ਸਿਰ ਆਪਣਾ ਹੱਥ ਟਿਕਾਈਆ । ਚਰਨ ਕੌਰ ਦਾ ਲੇਖੇ ਲਾਉਣਾ ਤਨ, ਵਜੂਦ ਆਪਣੇ ਸੰਗ ਰਖਾਈਆ । ਜਿਥੇ ਨਾ ਕੋਈ ਹਰਖ ਸੋਗ ਗ਼ਮ, ਚਿੰਤਾ ਚਿਖਾ ਰਹੇ ਨਾ ਰਾਈਆ । ਦੁਨੀ ਵਿਚ ਫੇਰ ਪਏ ਨਾ ਜੰਮ, ਚੁਰਾਸੀ ਵੰਡ ਨਾ ਕੋਇ

੧੯੬੪
੨੩

ਵੰਡਾਈਆ । ਤੇਰੇ ਵਿਚ ਮਿਲਿਆ ਤੇਰਾ ਬ੍ਰਹਮ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਅਗੇ ਵਾਸਤੇ ਸਾਡਾ ਤੇਰੇ ਨਾਲ ਧਰਮ, ਧਰਮ ਦੇ ਮਾਲਕ ਦੇਣੀ ਦਇਆ ਕਮਾਈਆ । ਏਸ ਦਾ ਵੇਖਣਾ ਹੱਡ ਮਾਸ ਨਾੜੀ ਚਰਮ, ਚੰਮ ਦ੍ਰਿਸ਼ਟੀ ਦਾ ਡੇਰਾ ਢਾਹੀਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਇਹਦੀਆਂ ਹੱਡੀਆਂ ਮਾਸ ਨਾੜੀ ਰਾਖ ਨਾਲ ਹਰਿ ਭਗਤ ਦਿੱਲੀ ਦਵਾਰ ਦੀਆਂ ਨੀਹਾਂ ਭਰਨ, ਏਸੇ ਵਾਸਤੇ ਇਹਦਾ ਲੇਖਾ ਦਿਤਾ ਮੁਕਾਈਆ । ਚਾਰ ਜੁਗ ਦੇ ਸ਼ਾਸਤਰ ਇਹਦੀ ਗਾਥਾ ਪੜ੍ਹਨ, ਅਗਲਾ ਲੇਖਾ ਫੇਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਆਤਮ ਧਾਰ ਮਿਲੀ ਵਿਚ ਨਿਰੰਕਾਰ, ਨਿਰਾਕਾਰ ਵਿਚ ਸਮਾਈਆ । ਤਨ ਵਜੂਦ ਦਾ ਲਹਿਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖੇ ਚਾਈਂ ਚਾਈਂਆ । ਸੰਮਤ ਸ਼ਹਿਨਸ਼ਾਹੀ ਦਸ ਰਿਹਾ ਲਲਕਾਰ, ਕੂਕ ਕੂਕ ਸੁਣਾਈਆ । ਜਿਸ ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਕੂੜੀ ਕਿਰਿਆ ਦੀਨ ਦੁਨੀ ਚੋਂ ਕੱਢਣੀ ਬਾਹਰ, ਲੋਕਮਾਤ ਰਹਿਣ ਨਾ ਪਾਈਆ । ਉਹ ਭਗਤ ਦਵਾਰਾ ਕਰੇ ਤਿਆਰ, ਜਮਨ ਕਿਨਾਰਾ ਇਕ ਸੁਹਾਈਆ । ਜਿਥੇ ਕ੍ਰਿਸ਼ਨ ਕਾਹਨ ਨੇ ਮਾਰੀ ਲਕਾਰ, ਸਖ਼ੀਆਂ ਸੰਗ ਸੁਖ਼ਨ ਦਿਤਾ ਸੁਣਾਈਆ । ਜਿਸ ਵੇਲੇ ਆਵੇ ਕਲ ਕਲਕੀ ਕਰਨੇਹਾਰ, ਕਰਤਾ ਪੁਰਖ ਧੁਰਦਰਗਾਹੀਆ । ਜਿਸ ਭਗਤਾਂ ਦਾ ਕਰਨਾ ਭਗਤੀ ਨਾਲ ਵਿਹਾਰ, ਭਗਤਨ ਆਪਣੇ ਰੰਗ ਰੰਗਾਈਆ । ਦੀਨ ਮਜ਼੍ਹਬ ਤੋਂ ਵਸੇ ਬਾਹਰ, ਜ਼ਾਤ ਪਾਤ ਨਾ ਕੋਇ ਰਖਾਈਆ । ਸ਼ਾਹ ਸੁਲਤਾਨ ਸ਼ਬਦ ਦੀ ਮਾਰੇ ਮਾਰ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੰਜ ਤਤ ਜਗਤ ਹੋਣੇ ਸਵਾਹ, ਮਿੱਟੀ ਖ਼ਾਕ ਨਜ਼ਰੀ ਆਈਆ । ਸਤਾਰਾਂ ਹਾੜ ਨੇ ਕਿਹਾ ਭਗਤਾਂ ਦੇ ਭਗਤ ਬਣਿਓ ਗਵਾਹ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਪੰਝੀ ਪ੍ਰਕਿਰਤੀਆਂ ਦਾ ਲੇਖਾ ਦਿਤਾ ਸੀ ਲਿਖਾ, ਪੰਜਾਂ ਤਤਾਂ ਨਾਲ ਮਿਲਾਈਆ । ਪੰਝੀ ਪੰਝੀ ਫੁਟ ਦਾ ਨਾਪ ਆਪ ਸਮਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਸ ਲੇਖੇ ਨੂੰ ਪੂਰਾ ਕਰਨਾ ਪ੍ਰਭ ਦੀ ਆਦਿ ਜੁਗਾਦੀ ਅਦਾ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਬਿਨਾ ਭਗਤਾਂ ਤੋਂ ਸ਼ਹੀਦੀ ਸਕੇ ਕੋਇ ਨਾ ਪਾ, ਸ਼ਬਦ ਸ਼ਹੀਦ ਨਾ ਕੋਇ ਅਖਵਾਈਆ । ਪੰਜਾਂ ਗੁਰਮੁਖਾਂ ਇਹਦੀਆਂ ਅਸਥੀਆਂ ਖੜਨੀਆਂ ਨਾਲ ਚਾਅ, ਚਾਉ ਘਨੇਰਾ ਨਾਲ ਰਖਾਈਆ । ਜਿਥੇ ਨੌ ਖੰਡ ਪ੍ਰਿਥਮੀ ਸੀਸ ਦਏ ਝੁਕਾ, ਸੱਤ ਦੀਪ ਲਾਗਣ ਪਾਈਆ । ਉਸ ਵਿਚ ਇਹਦਾ ਤਤਾਂ ਵਾਲਾ ਫੋਟੂ ਦੇਣਾ ਟਿਕਾ, ਟਿੱਕੇ ਨਾਮ ਵਾਲੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਪੰਜ ਤਤ ਕਹਿਣ ਭਗਤੋ ਅਸੀਂ ਕਰੀਏ ਪਿਆਰ, ਪ੍ਰੇਮੀਉਂ ਦੇਈਏ ਜਣਾਈਆ । ਮੇਰਾ ਭਗਤ ਦਵਾਰ ਤੋਂ ਬਾਹਰ ਨਹੀਂ ਕੋਈ ਘਰ ਬਾਰ, ਮਾਤ ਪਿਤ ਸੌਹਰੇ ਪੇਈਏ ਦੋਵੇਂ ਦਿਤੇ ਤਜਾਈਆ । ਮੈਂ ਨਾ ਚਰਨੀ ਨਾ ਚਰਨ ਕੌਰ ਮੈਂ ਸਤਿਗੁਰ ਚਰਨ ਦਾ ਸ਼ਿੰਗਾਰ, ਸੋਹਣਾ ਰੂਪ ਜਣਾਈਆ । ਮੈਂ ਪਿਆਰ ਨਾਲ ਕਹਾਂ ਗੁਰਮੁਖੋ ਮੇਰਾ ਭਗਤ ਦਵਾਰੇ ਵਿਚੋਂ ਬਾਹਰ ਕਦੇ ਨਾ ਕਰਿਓ ਸਸਕਾਰ, ਮੇਰੀ ਮਾਟੀ ਖ਼ਾਕ ਬਾਹਰ ਉਡਣ ਕੋਇ ਨਾ ਪਾਈਆ । ਫਿਰ ਚੁੱਕ ਕੇ ਲੈ ਜਾਇਓ ਦਿਲੀ ਦਰਬਾਰ, ਆਪਣੀ ਖ਼ੁਸ਼ੀ ਨਾਲ ਉਠਾਈਆ । ਮੈਂ ਸੌਂਵਾਂਗੀ ਨੀਂਹਾਂ ਹੇਠ ਪੈਰ ਪਸਾਰ, ਚਾਰ ਜੁਗ ਦਾ ਆਸਣ ਲਾਈਆ । ਮੇਰੇ ਹੋਣਗੇ ਤਿੰਨ ਦਵਾਰ, ਦਰਵਾਜ਼ੇ ਤਿੰਨ ਤਿੰਨ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੧੯੬੫
੨੩

ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਤਤ ਕਹਿਣ ਸਾਨੂੰ ਅਗਨੀ ਸਾੜਨਾ ਕੀ, ਕੀਮਤ ਕਰਤੇ ਲਈ ਪਾਈਆ । ਅਸੀਂ ਬਬੇਰਾ ਜਗਤ ਲਿਆ ਜੀਅ, ਜੀਵਣ ਸਤਿਗੁਰ ਭੇਟ ਕਰਾਈਆ । ਝਗੜਾ ਮੁਕਣਾ ਸਾਢੇ ਤਿੰਨ ਹੱਥ ਸੀਅ, ਰਵਦਾਸ ਚਮਾਰਾ ਲੇਖਾ ਰਿਹਾ ਲਿਖਾਈਆ । ਮੈਨੂੰ ਖ਼ੁਸ਼ੀ ਹੋਣੀ ਜਿਸ ਵੇਲੇ ਮੈਂ ਆਸਣ ਲਾਉਣਾ ਦਿੱਲੀ ਦਰਬਾਰ ਦੀ ਵਿਚ ਨੀਂਹ, ਨੀਂਹਾਂ ਹੇਠਾਂ ਆਪਣੀ ਸੇਜ ਸੁਹਾਈਆ । ਉਸ ਵੇਲੇ ਮੈਨੂੰ ਹੱਥ ਲਾਉਣਗੇ ਸਿੱਖ ਵੀਹ, ਇਕੀਸਾ ਸਤਿਗੁਰ ਨਾਲ ਮਿਲਾਈਆ । ਮੈਂ ਸੰਦੇਸ਼ਾ ਦੇਵਾਂ ਮੈਂ ਇਕੋ ਪਰਮ ਪੁਰਖ ਪਰਮਾਤਮ ਦੀ ਧਾਰ ਤੇ ਉਸੇ ਦੀ ਧੀ, ਅੰਤ ਉਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਤਤ ਕਹਿਣ ਜਨ ਭਗਤੋ ਮੇਰੀ ਖ਼ੁਸ਼ੀਆਂ ਵਾਲੀ ਨਿਮਸਕਾਰ, ਪ੍ਰੇਮ ਵਿਚ ਜਣਾਈਆ । ਮੈਂ ਬਿਨਾ ਨੇਤਰਾਂ ਤੋਂ ਤੁਹਾਡਾ ਕਰਾਂ ਦੀਦਾਰ, ਖ਼ੁਸ਼ੀਆਂ ਵਿਚ ਖ਼ੁਸ਼ੀ ਮਨਾਈਆ । ਮੇਰੀ ਆਤਮਾ ਪਹੁੰਚੀ ਸਚਖੰਡ ਸੱਚੇ ਘਰ ਬਾਹਰ, ਗ੍ਰਿਹ ਆਪਣੇ ਆਸਣ ਲਾਈਆ । ਮੈਨੂੰ ਦਿਸਦਾ ਤੁਸੀਂ ਜ਼ਰੂਰ ਮੇਰਾ ਕਰਨਾ ਸਸਕਾਰ, ਅਗਨੀ ਅੱਗ ਅੱਗ ਤਪਾਈਆ । ਟਹਿਲ ਸਿੰਘ ਇਹਦਾ ਪੂਰਾ ਕਰੇ ਵਿਹਾਰ, ਮਾਚਸ ਲਹਿੰਦਿਉਂ ਚੜ੍ਹਦੇ ਨੂੰ ਲਗਾਈਆ । ਮੇਰਾ ਵੀਰ ਵੀਰੋ ਸਭ ਦਾ ਖ਼ਿਦਮਤਗਾਰ, ਸਚ ਸਚ ਸੁਣਾਈਆ । ਜਿਹੜਾ ਸਿਦਕ ਭਰੋਸਾ ਦੇਂਦਾ ਰਿਹਾ ਅਧਾਰ, ਅੰਦਰ ਵੜ ਵੜ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤਤ ਕਹਿਣ ਸਾਡਾ ਚਰਨਾਂ ਨਾਲ ਪਿਆਰ, ਚਰਨੀ ਨਾਉਂ ਰਖਾਈਆ । ਅਸੀਂ ਖ਼ੁਸ਼ੀਆਂ ਵਿਚ ਕਹਿੰਦੇ ਜਨ ਭਗਤੋ ਇਹਦੇ ਉਤੇ ਪਾਓ ਹਾਰ, ਜਿਤਨੇ ਭਗਤ ਦਵਾਰੇ ਵਿਚ ਸਾਰੇ ਦਿਓ ਟਿਕਾਈਆ । ਫੇਰ ਇੱਕੀ ਬੋਲੋ ਜੈਕਾਰ, ਸੋਹਣੇ ਢੋਲੇ ਗਾਈਆ । ਨਾਲੇ ਪ੍ਰਭੂ ਤੋਂ ਮੰਗ ਮੰਗੋ ਅਸੀਂ ਜਾਈਏ ਇਸੇ ਤਰਾ ਤੇਰੇ ਦਰਬਾਰ, ਦਰਗਾਹ ਸਾਚੀ ਚਾਈਂ ਚਾਈਂਆ । ਮੁੜ ਕੇ ਆਈਏ ਨਾ ਵਿਚ ਸੰਸਾਰ, ਜਨਣੀ ਕੁੱਖ ਨਾ ਕੋਇ ਵਡਿਆਈਆ । ਮੇਰਾ ਅੰਤ ਸਭ ਨੂੰ ਸੰਦੇਸ਼ਾ ਸੁਣਨਾ ਨਾਲ ਵਿਚਾਰ, ਬਿਨ ਰਸਨਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਆਤਮਾ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨੱਚਦੀ, ਉਛਲਾਂ ਕੁੱਦਾਂ ਚਾਈਂ ਚਾਈਂਆ । ਮੈਨੂੰ ਜਗ੍ਹਾ ਮਿਲੀ ਸਚ ਦੀ, ਪ੍ਰਭ ਸਚ ਦਿਤੀ ਵਡਿਆਈਆ । ਮੈਂ ਵਣਜਾਰੀ ਰਹੀ ਕਾਇਆ ਮਾਟੀ ਕੱਚ ਦੀ, ਨਾਤਾ ਜਗਤ ਜਗਤ ਤੁੜਾਈਆ । ਮੈਂ ਉਸ ਪ੍ਰਭੂ ਵਿਚ ਰਚਦੀ, ਜਿਸ ਦੀ ਰਚਨਾ ਬੇਪ੍ਰਵਾਹੀਆ । ਮੈਂ ਰੂਪ ਹੋ ਗਈ ਸਤਿ ਦੀ, ਸਤਿ ਸਤਿ ਵਿਚ ਆਪਣਾ ਆਪ ਮਿਟਾਈਆ । ਮੈਂ ਇਕੋ ਦਾ ਸਥਰ ਘਤਦੀ, ਜਿਸ ਦੀ ਗੋਬਿੰਦ ਯਾਰੜਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਿਆ ਮਿਲਾਈਆ । ਆਤਮਾ ਕਹੇ ਮੈਂ ਮਿਲੀ ਆਪਣੇ ਵਿਚ ਪ੍ਰਵਾਰ, ਪਰਮ ਪੁਰਖ ਦਿਤੀ ਮਾਣ ਵਡਿਆਈਆ । ਉਥੇ ਭਗਤ ਸੁਹੇਲੇ ਸੋਂਹਦੇ ਜੋਤ ਜੋਤ ਵਿਚ ਨਿਰੰਕਾਰ, ਨਿਰਾਕਾਰ ਆਪਣੇ ਰੰਗ ਰੰਗਾਈਆ । ਮੇਰਾ ਬੰਸ ਸਰਬੰਸ ਸੋਹਣਾ ਦਿਸਿਆ ਦਿਸਿਆ ਆਪਣੇ ਘਰ ਬਾਰ, ਦਰਗਾਹ ਸਾਚੀ ਸੋਭਾ ਪਾਈਆ । ਮੈਂ ਵੀ ਖ਼ੁਸ਼ੀਆਂ ਦਾ ਕੀਤਾ ਇਜ਼ਹਾਰ, ਪ੍ਰੇਮ ਦੇ ਢੋਲੇ ਗਾਈਆ । ਧੰਨ ਭਾਗ ਜੇ ਛੁੱਟਿਆ ਸੰਸਾਰ, ਨਾਤਾ ਕੂੜ ਆਈ ਤੁੜਾਈਆ । ਅਗੇ ਇਕ ਦਾ ਕਰ ਦੀਦਾਰ, ਦੀਦ ਇਕ ਦੇ ਨਾਲ ਮਿਲਾਈਆ । ਇਕੇ ਨੂੰ ਕਰ ਨਿਮਸਕਾਰ, ਇਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੯੬੬
੨੩

ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਸ਼ਬਦ ਸਤਿਗੁਰ ਭਗਤਾਂ ਦੀ ਧਾਰ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵੇਸ ਵਟਾਈਆ । ਜਿਸ ਨੂੰ ਗਾਉਂਦੇ ਵਾਰੋ ਵਾਰ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸਿਫ਼ਤ ਸਲਾਹੀਆ । ਓਹ ਪੁਰਖ ਅਕਾਲਾ ਦੀਨ ਦਿਆਲਾ ਪਾਵਣਹਾਰਾ ਸਾਰ, ਭਗਤ ਸੁਹੇਲਾ ਇਕ ਅਕੇਲਾ ਆਪਣੀ ਦਇਆ ਕਮਾਈਆ । ਜਿਸ ਸੇਵਾ ਦਾ ਲਹਿਣਾ ਦਿਤਾ ਉਫ਼ ਹਾਏ ਅੰਤ ਦੁੱਖ ਝੱਲਣਾ ਪਿਆ ਨਾ ਵਿਚ ਸੰਸਾਰ, ਝਲਕ ਵਿਚ ਪਲਕ ਵਿਚ ਖ਼ਲਕ ਦਾ ਨਾਤਾ ਦਿਤਾ ਤੁੜਾਈਆ । ਆਤਮਾ ਪਰਮਾਤਮਾ ਖਿੱਚੀ ਆਪਣੇ ਦਵਾਰ, ਜਿਥੇ ਦਵਾਰਕਾ ਵਾਸੀ ਕ੍ਰਿਸ਼ਨ ਆਸਾ ਗਿਆ ਰਖਾਈਆ । ਸਖ਼ੀ ਦਾ ਸਖ਼ੀਆਂ ਨਾਲ ਮੰਗਲਾਚਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜਿਥੇ ਮੇਰੇ ਵੀਰ ਪਿਆਰੇ ਮੇਰੇ ਨਾਲ ਕਰਨ ਪਿਆਰ, ਮਨਜੀਤ ਜਗਦੀਸ਼ ਹੱਸਣ ਕੁੱਦਣ ਚਾਈਂ ਚਾਈਆ । ਸਚ ਦੱਸ ਕੀ ਖੇਲ ਸੱਚੀ ਸਰਕਾਰ, ਕੀ ਆਪਣਾ ਹੁਕਮ ਵਰਤਾਈਆ । ਮੈਂ ਹੱਸ ਕੇ ਕਿਹਾ ਉਹ ਮਿਤ੍ਰਾਂ ਦਾ ਮਿਤ੍ਰ ਯਾਰਾਂ ਦਾ ਯਾਰ, ਸੱਜਣਾਂ ਦਾ ਸੱਜਣ ਨੂਰ ਅਲਾਹੀਆ । ਮੈਂ ਇਕ ਗ਼ਰੀਬ ਨਿਮਾਣਾ ਸਿੱਖ ਸੇਵਾਦਾਰ, ਸਦ ਸੇਵਾ ਵਿਚ ਸਮਾਈਆ । ਮੈਨੂੰ ਪਤਾ ਨਹੀਂ ਲੱਗਾ ਮੈਂ ਕਿਹੜੇ ਅੰਦਰ ਤੇ ਕਿਹੜੇ ਬਾਹਰ, ਕਿਸ ਬਿਧ ਕੱਢ ਕੇ ਆਤਮਾ ਦਰਗਾਹ ਆਪਣੀ ਵਿਚ ਲਿਆ ਪਹੁੰਚਾਈਆ । ਮੈਨੂੰ ਤਿੰਨ ਦਿਨ ਦਰਸ਼ਨ ਵਿਚ ਦੱਸਦਾ ਰਿਹਾ ਮੈਂ ਬੋਲ ਨਾ ਸਕੀ ਨਾਲ ਜ਼ਬਾਨ, ਕਿਛ ਕਹਿਣ ਕਹਿਣ ਨਾ ਪਾਈਆ । ਮੈਂ ਵੇਖ ਵੇਖ ਕੇ ਹੁੰਦੀ ਰਹੀ ਹੈਰਾਨ, ਕੀ ਮੈਨੂੰ ਰਿਹਾ ਵਖਾਈਆ । ਮੈਨੂੰ ਦਿਸਦੇ ਰਹੇ ਬਿਨ ਅੱਖਾਂ ਤੋਂ ਬਿਬਾਣ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਹੱਸਦੀ ਰਹੀ ਇਹ ਕੀ ਖੇਲ ਕਰੇ ਭਗਵਾਨ, ਕੀ ਕਰਨੀ ਕਾਰ ਕਮਾਈਆ । ਮੈਨੂੰ ਪਤਾ ਨਹੀਂ ਸੀ ਮੈਂ ਛਡ ਜਾਣਾ ਜਹਾਨ, ਛਿੰਨ ਵਿਚ ਆਪਣੇ ਰੰਗ ਰੰਗਾਈਆ । ਧੰਨ ਭਾਗ ਜੇ ਸਚਖੰਡ ਦਵਾਰੇ ਪਹੁੰਚੀ ਆਣ, ਪਿਛਲਾ ਚੇਤਾ ਰਿਹਾ ਨਾ ਰਾਈਆ । ਏਥੇ ਭਗਤ ਸੁਹੇਲੇ ਤੂੰ ਮੇਰਾ ਮੈਂ ਤੇਰਾ ਗਾਣ, ਸੋਹਣਾ ਰਾਗ ਅਲਾਈਆ । ਧੰਨ ਭਾਗ ਮੇਰਾ ਨਾਤਾ ਤੁਟਿਆ ਜੀਅ ਪ੍ਰਾਣ, ਸਵਾਸਾਂ ਲੇਖਾ ਰਿਹਾ ਨਾ ਰਾਈਆ । ਜਨ ਭਗਤੋ ਮੈਂ ਜ਼ਰੂਰ ਤੁਹਾਨੂੰ ਮਿਲਿਆ ਕਰਾਂਗੀ ਆਣ, ਕਦੀ ਕਦੀ ਦਰਸ਼ਨ ਹੱਸਦੀ ਹੱਸਦੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਮੇਰੇ ਪਿਆਰ ਵਿਚ ਦੀਨ ਦੁਨੀ ਦਾ ਬਣਾਉਣਾ ਵਿਧਾਨ, ਕਾਨੂੰਨ ਕਾਇਦਾ ਭਗਤੀ ਧਾਰ ਭਗਤੀ ਵਾਲਾ ਸਮਝਾਈਆ ।

✪ ੮ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨੂਰ ਪੁਰ ਮਨਜੀਤ ਕੌਰ ਫ਼ਕੀਰ ਸਿੰਘ ਮਜੀਦ ਪੁਰ
ਭਜਨ ਕੌਰ ਨੂਰਪੁਰ ਮਹਿੰਦਰ ਸਿੰਘ ਹਰਨਾਮ ਪੁਰ ✪

ਪੰਜ ਤਤ ਕਹਿਣ ਕਿਰਪਾ ਕਰ ਪੁਰਖ ਅਲੱਖ, ਅਗੰਮ ਅਥਾਹ ਆਪਣੀ ਦਇਆ ਕਮਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਡੀ ਲੱਜਿਆ ਲੈਣੀ ਰੱਖ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਸਾਡੀ ਝੋਲੀ ਨਾਮ ਨਾਲੋਂ ਕਰੀਂ ਕਦੇ ਨਾ ਸੱਖ, ਭੰਡਾਰਾ ਧੁਰ ਦਾ ਦੇਣਾ ਵਰਤਾਈਆ ।

੧੯੬੭
੨੩

ਤੇਰੇ ਦਰਸ਼ਨ ਦੀ ਸਦਾ ਖੁਲ੍ਹੀ ਰਹੇ ਅੱਖ, ਨਿਜ ਨੇਤਰ ਲੋਚਨ ਕਰ ਰੁਸ਼ਨਾਈਆ । ਪੁਰਖ ਅਕਾਲੇ ਦੀਨ ਦਿਆਲੇ ਹੋਈਏ ਕਦੇ ਨਾ ਵੱਖ, ਵੱਖਰਾ ਗ੍ਰਿਹਿ ਨਾ ਕੋਇ ਬਣਾਈਆ । ਬਿਨ ਤੇਰੇ ਸਾਡੀ ਕੀਮਤ ਨਾ ਕੋਈ ਕੌਡੀ ਕੱਖ, ਜਗਤ ਹੱਟ ਕੂੜ ਵਿਕਾਈਆ । ਸਾਹਿਬ ਸਤਿਗੁਰ ਸਤਿ ਸਚ ਤੈਨੂੰ ਦਈਏ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਅੰਮ੍ਰਿਤ ਨਾਮ ਦਾ ਦੇ ਰਸ, ਬਿਨ ਰਸਨਾ ਜਿਹਵਾ ਆਪ ਚਖਾਈਆ । ਮਨ ਮਨੂਆ ਹੋ ਜਾਏ ਤੇਰੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਘਰ ਮੇਲ ਮਿਲਾਉਣਾ ਹੱਸ ਹੱਸ, ਹਸਤੀ ਆਪਣੀ ਨਾਲ ਜੁੜਾਈਆ । ਤੇਰਾ ਨਿਰਗੁਣ ਗਾਉਂਦੇ ਰਹੀਏ ਜਸ, ਢੋਲੇ ਸੋਹਲੇ ਸਿਫ਼ਤ ਸਲਾਹੀਆ । ਸਾਡੀ ਮੇਟ ਰੈਣ ਅੰਧੇਰੀ ਮਸ, ਨਿਰਗੁਣ ਜੋਤੀ ਜੋਤ ਕਰ ਰੁਸ਼ਨਾਈਆ । ਤੇਰਾ ਪ੍ਰਕਾਸ਼ ਤੱਕੀਏ ਬਿਨਾ ਰਵ ਸੱਸ, ਬਿਨ ਸੂਰੀਆ ਚੰਦ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਕਰਨੀ ਆਪ ਸੰਭਾਲ, ਸੰਬਲ ਨਿਵਾਸੀ ਦਇਆ ਕਮਾਈਆ । ਅਸੀਂ ਭਗਤ ਸੁਹੇਲੇ ਤੇਰੇ ਲਾਲ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਸਾਡਾ ਝਗੜਾ ਰਹੇ ਨਾ ਨਾਲ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਤਿਗੁਰ ਸ਼ਬਦ ਬਣਾ ਦਲਾਲ, ਵਿਚੋਲਾ ਇਕੋ ਇਕ ਵਖਾਈਆ । ਜੋ ਲੈ ਜਾਏ ਸਚਖੰਡ ਸੱਚੀ ਧਰਮਸਾਲ, ਦਰਗਾਹ ਸਾਚੀ ਸਚ ਬਹਾਈਆ । ਜਿਥੇ ਮੇਲਾ ਮਿਲੇ ਤੇਰੇ ਨਾਲ ਪੁਰਖ ਅਕਾਲ, ਜੋਤੀ ਜਾਤੇ ਮਿਲ ਕੇ ਵੱਜੇ ਵਧਾਈਆ । ਸਾਡੀ ਜਨਮ ਜਨਮ ਦੀ ਪੂਰੀ ਕਰ ਦੇ ਘਾਲ, ਘਾਇਲ ਹੋ ਕੇ ਸੀਸ ਨਿਵਾਈਆ । ਸਾਡੀ ਇਕੋ ਬੇਨੰਤੀ ਇਕੋ ਸਵਾਲ, ਦਰ ਇਕੋ ਵਾਸਤਾ ਪਾਈਆ । ਤੂੰ ਦੀਨਾ ਬੰਧਪ ਦੀਨ ਦਿਆਲ, ਦਇਆਨਿਧ

੧੯੬੮ ੨੩

ਇਕ ਅਖਵਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਸਾਨੂੰ ਲਖ ਚੁਰਾਸੀ ਵਿਚੋਂ ਕਰ ਬਹਾਲ, ਚਾਰੇ ਖਾਣੀ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਸੋਹੀਏ ਤੇਰੇ ਦਰ, ਦੂਸਰ ਗ੍ਰਿਹਿ ਨਾ ਕੋਇ ਵਡਿਆਈਆ । ਕਿਰਪਾ ਕਰਨੀ ਆਪ ਹਰਿ, ਹਰਿ ਕਰਤੇ ਹੋਣਾ ਸਹਾਈਆ । ਸਚ ਸਰੋਵਰ ਨਹਾਉਣਾ ਸਰ, ਦੁਰਮਤ ਮੈਲ ਧਵਾਈਆ । ਨਾਮ ਭੰਡਾਰਾ ਦੇਣਾ ਭਰ, ਖ਼ਾਲੀ ਤਨ ਰਹਿਣ ਕੋਇ ਨਾ ਪਾਈਆ । ਗ੍ਰਿਹਿ ਮੰਦਰ ਸੁਹਾ ਦੇ ਘਰ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਨਿਰਭਉ ਭੈ ਚੁਕਾ ਦੇ ਡਰ, ਲੱਖ ਚੁਰਾਸੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੂੰ ਆਦਿ ਜੁਗਾਦੀ ਪਿਤ, ਪਤਿਪਰਮੇਸ਼ਵਰ ਇਕ ਅਖਵਾਈਆ । ਕਲਜੁਗ ਅੰਤਮ ਸਾਡਾ ਕਰ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਅਸੀਂ ਜਨਮ ਬਦਲਦੇ ਰਹੇ ਨਿਤ, ਜੁਗ ਜੁਗ ਲੋਕਮਾਤ ਭੱਜੇ ਵਾਹੋ ਦਾਹੀਆ । ਅੰਤ ਸਾਡੀ ਸੁਹੰਜਣੀ ਕਰ ਦੇ ਥਿਤ, ਵਾਰ ਘੜੀ ਪਲ ਆਪਣੇ ਰੰਗ ਰੰਗਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਮਿਤ, ਮਿਤ੍ਰ ਪਿਆਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਜਗਤ ਜਹਾਨ ਹੋਏ ਦੀਨ, ਦੀਨਨ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਇਕ ਯਾਮਬੀਨ, ਮਹਿਬਾਨ ਬੀਦੋ ਨੂਰ ਅਲਾਹੀਆ । ਸਾਡੀ ਅਗੇ ਕਰੀਂ ਨਾ ਕੋਇ ਤਕਸੀਮ, ਤਰਮੀਮ ਆਪਣੇ ਹੱਥ ਰਖਾਈਆ । ਤੂੰ

੧੯੬੮ ੨੩

ਮਾਲਕ ਇਕ ਕਦੀਮ, ਕੁਦਰਤ ਕਾਦਰ ਇਕ ਅਖਵਾਈਆ । ਅਸੀਂ ਪੰਜ ਤਤ ਹੋਏ ਯਤੀਮ, ਸਿਰ ਸਾਡੇ ਹੱਥ ਨਾ ਕੋਇ ਰਖਾਈਆ । ਸਾਨੂੰ ਅਗੇ ਕਰੀਂ ਨਾ ਕਿਸੇ ਅਧੀਨ, ਨਿਵ ਨਿਵ ਸੀਸ ਨਾ ਕੋਇ ਝੁਕਾਈਆ । ਸਾਡੀ ਬੇਨੰਤੀ ਕਰ ਤਸਲੀਮ, ਤਸਬੀ ਮਾਲਾ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਦੇ ਦੇ ਅਗੰਮ ਇਸ਼ਾਰਾ, ਬਿਨ ਸੈਨਤ ਸੈਨਤ ਦੇ ਸਮਝਾਈਆ । ਤੂੰ ਪਰਮ ਪੁਰਖ ਕਰਤਾਰਾ, ਹਰਿ ਕਰਤਾ ਨੂਰ ਅਲਾਹੀਆ । ਅਸੀਂ ਮੰਗਦੇ ਤੇਰਾ ਦਵਾਰਾ, ਦਰ ਦਵਾਰੇ ਖ਼ਾਲੀ ਝੋਲੀਆਂ ਡਾਹੀਆ । ਤੂੰ ਭਰਨਾ ਸਚ ਭੰਡਾਰਾ, ਨਾਮ ਨਿਧਾਨਾ ਝੋਲੀਆਂ ਪਾਈਆ । ਅਸੀਂ ਗਾਈਏ ਤੇਰਾ ਜੈਕਾਰਾ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜ੍ਹਾਈਆ । ਤੂੰ ਲੱਖ ਚੁਰਾਸੀ ਕਰਨਾ ਪਾਰ ਕਿਨਾਰਾ, ਚਾਰੇ ਖਾਣੀ ਲਹਿਣਾ ਦੇਣਾ ਮੁਕਾਈਆ । ਡੰਡਾਵਤ ਬੰਦਨਾ ਸਜਦਿਆਂ ਵਿਚ ਕਰੀਏ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਪੰਜ ਤਤ ਕਹਿਣ ਤੇਰੇ ਜਨ ਭਗਤ ਜਨਮ ਫੇਰ ਨਾ ਲੈਣ ਦੁਬਾਰਾ, ਜਨਣੀ ਕੁੱਖ ਨਾ ਕੋਇ ਵਡਿਆਈਆ । ਅਗਨੀ ਤਤ ਨਾ ਤਪੇ ਅੰਗਿਆਰਾ, ਤਨ ਵਜੂਦ ਨਾ ਕੋਇ ਜਲਾਈਆ । ਤੂੰ ਸਤਿ ਸਤਿਵਾਦੀ ਦੇਣਾ ਅਗੰਮ ਦਵਾਰਾ, ਦਰਗਾਹ ਸਾਚੀ ਸਚ ਸੁਹਾਈਆ । ਜਿਥੇ ਭਗਤ ਸੁਹੇਲੇ ਤੇਰਾ ਰੰਗ ਮਾਨਣ ਕੰਤ ਭਤਾਰਾ, ਖ਼ੁਸ਼ੀਆਂ ਢੋਲੇ ਗਾਈਆ । ਤੂੰ ਆਦਿ ਜੁਗਾਦੀ ਏਕੰਕਾਰਾ, ਅਕਲ ਕਲ ਅਖਵਾਈਆ । ਤੇਰੇ ਚਰਨ ਕਵਲ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲਹਿਣਾ ਦੇਣਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ
੧੯੬੯ ੨੩ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਭਰਿਆ ਰਹੇ ਭੰਡਾਰਾ, ਭੰਡਾਰੀ ੧੯੬੯ ੨੩
ਤੇਰੇ ਹੱਥ ਵਡਿਆਈਆ ।

✪ ੮ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਹੇਰਾਂ ਲਾਲ ਸਿੰਘ ਪਿਆਰਾ ਸਿੰਘ ਨਗੀਨਾ ਸਿੰਘ ਹਰਿਦਿਆਲ ਸਿੰਘ ਜਲੰਧਰ ਸ਼ਹਿਰ
ਜਗੀਰ ਕੌਰ ਬਾਹਮਣੀਆਂ ਬਚਨ ਕੌਰ ਬੋਪਾ ਰਾਏ ਮਲ ਸਿੰਘ ਲਲੀਆਂ ਪਾਲ ਸਿੰਘ ਲਲੀਆਂ
ਕਰਤਾਰ ਸਿੰਘ ਗਾਂਧਰਾਂ ਸਵਰਨ ਸਿੰਘ ਹੇਰਾਂ ✪

ਪੰਜ ਤਤ ਕਹਿਣ ਪ੍ਰਭ ਚਾੜ੍ਹ ਦੇ ਰੰਗ ਗੂੜ੍ਹ, ਗੋਬਿੰਦ ਧਾਰ ਉਤਰ ਕਦੇ ਨਾ ਜਾਈਆ । ਬਿਨਾ ਮਾਟੀ ਖ਼ਾਕ ਤੋਂ ਬਖ਼ਸ਼ ਦੇ ਧੂੜ, ਬਿਨ ਚਰਨ ਕਵਲ ਮਸਤਕ ਟਿੱਕੇ ਖ਼ਾਕ ਰਮਾਈਆ । ਸਾਡੀ ਮਤ ਰਹੇ ਨਾ ਮੂੜ੍ਹ, ਮਨ ਮਨਸਾ ਕੂੜੀ ਬਾਹਰ ਕਢਾਈਆ । ਤਨ ਗੜ੍ਹ ਨਾ ਰਹੇ ਗ਼ਰੂਰ, ਗ਼ੁਰਬਤ ਲੇਖਾ ਦੇਣਾ ਮੁਕਾਈਆ । ਸਾਚੇ ਨਾਮ ਦਾ ਬਖ਼ਸ਼ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਸਾਡੀ ਆਸ਼ਾ ਪੂਰੀ ਕਰ ਦੇ ਜੋ ਸੰਦੇਸ਼ਾ ਦੇ ਕੇ ਗਿਆ ਮੂਸਾ ਉਤੇ ਕੋਹਤੂਰ, ਤੁਰਤ ਆਪਣੀ ਦਇਆ ਕਮਾਈਆ । ਤੇਰਾ ਨਿਰਗੁਣ ਤੱਕੀਏ ਨੂਰ, ਨੂਰ ਨੁਰਾਨੇ ਡਗਮਗਾਈਆ । ਸਾਡੀ ਮਨਸਾ ਖ਼ਾਹਿਸ਼ ਪੂਰ, ਤਮੰਨਾ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ

੧੯੭੦
੨੩

ਆਸ਼ਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਦੁਰਮਤ ਮੈਲ ਧੋ, ਮਿਹਰਵਾਨ ਦਇਆ ਕਮਾਈਆ । ਘਰ ਪ੍ਰਕਾਸ਼ ਬਖ਼ਸ਼ ਦੇ ਲੋ, ਲੋਇਣ ਨੇਤਰ ਨਿਜ ਆਪ ਖੁਲਾਈਆ । ਸ਼ਬਦ ਸੁਣਾ ਦੇ ਸੋਹੰ ਸੋ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਅਸੀਂ ਤੇਰਾ ਰੂਪ ਜਾਈਏ ਹੋ, ਦੂਸਰ ਰੰਗ ਨਾ ਕੋਇ ਰੰਗਾਈਆ । ਅੰਮ੍ਰਿਤ ਨਿਧਾਨਾ ਨਿਝਰ ਦੇ ਚੋ, ਅੰਮਿਉਂ ਰਸ ਆਪ ਟਪਕਾਈਆ । ਤੇਰੀ ਵਸਤ ਸਾਥੋਂ ਸਕੇ ਕੋਇ ਨਾ ਖੋਹ, ਹਿੱਸਾ ਜਗਤ ਨਾ ਕੋਇ ਵੰਡਾਈਆ । ਦੀਨ ਦੁਨੀ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਘਰ ਠਾਕਰ ਸਵਾਮੀ ਆਤਮ ਨਾਲ ਜਾ ਛੋਹ, ਪਰਮਾਤਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸ਼ਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਸਾਡੀਆਂ ਆਸ਼ਾ ਵੇਖ ਲੈ ਧੁਰ ਦੀਆਂ, ਧੁਰ ਮਾਲਕ ਧਿਆਨ ਲਗਾਈਆ । ਅਸੀਂ ਯਾਦਾਂ ਰੱਖੀਆਂ ਸ਼ਬਦ ਸਤਿਗੁਰ ਦੀਆਂ, ਦੂਸਰ ਓਟ ਨਾ ਕੋਇ ਰਖਾਈਆ । ਸਾਡੀਆਂ ਧਾਰਾਂ ਤੱਕ ਲੈ ਅਨੰਦਪੁਰ ਦੀਆਂ, ਪੁਰੀ ਅਨੰਦ ਧਿਆਨ ਲਗਾਈਆ । ਜਿਥੇ ਵਡਿਆਈਆਂ ਨਹੀਂ ਕਿਸੇ ਨਰ ਸੁਰ ਦੀਆਂ, ਗਣ ਗੰਧਰਵਾਂ ਨਾ ਕੋਇ ਚਤੁਰਾਈਆ । ਉਥੇ ਆਤਮਾ ਪਰਮਾਤਮਾ ਨਾਲ ਜੁੜਦੀਆਂ, ਜੋੜੀ ਜਗਤ ਜਹਾਨ ਬਣਾਈਆ । ਤੇਰੀਆਂ ਰਹਿਮਤਾਂ ਬਖ਼ਸ਼ੀਆਂ ਕਦੇ ਨਾ ਥੁੜਦੀਆਂ, ਘਾਟਾ ਜਗਤ ਨਾ ਕੋਇ ਰਖਾਈਆ । ਸਾਡੀਆਂ ਆਸਾਂ ਹੋਣ ਕਦੇ ਨਾ ਮੁਰਦੀਆਂ, ਮੁਰਦੇ ਜੀਵਤ ਆਪਣੇ ਰੰਗ ਰੰਗਾਈਆ । ਸਾਡੀਆਂ ਲਾਸ਼ਾਂ ਫਿਰਨ ਨਾ ਰੁੜ੍ਹਦੀਆਂ, ਜਲਾਂ ਥਲਾਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਦੇ ਦੇ ਸਾਡੀ ਵਸਤ, ਅਨਮੁੱਲੀ ਆਪ ਵਰਤਾਈਆ । ਬਿਨਾ ਖ਼ੁਮਾਰੀਉਂ ਕਰ ਦੇ ਮਸਤ, ਅਲਮਸਤ ਰੂਪ ਜਣਾਈਆ । ਲੇਖਾ ਮੁਕਾ ਦੇ ਕੀਟ ਹਸਤ, ਉਚ ਨੀਚ ਨਾ ਵੰਡ ਵੰਡਾਈਆ । ਤੇਰਾ ਖੇਲ ਅਗੰਮਾ ਜਿਸ ਵਿਚ ਕਰੇ ਕੋਇ ਨਾ ਹਸਦ, ਦਵੈਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭੂ ਅਸਾਂ ਮੁੜ ਮੁੜ ਨਹੀਂ ਕਹਿਣਾ, ਬੇਨੰਤੀ ਰੋਜ਼ ਰੋਜ਼ ਨਾ ਜਣਾਈਆ । ਆਪਣਾ ਲਹਿਣਾ ਜ਼ਰੂਰ ਤੇਰੇ ਤੋਂ ਲੈਣਾ, ਲੇਖਾ ਪਿਛਲਾ ਰਹੇ ਵਖਾਈਆ । ਨਿਰਗੁਣ ਧਾਰ ਤੈਨੂੰ ਜ਼ਰੂਰ ਪਵੇਗਾ ਦੇਣਾ, ਦੇਵਣਹਾਰ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਇਕੋ ਸਾਕ ਸੈਣਾ, ਸੱਜਣ ਇਕ ਅਖਵਾਈਆ । ਜ਼ਰਾ ਨਿਗਾਹ ਮਾਰ ਲੈ ਤੱਕ ਲੈ ਨਾਲ ਨੈਣਾਂ, ਨੇਤਰ ਲੋਚਣ ਨੈਣ ਅੱਖ ਖੁਲਾਈਆ । ਅਸੀਂ ਤੇਰੇ ਤਨ ਵਜੂਦ ਨਹੀਂ ਕੋਈ ਤ੍ਰਫ਼ੈਣਾ, ਦੂਸਰ ਸੰਗ ਨਾ ਕੋਇ ਰਖਾਈਆ । ਤੇਰੇ ਭਗਤ ਸੁਹੇਲੇ ਛਡੇ ਸਾਕ ਭਾਈ ਭੈਣਾਂ, ਨਾਤਾ ਪਿਤ ਮਾਤ ਤੁੜਾਈਆ । ਸਾਡਾ ਨਿਯਮ ਤੇਰੇ ਚਰਨਾਂ ਦੇ ਵਿਚ ਰਹਿਣਾ, ਦੂਜੇ ਦਰ ਕਦੇ ਨਾ ਜਾਈਆ । ਸਚਖੰਡ ਨਿਵਾਸੀ ਤੇਰੇ ਸਚਖੰਡ ਦਵਾਰੇ ਬਹਿਣਾ, ਥਿਰ ਘਰ ਆਪਣਾ ਡੇਰਾ ਲਾਈਆ । ਸਾਡਾ ਲਹਿਣਾ ਤੱਕ ਲੈ ਜੋ ਇਸ਼ਾਰਾ ਕੀਤਾ ਬਾਲਮੀਕ ਵਿਚ ਰਮਾਇਣਾ, ਬਜਵਾੜਾ ਕੀ ਸਮਝਾਈਆ । ਤੇਰਾ ਨਾਮ ਨਿਧਾਨ ਤੇਰੇ ਦਰ ਤੋਂ ਲੈਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਜਨ ਭਗਤ ਕਹਿਣ ਪ੍ਰਭ ਸਾਡੇ ਤਨ ਵਜੂਦ ਨਹੀਂ ਕੋਈ ਮਿੱਟੀ, ਮਿਤ੍ਰਾ ਤੈਨੂੰ ਦਈਏ ਜਣਾਈਆ । ਅਸੀਂ ਪੂਜਾ ਨਹੀਂ ਕਰਾਉਣੀ ਕੋਈ ਪੱਥਰ ਇੱਟੀ, ਪਾਹਨਾਂ ਸੀਸ ਨਿਵਾਈਆ । ਸਾਡੀ ਮਈਆ ਸਾਨੂੰ ਕਦੇ ਨਾ ਪਿੱਟੀ,

ਨੇਤਰ ਨੈਣਾਂ ਨੀਰ ਵਹਾਈਆ । ਸਾਡੀ ਕਰਨੀ ਤੱਕ ਲੈ ਬਿਨਾ ਕਲਮ ਸ਼ਾਹੀ ਤੋਂ ਚਿੱਟੀ, ਕਾਲਾ ਦਾਗ਼ ਨਾ ਕੋਇ ਵਖਾਈਆ । ਦੀਨਾਂ ਮਜ਼੍ਹਬਾਂ ਵਿਚ ਗਈ ਨਾ ਭਿੱਟੀ, ਵਰਨਾਂ ਬਰਨਾਂ ਵੰਡ ਨਾ ਕੋਇ ਵੰਡਾਈਆ । ਆਪਣੀ ਧਾਰ ਵਿਚੋਂ ਕੱਢ ਕੇ ਵੇਖ ਲੈ ਗੋਬਿੰਦ ਵਾਲੀ ਚਿੱਠੀ, ਬਿਨ ਅੱਖਰਾਂ ਅੱਖਰ ਸਮਝਾਈਆ । ਜਿਸ ਵਿਚ ਇਸ਼ਾਰਾ ਹਾਹੇ ਵਾਲੀ ਟਿੱਪੀ, ਟੀਕਾ ਟਿਪਣੀ ਨਜ਼ਰ ਕੋਇ ਨਾ ਆਈਆ । । ਮਿਹਰਵਾਨਾ ਸ੍ਰੀ ਭਗਵਾਨਾ ਸਾਡਾ ਲੇਖਾ ਡੂੰਘੇ ਖਾਤੇ ਕਦੇ ਨਾ ਸਿੱਟੀਂ, ਸਿੱਟਾ ਅੰਤਮ ਦੇਣਾ ਵਖਾਈਆ । ਸਾਨੂੰ ਖੇਲ ਵਖਾ ਦੇ ਅਨਡਿਠੀ, ਜਗ ਨੇਤਰ ਦੀ ਲੋੜ ਰਹੇ ਨਾ ਰਾਈਆ । ਓਹ ਤੱਕ ਲੈ ਸੰਮਤ ਸ਼ਹਿਨਸ਼ਾਹੀ ਦਸ ਦੀ ਆ ਗਈ ਮਿਤੀ, ਮਿਤ੍ਰਾ ਦਈਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਤਤ ਕਹਿਣ ਪ੍ਰਭੂ ਅਸੀਂ ਜੁਗ ਜੁਗ ਤੇਰਾ ਹੁਕਮ ਰਹੇ ਮੰਨਦੇ, ਨਿਰਗੁਣ ਸਰਗੁਣ ਸੇਵ ਕਮਾਈਆ । ਵਣਜਾਰੇ ਰਹੇ ਜਗਤ ਕੰਨ ਦੇ, ਸਰਵਣੀਂ ਸੁਣ ਸੁਣ ਤੇਰਾ ਨਾਮ ਖ਼ੁਸ਼ੀ ਮਨਾਈਆ । ਸੇਵਕ ਰਹੇ ਆਪਣੇ ਮਨ ਦੇ, ਭੱਜੇ ਵਾਹੋ ਦਾਹੀਆ । ਪਿਆਰੇ ਬਣੇ ਮਾਟੀ ਖ਼ਾਕ ਤਨ ਦੇ, ਵਜੂਦਾਂ ਰੰਗ ਰੰਗਾਈਆ । ਪ੍ਰਕਾਸ਼ ਮਿਲੇ ਨਾ ਤੇਰੇ ਨੂਰੀ ਚੰਨ ਦੇ, ਚੰਦ ਚਾਂਦਨਾਂ ਨਾ ਕੋਇ ਚਮਕਾਈਆ । ਇਕੋ ਨੂਰ ਸ੍ਰੀ ਭਗਵਨ ਦੇ, ਦਰ ਤੇਰੇ ਆਸ ਰਖਾਈਆ । ਸਾਡੇ ਭੇਵ ਖੋਲ ਦੇ ਬ੍ਰਹਮ ਦੇ, ਪਾਰਬ੍ਰਹਮ ਦਇਆ ਕਮਾਈਆ । ਤੇਰੇ ਹੁਕਮ ਵਿਚ ਰਹੇ ਜੰਮਦੇ, ਲੱਖ ਚੁਰਾਸੀ ਭੱਜੇ ਵਾਹੋ ਦਾਹੀਆ । ਸਾਨੂੰ ਮਾਰਗ ਦੱਸ ਦੇ ਧਰਮ ਦੇ, ਧਰਮ ਧਾਰ ਸਮਝਾਈਆ । ਸਾਡੇ ਝਗੜੇ ਮਿਟ ਜਾਣ ਵਰਨ ਬਰਨ ਦੇ, ਜ਼ਾਤੀ ਵੰਡ ਨਾ ਕੋਇ ਵੰਡਾਈਆ । ਮਾਰਗ ਮਿਲ ਜਾਣ ਤੇਰੀ ਮੰਜ਼ਲ ਚੜ੍ਹਨ ਦੇ, ਅਗੇ ਹੋ ਨਾ ਕੋਇ ਅਟਕਾਈਆ । ਸਹਾਰੇ ਬਖ਼ਸ਼ ਦੇ ਚਰਨ ਫੜਨ ਦੇ, ਬਿਨ ਹੱਥਾਂ ਹੱਥ ਛੁਹਾਈਆ । ਢੋਲੇ ਦੱਸ ਦੇ ਆਤਮ ਪਰਮਾਤਮ ਪੜ੍ਹਨ ਦੇ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਸਾਡੇ ਨਾਤੇ ਤੋੜ ਦੇ ਜੁਗ ਜੁਗ ਅਗਨੀ ਵਿਚ ਸੜਨ ਦੇ, ਤਤਾਂ ਆਂਚ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਵਾਮੀ ਹੋਣਾ ਆਪ ਸਹਾਈਆ । ਪੰਜ ਤਤ ਕਹਿਣ ਪ੍ਰਭੂ ਖੋਲ ਦੇ ਆਪਣੀ ਗੰਢ, ਗੰਢਣਹਾਰ ਗੁਪਾਲ ਸਵਾਮੀ ਦਇਆ ਕਮਾਈਆ । ਕੁਛ ਆਪਣੀ ਧਾਰੋਂ ਸਾਨੂੰ ਵੰਡ, ਹਿੱਸਾ ਜਗਤ ਨਾ ਕੋਇ ਰਖਾਈਆ । ਸਾਡਾ ਝਗੜਾ ਰਹੇ ਨਾ ਨਵ ਖੰਡ, ਨਵ ਨਵ ਦਾ ਡੇਰਾ ਢਾਹੀਆ । ਅਸੀਂ ਤੇਰੀ ਧਾਰ ਜੇਰਜ ਅੰਡ, ਉਤਭੁਜ ਸੇਤਜ ਮੰਗ ਮੰਗਾਈਆ । ਸਾਡਾ ਲਹਿਣਾ ਪੂਰਾ ਕਰ ਦੇ ਵਿਚ ਬ੍ਰਹਿਮੰਡ, ਬ੍ਰਹਿਮਾਂਡ ਤੇਰੀ ਓਟ ਤਕਾਈਆ । ਦਰੋਹੀ ਅਸੀਂ ਬਿਨ ਰਸਨਾ ਜਿਹਵਾ ਪਾਉਂਦੇ ਡੰਡ, ਡੰਡਾਵਤ ਸਭ ਦੀ ਦੇ ਬਦਲਾਈਆ । ਕਿਰਪਾ ਨਿਧਾਨ ਆਪਣੀ ਕਰਵਟ ਬਦਲ ਲੈ ਕੰਡ, ਪਾਸਾ ਪਾਸਿਆਂ ਵਿਚੋਂ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭੂ ਮੇਟ ਦੇ ਸਾਡੀ ਵਾਟਾ, ਵਟਣਾ ਆਪਣਾ ਨਾਮ ਲਗਾਈਆ । ਤੇਰੇ ਦਰ ਨਹੀਂ ਕੋਈ ਘਾਟਾ, ਅਤੋਟ ਅਤੁਟ ਤੇਰੀ ਬੇਪਰਵਾਹੀਆ । ਸਾਡੀ ਸੁਹੰਜਣੀ ਕਰ ਦੇ ਖਾਟਾ, ਦਰ ਦਵਾਰ ਸੋਭਾ ਪਾਈਆ । ਸਾਡਾ ਚੀਥੜ ਰਹੇ ਨਾ ਪਾਟਾ, ਓਢਣ ਨਾਮ ਦੇਣਾ ਟਿਕਾਈਆ । ਜੋਤੀ ਨੂਰ ਬਖ਼ਸ਼ ਲਿਲਾਟਾ, ਅੰਧ ਅੰਧੇਰਾ ਦੇ ਗਵਾਈਆ । ਸਾਡਾ ਕੂੜ ਕੁਕਰਮ ਜਾਏ ਕਾਟਾ, ਦੁਰਮਤ ਮੈਲ ਦੇਣੀ ਧਵਾਈਆ । ਤੇਰਾ ਪ੍ਰੇਮ ਹਰ ਹਿਰਦੇ ਅੰਦਰ ਮਾਰੇ ਠਾਠਾਂ, ਲਹਿਰ ਲਹਿਰ ਵਿਚੋਂ ਬਦਲਾਈਆ । ਫਿਰਨਾ ਪਏ ਨਾ ਤੀਰਥ

ਅੱਠ ਸਾਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾ ਕੋਇ ਚਤੁਰਾਈਆ । ਸਚ ਦਵਾਰ ਵਖਾ ਦੇ ਹਾਟਾ, ਵਸਤ ਅਮੁਲ ਅਤੁਲ ਵਰਤਾਈਆ । ਸਾਡਾ ਲੇਖਾ ਪੂਰਾ ਕਰਦੇ ਨਿਰਗੁਣ ਸਰਗੁਣ ਧਾਰ ਗੋਬਿੰਦ ਵਾਲਾ ਬਾਟਾ, ਜਗਤ ਬੂੰਦਾਂ ਦੀ ਲੋੜ ਰਹੇ ਨਾ ਰਾਈਆ । ਪਵਿਤ੍ਰ ਕਰਦੇ ਕਾਇਆ ਮਾਟਾ, ਮਟਕੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਭਰ ਦੇ ਸਾਡੀਆਂ ਮਟਕੀਆਂ, ਮਟਕ ਵਾਲਿਆ ਆਪਣੀ ਦਇਆ ਕਮਾਈਆ । ਅਸੀਂ ਜੁਗ ਜੁਗ ਰਹੀਆਂ ਲਟਕਦੀਆਂ, ਲਿਟਾਂ ਖੋਲ ਕੇ ਦਈਏ ਦੁਹਾਈਆ । ਚੁਰਾਸੀ ਵਿਚ ਰਹੀਆਂ ਅਟਕਦੀਆਂ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਤੇਰੇ ਦਰਸ ਨੂੰ ਸ੍ਰੀ ਭਗਵਾਨ ਰਹੀਆਂ ਭਟਕਦੀਆਂ, ਭਟਕਣਾ ਪੂਰ ਨਾ ਕੋਇ ਕਰਾਈਆ । ਰਾਹ ਤੱਕਦੀਆਂ ਰਹੀਆਂ ਤੇਰੀ ਸੜਕ ਦੀਆਂ, ਚਾਰੋਂ ਕੁੰਟ ਨੈਣ ਉਠਾਈਆ । ਠੋਕਰਾਂ ਖਾ ਖਾ ਦੀਨ ਦੁਨੀ ਵਿਚੋਂ ਰਹੀਆਂ ਪਰਤਦੀਆਂ, ਪਤਿਪਰਮੇਸ਼ਵਰ ਤੇਰਾ ਮੇਲ ਨਾ ਕੋਇ ਕਰਾਈਆ । ਵਣਜਾਰੀਆਂ ਰਹੀਆਂ ਅੰਤਮ ਧਰਤ ਦੀਆਂ, ਜਿਸ ਦੀ ਮਿੱਟੀ ਖ਼ਾਕ ਵਿਚ ਸਮਾਈਆ । ਸਾਨੂੰ ਉਡੀਕਾਂ ਰਹੀਆਂ ਪੁਰਖ ਅਕਾਲੇ ਤੇਰੀ ਸ਼ਰਤ ਦੀਆਂ, ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਲਗਾਈਆ । ਉਹ ਆਤਮਾ ਸੰਗ ਤਨ ਵਜੂਦਾਂ ਫੇਰ ਕਦੇ ਨਾ ਪਰਤਦੀਆਂ, ਜਿਨ੍ਹਾਂ ਪਤਿਪਰਮੇਸ਼ਵਰ ਆਪਣੇ ਵਿਚ ਮਿਲਾਈਆ । ਅਸੀਂ ਹੁਣ ਭਰੀਆਂ ਸਾਰੀਆਂ ਹਰਖ ਦੀਆਂ, ਗ਼ੁੱਸਿਆਂ ਵਿਚ ਸਾਡੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਧਾਰ ਆਪ ਦਰਸਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਰਹੀਏ ਮਾਤ ਨਾ ਰੁਲਦੇ, ਚੁਰਾਸੀ ਵਿਚ ਆਪਣਾ ਪੰਧ ਬਣਾਈਆ । ਕੂੜ ਦੇ ਕੰਡੇ ਰਹੀਏ ਨਾ ਤੁਲਦੇ, ਜੁਗ ਚੌਕੜੀ ਕੀਮਤ ਕੋਇ ਨਾ ਪਾਈਆ । ਸ਼ਰਅ ਸ਼ਰੀਅਤ ਵਿਚ ਰਹੀਏ ਨਾ ਭੁਲਦੇ, ਭਰਮਾਂ ਰੰਗ ਰੰਗਾਈਆ । ਸਾਨੂੰ ਵਸਤ ਅਗੰਮੀ ਇਕ ਅਮੁੱਲ ਦੇ, ਮਿਹਰਵਾਨ ਜਿਸ ਦੀ ਕੀਮਤ ਨਾ ਕੋਇ ਜਣਾਈਆ । ਅਸੀਂ ਰੂਪ ਅਨੂਪ ਸਤਿ ਸਰੂਪ ਤੇਰੀ ਕੁਲ ਦੇ, ਕੁਲ ਮਾਲਕ ਵੇਖਣਾ ਚਾਈਂ ਚਾਈਂਆ । ਤੇਰੇ ਪਿਆਰ ਵਿਚ ਨਿਰੰਕਾਰ ਕਦੇ ਨਾ ਭੁੱਲਦੇ, ਅਭੁੱਲ ਤੇਰੀ ਓਟ ਤਕਾਈਆ । ਸਾਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਦੱਸਿਆ ਪੁਰਖ ਅਕਾਲ ਦੇ ਦਵਾਰੇ ਕਦੇ ਕਦੇ ਖੁਲ੍ਹਦੇ, ਨਵ ਨੌਂ ਚਾਰ ਦਾ ਪੰਧ ਮੁਕਾਈਆ । ਜਿਥੇ ਜਾਪ ਜਪਣੇ ਨਹੀਂ ਪੈਂਦੇ ਕਦੀ ਬੁੱਲ ਦੇ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਓਥੇ ਅੰਮ੍ਰਿਤ ਮੇਘ ਅਗੰਮੇ ਡੁਲ੍ਹਦੇ, ਬੂੰਦ ਸਵਾਂਤੀ ਆਪ ਟਪਕਾਈਆ । ਜਨ ਭਗਤ ਸੁਹੇਲੇ ਰੂਪ ਬਣਦੇ ਅਨੋਖੇ ਫੁੱਲ ਦੇ, ਜਿਸ ਦੀਆਂ ਪੰਖੜੀਆਂ ਵੇਖਣ ਕੋਇ ਨਾ ਪਾਈਆ । ਜਿਨ੍ਹਾਂ ਦੇ ਧਰਮ ਨਿਸ਼ਾਨੇ ਝੁਲਦੇ, ਜੁਗ ਚੌਕੜੀ ਖ਼ੁਸ਼ੀ ਬਣਾਈਆ । ਉਹ ਬੂਟੇ ਕਦੇ ਨਾ ਹੁਲਦੇ, ਪੱਤ ਟਹਿਣੀਆਂ ਨਾਲ ਮਹਿਕਾਈਆ । ਅਸੀਂ ਪਿਆਰੇ ਤੇਰੇ ਸੁਲਹਕੁਲ ਦੇ, ਕੁਲ ਮਾਲਕ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੂਪ ਅਨੂਪ ਸਤਿ ਸਰੂਪ ਤੋਲ ਤੋਲਣੇ ਆਪਣੇ ਅਤੁਲ ਦੇ, ਜਗਤ ਤੋਲ ਦੀ ਵੰਡ ਨਾ ਕੋਇ ਰਖਾਈਆ ।

**੯ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜੰਡਿਆਲਾ ਪ੍ਰੀਤਮ ਸਿੰਘ ਕਰਤਾਰ ਕੌਰ ਖੇੜਾ ਜਮਸ਼ੇਰ ਪ੍ਰੇਮ ਸਿੰਘ ਮਹਿੰਦਰ ਕੌਰ ਉਜਾਗਰ ਸਿੰਘ ਸਰੀਂਹ ਭੁਪਿੰਦਰ ਸਿੰਘ ਫਰਾਲਾ ਮਹਿੰਦਰ ਕੌਰ ਚੀਮਾ ਕਲਾਂ**

ਪੰਜ ਤਤ ਕਹਿਣ ਸਾਡੇ ਨਿਰੰਕਾਰ, ਨਿਰਾਕਾਰ ਹੋਣਾ ਆਪ ਸਹਾਈਆ । ਜੋਤੀ ਜਾਤੇ ਨਿਗਾਹ ਮਾਰ, ਜਗਤ ਜਹਾਨ ਵੇਖ ਵਖਾਈਆ । ਅਸੀਂ ਜੁਗ ਜੁਗ ਹੁੰਦੇ ਰਹੇ ਖਵਾਰ, ਚੁਰਾਸੀ ਫਾਸੀ ਗਲ ਲਟਕਾਈਆ । ਤਨ ਵਜੂਦਾਂ ਵਾਲੇ ਬਣਾਉਂਦੇ ਰਹੇ ਯਾਰ, ਮਿਤਰ ਮੀਤ ਰੂਪ ਦਰਸਾਈਆ । ਨਾਮ ਕਲਮਿਆ ਦਾ ਲੈਂਦੇ ਰਹੇ ਸਹਾਰ, ਜਿਹਵਾ ਸੋਹਲੇ ਢੋਲੇ ਗਾਈਆ । ਤੀਰਥ ਤੱਟਾਂ ਫਿਰਦੇ ਰਹੇ ਕਿਨਾਰ, ਜਲ ਧਾਰਾ ਵਿਚ ਸਮਾਈਆ । ਰਸਨਾ ਜਿਹਵਾ ਬੋਲਦੇ ਰਹੇ ਜੈਕਾਰ, ਢੋਲੇ ਤੇਰੇ ਸਿਫ਼ਤ ਸਲਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਝੁਕਦੇ ਰਹੇ ਗੁਰੂਦਵਾਰ, ਚਰਚਾਂ ਵੇਖ ਵਖਾਈਆ । ਚਾਰੋਂ ਕੁੰਟ ਨਿਗਾਹ ਰਹੇ ਮਾਰ, ਦੋਏ ਦੋਏ ਲੋਇਨ ਧਿਆਨ ਲਗਾਈਆ । ਬਹੁੜੀ ਸਾਡਾ ਬੇੜਾ ਕਿਸੇ ਨਾ ਕੀਤਾ ਪਾਰ, ਪਾਰ ਉਤਾਰਨਹਾਰ ਅੰਤ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦੀ ਸਾਂਝਾ ਯਾਰ, ਮਿਤ੍ਰ ਪਿਆਰਾ ਇਕ ਅਖਵਾਈਆ । ਅਸੀਂ ਬਰਦੇ ਤੇਰੇ ਖ਼ਿਦਮਤਗਾਰ, ਵਰਨ ਗੋਤ ਆਦਿ ਨਾ ਕੋਇ ਰਖਾਈਆ । ਸਾਡਾ ਪੂਰਬ ਲਹਿਣਾ ਦੇਣਾ ਦੇ ਉਧਾਰ, ਉਦਰ ਦਾ ਲੇਖਾ ਦੇ ਮੁਕਾਈਆ । ਅੰਮ੍ਰਿਤ ਬਖ਼ਸ਼ ਦੇ ਠਾਂਡਾ ਠਾਰ, ਸਤਿ ਸਰੂਪੀ ਜਾਮ ਪਿਆਈਆ । ਨਾਦ ਸ਼ਬਦ ਦੇ ਧੁਨਕਾਰ, ਅਗੰਮੀ ਆਵਾਜ਼ ਸੁਣਾਈਆ । ਦੀਪਕ ਜੋਤ ਕਰ ਉਜਿਆਰ, ਜੋਤੀ ਜਾਤੇ ਡਗਮਗਾਈਆ । ਸਾਡਾ ਮੇਟ ਦੇ ਧੂੰਆਂਧਾਰ, ਅੰਧ ਅੰਧੇਰਾ ਰਹੇ ਨਾ ਰਾਈਆ । ਘਰ ਮੰਦਰ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਾਡੀ ਮੰਜ਼ਲ ਨਾ ਰਹੇ ਦੁਸ਼ਵਾਰ, ਦੁਸ਼ਮਣ ਕੂੜੇ ਬਾਹਰ ਕਢਾਈਆ । ਤੇਰੇ ਚਰਨ ਚਰਨ ਜਾਈਏ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਤੂੰ ਕਰਤਾ ਪੁਰਖ ਕਰਨੇਹਾਰ, ਕੁਦਰਤ ਕਾਦਰ ਨੂਰ ਅਲਾਹੀਆ । ਤਤ ਕਹਿਣ ਅਸੀਂ ਭਗਤ ਸੁਹੇਲੇ ਭੇਵ ਨਹੀਂ ਪੁਰਖ ਨਾਰ, ਨਰ ਨਰਾਇਣ ਦੇਣੀ ਵਡਿਆਈਆ । ਸਚ ਦਵਾਰਾ ਬਖ਼ਸ਼ਣਾ ਏਕੰਕਾਰ, ਅਕਲ ਕਲਧਾਰੀ ਆਪਣਾ ਘਰ ਸੁਹਾਈਆ । ਜਿਥੇ ਆਦਿ ਦਾ ਮੰਗਲਾਚਾਰ, ਧੁਰ ਦਾ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਧਾਰ ਆਦੀ, ਆਦਿ ਪੁਰਖ ਨਿਰੰਜਣ ਤੇਰੀ ਸ਼ਰਨਾਈਆ । ਤੇਰਾ ਆਤਮਾ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਤੇਰੀ ਵਡਿਆਈਆ । ਤੇਰਾ ਹੁਕਮ ਸ਼ਬਦ ਅਨਾਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਜੁਗ ਸਾਡਾ ਬਣਿਆ ਨਾ ਕੋਇ ਇਮਦਾਦੀ, ਸਗਲਾ ਸੰਗ ਨਾ ਕੋਇ ਰਖਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਸੰਦੇਸ਼ਾ ਦਿਤਾ ਬੋਧ ਅਗਾਧੀ, ਬੁੱਧੀ ਤੋਂ ਪਰੇ ਪਰੇ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਲਡਾਵੇ ਲਾਡੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਭ ਦੀ ਲੇਖੇ ਲਾਵੇ ਨਾੜੀ ਮਾਸ ਹਾਡੀ, ਰਕਤ ਰਕਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਜੁਗ ਜੁਗ ਮਿਲਦੇ ਰਹੇ ਦਿਲਾਸੇ, ਨਿਰਗੁਣ ਸਰਗੁਣ ਮਿਲਦੀ ਰਹੀ ਵਡਿਆਈਆ । ਵੇਖਦੇ ਰਹੇ ਪ੍ਰਿਥਮੀ ਆਕਾਸ਼ੇ, ਗਗਨ ਗਗਨੰਤਰਾਂ ਧਿਆਨ ਲਗਾਈਆ । ਤੱਕਦੇ ਰਹੇ ਮੰਡਲਾਂ ਰਾਸੇ, ਗੋਪੀ ਕਾਹਨ ਵਜਦੀ ਰਹੀ ਵਧਾਈਆ । ਦੀਨ ਦੁਨੀ ਤੱਕੇ ਤਮਾਸ਼ੇ, ਜਗਤ ਵਿਕਾਰਾਂ ਰੰਗ ਰੰਗਾਈਆ । ਤਨ ਸਾਹ ਵੇਖੇ

ਸਵਾਸੇ, ਪਵਣ ਪਵਣਾਂ ਨਾਲ ਵਡਿਆਈਆ । ਅੰਤ ਰਹੇ ਤੇਰੇ ਭਰਵਾਸੇ, ਭਾਵਨਾ ਤੇਰੇ ਅਗੇ ਰਖਾਈਆ । ਬਿਨ ਤੇਰੀ ਕਿਰਪਾ ਸਾਡਾ ਜਨਮ ਨਾ ਹੋਵੇ ਰਾਸੇ, ਰਹਿਬਰ ਰੰਗ ਨਾ ਕੋਇ ਰੰਗਾਈਆ । ਆਪਣੇ ਭੇਵ ਖੋਲ ਖੁਲਾਸੇ, ਖ਼ਾਲਕ ਪਰਦਾ ਦੇ ਚੁਕਾਈਆ । ਨਿਰਗੁਣ ਨੂਰ ਕਰ ਪ੍ਰਕਾਸ਼ੇ, ਅੰਧ ਅੰਧੇਰਾ ਦੇ ਮਿਟਾਈਆ । ਵਿਸ਼ਿਆਂ ਤੋਂ ਬਾਹਰ ਤੇਰਾ ਹੋਵੇ ਵਿਸ਼ਵਾਸ਼ੇ, ਵਿਸ਼ਵ ਦੇ ਮਾਲਕ ਹੋਣਾ ਸਹਾਈਆ । ਸਾਡਾ ਲੇਖਾ ਕੋਲ ਰਹੇ ਨਾ ਸ਼ੰਕਰ ਕੈਲਾਸ਼ੇ, ਕਲਾਧਾਰੀ ਤੇਰੀ ਓਟ ਤਕਾਈਆ । ਸਾਨੂੰ ਇਕੋ ਤੇਰਾ ਸਹਾਰਾ ਜਾਪੇ, ਜਗ ਜੀਵਣ ਦਾਤੇ ਤੇਰੀ ਬੇਪਰਵਾਹੀਆ । ਸਾਡੀ ਮੇਟ ਅੰਧੇਰੀ ਰਾਤੇ, ਰੁਤੜੀ ਆਪਣੇ ਨਾਲ ਮਹਿਕਾਈਆ । ਤੁਧ ਬਿਨ ਪਤ ਕੋਇ ਨਾ ਰਾਖੇ, ਰੱਖਕ ਨਜ਼ਰ ਕੋਇ ਨਾ ਆਈਆ । ਸਾਡੇ ਅੰਤਸ਼ਕਰਨ ਵਿਚ ਭਾਖੇ, ਪ੍ਰਭੂ ਮਾਲਕ ਬੇਅੰਤ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੀਤ ਆਪ ਹੋ ਆਈਆ । ਪੰਜ ਤਤ ਕਹਿਣ ਪ੍ਰਭ ਸਾਡੇ ਵੇਖ ਲੈ ਅੰਦਰੋਂ ਪਰਦੇ ਚੁੱਕ, ਪਰਦਾ ਨਸ਼ੀਂ ਦਇਆ ਕਮਾਈਆ । ਬਿਨ ਤੇਰੀ ਕਿਰਪਾ ਪੈਂਡਾ ਜਾਏ ਨਾ ਮੁੱਕ, ਪਾਂਧੀ ਪੰਧ ਪੂਰ ਨਾ ਕੋਇ ਕਰਾਈਆ । ਚਾਰੋਂ ਕੁੰਟ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਜੁਗ ਚੌਕੜੀ ਅਸੀਂ ਬੈਠੇ ਰਹੇ ਚੁੱਪ, ਭਗਵਨ ਜਨ ਭਗਤਾਂ ਦੇਣੀ ਮਾਣ ਵਡਿਆਈਆ । ਤੂੰ ਪਰਮ ਪੁਰਖ ਅਬਿਨਾਸ਼ੀ ਅਚੁਤ, ਚਤੁਰਭੁਜ ਤੇਰੇ ਹੱਥ ਵਡਿਆਈਆ । ਅੰਤਮ ਸਭ ਨੂੰ ਆ ਕੇ ਪੁਛ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਤੇਰੇ ਦਰ ਤੋਂ ਜਾਈਏ ਖ਼ੁਸ਼, ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਸੰਗ ਆਪ ਸਮਝਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਲੱਭਣਾ ਨਹੀਂ ਕੋਈ ਹੋਰ, ਖੋਜਣ ਜਗਤ ਜੁਗ ਨਾ ਜਾਈਆ । ਸਾਡੀ ਤੇਰੇ ਹੱਥ ਡੋਰ, ਬੰਧਨ ਨਾਮ ਨਾਲ ਬੰਧਾਈਆ । ਆਪਣੇ ਪ੍ਰੇਮ ਦੀ ਲਾ ਦੇ ਮੋਹਰ, ਜਿਸ ਦਾ ਹੁਕਮ ਸਕੇ ਨਾ ਕੋਇ ਬਦਲਾਈਆ । ਸਾਨੂੰ ਆਪਣੇ ਨਾਲ ਤੋਰ, ਤੁਰਤ ਆਪਣੇ ਘਰ ਵਸਾਈਆ । ਜਿਥੇ ਮਨ ਨਾ ਪਾਵੇ ਸ਼ੋਰ, ਮਤ ਕੂੜ ਨਾ ਕੋਇ ਵਡਿਆਈਆ । ਪੰਧ ਰਹੇ ਨਾ ਅੰਧੇਰਾ ਘੋਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਝਗੜਾ ਮੁਕਾ ਦੇ ਕੂੜੇ ਚੋਰ, ਚਿੰਰੀ ਵਿਛੁੰਨੇ ਲੈ ਮਿਲਾਈਆ । ਸਾਡਾ ਹੋਵੇ ਭਾਗ ਮਥੋਰ, ਮਿਥਿਆ ਦਿਸੇ ਕੂੜ ਲੋਕਾਈਆ । ਝਗੜਾ ਮੇਟ ਦੇ ਮੜ੍ਹੀ ਗੋਰ, ਜਲਧਾਰਾ ਵਹਿਣ ਨਾ ਕੋਇ ਵਹਾਈਆ । ਅਸੀਂ ਜਾਣਾ ਚਾਹੁੰਦੇ ਤੇਰੇ ਕੋਲ, ਕੁਲ ਮਾਲਕ ਦੇਣੀ ਵਡਿਆਈਆ । ਦੀਨ ਦੁਨੀ ਨੂੰ ਛਡੀਏ ਉਤੇ ਧਰਤ ਧੌਲ, ਅੰਤ ਧਵਲ ਦਾ ਪੰਧ ਮੁਕਾਈਆ । ਵਾਅਦਾ ਪੂਰਾ ਕਰ ਦੇ ਕੌਲ, ਨਵ ਨੌਂ ਚਾਰ ਦਏ ਗਵਾਹੀਆ । ਸਾਡੇ ਅੰਤਰ ਜਾ ਮੌਲ, ਮੌਲਾ ਹੋ ਕੇ ਸੋਭਾ ਪਾਈਆ । ਅਸੀਂ ਤੇਰੇ ਚਰਨ ਪਿਆਸੇ ਅਨਭੋਲ, ਭੁੱਲਿਆਂ ਮਾਰਗ ਲਾਈਆ । ਸਚ ਸਤਿ ਦਵਾਰਾ ਖੋਲ, ਅਗੇ ਬੰਦ ਨਾ ਫੇਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਅਡੋਲ, ਅਡੁਲ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

੧੯੭੪
੨੩

✪ ੯ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਰੁੜਕਾ ਗੁਰਮੇਜ ਸਿੰਘ ਸੁਰਜੀਤ ਸਿੰਘ ਜਗੀਰ ਕੌਰ ਕੇਹਰ ਸਿੰਘ ਜੁਗਿੰਦਰ ਸਿੰਘ ਭਜਨ ਕੌਰ ਕਰਤਾਰ ਸਿੰਘ ਊਧਮ ਕੌਰ ਰੁੜਕਾ ਗੁਰਨਾਮ ਸਿੰਘ ਸੁਰਾਨਸੀ ਜਸਬੀਰ ਕੌਰ ਦੌਲਤਪੁਰ ✪

ਪੰਜ ਤਤ ਕਹਿਣ ਪ੍ਰਭ ਸਾਡੀ ਧਾਰ ਕਰ ਦੇ ਉਘੀ, ਉਗਣ ਆਥਣ ਦਇਆ ਕਮਾਈਆ । ਅਸੀਂ ਭਰਮਦੇ ਰਹੇ ਜੁਗ ਜੁਗੀ, ਚੌਕੜੀ ਭੱਜੇ ਵਾਹੋ ਦਾਹੀਆ । ਸਾਡੀ ਔਧ ਅਜੇ ਨਾ ਪੁੱਗੀ, ਪੰਧ ਸਕਿਆ ਨਾ ਕੋਇ ਮੁਕਾਈਆ । ਭੇਵ ਪਾ ਸਕੇ ਕੋਇ ਨਾ ਬੁੱਧੀ, ਅਕਲ ਚਲੇ ਨਾ ਕੋਇ ਚਤੁਰਾਈਆ । ਲੇਖਾ ਜਾਣੇ ਨਾ ਵਦੀ ਸੁਦੀ, ਥਿਤ ਵਾਰ ਨਾ ਕੋਇ ਵਡਿਆਈਆ । ਤੇਰੀ ਖੇਲ ਸਦਾ ਸਦ ਗੁੱਝੀ, ਪੁਰਖ ਅਕਾਲੇ ਦੇਣਾ ਸਮਝਾਈਆ । ਅੰਤ ਅਖ਼ੀਰ ਬੇਨਜ਼ੀਰ ਸਾਨੂੰ ਬੇਨੰਤੀ ਇਕੋ ਸੁੱਝੀ, ਤੇਰੇ ਚਰਨਾਂ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਤਤ ਕਹਿਣ ਪ੍ਰਭ ਜੁਗ ਜੁਗ ਫਿਰਦੇ ਰਹੇ ਧਾਰ ਸਰਗੁਣ, ਜਗਤ ਜਹਾਨ ਭੱਜੇ ਵਾਹੋ ਦਾਹੀਆ । ਕਿਰਪਾ ਕਰ ਨਿਰੰਕਾਰ ਅੰਤ ਨਿਰਗੁਣ, ਨਿਰਵੈਰ ਦਇਆ ਕਮਾਈਆ । ਪੁਰਖ ਅਕਾਲੇ ਦੀਨ ਦਿਆਲੇ ਬਿਨ ਅੱਖਰਾਂ ਪੁਕਾਰ ਸੁਣ, ਬਿਨ ਢੋਲੇ ਦਈਏ ਦ੍ਰਿੜਾਈਆ । ਅਸੀਂ ਰੂਪ ਨਹੀਂ ਕੋਈ ਰਿਖ ਮੁਨ, ਜਗਤ ਵੰਡ ਨਾ ਕੋਇ ਵੰਡਾਈਆ । ਸਾਨੂੰ ਆਪਣੀ ਕਿਰਪਾ ਨਾਲ ਆਪੇ ਚੁਣ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਸ਼ਬਦੀ ਧਾਰ ਸ਼ਬਦ ਦੇ ਧੁਨ, ਆਤਮਕ ਰਾਗ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਚੀ ਮੰਗ ਮੰਗਾਈਆ । ਪੰਜ ਤਤ ਕਹਿਣ ਸਾਡੇ ਪੂਰੇ ਕਰ ਦੇ ਲੇਖੇ, ਲੇਖ ਲੇਖਣੀ ਨਾ ਕੋਇ ਵਡਿਆਈਆ । ਅੰਤ ਰਹਿਣ ਨਾ ਭਰਮ ਭੁਲੇਖੇ, ਭਾਂਡਾ ਭਰਮ ਭਉ ਦੇਣਾ ਭੰਨਾਈਆ । ਧੁਰ ਦੀ ਮਸਤਕ ਲਾ ਮੇਖੇ, ਜਿਸ ਦੀ ਜੜ ਨਾ ਕੋਇ ਉਖੜਾਈਆ । ਤੇਰਾ ਨਾਮ ਸਦਾ ਵਸੇਖੇ, ਵਿਸ਼ਵ ਦੇ ਮਾਲਕ ਹੋਣਾ ਸਹਾਈਆ । ਅਸੀਂ ਸੁਣਨਾ ਚਾਹੁੰਦੇ ਤੇਰੇ ਸੰਦੇਸ਼ੇ, ਸੰਧਿਆ ਸਰਘੀ ਤੋਂ ਬਾਹਰ ਜਣਾਈਆ । ਤੂੰ ਮਾਲਕ ਇਕ ਨਰੇਸ਼ੇ, ਨਰ ਨਰਾਇਣ ਨੂਰ ਅਲਾਹੀਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼ੇ, ਇੰਦ ਇੰਦ੍ਰਾਸਣ ਬੈਠੇ ਸੀਸ ਨਵਾਈਆ । ਤੂੰ ਪੁਰਖ ਅਕਲੇ ਦੀਨ ਦਿਆਲੇ ਸਾਡੇ ਰੱਖਣੇ ਚੇਤੇ, ਚਿੰਤਾ ਦੇਣੀ ਦੂਰ ਕਰਾਈਆ । ਤੇਰਾ ਦਰਸ਼ਨ ਕਰੀਏ ਨੇਤਨ ਨੇਤੇ, ਨਿਜ ਲੋਚਨ ਨੈਣ ਦੇਣਾ ਖੁਲਾਈਆ । ਆਤਮ ਪਰਮਾਤਮ ਬਖ਼ਸ਼ਣੇ ਹੇਤੇ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਨਾਮ ਦੁਸ਼ਾਲ ਲੈਣੇ ਲਪੇਟੇ, ਪਰਦਾ ਓਢਣ ਆਪ ਟਿਕਾਈਆ । ਅਸੀਂ ਆਦਿ ਪੁਰਖ ਅਪਰੰਪਰ ਤੇਰੇ ਬੇਟੇ, ਦੂਸਰ ਅਵਰ ਨਾ ਕੋਇ ਮਾਈਆ । ਸਦਾ ਸਦ ਤੇਰੀ ਸੇਜਾ ਲੇਟੇ, ਜਗਤ ਖਟੀਆ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਅਸੀਂ ਤੇਰੇ ਬੱਚੇ ਨੰਨ੍ਹੇ, ਨਾਨਾ ਪ੍ਰਕਾਰ ਖੇਲ ਖਿਲਾਈਆ । ਤੂੰ ਬੇਨੰਤੀ ਸਾਡੀ ਮੰਨੇ, ਮਨਸਾ ਤੇਰੇ ਚਰਨ ਟਿਕਾਈਆ । ਲੇਖੇ ਪੂਰੇ ਕਰ ਦੇ ਗੋਬਿੰਦ ਵਾਲੇ ਕੰਨੇ, ਕਾਇਨਾਤ ਵਿਚੋਂ ਬਾਹਰ ਕਢਾਈਆ । ਕੀ ਹੋਇਆ ਜੇ ਮਾਲ ਚਰਾਇਆ ਧੰਨੇ, ਦਿਤੀ ਜੱਟ ਜਗਤ ਵਡਿਆਈਆ । ਕੀ ਹੋਇਆ ਜੇ ਭੋਗ ਲਗਾਇਆ ਨਾਮੇ ਵਾਲੇ ਛੰਨੇ, ਛੱਪਰ ਛੰਨ ਸੁਹਾਈਆ । ਅਸੀਂ ਭਗਤ ਸੁਹੇਲੇ ਤੂੰ ਆਪਣੀ ਧਾਰੋਂ ਜਣੇ, ਜਣੇਂਦੀ ਅਵਰ ਕੋਇ ਨਾ ਮਾਈਆ । ਤੁਧ ਬਿਨ ਬੇੜਾ ਕੋਇ ਨਾ ਬੰਨ੍ਹੇ, ਮੰਝਧਾਰ ਬੇੜਾ ਪਾਰ ਨਾ ਕੋਇ ਕਰਾਈਆ । ਸਤਿ ਪ੍ਰਕਾਸ਼ ਦੇ ਦੇ ਧੁਰ ਦੇ ਚੰਨੇ, ਚੰਦ ਚਾਂਦਨੀ


੧੯੭੫ ੨੩

ਇਕ ਰੁਸ਼ਨਾਈਆ । ਸਾਡਾ ਵਸੇਰਾ ਕਰ ਲੈ ਬਿਨ ਛੱਪਰ ਛੰਨੇ, ਦਰਗਾਹ ਸਾਚੀ ਸਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਜਗਤ ਕਿਨਾਰਾ, ਬਿਨ ਤੇਰੇ ਨਾਮ ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਮਿਲੇ ਨਾ ਕੋਇ ਸਹਾਰਾ, ਸਹਾਇਕ ਨਾਇਕ ਸਿਰ ਹੱਥ ਨਾ ਕੋਇ ਟਿਕਾਈਆ । ਤੂੰ ਵੇਖਣਹਾਰਾ ਏਕੰਕਾਰਾ, ਅਕਲ ਕਲਧਾਰੀ ਤੇਰੀ ਓਟ ਤਕਾਈਆ । ਅਸੀਂ ਭਗਤ ਜਨ ਤੇਰੇ ਜਿਨ੍ਹਾਂ ਦੇ ਸੀਸ ਬੰਨ੍ਹੀਆਂ ਦਸਤਾਰਾਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਨ੍ਹਾਂ ਦਾ ਲੇਖਾ ਪੂਰਾ ਕਰ ਦੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਚਾਈਂ ਚਾਈਆ । ਫਿਰ ਲੋਕਮਾਤ ਆਉਣਾ ਨਾ ਪਏ ਦੁਬਾਰਾ, ਅਗਨੀ ਅਗ ਨਾ ਕੋਇ ਤਪਾਈਆ । ਸਦ ਵਸੀਏ ਤੇਰੇ ਸਚ ਦਵਾਰਾ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਅੰਮ੍ਰਿਤ ਮਿਲੇ ਠੰਡਾ ਠਾਰਾ, ਬੂੰਦ ਸਵਾਂਤੀ ਅਗੰਮ ਅਥਾਹੀਆ । ਨਾਦ ਸ਼ਬਦ ਸੁਣੀਏ ਧੁਨਕਾਰਾ, ਨਾਦ ਅਨਾਦੀ ਵੱਜੇ ਵਧਾਈਆ । ਜੋਤੀ ਜੋਤ ਦੀਪਕ ਹੋਏ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਤੇਰਾ ਮੰਦਰ ਸੋਹੇ ਬੰਕ ਦਵਾਰਾ, ਥਿਰ ਘਰ ਵਾਸੀ ਸਚਖੰਡ ਸਾਚੇ ਵੱਜੇ ਵਧਾਈਆ । ਸਾਡੀ ਬੇਨੰਤੀ ਦੋਏ ਦੋਏ ਜੋੜ ਨਿਮਸਕਾਰਾ, ਨਮੋ ਨਮੋ ਵਿਚ ਸੀਸ ਜਗਦੀਸ਼ ਝੁਕਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰਨਾ ਮੀਤ ਮੁਰਾਰਾ, ਮਿਤ੍ਰ ਪਿਆਰੇ ਦਇਆ ਕਮਾਈਆ । ਪੰਜ ਤਤ ਕਹਿਣ ਸਾਡਾ ਲੇਖਾ ਰਹੇ ਨਾ ਅਵਰ ਉਧਾਰਾ, ਉਦਰ ਦਾ ਲਹਿਣਾ ਦੇਣਾ ਮੁਕਾਈਆ । ਨਮੋ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਹਰਿ ਕਰਤਾ ਅਗੰਮ ਅਥਾਹੀਆ । ਤੇਰਾ ਅਤੋਟ ਅਤੁਟ ਭੰਡਾਰਾ, ਦੇਵਣਹਾਰ ਤੇਰੀ ਬੇਪ੍ਰਵਾਹੀਆ । ਪੰਜ ਤਤ ਕਹਿਣ ਅਸੀਂ ਆਤਮ ਪਰਮਾਤਮ ਲਾਈਏ ਨਾਅਰਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਾਡਾ ਦੀਨ ਦੁਨੀ ਵਿਚੋਂ ਅੰਤ ਕਰਨਾ ਪਾਰ ਕਿਨਾਰਾ, ਲੋਕਮਾਤ ਜਲ ਥਲ ਅਸਗਾਹਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰਾ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ ।



✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਰੁੜਕਾ ਆਤਮਾ ਸਿੰਘ ਦਰਸ਼ਨ ਸਿੰਘ ਗਰਦਾਵਰ ਸਿੰਘ ਬੰਤਾ ਸਿੰਘ ਮਹਿੰਦਰ ਸਿੰਘ ਦਰਸ਼ਨ ਸਿੰਘ ਸੁਰਜੀਤ ਸਿੰਘ ਕਰਤਾਰ ਸਿੰਘ ਬਿਲਗਾ ਛਿੰਦੋ ਗੁਰਦੇਵ ਕੌਰ ਬਿਲਗਾ ਪ੍ਰਕਾਸ਼ ਕੌਰ ਸੁਨੜਾ ✪

ਪੰਜ ਤਤ ਕਹਿਣ ਪ੍ਰਭ ਕੋਟਨ ਕੋਟ ਜੁਗ ਚੌਕੜੀਆਂ ਲੰਘੀਆਂ, ਬਣ ਬਣ ਪਾਂਧੀ ਆਪਣਾ ਪੰਧ ਮੁਕਾਈਆ । ਅਸੀਂ ਨਿਰਗੁਣ ਸਰਗੁਣ ਧਾਰ ਤੇਰੇ ਕੋਲੋਂ ਮੰਗਾਂ ਮੰਗੀਆਂ, ਮਾਂਗਤ ਹੋ ਕੇ ਝੋਲੀ ਡਾਹੀਆ । ਅਸੀਂ ਜਨਮ ਕਰਮ ਦੀਆਂ ਪਤਾ ਨਹੀਂ ਮੰਦੀਆਂ ਕਿ ਚੰਗੀਆਂ, ਆਪਣੀ ਸਮਝ ਨਾ ਕਿਛ ਰਖਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦੀਆਂ ਛੰਦੀਆਂ, ਧੁਰ ਦਾ ਰਾਗ ਦ੍ਰਿੜਾਈਆ । ਸਾਡੀਆਂ ਪੁਸ਼ਤਾਂ ਹੋਣ ਨਾ ਨੰਗੀਆਂ, ਸਿਰ ਆਪਣਾ ਹੱਥ ਟਿਕਾਈਆ । ਸਾਡੇ ਸੀਸ ਜਗਤ ਕੂੜ ਦੀਆਂ ਵਗੀਆਂ ਕੰਘੀਆਂ, ਦੁਰਮਤ ਮੈਲ ਸਾਫ਼ ਨਾ ਕੋਇ ਕਰਾਈਆ । ਜੁਗ ਜੁਗ ਤਨ

ਵਜੂਦਾਂ ਨਾਲ ਹੰਢੀਆਂ, ਮਾਟੀ ਖ਼ਾਕ ਵਿਚ ਸਮਾਈਆ । ਅੰਤ ਤੇਰੇ ਨਾਲ ਪ੍ਰੀਤਾਂ ਗੰਢੀਆਂ, ਪ੍ਰੀਤਮ ਹੋ ਕੇ ਵੇਖਣਾ ਚਾਈਂ ਚਾਈਆਂ । ਸਾਡੀਆਂ
ਧਾਰਾਂ ਕਰ ਕੇ ਠੰਡੀਆਂ, ਅਗਨੀ ਤਤ ਨਾ ਕੋਇ ਤਪਾਈਆ । ਅਸੀਂ ਬੈਠੀਆਂ ਪਤਣ ਘਾਟ ਅੰਤਮ ਕੰਢੀਆਂ, ਨਈਆ ਨੌਕਾ ਨਾਮ ਦੇਣਾ ਚੜ੍ਹਾਈਆ ।
ਸਾਥੋਂ ਵਾਰ ਸਹੇ ਨਹੀਂ ਜਾਂਦੇ ਸ਼ਸਤਰ ਧਾਰ ਜਗਤ ਦੀਆਂ ਚੰਡੀਆਂ, ਚੰਡਕਾ ਰੂਪ ਨਜ਼ਰ ਕੋਇ ਨਾ ਆਈਆ । ਝਗੜਾ ਮੁਕਾ ਦੇ ਜੇਰਜ ਅੰਡੀਆਂ,
ਉਤਭੁਜ ਸੇਤਜ ਪੰਧ ਰਹੇ ਨਾ ਰਾਈਆ । ਮੰਜ਼ਲ ਪਾਰ ਕਰਾ ਦੇ ਦੀਨ ਮਜ੍ਹਬ ਦੀਆਂ ਡੰਡੀਆਂ, ਡੰਡਾਵਤ ਆਪਣੀ ਇਕ ਸਮਝਾਈਆ । ਲੇਖਾ
ਰਹੇ ਨਾ ਕਾਜੀ ਪੰਡੀਆਂ, ਸ਼ਰਅ ਦਾ ਲਹਿਣਾ ਦੇਣਾ ਮੁਕਾਈਆ । ਪੂਜਾ ਰਹੇ ਨਾ ਪਾਹਨ ਜੰਡੀਆਂ, ਪੱਥਰਾਂ ਸੀਸ ਨਾ ਕੋਇ ਨਿਵਾਈਆ । ਇਕੋ
ਤੇਰੇ ਨਾਮ ਦਾ ਮਿਲੇ ਅਨੰਦੀਆਂ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਸਾਨੂੰ ਹਿਲਾਉਣੀਆਂ ਪੈਣ ਨਾ ਬੱਤੀ ਦੰਦੀਆਂ, ਰਸਨਾ ਜਿਹਵਾ ਬਾਹਰ ਤੇਰੀ
ਪੜ੍ਹਾਈਆ । ਸਾਡੀਆਂ ਪਾਟੀਆਂ ਵੇਖ ਲੈ ਅੰਗੀਆਂ, ਅੰਗੀਕਾਰ ਅੰਤ ਆਪਣੇ ਅੰਗ ਲਗਾਈਆ । ਜਨਮ ਮਰਨ ਦੀਆਂ ਮੇਟ ਦੇ ਤੰਗੀਆਂ, ਦੁੱਖ
ਦਰਦ ਨਾ ਲਾਗੇ ਰਾਈਆ । ਸਾਡੀ ਖਲੜੀ ਲਹੇ ਨਾ ਨਾਲ ਰੰਬੀਆਂ, ਫਾਸੀ ਗਲ ਨਾ ਕੋਇ ਲਟਕਾਈਆ । ਕੀਮਤ ਪਏ ਨਾ ਮਜ੍ਹਬਾਂ ਵਾਲੀਆਂ
ਮੰਡੀਆਂ, ਜਗਤ ਤੋਲ ਨਾ ਕੋਇ ਤੁਲਾਈਆ । ਸਾਡੀਆਂ ਧਾਰਾਂ ਤੇਰੇ ਪ੍ਰੇਮ ਵਿਚ ਜਾਣ ਰੰਗੀਆਂ, ਰੰਗਤ ਇਕੋ ਇਕ ਰਖਾਈਆ । ਮੇਲ ਮਿਲਾ
ਲੈ ਧੁਰ ਦੇ ਸੰਗੀਆਂ, ਸਗਲਾ ਸੰਗ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ,
ਧੁਰ ਮਾਲਕ ਦਇਆ ਕਮਾਈਆ । ਕਿਰਪਾ ਕਰ ਸੂਰੇ ਸਰਬੰਗਨ, ਸਾਹਿਬ ਸਤਿਗੁਰ ਤੇਰੀ ਓਟ ਰਖਾਈਆ । ਨਿਰਗੁਣ ਧਾਰ ਦੇ ਅਨੰਦਨ, ਅਨੰਦ
੧੯੭੭ ੨੩ ਅਨੰਦ ਵਿਚੋਂ ਜਣਾਈਆ । ਮਸਤਕ ਟਿੱਕਾ ਰਮਾ ਦੇ ਚੰਦਨ, ਨਾਮ ਨਿਧਾਨਾ ਨਾਲ ਰਲਾਈਆ । ਨੇਤਰਹੀਣ ਰਹੀਏ ਨਾ ਅੰਧਨ, ਅੰਧ ਅਗਿਆਨ ੧੯੭੭ ੨੩
ਦੇਣਾ ਗਵਾਈਆ । ਗ੍ਰਿਹਿ ਭਰਮਾਂ ਢਾਹ ਦੇ ਕੰਧਨ, ਦੂਈ ਦਵੈਤ ਦਾ ਪੰਧ ਮੁਕਾਈਆ । ਆਤਮ ਧਾਰ ਬਖ਼ਸ਼ ਦੇ ਸੰਗਣ, ਪਰਮਾਤਮ ਸਗਲਾ
ਸੰਗ ਬਣਾਈਆ । ਤੇਰਾ ਦਰ ਦਵਾਰ ਏਕੰਕਾਰ ਇਕੋ ਆਈਏ ਲੰਘਣ, ਦੂਜਾ ਗ੍ਰਿਹਿ ਨਾ ਕੋਇ ਸੁਹਾਈਆ । ਲੋੜ ਰਹੇ ਨਾ ਪ੍ਰਕਾਸ਼ ਸੂਰੀਆ
ਚੰਦਨ, ਜੋਤੀ ਜਾਤੇ ਇਕੋ ਤੇਰਾ ਨੂਰ ਨਜ਼ਰੀ ਆਈਆ । ਸਾਚਾ ਸ਼ਬਦ ਸੁਣਾ ਦੇ ਧੁਨ ਅਨਾਦੀ ਨਦਨ, ਅਨਰਾਗੀ ਆਪਣਾ ਰਾਗ ਸਮਝਾਈਆ ।
ਝਗੜਾ ਰਹੇ ਨਾ ਤਤ ਪੰਜਣ, ਪੰਚਮ ਦੇਣੀ ਮਾਣ ਵਡਿਆਈਆ । ਸਤਿ ਸਚ ਦਾ ਪਾ ਦੇ ਅੰਜਣ, ਨੂਰ ਨੁਰਾਨੇ ਨੂਰ ਦੇਣਾ ਚਮਕਾਈਆ । ਕੂੜੀ
ਕਿਰਿਆ ਕਰ ਦੇ ਖੰਡਨ, ਖੰਡਾ ਖੜਗ ਨਾਮ ਖੜਕਾਈਆ । ਲਹਿਣਾ ਦੇਣਾ ਪੂਰਾ ਕਰ ਵਿਚ ਵਰਭੰਡਣ, ਬ੍ਰਹਿਮੰਡ ਤੇਰੀ ਸਰਨਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਦਾਤ ਇਕ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ
ਤੇਰੇ ਨਾਲ ਲੇਖ, ਸਾਖੀ ਨਜ਼ਰ ਕੋਇ ਨਾ ਆਈਆ । ਜਨਮ ਕਰਮ ਦੀ ਬਦਲ ਦੇ ਰੇਖ, ਰਿਖੀ ਮੁਨੀ ਦੀ ਵੰਡ ਨਾ ਕੋਇ ਵੰਡਾਈਆ । ਬਿਨ
ਨੇਤਰ ਲੋਚਨ ਆਪੇ ਦੇਖ, ਪਰਦਾ ਪਰਦਿਆਂ ਵਿਚ ਉਠਾਈਆ । ਆਪਣਾ ਦੱਸ ਅਵੱਲੜਾ ਭੇਖ, ਭੇਖਾਧਾਰੀ ਹੋਣਾ ਸਹਾਈਆ । ਝਗੜਾ ਦਿਸੇ
ਨਾ ਮੁੱਲਾ ਸ਼ੇਖ਼, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਸਾਡਾ ਸੁਹੰਜਣਾ ਕਰ ਦੇ ਦੇਸ਼, ਸਾਢੇ ਤਿੰਨ ਹੱਥ ਰੰਗ ਰੰਗਾਈਆ । ਸਾਡੀ
ਬਾਲ ਜਵਾਨੀ ਤੱਕ ਅਲ੍ਹੜ ਵਰੇਸ, ਬਿਰਧ ਬਾਲਾਂ ਖੋਜ ਖੁਜਾਈਆ । ਤੇਰਾ ਲਹਿਣਾ ਦੇਣਾ ਸ਼ਬਦ ਧਾਰ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਵੇਖ

ਵਖਾਈਆ । ਜਨ ਭਗਤਾਂ ਲੇਖੇ ਲਾ ਲੈ ਮੁੱਛ ਦਾਹੜੀ ਕੇਸ, ਕਸਮ ਖਾ ਕੇ ਸਾਰੇ ਮੰਗ ਮੰਗਾਈਆ । ਸਾਡੇ ਅੰਦਰੋਂ ਕੱਢ ਕਲੇਸ਼, ਕੂੜੀ ਕਿਰਿਆ ਬਾਹਰ ਕਢਾਈਆ । ਆਪਣਾ ਦਰਸ਼ਨ ਦੇ ਹਮੇਸ਼, ਦਿਵਸ ਰੈਣ ਨਜ਼ਰੀ ਆਈਆ । ਤੇਰੇ ਦਰ ਤੇ ਹੋਏ ਪੇਸ਼, ਪੇਸ਼ੀਨਗੋਈਆਂ ਹੱਥ ਉਠਾਈਆ । ਤੂੰ ਮਾਲਕ ਇਕ ਨਰੇਸ਼, ਨਰ ਨਰਾਇਣ ਦੇਣੀ ਵਡਿਆਈਆ । ਸਚ ਸੁਣਾ ਦੇ ਧਰਮ ਸੰਦੇਸ਼, ਧਰਮ ਦੀ ਧਾਰ ਤੇਰੀ ਪੜ੍ਹਾਈਆ । ਤੇਰਾ ਭਗਤ ਜਨ ਰਹੇ ਨਾ ਕੋਇ ਮਲੇਛ, ਬੁਧ ਬਿਬੇਕ ਦੇਣੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਾਈ ਹੋਣਾ ਸਦਾ ਹਮੇਸ਼, ਹਮ ਸਾਜਣ ਹੋ ਕੇ ਆਪਣੀ ਦਇਆ ਕਮਾਈਆ ।

### ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ਹਰਿ ਸੰਗਤ ਨਵਿਤ ✪

ਸਚਖੰਡ ਕਹੇ ਬਿਨਾ ਤਾਰ ਸਿਤਾਰ ਸੁਣੇ ਜੈਕਾਰੇ, ਆਵਾਜ਼ ਰਾਜ਼ ਵਿਚ ਆਪਣੇ ਢੋਲੇ ਗਾਈਆ । ਝਟ ਉਥੇ ਭਗਤ ਜਨ ਲੱਗੇ ਲਾਵਣ ਨਾਅਰੇ, ਬਿਨ ਰਸਨਾ ਜਿਹਵਾ ਸੁਣਾਈਆ । ਬਿਨਾ ਅੱਖਾਂ ਤੋਂ ਦੇਣ ਇਸ਼ਾਰੇ, ਬਿਨ ਸੈਨਤ ਸੈਨਤ ਸਮਝਾਈਆ । ਨਾਲੇ ਹੱਸ ਕੇ ਕਹਿਣ ਉਠ ਪ੍ਰਭੂ ਪਿਆਰੇ, ਪ੍ਰੀਤਮ ਧੁਰਦਰਗਾਹੀਆ । ਲੋਕਮਾਤ ਦੇ ਤੱਕ ਨਜ਼ਾਰੇ, ਬਿਨ ਨੈਣਾਂ ਨੈਣ ਉਠਾਈਆ । ਸੰਮਤ ਸ਼ਹਿਨਸ਼ਾਹੀ ਦਸ ਦੀ ਪਾ ਸਾਰੇ, ਦਸ ਸਾਵਣ ਨਾਲ ਮਿਲਾਈਆ । ਕੀ ਧਰਨੀ ਧਰਤ ਧਵਲ ਧੌਲ ਉਤੇ ਨਜ਼ਾਰੇ, ਜੋ ਨਜ਼ਰੀਆ ਸਭ ਦਾ ਦਏ ਬਦਲਾਈਆ । ਭਗਤ ਸੁਹੇਲੇ ਤੱਕ ਜਿਹੜੇ ਡਿੱਗੇ ਮੂੰਹ ਦੇ ਭਾਰੇ, ਨੈਣ ਮੂੰਦ ਤੇਰੇ ਚਰਨ ਧਿਆਨ ਰਖਾਈਆ । ਉਨ੍ਹਾਂ ਦੇ ਕਾਰਜ ਪੂਰੇ ਕਰਨੇ ਸਾਰੇ, ਮਹਾਸਾਰਥੀ ਹੋਣਾ ਆਪ ਸਹਾਈਆ । ਫਿਰਦੇ ਰਹਿਣ ਨਾ ਵਿਚ ਮੰਝਧਾਰੇ, ਸਮੁੰਦ ਸਾਗਰਾਂ ਪਾਰ ਦੇਣਾ ਕਰਾਈਆ । ਅੰਤ ਲਿਆਉਣਾ ਆਪਣੇ ਸਚ ਦਵਾਰੇ, ਜਿਥੇ ਦਵਾਰਕਾ ਵਾਸੀ ਬੈਠੇ ਆਸਣ ਲਾਈਆ । ਇਹ ਭਗਤ ਜਨ ਕੋਈ ਇਕ ਦੋ ਨਹੀਂ ਤਿੰਨ ਚਾਰੇ, ਚਾਰ ਜੁਗ ਦੇ ਸਾਥੀ ਪਿਛਲੇ ਨਜ਼ਰੀ ਆਈਆ । ਬਿਨਾ ਭਗਤੀ ਤੋਂ ਭਗਵਨ ਮਾਣ ਦੇਣਾ ਸੱਚੇ ਦਰਬਾਰੇ, ਦਰਗਾਹ ਸਾਚੀ ਦੇਣੀ ਵਡਿਆਈਆ । ਵੱਡੇ ਛੋਟੇ ਬਿਰਧ ਬਾਲ ਸੋਹਣ ਤੇਰੇ ਬੰਕ ਦਵਾਰੇ, ਸਚਖੰਡ ਸਾਚੇ ਸੋਭਾ ਪਾਈਆ । ਪੰਜ ਤਤ ਰੋ ਰੋ ਨਾ ਕਰਨ ਪੁਕਾਰੇ, ਜਗਤ ਨੈਣਾਂ ਨੀਰ ਵਹਾਈਆ । ਆਤਮਾ ਦੇ ਨਾਲ ਭਗਤਾਂ ਦੇ ਸਰੀਰ ਜਾਣ ਤਾਰੇ, ਇਹ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇਣੀ ਮਾਣ ਵਡਿਆਈਆ । ਸਚਖੰਡ ਕਹੇ ਮੇਰੇ ਅੰਦਰ ਹੋਈਆਂ ਖੁਸ਼ੀਆਂ, ਖੁਸ਼ਹਾਲੀ ਢੋਲੇ ਗਾਈਆ । ਮੈਂ ਭਗਤਾਂ ਕੋਲੋਂ ਗੱਲਾਂ ਪੁਛੀਆਂ, ਪ੍ਰੇਮ ਨਾਲ ਮੰਗ ਮੰਗਾਈਆ । ਉਨ੍ਹਾਂ ਮੰਜ਼ਲਾਂ ਚੜ੍ਹ ਕੇ ਦੱਸੀਆਂ ਉਚੀਆਂ, ਉਚ ਅਗੰਮ ਅਥਾਹ ਕੀ ਆਪਣਾ ਖੇਲ ਖਿਲਾਈਆ । ਜਿਸ ਭਗਤਾਂ ਦੀਆਂ ਆਤਮਾ ਕੀਤੀਆਂ ਸੁੱਚੀਆਂ, ਸੰਜਮ ਆਪਣਾ ਇਕ ਦ੍ਰਿੜਾਈਆ । ਲੇਖੇ ਲਾ ਕੇ ਕਾਇਆ ਬੁਤੀਆਂ, ਬੁਤਖਾਨਿਆਂ ਰੰਗ ਚੜ੍ਹਾਈਆ । ਜਗਤ ਜਹਾਨ ਵਿਚੋਂ ਆਤਮਾ ਉਠਾ ਕੇ ਸੁੱਤੀਆਂ, ਸੁੱਤਿਆਂ ਆਪਣੀ ਗੋਦ ਟਿਕਾਈਆ । ਸਾਵਣ ਦਸ ਦੀਆਂ ਸੁਹਾਈਆਂ ਰੁਤੀਆਂ, ਰੁਤੜੀ ਆਪਣੇ ਨਾਲ ਮਹਿਕਾਈਆ । ਜਗਤ ਜਹਾਨ ਨਾਲੋਂ ਕਰਾ ਕੇ ਅੰਤ ਛੁਟੀਆਂ, ਛੁਟਕੀ ਲਿਵ ਆਪਣੇ ਨਾਲ ਲਗਾਈਆ । ਜਿਨ੍ਹਾਂ ਦੀਆਂ ਸਚਖੰਡ ਵਿਚੋਂ ਜੜ੍ਹਾਂ ਫੇਰ ਜਾਣ ਨਾ ਪੁੱਟੀਆਂ, ਜੜ ਚੇਤਨ ਦਾ ਲੇਖਾ ਦਏ ਮੁਕਾਈਆ । ਸਚ ਦਵਾਰ ਇਕ

ਸੁਹਾ ਕੇ ਕੁਟੀਆ, ਕੋਟਨ ਕੋਟ ਜਨਮ ਦਾ ਲਹਿਣਾ ਦੇਣਾ ਝੋਲੀ ਪਾਈਆ । ਜਨ ਭਗਤਾਂ ਜਨਮ ਜਨਮ ਦੀਆਂ ਰਹਿਣ ਨਾ ਦੇਵੇ ਤਰੁਟੀਆਂ, ਕਰਮ ਕਰਮ ਦਾ ਡੇਰਾ ਢਾਹੀਆ । ਜਿਨ੍ਹਾਂ ਦੇ ਅੰਦਰੋਂ ਵੈਰਾਗ ਦੀਆਂ ਲਹਿਰਾਂ ਫੁੱਟੀਆਂ, ਨੇਤਰ ਨੈਣਾਂ ਨੀਰ ਵਹਾਈਆ । ਪੰਧ ਮਾਰ ਘਸਾਈਆਂ ਜੁੱਤੀਆਂ, ਭੱਜੇ ਵਾਹੋ ਦਾਹੀਆ । ਉਨ੍ਹਾਂ ਦੇ ਅੰਦਰ ਭਾਵ ਰਹੇ ਨਾ ਦੁਤੀਆ, ਦੋਹਰਾ ਆਪਣਾ ਰੰਗ ਰੰਗਾਈਆ । ਮੰਜ਼ਲਾਂ ਜਗਤ ਜਹਾਨ ਮੁਕੀਆਂ, ਮੁਕੰਮਲ ਆਪਣੇ ਘਰ ਵਸਾਈਆ । ਜਿਨ੍ਹਾਂ ਨੇ ਧਾਰਾਂ ਗਾਈਆਂ ਦੋ ਤੁਕੀਆਂ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਉਹ ਆਤਮਾ ਸਚ ਨਿਸ਼ਾਨੇ ਕਦੇ ਨਾ ਉਕੀਆਂ, ਜਗਤ ਨਿਸ਼ਾਨਿਉਂ ਬਾਹਰ ਭੱਜਣ ਵਾਹੋ ਦਾਹੀਆ । ਜੋ ਸਾਹਿਬ ਸਤਿਗੁਰ ਦੇ ਚਰਨਾਂ ਵਿਚ ਝੁਕੀਆਂ, ਝੁਕ ਝੁਕ ਸੀਸ ਨਿਵਾਈਆ । ਉਹ ਜਗਤ ਜਹਾਨ ਵਿਚ ਗਈਆਂ ਲੁਟੀਆਂ, ਸਤਿਗੁਰ ਲੁਟੇਰਾ ਹੋ ਕੇ ਲੁਟ ਲੁਟ ਆਪਣੇ ਘਰ ਲੈ ਜਾਈਆ । ਜਿਨ੍ਹਾਂ ਫੇਰ ਕਦੇ ਨਹੀਂ ਲਟਕਣਾ ਪੁਠੀਆਂ, ਮਾਤ ਗਰਭ ਨਾ ਫੇਰਾ ਪਾਈਆ । ਉਹ ਨਿਰਗੁਣ ਧਾਰ ਹੋ ਕੇ ਨਿਰਵੈਰ ਹੋ ਕੇ ਆਪਣੀ ਗੋਦੀ ਚੁਕੀਆਂ, ਨਿਰਾਕਾਰ ਆਪਣਾ ਰੰਗ ਰੰਗਾਈਆ । ਜਨ ਭਗਤੋ ਸਚਖੰਡ ਦਵਾਰ ਕਹੇ ਤੁਹਾਡੀਆਂ ਮੇਰੇ ਘਰ ਵਿਚ ਸਦਾ ਲੱਗੀਆਂ ਰਹਿਣ ਰੁਚੀਆਂ, ਵਾਸ਼ਨਾ ਜਗਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਤੁਹਾਡੀਆਂ ਖ਼ਬਰਾਂ ਪੁਛੀਆਂ, ਬੇਖ਼ਬਰੋ ਖ਼ਬਰ ਆਪਣੀ ਆਪ ਜਣਾਈਆ ।

੧੯੭੯ ੨੩ ✪ ੧੦ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਡਲੇਵਾਲ ਲਾਲ ਸਿੰਘ ਪ੍ਰੇਮ ਸਿੰਘ ਗੁਰਦੇਵ ਸਿੰਘ ਨਵਾ ਪਿੰਡ ਹਜ਼ੂਰਾ ਸਿੰਘ ੧੯੭੯ ੨੩
ਗੁਰਾਇਆ ਨਛੱਤਰ ਕੌਰ ਗੁਰਾਇਆ ਨਾਜਰ ਸਿੰਘ ਲਾਡੂਵਾਲ ਤ੍ਰਲੋਕ ਸਿੰਘ ਹਰੀਪੁਰ ਬੇਅੰਤ ਕੌਰ ਧਨੇਤਾ ✪

ਪੰਜ ਤਤ ਕਹਿਣ ਪ੍ਰਭ ਪਰਮ ਪੁਰਖ ਨਿਰੰਕਾਰੀ, ਨਿਰਵੈਰ ਨਿਰਾਕਾਰ ਤੇਰੀ ਓਟ ਤਕਾਈਆ । ਬਿਨ ਨੈਣਾਂ ਨਿਗਾਹ ਮਾਰੀਂ, ਪਰਮ ਪੁਰਖ ਪਰਮਾਤਮ ਆਪਣੀ ਦਇਆ ਕਮਾਈਆ । ਜੋਤੀ ਜਾਤੇ ਪੁਰਖ ਬਿਧਾਤੇ ਪਾਉਣੀ ਸਾਰੀ, ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਕਦਾਰੀ, ਦੋ ਜਹਾਨਾਂ ਸ੍ਰੀ ਭਗਵਾਨਾ ਤੇਰੀ ਵਡ ਵਡਿਆਈਆ । ਸ੍ਰੀ ਭਗਵੰਤ ਧੁਰ ਦੇ ਕੰਤ ਬੇਨੰਤੀ ਸੁਣ ਹਮਾਰੀ, ਹਮ ਸਾਜਣ ਤੇਰੇ ਅਗੇ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਜਗਤ ਜਹਾਨ ਲੱਗਦੀ ਰਹੀ ਯਾਰੀ, ਯਰਾਨੇ ਦੀਨ ਦੁਨੀ ਨਾਲ ਬਣਾਈਆ । ਲੱਖ ਚੁਰਾਸੀ ਭੌਂਦੇ ਰਹੇ ਵਾਰੋ ਵਾਰੀ, ਅੰਡਜ ਜੇਰਜ ਉਤਭੁਜ ਸੇਤਜ ਫਿਰੇ ਵਾਹੋ ਦਾਹੀਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਪੈਜ ਨਾ ਕਿਸੇ ਸਵਾਰੀ, ਸਿਰ ਹੱਥ ਨਾ ਕੋਇ ਟਿਕਾਈਆ । ਅਸੀਂ ਰੂਪ ਬਣਦੇ ਰਹੇ ਪੁਰਖ ਨਾਰੀ, ਨਰ ਨਰਾਇਣ ਤੇਰੀ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰਦੇ ਰਹੇ ਦਾਰੀ, ਤਨ ਵਜੂਦਾਂ ਸੰਗ ਬਣਾਈਆ । ਸ਼ਰਅ ਦੇ ਬਣਦੇ ਰਹੇ ਸ਼ਸਤਰ ਧਾਰੀ, ਖੰਡੇ ਖੜਗ ਚਿੱਲੇ ਤੀਰ ਕਮਾਨ ਉਠਾਈਆ । ਮਰਦੇ ਰਹੇ ਵਾਰੋ ਵਾਰੀ, ਜੰਮ ਜੰਮ ਆਪਣਾ ਰੂਪ ਬਦਲਾਈਆ । ਤੈਨੂੰ ਲੱਭਦੇ ਰਹੇ ਵਡ ਸੰਸਾਰੀ, ਖੋਜਦੇ ਰਹੇ ਥਾਉਂ ਥਾਈਆ । ਤੇਰੇ ਨਾਮ ਕਲਮੇ ਜੁਗ ਜੁਗ ਰਹੇ ਉਚਾਰੀ, ਰਸਨਾ ਜਿਹਵਾ ਬੱਤੀ ਦੰਦ ਢੋਲੇ ਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੇ ਬਣਦੇ ਰਹੇ ਪੁਜਾਰੀ, ਸਿਲ

ਪੂਜਸ ਆਪਣਾ ਵਕਤ ਲੰਘਾਈਆ । ਅੱਖਰਾਂ ਨਾਲ ਅੱਖਰ ਬਦਲ ਕੇ ਬੋਲਦੇ ਰਹੇ ਜੈਕਾਰੀ, ਸਿਫ਼ਤਾਂ ਨਾਲ ਤੇਰੇ ਢੋਲੇ ਗਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰਾ ਰਾਹ ਤੱਕਦੇ ਰਹੇ ਜੋਤ ਨਿਰੰਕਾਰੀ, ਬਿਨ ਨੈਣਾਂ ਨੈਣ ਉਠਾਈਆ । ਸੋ ਵਕਤ ਸੁਹੇਲਾ ਪਹੁੰਚਿਆ ਆਪਣੀ ਧਾਰੀ, ਧਰਨੀ ਧਰਤ ਧਵਲ ਧੌਲ ਦਇਆ ਦੇਣੀ ਕਮਾਈਆ । ਅਸੀਂ ਪੰਜ ਤਤ ਨਿਮਾਣੇ ਤੇਰੇ ਚਰਨ ਬਲਿਹਾਰੀ, ਬਲ ਬਲ ਆਪਣਾ ਸੀਸ ਨਿਵਾਈਆ । ਤੂੰ ਦਾਤਾ ਦਇਆਵਾਨ ਸਾਡੀ ਜਾਣਾ ਪੈਜ ਸਵਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਰਸ ਨਿਝਰ ਦੇਣਾ ਠੰਡਾ ਠਾਰੀ, ਅਗਨੀ ਤਤ ਬੁਝਾਈਆ । ਨਾਦ ਸ਼ਬਦ ਧੁਨ ਅਨਹਦ ਸੁਣਾ ਸੱਚੀ ਧੁਨਕਾਰੀ, ਅਨਰਾਗੀ ਰਾਗ ਦ੍ਰਿੜਾਈਆ । ਜੋਤੀ ਜੋਤ ਕਰ ਉਜਿਆਰੀ, ਕਾਇਆ ਮੰਦਰ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭੂ ਅਸੀਂ ਰਾਹ ਰਹੇ ਤਕਦੇ, ਬਿਨ ਨੈਣਾਂ ਨੈਣ ਉਠਾਈਆ । ਸਾਡੇ ਲਹਿਣੇ ਦੇ ਦੇ ਹਕ ਦੇ, ਹਕੀਕਤ ਧੁਰ ਦੀ ਝੋਲੀ ਪਾਈਆ । ਅਸੀਂ ਵਣਜਾਰੇ ਰਹੀਏ ਨਾ ਮਨ ਮਤ ਦੇ, ਗੁਰਮਤ ਦੇਣੀ ਸਮਝਾਈਆ । ਲੇਖੇ ਮੁਕਾ ਦੇ ਕਾਇਆ ਤਤ ਦੇ, ਤਤਵ ਤਤ ਦ੍ਰਿੜਾਈਆ । ਭੇਵ ਖੁਲਾ ਦੇ ਬ੍ਰਹਮ ਮਤ ਦੇ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਯਾਰੜੇ ਤੇਰਾ ਸਥਰ ਘਤਦੇ, ਸੇਜ ਸੁਹੰਜਣੀ ਦੇਣੀ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਅਸੀਂ ਤਨ ਵਜੂਦ ਖ਼ਾਕ, ਮਾਟੀ ਦੀਨ ਦੁਨੀ ਜਣਾਈਆ । ਸਾਡਾ ਅੰਦਰੋਂ ਖੋਲ ਦੇ ਤਾਕ, ਪਰਦਾ ਦੂਈ ਰਹੇ ਨਾ ਰਾਈਆ । ਤੇਰੇ ਬਰਦੇ ਬਣੀਏ ਚਾਕ, ਦਰ ਠਾਂਡੇ ਸੇਵ ਕਮਾਈਆ । ਸਭ ਦਾ ਪੂਰਾ ਕਰ ਦੇ ਭਵਿਖਤ ਵਾਕ, ਵਾਕਿਆ ਤੱਕ ਖ਼ਲਕ ਖ਼ੁਦਾਈਆ । ਕਲਜੁਗ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਪੁਛ ਬਾਤ, ਬਾਤਨ ਪਰਦਾ ਆਪ ਉਠਾਈਆ । ਤੂੰ ਪੁਰਖ ਅਕਾਲਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਸਤਿ ਸਚ ਦੀ ਦੇ ਕੇ ਦਾਤ, ਦਇਆਵਾਨ ਆਪ ਵਰਤਾਈਆ । ਤੇਰੇ ਨੂਰ ਦੀ ਇਕੋ ਹੋਵੇ ਪ੍ਰਭਾਤ, ਇਕੋ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਨਿਮਾਣੇ ਵਿਚ ਦੁਨੀ, ਦੀਨ ਦਿਆਲ ਵੇਖਣਾ ਚਾਈਂ ਚਾਈਂਆ । ਪੁਰਖ ਅਕਾਲ ਬੇਨੰਤੀ ਇਕ ਸੁਣੀਂ, ਸਚ ਸਵਾਮੀ ਅੰਤਰਜਾਮੀ ਤੇਰੇ ਅਗੇ ਵਾਸਤਾ ਪਾਈਆ । ਤੂੰ ਗੁਣ ਨਿਧਾਨ ਵਡ ਗੁਣ ਗੁਣੀ, ਗਹਿਰ ਗੰਭੀਰ ਬੇਨਜ਼ੀਰ ਤੇਰੀ ਬੇਪ੍ਰਵਾਹੀਆ । ਸਾਨੂੰ ਲੱਖ ਚੁਰਾਸੀ ਵਿਚੋਂ ਛਾਣੀ ਪੁਣੀਂ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਧਿਆਨ ਲਗਾਈਆ । ਇਕੋ ਆਪਣੇ ਨਾਮ ਦੀ ਦੇਣੀ ਧੁਨੀ, ਧੁਨ ਆਤਮਕ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਏਕਾ ਵਾਰ ਬੋਲਦੇ, ਏਕੰਕਾਰ ਤੇਰੀ ਓਟ ਤਕਾਈਆ । ਸਾਚਾ ਸ਼ਬਦ ਅਗੰਮੇ ਕੰਡੇ ਤੋਲ ਦੇ, ਤਰਾਜ਼ੂ ਜਗਤ ਨਾ ਕੋਇ ਰਖਾਈਆ । ਬਜਰ ਕਪਾਟੀ ਅੰਦਰੋਂ ਕੁੰਡਾ ਖੋਲਦੇ, ਪਰਦਾ ਓਹਲਾ ਆਪ ਉਠਾਈਆ । ਨਾਮ ਨਿਧਾਨਾ ਇਕ ਅਨਮੋਲ ਦੇ, ਅਨਮੁਲੜੀ ਦਾਤ ਆਪ ਵਰਤਾਈਆ । ਸਾਡੇ ਮਾਲਕ ਸਵਾਮੀ ਨਿਜ ਘਰ ਕੋਲ ਦੇ, ਕੌਲ ਇਕਰਾਰ ਪੂਰੇ ਦੇਣੇ ਕਰਾਈਆ । ਲੇਖੇ ਤੱਕ ਲੈ ਧਰਨੀ ਧਰਤ ਧਵਲ ਧੌਲ ਦੇ, ਧਰਮ ਦੀ

ਧਾਰ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ ।
ਪੰਜ ਤਤ ਕਹਿਣ ਪ੍ਰਭ ਤੇਰਾ ਖੇਲ ਬਹੁ ਬਿਧ ਭਾਤੀ, ਭੇਵ ਕੋਇ ਨਾ ਪਾਈਆ । ਤੂੰ ਸਭ ਦਾ ਪਿਤਾ ਮਾਤੀ, ਪੁਰਖ ਅਕਾਲ ਨੂਰ ਅਲਾਹੀਆ ।
ਅੰਤਮ ਸਾਡੀ ਪੁਛ ਵਾਤੀ, ਵਾਰਸ ਹੋ ਕੇ ਲੈ ਉਠਾਈਆ । ਅਸੀਂ ਆਦਿ ਜੁਗਾਦਿ ਤੇਰੀ ਜ਼ਾਤੀ, ਜੋਤੀ ਜਾਤੇ ਤੇਰੀ ਓਟ ਤਕਾਈਆ । ਸਚ ਮੁਹੱਬਤ
ਜੋੜ ਲੈ ਨਾਤੀ, ਰਿਸ਼ਤਾ ਇਕੋ ਇਕ ਬਣਾਈਆ । ਸਾਡਾ ਝਗੜਾ ਰਹੇ ਨਾ ਕਾਗ਼ਜ਼ਾਤੀ, ਅਲਿਫ਼ ਯੇ ਨਾ ਵੰਡ ਵੰਡਾਈਆ । ਸਾਡਾ ਲਹਿਣਾ
ਨਹੀਂ ਅਲਫ਼ਾਜ਼ੀ, ਹਰਫ਼ ਹਰੂਫ਼ ਨਾ ਕੋਇ ਚਤੁਰਾਈਆ । ਤੇਰਾ ਮਿਲੇ ਮੇਲ ਇਤਫ਼ਾਕੀ, ਇਤਫ਼ਾਕੀਆ ਮੇਲ ਮਿਲਾਇਆ ਬੇਪ੍ਰਵਾਹੀਆ । ਕਲਜੁਗ
ਮੇਟ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਸਤਿਜੁਗ ਦੇ ਦੇ ਧਰਮ ਦੀ ਦਾਤੀ, ਵਸਤ ਅਗੰਮ ਅਥਾਹ ਝੋਲੀ ਪਾਈਆ । ਜੋ
ਝਗੜਾ ਮੇਟੇ ਜ਼ਾਤ ਪਾਤੀ, ਵਰਨ ਬਰਨ ਦਾ ਡੇਰਾ ਢਾਹੀਆ । ਤੇਰਾ ਹੁਕਮ ਦੱਸੇ ਇਕ ਸਫ਼ਾਤੀ, ਸਫ਼ਾ ਹਸਤੀ ਹਸਤ ਸਮਝਾਈਆ । ਤੂੰ ਸ਼ਾਹੋ
ਭੂਪ ਕਰਨਹਾਰ ਇਨਸਾਫ਼ੀ, ਅਦਲ ਆਦਲ ਦੇਣਾ ਦ੍ਰਿੜਾਈਆ । ਸਾਡੀ ਤੱਕੀਂ ਨਾ ਕੋਇ ਗੁਸਤਾਖ਼ੀ, ਨਿਵ ਨਿਵ ਸੀਸ ਝੁਕਾਈਆ । ਦਰ ਠਾਂਡੇ
ਮੰਗੀਏ ਮੁਆਫ਼ੀ, ਮੁਸ਼ਕਲ ਹੱਲ ਦੇਣੀ ਕਰਾਈਆ । ਧਰਨੀ ਧਰਤ ਤੇਰੀ ਪਾਵੇ ਰਾਸੀ, ਬਿਨ ਗੋਪੀ ਕਾਹਨ ਨਾਚ ਨਚਾਈਆ । ਤੂੰ ਸ਼ਾਹੋ ਭੂਪ
ਸ਼ਹਿਨਸ਼ਾਹ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਸਾਡਾ ਬਿਨਾ ਵਿਸ਼ਿਆਂ ਤੋਂ ਤੇਰੇ ਉਤੇ ਵਿਸ਼ਵਾਸੀ, ਵਿਸ਼ਵ ਦੇ ਮਾਲਕ ਹੋਣਾ ਆਪ
ਸਹਾਈਆ । ਚਿੰਤਾ ਗ਼ਮ ਮੇਟਣੀ ਜਨ ਭਗਤਾਂ ਅੰਦਰੋਂ ਉਦਾਸੀ, ਹਰਖ ਸੋਗ ਰਹੇ ਨਾ ਰਾਈਆ । ਤੇਰਾ ਨੂਰ ਨੁਰਾਨਾ ਨੂਰ ਜ਼ਹੂਰ ਇਕੋ ਜੋਤ
੧੯੮੧ ੨੩ ਹੋਵੇ ਪ੍ਰਕਾਸ਼ੀ, ਪ੍ਰਕਾਸ਼ਵਾਨ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ੧੯੮੧ ੨੩
ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਕਹਿਣ ਸਾਡੀ ਕਰ ਬੰਦ ਖ਼ਲਾਸੀ, ਬੰਧਨ ਜਗਤ ਜੁਗਤ ਤੁੜਾਈਆ ।

## ✪ ੧੧ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਰਹਾਣਾ ਖੁਰਦ ਨਸੀਬ ਕੌਰ ਡਵਿਡਾ ਰਿਹਾਣਾ ਦਰਸ਼ਨ ਸਿੰਘ ਦੁਸਾਂਝ ਸਾਧੂ ਸਿੰਘ ਫਗਵਾੜਾ ✪

ਪੰਜ ਤਤ ਕਹਿਣ ਸਤਿਗੁਰ ਸ਼ਬਦ ਬਿਧਾਤੇ, ਬਿਧਨਾ ਦੇ ਮਾਲਕ ਦੀਨ ਦਿਆਲ ਦਇਆ ਕਮਾਈਆ । ਨਿਰਗੁਣ ਧਾਰ ਆਪਣੇ ਨਾਲ ਜੋੜ ਲੈ ਨਾਤੇ, ਦੂਸਰ ਸੰਗੀ ਸੰਗ ਨਾ ਕੋਇ ਅਖਵਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਧਾਰ ਧੁਰ ਦੇ ਪਿਤ ਮਾਤੇ, ਪਰਮ ਪੁਰਖ ਪਰਮਾਤਮ ਤੇਰੀ ਓਟ ਤਕਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਇਕੋ ਤੇਰੀ ਗਾਈਏ ਗਾਥੇ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਾਹਿਬ ਸਮਰਾਥੇ, ਹਰਿ ਕਰਤਾ ਇਕ ਅਖਵਾਈਆ । ਹਉਂ ਬਾਲ ਅੰਜਾਣੇ ਅਨਾਥ ਅਨਾਥੇ, ਦੀਨਨ ਤੇਰੀ ਓਟ ਤਕਾਈਆ । ਸਚ ਸਵਾਮੀ ਅੰਤਰਜਾਮੀ ਸਗਲਾ ਬਖ਼ਸ਼ਣਾ ਸਾਥੇ, ਸੰਗੀ ਇਕ ਅਖਵਾਈਆ । ਨਿਰਗੁਣ ਜੋਤ ਲਿਲਾਟ ਜਗਾ ਮਾਥੇ, ਮਸਤਕ ਤੇਰੀ ਧੂੜੀ ਖ਼ਾਕ ਰਮਾਈਆ । ਸਾਡਾ ਲਹਿਣਾ ਦੇਣਾ ਦੇ ਦੇ ਹੱਥੋ ਹਾਥੇ, ਅਗੇ ਉਧਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਮੇਲਾ ਹੋਵੇ ਸਤਿ, ਸਤਿ ਸਤਿਵਾਦੀ ਦੇਣੀ ਵਡਿਆਈਆ । ਅੰਤਰਧਾਰ ਦੇਣੀ ਬ੍ਰਹਮ ਮਤ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਨਾਮ ਬੀਜਣਾ ਅਗੰਮੇ ਵਤ, ਪੱਤ ਟਹਿਣੀ ਫਲ ਫੁੱਲ ਆਪ ਮਹਿਕਾਈਆ । ਲੇਖੇ ਲਾਉਣੀ ਹੱਡ ਮਾਸ ਨਾੜੀ ਰਤ, ਰਤਨ ਅਮੋਲਕ ਹੀਰੇ ਲੈਣਾ ਬਣਾਈਆ । ਧੀਰਜ ਸੰਤੋਖ ਦੇਣਾ ਜਤ, ਧਰਮ ਦੀ ਧਾਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਏਕੰਕਾਰੇ ਏਕ, ਅਕਲ ਕਲਧਾਰੀ ਤੇਰੀ ਓਟ ਤਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਅੰਤਸ਼ਕਰਨ ਕਰ ਬਿਬੇਕ, ਬੁੱਧੀ ਆਪਣੇ ਰੰਗ ਰੰਗਾਈਆ । ਤ੍ਰੈਗੁਣ ਤਤਵ ਤਤ ਨਾ ਲਾਗੇ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਦਰਸ ਦਿਖਾ ਦੇ ਨੇਤਨ ਨੇਤ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਕਾਇਆ ਮੰਦਰ ਅੰਦਰ ਵੜ ਖੋਲ ਦੇ ਭੇਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਤਿ ਸਤਿਵਾਦੀ ਤੇਰਾ ਦਰਸ਼ਨ ਲਈਏ ਪੇਖ, ਗ੍ਰਹਿ ਮੰਦਰ ਅੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਨਿਰਗੁਣ ਧਾਰ ਅੰਦਰ ਵੜ, ਜੋਤੀ ਜਾਤੇ ਆਸਣ ਲਾਈਆ । ਮੰਜ਼ਲ ਹਕੀਕੀ ਆਪੇ ਚੜ੍ਹ, ਹਕੀਕਤ ਦੇ ਮਾਲਕ ਦਇਆ ਕਮਾਈਆ । ਸੁਰਤੀ ਸ਼ਬਦ ਧਾਰ ਫੜ, ਦੂਸਰ ਓਟ ਰਹੇ ਨਾ ਰਾਈਆ । ਕਿਲਾ ਹੰਕਾਰੀ ਤੋੜ ਗੜ੍ਹ, ਹਉਮੇ ਹੰਗਤਾ ਦੇ ਮਿਟਾਈਆ । ਕਰ ਪ੍ਰਕਾਸ਼ ਬਹੱਤਰ ਨੜ, ਨੂਰ ਨੁਰਾਨਾ ਡਗਮਗਾਈਆ । ਭੇਵ ਖੁਲ੍ਹਾ ਦੇ ਸੀਸ ਧੜ, ਚੇਤਨ ਜੜ ਦਾ ਲੇਖਾ ਰਹੇ ਨਾ ਰਾਈਆ । ਏਕੰਕਾਰ ਨਿਰਅੱਖਰ ਇਕੋ ਜਾਈਏ ਪੜ੍ਹ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਝਗੜਾ ਮੇਟਣਾ ਗੋਰ ਮੜ੍ਹ, ਤਨ ਵਜੂਦ ਪੰਜ ਤਤ ਤੇਰੇ ਅਗੇ ਵਾਸਤਾ ਪਾਈਆ । ਸਤਿ ਸਵਾਮੀ ਆਪਣੇ ਗ੍ਰਹਿ ਨਿਰਗੁਣ ਧਾਰ ਖੜ, ਦਰਗਾਹ ਸਾਚੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਸਾਡੇ ਉਤੇ ਕਰ ਦੇ ਮਿਹਰਾ, ਮਿਹਰਵਾਨ ਮਹਿਬੂਬ ਦਇਆ ਕਮਾਈਆ । ਦਰਸ ਦਿਖਾ ਦੇ ਨੇਰਨ ਨੇਰਾ, ਨਿਜ ਘਰ ਆਪਣਾ ਡੇਰਾ ਲਾਈਆ । ਅੰਤਸ਼ਕਰਨ ਬਖ਼ਸ਼ ਦੇ ਚਾਓ ਘਨੇਰਾ, ਖ਼ੁਸ਼ੀ ਵਿਚ ਖ਼ੁਸ਼ੀਆਂ ਢੋਲੇ ਗਾਈਆ । ਇਕੋ ਰੰਗ ਰੰਗਾ ਲੈ ਗੁਰੂ ਚੇਰਾ, ਚੇਲਾ ਗੁਰੂ ਇਕੋ ਰੂਪ ਦਰਸਾਈਆ । ਝਗੜਾ ਰਹੇ ਨਾ ਤੇਰਾ ਮੇਰਾ, ਤੂੰ ਮੇਰਾ ਮੈਂ ਤੇਰਾ ਰਾਗ ਦਰਸਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤਨ ਮੰਦਰ ਪਾ ਲੈ ਫੇਰਾ, ਫਿਰਤ ਫਿਰਤ ਆਪਣਾ ਪੰਧ ਮੁਕਾਈਆ । ਤੇਰਾ ਇਕੋ ਗ੍ਰਹਿ ਹੋਵੇ ਵਸੇਰਾ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਅਸੀਂ ਲੱਖ ਚੁਰਾਸੀ ਤਰਸਦੇ ਕਰ ਕੇ ਬੈਠੇ ਰਹੇ ਵੱਡਾ ਜੇਰਾ, ਜੁਗ ਚੌਕੜੀ ਤੇਰਾ ਧਿਆਨ ਲਗਾਈਆ । ਅੰਤ ਕੰਤ ਭਗਵੰਤ ਮੇਟ ਅੰਧੇਰਾ, ਅੰਧ ਅਗਿਆਨ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਲਾ ਲੈ ਆਸਣ, ਆਸਾ ਤੇਰੇ ਉਤੇ ਰਖਾਈਆ । ਤੂੰ ਸਾਹਿਬ ਪੁਰਖ ਅਬਿਨਾਸ਼ਣ, ਹਰਿ ਕਰਤਾ ਧੁਰਦਰਗਾਹੀਆ । ਕੋਟਨ ਕੋਟ ਜਨਮ ਦੇ ਦੁਖੜੇ ਨਾਸਣ, ਤਨ ਵਜੂਦ ਰਹਿਣ ਨਾ ਪਾਈਆ । ਦੀਵਾ ਬਾਤੀ ਜੋਤੀ ਧਾਰ ਕਰ ਪ੍ਰਕਾਸ਼ਣ, ਨੂਰ ਨੁਰਾਨੇ ਡਗਮਗਾਈਆ । ਝਗੜਾ ਮੁਕਾ ਦੇ ਪ੍ਰਿਥਮੀ

ਆਕਾਸ਼ਣ, ਗਗਨ ਗਗਨੰਤਰਾਂ ਡੇਰਾ ਢਾਹੀਆ । ਲੇਖੇ ਲਾ ਸਵਾਸ ਸਵਾਸਣ, ਸਾਹ ਸਾਹ ਤੇਰਾ ਨਾਮ ਧਿਆਈਆ । ਤੂੰ ਇਕੋ ਪਿਤ ਮਾਤਣ, ਪੁਰਖ ਅਕਾਲ ਇਕ ਅਖਵਾਈਆ । ਸਾਡੀ ਅੰਤਮ ਪੁਛ ਵਾਤਣ, ਵਾਰਸ ਹੋ ਕੇ ਦੇ ਵਡਿਆਈਆ । ਜੇ ਆਤਮਾ ਨਾਲ ਜੋੜੇ ਨਾਤਨ, ਨਾਲ ਤਤਾਂ ਦੇ ਤਰਾਈਆ । ਤੇਰਾ ਖੇਲ ਤੱਕੀਏ ਬਾਤਨ, ਮਿਹਰਵਾਨ ਤੇਰੀ ਬੇਪਰਵਾਹੀਆ । ਅੰਤ ਅਖੀਰ ਬੇਨਜ਼ੀਰ ਨਿਰਗੁਣ ਨਿਰਵੈਰ ਤੈਨੂੰ ਆਏ ਆਖਣ, ਪਰਵਰਦਿਗਾਰ ਸਾਂਝੇ ਯਾਰ ਹਕ ਹਕ ਸੁਣਾਈਆ । ਸਾਡਾ ਪੰਧ ਮੇਟ ਦੇ ਵਾਟਣ, ਚੁਰਾਸੀ ਫਾਸੀ ਦੇ ਕਟਾਈਆ । ਲੇਖੇ ਲਾ ਲੈ ਕਾਇਆ ਮਾਟਣ, ਮਾਟੀ ਭਾਂਡੇ ਤੇਰੇ ਅਗੇ ਟਿਕਾਈਆ । ਫੇਰ ਵਿਕੀਏ ਨਾ ਕਿਸੇ ਹਾਟਣ, ਹਟੋ ਹੱਟ ਨਾ ਜਗਤ ਫਿਰਾਈਆ । ਤੂੰ ਆਦਿ ਜੁਗਾਦੀ ਮਾਲਕ ਲੋਕਮਾਤਣ, ਮਾਤਲੋਕ ਤੇਰੀ ਓਟ ਰਖਾਈਆ । ਅਸੀਂ ਦੀਨਨ ਦੀਨ ਅਨਾਥ ਅਨਾਥਨ, ਸਮਰਥ ਤੇਰੀ ਬੇਪਰਵਾਹੀਆ । ਕਥਨੀ ਕਥ ਸਕੀਏ ਕਿਛ ਨਾ ਕਾਥਨ, ਰਸਨਾ ਕਹਿਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਇਕ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਦੀਪਕ ਜੋਤ ਜਗਾ ਦੇ ਜੋਤੀ, ਜੋਤੀ ਜਾਤੇ ਦਇਆ ਕਮਾਈਆ । ਸਾਡੀ ਸੁਰਤ ਰਹੇ ਨਾ ਸੋਤੀ, ਸੁਰਤੀ ਸ਼ਬਦ ਨਾਲ ਉਠਾਈਆ । ਆਤਮ ਧਾਰ ਬਣਾ ਲੈ ਗੋਤੀ, ਪਰਮਾਤਮ ਆਪਣੇ ਰੰਗ ਰੰਗਾਈਆ । ਸ਼ਬਦੀ ਧਾਰ ਬਣਾ ਲੈ ਮਾਣਕ ਮੋਤੀ, ਅਨਮੁਲੜੇ ਆਪਣੇ ਰੰਗ ਰੰਗਾਈਆ । ਸਾਡੀ ਮੰਜ਼ਲ ਪੂਰੀ ਕਰ ਦੇ ਜੋ ਜਨਮ ਲਏ ਕੋਟਨ ਕੋਟੀ, ਗਿਣਤੀ ਗਣਤ ਨਾ ਕੋਇ ਵਡਿਆਈਆ । ਨਿਗਾਹ ਮਾਰ ਲੈ ਹਕ ਮਹਿਬੂਬ ਸਚਖੰਡ ਦਵਾਰ ਦੀ ਚੜ੍ਹ ਕੇ ਚੋਟੀ, ਬਿਨ ਨੈਣਾਂ ਨੈਣ ਉਠਾਈਆ । ਜਨ ਭਗਤ ਸੁਹੇਲੇ ਇਕ ਅਕੇਲੇ ਤੇਰੀ ਰੱਖਦੇ ਓਟੀ, ਓੜਕ



ਤੇਰਾ ਧਿਆਨ ਲਗਾਈਆ । ਪੰਧ ਮੁਕਾ ਦੇ ਲੋਕ ਪ੍ਰਲੋਕੀ, ਸਚ ਸਲੋਕ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰੀ ਖੇਲ ਸਦਾ ਅਨੋਖੀ, ਅਨਕ ਕਲਧਾਰੀ ਤੇਰਾ ਭੇਵ ਕੋਇ ਨਾ ਪਾਈਆ ।

੧੯੮੩
੨੩

੧੧ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਗੁਰਮੀਤ ਸਿੰਘ ਚਰਨ ਕੌਰ ਪਿੰਡ ਫਰਾਲਾ ਰਾਮ ਸਿੰਘ ਮਨਸਾ ਸਿੰਘ ਫਰਾਲਾ
ਗਣੇਸ਼ਾ ਸਿੰਘ ਕੋਟ ਕਲਾ ਸਾਧੂ ਸਿੰਘ ਸਲਾਰ ਪੁਰ ਮਹਿੰਦਰ ਸਿੰਘ ਦੌਲਤ ਪੁਰ ਚਰਨ ਕੌਰ ਮਹਿਲ ਗਹਿਲਾ
ਗੁਰਦੇਵ ਸਿੰਘ ਸਤਿਨਾਮ ਸਿੰਘ ਪ੍ਰੇਮ ਸਿੰਘ ਸਵਰਨ ਸਿੰਘ ਫਰਾਲਾ

ਪੰਜ ਤਤ ਕਹਿਣ ਪ੍ਰਭ ਸਾਡੇ ਮਾਲਕ ਸੁਲਹਕੁਲ, ਕੁਲ ਮਾਲਕ ਖ਼ਾਲਕ ਤੇਰੀ ਓਟ ਤਕਾਈਆ । ਆਦਿ ਜੁਗਾਦੀ ਸ਼ਹਿਨਸ਼ਾਹ ਅਭੁੱਲ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਾਨੂੰ ਦੇ ਵਸਤ ਨਾਮ ਅਨਮੁਲ, ਅਤੋਟ ਅਤੁਟ ਵਰਤਾਈਆ । ਜਗਤ ਜਹਾਨ ਸ੍ਰੀ ਭਗਵਾਨ ਜਾਈਏ ਨਾ ਭੁੱਲ, ਭੁੱਲਿਆਂ ਮਾਰਗ ਦੇਣਾ ਦਰਸਾਈਆ । ਕੂੜੀ ਕਿਰਿਆ ਮਾਇਆ ਮਮਤਾ ਵਿਚ ਜਾਈਏ ਨਾ ਰੁਲ, ਜਗਤ ਵਿਕਾਰ ਰੰਗ ਨਾ ਕੋਇ ਰੰਗਾਈਆ । ਨਿਰਗੁਣ ਨਿਰਵੈਰ ਤੋਲਣਾ ਆਪਣੇ ਤੁਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਪੰਜ ਤਤ ਕਹਿਣ ਸਾਡੀ ਵੇਖ ਲੈ ਅੰਤਸ਼ਕਰਨ ਦੀ ਧਾਰ, ਨਿਰੰਤਰ ਪਰਦਾ ਆਪ ਚੁਕਾਈਆ । ਸਾਡਾ ਲਹਿਣਾ ਤੱਕ ਲੈ ਦੀਨ ਦੁਨੀ ਤੋਂ ਬਾਹਰ, ਜਗਤ ਤਨ ਵਜੂਦ ਨਾ ਕੋਇ ਚਤੁਰਾਈਆ । ਬੇਨੰਤੀ ਕਰੀਏ ਦਰ ਠਾਂਡੇ ਦਰਬਾਰ, ਸਚਖੰਡ ਸਾਚੇ ਮੰਗ ਮੰਗਾਈਆ । ਤੂੰ ਦੇਵਣਹਾਰ ਨਿਰੰਕਾਰ, ਨਿਰਵੈਰ ਤੇਰੀ ਬੇਪ੍ਰਵਾਹੀਆ । ਅਸੀਂ ਮੰਗਤੇ ਬਣੇ ਭਿਖਾਰ, ਭਿੱਖਕਾਂ ਝੋਲੀਆਂ ਦੇਣੀਆਂ ਭਰਾਈਆ । ਤੇਰੇ ਹੁਕਮ ਵਿਚ ਫਿਰਦੇ ਰਹੇ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਹੁਣ ਲਹਿਣੇ ਦੇਣੇ ਪੂਰੇ ਕਰ ਦੇ ਕਲਜੁਗ ਅੰਤਮ ਵਾਰ, ਕਲ ਕਲਕੀ ਤੇਰੀ ਓਟ ਰਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਨੂਰ ਹੋਵੇ ਉਜਿਆਰ, ਉਜਾਲਾ ਗੁਪਾਲਾ ਤੇਰਾ ਸਤਿ ਸਰੂਪ ਨਜ਼ਰੀ ਆਈਆ । ਲਹਿਣਾ ਦੇਣਾ ਸਾਡਾ ਪੂਰਾ ਕਰ ਦੇ ਕਰਜ਼ ਹੁਦਾਰ, ਦਰ ਤੇਰੇ ਮੰਗ ਮੰਗਾਈਆ । ਡੰਡਾਵਤ ਬੰਦਨਾ ਸਜਦਿਆਂ ਵਿਚ ਕਰੀਏ ਨਿਮਸਕਾਰ, ਨਿਵ ਨਿਵ ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਵੇਖ ਲੈ ਬਿਨਾ ਸ਼ਾਹੀ ਕਲਮ ਦਵਾਤ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਅੰਦਰੋਂ ਮੇਟ ਅੰਧੇਰੀ ਰਾਤ, ਨੂਰੀ ਚੰਨ ਚੰਨ ਚਮਕਾਈਆ । ਅੰਤ ਕੰਤ ਸ੍ਰੀ ਭਗਵੰਤ ਪੁਛ ਲੈ ਵਾਤ, ਕਲਜੁਗ ਕੂਕ ਕੂਕ ਸੁਣਾਈਆ । ਵਸਤ ਅਗੰਮ ਅਥਾਹ ਮਿਹਰਵਾਂ ਹੋ ਕੇ ਦੇ ਦਾਤ, ਮਹਿਬਾਨ ਬੀਦੋ ਆਪਣੀ ਦਇਆ ਕਮਾਈਆ । ਤੇਰਾ
੧੯੮੪
੨੩
ਦਰਸ਼ਨ ਕਰਦੇ ਰਹੀਏ ਇਕ ਇਕਾਂਤ, ਇਕ ਇਕੱਲੇ ਨੂਰ ਜ਼ਹੂਰ ਦੇਣਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਆਸ਼ਾ ਤੱਕ ਲੈ ਬਿਨਾ ਜਗਤ ਦੀ ਖ਼ਾਹਿਸ਼, ਖ਼ਾਲਕ ਦੇਈਏ ਦ੍ਰਿੜਾਈਆ । ਨਿਰਗੁਣ ਧਾਰ ਕਰ ਪ੍ਰਕਾਸ਼, ਸਰਗੁਣ ਪਰਦਾ ਆਪ ਚੁਕਾਈਆ । ਕਿਰਪਾ ਕਰ ਸ਼ਾਹੋ ਸ਼ਾਬਾਸ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਸਾਡੀ ਲੋਕਮਾਤ ਤਤਾਂ ਵਾਲੀ ਰੁਲੇ ਨਾ ਲਾਸ਼, ਮਿੱਟੀ ਖ਼ਾਕ ਨਾ ਕੋਇ ਉਡਾਈਆ । ਸਾਡਾ ਲਹਿਣਾ ਦੇਣਾ ਲੇਖਾ ਉਤੇ ਕਰ ਲੈ ਅਕਾਸ਼ਾਂ ਅਕਾਸ਼, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਸਾਨੂੰ ਤੇਰੇ ਉਤੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਦੇਣਾ ਜਣਾਈਆ । ਹੁਕਮ ਸੰਦੇਸ਼ਾ ਦੇ ਦੇ ਸ਼ੰਕਰ ਕੈਲਾਸ਼, ਸ਼ਬਦੀ ਸ਼ਬਦ ਦ੍ਰਿੜਾਈਆ । ਭੋਲੇ ਨਾਥ ਮੇਰੇ ਭਗਤਾਂ ਦਾ ਹੋਣਾ ਦਾਸ, ਸੇਵਾ ਸਚ ਸਚ ਕਮਾਈਆ । ਇਨ੍ਹਾਂ ਆਤਮਾ ਧਾਰ ਆਉਣਾ ਮੇਰੇ ਪਾਸ, ਪੰਜ ਤਤ ਤਤ ਨਾ ਕੋਇ ਬਦਲਾਈਆ । ਲਹਿਣਾ ਦੇਣਾ ਵੇਖਣਾ ਸਵਾਸ ਸਵਾਸ, ਸਾਹ ਸਾਹ ਆਪਣਾ ਰੰਗ ਰੰਗਾਈਆ । ਗ੍ਰਿਹਿ ਮੰਦਰ ਬਖ਼ਸ਼ਣਾ ਇਕ ਪ੍ਰਕਾਸ਼, ਤਨ ਵਜੂਦ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਦੇਵੀ ਦੇਵ, ਦੇਵ ਆਤਮਾ ਤੇਰਾ ਧਿਆਨ ਲਗਾਈਆ । ਸਾਡੀ ਘਾਲ ਲੇਖੇ ਲਾ ਲੈ ਸੇਵ, ਚਾਕਰ ਹੋ ਕੇ ਸੀਸ ਨਿਵਾਈਆ । ਤੇਰੇ ਗੁਣ ਗਾਉਂਦੇ ਰਹੇ ਰਸਨਾ ਜਿਹਵ, ਬੱਤੀ ਦੰਦਾਂ ਸਿਫ਼ਤ ਸਲਾਹੀਆ । ਤੂੰ ਵਸਣਹਾਰਾ ਸਦਾ ਧਾਮ ਨਿਹਕੇਵ, ਨਿਹਚਲ ਬੈਠਾ ਆਸਣ ਲਾਈਆ । ਸਚ ਪਿਆਰ ਦਾ ਦੇ ਦੇ ਮੇਵ, ਰਸ ਅੰਮ੍ਰਿਤ ਨਾਮ ਚਖਾਈਆ । ਸਾਚਾ ਮਸਤਕ ਲਾ ਦੇ ਥੇਵ, ਕੌਸਤਕ ਮਣੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਆਦਿ ਜੁਗਾਦਿ ਤੇਰੇ ਸੰਗੀ ਸਾਥੀ, ਜੁਗ ਜੁਗ ਸੰਗ ਬਣਾਈਆ । ਤੂੰ ਸਭ ਦਾ ਚਲਾਵਣਹਾਰਾ ਰਾਥੀ, ਰਥ ਰਥਵਾਹੀ ਬੇਪ੍ਰਵਾਹੀਆ । ਦੱਸਣਹਾਰਾ ਅਗੰਮੀ ਗਾਥੀ, ਬਿਨ ਅੱਖਰਾਂ ਅੱਖਰ ਬਣਾਈਆ । ਲਹਿਣਾ ਦੇਣਾ ਚੁਕਾ ਦੇ ਮਸਤਕ ਮਾਥੀ, ਪੂਰਬ ਸਭ ਦਾ ਝੋਲੀ ਪਾਈਆ । ਸਾਡੀ ਬੇਨੰਤੀ ਮੰਨ ਲੈ ਆਖੀ, ਆਖਰ ਤੇਰੀ ਓਟ ਤਕਾਈਆ । ਚਾਰ ਜੁਗ ਦੀ ਬਖ਼ਸ਼ ਗੁਸਤਾਖ਼ੀ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਅਸੀਂ ਪੰਜ ਤਤ ਤਨ ਵਜੂਦ ਜਨ ਭਗਤ ਸਾਰੇ ਮੰਗਦੇ ਮੁਆਫ਼ੀ, ਨਿਰਗੁਣ ਤੇਰੇ ਅਗੇ ਵਾਸਤਾ ਪਾਈਆ । ਤੇਰੇ ਪਿਆਰ ਵਿਚ ਸਾਨੂੰ ਦੇਵੇ ਕੋਇ ਨਾ ਫਾਸੀ, ਰਾਏ ਧਰਮ ਚਲੇ ਨਾ ਕੋਇ ਚਤੁਰਾਈਆ । ਤੇਰੇ ਦਰਗਾਹ ਸਾਚੀ ਸਚਖੰਡ ਦਵਾਰ ਦੇ ਹੋਈਏ ਵਾਸੀ, ਤਤ ਤਤ ਤੇਰੇ ਰੂਪ ਵਿਚ ਸਮਾਈਆ । ਸਾਡੀ ਮੇਟਣੀ ਜਗਤ ਵਾਲੀ ਉਦਾਸੀ, ਚਿੰਤਾ ਕੂੜ ਦੇਣੀ ਮਿਟਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਸਤਿਗੁਰ ਸ਼ਬਦ ਤੇਰੀ ਬੇਪ੍ਰਵਾਹੀਆ । ਸਾਡਾ ਲਹਿਣਾ ਪੂਰਾ ਕਰਨਾ ਸਵਾਸ ਸਵਾਸੀ, ਸਾਹ ਸਾਹ ਤੇਰਾ ਨਾਮ ਦ੍ਰਿੜਾਈਆ । ਸਾਡੀ ਖ਼ਾਹਿਸ਼ ਤੇਰੇ ਪਿਆਰ ਦੀ ਪਿਆਸੀ, ਧੁਰ ਦਾ ਜਾਮ ਦੇਣਾ ਪਿਆਈਆ । ਜਨਮ ਕਰਮ ਦੀ ਮੇਟ ਉਦਾਸੀ, ਸੁਖ ਸਾਗਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਰਗੁਣ ਕਰ ਬੰਦ ਖਲਾਸੀ, ਬੰਦੀ ਛੋੜ ਤੇਰੇ ਹੱਥ ਵਡਿਆਈਆ ।

੧੯੮੫ ੨੩

## ੧੨ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸੋਢੀਆਂ ਸੰਤੋਖ ਸਿੰਘ ਪ੍ਰੀਤਮ ਸਿੰਘ ਫਗਵਾੜਾ ਮਿਲਖਾ ਸਿੰਘ ਸੈਲਾ ਖੁਰਦ ਪ੍ਰੀਤਮ ਕੌਰ ਮਾਹਲ ਗਹਿਲਾ

੧੯੮੫ ੨੩

ਪੰਜ ਤਤ ਕਹਿਣ ਪ੍ਰਭ ਸਾਡੀ ਪੈਜ ਸਵਾਰ ਦੇ, ਪੰਚਮ ਪੰਚਮ ਆਪਣੇ ਰੰਗ ਰੰਗਾਈਆ । ਨਿਰਗੁਣ ਸਰਗੁਣ ਦੁਰਮਤ ਮੈਲ ਉਤਾਰ ਦੇ, ਕੂੜੀ ਕਿਰਿਆ ਬਾਹਰ ਕਢਾਈਆ । ਦੀਨ ਦਿਆਲ ਨਿਜ ਘਰ ਦਰਸ਼ਨ ਅਗੰਮ ਅਪਾਰ ਦੇ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਸ਼ਬਦ ਅਨਾਦੀ ਸੱਚੀ ਧੁਨਕਾਰ ਦੇ, ਅਨਹਦ ਨਾਦੀ ਨਾਦ ਕਰ ਸ਼ਨਵਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਠੰਡੀ ਠਾਰ ਦੇ, ਅਗਨੀ ਤਤ ਬੁਝਾਈਆ । ਘਰ ਘਰ ਵਿਚ ਆਪਣਾ ਮੰਦਰ ਸਚ ਵਖਾਲ ਦੇ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜਲਵਾ ਨੂਰ ਜਮਾਲ ਦੇ, ਪਰਵਰਦਿਗਾਰ ਸਾਂਝੇ ਯਾਰ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲਹਿਣਾ ਦੇਣਾ ਤੱਕ ਲੈ ਆਪ, ਆਪਣੀ ਦਇਆ ਕਮਾਈਆ । ਸਚ ਪ੍ਰੀਤ ਜੋੜ ਲੈ ਨਾਤ, ਰਿਸ਼ਤਾ ਆਪਣੇ ਨਾਲ ਰਖਾਈਆ । ਦਰੋਹੀ ਸਾਡੀ ਹਾਲਤ ਵੇਖ ਲੈ ਮਾਤ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਝਗੜਾ ਤੱਕ ਲੈ ਜ਼ਾਤ ਪਾਤ, ਦੀਨ ਦੁਨੀ ਕਰੇ ਲੜਾਈਆ । ਸਾਚਾ ਮਿਲੇ ਨਾ ਕੋਇ ਸਾਕ, ਸਚ ਸਰੂਪ ਨਾ ਕੋਇ ਸਮਾਈਆ । ਸਾਡੀ ਇਕ ਬੇਨੰਤੀ ਇਕੋ ਅਗੰਮੀ ਬਾਤ, ਬਾਤਨ ਦੇਈਏ ਜਣਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਬਿਨ ਕਲਮ ਦਵਾਤ, ਕਾਗਦ ਸ਼ਾਹੀ ਵੰਡ ਨਾ ਕੋਇ ਵੰਡਾਈਆ । ਨਿਰਗੁਣ ਧਾਰ

ਮੇਟ ਅੰਧੇਰੀ ਰਾਤ, ਸਤਿ ਸਚ ਚੰਦ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਮੀਤ ਅਗੰਮੜੇ, ਅਗੰਮ ਅਥਾਹ ਤੇਰੀ ਸਰਨਾਈਆ । ਸਾਡੇ ਤੱਕ ਲੈ ਕਾਇਆ ਮਾਟੀ ਚੰਮੜੇ, ਚੰਮ ਦ੍ਰਿਸ਼ਟੀ ਵਿਚ ਹਲਕਾਈਆ । ਸਾਡੀ ਕੀਮਤ ਰਹੀ ਨਾ ਦਮੜੇ, ਜਗਤ ਹਾਟ ਨਾ ਕੋਇ ਵਿਕਾਈਆ । ਬਿਨ ਤੇਰੀ ਕਿਰਪਾ ਹੋਏ ਨਿਕੰਮੜੇ, ਤਨ ਵਜੂਦ ਨਾ ਕੋਇ ਚਤੁਰਾਈਆ । ਸਚ ਸਵਾਮੀ ਬੇੜਾ ਕੋਇ ਨਾ ਬੰਨ੍ਹੜੇ, ਕੰਧੇ ਕੰਧ ਨਾ ਕੋਇ ਰਖਾਈਆ । ਸੁਖ ਮਿਲੇ ਨਾ ਕੋਇ ਅਨੰਦੜੇ, ਅਨੰਦ ਅਨੰਦ ਵਿਚ ਨਾ ਕੋਇ ਸਮਾਈਆ । ਸਾਡੇ ਭਾਗ ਰਹੇ ਨਾ ਚੰਗੜੇ, ਭਾਗਹੀਣ ਰੋਈਏ ਮਾਰੀਏ ਧਾਹੀਆ । ਸਾਡੀ ਬੇਨੰਤੀ ਤੁਧ ਬਿਨ ਕੋਇ ਨਾ ਮੰਨੜੇ, ਮਨਸਾ ਪੂਰ ਨਾ ਕੋਇ ਕਰਾਈਆ । ਨੇਤਰਹੀਣ ਹੋਏ ਅੰਧੜੇ, ਨਿਜ ਲੋਚਨ ਨਾ ਕੋਇ ਰੁਸ਼ਨਾਈਆ । ਪ੍ਰਕਾਸ਼ ਕਿਸੇ ਕੰਮ ਨਾ ਆਵਣ ਸੂਰੀਆ ਚੰਦੜੇ, ਚੰਦ ਚਾਂਦਨਾ ਇਕੋ ਦੇ ਚਮਕਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਮੰਦਰੇ, ਕਾਇਆ ਕਾਅਬਾ ਇਕੋ ਇਕ ਸੁਹਾਈਆ । ਤੇਰੇ ਤ੍ਰੈਗੁਣ ਮਾਇਆ ਵੱਜੇ ਰਹਿਣ ਨਾ ਜੰਦਰੇ, ਧਾਤੂ ਤਾਲੇ ਦੇਣੇ ਖੁਲਾਈਆ । ਨਿਗਾਹ ਮਾਰ ਲੈ ਡੂੰਘੀ ਅੰਧੇਰੀ ਕੰਦਰੇ, ਦਰ ਤੇਰੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਸਾਡਾ ਅੰਦਰੋਂ ਕੱਟ ਅੰਧੇਰਾ, ਅੰਧ ਆਤਮ ਦੇ ਮਿਟਾਈਆ । ਨਿਜ ਘਰ ਕਰ ਸਵੇਰਾ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਬਿਨ ਖ਼ੁਸ਼ੀਆਂ ਦੇ ਚਾਓ ਘਨੇਰਾ, ਘਰ ਵਜਦੀ ਰਹੇ ਵਧਾਈਆ । ਤੂੰ ਸਵਾਮੀ ਠਾਕਰ ਮੇਰਾ, ਮਿਹਰਵਾਨ ਇਕ ਅਖਵਾਈਆ । ਤਨ ਵਜੂਦ ਤੇਰਾ ਚੇਰਾ, ਆਤਮ ਦੇਵਣਹਾਰ ਗਵਾਹੀਆ । ਬਿਨਾ ਤਤਾਂ ਤੋਂ ਤੇਰੇ ਨੂਰ ਦਾ ਹੋਏ ਨਾ ਕਿਤੇ ਵਸੇਰਾ, ਜਗਤ ਮੰਦਰ ਨਾ ਕੋਇ ਸੁਹਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਸਾਡੇ ਅੰਦਰ ਲਾ ਲੈ ਡੇਰਾ, ਗ੍ਰਿਹਿ ਆਪਣਾ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਆ ਜਾ ਪ੍ਰਭ ਆਪਣੇ ਖੇੜੇ, ਖਿੜਕੀ ਕੁੰਡੀ ਆਪ ਖੁਲਾਈਆ । ਨਿਰਗੁਣ ਧਾਰ ਚਾੜ੍ਹ ਲੈ ਬੇੜੇ, ਬੇੜਾ ਨਈਆ ਨੌਕਾ ਨਾਮ ਜਣਾਈਆ । ਅਸੀਂ ਭਰਮ ਭਰਮ ਥੱਕੇ ਚੁਰਾਸੀ ਵਾਲੇ ਗੇੜੇ, ਚਾਰੇ ਖਾਣੀਆਂ ਰੰਗ ਰੰਗਾਈਆ । ਤੁਧ ਬਿਨ ਲਹਿਣਾ ਦੇਣਾ ਨਾ ਕੋਇ ਨਬੇੜੇ, ਅੰਤ ਕਰਨ ਕੋਇ ਨਾ ਆਈਆ । ਸਾਡੇ ਜਗਤ ਸ਼ਰਅ ਦੇ ਮੇਟ ਦੇ ਝੇੜੇ, ਛੁਰੀ ਧਾਰ ਬਣੇ ਨਾ ਕੋਇ ਕਸਾਈਆ । ਪੁਰਖ ਅਕਾਲੇ ਦੀਨ ਦਿਆਲੇ ਲੈ ਜਾ ਆਪਣੇ ਵਿਹੜੇ, ਤਤਾਂ ਦਾ ਰੂਪ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤਤਾਂ ਵਿਚ ਨਾ ਫੇਰ ਸਮਾਈਆ । ਸਾਨੂੰ ਬਖ਼ਸ਼ ਦੇ ਚਾਓ ਘਨੇਰੇ, ਘਨਈਆ ਰਮਈਆ ਤੇਰੀ ਓਟ ਤਕਾਈਆ । ਪਰਵਰਦਿਗਾਰ ਸਾਂਝੇ ਯਾਰ ਕਰ ਦੇ ਮਿਹਰੇ, ਮਿਹਰਵਾਨ ਮਹਿਬਾਨ ਬੀਦੋ ਤੇਰਾ ਇਕੋ ਨੂਰ ਜ਼ਹੂਰ ਕਰੇ ਰੁਸ਼ਨਾਈਆ । ਅਸੀਂ ਜੁਗ ਜਨਮ ਜਨਮ ਲੈ ਕੇ ਵੇਖ ਲਏ ਵਥੇਰੇ, ਮਰ ਆਪਣਾ ਵੇਸ ਵਟਾਈਆ । ਹੁਣ ਆ ਗਏ ਦਰ ਤੇਰੇ, ਦਰ ਠਾਂਡੇ ਸੀਸ ਨਿਵਾਈਆ । ਤੂੰ ਸਤਿਗੁਰ ਸ਼ਬਦ ਗਹਿਰ ਗੰਭੀਰ ਬੇਨਜ਼ੀਰ ਅਸੀਂ ਤੇਰੇ ਬਣੀਏ ਚੇਰੇ, ਚੇਲਾ ਗੁਰ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਅਭੇਦ ਚੁਕਾਈਆ । ਪੰਜ ਤਤ ਕਹਿਣ ਪ੍ਰਭ ਧੁਰ ਦਾ ਭੇਵ ਖੋਲ ਦੇ ਜਗ, ਜਗ ਜੀਵਣ ਦਾਤੇ ਦਇਆ ਕਮਾਈਆ । ਸਾਡੀ ਤ੍ਰਿਸ਼ਨਾ ਬੁਝਾ


੧੯੮੬
੨੩

ਦੇ ਅੱਗ, ਅਗਨੀ ਤਤ ਨਾ ਲਾਗੇ ਰਾਈਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਪੁਰਦਰਗਾਹੀਆ । ਕੀ ਹੋਇਆ ਜੇ ਅਸੀਂ ਤਤ ਜੀ ਅਲਪਗ, ਕੂੜੀ ਕਿਰਿਆ ਨਾਲ ਵਡਿਆਈਆ । ਤੂੰ ਮਾਲਕ ਖ਼ਾਲਕ ਸਾਨੂੰ ਵੱਖਰਾ ਚਾੜ੍ਹ ਦੇ ਰੰਗ, ਰੰਗਤ ਇਕ ਵਡਿਆਈਆ । ਦਰ ਠਾਂਡਾ ਰਹੇ ਮੰਗ, ਭਿੱਖਕ ਹੋ ਕੇ ਝੋਲੀ ਡਾਹੀਆ । ਸਚ ਸਤਿ ਸਦਾ ਬਖ਼ਸ਼ ਦੇ ਸੰਗ, ਸਗਲੇ ਸੰਗੀ ਹੋਣਾ ਸਹਾਈਆ । ਅਸੀਂ ਜਗਤ ਜਹਾਨ ਦੀ ਮੰਜ਼ਲ ਜਾਈਏ ਲੰਘ, ਅਗੇ ਅਵਰ ਨਾ ਕੋਇ ਅਟਕਾਈਆ । ਸਚ ਨਾਮ ਸੁਣਾ ਮਰਦੰਗ, ਧੁਨ ਨਾਦ ਨਾਲ ਸ਼ਨਵਾਈਆ । ਸਾਡੀ ਆਤਮ ਸੇਜ ਸੁਹਾ ਪਲੰਘ, ਬਿਨ ਪਾਵਾ ਚੂਲ ਜਿਸ ਦੀ ਬਣਤ ਬਣਾਈਆ । ਤੇਰੀ ਧਾਰ ਦਾ ਤੇਰਾ ਹੋਵੇ ਛੰਦ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸਾਡਾ ਲੇਖੇ ਲਾ ਲੈ ਬੰਦ ਬੰਦ, ਬੰਦਗੀ ਵਿਚ ਤੇਰੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਸਾਚਾ ਸੰਗ ਬਖ਼ਸ਼ ਦੇ ਜਗ, ਦਰ ਠਾਂਡੇ ਮੰਗ ਮੰਗਾਈਆ । ਦਰਸ਼ਨ ਦੇ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਜਗਤ ਜਹਾਨ ਰਹੇ ਨਾ ਹੱਦ, ਹਦੂਦ ਆਪਣੀ ਦੇ ਵਖਾਈਆ । ਜਿਥੇ ਦੀਪਕ ਜੋਤ ਰਿਹਾ ਜਗ, ਬਿਨ ਤੇਲ ਬਾਤੀ ਡਗਮਗਾਈਆ । ਫੇਰ ਕਦੇ ਨਾ ਹੋਈਏ ਅੱਡ, ਗ੍ਰਿਹਿ ਮੰਦਰ ਦੇਈਏ ਸੁਹਾਈਆ । ਸਾਡਾ ਲੇਖਾ ਲਾ ਲੈ ਮਾਸ ਨਾੜੀ ਹੱਡ, ਬੂੰਦ ਰਕਤ ਤੇਰੇ ਚਰਨਾਂ ਵਿਚ ਟਿਕਾਈਆ । ਪੁਰਖ ਅਕਾਲੇ ਪੰਜ ਤਤ ਕਹਿਣ ਅਸੀਂ ਤੇਰੇ ਭਗਤ ਸੁਹੇਲੇ ਲੋਕਮਾਤ ਜਾਈਂ ਨਾ ਛਡ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ
੧੯੮੭ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ੧੯੮੭
੨੩ ਏਕੰਕਾਰ ਅਕਲ ਕਲਧਾਰੀ ਲੈਣਾ ਸੱਦ, ਸੱਦਾ ਹੁਕਮ ਨਾਮ ਸ਼ਬਦ ਜਣਾਈਆ । ੨੩

✪ ੧੨ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਰੰਗੀਲਪੁਰ ਜਗੀਰ ਸਿੰਘ ਲਛਮਨ ਸਿੰਘ ਧਨੌਰੀ ਭਜਨ ਸਿੰਘ ਮੇਹਰ ਸਿੰਘ ਸ਼ੇਖ਼ੁਪੁਰ ਪ੍ਰੀਤਮ ਸਿੰਘ ਰਾਜੇ ਮਾਜਰਾ ਸਰੂਪ ਕੌਰ ਗੋਸਲਾ ਬਚਨ ਸਿੰਘ ਧਿਆਨਪੁਰ ਸਰਜੀਤਮ ਸਿੰਘ ਘੜੂਆ ਗੁਰਸ਼ਰਨ ਸਿੰਘ ਨੰਗਲ ਕਿਰਪਾਲ ਸਿੰਘ ਧਨੌਰੀ ਸੁਰਜੀਤ ਸਿੰਘ ਜਗਤ ਪੁਰ ਸੁਰਜੀਤ ਸਿੰਘ ਰਾਜੇ ਮਾਜਰਾ ✪

ਪੰਜ ਤਤ ਕਹਿਣ ਪ੍ਰਭ ਸਾਡਾ ਅੰਤਸ਼ਕਰਨ ਕਰ ਦੇ ਸ਼ੁੱਧ, ਦੂਈ ਦਵੈਤੀ ਸ਼ਰਅ ਸ਼ਰਾਇਤੀ ਰੰਗ ਨਾ ਕੋਇ ਵਖਾਈਆ । ਨਿਰਗੁਣ ਨਿਰਾਕਾਰ ਨਿਰੰਕਾਰ ਸਾਡੀ ਉਜਲ ਕਰ ਦੇ ਬੁਧ, ਬਿਬੇਕ ਵਿਵੇਕੀ ਆਪਣੀ ਖੇਲ ਵਖਾਈਆ । ਸਚ ਸਵਾਮੀ ਅੰਤਰਜਾਮੀ ਸਾਡੀ ਪਵਿਤ੍ਰ ਹੋਵੇ ਸੁੱਧ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਸਾਡਾ ਅੰਤਰ ਨਿਰਮਲ ਕਰ ਦੇ ਦੁੱਧ, ਕਲਜੁਗ ਕੂੜਾ ਦਾਗ਼ ਮਿਟਾਈਆ । ਪੰਜ ਵਿਕਾਰ ਏਕੰਕਾਰ ਸਾਡੇ ਅੰਦਰ ਕਰੇ ਨਾ ਯੁਧ, ਕਾਮ ਕਰੋਧ ਲੋਭ ਮੋਹ ਹੰਕਾਰ ਦਾ ਲੇਖਾ ਦੇਣਾ ਮੁਕਾਈਆ । ਨਿਗਾਹ ਮਾਰ ਲੈ ਮਿਹਰਵਾਨਾ ਉਤੇ ਬਸੁੱਧ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਅੰਤ ਕਿਨਾਰਾ ਤੱਕ ਲੈ ਕਲਕਾਤੀ ਕਲਜੁਗ, ਚਾਰ ਕੁੰਟ ਦਹਿ ਦਿਸ਼ਾ ਫੇਲ ਫੁਲਾਈਆ । ਪਰਮ ਪੁਰਖ ਪਰਮਾਤਮ ਸਾਡੀ ਔਧ ਰਹੀ ਪੁੱਗ, ਅੰਤ ਕੰਤ ਭਗਵੰਤ ਦਈਏ ਜਣਾਈਆ । ਸਾਡਾ ਇਸ਼ਾਰਾ ਏਕੰਕਾਰ ਬਿਨ ਰਸਨਾ ਜਿਹਵਾ ਬੁੱਝ, ਬੁਝਾਰਤ ਤੇਰੇ ਅਗੇ

ਰਖਾਈਆ । ਪੜਦਾ ਓਹਲਾ ਚੁਕਾ ਦੇ ਗੁਝ, ਨੂਰ ਨੁਰਾਨੇ ਨੂਰ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਜੁਗ ਜੁਗ ਦਾ ਲੇਖਾ, ਦਰ ਤੇਰੇ ਮੰਗ ਮੰਗਾਈਆ । ਕੂੜ ਕੁੜਿਆਰ ਦਾ ਤਕ ਭੁਲੇਖਾ, ਭਾਂਡਾ ਭਰਮ ਭਉ ਭੰਨਾਈਆ । ਅਸੀਂ ਸੁਣਿਆ ਪੇਸ਼ੀਨਗੋਈਆਂ ਵਾਲਾ ਤੇਰਾ ਸੰਦੇਸ਼ਾ, ਜਿਸ ਦਾ ਸੰਧਿਆ ਸਰਘੀ ਸੰਗ ਨਾ ਕੋਇ ਬਣਾਈਆ । ਤੇਰਾ ਹੁਕਮ ਫੁਰਮਾਣਾ ਏਕੰਕਾਰ ਇਕ ਵਿਸ਼ੇਸ਼ਾ, ਵਿਸ਼ਿਆਂ ਤੋਂ ਬਾਹਰ ਤੇਰੀ ਪੜ੍ਹਾਈਆ । ਕੀ ਆਸਾ ਰੱਖ ਕੇ ਬੈਠਾ ਵਿਸ਼ਨੂੰ ਸੇਜ ਬਾਸ਼ਕ ਸ਼ੇਸ਼ਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਮੇਲਾ ਹੋਵੇ ਧੁਰ ਸੰਜੋਗ, ਵਿਛੋੜਾ ਜਗਤ ਰਹਿਣ ਨਾ ਪਾਈਆ । ਆਦਿ ਜੁਗਾਦੀ ਕੱਟ ਦੇ ਰੋਗ, ਹਉਮੈ ਹੰਗਤਾ ਗੜ੍ਹ ਤੁੜਾਈਆ । ਤੂੰ ਮੇਰਾ ਮੈਂ ਤੇਰਾ ਅਗੇ ਹੋਵੇ ਨਾ ਕੋਇ ਵਿਜੋਗ, ਸਗਲੇ ਸਾਥੀ ਸਗਲਾ ਸੰਗ ਨਿਭਾਈਆ । ਜਨਮ ਜਨਮ ਦਾ ਕਰਮ ਕਰਮ ਦਾ ਦਿਸੇ ਕੋਇ ਨਾ ਰੋਗ, ਸੋਗ ਚਿੰਤ ਦੇਣੀ ਮਿਟਾਈਆ । ਸਤਿਗੁਰ ਸ਼ਬਦ ਸ਼ਬਦ ਦਾ ਦੇਦੇ ਜੋਗ, ਜੋਗੀ ਜੁਗੀਸ਼ਰ ਜਿਸ ਨੂੰ ਸੀਸ ਝੁਕਾਈਆ । ਤੇਰੇ ਨਾਮ ਰਸ ਦਾ ਇਕੋ ਹੋਵੇ ਭੋਗ, ਭਸਮੜ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋ ਸਹਾਈਆ । ਪੰਜ ਤਤ ਕਹਿਣ ਪ੍ਰਭ ਬਖ਼ਸ਼ ਦੇ ਆਪਣਾ ਨੂਰ, ਰਹਿਮਤ ਹਕ ਹਕ ਕਮਾਈਆ । ਤੂੰ ਸਰਬ ਕਲਾ ਭਰਪੂਰ, ਦੇਵਣਹਾਰ ਇਕ ਗੁਸਾਈਆ । ਅਸੀਂ ਲੋਕਮਾਤ ਹੋਏ ਮਜਬੂਰ, ਦਰ ਠਾਂਡੇ ਮੰਗ ਮੰਗਾਈਆ । ਸਾਡਾ ਨਾਤਾ ਤੋੜ ਦੇ ਕੂੜ, ਕੂੜੀ ਕਿਰਿਆ ਰਹਿਣ ਨਾ ਪਾਈਆ । ਮਸਤਕ ਲਾ ਅਗੰਮੀ ਧੂੜ, ਧੂੜੀ ਖ਼ਾਕ ਖ਼ਾਕ ਰਮਾਈਆ । ਨਿਰਗੁਣ ਸਰਗੁਣ ਚਾੜ੍ਹ ਰੰਗ ਗੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸਾਡੇ ਉਤੇ ਕਿਰਪਾ ਕਰਨੀ ਜ਼ਰੂਰ, ਜ਼ਰੂਰਤ ਤੇਰੇ ਚਰਨ ਟਿਕਾਈਆ । ਅੰਦਰੋਂ ਗੜ੍ਹ ਤੋੜ ਗ਼ਰੂਰ, ਗ਼ੁਰਬਤ ਬਾਹਰ ਦੇਣੀ ਕਢਾਈਆ । ਸਾਚੀ ਖ਼ੁਮਾਰੀ ਨਾਮ ਦੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਸਾਡੀ ਬੇਨੰਤੀ ਕਰ ਮਨਜ਼ੂਰ, ਦਰ ਤੇਰੇ ਸੀਸ ਝੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਮੁਕਾਉਣਾ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਬਾਹਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰ, ਆਦਿ ਜੁਗਾਦਿ ਇਕ ਅਖਵਾਈਆ ।



੧੯੮੮
੨੩

✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਬੀਰ ਸਿੰਘ ਪਿੰਡ ਬਠਲਾਣਾ ਜੇਠਾ ਸਿੰਘ ਬਠਲਾਣਾ ਸੰਤ ਸਿੰਘ ਮਾਣਕ ਪੁਰ ਕਲਰ ਗੁਰਦੇਵ ਸਿੰਘ ਮਾਣਕ ਪੁਰ ਕਲਰ ਹਜਾਰਾ ਸਿੰਘ ਚੁਨੀ ਪਿਆਰਾ ਸਿੰਘ ਰੋੜਾ ਸਵਰਨ ਸਿੰਘ ਬਰਕਤ ਪੁਰ ✪

ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਿਰਪਾ ਕਰ ਆਪ, ਪਰਮ ਪੁਰਖ ਪਰਮਾਤਮ ਆਪਣੀ ਦਇਆ ਕਮਾਈਆ । ਵਿਕਾਰ ਹੰਕਾਰ ਦੁਰਮਤ ਮੈਲ ਧੋ ਪਾਪ, ਪਤਤ ਪੁਨੀਤ ਆਪ ਬਣਾਈਆ । ਆਤਮ ਪਰਮਾਤਮ ਨਿਰਗੁਣ ਧਾਰ ਬਖ਼ਸ਼ ਦੇ ਜਾਪ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ ।

ਹਰਖ ਸੋਗ ਚਿੰਤਾ ਰਹੇ ਨਾ ਕੋਇ ਸੰਤਾਪ, ਗ਼ਮੀ ਗ਼ਮਖਾਰ ਦੇਣੀ ਮਿਟਾਈਆ । ਸਤਿ ਸਵਾਮੀ ਅੰਤਰਜਾਮੀ ਅੰਤ ਕੰਤ ਪੁਛਣੀ ਵਾਤ, ਭਗਵਨ ਆਪਣੀ ਦਇਆ ਕਮਾਈਆ । ਸਾਡਾ ਲਹਿਣਾ ਦੇਣਾ ਲੱਖ ਚੁਰਾਸੀ ਰਹੇ ਨਾ ਵਿਚ ਮਾਤ, ਲੋਕ ਪ੍ਰਲੋਕ ਹੋਣਾ ਸਹਾਈਆ । ਨਿਰਗੁਣ ਤੇਰੇ ਨਾਲ ਜੁੜਿਆ ਰਹੇ ਨਾਤ, ਸਰਗੁਣ ਦੇਣੀ ਮਾਣ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਡੂੰਘਾ ਵੇਖ ਲੈ ਖਾਤ, ਖਾਲਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰਾ ਤਤ ਕਬੀਲਾ, ਕਾਮਲ ਮੁਰਸ਼ਦ ਧਿਆਨ ਲਗਾਈਆ । ਤੇਰਾ ਨਾਮ ਨਿਧਾਨ ਹੋਏ ਵਸੀਲਾ, ਵਿਸ਼ਵ ਦੇ ਮਾਲਕ ਦੇਣੀ ਵਡਿਆਈਆ । ਸਤਿ ਸਚ ਸਤਿਗੁਰ ਆਪਣੀ ਵਖਾਲ ਲੀਲਾ, ਲਹਿਣਾ ਲਹਿਣੇ ਵਿਚੋਂ ਪ੍ਰਗਟਾਈਆ । ਕੂੜੀ ਕਿਰਿਆ ਅੰਦਰੋਂ ਬਦਲ ਦੇ ਦਲੀਲਾ, ਬੁਧ ਬਿਬੇਕ ਵਿਵੇਕ ਕਰਾਈਆ । ਤੇਰਾ ਦਰਸ਼ਨ ਕਰੀਏ ਤੱਕੀਏ ਸ਼ਹਿਨਸ਼ਾਹ ਸ਼ਾਹ ਛੈਲ ਛਬੀਲਾ, ਸ਼ਾਹੋ ਭੂਪ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪਾਉਣੀ ਸਾਰ, ਮਾਂਹਸਾਰਬੀ ਦਇਆ ਕਮਾਈਆ । ਅਸੀਂ ਤੇਰਾ ਕਰਦੇ ਰਹੇ ਇੰਤਜ਼ਾਰ, ਜੁਗ ਜੁਗ ਤੇਰੀ ਓਟ ਤਕਾਈਆ । ਜੰਮਦੇ ਮਰਦੇ ਰਹੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਖੇਲ ਤੱਕਿਆ ਚਾਈਂ ਚਾਈਂਆ । ਜੁਗ ਚੌਕੜੀ ਲੰਘਦੇ ਗਏ ਵਾਰੋ ਵਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਸੰਦੇਸੇ ਦੇਂਦੇ ਗਏ ਪੈਗ਼ੰਬਰ ਗੁਰ ਅਵਤਾਰ, ਨਾਮ ਕਲਮਾ ਸੋਹਲੇ ਢੋਲੇ ਰਾਗਾਂ ਨਾਦਾਂ ਨਾਲ ਜਣਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਜੋਤ ਦਾ ਮੰਗਦੇ ਰਹੇ ਦੀਦਾਰ, ਬਿਨ ਨੈਣਾਂ ਨੈਣ ਦੇਣਾ ਦਰਸਾਈਆ । ਸੋ ਵਕਤ ਸੁਹੰਜਣਾ ਸਾਡੀ ਪਾਉਣੀ ਸਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਬਿਨਾ ਨੈਣਾਂ ਤੋਂ ਨਿਗਾਹ ਮਾਰ, ਬਿਨ ਅੱਖਾਂ ਅੱਖ ਖੁਲਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਅਗੰਮ ਅਥਾਹੀਆ । ਦਰ ਤੇਰੇ ਮੰਗਤੇ ਬਣੇ ਭਿਖਾਰ, ਭਿੱਖਕ ਝੋਲੀ ਦੇਣੀ ਭਰਾਈਆ । ਤੂੰ ਦੇਵਣਹਾਰ ਦਾਤਾਰ, ਦਾਤਾ ਦਾਨੀ ਇਕ ਅਖਵਾਈਆ । ਅਸੀਂ ਪੰਜ ਤਤ ਨਿਮਾਣੇ ਦਰ ਠਾਂਡੇ ਕਰੀਏ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਪਰਮ ਪੁਰਖ ਪਰਮਾਤਮ ਦੇ ਉਧਾਰ, ਉਦਰ ਦਾ ਲੇਖਾ ਦੇਣਾ ਮੁਕਾਈਆ । ਜਨਮ ਮਰਨ ਤੋਂ ਕਰਨਾ ਬਾਹਰ, ਲੱਖ ਚੁਰਾਸੀ ਵਿਚ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਮਨਜ਼ੂਰ ਕਰ ਲੈ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਨਿਗਾਹ ਮਾਰ ਲੈ ਚਾਰੇ ਸਿੰਮਤ, ਚਾਰੇ ਕੂਟਾਂ ਵੇਖ ਵਖਾਈਆ । ਸਾਡੀ ਰਹੀ ਕੋਇ ਨਾ ਹਿੰਮਤ, ਅੰਤ ਹੌਸਲੇ ਬੈਠੇ ਢਾਹੀਆ । ਸਾਡੇ ਕਾਇਆ ਮੰਦਰ ਅੰਦਰ ਮਨੂਆ ਕਰੇ ਇਲਤ, ਦਹਿ ਦਿਸ਼ਾ ਉਠ ਉਠ ਧਾਹੀਆ । ਸਾਡੀ ਪੋਸ਼ਾਕ ਰਹੀ ਨਾ ਕੋਇ ਖ਼ਿਲਤ, ਜਗਤ ਖ਼ੁਆਰੀ ਵਿਚ ਦੁਹਾਈਆ । ਜਿਧਰ ਵੇਖੀਏ ਤਨ ਵਜੂਦ ਸਾਰੇ ਬਣੇ ਨਿੰਦਕ, ਤੇਰਾ ਨਾਮ ਢੋਲਾ ਸੋਹਲਾ ਰਾਗ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਨਿਰਗੁਣ ਧਾਰ ਸਾਡੀ ਬਹੁੜੀ, ਦਰੋਹੀ ਤੇਰਾ ਨਾਮ ਦੁਹਾਈਆ । ਪਰਮ ਪੁਰਖ ਪਰਮਾਤਮ ਅੰਤਮ ਬਹੁੜੀ, ਦੋ ਜਹਾਨਾਂ ਪੰਧ ਮੁਕਾਈਆ । ਅੰਤ ਕੰਤ ਭਗਵੰਤ ਤੇਰੀ ਲੋੜੀ, ਲੁੜੀਂਦੇ ਸਾਜਣ

ਮੰਗ ਮੰਗਾਈਆ । ਪੰਜਾਂ ਤਤਾਂ ਨਾਤਾ ਆਪਣੇ ਨਾਲ ਜੋੜੀਂ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਸਤਿ ਵਸਤ ਦੇਣੀ ਨਾ ਥੋੜ੍ਹੀ, ਅਤੋਟ ਅਤੁਟ ਦੇਣੀ ਵਰਤਾਈਆ । ਸਤਿਗੁਰ ਸ਼ਬਦ ਚਾੜ੍ਹਨਾ ਘੋੜੀ, ਸ਼ਾਹ ਸਵਾਰੇ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਸਾਡੇ ਤਨ ਅੰਦਰੋਂ ਹੋੜੀਂ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਹਾਹੇ ਟਿੱਪੀ ਭਾਗ ਕਰੀਂ ਮਥੋਰੀ, ਮਥਨ ਕਰਨੀ ਕੂੜ ਲੋਕਾਈਆ । ਮਨੂਆ ਮਨ ਪਾਵੇ ਨਾ ਸ਼ੋਰੀ, ਚਾਰ ਕੁੰਟ ਨਾ ਕੋਇ ਕੁਰਲਾਈਆ । ਸਾਨੂੰ ਧਾਰ ਬਖ਼ਸ਼ ਦੇ ਦੋਹਰੀ, ਸੁਰਤੀ ਸ਼ਬਦ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਭ ਦੇ ਮੋਹਰੀ, ਮਿਹਰਵਾਨ ਨੌਜਵਾਨ ਸ੍ਰੀ ਭਗਵਾਨ ਆਪਣੀ ਦਇਆ ਕਮਾਈਆ ।

### ✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਕਰਨੈਲ ਸਿੰਘ ਪਿੰਡ ਬੜਹੇੜੀ ਨਿਰਮਲ ਸਿੰਘ ਅੰਮ੍ਰਿਤਸਰ ਬੰਨਾ ਸਿੰਘ ਕਰਤਾਰ ਪੁਰ ਗੁਰਦੇਵ ਸਿੰਘ ਦੁਸਾਂਝ ਖੁਰਦ ਜਗੀਰ ਸਿੰਘ ਭੜੀ ਅਮਰ ਚੰਦ ਪੰਜਾ ਕੋਹਾ ਹਰਚਰਨ ਸਿੰਘ ਅਵਤਾਰ ਸਿੰਘ ਚੰਡੀਗੜ੍ਹ ਪਿਆਰਾ ਸਿੰਘ ਨਖਨੌਰ ਗੁਰਨਾਮ ਸਿੰਘ ਜਨੇਤਪੁਰ ✪



ਪੰਜ ਤਤ ਕਹਿਣ ਪ੍ਰਭ ਸਾਡੀਆਂ ਅੰਤਮ ਮੁਕਾ ਦੇ ਵਾਟੀਆਂ, ਪਾਂਧੀਆਂ ਪੰਧ ਰਹੇ ਨਾ ਰਾਈਆ । ਮੰਜ਼ਲਾਂ ਪੂਰੀਆਂ ਕਰ ਦੇ ਘਾਟੀਆਂ, ਸ਼ਾਹ ਸੁਲਤਾਨਾਂ ਨੌਜਵਾਨਾ ਦਇਆ ਕਮਾਈਆ । ਸਾਡੀਆਂ ਤਨ ਵਜੂਦਾਂ ਲੀਰਾਂ ਪਾਟੀਆਂ, ਚੀਥੜ ਆਪਣੇ ਰੰਗ ਰੰਗਾਈਆ । ਦੁਰਮਤ ਮੈਲਾਂ ਜਾਣ ਕਾਟੀਆਂ, ਪਤਤ ਪੁਨੀਤਾਂ ਕਰ ਸਫ਼ਾਈਆ । ਦਾਗ਼ ਰਹੇ ਨਾ ਕਾਇਆ ਮਾਟੀਆਂ, ਤਤਵ ਤਤ ਦੇਣੀ ਵਡਿਆਈਆ । ਜਗਤ ਦੀ ਵਿਕੀਏ ਕੂੜ ਨਾ ਹਾਟੀਆਂ, ਕੀਮਤ ਸ਼ਰਅ ਨਾ ਕੋਇ ਰਖਾਈਆ । ਲਹਿਣਾ ਦੇਣਾ ਪੂਰਾ ਕਰ ਦੇ ਨਾਲ ਗੁਰ ਅਵਤਾਰ ਪੈਗ਼ੰਬਰ ਅਲਾਟੀਆਂ, ਨਿਰਗੁਣ ਨਿਰਵੈਰ ਨਿਰੰਕਾਰ ਆਪਣਾ ਰੰਗ ਰੰਗਾਈਆ । ਆਦਿ ਜੁਗਾਦਿ ਜੁਗ ਚੌਕੜੀ ਸਰਗੁਣ ਧਾਰ ਹੋ ਕੇ ਫਿਰੀਆਂ ਨਾਠੀਆਂ, ਭੱਜੀਆਂ ਵਾਹੋ ਦਾਹੀਆ । ਤੀਰ ਤਲਵਾਰ ਸ਼ਸਤਰਾਂ ਖੰਡਿਆਂ ਨਾਲ ਖਾਧੀਆਂ ਲਾਠੀਆਂ, ਖੜਗਾਂ ਵੰਡ ਵੰਡਾਈਆ । ਸਾਡੇ ਲਹਿਣੇ ਦੇਣੇ ਤੱਕ ਲੈ ਰਸਨਾ ਜੇਹਵਾ ਵਾਲਿਆਂ ਪਾਠੀਆਂ, ਜੁਗ ਜੁਗ ਸਿਫ਼ਤੀ ਢੋਲੇ ਸੋਹਲੇ ਗਾਈਆ । ਸਾਡੀਆਂ ਧਾਰਾਂ ਤੱਕ ਲੈ ਉਤੇ ਤੀਰਥ ਅੱਠ ਸੱਠ ਸਾਠੀਆਂ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਦੁਰਮਤ ਮੈਲ ਦੇ ਧੋ ਦੇ ਮੁਖੜੇ, ਮਿਹਰ ਨਜ਼ਰ ਨਜ਼ਰ ਨਾਲ ਤਰਾਈਆ । ਉਲਟੇ ਗਰਭ ਰਹੀਏ ਨਾ ਕੁਖੜੇ, ਜਨਮ ਜਨਮ ਨਾ ਕੋਇ ਭਵਾਈਆ । ਤਨ ਵਜੂਦਾਂ ਮੇਟ ਦੇ ਦੁਖੜੇ, ਰੋਗ ਸੋਗ ਗਵਾਈਆ । ਅਸੀਂ ਤੇਰੇ ਦਰ ਪਿਆਸੇ ਭੁਖੜੇ, ਤ੍ਰਿਸ਼ਨਾ ਤ੍ਰਿਪਤ ਦੇਣੀ ਕਰਾਈਆ । ਦਰੋਹੀ ਆਪਣੇ ਮਾਰਗ ਉਤੋਂ ਉਖੜੇ, ਸਾਚਾ ਪੰਧ ਨਾ ਕੋਇ ਜਣਾਈਆ । ਦਰ ਤੇਰੇ ਸਵਾਮੀ ਝੁਕੜੇ, ਨਿਵ ਨਿਵ ਲਾਗੀਏ ਪਾਈਆ । ਸਾਡੇ ਭਾਗ ਜਗਾ ਦੇ ਸੁਤੜੇ, ਨਿਰਗੁਣ ਨਿਰਾਕਾਰ ਨਿਰੰਕਾਰ ਦੇ ਅੰਗੜਾਈਆ । ਦੀਨ ਦੁਨੀ ਸਾਡੇ ਫੇਰ ਕਰੀਂ ਨਾ ਟੁਕੜੇ, ਹਿੱਸਿਆਂ ਵੰਡ ਵੰਡਾਈਆ । ਅਸੀਂ ਤਤ ਅਧਾਰੀ ਤੇਰੇ ਬੁਤੜੇ, ਬੁਤਖ਼ਾਨੇ

ਹੋ ਕੇ ਦਈਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਧੋ ਦੇ ਦੁਰਮਤ ਮੈਲ ਮਿੱਟੀ, ਖ਼ਾਕੀ ਖ਼ਾਕ ਤੇਰੀ ਚਰਨ ਧੂੜ ਰਮਾਈਆ । ਸਾਚੀ ਧਾਰ ਏਕੰਕਾਰ ਵਖਾ ਦੇ ਚਿੱਟੀ, ਨਿਰਵੈਰ ਆਪਣੇ ਰੰਗ ਰੰਗਾਈਆ । ਦੁਰਮਤ ਮੈਲ ਧੋ ਦੇ ਓਟ ਤੇਰੇ ਉਤੇ ਸਿੱਟੀ, ਸਾਹਿਬ ਸੁਲਤਾਨੇ ਹੋਣਾ ਆਪ ਸਹਾਈਆ । ਸਾਡਾ ਇਸ਼ਟ ਰਹੇ ਨਾ ਪੱਥਰ ਇੱਟੀ, ਜੋਤੀ ਜਾਤੇ ਇਕੋ ਤੇਰਾ ਦਰਸ਼ਨ ਪਾਈਆ । ਓਹ ਤੱਕ ਲੈ ਕੀ ਇਸ਼ਾਰਾ ਦੇਵੇ ਹਾਹੇ ਉਤੇ ਟਿੱਪੀ, ਸੰਦੇਸ਼ਾ ਕੀ ਦ੍ਰਿੜਾਈਆ । ਬਿਨਾ ਪੁਰਖ ਅਕਾਲ ਤੋਂ ਅੰਤ ਪੰਚਮ ਧਾਰ ਨਾ ਜਾਏ ਨਜਿੱਠੀ , ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਕਰ ਦੇ ਸਾਫ਼ ਸੁਥਰੇ, ਸੋਹਣੀ ਬਣਤ ਬਣਾਈਆ । ਤੇਰੀ ਧਾਰ ਅਗੰਮੀ ਸਾਡੇ ਵਿਚ ਉਤਰੇ, ਉੱਤਰ ਪੂਰਬ ਪੱਛਮ ਦੱਖਣ ਵੱਜੇ ਵਧਾਈਆ । ਅਸੀਂ ਭਗਤ ਸੁਹੇਲੇ ਤੇਰੇ ਬਣੀਏ ਪੁਤਰੇ, ਪਿਤਾ ਪੂਤ ਗੋਦ ਲੈਣੇ ਟਿਕਾਈਆ । ਨਿਰਗੁਣ ਧਾਰ ਆਪਣੇ ਚੁੱਕ ਲੈ ਕੁਛੜੇ, ਫੜ ਬਾਹੋਂ ਲੋਕਮਾਤ ਉਠਾਈਆ । ਅਸੀਂ ਤੇਰੇ ਪਿਆਰ ਦੇ ਭੁੱਖੜੇ, ਜਗਤ ਤ੍ਰਿਸ਼ਨਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਚਾੜ੍ਹ ਦੇ ਰੰਗ ਚਲੂਲ, ਚੋਲੇ ਖ਼ਾਕੀ ਦੇ ਰੰਗਾਈਆ । ਨਿਰਗੁਣ ਧਾਰ ਤੈਨੂੰ ਨਾ ਜਾਈਏ ਭੂਲ, ਅਭੁੱਲ ਦੇਣੀ ਮਾਣ ਵਡਿਆਈਆ । ਤੂੰ ਮਾਲਕ ਕੰਤ ਕੰਤੂਹਲ, ਕੁਦਰਤ ਦਾ ਕਾਦਰ ਇਕ ਅਖਵਾਈਆ । ਤੇਰਾ ਧਰਮ ਦਾ ਧਰਮ ਵੇਖੀਏ ਅਸੂਲ, ਨਿਯਮ ਸਚ ਸਚ ਸਮਝਾਈਆ । ਝਗੜਾ ਮੇਟ ਕਾਤਲ ਮਕਤੂਲ, ਮਕਬਰਿਆਂ ਲੇਖਾ ਰਹੇ ਨਾ ਰਾਈਆ । ਨਵ ਸੱਤ ਦਾ ਸਤਿ ਹੋਵੇ ਅਸੂਲ, ਅਸਲ ਅਸਲ ਵਿਚੋਂ ਪ੍ਰਗਟਾਈਆ । ਤੇਰਾ ਨਾਮ ਪੰਘੂੜਾ ਲਈਏ ਝੂਲ, ਹੁਲਾਰਾ ਦੋ ਜਹਾਨ ਵਖਾਈਆ । ਚਰਨ ਚਰਨ ਲਾਈਏ ਧੂਲ, ਧੂੜੀ ਮਸ਼ਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਪੰਜ ਤਤ ਕਹਿਣ ਸਾਡੀ ਆਦਿ ਜੁਗਾਦੀ ਆਸਾ ਏਕ, ਏਕੰਕਾਰ ਦੇਈਏ ਜਣਾਈਆ । ਸੋ ਪੁਰਖ ਨਿਰੰਜਣ ਤੇਰੀ ਰੱਖੀ ਟੇਕ, ਹਰਿ ਪੁਰਖ ਨਿਰੰਜਣ ਸਚ ਤੇਰੀ ਸਰਨਾਈਆ । ਏਕੰਕਾਰੇ ਪੁਰਖ ਅਗੰਮੇ ਆਪੇ ਵੇਖ, ਆਪ ਨਿਰੰਕਾਰ ਜੋਤ ਧਾਰ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਧੁਰ ਦੇ ਖੋਲ ਭੇਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸ੍ਰੀ ਭਗਵਾਨ ਆਪਣਾ ਸੁਹੰਜਣਾ ਕਰ ਦੇਸ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਸੁਣਾ ਸੰਦੇਸ਼, ਧੁਰ ਦਾ ਸੋਹਲਾ ਢੋਲਾ ਇਕ ਦ੍ਰਿੜਾਈਆ । ਤੂੰ ਆਤਮ ਧਾਰ ਪਰਮਾਤਮ ਸਭ ਦਾ ਨਰੇਸ਼, ਨਰਾਇਣ ਨਰ ਇਕ ਅਖਵਾਈਆ । ਦਰੋਹੀ ਸਾਡੇ ਅੰਦਰੋਂ ਕੂੜੀ ਕਿਰਿਆ ਕਲ ਦਾ ਕੱਢ ਕਲੇਸ਼, ਕਲ ਕਾਤੀਆਂ ਡੇਰਾ ਢਾਹੀਆ । ਸੋ ਲੇਖਾ ਲਹਿਣਾ ਦੇਣਾ ਪੂਰਾ ਕਰ ਦੇ ਜੋ ਕਹਿ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਤੇਰਾ ਹੁਕਮ ਸੰਦੇਸ਼ਾ ਮੰਨਦੇ ਦੋ ਜਹਾਨ ਹਮੇਸ਼, ਹਮ ਸਾਜਣ ਕੀ ਤੇਰੀ ਬੇਪਰਵਾਹੀਆ । ਕੀ ਸੰਦੇਸ਼ਾ ਦੇਵੇ ਦੋ ਸਹੰਸਰ ਜਿਹਵ ਸ਼ੇਸ਼, ਵਿਸ਼ਨੂੰ ਵਿਸ਼ਵ ਧਾਰ ਕੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਲਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਆਦਿ ਜੁਗਾਦਿ ਸਦਾ ਹਮੇਸ਼, ਹਮ ਸਾਜਣ ਤੇਰੀ ਬੇਪ੍ਰਵਾਹੀਆ ।

✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਦੁਰਾਹਾ  ਗੱਜਣ ਸਿੰਘ ਨਛੱਤਰ ਸਿੰਘ ਭਾਗ ਸਿੰਘ ਗੁਰਨਾਮ ਕੌਰ ਦੁਰਾਹਾ  ਗੁਰਨਾਮ ਸਿੰਘ
ਇੰਦਰ ਸਿੰਘ ਪ੍ਰੇਮ ਸਿੰਘ ਭੀਮ ਸਿੰਘ ਗੁਰਦੇਵ ਸਿੰਘ ਬੰਤ ਸਿੰਘ ਹਰਬੰਸ ਸਿੰਘ ਸ੍ਰੀ ਰਾਮ ਮਕਸੂਦੜਾ
ਜਰਨੈਲ ਸਿੰਘ ਚੈਂਚਲ ਸਿੰਘ ਮਹੌਣ  ਗੁਰਦੇਵ ਸਿੰਘ ਲਲਹੇੜੀ  ਬੱਗਾ ਸਿੰਘ ਨਤ  ਸਰਦਾਰਾ ਸਿੰਘ ਰੌਣੀ
ਜਗਦੀਸ਼ ਸਿੰਘ ਅਜਨੌਧ  ਅੰਗ੍ਰੇਜ਼ ਕੌਰ ਭਰਪੂਰ ਗੜ੍ਹ  ਗੁਰਮੀਤ ਸਿੰਘ ਚੱਕ ਮਾਫੀ ✪

ਪੰਜ ਤਤ ਕਹਿਣ ਪ੍ਰਭ ਸਾਡੇ ਪਰਮ ਪੁਰਖ ਅਬਿਨਾਸ਼ੀ, ਹਰਿ ਕਰਤੇ ਤੇਰੀ ਓਟ ਤਕਾਈਆ । ਨਿਰਗੁਣ ਧਾਰ ਸਰਗੁਣ ਕਰਨੀ ਰਹਿਰਾਸੀ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਆਦਿ ਜੁਗਾਦੀ ਸਾਡੀ ਪਿਛਲੀ ਮੇਟ ਉਦਾਸੀ, ਚਿੰਤਾ ਚਿਖਾ ਰਹਿਣ ਕੋਇ ਨਾ ਪਾਈਆ । ਸਾਚੇ ਮੰਡਲ ਤੇਰੀ ਤੱਕੀਏ ਰਾਸੀ, ਗੋਪੀ ਕਾਹਨ ਸ੍ਰੀ ਭਗਵਾਨ ਆਪਣਾ ਖੇਲ ਦੇਣਾ ਵਖਾਈਆ । ਤੇਰਾ ਨੂਰ ਜ਼ਹੂਰ ਵੇਖੀਏ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰਾਂ ਧਿਆਨ ਲਗਾਈਆ । ਸਾਡੀ ਤ੍ਰਿਸ਼ਨਾ ਪੂਰੀ ਕਰ ਦੇ ਆਸੀ, ਆਸਾਵੰਦ ਹੋ ਕੇ ਮੰਗ ਮੰਗਾਈਆ । ਸਾਡਾ ਨਾਤਾ ਤੋੜ ਦੇ ਨਾਲੋਂ ਸ਼ੰਕਰ ਕੈਲਾਸ਼ੀ, ਤਨ ਵਜੂਦਾਂ ਦਏ ਨਾ ਕੋਇ ਸਜ਼ਾਈਆ । ਚੜ੍ਹਨਾ ਪਏ ਨਾ ਧਰਮ ਰਾਏ ਦੀ ਫਾਸੀ, ਚਿਤ੍ਰਗੁਪਤ ਲੇਖਾ ਨਾ ਕੋਇ ਰਖਾਈਆ । ਲਾੜੀ ਮੌਤ ਸਾਡੇ ਨਾਲ ਕਰੇ ਨਾ ਹਾਸੀ, ਕਾਲ ਨਗਾਰਾ ਸੀਸ ਨਾ ਕੋਇ ਵਜਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸੀ, ਹਰਿ ਕਰਤਾ ਪੁਰਦਰਗਾਹੀਆ । ਸਾਡਾ ਲੇਖਾ ਰਹੇ ਨਾ ਦਸ ਦਸ ਮਾਸੀ, ਮਾਤ ਗਰਭ ਦਾ ਪੰਧ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਪੰਜ ਤਤ ਕਹਿਣ ਸਾਹਿਬ ਬਖ਼ਸ਼ੰਦ, ਸਤਿ ਤੇਰੀ ਸਰਨਾਈਆ । ਸਾਡਾ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਆਪਣੀ ਇਕ ਦ੍ਰਿੜਾਈਆ । ਬਿਨਾ ਚੰਨ ਤੋਂ ਚਾੜ੍ਹ ਦੇ ਚੰਦ, ਜੋਤੀ ਜਾਤੇ ਕਰ ਰੁਸ਼ਨਾਈਆ । ਬਿਨ ਰਸਨਾ ਜਿਹਵਾ ਤੇਰਾ ਗਾਈਏ ਛੰਦ, ਤੂੰ ਮੇਰਾ ਮੈਂ ਤੇਰਾ ਢੋਲਾ ਬੇਪਰਵਾਹੀਆ । ਸਾਡਾ ਅੰਤਰ ਨੇਤਰਹੀਣ ਰਹੇ ਨਾ ਅੰਧ, ਲੋਚਨ ਨੈਣ ਦੇਣਾ ਚਮਕਾਈਆ । ਮਿਹਰਵਾਨਾ ਸ੍ਰੀ ਭਗਵਾਨਾ ਅਸੀਂ ਮੰਗਾਂ ਰਹੇ ਮੰਗ, ਪੰਜ ਤਤ ਨਿਮਾਣੇ ਝੋਲੀ ਡਾਹੀਆ । ਨਿਰਗੁਣ ਸਰਗੁਣ ਧਾਰ ਚਾੜ੍ਹ ਦੇ ਰੰਗ, ਰੰਗ ਮਜੀਠ ਇਕ ਚੜ੍ਹਾਈਆ । ਸਾਡਾ ਝਗੜਾ ਰਹੇ ਨਾ ਨਾਲ ਪੰਜ, ਪੰਚ ਵਿਕਾਰਾ ਲੇਖਾ ਰਹੇ ਨਾ ਰਾਈਆ । ਭੇਵ ਖੁਲਾਣਾ ਬ੍ਰਹਮ ਹੰ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਦੀਨ ਦੁਨੀ ਵਿਚ ਫੇਰ ਨਾ ਪਈਏ ਜੰਮ, ਜਨਮ ਮਰਨ ਦਾ ਲੇਖਾ ਦੇਣਾ ਚੁਕਾਈਆ । ਸਾਡਾ ਪੂਰਬ ਤਕ ਲੈ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਸਾਡੇ ਅੰਤਸ਼ਕਰਨ ਵਿਚੋਂ ਮੇਟ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਤੂੰ ਸਤਿਗੁਰ ਦਾਤਾ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਆਦਿ ਜੁਗਾਦੀ ਕਰਨੀ ਕਰਨ, ਕਰਤਾ ਪੁਰਖ ਬੇਪਰਵਾਹੀਆ । ਸਾਡੇ ਨਾਲ ਸਤਿਗੁਰ ਸ਼ਬਦ ਧਾਰ ਕਰ ਲੈ ਧਰਮ, ਧਰਮ ਦੇ ਨਾਲ ਤੇਰੇ ਅਗੇ ਸੀਸ ਨਿਵਾਈਆ । ਇਕੋ ਓਟ ਦੇਣੀ ਆਪਣੇ ਚਰਨ, ਸਰਨ ਅਵਰ ਨਾ ਕੋਇ ਤਕਾਈਆ । ਨਿਰਗੁਣ ਧਾਰ ਫੜਨਾ ਸਾਚਾ ਲੜਨ, ਪੱਲੂ ਸਕੇ ਨਾ ਕੋਇ ਛੁਡਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰੀ ਮੰਜ਼ਲ ਹਕੀਕੀ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਦਰ ਦਵਾਰੇ ਤੇਰੇ ਖੜਨ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ


੧੯੯੨ ੨੩

ਨਿਭਾਈਆ । ਪੰਜ ਤਤ ਕਹਿਣ ਪ੍ਰਭ ਨਿਗਾਹ ਮਾਰ ਲੈ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਸਾਡੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸਿਕਦਾਰ, ਜੁਗ ਜੁਗ ਤੇਰਾ ਹੁਕਮ ਅਥਾਹੀਆ । ਤੂੰ ਵੇਖੇ ਵਿਗਸੇਂ ਵੇਖਣਹਾਰ, ਪਾਰਬ੍ਰਹਮ ਪ੍ਰਭ ਤੇਰੀ ਬੇਪ੍ਰਵਾਹੀਆ । ਹਉਂ ਦਰ ਠਾਂਡੇ ਤੇਰੇ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਜੁਗ ਚੌਕੜੀ ਜੰਮਦੇ ਮਰਦੇ ਰਹੇ ਵਾਰੋ ਵਾਰ, ਲੱਖ ਚੁਰਾਸੀ ਭੱਜੇ ਵਾਹੋ ਦਾਹੀਆ । ਸਾਨੂੰ ਮਿਲਿਆ ਨਾ ਕੋਇ ਸਹਾਰ, ਸਗਲਾ ਸੰਗ ਨਾ ਕੋਇ ਬਣਾਈਆ । ਨਾਮ ਕਲਮੇ ਪੜ੍ਹਦੇ ਰਹੇ ਪੈਗ਼ੰਬਰ ਗੁਰ ਅਵਤਾਰ, ਰਸਨਾ ਜਿਹਵਾ ਢੋਲੇ ਸਿਫ਼ਤ ਸਲਾਹੀਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਨੂਰ ਨੂਰ ਜੋਤ ਨਾ ਮਿਲਿਆ ਦੀਦਾਰ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਵਸਤ ਦਾ ਦੇ ਦੇ ਦਾਨ, ਦੇਵਣਹਾਰ ਤੇਰੀ ਸਰਨਾਈਆ । ਅਸੀਂ ਆਦਿ ਜੁਗਾਦੀ ਤੇਰੇ ਬਾਲ ਨਿਧਾਨ, ਬਚਪਨ ਤੇਰੇ ਚਰਨ ਟਿਕਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ ਸੁਲਤਾਨ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਅਸੀਂ ਖੇਲ ਤੱਕਦੇ ਰਹੇ ਸੀਤਾ ਰਾਮ, ਕ੍ਰਿਸ਼ਨ ਕਾਹਨ ਕਾਹਨ ਨਾਲ ਵਡਿਆਈਆ । ਪੈਗ਼ੰਬਰਾਂ ਬਣੇ ਰਹੇ ਗ਼ੁਲਾਮ, ਸੁਲਹਕੁਲ ਤੇਰੀ ਸੇਵ ਕਮਾਈਆ । ਗੁਰੂ ਗੁਰਦੇਵਾ ਕਰਦੇ ਰਹੇ ਪ੍ਰਵਾਨ, ਨਿਵ ਨਿਵ ਸੀਸ ਝੁਕਾਈਆ । ਢੋਲੇ ਸੋਹਲੇ ਗਾਉਂਦੇ ਰਹੇ ਗਾਣ, ਰਸਨਾਂ ਜਿਹਵਾ ਬੱਤੀ ਦੰਦ ਹਿਲਾਈਆ । ਕਾਇਆ ਕਾਅਬਾ ਤੱਕਦੇ ਰਹੇ ਮਕਾਨ, ਹੁਜਰਾ ਹਕ ਹਕ ਵੇਖ ਵਖਾਈਆ । ਨਿਗਾਹ ਮਾਰਦੇ ਰਹੇ ਜ਼ਿਮੀਂ ਅਸਮਾਨ,  ਮੰਡਲ ਮੰਡਪ ਤੱਕੇ ਚਾਈਂ ਚਾਈਂਆ । ਆਲਮ ਫ਼ਾਜ਼ਲ ਬਣਦੇ ਰਹੇ ਵਿਦਵਾਨ, ਵਿਦਤ ਹੋ ਕੇ ਤੇਰੀ ਧਾਰ ਰੰਗ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਅੰਤ ਨਾ ਮਿਲਿਆ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਤਜਾਈਆ । ਕਿਰਪਾ ਕਰ ਸ੍ਰੀ ਭਗਵਾਨ, ਦਰ ਤੇਰੇ ਮੰਗ ਮੰਗਾਈਆ । ਦਰ ਦਰਸ਼ਨ ਦੇਣਾ ਆਣ, ਅਨਕ ਕਲਧਾਰੀ ਆਪਣਾ ਰੂਪ ਬਦਲਾਈਆ । ਨੇਤਰ ਨਜ਼ਰ ਨਾ ਆਏ ਵਿਚ ਜਹਾਨ, ਜਾਗਰਤ ਜੋਤ ਜੋਤ ਰੁਸ਼ਨਾਈਆ । ਪੰਜ ਤਤ ਨਿਮਾਣੇ ਆਪਣੇ ਦਰ ਕਰ ਪ੍ਰਵਾਨ, ਪਰਮ ਪੁਰਖ ਪ੍ਰਭ ਦਇਆ ਕਮਾਈਆ । ਅਸੀਂ ਭਗਤ ਸੁਹੇਲੇ ਤੇਰੇ ਬਾਲ ਅੰਜਾਣ, ਫੜ ਬਾਹੋਂ ਗੋਦ ਉਠਾਈਆ । ਆਤਮਾ ਨਾਲ ਵਸੀਏ ਸਚਖੰਡ ਤੇਰੇ ਮਕਾਨ, ਦਰਗਾਹ ਸਾਚੀ ਸੋਭਾ ਪਾਈਆ । ਸਾਡਾ ਲੇਖਾ ਰਹੇ ਨਾ ਮਨੂਆ ਨਾਲ ਸ਼ੈਤਾਨ, ਸ਼ਰਅ ਦਾ ਡੇਰਾ ਦੇਣਾ ਢਾਹੀਆ । ਤੇਰੀ ਜੋਤ ਵਿਚ ਜੋਤ ਤੇਰੇ ਰੂਪ ਵਿਚ ਸਮਾਣ, ਸਮਾਂ ਸਮਾਪਤ ਕਰ ਲੋਕਾਈਆ । ਨਵ ਨੌ ਚਾਰ ਪਿਛੋਂ ਮੰਗਿਆ ਇਕੋ ਦਾਨ, ਦਾਤੇ ਦਾਨੀ ਦੇਣਾ ਵਰਤਾਈਆ । ਅਸੀਂ ਪੰਜ ਤਤ ਰਹਿਣਾ ਚਾਹੁੰਦੇ ਨਹੀਂ ਵਿਚ ਜਹਾਨ, ਦੀਨ ਦੁਨੀ ਦੁਨੀ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਬੇਨੰਤੀ ਕਰੀਂ ਪ੍ਰਵਾਨ, ਪਰਮ ਪੁਰਖ ਪਰਮਾਤਮ ਦਰ ਠਾਂਡੇ ਮੰਗ ਮੰਗਾਈਆ ।

✪ ੧੩ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਲੁਧਿਆਣਾ ਸ਼ਹਿਰ ਜਸਵੰਤ ਸਿੰਘ ਹਰਬੰਸ ਸਿੰਘ ਲਾਲ ਸਿੰਘ ਹਰਨੇਕ ਸਿੰਘ ਗੁਰਦੇਵ ਸਿੰਘ
ਨਿਰੰਜਣ ਸਿੰਘ ਮਲਕੀਅਤ ਸਿੰਘ ਸਰਦਾਰਾ ਸਿੰਘ ਨਿਰਵੈਰ ਸਿੰਘ ਮੱਘਰ ਸਿੰਘ ਮਦਨ ਸਿੰਘ ਹਰਚਰਨ ਸਿੰਘ ਸੁਰਜਣ ਸਿੰਘ
ਕੁਲਦੀਪ ਕੌਰ ਫੂਲਾ ਰਾਣੀ ਹਰਵੇਲ ਸਿੰਘ ਮਹਿੰਦਰ ਸਿੰਘ ਹਰਬੰਸ ਕੌਰ ਸੁਖਵੰਤ ਕੌਰ ਲੁਧਿਆਣਾ
ਜੁਗਿੰਦਰ ਸਿੰਘ ਦਾਖਾਂ ਦਰਸ਼ਨ ਸਿੰਘ ਅਜਨੌਧ ਮੁਖ਼ਤਿਆਰ ਸਿੰਘ ਮੁੰਡੀਆਂ ਭਗਵਾਨ ਸਿੰਘ ਤਨੌੜ
ਮਹਿੰਦਰ ਸਿੰਘ ਦਾਖਾਂ ਪੂਰਨ ਸਿੰਘ ਮੰਡਿਆਣੀ ਸ਼ਾਮ ਕੌਰ ਮੰਡਿਆਣੀ ਕਰਮ ਸਿੰਘ ਗੁੜੇ ✪

ਪੰਜ ਤਤ ਕਹਿਣ ਸੁਣ ਮਾਲਕ ਸਵਾਮੀ ਮੇਰੇ, ਮਿਹਰਵਾਨ ਮਹਿਬੂਬ ਮਹਿਬਾਨ ਧਿਆਨ ਲਗਾਈਆ । ਅਸੀਂ ਆਦਿ ਜੁਗਾਦਿ ਜੁਗ ਚੌਕੜੀ ਵੇਸ ਵਟਾਏ ਬਥੇਰੇ, ਚਾਰੇ ਖਾਣੀ ਭੱਜੇ ਵਾਹੋ ਦਾਹੀਆ । ਖ਼ੁਸ਼ੀਆਂ ਰੰਗ ਮਾਣੇ ਚਾਓ ਘਨੇਰੇ, ਦੀਨ ਦੁਨੀ ਨਾਲ ਮਿਲ ਕੇ ਵੱਜਦੀ ਰਹੀ ਵਧਾਈਆ । ਨਾਤਾ ਬਣਾਉਂਦੇ ਰਹੇ ਗੁਰੂ ਗੁਰ ਚੇਰੇ, ਮੁਰੀਦ ਮੁਰਸ਼ਦ ਤੇਰਾ ਰੰਗ ਵਖਾਈਆ । ਅੰਤ ਸ੍ਰੀ ਭਗਵੰਤ ਕਲਜੁਗ ਫਸ ਗਏ ਵਿਚ ਅੰਧੇਰੇ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਾਚਾ ਚੰਦ ਨਾ ਕੋਇ ਚਮਕਾਈਆ । ਪਰਮ ਪੁਰਖ ਪਰਮਾਤਮ ਸਾਡੇ ਉਤੇ ਕਰ ਦੇ ਮਿਹਰੇ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਤੇਰੀ ਤੱਕੀਏ ਹੱਕ ਅਦਾਲਤ, ਅਦਲ ਇਨਸਾਫ਼ ਦੇਣਾ ਕਮਾਈਆ । ਦਰਗਾਹ ਸਾਚੀ ਦੇ ਸਾਚੇ ਮਾਲਕ, ਅੰਤ ਤੇਰੀ ਓਟ ਤਕਾਈਆ । ਸ੍ਰਿਸ਼ਟ ਦ੍ਰਿਸ਼ਟ ਖ਼ਲਕ ਦੇ ਖ਼ਾਲਕ, ਮਖ਼ਲੂਕ ਦੇ ਮਾਲਕ ਤੇਰੀ ਬੇਪਰਵਾਹੀਆ । ਨਿਰਗੁਣ ਨਿਰਾਕਾਰ ਨਿਰੰਕਾਰ ਸਾਡਾ ਬਣ ਸਾਲਸ, ਵਿਚੋਲਾ ਇਕੋ ਇਕ ਅਖਵਾਈਆ । ਆਪਣਾ ਭੇਵ ਖੋਲ ਦੇ ਖ਼ਾਲਸ, ਖ਼ਾਲਸ ਤੇਰੀ ਓਟ ਤਕਾਈਆ । ਜਗਤ ਨਿੰਦਰਾ ਮੇਟ ਦੇ ਆਲਸ, ਤ੍ਰਿਸ਼ਨਾ ਕੂੜ ਦੇਣੀ ਮਿਟਾਈਆ । ਦੁਰਮਤ ਮੈਲ ਧੋ ਦੇ ਕਾਲਖ, ਚਰਨ ਧੂੜੀ ਖ਼ਾਕ ਰਮਾਈਆ । ਦੀਨ ਦੁਨੀ ਦੀ ਤੱਕ ਜਹਾਲਤ, ਚਾਰੋਂ ਕੁੰਟ ਅੱਖ ਉਠਾਈਆ । ਬਿਨ ਤੇਰੇ ਨਾਮ ਕਲਮੇ ਦਏ ਨਾ ਕੋਇ ਜ਼ਮਾਨਤ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਇਕੋ ਸਹੀ ਸਲਾਮਤ, ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਸਾਚੀ ਦੇ ਦੇ ਨਾਮ ਨਿਆਮਤ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਦੇਵਣਹਾਰ ਸਵਾਮੀ, ਸਾਹਿਬ ਸੁਲਤਾਨ ਨੌਜਵਾਨ ਸ੍ਰੀ ਭਗਵਾਨ ਤੇਰੀ ਸਰਨਾਈਆ । ਆਦਿ ਪੁਰਖ ਅਨਾਦੀ ਅਪਰੰਪਰ ਸਵਾਮੀ, ਬ੍ਰਹਮ ਬ੍ਰਹਿਮਾਦੀ ਤੇਰਾ ਖੇਲ ਵੇਖ ਵਖਾਈਆ । ਸਾਡੀ ਸਜਦਿਆਂ ਤੋਂ ਬਾਹਰ ਤੇਰੇ ਚਰਨ ਇਕ ਸਲਾਮੀ, ਬਿਨ ਸੀਸ ਸੀਸ ਝੁਕਾਈਆ । ਪਰਮ ਪੁਰਖ ਸਾਡੀ ਸ਼ਰਅ ਦੀ ਕੱਟ ਗ਼ੁਲਾਮੀ, ਜ਼ੰਜੀਰ ਬੇਨਜ਼ੀਰ ਦੇ ਤੁੜਾਈਆ । ਤੂੰ ਪਰਵਰਦਿਗਾਰ ਨੂਰ ਅਮਾਮੀ, ਕਾਮਲ ਮੁਰਸ਼ਦ ਇਕ ਅਖਵਾਈਆ । ਮੁਕਾਮੇ ਹਕ ਦੇ ਹਕੀਕਤ ਦੇ ਮਾਲਕ ਧੁਰ ਮੁਕਾਮੀ, ਮੁਕਾਮੇ ਹਕ ਤੇਰੀ ਓਟ ਤਕਾਈਆ । ਤੇਰਾ ਗ੍ਰਿਹ ਸੁਹੰਜਣਾ ਇਕ ਅਨਾਮੀ, ਅਨੰਤ ਕਲਾ ਦੇ ਮਾਲਕ ਤੇਰੀ ਓਟ ਤਕਾਈਆ । ਸਾਡੇ ਤਨ ਵਜੂਦਾਂ ਦੀ ਜੂਹ ਰਹਿਣ ਨਹੀਂ ਦੇਣੀ ਬੇਗਾਨੀ, ਮਿਹਰਵਾਨਾ ਆਪਣਾ ਰੰਗ ਰੰਗਾਈਆ । ਸਾਡਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਤੂੰ ਪਰਮ ਪੁਰਖ

੧੯੯੪
੨੩

ਪਰਮਾਤਮ ਕਰਨਹਾਰ ਮਿਹਰਵਾਨੀ, ਮਹਿਬੂਬ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਵੇਖ ਲੈ ਕਥਾ ਕਹਾਣੀ, ਜਗਤ ਕਹਿਣ ਦੀ ਲੋੜ ਰਹੇ ਨਾ ਰਾਈਆ । ਤੇਰੀ ਮੁਹੱਬਤ ਆਦਿ ਜੁਗਾਦਿ ਸਦਾ ਪੁਰਾਣੀ, ਪੁਨਹ ਪੁਨਹ ਪ੍ਰਭ ਤੇਰੇ ਚਰਨ ਸੀਸ ਨਿਵਾਈਆ । ਜੁਗ ਚੌਕੜੀ ਸਤਿਗੁਰ ਸ਼ਬਦ ਤੇਰੀ ਦੇਂਦੇ ਰਹੇ ਕੁਰਬਾਨੀ, ਕਰਬਲਿਆਂ ਦੇ ਮਾਲਕ ਕੂਕ ਕੂਕ ਸੁਣਾਈਆ । ਤਨ ਵਜੂਦ ਮਾਟੀ ਖ਼ਾਕ ਹੁੰਦੇ ਰਹੇ ਫ਼ਾਨੀ, ਮਕਬਰਿਆਂ ਵਿਚ ਆਪਣੇ ਆਸਣ ਲਾਈਆ । ਸਾਡਾ ਅੰਤ ਝਗੜਾ ਮੇਟ ਜਿਸਮਾਨੀ, ਜਿਸਮ ਜ਼ਮੀਰ ਬੇਨਜ਼ੀਰ ਆਪਣੇ ਹੁਕਮ ਨਾਲ ਬਦਲਾਈਆ । ਤੂੰ ਮਾਲਕ ਇਕ ਅਸਮਾਨੀ, ਇਸਮ ਆਜ਼ਮ ਇਕ ਜਣਾਈਆ । ਤੇਰੇ ਦਰ ਤੇ ਚਾਹੁੰਦੇ ਪਦ ਇਕ ਨਿਰਬਾਣੀ, ਗ੍ਰਿਹ ਇਕੋ ਦੇਣਾ ਵਖਾਈਆ । ਜਿਥੇ ਨਾਮ ਸ਼ਬਦ ਧੁਨ ਸੁਣੀਏ ਧੁਨਕਾਨੀ, ਬਿਨ ਰਸਨਾ ਰਾਗ ਦ੍ਰਿੜਾਈਆ । ਜੋਤੀ ਜੋਤ ਦਿਸੇ ਮਹਾਨੀ, ਬਿਨ ਤੇਲ ਬਾਤੀ ਡਗਮਗਾਈਆ । ਤੂੰ ਸਾਡੇ ਮਾਲਕ ਬਖ਼ਸ਼ ਦੇ ਚਰਨ ਧਿਆਨੀ, ਨੇਤਰ ਨੈਣ ਨੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਨਿਰਗੁਣ ਧਾਰ ਦੋ ਜਹਾਨੀ, ਸਰਗੁਣ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪਣਾ ਹੁਕਮ ਵਰਤਾਈਆ ।



✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਟਾਂਡਾ ਬਲਵੰਤ ਸਿੰਘ ਸੂਰਮੇ ਦੇ ਮਿਲਣ ਸਮੇਂ ਉਨ੍ਹਾਂ ਦੇ ਨਵਿਤ ✪

੧੯੯੫
੨੩

ਜਨ ਭਗਤਾਂ ਆਖ਼ਰ ਨਿਭੇ ਤੋੜ, ਲੱਗੀ ਪ੍ਰੀਤ ਪ੍ਰੀਤਮ ਨਾ ਕੋਇ ਤੁੜਾਈਆ । ਜੋ ਸਤਿਗੁਰ ਸ਼ਬਦ ਚੜ੍ਹਾਵੇ ਅਗੰਮੇ ਘੋੜ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਮੰਨਿਆ ਸਭ ਨੇ ਬੰਦੀ ਛੋੜ, ਛੁਟਕੀ ਲਿਵ ਦਏ ਲਗਾਈਆ । ਧੁਰ ਹੁਕਮ ਨਾਲ ਮਨੂਆ ਦਹਿ ਦਿਸ਼ਾ ਤੋਂ ਲਵੇ ਹੋੜ, ਦੀਨ ਦੁਨੀ ਨਾ ਉਠ ਉਠ ਧਾਹੀਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਦੋ ਜਹਾਨਾਂ ਸ੍ਰੀ ਭਗਵਾਨਾ ਅੰਤਰ ਆਤਮ ਜਾਵੇ ਬਹੁੜ, ਦੂਰ ਦੁਰਾਡਾ ਨੇਰਨ ਨੇਰਾ ਆਪਣਾ ਪੰਧ ਮੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਿਸ ਨੂੰ ਕਹਿੰਦੇ ਬ੍ਰਹਿਮਣ ਗੌੜ, ਗੌੜੀਆਂ ਤੋਂ ਬਾਹਰ ਆਪਣਾ ਭੇਵ ਖੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਚ ਪ੍ਰੀਤੀ ਜਿਸ ਨਾਲ ਗਈ ਲੱਗ, ਲਗ ਮਾਤਰ ਡੇਰਾ ਢਾਹੀਆ । ਆਤਮ ਧਾਰ ਕਦੇ ਨਾ ਕਰੇ ਅਲੱਗ, ਪਰਮਾਤਮ ਆਪਣਾ ਮੇਲ ਮਿਲਾਈਆ । ਕੂੜ ਕੁੜਿਆਰ ਕਲ ਕਲਪਣਾ ਮੇਟ ਕੇ ਅੱਗ, ਅੰਮ੍ਰਿਤ ਮੇਘ ਅਗੰਮ ਬਰਸਾਈਆ । ਦਰਸ ਦਿਖਾਏ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਭੇਵ ਚੁਕਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਏ ਉਪਰ ਸ਼ਾਹ ਰਗ, ਨਵ ਨਵ ਦਰ ਦਾ ਪੰਧ ਮੁਕਾਈਆ । ਜਿਸ ਦਾ ਨਾਮ ਨਿਧਾਨ ਬਿਨ ਸੁਰ ਤਾਲ ਤੋਂ ਜਾਏ ਵੱਜ, ਆਤਮਕ ਧੁਨ ਧੁਨ ਪ੍ਰਗਟਾਈਆ । ਨਿਰਗੁਣ ਨਿਰਗੁਣ ਆਪਣੇ ਮੇਲਣ ਦਾ ਆਪੇ ਬਣਾ ਸਬੱਬ, ਮੇਲ ਮਿਲਾਵਾ ਕਰੇ ਚਾਈਂ ਚਾਈਂਆ । ਜਿਥੇ ਦੀਨ ਦੁਨੀ ਦੀ ਨਹੀਂ ਕੋਈ ਹੱਦ, ਓਥੇ ਭਗਤਾਂ ਆਪਣਾ ਗ੍ਰਿਹ ਵਖਾਈਆ । ਜਿਸ ਮੰਦਰ

ਵਿਚ ਜੋਤੀ ਧਾਰ ਨਿਰਾਕਾਰ ਨਿਰੰਕਾਰ ਇਕੋ ਰੂਪ ਰਹੀ ਜਗ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਮੇਲ ਮਿਲਾਈਆ । ਲੱਗਾ ਪ੍ਰੇਮ ਕਦੇ ਨਾ ਟੁਟਦਾ, ਜਗਤ ਵਿਛੋੜਾ ਰਹੇ ਨਾ ਰਾਈਆ । ਇਹ ਕੋਈ ਨਾਤਾ ਨਹੀਂ ਬੁੱਲਾਂ ਬੁਟ ਦਾ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜਿਸ ਦਾ ਜਾਮ ਅਗੰਮੀ ਹਕੀਕੀ ਘੁਟ ਦਾ, ਬਿਨ ਰਸਨਾ ਤੋਂ ਰਸ ਚਖਾਈਆ । ਉਹ ਭਗਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਸੀਨੇ ਲਾ ਕੇ ਘੁੱਟਦਾ, ਫੜ ਬਾਹੋਂ ਆਪ ਉਠਾਈਆ । ਨਾਤਾ ਜੋੜ ਕੇ ਆਤਮਾ ਧਾਰ ਪਰਮਾਤਮਾ ਪਿਤਾ ਪੁਤ ਦਾ, ਪੂਤ ਸਪੂਤ ਵੇਖੇ ਚਾਈਂ ਚਾਈਂਆ । ਲਹਿਣਾ ਦੇਣਾ ਲੇਖਾ ਜਾਣੇ ਆਪਣੀ ਰੁੱਤ ਦਾ ਰੁਤੜੀ ਨਾਮ ਨਾਲ ਮਹਿਕਾਈਆ । ਸਤਿਗੁਰ ਦਾ ਨਾਤਾ ਪਿਆਰ ਨਹੀਂ ਕੋਈ ਕਾਇਆ ਪੰਜ ਤਤ ਬੁਤ ਦਾ, ਬੁਤਖ਼ਾਨਿਆਂ ਬਾਹਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੇ ਰੰਗ ਰੰਗਾਈਆ । ਸਤਿਗੁਰ ਮੇਲਾ ਨਹੀਂ ਕੋਈ ਤਤਾਂ ਵਾਲਾ ਸਰੀਰ, ਤਨ ਵਜੂਦ ਨਾ ਕੋਇ ਵਡਿਆਈਆ । ਉਹ ਦਾਤਾ ਗਹਿਰ ਗੰਭੀਰ, ਗੁਣਵੰਤ ਇਕ ਅਖਵਾਈਆ । ਉਹ ਜਦੋਂ ਚਾਹੇ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਜਿਸ ਦੀ ਸਿਫ਼ਤ ਵਿਚ ਸਿਫ਼ਤ ਕਰ ਕੇ ਗਿਆ ਕਬੀਰ, ਮਕਬਰਿਆਂ ਵਿਚ ਰੋਵਨ ਮਾਰਨ ਧਾਹੀਂਆ । ਉਹ ਕਲਜੁਗ ਅੰਤਮ ਸ਼ਰਅ ਦੇ ਕੱਟਣ ਆਇਆ ਜ਼ੰਜੀਰ, ਸ਼ਾਹ ਹਕੀਰ ਇਕੋ ਰੰਗ ਰੰਗਾਈਆ । ਜਿਸ ਦੀ ਖਿਚ ਸਕੇ ਨਾ ਕੋਇ ਤਸਵੀਰ, ਓਹ ਲਾਤਸੱਵਰ ਆਪਣੀ ਖੇਲ ਖਿਲਾਈਆ । ਉਹ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਜਿਸ ਪਿਛਲੇ ਲੇਖੇ ਉਤੇ ਮਾਰਨੀ ਲਕੀਰ, ਲਾਈਨ ਅਗਲੀ



ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲਾਈਆ । ਸਤਿਗੁਰ ਨਾਤਾ ਨਹੀਂ ਕੋਈ ਜਗਤ ਪਿਆਰ, ਮੁਹੱਬਤ ਕੂੜ ਨਾ ਕੋਇ ਰਖਾਈਆ । ਸਚ ਸਵਾਮੀ ਅੰਤਰਜਾਮੀ ਪਾਵਣਹਾਰਾ ਸਾਰ, ਘਟ ਨਿਵਾਸੀ ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਂਆ । ਬਿਨ ਜਗਤ ਨੈਣਾਂ ਤੋਂ ਦੇਵੇ ਦੀਦਾਰ, ਨਿਜ ਨੇਤਰ ਲੋਚਨ ਅੱਖ ਅੱਖ ਖੁਲਾਈਆ । ਤਨ ਵਜੂਦ ਮਹਿਬੂਬ ਰਹਿਣ ਦੇਵੇ ਨਾ ਧੂੰਆਂਧਾਰ, ਅਗਿਆਨ ਅੰਧ ਦੇਵੇ ਮਿਟਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇ ਕੇ ਠੰਡੀ ਠਾਰ, ਨਾਭੀ ਕਵਲ ਕਵਲ ਉਲਟਾਈਆ । ਸਚ ਸ਼ਬਦ ਦੀ ਦੇ ਧੁਨਕਾਰ, ਅਨਹਦ ਨਾਦੀ ਨਾਦ ਸੁਣਾਈਆ । ਕਮਲਾਪਾਤੀ ਦੀਆ ਬਾਤੀ ਘਰ ਘਰ ਵਿਚ ਕਰ ਉਜਿਆਰ, ਜੋਤ ਉਜਾਲਾ ਨੂਰ ਨੁਰਾਨਾ ਇਕੋ ਇਕ ਡਗਮਗਾਈਆ । ਇਹ ਖੇਲ ਸੱਚੀ ਸਰਕਾਰ, ਆਦਿ ਜੁਗਾਦਿ ਜੁਗ ਚੌਕੜੀ ਕਰਨੀ ਦਾ ਕਰਤਾ ਕਰਦਾ ਆਈਆ । ਭਗਤ ਵਿਛੋੜਾ ਹੋਏ ਨਾ ਦੂਜੀ ਵਾਰ, ਮਿਲਿਆ ਮੇਲ ਨਾ ਕੋਇ ਤੁੜਾਈਆ । ਜਿਸ ਦਾ ਲਹਿਣਾ ਦੇਣਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ, ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰ ਆਪਣਾ ਰੰਗ ਰੰਗਾਈਆ । ਸੋ ਵੇਖੇ ਵਿਗਸੇ ਪਾਵਣਹਾਰਾ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਭੇਵ ਚੁਕਾਈਆ । ਜਿਸ ਦਾ ਬਿਨਾ ਜਗਤ ਨੇਤਰਾਂ ਤੋਂ ਹੁੰਦਾ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਉਸ ਸਾਹਿਬ ਸਤਿਗੁਰ ਨੂੰ ਸਦਾ ਸਦਾ ਸਦ ਨਿਮਸਕਾਰ, ਨਿਵ ਨਿਵ ਆਦਿ ਜੁਗਾਦਿ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜਿਮੀਂ ਅਸਮਾਨ ਲੱਖ ਚੁਰਾਸੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪਰਦਾ ਆਪ ਉਠਾਈਆ । ਭਗਤ ਕਹੇ ਮੇਰੀ

੧੯੯੬ ੨੩

ਪ੍ਰੀਤੀ ਤੇਰੇ ਨਾਲ ਭਗਵਾਨ, ਭਗਵਨ ਦੇਣੀ ਵਡਿਆਈਆ । ਮੇਰੇ ਆਦਿ ਜੁਗਾਦੀ ਕਾਹਨ, ਦੋ ਜਹਾਨਾਂ ਦਾਤੇ ਬੇਪਰਵਾਹੀਆ । ਉਠ ਵੇਖ ਮੇਰਾ ਨਿਸ਼ਾਨ, ਬਿਨਾ ਨਿਸ਼ਾਨਿਆਂ ਧਿਆਨ ਲਗਾਈਆ । ਮੈਂ ਦੀਨ ਦੁਨੀ ਵਿਚ ਹੋਇਆ ਬੇਪਹਿਚਾਨ, ਰੂਪ ਰੰਗ ਰੇਖ ਮੇਰਾ ਵੇਖਣ ਕੋਇ ਨਾ ਪਾਈਆ । ਮੇਰਾ ਤੇਰੇ ਉਤੇ ਮਾਣ, ਤੂੰ ਨਿਮਾਣਿਆਂ ਹੋਏਂ ਸਹਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਈਆ । ਦਰ ਠਾਂਡੇ ਦੇਣਾ ਦਾਨ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਜੀਉ ਪਿੰਡ ਤਤ ਤੇਰੇ ਲੇਖੇ ਲੱਗੇ ਪ੍ਰਾਣ, ਸਾਹ ਸਾਹ ਤੇਰੇ ਵਿਚ ਸਮਾਈਆ । ਮੇਰਾ ਸਿਦਕ ਭਰੋਸਾ ਧਰਮ ਸਭ ਦੇ ਮਾਲਕ ਤੇਰਾ ਇਕ ਈਮਾਨ, ਅਮਲਾਂ ਤੋਂ ਰਹਿਤ ਤੇਰੀ ਓਟ ਤਕਾਈਆ । ਮੇਰਾ ਨਾਤਾ ਤੁਟੇ ਨਾ ਕਦੇ ਵਿਚ ਜਹਾਨ, ਦੀਨ ਦੁਨੀ ਸਕੇ ਨਾ ਕੋਇ ਤੁੜਾਈਆ । ਸਦਾ ਸਦਾ ਸਦ ਤੇਰੇ ਚਰਨ ਕਵਲ ਰਹੇ ਧਿਆਨ, ਦੂਸਰ ਨਜ਼ਰ ਕਿਸੇ ਨਾ ਆਈਆ । ਮੇਰੀ ਬੇਨੰਤੀ ਧੁਰ ਦੇ ਕੰਤ ਕਰੀਂ ਪ੍ਰਵਾਨ, ਪਰਮ ਪੁਰਖ ਪ੍ਰਭ ਤੇਰੀ ਓਟ ਰਖਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨ, ਮਰਦ ਮਰਦਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਖ਼ਲਕ ਦਾ ਖ਼ਾਲਕ ਵਸਤ ਅਨਮੁੱਲ ਅਤੁਲ ਜਨ ਭਗਤਾਂ ਅੰਤਰ ਨਿਰੰਤਰ ਆਪਣੇ ਹੁਕਮ ਨਾਲ ਟਿਕਾਈਆ । ਪ੍ਰੀਤੀ ਕਹੇ ਭਗਤੋ ਮੈਂ ਕਦੇ ਨਾ ਟੁੱਟਦੀ, ਤੋੜਨਵਾਲਾ ਨਜ਼ਰ ਕੋਇ ਨਾ ਆਈਆ । ਮੈਂ ਕੋਈ ਵਣਜਾਰੀ ਨਹੀਂ ਜਗਤ ਵਾਲੇ ਘੁੱਟ ਦੀ, ਹੱਥਾਂ ਨਾਲ ਹੱਥ ਨਾ ਕਦੇ ਮਿਲਾਈਆ । ਮੈਂ ਬੁਲਾਰਨ ਨਹੀਂ ਰਸਨਾ ਜਿਹਵਾ ਵਾਲੇ ਬੁੱਟ ਦੀ, ਬੱਤੀ ਦੰਦਾਂ ਨਾ ਸਿਫ਼ਤ ਸਲਾਹੀਆ । ਮੈਂ ਡਰਨ ਵਾਲੀ ਨਹੀਂ ਕਿਸੇ ਕੁੱਟ ਦੀ, ਭੈ ਵਿਚ ਭਾਉ ਨਾ ਕੋਇ ਰਖਾਈਆ । ਮੈਂ ਪਿਆਰੀ ਨਹੀਂ ਕਿਸੇ ਧੀ ਤੇ ਪੁੱਤ ਦੀ, ਜਗਤ ਨਾਤਾ ਸੰਗ ਨਾ ਕੋਇ ਬਣਾਈਆ । ਮੈਂ ਤੇ ਸਦਾ ਖੇਲ ਵੇਖਦੀ ਉਸ ਅਬਿਨਾਸ਼ੀ ਅਚੁਤ ਦੀ, ਜੋ ਚੇਤਨ ਸਭ ਨੂੰ ਰਿਹਾ ਕਰਾਈਆ । ਸਚ ਪੁਛੋ ਮੈਂ ਪ੍ਰੀਤ ਬਿਨਾ ਪ੍ਰੀਤਮ ਦੀ ਕਿਰਪਾ ਤੋਂ ਕਾਇਆ ਮੰਦਰ ਅੰਦਰ ਕਦੇ ਨਾ ਉਠਦੀ, ਆਪ ਆਪਣੀ ਲੈ ਅੰਗੜਾਈਆ । ਭਗਤਾਂ ਦੇ ਉਤੇ ਮੁਹੱਬਤ ਵਿਚ ਕਦੇ ਨਾ ਤੁਠਦੀ, ਮਿਹਰਵਾਨ ਹੋ ਕੇ ਮਿਹਰ ਨਜ਼ਰ ਟਿਕਾਈਆ । ਤੁਹਾਨੂੰ ਪਤਾ ਨਹੀਂ ਆਤਮਾ ਪਰਮਾਤਮਾ ਦੀ ਧਾਰ ਇਕ ਜੁਟ ਦੀ, ਦੂਜੀ ਵੰਡ ਨਾ ਕੋਇ ਵੰਡਾਈਆ । ਮਨ ਦੀ ਧਾਰ ਵਿਚ ਸਚ ਦੀ ਧਾਰ ਛੁਟਦੀ, ਸਤਿਗੁਰ ਛੁਟਕੀ ਲਿਵ ਫੇਰ ਦਏ ਲਗਾਈਆ । ਹੁਣ ਤੁਸਾਂ ਖੇਲ ਵੇਖਣੀ ਉਸ ਪ੍ਰਭੂ ਦੀ ਸੁਹੰਜਣੀ ਰੁੱਤ ਦੀ, ਜਿਹੜਾ ਰੁਤੜੀ ਸਭ ਦੀ ਦਏ ਮਹਿਕਾਈਆ । ਦੁਨੀਆ ਵਣਜਾਰਨ ਹੋਣੀ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਧਾਰ ਦੋ ਤੁਕ ਦੀ, ਜਿਸ ਦੇ ਨਾਲ ਦੋ ਜਹਾਨਾਂ ਪੰਧ ਮੁਕਾਈਆ । ਬਲਵੰਤ ਕੰਤ ਸਤਿਗੁਰ ਦੀ ਪ੍ਰੀਤੀ ਪਿਆਰ ਵਿਚ ਕਦੇ ਨਾ ਮੁਕਦੀ, ਅੰਤ ਅੰਤ ਅੰਤ ਕਹਿਣ ਕਿਛ ਨਾ ਪਾਈਆ । ਇਹ ਕੋਈ ਖੇਲ ਨਹੀਂ ਜੀਵ ਜੰਤ ਦੀ, ਜਗਤ ਜਗਿਆਸੂਆਂ ਵੰਡ ਨਾ ਕੋਇ ਵੰਡਾਈਆ । ਜੁਗ ਚੌਕੜੀ ਭਗਤ ਉਧਾਰਨਾ ਰੀਤੀ ਚਲੀ ਆਈ ਭਗਵੰਤ ਦੀ, ਭਗਵਨ ਹੋ ਕੇ ਭਗਵਾਨ ਸਦ ਭਗਤਾਂ ਆਪਣਾ ਰੰਗ ਵਖਾਈਆ । ਇਹ ਕੋਈ ਸਿਫ਼ਤ ਵਡਿਆਈ ਨਹੀਂ ਅੱਖਰਾਂ ਵਾਲੇ ਮੰਤ ਦੀ, ਨਿਰਗੁਣ ਭੇਵ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਲਕ ਬੇਪ੍ਰਵਾਹੀਆ ।



੧੯੯੭
੨੩

✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬੁਢੇਲ ਗੁਰਨਾਮ ਸਿੰਘ ਧੰਨਾ ਸਿੰਘ ਢਹਿ ਪਈ ਹਰੀ ਸਿੰਘ ਮਹਿੰਮਾ ਸਿੰਘ ਵਾਲਾ ਪਾਖਰ ਸਿੰਘ ਮੋਹੀ ਨਾਹਰ ਸਿੰਘ ਰਕਬਾ ਬਲਵੰਤ ਸਿੰਘ ਗੁਜਰਵਾਲ ਗੁਰਦਿਆਲ ਕੌਰ ਬੋਪਾ ਰਾਏ ✪

ਪੰਜ ਤਤ ਕਹਿਣ ਪ੍ਰਭ ਸਾਡਾ ਇਕ ਬਣਾ ਦੇ ਇਸ਼ਟ, ਇਸ਼ਟਦੇਵ ਪਰਮਾਤਮ ਇਕ ਜਣਾਈਆ । ਸਭ ਦੀ ਅੰਦਰੋਂ ਖੋਲ ਦੇ ਦ੍ਰਿਸ਼ਟ, ਦ੍ਰਿਸ਼ਟਾਂਤ ਆਪਣਾ ਨਾਮ ਸਮਝਾਈਆ । ਓਹ ਲਹਿਣਾ ਦੇਣਾ ਪੂਰਾ ਕਰ ਦੇ ਜੋ ਰਾਮ ਗੁਰੂ ਕਿਹਾ ਵਿਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਨਿਗਾਹ ਮਾਰ ਲੈ ਦੀਨ ਦੁਨੀ ਵਿਚ ਸ੍ਰਿਸ਼ਟ, ਸ੍ਰੇਸ਼ਟ ਆਪਣਾ ਪਰਦਾ ਲਾਹੀਆ । ਅੰਤਰ ਵਾਸ਼ਨਾ ਸਭ ਦੀ ਹੋਣੀ ਭ੍ਰਿਸ਼ਟ, ਸਤਿ ਵਿਚ ਨਾ ਕੋਇ ਸਮਾਈਆ । ਤੇਰਾ ਧਰਮ ਧਾਰ ਦਾ ਧਰਮ ਹੁੰਦਾ ਜਾਏ ਨਿਸ਼ਟ, ਸਚ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਸਾਡੇ ਸ਼ਾਹੋ ਭੂਪ, ਸ਼ਹਿਨਸ਼ਾਹ ਤੇਰੀ ਸਰਨਾਈਆ । ਸਾਡਾ ਮੇਟ ਦੇ ਅੰਧ ਕੂਪ, ਅਗਿਆਨ ਅੰਦਰ ਰਹੇ ਨਾ ਰਾਈਆ । ਧਰਮ ਧਾਰ ਆਪਣੇ ਬਣਾ ਲੈ ਸਪੂਤ, ਪਿਤਾ ਪੂਤ ਲੈ ਗਲ ਲਗਾਈਆ । ਪੰਚ ਵਿਕਾਰ ਹੰਕਾਰ ਸਾਡੇ ਅੰਦਰੋਂ ਕਰ ਦੇ ਕੂਚ, ਕੂਚਾ ਗਲੀ ਕਰ ਸਫ਼ਾਈਆ । ਨਾਮ ਨਿਧਾਨਾ ਬਖ਼ਸ਼ ਦੇ ਸੂਚ, ਸੁੱਚ ਸੰਜਮ ਇਕ ਸਮਝਾਈਆ । ਦੁੱਖ ਰਹੇ ਨਾ ਕਾਇਆ ਪੰਚ ਭੂਤ, ਭਾਂਡਾ ਭਰਮ ਦੇਣਾ ਭੰਨਾਈਆ । ਆਤਮ ਪਰਮਾਤਮ ਤੇਰਾ ਖੇਲ ਤਾਣਾ ਪੇਟਾ ਸੂਤ, ਸੂਤਰਧਾਰੀ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਅਗੰਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਇਕੋ ਹੋਵੇ ਨਾਮ, ਨਾਮ ਨਿਧਾਨਾ ਦੇ ਜਣਾਈਆ । ਸ਼ਰਅ ਤੋਂ ਬਾਹਰ ਦੱਸ ਪੈਗ਼ਾਮ, ਪੈਗ਼ੰਬਰਾਂ ਬਾਹਰ ਪੜ੍ਹਾਈਆ । ਤੇਰਾ ਇਕੋ ਹੋਵੇ ਕਲਾਮ, ਕਲਮਾ ਕਾਇਨਾਤ ਦੇ ਸਮਝਾਈਆ । ਤੇਰਾ ਇਕੋ ਨੂਰ ਨਜ਼ਰੀ ਆਏ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਤੇਰਾ ਇਕੋ ਹੋਵੇ ਹਕੀਕੀ ਜਾਮ, ਜਗਤ ਮਧ ਦਾ ਲੇਖਾ ਦੇਣਾ ਮੁਕਾਈਆ । ਕਲਜੁਗ ਕੂੜੀ ਕਿਰਿਆ ਮੇਟ ਤਮਾਮ, ਤਮ੍ਹਾ ਲਾਲਚ ਜਗਤ ਰਹੇ ਨਾ ਰਾਈਆ । ਅੰਤ ਕੰਤ ਭਗਵੰਤ ਸਭ ਦਾ ਲੈ ਅੰਜਾਮ, ਆਪ ਆਪਣਾ ਹੁਕਮ ਵਰਤਾਈਆ । ਤੂੰ ਨੌਂਜਵਾਨਾ ਸ੍ਰੀ ਭਗਵਾਨਾ ਸ਼ਹਿਨਸ਼ਾਹ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਨਿਗਾਹ ਮਾਰ ਲੈ ਵਿਚ ਜਹਾਨ, ਜਹਾਲਤ ਕੂੜੀ ਵੇਖ ਵਖਾਈਆ । ਸਤਿ ਧਰਮ ਦਾ ਧਰਮ ਦੇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਸਾਡੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਪ੍ਰਭ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੈਨੂੰ ਸਾਰੇ ਹੋਣ ਝੁਕਦੇ, ਬਿਨ ਕਦਮਾਂ ਸੀਸ ਨਿਵਾਈਆ । ਵਣਜਾਰੇ ਹੋਵਣ ਇਕੋ ਤੁਕ ਦੇ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਝਗੜੇ ਮੁਕਾ ਦੇ ਕਲਜੁਗ ਕੂੜ ਅਪਰਾਧੀ ਸੁਤ ਦੇ, ਸੋਈ ਸੁਰਤੀ ਲੈ ਜਗਾਈਆ । ਇਹ ਖੇਲ ਵੇਖੀਏ ਤੇਰੇ ਅਬਿਨਾਸ਼ੀ ਅਚੁਤ ਦੇ, ਚੇਤਨ ਦੀਨ ਦੁਨੀ ਕਰ ਲੋਕਾਈਆ । ਵਕਤ ਸੁਹੰਜਣੇ ਕਰ ਦੇ ਆਪਣੀ ਰੁੱਤ ਦੇ, ਰੁਤੜੀ ਬਿਨਾ ਬਸੰਤ ਮਹਿਕਾਈਆ । ਅਸੀਂ ਗ਼ਰੀਬ ਨਿਮਾਣੇ ਨਿਵ ਨਿਵ ਦਰ ਤੇ ਪੁਛਦੇ, ਨੇਤਰ ਨੈਣਾਂ ਨੀਰ ਵਹਾਈਆ । ਸਾਨੂੰ ਨਾਮ ਨਿਧਾਨਾ ਦਾਤ ਅਗੰਮੀ ਤੁਛ ਦੇ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ

੧੯੯੮
੨੩

ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਸਾਡੀਆਂ ਸ਼ਬਦੀ ਧਾਰ ਬਦਲ ਦੇ ਬੋਲੀਆਂ, ਅਨਬੋਲਤ ਰਾਗ ਜਣਾਈਆ । ਅਸੀਂ ਵੱਖ ਵੱਖ ਰਹੀਏ ਵਿਚ ਨਾ ਟੋਲੀਆਂ, ਹਿੱਸੇ ਦੀਨ ਦੁਨੀ ਨਾ ਕੋਇ ਜਣਾਈਆ । ਸ਼ਰਅ ਦੀ ਧਾਰ ਵਿਚ ਖੇਲੀਏ ਨਾ ਹੋਲੀਆਂ, ਖੰਡੇ ਖੜਗ ਖੜਗ ਖੜਕਾਈਆ । ਤੇਰੀ ਮੁਹੱਬਤ ਵਿਚ ਸਭ ਆਤਮਾ ਹੋਣ ਮੌਲੀਆਂ, ਮੌਲਾ ਆਪਣਾ ਰੰਗ ਦੇਣਾ ਰੰਗਾਈਆ । ਨਿਗਾਹ ਮਾਰ ਲੈ ਉਪਰ ਧੌਲੀਆ, ਧਵਲ ਦਾ ਲੇਖਾ ਦੇਣਾ ਚੁਕਾਈਆ । ਇਕਰਾਰ ਤੱਕ ਲੈ ਕੌਲੀਆ, ਕਮਲਾਪਤੀ ਆਪਣੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਇਕੋ ਗੀਤ ਹੋਵੇ ਗੋਬਿੰਦ, ਗਹਿਰ ਗੰਭੀਰ ਗਵਰ ਦੇਣਾ ਦ੍ਰਿੜਾਈਆ । ਤੂੰ ਨਿਰਗੁਣ ਧਾਰ ਸਾਗਰ ਸਿੰਧ, ਸਰਗੁਣ ਕਰਨੀ ਆਪ ਸਫ਼ਾਈਆ । ਤਨ ਵਜੂਦ ਆਪਣੀ ਬਣਾਉਣੇ ਬਿੰਦ, ਜੋ ਬਿੰਦਰਾਬਨ ਦਾ ਕਾਹਨ ਆਸ਼ਾ ਗਿਆ ਰਖਾਈਆ । ਸਾਡੀ ਸਗਲੀ ਮੇਟਣੀ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਈਆ । ਤੂੰ ਮਾਲਕ ਖ਼ਾਲਕ ਗੁਣੀ ਗਹਿੰਦ, ਪੁਰਖ ਅਕਾਲਾ ਦੀਨ ਦਿਆਲਾ ਇਕ ਅਖਵਾਈਆ । ਤੇਰੀ ਕਰੇ ਕੋਈ ਨਾ ਨਿੰਦ, ਨਿੰਦਕਾਂ ਦਾ ਡੇਰਾ ਦੇਣਾ ਢਾਹੀਆ । ਇਹ ਤੇਰਾ ਸੁਹੰਜਣਾ ਹੋਏ ਜੀਉ ਪਿੰਡ, ਇੰਡ ਬ੍ਰਹਿਮੰਡ ਵੇਖਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਇਕੋ ਹੋਵੇ ਆਵਾਜ਼, ਅਨਬੋਲਤ ਦੇਣੀ ਜਣਾਈਆ । ਜਿਸ ਵਿਚ ਤੇਰਾ ਖੁਲ੍ਹੇ ਰਾਜ਼, ਰਾਜ਼ਕ ਰਿਜ਼ਕ ਰਹੀਮ ਪਰਦਾ ਦੇਣਾ ਚੁਕਾਈਆ । ਝਗੜਾ ਰਹੇ ਨਾ ਰੋਜ਼ਾ ਨਿਮਾਜ਼, ਕਲਮਾ ਸ਼ਰਅ ਵੰਡ ਨਾ ਕੋਇ ਵੰਡਾਈਆ । ਆਪਣਾ ਭੇਵ ਖੋਲ ਆਗ਼ਾਜ਼, ਬੇਪ੍ਰਵਾਹ ਆਪਣੀ ਦਇਆ ਕਮਾਈਆ । ਇਕੋ ਤੇਰਾ ਨੂਰ ਦਿਸੇ ਵਾਹਿਦ, ਦੂਜਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਆਤਮ ਧਾਰ ਕਰ ਆਬਾਦ, ਪਾਰਬ੍ਰਹਮ ਪ੍ਰਭ ਆਪਣਾ ਗ੍ਰਹਿ ਸੁਹਾਈਆ । ਲੱਖ ਚੁਰਾਸੀ ਅੰਦਰ ਤੇਰੀ ਹੋਵੇ ਯਾਦ, ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਮੰਦਰ ਦੇਣਾ ਸੁਹਾਈਆ । ਤੇਰੇ ਸ਼ਬਦ ਦਾ ਸ਼ਬਦੀ ਵੱਜੇ ਨਾਦ, ਨਾਦ ਅਨਾਦੀ ਧੁਨ ਦੇਣੀ ਸ਼ਨਵਾਈਆ । ਤੂੰ ਮਾਲਕ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਦਾ ਪਰਦਾ ਦੇਣਾ ਉਠਾਈਆ । ਅਸੀਂ ਭਗਤ ਸੁਹੇਲੇ ਪੰਜ ਤਤ ਤੈਨੂੰ ਰਹੇ ਅਰਾਧ, ਰਾਧਕਾ ਕ੍ਰਿਸ਼ਨ ਵਾਲੀ ਸੀਸ ਨਿਵਾਈਆ । ਸਾਡੇ ਅੰਤਰ ਰਹੇ ਨਾ ਵਾਦ ਵਿਵਾਦ, ਵਿਖ ਦੇਣੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਸਦਾ ਜੁਗਾਦਿ ਆਦਿ, ਆਦਿ ਜੁਗਾਦੀ ਇਕ ਅਖਵਾਈਆ ।



✪ ੧੪ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਪੱਖੋਵਾਲ ਨਾਜਰ ਸਿੰਘ ਸਾਧੂ ਸਿੰਘ ਸਰਦਾਰਾ ਸਿੰਘ ਕਰਮ ਸਿੰਘ ਸਰਵਣ ਸਿੰਘ ਮੰਗਲ ਸਿੰਘ ਪੱਖੋਵਾਲ ਹਰਜੀਤ ਸਿੰਘ ਲੀਲ ਗੁਰਮੇਜ ਸਿੰਘ ਹਰੀ ਸਿੰਘ ਬੁਰਜ ਪਲਟੂ ਰਾਮ ਸੁਧਾਰ ਚੈਂਚਲ ਸਿੰਘ ਸੁਧਾਰ ਹਰਚਰਨ ਸਿੰਘ ਡਾਂਗੋ ਭਾਗ ਸਿੰਘ ਬਸਰਾਵਾਂ ਗੁਰਦਿਆਲ ਸਿੰਘ ਨੰਗਲ ਖੁਰਦ ✪

ਪੰਜ ਤਤ ਕਹਿਣ ਪ੍ਰਭ ਤੇਰੇ ਚਰਨ ਕਵਲ ਵਾਸਤਾ, ਵਾਸਤਕ ਆਸਤਕ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਨੂੰ

ਇਕੋ ਦੱਸ ਦੇ ਰਾਸਤਾ, ਰਾਹ ਬੇਪ੍ਰਵਾਹ ਅਗੰਮ ਅਥਾਹ ਦੇਣਾ ਜਣਾਈਆ । ਖੇਲ ਦੱਸ ਦੇ ਪਰਮ ਪੁਰਖ਼ ਆਪਣੀ ਅਗੰਮੀ ਰਾਸ ਦਾ, ਮੰਡਲ ਮੰਡਪ ਨਿਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਸਾਡਾ ਝਗੜਾ ਰਹੇ ਨਾ ਰਸਨਾ ਰਸ ਸਵਾਸ ਦਾ, ਜਗ ਜੀਵਣ ਦਾਤੇ ਪੁਰਖ ਬਿਧਾਤੇ ਏਕਾ ਨਾਮ ਦੇਣਾ ਦ੍ਰਿੜਾਈਆ । ਤੂੰ ਮਾਲਕ ਖ਼ਾਲਕ ਪਾਰਬ੍ਰਹਮ ਪ੍ਰਿਥਮੀ ਆਕਾਸ਼ ਦਾ, ਗਗਨ ਗਗਨੰਤਰ ਤੇਰੀ ਓਟ ਤਕਾਈਆ । ਸਾਡਾ ਸਚ ਟਿਕਾਣਾ ਇਕੋ ਹੋਵੇ ਤੇਰੇ ਚਰਨ ਨਿਵਾਸ ਦਾ, ਦੂਜਾ ਗ੍ਰਿਹਿ ਨਾ ਕੋਇ ਵਖਾਈਆ । ਲੇਖਾ ਮੁਕਾ ਦੇ ਹੱਡ ਨਾੜੀ ਮਾਸ ਦਾ, ਰਕਤ ਬੂੰਦ ਦਾ ਡੇਰਾ ਢਾਹੀਆ । ਰੂਪ ਅਨੂਪ ਦਰਸਾ ਦੇ ਕਮਲਾਪਾਤ ਦਾ, ਪਤਿਪਰਮੇਸ਼ਵਰ ਆਪਣਾ ਪਰਦਾ ਲਾਹੀਆ । ਸਾਡਾ ਲਹਿਣਾ ਦੇਣਾ ਧਰਨੀ ਧਰਤ ਧਵਲ ਧੌਲ ਰਹੇ ਨਾ ਜ਼ਾਤ ਪਾਤ ਦਾ, ਪਤਵੰਤੇ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਸੁਣ ਫ਼ਰਿਆਦ, ਦਰ ਠਾਂਡੇ ਮੰਗ ਮੰਗਾਈਆ । ਤੂੰ ਬਣਤ ਬਣਾਈ ਆਦਿ, ਆਦਿ ਪੁਰਖ ਤੇਰੀ ਸਰਨਾਈਆ । ਤੇਰਾ ਖੇਲ ਖੇਲਿਆ ਜੁਗ ਜੁਗਾਦਿ, ਚੌਕੜੀ ਭੱਜੇ ਵਾਹੋ ਦਾਹੀਆ । ਲੱਖ ਚੁਰਾਸੀ ਕੀਤੀ ਆਬਾਦ, ਤਨ ਵਜੂਦਾਂ ਨਾਲ ਸੁਹਾਈਆ । ਰਸਨਾ ਜਿਹਵਾ ਲੈਂਦੇ ਰਹੇ ਸਵਾਦ, ਰਸ ਰਸਕ ਰਸਕ ਤੇਰਾ ਵੇਖ ਵਖਾਈਆ । ਤੇਰਾ ਖੇਲ ਤੱਕਿਆ ਵਿਚ ਬ੍ਰਹਿਮਾਦ, ਬ੍ਰਹਿਮੰਡ ਦੇਣਾ ਨੈਣ ਉਠਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਦੇ ਦੇ ਦਾਦ, ਵਸਤ ਅਮੋਲ ਅਮੁੱਲ ਵਰਤਾਈਆ । ਧੁਨ ਆਤਮਕ ਸੁਣਾ ਦੇ ਸਾਡੇ ਅੰਦਰ ਨਾਦ, ਨਾਦੀ ਧੁਨ ਕਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਸਗਲੇ ਸੰਗੀ, ਸਾਜਣ ਤੇਰੀ ਓਟ ਤਕਾਈਆ । ਸਾਨੂੰ ਕਰ ਲੈ ਆਪਣੇ ਕਾਰ ਅੰਗੀ, ਅੰਗੀਕਾਰ ਇਕ ਅਖਵਾਈਆ । ਧੁਰ ਦੀ ਵਸਤ ਦੇ ਦੇ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਡਾ ਲੇਖਾ ਰਹੇ ਨਾ ਪ੍ਰਕਿਰਤੀ ਪੰਞੀ, ਪੰਜ ਤਤ ਰਹੇ ਕੁਰਲਾਈਆ । ਵੇਖ ਲੈ ਪਿਛਲੀ ਜੁਗ ਚੌਕੜੀ ਕੋਟਨ ਲੰਘੀ, ਆਪਣਾ ਪੰਧ ਮੁਕਾਈਆ । ਸਾਡੀ ਧਾਰ ਹੋਈ ਨਾ ਠੰਡੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਸਤਿ ਸਚ ਦਵਾਰੇ ਪਾਈ ਕਿਸੇ ਨਾ ਗੰਢੀ, ਨਾਤਾ ਜੋੜ ਨਾ ਕੋਇ ਜੁੜਾਈਆ । ਸਾਡੀ ਆਯੂ ਬੀਤ ਗਈ ਲੰਬੀ, ਗਿਣਤੀ ਗਣਤ ਨਾ ਕੋਇ ਵਖਾਈਆ । ਸਾਨੂੰ ਦੇ ਦੇ ਸੁਖ ਅਨੰਦੀ, ਅਨੰਦ ਆਪਣੇ ਵਿਚੋਂ ਪ੍ਰਗਟਾਈਆ । ਕੂੜੀ ਕਿਰਿਆ ਵਾਸਨਾ ਅੰਦਰੋਂ ਕੱਢ ਦੇ ਗੰਦੀ, ਸੁਗੰਧ ਆਪਣੀ ਦੇਣੀ ਵਖਾਈਆ । ਸ਼ਰਅ ਦੀ ਰਹੇ ਨਾ ਕੋਇ ਪਾਬੰਦੀ, ਨਾਤਾ ਬਿਧਾਤਾ ਦੇਣਾ ਤੁੜਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਤੇਰੀ ਕਲਜੁਗ ਅੰਤਮ ਸੰਧੀ, ਪੇਸ਼ੀਨਗੋਈਆਂ ਵੇਖਣੀਆਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਮਿਤਰਾ ਮੀਤ, ਸਾਜਣਾ ਦੇਈਏ ਜਣਾਈਆ । ਸਾਨੂੰ ਕਰ ਦੇ ਪਤਤ ਪੁਨੀਤ, ਪਤਤ ਪਾਵਨ ਤੇਰੇ ਹੱਥ ਵਡਿਆਈਆ । ਧਰਮ ਦੀ ਧਾਰ ਸਮਝਾ ਦੇ ਰੀਤ, ਮਾਰਗ ਇਕੋ ਇਕ ਵਖਾਈਆ । ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ ਕਾਅਬਾ ਹੁਜਰਾ ਹਕ ਜਣਾਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਧਨੀ ਤੇਰੀ ਓਟ ਰਖਾਈਆ । ਨਿਰਗੁਣ ਸਰਗੁਣ ਕਰ ਠਾਂਡਾ ਸੀਤ, ਅਗਨੀ ਤਤ ਤਤ ਬੁਝਾਈਆ । ਸਦਾ ਸੁਹੇਲੇ ਵਸਣਾ ਚੀਤ, ਚਿਤ ਵਿਤ ਠਗੌਰੀ ਰਹੇ ਨਾ ਰਾਈਆ । ਤੇਰੇ ਨਾਲ ਹੋਵੇ ਪ੍ਰੀਤ, ਪ੍ਰੀਤਮ

੨੦੦੦ ੨੩

ਮਿਲਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਸੁਹਾ ਦੇ ਮੰਦਰ, ਦਰ ਠਾਂਡੇ ਵੱਜੇ ਵਧਾਈਆ । ਭਾਗ ਲਗਾ ਦੇ ਡੂੰਘੀ ਕੰਦਰ, ਕਾਇਆ ਕਿਲਾ ਕੋਟ ਵੇਖ ਵਖਾਈਆ । ਪ੍ਰਕਾਸ਼ ਬਖ਼ਸ਼ ਦੇ ਸੂਰੀਆ ਚੰਦਰ, ਨੂਰ ਨੁਰਾਨਾ ਡਗਮਗਾਈਆ । ਸਾਡੀ ਮਨਜ਼ੂਰ ਕਰੀਂ ਬੰਦਨ, ਬੰਦਗੀ ਵਿਚ ਸੀਸ ਨਿਵਾਈਆ । ਅਸੀਂ ਤਤ ਵਿਚਾਰੇ ਪੰਜਮ, ਪੰਚਮ ਧੁਨ ਕਰਨੀ ਸ਼ਨਵਾਈਆ । ਪੁਰਖ ਅਕਾਲੇ ਚਾੜ੍ਹ ਦੇ ਰੰਗਣ, ਰੰਗ ਇਕ ਇਕ ਰੰਗਾਈਆ । ਦੂਜਾ ਦਰ ਜਾਈਏ ਨਾ ਮੰਗਣ, ਦੋ ਜਹਾਨਾਂ ਅੱਖ ਨਾ ਕੋਇ ਉਠਾਈਆ । ਤੇਰੀ ਚਰਨਾਂ ਦੀ ਧੂੜ ਸਾਡਾ ਮਸਤਕ ਹੋਵੇ ਚੰਦਨ, ਨੂਰ ਜ਼ਹੂਰ ਕਰਨਾ ਆਪ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਲਾਸ਼ਰੀਕ, ਸ਼ਰਕਤ ਅੰਦਰੋਂ ਦੇ ਕਢਾਈਆ । ਤੂੰ ਮਾਲਕ ਖ਼ਾਲਕ ਵਾਹਿਦ ਤੇਰੇ ਵਿਚ ਹਕ ਤੌਫੀਕ, ਤੋਹਫ਼ੇ ਨਾਮ ਕਲਮੇ ਵਾਲੇ ਝੋਲੀ ਪਾਈਆ । ਅਸੀਂ ਆਦਿ ਜੁਗਾਦੀ ਤੇਰੇ ਰਫ਼ੀਕ, ਮਿਤ੍ਰ ਪਿਆਰੇ ਇਕ ਅਖਵਾਈਆ । ਸਾਡੇ ਅੰਦਰੋਂ ਮੇਟ ਅੰਧੇਰਾ ਤਾਰੀਕ, ਨੂਰੀ ਚੰਦ ਚੰਦ ਕਰ ਰੁਸ਼ਨਾਈਆ । ਤੇਰੀ ਇਕੋ ਸੁਣੀਏ ਹਕ ਦੀ ਹਕ ਹਦੀਸ, ਕਲਮਿਆਂ ਤੋਂ ਬਾਹਰ ਹੋਵੇ ਪੜ੍ਹਾਈਆ । ਤੂੰ ਮਾਲਕ ਖ਼ਾਲਕ ਬੀਸ ਇਕੀਸ, ਏਕੰਕਾਰ ਤੇਰੀ ਓਟ ਤਕਾਈਆ । ਸਾਡੀ ਧਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਕਰ ਦੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਕੋਟਨ ਕੋਟ ਜੁਗ ਚੌਕੜੀਆਂ ਤੇਰੀ ਯਾਦ ਵਿਚ ਗਏ ਬੀਤ, ਬੀਤੀ ਕਥਾ ਕਹਾਣੀ ਰਹੇ ਸੁਣਾਈਆ । ਸਾਡੀ ਆਸ਼ਾ ਮਨਸਾ ਪੂਰੀ ਕਰ ਦੇ ਉਮੀਦ, ਤ੍ਰਿਸ਼ਨਾ ਕੂੜ ਦੇਣੀ ਮਿਟਾਈਆ ।


੨੦੦੧
੨੩

ਪੰਜ ਤਤ ਕਹਿਣ ਪ੍ਰਭ ਸਾਨੂੰ ਤੇਰੇ ਮਿਲਣ ਦੀ ਰੀਝ, ਮੇਲ ਮਿਲਾਉਣਾ ਚਾਈਂ ਚਾਈਆ । ਅਸੀਂ ਬਰਖ਼ੁਰਦਾਰ ਤੇਰੇ ਅਜ਼ੀਜ਼, ਆਜਜ਼ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਸ ਬਿਨਾ ਨੈਣਾਂ ਤੋਂ ਹੋਵੇ ਦੀਦ, ਨੂਰ ਨੁਰਾਨੇ ਸ਼ਾਹ ਸੁਲਤਾਨੇ ਨੌਜਵਾਨੇ ਮਰਦ ਮਰਦਾਨੇ ਸ੍ਰੀ ਭਗਵਾਨੇ ਇਕੋ ਜ਼ਹੂਰ ਦੇਣਾ ਵਖਾਈਆ ।

✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਸੰਗਰੂਰ ਸ਼ਹਿਰ ਹਰਬੰਸ ਸਿੰਘ ਸਤਿੰਦਰ ਪਾਲ ਕੌਰ ਪਟਿਆਲਾ ਸਰਦਾਰਾ ਸਿੰਘ ਛਾਜਲਾ ਤਰਲੋਕ ਸਿੰਘ ਸਨਾਮ ਸ਼ਾਮ ਸਿੰਘ ਬਰਨਾਲਾ ਹਰਦੇਵ ਕੌਰ ਬੁਰਜ ਲਿਟਾਂ ✪

ਪੰਜ ਤਤ ਕਹਿਣ ਪ੍ਰਭ ਸਾਡੀ ਮਾਟੀ ਤੱਕ ਲੈ ਖ਼ਾਕ, ਮਕਬਰਿਆਂ ਵਿਚ ਪੈਗ਼ੰਬਰ ਦੇਣ ਗਵਾਹੀਆ । ਤਨ ਵਜੂਦ ਮਹਿਬੂਬ ਹੋਏ ਨਾ ਪਾਕ, ਪਾਕੀਜ਼ਾ ਤੇਰੇ ਰੰਗ ਨਾ ਕੋਇ ਸਮਾਈਆ । ਨਿਰਗੁਣ ਨਿਰਵੈਰ ਨਿਰੰਕਾਰ ਅਗੰਮੇ ਝਾਕ, ਬਿਨ ਨੇਤਰ ਨੈਣਾਂ ਨੈਣ ਉਠਾਈਆ । ਸਾਡਾ ਮਿਤ੍ਰ ਪਿਆਰਾ ਦਿਸੇ ਨਾ ਕੋਈ ਸੱਜਣ ਸਾਕ, ਸੈਣ ਸੰਗੀ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਚ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਚਰਨ ਕਵਲ ਉਪਰ ਧਵਲ ਨਾਤ, ਬਿਧਾਤਾ ਆਪਣੇ ਨਾਲ ਰਖਾਈਆ । ਦੀਨ ਦਿਆਲ ਦਇਆਨਿਧ ਠਾਕਰ ਦਰਸ਼ਨ ਦੇਣਾ ਇਕ ਇਕਾਂਤ, ਅਕਲ ਕਲਧਾਰੀ ਆਪਣਾ ਪਰਦਾ ਲਾਹੀਆ । ਸਚ ਸਵਾਮੀ ਅੰਤਰਜਾਮੀ ਬਖ਼ਸ਼ਣਾ ਅੰਮ੍ਰਿਤ ਬੂੰਦ ਸਵਾਂਤ, ਅਗਨੀ ਤਤ ਬੁਝਾਈਆ ।

੨੦੦੨
੨੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਛੋਟੇ ਨੰਨ੍ਹੇ ਤੇਰੇ ਬਾਲ ਨਾਦਾਨੇ, ਆਯੂ ਚਾਰ ਜੁਗ ਦੀ ਸਮਝ ਕਿਸੇ ਨਾ ਆਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੇ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਨਿਰਗੁਣ ਸਰਗੁਣ ਤੇਰੇ ਜੁਗ ਚੌਕੜੀ ਵੇਖੇ ਬਹਾਨੇ, ਤਨ ਵਜੂਦਾਂ ਖੇਲ ਖੇਲਿਆ ਚਾਈਂ ਚਾਈਂਆ । ਅੰਤ ਕੰਤ ਭਗਵੰਤ ਤੁਧ ਬਿਨ ਸਾਨੂੰ ਨਾ ਕੋਇ ਪਹਿਚਾਨੇ, ਬੇਨਜ਼ੀਰ ਨਜ਼ਰ ਨਾ ਕੋਇ ਮਿਲਾਈਆ । ਅਸੀਂ ਦੀਨ ਦੁਨੀਆ ਵਿਚ ਹੁੰਦੇ ਰਹੇ ਫ਼ਾਨੇ, ਫਾਸੀ ਗਲਾਂ ਵਿਚ ਲਟਕਾਈਆ । ਸਾਡੇ ਅੰਤ ਦਿਸਣ ਨਾ ਕੋਇ ਨਿਸ਼ਾਨੇ, ਨਿਸ਼ਾਨ ਜਗਤ ਜੁਗਤ ਨਾ ਨਜ਼ਰੀ ਆਈਆ । ਤੂੰ ਕਿਰਪਾ ਕਰ ਗੁਣ ਨਿਧਾਨੇ, ਗਹਿਰ ਗੰਭੀਰ ਗਵਰ ਤੇਰੀ ਆਸ ਰਖਾਈਆ । ਸਾਡੀ ਬੇਨੰਤੀ ਕਰ ਪ੍ਰਵਾਨੇ, ਪਰਮ ਪੁਰਖ ਪ੍ਰਭ ਬੇਪ੍ਰਵਾਹੀਆ । ਸਾਨੂੰ ਲੈ ਜਾ ਸਚਖੰਡ ਸੱਚੇ ਮਕਾਨੇ, ਜਿਥੇ ਤੇਰਾ ਆਤਮ ਨੂਰ ਸੋਭਾ ਪਾਈਆ । ਅਸੀਂ ਤਨ ਵਜੂਦ ਜਨ ਭਗਤ ਤੇਰੇ ਜੁਗ ਚੌਕੜੀ ਪੁਰਾਣੇ, ਪੁਨਹ ਪੁਨਹ ਤੈਨੂੰ ਸੀਸ ਨਿਵਾਈਆ । ਸਾਡਾ ਤੇਰੇ ਉਤੇ ਮਾਣੇ, ਮਾਣ ਅਭਿਮਾਨ ਦੇਣਾ ਗਵਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨੇ, ਪਾਤਸ਼ਾਹ ਤੇਰੇ ਹੱਥ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਤੇਰੇ ਦਰ ਖੜ੍ਹੇ ਨਿਮਾਣੇ, ਨਮੋ ਨਮੋ ਕਹਿ ਕੇ ਸੀਸ ਨਿਵਾਈਆ । ਅਸੀਂ ਤੇਰੇ ਆਦਿ ਜੁਗਾਦਿ ਜੁਗਾ ਜੁਗੰਤ ਨਾ ਹੋਈਏ ਬੇਗਾਨੇ, ਵੱਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਆਪਣੇ ਗ੍ਰਹਿ ਦਾ ਦੇ ਦੇ ਥਾਨ, ਥਨੰਤਰ ਇਕੋ ਨਜ਼ਰੀ ਆਈਆ । ਸਾਡਾ ਰੂਪ ਰੰਗ ਰੇਖ ਰਹੇ ਨਾ ਵਿਚ ਜਹਾਨ, ਮੇਲਾ ਫੇਰ ਨਾ ਕੋਇ ਮਿਲਾਈਆ । ਪੌਣ ਪਾਣੀ ਤੇਰੇ ਵਿਚ ਸਮਾਣ, ਅਗਨੀ ਤਤ ਤਤ ਨਾਲ ਰਲਾਈਆ । ਪ੍ਰਿਥਮੀ ਆਕਾਸ਼ ਤੇਰਾ ਖੇਲ ਮਹਾਨ, ਖ਼ਾਲਕ ਖ਼ਲਕ ਦੇਣੀ ਵਡਿਆਈਆ । ਅਸੀਂ ਤੇਰੇ ਨੱਢੇ ਬਾਲ ਅੰਞਾਣ, ਬੁੱਧਹੀਣ ਤੇਰੀ ਓਟ ਤਕਾਈਆ । ਜੇ ਭਗਤਾਂ ਆਤਮਾ ਕਰੇਂ ਪ੍ਰਵਾਨ, ਪਰਮ ਪੁਰਖ ਦੇਵੇਂ ਮਾਣ ਵਡਿਆਈਆ । ਕਿਉਂ ਸਾਡਾ ਲੇਖਾ ਰਹੇ ਵਿਚ ਜਹਾਨ, ਦੀਨ ਦੁਨੀ ਨਾਲ ਮਿਲਾਈਆ । ਅੰਤ ਸਾਡੀ ਦਿਸ਼ਾ ਆਪ ਪਹਿਚਾਨ, ਹਿੱਸਾ ਆਪਣਾ ਮੰਗ ਮੰਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਦੇ ਨਹੀਂ ਮੰਗਿਆ ਦਾਨ, ਖ਼ਾਲੀ ਝੋਲੀ ਅਗੇ ਡਾਹੀਆ । ਹੁਣ ਕੂਕ ਕੂਕ ਕੇ ਕਹੀਏ ਸ੍ਰੀ ਭਗਵਾਨ, ਭਗਵਨ ਦਈਏ ਜਣਾਈਆ । ਅਸੀਂ ਤਤ ਨਿਮਾਣੇ ਭਗਤ ਸੁਹੇਲੇ ਸਚਖੰਡ ਤੇਰੀ ਦਰਗਾਹ ਸਾਚੀ ਮੁਕਾਮੇ ਹਕ ਦਾ ਤੱਕੀਏ ਅਗੰਮ ਮਕਾਨ, ਜਿਥੇ ਛੱਪਰ ਛੰਨ ਨਾ ਕੋਇ ਸੁਹਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਜਗੇ ਮਹਾਨ, ਬਿਨ ਤੇਲ ਬਾਤੀ ਡਗਮਗਾਈਆ । ਏਕੰਕਾਰ ਤੇਰੀ ਆਦਿ ਜੁਗਾਦੀ ਇਕੋ ਬਿਨਾ ਆਵਾਜ਼ ਤੋਂ ਸੁਣੀਏ ਧੁਨਕਾਨ, ਅਨਾਦੀ ਨਾਦ ਦੇਣਾ ਜਣਾਈਆ । ਦਰ ਠਾਂਡੇ ਬੇਨੰਤੀ ਪਰਮ ਪੁਰਖ ਕਰੀਂ ਪ੍ਰਵਾਨ, ਪਾਰਬ੍ਰਹਮ ਪ੍ਰਭ ਆਸ਼ਾ ਪੂਰ ਦੇਣੀ ਕਰਾਈਆ । ਜਨਮ ਮਰਨ ਦਾ ਲੇਖਾ ਸਾਡਾ ਰਹੇ ਨਾ ਵਿਚ ਜਹਾਨ, ਆਵਣ ਜਾਵਣ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਚਰਨ ਪ੍ਰੀਤੀ ਦੇਣਾ ਮਾਣ, ਮਾਨਵ ਮਾਨਸ ਮਾਨੁਖ ਹੋ ਕੇ ਤੇਰੀ ਆਸ ਰਖਾਈਆ ।

੨੦੦੨
੨੩

✪ ੧੫ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਟਿਆਲਾ ਸ਼ਹਿਰ ਬਲਵੰਤ ਸਿੰਘ ਭਜਨ ਸਿੰਘ ਚੁਪਕੀ ਬਲਦੇਵ ਸਿੰਘ ਬੂਟਾ ਸਿੰਘ ਵਾਲਾ ਪ੍ਰੇਮ ਸਿੰਘ ਦੌਣ ਕਲਾ ਮੋਹਣ ਸਿੰਘ ਨਾਭਾ ✪

ਪੰਜ ਤਤ ਕਹਿਣ ਪ੍ਰਭ ਸਾਡੇ ਲੇਖੇ ਪੂਰੇ ਕਰ ਦੇ ਹੱਜ ਦੇ, ਦੀਨ ਦੁਨੀ ਦਾ ਅੰਤਮ ਪੰਧ ਮੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਭੱਜਦੇ, ਸਰਗੁਣ ਹੋ ਕੇ ਚਾਰੋਂ ਕੁੰਟ ਵਾਹੋ ਦਾਹੀਆ । ਦੀਨ ਦਿਆਲੇ ਤੈਨੂੰ ਰਹੇ ਲੱਭਦੇ, ਦੋ ਜਹਾਨਾਂ ਨੈਣ ਉਠਾਈਆ । ਤੇਰੇ ਮੇਲੇ ਕਦੇ ਨਾ ਹੋਏ ਸਬੱਬ ਦੇ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਲਹਿਣੇ ਦੇਣੇ ਤੱਕ ਲੈ ਚਾਰ ਜੁਗ ਦੀ ਹੱਦ ਦੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਅਸੀਂ ਵਣਜਾਰੇ ਬਣੇ ਰਹੇ ਮੜ੍ਹੀ ਗੋਰ ਅੱਗ ਦੇ, ਤਨ ਖ਼ਾਕੀ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਅਸੀਂ ਮੜ੍ਹੀਆਂ ਗੋਰਾਂ ਲਾਉਂਦੇ ਰਹੇ ਆਸਣਾ, ਨਵ ਸੱਤ ਆਪਣਾ ਡੇਰਾ ਲਾਈਆ । ਨਿਗਾਹ ਮਾਰ ਲੈ ਪੁਰਖ ਅਬਿਨਾਸ਼ਣਾ, ਚਾਰੋਂ ਕੁੰਟ ਵੇਖ ਵਖਾਈਆ । ਜੂਹਾਂ ਜੰਗਲਾਂ ਸਾਡਾ ਵਾਸਣਾ, ਘਰ ਮੰਦਰ ਜਗਤ ਤਜਾਈਆ । ਸਾਡੀ ਦੁਹਾਈ ਪ੍ਰਿਥਮੀ ਆਕਾਸ਼ਣਾ, ਦਰੋਹੀ ਤੇਰਾ ਨਾਮ ਸੁਣਾਈਆ । ਸਾਡਾ ਲੇਖੇ ਲਾ ਲੈ ਹੱਡ ਨਾੜੀ ਮਾਸਨਾ, ਰਕਤ ਬੂੰਦ ਰੰਗ ਰੰਗਾਈਆ । ਤੇਰੇ ਹੋਈਏ ਦਾਸੀ ਦਾਸਣਾ, ਨਿਰਗੁਣ ਤੇਰੀ ਸੇਵ ਕਮਾਈਆ । ਤੂੰ ਸ਼ਾਹੋ ਭੂਪ ਸ਼ਾਬਾਸਣਾ, ਸ਼ਹਿਨਸ਼ਾਹ ਇਕ ਅਖਵਾਈਆ । ਸਾਡਾ ਲਹਿਣਾ ਪੂਰਾ ਕਰ ਦੇ ਦਸ ਦਸ ਮਾਸਣਾ, ਮਾਤ ਗਰਭ ਨਾ ਅਗਨ ਤਪਾਈਆ । ਕਲਜੁਗ ਮੇਟ ਅੰਧੇਰੀ ਰਾਤਨਾ, ਰੁਤੜੀ ਆਪਣੇ ਨਾਲ ਮਹਿਕਾਈਆ । ਭੇਵ ਖੁਲਾ ਦੇ ਆਪਣਾ ਬਾਤਨਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਚ ਸਵਾਮੀ ਦੇਣਾ ਸਾਥਨਾ, ਸਗਲਾ ਸੰਗ ਬਣਾਈਆ । ਹੋ ਅਨਾਥ ਅਨਾਥਣਾ, ਦਾਸੀ ਦਾਸ ਦਾਸ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਨਿਮਾਣੇ ਜਗ, ਜਗ ਜੀਵਣ ਦਾਤੇ ਦੇ ਵਡਿਆਈਆ । ਤੇਰੀ ਸਰਨ ਸਰਨਾਈ ਜਾਈਏ ਲੱਗ, ਲਗ ਮਾਤਰ ਦਾ ਡੇਰਾ ਢਾਹੀਆ । ਮੇਲ ਮਿਲਾਉਣਾ ਸੂਰੇ ਸਰਬਗ, ਹਰਿ ਕਰਤੇ ਧੁਰਦਰਗਾਹੀਆ । ਸਾਡੀ ਵਾਸ਼ਨਾ ਰਹੇ ਨਾ ਮੂਲ ਅਲਪਗ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਸਾਡੀ ਬੁੱਧੀ ਵੇਖ ਲੈ ਕੱਗ, ਹੰਸ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰਾ ਜਿਸਮ ਜਿਸਮ ਜਿਸਮਾਨੇ, ਤਨ ਵਜੂਦ ਸੋਭਾ ਪਾਈਆ । ਸਾਡੀ ਅੰਤਰ ਮੰਜ਼ਲ ਤੱਕ ਰੁਹਾਨੇ, ਰੂਹ ਬੁਤ ਵੇਖ ਵਖਾਈਆ । ਤੂੰ ਮਾਲਕ ਖਾਲਕ ਸਾਡਾ ਇਕ ਅਸਮਾਨੇ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਸਾਡਾ ਲਹਿਣਾ ਦੇਣਾ ਵੇਖ ਲੈ ਦੋ ਜਹਾਨੇ, ਏਥੇ ਓਥੇ ਖੋਜ ਖੁਜਾਈਆ । ਜੁਗ ਚੌਕੜੀ ਸਦਾ ਸਦ ਹੁੰਦੇ ਰਹੇ ਫ਼ਾਨੇ, ਅੰਤ ਨਜ਼ਰ ਕੋਇ ਨਾ ਆਈਆ । ਸਾਡੀ ਆਦਿ ਦੀ ਮੰਗ ਪੁਰਾਣੀ , ਜੁਗ ਜੁਗ ਤੇਰੀ ਓਟ ਤਕਾਈਆ । ਅੱਖਰਾਂ ਨਾਲ ਤੇਰੇ ਸਿਫ਼ਤਾਂ ਵਾਲੇ ਗਾਉਂਦੇ ਰਹੇ (ਅਫ਼ਸਾਨੇ), ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਦਰ ਮੰਗਦੇ ਰਹੇ ਪਦ ਨਿਰਬਾਣੇ, ਦਰਗਾਹ ਸਾਚੀ ਧਿਆਨ ਲਗਾਈਆ । ਅੰਤ ਕੰਤ ਪ੍ਰਭੂ ਪਹਿਚਾਨੇ, ਪਾਰਬ੍ਰਹਮ ਪ੍ਰਭ ਬੇਪ੍ਰਵਾਹੀਆ । ਸਾਡਾ ਜਿਸਮ ਜਗਤ ਰੂਪ ਇਨਸਾਨੇ,



੨੦੦੩ ੨੩

੨੦੦੪
੨੩

ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰੀ ਬਣਤ ਬਣਾਈਆ । ਮਾਤਲੋਕ ਤੇਰੇ ਹੁਕਮ ਦੀ ਖੇਲੀ ਖੇਲ ਮਹਾਨੇ, ਭੱਜੇ ਵਾਹੋ ਦਾਹੀਆ । ਅੰਤ ਬਖ਼ਸ਼ਣਾ ਚਰਨ ਧਿਆਨੇ, ਦਰਗਾਹ ਸਾਚੀ ਸਚ ਸਚ ਸਰਨਾਈਆ । ਸਾਡੀ ਮਿਟੀ ਖ਼ਾਕ ਉਡੇ ਨਾ ਜਗਤ ਜਹਾਨੇ, ਪੌਣ ਪੌਣਾਂ ਵਿਚ ਸਮਾਈਆ । ਆਤਮਾ ਨਾਲ ਸਾਡਾ ਇਕੋ ਗ੍ਰਿਹ ਸਚਖੰਡ ਦਵਾਰ ਹੋਵੇ ਮਕਾਨੇ, ਮੁਕਾਮੇ ਹਕ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰਾ ਤਨ ਵਜੂਦ, ਮਾਟੀ ਖ਼ਾਕ ਖ਼ਾਕ ਨਜ਼ਰੀ ਆਈਆ । ਤੂੰ ਨੂਰ ਅਲਾਹੀ ਹਕ ਮਹਿਬੂਬ, ਤੇਰੀ ਮੁਹੱਬਤ ਬੇਪਰਵਾਹੀਆ । ਜਿਧਰ ਤੱਕੀਏ ਮੌਜੂਦ, ਹਾਜ਼ਰ ਹਜ਼ੂਰ ਵੇਖ ਵਖਾਈਆ । ਸਾਡੀ ਮੰਜ਼ਲ ਇਕ ਮਕਸੂਦ, ਦਰ ਘਰ ਸਾਚੇ ਮੰਗ ਮੰਗਾਈਆ । ਸਾਡੀ ਅੰਤਸ਼ਕਰਨ ਦੀ ਆਸਾ ਬੂਝ, ਰਸਨਾ ਜਿਹਵਾ ਕਹਿਣ ਦੀ ਲੋੜ ਰਹੇ ਨਾ ਰਾਈਆ । ਅਸੀਂ ਦੀਨ ਦੁਨੀਆ ਦੀ ਛਡੀਏ ਹਦੂਦ, ਧਰਨੀ ਧਰਤ ਧਵਲ ਧੌਲ ਵੰਡ ਨਾ ਕੋਇ ਵੰਡਾਈਆ । ਸਚਖੰਡ ਦਵਾਰ ਏਕੰਕਾਰ ਅਸੀਂ ਤੇਰੀ ਕਰੀਏ ਪੂਜ, ਦੂਸਰ ਸੀਸ ਨਾ ਕੋਇ ਨਿਵਾਈਆ । ਸਾਡਾ ਨਾਤਾ ਦੁਤੀਆ ਰੱਖੀਂ ਨਾ ਦੂਜ, ਏਕਾ ਰੰਗ ਲੈਣਾ ਰੰਗਾਈਆ । ਜਿਸ ਤਰਾ ਆਤਮਾ ਤੇਰਾ ਸਤਿ ਸਤਿਵਾਦੀ ਪੂਤ, ਪਿਤਾ ਪਰਮ ਪੁਰਖ ਤੇਰੀ ਸ਼ਰਨਾਈਆ । ਏਸੇ ਤਰਾ ਪੰਜ ਤਤ ਅਸੀਂ ਤੇਰੀ ਕਾਇਆ ਭੂਪ, ਤਨ ਵਜੂਦ ਰੰਗ ਰੰਗਾਈਆ । ਸ੍ਰੀ ਭਗਵੰਤ ਸਚ ਦਵਾਰ ਸਾਨੂੰ ਕਰ ਮਹਿਫ਼ੂਜ਼, ਬਾਹਰ ਸਕੇ ਨਾ ਕੋਇ ਕਢਾਈਆ । ਤੇਰੀ ਸਚਖੰਡ ਦੀ ਸਚ ਹੋਵੇ ਹਦੂਦ, ਲਾਈਨ ਐਨ ਦੇਣੀ ਸਮਝਾਈਆ । ਤੇਰੀ ਮੁਹੱਬਤ ਵਿਚ ਰਹੀਏ ਮਹਿਦੂਦ, ਦੂਸਰ ਓਟ ਨਾ ਕੋਇ ਜਣਾਈਆ । ਤੇਰਾ ਆਲੀਸ਼ਾਨ ਤੱਕੀਏ ਅਰੂਜ, ਅਰਸ਼ ਫ਼ਰਸ਼ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਮਿਲਿਆ ਰਹੇ ਮੇਲਾ, ਵਿਛੋੜਾ ਜਗਤ ਨਾ ਕੋਇ ਕਰਾਈਆ । ਏਕਾ ਰੰਗ ਰੰਗਾ ਲੈ ਸ਼ਬਦੀ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣਾ ਖੇਲ ਬਣਾਈਆ । ਸਾਡਾ ਵਕਤ ਸੁਹੰਜਣਾ ਹੋਏ ਸੁਹੇਲਾ, ਸੋਹਣੀ ਬਣਤ ਬਣਾਈਆ । ਤੇਰਾ ਧਾਮ ਤੱਕੀਏ ਸਚਖੰਡ ਦਵਾਰ ਨਵੇਲਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਧਾਰ ਧਾਰ ਨਾਲ ਮਿਲਾਈਆ । ਪੰਜ ਤਤ ਕਹਿਣ ਨਾਤਾ ਤੁਟ ਜਾਏ ਨਾਲੋਂ ਦੀਨ ਦੁਨੀ, ਜਗਤ ਜਹਾਨ ਦੀ ਆਸ ਨਾ ਕੋਇ ਰਖਾਈਆ । ਇਕੋ ਸਚ ਸ਼ਬਦ ਦੀ ਦੇ ਦੇ ਧੁਨੀ, ਸਰਵਣਾਂ ਰਾਗ ਨਾ ਕੋਇ ਵਡਿਆਈਆ । ਤੂੰ ਸ਼ਾਹੋ ਭੂਪ ਵਡ ਗੁਣ ਗੁਣੀ, ਗਹਿਰ ਗੰਭੀਰ ਇਕ ਅਖਵਾਈਆ । ਤੈਨੂੰ ਮਾਲਕ ਖ਼ਾਲਕ ਕਹਿੰਦੇ ਕੁਨੀ, ਕੁਲ ਮਾਲਕ ਨੂਰ ਅਲਾਹੀਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਤਤ ਛਾਣੀਂ ਪੁਣੀਂ, ਚਾਰੇ ਖਾਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ ਮਿਤ, ਸਾਜਣ ਮੀਤ ਦੇਈਏ ਦ੍ਰਿੜਾਈਆ । ਸਾਡੇ ਨਾਲ ਕਰਨਾ ਹਿੱਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਨ੍ਹਾਂ ਦੇ ਕਾਰਨ ਆਵੇਂ ਨਵਿਤ, ਨਿਤ ਨਿਤ ਆਪਣਾ ਖੇਲ ਖਿਲਾਈਆ । ਸਾਡੇ ਵਜੂਦ ਕਰ ਪਵਿਤ, ਪਤਤ ਪੁਨੀਤ ਦੇ ਬਣਾਈਆ । ਠਗੌਰੀ ਰਹੇ ਕੋਇ ਨਾ ਚਿਤ, ਚੇਤਨ ਸੁਰਤੀ ਆਪ ਕਰਾਈਆ । ਦੀਨ ਦਿਆਲੇ ਬਣਨਾ ਪਿਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਅਸੀਂ ਮਾਨਸ ਜਨਮ ਲਈਏ ਜਿੱਤ,

ਹਾਰ ਦਾ ਲੇਖਾ ਨਜ਼ਰ ਕੋਇ ਨਾ ਆਈਆ । ਸਾਡੀ ਸੁਹੰਜਣੀ ਕਰ ਦੇ ਥਿਤ, ਘੜੀ ਪਲ ਵੱਜੇ ਵਧਾਈਆ । ਸਾਡਾ ਲਹਿਣਾ ਦੇਣਾ ਮੁਕਾ ਦੇ ਜਗਤ ਵਾਲੀ ਰਿਤ, ਹੱਡ ਮਾਸ ਨਾੜੀ ਵੰਡ ਨਾ ਕੋਇ ਵੰਡਾਈਆ । ਅਸੀਂ ਜਨਮ ਭੋਗੇ ਕਿਤ, ਕੋਟਨ ਕੋਟ ਰੂਪ ਬਦਲਾਈਆ । ਅੰਤ ਆਪਣੇ ਨਾਲ ਮਿਲਾ ਲੈ ਵਿਚ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਨਾਮ ਆਪ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਵੇਖ ਲੈ ਬੂੰਦ ਰਕਤ, ਨਿਰਗੁਣ ਆਪਣਾ ਧਿਆਨ ਲਗਾਈਆ । ਸਾਡਾ ਲਹਿਣਾ ਦੇਣਾ ਜਾਣ ਫ਼ਕਤ, ਫ਼ਿਕਰੇ ਢੋਲੇ ਤੇਰੇ ਅਗੇ ਸੁਣਾਈਆ । ਜੁਗ ਚੌਕੜੀ ਉਡੀਕਦਿਆਂ ਨੂੰ ਆਇਆ ਵਕਤ, ਘੜੀ ਪਲ ਆਪਣੀ ਖ਼ੁਸ਼ੀ ਬਣਾਈਆ । ਤੇਰੀ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਸ਼ਰਤ, ਪੇਸ਼ੀਨਗੋਈਆਂ ਤੇਰੀ ਦੇਣ ਗਵਾਹੀਆ । ਨਿਰਗੁਣ ਧਾਰ ਪਤਿਪਰਮੇਸ਼ਵਰ ਆਵੇ ਪਰਤ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਕਰੇ ਪ੍ਰਕਾਸ਼ ਉਤੇ ਧਰਤ, ਧਰਨੀ ਧਵਲ ਧੌਲ ਡਗਮਗਾਈਆ । ਯੋਧਾ ਸੂਰਬੀਰ ਬਣੇ ਮਰਦ, ਮਰਦ ਮਰਦਾਨਾ ਇਕ ਅਖਵਾਈਆ । ਜਨ ਭਗਤਾਂ ਵੰਡੇ ਦਰਦ, ਦੀਨਾਂ ਆਪਣੀ ਗੋਦ ਉਠਾਈਆ । ਜਿਸ ਦਾ ਖੇਲ ਹੋਵੇ ਅਸਚਰਜ, ਅਚਰਜ ਲੀਲਾ ਦਏ ਜਣਾਈਆ । ਜਗਤ ਦੀ ਸ਼ਰਅ ਛੁਰੀ ਕਸਾਇਣ ਮੇਟੇ ਕਰਦ, ਕਾਤਲ ਮਕਤੂਲ ਦਾ ਪੰਧ ਮੁਕਾਈਆ । ਜਨ ਭਗਤਾਂ ਹੋਣ ਨਾ ਦੇਵੇ ਹਰਜ, ਜਨਮ ਜਨਮ ਦੇ ਲਹਿਣੇ ਝੋਲੀ ਪਾਈਆ । ਸਾਡੀ ਬੇਨੰਤੀ ਮਨਜ਼ੂਰ ਕਰੀਂ ਅਰਜ਼, ਆਰਜ਼ੂ ਤੇਰੇ ਚਰਨ ਟਿਕਾਈਆ । ਸਾਨੂੰ ਸਚਖੰਡ ਜਾਣ ਦੀ ਗ਼ਰਜ਼, ਦੂਜੀ ਲੋੜ ਜਗਤ ਨਾ ਕੋਇ ਜਣਾਈਆ । ਸਾਡਾ ਪੂਰਬ ਲਹਿਣਾ ਦੇ ਦੇ ਕਰਜ਼, ਮਕਰੂਜ਼ ਕਲਜੁਗ ਅੰਤਮ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਲੇਖ ਮੁਕਾਉਣਾ ਲੋਕਮਾਤੀ ਗਰਭ, ਗ਼ਰੀਬ ਨਿਵਾਜ ਆਪਣੀ ਦਇਆ ਕਮਾਈਆ ।

### ੧੫ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਦਿੱਲੀ ਦਰਬਾਰ ਧੀਰ ਪੁਰ ਕਿੰਗਜ਼ਵੇ ਕੈਂਪ ਹਰਿ ਸੰਗਤ ਨਵਿਤ

ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰ ਦੇ ਮਨਸਾ, ਖ਼ਾਹਿਸ਼ ਤਮੰਨਾ ਜਗਤ ਅਵਰ ਰਹੇ ਨਾ ਰਾਈਆ । ਸਚ ਸਵਾਮੀ ਅੰਤਰਜਾਮੀ ਧਰਮ ਦੀ ਧਾਰ ਬਣਾ ਲੈ ਬੰਸਾ, ਵਿਛੋੜਾ ਦੀਨ ਦੁਨੀ ਨਜ਼ਰ ਕੋਇ ਨਾ ਆਈਆ । ਸਤਿ ਸਰੂਪੀ ਸ਼ਾਹੋ ਭੂਪੀ ਰੂਪ ਜਣਾ ਦੇ ਹੰਸਾ, ਗੁਰਮੁਖ ਗੁਰ ਗੁਰ ਤੇਰੀ ਓਟ ਤਕਾਈਆ । ਅਸੀਂ ਤਨ ਵਜੂਦ ਭਗਤ ਸੁਹੇਲੇ ਪੁਰਖ ਅਕਾਲੇ ਤੇਰਾ ਬੰਸਾ, ਬੰਸੀ ਵਾਲਾ ਕਾਹਨ ਗਿਆ ਦ੍ਰਿੜਾਈਆ । ਕੋਟਾਂ ਵਿਚੋਂ ਵੇਖ ਲੈ ਇਕ ਦੋ ਚਾਰ ਲੱਭ ਲੈ ਵਿਚੋਂ ਸਹੰਸਾ, ਗਿਣਤੀ ਜਗਤ ਗਣਤ ਨਾ ਕੋਇ ਗਿਣਾਈਆ । ਸਾਡੇ ਅੰਤਰ ਮਨੂਆ ਮਨ ਹੰਕਾਰੀ ਮਾਰ ਦੇ ਕੰਸਾ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮੁਕਾਈਆ । ਧਰਮ ਧਾਰ ਦੀ ਏਕੰਕਾਰ ਬਣਾ ਦੇ ਬਣਤਾ, ਘੜਨ ਭੰਨਣਹਾਰ ਸਮਰਥ ਤੇਰੀ ਵਡ ਵਡਿਆਈਆ । ਗੜ੍ਹ ਤੋੜ ਦੇ ਅੰਦਰੋਂ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਸਾਡਾ ਲੇਖਾ ਲਹਿਣਾ ਦੇਣਾ ਜਗਤ ਧਾਰ ਰਹੇ ਨਾ ਵਿਚ ਪੰਗਤਾ, ਸਰਗੁਣ ਸਰਗੁਣ ਵੰਡ ਨਾ ਕੋਇ ਵੰਡਾਈਆ । ਸਾਡਾ ਅੰਤਸ਼ਕਰਨ ਤੇਰਾ ਹੋਇਆ ਮੰਗਤਾ, ਭਾਵਨਾ ਤੇਰੇ ਚਰਨ ਟਿਕਾਈਆ । ਤੇਰਾ

ਨੂਰ ਤੱਕੀਏ ਇਕੋ ਅਗੰਮੀ ਚੰਨ ਦਾ, ਚੰਦ ਚਾਂਦਨਾ ਦੇਣਾ ਵਖਾਈਆ । ਸਾਡਾ ਲੇਖਾ ਮੁਕਾ ਦੇ ਹਰਖ ਸੋਗ ਗ਼ਮ ਦਾ, ਚਿੰਤਾ ਚਿਖਾ ਨਾ ਕੋਇ ਜਣਾਈਆ । ਸਾਡਾ ਹੋਏ ਨਾ ਵਿਛੋੜਾ ਤੇਰੇ ਧਾਰ ਬ੍ਰਹਮ ਦਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਤੇਰਾ ਜੀਵ ਈਸ਼ ਫੇਰ ਫਿਰੇ ਨਾ ਜੰਮਦਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਸਾਡਾ ਲੇਖਾ ਲਾ ਲੈ ਦਮ ਦਾ, ਸਾਹ ਸਾਹ ਤੇਰੇ ਗੁਣ ਗਾਈਆ । ਸਾਡਾ ਲਹਿਣਾ ਮੁਕ ਜਾਏ ਮਰਨ ਜਨਮ ਦਾ, ਜਨਮ ਜਨਮ ਫੇਰ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸ਼ਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਏਕੰਕਾਰ, ਅਕਲ ਕਲ ਧਾਰੀ ਤੇਰੀ ਬੇਪਰਵਾਹੀਆ । ਸੋ ਪੁਰਖ ਨਿਰੰਜਣ ਪਾਉਣੀ ਸਾਰ, ਹਰਿ ਪੁਰਖ ਨਿਰੰਜਣ ਦਇਆ ਕਮਾਈਆ । ਆਦਿ ਜੁਗਾਦੀ ਵੇਖਣਹਾਰ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾਈਆ । ਸਾਡੀ ਜ਼ਿੰਦਗੀ ਜੀਵਣ ਤੱਕ ਹਯਾਤੀ, ਬਿਨ ਨੈਣਾਂ ਨੈਣ ਉਠਾਈਆ । ਤੂੰ ਮਾਲਕ ਖ਼ਾਲਕ ਨਿਰਗੁਣ ਸਰਗੁਣ ਦਿਸੇ ਲੋਕਮਾਤੀ, ਮਤਾ ਆਪਣੇ ਨਾਲ ਰਖਾਈਆ । ਤਤ ਕਹਿਣ ਪ੍ਰਭ ਦਰਗਾਹ ਸਾਚੀ ਜੋੜ ਲੈ ਨਾਤੀ, ਸਚਖੰਡ ਸਾਚੇ ਮੇਲ ਮਿਲਾਈਆ । ਬਿਨ ਅੱਖਰਾਂ ਤੋਂ ਗੋਬਿੰਦ ਵਾਲੀ ਪੜ੍ਹ ਕੇ ਵੇਖ ਲੈ ਪਾਤੀ, ਪਤ੍ਰਕਾ ਆਪਣੀ ਆਪ ਖੁਲਾਈਆ । ਜਨ ਭਗਤਾਂ ਧਾਰ ਤਨ ਵਜੂਦ ਬਣਨਾ ਧੁਰ ਦਾ ਸਾਥੀ, ਸਗਲਾ ਸੰਗ ਬਣਾਈਆ । ਕਿਰਪਾ ਕਰ ਪੁਰਖ ਸਮਰਾਥੀ, ਦਰ ਤੇਰੇ ਮੰਗ ਮੰਗਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਹਉਂ ਅਨਾਥ ਅਨਾਥੀ, ਦੀਨਨ ਹੋ ਕੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਸੁਣ ਅਰਦਾਸ, ਬਿਨ ਰਸਨਾ ਜਿਹਵਾ ਦੇਈਏ ਸੁਣਾਈਆ । ਆਤਮ ਤੇਰਾ ਤੇਰੇ ਵਸੇ ਧਾਮ, ਘਰ ਸਾਚੇ ਸੋਭਾ ਪਾਈਆ । ਕਿਉਂ ਜੁਗ ਜੁਗ ਅਸੀਂ ਹੁੰਦੇ ਰਹੇ ਨਾਸ, ਮੜ੍ਹੀਆਂ ਗੋਰਾਂ ਵਿਚ ਆਪਣਾ ਆਪ ਮਿਟਾਈਆ । ਮਕਬਰਿਆਂ ਵਿਚ ਸੜਦੀ ਰਹੀ ਲਾਸ਼, ਤਨ ਵਜੂਦ ਰਹੇ ਕੁਰਲਾਈਆ । ਕੀ ਲਹਿਣਾ ਦੇਣਾ ਨਾਲ ਸ਼ੰਕਰ ਕੈਲਾਸ਼, ਕਲਧਾਰੀ ਦੇਣਾ ਸਮਝਾਈਆ । ਸਾਡੇ ਕੋਲ ਤੇਰੇ ਬਿਨਾ ਅੱਖਰਾਂ ਤੋਂ ਲੇਖਾ ਖ਼ਾਸ, ਖ਼ਾਹਿਸ਼ ਤੇਰੇ ਅਗੇ ਟਿਕਾਈਆ । ਜਿਸ ਵੇਲੇ ਕਲਜੁਗ ਅੰਤ ਨਿਰਗੁਣ ਨੂਰ ਜੋਤ ਹੋਵੇ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਜਨ ਭਗਤਾਂ ਤਨ ਵਜੂਦ ਮਾਨਸ ਜਨਮ ਕਰੇ ਰਹਿਰਾਸ, ਰਸਤਾ ਆਪਣਾ ਇਕ ਵਖਾਈਆ । ਝਗੜਾ ਮੇਟ ਕੇ ਦਸ ਦਸ ਮਾਸ, ਮਾਤ ਗਰਭ ਦਾ ਪੰਧ ਕਟਾਈਆ । ਹੁਣ ਸਾਡੀ ਪੂਰੀ ਕਰ ਦੇ ਆਸ, ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਅਸੀਂ ਤੇਰੇ ਦਰ ਤੇ ਕੂਕਦੇ, ਦਰੋਹੀ ਤੇਰਾ ਨਾਮ ਦੁਹਾਈਆ । ਕਿਉਂ ਜੁਗ ਜੁਗ ਸਾਨੂੰ ਰਹੇ ਫੂਕਦੇ, ਅਗਨੀ ਤਤ ਜਲਾਈਆ । ਕਿਉਂ ਨਾ ਲੇਖੇ ਮਿਟੇ ਕਾਇਆ ਬੁਤ ਦੇ, ਬੁਤਖ਼ਾਨੇ ਰਹੇ ਕੁਰਲਾਈਆ । ਪਰਦੇ ਲਾਹ ਦੇ ਮਾਲਕ ਅਗੰਮੇ ਉਚ ਦੇ, ਅਗੰਮ ਅਥਾਹ ਭੇਵ ਖੁਲਾਈਆ । ਅਸੀਂ ਏਕੰਕਾਰ ਤੇਰੇ ਕੋਲੋਂ ਪੁਛਦੇ, ਬਿਨ ਰਸਨਾ ਜਿਹਵਾ ਮੰਗ ਮੰਗਾਈਆ । ਓਹ ਵਕਤ ਸੁਹੰਜਣੇ ਸਾਚੇ ਢੁਕਦੇ, ਜਿਸ ਦੇ ਚਾਰ ਜੁਗ ਰਾਹ ਤਕਾਈਆ । ਅੰਤ ਅਸੀਂ ਵਣਜਾਰੇ ਹੋ ਗਏ ਇਕ ਤੁਕ ਦੇ, ਤੁਖਮ ਤਾਸੀਰ ਗਏ ਬਦਲਾਈਆ । ਕਿਉਂ ਨਹੀਂ ਫਿਰ ਸਾਡੇ ਪੈਂਡੇ ਮੁਕਦੇ, ਤਤ ਤਤਾਂ ਵਿਚ ਸਮਾਈਆ । ਅਸੀਂ ਤੇਰੇ ਚਰਨ ਝੁਕਦੇ, ਨਿਵ ਨਿਵ ਲਾਗੇ ਪਾਈਆ । ਅਸੀਂ ਖੇਲ ਵੇਖਦੇ ਤੇਰੇ ਉਚ ਦੇ, ਉਚ ਅਗੰਮ ਅਥਾਹ ਦੇਣੇ ਵਖਾਈਆ । ਸਾਡੇ ਨਿਸ਼ਾਨੇ

੨੦੦੬
੨੩

ਲੋਕਮਾਤ ਵਿਚੋਂ ਪੁੱਟ ਦੇ, ਪਟਨੇ ਵਾਲਾ ਨਾਲ ਮਿਲਾਈਆ । ਤਤ ਕਹਿਣ ਆਤਮਾ ਦੇ ਨਾਲ ਸਾਨੂੰ ਸਚਖੰਡ ਵਿਚ ਸੁੱਟ ਦੇ, ਜਿਥੋਂ ਬਾਹਰ ਨਾ ਕੋਇ ਕਢਾਈਆ । ਤੇਰੇ ਪਿਆਰ ਦੇ ਨਾਤੇ ਪ੍ਰਭੂ ਕਦੇ ਨਾ ਟੁਟਦੇ, ਲੋਕਮਾਤ ਸਕੇ ਨਾ ਕੋਇ ਤੁੜਾਈਆ । ਵਕਤ ਸੁਹੰਜਣੇ ਕਰ ਦੇ ਸਾਚੀ ਰੁੱਤ ਦੇ, ਰੁਤੜੀ ਆਪਣੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਮੈਂ ਤਤਾਂ ਧਾਰ ਨਿਮਾਣੀ, ਜਗਤ ਜੁਗਤ ਨਾ ਕੋਇ ਵਡਿਆਈਆ । ਮੈਂ ਤੇਰਾ ਜੀਵ ਪ੍ਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਮੇਰੀ ਜੁਗ ਜੁਗ ਦੀ ਕਥਾ ਕਹਾਣੀ, ਕਹਿ ਕਹਿ ਕੇ ਦਿਆਂ ਦ੍ਰਿੜਾਈਆ । ਸੁਣ ਮੇਰੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੇ ਅਗੇ ਵਾਸਤਾ ਪਾਈਆ । ਮੈਂ ਨਿਰਗੁਣ ਨੂਰ ਜੋਤ ਨਹੀਂ ਨੁਰਾਨੀ, ਪੰਜ ਤਤ ਤਤ ਤੇਰੇ ਹੁਕਮ ਵਿਚ ਸਮਾਈਆ । ਕਿਉਂ ਸਚਖੰਡ ਦਵਾਰਾ ਬਣਿਆ ਰਿਹਾ ਸਾਡੀ ਜੂਹ ਬੇਗਾਨੀ, ਜੁਗ ਚੌਕੜੀ ਵੜਨ ਕੋਇ ਨਾ ਪਾਈਆ । ਅੰਤ ਕੰਤ ਭਗਵੰਤ ਕਰਨੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਮੈਂ ਪੰਜ ਤਤ ਤਨ ਵਜੂਦ ਚਰਨੀ ਤੇਰੀ ਕੰਨਿਆ ਅਨਜਾਣੀ, ਅਨਬੋਲਤ ਦਿਆਂ ਜਣਾਈਆ । ਮੇਰੀ ਇਕ ਬੇਨੰਤੀ ਮਾਨੀਂ, ਮਨਸਾ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਤੂੰ ਦਾਤਾ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਅਸੀਂ ਭਗਤ ਸਰੀਰ ਹੋਏ ਸਵਾਹ, ਤਨ ਖ਼ਾਕੀ ਰੂਪ ਬਦਲਾਈਆ । ਭਗਤ ਦਵਾਰਾ ਸਾਡਾ ਗਵਾਹ, ਸੱਤ ਸਾਵਣ ਨਾਲ ਮਿਲਾਈਆ । ਸਚ ਸੰਦੇਸ਼ਾ ਦਿਆਂ ਸੁਣਾ, ਪੁਰਖ ਅਕਾਲੇ ਸੀਸ ਝੁਕਾਈਆ । ਸਦਾ ਚਲੀਏ ਤੇਰੀ ਵਿਚ ਰਜ਼ਾ, ਤੂੰ ਦੇਣੀ ਮਾਣ ਵਡਿਆਈਆ । ਮੈਨੂੰ ਮੌਤ ਦੇ ਵਿਚ ਮੁਹੱਬਤ ਦਾ ਆਇਆ ਮਜ਼ਾ, ਖ਼ੁਸ਼ੀਆਂ ਢੋਲੇ ਗਾਈਆ । ਜਿਸ ਦੀ ਸਮਝੇ ਨਾ ਕੋਈ ਵਜ੍ਹਾ, ਵਜੂਹਾਤ ਨਾ ਕੋਇ ਦ੍ਰਿੜਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਤੇਰੇ ਚਰਨ ਸਰਨ ਦੀ ਇਕੋ ਚੰਗੀ ਲੱਗੇ ਜਗ੍ਹਾ, ਦੂਸਰ ਭੂਮਿਕਾ ਨਜ਼ਰ ਨਾ ਕਦੇ ਉਠਾਈਆ । ਜਿਥੇ ਕੋਟਨ ਕੋਟ ਧਾਰ ਵਗਦੀ ਗੰਗਾ, ਗੰਗੋਤਰੀ ਭੱਜੇ ਵਾਹੋ ਦਾਹੀਆ । ਜਿਥੇ ਹੋਵੇ ਪ੍ਰਕਾਸ਼ ਬਿਨਾ ਸੂਰੀਆ ਚੰਦਾ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਸੋਹੇ ਇਕ ਦਵਾਰ, ਧੁਰ ਦਰਬਾਰਾ ਵਡ ਵਡਿਆਈਆ । ਜਿਥੇ ਮੇਰਾ ਹੋਇਆ ਸਸਕਾਰ, ਖ਼ੁਸ਼ੀਆਂ ਰੰਗ ਰੰਗਾਈਆ । ਮੈਂ ਵੇਖੀ ਅਜਬ ਬਹਾਰ, ਗੁਲਸ਼ਨ ਤੇਰਾ ਨਜ਼ਰੀ ਆਈਆ । ਜਿਥੇ ਭਗਤ ਸੁਹੇਲੇ ਤੇਰਾ ਕਰਨ ਦੀਦਾਰ, ਬਿਨ ਨੈਣਾਂ ਦਰਸ਼ਨ ਪਾਈਆ । ਬਿਨ ਸੀਸ ਹੋਵੇ ਨਿਮਸਕਾਰ, ਜਗਦੀਸ਼ ਤੇਰੀ ਵਡਿਆਈਆ । ਇਕੋ ਢੋਲਾ ਰਹੇ ਉਚਾਰ, ਬਿਨ ਰਸਨਾ ਸੋਹਲਾ ਗਾਈਆ । ਤੇਰੇ ਨੂਰ ਦਾ ਤੱਕ ਚਮਤਕਾਰ, ਜੋਤੀ ਜਾਤੇ ਵੇਖ ਵਖਾਈਆ । ਮੈਂ ਬੰਦਨਾ ਡੰਡਾਵਤ ਕੀਤੀ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਦਰ ਠਾਂਡੇ ਦੇ ਵਡਿਆਈਆ । ਝਟ ਹੁਕਮ ਦਿਤਾ ਸੱਚੀ ਸਰਕਾਰ, ਸੰਦੇਸਾ ਇਕ ਸੁਣਾਈਆ । ਉਠ ਛੇਤੀ ਹੋ ਹੁਸ਼ਿਆਰ, ਜਗਤ ਹੋਸ਼ ਨਾ ਕੋਇ ਬਣਾਈਆ । ਤ੍ਰੈਗੁਣ ਤੋਂ ਬਾਹਰ ਹੋ ਤਿਆਰ, ਤ੍ਰੈਗੁਣ ਅਤੀਤਾ ਰਿਹਾ ਦ੍ਰਿੜਾਈਆ । ਝਟ ਪਹੁੰਚਣਾ ਦਿੱਲੀ ਦਰਬਾਰ, ਆਪ ਆਪਣਾ ਪੰਧ ਮੁਕਾਈਆ । ਉਚੀ ਕੂਕ ਕਹਿਣਾ ਲਲਕਾਰ, ਸੰਦੇਸ਼ਾ ਸਤਿ ਦੇਣਾ ਦ੍ਰਿੜਾਈਆ । ਮੈਂ ਭਗਤੋ ਤੁਹਾਡੇ ਨਾਲ ਕਰਨ ਆਈ ਪਿਆਰ, ਮੁਹੱਬਤ ਮੁਹੱਬਤ ਨਾਲ ਬਣਾਈਆ ।

੨੦੦੭
੨੩

ਮੈਂ ਚਰਨੀ ਨਹੀਂ ਪ੍ਰਭੂ ਚਰਨ ਦਾ ਸ਼ਿੰਗਾਰ, ਤਨ ਵਜੂਦ ਨਾ ਕੋਇ ਵਡਿਆਈਆ । ਮੇਰੀ ਮਿੱਟੀ ਖ਼ਾਕ ਨੀਂਹ ਹੇਠ ਦਬਾਉਣੀ ਨਾਲ ਪਿਆਰ, ਚਾਰੇ ਕੁੰਟਾਂ ਦੇਣੀ ਦਬਾਈਆ । ਬੀਸ ਗੁਰਮੁਖ ਗੁਰ ਸਤਿਗੁਰ ਸ਼ਬਦ ਕਰੇ ਤਿਆਰ, ਤ੍ਰੈਗੁਣ ਅਤੀਤਾ ਭੇਵ ਖੁਲਾਈਆ । ਇਕੀਸਾ ਨਾਲ ਆਪ ਹੋਵੇ ਨਿਰੰਕਾਰ, ਨਿਰਵੈਰ ਦਏ ਵਡਿਆਈਆ । ਜਿਸ ਵੇਲੇ ਭਗਤੋ ਭਗਤ ਦਵਾਰਾ ਦਿੱਲੀ ਦਿਉਗੇ ਉਸਾਰ, ਸੋਹਣੀ ਬਣਤ ਬਣਾਈਆ । ਫਿਰ ਚਾਰੋਂ ਕੰਟ ਹੋਣੀ ਹਾਹਾਕਾਰ, ਬਹੁੜੀ ਬਹੁੜੀ ਕਰੇ ਲੋਕਾਈਆ । ਮੇਰੇ ਸਾਹਿਬ ਨੂੰ ਖੋਜਣਗੇ ਜੁਗ ਚਾਰ, ਵੇਖਣ ਚਾਈਂ ਚਾਈਂਆ । ਦੀਨ ਦੁਨੀ ਤਰਸੇ ਕਰਨ ਦੀਦਾਰ, ਨੇਤਰ ਨੈਣ ਨੈਣ ਉਠਾਈਆ । ਇਹ ਇਕ ਦੋ ਤਿੰਨ ਚਾਰ ਸਾਲ ਦਾ ਵਿਹਾਰ, ਵਿਵਹਾਰੀ ਆਪਣੀ ਖੇਲ ਖਿਲਾਈਆ । ਫਿਰ ਸਚ ਪੁਛੋ ਖੇਲ ਹੋਣਾ ਅਪਰ ਅਪਾਰ, ਅਪਰੰਪਰ ਸਵਾਮੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲੇਖਾ ਲੇਖ ਲਿਖਣ ਤੋਂ ਬਾਹਰ, ਭੇਵ ਅਭੇਦ ਸਕੇ ਨਾ ਕੋਇ ਖੁਲਾਈਆ ।

✪ ੧੯ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨਾਨਕ ਪੁਰ ਭਾਨ ਸਿੰਘ ਪ੍ਰੀਤਮ ਸਿੰਘ ਸੋਹਣ ਸਿੰਘ ਠਾਕਰ ਸਿੰਘ ਬੀੜ ਅਮੀਨ
ਜਗਤਾਰ ਸਿੰਘ ਬੀੜ ਅਮੀਨ ਨਿਰੰਜਣ ਸਿੰਘ ਸਰਦੂਲ ਸਿੰਘ ਅਜੀਤ ਸਿੰਘ ਗੁਰਮੇਜ ਸਿੰਘ ਕੁਰਕਸ਼ੇਤਰ
ਮੋਹਣ ਸਿੰਘ ਗੜ੍ਹੀ ਲਾਂਗਰੀ ਮਾਨ ਸਿੰਘ ਬੋਡੀ ਬਚਨ ਸਿੰਘ ਨਿਬਾ ✪



ਪੰਜ ਤਤ ਕਹਿਣ ਪ੍ਰਭ ਸਾਡੀ ਬੇਨੰਤੀ ਸੁਣ ਲੈ ਜ਼ਰਾ, ਜ਼ੱਰਾ ਜ਼ੱਰਾ ਦੋ ਜਹਾਨ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਸਾਡੀ ਦੀਨ ਦੀ ਮੇਟ ਦੇ ਸ਼ਰਅ, ਸ਼ਰਅ ਵਜੂਦ ਵੰਡ ਨਾ ਕੋਇ ਵੰਡਾਈਆ । ਪਰਮ ਪੁਰਖ ਪਰਮਾਤਮ ਆਤਮ ਧਾਰ ਜਣਾ ਦੇ ਆਪਣਾ ਦਰਾ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਇਕ ਵਖਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰਾ ਸੁਹੰਜਣਾ ਹੋਵੇ ਘਰਾ, ਗ੍ਰਿਹਿ ਮੰਦਰ ਅੰਦਰ ਵੱਜਦੀ ਰਹੇ ਵਧਾਈਆ । ਇਕੋ ਹੁਕਮ ਸੰਦੇਸ਼ਾ ਨਰ ਨਰੇਸ਼ਾ ਦੇ ਦੇ ਖਰਾ, ਬੀ ਖ਼ੈਰ ਯਾ ਅਲਾਹ ਤੇਰੀ ਓਟ ਤਕਾਈਆ । ਸਾਡਾ ਭੈ ਭਉ ਚੁਕਾ ਦੇ ਡਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤਤ ਵਿਚਾਰਾ ਤੇਰੀ ਸਰਨ ਸਰਨਾਈ ਪਰਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਕਰ ਪੜ੍ਹਾਈਆ । ਨਿਰਗੁਣ ਧਾਰ ਦੇ ਦੇ ਵਰਾ, ਸਰਗੁਣ ਤੇਰੀ ਆਸ ਰਖਾਈਆ । ਪੰਜ ਤਤ ਕਹਿਣ ਪਤਾ ਨਹੀਂ ਕੋਟਨ ਵਾਰ ਜਨਮਾ ਮਰਾ, ਮਰ ਮਰ ਜੀਵਤ ਆਪਣਾ ਖੇਲ ਵਖਾਈਆ । ਅੰਤ ਕੰਤ ਭਗਵੰਤ ਆਪਣੇ ਨੁਹਾ ਦੇ ਸਾਚੇ ਸਰਾ, ਅੰਮ੍ਰਿਤ ਧਾਰ ਧਾਰ ਨੁਹਾਈਆ । ਚੁਰਾਸੀ ਵਿਚੋਂ ਕਰ ਦੇ ਬਰਾ, ਬੰਦੀ ਛੋੜ ਤੇਰੀ ਬੇਪਰਵਾਹੀਆ । ਚਰਨ ਕਵਲ ਸਰਨਾਈ ਤੇਰੀ ਨਰਾਇਣ ਨਰਾ, ਨਰ ਹਰਿ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡੀ ਤੱਕ ਲੈ ਕਥਾ ਕਹਾਣੀ, ਕਥਨੀ ਕਥ ਸਕੇ ਨਾ ਰਾਈਆ । ਤੂੰ ਸ਼ਹਿਨਸ਼ਾਹ ਸ਼ਾਹ ਸੁਲਤਾਨੀ, ਭੂਪਤ ਭੂਪ ਇਕ ਅਖਵਾਈਆ । ਸੋ ਪੁਰਖ ਨਿਰੰਜਣ ਕਰਨੀ ਮਿਹਰਵਾਨੀ, ਹਰਿ ਪੁਰਖ ਨਿਰੰਜਣ । ਏਕੰਕਾਰ

ਇਕੋ ਮੰਜ਼ਲ ਬਖ਼ਸ਼ ਰੁਹਾਨੀ, ਆਦਿ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤੇ ਬਿਨ ਅੱਖਰਾਂ ਸੁਣੀਏ ਤੇਰੀ ਬਾਣੀ, ਨਿਰਅੱਖਰ ਦੇਣਾ ਦ੍ਰਿੜਾਈਆ । ਸ੍ਰੀ ਭਗਵਾਨ ਤੇਰੀ ਵੱਜਦੀ ਰਹੇ ਸ਼ਨਵਾਈ, ਬਿਨ ਢੋਲ ਮਰਦੰਗ ਸੁਣਾਈਆ । ਪਾਰਬ੍ਰਹਮ ਤੇਰਾ ਤੱਕੀਏ ਨੂਰ ਅਲਾਹੀ, ਜੋਤੀ ਜਾਤਾ ਨਜ਼ਰੀ ਆਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਕਰ ਕੁੜਮਾਈ, ਨਾਤਾ ਜਗਤ ਕੂੜ ਤੁੜਾਈਆ । ਸਾਚੇ ਘਰ ਵੱਜੇ ਵਧਾਈ, ਖ਼ੁਸ਼ੀਆਂ ਢੋਲੇ ਗਾਈਆ । ਦੀਨ ਦੁਨੀ ਹੋਏ ਜੁਦਾਈ, ਨਾਤਾ ਕੂੜ ਕੁੜਿਆਰ ਤੁੜਾਈਆ । ਪਰਮ ਪੁਰਖ ਪਰਮਾਤਮ ਪੰਜ ਤਤ ਕਹਿਣ ਸਾਡੇ ਗੁਸਾਈਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਾਨੂੰ ਆਤਮਾ ਨਾਲ ਦੇਣੀ ਵਡਿਆਈ, ਮੇਲ ਮਿਲਾਉਣਾ ਸਹਿਜ ਸੁਭਾਈਆ । ਸਾਡੀ ਮਾਟੀ ਖ਼ਾਕ ਦੇਂਦੀ ਨਾ ਰਹੇ ਦੁਹਾਈ, ਕੂਕ ਕੂਕ ਸੁਣਾਈਆ । ਮੜ੍ਹੀ ਗੋਰ ਸਾਡਾ ਨਾਤਾ ਤੋੜਨਾ ਚਾਈਂ ਚਾਈਂ, ਚਾਓ ਘਨੇਰਾ ਇਕ ਵਖਾਈਆ । ਅਸੀਂ ਭਗਤ ਸੁਹੇਲੇ ਪੰਜ ਤਤ ਤੇਰੇ ਸਚਖੰਡ ਦੇ ਰਾਹੀ, ਮੁਸਾਫ਼ਰ ਗ਼ਾਫ਼ਲ ਨਜ਼ਰ ਕੋਇ ਨਾ ਆਈਆ । ਤੂੰ ਮੇਲ ਮਿਲਾਉਣਾ ਫੜ ਫੜ ਬਾਹੀਂ, ਬਿਨ ਹੱਥਾਂ ਹੱਥ ਉਠਾਈਆ । ਤੇਰਾ ਸਹਾਰਾ ਏਕੰਕਾਰਾ ਇਕੋ ਧੁਰ ਦੇ ਮਾਹੀ, ਮਹਿਬੂਬ ਦੇਣੀ ਵਡਿਆਈਆ । ਦੀਨ ਦਿਆਲ ਠਾਕਰ ਤੇਰੇ ਨਾਲੋਂ ਨਾ ਹੋਏ ਜੁਦਾਈ, ਪੰਜ ਤਤ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਕਰ ਲੈ ਜਾਣਕਾਰੀ, ਜਾਣਨਹਾਰ ਤੇਰੀ ਸ਼ਰਨਾਈਆ । ਚਾਰੋਂ ਕੁੰਟ ਨਿਗਾਹ ਮਾਰੀਂ, ਦਹਿ ਦਿਸ਼ਾ ਧਿਆਨ ਲਗਾਈਆ । ਸਾਡੀ ਅੰਤਰ ਨਿਰੰਤਰ ਸੁਣ ਪੁਕਾਰੀ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਧੁਰਦਰਗਾਹੀਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਆਈ ਵਾਰੀ, ਵਾਰਸ ਹੋ ਕੇ ਤੱਕਣਾ ਥਾਉਂ ਥਾਈਂਆ । ਤੇਰੇ ਚਰਨ ਕਵਲ ਸਾਡੀ ਮਨਜ਼ੂਰ ਹੋਵੇ ਨਿਮਸਕਾਰੀ, ਨਮੋ ਨਮੋ ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਸਦਾ ਸਦਾ ਸਦ ਤੇਰੀ ਕਰੀਏ ਤਾਬਿਆਦਾਰੀ, ਸੇਵਕ ਚਾਕਰ ਲੋਕਮਾਤ ਅਖਵਾਈਆ । ਤੇਰੇ ਨਾਮ ਦੇ ਹੋਈਏ ਪੁਜਾਰੀ, ਇਸ਼ਟ ਦੇਵ ਇਕੋ ਇਕ ਦੇਣਾ ਦਰਸਾਈਆ । ਸਾਚੇ ਸ਼ਬਦ ਸੁਣਾਉਣੀ ਧੁਨਕਾਰੀ, ਧੁਨ ਆਤਮਕ ਰਾਗ ਦੇਣਾ ਦ੍ਰਿੜਾਈਆ । ਅੰਮ੍ਰਿਤ ਬੂੰਦ ਸਵਾਂਤ ਬਖ਼ਸ਼ਣੀ ਠੰਡੀ ਠਾਰੀ, ਅਗਨੀ ਤਤ ਬੁਝਾਈਆ । ਅਸੀਂ ਭਗਤ ਸੁਹੇਲੇ ਤੇਰੇ ਦਰ ਠਾਂਡੇ ਰਹੇ ਪੁਕਾਰੀ, ਕੂਕ ਕੂਕ ਸੁਣਾਈਆ । ਤੂੰ ਨਿਰਗੁਣ ਨੂਰ ਜੋਤ ਨਿਰੰਕਾਰੀ, ਨਿਰਵੈਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਮੂਲ, ਪੂਰਬ ਧਿਆਨ ਲਗਾਈਆ । ਤੂੰ ਮਾਲਕ ਇਕ ਕੰਤੂਹਲ, ਕੰਤ ਅਗੰਮ ਅਥਾਹੀਆ । ਸਾਡੀ ਬਖ਼ਸ਼ਣੀ ਭੂਲ, ਅਭੁੱਲ ਤੇਰੀ ਵਡਿਆਈਆ । ਤੇਰਾ ਨਾਮ ਪੰਘੂੜਾ ਲਈਏ ਝੂਲ, ਝਲਕ ਆਪਣੀ ਦੇਣੀ ਵਖਾਈਆ । ਤੇਰਾ ਧਰਮ ਦਾ ਮੰਨੀਏ ਅਸੂਲ, ਅਸਲ ਅਸਲ ਵਿਚੋਂ ਸਮਝਾਈਆ । ਤੇਰਾ ਨਾਮ ਕਲਮਾ ਹੋਵੇ ਮਾਕੂਲ, ਮੁੰਕਮਲ ਦੇਣਾ ਦ੍ਰਿੜਾਈਆ । ਇਸ਼ਾਰਾ ਵੇਖ ਲੈ ਕੀ ਦੇਂਦਾ ਸ਼ੰਕਰ ਨਾਲ ਤ੍ਰਿਸੂਲ, ਤ੍ਰੈਗੁਣ ਅਤੀਤੇ ਤੇਰੀ ਬੇਪ੍ਰਵਾਹੀਆ । ਪੁਰਖ ਅਕਾਲੇ ਤੇਰੇ ਚਰਨ ਦੀ ਮਿਲਦੀ ਰਹੇ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਮਾਲਕ ਹਕ ਹਜ਼ੂਰੀ, ਹਜ਼ਰਤਾਂ ਦੇ ਹਜ਼ਰਤ ਬੇਪਰਵਾਹੀਆ । ਧੁਰ ਦੇ ਰਾਮ ਰਾਮ ਭਰਪੂਰੀ, ਭਰਪੂਰ ਰਿਹਾ ਸਰਬ ਠਾਈਂਆ । ਧੁਰ ਦੇ ਕਾਹਨਾਂ ਦੇ ਕਾਹਨ

ਦਸਤੂਰੀ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਧਾਰ ਤੇਰਾ ਖੇਲ ਜ਼ਰੂਰੀ, ਜ਼ਰੂਰਤ ਸਮਝ ਕਿਸੇ ਨਾ ਆਈਆ । ਲੇਖਾ ਤੱਕ ਲੈ ਸ਼ਰਅ ਵਾਲਾ ਮਨਸੂਰੀ, ਐਨੁਲਹੱਕ ਦਾ ਹਕ ਦੇਣਾ ਪਹੁੰਚਾਈਆ । ਮੂਸਾ ਧਾਰ ਤੱਕ ਲੈ ਕੋਹਤੂਰੀ, ਤੁਰੀਆ ਬਾਹਰ ਵੇਖ ਵਖਾਈਆ । ਈਸਾ ਦੀ ਫਾਸੀ ਵੇਖ ਲੈ ਸੂਲੀ, ਕੀ ਸਲੀਬ ਕਹਿ ਕੇ ਰਹੀ ਜਣਾਈਆ । ਮੁਹੰਮਦ ਦੀ ਸਦੀ ਚੌਧਵੀਂ ਮੂਲ ਨਾ ਭੂਲੀ, ਅਭੁੱਲ ਤੇਰੀ ਵਡਿਆਈਆ । ਗੁਰੂ ਗੁਰ ਧਾਰ ਤੇਰੀ ਨਹੀਂ ਮਾਮੂਲੀ, ਗੋਬਿੰਦ ਕੀ ਕੀ ਜਣਾਈਆ । ਉਹ ਤੱਕ ਲੈ ਕਲਜੁਗ ਫੁਲਵਾੜੀ ਕੂੜ ਕੁੜਿਆਰ ਨਾਲ ਫਲੀ ਫੂਲੀ, ਮਾਇਆ ਮਮਤਾ ਮੋਹ ਲੋਭ ਹੰਕਾਰ ਪ੍ਰਫੁੱਲਤ ਰਿਹਾ ਬਣਾਈਆ । ਜੁਗ ਬਦਲਣਾ ਪਰਮ ਪੁਰਖ ਤੇਰਾ ਖੇਲ ਮਾਮੂਲੀ, ਮਿਹਰਵਾਨ ਸ੍ਰੀ ਭਗਵਾਨ ਇਹ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਵਸਤ ਅਗੰਮ ਵਰਤਾਈਆ । ਪੰਜ ਤਤ ਕਹਿਣ ਪ੍ਰਭੂ ਅਸੀਂ ਤੇਰੇ ਬਰਦੇ ਜਗਤ ਨਾ ਹੋਈਏ ਗ਼ੁਲਾਮ, ਸ਼ਰਅ ਜ਼ੰਜੀਰ ਨਾ ਕੋਇ ਬੰਧਾਈਆ । ਤੂੰ ਮਾਲਕ ਨੂਰ ਅਲਾਹ ਹੋਵੇ ਅਮਾਮ, ਅਮਲਾਂ ਤੋਂ ਰਹਿਤ ਇਕ ਅਖਵਾਈਆ । ਸਾਡੀ ਤੇਰੇ ਚਰਨ ਕਵਲ ਹੋਵੇ ਪ੍ਰਨਾਮ, ਧੁਰ ਦੇ ਰਾਮ ਤੇਰੀ ਵਡਿਆਈਆ । ਸਾਡੇ ਸਤਿ ਸਵਾਮੀ ਅਗੰਮੇ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਸਚ ਪਿਆਰ ਦਾ ਬਖ਼ਸ਼ ਹਕੀਕੀ ਜਾਮ, ਜ਼ਾਮਨ ਹੋ ਕੇ ਦੇ ਪਿਆਈਆ । ਸਾਡੀ ਤਮਅ ਮੇਟ ਤਮਾਮ, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਭਾਗ ਲਗਾ ਦੇ ਕਾਇਆ ਮੰਦਰ ਗ੍ਰਾਮ, ਸਭ ਦੇ ਕਾਅਬੇ ਭੇਵ ਖੁਲਾਈਆ । ਤੇਰਾ ਇਕੋ ਸੁਣੀਏ ਮੰਤਰ ਨਾਮ, ਕਲਮਾ ਅਗੰਮ ਅਥਾਹੀਆ । ਫੇਰ ਸਾਡਾ ਲੇਖਾ ਰਹੇ ਨਾ ਹੱਡ ਮਾਸ ਨਾੜੀ ਚਾਮ, ਚਮ ਦ੍ਰਿਸ਼ਟੀ ਦੇਣੀ ਬਦਲਾਈਆ । ਕੂੜੀ ਤ੍ਰਿਸ਼ਨਾ ਮੇਟਣੀ ਰਾਮ, ਤਮੰਨਾ ਆਪਣੇ ਨਾਲ ਰਖਾਈਆ । ਪ੍ਰਕਾਸ਼ ਦੇਣਾ ਬਿਨਾ ਰਵ ਸਸ ਸੂਰੀਆ ਭਾਨ, ਜੋਤੀ ਜੋਤ ਡਗਮਗਾਈਆ । ਸਾਡੀ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਤੇਰੀ ਸ਼ਰਨਾਈਆ । ਅਸੀਂ ਭਗਤ ਸੁਹੇਲੇ ਤੇਰੇ ਬਾਲ ਨਾਦਾਨ, ਬਾਲੀ ਬੁਧ ਨਾ ਕੋਇ ਚਤੁਰਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਵਿਛੋੜਾ ਹੋਏ ਨਾ ਆਦਿ ਜੁਗਾਦਿ ਦੋ ਜਹਾਨ, ਅੰਤ ਕੰਤ ਭਗਵੰਤ ਆਪਣੇ ਵਿਚ ਮਿਲਾਈਆ ।

✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਠੀਕਰੀ ਛੰਨਾ ਹਰਬੰਸ ਸਿੰਘ ਸੁਰੈਣ ਸਿੰਘ ਕਲਸਾਣੀ, ਆਸਾ ਸਿੰਘ ਕਲਸਾਣੀ
ਬਲਬੀਰ ਸਿੰਘ ਜੀਤ ਨਗਰ ਬੰਤਾ ਸਿੰਘ ਮੁਗ਼ਲ ਮਾਜਰਾ ਕਾਲਾ ਸਿੰਘ ਕਲਸਾਨਾ ਸੰਤਾ ਸਿੰਘ ਸ਼ਰੀਫ ਗੜ੍ਹ
ਚਾਨਣ ਸਿੰਘ ਹਰਨੋਲਾ ਹਜੂਰਾ ਸਿੰਘ ਰੋਹਤਕ ਲਖਾ ਸਿੰਘ ਬਾਉਪੁਰ ਸੌਦਾਗਰ ਸਿੰਘ ਭਠਮਾਜਰਾ
ਸੰਪੂਰਨ ਸਿੰਘ ਠੀਕਰੀ ਸੁਰਜੀਤ ਕੌਰ ਜੀਤ ਨਗਰ ਅਰਜਨ ਸਿੰਘ ਬਲੋਚ ਪੁਰ ✪

ਪੰਜ ਤਤ ਕਹਿਣ ਪ੍ਰਭ ਸਾਡੀ ਮੇਟ ਦੇ ਤ੍ਰਿਖ, ਤ੍ਰਿਸ਼ਨਾ ਕੂੜ ਜਗਤ ਮਿਟਾਈਆ । ਸਾਡਾ ਦੀਨ ਦੁਨੀ ਨਾਲੋਂ ਨਵਾਂ ਲੇਖਾ ਲਿਖ, ਧੁਰ ਦੇ ਸ਼ਬਦ ਨਾਲ ਸਮਝਾਈਆ । ਸਦਾ ਸਦ ਆਪਣੇ ਬਣਾ ਲੈ ਸਿੱਖ, ਮੁਰੀਦ ਮੁਰਸ਼ਦ ਰੰਗ ਚੜ੍ਹਾਈਆ । ਸਾਡੇ ਅੰਦਰੋਂ ਕੱਢ ਦੇ ਵਿਖ, ਦੁਰਮਤ

੨੦੧੦
੨੩

ਮੈਲ ਧਵਾਈਆ । ਝਗੜਾ ਰਹੇ ਨਾ ਕੋਇ ਮੁਨ ਰਿਖ, ਰਖੀਸ਼ਰਾਂ ਪੰਧ ਮੁਕਾਈਆ । ਸਾਡਾ ਲਹਿਣਾ ਦੇਣਾ ਸਾਨੂੰ ਦੇ ਦੇ ਹਿੱਸ, ਦਰ ਠਾਂਡੇ ਮੰਗ
ਮੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਤੂੰ ਤਾਰਨਾ ਅੰਤਮ ਕਿਸ, ਕਿਸ ਬਿਧ ਦਏਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਧਾਰ ਤੇਰਾ ਹੋਵੇ ਮਿਲਾਪ, ਮਿਲਣੀ ਹਰਿ
ਜਗਦੀਸ਼ ਕਰਾਈਆ । ਸਾਡਾ ਦੁਰਮਤ ਮੈਲ ਧੋ ਪਾਪ, ਪਤਤ ਪੁਨੀਤ ਕਰਾਈਆ । ਮਿਹਰਵਾਨਾ ਮਿਹਰ ਨਜ਼ਰ ਕਰਨੀ ਆਪ, ਆਪ ਆਪਣੇ
ਰੰਗ ਰੰਗਾਈਆ । ਤ੍ਰੈਗੁਣ ਮਾਇਆ ਮੇਟਣਾ ਤਾਪ, ਤ੍ਰੈਗੁਣ ਅਤੀਤੇ ਹੋਣਾ ਸਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਡਾ ਹੋਵੇ ਜਾਪ,
ਦੂਸਰ ਅਵਰ ਨਾ ਕੋਇ ਪੜ੍ਹਾਈਆ । ਤੂੰ ਮਾਲਕ ਖ਼ਾਲਕ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਸਾਡੀ ਪ੍ਰੀਤੀ ਪ੍ਰੀਤਮ ਜੋੜ
ਲੈ ਨਾਤ, ਨਾਤਾ ਬਿਧਾਤਾ ਇਕੋ ਇਕ ਸਮਝਾਈਆ । ਅੰਤਮ ਸਾਡੀ ਪੁਛ ਬਾਤ, ਪੁਸ਼ਤ ਪੁਨਾਹ ਦੇਣਾ ਹੱਥ ਟਿਕਾਈਆ । ਜਗਤ ਤੱਕ ਲੈ ਅੰਧੇਰੀ
ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਤੂੰ ਆਦਿ ਜੁਗਾਦੀ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਤੇਰੀ ਸ਼ਰਨਾਈਆ । ਅੰਤ ਸਾਡੀ
ਪੁਛ ਬਾਤ, ਵਾਰਸ ਹੋ ਕੇ ਵੇਖ ਵਖਾਈਆ । ਦੀਨ ਦੁਨੀ ਵਿਚ ਸਾਡੀ ਵੇਖ ਵਫਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਦੱਸ ਦੇ, ਦਹਿ ਦਿਸ਼ਾ ਧਿਆਨ ਲਗਾਈਆ । ਅਸੀਂ
ਜੁਗ ਚੌਕੜੀ ਵਣਜਾਰੇ ਰਹੇ ਤੇਰੇ ਜਸ ਦੇ, ਸਿਫ਼ਤਾਂ ਨਾਲ ਢੋਲੇ ਸੋਹਲੇ ਰਾਗ ਜਣਾਈਆ । ਸਾਡੇ ਲਹਿਣੇ ਦੇਣੇ ਬਖ਼ਸ਼ ਦੇ ਅੰਮ੍ਰਿਤ ਰਸ ਦੇ, ਬਿਨ
੨੦੧੧ ੨੩ ਰਸਨਾ ਜਿਹਵਾ ਰੰਗ ਰੰਗਾਈਆ । ਅਗਲੇ ਖੇਲ ਨਹੀਂ ਸਾਡੇ ਵਸ ਦੇ, ਵਾਸਤਾ ਤੇਰੇ ਅਗੇ ਪਾਈਆ । ਵਕਤ ਸੁਹੰਜਣੇ ਤੱਕ ਲੈ ਰੈਣ ਅੰਧੇਰੀ ੨੦੧੧ ੨੩
ਮਸ ਦੇ, ਸਾਚਾ ਚੰਦ ਨਾ ਕੋਇ ਚਮਕਾਈਆ । ਜਗਤ ਜਹਾਨ ਤਤ ਕਹਿਣ ਵਣਜਾਰੇ ਬਣੇ ਰੱਤ ਦੇ, ਰੱਤੀ ਰੱਤ ਕੰਮ ਕਿਸੇ ਨਾ ਆਈਆ । ਪਰਮ
ਪੁਰਖ ਪਰਮਾਤਮ ਸਾਨੂੰ ਅਗੰਮੀ ਮਤ ਦੇ, ਮਤ ਮਨ ਬੁਧ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਤੇਰਾ ਹੋਵੇ ਰੂਪ, ਜਗਤ ਵੰਡ ਨਾ ਕੋਇ ਵੰਡਾਈਆ ।
ਇਕੋ ਬਖ਼ਸ਼ ਦੇ ਸਤਿ ਸਰੂਪ, ਸੋਭਾਵੰਤ ਤੇਰੀ ਸਰਨਾਈਆ । ਕਰ ਪ੍ਰਕਾਸ਼ ਅੰਧ ਕੂਪ, ਅਗਿਆਨ ਅੰਧੇਰਾ ਦੇਣਾ ਮਿਟਾਈਆ । ਸਾਡਾ ਲੇਖੇ ਲਾ
ਲੈ ਕਾਇਆ ਪੰਜ ਭੂਤ, ਤਤਵ ਤਤ ਨਾ ਕੋਇ ਦ੍ਰਿੜਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਚਾਰੇ ਕੂਟ, ਕਾਇਆ ਕੁਟੀਆ ਕਰ ਸਫ਼ਾਈਆ ।
ਲੇਖਾ ਰਹੇ ਨਾ ਤਨ ਵਜੂਦ ਜੂਠ ਝੂਠ, ਮਾਇਆ ਮਮਤਾ ਮੋਹ ਵਿਕਾਰ ਮਿਟਾਈਆ । ਅਸੀਂ ਆਦਿ ਜੁਗਾਦਿ ਜੁਗ ਚੌਕੜੀ ਤੇਰੀ ਕਰਦੇ ਆਏ ਪੂਜ,
ਸਿਲ ਪੂਜਸ ਪਾਹਨਾਂ ਸੀਸ ਨਿਵਾਈਆ । ਨਾਮ ਦੀ ਧਾਰ ਨਾਲ ਜਗਤ ਹੁੰਦੀ ਰਹੀ ਦੂਜ, ਦੁਤੀਆ ਭਾਓ ਬਦਲਾਈਆ । ਕਲਜੁਗ ਅੰਤਮ ਸਾਚੀ
ਦੇ ਦੇ ਸੂਝ, ਸੰਜਮ ਇਕ ਸਮਝਾਈਆ । ਤੇਰੇ ਚਰਨ ਕਵਲ ਉਪਰ ਧਵਲ ਜਾਈਏ ਝੂਜ, ਆਪ ਆਪਾ ਤੇਰੀ ਭੇਟ ਕਰਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਖ਼ਾਲੀ
ਭੰਡਾਰੇ ਭਰ ਦੇ, ਅਤੋਟ ਅਤੁਟ ਨਾਮ ਵਰਤਾਈਆ । ਅਸੀਂ ਵਣਜਾਰੇ ਹੋਈਏ ਇਕੋ ਹਰਿ ਦੇ, ਹਰ ਹਿਰਦੇ ਵਿਚ ਸਮਾਈਆ । ਭਉ ਮੰਨਦੇ

ਰਹੀਏ ਤੇਰੇ ਡਰ ਦੇ, ਸਿਰ ਸਕੇ ਨਾ ਕੋਇ ਉਠਾਈਆ । ਸਾਨੂੰ ਭੇਵ ਖੋਲ ਦੇ ਆਪਣੇ ਘਰ ਦੇ, ਗ੍ਰਿਹ ਮੰਦਰ ਵੇਖੀਏ ਚਾਈਂ ਚਾਈਆ । ਜਿਥੇ ਭਗਤ ਸੁਹੇਲੇ ਜੁਗ ਜੁਗ ਰਹੇ ਵੜਦੇ, ਦਰ ਠਾਂਡੇ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਰਹੇ ਪੜ੍ਹਦੇ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸਚਖੰਡ ਨਿਵਾਸੀ ਤੇਰੀ ਮੰਜ਼ਲ ਰਹੇ ਚੜ੍ਹਦੇ, ਜਗਤ ਪੌੜੀ ਡੰਡਾ ਸੰਗ ਨਾ ਕੋਇ ਰਖਾਈਆ । ਸਾਡਾ ਨਵਾਂ ਘਾੜਨ ਘੜ ਦੇ, ਘੜਨ ਭੰਨਣਹਾਰ ਤੇਰੀ ਓਟ ਤਕਾਈਆ । ਸਾਡੇ ਝਗੜੇ ਮੇਟ ਦੇ ਚੋਟੀ ਜੜ ਦੇ, ਚੇਤਨ ਆਪਣਾ ਸੰਗ ਸਮਝਾਈਆ । ਪਰਮ ਪੁਰਖ ਪਰਮਾਤਮ ਪੰਜ ਤਤ ਤੇਰੇ ਤਰਲੇ ਕੱਢਦੇ, ਮਿੰਨਤਾਂ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਬਣਤ ਅਗੰਮੀ ਜੜ ਦੇ, ਜੋੜਨਹਾਰ ਤੇਰੇ ਹੱਥ ਵਡਿਆਈਆ ।

✪ ✪ ✪ ✪ ✪


੨੦੧੨
੨੩